ਇਸ ਧਿਆ ਵਿਚ ਕਵੀ ਜੀ ਮੰਗਲ ਹੀ ਵਰਣਨ ਕਰਦੇ ਹਨ, ਤਦੇ ਉਨ੍ਹਾਂ ਨੇ ਇਸ ਦਾ ਨਾਮ ਅਧ੍ਯਾਯ ਦੇ ਅੰਤ ਵਿਚ ਸਮੁੱਚਾ ਹੀ:-

'ਮੰਗਲਾ ਚਰਨ, ਨਾਮ ਮਹਿਮਾ ਬਰਨਨੰ, ਨਾਮ ਪ੍ਰਥਮੋ ਧ੍ਯਾਇ'

ਲਿਖਿਆ ਹੈ, ਅਰਥਾਤ 'ਮੰਗਲਾ ਚਰਨ ਤੇ ਨਾਮ ਦੀ ਮਹਿੰਮਾ ਵਰਣਨ' ਦੇ ਨਾਮ ਦਾ ਕਾਂਡ। ਇਸ ਅਧ੍ਯਾਯ ਵਿਚ ਇਕ ਮੰਗਲ ਨਹੀਂ, ਪਰ ਪੰਦ੍ਰਾਂ ਮੰਗਲ ਹਨ। ਕਵੀ ਜੀ ਦਾ ਅਭਿਪ੍ਰਾਯ ਨਿਖੇੜਵਾਂ ਤੇ ਸਾਫ ਸਮਝ ਵਿਚ ਪੈ ਜਾਣ ਲਈ ਅਸੀਂ ਹਰ ਮੰਗਲ ਤੇ ਵੱਖਰਾ ਸਿਰਨਾਵਾਂ ਆਪ ਲਿਖਦੇ ਚੱਲਾਂਗੇ, ਨਾਮ ਮਹਿਮਾਂ ਆਦਿ ਸਿਰਲੇਖ ਬੀ ਸੂਚਤ ਕਰ ਦਿਆਂਗੇ, ਤਾਂ ਜੋ ਉਨ੍ਹਾਂ ਦਾ ਕੀਤਾ ਮੰਗਲ ਜੋ ਨਿਰਾ ਇੱਕ ਦਿਸਦਾ ਹੈ, ਸੋ ਅੱਡ ਅੱਡ ਪੰਦਰਾਂ ਮੰਗਲ ਦਿੱਸ ਪੈਣ ਤੇ ਉਨ੍ਹਾਂ ਦੇ ਆਸ਼ਯ ਸਮਝ ਵਿਚ ਆ ਜਾਣ।

(*ਮਨ ਦੀ ਕਾਮਨਾਂ ਪੂਰਣ ਹੋਣ ਵਾਸਤੇ ਕੋਈ ਪਦ ਯਾ ਛੰਦ ਜੋ ਕਿਸੇ ਗ੍ਰੰਥ ਦੇ ਆਦਿ ਵਿਚ ਕੋਈ ਗ੍ਰੰਥਾਕਾਰ ਲਿਖੇ। ਲਿਖਣ ਵਾਲੇ ਦੀ ਮਨੋਕਾਮਨਾਂ ਉਸ ਗ੍ਰੰਥ ਦੀ ਨਿਰਵਿਘਨ ਤੇ ਸੁਖ ਪੂਰਬਕ ਸਮਾਪਤੀ ਦੀ ਹੁੰਦੀ ਹੈ। ਗੂੜ੍ਹ ਅਭਿਪ੍ਰਾਯ ਇਹ ਹੁੰਦਾ ਹੈ ਕਿ ਲੇਖਕ ਅਪਣੇ ਕਾਰਯ ਵਿਚ ਚੜ੍ਹਦੀਆਂ ਕਲਾਂ ਵਿਚ ਰਹੇ, ਮੁੱਸ਼ਕਤ ਤੇ ਮਜਬੂਰੀ ਵਾਲੀ ਬ੍ਰਿਤੀ ਵਿਚ ਨਾ ਪਵੇ, ਇਸ ਲਈ ਨਾ ਦਿੱਸਣ ਵਾਲੇ ਸੰਸਾਰ ਤੋਂ ਸਹਾਇਤਾ ਦੀ ਆਸ ਕਰਦਾ ਹੈ। 'ਸ਼ਾਰਦਾ ਮੰਗਲ' ਤੋਂ ਛੁਟ ਹੋਰ ਮੰਗਲਾਚਰਣਾਂ ਤੋਂ ਗ੍ਰੰਥਾਕਾਰ ਦੀ ਇਸ਼੍ਰਾਪਤੀ ਤੇ ਆਸ੍ਤਕਤਾ ਦਾ ਪਤਾ ਬੀ ਲੱਗ ਜਾਂਦਾ ਹੈ। ਜੀਕੂੰ ਇਸੇ ਅਧ੍ਯਾਯ ਦੇ ਪੰਦਰਾਂ ਮੰਗਲਾਂ ਵਿਚੋਂ ੧੪ ਮੰਗਲ ਸਪਸ਼ਟ ਕਰ ਦੇਂਦੇ ਹਨ ਕਿ ਗ੍ਰੰਥਾਕਾਰ ਜੀ ਸਿੰਘ ਹਨ, ਭਗਤੀ ਭਾਵ ਵਾਲੇ ਹਨ, ਇਕ ਅਕਾਲ ਉਪਾਸਕ ਹਨ, ਦਸਾਂ ਸਤਿਗੁਰਾਂ ਦੇ ਸਿੱਖ ਹਨ, ਨਾਮ ਦੇ ਪ੍ਰੇਮੀ ਹਨ ਤੇ ਵਾਹਿਗੁਰੂ ਨਾਮ ਦੇ ਸਿਮਰਣ ਕਰਨ ਵਾਲੇ ਹਨ। ਮੰਗਲਾਚਰਣ ਤ੍ਰੈ ਪ੍ਰਕਾਰ ਦੇ ਹੁੰਦੇ ਹਨ-(੧) ਵਸਤੂ ਨਿਰਦੇਸ਼-ਜਿਸ ਵਿਚ ਨਿਰਗੁਣ ਯਾ ਸਰਗੁਣ ਅਕਾਲ ਪੁਰਖ ਦਾ ਕੋਈ ਵਰਣਨ ਯਾ ਕੀਰਤਨ ਹੋਵੇ। ਦੇਖੋ ਇਸੇ ਅਧ੍ਯਾਯ ਦਾ ਅੰਕ ੩. ਅਤੇ ੨੯। (੨) ਅਸ਼ੀਰਵਾਦਾਤਮਕ-ਜਿਸ ਵਿਚ ਕਲ੍ਯਾਨ ਦੀ ਕਾਮਨਾ ਪ੍ਰਗਟ ਹੋਵੇ ਯਾ ਜਿਸ ਵਿਚ ਅਸੀਸ ਦਾ ਭਾਵ ਹੋਵੇ, ਆਦਿਕ। ਦੇਖੋ ਇਸੇ ਅਧ੍ਯਾਯ ਦਾ ਅੰਕ ੩੨. (੩) ਨਮਸਕਾਰਾਤਮਕ-ਜਿਸ ਵਿਚ ਅਦਬ, ਸ਼੍ਰਧਾ ਤੇ ਨਮਸਕਾਰ ਦਾ ਭਾਵ ਹੋਵੇ। ਦੇਖੋ ਇਸੇ ਅਧ੍ਯਾਯ ਦਾ ਅੰਕ ੫।)

### (ੳ) 'ਅਪਨੇ ਇਸ਼੍ਟ ਦੀ ਮਰਯਾਦਾ' ਦਾ ਮੂਲ ਮੰਗਲ।

ਅਰਥਾਤ ਉਹ ਮੰਗਲ ਜੋ ਕਵੀ ਜੀ ਦੇ ਅਪਣੇ 'ਇਸ਼੍ਟ ਦੇਵ' ਜੀ ਨੇ ਕੀਤਾ ਹੈ।

ਦੋਹਰਾ: ਏਕੁੰਕਾਰਾ* ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫਤੇ+ ਵਿਘਨ ਵਿਨਾਸ਼ਨ ਸੋਇ ॥੧॥

(*ਇਹ ਪਾਠ ਛਪੇ ਹੋਏ ਨੁਸਖੇ ਦਾ ਹੈ, ਕਈ ਇਕ ਲਿਖਤੀ ਨੁਸਖਿਆਂ ਤੋਂ ਬੀ ਇਹ ਪਾਠ ਮਿਲਿਆ ਹੈ। ਕਵੀ ਜੀ ਦੇ ਨਿਜ ਲੇਖਣੀ ਲਿੱਖਤ ਇਸ ਪਦ ਦੇ ਜੋੜ 'ਏਕੋਂਕਾਰ' ਅਸੀਂ ਜਿਲਦ ੧ 'ਪ੍ਰਸਤਾਵਨਾਂ' ਦੇ ਪੰਨਾ ੨੨੩ ਪਰ ੧੨ਵੇਂ ਅੰਕ ਵਿਚ ਦਰਸਾ ਆਏ ਹਾਂ)

ਪਦਾਂ ਦੇ ਅਰਥ:

ਏਕੁੰਕਾਰਾ=ਏਕ+ਓਂ+ਕਾਰ+ਆ=[ਏਕ=੧]।੧ਓਂ=ਵਯਾਪਕ ਵਾਹਿਗੁਰੂ, ਅਕਾਲਪੁਰਖ। ਕਾਰ=ਕੇਵਲ। ਆ=ਹੈ] ਕੇਵਲ ਇੱਕ ਹੈ ਅਕਾਲ ਪੁਰਖ।

ਸੂਚਨਾ: ਏਕੁੰਕਾਰ ਤੋਂ ਕਵੀ ਜੀ ਦਾ ਭਾਵ-ਅਕਾਲ ਪੁਰਖ ਹੈ, ਇਸ ਲਈ ਲੇਖ ਇਸੇ ਪੋਥੀ ਦਾ ਧਿਆ ੩, ਅੰਕ ੨੦।

ਸਤਿਗੁਰੂ=ਸੱਚਾ ਗੁਰੂ। ਉਹ ਗੁਰੂ ਜਿਸ ਦਾ ਸ੍ਵਰੂਪ ਸੱਤਿ ਹੈ।

ਪ੍ਰਸਾਦਿ=ਕ੍ਰਿਪਾ।

ਸਚੁ=ਸੱਤਯ। ਜੋ ਅਸੱਤਿ ਨ ਹੋਵੇ। ਤ੍ਰੈ ਕਾਲ ਅਬਾਧ ਰੂਪ ਜੋ ਹੋਵੇ (ਅਕਾਲਪੁਰਖ)।ਸੰਸਕ੍ਰਿਤ=ਸਤਯ][

(ਅ) ਨੇਕੀ, ਭਲਿਆਈ, ਆਨੰਦ, ਸੁਖ।

ਸਚੁ ਹੋਇ ਸੱਚ ਹੁੰਦਾ ਹੈ। ਭਾਵ ਸੱਚ ਪ੍ਰਾਪਤ ਹੁੰਦਾ ਹੈ। ਅਥਵਾ ਸੁਖ ਪ੍ਰਾਪਤ ਸਚੁ ਹੋਇ=ਸੱਚ ਹੁੰਦਾ ਹੈ। ਭਾਵ ਸੱਚ ਪ੍ਰਾਪਤ ਹੁੰਦਾ ਹੈ। ਅਥਵਾ ਸੁਖ ਪ੍ਰਾਪਤ ਹੁੰਦਾ ਹੈ। ਫਤੇ+=ਜੈ, ਜਿੱਤ। [ਫਾਰਸੀ. ਫਤਹ]

ਵਿਘਨ=ਰੁਕਾਵਟਾਂ, ਮੁਸ਼ਕਲਾਂ। ਕਿਸੇ ਕਾਮਯਾਬੀ ਵਿਚ ਅਟਕ ਪੈਣੀ ਯਾ ਮਨੋਰਥ ਦੇ ਵਿਰੁੱਧ ਹੋਣਾ।ਸੰਸਕ੍ਰਿਤ, ਵਿਘ੍ਨ]

ਵਿਨਾਸ਼ਨ=ਨਾਸ਼ ਕਰਨ ਵਾਲਾ।ਸੰਸਕ੍ਰਿਤ, ਵਿਨਾਸ਼ਿਨ੍]

ਸੋਇ=ਉਹੀ। ਇਸ 'ਸੋਇ' ਪਦ ਦਾ ਇਸ਼ਾਰਾ 'ਏਕੁੰਕਾਰਾ' ਵੱਲ ਹੈ ਕਿ ਉਹੀ 'ਏਕੁੰਕਾਰ' ਸਤਿਗੁਰੂ ਰੂਪ ਹੈ, ਉਹੀ ਵਾਹਿਗੁਰੂ ਰੂਪ ਹੈ।

ਅਰਥ: ਇਕ ਓਅੰਕਾਰ ਰੂਪ ਹੈ ਸਤਿਗੁਰੂ, ਉਸ ਦੀ ਕ੍ਰਿਪਾ ਨਾਲ ਸੱਚ (ਪ੍ਰਾਪਤ) ਹੁੰਦਾ ਹੈ। (ਉਹੀ ਵਾਹਿਗੁਰੂ ਹੈ), ਵਾਹਿਗੁਰੂ ਜੀ ਦੀ (ਸਦੀਵ) ਫਤੇ ਹੈ, (ਸਦੀਵ ਫਤਹ ਵਾਲਾ ਹੋਣ ਕਰਕੇ ਸਰਬੱਤ) ਵਿਘਨਾਂ ਦਾ ਉਹੀ ਨਾਸ਼ ਕਰਨ ਵਾਲਾ ਹੈ।

ਭਾਵ ਇਹ ਤਾਂ ਹਨ ਅੱਖਰਾਂ ਦੇ ਅਰਥ। ਹੁਣ ਕਵੀ ਜੀ ਦੇ ਕਟਾਖਯ ਵੱਲ ਧਿਆਨ ਕਰਕੇ ਇਸ ਦੋਹੇ ਨੂੰ ਲਿਖੀਏ, ਤਾਂ ਐਉਂ ਰੂਪ ਬਣਦਾ ਹੈ:-

---

*

+ਛਪੇ ਹੋਏ ਅਕਸਰ ਨੁਸਖਿਆਂ ਵਿਚ ਅਤੇ ਦੋ ਕਲਮੀ ਨੁਸਖਿਆਂ ਵਿਚ ਜਿਨ੍ਹਾਂ ਵਿਚੋਂ ਇਕ ਸ੍ਰੀਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ (ਸੂਰਜ ਪ੍ਰਕਾਸ਼ ਦੇ ਮੰਨੇ ਹੋਏ ਪੰਡਤ ਜੀ) ਦੇ ਸੰਚਯ ਵਿਚੋਂ ਹੈ, ਪਾਠ 'ਫਤੇ' ਹੀ ਹੈ। ਇਕ ਛਾਪੇ ਦੇ ਗ੍ਰੰਥ ਵਿਚ ਪਾਠ 'ਫਤਹ' ਦੇਖਣ ਵਿਚ ਆਏ।

'੧ੴ ਸਤਿਗੁਰ ਪ੍ਰਸਾਦਿ' ਤਿਹਿ (ਪ੍ਰਸਾਦਿ) ਸਚੁ ਹੋਇ।
'ਵਾਹਿਗੁਰੂ ਜੀ ਕੀ ਫਤਹ' ਵਿਘਨ ਵਿਨਾਸ਼ਨ ਸੋਇ।

ਇਸ ਰੂਪ ਵਿਚ ਸਾਫ ਦਿੱਸ ਪਿਆ ਕਿ ਕਵੀ ਜੀ ਨੇ-

੧ੴ ਸਤਿਗੁਰ ਪ੍ਰਸਾਦਿ
੧ੴ ਵਾਹਿਗੁਰੂ ਜੀ ਕੀ ਫਤਹ ॥

ਦੋਵੇਂ ਰੂਪ ਕਵਿਤਾ ਵਿਚ ਦੋਹਰਾ ਬਣਾ ਕੇ ਲਿਖੇ ਹਨ*।

ਮੁਰਾਦ ਇਹ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਨੇ ਅਕਸਰ ਵੇਰ '੧ੴ ਸਤਿਗੁਰਪ੍ਰਸਾਦਿ' ਮੰਗਲ ਕੀਤਾ ਹੈ, ਅਤੇ ਦਸਮੇਂ ਪਾਤਸ਼ਾਹ ਜੀ ਨੇ '੧ੴ ਸਤਿਗੁਰ ਪ੍ਰਸਾਦਿ' ਅਤੇ ਕਈ ਥਾਈਂ '੧ੴ ਵਾਹਿਗੁਰੂ ਜੀ ਕੀ ਫਤੇ' ਦੋਇ ਮੰਗਲ ਕੀਤੇ ਹਨ। ਕਵਿ ਸੰਤੋਖ ਸਿੰਘ ਜੀ ਅਪਣਾ ਗ੍ਰੰਥ ਸ਼ੁਰੂ ਕਰਨ ਵੇਲੇ ਪਹਿਲਾਂ ਅਪਣੀ ਰਚਨਾਂ ਦਾ ਰਚਿਆ ਹੋਇਆ ਮੰਗਲ ਨਹੀਂ ਲਿਖਦੇ, ਪਰ ਅਪਣੇ ਇਸ਼ਟ-ਗੁਰੂ-ਅਪਣੇ ਸਤਿਗੁਰੂ-ਜੀ ਦੇ ਕੀਤੇ ਹੋਏ ਮੰਗਲ, ਜੋ ਉਹਨਾਂ ਨੇ ਲਿਖੇ ਹਨ, ਦੋਹੇ ਦੇ ਰੂਪ ਵਿਚ ਲਿਆ ਕੇ ਲਿਖਦੇ ਹਨ। ਅਪਣਾ ਇਸ਼ਟ ਸਦਾ ਮੰਗਲ ਰੂਪ ਹੈ, ਪਰ ਜੋ ਮੰਗਲ ਅਪਣੇ ਇਸ਼੍ਟ ਗੁਰੂ ਜੀ ਮਨਾਉਣ, ਉਨ੍ਹਾਂ ਨੂੰ ਸਭ ਤੋਂ ਪਹਿਲੀ ਤੇ ਸ਼੍ਰੋਮਣੀ ਜਗਾ ਦੇਣੀ ਇਹ ਕਵੀ ਜੀ ਦੀ ਇਸ਼੍ਟਾਪਤੀ ਤੇ ਪ੍ਰੇਮਾਭਗਤੀ ਦਾ ਕਟਾਖਯ ਹੈ।

ਹੁਣ ਇਸ ਸੂਰਤ ਵਿਚ ਅਰਥ ਭਾਵ ਇਹ ਹੈ:- '੧ੴ ਸਤਿਗੁਰਪ੍ਰਸਾਦਿ' ਜੋ ਮੰਗਲ ਹੈ ਉਸ ਦੀ ਕਿਰਪਾ ਨਾਲ ਸੱਚ ਪ੍ਰਾਪਤ ਹੁੰਦਾ ਹੈ, '੧ੴ ਵਾਹਿਗੁਰੂ ਜੀ ਕੀ ਫਤੇ' ਜੋ ਮੰਗਲ ਹੈ ਉਹ ਵਿਘਨਾਂ ਦਾ ਨਾਸ਼ ਕਰਤਾ ਹੈ। ਵੇਰਵਾ ਐਉਂ ਹੈ:-

[ਸਤਿ] ਤ੍ਰੈ ਕਾਲ ਅਬਾਧ ਰੂਪ, ਜੋ ਸਾਰੇ ਦਿੱਸਦੇ ਪਸਾਰੇ ਵਿਚ 'ਸਤਯ' ਹੈ।

[ਗੁਰੂ] ਸਭ ਦਾ ਆਦਿ ਕਾਲ ਤੋਂ ਸਿੱਖਯਾ ਦਾਤਾ, ਬੁੱਧੀ ਤੇ ਬੁਧਿ ਵਿਚ ਆਤਮ ਸਿੱਖਯਾ ਦੇਣਹਾਰਾ ਗੁਰੂ, ਜੋ ਗੁਰੂਆਂ ਦਾ ਬੀ ਗੁਰੂ ਹੈ, ਉਹ

[ਏਕੁੰਕਾਰਾ] ੧ੴ ਸਰੂਪ ਹੈ, ਅਰਥਾਤ-

ਇਕ ਹੈ ਅਰ ਵਯਾਪਕ ਹੈ ਅਰ ਸਾਡੀ ਸਮਝ ਲਈ '੧ੴ'

ਉਸ ਦਾ ਰੂਪ ਹੈ ਯਾ ਸਰੂਪ ਦਾ ਚਿੰਨ੍ਹ ਹੈ। [ਤਿਹਿ ਪ੍ਰਸਾਦਿ] ਉਸ ਦੀ ਕ੍ਰਿਪਾ ਨਾਲ-

[ਸਚੁ] ਸਦਾ ਇਕ ਰਸ ਰੂਪ ਰਹਿਣ ਵਾਲਾ (ਅਕਾਲ ਪੁਰਖ) ਪ੍ਰਾਪਤ। ਹੋਇ] ਹੁੰਦਾ ਹੈ।

[ਸੋਇ] ਉਹੀ, ਭਾਵ-ਏਕੁੰਕਾਰਾ।

[ਵਾਹਿਗੁਰੂ]=ਵਾਹਿਗੁਰੂ ਰੂਪ ਹੈ। ਗੁਰੂ ਆਦਿ ਗੁਰੂ, ਗੁਰੂਆਂ ਦਾ ਗੁਰੂ, ਵਾਹਿ=ਅਸਚਰਜ ਰੂਪ=ਕਥਨ ਕਹਿਣ ਤੋ ਪਰੇ, ਮਨ ਬਾਣੀ ਤੋਂ ਪਰੇ ਹੈ ਜਿਸ ਦਾ ਰੂਪ।

[ਫਤੇ] ਸਦੀਵ ਕਾਮਯਾਬੀ, ਨਿਰਵਿਘਨ ਕਾਮਯਾਬੀ, ਨਿਰਸੰਸੇ ਕਾਮਯਾਬੀ, ਭਾਵ-ਹਰ ਮਾਮਲੇ ਵਿਚ ਜਿੱਤ ਉਸੇ ਵਾਹਿਗੁਰੂ ਦੀ ਹੈ।

---

*ਸਬੂਤ ਲਈ ਦੇਖੋ ਗੁਰ ਪ੍ਰਤਾਪ ਸੂਰਜ ਰਾਸ ਤੀਸਰੀ ਦਾ ਮੁੱਢ ਲਿੱਥੇ ਕਵਿ ਜੀ ਆਪੇ ਵਾਰਤਕ ਰੂਪ ਵਿਚ ਇਹੋ ਮੰਗਲ ਐਉਂ ਲਿਖਦੇ ਹਨ:- '੧ੴ ਸਤਿਗੁਰਪ੍ਰਸਾਦਿ ॥ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥' ਅਤੇ ਨੌਵੀਂ ਰਾਸ਼ਿ ਦੇ ਆਦਿ ਵਿਚ ਬੀ ਕਵੀ ਜੀ ਨੇ ਏਹੋ ਦੋਵੇਂ ਮੰਗਲ ਅਸਲੀ ਰੂਪ ਵਿਚ ਦਿੱਤੇ ਹਨ।

ਜਿਸਦੀ ਸਦਾ ਜਿੱਤ ਹੈ ਉਸ ਨੂੰ ਵਿਘਨ ਕਦੇ ਨਹੀਂ। ਜਿਸ ਦੀ ਸਦਾ ਜਿੱਤ ਹੈ ਤੇ ਜੋ ਸਦਾ ਵਿਘਨਾਂ ਤੋਂ ਪਰੇ ਹੈ, ਉਹ ਜਿੱਤ ਦਾ ਦਾਤਾ ਤੇ ਵਿਘਨਾਂ ਦਾ ਨਾਸ਼ ਕਰਤਾ ਬੀ ਹੈ, ਤਾਂ ਤੇ ਸੰਛੇਪ ਅਰਥ ਇਹ ਬਣਿਆਂ ਕਿ:-

ਸੱਚ ਦੀ (ਅਥਵਾ ਸੁਖ ਦੀ) ਪ੍ਰਾਪਤੀ ਤੇ ਵਿਘਨਾਂ ਦਾ ਨਾਸ਼ ਦੋਇ ਵਸਤਾਂ ਇਨ੍ਹਾਂ ਦੋਹਾਂ ਮੰਗਲਾਂ ਤੋਂ ਪ੍ਰਾਪਤ ਹਨ, ਜੋ ਦੋਏ ਮੰਗਲ ਕਿ ਗੁਰੂ ਸਾਹਿਬਾਂ ਨੇ ਆਪ ਕੀਤੇ ਹਨ। 'ਪ੍ਰਸਾਦਿ' ਤੇ 'ਵਿਘਨ ਵਿਨਾਸ਼ਨੰ' ਦੋਹਾਂ ਮੰਗਲਾਂ ਦੇ ਫਲ ਹਨ।

ਕਵੀ ਜੀ ਦੀਆਂ ਦੋ ਲੋੜਾਂ ਹਨ, ਇਕ ਬਹੈਸੀਅਤ ਸਿੱਖ ਉਹਨਾਂ ਨੂੰ ਵਾਹਿਗੁਰੂ ਪ੍ਰਾਪਤੀ ਦੀ ਲੋੜ ਹੈ ਤੇ ਇਸ ਪ੍ਰਾਪਤੀ ਦੇ ਜਤਨ ਵਿਚ ਨਿਰਵਿਘਨਤਾ ਦੀ ਲੋੜ ਹੈ। ਫਿਰ ਓਹ ਗ੍ਰੰਥ ਲਿਖਣ ਲੱਗੇ ਹਨ ਗੁਰੂ ਜੀ ਦੇ ਜੀਵਨ ਕੌਤਕਾਂ ਦਾ, ਇਸ ਵਿਚ ਆਪ ਦੇ ਇਰਾਦੇ ਵਿਚ ਅਪਣੇ ਤਾਣ ਲਗਦੇ ਸੱਚ ਲਿਖਣ ਦੀ ਲੋੜ ਹੈ ਅਰ ਅਪਣੇ ਉੱਦਮ (ਇਸ ਗ੍ਰੰਥ) ਦੇ ਨਿਰਵਿਘਨ ਸਿਰੇ ਚੜ੍ਹਨ ਦੀ ਲੋੜ ਹੈ। ਦੋਹਾਂ ਲੋੜਾਂ ਲਈ ਦੋਇ ਆਸ਼ਜਾਂ ਦੀ ਸਿੱਧੀ ਵਾਸਤੇ ਆਪ ਨੇ ਅਪਣੇ ਇਸ਼੍ਟ ਦੇਵ ਜੀ ਦੇ ਕੀਤੇ ਦੋਹਾਂ ਮੰਗਲਾਂ ਨੂੰ ਆਦਿ ਥਾਉਂ ਆਪਣੇ ਗ੍ਰੰਥ ਵਿਚ ਦੇ ਕੇ ਉਹਨਾਂ ਨੂੰ ਦੋਹੇ ਵਿਚ ਲਿਆ ਕੇ, ਕਵਿਤਾ ਦਾ ਰੂਪ ਦੇ ਕੇ, ਮੰਗਲ ਕੀਤਾ ਹੈ ਤੇ ਉਹਨਾਂ ਮੰਗਲਾਂ ਦੀ ਸੱਤਜਾ, ਮਹਾਤਮ ਅਰ ਅਪਣੀ ਲੋੜ ਦੇ ਭਾਵਾਂ ਨੂੰ ਦਰਸਾਇਆ ਹੈ।

ਸੂਚਨਾ: ਆਮ ਤੌਰ ਤੇ ਇਸ ਦੋਹੇ ਦੇ ਏਹ ਅਰਥ ਬੀ ਕਰਦੇ ਹਨ, ਕਿ:-

(ੳ) ਏਕੰਕਾਰ ਜੋ ਵਾਹਿਗੁਰੂ ਹੈ, ਉਹ ਗੁਰੂ ਨਾਨਕ ਵਿਖੇ ਸਤਿਗੁਰੂ ਰੂਪ ਹੈ। (ਯਥਾ- 'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ') ਉਸ ਦੀ ਕ੍ਰਿਪਾ ਨਾਲ ਸੱਚ (ਅਥਵਾ ਸੁਖ) ਦੀ ਪ੍ਰਾਪਤੀ ਹੁੰਦੀ ਹੈ, ਉਹੀ (ਏਕੰਕਾਰ) ਵਾਹਿਗੁਰੂ (ਰੂਪ) ਹੈ, (ਜਿਸ ਦੀ ਸਦਾ), ਫਤੇ ਹੈ, (ਸਦਾ ਫਤੇ ਵਾਲੇ ਨੂੰ ਕਦੇ ਵਿਘਨ ਨਹੀਂ ਹੋ ਸਕਦਾ ਤੇ ਉਸ ਦੀ ਸ਼ਰਣ ਲੈਣ ਵਾਲੇ ਦੇ ਬੀ) ਵਿਘਨ ਨਾਸ਼ ਹੁੰਦੇ ਹਨ।

(ਅ) ਏਕੰਕਾਰ ਵਾਹਿਗੁਰੂ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ, (ਅਤੇ) ਉਹੀ ਵਿਘਨਾਂ ਦਾ ਨਾਸ਼ ਕਰਨੇ ਵਾਲਾ ਹੈ, ਉਸੇ ਦੀ ਸਦਾ ਜੈ ਹੈ।

### (ਅ) 'ਕਾਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਹਰੇਕ ਮਨੁੱਖ ਮਨ ਤੇ ਬੁੱਧੀ ਰੱਖਦਾ ਹੈ, ਵਿਦਜਾ ਨਾਲ ਬੁੱਧੀ ਸਾਣ ਚੜ੍ਹ ਜਾਂਦੀ ਹੈ ਤੇ ਚਤੁਰਤਾ ਵਿਚ ਵਧ ਜਾਂਦੀ ਹੈ, ਪਰ ਕੋਈ ਕੋਈ ਮਨੁੱਖ ਐਸੇ ਉਪਜਦੇ ਹਨ ਕਿ ਜਿਨ੍ਹਾਂ ਦਾ ਮਨ ਤੇ ਬੁੱਧੀ ਅਪਣੀ ਚਤੁਰਤਾ ਦੀ ਹੱਦ ਨੂੰ ਟੱਪਕੇ, ਕਦੇ ਕਾਰਣ ਕਦੇ ਅਕਾਰਣ ਕਿਸੇ ਐਸੇ ਹਾਲ ਵਿਚ ਜਾਂਦੇ ਹਨ ਕਿ ਜਿੱਥੇ ਮਾਨੋਂ ਮਨ ਬੁੱਧਿ ਨਹੀਂ ਰਹਿੰਦੇ; ਯਾ ਐਉਂ ਕਹੋ ਕਿ ਮਨ ਬੁੱਧਿ ਟਿਕ ਜਾਂਦੇ ਹਨ ਤੇ ਇਨ੍ਹਾਂ ਦੋਹਾਂ ਨੂੰ ਪ੍ਰਕਾਸ਼ਣ ਵਾਲੀ ਸੱਤਜਾ ਆਪੇ ਵਿਚ ਚਮਕਾਰਾ ਮਾਰ ਉਠਦੀ ਹੈ, ਉਹ ਹਾਲਤ ਕੁਛ ਅਕਹਿ ਜੇਹੀ ਹੁੰਦੀ ਹੈ ਅਰ ਉਸ ਦੀ ਵਜਾਖਯਾ, ਜਿਨ੍ਹਾਂ ਉੱਤੇ ਉਹ ਲੰਘੇ, ਉਹ ਬੀ ਨਹੀਂ ਦੱਸ ਸਕਦੇ, ਪਰੰਤੂ ਉਹ ਬੁੱਧੀ ਉੱਤੇ, ਮਨ ਉੱਤੇ ਇਕ ਪ੍ਰਭਾਵ ਛੋੜ ਜਾਂਦੀ ਹੈ, ਜਿਸ ਹੇਠ ਸੁਹਣੇ ਸੁਹਣੇ ਖਜਾਲ, ਅਚਰਜ ਵਲਵਲੇ ਤੇ ਅਜੀਬ ਭਾਵ ਪ੍ਰਗਟ ਹੁੰਦੇ ਹਨ, ਜਿਨ੍ਹਾਂ ਵਿਚੋਂ ਕਿਸੇ ਨ ਕਿਸੇ ਪ੍ਰਕਾਰ ਦੀ ਸੁੰਦਰਤਾ ਪ੍ਰਕਾਸ਼ ਪਾਉਂਦੀ ਹੈ। ਇਸ ਕਿਸਮ ਦੇ ਕਿਸੇ ਪ੍ਰਭਾਵ ਹੇਠ ਉੱਚ ਕਵਿਤਾ ਲਿਖੀ ਜਾਂਦੀ ਹੈ, ਇਸੇ ਹੇਠ ਉੱਚਾ ਸੰਗੀਤ ਉਤਰਦਾ ਹੈ, ਇਸੇ ਹੇਠ ਉੱਚੀ ਚਿੱਤ੍ਰਕਾਰੀ, ਇਸੇ ਹੇਠ ਉੱਚੀ ਮੂਰਤਿ ਤ੍ਰਾਸ਼ੀ, ਇਸੇ ਹੇਠ ਸਾਰੇ ਕਲਾਕੌਸ਼ਲ ਯਾ 'ਕੋਮਲ ਉਨਰ' ਆਪਣਾ ਪ੍ਰਕਾਸ਼ ਪਾਉਂਦੇ ਹਨ। ਯਾਦ ਰਹੇ, ਇਹ ਗਲ ਹਰੇਕ ਕਵੀ ਨੂੰ ਪ੍ਰਾਪਤ ਨਹੀਂ।

ਆਦਿ ਕਾਲ ਵਿਚ ਜਦੋਂ ਪਛਮੋਤ੍ਰ ਵੱਲੋਂ ਇਕ ਆਰਯ ਕੁਲ ਨਾਮੇ ਦੇ ਲੋਕ ਪੰਜਾਬ ਵਿਚ ਆਕੇ ਵੱਸੇ ਤਾਂ ਉਨ੍ਹਾਂ ਵਿਚ ਬੀ ਐਸੇ ਆਦਮੀ ਸਨ; ਜੋ ਕਵਿਤਾ ਕਰਦੇ ਸਨ, ਉਨ੍ਹਾਂ ਦੇ ਉਚਾਰੇ ਗੀਤ ਰਿਗ ਵੇਦ ਵਿਚ ਮਿਲਦੇ ਹਨ। ਮਜ਼ਹਬੀ ਪ੍ਰੇਮ ਤੇ ਵੱਡਿਆਂ ਦੇ ਸਤਿਕਾਰ ਨੇ ਜੋ ਕੁਛ ਵੇਦਾਂ ਬਾਬਤ ਕਿਹਾ ਹੈ (ਕਿ ਓਹ ਆਦਿ ਕਾਲ ਤੋਂ ਸਨ ਤੇ ਪਰਮੇਸ਼ੁਰ ਨੇ ਇਸੇ ਬਾਣੀ ਦੇ ਰੂਪ ਵਿਚ ਰਚੇ ਸਨ ਤੇ ਰਿਸ਼ੀਆਂ ਨੇ ਓਹ ਉੱਤੋਂ ਇਸੇ ਸੰਸਕ੍ਰਿਤ ਬਾਣੀ ਦੇ ਰੂਪ ਵਿਚ ਸੁਣੇ ਸਨ) ਉਸ ਤੋਂ ਬੀ ਇਹੀ ਸਿੱਟਾ ਨਿਕਲਦਾ ਹੈ ਕਿ ਓਹ ਮੰਤ੍ਰ ਯਾ ਗੀਤ ਲਿਖਣ ਵਾਲਿਆਂ ਕਿਸੇ ਪ੍ਰਭਾਵ ਹੇਠ ਲਿਖੇ ਹਨ। ਵੇਦ ਵਿਚ ਪੜ੍ਹਕੇ ਤੱਕੋ ਤਾਂ ਉਸ ਨਾ ਦਿੱਸਣ ਵਾਲੇ ਕਾਰਣ ਨੂੰ, ਜੋ ਅਣਡਿੱਠ ਵਿਚ ਮਿਥਿਆ ਗਿਆ, ਵੇਦਾਂ ਦੀ ਮਾਂ 'ਵਾਚ' ਦੱਸੀ ਗਈ। 'ਵਾਚ' ਯਾ 'ਵਾਕ' ਦਾ ਅਰਥ ਹੈ ਬਾਣੀ, ਪਰ ਉਹ ਬਾਣੀ ਵੇਦ ਵਿਚ ਇੱਕ ਨਾ ਦਿੱਸਣ ਵਾਲੀ ਸੱਤਯਾ ਯਾ ਵਜਕਤੀ ਬੀ ਮੰਨੀ ਗਈ, ਜਿਸ ਨੂੰ ਪਿੱਛੋਂ ਦੇਵੀ ਆਖਿਆ ਗਿਆ। ਜਦੋਂ ਆਰਯ ਕੁਲ ਦੇ ਲੋਕ ਸਰਸਵਤੀ ਨਦੀ ਦੇ ਕਿਨਾਰੇ ਤੱਕ ਫੈਲ ਗਏ, ਤਦ ਓਸ ਥਾਂ ਤੇ ਓਹਨਾਂ ਦੀ ਵਿਦਜਕ ਤਰੱਕੀ ਵੀ ਬਹੁਤ ਹੋਈ, ਯੱਗ ਤੇ ਮੰਤਰ ਉਚਾਰਨ ਦਾ ਸੰਗੀਤ ਉਥੇ ਬਹੁਤ ਵਧਿਆ। ਸਰਸੂਤੀ ਇਕ ਪਵਿੱਤ੍ਰ ਨਦੀ ਹੋ ਗਈ, ਇੱਥੋਂ ਤਾਈਂ ਕਿ ਸਰਸਵਤੀ ਦਾ ਪ੍ਰਭਾਵ ਰਿਸ਼ੀਆਂ ਤੇ ਸਿਆਣਿਆਂ ਦੇ ਮਨਾਂ ਤੋਂ 'ਮੰਤ੍ਰ' ਤੇ 'ਸਾਮ' ਤੇ 'ਰਿਚਾ' ਅਰਥਾਤ ਗੀਤ ਉਚਾਰਨ ਵਾਲਾ ਮੰਨਿਆਂ ਗਿਆ। ਸਰਸੂਤੀ, ਜੋ ਨਦੀ ਸੀ, ਓਸਦੀ ਪਵਿੱਤ੍ਰਤਾ, ਓਸਦਾ ਪ੍ਰਭਾਵ ਅਦ੍ਰਿਜ਼ਜ ਰੂਪ ਲੈਕੇ ਵਜਕਤੀ ਵਾਲਾ ਮੰਨਿਆਂ ਗਿਆ ਅਤੇ ਓਹ ਕਵਿਤਾ ਦਾ ਪ੍ਰਭਾਵ ਪਾਉਣ ਵਾਲੀ ਦੇਵੀ ਵੀ ਮੰਨੀ ਗਈ। ਕੁਛ ਕਾਲ ਪਾ ਕੇ ਪਹਿਲੀ ਦੇਵੀ 'ਵਾਚ' ਤੇ 'ਸਰਸੂਤੀ' ਦੋਵੇਂ ਇਕ ਰੂਪ ਮੰਨੀਆਂ ਜਾਣ ਲੱਗ ਪਈਆਂ ਤੇ ਇਸ ਤਰ੍ਹਾਂ 'ਸਰਸੂਤੀ' 'ਵਿੱਦਜਾ-ਕਵਿਤਾ-ਵਕੱਤ੍ਰਤਾ' ਦੀ ਦੇਵੀ ਵਰਣਨ ਹੋਣ ਲੱਗੀ ਅਤੇ ਰਿਸ਼ੀਆਂ ਨੂੰ 'ਅਗੰਮ ਬੁੱਧੀ' ਦੇਣ ਲਈ, 'ਕਵਿਤਾ ਕਰਨ ਦਾ ਇਲਹਾਮ' ਦੇਣ ਲਈ ਇਸਦੇ ਆਵਾਹਨ ਹੋਣ ਲੱਗੇ। ਇਸ ਤੋਂ ਹੋਰ ਮਗਰਲੇ ਸਮੇਂ ਦੀ ਇਕ ਇਹ ਵਾਰਤਾ ਬੀ ਹੈ ਕਿ ਸਰਸੂਤੀ (ਵਿਦਜਾ ਦੀ ਦੇਵੀ*) ਅਰਸ਼ਾਂ ਵਿਚ ਵੱਸਦੀ ਸੀ, ਬੜੇ ਪ੍ਰਯਤਨ ਨਾਲ ਓਸਨੇ ਧਰਤੀ ਤੇ ਆਉਣ ਦੀ ਕ੍ਰਿਪਾਲਤਾ ਕੀਤੀ ਤੇ 'ਭਰਤ' ਮੁਨੀ ਉਤੇ ਵਾਰਦ ਹੋਕੇ ਓਸ ਨੇ 'ਅੱਖਰ ਗਿਆਨ' ਤੇ 'ਬੋਲੀ' ਦ੍ਵਾਰਾ ਮਨੁੱਖ ਜਾਤੀ ਨੂੰ ਸੁਸਿੱਖਜਤ ਕਰਨ ਲਈ ਵਿਦਜਾ ਨਾਲ ਨਿਵੇਸ਼ਤ ਕੀਤਾ, ਇਸ ਕਰਕੇ ਸਰਸੂਤੀ ਦਾ ਇਕ ਨਾਮ 'ਭਾਰਤੀ' ਹੋਇਆ। ਸੰਸਕ੍ਰਿਤ ਵਿਦਯਾ ਭੀ ਇਸ ਤੋਂ ਤੁਰੀ ਮੰਨੀ ਗਈ, ਸ਼ਾਰਦਾ ਭੀ ਸਰਸੂਤੀ ਦਾ ਨਾਮ ਹੋਇਆ, ਜਿਸ ਦਾ ਅਰਥ ਹੈ, ਸਾਰੀਆਂ ਵਿਦਜਾ ਵਿਗਜਾਨਾਂ ਦਾ ਸਾਰ=(ਤੱਤ੍ਵ) ਦਾਨ ਕਰਨ ਵਾਲੀ+। ਹੋਰਨਾਂ ਦੇਵੀਆਂ ਨੂੰ ਬਲੀਆਂ ਦਿੱਤੀਆਂ ਜਾਂਦੀਆਂ ਸਨ, ਪਰ ਸਰਸੂਤੀ ਦੀ ਬਲੀ ਕਵੀਆਂ ਦੇ ਉੱਚੇ ਹਿਰਦਿਆਂ ਦੀ ਉਸਤਤੀ ਯਾ ਓਸਦੀ ਵੱਲੋਂ ਵਿਦਜਾ, ਕਵਿਤਾ, ਉੱਚ ਖ਼ਯਾਲੀ ਦੀ ਆਵੇਸ਼ਤਾ ਯਾ ਆਵੇਸ਼ ਸ਼ਕਤੀ ਲਈ ਯਾਚਨਾ ਹੀ ਰਹੀ। ਸਮੇਂ ਬਦਲਦੇ ਗਏ ਤੇ ਹਜ਼ਾਰਹਾ ਵਰਹੇ ਗੁਜ਼ਰ ਗਏ; ਹਿੰਦ ਵਿਚ ਸਭਜਤਾ ਦੇ ਕਈ ਰੰਗ ਹੋਏ, ਮਤ ਭੇਦ ਬੀ ਅਨੇਕਾਂ ਹੋਏ, ਰੰਗਾਂ ਰੰਗਾਂ ਦੇ ਕਵੀ ਹੋਏ, ਇਸ਼ਟ ਬੀ ਉਨ੍ਹਾਂ ਦੇ ਨਿਖੇੜਵੇਂ ਤੇ ਅੱਡਰੇ ਅੱਡਰੇ ਹੋਏ ਪਰ ਅਣਡਿੱਠੇ ਜਗਤ ਵਿਚੋਂ ਜੋ ਆਵੇਸ਼ ਕਵੀਆਂ ਵਿਚ ਹੁੰਦਾ ਹੈ ਓਸ ਦਾ ਨਾਮ 'ਸ਼ਾਰਦਾ ਯਾ ਸਰਸੂਤੀ' ਇਹੋ ਇਕ 'ਅਰੂਪ ਵਜਕਤੀ ਦੇ ਖਿਆਲ' ਵਾਲਾ ਜਾਰੀ ਰਿਹਾ, ਅਰ ਦੇਸ਼, ਕਾਲ, ਮਤ ਦੇ ਭੇਦ ਹੋਣ ਤੇ

*ਸਰਸੂਤੀ ਬ੍ਰਹਮਾ ਦੀ ਵਹੁਟੀ ਹੈ' ਇਹ ਇਸ ਸਮੇਂ ਤੋਂ ਪਿੱਛੋਂ ਦਾ ਖਿਆਲ ਹੈ।

+ਮਹਾਂਭਾਰਤ (ਸਾਲਯਪਰਵ ੧੨੯੨੦) ਵਿਚ ਸੱਤ ਸਰਸੂਤੀਆਂ ਮੰਨੀਆਂ ਗਈਆਂ ਹਨ-ਸੁਪ੍ਰਭਾ, ਕਾਂਚਨਾਕਸ਼ੀ, ਵਿਸ਼ਾਲਾ, ਮਨੋਰਮਾ, ਓਘਾਵਤੀ, ਸੁਰੇਣੁ, ਵਿਮਾਲੋਦਕਾ।

ਵੀ ਕਵੀਆਂ ਦਾ ਇਹ ਖਿਆਲ ਇੱਕੋ ਰਿਹਾ ਤੇ ਇਸ ਵਿਚ ਫਰਕ ਤੇ ਨਿਖੇੜਾ ਨਹੀਂ ਪਿਆ ਅਤੇ ਇਹ ਖਿਆਲ ਮਜ਼੍ਹਬ ਦੀ ਸ਼ਕਲ ਨਹੀਂ ਲੈ ਗਿਆ। ਅਰਥਾਤ- 'ਸਾਰਦਾ' ਦਾ ਆਵਾਹਨ ਕੋਈ ਮਜ਼੍ਹਬ ਯਾ ਮਤ ਯਾ ਦੀਨ ਨਹੀਂ ਬਣਿਆਂ, ਬਲਕੇ ਅੱਡ ਅੱਡ ਮਤ ਭੇਦਾਂ ਵਾਲਿਆਂ ਦਾ ਇਹ ਇਕ 'ਕਾਵਿ-ਸੰਕੇਤ' ਮਰਯਾਦਾ ਦੀ ਸੂਰਤ ਵਿਚ ਸਾਂਝਾ 'ਮਨੋ-ਹੁਲਾਸ' ਰਿਹਾ।

ਉੱਪਰ ਤਾਂ ਅਸਾਂ ਹਿੰਦ ਦਾ ਹਾਲ ਦਿੱਤਾ ਹੈ, ਹੁਣ ਸੁਣੋ ਯੂਰਪ ਵਿਚ ਇਸ ਖਿਆਲ ਦਾ ਕਿੰਵ ਹਾਲ ਰਿਹਾ:-

ਯੂਰਪ ਵਿਚ ਸਭ ਤੋਂ ਪੁਰਾਣੀ ਸਭਜਤਾ ਯੂਨਾਨ (ਗ੍ਰੀਸ) ਦੀ ਹੈ, ਓਸ ਤੋਂ ਮਗਰਲੀ ਰੋਮ ਦੀ, ਅੱਜ ਕਲ ਦੀ ਸਭਜਤਾ ਮਾਨੋਂ ਇਨ੍ਹਾਂ ਦੋਹਾਂ ਦੀ ਧੀ ਤੇ ਦੋਹਤੀ ਹੈ। ਪੁਰਾਤਨ ਯੂਨਾਨ ਵਿਚ ਜਦੋਂ ਕਿ ਓਸ ਵਿਚ ਕਵੀ ਹੋਣ ਲੱਗੇ, ਇਹੋ ਹਿੰਦ ਵਰਗਾ ਖਿਆਲ ਸ਼ਾਰਦਾ* ਦਾ ਰਿਹਾ ਹੈ। ਸ਼ਾਰਦਾ ਨੂੰ ਯੂਰਪ ਵਾਲੇ (muse) ਮਯੂਜ਼ ਆਖਦੇ ਹਨ, ਇਸ ਵਾਸਤੇ ਲਾਤੀਨੀ ਪਦ ਹੈ- ਮਯੂਜ਼ਾ (musa) ਤੇ ਯੂਨਾਨੀ ਪਦ ਹੈ-ਮੌਸਾ (mousa)[ਯੂਨਾਨ ਵਿਚ ਮਯੂਜ਼ ਪਹਿਲੇ ਇਕ ਸੀ, ਫਿਰ ਤ੍ਰੈ ਸਨ+ ਤੇ ਫਿਰ ਨੌਂ। ਇਨ੍ਹਾਂ ਨੂੰ ਦੇਵਤਾ ਜ਼ਯੂਅਸ ਦੀਆਂ ਧੀਆਂ ਤੇ ਕੁਆਰੀਆਂ++ ਮੰਨਿਆ ਗਿਆ ਸੀ, ਏਹ ਨਵੇਂ* ਦੇਵੀਆਂ ਮੰਨੀਆਂ ਗਈਆਂ ਸਨ। ਇਨ੍ਹਾਂ ਦੀ ਬਾਬਤ ਇਹ ਖਿਆਲ ਸੀ ਕਿ 'ਜ਼ਯੂਅਸ' ਨਾਮੇ ਦੇਵਤਾ ਦੀ ਜਗਵੇਦੀ ਦੇ ਉਦਾਲੇ ਏਹ ਦੇਵੀਆਂ ਜ਼ਯੂਅਸ ਦਾ ਯਸ਼ ਗਾਇਨ ਕਰਦੀਆਂ ਹਨ। ਮਨੁੱਖਾਂ ਤੇ ਦੇਉਤਿਆਂ ਦੇ ਅਸਲ ਤੇ ਜਨਮ ਦੇ ਹਾਲ ਗਾਉਂਦੀਆਂ ਹਨ, ਦੇਵਤਿਆਂ ਦੇ ਸਮਾਗਮਾਂ ਵਿਚ ਕੀਰਤਨ ਕਰਦੀਆਂ ਹਨ, ਬੀਰਾਂ ਤੇ ਯੋਧਿਆਂ ਦੇ ਸਤਿਕਾਰ ਕਥਨ ਕਰਦੀਆਂ ਹਨ, ਇਨ੍ਹਾਂ ਨੂੰ ਭੂਤ ਤੇ ਭਵਿੱਖ ਦੀ ਖ਼ਬਰ ਹੁੰਦੀ ਹੈ, ਜਿਨ੍ਹਾਂ ਕਵੀਆਂ ਤੇ ਇਨ੍ਹਾਂ ਦੀ ਮਿਹਰ ਹੁੰਦੀ ਹੈ ਓਹਨਾਂ ਨੂੰ ਉੱਚੀ ਵਿਦਜਾ, ਸੁਹਣੇ ਵਲਵਲੇ ਨਾਲ ਭਰ ਦੇਂਦੀਆਂ ਹਨ ਤੇ ਉੱਚੀ ਕਵਿਤਾ ਕਰਨ ਦੀ ਜਾਚ ਸਿਖਾਲਦੀਆਂ ਹਨ।

ਯੂਨਾਨੀਆਂ ਨੇ ਮਯੂਜ਼ਿਜ਼ ਨੂੰ ਐਪੋਲੋ ਦੇਵਤਾ ਦੀ ਸਰਪ੍ਰਸਤੀ ਤੇ ਅਗੁਵਾਨੀ ਵਿੱਚ ਟੁਰਦੀਆਂ ਬੀ ਵਰਣਨ ਕੀਤਾ ਹੈ, ਉਨ੍ਹਾਂ ਨੇ 'ਐਪੋਲੋ' ਦੇਵਤਾ ਨੂੰ ''ਮਯੂਜ਼ਾਗੈਟੇਸ'' (ਅਰਥਾਤ ਮਯੂਜ਼ਾ ਦਾ ਆਗੂ) ਦਾ ਖਿਤਾਬ ਦੇ ਰੱਖਿਆ ਸੀ। ਇਨ੍ਹਾਂ ਦੇਵੀਆਂ ਦੀ ਪੂਜਾ ਦੇ ਦੋ ਮੁਕਾਮ ਸਨ: ੧. ਅਲੰਮਪੀਅਸ ਪਹਾੜ ਦੇ ਢਲਾਨ ਉੱਤੇ, ਲਿਇਥ੍ਰੋਨ ਤੇ ਪਿੰਪਲੇਇਆ ਦੇ ਪਵਿੱਤ੍ਰ ਚਸ਼ਮਿਆਂ ਦੇ ਕੋਲ। ੨. ਹੈਲੀਕੋਨ ਪਹਾੜ ਉੱਤੇ ਅਸਕਰਾ ਤੇ ਥੈਸਪੀ ਦੇ ਪਾਸ, ਇਸ ਤੋਂ ਛੁੱਟ ਥੈਸੇਲੀ ਤੇ ਇਟਲੀ ਵਿਚ ਵੀ ਇਨ੍ਹਾਂ ਦੇ ਪੂਜਾ ਮੰਦਰ ਬਣੇ ਸਨ। ਹਿੰਦ ਦੀ ਸ਼ਾਰਦਾ ਵਾਂਙੂੰ ਮਯੂਜ਼ਿਜ਼ ਵੀ ਜੀਵਾਂ ਦੀਆਂ ਬਲੀਆਂ ਨਹੀਂ ਸਨ ਲੈਂਦੀਆਂ, ਪਰ ਕਵੀਆਂ ਦੇ ਦਿਲ ਤਰੰਗ, -ਜਦੋਂ ਕਿ ਓਹ ਕੋਈ ਪੋਥੀ ਲਿਖਣ ਤਾਂ ਆਪਣਾ ਮੰਗਲ ਇਨ੍ਹਾਂ ਦੇ ਆਵਾਹਨ ਤੋਂ ਕਰਦੇ ਸਨ ਅਰ ਆਪਣੀ ਕਵਿਤਾ ਵਿਚ ਪ੍ਰਬੀਨਤਾ, ਨਿਬਾਹ, ਰਸ ਤੇ ਉੱਚ ਖਯਾਲੀ ਲਈ ਇਨ੍ਹਾਂ ਦੀ ਸਹਾਇਤਾ ਮੰਗਦੇ ਸਨ, ਕਿਸੇ ਮਹਾਂ ਕਾਵਯ ਦੇ ਵਿੱਚ ਵਿੱਚ ਵੀ ਜਿੱਥੇ ਕਿਸੇ ਵੱਡੇ ਪ੍ਰਸੰਗ ਯਾਂ ਕਠਨ ਵਿਸ਼ੇ ਨੂੰ ਛੂਹਣ ਤਾਂ ਮਯੂਜ਼ ਨੂੰ ਮੁੜ ਮੁੜ ਬੀ ਯਾਦ ਕਰਦੇ ਸਨ।

---

*ਉਡੇਸੀ ਜੈਸੀ ਪੁਰਾਤਣ ਕਵਿਤਾ (ਦੇ ੨੪-੬੦) ਵਿਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ।

+ਤਿੰਨਾਂ ਦੇ ਨਾਮ ਏਹ ਸਨ:- ਮ੍ਨੇਮੇ (ਚੇਤਾ ਸ਼ਕਤੀ), ਮਲੈਟੇ (ਵੀਚਾਰ), ਓਡੇ (ਗੀਤ)।

++ਪ੍ਰੰਤੂ ਕਈ ਇਕ ਖਯਾਲੀ ਕਵੀ ਜੈਸਾ ਕਿ ਆਰਫੀਅਸ, ਲਾਈਨਸ ਇਆਲੈਮਸ ਆਦਿ ਮਯੂਜ਼ਜ਼ ਦੇ ਪੁੱਤ੍ਰ ਬੀ ਦੱਸੇ ਜਾਂਦੇ ਹਨ, ਜਿਵੇਂ ਹਿੰਦ ਦੀ 'ਵਾਚ' ਤੇ 'ਸਰਸ੍ਵਤੀ' ਪਹਿਲੇ ਕੁਆਰੀ ਸੀ ਪਰ ਪਿਛਲੇ ਸਮੇਂ ਬ੍ਰਹਮਾ ਦੀ ਆਦਿ ਸ਼ਕਤੀ ਅਰ ਉਸਦੀ ਇਸਤ੍ਰੀ ਵਰਣਨ ਹੋਈ ਹੈ।

ਯੂਨਾਨ ਤੋਂ ਟੁਰ ਕੇ ਇਹ ਖਿਆਲ ਇਟਲੀ ਯਾ ਰੋਮ ਵਿਚ ਗਿਆ। ਲਾਤੀਨੀ ਜ਼ਬਾਨ ਵਿਚ ਅਸੀਂ ਇਸ ਦਾ ਨਾਮ ਦੱਸ ਆਏ ਹਾਂ, ਰੋਮ ਤੋਂ ਇਹ ਖਿਆਲ ਸਾਰੇ ਯੂਰਪ ਵਿਚ ਫੈਲ ਗਿਆ। ਫੇਰ ਸਮਾਂ ਆਇਆ ਕਿ ਸਾਰਾ ਯੂਰਪ-ਦੇਵਤਾ ਪ੍ਰਸਤੀ-ਦੇ ਮਜ਼ਹਬ ਤੋਂ ਨਿਕਲਕੇ ਈਸਾਈ ਹੋ ਗਿਆ। ਸਭ ਦੇਵੀ ਦੇਉਤਾ ਦੇ ਪੂਜਨ ਛੁਟ ਗਏ, ਮੰਦਰ ਗ਼ੈਰ ਆਬਾਦ ਹੋ ਗਏ, ਗਿਰਜੇ ਬਣ ਗਏ ਤੇ ਉਨ੍ਹਾਂ ਉਤੇ ਟੱਲ ਖੜਕਣ ਲੱਗ ਪਏ, ਰੱਬ ਰੱਬ ਦਾ ਪੁੱਤ੍ਰ, ਤੇ 'ਰੂਹੁਲ-ਕੁਦਸ' ਦਾ ਹੋਕਰਾ ਘਰ ਘਰ ਹੋ ਗਿਆ, ਪਰ ਕਵੀਆਂ ਦੇ 'ਦਿਲ-ਮੰਦਰਾਂ' ਵਿੱਚੋਂ 'ਮਯੂਜ਼' ਦਾ ਮੰਦਰ ਨਾ ਢੱਠਾ। ਇਟਲੀ ਦਾ ਪ੍ਰਸਿੱਧ ਮਹਾਂ ਕਵੀ ਡੈਂਟੇ ਆਪਣੇ ਮਹਾਂ ਕਾਵ੍ਯ ਵਿਚ ਮਯੂਜ਼ ਦਾ ਆਵਾਹਨ ਕਰਦਾ ਹੈ, (ਦੇਖੋ, ਪ੍ਰਗੇਟਰੀ ਕੈਂਟੋ ੧, ਸਤਰ ੭) ਜਿੱਥੇ ਓਹ ਨਵਾਂ ਹੀ ਮਯੂਜ਼ਿਜ਼ ਨੂੰ ਯਾਦ ਕਰਦਾ ਹੈ ਅਤੇ ਕੈਲੀਆਪੇ (ਵੀਰ ਚਰਿਤ ਵਰਣਨ) ਦੀ ਸਰਸ੍ਵਤੀ ਨੂੰ ਖਾਸ ਹੋਕਰਾ ਦੇਂਦਾ ਹੈ। ਫੇਰ 'ਪੈਰਾਡਾਈਸ' (ਕੈਂਟੋ ੧, ਸਤਰ ੧੨) ਵਿਚ ਡੈਂਟੇ ਮਯੂਜ਼ਿਜ਼ ਦੇ ਆਗੂ ਐਪੋਲੋ ਨੂੰ ਯਾਦ ਕਰਦਾ ਹੈ ਕਿ ਤੂੰ ਮੇਰੀ ਛਾਤੀ ਵਿਚ ਪ੍ਰਵੇਸ਼ ਕਰ ਅਰ ਮੈਨੂੰ ਉੱਚਾ ਆਵੇਸ਼ ਦੇਹ।

ਡੈਂਟੇ ਦੇ ਸਮੇਂ ਮਗਰੋਂ ਯੂਰਪ ਦੇ ਈਸਾਈਪਣੇ ਵਿਚ ਹੋਰ ਫਰਕ ਆਯਾ, ਈਸਾਈਅਤ ਹੋਰ ਛਾਣੀ ਤੇ ਪੁਣੀ ਗਈ, ਅਰ ਦੇਵਤਾ ਪੂਜਾ ਤਾਂ ਕਿਤੇ ਰਹੀ, ਈਸਾ ਤੇ ਮਰੀਯਮ ਦੀਆਂ ਮੂਰਤੀਆਂ ਦੀ ਪੂਜਾ ਬੀ ਬਹੁਤੇ ਮੁਲਕਾਂ ਤੋਂ ਛੁੱਟੀ, ਨਵੇਂ ਮਤ ਦਾ ਨਾਮ ਪ੍ਰਾਟੈਸਟੈਂਟ ਹੋਯਾ, ਪਰੰਤੂ ਕਵੀਆਂ ਦੇ ਮੰਡਲ ਵਿਚ ਉਨ੍ਹਾਂ ਦੀ ਸਰਸ੍ਵਤੀ (ਮਯੂਜ਼) ਦਿਲ ਦੇ ਤਖਤੋਂ ਨਾ ਉਤਰੀ। ਯੂਰਪ ਦਾ ਢੇਰ ਸਾਰਾ ਹਿੱਸਾ ਭਾਵੇਂ ਪ੍ਰਾਟੈਸਟੈਂਟ ਹੋ ਗਿਆ, ਪਰੰਤੂ ਕਵੀ ਮਯੂਜ਼ਾਂ ਨੂੰ ਯਾਦ ਕਰਦੇ ਰਹੇ ਅਰ ਆਪਣੀ ਕਵਿਤਾ ਦੀ ਸਫਲਤਾ ਲਈ ਸਹਾਇਤਾ ਮੰਗਦੇ ਰਹੇ। ਪ੍ਰਾਟੈਸਟੈਂਟ ਈਸਾਈਆਂ ਵਿਚੋਂ ਇਕ ਹੋਰ ਤ੍ਰਿੱਖਾ ਫਿਰਕਾ 'ਪਯੂਰੀਟੈਨਸ'ਦਾ ਨਿਕਲਿਆ, ਜਿਨ੍ਹਾਂ ਵਿਚੋਂ 'ਮਿਲਟਨ' ਨਾਮੇ ਇਕ ਮਹਾਨ ਕਵੀ ਜੀ ਹੋਏ ਹਨ। ਆਪ ਨੇ ਬੀ ਮਯੂਜ਼ ਨੂੰ ਯਾਦ ਕੀਤਾ ਹੈ। ਆਪਣੀ 'ਲਾਈਸਿਡਸ' ਨਾਮੇ ਕਵਿਤਾ ਵਿਚ ਆਪ ਨੇ ਪਵਿੱਤ੍ਰ ਚਸ਼ਮੇਂ ਦੀਆਂ ਭੈਣਾਂ (ਮਯੂਜ਼ਿਜ਼) ਨੂੰ ਜੋ ਜਯੂਪੀਟਰ ਦੇ ਸਥਾਨ ਹੇਠੋਂ ਨਿਕਲਦਾ ਹੈ, ਪਤਾ ਦੇ ਕੇ ਯਾਦ ਕੀਤਾ ਹੈ। ਇਸ ਕਵੀ ਨੇ ਆਪਣੇ 'ਪੈਰਾਡਾਈਸ ਲਾਸਟ' ਨਾਮੇ ਮਹਾਂਕਾਵ੍ਯ ਵਿਚ ਵੀ ਮਯੂਜ਼ ਨੂੰ ਯਾਦ ਕੀਤਾ ਹੈ, ਸਗੋਂ ਆਪ ਨੇ ਇਕ ਐਸੀ ਥਾਵੇਂ ਤਾਂ ਮਯੂਜ਼ ਨੂੰ ਆਲਿਮਪੀਅਨ ਪਹਾੜ ਤੋਂ ਚੁੱਕ ਕੇ ਅਰਸ਼ਾਂ ਵਿਚ ਵੱਸਣ ਵਾਲੀ ਦਾ ਇਸ਼ਾਰਾ ਦੇ ਦਿੱਤਾ ਹੈ ਕਿ ਇਹ ਅਰਸ਼ਾਂ ਵਿਚੋਂ ਰੱਬ ਦੇ ਦਰ ਦਾ ਆਵੇਸ਼ ਹੈ, ਜਿਸ ਦਾ ਨਿਚੋੜ ਇਹ ਹੈ ਕਿ ਕਵੀ ਚਾਹੇ ਕਿਸੇ ਮਜ਼੍ਹਬ ਤੇ ਈਮਾਨ ਦੇ ਹੋਏ ਹਨ, ਉਨ੍ਹਾਂ ਨੇ ਅਪਣੀ ਉੱਚ ਕਵਿਤਾ ਦੇ ਲਿਖਣ ਦੀ ਹਾਲਤ ਨੂੰ 'ਆਵੇਸ਼ਕ ਹਾਲਤ' ਅਨੁਭਵ ਕੀਤਾ ਹੈ, ਅਰ ਅਪਣੇ ਉਸ ਆਵੇਸ਼ ਨੂੰ ਨਾ ਦਿੱਸਣ ਵਾਲੇ ਜਗਤ ਵਿਚੋਂ ਕਿਸੇ ਰੂਹਾਨੀ ਵ੍ਯਕਤੀ ਵਾਲਾ ਸਮਝਿਆ ਹੈ, ਨਾਮ ਤੇ ਉਸ ਦੀ ਵਿਥ੍ਯਾ ਚਾਹੋ ਕੁਛ ਆਖੀ ਹੋਵੇ, ਪਰ 'ਆਵੇਸ਼' ਤੇ 'ਆਵੇਸ਼ ਕਿਸੇ ਅਦ੍ਰਿਸ਼੍ਯ ਸੱਤ੍ਯਾ ਯਾ ਵ੍ਯਕਤੀ ਵੱਲੋਂ' ਮੰਨਕੇ ਉਸ ਨੂੰ ਅਰਾਧਿਆ ਹੈ*। ਇਸੀ ਪ੍ਰਕਾਰ ਕਵਿ ਸੰਤੋਖ ਸਿੰਘ ਜੀ ਨੇ ਅਪਣਾ ਗ੍ਰੰਥ ਆਰੰਭਣ ਤੋਂ ਪਹਿਲਾਂ ਕਵੀਆਂ ਦੀ ਇਸ ਬੰਨ੍ਹੀ ਹੋਈ ਮਰਯਾਦਾ ਨੂੰ ਵਰਤ ਲਿਆ ਹੈ। ਭਾਵੇਂ ਓਹ ਆਪ ਇਕ ਅਕਾਲ ਦੇ ਉਪਾਸਕ ਹਨ, ਅਰ

---

*ਮੁਕਾਬਲਾ ਕਰੋ, ਰਿਗ ਵੇਦ, (੧੦. ੧੨੫) ਜਿੱਥੇ 'ਵਾਚ' ਆਖਦੀ ਹੈ-ਜਿਸ ਆਦਮੀ ਨੂੰ ਮੈਂ ਪਿਆਰ ਕਰਦੀ ਹਾਂ ਉਸ ਨੂੰ ਸ਼ਕਤੀਮਾਨ ਬਨਾ ਦੇਂਦੀ ਹਾਂ, ਉਸ ਨੂੰ ਬ੍ਰਾਹਮਣ, ਰਿਸ਼ੀ ਤੇ ਦਾਨਾ ਬਨਾ ਦੇਂਦੀ ਹਾਂ। .... ਜਗਤ ਦੀ ਚੋਟੀ ਉਤੋਂ ਮੈਂ ਪਿਤਾ ਨੂੰ ਲੈ ਆਉਂਦੀ ਹਾਂ...। ਇਸਤੋਂ ਸਪਸ਼ਟ ਹੈ ਕਿ ਲਿਖਣੇ ਵਾਲਾ 'ਵਾਚ: ', ਯਾ 'ਸਰਸ੍ਵਤੀ' ਯਾ 'ਮਯੂਜ਼' ਨੂੰ ਮੰਨਦਾ ਹੈ ਕਿ ਓਹ (ਪਿਤਾ) ਪਰਮਾਤਮਾ ਦੇ ਦੇਸ਼ ਦੀ ਸ਼ੈ ਹੈ, ਅਰ ਓਹ ਆਪਣੇ ਕ੍ਰਿਪਾ ਪਾਤ੍ਰ ਨੂੰ ਬ੍ਰਹਮਣ, ਰਿਸ਼ੀ, ਦਾਨਾ, ਅਰਥਾਤ 'ਕਵੀ' ਬਨਾ ਸਕਦੀ ਹੈ।

ਬੁਤਪ੍ਰਸਤ ਮਜ਼ਹਬ ਦੇ ਪੈਰੋਕਾਰ ਨਹੀਂ ਹਨ, ਉਨ੍ਹਾਂ ਨੇ 'ਸ਼ਾਰਦਾ' ਨੂੰ ਕਵਿਤਾ ਦਾ ਇੱਕ 'ਉੱਚਾ ਹੁਲਾਸ' ਜਾਣਕੇ ਯਾਦ ਕੀਤਾ ਹੈ, ਇਹ ਉਨ੍ਹਾਂ ਦਾ ਮਜ਼ਹਬੀ ਅਸੂਲ, ਇਸ਼੍ਰਾਪਤੀ ਯਾ ਧਰਮ ਨਹੀਂ ਹੈ। ਨਾ ਹੀ ਉਨ੍ਹਾਂ ਇਸ ਨੂੰ ਇਸ਼੍ਰ ਮੰਨਿਆ, ਨਾ ਮੰਨਣੇ ਦਾ ਉਪਦੇਸ਼ ਦਿੱਤਾ ਹੈ। ਆਪਣੇ ਧਰਮ ਦਾ, ਅਪਣੇ ਵਿਸ਼ਵਾਸ਼ ਤੇ ਈਮਾਨ ਦਾ, ਅਪਣੇ ਮਜ਼ਹਬੀ ਭਰੋਸੇ ਤੇ ਯਕੀਨ ਦਾ ਪਤਾ ਕਵਿ ਜੀ ਨੇ ਇਸੇ ਅਧਯਾਯ ਦੇ ਅੰਕ ੨੫ ਅਤੇ ੩੦ ਵਿਚ ਐਉਂ ਦਿੱਤਾ ਹੈ:-

ਗੋਬਿੰਦ ਸਿੰਘ ਗੁਰੂ 'ਗਤਿ ਦਾਯਕ+' ਆਨ ਕੀ ਆਸ ਨਹੀ ਮਨ ਰਾਈ ॥੨੫॥

.........................................

ਅਬ ਆਨ ਕੀ ਆਸ ਨਿਰਾਸ ਭਈ ਕਲਗ਼ੀਧਰ ਬਾਸ ਕੀਯੋ ਮਨ ਮਾਹੀ ॥੩੦॥

ਇਸੇ ਅਧਯਾਯ ਵਿਚ ਇਸ ਤੋਂ ਵੀ ਹੋਰ ਸਪਸ਼ਟ ਐਉਂ ਉਚਾਰਦੇ ਹਨ:-

(ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸ ਕਰਦੇ ਹੋਏ:)

ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ, ਨਿਜ ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ।
ਪਰਜੋ ਦਰਬਾਰ ਸਭ ਥਾਂਵ ਨਿਰਧਾਰ ਕਰ, ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ ॥੩੨॥

ਹੋਰ-ਦੇਖੋ ਅੰਕ ੨੭ ਇਸੇ ਅਧਯਾਯ ਦਾ:-

ਕਬਿੱਤ: ਤੋਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ,
ਤੋ ਸੋ ਨ ਦਯਾਲੂ, ਦੁਖੀ ਮੋ ਸੋ ਨ ਅਲਾਈਏ।
ਮੋ ਸੋ ਨਹੀਂ ਕ੍ਰਿਤਘਨ, ਤੋ ਸੋ ਉਪਕਾਰੀ ਨਾਂਹਿ,
ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਨਵਾਨ ਤੋ ਸੋ ਨਹੀਂ,
ਜਪ ਤਪ ਬ੍ਰਤ ਮੋ ਮੈਂ ਏਕ ਨਹਿੰ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇ ਕੈ ਚਰਨ
ਗੁਰੂ ਤਾਰਨ ਤਰਨ! ਨਿਜ ਹਾਥ ਦੈ ਬਚਾਈਏ ॥੨੭॥

ਇਹ ਤੁਕਾਂ ਅਸਾਂ ਨਮੂਨੇ ਮਾਤ੍ਰ ਦਿੱਤੀਆਂ ਹਨ, ਬਾਕੀ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪੜ੍ਹਨ ਨਾਲ ਕਦਮ ਕਦਮ ਤੇ ਨਿਸ਼ਚਾ ਹੁੰਦਾ ਜਾਂਦਾ ਹੈ ਕਿ ਕਵੀ ਭਾਈ ਸੰਤੋਖ ਸਿੰਘ ਜੀ ਉਨ੍ਹਾਂ ਵਿਰਲੇ ਸਿੱਖਾਂ ਵਿੱਚੋਂ ਹੋਏ ਹਨ ਜੋ ਅਨਿੰਨ ਭਗਤ ਗੁਰੂ ਸਾਹਿਬਾਨ ਦੇ ਸਨ, ਇਸ ਲਈ ਉਨ੍ਹਾਂ ਦਾ 'ਸ਼ਾਰਦਾ ਆਵਾਹਨ' ਉਨ੍ਹਾਂ ਦਾ ਮਜ਼ਹਬ ਨਹੀਂ ਹੈ, ਨਾ ਉਹ ਇਸ ਨੂੰ ਪੜ੍ਹਨ ਵਾਲਿਆਂ ਦਾ-ਮਜ਼ਹਬ ਬਨਾਉਣਾ ਚਾਹੁੰਦੇ ਹਨ। ਇਹ ਇੱਕ ਕਵੀ ਮਨ ਦਾ ਹੁਲਾਸ ਹੈ, ਦੇਖੋ ਈਰਾਨ ਅਗਨੀ ਪ੍ਰਸਤ ਸੀ, ਸਾਰਾ ਮੁਸਲਮਾਨ ਹੋ ਗਿਆ, ਪਰ ਕਵਿਤਾ ਕਰਨ ਵੇਲੇ ਸਾਕੀ ਤੇ ਮੈਅ (ਸ਼ਰਾਬ ਪਿਲਾਉਣ ਵਾਲਾ ਤੇ ਸ਼ਰਾਬ) ਨੂੰ ਯਾਦ ਕਰਦੇ ਹਨ। 'ਸਾਕੀ ਤੇ ਸ਼ਰਾਬ' ਇਸਲਾਮ ਵਿਚ ਹਰਾਮ ਹਨ, ਪਰ 'ਕਵਿਮਨ ਹੁਲਾਸ' ਉਸੇ ਹਰਾਮ ਸ਼ਰਾਬ ਪਿਲਾਉਣ ਵਾਲੀ 'ਸੁੰਦਰੀ-ਸਾਕੀ' ਨੂੰ ਕਵਿਤਾ ਕਰਨ ਵੇਲੇ ਯਾਦ ਕਰਦੇ ਤੇ ਆਵੇਸ਼ਕ ਹਾਲਤ ਦੀ ਯਾਚਨਾ ਕਰਦੇ ਹਨ ਕਿ ਪਿਆਲਾ ਪਿਲਾ ਦੇ। ਸ਼ਰਾਬ ਉਨ੍ਹਾਂ ਦੀ 'ਕਾਵਯ ਸ਼ਕਤੀ' ਹੈ ਤੇ ਇਸ ਨੂੰ ਯਾਦ ਕਰਨਾ ਉਨ੍ਹਾਂ ਦਾ 'ਮਨੋ-ਹੁਲਾਸ' ਮਾਤ੍ਰ ਹੈ। ਇਸੇ ਤਰ੍ਹਾਂ ਸਿੱਖ ਹੋ ਕੇ ਭਾਈ ਸਾਹਿਬ ਦਾ ਸ਼ਾਰਦਾ ਨੂੰ ਯਾਦ ਕਰਨਾ 'ਕਵਿ-ਸੰਕੇ'- 'ਕਵਿ ਮਨ ਹੁਲਾਸ'-ਹੈ, ਇਹ

+ਮੁਕਤੀ ਦਾਤਾ।

ਇਸ਼ਟ ਅਰ ਇਸ਼ਟਾਪਤੀ ਦੀ ਬਾਤ ਨਹੀਂ ਹੈ*। ਆਪਦੀ ਵਿਦਯਾ ਦਾ ਮੰਡਲ ਕੇਵਲ ਸੰਸਕ੍ਰਿਤ ਤੇ ਹਿੰਦੀ ਸੀ, ਇਸ ਵਾਸਤੇ ਉਨ੍ਹਾਂ ਲੋਕਾਂ ਦੇ ਤ੍ਰੀਕੇ ਦੀ ਹਿੰਦੀ ਭਾਸ਼ਾ ਦੀ ਰਚਨਾ ਵਿਚ ਇਹ ਹੁਲਾਸ ਵਰਤਿਆ ਜਾਣਾ ਇਕ ਸੁਤੇ ਸੁਭਾਵ ਗਲ ਸੀ।

ਕਵੀ ਜੀ ਆਪ ਵੀ ਸਰਸ੍ਵਤੀ ਦੇ ਆਵੇਸ਼ ਨੂੰ ਗੁਰ ਯਸ਼ ਦੇ ਰਚਨ ਵਿਚ ਅੰਦਰਲੇ ਉਛਾਲ ਦੀ ਖ਼ਾਤਰ ਯਾਦ ਕਰਦੇ ਹਨ, ਨਾਕਿ ਇਸ਼ਟ ਮੰਨਦੇ ਹਨ। ਯਥਾ:-

ਸਾਰਸ੍ਵਤੀ ਸਰਿਤਾ ਸਰਸ ਮਮ ਉਰ ਕਰਹੁ ਪ੍ਰਵਾਹ।
ਉਠਹਿ ਲਹਿਰ ਛੰਦਨ ਰਚਨ ਗੁਰ ਹਰਿ ਜਸ ਕੇ ਮਾਂਹਿ ॥੧॥

(ਬ: ਰਮੈਣ ਕਿਸ਼ ਕਾਂ: ਸ: ੧)

ਕਵਿ ਜੀ ਨੇ ਪਹਿਲਾਂ ਅਪਣੇ ਇਸ਼ਟ ਗੁਰੂ ਦਾ ਮੰਗਲ ਰਖਿਆ ਹੈ, ਉਸ ਵਿਚ ਦੱਸਿਆ ਹੈ ਕਿ ਆਪ ਨੂੰ ਸੱਚ ਤੇ ਵਿਘਨਾਂ ਦੇ ਨਾਸ਼ ਦੀ ਲੋੜ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਅਪਣੇ ਕੰਮ ਦੀ ਉਖਿਆਈ ਤੇ ਮਹਾਨਤਾ ਨੂੰ ਸਮਝ ਰਹੇ ਹਨ ਅਰ ਸ਼੍ਰਧਾ ਵਾਲੇ ਮਨ ਨਾਲ ਵਾਹਿਗੁਰੂ ਦੇ ਦਰ ਯਾਚਕ ਹਨ। ਫੇਰ ਸ਼ਾਰਦਾ ਦਾ 'ਕਵਿ-ਸੰਕੇਤਕ' ਮੰਗਲ ਕਰਕੇ ਅੱਗੋਂ ਅਪਣੀ ਰਚਨਾਂ ਅਰੰਭਦੇ ਹਨ, ਅਰ ਅਪਣੇ ਇਸ਼੍ਟ ਦੇਵ-ਵਾਹਿਗੁਰੂ, ਤੇ ਇਸ਼੍ਟ ਗੁਰੂ-ਸ੍ਰੀ ਗੁਰੂ ਸਾਹਿਬਾਨ; ਫੇਰ ਆਪਣੇ ਵਿਦਯਾ ਦਾਤੇ ਦਾ, ਫੇਰ ਨਾਮ-ਵਾਹਿਗੁਰੂ ਨਾਮ-ਦਾ ਮੰਗਲ ਤੇ ਮਹਿਮਾ ਕਥਨ ਕਰਦੇ ਹਨ, ਸਿਮਰਨ ਦਾ ਫਲ ਦੱਸਦੇ ਹਨ, ਤੇ ਅਧਯਾਯ ਇਸੇ ਮੰਗਲਮਯ ਰੰਗ ਵਿਚ ਸਮਾਪਤ ਕਰ ਦੇਂਦੇ ਹਨ। ਸਾਰੇ ਪੰਦ੍ਰਾਂ ਮੰਗਲ ਆਪ ਨੇ ਕੀਤੇ ਹਨ, ੧੪ ਵਿਚ ਅਪਣਾ ਇਸ਼੍ਟ ਹੈ, ਤੇ ਇਕ ਵਿਚ 'ਪਰਾਇਆ ਇਸ਼੍ਟ' ਨਹੀਂ, 'ਮਜ਼ਹਬੀ ਸ਼ਖਸੀਅਤ' ਨਹੀਂ, ਪਰ ਕੇਵਲ ਕਵੀਆਂ ਦੇ ਮਨੋਹੁਲਾਸ ਦੀ ਕਵਿ ਸੰਕੇਤਕ ਰੀਤਿ ਵਰਤੀ ਹੈ। ਉਹ ਇਹ ਹੈ:-

ਕਬਿੱਤ: ਤੀਨੋ ਲੋਕ ਬਰ ਦਾਨੀ, ਤੀਨੋ ਜਾਚੈਂ ਮਹਾਰਾਨੀ
ਤੀਨੋ ਤਾਪ ਹਾਨੀ, ਆਦਿ ਤੀਨੋ ਗੁਨ ਮੰਡਿਕਾ।
ਤੀਨੋ ਕਾਲ ਮਾਨੀ, ਤੀਨੋ ਸ਼ਕਤਿ ਪ੍ਰਧਾਨੀ ਤਵ
ਤੀਨੋ ਕ੍ਰਿਤਵਾਨੀ, ਤੀਨੋ ਗਾਨੀ ਬਰ ਬੰਡਿਕਾ।
ਦੀਨੀ ਰਜਧਾਨੀ ਬੱਜ੍ਰ ਪਾਨੀ ਕੋ ਕ੍ਰਿਪਾਨ ਪਾਨੀ
ਜਾਨੀ ਮੈਂ ਭਵਾਨੀ ਸੁਖ ਖਾਨੀ ਖਲ ਖੰਡਿਕਾ।
ਨਮੋ ਨਮੋ ਬਾਕ ਬਾਨੀ, ਜੋਤਿ ਬਿਦਤਾਨੀ, ਦਾਸ
ਰਸਨਾ ਬਸਾਨੀ, ਜੈਤਿ ਜੈਤਿ ਮਾਤ ਚੰਡਿਕਾ ॥੨॥

---

* ਅਧਯਾਯ ੨੭ ਅੰਕ ੧੬, ੧੭ ਵਿੱਚ ਕਵੀ ਜੀ ਦੇਵੀ ਦੀ ਜ਼ਬਾਨੀ ਅਖਵਾਉਂਦੇ ਹਨ ਇਕ ਜਗਜਾਸੂ ਨੂੰ ਜੋ ਦੇਵੀ ਤੋਂ ਮੁਕਤੀ ਮੰਗਦਾ ਹੈ, ਦੇਵੀ ਆਖਦੀ ਹੈ:-

ਪਰਾਲਬਧ ਹੈ ਤਨ ਕੀ ਜੌ ਲੌ। ਸੇਵਹੁ ਸ੍ਰੀ ਨਾਨਕ ਪਗ ਤੌ ਲੌ। ਪੁਰਿ
ਸੁਲਤਾਨਹਿ ਕੀਨਿ ਦੁਕਾਨਾ। ਦੁਰਜੋ ਰਹਤਿ ਹੈ ਜਾਇ ਨ ਜਾਨਾ ॥੧੬॥
ਸ੍ਰੀ ਕਰਤਾਰ ਰੂਪ ਅਵਤਾਰਾ। ਕਲਿ ਨਰ ਤਾਰਨ ਕੋ ਤਨ ਧਾਰਾ।

ਫੇਰ ਸ਼੍ਰੀ ਗੁ: ਨਾ: ਪ੍ਰ: ਪੂ: ਅਧਯਾਯ ੨੯ ਅੰਕ ੩ ਵਿਚ ਪਰਮੇਸ਼ੁਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਨਿਸਤਾਰਨ ਲਈ ਟੋਰਨ ਵੇਲੇ ਆਖਦੇ ਹਨ ਕਿ 'ਹੈ ਕਲਿ ਕਾਲ ਕਰਾਲ ਬਿਸਾਲਹਿ ਮੰਦਮਤੀ ਮਨ ਮਾਨਵ ਹੋਊ। ਦੇਵਨਿ ਪੂਜਤਿ, ਨਾਮ ਤੇ ਬੇਮੁਖ ਕੇਵਲ ਪਾਪ ਪਰਾਇਨ ਜੋਊ। ' ਇਥੇ ਬੀ ਕਵੀ ਜੀ 'ਦੇਵਤਿਆਂ ਦੀ ਪੂਜਾ' ਨੂੰ ਮੰਦ ਮਤੀ ਵਾਲੇ ਮਨੁੱਖਾਂ ਦਾ ਕਰਮ ਦੱਸ ਰਹੇ ਹਨ, ਤਦ ਓਹ ਆਪ ਕਿਸੇ ਦੇਵੀ ਦੇਵਤੇ ਨੂੰ ਆਪਣਾ ਇਸ਼ਟ ਕੀਕੂੰ ਮੰਨ ਸਕਦੇ ਸਨ ਯਾ ਸਾਨੂੰ ਮੰਨਣਾ ਸਿਖਲਾ ਸਕਦੇ ਸਨ?

ਪਦਾਂ ਦੇ ਅਰਥ: ਤੀਨੋ ਲੋਕ=

(ੳ) ਤਿੰਨ ਲੋਕ:- ਸੁਰਗ, ਮਾਤ, ਪਾਤਾਲ।

(ਅ) ਤ੍ਰੈ ਵਰਗ ਦੇਵਤੇ, ਮਨੁੱਖ, ਦੈਂਤ।

ਮਹਾਰਾਨੀ=ਵਡੇ ਪ੍ਰਕਾਸ਼ ਯਾ ਪ੍ਰਤਾਪ ਵਾਲੀ।

ਤੀਨੋ ਤਾਪ=ਆਧਿ, ਬਿਆਧਿ, ਉਪਾਧਿ। ਮਨ ਦੇ ਦੁੱਖ, ਸਰੀਰ ਦੇ ਦੁੱਖ, ਉੱਤੋਂ ਆ ਪਏ ਦੁਖ। ਕਵੀਆਂ ਦੇ ਤ੍ਰੈ ਤਾਪ ਏਹ ਹਨ:-

੧. ਅਪਣੀ ਚੰਗੀ ਕਵਿਤਾ ਦੇ ਅਭਿਮਾਨ ਵਿਚ ਬਲ ਉੱਠਣਾ।

੨. ਦੂਸਰੇ ਦੀ ਚੰਗੀ ਕਵਿਤਾ ਵੇਖ ਕੇ ਈਰਖਾ ਨਾਲ ਸੜਨਾ

੩. ਅਪਣੀ ਕਵਿਤਾ ਦੇ ਅਪਮਾਨ ਹੋਣ ਤੇ ਨਿਰਾਸਤਾ ਆਦਿਕ ਦੇ ਦੁਖ ਵਿਚ ਧੁਖਣਾ।

ਤੀਨੋਗੁਨ=ਰਜ, ਤਮ, ਸਤ। ਅਥਵਾ

੧. ਦੂਸਰਿਆਂ ਦੇ ਕੀਤੇ ਸਾਹਿਤਜ ਨੂੰ ਖੂਬੀ ਨਾਲ ਸਮਝ ਸੱਕਣਾ,

੨. ਆਪ ਉੱਚਾ ਸਾਹਿਤਜ ਲਿਖ ਸੱਕਣਾ,

੩. ਦੂਸਰੇ ਨੂੰ ਸਾਹਿਤਯ ਸਿਖਾ ਸੱਕਣਾ ਯਾ ਚਾਤੁਰੀ ਨਾਲ ਵਯਾਖਯਾ ਕਰ ਸੱਕਣੀ।

ਮੰਡਿਕਾ=ਸੰਵਾਰਣ ਵਾਲੀ, ਭੂਸ਼ਤਿ ਕਰਨ ਵਾਲੀ।

ਤੀਨੋ ਕਾਲ=ਭੂਤ, ਵਰਤਮਾਨ, ਭਵਿੱਖਤ। ਬੀਤ ਚੁਕਾ, ਬੀਤ ਰਿਹਾ ਤੇ ਆਉਣ ਵਾਲਾ ਸਮਾਂ। (ਅ) ਤ੍ਰੈ ਜ਼ਮਾਨੇ-੧. ਵੇਦਕ, ੨. ਪੌਰਾਣਕ ਤੇ ੩. ਯਵਨੀ ਰਾਜ ਦਾ ਸਮਾਂ। ਭਾਵ ਇਹ ਕਿ ਤਿੰਨਾਂ ਸਮਿਆਂ ਦੇ ਕਵੀ ਤੈਨੂੰ ਮੰਗਲ ਵੇਲੇ ਮੰਨਦੇ ਰਹੇ ਹਨ।

ਤੀਨੋ ਸ਼ਕਤਿ=ਤਿੰਨੋ ਸ਼ਕਤੀਆਂ:- ਉਮਾ, ਰਮਾ, ਸਾਵਿੱਤ੍ਰੀ। ਰਿਗ ਵੇਦ ਵਿਚ ਸਰਸ੍ਵਤੀ ਨੂੰ ਨਦੀਆਂ ਦੀ ਮਾਂ ਮੰਨਿਆਂ ਹੈ, ਦੇਵੀਆਂ ਦੀ ਮਾਂ ਮੰਨਿਆ ਹੈ, (ਦੇਖੋ ਰਿਗ ਮੰਡ: ੨. ਸੂ: ੪੧. ਮੰਤ੍ਰ ੧੬)। ਕਈ ਥਾਈਂ ਵਿਦ੍ਯਾ ਦਾਤੀ ਹੋਣ ਤੋਂ ਇਲਾਵਾ ਸਰਸ੍ਵਤੀ ਨੂੰ ਹੋਰ ਤ੍ਰੈ ਫਲਦਾਤੀ ਮੰਨਿਆਂ ਹੈ, ਓਹ ਤ੍ਰੈ ਫਲਦਾਤਾ ਸ਼ਕਤੀਆਂ ਉਸ ਦੀਆਂ ਏਹ ਹਨ: ੧. ਦੌਲਤ ਦੇਣ ਦੀ, ੨. ਖੇਤੀਆਂ ਬਹੁਤ ਉਪਜਾਉਣ ਦੀ, ੩. ਤ੍ਰੀਮਤਾਂ ਨੂੰ ਸੰਤਾਨ ਦਾਨ ਕਰਨ ਦੀ।

ਤੀਨੋ ਕ੍ਰਿਤਵਾਨੀ ਉਤਪਤੀ, ਪਾਲਨ, ਸਿੰਘਾਰ, ਤਿੰਨਾਂ ਕੰਮਾਂ ਦੇ ਕਰਨ ਵਾਲੀ। ਤ੍ਰੈ ਕ੍ਰਿਤਾਂ ਖਾਸ ਸਰਸ੍ਵਤੀ ਦੀਆਂ ਏਹ ਹਨ:-

੧. ਯੱਗਾਂ ਨੂੰ ਸਫਲਤਾ ਦੇਣੀ।

੨. ਰਿਸ਼ੀਆਂ ਨੂੰ ਕਵਿਤਾ ਦੇਣੀ।

੩. ਨਦੀ ਸਰਸ੍ਵਤੀ ਵਿਚ ਪਵਿੱਤ੍ਰ ਜਲ ਦੇਣਾ।

ਤੀਨੋ ਗਾਨੀ ਤਿੰਨਾਂ ਤੋਂ ਗਾਂਵੀਂ ਗਈ, ਬ੍ਰਹਮਾਂ ਬਿਸ਼ਨੁ ਮਹੇਸ਼ ਤੋਂ, ਪਰ ਇਸ਼ਾਰਾ ਇਧਰ ਹੈ:-

(ੳ) ਵੇਦਾਂ ਦੇ, ਪੁਰਾਣਾਂ ਦੇ, ਤੇ ਹੋਰ ਆਮ ਸਾਹਿਤਜ ਦੇ ਕਵੀ, ਤਿੰਨਾਂ ਨੇ ਤੇਰਾ ਯਸ਼ ਕੀਤਾ ਹੈ। ਬਰਬੰਡਿਕਾ ਬਲਵੰਤਿਕਾ ਬਲਵਾਨ। 'ਬਰ' ਦੇ ਅਰਥ ਹਨ:- ਬਲ, ਵਰ, ਸ੍ਰੇਸ਼੍ਰਤਾ, ਸੋ ਕਈ ਸੱਜਣ ਇਸ ਕਰਕੇ ਤ੍ਰੈ ਅਰਥ ਹੋਰ ਬੀ ਕਰਦੇ ਹਨ:-

(ਅ) ਬਲ ਦੇ ਵੰਡਣ ਵਾਲੀ।

(ੲ) ਵਰਾਂ ਦੇ ਵੰਡਣ ਵਾਲੀ।

(ਸ) ਸ੍ਰੇਸ਼ਟਤਾ ਦੇਣ ਵਾਲੀ, ਭਾਵ ਆਪਣੇ ਪਾਤ੍ਰ ਕਵੀ ਨੂੰ ਉੱਚਿਆਂ ਕਰਨ ਵਾਲੀ।

ਬੱਜ੍ਰ ਪਾਨੀ ਬੱਜਰ (ਪੱਥਰ) ਹੈ ਜਿਸ ਦੇ ਹੱਥ ਵਿਚ, ਇੰਦ੍ਰ।

ਕ੍ਰਿਪਾਨ ਪਾਣੀ ਕ੍ਰਿਪਾਨ ਹੈ ਜਿਸ ਦੇ ਹੱਥ ਵਿਚ। [ਸੰਸ. ਕ੍ਰਿਪਾਨ ਤਲਵਾਰ। ਪਾਣਿ ਹੱਥ]

ਭਵਾਨੀ ਕੁਸ਼ਲਤਾ ਦਾਤੀ। (ਅ) ਸੰਸਾਰ ਦਾ ਮੂਲ ਕਾਰਣ।

(ੲ) ਦੇਵੀ, ਜੋ ਪਿੱਛੋਂ ਪਾਰਬਤੀ ਸਮਝੀ ਗਈ।

ਭਵ=ਸ਼ਿਵ। ਭਵਾਨੀ ਸ਼ਿਵ ਦੀ ਇਸਤ੍ਰੀ। 'ਭਵਾਨੀ' ਪਾਰਬਤੀ ਦੇ ਸ਼ਾਂਤਮਯ ਤੇ ਪਯਾਰ ਵਾਲੇ ਸਰੂਪ ਦਾ ਨਾਮ ਹੈ।

ਸੁਖ ਖਾਨੀ=ਸੁੱਖਾਂ ਦੀ ਖਾਣ। ਜਿਸ ਤੋਂ ਸੁਖ ਪ੍ਰਾਪਤ ਹੋ ਸਕਣ।

ਖਲ ਖੰਡਿਕਾ=ਦੁਸ਼ਟਾਂ ਦਾ ਨਾਸ਼ ਕਰਨ ਵਾਲੀ। ਕਵੀਆਂ ਦੇ ਲਈ ਦੁਸ਼ਟ (ਵਿਘਨਕਾਰੀ) ਓਹ ਹਨ, ਜੋ ਉਨ੍ਹਾਂ ਦੀ ਨਿੰਦਾ ਕਰਦੇ ਹਨ ਤੇ ਉਨ੍ਹਾਂ ਦੇ ਅਰੰਭੇ ਗ੍ਰੰਥਾਂ ਵਿਚ ਮਿਥਕੇ ਅਟਕਾਂ ਪਾਉਂਦੇ ਹਨ।

ਬਾਕ ਬਾਨੀ=ਕਵਿਤਾ ਸਫੁਰਣ ਕਰਾਉਣ ਵਾਲੀ, ਸਰਸ੍ਵਤੀ। ਰਿਗ ਵੇਦ ਵਿਚ ਕਵਿਤਾ ਦੀ ਸ਼ਕਤੀ ਦਾ ਨਾਮ ਵਾਕ ਤੇ ਵਾਚ ਕਰਕੇ ਆਇਆ ਹੈ। (ਦੇਖੋ ੧੦. ੭੧ ਤੇ ੧੨੫) ਪਿੱਛੋਂ ਇਸੇ ਦਾ ਨਾਮ ਸਰਸ੍ਵਤੀ ਹੋਇਆ। ਵਾਚ ਤੇ ਵਾਕ ਇੱਕੋ ਗੱਲ ਹੈ।

ਬਿਦਤਾਨੀ=ਪ੍ਰਗਟ, ਪ੍ਰਗਟਾਉਣ ਵਾਲੀ। ਜੈਤਿ ਜੈਤਿ ਜੈ ਹੋ, ਜੈ ਹੋ।

ਚੰਡਿਕਾ=ਜਿਸ ਦਾ ਸਰੂਪ ਤੇਜ ਹੈ, ਤੇਜ ਦੀ ਦੇਵੀ।

(ਅ) ਦੁਰਗਾ ਦਾ ਉਹ ਰੂਪ ਜਿਸ ਨੇ ਮਹਿਖਾਸੁਰ ਮਾਰਿਆ।

(ੲ) ਗਾਇਤ੍ਰੀ ਦੇਵੀ।

(ਸ) ਜਿਵੇਂ ਸਰਸ੍ਵਤੀ ਵਿਦਯਾ ਦੀ ਦੇਵੀ ਹੈ ਤਿਵੇਂ ਜੁੱਧ (ਬੀਰ ਰਸ) ਦੀ ਦੇਵੀ ਚੰਡਿਕਾ ਹੈ। ਜਿਵੇਂ ਸਿੱਖ ਧਰਮ ਵਿਚ ਸਾਹਿਤਯ ਤੇ ਬੀਰ ਰਸ ਕੱਠੇ ਕੀਤੇ ਗਏ ਤਿਵੇਂ ਕਵੀ ਜੀ ਨੇ ਸਾਹਿਤਯ ਤੇ ਬੀਰ ਰਸ ਦੀਆਂ ਦੇਵੀਆਂ ਨੂੰ ਭੀ ਕੱਠਿਆਂ ਕਰਕੇ ਇੱਕੋ ਰੂਪ ਦੇ ਦਿੱਤਾ ਹੈ।

ਅਰਥ: ਅਰਥ ਚੌਥੀ ਤੁਕ ਤੋਂ ਟੁਰੇਗਾ, ਫੇਰ ਪਹਿਲੀ, ਫੇਰ ਦੂਸਰੀ, ਫੇਰ ਤੀਸਰੀ ਦਾ ਲੱਗੇਗਾ:- ਹੇ ਬਾਕ ਬਾਨੀ (ਕਵਿਤਾ ਸਫੁਰਣ ਕਰਾਉਣ ਵਾਲੀ!) (ਤੇਰੀ) ਜੋਤ ਪ੍ਰਗਟ ਹੋ ਕੇ ਦਾਸ ਦੀ ਰਸਨਾ ਤੇ ਵਸ ਗਈ ਹੈ, (ਤੈਨੂੰ) ਨਮਸਕਾਰ ਨਮਸਕਾਰ ਹੋਵੇ, ਹੇ ਤੇਜ ਸਰੂਪ ਮਾਤਾ (ਤੇਰੀ) ਜੈ ਹੋ, (ਤੇਰੀ) ਜੈ ਹੋ! (ਤੂੰ ਹੀ) ਤਿੰਨਾਂ ਲੋਕਾਂ ਨੂੰ (ਵਿਦਯਾ ਦਾ) ਵਰ ਦੇਣ ਵਾਲੀ ਹੈਂ, (ਤੈਨੂੰ) ਤਿੰਨੇ (ਵਰਗ ਵਾ ਤਿੰਨਾਂ ਲੋਕਾਂ ਦੇ ਕਵੀ) ਵਡੇ ਪ੍ਰਕਾਸ਼ ਵਾਲੀ (ਜਾਣਕੇ) ਯਾਚਨਾ ਕਰਦੇ ਹਨ, (ਤੂੰ ਕਵੀਆਂ ਦੇ) ਤ੍ਰੈਏ ਤਾਪ ਦੂਰ ਕਰਨੇ ਵਾਲੀ ਹੈਂ (ਅਤੇ ਫੇਰ) ਤਿੰਨਾਂ ਗੁਣਾਂ (ਨਾਲ ਕਵੀਆਂ ਨੂੰ) ਆਦਿ ਤੋਂ ਹੀ ਭੂਸ਼ਤ ਕਰਨੇ ਵਾਲੀ ਹੈਂ, ਤਿੰਨਾਂ ਕਾਲਾਂ ਵਿਚ (ਸਾਰੇ ਕਵੀਆਂ ਤੋਂ ਤੇਰਾ) ਸਤਿਕਾਰ ਹੋਇਆ ਹੈ, ਤਿੰਨ ਤੇਰੀਆਂ ਪ੍ਰਧਾਨ ਸ਼ਕਤੀਆਂ ਹਨ (ਦੌਲਤ, ਖੇਤੀ, ਔਲਾਦ ਦਾਨ ਦੇਣ ਦੀਆਂ), (ਤੂੰ) ਤਿੰਨਾਂ ਕਾਰਜਾਂ ਦੇ ਕਰਨ ਵਾਲੀ ਹੈਂ (ਕਵਿਤਾ, ਯੱਗ ਸਫਲਤਾ ਤੇ ਜਲਦਾਨ); ਤਿੰਨਾਂ (ਜ਼ਮਾਨਿਆਂ ਦੇ ਕਵੀਆਂ ਨੇ ਤੈਨੂੰ) ਗਾਂਵਿਆਂ ਹੈ, ਹੇ ਵਰ ਦਾਤੀ! ਹੇ ਹੱਥ ਵਿਚ ਤਲਵਾਰ ਧਾਰਨ ਵਾਲੀ, (ਤੂੰ ਹੀ) ਇੰਦ੍ਰ ਨੂੰ ਰਾਜਧਾਨੀ ਦਿੱਤੀ ਸੀ, (ਤੈਨੂੰ) ਮੈਂ ਕੁਸ਼ਲਤਾ ਦਾਤੀ, ਸੁੱਖਾਂ ਦੀ ਖਾਣ ਤੇ ਦੁਸ਼ਟਾਂ (ਵਿਘਨਕਾਰੀਆਂ) ਦੇ ਨਾਸ਼ ਕਰਨ ਵਾਲੀ ਜਾਣਿਆਂ ਹੈ।

ਭਾਵ: ਅਸੀਂ ਇਸ ਅੰਕ ਦੇ ਮੁੱਢ ਵਿਚ ਵਿਸਥਾਰ ਨਾਲ ਦੱਸ ਆਏ ਹਾਂ ਕਿ ਕਵੀ ਜੀ ਦਾ ਇਹ 'ਸ਼ਾਰਦਾ ਮੰਗਲ' ਕਵਿ ਮਿਰਯਾਦਾ ਅਨੁਸਾਰ ਇਕ ਸੰਕੇਤਕ ਗੱਲ ਹੈ। ਪਰੰਤੂ

ਇਸ ਵਿਚ ਆਪ ਨੇ ਉਨ੍ਹਾਂ ਦੇ ਸੰਕੇਤ ਤੋਂ ਵਧਵੀਂ ਗੱਲ ਭੀ ਇਕ ਕੀਤੀ ਹੈ, ਜੋ ਜ਼ਾਹਿਰਾ ਅਣਮਿਲਦੀ ਗੱਲ ਹੈ, ਪਰ ਉਨ੍ਹਾਂ ਦਾ ਇਸ ਵਿਚ ਇੱਕ ਅਭਿਪ੍ਰਾਯ ਮਾਲੂਮ ਦਿੰਦਾ ਹੈ। 'ਸ਼ਾਰਦਾ' ਯਾ 'ਸਰਸ੍ਵਤੀ' ਯਾ 'ਵਾਚ' ਯਾ 'ਬਾਕਬਾਨੀ' ਇਕ ਠੰਡੀ ਸੁੰਦਰਤਾ ਵਾਲੀ ਅਰਥਾਤ ਜਮਾਲ ਦੇ ਆਦਰਸ਼ ਵਾਲੀ ਵ੍ਯਕਤੀ ਹੈ, ਪਰ ਇਸ ਵਿਚ ਉਸ ਨੂੰ ਤੇਜ ਵਾਲੀ ਤੇ ਜੰਗ ਫਤਹ ਕਰਾਉਣ ਵਾਲੀ ਭੀ ਆਖਿਆ ਹੈ, ਇਹ ਕਵੀ ਜੀ ਦੀ ਭੁੱਲ ਨਹੀਂ ਹੈ, ਉਹ ਇਕ ਉਸ ਕੌਮ ਦੇ ਬੰਦੇ ਹਨ ਕਿ ਜੋ ਜੰਗਜੂ ਹੈ, ਅਰ ਦੇਸ਼ ਤੇ ਕੌਮ ਨੂੰ ਜ਼ੁਲਮ ਤੇ ਓਪਰਿਆਂ ਦੇ ਰਾਜ ਤੋਂ ਆਜ਼ਾਦ ਕਰਨ ਵਾਸਤੇ ਬੀਰ ਰਸ ਵਿਚ ਭੀ ਜਾ ਪਈ ਸੀ; ਜਿਸ ਨੇ ਅਪਣਾ ਆਦਰਸ਼ 'ਯੁੱਧ' ਭੀ ਬਨਾਇਆ ਹੈ, ਉਸ ਕੌਮ ਦੇ ਰਚਣਹਾਰ ਨੇ ਇਨਸਾਨ ਨੂੰ ਜਮਾਲ ਤੇ ਜਲਾਲ ਦੋਹਾਂ ਸੁੰਦਰਤਾਈਆਂ ਨਾਲ ਭੂਸ਼ਤਿ ਕੀਤਾ ਸੀ।

ਸ਼ਾਂਤਮਈ ਸੁੰਦਰਤਾ ਤੇ ਤੇਜਮਈ ਸੁੰਦਰਤਾ, ਇਉਂ ਸੁੰਦਰਤਾ ਦੋ ਕਿਸਮਾਂ ਦੀ ਹੈ: ਬੁਲਬੁਲ ਦੀ ਆਵਾਜ਼, ਚੰਦ੍ਰਮਾਂ ਦੀ ਚਾਂਦਨੀ, ਫੁੱਲਾਂ ਦੀ ਕੋਮਲਤਾ, ਏਹ ਸ਼ਾਂਤਮਈ ਸੁੰਦਰਤਾ ਹੈ, ਬਿਜਲੀ ਦੀ ਦਮਕ, ਸੂਰਜ ਦਾ ਪ੍ਰਕਾਸ਼, ਸੂਰਮੇਂ ਦਾ ਬੀਰ ਰਸੀਆ ਦਰਸ਼ਨ ਇਹ ਤੇਜਮਈ ਸੁੰਦਰਤਾ ਹੈ, ਇਹ ਦੋਵੇਂ ਜਿਸ ਇਨਸਾਨ ਵਿਚ ਹੋਣ ਉਸ ਨਮੂਨੇ ਦਾ ਆਦਮੀ ਰਚਕੇ ਉਨ੍ਹਾਂ ਦੇ ਸਮੂਹ ਤੋਂ ਸਿੱਖ ਕੌਮ ਬਨਾਈ ਹੈ, ਜਿਸ ਕੌਮ ਦਾ ਕਵਿ ਭਾਈ ਸੰਤੋਖ ਸਿੰਘ ਹੈ। ਸੋ ਕਵਿ ਨੇ ਅਪਣੀ ਕਵਿਤਾ ਵਿਚ ਜਿਸ ਵੇਲੇ 'ਸਰਸ੍ਵਤੀ ਮੰਗਲ' ਕੀਤਾ ਹੈ ਤਦ ਆਪਣਾ ਬੀਰ ਰਸੀਆ ਆਦਰਸ਼ ਨਾਲੇ ਸ਼ਾਮਲ ਕਰ ਦਿੱਤਾ ਹੈ। ਸਿੱਖ ਕੌਮ ਵਿਚ ਜੋ ਸਾਹਿੱਤ੍ਯ ਇਸ ਨੇ ਪੈਦਾ ਕਰਨਾ ਹੈ ਉਸ ਵਿਚ ਬੀਰ ਰਸ ਭੀ ਭਰਨਾ ਹੈ। ਹਾਂ ਉਸ ਨੂੰ ਬੁਲਬੁਲ ਤੇ ਉਕਾਬ ਇੱਕੋ ਵੇਰ ਬਨਾਉਣਾ ਹੈ, ਸ਼ਾਂਤਿ ਰਸ ਤੇ ਬੀਰ ਰਸ, ਜਮਾਲ ਤੇ ਜਲਾਲ ਦੋ ਤਲਵਾਰਾਂ ਇਕ ਮਿਆਨੇ ਪਾਉਣੀਆਂ ਹਨ, ਇਸ ਲਈ ਆਪ ਨੇ ਆਪਣੇ ਖਿਆਲ ਮੂਜਬ ਸ਼ਾਰਦਾ ਭੀ ਉਹ ਕਥਨ ਕਰਨੀ ਹੈ ਜਿਸ ਵਿਚ ਠੰਢੀ ਤੱਤੀ ਦੋਇ ਸੁੰਦਰਤਾਈਆਂ ਹੋਣ, ਜੋ ਇਸ ਛੰਦ ਵਿਚ ਨਿਖੇੜਵੀਆਂ ਇੰਜ ਹਨ:-

| ਜਮਾਲ (ਸ਼ਾਂਤਮਈ ਸੁੰਦਰਤਾ) | ਜਲਾਲ (ਤੇਜੱਸ੍ਵੀ ਯਾ ਬੀਰ ਰਸੀਆ ਸੁੰਦਰਤਾ) |
|---|---|
| ੧. ਬਾਕਬਾਨੀ-ਇਹ ਪੁਰਾਤਣ ਰਿਗ ਵੇਦ ਵਾਲੇ 'ਵਾਚ' ਨਾਮ ਵਾਲੀ, ਰਿਸ਼ੀਆਂ ਨੂੰ ਵੇਦਿਕ ਸਾਮ ਤੇ ਰਿਚਾ ਰਚਣ ਦੀ ਸੱਤਯਾ ਦੇਣ ਵਾਲੀ ਵ੍ਯਕਤੀ ਹੈ। 'ਵਾਚ' ਤੇ 'ਵਾਕ' ਇੱਕੋ ਅਰਥ ਦੇ ਪਦ ਹਨ। | ੧. ਚੰਡਿਕਾ-ਤੇਜ ਸਰੂਪ ਵਾਲੀ। ਕਵਿ ਜੀ ਦੀ ਮੁਰਾਦ ਇਤਨੀ ਹੀ ਹੈ। ਜੇ ਇਸ ਦਾ ਜੁੱਧ ਦੀ ਦੇਵੀ ਦੁਰਗਾ ਤੋਂ ਹੈ ਤਾਂ ਵੀ ਸਰਸ੍ਵਤੀ ਵਾਂਙੂ ਬੀਰ ਰਸੀਆ ਅਦ੍ਰਿਸ਼੍ਯ ਵ੍ਯਕਤੀ ਦੇ ਗੁਣਾਂ ਨੂੰ ਗੀਤਾਂ ਦੇ ਰਚਣ ਵਾਲੀ ਵ੍ਯਕਤੀ ਨਾਲ ਤਦਰੂਪ ਕਰਨ ਤੋਂ ਹੈ। |
| ੨. ਦਾਸ ਰਸਨਾ ਬਸਾਨੀ; ਅਰਥ=ਕਵਿਤਾ, ਸੁੰਦਰ ਬਾਣੀ ਉਚਾਰਣ ਦੀ ਸ਼ਕਤੀ ਦੇਣ ਵਾਲੀ, ਇਹ ਸੁੰਦਰਤਾ ਸ਼ਾਂਤ ਰਸੀਆ ਹੈ। ਅਰ ਜੇ ਉਹੋ ਬੀਰ ਰਸੀ ਕਵਿਤਾ ਰਚੇ ਫੇਰ ਬੀਰ ਰਸੀਆ ਭੀ ਹੈ, ਤੇ ਜੰਗਜੂ ਕੌਮ ਦਾ ਕਵਿ ਹੋਣ ਕਰਕੇ ਬੀਰ ਰਸੀ ਕਵਿਤਾ ਬੀ | ੨. ਦੀਨੀ ਰਜਧਾਨੀ; ਰਾਜ ਦੇਣ ਵਾਲੀ ਸ਼ਕਤੀ। ਇੰਦ੍ਰ ਨੂੰ ਜਿਸ ਨੇ ਰਾਜ ਦਿੱਤਾ ਉਸ ਸਾਖੀ ਵਾਲੀ ਵ੍ਯਕਤੀ। ਰਾਜ ਦੇਣਾ ਤਾਂ ਬਲਵਾਨ ਦਾ ਕੰਮ ਹੈ। ਮੁਕਾਬਲਾ ਕਰੋ ਪਦ 'ਸ਼ਾਰਦਾ' ਨਾਲ ਜਿਸ ਦਾ ਅਰਥ ਸਰਸ੍ਵਤੀ (ਵਿਦ੍ਯਾ ਵਿਗ੍ਯਾਨ ਦੇ ਤੱਤ੍ਵ ਦੀ ਦਾਤੀ) ਹੈ |

ਕਵਿ ਜੀ ਨੇ ਲਿਖਣੀ ਹੈ।

ਪਰ ਸਾਰਦਾ ਦਾ ਇਕ ਅਰਥ ਸਾਰ+ਦਾ 'ਸ਼ਕਤੀ ਸ਼ਕਤੀ+ਦਾਤੀ ਦਾਤੀ' ਭੀ ਹੈ।

੩. ਭਵਾਨੀ-ਕੁਸ਼ਲਤਾ ਦਾਤੀ। ਜੇ ਕਦੇ ਇਸ ਦਾ ਅਰਥ ਦੇਵੀ ਹੋਵੇ, ਤਾਂ ਭਵਾਨੀ ਉਸ ਨੂੰ ਉਸ ਦੇ ਸ਼ਾਂਤਿਮਯ ਸਮੇਂ ਦੇ ਸਰੂਪ ਨੂੰ ਕਹਿੰਦੇ ਹਨ।

੩. ਕ੍ਰਿਪਾਨ ਪਾਨੀ-ਜੁੱਧ ਦਾ ਆਦਰਸ਼ ਹੈ ਕ੍ਰਿਪਾਨ ਹੱਥ ਵਿਚ ਹੋਣੀ।

੪. ਸੁਖ ਖਾਨੀ-
ਤੀਨੋ ਕ੍ਰਿਤਵਾਨੀ, ਤੀਨੋ ਤਾਪ ਹਾਨੀ, ਤੀਨੋ ਕਾਲ ਮਾਨੀ, ਤੀਨੋ ਲੋਕ ਬਰਦਾਨੀ; ਏਹ ਸਾਰੇ ਗੁਣ ਠੰਡ ਪਾਉਣ ਵਾਲੇ, ਵਰ ਦੇਣ ਵਾਲੇ ਸ਼ਾਤਮਈ ਹਨ।

੪. ਖਲ ਖੰਡਿਕਾ-ਦੁਸ਼੍ਟਾਂ ਯਾ ਵਿਘਨਾਂ ਕਾਰੀਆਂ ਦਾ ਨਾਸ਼ ਕਰਨਾ ਤੇਜ ਮਈ ਗੁਣ ਹੈ। ਵੇਦਕ ਰਿਸ਼ੀ-ਯੱਗਾਂ ਦੀ ਸਫਲਤਾ ਦੇਣ ਵਾਲੀ ਬੀ ਸਰਸ੍ਵਤੀ ਨੂੰ ਮੰਨਦੇ ਸਨ ਅਰਥਾਤ ਜਿਸ ਦੇ ਪ੍ਰਭਾਵ ਨਾਲ ਯੱਗ ਨਿਰਵਿਘਨ ਸਮਾਪਤ ਹੁੰਦੇ ਹੋਣ। ਗੋਯਾ ਕਿਸੇ ਅੰਗ ਵਿਚ ਵੇਦਕ ਰਿਸ਼ੀ ਵੀ ਸਰਸ੍ਵਤੀ ਨੂੰ ਜਲਾਲ ਵਾਲੀ) ਬੀਰ ਰਸੀਆ ਮੰਨ ਗਏ ਹੋਏ ਹਨ।

ਸੋ ਬਾਕ ਬਾਨੀ ਤੇ ਚੰਡਿ (ਤੇਜ) ਬਾਨੀ ਨੂੰ ਇਕ ਵਰਣਨ ਕਰਨਾ ਕਵਿ ਜੀ ਦੇ ਅਪਣੇ ਸਿੰਘ ਸਾਹਿਤਯ ਦਾ ਸੂਚਕ ਹੈ ਕਿ ਉਹ ਅਣਦਿਸਦੇ ਸੰਸਾਰ ਤੋਂ ਜਲਾਲ ਜਮਾਲ ਨੂੰ ਇਕ ਕਰਕੇ ਵਰਣਨ ਕਰਨ ਵਾਲਾ ਸਾਹਿਤਯ ਲਿਖਣਗੇ।

## (ੲ) ਅਪਣੇ ਇਸ਼੍ਟ ਦੇਵ-ਅਕਾਲ ਪੁਰਖ-ਦਾ ਮੰਗਲ।

ਹੁਣ ਕਵਿ ਜੀ ਉਸ ਸਰੂਪ, ਉਸ ਵਜੂਦ ਦਾ ਮੰਗਲ ਕਰਦੇ ਹਨ ਜੋ ਉਨ੍ਹਾਂ ਦਾ ਅਪਣਾ ਇਸ਼ਟ ਦੇਵ ਹੈ।

ਦੋਹਰਾ: ਸਰਬ ਬਯਾਪੀ, ਨਿਤ ਨਯੋ; ਸਤਿ, ਚਿਤ, ਆਨੰਦ ਰੂਪ।
ਮੋ ਉਰ ਮੈਂ ਪ੍ਰਗਟੋ ਸਦਾ; ਜੋ ਚਰ ਅਚਰ ਅਨੂਪ ॥੩॥

ਪਦਾਂ ਦੇ ਅਰਥ: ਸਰਬ ਬਯਾਪੀ=ਸਾਰੇ ਵਯਾਪਕ, ਜੋ ਕਿਸੇ ਇਕ ਅਸਥਾਨ ਦੀ ਕੈਦ ਵਿਚ ਨ ਹੋਵੇ। ਜੋ ਹਰ ਸੂਖਮ ਤੋਂ ਸੂਖਮ, ਤਰਲ ਤੋਂ ਤਰਲ ਅਕਾਸ਼ ਆਦਿਕਾਂ ਤੋਂ, ਬੀ ਸੂਖਮਾਂ ਵਿਚੋਂ ਵੱਸ ਰਿਹਾ ਹੋਵੇ, ਦੇਸ਼ (Space) ਜਿਸ ਨੂੰ ਵੰਡ ਨਾ ਸਕੇ।

ਨਿਤ ਨਯੋ=ਸਦਾ ਨਵਾਂ, ਜੋ ਪੁਰਾਣਾ ਕਦੇ ਨਾ ਹੋਵੇ। ਕਾਲ ਜਿਸ ਪਰ ਕੋਈ ਅਸਰ ਨਾ ਪਾ ਸਕੇ। ਜੋ ਭੂਤ ਭਵਿੱਖ ਤੇ ਵਰਤਮਾਨ ਵਿਚ ਇਕਸਾਰ ਰਹੇ। ਬਾਲ ਜੁਆਨੀ ਬ੍ਰਿਧਾਪਨ ਜਿਸ ਉਤੇ ਵਟਾਉ ਸਟਾਉ ਨਾ ਲਿਆਵੇ। ਕਾਲ ਤੋਂ ਪਰੇ।

ਸਤਿ=ਜੋ ਵਾਸਤਵ ਵਿਚ ਹੋਵੇ। ਅਸਲੀ ਵਜੂਦ। ਜਿਸ ਦੀ ਬਾਬਤ ਕਿਸੇ ਥਾਂ ਯਾ ਕਿਸੇ ਹਾਲ ਇਹ ਨਾ ਕਿਹਾ ਜਾ ਸਕੇ ਕਿ 'ਉਹ ਨਹੀਂ।' ਜਿਸ ਦਾ ਸਰੂਪ ਹਰ ਥਾਂ ਤੇ ਹਰ ਸਮੇਂ 'ਹੈ' ਹੈ।

ਚਿਤ=ਚੈਤੱਨਯ, ਜੀਉਂਦਾ ਜਾਗਦਾ। ਜਿਸ ਵਿਚ ਸੰਪੂਰਣ ਗ੍ਯਾਨ ਦਾ ਨਿਵਾਸ ਹੈ, ਜੋ ਆਪ ਸਦਾ ਸਾਰਾ ਗ੍ਯਾਨ ਸਰੂਪ ਹੈ। ਜਿਸ ਨੂੰ ਜਾਣਨ ਲਈ ਕਿਸੇ ਤਜਰਬੇ ਯਾ ਸਹਾਯਤਾ ਦੀ ਲੋੜ ਨਹੀਂ। ਜੋ ਅਪਣੇ ਆਪ ਤੋਂ ਸਦਾ ਸਭ ਥਾਂ ਸਭ ਕੁਛ ਜਾਣਦਾ ਹੈ।

ਆਨੰਦ=ਪ੍ਰਸੰਨਤਾਈ, ਖੁਸ਼ੀ, ਪ੍ਰਸੰਨਤਾ ਰੂਪ ਵਾਲਾ; ਜੋ ਹਰ ਥਾਂਵੇ ਹਰ ਹਾਲ ਖੇੜੇ ਵਿਚ ਹੈ। ਜਿਸ ਦਾ ਵਜੂਦ ਉਮਾਹ, ਖੁਸ਼ੀ, ਮੰਗਲ, ਖੇੜਾ, ਉਤਸਾਹ ਹੈ। ਆਨੰਦ ਉਸ ਦਾ ਗੁਣ ਹੀ ਨਹੀਂ ਉਸ ਦਾ ਸਰੂਪ ਹੈ।

'ਸਤ ਚਿਤ ਆਨੰਦ' 'ਹੈ', 'ਜਾਣਦਾ' ਹੈ ਕਿ 'ਹੈ', ਜਾਣਦਾ ਹੈ ਕਿ ਆਨੰਦ ਹੈ। ਇਹ ਵਾਹਿਗੁਰੂ ਦਾ ਸਰੂਪ ਲੱਛਣ ਹੈ, ਉਸ ਦੇ ਵਜੂਦ ਦਾ ਵਰਣਨ ਹੈ ਕਿ ਉਹ:- ਹੈ, ਗਯਾਨ ਸਰੂਪ ਹੈ, ਅਰ ਅਨੰਦ ਸਰੂਪ ਹੈ। ਉਰ=ਹ੍ਰਿਦਾ।

ਚਰ=ਜਾਨਦਾਰ। ਚਰ ਚੇਸ਼੍ਟਾ ਕਰ ਸਕਣ ਵਾਲਾ] ਜੋ ਚੱਲ ਸਕੇ, ਮੁਤਹੱਰਿਕ।

ਅਚਰ=ਜੜ੍ਹ। [ਸੰਸ. ਅ+ਚਰ] ਜੋ ਚਲ ਨਾ ਸਕੇ, ਜੋ ਹਰਕਤ ਨਾ ਕਰੇ।

ਅਨੂਪ=ਅਨ+ਉਪਮ ਜਿਸ ਵਰਗਾ ਹੋਰ ਨਾ ਹੋਵੇ। ਅਤਿ ਸੁੰਦਰ।

ਅਰਥ: ਹੇ ਸਾਰੇ ਵਯਾਪਕ, ਸਦਾ ਨਵੇਂ, ਸਤਿ ਚਿਤ ਆਨੰਦ ਸਰੂਪ (ਵਾਲੇ ਵਾਹਿਗੁਰੂ !) ਜੋ ਜੜ੍ਹ ਚੇਤਨ (ਸਾਰੀ ਸ੍ਰਿਸ਼ਟੀ ਵਿਚ ਸਭ ਤੋਂ ਵਧੀਕ) ਸੁੰਦਰ ਹੋ, ਮੇਰੇ ਹਿਰਦੇ ਵਿਚ ਸਦਾ ਪ੍ਰਗਟ ਹੋਵੋ।

ਭਾਵ: ਪਿੱਛੇ ਸਰਸ੍ਵਤੀ ਨੂੰ ਯਾਦ ਕੀਤਾ ਤਾਂ ਕੇਵਲ 'ਦਾਸ ਰਸਨਾ ਬਸਾਨੀ' ਆਖਿਆ ਸੀ, ਜਦ ਅਪਣੇ ਇਸ਼੍ਟ ਦੇਵ ਤੇ ਆਏ ਹਨ, ਤਾਂ ਯਾਚਨਾ ਕਰਦੇ ਹਨ, 'ਮੋ ਉਰ ਮੈਂ ਪ੍ਰਗਟੋ ਸਦਾ।' ਇਤਨਾ ਫਰਕ ਇਸ਼੍ਟ ਦੇਵ ਦੇ ਪਿਆਰ ਦਾ ਤੇ ਕਵਿ ਸੰਕੇਤ ਸਰਸ੍ਵਤੀ ਦੇ ਆਵਾਹਨ ਦਾ ਇੱਥੇ ਦਿੱਸ ਰਿਹਾ ਹੈ।

ਅਪਣੇ ਇਸ਼ਟ ਦੇਵ ਨੂੰ, ਸਾਰੇ ਵਿਆਪਕ, ਸਦਾ ਨਵਾਂ, ਕਦੇ ਬਾਲਾ, ਬੁੱਢਾ, ਪੁਰਾਣਾ ਨਾ ਹੋਣ ਵਾਲਾ, ਸਦਾ 'ਹੈ', ਸਦਾ 'ਚੇਤਨ', 'ਸਦਾ ਆਨੰਦ', ਜਿਸ ਜੈਸਾ ਹੋਰ ਕੋਈ ਬੀ ਨਹੀਂ, ਇਨ੍ਹਾਂ ਪਦਾਂ ਨਾਲ ਯਾਦ ਕਰਨ ਤੋਂ ਭਾਈ ਸਾਹਿਬ 'ਇੱਕ' ਦੇ ਉਪਾਸਕ, 'ਇਕ' ਦੇ ਪ੍ਰੇਮੀ, ਜਿਸਨੂੰ ਫਾਰਸੀ ਵਿਚ 'ਮੁਵਾਹਿਦ' ਆਖਦੇ ਹਨ, ਸਿੱਧ ਹੁੰਦੇ ਹਨ। ਅਗਲੇ ਸ੍ਵੈਯੇ ਵਿਚ ਭਾਈ ਸਾਹਿਬ ਆਪਣੇ ਇਸ਼੍ਟ ਦੇਵ ਦਾ ਹੋਰ ਰੂਪ ਵਰਣਨ ਕਰਕੇ ਉਸਨੂੰ ਨਮਸਕਾਰ ਕਰਦੇ ਹਨ, ਉਸ ਤੋਂ ਬੀ ਉਨ੍ਹਾਂ ਦਾ ਇਕ ਅਕਾਲਪੁਰਖ ਦਾ ਉਪਾਸਕ ਹੋਣਾ ਪ੍ਰਗਟ ਹੈ।

ਸ੍ਵੈਯਾ*: ਅੰ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ।
ਬਾਯੁ ਬਿਨਾਯਕ ਬਾਯੁ ਸਖਾ ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ।
ਸ੍ਰੀਦਹਿ ਸੁਰ ਸਸੀ ਉਡ ਅੰਤਕ ਮਾਨਵ ਦਾਨਵ ਦੇਵ ਸੰਗਾਤੀ।
ਬੰਦਨਤਾ ਕਰ ਬੰਦਨ ਕੈ ਨਿਤ ਆਨੰਦ ਕੰਦ ਮੁਕੰਦ ਜਿ ਖਯਾਤੀ ॥੪॥

ਪਦਾਂ ਦੇ ਅਰਥ: ਅੰ=੧, ਇਕ। (ਅ) ਆਤਮ ਵਸਤੂ। ਬ੍ਰਹਮ। (ੲ) ਅੰ=ਹੈ।
ਪਰਮਾਤਮ=ਪਰਮ+ਆਤਮਨ।ਪਰਮ=ਪਹਿਲੀ। ਆਤਮਨ ਹਸਤੀ, ਰੂਹ, ਆਤਮਾ] ਸਭ ਤੋਂ ਪਹਿਲਾ ਆਤਮਾ, ਸਭ ਤੋਂ ਪਹਿਲੀ ਉੱਚੀ ਹਸਤੀ।
ਆਤਮਭੂ=ਬ੍ਰਹਮ। ਪਦਮਾਪਤਿ=ਵਿਸ਼ਨੂ। ਪਦਮਾ=ਲਛਮੀ+ਪਤਿ]

---

*ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅੱਡ ਅੱਡ ਨੁਸਖਿਆਂ ਵਿਚ ਤੇ ਅੱਡ ਅੱਡ ਥਾਈਂ ਸ੍ਵੈਯੇ ਦੇ ਪਾਠ ਅੱਡ ਅੱਡ ਦਿਸਦੇ ਹਨ:-ਸਵੈਯਾ, ਸ੍ਵੈਯਾ, ਸਵੱਯਾ। ਇਨ੍ਹਾਂ ਵਿਚੋਂ ਅਸਾਂ 'ਸ੍ਵੈਯਾ' ਰੂਪ ਸਾਰੇ ਵਰਤਣ ਦਾ ਯਤਨ ਕੀਤਾ ਹੈ।

ਪੰਚ ਖਤੰਗ ਅਰਾਤੀ=[ਪੰਚ=ਪੰਜ। ਖਤੰਗ=ਤੀਰ। ਅਰਾਤੀ=ਵੈਰੀ।] ਪੰਜ ਤੀਰਾਂ ਵਾਲੇ ਦਾ ਵੈਰੀ। ਪੰਜ ਤੀਰਾਂ ਵਾਲਾ=ਕਾਮ, ਸੋ ਕਾਮ ਦਾ ਵੈਰੀ ਹੈ, ਸ਼ਿਵ। ਬਾਯੁ=ਵਾਯੂ। ਹਵਾ। ਬਿਨਾਯਕ ਗਣੇਸ਼=ਬੁੱਧ ਦੇਵ।

ਬਾਯੁ ਸਖਾ=ਵਾਯੂ ਸਖਾ=ਹਵਾ ਜਿਸਦੀ ਸਹਾਯਕ ਹੋਵੇ, ਸੋ ਅਗਨੀ।

ਬਨਰਾਇ=[ਬਨ=ਪਾਣੀ। ਰਾਇ=ਰਾਜਾ।] ਪਾਣੀ ਦਾ ਰਾਜਾ, ਵਰੁਣ।

ਬ੍ਰਿਖਾਬ੍ਰਿਖ=[ਬ੍ਰਿਕਸ਼=ਰੁੱਖ, ਬੂਟੇ, ਬਾਗ਼ਾਂ ਦੇ ਬੂਟੇ। ਅਬ੍ਰਿਕਸ਼=ਆਪੇ ਉੱਗਣ ਵਾਲੇ ਬਨਾਂ ਦੇ ਬ੍ਰਿਛ] ਬਾਗ਼ਾਂ ਤੇ ਬਨਾਂ ਦੀ ਬਨਸਪਤੀ।

(ਅ) ਬ੍ਰਿਖ=ਬੈਲ। ਬੈਲ ਤੋਂ ਮੁਰਾਦ ਧਰਮ, ਅਬ੍ਰਿਖ=ਅਧਰਮ।

(ੲ) ਬ੍ਰਿਖ=ਕਰਣ (ਸੂਰਯ ਦਾ ਪੁੱਤ੍ਰ), ਬ੍ਰਿਖ਼=ਕਾਮਦੇਵ।

ਸੈਲਨਿ ਪਾਤੀ=ਪੱਥਰਾਂ, ਪਰਬਤਾਂ ਦੇ ਤੋੜਨ ਵਾਲਾ, ਇੰਦ੍ਰ।

ਸ੍ਰੀ ਦਹਿ=ਕੁਬੇਰ।ਸ੍ਰੀ=ਲਛਮੀ, ਦਹਿ-ਦੇਣ ਵਾਲਾ]।

ਸੂਰ=ਸੂਰਜ। ਸਸੀ-ਚੰਦ੍ਰਮਾ। ਉਡ=ਤਾਰੇ।

ਅੰਤਕ=ਧਰਮਰਾਜਾ, ਯਮ। ਮਾਨਵ=ਮਨੁੱਖ। ਦਾਨਵ=ਦੈਤ।

ਦੇਵ-ਦੇਵਤਾ। ਸੰਗਾਤੀ=ਸੰਗਤਾਂ, ਭਾਵ ਕੁਲਾਂ।ਸਾਰੇ।

ਬੰਦਨਤਾ=ਨਮਸਕਾਰ। ਕਰ ਬੰਦਨ ਕੈ=ਹੱਥ ਜੋੜਕੇ।

ਆਨੰਦ ਕੰਦ=ਆਨੰਦ ਦਾ ਮੂਲ, ਜਿਸ ਤੋਂ ਸਾਰਾ ਆਨੰਦ ਉਪਜੇ।

ਮੁਕੰਦ=ਮੁਕਤੀ ਦਾਤਾ। ਖਜਾਤੀ=ਪ੍ਰਤੱਖ।

ਅਰਥ: ਹੇ ਪ੍ਰਮਾਤਮਾ (ਤੂੰ ਜੋ) (ਮੰ) ਇੱਕ ਹੈਂ, ਨਿੱਤ ਹੈਂ, ਆਨੰਦ ਦਾ ਮੂਲ ਹੈਂ, ਪ੍ਰਤੱਖ ਹੈਂ; ਮੁਕਤੀ ਦਾਤਾ ਹੈਂ, (ਤੈਨੂੰ) ਬ੍ਰਹਮਾਂ, ਵਿਸ਼ਨੂੰ, ਸ਼ਿਵ, ਵਾਯੂ, ਗਣੇਸ਼; ਅਗਨੀ, ਵਰੁਣ, ਬਨ ਬਾਗਾਂ ਦੀ ਬਨਸਪਤੀ, ਇੰਦ੍ਰ, ਕੁਬੇਰ, ਸੂਰਜ, ਚੰਦ੍ਰਮਾਂ, ਤਾਰੇ, ਯਮਰਾਜ, ਮਨੁੱਖਾਂ, ਦੈਤਾਂ ਤੇ ਦੇਵਤਿਆਂ ਦੀਆਂ ਕੁਲਾਂ ਹੱਥ ਜੋੜਕੇ ਨਮਸਕਾਰ ਕਰਦੀਆਂ ਹਨ।

ਭਾਵ: ਪਿਛਲੇ ਦੋਹੇ ਵਿਚ ਕਵਿ ਜੀ ਨੇ ਅਪਣੇ ਇਸ਼੍ਟਦੇਵ ਦਾ ਪਤਾ ਦਿੱਤਾ ਹੈ ਕਿ ਓਹ ਕਿਸਦੇ ਉਪਾਸਕ ਹਨ, ਅਰ ਉਸਦਾ ਸਰੂਪ ਕਥਨ ਕੀਤਾ ਹੈ, ਜਿਸਤੋਂ ਸੰਸਾ ਨਹੀਂ ਰਹਿ ਜਾਂਦਾ ਕਿ ਓਹ ਇੱਕ ਅਕਾਲ ਪੁਰਖ ਨਿਰੰਕਾਰ ਦੇ ਉਪਾਸਕ ਹਨ। ਉਨ੍ਹਾਂ ਦਾ ਇਸ਼ਟ ਦੇਵ 'ਸਰਬ ਬਯਾਪੀ' ਹੈ, ਅਕਾਲ ਹੈ, ਸਤ ਚਿਤ ਆਨੰਦ ਹੈ, ਸਾਰੇ ਬ੍ਰਹਮੰਡ ਵਿਚ ਅਨੁਪਮ ਹੈ। ਐਸੇ ਅਪਣੇ ਇਸ਼ਟ ਦੇਵ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਮੇਰੇ ਹ੍ਰਿਦੇ ਵਿਚ ਸਦਾ ਹੀ ਪ੍ਰਗਟ ਹੋਏ ਰਹੋ, ਅਰਥਾਤ ਆਪਦੇ ਅਰ ਮੇਰੇ ਵਿਚਕਾਰ ਭੁੱਲ ਦਾ ਪਰਦਾ ਨਾ ਰਹੇ। ਇਹ ਸਰੂਪ ਅਰ ਅਪਣੀ ਮੰਗ ਕਹਿ ਕੇ ਇਸ ਸ੍ਵੈਯੇ ਵਿਚ ਕਵਿ ਜੀ ਅਪਣੇ ਵਿਸ਼ਾਲ ਹ੍ਰਿਦੇ ਵਿਚ ਉਸ ਅਪਣੇ ਇਸ਼ਟ ਦੇਵ ਦੇ ਬ੍ਰਹਮੰਡ ਵਿਚ ਪ੍ਰਗਟ ਤੇ ਸਾਖਯਾਤ ਕਿਸੇ ਰੂਪ ਵਿਚ ਦਰਸ਼ਨ ਕਰ ਰਹੇ ਹਨ। ਕਿਹੜੇ ਰੂਪ ਵਿਚ ਓਹ ਅਪਣੇ ਹ੍ਰਿਦੇ ਵਿਚ ਉਸਨੂੰ ਪ੍ਰਗਟ ਦੇਖ ਰਹੇ ਹਨ? ਸੋ ਦੱਸਦੇ ਹਨ:-

ਓਹ ਸਭ ਤੋਂ ਆਦਿ, ਸਭ ਤੋਂ ਸ੍ਰੇਸ਼ਟ, ਸਭ ਤੋ, ਉੱਤੇ, ਕੇਵਲ ਇੱਕ, ਨਿਰਾ ਇੱਕ ਹੈ, ਦੂਜਾ ਉਸ ਜੇਹਾ ਹੈ ਨਹੀਂ, ਉਹੀ ਮੁਕਤੀ ਦਾਤਾ ਹੈ, ਉਹੀ ਪਰਮ ਆਨੰਦ ਦਾ ਦਾਤਾ ਹੈ, ਓਹ ਦਾਤਾ ਬ੍ਰਹਮੰਡ ਦੇ ਤਖਤ ਤੇ ਮਾਨੋਂ ਬਿਰਾਜ ਰਿਹਾ ਹੈ ਅਰ ਸਭ ਤੋਂ ਉਚੇ ਮੰਨੇ ਗਏ ਵਜਕਤੀਆਂ ਵਾਲੇ ਵਿਸ਼ਨੂੰ, ਬ੍ਰਹਮਾ, ਸ਼ਿਵ ਉਸਨੂੰ ਹੱਥ ਜੋੜ ਕੇ ਮੱਥਾ ਟੇਕ ਰਹੇ ਹਨ; ਫੇਰ ਵਰੁਣ (ਵੇਦ ਦਾ ਇਕ ਮੁੱਖਿ ਦੇਵਤਾ), ਇੰਦ੍ਰ, ਕੁਬੇਰ, ਯਮਰਾਜ ਆਦਿ

ਐਸ਼੍ਵਰਜ ਵਾਲੀਆਂ ਵ੍ਯਕਤੀਆਂ ਹੱਥ ਜੋੜ ਕੇ ਨਮਸਕਾਰ ਕਰ ਰਹੀਆਂ ਹਨ; ਫੇਰ ਬੁੱਧ ਦੇਵ ਵਰਗੇ ਸਦਗਤੀ ਨੂੰ ਪ੍ਰਾਪਤ ਲੋਕ ਮੱਥਾ ਟੇਕ ਰਹੇ ਹਨ; ਦੇਵਤੇ, ਦੈਤ ਤੇ ਮਨੁੱਖ ਸਾਰੇ ਨਮਸਕਾਰਾਂ ਵਿਚ ਪੈ ਰਹੇ ਹਨ; ਏਥੋਂ ਤਾਈਂ ਕਿ ਅਗਨੀ, ਬਨਸਪਤੀ, ਸੂਰਜ, ਚੰਦ੍ਰਮਾ, ਤਾਰੇ, ਸਾਰੀ ਕੁਦਰਤ ਉਸ ਕਾਦਰ ਅੱਗੇ ਨਮਸਕਾਰ ਕਰ ਰਹੀ ਹੈ। ਇਹ ਜੋ ਵਿਦਤ ਸਰੂਪ ਕਵਿ ਜੀ ਅਪਣੇ ਉੱਚੇ ਹੋਏ ਮਨ ਵਿਚ ਇਕ ਅਕਲਕਲਾ ਦੇ ਰੰਗ ਦਾ ਪ੍ਰਮਾਤਮਾ ਦਾ ਸਰੂਪ ਦੇਖ ਰਹੇ ਹਨ ਅਰ ਉਸਨੂੰ ਨਮਸਕਾਰ ਕਰ ਰਹੇ ਹਨ ਅਤੇ ਨਮਸਕਾਰ ਕਰਦੇ ਹੋਏ ਅਨੁਭਵ ਕਰ ਰਹੇ ਹਨ ਕਿ ਨਾ ਕੇਵਲ ਮੈਂ ਨਮਸਕਾਰ ਕਰ ਰਿਹਾ ਹਾਂ, ਪਰ ਸਭ ਤੋਂ ਵੱਡੇ ਦੇਵ ਲੋਕਾਂ ਤੋਂ ਲੈ ਬ੍ਰਿਛ ਬੂਟੇ ਤਕ ਸਭ ਉਸ ਮਹਾਂ ਮੂਰਤੀ ਵਾਹਿਗੁਰੂ ਦੇ ਚਰਨਾਂ ਵਿਚ ਨਮਸਕਾਰ ਕਰ ਰਹੇ ਹਨ, ਅਰ ਵਾਹਿਗੁਰੂ ਦੇ 'ਸਤ ਚਿਤ ਆਨੰਦ' ਸਰੂਪ ਦਾ ਪ੍ਰਕਾਸ਼ ਤੇ ਉਸਦੇ ਨਿੰਤ ਨਵੇਂ ਸਰਬ ਬਯਾਪੀ, ਸਰਬ ਦੇ ਪੂਜਯ ਸਰੂਪ ਦਾ ਇਹ ਦਰਸ਼ਨ ਕਰਦੇ ਹੋਏ ਚਾਹੁੰਦੇ ਹਨ ਕਿ ਇਹ ਦਰਸ਼ਨ ਸਦਾ ਮੇਰੇ ਹ੍ਰਿਦੇ ਵਿਚ ਪ੍ਰਗਟ ਹੋਇਆ ਰਹੇ; ਇਹ ਕਵੀ ਜੀ ਦੀ ਪੂਜਾ ਹੈ, ਪ੍ਰਸਤਸ਼ ਹੈ, ਆਪਣੇ ਇਸ਼੍ਟ ਦੇਵ ਦਾ ਸਰੂਪ ਕਥਨ ਤੇ ਉਸਦਾ ਆਰਾਧਨ ਹੈ।

ਸੂਚਨਾ: ਇਸ਼੍ਟਦੇਵ-ਇਖ਼੍ਦੇਵ-ਇਸ਼ਟਦੇਵ-, ਤੋਂ ਸਾਡੀ ਮੁਰਾਦ ਹੈ ਅਕਾਲ ਪੁਰਖ, ਪਾਰਬ੍ਰਹਮ ਪਰਮੇਸੁਰ, ਜਿਸ ਤੋਂ ਪਰੇ ਤੇ ਉੱਪਰ ਹੋਰ ਕੋਈ ਨਹੀਂ, ਕਿਉਂਕਿ ਸਿੱਖੀ ਵਿਚ ਇਸ਼੍ਟਦੇਵ ਇਹੋ ਹੈ। ਇਸ਼ਟਗੁਰੂ ਤੋਂ ਮੁਰਾਦ ਹੈ:-ਉਹ ਪ੍ਰਕਾਸ਼ ਸਰੂਪ ਮਹਾਨ ਵ੍ਯਕਤੀ ਜੋ ਕਵਿ ਦੇ ਪਿਆਰ ਦਾ ਆਲੰਬ ਹੈ, ਜਿਸਨੂੰ ਵਾਹਿਗੁਰੂ ਵਲੋਂ ਆਇਆ ਪੂਜ੍ਯ ਤੇ ਵਾਹਿਗੁਰੂ ਦੇ ਰਸਤੇ ਦਾ ਪੂਰਨ ਗ੍ਯਾਨ ਦਾਤਾ ਤੇ ਨਾਮਦਾਤਾ ਮੰਨਿਆ ਹੈ, ਅਰ ਜੋ ਹੋਰ ਦੈਵੀ ਵ੍ਯਕਤੀਆਂ ਤੋਂ ਚਿੱਤ ਨੂੰ ਵਧੀਕ ਉੱਚਾ ਤੇ ਪਿਆਰਾ ਲਗਦਾ ਹੈ। ਸੋ ਸਿੱਖੀ ਵਿਚ ਦਸ ਗੁਰੂ ਸਾਹਿਬਾਨ ਹਨ। [ਸੰਸ. ਇਖ਼੍=ਚਾਹੁਣਾ]

### (ਸ) ਇਸ਼੍ਟ ਗੁਰ-ਸ੍ਰੀ ਗੁਰ ਨਾਨਕ ਦੇਵ ਜੀ-ਮੰਗਲ।

ਦੋਹਰਾ: **ਸ਼੍ਰੀ ਨਾਨਕ ਪੁਰੁਸ਼ੋਤਮੰ ਪਰਮ, ਪਰਾਵਰ ਨਾਥ।**
**ਯੁਗਲ ਚਰਨ ਮਮ[*] ਬੰਦਨਾ ਧਰ ਪਰ ਧਰਿਕਰਿ ਮਾਥ ॥੫॥**

ਪਦਾਂ ਦੇ ਅਰਥ: ਪੁਰੁਸ਼ੋਤਮੰ=[ਪੁਰੁਸ਼=ਆਦਮੀ। ਉੱਤਮ=ਸ੍ਰੇਸ਼ਟ] ਵਿਸ਼ੇਸ਼ ਸਿਫਤ ਵਾਲਾ ਆਦਮੀ, ਉਹਦੇਦਾਰ ਯਾ ਕਾਰਕ। ਪੁਰਸ਼ੋਤਮ (ਪੁਰੁਖ਼ੋਤਮ)=ਈਸ਼ਵਰ, ਨਾਰਾਯਣ, ਕ੍ਰਿਸ਼ਨ, ਵਿਸ਼ਨੂੰ ਆਦਿ ਭੀ ਕਹੀਦੇ ਹਨ। ਏਥੇ ਮੁਰਾਦ ਹੈ ਜਗਤ ਵਿਚ ਪ੍ਰਗਟ ਹੋਏ ਉੱਚੇ ਤੇ ਪ੍ਰਸਿੱਧੀ ਵਾਲੇ ਮਹਾਂ ਪੁਰਖ, ਜੈਸੇ ਅਵਤਾਰ, ਸਿੱਧ, ਬੁੱਧ, ਪੈਗ਼ੰਬਰ, ਵਲੀ, ਸੰਤ, ਗੁਰਮੁਖ ਆਦਿ। ਪੁਰੁਖ਼ੋਤਮ ਉਸ ਨਿਸ਼ਪਾਪ ਪੁਰਖ ਨੂੰ ਕਹਿੰਦੇ ਹਨ ਜੋ ਵੈਰੀ ਮਿੱਤਰ ਸਭ ਤੋਂ ਉਚੇਰਾ ਰਹੇ। ਕਵਿ ਜੀ ਦੀ ਮੁਰਾਦ ਇਸ ਦਿੱਸਦੇ ਜਗਤ ਵਿਚ ਪ੍ਰਗਟ ਹੋਏ ਮਹਾਂਪੁਰਖਾਂ ਤੋਂ ਹੈ, ਜੋ ਮਨ ਬਚ ਕਰਮ ਕਰਕੇ ਉੱਚਿਆਂ ਤੋਂ ਉੱਚੇ ਰਹਿਣੇ ਵਾਲੇ ਹੋਏ ਹੋਣ ਯਾ ਹੋਣਗੇ।

ਪਰਮ=ਵੱਡਾ, ਵਡੇਰਾ, ਪਹਿਲਾ, ਮੁਹਰਲਾ, ਮੀਰੀ।

---

[*] ਪਾਠਾਂਤ੍ਰ ਹੈ-ਮੁਰ।

ਪਰਾਵਰ=ਨੇੜੇ ਦੂਰ, ਨੀਚ ਉਚ, ਮੁੱਢਲਾ ਅੰਤਲਾ, ਜਿਸ ਵਿਚ ਸਭ ਕੁਛ ਸ਼ਾਮਲ ਹੋਵੇ, ਸਮਸ਼ਟੀ। ਪਰੰਤੂ ਮੁੰਡਕ ਉਪਨਿਸ਼ਦ ਦੇ ਅੱਠਵੇਂ ਸ਼ਲੋਕ ਵਿਚ ਇਹ ਪਦ ਆਯਾ ਹੈ ਤੇ ਉੱਥੇ ਅਰਥ ਹੈ:-

ਬ੍ਰਹਮਾਦਿਕ ਉੱਚੇ ਲੋਕ ਜਿਸਦੇ ਅੱਗੇ ਨੀਵੇਂ ਹੋਣ। ਟੀਕਾ ਕਾਰ ਮਾਧਵਾਚਾਰਯ ਨੇ ਇਸ ਲਈ-ਵਿਸ਼ਨੂੰ-ਅਰਥ ਕੀਤਾ ਹੈ ਜੋ ਬ੍ਰਹਮਾਦਿਕਾਂ ਤੋਂ ਉੱਚਾ ਹੈ। ਕਵਿ ਸੰਤੋਖ ਸਿੰਘ ਜੀ ਦੀ ਮੁਰਾਦ ਗੁਰ ਨਾਨਕ ਦੇਵ ਜੀ ਨੂੰ 'ਪਰਾਵਰ ਨਾਥ' ਕਹਿਣ ਤੋਂ ਇਹ ਜਾਪਦੀ ਹੈ ਕਿ ਅਦ੍ਰਿਸ਼ਯ ਸੰਸਾਰ ਵਿਚ ਜੋ ਉੱਚੇ ਤੋਂ ਉੱਚੇ ਲੋਕ: ਬ੍ਰਹਮਾ, ਵਿਸ਼ਨੂੰ ਆਦਿ ਹਨ, ਗੁਰ ਨਾਨਕ ਦੇਵ ਜੀ ਉਨ੍ਹਾਂ ਦੇ ਬੀ (ਨਾਥ=) ਸੁਆਮੀ ਹਨ।

ਨਾਥ=ਮਾਲਿਕ, ਸੁਆਮੀ। ਯੁਗਲ=ਦੋ, ਦੋਵੇਂ।

ਚਰਨ=ਚਰਨਾਂ ਪਰ। ਮਮ=ਮੇਰੀ। ਬੰਦਨਾਂ=ਨਮਸਕਾਰ,

ਮੱਥਾ ਟੇਕਣਾ, ਸਿਜਦਾ। ਧਰ=ਧਰਤੀ।

ਧਰਿ=ਧਰ ਕੇ, ਰੱਖ ਕੇ, ਅਥਵਾ-ਕਰ+ਧਰ=ਹੱਥ ਧਰਕੇ, ਮੁਰਾਦ ਹੈ ਮੱਥਾ ਤੇ ਦੋਵੇਂ ਹੱਥ ਧਰਤੀ ਤੇ ਧਰਕੇ-ਅਸ਼ਟਾਂਗ-ਪ੍ਰਣਾਮ ਹੈ।

ਅਰਥ: (ਹੇ) ਸ੍ਰੀ (ਗੁਰੂ) ਨਾਨਕ (ਦੇਵ ਜੀ)! (ਆਪ ਜੋ ਜਗਤ ਦੇ) ਉੱਤਮ ਪੁਰਖਾਂ ਤੋਂ ਪਰਮ ਹੋ, (ਅਰ ਅਦ੍ਰਿਸ਼ਜ) ਪਰਾਵਰਾਂ ਦੇ (ਬੀ) ਨਾਥ ਹੋ (ਆਪਦੇ) ਦੋਹਾਂ ਚਰਨਾਂ ਪੁਰ ਧਰਤੀ ਉਤੇ ਮੱਥਾ ਧਰ ਕੇ ਮੇਰੀ ਨਮਸਕਾਰ ਹੋਵੇ।

ਭਾਵ: ਦ੍ਰਿਸ਼ਜ ਤੇ ਅਦ੍ਰਿਸ਼ਜ ਅਰਥਾਤ ਦਿੱਸਣ ਵਾਲੀ ਤੇ ਨਾ ਦਿੱਸਣ ਵਾਲੀ ਦੋਹਾਂ ਪ੍ਰਕਾਰਾਂ ਦੀ ਸ੍ਰਿਸ਼ਟੀ ਵਿੱਚ ਜੋ ਉੱਚੀਆਂ ਤੋਂ ਉੱਚੀਆਂ ਵਜਕਤੀਆਂ ਹਨ ਉਨ੍ਹਾਂ ਸਭਨਾਂ ਦੇ ਪੂਜਜ ਤੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲਖ ਕੇ ਕਵਿ ਜੀ ਉਨ੍ਹਾਂ ਦੇ ਚਰਨਾਂ ਕੰਵਲਾਂ ਪਰ ਨਮਸਕਾਰ ਕਰਦੇ ਹਨ।

ਪੁਰਖ ਤੋਂ ਮੁਰਾਦ ਜਗਤ ਵਿਚ ਪ੍ਰਗਟੇ ਚੰਗੇ ਪੁਰਖਾਂ ਤੋਂ ਹੈ, ਉਨ੍ਹਾਂ ਵਿਚੋਂ ਉੱਤਮ ਓਹ ਹਨ ਜੋ ਅਵਤਾਰ, ਰਿਸ਼ੀ, ਭਗਤ ਆਦਿ ਕਹਿਲਾਏ, ਜੈਸੇ ਰਾਮ ਕ੍ਰਿਸ਼ਨ ਆਦਿ ਅਵਤਾਰ, ਕਬੀਰ ਆਦਿ ਭਗਤ, ਹੋਰ ਈਸਾ ਮੁਹੰਮਦ ਆਦਿ ਪੈਗ਼ੰਬਰ, ਬੁੱਧ, ਜੀਨਾ ਆਦਿਕ ਮਹਾਂਪੁਰਖ, ਇਸ ਪ੍ਰਕਾਰ ਦੇ ਪੁਰਖੋਤਮਾਂ ਤੋਂ ਬੀ ਪਰਮ (ਵਡੇ, ਮੀਰੀ) ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸ੍ਰੇਸ਼ਟ ਤੇ ਉੱਚੇ ਤੋਂ ਛੁੱਟ, 'ਪਰਮ' ਵੱਡੇ ਪੁਰਖ ਤੇ ਅਧਿਕ ਨੂੰ ਬੀ ਕਹਿੰਦੇ ਹਨ, ਜੋ ਗੁਣਾਂ ਆਦਿ ਕਰਕੇ ਅਧਿਕ ਹੋਵੇ। 'ਪਰਮ' ਪਹਿਲੇ, ਮੁਹਰਲੇ, ਆਦਿ ਨੂੰ ਬੀ ਕਹਿੰਦੇ ਹਨ ਜੋ ਸਮੇਂ ਵਿਚ ਸਨਾਤਨ ਹੋਵੇ; ਅਤੇ ਪਰਮ-ਮੀਰੀ-ਜੋ ਸਭ ਤੋਂ ਪਦ ਵਿਚ, ਦਰਜੇ ਵਿਚ, ਅੱਗੇ ਹੋਵੇ-ਨੂੰ ਬੀ ਕਹਿੰਦੇ ਹਨ। ਕਵਿ ਜੀ ਦੇ ਪ੍ਰੇਮੀ ਮਨ ਵਿਚ ਇਹ ਸਾਰੇ ਭਾਵ ਸਤਿਗੁਰ ਲਈ ਲਹਿਰ ਰਹੇ ਸਨ, ਜਿਸ ਕਰਕੇ ਉਨ੍ਹਾਂ ਨੇ ਇਹ ਪਦ ਵਰਤਿਆ ਹੈ।

ਜਗਤ ਵਿਚ ਪ੍ਰਗਟ ਹੋਏ ਮਹਾਂਪੁਰਖਾਂ ਨੂੰ ਸਭਨਾਂ ਤੋਂ ਉੱਚਾ ਕਹਿ ਕੇ ਆਪ ਉਨ੍ਹਾਂ ਨੂੰ 'ਪਰਾਵਰ' ਆਖਦੇ ਹਨ। ਅਰਥਾਤ ਅਦ੍ਰਿਸ਼ਜ ਜਗਤ ਦੇ ਵਡੇ ਜੈਸੇ ਕਿ ਬ੍ਰਹਮਾਂ ਜੀ ਆਦਿਕ ਮੰਨੇ ਹਨ। ਏਹ ਬ੍ਰਹਮਾਦਿਕ ਜਿਨ੍ਹਾਂ ਅੱਗੇ-ਅਵਰ-ਅਰਥਾਤ ਨੀਵੇਂ ਹਨ, ਓਹ ਪਰਾਵਰ ਕਹੀਦਾ ਹੈ, ਜੈਸੇ ਮਾਧਵ ਨੇ ਵਿਸ਼ਨੂੰ ਜੀ ਮੰਨੇ ਹਨ। ਕਵਿ ਜੀ ਹੁਣ ਉਨ੍ਹਾਂ ਬ੍ਰਹਮਾਦਿਕਾਂ ਤੋਂ ਜੋ ਉੱਚੇ ਹਨ ਉਨ੍ਹਾਂ ਦੇ ਬੀ ਨਾਥ ਸ੍ਰੀ ਗੁਰੂ ਜੀ ਨੂੰ ਦੱਸਦੇ ਹਨ, ਗੋਯਾ ਦ੍ਰਿਸ਼ਜ ਅਦ੍ਰਿਸ਼ਜ ਜਗਤ ਦੇ ਮਹਾਨ ਮਹਾਨ ਉੱਚਿਆਂ ਤੋਂ ਵੀ ਉੱਚੇ ਸ੍ਰੀ ਗੁਰੂ ਜੀ ਹਨ।

ਸ੍ਵੈਯਾ: ਬਰ ਚਾਰ ਪਦਾਰਥ ਦਾ ਬਰ ਚਾਰ
ਬਿਚਾਰ ਕੋ ਮੂਰ ਉਦਾਰ ਸੁਹਾਵੈਂ।
ਉਪਕਾਰਿ ਸਖਾ ਸੁਖਕਾਰ ਸਦਾ
ਤਮ ਪਾਰ ਕਰੈਂ ਉਰ ਮੋਂ* ਬਸ ਜਾਵੈਂ।
ਅਘ ਜਾਲਨਿ ਤੇ ਜਮ ਜਾਲਿਨਿ ਤੇ
ਕਲਿ ਕਾਲਨ ਤੇ ਤਤਕਾਲ ਛੁਟਾਵੈਂ।
ਅਰਬਿੰਦ ਬਿਖੇ ਗੁਨ ਏ ਸਭਿ ਹੋਹਿਂ
ਤਬੈ ਉਪਮਾ ਪਗ ਸ਼੍ਰੀ ਗੁਰ ਪਾਵੈਂ ॥੬॥

ਪਦਾਂ ਦੇ ਅਰਥ: ਬਰ=ਵਰ, ਸ੍ਰੇਸ਼ਟ, (ਅ) ਮੰਗਣ ਵਾਲੇ, ਯਾਚਕ+।

ਚਾਰ ਪਦਾਰਥ=ਚਾਰ ਅਦਾਰਥ:- ਧਰਮ, ਅਰਥ, ਕਾਮ, ਮੋਖ। ਦਾ=ਦੇਣ ਵਾਲੇ, ਦਾਤੇ।

ਬਰ=ਵਰ, ਮੂੰਹ ਮੰਗੀ ਮੁਰਾਦ। ਅਰਥਾਤ ਚਾਰ ਪਦਾਰਥਾਂ ਦੇ ਯਾਚਕਾਂ ਨੂੰ ਚਾਰੇ ਪ੍ਰਕਾਰ ਦੇ ਵਰਾਂ ਦੇ ਦਾਤਾ ਹਨ।

(ਅ) ਸ੍ਰੇਸ਼ਟ ਚਾਰ ਪਦਾਰਥਾਂ ਦਾ ਸੁੰਦਰ ਵਰ ਦੇਣ ਵਾਲੇ ਹਨ।

(ੲ) 'ਵਰ' ਦਾ ਅਰਥ ਮੁਕਤਿ ਤੇ ਮੁਕਤੀ ਤੋਂ ਚਾਰੋਂ ਕਿਸਮ ਦੀ ਮੁਕਤੀ ਦਾ ਅਰਥ ਬੀ ਲਾਉਂਦੇ ਹਨ।

ਬਿਚਾਰ=ਵਿਚਾਰ, ਗਜਾਨ। ਮੁਰ=ਮੂਲ, ਮੁੱਢ।

ਉਦਾਰ=ਉਦਾਰਤਾ ਵਾਲੇ, ਸਖੀ, ਦਾਤੇ। ਸੁਹਾਵੈਂ=ਸੁਹਣੇ ਲੱਗ ਰਹੇ ਹਨ।

ਉਪਕਾਰ ਸਖਾ=ਸਖਾ ਵਾਂਡੂ ਉਪਕਾਰੀ। ਸੱਜਣ ਦਾ ਮਿੱਤ੍ਰ ਵਾਂਙੂ ਆਪਣਾ ਸੁਖ ਨਾ ਵਿਚਾਰ ਕੇ ਦੂਸਰੇ ਦਾ ਭਲਾ ਕਰਨ ਵਾਲੇ।

ਜੇ 'ਉਪਕਾਰਿ' ਦੇ 'ਰ' ਨੂੰ ਸਿਹਾਰੀ ਨਾ ਹੋਵੇ ਤਾਂ 'ਉਪਕਾਰ ਦੇ ਮਿੱਤ੍ਰ' ਅਰਥ ਹੋਊ, ਭਾਵ ਉਪਕਾਰ ਕਰਨ ਹਾਰੇ, ਜਿਵੇਂ ਕਹੀਦਾ ਹੈ 'ਨੇਕੀ ਦਾ ਯਾਰ।'

ਸੁਖਕਾਰ=ਸੁਖ ਦੇਣ ਵਾਲੇ, ਸੁਖ ਕਰਨ ਵਾਲੇ, ਦੁਖ ਹਰਨ ਵਾਲੇ।

ਤਮ=ਹਨੇਰਾ। ਭਾਵ ਹੈ ਅਵਿਦਜਾ, ਅਗਜਾਨ ਤੋਂ, ਜੋ ਮਨੁੱਖ ਦੇ ਮਨ ਤੇ ਹਨੇਰੇ ਵਾਂਙੂ ਪਿਆ ਹੈ। ਜਿਵੇਂ ਹਨੇਰੇ ਤੋਂ ਪਾਰ ਬਾਂਹ ਫੜਕੇ ਕਰੀਦਾ ਹੈ ਤਿਵੇਂ ਨਿਸ ਸਹਾਯਤਾ ਨਾਲ ਅਗਜਾਨ ਤੋਂ ਪਾਰ ਕਰਦੇ ਹਨ। (ਅ) ਮੁਹਾਵਰਾ ਹੈ, ਪਾਰ ਕਰਨਾ=ਦੂਰ ਕਰਨਾ।

ਉਰ=ਦਿਲ। ਦਿਲ ਵਿਚ ਵਸ ਜਾਂਦੇ ਤੋਂ ਮੁਰਾਦ ਹੈ ਡਾਢੇ ਹੀ ਪਜਾਰੇ ਲਗਦੇ ਹਨ, ਜਤੋਂ ਮਿਲੇ ਬਸ ਅੰਦਰ ਬਸ ਗਏ, ਫੇਰ ਚਿੱਤੋਂ ਤੇ ਚੇਤਿਓਂ ਵਿਸਰਦੇ ਨਹੀਂ।

ਅਘ=ਪਾਪ। ਜਾਲਨਿ=ਸਮੂਹ। ਜਮ=ਯਮ, ਮੌਤ ਦਾ ਦੇਵਤਾ।

ਜਾਲਿਨਿ=ਜਾਲ, ਫਾਹੀ। ਕਲਿ-ਕਲਜੁਗ। ਕਾਲਨ=ਕਲੇਸ਼, ਅਪਦਾ।

ਅਰਥ: (ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣਾਰਬਿੰਦ) ਚਾਰ (ਪਦਾਰਥਾਂ) ਦੇ ਯਾਚਕਾਂ ਨੂੰ ਚਾਰੋਂ ਪਦਾਰਥਾਂ ਦੇ ਸ੍ਰੇਸ਼ਟ ਦਾਤਾ ਹਨ, ਵਿਚਾਰ ਦਾ ਮੂਲ ਹਨ (ਅਤੇ 'ਵਿਚਾਰ ਗਜਾਨ' ਦੇ

---

*ਪਾਠਾਂਤ੍ਰ 'ਮੋ' ਦੀ ਥਾਂ 'ਜਾਂ' ਬੀ ਹੈ।

+ਵਰ ਪਦ ਦੇ ਹੋਰ ਅਰਥ ਏਹ ਹਨ:-ਸੁਹਣਾਂ, ਉੱਤਮ, ਵੱਡਾ, ਵਰ (ਬਰਕਤ), ਪਤੀ, ਲਾੜਾ, ਜਵਾਈ, ਚੁਣਨਾ, ਯਾਚਨਾ ਕਰਨੀ, ਇੱਛਾ, ਚਿੜੀ, ਗੁੱਗਲ, ਕੇਸਰ।[ਇਸਦਾ ਧਾਤੂ ਹੈ ਵ੍ਰੀ=ਚੁਣਨਾ]

ਦਾਨ ਕਰਨ ਦੀ ਬੀ) ਉਦਾਰਤਾ ਨਾਲ ਸੁਹਾ ਰਹੇ ਹਨ। ਸੱਜਣਾਂ (ਵਾਂਙੂ ਸਦਾ) ਉਪਕਾਰੀ (ਸਹਾਈ) ਹਨ, (ਅਤੇ) ਸਦਾ ਸੁਖ ਦੇ ਦੇਣ ਵਾਲੇ ਹਨ, ਹਿਰਦੇ ਵਿਚ ਵੱਸ ਜਾਂਦੇ ਹਨ (ਅਤੇ ਅਗਯਾਨ ਰੂਪੀ) ਅੰਧੇਰੇ ਤੋਂ ਪਾਰ ਕਰ ਦਿੰਦੇ ਹਨ। ਸਾਰੇ ਪਾਪਾਂ ਤੋਂ, ਕਲਜੁਗ ਦੇ ਕਲੇਸ਼ਾਂ ਤੋਂ, ਜਮਾਂ ਦੀ ਫਾਹੀ ਤੋਂ ਝਟ ਪਟ ਛੁਡਾ ਦਿੰਦੇ ਹਨ। ਏਹ (ਉੱਪਰ ਕਹੇ) ਸਾਰੇ ਗੁਣ ਜੇ ਕੰਵਲ ਫੁੱਲ ਵਿਚ ਹੋਣ ਤਾਂ ਸਤਿਗੁਰਾਂ ਦੇ ਚਰਨਾਂ ਦੀ ਉਪਮਾ ਪਾ ਸਕੇ।

ਭਾਵ: ਇਸ ਸ੍ਵੈਯੇ ਵਿਚ 'ਉਰ ਮੋਂ ਬਸ ਜਾਵੈਂ'' ਇਕ ਕੁੰਜੀ ਵਤ ਵਾਕ ਹੈ। ਜੋ ਉੱਤਮ ਜਗਯਾਸੂ ਅਪਣੇ ਇਸ਼੍ਟ ਦੇਵ-ਸ੍ਰੀ ਗੁਰੂ-ਜੀ ਦੇ ਚਰਨਾਂ ਨੂੰ ਹਿਰਦੇ ਵਿਚ ਵਸਾਉਂਦੇ ਹਨ, ਉਹ ਸਾਰੇ ਸੁੱਖਾਂ ਨੂੰ ਪਹੁੰਚਦੇ ਹਨ। ਚਰਨਾਂ ਦਾ ਹ੍ਰਿਦੇ ਵਿਚ ਟਿਕਣਾ ਸਿਮਰਨ ਹੈ ਗੁਰੂ ਜੀ ਦਾ ਤੇ ਸਹਿਜ ਧ੍ਯਾਨ ਹੈ] ਸਿਮਰਨ ਟੁਰਿਆ ਰਿਹਾ 'ਲਿਵ' ਬਣ ਜਾਂਦਾ ਹੈ। ਜੇ ਜਗਯਾਸੂ ਲਿਵ ਵਲ ਟੁਰੀ ਜਾਏ ਅਰਥਾਤ ਸਿਧੀਆਂ ਰਿਧੀਆਂ ਤੋਂ ਪਰੇ ਰਹਿ ਕੇ ਕੇਵਲ ਮੋਖ ਦੀ ਇੱਛਾ ਰੱਖ ਕੇ ਸਾਈਂ ਦੇ ਪਯਾਰ ਵਿਚ ਟੁਰੀ ਚੱਲੇ ਤਾਂ ਲਿਵਲੀਨਤਾ ਅਰਥਾਤ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਸੁਖ, ਜਿਨ੍ਹਾਂ ਦੀ ਸਰੀਰ ਹੁੰਦਿਆਂ ਸਰੀਰ ਨੂੰ ਲੋੜ ਹੁੰਦੀ ਹੈ, ਓਹ ਫੇਰ ਸੁਤੇ ਸਿੱਧ ਪ੍ਰਾਪਤ ਹੁੰਦੇ ਹਨ। ਐਸੇ ਸੁੱਖਾਂ ਦੀ ਫਲ ਪ੍ਰਾਪਤੀ-ਜੋ ਮਾਨੋਂ ਸਤਿਗੁਰ ਜੀ ਦੇ, ਹ੍ਰਿਦੇ ਵਿਚ ਵਸ ਜਾਣ ਵਾਲੇ, ਚਰਨਾਂ ਦੀ ਤਾਸੀਰ ਹੈ-ਐਉਂ ਵਰਣਨ ਕਰਦੇ ਹਨ ਜਿਵੇਂ ਆਪ ਪਰਤਾ ਕੇ ਡਿੱਠਾ ਹੈਨੇ।

੧.ਚਰਨ ਚਾਰ ਪਦਾਰਥਾਂ: ਧਰਮ, ਅਰਥ, ਕਾਮ, ਮੋਖ ਦੇ ਦਾਤਾ ਹਨ, ਇਸ ਕਰਕੇ ਆਪ ਉਨ੍ਹਾਂ ਨੂੰ ਉਦਾਰ ਉਪਕਾਰ ਸੱਜਣ ਤੇ ਸੁਖਦਾਈ ਆਦਿ ਵਿਸ਼ੇਸ਼ਣਾ ਨਾਲ ਯਾਦ ਕਰਦੇ ਹਨ।

੨. ਵਿਚਾਰ ਦਾ ਮੂਲ-ਗ੍ਯਾਨ ਦੇ ਦਾਤਾ-ਇਸ ਕਰਕੇ ਆਪ ਉਨ੍ਹਾਂ ਨੂੰ ਅਗਯਾਨ ਰੂਪ ਹਨੇਰੇ ਦੇ ਦੂਰ ਕਰਨ ਵਾਲੇ ਦੱਸਦੇ ਹਨ।

੩. ਸਹਿਜ ਧ੍ਯਾਨ ਯਾ ਲਿਵ ਦੇ ਵਿਘਨਕਾਰੀ ਸਾਮਾਨਾਂ ਦਾ ਨਾਸ਼ ਕਰਨਾ ਵੀ ਇਨ੍ਹਾਂ ਦਾ ਹੀ ਧਰਮ ਦੱਸਦੇ ਹਨ, ਇਸ ਕਰਕੇ ਕਹਿੰਦੇ ਹਨ, ਕਲੇਸ਼ਾਂ ਤੋਂ, ਸਾਰੇ ਗਿਰਾਉ ਵਾਲੇ ਕਰਮਾਂ-ਪਾਪਾਂ-ਤੋਂ ਛੁਡਾ ਲੈਂਦੇ ਹਨ, ਇਸ ਤੋਂ ਵੱਧ ਜੋ ਬੀ ਮੋਖ ਦੀ ਇੱਛਾ ਵਾਲਿਆਂ ਦੇ ਰਸਤੇ ਵਿਚ ਯਮ ਨੇ ਜਾਲ ਵਿਛਾ ਰਖੇ ਹਨ, ਜੋ ਅਚੇਤ ਹੀ ਲਿਵ ਦੇ ਰਸਤੇ ਤੋਂ ਉਟਕਾ ਲੈਂਦੇ ਹਨ, ਇਨ੍ਹਾਂ ਸਾਰੇ ਵਿਘਨਾਂ ਤੋਂ 'ਰਿਦੇ ਬਸ ਜਾਣ ਵਾਲੇ' ਚਰਣ ਰੱਖ ਲੈਂਦੇ ਹਨ। ਸਤਿਗੁਰਾਂ ਜੀ ਦੇ ਚਰਣਾਂ ਦੀ ਇਹ ਤਾਸੀਰ ਕਿਉਂ ਹੈ? ਇਸ ਲਈ ਕਿ ਉਹ ਸਤਿਗੁਰ ਦੇ ਹਨ, ਸਤਿਗੁਰ ਜੀ 'ਪੁਰਸ਼ੋਤਮ' ਤੇ 'ਪਰਮ ਪਰਾਵਰ ਨਾਥ' ਹਨ, ਉਨ੍ਹਾਂ ਨੇ ਅਪਣੇ ਸਰੂਪ ਦੇ ਗੁਣ ਉਨ੍ਹਾਂ ਦੇ ਚਰਨਾਂ ਦੇ ਧਿਆਨੀਆਂ, ਅਰਥਾਤ ਉਪਾਸਕਾਂ ਨੂੰ ਪ੍ਰਾਪਤ ਹੋਣੇ ਹੋਏ। ਜਿਸ ਦਾ ਧਿਆਨ ਧਰੋ ਉਸ ਦੇ ਗੁਣਾਂ ਦਾ ਆਵੇਸ਼ ਹੁੰਦਾ ਹੈ। ਜਿਵੇਂ ਅੱਗ ਦੇ ਨਿਕਟ-ਵਰਤੀ ਨਿੰਘ ਨਾਲ ਸਫਲ ਹੁੰਦੇ ਹਨ, ਪ੍ਰਕਾਸ਼ ਦੇ ਧ੍ਯਾਨੀ ਚਾਨਣੇ ਤੋਂ ਕ੍ਰਿਤਾਰਥ ਹੁੰਦੇ ਹਨ, ਤਿਵੇਂ ਸਰਬ ਸੁਖਦਾਈ ਪੂਰਨ ਗਿਆਨ ਸਰੂਪ ਸਤਿਗੁਰ ਦੇ ਚਰਨਾਂ ਦੇ ਧ੍ਯਾਨ ਤੋਂ, ਸਿਮਰਨ ਤੋਂ, ਸਰਬ ਸੁਖ ਮਿਲਦੇ ਹਨ।

### (ਹ) ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਦੋਹਰਾ: ਸ੍ਰੀ ਅੰਗਦ ਕੰਦਨ ਬਿਘਨ, ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ, ਨਮਸਕਾਰ ਧਰਿ ਭਾਲ ॥੭॥

ਪਦਾਂ ਦੇ ਅਰਥ: ਸ੍ਰੀ=ਦੇਖੋ ਪੰਨਾ ੨੭ ਦੇ ਪਦ ਅਰਥ ਦਾ ਆਦ।

ਕੰਦਨ=ਨਾਸ਼ ਕਰਨ ਵਾਲੇ। [ਸੰ. *, ਕਦਨ=ਨਾਸ਼, ਧ੍ਵੰਸ। [ਫਾਰਸੀ. ਕੰਦਨ=ਜੜੋਂ ਪੁੱਟ ਦੇਣਾ]।

ਬਿਘਨ=ਰੋਕ, ਮੁਸ਼ਕਲ, ਕਠਨਾਈ। [ਸੰਸ. ਵਿਘਨ]

ਬਦਨ=ਮੂੰਹ। ਮੁਖੜਾ। ਮੁਖਾਰਬਿੰਦ। ਮੰਗਲ=ਖੁਸ਼ੀਆਂ, ਉਤਸ਼ਾਹ।

ਸਾਲ=ਘਰ। ਮੰਗਲ ਸਾਲ ਦਾ ਮਤਲਬ ਹੈ ਜਿੱਥੇ ਮੰਗਲ ਦਾ ਨਿਵਾਸ ਹੋਵੇ। [ਸੰਸ: ਸ਼ਾਲਾ=ਘਰ]।

ਪਰਨ=ਆਸਰਾ, ਓਟ।ਪੰ: ਪਰਨਾ=ਆਸਰਾ। ਸੰ: ਪ੍ਰਣਯ=ਭਰੋਸਾ, ਪੱਖ, ਮਿੱਤ੍ਰਤਾ]।

ਸ਼ਰਨ=ਓਟ। (ਦੇਖੋ 'ਸ੍ਰੀ ਗੁਰੂ ਅਮਰ ਮੰਗਲ' ਪੰਨਾ ੨੭ ਦੋਹਿਰਾ ਦੇ ਪਦਾਰਥਾਂ ਵਿਚੋਂ ਤੀਜੇ ਪਦ ਦਾ ਅਰਥ)। ਧਰਿ=ਧਰਿ ਕੇ।

ਭਾਲ=ਮੱਥਾ। ਤੁਕ ਦਾ ਅਰਥ ਐਉਂ ਲਗਦਾ ਹੈ:-ਸ਼ਰਨ (ਦਾ) ਪਰਨ ਕਰ, ਧਰਿ ਭਾਲਿ, ਨਮਸਕਾਰ (ਕਰਦਾ ਹਾਂ) ਚਰਨ ਕੋ।

ਅਰਥ: ਸ੍ਰੀ (ਗੁਰੂ) ਅੰਗਦ (ਦੇਵ ਜੀ) ਵਿਘਨਾਂ ਦੇ ਨਾਸ਼ ਕਰਨ ਵਾਲੇ (ਹਨ, ਅਤੇ ਉਨ੍ਹਾਂ ਦਾ) ਮੁਖਾਰਬਿੰਦ ਮੰਗਲਾਂ ਦਾ ਘਰ ਹੈ, (ਉਨ੍ਹਾਂ ਦੀ) ਸ਼ਰਣ ਦਾ ਆਸਰਾ ਲੈ ਕੇ, (ਧਰਤੀ ਉਤੇ) ਮੱਥਾ ਧਰ ਕੇ, ਚਰਨਾਂ ਨੂੰ ਨਮਸਕਾਰ ਕਰਦਾ ਹਾਂ।

ਭਾਵ: ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਨੂੰ ਲੋਕੀ ਇਸ ਤਰ੍ਹਾਂ ਪ੍ਰੇਮ ਨਾਲ ਲੋਚਿਆ ਕਰਦੇ ਸਨ ਕਿ ਅੰਮ੍ਰਿਤ ਵੇਲੇ ਤੋਂ ਹੀ ਰਸਤੇ ਵਿਚ ਪੰਗਤਾਂ ਲਾਕੇ ਬੈਠ ਜਾਇਆ ਕਰਦੇ ਸਨ। ਕਾਮਨਾਂ ਵਾਲੇ ਕਾਮਨਾ ਪੂਰਨ ਹੋਣ ਦੀ ਲਾਲਸਾ ਵਿਚ, ਮੁਸ਼ਕਲਾਂ ਵਿਚ ਫਸੇ ਲੋਕ ਆਪਣੇ ਵਿਘਨਾਂ ਤੇ ਕਠਨਾਈਆਂ ਦੇ ਨਾਸ਼ ਲਈ, ਤੇ ਰੋਗੀ ਆਪਣੇ ਦੁੱਖਾਂ ਦੀ ਨਵਿਰਤੀ ਲਈ। ਉਨ੍ਹਾਂ ਦੇ ਦਰਸ਼ਨ ਨਾਲ ਦਰਸ਼ਨ ਕਰਨ ਵਾਲਿਆਂ ਨੂੰ ਮਨੋਕਾਮਨਾ ਪ੍ਰਾਪਤ ਹੁੰਦੀ ਸੀ, ਤੇ ਜੋ ਕੁਛ ਕਿਸੇ ਨੂੰ ਮੁਖਾਰਬਿੰਦ ਤੋਂ ਉਚਾਰ ਦੇਂਦੇ ਸਨ ਉਹ ਤਤਕਾਲ ਸਫਲ ਹੋ ਜਾਂਦਾ ਸੀ। ਉਨ੍ਹਾਂ ਦੇ ਇਸ ਬਿਰਦ ਅਰ ਇਸ ਪ੍ਰਸਿੱਧੀ ਵਲ ਕਵਿ ਜੀ ਦਾ ਇਸ਼ਾਰਾ ਇਨ੍ਹਾਂ ਅੱਖਰਾਂ ਵਿਚ ਹੈ। ਉਨ੍ਹਾਂ ਦੇ ਇਸ ਵੇਲੇ ਦੇ ਦਰਸ਼ਨ ਤੇ ਜਿਸ ਤੇ ਦ੍ਰਿਸ਼ਟੀ ਪੈ ਜਾਏ ਉਸ ਨੂੰ ਸੁਖ ਪ੍ਰਾਪਤੀ ਤੇ ਦੁਖ ਨਾਸ਼ ਵਾਲੀ ਵਿਥਯਾ ਬਾਬਤ ਭੱਟਾਂ ਨੇ ਵੀ ਸਵਈਆਂ ਵਿਚ ਆਖਿਆ ਹੈ:-

ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥

ਪੁਨਾ: ਦ੍ਰਿਸਟਿ ਧਰਮ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥

ਉਨ੍ਹਾਂ ਦੇ ਇਸ ਗੁਣ ਦਾ ਵੀਚਾਰ ਕਰਕੇ ਕਵਿ ਜੀ ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈਂਦੇ ਹਨ ਤੇ ਧਰਤੀ ਤੇ ਮਸਤਕ ਟੇਕ ਕੇ ਨਮਸਕਾਰ ਕਰਦੇ ਹਨ, ਵਿਚ ਸੰਭਾਵਨਾ ਇਹ ਹੈ ਕਿ ਮੈਂ ਜੋ ਇਹ ਗ੍ਰੰਥ ਲਿਖਣ ਲੱਗਾ ਹਾਂ ਮੇਰੇ ਵੀ ਵਿਘਨ ਨਾਸ਼ ਹੋਣ ਅਰ ਮੰਗਲਾਂ ਨਾਲ ਕਾਰਜ ਸਿਰੇ ਚੜ੍ਹ ਜਾਵੇ।

**ਸ੍ਵੈਯਾ: ਪਾਸੁ ਪਰਾਗ ਸੀ ਸੋਹਤਿ ਸੁੰਦਰ, ਗੰਧਿ ਸੀ ਕੀਰਤਿ ਮੱਧ ਬਸਾਨਾ।**

---

*ਅਗੋਂ ਤੋਂ ਅਸੀਂ, ਸੰਸਕ੍ਰਿਤ ਨੂੰ-ਸੰਸ: ਫ਼ਾਰਸੀ ਨੂੰ ਫ਼ਾ: ਹਿੰਦੀ ਨੂੰ ਹਿੰ: ਪੰਜਾਬੀ ਨੂੰ-ਪੰ: ਸੰਖੇਪ ਕਰਕੇ ਲਿਖਾਂਗੇ।

ਕੋਮਲਤਾ ਕੋਮਲਤਾ ਇਕ ਸੀ, ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ, ਤਿਸ ਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਗ, ਮੋਖਦ ਏਕ ਬਿਸ਼ੇਖਤਾ ਜਾਨਾ ॥੮॥

ਪਦਾਂ ਦੇ ਅਰਥ: ਪਾਸ=ਧੂੜੀ। [ਸੰਸ. ਪਾਂਸ਼ੁ=ਰੇਤ ਦਾ ਕਿਣਕਾ, ਧੂੜੀ। ਹਿੰ: ਪਾਂਸੁ। ਪੰ: ਪਾਹ] ਪਾਂਸ਼ੁ ਨੂੰ ਪਾਸ ਸਮਝਕੇ ਇਸਦਾ-ਕੋਲ-ਅਰਥ ਕਰਨਾ ਅਸ਼ੁਧ ਹੈ, ਪ੍ਰਮਾਣ ਲਈ ਦੇਖੋ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਅਧਯਾਯ ੪੦, ਮੰਗਲ (ਦੋਹਰਾ) ਪਦ ਪੰਕਜ ਕੀ ਪਾਸ ਬਰ ਪਰਮ ਮਨੋਗ ਪਰਾਗ। ਪਰਾਗ=ਫੁੱਲ ਜਦ ਖਿੜਦੇ ਹਨ ਤਦ ਉਨ੍ਹਾਂ ਵਿਚ ਨਰ ਤੇ ਮਦੀਨ ਤੁਰੀਆਂ ਹੁੰਦੀਆਂ ਹਨ, ਨਰ ਤੁਰੀਆਂ ਦੇ ਮੂੰਹ ਤੇ ਇਕ ਧੂੜਾ ਹੁੰਦਾ ਹੈ, ਜਿਸ ਦਾ ਰੰਗ ਅਕਸਰ ਪੀਲਾ ਜਿਹਾ ਹੁੰਦਾ ਹੈ, ਇਸ ਨੂੰ ਪਰਾਗ ਕਹਿੰਦੇ ਹਨ। ਫੁੱਲ ਵਿਚ ਇਹ ਸਭ ਤੋਂ ਉੱਚੀ ਸ਼ੈ ਹੈ ਤੇ ਸੁਹਣੀ ਲਗਦੀ ਹੈ, ਇਸ ਦੀ ਸੁਣੁੱਪ ਦੇ ਅੰਗ ਨੂੰ ਕਵਿ ਜੀ ਨੇ ਲਿਆ ਹੈ। ਸੀ=ਵਰਗੀ। ਸੋਹਤਿ=ਸੁਹਣੀ ਲਗ ਰਹੀ ਹੈ, ਸ਼ੋਭਾ ਦੇ ਰਹੀ ਹੈ। 'ਸੁੰਦਰ' ਪਦ ਪਾਂਸ਼ੁ-ਦਾ ਵਿਸ਼ੇਸ਼ਣ ਹੈ। ਗੰਧਿ=ਸੁਗੰਧੀ, ਖੁਸ਼ਬੋ। ਕੀਰਤਿ=ਕੀਰਤੀ, ਯਸ, ਜਸ। ਮੱਧ=ਵਿੱਚ। ਬਸਾਨਾ=ਵਸ ਰਹੀ ਹੈ, ਨਿਵਾਸ ਹੈ। ਕੋਮਲਤਾ=ਮੁਲਾਇਮੀ, ਕੂਲਾਪਨ। ਕਮਲ ਛੂਹਣ ਨੂੰ ਕੂਲੇ ਹਨ, ਪਰ ਚਰਣਾਂ ਵਿਚ ਛੁਹ ਦੀ ਕੋਮਲਤਾ ਬੀ ਹੈ ਤੇ ਦਿਆਲਤਾ ਦੀ ਬੀ ਕੋਮਲਤਾ ਹੈ। ਨਿਰਲੇਪਤਾ=ਲਿਪਾਇਮਾਨ ਨਾ ਹੋਣ ਦੀ ਦਸ਼ਾ: ਕਮਲ ਫੁੱਲ ਪਾਣੀ ਤੋਂ ਅਲੇਪ ਰਹਿੰਦਾ ਹੈ। ਚਰਣ ਸੰਸਾਰ ਤੇ ਮਾਇਆ ਵਿਚ ਵੱਸਦੇ ਇਸ ਤੋਂ ਅਲੇਪ ਹਨ। [ਸੰਸ. ਨਿਰਲੇਪ]। ਸਮਾਨਾ=ਤੁੱਲ, ਬਰਾਬਰ। ਜੋ=ਜਜੋਂ, ਜਿਉਂ। ਭਵ=ਸੰਸਾਰ। ਭੂਰ=ਬਹੁਤ। ਭਰਾ=ਭਰਿਆ ਹੋਇਆ। ਸਰਸੀ=ਝੀਲ, ਛੰਭ। [ਸੰਸ. ਸਰਸ, ਸਰਸੀ]। (ਅ) ਸਹਤ ਰਸਾਂ ਦੇ। [ਸੰਸ. ਸ+ਰਸ+ਈ=ਸ+ਰਸ=ਸਹਿਤ ਰਸਾਂ, ਈ=ਦੇ]। ਸੂਚਨਾ-ਇਸ ਤੁਕ ਵਿਚ ਤ੍ਰੈਏ ਪਦ ਚਰਨਾਂ ਵਲ ਹਨ:-'ਜੋ', 'ਭਵ' ਤੇ 'ਨਿਤ'। ਬਾਕੀ ਦੇ ਸਾਰੇ-ਕੰਵਲ-ਪਰ ਘਟਦੇ ਹਨ। ਸਰਸੀ ਜਦ ਸ਼ਲੇਖ ਲਈਏ ਤੇ ਇਸਦੇ ਦੂਸਰੇ ਅਰਥ-ਸਹਤ ਰਸਾਂ ਦੇ ਕਰੀਏ ਤਦ ਸਾਰੀ ਤੁਕ ਚਰਨਾਂ ਵਲ ਲਗਦੀ ਹੈ, ਤਾਂ ਹੀ ਸਾਰੇ ਅਰਥ ਖੁਲ੍ਹਦੇ ਹਨ। ਊਰਧ=ਉੱਪਰ ਨੂੰ। [ਸੰਸ. ਊਰਦ੍ਵ]। ਸੋ=ਤਿਉਂ। ਬਿਗਸਾਨਾ=ਖਿੜਦਾ ਹੈ, ਖਿੜਿਆ ਹੈ (ਕਮਲ)। ਇਹ ਇਕ ਵਚਨੀ ਕ੍ਰਿਯਾ ਹੈ,-ਚਰਣ-ਬਹੁ ਵਚਨ ਵਿਚ ਕਹੀਦੇ ਹਨ, ਏਥੇ ਮੁਰਾਦ ਚਰਨਾਂ ਕਮਲਾਂ ਦੇ 'ਯੁਗ' ਜੋੜੇ ਤੋਂ, ਹੈ ਕਿ ਚਰਨਾਂ ਦਾ ਯੁਗ ਖਿੜ ਰਿਹਾ ਹੈ। ਅਰਬਿੰਦ=ਕਮਲ। ਪਗ=ਚਰਣ। ਮੋਖਦ=[ਮੋਖ+ਦ=] ਮੋਖ ਦੇ ਦਾਤੇ। ਮੁਕਤੀ ਦੇਣ ਵਾਲੇ। ਬਿਸ਼ੇਖਤਾ=ਵਾਧਾ। ਜਾਨਾਂ=ਜਾਣਿਆ ਗਿਆ ਹੈ।

ਅਰਥ: (ਚੌਥੀ ਤੁਕ ਤੋਂ ਟੁਰੇਗਾ:-) (ਸ੍ਰੀ ਗੁਰੂ) ਅੰਗਦ (ਸਾਹਿਬ) ਜੀ ਦੇ ਚਰਣ ਕਮਲ ਵਰਗੇ ਹਨ (ਤਾਂ ਸਹੀ), (ਪਰੰਤੂ ਚਰਣਾਂ ਵਿਚ) ਇਕ ਵਾਧਾ ਜਾਣਿਆਂ ਗਿਆ ਹੈ (ਉਹ ਇਹ ਕਿ ਚਰਣ) ਮੁਕਤੀ ਦਾਤਾ ਹਨ। (ਸਮਾਨਤਾ ਐਉਂ ਹੈ ਕਿ) ਜਿਵੇਂ (ਕਵਲ ਫੁੱਲਾਂ ਦੇ ਉਤੇ) ਪਰਾਗ (ਸੁਹਣੀ ਲਗਦੀ ਹੈ) (ਤਿਵੇਂ ਗੁਰ ਨਾਨਕ ਦੇ ਰਸਤੇ ਟੁਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਣਾਂ ਉੱਤੇ ਪਈ) ਸੁੰਦਰ ਧੂੜੀ ਸ਼ੋਭਾ ਦੇ ਰਹੀ ਹੈ। (ਜਿਵੇਂ ਕਵਲ ਦੇ ਵਿਚ) ਖੁਸ਼ਬੋ ਵੱਸਦੀ ਹੈ, (ਤਿਵੇਂ ਸ਼੍ਰੀ ਗੁਰੂ ਜੀ ਦੇ ਚਰਣਾਂ ਵਿਚ ਕੀਰਤੀ (ਦਾ) ਨਿਵਾਸ ਹੈ; ਕੋਮਲਤਾ (ਕਮਲਾ ਤੇ ਚਰਨਾਂ ਦੀ) ਇੱਕੋ ਜਿਹੀ ਹੈ, (ਅਤੇ)

ਨਿਰਲੇਪਤਾ ਵਰਗੀ ਨਿਰਲੇਪਤਾਈ ਤੁੱਲਜ ਹੈ, ਜਿਵੇਂ ਬਹੁਤੇ (ਪਾਣੀ ਨਾਲ) ਭਰੇ ਛੰਭ ਵਿਚੋਂ ਕਵਲ ਉਪਰ ਨਿਕਲ ਕੇ ਖਿੜਦਾ ਹੈ, ਤਿਵੇਂ ਸੰਸਾਰ, ਜੋ ਸਹਤ ਰਸਾਂ ਦੇ ਬਹੁਤੇ (ਪਦਾਰਥਾਂ ਨਾਲ) ਭਰਿਆ ਪਿਆ ਹੈ, ਉਸ ਤੋਂ (ਚਰਣ ਕਮਲ) ਉਚਿਆਂ ਉਠ ਕੇ (ਨਿਤ) ਖਿੜ ਰਹੇ ਹਨ। (ਐਉਂ ਹੇ ਸੰਤ ਜਨੋਂ ਗੁਰੂ ਅੰਗਦ ਦੇਵ ਜੀ ਦੇ ਚਰਨ ਹੈਨ ਤਾਂ ਸਹੀ ਕਵਲਾਂ ਵਰਗੇ, ਪਰ ਇਨ੍ਹਾਂ ਵਿਚ ਇਕ ਵਾਧਾ ਜਾਣਿਆ ਗਿਆ ਹੈ ਕਿ ਇਹ-ਮੋਖਦ=ਮੁਕਤੀ ਦਾਤਾ ਹਨ)।

ਭਾਵ: ਇਥੇ ਕਵਿ ਜੀ ਸਤਿਗੁਰ ਜੀ ਦੇ ਚਰਣਾਂ ਨੂੰ ਕਵਲਾਂ ਨਾਲ ਉਪਮਾ ਦੇ ਕੇ ਚਰਣਾਂ ਦੀ ਇਕ ਵਿਸ਼ੇਸ਼ਤਾ ਦਿਖਾਲਦੇ ਹਨ।

ਪਹਿਲਾਂ ਦੋਹਾਂ ਦੀ ਤੁੱਲਤਾ ਦੱਸਦੇ ਹਨ:-

| ਕਵਲ | ਸਤਿਗੁਰ ਚਰਣਾਂ |
|---|---|
| ੧. ਉਤੇ ਪਰਾਗ ਪਈ ਹੈ। | ੧. ਉਤੇ ਧੂੜੀ ਪਈ ਹੈ। ਭਾਵ ਹੈ ਗੁਰੂ ਨਾਨਕ ਦੇ ਦਰ ਪ੍ਰੇਮ ਵਿਚ ਜਾਂਦਿਆਂ ਧੂੜੀ ਪਈ ਹੈ, ਫਿਰ ਧੂੜੀ ਦੀ ਤਾਸੀਰ ਹੈ ਕਿ ਉਨ੍ਹਾਂ ਦੇ ਪ੍ਰੇਮੀ ਉਸ ਦੇ ਦਰਸ਼ਨ ਤੋਂ ਕ੍ਰਿਤ ਕ੍ਰਿਤ ਹੁੰਦੇ ਹਨ। ਭਾਵ ਇਹ ਹੈ ਕਿ ਉਨ੍ਹਾਂ ਦੇ ਚਰਣਾਂ ਵਿਚ ਪ੍ਰੇਮ ਤੇ ਉਪਕਾਰ ਵਸਦਾ ਹੈ। |
| ੨. ਖੁਸ਼ਬੋ। | ੨. ਕੀਰਤੀ। |
| ੩. ਕੋਮਲ ਹਨ ਛੁਹਿਆਂ। | ੩. ਕੋਮਲ ਹਨ ਛੁਹਿਆਂ ਤੇ ਕੋਮਲ ਹਨ ਦ੍ਰਵਣ ਵਿਚ। |
| ੪. ਉਹ ਜਲ ਤੋਂ ਨਿਰਲੇਪ ਹੈ। | ੪. ਉਹ ਮਾਯਾ ਤੋਂ ਅਲੇਪ ਹਨ। |
| ੫. ਪਾਣੀ ਤੋਂ ਉੱਚਾ ਉਠਦਾ ਹੈ। | ੫. ਪਦਾਰਥਾਂ ਨਾਲ ਭਰੇ ਰਸਾਂ ਵਾਲੇ ਸੰਸਾਰ ਤੋਂ ਉੱਚੇ ਰਹਿੰਦੇ ਹਨ। |
| ਹੁਣ ਵਾਧਾ ਦੱਸਦੇ ਹਨ:- | |
| ੬. ਕਮੀ-ਇਹ ਮੁਕਤੀ ਦਾਤੇ ਨਹੀਂ। | ੬. ਵਾਧਾ-ਇਹ ਮੁਕਤੀ ਦਾਤਾ ਹਨ। ਮੁਰਾਦ ਇਹ ਹੈ ਕਮਲਾਂ ਦੇ ਦਰਸ਼ਨ ਨਾਲ ਸਦਗਤੀ ਪ੍ਰਾਪਤ ਨਹੀਂ, ਸੁੰਦਰਤਾ ਦਾ ਹੁਲਾਰਾ ਹੈ, ਤੇ ਚਰਨਾਂ ਵਿੱਚ ਸੁੰਦਰਤਾ ਦੇ ਹੁਲਾਰੇ ਨਾਲ ਸਦਗਤੀ ਪ੍ਰਾਪਤ ਹੁੰਦੀ ਹੈ। |

ਆਪਣੀ ਕਵਿਤਾ ਦੇ ਹੁਨਰ ਵਿੱਚ ਕਵੀ ਜੀ ਕੀਰਤੀ ਨੂੰ ਸੁਗੰਧੀ ਨਾਲ ਉਪਮਾ ਦੇਣ ਵਿੱਚ ਤੇ ਧੂੜੀ ਨੂੰ ਪਰਾਗ ਨਾਲ ਉਪਮਾ ਦੇਣ ਵਿੱਚ ਕਮਾਲ ਕਰ ਗਏ ਹਨ। ਕਵਿਤਾ ਦਾ ਕਟਾਖਸ਼ ਇਕ ਇਹ ਵੀ ਹੈ ਕਿ ਕਵਲ ਪਾਣੀ ਤੋਂ ਉੱਚਾ ਉਠਦਾ ਹੈ ਜੋ ਕਿ ਕੁਦਰਤੀ ਗੱਲ ਹੈ, ਕਵਲ ਦੀ ਇਸ ਵਿਚ ਕੀ ਵਡਿਆਈ ਹੈ, ਤੇ ਚਰਨਾਂ ਦਾ ਪਦਾਰਥਾਂ ਤੋਂ ਉੱਚੇ ਉਠਣਾ ਇਕ ਆਤਮ ਪ੍ਰਬੀਨਤਾ ਹੈ ਜੋ ਕਿ ਸਤਿਗੁਰ ਦੀ ਰੂਹਾਨੀ ਜ਼ਿੰਦਗੀ ਤੇ ਅਰਸ਼ੀ ਉਨਰ ਦਾ ਇਕ

ਕਮਾਲ ਹੈ। ਕਵਿ ਜੀ ਦੇ ਖਿਆਲ ਦੀ ਬਰੀਕੀ ਉਪਮਾ ਜੋਗ ਹੈ। ਬਾਕੀ ਆਪਣੇ ਹੁਨਰ ਦਾ ਕਮਾਲ ਉਹ ਇਕੋ ਕਮਲ ਨੂੰ ਚਰਨਾਂ ਦੀ ਉਪਮਾ ਲਈ ਅੱਡ ਅੱਡ ਪਹਿਲੂਆਂ ਵਿੱਚ ਲੈ ਕੇ ਕਦੇ ਸਦਰਸ਼ਤਾ, ਕਦੇ ਵਾਧਾ, ਕਦੇ ਕਮਲਾਂ ਦੀ ਨਯੂਨਤਾ ਦਰਸਾਉਣ ਵਿਚ ਦਿਖਾ ਰਹੇ ਹਨ।

## (ਕ) ਇਸ਼੍ਟ ਗੁਰੂ-ਸ੍ਰੀ ਗੁਰੂ ਅਮਰ ਦੇਵ ਜੀ-ਮੰਗਲ।

ਦੋਹਰਾ: ਸ੍ਰੀ ਸਤਿਗੁਰ ਬਰ ਅਮਰ ਜੀ ਸ਼ਰਨ ਨਰਨ ਦੁਖ ਹਰਨ।
ਕਾਰਨ ਕਰਨ ਸੁਜਾਨ ਮਨ ਨਮਸਕਾਰ ਤਿਨ ਚਰਨ ॥੯॥

ਪਦਾਂ ਦੇ ਅਰਥ: ਸ੍ਰੀ=ਸ਼ੋਭਾ ਦੇ ਸੰਯੁਕਤ। ਸ਼ੋਭਾ ਵਾਲੇ। [ਸੰਸ. ਸ੍ਰੀ=ਸ਼ੋਭਾ, ਸੁੰਦਰਤਾ, ਸ਼ੀਲ, ਪ੍ਰਕਾਸ਼, ਸ਼ੁਭ ਗੁਣ, ਤ੍ਰੈ ਪਦਾਰਥ-ਧਰਮ, ਅਰਥ, ਪ੍ਰੇਮ, ਕਾਮਯਾਬੀ, ਦੌਲਤ, ਪ੍ਰਫੁੱਲਤਾਈ, ਸਿੱਧੀ, ਉੱਚਤਾ, ਪ੍ਰਤਾਪ]। ਵਰਤੋਂ ਵਿਚ-ਸ੍ਰੀ ਇਕ ਸਤਿਕਾਰ ਦਾ ਪਦ ਹੈ ਜੋ ਮਹਾਨ ਪੁਰਖਾਂ ਅਵਤਾਰਾਂ, ਦੇਵਤਿਆਂ ਆਦਿ ਦੇ ਨਾਮ ਨਾਲ ਸਤਿਕਾਰ ਲਈ ਲਗਾਇਆ ਜਾਂਦਾ ਹੈ। ਬਰ=ਸ੍ਰੇਸ਼ਟ। [ਸੰਸ. ਵਰੰ-ਸ੍ਰੇਸ਼ਟ, ਚੰਗਾ, ਵਡਾ। ਵਰ: ਬਰਕਤ, ਅਸੀਸ, ਦਾਤ, ਦੇਣ। ਲਾੜਾ ਆਦਿ] ਦੇਖੋ ਪੰਨਾ ੨੧ ਦੀ ਟੂਕ ਚਿੰਨ੍ਹ।

(ਅ) ਅਥਵਾ ਗੁਰੂ ਅਮਰਦੇਵ ਜੀ ਦੀ ਸ਼ਰਨ ਵਰ ਦੇ ਕੇ ਦੁਖ ਹਰਦੀ ਹੈ। ਸ਼ਰਨ=ਆਸਰਾ, ਓਟ, ਰਖ੍ਯਾ, ਹਮੈਤ, ਕਿਸੇ ਦੀ ਓਟ ਵਿਚ ਪ੍ਰਾਪਤ ਹੋਣ ਦੀ ਦਸ਼ਾ। [ਸੰਸ. ਸ਼ਰਣ] ਨਰਨ=ਨਰਾਂ ਦੇ। ਦੁਖ ਹਰਨ=ਦੁਖ ਦੂਰ ਕਰਨ ਵਾਲੀ। ਕਾਰਨ=ਸਬੱਬ, ਹੇਤੂ। ਕਰਨ=ਕਰਨ ਵਾਲੇ। ਕਾਰਨ ਕਰਨ=ਕਾਰਣਾਂ ਦੇ ਬੀ ਕਰਣ ਵਾਲੇ। ਕਾਰਣ ਉਤੇ ਜਿਸਦਾ ਵਸੀਕਾਰ ਹੋਵੇ। ਜਗਤ ਵਿਚ ਜੋ ਕੁਛ ਹੁੰਦਾ ਹੈ ਕਾਰਣ ਤੋਂ ਹੁੰਦਾ ਹੈ; ਜੋ ਕਾਰਣ ਨੂੰ ਬੀ ਕਰ ਅਕਰ ਕਰ ਸਕੇ। ਭਾਵ ਸਰਬ ਸਮਰੱਥ ਤੋਂ ਹੈ।

(ਅ) ਜਗਤ ਦੀ ਰਚਨਾ ਦੇ ਵੀ ਕਾਰਣ ਮੰਨਦੇ ਹਨ, ਜੈਸੇ ਤ੍ਰੈ ਗੁਣ ਆਦਿ, ਇਨ੍ਹਾਂ ਦੇ ਬੀ ਜੋ ਕਰਣ ਵਾਲੇ ਹੋਣ; ਮੂਲ ਰਚਨਹਾਰ। ਕਰਤਾ।

ਸੁਜਾਨ=ਸੁ+ਜਾਨ=ਚੰਗੀ ਤਰ੍ਹਾਂ ਜਾਣਨ ਵਾਲਾ। ਗ੍ਯਾਨਵਾਨ, ਬ੍ਰਹਮ ਗ੍ਯਾਨੀ। (ਅ) ਜੋ ਪੂਰੀ ਤਰ੍ਹਾਂ ਜਾਣੇ, ਜਿਸਦਾ ਗ੍ਯਾਨ ਸੰਪੂਰਨ ਹੋਵੇ, ਜਾਣਨ ਸ਼ਕਤੀ ਵਿਚ ਨਿਪੁੰਨ। ਅੰਤਰਯਾਮੀ।

ਅਰਥ: ਸ਼ੋਭਾ ਵਾਲੇ (ਅਤੇ) ਸ੍ਰੇਸ਼ਟ ਸਤਿਗੁਰੂ ਅਮਰ (ਦੇਵ) ਜੀ (ਦੀ) ਸ਼ਰਣ ਜੀਵਾਂ ਦੇ ਦੁੱਖ ਦੂਰ ਕਰਨ ਵਾਲੀ ਹੈ, (ਕਿਉਂਕਿ ਓਹ) ਕਾਰਨ ਕਰਨ ਹਨ (ਅਤੇ) ਸੁਜਾਨ ਮਨ ਵਾਲੇ ਹਨ, ਉਨ੍ਹਾਂ ਦੇ ਚਰਣਾਂ ਪਰ ਮੇਰੀ ਨਮਸਕਾਰ ਹੋਵੇ।

ਭਾਵ: ਸ੍ਰੀ ਗੁਰੂ ਅਮਰ ਦੇਵ ਜੀ ਬੜੇ ਉੱਤਮ ਹਨ, ਸ਼ੋਭਾ ਵਾਲੇ ਹਨ, ਉਨ੍ਹਾਂ ਦੀ ਸ਼ਰਣ ਜੀਵਾਂ ਦੇ ਦੁਖ ਦੂਰ ਕਰਨ ਵਾਲੀ ਹੈ। ਇਹ ਇਸ਼ਾਰਾ ਉਨ੍ਹਾਂ ਦੇ ਉਸ ਮਹਾਨ ਕ੍ਰਿਪਾਲੂ ਸੁਭਾਵ ਵਲ ਹੈ ਕਿ ਜੋ ਉਨ੍ਹਾਂ ਦੇ ਦਰ ਗਿਆ ਸੋ ਵਰੋਸਾਯਾ। ਬੀਮਾਰਾਂ ਨੂੰ ਰਾਜ਼ੀ ਕਰਨਾ, ਹਰ ਪ੍ਰਕਾਰ ਦੇ ਦੁਖੀਆਂ ਤੇ ਦਇਆ ਕਰਨੀ, ਕਰਾਮਾਤਾਂ ਨਾਲ ਬੀ ਸੁਖ ਦੇਣੋਂ ਫਰਕ ਨਾ ਕਰਨਾ, ਲੰਗਰ ਅਟੁੱਟ ਚਲਾਉਣਾ ਆਦਿ। ਅੱਗੇ ਚੱਲਕੇ ਉਨ੍ਹਾਂ ਦੇ ਦੋ ਗੁਣ ਵਿਸ਼ੇਸ਼ ਕਰਕੇ ਦੱਸੇ ਹਨ, ਕਾਰਣ ਕਰਣ, ਸੁਜਾਨ ਮਨ। 'ਸੁਜਾਨ' ਵਿਚ ਉਨ੍ਹਾਂ ਦੇ ਪੂਰਨ ਗ੍ਯਾਨਵਾਨ ਹੋਣ ਦੀ ਸੰਭਾਵਨਾ ਤੋਂ ਛੁਟ ਉਨ੍ਹਾਂ ਦੇ ਅੰਤਰਯਾਮੀ ਹੋਣ ਵਲ ਇਸ਼ਾਰਾ ਹੈ; ਫਿਰ ਉਨ੍ਹਾਂ ਦੇ ਮਨ ਵਿਚ ਦੂਸਰੇ ਦੀ ਪੀੜਾ ਦਾ ਦਰਦ ਹੋਣ ਕਰਕੇ ਸੁਜਾਨ ਦੇ ਨਾਲ 'ਸੁਜਾਨ ਮਨ' ਆਖਿਆ ਹੈ। ਜੇ ਕਿਸੇ ਪੁੱਤ੍ਰ ਮਰਨ ਤੇ ਮਾਈ ਨੇ ਬਿਰਹਾ ਕੀਤਾ ਹੈ

ਤਦ 'ਪਰ ਪੀੜਾ ਦਾ ਜਾਣੂ ਮਨ' ਆਪਦਾ ਐਸਾ ਦ੍ਰਵਿਆ ਕਿ ਵਰ ਦੇ ਦਿੱਤਾ ਕੇ ਸਾਡੇ ਬੈਠੇ ਗੋਇੰਦਵਾਲ ਵਿੱਚ ਕਦੇ ਪੁਤ੍ਰ ਮਾਪਿਆਂ ਤੋਂ ਪਹਿਲੇ ਨਾ ਮਰੇ। ਇਸ ਪ੍ਰਕਾਰ ਦੇ ਆਪਦੇ 'ਪਰ ਮਨ ਪੀੜਾ' ਨੂੰ ਸਮਝਕੇ ਉਸ ਪਰ ਦ੍ਰਵੀਭੂਤ ਹੋਣ ਦੀ ਦਇਆਲਤਾ ਆਦਿ ਗੁਣਾਂ ਵਲ ਕਵਿ ਜੀ ਦਾ ਕਟਾਖਯ ਹੈ। ਫਿਰ ਜਿਵੇਂ ਉਨ੍ਹਾਂ ਦਾ ਮਨ 'ਪਰ ਪੀੜਾ ਪ੍ਰਤੀਤ ਕਰਨ ਵਿੱਚ' ਸੁਜਾਨ ਹੈ ਤਿਵੇਂ ਓਹ ਸਮਰੱਥਾ ਬੀ ਰੱਖੇ, ਤਾਂਹੀ ਜਾਣਨੇ ਦੀ ਸਫਲਤਾ ਹੈ। ਭਾਵ ਇਹ ਕਿ ਪਰ ਪੀੜਾ ਹਰਨ ਵਿਚ ਸਰਬ ਸਮਰੱਥਾ ਦੀ ਵੀ ਲੋੜ ਹੈ, ਸਰਬ ਸਮਰੱਥ ਹੋਵੇ ਤਾਂ ਹੀ ਪੀੜਾ ਹਰੇ, ਇਸ ਕਰਕੇ 'ਕਾਰਣ ਕਰਣ' ਆਖਿਆ ਕਿ ਓਹ ਐਡੇ ਸਮਰੱਥ ਹਨ ਕਿ ਕਾਰਣਾਂ ਪਰ ਭੀ 'ਕਰਤਾਰ' ਸ਼ਕਤੀ ਰਖਦੇ ਹਨ। ਜਿਵੇਂ ਇਕ ਮਾਈ ਦਾ ਪੁੱਤ੍ਰ ਮਰ ਗਿਆ, ਕਾਰਣ ਮਾਤਾ ਤੇ ਪੁੱਤਰ ਦੇ ਮਿਲਵੇਂ ਕੋਈ ਖੋਟੇ ਕਰਮ, ਕੋਈ ਪਾਪ। ਸ੍ਰੀ ਗੁਰੂ ਅਮਰ ਦੇਵ ਜੀ ਉਸ ਖੋਟੇ ਕਰਮ ਯਾ ਪਾਪ ਰੂਪੀ ਕਾਰਣ ਨੂੰ ਮੇਟ ਦੇਂਦੇ ਹਨ, ਕਿ ਜਾਓ 'ਕਾਰਣ ਅਸਾਂ ਅਕਾਰਣ ਕਰ ਦਿੱਤਾ', ਉਧਰ ਬੱਚਾ ਜੀਉ ਉਠਿਆ।

ਕਬਿੱਤ: ਰਜਨੀ ਅਵਿਦਯਾ ਸਰ ਭ੍ਰਮ ਸੋ ਤਿਮਰ ਹਰਿ
ਕੋਕ ਸੇ ਕਿੰਕਰ ਬਰ ਕੀਨੇ ਬ੍ਰਿਹੁ ਛੀਨ ਹੈ।
ਮਾਲ ਉਡ ਕਲਮਲ ਕੰਦਲ ਦੁਰਾਇ ਦਲ
ਪਲ ਪਲ ਗ੍ਯਾਨ ਸੋਂ ਪ੍ਰਕਾਸ਼ ਭਵ ਕੀਨ ਹੈ।
ਬੇਮੁਖ ਕੁਮੁਦ ਦੁਖ ਸਨਮੁਖ ਕੰਜ ਸੁਖ
ਗਤਿ ਸੋ ਭਗਤ ਨਿਤ ਜਾਨੀਏ ਅਧੀਨ ਹੈ।
ਅਮਰ ਦਰਸ ਭਾਨੁ ਲੱਛਨ ਸਮਾਨ ਸਭਿ
ਏਕ ਗੁਨ ਅਧਿਕ ਪੈ ਤਪਤ ਬਿਹੀਨ ਹੈ ॥੧੦॥

ਪਦਾਂ ਦੇ ਅਰਥ: ਰਜਨੀ=ਰਾਤ। ਸਰ=ਬ੍ਰਾਬਰ, ਤੁੱਲ। ਤਿਮਰ=ਹਨੇਰਾ। ਹਰਿ=ਹਰਦਾ ਹੈ, ਦੂਰ ਕਰਦਾ ਹੈ। ਕੋਕ=ਚਕਵਾ ਨਾਮੇ ਪੰਛੀ। ਚਕ੍ਰਵਾਕ ਬੀ ਇਸੇ ਦਾ ਨਾਮ ਹੈ, ਫਾਰਸੀ ਵਿਚ ਸੁਰਖ਼ਾਬ ਇਸ ਨੂੰ ਕਹਿੰਦੇ ਹਨ। ਸੇ=ਸਮਾਨ। ਕੋਕ ਸੇ=ਚਕਵੇ ਵਾਂਙੂ। ਕਿੰਕਰ=ਦਾਸ, ਸੇਵਕ, ਸਿੱਖ। [ਸੰਸ. ਕਿਨ੍ਰਰ]। ਬਰ=ਸ੍ਰੇਸ਼ਠ, ਦੇਖੋ ਪਿਛਲੇ ਦੋਹੇ ਦੇ ਪਦਾਰਥਾਂ ਵਿਚ ਦੂਸਰਾ ਪਦ। ਬ੍ਰਿਹੁ ਛੀਨ=ਬਿਰਹੋਂ ਤੋਂ ਵਿਹੂਣੇ। ਬਿਰਹੋਂ ਤੋਂ ਵਿਹੂਣੇ ਕੀਤੇ ਹਨ। ਭਾਵ ਬਿਰਹੋਂ ਨੂੰ ਦੂਰ ਕਰਦਾ ਹੈ। ਅਰਥ ਪ੍ਰਸੰਗਲੀ ਲਈ ਸਾਰਿਆਂ ਕ੍ਰਿਆ ਦਾ ਅਰਥ ਵਰਤਮਾਨ ਕਾਲ ਵਿਚ ਕੀਤਾ ਗਿਆ ਹੈ। ਮਾਲ=ਪੰਕਤੀ, ਝੁੰਡ। ਉਡ=ਤਾਰੇ, ਨਛੱਤ੍ਰ। ਕਲਮਲ=ਪਾਪ। [ਸੰਸ. ਕਲਮਲ]। ਕੰਦਲ=ਝਿੜਕੇ ਦੇ ਕੇ। [ਸੰਸ. ਕਨ੍ਰਲ:]। ਪਦ ਐਉਂ ਲਗਦੇ ਹਨ:-

ਕਲਮਲ ਦਲ ਕੰਦਲ ਦੁਰਾਇ=ਪਾਪਾਂ ਦੇ ਝੁੰਡ ਨੂੰ ਝਿੜਕ ਕੇ ਛਿਪਾ ਦੇਂਦੇ ਹਨ। (ਅ) ਕੰਦਲ ਦਾ ਅਰਥ ਕੰਦਲੀ ਬੀ ਕਰਦੇ ਹਨ, ਜੋ ਇਕ ਬ੍ਰਿਛ ਦਾ ਨਾਮ ਹੈ, ਜੋ ਜਲ ਕਿਨਾਰੇ ਹੁੰਦਾ ਹੈ, ਜਿਸਦੇ ਦਿਨ ਨੂੰ ਪੱਤੇ ਮੁਰਝਾ ਜਾਂਦੇ ਹਨ, ਚਿੱਟੇ ਫੁਲ ਬਰਸਾਤ ਵਿਚ ਪੈਂਦੇ ਹਨ। ਤੁਕ- 'ਕੰਦਲ ਦੁਰਾਇ ਦਲ'-ਦਾ ਅਰਥ ਫਿਰ ਐਉਂ ਲੱਗੇਗਾ:-(ਸੂਰਜ ਦਰਸ਼ਨ) ਕੰਦਲੀ ਨੂੰ (ਮੁਰਝਾਉਂਦਾ ਹੈ, ਗੁਰੂ ਦਰਸ਼ਨ) ਦੁਰਾਵਾਂ (=ਛਲਾਂ) ਦੇ ਦਲਾਂ (ਨੂੰ ਛਿਪਾ ਲੈਂਦਾ ਹੈ)।

ਦੁਰਾਇ=ਛਿਪਾਉਣਾ, ਲੁਕਾਉਣਾ। (ਅ) ਦੁਰਾਵ=ਛਲ, ਕਪਟ।

ਦਲ=ਸਮੂਹ, ਝੁੰਡ। (ਅ) ਪੱਤੇ। ਸੋਂ=ਵਾਂਙੂ, ਸਮ। ਭਵ=ਜਗਤ, ਸੰਸਾਰ।

ਕੁਮੁਦ=ਕਵੀਆਂ, ਕੰਮੀਆਂ, ਚਿੱਟੇ ਕਮਲ ਜੋ ਰਾਤ ਨੂੰ ਖਿੜਦੇ ਹਨ ਤੇ ਦਿਨੇ ਨਹੀਂ ਖਿੜਦੇ। ਇਸ ਨੂੰ ਕਵਿ ਚੰਦ੍ਰਮਾ ਦਾ ਪ੍ਰੇਮੀ ਬੰਨ੍ਹਦੇ ਹਨ, ਇਸੇ ਕਰਕੇ ਕੁਮੁਦ ਬੰਧੂ, ਕੁਮੁਦ ਪ੍ਰਿਯ, ਕੁਮੁਦ ਬਾਂਧਵ ਚੰਦ੍ਰਮਾ ਦੇ ਨਾਮ ਬਣੇ ਹਨ।

ਕੰਜ=ਕਮਲ। [ਸੰਸ. ਕਣ। ਕੰ=ਪਾਣੀ। ਜ=ਜੋ ਜੰਮੇ, ਪਾਣੀ ਤੋਂ ਜੋ ਜੰਮੇ]

ਗਤਿ=ਚਾਲ। ਗਤਿ ਤੋਂ ਮੁਰਾਦ, ਧੁਰੋਂ ਬੱਧੀ ਚਾਲ ਹੈ, ਜਿਸ ਦੇ ਅਧੀਨ ਸੂਰਜ ਨਿੱਤ ਟੁਰਦਾ ਹੈ, ਕਦੇ ਵੱਧ ਘੱਟ ਨਹੀਂ ਚੱਲ ਸਕਦਾ। ਇਸ ਤਰ੍ਹਾਂ ਸਤਿਗੁਰਾਂ ਦੀ ਗਤੀ-ਚਾਲ-ਨਿਯਮਤ ਹੈ ਕਿ ਓਹ ਭਗਤਾਂ ਨੂੰ ਪਾਲਦੇ ਹਨ, ਉਨ੍ਹਾਂ ਦੇ ਅਧੀਨ ਟੁਰਦੇ ਹਨ, ਇਹ ਉਨ੍ਹਾਂ ਦਾ ਬਿਰਦ ਹੈ।

ਭਗਤ=ਭਗਤੀ ਕਰਨ ਵਾਲੇ। ਪ੍ਰੇਮੀ। [ਸੰਸ. ਭਕ੍ਤ:]

ਅਧੀਨ=ਆਗਿਆ ਵਿਚ, ਐਉਂ ਨਹੀਂ ਜਿਵੇਂ ਨੌਕਰ ਮਾਲਕ ਦੀ ਆਗਿਆ ਵਿਚ ਟੁਰਦਾ ਹੈ, ਪਰ ਪ੍ਰੇਮ ਦੇ ਬੱਧੇ ਭਗਤਾਂ ਨੂੰ ਪਿਆਰ ਕਰਨ ਦੇ ਕਾਰਣ ਅਪਨਾ ਬਿਰਦ 'ਭਗਤ ਵੱਛਲ' ਬਣਾਉਂਦੇ ਹਨ, ਫਿਰ ਇਸਦਾ ਉਲੰਘਨ ਨਹੀਂ ਕਰਦੇ। ਅਧੀਨ ਦਾ ਭਾਵ ਇਹ ਹੈ।

ਭਾਨੁ=ਸੂਰਜ। [ਸੰਸ. ਭਾਨੁ]। ਸਮਾਨ=ਤੁੱਲ, ਬ੍ਰੱਬਰ। ਅਧਿਕ=ਵਧੀਕ।

ਤਪਤ ਬਿਹੀਨ=ਤਪਤ ਵਿਹੀਨ=ਤਪਤ ਤੋਂ ਖਾਲੀ, ਮੁਰਾਦ ਸੀਤਲ ਤੋਂ ਹੈ। ਸੀਤਲਤਾ ਸੁਭਾਵ ਦੀ, ਵਰਤੋਂ ਦੀ, ਮੇਹਰ ਕਰਨ ਦੀ।

ਅਰਥ: (ਗੁਰੂ ਅਮਰ ਦੇਵ ਜੀ ਦੇ ਦਰਸ਼ਨ ਤੇ ਸੂਰਜ ਦੀ ਸਦਰਸ਼ਤਾ ਦੱਸ ਕੇ ਅਧਿਕਤਾ ਦਿਖਾਲਦੇ ਹਨ):- (ਸੂਰਜ ਦਰਸ਼ਨ) ਰਾਤ੍ਰੀ (ਨੂੰ ਹਰਦਾ ਹੈ), (ਗੁਰੂ ਅਮਰ ਦਰਸ਼ਨ ਰਾਤ) ਸਮਾਨ ਅਵਿਦਜਾ (ਨੂੰ ਹਰਦਾ ਹੈ), (ਸੂਰਜ ਦਰਸ਼ਨ) ਹਨੇਰੇ (ਨੂੰ ਹਰਦਾ ਹੈ ਪਰ ਗੁਰੂ ਦਰਸ਼ਨ ਹਨੇਰੇ) ਸਮਾਨ ਭਰਮ ਨੂੰ ਹਰਦਾ ਹੈ।

(ਸੂਰਜ ਦਾ ਦਰਸ਼ਨ ਚਕ੍ਰਵਾਕ ਦਾ ਬਿਰਹਾ ਦੂਰ ਕਰਦਾ ਹੈ ਤਿਵੇਂ ਗੁਰੂ ਜੀ ਦਾ ਦਰਸ਼ਨ) ਚਕ੍ਰਵਾਕ ਸਮਾਨ (ਵਾਹਿਗੁਰੂ ਤੋਂ ਵਿੱਛੁੜੇ) ਸ੍ਰੇਸ਼ਟ ਦਾਸਾਂ (ਜਗਜਾਸੂਆਂ ਦੇ ਬਿਰਹੇ ਨੂੰ ਦੂਰ ਕਰਦਾ ਹੈ।

(ਜਿਵੇਂ ਸੂਰਜ ਦੇ ਦਰਸ਼ਨ) ਤਾਰਿਆਂ ਦੇ ਝੁੰਡ ਨੂੰ (ਛਿਪਾਉਂਦੇ ਹਨ, ਤਿਵੇਂ ਸਤਿਗੁਰ ਅਮਰ ਦੇਵ ਦੇ ਦਰਸ਼ਨ) ਪਾਪਾਂ ਦੇ ਝੁੰਡਾਂ ਨੂੰ ਝਿੜਕਕੇ ਛਿਪਾ ਦੇਂਦੇ ਹਨ। (ਜਿਵੇਂ ਉਦਯ ਹੋਕੇ ਸੂਰਜ ਦਾ ਚਾਨਣ) ਪਲ ਪਲ (ਵਧਦਾ ਹੈ) ਤਿਵੇਂ ਸਤਿਗੁਰ ਅਮਰ ਦੇਵ ਦਾ) ਗਿਆਨ ਸੰਸਾਰ ਵਿਚ (ਹਰ ਛਿਨ ਵੱਧ) ਪ੍ਰਕਾਸ਼ ਕਰ (ਰਿਹਾ) ਹੈ। (ਜਿਵੇਂ ਸੂਰਜ ਦਰਸ਼ਨ ਨਾਲ) ਕੰਮੀਆਂ (ਨੂੰ ਦੁਖ ਹੁੰਦਾ ਹੈ ਤਿਵੇਂ ਗੁਰੂ ਦਰਸ਼ਨ ਨਾਲ) ਬੇਮੁਖਾਂ ਨੂੰ ਦੁਖ ਤੇ (ਜਿਵੇਂ) ਕਮਲਾਂ ਨੂੰ ਸੁਖ (ਤਿਵੇਂ) ਸਨਮੁਖਾਂ (ਨੂੰ ਸੁਖ ਪ੍ਰਾਪਤ ਹੁੰਦਾ ਹੈ)।

(ਜਿਵੇਂ ਸੂਰਜ ਨਿਯਮਤ ਗਤੀ ਅਰਥਾਤ ਬੱਧੀ ਹੋਈ) ਚਾਲ (ਵਿਚ ਨਿਤ ਟੁਰਦਾ ਹੈ) ਤਿਵੇਂ (ਗੁਰੂ ਅਮਰ ਦੇਵ ਜੀ ਅਪਣੇ ਨਿਯਮਤ ਬਿਰਦ) ਭਗਤਾਂ ਦੇ ਸਦਾ ਅਧੀਨ ਹਨ, (ਇਹ) ਜਾਣ ਲਵੋ, (ਕਿ ਸ੍ਰੀ ਗੁਰੂ) ਅਮਰ ਦੇਵ ਜੀ ਦੇ ਦਰਸ਼ਨ (ਤੇ) ਸੂਰਜ (ਦੇ ਦਰਸ਼ਨਾਂ ਦੇ) ਲੱਛਣ (ਹੋਰ)ਸਾਰੇ ਇਕੋ ਜੇਹੇ (ਹਨ) ਪਰ ਇਕ ਗੁਣ (ਸਤਿਗੁਰਾਂ ਦੇ ਦਰਸ਼ਨ ਵਿਚ) ਵਧੀਕ ਹੈ (ਕਿ ਓਹ) ਸੀਤਲ ਹੈ ਤੇ ਸੂਰਜ ਦਰਸ਼ਨ ਤਪਤ ਹੈ।

ਭਾਵ: ਅੰਕ ੫ ਵਿਚ ਜੀਕੂੰ ਵਾਧਾ ਦਿਖਾਇਆ ਸੀ ਤਿਵੇਂ ਇੱਥੇ ਸੂਰਜ-ਨਾਲੋਂ ਵਾਧਾ ਦਿਖਾਇਆ ਹੈ, ਮੁਰਾਦ ਉਹੋ ਹੈ ਕਿ ਸੂਰਜ ਦੇ ਗੁਣ ਸਹਿਜ ਸੁਭਾ ਦੇ ਹਨ ਉਸ ਦੀ

ਕੋਈ ਖੂਬੀ ਯਾ ਪ੍ਰਬੀਨਤਾ ਦੇ ਨਹੀਂ, ਤੇ ਸਤਿਗੁਰ ਦੇ ਗੁਣ ਆਤਮ ਮੰਡਲ ਦੇ ਕਮਾਲ ਹਨ, ਅਰ ਏਹ ਗੁਣ 'ਜੀਵਤ ਗੁਣ' ਹਨ। ਫੇਰ ਜੋ ਸੀਤਲਤਾ ਸਤਿਗੁਰ ਦਾ ਵਾਧਾ ਦੱਸਿਆ ਹੈ ਉਹ ਮਨ ਨੂੰ, ਆਤਮਾਂ ਨੂੰ, ਦੁਖੀਆਂ ਨੂੰ, ਰੋਗੀਆਂ ਨੂੰ ਪਾਉਣ ਵਾਲੀ ਠੰਡ ਹੈ।

### (ਖ) ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ-ਮੰਗਲ।

ਦੋਹਰਾ: ਰਾਮਦਾਸ ਸੁਖਰਾਸ ਪ੍ਰਭੁ ਸੇਵਕ ਤ੍ਰਾਸ ਬਿਦਾਰ।
ਪਗ ਪਰ ਮੁਰ ਪਰਣਾਮ ਹੈ ਪਰਨਾ ਸ਼ਰਨ ਵਿਚਾਰ ॥੧੧॥

ਪਦਾਂ ਦੇ ਅਰਥ: ਸੁਖਰਾਸ=ਸੁਖਾਂ ਦੀ ਪੂੰਜੀ, ਸੁਖਾਂ ਦਾ ਭੰਡਾਰ। ਤ੍ਰਾਸ=ਭੈ, ਸਹਿਮ, ਡਰ। ਬਿਦਾਰ=ਨਾਸ਼ ਕਰਨ ਵਾਲੇ, ਦੂਰ ਕਰਨ ਵਾਲੇ। ਪਗ=ਚਰਨ। ਮੁਰ=ਮੇਰੀ। ਪਰਣਾਮ=ਬੰਦਨਾ, ਨਮਸਕਾਰ। ਪਰਨਾ=ਪਰਣਾ, ਆਸਰਾ।

ਅਰਥ: ਹੇ ਪ੍ਰਭੂ (ਸ੍ਰੀ ਗੁਰੂ) ਰਾਮਦਾਸ (ਜੀ ਤੁਸੀਂ) ਸੁੱਖਾਂ ਦੇ ਭੰਡਾਰ (ਹੋ ਅਤੇ ਸੇਵਕਾਂ ਦੇ ਭੈ ਨੂੰ ਦੂਰ ਕਰਨ ਵਾਲੇ (ਹੋ), (ਆਪ ਦੀ) ਸ਼ਰਣ ਦਾ ਆਸਰਾ ਵਿਚਾਰ (ਕੇ ਆਪ ਦੇ) ਚਰਣਾਂ ਪਰ ਮੇਰੀ ਨਮਸਕਾਰ ਹੈ।

ਕਬਿੱਤ: ਪੁਸ਼ਕਰ* ਭਰੇ ਪੁਸ਼ਕਰ ਪੁਸ਼ਕਰ ਜਯੋ
ਪੇਖ ਕਰਿ ਸਸੀਕਰ ਕਰੈ ਦੁਤਿ ਹੀਨ ਹੈ।
ਪੁਖਕਰ ਹੀਨ ਦਿਨਕਰ ਕਰੇ ਛੀਨ ਤਿਸ
ਖਰ ਧਾਰੀ ਦੇਹਿ ਪਰ ਯਾਂ ਤੇ ਸੋ ਮਲੀਨ ਹੈ।
ਸੁਖਮਾ ਨਿਹਾਰ ਭੌਰ ਦਾਹਿਤਿ ਅਪਾਰ ਆਨ
ਜਾਰਤਿ ਤੁਖਾਰ, ਏਤੇ+ ਔਗੁਨ ਅਧੀਨ ਹੈ।
ਸਤਿਗੁਰੁ ਰਾਮਦਾਸ ਚਰਣ ਮੁਕਤਿ ਦੇਤਿ
ਉਪਮਾ ਕਮਲ ਕੀ ਨ ਬਨੈ ਬਿਧਿ ਹੀਨ ਹੈ ॥੧੨॥

ਪਦਾਂ ਦੇ ਅਰਥ: ਪੁਖਕਰ ਭਰੇ=ਪਾਣੀ ਨਾਲ ਭਰੇ। ਪੁਖਕਰ=ਤਲਾ, ਸਰ। ਪੁਖਕਰ=ਕਮਲ। (ਅ) ਪੁਖਕਰ ਪਦ ਦਾ ਅਰਥ ਸੂਰਜ ਬੀ ਹੈ, ਤੁਕ ਦਾ ਅਰਥ ਐਉਂ ਬੀ ਬਣਦਾ ਹੈ, ਕਮਲ ਭਰੇ ਤਲਾ ਵਿਚ, ਸੂਰਜ (ਦੀ ਨਿੱਘ ਅੱਪੜਨ ਨਾਲ) ਉਗਦਾ ਹੈ।

---

*ਪੁਸ਼ਕਰ (ਪੁਖ੍ਹਰ) ਪਦ ਦੇ ਅਰਥ ਐਤਨੇ ਕੁ ਹੈਨਛ-ਆਕਾਸ਼, ਵਾਯੂ ਮੰਡਲ, ਵਾਯੂ, ਪਾਣੀ, ਕਮਲ, ਹਾਥੀ ਦੀ ਸੁੰਡ ਦਾ ਸਿਰਾ, ਢੋਲ ਦਾ ਪੁੜਾ, ਤਲਵਾਰ ਦਾ ਫਲ, ਤਲਵਾਰ ਦੀ ਮਿਆਨ, ਇਕ ਦ੍ਵੀਪ ਦਾ ਨਾਮ, ਰਾਜਪੂਤਾਨੇ ਵਿਚ ਇਕ ਤੀਰਥ ਝੀਲ ਤੇ ਨਗਰੀ, ਤੀਰ, ਨ੍ਰਿਤਕਾਰੀ, ਜੰਗ, ਨਸ਼ਾ, ਪਿੰਜਰਾ, ਮੇਲ, ਹਿੱਸਾ। (ਪੁਖ੍ਹਰਛ) ਤਲਾ, ਝੀਲ, ਸੱਪ, ਸਾਰਸ, ਪੰਛੀ, ਇਕ ਬੀਮਾਰੀ, ਨਲ ਰਾਜੇ ਦਾ ਭਰਾ, ਸੂਰਜ, ਵਰਣ ਦਾ ਪੁੱਤ੍ਰ, ਢੋਲ, ਇਕ ਮਾੜਾ ਜੋਗ ਜਜੋਤਸ਼ ਵਿਚ, ਇਕ ਕਾਲ ਪਾਣ ਵਾਲਾ ਬੱਦਲ, ਕ੍ਰਿਸ਼ਨ ਦਾ ਨਾਮ, ਸ਼ਿਵ ਦਾ ਇਕ ਨਾਮ, ਪੁਸ਼ਕਰ ਦੀਪ ਵਿਚ ਇਕ ਪਹਾੜ ਦਾ ਨਾਮ। ਅਲੰਕਾਰ ਦੁਆਰਾ ਦਿਲ। ਬੁੱਧ ਦਾ ਇਕ ਨਾਮ, ਇਕ ਰਾਖਸ਼ ਦਾ ਨਾਮ, ਭਗਤ ਦਾ ਪੁੱਤਰ, ਸ਼ੁਨਕਸ਼ਤ੍ਰ ਵ੍ਰਿਦ ਤੇ ਦੂਰਣ ਕਸ਼ਨੀ ਦੇ ਪੁੱਤ੍ਰ ਦਾ ਨਾਮ, ਕੁਸਦੀਪ ਦੇ ਬ੍ਰਾਹਮਣਾਂ ਦਾ ਨਾਮ, ਸ਼ਿਵ ਦੀ ਇਕ ਵਹੁਟੀ ਦਾ ਨਾਮ, ਜੈਨੀਆਂ ਵਿਚ ਇਕ ਭਗਤ ਦਾ ਨਾਮ। ਆਮ ਪੰਜਾਬੀ ਵਿਚ ਪੋਖਰ-ਛੱਪੜ-ਨੂੰ ਕਹਿੰਦੇ ਹਨ।

+ਪਾਠਾਂਤ੍ਰ-ਐਸੇ-ਬੀ ਹੈ।

ਜਯੋ-ਜੰਮਦਾ ਹੈ, ਉੱਗਦਾ ਹੈ। ਪੇਖਕਰਿ=ਦੇਖਕੇ।

ਸਸੀਕਰ=[ਸਸੀ=ਚੰਦ੍ਰਮਾ। ਕਰ=ਕਰਣ।] ਚੰਦ੍ਰਮਾ ਦੀ ਕਿਰਣ।

ਦੁਤਿਹੀਨ=ਸੁੰਦਰਤਾ ਨੂੰ ਛੀਨ, ਮੁਰਾਦ ਹੈ ਕਿ ਚੰਦ ਚੜ੍ਹੇ ਕਮਲ ਮੁੰਦ ਜਾਂਦੇ ਹਨ, ਸੁੰਦਰਤਾ ਫਿਰ ਨਜ਼ਰ ਨਹੀਂ ਪੈਂਦੀ।

ਪੁਖਕਰ=ਪਾਣੀ। (ਅ) ਪੌਣ ਬੀ ਅਰਥ ਕਰਦੇ ਹਨ, ਕਿ ਸਰਦ ਹਵਾ ਯਾ ਕਰੜੀ ਲੂ ਨਾਲ ਕਮਲ ਮਰ ਜਾਂਦਾ ਹੈ।

ਹੀਨ=ਖਾਲੀ। ਦਿਨਕਰ=ਸੂਰਜ।

ਤਿਸ=ਉਸੇ ਨੂੰ, ਭਾਵ ਕਮਲ ਤੋਂ ਹੈ।

ਖਰ=ਛਾਰ, ਮਿੱਟੀ, ਖੇਹ। ਖਰ=ਦਾ ਅਰਥ ਕੰਡਾ ਬੀ ਹੈ, ਕਮਲ ਦੀ ਨਾਲ ਖੁਰਦਰੀ ਬੀ ਹੁੰਦੀ ਹੈ ਤੇ ਮੈਲੀ ਬੀ। ਅਗੇ ਪਦ 'ਯਾਂ ਤੇ' ਪਿਆ ਹੈ, ਇਸ ਕਰਕੇ ਖਰ ਦਾ ਅਰਥ 'ਛਾਰ' ਠੀਕ ਹੈ। [ਸੰਸ. ਕਯਾਰ]।

ਦੇਹਿ=ਦੇਹ ਤੋਂ ਮੁਰਾਦ ਕਮਲ ਦੀ ਨਾਲੀ ਹੈ, ਜੋ ਫੱਲ ਤੋਂ ਲੈ ਹੇਠਾਂ ਤਕ ਜਾਂਦੀ ਹੈ। ਦੇਹ ਉਤੇ ਛਾਰ ਧਾਰੀ ਹੋਈ ਹੈ।

ਸੁਖਮਾ=ਸ਼ੋਭਾ। (ਅ) ਸੁਖਮਯ=ਸੁਖਵਾਲਾ ਥਾਂ।

ਨਿਹਾਰ=ਦੇਖ ਕੇ, ਲਖਕੇ। ਸੁਖਮਾ ਨਿਹਾਰ=ਸ਼ੋਭਾ ਦੇਖਕੇ।

(ਅ) ਸੁਖਮਯ ਨਿਹਾਰ=ਸੁਖ ਵਾਲਾ ਥਾਉਂ ਲਖਕੇ।

ਦਾਹਿਤਿ=ਸਾੜਦੇ ਹਨ। ਅਪਾਰ=ਅਨੇਕ, ਬਹੁਤ।

ਜਾਰਤਿ=ਸਾੜਦੀ ਹੈ (ਬਰਫ), ਪਾਲੇ ਨਾਲ ਮੁਰਝਾ ਕੇ ਮਰ ਜਾਣ ਨੂੰ ਬੀ ਜਰਨਾ, ਜਾਰਨਾ, ਜਲਨਾ,-ਜਾਲਨਾ-ਆਖਦੇ ਹਨ।

ਤੁਖਾਰ=ਹਿਮ, ਬਰਫ, ਕੱਕਰ, ਪਾਲਾ।

ਬਿਧਿਹੀਨ=ਯੁਕਤੀ ਹੀਨ। ਨਜਾਯ ਦੇ ਨੁਕਤੇ ਤੋਂ, ਯੁਕਤੀਹੀਨ। ਮਰਯਾਦਾ ਹੀਨ। ਕਾਵ੍ਯ ਦੇ ਤ੍ਰੀਕੇ ਤੋਂ, ਮਰਯਾਦਾ ਹੀਨ।

ਅਰਥ: ਜਲ ਨਾਲ ਭਰੇ ਤਲਾ (ਵਿਚ) ਕਮਲ ਜੰਮਦਾ (ਉਗਦਾ) ਹੈ, ਤੇ ਚੰਦ੍ਰਮਾ ਦੀ ਕਿਰਨ ਨੂੰ ਵੇਖ ਕੇ (ਅਪਣੀ) ਸੁੰਦਰਤਾ ਛੀਨ ਕਰ ਲੈਂਦਾ ਹੈ (ਪਰ ਜੇ ਤਲਾ) ਜਲ ਹੀਨ (ਹੋ ਜਾਏ ਤਾਂ) ਉਸੇ (ਕਮਲ) ਨੂੰ (ਉਹੀ) ਸੂਰਜ (ਜੋ ਖਿੜਾਉਂਦਾ ਹੈ) ਛੀਨ ਕਰ ਦੇਂਦਾ ਹੈ। (ਫਿਰ ਕਮਲ ਦੀ) ਦੇਹ (ਨਾਲੀ) ਮਿੱਟੀ ਨਾਲ ਲਿਬੜੀ ਰਹਿੰਦੀ ਹੈ, ਇਸੇ ਕਰਕੇ ਸੋ (ਕਮਲ ਦੀ ਦੇਹ) ਮਲੀਨ ਹੈ। (ਫਿਰ ਕਮਲ ਦੀ) ਸ਼ੋਭਾ ਦੇਖਕੇ ਅਨੇਕਾਂ ਹੀ ਭੌਰੇ ਆਕੇ (ਇਸਦਾ ਰਸ ਚੂਸਦੇ ਤੇ ਪਰਾਗ ਉਡਾਕੇ ਮਾਨੋਂ ਇਸਨੂੰ) ਸਾੜਦੇ ਹਨ, (ਫਿਰ ਜਦ ਸਿਆਲ ਆਵੇ ਤਾਂ) ਤੁਖਾਰ (ਇਸਨੂੰ) ਸਾੜਦੀ ਹੈ, (ਸੋ ਕਮਲ ਤਾਂ) ਐਤਨੇ ਅਵਗੁਣਾਂ ਦੇ ਅਧੀਨ ਹੈ, (ਉਧਰ) ਸਤਿਗੁਰੂ ਰਾਮਦਾਸ ਜੀ ਦੇ ਚਰਣ (ਨਾ ਕੇਵਲ ਸਭ ਤਰ੍ਹਾਂ ਦੀ ਅਧੀਨਤਾ ਤੋਂ ਆਪ ਸੁਤੰਤ੍ਰ ਹਨ, ਸਗੋਂ ਔਗੁਣਾਂ ਵਿਚ ਬੱਧਿਆਂ ਨੂੰ) ਮੁਕਤੀ ਦੇਂਦੇ ਹਨ, (ਇਸ ਲਈ) ਕਮਲ ਦੀ ਉਪਮਾ (ਚਰਨਾਂ ਨਾਲ) ਨਹੀਂ ਬਣਦੀ (ਕਿਉਂਕਿ ਅਵਗੁਣਾਂ ਦੇ ਅਧੀਨ ਨੂੰ ਅਵਗੁਣਾਂ ਤੋਂ ਸੁਤੰਤਰਤਾ ਦੇਣ ਵਾਲੇ ਨਾਲ ਉਪਮਾ ਦੇਣੀ) ਯੁਕਤੀ ਹੀਨ (ਬਾਤ) ਹੈ।

ਭਾਵ: ਕਵਿ ਜੀ ਨੇ ਇਸ ਕਬਿੱਤ ਵਿਚ ਕਮਲ ਨੂੰ ਕਈ ਔਗੁਣਾਂ ਯਾ ਥੁੜਾਂ ਤੇ ਮੁਥਾਜੀਆਂ ਦੇ ਅਧੀਨ ਹੋਇਆ ਦੱਸਿਆ ਹੈ, ਤਲਾ ਤੇ ਪਾਣੀ ਦੇ ਅਧੀਨ ਹੈ, ਫੇਰ ਚੰਦ੍ਰਮਾ ਚੜ੍ਹੇ ਤਾਂ

ਮੁੰਦ ਜਾਂਦਾ ਹੈ, ਸੂਰਜ ਦੇ ਚੜ੍ਹੇ ਰਿਹਾਂ ਖਿੜਦਾ ਹੈ, ਤਾਂ ਤੇ ਸੂਰਜ ਦੇ ਅਧੀਨ ਹੈ। ਫਿਰ ਓਹੀ ਸੂਰਜ, ਜੋ ਉਸਦਾ ਆਸਰਾ ਹੈ, ਜੇ ਪਾਣੀ ਤਲਾ ਵਿਚੋਂ ਸੁੱਕੇ ਤਾਂ ਉਸਨੂੰ ਸਾੜ ਦੇਂਦਾ ਹੈ, ਤਾਂ ਤੇ ਤਲਾ ਦੇ ਪਾਣੀ ਦੀ ਅਧੀਨਤਾਈ ਨਾ ਕੇਵਲ ਜੰਮਣ ਉਗਣ ਤੇ ਮੌਲਣ ਖਿੜਣ ਲਈ ਹੈ, ਪਰ ਸੂਰਜ ਤੋਂ ਜੋ ਸੁਖ ਲੈਂਦਾ ਹੈ, ਉਸ ਲਈ ਬੀ ਪਾਣੀ ਦੇ ਅਧੀਨ ਹੈ। ਪਾਣੀ ਦਾ ਚਿਕੜ ਤੇ ਸਿਵਾਲ (ਮੈਲ) ਉਸਦੀ ਨਾਲਿ ਨੂੰ ਲੱਗੀ ਰਹਿੰਦੀ ਹੈ, ਇਸ ਤਰ੍ਹਾਂ ਉਸਦੀ ਦੇਹ ਮਹੀਨ ਹੈ। ਭੌਰੇ ਆਕੇ ਉਸਦਾ ਮਕਰੰਦ ਰਸ ਚੂਸਦੇ ਹਨ, ਪਰਾਗ ਨੂੰ ਉਡਾਉਂਦੇ ਹਨ। ਐਉਂ ਉਸਨੂੰ ਖੇਦ ਪੁਜਦਾ ਹੈ, ਇਹ ਬੀ ਅਧੀਨਤਾਈ ਹੋਈ। ਫੇਰ ਰੁਤ ਬਦਲੇ ਤੇ ਪਾਲੇ ਨਾਲ ਮਰ ਜਾਂਦਾ ਹੈ, ਸੋ ਐਸੇ ਔਗੁਣਾਂ, ਲੋੜਾਂ ਜਾਂ ਥੁੜਾਂ ਤੇ ਖੇਦਾਂ ਵਾਲੇ ਕਮਲ ਦੀ ਚਰਣਾਂ ਨਾਲ ਸ਼ੋਭਾ ਨਹੀਂ ਬਣਦੀ, ਕਿਉਂਕ ਚਰਣ ਗੁਰੂ ਰਾਮਦਾਸ ਜੀ ਦੇ ਨਾਂ ਕੇਵਲ ਥੁੜਾਂ ਤੇ ਲੋੜਾਂ ਤੋਂ ਸ੍ਵਾਧੀਨ ਹਨ, ਸਗੋਂ ਦੂਸਰਿਆਂ ਦੀਆਂ ਥੁੜਾਂ ਲੋੜਾਂ ਦੂਰ ਕਰਦੇ, ਭਵਬਾਧਾ ਵਿਚ ਬੱਝਿਆਂ ਦੀ ਬੰਦਖਲਾਸ ਕਰਦੇ ਤੇ ਮੁਕਤੀ ਦੇਂਦੇ ਹਨ।

ਸੂਚਨਾ: ਇਸ ਕਬਿੱਤ ਵਿਚ ਕਵਿ ਜੀ ਨੇ ਜੋ ਪਦਾਰਥ ਕਮਲ ਦੇ ਅਵਗੁਣਾਂ ਵਿਚ ਗਿਣੇ ਹਨ ਸੋ ਇਕ ਧ੍ਵਨੀ ਲਈ ਬੈਠੇ ਹਨ ਕਿ ਉਨ੍ਹਾਂ ਦੇ ਸਦਰਸ਼ ਜੋ ਅਵਗੁਣ ਹਨ ਉਨ੍ਹਾਂ ਤੋਂ ਸਤਿਗੁਰ ਦੇ ਚਰਣ ਨਾ ਕੇਵਲ ਸੁਤੰਤ੍ਰ ਹਨ, ਸਗੋਂ ਫਾਥਿਆਂ ਨੂੰ ਸੁਤੰਤਰਤਾ ਦੇ ਦਾਤੇ ਹਨ। ਜਿਵੇ:-

ਤਾਲ ਵਾਂਙੂ ਇਹ ਸੰਸਾਰ ਹੈ*।

ਜਲ ਵਾਂਙੂ ਸੰਸਾਰ ਦੇ ਪਦਾਰਥ ਹਨ।

ਸੂਰਜ ਵਾਂਙੂ ਸੰਸਾਰ ਦੇ ਅਨਕੂਲ ਪੁਰਖ ਹਨ।

ਚੰਦ ਵਾਂਙੂ ਸੰਸਾਰ ਦੇ ਪ੍ਰਤਿਕੂਲ ਪੁਰਖ ਹਨ।

ਖਰ ਵਾਂਙੂ ਸੰਸਾਰ ਦੇ 'ਸੁਤ ਬਿਤ ਲੋਕ'-ਅਰਥਾਤ ਕੁਟੰਬ, ਇੱਜ਼ਤ ਦੀ ਪਕੜ-ਮੈਲ ਯਾ ਕੌੜਾਵਾਕ-ਖਰ-ਕੰਡਾ ਹੈ।

ਭੌਰੇ ਵਾਂਙੂ ਸੰਸਾਰ ਦੇ ਆਰਤ ਤੇ ਸਵਾਲੀ ਲੋਕ ਹਨ। ਤੁਖਾਰ ਵਾਂਙੂ ਸੰਸਾਰ ਤੇ ਜ਼ਮਾਨੇ ਦੇ ਵਿਘਨਕਾਰੀ ਹਨ।

ਸੰਸਾਰ ਤੇ ਇਸਦੇ ਪਦਾਰਥਾਂ ਦੇ ਚਰਣ ਮੁਥਾਜ ਨਹੀਂ, ਜੋ ਸਗੋਂ ਪਦਾਰਥ ਚਰਣੀ ਲਗਦੇ ਹਨ ਓਹ ਸ਼ੁਭ ਕੰਮਾਂ ਤੇ ਦੁੱਖਾਂ ਤੋਂ ਖਲਾਸੀ ਦੇਣ ਦੇ ਕੰਮਾਂ ਪਰ ਖਰਚ ਹੁੰਦੇ ਹਨ। ਅਨਕੂਲ ਪ੍ਰਤਿਕੂਲ ਪੁਰਖ, ਸੱਜਣ, ਤੇ ਕੁਸੱਜਣ, ਚਰਨਾਂ ਨੂੰ ਬਿਕਾਸ ਤੋਂ ਮੁੰਦਣ ਨਹੀਂ ਦੇਂਦੇ, ਅਨਕੂਲ ਚਰਨ ਪਰਸ ਕੇ ਹੋਰ ਉੱਚੇ ਤੇ ਪ੍ਰਤਿਕੂਲ ਚਰਣ ਪਰਸਕੇ ਈਰਖੇ ਤੇ ਦ੍ਵੈਖ ਤੋਂ ਛੁਟਕਾਰਾ ਪਾਉਂਦੇ ਹਨ। ਸਤਿਗੁਰੂ ਜੀ ਕੁਟੰਬ ਵਿਚ ਬੈਠੇ ਹਨ, ਪਰ ਕੁਟੰਬ ਦੀ ਕਿ ਪਦਾਰਥਾਂ ਦੀ ਕਿ ਇਜ਼ਤ ਮਾਨ ਦੀ, ਕਿਸੇ ਦੀ ਬੀ ਕੋਈ ਪਕੜ ਨਹੀਂ, ਸਗੋਂ ਇਨ੍ਹਾਂ ਪਕੜਾਂ ਵਾਲੇ ਲੋਕੀ ਜੋ ਬੀ ਚਰਨ ਪਰਸਦੇ ਹਨ, ਪਕੜਾਂ ਤੋਂ ਛੁੱਟ ਕੇ ਉੱਚ ਸੁਰਤੇ ਹੋ ਜਾਂਦੇ ਹਨ। ਆਰਤ ਤੇ ਲੋੜਵੰਦ ਚਰਣਾਂ ਦੀ ਦੁਤੀ ਨੂੰ ਨਹੀਂ ਹਰਦੇ; ਸਗੋਂ ਚਰਣ ਪਰਸਕੇ ਸੁਖੀ ਤੇ ਦੁੱਖਾਂ ਤੋਂ ਆਜ਼ਾਦੀ ਪ੍ਰਾਪਤ ਕਰਦੇ ਹਨ, ਜ਼ਮਾਨੇ ਦੇ ਵਿਘਨਕਾਰੀ ਆਕੇ ਖੋਭ ਨਹੀਂ ਦੇਂਦੇ, ਵਿਘਨਕਾਰੀ ਚਰਣ ਪਰਸਕੇ ਆਪ ਵਿਘਨਾਂ ਦੀ ਬਾਣ ਤੋਂ ਛੁੱਟਕੇ ਉੱਚੇ ਹੋ ਜਾਂਦੇ ਹਨ।

*ਇਸਦੀ ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਅਧ੍ਯਾਯ ਦਾ ੨੪ਵਾਂ ਛੰਦ।

## (ਗ) ਇਸ਼੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਦੋਹਰਾ: ਸ੍ਰੀ ਅਰਜਨ ਸ਼੍ਰੋਤਾ ਅਰਜ, ਸਿਰਜਨ ਆਰਜਤਾਯ।
ਲਰਜਤਿ ਜਮ ਜਿਨ ਨਾਮ ਤੇ, ਬੰਦੋਂ* ਤਿਨ ਜੁਗ ਪਾਯ ॥੧੩॥

ਸ਼੍ਰੋਤਾ=ਸੁਣਨ ਵਾਲੇ। ਅਰਜ਼=ਬੇਨਤੀ; ਪ੍ਰਾਰਥਨਾ।ਅਰਬੀ, ਅਰਜ਼]
ਸਿਰਜਨ=ਰਚਨਹਾਰ।
ਆਰਜ=ਸਤਿਕਾਰ ਯੋਗ ਤੇ ਵਡਿਆਈ ਯੋਗ। [ਸੰਸ. ਆਰਯ]
ਆਰਜਤਾਯ=ਆਰਯਤ੍ਵ=ਵਡਿਆਈ।
ਲਰਜਤਿ=ਕੰਬਦਾ ਹੈ। [ਫਾਰਸੀ. ਲਰਜ਼ੀਦਨ=ਕੰਬਣਾ। ਲਰਜਤ, ਹਿੰਦੀ]
ਜਮ=ਯਮ, ਧਰਮਰਾਜ। ਬੰਦੋਂ=ਨਮਸਕਾਰ ਕਰਦਾ ਹਾਂ। ਜੁਗ=ਦੋਹਾਂ।

ਅਰਥ: ਸ਼੍ਰੀ (ਗੁਰੂ) ਅਰਜਨ (ਦੇਵ ਜੀ) ਬੇਨਤੀਆਂ ਦੇ ਸੁਣਨ ਵਾਲੇ (ਤੇ) ਵਡਿਆਈਆਂ ਦੇ ਰਚਣਹਾਰ ਹਨ, ਜਿਨ੍ਹਾਂ ਦੇ ਨਾਮ ਤੋਂ ਯਮ ਕੰਬਦਾ ਹੈ, (ਮੈਂ) ਉਨ੍ਹਾਂ ਦੇ ਦੋਹਾਂ ਚਰਨਾਂ ਤੇ ਨਮਸਕਾਰ ਕਰਦਾ ਹਾਂ।

ਭਾਵ: ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੀਆਂ ਬੇਨਤੀਆਂ ਦੇ ਸੁਣਨ ਵਾਲੇ ਹਨ। ਆਪਣੇ ਸਿੱਖਾਂ ਤੇ ਕ੍ਰਿਪਾਲੂ ਤੇ ਉਨ੍ਹਾਂ ਦੀ ਬ੍ਰਿਥਾ ਨੂੰ ਸੁਣਦੇ ਹਨ। ਸਾਰੀਆਂ ਬੇਨਤੀਆਂ ਲੋੜਾਂ ਤੇ ਨਿਰਭਰ ਰਖਦੀਆਂ ਹਨ। ਸਾਰੀਆਂ ਲੋੜਾਂ ਦੋ ਕਿਸਮਾਂ ਹੇਠ ਆ ਜਾਂਦੀਆਂ ਹਨ, ਇਕ ਲੌਕਿਕ ਤੇ ਦੂਜੀਆਂ ਪਾਰਲੌਕਿਕ। ਸੋ ਕਵਿ ਜੀ ਕਹਿੰਦੇ ਹਨ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਦੀਆਂ ਦੋ ਮਹਾਨ ਤਾਕਤਾਂ ਹਨ, ਇਕ ਤਾਂ ਇਹ ਕਿ ਵਡਿਆਈਆਂ ਦੇ ਰਚਣਹਾਰ ਹਨ, ਜਗਤ ਵਿਚ ਜਿਤਨੀਆਂ ਕੁ ਉਚਯਾਈਆਂ, ਵਡਿਆਈਆਂ ਅਰਥਾਤ ਲੋੜੀਂਦੀਆਂ ਗੱਲਾਂ ਹਨ ਉਨ੍ਹਾਂ ਦੇ ਰਚਣੇ ਨੂੰ ਸਮਰੱਥ ਹਨ, ਅਤੇ ਪਰਲੋਕ ਵਿਚ ਜਮ ਉਨ੍ਹਾਂ ਦਾ ਨਾਮ ਸੁਣ ਕੇ ਹੀ ਕੰਬਦਾ ਹੈ, ਇਤਨੀ ਸਮਰੱਥਾ ਉਨ੍ਹਾਂ ਦੀ ਓਥੇ ਹੈ। ਇਸ ਕਥਨ ਵਿਚ ਧੁਨੀ ਇਹ ਹੈ ਕਿ ਸਿੱਖਾਂ ਦੀਆਂ ਅਰਜ਼ਾਂ ਸੁਣਕੇ ਪੁਜਾਵਨਹਾਰ ਹਨ, ਕਿਉਂਕਿ ਲੋਕ ਤੇ ਪਰਲੋਕ ਦੋਹੀਂ ਥਾਈਂ ਓਹ ਸਮਰੱਥ ਹਨ। ਐਸੇ ਸਰਬ ਸਮਰੱਥ ਸਤਿਗੁਰ ਦੇ ਚਰਨਾਂ ਪਰ ਮੇਰੀ ਬੰਦਨਾ ਹੈ।

ਕਬਿੱਤ: ਲੋਚਨ ਬਿਲੋਕਤਿ ਨ ਚਾਹੈਂ ਚਿਤ ਆਨ ਦੁਤਿ
ਬਿਸ਼ੇ ਕੇ ਬਿਲਾਸ ਆਸ ਪਾਸਨ ਨ ਜਾਵਈ।
ਕਾਨ ਆਨ ਗਾਨ ਤਾਨ ਸੁਨੈ ਨ ਅਯਾਨ ਜਿਵ*
ਬਿਸਰਾ ਅਪਾਨ ਤਨਮਾਨ ਸੋ ਨ ਆਵਈ।
ਭਈ ਉਨਮੱਤਿ ਗਤਿ ਆਨੰਦ ਉਦਧਿ ਵਤਿ
ਚਿੱਤ ਮੈਂ ਬਿਓਗ ਤਿਸ ਕਬਹੂੰ ਨ ਭਾਵਈ।
ਜਾਨ+ ਅਰਜਨ ਪਦ ਪਦਮ ਕੋ ਦੇਖਿ ਕਰਿ
ਸਿੱਖ ਮਨ ਭੌਰ ਭਯੋ ਭ੍ਰਮਤਿ ਲੁਭਾਵਈ ॥੧੪॥

---

*ਪਾਠਾਂਤ੍ਰ -ਬੰਦੇ-ਬੀ ਹੈ।
*ਪਾਠਾਂਤ੍ਰ-ਇਵ-ਬੀ ਹੈ।
+ਪਾਠਾਂਤ੍ਰ-ਗੁਰ-ਬੀ ਹੈ।

ਪਦਾਂ ਦੇ ਅਰਥ: ਲੋਚਨ=ਨੈਣ, ਅੱਖਾਂ। ਬਿਲੋਕਤਿ=ਦੇਖਕੇ।

ਚਿਤ=ਦਿਲ, (ਅ) ਦੇਖਣਾ। ਦੁਤਿ=ਸੁੰਦਰਤਾ। ਬਿਲਾਸ-ਕਉਤਕ।

ਪਾਸਨ=ਆਸ ਪਾਸ, ਨੇੜੇ ਤੇੜੇ। ਕਿਤੇ ਪਾਠ 'ਆਸ ਪਾਸ ਨਹਿਂ' ਬੀ ਹੈ।

ਕਾਨ=ਕੰਨ। ਆਨ=ਹੋਰ। ਗਾਨ=ਗਾਉਣਾ।

ਤਾਨ=ਤਾਨਾਂ। ਰਾਗ ਦਾ ਫੈਲਾਵ ਯਾ ਪ੍ਰਸਤਾਵ।

ਅਯਾਨ ਜਿਵ=ਅਯਾਣੇ ਵਾਂਙੂ। ਬਿਸਰਾ=ਵਿਸਰ ਗਿਆ।

ਅਪਾਨ-ਆਪਾ। ਤਨਮਾਨ ਸੋ=ਦੇਹ ਅਭਿਮਾਨ ਦੀ ਸੋ (ਕਨਸੋ), ਭਾਵ ਦੇਹ ਅਭਿਮਾਨ ਦੀ ਕਨਸੋ ਕੰਨੀ ਨਹੀਂ ਪੈਂਦੀ।

ਉਨਮੱਤਿ=ਮਸਤ। ਚੜ੍ਹੀ ਸੁਰਤ ਵਾਲੀ ਦਸ਼ਾ।

ਗਤਿ=ਹਾਲਤ। ਉਦਧਿ=ਸਮੁੰਦਰ।

ਵਤਿ=ਸਮਾਨ, ਵਾਂਙੂ। ਬਿਓਗ=ਵਿਛੋੜਾ, ਵਿਛੁੜਨਾ।

ਜਾਨ=ਯਾਨ=ਤਾਰਨਹਾਰ। ਕੋਈ ਤਾਰਨਹਾਰ ਸ਼ੈ। [ਸੰਸ. ਯਾਨ]

(ਅ) ਜਾਨਕੇ, ਜਾਣਕੇ। ਅਰਜਨ=ਸ੍ਰੀ ਗੁਰੂ ਅਰਜਨ ਦੇਵ ਜੀ।

ਪਦ=ਚਰਣ। ਪਦਮ=ਕਮਲ।

ਭ੍ਰਮਤਿ=ਭਉਂਦਾ, ਦੁਆਲੇ ਫਿਰਦਾ, ਦੂਰ ਨਹੀਂ ਜਾਂਦਾ।

ਲੁਭਾਵਈ=ਲੋਭਦਾ ਹੈ, ਪਿਆਰ ਕਰਦਾ ਹੈ।

ਅਰਥ: (ਗੁਰ ਸਿੱਖ ਦੀਆਂ) ਅੱਖਾਂ (ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਰਸ਼ਨ) ਵੇਖਕੇ ਦਿਲ ਵਿਚ ਹੋਰ ਸੁੰਦਰਤਾ ਨੂੰ (ਵੇਖਣਾ) ਨਹੀਂ ਚਾਹੁੰਦੀਆਂ, (ਭਾਵੇਂ) ਆਸੇ ਪਾਸਿਆਂ ਵਲ ਵਿਸ਼ਿਆਂ ਦੇ ਕੌਤਕ (ਪਏ ਹੋਣ, ਅੱਖਾਂ ਉਧਰ ਬੀ) ਨਹੀਂ ਜਾਂਦੀਆਂ। (ਗੁਰ ਸਿਖ ਦੇ) ਕੰਨ (ਉਨ੍ਹਾਂ ਦਾ ਬਚਨ ਸੁਣਕੇ) ਹੋਰ ਤਾਨਾਂ ਤੇ ਗਾਉਣਾਂ ਨੂੰ ਬਾਲਕਾਂ ਵਾਂਙੂ ਨਹੀਂ ਸੁਣਦੇ, (ਉਨ੍ਹਾਂ ਨੂੰ) ਆਪਾ ਭੁੱਲ ਗਿਆ ਹੈ, ਤੇ ਦੇਹ ਅਭਿਮਾਨ ਦੀ ਸੋ (ਭੀ ਉਨ੍ਹਾਂ ਨੂੰ) ਨਹੀਂ ਆਉਂਦੀ।

(ਗੁਰ ਸਿੱਖਾਂ ਦੇ ਮਨ ਦੀ) ਗਤੀ ਮਸਤੀ ਵਾਲੀ ਹੋ ਗਈ ਹੈ ਅਰ ਸਮੁੰਦਰ ਵਾਂਙੂ (ਅਪਾਰ) ਆਨੰਦ (ਉਨ੍ਹਾਂ ਦੇ ਅੰਦਰ ਉਛਾਲੇ ਲੈਂਦਾ ਹੈ); (ਐਸਾ ਕਿ) ਉਸ (ਅਵਸਥਾ) ਤੋਂ ਵਿਛੜਨਾ (ਉਨ੍ਹਾਂ ਦੇ) ਚਿਤ ਨੂੰ ਕਦੇ ਨਹੀਂ ਭਾਉਂਦਾ।

ਸਿੱਖ ਦਾ ਮਨ ਤਾਰਨਹਾਰ (ਗੁਰੂ) ਅਰਜਨ (ਦੇਵ ਜੀ ਦੇ) ਚਰਣਾਂ ਕਮਲਾਂ ਨੂੰ ਦੇਖਕੇ ਭੌਰੇ (ਵਤ) ਪ੍ਰੇਮੀ ਹੋਕੇ (ਉਨ੍ਹਾਂ ਦੇ) ਦੁਆਲੇ ਘੁੰਮਦਾ ਹੈ*।

### (ਘ) ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਗੋਵਿੰਦ ਜੀ-ਮੰਗਲ।

ਦੋਹਰਾ: ਸ੍ਰੀ ਗੁਰੁ ਹਰਿਗੋਵਿੰਦ ਬਰ, ਸਨਧਬੱਧ ਧਰਿ ਧਜਾਨ।
ਬੰਦ ਦੋਊ ਕਰ ਬੰਦਨਾ, ਸੁੰਦਰ ਦੁਤਿ ਮਦਨਾਨ ॥੧੫॥

ਬਰ=ਸ੍ਰੇਸ਼ਟ। (ਦੇਖੋ ਪਿੱਛੇ, ਪੰਨਾ ੨੧ ਦੇ ਚਿੰਨ੍ਹ+ ਦੀ ਟੂਕ)।

---

*ਇਉਂ ਬੀ ਅਰਥ ਲਗਦਾ ਹੈ, ਕਿ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਕਮਲਾਂ ਨੂੰ ਦੇਖ ਕੇ ਸਿੱਖ ਦਾ ਮਨ ਭੌਰੇ ਵਤ ਦੁਆਲੇ ਭੌਂਦਾ ਹੈ, (ਤੇ) ਕਲਪ ਬ੍ਰਿੱਛ (ਵਾਕਰ) ਜਾਣਕੇ (ਉਸ ਤੇ) ਲੁਭਾਇਮਾਨ ਹੋ ਰਿਹਾ ਹੈ। ਇੱਥੇ 'ਅਰਜਨ' ਦੇਹੁਰੀ ਦੀਪਕ ਤੇ ਸ਼ਲੇਖ ਹੈ।

+ਐਉਂ ਬੀ ਅਰਥ ਕਰਦੇ ਹਨ: ਸਿੱਖ ਮਨ ਗੁਰੂ ਜੀ ਦੇ ਚਰਣਾਂ ਨੂੰ ਕਮਲ (ਜਾਨ) ਸਮਝਕੇ ਦੇਖਦਾ ਹੈ, (ਦੇਖਦੇ ਸਾਰ) ਭੌਰਾ ਹੋ ਕੇ ਉਨ੍ਹਾਂ ਦੇ ਹੀ ਦੁਆਲੇ ਘੁੰਮਦਾ ਹੈ।

ਸਨਧਬੱਧ=ਤਜਾਰਬਰਤਜਾਰ, ਸ਼ਸਤ੍ਰ ਬਸਤ੍ਰ ਸਜੇ ਸਜਾਏ ਹੋਏ। [ਸੰਸ. ਸਨ੍ਦ੍]

ਦੋਊ ਕਰ=ਦੋਵੇਂ ਹਥ। ਦੁਤਿ=ਕ੍ਰਾਂਤੀ, ਸੁਹਣੱਪ, ਆਭਾ।

ਮਦਨਾਨ=ਮਦ+ਨਾਨ=ਮਦ ਨਹੀਂ ਰਹਿੰਦਾ। (ਅ) ਮਦਨਾ+ਨ=ਕਾਮਦੇਵ ਦੀ ਦੁਤਿ ਓਹਨਾਂ ਦੀ ਸੁੰਦਰਤਾ ਨੂੰ ਨਹੀਂ ਪੁੱਜ ਸਕਦੀ। ਕਿਉਂਕਿ ਉਸ ਦੀ ਸੁੰਦਰਤਾ ਸ਼ਰੀਰਕ ਹੈ, ਗੁਰੂ ਜੀ ਦੀ ਸਤੋਗੁਣੀ ਤੇ ਰੂਹਾਨੀ ਹੈ।

ਅਰਥ: ਸ੍ਰੀ ਗੁਰੂ ਹਰਗੋਵਿੰਦ (ਜੀ ਨੂੰ ਜੋ ਹਰ ਪਹਿਲੂ ਤੋਂ) ਸ੍ਰੇਸ਼ਟ (ਹਨ) (ਉਨ੍ਹਾਂ ਦੀ) ਸਨੰਧਬੱਧ (ਮੂਰਤੀ ਦਾ) ਧਿਆਨ ਧਰਕੇ (ਜਿਸ ਮੂਰਤੀ ਦੇ ਸਾਹਮਣੇ ਕਿ) ਸੁੰਦਰਤਾ ਦੀ ਆਭਾ ਦਾ ਬੀ ਮਦ ਨਹੀਂ ਰਹਿੰਦਾ (ਮੈਂ) ਦੋਵੇਂ ਹੱਥ ਜੋੜ ਕੇ ਮੱਥਾ ਟੇਕਦਾ ਹਾਂ।

ਕਬਿੱਤ: ਅਮਲ ਕਮਲ ਜੈਸੇ ਕੈਸੇ ਕਹੌਂ ਪਦ ਜੁਗ
ਰਜਨੀ ਮੈਂ ਆਨ ਗਤਿ ਹੋਤਿ ਜਿਨ ਬਾਨ ਹੈ।
ਜਾਨਿਯੇ ਸੰਤਾਨ ਕੇ ਸਮਾਨ ਬਨੈ ਅਨਬਨ
ਦਾਨੀ ਮਨ ਕਾਮਨਾ ਨ ਦਾਨੀ ਮੋਖ ਗ੍ਯਾਨ ਹੈ।
ਚਿੰਤਾਮਨਿ ਜੈਸੇ ਨਖ ਭਾਖੇ ਨ ਪਰਤਿ ਮੁਖ
ਮੋਹ ਨ ਮਿਟਾਵੈ ਦੁਖ ਜਾਨਤਿ ਜਹਾਨ ਹੈ।
ਸ੍ਰੀ ਹਰਿਗੋਵਿੰਦ ਪਦ ਆਨੰਦ ਕੇ ਕੰਦ ਜੋਊ
ਉਪਮੇਯ* ਆਪ ਪੁਨ ਆਪੇ ਉਪਮਾਨ ਹੈਂ ॥੧੬॥

ਅਮਲ=ਨਿਰਮਲ, ਮੈਲ ਤੋਂ ਰਹਿਤ। ਪਦ ਜੁਗ=ਦੋਵੇਂ ਚਰਣ।

ਰਜਨੀ=ਰਾਤ। ਆਨ ਗਤਿ-ਉਲਟ ਗਤਿ, ਦਿਨ ਵੇਲੇ ਖਿੜਦਾ ਹੈ ਰਾਤਿ ਨੂੰ ਇਸ ਤੋਂ ਉਲਟਗਤਿ ਭਾਵ ਬੰਦ ਹੋ (ਮੁੰਦਿਆ) ਜਾਂਦਾ ਹੈ।

ਸੰਤਾਨ=ਕਲਪ ਬ੍ਰਿੱਛ।

ਕਾਮਨਾ=ਮਨ ਦੀ ਕਾਮਨਾ, ਇੱਛਾ, ਸੰਸਾਰਕ ਲੋੜਾਂ ਦੀ ਮੰਗ।

ਚਿੰਤਾਮਨਿ=ਇਕ ਪ੍ਰਕਾਰ ਦਾ ਰਤਨ, ਜੋ ਜਿਸਦੇ ਪਾਸ ਹੋਵੇ ਉਸਦੇ ਚਿੰਤਨ ਕੀਤੇ ਸੰਸਾਰਕ ਪਦਾਰਥ ਦੇ ਦਿੰਦਾ ਹੈ। ਨਖ=ਨਹੁੰ।

ਭਾਖੇ-ਕਹੇ, ਆਖੇ। ਭਾਖੇ ਨ ਪਰਤਿ ਮੁਖ=ਮੂੰਹੋਂ ਨਹੀਂ ਆਖੇ ਜਾਂਦੇ।

ਕੰਦ=ਫਲ। ਧਰਤੀ ਵਿਚੋਂ ਨਿਕਲਣ ਵਾਲੇ ਖਾਣੇ ਯੋਗ ਫਲ। (ਅ) ਬੱਦਲ।ਕੰ=ਪਾਣੀ, ਦ=ਦਾਤਾ]। ਆਨੰਦ ਕੰਦ=ਮੁਰਾਦ ਹੈ ਆਨੰਦ ਦੇ ਦਾਤਾ।

ਉਪਮੇਯ=ਜਿਸਨੂੰ ਉਪਮਾ ਦੇਵੀਏ।

ਉਪਮਾਨ=ਜਿਸਦੀ ਉਪਮਾ ਦੇਵੀਏ, ਜੀਕੂੰ ਕਮਲ ਉਪਮਾਨ ਤੇ ਚਰਨ ਉਪਮੇਯ ਹਨ।

ਅਰਥ: (ਸ੍ਰੀ ਹਰਿਗੋਵਿੰਦ ਜੀ ਦੇ) ਦੋਹਾਂ ਨਿਰਮਲ ਚਰਨਾਂ ਨੂੰ ਕਮਲਾਂ ਵਰਗੇ ਕਿਸ ਤਰ੍ਹਾਂ ਆਖਾਂ, ਜਿਨ੍ਹਾਂ (ਕਮਲਾਂ) ਨੂੰ ਰਾਤ ਵੇਲੇ ਉਲਟ ਗਤੀ ਵਾਲਾ ਹੋ ਜਾਣੇ ਦੀ ਬਾਣ ਹੈ। (ਜੇ ਚਰਨਾਂ ਨੂੰ) ਕਲਪ ਬ੍ਰਿਛ ਦੇ ਤੁੱਲ ਜਾਣੀਏਂ ਤਾਂ (ਇਹ ਗਲ ਬੀ) ਨਹੀਂ ਬਣਦੀ (ਕਿਉਂਕਿ ਕਲਪ ਬ੍ਰਿੱਛ) ਮਨ ਦੀਆਂ ਕਾਮਨਾ ਦਾ ਦੇਣਹਾਰਾ ਹੈ, ਗ੍ਯਾਨ (ਤੇ) ਮੁਕਤੀ

---

*ਪਾਠਾਂਤ੍ਰ-ਉਪਮਾਈ-ਬੀ ਹੈ।

ਦਾ ਦਾਤਾ ਨਹੀਂ ਹੈ। (ਗੁਰੂ ਜੀ ਦੇ ਚਰਨਾਂ ਦੇ) ਨਹੁੰ ਚਿੰਤਾਮਣਿ ਵਰਗੇ (ਬੀ) ਮੂੰਹੋਂ ਆਖੇ ਨਹੀਂ ਜਾਂਦੇ, (ਕਿਉਂਕਿ ਚਿੰਤਾਮਣਿ) ਮੋਹ ਦਾ ਦੁਖ ਨਹੀਂ ਮਿਟਾਉਂਦੀ, (ਇਹ ਗਲ) ਜਗਤ ਜਾਣਦਾ ਹੈ। ਸ੍ਰੀ (ਗੁਰੂ) ਹਰਗੋਬਿੰਦ ਜੀ ਦੇ ਚਰਣ ਜੋ ਆਨੰਦ ਦੇ ਦਾਤਾ ਹਨ (ਓਹ) ਆਪੇ ਹੀ ਉਪਮੇਯ ਹਨ (ਤੇ) ਫਿਰ ਆਪੇ ਹੀ ਉਪਮਾਨ ਹਨ, (ਅਰਥਾਤ ਅਪਣੇ ਵਰਗੇ ਆਪ ਹੀ ਹਨ)।

ਭਾਵ: ਇਸ ਕਬਿੱਤ ਵਿਚ ਕਵਿ ਜੀ ਸ੍ਰੀ ਗੁਰੂ ਹਰਗੋਵਿੰਦ ਜੀ ਦੇ ਪਵਿੱਤ੍ਰ ਚਰਣਾਂ ਨੂੰ ਕਮਲ, ਕਲਪ ਬ੍ਰਿੱਛ ਤੇ ਚਿੰਤਾਮਣਿ ਨਾਲ ਉਪਮਾ ਦੇਕੇ ਉਨ੍ਹਾਂ ਨੂੰ ਨੀਵਾਂ ਦੱਸਦੇ ਹੈਨ। ਕਮਲ ਦਿਨ ਨੂੰ ਖਿੜਦਾ ਤੇ ਰਾਤ ਨੂੰ ਖੇੜੇ ਦੇ ਉਲਟ ਗਤੀ ਵਾਲਾ (ਬੰਦ) ਹੋ ਜਾਂਦਾ ਹੈ। ਪਰ ਸ੍ਰੀ ਗੁਰੂ ਹਰਗੋਵਿੰਦ ਜੀ ਦੇ ਚਰਣਾਂ ਦਾ ਧਿਆਨ ਚਾਹੇ ਦਿਨੇ ਕਰੋ ਚਾਹੇ ਰਾਤੀ, ਚਾਹੇ ਸਵੇਰੇ ਕਰੋ ਚਾਹੇ ਸੰਝਾਂ ਸਮੇਂ, ਓਹ ਸਦਾ ਖੇੜਾ ਹੀ ਦਾਨ ਕਰਦੇ ਹਨ। ਇਸੀ ਤਰ੍ਹਾਂ ਕਲਪ ਬ੍ਰਿੱਛ ਮਨ ਦੇ ਵਾਂਛਤ ਪਦਾਰਥ, ਜੋ ਸੰਸਾਰਕ ਹੁੰਦੇ ਹਨ, ਉਹ ਤਾਂ ਦੇਂਦਾ ਆਖਦੇ ਹਨ, ਪਰ ਮੋਖ ਤੇ ਗਿਆਨ-ਇਨ੍ਹਾਂ ਦੋ ਪਦਾਰਥਾਂ ਦਾ ਦਾਤਾ ਉਸਨੂੰ ਕੋਈ ਨਹੀਂ ਆਖਦਾ, ਇਹੀ ਦੋ ਪਦਾਰਥ ਸਭ ਤੋਂ ਕੀਮਤੀ ਹਨ, ਤੇ ਗੁਰੂ ਜੀ ਦੇ ਚਰਣ ਅਪਣੇ ਧਿਆਨੀ ਨੂੰ ਉਸਦੇ ਨਿਜ ਸਰੂਪ ਦਾ ਗਿਆਨ ਤੇ ਮੁਕਤੀ ਦੇਂਦੇ ਹਨ। ਇਸੀ ਤਰ੍ਹਾਂ ਚਰਣਾਂ ਨੂੰ ਤਾਂ ਕੀ ਚਰਣਾਂ ਦੇ ਨੌਂਹਾਂ ਨੂੰ ਚਿੰਤਾਮਣਿ ਦੀ ਉਪਮਾ ਦੇਣੀ ਨਹੀਂ ਬਣਦੀ, ਕਿਉਂਕਿ ਮਨ ਦੇ ਚਿੰਦੜੇ ਸੰਸਾਰਕ ਪਦਾਰਥ ਤਾਂ ਓਹ ਭਾਵੇਂ ਦੇ ਸਕੇ, ਪਰ ਉਨ੍ਹਾਂ ਪਦਾਰਥਾਂ ਵਿਚ ਜੋ ਮੋਹ ਹੈ ਓਹ ਜਿਉਂ ਕਾ ਤਿਉਂ ਬਣਿਆ ਰਹਿੰਦਾ ਹੈ। ਤੇ ਗੁਰੂ ਜੀ ਦੇ ਚਰਣ ਯਾ ਚਰਣਾਂ ਦੇ ਨੌਂਹ-ਮੁਰਾਦ ਧਯਾਨ ਤੋਂ ਹੈ ਕਿ-ਧਯਾਨੀ ਨੂੰ ਮੋਹ ਦੇ ਤਪ ਤੋਂ ਠੰਢਕ ਪਾਉਂਦੇ ਹਨ। ਇਸ ਵਾਸਤੇ ਚਿੰਤਾਮਣਿ ਬੀ ਨੀਵੀਂ ਸ਼ੈ ਹੈ, ਉਪਮਾ ਦਿੱਤੇ ਜਾਣ ਦੇ ਲਾਇਕ ਨਹੀਂ ਹੈ। ਤਾਂ ਤੇ ਕਵਿ ਸੰਪ੍ਰਦਾ ਦੇ ਗਿਣੇ ਤੇ ਬੱਧੇ ਤਿੰਨੇ ਉਪਮਾਨ ਕਮਲ, ਕਲਪ, ਬ੍ਰਿੱਛ, ਚਿੰਤਾਮਣਿ, ਸ੍ਰੀ ਗੁਰੂ ਜੀ ਦੇ ਚਰਣਾਂ ਰੂਪੀ ਉਪਮੇਯ ਤੋਂ ਨੀਵੇਂ ਹਨ ਅਰ ਉਪਮਾ ਦਿੱਤੇ ਜਾਣ ਦੇ ਲਾਯਕ ਨਹੀਂ। ਇਸ ਲਈ ਗੁਰੂ ਕੇ ਚਰਣ ਆਪੇ ਉਪਮੇਯ ਹਨ ਤੇ ਆਪੇ ਉਪਮਾਨ ਹਨ।

### (ਙ) ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਦੋਹਰਾ: ਸ੍ਰੀ ਸਤਿਗੁਰ ਹਰਿਰਾਇ ਕੇ, ਨਾਇ ਧਯਾਇ ਅਘ ਜਾਇਂ।
ਕਰਿ ਪਦ ਪਰ ਪਰਣਾਮ ਕੋ, ਜਿਹ ਤੇ ਨਿਧਿ ਸਿਧਿ ਆਇ ॥੧੭॥

ਨਾਇ=ਨਾਮ। ਅਘ=ਪਾਪ। ਪਦ=ਚਰਣ।

ਪਰ=ਪਰ੍ਰੇ, ਸ੍ਰੇਸ਼ਟ। ਚਰਣ-ਦਾ ਵਿਸ਼ੇਖ਼ਣ ਹੈ।

(ਅ) ਉਪਰ, ਭਾਵ ਹੈ ਚਰਣਾਂ ਉੱਪਰ।

ਪਰਣਾਮ=ਮੱਥਾ ਟੇਕਣਾ, ਨਮਸਕਾਰ। ਕੋ=ਨੂੰ

ਨਿਧਿ ਸਿਧਿ=ਨੌਂ ਨਿਧੀਆਂ ਤੇ ਅਠਾਰਾਂ ਸਿਧੀਆਂ, ਮੁਰਾਦ ਹੈ ਸਾਰੇ ਸੁੱਖ ਤੇ ਸਾਰੀਆਂ ਤਾਕਤਾਂ।

ਨਿਧਾਂ ਦੇ ਨਾਮ=ਪਦਮ, ਮਹਾ ਪਦਮ, ਸ਼ੰਖ, ਮਕਰ, ਕਛਪ, ਮੁਕੰਦ, ਕੁੰਦ, ਨੀਲ, ਵਰਚ।

ਅਠਾਰਾਂ ਸਿੱਧੀਆਂ ਏਹ ਹਨ:- ੧. ਅਣਿਮਾਂ। ੨. ਮਹਿਮਾਂ ੩. ਲਘਮਾਂ। ੪. ਪ੍ਰਾਪਤੀ। ੫. ਪਰਕਾਮਯ। ੬. ਸਤਾ ਸਿੱਧੀ। ੭. ਬਸਿਤਾ। ੮. ਗਰਮਾ। ੯. ਅਨੂਪੀ। ੧੦. ਦੂਰ ਸ੍ਰਵਣ।

੧੧. ਦੂਰ ਦਰਸ਼ਨ। ੧੨. ਮਨੋ ਬੇਗ। ੧੩. ਕਾਮ ਰੂਪ। ੧੪. ਪਰਕਾਯ ਪ੍ਰਵੇਸ਼। ੧੫. ਸ੍ਵਛੰਦ ਮ੍ਰਿਤਜੁ। ੧੬. ਸੁਰ ਕ੍ਰੀੜਾ ਦਰਸ਼ਨ। ੧੭. ਸੰਕਲਪ। ੧੮. ਅਪ੍ਰਹਤ ਗਤਿ।

ਅਰਥ: ਸ਼੍ਰੀ ਸਤਿਗੁਰੂ ਹਰਿਰਾਇ ਜੀ ਦੇ ਨਾਮ ਧਿਆਇਆਂ ਪਾਪ (ਨੰਸ) ਜਾਂਦੇ ਹਨ, (ਤਾਂ ਤੇ ਹੇ ਮੇਰੇ ਮਨ ਉਨ੍ਹਾਂ ਦੇ) ਸ੍ਰੇਸ਼ਟ ਚਰਣਾਂ ਨੂੰ ਪਰਣਾਮ ਕਰ, ਜਿਸ ਤੋਂ (ਕਿ ਤੂੰ) ਨਿੰਧਿ ਤੇ ਸਿਧਿ ਪ੍ਰਾਪਤ ਕਰੇਂ।

ਸ੍ਵੈਯਾ: ਪੰਕ ਬਿਖੈ ਬਸਤਾ ਰਸ ਮੈਂ, ਰਸ ਊਰਧ ਕੋ ਨਿਸਰਾ ਸਰ ਸੇਰੋ।
ਗ੍ਰੀਵ ਲੌਂ ਨੀਰ ਮੈਂ ਧੀਰ ਧਰੇ, ਇਕ ਪੈਰ ਖਰੋ ਥਿਰ* ਹ੍ਵੈ ਰਵਿ ਹੇਰੋ।
ਆਤਪ ਸੀਤ ਸਹੈ ਬਰਖਾ, ਤਪ ਸਾਧਤਿ ਯਾ ਬਿਧਿ ਕ੍ਰੂਰ ਘਨੇਰੋ।
ਸ੍ਰੀ ਹਰਿਰਾਇ ਕੇ ਪਾਇ ਸਮਾਨਤਾ, ਪਾਇ ਨ ਕੰਜ ਉਪਾਇ ਬਤੇਰੋ ॥੧੮॥

ਪੰਕ=ਚਿੱਕੜ। ਰਸ=ਜਲ। ਊਰਧ ਕੋ=ਉਪਰ ਨੂੰ।

ਨਿਸਰਾ=ਨਿਸਰਿਆ ਹੈ। ਸਰਸੇਰੋ=ਕਮਲ। [ਸੰ. =ਸਰਸੀ ਰੁਹ=ਜੋ ਤਲਾ ਵਿਚੋਂ ਉੱਗੇ-ਕਮਲ। ਸਰਸ=ਤਲਾ, ਰੁਹ=ਜੋ ਉੱਗੇ]।

ਗ੍ਰੀਵ=ਗਿੱਚੀ, ਗਲ। ਥ੍ਰਿ ਹ੍ਵੈ=ਟਿਕ ਕੇ।

(ਅ) ਪਾਠਾਂਤ੍ਰ-ਖਿਰ ਹੈ-ਹੈ, ਭਾਵ-ਖਿੜ ਰਿਹਾ ਹੈ ਸੂਰਜ ਨੂੰ ਵੇਖ ਕੇ। ਰਵਿ-ਸੂਰਜ। ਹੇਰੋ-ਦੇਖਦਾ ਹੈ। ਭਾਵ ਤਾੜੀ ਲਾਈ ਹੈ।

ਆਤਪ-ਧੁੱਪ, ਗਰਮੀ। ਸੀਤ-ਪਾਲਾ। ਕ੍ਰੂਰ=ਕਰੜਾ।

ਘਨੇਰੋ=ਬਹੁਤ। ਪਾਇ=ਚਰਣ। ਪਾਇ ਨ=ਨਹੀਂ ਪਾ ਸਕਦਾ।

ਕੰਜ=ਕਮਲ। ਉਪਾਇ=ਉਪਾਉ, ਯਤਨ।

ਅਰਥ: ਕਮਲ ਚਿੱਕੜ ਵਿਚ (ਉੱਗਿਆ ਤੇ) ਪਾਣੀ ਵਿਚ ਵਸਦਾ, ਪਾਣੀ ਤੋਂ ਉੱਪਰ ਨੂੰ ਨਿੰਸਰਿਆ (ਹੈ), ਗਿੱਚੀ ਤੋੜੀ ਪਾਣੀ ਵਿਚ ਧੀਰਜ ਧਾਰ ਕੇ ਇਕ ਪੈਰ (ਦੇ ਭਾਰ) ਖੜੋਤਾ ਹੋਇਆ ਥਿਰ ਹੋ ਕੇ (ਟਕ ਬੰਨ੍ਹ ਕੇ ਯਾ ਖਿੜਕੇ) ਸੂਰਜ ਨੂੰ ਤੱਕ ਰਿਹਾ ਹੈ। ਧੁੱਪ ਪਾਲਾ, ਬਰਖਾ (ਸੱਭੋ ਕੁਛ ਸਿਰ ਤੇ) ਸਹਿੰਦਾ ਹੈ, ਇਸ ਤਰ੍ਹਾਂ ਬਹੁਤ ਕਰੜਾ ਤਪ ਸਾਧਦਾ ਹੈ, (ਪਰ ਚਾਹੋ ਉਸ ਨੇ ਐਸੇ) ਬਤੇਰੇ ਉਪਾਇ (ਕੀਤੇ ਤਦ ਬੀ ਉਹ) ਕਵਲ ਸ੍ਰੀ (ਗੁਰੂ) ਹਰਰਾਇ ਜੀ ਦੇ ਚਰਣਾਂ ਦੀ ਬਰਾਬਰੀ ਨਹੀਂ ਪਾ ਸਕਿਆ।

ਭਾਵ: ਇਸ ਵਿਚ ਕਵਿ ਜੀ ਦੀ ਚਤੁਰ ਬੁੱਧੀ, ਕਮਲ ਨੂੰ ਇਕ ਹਠ ਯੋਗੀ ਦੇ ਰੂਪਕ ਵਿਚ ਵਰਣਨ ਕਰਦੀ ਹੈ ਜੋ ਸ੍ਰੀ ਗੁਰੂ ਹਰਿਰਾਇ ਜੀ ਦੇ ਚਰਣਾਂ ਦੀ ਬਰਾਬਰੀ ਪ੍ਰਾਪਤ ਕਰਨ ਲਈ ਤਪੱਸਯਾ ਕਰ ਰਿਹਾ ਹੈ। ਤਪੱਸਯਾ ਦਾ ਵੇਰਵਾ ਜੋ ਦੱਸਦੇ ਹਨ, ਓਹੀ ਉਪਾਉ ਹਨ ਜੋ ਉਸ ਨੇ ਕੀਤੇ ਹਨ ਆਪਣੀ ਮਨੋ ਕਾਮਨਾ ਦੀ ਪ੍ਰਾਪਤੀ ਵਾਸਤੇ, ਪਰ ਉਹ ਪ੍ਰਾਪਤੀ ਉਸ ਨੂੰ ਹੋਈ ਨਹੀਂ। ਉਹ ਤਪੱਸਯਾ ਦਾ ਰੂਪਕ ਇਹ ਹੈ-ਤਲਾ ਦੇ ਚਿੱਕੜ ਵਿਚ ਇਕ ਪੈਰ ਦੇ ਭਾਰ, ਗਿੱਚੀ ਤਾਂਈ ਪਾਣੀ ਵਿਚ ਖੜੋਨਾ ਤੇ ਸਿਰ ਨੂੰ ਕੇਵਲ ਪਾਣੀ ਤੋਂ ਬਾਹਰ ਰਖਣਾ ਇਹ ਉਨ੍ਹਾਂ ਤਪੱਸਵੀਆਂ ਵਾਂਙੂ ਹੈ ਜੋ ਪਾਣੀ ਵਿਚ ਖੜੋਕੇ ਤਪ ਕਰਦੇ ਹਨ। ਫਿਰ ਐਸਾ ਖੜਾ ਹੈ ਕਿ ਧੁੱਪ ਪਾਲਾ ਬਰਖਾ ਸਭ ਉਥੇ ਹੀ ਖੜਾ ਸਹਾਰਦਾ ਹੈ, ਏਹ ਬੀ ਤਪ ਹੈ। ਫਿਰ ਐਸਾ ਟਿਕਕੇ ਖੜਾ ਹੈ ਕਿ ਸੂਰਜ ਵੱਲੇ ਤਾੜੀ

---

*ਪਾਠਾਂਤ੍ਰ ਖਿਰ।

ਲਾਈ ਰਖਦਾ ਹੈ; ਸੂਰਜ ਵੱਲ ਤਾੜੀ ਬੰਨ੍ਹਣੀ ਵੀ ਇਕ ਕਠਨ ਤਪ ਹੈ। ਮਾਨੋਂ ਇਹ ਸਾਰਾ ਉਸਦਾ ਤਪ ਚਰਣਾਂ ਦੀ ਤੁੱਲਤਾ ਪ੍ਰਾਪਤੀ ਵਾਸਤੇ ਹੈ, ਜਿਸ ਵਿਚ ਉਸਨੂੰ ਸਫਲਤਾ ਨਹੀਂ ਹੋਈ। ਕਾਰਣ ਪਿੱਛੇ ਕਈ ਵੇਰ ਦੱਸ ਆਏ ਹਨ ਕਿ ਉਸਦੀ ਸੁੰਦਰਤਾ ਸਫਲ ਸੁੰਦਰਤਾ, ਵਰ ਦਾਤੀ, ਮੁਕਤੀ ਦਾਤੀ ਨਹੀਂ ਹੋ ਸਕੀ। ਗੁਰੂ ਹਰਿਰਾਇ ਜੀ ਨੇ ਮੁਕਤੀ ਦਾਨ ਕੀਤੀ ਅਨੇਕਾਂ ਨੂੰ, ਰਾਜ ਤੇ ਸਰਦਾਰੀਆਂ ਦੇ ਵਰ ਬਖ਼ਸ਼ੇ ਅਨੇਕਾਂ ਨੂੰ।

### (ਚ) ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੋਹਰਾ: ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕੋ, ਨਿਪੁਨ ਹਰਨ ਜੁਰ ਤੀਨ।
ਚਰਨ ਮਨੋਹਰ ਬੰਦਨਾ, ਜਿਨ ਸਿੱਖਨ ਸੁਖਿ ਕੀਨ ॥੧੯॥

ਨਿਪੁਨ=ਪ੍ਰਬੀਨ। ਕੰਮ ਕਰਨ ਵਿਚ ਲਾਇਕ।
ਹਰਨ=ਹਰਲੈਣ ਵਾਲੇ; ਦੂਰ ਕਰਨ ਵਾਲੇ।
ਜੁਰ=ਤਾਪ, ਤੀਨ=ਤਿੰਨੇ। (ਦੇਖੋ ੧੧ ਪੰਨੇ ਤੇ-ਤੀਨੋ ਤਾਪ-ਦਾ ਅਰਥ)
ਮਨੋਹਰ=ਮਨ ਨੂੰ ਮੋਹ ਲੈਣ ਵਾਲੇ।

ਅਰਥ: ਸ੍ਰੀ (ਗੁਰੂ) ਹਰਿ ਕ੍ਰਿਸ਼ਨ ਜੀ ਦਾ ਦਰਸ਼ਨ ਤਿੰਨਾਂ ਤਾਪਾਂ ਦੇ ਦੂਰ ਕਰਨ ਨੂੰ ਪ੍ਰਬੀਨ ਹੈ, (ਮੇਰੀ ਉਸ ਗੁਰੂ ਹਰਿ ਕ੍ਰਿਸ਼ਨ ਜੀ ਦੇ) ਮਨ ਹਰ ਲੈਣ ਵਾਲੇ ਚਰਨਾਂ ਨੂੰ ਨਮਸਕਾਰ ਹੈ, (ਕਿ) ਜਿਨ੍ਹਾਂ (ਚਰਣਾਂ ਨੇ) ਸਿੱਖਾਂ ਨੂੰ ਸੁਖੀ ਕੀਤਾ ਹੈ।

ਭਾਵ: ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਨਾਲ ਰੋਗੀ ਰਾਜ਼ੀ ਹੁੰਦੇ ਸਨ। ਇਕੇਰਾਂ ਉਨ੍ਹਾਂ ਦੇ ਦਰਸ਼ਨ, ਚਰਣਾਂਮ੍ਰਿਤ ਅਤੇ ਚਰਣਾਂ ਦੀ ਛੁਹ ਬੇਗਿਣਤਾਂ ਨੂੰ ਅਰੋਗ ਕਰ ਗਈ ਸੀ, ਉਸ ਸ਼ਕਤੀ ਵੱਲ ਕਵਿ ਜੀ ਧਿਆਨ ਕਰਕੇ ਮੰਗਲ ਕਰ ਰਹੇ ਹਨ। ਸ੍ਰੀ ਦਸਮ ਗੁਰੂ ਜੀ ਨੇ ਵੀ ਆਪ ਦੀ ਬਾਬਤ ਉਚਾਰਣ ਕੀਤਾ ਹੈ:- 'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠਿਆਂ ਸਭ ਦੁਖਿ ਜਾਇ।'

ਕਬਿੱਤ: ਅਮਲ ਕਮਲ ਜੁਗ ਅਰੁਨ ਲਲਿਤ ਭਲ
ਤਾਂਕੇ ਦਲ ਅਵਲੀ ਸੁ ਹੀਰਨ ਕੀ ਜਟੀ ਸੀ।
ਕਿਧੌਂ ਉਡ ਪਾਂਤ ਹਿਤ ਆਪਚਿਤ ਲੋਕ ਮਾਤ
ਤਜੀ ਨਭ ਗਤਿ ਥਿਤ ਐਸੀ ਬਿਧਿ ਠਟੀ ਸੀ।
ਕਿਧੌਂ ਬਿਸ਼੍ਵਕਰਮਾਂ ਨੈ ਸ਼ੇਖ ਤੇ ਮਨਿਨ ਲੇਯ
ਕਾਂਤਿ ਹਿਤ ਖਚੀ ਬਸੈ ਰਮਾ ਸਾਜ ਕੁਟੀ ਸੀ।
ਚਰਨ ਕਮਲ ਹਰਿਕ੍ਰਿਸ਼ਨ ਅਨੂਪ ਬਨੇ
ਨਖ ਸ਼ਸ਼ਿ ਸਕਲ ਸੇ ਉਪਮਾ ਨ ਲਟੀ ਸੀ ॥੨੦॥

ਅਮਲ=ਨਿਰਮਲ। ਜੁਗ=ਦੋਵੇਂ। ਅਰੁਨ-ਲਾਲ।
ਲਲਿਤ=ਸੁੰਦਰ। ਭਲ=ਭਲੇ, ਬਹੁਤੇ, ਡਾਢੇ।
ਦਲ=ਪੱਤੇ। ਕਿਸੇ ਇਕ ਸ਼ੈ ਦੇ ਜੁੜੇ ਤੇ ਫੇਰ ਨਿਖੜਵੇਂ ਹਿੱਸੇ, ਭਾਵ-ਉਂਗਲੀਆਂ।
ਅਵਲੀ=ਪੰਗਤੀ। ਕਿਧੋਂ-ਕਿਧਰੋਂ। ਮੁਰਾਦ ਹੈ-ਮਾਨੋ, ਅਥਵਾ, ਜਾਂ।
ਉਡ-ਤਾਰਿਆਂ ਦੀ। ਪਾਂਤ=ਪੰਗਤੀ।
ਆਪਚਿਤ=ਆਪਣਾ ਭਲਾ ਚਿਤਵਕੇ। (ਅ) ਪੂਜਾ। [ਸੰਸ. ਅਪਚਿਤ]।

ਲੋਕ ਮਾਤ=ਮਾਤਲੋਕ।

ਨਭ=ਆਕਾਸ਼। ਗਤਿ=ਫਿਰਨ। (ਅ) ਐਉਂ ਵੀ ਅਰਥ ਲਾਉਂਦੇ ਹਨ:-

ਤਜੀ ਨ ਭਗਤ=ਤਾਰਿਆਂ ਨੇ ਭਗਤੀ ਨਹੀਂ ਛੱਡੀ। ਅਸਮਾਨ ਵਿਚ ਭੀ ਸਰਬ ਕੇਂਦ੍ਰਾਂ ਦੇ ਕੇਂਦ੍ਰ ਵਾਹਿਗੁਰੂ ਦੀ ਪ੍ਰਕਰਮਾਂ ਕਰਦੇ ਸਨ, ਏਥੇ ਚਰਣਾਂ ਵਿਚ ਆ ਕੇ ਹੁਣ ਭਗਤੀ ਭਾਵ ਵਿਚ ਇਸਥਿਤ ਹੋ ਗਏ ਹਨ।

ਥਿਤ=ਇਸਥਿਤੀ, ਭਾਵ ਚਰਣਾਂ ਉਤੇ ਨਹੁੰ ਬਣ ਕੇ ਆ ਟਿਕੇ ਹਨ।

ਬਿਸ਼੍ਵਕਰਮਾਂ=ਕਾਰੀਗਰੀ ਦਾ ਦੇਵਤਾ।

ਸ਼ੇਖ=ਸ਼ੇਸ਼ਨਾਗ, ਜਿਸ ਦੇ ਪਾਸ ਕਵਿ ਲੋਕ ਰਤਨ ਯਾਂ ਮਣੀਆਂ ਦਾ ਖਜ਼ਾਨਾ ਵਰਣਨ ਕਰਦੇ ਹਨ।

ਮਨਿਨ=ਮਣੀਆਂ, ਰਤਨ। ਲੇਯ=ਲੈਕੇ। ਕਾਂਤਿ=ਸੁੰਦਰਤਾ।

ਹਿਤ=ਵਾਸਤੇ। (ਅ) ਸ਼ੌਕ, ਚਾਉ, ਚਾਉ ਨਾਲ।

ਖਚੀ-ਜੜੀ ਹੈ, ਜੜਤ ਕੀਤੀ ਹੈ।

ਰਮਾ-ਲੱਛਮੀ। ਭਾਵ, ਪ੍ਰਤਾਪ, ਐਸ਼੍ਵਰਜ। ਇਸ ਵਿਚ ਧੁਨੀ ਐਉਂ ਬੀ ਕਹੀਦੀ ਹੈ, ਚਰਨ ਵਿਸ਼ਨੂੰ ਸਮਾਨ ਹਨ ਤੇ ਲੱਛਮੀ ਦਾ ਓਥੇ ਨਿਵਾਸ ਹੈ। ਅੱਨ੍ਹੈ ਐਉਂ ਹੈ... ਮਨਿਨ ਲੇਯ ਖਚੀ, ਕਾਂਤਿ ਸਾਜ ਕੁਟੀ ਸੀ, (ਤਾਂ ਮੈਂ) ਬਸੈ ਰਮਾ ਹਿਤ (ਸਿਉਂ)।

ਅਨੂਪ=ਅਨ+ਉਪਮ। ਇਸ ਤੋਂ ਹਿੰਦੀ ਰੂਪ ਹੈ ਅਨੂਪ=ਕਿਸੇ ਉਪਜਾ ਯਾ ਸਦਰਸ਼ਤਾ ਤੋਂ ਜੋ ਉੱਚਾ ਹੋਵੇ।

ਨਖ=ਨਹੁੰ। ਸ਼ਸ਼ਿ-ਚੰਦ੍ਰਮਾ। [ਸੰਸ. ਸ਼ਸ਼ਿਨ]

ਨਖ ਸ਼ਸ਼ਿ ਸਕਲ ਸੇ=ਨਖ+ਸ਼ਸ਼ਿ+ਸ਼ਕਲ+ਸੇ=

ਨਖ=ਨਹੁੰ। ਸ਼ਸ਼ਿ=ਚੰਦ੍ਰਮਾ। ਸ਼ਕਲ=ਟੁਕੜੀ। [[ਸੰਸ. ਸ਼ਕਲ=ਟੁਕੜਾ]

ਸੇ=ਵਰਗੇ। ਨਹੁੰ ਹਨ ਚੰਦ੍ਰਮਾ ਦੀਆਂ ਟੁਕੜੀਆਂ ਵਰਗੇ।

(ਅ) ਸ਼ਕਲ=ਸੂਰਤ।ਫਾ: ਸ਼ਕਲ] ਨਹੁੰ ਹਨ ਚੰਦ ਦੀ ਸੂਰਤ ਦੇ।

(ੲ) ਸਕਲ=ਸਗਲ, ਸਾਰੇ। ਸਾਰੇ ਨਹੁੰ ਚੰਦ ਜੇਹੇ ਹਨ।

(ਸ) ਸ+ਕਲ=ਸਹਤ ਕਲਾ ਦੇ। ਨਹੁੰ ਹਨ ਸਹਤ ਕਲਾ ਦੇ ਚੰਦ ਜੇਹੇ।

ਉਪਮਾਨ=ਉਪਮਾ+ਨ। ਨਹੀਂ ਹੈ ਉਪਮਾ, ਜਿਸਦੀ ਉਪਮਾ ਦੇਵੀਏ।

ਲਟੀ=ਨਿੱਕੀ, ਨਜੂਨ, ਥੋੜੀ। [ਸੰਸ. ਧਾਤੂ ਲਟ੍=ਬੱਚੇ ਵਾਂਙੂ ਬੋਲਨਾ, ਅਟਪਟੀ ਬਾਤ ਕਰਨੀ] ਮੁਰਾਦ ਹੈ ਨਜੂਨ ਜੇਹੀ, ਨੀਵੀਂ ਜੇਹੀ।

(ਅ) ਕਥਨ ਕਰਨਾ। ਨ ਲਟੀ=ਕਹਿਣਾ ਨਹੀਂ ਬਣਦਾ।

ਉਪਮਾ ਨ ਲਟੀ ਸੀ=ਏਹ ਉਪਮਾ ਦੇਣੀ ਬੱਚਿਆਂ ਵਰਗੀ ਗਲ ਕਰਨੀ ਵੀ ਨਹੀਂ ਹੈ। ਭਾਵ ਮੂਲੋਂ ਅਣਬਣ ਹੈ, ਭਾਵ ਇਹ ਉਪਮਾ ਵੀ ਨਜੂਨ ਗੱਲ ਹੈ।

**ਅਰਥ:** ਲਾਲ ਰੰਗ ਦੇ ਨਿਰਮਲ ਕਮਲ (ਵਾਂਙੂ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ) ਦੋਵੇਂ (ਚਰਣ) ਬੜੇ ਸੁੰਦਰ ਹਨ; ਉਨ੍ਹਾਂ (ਚਰਣਾਂ) ਦੀਆਂ ਉਂਗਲੀਆਂ ਉਤੇ (ਮਾਨੋਂ) ਹੀਰਿਆਂ ਦੀ ਜੜਤ ਵਰਗੀ (ਨੌਹਾਂ ਦੀ) ਪੰਕਤੀ ਹੈ। ਜਾਂ, ਤਾਰਿਆਂ ਦੀ ਪੰਕਤੀ ਨੇ ਆਪਣਾ ਭਲਾ ਚਿਤਵਕੇ ਆਕਾਸ਼ ਦਾ ਫਿਰਨਾ ਛੱਡ ਦਿੱਤਾ ਹੈ ਤੇ ਐਸੀ ਬਿਧਿ ਠਟੀ ਹੈ ਕਿ ਮਾਤ ਲੋਕ ਵਿਚ (ਸਤਿਗੁਰ ਜੀ ਦੇ ਚਰਣਾਂ ਉਤੇ ਮਾਨੋਂ ਨਹੁੰ ਬਣ ਕੇ) ਥਿਤ (ਭਾਵ ਆ ਟਿਕੇ) ਹਨ। ਜਾਂ ਵਿਸ਼੍ਵਕਰਮਾਂ ਨੇ ਸ਼ੇਸ਼ਨਾਗ ਪਾਸੋਂ ਮਣੀਆਂ ਲੈ ਕੇ (ਉਨ੍ਹਾਂ ਚਰਣਾਂ

ਉੱਤੇ) ਜੜਤ ਕੀਤੀ ਹੈ, (ਕਿ ਉਥੇ ਮਾਨੋਂ) ਸੁੰਦਰਤਾ (ਦੀ) ਕੁਟੀਆ ਬਣ (ਗਈ ਹੈ, ਜਿਸ ਵਿਚ ਕਿ ਹੁਣ) ਲੱਛਮੀ ਚਾਉ (ਨਾਲ) ਵਸਦੀ ਹੈ। (ਪ੍ਰੰਤੂ ਅਸਲ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ) ਹਰਿਕ੍ਰਿਸ਼ਨ ਜੀ ਦੇ ਚਰਨ ਕਮਲ (ਐਸੇ) ਅਨੂਪਮ ਬਣੇ ਹਨ (ਕਿ ਜਿਨ੍ਹਾਂ ਦੀ ਉਪਮਾਂ ਦੀ ਹੋਰ ਕੋਈ ਸ਼ੈ ਨਹੀਂ, ਹਾਂ ਉਨ੍ਹਾਂ ਦੇ) ਨਹੁੰ ਚੰਦ੍ਰਮਾ ਦੀਆਂ ਟੁਕੜੀਆਂ ਵਰਗੇ ਹਨ (ਪ੍ਰੰਤੂ ਇਹ) ਉਪਮਾ ਦੇਣੀ ਬੀ ਨ੍ਯੂਨ ਗਲ ਹੈ।

ਭਾਵ: ਇਸ ਵਿਚ ਕਵਿ ਜੀ ਚਰਨਾਂ ਨੂੰ ਕੰਵਲਾਂ ਦੀ ਲਾਲੀ ਨਾਲ ਸ਼ੋਭਾ ਦੇ ਕੇ ਸੁੰਦਰ ਤੇ ਮਨੋਹਰ ਦੱਸਦੇ ਹਨ ਤੇ ਲੱਛਮੀ ਦਾ ਨਿਵਾਸ ਉਨ੍ਹਾਂ ਵਿਚ ਦੱਸਦੇ ਹਨ, ਤੇ ਨੌਹਾਂ ਨੂੰ ਹੀਰਿਆਂ ਦੀ ਜੜਤ, ਤਾਰਿਆਂ ਦਾ ਉਥੇ ਆ ਕੇ ਨਿਵਾਸ ਕਰਨਾ, ਮਣੀਆਂ ਦੀ ਜੜਤ, ਆਦਿ ਉਪਮਾ ਝਿਜਕ ਕੇ ਦੇਂਦਿਆਂ ਹੋਇਆਂ ਸਿੱਟਾ ਇਹ ਕੱਢਿਆ ਹੈ ਕਿ ਉਨ੍ਹਾਂ ਦੇ ਚਰਣਾਂ ਨਾਲ ਉਪਮਾ ਕਿਸੇ ਸ਼ੈ ਦੀ ਦਿੱਤੀ ਨਹੀਂ ਜਾ ਸਕਦੀ, ਹਾਂ, ਨੌਹਾਂ ਦੀ ਸ਼ਕਲ ਚੰਦ੍ਰਮਾ ਦੀ ਟੁਕੜੀ ਨਾਲ ਮਿਲਦੀ ਹੈ, ਪਰ ਇਹ ਉਪਮਾਨ ਵੀ ਬਰਾਬਰੀ ਦਾ ਨਹੀਂ ਹੈ, ਨਹੁੰ ਦੀ ਸ਼ਕਲ () ਇਸ ਪ੍ਰਕਾਰ ਦੀ ਹੁੰਦੀ ਹੈ ਤੇ ਚੰਦ ਦੀ ਭੀ () ਇਸੇ ਤਰ੍ਹਾਂ ਦੀ।

ਸਾਰੇ ਕਬਿੱਤ ਦਾ ਆਸ਼ਯ ਇਹ ਹੈ ਕਿ ਲੱਛਮੀ-ਸੰਸਾਰਕ ਐਸ਼੍ਵਰਜ ਤੇ ਪ੍ਰਤਾਪ ਤੇ ਸਾਮਾਨਾਂ ਦੀ ਦਾਤ-ਇਨ੍ਹਾਂ ਚਰਣਾਂ ਦੇ ਧਿਆਨੀਆਂ ਨੂੰ ਮਿਲ ਸਕਦੀ ਹੈ, ਇਕ ਇਹ ਤੇ ਦੂਸਰੀ ਤਾਕਤ ਚਰਣਾਂ ਦੀ ਇਹ ਹੈ ਕਿ ਸੰਸਾਰਕ ਪਦਾਰਥਾਂ, ਮਣੀਆਂ ਹੀਰਿਆਂ, ਕਮਲਾਂ ਦੀ ਲਾਲੀ ਤੇ ਤਾਰਿਆਂ ਦੀ ਜੜਤ ਤੋਂ ਉੱਚੀ ਕਿਸੇ ਹੋਰ ਸ਼ੈ ਦਾ ਬੀ ਇਨ੍ਹਾਂ ਵਿਚ ਨਿਵਾਸ ਹੈ, ਉਹ ਸ਼ੈ ਆਤਮ ਸਤ੍ਯਾ ਰੂਹਾਨੀ ਤਾਕਤ ਹੈ; ਜੋ ਹੋਰ ਕਿਸੇ ਉਪਮਾਨ ਵਿਚ ਹੈ ਹੀ ਨਹੀਂ ਅਤੇ ਓਹ ਸਤ੍ਯਾ ਇਨ੍ਹਾਂ ਚਰਣਾਂ ਦੇ ਪ੍ਰੇਮੀਆਂ ਨੂੰ ਉਥੋਂ ਸਪਰਸ਼, ਦਰਸ਼ਨ ਯਾ ਧ੍ਯਾਨ ਨਾਲ ਐਸੀ ਮਿਲਦੀ ਹੈ ਕਿ ਸਰਬ ਤੋਂ ਸੁੰਦਰ ਆਤਮ ਰੰਗ ਦੀ ਵੰਨੀ ਚੜ੍ਹਾ ਦੇਂਦੀ ਹੈ, ਜਿਸ ਰੰਗ ਦੇ ਚੜ੍ਹਿਆਂ ਅੰਦਰ ਐਉਂ ਪ੍ਰਤੀਤੀ ਹੁੰਦੀ ਹੈ ਕਿ

ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਵਨੁ ਪਾਵਕੁ ਅਰੁ ਨੀਰੁ ॥

ਭੈਰਉ ਕਬੀਰ ਜੀਉ]

ਸੂਚਨਾ: ਅਖੀਰਲੀ ਤੁਕ ਦੇ ਹੋਰ ਅਰਥ ਵੀ ਬਣਦੇ ਹਨ।

੧. ਨਖ਼ ਸ਼ਸ਼ਿਸ ਕਲ ਸੇ=ਨਹੁੰ ਹਨ ਚੰਦ੍ਰਮਾਂ ਦੀਆਂ ਕਲਾ ਵਰਗੇ। ਕਲਾ ਚੰਦ ਦੀਆਂ ੧੬ ਹੈਨ, ਸੋਲ੍ਹਵੇਂ ਹਿੱਸੇ ਨੂੰ ਇੱਕ ਕਲਾ ਕਹਿੰਦੇ ਹਨ।

੨. ਨਖ ਸ਼ਸ਼ਿ ਸ+ਕਲ ਸੇ=ਨਹੁੰ ਹਨ ਸਾਰੀਆਂ ਕਲਾਂ ਸਹਿਤ ਚੰਦ੍ਰਮਾਂ ਵਰਗੇ।

[ਸ=ਸਾਰੀਆਂ, ਕਲ=ਕਲਾਂ]

੩. ਨਖ ਸ਼ਸ਼ਿ ਸਕਲ ਸੇ=ਨਹੁੰ ਹਨ ਸੰਪੂਰਣ ਚੰਦ੍ਰਮਾਂ ਵਰਗੇ।ਸਕਲ=ਸਾਰਾ]

੪. ਨਖ ਸ਼ਸ਼ਿ ਸ਼ਕਲ ਸੇ=ਨਹੁੰ ਹਨ ਚੰਦ੍ਰਮਾਂ ਦੀ ਸੂਰਤ ਦੇ।ਸ਼ਕਲ=ਸੂਰਤ]

੫. ਇਕ ਛਾਪੇ ਦੇ ਮੂਲ ਵਿਚ ਪਾਠ ਹੈ-ਨਖ਼ ਸਿਸ ਸਕਲ ਸੇ-ਏਸ ਪਾਠ ਨਾਲ ਅਰਥ ਐਉਂ ਲਗੇਗਾ ਕਿ-ਤ੍ਰੈ ਤੁਕਾਂ ਵਿਚ ਤਾਂ ਮੈਂ ਚਰਨਾਂ ਦੀ ਸੁੰਦਰਤਾ ਕਹੀ ਹੈ ਜੇ ਸਾਰੇ ਸਰੀਰ ਦੀ ਪੁੱਛੋ ਤਾਂ-ਨਹੁੰ ਤੋਂ ਲੈ ਕੇ ਸਿਸ (=ਸੀਸ) ਤਕ ਸਾਰੇ ਦੀ ਤਾਂ ਉਪਮਾਂ ਰੰਚਕ ਮਾਤ੍ਰ ਵੀ ਨਹੀਂ ਹੈ।

੬. ਉਪਮਾਨ ਲਟੀ ਸੀ=ਚੰਦ੍ਰਮਾਂ ਨੂੰ ਚਰਣਾਂ ਦਾ ਉਪਮਾਨ ਕਹਿਣਾ ਵੀ ਨਿਕੰਮੀ ਗੱਲ ਹੈ, ਪਰ ਇਸ ਵਿਚ ਇਕ ਸੰਸਾ ਬੀ ਹੈ, 'ਉਪਮਾਨ' ਪੁਲਿੰਗ ਹੈ ਤੇ 'ਲਟੀ ਸੀ' ਇਸਤ੍ਰੀ ਲਿੰਗ ਹੈ।

੭. ਐਉਂ ਵੀ ਪਾਠ ਹੈ 'ਨਖ ਸਸਿ ਸਕਲ ਤੇ ਉਪਮਾ ਨ ਲੁਟੀ ਸੀ' ਨਹੁੰ ਹਨ ਤਾਂ ਚੰਦ੍ਰਮਾਂ ਦੀ ਸ਼ਕਲ ਦੇ, ਭਾਵ-ਚੰਦ੍ਰਮਾਂ ਨੇ ਇਹ ਰੀਸ ਤਾਂ ਕਰ ਲਈ, ਸ਼ਕਲ ਤਾਂ ਚੁਰਾ ਲਈ ਪਰ ਚਰਣਾਂ ਦੀ ਉਪਮਾਂ (ਭਾਵ ਖ਼ੂਬਸੂਰਤੀ) ਉਹ ਨਹੀਂ ਸੀ ਲੁਟ ਸਕਿਆ, ਅਥਵਾ ਪ੍ਰਾਪਤ ਕਰ ਸਕਿਆ। ਸਾਦੇ ਪਦਾਂ ਵਿਚ ਐਉਂ ਕਿਹਾ ਜਾ ਸਕਦਾ ਹੈ ਕਿ ਚੰਦ੍ਰਮਾਂ ਚਰਣਾਂ ਦੀ ਸੁੰਦਰਤਾਈ ਦੀ ਬਰਾਬਰੀ ਦੇ ਜਤਨ ਵਿਚ ਪੂਰਾ ਨਹੀਂ ਢੁੱਕ ਸਕਿਆ।

## (ਛ) ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਦੋਹਰਾ: ਤੇਗ਼ ਬਹਾਦਰ ਧਰਮ ਧੁਜ, ਹਰਤਾ ਤੁਰਕਨ ਮੂਲ।
ਚਰਨ ਸ਼ਰਨਿ ਤਾਰਨ ਤਰਨ, ਨਮੋ ਹੋਇ ਅਨਕੂਲ ॥੨੧॥

ਧਰਮ=ਧਰਮ। ਧ੍ਵਜ=ਝੰਡਾ। ਧਰਮ+ਧ੍ਵਜ=ਜੋ ਧਰਮ ਦਾ ਝੰਡੇ ਸਰੀਖਾ ਮੂਲ ਤੇ ਅਤਿ ਜ਼ਰੂਰੀ ਆਸਰਾ ਹੋਵੇ। ਜਿਵੇਂ ਜੰਗ ਵਿਚ ਝੰਡਾ ਹੀ ਸਭ ਤੋਂ ਵੱਡਾ ਆਸਰਾ ਹੁੰਦਾ ਹੈ, ਝੰਡਾ ਗਿਰੇ ਤਾਂ ਹਾਰ ਮੰਨੀ ਜਾਂਦੀ ਹੈ। ਝੰਡੇ ਦੇ ਦੁਆਲੇ ਸੂਰਮੇ ਟੁੱਟ ਟੁੱਟ ਮਰਦੇ ਹਨ, ਭਾਵ ਹੈ ਧਰਮ ਦਾ ਮੂਲ ਆਸਰਾ, ਜੋ ਧਰਮ ਦੀ ਰਖਯਾ ਕਰੇ, ਬਚਾਵੇ।

ਹਰਤਾ=ਹਰਨ ਵਾਲੇ, ਉਖੇੜਨ ਵਾਲੇ। ਮੂਲ=ਜੜ੍ਹਾਂ

ਤਾਰਨ=ਤਾਰਨ ਨੂੰ। ਤਰਨ=ਜਹਾਜ਼।

ਨਮੋ=ਮੇਰੀ ਨਮਸਕਾਰ ਹੈ।

ਅਨਕੂਲ-ਹੋਕੇ, ਉਨ੍ਹਾਂ ਦੀ ਆਗਯਾ ਦੇ ਮੁਆਫਕ ਹੋਕੇ। ਉਨ੍ਹਾਂ ਦੀ ਸ਼ਰਨ ਦੇ ਅਨੁਸਾਰ ਹੋ ਕੇ। (ਅ) ਕ੍ਰਿਪਾਲੂ, ਭਾਵ ਓਹ ਮੇਰੇ ਤੇ ਕ੍ਰਿਪਾਲੂ ਹੋਣ।

ਅਰਥ: (ਸ੍ਰੀ ਗੁਰੂ) ਤੇਗ਼ ਬਹਾਦਰ ਜੀ ਧਰਮ ਦੀ ਧੁਜਾ (ਹਨ), (ਅਤੇ) ਤੁਰਕਾਂ ਦੀਆਂ ਜੜ੍ਹਾਂ ਦੇ ਉਖੇੜਨ ਵਾਲੇ (ਹਨ), (ਉਨ੍ਹਾਂ ਦੇ) ਚਰਣਾਂ ਦੀ ਸ਼ਰਣ (ਭਵ ਸਾਗਰ ਤੋਂ) ਤਾਰਣ ਲਈ ਜਹਾਜ਼ (ਰੂਪ ਹੈ), ਮੈਂ ਸ਼ਰਣਾਗਤ ਹੋਕੇ (ਉਨ੍ਹਾਂ ਪ੍ਰਤਿ) ਨਮਸਕਾਰ ਕਰਦਾ ਹਾਂ।

ਭਾਵ: ਕਵਿ ਜੀ ਨੌਵੇਂ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕਰਦੇ ਹਨ, ਅਰ ਉਨ੍ਹਾਂ ਦੀ ਸ਼ਰਨਾਗਤ ਹੁੰਦੇ ਹਨ। ਉਨ੍ਹਾਂ ਦੀ ਸ਼ਰਨ ਨੂੰ ਤਾਰਨੇ ਵਾਲਾ ਜਹਾਜ਼ ਆਖਦੇ ਹਨ, ਜਿਸ ਦਾ ਭਾਵ ਇਹ ਹੈ ਕਿ ਓਹ ਸਭ ਤੋਂ ਉੱਚੀ ਸ਼ੈ-ਮੁਕਤੀ-ਦੇ ਦਾਤਾ ਹਨ। ਦੂਸਰੀ ਸਿਫਤ ਉਨ੍ਹਾਂ ਦੀ ਧਰਮ ਧੁਜਾ ਦੱਸਦੇ ਹਨ, ਇਸ ਵਿਚ ਆਸ਼ਯ ਦੇਸ਼ ਤੇ ਧਰਮ ਦੇ ਉਸ ਕਸ਼ਟ ਵਲ ਹੈ ਜੋ ਹਿੰਦ ਦੀਆਂ ਸਾਰੀਆਂ ਜਾਤੀਆਂ ਨੂੰ, ਜੋ ਮੁਸਲਮਾਨ ਨਹੀਂ ਸਨ, ਵਾਪਰ ਰਿਹਾ ਸੀ। ਔਰੰਗਜ਼ੇਬ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ, ਤੀਰਥ ਢਾਹ ਰਿਹਾ ਸੀ, ਉਸ ਵੇਲੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਦ੍ਰਿੜਤਾ ਦਾ ਮਾਨੋ ਧ੍ਵਜ ਖੜੇ ਸਨ, ਸਭ ਦੇ ਈਮਾਨ ਦੀ ਟੇਕ ਉਸ ਵੇਲੇ ਇਨ੍ਹਾਂ ਦੀ ਦ੍ਰਿੜਤਾ ਸੀ। ਫੇਰ ਸੀਸ ਦਿੱਤਾ ਤਾਂ ਹੋਰ ਦ੍ਰਿੜਤਾ ਹੋ ਗਈ ਕਿ 'ਧਰ ਪਈਏ ਧਰਮ ਨਾ ਛੋੜੀਏ' ਇਹ ਅਟੱਲ ਝੰਡਾ ਖੜਾ ਕਰ ਗਏ। ਤੀਸਰੀ ਗਲ-ਹਰਤਾ ਤੁਰਕਨ ਮੂਲ-ਕਹੀ ਹੈ। ਤੁਰਕਾਂ ਦੇ ਜ਼ੁਲਮ ਦੀ ਅਵਧੀ ਉਨ੍ਹਾਂ ਦੀ ਇਲਾਹੀ ਸ਼ਹਾਦਤ ਸੀ। ਬੱਸ ਇਸ ਤੋਂ ਬਾਦ ਤੁਰਕਾਂ ਦੇ ਤੇਜ ਦਾ ਸੂਰਜ ਦੁਪਹਿਰਾਂ ਦਾ ਸ਼ਿਖਰਾ ਲੰਘ ਕੇ ਢਲ ਗਿਆ, ਤੇ ਫੇਰ ਢਹਿੰਦਾ ਹੀ ਚਲਾ ਗਿਆ, ਅੰਤ ਡੁਬ ਗਿਆ। ਮਾਨੋਂ ਉਨ੍ਹਾਂ ਦੇ ਰਾਜ

ਰੂਪੀ ਬ੍ਰਿੱਛ ਦੀ ਜੜ੍ਹ ਹੇਠੋਂ ਖੋਖਲੀ ਕਰ ਦਿੱਤੀ। ਹਰ ਲਈ=ਬ੍ਰਿੱਛ ਕੁਛ ਕਾਲ ਖੜਾ ਦਿੱਸਦਾ ਰਿਹਾ, ਪਰ ਕੁਮਲਾਂਦਾ, ਮੁਰਝਾਂਦਾ, ਪੱਤ ਸਿੱਟਦਾ, ਢਿਲਕਦਾ ਅੰਤ ਢੈ ਗਿਆ। -ਤੁਰਕਾਂ ਦੇ ਜੜ੍ਹ ਕੱਟਣ ਵਾਲੇ-ਇਹ ਗਲ ਕਵਿ ਨੇ ਸ਼ੋਭਾ ਦੀ ਇਸ ਲਈ ਕਹੀ ਹੈ ਕਿ ਤੁਰਕਾਂ ਦਾ ਰਾਜ ਉਸ ਵੇਲੇ ਹਿੰਦ ਲਈ ਬਿਆਧੀ, ਕਸ਼ਟ ਤੇ ਅਤਿ ਦੁੱਖਾਂ ਦਾ ਦਾਤਾ ਹੋ ਰਿਹਾ ਸੀ, ਸੁਖਦਾਤੇ ਦਾ 'ਸ੍ਰਿਸ਼ਟੀ ਦੇ ਵੈਰੀ ਦੀ ਜੜ੍ਹ ਨੂੰ ਕੱਟ ਦੇਣਾ' ਗਰੀਬਾਂ, ਤ੍ਰੀਮਤਾਂ, ਸਾਧੂਆਂ, ਨੇਕਾਂ ਤੇ ਦਇਆ ਕਰਨਾ ਹੈ। ਉਸ ਵੇਲੇ ਨਾ ਕੇਵਲ ਹਿੰਦੂ ਦੁਖੀ ਸਨ, ਸਗੋਂ ਸੂਫੀ ਮੁਸਲਮਾਨ ਤੇ ਬੇਨਵਾ ਆਦਿ ਹੋਰ ਫਿਰਕੇ ਬੀ; ਇੱਥੋਂ ਤਾਂਈ ਕਿ ਸਰਮੱਦ ਵਰਗੇ ਮੁਸਲਮਾਨ ਫਕੀਰ ਵੀ ਕਤਲ ਹੋ ਚੁਕੇ ਸਨ।

ਸੈਯਾ: ਬਰ ਕੀਰਤਿ ਜੌਨ੍ਹ ਅਮੀਗਤਿ ਭੌਨ,
ਸੁਸੀਤਲਤਾ ਸੁਖ ਤੌਨ ਸੁਭਾਈ।
ਗਤਿ ਸਾਧਨ ਕੈਰਵ ਕੋ ਬਿਗਸਾਵਤਿ,
ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ,
ਚਿਤੁ ਚਾਰੁ ਚਕੋਰੁ ਰਹੈ ਲਿਵ ਲਾਈ।
ਗੁਰ ਤੇਗ਼ ਬਹਾਦਰ ਸੋਹਤਿ ਚੰਦ ਸੇ,
ਹੀਨ ਕਲੰਕ ਇਹੀ ਅਧਿਕਾਈ ॥੨੨॥

ਬਰ=ਸ੍ਰੇਸ਼ਟ। ਕੀਰਤਿ=ਜਸ, ਮਹਿਮਾ, ਵਡਿਆਈ। ਜੌਨ੍ਹ-ਚਾਂਦਨੀ।

ਅਮੀ=ਅੰਮ੍ਰਿਤ। ਵੈਦਯ ਅਤੇ ਕਵੀ ਦੱਸਦੇ ਹਨ ਕਿ ਫਲਾਂ ਤੇ ਥਖਧੀ ਬੂਟੀਆਂ ਵਿਚ ਰਸਯਾ ਅੰਮ੍ਰਿਤ ਚਾਨਣੇ ਪੱਖ ਵਿਚ ਵਾਧਾ ਕਰਦਾ ਹੈ।

ਗਤਿ=ਗਤੀ, ਮੁਕਤੀ। (ਅ) ਗਤਿ ਦਾ ਅਰਥ-ਪਹੁੰਚਕੇ-ਬੀ ਲਾਉਣ ਦਾ ਯਤਨ ਕਰਦੇ ਹਨ।

ਭੌਨ=ਘਰ। ਤੌਨ=ਉਨ੍ਹਾਂ, ਮੁਰਾਦ-ਸਤਿਗੁਰ ਜੀ-ਤੋਂ ਹੈ।

ਸੁਭਾਈ=ਸ਼ੋਭਾ ਦੇ ਰਹੀ। (ਅ) ਸੁਭਾਵ ਹੈ-ਬੀ ਇਥੇ ਸੁਭਾਈ ਦਾ ਅਰਥ ਲਗਦਾ ਹੈ। ਕਿ ਗੁਰੂ ਜੀ ਵਿਚ ਸੀਤਲਤਾ ਇਕ ਉਨ੍ਹਾਂ ਦਾ ਸੁਤੇ ਸੁਭਾਵ ਹੈ।

ਗਤਿ ਸਾਧਨ=ਮੁਕਤੀ ਦੀ ਸਾਧਨਾ ਕਰਨ ਵਾਲੇ। ਇੱਥੇ 'ਸਾਧਨ' ਪਦ 'ਸਾਧੂ' ਪਦ ਦਾ ਬਹੁ ਵਚਨ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਯਾ ਹੈ:- 'ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵਲਾਉ॥' (ਅ) ਗਤਿ ਸਾਧਨ-ਦਾ ਅਰਥ ਇਹ ਬੀ ਲਗਦਾ ਹੈ-ਮੁਕਤੀ ਦੇ ਸਾਧਨ, ਭਾਵ ਦੈਵੀ ਗੁਣ, ਕਿ ਜਿਵੇਂ, ਚੰਦ ਕਮੀਆਂ ਨੂੰ ਤਿਵੇਂ ਸਤਿਗੁਰ ਜੀ ਦੈਵੀ ਗੁਣਾਂ ਨੂੰ ਖਿੜਾਉਂਦੇ ਹਨ।

ਕੈਰਵ=ਕਮੀਆਂ ਜੋ ਰਾਤ ਵੇਲੇ ਖਿੜਦੀਆਂ ਹਨ। ਚਿੱਟੇ ਕਮਲ।

ਦਾਸ ਰਿਦਾ=ਦਾਸਾਂ ਦਾ ਹ੍ਰਿਦਾ=ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰੇਮੀਆਂ ਦਾ ਦਿਲ।

ਨਭ=ਅਕਾਸ਼। ਤਪਤੰ=ਤਪਸ਼, ਗਰਮੀ। ਕਵੀਆਂ ਵਿਚ ਚੰਦ੍ਰਮਾਂ ਨੂੰ ਠੰਢਾ ਮੰਨਿਆਂ ਜਾਂਦਾ ਹੈ। ਤੀਰ=ਨੇੜੇ।

ਚਿਤ ਚਾਰ=ਦਾਸਾਂ ਦਾ ਚਿਤ=ਗੁਰੂ ਜੀ ਦੇ ਧਿਆਨੀਆਂ ਦੇ 'ਧਿਆਨ ਚਿਤ' ਤੋਂ ਮੁਰਾਦ ਹੈ। (ਅ) ਚਾਰ ਦਾ ਅਰਥ-ਚਾਰੁ-ਸੁੰਦਰ ਬੀ ਕਰ ਲੈਂਦੇ ਹਨ। ਸੁੰਦਰ ਚਿਤ ਵਾਲੇ, ਭਾਵ ਵਿਚਾਰ ਸ਼ੀਲ ਪੁਰਖ।

ਹੀਨ ਕਲੰਕ=ਕਲੰਕ ਰਹਿਤ, ਅਕਲੰਕਤਾਈ।

ਅਧਿਕਾਈ=ਵਾਧਾ, ਅਧਿਕਤਾ।

ਅਰਥ: (ਇਸ ਸ੍ਵੈਯੇ ਵਿਚ ਕਵੀ ਜੀ ਗੁਰੂ ਜੀ ਨੂੰ ਚੰਦ੍ਰਮਾ ਦੀ ਉਪਮਾ ਦੇ ਕੇ ਉਨ੍ਹਾਂ ਦਾ ਵਾਧਾ ਦਰਸਾਉਣਗੇ)।

(ਚੰਦ੍ਰਮਾ ਵਿਚ ਜਿਵੇਂ) ਚਾਂਦਨੀ (ਹੈ ਤਿਵੇਂ ਸਤਿਗੁਰ ਵਿਚ) ਉੱਤਮ ਕੀਰਤੀ
(ਚੰਦ੍ਰਮਾ ਜਿਵੇਂ) ਅੰਮ੍ਰਿਤ (ਦਾ ਨਿਵਾਸ ਹੋਕੇ ਤਿਵੇਂ ਸਤਿਗੁਰ ਜੀ)
ਮੁਕਤੀ ਦਾ ਘਰ (ਹੋਕੇ) ਸ਼ੋਭਾ ਦੇ ਰਹੇ ਹਨ।
(ਚੰਦ੍ਰਮਾ ਵਿਚ ਜਿਵੇਂ) ਸੀਤਲਤਾ (ਹੈ ਤਿਵੇਂ) ਉਨ੍ਹਾਂ ਵਿਚ ਸੁਖ
(ਚੰਦ੍ਰਮਾ ਜਿਵੇਂ) ਕਮੀਆਂ ਨੂੰ, (ਸਤਿਗੁਰ ਜੀ ਤਿਵੇਂ) ਮੁਕਤੀ ਦੇ ਸਾਧਕਾਂ ਨੂੰ ਖਿੜਾਉਂਦੇ ਹਨ।
(ਚੰਦ੍ਰਮਾ ਜਿਵੇਂ) ਅਕਾਸ਼ ਵਿਚ ਸੁਹਾਉਂਦਾ ਹੈ (ਤਿਵੇਂ ਸਤਿਗੁਰ) ਦਾਸਾਂ ਦੇ ਰਿਦੇ (ਵਿਚ ਸੁਹਾਉਂਦੇ ਹਨ)।
(ਚੰਦ੍ਰਮਾ ਦੇ) ਨੇੜੇ (ਜਿਵੇਂ) ਤਪਤ ਨਹੀਂ ਆਉਂਦੀ (ਤਿਵੇਂ ਸਤਿਗੁਰ ਜੀ ਦੇ ਨੇੜੇ) ਦੁਖ (ਨਹੀਂ ਆਉਂਦਾ)।
(ਚੰਦ੍ਰਮਾ ਵਲ ਜਿਵੇ,) ਚਕੋਰ ਲਿਵ ਲਾਈ ਰੱਖਦਾ ਹੈ (ਤਿਵੇਂ ਸਤਿਗੁਰ ਜੀ ਵਲ) ਸੇਵਕ ਹ੍ਰਿਦੇ (ਨੇ ਲਿਵ ਲਾਈ ਹੈ)।
ਗੁਰੂ ਤੇਗ਼ ਬਹਾਦਰ ਜੀ ਚੰਦ ਵਾਂਙੂ ਸੁਹਾ ਰਹੇ ਹਨ, (ਪਰ ਚੰਦ੍ਰਮਾ ਵਿਚ ਕਲੰਕ ਲਗਾ ਖੜਾ ਹੈ ਤੇ ਸਤਿਗੁਰ ਜੀ ਕਲੰਕ ਤੋਂ ਰਹਿਤ ਹਨ) ਇਹੋ ਅਕਲੰਕਤਾ (ਹੀ) ਵਾਧਾ ਹੈ।

ਭਾਵ: ਮੁਕਾਬਲੇ ਵਿਚ ਸਤਿਗੁਰ ਦੇ ਗੁਣ ਚੰਦ੍ਰਮਾਂ ਦੇ ਗੁਣਾਂ ਦੇ ਤੁੱਲ ਦੱਸਦਿਆਂ ਬੀ ਉਨ੍ਹਾਂ ਦੀ ਸਫਲਤਾ ਅਰ ਜੀਵੱਤ ਗੁਣਾਂ ਦੇ ਘਰ ਹੋਣ ਦਾ ਵਾਧਾ ਦਿੱਸ ਰਿਹਾ ਹੈ, ਪਰ ਸਫੁਟ ਵਾਧਾ ਚੰਦ੍ਰਮਾਂ ਵਿਚ ਦਾਗ਼ਾਂ ਦਾ ਤੇ ਗੁਰੂ ਜੀ ਦੇ ਜੀਵਨ ਨਿਰਦੋਖਤਾ ਦਾ ਕਵਿ ਜੀ ਦੱਸਕੇ ਚੰਦ੍ਰਮਾਂ ਦੀ ਉਸ ਪੌਰਾਣਕ ਕਥਾ ਵਲ ਬੀ ਧ੍ਵਨੀ ਸੱਟਦੇ ਹਨ ਕਿ ਜਿਸ ਵਿਚ ਚੰਦ ਦੇ ਆਚਰਣ ਤੇ ਬੀ ਕਲੰਕ ਹੈ।

## (ਜ) ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਵਿੰਦ ਸਿੰਘ ਜੀ-ਮੰਗਲ।

ਸ੍ਵੈਯਾ: ਹਰਿਗੋਬਿੰਦ ਨੰਦਨ ਨੰਦਨ ਕੋ,
ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੁੰਦ ਨਿਕੰਦਨ ਆਨੰਦ ਕੰਦ,
ਮੁਕੰਦ ਬਿਲੰਦ ਕਰੇ ਜਿਨ ਹਿੰਦੂ।
ਤੁਰਕਿੰਦ ਉਡਿੰਦ ਦਿਨਿੰਦ ਤਿਨੇ,
ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲੰ,
ਬਲਵੰਡ ਅਖੰਡ ਸੁਰਿੰਦਹਿ ਇੰਦੂ ॥੨੩॥

ਹਰਿ ਗੋਵਿੰਦ=ਛੀਵੇਂ ਸਤਿਗੁਰੂ ਸ਼੍ਰੀ ਗੁਰੂ ਹਰਗੋਵਿੰਦ ਜੀ।

ਨੰਦਨ=ਪੁੱਤ੍ਰ। ਨੰਦਨ ਨੰਦਨ=ਪੁੱਤ੍ਰ ਦਾ ਪੁੱਤ੍ਰ, ਅਰਥਾਤ ਪੋਤ੍ਰਾ।

ਅਭਿਬੰਦਨ ਕੈ=ਨਮਸਕਾਰ ਕਰਦਾ ਹਾਂ। ਸਤਿਕਾਰ ਨਾਲ ਮੱਥਾ ਟੇਕਦਾ ਹਾਂ।

[ਸੰਸ: ਅਭਿਵਨ੍ਰਨੰ]

ਪਦ ਜੇ ਅਰਬਿੰਦੁ=ਚਰਨ ਜੋ ਕਮਲਾਂ (ਵਾਂਙੂ ਕੂਲੇ ਤੇ ਸੁੰਦਰ ਹਨ)।

ਦੁੰਦ=ਦ੍ਵੰਦ੍ਵ। ਦੁਖ। ਉਪੱਦ੍ਰਵ। ਵਡੇ ਦੁਖ।

ਨਿਕੰਦਨ=ਨਿ+ਕੰਦਨ=ਵਿਨਾਸ਼। ਵਿਨਾਸ਼ ਕਰਨ ਵਾਲਾ। ਫਾਰਸੀ: ਕੰਦਨ=ਪੁੱਟਣਾ, ਉਖੇੜਨਾ। ਨਿਕੰਦਨ=ਚੰਗੀ ਤਰ੍ਹਾਂ ਪੁੱਟ ਸੁੱਟਣ ਵਾਲਾ।

ਕੰਦ=ਫਲ। (ਅ) ਮੇਘ, ਬੱਦਲ। ਆਨੰਦ ਕੰਦ=ਆਨੰਦ ਦਾਤਾ।

ਮੁਕੰਦ=ਮੁਕਤੀ ਦਾਤਾ। ਬੁਲੰਦ=ਉੱਚੇ। ਢੱਠੇ ਨੂੰ ਉੱਚਾ ਕਰਨਾ, ਮੁਰਾਦ ਹੈ ਗ਼ੁਲਾਮੀ ਤੋਂ ਆਜ਼ਾਦ ਕਰਨਾ।

ਤੁਰਕਿੰਦ=ਤੁਰਕ+ਇੰਦ=ਤੁਰਕਾਂ ਦਾ ਇੰਦ੍ਰ ਭਾਵ ਰਾਜਾ। ਮੁਰਾਦ-ਔਰੰਗਜ਼ੇਬ-ਤੋਂ ਹੈ, ਜੋ ਤਦੋਂ ਤੁਰਕਾਂ ਦਾ ਪਾਤਸ਼ਾਹ ਸੀ।

ਉਡਿੰਦ=ਉਡ+ਇੰਦ-ਤਾਰਿਆਂ ਦਾ ਰਾਜਾ, ਚੰਦ੍ਰਮਾ।

ਦਿਨਿੰਦ=ਦਿਨ+ਇੰਦ-ਦਿਨ ਦਾ ਰਾਜਾ, ਸੂਰਜ। ਬਿੰਦੂ=ਜਾਣਦਾ ਹੈ।

ਸਰਪਿੰਦ=ਸਰਪ+ਇੰਦ-ਸੱਪਾਂ ਦਾ ਰਾਜਾ, ਸ਼ੇਸ਼ਨਾਗ।

ਗਿਰਿੰਦ=ਗਿਰ+ਇੰਦ-ਪਹਾੜੀ ਰਾਜੇ।

ਖਗਿੰਦ=ਖਗ+ਇੰਦ-ਪੰਛੀਆਂ ਦਾ ਰਾਜਾ, ਗਰੁੜ।

ਤੁਲੰ=ਬਰਾਬਰ। ਬਲਵੰਡ ਅਖੰਡ=ਅਟੁੱਟ ਬਲ ਵਾਲੇ।

ਸੁਰਿੰਦਹਿ ਇੰਦੁ=ਸੁਰ+ਇੰਦ+ਹ+ਇੰਦੁ-ਦੇਵਤਿਆਂ ਦੇ ਇੰਦ੍ਰ ਦੇ ਵੀ ਇੰਦ੍ਰ।

ਅਰਥ: (ਸ੍ਰੀ ਗੁਰੂ) ਹਰਿਗੋਵਿੰਦ (ਜੀ ਦੇ) ਪੋਤ੍ਰੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਚਰਣਾਂ (ਪਰ) ਜੋ ਕਮਲ (ਵਰਗੇ ਕੋਮਲ ਤੇ ਸੁੰਦਰ ਹਨ, ਮੈਂ) ਸਤਿਕਾਰ ਨਾਲ ਨਮਸਕਾਰ ਕਰਦਾ ਹਾਂ।

(ਜੋ) ਦੁੱਖਾਂ (ਤੇ) ਉਪੱਦ੍ਰਵਾਂ ਦੇ ਕੱਟਣ ਵਾਲੇ (ਹਨ), ਆਨੰਦ ਦੇ ਦਾਤਾ (ਹਨ), ਮੁਕਤੀ ਦੇ ਦਾਤਾ (ਹਨ), ਜਿਨ੍ਹਾਂ ਨੇ ਹਿੰਦੂ ਉੱਚੇ ਕਰ ਦਿੱਤੇ, (ਅਤੇ) ਤੁਰਕਾਂ ਦਾ ਰਾਜਾ (ਔਰੰਗਜ਼ੇਬ ਜੋ) ਚੰਦ੍ਰਮਾ (ਦੀ ਨਿਆਈਂ ਜ਼ੁਲਮ ਦੀ ਰਾਤ ਵਿਚ ਚਮਕ ਰਿਹਾ ਸੀ) ਉਸ ਨੂੰ ਸੂਰਜ (ਹੋਕੇ ਢੁੱਕੇ, ਉਸ ਸ੍ਰੀ) ਗੁਰੂ ਗੋਬਿੰਦ ਸਿੰਘ (ਜੀ ਨੂੰ ਸਾਰਾ ਜਗਤ ਜਾਣਦਾ ਹੈ।

ਸ਼ੇਸ਼ਨਾਗ (ਵਰਗੇ) ਪਹਾੜੀ ਰਾਜਿਆਂ (ਨੂੰ ਆਪ) ਗਰੁੜ ਤੁੱਲ (ਹੋ ਕੇ ਢੁੱਕੇ), ਅਖੰਡ (ਆਪ ਦਾ) ਬਲ ਹੈ (ਤੇ ਪ੍ਰਤਾਪ ਵਿਚ) ਦੇਵਤਿਆਂ ਦੇ ਇੰਦ੍ਰ ਦੇ ਵੀ ਇੰਦ੍ਰ ਹਨ।

ਭਾਵ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣਾਂ ਪਰ ਸਤਿਕਾਰ ਭਰੀ ਨਮਸਕਾਰ ਕਰਕੇ ਮੰਗਲ ਕਰਦੇ ਹਨ, ਉਨ੍ਹਾਂ ਨੂੰ ਤੇਗ ਧਾਰੀ ਹੋਣ ਕਰਕੇ ਪਹਿਲਾਂ 'ਖੜਗਧਾਰੀ ਸ੍ਰੀ ਗੁਰੂ ਹਰਿਗੋਵਿੰਦ' ਜੀ ਦਾ ਪੋਤਾ ਕਹਿ ਕੇ ਯਾਦ ਕਰਦੇ ਹਨ। ਹਿੰਦੂ ਪੰਜ ਛੇ ਸੌ ਬਰਸ ਦੇ ਪਠਾਣਾਂ ਤੇ ਮੁਗ਼ਲਾਂ ਦੇ ਜ਼ੁਲਮ ਹੇਠ ਦਬ ਗਏ ਸਨ, ਗੁਰੂ ਜੀ ਨੇ ਤੁਰਕਾਂ ਦੇ ਪ੍ਰਤਾਪ ਨੂੰ ਮਾਤ ਕਰਕੇ ਹਿੰਦੂਆਂ ਨੂੰ ਗ਼ੁਲਾਮੀ ਤੋਂ ਛੁਡਾ ਕੇ ਖੁੱਲ੍ਹੀ ਇਨਸਾਨੀਅਤ ਦੇ ਦਰਜੇ ਦੀ ਸੁਤੰਤ੍ਰਤਾ ਦਿੱਤੀ ਤੇ ਉੱਚਾ ਕੀਤਾ। ਐਸ ਤਰ੍ਹਾਂ ਪਰਜਾ ਦੇ ਦੁਖ ਦੂਰ ਕੀਤੇ। ਔਰੰਗਜ਼ੇਬ ਵਰਗੇ ਜ਼ਾਲਮ ਤੁਰਕ ਸ਼ਾਹ ਨੂੰ, ਜਿਸ ਨੂੰ ਚੰਦ ਦੀ ਉਪਮਾ ਦਿੱਤੀ ਹੈ ਸੂਰਜ

ਹੋਕੇ ਲਗੇ। ਸੂਰਜ ਜਦ ਸਵੇਰੇ ਚੜ੍ਹਦਾ ਹੈ ਤਾਂ ਚੰਦ ਮਾਤ ਹੋ ਜਾਂਦਾ ਹੈ, ਐਉਂ ਉਸ ਦਾ ਤੇਜ ਮਾਤ ਕੀਤਾ। ਚੰਦ ਹਨੇਰੇ ਵਿਚ ਚਮਕਦਾ ਹੈ, ਐਉਂ ਉਹ ਜ਼ੁਲਮ ਦੇ ਹਨੇਰੇ ਵਿਚ ਚਮਕ ਰਿਹਾ ਸੀ। ਪਹਾੜੀ ਰਾਜੇ ਉਸ ਦੀ ਗ਼ੁਲਾਮੀ ਵਿਚ ਆਪਣੀ ਕੌਮ ਲਈ ਸਰਪ ਸਮਾਨ ਜ਼ਹਿਰੀਲੇ ਹੋ ਰਹੇ ਸਨ, ਜੋ ਆਪ ਧੀਆਂ ਮੁਗ਼ਲਾਂ ਨੂੰ ਦੇਂਦੇ, ਸ੍ਵੈ ਸਤਿਕਾਰ ਤੋਂ ਵਾਂਜੇ ਗਏ ਸੇ ਤੇ ਪਰਜਾ ਦੀ ਰਾਖੀ ਕਰਨ ਦੀ ਥਾਂ ਤੁਰਕਾਂ ਦੇ ਮਨੋਰਥ ਪੂਰੇ ਕਰਦੇ ਸੇ, ਓਨ੍ਹਾਂ ਨੂੰ ਗਰੁੜ ਹੋ ਕੇ ਲੱਗੇ, ਭਾਵ ਉਨ੍ਹਾਂ ਦੀ ਵਿਸ ਝਾੜੀ ਤੇ ਦੰਡ ਦਿੱਤੇ।

ਕਬਿੱਤ: ਕਾਂਤਿ ਕਲਿ* ਤਾਲ ਮੈਂ ਪ੍ਰਫੁੱਲਤਿ ਬਿਸਾਲ ਦਲ
ਮ੍ਰਿਦੁਲ ਮ੍ਰਿਦੁਲ ਤੁਲ ਲਾਲ ਲਾਲ ਮਾਨੀਯੇ।
ਰਾਜਤਿ ਮਰਾਲ ਰਾਜ ਸੰਤਨ ਸਮਾਜ ਪਾਸ
ਪਾਸੁ ਹੈ ਪਰਾਗ ਦਿਨ ਰੈਨ ਮੈਂ ਸੁਹਾਨੀਯੇ।
ਸ਼ਿਲੀਮੁਖ ਸਿੱਖ ਮਨ ਸੌਰਭ ਅਨੰਦ ਹੇਤੁ
ਛੋਰਤਿ ਨ ਆਸ ਪਾਸ ਸਦਾ ਸੋ ਭ੍ਰਮਾਨੀਯੇ।
ਉਦਿਕ ਕਰਮ ਛੁਇ ਸਕੈ ਨ ਭਰਮ ਮਲ
ਐਸੋ ਸ੍ਰੀ ਗੋਬਿੰਦ ਸਿੰਘ ਪਦ ਕੰਜ ਜਾਨੀਯੇ ॥੨੪॥

ਕਾਂਤਿ=ਸੁੰਦਰਤਾ। ਕਲਿ=ਕਲਜੁਗ। ਇਹ ਜ਼ਮਾਨਾ, ਭਾਵ ਸੰਸਾਰ।

ਕਾਂਤਿ ਕਲਿ ਤਾਲ=ਸੰਸਾਰ ਦੇ ਸੁੰਦਰਤਾ ਰੂਪੀ ਤਾਲ ਵਿਚ।

(ਅ) ਪਾਠਾਂਤ੍ਰ-ਕਲ=ਹੈ। ਕਲ-ਸੁਹਣਾ। ਕਾਂਤਿ ਕਲ ਤਾਲ=ਸੁੰਦਰਤਾ ਰੂਪੀ ਸੁਹਣੇ ਤਲਾ ਵਿਚ।

ਤਾਲ=ਤਲਾ, ਸਰੋਵਰ। ਬਿਸਾਲ=ਵੱਡੇ।

ਦਲ=ਪੱਤੇ। (ਅ) ਦਲ=ਫੌਜ। ਦੋਵੇਂ ਅਰਥ ਸ਼ਲੇਖ ਨਾਲ ਲਗਦੇ ਹਨ।

ਕਮਲ ਨਾਲ 'ਦਲ' ਦਾ ਅਰਥ 'ਪੱਤਾ' ਅਤੇ ਚਰਣਾਂ ਨਾਲ 'ਫੌਜਾਂ', ਪਰੰਤੂ ਕਈ ਗਯਾਨੀ 'ਬਿਸਾਲ ਦਲ' ਨੂੰ ਨਿਰਾ ਕਮਲਾਂ ਨਾਲ ਹੀ ਲਾਉਂਦੇ ਹਨ ਤੇ ਉਪਮੇਯ ਨਾਲ ਨਹੀਂ ਲਾਉਂਦੇ। ਐਉਂ ਬੀ ਅਰਥ ਕਰ ਲੈਂਦੇ ਹਨ:-ਕਿ ਜਿੱਕੂੰ ਤਾਲ ਵਿਚ ਚੌੜੇ ਪੱਤਾਂ ਵਾਲਾ ਕਮਲ ਪ੍ਰਫੁੱਲਤ ਹੈ, ਤਿਵੇਂ ਸੁੰਦਰਤਾ ਦੇ ਤਲਾ ਵਿਚ ਚਰਣ ਸ਼ੋਭਾ ਦੇ ਰਹੇ ਹਨ।

ਮ੍ਰਿਦੁਲ=ਕੋਮਲਤਾ। ਤੁਲ=ਬਰੱਬਰ, ਵਰਗੇ।

ਮਾਨੀਯੇ=ਮਾਨ ਹੈ, ਸਮਾਨ ਹੈ, ਮੁਰਾਦ ਹੈ-ਵਰਗੀ, ਤੁੱਲ। (ਅ) ਮੰਨੀ ਜਾਂਦੀ ਹੈ।

ਰਾਜਤਿ=ਬਿਰਾਜ ਰਹੇ ਹਨ। ਸੁਭਾਇਮਾਨ ਹਨ।

ਮਰਾਲਰਾਜ=[ਮਰਾਲ=ਹੰਸ। ਰਾਜ=ਰਾਜਾ, ਵਡਾ] ਰਾਜਹੰਸ। ਪਾਸੁ=ਧੂੜੀ।

ਪਰਾਗ=ਫੁੱਲਾਂ ਦੀਆਂ ਨਰ ਤੁਰੀਆਂ ਉਤੇ ਜੋ ਧੂੜਾ ਹੁੰਦਾ ਹੈ।

ਸ਼ਿਲੀਮੁਖ=ਭੌਰਾ। ਸਿੱਖ ਮਨ=ਸਿੱਖਾਂ ਦੇ ਮਨ। ਸੌਰਭ=ਸੁਗੰਧੀ।

ਹੇਤੁ=ਵਾਸਤੇ। ਆਸ ਪਾਸ=ਸਮੀਪਤਾ।

ਉਦਿਕ=ਪਾਣੀ। ਮਲ=ਮੈਲ, ਚਿੱਕੜ। ਕੰਜ=ਕਵਲ।

---

*ਚਾਰ ਨੁਸਖਿਆਂ ਵਿਚ ਪਾਠ-ਕਲਿ-ਹੈ, ਇਕ ਵਿਚ-ਕਲ-ਹੈ। 'ਕਲਿ' ਵਧੇਰੇ ਸ਼ੁੱਧ ਜਾਪਦਾ ਹੈ।

ਅਰਥ: (ਗੁਰੂ ਜੀ ਦੇ ਚਰਣਾਂ ਨੂੰ ਕਮਲਾਂ ਨਾਲ ਉਪਮਾ ਦੇਂਦੇ ਹਨ ਕਿ ਜਿਸ ਤਰ੍ਹਾਂ ਕਿਸੇ) ਤਲਾਉ ਵਿਚ ਵਡਿਆਂ ਪੱਤਿਆਂ (ਸਹਿਤ ਕਮਲ) ਪ੍ਰਫੁੱਲਤ ਹੋ ਰਿਹਾ ਹੈ (ਤਿਵੇਂ ਵਡੀਆਂ ਫੌਜਾਂ ਸਹਿਤ, ਗੁਰੂ ਜੀ ਦੇ ਚਰਣ ਕਮਲ) ਸੁਹਣੇ ਸੁੰਦਰਤਾ (ਰੂਪੀ ਤਾਲ ਵਿਚ ਪ੍ਰਫੁੱਲਤ ਹੋ ਰਹੇ ਹਨ), (ਕਮਲਾਂ ਦੀ) ਕੋਮਲਤਾਈ ਵਰਗੀ (ਚਰਣਾਂ ਦੀ) ਕੋਮਲਤਾਈ (ਹੈ, ਅਤੇ ਕਮਲਾਂ ਦੀ) ਲਾਲੀ (ਵਰਗੀ) (ਚਰਣਾਂ ਦੀ) ਲਾਲੀ ਹੈ।

(ਕਮਲ ਵਾਲੇ ਤਾਲ ਉਤੇ) ਰਾਜ ਹੰਸ ਸ਼ੋਭ ਰਹੇ ਹਨ (ਗੁਰੂ ਜੀ) ਪਾਸ ਸੰਤਾਂ ਦਾ ਸਮਾਜ (ਸ਼ੋਭ ਰਿਹਾ ਹੈ), (ਕਮਲ ਉਤੇ) ਪਰਾਗ ਹੈ (ਸਤਿਗੁਰ ਜੀ ਦੇ ਭਗਤ ਵੱਛਲਤਾ ਦੇ ਬਿਰਦ ਪਾਲਣਾ ਕਰਨ ਲਈ ਭਗਤਾਂ ਦੀ ਸਹਾਯਤਾ ਵਿਚ ਧਾਇ ਧਾਇ ਅੱਪੜਨ ਵਾਲੇ ਚਰਣਾਂ ਉੱਤੇ) ਧੂੜੀ (ਸ਼ੋਭ ਰਹੀ) ਹੈ। (ਕਮਲ ਦਿਨੇਂ ਸ਼ੋਭਦੇ ਤੇ ਰਾਤੀ ਨਹੀਂ ਸ਼ੋਭਦੇ ਪਰ ਚਰਣ) ਰਾਤ ਦਿਨੇ ਸੁਹਾ ਰਹੇ ਹਨ।

(ਕਮਲ ਦੁਆਲੇ) ਭੌਰੇ ਸੁਗੰਧੀ ਲਈ (ਤਿਵੇਂ ਗੁਰੂ ਚਰਣਾਂ ਦੇ ਉਦਾਲੇ) ਸਿਖ-ਮਨ ਆਨੰਦ ਲਈ (ਚਰਣਾਂ ਦੀ) ਸਮੀਪਤਾ ਨਹੀਂ ਛੱਡਦੇ, ਸਦਾ ਦੁਆਲੇ ਘੁੰਮਦੇ ਹਨ।

(ਜਿਵੇਂ ਕਮਲ ਨੂੰ) ਜਲ (ਨਹੀਂ ਪੋਹ ਸਕਦਾ ਤਿਵੇਂ ਗੁਰੂ ਚਰਣਾਂ ਉਤੇ) ਕਰਮ ਆਪਣਾ ਅਸਰ ਨਹੀਂ ਪਾ ਸਕਦਾ, (ਜਿਵੇਂ) ਚਿੱਕੜ (ਕਮਲ ਨੂੰ ਛੋਹ) ਨਹੀਂ (ਸਕਦਾ, ਤਿਵੇਂ) ਭਰਮ (ਸਤਿਗੁਰ ਦੇ ਚਰਣਾਂ ਨੂੰ ਪੋਹ ਨਹੀਂ ਸਕਦਾ), ਸ੍ਰੀ ਗੁਰੂ ਗੋਬਿੰਦ ਸਿੰਘ (ਜੀ ਦੇ) ਚਰਣਾਂ (ਨੂੰ) ਐਹੋ ਜੇਹਾ ਕਮਲ ਜਾਣੀਦਾ ਹੈ।

ਭਾਵ: ਕਮਲ ਦਾ ਰੂਪਕ ਬੰਨ੍ਹ ਕੇ ਸਤਿਗੁਰ ਦੇ ਚਰਣਾਂ ਨੂੰ ਸਦਰਸ਼ਤਾ ਦੇਂਦੇ ਹਨ, ਪਰ ਉਧਰ ਰੂਪਕ ਆਤਮ ਗੁਣਾਂ ਯਾ ਰੂਹਾਨੀ ਸਿਫਤਾਂ ਦਾ ਬੱਝਦਾ ਜਾਂਦਾ ਹੈ, ਸੋ ਕਵੀ ਜੀ ਕਹਿੰਦੇ ਹਨ ਕਿ ਐਹੋ ਜੇਹੇ ਕਵਲ ਹਨ ਉਨ੍ਹਾਂ ਦੇ ਚਰਣ। ਪਾਣੀ ਵਿਚ ਖੜੇ ਕਵਲ ਨਹੀਂ, ਜਿਸਦੀ ਨਯੂਨਤਾ ਪਿੱਛੇ ਕਈ ਥਾਂ ਦੱਸਦੇ ਆਏ ਹਨ ਪਰ ਐਸੇ ਕਵਲ ਹਨ ਜੋ ਸੰਸਾਰ ਸਰੋਵਰ ਵਿਚ ਖੜੇ ਆਨੰਦ ਦਾਤੇ, ਕੋਮਲਤਾ ਦੇ ਦਾਤੇ, ਲਾਲ (ਪ੍ਰੇਮ) ਦੇ ਦਾਤੇ, ਕ੍ਰਾਂਤਿ (ਸੁੰਦਰਤਾ) ਦੇ ਦਾਤੇ, ਕਰਮ ਭਰਮ ਸਾਰੇ ਅਸਰਾਂ ਆਵੇਸ਼ਾਂ ਤੋਂ ਸਦਾ ਨਿਰਲੇਪ, ਸੰਤਾਂ ਦੇ ਸਮਾਜ ਦੇ ਭੂਸ਼ਣ, ਇਨ੍ਹਾਂ ਗੁਣਾਂ ਦਾ ਸਮੁਦਾਇ: ਇਕ ਰੂਹਾਨੀ-ਆਤਮਕ-ਕਮਲ ਮਾਨੋਂ ਉਨ੍ਹਾਂ ਦੇ ਚਰਣ ਕਮਲ ਹਨ।

ਸ੍ਵੈਯਾ: ਗੋਬਿੰਦ ਸਿੰਘ ਗੁਰੂ ਗਤਿਦਾਯਕ, ਆਨ ਕੀ ਆਸ ਨਹੀ ਮਨ ਰਾਈ।
ਚਾਤ੍ਰਿਕ ਚੀਤ ਮੁਹੂਰਮੁਹੂ ਰਟ, ਸ੍ਵਾਂਤਿ ਦਿਦਾਰ ਕਬੈ ਇਹ ਪਾਈ।
ਜੀਉ ਪਤੰਗ ਸਨੇਹ ਕੀ ਡੋਰ, ਬੰਧਾ ਡਗਡੋਲ ਸੁ ਲੇਹੁ ਮਿਲਾਈ।
ਸਿੰਧ ਹੁਤਾਸਨ ਹੈ ਭਵ ਕੀ ਗਤਿ, ਮੋਹਿ ਮਯਾ ਕਰਿ ਲੇਹੁ ਬਚਾਈ ॥੨੫॥

ਗਤਿਦਾਯਕ=ਮੁਕਤੀ ਦਾਤਾ। ਆਨ=ਦੂਸਰੇ ਦੀ, ਹੋਰ ਦੀ।

ਰਾਈ=ਰਾਈ ਜਿੰਨੀ ਵੀ, ਥੋੜੀ ਜੇਹੀ ਵੀ।

ਚਾਤ੍ਰਿਕ=ਬੰਬੀਹਾ, ਪਪੀਹਾ ਜੋ ਸ੍ਵਾਂਤੀ ਨਛੱਤ੍ਰ ਵਿਚ ਅਕਾਸ਼ਾਂ ਤੋਂ ਵਰਸਣ ਵਾਲੀ ਬੂੰਦ ਨੂੰ ਤਰਸਦਾ ਤੇ 'ਪੀਹੂ' 'ਪੀਹੂ' ਰਟ ਲਾਈ ਰਖਦਾ ਹੈ।

ਮੁਰਾਦ-ਅਤਿ ਬਿਹਬਿਲਤਾ ਦੇ ਪਯਾਰ-ਤੋਂ ਹੈ।

ਮੁਹੁਰਮੁਹੁ ਰਟ=ਮੁਹੁ: ਮੁਹੁ:=ਵਾਰ ਵਾਰ। ਰਟ=ਲੱਲ, ਕਿਸੇ ਗਲ ਨੂੰ ਬਾਰ ਬਾਰ ਕਹਿਣਾ, ਰਟਣਾ, ਪੁਕਾਰ ਕਰਣੀ।

ਪਤੰਗ=ਗੁਡੀ ਦੀ ਇਕ ਕਿਸਮ, ਜਿਸ ਦੀਆਂ ਦੋ ਪਖਾਂ ਹੁੰਦੀਆਂ ਹਨ ਜੋ ਡੋਰ ਨਾਲ ਅਕਾਸ਼ ਵਿਚ ਉਡਾਈਦੀ ਹੈ, ਬਹੁਤੀ ਹਵਾ ਨਾਲ ਡੋਲਦੀ ਹੈ।

ਡਗ ਡੋਲ-ਡਾਵਾਂ ਡੋਲ।

ਸਿੰਧ ਹੁਤਾਸਨ=[ਸਿੰਧ=ਸਮੁੰਦਰ। ਹੁਤਾਸਨ=ਅੱਗ] ਬੜਵਾਨਲ, ਸਮੁੰਦਰ ਦੀ ਅੱਗ। (ਅ) ਅਗਨ ਸਾਗਰ।

ਯਥਾ- 'ਅਗਨਿਸਾਗਰ ਤੇ ਕਾਢਿਆ'।

ਭਵ=ਸੰਸਾਰ। ਗਤਿ=ਹਾਲਤ, ਦਸ਼ਾ। ਮਯਾ=ਕ੍ਰਿਪਾ, ਦਇਆ।

ਅਰਥ: (ਕਵੀ ਜੀ ਆਪਣੇ ਇਸ਼ਟ ਗੁਰੂ ਦਾ ਪਤਾ ਦੱਸ ਕੇ ਉਨ੍ਹਾਂ ਅੱਗੇ ਅਰਦਾਸ ਕਰਦੇ ਹਨ: (ਮੇਰੇ) ਮਨ (ਵਿਚ) ਮੁਕਤੀ ਦਾਤਾ ਗੁਰੂ ਗੋਬਿੰਦ ਸਿੰਘ (ਤੋਂ ਬਿਨਾਂ) ਹੋਰ ਕਿਸੇ ਦੀ ਰਾਈ (ਮਾਤ੍ਰ) ਆਸਾ ਨਹੀਂ ਹੈ।

(ਮੇਰਾ) ਚਾਤ੍ਰਿਕ (ਰੂਪੀ) ਚਿੱਤ ਵਾਰੰਵਾਰ ਪੁਕਾਰ ਕਰ (ਰਿਹਾ ਹੈ ਕਿ:- ਹੇ ਦਾਤੇ) ਇਹ (ਤਰਸੇਂਦਾ ਮਨ) (ਆਪ ਦਾ) ਸ਼ਾਂਤੀ (ਬੂੰਦ ਰੂਪੀ) ਦੀਦਾਰ ਕਦੋਂ ਪਾਵੇਗਾ?

(ਮੇਰਾ) ਪਤੰਗ (ਰੂਪੀ) ਜੀਉੜਾ, ਪ੍ਰੇਮ ਦੀ ਡੋਰ (ਨਾਲ) ਬੱਧਾ ਹੋਇਆ ਡਾਵਾਂ ਡੋਲ (ਹੋ ਰਿਹਾ ਹੈ,) ਇਸਨੂੰ (ਨਿਜ ਸ਼ਰਨ ਵਿਚ) ਮਿਲਾ ਲਓ।

ਸੰਸਾਰ ਦੀ ਗਤੀ ਸਾਗਰ ਦੀ ਅਗਨਿ (ਬੜਵਾਨਲ) (ਵਾਂਙ) ਹੈ, ਮੈਨੂੰ ਦਇਆ ਕਰਕੇ (ਇਸ ਤੋਂ) ਬਚਾ ਲਓ।

ਭਾਵ: ਪਿੱਛੇ ਕਵੀ ਜੀ ਇਸ਼ਟ ਦੇਵ ਨੂੰ ਨਮਸਕਾਰ ਤੇ ਇਸਟ ਦੇਵ ਦੇ ਚਰਣਾਂ ਦਾ ਆਰਾਧਨ ਅਤੇ ਚਰਣਾਂ ਦੀ ਮਹਿਮਾ ਕਥਨ ਕਰਦੇ ਆਏ ਹਨ, ਇੱਥੇ ਇਹ ਦੱਸ ਕੇ ਕਿ ਮੇਰਾ ਗੁਰੂ ਹੀ ਕੇਵਲ ਮੁਕਤੀ ਦਾਤਾ ਹੈ ਹੁਣ ਮੈਨੂੰ ਹੋਰ ਕਿਸੇ ਦੀ ਰਾਈ ਜਿੰਨੀ ਬੀ ਆਸ ਨਹੀਂ ਰਹੀ, ਆਪ ਅਪਣੇ ਅੰਤਰਆਤਮੇ ਰਚ ਰਹੇ ਪ੍ਰੇਮ ਦੇ ਤਰੰਗ ਵਿਚ ਇਸ਼ਟ ਅੱਗੇ ਅਰਦਾਸ ਕਰਦੇ ਹਨ ਕਿ ਹੇ ਦਾਤੇ ਅਪਣੇ ਦੀਦਾਰ ਦੀ ਦਾਤ ਬਖਸ਼ੋ। ਅਪਣੇ ਚਿਤ ਦੀ ਸੁਭਾਵਕ ਡੋਲਨੀ ਗਤੀ ਤੇ ਬਾਹਰ ਵਰਤ ਰਹੇ ਸੰਸਾਰ ਦੀ ਅੱਗ ਤੋਂ ਤ੍ਰਾਸ ਖਾਂਦੇ ਤੇ ਯਾਚਨਾ ਕਰਦੇ ਹਨ ਕਿ ਇਸ ਅੱਗ ਤੋਂ ਬਚਾਓ, ਅਰ ਡਾਵਾਂ ਡੋਲ ਹਾਲਤ ਤੋਂ ਅਪਣੇ ਨਾਲ ਟਿਕਾਉ ਬਖਸ਼ੋ। ਡੋਲਣ ਦਾ ਇਲਾਜ ਉਨ੍ਹਾਂ ਦੀ ਸ਼ਰਨ ਦੀ ਪ੍ਰਾਪਤੀ ਹੈ, ਇਸੇ ਕਰਕੇ ਦੁਹਾਈ ਦੇਂਦੇ ਹਨ ਕਿ ਹੇ ਦਾਤੇ ਸ਼ਰਣ ਵਿਚ ਮਿਲਾ ਲਓ।

ਇਸ ਸ੍ਵੈਯੇ ਵਿਚ ਕਵੀ ਜੀ ਦੇ ਨਿਜ ਇਸ਼ਟ ਦਾ ਪੂਰਾ ਪੂਰਾ ਪਤਾ ਖੁੱਲ੍ਹ ਜਾਂਦਾ ਹੈ ਕਿ ਆਪ ਕਿਸੇ ਹੋਰ ਮਜ਼ਹਬ ਦੇ ਪੈਰੋਕਾਰ ਨਹੀਂ ਹਨ, ਕਿਸੇ ਹੋਰ ਅਵਤਾਰ, ਦੇਵੀ, ਦੇਵਤਾ, ਪੀਰ, ਪੈਕੰਬਰ, ਫਕੀਰ ਦੇ ਸੇਵਕ ਨਹੀਂ ਹਨ; ਜਦ ਕਿ ਆਪ ਉਚਾਰਦੇ ਹਨ ਕਿ ਮੇਰੇ ਮਨ ਵਿਚ ਰਾਈ ਜਿਤਨੀ ਬੀ ਆਸ ਕਿਸੇ ਹੋਰਸ ਦੀ ਨਹੀਂ ਹੈ, ਮੇਰੇ ਮੁਕਤੀ ਦਾਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਹਨ।

ਇਸ ਖਿਆਲ ਦੇ ਪ੍ਰਗਟ ਹੋਣ ਤੋਂ ਅਰ ਉਸ ਪ੍ਰੇਮ ਵਿਚ ਭਿੱਜੀ ਅਰਦਾਸ ਤੋਂ ਜੋ ਇਸ ਸ੍ਵੈਯੇ ਵਿਚ ਹੈ, ਉਨ੍ਹਾਂ ਦੇ ਇਸ਼ਟ ਦੇਵ ਦਾ ਨਿਰਸੰਸੇ ਪਤਾ ਲਗ ਜਾਂਦਾ ਹੈ।

ਕਬਿੱਤ: ਦੋਊ ਕਰ ਬੰਦ ਕਰਿ ਬੰਦਤਿ ਗੋਬਿੰਦ ਸਿੰਘ
ਦੇਤਿ ਹੈਂ ਅਨੰਦ, ਸੁਖਕੰਦ; ਅਘ ਮੰਦ ਹੀ।

ਸਜਾਲ ਤੇ ਮ੍ਰਿਗਿੰਦ, ਪਟਬੀਜਨੇ ਦਿਨਿੰਦ ਕਰੇ
ਕੀਟ ਤੇ ਗਜਿੰਦ, ਪੰਥ ਦਯੋ ਗਤਿਵੰਦ ਹੀ।
ਮਸ਼ਕਾ ਖਗਿੰਦ, ਜਿਨ ਕਾਕ ਤੇ ਮਰਾਲ ਬ੍ਰਿੰਦ
ਰੰਕ ਜੇ ਨਰਿੰਦ ਕਰੇ, ਬੰਦਤਿ ਮੁਕੰਦ ਹੀ।
ਸੁੰਦਰ ਮੁਖਾਰਬਿੰਦ ਸੋਹਤਿ ਸੰਤੋਖ ਸਿੰਘ
ਹੀਨ ਜੇ ਕਲੰਕ ਤੌ ਸਮਾਨ ਹੋਤਿ ਚੰਦ ਹੀ ॥੨੬॥

ਕਰ=ਹੱਥ। ਬੰਦ ਕਰਿ=ਜੋੜਕੇ। ਬੰਦਤਿ=ਮੱਥਾ ਟੇਕਦਾ ਹਾਂ।

ਅਘ=ਪਾਪ। ਕੰਦ=ਫਲ। ਬੱਦਲ।

ਮੰਦ=ਮੰਦ ਕਰਨਾ, ਮਾਤ ਪਾ ਦੇਣਾ, ਨਾਸ਼ ਕਰਨਾ।

ਸਜਾਲ=ਗਿੱਦੜ। [ਸੰਸ. ਸ਼੍ਰਿੰਗਾਲ। ਪ੍ਰਕ੍ਰਿਤ, ਸਯਾਲ]

ਮ੍ਰਿਗਿੰਦ=ਮ੍ਰਿਗਾਂ ਦਾ ਇੰਦ੍ਰ, ਸ਼ੇਰ।

ਪਟਬੀਜਨੇ=ਟਟੈਣੇ, ਜੁਗਨੂ। ਦਿਨਿੰਦ=ਦਿਨ ਦਾ ਰਾਜਾ, ਸੂਰਜ।

ਕੀਟ=ਕੀੜੀ। ਗਜਿੰਦ=ਹਾਥੀ, ਵਡਾ ਹਾਥੀ, ਐਰਾਵਤ ਹਾਥੀ।

ਪੰਥ=ਰਸਤਾ, ਪੰਥ, ਧਰਮ।

ਗਤਿਵੰਦ ਪੰਥ=ਮੁਕਤੀ ਵਾਲਾ ਰਸਤਾ, ਯਾ ਮੁਕਤੀ ਵਾਲਾ ਪੰਥ, ਓਹ ਪੰਥ ਜੋ ਮੁਕਤੀ ਨੂੰ ਪ੍ਰਾਪਤ ਹੈ, ਭਾਵ ਖਾਲਸਾ ਪੰਥ।

ਮਸ਼ਕਾ=ਮੱਛਰ। ਖਗਿੰਦ=ਗਰੁੜ।

ਕਾਕ=ਕਾਂ। ਪਾਠਾਂਤ੍ਰ-ਕਾਭ-ਵੀ ਕਿਸੇ ਕਿਸੇ ਨੁਸਖੇ ਵਿਚ ਮਿਲਿਆ ਹੈ, ਕਾਭ ਦਾ ਅਰਥ ਹੈ-ਬਗਲਾ।

ਮਰਾਲ=ਹੰਸ। ਬ੍ਰਿੰਦ=ਸਮੂਹ, ਸਾਰੇ। ਰੰਕ=ਕੰਗਾਲ। ਤੇ=ਤੋਂ (ਅ) ਓਹ, ਸੋ। ਨਰਿੰਦ=ਰਾਜੇ।

ਬੰਦਤਿ ਮੁਕੰਦ=ਜੋ ਬੰਦੀ ਸਨ ਸੋ ਮੁਕਤ ਕੀਤੇ ਅਰਥਾਤ ਜੋ ਗ਼ੁਲਾਮ ਸਨ ਸੋ ਆਜ਼ਾਦ ਕੀਤੇ। ਬੰਦਤਿ=ਬੰਦੀ ਵਿਚ ਜੋ ਹੋਣ, ਗ਼ੁਲਾਮ।

ਮੁਕੰਦ=ਮੁਕਤ, ਖੁੱਲ੍ਹੇ, ਆਜ਼ਾਦ, ਆਜ਼ਾਦ ਕੀਤੇ।

ਮੁਖਾਰਬਿੰਦ=ਮੁਖ+ਅਰਬਿੰਦ-ਮੁਖ ਕਮਲ। ਕਮਲ ਵਾਂਙੂੰ ਸੁਹਣਾ ਮੁਖੜਾ।

ਅਰਥ: ਦੋਵੇਂ ਹੱਥ ਜੋੜਕੇ (ਮੈਂ ਸ੍ਰੀ ਗੁਰੂ) ਗੋਬਿੰਦ ਸਿੰਘ (ਜੀ ਨੂੰ) ਬੰਦਨਾ ਕਰਦਾ ਹਾਂ, (ਜੋ ਆਤਮ) ਅਨੰਦ (ਅਤੇ) ਸੁਖ (ਰੂਪੀ) ਫਲ (ਸੰਸਾਰਕ ਸੁਖ) ਦੇਂਦੇ ਹਨ, (ਅਤੇ) ਪਾਪਾਂ ਦਾ ਨਾਸ਼ ਕਰਦੇ ਹਨ।

(ਨਿਸ਼ਚੇ ਜਿਨ੍ਹਾਂ ਨੇ) ਗਿੱਦੜਾਂ ਤੋਂ ਸ਼ੇਰ, (ਅਤੇ) ਟਟੈਣਿਆਂ (ਨੂੰ) ਸੂਰਜ, ਕੀੜੀਆਂ ਤੋਂ ਹਾਥੀ ਬਣਾ ਦਿੱਤਾ (ਅਤੇ) ਮੁਕਤੀ ਵਾਲਾ ਪੰਥ (ਜਗਤ ਨੂੰ) ਦਿੱਤਾ।

ਜਿਨ੍ਹਾਂ ਨੇ ਮੱਛਰਾਂ (ਨੂੰ) ਗਰੁੜ (ਬਨਾਇਆ) (ਅਤੇ) ਕਾਵਾਂ ਤੋਂ ਹੰਸਾਂ ਦੇ ਸਮੂਹ (ਕਰ ਦਿੱਤੇ) (ਅਤੇ) ਜਿਹੜੇ ਕੰਗਾਲ (ਸਨ) (ਸੋ) ਰਾਜੇ ਬਣਾ ਦਿੱਤੇ, (ਜਿਹੜੇ) ਗ਼ੁਲਾਮ (ਸਨ ਸੋ) ਆਜ਼ਾਦ ਕਰ ਦਿੱਤੇ। (ਐਸੇ ਪ੍ਰਤਾਪਸ਼ੀਲ ਸਤਿਗੁਰ ਗੋਬਿੰਦ ਸਿੰਘ ਜੀ ਦਾ) ਸੁਹਣਾ ਮੁਖਾਰਬਿੰਦ (ਐਸੀ ਨਿਰਮਲ ਤੇ ਅਖੰਡ) ਸ਼ੋਭਾ ਦੇ ਰਿਹਾ ਹੈ (ਕਿ) ਜੇ ਚੰਦ੍ਰਮਾਂ ਅਕਲੰਕ (ਹੁੰਦਾ) ਤਾਂ (ਮੁਖੜੇ) ਵਰਗਾ (ਸੁੰਦਰ ਕਹਿਲਾਉਣ ਜੋਗਾ) ਹੋ ਜਾਂਦਾ।

ਭਾਵ: ਸਤਿਗੁਰੂ ਜੀ ਦੇ ਕਰਨੀਆਂ ਦੇ ਇਸ਼ਾਰੇ ਦੇਕੇ ਉਨ੍ਹਾਂ ਦੇ ਐਸੇ ਉਪਕਾਰੀ ਮੁਖੜੇ ਨੂੰ ਚੰਦ ਦੀ ਸੁੰਦਰਤਾ ਦੀ ਸ਼ੋਭਾ ਦੇਣੋ ਨਾਂਹ ਕਰ ਰਹੇ ਹਨ। ਉਨ੍ਹਾਂ ਦਾ ਇੱਡਾ ਸੁਹਣਾ ਰੂਪਕ ਬੰਨ੍ਹ ਕੇ ਅਗਲੇ ਕਬਿੱਤ ਵਿਚ ਫੇਰ ਅਪਣੀ ਪ੍ਰੇਮ ਭਰੀ ਅਰਦਾਸ ਕਰਦੇ ਹਨ। ਇਹ ਅਗਲੀ ਬੇਨਤੀ ਐਸੀ ਸੁਹਣੀ ਹੈ ਕਿ ਪੰਥ ਵਿਚ ਹਜ਼ਾਰਾਂ ਲੋਕਾਂ ਦੇ ਯਾਦ ਹੈ ਅਰ ਹਜ਼ਾਰਾਂ ਬਿਨਯ ਵਾਲੇ ਮਨਾਂ ਨੇ ਇਹ ਅਰਦਾਸ ਕੀਤੀ ਹੈ, ਤੇ ਕਰਨਗੇ।

ਕਬਿੱਤ: ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ
ਤੋ ਸੋ ਨ ਦਯਾਲੁ, ਦੁਖੀ ਮੋ ਸੋ ਨ ਅਲਾਈਏ।
ਮੋ ਸੋ ਨਹੀ ਕ੍ਰਿਤਘਨ, ਤੋ ਸੋ ਉਪਕਾਰੀ ਨਾਂਹਿ
ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਨਵਾਨ ਤੋ ਸੋ ਨਹੀਂ
ਜਪ ਤਪ ਬ੍ਰਤ ਮੋ ਮੈਂ ਏਕ ਨਹਿੰ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇਕੈ ਚਰਨ
ਗੁਰੂ ਤਾਰਨ ਤਰਨ, ਨਿਜ ਹਾਥ ਦੈ ਬਚਾਈਏ ॥੨੭॥

ਅਲਾਈਏ=ਕਹੀਦਾ। ਦੱਸੀਦਾ। ਕ੍ਰਿਤਘਨ=ਜੋ ਕੀਤਾ ਨਾ ਜਾਣੇ।
ਅਨਾਥ=ਨਿਖ਼ਸਮਾ, ਬੇ ਆਸਰਾ। ਨਾਥ=ਮਾਲਕ, ਸੁਆਮੀ।
ਨਿਜ=ਆਪਣਾ। ਤਾਰਨ=ਤਾਰਨਹਾਰ। ਤਰਨ=ਜਹਾਜ਼।

ਅਰਥ: (ਕਵਿ ਜੀ ਸਤਿਗੁਰ ਜੀ ਦੇ ਚਰਣਾਂ ਵਿਚ ਪ੍ਰਾਰਥਨਾ ਕਰਦੇ ਹਨ) (ਹੇ ਗੁਰੂ ਗੋਵਿੰਦ ਸਿੰਘ ਜੀਓ) ਤੇਰੇ ਵਰਗਾ (ਵਡਾ) ਕੋਈ (ਹੋਰ) ਸਖੀ ਨਹੀਂ, (ਤੇ) ਮੇਰੇ ਵਰਗਾ (ਕੋਈ) ਗ਼ੀਬ ਮੰਗਤਾ ਨਹੀਂ, ਤੇਰੇ ਵਰਗਾ ਦਿਆਲੂ ਨਹੀਂ (ਤੇ) ਮੇਰੇ ਵਰਗਾ ਦੁਖੀ ਕੋਈ ਨਹੀਂ ਦੱਸੀਦਾ।

ਮੇਰੇ ਵਰਗਾ (ਹੋਰ ਕੋਈ) ਕ੍ਰਿਤਘਨ ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਉਪਕਾਰੀ ਨਹੀਂ, ਮੇਰੇ ਵਰਗਾ (ਹੋਰ) ਅਨਾਥ (ਕੋਈ) ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਨਾਥ ਨਹੀਂ ਦੱਸੀਦਾ ਹੈ।

(ਹੇ ਦਾਤਾ!) ਤੇਰੇ ਵਰਗਾ ਗੁਣਵਾਨ (ਹੋਰ ਹੈ) ਨਹੀਂ (ਤੇ) ਮੇਰੇ ਵਰਗਾ ਗੁਣਹੀਨ (ਹੋਰ) ਕੋਈ ਨਹੀਂ; ਜਪ, ਤਪ, ਬ੍ਰਤ (ਆਦਿ ਦੈਵੀ ਗੁਣ) ਮੇਰੇ ਵਿਚ ਇਕ (ਬੀ) ਨਹੀਂ ਲੱਭਦਾ। (ਤਾਂ ਤੇ ਮੈਂ) ਕਵਿ (ਆਰਤ ਤੇ ਆਤੁਰ ਹੋ ਕੇ ਹੇ ਸੂਰੇ) ਗੁਰੂ! (ਤੇਰੀ) ਸ਼ਰਨ ਆਯਾ ਹਾਂ, (ਤੇ) ਦੌੜਕੇ (ਤੇਰੇ) ਚਰਣ ਆ ਫੜੇ ਹਨ, ਹੇ ਤਾਰਨਹਾਰ ਜਹਾਜ਼ (ਰੂਪ ਗੁਰੂ! ਆਪਣਾ ਹੱਥ ਦੇਕੇ (ਮੈਨੂੰ) ਬਚਾ ਲਓ।

ਕਬਿੱਤ: ਅੰਤਕ ਕੀ ਪਾਸਿਨ ਬਚਾਇ ਨਿਜ ਦਾਸਨ ਕੋ
ਹਾਥ ਮੈਂ ਸਰਾਸਨ ਅਰੂਢਤਿ ਤੁਰੰਗ ਕੇ।
ਕਮਲ ਬਿਸਾਲ ਦਲ ਲੋਚਨ ਦਯਾਲੁ ਕਲਿ
ਲੋਕਨ ਬਿਲੋਕ ਕੈ ਅਸ਼ੋਕ ਕਰੇ ਸੰਗ ਕੇ।
ਸੋਚਨ ਬਿਮੋਚਨ ਕੋ ਪੋਚਨ ਸੰਕੋਚੇ ਜਗ
ਨਯੋ ਪੰਥ ਧਾਰੀ, ਬਲਿਹਾਰੀ ਅੰਗ ਅੰਗ ਕੇ।

ਪਾਗ ਜਿਗ੍ਹਾ ਸੰਗ ਖਚੇ ਮਾਣਿਕ ਸੁਰੰਗ ਰੰਗ
ਵਾਰੌਂ ਮੈਂ ਉਮੰਗ ਮਨ ਕਲਗ਼ੀ ਉਤੰਗ ਕੇ ॥੨੮॥

ਅੰਤਕ=ਯਮ। ਪਾਸਿਨ=ਫਾਹੀ, ਫਾਹੀਆਂ। [ਸੰਸ: ਪਾਂਸੁ। ਹਿੰਦੀ, ਫਾਂਸ, ਪਾਂਸ]

ਬਚਾਇ=ਬਚਾ ਲੈਂਦੇ ਹਨ। ਸਰਾਸਨ=ਕਮਾਨ, ਧਨੁਖ (ਅ) ਚਲਾਏ ਜਾਣ ਵਾਲੇ ਤੀਰ। (ੲ) ਧਨੁਖਬਾਨ।

ਅਰੂਢਤ-ਚੜੇ ਹੋਏ, (ਘੋੜੇ) ਚੜੇ ਹੋਏ। ਤੁਰੰਗ=ਘੋੜਾ।

ਕੇ=ਉਤੇ। ਬਿਸਾਲ=ਵਡੇ। ਦਲ=ਪੰਖੜੀ।

ਲੋਚਨ=ਨੈਣ, ਅੱਖਾਂ।

ਕਲਿ=ਕਲਜੁਗ। ਕਲਿਲੋਕਨ=ਕਲਿਜੁਗ ਦੇ ਲੋਕਾਂ ਨੂੰ।

ਵਿਲੋਕਕੇ=ਤੱਕ ਕੇ, ਵੇਖ ਕੇ। (ਅ) ਨਜ਼ਰ ਨਾਲ।

ਅਸ਼ੋਕ=ਸ਼ੋਕ ਤੋਂ ਰਹਿਤ, ਸੁਖੀ ਕਰ ਦੇਣਾ।

ਸੰਗ=ਰੁਕ, ਰੋਕ। ਸੰਗ+ਵਿਲੋਕ+ਕੈ=ਸ਼ੰਕਾਂ ਨਾਲ ਤੱਕ ਕੇ।

(ਅ) ਸ਼ੰਕਾਂ ਵਾਲੀ ਨਜ਼ਰ ਨਾਲ। ਭਾਵ, ਕਨਾਯਾ ਮਾਤ੍ਰ ਨਾਲ, ਮਟੱਕੇ ਮਾਤ੍ਰ ਨਾਲ।

ਸੋਚਨ=ਸੋਚਾਂ, ਫਿਕਰ, ਗ਼ਮ। ਚਿੰਤਾ ਵਾਲੇ ਤੋਂ ਮੁਰਾਦ ਹਿੰਦੂਆਂ ਤੋਂ ਹੈ ਜੋ ਰਾਜ ਦੇ ਜ਼ੁਲਮ ਕਰਕੇ ਚਿੰਤਾ ਵਿਚ ਸਨ।

ਬਿਮੋਚਨ ਕੋ=ਦੂਰ ਕਰਨ ਵਾਲੇ ਨੂੰ।

ਪੋਚਨ=ਫਾਰਸੀ ਪੂਚ, ਹਿੰਦੀ ਪੋਚ-ਭੈੜੇ ਲੋਕ, ਦੁਸ਼ਟਤਾ ਵਾਲੇ, ਨੀਚ, ਬੁਰੇ=ਲੋਕ, ਇਸ਼ਾਰਾ ਤੁਰਕਾਂ ਵਲ ਹੈ। ਇਸ ਤੁਕ ਦੇ ਇਹ ਅਰਥ ਬੀ ਲਾਉਂਦੇ ਹਨ:-੧. ਜਗਤ ਵਿਚ ਜੋ (ਜਾਤੀ ਕਰਕੇ) ਨੀਵੇਂ ਸਨ, ਉਨ੍ਹਾਂ ਤੋਂ ਜਿਨ੍ਹਾਂ ਨੂੰ ਸੰਕੋਚ ਨਹੀਂ ਸੀ, ਐਸੇ ਗੁਰੂ ਗੋਬਿੰਦ ਸਿੰਘ ਜੀ। ੨. ਜਗਤ ਵਿਚ ਜੋ (ਜਾਤੀ) ਕਰਕੇ ਨੀਵੇਂ ਸਨ ਉਹ ਸੰਕੋਚ ਦਿੱਤੇ, ਅਰਥਾਤ ਘਟਾ ਦਿੱਤੇ।

ਪ੍ਰਸ਼ਨ-ਕਿਵੇਂ ਘਟਾਏ? ਕਿ ਅੰਮ੍ਰਿਤ ਛਕਾ ਉੱਚੇ ਕਰ ਲਏ, ਐਉਂ ਓਹ ਘਟ ਗਏ। ੩. ਨੀਚ (ਬੁਰੇ ਲੋਕ) ਗੁਰੂ ਜੀ ਨੂੰ ਵੇਖਕੇ ਸੰਕੋਚੇ ਭਾਵ ਸ਼ਰਮਿੰਦੇ ਹੋ ਗਏ।

ਜਿਗ੍ਹਾ=ਦਸਤਾਰ ਉਤੇ ਪਹਿਨਣ ਦਾ ਇਕ ਰਾਜਸੀ ਗਹਿਣਾ।

ਖਚੇ=ਜੜੇ ਹੋਏ। ਉਤੰਗ=ਉੱਚੀ।

ਅਰਥ: (ਕਵਿ ਜੀ ਸ਼੍ਰੀ ਗੁਰੂ ਜੀ ਦੇ ਘੋੜੇ ਤੇ 'ਅਸਵਾਰ ਦਰਸ਼ਨ' ਦੀ ਮਾਨੋਂ, ਤਸਵੀਰ ਖਿੱਚਦੇ ਹਨ:-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ) ਯਮ ਦੀ ਫਾਹੀ (ਤੋਂ) ਆਪਣੇ ਦਾਸਾਂ ਨੂੰ ਬਚਾ ਲੈਂਦੇ ਹਨ, (ਐਸ ਵੇਲੇ) ਹੱਥ ਵਿਚ ਧਨੁਖ ਬਾਨ (ਲਈ) ਘੋੜੇ ਉਤੇ ਚੜ੍ਹੇ (ਸੁਭਾਇਮਾਨ ਹੋ) ਰਹੇ ਹਨ।

ਵਡੇ ਕਮਲ ਦੀ ਪੰਖੜੀ (ਵਰਗੇ ਆਪ ਦੇ ਸੁੰਦਰ) ਨੈਣ (ਐਤਨੇ) ਦਯਾਲੂ (ਹਨ ਕਿ) ਕਲਿਜੁਗ ਦੇ ਲੋਕਾਂ ਨੂੰ ਮਟੱਕੇ ਮਾਤ੍ਰ (ਨਾਲ) ਤੱਕਕੇ (ਹੀ) ਸੁਖੀ ਕਰ ਦੇਂਦੇ ਹਨ*।

---

*ਐਉਂ ਬੀ ਅਰਥ ਲਾਉਂਦੇ ਹਨ:-(ਸਤਿ) ਸੰਗ ਦੇ ਲੋਕਾਂ ਨੂੰ (ਕ੍ਰਿਪਾ ਨਾਲ) ਤੱਕ ਕੇ (ਅਸ਼ੋਕ) ਨਿਹਾਲ ਕਰ ਦੇਂਦੇ ਹਨ।

ਦੁਖੀ ਦਰਦਵੰਦਾਂ ਦੀਆਂ) ਸੋਚਾਂ ਨੂੰ ਦੂਰ ਕਰਨ ਵਾਲੇ (ਸ੍ਰੀ ਗੁਰੂ ਜੀ ਦਾ ਐਸਾ ਦਰਸ਼ਨ ਦੇਖਕੇ) ਜਗਤ ਦੇ ਬੁਰੇ ਲੋਕ (ਭੈ ਨਾਲ) ਸੰਕੋਚ (ਖਾ ਗਏ), (ਪਰ ਹੇ) ਨਵੇਂ ਪੰਥ ਦੇ ਰਚਨਹਾਰ! (ਤੇਰੇ ਇਸ ਦਰਸ਼ਨ ਨੂੰ ਦੇਖਕੇ ਮੈਂ) ਅੰਗ ਅੰਗ ਤੋਂ ਸਦਕੇ (ਹਾਂ)।

(ਸਦਕੇ ਤੇਰੀ) ਦਸਤਾਰ (ਤੋਂ, ਜਿਸ ਉਤੇ ਸੁਹਣੇ ਤੇ) ਰੰਗ ਰੰਗ ਦੇ ਰਤਨਾਂ ਨਾਲ ਜੜੀ ਹੋਈ ਜਿਗ੍ਹਾ (ਫਬ ਰਹੀ ਹੈ, ਹਾਂ ਜਿਸ ਵਿਚ) ਉੱਚੀ ਕਲਗੀ (ਸ਼ੋਭਾ ਦੇ ਰਹੀ ਹੈ, ਉਸ) ਉਤੋਂ, ਮੇਰੀ ਉਮੰਗ ਹੈ (ਕਿ ਆਪਣਾ ਇਹ ਵਿਮੋਹਿਤ) ਮਨ ਵਾਰ ਦਿਆਂ।

ਸ੍ਵੈਯਾ: ਛਬਿ ਛਾਪ ਛਲਾਯਨ ਚਾਰੁ ਛਕੀ ਕਟ ਤੇ,
ਤਟ ਕਾਛ ਕਛੀ ਬਿਧਿ ਆਛੀ।
ਕਰ ਕੰਕਨ ਕੰਚਨ ਹੀਰ ਗਚੇ ਬਿਚ,
ਚੰਚਲ ਲੋਚਨ ਜਿਉਂ ਜਲ ਮਾਛੀ।
ਗਰ ਪ੍ਰਾਬ੍ਰਿਤ ਨੀਵ ਮਨੋਗ ਬਨਜੋ,
ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ,
ਦੇਹਿ ਧਰੇ ਨਰ ਪੂਰਨ ਸਾਛੀ ॥੨੯॥

ਛਬਿ=ਛਬੀ, ਸੁੰਦਰਤਾ। ਛਾਪ=ਛਾਪਾਂ, ਮੁੰਦਰੀਆਂ, ਜਿਨ੍ਹਾਂ ਵਿਚ ਨਗ ਜੜੇ ਹੁੰਦੇ ਹਨ। ਪਰ ਵਿਸ਼ੇਸ਼ ਕਰਕੇ ਛਾਪ ਉਹ ਹੈ ਜਿਸ ਦੇ ਥੇਵੇ ਵਿੱਚ ਅੱਖਰ ਉੱਕਰੇ ਹੋਣ, ਮੋਹਰ।

ਛਲਾਯਨ=ਛੱਲੇ, ਜਿਹੜੇ ਸਾਦੇ ਹੋਣ ਤੇ ਜੋ ਅਕਸਰ ਗੋਲ ਹੁੰਦੇ ਹਨ।

ਚਾਰੁ=ਸੁੰਦਰਤਾ। ਛਕੀ-ਛਕਨਾ* ਦਾ ਅਰਥ ਅਸਚਰਜ+ ਕਰਨਾ ਹੈ।-ਛਕੀ-ਦਾ ਭਾਵ ਹੈ, ਵਿਸਮਾਦ ਦੇ ਨੇੜੇ ਲੈ ਜਾਂਦੀ ਹੈ।

ਕਟ=ਲੱਕ। ਤਟ=ਪਾਸ। ਕਾਛ=ਕੱਛ, ਕਛਹਿਰਾ।

ਕਛੀ=ਕੱਸੀ ਹੋਈ, ਪਹਿਨੀ ਹੋਈ।ਕਾਛਨਾ=ਪਹਿਨਣਾ]।

ਆਛੀ=ਅਛੀ ਬਿਧਿ ਨਾਲ, ਚੰਗੀ ਤਰ੍ਹਾਂ। ਕਰ-ਹੱਥ।

ਕੰਕਨ=ਕੜੇ। ਕੰਚਨ=ਸੋਨਾ। ਹੀਰ=ਹੀਰੇ। ਗਚੇ=ਜੜੇ ਹੋਏ।

ਚੰਚਲ=ਅਟਿਕਵੇਂ। ਨਾ ਟਿਕਣ ਵਾਲੇ ਹੋ ਰਹੇ ਹਨ ਨੈਣ। ਭਾਵ ਨਜ਼ਰ ਨਹੀਂ

ਲੋਚਨ=ਅੱਖਾਂ, ਨੈਣ। ਟਿਕਦੀ।

ਮਾਛੀ=ਮੱਛੀ। ਗਰ=ਗਲ, ਗਲੇ ਵਿਚ। ਪ੍ਰਾਬ੍ਰਿਤ=ਚੋਗਾ, ਉਪਰਲਾ ਜਾਮਾ। [ਸੰਸ. ਪ੍ਰਾਵ੍ਰਿਤ]। ਨੀਵ=ਨੀਵਾਂ।

ਮਨੋਗ=ਮਨ ਹਰਨ ਵਾਲਾ, ਮਨ ਨੂੰ ਪ੍ਰਸੰਨ ਕਰਨ ਵਾਲਾ।

ਬਰ=ਚੰਗੇ, ਵਧੀਆ, ਕੀਮਤੀ। ਚੀਰਨ=ਕਪੜਿਆਂ।

ਕਾਛੀ=ਪਹਿਨਿਆਂ ਹੋਇਆ ਹੈ।

ਖਰ=ਤ੍ਰਿੱਖਾ। ਪਰ ਜੇ ਇੱਥੇ ਅਸਲ ਪਾਠ-'ਧਨੁ'-ਹੋਵੇ, ਐਉਂ-'ਧਨੁ ਤੀਰ ਧਰੇ ਕਰ ਫੇਰਤਿ ਹੇਰਤਿ'। ਫੇਰ ਅਰਥ ਇਹ ਬਣੇਗਾ-'ਧਨੁਖ ਬਾਣ ਉਤੇ ਹੱਥ ਰੱਖੇ ਚਾਰ ਚੁਫੇਰੇ ਇਸ

* 'ਛਕਣਾ' ਦੇ ਹੋਰ ਅਰਥ-ਨਸ਼ੇ ਵਿਚ ਮਸਤ ਹੋਣਾ, ਰੱਜਣਾ।

+ਜਿਸ ਨੂੰ ਹੁਣ ਪੱਛਮੀ ਲੋਕ aestheties ਆਖਦੇ ਹਨ।

ਨੂੰ ਫੇਰਦੇ ਤੇ ਆਪ ਬੀਰਾਸਨ ਹੋਏ ਨਿਸ਼ਾਨਾ ਫੁੰਡਣ ਲਈ ਤੱਕ ਰਹੇ ਹਨ'। ਕਿਉਂਕਿ ਜੇ ਸਤਿਗੁਰ ਜੀ ਚੌਕੜਾ ਮਾਰ ਕੇ ਬੈਠੇ ਸਨ ਤਾਂ ਨੀਵੇਂ ਪ੍ਰਾਵ੍ਰਿਤ ਹੇਠੋਂ ਕਛਹਿਰਾ ਨਹੀਂ ਦਿੱਸ ਸਕਦਾ। ਜੇ ਬੀਰਾਸਨ ਹਨ ਤਾਂ ਪ੍ਰਾਵ੍ਰਿਤ ਇਧਰ ਉਧਰ ਫੈਲ ਕੇ ਕਛਹਿਰਾ ਕੱਸਿਆ ਹੋਇਆ ਬੀ ਦਿੱਸ ਸਕਦਾ ਹੈ, ਤੇ ਤੀਰ ਉਤੇ ਹਥ ਧਰੇ ਫੇਰਨ ਤੇ ਹੇਰਨ ਵਿਚ ਲਾਵੰਨਤਾ ਬੀ ਵਧਦੀ ਹੈ, ਜਦ ਕਵੀ ਜੀ ਨੂੰ ਗੁਰੂ ਸਾਹਿਬ ਬੀਰਾਸਨ ਹੋਏ ਧਨੁਖ ਤੀਰ ਧਾਰੇ ਹੋਏ ਨਿਸ਼ਾਨਾ ਫੁੰਡਣ ਵਾਲੇ ਰੰਗ ਵਿਚ ਚੰਚਲਤਾ ਨਾਲ ਧਨੁਖ ਬਾਣ ਫੇਰਦੇ ਦਿੱਸ ਰਹੇ ਹੋਣ।

ਹੇਰਤਿ=ਦੇਖ ਰਹੇ ਹਨ।

ਸਾਛੀ=ਦ੍ਰਿਸ਼ਟਾ। ਦੇਖਣ ਵਾਲਾ। ਪਾਰਬ੍ਰਹਮ ਪਰਮੇਸ਼ੁਰ। [ਸੰਸ. ਸਾਕਸ਼ੀ]

ਅਰਥ: (ਹੁਣ ਕਵੀ ਜੀ ਸਤਿਗੁਰ ਜੀ ਦੇ-ਬੀਰਾਸਨ-ਦਰਸ਼ਨ ਦੀ ਮੂਰਤੀ ਬੰਨ੍ਹਦੇ ਹਨ) ਛਾਪਾਂ ਦੀ ਛਬੀ ਤੇ ਛੱਲਿਆਂ ਦੀ ਸੁੰਦਰਤਾ (ਦਰਸ਼ਨ ਕਰਨ ਵਾਲੇ ਨੂੰ) ਵਿਸਮਾਦ (ਰਸਦਾਨ) ਕਰ ਰਹੀ ਹੈ, ਲੱਕ ਉਤੇ ਚੰਗੀ ਬਿਧਿ ਨਾਲ ਕੱਛ ਕੱਸੀ ਹੋਈ ਹੈ।

ਹੀਰਿਆਂ (ਨਾਲ) ਜੜੇ ਹੋਏ ਸੋਨੇ ਦੇ ਕੜੇ ਹੱਥਾਂ (ਵਿਚ ਪਾਏ ਹੋਏ ਹਨ) (ਦੇਖਣ ਵਾਲਿਆਂ ਦੇ) ਨੈਣ (ਉਨ੍ਹਾਂ ਹੀਰਿਆਂ ਦੀ ਚਮਕ ਵਿਚ ਐਉਂ) ਚੰਚਲ ਹਨ, ਜਿਉਂ ਜਲ (ਵਿਚ) ਮੱਛੀ (ਭਾਵ ਹੀਰਿਆਂ ਦੀ ਦਮਕ ਵਿਚ ਨਜ਼ਰ ਨਹੀਂ ਟਿਕਦੀ)।

ਗਲ (ਵਿਚ) ਨੀਵਾਂ ਜਾਮਾਂ ਮਨ ਨੂੰ ਪ੍ਰਸੰਨ ਕਰਨ ਵਾਲਾ (ਪਿਆ) ਫਬ ਰਿਹਾ ਹੈ, (ਨਾਲ) ਚੰਗੇ (ਵਧੀਆ) ਕਪੜਿਆਂ ਦੀ ਬਣੀ ਹੋਈ (ਹੋਰ ਸਾਰੀ) ਪੁਸ਼ਾਕ ਪਹਿਨੀ ਹੋਈ ਹੈ।

ਤ੍ਰਿਖਾ ਤੀਰ ਹਥ (ਵਿਚ) ਲੈਕੇ (ਉਸਨੂੰ) ਘੁਮਾਉਂਦੇ ਹੋਏ ਦੇਖ ਰਹੇ ਹਨ, (ਹਾਂ, ਪਰੀ) ਪੂਰਨ ਦ੍ਰਿਸ਼ਟਾ (ਜੀ ਨੇ ਆਪ) ਮਾਨੁਖ ਦੇਹ ਧਾਰਨ ਕੀਤੀ ਹੋਈ ਹੈ।

ਭਾਵ: ਗੁਰੂ ਜੀ ਦੀ 'ਬੀਰਾਸਨ ਮੂਰਤੀ' ਦੇ ਦਰਸ਼ਨ:- ਹੱਥ ਵਿਚ ਧਨੁਖ ਤੇ ਤੀਰ ਰੱਖੀ ਚੰਚਲਤਾ ਨਾਲ ਫੇਰਦੇ ਨਿਸ਼ਾਨੇ ਫੁੰਡਣ ਦੀ ਤੱਕ ਵਿਚ ਹਨ। ਇਹ ਤਾਂ ਬੀਰਾਸਨ ਹੈ, ਪਰ ਜੋ ਇਹ ਕਿਹਾ ਹੈ ਕਿ ਪੂਰਨ ਸਾਕਸ਼ੀ ਨੇ ਮਨੁਖਾ ਦੇਹ ਧਾਰਨ ਕੀਤੀ ਹੈ, ਇਹ ਇਸ਼ਾਰਾ ਉਨ੍ਹਾਂ ਦੀ ਅਲੂਹੀਅਤ ਵੱਲ ਹੈ ਕਿ ਇਕ ਪਾਸੇ ਤਾਂ ਬੀਰਾਸਨ ਹੋਏ ਨਿਸ਼ਾਨੇ ਦੀ ਤੱਕ ਵਿਚ ਹਨ, ਦੂਜੇ ਪਾਸੇ ਆਪ ਪੂਰਨਸਾਖੀ ਅਵਸਥਾ ਵਿਚ ਹਨ ਤੇ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਨ ਕਿ ਕਿਸ ਅਧਿਕਾਰੀ ਮਨ ਤੇ ਦ੍ਰਿਸ਼ਟੀ ਪਾਉਣ ਜੋ ਉਹ ਦ੍ਰਿਸ਼ਟਮਾਨ ਤੋਂ ਮਰ ਕੇ ਦ੍ਰਿਸ਼ਟਾ ਪਦ ਵਿਚ ਜੀਉ ਉਠੇ। ਓਹ ਨਿਰੇ ਤਮੋਗੁਣੀ ਅਹੰਕਾਰੀ ਜੋਧੇ ਨਹੀਂ, ਪਰ ਨਿਰਹੰਕਾਰ ਨਿਰਵਿਕਾਰ ਕੇਵਲ ਸਾਖੀ ਰੂਪ ਹਨ, ਸਾਖੀ ਹੋ ਕੇ ਜਗਤ ਦਾ ਉਧਾਰ ਕਰ ਰਹੇ ਹਨ, ਨਾਲ ਦ੍ਰਿਸ਼ਟਾ ਪਦ ਦੇ ਕਟਾਖਸ਼ਾਂ ਨਾਲ ਅਹੰਤਾ ਦੀ ਮੌਤ ਤੇ ਆਤਮ ਜਾਗ੍ਰਤ ਦੇ ਰਹੇ ਹਨ, ਤੇ ਤੀਰ ਚਲਾਕੇ ਦੰਡ ਯੋਗ ਦੋਖੀਆਂ ਤੇ ਖਲਾਂ ਨੂੰ ਪਾਪ ਕਰਨ ਤੋਂ ਅਸਮਰੱਥ ਕਰ ਰਹੇ ਹਨ।

ਪਹਿਲੀਆਂ ਤੁਕਾਂ ਵਿਚ ਜੋ ਛੱਲਿਆਂ ਛਾਪਾਂ ਦੀ ਖੂਬਸੂਰਤੀ, ਹੀਰਿਆਂ ਜੜਤ ਕੰਕਨਾਂ ਦੀ ਸੁੰਦਰਤਾਈ ਦਰਸਾਈ ਹੈ, ਇਹ ਰਾਜਸ਼ੋਭਾ ਵਰਣਨ ਕੀਤੀ ਹੈ, ਭਾਵ ਹੈ ਕਿ ਸਿਪਾਹੀ ਪਦ ਦੇ ਬੀਰਾਸਨੀ ਜੋਧਾ ਨਹੀਂ, ਪਰ ਰਾਜ ਪਦ ਦੇ ਬੀਰਾਸਨੀ ਜੋਧਾ ਹਨ।

ਸੈਯਾ: ਕਟ ਸੋਂ ਪਟ ਤੇਗ਼ ਨਿਖੰਗ ਕਸੇ, ਮੁਖ ਮੰਦ ਹਸੇ ਦਮਕੈ ਕਿ ਛਟਾ ਹੀ।
ਮੁਕਤਾ ਗਰ ਮਾਲ ਬਿਸਾਲ ਬਨੀ, ਸ਼ਮਸ੍ਰਾਨਨ ਸ਼ਜਾਮ ਭਲੀ ਉਪਮਾਹੀ।
ਹਿਤ ਸੋਂ ਤਮ ਸੋਮ ਕਿ ਪਾਸ ਬਸਜੋ, *ਮੁਖ ਪੰਕਜ ਪੈ ਮਧੁ ਪੁੰਜ ਸੁਹਾਹੀਂ।

ਅਬ ਆਨ ਕੀ ਆਸ ਨਿਰਾਸ ਭਈ,
ਕਲਗੀਧਰ ਬਾਸ ਕੀਯੋ ਮਨ ਮਾਹੀ ॥੩੦॥

ਕਟ=ਲੱਕ।

ਪਟ=ਕਪੜਾ ਜੋ ਲੱਕ ਨਾਲ ਬੰਨ੍ਹਦੇ ਹੁੰਦੇ ਸਨ। ਪਟਕਾ, ਕਮਰ ਕੱਸੇ ਦਾ ਕਪੜਾ। ਤੇਗ਼=ਤਲਵਾਰ। ਨਿਖੰਗ=ਤੀਰਾਂ ਦਾ ਭੱਥਾ।

ਕਸੇ=ਕੱਸੇ ਹੋਏ ਹਨ।

ਮੁਖ ਮੰਦ ਹਸੇ=ਮੂੰਹੋਂ ਥੋੜਾ ਹਸਦੇ ਹਨ, ਭਾਵ ਮੁਸਕ੍ਰਾਹਟ ਤੋਂ ਹੈ।

ਕਿ=ਮਾਨੋਂ। ਛਟਾ=ਬਿਜਲੀ। ਮੁਕਤਾ=ਮੋਤੀਆਂ ਦੀ।

ਗਰ-ਗਲੇ ਵਿਚ। ਮਾਲ=ਮਾਲਾ।

ਬਿਸਾਲ=ਵਡੀ, ਮੋਤੀਆਂ ਦੀ ਵਡੀ ਮਾਲਾ।

ਬਨੀ=ਬਨ ਬਨ ਪੈ ਰਹੀ ਹੈ, ਫਬ ਰਹੀ ਹੈ।

ਸ਼ਮਸ਼੍ਰਾਨਨ=ਸ਼ਮਸ਼੍ਰ=ਦਾੜ੍ਹਾ+ਆਨਨ=ਮੁਖ, ਚਿਹਰਾ। [ਸੰਸ. ਸ਼ਮਸ਼੍ਰ=ਦਾੜ੍ਹਾ।]

ਸ਼ਜਾਮ=ਕਾਲੀ। ਤਮ=ਹਨੇਰਾ, ਸ਼ਜਾਮਤਾ।

ਸੋਮ=ਚੰਦ੍ਰਮਾ। ਮੁਖਪੰਕਜ=ਮੁਖਾਰਬਿੰਦ, ਮੁਖ ਕਮਲ।

ਮਧੁ+ਪੁੰਜ=ਮਧੁਪ ਪੁੰਜ-ਭੌਰਿਆਂ ਦਾ ਝੁੰਡ। ਸੁਹਾਹੀ=ਸੁਹਾ ਰਿਹਾ ਹੈ।

ਨਿਰਾਸ=ਆਸ ਤੋਂ ਰਹਿਤ। (ਅ) ਨਿਰਾਸ ਦਾ ਅਰਥ ਏਥੇ ਨਿਰੱਸ ਬੀ ਕਰਦੇ ਹਨ।

ਅਰਥ: (ਕਵਿ ਜੀ ਅਪਣੇ ਧਯਾਨ ਬਸੀ ਗੁਰੂ ਮੂਰਤੀ ਦਾ 'ਮਨਮੋਹਨ' ਦਰਸ਼ਨ ਵਰਣਨ ਕਰਦੇ ਹਨ:-) ਲੱਕ ਨਾਲ ਪਟਕਾ (ਤੇ ਉਸ ਵਿਚ) ਤਲਵਾਰ (ਤੇ) ਭੱਥਾ ਕੱਸੇ (ਹੋਏ ਹਨ,) ਮੁਖੜੇ ਤੋਂ ਮੁਸਕ੍ਰਾ ਰਹੇ ਹਨ, ਮਾਨੋ, ਬਿਜਲੀ ਚਮਕ ਰਹੀ ਹੈ।

ਗਲੇ (ਵਿਚ) ਮੋਤੀਆਂ ਦੀ ਵਡੀ ਮਾਲਾ ਫਬ ਰਹੀ ਹੈ, ਚਿਹਰੇ ਪਰ ਕਾਲੀ ਦਾੜ੍ਹੀ ਸੁਹਾ ਰਹੀ ਹੈ, (ਜਿਸਦੀ ਚੰਗੀ) ਉਪਮਾ (ਐਉਂ ਬਣਦੀ) ਹੈ

(ਕਿ) ਪਜਾਰ ਨਾਲ ਹਨੇਰਾ ਚੰਦ੍ਰਮਾ ਦੇ ਪਾਸ ਜਾ ਬਸਿਆ ਹੈ, (ਅਥਵਾ) ਮੁਖ (ਰੂਪੀ) ਕਮਲ ਉਤੇ (ਮਾਨੋਂ) ਭੌਰਿਆਂ ਦੇ ਝੁੰਡ ਸੁਹਾ ਰਹੇ ਹਨ।

(ਐਸੀ ਮਨੋਹਰ ਮੂਰਤੀ (ਸ਼੍ਰੀ) ਕਲਗੀਧਰ ਜੀ ਨੇ (ਮੇਰੇ) ਹਿਰਦੇ ਵਿਚ ਵਾਸਾ ਕਰ ਲਿਆ ਹੈ, ਹੁਣ ਹੋਰ (ਸਭ) ਕਿਸੇ ਦੀ ਆਸਾ (ਦਿਲੋਂ) ਦੂਰ ਹੋ ਗਈ ਹੈ।

ਭਾਵ: ੨੫ਵੇਂ ਸ੍ਵੈਯੇ ਦਾ ਆਰੰਭ ਜਿਸ ਭਾਵ ਤੋਂ ਕੀਤਾ ਸਾਨੇ, ਉਸੇ ਭਾਵ ਤੇ ਕਵੀ ਜੀ ਤੀਸਵੇਂ ਸ੍ਵੈਯੇ ਦਾ ਅੰਤ ਕਰਦੇ ਹਨ

੨੫ਵੇਂ ਸ੍ਵੈਯੇ ਦੀ ਆਰੰਭਕ ਤੁਕ- 'ਗੋਬਿੰਦ ਸਿੰਘ ਗੁਰੂ ਗਤਿ ਦਾਯਕ ਆਨ ਕੀ ਆਸ ਨਹੀਂ ਮਨ ਰਾਈ':

੩੦ਵੇਂ ਸ੍ਵੈਯੇ ਦੀ ਅੰਤਲੀ ਤੁਕ- 'ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਯੋ ਮਨ ਮਾਹੀ'; ਵਿਚਕਾਰ, -ਅਪਣੀ ਪ੍ਰੇਮ ਬਿਹਬਲਤਾ*, ਗੁਰੂ ਜੀ ਦਾ ਯਸ਼+, ਅਪਣੀ ਅਵਗੁਣੀ ਭਰਪੂਰ ਦਸ਼ਾ ਤੇ ਸਤਿਗੁਰ ਜੀ ਦਾ ਗੁਣ ਨਿਧਾਨ ਰੂਪ ਤੇ ਗੁਣਕਾਰੀ ਬਿਰਦ* ਦੀ ਕੀਰਤੀ ਕਰਦੇ ਹੋਏ, ਧਜਾਨ ਤੇ ਆਉਂਦੇ ਹਨ, ਪਹਿਲਾਂ ਸਤਿਗੁਰ ਜੀ ਦਾ

---

*੨੫ਵਾਂ ਸ੍ਵੈਯਾ।

+੨੬ਵਾਂ ਕਬਿੱਤ।

*੨੭ਵਾਂ ਕਬਿੱਤ।

ਘੋੜੇ ਚੜਿਆ ਦਰਸ਼ਨ+, ਫੇਰ ਬੀਰਾਸਨੀ ਦਰਸ਼ਨ++ ਅਤੇ ਉਨ੍ਹਾਂ ਦੇ ਦ੍ਰਿਸ਼ਟਾ ਪਦ ਦੇ ਰੁਖ਼ ਨੂੰ ਪੂਰਨ ਰੂਪਕ ਵਿਚ ਗੋਬਿੰਦ ਰੂਪਤਾ ਅਰਥਾਤ ਇਲਾਹੀ ਰੱਬੀ ਰੰਗ ਵਿਚ ਦਰਸਾਯਾ ਹੈ। ਬੀਰਰਸ ਦਾ ਰੂਪਕ ਯੋਗ ਮਾਰਗ ਦੇ 'ਦ੍ਰਿਸ਼ਟਾ ਪਦ' ਵਾਂਙੂ ਦੱਸਦੇ ਹੋਏ ਆਪਣੇ ਧ੍ਯਾਨਿਸ਼ਟ* ਜੀ ਦਾ ਭਗਵੰਤ ਰੂਪ ਹੋਣਾ ਸੂਚਤ ਕਰਾਇਆ ਹੈ। ਫੇਰ ਸਹਿਜ ਸੁਭਾ ਦਾ ਭਗਤਾਂ ਦੇ ਮਨ ਨੂੰ ਹਰਨ ਵਾਲਾ ਦਰਸ਼ਨ, ਜਿਸ ਵਿਚ ਗਲੇ ਵਿਚ ਮਾਲਾ ਦੱਸੀ ਹੈ, ਭਾਵ-ਸਿਮਰਣ ਦੇ ਧਨੀ ਤੇ ਦਾਤੇ ਹੋਣ ਦੀ ਸਮਰੱਥਾ ਤੋਂ ਹੈ, ਇਸ ਤੋਂ ਪਹਿਲੇ ਬੀਰਰਸੀ ਧਾਰਨਾਂ ਵਰਣਨ ਕੀਤੀ ਹੈ, ਇਹ ਤੀਸਵੇਂ ਸ੍ਵੈਯੇ ਵਿਚ ਦੋਏ ਰੰਗ ਦਰਸਾਏ ਹਨ। ਜਿਸਦੀ ਅੰਤਲੀ ਤੁਕ ਵਿਚ ਕਲਗੀਧਰ ਜੀ ਦੇ ਅਪਣੇ ਹਿਰਦੇ ਵਿਚ ਨਿਵਾਸ ਕਰ ਲੈਣ ਦੀ, ਅਰਥਾਤ ਅਪਣੇ ਮਨ ਦੀ 'ਧ੍ਯਾਨ ਸਿੱਧ' ਅਵਸਥਾ ਪ੍ਰਤਿਪਾਦਨ ਕੀਤੀ ਹੈ। ਅੱਗੋਂ ਹੁਣ ਉਸ ਮਨੋਹਰ ਮੂਰਤਿ ਵਾਲੇ ਪਿਆਰੇ ਜੀ ਅੱਗੇ ਅਰਦਾਸ ਆਰੰਭ ਕਰਦੇ ਹਨ:-

ਸ੍ਵੈਯਾ: ਭੂਲ ਜੋ ਚੂਕ ਭਈ ਹਮ ਤੇ ਗੁਰ! ਕਿੰਕਰ ਸੋ ਤੁਮ ਤੇ ਬਖ਼ਸ਼ਾਵਤਿ।
ਲਾਜ ਰਖੋ ਨਿਜ ਨਾਮਹਿ ਕੀ, ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ।
ਤੂੰ ਬਖ਼ਸ਼ੰਦ ਸਦਾ ਸੁਖਦਾਇਕ, ਮੋ ਮਨ ਨਾਂਹਿ ਬਿਖ਼ੈ ਛੁਟਕਾਵਤਿ।
ਲੋਹ ਤੇ ਹੇਮ ਇਰੰਡ ਤੇ ਚੰਦਨ, ਮਾਨੁਖ ਤੇ ਸੁਰ ਤੂੰ ਹੀ ਬਨਾਵਤਿ ॥੩੧॥

ਭੂਲ ਜੋ ਚੂਕ=ਜੋ ਭੁੱਲ ਚੁੱਕ। ਭੁੱਲ=ਭੁੱਲਾਂ। ਚੁੱਕ-ਉਕਾਈਆਂ।
ਹਮਤੇ=ਸਾਥੋਂ, ਮੁਰਾਦ ਹੈ-ਮੈਥੋਂ। ਕਿੰਕਰ=ਦਾਸ। ਹੇਮ=ਸੋਨਾ।

ਇਰੰਡ=ਹਿਰੰਡ। ਹਰਨੋਲੀ। ਇਕ ਨੀਵਾਂ ਪੇੜ ਹੈ, ਬਾਂਸ ਤੇ ਇਸ ਪਰ ਚੰਦਨ ਦੀ ਖੁਸ਼ਬੋ ਵੀ ਨਹੀਂ ਚੜ੍ਹਦੀ ਇਸ ਕਰਕੇ ਬੀ ਇਸਨੂੰ ਨੀਵਾਂ ਕਹਿੰਦੇ ਹਨ, ਭਾਵ ਆਪਣੇ ਨੀਵੇਂ ਹੋਣ ਤੋਂ ਹੈ। ਇਹੋ ਭਾਵ ਲੋਹੇ ਤੋਂ ਹੈ। ਕਵਿ ਸੰਕੇਤ ਵਿਚ ਅਕਸਰ ਤਾਂਬੇ ਨੂੰ ਪਾਰਸ ਸੋਨਾ ਬਨਾਉਂਦਾ ਦਸਦੇ ਹਨ, ਪਰ ਕਵਿ ਜੀ ਦੱਸਦੇ ਹਨ ਕਿ ਤੁਸੀਂ ਲੋਹੇ ਨੂੰ ਸੋਨਾ ਤੇ ਅਰਿੰਡ ਨੂੰ ਚੰਦਨ ਬਨਾ ਲੈਂਦੇ ਹੋ। ਭਾਵ ਅਸੰਭਵ ਨੂੰ ਸੰਭਵ ਕਰ ਲੈਂਦੇ ਹੋ।

ਅਰਥ: ਜੋ ਭੁੱਲ ਚੁੱਕ ਮੈਥੋਂ ਹੋਈ ਹੈ (ਹੇ) ਗੁਰੂ! (ਇਹ) ਦਾਸ ਤੁਹਾਥੋਂ ਉਹ (ਸਭ) ਬਖਸ਼੍ਵਾਉਂਦਾ ਹੈ। (ਕਿਉਂਕਿ) ਮੈਂ ਜਗਤ ਵਿਚ ਆਪਦਾ ਸਿੱਖ ਅਖਵਾਉਂਦਾ ਹਾਂ (ਇਸ ਲਈ ਆਪ) ਆਪਣੇ ਨਾਮ ਦੀ ਲਾਜ ਰਖੋ। ਮੇਰਾ ਮਨ ਵਿਸ਼ਿਆਂ ਤੋਂ ਛੁਟਦਾ ਨਹੀਂ, (ਹੇ) ਸੁਖਦਾਤੇ! ਤੂੰ ਸਦਾ ਬਖਸ਼ਿੰਦ ਹੈਂ। (ਆਪਣੀ ਬਖਸ਼ਿਸ਼ ਨਾਲ) ਲੋਹੇ ਤੋਂ ਸੋਨਾ, ਅਰਿੰਡ ਤੋਂ ਚੰਦਨ ਅਤੇ ਮਾਨੁਖ ਤੋਂ ਦੇਵਤਾ ਤੂੰ ਹੀ ਬਨਾਉਂਦਾ ਹੈਂ।

ਭਾਵ: ਪ੍ਰੇਮ ਮਾਰਗ ਦੇ ਜਾਣੂ ਕਵਿ ਜੀ ਇਸ ਸ੍ਵੈਯੇ ਵਿਚ ਸਤਿਗੁਰੂ-ਅਪਣੇ ਇਸ਼ਟ ਤੇ ਸ਼ਿਰਮੌਰ ਤੇ ਪਜਾਰ ਦੇ ਅਵਿਲੰਭ-ਸ੍ਰੀ ਕਲਗੀਧਰ ਜੀ ਅੱਗੇ ਅਪਣੇ ਬਖਸ਼ੇ ਜਾਣ ਦੀ ਅਰਦਾਸ ਕਰਦੇ ਹਨ। ਪਹਿਲੇ ਤਾਂ ਅਪਣੀਆਂ ਜੀਵਨ ਦੀਆਂ ਭੁੱਲਾਂ ਚੁੱਕਾਂ ਦਾ ਇਕਰਾਰ ਕਰਦੇ ਹਨ, ਜੋ ਮਾਨੁਖ ਹੋਣ ਕਰਕੇ ਉੱਚ ਜੀਵਨ ਦੇ ਅੱਪੜਨ ਦੇ ਹੀਲੇ ਕਰਨ ਵਾਲਿਆਂ ਤੋਂ ਹੁੰਦੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਵੇਰਵਾ ਨਹੀਂ ਕਰਦੇ,

---

+੨੮ਵਾਂ ਕਬਿੱਤ।
++੨੯ਵਾਂ ਸ੍ਵੈਯਾ।

ਕਹਿੰਦੇ ਹਨ ਜੋ ਭੁੱਲ ਤੇ ਚੁੱਕ ਹੋਈ ਹੈ ਸਭ ਬਖਸ਼ੋ। ਜੋ ਕਰਨਾ ਚਾਹੀਦਾ ਸੀ ਤੇ ਨਹੀਂ ਹੋ ਸਕਿਆ ਉਹ 'ਚੂਕ' ਹੈ, ਜੋ ਕਰਨਾ ਨਹੀਂ ਚਾਹੀਦਾ ਸੀ ਤੇ ਹੋ ਗਿਆ ਹੈ ਉਹ 'ਭੁੱਲ' ਹੈ। ਇਨ੍ਹਾਂ ਦੋ ਹੀ ਕਿਸਮਾਂ ਵਿਚ ਸਾਰੇ ਦੋਸ਼ ਵੰਡੇ ਜਾ ਸਕਦੇ ਹਨ, ਸੋ ਕਵਿ ਜੀ ਨੇ ਦੋਹਾਂ ਦਾ ਨਾਉਂ ਲੈ ਕੇ ਸਾਰੇ ਦੋਸ਼ਾਂ ਦਾ ਇਕਰਾਰ ਕੀਤਾ ਹੈ, ਫਿਰ ਇਕ ਹੋਰ ਦੋਸ਼ ਦਾ ਵੱਖਰਾ ਇਕਰਾਰ ਕਰਦੇ ਹਨ-ਕਿ ਮੇਰੇ ਪਾਸੋਂ ਵਿਸ਼ੇ ਨਹੀਂ ਛੁੱਟਦੇ। ਇਹ ਦੋ ਹੋਰ ਵੰਡਾਂ ਦੋਸ਼ਾਂ ਦੀਆਂ ਹਨ, ਉਹ ਇਹ ਹਨ: ਇਕ ਤਾਂ ਬਦੀਆਂ ਹਨ ਜੋ ਦੁੱਖ ਤੇ ਕਸ਼ਟ ਜਗਤ ਵਿਚ ਦੇਂਦੀਆਂ ਹਨ ਯਾ ਵਧਾਉਂਦੀਆਂ ਹਨ, ਜਿਹਾਕੁ: ਧੱਕਾ, ਚੋਰੀ, ਮਾਰ ਕੁਟਾਈ, ਕਤਲ। ਦੂਸਰੇ ਸਰੀਰ ਦੀਆਂ ਸੁਭਾਵਕ ਭੁੱਖਾਂ ਜੋ ਹੱਦ ਬੰਨੇ ਯਾ ਮਰਯਾਦਾ ਰੱਖ ਕੇ ਦੋਸ਼ ਬਣ ਜਾਂਦੀਆਂ ਹਨ ਅਤੇ ਅਪਣੇ ਫਲ ਵਿਚ ਮਨ ਨੂੰ ਸਰੀਰੀ ਸੁੱਖਾਂ ਵਿਚ ਬੰਨ੍ਹਦੀਆਂ ਹਨ ਤੇ ਉੱਚੇ ਰਸ-ਆਤਮ ਰਸ-ਵਿਚ ਉਠਣ ਨਹੀਂ ਦੇਂਦੀਆਂ, ਇਸ ਵਿਚ ਸਾਰੇ ਇੰਦ੍ਰੀਆਂ ਦੇ ਰਸ ਆ ਜਾਂਦੇ ਹਨ। ਇਸਨੂੰ ਕਵੀ ਜੀ ਨੇ 'ਵਿਖੇ' ਕਹਿਕੇ ਦੱਸਿਆ ਹੈ। ਸੋ ਸਾਰੇ ਦੋਸ਼ ਆ ਗਏ।

'ਭੂਲ, ਚੂਕ, ਵਿਸ਼ੇ ਤੋਂ ਨਾ ਛੁਟਕਾਰਾ' ਕਵਿ ਨੇ ਇਸ ਤਰ੍ਹਾਂ ਨਹੀਂ ਕਹੇ ਜਿਵੇਂ ਕੋਈ ਨਿਵਰ ਤੇ ਨਿਸੰਗ ਪਾਪੀ ਹੁੰਦਾ ਹੈ; ਪਰ ਇੰਵ ਜਿਵੇਂ ਕੋਈ 'ਉੱਚ ਜੀਵਨ' ਵਿਚ ਉਡਦਾ ਰਾਮਰਸ ਦੇ ਯਤਨਾਂ ਵਿਚ ਹੱਥ ਪੈਰ ਮਾਰਦਾ, ਉੱਕ ਉੱਕ, ਭੁੱਲ ਭੁੱਲ ਤੇ ਆਪੇ ਤੇ ਕਾਬੂ ਰੱਖਣੋਂ ਕਿਸੇ ਵੇਲੇ ਬੇਵਸ ਹੋ ਤਿਲਕਦਾ ਹੈ। ਜਿਵੇ, ਤਰਨ ਵਾਲੇ ਤਾਰੂ ਤੋਂ ਕਦੇ ਗ਼ਲਤ ਹਥ ਪੈਰ ਵੱਜ ਕੇ ਗ਼ੋਤੇ ਆ ਜਾਂਦੇ ਹਨ।

ਫਿਰ ਆਪ ਅਪਣੇ ਸੁਭਾਵ ਦੇ ਅਸਲੇ ਦਾ ਇਕਰਾਰ ਕਰਦੇ ਹਨ ਕਿ ਮੇਰਾ ਅਸਲਾ ਹੀ- 'ਦੇਵ' ਬਣਨ ਵਾਲਾ- 'ਉਚੇ ਜੀਵਨ' ਵਿਚ ਜਾਣ ਵਾਲਾ ਨਹੀਂ ਹੈ, ਮੁਰਾਦ ਹੈ ਕਿ ਇਨਸਾਨ ਅਪਣੇ ਸਰੀਰਕ ਸੁਭਾਵ ਵਿਚ ਤਾਂ ਪਸ਼ੂ ਹੈ, ਸੋ ਇਸਦੇ 'ਮਾਨੁਖ ਸੁਭਾਵ' ਦੇ ਕੰਮਾਂ ਵਿਚ ਤੇ 'ਦੇਵਤਾ ਸੁਭਾਵ' ਦੇ ਕੰਮਾਂ ਵਿਚ 'ਪਸ਼ੂ ਸੁਭਾਵ' ਪ੍ਰਬਲ ਹੋ ਹੋ ਪੈਂਦਾ ਹੈ, ਇਸ ਗੱਲ ਨੂੰ ਦੱਸਣ ਲਈ ਆਪ ਇਰੰਡ ਤੇ ਲੋਹੇ ਦਾ ਦ੍ਰਿਸ਼ਟਾਂਤ ਵਰਤਦੇ ਹਨ।

ਹੁਣ ਅਪਣੇ ਬਚਣ ਦੀ ਟੇਕ ਅਪਣੇ ਆਪ ਤੋਂ ਉਠ ਗਈ। ਉਹ ਕਿਸ ਪਰ ਗਈ? ਓਹ ਦੱਸਦੇ ਹਨ, ਕਿ ਹੇ ਸਤਿਗੁਰੂ ਤੂੰ ਸਮਰੱਥ ਹੈਂ ਨੀਚਾਂ ਨੂੰ ਉਚ ਜੀਵਨ ਦਾਨ ਕਰਨ ਵਿਚ, ਕਿ ਇਰੰਡ ਵਰਗੇ ਨੀਵੇਂ ਨਖਿੱਧ ਪੋਲੇ ਤੇ ਲੋਹੇ ਵਰਗੇ ਕਠੋਰ ਤੇ ਕਾਲਿਆਂ ਨੂੰ ਚੰਦਨ ਵਾਂਙੂ ਖੁਸ਼ਬੂਦਾਰ ਤੇ ਸੋਨੇ ਵਾਂਙੂ ਨਿਰਮਲ ਚਮਕਦਾ ਤੇ ਕੀਮਤੀ ਬਨਾਉਣ ਵਾਲਾ ਹੈਂ, ਭਾਵ ਮਾਨੁੱਖ ਦੇ ਪਸ਼ੂ ਤੇ ਮਾਨੁੱਖੀ ਸੁਭਾਵ ਨੂੰ ਦੇਵਤਾ ਬਣਾ ਦੇਣ ਵਾਲਾ ਤੂੰ ਹੀ ਸਰਬ ਸਮਰੱਥ ਹੈਂ। ਫਿਰ ਤੇਰੀ ਇਕ ਹੋਰ ਸੱਤਜਾ ਹੈ ਕਿ ਜਿਨ੍ਹਾਂ ਤੇ ਤੂੰ ਮੇਹਰ ਕੀਤੀ, ਓਹ ਤੇਰੇ ਰਾਹ ਟੁਰ ਪਏ, ਪਰ ਫੇਰ ਓਹ ਭੁੱਲਦੇ ਡਿਗਦੇ ਢਹਿੰਦੇ ਹਨ, ਤੂੰ ਬਖਸ਼ੰਦ ਤੇ ਸਦਾ ਸੁਖਦਾਈ ਸੁਭਾਵ ਵਾਲਾ ਉਨ੍ਹਾਂ ਦੀ ਸਹਾਯਤਾ ਕਰਦਾ ਹੈਂ, ਔਗੁਣ ਚਿਤਾਰਕੇ ਤ੍ਰਾਹ ਨਹੀਂ ਦੇਂਦਾ। ਤੀਸਰੀ ਦੁਹਾਈ ਹੈ ਜੋ ਉਨ੍ਹਾਂ ਦੇ ਨਾਮ ਦੀ ਦੇਂਦੇ ਹਨ, ਕਿ ਜਗਤ ਵਿਚ ਮੈਨੂੰ ਤੇਰਾ ਸਿੱਖ ਕਹਿੰਦੇ ਹਨ, ਮੈਨੂੰ ਅਸਿੱਖੀ ਕੰਮਾਂ ਵਿਚ ਤਿਲਕ ਪੈਂਦਿਆਂ ਲੱਜ ਨਹੀਂ ਆਉਂਦੀ, ਪਰ ਆਪ ਨੂੰ ਅਪਣੇ ਨਾਮ ਦੀ ਲਾਜ ਹੈ ਕਿ 'ਮੇਰਾ ਸਿੱਖ ਕਦੇ ਨੀਵਾਂ ਨਹੀਂ, ਸਿੱਖ ਸਦਾ ਉੱਚ ਜੀਵਨ ਵਾਲਾ ਜੀਵ ਹੈ', ਸੋ ਇਸ ਅਪਣੇ ਬਿਰਦ ਕਰਕੇ ਆਪ ਮੈਨੂੰ ਬਖ਼ਸ਼ ਲਓ। ਇਹ ਭਗਤੀ ਭਾਵ ਦੀ ਪੂਰੀ ਤਸਵੀਰ ਹੈ।

ਇਹ ਪਤਾ ਰਹੇ ਕਿ ਜੋ ਆਪਣੇ ਤੋਂ ਟੇਕ ਚਾ ਕੇ ਸਤਿਗੁਰ ਤੇ ਧਰਦੇ ਹਨ ਓਹ ਨਿਰਬਲ ਨਿਤਾਣੇ ਹੋ ਜਾਂਦੇ, ਭੇਤ ਇਹ ਹੈ ਕਿ ਜੋ ਅਪਣੇ ਤੋਂ ਟੇਕ ਚੁੱਕ ਕੇ ਸਤਿਗੁਰ ਨਾਲ ਪ੍ਰੇਮ ਵਿਚ ਜੁੜਦੇ ਹਨ ਉਨ੍ਹਾਂ ਵਿਚ ਸਤਿਗੁਰ ਦੀ ਸੱਤਯਾ ਕੰਮ ਕਰਦੀ ਹੈ, ਓਹ ਸਗੋਂ ਜਗਤ ਦੇ ਹੰਕਾਰੀ ਟੇਕਾਂ ਵਾਲਿਆਂ ਤੋਂ ਵਧੇਰੇ ਤਾਕਤ ਵਾਲੇ ਤੇ ਮਜ਼ਬੂਤ ਚਿੱਤ ਵਾਲੇ ਹੁੰਦੇ ਹਨ।

ਕਬਿੱਤ: ਸੁੰਦਰਤਾ ਸਾਲ ਕਰ ਕਰਭ ਬਿਸਾਲ ਕਰ
ਕਰਿ ਮੱਤ ਚਾਲ ਤਰੁ ਤੁਰਕਨ ਤੋਰੀਆ।
ਹਿੰਦ ਅਵਿਲੰਬ ਤਾਰੇ ਭਵ ਨਿਧਿ ਅੰਬੁ ਸਭਿ
ਦੁਸ਼ਟਨ ਦੰਡ, ਹਰਿ ਰੂਪ ਗੁਰ ਮੋਰੀਆ।
ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ
ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ।
ਪਰਜੋ ਦਰਬਾਰ ਸਭੈ ਥਾਂਵ ਨਿਰਧਾਰ ਕਰਿ
ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ ॥੩੨॥

ਸੁੰਦਰਤਾ ਸਾਲ=ਸੁੰਦਰਤਾ ਦਾ ਘਰ। ਅਤਿ ਸੁੰਦਰ। ਕਰ=ਹੱਥ, ਬਾਹਵਾਂ।
ਕਰਭ=ਹਾਥੀ ਦਾ ਬੱਚਾ, ਕੁਮਾਰ ਹਾਥੀ। ਕਰ=ਸੁੰਡ।
ਕਰਿ=ਕਰੀ-ਹਾਥੀ। ਮੱਤ=ਮਸਤ। ਤਰੁ=ਬ੍ਰਿੱਛ।
ਤੁਰਕਨ ਤਰੁ=ਤੁਰਕ ਰੂਪੀ ਬ੍ਰਿੱਛ। ਤੋਰੀਆ=ਤੋੜੇ, ਭੰਨ ਘੱਤੇ।
ਅਵਿਲੰਬ=ਆਸ਼੍ਰੇ, ਆਸ਼੍ਰੇ ਆਏ, ਆਸ਼੍ਰਿਤ ਆਏ। ਅਥਵਾ ਹਿੰਦੂਆਂ ਨੂੰ ਆਪਣਾ ਆਸਰਾ ਦੇ ਕੇ ਤਾਰਿਆ।
ਭਵਨਿਧਿ=ਸੰਸਾਰ ਰੂਪੀ ਸਮੁੰਦਰ, ਭਵ ਸਾਗਰ।
ਅੰਬੁ=ਜਲ, ਪਾਣੀ।
ਦੰਡ=ਸਜ਼ਾ। ਕਈ ਜਗ੍ਹਾ ਪਾਠ ਦੰਭ-ਹੈ, ਜੇ 'ਦੰਭ' ਪਾਠ ਹੋਵੇ ਤਾਂ 'ਹਰ' ਦੇਹੁਰੀ ਦੀਪਕ ਲੱਗੇਗਾ-ਦੁਸ਼ਟਾਂ ਦਾ ਦੰਭ ਹਰ ਕੇ ਹੇ ਹਰੀ ਰੂਪ!-ਪਰੰਤੂ 'ਦੰਭ' ਪਾਠ ਅਸ਼ੁਧ ਜਾਪਦਾ ਹੈ।
ਕਿੰਕਰ=ਦਾਸ। ਤਾਰ=ਲਿਵ।
ਨਿਰਧਾਰ=ਨਿਰਣੇ ਕਰਕੇ, ਪਰਖਕੇ। ਭਾਵ ਸਾਰੇ ਆਸਰੇ ਨਿਕੰਮੇ ਪਰਖਕੇ।
ਉਦਾਰ=ਸਖੀ। ਦਾਤਾ। ਕਰ=ਹੱਥ। ਜੋਰੀਆ=ਜੋੜਕੇ।

ਅਰਥ: (ਹੇ ਹਰੀ ਰੂਪ ਮੇਰੇ ਗੁਰੂ! ਦੁਸ਼ਟਾਂ ਨੂੰ ਦੰਡ ਦੇਣ ਵਾਲੇ! ਤੂੰ) ਮਸਤ ਹਾਥੀ (ਵਾਂਗੂ ਗੰਭੀਰ) ਚਾਲੇ (ਟੁਰਦਿਆਂ) (ਅਪਣੀਆਂ) ਕੁਮਾਰ ਹਾਥੀ ਦੀ ਸੁੰਡ ਵਰਗੀਆਂ ਲੰਮੀਆਂ (ਅਤੇ) ਅਤਿ ਸੁੰਦਰ (ਸੁਡੌਲ) ਬਾਹਵਾਂ (ਨਾਲ) ਤੁਰਕਾਂ (ਰੂਪੀ) ਬੂਟੇ (ਨੂੰ) ਤੋੜ ਸਿੱਟਿਆ ਹੈ। (ਐਉਂ ਸਾਰੇ) ਦੁਸ਼ਟਾਂ ਨੂੰ ਦੰਡ (ਦੇ ਕੇ) (ਹੇ) ਹਰੀ ਰੂਪ ਮੇਰੇ ਗੁਰੂ! (ਤੂੰ) ਆਸ਼੍ਰਿਤ ਆਏ ਹਿੰਦੂ ਸੰਸਾਰ (ਰੂਪੀ) ਸਮੁੰਦਰ (ਦੇ) ਪਾਣੀਆਂ ਤੋਂ ਸਾਰੇ ਤਾਰ ਦਿੱਤੇ। (ਹੁਣ) ਦਾਸ ਨੂੰ ਪਾਰ ਉਤਾਰੀਏ (ਅਤੇ) ਅਪਣਾ ਦੀਦਾਰ ਬਖਸ਼ੀਏ, (ਇਸ ਨੂੰ) ਹੋਰ (ਸਾਰੀਆਂ) ਆਸਾਂ ਛੱਡ ਕੇ (ਇਕ) ਤੇਰੇ ਨਾਮ ਦੀ ਲਿਵ ਲੱਗ ਰਹੀ ਹੈ। (ਇਹ ਦਾਸ ਹੋਰ) ਸਾਰੀਆਂ ਥਾਵਾਂ ਪਰਖ ਕੇ (ਤੇਰੇ) ਦਰਬਾਰ ਆ ਪਿਆ ਹੈ, (ਅਤੇ ਹੇ) ਮੋਖ ਦੇ ਦਾਤੇ! ਹੱਥ ਜੋੜ ਕੇ ਤੈਨੂੰ ਨਮਸਕਾਰ ਕਰਦਾ ਹੈ।

**ਭਾਵ:** ਸਤਿਗੁਰੂ ਜੀ ਤੁਰਕ ਦਮਨ ਦੇ ਉਪਕਾਰੀ ਕੰਮ ਨੂੰ ਮਸਤ ਹਾਥੀ ਦੀ ਬੇਪਰਵਾਹ ਚਾਲ ਵਰਣਨ ਕਰਕੇ, ਹਾਥੀ ਦੇ ਬ੍ਰਿਛਾਂ ਨੂੰ ਸੁੰਡ ਨਾਲ ਤੋੜ ਦੇਣ ਨਾਲ ਉਪਮਾਂ ਦੇ ਕੇ, ਉਨ੍ਹਾਂ ਦੀ ਗੰਭੀਰਤਾ, ਬੀਰ ਰਸੀ ਸਮਰੱਥਾ ਤੇ ਅਹਿੱਲ ਆਤਮ ਸੁਭਾਵ ਵਿਚ ਰਹਿ ਕੇ ਐਸੇ ਕਠਨ ਕੰਮਾਂ ਦੇ ਕਰਨ ਦੀ ਸੱਤਯਾ ਦਾ ਦਰਸ਼ਨ ਕਰਾਯਾ ਹੈ; ਫੇਰ ਹਿੰਦੂਆਂ ਨੂੰ ਰਾਜਸੀ ਦੁੱਖਾਂ ਤੋਂ ਤਾਰਨ ਦੇ ਉਪਕਾਰ ਦਾ ਕਥਨ ਕਰਦੇ ਹੋਏ ਉਨ੍ਹਾਂ ਨੂੰ ਭਵਸਾਗਰ ਤੋਂ ਤਾਰ ਦੇਣ ਦਾ ਆਤਮਕ ਲਾਭ ਵੀ ਨਾਲ ਹੀ ਦੱਸਦੇ ਹਨ, ਫਿਰ ਅਰਦਾਸ ਕਰਦੇ ਹਨ ਕਿ ਹੇ ਐਡੇ ਵੱਡੇ ਕੰਮ ਕਰਨ ਵਾਲੇ ਉਦਾਰ ਤੇ ਸਮਰੱਥ, ਮੈਂ ਇਕ ਦਾਸ ਨੂੰ ਵੀ-ਜਿਸਨੇ ਸਾਰੀਆਂ ਹੋਰ ਆਸਾਂ ਛੱਡ ਕੇ ਇਕ ਤੇਰੇ ਨਾਮ ਦੀ ਲਿਵ ਦੀ ਡੋਰ ਲਾਈ ਹੈ, ਹਾਂ, ਹੋਰ ਆਸਰੇ ਕੱਚੇ ਨਿਰਣੇ ਕਰਕੇ ਤੇਰੇ ਦਰਬਾਰ ਦੀ ਦਰ-ਢੱਠਣੀ ਫੜੀ ਹੈ, ਹਾਂ ਹੇ ਮੁਕਤੀ ਦਾਤੇ! ਮੈਨੂੰ ਬੀ ਪਾਰ ਕਰੋ, ਬਾਰੰਬਾਰ ਨਮਸਕਾਰ ਤੇ ਜੋਦੜੀ ਹੈ ਕਿ ਇਸ ਦਾਸ ਨੂੰ ਬੀ ਪਾਰ ਕਰੋ। ਹਾਂ, ਹਰ ਸਿੱਖ ਕਵੀ ਜੀ ਨਾਲ ਇਹੋ ਅਰਦਾਸ ਕਰਦਾ ਹੈ: ਤਾਰੋ, ਹੇ ਦਾਤਾ! ਤਾਰੋ।

### (ਝ) ਗੁਰਮੁਖ-ਵਿਦਯਾ ਤੇ ਨਾਮ ਦਾਤੇ ਦਾ-ਮੰਗਲ।

**ਕਬਿੱਤ:** ਨਿਤ ਹੀ ਭਗਤਿ ਰਤ, ਨਾਮ ਕੀਨੋ ਬ੍ਰਿਤਿ ਚਿਤ
ਸੰਤਨ ਸੋਂ ਹਿਤ ਅਤਿ, 'ਸੰਤ ਸਿੰਘ' ਨਾਮ ਹੈ।
ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ
ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।
ਜਾਂ ਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ
ਸੁਮਤਿ ਸਦਨ ਭਯੋ, ਕਦਨ ਬਿਰਾਮ ਹੈ।
ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦੁੰਦ
ਬੰਦ ਕਰ ਬੰਦਨਾਂ ਸਦਾ ਮੈਂ* ਸੁਖ ਧਾਮ ਹੈ ॥੩੩॥

ਭਗਤਿ=ਭਗਤੀ, ਪਰਮੇਸ਼ੁਰ ਨਾਲ ਪਿਆਰ, ਸੇਵਾ, ਕੀਰਤਨ, ਨਾਮ ਸਿਮਰਣ, ਲਿਵ ਆਦਿ। [ਸੰਸ. ਭਕ੍ਤਿ]। ਰਤ=ਪ੍ਰੇਮ।

ਬ੍ਰਿਤਿ ਚਿਤ=ਚਿੱਤ ਦੀ ਬ੍ਰਿਤੀ। ਬ੍ਰਿਤੀਆਂ ਪੰਜ ਪ੍ਰਕਾਰ+ ਦੀਆਂ ਹਨ। ਸਾਰੀਆਂ ਚਿੱਤ ਤੋਂ ਉਠਦੀਆਂ ਹਨ। ਅਥਵਾ 'ਨਿਰੋਧ' ਤੋਂ ਉਥਾਨ ਹੋਕੇ ਆਤਮਾ ਚਿੱਤ ਬ੍ਰਿਤੀਆਂ ਨਾਲ ਇਕ ਰੂਪ ਹੁੰਦਾ ਹੈ। ਇਹ ਸਾਰੀਆਂ ਬ੍ਰਿਤੀਆਂ ਜੀਵ ਨੂੰ ਸੰਸਾਰਾਕਾਰ ਕਰਦੀਆਂ ਹਨ। ਕਵੀ ਸੰਤੋਖ ਸਿੰਘ ਜੀ ਆਪਣੇ ਵਿੱਦਯਾ ਦਾਤੇ ਜੀ ਬਾਬਤ ਦਸਦੇ ਹਨ ਕਿ ਉਨ੍ਹਾਂ ਨੇ ਚਿੱਤ ਦੀ ਬ੍ਰਿਤੀ ਹੀ ਨਾਮ ਕਰ ਰੱਖੀ ਹੈ। ਕਟਾਖ੍ਯ ਇਹ ਹੈ ਕਿ ਭਗਤੀ ਮਾਰਗ ਦੀ 'ਚਿੱਤ ਦੀ ਸਮਾਹਿਤ ਅਵਸਥਾ' ਵਿਚ ਰਹਿੰਦੇ ਹਨ। ਉਨ੍ਹਾਂ ਦੀ ਬ੍ਰਿਤੀ ਹੀ ਨਾਮ ਹੋ ਗਈ ਹੈ; ਭਾਵ ਹੈ, ਸਦਾ ਸਹਿਜ ਸਮਾਧੀ ਵਿਚ ਰਹਿੰਦੇ ਹਨ, ਜੇ ਉਸ ਤੋਂ ਉਠਦੇ ਹਨ ਤਦ ਵੀ ਸਾਈਂ ਨਾਲ ਜੁੜਵੇਂ ਰੁਖ ਵਾਲੀ ਬ੍ਰਿਤੀ ਵਿਚ ਰਹਿੰਦੇ ਹਨ। ਉਹ ਜੀਵਨ ਮੁਕਤ ਹਨ ਪਰ ਸਿੱਖੀ ਆਦਰਸ਼ ਦੇ।

---

*ਪਾਠਾਂਤ੍ਰ-ਮੇ, ਅਤੇ-ਸੁ-ਬੀ ਹੈ।

+ਬ੍ਰਿਤੀਆਂ ਅਨੇਕ ਹਨ, ਪਰ ਪੰਜਾਂ ਵਿਚ ਵੰਡੀਆਂ ਜਾਂਦੀਆਂ ਹਨ:-ਪ੍ਰਮਾਣ, ਵਿਪਰਯਯ, ਵਿਕਲਪ, ਨਿਦ੍ਰਾ, ਸਿਮ੍ਰਤੀ। ਫੇਰ ਪ੍ਰਭਾਵ ਕਰਕੇ ਦੋ ਪ੍ਰਕਾਰ ਦੀਆਂ ਹਨ:-ਕਲਿਸ਼ਟ, ਅਕਲਿਸ਼ਟ। ਤਿੰਨਾਂ ਗੁਣਾਂ ਕਰਕੇ ਬ੍ਰਿਤੀਆਂ ਦੇ ਤ੍ਰੈ ਹੋਰ ਰੂਪ ਹਨ:-ਸ਼ਾਂਤ, ਘੋਰ, ਮੂਢ।

ਸੁਜਨ=ਭਲੇ ਪੁਰਖ। ਹਰ ਇਕ ਨਾਲ ਸੱਜਣਤਾਈ ਕਰਨ ਵਾਲੇ, ਸ੍ਰੇਸ਼ਟ, ਨੇਕ, ਸੱਜਣ।

ਧੀਰ=ਧੀਰਜੀ। ਧੀਰਜ ਵਾਲੇ।

ਧਰਮ ਬਿਸਾਲ ਧਰਿ=ਵਡੇ ਧਰਮ ਦੇ ਧਾਰਨ ਵਾਲੇ ਹਨ (ਅ) ਵਿ-ਵਿਸ਼ੇਸ਼ ਕਰਕੇ। ਸਾਲ=ਸ੍ਰੇਸ਼ਟ। ਵਡੇ ਸ੍ਰੇਸ਼ਟ ਧਰਮ ਦੇ ਧਾਰਨ ਵਾਲੇ ਹਨ। (ੲ) ਪਰੰਤੂ ਬਿਸਾਲ ਤੋਂ ਕਵੀ ਦਾ ਇਸ਼ਾਰਾ ਸਿੱਖੀ ਮਾਰਗ ਵੱਲ ਹੈ, ਤੇ ਇਹ-ਧਰਿ-ਦਾ ਕ੍ਰਿਯਾ-ਵਿਸ਼ੇਸ਼ਨ ਹੈ ਕਿ-ਧਰਮ ਦੀ (ਧਾਰਨਾ ਨੂੰ) (ਬਿਸਾਲ=) ਪੱਕੀ ਤਰ੍ਹਾਂ ਧਾਰਨ ਵਾਲੇ ਹਨ।

ਬੈਸ=ਉਮਰਾ। ਚਰਨੋਦਕ=ਚਰਨ+ਉਦਕ=ਚਰਨਾਂ ਦਾ ਪਾਣੀ।

ਬਦਨ=ਮੂੰਹ। ਅਕਸਰ ਅਰਥ ਐਉਂ ਕਰਦੇ ਹਨ:-ਜਿਨ੍ਹਾਂ ਦੇ ਚਰਣਾਂਮ੍ਰਿਤ ਦੀ ਬੂੰਦ ਮੂੰਹ ਵਿਚ ਪਾ ਕੇ। ਪਰੰਤੂ ਪਾਠ ਹੈ, 'ਬੂੰਦ ਮੈਂ ਬਦਨ ਪਾਇ'।ਕਵਿ ਜੀ ਦਾ ਕਟਾਖਯ ਇਹ ਜਾਪਦਾ ਹੈ ਕਿ ਚਰਣਾਂ ਦੇ ਪਾਣੀ ਦੀ ਬੂੰਦ ਪੀਣੀ ਤਾਂ ਕਿਤੇ ਰਹੀ, ਉਸ ਵਿਚ ਆਪਣਾ ਮੂੰਹ ਦੇਖ ਕੇ। ਜਲ ਦੀ ਬੂੰਦ ਸ਼ੀਸ਼ੇ ਵਾਂਞੂ ਸ਼ਫਾਫ ਹੁੰਦੀ ਹੈ, ਉਸ ਵਿਚ ਮੂੰਹ ਦੇਖਣਾ ਮਾਤ੍ਰ ਹੀ ਕਾਫੀ ਹੈ। ਮੁਰਾਦ ਇਹ ਹੈ ਕਿ ਉਨ੍ਹਾਂ ਦੇ ਦਰਸ਼ਨ ਮਾਤ੍ਰ ਨਾਲ ਗਯਾਨਵਾਨ ਹੋ ਜਾਈਦਾ ਹੈ।

ਸੁਮਤਿਸਦਨ=[ਸੁ+ਮਤਿ=ਸ੍ਰੇਸ਼ਟ ਬੁਧੀ। ਸਦਨ=ਘਰ] ਵਿਦ੍ਵਾਨ। ਚਤੁਰ। ਪ੍ਰਬੀਨ।

ਕਦਨ ਬਿਰਾਮ=[ਕਦਨ=ਕੱਟਣ ਵਾਲਾ। ਬਿਰਾਮ=ਟਿਕਾਉ। ਅਰਾਮ] ਅਰਾਮ ਦੇ ਕੱਟਣ ਵਾਲਾ*।

ਭਾਵ, ਨਾ ਕੇਵਲ ਕਵੀ ਵਿਦਵਾਨ ਹੋ ਗਿਆ ਹੈ, ਸਗੋਂ ਵਿਦਯਾ ਸਬੰਧੀ ਕੰਮ ਕਰਨ ਵਿਚ ਅਰਾਮ ਦੇ ਕੱਟਣ ਵਾਲਾ, ਭਾਵ ਅਥੱਕ ਮਿਹਨਤੀ-ਅਥੱਕ ਕੰਮ ਕਰਨ ਵਾਲਾ-ਹੋ ਗਿਆ ਹੈ। (ਅ)।ਕਦਨ=ਦੁਖ, ਪਾਪ, ਕਲੇਸ਼। ਬਿਰਾਮ=ਸਮਾਪਤੀ, ਅੰਤ] ਦੁਖਾਂ ਦੀ ਸਮਾਪਤੀ ਹੋ ਗਈ ਹੈ।

ਅਰਬਿੰਦ=ਕਮਲ। ਅਰਬਿੰਦ ਪਦ=ਕਮਲਾਂ ਵਰਗੇ ਪੈਰ।

ਚਰਣਾਰਬਿੰਦ। ਮੁਕੰਦ=ਮੁਕਤੀ ਦਾਤਾ।

ਦੁੰਦ=ਦੋ। ਜੇ 'ਕਰ' ਨਾਲ ਇਹ ਪਦ ਲਗੇ ਤਾਂ, 'ਦੁੰਦ ਕਰ'=ਦੋਵੇਂ ਹੱਥ। (ਅ) ਜੇ ਦੁੰਦ ਨੂੰ ਪਿੱਛੇ ਲਾਈਏ ਤਾਂ, 'ਦੁੰਦ ਪਦ'=ਦੋਹਾਂ ਚਰਨਾਂ ਉਤੇ। (ੲ) ਜੇ ਦੁੰਦ ਨੂੰ ਦ੍ਵੰਦ ਪੜ੍ਹੀਏ ਤਾਂ=ਦੋ ਪਰਸਪਰ ਵਿਰੋਧੀ ਸ਼ੈਆਂ ਦਾ ਜੋੜਾ, ਜੈਸੇ ਕਾਲਾ ਚਿੱਟਾ, ਸਰਦੀ ਗਰਮੀ, ਸੁਖ ਦੁਖ, ਪਾਪ ਪੁੰਨ। ਭਾਵ ਮਾਯਕ ਜੀਵ ਦ੍ਵੰਦਾਂ ਵਿਚ ਫਸੇ ਹੀ ਮਰ ਜੰਮ ਰਹੇ ਹਨ। ਇਹ ਅਰਥ ਲਾਉਣਾ ਹੋਵੇ ਤਾਂ 'ਮੁਕੰਦ ਦੁੰਦ' ਪਾਠ ਹੋਊ, ਅਰਥਾਤ, ਦ੍ਵੰਦਾਂ ਤੋਂ ਮੁਕਤੀ ਦਾਤਾ ਹਨ।

ਸੁਖ ਧਾਮ ਹੈ=ਮੇਰੇ (ਵਿਦਯਾ ਉਸਤਾਦ) ਸੁਖ ਦਾ ਧਾਮ (ਘਰ) ਹੈਨ। (ਅ) ਮੈਂ (ਨਿਤ ਬੰਦਨਾ ਕਰਕੇ) ਸੁਖ ਦਾ ਧਾਮ ਹੋਇਆ ਹਾਂ। (ੲ) ਅਸ਼ੀਰਬਾਦ ਮੰਗਦੇ ਹਨ ਕਿ ਮੈਂ ਅਪਣੇ ਉਸਤਾਦ ਨੂੰ ਬੰਦਨਾਂ ਕਰਕੇ ਸੁਖ ਦਾ ਧਾਮ ਹੋਵਾਂ। 'ਹੈ' ਨੂੰ ਫੇਰ 'ਹ੍ਵੈ' ਪੜ੍ਹਨਾ ਪਵੇਗਾ।

ਅਰਥ: (ਮੇਰੇ ਵਿਦਯਾ ਦਾਤੇ ਜਿਨ੍ਹਾਂ ਦਾ) ਨਾਮ 'ਸੰਤ ਸਿੰਘ' ਹੈ, (ਜਿਨ੍ਹਾਂ ਦਾ) ਗੁਰਮੁਖਾਂ ਨਾਲ ਅਤਿ ਹਿਤ ਹੈ, (ਜਿਨ੍ਹਾਂ ਦਾ) ਸਦਾ ਭਗਤੀ (ਵਿਚ) ਪ੍ਰੇਮ ਹੈ, ਨਾਮ (ਸਿਮਰਣ) ਨੂੰ (ਜਿਨ੍ਹਾਂ) ਚਿਤ ਦੀ ਬ੍ਰਿਤੀ ਹੀ ਬਣਾ ਲਿਆ ਹੈ।

---

*ਅਥਵਾ ਜੜ੍ਹਤਾ ਦੇ ਨਾਸ਼ ਕਰਨ ਵਾਲਾ, ਯਾ ਚੰਚਲਤਾਈ ਦੂਰ ਕਰਨ ਵਾਲਾ।

(ਸੁਭਾਵ ਦੇ) ਦਿਆਲੂ, (ਲੋਕਾਂ ਨਾਲ) ਸੱਜਣਤਾਈ ਕਰਨ ਵਾਲੇ, (ਹੌਂਸਲੇ ਦੇ) ਧੀਰਜੀ, (ਸਿੱਖੀ) ਧਰਮ (ਦੀ ਧਾਰਨਾ) ਪੱਕੀ ਤਰ੍ਹਾਂ ਨਾਲ ਧਾਰਨ ਵਾਲੇ, ਜਿਨ੍ਹਾਂ ਨੂੰ ਬਾਲਕ ਅਵਸਥਾ ਤੋਂ ਹੀ ਭਜਨ ਨਾਲ ਕੰਮ ਹੈ।

ਜਿਨ੍ਹਾਂ ਦੇ ਚਰਣਾਂ ਦੀ ਬੂੰਦ ਵਿਚ ਮੂੰਹ ਪਾਕੇ (ਭਾਵ ਵੇਖਕੇ, ਕਵਿ) ਸ੍ਰੇਸ਼ਟ ਬੁੱਧੀ ਦਾ ਘਰ (ਵਿਦ੍ਵਾਨ) ਹੋ ਗਿਆ ਹੈ, ਅਰ ਅਥੱਕ ਕੰਮ ਕਰਨ ਵਾਲਾ ਹੋ ਗਿਆ ਹੈ (ਅਥਵਾ) ਉਸਦੇ ਕਲੇਸ਼ਾਂ ਦਾ ਅੰਤ ਹੋ ਗਿਆ ਹੈ)।

ਉਨ੍ਹਾਂ ਦੇ ਸੁੰਦਰ ਚਰਣਾਰਬਿੰਦ (ਉਤੇ ਜੋ) ਮੁਕਤੀ ਦੇ ਦਾਤਾ (ਤੇ) ਸੁੱਖਾਂ ਦਾ ਘਰ ਹਨ ਦੋਵੇਂ ਹੱਥ (ਜੋੜਕੇ) ਮੈਂ ਸਦਾ ਬੰਦਨਾ ਕਰਦਾ ਹਾਂ।

ਭਾਵ: ਹੁਣ ਕਵਿ ਜੀ ਆਪਣੇ ਵਿੱਦਯਾ ਦਾਤੇ ਭਾਈ ਸੰਤ ਸਿੰਘ ਜੀ ਦਾ ਮੰਗਲ ਕਰਦੇ ਹਨ, ਨਾਮ ਦੱਸਦੇ ਹਨ 'ਸੰਤ ਸਿੰਘ*।' ਉਨ੍ਹਾਂ ਦੇ ਗੁਣ ਦੱਸਦੇ ਹਨ ਕਿ ਸੰਤਾਂ ਦੇ ਪ੍ਰੇਮੀ, ਭਗਤੀ ਉਨ੍ਹਾਂ ਦਾ ਮਾਰਗ ਸੀ, ਜੋ ਸਿੱਖੀ ਦਾ ਇਕ ਮੁੱਖ ਅਸੂਲ ਹੈ ਤੇ ਨਿਰੇ ਨਾਮ ਧ੍ਰੀਕ ਸਿੱਖ ਨਹੀਂ, ਪਰ ਨਾਮ ਦੇ ਰੰਗ ਵਾਲੇ, ਸੁਭਾਵ ਦੇ ਦਿਆਲੂ, ਜਗਤ ਦੇ ਸੱਜਣ, ਧੀਰਜੀ ਤੇ ਪੱਕੇ ਸਿੰਘ। ਉਨ੍ਹਾਂ ਦੀ ਸੁਹਬਤ, ਸੇਵਾ ਤੇ ਸ਼ਾਗਿਰਦੀ ਵਿੱਚ ਮੈਂ 'ਵਿਦਯਾ' ਅਰ 'ਆਚਰਣ' ਤੇ 'ਨਾਮ' ਸਿਖਿਆ ਹੈ, ਉਨ੍ਹਾਂ ਪ੍ਰਤੀ ਮੇਰੀ ਬੰਦਨਾ ਹੈ। 'ਬੂੰਦ ਮੈਂ ਬਦਨ ਪਾਇ' ਤੋਂ ਕਵਿ ਜੀ ਅਪਣੀ ਸੇਵਾ ਤੇ ਸ਼ਾਗਿਰਦੀ ਸੂਚਤ ਕਰਾਉਂਦੇ ਹਨ। ਅਗਲੇ ਸਮੇਂ ਲੋਕ ਅਪਣੇ ਉਸਤਾਦਾਂ ਦੀ ਬੜੀ ਇੱਜ਼ਤ ਤੇ ਸਤਿਕਾਰ ਕਰਦੇ ਸਨ, ਤੇ ਫੇਰ ਨਾਮ ਵਾਲੇ, ਉੱਚੇ ਜੀਵਨ ਵਾਲੇ ਗੁਰਮੁਖਾਂ ਦੇ, ਜਿਨ੍ਹਾਂ ਤੋਂ ਨਾਮ ਦਾ ਰਸ ਪ੍ਰਾਪਤ ਹੋਵੇ, ਬਹੁਤ ਪ੍ਰੇਮ ਵਿਚ ਰਹਿੰਦੇ ਸਨ। ਅੱਜ ਕਲ ਮਦਰੱਸਿਆਂ ਦੇ ਉਸਤਾਦ ਨੌਕਰ ਹੁੰਦੇ ਹਨ, ਘਰਾਂ ਵਿਚ ਬੀ ਉਸਤਾਦ 'ਨੌਕਰ' ਰੱਖੀਦੇ ਹਨ, ਇਸ ਕਰਕੇ (ਤੇ ਪੱਛੋਂ ਵਿਚ ਜੋ ਸਤਿਕਾਰ ਉਸਤਾਦਾਂ ਦਾ ਹੈ ਉਸ ਤੋਂ ਬੀ ਨਾਵਾਕਫ ਹੋਣ ਕਰਕੇ) ਲੋਕਾਂ ਵਿੱਚ ਉਸਤਾਦ ਲਈ ਬੇਸਤਿਕਾਰੀ ਦਾ ਮਾਦਾ ਵਧ ਗਿਆ ਹੈ। 'ਮਨ ਵਿਚ ਅਪਣੇ ਹੁਨਰ ਦੇ ਕਮਾਲ' ਉਪਰ 'ਨਿਰਸੰਸ਼ੇ ਵਿਸ਼ਵਾਸ' ਲਈ 'ਉਸਤਾਦ' ਦੀ ਮੇਹਰ ਤੇ 'ਸਫਲ ਦਾਨ' ਦਾ ਕੋਈ ਐਸਾ ਅਸਰ ਹੈ ਜੋ ਯਕੀਨੀ ਵਸਤੂ ਹੈ। ਉਸਤਾਦਾਂ ਦੀ ਘਾਲ ਨੂੰ ਵਿਸਾਰਨਾ, ਜਿਨ੍ਹਾਂ ਤੋਂ ਸਿੱਖਣਾ ਉਨ੍ਹਾਂ ਦੇ ਦਿਲ ਨੂੰ ਠੁਹਕਰ ਦੇਣੀ ਕ੍ਰਿਤਘਣਤਾ ਹੈ। ਹੁਣ ਪੱਛਮ ਵਾਲੇ ਬੀ 'ਉਸਤਾਦਾਂ ਦੀ ਛੁਹ (ਸੁਹਬਤ) ਨਾਲ ਵਿਦਯਾ ਪ੍ਰਾਪਤੀ' ਦੇ ਸੱਚ ਨੂੰ ਅਨੁਭਵ ਕਰਨ ਲੱਗ ਪਏ ਹਨ।

ਅਪਣੇ ਹੁਨਰ ਦੇ ਕਮਾਲ ਨੂੰ ਕਵਿ ਜੀ ਉਸਤਾਦ ਦੀ ਮਿਹਰ ਦੱਸਦੇ ਹਨ, ਫੇਰ ਗੁਰ ਪ੍ਰਤਾਪ ਸੂਰਜ, ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਵਰਗੇ ਵਿਸ਼ਾਲ ਗ੍ਰੰਥ ਉੱਚੀ ਕਵਿਤਾ ਵਿਚ ਲਿਖਣ ਦੇ ਸਿਵਾ ਹੋਰ ਕਿਤਨੇ ਗ੍ਰੰਥ: ਜਪੁਜੀ ਸਾਹਿਬ ਦੀ ਟੀਕਾ, ਨਾਮ ਕੋਸ਼, ਵਾਲਮੀਕੀ ਰਾਮਾਯਣ ਦਾ ਅਨੁਵਾਦ, ਤੇ ਆਤਮ ਪੁਰਾਣ ਦਾ ਟੀਕਾ ਆਦਿ ਗ੍ਰੰਥ ਲਿਖ ਸੱਟਣੇ ਇਹ ਉਨ੍ਹਾਂ ਦੀ ਅਥੱਕ ਮਿਹਨਤ 'ਕਦਨ ਵਿਰਾਮ' ਦਾ ਪਰਤੱਖ ਨਮੂਨਾ ਹੈ। ਫਿਰ ਉਸਤਾਦ ਦੇ ਚਰਣਾਂ ਨੂੰ ਮੁਕੰਦ-ਮੁਕਤੀ ਦਾਤਾ-ਕਹਿੰਦੇ ਹਨ, ਜਿਸਦਾ ਭਾਵ ਹੈ ਕਿ-ਨਾਮ ਰਸ ਦੀ ਪ੍ਰਾਪਤੀ-ਬੀ ਉਨ੍ਹਾਂ ਤੋਂ ਹੋਈ ਹੈ। ਸੋ ਭਾਈ ਸਾਹਿਬ ਸੰਤ ਸਿੰਘ ਜੀ ਉਨ੍ਹਾਂ ਦੇ ਨਾ

---

*ਭਾਈ ਸੰਤ ਸਿੰਘ ਜੀ ਦੇ ਸੰਖੇਪ ਹਾਲ ਲਈ ਪੜ੍ਹੋ ਇਸੇ ਗ੍ਰੰਥਾਵਾਲੀ ਦੀ ਪਹਿਲੀ ਜਿਲਦ 'ਪ੍ਰਸਤਾਵਨਾ' ਦਾ ਸਿਰਨਾਮਾ 'ਵਿੱਦਯਾਦਾਤਾ'।

ਕੇਵਲ ਵਿਦਯਾ ਦਾਤੇ ਸਨ, ਪਰ ਨਾਮ ਅਭ੍ਯਾਸ ਤੇ ਆਤਮ ਰਸਤੇ ਦੇ ਉਸਤਾਦ (ਗੁਰਮੁਖ) ਬੀ ਉਹੀ ਸਨ*।

## (ਞ) ਨਾਮ-ਗੁਰ ਮੰਤ੍ਰ ਤੇ ਨਾਮ ਮਹਾਤਮ-ਮੰਗਲ।

**ਦੋਹਰਾ:** ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ।
ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ ॥੩੪॥

ਵਾਹਿਗੁਰੂ=ਅਕਾਲ ਪੁਰਖ ਦਾ ਓਹ ਨਾਮ ਹੈ ਜਿਸ ਨੂੰ ਸਿੱਖ ਮੰਤ੍ਰ ਕਰਕੇ ਜਪਦੇ ਹਨ।

ਸਤਿਨਾਮ=ਸੱਚਾ ਨਾਮ, ਵਿਸ਼ੇਸ਼ਣ ਹੈ ਏਥੇ 'ਵਾਹਿਗੁਰੂ' ਦਾ। ਉਂਞ 'ਸਤਿਨਾਮ' ਆਪ ਵੀ ਵਾਹਿਗੁਰੂ ਜੀ ਦਾ ਸਰੂਪ ਲਖਾਯਕ ਨਾਮ ਹੈ ਤੇ ਰਬ ਜੀ ਦੇ ਨਾਂਵਾਂ ਵਿੱਚੋਂ ਇੱਕ ਨਾਮ ਗਿਣਿਆ ਗਿਆ ਹੈ। ਇਸ ਸੂਰਤ ਵਿਚ 'ਸਤਿਨਾਮ ਵਾਹਿਗੁਰੂ' ਸਾਰਾ ਇਕ ਪਦ ਵਾਂਙੂ ਬੀ ਹੋਵੇਗਾ, ਪਰੰਤੂ ਅਗੇ ਚੱਲਕੇ ਪਤਾ ਲਗਦਾ ਹੈ ਕਿ ਕਵਿ ਜੀ ਏਥੇ ਨਿਰਾ 'ਵਾਹਿਗੁਰੂ' ਨਾਮ ਨੂੰ ਨਮਸਕਾਰ ਕਰ ਰਹੇ ਹਨ।

ਨਿਕੰਦਨ=ਕੱਟਣ ਵਾਲਾ, ਨਾਸ਼ ਕਰਨ ਵਾਲਾ। ਸਦਨ=ਘਰ।

ਮਰਦਨ=ਮਲ ਸਿੱਟਣ ਵਾਲਾ।

ਨਿਰਧਾਰ=ਨਿਸ਼ਚੇ। (ਅ) ਮਨ ਵਿਚ ਧਾਰਨ ਕੀਤਾ ਹੈ। ਨਿਸ਼ਚੇ ਕੀਤਾ ਹੈ।

**ਅਰਥ:** (ਅਕਾਲ ਪੁਰਖ ਜੀ ਦੇ) ਸੱਚੇ ਨਾਮ-ਵਾਹਿਗੁਰੂ-ਨੂੰ ਵਾਰ ਵਾਰ (ਮੇਰੀ) ਨਮਸਕਾਰ (ਹੋਵੇ, ਜੋ ਨਿਸ਼ਚੇ (ਲੋਕ ਪ੍ਰਲੋਕ ਦੀਆਂ) ਬੰਦਸ਼ਾਂ ਦੇ ਕੱਟਣ ਵਾਲਾ ਹੈ, (ਦੋਹੀਂ ਲੋਕੀਂ) ਸੁਖ ਦਾ ਘਰ ਹੈ, (ਤੇ ਸਭ ਕਿਸਮ ਦੇ) ਦੁੱਖਾਂ ਨੂੰ ਮਲ ਸਿੱਟਣੇ ਵਾਲਾ ਹੈ।

**ਭਾਵ:** ਨਾਮ ਨੂੰ ਪ੍ਰੇਮ ਰੂਪ ਜਾਣਕੇ ਇਸਦੇ ਪ੍ਰਵਾਹ ਵਿਚ ਪਏ ਪ੍ਰੇਮੀ ਕਵੀ ਜੀ ਨਾਮ ਨੂੰ ਇਕ 'ਸ਼ਕਤੀ', 'ਸੱਤਯਾ' ਤੇ 'ਸੱਚ' ਅਨੁਭਵ ਕਰਦੇ ਹਨ, ਉਸ ਅੱਗੇ ਨਮਸਕਾਰ ਕਰਦੇ ਹਨ। ਫਿਰ ਉਸ ਨਾਮ ਦੀ ਤਾਸੀਰ ਦੱਸਦੇ ਹਨ, ਦੁਖ ਨਾਸ਼ ਕਰਨ ਵਾਲਾ, ਬੰਧਨ ਕੱਟਣ ਵਾਲਾ ਤੇ ਸੁਖਦਾਤਾ। ਆਪ ਇਹ ਸੁਣੀ ਸੁਣਾਈ ਗੱਲ ਨਹੀਂ ਦੱਸਦੇ, ਆਪ ਇਸਨੂੰ ਧਾਰਨ ਕਰਕੇ-ਪਰਖ, ਪਰਤਾ, ਪ੍ਰਾਪਤੀ ਕਰਕੇ-ਦੱਸਦੇ ਹਨ।

ਅਗਲੇ ਛੰਦਾਂ ਵਿਚ ਹੁਣ ਕਵਿ ਜੀ ਨਾਮ ਦੇ ਜੋ ਵਿਸ਼ੇਸ਼ਨ ਏਥੇ ਕਥੇ ਅਤੇ ਹੋਰ ਮਹਾਤਮਾਂ ਨੇ ਹੋਰਥੇ ਕਥੇ ਹਨ ਉਨ੍ਹਾਂ ਦਾ ਵਿਸਥਾਰ ਪੂਰਵਕ ਕਥਨ ਕਰਨਗੇ।

**ਚੌਪਈ:** ਵਾਹਿਗੁਰੂ* ਬਰ ਸੁੰਦਰ ਨਾਮੂ।
ਸਦਾ ਸਵਾਰੇ ਹਮਰੇ+ ਕਾਮੂ।
ਇਕ ਅਵਿਲੰਬ ਨਾਮ ਕੋ ਜਾਨਾ।
ਕਲੀ ਕਾਲ ਸਮਰੱਥ ਨ ਆਨਾ ॥੩੫॥

---

*ਦੇਖੋ ਇਸੇ ਗ੍ਰੰਥਾਵਲੀ ਦੀ ਪਹਿਲੀ ਪੋਥੀ 'ਪ੍ਰਸਤਾਵਨਾ' ਦਾ ਅੰਕ ੨ 'ਵਿਦਯਾ-ਅੰਮ੍ਰਿਤਸਰ ਨਿਵਾਸ' ਵਾਲਾ ਲੇਖ।

*'ੴ ਸਤਿਨਾਮੁ...... 'ਸਾਰੇ ਮੂਲ ਮੰਤ੍ਰ ਵਿਚ ਜਿਸ 'ਸਦਾ ਸਥਿਰ' ਵਜੂਦ ਯਾ ਹਸਤੀ ਦਾ ਪਤਾ ਦਿੱਤਾ ਹੈ ਉਸ ਦੀ ਪ੍ਰਾਪਤੀ ਲਈ 'ਵਾਹਿਗੁਰੂ' ਗੁਰਮੰਤ੍ਰ ਹੈ। ਯਥਾ 'ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ'। ਭਾ: ਗੁ: ਵਾ: ੧੩-੨] ਤੇ ਇਹ ਗੁਰ ਮੰਤ੍ਰ ਗੁਰ ਨਾਨਕ ਦੇਵ ਜੀ ਦਿੱਤਾ ਸੀ:-'ਵਾਹਿਗੁਰੂ ਗੁਰ ਸ਼ਬਦ ਸੁਣਾਯਾ'[ਭਾ: ਗੁ: ਵਾ: ੨੪-੧]

+ਪਾਠਾਂਤ੍ਰ-ਸਵਾਰ ਹਮਾਰੇ-ਬੀ ਹੈ।

ਬਰ=ਸ੍ਰੇਸ਼ਟ। ਕਾਮੁ=ਕੰਮ। ਅਵਿਲੰਬ=ਆਸਰਾ।

ਕਲੀ ਕਾਲ=ਕਲਜੁਗ ਦੇ ਸਮੇਂ। ਆਨਾ=ਹੋਰ।

ਅਰਥ: ਵਾਹਿਗੁਰੂ ਸ੍ਰੇਸ਼ਟ (ਤੇ) ਸੁੰਦਰ ਨਾਮ ਹੈ (ਅਕਾਲ ਪੁਰਖ ਦਾ, ਜੋ) ਸਾਡੇ ਕੰਮ ਸਦਾ ਸਵਾਰਦਾ ਹੈ। ਕਲਿਜੁਗ (ਵਿਚ) ਹੋਰ (ਕੋਈ ਸਾਧਨ) ਸਮਰੱਥਵਾਨ ਨਹੀਂ ਹੈ, (ਇਸ ਕਰਕੇ ਅਸਾਂ) ਇਕ (ਪਰਮੇਸ਼ੁਰ ਦੇ) ਨਾਮ ਨੂੰ ਹੀ (ਆਪਣਾ) ਆਸਰਾ ਜਾਣਿਆ ਹੈ।

ਸਦਾ ਲੋਕ ਪਰਲੋਕ ਸਹਾਈ।
ਨਾਮ ਲੈਤਿ ਹੀ ਬਿਘਨ ਪਰਾਈ।
ਹਰਹਿ ਕਾਲਕਲਿ ਕਲੁਖ ਸਦੂਖਨ।
ਨਾਮ ਕਰਜੋ ਜਿਨ ਗ੍ਰੀਵਾ ਭੂਖਨ ॥੩੬॥

ਲੋਕ=ਇਸ ਜਗਤ ਵਿਚ।

ਪਰਲੋਕ=ਆਉਣ ਵਾਲੇ ਜਗਤ ਵਿਚ।

ਸਹਾਈ=ਜੋ ਸਹਾਯਤਾ ਕਰੇ। ਮਦਦਗਾਰ, ਵੇਲੇ ਸਿਰ ਕੰਮ ਆਉਣ ਵਾਲਾ।

ਬਿਘਨ=ਰੋਕ, ਮੁਸ਼ਕਲ, ਤਕਲੀਫ, ਥਕੜ।

ਪਰਾਈ=ਨੱਸ ਜਾਂਦੇ ਹਨ।ਪਲਾਯਨ=ਨੱਸ ਜਾਣਾ]।

ਹਰਹਿ=ਹਰ ਲੈਂਦਾ ਹੈ, ਚੁਰਾ ਲੈਂਦਾ ਹੈ। ਦੂਰ ਕਰ ਦੇਂਦਾ ਹੈ।

ਕਲਿ=ਪਿਛਲੀ ਚੌਪਈ ਵਿਚ ਕਹੇ-ਕਲੀ ਕਾਲ ਦਾ-ਹੀ ਉਲਟਵਾਂ ਰੂਪ ਹੈ 'ਕਾਲ ਕਲਿ'। ਮੁਰਾਦ ਹੈ-ਇਸ ਜੁਗ ਤੋਂ, ਜੋ ਜੁਗ ਹੀ ਪਾਪਮਯ ਕਹੀਦਾ ਹੈ। ਇਸ ਪਦ ਦਾ ਅਰਥ-ਕਾਲ ਤੇ ਕਲਿਜੁਗ ਦੇ ਪਾਪ-ਵੀ ਲਾਈਦੇ ਹਨ।

ਕਲੁਖ=ਮੈਲ, ਮਲੀਨਤਾਈ, ਪਾਪ।

ਸਦੂਖਨ=[ਸ+ਦੂਖਣ] ਦੂਖਣ ਉਹੀ ਪਦ ਹੈ ਜਿਸ ਨੂੰ ਪੰਜਾਬੀ ਵਿਚ-ਦੂਸ਼ਣਾਂ ਲਗ ਗਈ-ਕਹਿੰਦੇ ਹਨ। ਜਿਵੇ, ਚੰਦ ਨੇ ਕੋਈ ਪਾਪ ਕੀਤਾ ਉਸਦੀ ਦੂਸ਼ਣਾ ਲੱਗੀ। ਸੋ ਦੂਖਨ ਦਾ ਅਰਥ ਹੈ ਪਾਪ ਤੇ ਉਨ੍ਹਾਂ ਦੀ ਕਲੰਕਤਾਈ। ਤੁਕ ਦਾ ਭਾਵ ਹੈ, ਕਲਿਜੁਗ ਦੇ ਪਾਪ ਤੇ ਪਾਪਾਂ ਦੀ ਦੂਸ਼ਣਾਂ ਨੂੰ ਦੂਰ ਕਰਦਾ ਹੈ।

'ਸ' ਜੋ ਦੂਖਨ ਦੇ ਪਹਿਲੇ ਹੈ ਇਹ ਇਸਦੇ ਨਾਲ ਦਾ ਨਹੀਂ, ਇਹ-ਹਰਹਿ-ਦੇ ਨਾਲ ਹੈ:-ਸ+ਹਰਹਿ=ਭਲੀ ਪ੍ਰਕਾਰ ਹਰਦਾ ਹੈ। ਛੰਦ ਦੇ ਵਜ਼ਨ ਲਈ-ਸ-ਅੱਗੇ ਜਾ ਲੱਗਾ ਹੈ।

(ਅ) ਸਹਿਤ ਦੂਸ਼ਣਾਂ ਦੇ।

ਗ੍ਰੀਵਾ ਭੂਖਨ=ਗਲੇ ਦਾ ਗਹਿਣਾ, ਗਲੇ ਦਾ ਹਾਰ, ਮੁਹਾਵਰਾ ਹੈ-ਨਿਤ ਪ੍ਰਤਿ ਨਾਲ ਰਹਿਣਾ। ਤੁਕ ਦਾ ਅਰਥ ਹੈ, ਜਿਸਨੇ ਨਾਮ ਨੂੰ ਨਿਰੰਤਰ ਧਾਰਨ ਕੀਤਾ ਹੈ। ਦੂਸਰਾ ਕਟਾਖ੍ਯ ਗਲੇ ਦੇ ਨਾਲ ਰਹਿਣੇ ਵਿਚ ਇਹ ਹੈ ਕਿ ਯਾਦੋਂ ਨਹੀਂ ਭੁੱਲਦਾ, ਕਿਉਂਕਿ 'ਕਿਸੇ ਗੱਲ ਦੇ ਯਾਦ ਰਹਿਣ ਨੂੰ' ਕੰਠ ਹੋ ਜਾਣਾ ਵੀ ਕਹਿੰਦੇ ਹਨ।

ਅਰਥ: (ਨਾਮ) ਲੋਕ ਤੇ ਪ੍ਰਲੋਕ ਦਾ ਸਦਾ ਸਹਾਈ ਹੈ। ਨਾਮ ਦੇ ਲੈਂਦਿਆਂ ਹੀ (ਸਾਰੇ) ਵਿਘਨ ਨੱਸ ਜਾਂਦੇ ਹਨ। ਜਿਨ੍ਹਾਂ ਨੇ ਨਾਮ ਨੂੰ ਗਲੇ ਦਾ ਗਹਿਣਾ ਬਣਾਇਆ ਹੈ (ਉਨ੍ਹਾਂ ਦੇ) ਕਲੀ ਕਾਲ ਦੇ ਪਾਪਾਂ (ਤੇ ਪਾਪਾਂ ਦੀਆਂ) ਦੂਸ਼ਣਾਂ ਨੂੰ (ਨਾਮ) ਦੂਰ ਕਰ ਦੇਂਦਾ ਹੈ।

ਦੋਹਰਾ: ਮੰਗਲ ਸੁਖ ਕਲਿਆਨਦਾ, ਕਰਹਿ ਅਮੰਗਲ ਹਾਨ।
ਜਪਤਿ ਜਪਤਿ ਸ੍ਰੀ ਨਾਮ ਕੋ, ਪ੍ਰਗਟੈ ਉਰ ਮੈਂ ਗਯਾਨ ॥੩੭॥

ਮੰਗਲ=ਭਲਿਆਈ, ਮਨ ਦੀ ਮੁਰਾਦ ਦੀ ਪੂਰਨਤਾਈ।

ਸੁਖ=ਮਨ, ਸਰੀਰ ਤੇ ਆਤਮਾ ਦੇ ਆਰਾਮ।

ਕਲਿਆਨ=ਸ਼ੁਭ ਹਾਲਤ। ਦਾ=ਦੇਣ ਵਾਲਾ।

ਅਮੰਗਲ=ਵਿਘਨ, ਨਾ ਖੁਸ਼ੀ, ਬੁਰਿਆਈ, ਮੰਦਾ।

ਅਰਥ: (ਨਾਮ) ਮੁਰਾਦਾਂ ਦੀ ਪੂਰਨਤਾਈ, ਸੁਖ ਅਤੇ ਸ਼ੁਭ ਅਵਸਥਾ ਦਾ ਦਾਤਾ ਹੈ, ਤੇ (ਇਨ੍ਹਾਂ ਦੀ ਪ੍ਰਾਪਤੀ ਵਿਚ ਅਟਕ ਪਾਉਣ ਵਾਲੇ ਸਾਰੇ) ਅਮੰਗਲਾਂ ਦੀ ਹਾਨੀ ਕਰਦਾ ਹੈ। (ਇਹ ਫਲ ਕਾਮਨਾ ਧਾਰ ਕੇ ਜਪਣ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ)। (ਨਿਸ਼ਕਾਮ ਅਰਾਧਨਾਂ ਵਾਲਿਆਂ ਦੇ) ਹਿਰਦੇ ਵਿਚ ਸ੍ਰੀ ਨਾਮ ਨੂੰ ਜਪਦਿਆਂ ਜਪਦਿਆਂ ਗਯਾਨ ਪ੍ਰਗਟ ਹੋ ਆਉਂਦਾ ਹੈ।

ਭਾਵ: ਕਾਮਨਾ ਰੱਖ ਕੇ ਨਾਮ ਜਪਦੇ ਹਨ ਉਨ੍ਹਾਂ ਦੇ ਵਿਘਨਾਂ ਦਾ ਨਾਸ਼ ਹੁੰਦਾ ਹੈ, ਸੁਖ ਤੇ ਸ਼ੁਭ ਹਾਲਤ ਹੁੰਦੀ ਹੈ ਤੇ ਕਾਮਨਾ ਪੂਰਨ ਹੁੰਦੀ ਹੈ, ਪਰ ਜੋ ਨਿਸ਼ਕਾਮ ਹੋਕੇ ਜਪਦੇ ਹਨ ਉਨ੍ਹਾਂ ਦੇ ਹਿਰਦੇ ਗਯਾਨ ਉਪਜਦਾ ਹੈ। ਨਾਮ ਸਿਮਰਣ ਨਾਲ ਮਨ ਹੋਰ ਫੁਰਨਿਆਂ ਤੋਂ ਹਟਦਾ ਹਟਦਾ ਇਕ ਨਾਮ ਦੇ ਫੁਰਨ ਤੇ ਆ ਟਿਕਦਾ ਹੈ, ਐਉਂ ਏਕਾਗ੍ਰਤਾ ਹੋ ਜਾਂਦੀ ਹੈ। ਫਿਰ ਜਪਣ ਵਾਲਾ ਪ੍ਰੇਮੀ ਧ੍ਰੂਵਾ ਰੱਬ ਦਾ ਰੱਖਦਾ ਹੈ ਕਿ ਜਿਸਦਾ ਨਾਮ ਜਪਦਾ ਹੈ, ਉਸਨੂੰ ਅਪਣੀ ਯਾਦ ਦਾ ਆਸ਼੍ਰਾ ਬਨਾਉਂਦਾ ਹੈ। ਯਾਦ ਪ੍ਰੇਮ ਦਾ ਸਰੂਪ ਹੈ, ਸੋ 'ਸਾਈਂ ਪ੍ਰੇਮ ਰੂਪ ਨਾਮ' ਉਸਨੂੰ ਸਾਈਂ ਦੇ ਨੇੜੇ ਲੈ ਜਾਂਦਾ ਹੈ, ਸਾਈਂ ਪ੍ਰਕਾਸ਼ ਸਰੂਪ ਹੈ, ਉਹ ਗਯਾਨ ਸਰੂਪ ਹੈ, ਸੋ ਧਯਾਉਣ ਵਾਲਾ ਉਸੇ ਦੇ ਪ੍ਰਕਾਸ਼ ਸਰੂਪ ਤੋਂ ਗਯਾਨ ਦਾ ਪ੍ਰਕਾਸ਼ ਪ੍ਰਾਪਤ ਕਰ ਲੈਂਦਾ ਹੈ। ਐਉਂ ਗਯਾਨ ਅੰਦਰ ਪ੍ਰਗਟਦਾ ਹੈ।

ਅੱਗੇ ਹੁਣ ਨਾਮਹੀਨ ਦਸ਼ਾ ਦੇ ਔਗੁਣ ਦੱਸਦੇ ਹਨ:-

ਚੌਪਈ: ਬਰਤ ਨੇਮ ਜਪ ਤਪ ਜਗ ਕਰਮੁ।
ਨਾਮ ਬਿਨਾ ਬਿਰਥੇ ਸਭਿ ਧਰਮੁ।
ਨਾਮ ਹੀਨ ਭਵ ਸਾਗਰ ਬੀਚੁ।
ਜਨਮ ਧਰਹਿਂ ਉਚੁ ਕਬ ਨੀਚੁ ॥੩੮॥

ਬਰਤ=ਤਪੱਸਯਾ ਦੇ ਤ੍ਰੀਕੇ ਵਿਚ ਕਿਸੇ ਗਲ ਦੇ ਕਰਨ ਯਾ ਨਾ ਕਰਨ ਦਾ ਪ੍ਰਣ ਧਾਰਣ ਕਰਨਾ। (ਅ) ਭੁੱਖੇ ਰਹਿਣ ਦੀ ਤਪੱਸਯਾ। [ਸੰਸ. ਵ੍ਰਤ]

ਨੇਮ=ਰੀਤਿ, ਤ੍ਰੀਕਾ, ਬੱਝੀ ਹੋਈ ਗਲ। [ਸੰਸ. ਨਿਯਮ]।

ਜਗ=ਯੱਗਯ। (ਅ) ਜਗਤ ਵਿਚ।

ਧਰਮੁ=ਜੋ ਧਾਰਣ ਕੀਤਾ ਜਾਏ ਸੋ ਧਰਮ।

ਬਰਤ ਤੇ ਨੇਮ ਦੋ ਧਰਮ ਹਨ।

ਜਪ ਤਪ ਜੱਗਯ ਏਹ ਕਰਮ ਹਨ। ਕਵਿ ਜੀ ਦੀ ਸਮੁੱਚੀ ਮੁਰਾਦ ਇਹ ਹੈ ਕਿ ਕਰਮ ਅਰ ਧਰਮ ਤਾਂ ਹੀ ਸਫਲ ਹਨ ਜੇ ਨਾਮ ਹੋਵੇ, ਨਹੀਂ ਤਾਂ ਨਹੀਂ ਤੇ ਵੰਨਗੀ ਮਾਤ੍ਰ ਦੋ ਚਾਰ ਗਿਣੇ ਹਨ। ਸਾਰੇ ਨਿਖੇੜ ਕੇ ਵੱਖ ਵੱਖ ਨਹੀਂ ਕੀਤੇ।

ਭਵ ਸਾਗਰ=ਸੰਸਾਰ ਸਾਗਰ।

ਅਰਥ: ਜਗਤ ਵਿਚ ਪ੍ਰਚਲਤ) ਕਰਮ (ਜੈਸੇ ਕਿ) ਜਪ ਤਪ ਯੱਗਯ, ਅਤੇ ਧਰਮ (ਜੈਸੇ ਕਿ) ਬ੍ਰਤ ਤੇ ਨੇਮ (ਏਹ) ਸਾਰੇ ਨਾਮ ਬਿਨਾਂ ਬਿਰਥਾ ਹਨ।

(ਜੋ ਪ੍ਰਾਣੀ) ਸੰਸਾਰ ਸਾਗਰ ਵਿਚ ਨਾਮ ਹੀਨ ਹਨ, (ਕਦੇ) ਉੱਚਾ ਕਦੇ ਨੀਵਾਂ (ਮੁੜ ਮੁੜ) ਜਨਮ ਧਾਰਦੇ ਹਨ*।

ਨਾਮ ਬਿਨਾ ਧਿਗ ਰਾਜ ਸਮਾਜੁ।
ਨਾਮ ਹੀਨ ਜਗ ਜੀਵਨ ਲਾਜੁ।
ਅਭੈ+ ਭਵਿਤ ਭੋਗਹਿ ਭਵ ਭੋਗੁ।
ਨਾਮ ਬਿਨਾ ਜਾਵਹਿ ਜਮ ਲੋਗੁ ॥੩੯॥

ਧਿਗ=ਧ੍ਰਿਕਾਰ ਹੈ। [ਸੰਸ. ਧਿਕ੍]

ਸਮਾਜੁ=ਸਭਾ। ਇਕੱਠ, ਭੀੜ ਭੜੱਕਾ। (ਅ) ਸਾਮਾਨ। ਰਾਜ ਵਿਚ ਸਾਰੇ 'ਸਾਮਾਨ ਤੇ ਲੋਕ' ਜੋ ਸੁਖ ਦਾ ਕਾਰਣ ਹੁੰਦੇ ਹਨ। [ਸੰਸ: ਸਮਾਜ]

ਲਾਜੁ=ਲਾਜ=ਸ਼ਰਮ। ਇਸ ਤੁਕ ਦਾ ਐਉਂ ਵੀ ਅਰਥ ਲਗਦਾ ਹੈ:-

ਨਾਮ ਵਿਹੂਣੇ ਦਾ ਜਗਤ ਵਿਚ ਜੀਵਨ ਸ਼ਰਮਨਾਕ ਜੀਵਨ ਹੈ।

ਅਭੈ=ਅ+ਭੈ=ਨਿਡਰ। ਭਵਿਤ=ਹੋਕੇ।

ਭਵ=ਸੰਸਾਰ ਵਿਚ ਯਾ ਸੰਸਾਰ ਦੇ।

ਭੋਗੁ=ਭੋਗ, ਰਸ ਮਾਣਨ ਵਾਲੇ ਕੰਮ।

ਜਮ ਲੋਗੁ=ਯਮ ਲੋਕ। ਧਰਮ ਰਾਜ ਲੋਕ ਯਾ ਦੇਸ਼। ਮਰ ਕੇ ਪ੍ਰਾਣੀ ਪਹਿਲੇ ਏਥੇ ਜਾਂਦਾ ਤੇ ਉਸਦੇ ਕਰਮਾਂ ਦੀ ਜੋਖ ਹੁੰਦੀ ਹੈ।

ਭਾਵ ਨਾਮ ਵਿਹੂਣੇ ਲੇਖੇ ਦੇ ਅੰਦਰ ਹਨ।

ਅਰਥ: ਨਾਮ ਤੋਂ ਬਿਨਾਂ ਧ੍ਰਿਕਾਰ ਹੈ ਰਾਜ (ਨੂੰ ਅਤੇ ਰਾਜ ਦੇ) ਸਮਾਜ ਨੂੰ, ਨਾਮ ਤੋਂ ਬਿਨਾ ਜਗਤ ਦਾ ਜੀਵਣਾ (ਨਿਰੀ) ਸ਼ਰਮ ਹੈ।

(ਜੋ ਲੋਕ) ਨਿਡਰ ਹੋਕੇ ਸੰਸਾਰ (ਵਿਚ) ਭੋਗਾਂ ਨੂੰ ਭੋਗ ਰਹੇ ਹਨ (ਓਹ) ਨਾਮ ਵਿਹੂਣੇ ਜਮ ਲੋਕ ਨੂੰ ਜਾਣਗੇ।

ਭਾਵ: ਨਾਮ ਵਿਹੂਣੇ ਸਾਈਂ ਤੋਂ ਟੁੱਟੇ ਹੋਏ; ਜੋ ਨਾਮ ਨਾਲ ਜੁੜੇ ਹੋਏ ਹਨ, ਮਰਕੇ ਓਥੇ ਜਾਣਗੇ ਜਿਸ ਨਾਲ ਜੁੜੇ ਹਨ ਭਾਵ ਪਰਮੇਸ਼ਰ ਪਾਸ। ਜੋ ਟੁੱਟੇ ਹਨ ਓਹ ਕੱਟੀ ਹੋਈ ਗੁੱਡੀ ਵਾਂਙੂ ਰੁਲਣਗੇ।

ਚੌਪਈ: ਸੁੰਦਰ ਮੰਦਰ ਅੰਗਨਾ* ਸੇਜਾ।
ਅੰਤ ਸਮੇ ਜਮ ਗਹਿ ਕਰਿ ਲੇ ਜਾ।
ਚਤੁਰੰਗਨ ਧੁਜਨੀ ਬਲ ਧਰਨੀ।
ਤਿਹ ਛਿਨ ਕਾਹੁ ਨ ਤੇ ਹੁਇ ਕਰਨੀ ॥੪੦॥

ਅੰਗਨਾ=ਅੰਗਨਾ=ਇਸਤ੍ਰੀਆਂ। ਗਹਿ=ਫੜ ਕੇ ਲੈ ਜਾਏਗਾ।

ਚਤੁਰੰਗਨ ਧੁਜਨੀ=ਚਾਰ ਤਰ੍ਹਾਂ ਦੀ ਫੌਜ-ਪੈਦਲ, ਘੋੜ ਸਵਾਰ, ਹਾਥੀ ਤੇ ਰਥਾਂ ਵਾਲੀ।

ਧੁਜਨੀ=ਸੈਨਾਂ, ਫੌਜ।

---

* ਕਿਉਂਕਿ ਕਰਮ ਜਾਲ ਨਾਮ ਨਾਲ ਹੀ ਟੁੱਟਦਾ ਹੈ।

+ਪਾਠਾਂਤ੍ਰ-ਅਭਹਿ-ਬੀ ਹੈ।

*ਪਾਠਾਂਤ੍ਰ-ਅੰਗਨ-ਬੀ ਹੈ। ਪਰ ਅੰਗਨ ਦਾ ਅਰਥ ਵਿਹੜਾ ਹੈ, ਜੋ ਏਥੇ ਢੁਕਦਾ ਨਹੀਂ।

ਬਲ ਧਰਨੀ=ਬਲ ਦੇ ਧਾਰਨ ਕਰਨ ਵਾਲੀ। ਬਲਵਾਨ।

ਕਰਨੀ=ਮੁਹਾਵਰਾ ਹੈ-ਕਿਸੇ ਤੋਂ ਕਰਨੀ ਨਹੀਂ ਹੋ ਆਉਣੀ; ਜਿਵੇਂ ਪੰਜਾਬੀ ਵਿਚ ਕਹੀਦਾ ਹੈ,-ਕਿਸੇ ਤੋਂ ਕੁਛ ਨਹੀਂ ਸਰਨਾ-ਭਾਵ ਕਿਸੇ ਦੀ ਪੇਸ਼ ਨਹੀਂ ਜਾਣੀ।

ਅਰਥ: ਸੁਹਣੇ ਮੰਦਰਾਂ, (ਸੁਹਣੀਆਂ) ਛੇਜਾਂ, ਤੇ (ਸੁਹਣੀਆਂ) ਇਸਤ੍ਰੀਆਂ (ਵਿਚੋਂ) ਅੰਤ ਸਮੇਂ ਜਮ ਫੜਕੇ ਲੈ ਜਾਵੇਗਾ। (ਹਾਂ) ਉਸ ਛਿਨ (ਵਿੱਚ) ਬਲਵਾਨ ਚਤੁਰੰਗਨੀ ਸੈਨਾਂ (ਤਾਂ ਕੀਹ) ਕਿਸੇ ਤੋਂ (ਵੀ ਐਸੀ) ਕਰਨੀ ਨਹੀਂ ਹੋ ਸਕਣੀ (ਕਿ ਜਮ ਤੋਂ ਛੁਡਾ ਲਵੇ)।

ਭਾਵ: ਨਾ ਸੱਚ ਹੈ, ਤੇ ਭੋਗ ਛਿਨ ਭੰਗਰ। ਭੋਗਾਂ ਵਿਚੋਂ ਮੌਤ ਝੋਪ ਲਏਗੀ ਤੇ ਭੋਗ ਧਰੇ ਰਹਿ ਜਾਣਗੇ। ਉਸ ਵੇਲੇ ਕੋਈ ਤਾਕਤ ਵੀ ਮੌਤ ਤੋਂ ਨਹੀਂ ਛੁਡਾ ਸਕੇਗੀ।

ਗਜ, ਬਾਜੀ, ਸਜੰਦਨ, ਬਹੁ ਰੰਗੇ।
ਹੋਤਿ ਕੋਸ਼, ਗਮਨੇ ਪਗ ਨੰਗੇ।
ਸਿਵਕਾ, ਡੋਰੇ ਤਜਿ ਕਰਿ ਨਾਨਾ।
ਨਾਮ ਬਿਨਾ ਜਮ ਪੁਰੀ ਪਯਾਨਾ ॥੪੧॥

ਗਜ=ਹਾਥੀ। ਬਾਜੀ=ਘੋੜੇ। ਸਜੰਦਨ=ਰਥ।

ਬਹੁਰੰਗੇ=ਨਾਨਾ ਪ੍ਰਕਾਰ ਦੇ ਹੋਰ ਸਮਾਨਾਂ ਤੋਂ ਭਾਵ ਹੈ। ਅਥਵਾ ਰਥ ਨਾਨਾ ਪ੍ਰਕਾਰ ਦੇ ਯਾ ਕਈ ਰੰਗਾਂ ਵਾਲੇ ਰੰਗੀਨ ਰਥ।

ਕੋਸ਼=ਖਜ਼ਾਨਾ। ਗਮਨੇ=ਚਲੇ ਗਏ। ਸਿਵਕਾ=ਪਾਲਕੀ।

ਡੋਰੇ=ਡੋਲੇ। ਤਜਿਕਰਿ=ਛੱਡਕੇ। ਨਾਨਾ=ਕਈ ਤਰ੍ਹਾਂ ਦੇ।

ਪਯਾਨਾ=ਜਾਣਾ। ਤੁਕ ਦਾ ਅਰਥ=ਨਾਮ ਤੋਂ ਬਿਨਾਂ ਜਮ ਪੁਰੀ ਨੂੰ ਚਲਾਣਾ ਹੋ ਗਿਆ (ਲੋਕਾਂ ਦਾ)।

ਅਰਥ: ਹਾਥੀਆਂ, ਘੋੜਿਆਂ, ਰਥਾਂ, ਨਾਨਾ ਪ੍ਰਕਾਰ ਦੇ (ਹੋਰ ਸਾਮਾਨਾਂ ਅਤੇ) ਖਜ਼ਾਨਿਆਂ ਦੇ ਹੁੰਦਿਆਂ, (ਲੋਕੀ) ਨੰਗੇ ਪੈਰੀਂ ਚਲੇ ਗਏ। ਪਾਲਕੀਆਂ, ਤੇ ਨਾਨਾ (ਤਰ੍ਹਾਂ ਦੇ) ਡੋਲੇ ਛੱਡ ਕੇ ਨਾਮ ਤੋਂ ਵਿਹੂਣੇ (ਲੋਕਾਂ ਦਾ) ਜਮ ਪੁਰੀ ਨੂੰ ਚਲਾਣਾ ਹੋ ਗਿਆ।

ਨਾਮ ਹੀਨ ਅਸ ਸ੍ਵਾਸ ਸਹਤਿ ਹੈ।
ਜਿਹ ਬਿਧਿ ਭਸਰਾ ਫੂਕ ਬਹਤਿ ਹੈ।
ਨਾਮ ਜਪਤਿ ਸੇ ਵਡੇ ਵਡੇਰੇ।
ਤਿਨ ਜਮਦੂਤ ਨ ਆਵਤਿ ਨੇਰੇ* ॥੪੨॥

ਅਸ=ਐਉਂ। ਸ੍ਵਾਸ=ਸਾਹ।

ਸਹਤਿ ਹੈ=ਸਮੇਤ ਹੈ, ਸ੍ਵਾਸਾਂ ਸਮੇਤ ਹੈ, ਇਸਦਾ ਮਤਲਬ ਹੈ:-

ਐਉਂ ਸ੍ਵਾਸ ਲੈਂਦਾ ਹੈ।

ਭਸਰਾ=ਖੱਲਾਂ, ਉਹ ਖੱਲਾਂ ਜਿਨ੍ਹਾਂ ਨਾਲ ਲੁਹਾਰ ਭੱਠੀ ਨੂੰ ਹਵਾ ਦੇਂਦਾ ਹੈ।ਉਸ ਵਿਚ ਬੀ ਹਵਾ ਭਰਦੀ ਤੇ ਨਿਕਲਦੀ ਹੈ; ਮਾਨੋਂ ਸਾਹ ਆਉਂਦਾ ਜਾਂਦਾ ਹੈ।

ਅਰਥ: ਨਾਮ ਤੋਂ ਹੀਨ (ਸਰੀਰ) ਐਉਂ ਸੁਆਸ ਲੈਂਦਾ ਹੈ, ਜਿਵੇਂ ਖੱਲਾਂ (ਵਿਚੋਂ) ਫੂਕ ਵਹਿੰਦੀ ਹੈ।

---

*ਨਾਮ ਨਾਲ ਕਰਮ ਕਟ ਜਾਂਦਾ ਹੈ, ਕਰਮ ਸੁਤੰਤ੍ਰਾਂ ਤੇ ਜਮ ਦਾ ਵੱਸ ਨਹੀਂ।

(ਜੋ) ਨਾਮ ਜਪਦੇ (ਹਨ) ਓਹ ਵਡੇ (ਤੇ ਵਡਿਆਂ ਤੋਂ ਵੀ) ਵਡੇਰੇ ਹਨ, ਜਮ ਦਾ ਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

ਦੋਹਰਾ: ਨਾਮ ਨ ਜਪਹਿਂ ਅਕ੍ਰਿੱਤਘਣ, ਜੋ ਅਭਿਮਤ ਦਾਤਾਰ।
ਜਗ ਵਡਿਆਈ ਬਾਦ ਮਹਿਂ, ਉਰਝੇ ਮੰਦ ਗਵਾਰ ॥੪੩॥

ਅਕ੍ਰਿੱਤਘਣ=ਕੀਤਾ ਨਾ ਜਾਣਨ ਵਾਲੇ। ਨਾ ਸ਼ੁਕਰ ਗੁਜ਼ਾਰ।

ਅਭਿਮਤ=ਜੋ ਮਨ ਨੂੰ ਭਾਵੇ, ਮਨ ਜੋ ਮੰਗੇ, ਮਨ ਵਾਂਛਤ।

ਬਾਦ=ਫਜ਼ੂਲ, ਨਿਕੰਮੀ। (ਅ) ਬਾਦ=ਝਗੜਾ। ਭਾਵ ਹੈ, ਵਡਿਆਈਆਂ ਅਤੇ ਝਗੜਿਆਂ ਵਿਚ ਫਸੇ ਹਨ।

ਅਰਥ: (ਜੋ) ਨਾਮ ਨਹੀਂ ਜਪਦੇ (ਓਹ) ਕ੍ਰਿੱਤਘਨ ਹਨ (ਉਸਦੇ ਕਿ) ਜੋ ਮਨ ਵਾਂਛਤ (ਪਦਾਰਥਾਂ) ਦਾ ਦਾਤਾ ਹੈ, (ਕਿਉਂਕਿ ਓਹ ਦਾਤੇ ਦਾ ਕੀਤਾ ਨਹੀਂ ਜਾਣ ਰਹੇ)। (ਹਾਂ ਓਹ) ਜਗਤ ਦੀ ਫਜ਼ੂਲ ਵਡਿਆਈ ਵਿਚ ਫਸੇ ਹੋਏ ਮੰਦੇ ਮੂਰਖ ਹਨ (ਜੋ ਨਹੀਂ ਸਮਝਦੇ ਕਿ ਇਸਨੇ ਨਾਲ ਨਹੀਂ ਜਾਣਾ ਤੇ ਅੱਗੇ ਕੰਮ ਨਹੀਂ ਆਉਣਾ)।

ਚੌਪਈ: ਜਾਨਤਿ ਸੰਤ ਨਾਮ ਪਰਤਾਪੁ।
ਜਿਹ ਕਿਹ ਪਾਯੋ ਜਾਪ ਅਜਾਪੁ।
ਨਹਿ ਜਾਨਹਿ ਸਾਕਤ ਪਰਤਾਪਾ।
ਧਨ ਵਿਸ਼ਵਾਸ਼ੀ ਅਹਿਮਤ ਆਪਾ ॥੪੪॥

ਪਰਤਾਪੁ=(ਨਾਮ ਦਾ) ਪ੍ਰਤਾਪ, ਉਸਦੀ ਮਹੱਤਤਾ। ਅਰਥਾਤ ਨਾਮ ਜਪ ਕੇ ਕਿੱਡੀ ਵੱਡੀ ਪ੍ਰਾਪਤੀ ਹੁੰਦੀ ਹੈ।

ਅਜਾਪੁ=ਜਾਪ ਤੋਂ ਜੋ ਪਰੇ ਹੈ।ਅ+ਜਾਪ+ਉ=ਪ੍ਰਤੇ]। ਇਸ-ਅਜਾਪ-ਪਦ ਦਾ ਭਾਵ ਅਜਪਾ ਜਾਪ ਤੋਂ ਨਹੀਂ ਹੈ। ਇਸ ਅਜਾਪ ਦਾ ਉਹੀ ਅਰਥ ਹੈ ਜੋ ਦਸਮ ਗੁਰ ਜੀ ਦੀ ਬਾਣੀ ਵਿਚ-ਅਜਾਪ ਨਾਥ-ਪਦ ਦਾ ਅਰਥ ਹੈ। ਭਾਵ ਇਹ ਹੈ ਕਿ ਅਸੀਂ ਜਪ ਨਾਲ ਅਪਣੇ ਤੇ ਉਸਦੇ ਵਿਚਲੀ ਵਿੱਥ ਮੇਟਦੇ ਹਾਂ, ਪਰ ਉਹ ਕਿਸੇ ਜਾਪ ਦੀ ਹੱਦ ਅੰਦਰ ਨਹੀਂ ਆ ਸਕਦਾ।

ਸਾਕਤ=ਡਿੱਗਾ ਹੋਇਆ। ਵਾਹਿਗੁਰੂ ਤੋਂ ਜੁਦਾ ਹੋਇਆ। ਜਿਹਦੀ ਸੁਰਤ 'ਕਰਤਾ' ਨਾਲ ਨਾ ਜੁੜੀ ਹੋਵੇ, ਪਰ 'ਕ੍ਰਿੱਤ' ਵਿੱਚ ਡਿੱਗੀ ਹੋਵੇ। ਲਿਵ ਦੇ ਵਿਰੁੱਧ ਅਵਸਥਾ-ਸਾਕਤ ਅਵਸਥਾ-ਹੈ।ਫਾ: ਸਾਕਤ*]

ਵਿਸ਼ਵਾਸ਼ੀ=ਵਿਸ਼ਵਾਸ਼ ਕਰਨ ਵਾਲੇ, ਭਰੋਸਾ ਰੱਖਣ ਵਾਲੇ। [ਸੰਸ. ਵਿਸ਼੍ਵਾਸ਼ਿਨੑ]

ਅਹਿਮਤ=[ਅਹਿ=ਸੱਪ। ਮਤ=ਬੁੱਧੀ] ਸੱਪ ਵਰਗੀ ਬੁੱਧੀ। ਧਨ ਉਤੇ ਬੈਠਣਾ, ਨਾ ਆਪ ਵਰਤ ਸਕਣਾ ਨਾ ਦੇ ਸਕਣਾ, ਕੋਈ ਲੋੜ ਵੰਦ ਲੈਣ ਆਵੇ ਤਾਂ ਉਸਨੂੰ ਡੰਗ ਮਾਰਨਾ, ਇਹ ਸੱਪ ਬੁੱਧੀ ਹੈ।

ਆਪਾ=ਅਪਣਾ ਆਪ। ਮੁਰਾਦ ਦਿਲ ਤੋਂ ਹੈ।

ਪਾਠਾਂਤ੍ਰ -ਅਹੰਮਤਿ ਆਪਾ- ਹੋਵੇ ਤਾਂ ਅਰਥ ਹੈ, ਆਪਾ ਅਹੰਕਾਰ ਬੁੱਧੀ ਵਾਲਾ ਹੈ, ਅਭਿਮਾਨੀ।

*ਸੰਸਕ੍ਰਿਤ ਪਦ 'ਸ਼ਾਕ੍ਤ' ਨੂੰ ਬੀ ਇਸਦਾ ਮੂਲ ਸਮਝਦੇ ਹਨ।

ਅਰਥ: ਜਾਣਦੇ ਹਨ ਸੰਤ ਨਾਮ ਦੇ ਪ੍ਰਤਾਪ ਨੂੰ, (ਕਿ ਉਸ) ਜਪਾਂ ਤੋਂ ਪਰੇ (ਪਰਮੇਸ਼ੁਰ ਨੂੰ) ਜਿਸ ਕਿਸੇ ਨੇ ਪਾਯਾ ਹੈ (ਨਾਮ) ਜਪਕੇ (ਪਾਯਾ ਹੈ)।

(ਪਰ) ਨਹੀਂ ਜਾਣਦੇ (ਨਾਮ ਦਾ ਇਹ) ਪ੍ਰਤਾਪ ਸਾਕਤ (ਲੋਕ, ਜੋ) ਧਨ ਉਤੇ ਭਰੋਸਾ ਰੱਖਣ ਵਾਲੇ (ਤੇ ਜਿਨ੍ਹਾਂ ਦਾ) ਆਪਾ ਸਰਪ ਦੀ ਬੁੱਧੀ (ਵਰਗਾ ਹੈ)।

ਸੂਚਨਾ: ਸੇ ਲੋਕਾਂ ਦੀ ਕਰਨੀ ਅੱਗੇ ਦੱਸਦੇ ਹਨ:-

ਦਰਬ ਹੇਤ ਸਭਿ ਕਰਹਿਂ ਉਪਾਈ।
ਵਾਹਿਗੁਰੂ ਉਰ ਦੀਨ ਭੁਲਾਈ।
ਕੰਚਨ ਰੁਚਿਰ ਰਚਿਤ ਬਰ ਰਤਨਾ।
ਤਿਹ ਤਜਿ ਕਰਤਿ ਕਾਚ ਹਿਤ ਜਤਨਾ ॥੪੫॥

ਦਰਬ=ਪਦਾਰਥ, ਦੌਲਤ। ਉਪਾਈ=ਉਪਾਉ, ਤਰੱਦਦ।
ਉਰ=ਦਿਲੋਂ। ਕੰਚਨ=ਸੋਨਾ।
ਰੁਚਿਰ=ਮਨ ਨੂੰ ਭਾਉਣ ਵਾਲਾ, ਪਸੰਦੀਦਾ, ਸੁੰਦਰ।
ਰਚਿਤ=ਰਚਿਆ ਹੋਇਆ। (ਅ) ਖਚਿਤ-ਜੜਿਆ ਹੋਇਆ।
ਭਾਵ ਜੜਾਉ ਗਹਿਣੇ ਤੋਂ ਬੀ ਹੋ ਸਕਦਾ ਹੈ।
ਬਰ=ਸ਼੍ਰੇਸ਼ਟ, ਚੰਗਾ।

ਰਤਨਾ=ਰਤਨ, ਜ੍ਵਾਹਰ, ਗਹਿਣਾ। ਰਤਨ ਤੋਂ ਮੁਰਾਦ ਨਾਮ ਹੈ ਜੋ ਡਾਢਾ ਸੁਹਣਾ ਤੇ ਕੀਮਤੀ ਹੈ। ਨਾਮ ਨੂੰ ਰਤਨ ਕਹਿਣਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਬਹੁਤ ਵੇਰ ਆਯਾ ਹੈ। ਤਤ ਵਸਤੂ ਦੀ ਸਿਆਣ ਵਿਚ ਕੂਤ, ਕੀਮਤ, ਮੁੱਲ, ਅਮੁੱਲ ਦੀ ਗਲ ਗੁਰੂ ਸਾਹਿਬ ਜੀ ਨੇ ਦੱਸੀ ਹੈ। ਇਸ ਤੁਕ ਦਾ ਅਰਥ ਐਉਂ ਬੀ ਲੱਗਦਾ ਹੈ:-ਸੋਨੇ ਵਿਚ (ਰਚਿਤ=) ਜੜੇ ਹੋਏ ਸ੍ਰੇਸ਼ਟ ਰਤਨ ਨੂੰ ਤਜਾਗਦਾ ਹੈ ਤੇ ਕੱਚ ਵਾਸਤੇ ਜਤਨ ਕਰਦਾ ਹੈ।

ਤਿਹ=ਉਸਨੂੰ। ਤਜਿ=ਛੱਡਕੇ। ਕਾਚ=ਕੱਚ।
ਹਿਤ=ਵਾਸਤੇ।

ਅਰਥ: (ਸਾਕਤ) ਸਾਰੇ ਦੌਲਤ (ਪ੍ਰਾਪਤੀ) ਵਾਸਤੇ (ਹੀ) ਉਪਾਉ ਕਰਦੇ ਹਨ (ਇਨ੍ਹਾਂ ਨੇ) ਵਾਹਿਗੁਰੂ ਨੂੰ ਦਿਲੋਂ ਹੀ ਭੁਲਾ ਦਿੱਤਾ ਹੈ। (ਪਰੰਤੂ ਅਸਲ ਵਿੱਚ ਨਾਮ ਤਾਂ) ਸੋਨੇ ਦਾ ਬਣਿਆਂ ਮਨ ਮੋਹ ਲੈਣ ਵਾਲਾ ਗਹਿਣਾ ਹੈ, ਉਸਨੂੰ ਛੱਡਕੇ (ਓਹ ਝੂਠੇ ਧਨ) ਲਈ ਕੱਚ (ਸੰਚਯ ਕਰਨ) ਦਾ ਯਤਨ ਕਰ ਰਹੇ ਹਨ।

ਸੂਚਨਾ: ਹੁਣ ਨਾਮ ਦੀ ਮਹਿਮਾ ਦੇ ਜਾਣਨ ਵਾਲੀਆਂ, ਸੰਸਕ੍ਰਿਤ ਸਾਹਿਤਯ ਵਿਚ ਆਈਆਂ ਵ੍ਯਕਤੀਆਂ ਦਾ ਜ਼ਿਕਰ ਕਰਨਗੇ:-

ਸ੍ਵੈਯਾ: ਜਾਨਤਿ ਹੈ ਮਹਿਮਾ ਅਹਿ ਸ਼ੇਖ਼,
ਸੁ ਨਾਮਹਿ ਕੀ ਪਰਤਾਪ ਵਡਾਈ।
ਸੈਲਨਿ ਕਾਨਨਿ ਸੋਂ ਧਰਨੀ,
ਪਰਸੂਨਹਿ ਜਯੋਂ ਜਿਨ ਸੀਸ ਉਠਾਈ।
ਨਾਮ ਮਹਾਤਮ ਸ਼ੰਕਰ ਜਾਨਤਿ,
ਕੰਠ ਹਲਾਹਲ ਲੀਨਿ ਪਚਾਈ।

ਆਤਮਭੂ ਭਲਿ ਰੀਤਿ ਪਛਾਨਤਿ,
ਜਾਂ ਬਲ ਸੋਂ ਪਰਪੰਚ ਬਨਾਈ ॥੪੬॥

ਮਹਿੰਮਾ=ਵੱਡਾ ਪਨ, ਜਲਾਲ। (ਅ) ਬੇਹਦ ਦਸ਼ਾ, ਬੇਅੰਤਤਾਈ।

ਅਹਿਸ਼ੇਖ਼=ਅਹਿ=ਨਾਗ। ਸ਼ੇਖ਼ਨਾਗ। ਓਹ ਸੱਪਾਂ ਦਾ ਰਾਜਾ ਜਿਸ ਦੇ
ਸ਼ੇਖ=ਸ਼ੇਸ਼।

ਹਜ਼ਾਰ ਮੂੰਹ ਹਨ, ਹਜ਼ਾਰ ਹੀ ਜੀਭ ਨਾਲ ਉਹ ਪਰਮੇਸ਼ੁਰ ਦੇ ਹਜ਼ਾਰ ਨਾਮ ਨਿਤ ਨਵੇਂ ਲੈਂਦਾ ਹੈ। ਵਿਸ਼ਨੂੰ ਦੀ ਛੇਜਾ ਵੀ ਇਸ ਨੂੰ ਆਖਦੇ ਹਨ। ਸ਼ੇਸ਼ਨਾਗ ਅਬਦੀ ਜੀਵਨ (Eternity) ਦਾ ਇਕ ਰੂਪਕ (Emblem) ਹੈ, ਇਸੇ ਕਰਕੇ ਸ਼ੇਖ਼ਨਾਗ ਦਾ ਇਕ ਨਾਮ 'ਅਨੰਤ' ਵੀ ਹੈ। ਨਾਗ ਇਕ ਪੁਰਾਤਣ ਕੌਮ ਦਾ ਬੀ ਨਾਮ ਹੈ, ਗ਼ਾਲਬਨ ਉਨ੍ਹਾਂ ਦਾ ਕੋਈ ਸ਼ੇਖ (=ਵੱਡਾ, ਆਗੂ,) ਨਾਮ ਦਾ ਅਭ੍ਯਾਸੀ ਤੇ ਵਿਸ਼ਨੂੰ ਦਾ ਨਿਜ ਸੇਵਕ ਹੋਇਆ ਹੋਵੇ।

ਸੁ ਨਾਮਹਿ=ਸ੍ਰੇਸ਼ਟ ਨਾਮ ਦੀ। ਸੈਲਨਿ=ਪਹਾੜਾਂ।

ਕਾਨਨਿ=ਜੰਗਲਾਂ, ਬਨਾਂ। ਧਰਨੀ=ਧਰਤੀ।

ਪਰਸੂਨਹਿ=ਫੁੱਲ, ਕਲੀ। [ਸੰਸ. ਪ੍ਰਸੂਨ]। ਸ਼ੰਕਰ=ਸ਼ਿਵਜੀ।

ਹਲਾਹਲ=ਜ਼ਹਿਰ ਜੋ ਸਮੁੰਦ੍ਰ ਰਿੜਕਨ ਵੇਲੇ ਨਿਕਲਿਆ ਸੀ। ਆਮ ਵਿਹੁ ਨੂੰ ਭੀ 'ਹਲਾ ਹਲ' ਕਹਿੰਦੇ ਹਨ।

ਆਤਮਭੂ=ਬ੍ਰਹਮਾ। ਪਰਪੰਚ=ਜਗਤ। [ਸੰਸ. ਪ੍ਰਪੰਚ]

ਅਰਥ: ਵਾਹਿਗੁਰੂ ਦੇ) ਸ੍ਰੇਸ਼ਟ ਨਾਮ ਦੇ ਪ੍ਰਤਾਪ ਤੇ ਵਡਿਆਈ ਦੀ ਬੇਅੰਤਤਾਈ ਸ਼ੇਸ਼ਨਾਗ ਜਾਣਦਾ ਹੈ (ਜਿਸ ਨੇ) ਪਹਾੜਾਂ (ਤੇ) ਬਨਾਂ ਨਾਲ (ਲੱਦੀ ਹੋਈ) ਧਰਤੀ (ਅਪਣੇ ਇਕ) ਸਿਰ (ਉਤੇ) ਫੁੱਲ ਵਾਂਙੂ ਚਾਈ ਹੋਈ ਹੈ। ਨਾਮ ਦਾ ਮਹਾਤਮ ਸ਼ਿਵਜੀ ਜਾਣਦਾ ਹੈ (ਜਿਸਨੇ ਅਪਣੇ) ਕੰਠ (ਵਿਚ) ਜ਼ਹਿਰ ਪਚਾ ਲਈ।

(ਹਾਂ ਨਾਮ ਮਹਾਤਮ ਨੂੰ) ਬ੍ਰਹਮਾ ਚੰਗੀ ਤਰ੍ਹਾਂ ਪਛਾਣਦਾ ਹੈ, ਜਿਸ (ਨਾਮ) ਦੇ ਬਲ ਨਾਲ (ਉਸਨੇ) ਜਗਤ ਬਣਾਇਆ ਸੀ।

ਸੂਚਨਾ: ਅੱਗੇ ਹੁਣ ਭਗਤੀ ਮਾਰਗ ਦੇ ਪ੍ਰਸਿੱਧ ਪੁਰਖਾਂ ਦਾ ਦ੍ਰਿਸ਼ਟਾਂਤ ਵਰਤਣਗੇ:-

ਸ੍ਵੈਯਾ: ਪ੍ਰਹਲਾਦ, ਕਵਾਦਿ, ਤਿਲੋਚਨ, ਨਾਰਦ,
ਧ੍ਰੂ, ਸਨਕਾਦਿ, ਜਦੇਵ, ਸਧੰਨਾ।
ਅੰਬਰੀਕ, ਕਬੀਰ, ਪਰੂਰਵ, ਅੰਗਰਾ,
ਨਾਮੇ, ਬਿਭੀਖਨ, ਕੁੰਭਜ ਮੰਨਾ।
ਰਵਿਦਾਸ, ਅਜਾਮਲ, ਊਧਵ, ਕ੍ਰੂਰ,
ਹਨੂਮਤਿ, ਭੀਲਨੀ ਭੀ ਧਨ ਧੰਨਾ।
ਜੁਗ ਚਾਰ ਵਿਖੇ ਜਨ ਜੋ ਜਨਮੇ
ਜਿਨਹੁ ਕਿਨ ਨਾਮ ਹੁੰ ਤੇ ਭ੍ਰਮ ਭੰਨਾ ॥੪੭॥

ਪ੍ਰਹਲਾਦ=ਪ੍ਰਹਲਾਦ। ਇਕ ਪ੍ਰਸਿੱਧ ਭਗਤ ਦਾ ਨਾਮ।

ਕਵਾਦਿ=ਕਵਿ+ਆਦਿ-ਆਦਿ ਕਵੀ, ਬਾਲਮੀਕ।

ਨਾਰਦ=ਭਗਤੀ ਮਤ ਦੇ ਇਕ ਆਚਾਰਯ ਦਾ ਨਾਮ।

ਸਨਕਾਦਿ=ਸਨਕ+ਆਦਿ। ਬ੍ਰਹਮਾਂ ਦੇ ਚਾਰ ਪੁੱਤ੍ਰ ਸਨਕ, ਸਨੰਦਨ, ਸਨਾਤਨ, ਸਨਕ ਕੁਮਾਰ।

ਪਰੂਰਵ=ਰਾਜਾ ਪਰੂਰਵਸ।

ਕੁੰਭਜ=ਜੋ ਘੜੇ ਤੋਂ ਉਪਜਿਆ, ਅਗਸਤ ਮੁਨੀ।

ਮੰਨਾ=ਮੰਨੇ ਹਨ, ਮੰਨੇ ਹੋਏ ਹਨ (ਭਗਤ)। (ਅ) ਐਉਂ ਬੀ ਅਰਥ ਲਾਉਂਦੇ ਹਨ:- (ਇਨ੍ਹਾਂ ਨੇ) ਮੰਨਿਆਂ ਹੈ (ਨਾਮ ਨੂੰ)।

ਕ੍ਰੂਰ=ਅਕ੍ਰੂਰ, ਸ੍ਰੀ ਕ੍ਰਿਸ਼ਨ ਦਾ ਚਾਚਾ। ਭੀ=ਨਿਸਚੇ।

ਧਨ=ਧੰਨ ਹਨ। ਧੰਨਾ=ਧੰਨਾ ਭਗਤ, (ਅ) ਜੋ ਧੰਨ ਧੰਨ ਹਨ।

ਅਰਥ: (ਛੇਕੜਲੀ ਤੁਕ ਦਾ ਅਰਥ ਪਹਿਲੇ ਆਰੰਭ ਹੁੰਦਾ ਹੈ)। ਚਾਰ ਜੁਗਾਂ ਵਿਚ ਜੋ (ਉੱਤਮ) ਜਨ ਜਨਮੇ, ਜਿਸ ਕਿਸੇ ਦਾ (ਨਾਮ ਲਓ, ਉਸੇ ਦਾ ਭਰਮ ਨਾਮ ਨਾਲ ਹੀ ਭੱਜਾ। (ਦ੍ਰਿਸ਼ਟਾਂਤ ਲਈ ਸੁਣੋ) ਪ੍ਰਹਿਲਾਦ, ਬਾਲਮੀਕ, ਤ੍ਰਿਲੋਚਨ, ਨਾਰਦ, ਧ੍ਰੂ, ਸਨਕਾਦਿਕ, ਜੈ ਦੇਵ, ਸਧਨਾ;

ਅੰਬ੍ਰੀਕ, ਕਬੀਰ, ਪੁਰੂਰਵਸ, ਅੰਗਰਾ, ਨਾਮਦੇਵ, ਬਿਭੀਖਨ, ਅਗਸਤ (ਜੋ) ਮੰਨੇ (ਹੋਏ ਭਗਤ ਹਨ)।

ਰਵਿਦਾਸ, ਅਜਾਮਲ, ਊਧਵ, ਕ੍ਰੂਰ, ਹਨੂਮਾਨ, ਭੀਲਣੀ, ਧੰਨਾ, (ਜੋ) ਨਿਸ਼ਚੇ ਧੰਨ ਹਨ।

ਭਾਵ: ਅੰਕ ੪੭ ਵਿਚ ਜੋ ਨਾਮ ਆਏ ਹਨ, ਸੋ ਕਵਿ ਜੀ ਨੇ ਦ੍ਰਿਸ਼ਟਾਂਤ ਦਿੱਤੇ ਹਨ, ਉਹ ਦ੍ਰਿਸ਼ਟਾਂਤ ਜੋ ਕਵਿ ਜੀ ਦੇ ਦੇਸ਼ ਵਿਚ, ਵੱਸਦੇ ਲੋਕਾਂ ਵਿਚ ਆਮ ਪ੍ਰਸਿੱਧ ਹਨ। ਕਵਿ ਜੀ ਉਹਨਾਂ ਦ੍ਰਿਸ਼ਟਾਂਤਾਂ ਨੂੰ ਅਪਣਾ ਸਿਧਾਂਤ ਨਿਰੂਪਣ ਕਰਨ ਲਈ ਦ੍ਰਿਸ਼ਟਾਂਤ ਦੇ ਤੌਰ ਤੇ ਵਰਤ ਰਹੇ ਹਨ, ਕਿ ਨਾਮ ਜਪ ਕੇ ਉਨ੍ਹਾਂ ਨੇ ਸਦਗਤੀ ਪਾਈ। ਏਹ ਸਾਰੇ ਭਗਤੀ ਮਾਰਗ ਦੇ ਟੁਰਨ ਵਾਲੇ, ਨਾਮ ਦੀ ਟੇਕ ਵਾਲੇ ਸਤਿਪੁਰਖ ਹੋਏ ਹਨ।

ਅਪਣੇ 'ਸੱਚ' ਨੂੰ ਬਜਾਨ ਕਰਦਿਆਂ ਉਨ੍ਹਾਂ ਸਾਖੀਆਂ ਪ੍ਰਸੰਗਾਂ ਨੂੰ ਵਰਤ ਲੈਣਾ ਜੋ ਪ੍ਰਜਾ ਵਿਚ ਆਮ ਪ੍ਰਸਿੱਧ ਹੋਣ, ਇਕ ਤ੍ਰੀਕਾ ਹੈ ਜਿਸ ਨੂੰ ਮਹਾਤਮਾ ਵਰਤ ਲੈਂਦੇ ਹਨ, ਇਸ ਲਈ ਕਿ ਲੋਕਾਂ ਨੂੰ ਪ੍ਰਸੰਗ ਪਤਾ ਹੁੰਦੇ ਹਨ, ਤੇ ਓਹ 'ਸੱਚ' ਨੂੰ ਉਨ੍ਹਾਂ ਦੇ ਦ੍ਰਿਸ਼ਟਾਂਤ ਨਾਲ ਛੇਤੀ ਸਮਝ ਲੈਂਦੇ ਹਨ।

ਉਪਰ ਲਿਖੇ ਨਾਵਾਂ ਵਿੱਚੋਂ ਜਿਨ੍ਹਾਂ ਭਗਤਾਂ ਸਤਿਪੁਰਖਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਏਹ ਹਨ:- ਤ੍ਰਿਲੋਚਨ, ਜੈ ਦੇਵ, ਸਧਨਾ, ਕਬੀਰ, ਨਾਮਦੇਵ, ਰਵਿਦਾਸ, ਧੰਨਾ।

ਜਿਨ੍ਹਾਂ ਸਤਿਪੁਰਖਾਂ ਦੇ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹਨ, ਓਹ ਨਾਮ ਏਹ ਹਨ:- ਪ੍ਰਹਿਲਾਦ, ਬਾਲਮੀਕ, ਨਾਰਦ, ਧ੍ਰੂ, ਸਨਕਾਦਿ, ਅੰਬ੍ਰੀਕ, ਪੁਰੂਰਵਸ (ਪੁਰੂਰਉ), ਅੰਗਰਾ, ਬਿਭੀਖਨ, ਅਜਾਮਲ, ਭੀਲਨੀ, ਹਨੂਮਾਨ, ਊਧਉ, ਅਕ੍ਰੂਰ।

ਕਬਿੱਤ: ਬਾਨੀ ਛਬਿ ਬਨੀ ਅੰਗ, ਸ਼ੇਖ਼ ਤਨ ਸੰਗ ਰੰਗ;
ਗੰਗ ਕੇ ਤਰੰਗ ਸੁ, ਪਤੰਗ ਕੋ ਕਿਕਾਨ ਹੈ।
ਲੰਬੋਦਰ ਰਦਨ ਕੀਨੋ, ਧਨੁਖ ਮਦਨ ਚੀਨੋ
ਸ੍ਰੀਆ ਕੋ ਸਦਨ, ਚਹੁੰਬਦਨ ਕੋ ਜਾਨ ਹੈ।
ਕਰੁਨਾਨਿਧਾਨ ਸ੍ਰਿਗ, ਜੌਨ੍ਹ ਕੀਨੀ ਜਾਨ ਮ੍ਰਿਗ

ਭਸਮ ਸੁ ਤੀਨ ਦ੍ਰਿਗ, ਸੁਧਾ ਸੁਰਪਾਨ ਹੈ।
ਮਨ ਕੀਨੋ ਮੁਨੀ ਸਤੋ ਗੁਨ ਚੀਨ ਲੀਨੋ ਗੁਨੀ
ਨਾਮ ਕੇ ਸੁਜਸ ਤੇ ਏ ਸਭੈ ਸ਼ੋਭਾਵਾਨ ਹੈ ॥੪੮॥

ਬਾਨੀ=ਬਾਣੀ, ਮੁਰਾਦ ਸਰਸ੍ਵਤੀ ਯਾ ਸ਼ਾਰਦਾ ਤੋਂ ਹੈ। ਉਸ ਦਾ ਰੰਗ ਉੱਜਲ ਹੈ। ਛਬਿ=ਸੁੰਦਰਤਾ।

ਬਨੀ=ਬਨ ਬਨ ਪੈ ਰਹੀ ਹੈ, ਫਬੀ ਹੋਈ। (ਅ) ਬਨੀ=ਵੱਨ੍ਹੀ=ਅਗਨੀ। ਬਾਨੀ ਛਬਿ ਬਨੀ ਅੰਗ=ਸਰਸ੍ਵਤੀ ਦੇ ਅੰਗਾਂ ਦੀ ਅਗਨੀ ਵਰਗੀ ਸੁੰਦਰਤਾ ਹੈ। ਸ਼ੇਖ=ਸ਼ੇਖਨਾਗ।

ਸੰਗ=ਨਾਲ। (ਅ) ਸੰਗ ਦਾ ਅਰਥ ਭਗਤੀ ਬੀ ਹੈ, ਅਰਥਾਤ ਸ਼ੇਖ ਦੇ ਤਨ ਦਾ ਭਗਤੀ ਵਾਲਾ ਰੰਗ।

ਗੰਗ=ਗੰਗਾ। ਤਰੰਗ=ਲਹਿਰਾਂ।

ਸੁ=ਸ਼ੋਭਾ। (ਅ) ਸੋ:=ਪਾਰਬਤੀ। ਗੰਗ ਕੈ ਤਰੰਗ ਸੁ=ਗੰਗਾ ਦੇ ਤਰੰਗ ਜੋ ਪਾਰਬਤੀ ਵਰਗੇ (ਸੁੰਦਰ ਹਨ)। ਪਤੰਗ=ਸੂਰਜ।

ਕਿਕਾਨ=ਘੋੜਾ। ਸੂਰਜ ਦੇ ਘੋੜੇ ਦਾ ਰੰਗ ਚਿੱਟਾ ਹੈ।

ਲੰਬੋਦਰ=[ਲੰਬ+ਉਦਰ] ਜਿਸ ਦਾ ਢਿਡ ਲੰਮਾ ਹੈ, ਗਣੇਸ਼।

ਰਦਨ=ਦੰਦ। ਜੋ ਚਿੱਟਾ ਹੁੰਦਾ ਹੈ।

ਮਦਨ=ਕਾਮ ਦੇਵ। ਸ਼੍ਰੀਆ=ਲੱਛਮੀ।

ਸਦਨ=ਘਰ। ਲੱਛਮੀ ਦਾ ਨਿਵਾਸ ਕਵਲ ਵਿਚ ਹੈ।

ਚਹੁੰਬਦਨ=ਚਾਰ ਮੂੰਹਾਂ ਵਾਲਾ, ਬ੍ਰਹਮਾ।

ਜਾਨ=ਵਾਹਨ, (ਅ) ਸਵਾਰੀ। [ਸੰਸ. ਯਾਨੰ]

ਕਰੁਨਾਨਿਧਾਨ=ਕ੍ਰਿਪਾ ਦਾ ਖਜ਼ਾਨਾ ਯਾ ਸਮੁੰਦਰ ਏਥੇ ਮੁਰਾਦ ਵਿਸ਼ਨੂੰ ਤੋਂ ਹੈ।

ਸ੍ਰਿਗ=ਮਾਲਾ। [ਸੰਸ. ਸ੍ਰਗ੍, ਸ੍ਰਜ੍=ਸਿਹਰਾ, ਮਾਲਾ]। ਜੌਨ੍ਹ=ਚਾਂਦਨੀ।

ਜਾਨ ਮ੍ਰਿਗ=[ਜਾਨ=ਅਸਵਾਰੀ। ਮ੍ਰਿਗ=ਹਰਨ]। ਹਰਨ ਦੀ ਸਵਾਰੀ ਕਰਨ ਵਾਲਾ, ਚੰਦ੍ਰਮਾ।

ਤੀਨ ਦ੍ਰਿਗ-ਤਿੰਨ ਅੱਖਾਂ ਵਾਲਾ, ਸ਼ਿਵ।

ਸੁਧਾ=ਅੰਮ੍ਰਿਤ।

ਸੁਰਪਾਨ=ਜੋ ਦੇਵਤਿਆਂ ਦੇ ਪੀਣ ਜੋਗ ਹੈ। ਜਿਸ ਨੂੰ ਦੇਵਤੇ ਪੀਂਦੇ ਹਨ।

ਮੁਨੀ=ਸਤਿਕਾਰ ਯੋਗ, ਤਪੱਸ੍ਵੀ, ਸਾਧੂ।

ਮਨ ਕੀਨੋ ਮੁਨੀ=ਜਿਵੇਂ, ਮਨ ਨੂੰ ਕੀਤਾ ਹੈ ਮੁਨੀਆਂ ਨੇ ਚਿੱਟਾ। ਅਥਵਾ 'ਸਤੋਗੁਨ' ਦੇਹੁਰੀ ਦੀਪਕ ਹੈ:-'ਮਨ ਕੀਨੋ ਮੁਨੀ ਸਤੋਗੁਨ'=ਮਨ ਨੂੰ ਜਿਵੇਂ ਮੁਨੀਆਂ ਨੇ ਕੀਤਾ ਹੈ ਸਤੋਗੁਨੀ। ਫੇਰ ਸਤੋਗੁਨੀ ਅੱਗੇ ਵੀ ਚੱਲੇਗਾ-'ਸਤੋਗੁਨ ਚੀਨ ਲੀਨੋ ਗੁਨੀ'=ਜਿਵੇਂ ਗੁਨੀਆਂ ਨੇ ਸਤੋਗੁਨ ਨੂੰ ਪਛਾਣ ਲਿਆ ਹੈ।

ਗੁਨੀ=ਤ੍ਰੈ ਗੁਣਾਂ ਦਾ ਵਿਚਾਰ ਕਰਨ ਵਾਲਾ ਜੋ ਹੋਵੇ ਸੋ ਗੁਣੀ, ਯਾ ਸ੍ਰੇਸ਼ਟ ਗੁਣਾਂ (ਖੂਬੀਆਂ) ਨੂੰ (ਜੋ ਸਾਰੇ ਉੱਜਲ ਹੁੰਦੇ ਹਨ) ਜੋ ਵੀਚਾਰ ਤੇ ਵਿਵੇਕ ਨਾਲ (ਗੁਨ ਲਵੇ) ਪਛਾਣ ਲਵੇ ਸੋ ਗੁਨੀ। ਤੁਕ ਦੇ ਅਰਥ ਵਿਚ ਸਤੋਗੁਣੀ।ਸਤ੍ਵ+ਗੁਣ=] ਰਜ, ਤਮ, ਸਤ੍ਵ ਤ੍ਰੈਆਂ ਗੁਣਾਂ ਵਿਚੋਂ

ਛੇਕੜਲਾ=ਸਤ੍ਵ। ਸੱਤ੍ਵ ਗੁਣ ਹੈ:-ਨੇਕੀ, ਗ੍ਯਾਨ, ਸਚ ; ਜੋ ਧਾਰਨ ਕਰਨ ਵਾਲੇ ਨੂੰ ਬਨਾ ਦੇਂਦਾ ਹੈ: ਨੇਕ, ਧਰਮੀ, ਭਗਤ, ਪਵਿੱਤ੍ਰ, ਗ੍ਯਾਨ ਦਾ ਪ੍ਰੇਮੀ।

ਚੀਨ ਲੀਨੋ=ਪਛਾਣ ਲਿਆ ਹੈ।

ਸੁਜਸ=ਸ੍ਰੇਸ਼ਟ ਯਸ਼, ਯਸ਼ ਦੇ ਦੋ ਅਰਥ ਹਨ, ਕੀਰਤੀ, (ਅ) ਮਹਿੰਮਾ, ਪ੍ਰਤਾਪ।

ਅਰਥ: (ਅੰਤਲੀ ਤੁਕ ਤੋਂ ਅਰਥ ਤੁਰੇਗਾ) ਨਾਮ ਦੀ ਸ੍ਰੇਸ਼ਟ ਮਹਿੰਮਾ ਕਰਕੇ ਹੀ ਏਹ ਸਾਰੇ ਸ਼ੋਭਾ ਵਾਲੇ ਹੋ ਰਹੇ ਹਨ। ਸਾਰਦਾ ਦੇ ਅੰਗਾਂ ਦੀ ਬਣ ਬਣ ਪੈ ਰਹੀ ਸੁੰਦਰਤਾ, ਸ਼ੇਸ਼ਨਾਗ ਦੇ (ਕਾਲੇ) ਸਰੀਰ ਨਾਲ ਜੋ (ਉੱਜਲ) ਰੰਗ (ਲੱਗਾ ਪਿਆ ਹੈ)। ਗੰਗਾ ਦੇ ਤਰੰਗਾਂ ਦੀ ਸ਼ੋਭਾ, ਸੂਰਜ ਦੇ ਘੋੜੇ ਦਾ (ਜੋ ਚਿੱਟਾ ਰੰਗ) ਹੈ। ਗਣੇਸ਼ ਦਾ ਦੰਦ (ਜੋ ਚਿੱਟਾ) ਕੀਤਾ ਹੋਇਆ ਹੈ, ਕਾਮਦੇਵ ਦਾ ਧਨੁਖ ਦੇਖੋ (ਜੋ ਫੁੱਲਾਂ ਦਾ ਹੈ), ਲੱਛਮੀ ਦਾ ਘਰ (ਕਮਲ), ਬ੍ਰਹਮਾ ਦਾ ਜੋ ਵਾਹਨ (ਹੰਸ) ਹੈ। ਵਿਸ਼ਨੂੰ ਦੀ ਮਾਲਾ, ਚੰਦ੍ਰਮਾ ਦੀ ਜੋ ਚਾਂਦਨੀ (ਚਿੱਟੀ) ਕੀਤੀ ਹੋਈ ਹੈ, ਸ਼ਿਵ ਦੀ ਜੋ ਸੁਆਹ (ਚਿੱਟੀ ਹੈ), ਦੇਉਤਿਆਂ ਦੇ ਪੀਣ ਜੋਗ (ਜੋ) ਅੰਮ੍ਰਿਤ ਹੈ। ਮੁਨੀਆਂ ਦਾ ਮਨ (ਜਿਸਨੂੰ ਉਨ੍ਹਾਂ ਨੇ ਉੱਜਲ) ਕਰ ਲਿਆ ਹੈ, (ਭਾਵ ਮੁਨੀਆਂ ਦਾ ਉੱਜਲ ਮਨ ਅਤੇ) ਗੁਣੀਆਂ ਦਾ ਸਤੋਗੁਣ (ਜਿਸਨੂੰ ਉਨ੍ਹਾਂ ਨੇ ਉਜਲ) ਪਛਾਣਕੇ ਧਾਰਨ ਕਰ ਲਿਆ ਹੈ।

ਭਾਵ: ਦੋ ਮੁਰਾਦਾਂ ਹਨ, ਇਕ ਤਾਂ ਇਹ ਕਿ ਸ਼ਾਰਦਾ ਦੀ ਸੁੰਦਰਤਾ, ਸ਼ੇਸ਼ਨਾਗ ਦਾ ਰੰਗ, ਆਦਿ ਨਾਮ ਦੇ ਸੁਜਸ ਕਰਕੇ ਸ਼ੋਭਾਵਾਨ ਹਨ, ਦੂਸਰੇ ਇਹ ਕਿ ਨਾਮ ਦੇ ਪ੍ਰਤਾਪ ਕਰਕੇ ਸ਼ਾਰਦਾ ਦੇ ਅੰਗ, ਸ਼ੇਸ਼ਨਾਗ ਦਾ ਰੰਗ, ਗੰਗਾ ਦੇ ਤਰੰਗ, ਸੂਰਜ ਦਾ ਘੋੜਾ, ਗਨੇਸ਼ ਦਾ ਦੰਦ, ਕਾਮ ਦਾ ਧਨੁਖ, ਲੱਛਮੀ ਦਾ ਘਰ (ਕਮਲ), ਬ੍ਰਹਮਾ ਦਾ ਵਾਹਨ (ਹੰਸ), ਵਿਸ਼ਨੂੰ ਜੀ ਦੀ ਮਾਲਾ, ਚੰਦ ਦੀ ਚਾਂਦਨੀ, ਸ਼ਿਵ ਦੀ ਸੁਆਹ, ਦੇਵਤਿਆਂ ਦੇ ਪੀਣ ਯੋਗ ਅੰਮ੍ਰਿਤ, ਮੁਨੀ ਦਾ ਮਨ, ਤੇ (ਗੁਨੀ) ਵਿਚਾਰਸ਼ੀਲ ਸ਼ੁਭ ਗੁਣਾਂ ਵਾਲੇ ਪੁਰਸ਼ਾਂ ਦਾ ਧਾਰਨ ਕੀਤਾ ਹੋਇਆ ਸਤੋਗੁਣ ਦਾ ਰੰਗ, ਏਹ ਸਾਰੇ ਚਿੱਟੇ ਅਰਥਾਤ ਉੱਜਲ ਹੋ ਗਏ ਹਨ।

ਕਵਿ ਜੀ ਦਾ ਭਾਵ ਕੇਵਲ ਇਤਨਾ ਹੈ ਕਿ ਨਾਮ ਦੇ ਅਭ੍ਯਾਸ ਨਾਲ ਏਹ ਸਾਰੇ ਉੱਜਲ ਹੋਏ ਹਨ। ਇਸ ਕਬਿੱਤ ਵਿਚ ਪੌਰਾਣਕ ਪ੍ਰਸੰਗ, 'ਦੇਵਤਾਖ੍ਯਾਨਕ, (mythological) ਹਨ। ਦੇਵਤਾਖ੍ਯਾਨ (mythology) ਨੂੰ ਸਿਆਣਿਆਂ ਨੇ ਤ੍ਰਿਸਕਾਰਿਆ ਨਹੀਂ, ਪਰ ਇਸਨੂੰ 'ਮਜ਼ਹਬ ਦੀ ਕਵਿਤਾ*' ਆਖਿਆ ਹੈ, ਜਿਸ ਵਿਚ ਬੜੇ ਬੜੇ ਅਜ਼ਲੀ ਸੱਚ ਰੱਖੇ ਹੋਏ ਹੁੰਦੇ ਹਨ। ਕਈ ਵੇਰ ਏਹ 'ਧਰਮਾਉ ਸਚਾਂ+' ਦੀਆਂ ਬੁਝਾਰਤਾਂ ਵੀ ਹੁੰਦੇ ਹਨ।

ਕਵਿ ਜੀ ਨੇ ਅਪਣੀ ਵਾਕਫੀਅਤ ਦੇ ਦਾਇਰੇ ਦੇ ਐਸੇ ਚੋਣਵੇਂ ਪ੍ਰਸੰਗਾਂ ਨੂੰ, ਏਥੇ ਦ੍ਰਿਸ਼ਟਾਂਤ ਦੇ ਤੌਰ ਤੇ ਵਰਤਿਆ ਹੈ, ਅਪਣਾ ਅਭਿਪ੍ਰਾਯ ਸਪਸ਼ਟ ਕਰਨ ਲਈ ਜੋ ਇਹ ਹੈ ਕਿ- 'ਨਾਮ ਜਪੋ ਤੁਸੀਂ ਪਾਪਾਂ ਦੀ ਮੈਲ ਤੋਂ ਉੱਜਲ ਹੋ ਜਾਓਗੇ'; ਜਿਸ ਤਰ੍ਹਾਂ ਕਿ ਨਾਮ ਦੇ ਪ੍ਰਤਾਪ ਨੇ ਦੇਵਤਾਖ੍ਯਾਨ ਵਿਚ ਵੀ ਅੱਗੇ ਏਹ ਸੁਹਣੇ ਰੰਗ ਲਾਏ ਸੁਣੇ ਹਨ।

ਸੂਚਨਾ: ਨਾਮ ਦੀ ਮਹਿਮਾਂ ਕਹਿ ਕੇ ਅਪਣੇ ਮਨ ਨੂੰ ਸੰਬੋਧ ਕਰਦੇ ਹਨ ਕਿ ਨਾਮ ਜਪੁ।

ਕਬਿੱਤ: ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਸੁ

---

*Mythology is the poetry of religion.

+Religious truths.

ਮੋਦ ਮੈਂ ਕਿਸ਼ੋਦਰੀ ਸੋਂ ਗਾਢੋ ਲਪਟਾਯੋ ਹੈ।
ਮੱਤ ਜੇ ਮਤੰਗ ਜਵੀ++ ਚੰਚਲ ਤੁਰੰਗ ਬ੍ਰਿੰਦ
ਅਨੀ ਚਤੁਰੰਗਨੀ ਸੋਂ ਰਿਦਾ ਹੁਲਸਾਯੋ ਹੈ।
ਅਥਿ ਨਿਤ ਹਾਥ ਚਾਹੈ, ਜਨਮ ਅਕਾਥ ਖੋਤਿ
ਅੰਤ ਕੋ ਨ ਸਾਥ ਮਨ ਜਾਂ ਸੋਂ ਡਹਿਕਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ
ਸਾਚੇ ਕੋ ਬਨਾਯੋ, ਤਾਂ ਤੇ ਸਾਚੋ ਸੋ ਸੁਹਾਯੋ ਹੈ ॥੪੯॥

ਤਾਤ=ਪਿਤਾ। ਸੁਤ=ਪੁੱਤ੍ਰ। ਹਿਤੂ=ਹਿਤ ਵਾਲੇ, ਮਿੱਤ੍ਰ।

ਸੋਦਰ=[ਸ+ਉਦਰ=] ਇਕ ਪੇਟ ਤੋਂ ਉਪਜਣ ਵਾਲੇ, ਭਿਰਾਉ।

[ਸੰਸ: ਸੋਦਰ, ਸ=ਸਮਾਨ+ਉਦਰ]

ਸਹੋਦਰੀ=ਇਕੋ ਪੇਟ ਤੋਂ, ਜੋ ਹੋਵੇ, ਭੈਣ। [ਸੰਸ. ਸਹ+ਉਦਰ+ਈ]

ਸੁ=ਨਾਲ। ਮੋਦ=ਖੁਸ਼ੀ, ਅਨੰਦ। ਮੈਂ=ਵਿਚ।

ਕਿਸ਼ੋਦਰੀ=[ਕ੍ਰਿਸ਼+ਉਦਰ+ਈ=] ਪਤਲੇ ਲੱਕ ਵਾਲੀ, ਭਾਵ ਇਸਤ੍ਰੀ, ਵਹੁਟੀ। ਮੱਤ=ਮਸਤ। ਮਤੰਗ=ਹਾਥੀ।

ਜਵੀ*=ਚਾਲ। ਮੱਤ ਜੇ ਮਤੰਗ ਜਵੀ=ਮਸਤ ਚਾਲ ਵਾਲੇ ਹਾਥੀ।

(ਅ) ਬਹੁਤ ਤ੍ਰਿੱਖੇ ਵੇਗ ਵਾਲਾ ਘੋੜਾ। [ਸੰਸ. ਜਵਨ। ਹਿੰਦੀ, ਜਵੀ।] (ੲ) ਜਵੀ=ਊਂਠ, ਭਾਵ ਸਾਂਡਨੀ।

ਤੁਰੰਗ=ਘੋੜੇ। ਬ੍ਰਿੰਦ=ਸਮੁਦਾਇ। ਬਹੁਤੇ। ਅਨੀ=ਫੌਜ।

ਚਤੁਰੰਗਨੀ=ਚਾਰ ਪ੍ਰਕਾਰ ਦੀ ਫੌਜ-ਪੈਦਲ, ਸਵਾਰ, ਹਾਥੀ, ਰਥ।

ਹੁਲਸਾਯੋ=ਹੁਲਾਸ ਵਿਚ ਆਯਾ ਹੈ, ਖ਼ੁਸ਼ ਹੋ ਰਿਹਾ ਹੈ।

ਅਥਿ=ਮਾਯਾ, ਦੌਲਤ।ਪ੍ਰਾਕ੍ਰਿਤ, ਅਤਥ। ਸੰਸ:ਅਰ੍ਥ]

ਅਕਾਥ=ਅਕਾਰਥ, ਐਵੇਂ। ਖੋਤਿ=ਗੁਆਉਂਦਾ ਹੈ।

ਡਹਿਕਾਯੋ=ਛਲਾਇਆ ਹੈ। ਡਹਿਕਾਣਾ=ਕਿਸੇ ਦੇ ਧੋਖੇ ਵਿਚ ਆਕੇ ਅਪਣਾ ਕੁਛ ਗੁਆਉਣਾ, ਬ੍ਰਿਥਾ ਗੁਆ ਬੈਠਣਾ, ਨਸ਼ਟ ਕਰਨਾ। ਰੂੜ=ਸੁੰਦਰ।

ਅਰਥ: ਪਿਤਾ, ਪੁੱਤ੍ਰ, ਮਾਤਾ, ਮਿੱਤ੍ਰ, ਭਰਾ, ਭੈਣ, ਵਹੁਟੀ ਵਿਚ (ਕਿਵੇਂ) ਆਨੰਦ ਨਾਲ ਗੂੜ੍ਹਾ ਲਪਟ ਰਿਹਾ ਹੈ।

ਮਸਤ ਚਾਲ ਵਾਲੇ (ਹਨ) ਜੋ ਹਾਥੀ (ਅਤੇ) ਤ੍ਰਿੱਖੇ ਘੋੜਿਆਂ ਦੇ ਸਮੁਦਾਇ (ਤੇ) ਚਤੁਰੰਗਨੀ ਫੌਜ (ਇਨ੍ਹਾਂ) ਨਾਲ ਦਿਲ ਹੁਲਾਸ ਵਿਚ ਆ ਰਿਹਾ ਹੈ।

---

++ਪਾਠਾਂਤ੍ਰ-ਜੋਵੀ-ਬੀ ਹੈ।

*ਡਿੰਗਲ ਭਾਖਾ ਵਿਚ ਬੀ-ਜਵਨ-ਨਾਮ 'ਵੇਗ ਵਾਲੇ ਘੋੜੇ' ਦਾ ਦਿੱਤਾ ਹੈ। ਜੇ 'ਜਵੀ' ਦਾ ਅਰਥ 'ਘੋੜਾ' ਲਾਉਣਾ ਹੋਵੇ, ਤਾਂ ਜਪਦਾ ਹੈ ਕਿ 'ਚੰਚਲ ਤੁਰੰਗ' ਤਾਂ ਤ੍ਰਿੱਖੇ ਘੋੜੇ ਦਾ ਨਾਮ ਹੈ, ਤੇ 'ਜਵੀ' ਘੋੜ ਦੌੜ ਵਿਚ ਲੱਗਣ ਵਾਲੇ ਘੋੜੇ ਦਾ ਨਾਮ ਹੈ।

ਮਾਯਾ ਨੂੰ ਸਦਾ (ਅਪਣੇ) ਹੱਥ (ਵਿੱਚ ਰੱਖਣਾ) ਚਾਹੁੰਦਾ ਹੈ, (ਇਸ ਤਰ੍ਹਾਂ) ਜਨਮ ਅਕਾਰਥ ਗੁਆ ਰਿਹਾ ਹੈ, (ਪਰ) ਅੰਤ ਨੂੰ ਨਾਲ ਨਹੀਂ (ਜਾਣਾ ਇਸ ਮਾਯਾ ਨੇ ਕਿ) ਜਿਸ ਨਾਲ ਮਨ ਨੂੰ ਛਲਾਇਆ ਹੈ।

ਹੇ ਮੂਰਖ ਮਨ! (ਇਹ ਸਭ) ਝੂਠ ਹੈ, ਝੂਠ ਹੈ (ਇਹ), ਇਸ ਕਰਕੇ ਸਤਜ ਹੋਕੇ (ਭਾਸਦਾ ਹੈ ਯਾ) ਸ਼ੋਭਾ ਦੇਂਦਾ ਹੈ (ਕਿ ਇਸ ਨੂੰ) ਸੱਚੇ (ਵਾਹਿਗੁਰੂ) ਨੇ ਬਨਾਯਾ ਹੈ (ਸੋ ਤੂੰ ਉਸ ਸੱਚੇ ਦੇ) ਸੁਹਣੇ ਨਾਮ ਨੂੰ ਲੱਗ।

ਭਾਵ: ਇਸ ਜਗਤ ਦੇ ਸਬੰਧੀਆਂ, ਪਦਾਰਥਾਂ ਤੇ ਮਾਯਾ ਦੇ ਸਾਮਾਨਾਂ ਨੂੰ ਗਿਣਕੇ ਦੱਸਦੇ ਹਨ ਕਿ ਇਨ੍ਹਾਂ ਵਿਚੋਂ ਕਿਸੇ ਦੇ ਨਾਲ ਨਹੀਂ ਜਾਣਾ, ਇਸ ਕਰਕੇ ਸਭ ਕੂੜ ਪਸਾਰਾ ਹੈ, ਤਾਂ ਤੇ ਕੂੜ ਨੂੰ ਛੱਡ। ਪ੍ਰਸ਼ਨ ਉਪਜਦਾ ਹੈ; ਕਿ ਲਗਦਾ ਤਾਂ ਸੱਚ ਹੈ। ਉੱਤਰ ਦੇਂਦੇ ਹਨ ਕਿ ਇਸਦਾ ਰਚਨਹਾਰ ਸੱਚਾ ਹੈ, ਇਸ ਕਰਕੇ ਸੱਚਾ ਲੱਗਦਾ ਹੈ। ਤੇ ਹੇ ਮਨ! ਤੈਨੂੰ ਚਾਹੀਦਾ ਹੈ ਕਿ ਉਸ ਰਚਨਹਾਰ ਨੂੰ ਤੂੰ ਲਗੇਂ, ਤਾਂ ਤੂੰ ਉਸਦੀ ਸਮੀਪਤਾ ਵਿਚ ਉਸਦੇ ਗੁਣਾਂ ਨਾਲ ਭੂਸ਼ਤਿ ਹੋਵੇਂ ਤੇ ਸਾਰੇ ਸੁਖਾਂ ਦਾ ਭਾਈਵਾਲ ਬਣੇਂ। ਇਹੋ ਨਾਮ ਹੀ ਇਕ ਸੱਚਾ ਤੇ ਸੁੰਦਰ (ਨਾਲ ਨਿਭਣੇ ਵਾਲਾ) ਪਦਾਰਥ ਹੈ, ਤਾਂ ਤੇ ਇਸੇ ਨੂੰ ਲੱਗ।

ਕਬਿੱਤ: ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ  
ਪਾਜੀ ਕੋ ਅਪਾਜੀ ਲਖਿ ਤਾਂ ਸੋ ਬਿਰਮਾਯੋ ਹੈਂ।  
ਸੁਪਨੇ ਪਦਾਰਥ ਸੁਆਰਥ ਮੈਂ ਰਚਯੋ ਸੰਚੈ  
ਸੰਚਿ ਸੰਚਿ ਜਾਗੇ ਤੇ ਬਹੁਰਿ ਪਛੁਤਾਯੋ ਹੈ।  
ਸੁਕਤਾ ਰਜਤ, ਮ੍ਰਿਗ ਤ੍ਰਿਸ਼ਨਾ ਮੈਂ ਨੀਰ ਜੈਸੇ  
ਰਜੁ ਮੈਂ ਸਰਪ ਆਦਿ ਅੰਤ ਹੂੰ ਨ ਪਾਯੋ ਹੈ।  
ਕੂੜ ਹੈ ਰੇ ਕੂੜ, ਮਨ ਮੂੜ! ਲਗ ਨਾਮ ਰੂੜ  
ਸਾਚੇ ਕੋ ਬਨਾਯੋ ਤਾਂ ਤੇ ਸਾਚੋ ਸੋ ਸੁਹਾਯੋ ਹੈ ॥੫੦॥

ਬਾਜੀਗਰ=ਮਦਾਰੀ, ਨਜ਼ਰਬੰਦੀ ਦੇ ਯਾ ਹੋਰ ਤਮਾਸ਼ੇ ਕਰਨ ਵਾਲਾ। [ਫਾ: ਬਾਜ਼ੀਗਰ]

ਬਾਜੀ=ਖੇਲ, ਤਮਾਸ਼ਾ। [ਫ਼ਾਰਸੀ, ਬਾਜ਼ੀ]

ਕਨਾਤ=ਮੋਟੇ ਕਪੜੇ ਦਾ ਪਰਦਾ। ਮਦਾਰੀ ਕਨਾਤ ਤਾਣਕੇ ਤਮਾਸ਼ਾ ਕਰਦਾ ਹੈ। ਜਿਵੇਂ ਉਸਦੀ ਕਨਾਤ ਤਿਵੇਂ ਇੱਥੇ ਮਾਯਾ ਦੀ ਕਨਾਤ।ਤੁਰਕੀ, ਕਿਨਾਤ] (ਅ) ਅਥਵਾ-ਭੁਲੇਵੇ ਦੀ ਕਨਾਤ। ਭਾਵੇਹ ਕਿ ਜੋ ਕਨਾਤ ਬਾਜ਼ੀਗਰ ਦੀ ਦਿੱਸ ਰਹੀ ਹੈ ਉਹ ਬੀ ਨਜ਼ਰਬੰਦੀ ਦੀ ਹੈ।

ਸਾਜੀ=ਬਨਾਈ।

ਪਾਜੀ=ਮੁਲੰਮਾ। ਉਹ ਸ਼ੈ ਜੋ ਅਸਲ ਵਿਚ ਨਾ ਹੋਵੇ, ਪਰ ਬਨਾਉਟੀ ਹੋਵੇ, ਭਾਵ ਝੂਠੀ।

ਅਪਾਜੀ=ਜੋ ਪਾਜੀ ਨਾ ਹੋਵੇ, ਬਨਾਵਟੀ ਨਾ ਹੋਵੇ; ਸੱਚੀ, ਅਸਲੀ।

ਬਿਰਮਾਯੋ=ਭਰਮਿਆ, ਭੁੱਲ ਰਿਹਾ।

ਸੁਪਨੇ ਪਦਾਰਥ=ਸੁਪਨੇ ਵਿਚ ਦੇ ਪਦਾਰਥ, ਜੋ ਵਾਸਤਵ ਵਿਚ ਤਾਂ ਹੁੰਦੇ ਹੀ ਨਹੀਂ ਜੋ ਕੱਠੇ ਹੋ ਸਕਣ; ਸੋ ਸੁਪਨੇ ਵਿਚ ਹੀ ਪਦਾਰਥ ਰਚਦਾ ਹੈ ਤੇ ਸੁਪਨੇ ਵਿਚ ਹੀ ਕੱਠੇ ਕਰਦਾ ਹੈ।(ਅ) ਰਚਯੋ=ਰਚਕੇ, ਖਚਤ ਹੋਕੇ। ਤੁਕ ਦਾ ਅਰਥ ਫੇਰ ਐਉਂ ਲਗੇਗਾ=ਸੁਆਰਥ ਵਿਚ ਲਗਾ ਹੋਇਆ ਸੁਪਨੇ ਦੇ ਪਦਾਰਥ ਕੱਠੇ ਕਰਦਾ ਹੈ, ਕੱਠੇ ਕਰ ਕਰ ਕੇ ਜਦ ਜਾਗਦਾ ਹੈ ਤਾਂ ਪਛੁਤਾਉਂਦਾ ਹੈ।

ਸੁਆਰਥ=ਆਪਣੇ ਅਰਥ ਲਈ। ਆਪਣੇ ਮਤਲਬ ਲਈ।

ਸੰਚੈ=ਕੱਠੇ ਕਰਦਾ ਹੈ। ਬਹੁਰਿ=ਮਗਰੋਂ, ਫਿਰ।

ਸੁਕਤਾ=ਸਿਪ। [ਸੰਸ. ਸ਼ੁਕ੍ਤਿ:]

ਰਜਤ=ਚਾਂਦੀ। [ਸੰਸ. ਰਜਤ]

ਮ੍ਰਿਗ ਤ੍ਰਿਸ਼ਨਾ=ਹੁਨਾਲੇ ਵਿਚ ਰੇਤਥਲਿਆਂ ਯਾਂ ਰੜਿਆਂ ਪਰ ਕੜਕਦੀ ਪੈਂਦੀ ਧੁੱਪੇ ਜਲ ਦੇ ਡਲ ਨਜ਼ਰ ਪੈਣੇ, ਇਸ ਭੁਲੇਵੇ ਵਿਚ ਮ੍ਰਿਗ ਉਧਰ ਨੂੰ ਲਲਚਦੇ ਹਨ।

ਰੱਜੂ=ਰੱਸੀ। ਹਨੇਰੇ ਵੇਲੇ ਰੱਸੀ ਵਲ ਖਾਕੇ ਪਈ ਦਿੱਸੇ ਤਾਂ ਕਈ ਵੇਰੀ ਸੱਪ ਦਾ ਭਰਮ ਹੋ ਜਾਂਦਾ ਹੈ। ਆਦਿ ਅੰਤ=ਮੁੱਢ ਤੇ ਮੁੱਕਣ। ਮੁਹਾਵਰਾ ਹੈ, ਭਾਵ-ਕਦੇ ਬੀ-।

(ਅ) ਅਰਥ ਐਉਂ ਬੀ ਲਗਦਾ ਹੈ, ਕਿ ਇਹਨਾਂ ਦਾ ਆਦਿ ਤਾਂ ਹੈ ਕਿ ਜਦੋਂ ਭਰਮ ਪੈਂਦਾ ਹੈ ਪਰ ਅੰਤ ਨਹੀਂ, ਕਿਉਂਕਿ ਵਿਚੋਂ ਨਿਕਲਦਾ ਕੁਝ ਨਹੀਂ।

ਅਰਥ: ਬਾਜੀਗਰ ਦੀ ਬਾਜੀ ਵਰਗੀ ਮਾਯਾ ਦੀ (ਮਾਨੋਂ) ਕਨਾਤ ਸਾਜੀ (ਗਈ ਹੈ, ਜਿਸ ਵਿਚ ਪ੍ਰਪੰਚ ਦੀ ਰਚਨਾ ਰਚੀ ਗਈ ਹੈ, ਪਰ ਹੇ ਮਨ! ਤੂੰ) ਇਸ ਬਨਾਵਟ ਨੂੰ ਅਸਲੀ ਲਖਕੇ ਉਸ ਵਿਚ ਭਰਮ ਗਿਆ ਹੈਂ।

(ਪਰ ਤੂੰ ਉਸ ਮਨੁੱਖ ਵਾਂਙੂ ਪਛੁਤਾਏਂਗਾ ਜੋ ਸੁਪਨੇ ਵਿਚ) ਸੁਪਨੇ ਦੇ ਪਦਾਰਥ ਸੁਆਰਥ ਲਈ ਰਚਕੇ ਇਕੱਠੇ ਕਰਦਾ ਹੈ, ਫਿਰ ਕੱਠੇ ਕਰ ਕਰਕੇ ਜਾਗਿਆਂ ਤੇ ਪਛੁਤਾਉਂਦਾ ਹੈ।

ਜਿਵੇਂ (ਕਿਸੇ ਨੇ) ਸਿੱਪੀ (ਵਿਚੋਂ) ਚਾਂਦੀ, ਮ੍ਰਿਗ-ਤ੍ਰਿਸ਼ਨਾ ਵਿਚੋਂ ਪਾਣੀ, ਰੱਸੀ ਵਿਚੋਂ ਸੱਪ ਕਦੇ ਬੀ ਨਹੀਂ ਲੱਭਿਆ ਹੈ।

(ਤਿਵੇਂ) ਹੇ ਮੂਰਖ ਮਨ! (ਇਹ ਸਭ) ਝੂਠ ਹੈ, ਝੂਠ ਹੈ, (ਇਹ) ਇਸ ਕਰਕੇ ਸੱਤਯ ਹੋਕੇ (ਭਾਸਦਾ ਹੈ ਯਾ) ਸ਼ੋਭਾ ਦੇਂਦਾ ਹੈ (ਕਿ ਇਸਨੂੰ) ਸੱਚੇ (ਵਾਹਿਗੁਰੂ) ਨੇ ਬਨਾਯਾ ਹੈ (ਸੋ ਤੂੰ ਉਸ ਸੱਚੇ ਦੇ) ਸੁਹਣੇ ਨਾਮ ਨੂੰ ਲੱਗ*।

ਦੋਹਰਾ: ਜਿਹ ਕਰੁਨਾ ਤੇ ਜਠਰ ਮਹਿਂ, ਅਗਨਿ ਸਪਰਸ਼ ਨ ਹੋਇ।

ਜਨਮਤਿ ਹੀ ਪੁਨ ਜਗ ਰਚਯੋ, ਰਿਦੈ ਬਿਸ਼ਾਰਯੋ ਸੋਇ ॥੫੧॥

ਕਰੁਨਾ=ਮਿਹਰ, ਫਜ਼ਲ, ਕਿਰਪਾ। [ਸੰਸ. ਕਰੁਣਾ]। ਜਠਰ=ਪੇਟ।

ਸਪਰਸ਼=ਛੋਹ। ਮੁਰਾਦ ਹੈ ਕਿ ਮਾਤਾ ਦੇ ਪੇਟ ਵਿਚ ਜੋ ਨਿੱਘ ਯਾ ਗਰਮੀ ਹੈ, ਜਿਸ ਨਾਲ ਉਸਦੇ ਸਰੀਰ ਦੇ ਅੰਨ ਆਦਿ ਪਚਦੇ ਹਨ, ਉਹ ਗਰਮੀ ਤੇਰੇ ਤੇ ਅਸਰ ਬੁਰਾ ਨਹੀਂ ਕਰ ਸਕੀ। ਪੇਟ ਵਿਚ ਜਦ ਪਰਵੇਸ਼ ਹੁੰਦਾ ਹੈ ਤਾਂ ਖਸਖਸ ਦੇ ਦਾਣੇ ਤੋਂ ਬੀ ਕਿਤੇ ਛੋਟਾ ਵਜੂਦ ਹੁੰਦਾ ਹੈ, ਜੋ ਵਧੀ ਹੋਈ ਗਰਮੀ ਯਾ ਓਥੇ ਮੌਜੂਦ ਰਸ ਦੀ ਖਟਾਈ ਦੇ ਵਧਣ ਮਾਤ੍ਰ ਨਾਲ ਮਰ ਸਕਦਾ ਹੈ, ਪਰ ਉਹ ਸੂਖਮ ਸ਼ੈ ਅੰਦਰ ਮਾਤਾ ਦੇ ਪੇਟ ਵਿਚ ਮਰੀ ਨਹੀਂ, ਤਾਂ ਹੀ ਤੂੰ ਬਣਿਓਂ।

ਰਚਯੋ=ਤੂੰ ਰਚ ਗਿਆ, ਲੱਗ ਗਿਆ। ਰਿਦੈ=ਦਿਲ ਤੋਂ।

ਸੋਇ=ਉਸਨੂੰ।

*ਇਸ ਤੁਕ ਦਾ ਐਉਂ ਬੀ ਅਰਥ ਲਗਦਾ ਹੈ-ਹੇ ਮੂਰਖ ਮਨ! ਇਹ ਝੂਠ ਹੈ ਝੂਠ ਹੈ, ਤੂੰ ਸੁਹਣੇ ਨਾਮ ਨੂੰ ਲਗ (ਕਿਉਂਕਿ ਤੂੰ) ਸੱਚੇ (ਵਾਹਿਗੁਰੂ) ਦਾ ਬਨਾਇਆ ਹੋਇਆ ਹੈਂ (ਸੋ ਤੂੰ) ਸੱਚੇ (ਵਾਹਿਗੁਰੂ) ਨਾਲ (ਲੱਗਕੇ ਹੀ) ਸੁਹਣਾ ਲਗੇਂਗਾ।

ਅਰਥ: ਜਿਸਦੀ ਕ੍ਰਿਪਾ ਨਾਲ (ਮਾਤਾ ਦੇ) ਪੇਟ ਵਿਚ (ਪੇਟ ਦੀ) ਅਗਨੀ (ਤੈਨੂੰ) ਛੁਹ ਨਹੀਂ ਸਕੀ, (ਪਰ ਤੂੰ) ਜਨਮਦਿਆਂ ਹੀ ਫੇਰ ਜਗਤ ਵਿਚ ਰਚ ਗਿਓਂ (ਅਤੇ) ਹਿਰਦੇ ਤੋਂ ਉਸਨੂੰ ਵਿਸਾਰ ਦਿੱਤੋ ਈ।

ਚੌਪਈ: ਜਿਹ ਕਰਨਾ ਤੇ ਰੂਪ ਅਨੂਪਾ।
ਤਿਹ ਤਜਿ ਪਰਜੋ ਅੰਧ ਜੋ ਕੂਪਾ।
ਜਿਸ ਕਰੁਨਾ ਸਭਿ ਦਏ ਪਦਾਰਥ।
ਤਿਸ ਤਜਿ ਫਿਰਤ ਬਿਸ਼ੈ ਕੇ ਸ੍ਵਾਰਥ ॥੫੨॥
ਮਨ ਮੂਰਖ ਅਜਹੂੰ ਨਹਿਂ ਜਾਨਤਿ।
ਜਿਸ ਕਰੁਨਾ ਤੇ ਸਭਿ ਤੁਝ ਮਾਨਤਿ।
ਮਧੁਰ ਜਾਨ ਬਿਸ਼ਯਨਿ ਬਿਲਸਾਤੂ।
ਸੋ ਹੋਵਹਿਂ ਕਟੁ ਬਡ ਦੁਖ ਦਾਤੂ ॥੫੩॥

ਕਰੁਨਾ=ਕਿਰਪਾ। ਅਨੂਪਾ=ਅਨੁਪਮ, ਸੁੰਦਰ।
ਤਜਿ=ਛੱਡਕੇ।
ਅੰਧ ਜੋ ਕੂਪਾ=ਜੋ ਖੂਹ ਅੰਧ ਹੈ, ਭਾਵ ਹਨੇਰਾ ਖੂਹ, ਮੁਰਾਦ ਮਾਯਾ ਦੇ ਮੋਹ ਤੋਂ ਹੈ।
ਸ੍ਵਾਰਥ=ਮਤਲਬ, ਆਪਣਾ ਅਰਥ। ਮਾਨਤਿ=ਮਾਨ ਦੇਂਦੇ ਹਨ।
ਮਧੁਰ=ਮਿੱਠੇ। ਬਿਸ਼ਯਨਿ=ਵਿਸ਼ਿਆਂ ਵਿਚ, ਭੋਗਾਂ ਵਿੱਚ।
ਬਿਲਸਾਤੂ=ਕ੍ਰੀੜਾ ਕਰਦਾ ਹੈਂ, ਭੋਗਦਾ ਹੈਂ। [ਸੰਸ. ਵਿਲਸਨ]
ਕਟੁ=ਕੌੜੇ। ਦੁਖ ਦਾਤੂ=ਦੁਖ ਦੇਣ ਵਾਲੇ, ਦੁਖਦਾਈ।

ਅਰਥ: (ਮਨ ਪ੍ਰਤਿ ਹੋਰ ਸੰਬੋਧ ਕਰਦੇ ਹਨ) ਜਿਸਦੀ ਕ੍ਰਿਪਾ ਨਾਲ (ਤੈਨੂੰ ਮਿਲਿਆ ਹੈ) ਸੁੰਦਰ ਰੂਪ, ਉਸਨੂੰ ਛੱਡਕੇ ਤੂੰ ਪਿਆ ਹੈਂ ਖੂਹ ਵਿਚ ਜੋ ਅੰਧ ਹੈ (ਭਾਵ ਅੰਨੇ ਖੂਹ ਵਿਚ)। ਜਿਸਦੀ ਕ੍ਰਿਪਾ ਨੇ (ਤੈਨੂੰ) ਸਾਰੇ ਪਦਾਰਥ ਦਿੱਤੇ ਹਨ ਉਸਨੂੰ ਛੱਡਕੇ ਤੂੰ ਵਿਸ਼ਿਆਂ ਦੇ ਸ੍ਵਾਰਥ ਮਗਰ ਫਿਰਦਾ ਹੈਂ!

ਹੇ) ਮੂਰਖ ਮਨ! (ਤੂੰ) ਅਜੇ ਬੀ (ਉਸਨੂੰ) ਨਹੀਂ ਪਛਾਣਦਾ (ਕਿ) ਜਿਸਦੀ ਕਿਰਪਾ ਨਾਲ ਸਾਰੇ ਤੈਨੂੰ ਮਾਨ ਦੇਂਦੇ ਹਨ। (ਜਿਨ੍ਹਾਂ) ਵਿਸ਼ਿਆਂ ਨੂੰ (ਤੂੰ) ਮਿੱਠਾ ਜਾਣਕੇ ਭੋਗਦਾ ਹੈਂ, ਓਹ (ਅੰਤ ਨੂੰ ਬੜੇ) ਕੌੜੇ ਤੇ ਬੜੇ ਦੁਖਦਾਈ (ਸਾਬਤ) ਹੋਣਗੇ।

ਦੋਹਰਾ: ਨਾਮਹਿ ਤੇ ਸਭਿ ਕੁਛ ਬਨਜੋ, ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ ॥੫੪॥

ਖੰਡ=ਹਿੱਸਾ। ਮੁਰਾਦ ਹੈ, ਉਰਧਵ ਖੰਡ ਤੇ ਅਧੋਖੰਡ ਤੋਂ, ਜੋ ਬ੍ਰਹਮੰਡ ਦੇ ਦੋ ਹਿੱਸੇ ਮੰਨੇ ਗਏ ਹਨ। ਪਹਿਲੇ ਵਿਚ ਸ੍ਵਰਗ ਆਦਿ ਲੋਕ ਤੇ ਦੂਸਰੇ ਵਿਚ ਪ੍ਰਿਥ੍ਵੀ ਆਦਿ ਲੋਕ ਮੰਨੇ ਹਨ।
(ਅ) ਖੰਡ ਤੋਂ ਮੁਰਾਦ ਪ੍ਰਿਥਵੀ ਦੇ ਨੌਂ ਹਿੱਸਿਆਂ ਦੀ ਬੀ ਹੈ।
ਬ੍ਰਹਮੰਡ=ਬ੍ਰਹਮਾਂਡ, ਵਿਸ਼੍ਵ, ਸਾਰਾ ਜਗਤ। [ਸੰਸ. ਬ੍ਰਹਮ+ਅੰਡ]
ਸਰੀਰ=ਮਾਨੁਖ ਦੀ ਦੇਹ। ਅਥਵਾ ਧਰਤੀ ਉਤੇ ਵਿਚਰਨ ਵਾਲੇ ਸਾਰੇ ਸਰੀਰ ਧਾਰੀ।
ਸਮਾਰਿ=ਸੰਭਾਰ=ਪੂਰਣਤਾਈ। (ਅ) ਸੰਭਾਲ=ਭਲੀ ਤਰ੍ਹਾਂ ਧ੍ਯਾਨ ਵਿਚ ਰਖ; ਸਿਮਰ। ਮਤਿ=ਸਮਝ, ਬੁੱਧੀ।

ਧੀਰ=[ਧੀ=ਬੁਧੀ+ਰ=ਧਾਰਨ ਵਾਲਾ=] ਬੁੱਧੀ ਮਨ। (ਅ) ਧੀਰ=ਧੀਰਜ ਵਾਲਾ। ਮਤਿ ਧੀਰ=ਬੁੱਧੀ ਕਰਕੇ ਧੀਰਜਵਾਨ।

(ੲ) ਸਮਝ ਅਰ ਬੁੱਧੀ ਵਾਲੇ। (ਸ) ਧੀਰ ਮਤਿ ਇਸਥਿਤ ਬੁੱਧੀ ਵਾਲੇ। 'ਧੀਰ' ਵਿਸ਼ੇਖਣ ਹੋ ਗਿਆ 'ਮਤਿ' ਦਾ।

ਅਰਥ: ਬ੍ਰਹਿਮੰਡ ਤੇ ਖੰਡ (ਤੇ ਇਨ੍ਹਾਂ ਵਿਚ ਵੱਸਣ ਵਾਲੇ) ਸਰੀਰ, (ਗਲ ਕੀਹ) ਸਾਰਾ ਕੁਛ ਨਾਮ ਤੋਂ ਹੀ ਬਣਿਆ ਹੈ*, ਉਸ ਨਾਮ ਨੂੰ (ਤੂੰ) ਕਿਉਂ ਵਿਸਾਰਿਆ ਹੈ? ਹੇ ਸਮਝ ਤੇ ਬੁੱਧੀ ਵਾਲੇ! (ਉਸ ਨੂੰ) ਨਿੰਤ ਸੰਭਾਲ (ਤੇ ਯਾਦ ਕਰ)।

ਸ੍ਵੈਯਾ: ਨਾਗੁਨ ਤੇ ਪੁਨ ਸਾਗੁਨ ਤੇ, ਗੁਰ ਕੇ ਮਤਿ ਮੈਂ ਵਡ ਨਾਮ ਪਛਾਨੋ।
ਸ੍ਰੀ ਮੁਖ ਨਾਨਕ ਗੋਬਿੰਦ ਸਿੰਘ, 'ਵਡੋ ਸਭਿ ਤੇ' ਕਹਿ ਨਾਮ ਬਖਾਨੋ।
ਬੇਦ ਪੁਰਾਨ ਗਰੰਥ ਭਨੈਂ, ਕਵਿ ਕੋਵਿਦ ਜੇ ਸਭਿ ਹੀ ਮਨ ਮਾਨੋ।
ਰੇ ਮਨ ਮੂੜ! ਸੁ ਨਾਮ ਪ੍ਰਤਾਪਹਿ, ਜਾਨ ਅਜਾਨ ਭਯੋ ਕਿਮ ਜਾਨੋ ॥੫੫॥

ਨਾਗੁਨ=ਜਿਸ ਵਿਚ ਰਜ, ਤਮ, ਸਤ, ਤ੍ਰੈ ਗੁਣ ਨਹੀਂ ਹਨ। ਨਿਰਗੁਣ।

[ਨਾ=ਨਹੀਂ। ਗੁਨ=ਗੁਣ]

ਸਾਗੁਨ=ਜਿਸ ਵਿਚ ਰਜ, ਤਮ, ਸਤ, ਤ੍ਰੈਏ ਗੁਣ ਹੋਣ। [ਸਾ=ਸਹਿ, ਸਹਿਤ+ਗੁਨ=ਗੁਣ। ਸਾਗੁਣ=ਤ੍ਰੈ ਗੁਣਾਂ ਸਮੇਤ]।

ਪਛਾਨੋ=ਪਛਾਣਿਆਂ ਹੈ। ਇਸ਼ਾਰਾ ਖੋਜ (ਮੁਤਾਲਜਾ) ਵਲ ਹੈ ਕਿ ਗੁਰੂ ਦੇ ਮਤ ਨੂੰ ਖੋਜਿਆਂ।

ਬਖਾਨੋ=ਆਖਿਆ ਹੈ। ਵਰਣਨ ਕੀਤਾ ਹੈ।

ਬੇਦ=ਸਭ ਤੋਂ ਪੁਰਾਣੇ ਸਮੇਂ ਦੇ ਪੁਸਤਕ-ਵੇਦ।

ਪੁਰਾਨ=ਮੰਝਲੇ ਸਮੇਂ ਦੇ ਪੁਸਤਕ-ਪੁਰਾਣ।

ਗਰੰਥ=ਸਭ ਤੋਂ ਅੰਤਲੇ ਸਮੇਂ ਦੇ ਧਰਮ ਪੁਸਤਕ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ; ਗ੍ਰੰਥ ਪਦ ਤੋਂ ਇਹੋ ਮੁਰਾਦ ਹੈ। ਕਈ ਸਿਆਣੇ 'ਕਵੀਆਂ ਤੇ ਪੰਡਤਾਂ ਦੇ ਗ੍ਰੰਥ' ਐਉਂ ਬੀ ਅਰਥ ਲਾਉਂਦੇ ਹਨ, ਪਰ-ਭਨੈਂ-ਕ੍ਰਿਯਾ ਪਦ ਹੈ ਤੇ ਪਦ-ਕਵਿ, ਕੋਵਿਦ-ਉਸਤੋਂ ਪਿੱਛੇ ਪਏ ਹਨ।

ਭਨੈ=ਕਹਿੰਦੇ ਹਨ*।

ਕਵਿ=ਕਵਿਤਾ ਕਰਨ ਵਾਲੇ। ਮੁਰਾਦ ਉਨ੍ਹਾਂ ਕਵੀਆਂ ਤੋਂ ਹੈ ਜੋ ਅਗੰਮ ਵਿਚ ਅਨੰਤ ਦੀ ਛੁਹ ਲੈਕੇ ਕਵਿਤਾ ਕਰਦੇ ਹਨ।

ਕੋਵਿਦ=ਪੰਡਤ, ਗਯਾਨੀ। ਜੋ ਵਿਦਯਾ ਪਾਕੇ ਸਿਆਣੇ ਤੇ ਸਿਖਜਾਦਾਤੇ ਬਣੇ ਹਨ।ਕੋ=ਜੋ ਉਚਾਰੇ ਯਾ ਸਿਖਾਵੇ+ਵਿਦ=ਗਿਆਨ]

ਮਾਨੋ=ਮੰਨਿਆ ਹੈ। ਮਨਮਾਨੋ=ਮੰਨਿਆ ਤੇ ਮਾਨ ਦਿੱਤਾ ਹੈ। (ਅ) ਮਨ ਵਿਚ ਮੰਨਿਆ ਹੈ।

---

*'ਨਾਮ ਕੇ ਧਾਰੇ ਆਗਾਸ ਪਾਤਾਲ ॥' ਆਦਿ, ਸੁਖਮਨੀ ਸਾਹਿਬ ਵਿਚ ਦੱਸਿਆ ਹੈ।

*ਜੇ-ਭਨੈਂ-ਨੂੰ ਦੇਹੁਰੀ ਦੀਪਕ ਰੱਖੋ ਤਾਂ ਅਰਥ ਐਉਂ ਲੱਗੇਗਾ-ਵੇਦ, ਪੁਰਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ, ਤੇ ਸਾਰੇ ਹੀ ਕਵਿ ਕੋਵਿਦ ਆਖਦੇ ਹਨ, (ਇਹ ਗੱਲ) ਮਨ ਵਿਚ ਮੰਨ ਲਓ, ਪਰ ਇਸ ਅਰਥ ਵਿਚ ਲਾਵੰਨਤਾ ਨਹੀਂ

ਜਾਨੋ=ਜਾਣਿਆ ਜਾਏ। (ਅ) ਜਾਣਨੋ। ਸਚਖੰਡ ਵਾਸੀ ਸ੍ਰੀ ਮਾਨ ਡਾਕਟਰ ਚਰਣ ਸਿੰਘ ਜੀ ਤੁਕ ਦਾ ਦੂਜਾ ਅਰਥ ਐਉਂ ਲਾਉਂਦੇ ਹੁੰਦੇ ਸਨ:-ਨਾਮ ਦਾ ਪ੍ਰਤਾਪ ਜਾਣਨੋਂ ਕਿਉਂ ਜਾਣਕੇ ਅਜਾਨ ਹੋਇਆ ਹੈਂ?

ਅਰਥ: ਗੁਰੂ ਜੀ ਦੇ ਮਤ ਵਿਚ ਨਾਮ ਨੂੰ ਨਿਰਗੁਣ ਤੇ ਫੇਰ ਸਰਗੁਣ ਦੋਹਾਂ ਤੋਂ ਵੱਡਾ ਪਛਾਣਿਆ ਹੈ।

ਦੂਸਰਾ ਅਰਥ: ਨਿਰਗੁਣ* (ਮਤ ਵਿਚ) ਅਤੇ ਫੇਰ ਸਰਗੁਣ+ (ਮਤ ਵਿਚ) ਅਤੇ ਸਤਿਗੁਰੂ ਜੀ ਦੇ ਮਤ++ ਵਿਚ ਨਾਮ ਨੂੰ ਹੀ ਵੱਡਾ ਪਛਾਣਿਆ ਹੈ।

(ਸ੍ਰੀ ਗੁਰੂ) ਨਾਨਕ (ਦੇਵ ਜੀ ਅਤੇ ਸ੍ਰੀ ਗੁਰੂ) ਗੋਬਿੰਦ ਸਿੰਘ (ਜੀ ਨੇ ਆਪਣੇ) ਸ਼੍ਰੀ ਮੁਖ (ਤੋਂ) ਨਾਮ ਨੂੰ ਸਭ ਤੋਂ ਵੱਡਾ ਕਹਿਕੇ ਵਰਣਨ ਕੀਤਾ ਹੈ। ਵੇਦ, ਪੁਰਾਣ (ਤੇ ਸ਼੍ਰੀ ਗੁਰੂ) ਗ੍ਰੰਥ (ਸਾਹਿਬ ਜੀ ਇਹੋ ਗਲ) ਆਖਦੇ ਹਨ, ਕਵਿ ਤੇ ਪੰਡਤ ਜੋ ਹਨ, ਸਾਰਿਆਂ ਹੀ (ਇਸ ਸਿਧਾਂਤ ਨੂੰ) ਮੰਨਿਆ ਤੇ ਮਾਨ ਦਿੱਤਾ ਹੈ।

(ਫੇਰ) ਹੇ ਮੂਰਖ ਮਨ! ਤੂੰ ਉਸ ਨਾਮ ਦੇ ਪ੍ਰਤਾਪ ਤੋਂ ਜਾਣਕੇ ਅਜਾਣ ਹੋ ਰਿਹਾ ਹੈਂ, (ਇਸਦਾ ਕਾਰਣ) ਕਿਵੇਂ ਜਾਣਿਆ ਜਾਏ।

ਸੂਚਨਾ: ਹੁਣ ਨਾਮ ਦੇ 'ਨਿਰਗੁਣ ਸਰਗੁਣ' ਤੋਂ ਵੱਡੇ ਹੋਣ ਦਾ ਕਾਰਣ ਦੱਸਦੇ ਹਨ:-

ਸ੍ਵੈਯਾ: ਨਾਗੁਨ ਤੇ ਇਮ ਜਾਨ ਵਡੋ, ਪਰਮਾਤਮ ਦੇਹਿਨ ਮੈਂ ਸਭਿ ਸੋਊ।
ਚੇਤਨ ਕੇ ਅਵਿਲੰਬਤਿ ਹ੍ਵੈ, ਨਰ ਨਾਰਿ ਬਿਰਾਜਤਿ ਜੰਗਮ ਜੋਊ।
ਹੋਵਤਿ ਹੀ ਤਿਹ ਕੇ ਘਟ ਮੈਂ, ਨਰ ਜੀਵ ਦੁਖੀ ਭਵ ਮੈਂ ਸਭਿ ਕੋਊ।
ਨਾਮ ਜਪੈ ਜਬ ਹੀ ਸੁਖ ਸਾਗਰ, ਚੇਤਨ ਚੀਤ ਉਦੋਤਿ ਸੁ ਹੋਊ ॥੫੬॥

ਨਾਗੁਨ=ਨਿਰਗੁਣ। ਅਵਿਲੰਬਤਿ=ਆਸਰੇ। [ਸੰਸ. ਅਵਿਲੰਬਿਤ]

ਹ੍ਵੈ=ਹੋਕੇ। ਬਿਰਾਜਤਿ=ਪ੍ਰਕਾਸ਼ਮਾਨ, ਸ਼ਸ਼ੋਭਿਤ। (ਅ)-ਜੜ੍ਹ-ਬੀ ਅਰਥ ਕਰਦੇ ਹਨ।

ਜੰਗਮ=ਉਹ ਜੋ ਟੁਰ ਫਿਰ ਸਕੇ। ਮੁਰਾਦ-ਜੀਵ ਧਾਰੀਆਂ-ਤੋਂ ਹੈ।

ਭਵ=ਸੰਸਾਰ। ਸੁਖ ਸਾਗਰ=ਸੁਖ ਦਾ ਸਮੁੰਦਰ, ਭਾਵ ਸੁਖ ਦਾਤਾ।

ਉਦੋਤਿ=ਚੜ੍ਹਨਾ, ਉਦੈ ਹੋਣਾ, ਪ੍ਰਗਟਣਾ। ਇਸ ਤੁਕ ਵਿਚ ਚੇਤਨ ਨੂੰ-ਸੁਖ ਸਾਗਰ-ਇਸ ਭਾਵ ਲਈ ਕਿਹਾ ਹੈ ਕਿ ਉਸਦੇ ਪ੍ਰਗਟ ਹੋਣ ਨਾਲ ਜੀਵ ਸੁਖੀ ਹੋ ਜਾਂਦਾ ਹੈ। ਸੁ=ਚੰਗੀ ਤਰ੍ਹਾਂ।

ਅਰਥ: ਨਿਰਗੁਣ ਤੋਂ (ਨਾਮ ਨੂੰ) ਐਉਂ ਵਡਾ ਜਾਣੋ:- ਕਿ (ਭਾਵੇਂ) ਉਹੋ (ਇੱਕੋ ਸਦਾ ਸੁਖਦਾਈ) ਪਰਮਾਤਮਾ ਸਾਰੀਆਂ ਦੇਹਾਂ ਵਿਚ (ਵਸ ਰਿਹਾ) ਹੈ।

(ਜਿਤਨੇ ਬੀ) ਜੀਵਧਾਰੀ (ਹਨ, ਕੀ) ਨਰ, (ਕੀ) ਨਾਰੀ (ਉਸੇ) ਚੇਤਨ ਦੇ ਆਸਰੇ ਹੋ ਕੇ ਸ਼ਸ਼ੋਭਿਤ (ਹੋ ਰਹੇ ਹਨ)

(ਫੇਰ) ਇਨ੍ਹਾਂ (ਸਾਰਿਆਂ) ਦੇ ਹਿਰਦਿਆਂ ਵਿਚ (ਨਿਰਗੁਣ ਚੇਤਨ ਦੇ) ਹੁੰਦਿਆਂ ਸੰਦਿਆਂ ਮਾਨੁਖ ਤੇ ਜੀਵ ਸੰਸਾਰ ਵਿਚ ਸਭ ਕੋਈ ਦੁਖੀ ਹੈ

---

*ਨਿਰਗੁਣ ਦੇ ਮਤ ਤੋਂ ਇਸ਼ਾਰਾ ਵੇਦ ਵੱਲ ਜਾਪਦਾ ਹੈ, ਉਸ ਸਮੇਂ ਦੇ ਵਿਦਵਾਨ ਵੇਦ ਤੋਂ ਮੁਰਾਦ ਉਪਨਿਖਧ ਦੀ ਲੈਂਦੇ ਹੁੰਦੇ ਸਨ। ਉਪਨਿਖਧਾਂ ਵਿਚ ਵਿਸ਼ਾ ਨਿਰਗੁਣ ਦਾ ਹੀ ਅਕਸਰ ਕਰਕੇ ਹੈ।

+ਸਰਗੁਣ ਦੇ ਮਤ ਤੋਂ ਪੁਰਾਣਾਂ ਦੀ ਮੁਰਾਦ ਹੈ, ਜਿਨ੍ਹਾਂ ਵਿਚ ਵਿਸ਼ੇਸ਼ ਸਰਗੁਣ ਦਾ ਹੀ ਜ਼ਿਕਰ ਹੈ।

++ਗੁਰ ਕੇ ਮਤ ਤੋਂ ਮੁਰਾਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਧਾਂਤ ਤੋਂ ਹੈ। ਇਸੇ ਸ੍ਵੈਯੇ ਦੀ ਤੀਸਰੀ ਤੁਕ ਵਿਚ ਕਵਿ ਜੀ ਨੇ ਵੇਦ, ਪੁਰਾਣ, ਸ਼੍ਰੀ ਗੁਰੂ ਗ੍ਰੰਥ ਸਾਹਿਬ ਤ੍ਰਏ ਫੇਰ ਗਿਣੇ ਹਨ।

(ਪਰ ਦੇਖੋ) ਜਦੋਂ (ਕੋਈ) ਨਾਮ ਜਪੇ (ਤਦੋਂ ਉਹੋ) ਚੇਤਨ ਚਿੱਤ (ਵਿਚ) ਪ੍ਰਗਟ (ਹੋ ਕੇ) ਚੰਗੀ ਤਰ੍ਹਾਂ ਸੁਖਦਾਤਾ ਹੋ ਜਾਂਦਾ ਹੈ।

ਭਾਵ: ਪ੍ਰਮਾਤਮਾ ਪਰੀਪੂਰਣ, ਘਟ ਘਟ ਵਿਚ ਵਿਆਪਕ ਹੈ, ਪਰ ਫੇਰ ਸਭ ਕੋਈ ਦੁਖੀ ਹੈ। ਅਚਰਜ ਹੈ ਕਿ ਉਹ ਸੁੱਖਾਂ ਦਾ ਸਾਗਰ ਹੈ, ਉਸਦੇ ਅੰਦਰ ਹੁੰਦਿਆਂ ਜਗਤ ਦੁਖੀ ਹੈ। ਪਰ ਜਦ ਨਾਮ ਜਪੋ ਤਾਂ ਉਹੋ ਚਤਨ ਅੰਦਰੋਂ ਪ੍ਰਗਟ ਹੋ ਜਾਂਦਾ ਹੈ, ਤੇ ਸੁਖਾਂ ਦਾ ਦਾਤਾ ਬਣ ਜਾਂਦਾ ਹੈ। ਇਸ ਵਿਚ ਇਸ਼ਾਰਾ ਇਹ ਹੈ ਕਿ ਪਹਿਲਾਂ ਉਹ ਸਮਾਨ ਸੱਤਾ ਕਰਕੇ ਹੁੰਦਾ ਹੈ, ਪ੍ਰਗਟ ਨਹੀਂ ਹੁੰਦਾ। ਨਾਮ ਨਾਲ ਉਹ ਪ੍ਰਗਟਦਾ ਹੈ। ਜਦ ਪ੍ਰਗਟਦਾ ਹੈ ਤਾਂ ਉਸਦੀ ਸੁਖ ਸਾਗਰਤਾ ਦਾਨ ਕਰਨ ਵਾਲੀ ਕਲਾ ਅਪਣਾ ਸੁਖਦਾਈ ਪ੍ਰਭਾਵ ਬਖਸ਼ਦੀ ਹੈ, ਜਿਸਤੋਂ ਜੀਵ ਸੁਖੀ ਹੁੰਦਾ ਹੈ। ਸੋ ਸੁਖ ਸਾਗਰ ਦੇ ਅੰਦਰ ਹੁੰਦਿਆਂ ਦੁਖੀ ਜੀਵ ਨੂੰ ਸੁਖੀ ਨਾਮ ਨੇ ਕੀਤਾ। ਤਾਂ ਤੇ ਨਾਮ ਨਿਰਗੁਣ ਤੋਂ ਵਡਾ ਹੋਇਆ, ਜੋ ਉਸਦੇ ਹੋਣ ਨੂੰ ਸਫਲਤਾ ਦੇਂਦਾ ਹੈ।

ਸ੍ਵੈਯਾ: ਸੰਗੁਨ ਤੇ ਵਧਿ ਜਾਨਤਿ ਹੈਂ ਇਵ, ਜੇ ਰਸ ਜਾਪ ਮੈਂ ਲੀਨ ਵਿਸ਼ਾਲਾ।
ਪ੍ਰੇਮ ਸੋਂ ਨਾਮ ਵਸਜੇ ਜਬ ਹੀ, ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ।
ਯਾਂਹੀ ਤੇ -ਨਾਮ ਅਧੀਨ ਸਰੂਪ-, ਲਖ੍ਯੋ ਭਗਤੰਨ ਭਲੀ ਮਤਿ ਸ਼ਾਲਾ।
ਧਾਰਿ ਰਿਦੇ ਤਜਿਬੋ ਨ ਕਰੈਂ,
ਨਿਸ ਬਾਸੁਰ ਜੀਹ ਮੈ, ਜਜੋਂ ਗਲ ਮਾਲਾ ॥੫੭॥

ਸੰਗੁਨ=ਸਰਗੁਣ।ਸੰ=ਸੰਗ, ਨਾਲ। ਗੁਨ=ਗੁਣ]।

ਵਿਸ਼ਾਲਾ=ਬਹੁਤ। [ਸੰਸ. ਵਿਸ਼ਾਲ]।

ਗੋਚਰ ਹੋਤਿ=ਇੰਦ੍ਰਿਆਂ ਦੇ ਅਨੁਭਵ ਵਿਚ ਆ ਜਾਂਦਾ ਹੈ।

ਗੋਚਰ ਹੋਣਾ=ਪ੍ਰਗਟਣਾ, ਸਾਖਯਾਤ ਹੋਣਾ।

ਸਰੂਪ ਕ੍ਰਿਪਾਲਾ*=ਕ੍ਰਿਪਾਲੂ ਸਰੂਪ।

ਸ੍ਵਰੂਪ=ਅਪਣਾ ਆਪ, ਵਜੂਦ। ਕ੍ਰਿਪਾਲਾ=ਜੋ ਕ੍ਰਿਪਾਲੂ ਹੈ।

ਭਾਵ ਉਸ ਕ੍ਰਿਪਾਲੂ ਦਾ ਵਜੂਦ ਕਿ ਜਿਸ ਦਾ ਨਾਮ ਜਪ ਰਹੇ ਹਾਂ। ਨਾਮੀ ਦਾ ਸਰੂਪ।

ਭਲੀ ਮਤਿ ਸ਼ਾਲਾ=ਭਲੀ=ਚੰਗੀ

ਮਤਿ=ਬੁੱਧੀ ਚੰਗੀ ਬੁੱਧੀ ਦਾ ਘਰ, ਸ਼੍ਰੇਸ਼ਟ ਬੁੱਧੀ ਵਾਲੇ।

ਸ਼ਾਲਾ=ਘਰ,

(ਅ) ਸ਼ਾਲ-ਧਾਤੂ ਹੈ,-ਸ਼ਲਾਘਾ-ਅਰਥ ਵਿਚ।

ਭਲੀ ਮਤਿ ਸ਼ਾਲਾ=ਜਿਨ੍ਹਾਂ ਦੀ ਬੁੱਧੀ ਵਾਹਿਗੁਰੂ ਦੀ ਸ਼ਲਾਘਾ ਵਿਚ ਲੱਗੀ ਹੋਣ ਕਰਕੇ ਭਲੀ ਹੈ।

ਨਿਸ ਬਾਸੁਰ=ਦਿਨ ਰਾਤ।

ਅਰਥ: ਜੋ (ਕਰਨੀ ਵਾਲੇ ਮਹਾਂਪੁਰਖ) ਜਾਪ (ਸਿਮਰਣ ਦੇ ਰਸ ਵਿਚ) ਬਹੁਤ ਲੀਨ ਹੈਨ (ਨਾਮ ਨੂੰ) ਸਰਗੁਣ ਤੋਂ ਵਡਾ ਐਉਂ ਜਾਣਦੇ ਹਨ

---

*ਇਸ ਤੋਂ ਭਾਵ, ਵਾਹਿਗੁਰੂ ਦਾ ਸਰੂਪ, ਗੁਰੂ ਮੂਰਤੀ ਵਿੱਚ, ਯਾ ਗੁਰਮੁਖ ਮੂਰਤੀ ਵਿਚ ਬੀ ਲੈਂਦੇ ਹਨ।'ਸੰਗੁਨ' ਤੇ 'ਸਰੂਪ ਕ੍ਰਿਪਾਲਾ' ਤੋਂ ਮੁਰਾਦ ਪਰਮੇਸ਼ੁਰ ਦੇ ਉਸ ਰੂਪ ਤੋਂ ਬੀ ਲੈਂਦੇ ਹਨ, ਜਿਸਨੂੰ ਕਈ ਮਤਾਂ ਵਾਲੇ ਆਪੋ ਆਪਣੇ ਖ੍ਯਾਲ ਮੂਜਬ ਈਸ਼੍ਵਰ, ਵਿਸ਼ਨੂ, ਆਦਿ ਸੰਕੇਤਕ ਨਾਮਾਂ ਨਾਲ ਬੀ ਜਣਾਉਂਦੇ ਹਨ।

(ਕਿ) ਜਦੋਂ ਹੀ ਨਾਮ ਪ੍ਰੇਮ ਨਾਲ (ਹ੍ਰਿਦੇ ਵਿਚ) ਵੱਸ ਗਿਆ ਤਦੋਂ ਹੀ ਪ੍ਰਤੱਖ ਹੋ ਜਾਂਦਾ ਹੈ ਕ੍ਰਿਪਾਲੂ ਸਰੂਪ (ਕਿ ਜਿਸ ਦਾ ਨਾਮ ਜਪ ਰਹੇ ਹਾਂ)। ਏਸੇ ਕਰਕੇ ਸ੍ਰੇਸ਼ਟ ਬੁੱਧੀ ਵਾਲੇ ਭਗਤਾਂ ਨੇ 'ਸਰੂਪ ਨੂੰ ਨਾਮ ਦੇ ਅਧੀਨ' ਲਿਖਿਆ ਹੈ।

(ਤੇ ਇਸੇ ਕਰਕੇ ਨਾਮ ਨੂੰ) ਹ੍ਰਿਦੇ (ਵਿਚ) ਧਾਰਨ ਕਰਕੇ (ਫੇਰ) ਛਡਦੇ ਨਹੀਂ, ਦਿਨ ਰਾਤ ਜੀਭ ਤੇ (ਸਿਮਰਣ ਜਾਰੀ ਰਖਦੇ ਹਨ) ਜਿਵੇਂ ਗਲ ਵਿਚ ਪਈ ਮਾਲਾ (ਅੱਠੇ ਪਹਿਰ ਗਲੇ ਵਿਚ ਰਹਿੰਦੀ ਹੈ)।

ਭਾਵ: ਰਚਨ, ਪਾਲਨ, ਸੰਘਾਰ, ਰੱਖਿਆ, ਉਧਾਰ, ਮੇਹਰ, ਬਖਸ਼ਿਸ਼ ਆਦਿ ਗੁਣ ਵਾਹਿਗੁਰੂ ਦੇ ਹੀ ਹਨ, ਇਨ੍ਹਾਂ ਗੁਣਾਂ ਸੰਯੁਕਤ ਉਸਦੇ ਸਰੂਪ ਨੂੰ ਸਰਗੁਣ ਸਰੂਪ ਕਹੀਦਾ ਹੈ। ਇਹ ਉਸੇ ਨਿਰਾਕਾਰ ਦਾ ਹੀ ਇਕ ਅਰੂਪ ਰੂਪ ਹੈ ਜੋ ਜਗਤ ਦਾ ਪ੍ਰਬੰਧ ਕਰਦਾ ਹੈ, ਉਹੀ ਸਾਕਾਰ ਪਰਮੇਸ਼ੁਰ ਹੈ। ਪਿਛਲੀ ਯੁਕਤੀ ਮੁਜਬ ਅਰੂਪ ਰੂਪ ਵਾਲਾ ਕ੍ਰਿਪਾਲੂ ਸਰੂਪ ਜੋ ਸਰੋਗੁਣ ਹੈ, ਸੋ ਉਹ ਆਪੇ ਕਿਸੇ ਅੱਗੇ ਆਪਣਾ ਸਰੂਪ ਪ੍ਰਗਟ ਨਹੀਂ ਕਰਦਾ।

ਪਰ ਕਵਿ ਜੀ ਦੱਸਦੇ ਹਨ ਕਿ ਮੈਂ ਹੁਣ ਯੁਕਤੀ ਤੋਂ ਉਪਰ ਕਰਨੀ ਵਾਲੇ ਮਹਾਂ ਪੁਰਖਾਂ ਦੀ ਦੱਸੀ ਗੱਲ ਦਸਦਾ ਹਾਂ, ਓਹ ਮਹਾਂ ਪੁਰਖ ਕਿ ਜੋ ਸਿਮਰਣ ਦੇ ਰਸ ਵਿਚ ਬਹੁਤ ਲੀਨ ਰਹਿਣ ਵਾਲੇ ਹਨ, ਓਹ ਦਸਦੇ ਹਨ ਕਿ ਨਾਮ ਜਪਦਿਆਂ ਜਦੋਂ ਨਾਮ ਹਿਰਦੇ ਵਿਚ ਉਤਰ ਗਿਆ ਅਰ ਜਪਣ ਵਾਲਾ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ ਤਦੋਂ ਹੀ ਨਾਮੀ ਦਾ ਕ੍ਰਿਪਾਲੂ ਸਰੂਪ ਪ੍ਰਗਟ ਹੋ ਜਾਂਦਾ ਹੈ। ਸਰਗੁਣ ਨਿਰਗੁਣ ਦੀ ਹੀ 'ਸਰੂਪ' ਧਾਰੀ ਹਸਤੀ ਮੰਨੀ ਗਈ ਹੈ, ਪਰੰਤੂ ਉਹ ਪ੍ਰਤੱਖ ਨਹੀਂ ਹੁੰਦੀ, ਭਾਵੇਂ ਹੈ ਉਹ ਸਾਰੇ ਮੌਜੂਦ, ਪਰ ਜਦੋਂ ਹੀ ਕਿ ਨਾਮ ਜਪਕੇ ਉਸਦੀ ਆਰਾਧਣਾ ਕਰੋ, ਤਾਂ ਉਹ ਸਾਖਯਾਤਕਾਰ ਹੋ ਜਾਂਦੀ ਹੈ। ਨਾਮ ਉਸ ਦਾ ਸਾਖਯਾਤਕਾਰ ਕਰਾਉਣ ਕਰਕੇ ਉਸਦੇ ਸਰੂਪ ਦੇ ਕ੍ਰਿਪਾਲੂ ਸੁਭਾਵ ਨੂੰ ਸਫਲ ਕਰਦਾ ਹੈ ਜੋ ਭਗਤਾਂ ਦੀ ਮਨੋਂ ਕਾਮਨਾ ਪੂਰੀ ਕਰਦਾ ਹੈ, ਭਾਵ ਦਰਸ਼ਨ ਦੇਂਦਾ ਹੈ। ਸਰਗੁਣ ਨਾਮ ਦੀ ਵਿਸ਼ੇਸ਼ ਵਿਚਾਰ ਲਈ ਦੇਖੋ ਅੰਕ ੬੫ ਇਸੇ ਅਧਯਾਯ ਦਾ।

ਚੌਪਈ: ਨਿਜ ਤੇ ਅਧਿਕ ਹੇਤੁ ਸ਼੍ਰੀ ਰਾਮੂ।
ਜਗਹਿ ਲਖਾਯੋ ਲਿਖ ਕਰਿ ਨਾਮੂ।
ਸਰੁਵਰ ਪਰ ਗਿਰਿਵਰ ਧਰਿ ਭਾਰੇ।
ਤਰੁਵਰ ਕੇ ਪਾਤਨਿ ਸਮ ਤਾਰੇ ॥੫੮॥

ਨਿਜ ਤੇ=ਅਪਣੇ ਆਪ ਤੋਂ। ਅਧਿਕ=ਵੱਧ।

ਹੇਤੁ=ਇਸੇ ਕਰਕੇ, ਇਸੇ ਹੇਤੂ ਕਰਕੇ, ਇਸੇ ਲਈ।

ਸਰੁਵਰ=ਛੰਭ, ਵੱਡਾ ਤਲਾਉ। ਏਥੇ ਮਤਲਬ ਸਮੁੰਦਰ ਤੋਂ ਹੈ। ਯਾ ਪਾਣੀ ਦੇ ਓਹ ਵਡੇ ਵਡੇ ਡਲ, ਜੋ ਸਮੁੰਦਰ ਵਿਚ ਖੜੇ ਚਿਟਾਨਾਂ ਦੇ ਵਿਚਾਲੇ ਹਨ। [ਸੰਸ: ਸਰੋਵਰ]

ਗਿਰਿਵਰ=ਪਹਾੜ, ਚਿਟਾਨ। [ਸੰਸ: ਗਿਰਿ+ਵਰ]

ਤਰੁਵਰ=ਬ੍ਰਿੱਛ। [ਸੰ. ਤਰੁ+ਵਰ]

ਪਾਤਨਿ=ਪੱਤੇ। ਤਾਰੇ=ਤਾਰ ਦਿੱਤੇ।

ਅਰਥ: ਇਸੇ ਲਈ ਸ੍ਰੀ ਰਾਮ ਨੇ ਜਗਤ ਨੂੰ ਦੱਸਿਆ ਹੈ (ਕਿ ਨਾਮ ਮੇਰੇ) ਅਪਣੇ ਆਪ ਤੋਂ ਵੱਡਾ ਹੈ (ਐਉਂ ਕਿ) ਭਾਰੇ ਚਿਟਾਨਾਂ (ਉਤੇ ਸਾਈਂ ਦਾ) ਨਾਮ ਲਿਖ ਕੇ ਸਮੁੰਦਰ ਉਤੇ ਧਰਕੇ (ਉਨ੍ਹਾਂ ਨੂੰ) ਬ੍ਰਿਛ ਦੇ ਪੱਤਿਆਂ ਵਾਂਙੂ ਤਾਰਿਆ।

ਭਾਵ: ਕਵਿ ਜੀ ਰਾਮਚੰਦ੍ਰ ਜੀ ਸੰਬੰਧੀ ਉਸ ਪ੍ਰਸਿੱਧ ਘਟਨਾਂ ਵਲ ਇਸ਼ਾਰਾ ਕਰਦੇ ਹਨ, ਕਿ ਰਾਮੇਸ਼੍ਵਰ ਦੇ ਪਾਸ ਲੰਕਾ ਤੱਕ ਆਪ ਨੇ ਪੁਲ ਬਣਾ ਲਿਆ ਸੀ। ਜਾਪਦਾ ਹੈ ਕਿ ਇੱਥੇ ਕੁਦਰਤੀ ਚਿਟਾਨਾਂ ਦੀ ਇਕ ਲੜੀ ਹੈ, ਇਸ ਦੀਆਂ ਵਿੱਥਾਂ ਉੱਪਰ ਪੁਲ ਦਾ ਸਾਮਾਨ ਕਰਕੇ ਸਾਰਾ ਰਸਤਾ ਖੁਸ਼ਕੀ ਦਾ ਬਣਾ ਲਿਆ ਗਿਆ ਸੀ, ਹੁਣ ਉਥੇ ਪੁਲ ਨਹੀਂ ਹੈ ਪਰ ਚਿਟਾਨਾਂ ਦੀ ਲੜੀ ਖੜੀ ਹੈ ਇਸ ਨੂੰ ਉਸੇ ਪੁਲ ਦਾ ਬਕ਼ੀਆ ਦੱਸਦੇ ਹਨ*।

ਕਥਾ ਇਹ ਹੈ ਕਿ ਪੱਥਰਾਂ ਪਰ ਨਾਮ ਲਿਖ ਕੇ ਸਮੁੰਦਰ ਵਿਚ ਛੱਡ ਦੇਂਦੇ ਹਨ ਤੇ ਓਹ ਤਰਦੇ ਹੋਏ ਟਿਕਾਣੇ ਜਾ ਟਿਕਦੇ ਸਨ। ਇਹ ਕਥਾ ਲੋਕ ਪ੍ਰਸਿੱਧ ਹੈ, ਕੇਵਲ ਦ੍ਰਿਸ਼ਟਾਂਤ ਲਈ ਵਰਤੀ ਗਈ ਹੈ। ਮੁਰਾਦ ਕੇਵਲ ਪੁਲ ਦੇ ਮਹਾਨ ਕਾਰਯ ਦੇ ਸਿਰੇ ਚੜ੍ਹਨ ਦੀ 'ਨਾਮ ਦੇ ਪ੍ਰਤਾਪ ਕਰਕੇ ਹੋਈ' ਦੱਸਣ ਤੋਂ ਹੈ।

ਪੁਨ ਸ੍ਰੀ ਗੁਰ ਅਰਜਨ ਗਤਿਦਾਈ।
ਨਿਜ ਤੇ ਮਹਿਮਾ ਅਧਿਕ ਲਖਾਈ।
ਸ੍ਰੀ ਸੁ ਗ੍ਰੰਥ ਮਹਿਂ* ਲਿਖਿ ਜਸੁ ਨਾਮੁ।
ਤਿਹ ਤੇ ਅਧੋ ਭਏ ਸੁਖਧਾਮੁ ॥੫੯॥

ਗਤਿਦਾਈ=ਮੁਕਤੀ ਦਾਤਾ। ਲਖਾਈ=ਜ਼ਾਹਰ ਕੀਤੀ, ਜਣਾਈ।
ਅਧੋ ਭਏ=ਨੀਵੇਂ ਹੋਏ। ਭਾਵ-ਅਦਬ ਕੀਤਾ।
ਸੁਖ ਧਾਮੁ=[ਸੁਖ+ਧਾਮ=] ਸੁਖ ਦਾ ਘਰ, ਸੁਖਦਾਤੇ।

ਅਰਥ: ਫੇਰ ਸ਼੍ਰੀ ਗੁਰੂ ਅਰਜਨ (ਦੇਵ ਜੀ ਨੇ, ਜੋ) ਮੁਕਤੀ ਦਾਤਾ ਹਨ, (ਨਾਮ ਦੀ) ਮਹਿਮਾ ਅਪਣੇ ਆਪ ਤੋਂ ਵੱਧ ਲਖਾਈ, (ਐਉਂ ਕਿ) ਸ਼੍ਰੀ ਸ੍ਰੇਸ਼ਟ ਗ੍ਰੰਥ ਵਿਚ ਨਾਮ ਦਾ ਜਸ ਲਿਖ ਕੇ, (ਆਪ ਜੋ) ਸੁੱਖਾਂ ਦਾ ਘਰ (ਹਨ), ਉਸ (ਸ਼੍ਰੀ ਗੁਰੂ ਗ੍ਰੰਥ ਜੀ) ਤੋਂ ਨੀਵੇਂ ਹੋਏ।

ਭਾਵ: ਇੱਥੇ ਕਵਿ ਜੀ ਉਸ ਘਟਨਾ ਵਲ ਇਸ਼ਾਰਾ ਕਰਦੇ ਹਨ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣੇ ਪਰ ਹੋਈ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਪਰ ਸਵਾਰ ਕਰਕੇ ਸ਼੍ਰੀ ਗੁਰੂ ਜੀ ਆਪ ਚੌਰ ਕਰਦੇ ਪਾਲਕੀ ਨੂੰ ਸ੍ਰੀ ਹਰਿਮੰਦਰ ਜੀ ਲੈ ਗਏ ਤੇ ਓਥੇ ਮੰਜੀ ਸਾਹਿਬ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਪਨ ਕੀਤਾ ਤੇ ਆਪ ਨੀਵੇਂ ਫਰਸ਼ ਉਤੇ ਬੈਠੇ ਅਥਵਾ ਚੌਰ ਕਰਦੇ ਖੜੇ ਰਹੇ। ਫਿਰ 'ਸ੍ਰੀ ਸੁ ਗ੍ਰੰਥ' ਲਿਖਿਆ, 'ਸੁ' (ਵਿਸ਼ੇਸ਼ਤਾ ਨਾਲ) ਦੱਸਦਾ ਹੈ ਕਿ ਮੁਰਾਦ ਕਿਸੇ ਹੋਰ ਪੁਸਤਕ ਤੋਂ ਨਹੀਂ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੈ, ਜਿਸਨੂੰ ਗੱਦੀ ਦਸਮੇ ਪਾਤਸ਼ਾਹ ਨੇ ਦਿੱਤੀ ਹੈ। ਫਿਰ ਕਵਿ ਜੀ ਦੱਸਦੇ ਹਨ ਕਿ 'ਸ੍ਰੀ ਸੁ ਗ੍ਰੰਥ' ਵਿਚ ਨਾਮ ਹੋਣ ਕਰਕੇ ਭਾਵੇਂ ਤਿਆਰ ਸ਼੍ਰੀ

*ਮੁਸਲਮਾਨ ਇਸ ਨੂੰ ਬਾਬੇ ਆਦਮ ਦਾ ਪੁਲ ਦੱਸਦੇ ਹਨ।
*ਪਾਠਾਂਤ੍ਰ-ਸ੍ਰੀ ਗ੍ਰੰਥ ਮਹਿਂ-, ਗੁਰੂ ਗ੍ਰੰਥ ਮਹਿਂ-ਬੀ ਹਨ।

ਗੁਰੂ ਅਰਜਨ ਦੇਵ ਜੀ ਨੇ ਆਪ ਕੀਤੇ ਸਨ, ਤੇ ਆਪ ਗੁਰੂ ਗਾਦੀ ਤੇ ਸਨ, ਪਰ ਉਨ੍ਹਾਂ ਦਾ ਸਨਮਾਨ ਸ਼੍ਰੀ ਗੁਰੂ ਜੀ ਨੇ ਅਪਣੇ ਤੋਂ ਵੱਧ ਕੀਤਾ ਸੀ।

ਦੋਹਰਾ: ਆਪ ਅਛਤ ਸਮਰੱਥ ਪ੍ਰਭੁ, ਦਈ ਬਡਾਈ ਨਾਮ।
ਅਪਰ ਤਰਕ ਕੋ ਕਰ ਸਕਹਿ? ਸਭਿ ਮਾਨਹਿਂ ਗੁਨਧਾਮ ॥੬੦॥

ਅਛਤ=ਹੁੰਦਿਆਂ, ਮੌਜੂਦਗੀ ਵਿਚ, ਸਾਹਮਣੇ।

ਸਮਰੱਥ ਪ੍ਰਭੁ=ਸਮਰੱਥਾ ਵਾਲੇ ਪ੍ਰਭੂ ਨੇ, ਮੁਰਾਦ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਬੀ ਲੈਂਦੇ ਹਨ, ਪਰ ਅਸਲ ਵਿਚ ਇੱਥੇ ਮੁਰਾਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੈ।

ਅਪਰ=ਹੋਰ। ਤਰਕ=ਹੁੱਜਤ। ਕੋ=ਕੌਣ।

ਗੁਨਧਾਮ=ਗੁਣ+ਧਾਮ-ਗੁਣਾਂ ਦਾ ਘਰ, ਭਾਵ ਗੁਣੀ ਲੋਕ। ਵਿੱਦਵਾਨ ਤੇ ਕਰਨੀ ਵਾਲੇ।

ਗੁਣ ਧਾਮ ਨੂੰ ਨਾਮ ਦਾ ਵਿਸ਼ੇਸ਼ਣ ਬੀ ਲਾਉਂਦੇ ਹਨ ਕਿ ਸਾਰੇ ਲੋਕ ਨਾਮ ਨੂੰ ਗੁਣਾਂ ਦਾ ਘਰ ਮੰਨਦੇ ਹਨ।

ਅਰਥ: (ਜਦੋਂ) ਸਮਰੱਥ ਪ੍ਰਭੂ (ਜੀ ਨੇ) ਆਪਣੀ ਮੌਜੂਦਗੀ ਵਿਚ (ਆਪ) ਨਾਮ ਨੂੰ ਵਡਿਆਈ ਦਿੱਤੀ (ਤਦ) ਹੋਰ ਕੌਣ ਤਰਕ ਕਰ ਸਕਦਾ ਹੈ? (ਤਦੇ ਹੀ) ਸਾਰੇ ਗੁਣੀ (ਇਸ ਅਸੂਲ ਨੂੰ) ਮੰਨਦੇ ਹਨ।

ਭਾਵ: ਪਿਛਲੇ ਅੰਕ ੫੯ ਤੋਂ ਜਾਪਦਾ ਹੈ ਕਿ ਇਹ ਦੋਹਾਂ (ਅੰਕ ੬੦) ਪਿਛਲੇ ਦੀ ਹੀ ਪੂਰਣਤਾ ਹੈ, ਅਰ 'ਪ੍ਰਭੁ' ਤੋਂ ਭਾਵ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਲੈਂਦੇ ਹਨ, ਪਰੰਤੂ ਦੀਰਘ ਵਿਚਾਰ ਕਰਨ ਨਾਲ ਇੱਥੇ ਮਤਲਬ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇਣ ਤੋਂ ਹੈ। ਜਿਵੇਂ ਸੱਦ ਵਿਚ ਆਖਿਆ ਹੈ:-
'ਸਤਿਗੁਰੁ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ' ॥

ਤੇ ਫੇਰ ਦਾਸ ਭੱਟ ਨੇ ਕਿਹਾ ਹੈ:- 'ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ।'

ਭਾਵ ਇਹ ਹੈ ਕਿ ਗੁਰੂ ਅਮਰਦੇਵ ਜੀ ਨੇ ਆਪ ਪਰਤੱਖ ਹੁੰਦਿਆਂ, ਵਿਦਜਮਾਨ (ਮੌਜੂਦ) ਹੁੰਦਿਆਂ ਗੁਰ ਗਾਦੀ ਪਰ ਗੁਰੂ ਰਾਮਦਾਸ ਜੀ ਨੂੰ ਥਾਪਿਆ। ਤਿਵੇਂ ਕਵਿ ਜੀ ਏਥੇ ਉਸੇ ਭਾਵ ਵਿਚ ਕਹਿੰਦੇ ਹਨ ਕਿ:- ਸਮਰੱਥ ਪ੍ਰਭੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਨੇ ਆਪ ਅੱਛਤ-ਅਪਣੇ ਹੁੰਦਿਆਂ (ਭਾਵ ਵਿਦਜਮਾਨ ਹੁੰਦਿਆਂ) ਨਾਮ ਨੂੰ ਬਡਾਈ ਦਿੱਤੀ, ਭਾਵ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗਾਦੀ ਦਿੱਤੀ ਹੈ।

ਕਿਉਂਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਵੱਧ ਸਤਿਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ, ਇਹ ਪਿੱਛੇ ਕਹਿ ਦਿੱਤਾ ਹੈ। 'ਅਪਣੇ ਹੁੰਦਿਆਂ ਵਡਾਈ ਦੇਣਾਂ' ਫੇਰ ਕਹਿਣ ਦੀ ਲੋੜ ਦੱਸਦੀ ਹੈ ਕਿ ਇਹ ਇਸ਼ਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਜਾਈ ਦੀ ਵਡਜਾਈ ਮਿਲਨ ਵੱਲ ਹੈ, ਤੇ ਓਹ ਦਸਮੇਂ ਪਾਤਸ਼ਾਹ ਜੀ ਨੇ ਦਿੱਤੀ ਹੈ, ਤਾਂ ਤੇ 'ਸਮਰਥ ਪ੍ਰਭੂ' ਉਨ੍ਹਾਂ ਲਈ ਹੀ ਕਿਹਾ ਗਿਆ ਹੈ।

ਸੂਚਨਾ: ਸਫੇ ੬੬ ਤੋਂ ਪੰਦਰਵਾਂ ਮੰਗਲ ਟੁਰਿਆ ਹੈ, ਇਹ ਮੰਗਲ ਨਾਮ ਦਾ ਹੈ, ਇਸਦੇ ਆਪ ਨੇ ਦੋ ਹਿੱਸੇ ਕੀਤੇ ਹਨ। ਪਹਿਲੇ ਨਾਮ ਦੀ ਮਹਿਮਾ ਦੱਸੀ ਹੈ, ਜੋ ੬੦ ਅੰਕ ਦੇ ਛੰਦ ਤੱਕ ਟੁਰੀ ਆਈ ਹੈ। ਹੁਣ ਨਾਮਾਂ ਵਿਚੋਂ ਅਪਣੇ ਇਸ਼ਟਰੂਪੀ ਨਾਮ-ਵਾਹਿਗੁਰੂ-ਦੀ, ਜੋ ਗੁਰਮੰਤ੍ਰ ਹੈ, ਮਹਿਮਾ ਤੇ ਵਿਸ਼ੇਸ਼ਤਾ ਦੱਸਣ ਲੱਗੇ ਹਨ।

## (ਟ)।'ਵਾਹਿਗੁਰੂ' ਨਾਮ ਦੀ ਵਿਸ਼ੇਸ਼ਤਾ]

ਦੋਹਰਾ: ਨਿਰਗੁਨ ਸਰਗੁਨ* ਨਾਮੁ ਜੋ, ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ, ਲੇਤਿ ਨ ਕੀਜੈ ਦੇਰਿ ॥੬੧॥

ਮੇਰੁ=ਸੁਮੇਰੁ ਪਰਬਤ। (ਅ) ਮਾਲਾ ਦੇ ਸਿਰੇ ਦਾ ਮਣਕਾ, ਹਾਰ ਦਾ ਵਿਚਕਾਰਲਾ ਰਤਨ। ਜਿਵੇਂ ਮਣਕਿਆਂ ਵਿਚ ਮੇਰੂ ਵੱਡਾ ਹੈ ਤਿਵੇਂ ਨਾਂਵਾਂ ਵਿੱਚੋਂ-ਵਾਹਿਗੁਰੂ-ਨਾਮ ਸ਼ਿਰੋਮਣੀ ਹੈ।

ਅਰਥ: (ਪਰਮੇਸ਼੍ਵਰ ਜੀ ਦੇ) ਨਿਰਗੁਣ (ਸ੍ਵਰੂਪ ਅਤੇ) ਸਰਗੁਣ (ਸਰੂਪ ਦੇ) ਜੋ ਨਾਮ (ਹਨ) ਤਿਨ੍ਹਾਂ (ਸਾਰਿਆਂ ਦੇ ਸਿਰ) 'ਵਾਹਿਗੁਰੂ' (ਨਾਮ) ਮੇਰੂ (ਸਮਾਨ) ਸਭ ਤੋਂ ਉੱਚਾ ਜਾਣੀਏ (ਤੇ ਇਸਨੂੰ) ਲੈਂਦਿਆਂ (ਜਪਦਿਆਂ) ਦੇਰ ਨਾ ਕਰੀਏ।

ਚੌਪਈ: ਨਿਰਗੁਨ ਨਾਮਨ ਤੇ ਵਧਿ ਐਸੇ।
ਸੋ ਕਰਿ ਅਰਥ ਬਖਾਨੋਂ ਜੈਸੇ।
'ਵਾਹਿ'+ ਨਾਮੁ ਅਚਰਜ ਕੋ ਹੋਈ।
ਅਚਰਜ ਤੇ ਪਰਿ ਉਕਤਿ ਨ ਕੋਈ ॥੬੨॥
'ਗੋ' ਤਮ ਨਾਮ++ ਅਗਜਾਨ ਅਨਿੰਤ।
'ਰੋ' ਪਰਕਾਸ਼ ਕਿਯੋ ਜਿਨ ਚਿੱਤੁ।
ਇਉਂ ਸ਼੍ਰੀ ਨਾਨਕ ਨਾਮ ਬਨਾਯੋ।
ਸੁਨਿ ਸ਼੍ਰੁਤਿ ਸੰਤਨ ਚਿਤ ਸੁਖ ਪਾਯੋ ॥੬੩॥

ਬਖਾਨੋਂ=ਵਰਣਨ ਕਰਦਾ ਹਾਂ। ਪਰਿ=ਪਰੇ।

ਉਕਤਿ=ਬਾਣੀ=ਕਥਨ। ਉਹ ਜੋ ਕੁਛ ਕਿਹਾ ਜਾ ਸਕੇ।

ਸੂਚਨਾ='ਵਾਹ' ਨੂੰ ਪੰਚਮ ਸਤਿਗੁਰੂ ਜੀ ਨੇ ਪਾਰਬ੍ਰਹਮ ਦਾ ਲਖਾਯਕ ਕਿਹਾ ਹੈ:- 'ਨਾਨਕ ਵਾਹੁ ਵਾਹੁ ਕਹੁ ਤਾਕਉ ਜਾਕਾ ਅੰਤੁ ਨ ਪਾਰੁ॥ '।ਸਾਰੰਗ ਮ: ੫

ਗੋ*=ਗੁ-ਅਨ੍ਹੇਰਾ। [ਸੰਸ. ਗੁਹੁ=ਆਛਾਦਨ ਕਰਨਾ] ਗੁਰੂ-ਗੀਤਾ ਵਿਚ ਐਉਂ ਦਿੱਤਾ ਹੈ:-

---

*ਪਾਠਾਂਤ੍ਰ-ਨਿਰਗੁਣ ਸਰਗੁਣ-ਬੀ ਹੈ।

+ਪਾਠਾਂਤ੍ਰ-ਵਾਹ-ਬੀ ਹੈ।

++ ਇਕ ਲਿਖਤੀ ਨੁਸਖੇ ਵਿਚ ਪਾਠ-ਨਾਮ-ਹੈ। ਛਾਪੇ ਦੇ ਸਾਰਿਆਂ ਤੇ ਲਿਖਤੀ ਕਈਆਂ ਵਿਚ ਪਾਠ-ਤਨ-ਹੈ। ਇਸ ਪਾਠ ਲਾਲ ਤੁਕ ਦਾ ਅਰਥ ਇਹ ਬਣੇਗਾ-ਗੋ (ਨਾਮ ਹੈ) ਅਨ੍ਹੇਰੇ ਦਾ (ਜੋ ਇਸ) ਤਨ (ਵਿਚ) ਅਗਜਾਨ (ਦੇ ਰੂਪ ਵਿਚ ਬੈਠਾ ਹੈ, ਪਰ ਇਹ ਅਗਜਾਨ ਹੈ) ਅਨਿੱਤ। ਅਨਿੱਤ ਇਸ ਕਰਕੇ ਕਿਹਾ ਹੈ ਕਿ ਜੇ ਅਗਜਾਨ ਨਿੱਤ ਹੋਵੇ ਤਾਂ ਫਿਰ ਉਹ ਪ੍ਰਕਾਸ਼ ਨਾਲ ਦੂਰ ਨਹੀਂ ਹੋ ਸਕਦਾ।

ਕਈ ਸੱਜਣ ਅਨਿੱਤ ਨੂੰ ਤਨ ਨਾਲ ਲਾ ਲੈਂਦੇ ਹਨ ਕਿ ਅਨਿੱਤ ਸਰੀਰ ਵਿਚ ਅਗਜਾਨ ਦਾ ਨਿਵਾਸ ਹੈ, ਇਸ ਪਰ ਸ਼ੰਕਾ ਹੋ ਜਾਂਦੀ ਹੈ ਕਿ ਅਗਜਾਨ ਦਾ ਨਿਵਾਸ ਜੇ ਤਨ ਵਿਚ ਹੈ ਤਾਂ 'ਰੋ' ਨੇ ਪ੍ਰਕਾਸ਼ ਤਨ ਵਿਚ ਨਹੀਂ ਪਰ ਮਨ ਵਿਚ ਕਰਨਾ ਹੈ, ਏਥੇ ਫੇਰ-ਤਨ-ਦਾ ਅਰਥ 'ਲਿੰਗ ਸ਼ਰੀਰ' ਕਰ ਲੈਣ ਨਾਲ ਸ਼ੰਕਾ ਦੂਰ ਹੋ ਜਾਂਦੀ ਹੈ। ਉਂਞ ਬੀ, ਮਨ ਤਨ ਦੇ ਵਿੱਚ ਹੀ ਹੈ।

ਇਕ ਹੋਰ ਸਮਝਣ ਦੀ ਵਿਉਂਤ ਇਸ ਤੁਕ ਦੀ ਇਹ ਹੈ:-'ਗੋ' (ਨਾਮ ਹੈ) ਅਨ੍ਹੇਰੇ ਦਾ (ਅਨ੍ਹੇਰਾ ਦੋ ਪ੍ਰਕਾਰ ਦਾ ਹੈ ਇਕ) ਸਰੀਰ ਦਾ (ਜੋ ਪ੍ਰਸਿੱਧ ਹੈ, ਦੂਸਰੇ ਮਨ ਦਾ ਜਿਸਨੂੰ) ਅਗਜਾਨ (ਕਹਿੰਦੇ ਹਨ, ਪਰ ਦੋਇ ਅਨ੍ਹੇਰੇ) ਅਨਿੱਤ ਹਨ।

*ਗੋ, ਰੋ, ਨੂੰ ਜੋ ਹੋੜੇ ਲੱਗੇ ਹਨ ਏਹ ਕਿਸੇ ਅਰਥ ਲਈ ਨਹੀਂ ਹਨ, ਇਨ੍ਹਾਂ ਦਾ ਮਤਲਬ ਹੈ, ਗੁ, ਰੁ। ਜਿਵੇਂ ਅੱਖਰ ਉਚਾਰਣ ਵੇਲੇ ਕੋਈ ਤਾਂ 'ਗ' ਨੂੰ ਪੜਦਾ ਹੈ-ਗੱਗਾ, ਕੋਈ ਪੜਦਾ ਹੈ 'ਗਾ'।'ਰ' ਨੂੰ ਪੜਦਾ ਹੈ ਰਰਾ,

ਗੁਕਾਰਾਸਤੁ ਅੰਧਕਾਰਾ ਸਜਾਤ ਰਕਾਰਸ ਤਨ ਨਿਰੋਧਕ:
ਅੰਧਕਾਰ ਵਿਨਾਸ਼ੁਤ੍ਵਾਤ ਗੁਰੂ ਇਤਜਵਧੀਯਤੇ।

ਅਰਥਾਤ-ਗੁ-ਦਾ ਅਰਥ ਹੈ ਅਨ੍ਹੇਰਾ, ਤੇ-ਰੁ-ਦਾ ਅਰਥ ਹੈ ਅੰਨ੍ਹੇਰੇ ਨੂੰ ਦੂਰ ਕਰਨ ਵਾਲਾ (ਪ੍ਰਕਾਸ਼), (ਤਾਂਤੇ) ਅਨ੍ਹੇਰੇ (ਅਗਜਾਨ) ਨੂੰ ਜੋ ਦੂਰ ਕਰੇ ਉਸਨੂੰ ਗੁਰੂ ਆਖੀਦਾ ਹੈ।

ਤਮ=ਅਨ੍ਹੇਰਾ।

ਅਗਜਾਨ=ਨਾ ਜਾਨਣ ਦੀ ਅਵਸਥਾ, ਮਨ ਬੁੱਧੀ ਦਾ ਅੰਧਕਾਰ।

ਅਨਿੱਤ=ਜੋ ਨਿੱਤ ਨਾ ਹੋਵੇ। ਕਦੇ ਹੋਵੇ ਕਦੇ ਦੂਰ ਹੋ ਸਕੇ।

ਰੋ=ਰੁ, ਰੁ=ਚਾਨਣਾ। ਦੇਖੋ ਉੱਪਰਲਾ ਪਦ 'ਗੋ'।

ਚਿੱਤ=ਓਹ ਅੰਦਰਲਾ ਚੇਤੰਨ ਮੰਡਲ, ਜਿਸਤੋਂ ਬ੍ਰਿਤੀਆਂ ਉਠਦੀਆਂ ਹਨ। (ਅ) ਚੇਤਨਤਾ (ੲ) ਕਈ ਗਿਆਨੀ ਏਥੇ ਚਿੱਤ ਦਾ ਅਰਥ ਚੇਤਨ=ਪਰਮਾਤਮਾ ਕਰਦੇ ਹਨ। ਸ਼੍ਰੂਤਿ=ਕੰਨਾਂ ਨਾਲ।

**ਅਰਥ:** (ਵਾਹਿਗੁਰੂ ਨਾਮ) ਨਿਰਗੁਣ ਨਾਂਵਾਂ ਤੋਂ ਵੱਧ ਜਿਸ ਤਰ੍ਹਾਂ (ਹੈ) ਮੈਂ ਉਸ ਤਰ੍ਹਾਂ ਉਸਦੇ ਅਰਥ ਕਰਕੇ ਵਰਣਨ ਕਰਦਾ ਹਾਂ:

'ਵਾਹਿ'-ਨਾਮ ਹੈ ਅਚਰਜ ਦਾ, ਅਚਰਜ ਤੋਂ ਪਰੇ ਕੋਈ ਬਾਣੀ ਨਹੀਂ ਹੈ।

'ਗੁ' ਨਾਮ ਹੈ ਹਨੇਰੇ (ਦਾ ਜੋ) ਅਗਜਾਨ (ਦੇ ਰੂਪ ਵਿਚ ਚਿੱਤਾਂ ਤੇ ਛਾ ਰਿਹਾ ਹੈ, ਪਰ ਉਹ ਹੈ) ਅਨਿੱਤ।

'ਰੂ' (ਨਾਮ ਹੈ ਉਸ ਪ੍ਰਕਾਸ਼ ਸ੍ਵਰੂਪ ਦਾ ਕਿ) ਜਿਸਨੇ (ਐਸੇ ਅਗਜਾਨ ਵਾਲੇ) ਚਿਤ ਨੂੰ ਪ੍ਰਕਾਸ਼ਿਤ ਕੀਤਾ।

**ਦੂਸਰਾ ਅਰਥ:** ਜਿਸਨੇ (ਜੜ੍ਹ ਦੇਹ ਨੂੰ) ਚੇਤਨਤਾ ਨਾਲ ਤੇ (ਤੇ ਮਨ ਨੂੰ ਗਜਾਨ ਨਾਲ) ਪ੍ਰਕਾਸ਼ ਕੀਤਾ ਹੈ। ਐਉਂ ਸ੍ਰੀ (ਗੁਰੂ) ਨਾਨਕ ਦੇਵ ਜੀ ਨੇ (ਵਾਹਿਗੁਰੂ) ਨਾਮ ਬਣਾਇਆ ਹੈ*। (ਜਿਸਨੂੰ) ਕੰਨਾਂ ਨਾਲ ਸੁਣ ਕੇ ਸੰਤਾਂ ਦੇ ਚਿੱਤ ਨੇ ਸੁਖ ਪਾਇਆ ਹੈ।

**ਭਾਵ:** ਜਿੱਥੋਂ ਤੱਕ ਮਨ ਦੀ, ਬਾਣੀ ਦੀ ਗੰਮਤਾ ਹੈ, ਓਥੋਂ ਤਾਈਂ ਦੀ ਸਮਝ ਆਦਮੀ ਵਰਣਨ ਕਰਦਾ ਹੈ ਅਰ ਓਹ ਸਾਰਾ ਮੰਡਲ ਦੇਸ਼ ਕਾਲ ਵਸਤੂ ਅਥਵਾ ਦੇਸ਼ ਕਾਲ ਨਮਿੱਤ ਦਾ ਹੈ, ਮਨ ਦਾ ਅਪਣਾ ਸ੍ਵਰੂਪ ਦੇਸ਼ ਕਾਲ ਨਮਿੱਤ ਵਾਲਾ ਹੈ, ਇਸ ਤੋਂ ਪਰੇ ਇਸਦੀ ਸਮਝ ਲੜ ਹੀ ਨਹੀਂ ਸਕਦੀ। ਪਰ ਕਦੇ ਕੋਈ ਅਤਿ ਸੁੰਦਰ ਝਲਕੇ ਹੇਠਾਂ ਯਾ ਕਿਸੇ ਬੰਦਗੀ ਸਿਫਤ ਸਲਾਹ ਦੇ ਅਸਰ ਨਾਲ ਇਕ ਸੁਤੇ ਸਮਾਧੀ ਦੀ ਅਵਸਥਾ ਲੰਘਦੀ ਹੈ, ਜਿਸ ਵੇਲੇ ਕਿ ਮਨ ਹੁਰੀਂ ਮਾਨੋਂ ਉੱਕੇ ਖੜੋ ਜਾਂਦੇ ਯਾ ਉਰੇ ਰਹਿ ਜਾਂਦੇ ਹਨ। 'ਆਪਾ', ਜੋ ਮਨ ਤੋਂ ਪਰੇ ਮਨ ਦਾ ਪ੍ਰਕਾਸ਼ਕ ਹੈ ਤੇ ਇਸਤੋਂ ਮਾਨੋਂ ਅਲੱਗ ਹੈ, 'ਅਨੰਤ' ਨਾਲ ਜਾ ਛੁਹੰਦਾ ਹੈ; ਜਦੋਂ ਇਸਤੋਂ ਮੁੜ ਆਪਾ ਪਰਤਦਾ ਹੈ ਅਰਥਾਤ ਮਨ ਤੇ ਬੁੱਧੀ ਅਪਣਾ ਕੰਮ ਫੇਰ ਅਰੰਭਦੇ ਹਨ ਤਾਂ ਮਨ ਓਥੇ ਨਾ ਜਾ ਸਕਣ ਕਰਕੇ ਦੱਸ ਨਹੀਂ ਸਕਦਾ ਕਿ ਓਥੇ ਕੀਹ ਸੀ, ਪਰ ਉਸਦੀ ਸੁੰਦਰਤਾ ਤੇ ਅਕਹਿ ਰਸ ਭਰੀ ਦਸ਼ਾ ਦਾ ਅਸਰ ਐਸਾ ਕੁਛ ਸੰਸਕਾਰ ਮਾਤ੍ਰ ਉਸਤੇ ਪਿਆ ਹੁੰਦਾ ਹੈ ਕਿ ਮਨ ਹੁਰੀਂ 'ਵਾਹਿ'

---

ਤੇ ਕੋਈ ਪੜਦਾ ਹੈ ਰਾ, ਸੰਸਕ੍ਰਿਤ ਵਿਚ ਬੀ, 'ਗ' ਤੇ 'ਰ' ਨੂੰ ਪੜ ਦੇਣਗੇ 'ਗਕਾਰ' ਤੇ 'ਰਕਾਰ'। ਇਸੇ ਤਰ੍ਹਾਂ 'ਗੁ' ਤੇ 'ਰੁ' ਯਾ 'ਰੂ' ਨੂੰ ਭਾਈ ਸਾਹਿਬ ਨੇ ਪੜ੍ਹਿਆ ਹੈ 'ਗੋ' ਤੇ 'ਰੋ'।

*'ਵਾਹਿਗੁਰੂ ਗੁਰ ਸਬਦ ਸੁਣਾਯਾ ॥'[ਭਾ: ਗੁ: ਵਾ: ੨੪-੧

'ਵਾਹਿ' ਕਹਿ ਉਠਦੇ ਹਨ। ਮਾਨੋਂ ਜਦੋਂ ਉਸ ਕਾਲ ਤੋਂ ਪਰੇ ਦਾ ਝਲਕਾ ਵੱਜਦਾ ਹੈ ਤਾਂ ਆਤਮਾ ਯਾ ਆਪਾ 'ਅਨੰਤ' ਦਾ ਰਸ ਅਨੁਭਵ ਕਰਦਾ ਹੈ, ਪਰ ਉਥਾਨ ਹੋਕੇ 'ਮਨ' ਉਸਦਾ ਪਤਾ 'ਵਾਹਿ' 'ਵਾਹਿ' ਉਚਾਰਨ ਤੋਂ ਸਿਵਾ ਕੁਛ ਨਹੀਂ ਦੱਸ ਸਕਦਾ। ਕਵਿ ਜੀ ਇਸ ਅਵਸਥਾ ਵਲ ਇਸ਼ਾਰਾ ਕਰਕੇ ਕਹਿੰਦੇ ਹਨ ਕਿ 'ਵਾਹਿ' ਨਾਮ ਉਸ ਅਚਰਜ ਦਾ ਹੈ ਕਿ ਜਿਸਤੋਂ ਪਰੇ ਬਾਣੀ ਜਾ ਨਹੀਂ ਸਕਦੀ। ਮਨ ਬਾਣੀ ਤੋਂ ਪਰੇ ਦੀ ਅਵਸਥਾ ਨੂੰ ਜਦ ਕੋਈ ਦਰਸ਼ਨ ਕਰਨਹਾਰਾ, ਰਸ ਮਾਣਨਹਾਰਾ, ਸੱਚੀ ਮੁੱਚੀਂ ਪਹੁੰਚਾ ਹੋਇਆ ਸ੍ਰੇਸ਼ਟ ਪੁਰਖ ਕਿਸੇ ਤਰ੍ਹਾਂ ਕੋਈ ਨਾਮ ਦੇਣਾ ਚਾਹੇ ਤਾਂ ਦੇ ਨਹੀਂ ਸਕਦਾ, ਕਿਉਂਕਿ ਮਨ ਬਾਣੀ ਦੀ ਪਹੁੰਚ ਹੀ ਨਹੀਂ ਜਿੱਥੇ ਉਥੋਂ ਦਾ ਨਾਮ ਪਤਾ ਕੀ ਦੇਵੇ? ਹਾਂ ਉਸ ਯਥਾਰਥ ਦਾ ਪਤਾ ਦੇਖਣਹਾਰ 'ਵਾਹਿ' ਤੋਂ ਬਿਨਾਂ ਕਹਿ ਨਹੀਂ ਸਕਦਾ, ਸੋ ਵਾਹਿ ਨਾਮ ਉਸ'ਨਿਰਗੁਣ ਯਥਾਰਥ'ਦਾ ਹੈ, ਜਿੱਥੇ ਮਨ ਬਾਣੀ ਦੀ ਪਹੁੰਚ ਨਹੀਂ ਤੇ ਏਹ 'ਵਾਹਿ' ਉਸਦਾ ਕਲਪਨਾ ਮਾਤ੍ਰ ਨਾਮ ਨਹੀਂ, ਪਰ ਆਤਮਾ ਦੇ ਮਿਲਾਪ ਪ੍ਰਾਪਤੀ ਦਾ ਉਹ ਅਵਾਜ਼ਾ ਹੈ ਕਿ ਜਿਸ ਤੋਂ ਅੱਗੇ ਮਨ ਬਾਣੀ ਦੀ ਗੰਮਤਾ ਹੈ ਨਹੀਂ।

ਉਸ ਨੂੰ 'ਵਾਹਿ' ਹੀ ਕਹਿਣਾ ਜੋਗ ਹੈ, ਜੋ ਨਾਮ ਬੀ ਹੈ, ਸਿਫਤ ਸਲਾਹ ਬੀ ਹੈ, ਉਸ ਦਾ ਯਸ਼ ਤੇ ਕੀਰਤਨ ਬੀ ਹੈ। ਅਰਥਾਤ ਜੋ ਕੋਈ ਉਸ ਰੰਗ ਵਿਚ ਅੱਪੜਦਾ ਹੈ, ਉਸ ਬਾਬਤ ਆਵਾਜ਼ਾ ਇਹੋ ਦੇਂਦਾ ਹੈ। ਇਧਰ ਜੋ ਮਿਲਾਪ ਲਈ ਸਾਧਨ ਅਰੰਭ ਕਰਦਾ ਹੈ ਤੇ ਜਗਜਾਸੂ ਹੈ, ਉਹ ਬੀ ਇਸੇ ਨੂੰ ਜਪਦਾ ਹੈ, ਉਹ ਉਸ ਅਨੰਤ ਦੇ ਅੱਗੇ ਅਰਦਾਸ ਕਰਦਾ ਹੈ ਕਿ ਮੈਂ 'ਵਾਹਿ ਵਾਹਿ' ਕਰਦਿਆਂ ਉਸ ਟਿਕਾਣੇ ਅੱਪੜਨਾ ਹੈ ਜਿੱਥੇ ਮਨ ਨੇ ਲੀਨ ਹੋ ਜਾਣਾ ਹੈ, ਬਾਣੀ ਨੇ 'ਵਾਹਿ' ਕਹਿਕੇ ਮੁੱਕ ਜਾਣਾ ਹੈ, ਜਿਸ ਦੇ ਅਨੁਭਵ ਰਸਲੀਨਤਾ ਮਗਰੋਂ ਉਥਾਨ ਹੋ ਕੇ ਮੈਂ ਰਸ ਭਰੇ ਸਰੂਰ ਵਿਚ ਕੁਛ ਕਹਿ ਨਹੀਂ ਸਕਣਾ, ਪਰ ਜੇ ਕੁਝ ਕਥਨ ਕਰ ਸਕਣਾ ਹੈ ਤਾਂ 'ਵਾਹਿ।'

ਅਗੇ ਦੱਸਦੇ ਹਨ ਕਿ 'ਗੁ' ਨਾਮ ਹੈ ਅਨ੍ਹੇਰੇ ਦਾ, ਅਨ੍ਹੇਰਾ ਨਾਮ ਹੈ ਰੌਸ਼ਨੀ ਦੇ ਅਭਾਵ ਦਾ। ਰੌਸ਼ਨੀ ਦਾ ਅਭਾਵ ਦੋ ਪ੍ਰਕਾਰ ਦਾ ਹੈ, ਇਕ ਜੋ ਅੱਖਾਂ ਪਰ ਆਪ ਨੂੰ ਲਖਾਉਂਦਾ ਹੈ, ਦੂਸਰੇ ਜੋ ਚਿੱਤ ਪਰ ਆਪ ਨੂੰ ਲਖਾਉਂਦਾ ਹੈ। ਅੱਖਾਂ ਵਾਲੇ ਨੂੰ 'ਅਨ੍ਹੇਰਾ', 'ਅੰਧਕਾਰ' ਆਖਦੇ ਹਨ, ਚਿੱਤ ਵਾਲੇ ਨੂੰ 'ਅਗਜਾਨ' ਆਖਦੇ ਹਨ। ਸੋ ਕਵਿ ਜੀ ਦੱਸਦੇ ਹਨ ਕਿ 'ਗੁ' ਨਾਮ ਹੈ ਅਗਜਾਨ ਰੂਪੀ ਅਨ੍ਹੇਰੇ ਦਾ ਤੇ 'ਰੁ' ਨਾਮ ਹੈ ਉਸ ਪ੍ਰਕਾਸ਼ ਵਾਚਕ ਸਰੂਪ ਦਾ ਜੋ ਇਸ ਅਗਜਾਨ ਨੂੰ ਦੂਰ ਕਰਕੇ ਪ੍ਰਕਾਸ਼ ਕਰਦਾ ਹੈ। ਸੋ ਗੁਰੂ ਪਦ ਉਸ ਦਾ ਵਾਚਕ ਸਰੂਪ ਹੈ ਜੋ ਪ੍ਰਕਾਸ਼ ਸਰੂਪ ਹੈ ਤੇ ਅਗਜਾਨ ਅੰਧਕਾਰ ਦਾ ਦੂਰ ਕਰਕੇ ਚਿੱਤ ਨੂੰ ਪ੍ਰਕਾਸ਼ਿਤ ਕਰ ਦੇਣ ਵਾਲਾ ਹੈ। ਅਭਜਾਸੀਆਂ ਦੇ ਤਜਰਬੇ ਵਿਚ ਆਈ ਇਕ ਅਮਲੀ ਗੱਲ ਇਹ ਬੀ ਹੈ ਕਿ ਜਿਸ ਕਿਸੇ ਨੇ ਸਾਈਂ ਦੇ ਰਸ ਵਿਚ ਲਿਵ ਪਾਈ ਹੈ, ਉਸ ਨੂੰ ਐਉਂ ਹੀ ਭਾਸਦਾ ਹੈ ਕਿ ਮੈਂ ਅੰਧਕਾਰ ਵਿਚ ਸਾਂ ਮੈਨੂੰ ਇਕ ਜਾਗ੍ਰਤ ਆਈ ਹੈ, ਇਕ ਪ੍ਰਕਾਸ਼ ਆਯਾ ਹੈ, ਧੰਨ ਉਹ ਦਾਤਾ ਹੈ ਜਿਸ ਨੇ ਪ੍ਰਕਾਸ਼ ਦਿੱਤਾ ਹੈ। ਸੋ 'ਗੁਰੂ' ਦਾ ਅਰਥ ਹੈ 'ਅੰਧਕਾਰ ਤੋਂ ਪ੍ਰਕਾਸ਼ ਦੇਣ ਵਾਲਾ, ਪ੍ਰਕਾਸ਼ ਸ੍ਵਰੂਪ।'

ਪਹਿਲਾਂ, 'ਵਾਹਿ' ਪਦ ਜਣਾਉਂਦਾ ਹੈ ਪਰਮੇਸ਼੍ਵਰ ਦੇ ਸ੍ਵਰੂਪ ਨੂੰ, ਜੋ ਅਗੰਮ ਹੈ। ਪਰ ਜਿਸ ਦੇ ਮਿਲਾਪ ਦਾ ਆਤਮਾ ਵਿਚ ਭਰਿਆ ਰਸ, ਮਨ ਵਿਚ ਪ੍ਰਤਿਬਿੰਬਤ ਹੋਕੇ ਉਸ ਤੋਂ 'ਵਾਹਿ ਵਾਹਿ' ਦੀ ਸਿਫਤ ਸਲਾਹ ਕਰਾਉਂਦਾ ਹੈ, ਤੇ ਮਨ ਬੁੱਧੀ ਦੇ ਗਜਾਨ ਮੰਡਲ

ਕਹੋ ਯਾ ਚਿੱਤ ਮੰਡਲ ਕਹੋ ਉਸ ਵਿਚ ਉਸ ਦਾਤੇ ਦੇ ਸਰੂਪ ਦਾ 'ਅਮਲੀ ਤੇ ਤਜਰਬੇ ਵਿਚ ਆਯਾ ਸਰੂਪ' ਇਹੋ ਨਾਉਂ ਬੰਨ੍ਹਦਾ ਹੈ ਕਿ ਉਹ 'ਗੁਰੂ' ਹੈ, ਅਰਥਾਤ ਪ੍ਰਕਾਸ਼ ਦਾਤਾ ਪ੍ਰਕਾਸ਼ ਸਰੂਪ ਹੈ, ਤੇ ਉਸ ਨੂੰ 'ਵਾਹਿ' ਕਹਿਕੇ ਹੀ ਆਰਾਧ ਤੇ ਸਲਾਹ ਸਕਦੇ ਹਾਂ। ਤਾਂ ਤੇ-ਵਾਹਿਗੁਰੂ=ਸ਼ਲਾਘਾ ਯੋਗ ਪ੍ਰਕਾਸ਼ ਦਾਤਾ-ਹੈ।

'ਸ੍ਵਰੂਪ ਪ੍ਰਾਪਤ ਸ੍ਰੀ ਗੁਰੂ ਨਾਨਕ ਦੇਵ ਜੀ' ਨੇ ਅਮਲੀ ਤੇ ਤਜਰਬੇ ਵਿਚ ਆ ਜਾਣ ਵਾਲਾ ਸਰੂਪ ਲਖਾਇਕ ਇਹ ਨਾਮ ਰਚਿਆ ਹੈ, ਜੋ ਜਗਯਾਸੂ ਇਸ ਦਾ ਸਿਮਰਣ ਕਰਨਗੇ ਓਹ ਉਸ ਅਵਸਥਾ ਨੂੰ ਪ੍ਰਾਪਤ ਹੋਣਗੇ ਕਿ ਜਿਸ ਦਾ ਇਹ ਲਖਾਇਕ ਹੈ। ਜੋ ਇਕ ਅਵਸਥਾ ਹੈ, ਨਹੀਂ ਉਹ ਅਵਸਥਾ ਤੋਂ ਬੀ ਪਰੇ ਹੈ ਜਿਸ ਦਾ ਇਹ ਅਨੁਭਵ ਦੁਆਰੇ ਪ੍ਰਾਪਤ ਹੋਇਆ ਨਾਮ ਸਤਿਗੁਰ ਨੇ ਸਿਫਤ ਸਲਾਹ ਦੇ ਅਰਥਾਂ ਵਾਲਾ ਰਚਿਆ ਹੈ।

ਜਿਸ ਪਰਮਾਤਮਾ ਦੇ ਮੇਲ ਤੋਂ ਉਥਾਨ ਹੋਕੇ ਮਨ ਉਸ ਲਈ 'ਵਾਹ ਵਾਹ'ਦਾ ਆਵਾਜ਼ਾ ਦੇਂਦਾ ਹੈ, ਉਸ ਪਰਮਾਤਮਾ ਦੇ ਮਿਲਣ ਦੀ ਪ੍ਰਾਪਤੀ ਦਾ ਰਸਤਾ ਵੀ 'ਵਾਹਿ ਵਾਹਿ' ਹੀ ਠੀਕ ਹੈ। ਇਸੇ ਨੂੰ ਸਤਿਗੁਰ ਨੇ 'ਸਿਫਤ ਸਲਾਹ' (admiration & adoration) ਕਿਹਾ ਹੈ, ਕਿ ਉਸ ਨੂੰ ਮਿਲਨੇ ਲਈ ਉਸੇ ਦੀ ਸਿਫਤ-ਸਲਾਹ ਹੀ ਕਰਨੀ ਚਾਹੀਏ। ਗੁਰੂ ਜੀ ਨੇ ਦੱਸਿਆ ਹੈ ਕਿ ਸਿਫਤ ਸਲਾਹ ਇਕ ਪਦਵੀ ਹੈ:-

'ਜਿਸਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥

ਫਿਰ ਇਸੇ 'ਵਾਹ' ਪਦ ਨੂੰ ਆਖਿਆ ਹੈ ਕਿ ਇਹੋ ਸਿਫਤ ਸਲਾਹ ਹੈ, ਯਥਾ:

'ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥

ਫਿਰ ਦੱਸਿਆ ਹੈ ਕਿ ਇਸ 'ਵਾਹ' ਕਰਨ ਨਾਲ ਸਾਈਂ ਮਿਲਦਾ ਹੈ। ਯਥਾ:-

'ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ
ਕਰਮਿ ਪਰਾਪਤਿ ਹੋਇ ॥ '

ਪਰਮੇਸ੍ਵਰ ਦੇ ਮਿਲਣ ਤੋਂ ਪਹਿਲਾਂ ਨਾਮ ਦਾ ਮਨ ਵਿੱਚ ਵੱਸਣਾ ਬੀ ਸਿਫਤ ਸਲਾਹ ਨਾਲ ਹੀ ਹੁੰਦਾ ਹੈ, ਯਥਾ:-

'ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ '

ਸੋ ਇਸ 'ਵਾਹਿਗੁਰੂ' ਪਦ ਵਿਚ ਨਾਲੇ ਨਿਰਗੁਣ ਦਾ ਸਰੂਪ ਦੱਸਿਆ ਹੈ ਨਾਲੇ ਉਸਦੀ ਸਿਫਤ ਸਲਾਹਿ ਦਾ ਪ੍ਰਭਾਵ ਹੈ, ਸਿਫਤ ਸਲਾਹ ਬੀ ਮਨ ਬਾਣੀ ਤੋਂ ਪਰੇ ਵਾਲੀ ਹੈ। ਇਸ ਲਈ ਇਹ ਸਾਰੇ ਨਿਰਗੁਣ ਨਾਵਾਂ ਤੋਂ ਸ਼ਿਰੋਮਣੀ ਹੈ। ਸੋ ਕਵਿ ਜੀ ਨੇ-ਵਾਹਿ ਨਾਮ ਦਸਿਆ 'ਅੱਖਰ' (ਅਕਸ਼ਰ*) ਦਾ, 'ਸਦਾ ਇਕ ਰਸ ਮੂਲ ਤੇ ਅਸਲੇ' ਦਾ, ਜਿਸਦੀ ਸੱਤਯਾ ਨਾਲ ਇਹ ਸਾਰਾ ਦਿੱਸਦਾ ਜਗਤ ਪ੍ਰਗਟਿਆ ਹੈ, ਜੋ ਆਪ ਦਿਸਦਾ ਨਹੀਂ ਪਰ ਦੇਖਦਾ ਹੈ, ਜਿਸ ਨੂੰ ਜਗਯਾਸੂ ਦਾ ਆਪਾ ਪ੍ਰਾਪਤ ਹੋਕੇ ਮੁੜਕੇ ਆਇਆਂ 'ਰਸ ਪ੍ਰਤੀਤੀ' ਦਾ ਸੰਸਕਾਰ ਮਨ ਨੂੰ ਦੇਂਦਾ ਹੈ ਤੇ ਮਨ ਬਾਣੀ ਤੋਂ ਕਿਸੇ ਮਦ ਭਰੇ ਸਰੂਰ ਵਿਚ ਅਖਵਾਉਂਦਾ ਹੈ 'ਵਾਹਿ ਵਾਹਿ ਵਾਹਿ ਵਾਹਿ ਵਾਹਿ।'

'ਵਾਹਿ' ਉਸੇ ਨੂੰ ਕਿਹਾ ਜਾਂਦਾ ਹੈ ਜੋ ਅਤੀ ਸੁੰਦਰ, ਪਿਆਰ ਸਰੂਪ ਹੈ, ਆਨੰਦ ਸਰੂਪ ਹੈ, ਤੇ ਗੁਰੂ ਨਾਮ ਹੈ ਉਸੇ 'ਅਸਲੇ' ਦੇ ਪ੍ਰਕਾਸ਼ ਸਰੂਪ ਹੋਣ ਦਾ। ਉਸਦਾ ਅਸਲਾ ਪ੍ਰਕਾਸ਼ ਹੈ

---

*ਜੋ ਕਦੇ ਨਾ ਖਰੇ।

ਤੇ ਪ੍ਰਕਾਸ਼ 'ਨਿੰਤ ਵਸਤੂ' ਹੈ। 'ਸਦਾ ਹੈ' ਉਸਦਾ ਰੂਪ ਹੈ, ਤੇ 'ਸਦਾ ਚੇਤਨ' ਉਸ ਦਾ ਸਰੂਪ ਹੈ। ਉਹ 'ਨਿੰਤ ਪ੍ਰਕਾਸ਼' ਸਦਾ ਪ੍ਰਕਾਸ਼ ਆਪ ਹੈ ਤੇ ਜਿੱਥੇ ਕਿਤੇ ਬ੍ਰਹਮੰਡ ਵਿਚ, ਸਰੀਰਾਂ ਵਿਚ, ਕਿ ਸਰੀਰਾਂ ਵਿਚ ਵਸਦੇ ਮਨਾਂ ਵਿੱਚ ਅੰਧਕਾਰ ਹੈ ਅਰਥਾਤ ਜੜ੍ਹਤਾ ਹੈ ਯਾ ਅਗਜਾਨ ਹੈ, ਭਾਵੇਂ ਹਨ੍ਹੇਰਾ ਕਿਸੇ ਹੀ ਰੂਪ ਦਾ ਹੈ, ਉਹ ਪ੍ਰਕਾਸ਼ ਸਰੂਪ ਅੰਧਕਾਰ ਤੇ ਅਗਜਾਨ ਸਭ ਨੂੰ ਦੂਰ ਕਰਕੇ ਪ੍ਰਕਾਸ਼ ਤੇ ਗਜਾਨ ਦਾ ਦਾਤਾ ਹੈ।

ਸੂਚਨਾ: ਉੱਪਰ ਅਸਾਂ ਕਵਿ ਜੀ ਦੇ ਅਭਿਪ੍ਰਾਯ ਨੂੰ ਅਰਥ ਅਰ ਭਾਵ ਵਿਚ ਖੁਹਲਿਆ ਹੈ, ਜਿਵੇਂ ਕਿ ਅੱਖਰ ਰਸਤਾ ਦੇਂਦੇ ਹਨ ਤੇ ਵਿਚਾਰ ਸਮਝਦੀ ਹੈ ਤੇ ਗੁਣੀ ਜਨ ਕਥਨ ਕਰਦੇ ਹਨ। ਕਵਿ ਜੀ ਨੇ ਵਾਹਿਗੁਰੂ ਪਦ ਦੇ ਅਰਥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤ੍ਰਾਰਧ ਦੇ ਅਧਜਾਯ ੪੩ ਤੇ ੫੭ ਵਿਚ, ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੭ ਅੰਸੂ ੩ ਵਿਚ ਫੇਰ ਦਿੱਤੇ ਹਨ। ਅਤੇ 'ਗਰਬ ਗੰਜਨੀ' ਟੀਕਾ ਸ੍ਰੀ ਜਪੁ ਸਾਹਿਬ ਵਿਚ ਬੀ ਆਪ ਨੇ ਗੁਰ ਪਦ ਦੇ ਅਰਥ ਦਿੱਤੇ ਹਨ, ਉਨ੍ਹਾਂ ਦੀ ਵਿਚਾਰ ਬੀ ਏਥੇ ਸੁਖਦਾਈ ਹੋਵੇਗੀ ਕਿਉਂਕਿ ਉਹ ਕਵਿ ਜੀ ਦੇ ਚਿੱਤ ਦੇ ਆਸ਼ਯ ਨੂੰ ਸਮਝਾਉਣ ਵਿਚ ਸਹਾਯਕ ਹੋਣਗੇ।

੧. ਇੱਥੇ, ਅਰਥਾਤ ਅਧਜਾਯ ੧ ਵਿੱਚ, ਆਪ ਨੇ ਕਿਹਾ ਹੈ:-

...'ਵਾਹਿ' ਨਾਮੁ ਅਚਰਜ ਕੋ ਹੋਈ।
ਅਚਰਜ ਤੇ ਪਰਿ ਉਕਤਿ ਨ ਕੋਈ ॥੬੨॥
'ਗੋ' ਤਮ ਨਾਮ* ਅਗਜਾਨ ਅਨਿੰਤ।
'ਰੋ' ਪਰਕਾਸ਼ ਕਿਯੋ ਜਿਨ ਚਿੱਤ। ...... ੬੩॥

੨. ਸ੍ਰੀ ਗੁ: ਨਾ: ਪ੍ਰ: ਉ: ਦੇ ੪੩ ਅਧਜਾਯ ਵਿਚ ਕਵਿ ਜੀ ਨੇ ਕਿਹਾ ਹੈ:-

'ਵਾਹਿ' ਨਾਮ ਅਚਰਜ ਪਹਿਚਾਨੋ।
ਜਿਹ ਕੀ ਸੱਤਜਾ ਜਗ ਪ੍ਰਗਟਾਨੋ।
ਜਿਹ ਸੱਤਯਾ ਕਰਿ ਲਖਿਯਤਿ ਭਵ ਹੈ।
ਸੋ ਨਹਿਂ ਲਖੀ ਜਾਇ, ਅਨੁਭਵ ਹੈ ॥੬੨॥

ਦੋਹਰਾ: ਯਾਂ ਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।
ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ ॥੬੩॥

ਚੌਪਈ: ਅੰਧਕਾਰ ਵਡ ਦੇਹਿ ਅਨਿੰਤਾ।
ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ... ।

੩. ਸ੍ਰੀ ਗੁ: ਨਾ: ਉ: ਅਧਜਾਯ ੫੭ ਦੇ ਅੰਕ ੩੭ ਵਿਚ ਕਵਿ ਜੀ ਨੇ ਕਿਹਾ ਹੈ:-

'ਗੋ' ਤਮ ਨਾਮ ਅਗਜਾਨ ਮਹਾਨ ਕੌ ਪਾਇ ਬੰਧਾਨ ਸਦੀਵ ਝੁਰੂ।
ਦੇਹਿ ਅਨੇਕ ਧਰੇ ਜਨਮੇ ਮ੍ਰਿਤੁ ਸੰਕਟ ਹੋਤਿ ਬਿਸਾਲ ਸੁਰੂ।
ਸੋ ਤਤਕਾਲ ਬਿਲੀਨ ਕਰੈ ਹੁਇ ਜਾਤਿ ਪ੍ਰਕਾਸ਼ ਕਹੈਂ ਇਸ 'ਰੂ।'
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ ॥੩੭॥

੪. ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੧. ਅੰਸੂ ੨੦ ਦੇ ਅੰਕ ੨੭ ਤੋਂ 'ਵਾਹ' ਦੀ ਵਜਾਖਜਾ ਕਰਦੇ ਅੰਕ ੩੩ ਵਿਚ ਕਹਿੰਦੇ ਹਨ:-

---

*ਪਾਠਾਂਤ੍ਰ-'ਤਨ' ਹੈ।

ਅਚਰਜ ਰੂਪ ਜੁ ਐਸੋ ਅਹੈ। ਤਿਸ ਕੋ ਨਾਮ 'ਵਾਹਿ' ਕਰਿ ਕਹੈਂ।
'ਗੋ' ਤਮ ਜੜ ਅਗਜਾਨ ਅਨਿੰਤ। ਕਰਿ ਪ੍ਰਕਾਸ਼ ਚੇਤਨ 'ਰੂ' ਨਿੰਤ ॥੩੩॥

੫. ਗੁ: ਪ੍ਰ: ਸੂਰਜ ਰਾਸ ੭, ਅੰਸੂ ੩ ਵਿਚ ਲਿਖਿਆ ਹੈ:-

... 'ਵਾਹਿ' ਅਰਥ ਬਿਸਮਯ ਪਦ ਗਾਵਾ। ਨੇਤਿ ਨੇਤਿ ਜਿਹ ਬੇਦ ਬਤਾਵਾ ॥੨੮॥
... ਮਨ ਬੁਧਿ ਚਿੱਤ ਗਿਰਾ ਲਹਿ ਨਾਂਹੀ। ਅਨੁਭਵ ਲਖਿ, ਬੋਧਕ ਵਸ ਮਾਂਹੀ ॥੩੧॥
... 'ਗੋ' ਇਤਿ ਅੰਧਕਾਰ ਸ਼ਿਵ ਭਾਖਾ। 'ਰੋ' ਚੈਤੰਨਯ ਵੇਦ ਮਤਿ ਸਾਖਾ ॥੩੩॥

੬. ਗਰਬ ਗੰਜਨੀ ਟੀਕਾ ਸ੍ਰੀ ਜਪੁਜੀ ਸਾਹਿਬ ਪੰਨਾ ੬੫ ਪਰ ਕਵਿ ਜੀ ਨੇ ਕਿਹਾ ਹੈ:-

'ਗੁਰ' ਨਾਮ ਬ੍ਰਹਮ ਕੋ।
-ਗੋ-ਅਰਥ ਅੰਧੇਰੇ ਕੋ, ਲੱਛਨਾ ਸੋਂ ਜੜ੍ਹ ਕੋ।
-ਰੁ-ਨਾਮ ਪ੍ਰਕਾਸ਼ ਕੋ, ਲੱਛਨਾ ਸੋਂ ਚੇਤਨ ਕੋ।

ਜੋ ਜੜ੍ਹ ਅੰਤਹਕਰਨ ਤੇ ਆਦਿ ਤਿਨ ਕੋ ਚੇਤਨ ਕਰੇ, ਸੋ 'ਗੁਰ।'

ਇਨ੍ਹਾਂ ਛੇਆਂ ਪ੍ਰਮਾਣਾਂ ਨੂੰ, ਜੋ ਕਵਿ ਜੀ ਦੇ ਅਪਣੇ ਰਚਿਤ ਹਨ, ਵਿਚਾਰ ਕੀਤਿਆਂ ਜੋ ਭਾਵ ਅਸੀਂ ਉਪਰ ਦੇ ਆਏ ਹਾਂ ਕਵਿ ਜੀ ਦਾ ਆਸ਼ਯ ਉਸ ਵਿਚ ਖੁੱਲ੍ਹ ਗਿਆ ਹੈ। ਏਹ ਪ੍ਰਮਾਣ ਸਾਨੂੰ ਉਨ੍ਹਾਂ ਦੇ ਮਨਸ਼ਾ ਤਕ ਲੈ ਜਾਂਦੇ ਹਨ। 'ਵਾਹਿ' ਨਾਮ ਆਪ ਅਚਰਜ ਦਾ ਦੱਸਦੇ ਹਨ, ਪਰ ਇਸ ਅਸਚਰਜ ਨੂੰ ਉਹ ਨਿਰਾ 'ਅਚਰਜ ਦਾ ਭਾਵ ਮਾਤ੍ਰ' ਯਾ 'ਅਚਰਜ ਦਾ ਉਚਾਰਨ ਮਾਤ੍ਰ' ਕਹਿਕੇ ਬੱਸ ਨਹੀਂ ਕਰਦੇ; ਓਹ ਇਸ ਨੂੰ ਉਹ 'ਮੂਲ ਹਸਤੀ', 'ਅਸਲੀ ਵਜੂਦ' ਦੱਸਦੇ ਹਨ, ਜਿਸ ਤੋਂ, ਸਾਰਾ ਜਗਤ ਪ੍ਰਗਟਦਾ ਹੈ। ਵਾਹ ਨਾਮ ਉਸ ਮੂਲ ਦਾ ਹੈ ਜੋ ਇਕ ਰਸ ਰਹਿੰਦਾ ਹੈ, ਤੋਂ ਇਸ ਤੋਂ ਪ੍ਰਗਟਦਾ ਹੈ ਜਗਤ*, ਜਿਸ ਨੂੰ ਵੇਦ 'ਨੇਤਿ ਨੇਤਿ' ਕਹਿੰਦਾ ਹੈ, ਮਨ ਬਾਣੀ ਦੀ ਜਿੱਥੇ ਗੰਮਤਾ ਨਹੀਂ, ਜੋ ਕੇਵਲ ਅਨੁਭਵ ਨਾਲ ਲਖਿਆ ਜਾ ਸਕਦਾ ਹੈ।

ਹੁਣ 'ਗੁਰੂ' ਪਦ ਦਾ ਅਰਥ ਬੀ ਓਹੋ ਕਰਦੇ ਹਨ। ਕਹਿੰਦੇ ਹਨ- 'ਗੁਰੂ ਨਾਮ ਬ੍ਰਹਮ ਕੋ। ਇਹ ਕਹਿਕੇ ਵਿਤਪਤੀ ਇਹ ਕਰਦੇ ਹਨ: 'ਗੋ' ਨਾਮ ਹੈ ਹਨੇਰੇ ਦਾ ਤੇ ਲੱਛਣਾ ਬ੍ਰਿਤੀ ਨਾਲ ਇਸਦਾ ਅਰਥ ਬਣੇਗਾ- 'ਜੜ੍ਹ' (ਅਜਿੰਦ)।

ਤੇ 'ਰੋ' ਨਾਮ ਹੈ ਪ੍ਰਕਾਸ਼ ਦਾ, ਲੱਛਣਾ ਬ੍ਰਿਤੀ ਦੁਆਰਾ ਇਸਦਾ ਅਰਥ ਬਣੇਗਾ 'ਚੇਤਨ' (ਜਿੰਦ)। ਹੁਣ 'ਗੁਰੂ' ਦਾ ਅਰਥ ਹੋਯਾ:- ਜੋ ਅੰਤਹ ਕਰਨ ਤੋਂ ਲੈਕੇ ਸਰੀਰ ਤਕ ਸਾਰੀ ਜੜ੍ਹਤਾ ਨੂੰ ਚੇਤੰਨ ਕਰ ਦੇਵੇ ਸੋ 'ਗੁਰੂ।' ਮੁਰਾਦ ਹੈ- 'ਪ੍ਰਕਾਸ਼ ਸਰੂਪ ਤੇ ਪ੍ਰਕਾਸ਼ਕ।' ਇਹ ਅਰਥ ਬੀ ਨਿਰਗੁਣ ਦਾ ਵਾਚਕ ਰਿਹਾ।

ਗਹੁ ਕਰਕੇ ਸਮਝ ਲੈਣ ਵਾਲੀ ਇਕ ਹੋਰ ਗਲ ਬੀ ਹੈ ਕਿ ਕਵਿ ਜੀ ਨੇ ਜਦ 'ਗੁਰੂ' ਪਦ ਦਾ ਅਰਥ ਪਰਮੇਸ਼ਰ ਨਹੀਂ ਪਰ 'ਸਤਿਗੁਰੂ' ਕੀਤਾ ਹੈ ਤਾਂ ਇਹੋ ਹੀ ਵਿਤਪਤੀ ਦੇ ਕੇ ਭਾਵ ਹੋਰਵੇਂ ਕੱਢਿਆ ਹੈ, ਗਰਬਗੰਜਨੀ ਪੰਨਾ ੧੪ ਦੇ ਅੰਤ ਵਿਚ ਆਪ ਲਿਖਦੇ ਹਨ:- 'ਗੋ' ਨਾਮ ਅੰਧੇਰੇ ਕੋ ਤਿਸਤੇ ਅਗਜਾਨ ਕੋ ਅਰਥ, 'ਰੁ' ਨਾਮ ਪ੍ਰਕਾਸ਼ ਕੋ ਤਿਸਤੇ ਗਿਆਨ ਕੋ ਅਰਥ। ਅਗਜਾਨ ਕੋ ਨਸ਼ਟ ਕਰ ਜੋ ਗਜਾਨ ਦੇਇ ਸੋ 'ਗੁਰੂ।' ਮੁਰਾਦ ਹੈ ਸਤਿਗੁਰੂ ਤੋਂ ਜੋ ਆਪਣੇ ਉਪਦੇਸ਼ ਤੇ ਜੀਅਦਾਨ ਨਾਲ ਅਗਜਾਨ ਦੂਰ ਕਰਦੇ ਹਨ। ਪਰੰਤੂ ਉੱਪਰਲੇ ਛੇ ਪ੍ਰਮਾਣਾਂ

---

*ਇਹ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਹੀ ਕਵਿ ਜੀ ਨੇ ਅਨੁਭਵ ਕੀਤਾ ਜਾਪਦਾ ਹੈ, ਯਥਾ:-ਵਾਹੁ ਵਾਹੁ ਕਾ ਬਡਾ ਤਮਾਸਾ ॥ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ॥।ਸਵ: ਮ: ੪ ਕੇ

ਵਿਚ ਵਾਹਿਗੁਰੂ ਪਦ ਦੀ ਵਿਤਪਤੀ ਵਿਚ ਕਵੀ ਜੀ ਜੜ ਨੂੰ ਚੇਤਨਤਾ ਦੇਣ ਵਾਲਾ ਤੇ ਅਗਜਾਨ ਨੂੰ ਗਜਾਨ ਨਾਲ ਦੂਰ ਕਰਨ ਵਾਲਾ ਇਹ ਪਦ ਪਰਮੇਸੁਰ ਦਾ ਵਾਚਕ ਦੱਸ ਰਹੇ ਹਨ।
ਹੁਣ ਸਪਸ਼ਟ ਹੋ ਗਿਆ ਕਿ ਕਵਿ ਜੀ ਨੇ ਜਦ ਇਹ ਅੰਕ ੬੨, ੬੩ ਕਹੇ ਹਨ, ਉਨ੍ਹਾਂ ਦੀ ਮੁਰਾਦ-ਵਾਹਿ-ਤੋਂ ਇਹ ਹੈ-(ਅ) ਅਚਰਜ ਰੂਪ, ਅਚਰਜ ਕਰ ਦੇਣ ਵਾਲੀ, ਸਦਾ ਇਕ ਰਸ, ਅਬਦਲ, ਅਕਸ਼ਰ, ਅਵਿਨਾਸ਼, ਤ੍ਰੈਕਾਲ ਅਬਾਧ ਰੂਪ, ਸੁਤੇ ਪ੍ਰਕਾਸ਼ ਤੇ ਪ੍ਰਕਾਸ਼ਕ ਸਤਜਤਾ (ਹਸਤੀ)*। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀ ਉਸ ਅਕਾਲ ਦਾ ਇਹੋ ਰੂਪ ਦਿੱਤਾ ਹੈ। ਜਾਪਦਾ ਹੈ, ਕਿ ਉਹੋ ਭਾਵ ਕਵਿ ਜੀ ਦੇ ਹ੍ਰਿਦੇ ਵਿਚ ਠਾਠਾਂ ਮਾਰ ਰਿਹਾ ਸੀ। + ਜਦੋਂ ਕਿ ਆਪ ਨੇ ਇਹ ਛੰਦ ਰਚਿਆ ਹੈ। ਯਥਾ:-

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸ੍ਚਰਜ ਰੂਪੰ++ ਰਹੰਤ ਜਨਮੰ ॥
ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ॥

[ਸਲੋ: ਸਹਸ: ਮ: ੫, ਅੰਕ ੫੭

ਸੋ ਵਾਹਿਗੁਰੂ ਦੇ ਅਰਥ ਏਹ ਹੋਏ-ਅਸਚਰਜ ਸਰੂਪ (ਇਕ ਰਸ ਜਯੋਤਿ) ਪ੍ਰਕਾਸ਼ ਸਰੂਪ (ਤੇ ਪ੍ਰਕਾਸ਼ਕ)।

ਹੁਣ ਇਸ ਰੌਸ਼ਨੀ ਵਿਚ, ਜੋ ਸਾਨੂੰ ਕਵਿ ਜੀ ਦੇ ਅਪਣੇ ਉਪਰ ਕਥੇ ਉਚਾਰਨਾਂ ਤੋਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੀ ਹੈ, ਅੰਕ ੬੨ ਤੇ ੬੩ ਦਾ ਜੋ ਅਖਰਾਰਥ ਬਣਦਾ ਹੈ, ਲਿਖਣ ਦਾ ਯਤਨ ਕਰਦੇ ਹਾਂ:-

| | |
|---|---|
| 'ਵਾਹਿ' ਨਾਮੁ ਅਚਰਜ ਕੋ ਹੋਈ। | 'ਵਾਹਿ' ਨਾਮ ਹੈ ਅਚਰਜ ਦਾ |
| ਅਚਰਜ ਤੇ ਪਰਿ ਉਕਤਿ* ਨ ਕੋਈ। | ਅਚਰਜ ਤੇ ਪਰ ਕੋਈ ਬਾਣੀ ਨਹੀਂ ਹੈ। |
| 'ਗੋ' ਤਮ ਨਾਮ ਅਗਜਾਨ ਅਨਿੰਤ। | 'ਗੋ' ਨਾਮ ਹੈ ਅੰਧਕਾਰ ਦਾ, ਅਤੇ ਅਗਜਾਨ ਦਾ ਜੋ ਅਨਿੰਤ ਹੈ। |
| 'ਰੋ' ਪਰਕਾਸ਼ ਕਿਯੋ ਜਿਨ ਚਿੱਤ। | 'ਰੁ' (ਦਾ ਅਰਥ ਹੈ ਪ੍ਰਕਾਸ਼) ਜਿਸਨੇ (ਜੜ ਦੇਹ ਨੂੰ) ਚੇਤਨਤਾ ਨਾਲ (ਤੇ ਮਨ ਨੂੰ ਗਜਾਨ ਨਾਲ) ਪ੍ਰਕਾਸ਼ ਕੀਤਾ ਹੈ। |

ਦੋਹਰਾ: ਪੁਨ ਸਰਗੁਨ ਕੇ ਨਾਮ ਤੇ, ਅਧਿਕ ਜਾਨ ਮਨ ਮਾਂਹਿ।
ਜਿਹ ਸਿਮਰਤਿ ਕਲਿਕਾਲ ਕੇ, ਕਲਮਲ ਅਖਿਲ ਨਸਾਹਿਂ ॥੬੪॥

ਸਰਗੁਨ=ਸਗੁਣ-ਸਿਫਤਾਂ ਵਾਲਾ। ਜਿਸ ਵਿਚ ਭਲੇ ਗੁਣ ਹੋਣ। ਕਿਸੇ ਵਜੂਦ ਯਾ ਸਰੂਪ ਦੇ ਗੁਣਾਂ ਵਾਲਾ ਰੂਪ। ਦੇਖੋ ਇਸੇ ਅਧਜਾਯ ਦੇ ਅੰਕ ੫੭ ਦਾ ਭਾਵ।
ਕਲਿਕਾਲ=ਕਲਜੁਗ ਦੇ ਸਮੇਂ ਦੇ। ਕਲਮਲ=ਪਾਪ।
ਅਖਿਲ=ਸਾਰੇ।

ਅਰਥ: ਫਿਰ ਸਰਗੁਣ ਦੇ ਨਾਂਵਾਂ ਤੋਂ ਬੀ (ਇਸ ਨਾਮ ਨੂੰ) ਮਨ ਵਿੱਚ ਵਧੀਕ (ਚੰਗਾ) ਜਾਣੋ, ਜਿਸਦੇ ਸਿਮਰਿਆਂ ਕਲਜੁਗ ਦੇ ਸਮੇਂ ਦੇ ਸਾਰੇ ਪਾਪ ਨੰਸ ਜਾਂਦੇ ਹਨ।

---

*ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧਅਧਜਾਯ ੫੭ ਅੰਕ ੩੬ ਤੋਂ ੪੪ ਤਕ ਵਾਹਿਗੁਰੂ ਅਸ਼੍ਰਕ।
+'ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ' ॥।ਸੂਹੀ ਮ: ੩
++ਪੁਨਾ:-ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥।ਸਿਰੀਰਾਗ ਮ: ੫

ਭਾਵ: ਸਾਰੇ ਸਰਗੁਣ ਨਾਵਾਂ ਤੋਂ ਬੀ ਵਾਹਿਗੁਰੂ ਨਾਮ ਸ੍ਰੇਸ਼ਟ ਹੈ। ਨਿਰਗੁਣ ਨਾਮ ਤਾਂ ਓਹ ਹਨ ਜੋ ਕੇਵਲ ਨਿਰਗੁਣ ਪਰਮਾਤਮਾ ਦੇ ਸਰੂਪ ਨੂੰ ਵਰਣਨ ਕਰਨ, ਸਰਗੁਣ ਨਾਮ ਓਹ ਹਨ ਜੋ ਉਸਦੀਆਂ ਕਰਨੀਆਂ, ਸਿਫਤਾਂ, ਬਿਰਦ ਆਦਿ ਗੁਣਾਂ ਤੋਂ ਉਸਨੂੰ ਵਰਣਨ ਕਰਨ। ਵਿਸ਼ੇਸ਼ ਵਿਚਾਰ ਅਗਲੇ ਛੰਦ ਦੇ ਭਾਵ ਵਿਚ ਆਵੇਗੀ।

ਚੌਪਈ: ਵੱਵਾ ਵਾਸੁਦੇਵ ਤੇ ਲੀਨੋ।
ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ।
ਰਾਰਾ ਰਾਮਚੰਦ ਮਨ ਮਾਨੋ* ॥੬੫॥

ਵਾਸੁਦੇਵ+=ਸਾਰੇ ਜਗਤ ਦਾ ਆਤਮਾ, ਪੂਰਨ ਬ੍ਰਹਮ।ਸ੍ਰੀ ਗੁਰੂ ਗ੍ਰੰਥ ਜੀ ਦੱਸਦੇ ਹਨ- ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ=ਵਸੁਦੇਵ ਉਹ ਹੈ ਜੋ ਸਭ ਵਿਚ ਪਰੀ ਪੂਰਨ ਹੈ ਤੇ ਕਿਤੇ ਊਣਾ ਨਹੀਂ]। (ਅ) ਵਿਸ਼ਨੂ ਦਾ ਬੀ ਨਾਮ ਹੈ।

(ੲ) ਵਸੁਦੇਵ ਦਾ ਪੁੱਤ੍ਰ: ਵਾਸਦੇਵ=ਕ੍ਰਿਸ਼ਨ।

ਹਰੀ ਬਿਸ਼ਨੁ=ਹਰਿ ਵਿਖ਼ਣੁ-ਹਰਿ=ਮਨਾਂ ਨੂੰ ਯਾ ਪਾਪਾਂ ਨੂੰ ਹਰਿ ਲੈਣ ਵਾਲਾ। 'ਹਰੀਰ ਹਰਤਿ ਪਾਪਾਨਿ'।ਸਿਮ੍ਰਤੀ ਵਿਖ਼ਣ=ਜੋ ਸਾਰੇ ਵਜਾਪਕ ਹੋਵੇ। (ਅ) ਤ੍ਰੈ ਮੁੱਖ ਦੇਵਤਿਆਂ ਵਿਚੋਂ ਇਕ ਜੋ ਪਾਲਣਾ ਕਰਦਾ ਹੈ। ਪਾਪਾਂ ਨੂੰ ਹਰਿ ਲੈਣ ਵਾਲਾ ਵਜਾਪਕ-ਪਰਮਾਤਮਾ

ਗੋਬਿੰਦ=ਜਿਸਦੀ ਅਰਾਧਨਾ ਤੋਂ ਵੈਕੁੰਠ ਪ੍ਰਾਪਤ ਹੋਵੇ, ਪਰਮੇਸ਼ਰ। [ਸੰ. ਗੋ=ਵੈਕੁੰਠ, ਵਿੰਦ=ਪ੍ਰਾਪਤ]

(ਅ) ਗੋਵਿੰਦ ਨਾਮ ਵਿਸ਼ਨੂ ਦੇਵਤਾ ਤੇ ਕ੍ਰਿਸ਼ਨ ਅਵਤਾਰ ਦਾ ਬੀ ਹੈ।

ਰਾਮ ਚੰਦੁ=ਰਾਮ ਚੰਦ੍ਰ-ਰਾਮ=ਕ੍ਰੀੜਾ ਕਰਨ ਵਾਲਾ, ਜੋ ਘਟ ਘਟ ਵਿਚ ਕ੍ਰੀੜਾ ਕਰ ਰਿਹਾ ਹੈ। (ਅ) ਉਹ ਸਤਿ ਚਿਤ ਆਨੰਦ ਜਿਸ ਵਿਚ ਯੋਗੀ ਕ੍ਰੀੜਾ ਕਰਦੇ ਹਨ।

ਚੰਦ੍ਰ=ਚਮਕਦਾਰ, ਸੁੰਦਰ।ਧਾਤੂ, ਚਦਿ=ਚਮਕਣਾ]

ਘਟ ਘਟ ਵਿਚ ਕ੍ਰੀੜਾ ਕਰਨ ਵਾਲਾ ਪ੍ਰਕਾਸ਼ ਸਰੂਪ-ਪ੍ਰਮਾਤਮਾ।

(ਅ) ਵਿਸ਼ਨੂ ਦਾ ਤ੍ਰੇਤੇ ਜੁਗ ਦਾ ਅਵਤਾਰ ਦਸ਼ਰਥ ਦਾ ਪੁੱਤ੍ਰ 'ਸ੍ਰੀ ਰਾਮ ਚੰਦ੍ਰ'।

ਅਰਥ: ਵਾਸਦੇਉ ਤੋਂ ਵੱਵਾ ਲੀਤਾ, ਹਰੀ ਵਿਸ਼ਨੁ ਤੋਂ ਹਾਹਾ ਪਛਾਣਿਆ*, ਗੋਵਿੰਦ ਤੋਂ ਗੱਗਾ ਲੀਤਾ ਜਾਣੋ, ਰਾਮਚੰਦ (ਤੋਂ) ਰਾਰਾ ਮਨ (ਵਿਚ) ਮੰਨੋ (ਕਿ ਲੀਤਾ)।

---

*ਸ੍ਰੀ ਗੁ: ਨਾ: ਪ੍ਰਕਾਸ਼ ਉਤ੍ਰਾਰਧ, ਅਧਜਾਯ ੪੩ ਅੰਕ ੫੯ ਵਿਚ ਫਿਰ ਇਹੋ ਖਜਾਲ ਐਉਂ ਦੁਹਰਾਇਆ ਹੈ:-
ਦੋਹਰਾ-ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।
ਗਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ। ੫੯।
ਇਸਦੇ ਨਾਲ ਪੜ੍ਹੋ ਵਾਹਿਗੁਰੂ ਸਤੋਤ੍ਰ। ਗੁਰ ਪ੍ਰਤਾਪ ਸੂਰਜ ਰਾਸ੭, ਅੰਸੂ ੩. ਦਾ ਅੰਤ।

+ਵਾਸੁ:-ਆਤਮਾ ਪੂਰਨ ਬ੍ਰਹਮ ਜੋ ਸਾਰੇ ਜਗਤ ਦਾ ਮਾਨੋਂ ਰੂਹ ਸਮਾਨ ਹੈ (ਵਸ=ਨਿਵਾਸੇ) ਧਾਤੂ ਹੈ।
ਗੀਤਾ ਵਿਚ ਬੀ ਲਿਖਿਆ ਹੈ:-'ਵਾਸਦੇਵ ਸਰਵਮਿਤੀ ਸ ਮਹਾਤਮਾ ਸਹ ਦੁਰਲਭ:'। ਅਰਥਾਤ ਸਾਰੇ ਹੀ ਜੋ ਦੇਵ ਵਸ ਰਿਹਾ ਹੈ ਉਸਦੇ ਜਾਣਨ ਵਾਲਾ ਮਹਾਤਮਾ ਹੈ, ਪਰ ਹੈ ਉਹ ਦੁਰਲੱਭ। ਇੱਥੇ ਬੀ ਵਾਸਦੇਵ ਦਾ ਅਰਥ ਵਜਾਪਕ ਵਾਹਿਗੁਰੂ ਆਇਆ।

*ਚੀਨਿਆ ਚੁਣ ਲਿਆ, ਬੀ ਅਰਥ ਹੈ।

ਭਾਵ: ਨਿਰਗੁਣ ਦੀ ਵਿਚਾਰ ਅੰਕ ੬੨, ੬੩ ਦੇ ਭਾਵ ਤੇ ਸੂਚਨਾਂ ਵਿਚ ਦੱਸ ਆਏ ਹਾਂ, ਨਿਰਗੁਣ ਨੂੰ ਅਕਸਰ 'ਨਹੀਂ' ਕਹਿਕੇ ਜਣਾਉਂਦੇ ਹਨ, ਜੈਸੇ ਉਹ ਨਿਰਵਿਕਾਰ ਹੈ, ਉਹ ਜਨਮ ਜੋਨਿ ਵਿਚ ਨਹੀਂ।

ਇਹ 'ਵਾਹ' ਪਦ ਦਸਦਾ ਹੈ ਕਿ ਇਹ ਉਸ 'ਮੂਲ' ਦਾ ਨਾਮ ਹੈ ਜਿਸਤੋਂ ਸਭ ਕੁਛ ਪ੍ਰਗਟਦਾ ਹੈ, ਜੋ ਸਾਰੇ ਜਗਤ ਨੂੰ ਦਿਖਾਲਦਾ ਹੈ ਪਰ ਆਪ ਦਿਖਾਈ ਨਹੀਂ ਦਿੰਦਾ, ਓਹ ਆਪ ਦੇਖਦਾ ਹੈ ਪਰ ਉਸਨੂੰ ਕੋਈ ਨਹੀਂ ਦੇਖਦਾ। ਭਾਵ ਜੋ ਇਕਰਸ ਅਸਲੀ ਅਸਲਾ ਹੈ, ਤੇ ਜੋ ਅਸਚਰਜ ਰੂਪ ਹੈ ਆਪ। ਜੇ ਉਸਦੇ ਦਰਸ਼ਨ ਕਰ ਚੁਕੇ ਕਿਸੇ ਮਹਾਂਪੁਰਖ ਨੂੰ ਕਦੇ ਬੋਲਦਾ ਦੇਖੋ ਤਾਂ ਉਹ ਅਗੰਮ ਵਿਚ ਧਿਆਨ ਲਾਏ ਬੈਠਾ 'ਵਾਹਿ ਵਾਹਿ' ਦੇ ਭਾਵ ਵਿਚ ਹੈ। ਇਹ 'ਵਾਹਿ ਵਾਹਿ' ਨਿਰਗੁਣ ਨੂੰ ਜਣਾ ਰਿਹਾ ਹੈ, ਇਹ ਸੁਤੇ ਉਚਾਰ ਕਿਸੇ ਅਕਹਿ ਆਨੰਦ ਨੂੰ ਲਖਾ ਰਿਹਾ ਹੈ, ਜਿਸ ਦਾ ਪ੍ਰਭਾਵ ਉਸਦੇ ਅੰਤਹਕਰਣ ਤੇ ਉਸਨੂੰ ਕਿਸੇ ਰੰਗ ਵਿਚ ਸੁਆਦ ਮਗਨ ਕਰ ਰਿਹਾ ਹੈ। ਹੋਰਨਾਂ ਨਿਰਗੁਣ ਨਾਵਾਂ ਵਿਚ 'ਹੈ' ਤੇ 'ਨਹੀਂ' ਦੀ ਵਿਵੇਚਨਾ ਹੈ, ਵਾਹਿਗੁਰੂ ਨਾਮ ਵਿਚ ਰਸਮਗਨਤਾ, ਸੁਆਦ ਅਨੁਭਵ, ਆਨੰਦ ਪ੍ਰਤੀਤੀ ਦਾ ਉਮਾਹ ਪ੍ਰਗਟ ਹੋ ਰਿਹਾ ਹੈ, ਸੋ ਇਸਦਾ ਸਿਮਰਨ ਕਰਨ ਵਾਲਾ ਜਗਯਾਸੂ ਬੀ ਕਿਸੇ ਸੁਆਦ, ਰਸ, ਉਮਾਹ, ਆਨੰਦ ਦੇ ਖਿਆਲ ਵਿਚ ਉਠੇਗਾ, ਉਸਦੇ ਸਾਧਨ ਵਿਚ ਹੀ ਰਸ ਦੀ ਚਾਹਨਾ, ਰਸ ਵਲ ਹੰਬਲਾ, ਰਸ ਦਾ ਆਦਰਸ਼ ਹੋਵੇਗਾ; ਐਉਂ ਬੀ ਇਹ ਨਾਮ ਹੋਰ ਨਿਰਗੁਣ ਨਾਮਾਂ ਤੋਂ ਵੱਡਾ ਕਵਿ ਜੀ ਨੇ ਦੱਸਿਆ ਹੈ।

ਹੁਣ ਸਰਗੁਣ ਨਾਮ ਤੋਂ ਉਨ੍ਹਾਂ ਦਾ ਭਾਵ ਉਨ੍ਹਾਂ ਨਾਵਾਂ ਤੋਂ ਹੈ ਜੋ ਉਸਦੇ ਗੁਣਾਂ ਯਾ ਖਾਸ ਕੰਮਾਂ ਯਾ ਬਿਰਦਾਂ ਤੋਂ ਬਣੇ ਹਨ। ਉਨ੍ਹਾਂ ਵਿਚੋਂ ਸ੍ਰੇਸ਼ਟ ਵਾਹਿਗੁਰੂ ਨਾਮ ਇਉਂ ਹੈ ਕਿ ਇਹ ਸਭ ਤੋਂ ਉੱਚੇ ਵਸਫਾਂ ਤੋਂ ਬਣਿਆਂ ਆਪ ਸੰਭਾਵਨਾ ਕਰਦੇ ਹਨ। ਜੈਸੇ, 'ਵਾਸੁਦੇਵ।' -ਜੇ ਇਸ ਸੰਸਾਰ ਨੂੰ ਇਕ ਸਰੀਰ ਸਮਝੀਏ ਤੇ ਪਰਮਾਤਮਾ ਦੀ ਇਸ ਵਿਚ ਥਾਂ ਲੋੜੀਏ ਤਦ ਓਹ ਇਸ ਵਿਚ ਐਉਂ ਹੈ ਜੀਕੂੰ ਸਾਡੇ ਸਰੀਰ ਵਿਚ ਆਤਮਾ ਹੈ; ਸਾਰੇ ਦ੍ਰਿਸ਼ਟਮਾਨ ਪਸਾਰੇ ਦੀ ਰੂਹ, ਅਰਥਾਤ ਜੀਵਨ, ਉਹ ਆਤਮਾ ਹੈ; ਇਹ ਹੈ ਭਾਵ-ਵਾਸੁਦੇਵ-ਪਦ ਦਾ। ਅਰਾਧਨਾ ਕਰਨ ਵਾਲੇ ਲਈ ਉਸਦਾ ਉਸਦੇ ਅੰਦਰ ਤੇ ਬਾਹਰ ਸਾਰੇ ਵ੍ਯਾਪਕ ਹੋਣਾ ਉਹ ਗੁਣ ਹੈ ਜੋ ਅਰਾਧਨਾ ਲਈ ਉੱਦਮ ਤੇ ਧੀਰਜ ਦੇਂਦਾ ਹੈ ਕਿ ਚਾਹੋ ਦਿੱਸਦਾ ਨਹੀਂ ਪਰ ਹੈ ਮੇਰੇ ਅੰਦਰ ਵੱਸਦਾ। ਇਸ 'ਵਾਸੁਦੇਵ' ਪਦ ਤੋਂ ਆਪ ਦੱਸਦੇ ਹਨ 'ਵਵਾ' ਲੀਤਾ। ਇਸੇ ਤਰ੍ਹਾਂ 'ਹਰੀ' ਪਦ-ਹਰਿ ਲੈਣ ਵਾਲੇ-ਦਾ ਵਾਚਕ ਹੈ। ਜੀਵ ਦੇ ਪਾਪਾਂ ਨੂੰ ਪਰਮਾਤਮਾਂ ਦੂਰ ਕਰਦਾ ਹੈ, ਅਰ ਕ੍ਰਿਪਾਲੂ ਹੋਕੇ ਅਪਣੀ ਸੁੰਦਰਤਾ ਦਾ ਝਲਕਾ ਪਾ ਕੇ ਇਸਦੇ ਮਨ ਨੂੰ 'ਹਰਿ' (ਮੋਹਿਤ ਕਰ) ਲੈਂਦਾ ਹੈ, ਇਹ ਉਸਦਾ ਕ੍ਰਿਪਾਲੂ ਬਿਰਦ ਹੈ, ਹਰੀ ਨਾਮ ਇਸ ਬਿਰਦ ਤੋਂ ਪਿਆ ਹੈ। ਜੈਸਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ: ''ਹਰਿ ਹਰਿ ਕਰਤਾ ਦੂਖ ਬਿਨਾਸਨੁ। ਆਸਾ ਮ: ੪ ਹਰੀ ਦੇ ਨਾਲ ਕਵਿ ਜੀ ਨੇ ਵਿਸ਼ਨੂ ਪਦ ਬੀ ਦਿੱਤਾ ਹੈ, ਇਹ ਇਸ ਲਈ ਹੈ ਕਿ ਮਨ ਨੂੰ ਤਾਂ ਸੁੰਦਰਤਾ ਵਾਲਾ ਕੋਈ ਪਦਾਰਥ ਹਰਿ ਸਕਦਾ ਹੈ ਅਰ ਪਾਪਾਂ ਦੀ ਮੈਲ ਸਾਧੂ ਸੰਤਾਂ ਦਾ ਸਤਿਸੰਗ ਬੀ ਦੂਰ ਕਰ ਸਕਦਾ ਹੈ, ਪਰ ਵ੍ਯਾਪਕ ਹੋਣਾ ਸ਼ਰਤ ਇਸ ਵਾਸਤੇ ਲਾਈ ਕਿ ਓਹ ਪਰਮੇਸ਼ੁਰ ਦਾ ਲਖਾਯਕ ਰਹੇ, ਹੋਰ ਪਰ ਨਾ ਘਟ ਸਕੇ। ਇਸ ਤਰ੍ਹਾਂ 'ਗੋਬਿੰਦ' ਪਦ ਲੀਤਾ ਹੈ। ਗੋਬਿੰਦ ਦੇ ਕਈ ਅਰਥ ਹਨ, ਜਿਸਦੀ ਮਿਹਰ ਨਾਲ

ਬੈਕੁੰਠ ਪ੍ਰਾਪਤ ਹੋਵੇ ਸੋ 'ਗੋਬਿੰਦ।'।ਗੋ=ਵੈਕੁੰਠ+ਵਿਦ ਬਿੰਦ=ਪ੍ਰਾਪਤ] ਮੁਰਾਦ ਹੈ, ਮੁਕਤੀ ਦਾਤਾ। (ਅ)। ਗੋ ਪ੍ਰਿਥਵੀ, ਜਗਤ+ਵਿਦ ਜੋ ਜਾਣੇ, ਜਿਸਨੂੰ ਸਾਰੇ ਜਗਤ ਦਾ ਗਜਾਨ ਹੋਵੇ*] ਸੋ ਇਸ ਤੋਂ ਗੱਗੇ ਅਖਰ ਦੇ ਲਏ ਜਾਣ ਦੀ ਸੰਭਾਵਨਾ ਦੱਸਦੇ ਹਨ। ਇਹ ਬਿਰਦ ਜਗਜਾਸੂਆਂ ਨੂੰ ਤਾਰਨੇ ਲਈ ਹੈ। ਇਸੇ ਤਰ੍ਹਾਂ ਰਾਰੇ ਅੱਖਰ ਦਾ ਲਿਆ ਜਾਣਾ ਰਾਮਚੰਦ੍ਰ ਤੋਂ ਦੱਸਦੇ ਹਨ। 'ਰਾਮ' ਪਦ- 'ਰਮ'=ਕ੍ਰੀੜਾਯਾਂ) ਧਾਤੂ ਤੋਂ ਬਣਦਾ ਹੈ। ਓਹ ਪਰਮਾਤਮਾ ਜੋ ਜਗਤ ਤੋਂ ਵੱਖਰਾ ਨਹੀਂ ਇਸ ਵਿਚ ਰੂਹ ਵਾਂਙੂ ਹੈ; ਸਮਸ਼ਟੀ ਦੀ ਰੂਹ (ਆਤਮਾ) ਮਾਤ੍ਰ ਹੀ ਨਹੀਂ, ਸਗੋਂ ਇਹ ਘਟ ਘਟ ਵਿਚ ਕ੍ਰੀੜਾ ਕਰ ਰਿਹਾ ਹੈ। ਅਥਵਾ ਉਹ ਸੱਚਿਦਾ ਨੰਦ ਸਰੂਪ ਕਿ ਜਿਸ ਵਿਚ ਯੋਗੀ ਜਨ ਕ੍ਰੀੜਾ ਕਰਦੇ ਹਨ। ਫਿਰ ਉਹ ਸੁੰਦਰਤਾ ਦਾ ਘਰ ਹੈ, ਭਾਵ-ਸਾਡੇ ਮਨਾਂ ਵਿਚ ਸਾਡੇ ਅੰਦਰ ਵਜਾਪਕ ਹੈ, ਕਿਸੇ ਨਿਰਜਿੰਦ ਯਾ ਸਮਾਧੀ ਦਸ਼ਾ ਵਿਚ ਨਹੀਂ ਪਰ ਕ੍ਰੀੜਾ ਕਰ ਰਿਹਾ ਹੈ, ਅਰ ਅਪਣੀ ਸੁੰਦਰਤਾ ਨਾਲ ਸਾਡੇ ਵਿਚ ਵਿਸਮਾਦ ਉਤਪਤ ਕਰਦਾ ਹੈ। ਇਹ ਉਸਦਾ ਹੋਰ ਉਪਕਾਰੀ ਗੁਣ ਦੱਸਿਆ। ਗੋਯਾ ਇਨ੍ਹਾਂ ਸਾਰਿਆਂ ਗੁਣਾਂ ਯਾ ਵਸਫਾਂ, ਬਿਰਦਾਂ ਤੇ ਸ਼ਕਤੀਆਂ ਦੇ ਭਾਵ ਵਾਲਾ ਇਹ ਨਾਮ ਹੈ, ਸੋ ਇਹ ਉਸਦੇ ਸਰਗੁਣ ਨਾਂਵਾਂ ਤੋਂ ਸ੍ਰੇਸ਼ਟ ਹੈ, ਕਿਉਂਕਿ ਇਸ ਵਿਚ ਉਸਦੇ ਸ਼ੁਭ ਗੁਣਾਂ ਦੇ ਡਾਢੇ ਉੱਚੇ ਪਹਿਲੂ ਆਏ ਹਨ। ਸਾਰੇ ਗੁਣਾਂ ਵਾਲੇ ਯਾ ਸਿਫਾਤੀ ਨਾਵਾਂ ਤੋਂ ਉੱਚਾ ਨਾਮ ਇਹ ਹੈ।

ਸਰਗੁਣ ਨਾਮ ਦਾ ਇਕ ਹੋਰ ਪਹਿਲੂ ਵੀ ਲਿਆ ਜਾ ਸਕਦਾ ਹੈ। ਉਹ ਹੈ ਪਰਮੇਸ਼ਰ ਦੇ ਅਵਤਾਰੀ ਹੋਏ ਅਵਤਾਰਾਂ ਦੇ ਨਾਮਾਂ ਤੋਂ ਪਹਿਲਾ ਪਹਿਲਾ ਅੱਖਰ ਲੈਣਾ। ਇਸ ਵਿਚ-ਵਾਸੁਦੇਵ-ਨਾਮ ਕ੍ਰਿਸ਼ਨ ਦਾ ਹੋ ਸਕਦਾ ਹੈ, ਹਰੀ ਵਿਸ਼ਨ ਤੋਂ ਮੁਰਾਦ ਹਰੇ ਕ੍ਰਿਸ਼ਨ ਦੀ ਲਈ ਜਾ ਸਕਦੀ ਹੈ, ਕਿਉਂਕਿ ਵਿਸ਼ਨੁ ਦਾ ਅਵਤਾਰ ਕ੍ਰਿਸ਼ਨ ਹੈ, ਅਤੇ ਜਾਪ ਹਰੀ ਵਿਸ਼ਨੁ ਨਹੀਂ, ਪਰ 'ਹਰੇ ਕ੍ਰਿਸ਼ਨ' ਪਦ ਜਪਿਆ ਜਾਂਦਾ ਹੈ। ਗੋਵਿੰਦ ਨਾਮ ਬੀ ਵਿਸ਼ਨੁ ਯਾ ਕ੍ਰਿਸ਼ਨ ਦਾ ਹੈ ਅਤੇ ਰਾਮਚੰਦ੍ਰ ਨਾਮ ਤ੍ਰੇਤੇ ਜੁਗ ਦੇ ਅਵਤਾਰ ਦਸਰਥ ਦੇ ਬੇਟੇ ਦਾ ਹੈ। ਸੋ ਏਹ ਸਾਰੇ ਪਦ ਕ੍ਰਿਸ਼ਨ ਤੇ ਰਾਮ ਦੇ ਵਾਚਕ ਹੋਏ, ਜੋ ਹਿੰਦੂ ਮਤ ਵਿਚ ਪਰਮਾਤਮਾ ਦੇ ਸਰਗੁਣ ਰੂਪ ਮੰਨੇ ਜਾਂਦੇ ਹਨ, ਇਸ ਕਰਕੇ ਇਹ ਕਹਿਣਾ ਕਿ ਸਰਗੁਣਾਂ ਦੇ ਨਾਮਾਂ ਵਿਚੋਂ ਵਾਹਿਗੁਰੂ ਨਾਮ ਸ੍ਰੇਸ਼ਟ ਹੈ ਕਿ ਉਸ ਵਿਚ ਸਾਰੇ ਆ ਗਏ, ਠੀਕ ਨਹੀਂ। ਕਿਉਂਕਿ ਏਸ ਵਿਚ ਵਿਸ਼ੇਸ਼ਤਾ ਨਹੀਂ ਦੱਸੀ ਗਈ। ਇਸ ਤਰ੍ਹਾਂ ਤਾਂ ਪਦ ਵਾਹਿਗੁਰੂ ਲਖਾਯਕ ਰਿਹਾ ਉਨ੍ਹਾਂ ਅਵਤਾਰਾਂ ਦਾ ਜਿਨ੍ਹਾਂ ਦੇ ਸੂਚਕ ਵਾਸੁਦੇਵ, ਹਰੀ ਵਿਸ਼ਨ, ਗੋਵਿੰਦ ਤੇ ਰਾਮਚੰਦ੍ਰ ਸਨ। ਸੋ ਵਿਸ਼ੇਸ਼ਤਾ ਕੀਹ ਹੋਈ? ਵਿਸ਼ੇਸ਼ਤਾ ਤਾਂ ਹੈ ਕਿ ਜੇ ਇਹ ਪਦ ਸਰਗੁਣ ਅਵਸਥਾ ਦੇ ਡਾਢੇ ਉਚੇ ਪਹਿਲੂ ਦਾ ਯਾ ਸਰਗੁਣਤਾ ਦੇ ਬੀ ਡਾਢੇ ਸੂਖਮ ਰੁਖ ਦਾ ਲਖਾਯਕ ਹੋਵੇ, ਸੋ ਅਸੀਂ ਉੱਤਰ ਦਰਸਾ ਆਏ ਹਾਂ।

ਬਾਕੀ ਰਹੀ ਇਨ੍ਹਾਂ ਚਹੁੰ ਅਵਤਾਰਾਂ ਪਰ ਵਿਚਾਰ। ਵਾਸੁਦੇਵ, ਹਰੀ, ਗੋਬਿੰਦ ਤ੍ਰੈਏ ਕ੍ਰਿਸ਼ਨ ਦੇ ਵਾਚਕ ਹਨ, (ਜੋ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ); ਏਹ ਪਦ ਅਡ ਅਡ ਅਵਤਾਰਾਂ ਦੇ ਵਾਚਕ ਨਹੀਂ ਹਨ। ਜੇ ਚਹੁੰ ਜੁਗਾਂ ਦੇ ਚਾਰ ਅਵਤਾਰਾਂ ਦੇ ਨਾਮ ਹੁੰਦੇ ਤਾਂ ਵੀ ਕੁਛ ਅਰਥ ਬਣ ਜਾਂਦਾ, ਕੇਵਲ ਤ੍ਰੇਤੇ ਤੇ ਦੁਆਪਰ ਦੇ ਅਵਤਾਰਾਂ ਦਾ ਨਾਮ ਆਯਾ ਹੈ। ਕਲਿਯੁਗ ਦੇ ਅਵਤਾਰ ਗੁਰ 'ਨਾਨਕ' ਦਾ ਨਨਾ ਨਹੀਂ ਆਯਾ ਤੇ ਸਤਿਯੁਗ ਦਾ

---

*ਹੋਰ ਬੀ ਕਈ ਅਰਥ ਹਨ-ਜੋ ਇੰਦ੍ਰੀਆਂ ਨੂੰ ਸੱਤਯਾ ਦੇਵੇ, ਜੋ ਸੱਤ ਵਿਦਯਾ ਕਰਕੇ ਪਾਇਆ ਜਾ ਸਕੇ।

ਅਵਤਾਰ-ਵਾਸਦੇਵ-ਨਹੀਂ ਸੀ, ਵਾਸੁਦੇਵ ਨਾਮ ਕ੍ਰਿਸ਼ਨ ਦਾ ਹੈ ਜੋ ਦੁਆਪਰ ਦਾ ਅਵਤਾਰ ਹੈ। ਜੇ ਵਾਸੁਦੇਵ ਦਾ ਅਰਥ ਵਿਸ਼ਨੂ ਲਈਏ ਤਾਂ ਵਿਸ਼ਣੂ ਨਾਮ ਦੇਹ ਰਹਿਤ ਦਾ ਹੈ, ਉਹ ਕਿਸੇ ਜੁਗ ਦਾ ਆਪ ਅਵਤਾਰ ਨਹੀਂ, ਹਾਂ ਸਾਰੇ ਅਵਤਾਰ ਉਸਦੇ ਮੰਨੇ ਹਨ। ਜੇ ਵਾਸੁਦੇਵ ਤੋਂ ਮੁਰਾਦ 'ਅਠ ਵਸੂ' ਦੀ ਹੈ ਤਦ 'ਅਠ ਵਸੂ' ਦੇਵਤਾ ਹਨ, ਓਹ ਅਵਤਾਰ ਅਰ ਪਰਮਾਤਮਾ ਦਾ ਇਨਹਾਂ ਅਰਥਾਂ ਵਿਚ ਸਰਗੁਣ ਸਰੂਪ ਨਹੀਂ ਹਨ। ਸੋ ਇਸ ਕ੍ਰਮ ਨੂੰ ਜੋ ਕਈ ਲੋਕੀਂ ਸਮਝੀ ਬੈਠੇ ਹਨ, ਕਵਿ ਜੀ ਨੇ ਆਪ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੭ ਅੰਸੂ ੩ ਅੰਕ ੩੭ ਤੇ ੩੮ ਵਿਚ ਤੋੜਕੇ ਦੱਸਿਆ ਹੈ। ਯਥਾ:-

| | |
|---|---|
| ਵਾਸੁਦੇਵ ਸਤਿਜੁਗ ਮਣਿ ਨਾਮ। | ਸਤਿਜੁਗ ਵਿਚ ਸ਼ਿਰੋਮਣੀ ਨਾਮ 'ਵਾਸਦੇਵ' ਸੀ |
| ਹਰਿ ਹਰਿ ਤ੍ਰੇਤਾ ਫਲਦ ਅਕਾਮ। | ਤ੍ਰੇਤਾ ਵਿਚ 'ਹਰਿ ਹਰਿ' ਨਾਮ ਨਿਸ਼ਕਾਮ ਫਲ ਦਾਤਾ ਸੀ। |
| ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ। | ਦ੍ਵਾਪਰ ਵਿਚ 'ਗੋਬਿੰਦ' (ਨਾਮ) ਤੇਜ ਤੇ ਫਤਹ (ਦੇਣ ਵਾਲਾ ਸੀ)। |
| ਕਲਿ ਕੇਵਲ ਰਾਕਾਰ ਅਖੰਡ। | ਕਲਿਜੁਗ ਵਿਚ ਕੇਵਲ ਰਾਕਾਰ (ਵਾਲਾ ਹੀ) ਅਵਿਛਿੰਨ (ਨਾਮ, ਭਾਵ ਰਾਮ) ਸੀ। |
| ਵੇਦ ਚਤੁਰ ਜੁਗ ਜਿਹ ਨਿਸਤਾਰੇ। | ਗਿਆਨ ਨੇ ਚਾਰ ਜੁਗ ਜਿਸ ਨਾਲ ਤਾਰੇ। |
| ਵਾਹਿਗੁਰੂ ਅਵਿਲੰਬ ਹਮਾਰੇ। | (ਚੋਹਾਂ ਦਾ ਸੰਪੁਟ) ਵਾਹਿਗੁਰੂ (ਹੁਣ) ਸਾਡਾ ਆਸ਼੍ਰਾ ਹੈ। |

ਕਵਿ ਜੀ ਇਸ ਵਿਚ ਦੱਸਦੇ ਹਨ ਕਿ ਸਤਿਜੁਗ ਵਿਚ ਨਾਮ 'ਵਾਸੁਦੇਵ' ਸੀ, ਇਹ ਨਹੀਂ ਦੱਸਦੇ ਕਿ ਸਤਿਜੁਗ ਦੇ ਅਵਤਾਰ ਦਾ ਇਹ ਨਾਮ ਸੀ। ਤ੍ਰੇਤੇ ਦਾ ਆਪ ਹਰਿ ਹਰਿ ਦੱਸਦੇ ਹਨ, ਤ੍ਰੇਤੇ ਦਾ ਅਵਤਾਰ 'ਰਾਮ' ਸੀ, ਪਰ ਜਾਪ ਆਪ 'ਹਰਿ ਹਰਿ' ਦੱਸਦੇ ਹਨ, ਹਰਿ ਨਾਮ ਕ੍ਰਿਸ਼ਨ ਦਾ ਹੈ। ਦ੍ਵਾਪਰ ਦਾ ਜਾਪ ਗੋਬਿੰਦ ਦੱਸਦੇ ਹਨ, ਪਰ ਕ੍ਰਿਸ਼ਨ ਤੋਂ ਇਹ ਪਦ ਲੀਤਾ ਗਿਆ ਨਹੀਂ ਦੱਸਦੇ। ਕਲਿਜੁਗ ਵਿਚ 'ਰਕਾਰ' ਦਸਦੇ ਹਨ, ਰਕਾਰ ਨਾਲ ਅਰੰਭ ਹੋਣ ਵਾਲੇ ਨਾਮ ਵਾਲਾ ਕੋਈ ਅਵਤਾਰ ਕਲਜੁਗ ਵਿਚ ਨਹੀਂ ਹੋਇਆ, ਜੇ ਰਕਾਰ ਤੋਂ ਮੁਰਾਦ ਰਾਮ ਜੀ ਤੋਂ ਹੈ, ਤਾਂ ਓਹ ਤ੍ਰੇਤੇ ਵਿਚ ਹੋਏ ਹਨ। ਰਾਮ ਤੋਂ ਭਾਵ ਸਭ ਵਿਚ ਕ੍ਰੀੜਾ ਕਰਨੇ ਵਾਲਾ ਪਰਮੇਸੁਰ ਹੈ। ਸੋ ਕਵਿ ਜੀ ਦਾ ਆਸ਼ਾ 'ਚਹੁੰ ਜੁਗਾਂ ਦੇ ਚਹੁੰ ਅਵਤਾਰਾਂ ਦੇ ਨਾਮ ਤੋਂ ਪਹਿਲੇ ਅੱਖਰ ਲੈਣ ਦਾ ਨਹੀਂ' ਸਾਫ ਹੋ ਗਿਆ। ਚਹੁੰ ਜੁਗਾਂ ਦੇ ਜਪੇ ਜਾਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਤੋਂ ਭਾਵ ਰਹਿ ਗਿਆ ਤੇ ਇਨ੍ਹਾਂ ਨਾਵਾਂ ਦੀ ਅਰਥ ਵਿਚਾਰ ਸਾਨੂੰ ਏਥੇ ਹੀ ਲੈ ਗਈ ਕਿ ਵਾਸਦੇਵ, ਹਰਿ ਹਰਿ, ਗੋਬਿੰਦ, ਰਾਮ ਪਰਮੇਸ਼ਰ ਦੇ ਸਿਫਾਤੀ ਨਾਮ ਹਨ।

ਅੱਗੇ ਚੱਲਕੇ (ਅੰਕ ੬੬ ਵਿਚ) ਕਵਿ ਜੀ ਕਹਿੰਦੇ ਹਨ ਕਿ 'ਉਰਧਾਰੇ ਜਿਸ ਹੋਤਿ ਬਿਬੇਕੂ' ਜਿਸ ਵਾਹਿਗੁਰੂ ਨਾਮ ਦੇ ਹਿਰਦੇ ਵਿਚ ਧਾਰਨ ਕਰਨੇ ਨਾਲ ਵਿਵੇਕ (ਗਯਾਨ) ਹੋ ਜਾਂਦਾ ਹੈ। ਜੇ ਕਦੇ 'ਵਾਹਿਗੁਰੂ' ਨਾਮ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦਾ ਹੈ ਤਾਂ ਇਸ ਦੇ ਉਰ ਧਾਰਣੇ ਨਾਲ ਉਨ੍ਹਾਂ ਅਵਤਾਰਾਂ ਦੇ ਸਰੂਪ ਦਾ ਸਾਖਯਾਤਕਾਰ ਇਸ ਦਾ ਫਲ ਹੋਣਾ ਚਾਹੀਦਾ ਹੈ; ਪਰ ਕਵਿ ਜੀ ਫਲ 'ਵਿਵੇਕ' ਦੱਸਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਵਾਹਿਗੁਰੂ ਪਦ ਅਕਾਲ ਪੁਰਖ ਦੇ ਸਰੂਪ ਦਾ ਲਖਾਯਕ ਹੈ-ਉਸ ਸਰੂਪ ਦਾ ਲਖਾਯਕ ਕਿ ਜੋ ਉਸਦੇ ਗੁਣਾਂ, ਵਸਫਾਂ, ਬਿਰਦ ਯਾ ਕਰਮਾਂ ਵਾਲਾ ਸਮਝਿਆ ਗਿਆ ਹੋਵੇ, ਜਿਸ ਦੇ ਨਾਮਾਂ ਨੂੰ ਦਸਮ ਗੁਰੂ ਜੀ

ਨੇ ਕਰਮ ਨਾਮ* ਕਰਕੇ ਕਿਹਾ ਹੈ, ਉਸ ਨਾਮ ਦਾ ਆਰਾਧਨ, ਵਿਵੇਚਨ ਤੇ ਹਿਰਦੇ ਵਿਚ ਧਾਰਨ, ਅਪਣੇ ਫਲ ਵਿਚ 'ਵਿਵੇਕ' ਦੀ ਉਪਤੀ ਕਰੇਗਾ, ਜਿਸਦੇ ਅਰਥਾਂ ਵਿਚ ਵਾਹਿਗੁਰੂ ਦੇ ਗੁਣਾਂ, ਵਸਫਾਂ, ਤਾਕਤਾਂ, ਕਰਨੀਆਂ, ਬਿਰਦਾਂ ਵਿਚੋਂ ਸਾਰੇ ਯਾ ਕੁਛ ਦਾ ਅਰਥ ਰਖਿਆ ਗਿਆ ਹੋਵੇ। ਤਾਂ ਤੇ ਨਿਰਗੁਣ ਨਾਮ ਤੋਂ ਮੁਰਾਦ ਉਸ ਨਾਮ ਦੀ ਹੈ ਜੋ 'ਸਰੂਪ ਦਾ ਲਖਾਯਕ' ਕਿਸੇ ਨਾਂ ਕਿਸੇ ਸ਼ਕਲ ਵਿਚ ਹੋਵੇ ਤੇ ਸਰਗੁਣ ਨਾਮ ਤੋਂ ਉਨ੍ਹਾਂ ਦੀ ਏਥੇ ਮੁਰਾਦ ਉਸ ਨਾਮ ਦੀ ਹੈ ਜੋ 'ਬਿਰਦ, ਗੁਣ, ਕਰਮ, ਆਦਿ ਵਸਫਾਂ (ਸਿਫਤਾਂ)' ਦੁਆਰਾ ਉਸ ਦਾ ਲਖਾਯਕ ਹੋਵੇ, ਜਿਸਦੇ ਵਿਚਾਰ ਕਰਨੇ ਤੇ ਉਸਦਾ ਗਜਾਨ ਪ੍ਰਾਪਤ ਹੋਵੇ।

ਵੇਦਾਂ ਸ਼ਾਸਤ੍ਰਾਂ ਵਿਚ ਕਥੇ ਅਵਤਾਰਾਂ ਦਾ ਲਖਾਯਕ ਵਾਹਿਗੁਰੂ ਪਦ ਨਹੀਂ ਹੈ, ਇਸ ਪਰ ਭਾਈ ਗੁਰਦਾਸ ਜੀ ਦਾ ਵਾਕ ਹੈ:-

ਵੇਦ ਕਤੇਬ ਅਗੋਚਰਾ ਵਾਹਿਗੁਰੂ+ ਗੁਰ ਸਬਦ ਸੁਣਾਇਆ। ਭਾ: ਗੁ: ਵਾ: ੧੨-੧੩

ਚਹੁੰ ਅਵਤਾਰਾਂ ਦੇ ਨਾਵਾਂ ਤੋਂ ਚਾਰ ਅੱਖਰ ਲੈ ਕੇ-ਵਾਹਿਗੁਰੂ ਪਦ ਦੀ ਰਚਨਾ ਲਈ ਮੁਕਾਬਲਾ ਕਰੋ, ਵਾਰਾਂ ਭਾਈ ਗੁਰਦਾਸ, ਵਾਰ ੧ ਪੌੜੀ ੪੯। ਇਸ ਵਿਸ਼ੇ ਤੇ ਵਧੇਰੇ ਵੀਚਾਰ ਪੜ੍ਹਨੀ ਹੋਵੇ ਤਾਂ ਟੀਕਾ ਵਾਰਾਂ ਭਾਈ ਗੁਰਦਾਸ ਕ੍ਰਿਤ ਸਚਖੰਡਵਾਸੀ ਗਜਾਨੀ ਹਜ਼ਾਰਾ ਸਿੰਘ ਜੀ ਦੇਖੋ।

ਚਤੁਰ ਬਰਨ ਕੋ ਏਕ ਬਨਾਯਾ।
ਫਲ ਦਾਇਕ ਇਹ ਅਧਿਕ ਸੁਹਾਯਾ।
ਚਤੁਰ ਨਾਮ ਸਿਮਰਨ ਕਿਯ ਏਕੂ।
ਉਰਧਾਰੇ ਜਿਸ ਹੋਤਿ ਬਿਬੇਕੂ ॥੬੬॥

ਚਤੁਰ=ਚਾਰ। ਚਤੁਰ ਪਦ ਦਾ ਅਰਥ ਪ੍ਰਬੀਨ ਸਿਆਣਾ ਬੀ ਹੈ, ਇਸਦਾ ਅਰਥ ਦ੍ਰਿਸ਼ਟੀ ਗੋਚਰ ਬੀ ਹੈ।

ਅਰਥ: ਚਹੁੰ ਅੱਖਰਾਂ ਨੂੰ ਇਕ (ਕਰਕੇ ਜੋ ਵਾਹਿਗੁਰੂ ਨਾਮ) ਬਨਾਯਾ ਹੈ, ਇਹ ਵਧੇਰੇ ਫਲਦਾਇਕ (ਹੋ ਕੇ) ਫਬਿਆ ਹੈ, (ਇਸ) ਇੱਕ ਨਾਮ ਦੇ ਸਿਮਰਣ ਕਰਨ (ਨਾਲ) ਚੌਹਾਂ (ਨਾਮਾਂ ਦਾ ਮਾਨੋ ਸਿਮਰਣ ਹੁੰਦਾ ਹੈ ਅਤੇ) ਜਿਸ ਨੂੰ ਮਨ ਵਿਚ ਧਾਰਣ (ਨਾਲ) ਵਿਵੇਕ (ਯਾ ਗਜਾਨ) ਹੁੰਦਾ ਹੈ।

---

*ਤੂ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥।ਜਾਪਜੀ ਪਾ: ੧੦

ਕਵਿ ਜੀ ਦਾ ਜੋ ਮਨੋਰਥ 'ਵਾਹਿਗੁਰੂ' ਪਦ ਤੋਂ ਹੈ, ਉਹ ਆਪ ਨੇ ਸਤਵੀਂ ਰਾਸ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਤੀਸਰੇ ਅੰਸੂ ਵਿੱਚ ਐਉਂ ਦਸਿਆ ਹੈ:-

ਵਿੱਦਯਾ ਮੂਲ ਜੋਗ ਅਵਸਾਨੀ। ਜਾਹਿਂ ਸਮਾਵਤਿ ਮੁਨਿਵਰ ਗਜਾਨੀ।
ਸ਼ੂੰਨਵਾਦ ਸ਼ੂੰਨਹਿ ਜਿਹ ਗਾਵਹਿ। ਬ੍ਰਹਮਵਾਦ ਜਿਹ ਬ੍ਰਹਮ ਬਤਾਵਹਿ। ੩੪।
ਕਾਲ ਮਤੀ ਜਿਹ ਕਾਲ ਪ੍ਰਮਾਨਾ। ਨਾਨਾ ਮਤਿ ਠਾਨਜੋ ਮਤਿ ਨਾਨਾ।
ਸਗੁਣ ਜਾਂਹਿ ਨਾਰਾਯਣ ਕਹਿ ਹੀਂ। ਕਰਮ ਬ੍ਰਿੰਦ ਕਰਿ ਜਾਂ ਪਦ ਲਹਿ ਹੀਂ। ੩੫।
ਲੱਖ ਰੂਪ ਵਾਚਾਰਥ ਜਾਸ ਕਹਿਂ। ਅਵਰ ਨ ਪਾਵਨ ਰਹਤਿ ਜਾਸ ਲਹਿ।
ਤੱਤ੍ਵਮਸੀ ਵੇਦਾਰਥ ਪ੍ਰਮਾਨਤਿ। ਵਾਹਿਗੁਰੂ ਸੋ ਸ਼੍ਰੀ ਗੁਰੁ ਠਾਨਤਿ। ੩੬।

+ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣ ਦੱਸਦਾ ਹੈ-'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।

[ਗੁ: ਵਾ: ਸਲੋਕ ਅ: ੩]

ਭਾਵ: ਚਹੁੰ ਅਖਰਾਂ 'ਵ' 'ਹ' 'ਗ' 'ਰ' ਤੋਂ ਵਾਹਿਗੁਰੂ ਨਾਮ ਬਨਾਯਾ ਹੈ, ਇਹ ਵਧੇਰੇ ਫਲਦਾਇਕ ਹੋ ਢੁਕਿਆ ਹੈ, ਐਉਂ ਕਿ ਚਾਰ ਨਾਮ, ਜਿਨ੍ਹਾਂ ਦਾ ਪਹਿਲਾ ਪਹਿਲਾ ਅੱਖਰ ਜੁੜਕੇ ਇਹ ਬਣਿਆ ਹੈ, ਉਨ੍ਹਾਂ ਚਹੁੰਆਂ ਨਾਵਾਂ ਦਾ ਸਿਮਰ੍ਣ ਇਸ ਇੱਕ ਨਾਮ ਵਿੱਚ ਹੈ, ਤੇ ਜਦ ਇਸ ਦਾ ਸਿਮਰ੍ਣ ਕੀਤਾ ਜਾਏਗਾ, ਅਰ ਹਿਰਦੇ ਵਿਚ ਟਿਕੇਗਾ, ਤਦ ਬੁੱਧੀ ਪਰਮੇਸ਼ਰ ਦੇ ਉਨ੍ਹਾਂ ਗੁਣਾਂ ਦਾ ਚਿੰਤਨ ਕਰੇਗੀ ਜੋ ਪਿੱਛੇ ਅਸੀਂ 'ਵਾਸੁਦੇਵ' 'ਹਰੀ ਵਿਸ਼ਨ' 'ਗੋਬਿੰਦ' ਤੇ 'ਰਾਮ' ਦੇ ਅਰਥਾਂ ਵਿਚ ਦੱਸ ਆਏ ਹਾਂ। ਇਸ ਗੁਣ ਚਿੰਤਨ ਦਾ ਫਲ ਚਿੱਤ ਦੀ ਏਕਾਗ੍ਰਤਾ ਤੇ ਗ੍ਯਾਨ ਹੋਵੇਗਾ, ਉਹ ਉੱਚ ਬੁੱਧੀ ਉਦਿਤ ਹੋਵੇਗੀ ਜੋ ਆਤਮ ਵਿਸ਼ੈਣੀ ਹੋ ਜਾਏਗੀ, ਜਦੋ ਸਰਬ ਅਨਾਤਮ ਤੋਂ ਆਤਮਾ ਨੂੰ ਪਰਖ ਲਏਗੀ।

ਸੋਰਠਾ: ਸ਼੍ਰੀ ਸਰਗੁਨ ਜੇ ਨਾਮ, ਤਿਨ ਤੇ ਇਉਂ ਜਾਨਜੋ ਅਧਿਕ।
ਔਰ ਅਰਥ ਮਤਿਧਾਮ, ਕਰਿਹੈਂ ਸੁਖਦ* ਅਨੰਤ ਗਤਿ ॥੬੭॥

ਸਰਗੁਨ ਨਾਮ=ਓਹ ਨਾਮ ਜੋ ਪਰਮੇਸ਼ੁਰ ਦੇ ਗੁਣਾਂ ਯਾ ਬਿਰਦ ਯਾਂ ਕਰਨੀਆਂ ਕਰਕੇ ਬਣੇ ਹਨ। ਸਿਫਾਤੀ ਨਾਮ। ਦੇਖੋ ਪਿੱਛੇ ਆ ਚੁਕੇ ਛੰਦ ੫੫, ੫੭, ੬੨, ੬੩। ਅਧਿਕ=ਵੱਧ। ਮਤਿ ਧਾਮ=ਮਤਿ=ਬੁਧੀ। ਧਾਮ=ਘਰ} ਬੁੱਧੀ ਦਾ ਘਰ, ਬੁੱਧੀਵਾਨ।

ਸੁਖਦ=ਸੁਖ ਦੇਣ ਵਾਲੇ, ਸੁਖਦਾਈ। ਅਨੰਤ=ਅਨੇਕ। ਗਤਿ=ਭਾਂਤ, ਤਰ੍ਹਾਂ।

ਅਰਥ: ਐਸ ਤਰ੍ਹਾਂ (ਮੈਂ) ਜੋ ਸ਼੍ਰੀ (ਪਰਮੇਸ਼ੁਰ ਦੇ) ਸਰਗੁਨ ਨਾਮ (ਹਨ) ਉਨ੍ਹਾਂ ਤੋਂ (ਵਾਹਿਗੁਰੂ ਨਾਮ ਨੂੰ) ਵੱਧ ਜਾਣਿਆਂ ਹੈ, (ਪਰ) ਬੁੱਧੀਮਾਨ (ਲੋਕ ਇਸਦੇ) ਹੋਰ ਕਈ ਤਰ੍ਹਾਂ ਦੇ ਸੁਖਦਾਈ ਅਰਥ (ਬੀ) ਕਰਦੇ ਹਨ।

ਭਾਵ: ਕਵਿ ਜੀ ਨੇ ਆਪਣੀ ਵੱਲੋਂ ਸੰਖੇਪ ਅਰਥ ਦੇਕੇ ਦੱਸ ਦਿੱਤੇ ਹਨ, ਹੋਰ ਅਰਥ ਬਹੁਤ ਬੁੱਧੀਮਾਨ ਓਸ ਸਮੇਂ ਬੀ ਕਰਦੇ ਹੋਣਗੇ। ਮਗਰੋਂ, ਨਰੋਤਮ ਪੰਡਤ ਤਾਰਾ ਸਿੰਘ ਜੀ ਨੇ ਕਈ ਅਰਥ ਸਿੱਧ ਕੀਤੇ ਹਨ। ਪੰਡਤ ਈਸ਼ਵਰ ਸਿੰਘ ਜੀ ਨੇ ੫੦੦ ਅਰਥਾਂ ਦੀ ਇਕ ਪੋਥੀ ਲਿਖੀ ਸੁਣੀ ਸੀ। ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਬੀ ਕੁਛ ਅਰਥ ਨਿਰਣੇ ਕੀਤੇ ਹਨ।

ਦੋਹਰਾ: ਬੀਜ ਮੰਤ੍ਰ ਬਰ ਨਾਮ ਹੈ, ਰਿੱਧਿਨਿ ਸਿੱਧਿਨਿ ਧਾਮ।
ਮੋਖ ਧਰਮ ਸੁਖ ਦੇਤਿ ਹੈ, ਸਿਮਰਹੁ ਆਠਹੁ ਜਾਮ ॥੬੮॥

ਬੀਜਮੰਤ੍ਰ=ਕਿਸੇ ਮੰਤ੍ਰ ਦਾ ਮੂਲ ਅਥਵਾ ਜ਼ਰੂਰੀ ਹਿੱਸਾ, ਜੋ ਕਦੇ ਕੋਈ ਪਦ ਹੁੰਦਾ ਹੈ, ਕਦੇ ਅੱਖਰ ਮਾਤ੍ਰ, ਜੋ ਅਕਸਰ ਗੁਹਜ ਭਾਵੀ (ਗੁੱਝੇ ਭਾਵ ਵਾਲਾ) ਹੁੰਦਾ ਹੈ। ਐਸਾ ਮੰਤ੍ਰ 'ਕਿਸੇ ਦੇਵਤਾ ਤੋਂ ਕਿਸੇ ਪ੍ਰਕਾਰ ਦੀ ਸਿੱਧੀ ਪ੍ਰਾਪਤੀ ਲਈ' ਜਪਿਆ ਜਾਂਦਾ ਹੈ। ਪਰਮੇਸ਼ੁਰ ਦੇ ਭਗਤ ਭਗਤੀ ਲਈ ਨਾਮ ਜਪਦੇ ਆਪਣੇ ਐਸੇ ਨਾਮ ਨੂੰ ਬੀਜਮੰਤ੍ਰ ਕਹਿੰਦੇ ਹਨ।

(ਅ) ਕੋਈ ਸੰਕੇਤ ਕੀਤਾ ਅੱਖਰ, ਪਦ ਯਾ ਸ਼ਬਦ ਜਿਸ ਵਿਚ ਕਈ ਅਰਥ ਆਪੇ ਰੱਖੇ ਜਾਣ-ਜੋ ਅਰਥ ਕਿ ਦੱਸੇ ਬਿਨਾਂ ਦੂਸਰੇ ਨੂੰ ਨਾ ਆ ਸੱਕਣ-ਅਰ ਜੋ ਜਪਣੇ ਲਈ ਹੋਵੇ।

(ਏ) ਕਿਸੇ ਮੰਤ੍ਰ ਯਾ ਜਪੇ ਜਾਣ ਵਾਲੇ ਵਾਕ੍ਯ ਦਾ ਆਦਿ ਤੇ ਮੂਲ ਅੱਖਰ ਯਾ ਪਦ ਜਿਸਤੋਂ ਕਿ ਮੰਤ੍ਰ ਆਰੰਭ ਹੋਵੇ।

(ਸ) ਗੁਰਮਤ ਵਿਚ '੧ਓ' ਨੂੰ ਬੀਜ ਮੰਤ੍ਰ ਆਖਦੇ ਹਨ,

*ਪਾਠਾਂਤ੍ਰ-ਕਰਿ ਹੈਂ ਸੁਖਦ-ਦੀ ਥਾਂ-ਕਰਤਿ ਬਿਚਾਰ-ਬੀ ਹੈ।

'ਵਾਹਿਗੁਰੂ' ਸ਼ਬਦ ਗੁਰਮੰਤ੍ਰ ਕਹੀਦਾ ਹੈ*। ਜਪੁਜੀ ਦਾ ਪਹਿਲਾ ਆਰੰਭਕ ਸਲੋਕ ਮੂਲਮੰਤ੍ਰ ਯਾ ਮਹਾਂਮੰਤ੍ਰ+ ਹੈ। ਕਵਿ ਜੀ ਨੇ ਇਥੇ 'ਵਾਹਿਗੁਰੂ' ਮੰਤ੍ਰ ਵਿਚ ਬੀਜ ਮੰਤ੍ਰ ਰੂਪਤਾ ਦਿਖਾਈ ਹੈ, ਚਹੁਵਾਂ ਅੱਖਰਾਂ ਦੇ ਅਰਥ ਦਿਖਾਕੇ।

ਅਰਥ: (ਇਹ) ਨਾਮ (ਵਾਹਿਗੁਰੂ, ਬੀਜਮੰਤ੍ਰਾਂ ਵਿਚੋਂ ਬੀ) ਸ੍ਰੇਸ਼ਟ ਬੀਜਮੰਤ੍ਰ ਹੈ (ਕਿਉਂਕਿ ਇਹ ਨਾਲੇ ਤਾਂ) ਰਿੱਧੀਆਂ ਸਿੱਧੀਆਂ ਦਾ ਦਾਤਾ ਹੈ (ਨਾਲੇ) ਮੁਕਤੀ (ਰੂਪੀ) ਪਰਮ ਸੁਖ ਦੇਂਦਾ ਹੈ (ਤਾਂ ਤੇ ਇਸਨੂੰ) ਅੱਠੇ ਪਹਿਰ ਸਿਮਰੋ।

ਭਾਵ: ਕਵਿ ਜੀ ਏਥੇ ਵਾਹਿਗੁਰੂ ਨਾਮ ਨੂੰ ਬੀਜਮੰਤ੍ਰਾਂ ਤੋਂ ਸ੍ਰੇਸ਼ਟ ਬੀਜਮੰਤ੍ਰ ਦੱਸਦੇ ਹਨ। ਪਿਛੇ ਆਪ ਚਾਰ ਅੱਖਰਾਂ ਦਾ ਅੱਡ ਅੱਡ ਅਰਥ ਸੰਕੇਤ ਕਰ ਆਏ ਹਨ, ਏਸ ਕਰਕੇ ਇਸਨੂੰ ਬੀਜਮੰਤ੍ਰ ਬੀ ਆਖਦੇ ਹਨ, ਤੇ ਹੋਰ ਬੀਜਮੰਤ੍ਰਾਂ ਤੋਂ ਸ੍ਰੇਸ਼ਟ ਦੱਸਦੇ ਹਨ। ਹੋਰ ਬੀਜਮੰਤ੍ਰਾਂ ਤੋਂ ਮੁਰਾਦ ਦੂਸਰੇ ਮਤ ਮਤਾਂਤ੍ਰਾਂ, ਸਿੱਧੀਆਂ ਸ਼ਾਸਤ੍ਰਾਂ ਦੇ ਬੀਜਮੰਤ੍ਰਾਂ ਤੋਂ ਹੈ। ਸ੍ਰੇਸ਼ਟਤਾਈ ਇਸ ਗਲ ਵਿਚ ਹੈ ਕਿ ਹੋਰ ਬੀਜਮੰਤ੍ਰ ਨਿਰੇ ਸਿੱਧੀ ਦਾਤਾ ਮੰਨੇ ਜਾਂਦੇ ਹਨ, ਏਹ ਨਾਲੇ ਮੋਖ ਦਾਤਾ ਹੈ ਨਾਲੇ ਸਿੱਧੀ ਦਾਤਾ ਕਵਿ ਜੀ ਨੇ ਦੱਸਿਆ ਹੈ। ਓਹ ਬੀਜਮੰਤ੍ਰ ਦੇਵਤਿਆਂ ਨਮਿੱਤ ਹੁੰਦੇ ਹਨ ਤੇ ਦੇਵਤੇ ਵਰ ਸ੍ਰਾਪ ਦੇ ਸਕਦੇ ਹਨ, ਮੁਕਤੀ ਨਹੀਂ ਦੇ ਸਕਦੇ। ਤੇ ਇਹ ਵਾਹਿਗੁਰੂ ਪਦ ਦੇ ਸਾਰੇ ਅਰਥ ਅਕਾਲ ਪੁਰਖ ਦੇ ਸਰੂਪ ਦੇ ਗੁਣਾਂ ਦੇ ਅਰਥਾਂ ਨੂੰ ਲਈ ਬੈਠੇ ਹਨ, ਇਸਦੇ ਆਰਾਧਨ ਨਾਲ ਚਿੱਤ ਪਰਮੇਸ਼ੁਰ ਵਿਚ ਲੀਨ ਹੁੰਦਾ ਹੈ, ਇਸੇ ਦੇ ਸਿਰੇ ਚੜ੍ਹਨ ਨਾਲ ਅਕਾਲ ਪੁਰਖ ਜੀ ਪ੍ਰਸੰਨ ਹੁੰਦੇ ਹਨ। ਅਕਾਲ ਪੁਰਖ ਪਾਸ ਸਿੱਧੀ ਤੇ ਮੋਖ ਦੋਵੇਂ ਵਸਤਾਂ ਹਨ, ਓਹ ਧਰਮ, ਅਰਥ, ਕਾਮ, ਮੋਖ ਦੋਵੇਂ ਵਸਤਾਂ ਹਨ, ਓਹ ਧਰਮ, ਅਰਥ, ਕਾਮ, ਮੋਖ ਸਭ ਪਦਾਰਥਾਂ ਦੇ ਮਾਲਕ ਹਨ, ਇਸ ਕਰਕੇ ਉਹਨਾਂ ਦੀ ਪ੍ਰਸੰਨਤਾ ਲੈਣੀ ਮਾਨੋਂ ਰਿਧੀਆਂ ਸਿੱਧੀਆਂ, ਸਾਰੇ ਸੁਖਾਂ ਦੀ ਤੇ ਨਾਲ ਹੀ ਮੁਕਤੀ ਦੀ ਪ੍ਰਾਪਤੀ ਲੈਣੀ ਹੈ। ਇਹ ਬੀਜਮੰਤ੍ਰ ਦੇਵਤਾ ਸਿੱਧੀ ਲਈ ਨਹੀਂ ਜੋ ਛੋਟੇ ਹਨ ਤੇ ਕੀਤੇ ਹੋਏ ਹਨ, ਪਰ ਇਹ ਬੀਜਮੰਤ੍ਰ ਕਰਤਾਰ ਦੀ ਪ੍ਰਾਪਤੀ ਕਰਾਉਂਦਾ ਹੈ, ਤੇ ਫੇਰ ਮੁਕਤੀ ਤੇ ਸਿੱਧੀ ਦਾ ਦਾਤਾ ਹੈ, ਇਸ ਲਈ ਸਭਨਾਂ ਤੋਂ ਸ੍ਰੇਸ਼ਟ ਹੈ।

ਇਸ ਦੋਹੇ ਵਿਚ ਕਵਿ ਜੀ ਦਾ ਇਹ ਭਾਵ ਸਾਫ ਪ੍ਰਤੀਤ ਦੇਂਦਾ ਹੈ ਕਿ-ਵਾਹਿਗੁਰੂ ਪਦ ਐਸਾ ਮੰਤ੍ਰ ਯਾ ਨਾਮ ਹੈ ਜਿਸ ਨੂੰ 'ਬੀਜ-ਮੰਤ੍ਰਾਤਮਿਕ' ਕਹਿਣਾ ਚਾਹੀਏ, ਕਿਉਂਕਿ ਕਵਿ ਜੀ ਅੰਕ ੬੫ ਵਿਚ ਦੱਸ ਆਏ ਹਨ ਕਿ ਇਸ ਦੇ ਚਾਰੋਂ ਅੱਖਰ ਚਾਰ ਸਿਫਤੀ ਨਾਮਾਂ-ਵਾਸਦੇਵ, ਹਰਿ ਵਿਖਣ, ਗੋਬਿੰਦ, ਰਾਮ, ਦੇ ਆਦਿ ਅੱਖਰਾਂ ਤੋਂ ਬਣੇ ਹਨ, ਤੇ ਅਰਥ ਸੰਕੇਤ ਹੋ ਚੁੱਕੇ ਹਨ ਇਸ ਕਰਕੇ ਇਹ ਸਾਰਾ ਹੀ ਬੀਜਮੰਤ੍ਰ ਰੂਪ ਹੈ। ਇਹ ਹੋਰਨਾਂ ਨਾਮਾਂ ਯਾ ਮੰਤ੍ਰਾਂ ਵਾਂਙੂ ਨਹੀਂ ਕਿ ਜਿਸਦਾ ਪਹਿਲਾ ਅੱਖਰ ਤਾਂ ਬੀਜਮੰਤ੍ਰ ਹੋਵੇ ਤੇ ਬਾਕੀ ਦੇ ਅੱਖਰ ਬੀਜਮੰਤ੍ਰ ਨਾ ਹੋਣ। ਗੁਰ ਪ੍ਰਤਾਪ ਸੂਰਜ ਦੀ ਰਾਸ ਸੱਤਵੀਂ ਦੇ ਅੰਸੂ ਤਿੰਨ ਅੰਕ ੪੧ ਵਿਚ ਕਵਿ ਜੀ ਇਹੋ ਭਾਵ ਅਪਣਾ ਆਪ ਸਪਸ਼ਟ ਕਰਦੇ ਹਨ। ਯਥਾ:-

ਚਤੁਰ ਵੀਜ ਚਹੁੰ ਜੁਗ ਕੇ ਕਾਢੇ। ਵੀਜ ਪ੍ਰਤਾਪ ਜੁਗਨ ਬਲ ਬਾਢੇ।
ਚਾਰ ਪਦਾਰਥ ਵੀਜ ਮਹੀ ਪੁਨ। ਪ੍ਰਣਵ ਆਦਿ ਪ੍ਰਗਟੈ ਹੈਂ ਧਰ ਧਨ ॥੪੧॥

---

*ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ।[ਵਾ: ਭਾ: ਗੁ: ੧੩-੨

+ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥[ਸਾਰ ਮ: ੫

ਪੁਨਾ:-ਸਤਿਨਾਮੁ ਕਰਤਾ ਪੁਰਖ ਮੂਲ ਮੰਤ੍ਰ ਸਿਮਰਣ ਪਰਵਾਣੈ।[ਭਾ: ਗੁ: ਵਾਰ-੬-੧੯

ਚਵ੍ਹਾਂ ਅੱਖਰਾਂ ਦੀ ਵਯਾਖਯਾ ਲਈ ਦੇਖੋ ਪਿੱਛੇ, ਅੰਕ ੬੫ ਸਾਰਾ।

ਚੌਪਈ: ਅੱਖਰ ਮਧੁਰ ਮਨੋਹਰ ਚਾਰ।
ਚਾਰ ਬੇਦ ਕੇ ਜਾਨਹੁਂ ਸਾਰ।
ਚਾਰ ਬਰਨ ਕੋ ਹਰਨ ਬਿਕਾਰ।
ਚਾਰ ਜੁ ਆਸ਼੍ਰਮ ਸੁਖਦ ਅਚਾਰ ॥੬੯॥

ਮਧੁਰ=ਮਿੱਠੇ, ਕੋਮਲ। ਙ. ਢ. ਭ. ਆਦਿ ਅੱਖਰ ਉਚਾਰਣ ਵਿਚ ਕਰੜੇ ਹਨ, ਪਰ ਵ. ਹ. ਗ. ਰ. ਚਾਰੇ ਉਚਾਰਣ ਵਿਚ ਕੋਮਲ ਹਨ। (ਅ) ਸਿਮਰਣ ਕਰਦਿਆਂ ਜੋ ਰਸ ਅਵਸਥਾ ਹੁੰਦੀ ਹੈ ਉਸ ਵਲ ਬੀ ਇਸ਼ਾਰਾ ਹੈ।

ਮਨੋਹਰ=ਮਨ ਨੂੰ ਹਰ ਲੈਣ ਵਾਲੇ। ਜਦੋਂ ਨਾਮ ਮਨ ਵਿਚ ਨਿਵਾਸ ਕਰਦਾ ਹੈ ਤਦ ਮਨ ਦਾ ਰੁਖ਼ ਸਾਈਂ ਵਲ ਹੋ ਜਾਂਦਾ ਹੈ, ਇਹ ਰੁਖ਼ ਲਿਵ ਬਣਦੀ ਜਾਂਦੀ ਹੈ, ਕਦੇ ਮਨ ਉਸ ਇਕਾਗ੍ਰਤਾ ਵਿਚ ਮਾਨੋਂ ਗੁੰਮ ਹੋ ਜਾਂਦਾ ਹੈ, ਉਸ ਵੱਲ ਇਸ਼ਾਰਾ ਹੈ 'ਮਨੋਹਰ' ਪਦ ਤੋਂ।

ਚਾਰ=ਚਾਰ। ਮੁਰਾਦ ਹੈ ਇਹ ਚਾਰ ਅੱਖਰ।

(ਅ) ਅਥਵਾ ਚਾਰੁ=ਸੁੰਦਰ, ਮਨ ਨੂੰ ਭਾ ਜਾਣ ਵਾਲੇ। ਨਿਤ ਸਿਮਰ੍ਣ ਕਰਨ ਵਾਲੇ ਦੇ ਮਨ ਨੂੰ ਨਾਮ ਐਸਾ ਭਾ ਜਾਂਦਾ ਹੈ ਕਿ ਉਸ ਤੋਂ ਫਿਰ ਵਿਛੁੱੜ ਨਹੀਂ ਸਕਦੇ।

ਚਾਰ ਬੇਦ=ਚਤੁਰ ਵੇਦ-ਪਰਮੇਸ਼ੁਰ, ਈਸ਼੍ਵਰ*।

(ਅ) ਚਾਰੋਂ ਵਿਦਯਾ ੧. ਵੇਦ-ਅਰਥਾਤ ਤਿੰਨੇ (ਹੁਣ ਚਾਰੇ) ਵੇਦ। ੨. ਆਨ੍ਵੀਕਿਸ਼ਕੀ, ਨ੍ਯਾਯ ਤੇ ਫਿਲਸਫਾ ਆਦਿ। ੩. ਡੰਡ ਨੀਤੀ=ਰਾਜਨੀਤੀ ਆਦਿ। ੪. ਵਾਰਤਾ=ਵਰਤਾਰੇ ਦੀਆਂ ਵਿਦ੍ਯਾਂ ਜਿਹਾ ਕੁ ਚਕਿਤਸਾ, ਵਪਾਰ, ਖੇਤੀ, ਸ਼ਿਲਪ ਆਦਿ।

(ੲ) ਚਾਰ ਬੇਦ-ਰਿਗ, ਯਜੁਰ, ਸ਼ਾਮ, ਅਥਰਬਣ। ਚੌਹਾਂ ਵਿਚ ਗੀਤ ਤੇ ਸਤਰਾਂ ਹਨ ਸਤੁਤੀ ਦੀਆਂ ਯਾ ਯੱਗ ਆਦਿ ਲਈ। ਮੁਰਾਦਾਂ ਅਕਸਰ ਦੋ ਹਨ, ੧. ਅਰਥ ਸਿੱਧੀ ਜੋ ਬਹੁਤੀ ਹੈ, ੨. ਕਿਤੇ ਕਿਤੇ ਮਹਿਮਾਂ ਤੇ ਪਾਪਾਂ ਤੋਂ ਛੁਟਕਾਰੇ ਦੀ ਮੰਗ, ਮੋਖ ਆਦਿ ਹਨ। ਪਰੰਤੂ ਉਸ ਸਮੇਂ ਦੇ ਵਿਦ੍ਵਾਨ 'ਵੇਦ' ਪਦ ਅਕਸਰ ਉਪਨਿਖਧਾਂ ਲਈ ਤੇ ਕਈ ਵੇਰ ਸਾਰੇ ਹੀ ਸ਼ਾਸਤ੍ਰਾਂ ਲਈ ਸਮੁੱਚਾ ਵਰਤ ਲੈਂਦੇ ਸਨ।

ਸਾਰ*=ਸਿੱਧ ਯੁਕਤੀ, ਜਿਸ ਨੂੰ ਕੋਈ ਖੰਡਨ ਨਾ ਕਰ ਸਕੇ।

(ਅ) ਸਭ ਤੋਂ ਉੱਤਮ ਤੇ ਚੋਣਵਾਂ ਹਿੱਸਾ, ਉੱਤਮ ਤੇ ਸ੍ਰੇਸ਼ਟ।

(ੲ) ਅੰਮ੍ਰਿਤ।

(ਸ) ਸਿੱਧਾਂਤ, ਸਿੱਟੇ ਦੀ ਗਲ।

ਚਾਰ ਵਰਨ=ਚਾਰ ਰੰਗ, ਭਾਵ ਚਾਰ ਮੁੱਖ ਜਾਤੀਆਂ:-

ਕਸ਼ਤ੍ਰੀ, ਬ੍ਰਹਮਣ, ਵੈਸ਼, ਸ਼ੁਦ੍ਰ।

---

*ਦੇਖੋ ਹਿੰਦੀ ਵ੍ਰਿਹਤ ਸ਼ਬਦ ਸਾਗਰ ਪੰਨਾ ੯੩੬ ਕਾਲਮ ੨, चतुर्वेद परमेश्वर।

*ਸਾਰ ਪਦ ਦੇ ਹੋਰ ਅਰਥ ਇਹ ਬੀ ਹਨ:-ਉੱਤਮ, ਵਧੀਆ, ਸਿੱਧ ਯੁਕਤੀ, ਰਸ, ਤਾਕਤ, ਸੱਤਯਾ, ਤੱਤ, ਕਿਸੇ ਵਸਤੂ ਦਾ ਸਤ, ਅੰਮ੍ਰਿਤ, ਸਿੱਧਾਂਤ, ਸਿੱਟੇ ਦੀ ਗਲ, ਮਿੱਝ, ਹਵਾ, ਬੀਮਾਰੀ, ਪਾਕ, ਕਰੜਾਈ, ਮਜ਼ਬੂਤੀ, ਦਹੀਂ, ਮਲਾਈ, ਮੱਖਣ, ਬਹਾਦਰੀ, ਦੌਲਤ, ਸ਼ਤ੍ਰੰਜ ਦਾ ਮੋਹਰਾ, ਕੀਮਤ, ਸੰਖੇਪ ਭਾਵ, ਸੱਜੀ, ਪਾਣੀ, ਯੋਗਤਾ, ਲੋਹਾ, ਜੰਗਲ, ਅਸਲੀ,ਦੂਰਬਾ ਘਾਸ, ਸਾਰਿਕਾ ਬ੍ਰਿਛ ਇਕ ਪੰਛੀ ਸਾਰਿਕਾ।

ਹਰਨ=ਦੂਰ ਕਰਨ ਵਾਲੇ। ਬਿਕਾਰ=ਮਾੜੇ ਕੰਮ, ਪਾਪ, ਐਬ।

ਚਾਰ ਆਸ਼੍ਰਮ=ਜ਼ਿੰਦਗੀ ਦੇ ਚਾਰ ਵਰਤਾਰੇ। ਬ੍ਰਹਮਚਰਯ, ਗ੍ਰਿਹਸਤ, ਬਾਣ ਪ੍ਰਸਤ, ਸੰਨਯਾਸ। ਸੁਖਦ=ਸੁਖਦਾਈ।

ਅਚਾਰ=ਆਚਰਣ-ਵਰਤਾਉ, ਕਿਸੇ ਧਾਰਨਾਂ ਨੂੰ ਧਾਰਨ ਕਰਨਾ। ਭਾਵ ਸਿਮਰਣ ਤੋਂ ਹੈ। (ਅ) ਆਚਾਰ:=ਕੰਮ, ਚਲਨ, ਤ੍ਰੀਕਾ, ਮਰਯਾਦਾ, ਕਿਸੇ ਆਸ਼੍ਰਮ ਯਾ ਧਰਮ ਦਾ ਸੰਕੇਤਕ ਤ੍ਰੀਕਾ। ਖਾਸ ਤਰ੍ਹਾਂ ਜ਼ਿੰਦਗੀ ਬਸਰ ਕਰਨ ਦਾ ਤ੍ਰੀਕਾ। ਫਰਜ਼। ਧਰਮ।

ਅਰਥ: (ਏਹ) ਚਾਰੋਂ ਅੱਖਰ ਮਿੱਠੇ (ਤੇ) ਮਨੋਹਰ ਹਨ, ਪਰਮੇਸ਼ੁਰ ਦੇ (ਲਖਾਉਣ ਲਈ) ਸਿੱਧ ਯੁਕਤੀ ਜਾਣ ਲਓ। ਚਹੁੰ ਹੀ ਵਰਨਾਂ ਦੇ ਪਾਪ ਹਰਨ ਨੂੰ (ਸਮਰੱਥ ਹਨ), ਚੌਂਹਾਂ ਹੀ ਆਸ਼੍ਰਮਾਂ (ਲਈ ਇਸ ਦਾ) ਆਚਰਣ (ਧਾਰਨ ਕਰਨਾ) ਸੁਖ ਦੇਣ ਵਾਲਾ ਹੈ।

ਭਾਵ: ਚਾਰ ਅਖਰ-ਵ. ਹ. ਗ. ਰ. ਦਾ ਉਚਾਰਣ ਕੋਮਲ ਹੈ, ਇਸ ਕਰਕੇ ਇਨ੍ਹਾਂ ਨੂੰ ਮਧੁਰ ਕਿਹਾ ਹੈ, ਮਿੱਠੀ ਸ਼ੈ ਮਨ ਨੂੰ ਸੁਤੇ ਪਿਆਰੀ ਲਗਦੀ ਹੈ ਇਸ ਕਰਕੇ ਮਨੋਹਰ ਕਿਹਾ ਹੈ। ਫਿਰ ਚਾਰ ਅੱਖਰਾਂ ਦੀ ਮਹਿਮਾ ਨਿਰੀ ਅੱਖਰਾਂ ਦੀ ਹੈਸੀਅਤ ਵਿਚ ਹੀ ਨਹੀਂ, ਸਗੋਂ ਉਨ੍ਹਾਂ ਤੋਂ ਬਣੇ ਨਾਮ-ਵਾਹਿਗੁਰੂ-ਦੇ ਸਿਮਰਣ ਦੀ ਤਾਸੀਰ ਨੂੰ ਬੀ ਕੀਰਤੀ ਦੇ ਰੂਪ ਵਿਚ ਵਰਣਨ ਕਰ ਰਹੇ ਹਨ। ਜੋ ਸਿਮਰ੍ਣ ਕਿ ਸ਼ੁਰੂ ਵਿਚ ਅਲੂਣੀ ਸਿਲ ਪਰ ਅੰਤ ਨੂੰ ਉਹ 'ਅਮਿਓ ਰਸ ਇਖੀ' ਤੋਂ ਬੀ ਮਿੱਠਾ ਤੇ ਮਨ ਨੂੰ ਪਿਆਰ ਵਿਚ ਗੁੰਨ੍ਹ ਦੇਣ ਵਾਲਾ ਹੈ। ਤਾਸੀਰ ਵਾਹਿਗੁਰੂ ਸਿਮਰ੍ਣ ਦੀ ਮਨ ਨੂੰ ਇਕਾਗਰ ਲਿਵ ਵਾਲਾ ਤੇ ਰਸੀਆ ਬਣਾ ਦੇਣ ਵਾਲੀ ਵਰਣਨ ਕੀਤੀ ਹੈ। ਹੁਣ ਵਿਚਾਰ ਪਖ ਦੀ ਤਾਸੀਰ ਦੱਸਦੇ ਹਨ:- ਕਿ ਵਾਹਿਗੁਰੂ ਦੇ ਲਖਾਉਣ ਲਈ ਇਹ ਅਖੰਡਨ ਯੁਕਤੀਆਂ ਹਨ। ਯੁਕਤੀਆਂ ਖੰਡਨ ਮੰਡਨ ਹੁੰਦੀਆਂ ਹਨ ਪਰ ਜਿਸ ਦੇ ਹਿਰਦੇ ਵਿਚ ਰਸ ਲਿਵ, ਇਕਾਗ੍ਰਤਾ ਆਕੇ ਅਕਾਲ ਪੁਰਖ ਦੀ ਅਨੁਭਵਤਾ ਯਾ ਸਾਖਯਾਤਕਾਰ ਹੋ ਜਾਂਦਾ ਹੈ, ਫੇਰ ਕਿਸੇ ਯੁਕਤੀ ਦੀ ਲੋੜ ਬਾਕੀ ਨਹੀਂ ਰਹਿੰਦੀ; ਇਹ ਪ੍ਰਤੱਖ ਅਨੁਭਵ ਵਿਚ ਆ ਜਾਣਾ ਉਹ ਯੁਕਤੀ ਹੈ ਜਿਸ ਦਾ ਖੰਡਨ ਨਹੀਂ ਹੈ।

ਇਸ ਤੁਕ ਦੇ ਹੋਰ ਅਰਥ ਬੀ ਹੋ ਸਕਦੇ ਹਨ। ਵੇਦ ਨਾਮ ਵਿਦਯਾ ਦਾ ਬੀ ਹੈ, ਵਿਦਯਾ ੪ ਹਨ, ਇਕ ਹੋਰ ਹਿਸਾਬ ਨਾਲ ਵਿਦਯਾ ੧੪ ਬੀ ਹਨ! ਚਾਰ* ਵਿਦਯਾ ਦਾ ਵੇਰਵਾ ਅਸੀਂ ਪਿੱਛੇ 'ਚਾਰ ਬੇਦ' ਦੇ ਪਦਾਰਥਾਂ ਵਿਚ ਦੱਸ ਆਏ ਹਾਂ। ਇਨ੍ਹਾਂ ਚਹੁੰਆਂ ਵਿਦਯਾ ਵਿਚੋਂ 'ਵਾਹਿਗੁਰੂ' ਪਦ ਉਤਮ ਤੇ ਸ੍ਰੇਸ਼ਟ ਬ੍ਰਹਮ-ਵਿਦਯਾ ਦਾ ਹੈ; ਕਿਉਂਕਿ ਇਹ ਅੱਖਰ ਆਤਮ ਤੱਤ ਵਸਤੂ ਦੇ ਲਖਾਯਕ ਹਨ, ਇਹ ਆਤਮ ਵਿਦੱਯਾ ਦਾ ਸਰੂਪ ਹਨ। ਜੋ ਅਰਥ ਚਹੁੰਆਂ ਅੱਖਰਾਂ ਦੇ ਕਵਿ ਜੀ ਨੇ ਕੀਤੇ ਹਨ ਉਨ੍ਹਾਂ ਦੀ ਵਿਚਾਰ ਆਤਮ ਵਿੱਦਯਾ ਦੀ ਦਾਤੀ ਹੈ। ਇਥੇ ਕਵਿ ਜੀ ਦਾ ਸਿੱਧਾਂਤ ਵਾਹਿਗੁਰੂ ਨੂੰ ਚਹੁੰ ਵਿਦਯਾ ਤੋਂ ਸ੍ਰੇਸ਼ਟ ਪੰਜਵੀਂ ਵਿੱਦਯਾ-ਆਤਮਾ ਨੂੰ ਪ੍ਰਾਪਤ ਹੋ ਜਾਣ ਦੀ ਅਮਲੀ ਵਿੱਦਯਾ-ਆਖਣ ਤੋਂ ਹੈ। ਜਿਸਦੇ ਅਭ੍ਯਾਸ ਨਾਲ ਆਤਮਾ ਨੂੰ ਜਾਣਨਾ ਮਾਤ੍ਰ ਨਹੀਂ ਪਰ ਪ੍ਰਾਪਤੀ ਹੱਥ ਆਉਂਦੀ ਹੈ।

ਜੇ ਇਸ ਤੁਕ ਦਾ ਇਹ ਅਰਥ ਕੀਤਾ ਜਾਵੇ ਕਿ 'ਚਾਰਾਂ ਵੇਦਾਂ ਦਾ ਸਿੱਧਾਂਤ ਇਹ ਚਾਰ ਅੱਖਰ ਹਨ' ਤਾਂ ਇਸ ਯੁਕਤੀ ਨਾਲ ਸਾਰਥਕ ਹੋ ਜਾਂਦਾ ਹੈ- 'ਸਗਲ ਮਤਾਂਤ ਕੇਵਲ ਹਰਿ

*ਮਨੂੰ ਜੀ ਨੇ ੭. ੪੩ ਵਿਚ ਚਾਰ ਵਿਦਯਾ ਗਿਣੀਆਂ ਹਨ।

ਨਾਮ।'।[ਗਉੜੀ ਸੁਖਮਨੀ ਮ: ੫] ਸਾਰੇ ਮਤਾਂ ਦਾ ਅੰਤਲਾ ਸਿਧਾਂਤ-ਪਰਮੇਸ਼ੁਰ ਦਾ ਨਾਮ ਹੈ। ਸੋ ਵੇਦ ਬੀ ਇਕ ਮਤ ਨੂੰ ਪ੍ਰਤਿਪਾਦਨ ਕਰਦੇ ਹਨ-ਸਗਲ-ਪਦ ਦੇ ਓਹ ਅੰਤ੍ਰ ਭੂਤ ਹਨ, ਇਸ ਕਰਕੇ ਉਨ੍ਹਾਂ ਦਾ ਸਿੱਧਾਂਤ ਬੀ ਨਾਮ ਹੀ ਹੈ। ਕਵਿ ਜੀ ਨੇ ਇਹ ਖਯਾਲ ਕਈ ਵੇਰ ਦੁਹਰਾਯਾ ਹੈ ਤੇ ਵੇਦ ਦਾ ਸਾਰ ਆਖਿਆ ਹੈ; ਉਥੇ ਇਹ ਆਸ਼ਾ ਜਾਪਦਾ ਹੈ ਕਿ ਜੋ ਕੁਛ ਵੇਦਾਂ ਵਿਚ-ਸਾਰ-ਗਲ ਹੈ, ਸੋ ਇਹੋ ਹੈ: ਕਵਿ ਜੀ ਆਪ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੭ ਅੰਸੂ ੪ ਵਿਖੇ ਗੁਰਬਾਣੀ ਨੂੰ ਸ਼ਾਸਤ੍ਰ ਵੇਦ ਤੋਂ ਚਾਰ ਗੁਣਾ ਵਧੇਰਾ ਫਲਦਾਯਕ ਦੱਸਦੇ ਹਨ। ਯਥਾ:-

ਦੋਹਰਾ: ਸ਼ਾਸਤ੍ਰ ਵੇਦ ਕੇ ਅਰਥ ਫਲ ਜਦਪਿ ਵਿਚਾਰੈ ਧਾਰਿ।
ਸ੍ਰੀ ਗੁਰ ਗ੍ਰੰਥ ਵਿਲੋਕ ਤੇ ਦੇਵੈਗੋ ਫਲ ਚਾਰ ॥੧੦॥

ਗੁਰਬਾਣੀ ਨੂੰ ਸਾਰ (ਤੱਤ) ਇਉਂ ਕਹਿੰਦੇ ਹਨ ਕਿ ਇਸ ਵਿਚ ਨਿਰਾ ਤੱਤ੍ਵ ਹੈ, ਬਹੁਤ ਅਸਾਰ ਵਿਚ ਲੁਕਾਕੇ ਥੋੜਾ ਸਾਰ ਰਖਿਆ ਹੋਇਆ ਨਹੀਂ, ਪਰ ਇਹ ਸਾਰਾ ਹੀ ਸਾਰ ਹੈ। ਅਪਣੇ ਸਾਰ ਵਿਚ ਗੁਰੂ ਸਿੱਧਾਂਤ ਕਿਸੇ ਸਤ ਸ਼ਾਸਤ੍ਰ ਦੇ ਸੱਚ ਦਾ ਵਿਰੋਧੀ ਨਹੀਂ ਹੈ।

ਪਰੰਤੂ ਚੌਹਾਂ ਵੇਦਾਂ ਵਿਚ ਵਾਹਿਗੁਰੂ ਨਾਮ ਹੈ, ਯਾ ਚੌਹਾਂ ਨੇ ਇਸ ਵਾਹਿਗੁਰੂ ਨਾਮ ਨੂੰ ਪ੍ਰਤਿਪਾਦਨ ਕੀਤਾ ਹੈ, ਚਾਰ ਅੱਖਰ ਇਕ ਇਕ ਵੇਦ ਦੇ ਸਿੱਧਾਂਤ ਨਾਲ ਤਅੱਲਕ ਰਖਦੇ ਹਨ ਇਹ ਗਲ ਗ਼ਲਤ ਹੈ, ਭਾਈ ਗੁਰਦਾਸ ਜੀ ਦੱਸਦੇ ਹਨ:-

'ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਯਾ।'

ਤੀਸਰੇ ਸਤਿਗੁਰੂ ਜੀ ਨੇ ਬੀ ਕਿਹਾ ਹੈ:- 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।' ਅਰਥਾਤ ਏਹ ਕਿਸੇ ਪੁਸਤਕ ਦੀ ਬਾਣੀ ਨਹੀਂ ਇਹ ਆਪਣੀ ਨਿਰੰਕਾਰ ਦੀ ਘੱਲੀ ਬਾਣੀ ਹੈ। ਫਿਰ, ਵਾਹਿਗੁਰੂ ਨਾਮ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਯਾਨ ਨੂੰ ਕਿਸੇ ਵੇਦ ਕਤੇਬ ਦਾ ਟੀਕਾ ਕਹਿਣਾ ਬੀ ਗੁਰੂ ਸਿੱਧਾਂਤ ਵਿਰੁੱਧ ਹੈ। ਗੁਰੂ ਸਾਹਿਬ ਆਪ ਦੱਸਦੇ ਹਨ ਕਿ ਉਨ੍ਹਾਂ ਨੂੰ ਸਿੱਧਾ ਵਾਹਿਗੁਰੂ ਤੋਂ ਗਯਾਨ ਪ੍ਰਾਪਤ ਹੁੰਦਾ ਹੈ:-

'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' ॥ [ਸੂ: ਮ: ੫]
'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ' ॥ [ਗਉ: ਵਾ: ਮ: ੪]
'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ' ॥ [ਤਿਲੰ: ਮ: ੧]
'ਜੋ ਨਿਜ ਪ੍ਰਭੁ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ' ॥ [ਬਚਿੱਤ੍ਰ ਨਾ: ਪਾ: ੧੦]

ਵੇਦਾਂ ਵਿਚ ਚੰਦ ਸੂਰਜ ਅਗਨੀ ਆਦਿ ਕੁਦਰਤੀ ਜਲਵਿਆਂ, ਅਤੇ ਬ੍ਰਹਮਾਂ ਵਿਸ਼ਨੂੰ ਆਦਿ ਦੇਵਤਿਆਂ, ਧਨ ਧਾਨ ਗਊਆਂ ਦੀ ਬ੍ਰਿਧੀ ਦੀਆਂ ਬੇਨਤੀਆਂ ਆਦਿ ਦੇ ਬਿਨਾਂ ਇਕ ਵਾਹਿਗੁਰੂ ਦਾ ਬੀ ਜ਼ਿਕਰ ਹੈ (ਖਾਸ ਕਰ ਉਪਨਿਖਧ ਵਿਚ)। ਸੋ ਇਹ ਵੇਦਾਂ ਵਿਚ ਸਾਰ ਵਸਤੂ ਹੈ, ਤੇ ਵਾਹਿਗੁਰੂ ਦਾ ਅਰਥ ਬੀ ਇਕ ਅਕਾਲਪੁਰਖ ਹੈ, ਐਉਂ ਦੋਵੇਂ ਸਾਰ ਮਿਲ ਜਾਂਦੇ ਹਨ।

ਏਹ ਚਾਰ ਅੱਖਰ, ਚਹੁੰ ਵਰਨਾਂ ਦਾ ਵਿਕਾਰ ਹਰਨ ਵਾਲੇ ਹਨ। ਭਾਵ ਏਹ ਕਿ ਇਹ ਮੰਤ੍ਰ ਚੌਹਾਂ ਵਰਣਾਂ ਦੇ ਸਿਮਰਣ ਦਾ ਹੈ। ਇਹ ਨਹੀਂ ਕਿ ਕਿਸੇ ਵਰਣ ਨੂੰ ਇਹ ਵਿਹਤ ਹੈ ਤੇ ਕਿਸੇ ਨੂੰ ਅਵਿਹਤ। ਕਿਸੇ ਵਰਣ ਦਾ ਆਦਮੀ ਹੋਵੇ, ਅਰ ਉਸ ਦੇ ਵਿਚ ਕੋਈ ਅਵਗੁਣ ਹੋਵੇ, ਕੋਈ ਵਿਕਾਰ ਹੋਵੇ ਵਾਹਿਗੁਰੂ ਨਾਮ ਦੇ ਸਿਮਰਣ ਦੇ ਨਾਲ ਉਸ ਦਾ ਓਹ ਵਿਕਾਰ ਔਗੁਣ ਦੂਰ ਹੋਵੇਗਾ ਤੇ ਉਹ ਪਰਮ ਪਦ ਤੇ ਅੱਪੜੇਗਾ।

ਚਾਰ ਆਸ਼੍ਰਮ। ਜੀਵਨ ਦੇ ਚਾਰ ਹਿੱਸੇ:- ੧. ਬ੍ਰਹਮਚਰਯ, ਅਰਥਾਤ ਵਿਦਯਾ ਪਾਉਣ ਦਾ ਸਮਾਂ। ੨. ਗ੍ਰਿਹਸਤ। ੩. ਬਾਣ ਪ੍ਰਸਤ, ਬਨਬਾਸੀ ਯਾ ਤਪਸਯਾ। ੪. ਸੰਨਯਾਸ, ਤਯਾਗ ਯਾ ਭਿੱਖੁ ਅਵਸਥਾ। ਏਹ ਚਾਰੇ ਆਸ਼੍ਰਮ ਜੇ ਨਾਮ ਨੂੰ ਧਾਰਨ ਕਰ ਲੈਣ ਤਾਂ ਇਹ ਚਉਹਾਂ ਨੂੰ ਸੁਖਦਾਈ ਹੈ, ਹਰ ਆਸ਼੍ਰਮ ਵਾਲੇ ਨੂੰ ਨਾਮ ਦੀ ਧਾਰਨਾਂ ਸੁਖਦਾਈ ਹੈ। ਜੇ ਆਚਾਰ ਦਾ ਦੂਸਰਾ ਅਰਥ ਧਰਮ ਲੀਤਾ ਜਾਏ ਤਾਂ ਵਿਚਾਰ ਐਉਂ ਹੈ:- ਸ਼ਾਸਤ੍ਰਾਂ ਨੇ ਇਨ੍ਹਾਂ ਚਹੁੰ ਆਸ਼੍ਰਮਾਂ ਦੇ ਅੱਡ ਅੱਡ ਆਚਾਰ ਯਾ ਧਰਮ ਥਾਪੇ ਹਨ। ਚੌਹਾਂ ਵਿਚ ਜੇ ਧਯਾਨ ਅਕਾਲ ਪੁਰਖ ਵੱਲ ਨਾ ਹੋਵੇ ਤਾਂ ਸਾਰੇ ਧਰਮ 'ਫ਼ਰਜ਼ਾਂ ਦੇ ਨਿਬਾਹ ਮਾਤ੍ਰ' ਦੇ 'ਸ਼੍ਰੱਮ ਅਰ ਥਕਾਨ ਦਾ ਘਰ' ਹਨ। ਅਕਾਲ ਪੁਰਖ ਵੱਲ ਧਯਾਨ ਸਿਮਰਣ ਨਾਲ ਰਹਿੰਦਾ ਹੈ ਤੇ ਸਿਮਰਣ ਲਈ ਵਾਹਿਗੁਰੂ ਮੰਤ੍ਰ ਦੀ ਵਿਸ਼ੇਸ਼ਤਾ ਕਵਿ ਜੀ ਪਿੱਛੇ ਕਹਿ ਆਏ ਹਨ ਸੋ ਚੌਹਾਂ ਆਸ਼੍ਰਮਾਂ ਵਿਚ ਵਾਹਿਗੁਰੂ ਦਾ ਸਿਮਰਣ ਕਰਨਾ ਚੌਹਾਂ ਲਈ ਹੀ ਸੁਖਾਂ ਦਾ ਦਾਤਾ ਹੈ।

ਚਾਰ ਮੁਕਤਿ ਕੇ ਇਹੁ ਦਰ ਚਾਰ।
ਕਿਧੌਂ ਵਿਸ਼ਨੁ ਕੀ ਹੈਂ ਭੁਜ ਚਾਰ।
ਚਾਰੁਪਦੇਸ਼ ਚੱਕ ਜੇ ਚਾਰ।
ਚਾਰ ਅਵਸਥਾ ਮਹਿਂ ਸੁਖਕਾਰ ॥੭੦॥

ਚਾਰ ਮੁਕਤਿ=ਚਾਰ ਮੁਕਤੀਆਂ, ਜੋ ਏਹ ਹਨ:-

ਸਾਲੋਕ=ਉਸ ਦੇ ਦੇਸ਼ ਦਾ ਨਿਵਾਸ।

ਸਾਰੂਪ=ਉਸਦੇ ਰੂਪ ਜੇਹਾ ਰੂਪ। ਸਾਮੀਪ=ਉਸ ਦੇ ਨੇੜੇ ਨਿਵਾਸ।

ਸਾਯੁਜ=ਉਸ ਨਾਲ ਮਿਲਾਪ (ਵਸਲ)।

ਦਰ=ਦਰਵਾਜਾ। ਭਾਵ ਅਪੜਾਉਣ ਦਾ ਵਸੀਲਾ।

ਕਿਧੌਂ=ਕਿਧਰੋਂ, ਭਾਵੇਂ, ਮਾਨੋ, ਯਾ।

ਭੁਜ ਚਾਰ=ਚਾਰ ਭੁਜਾਂ ਨੂੰ ਵਿਸ਼ਨੂੰ ਦੀਆਂ, ਇਨ੍ਹਾਂ ਵਿਚ ਚਾਰ ਚੀਜ਼ ਹਨ:-

ਸੰਖ=ਚਿੰਨ ਹੈ ਸੁਤਿਆਂ ਨੂੰ ਬੰਦਗੀ ਲਈ ਜਗਾਉਣ ਦਾ। ਯਾ ਸੁੱਤੀ ਸੁਰਤ ਨੂੰ ਜਾਗ੍ਰਤ ਦੇਣ ਦਾ। ਚੱਕ੍ਰ=ਵੈਰੀ ਨੂੰ ਦੂਰੋਂ ਮਾਰ ਦੇਣ ਦਾ ਸ਼ਸਤ੍ਰ। ਕਾਮ ਕ੍ਰੋਧ ਆਦਿ ਨੂੰ ਨੇੜੇ ਨਾ ਢੁੱਕਣ ਦੇਣ ਦੀ ਸ਼ਕਤੀ। ਗਦਾ=ਨੇੜੇ ਆ ਢੁਕੇ ਵੈਰੀ ਨੂੰ ਮਾਰਨ ਦਾ ਸ਼ਸਤ੍ਰ। ਅੰਦਰ ਵਸਦੇ ਬੁਰੇ ਸੰਸਕਾਰਾਂ ਦੀ ਰੁਚੀ ਨੂੰ ਮਾਰਨ ਵਾਲੀ ਸ਼ਕਤੀ। ਪਦਮ=ਬਿਰੈਮਾਨ ਹੋਕੇ ਸੁਖ, ਮੰਗਲ। ਸ਼ਾਂਤਿ, ਆਨੰਦ ਅਵਸਥਾ ਦਾ ਚਿੰਨ੍ਹ।

ਚਾਰੁਪਦੇਸ਼=ਚਾਰ ਉਪਦੇਸ਼। ਜੋ ਏਹ ਹਨ,-ਭਗਤਿ, ਯੋਗ, ਵਿਰਾਗ, ਗਿਆਨ। (ਅ) ਚਾਰੁ ਉਪਦੇਸ਼=ਸੁੰਦਰ ਉਪਦੇਸ਼।

ਚੱਕ ਜੇ ਚਾਰ=ਚਾਰ ਚੱਕ, ਪੂਰਬ, ਪੱਛਮ, ਉੱਤਰ, ਦੱਖਣ ਦੇ ਸਾਰੇ ਦੇਸ਼, ਭਵ ਸਾਰਾ ਜਗਤ।

ਚਾਰ ਅਵਸਥਾ=ਜਾਗ੍ਰਤ, ਸ੍ਵਪਨ, ਸਖੋਪਤ, ਤੁਰੀਆ।

(ਅ) ਚਾਰ ਉਮਰਾ-ਬਾਲਕ, ਕਿਸ਼ੋਰ, ਜੁਵਾ, ਬ੍ਰਿੱਧ।

ਅਰਥ: (ਮਾਨੋ) ਚਾਰ ਮੁਕਤੀਆਂ ਦੇ ਇਹ ਚਾਰ ਦਰਵਾਜੇ (ਅਪੜਾਉਨ ਦੇ ਵਸੀਲੇ) ਹਨ, ਯਾ (ਮਾਨੋ) ਵਿਸ਼ਨੂੰ ਦੀਆਂ ਚਾਰ ਭੁਜਾਂ ਹਨ, (ਯਾ) ਚਾਰ ਚੱਕਾਂ ਨੂੰ ਸੁੰਦਰ ਉਪਦੇਸ਼ ਹਨ, ਚਾਰੋਂ (ਹੀ) ਅਵਸਥਾ ਵਿੱਚ ਸੁਖਦਾਤੇ ਹਨ।

ਭਾਵ: ਚਾਰ ਅੱਖਰਾਂ ਵਾਲੇ ਵਾਹਿਗੁਰੂ ਪਦ ਦਾ ਸਿਮਰਣ ਮਾਨੋ ਚਾਰ ਮੁਕਤੀਆਂ ਦੀ ਪ੍ਰਾਪਤੀ ਦਾ ਵਸੀਲਾ ਹੈ, ਅਰਥਾਤ ਇਕ ਇੱਕ ਮੁਕਤੀ ਲਈ ਵੱਖਰੇ ਵੱਖਰੇ ਸਾਧਨਾਂ ਦੀ ਲੋੜ ਨਹੀਂ, ਇਸੇ ਇੱਕ ਨਾਮ ਦੇ ਪ੍ਰਤਾਪ ਨਾਲ ਪ੍ਰੇਮੀ ਪੁਰਖ ਚੌਹਾਂ ਦੇ ਵਿਚਦੀ ਲੰਘਦਾ ਪੂਰਨ ਪਦ ਤੇ ਪਹੁੰਚ ਜਾਵੇਗਾ। ਚੌਹਾਂ ਮੁਕਤੀਆਂ ਵਿਚੋਂ ਜਿਹੜੀ ਦੀ ਲੋੜ ਹੋਵੇ ਉਹ, ਯਾ ਚੌਹਾਂ ਦੇ ਰੰਗ ਦੇਖਦਿਆਂ ਅੰਤਲੀ ਤਕ ਅੱਪੜਨਾ, ਇਹ ਵਾਹਿਗੁਰੂ ਭਜਨ ਦੇ ਪ੍ਰਤਾਪ ਨਾਲ ਪ੍ਰਾਪਤ ਹੋ ਸਕਦਾ ਹੈ।

ਵਿਸ਼ਨੂੰ ਦੀਆਂ ਚਾਰ ਭੁਜਾਂ ਤੋਂ ਮਤਲਬ ਉਨ੍ਹਾਂ ਵਿਚ ਫੜੀਆਂ ਚਾਰ ਵਸਤਾਂ ਦਾ ਹੈ ਜੋ ਚਾਰ ਪ੍ਰਾਪਤੀਆਂ ਦੇ ਮਾਨੋਂ ਚਾਰ ਚਿੰਨ੍ਹ ਹਨ, ਵਾਹਿਗੁਰੂ ਨਾਮ ਦਾ ਜਪਣਾ 'ਸੰਖ'-ਦਾ ਅਸਰ ਰੱਖਦਾ ਹੈ, ਮਾਯਾ ਦੇ ਮਦ ਵਿਚ ਸੁੱਤੀ ਸੁਰਤੀ ਨੂੰ ਜਗਾ ਦੇਂਦਾ ਹੈ। 'ਗਦਾ'-ਆਪਣੇ ਕੀਤੇ ਬੁਰੇ ਕਰਮਾਂ ਦੇ ਫਲ, ਜੋ ਨਾਮ ਵਿਚ ਪੈਣੋ ਰੋਕਦੇ ਹਨ, ਜੋ ਸੂਖਮ ਸੰਸਕਾਰ ਯਾ ਮਨ ਦੀ ਅਰੁਚੀ, ਆਲਸ, ਵਿਖੇਪ ਬਣਕੇ ਮਾਯਾ ਵੱਲ ਝੁਕਾਉਂਦੇ ਹਨ, ਉਸ ਰੁਚੀ ਨੂੰ ਸਿਮਰ੍ਣ ਪ੍ਰਾਜੈ ਕਰਦਾ ਹੈ। 'ਚੱਕ੍ਰ' ਤੋਂ ਮੁਰਾਦ ਇਹ ਹੈ ਕਿ ਸੁੰਦਰ ਪਦਾਰਥ ਆਦਿ, ਅਤੇ ਮੋਹਿਤ ਕਰਨ ਵਾਲੇ ਵਿਸ਼ੇ ਕਾਮ, ਕ੍ਰੋਧ, ਲੋਭ, ਮੋਹ ਆਦਿ ਦੇ ਪ੍ਰਾਜੈ ਹੋ ਜਾਣ ਦੀ ਸ਼ਕਤੀ 'ਵਾਹਿਗੁਰੂ' ਸਿਮਰ੍ਣ ਵਿੱਚ ਹੈ। 'ਪਦਮ'-ਅੰਤ ਵਿਚ ਸਹਿਜ ਸੁਖ ਤੇ ਪਰਮਪਦ ਦੀ ਪ੍ਰਾਪਤੀ ਦੀ ਸੱਤਿਆ ਇਸ ਵਿੱਚ ਹੈ। ਪਦਮ ਦਾ ਅਰਥ ਹੈ ਕਮਲ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਮਲ ਦਾ ਖਿੜਨਾ ਪਰਮਪਦ ਦੇ ਭਾਵ ਵਿੱਚ ਆਇਆ ਹੈ। ਸੋ ਪਦਮ ਦਾ ਭਾਵ ਹੋਇਆ ਪਰਮ ਪਦ ਦੀ ਪ੍ਰਾਪਤੀ।

ਚਾਰ ਚੱਕ-ਸਾਰੀ ਦੁਨੀਆਂ (ਉੱਤਰ, ਪੂਰਬ, ਪੱਛਮ, ਦੱਖਣ ਸਾਰੀਆਂ ਦਿਸ਼ਾਂ ਵੱਲ ਫੈਲੇ ਇਲਾਕੇ) ਵਿੱਚ ਏਹ ਚਾਰ ਅੱਖਰ ਸੁੰਦਰ ਉਪਦੇਸ਼ ਹਨ; ਭਾਵ ਸਾਰੇ ਜਗਤ ਨੂੰ ਤਾਰਨ ਦੀ ਖੂਬਸੂਰਤੀ ਰੱਖਦੇ ਹਨ। ਜਾਂ ਭਗਤਿ, ਜੋਗ, ਵਿਰਾਗ, ਗਿਆਨੁ ਇਨ੍ਹਾਂ ਚਹੁਆਂ ਉਪਦੇਸ਼ਾਂ ਨੂੰ ਪ੍ਰਗਟ ਕਰਨ ਵਾਲੇ ਹੈਨ।

ਜਾਗ੍ਰਤ, ਸ੍ਵਪਨ, ਸਖੋਪਤ, ਤੁਰੀਆ ਚਹੁੰ ਹੀ ਅਵਸਥਾ ਵਿੱਚ ਵਾਹਿਗੁਰੂ ਨਾਮ ਸੁਖਦਾਈ ਹੈ। ਜਾਗ੍ਰਤ ਵਿਚ ਜਪਿਆ ਅੰਦਰ ਸਿੰਜਰ ਕੇ ਨੀਂਦ ਵਿਚ ਬੀ ਨਹੀਂ ਭੁੱਲਦਾ, ਗਾੜ੍ਹੀ ਨੀਂਦ ਵਿਚ ਬੀ ਨਹੀਂ ਭੁੱਲਦਾ, ਤੇ ਤੁਰੀਆ ਵਿਚ ਜਾਕੇ ਆਨੰਦ ਤੇ ਬਿਮਲ ਰੰਗ ਵਿਚ ਦਮਕਦਾ ਹੈ, ਅਵਸਥਾ ਤੋਂ ਪਾਰ ਹੋਕੇ ਨਾਮੀ ਵਿਚ ਪੁਚਾ ਦੇਂਦਾ ਹੈ। ਅਥਵਾ ਬਾਲਕ, ਕਿਸ਼ੋਰ, ਯੁਵਾ, ਬ੍ਰਿੱਧ ਆਦਿ ਸਭ ਅਵਸਥਾਂ (ਉਮਰਾਂ) ਵਿਚ ਜਾਪਕਾਂ ਨੂੰ ਸੁਖ ਦਾਤਾ ਹੈ।

ਦੋਹਰਾ: ਨ੍ਰਿਪ ਬਿਬੇਕ ਕੀ ਸੈਨ ਮਹਿਂ ਸੈਨਾਪਤਿ ਏ ਚਾਰ।
ਮੋਹ ਕਟਕ ਕੋ ਜੀਤਿ ਕੈ ਛਿਨ ਮਹਿਂ ਲੇਵਤਿ ਮਾਰ ॥੭੧॥

ਨ੍ਰਿਪ=ਰਾਜਾ ਬਿਬੇਕ=ਗਯਾਨ। ਸੈਨ=ਸੈਨਾ, ਫੌਜ।
ਸੈਨਾਪਤਿ=ਸੈਨਾ ਦੇ ਮਾਲਕ, ਸਿਪਹ ਸਾਲਾਰ। ਕਟਕ=ਫੌਜ।

ਅਰਥ: ਗਯਾਨ (ਰੂਪੀ) ਰਾਜੇ ਦੀ ਸੈਨਾ ਵਿਚ ਏਹ ਚਾਰ (ਅੱਖਰ ਮਾਨੋ ਚਾਰ) ਸੈਨਾਪਤਿ ਹਨ, (ਜੋ) ਮੋਹ (ਦੀ) ਫੌਜ ਨੂੰ ਜਿੱਤ ਕੇ ਛਿਨ ਵਿਚ ਮਾਰ ਲੈਂਦੇ ਹਨ।

ਭਾਵ: ਇੱਥੇ ਹੁਣ ਹੋਰ ਅਲੰਕਾਰ ਵਿੱਚ ਬੋਲਦੇ ਹਨ। ਮੋਹ ਤੇ ਗਯਾਨ ਦੀ ਲੜਾਈ ਦਾ ਖ਼ਯਾਲ ਬੰਨ੍ਹਦੇ ਹਨ, ਇਕ ਪਾਸੇ ਮੋਹ ਦੇ ਆਸੁਰੀ ਗੁਣਾਂ ਦੀ ਸੈਨਾਂ ਹੈ, ਦੂਸਰੇ ਪਾਸੇ ਵਿਵੇਕ ਦੇ ਦੈਵੀ ਗੁਣਾਂ ਦੀ ਸੈਨਾ ਹੈ। ਉਸ ਸੈਨਾ ਉਤੇ ਵਾਹਿਗੁਰੂ ਨਾਮ ਦੇ ਚਾਰ ਅੱਖਰ ਮਾਨੋ

ਚਾਰ ਸੈਨਾਪਤਿ ਹਨ, ਜੋ ਮੋਹ ਦੀ ਸੈਨਾ ਨੂੰ ਤੁਰਤ ਮਾਰ ਲੈਂਦੇ ਹਨ*। ਸ਼ੁਭ ਗੁਣ ਮਾੜੇ ਗੁਣਾਂ ਨੂੰ ਜਿੱਤ ਲੈਂਦੇ ਹਨ, ਪਰ ਸਾਰੇ ਸ਼ੁਭ ਗੁਣਾਂ ਨੂੰ ਧਾਰਦਿਆਂ ਅੰਦਰ ਭਾਵ ਅਹੰਕਾਰ ਦਾ ਰਹਿੰਦਾ ਹੈ। ਗੁਣ ਮਾਨਸਿਕ ਮੰਡਲ ਦੀ ਵਸਤੂ ਹਨ, ਪਰ ਸਿਮਰ੍ਣ ਆਤਮ ਮੰਡਲ ਵਿਚ ਲੈ ਜਾਂਦਾ ਹੈ। ਸ਼ੁਭ ਗੁਣ ਤ੍ਰਿਗੁਣੀ ਅਵਸਥਾ ਤੋਂ ਪਰੇ ਨਹੀਂ ਲੈ ਜਾਂਦੇ, ਨਾਮ ਤ੍ਰਿਗੁਣੀ ਅਵਸਥਾ ਤੋਂ ਪਾਰ ਤੁਰੀਆ ਪਦ ਵਿਚ ਲੈ ਜਾਂਦਾ ਹੈ, ਸੋ ਤੁਰੀਆ ਵਿਚ ਅੱਪੜਨਾ ਸਾਰੀ ਮੋਹ ਮਾਯਾ ਦੀ ਅਵਸਥਾ ਤੇ ਫਤਹ ਹੈ। ਸ਼ੁਭ ਗੁਣ ਅਹੰਕਾਰ ਦੇ ਆਸ਼੍ਰਿਤ ਹੁੰਦੇ ਹਨ, ਪਰ ਨਾਮ ਜਿਉਂ ਜਿਉਂ ਸੁਰਤ ਨੂੰ ਉੱਪਰ ਲਈ ਜਾਂਦਾ ਹੈ, ਅਹੰਕਾਰ ਟੁੱਟਦਾ ਜਾਂਦਾ ਹੈ, ਅੰਤ ਇਹ ਬੀ ਮਰ ਜਾਂਦਾ ਹੈ; ਐਉਂ ਮੋਹ ਤੇ ਹੋਰ ਅਵਗੁਣ ਆਪੇ ਹੀ ਮਰ ਜਾਂਦੇ ਹਨ। ਯਥਾ- 'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।' ਵਡ: ਮ: ੩

ਚੌਪਈ: ਪ੍ਰੇਮ ਭਗਤਿ ਕੇ ਭੂਖਨ ਚਾਰੁ।
ਲਖਨ ਗਯਾਨ ਕੋ ਲੋਚਨ ਚਾਰ।
ਚਾਰ ਪਦਾਰਥ ਕੇ ਦਾਤਾਰ।
ਚਾਰ ਜੁ ਯੁਗ ਤਿਨ ਮਹਿਂ ਗਤਿ ਕਾਰਿ ॥੭੨॥

ਭੂਖਨ ਚਾਰੁ=ਸੁੰਦਰ ਗਹਿਣੇ।(ਅ) ਚਾਰ ਤਰ੍ਹਾਂ ਦੇ ਗਹਿਣੇ। ਗਹਿਣੇ ਚਾਰ ਪ੍ਰਕਾਰ ਦੇ ਹੁੰਦੇ ਹਨ:-

੧. ਆਰੋਪਯ=ਓਹ ਜੋ ਕਿਸੇ ਅੰਗ ਦੁਆਲੇ ਲਟਕਾਕੇ ਪਹਿਨਾਏ ਜਾਣ, ਜੈਸੇ ਮਾਲਾ, ਹਾਰ, ਕੰਠੀ, ਜੰਜੀਰੀ, ਕੈਂਠਾ।

੨. ਕਸ਼ੇਪਯ=ਜਿਨ੍ਹਾਂ ਵਿਚ ਕੋਈ ਅੰਗ ਪਾਯਾ ਜਾਏ, ਜੈਸੇ ਛੱਲਾ, ਮੁੰਦ੍ਰੀ, ਚੂੜੀ, ਬੰਦ, ਕੜੇ, ਗੋਖੜੂ, ਪੰਜੇਬਾਂ, ਲੱਛੇ, ਕੜੀਆਂ ਆਦਿ।

੩. ਆਵੇਧਯ=ਜੋ ਕਿਸੇ ਅੰਗ ਨੂੰ ਛੇਕ ਕਰਕੇ ਪਹਿਨੇ ਜਾਣ, ਜੈਸੇ ਨੱਥ, ਲੌਂਗ, ਤੀਲੀ, ਤਨੌੜਾ, ਵਾਲੀ, ਵਾਲਾ, ਬੁੰਦੇ ਆਦਿ।

੪. ਬੰਧਨੀਯ=ਜੋ ਬੰਨ੍ਹਕੇ ਪਹਿਨੇ ਜਾਣ, ਜੈਸੇ ਦਾਉਣੀ, ਟਿੱਕਾ, ਤਵੀਤੜੀਆਂ, ਸਿੰਗਾਰ ਪਟੀ, ਪਹੁੰਚੀ, ਬਾਜ਼ੂਬੰਦ, ਬਹੁੱਟੇ, ਤੜਾਗੀ।

ਲਖਨ=ਲਖ ਲੈਣ ਵਾਸਤੇ।

ਚਾਰ ਪਦਾਰਥ=ਧਰਮ, ਅਰਥ, ਕਾਮ, ਮੋਖ।

ਅਰਥ: (ਏਹ ਚਾਰ ਅੱਖਰ) ਪ੍ਰੇਮਾ ਭਗਤੀ ਦੇ (ਮਾਨੋ) ਚਾਰ ਗਹਿਣੇ ਹਨ (ਅਥਵਾ ਸੁੰਦਰ ਗਹਿਣੇ ਹਨ), (ਯਾ) ਗਯਾਨ ਦੇ ਲਖ ਲੈਣ ਵਾਸਤੇ ਚਾਰ ਅੱਖਾਂ ਹਨ, (ਫੇਰ ਏਹ) ਚਾਰ ਪਦਾਰਥਾਂ ਦੇ ਦਾਤੇ ਹਨ, ਚਾਰ ਜੋ ਜੁਗ (ਹਨ) ਤਿਨ੍ਹਾਂ ਵਿਚ ਮੁਕਤੀ ਦਾਤਾ ਹਨ।

ਭਾਵ: ਪ੍ਰੇਮਾ ਭਗਤੀ ਮਾਨੋਂ ਇਕ ਦੇਵੀ ਹੈ। ਸ਼ਰਧਾ, ਇਸ਼ਨਾਨ, ਸੇਵਾ, ਦਾਨ, ਕੀਰਤਨ, ਸਤਿਸੰਗ, ਪੂਜਾ, ਨਿੰਮ੍ਰਤਾ, ਨਿੱਤਨੇਮ ਆਦਿ ਉਸ ਦੇਵੀ ਦੇ ਅੰਗ ਹਨ। ਨਾਮ ਦਾ ਸਿਮਰ੍ਣ ਰੂਪੀ ਗਹਿਣਾ ਇਸ ਦੇਵੀ ਨੂੰ ਜੇ ਪਹਿਨਾਯਾ ਜਾਏ ਤਾਂ ਉਸਦੀ ਖੂਬਸੂਰਤੀ

---

*ਸੈਨਾ ਚਾਰ ਪ੍ਰਕਾਰ ਦੀ ਹੁੰਦੀ ਹੈ:-ਪੈਦਲ, ਰਥ, ਘੋੜੇ, ਹਾਥੀ। 'ਵਾਹਿਗੁਰੂ' ਪਦ ਦੇ ਵੀ ਚਾਰੇ ਅੱਖਰ ਹਨ। ਸੋ ਚਾਰ ਹੀ ਸੈਨਾਪਤੀ ਹੋਏ।

ਲਿਸ਼ਕਾਰੇ ਮਾਰਦੀ ਹੈ। ਭਾਵ ਇਹ ਹੈ ਕਿ ਭਗਤੀ ਦੇ ਸਾਰੇ ਸਾਧਨ ਕਰਦਿਆਂ ਜਦ ਤਕ ਨਾਮ ਦਾ ਰੰਗ ਨਹੀਂ ਚੜ੍ਹਦਾ ਤਦ ਤਕ ਅੰਤਰ ਆਤਮੇ ਬਿਮਲਤਾ ਦੀ ਪ੍ਰਤੀਤੀ ਯਾ ਇਉਂ ਕਹੋ ਕਿ ਹਰ ਵੇਲੇ ਸੁਰਤ ਦਾ ਇਕ ਸੁੰਦਰਤਾ ਦੇ ਪੰਘੂੜੇ ਵਿਚ ਝੂਟਦੇ ਰਹਿਣ ਦਾ ਪ੍ਰਭਾਵ, ਉੱਚਤਾ, ਪਵਿੱਤ੍ਰਤਾ, ਲਿਵ ਆਦਿ ਦਾ ਸੰਮਿਲਵਾਂ ਪ੍ਰਭਾਵ ਤੇ ਉਸਦੀ ਪ੍ਰਤੀਤੀ ਅਪਣਾ ਰੰਗ ਨਹੀਂ ਜਮਾਉਂਦੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਨੂੰ ਰਤਨ ਗਹਿਣਾ ਆਦਿ ਸ਼ੋਭਾ ਨਾਲ ਯਾਦ ਕੀਤਾ ਹੈ, ਯਥਾ 'ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ।' ਟੋਡੀ ਮ: ੫

ਏਹ ਚਾਰ ਅੱਖਰ ਜੋ ਜਪੇ ਜਾਂਦੇ ਹਨ, ਮਾਨੋਂ ਜੀਵਾਤਮਾਂ ਨੂੰ ਚਾਰ ਅੱਖਾਂ ਲਗ ਜਾਂਦੀਆਂ ਹਨ। ਸਿਮਰ੍ਣ ਨਾਲ ਰਸ ਪੈਂਦਾ ਹੈ ਤੇ ਜੀਵਾਤਮਾ ਸਿਮਰ੍ਣ ਰਸ ਆਰੂੜ ਹੋਕੇ ਚਾਰ ਭਾਵਾਂ ਵਿਚ ਸਾਈਂ ਨੂੰ ਤੱਕਦਾ ਹੈ। ਵਿਆਪਕਤਾ, ਪਵਿੱਤ੍ਰਤਾ, ਆਨੰਦ ਤੇ ਸੁੰਦਰਤਾ*। ਪਵਿੱਤ੍ਰਤਾ ਤੇ ਆਨੰਦ ਦੋ ਅੰਦਰਲੇ ਨੇਤ੍ਰ ਹਨ ਜਿਨ੍ਹਾਂ ਨਾਲ ਆਤਮਾ ਪਰਮਾਤਮਾ ਨੂੰ ਅੰਦਰ ਅਨੁਭਵ ਕਰਦਾ ਰਹਿੰਦਾ ਹੈ। 'ਸੁੰਦਰਤਾ' ਤੇ 'ਵਯਾਪਕਤਾ' ਦੋ ਬਾਹਰਲੇ ਨੇਤ੍ਰ ਹਨ, ਜਿਨ੍ਹਾਂ ਨਾਲ ਉਸ ਸੁੰਦਰ ਨੂੰ ਤੇ ਉਸਦੀ ਸੁੰਦਰਤਾ ਨੂੰ ਦ੍ਰਿਸ਼ਟਮਾਨ ਵਿਚ ਬੀ ਸਾਰੇ ਪਰੀ ਪੂਰਣ ਅਨੁਭਵ ਕਰਦਾ ਰਹਿੰਦਾ ਹੈ। ਜਿਵੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਫੁਰਮਾਯਾ ਹੈ

'ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥'

ਸੋ: ਕਬੀਰ ਜੀ।

ਅਰਥਾਤ ਦੋ ਅੰਦਰਲੇ ਤੇ ਦੋ ਬਾਹਰਲੇ ਚੌਹਾਂ ਨੇਤ੍ਰਾਂ ਨਾਲ ਵੇਖਾਂ; ਕੀ? ਵਾਹਿਗੁਰੂ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੰਜਵੀਂ ਰੁਤ ਅੰਸੂ ੪੬ ਦੇ ਅੰਕ ੨ ਵਿਚ ਕਵਿ ਜੀ ਨੇ ਗਯਾਨ ਚਾਰ ਪ੍ਰਕਾਰ ਦਾ ਦੱਸਿਆ ਹੈ। ਯਥਾ–

ਚਾਰ ਪ੍ਰਕਾਰ ਅਹੈ ਬ੍ਰਹਮ ਗਯਾਨ। ਸ਼੍ਰਵਣ ਮਨਨ ਨਿੰਧਯਾਸਨ ਜਾਨ।
ਚੌਥੇ ਸਾਖਯਾਤ ਗੁਰ ਕਹੈਂ। ਜਿਸ ਕੋ ਪਾਇ ਨ ਜਗ ਮਹਿਂ ਬਹੈ ॥੨॥

ਸੋ ਹੋ ਸਕਦਾ ਹੈ ਉਨ੍ਹਾਂ ਦਾ ਭਾਵ ਇਹੋ ਏਥੇ ਹੈ ਕਿ ਇਸ ਚਾਰ ਪ੍ਰਕਾਰ ਦੇ ਗਯਾਨ ਨੂੰ (ਲਖਨ) ਲਖ ਲੈਣ ਲਈ ਇਹ ਚਾਰ ਅੱਖਰ ਚਾਰ ਨੇਤ੍ਰਾਂ ਸਮਾਨ ਹਨ।

ਚਾਰ ਪਦਾਰਥਾਂ ਦੇ ਦਾਤਾਰ ਕਿਸਤਰ੍ਹਾਂ ਹਨ?

ਇਸਦਾ ਉੱਤਰ ਕਵੀ ਜੀ ਨੇ ਆਪ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਯਾਯ ੪੩ ਵਿਚ ਇਉਂ ਦਿੱਤਾ ਹੈ:-

ਧਰਮ: ਗੁਰੂ ਭਨਯੋ ਸਤਿ ਸੰਗਤਿ ਜਾਤੇ।
ਡਗ ਡਗ ਅਸੁ ਮਖ ਹ੍ਵੈ ਫਲ ਤਾਂ ਤੇ ॥੬੪॥

---

*ਚਾਰ ਅਖਰ ਚਾਰ ਸਿਫਾਤੀ ਨਾਵਾਂ ਦੇ ਸੰਖੇਪ ਪਿੱਛੇ ਕਹੇ ਹਨ। ਚੌਹਾਂ ਸਿਫਾਤੀ ਨਾਵਾਂ ਦੀ ਅਸਲੀਅਤ ਤੇ ਜੋ ਸਿਫਤ ਉਨ੍ਹਾਂ ਦੇ ਅਰਥਾਂ ਵਿਚ ਲੁਕੀ ਬੈਠੀ ਹੈ ਐਉਂ ਹੀ ਕਹੀ ਜਾ ਸਕਦੀ ਹੈ:-

ਵਾਸੁਦੇਵ ਵਿਆਪਕਤਾ।
ਹਰਿ ਪਵਿੱਤ੍ਰਤਾ। ਪਾਪ ਹਰੇ ਗਏ ਤਾਂ ਪਵਿੱਤ੍ਰਤਾ ਆਈ।
ਗੋਬਿੰਦ ਆਨੰਦ। ਬੈਕੁੰਠ ਪ੍ਰਾਪਤੀ ਦਾ ਭਾਵ ਆਨੰਦ ਪ੍ਰਾਪਤੀ ਹੈ।
ਰਾਮਚੰਦ ਸੁੰਦਰਤਾ। ਸੁਹਣਾ ਤੇ ਸੁਹਣੇ ਵਿੱਚ ਰਸ ਮਾਨਣਾ।

ਅਰਥ: ਜਿਹ ਧਨ ਕਾਰਨ ਜਤਨ ਜੋ ਕਰਿਹੈਂ ਲੋਕ ਅਪਾਰ।
ਸੋ ਧਨ ਹਰਿ ਕੇ ਭਗਤ ਕੋ ਮਾਨਵ ਦੇਹਿਂ ਹਜ਼ਾਰ ॥੬੫॥

ਚੌਪਈ: ਬੰਧਨ ਕਰਹਿਂ ਦੇਹਿਂ ਧਨ ਆਈ।
ਜਨ ਤੇ ਜਾਚਹਿਂ ਅਪਨਿ ਭਲਾਈ।

ਕਾਮ: ਰਿਦੇ ਕਾਮਨਾ ਭਗਤਨ ਜੋਈ।
ਸ੍ਰੀ ਕਰਤਾਰ ਪੂਰਿ ਹੈ ਸੋਈ ॥੬੬॥

ਮੋਖ: ਅਰਥ ਵਾਹਿਗੁਰੂ ਸਮਝਨ ਕਰਿਕੈ।
ਹੁਇ ਹੈ ਗਯਾਨ ਜਾਇ ਤਮ ਟਰਿਕੈ।
ਚਤੁਰ ਪਦਾਰਥ ਨਾਮ ਅਧੀਨਾ।
ਸਿਮਰਨ ਕਰਹੁ ਹੋਇ ਦੁਖ ਛੀਨਾ ॥੬੭॥

ਫੇਰ ਕਵਿ ਜੀ ਸ੍ਰੀ ਗੁ: ਪ੍ਰ: ਸੂ: ਰਾਸ ੭ ਅੰਸੂ ੩ ਵਿੱਚ ਐਉਂ ਲਿਖਦੇ ਹਨ:-

ਵਿਸ਼੍ਵ ਪਦਾਰਥ ਅਮਰ ਤੇਤੀਸਾ।
ਚਤੁਰਾਖਰ ਵਿਸ ਵਿਸਵੇ ਵੀਸਾ।
ਯੰ ਯੰ ਚਿੰਤਤਿ ਰੁਚਿ ਅਵਗਾਹਾ।
ਤੰ ਤੰ ਲਹਤਿ ਭਗਤਿ ਇਨ ਮਾਹਾ ॥੪੨॥

ਅਰਥ: ਇਹ ਕਿ ਵਾਹਿਗੁਰੂ ਨਾਮ ਦੇ ਸਿਮਰ੍ਣ ਨਾਲ ਅੰਤਰਾਤਮੇ ਜੋ ਚਿਤ ਬ੍ਰਿਤੀ ਦੀ ਇਕਾਗ੍ਰਤਾ ਵਾਲੀ ਅਵਸਥਾ ਹੋ ਜਾਂਦੀ ਹੈ, ਉਹ ਐਸੀ ਹੁੰਦੀ ਹੈ ਕਿ ਸੰਸਾਰ ਦੇ ਸਾਰੇ ਪਦਾਰਥ ਤੇ ਬਲ ਉਸਦੇ ਵੱਸ ਹੁੰਦੇ ਹਨ, ਫਿਰ ਉਸ ਨਾਮ ਆਰੂੜ ਅਵਸਥਾ ਵਿਚ ਜੋ ਜੋ ਕੁਝ ਭਗਤ ਚਿਤਵੇ ਸੋ ਸੋ ਪ੍ਰਾਪਤ ਹੁੰਦਾ ਹੈ। ਇਹ ਨਾਮ ਦੀ ਸੱਤਯਾ ਦੱਸੀ ਹੈ। ਉਂਵ ਭਗਤ ਜਨ ਉਥੇ ਜਾਕੇ ਬੀ ਵਾਹਿਗੁਰੂ ਮਿਲਾਪ ਬਿਨਾਂ ਹੋਰ ਸਰਬ ਇੱਛਾ ਤਯਾਗ ਕਰਦੇ ਹਨ। ਪਰ ਪਰਮੇਸ਼ੁਰ ਦਾ ਬਿਰਦ ਉਨ੍ਹਾਂ ਦੀ ਚਿਤਵੀ ਗੱਲ ਸਿਰੇ ਚਾੜਦਾ ਹੈ: ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ' ॥

ਬਿਲਾ: ਮ: ੫

ਫੇਰ ਚਹੁੰ ਜੁਗਾਂ ਵਿਚ ਨਾਮ ਨੂੰ ਗਤਿਕਾਰ ਕਿਹਾ ਹੈ। ਇਸ ਪਰ ਸ੍ਰੀ ਗੁਰੂ ਜੀ ਆਪ ਫਰਮਾਉਂਦੇ ਹਨ:-

'ਜੁਗ ਚਾਰੇ ਨਾਮਿ ਵਡਿਆਈ ਹੋਈ ॥ '

ਰਾਮ: ਮ: ੩

ਭਗਤਨ ਕੰਠਾਭਰਨ ਸੁ ਚਾਰੁ।
ਜਿਹ ਛਬਿ ਦੋਨੌ ਲੋਕ ਉਜਾਰ।
ਚਾਰੁ ਬਰਨ ਕੋ ਧਰਮ ਅਧਾਰੁ।
ਚਾਰ ਬਰਨ ਉਰ ਕਬਿ ਨ ਬਿਸਾਰਿ ॥੭੩॥

ਕੰਠਾਭਰਨ=ਕੰਠ ਵਿਚ ਪਹਿਨੇ ਜਾਣ ਵਾਲਾ ਗਹਿਣਾ[*]।

---

[*]੧. ਆਰੋਪਯ=ਓਹ ਜੋ ਕਿਸੇ ਅੰਗ ਦੁਆਲੇ ਲਟਕਾਕੇ ਪਹਿਨਾਏ ਜਾਣ, ਜੈਸੇ ਮਾਲਾ, ਹਾਰ, ਕੰਠੀ, ਜੰਜੀਰੀ, ਕੈਂਠਾ।

ਚਾਰੁ=ਸੁੰਦਰ। ਚਾਰ=੪। ਛਬਿ=ਸੁੰਦਰਤਾ।

ਉਜਾਰ=ਉਜਾਲਾ, ਚਾਨਣਾ।

ਬਰਨ=ਜਾਤੀਆਂ, ਚਾਰ ਮੁੱਖ ਜਾਤੀਆਂ, ਬ੍ਰਹਮਣ, ਖੱਤ੍ਰੀ, ਵੈਸ਼, ਸ਼ੂਦ੍ਰ।

ਬਰਨ=ਅੱਖਰ।

ਅਰਥ: (ਇਹ ਵਾਹਿਗੁਰੂ ਨਾਮ ਦੇ) ਚਾਰ (ਅਖਰ) ਭਗਤਾਂ ਦੇ ਗਲੇ ਦਾ ਸੁੰਦਰ ਗਹਿਣਾ ਹਨ। ਜਿਨ੍ਹਾਂ ਦੀ ਛਬੀ (ਨਾਲ) ਦੋਹਾਂ ਲੋਕਾਂ (ਵਿਚ) ਚਾਨਣਾ (ਹੁੰਦਾ ਹੈ)। ਚਾਰ ਵਰਣਾਂ ਦੇ ਧਰਮ ਦਾ (ਏਹ) ਆਧਾਰ (ਹਨ, ਤਾਂ ਤੇ) ਚਹੁੰ ਅੱਖਰਾਂ ਨੂੰ ਮਨੋਂ ਕਦੀ ਨਾਂ ਵਿਸਾਰ।

ਭਾਵ: ਗਲੇ ਦਾ ਗਹਿਣਾ ਕਹਿਣ ਤੋਂ ਮੁਰਾਦ ਹੁੰਦੀ ਹੈ ਕਦੇ ਨਾ ਵਿਛੜਨ ਦੀ ਕਿਉਂਕਿ ਗਲੇ ਦਾ ਗਹਿਣਾ ਦਿਨ ਰਾਤ ਗਲੇ ਪਿਆ ਰਹਿੰਦਾ ਹੈ। ਸੋ ਵਾਹਿਗੁਰੂ ਨਾਮ ਮਨ ਵਿਚ ਇਉਂ ਪਵੇ ਕਿ ਜਿਵੇਂ ਚਾਰ ਪ੍ਰਕਾਰ ਦੇ ਗਹਿਣੇ ਇਕ ਵੇਰੀ ਪਏ ਆਪੇ ਕਦੀ ਨਹੀਂ ਉਤਰਦੇ। ਫਿਰ ਉਨਹਾਂ ਗਲੇ ਦੇ ਗਹਿਣਿਆਂ ਦਾ ਦੂਸਰਾ ਗੁਣ ਸੁੰਦਰਤਾ ਹੈ, ਪਰ ਓਹ ਛਬੀ ਇਸੇ ਇਕੋ ਲੋਕ ਦੀ ਹੈ, ਪਰ ਵਾਹਿਗੁਰੂ ਨਾਮ ਰੂਪ ਗਹਿਣੇ ਦੇ ਧਾਰਨ ਵਾਲੇ ਪੁਰਖ ਦੀ ਏਥੇ ਸ਼ੋਭਾ ਦੇ ਅੱਗੇ ਮੁਖ ਉਜਲਾ ਹੁੰਦਾ ਹੈ।

'ਈਤ ਊਤ ਜਨ ਸਦਾ ਸੁਹੇਲੇ।' ਸੂਹੀ ਕਬੀਰ ਜੀ

| | |
|---|---|
| ਪੁਨਾ-ਮੁਖੁ ਊਜਲੁ] | ਅਗਲੇ ਲੋਕ ਵਿਚ। |
| ਸਦਾ ਸੁਖੀ | ਇਸ ਲੋਕ ਵਿਚ। |
| ਨਾਨਕ ਸਿਮਰਤ ਏਕ ॥] | ਇਕ ਦੇ ਸਿਮਰਨ ਕਰਨ ਨਾਲ। ਰਾਮ: ਮ: ੫ |

ਫਿਰ ਜਾਤੀ ਭੇਦ ਕੋਈ ਨਹੀਂ, ਕਿਸੇ ਵਰਣ ਦਾ ਆਦਮੀ ਜਪੇ, ਸਭਨਾਂ ਦੇ ਧਰਮ ਦਾ ਆਸਰਾ ਹਨ। ਇਸ ਤੋਂ ਬਿਨਾਂ ਨਿਰੇ ਧਰਮ ਫੋਕਟ ਰਹਿ ਜਾਂਦੇ ਹਨ ਜੈਸੇ ਸਤਿਗੁਰ ਜੀ ਨੇ ਦੱਸਿਆ ਹੈ:-

'ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ' ॥ [ਅਕਾਲ ਉਸਤਤ

ਪੁਨਾ:- 'ਕੇਵਲ ਕਰਮ' ਭਰਮ ਸੇ ਚੀਨਹੁ 'ਧਰਮ ਕਰਮ' ਅਨੁਰਾਗੋ। ਰਾਮ: ਪਾ: ੧੦

ਸੋ ਨਾਮ ਸਾਰੇ ਧਰਮਾਂ ਦਾ ਆਧਾਰ ਹੈ। ਅੰਕ ੬੯ ਵਿਚ ਦੱਸ ਆਏ ਹਨ ਕਿ ਚਹੁੰ ਵਰਨਾਂ ਦਾ ਵਿਕਾਰ ਹਰਨ ਵਾਲੇ ਏਹ ਅੱਖਰ ਹਨ, ਏਥੇ ਦੱਸਦੇ ਹਨ ਕਿ ਚਾਰ ਵਰਨਾਂ ਦੇ ਧਰਮਾਂ ਦਾ ਆਸਰਾ ਵੀ ਏਹੀ ਹਨ।

ਤੀਸਰੀ ਤੁਕ ਵਿਚ ਬੀ 'ਬਰਨ' ਦਾ ਅਰਥ 'ਅੱਖਰ ਕਰੀਏ' ਤਾਂ ਅਰਥ ਬਣਦਾ ਹੈ:- (ਕਿ) ਇਹਨਾਂ ਚਾਰ ਅਖਰਾਂ ਨੂੰ (ਸਾਰੇ) ਧਰਮਾਂ ਦਾ ਆਧਾਰ (ਜਾਣਕੇ ਇਨ੍ਹਾਂ) ਚਾਰ ਅਖਰਾਂ ਨੂੰ ਕਦੇ ਮਨੋਂ ਨ ਵਿਸਾਰ। ਪਰ ਇਸ ਵਿਚ ਲਾਹੰਨਤਾ ਨਹੀਂ।

ਦੋਹਰਾ: ਜੀਵ ਪਰਾਤਮ ਮੇਲਕੇ ਕਿਧੋਂ ਦੁਭਾਸ਼ੀ ਚਾਰੁ।

---

੨. ਕਸ਼ੇਪਜ=ਜਿਨ੍ਹਾਂ ਵਿਚ ਕੋਈ ਅੰਗ ਪਾਯਾ ਜਾਏ, ਜੈਸੇ ਛੱਲਾ, ਮੁੰਦ੍ਰੀ, ਚੂੜੀ, ਬੰਦ, ਕੜੇ, ਗੋਖੜੂ, ਪੰਜੇਬਾਂ, ਲੱਛੇ, ਕੜੀਆਂ ਆਦਿ।

੩. ਆਵੇਧਜ=ਜੋ ਕਿਸੇ ਅੰਗ ਨੂੰ ਛੇਕ ਕਰਕੇ ਪਹਿਨੇ ਜਾਣ, ਜੈਸੇ ਨੱਥ, ਲੌਂਗ, ਤੀਲੀ, ਤਨੌੜਾ, ਵਾਲੀ, ਵਾਲਾ, ਬੁੰਦੇ ਆਦਿ।

੪. ਬੰਧਨੀਯ=ਜੋ ਬੰਨ੍ਹਕੇ ਪਹਿਨੇ ਜਾਣ, ਜੈਸੇ ਦਾਉਣੀ, ਟਿੱਕਾ, ਤਵੀਤੜੀਆਂ, ਸਿੰਗਾਰ ਪਟੀ, ਪਹੁੰਚੀ, ਬਾਜੂਬੰਦ, ਬਹੁੱਟੇ, ਤੜਾਗੀ

ਗਾਹਿਕ ਜੇ ਅਪਵਰਗ ਕੇ ਭਲੇ ਦਲਾਲ ਬਿਚਾਰਿ ॥੨੪॥

ਦੁਭਾਸ਼ੀ=ਦ੍ਵਿਭਾਖਿਨ=ਦੋ ਬੋਲੀਆਂ ਜਾਨਣ ਵਾਲਾ, ਜੋ ਇੱਕੋ ਇੱਕ ਬੋਲੀ ਜਾਣਨ ਵਾਲਿਆਂ ਦਾ ਵਿਚੋਲਾ ਹੋ ਕੇ ਦੋਹਾਂ ਨੂੰ ਇਕ ਦੂਜੇ ਦੀ ਗਲ ਸਮਝਾ ਦੇਂਦਾ ਹੈ। ਵਿਚੋਲਾ।

ਚਾਰੁ=ਚਾਰੁ, ਸੁੰਦਰ। (ਅ) ਚਾਰ=੪। ਅਪਵਰਗ=ਮੁਕਤੀ।

ਅਰਥ: (ਏਹ) ਚਾਰ (ਅੱਖਰ) ਜੀਵ ਤੇ ਪਰਮਾਤਮਾਂ ਦੇ ਮੇਲ ਦੇ ਮਾਨੋਂ ਦੁਭਾਸ਼ੀਏ ਹਨ, (ਯਾ) ਜੋ (ਲੋਗ) ਮੁਕਤੀ ਦੇ ਖ਼ਰੀਦਾਰ ਹਨ (ਇਨ੍ਹਾਂ ਅੱਖਰਾਂ ਨੂੰ ਉਨ੍ਹਾਂ ਦੇ) ਭਲੇ ਦਲਾਲ ਵਿਚਾਰ ਲਓ।

ਭਾਵ: 'ਵਾਹਿਗੁਰੂ' ਪਦ ਇਕ ਚਾਰ ਅੱਖਰੇ 'ਰੂਪਵਾਲਾ' ਪਦ ਹੈ, ਏਹ ਚਾਰੋਂ ਅੱਖਰ ਜ਼ਬਾਨ ਦੇ ਸਿਮਰ੍ਣ ਦਾ ਵਿਸ਼ਾ ਹਨ। ਇਸ ਤਰ੍ਹਾਂ ਤਾਂ ਏਹ ਰੂਪ ਵਾਲੇ ਹਨ ਤੇ ਦੇਹ ਧਾਰੀ ਜੀਵ ਦੇ ਸਮਝਣ ਤੇ ਵਰਤਣ ਗੋਚਰੇ ਹਨ, ਮਾਨੋਂ ਜੀਵ ਦੀ ਬੋਲੀ ਜਾਣਦੇ ਹਨ। ਫਿਰ ਇਨ੍ਹਾਂ ਦਾ ਭਾਵ ਅਰਥ ਅਕਾਲ ਪੁਰਖ ਜਜੋਤੀ ਸਰੂਪ ਹੈ। ਐਉਂ ਏਹ ਅੱਖਰ ਅਰੂਪ ਪਰਮਾਤਮਾਂ ਦਾ ਭਾਵ ਅਪਣੇ ਵਿਚ ਰੱਖਦੇ ਹਨ, ਮਾਨੋ ਪਰਮਾਤਮਾਂ ਦੀ ਬੋਲੀ ਬੋਲ ਜਾਣਦੇ ਹਨ, ਸੋ 'ਪਰਮੇਸ਼੍ਵਰ ਦੇ ਮਿਲਾਪ ਦੇ ਲੋੜਵੰਦਾਂ' ਤੇ 'ਪਰਮੇਸ਼੍ਵਰ' ਦੇ ਵਿਚਕਾਰ ਏਹ ਵਿਚੋਲੇ ਹਨ, ਜੋ ਦੋਵੇਂ ਅਵਸਥਾ ਰਖਦੇ ਹਨ।

ਜਦੋਂ ਪਿਆਰਾ ਅੱਖਾਂ ਦੇ ਸਾਹਮਣੇ ਹੋਵੇ ਤਾਂ ਪ੍ਰੇਮ ਦਾ ਸਰੂਪ ਇਹ ਹੁੰਦਾ ਹੈ ਕਿ ਅੱਖਾਂ ਉਸ ਨੂੰ ਓਹਲੇ ਹੋਣ ਦੇਣਾ ਨਹੀਂ ਚਾਹੁੰਦੀਆਂ। ਜਦੋਂ ਪਜਾਰਾ ਓਹਲੇ ਹੋਵੇ ਤਾਂ ਹ੍ਰਿਦੇ ਵਿਚ ਉਸ ਦੇ ਪ੍ਰੇਮ ਦਾ ਵਿਦਤ ਸਰੂਪ 'ਯਾਦ' ਹੁੰਦੀ ਹੈ। ਸੋ ਯਾਦ ਉਚਾਰਨ ਮਾਤ੍ਰ ਵਸਤੂ ਨਹੀਂ, ਇਹ ਤੇ ਇਸ ਤੋਂ ਵੱਧ ਹੈ। ਇਹ ਪ੍ਰੇਮ ਹੈ, ਯਾ ਯਾਦ ਦਾ ਅਭਜਾਸ ਪ੍ਰੇਮ ਵਿਚ ਪ੍ਰਫੁਲਤ ਹੁੰਦਾ ਹੈ। ਪਰ ਅਸੀਂ ਸਰੀਰਧਾਰੀ ਹੋਣ ਕਰਕੇ 'ਯਾਦ' ਨਾਮ ਦੁਆਰਾ ਹੀ ਕਰ ਸਕਦੇ ਹਾਂ। ਸੋ ਸਾਡਾ 'ਨਾਮ ਜਪਣਾ' 'ਯਾਦ ਕਰਨਾਂ' ਹੈ, ਯਾਦ ਪ੍ਰੇਮ ਦਾ ਰੂਪ ਹੈ। ਨਾਮ ਦੁਭਾਸ਼ੀਆ ਐਉਂ ਹੈ ਕਿ ਸਾਡੇ ਇਹ ਪ੍ਰੇਮ ਵਲਵਲੇ-ਜੋ ਕਦੇ ਗੁਣਾਨੁਵਾਦ ਦੇ ਰੂਪ ਵਾਲੇ ਹੁੰਦੇ ਹਨ ਤੇ ਕਦੇ ਬੇਨਤੀ ਵਾਲੇ, ਕਦੇ ਸ਼ੁਕਰ ਵਾਲੇ ਤੇ ਕਦੇ ਸਿਫਤ ਸਲਾਹ ਦੀ ਲੀਨਤਾ ਵਾਲੇ-ਸਾਈਂ ਪਾਸ ਪਹੁੰਚਾਉਂਦਾ ਹੈ। ਫਿਰ ਸਾਈਂ ਦਰੋਂ ਸਾਨੂੰ ਸੰਦੇਸ਼ਾ ਐਉਂ ਪਹੁੰਚਾਉਂਦਾ ਹੈ ਕਿ ਸਾਈਂ ਵੱਲੋਂ ਜਦੋਂ ਸਿਮਰਨ ਕਰਦਿਆਂ ਸਾਡੇ ਤੇ ਮਿਹਰ ਹੁੰਦੀ ਹੈ ਤਾਂ ਸਾਡੇ ਸਿਮਰ੍ਣ ਵਿਚ ਹੀ ਬਰਕਤ ਪੈਂਦੀ ਹੈ ਤੇ ਰਸ ਪੈਣ ਲਗ ਜਾਂਦਾ ਹੈ, ਇਹ 'ਰਸ ਆਵੇਸ਼' ਪਰਮਾਤਮਾ ਦੇ ਦੇਸ਼ ਦਾ ਸੰਦੇਸ਼ਾ ਹੈ। ਸੋ ਸਾਡੇ ਜੀਵਾਂ ਦੀ ਮੋਟੀ ਬੋਲੀ ਦਾ 'ਨਾਮ ਸਿਮਰ੍ਣ' ਦਾ ਅਰਥ: ਪ੍ਰੇਮ-ਹੈ ਇਹੋ ਨਾਮ ਸਾਈਂ ਸ਼ਰਨ ਪਹੁੰਚਾਉਂਦਾ ਹੈ, ਸਾਈਂ ਦੀ ਮਿਹਰ-ਰਸ ਆਵੇਸ਼ ਰੂਪ ਵਿਚ-ਸਾਡੇ ਅੰਦਰ ਪਹੁੰਚਾਉਂਦਾ ਹੈ।

ਦਲਾਲ ਬੀ ਵੇਚਣ ਵਾਲੇ ਤੇ ਖ਼੍ਰੀਦਾਰ ਵਿਚ ਸੌਦਾ ਸਮਝੌਤਾ ਕਰਾਉਂਦਾ ਹੈ। ਇਥੇ ਰੂਪਕ ਇਹ ਹੈ ਕਿ ਵਾਹਿਗੁਰੂ ਸ਼ਾਹ ਹੈ ਜੀਵ ਖ਼ਰੀਦਾਰ ਹੈ। ਸੌਦਾ (ਅਪਵਰਗ) ਮੁਕਤੀ ਯਾ ਪਰਮ ਪਦ ਹੈ, ਜਗਜਾਸੂ ਦੇ ਪਾਸ ਰਾਸ ਸ਼ੁਭ ਗੁਣਾਂ ਦੀ ਹੈ। ਇਸ ਰਾਸ ਨਾਲ ਪਦਾਰਥ ਮਿਲਦਾ ਨਹੀਂ, ਜੀਵ ਨੂੰ ਭੇਤ ਪਤਾ ਨਹੀਂ। ਜਦ ਨਾਮ ਦਲਾਲ ਲੱਭ ਪੈਂਦਾ ਹੈ ਤਾਂ ਜੀਵ ਦੇ ਗੁਣਾਂ ਉਤੇ 'ਪ੍ਰੇਮ' ਦੀ ਪੇਉਂਦ-ਨਾਮ-ਕਰ ਦੇਂਦਾ ਹੈ*, ਪ੍ਰੇਮ ਰੂਪੀ ਰਾਸ ਵਾਹਿਗੁਰੂ

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣ-

ਨੂੰ ਪਜਾਰੀ ਹੈ, ਇਸ ਕਰਕੇ ਨਾਮ ਹੀ ਹੈ ਜੋ ਮੁਕਤੀ ਦਾ ਸੌਦਾ ਵਾਹਿਗੁਰੂ ਤੋਂ ਜੀਵ ਨੂੰ ਲੈ ਦੇਂਦਾ ਹੈ। ਯਥਾ- 'ਕਲ ਮੈ ਮੁਕਤਿ ਨਾਮ ਤੇ ਪਾਵਤ।' [ਬਿਲਾ: ਮ: ੯]

ਇਸੇ ਭਾਵ ਨੂੰ ਗੁਸਾਈਂ ਤੁਲਸੀ ਦਾਸ ਜੀ ਨੇ ਐਉਂ ਕਥਨ ਕੀਤਾ ਹੈ-

ਅਗੁਨ ਸਗੁਨ ਵਿਚ ਨਾਮ ਸੁ ਸਾਖੀ। ਉਭਯ ਪ੍ਰਬੋਧਕ ਚਤੁਰ ਦੁਭਾਖੀ।

ਭਵ ਬੰਧਨੁ ਕੇ ਆਮ ਕੋ ਆਖਯ ਭੇਖਜੁ ਚਾਰੁ।

ਭ੍ਰਮ ਤਮ ਕੋ ਸਮ ਭਾਨੁ ਕੇ ਦੇਤਿ ਸਪਦ ਉਰ ਟਾਰਿ ॥੭੫॥

ਭਵ ਬੰਧਨੁ=ਸੰਸਾਰ ਦੇ ਬੰਧਨ। ਸੰਸਾਰ ਦੇ ਓਹ ਧੰਧੇ, ਓਹ ਖਿੱਚਾਂ ਵਾਲੇ ਕੰਮ ਜੋ ਮਨ ਨੂੰ ਸਾਈਂ ਵਲ ਲੱਗਣ ਦੀ ਵਿਹਲ ਤੇ ਅਵਸਰ ਹੀ ਨਹੀਂ ਲਗਣ ਦੇਂਦੇ। ਇਨ੍ਹਾਂ ਦਾ ਕਾਰਣ ਹਉਮੈਂ ਹੈ।

ਆਮ=ਬੀਮਾਰੀ, ਰੋਗ।

ਆਖਯ=ਅਕਸ਼ਯ ਜੋ ਖੈ ਨਾ ਹੋਵੇ, ਆਪਣਾ ਅਸਰ ਕੀਤੇ ਬਿਨਾਂ ਬ੍ਰਿਥਾ ਨਾ ਜਾਣ ਵਾਲੀ।

ਭੇਖਜੁ ਚਾਰੁ-ਭੇਖਜੁ=ਦਵਾਈ, ਦਾਰੂ। ਚਾਰੁ=ਸੁੰਦਰ।} ਸੁਹਣੀ ਦਵਾਈ।

(ਅ) ਚਾਰ ਪ੍ਰਕਾਰ ਦੀ ਦਵਾਈ। ਥਸ਼ਧੀਆਂ ਆਪਣੇ ਮੂਲ ਵਿਚ ਚਾਰ ਕਿਸਮਾਂ ਦੀਆਂ ਹਨ:-(੧) ਧਾਤਾਂ ਤੋਂ ਬਨਣ ਵਾਲੀਆਂ, ਜੈਸੇ:-ਫਟਕੜੀ, ਕੁਸ਼ਤਾ, ਫੌਲਾਦ।

(੨) ਜੜੀ ਬੂਟੀ, ਬਨਸਪਤੀ ਤੋਂ, ਜੈਸੇ:-ਮੁਲੱਠੀ।

(੩) ਜੋ ਜਾਨਵਰਾਂ ਤੋਂ ਉਪਜੇ, ਜੈਸੇ:-ਕਸਤੂਰੀ।

(੪) ਜੋ ਇਨ੍ਹਾਂ ਤਿੰਨਾਂ ਯਾ ਦੋਹੁੰ ਦੇ ਮੇਲ ਤੋਂ ਬਣੇ।

ਅਤ੍ਰੀਫਲ ਆਦਿ ਮਿਸ੍ਰਤ ਦਵਾਈਆਂ।

ਤਾਸੀਰ ਦੇ ਲਿਹਾਜ਼ ਤੇ ਬੀ ਦਵਾਈਆਂ ਚਾਰ ਪ੍ਰਕਾਰ ਦੀਆਂ ਹਨ:-

੧. ਸ਼ੋਧਨ: ਜੋ ਸਰੀਰ ਤੋਂ ਮੈਲ ਦੂਰ ਕਰਕੇ ਨਿਰੋਗ ਕਰਨ, ਜੈਸੇ:- ਜੁਲਾਬ, ਫਸਦ ਆਦਿ।

੨. ਸ਼ਮਨ: ਸਰੀਰਕ ਖੇਚਲ ਨੂੰ ਕਿਸੇ ਪ੍ਰਕਾਰ ਠੰਢ ਪਾਵਨ, ਜੈਸੇ:- ਪੀੜਾ ਨੂੰ ਅਫੀਮ।

੩. ਆਕਰਖਣ: ਜੋ ਦੋਸ਼ਾਂ ਨੂੰ ਸ਼ੋਧਨ ਵਾਂਙੂ ਕੱਢੇ ਬਿਨਾਂ ਬੀਮਾਰੀ ਨੂੰ ਵੱਲ ਕਰਨ, ਜਿਸ ਤਰ੍ਹਾਂ ਲੰਘਨ (ਫਾਕਾ)।

੪. ਪੋਸ਼ਟਕ: ਜੋ ਖੀਣ ਧਾਤੂਆਂ ਦੀ ਪੂਰਤੀ ਕਰਕੇ ਤਾਕਤ ਭਰਨ, ਸ੍ਵਸਥ ਕਰਨ। ਫੌਲਾਦ ਆਦਿ।

ਤਮ=ਹਨੇਰਾ, ਭ੍ਰਮ ਰੂਪੀ ਹਨੇਰਾ; ਹਿਰਦੇ ਵਿਚ ਜੋ ਅਗਜਾਨ ਦਾ ਹਨੇਰਾ ਹੁੰਦਾ ਹੈ।(ਅ) ਜੜ੍ਹਤਾ।

ਭਾਨੁ=ਸੂਰਜ। ਸਪਦ=ਸ਼ੀਘ੍ਰ, ਛੇਤੀ। ਉਰ=ਹਿਰਦਾ।

ਟਾਰਿ=ਟਾਲਣਾ, ਦੂਰ ਕਰਨਾ, ਇਹ ਤੁਕ ਅਰਥ ਕਰਨ ਤੋਂ ਪਹਿਲਾਂ ਐਉਂ ਪੜ੍ਹਨੀ ਚਾਹੀਏ:-

ਭ੍ਰਮ ਤਮ ਕੋ ਭਾਨੁ ਕੇ ਸਮ ਉਰ (ਤੇ) ਸਪਦ ਟਾਰ ਦੇਤਿ।

---

ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ।[ਗਉ: ਮ: ੧]

ਅਰਥ: (ਜੀਵ ਦੇ) ਸੰਸਾਰ ਦੇ ਬੰਧਨਾਂ (ਵਿਚ ਬੰਧਾਇਮਾਨ ਹੋਣ) ਦੀ ਬੀਮਾਰੀ (ਹਉਮੈਂ) ਲਈ (ਏਹ ਵਾਹਿਗੁਰੂ ਨਾਮ ਦੇ ਅੱਖਰ) ਖਾਲੀ ਨਾ ਜਾਣ ਵਾਲੀ ਸੁੰਦਰ (ਯਾ ਚਾਰ ਪ੍ਰਕਾਰ ਦੀ) ਦਵਾਈ ਹੈ। ਭਰਮ ਰੂਪੀ ਅੰਧੇਰੇ ਨੂੰ (ਏਹ ਅੱਖਰ) ਸੂਰਜ ਵਾਂਙੂ ਹਿਰਦੇ ਵਿਚੋਂ ਛੇਤੀ ਦੂਰ ਕਰ ਦੇਂਦੇ ਹਨ!

ਭਾਵ: ਭਵ ਬੰਧਨ ਹਨ ਓਹ ਰੁਕਾਵਟਾਂ ਜੋ ਸਾਈਂ ਵੱਲ ਲਗਣ ਨਹੀਂ ਦੇਂਦੀਆਂ। ਉਨ੍ਹਾਂ ਦਾ ਮੂਲ ਹੈ, ਹਉਮੈਂ। ਹਉਮੈਂ ਬੀਮਾਰੀ ਹੈ। ਸਤਿਗੁਰ ਜੀ ਨੇ ਦੱਸਿਆ ਹੈ ਕਿ ਹਉਮੈਂ ਮਹਾਨ ਰੋਗ ਹੈ। ਯਥਾ:- ਹਉਮੈ ਦੀਰਘ ਰੋਗੁ ਹੈ। [ਆਸਾ ਵਾਰ ਮ: ੧]। ਉਸ ਰੋਗ ਨੂੰ ਦੂਰ ਕਰਨ ਵਾਲੀ ਦਵਾਈ 'ਵਾਹਿਗੁਰੂ' ਨਾਮ ਹੈ। ਯਥਾ:-

'ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜਿ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ '।[ਆਸਾ ਵਾਰ ਮ: ੧]

ਨਾਮ ਦੀ ਕਮਾਈ ਨਾਲ ਹਉਮੈ ਰੋਗ ਦੂਰ ਹੁੰਦਾ ਹੈ।

ਜਿਹੜਾ ਨਾਮ ਨੂੰ ਚਾਰ ਪ੍ਰਕਾਰ ਦੀ ਔਖਧੀ ਲਿਖਿਆ ਹੈ, ਉਸ ਦੀ ਵੀਚਾਰ ਏਹ ਹੈ:-

੧. ਸ਼ੋਧਨ: ਮਨ ਦਾ ਇਕ ਵਿਕਾਰ ਹੈ ਮੈਲ=ਪਾਪਾਂ ਵਲ ਰੁਚੀ, ਇਸ ਨੂੰ ਨਾਮ ਸਿਮਰ੍ਣ ਦੂਰ ਕਰ ਦੇਂਦਾ ਹੈ। ਯਥਾ ਗੁਰਵਾਕ:-

'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।'

੨. ਸ਼ਮਨ: ਮਨ ਦਾ ਇਕ ਵਿਕਾਰ ਹੈ, ਵਿਕਸ਼ੇਪ=ਖਿੰਡੇ ਰਹਿਣਾ। ਇਸ ਰੋਗ ਨੂੰ ਨਾਮ ਸਿਮਰਣ ਟਿਕਾਉ ਬਖਸ਼ਦਾ ਹੈ। ਯਥਾ ਗੁਰਵਾਕ:-

'ਮਨੁ ਪਰਬੋਧਹੁ ਹਰਿਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥ '।[ਗਉ: ਸੁਖ. ਮ: ੫]

੩. ਆਕਰਖਣ: ਮਨ ਦੀ ਇਕ ਬੀਮਾਰੀ ਹੈ-ਵਿਸ਼ਜਾਸ਼ਕਤੀ=ਇੰਦ੍ਰਿਆਂ ਦੇ ਭੋਗ ਰਸਾਂ ਵਿਚ ਆਸ਼ਕਤ ਹੋਣਾ। ਨਾਮ ਸਿਮਰ੍ਣ ਨਾਲ ਮਨ ਇੰਦ੍ਰੇ-ਭੋਗਾਂ ਤੋਂ ਉਪ੍ਰਾਮ ਹੋ ਮਾਨੋਂ ਲੰਘਨ ਕਰਦਾ ਹੈ। ਯਥਾ ਗੁਰਵਾਕ:-

'ਜਾਸੁ ਜਪਤ ਵਸਿ ਆਵਹਿ ਪੰਚਾ ॥ '।[ਗਉ: ਮ: ੫]

੪. ਪੋਸ਼ਟਕ: ਮਨ ਦੈਵੀ ਗੁਣਾਂ ਦੇ ਧਾਰਨ ਤੋਂ ਕਮਜ਼ੋਰ ਤੇ ਦ੍ਰਿਸ਼ਟਾ ਪਦ ਵਿਚ ਸਿੱਧਾ ਖੜਾ ਹੋ ਪਰਮਾਤਮਾ ਨਾਲ ਸਦਾ ਲੱਗੇ ਰਹਿਣ ਤੋਂ ਨਿਤਾਣਾ ਹੈ। ਨਾਮ ਸਿਮਰਣ ਨਾਲ ਦੈਵੀ ਗੁਣ ਸੁਤੇ ਸਿੱਧ ਆ ਟਿਕਦੇ ਹਨ। ਅਰ ਦ੍ਰਿਸ਼ਟਾ ਪਦ ਵਿਚ ਖੜੋਨਾ ਤੇ ਸਾਈਂ ਮੇਲ ਵਿਚ ਲਗਾਉ ਅਰਥਾਤ 'ਕਮਲ ਪ੍ਰਕਾਸ਼' ਪ੍ਰਾਪਤ ਹੋ ਜਾਂਦਾ ਹੈ। ਯਥਾ ਗੁਰਵਾਕ:-

'ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥'
[ਗਉ: ਸੁਖ: ਮ: ੫

ਚੌਪਈ: ਜੇ ਭਵ ਸਾਵਜ ਕਰਹਿਂ ਅਤੰਕਾ।
ਨਾਮੁ ਕੇਹਰੀ ਤਕਹਿਂ ਸੁ ਅੰਕਾ।

ਜੇ ਨਰ ਗ੍ਰਸੇ ਕਲੂਖ ਅਹੇਸ਼ਾ*।
ਜਾਹਿਂ ਸ਼ਰਨ ਸੋ ਨਾਮ ਖਗੇਸ਼ਾ ॥੨੬॥

ਸਾਵਜ=ਸਾਮਜ-ਹਾਥੀ।

ਸਾਵਕ=ਹਾਥੀ ਦਾ ਬੱਚਾ। ਕਿਸੇ ਜਾਨਵਰ ਦਾ ਬੱਚਾ।

ਕਰਹਿਂ ਅਤੰਕਾ=ਡਰ ਕਰਦੇ ਹਨ, ਭਾਵ ਡਰ ਮੰਨਦੇ ਹਨ।

ਕੇਹਰੀ=ਸ਼ੇਰ। [ਹਿੰਦੀ, ਕੇਹਰੀ। ਪੰਜਾਬੀ, ਕੇਹਰ। [ਸੰਸ. ਕੇਸਰੀ]। ਸ਼ੇਰ ਹਾਥੀ ਨੂੰ ਮਾਰ ਸੁਟਦਾ ਹੈ।

ਅੰਕ=ਗੋਦ, ਮੁਰਾਦ ਸ਼ਰਣ ਤੋਂ ਹੈ। ਤਕਹਿਂ ਸੁ ਅੰਕਾ=ਓਹ ਸ਼ਰਣ ਤੱਕਣ, ਭਾਵ ਓਹ ਸ਼ਰਣ ਲੈਣ।

ਕਲੂਖ=ਦੋਖ, ਪਾਪ।

ਅਹੇਸ਼ਾ=[ਅਹਿ+ਈਸ਼=ਅਹੀਸ਼] ਅਹੀਸ਼ ਦਾ ਅਰਥ ਹੈ ਸੱਪਾਂ ਦਾ ਰਾਜਾ, ਸੱਪਾਂ ਦਾ ਰਾਜਾ ਸ਼ੇਸ਼ਨਾਗ ਹੈ, ਉਹ ਆਪ ਨਾਮ ਜਪਣ ਵਾਲਾ ਹੈ ਇਸ ਕਰਕੇ ਇਹ ਅਰਥ ਢੁਕਦਾ ਨਹੀਂ।

ਸੰਸਕ੍ਰਿਤ ਰੀਤੀ ਮੂਜਬ ਅਹਿ+ਈਸ਼=ਅਹੀਸ਼ ਬਨਣਾ ਚਾਹੀਏ, ਅਹੇਸ਼-ਬਣਨਾ ਠੀਕ ਨਹੀਂ, ਪਰ ਜੇ ਭਾਸ਼ਾ ਵਿਚ ਅਹੇਸ਼ ਠੀਕ ਸਮਝ ਲਈਏ ਤਾਂ ਇਸਦਾ ਅਰਥ ਨਾਗ ਕਰ ਲੈਣਾ ਠੀਕ ਹੈ। ਕਿਉਂਕਿ ਵਾਸਕਿ ਆਦਿ ਨਾਗਾਂ ਨੂੰ ਬੀ 'ਅਹਿਪਤ' ਕਹਿ ਲੈਂਦੇ ਹਨ। ਏਹ ਨਾਗ ਪੁਰਾਣਾਂ ਵਿਚ ਅੱਠ ਲਿਖੇ ਹਨ:-ਅਨੰਤ, ਵਾਸੁਕਿ, ਪਦਮ, ਮਹਾਂਪਦਮ, ਤਕਸ਼ਕ, ਕੁਲੀਰ, ਕਕੋਰਟਕ, ਸ਼ੰਖ।

ਖਗੇਸ਼=ਖਗ=ਪੰਛੀ।

ਈਸ਼=ਈਸ਼੍ਵਰ। ਖਗੇਸ਼=ਪੰਛੀਆਂ ਦਾ ਰਾਜਾ, ਗਰੁੜ।

ਗਰੁੜ ਸੱਪਾਂ ਨੂੰ ਮਾਰ ਸੁਟਦਾ ਹੈ।

ਅਰਥ: ਜੋ ਸੰਸਾਰ (ਰੂਪੀ) ਹਾਥੀ (ਤੋਂ) ਡਰ ਮੰਨਦੇ ਹਨ ਓਹ ਨਾਮ (ਰੂਪੀ) ਸ਼ੇਰ ਦੀ ਸ਼ਰਣ ਲੈਣ। ਜੋ ਪੁਰਖ ਪਾਪ (ਰੂਪੀ) ਨਾਗ ਨੇ ਗ੍ਰਸ ਲਏ ਹਨ (ਉਨ੍ਹਾਂ ਨੂੰ ਚਾਹੀਦਾ ਹੈ ਕਿ) ਓਹ ਨਾਮ (ਰੂਪੀ) ਗਰੁੜ ਦੀ ਸ਼ਰਣ ਜਾ ਪੈਣ।

ਭਵ ਸਾਗਰ ਮਹਿਂ ਖਾਤਿ ਜਿ ਗੋਤੂ।
ਗਹੈਂ ਕਿਉਂ ਨ ਸ਼੍ਰੀ ਨਾਮ ਜਿ ਪੋਤੂ।
ਸਿਮਰਨ ਮਹਿਂ ਕਿਛੁ ਖਰਚ ਨ ਖੇਦਾ।
ਹੈ ਸੁਖੇਨ ਸੁਖਦਾਨ ਅਛੇਦਾ ॥੨੭॥

**ਗੋਤੂ**=ਗੋਤੇ। ਗਹੈਂ=ਪਕੜਦੇ। ਪੋਤੂ=ਪੋਤ-ਜਹਾਜ਼

ਸੁਖਦਾਨ=ਸੁਖ ਦਾ ਦਾਤਾ।

ਅਛੇਦਾ=ਅਛੇਦਜ-ਜੋ ਛੇਦਿਆ ਨਾ ਜਾ ਸਕੇ, ਕੱਟਿਆ ਨਾ ਜਾ ਸਕੇ, ਅਟੱਲ। ਜੋ ਮਰਕੇ ਬੀ ਨਾ ਟੁੱਟੇ, ਏਥੇ ਬੀ ਰਹੇ ਤੇ ਅਗੇ ਬੀ ਨਾਲ ਜਾਵੇ। ਸਦਾ ਰਹਿਣ ਵਾਲਾ।

ਅਰਥ: ਸੰਸਾਰ ਰੂਪੀ ਸਮੁੰਦਰ ਵਿਚ ਜੋ (ਨਰ) ਗੋਤੇ ਖਾਂਦੇ ਹਨ, ਉਹ ਸ੍ਰੀ (ਵਾਹਿਗੁਰੂ) ਨਾਮ ਰੂਪੀ ਜਹਾਜ਼ (ਦਾ ਆਸ੍ਰਾ) ਕਿਉਂ ਨਹੀਂ ਫੜ ਲੈਂਦੇ? (ਨਾਮ) ਸਿਮਰਣ ਵਿਚ (ਨਾ ਤਾਂ)

*ਪਾਠਾਂਤ੍ਰ-ਜੇ ਨਰ ਗ੍ਰਾਸੇ ਕਲੁਖ ਅਹੇਸ਼ਾ-ਬੀ ਹੈ।

ਕੁਛ ਖਰਚ (ਹੈ ਤੇ) ਨਾ ਖੇਚਲ, (ਨਾਮ ਜਪਣਾ) ਸੌਖਾ (ਕੰਮ) ਹੈ (ਤੇ) ਅਛੇਦ ਸੁਖ ਦਾ ਦਾਤਾ ਹੈ।

ਭਾਵ: ਇੱਥੇ ਹੁਣ ਨਾਮ ਨੂੰ ਜਹਾਜ਼ ਦਾ ਰੂਪਕ ਦਿੱਤਾ ਹੈ, ਭਾਵ ਉਹੋ ਕਿ ਇਹ ਰੱਖਿਆ ਕਰਨ ਵਾਲਾ ਤੇ ਤ੍ਰਾਣ ਕਰਤਾ ਹੈ। ਖਰਚ ਤੇ ਖੇਦ ਰਹਿਤ ਕਹਿਣ ਤੋਂ ਭਾਵ ਹੈ:-

੧. ਵਾਹਿਗੁਰੂ ਨਾਮੁ ਨੂੰ ਸੰਸਾਰੀ ਧਨ ਤੋਂ ਰਹਿਤ ਪੁਰਖ ਵੀ ਜਪ ਸਕਦਾ ਹੈ। ਧ੍ਵਨੀ ਏਹ ਹੈ ਕਿ ਯੱਗਜ, ਦਾਨ, ਤੀਰਥ ਆਦਿ ਧਨ ਤੋਂ ਬਿਨਾਂ ਸਿੱਧ ਨਹੀਂ ਹੋ ਸਕਦੇ। ਜੇ ਹੋ ਜਾਣ ਤਾਂ ਉਨ੍ਹਾਂ ਦਾ ਫਲ ਪਾਪ ਪੁੰਨ ਮਿਸ਼੍ਰਤ ਹੈ। ਵਾਹਿਗੁਰੂ ਸਿਮਰ੍ਣ ਵਿਚ ਮਾਯਾ ਤੇ ਧਨ ਕੁਛ ਨਹੀਂ ਖਰਚ ਹੁੰਦਾ ਤਾਂ ਤੇ ਪ੍ਰਾਣੀ ਮਾਤ੍ਰ ਇਸਨੂੰ ਜਪ ਸਕਦੇ ਹਨ, ਇਹ ਇਉਂ ਅਮੁੱਲ (ਮੁੱਲ ਤੋਂ ਬਿਨਾਂ) ਮਿਲਦਾ ਹੈ। ਪਰ ਆਪਣੇ ਫਲ ਵਿਚ ਇਹ ਅਮੁੱਲ (ਅਮੋਲਕ) ਹੈ। ਜੋ ਅਮੁੱਲ ਦੁਆਰਾ ਵਿਸਮਾਦ ਵਿਚ ਲੈ ਜਾਂਦਾ ਹੈ। ਯਥਾ 'ਅਮੁਲਾ ਸਮਾਹਿ।' ਫਿਰ ਏਹ ਨਿਰੋਲ ਪੁੰਨ ਰੂਪ ਹੈ।

੨. ਇਸੇ ਤਰ੍ਹਾਂ ਤਪ, ਆਸਨ, ਪ੍ਰਾਣਾਯਾਮ ਆਦੀ ਕਰਮ ਭਾਵੇਂ ਧਨ ਤੋਂ ਬਿਨਾਂ ਹੀ ਸਿੱਧ ਹੋ ਸਕਦੇ ਹਨ ਪਰ ਉਨ੍ਹਾਂ ਵਿਚ ਖੇਦ ਹੁੰਦਾ ਹੈ। ਵਾਹਿਗੁਰੂ ਸਿਮਰ੍ਣ ਵਿਚ ਨਿਰੋਲ ਸੁਖ ਹੀ ਸੁਖ ਹੈ (ਭਾਵੇਂ ਲਗਾਤਾਰ ਚੇਤੇ ਰੱਖਣ ਦਾ ਯਤਨ ਜ਼ਰੂਰੀ ਹੈ) ਪਰ ਤਨ ਤਾਪਨ ਤੇ ਤਨ ਪੀੜਨ ਆਦਿ ਖੇਦ ਕੋਈ ਵੀ ਨਹੀਂ।

[ਇਤਿ ਮੰਗਲ]

ਸੂਚਨਾ: ਹੁਣ ਪਿਛਲੇ ਮੰਗਲ ਕਥਨ ਦਾ ਕਵਿ ਜੀ ਦਾ ਆਪਣਾ ਮਨੋਰਥ ਵਰਣਨ ਹੁੰਦਾ ਹੈ:-

ਦੋਹਰਾ: ਸੁੰਦਰ ਸਤਿਗੁਰੁ ਕੀ ਕਥਾ ਗੁਨ ਮੰਦਿਰ ਸੁਖਕੰਦ।
ਬਰਨਨ ਤਿਸਕੋ ਅਬ ਕਰੋਂ ਹੋਵਹਿਂ ਬਿਘਨ ਨਿਕੰਦ ॥੨੮॥

ਗੁਨ ਮੰਦਿਰ=ਗੁਣ ਮੰਦਿਰ-ਗੁਣਾਂ ਦਾ ਮੰਦਿਰ, ਗੁਣਾਂ ਦਾ ਘਰ, ਸਾਰੇ ਗੁਣਾਂ ਦਾ ਸਮੁਦਾਇ। (ਅ) ਗੁਣ+ਮੰਦਰ=ਗੁਣਾਂ ਦਾ ਮੰਦ੍ਰਾਚਲ। ਗੁਣਾਂ ਦਾ ਪਰਬਤ।

ਸੁਖ ਕੰਦ=ਸੁਖ ਰੂਪੀ ਫਲ, ਸੁਖ ਫਲ।

ਕੰਦ=ਅਸਲ ਵਿਚ ਜੜ੍ਹ ਨੂੰ ਕਹਿੰਦੇ ਹਨ ਪਰ ਉਸ ਜੜ੍ਹ ਨੂੰ ਜੋ ਮੁਲਾਇਮ ਤੇ ਖਾਣ ਦੇ ਕੰਮ ਦੀ ਹੋਵੇ, ਜਿਸ ਤਰ੍ਹਾਂ ਸ਼ਕਰਕੰਦੀ ਹੁੰਦੀ ਹੈ। ਹੈਨ ਤਾਂ ਇਹ ਚੀਜ਼ਾਂ ਜੜ੍ਹਾਂ ਪਰ ਖਾਣ ਵਿਚ ਮਾਨੋ ਜ਼ਿਮੀਂ ਦੇ ਅੰਦਰਲੇ ਫਲਾਂ ਸਮਾਨ ਹਨ। ਇਸ ਵਾਸਤੇ ਆਮ ਤੌਰ ਤੇ ਕੰਦ ਦਾ ਅਰਥ ਫਲ ਕਰਨ ਲਗ ਪਏ ਹਨ। (ਅ) ਸੁਖਾਂ ਦਾ ਬੱਦਲ, ਭਾਵ ਸੁੱਖਾਂ ਦਾ ਦਾਤਾ।

ਅਰਥ: ਹੁਣ ਮੈਂ ਸੁਹਣੇ ਸਤਿਗੁਰ (ਗੁਰੂ ਨਾਨਕ ਦੇਵ ਜੀ) ਦੀ ਕਥਾ (ਜੋ) ਗੁਣਾਂ ਦਾ ਪਰਬਤ ਤੇ ਸੁਖਾਂ ਦਾ ਕੰਦ ਹੈ ਤਿਸ ਨੂੰ ਵਰਣਨ ਕਰਦਾ ਹਾਂ, (ਮੇਰੇ ਕਾਰਜ ਵਿਚ ਹੋਣ ਵਾਲੇ ਸਾਰੇ) ਵਿਘਨ ਮੂਲੋਂ ਕੱਟੇ ਜਾਣ।

ਸੂਚਨਾ: ਹੁਣ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਖਾਕਾ ਮਾਨੋਂ ਖਿੱਚਦੇ ਹਨ:-

ਸ਼੍ਰੀ ਨਾਨਕ ਸੁ* ਪ੍ਰਕਾਸ਼ ਮੈਂ, ਕਹੋਂ ਕਥਾ ਇਹ ਆਦਿ।
ਅੰਗਦ ਬਾਲੇ ਕੋ ਮਿਲਨ, ਪੁਨ ਤਿਨ ਕੋ ਸੰਬਾਦ ॥੨੯॥

ਚੌਪਈ: ਪੁਨ ਸ਼੍ਰੀ ਨਾਨਕ ਜਨਮੁ ਸੁਹਾਵਾ।

*ਕਈਆਂ ਨੁਸਖਿਆਂ ਵਿਚ ਪਾਠ-ਸੁ-ਨਹੀਂ ਹੈ ਤੇ-ਨਾਨਕ ਪਰਕਾਸ਼-ਪਾਠ ਹੈ।

ਸ਼ਿਸ਼ ਲੀਲਾ ਬਹੁ ਨਰਨ ਦਿਖਾਵਾ।
ਕਹੋਂ ਕਥਾ ਕਿਯ+ ਮੋਦੀ ਖਾਨਾ।
ਤਿਹ ਤਜਿ ਦੇਸ਼ ਬਿਲੋਕੇ ਨਾਨਾ ॥੯੦॥
ਜਹਿਂ ਤਹਿਂ ਸਿੱਖੀ ਰੀਤਿ ਚਲਾਈ।
ਪੁਰਿ ਕਰਤਾਰ ਬਸੇ ਪੁਨ ਆਈ।
ਸਿੱਖੀ ਪਰਖੀ ਸਿੱਖਨ ਕੀ ਜਬ।
ਸ੍ਰੀ ਅੰਗਦ ਕੋ ਤਖਤ ਦਿਯੋ ਤਬ ॥੯੧॥
ਅਸ ਗੁਰ ਕੀਰਤਿ ਕਰਿਹੋਂ ਗ੍ਰੰਥੁ।
ਸੁਨਿ ਸੁਖ ਪਾਵਹਿਂ ਗੁਰ ਕੇ ਪੰਥੁ।

ਸੰਬਾਦ={ਸੰ=ਭਲੀ ਪ੍ਰਕਾਰ, ਬਾਦ=(ਵਦ੍-ਬੋਲਨਾ) ਬਚਨ}=ਗਲ ਬਾਤ। ਬਾਤ ਚੀਤ।

ਸੁਹਾਵਾ=ਸੁੰਦਰ।

ਸ਼ਿਸ਼ੁ ਲੀਲਾ=ਬਾਲਕ ਪਨੇ ਦੀ ਲੀਲਾ। ਬਚਪਨ ਦੇ ਕੌਤਕ। ਬਾਲ ਚੋਜ।

ਨਰਨ=ਨਰਾਂ ਨੂੰ। ਬਿਲੋਕੇ=ਦੇਖੇ। ਨਾਨਾ=ਬਹੁਤੇ।

ਪੁਨ=ਫੇਰ। ਅਸ=ਐਸੀ।

ਗ੍ਰੰਥੁ=ਗ੍ਰੰਥਨ=ਬੰਨ੍ਹਣਾ, ਤਰਤੀਬ ਦੇਣੀ। ਗੁੰਥਨ ਕਰਨਾ, ਜਿਵੇਂ ਪੋਥੀ। ਕਰਹੋਂ ਗ੍ਰੰਥੁ=ਗੁੰਥਨ ਕਰਾਂਗਾ। ਗ੍ਰੰਥ ਰਚਾਂਗਾ।

(ਅ) ਕਿਤੇ ਪਾਠ ਹੈ 'ਕਹੋਂ ਗਰੰਥੁ', ਇਸ ਦਾ ਬੀ ਅਰਥ ਹੋਊ ਗਰੰਥ ਯਾ ਪੋਥੀ ਰਚਾਂਗਾ।

ਪੰਥੁ=ਪੰਥ ਵਾਲੇ, ਮੁਰਾਦ ਸਿੱਖਾਂ ਤੋਂ ਹੈ।

ਅਰਥ: (ਇਸ ਪੋਥੀ ਅਰਥਾਤ) ਸ੍ਰੀ (ਗੁਰ) ਨਾਨਕ ਪ੍ਰਕਾਸ਼ ਵਿਚ ਪਹਿਲੀ ਕਥਾ ਮੈਂ ਇਹ ਕਹਾਂਗਾ (ਜਿਸ ਵਿਚ ਸ੍ਰੀ ਗੁਰੂ) ਅੰਗਦ (ਦੇਵ ਜੀ ਨੂੰ) ਬਾਲੇ ਦਾ ਮਿਲਣਾ ਤੇ ਫਿਰ (ਗੁਰ ਨਾਨਕ ਜੀ ਦੇ ਇਤਿਹਾਸ ਪਰ ਪਰਸਪਰ) ਬਾਤਚੀਤ (ਦਾ ਜ਼ਿਕਰ ਹੋਵੇਗਾ)।

ਫੇਰ ਸ੍ਰੀ (ਗੁਰੂ) ਨਾਨਕ (ਦੇਵ ਜੀ ਦੇ) ਸੁਹਣੇ ਅਵਤਾਰ (ਲੈਣ ਦੀ, ਫੇਰ) ਬਾਲਕ ਲੀਲਾ (ਜੋ) ਬਹੁਤੇ ਨਰਾਂ ਨੂੰ ਦਿਖਾਈ, (ਫੇਰ) ਮੋਦੀ ਖਾਨੇ ਕਰਨ ਦੀ, (ਫੇਰ) ਉਸ ਨੂੰ ਛੱਡ ਕੇ ਨਾਨਾ ਦੇਸ਼ ਦੇਖਣ (ਦੀ) ਕਥਾ ਕਹਾਂਗਾ।

(ਫੇਰ) ਜਿੱਥੇ ਕਿੱਥੇ ਸਿੱਖੀ ਰੀਤ (ਜਿਵੇਂ) ਚਲਾਈ, ਫਿਰ ਕਰਤਾਰ ਪੁਰ ਆ ਕੇ (ਜਿਵੇਂ) ਵੱਸੇ, (ਫੇਰ) ਜਦ ਸਿੱਖਾਂ ਦੀ ਸਿੱਖੀ (ਜਿਵੇਂ) ਪਰਖੀ (ਤੇ) ਸ੍ਰੀ (ਗੁਰੂ) ਅੰਗਦ ਦੇਵ ਜੀ ਨੂੰ ਤਦੋਂ (ਜਿਵੇਂ) ਤਖ਼ਤ ਦਿੱਤਾ (ਸਭਨਾਂ ਗੱਲਾਂ ਦਾ) ਐਸਾ ਗੁਰੂ ਜੱਸ ਦਾ ਗ੍ਰੰਥ ਰਚਾਂਗਾ (ਕਿ ਜਿਸ ਨੂੰ) ਸੁਣਕੇ ਗੁਰੂ ਜੀ ਦੇ ਪੰਥ (ਤੇ ਟੁਰਨ) ਵਾਲੇ ਸੁਖ ਪਾਉਣਗੇ।

ਸੂਚਨਾ: ਹੁਣ ਗੁਰ ਕੀਰਤੀ ਨੂੰ ਨਦੀ ਦੇ ਰੂਪਕ ਵਿਚ ਵਰਣਨ ਕਰਦੇ ਹਨ ਤੇ ਇਸ ਤੋਂ ਲਾਭ ਲੈਣ ਦੀ ਜਾਚ ਦੱਸਦੇ ਹਨ।

ਗੁਰ ਕੀਰਤਿ ਸਰਿਤਾ ਜਿਵ ਬਰਨੀ।
ਮੰਗਲ ਕਰਨਿ ਅਮੰਗਲ ਹਰਨੀ ॥੯੨॥

ਦੋਹਰਾ: ਭਵ ਬੰਧਨੁ ਬ੍ਰਿਖ ਕੇ ਸਹਿਤ ਭਰਮ ਬਿਮੁਖਤਾ* ਕੂਲ।

+ਪਾਠਾਂਤ੍ਰ-ਕੀਯ-ਤੇ-ਕਿਓ-ਬੀ ਹਨ।

ਕਹਿਨ ਸੁਨਨਿ ਪਰਵਾਹਿ ਤਿਹ ਢਾਹਿ ਉਖਾਰਹਿ ਮੂਲ ॥੯੩॥

ਸਰਿਤਾ=ਨਦੀ। ਬਰਨੀ=ਵਰਣਨ ਕੀਤੀ ਹੈ।

ਅਮੰਗਲ=ਅ+ਮੰਗਲ=ਜੋ ਮੰਗਲ ਨਾ ਹੋਵੇ। ਦੁਖ, ਵਿਘਨ ਆਦਿ।

ਹਰਨੀ=ਦੂਰ ਕਰਨ ਵਾਲੀ।

ਭਵ ਬੰਧਨ ਬ੍ਰਿਖ=ਸੰਸਾਰ ਦੇ ਬੰਧਨਾਂ ਰੂਪੀ ਬ੍ਰਿੱਛ, ਜਿਸ ਦਾ ਬੀਜ ਹੈ ਹਉਮੈਂ ਤੇ ਅੰਕੁਰ ਹੈ ਮਮਤਾ।ਦੇਖੋ ਸ਼੍ਰੀ ਗੁ: ਨ: ਪ੍ਰ: ਉ: ਅਧਜਾ: ੫੫ ਅੰਕ ੧] ਬਿਮੁਖਤਾ=ਬੇਮੁਖਤਾਈ।

ਭਰਮ=ਸੰਸਾ। ਕੂਲ=ਕਿਨਾਰਾ, ਕੰਢਾ।

ਪਰਵਾਹਿ=ਨਦੀ ਦਾ ਵੇਗ ਨਾਲ ਚਲ ਰਿਹਾ ਜਲ।

(ਅ) ਕਥਾ, ਵਾਰਤਾ; ਵਜਾਖਜਾਨ ਆਦਿ ਜਦ ਸੁੰਦਰਤਾ ਨਾਲ ਕਥੇ ਜਾ ਰਹੇ ਹੋਣ ਤਾਂ ਉਸ ਨੂੰ ਬੀ ਪਰਵਾਹ ਕਹਿੰਦੇ ਹਨ।

ਮੂਲ=ਜੜ੍ਹਾਂ। ਭਾਵ, ਹਉਮੈਂ।

ਅਰਥ: ਗੁਰੂ (ਜੀ ਦੀ) ਕੀਰਤੀ (ਜੋ ਮੈਂ) ਵਰਣਨ ਕੀਤੀ (ਹੈ) ਨਦੀ ਵਾਂਙੂ ਹੈ, (ਜੋ) ਮੰਗਲ ਦੇਣ ਵਾਲੀ ਤੇ ਅਮੰਗਲ ਦੂਰ ਕਰ ਦੇਣ ਵਾਲੀ ਹੈ। ਭਰਮ ਤੇ ਬੇਮੁਖਤਾਈ (ਰੂਪੀ ਦੋ) ਕਿਨਾਰੇ (ਹਨ, ਜਿਨ੍ਹਾਂ ਉਤੇ) ਸੰਸਾਰ ਦੇ ਬੰਧਨਾਂ (ਰੂਪੀ) ਬ੍ਰਿੱਛ (ਉਗ ਰਿਹਾ ਹੈ, ਇਸ ਸੁੱਕੀ ਨਦੀ ਵਿਚ ਜੇ ਗੁਰੁ ਕੀਰਤੀ) ਦੇ ਕਥਨ ਕਰਨ ਤੇ ਸੁਣਨ ਦਾ ਪ੍ਰਵਾਹ (ਚਲ ਪਵੇ ਤਾਂ) ਤਿਨ੍ਹਾਂ (ਦੋਹਾਂ) ਕਿਨਾਰਿਆਂ ਨੂੰ) ਢਾਹ ਘੱਤੇਗਾ, (ਨਾਲ ਹੀ ਉਸ ਬ੍ਰਿੱਛ ਨੂੰ) ਜੜੋਂ ਪੁਟ ਸੱਟੇਗਾ।

ਚੌਪਈ: ਗੁਰ ਸਿੱਖਨ ਮੱਜਨ ਹੈ ਜੋਗੁ।
ਗੁਰ ਸਿੱਖੀ ਸੁਖ ਆਨੰਦ ਭੋਗੁ।
ਨਿੰਦਕ ਜੌਨ ਅਸੂਯਾ ਸਹਿਤੁ।
ਤਿਨ ਕੇ ਯੋਗ ਨ ਇਹੁ ਦੁਖ ਦਹਿਤੁ ॥੯੪॥

ਮੱਜਨ=ਇਸ਼ਨਾਨ।

ਅਸੂਯਾ=ਈਰਖਾ, ਸਾੜਾ। ਦੂਸਰੇ ਦੇ ਗੁਣ ਦੇਖ ਕੇ ਜਲਨਾ।

'ਜੌਨ ਅਸੂਯਾ ਸਹਿਤੁ' ਨਿੰਦਕ ਦਾ ਵਿਸ਼ੇਸ਼ਨ ਨਹੀਂ ਹੈ, ਕਿਉਂਕਿ ਨਿੰਦਕ ਤਾਂ ਈਰਖਾ ਤੋਂ ਖਾਲੀ ਕਦੇ ਹੁੰਦਾ ਹੀ ਨਹੀਂ। ਦੂਸਰੇ, ਅਗਲੀ ਤੁਕ ਵਿਚ ਪਦ 'ਤਿਨਕੇ' ਹੈ, ਤਿਨਕੇ ਬਹੁ ਬਚਨ ਹੈ, ਜਿਸ ਤੋਂ ਸਪਸ਼ਟ ਹੈ ਕਿ ਨਿੰਦਕ ਤੇ ਈਰਖਾ ਵਾਲੇ ਦੋਹਾਂ ਵਾਸਤੇ-ਤਿਨਕੇ-ਪਦ ਆਯਾ ਹੈ।

ਦਹਿਤੁ=ਸਾੜ। ਦੁਖ ਦਹਿਤੁ=ਸਾੜੇ ਦਾ ਦੁਖ। ਅਥਵਾ ਦੁਖ ਦੇਂਦੀ ਹੈ ਅਰ ਸਾੜਦੀ ਹੈ, ਭਾਵ ਜੋ ਗੁਰ ਸਿੱਖਾਂ ਨੂੰ ਠੰਢ ਪਾਉਂਦੀ ਹੈ ਉਹ ਨਿੰਦਕਾਂ ਨੂੰ ਸਾੜਦੀ ਹੈ, ਜਿਵੇਂ ਬਿਰਹਨੀ ਨੂੰ ਚੰਦ ਤੱਤਾ ਲਗਦਾ ਹੈ।

(ਅ) ਨਦੀ ਦਾ ਵਿਸ਼ੇਖਣ ਹੈ, ਭਾਵ ਇਹ ਕਿ ਗੁਰ ਕੀਰਤੀ ਰੂਪੀ ਨਦੀ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ।

ਅਰਥ: (ਇਹ ਗੁਰ ਕੀਰਤੀ ਰੂਪੀ ਨਦੀ) ਗੁਰ ਸਿੱਖਾਂ ਦੇ ਇਸ਼ਨਾਨ ਕਰਨ ਦੇ ਜੋਗ ਹੈ, ਗੁਰੂ ਕੀ ਸਿੱਖੀ (ਇਸ ਇਸ਼ਨਾਨ ਨਾਲ) ਸੁਖ ਤੇ ਆਨੰਦ ਭੋਗਦੀ ਹੈ, (ਪਰੰਤੂ) ਨਿੰਦਕ

*ਪਾਠਾਂਤ੍ਰ-ਭਰਮ ਬੇਮੁਖਤਾ-ਬੀ ਹੈ।

(ਅਤੇ ਹੋਰ ਜੋ ਕੋਈ) ਈਰਖਾ ਵਾਲਾ ਹੈ ਇਹ ਦੁਖਾਂ ਨੂੰ ਦੂਰ ਕਰਨੇ ਵਾਲੀ (ਨਦੀ) ਉਨ੍ਹਾਂ ਦੇ (ਇਸ਼ਨਾਨ) ਜੋਗ ਨਹੀਂ ਹੈ।

ਸ੍ਰੁਤ ਦਰ ਸੋਂ ਚਲਿ ਕੈ ਸੁ ਪ੍ਰਵਾਹੂ।
ਉਰ ਸਾਗਰ ਮਹਿ ਇਸਥਿਤ ਆਹੂ।
ਤੱਬ ਮਤਿ ਸੁਕਤਾ ਤਿਹ ਪਰ ਤਰਿਹੀ।
ਪ੍ਰੇਮ ਬੂੰਦ ਕੀ ਲਾਲਸ ਕਰਿਹੀ ॥੯੫॥

ਸ੍ਰੁਤ ਦਰ=ਕੰਨਾਂ ਰੂਪੀ ਦ੍ਵਾੜ। [ਸੰਸ. ਦਰ=ਦ੍ਵਾੜ]। ਇੱਥੇ ਦਰ ਦਾ ਅਰਥ ਦਰਵਾਜ਼ਾ ਨਹੀਂ, ਨਦੀਆਂ ਦਰਵਾਜ਼ੇ ਥਾਣੀ ਨਹੀਂ ਲੰਘਦੀਆਂ। ਕੰਨ ਦੀ ਸੂਰਤ ਬੀ ਦ੍ਵਾੜ ਵਰਗੀ ਹੈ।

ਸ੍ਰੁਤ ਦਰ ਸੋਂ ਚਲਿ ਕੈ=ਕੰਨਾਂ ਰੂਪੀ ਦ੍ਵਾੜ ਦੇ ਵਿੱਚ ਦੀ ਲੰਘ ਕੇ।

ਸੁ=ਉਹ। ਉਰ ਸਾਗਰ=ਹਿਰਦੇ ਰੂਪੀ ਸਮੁੰਦਰ।

ਇਸਥਿਤਿ ਆਹੂ=ਸਥਿਤ ਹੋ ਜਾਂਦੀ ਹੈ, ਟਿਕ ਜਾਂਦੀ ਹੈ।

ਮਤਿ=ਬੁੱਧੀ।

ਸੁਕਤਾ=ਸ਼ੁਕ੍ਤਿ-ਸਿੱਪ, ਸਿੱਪੀ ਜਿਸ ਵਿਚੋਂ ਮੋਤੀ ਨਿਕਲਦੇ ਹਨ।

ਅਰਥ: ਕੰਨਾਂ ਰੂਪੀ ਦ੍ਵਾੜ ਦੇ ਵਿਚਦੀ ਲੰਘ ਕੇ ਉਹ (ਕੀਰਤੀ ਦਾ) ਪ੍ਰਵਾਹ ਹਿਰਦੇ (ਰੂਪੀ) ਸਮੁੰਦਰ ਵਿਚ (ਜਾ ਕੇ) ਟਿਕ ਜਾਂਦਾ ਹੈ, ਤਦ ਬੁੱਧੀ (ਰੂਪੀ) ਸਿੱਪੀ ਉਸ (ਟਿਕੇ ਪਾਣੀ) ਉਤੇ ਤਰ ਪੈਂਦੀ ਹੈ ਤੇ ਪ੍ਰੇਮ ਬੂੰਦ ਦੀ (ਪ੍ਰਾਪਤੀ ਦੀ) ਲਾਲਸਾ ਕਰਦੀ ਹੈ।

ਭਾਵ: ਗੁਰੂ ਜੀ ਦੀ ਕੀਰਤੀ ਸੁਣ ਕੇ ਮਤ ਵਿਚ ਉਮੰਗ ਪੈਦਾ ਹੁੰਦੀ ਹੈ ਜੋ ਪ੍ਰੇਮ ਦੀ ਲਾਲਸਾ ਕਰਦੀ ਹੈ। ਪ੍ਰੇਮ ਨੂੰ ਅਗਲੇ ਦੋਹੇ ਵਿਚ ਸ੍ਵਾਂਤਿ ਬੂੰਦ ਨਾਲ ਤੁੱਲਤਾ ਦੇਂਦੇ ਹਨ, ਕਿ ਇਸਨੂੰ ਫੇਰ ਪ੍ਰੇਮ ਦੀ ਬੂੰਦ ਮਿਲ ਜਾਂਦੀ ਹੈ ਤਾਂ ਬੁੱਧੀ ਫੇਰ ਟਿਕ ਜਾਂਦੀ ਹੈ, ਉਹ ਪ੍ਰੇਮ ਵਿਚ ਟਿਕੀ ਬੁੱਧੀ ਫੇਰ ਅਮੋਲਕ ਹੋ ਜਾਂਦੀ ਹੈ।

ਦੋਹਰਾ: ਸ੍ਵਾਂਤਿ ਬੂੰਦ ਜਬ ਪ੍ਰੇਮ ਦੀ ਪਰਸੀ* ਤਿਹਂ ਕੋ ਆਇ।
ਹੁਇ ਅਡੋਲ ਤਬ ਬੈਸਹੀ ਨਹਿਂ ਇਤ ਉਤ ਕੋ ਧਾਇ ॥੯੬॥

ਅਰਥ: (ਇਸ ਹਾਲ ਵਿਚ) ਜਦ ਪ੍ਰੇਮ ਦੀ ਸ੍ਵਾਂਤੀ ਬੂੰਦ ਉਸ ਨੂੰ ਆ ਕੇ ਛੁਹ ਜਾਏ ਤਦ (ਤਤਛਿਨ ਉਹ) ਅਡੋਲ ਹੋਕੇ ਬੈਠ ਜਾਂਦੀ ਹੈ, (ਫਿਰ) ਇਧਰ ਉਧਰ ਨਹੀਂ ਧਾਉਂਦੀ (ਭਾਵ ਏਹ ਕਿ ਚਿਤ ਬ੍ਰਿਤੀ ਏਕਾਗ੍ਰ ਹੋ ਕੇ ਆਪੇ ਵਿਚ ਟਿਕ ਜਾਂਦੀ ਹੈ)।

ਚੌਪਈ: ਸਾਕਤ ਖਰ ਨਹਿਂ ਮੱਜਨ ਕਰਿਹੀਂ।
ਬਿਸ਼ੈ ਠੌਰ ਦੁਰਗੰਧਹਿ ਫਿਰਹੀਂ।
ਜਿਉਂ ਕਿਉਂ ਤਿਹ ਬਨੁ ਜਾਇ ਸੰਜੋਗੁ।
ਹੋਤਿ ਗੁੜਾਕਾ ਤਿਨ ਤਨੁ ਰੋਗੁ ॥੯੭॥

ਸਾਕਤ=ਟੁੱਟੇ ਹੋਏ, ਵਾਹਿਗੁਰੂ ਤੋਂ ਜਿਨਾਂ ਦੀ ਲਿਵ ਟੁੱਟੀ ਹੋਈ ਹੈ। ਈਸ਼੍ਵਰ ਵਿਮੁਖ। [ਅ: ਸਾਕ਼ਤ]

ਖਰ-ਖੋਤਾ।ਫਾ: ਖ਼ਰ]। ਬਿਸ਼ੈ ਠੌਰ=ਵਿਸ਼ੇ ਵਿਕਾਰਾਂ ਦੀ ਥਾਂ।

ਦੁਰਗੰਧਹਿ=ਦੁਰਗੰਧੀ ਵਾਲੀ ਥਾਂ, ਭਾਵ ਅਰੂੜੀਆਂ ਤੇ।

---

**ਪਾਠਾਂਤ੍ਰ-ਪਰਸੈ-ਬੀ ਹੈ।

ਗੁੜਾਕਾ=ਨੀਂਦ। [ਸੰਸ. ਗੁਡਾਕਾ]

ਅਰਥ: (ਪਰੰਤੂ) ਸਾਕਤ (ਪੁਰਖ) ਖੋਤੇ (ਸਮਾਨ ਹਨ ਉਹ ਇਸ ਗੁਰ ਕੀਰਤੀ ਰੂਪੀ ਨਦੀ ਵਿਚ) ਇਸ਼ਨਾਨ ਨਹੀਂ ਕਰਦੇ, (ਓਹ ਜਿਵੇਂ ਖੋਤਾ ਦੁਰਗੰਧੀ (ਵਾਲੀ ਥਾਂ ਫਿਰਦਾ ਹੈ ਤਿਵੇਂ) ਵਿਸ਼ੇ ਵਿਕਾਰ ਵਾਲੀਆਂ ਥਾਂਵਾਂ ਤੇ ਫਿਰਦੇ ਹਨ, (ਭਲਾ ਜੇ) ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ (ਗੁਰਕੀਰਤੀ ਸੁਣਨ ਦਾ) ਸੰਜੋਗ ਬਣ (ਹੀ) ਜਾਵੇ (ਤਦ) ਉਨ੍ਹਾਂ ਦੇ ਸਰੀਰ ਨੂੰ (ਉਸ ਵੇਲੇ) ਨੀਂਦ ਦਾ ਰੋਗ ਲਗ ਜਾਂਦਾ ਹੈ।

ਭਾਵ: ਜੇ ਕਿਸੇ ਨਾ ਕਿਸੇ ਤਰ੍ਹਾਂ ਸੰਜੋਗ ਬਣ ਜਾਏ, ਭਾਵ ਕਿਸੇ ਕਾਰਣ ਸਾਕਤ ਲੋਗ ਸਤਿਸੰਗ ਵਿਚ ਆ ਹੀ ਜਾਣ ਤਾਂ ਸੌਂ ਜਾਂਦੇ ਹਨ, ਗੁਰੂ ਜਸ ਫੇਰ ਬੀ ਸੁਣਨੋਂ ਰਹਿ ਜਾਂਦੇ ਹਨ।

ਸੋਰਠਾ: ਸਰਿਤਾ ਤਟ ਸਤਿਸੰਗ, ਪਾਇ ਨ ਸ਼੍ਰਵਨ ਸ਼ਨਾਨ ਭਾ।
ਗੁਰ ਜਸੁ ਗੂੜਉ ਰੰਗ, ਰੰਗਜੋ ਨ ਮਨ ਦਹਦਿਸਿ ਫਿਰਜੋ ॥੮੮॥

ਸਰਿਤਾ=ਨਦੀ। ਤਟ=ਕਿਨਾਰਾ। ਭਾਵ, ਘਾਟ।

ਪਾਇ=ਪਾਕੇ, ਅੱਪੜ ਕੇ। ਨ...ਸ਼ਨਾਨ ਭਾ=ਇਸ਼ਨਾਨ ਨਾ ਪ੍ਰਾਪਤ ਹੋਇਆ। ਫਿਰਜੋ=ਮਨ ਫਿਰਿਆ, ਭਾਵ ਭਟਕਿਆ।

ਇਹ ਸੋਰਠਾ ਪਿਛਲੇ ਕਹੇ ਗੁੜਾਕੂਆਂ ਲਈ ਹੈ ਕਿ ਸਤਿਸੰਗ ਵਿਚ ਅੱਪੜਕੇ ਬੀ ਲਾਭ ਨਾ ਹੋਯਾ, ਸਗੋਂ ਮਨ ਸੁਪਨਿਆਂ ਵਿਚ ਭਟਕਦਾ ਫਿਰਿਆ।

ਪਰ ਹੋ ਸਕਦਾ ਹੈ ਕਿ ਕਵਿ ਜੀ ਨਿਜ ਮਨ ਨੂੰ ਸੰਬੋਧਨ ਕਰਦੇ ਹੋਣ ਕਿ ਤੂੰ ਸਤਿਸੰਗ ਤੋਂ ਗੁਰੂ ਜਸ ਨਾਲ ਉੱਜਲਤਾ ਤੇ ਪ੍ਰੇਮ ਪ੍ਰਾਪਤ ਨਹੀਂ ਕੀਤੇ।

ਅਰਥ: (ਗੁਰ ਕੀਰਤੀ ਰੂਪੀ) ਨਦੀ ਦੇ ਸਤਿਸੰਗ (ਰੂਪੀ) ਘਾਟ (ਤੇ) ਅੱਪੜਕੇ (ਗੁਰੂ ਯਸ਼) ਸੁਣ ਲੈਣ (ਰੂਪੀ) ਇਸ਼ਨਾਨ ਪ੍ਰਾਪਤ ਨਾ ਹੋਇਆ, (ਨਾ ਹੀ ਮਨ) ਗੁਰੂ ਜਸ ਦੇ (ਪ੍ਰੇਮ ਰੂਪੀ) ਗੂੜ੍ਹੇ ਰੰਗ (ਨਾਲ) ਰੰਗਿਆ ਗਿਆ, (ਸਗੋਂ) ਮਨ ਦਸੋ ਦਿਸ਼ਾ (ਵਿਚ ਭਟਕਦਾ) ਫਿਰਿਆ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੰਗਲਾ ਚਰਨ, ਨਾਮ ਮਹਿਮਾ ਬਰਨਨੰ' ਨਾਮ ਪ੍ਰਥਮੋ ਧਜਾਇ* ॥੧॥

ਇਤਿ=ਸਮਾਪਤ ਹੋਇਆ। ਪੂਰਬਾਰਧ=ਪਹਿਲਾ ਅੱਧਾ ਹਿੱਸਾ।

---

*ਲਿਖਤ ਦੇ ਇਕ ਨੁਸਖੇ ਵਿਚ ਪਾਠ ਹੈ:-ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ, ਨਾਨਕ ਪ੍ਰਕਾਸ਼ੇ, ਪੂਰਬਾਰਧੇ, ਮੰਗਲਾ ਚਰਨ ਨਾਮ ਮਹਿਮਾ ਬਰਨਨੰ ਨਾਮ ਪ੍ਰਥਮੋ ਅੰਸੂ।

ਇਸ ਤੋਂ ਜਾਪਦਾ ਹੈ ਕਿ ਲੇਖਕ ਜੀ ਸ਼੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸ਼ਾਮਲ ਕਰ ਰਹੇ ਹਨ, ਪਤਾ ਨਹੀਂ ਇਹ ਕਿਸੇ ਲਿਖਾਰੀ ਦਾ ਯਤਨ ਹੈ ਯਾ ਕਰਤਾ ਜੀ ਨੇ ਆਪ ਗੁਰ ਪ੍ਰਤਾਪ ਸੂਰਜ ਗ੍ਰੰਥ ਮੁਕਾਕੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਵਿਚ ਸ਼ਾਮਲ ਕੀਤਾ ਹੈ। ਕਿਵੇਂ ਹੋਵੇ, ਸ਼੍ਰੀ ਗੁਰ ਪ੍ਰਤਾਪ ਸੂਰਜ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਸ਼ਾਮਲ ਕਰਨਾ, ਗ੍ਰੰਥ ਦੀ ਆਯੂ ਬ੍ਰਿਧੀ ਲਈ ਬੜਾ ਲਾਭਦਾਇਕ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਜੋ ਦੋ ਹਿੱਸਿਆਂ ਵਿਚ ਵੰਡਿਆ ਹੈ ਇਸ ਵਿਚ ਭੀ ਗ਼ਾਲਬਨ ਇਹੋ ਮੁਰਾਦ ਹੈ, ਦਿਨ ਦਾ ਪਹਿਲਾ ਹਿੱਸਾ ਪੂਰਬਾਰਧ ਤੇ ਪਿਛਲਾ ਹਿੱਸਾ ਉਤ੍ਰਾਰਧ ਕਹੀਦਾ ਹੈ। ਗੋਯਾ ਨਾਨਕ ਪ੍ਰਕਾਸ਼ ਵਿਚ ਗੁਰੂ ਰੂਪੀ ਸੂਰਜ ਚੜ੍ਹਿਆ ਹੈ, ਤੇ ਇਸਨੂੰ ਸੂਰਜ ਉਦੈ ਦਿਨ ਮਿਥਕੇ ਦੋ ਹਿੱਸੇ ਕੀਤੇ ਹਨ, ਅੱਗੋਂ ਉਸੇ ਸੂਰਜ ਤੋਂ ਬਣੀਆਂ ਰਾਸ਼ੀਆਂ, ਰੁੱਤਾਂ ਤੇ ਐਨ ਪਦ ਵਰਤੇ ਹਨ। ਪਰੰਤੂ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਹਿੱਸਿਆਂ ਨੂੰ-ਅਧਯਾਯ-ਕਿਹਾ ਹੈ ਤੇ ਰਾਸਾਂ ਰੁੱਤਾਂ ਐਨਾਂ ਦੇ ਹਿੱਸਿਆਂ ਨੂੰ-ਅੰਸੂ-ਕਿਹਾ ਹੈ।

ਬਰਨਨੰ=ਵਰਣਨ। ਪ੍ਰਥਮੋ=ਧਜਾਇ=ਪਹਿਲਾ ਅਧਜਾਯ।

ਅਰਥ: ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧੇ (ਹਿੱਸੇ ਦਾ) ਪਹਿਲਾ ਅਧਜਾਯ ਜਿਸਦਾ ਨਾਮ 'ਮੰਗਲਾ ਚਰਨ, ਨਾਮ ਮਹਿੰਮਾ ਵਰਣਨ' ਹੈ, ਸਮਾਪਤ ਹੋਇਆ।

## ਅਧ੍ਯਾਯ ਦੂਜਾ

## ੨. [ਮੰਗਲ। ਪੱਤ੍ਰੀ ਲਿਆਉਣੀ, ਬਾਲੇ ਦਾ ਗੁਰੂ ਅੰਗਦ ਜੀ ਨੂੰ ਮਿਲਣਾ]

੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩

ਸ੍ਵੈਯਾ: ਬਲਵੰਡ ਬਡੇ ਭੁਜਦੰਡ ਪ੍ਰਚੰਡ,
ਅਖੰਡ ਅਦੰਡ ਕਰੇ ਖਲ ਖੰਡਾ।
ਰਨਮੰਡ ਉਮੰਡ ਘਮੰਡਿਤ ਚੰਡਿ,
ਅਖੰਡਲ ਕੇ ਅਰਿ ਕੀਨ ਬਿਹੰਡਾ।
ਕਰ ਹੇਰਿ ਕੁਵੰਡਹ ਤੁੰਡਹ ਪੰਡੁ,
ਭਗੇ ਜਸ ਮੰਡਨ ਕਾ ਬ੍ਰਹਮੰਡਾ।
ਸਿਧਿਦਾ ਨਿਧਿਦਾ ਰਿਧਿਦਾ ਬੁਧਿਦਾ
ਜੁਧ ਮੱਧ ਸਹਾਇਸਦਾ ਭਵਮੰਡਾ ॥੧॥

ਬਲਵੰਡ=ਬਲਵੰਤ=ਬਲਵਾਨ।

ਭੁਜਦੰਡ=ਡੰਡੇ ਵਰਗੀਆਂ ਮਜ਼ਬੂਤ ਬਾਹਾਂ। (ਅ) ਬਾਹਾਂ ਦੇ ਡੌਲੇ।

ਪ੍ਰਚੰਡ=ਤੇਜ ਵਾਲੇ। ਅਖੰਡ=ਅਟੁੱਟ, ਜੋ ਭੱਜ ਨ ਸੱਕਣ।

ਅਦੰਡ=ਅ+=ਦੰਡ=ਜਿਨ੍ਹਾਂ ਨੂੰ ਦੰਡ ਨਾ ਦਿੱਤਾ ਜਾ ਸਕੇ, ਨਿਰਭੈ।

ਖਲ=ਮੂਰਖ। ਖੰਡਾ=ਖੰਡ ਦਿੱਤੇ, ਟੋਟੇ ਕਰ ਸਿੱਟੇ, ਨਾਸ਼ ਕੀਤੇ।

ਰਣਮੰਡ=ਰਣ+ਮੰਡ=ਮੈਦਾਨ ਜੰਗ ਸਜੇ ਹੋਏ ਵਿਚ। ਰਣ ਤੱਤੇ ਯਾ ਰਣ ਮੱਤੇ ਵਿਚ। ਉਮੰਡ=ਜੋਸ਼ ਨਾਲ।

ਘਮੰਡਿਤ=ਘਮੰਡ ਵਿਚ ਆ ਕੇ, ਭਾਵ ਰਣ ਵਿਚ ਵੈਰੀ ਨੂੰ ਵੰਗਾਰਕੇ (ਮਾਰਨਾ) ਵੰਗਾਰਕੇ।

ਚੰਡ=ਇੱਕ ਦੈਂਤ ਜਿਸਨੂੰ ਦੇਵੀ ਨੇ ਮਾਰਿਆ ਸੀ। (ਅ) ਚੰਡਿ, ਚੰਡੀ=ਚੰਡਿਕਾ ਦੇਵੀ। ਰਾਖਸ਼ਾਂ ਨੂੰ ਮਾਰਨ ਵਾਲਾ ਦੇਵੀ ਦਾ ਰੂਪ। ਸ਼ਕਤੀ।

ਅਖੰਡਲ=ਆਖੰਡਲ=ਇੰਦ੍ਰ*। ਅਰਿ=ਵੈਰੀ।

ਬਿਹੰਡਾ=[ਸੰਸ: ਵਿਘਟਨ, ਵਿਹਨਨੰ। ਪ੍ਰਾਕ੍ਰਿਤ, ਬਿਹੰਡਨ]=ਟੋਟੇ ਟੋਟੇ ਕਰ ਸਿਟਣੇ, ਮਾਰ ਦੇਣਾ, ਪ੍ਰਾਜੈ ਕਰਨਾ।

ਕਰ=ਹੱਥ। ਹੇਰਿ=ਦੇਖਕੇ।

ਕੁਵੰਡਹ=ਧਨੁਖ। [ਸੰਸ: ਕੋਦੰਡ, ਹਿੰਦੀ, ਕੁਬੰਡ]।

ਤੁੰਡਹ=ਤੁੰਡ-ਮੂੰਹ।

ਪੰਡੁ-ਪਾਂਡੂ ਰੰਗ ਦੇ, ਪੀਲੇ, ਪਿੱਲੇ। ਮੂੰਹ ਪੀਲਾ ਹੋਣਾ, ਭੈ ਖਾਣਾ ਹੈ।

ਮੰਡਨਭਾ=ਅਸਥਾਪਨ ਹੋਇਆ, ਫੈਲਿਆ ਹੋਇਆ।

ਬ੍ਰਹਮੰਡਾ=ਜਗਤ ਵਿਚ।

ਸਿਧਿ ਦਾ ਨਿਧਿ ਦਾ ਰਿਧਿ ਦਾ ਬੁਧਿ ਦਾ=ਸਿਧਿ, ਨਿਧਿ, ਰਿਧੀ ਤੇ ਬੁੱਧੀ ਦਾ ਦਾਤਾ। ਨਿਧੀਆਂ ਤੇ ਸਿਧੀਆਂ ਲਈ ਵੇਖੋ ਪਹਿਲੇ ਅਧ੍ਯਾਯ ਦੇ ੧੭ਵੇਂ ਛੰਦ ਦੇ ਪਦਾਰਥ।

---

*ਅਖੰਡਲ=ਅਟੁੱਟ। ਪਰ ਏਥੇ ਮਰਾਦ ਆਖੰਡਲ ਤੋਂ ਹੈ।

ਰਿਧਿ=ਖੁਸ਼ਹਾਲੀ। ਕਿਸੇ ਸ਼ੁਭ ਵਸਤੂ ਦੀ ਅਮੁੱਖ ਪ੍ਰਾਪਤੀ। ਪਿੱਛੇ ਜੁੱਧ ਦੇ ਗੁਣ ਗਿਣੇ ਹਨ; ਹੁਣ ਬੁੱਧਿ ਦਾਤਾ ਅਰਥਾਤ ਵਿਦ੍ਯਾ ਆਦਿਕ ਗੁਣ ਗਿਣੇ ਹਨ ਤੇ ਵਿਦ੍ਯਕ ਕੰਮਾਂ ਵਿਚ ਸਿਧਿ (ਕਾਮਯਾਬੀ) ਦੇਣ ਵਾਲੇ ਗੁਣ ਕਹੇ ਹਨ।

ਭਵਮੰਡਾ=ਭਵ।ਭਯ]=ਡਰ। ਮੰਡਾ।ਮਰਦਨ ਤੋਂ]=ਮਲ ਸਿੱਟਣ ਵਾਲੀ। (ਅ)- ਭਵ=ਸਾਗਰ। ਮੰਡਾ।ਮੰਡਨੰ]=ਸੰਵਾਰ ਦੇਣ ਵਾਲੀ। ਭੂਸ਼ਿਤ ਕਰਨ ਵਾਲੀ। ਸੰਸਾਰ ਨੂੰ ਵਿਦ੍ਯਾ ਆਦਿ ਸੁੰਦਰਤਾਈਆਂ ਨਾਲ ਭੂਸ਼ਿਤ ਕਰਨ ਵਾਲੀ।

ਭਵਮੰਡਾ=ਦਾ ਅਰਥ ਜਗਤ ਰਚਨ ਵਾਲੀ ਬੀ ਹੋ ਸਕਦਾ ਹੈ, ਪਰ ਉਹ ਏਥੇ ਅਪ੍ਰਸੰਗਕ ਹੈ।

ਅਰਥ: ਤੇਜਵਾਨ, ਬਲਵਾਨ (ਤੇ) ਵੱਡੇ (ਹਨ) ਬਾਹਵਾਂ ਦੇ ਡੌਲੇ (ਜਿਸਦੇ ਅਤੇ ਜਿਸਨੇ) ਨਾ ਖੰਡੇ ਜਾ ਸਕਣ ਵਾਲੇ ਨਿਰਭੈ ਮੂਰਖ ਖੰਡ ਸਿੱਟੇ*। (ਉਸ) ਸ਼ਕਤੀ ਨੇ ਰਣ ਤੱਤੇ (ਵਿਚ) ਉਮੰਡ ਕੇ ਤੇ ਵੰਗਾਰ ਕੇ ਇੰਦ੍ਰ ਦੇ ਵੈਰੀਆਂ ਨੂੰ ਪ੍ਰਾਜੈ ਕੀਤਾ। (ਉਸਦੇ) ਹੱਥਾਂ (ਵਿਚ) ਧਨੁਖ ਦੇਖ ਕੇ (ਵੈਰੀਆਂ ਦੇ) ਮੂੰਹ ਪੀਲੇ (ਹੋ ਗਏ ਤੇ ਭੈ ਖਾ ਕੇ) ਨੰਸ ਗਏ, ਬ੍ਰਹਮੰਡ (ਵਿਚ ਫਿਰ ਜਿਸਦਾ) ਜਸ ਹੋਇਆ। (ਉਹ ਹੀ ਹੈ) ਸਿੱਧੀ ਨਿੱਧੀ ਰਿੱਧੀ (ਤੇ) ਬੁੱਧੀ ਦੀ ਦਾਤਾ, ਜੁੱਧ ਵਿਚ ਸਹਾਇਕ (ਅਤੇ) ਸਦਾ ਸੰਸਾਰ ਨੂੰ ਭੂਸ਼ਿਤ ਰੱਖਣ ਵਾਲੀ।

ਭਾਵ: ਏਹ ਮੰਗਲ ਫੇਰ ਸ਼ਾਰਦਾ ਦਾ ਹੈ, ਪਿਛਲੇ ਅਧ੍ਯਾਯ ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਸਾਰੇ ਮੰਗਲ ਕਰ ਆਏ ਹਨ। ਏਥੇ ਕੇਵਲ ਦੂਜੇ ਅਧ੍ਯਾਯ ਦਾ ਮੰਗਲ ਕਰਦੇ ਹਨ। ਪਹਿਲਾਂ ਇਥੇ ਸ਼ਾਰਦਾ ਦਾ ਆਵਾਹਨ ਕੀਤਾ ਹੈ, ਅਗਲੇ ਦੋਹੇ ਵਿਚ ਸੰਤਾਂ ਦਾ ਤੇ ਇਸਤੋਂ ਅਗਲੀ ਚੌਪਈ ਵਿਚ ਸਤਿਗੁਰੂ ਜੀ ਦਾ ਮੰਗਲ, ਤੇ ਉਨ੍ਹਾਂ ਅੱਗੇ ਅਰਦਾਸ ਹੈ ਕਿ ਮੇਰੇ ਇਸ ਉੱਦਮ ਨੂੰ ਨਿਰਵਿਘਨ ਸਮਾਪਤ ਕਰ ਦੇਣ।

ਕਵਿ ਜੀ ਇਕ ਜੰਗਜੂ ਤੇ ਨਰ ਸੁਭਾਵ ਕੌਮ ਦੇ ਗੁਣੀ ਹੋਣ ਕਰਕੇ ਸ਼ਾਰਦਾ ਨੂੰ ਜੁੱਧ ਜੰਗ ਦਾ ਸਹਾਯਕ, ਜਲਾਲ ਤੇ ਜਮਾਲ ਦੋਹਾਂ ਸੁੰਦਰਤਾ ਵਾਲੀ ਫ਼ਰਜ਼ ਕਰਕੇ ਅਖ਼ੀਰਲੀ ਤੁਕ ਵਿਚ ਕਹਿੰਦੇ ਹਨ:- ਸਿਧਿ ਨਿਧਿ ਰਿਧਿ ਬੁਧਿ ਦੀ ਦਾਤਾ ਹੈ। ਜੇ ਕੋਈ ਇਨ੍ਹਾਂ ਵਸਤਾਂ ਦਾ ਜਗਤ ਵਿਚੋਂ ਨਾਸ਼ ਕਰੇ ਤਾਂ ਜੁੱਧ ਜੰਗ ਕਰਕੇ ਖਲਾਂ ਦਾ ਨਾਸ਼ ਕਰਕੇ ਫੇਰ ਵਿਦਯਾ ਆਦਿ ਨਾਲ ਜਗਤ ਨੂੰ ਸਦਾ ਭੂਸ਼ਤ ਰਖਦੀ ਹੈ।

ਵਿਸਥਾਰ ਵਾਸਤੇ ਪਹਿਲੇ ਅਧ੍ਯਾਯ ਦੇ ਕਬਿੱਤ ਅੰਕ ੨ ਦਾ ਟੀਕਾ ਤੇ ਭਾਵ ਪੜ੍ਹੋ।

ਦੋਹਰਾ: ਬੰਦੌਂ ਸੰਤ ਸੰਦੋਹਿ ਪਦ,
ਜਿਨਤੇ ਹੋਤਿ ਉਧਾਰ।
ਜਮ ਤਮ ਸਮ ਤਿਹ ਤਰਨਿ ਸੇ,
ਭ੍ਰਮ ਘਨ ਬਾਤ ਬਿਚਾਰ ॥੨॥

ਸੰਦੋਹਿ-ਸੰਗਤ, ਇਕੱਤ੍ਰਤਾ, ਇਕੱਠ, ਸਮਾਜ, ਸਾਰੇ,ਸਮੂਹ। [ਸੰਸ: ਸਂਦੋਹ]
ਉਧਾਰ=ਕਲ੍ਯਾਣ, ਮੁਕਤੀ। ਜਮ=ਯਮ। ਤਮ=ਹਨੇਰਾ।
ਤਰਨਿ=ਤਰਣਿ=ਸੂਰਜ। (ਅ) ਤਰਣ-ਜਹਾਜ਼, ਬੇੜਾ।

---

*ਐਉਂ ਬੀ ਅਰਥ ਢੁਕਦਾ ਹੈ:-(ਜਿਸ ਸ਼ਕਤੀ ਨੇ) ਵਡੇ ਬਲਵਾਨ (ਤੇ) ਤੇਜਵਾਨ ਡੰਡੇ ਵਰਗੀਆਂ ਭੁਜਾਂ ਵਾਲੇ ਮੂਰਖਾਂ ਨੂੰ, (ਜੋ) ਨਾ ਖੰਡੇ ਜਾਣ ਵਾਲੇ (ਤੇ) ਨਾ ਸੋਧੇ ਜਾ ਸਕਣ ਵਾਲੇ (ਸਨ,) ਖੰਡ ਸਿੱਟਿਆ।

ਘਨ=ਬੱਦਲ। ਬਾਤ=ਵਾਤ-ਹਵਾ, ਪੌਣ, ਹਨੇਰੀ।

ਅਰਥ: (ਉਨ੍ਹਾਂ) ਸਮੂਹ ਸੰਤਾਂ ਦੇ ਚਰਨਾਂ ਨੂੰ (ਮੈਂ) ਮੱਥਾ ਟੇਕਦਾ ਹਾਂ, ਜਿਨ੍ਹਾਂ ਤੋਂ (ਮਨੁੱਖ ਜਨਮ ਦਾ) ਉਧਾਰ ਹੁੰਦਾ ਹੈ। ਜਮ ਹਨੇਰੇ ਦੇ ਸਮਾਨ (ਹੈ) ਉਸ (ਲਈ ਓਹ ਸੰਤ) ਸੂਰਜ ਸਮਾਨ (ਹਨ ਅਤੇ) ਭ੍ਰਮ (ਰੂਪੀ) ਬੱਦਲਾਂ (ਨੂੰ ਉਡਾ ਦੇਣ ਲਈ ਉਨ੍ਹਾਂ ਨੂੰ) ਹਵਾ (ਸਮਾਨ) ਸਮਝ ਲਓ।

ਭਾਵ: ਹਵਾ ਬੱਦਲਾਂ ਨੂੰ ਉਡਾ ਲਿਜਾਂਦੀ ਹੈ, ਸੂਰਜ ਹਨੇਰੇ ਨੂੰ ਦੂਰ ਕਰਦਾ ਹੈ। ਤਿਵੇਂ ਉਨ੍ਹਾਂ ਸੰਤਾਂ ਦੀ ਸੰਗਤ ਜੋ

'ਆਪਿ ਮੁਕਤੁ ਮੁਕਤੁ ਕਰੈ ਸੰਸਾਰੁ।'

ਗਉ: ਸੁਖ: ਮ: ੫]

ਦਾ ਗੁਣ ਰੱਖਦੇ ਹਨ, ਮਨ ਤੋਂ ਭ੍ਰਮ ਤੇ ਜਮ ਦਾ ਭੈ ਦੂਰ ਕਰਦੇ ਹਨ। ਐਸੇ ਸਾਰੇ ਸੰਤਾਂ ਨੂੰ ਨਮਸਕਾਰ ਕਰਦਾ ਹਾਂ।

ਚੌਪਈ: ਮੋਰ ਮਨੋਰਥ ਭਯੋ ਜਹਾਜੂ।
ਸਿੰਧੁ ਜਿ ਬਿਘਨ ਅਥਾਹਿ ਸਮਾਜੂ।
ਕਰਨਧਾਰ ਕਰਿਹੀ ਗੁਰ ਕਰੁਨਾ।
ਤਬ ਪਹੁੰਚੋਂ ਤਟਿ ਕਰਿ ਤਿਨ ਪਰਨਾ ॥੩॥

ਮਨੋਰਥ=ਮਨ ਦਾ ਅਰਥ-ਮੁਰਾਦ, ਮੁਦਆ। ਮਨੋਰਥ ਤੋਂ ਭਾਵ ਏਥੇ ਸ੍ਰੀ ਗੁਰ ਨਾਨਕ ਪ੍ਰਕਾਸ਼ ਰਚਣ ਦੀ ਚਾਹਨਾ ਤੋਂ ਹੈ।

ਜਹਾਜੂ=ਜਹਾਜ਼, ਬਹੁਤ ਵੱਡਾ ਬੇੜਾ ਜੋ ਸਮੁੰਦਰਾਂ ਤੋਂ ਮਾਲ ਤੇ ਆਦਮੀ ਆਦਿ ਲੈ ਤਰਦਾ ਹੈ ਤੇ ਪਾਰ ਉਰਾਰ ਆਂਦਾ ਜਾਂਦਾ ਹੈ[ਅਰਬੀ, ਜਹਾਜ਼]।ਸਿੰਧੁ=ਸਮੁੰਦਰ। ਸਮਾਜੂ=ਸਾਮਾਨ।

ਕਰਨਧਾਰ=ਮਲਾਹ। [ਸੰਸ. ਕਰਣਧਾਰ] ਕਰਣ=ਉਹ ਪੁਰਜ਼ਾ ਜਿਸ ਨਾਲ ਜਹਾਜ਼ ਸੇਧ ਬੰਨ੍ਹਕੇ ਟੋਰਿਆ ਜਾਵੇ।

ਧਰ=ਧਾਰਨ ਕਰਨ ਵਾਲਾ।

ਕਰੁਨਾ=ਕ੍ਰਿਪਾ, ਮੇਹਰ। [ਸੰਸ: ਕਰੁਣ, ਕਰੁਣਾ]। ਤਟਿ=ਕਿਨਾਰਾ।

ਪਰਨਾ=ਆਸਰਾ। [ਸੰਸ: ਪ੍ਰਣਯ]।

ਅਰਥ: ਮੇਰਾ ਮਨੋਰਥ (ਗ੍ਰੰਥ ਰਚਨ ਦਾ ਮਾਨੋ ਇਕ ਬੜੇ) ਸਮਾਜ (ਨਾਲ ਭਰਿਆ) ਜਹਾਜ਼ ਬਣ ਗਿਆ ਹੈ। ਵਿਘਨਾ (ਰੂਪੀ) ਅਥਾਹ ਸਮੁੰਦਰ ਹੈ। (ਜੇ) ਗੁਰੂ (ਰੂਪੀ) ਮਲਾਹ ਕ੍ਰਿਪਾ ਕਰਨਗੇ, ਤਦ (ਮੈਂ) ਉਨ੍ਹਾਂ ਦੇ ਆਸਰੇ ਨਾਲ (ਪਾਰਲੇ) ਕਿਨਾਰੇ ਅੱਪੜਾਂਗਾ।

ਭਾਵ: ਕਵਿ ਜੀ ਅਪਣੇ ਕੰਮ ਨੂੰ ਬੜਾ ਕਠਨ ਸਮਝ ਰਹੇ ਹਨ। ਉਸ ਦਾ ਰੂਪਕ ਸਮੁੰਦਰ ਵਿਚ ਠਿੱਲੇ ਜਹਾਜ਼ ਨਾਲ ਬੰਨ੍ਹਦੇ ਹਨ।

ਸਮੁੰਦਰੀ ਸਫਰ ਵਿਚ ਕਈ ਵਿਘਨ ਹੁੰਦੇ ਹਨ, ਉਨ੍ਹਾਂ ਤੋਂ ਬਚਾਉ ਸਿਆਣੇ ਮਲਾਹਾਂ ਦੇ ਹੱਥ ਹੁੰਦਾ ਹੈ ਤੇ ਵਧੇਰੇ ਉਸ ਮਲਾਹ ਦੇ, ਜੋ ਜਹਾਜ਼ ਦੇ ਉਸ ਪੁਰਜ਼ੇ ਤੇ ਕੰਮ ਕਰਦਾ ਹੈ, ਜੋ ਜਹਾਜ਼ ਦੀ ਸੇਧ ਬੰਨ੍ਹਦਾ ਹੈ। ਉਹ ਜਹਾਜ਼ ਨੂੰ ਚਿਟਾਨਾਂ ਨਾਲ ਟਕਰਾਉਣੋਂ ਬਚਾਉਂਦਾ ਤੇ ਟਿਕਾਣੇ ਅਪੜਾਉਂਦਾ ਹੈ। ਹੋਰ ਅਨੇਕ ਤਰ੍ਹਾਂ ਦੇ ਵਿਘਨ ਹੁੰਦੇ ਹਨ, ਸਤਿਗੁਰੂ ਦਾ ਪਰਨਾ ਲੈ ਕੇ ਉਨ੍ਹਾਂ ਦੀ ਮਿਹਰ ਤੇ ਤਕੀਆ ਰੱਖ ਕੇ ਆਪ ਪਾਰ ਪਹੁੰਚਣ ਦੀ ਅਰਥਾਤ ਅਪਣੇ ਛੋਹੇ ਕੰਮ ਦੀ ਨਿਰਵਿਘਨ ਸਮਾਪਤੀ ਦਾ ਨਿਰਭਰ ਰਖਦੇ ਹਨ।

ਪਦਾਂ ਦੀ ਅਰਥ ਵਿਚਾਰ ਇਹ ਰਸਤਾ ਵਧੇਰੇ ਦੇਂਦੀ ਹੈ ਕਿ ਭਾਈ ਸਾਹਿਬ ਜੀ ਦੀ ਆਸ਼ਾ ਹੈ 'ਮੇਰਾ ਮਨੋਰਥ ਸਮੁੰਦਰ ਵਿਚ ਜਹਾਜ਼ ਵਾਂਙੂ ਹੈ; ' ਅਰਥਾਤ ਕਠਨਤਾ ਵਾਲਾ ਕੰਮ ਹੈ, ਫੇਰ ਉਸ ਸਮੁੰਦਰੀ ਸਫਰ ਵਿਚ ਵਿਘਨਾ ਦਾ ਭੈ ਹੈ।

[ਬੇਨਤੀ]

ਤੁਮਰੋ ਨਾਮ ਨਿਬਾਹਹੁ ਲਾਜਾ।
ਕਰਹੁ ਗ੍ਰੰਥ ਪੂਰਨ ਸ਼ੁਭ ਕਾਜਾ।
ਤਵ ਕਰੁਨਾ ਬਿਨ ਅੱਖਰ ਏਕੂ।
ਨਹਿਂ ਉਪਜਤਿ ਮੁਝ ਰਿਦੈ ਬਿਬੇਕੂ ॥੪॥

ਦੋਹਰਾ: ਗੁਰੁ ਪਗ ਪ੍ਰੇਮ ਸਮੁੰਦਰ ਸਮ, ਸੁਧਾ ਪਰਦਿ ਕਵਿਤਾ ਸੁ।
ਸਿੱਖ ਬਿੰਦਾਰਿਕ ਪੀਵਹੀਂ, ਨਿੱਤ ਹ੍ਵੈ ਸੁਮਤਿ ਪ੍ਰਕਾਸ਼ ॥੫॥

ਨਾਮ=ਨਾਮ ਤੋਂ ਮੁਰਾਦ ਨਾਮ ਦੇ ਬਿਰਦ ਦੀ ਹੈ ਕਿ ਮੈਂ ਆਪਦਾ ਹਾਂ ਤੇ ਆਪਦਾ ਯਸ਼ ਗਾਉਣ ਲਗਾ ਹਾਂ।

ਨਿਬਾਹਹੁ ਲਾਜਾ=ਲਾਜ ਨਿਬਾਹੋ ਦਾ ਮਤਲਬ ਹੈ ਕਿ ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਤੁਹਾਡਾ ਜੁ ਹੋਯਾ, ਇਸ ਦੀ ਲਾਜ ਪਾਲੋ।

ਸ਼ੁਭ ਕਾਜਾ='ਸ਼ੁਭ' ਪਦ 'ਕਾਜ' ਦਾ ਵਿਸ਼ੇਸ਼ਣ ਹੈ, ਪਰੰਤੂ ਪੂਰਨ ਕਰੋ ਦਾ ਕ੍ਰਿਯਾ ਵਿਸ਼ੇਸ਼ਣ ਹੋ ਕੇ ਬੀ ਲਗਦਾ ਹੈ ਕਿ ਸ਼ੁਭ ਰੀਤੀ ਨਾਲ, ਭਾਵ ਨਿਰਵਿਘਨ ਸੰਪੂਰਣ ਕਰੋ। ਕਰੁਨਾ=ਕ੍ਰਿਪਾ।

ਬਿਬੇਕੁ=ਵਿਵੇਕ-ਗਿਆਨ, ਪਛਾਣ, ਸਿਆਣ, ਨਿਰਣੈ ਕਰ ਲੈਣ ਦੀ ਸ਼ਕਤੀ, ਨਿਰਣੈ ਕੀਤਾ ਹੋਯਾ ਸਿੱਟਾ। (ਅ) ਐਉਂ ਬੀ ਤੁਕਾਂ ਦਾ ਅਰਥ ਲਾਉਂਦੇ ਹਨ:-ਤੇਰੀ ਕਿਰਪਾ ਬਿਨਾ ਮੇਰੇ ਹਿਰਦੇ (ਵਿਚ) ਵਿਵੇਕ (ਤਾਂ ਕੀ) ਇਕ ਅੱਖਰ ਬੀ ਨਹੀਂ ਉਪਜ ਸਕਦਾ। (ੲ) ਤੇਰੀ ਕਿਰਪਾ ਬਿਨਾਂ ਮੇਰੇ ਰਿਦੇ ਵਿਚ ਇਕ ਅੱਖਰ ਦਾ ਗਿਆਨ ਨਹੀਂ ਉਪਜ ਸਕਦਾ।

ਸੁਧਾ=ਅੰਮ੍ਰਿਤ। ਪਰਦਿ=ਦਾਤਾ। [ਸੰਸ. ਪ੍ਰਦ=ਦਾਤਾ]।

ਕਵਿਤਾਸੁ=ਕਵਿਤਾ+ਸੁ=ਕਵਿਤਾ=ਸ਼ਾਇਰੀ, ਪਦਜ ਰਚਨਾ, ਮਨ ਦੇ ਭਾਵ ਆਦਕਾਂ ਨੂੰ ਰਮਣੀਕ ਤ੍ਰੀਕੇ ਨਾਲ ਛੰਦ ਵਿਚ ਕਹਿਣ ਦੀ ਮਤੀ। ਸੁ=ਉਹ; ਇਸ਼ਾਰਾ-ਸਮੁੰਦਰ-ਵਲ ਹੈ।

ਬਿੰਦਾਰਕ=ਵ੍ਰਿੰਦਾਰਕ=ਦੇਵਤਾ, ਅਮਰ ਜੀਵਨ ਵਾਲਾ। [ਸੰਸ: ਵ੍ਰਿੰਦਾਰਕ=ਸੁੰਦਰ, ਮਨੋਰੰਜਕ, ਉੱਤਮ, ਸ੍ਰੇਸ਼ਟ। ਦੇਵਤਾ]

ਸੁਮਤਿ=[ਸੁ=ਸ੍ਰੇਸ਼ਟ, ਮਤਿ=ਬੁਧੀ]। ਸ੍ਰੇਸ਼ਟਬੁਧੀ ਭਾਵ ਆਤਮ ਵਿਸ਼ੈਣੀਬੁਧੀ ਹੈ।

ਅਰਥ: (ਹੇ ਸਤਿਗੁਰੂ ਜੀ! ਤੁਹਾਨੂੰ) ਆਪਣੇ ਨਾਮ (ਦਾ ਬਿਰਦ ਹੈ, ਦਾਸ ਦੀ) ਲਾਜ ਨਿਬਾਹ ਦਿਓ, (ਮੇਰਾ ਇਹ) ਸ਼ੁਭ ਕੰਮ ਗ੍ਰੰਥ (ਰਚਣ ਦਾ) ਸੰਪੂਰਨ ਕਰ ਦਿਓ। (ਮੈਨੂੰ ਇਹ) ਗ੍ਯਾਨ (ਪੱਕਾ ਹੈ ਕਿ) ਆਪ ਦੀ ਕਿਰਪਾ ਬਿਨਾ ਇਕ ਇਕ ਅੱਖਰ (ਬੀ) ਮੇਰੇ ਹਿਰਦੇ (ਵਿਚੋਂ) ਨਹੀਂ ਉਪਜ ਸਕਦਾ। ਗੁਰਾਂ ਦੇ ਚਰਨਾਂ ਦਾ ਪ੍ਰੇਮ ਸਮੁੰਦਰ ਸਮਾਨ ਹੈ, ਉਹ (ਸਮੁੰਦਰ) ਕਵਿਤਾ (ਰੂਪੀ) ਅੰਮ੍ਰਿਤ ਦਾ ਦਾਤਾ ਹੈ। (ਜਿਸਨੂੰ) ਸਿੱਖ (ਰੂਪੀ) ਦੇਵਤੇ ਨਿੱਤ ਹੀ ਪੀਂਦੇ ਹਨ (ਜਿਸ ਤੋਂ ਉਨ੍ਹਾਂ ਦੇ ਹਿਰਦੇ ਵਿਚ) ਨਿਤ ਹੀ ਸੁਭ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ।

ਸੂਚਨਾ: ਅੱਗੋਂ ਹੁਣ ਕਥਾ ਆਰੰਭ ਹੁੰਦੀ ਹੈ।

ਚੌਪਈ:

ਵਿਚ ਕਰਤਾਰਪੁਰੇ ਜਗਰਾਈ[1]।
ਸ੍ਰੀ ਅੰਗਦ ਕੋ ਦੀਨਿ ਬਡਾਈ।

[1]ਜਗਤ ਦੇ ਪਾਤਸ਼ਾਹ (ਗੁਰੂ ਨਾਨਕ ਦੇਵ ਜੀ) ਨੇ।

ਅਪਨ ਕੀਨ ਸਚਖੰਡ ਪਯਾਨਾ[1]।

[1]ਚਲਾਣਾ।

ਜੋਤਿ ਰੂਪ ਬਿਬ ਤਨ[1] ਪਲਟਾਨ ॥੬॥

[1]ਦੂਜਾ ਸਰੀਰ।

ਜਿਉ ਅਧਿਪਤਿ[1] ਇਕ ਪੋਸ਼ਿਸ਼[2] ਤਜਿਕੈ[3]।

[1]ਰਾਜਾ। [2]ਪੁਸ਼ਾਕ। [3]ਉਤਾਰਕੇ।

ਬੈਸਹਿ[1] ਸਭਾ ਦੁਤਿਯ[2] ਤਨ-ਸਜਿਕੈ[3]।

[1]ਬੈਠੇ। [2]ਦੂਜੀ। [3]ਪਹਿਨਕੇ।

ਤਿਉ ਖਡੂਰ ਮਹਿਂ ਆਨ ਬਿਰਾਜੇ।
ਜਿਨ ਸਿਮਰਨਿ ਕਲਿ ਕਲਮਲ[1] ਭਾਜੇ ॥੭॥

[1]ਕਲਿਜੁਗ ਦੇ ਪਾਪ।

ਦੋਹਰਾ:

ਤਖਤ ਬੈਠਿ ਅੰਗਦ ਗੁਰੂ
ਕੀਨ ਖਡੂਰ ਨਿਵਾਸ।
ਨਰਨ[1] ਉਧਾਰਨ ਕਾਰਨੇ
ਕਰਤਿ ਸੁ ਭਗਤਿ ਪ੍ਰਕਾਸ਼ ॥੮॥

[1]ਮਨੁੱਖਾਂ ਦੇ।

ਸ੍ਵੈਯਾ:

ਇਕ ਬਾਸੁਰ[1] ਆਸਨ ਡਾਸਿ[2] ਅਸੀਨ,[3]
ਸੁ ਧ੍ਯਾਨ ਬਿਖੈ ਗੁਰ ਅੰਗਦ ਹੋਏ।

[1]ਦਿਨ। [2]ਡਾਹਕੇ। [3]ਬੈਠੇ।

ਗੁਰ ਨਾਨਕ ਕੇ ਪਦਪੰਕਜ[1] ਲੀਨ

[1]ਚਰਣ ਕਮਲਾਂ ਵਿਚ।

ਨਿਰੰਤਰ[1] ਹੀ ਮੁਦ[2] ਲੋਚਨ ਕੋਏ।[3]

[1]ਇਕਰਸ। [2]ਬੰਦ (ਅ) ਖਿੜੇ। [3]ਅੱਖਾਂ ਦੇ ਕੋਏ।

ਪੁਨ ਯੌ ਉਪਜੀ ਉਰ[1] ਬੀਚ ਬਿਚਾਰ

[1]ਦਿਲ।

-ਸੁ ਕਿੰਕਰ[1] ਕੇ ਭ੍ਰਮ ਜਾਸ[2] ਬਿਗੋਏ[3]।

[1]ਦਾਸਾਂ ਭਾਵ ਸਿੱਖਾਂ ਦੇ। [2]ਜਿਨ੍ਹਾਂ (ਗੁਰੂ ਨਾਨਕ ਦੇਵ) ਨੇ। [3]ਭ੍ਰਮ ਦੂਰ ਕੀਤੇ।

ਪਰਮੇਸ਼ੁਰ ਸ੍ਰੀ ਗੁਰ ਨਾਨਕ ਸੋ
ਜਿਨ[†] ਭੇਦ ਨ ਮੱਧ ਤਰੰਗਹ ਤੋਏ[1]- ॥੯॥

[1]ਜਿਨ੍ਹਾਂ ਦਾ ਵਾਹਿਗੁਰੂ ਨਾਲ ਭੇਦ ਨਹੀਂ ਜੀਕੂੰ ਜਲ ਤੇ ਲਹਿਰਾਂ ਦਾ ਫਰਕ ਨਹੀਂ। [†]ਪਾਠਾਂਤ੍ਰ-ਜਿਮ।

ਸ੍ਵੈਯਾ:

ਚਿਤ ਪ੍ਰੀਤਿ ਕੀ ਰੀਤਿ ਚਿਤੈਂ[1] ਨਿਤ ਹੀ

[1]ਚਿਤਵਦੇ ਹਨ (ਦੂਜੇ ਗੁਰੂ ਜੀ)।

-ਭਵ[1] ਮੈਂ ਭਵ[2] ਸ੍ਰੀ ਗੁਰੂ ਕੋ ਬਿਧਿ[3] ਲੀਨੋ ?

[1]ਸੰਸਾਰ। [2]ਜਨਮ। [3]ਕਿਸ ਤਰ੍ਹਾਂ।

ਪੁਨ ਬਾਲ ਜੁਵਾ ਕੇ[1] ਬਿਲਾਸ[2] ਜੇਊ
ਇਤਿਹਾਸ ਕਹੈ ਸਿਖ ਕੌਨ ਪ੍ਰਬੀਨੋ[1]?
ਸਭਿ ਦੇਸ਼ ਬਿਦੇਸ਼ਨ[1] ਕੋ ਰਟਨੋ[2]
ਕਟਨੋ ਕੁਟਿਲੰ[1] ਬਡ ਦੰਭ[2] ਜੁ ਕੀਨੋ।
ਚਿਤ ਚਿੰਤਤਿ ਦੇਤਿ ਅਚਿੰਤਤਤਾ
ਜੋਊ ਬੈਸ ਇਕੰਤ ਗੁਰੂ ਰਸ ਭੀਨੋ- ॥੧੦॥

[1]ਜੁਆਨੀ ਦੇ। [2]ਕੌਤਕ ਬਚਨ, ਆਦਿ ਹਾਲ।
[1]ਚਤੁਰ।
[1]ਦੇਸ਼ਾਂ ਪ੍ਰਦੇਸ਼ਾਂ। [2]ਫਿਰਨਾ।
[1]ਪਾਪ। [2]ਪਖੰਡ।

ਦੋਹਰਾ:
ਸ੍ਰੀ ਗੁਰ ਬਰ[1] ਸਰਬੱਗ[2] ਉਰ,
ਡਰ[1] ਹਰਿ[2] ਅਰੁ ਜੁਰ ਤੀਨ[3]।
ਪਢਹਿ ਸੁਨਹਿ ਸਿਖ ਹੋਇ ਗਤਿ,[1]
ਰਿਦੇ ਮਨੋਰਥ ਕੀਨ ॥੧੧॥

[1]ਸ਼੍ਰੇਸਟ। [2]ਅੰਤਰਜਾਮੀ
[1]ਦਿਲ ਦਾ ਡਰ। [2]ਦੂਰ ਕਰਦੇ ਹਨ। [3]ਅਤੇ ਤਿੰਨੇ ਤਾਪ।
[1]ਮੁਕਤ।

ਚੌਪਈ:
ਉਤ[1] ਬਾਲੇ ਸੰਧੂ ਸੁ ਵਿਚਾਰਾ।
'ਸ੍ਰੀ ਨਾਨਕ ਭੇ ਹਰਿ ਅਵਤਾਰਾ।
ਨਿਜ[1] ਅਸਥਾਨ ਸੁ ਕੌਨ ਬਿਠਾਯੋ?
ਤਿਸ ਦਰਸਨ ਜਿਯਰਾ[1] ਲਲਚਾਯੋ ॥੧੨॥
ਬਹੁ ਨਰ ਮਹਿਂ ਬੋਲਯੋ ਇਮ ਬਾਲਾ॥
ਇਕ ਸਿਖ[1] ਬਚ[2] ਭਾਖਯੋ[3] ਤਿਹ ਕਾਲਾ[4]।
ਤਿਹਣ ਗੋਤ ਅੰਗਦ ਤਿਹ ਨਾਮੂ।
ਗੁਰਤ ਉਚਿਤ[1] ਭਯੋ ਅਭਿਰਾਮੂ[2] ॥੧੩॥

[1]ਉਧਰ।
[1]ਆਪਣੇ।
[1]ਦਿਲ।
[1]ਸਿਖ ਨੇ। [2]ਬਚਨ। [3]ਆਖਿਆ। [4]ਉਸ ਵਕਤ।
[1]ਲਾਇਕ। [2]ਸੁੰਦਰ।

ਕਬਿੱਤ:
ਸ੍ਰੁਤ[1] ਸੁਨਿ ਬਾਲੇ ਬਾਤ, ਭਯੋ ਪੁਲਕਾਤ ਗਾਤ,[2]
ਅੰਗ ਨ ਸਮਾਤਿ ਚਲਯੋ ਤਹਾ ਤਬ ਧਾਇ ਕੈ[1]।
ਕਾਤਿਕ ਦਿਵਸ[1] ਪੁੰਨਯੋ, ਆਇ ਸੁ ਦਿਦਾਰ ਕੀਨੋ

[1]ਕੰਨੀਂ। [2]ਰੋਮ ਖੜੇ ਹੋ ਗਏ ਸਰੀਰ ਦੇ।
[1]ਦੌੜਕੇ।
[1]ਦਿਨ।

| | |
|---|---|
| ਕਰੀ[1] ਕਰ[2] ਬੰਦ[3] ਅਭਿਬੰਦ[4] ਸੀਸ[5] ਨਾਇ ਕੈ[6]। | [1]ਕੀਤੀ। [2]ਹੱਥ। [3]ਜੋੜਕੇ। [4]ਨਮਸਕਾਰ। [5]ਸਿਰ। [6]ਨਿਵਾਕੇ। |
| ਦੇਖਤਿ ਮਗਨ ਭਯੋ ਆਵਨ ਸਫਲ ਕਿਯੋ | |
| ਬੈਠਯੋ ਸੁਖ ਮਾਨ ਗੁਰ ਆਇਸੁ[1] ਕੋ ਪਾਇ ਕੈ। | [1]ਆਗਯਾ। |
| 'ਸਤਿ ਕਰਤਾਰ' ਕੋ ਉਚਾਰਿ ਕੈ[1] ਬੂਝਤਿ[2] ਪੁਨ[3] | [1]ਗੁਰੂ ਅੰਗਦ ਜੀ) ਸਤਿ ਕਰਤਾਰ ਉਚਾਰਕੇ। [2]ਪੁੱਛਣ ਲੱਗੇ। [3]ਫਿਰ। |
| 'ਕਿਤਹੂੰ ਤੇ[1] ਆਏ ਤੁਮ ਦੀਜੀਏ ਸੁਨਾਇਕੈ?' ॥੧੪॥ | [1]ਕਿਧਰੋਂ। |
| ਦੋਹਰਾ: | |
| ਜਥਾਸ਼ਕਤ ਜੋ ਭੇਟ ਥੀ, | |
| ਆਗੈ ਧਰੀ ਬਨਾਇ[1]। | [1]ਭਾਵ ਬਾਲੇ ਨੇ)। |
| ਪੁਨ ਬਾਲਾ ਬੋਲਤਿ ਭਯੋ, | |
| ਬਿਨੈ ਬਚਨ ਮਹਿਂ ਪਾਇ ॥੧੫॥ | |
| ਚੌਪਈ: | |
| 'ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ! | |
| ਸੰਧੂ ਗੋਤ ਨਾਮ ਮੁਹਿ ਬਾਲਾ। | |
| ਰਾਇ ਭੋਇ ਤਲਵੰਡੀ ਜੋਊ। | |
| ਵਤਨ ਜਨਮ ਹਮਰਾ ਹੈ ਸੋਊ ॥੧੬॥ | |
| ਗੁਰ ਦਰਸ਼ਨ ਕੀ ਲਾਲਸ ਭੂਰੀ[1]। | [1]ਬਹੁਤੀ। |
| ਯਾਤੇ ਹੌਂ ਚਲ ਆਇ ਹਦੂਰੀ[1]। | [1]ਹਜੂਰੀ ਵਿਚ। |
| ਅਜਰ ਜਰਨ[1] ਉਰ[2] ਧੀਰਜ ਧਾਰੀ। | [1]ਅਜਰ ਨੂੰ ਜਰਨ ਵਾਲੇ। [2]ਦਿਲ। |
| ਸੁਨੀ ਆਪ ਕੀ ਮਹਿਮਾ ਭਾਰੀ ॥੧੭॥ | |
| ਕਹਿ ਸ੍ਰੀ ਅੰਗਦ 'ਤੁਮ ਗੁਰ ਕੋ ਹੈ? | |
| ਕਰਹੁ ਉਚਾਰਨ ਨਿਜ ਮਤਿ[1] ਜੋ ਹੈ। | [1]ਸਿੱਧਾਂਤ। |
| ਮਧੁਰ ਬਚਨ ਸ਼ੁਭ ਮ੍ਰਿਦੁਲ ਸੁਭਾਊ। | |
| ਬਿਸ਼ਿਯਨ[1] ਬਾਊ ਸਪਰਸ ਨ ਕਾਊ' ॥੧੮॥ | [1]ਵਿਕਾਰਾਂ ਦੀ। |
| ਹਾਥ ਬੰਦਿ[1] ਬੋਲਯੋ ਬਚ ਬਾਲਾ। | [1]ਹੱਥ ਜੋੜਕੇ। |
| 'ਸਭਿ ਰਾਵਰ ਕੋ[1] ਗਜਾਤ[2] ਬਿਸਾਲਾ[3]। | [1]ਆਪਨੂੰ। [2]ਖਬਰ। [3]ਬਹੁਤੀ। |
| ਤਦਪਿ[1] ਜੁ ਤੁਮ ਪੂਛਨ ਅਨੁਸਾਰੀ। | [1]ਤਾਂ ਭੀ। |

ਸੁਨਹੁ ਆਪ ਮੈਂ ਕਹੋਂ ਸੁਧਾਰੀ’ ॥੧੯॥

ਸ੍ਰੀ ਨਾਨਕ ਜੀ ਮਮ ਗੁਰੁ ਪੂਰਨ।
ਕਲਿ ਕਲਮਲ ਰੁਜ[1] ਪਦ[2] ਰਜ[3] ਚੂਰਨ[4]।

[1]ਰੋਗ। [2]ਚਰਣ। [3]ਧੂੜੀ। [4]ਨਾਸ਼ ਕਾਰਕ।

ਦੰਭ[1] ਮਤੰਗਹਿ[2] ਕੋ[3] ਸਰਿ[4] ਕੇਸਰਿ[5]।

[1]ਪਖੰਡ ਰੂਪੀ। [2]ਹਾਥੀ। [3]ਨੂੰ। [4]ਬਰਾਬਰ। [5]ਸ਼ੇਰ ਦੇ।

ਭਾਉ ਭਗਤਿ ਕ੍ਰਿਖਿ[1] ਜਗਤ ਸੁ ਜਲਧਰ[2] ॥੨੦॥

[1]ਖੇਤੀ। [2]ਬੱਦਲ।

ਸੁਨਿ ਸ੍ਰੀ ਅੰਗਦ ਬਚਨ ਉਚਾਰਯੋ।
‘ਤੁਮ ਗੁਰ ਨਾਨਕ ਰੂਪ ਨਿਹਾਰਯੋ[1]।

[1]ਵੇਖਿਆ।

ਕਬ ਕੀ ਗੁਰ ਸਿੱਖੀ ਮਨ ਮਾਨੀ?
ਪਰਮ ਪ੍ਰੇਮ ਮਹਿਂ ਮਤਿ ਲਪਟਾਨੀ’ ॥੨੧॥

ਬਾਲਾ ਬੋਲਯੋ ‘ਸੁਨਹੁ ਦਯਾਲਾ।
ਤਿਨ ਕੇ ਸੰਗਿ ਰਹਯੋ ਚਿਰਕਾਲਾ।
ਤੀਨ ਬਰਖ ਤਨ ਬੈਸ ਵਡੇਰੀ।
ਬਾਲ[1] ਤਰੁਨ[2] ਬਯ[3] ਬਿਤੀ[4] ਬਤੇਰੀ ॥੨੨॥

[1]ਬਾਲਪਨ। [2]ਜਵਾਨੀ। [3]ਉਮਰ। [4]ਗੁਜਰੀ।

ਦੋਹਰਾ:

ਦਹਦਿਸ਼ ਦਰਸ ਦਿਖਾਇਓ, ਦਯਾ ਦ੍ਰਿਸ਼ਿ ਕੋ ਦੇਖਿ।
ਨਿਕਟ ਰਹਿਤ ਤਿਨ ਚਰਨ ਹਮ, ਤਾਰਯੋ ਜਗਤ ਬਿਸੇਖ[1] ॥੨੩॥

[1]ਬਹੁਤ ਸਾਰਾ।

ਦਯਾਐਨ[1] ਸੁਨਿ ਬੈਨ ਏ, ਦੈਨ ਭਗਤਿ ਨਿਜ ਦਾਸ।

[1]ਦਯਾ ਦਾ ਘਰ।

ਉਠ ਕਰਿ ਭੁਜ ਭਰਿ[1] ਗਰ[2] ਮਿਲੇ

[1]ਬਾਹਾਂ ਵਿਚ ਲੈ ਕੇ। [2]ਗਲ।

ਉਰ ਧਰਿ ਪਰਮ[1] ਹੁਲਾਸ ॥੨੪॥

[1]ਬਹੁਤ।

ਚੌਪਈ:

ਬਹੁਰ[1] ਬਿਲੋਚਨ[2] ਮੁਚਾ[3] ਬਿਰਾਗਾ[4]।

[1]ਫੇਰ। [2]ਅੱਖਾਂ ਵਿੱਚੋਂ। [3]ਛੁਟਿਆ। [4]ਪ੍ਰੇਮ ਦਾ ਜਲ।

ਕਰਿ ਉਰ[1] ਚਰਨਨ ਬਰ[2] ਅਨੁਰਾਗਾ[3]।

[1]ਰਿਦੇ। [2]ਸ੍ਰੇਸ਼੍ਟ ਚਰਨਾਂ ਦਾ। [3]ਪ੍ਰੇਮ।

ਧੀਰ ਨ ਧਰਹਿਂ ਅਧਿਕ[1] ਧਰ[2] ਆਂਸੂ[3]।

[1]ਬਹੁਤ। [2]ਜ਼ਮੀਨ ਤੇ। [3]ਅੱਥਰੂ।

ਪਰਤਿ[1], ਪ੍ਰੀਤ[†] ਕੀ ਭਗਤਿ[2] ਉਲਾਸੁ[3] ॥੨੫॥

[1]ਡਿਗਦੇ ਹਨ। [2]ਪ੍ਰੇਮਾ ਭਗਤੀ ਦੇ। [3]ਉਛਾਲੇ ਨਾਲ। [†]ਪਾਠਾਂਤ੍ਰ-ਨੀਰ।

ਸਵਿਤਾ[1] ਅਸਤਿ[2] ਨਿਸਾ[3] ਹੁਇ ਆਈ।
ਬਾਲਾ ਰਹਤਿ ਭਯੋ ਤਿਹ ਥਾਂਈ।

[1]ਸੂਰਜ। [2]ਛਿਪਿਆ। [3]ਰਾਤ।

ਸਿਖ ਸੰਗਤਿ ਜਹਿਂ ਮਿਲ ਸਮੁਦਾਯਾ[1]।

[1]ਸਾਰੀ।

ਤਹਾਂ ਬਸਯੋ ਸਭਿਹਿਨਿ ਮਨ ਭਾਯਾ[1] ॥੨੬॥

[1]ਪਿਆਰਾ ਲੱਗਾ।

ਨਿਸ ਮੈਂ ਭਨਤਿ ਰਹਯੋ ਤਿਨ ਸਾਥਾ।
ਸ੍ਰੀ ਨਾਨਕ ਕੀ ਸੁੰਦਰ ਗਾਥਾ।
ਅੰਗਦ ਮਗਨ ਲਗਯੋ ਮਨ ਧਯਾਨਾ।
ਆਸਨ ਬੈਸਯੋ ਭਈ ਬਿਹਾਨਾ[1] ॥੨੭॥

[1]ਸਵੇਰਾ ਹੋ ਗਿਆ।

ਪੁਨ ਪੂਖਨ[1] ਪਰਕਾਸ਼ਤਿ ਭਯੋ।

[1]ਸੂਰਜ।

ਛੂਟੀ ਸਮਾਧਿ ਸ਼ਨਾਨੰ[1] ਕਯੋ।

[1]ਇਸ਼ਨਾਨ।

ਬੈਸੇ[1] ਬਹੁਰ[2] ਬੁਲਾਯੋ ਬਾਲਾ।

[1]ਬੈਠੇ। [2]ਫੇਰ।

ਬੰਦਨ ਕਰੀ ਆਨ ਤਤਕਾਲਾ[1] ॥੨੮॥

[1]ਉਸ ਵੇਲੇ।

ਦੋਹਰਾ:

ਗੁਰ ਅੰਗਦ ਸ਼੍ਰੀ ਮੁਖ ਕਹਯੋ 'ਸਭਿ ਇਤਿਹਾਸ[1] ਸੁਨਾਉ।

[1]ਕਥਾ।

ਸ਼੍ਰੀ ਨਾਨਕ ਕੇ ਜਨਮ ਤੇ, ਸਕਲ[1] ਕਥਾ ਸਮਝਾਉ' ॥੨੯॥

[1]ਸਾਰੀ।

ਚੌਪਈ:

ਬਾਲੇ ਗੁਰ ਪ੍ਰਤਿ ਗਿਰਾ[1] ਉਚਾਰੀ[2]।

[1]ਬਾਣੀ। [2]ਕਹੀ।

'ਜਨਮ ਕਥਾ ਅਨਜਾਨ ਅਗਾਰੀ[1]।

[1]ਪਹਿਲੋਂ ਦੀ (ਮੈਨੂੰ) ਪਤਾ ਨਹੀਂ।

ਬਹੁਤ ਨਰਨ ਤੇ[1] ਇਹ ਬਿਧਿ ਸੁਨੀ।

[1]ਮਨੁੱਖਾਂ ਤੋਂ।

ਸੋ ਤੁਮ ਪਾਸ ਬਖਾਨਤਿ ਗੁਨੀ[1] ॥੩੦॥

[1]ਸੋਚਕੇ।

ਉਰਜ[1] ਮਾਸ ਕੀ[2] ਪੂਰਨਮਾਸ਼ੀ। [†]

[1]ਕੱਤਕ ਦੇ। [2]ਮਹੀਨੇ ਦੀ। [†]ਵਲੈਤ ਪਹੁੰਚੀ ਤੇ ਹਾਫ਼ਜ਼ਾ ਬਾਦ ਵਾਲੀ ਜਨਮਸਾਖੀ ਵਿਚ 'ਵੈਸਾਖ ਦੀ ਤ੍ਰਿਤੀਆ' ਲਿਖਿਆ ਹੈ।

ਬਿੰਸਤ ਸਪਤ[1] ਨਿਛੱਤ੍ਰ ਸੁਰਾਸੀ।

[1]ਵੀਹ ਤੇ ਸੱਤ ਸਤਾਈ।

ਔਰ ਸੁਨੀ ਸੋ ਕਰੋਂ ਉਚਾਰੀ।
ਪੱਤ੍ਰੀ ਜਨਮ ਲਿਖੀ ਦਿਜ[1] ਸਾਰੀ

[1]ਬ੍ਰਾਹਮਣ ਨੇ।

| | |
|---|---|
| ॥ ੩੧ ॥ | |
| ਕਾਲੂ ਨਾਨਕ[1] ਜਨਕ[2] ਜਨੀਜੈ[3]। | [1]ਗੁਰੂ ਨਾਨਕ ਜੀ ਦੇ। [2]ਪਿਤਾ। [3]ਜਾਣੀਏ। |
| ਧਾਮ[1] ਮੱਧ[2] ਤਿਹ[3] ਧਰੀ[4] ਲਖੀਜੈ[5]। | [1]ਘਰ। [2]ਵਿਚ। [3]ਉਸਦੇ। [4]ਰੱਖੀ। [5]ਜਾਣੋ। |
| ਭਾ ਪਰਲੋਕ[1] ਕਾਲ ਬਹੁ ਕਾਲੂ[2]। | [1]ਚਲਾਣਾ ਹੋ ਗਿਆ ਹੈ। [2]ਬਹੁਤ ਚਿਰ ਹੋਯਾ ਕਾਲੂ ਜੀਦਾ। |
| ਜੀਵਤਿ ਅਨੁਜ[1] ਨਾਮ ਤਿਹ ਲਾਲੂ ॥ ੩੨ ॥ | [1]ਛੋਟਾ ਭਿਰਾਉ। |
| ਦੋਹਰਾ: | [1]ਬੁੱਢੀ। [2]ਉਮਰ। [3]ਸਰੀਰ। |
| ਬ੍ਰਿੱਧ[1] ਬੈਸ[2] ਬਪੁ[3] ਬਲ ਬਿਨਾ | |
| ਬੀਤੇ ਬਰਖ[1] ਬਿਸਾਲ[2]। | [1]ਵਰ੍ਹੇ। [2]ਬਹੁਤੇ। |
| ਤਲਵੰਡੀ ਮਹਿਂ ਸਦਨ[1] ਤਿਸੁ | [1]ਘਰ। |
| ਸੁਨਹੁ ਸ੍ਰੋਨ[1] ਗੁਰੁ ਦਯਾਲੁ!' ॥ ੩੩ ॥ | [1]ਕੰਨੀਂ। |
| ਚੌਪਈ: | |
| ਸ਼੍ਰੀ ਅੰਗਦ ਸੁਨਿ ਉਰ ਬਹੁ ਹਰਖਾ। | |
| ਪਰਮ ਪ੍ਰੇਮ ਜਯੋਂ ਜਲਧਰ[1] ਬਰਖਾ[2]। | [1]ਬੱਦਲ। [2]ਵਸਿਆ। |
| ਬੋਲੇ ਗਿਰਾ ਰਸਾਲ[1] ਕ੍ਰਿਪਾਲਾ। | [1]ਸੁੰਦਰ। |
| 'ਕਿਤਿ ਬਿਧਿ[1] ਲੀਜੈ ਪੱਤ੍ਰੀ ਬਾਲਾ? ॥ ੩੪ ॥ | [1]ਕਿਸ ਤਰ੍ਹਾਂ। |
| ਐਸਾ ਕੌਨ ਮੀਤ ਸਿਖ ਹੋਈ? | |
| ਪੱਤ੍ਰੀ ਕੋ ਦਰਸਾਵਹਿ[1] ਜੋਈ।' | [1]ਦਿਖਲਾਵੈ। |
| ਬਾਲਾ ਕਹੈ 'ਖੋਜ ਜੋ ਕੀਜੈ। | |
| ਤੌ ਨਿਹਚੈ ਪੱਤ੍ਰੀ ਕਰ ਲੀਜੈ[1] ॥ ੩੫ ॥ | [1]ਪ੍ਰਾਪਤ ਕਰ ਸਕਦੇ ਹੋ। |
| ਲਾਲੂ ਆਲਯ[1] ਮਿਲਕਰਿ ਤਾਸੂ[2]। | [1]ਘਰ। [2]ਉਸਨੂੰ। |
| ਖੁਜਵਾਵਹਿਂ[1] ਜਬ ਤਿਹ ਕੇ ਪਾਸੂ। | [1]ਲਭਵਾਈਏ। |
| ਤੌ ਕਰ ਆਵਹਿ, ਪਠਵਹੁ[1] ਕੋਈ। | [1]ਭੇਜੋ। |
| ਹੇਰਹੁ[1] ਪੂਰ[2] ਮਨੋਰਥ[3] ਹੋਈ' ॥ ੩੬ ॥ | [1]ਦੇਖੋਗੇ। [2]ਪੂਰੀ। [3]ਇੱਛਾ। |
| ਦੋਹਰਾ: | [1]ਕੰਮ। |
| ਸ਼੍ਰੀ ਅੰਗਦ ਭਾਖੀ ਗਿਰਾ, 'ਹੋਵਹਿ ਤੁਮ ਤੇ ਕਾਮ[1]। | |
| ਤਾਹਿਂ ਨਗਰ ਮਹਿਂ ਰਹਿਤ ਹੋ, | |
| ਖੁਜਵਾਵਹੁ ਤਿਹ ਧਾਮ' ॥ ੩੭ ॥ | |
| ਚੌਪਈ: | [1]ਚੰਦ੍ਰਮਾ (ਰੂਪੀ) ਮੁਖ ਤੋਂ। [2]ਅੰਮ੍ਰਿਤ ਵਰਗੀ |

| | |
|---|---|
| ਕਹਿ ਬਾਲਾ ਮੁਖ ਸਸਹਿ[1] ਸੁਧਾ ਸੀ[2]। | (ਬਾਣੀ)। |
| 'ਸ਼੍ਰੀ ਅੰਗਦ ਸੁਨਿਯੇ ਸੁਖਰਾਸੀ[1] ! | [1]ਸੁੱਖਾਂ ਦੀ ਖਾਣ। |
| ਏਕ ਸਿੱਖ ਦੀਜੈ ਮੁਝ ਸਾਥੂ। | |
| ਜਾਵਹਿਂ ਜਸਪਦ[1] ਦੀਨਾ ਨਾਥੂ ! ॥੩੮॥ | [1]ਛੇਤੀ। |
| ਲਾਲੂ ਆਲਯ ਲੇਹਿਂ ਟੁਲਾਈ[1]। | [1]ਲੱਭ ਲਵਾਂਗੇ। |
| ਆਨਹਿਂ ਹਮ ਜੇ ਤਹਿਂ ਪਾਈ[1]।' | [1]ਜੇ ਉਥੋਂ ਲੱਭੀ ਤਾਂ ਲੈ ਆਵਾਂਗੇ। |
| ਗੁਰ ਪਰਸੀਦੇ[1] ਬਾਲੇ ਪਰ ਤਬ। † | [1]ਖੁਸ਼ ਹੋਏ। †ਇਹ ਅਸੀਸ ਦਿੱਤੀ। |
| 'ਚਿਤ ਕਰਤਾਰ ਨ ਬਿਸਰੈ ਉਰ[1] ਕਬਿ[2] ॥੩੯॥ | [1]ਦਿਲੋਂ। [2]ਕਦੇ। |
| ਲਾਲ ਪੰਨੂ ਸਿੱਖ ਸਦਾਯਾ। | |
| ਸ਼੍ਰੀ ਮੁਖ ਤੇ ਇਵ[1] ਵਾਕ ਅਲਾਯਾ। | [1]ਇਸ ਤਰ੍ਹਾਂ। |
| 'ਗੁਰਸਿੱਖੀ ਤੁਮ ਮਹਿਂ ਅਧਿਕਾਈ[1]। | [1]ਬਹੁਤੀ। |
| ਜਿਵ ਸਾਵਨ ਸਰਿਤਾ[1] ਬਹੁਤਾਈ ॥੪੦॥ | [1]ਨਦੀ। |

ਦੋਹਰਾ:

| | |
|---|---|
| ਬਾਲੇ ਸੰਗ ਜੱਯੈ ਤਹਾਂ, | |
| ਜਹਿਂ ਜਨਮਜੋ ਮਮ[1] ਨਾਥ[2]। | [1]ਮੇਰਾ। [2]ਸੁਆਮੀ (ਗੁਰੂ ਨਾਨਕ)। |
| ਭਵਪੱਤ੍ਰੀ[1] ਕੋ ਆਨਿਕੈ, ਕੀਜੈ ਜਨਮ ਸਕਾਥ[2] ॥੪੧॥ | [1]ਜਨਮ ਪੱਤ੍ਰੀ। [2]ਸਫਲ। |

ਚੌਪਈ:

| | |
|---|---|
| ਸੁਨਿ ਸ਼੍ਰੁਤ[1] ਬਚਨ ਸਮਾਤਿ ਨ ਅੰਗਾ। | [1]ਕੰਨੀਂ। |
| ਭਯੋ ਤਯਾਰ ਚਲਨ ਕੋ ਸੰਗਾ। | |
| ਧੰਨ ਭਾਗ ਅਪਨੇ ਕਰਿ ਜਾਨੇ। | |
| ਪੱਤ੍ਰੀ ਨਾਨਕ ਦਰਸ਼ਨ ਮਾਨੇ† ॥੪੨॥ | †ਭਾਵ ਅਵਤਾਰ ਦੀ ਥਿੱਤਵਾਰ ਠੀਕ ਲੱਭਣ ਲਈ ਪੱਤ੍ਰੀ ਦੀ ਖੋਜ ਹੋਈ। |
| ਬੰਦਨ ਕਰਿ ਸੁਨਿ 'ਸਤਿ ਕਰਤਾਰ।' | |
| ਚਲਤਿ ਭਏ ਨਾਨਕ ਉਰ ਧਾਰਿ। | |
| ਮਗ ਮਹਿਂ[1] ਮਹਿਮਾਂ ਅਮੀ ਪਟੰਤਰ[2]। | [1]ਰਾਹ ਵਿੱਚ। [2]ਅੰਮ੍ਰਿਤ ਦੇ ਬਰੱਬਰ। |
| ਕਹਤਿ ਸੁਨਤਿ ਜੁਗ[1] ਚਲਤਿ ਨਿਰੰਤਰ[2] ॥੪੩॥ | [1]ਦੋਵੇਂ। [2]ਲਗਾਤਾਰ। |
| ਪਹੁੰਚੇ ਜਬ ਤਲਵੰਡੀ ਜਾਇ। | |

ਲਾਲੂ ਆਲਯ[1] ਮਿਲਿ ਏ ਆਇ। — [1]ਘਰ।
ਕਰਿ ਬੰਦਨ ਪੁਨ ਬਚਨ ਉਚਾਰਾ।
'ਸੁਨਿ ਲਾਲੂ! ਇਕ ਪਰਉਪਕਾਰਾ ॥੪੪॥

ਦੋਹਰਾ:
ਸੋਧਜੋ ਹਮ ਜੋ ਗੁਰ ਭਯੋ, ਅੰਗਦ ਪਰਮ ਨਿਧਾਨ।
ਸ਼੍ਰੀ ਨਾਨਕ ਪੁਨ ਤਿਨ ਬਿਖੈ, ਭੇਦ ਨ ਕੋਊ ਜਾਨਿ ॥੪੫॥

ਚੌਪਈ:
ਦੀਨੀ ਅੰਗਦ ਕੋ ਗੁਰਿਆਈ।
ਤਿਨ ਪੱਤ੍ਰੀ ਤੁਮ ਸੋਂ ਮੰਗਵਾਈ।
ਲਾਲਸ[1] ਹੇਰਨ[2] ਤਾਸੁ ਬਿਸਾਲਾ[3]। — [1]ਇੱਛਾ। [2]ਵੇਖਣ ਦੀ। [3]ਬਹੁਤੀ।
ਸੁਨਿ ਕਰਿ ਸਿੱਖ ਪਠਜੋ ਤਤਕਾਲਾ[1]' ॥੪੬॥ — [1]ਛੇਤੀ।
ਲਾਲੂ ਕਹੈ: 'ਨ ਮੁਝ ਸੁਧ[1] ਕੋਊ। — [1]ਖਬਰ।
ਭਵਪੱਤ੍ਰੀ[1] ਤੁਮ ਜਾਚਤਿ[2] ਜੋਊ। — [1]ਜਨਮਪੱਤ੍ਰੀ। [2]ਮੰਗਦੇ ਹੋ।
ਨਾਨਕ ਕੇ ਤੁਮ ਬਹੁਤ ਪਯਾਰੇ।
ਹਮ ਸੋਂ ਕਹੁ ਸਭਿ ਭੇਦ ਵਿਚਾਰੇ ॥੪੭॥
ਗੁਰੂ ਅੰਗਦ ਹੈ ਕੈ ਸ੍ਰੀ ਚੰਦ॥
ਮੰਜੀ ਕਿਹਿ ਢਿਗ ਆਨੰਦ ਕੰਦ?
ਸੁਤ ਨੇ ਲਈ ਕਿ ਸੇਵਕ ਪਾਈ।
ਤਖਤ ਬੈਸ ਕਿਸ ਗੁਰਤਾ ਆਈ?' ॥੪੮॥

ਦੋਹਰਾ:
ਕਹਿ ਬਾਲਾ: 'ਅੰਗਦ ਗੁਰੂ, ਜਿਹ ਸ਼੍ਰੀ ਨਾਨਕ ਆਪ।
ਪੈਸੇ ਪੰਚ ਨਲੇਰ ਧਰਿ, ਸਿਰ ਨਿਵਾਇ ਦਿਯ ਥਾਪਿ ॥੪੯॥

ਚੌਪਈ:
ਤਿਨ ਕੀ ਸਮਤਾ ਹੋਵਹਿ ਕੈਸੇ।

ਥਾਪਯੋ ਗੁਰੂ ਨਾਨਕ ਜਬ ਐਸੇ।
ਖੋਜ ਲਯੋ ਹਮ ਗੁਰੁ ਮਤਧੀਰਾ[1]। — [1]ਬੁੱਧੀ ਦਾ ਧੀਰਜਵਾਨ।
ਜਿਉਂ ਖਨਵਾਰੀ[1] ਪਾਵਹਿ ਹੀਰਾ ॥੫੦॥ — [1]ਖਨਨਵਾਲਾ।
ਸਿਰੀ ਚੰਦ ਗੁਰ ਸੰਤਤਿ[1] ਜਾਨੇ। — [1]ਸੰਤਾਨ, ਔਲਾਦ।
ਮਾਨਹਿਂ ਮਾਨਵ[1] ਮਨ ਅਨੁਮਾਨੇ[2]। — [1]ਮਨੁਖ। [2]ਸੋਚਕੇ।
ਗੁਰ ਅੰਗਦ ਕੋ ਗੁਰਤਾ ਦਏ।
ਕਿਧੋਂ ਦੁਤਿਯ[1] ਨਾਨਕ ਪ੍ਰਗਟਾਏ' ॥੫੧॥ — [1]ਮਾਨੋਂ ਦੂਜੇ।
ਸੁਨਿ ਕਰਿ ਲਾਲੂ ਗਿਰਾ[1] ਅਲਾਈ[2]। — [1]ਬਾਣੀ। [2]ਕਹੀ।
'ਖੋਜਯੋ ਜੇ ਪੱਤ੍ਰੀ ਹੁਇ ਭਾਈ।
ਕਾਗਰ ਲੇਖੇ ਕੇ ਇਕ ਥਾਂਈ।
ਬਹੁ ਮਹਿਂ ਮਿਲੀ ਨ ਜਾਨੀ ਜਾਈ' ॥੫੨॥

ਦੋਹਰਾ:

ਕਹਿ ਬਾਲਾ 'ਲਾਲੂ ਸੁਨਹੁ! ਤੂੰ ਕਾਲੂ ਕੋ ਭ੍ਰਾਤ॥
ਜਨਨਿ ਜਨਕ ਨਾਨਕ ਨਹਿਨ, ਤੁਮ ਤੇ ਅਬਹਿ ਅਗਾਤਿ[1] ॥੫੩॥ — [1]ਗੁਰਨਾਨਕ ਜੀ ਦੇ ਮਾਤਾ ਪਿਤਾ ਨਹੀਂ ਨਾ ਬੈਠੇ, ਹੁਣ ਤਾਂ ਤੁਸਾਂ ਤੋਂ ਹੀ ਮਿਲੇਗੀ।ਅਗਾਤਿ ਪ੍ਰਾਪਤ ਹੋਵੇਗੀ। [ਸੰਸ. ਆਗਤ][

ਚੌਪਈ:

ਤੁਮ ਬਿਨ ਕੌਨ ਕਰੇ ਹਮ ਕਾਮਾ।
ਭਵਪੱਤ੍ਰੀ ਉਠ ਖੋਜਹੁ ਧਾਮਾ।'
ਬਾਲੇ ਕੀ ਸੁਨਿ ਗਿਰਾ ਰਸਾਲੂ।
ਕਾਗਰ ਗ੍ਰਿਹ ਖੋਜਤਿ ਭਾ ਲਾਲੂ ॥੫੪॥
ਖੋਜਤਿ ਖੋਜਤਿ ਪੱਤ੍ਰੀ ਜਬਹੀ।
ਦਿਵਸ ਪੰਜਵੇਂ ਪਾਈ ਤਬ ਹੀ।
ਦੀਨੀ ਲਾਲੂ ਨੈ ਕਰ[1] ਬਾਲਾ। — [1]ਹੱਥ ਵਿਚ।
ਤਾਂਹਿ ਦਈ ਕਰ ਪੰਨੂ ਲਾਲਾ ॥੫੫॥
ਲੇ ਪੰਨੂ ਪੁਨ ਬਚਨ ਉਚਾਰੇ।
'ਬਾਲੇ! ਚਲੀਏ ਸੰਗ ਹਮਾਰੇ।

ਹੇਰਹਿਂ ਗੁਰੁ ਉਰ ਹਰਖ ਅਪਾਰਾ।
ਪਰਮ[1] ਪ੍ਰਸੀਦਹਿਂ[2] ਪਰਉਪਕਾਰਾ' ॥੫੬॥ — [1]ਬਹੁਤ। [2]ਖੁਸ਼ ਹੋਣਗੇ।

ਸੁਨਿ ਸ਼੍ਰੋਨਨਿ[1] ਮਨ ਮਹਿਂ ਅਨੁਮਾਨੀ[2]। — [1]ਕੰਨੀਂ। [2]ਸੋਚੀ।
'ਬਾਨੀ ਭਨਤਿ ਸੁਖਨ ਮਮ[1] ਸਾਨੀ[2]।' — [1]ਮੇਰੇ ਸੁਖਾਂ ਨਾਲ। [2]ਮਿਲੀ ਹੋਈ।
ਗਵਨੇ[1] ਜੁਗਲ[2] ਸੰਗ[3] ਮਗ ਮਾਂਹੀ[4]। — [1]ਟੁਰੇ। [2]ਦੋਵੇਂ। [3]ਕੱਠੇ। [4]ਰਾਹ ਵਿਚ।
ਬਾਲਾ ਪੁਨ ਪੰਨੂ ਦਿਸ ਤਾਂਹੀ ॥੫੭॥

ਦੋਹਰਾ:
ਲਾਲੂ ਚਲਤਜੋ ਮਿਲ ਤਬੈ, ਪੈਸੇ ਪੰਜ ਨਲੇਰ।
ਅਪਨੀ ਦਿਸ਼ਿ[1] ਤੇ ਭੇਟ ਦੀ, ਬੋਲਜੋ ਮੁਖ ਤੇ ਫੇਰ ॥੫੮॥ — [1]ਤਰਫੋਂ, ਵੱਲੋਂ।

ਚੌਪਈ:
'ਹਮਰੀ ਦਿਸ਼ਿ ਤੇ ਦੇਹੁ ਸੰਦੇਸ਼ਾ[1]। — [1]ਸੁਨੇਹਾ।
ਸ਼੍ਰੀ ਅੰਗਦ ਜਿਸੁ ਦੋਸ਼ੁ ਨ ਲੇਸ਼ਾ।
ਸਿਰੀ ਚੰਦ ਜੇ ਰਿਸਿ[1] ਕੋ ਧਰੈ। — [1]ਗੁੱਸੇ।
ਛਿਮਾ ਧਰਤਿ ਜਿਉਂ ਤਿਹ ਪਰ ਕਰੈਂ[1]' ॥੫੯॥ — [1]ਧਰਤੀ ਵਰਗੀ ਖਿਮਾ ਉਸ ਪਰ ਕਰਨ।

ਬਾਲੇ ਬਹੁਰੋ ਬਚਨ ਉਚਾਰਾ।
'ਸ਼੍ਰੀ ਅੰਗਦ ਨਾਨਕ ਅਵਤਾਰਾ।
ਪੰਚ ਦੋਖ ਨਹਿਂ ਤਿਨ ਮਹਿਂ ਪਾਵਹਿਂ।
ਨਿਕਟਿ ਤਰਨਿ[1] ਜਿਉਂ ਤਿਮਰ[2] ਨ ਆਵਹਿ ॥੬੦॥ — [1]ਸੂਰਜ ਦੇ। [2]ਅਨ੍ਹੇਰਾ।

ਸਮ[1] ਦਮ[2] ਸੋਂ ਤਨ[3] ਗਜਾਨ ਸੁਹਾਵਹਿ। — [1]ਮਨ ਤੇ ਕਾਬੂ। [2]ਇੰਦ੍ਰੇ ਵੱਸ ਵਿੱਚ। [3]ਸ਼ਰੀਰ।
ਆਤਪ ਭਗਤਿ[1] ਜਗਤ ਬਿਦਤਾਵਹਿਂ[2]। — [1]ਭਗਤੀ ਰੂਪੀ ਧੁੱਪ। [2]ਪ੍ਰਗਟਾਉਂਦੇ ਹਨ।
ਪੱਤ੍ਰੀ ਲੇਯ ਚਲੇ ਤਤਕਾਲਾ॥
ਜਹਿਂ ਖਡੂਰ[1] ਮਹਿਂ ਗੁਰੂ ਕ੍ਰਿਪਾਲਾ ॥੬੧॥ — [1]ਪਿੰਡ ਦਾ ਨਾਮ।

ਦੋਹਰਾ:
ਬੈਸੇ ਅੰਗਦ ਰਾਜਹੀ,[1] — [1]ਬਿਰਾਜਮਾਨ ਹਨ।
ਬੰਦੇ[1] ਪਦ[2] ਅਰਬਿੰਦ[3]। — [1]ਮੱਥਾ ਟੇਕਿਆ। [2]ਚਰਣ ਕਵਲਾਂ ਉੱਤੇ। [3]ਚਰਣ ਕਵਲਾਂ ਉੱਤੇ।

ਰਿਦੇ[1] ਪ੍ਰਸੀਦੇ[2] ਸਤਿਗੁਰੂ, — [1]ਦਿਲੋਂ। [2]ਖੁਸ਼ ਹੋਏ।
ਕਹਿ 'ਰਹਿ ਚਿੱਤ ਗੁਬਿੰਦ'[1] ॥੬੨॥ — [1]ਵਾਹਿਗੁਰੂ ਚਿਤ ਆਵੇ।

ਚੌਪਈ:

ਖੁਸ਼ੀ ਬਹੁਤ ਬਾਲੇ ਪਰ ਕੀਨੀ।
ਪੁਨ ਪੱਤ੍ਰੀ ਅਪਨੇ ਕਰ[1] ਲੀਨੀ। — [1]ਹੱਥ ਵਿੱਚ।
ਸਾਦਰ[1] ਸੋ ਨਿਜ[2] ਸੀਸ[3] ਚਢਾਈ[4]। — [1]ਅਦਬ ਨਾਲ। [2]ਆਪਣੇ। [3]ਸਿਰ ਤੇ। [4]ਰੱਖੀ।
ਭਾਉ ਬਹੁਤ ਕਰਿ ਉਰ ਮਹਿਂ[1] ਲਾਈ ॥੬੩॥ — [1]ਛਾਤੀ ਨਾਲ।
'ਦਰਸ਼ਨ ਤੁਮ ਕਰਿਵਾਯੋ ਗੁਰੁ ਕਾ।
ਜਿਸ ਤੇ ਭ੍ਰਮ ਭਾਗਯੋ ਹੈ ਉਰਕਾ।'
ਸਹਸਕ੍ਰਿਤਿ ਅੱਛਰ[1] ਜਬ ਚੀਨੇ[2]। — [1]ਅੱਖਰ। [2]ਪਛਾਣੇ।
ਤਬ ਅੰਗਦ ਜੀ ਬਚਨ ਸੁ ਕੀਨੇ ॥੬੪॥
'ਇਨ ਅਛਰਨ ਕੋ ਜੋਊ ਜਾਨੈ ॥
ਸੋ ਯਾ ਕੋ ਪਢਿ[1] ਅਰਥ ਬਖਾਨੈ। — [1]ਪੜ੍ਹਕੇ।
ਗੁਰਮੁੱਖੀ ਚਹਿਯੇ ਕਰਵਾਈ।
ਪਢਹਿ ਸੁਨਹਿਂ ਸਿਖ ਗੁਰਮਤਿ ਪਾਈ' ॥੬੫॥

ਸੋਰਠਾ:

ਸਤਿਗੁਰ ਕ੍ਰਿਪਾ ਨਿਧਾਨ, ਸ਼੍ਰੀ ਨਾਨਕ ਜਗ ਬਿਦਤ ਜਬ।
ਸੰਗਤਿ ਕੀਨਿ ਮਹਾਨ, ਜਾਨੀ ਬਿਦਜਾ ਬਰਨ ਤਬ ॥੬੬॥

ਦੋਹਰਾ:

ਮਹਿਮਾ ਖਹਿਰਾ ਜੱਟ ਇਕ, ਕਹਿ ਸ਼੍ਰੀ ਅੰਗਦ ਪਾਸ।
'ਪੈੜਾ ਮੋਖਾ ਖੱਤਰੀ, ਸੁਲਤਾਨਹਿ ਪੁਰਿ ਬਾਸ[1] ॥੬੭॥ — [1]ਵਸਦਾ ਹੈ।

ਚੌਪਈ:

ਅੱਛਰ ਜਾਨਤਿ ਹੈ ਵਹਿ ਦੋਊ।
ਪਢਿ ਲਿਖਿ ਹੈ ਬੁਲਵਾਈਯੇ ਸੋਊ।'
ਸ਼੍ਰੀ ਅੰਗਦ ਕਹਿ 'ਤੁਮਹੀ ਜਾਵਹੁ।

ਕਰਿ ਸਤਿਕਾਰ ਤੁਰਤ ਲੇ ਆਵਹੁ'
॥੬੮॥

ਮਹਿਮਾ ਪਹੁੰਚਯੋ ਤਾਂਹਿ ਅਵਾਸਾ[1]। — [1]ਉਸਦੇ ਘਰ।
ਆਨਯੋ ਜਸ ਪਦ[1] ਸਤਿਗੁਰ ਪਾਸਾ। — [1]ਛੇਤੀ।
ਪਰਜੋ ਚਰਨ ਗੁਰ ਆਗਜਾ ਦੀਨੀ।
'ਪਢਹੁ ਪੱਤ੍ਰਿਕਾ ਸੁਖ ਪ੍ਰਦ[1] ਚੀਨੀ' — [1]ਸੁਖ ਦੇਣ ਵਾਲੀ।
॥੬੯॥

ਕਰਕ ਮਹਿਂ ਲੇਯ ਪੱਤ੍ਰਿਕਾ ਬਾਚੀ।
ਜਨੁ ਬਾਨੀ[1] ਰਸਨਾ ਪਰ ਨਾਚੀ। — [1]ਮਾਨੋ ਸਰਸ੍ਵਤੀ।
ਸੁਨ ਕਰਿ ਖੁਸ਼ੀ ਕਰੀ ਤਿਹ ਸਿਖ ਪਰ।
'ਗੁਰਮੁਖੀ ਲਿਖੀਏ ਇਹ ਅੱਖਰ'
॥੭੦॥

ਕਹਿ ਕਰਿ ਕਾਗਰ ਲੀਨਿ ਮੰਗਾਈ।
ਸ਼੍ਰੀ ਅੰਗਦ ਸਭਿ ਹੀ ਲਿਖਵਾਈ।
ਆਸਨ ਡਾਰਿ[1] ਅਸੀਨਹਿਂ ਦਜਾਲਾ[†]। — [1]ਡਾਹਕੇ। [†]ਪਾਠਾਂਤ੍ਰ ਹੈ-ਆਸਨ ਡਾਸਿ ਅਸੀਨ ਦਯਾਲਾ। ਦੂਜਾ ਪਾਠਾਂਤ੍ਰ-ਆਸਨ ਡਾਰਿ ਸੁ ਦੀਨ ਦਿਆਲਾ।
ਆਨ ਸੁਨਹਿ ਤਹਿਂ ਸਿੱਖ ਬਿਸਾਲਾ[1] — [1]ਬਹੁਤੇ।
॥੭੧॥

ਇਕ ਬੁੱਢਾ[1] ਜੋ ਹੈ ਤਤਵੇਤਾ। — [1]ਬਾਬਾ ਬੁੱਢਾ ਜੀ ਦੀ ਕਥਾ ਲਈ ਦੇਖੋ ਸ਼੍ਰੀ ਗੁਰ ਨਾ: ਪ੍ਰ: ਉਤ੍ਰਾਰਧ ਅਧਜਾਯ ੪੬।
{ਕਥਾ ਦੇ ਸ੍ਰੋਤੇ}
ਮੋਹ ਆਦਿ ਜੋਧਾ ਅਤਿ ਜੇਤਾ[1]। — [1]ਜਿੱਤਣ ਵਾਲਾ।
ਬਚਨ ਪਾਇ ਗੁਰੁ ਜੋ ਸਿਸੁ ਬੈਸਾ[1]। — [1]ਬਾਲ ਉਮਰ ਤੋਂ।
ਭਯੋ ਪਰਮ ਬ੍ਰਿੱਧਨ[1] ਤਨ[2] ਜੈਸਾ — [1]ਬੁੱਢਿਆਂ ਦੇ। [2]ਸਰੀਰ।
॥੭੨॥

ਖਟ[1] ਪਾਤਿਸ਼ਾਹੀ ਰਹਯੋ ਹਦੂਰਾ। — [1]ਛੇਵੀਂ... ਤਕ।
ਨਿਪੁਨ[1] ਸੇਵ ਮਹਿਂ ਬਚਨਨ ਪੂਰਾ। — [1]ਚਤੁਰ।
ਸੋ ਸ਼੍ਰੋਤਾ ਬੈਸਜੋ[1] ਮਤਿ ਧੀਰਾ[2]। — [1]ਬੈਠਾ। [2]ਬੁੱਧੀ ਦਾ ਧੀਰਜੀ।
ਸੁਨਨ ਕਥਾ ਜੁ ਹਰਹਿ ਭਵਪੀਰਾ[1] — [1]ਸੰਸਾਰ ਪੀੜਾ।
॥੭੩॥

ਅਮਰਦਾਸ[1] ਤੇਜੋ ਕੇ ਨੰਦਨ[2]। — [1]ਸ਼੍ਰੀ ਗੁਰੂ ਅਮਰਦਾਸ ਜੀ ਦੀ ਕਥਾ ਲਈ ਦੇਖੋ ਗੁਰ ਪ੍ਰਤਾਪ ਸੂਰਜ ਰਾਸ ੧, ਅੰਸੂ ੨੯ ਤੋਂ ਅੱਗੇ। [2]ਸਪੁੱਤ੍ਰ।

| | |
|---|---|
| ਸੇਵੇ ਜਿਨ ਅੰਗਦ ਦੁਖ ਕੰਦਨ[1]। | [1]ਦੁਖ ਨਾਸ਼ ਕਰਨ ਵਾਲੇ। |
| ਗੁਰਤਾ ਪਾਈ ਜਿਨ ਪਸ਼ਚਾਤੀ[1]। | [1]ਪਿੱਛੋਂ। |
| ਸੁਨਤਿ ਭਯੇ ਸੋ ਕਥਾ ਸੁਹਾਤੀ[1] ॥੭੪॥ | [1]ਸ਼ੋਭਨੀਕ। |
| ਪੁਨ ਗੁਰਮੁਖ, ਇਕੁ ਜੀਵਾ[1] ਭਾਈ। | [1]ਇਨ੍ਹਾਂ ਦੀ ਕਥਾ ਲਈ ਦੇਖੋ ਗੁ: ਪ੍ਰ: ਸੂ: ਰਾਸ ੧ ਅੰਸੂ ੧੧। |
| ਮਨ ਬਚ[1] ਕ੍ਰਮ[2] ਜਿਨ ਸੇਵ ਕਮਾਈ। | [1]ਬਾਣੀ। [2]ਸ਼ਰੀਰ (ਕਰਕੇ)। |
| ਸ੍ਰੀ ਅੰਗਦ ਹਿਤ ਭੋਜਨ[1] ਤਜਾਰੀ। | [1]ਪ੍ਰਸ਼ਾਦ। |
| ਕਰਤਿ ਪ੍ਰੀਤਿ ਸੋਂ ਰੁਚਿਰ[1] ਸਵਾਰੀ ॥੭੫॥ | [1]ਸੁਆਦਲੇ, ਚੰਗੇ। |
| ਪਾਰੋ ਜੁਲਕਾ[1] ਪੁਨ ਸਿਖ ਏਕੁ। | [1]ਇਨ੍ਹਾਂ ਦੀ ਕਥਾ ਲਈ ਦੇਖੋ ਸੂ: ਪ੍ਰ: ਰਾਸ ੧ ਅੰਸੂ ੧੧। |
| ਪਰਮ ਹੰਸ ਕੋ ਜਾਸ ਬਿਬੇਕੁ[1]। | [1]ਵਿਚਾਰ (ਅ) ਜਿਨ੍ਹਾਂ ਨੂੰ 'ਪਰਮ ਹੰਸ' ਕਹਿ ਕੇ ਪਛਾਣੀਦਾ ਸੀ। ਭਾਵ ਇਹ ਉਨ੍ਹਾਂ ਦੀ ਅੱਲ ਸੀ। |
| ਤਜਨ ਅਸਾਰੰ[1] ਸਾਰ[2] ਗ੍ਰਹੀਤੀ[3]। | [1]ਫੋਗ ਨੂੰ। [2]ਤੱਤ੍ਵ ਨੂੰ। [3]ਗ੍ਰਹਣ ਕਰਨ ਵਾਲਾ। |
| ਪੈ[1] ਅਪ ਕੀ[2], ਜਿਉ ਹੰਸਨ ਰੀਤੀ ॥੭੬॥ | [1]ਦੁੱਧ। [2]ਪਾਣੀ ਦੀ। |
| ਸੈਨ ਸਰਸ[1] ਇਕ ਧਿੰਙਾ[2] ਨਾਈ। | [1]ਵਰਗਾ। [2]ਇਨ੍ਹਾਂ ਦੀ ਕਥਾ ਲਈ ਦੇਖੋ ਗੁ: ਪ੍ਰ: ਸੂ: ਰਾਸ ੧ ਅੰਸੂ ੧੧। |
| ਜਿਨ ਸਿੱਖੀ ਕੀ ਰੀਤ ਕਮਾਈ। | |
| ਭਾ ਮੁਰੀਦ ਮੁਰਦੇ ਕੀ ਨਜਾਈ। | |
| ਗੁਰੁ ਗੋਰ ਮਹਿਂ ਕੀਨਿ ਸਮਾਈ ॥੭੭॥ | |
| ਇਤਯਾਦਿਕ ਜੋ ਸੇਵਕ ਪ੍ਰੇਮੀ। | |
| ਭਏ ਕਥਾ ਸੁਨਨੇ ਕੇ ਨੇਮੀ। | |
| ਅਪਰ ਮਨੁਜ[1] ਆਵਹਿਂ ਕਰਿ ਹੇਤੁ[2]। | [1]ਹੋਰ ਮਨੁੱਖ। [2]ਪ੍ਰੇਮ ਕਰਕੇ। |
| ਸੁਨਹਿਂ ਕਥਾ ਬੇਦੀ ਕੁਲ ਕੇਤੁ[1] ॥੭੮॥ | [1]ਬੇਦੀ ਕੁਲ ਦੇ ਨਿਸ਼ਾਨ (ਸਤਿਗੁਰ ਨਾਨਕ ਦੇਵ ਜੀ) ਦੀ। |

ਦੋਹਰਾ:

ਬਾਲਾ ਕਰਤਿ ਉਚਾਰ ਮੁਖ,
ਪੈੜੇ ਲਿਖੀ ਸੁਧਾਰ।
ਲਿਖਵਾਈ ਅੰਗਦ ਗੁਰੂ,
ਜਗ ਕੇ ਕਾਜ ਉਧਾਰਿ ॥੭੯॥

ਸੋ ਸੁਨਿ ਬਰਨਨ ਕਰਤਿ ਕਵਿ,
ਛੰਦ ਚੌਪਈ ਬੰਦ।
ਸ੍ਰੀ ਨਾਨਕ ਪਰਮਾਤਮਾ,
ਬੰਦਨ ਕਰਿ ਸੁਖ ਕੰਦ[1] ॥੮੦॥

[1]ਸੁਖਦਾਤੇ ਨੂੰ ਮੱਥਾ ਟੇਕ ਕੇ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪੱਤ੍ਰੀ ਆਨਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅਧ੍ਯਾਯ ॥੨॥

## ਅਧ੍ਯਾਯ ਤੀਸਰਾ

## ੩. [ਸ੍ਰੀ ਗੁਰ ਨਾਨਕ ਦੇਵ ਜੀ ਦਾ ਅਵਤਾਰ]

੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪

{ਭਾਈ ਬਾਲੇ ਦਾ ਸਰੂਪ} ॥੧..॥
{ਕਲਜੁਗ ਦਾ ਜ਼ੋਰ} ॥੪..॥
{ਧਰਤੀ ਦੀ ਪੁਕਾਰ} ॥੧੫..॥
{ਬਾਰ ਦੇਸ਼ ਅਤੇ ਤਲਵੰਡੀ ਮਹਿਮਾ} ॥੩੨..॥

ਕਬਿੱਤ:

**ਕੋਊ ਕਵਿ ਉਪਮਾ ਸੁ ਦੇਤਿ ਪਾਰਜਾਤ ਪਗ**
**ਕੋਊ ਕਹੇ ਗੁਰੂ ਪਗ ਕਮਲ ਅਮਲ ਹੈਂ।**

ਪਾਰਜਾਤ=ਕਲਪ ਬ੍ਰਿੱਛ। [ਸੰਸ: ਪਾਰਿਜਾਤ][ਪਗ ਚਰਣ। ਅਮਲ=ਅ+ਮਲ-ਮੈਲ ਤੋਂ ਰਹਿਤ।

**ਜੋਊ ਪਾਰਜਾਤ ਨ ਚਿਤੰਨ ਗਤਿਦਾਨ ਨਾਹੀ**
**ਅਮਲ ਕਮਲ ਰੈਨ ਵਿਖੇ ਮੁਖ ਮਿਲ ਹੈ।**

ਚਿਤੰਨ=ਚੇਤਨਤਾ, ਮਨ ਬੁੱਧੀ ਸੰਯੁਕਤ ਹੋਣ ਦੀ ਤਾਕਤ। ਗਤਿ=ਮੁਕਤੀ। ਰੈਨ=ਰੈਣ, ਰਾਤ।

**ਵੈ ਤੋ ਸਹਿਚੇਤ ਦੇਤ ਕਾਮਨਾ ਭਗਤ ਨਿਜ**
**ਬਾਸੁਰ ਔ ਰਜਨੀ ਮੇਂ ਏਕ ਸੇ ਸਤੁਲ ਹੈਂ।**

ਸਹਿਚੇਤ=ਸਹਿ+ਚੇਤ] ਚੇਤਨਤਾਈ ਸਮੇਤ। ਬਾਸੁਰ=ਦਿਨ। ਰਜਨੀ ਰਾਤ। ਏਕ ਸੇ=ਇਕੋ ਜੇਹੇ, ਭਾਵ ਅਪਣੇ ਆਪ ਦੇ ਖੇੜੇ ਵਿਚ ਇਕ ਰਸ ਖਿੜੇ ਰਹਿੰਦੇ ਹਨ। ਸਤੁਲ=ਸ+ਤੁਲ-ਇਕ ਬ੍ਰੱਬਰ, ਭਾਵ ਮੁਕਤੀ ਦਾਨ ਦੇ ਸੁਭਾਵ ਵਿਚ ਇਕ ਤੁੱਲ-ਦਾਤੇ-ਹੀ ਰਹਿੰਦੇ ਹਨ। ਇਕ ਰੰਗ ਹਨ।

**ਲਖੇ ਪਦ ਆਦਰ ਨ ਪਾਰਜਾਤ ਕਮਲ ਕੋ**
**ਤਾਂ ਤੇ ਪਗ ਪਗ ਪਾਰਜਾਤ ਨ ਕਮਲ ਹੈਂ ॥੧॥**

ਲਖੇ=ਪਛਾਣੇ, ਸਿਆਣੇ, ਸਮਝੇ। ਪਦ=ਚਰਣ। ਆਦਰ ਨ.....=ਸਤਿਕਾਰ ਯਾ ਆਦਰ ਯੋਗ ਨਹੀਂ।'ਲਖੇ' ਤੋਂ ਮੁਰਾਦ ਹੈ ਕਿ ਦੋਹਾਂ ਦੀ ਸਦਰਸ਼ਤਾ ਨਹੀਂ ਹੈ। ਚਰਨ ਨੂੰ ਕਲਪ ਬ੍ਰਿੱਛ ਤੇ ਕਮਲ ਦੀ ਉਪਮਾ ਦੇਣੀ, ਚਰਨਾਂ ਦਾ ਆਦਰ ਕਰਨਾ ਨਹੀਂ। ਪਗ ਪਗ=ਚਰਣ ਚਰਣ ਹੀ ਹਨ, ਭਾਵ ਉਨ੍ਹਾਂ ਦੀ ਉਪਮਾ ਦੀ ਹੋਰ ਕੋਈ ਵਸਤੂ ਨਹੀਂ ਹੈ।

ਅਰਥ:

ਕੋਈ ਕਵਿ (ਗੁਰੂ ਜੀ ਦੇ) ਚਰਣਾਂ (ਨੂੰ) ਕਲਪ ਬ੍ਰਿੱਛ (ਨਾਲ) ਉਪਮਾ ਦੇਂਦਾ ਹੈ, ਕੋਈ ਕਹਿੰਦਾ ਹੈ (ਕਿ) ਗੁਰੂ (ਜੀ ਦੇ) ਚਰਣ ਨਿਰਮਲ ਕਮਲ (ਸਮਾਨ) ਹਨ;
(ਪਰ ਕਵਿ ਇਹ ਨਹੀਂ ਵਿਚਾਰਦੇ ਕਿ) ਜੇਹੜਾ (ਤਾਂ) ਕਲਪ ਬ੍ਰਿੱਛ (ਹੈ) ਨਾਂ (ਤਾਂ ਓਹ) ਚੇਤਨ (ਹੈ) ਨਾਂ ਹੀ ਮੁਕਤੀ ਦੇ ਦੇਣ ਵਾਲਾ ਹੈ, (ਅਤੇ ਜੇਹੜਾ) ਨਿਰਮਲ ਕਮਲ ਹੈ (ਉਸ ਦਾ) ਰਾਤ ਵਿਖੇ ਮੂੰਹ ਬੰਦ ਹੋ ਜਾਂਦਾ ਹੈ।
(ਪਰੰਤੂ ਜੋ ਸਤਿਗੁਰੂ ਜੀ ਦੇ ਚਰਣ ਹਨ) ਓਹ ਤਾਂ ਚੇਤਨਾਂ ਵਾਲੇ (ਹਨ,) ਆਪਣੇ ਭਗਤਾਂ ਦੀਆਂ (ਮਨੋ) ਕਾਮਨਾ (ਪੂਰੀਆਂ ਕਰ) ਦੇਂਦੇ ਹਨ (ਅਤੇ) ਦਿਨ ਤੇ ਰਾਤ (ਹਰ ਸਮੇਂ) ਵਿਖੇ ਇਕੋ ਜੇਹੇ (ਭਾਵ, ਇਕ ਰੱਸ ਰਹਿਣ ਵਾਲੇ ਅਤੇ) ਇਕ ਬਰੱਬਰ (ਭਾਵ, ਇਕ ਰੰਗ ਰਹਿਣ ਵਾਲੇ) ਹਨ।

(ਸੋ ਮੈਂ) ਨਾਂਹੀ ਕਲਪ ਬ੍ਰਿੱਛ (ਤੇ ਨਾਂਹੀ) ਕਮਲ (ਗੁਰੂ ਜੀ ਦੇ) ਚਰਣਾਂ ਦੇ ਆਦਰ ਯੋਗ ਸਮਝੇ ਹਨ, ਇਸ ਲਈ ਚਰਣ ਚਰਣ ਹੀ ਹਨ, ਨਾ (ਹੀ) ਕਲਪ ਬ੍ਰਿੱਛ) (ਹਨ ਤੇ ਨਾਂ ਹੀ) ਕਮਲ।

ਚੌਪਈ:

*ਕਰ[1] ਤੂੰਬੀ[2] ਕਟ[3] ਕੀਨਿ ਕੁਪੀਨਾ[4]। — [1]ਹੱਥ ਵਿਚ। [2]ਛੋਟਾ ਤੂੰਬਾ। [3]ਲੱਕ ਨਾਲ। [4]ਲੰਗੋਟੀ।

{ਭਾਈ ਬਾਲੇ ਦਾ ਸਰੂਪ}

ਤਨ ਊਪਰ[1] ਕਮਰੀ[2] ਸਿਤ[3] ਲੀਨਾ। — [1]ਸਰੀਰ ਉਤੇ। [2]ਕੰਬਲੀ। [3]ਚਿੱਟੀ।

ਊਚੀ ਕੁਲਹ[1] ਸੀਸ[2] ਪਰ ਧਾਰੀ। — [1]ਟੋਪੀ। [2]ਸਿਰ।

ਸ਼ਮਸ਼[1] ਸ੍ਵੇਤ[2] ਦੀਰਘ[3] ਇਕਸਾਰੀ[4] ॥੨॥ — [1]ਦਾਹੜਾ। [2]ਚਿੱਟਾ। [3]ਲੰਬਾ। [4]ਇਕੋ ਜੇਹਾ।

ਉਰ ਮੈਂ[1] ਕਰ ਗੁਰ ਨਾਨਕ ਧਯਾਨਾ। — [1]ਦਿਲ ਵਿਚ।

ਬੰਦੇ ਪਦ[1] ਅਰਬਿੰਦ[2] ਬਿਧਾਨਾ[3]। — [1]ਚਰਣ। [2]ਕਵਲ। [3]ਵਿਧੀ ਨਾਲ।

ਬਾਲਾ ਬਰਨਨ ਕਰਨ ਲਗਾ ਬਰ[1]। — [1]ਸ੍ਰੇਸ਼ਟ।

ਸਸਿ ਮੁਖ ਤੇ[1] ਇਤਿਹਾਸ ਸੁਧਾ ਸਰ[2] ॥੩॥ — [1]ਚੰਦ੍ਰ ਮੁਖ ਤੋਂ। [2]ਅੰਮ੍ਰਿਤ ਵਰਗਾ।

ਸ੍ਰੀ ਬਾਲਾ ਸੰਧੁਰੁ† ਵਾਚ ॥

†'ਸੰਧੁਰੁ' ਦਾ ਇਥੇ ਰਾਗ ਔਂਕੜ ਵਾਲਾ ਹੈ, ਸੰਸਕ੍ਰਿਤ ਦੇ ਵਯਾਕਰਣ ਅਨੁਸਾਰ 'ਰੁ' ਜਿਸ ਦਾ ਭਾਵ ਰਾਰੇ ਦੀਆਂ ਵਿਸਰਗਾਂ (:) ਬਣਕੇ ਔਕੁੜ ਦਾ 'ਉ' ਬਣਕੇ 'ਉਵਾਚ' ਬਣ ਜਾਏਗਾ। ਅਰਥ-ਇਹ ਭਾਈ ਬਾਲਾ ਸੰਧੂ ਜੀ ਕਥਨ ਕਰਦੇ ਹਨ।

ਕਲਿਜੁਗ ਪਾਇ ਅਕਾਲ ਪ੍ਰਜ਼ੋਰਾ[1]। — [1]ਭੁਰੁੱਤਾ ਜ਼ੋਰ।

{ਕਲਜੁਗ ਦਾ ਜ਼ੋਰ}

ਪ੍ਰਗਟ ਭਏ ਅਘ[1] ਓਘ[2] ਪ੍ਰਘੋਰਾ[3]। — [1]ਪਾਪ। [2]ਬਹੁਤੇ। [3]ਭਯਾਨਕ।

ਆਦਿ ਦੁਕਾਲ[1] ਹੋਤਿ ਉਤਪਾਤਾ[2]। — [1]ਕਾਲ ਪੈ ਜਾਣਾ ਆਦਕ। [2]ਉਪੱਦ੍ਰਵ।

ਭਯੋ ਮਲੇਛ ਰਾਜ ਬਖਯਾਤਾ[1] ॥੪॥ — [1]ਪ੍ਰਗਟ।

ਪੰਥ ਮੁਹੰਮਦ ਬਢਤਿ ਅਪਾਰਾ।

ਕਲਮਲ ਮਯ[1] ਮਤਿਹੀਨ ਬਿਚਾਰਾ। — [1]ਪਾਪ ਰੂਪ।

ਗੋ[1] ਗਰੀਬ ਕੋ ਹਤਹਿਂ ਕੁਸਾਲੀ[2]। — [1]ਗਊ। [2]ਅਨਜਾਈ।

ਕਲ ਕੇ ਕਾਲਹਿ 'ਕੀਨਿ ਕੁਚਾਲੀ[1] ॥੫॥ — [1]ਖੋਟੀ ਚਾਲ।

ਨ੍ਰਿਪਤ ਭਏ[1] ਮਤਿਮੰਦ[2] ਮਲੀਨਾ[3]। — [1]ਰਾਜੇ। [2]ਬੁਧਿ ਭੈੜੀ ਵਾਲੇ। [3]ਮੈਲੇ।

ਜਨੁ ਸ਼ੁਭ ਕਰਮ ਖੋਸ[1] ਕਿਸ ਲੀਨਾ। — [1]ਖੋਹ।

ਮੰਤ੍ਰੀ ਲੋਲਪ[1] ਬੇਸਯਾਗਾਮੀ[2]। — [1]ਲੰਪਟ। [2]ਵਿਭਚਾਰੀ।

ਦੁਰਾਚਾਰ[1] ਕਰਿਹੀ ਮਨਬਾਮੀ[2] ॥੬॥

[1]ਭੈੜੇ ਕਰਮ। [2]ਵਿੰਗੇ ਮਨ ਵਾਲੇ।

ਦੋਹਰਾ:

ਦੁਰਮਤਿ[1] ਦੁਸ਼ਟ[2] ਦਰੋਦਰੀ[3] ਦੁੱਕ੍ਰਿਤ[4] ਦੁਖਤਿ[5] ਕਲੇਸ਼[6]।

[1]ਖੋਟੀ ਬੁੱਧਿ। [2]ਦੁਸ਼ਟਤਾ। [3]ਜੂਏਬਾਜ਼ੀ, ਬਖੀਲੀ। [4]ਪਾਪ। [5]ਦੁਖਾਉਣਾ। [6]ਸੰਤਾਪ।

ਸੂਨ ਸਿੰਘਕਾ[1] ਸਰਸ[2] ਸੋ, ਧਰਮ ਭਯੋ ਰਾਂਕੇਸ਼[3] ॥੭॥

[1]ਏਹ ਸਾਰੇ ਸਿੰਘਕਾ ਰਾਖਸ਼ਣੀ ਦੇ ਪੁੱਤ੍ਰ-ਰਾਹੂਸਮਾਨ (ਹੋ ਗਏ)। [2]ਏਹ ਸਾਰੇ ਸਿੰਘਕਾ ਰਾਖਸ਼ਣੀ ਦੇ ਪੁੱਤ੍ਰ-ਰਾਹੂਸਮਾਨ (ਹੋ ਗਏ)। [3]ਧਰਮ ਪੂਰਨਮਾਸ਼ੀ ਦਾ ਚੰਦ੍ਰਮਾ (ਹੋ ਗਿਆ)।

ਚੌਪਈ:

[1]ਰਾਜੇ। [2]ਫਰਿਆਦ।

ਨ੍ਰਿਪਤ[1] ਪੁਕਾਰ[2] ਨ ਸੁਨਿਹੈਂ ਕਾਈ।
ਕਾਜੀ ਰਿਸ਼ਵਤ ਬਸਿ ਅਧਿ ਕਾਈ[1]।

[1]ਬਹੁਤ।

ਝੂਠੇ ਕੋ ਸਾਚਾ ਕਰਿ ਦੇਈ।
ਸਤਿ ਨਜਾਉਂਕੋ ਨਾਉਂ ਨ ਲੇਈ ॥੮॥
ਜਹਿ ਤਹਿਂ ਚਲੀ ਮਲੇਛਨ ਭਾਖਾ।
ਨਿਜ ਨਿਜ[1] ਧਰਮ ਨਰਨ[2] ਸਭਿ ਨਾਖਾ[3]।

[1]ਆਪੋ ਆਪਣਾ। [2]ਮਨੁੱਖਾਂ ਨੇ। [3]ਛੱਡ ਦਿੱਤਾ।

ਪੁੰਨ ਹੀਨ ਤਨ ਪਾਪਨ ਪੀਨਾ[1]।

[1]ਤਕੜੇ।

ਦਰਬ[1] ਖਸੋਟਹਿਂ[2] ਦੇਖਤਿ ਦੀਨਾ[3] ॥੯॥

[1]ਧਨ। [2]ਖੋਹ ਲੈਂਦੇ ਹਨ। [3]ਗਰੀਬ ਦੇਖ ਕੇ।

ਪਰ[1] ਕਾਰਜ[2] ਕੇ ਕਰਤਾ[3] ਹਾਨੀ[4]।

[1]ਪਰਾਏ। [2]ਕੰਮ। [3]ਕਰਨ ਵਾਲੇ। [4]ਨਾਸ਼।

ਸਨਿ ਜਿਉਂ ਤਨੁ ਖੋਵਹਿ ਦੁਖ ਦਾਨੀ[1]।

[1]ਸਣ ਸਿੱਕੁਣ (ਆਪਣਾ) ਆਪ (ਕੁਟਾਕੇ ਰੱਸੇਦਾ ਰੂਪ ਹੋ ਕੇ ਦੂਜੇ ਨੂੰ ਬੰਨ੍ਹਣ ਦੇ ਕੰਮ ਆ ਕੇ) ਦੁਖਦਾਈ ਹੁੰਦੀ ਹੈ।

ਪਰ ਧਨ[1], ਪਰ ਨਿੰਦਿਆ, ਪਰਦਾਰਾ[2]।

[1]ਪਰਾਇਆ ਧਨ। [2]ਪਰ ਇਸਤ੍ਰੀ।

ਨਿਸਦਿਨ ਤਨ ਮਨ ਸੋਂ ਹਿਤ[1] ਧਾਰਾ ॥੧੦॥

[1]ਪ੍ਰੇਮ।

ਦੋਹਰਾ:

ਜੰਗਮ[1] ਬਹੁਤ ਸਰੇਵਰੇ[2]

[1]ਟੱਲੀਆਂ ਖੜਕਾ ਮੰਗਣ ਵਾਲੇ ਫਿਰਤੂ। [2]ਜੈਨੀਆਂ ਦੇ ਦੋ ਭੇਦ।

ਕਰਤਿ ਦਿਗੰਬਰ[੪੨] ਰਾਰ[1]।

[1]ਝਗੜਾ।

ਖਟ[1] ਦਰਸ਼ਨ[2] ਹਰਿਨਾਮ ਬਿਨ

[1]ਛੇ। [2]ਮਤ।

ਹੋਤਿ ਬਾਦ[1] ਮਰਿ ਖ੍ਵਾਰ[2] ॥੧੧॥

[1]ਝਗੜਿਆਂ। [2]ਖਰਾਬ।

ਚੌਪਈ:

ਕੀਨੇ ਦ੍ਵਾਦਸ਼[1] ਮਾਰਗ[2] ਜੋਗੀ[†]।

[1]ਬਾਰਾਂ। [2]ਰਾਹ। [†]ਜੋਗੀਆਂ ਦੇ ਬਾਰਾਂ ਪੰਥ ਇਹ ਹਨ:-੧. ਹੇਤੂ। ੨. ਪਾਵ। ੩. ਆਈ। ੪. ਗੰਮਯ। ੫. ਪਾਗਲ। ੬. ਗੋਪਾਲ। ੭. ਦਾਸ। ੮.

ਕੰਬੜੀ। ੯. ਬਨ। ੧੦ ਧ੍ਰੁਜ। ੧੧. ਚੋਲੀ। ੧੨ ਰਾਵਲ।

ਭਾਉ ਭਗਤਿ ਬਿਨ ਭਏ ਬਿਓਗੀ[1]। — [1]ਸਾਈਂ ਤੋਂ ਵਿੱਛੁੜੇ।
ਕਰਹਿਂ ਸ਼ਾਸਤ੍ਰਨ ਬਿਪਰ[1] ਕੁਬਾਦਾ[2]। — [1]ਬ੍ਰਾਹਮਨ। [2]ਭੈੜੇ ਝਗੜੇ।
ਬਹੁਤ ਪਰਸਪਰ[1] ਵਧਤਿ ਬਿਖਾਧਾ[2] ॥੧੨॥ — [1]ਆਪੋ ਵਿਚੀਂ। [2]ਝਗੜਾ।

ਮੂੰਡ[1] ਮੂੰਡਾਵਹਿਂ[2] ਹੁਇਂ ਸਨਿਆਸੀ। — [1]ਸਿਰ। [2]ਮੁਨਾਕੇ।
ਦਰਬ[1] ਨਾਰ[2] ਮਹਿਂ ਰਿਦਾ[3] ਦੁਰਾਸੀ[4]। — [1]ਧਨ। [2]ਇਸਤ੍ਰੀ। [3]ਵਿਚ ਦਿਲ ਹੈ। [4]ਭੈੜੀ ਆਸਾ ਵਾਲਾ।
ਭਏ ਅਤੀਤ ਕਹਾਇਂ ਬੈਰਾਗੀ।
ਗ੍ਰਿਸਤੀ ਤੇ ਵਧਿ ਮਨ ਦੌਂ[1] ਲਾਗੀ ॥੧੩॥ — [1]ਤ੍ਰਿਸ਼ਨਾ ਦੀ ਅੱਗ।

ਪੰਡਤ ਪਹਰੂਆ[1] ਕਰਹਿਂ ਸਤੇਈ[2]। — [1]ਪਹਿਰੇਦਾਰ। [2]ਚੋਰੀ।
ਰਖਵਾਰੀ ਕੋ ਸਦਨ ਕਰੇਈ[1]? — [1]ਘਰ ਦੀ ਰਖਵਾਲੀ ਕੌਣ ਕਰੇ?
ਹੁਤੀ ਬਾਰ[1] ਰਖਬਾਰ ਨ੍ਰਿਪਾਲਾ[2]। — [1]ਵਾੜ। [2]ਰਾਜੇ।
ਪ੍ਰਜਾ ਖੇਤ ਕੋ ਖਾਤਿ ਕੁਢਾਲਾ[1]† ॥੧੪॥ — [1]ਭੈੜੀ ਤਰ੍ਹਾਂ। †ਭਾਈ ਗੁਰਦਾਸ ਜੀ ਨੇ ਵੀ ਏਹੋ ਹਾਲ ਦਿੱਤੇ ਹਨ। ਉਸ ਸਮੇਂ ਦੀਆਂ ਅਨਮਤੀ ਤਾਰੀਖਾਂ ਵੀ ਦੇਸ਼ ਦਾ ਬੁਰਾ ਹਾਲ ਦੱਸਦੀਆਂ ਹਨ।

ਦੋਹਰਾ:

ਭਯੋ ਭਾਰ ਧਰ[1] ਪਰ[2] ਅਧਿਕ[3], — [1]ਜ਼ਮੀਨ। [2]ਤੇ। [3]ਬਹੁਤ।
ਧਰਮ ਧਰਤਿ ਨਹਿਂ ਧੀਰ[1]। — [1]ਹੌਸਲਾ।
ਭਾਉ ਭਗਤਿ ਨਹਿਂ ਜਗਤ ਮੇਂ,
ਬਿਕੁਲ[1] ਭਈ ਭਯ[2] ਭੀਰ[3] ॥੧੫॥ — [1]ਵਿਆਕੁਲ। [2]ਧਰਤੀ) ਭੈ ਨਾਲ ਭੈਭੀਤ ਹੋ ਗਈ (ਅ) ਭੀੜਾ ਪੈ ਗਈ। [3]ਧਰਤੀ) ਭੈ ਨਾਲ ਭੈਭੀਤ ਹੋ ਗਈ (ਅ) ਭੀੜਾ ਪੈ ਗਈ।

ਚੌਪਈ:

ਏਕੁੰਕਾਰ ਅਰਾਧਨ ਕੀਨਾ।
{ਧਰਤੀ ਦੀ ਪੁਕਾਰ}
ਭਨਤਿ[1] ਬੇਨਤੀ ਭਈ ਅਧੀਨਾ। — [1]ਆਖਦੀ ਹੋਈ।
'ਪਰਮੇਸ਼ੁਰ ਪਰ ਪੁਰਖ ਪੁਰਾਤਨ[1]। — [1]ਅਨਾਦੀ।
ਪਰਮ ਪਰਾਵਰਨਾਥ[1] ਸਨਾਤਨ ॥੧੬॥ — [1]ਦੇਖੋ ਇਸ ਦੇ ਪਹਿਲੇ ਅਧਯਾਯ ਵਿਖੇ ਮੰਗਲ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ, ਛੰਦ ੫।

ਦੀਨ ਬੰਧੁ[1] ਪ੍ਰਭੁ ਦੀਨ ਦਯਾਲਾ। — [1]ਦੀਨਾਂ ਦਾ ਪਿਆਰਾ।
ਦੀਨਾਨਾਥ[1] ਪ੍ਰੋਖ[2] ਪ੍ਰਤਿਪਾਲਾ। — [1]ਦੀਨਾਂ ਦਾ ਸੁਆਮੀ। [2]ਗੁਪਤ।

ਅਜਰ[1] ਅਮਰ[2] ਅਨਵੱਦ[3] ਅਭੇਖਾ[4]।

[1]ਬੁਢਾਪੇ ਤੋਂ ਬਿਨਾਂ। [2]ਮੌਤ ਤੋਂ ਰਹਿਤ। [3]ਕਥਨ ਤੋਂ ਪਰੇ। [4]ਭੇਖ ਤੋਂ ਰਹਿਤ।

ਅਭੈ[1] ਨਿਰੰਜਨ[2] ਅਲਖ ਅਲੇਖਾ[3] ॥੧੭॥

[1]ਡਰ ਤੋਂ ਪਾਰ। [2]ਮਾਇਆ ਮੈਲ ਤੋਂ ਪਾਰ। [3]ਲੇਖੇ ਤੋਂ ਰਹਿਤ।

ਕਲਮਲ[1] ਕਲਿ[2] ਕੇ ਕਾਲ[3] ਬਿਥਾਰਾ[4]।

[1]ਪਾਪ। [2]ਕਲਿਜੁਗ। [3]ਸਮੇਂ। [4]ਫੈਲ ਗਏ।

ਅਬਹਿ[1] ਭਾਰ ਨਹਿਂ ਜਾਇ ਸੰਭਾਰਾ।

[1]ਹੁਣ ਤਾਂ।

ਅਤਿ[1] ਦੁਸ਼ਤਰ[2] ਦਖ ਵੇਲਾ ਭਯੋ।

[1]ਬਹੁਤ। [2]ਔਖਾ।

ਬਿਨ ਅਵਿਲੰਬ[1] ਜਾਤਿ ਨਹਿਂ ਰਹਯੋ ॥੧੮॥

[1]ਆਸਰੇ ਦੇ ਬਿਨਾਂ।

ਦੋਹਰਾ:

ਸਤਿਜੁਗ ਮਹਿਂ ਚਾਰੋਂ ਚਰਨ,
ਤ੍ਰੇਤੇ ਤੀਨ ਰਹਾਇ।
ਦ੍ਵਾਪਰ ਮਹਿਂ ਦੋਊ ਰਹੇ,
ਕਲਿ ਇਕ ਚਰਨ[1] ਟਿਕਾਇ ॥੧੯॥

[1]ਪੈਰ।

ਚੌਪਈ:

ਕਲਮਲ ਮਯ[1] ਆਯੋ ਕਲਿਕਾਲਾ।

[1]ਪਾਪ ਰੂਪ।

ਭਯੋ ਸੁ ਯਾਂ ਤੇ ਭਾਰ ਬਿਸਾਲਾ[1]।

[1]ਬਹੁਤ।

ਏਕ ਚਰਨ ਤੇ ਟਿਕਾ ਨ ਜਾਈ।
ਬਿਨ ਅਵਿਲੰਬ ਨ ਥਿਰਤਾ[1] ਪਾਈ ॥੨੦॥

[1]ਇਸਥਿਤੀ।

ਏਕੁੰਕਾਰ! ਬਿਨੈ[1] ਸੁਨਿ ਲੀਜੈ।

[1]ਬੇਨਤੀ।

ਥਿਰ ਹੋਵੋਂ ਕੋ ਅਵਿਲੰਬ ਦੀਜੈ।’
ਜੋਤੀ ਰੂਪ ਆਤੁਰੀ ਬਾਨੀ[1]।

[1]ਦੁਖ ਭਰੀ ਬਾਣੀ।

ਸੁਨਤਿ ਬਿਚਾਰ ਕੀਨਿ ਸੁਖਦਾਨੀ ॥੨੧॥
‘ਇਸ ਕਾਰਜ ਕੋ ਬਹੁਤ ਪਠਾਏ।
ਜਾਇ ਤਹਾਂ ਨਿਜ ਪੰਥ ਚਲਾਏ।
ਬਿਸਰੇ ਜਾਂ ਕਾਰਜ ਤਹਿਂ ਗਏ।
ਅਪਨੇ ਅਪਨੇ ਮਤਿ ਠਹਿਰਾਏ[1] ॥੨੨॥

[1]ਇਹ ਵਾਰਤਾ ਬਚਿੱਤ੍ਰ ਨਾਟਕ ਵਿਚ ਵੀ ਹੈ।

ਕਿਨਹੁਂ[1] ਨ ਮਹਿਮਾ ਨਾਮ ਬਿਥਾਰੀ।

[1]ਕਿਸੇ ਨੇ।

ਭਾਉ ਭਗਤਿ ਕੀ ਰੀਤਿ ਨ ਡਾਰੀ।

ਜਿਉਂ ਹੋਵਤਿ ਅਵਿਲੰਬਤਿ[1] ਛੋਨੀ[2]।' — [1]ਆਸਰੇ ਵਾਲੀ। [2]ਪ੍ਰਿਥਵੀ।
ਇਉਂ ਬਿਚਾਰ ਬੋਲੇ ਜਗ ਜੋਨੀ[1] ॥੨੩॥ — [1]ਜਗਤ ਦਾ ਕਾਰਨ, ਪਰਮਾਤਮਾਂ।
'ਨਾਮ ਕੀਰਤਨ ਬਿਥਰਹੁਂ ਜਬ ਹੀ।
ਤੁਝ ਅਵਿਲੰਬ ਹੋਇ ਹੈ ਤਬ ਹੀ।
ਯਾਂ ਤੇ ਪ੍ਰਗਟਾਵੋਂ ਜਗ ਆਇ।
ਮੋ ਬਿਨ ਹੋਤਿ ਨ ਆਨ[1] ਉਪਾਇ' ॥੨੪॥ — [1]ਹੋਰ।
ਧਰਮ ਧਾਮ[1] ਧਰ[2] ਧੀਰਜ ਦੀਨੋ। — [1]ਧਰਮ ਦੇ ਘਰ ਨੇ। [2]ਪ੍ਰਿਥਵੀ ਨੂੰ।
'ਪਾਇ ਅਲੰਬ ਹੋਇ ਦੁਖ ਛੀਨੋ[1]।' — [1]ਨਾਸ਼।
ਸੁਨਿ ਕਰਿ ਗਿਰਾ ਗਗਨ[1] ਕੀ ਛੋਨੀ[੪]। — [1]ਅਕਾਸ਼।
ਉਰ ਕਰਿ ਪਰਮ ਹਰਖ ਮੁਖ ਮੋਨੀ ॥੨੫॥
ਜਗ ਮਹਿਂ ਰਘੁਵਰ[1] ਕੁਲ ਅਕੰਲਕਾ। — [1]ਸ੍ਰੀ ਰਾਮ ਚੰਦਰ ਜੀ।
ਪ੍ਰਗਟੇ ਬੇਦੀ ਕੁਮੁਦ[1] ਮਯੰਕਾ[2]। — [1]ਕਵੀਆਂ। [2]ਚੰਦ੍ਰਮਾ ਵਤ।
ਏਕੁੰਕਾਰ ਧਾਰਿ ਨਿਜ ਰੂਪਾ[1]। — [1]ਇਸ ਤੋਂ ਮੁਰਾਦ ਉਹੀ ਹੈ ਜੋ ਪੰਜਵੇਂ ਸਤਿਗੁਰਾਂ ਦੀ ਇਸ ਤੁਕ ਤੋਂ ਹੈ 'ਗੁਰ ਨਾਨਕ ਦੇਵ ਗੋਵਿੰਦ ਰੂਪ'। ਇਹ ਪਰਮੇਸ਼ੁਰ ਦਾ ਜੋਨੀ ਵਿਚ ਆਉਣਾ ਨਹੀਂ, ਪਰਮੇਸ਼ੁਰ ਆਦਿ ਗੁਰ ਹੈ, ਉਹਦੀ ਗੁਰੂ ਸ਼ਕਤੀ ਗੁਰ ਨਾਨਕ ਵਿਚ ਪੂਰਨ ਰੂਪ ਲੈ ਕੇ ਪ੍ਰਗਟਦੀ ਹੈ। ਐਉਂ ਗੁਰੂ ਜੀ ਗੋਬਿੰਦ ਰੂਪ ਹਨ।
ਪ੍ਰਗਟੇ ਸਤਿਗੁਰ ਰੂਪ ਅਨੂਪਾ ॥੨੬॥

ਦੋਹਰਾ:
ਨਿਸ[1] ਕੁਚਾਲ[2] ਕਲਿਕਾਲ ਤਮ[3], — [1]ਰਾਤ੍ਰੀ। [2]ਭੈੜੀਆਂ ਰਸਮਾਂ। [3]ਅਨ੍ਹੇਰਾ।
ਉਡਗਨ[1] ਦੰਭ[2] ਸਮਾਜ। — [1]ਤਾਰੇ। [2]ਪਖੰਡ।
ਭਏ ਕੁਮੁਦਿ[੧੨] ਸੇ ਅਨਿਕ ਮਤ,
ਇੰਦੁ[1] ਮੁਹੰਮਦ ਰਾਜ ॥੨੭॥ — [1]ਚੰਦ੍ਰਮਾ।

ਚੌਪਈ:
ਤਿਨ ਕੋ ਹਰਨ ਬਾਲ ਦਿਨਰਾਉ[1]। — [1]ਬਾਲ ਅਵਸਥਾ ਦਾ ਸੂਰਜ।
ਉਦੇ[1] ਸੁ ਨਾਨਕ ਤੇਜ ਪ੍ਰਭਾਉ। — [1]ਪ੍ਰਗਟੇ।
ਬਚਨ ਕਿਰਨ ਜਾਂ ਮਹਿਂ ਪਰਕਾਸ਼ੇ।
ਸੰਤ ਤਾਮ ਰਸ[1] ਹੇਰਿ[2] ਵਿਕਾਸ਼ੇ[3] ॥੨੮॥ — [1]ਕਵਲ। [2]ਵੇਖ ਕੇ। [3]ਖਿੜੇ।

| | |
|---|---|
| ਦੰਭੀ ਸਮ ਉਲੂਕ[1] ਦੁਖ ਭਾਰੀ। | [1]ਉੱਲੂ। |
| ਕਿੰਕਰ[1] ਕੋਕ[2] ਭਏ ਸੁਖਿਯਾਰੀ। | [1]ਸਿੱਖ, ਦਾਸ। [2]ਚਕਵੀ ਚਕਵਾ। |
| ਆਤਪ ਭਗਤਿ ਜਗਤ ਪਰਕਾਸ਼ੀ। | |
| ਨੀਂਦ ਅਵਿਦਜਾ ਸਿੱਖਨ ਨਾਸ਼ੀ ॥੨੯॥ | |
| ਗਜਾਨ ਨਾਮ ਮਹਿਂ ਨਰਬਰ[1] ਜਾਗੇ। | [1]ਚੰਗੇ ਪੁਰਸ਼। |
| ਕਲਮਲ[1] ਸੁਪਨਾ ਜਿਉਂ ਮਨ ਤਜਾਗੇ। | [1]ਪਾਪ। |
| ਧਰਮ ਧਰਤਿ ਧੀਰਜ ਕੇ ਹੇਤਾ[1]। | [1]ਵਾਸਤੇ। |
| ਪ੍ਰਗਟੇ ਸ੍ਰੀ ਬੇਦੀ ਕੁਲਕੇਤਾ[1] ॥੩੦॥ | [1]ਬੇਦੀ ਕੁਲ ਦੇ ਨਿਸ਼ਾਨ। |
| ਸ੍ਰੀ ਬਾਲਾ ਸੰਧੁਰੁ ਵਾਚ ॥ | |
| ਦੋਹਰਾ: | [1]ਸਬੱਬ। |
| ਕਾਰਨ[1] ਗੁਰੁ ਅਵਤਾਰ ਕੋ ਮੈਂ, | |
| ਬਰਨਜੋ[1] ਚਿਤ ਲਾਇ। | [1]ਦਸਿਆ ਹੈ। |
| ਸੁਨਹੁ ਜਨਮ ਕੀ ਅਬ ਕਥਾ, | |
| ਸ੍ਰੀ ਅੰਗਦ ਸੁਖਦਾਇ[1] ! ॥੩੧॥ | [1]ਹੇ ਸੁਖ ਦੇਣ ਵਾਲੇ ਗੁਰੂ ਅੰਗਦ ਜੀਓ ! |
| ਚੌਪਈ: | [1]ਬਾਰ ਦਾ ਦੇਸ਼। [2]ਸਾਰੇ ਦੇਸ਼ਾਂ ਦਾ ਰਾਜਾ। |
| ਬਾਰ ਦੇਸ਼[1] ਸਭਿ ਦੇਸ਼ ਨਰੇਸ਼ੁ[2]। | |
| {ਬਾਰ ਦੇਸ਼ ਅਤੇ ਤਲਵੰਡੀ ਮਹਿਮਾ} | |
| ਗ੍ਰਾਮ ਪ੍ਰਜਾ ਕੇ[1] ਹਰਤਿ[2] ਕਲੇਸ਼ੁ[3]। | [1]ਗ੍ਰਾਮਾਂ (ਰੂਪ) ਪਰਜਾ ਦੇ। [2]ਦੂਰ ਕਰਦਾ ਹੈ। [3]ਦੁਖ। |
| ਐਰਾਵਤੀ[1] ਏਕ ਦਿਸ਼ਿ[2] ਬਾਰੀ[3]। | [1]ਰਾਵੀ (ਨਦੀ) ਦਾ। [2]ਇਕ ਪਾਸੇ। [3]ਜਲ। |
| ਸੁੰਦਰ ਰੰਗ ਤਰੰਗ ਉਛਾਰੀ[1] ॥੩੨॥ | [1]ਉਛਾਲ ਰਿਹਾ ਹੈ। |
| ਸੋ ਬਰ[1] ਬਿਜਨ[2] ਹੋਤਿ ਹੈ ਤਾਂ ਪੈ[3]। | [1]ਸ੍ਰੇਸ਼ਟ। [2]ਪੱਖਾ। [3]ਉਸਤੇ। |
| ਨ੍ਰਿਪਤਾ[1] ਕੋ ਲੱਛਨ[2] ਛਬਿ ਥਾਪੈ[3]। | [1]ਰਾਜਪਨੇ। [2]ਨਿਸ਼ਾਨ। [3]ਥਾਪਿਆ ਹੈ। |
| ਚੰਦ੍ਰਭਗਾ[1] ਦਿਸ਼ਿ ਦੁਤਿਯ[2] ਸੁਹਾਈ। | [1]ਚਨਾਬ। [2]ਦੂਜੇ ਪਾਸੇ। |
| ਮਾਲ ਤਰੰਗਨਿ[1] ਸ੍ਰਿਛ ਉਠਾਈ ॥੩੩॥ | [1]ਲਹਿਰਾਂ ਦੀ ਪੰਗਤੀ। |
| ਤਾਂ ਪਰ ਹੋਤਿ ਚਮਰ ਛਬਿ ਭਾਰੀ। | |
| ਮਹਿਮਾਂ ਮਹਾਂ ਜਨਾਵਨ ਕਾਰੀ। | |
| ਸਦਾ ਸੁਕਾਲ ਸਸਿਨ[1] ਕੋ ਸਾਲੀ[2]। | [1]ਖੇਤੀਆਂ ਦਾ। [2]ਘਰ। |
| ਤਹਿਂ ਦੁਕਾਲ[1] ਕੀ ਕੌਨ ਕੁਚਾਲੀ? ॥੩੪॥ | [1]ਕਾਲ, ਅੰਨ ਦਾ ਘਾਟਾ। |
| ਸਪਤਈਤ[1] ਕੋ ਭੀਤ[2] ਨ ਪਾਵਾ। | [1]ਖੇਤੀ ਨੂੰ ਹਾਨੀ ਪਹੁੰਚਾਉਣ ਵਾਲੇ ਸੱਤ ਉਪੱਦ੍ਰਵ:-੧. ਬਰਖਾ ਨਾ ਹੋਣੀ। ੨. ਬਹੁਤ ਹੋਣੀ, |

| | |
|---|---|
| | ੩. ਚੂਹੇ ਪੈਣੇ, ੪. ਮੱਕੜੀ, ੫. ਪੰਛੀਆਂ ਨੇ ਖਾ ਜਾਣਾ, ੬. ਰਾਜਾ ਦੀ ਚੜ੍ਹਾਈ, ੭. ਕੁੰਗੀ। [2]ਡਰ। |
| ਤਸਕਰ ਕੁਲ[1] ਤਜਿ ਅਨਤ[2] ਪਰਾਵਾ[3]। | [1]ਚੋਰਜਾਤੀ। [2]ਹੋਰ ਥਾਂ। [3]ਦੌੜ ਗਈ। |
| ਪਥਕ ਜਾਤ[1] ਜਹਿਂ ਮਨ ਬਿਰਮਾਵਾ[2]। | [1]ਰਾਹੀਆਂ ਦਾ ਜਾਂਦਿਆਂ। [2]ਜਿਥੇ ਮਨਮੋਹਤ ਹੋ ਜਾਂਦਾ ਹੈ। |
| ਹੇਰਿ[1] ਹਿਤੂ ਨਰ[2] ਕੁਟੰਬ ਭੁਲਾਵਾ[3] ॥੩੫॥ | [1]ਦੇਖਕੇ। [2]ਜਿੱਥੋਂ ਦੇ ਪਿਆਰ ਵਾਲੇ ਮਨੁੱਖ। [3]ਸੰਬੰਧੀ ਭੁੱਲ ਜਾਂਦੇ ਹਨ। |
| ਫਲ ਫੂਲਨ ਦਲਯੁਤ[1] ਤਰੁ ਚਾਰੂ[2]। | [1]ਪੱਤਿਆਂ ਸਮੇਤ। [2]ਸੁਹਣੇ ਬ੍ਰਿੱਛਾਂ। |
| ਪਥਕ ਹੇਤ ਠਾਢੇ[1] ਸੁਖਕਾਰੂ[2]। | [1]ਰਾਹੀਆਂ ਵਾਸਤੇ ਖੜੇ ਹਨ। [2]ਸੁਖ ਦਾਤੇ। |
| ਬਸਹਿਂ ਲੋਕ ਜਹਿਂ ਸੁਜਨ[1] ਸੁਚਾਲੀ[2]। | [1]ਚੰਗੇ। [2]ਸਦਾ ਚਾਰ ਵਾਲੇ। |
| ਦਯਾ ਧਰਮ ਕੇ ਜੇ ਪ੍ਰਿਤਪਾਲੀ ॥੩੬॥ | |
| ਅਥਿਤ[1] ਸੇਵ ਮਹਿਂ ਜਿਨ ਮਨ ਰਾਤਾ। | [1]ਲੋੜਵੰਦ, ਗਰੀਬ। |
| ਗੁਨ ਗ੍ਰਾਹੀ ਸਭਿ ਬਿਦਜਾ ਗਜਾਤਾ। | |
| ਉਪਜਹਿਂ ਜਹਿਂ ਤੁਰੰਗ[1] ਬਹੁ ਸੁੰਦਰ। | [1]ਘੋੜੇ। |
| ਬਲੀ ਤਰਲਤਾ[1] ਗੁਨ ਕੇ ਮੰਦਰ ॥੩੭॥ | [1]ਤ੍ਰਿੱਖੇ। |
| ਔਰ ਪਸ਼ੂ ਬਹੁ ਸੁਭਗ[1] ਸੁ ਜਾਤੀ। | [1]ਚੰਗੇ। |
| ਤਿਨ ਕੀ ਖਾਨ ਕੀਨਿ ਬਿਧਿ[1] ਖਜਾਤੀ[2]। | [1]ਬਿਧਾਤਾ ਨੇ। [2]ਪ੍ਰਗਟ। |
| ਜੋ ਅਸ ਦੇਸ਼ ਰੁਚਿਰ[1] ਬਰ[2] ਸਗਰਾ[3]। | [1]ਸੁੰਦਰ। [2]ਚੰਗਾ। [3]ਸਾਰਾ। |
| ਭਰਤ ਖੰਡ ਮਹਿਂ ਸ਼ੁਭਤਿ[1] ਉਜਗਰਾ[2] ॥੩੮॥ | [1]ਸ਼ੋਭਦਾ ਹੈ। [2]ਪ੍ਰਗਟ। |
| ਤਿਹ ਮਹਿਂ ਤਲਵੰਡੀ ਭਲ ਨਗਰੀ। | |
| ਚਾਰ ਬਰਨ[1] ਕਰਿ ਪੂਰਤਿ ਸਗਰੀ। | [1]ਬ੍ਰਾਹਮਨ, ਖੱਤ੍ਰੀ, ਵੈਸ਼, ਸੂਦ੍ਰ। |
| ਜਿਹ ਕੇ ਚਹੁਂ ਦਿਸ ਬਾਗ਼ ਸੁਹਾਵਾ। | |
| ਕੁਸਮ[1] ਬਾਟਿਕਾ[2] ਬਹੁ ਛਬਿ ਪਾਵਾ ॥੩੯॥ | [1]ਫੁੱਲ। [2]ਬਗੀਚੇ। |
| ਨਗਰ ਕੋਟ[1] ਦਿਢ ਬਨਜੋ ਉਤੰਗਾ[2]। | [1]ਨਗਰ ਦੁਾਲੇ ਸਫੀਲ। [2]ਉੱਚੀ। |
| ਮਤਸਰ ਧਰਤਾ ਜੋ[1] ਗਿਰਿ ਸੰਗਾ[2]। | [1]ਜੋ ਮੁਕਾਬਲਾ ਕਰਦੀ ਹੈ। [2]ਪਹਾੜ ਨਾਲ। |
| ਅਟਾ[1] ਘਟਾ ਸੰਗ[2] ਕਰਤਿ ਬਿਲਾਸਾ[3]। | [1]ਅਟਾਰੀਆਂ। [2]ਬੱਦਲਾਂ ਨਾਲ। [3]ਗੱਲਾਂ ਕਰਦੀਆਂ ਹਨ। |
| ਮਨਹੁ ਨਿਰੋਧਨ ਕੀ[1] ਹਿਯ[2] ਆਸਾ ॥੪੦॥ | [1]ਰੌਕਣ ਦੀ। [2]ਦਿਲ ਵਿਚ। |

| | |
|---|---|
| ਮੰਦਿਰ ਜਹਿਂ ਸੁੰਦਰ ਛਬਿ ਪਾਈ। | |
| ਸਰਬ ਰੁਤਿਨ ਮਹਿਂ ਜੇ ਸੁਖਦਾਈ। | |
| ਅਸ਼ਟਾਪਦ[1] ਸਮ ਬਿਪਨੀ[2] ਭੂਰੀ[3]। | [1]ਚੌਪੜ। [2]ਮੰਡੀ। [3]ਸਾਰੀ। |
| ਬਨਜ[1] ਸੌਜ[2] ਸੋਂ ਆਪਨ[3] ਪੂਰੀ[4] ॥੪੧॥ | [1]ਵਪਾਰ। [2]ਸੌਦੇ। [3]ਹੱਟੀਆਂ। [4]ਭਰੀਆਂ ਹੋਈਆਂ। |
| ਸ੍ਰੀ ਨਾਨਕ ਆਗਮ ਕੇ[1] ਹੇਤੂ[2]। | [1]ਆਵਨਦੇ। [2]ਵਾਸਤੇ। |
| ਰਚਜੋ ਸੁਰਗ ਵਿਧਿ[1] ਸੁਖ ਸੰਕੇਤੂ[2]। | [1]ਬਿਧਾਤਾ ਨੇ। [2]ਸੁਖਾਂ ਦਾ ਘਰ। |
| ਸੁਰਭੀ[1] ਖੀਰ[2] ਪਯੂਖ[3] ਸਮਾਨਾ। | [1]ਗਊਆਂ। [2]ਦੁੱਧ। [3]ਅੰਮ੍ਰਿਤ। |
| ਸੁਰ ਸਮ[1] ਸੁੰਦਰ ਮਨੁਜ ਸੁਜਾਨਾ ॥੪੨॥ | [1]ਦੇਵਤਿਆਂ ਵਰਗੇ। |
| ਜਿਹ ਕੀ ਰਚਨਾ ਹੇਰਿ ਬਚਿੱਤ੍ਰਾ[1]। | [1]ਸੁੰਦਰ। |
| ਵਿਸ਼ਕਰਮਾ[1] ਹੋਇਓ ਚਿਤ ਚਿੱਤ੍ਰਾ[2]। | [1]ਕਾਰੀਗਰੀ ਦਾ ਦੇਵਤਾ। [2]ਹੈਰਾਨ। |
| ਸ੍ਰੁਤਿ[1] ਪਾਠੀ ਹੋਤੀ[2] ਤਤ ਵੇਤੂ। | [1]ਬਦ। [2]ਯਗ ਵਿਚ ਆਹੁਤੀ ਦੇਣ ਵਾਲੇ। |
| ਖਟ ਕਰਮੀ[1] ਕ੍ਰਿਤ[2] ਕੈਵਲ[3] ਹੇਤੂ[4] ॥੪੩॥ | [1]ਛੇ ਕਰਮੀ। [2]ਕਰਨ ਵਾਲੇ। [3]ਮੌਖ। [4]ਵਾਸਤੇ, (ਅ) ਹਿਤਵਾਲੇ। |
| ਅਸ ਦਿਜਵਰ[1] ਜਹਿਂ ਬਸੇ ਸੁਖਾਰੇ। | [1]ਬ੍ਰਾਹਮਨ। |
| ਛੱਤ੍ਰੀ ਧਰਮ ਯੁੱਧ ਹਿਤ ਧਾਰੇ[1]। | [1]ਪ੍ਰੇਮ ਕਰਨ ਵਾਲੇ। |
| ਬਨਕ[1] ਧਨੀ ਕ੍ਰਿਤ ਬਨਜ ਬਿਨੀਤਾ[2]। | [1]ਵੈਸ਼। [2]ਨੀਤੀ ਸੰਯੁਕਤ ਵਿਹਾਰ। |
| ਬਾਤ ਕੁਸਲ[1] ਬੇਦਨ ਪਥ ਪ੍ਰੀਤਾ ॥੪੪॥ | [1]ਚਤੁਰ, ਆਦਰ ਵਾਲੀਆਂ। |
| ਸੂਦ੍ਰ ਸਭਿਨਿ ਕੀ ਸੇਵ ਕਰੇਈਂ। | |
| ਨਿਪੁਨ[1] ਕਾਰ ਨਿਜ ਨਿਜ ਮਹਿਂ ਤੇਈ। | [1]ਚਤੁਰ। |
| ਨਰ ਅਰੋਗਤਾ ਯੁਤਿ[1] ਕੁਸ਼ਲਾਤਾ[2]। | [1]ਸਹਿਤ। [2]ਪ੍ਰਸੰਨਤਾ। |
| ਵੈਦਕ ਪਠਹਿ ਹੇਤੁ ਸਭਿ ਗਜਾਤਾ[†] ॥੪੫॥ | [†]ਬਾਰ ਦਾ ਇਲਾਕਾ ਉਸ ਸਮੇਂ ਬਹੁਤ ਆਬਾਦ ਸੀ, ਮਗਰੋਂ ਵੈਰਾਨ ਹੋਇਆ, ਹੁਣ ਫੇਰ ਵਸਦਾ ਹੈ। |
| ਬੇਦੀ ਬੰਸ ਬਸਹਿਂ ਧਨੁਧਾਰੀ[1]। | [1]ਸ਼ਸਤ੍ਰਧਾਰੀ। |
| ਯੁੱਧ ਬੇਦਕਾ[1] ਜਿਨਹਿਂ ਸੁਧਾਰੀ। | [1]ਥੜੀ, ਵੇਦੀ। |
| ਤੁੰਡ[1] ਕਾਲਿਕਾ ਪਾਵਕ ਕੁੰਡਾ[2]। | [1]ਮੁਖ। [2]ਅਗਨਿ ਕੁੰਡ। ਕੁੰਡ, ਚੁਲ੍ਹਾ। |
| ਯੱਗ ਥੰਭ[1] ਸੇ ਸ਼ੋਭਤਿ ਝੰਡਾ ॥੪੬॥ | [1]ਥੰਮਾਂ। |
| ਕਿਰਪਨ[1] ਸਮ ਕਾਤੁਰਤਾ[2] ਖੋਏ। | [1]ਸੂਮ। [2]ਕਮਜ਼ੋਰੀ। |
| ਕਰਵਾਰਨ ਕੇ[1] ਕੀਨ ਸਰੋਏ[2]। | [1]ਤਲਵਾਰਾਂ ਦੇ। [2]ਚਮਚੇ। |

ਦੁਸਟਾਮਿਖ[1] ਬਹੁ ਦੀਨ ਅਹੂਤੀ। — [1]ਦੁਸ਼ਟਾਂ ਦਾ ਮਾਸ।
ਜਹਿਂ ਸਰਪੀ[1] ਸ਼੍ਰੋਣਤ[2] ਸੰਯੂਤੀ[3]† ॥੪੭॥ — [1]ਘਿਉ। [2]ਲਹੂ। [3]ਸਹਿਤ।

†ਬੇਦੀਆਂ ਦਾ ਖਾਨਦਾਨ ਧਨੁਧਾਰੀ ਸੂਰਬੀਰ ਤੇ ਉਨ੍ਹਾਂ ਦੇ ਯੁੱਧ ਨੂੰ ਯੱਗ ਦੇ ਅਲੰਕਾਰ ਨਾਲ ਦਿਖਾਉਂਦੇ ਹਨ। (ਬੇਦਕਾ) ਯੱਗ ਸਮੇਂ ਅੱਗ ਬਾਲਣ ਵਾਲੇ ਕੁੰਡ ਦੇ ਪਾਸ ਸਮਿੱਗ੍ਰੀ ਰੱਖਣ ਵਾਲੀ ਥੜ੍ਹੀ, ਇੱਥੇ ਯੁੱਧ ਦਾ ਅਸਥਾਨ ਹੀ ਥੜ੍ਹੀ ਹੈ। ਕਾਲਕਾ ਦਾ ਮੁਖ ਭਾਵ ਯੁੱਧ ਦਾ ਉਤਸ਼ਾਹ ਹੀ ਅਗਨੀ ਕੁੰਡ ਹੈ, ਯੱਗ ਦਾ ਥੰਭਾ ਕੀ ਹੈ ਜੋ ਝੰਡਾ ਹੈ। ਯਗ ਕਰਤਾ ਨੂੰ ਸੁਮਤਾ ਛੱਡਣੀ ਪੈਂਦੀ ਹੈ, ਇਥੇ ਕਾਇਰਪਣਾ ਛੋਡ ਦਿੱਤਾ ਹੈ। ਯੱਗ ਵਿਚ ਘਿਉ ਤਿਲ ਜਵ ਆਦ ਸਮਿੱਗ੍ਰੀ ਨੂੰ ਚੁੱਕਣ ਲਈ ਚਮਚੇ ਹੁੰਦੇ ਹਨ ਇਥੇ ਕ੍ਰਿਪਾਨਾਂ ਹੀ ਚਮਚੇ ਹਨ। ਦੁਸ਼ਟ ਪੁਰਸ਼ਾਂ ਦਾ ਮਾਸ ਹੀ ਅਹੂਤੀ ਹੈ, ਲਹੂ ਹੀ ਘ੍ਰਿਤ ਹੈ, ਐਸੇ ਬੇਦੀ ਖਾਨਦਾਨ ਤਲਵੰਡੀ ਦੇ ਵਾਸੀ ਹਨ।

ਅਸ ਬੇਦੀ ਵਾਸੀ ਤਲਵੰਡੀ।
ਜਿਨ ਕੀ ਬਹੁ ਕੀਰਤਿ ਜਗਮੰਡੀ[1]। — [1]ਜਗਤ ਵਿਚ ਕਾਇਮ ਹੋ ਚੁਕੀ ਸੀ।
ਚਿਰੰਕਾਲ ਤਹਿਂ ਰਹਿਤਿ[1] ਬਿਤਾਈ। — [1]ਰਹਿੰਦਿਆਂ।
ਭਾ[1] ਸ਼ਿਵਰਾਮ[2] ਤਾਸੁ ਕੁਲ ਮਾਂਹੀ ॥੪੮॥ — [1]ਹੋਇਆ। [2]ਬਾਬੇ ਕਾਲੂ ਜੀ ਦਾ ਪਿਤਾ।

ਬ੍ਰਿੱਤਿ ਸ਼ਾਂਤਕੀ ਜਿਨ ਮਨ ਕੀਨੀ।
ਜੀਵਾ[1] ਰਜ[2] ਤਮ ਕੀ[3] ਤਜਿ ਦੀਨੀ। — [1]ਗੁਜ਼ਾਰਨ। [2]ਰਜੋਗੁਨੀ। [3]ਤਮੋਗੁਨੀ।
ਹੁਇ ਅਹਿੰਸ[1] ਆਯੁਧ[2] ਕਰ ਛੋਰੇ[3]। — [1]ਹਿੰਸਾ ਰਹਿਤ। [2]ਸ਼ਸਤਰ। [3]ਹੱਥੋਂ ਛੱਡ ਦਿੱਤੇ।
ਸ਼੍ਰੀਪਤਿ[1] ਕੇ ਪਦ ਪਦਮ[2] ਨਿਹੋਰੇ[3] ॥੪੯॥ — [1]ਮਾਇਆ ਦੇ ਮਾਲਕ, ਵਾਹਿਗੁਰੂ ਦੇ। [2]ਚਰਣ ਕਵਲਾਂ ਦੀ। [3]ਸ਼ਰਣ ਲਈ।

ਤਿਹ ਬਨਾਰਸੀ ਨਾਮ ਸੁ[1] ਤੀਯਾ[2]। — [1]ਸ੍ਰੇਸ਼ਟ। [2]ਇਸਤ੍ਰੀ ਦਾ।
ਪਤਿਬ੍ਰਤਿ ਧਰਮ ਜਾਸੁ[1] ਦਿਢ[2] ਕੀਆ। — [1]ਜਿਸਨੇ। [2]ਪੱਕਾ।
ਤਿਨਤੇ ਸੁਤ[1] ਜੁਗ[2] ਭੇ ਸੁਚਾਲੂ[3]। — [1]ਪੁੱਤ੍ਰ। [2]ਦੋ। [3]ਸਦਾਚਾਰੀ।
ਵਡ ਕਾਲੂ ਛੋਟੇ ਸੁਭ ਲਾਲੂ ॥੫੦॥

†ਵਡਭਾਗੀ ਜੋ ਹੈ ਸੁਭ ਕਰਮੀ। — †ਬਾਬੇ ਕਾਲੂ ਜੀ ਦੀ ਪੂਰਬ ਜਨਮ ਦੀ ਕਥਾ ਤੇ ਸੁਧ ਭਾਵਨਾਂ ਦਾ ਏਥੋਂ ਪ੍ਰਸੰਗ ਟੁਰਿਆ ਹੈ।
ਭਗਤਿ ਪਰਾਯਨ[1] ਨਿਸ਼ਚਲ ਧਰਮੀ। — [1]ਧਾਰਨ ਵਾਲਾ।
ਜਪ ਤਪ ਬ੍ਰੱਤ ਨੇਮ ਸਮੁਦਾਏ[1]। — [1]ਸਾਰੇ।
ਕਰਤਿ ਬਹੁਤ ਜਿਹ ਜਨਮ ਬਿਤਾਏ ॥੫੧॥

ਅਨਿਕ ਜਨਮ ਕੀ ਇੱਛਾ ਜਾਸੂ।
ਵਿਸ਼ਨੁ† ਹੋਇ ਸੁਤ[1] ਗਜਾਨ ਨਿਵਾਸੂ[2]। — [1]ਪੁੱਤ੍ਰ। [2]ਗਜਾਨ ਦਾ ਘਰ।

†ਹਿੰਦੂ ਧਰਮ ਦੇ ਨਿਸ਼ਚੇ ਵਿਚ ਇਹ ਹੈ ਕਿ ਵਾਹਿਗੁਰੂ ਜੀ ਦਾ ਸਗੁਣ ਸਰੂਪ ਵਿਸ਼ਨੂ ਭਗਵਾਨ ਹੈ, ਜਿਸ ਨੇ ਆਪਣੇ ੨੩ ਅਵਤਾਰ ਵੱਖੋ ਵੱਖ ਸਮਿਆਂ ਵਿਚ ਧਾਰੇ ਹਨ ਤੇ ਚੌਬੀਸਵਾਂ ਅਵਤਾਰ ਅਜੇ ਧਾਰਨਾਂ ਹੈ। ਬਾਬੇ ਕਾਲੂ ਜੀ ਦੇ ਤਪ ਸਮੇਂ ਦੇ ਦਿਲੀ-ਭਾਵ ਨੂੰ ਕਵੀ ਜੀ ਨੇ ਉਨ੍ਹਾਂ ਦੇ ਆਪਣੇ ਨਿਸ਼ਚੇ ਅਨੁਸਾਰ ਇੱਥੇ ਦੱਸਿਆ ਹੈ।

ਰਿਦੈ ਕਰਤਿ ਸੰਕਲਪ ਵਿਕਲਪਾ।
-ਭਗਤ ਅਧੀਨ ਰਿਝੈ[1] ਗੁਨ ਅਲਪਾ[2] ॥੫੨॥ — [1]ਪ੍ਰਸੰਨ ਹੁੰਦਾ ਹੈ। [2]ਥੋੜੇ ਗੁਣਾਂ ਤੇ ਹੀ।

ਜੇ ਮੁਝ ਲਖੈਂ[1] ਦੀਨ[2] ਗੁਨ ਨਾਂਹੀ। — [1]ਜਾਣਨ। [2]ਗਰੀਬ।
ਭਏ ਸੂਕਰੀ[1] ਸਫਰੀ[2] ਮਾਂਹੀ। — [1]ਸੂਰ ਜਾਤੀ। [2]ਮੱਛੀ।
ਕਮਠੀ[1] ਆਦਿਕ ਬਿਮਤਿ[2] ਕੁਜਾਤੀ। — [1]ਕਛੂਣੀ। [2]ਬੁੱਧੀ ਬਿਨਾਂ।
ਤਿਨਕੇ ਜਨਮ ਲੀਨ ਜਗ ਖਜਾਤੀ[1] ॥੫੩॥ — [1]ਪ੍ਰਗਟ ਹੈ।

ਪ੍ਰੇਮ ਡੋਰ ਸੋਂ ਕਰਹਿਂ ਅਕਰਨੀ[1]। — [1]ਨਾ ਕਰਨ ਵਾਲੀ ਕਰਨੀ ਬੀ ਕਰਦੇ ਹਨ।
ਕੀਰਤਿ ਬਿਮਲ ਬੇਦ ਇਮ ਬਰਨੀ[1]। — [1]ਕਹੀ ਹੈ।
ਅਦਿਤੀ[1]† ਕੱਸਜਪ[2] ਕੇ ਜਿਮ ਧਾਮਾ[3]। — [1]ਨਾਮ ਹੈ। [2]ਰਿਖੀ ਦਾ ਨਾਮ ਹੈ। [3]ਘਰ। †ਕੱਸ਼ਪ ਇਕ ਰਿਖੀ ਹੋਏ ਹਨ ਜਿਨ੍ਹਾਂ ਦੀ ਸੁਪਤਨੀ ਦਾ ਨਾਮ ਅਦਿੱਤੀ ਸੀ, ਇਨ੍ਹਾਂ ਦੇ ਘਰ ਹੀ ਬਾਵਨ ਅਵਤਾਰ ਪ੍ਰਗਟ ਹੋਏ ਸਨ।
ਉਪਜਤਿ[1] ਭਏ ਉਪੇਂਦਰ[2] ਨਾਮਾ- ॥੫੪॥ — [1]ਪੈਦਾ ਹੋਏ। [2]ਬਾਵਨ।

ਅਸ ਆਸਾ ਧਰਿ ਅਸੁਰ ਬਿਨਾਸ਼ੀ[1]। — [1]ਦੈਤ ਦੇ ਨਾਸ਼ ਕਰਨ ਵਾਲੇ ਭਗਵਾਨ ਦੀ।
ਭਯੋ ਨਿਰੰਤਰ ਰੂਪ ਉਪਾਸੀ।
ਕਾਲੂ ਨਾਮ ਜਨਮ ਜਬ ਧਾਰਾ।
ਪੂਰਨ ਆਸਾ ਕੀਨਿ ਮੁਰਾਰਾ[1] ॥੫੫॥ — [1]ਵਾਹਿਗੁਰੂ ਨੇ।

ਸੁਤ ਕਾਲੂ ਪਿਖ ਪਿਤ ਸ਼ਿਵਰਾਮੂ।
ਪਾਨ ਗ੍ਰਹਨ[1] ਕਿਯ ਕੀਰਤਿ ਧਾਮੂ। — [1]ਵਿਵਾਹ।
ਤਿਯ[1] ਪਤਿਬਰਤਾ ਗੁਣਨਿਧਿ ਸੋਊ। — [1]ਇਸਤ੍ਰੀ।
ਤਿਹ ਸੁਸ਼ੀਲਤਾ ਕਹਿ ਸਕ[1] ਕੋਊ[2]? ॥੫੬॥ — [1]ਕਹਿ ਸਕੇ। [2]ਕੌਣ।

ਸਾਧ੍ਵੀ[1] ਪਾਇ ਕਾਲ[2] ਬਹੁ ਕਾਲੂ। — [1]ਸ੍ਰੇਸ਼ਟ ਇਸਤ੍ਰੀ। [2]ਸਮਾਂ।
ਕਿਯੇ ਬਰਤ ਤਪ ਕਠਨ ਬਿਸਾਲੂ[1]। — [1]ਬੜੇ।
ਚਿਰੰਕਾਲ[1] ਇਵ[2] ਦੰਪਤਿ[3] ਬੀਤਾ। — [1]ਬਹੁਤ ਚਿਰ। [2]ਇਸ ਤਰ੍ਹਾਂ। [3]ਇਸਤ੍ਰੀ ਭਰਤਾ ਦਾ।

ਹਰਿ ਪਦਪੰਕਜ ਜਿਨ ਮਨ ਪ੍ਰੀਤਾ ॥੫੭॥
ਤਲਵੰਡੀ ਮਹਿਂ ਰਾਇ ਬੁਲਾਰੂ।
ਸੋਦਰ[1] ਸਮ[2] ਕਾਲੂ ਸੰਗ ਪਜਾਰੂ। — [1]ਭਿਰਾ। [2]ਵਾਂਗ।
ਜਿਤੇ ਗ੍ਰਾਮ ਕੋ ਸੋ ਅਧਿਕਾਰੀ[1]। — [1]ਹਾਕਮ।
ਸਭਿਕੀ ਦਈ ਕਾਰ ਪਟਵਾਰੀ ॥੫੮॥
ਅਸ ਬਿਧਿ[1] ਬਿਲਸਤਿ ਅਨਿਕ ਬਿਲਾਸਾ। — [1]ਇਸ ਤਰ੍ਹਾਂ।
ਦੰਪਤਿ ਉਰ ਧਰਿਹੀ ਸੁਤ[1] ਆਸਾ। — [1]ਪੁੱਤ੍ਰ ਦੀ।
ਸਾਧ੍ਵੀ[1] ਗਰਭ ਧਰਨ ਪੁਨ ਕੀਨਾ। — [1]ਸ੍ਰੇਸ਼੍ਰ ਇਸਤ੍ਰੀ ਨੇ।
ਜਨਮੀ ਤਨਿਯਾ ਸੁਮਤਿ[1] ਪ੍ਰਬੀਨਾ[2] ॥੫੯॥ — [1]ਸ੍ਰੇਸ਼੍ਰ ਬੁੱਧੀ ਵਾਲੀ ਲੜਕੀ ਜਨਮੀ। [2]ਲਾਇਕ।
ਹਿਮ ਗਿਰ ਮੈਨਾ ਕੇ[†] ਘਰ ਮਾਂਹੀ। — [†]ਪੁਰਾਨ ਵਿਚ ਲਿਖਿਆ ਹੈ ਕਿ ਹਿਮਾਲੇ ਪਹਾੜ ਦੀ ਇਸਤ੍ਰੀ ਦਾ ਨਾਮ ਮੈਨਾ ਸੀ, ਉਸਤੇ ਜੋ ਲੜਕੀ ਜਨਮੀ ਉਸ ਦਾ ਨਾਮ ਪਾਰਬਤੀ ਰੱਖਿਆ, ਅਰਥਾਤ ਪਰਬਤ ਤੋਂ ਪੈਦਾ ਹੋਣ ਵਾਲੀ। ਪਾਰਬਤੀ ਇਕ ਪੂਜੀ ਜਾ ਰਹੀ ਵਯਕਤੀ ਹੈ, ਇਸ ਕਰਕੇ ਦ੍ਰਿਸ਼ਟਾਂਤ ਵਿਚ ਆਦਰ ਲਈ ਕਵਿ ਨੇ ਵਰਤੀ ਹੈ।
ਪਾਰਬਤੀ ਜਨਮੀ ਜਿਵਆਹੀ[1]। — [1]ਜਿਸ ਤਰ੍ਹਾਂ ਸੀ।
ਭਈ ਸੁਸ਼ੀਲਾ ਸਭਿ ਗੁਣ ਖਾਨੀ।
ਮਨਹੁਂ ਭਗਤਿ ਧਰਿ ਦੇਹਿ ਸੁਹਾਨੀ ॥੬੦॥
ਕਾਲ[1] ਬਿਤੀਤ ਭਯੋ[2] ਪਸ਼ਚਾਤਾ[3]। — [1]ਸਮਾਂ। [2]ਗੁਜ਼ਰ ਗਏ ਦੇ। [3]ਪਿੱਛੋਂ।
ਕਾਲੂ ਰਤਿ[1] ਲਖ ਕਰਿ[2] ਜਗ ਦਾਤਾ[3]। — [1]ਪ੍ਰੀਤੀ। [2]ਜਾਨਕੇ। [3]ਜਗਤ ਦੇ ਦਾਤੇ ਨੇ।
-ਹੋਵੌਂ ਪੁੱਤ੍ਰ ਤਾਸ[1] ਮੈਂ ਜਾਈ[†]। - — [1]ਤਿਸਦਾ।

[†]ਕਵਿ ਜੀ ਦਾ ਆਸ਼ਾ ਵਾਹਿਗੁਰੂ ਨੂੰ ਗਰਭ ਜੋਨਿ ਵਿਚ ਆਉਂਦਾ ਦੱਸਣ ਤੋਂ ਨਹੀਂ ਸਮਝਣਾ ਚਾਹੀਏ, ਭਾਵ ਉਹੋ-ਗੋਬਿੰਦ ਰੂਪਤਾ-ਦਾ ਲੈਣਾ ਚਾਹੀਏ। ਕਵੀ ਜੀ ਇਸੇ ਅਧਯਾਯ ਦੇ ਅੰਤ ਵਿਚ ਜਦ 'ਅਵਤਾਰ' ਦਾ ਜ਼ਿਕਰ ਕਰਦੇ ਹਨ ਤਦ 'ਜਗਤ ਗੁਰੂ' ਦਾ ਜਨਮ ਲੈਣਾ-ਦੱਸਦੇ ਹਨ (ਦੇਖੋ ਅੰਕ ੮੦)। ਤੇ ਪਿੱਛੇ ਵੀ ਦੱਸ ਆਏ ਹਨ-'ਏਕੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰ ਰੂਪ ਅਨੂਪਾ ॥੨੬॥' ਵਾਹਿਗੁਰੂ ਗਰਭ ਜੋਨਿ ਵਿਚ ਨਹੀਂ ਆਯਾ। ਪਰ- 'ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ'।

ਅਸ ਵਿਚਾਰ ਆਏ ਜਗਰਾਈ[1] ॥੬੧॥ — [1]ਜਗਤ ਦੇ ਰਾਜੇ।
ਦੁਤਿਯ[1] ਗਰਭ ਕੋ ਧਾਰਨ ਕੀਨਾ। — [1]ਦੂਜੇ।

| | |
|---|---|
| ਪਤਿਬ੍ਰਤ ਧਰਮ ਜਾਸੁ ਮਨ ਲੀਨਾ। | |
| ਜਿਉਂ ਦੁਤੀਆ[1] ਕੋ ਬ੍ਰਿੱਧਿਤਿ[2] ਚੰਦੁ[3]। | [1]ਦੂਜੀ ਤਿੱਥ ਦਾ। [2]ਵਧਦਾ ਹੈ। [3]ਚੰਦ੍ਰਮਾਂ। |
| ਤਿਹ ਸਮ ਗਰਭ ਰੂਪ ਸੁਖਕੰਦੂ ॥੬੨॥ | |
| ਜੱਦਪਿ[1] ਭੂਖਨ[2] ਸਕਲ ਉਤਾਰੇ। | [1]ਭਾਵੇਂ। [2]ਗਹਿਣੇ। |
| ਤਦਪਿ[1] ਸੁੰਦ੍ਰਤਾ[†] ਅਧਿਕ[2] ਉਜਾਰੇ[3]। | [1]ਤਾਂਹਵੀ। [2]ਬਹੁਤ। [3]ਪ੍ਰਕਾਸ਼ੇ। [†]ਮੁਰਾਦ ਸਤੋਗੁਣੀ, ਪ੍ਰਭਾਵਸ਼ਾਲੀ ਤੇ ਰੂਹਾਨੀ ਸੁੰਦਰਤਾ ਤੋਂ ਹੈ। |
| ਕਾਲੁ ਤਿਯ ਬੈਸੇ ਜਿਸ ਅੰਦਰ। | |
| ਅਤਿ ਸ਼ੋਭਾ ਸੋਂ ਲਗੈ ਸੁ ਸੁੰਦਰ ॥੬੩॥ | |
| ਸੁਨਿ ਸੰਦੇਹ[1] ਕਰੈ ਜਿਨ[2] ਕੋਊ। | [1]ਮਤਾਂ ਕੋਈ ਸੰਸਾ ਕਰੇ। [2]ਮਤਾਂ ਕੋਈ ਸੰਸਾ ਕਰੇ। |
| ਕੋਟਿ ਬ੍ਰਹਮੰਡ ਸ਼ੋਭਦਾ ਜੋਊ। | |
| ਤਿਹ ਨਿਵਾਸ ਕੀਨੋ ਜਿਹ ਥਾਈਂ। | |
| ਕਿਉਂ ਨ ਹੋਇ ਤਿਹ ਸ਼ੋਭ ਸਵਾਈ ॥੬੪॥ | |
| ਜਾਂ ਦਿਨ ਤੇ ਆਏ ਜਗ ਸ੍ਵਾਮੀ। | |
| ਭਏ ਸਰਲ ਪੁਰਿ ਮਹਿਂ ਜੇ ਬਾਮੀ[1]। | [1]ਜਿਹੜੇ (ਨਰ) ਵਿੰਗੇ (ਸਨ ਉਹ ਸਰਲ) ਸਿੱਧੇ ਹੋ ਗਏ। |
| ਸੁਚਿ, ਸੰਤੋਖਿ, ਧਰਮ, ਸਤਿ, ਕਰੁਨਾ। | |
| ਅਸ ਸੁਭ ਕਰਮਨ ਮਹਿਂ ਆਚਰਨਾ[1] ॥੬੫॥ | [1]ਵਰਤਨ ਲਗ ਪਏ। |
| ਸੀਤ[1] ਸੁਗੰਧਤਿ[2] ਮੰਨ[3] ਸਮੀਰਾ[4]। | [1]ਠੰਢੀ। [2]ਸੁਗੰਧੀ ਵਾਲੀ। [3]ਧੀਮੀ। [4]ਹਵਾ। |
| ਚਲੈ ਜੁ ਹਰਿ ਹੀ ਸਭਿ ਬਿਧਿ ਪੀਰਾ। | |
| ਬਾਦਰ[1] ਆਵਹਿਂ ਭਰਿ ਭਰਿ ਬਾਰੀ[2]। | [1]ਬੱਦਲ। [2]ਪਾਨੀ। |
| ਬਰਖਹਿਂ ਨਰ ਇੱਛਾ ਅਨੁਸਾਰੀ ॥੬੬॥ | |
| ਫੂਲਹਿਂ ਫਲਹਿਂ ਬ੍ਰਿੱਖ[1] ਸਮੁਦਾਇ। | [1]ਦਰਖਤ। |
| ਜਨੁ[1] ਅਨੰਦਤਾ[2] ਬਾਹਰ ਆਈ। | [1]ਮਾਨੋਂ। [2]ਖੁਸ਼ੀ। |
| ਅੰਤਰ ਤਿਨ ਕੈ ਭਈ ਅਮੇਊ[1]। | [1]ਨਾ ਸਮਾਵਣ ਵਾਲੀ ਹੋ ਗਈ। |
| ਮਨਹੁਂ ਨਰਨ ਦਿਖਰਾਵਹਿ ਤੇਊ ॥੬੭॥ | |
| ਛਿਤ ਸੋਹਤਿ ਧਰਿ ਨਵ ਸਬਜ਼ਾਈ[1]। | [1]ਧਾਰ ਕੇ ਨਵੀਂ ਹਰਿਆਵਲ। |

| | |
|---|---|
| ਜਿਹ ਉਰ ਸਭਿ ਤੇ ਅਧਿਕ[1] ਬਧਾਈ। | [1]ਬਹੁਤੀ। |
| ਜਢ[1] ਜੰਗਮ[2] ਤਲਵੰਡਿ ਅਨੰਦੂ। | [1]ਨਾ ਤੁਰਨ ਵਾਲੇ। [2]ਤੁਰਨ ਵਾਲੇ। |
| ਭਾ[1] ਪ੍ਰਵੇਸ਼ ਜਬ ਕੋ ਸੁਖਕੰਦੂ[2] ॥੬੮॥ | [1]ਹੋਇਆ। [2]ਸੁਖਦਾਤੇ ਦਾ। |
| ਅਸ ਜਬ ਬੀਤ ਗਏ ਦਸ ਮਾਸਾ[1]। | [1]ਦਸ ਮਹੀਨੇ। |
| ਸਰਦ ਸੁੰਦਰੀ ਇੰਦੁ[1] ਪ੍ਰਕਾਸ਼ਾ। | [1]ਸਰਦ (ਰੁੱਤ ਦੀ) ਰਾਤ ਦਾ ਚੰਦ੍ਰਮਾਂ। |
| ਬਿਮਲ ਅਕਾਸ਼ ਸੋਹਿ ਗਣ ਤਾਰਾ[1]। | [1]ਤਾਰਿਆਂ ਦੇ ਝੁੰਡ ਸ਼ੋਭਦੇ ਹਨ। |
| ਜਿਮ ਜੱਗਜਾਸੀ[1] ਉਰ ਆਚਾਰਾ[2] ॥੬੯॥ | [1]ਸਾਧਕ। [2]ਨੇਕ ਚਲਨੀ ਦੇ ਗੁਣ। |
| ਨਿਰਸ[1] ਮੇਘ[2] ਹੁਇ, ਗੇ ਨਿਜ ਦੇਸ਼ੂ। | [1]ਪਾਣੀ ਰਹਤ ਹੋ ਕੇ। [2]ਬੱਦਲ। |
| ਜਿਮ[1] ਸਤਿਸੰਗਤਿ ਮਿਟਹਿਂ ਕਲੇਸ਼ੂ। | [1]ਜਿਸ ਤਰ੍ਹਾਂ। |
| ਉਰਜ[1] ਮਾਸ ਕੀ[2] ਪੂਰਨਮਾਸ਼ੀ†। | [1]ਕੱਤਕ ਦੇ। [2]ਮਹੀਨੇ ਦੀ। †ਜ: ਸਾ: ਭਾਈ ਮਨੀ ਸਿੰਘ ਤੇ ਪੁਰਾਤਨ ਜਨਮਸਾਖੀ ਵਿਚ 'ਵੈਸਾਖ ਦੀ ਤ੍ਰਿਤੀਆ' ਲਿਖਿਆ ਹੈ। |
| ਹਰਿ ਕੀਰਤਿ ਸੋ[1] ਜੌਨ੍ਹ[2] ਪ੍ਰਕਾਸ਼ੀ ॥੭੦॥ | [1]ਵਾਂਙੂ। [2]ਚਾਂਦਨੀ। |
| ਸੰਬਤ ਨੌ ਖਟ[1] ਸਹਸ[2] ਛਬੀਸਾ[3]। | [1]ਨੌ ਤੇ ਛੇ ਪੰਦਰਾਂ। [2]ਸੌ। [3]ਛਬੀ, ਅਰਥਾਤ ੧੫੨੬ ਸੰਮਤ। |
| ਭੋ ਅਵਤਾਰ ਪ੍ਰਗਟ ਜਗਦੀਸ਼ਾ। | |
| ਭਯੋ† ਅਚਾਨਕ[1] ਸਭਿਨਿ ਉਛਾਹਾ[2]। | [1]ਅਚਣਚੇਤ। [2]ਖੁਸ਼ੀ। †ਪਾਠਾਂਤ੍ਰ-ਕਰਯੋ-ਬੀ ਹੈ। |
| ਬਿਨ ਕਾਰਨ ਮਨ ਲਖਿ ਨ ਸਕਾਹਾ[1] ॥੭੧॥ | [1]ਜਾਣ ਨਾ ਸਕੇ। |
| ਧਰਾ[1] ਅਕਾਸ਼ ਬਿਖੈ ਜੇ ਬਾਸੀ[2]। | [1]ਜ਼ਮੀਨ ਤੇ। [2]ਵੱਸਣ ਵਾਲੇ। |
| ਮੰਗਲ ਕਰਹਿਂ ਸਿਮਰ ਅਬਿਨਾਸ਼ੀ। | |
| ਲੇ ਨਿਜ ਹਾਥਨਿ ਸੰਖ ਬਜਾਏ। | |
| ਜੈ ਜੈ ਜੈ ਮੁਖ ਬਚਨ ਸੁਨਾਏ ॥੭੨॥ | |
| ਅਮਰਨ[1] ਮਿਲ ਕਰਿ ਮੱਲਜ[2] ਘਸਾਈ। | [1]ਦੇਵਤਿਆਂ ਨੇ। [2]ਚੰਦਨ। |
| ਕੁੰਕਮ[1] ਪੁਨ ਘਨਸਾਰ[2] ਮਿਲਾਈ। | [1]ਕੇਸਰ। [2]ਕਪੂਰ। |
| ਕਾਲੂ ਕੇ ਮੰਦਰ ਪਰ ਚਰਚਹਿਂ[1]। | [1]ਛਿੜਕਨ ਲਗੇ। |
| ਮੰਦਾਰਨ ਕੁਸਮਾਂਜਲਿ[1] ਅਰਚਹਿਂ ॥੭੩॥ | [1]ਕਲਪ ਬ੍ਰਿੱਛ ਦੇ ਫੁੱਲਾਂ ਦੇ ਬੁਕ। |
| ਧਾਇਨ ਸੇਬਜੰਮਾਨ[1] ਕੁਲੀਨਾ[2]। | [1]ਦਾਈਆਂ ਕਰਕੇ ਸੇਵਾ ਕਰਨੇ ਯੋਗ। [2]ਚੰਗੀ ਕੁਲ ਦੀ (ਮਾਤਾ ਜੀ)। |

| | |
|---|---|
| ਭਈ ਪ੍ਰਸੂਤਾ[1] ਅਤਿ ਸੁਖ ਲੀਨਾ। | [1]ਵਿਆਈ। |
| ਅਸ਼ਟਦੀਪ[1†] ਦੀਪਤਿ[2] ਗ੍ਰਿਹ ਜਾਨੋ। | [1]ਅੱਠ ਦੀਵੇ। (ਅ) ਸ਼ਮਾਂਦਾਨ। [2]ਜਗ ਰਹੇ ਹਨ। [†]ਅਸ਼ਟਦੀਪ ਨਾਮ ਅੱਠ ਮੁਖੀਏ ਸ਼ਮਾਦਾਨ ਦਾ ਬੀ ਹੈ। |
| ਛਬਿ[1] ਘਟਿ ਗਈ ਬਾਲ ਰਵਿ ਮਾਨੋ[2] ॥੨੪॥ | [1]ਉਨ੍ਹਾਂ ਦੀਵਿਆਂ ਦੀ) ਛਬ ਘਟ ਗਈ ਮਾਨੋਂ ਸਵੇਰ ਦਾ ਸੂਰਜ (ਚੜ੍ਹ ਪਿਆ ਹੈ)। [2]ਉਨ੍ਹਾਂ ਦੀਵਿਆਂ ਦੀ) ਛਬ ਘਟ ਗਈ ਮਾਨੋਂ ਸਵੇਰ ਦਾ ਸੂਰਜ (ਚੜ੍ਹ ਪਿਆ ਹੈ)। |
| ਦਿਪਤ[1] ਤੇਜ[2] ਜਿਂਹ ਕਾਂਤਿ ਅਨੂਪਾ। | [1]ਪ੍ਰਕਾਸ਼ ਰਿਹਾ ਹੈ। [2]ਪ੍ਰਕਾਸ਼। |
| ਬਿਸਮੈ[1] ਧਾਇ[2] ਹੇਰਿ[3] ਸਿਸ ਰੂਪਾ[4]। | [1]ਅਚਰਜ ਹੋਈ। [2]ਦਾਈ। [3]ਵੇਖਕੇ। [4]ਬਾਲਕ ਦਾ ਰੂਪ। |
| -ਜਨਮਤਿ ਮ੍ਰਿਦੁਲ[1] ਬਾਲ ਮੁਸਕਾਈ[2]। | [1]ਕੋਮਲ। [2]ਹੱਸਦਾ ਹੈ। |
| ਸਗਨ ਕੁਸਗਨ ਨ ਜਾਨਜੋ ਜਾਈ ॥੨੫॥ | |
| ਅਨਤ[1] ਬਾਲ ਜਨਮਤਿ ਸਭਿ ਰੋਤੇ[2]। | [1]ਹੋਰ। [2]ਰੋਂਦੇ ਹਨ। |
| ਬਿਗਸਤਿ ਇਹ[1] ਜਿਵ ਆਨੰਦ ਹੋਤੇ-। | [1]ਹੱਸਦੇ ਹਨ ਏਹ। |
| ਅਲਪ ਬੁੱਧਿ[1] ਕਿਉਂ ਧਾਇ[2] ਲਖਾਹੀ[3]। | [1]ਥੋੜੀ ਬੁਧੀਵਾਲੀ। [2]ਦਾਈ। [3]ਕਿਵੇਂ ਸਮਝੇ ਕਿ। |
| ਜਨਮ ਮਰਨ ਇਸ ਪੀਰਾ ਨਾਹੀ ॥੨੬॥ | |
| ਦਾਸੀ ਦੌਰਿ ਦਈ ਸੁਧਿ[1] ਕਾਲੂ। | [1]ਖਬਰ। |
| 'ਲੇਹੁ ਵਧਾਈ ਅਨੰਦ ਬਿਸਾਲੂ। | |
| ਕਾਂਤਿਮਾਨ ਭਾ ਤਾਤ[1] ਤੁਮਾਰੈ। | [1]ਪੁੱਤ੍ਰ। |
| ਮੰਗਲ ਕਰਹੁ ਬਿਬਿਧ ਪਰਕਾਰੈ[1]' ॥੨੭॥ | [1]ਅਨੇਕ ਤਰ੍ਹਾਂ ਦੇ। |
| ਸੁਤ ਉਪਜਨ ਕੇ ਸੁਨਿ ਕਰਿ ਬੈਨਾ। | |
| ਮਨਹੁਂ ਜਗਤ ਸੁਖ ਪ੍ਰਾਪਿਤ ਐਨਾ[1]। | [1]ਘਰ। |
| ਜਨਮ ਰੰਕ ਜਿਉਂ[1] ਸਦਨ[2] ਸੰਤਾਨਾ[3]। | [1]ਜਿਵੇਂ ਜਨਮ ਦੇ ਕੰਗਾਲ ਦੇ। [2]ਘਰ। [3]ਕਲਪਬ੍ਰਿੱਛ। |
| ਆਨ ਲਾਗਜੋ, ਤਿਉਂ ਉਰ ਹਰਖਾਨਾ ॥੨੮॥ | |
| ਜਸਪਦ[1] ਜਾਇ ਕੀਨ ਇਸ਼ਨਾਨਾ। | [1]ਛੇਤੀ। |
| ਬਸਤ੍ਰਨ ਯੁਤਿ[1] ਜਿਉਂ ਬੇਦ ਬਖਾਨਾ। | [1]ਕਪੜਿਆਂ ਸਮੇਤ। |
| ਉਰ ਪਰਮੇਸ਼ੁਰ ਕੋ ਕਰਿ ਧਜਾਨਾ। | |

ਬੰਦਨ ਕਰਹਿ ਬੰਦ[1] ਜੁਗ[2] ਪਾਨਾ[3] ॥੭੯॥ — [1]ਜੋੜਕੇ। [2]ਦੋਵੇਂ। [3]ਹੱਥ।

ਇਹ ਬਿਧਿ ਜਨਮ ਭਯੋ ਜਗ ਗੁਰ ਕੋ।

ਸੁਖ ਦੇਵਨ ਭਗਤਨਿ ਪੁਨ ਧਰ ਕੋ[1]। — [1]ਧਰਤੀ ਨੂੰ ਤੇ ਭਗਤਾਂ ਨੂੰ।

ਆਗੈ ਜਿਉਂ ਜਿਉਂ ਭਯੋ ਉਛਾਹੂ[1]। — [1]ਖੁਸ਼ੀ।

ਸੁਨਹੁ ਕਥਾ ਭਵ[1] ਵਡ[2] ਰੁਜ ਦਾਹੂ[3] ॥੮੦॥ — [1]ਸੰਸਾਰ ਦੇ। [2]ਵਡੇ। [3]ਰੋਗਾਂ ਨੂੰ ਸਾੜਨ ਵਾਲੀ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਗੁਰੁ ਜਨਮ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅਧਯਾਯ ॥੩॥

# ਅਧ੍ਯਾਯ ਚੌਥਾ

## ੪. [ਗੁਰੂ ਜੀ ਦਾ ਅਵਤਾਰ ਉਤਸਾਹ ਤੇ ਨਾਮ ਧਰਨਾ]

੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫

{ਕਵਿਤਾ ਦੇ ਦੋਸ਼} ॥੧॥
{ਕਵਿ ਨੰਮ੍ਰਤਾ} ॥੧॥
{ਨਾਨਕ ਪਦ ਦੇ ਅਰਥ} ॥੫੭॥

ਕਬਿੱਤ:

**ਅੰਧ ਜੁ ਬਧਰ ਪਿੰਗ ਨਗਨ ਮ੍ਰਿਤਕ ਛੰਦ**
**ਰੁਕਤ ਅਪਾਰਥ ਕੀ, ਸਮਝ ਨ ਆਵਈ।** {ਕਵਿਤਾ ਦੇ ਦੋਸ਼}

ਅੰਧ=ਕਵਿਤਾ ਦਾ ਇਕ ਦੂਖਣ, ਜਿਸ ਵਿਚ ਪਿਛਲੇ ਮੰਨੇ ਪ੍ਰਮੰਨੇ ਕਵੀਆਂ ਦੇ ਬੰਨ੍ਹੇ ਹੋਏ ਤ੍ਰੀਕੇ ਦੇ ਉਲਟ ਕੁਛ ਕਿਹਾ ਜਾਏ।ਬਧਰ=ਬਧਿਰ-ਡੋਰਾ, ਕਵਿਤਾ ਦਾ ਇਕ ਦੂਖਣ, ਰਚਨਾਂ ਵਿਚ ਪਏ ਕਿਸੇ ਪਦ ਦਾ ਦੂਸਰਾ ਅਰਥ ਪਹਿਲੇ ਦਾ ਵਿਰੋਧੀ ਹੋਵੇ। ਪਿੰਗ=ਪਿੰਗਲੀ-ਕਵਿਤਾ ਦਾ ਇਕ ਦੂਖਣ, ਜਿਸ ਵਿਚ ਛੰਦ ਘੱਟ ਵੱਧ ਲਗਦਾ ਹੋਵੇ। ਨਗਨ=ਨੰਗੀ, ਕਵਿਤਾ ਦਾ ਇਕ ਦੋਖ ਜਿਸ ਵਿਚ ਅਲੰਕਾਰ ਕੋਈ ਨਾ ਹੋਵੇ। ਮ੍ਰਿਤਕ=ਮੋਈ ਹੋਈ-ਇਕ ਕਵਿਤਾ ਦਾ ਦੂਖਣ, ਜਿਸ ਕਵਿਤਾ ਵਿਚ ਅਰਥ ਕੋਈ ਨਾ ਬਣੇ। ਛੰਦ=ਨਜ਼ਮ, ਕਵਿਤਾ।

ਰੁਕਤ=ਰੁਕਤ ਤੋਂ ਮੁਰਾਦ ਪੁਨਰੁਕਤਿ ਹੈ। ਕਿਸੇ ਇਕ ਗੱਲ ਨੂੰ ਬਾਰਬਾਰ ਕਹਿਣਾ। ਅਰਥ ਭਾਵ ਉਹੋ ਹੋਵੇ, ਤੇ ਬੇਲੋੜਾ ਕਹਿਣਾ। ਅਪਾਰਥ=ਜਿਸ ਕਵਿਤਾ ਵਿਖੇ ਐਸੇ ਬਚਨ ਕਹੇ ਹੋਣ ਜਿਸ ਦੇ ਅਰਥ ਕੀਤਿਆਂ ਗੱਲ ਅਟਪਟੀ ਬਣੇ।

**ਵੈਰ ਦੇਸ਼ ਕਾਲ ਗਨ ਅਗਨ ਨਵੋਂ ਹੀ ਰਸ**
**ਬਿਬਧਾਲੰਕਾਰ ਹੂੰ ਕੋ ਭੇਦ ਨਹਿਂ ਪਾਵਈ।**

ਵੈਰ=ਵਿਰੋਧ। ਦੇਸ਼=ਸਥਾਨ। ਕਾਲ=ਸਮਾਂ। ਕਵਿਤਾ ਦੇ ਦੋ ਦੂਸ਼ਣ, 'ਦੇਸ਼ ਵਿਰੋਧੀ' ਤੇ 'ਕਾਲ ਵਿਰੋਧ'। ਦੇਸ਼ ਵਿਰੋਧ-ਜਿਹੜੀ ਸ਼ੈ ਜਿਸ ਦੇਸ਼ ਵਿਚ ਨਾ ਹੋਵੇ ਉਸ ਦੇਸ਼ ਵਿਚ ਵਰਣਨ ਕਰਨੀ। ਕਾਲ ਵਿਰੋਧ-ਜਿਹੜੀ ਸ਼ੈ ਜਿਸ ਸਮੇਂ ਨ ਹੋਵੇ ਉਸ ਸਮੇਂ ਵਿਚ ਵਰਣਨ ਕਰਨੀ। ਗਨ ਅਗਨ=ਪਿੰਗਲ ਵਿਚ ਜੋ ਵਜ਼ਨ ਲਈ ਗਣ ਰਖੇ ਹਨ ਓਹ ਕੁਛ ਸ਼ੁਭ ਗੁਣ ਤੇ ਕੁਛ ਅਸ਼ੁਭ ਗੁਣ ਮੰਨੇ ਜਾਂਦੇ ਹਨ। ਅਸ਼ੁਭ ਗੁਣ ਨੂੰ ਕਵੀ 'ਅਗਣ' ਕਹਿੰਦੇ ਹਨ।

ਚੰਗੇ ਗਣ ਇਹ ਹਨ:-ਮਗਣ, ਨਗਣ, ਭਗਣ, ਯਗਣ। ਅਸ਼ੁਭ ਗਣ=ਸਗਣ, ਤਗਣ, ਰਗਣ, ਜਗਣ[†]।

[†]ਮਗਨ, ਨਗਨ, ਭਨਿ ਭਗਨ ਥ ਯਗਨ ਸਦਾ ਸ਼ੁਭ ਆਨ। ਜਗਨ ਰਗਨ ਸੋਂ ਸਗਨ ਕੋ ਤਗਨਹਿ ਅਸ਼ੁਭ ਬਖਾਨ ॥੧੮॥ [ਕਵਿ ਪ੍ਰਯਾਯ

ਇਨ੍ਹਾਂ ਨੂੰ ਸਮਝਣ ਤੇ ਵਰਤਣ ਦੀ ਜਾਚ ਨਾ ਹੋਣੀ ਗਣ ਅਗਣ ਦੀ ਬੇਸਮਝੀ ਹੈ। ਨਵੋਂ ਹੀ ਰਸ=ਕਾਵ੍ਯ ਵਿਚ ਨੌ ਰਸ ਗਿਣੀਂਦੇ ਹਨ, ਸਾਰੀ ਹਿੰਦੀ ਕਵਿਤਾ ਇਨ੍ਹਾਂ ਰਸਾਂ ਵਿਚ ਹੀ ਘੁੰਮਦੀ ਹੈ। ਰਸ ਏਹ ਹਨ:-ਸ਼੍ਰਿੰਗਾਰ, ਬੀਰ, ਹਾਸ੍ਯ, ਰੌਦ੍ਰ, ਭਯਾਨਕ, ਕਰੁਣਾ, ਬੀਭਤਸ, ਅਧਭੁਤ, ਸ਼ਾਂਤਿ। ਇਨ੍ਹਾਂ ਰਸਾਂ ਨੂੰ ਸਮਝੇ ਬਿਨਾਂ ਇਨ੍ਹਾਂ ਦੇ ਮੇਲ ਅਨਮੇਲ ਕਰਨੇ ਯਾ ਇਨ੍ਹਾਂ ਦੇ ਸਥਾਈ ਸੰਚਾਰੀ ਭਾਵਾਂ ਆਦਿ ਵਿਚ ਸੰਕੇਤ ਤੋਂ ਉਲਟ ਕਰਨਾ ਇਹ ਨੌ ਰਸਾਂ ਦੀ ਬੇਸਮਝੀ ਹੈ। ਜੇ ਨਵਾਂ ਰਸਾਂ ਵਿਚੋਂ ਕੋਈ ਰਸ ਨਾ ਵਰਣਨ ਹੋਵੇ ਤਾਂ ਹੀਨ ਰਸ ਕਵਿਤਾ ਹੈ, ਅਥਵਾ ਰਸ ਵਰਣਨ ਕਰਦਿਆਂ ਰਸ ਬਿਰੱਸਾ ਹੋ ਜਾਵੇ।

ਬਿਬਧਾਲੰਕਾਰ=ਨਾਨਾ ਪ੍ਰਕਾਰ ਦੇ ਅਲੰਕਾਰ (ਜੋ ਕਵਿ ਜਨ ਕਵਿਤਾ ਨੂੰ ਸੁਹਣਾ ਕਰਨੇ ਲਈ ਵਰਤਦੇ ਹਨ, ਇਸ ਵਿਸ਼ੇ ਤੇ ਕਈ ਗ੍ਰੰਥ ਲਿਖੇ ਹੁੰਦੇ ਹਨ) ਉਪਮਾ, ਅਨੁਪ੍ਰਾਸ, ਉਤਪ੍ਰੇਛਾ ਆਦਿ ਸੈਂਕੜੇ ਅਲੰਕਾਰ ਹਨ, ਕਵਿ ਜੀ ਕਹਿੰਦੇ ਹਨ ਕਿ ਇਨ੍ਹਾਂ ਦੇ ਭੇਦ ਪ੍ਰਤਿ ਭੇਦ ਮੈਨੂੰ ਨਹੀਂ ਆਉਂਦੇ।

ਕੋਊ ਗੁਨ ਹੈ ਨ ਮੈਂ ਭਨਤਿ ਮੱਧ ਜਾਨੋ ਮਨ
ਗੁਨੀਅਨ ਹਾਸ ਜੋਗ ਅਟਪਟੀ ਜਾਵਈ। {ਕਵਿ ਨੰਮ੍ਰਤਾ}
ਏਕ ਗੁਨ ਯਾਮੈ ਸੁ ਬਿਦਤ ਸ੍ਰੁਤਿ ਸੰਤ ਸੁਨੋ
ਸਤਿਗੁਰੂ ਕੀਰਤਿ ਸੁ ਨਿਰਮਲ ਭਾਵਈ ॥੧॥

ਅਰਥ:

(ਮੈਨੂੰ ਅਪਣੀ ਕਵਿਤਾ ਵਿਚ ਪੈ ਰਹੇ ਦੂਖਣਾਂ ਦੀ ਜੈਸੇ ਕਿ) ਅੰਨ੍ਹੀ, ਬੋਲੀ, ਪਿੰਗਲੀ, ਨੰਗੀ, ਮੋਈ ਹੋਈ, ਪੁਨਰੁਕਤੀ ਵਾਲੀ, ਅਰਥ ਹੀਨ, ਦੇਸ਼ ਕਾਲ ਦੇ ਵੈਰ, ਗਨ, ਅਗਨ ਵਾਲੀ ਦੀ ਸਮਝ ਨਹੀਂ ਆ ਰਹੀ, (ਇਸੀ ਤਰ੍ਹਾਂ ਕਵਿਤਾ ਦੇ ਭੂਖਣਾਂ ਦੇ ਨਿਬਾਹ ਵਿਚ ਜੈਸੇ ਕਿ) ਨਵਾਂ ਰਸਾਂ ਤੇ ਨਾਨਾਂ ਪ੍ਰਕਾਰਾਂ ਦੇ ਅਲੰਕਾਰ ਦੇ (ਵਰਣਨ ਕਰਨ ਦੇ) ਭੇਦ (ਪਰਿ-ਭੇਦ ਹੁੰਦੇ ਹਨ, ਸੋ ਮੈਨੂੰ) ਨਹੀਂ ਆ ਰਹੇ। (ਇਸ ਕਰਕੇ ਮੇਰੀ ਕਵਿਤਾ ਵਿਚ) ਕੋਈ ਗੁਣ ਨਹੀਂ ਹੈ, ਮੈਂ (ਆਪ) ਆਖ ਰਿਹਾ ਹਾਂ (ਤੇ ਹੇ) ਗੁਣੀ ਜਨੋਂ! (ਤੁਸੀਂ ਬੀ) ਮਨ ਵਿਚ ਜਾਣਦੇ ਹੋ ਕਿ (ਮੇਰੀ ਕਵਿਤਾ) ਅਟਪਟੀ ਤੇ ਹਾਸੋਹੀਣੀ ਹੈ, ਹਾਂ, ਇਕ ਗੁਣ ਇਸ ਵਿਚ ਪ੍ਰਤੱਖ ਹੈ, ਕੰਨਾਂ ਨਾਲ ਸੁਣੋ ਹੇ ਸੰਤ ਜਨੋਂ! (ਇਸ ਵਿਚ) ਸਤਿਗੁਰੂ ਜੀ ਦੀ ਕੀਰਤੀ ਨਿਰਮਲ (ਤੇ ਮਨ ਨੂੰ) ਭਾਉਣ ਵਾਲੀ (ਵਰਣਿਤ) ਹੈ।

ਭਾਵ:

ਕਵਿ ਜੀ ਕਾਵਯ ਦੇ ਪੰਡਤ ਹਨ, ਤੇ ਏਹ ਕੁਛ ਨਿੰਮ੍ਰਤਾ ਨਾਲ ਆਖ ਰਹੇ ਹਨ, ਪ੍ਰੰਤੂ ਇਕ ਕਟਾਖਯ ਬੀ ਇਸ ਵਿਚ ਹੈ ਕਿ ਇਸ ਕਵਿਤਾ ਵਿਚ ਤੁਕਬੰਦੀਏ ਯਾ ਦਰਬਾਰੀ ਕਸਬੀਏ ਕਵੀਆਂ ਵਾਙੂ ਮੈਂ ਨਿਰਾ ਬੱਝੇ ਕਾਇਦਿਆਂ ਦੀ ਖ਼ਾਨਾਪੁਰੀ ਵਾਲੀ ਕਵਿਤਾ ਨਹੀਂ ਘੜ ਰਿਹਾ; ਮੈਂ, ਜੋ ਸੁਤੇ ਸਿੱਧ ਅਪਣੇ ਅਗੰਮੀ ਪ੍ਰਵਾਹ ਵਿਚ ਉਚਾਰੀ ਜਾਂਦੀ ਹੈ, ਉਚਾਰਦਾ ਹਾਂ। ਕਿਉਂਕਿ ਪ੍ਰਯੋਜਨ ਛੰਦਾ ਬੰਦੀ ਨਹੀਂ ਪਰ ਸਤਿਗੁਰ ਦੀ ਕੀਰਤੀ ਹੈ। ਕੀਰਤੀ ਚਿੱਤ ਦੇ ਪ੍ਰੇਮ ਵਿਚੋਂ ਨਿਕਲਦੀ ਹੈ ਤੇ ਪ੍ਰੇਮ ਅਸਲੀ ਰੱਬੀ ਉੱਚੀ ਕਵਿਤਾ ਦਾ ਮੂਲ ਕਾਰਣ ਹੈ, ਸੋ ਨਿੰਮ੍ਰਤਾ ਦੇ ਲਹਿਜੇ ਵਿਚ ਕਵਿ ਜੀ ਤੋਂ ਉਨ੍ਹਾਂ ਦੀ ਕਵਿਤਾ ਦੇ 'ਸੁਤੇ ਆਈ' ਤੇ 'ਪ੍ਰੇਮ ਤੋਂ ਉਪਜੀ' ਕਵਿਤਾ ਦੀ ਸੂਚਨਾ ਹੋ ਰਹੀ ਹੈ। ਇਹ ਗਲ ਅਗਲੇ ਦੋਹੇ ਤੋਂ ਬੀ ਪ੍ਰਗਟ ਹੁੰਦੀ ਹੈ:

ਦੋਹਰਾ:

ਨੋਰਾ[1] ਸੁਰਸਰਿ[2] ਬਕ੍ਰਗਤਿ[3],
ਗੁਨੀ ਨ ਔਗੁਨ ਜਾਨ।
ਸਾਦਰ[1] ਸੋ ਤਿਹ ਮਹਿਂ ਸਦਾ,
ਕਰਿਹੈਂ ਪਾਨ ਸ਼ਨਾਨ[†] ॥੨॥

[1]ਪ੍ਰਵਾਹ। [2]ਗੰਗਾ। [3]ਵਿੰਗਾ ਚਲਨਾ।

[1]ਸਤਿਕਾਰ ਨਾਲ।

[†]ਜਿਵੇਂ ਗੰਗਾ ਦਾ ਪ੍ਰਵਾਹ ਵਿੰਗਾ ਟੇਢਾ ਅਟਪਟਾ ਚਲਦਾ ਹੈ, ਪਰ ਗੁਣੀ ਇਸ ਔਗੁਣ ਵਲ ਨਹੀਂ ਤੱਕਦੇ, ਗੰਗਾ ਜਲ ਦੀ ਤਾਜ਼ਗੀ ਤੇ ਠੰਢ ਆਦਿ ਗੁਣਾਂ ਨੂੰ ਆਦਰ ਦੇਂਦੇ ਹਨ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਕਹਿ ਬਾਲਾ ਸ੍ਰੀ ਅੰਗਦ ਸੁਨੀਏ।
ਸ੍ਰੀ ਗੁਰੁ ਕਥਾ ਬਿਮਲ[1] ਗੁਨ ਗੁਨੀਏ। [1]ਨਿਰਮਲ।
ਭਈ ਭੋਰ[1] ਨਿਜ ਦਾਸ ਬੁਲਾਯਾ। [1]ਸਵੇਰ ਹੋਈ ਤੇ।
'ਦਿਜਬਰ[1] ਸਦਨ[2] ਜਾਹ ਤੂੰ ਧਾਯਾ[3] ॥੩॥ [1]ਬ੍ਰਹਮਨ ਦੇ। [2]ਘਰ। [3]ਦੌੜਕੇ ਜਾਹ।
ਦੈਵਗ[1] ਜੋ ਹਰਿਦਜਾਲ[2] ਪ੍ਰਬੀਨਾ। [1]ਜੋਤਸ਼ੀ। [2]ਪੰਡਤ ਦਾ ਨਾਉਂ ਹੈ।
ਆਨਹੁ[1] ਤਾਂਹਿ ਬਿਲੰਬ ਬਿਹੀਨਾ[2]।' [1]ਲੈਆ। [2]ਦੇਰੀ ਤੋਂ ਬਿਨਾਂ, ਛੇਤੀ।
ਸੁਨਤਿ ਦਾਸ ਦਿਜ ਸਦਨ ਸੁ ਜਾਈ।
ਦਰ ਪਰ[1] ਤਿਸ਼ਟਿ[2] ਗੁਹਾਰ[3] ਸੁਨਾਈ ॥੪॥ [1]ਦਰਵਾਜੇ ਤੇ। [2]ਖੜੋਕੇ। [3]ਅਵਾਜ਼।
ਸ੍ਰੁਤਵਾ[1] ਬਚਨ ਬਿੱਪ੍ਰ[2] ਹਰਿਦਜਾਲਾ। [1]ਸੁਣਕੇ। [2]ਬ੍ਰਹਮਨ।
ਆਲਯ ਦਰ ਨਿਕਸਜੋ ਤਤਕਾਲਾ[1]। [1]ਘਰ ਦੇ ਬੂਹਿਓਂ ਛੇਤੀ ਨਿਕਲਿਆ।
'ਦਿਜਜੂ! ਕਾਲੂ ਮੁਝਹਿ ਪਠਾਯਾ।
ਚਲਹੁ ਆਪ, ਤਤਕਾਲ ਬੁਲਾਯਾ' ॥੫॥
ਕਹਿਦਿਜ 'ਹੌਂ ਆਵੋਂ ਕਰਿ ਪੂਜਾ।
ਬਹੁਰਿ ਕਰੋਂ ਨਹਿਂ ਕਾਰਜ ਦੂਜਾ।'
ਸੁਨਿ ਉੱਤਰ ਕੋ ਤਿਹ ਛਿਨ ਦਾਸਾ।
ਕਾਲੂ ਪਾਸ ਕਰੀ ਅਰਦਾਸਾ ॥੬॥
ਘਟੀ ਪਾਂਚ ਲੌਂ ਅਰੁਣਾ[1] ਕਰਿਕੈ। [1]ਪੂਜਾ।
ਆਯੋ ਦ੍ਵਿਜ ਸ਼ੁਭ ਸ਼ਗੁਨ ਬਿਚਰਿਕੈ।
ਕਾਲੂ ਕੋ ਸ੍ਵਸਤੈਨ[1] ਸੁਨਾਯੋ। [1]ਆਸ਼ੀਰਵਾਦ।
ਪਿਖ ਉਛਾਹ ਕੋ ਉਰ ਹੁਲਸਾਯੋ[1] ॥੭॥ [1]ਪ੍ਰਸੰਨ ਹੋਇਆ।

ਦੋਹਰਾ: [1]ਘਰ ਦੇ ਵਿਹੜੇ ਵਿਚ।
ਦਿਜਬਰ ਕੋ ਲੈ ਅਜਰ ਮਹਿਂ[1],
ਸਾਦਰ[1] ਆਸਨ ਡਾਸ। [1]ਆਦਰ ਨਾਲ।
ਬੈਠਾਯੋ ਬਹੁ ਭਾਉ[1] ਕਰਿ, [1]ਪ੍ਰੇਮ।
ਆਪ ਬੈਸ ਤਿਸੁ ਪਾਸ ॥੮॥

ਚੌਪਈ: [1]ਹੇ ਸ੍ਰੇਸ਼ਟ ਬ੍ਰਾਹਮਣ!
ਕਹਿ ਕਾਲੂ 'ਸੁਨਿ ਸ਼੍ਰੋਨ ਦਿਜਿੰਦੁ[1]!

ਦਯੋ ਸਦਨ ਮਮ[1] ਤਾਤ[2] ਗੁਬਿੰਦੂ[3]।
[1]ਮੇਰੇ ਘਰ। [2]ਪੁੱਤ੍ਰ। [3]ਰੱਬ ਨੇ।

ਮੁਝ ਪਰ ਨਿਜ[1] ਅਨੁਕੰਪਾ[2] ਧਾਰਹੁ।
[1]ਅਪਨੀ। [2]ਕਿਰਪਾ।

ਸੋਧ ਮਹੂਰਤ ਲਗਨ ਵਿਚਾਰਹੁ ॥੯॥

ਭੇਦ ਸ਼ੁਭਾਸ਼ੁਭ[1] ਸਭਿ ਲਖਿ ਲੀਜੈ[2]।
[1]ਚੰਗਾ ਮਾੜਾ। [2]ਜਾਣ ਲਓ।

ਭਵਪੱਤ੍ਰੀ[1] ਇਸ ਕੀ ਲਿਖਿ ਦੀਜੈ।'
[1]ਜਨਮ ਪੱਤ੍ਰੀ।

'ਕੁੰਕਮ[1] ਕਾਗਦ ਕਾਲੂ ! ਆਨਹੁ।
[1]ਕੇਸਰ।

ਗਣਪਤਿ ਪੂਜ ਗ੍ਰਿਹਨ[1] ਸਨਮਾਨਹੁ† ॥੧੦॥
[1]ਗ੍ਰੈਹਾਂ ਨੂੰ।

†ਸਿੱਖੀ ਅਜੇ ਪ੍ਰਚਾਰ ਨਹੀਂ ਹੋਈ ਸੀ, ਸ਼੍ਰੀ ਕਾਲੂ ਜੀ ਖੱਤਰੀ ਹਿੰਦੂ ਸੇ, ਉਨ੍ਹਾਂ ਨੇ ਕੁਲਾਰੀਤ ਕਰਨੀ, ਬ੍ਰਾਹਮਣ ਸੱਦਣਾ, ਪੱਤਰੀ ਬਨਵਾਉਣੀ ਕੁਦਰਤੀ ਗੱਲ ਸੀ। ਇੱਥੇ ਬ੍ਰਾਹਮਣ ਦੇ ਕਥਨ ਦਾ ਭਾਈ ਸਾਹਿਬ ਅਨੁਵਾਦ ਕਰ ਰਹੇ ਹਨ, ਇਨ੍ਹਾਂ ਗੱਲਾਂ ਦਾ ਗੁਰਸਿੱਖਜ਼ਾ ਨਾਲ ਕੋਈ ਸੰਬੰਧ ਨਹੀਂ। ਸਤਿਗੁਰੂ ਜੀ ਜੋ ਆਪਣੀ ਸਿੱਖਜ਼ਾ ਦੇਣਗੇ ਓਹ ਸ਼੍ਰੀ ਮੁਖਵਾਕਾਂ ਤੋਂ ਅੱਗੇ ਗੋਪਾਲ ਪਾਂਧੇ ਪ੍ਰਤੀ ਸ਼ਬਦ 'ਜਾਲਿ ਮੋਹੁ ਘਸਿ ਮਸੁ ਕਰਿ' ਵਿਚ ਪ੍ਰਗਟ ਹੋਵੇਗੀ, ਬਾਕੀ ਪੰਡਤ ਹਰਿਦਿਆਲ ਜੀ ਦੀ ਆਪਣੀ ਸ਼ਰਧਾ ਜੋ ਸਤਿਗੁਰੂ ਜੀ ਵਿਚ ਹੈ ਓਹ ਅੰਕ ੨੬, ੩੨ ਅਰ ੫੦ ਤੋਂ ੫੫ ਤਕ, ਇਸੇ ਅਧਜਾਯ ਵਿਚ, ਪ੍ਰਗਟ ਹੈ ਤੇ ਅੱਗੇ ਜਨੇਊ ਪਾਵਣ ਦੇ ਪ੍ਰਸੰਗ ਵਿਚ ਵਧੇਰੇ ਸਪਸ਼ਟ ਹੈ, ਜਿੱਥੋਂ ਸਤਿਗੁਰੂ ਜੀ ਤੋਂ ਸੱਚਾ ਜੰਞੂ ਪਾ ਕੇ ਪੰਡਤ ਜੀ ਆਪ ਕ੍ਰਿਤਾਰਥ ਹੋਣਗੇ।

ਬਾਲਕ ਸ਼ਬਦ ਲੇਯ ਜੋ ਜਨਮਾ।

ਸੋਊ ਸ਼ਬਦ ਸੁਨਾਉ ਸ਼੍ਰਵਨਮਾ[1]।
[1]ਮੇਰੇ ਕੰਨਾਂ ਵਿਚ।

ਭਯੋ ਕਾਲ ਕਿਸੁ[1] ਜਨਮ ਸੁਨਾਵਹੁ।
[1]ਕਿਸ ਵਕਤ।

ਬੂਝਹੁ[1] ਧਾਇ[2] ਹਜ਼ੂਰ ਬੁਲਾਵਹੁ' ॥੧੧॥
[1]ਪੁੱਛੋ। [2]ਦਾਈ ਨੂੰ।

ਸ਼੍ਰੀ ਨਾਨਕ ਕੀ ਦੌਲਤ[1] ਦਾਈ।
[1]ਦਾਈ ਦਾ ਨਾਮ।

ਸੋ ਕਾਲੂ ਤਤਕਾਲ ਬੁਲਾਈ।

ਪਠੇ ਦਾਸ ਸਭਿ ਸੌਜ[1] ਮੰਗਾਈ।
[1]ਚੀਜ਼, ਸਮਿੱਗ੍ਰੀ।

ਜੋ ਜੋ ਦਿਜਬਰ ਦੀਨਿ ਰਜਾਈ[1] ॥੧੨॥
[1]ਆਗਿਆ।

ਦੋਹਰਾ:

ਗ੍ਰਿਹਭਿਖੇਕ[1] ਕੀ ਵਸਤੁ ਸਭਿ, ਕਾਲੂ ਤਹਿਂ ਤੇ ਲਜਾਇ।
[1]ਗ੍ਰੈਹਾਂ ਨੂੰ ਪੂਜਣ।

ਬਹੁਰੋ[1] ਬੈਸਜੋ[2] ਪਾਸ ਬਿਪ[3], ਬਦਨਹਿ[4] ਬਚਨ ਅਲਾਇ[5] ॥੧੩॥
[1]ਫੇਰ। [2]ਬੈਠਾ। [3]ਬ੍ਰਾਹਮਣ ਦੇ ਪਾਸ। [4]ਮੁਖ ਤੋਂ। [5]ਕਹਿਆ।

ਚੌਪਈ:

'ਘਟੀ ਏਕ[1] ਦੋ ਜਾਮ[2] ਤ੍ਰਿਜਾਮਾ[3]।
[1]ਘੜੀ ਇਕ। [2]ਦੋ ਪਹਿਰ। [3]ਰਾਤ।

ਬਿਤੀ ਹੁਤੀ[1] ਸਿਸ[2] ਭਵ[3] ਅਭਿਰਾਮਾ[4]।' — [1]ਗੁਜਰੀ ਹੋਈ ਸੀ। [2]ਬਾਲਕ। [3]ਜਨਮਿਆ ਹੈ। [4]ਸੁੰਦਰ।

'ਕੌਨ ਸ਼ਬਦ ਲੇ ਉਪਜਜੋ ਬਾਲਿਕ?

ਧਾਇ[1]! ਬਤਾਵਹੁ ਸੋ ਤਤਕਾਲਿਕ' ॥੧੪॥ — [1]ਹੇ ਦਾਈ!

ਬੋਲੀ ਬਚਨ ਦੌਲਤਾ ਦਾਈ।

'ਸੁਨਹੁ ਬ੍ਰਿਤਾਂਤ ਅਹੋ ਦਿਜਰਾਈ[1]! — [1]ਹੇ ਪੰਡਤ ਜੀ!

ਬਹੁ ਸਿਸ ਜਨਮੇ ਮਮ ਕਰ ਮਾਂਹੀ[1]। — [1]ਮੇਰੇ ਹੱਥਾਂ ਵਿਚ।

ਯਹਿ ਅਚਰਜ ਕਬਿ[1] ਦੇਖਜੋ ਨਾਂਹੀ ॥੧੫॥ — [1]ਕਦੀ।

ਦੀਰਘ ਨਰ[1] ਜਿਉਂ ਬਿਗਸ[2] ਮਿਲੇ ਹੈਂ। — [1]ਵੱਡੇ ਮਨੁੱਖ। [2]ਖੁਸ਼ੀ ਨਾਲ, ਖਿੜ ਕੇ।

ਤਿਉਂ ਇਨ ਕੀਨੇ ਸ਼ਬਦ ਭਲੇ ਹੈਂ।

ਸ਼ੁਭ ਲੱਛਨ ਸ਼ੁਭ ਅੰਗਨ ਮਾਂਹੀ।

ਆਨ[1] ਨਰਨ[2] ਜਿਉਂ[3] ਨਰ[4] ਇਹ ਨਾਂਹੀ' ॥੧੬॥ — [1]ਹੋਰਨਾਂ। [2]ਮਨੁੱਖਾਂ। [3]ਜੇਹਾ। [4]ਮਨੁੱਖ।

ਦੋਹਰਾ:

ਸੁਨਿ ਦਿਜਬਰ ਸਭਿ ਬਚਨ ਕੋ

ਜੋਤਿਸ਼ ਕੀਨ ਵਿਚਾਰ।

-ਸ਼ੁਭ ਨਿਛੱਤ੍ਰ ਸ਼ੁਭ ਕਾਲ ਮਹਿਂ

ਸ਼ੁਭ ਥਿਤ ਪੁਨ ਸ਼ੁਭ ਵਾਰ ॥੧੭॥

ਚੌਪਈ:

ਭਲੇ ਲਗਨ ਮਹਿਂ ਬਾਲਿਕ ਜਨਮਾ-।

ਬਿਦੁਖ[1] ਵਿਚਾਰ ਕਰਤਿ ਬਹੁ ਮਨ ਮਾ। — [1]ਪੰਡਿਤ।

-ਯਹਿ ਸਿਸੁ ਹੈ ਅਵਤਾਰੀ ਕੋਊ।

ਵਡੈ ਭਾਗ ਕਾਲੂ ਕੇ ਹੋਊ ॥੧੮॥

ਕੈ ਬਿਧਿ[1] ਬਿਸ਼ਨੁ ਕਿ ਸ਼ਿਵ ਭਵ ਲੀਨੋ[2]†। — [1]ਯਾ ਬ੍ਰਹਮਾ। [2]ਜਨਮ ਲਿਆ ਹੈ। †ਪੰਡਤ ਅਪਣੇ ਨਿਸ਼ਚੇ ਦੇ ਵਾਕ ਦਿਲ ਵਿਚ ਹੀ ਕਹਿ ਰਿਹਾ ਹੈ।

ਜਗਤ ਉਧਾਰਨ ਲੱਛਨ ਚੀਨੋ।

ਆਤਪੱਤ੍ਰ[1] ਇਸ ਸੀਸ ਝੁਲਾਰੇ। — [1]ਛਤਰ।

ਪੁਰਬੀ ਨਿਸਾ[1] ਜਨਮ ਭਜੋ ਬਾਰੇ[2] ॥੧੯॥ — [1]ਪੂਰਬ ਵਾਲੀ ਰਾਤ। [2]ਬਾਲਕ ਦਾ।

ਚੱਕ੍ਰਵਰਤਿ[1] ਹੋਵਹਿ ਭਵ ਮਾਂਹੀ[2]। — [1]ਸ਼ਹਨਸ਼ਾਹ। [2]ਸੰਸਾਰ ਵਿਚ।

ਕਰਹਿ ਦਿਗਬਿਜੈ[1] ਸੰਸੈ ਨਾਂਹੀ-। — [1]ਜਗਤ ਤੇ ਫਤਹ।
ਦਰਸ਼ਨ ਕੀ ਉਰ[1]ਲਾਲਸ[2] ਕੀਨੀ। — [1]ਦਿਲ ਵਿਚ। [2]ਇੱਛਾ।
ਦੇਹਿ ਸਫਲ ਅਪਨੀ ਦਿਜ ਚੀਨੀ[1] ॥੨੦॥ — [1]ਬ੍ਰਹਮਨ ਨੇ ਅਪਣੀ ਦੇਹੀ ਸਫਲ ਜਾਣੀ।

ਦੋਹਰਾ:
ਕਾਲੂ ਸੋਂ ਪੁਨ ਦਿਜ ਕਹੀ,
'ਬਾਲਕ ਮੋਹਿ ਦਿਖਾਇ।'
ਸੁਨਿ ਕਰਿ ਦਾਈ ਦੌਲਤਾਂ,
ਲੀਨੀ ਸਪਦ[1] ਬੁਲਾਇ ॥੨੧॥ — [1]ਛੇਤੀ।

ਚੌਪਈ: — [1]ਬਾਲਕ ਲੈ ਆ। [2]ਬ੍ਰਾਹਮਨ ਦੇ। [3]ਕੋਲ।
'ਬਾਲਿਕ ਆਨ[1] ਬਿੱਪ੍ਰ ਕੇ[2] ਪਾਸਾ[3]।'
ਧਾਇ ਗਈ ਸੁਨਿ ਮੱਧ ਅਵਾਸਾ[1]। — [1]ਘਰ ਦੇ ਅੰਦਰ।
ਜਾਚਯੋ[1] ਬਾਲਕ ਜਨਨਿ[2] ਨ ਦੇਈ। — [1]ਮੰਗਿਆ। [2]ਮਾਤਾ।
ਜਿਉਂ ਕਿਰਪਨ ਧਨ ਪ੍ਰੀਤਿ ਰਖੇਈ ॥੨੨॥
ਕਹਹਿ 'ਸਰਦਿ ਰੁਤਿ ਸਰਦੀ ਲਾਗਹਿ।
ਮ੍ਰਿਦੁਲ ਬਾਲ ਬਾਹਰ ਕਸ[1] ਮਾਂਗਹਿ?' — [1]ਕਿਸ ਲਈ।
ਬਹੁਰ ਬਿਦੁਖਹ[1] ਬਾਰੰਬਾਰਾ[2]। — [1]ਪੰਡਤ ਨੇ। [2]ਘੜੀ ਮੁੜੀ।
ਜਾਚਯੋ[1] ਦਿਯੋ ਤਾਤ[2] ਅਤਿ ਪਯਾਰਾ ॥੨੩॥ — [1]ਮੰਗਿਆ। [2]ਪੁੱਤਰ।
ਲੇ ਕਰਿ ਦੌਲਤ ਬਾਹਰ ਆਈ।
ਆਨਨ ਆਰਨਜਾਤ[1] ਸੁਹਾਈ। — [1]ਮੁਖ ਦੀ (ਸ਼ੋਭਾ) ਕਮਲ (ਵਰਗੀ)।
ਲਘੁ ਤਨ[1] ਜੋਤਿ ਬਿਸਾਲ[2] ਜਹਿ। — [1]ਛੋਟਾ ਸਰੀਰ। [2]ਬੜੀ।
ਜਿਉਂ ਬਟ[1] ਅਖੈ[2†] ਰੂਪ ਲਘੁ[3] ਛਾਜਹਿ[4] ॥੨੪॥ — [1]ਬੋਹੜ। [2]ਨਾਂ ਪੁਟੀਣ ਵਾਲਾ। [3]ਛੋਟਾ। [4]ਫਬਦਾ ਹੈ। [†]ਪ੍ਰਯਾਗ ਰਾਜ (ਇਲਾਹਾਬਾਦ) ਤੀਰਥਪੁਰ ਇਕ ਬੋਹੜ ਦਾ ਦਰਖਤ ਹੈ, ਜੋ ਛੋਟਾ ਜਿਹਾ ਹੈ। ਆਖਦੇ ਹਨ ਇਹ ਬੜੇ ਤੁਫਾਨਾਂ, ਭੁੰਚਾਲਾਂ ਤੇ ਪਰਲੈ ਵਿਚ ਭੀ ਪੁਟੀਂਦਾ ਨਹੀਂ ਹੈ।

ਦੋਹਰਾ: — [1]ਬੁਧੀਵਾਨ।
ਦਿਜਵਰ ਅਤਿ ਮਤਿਵਾਨ[1] ਮਨ,
ਸਰਬ ਲਿੰਗ[1] ਪਹਿਚਾਨ। — [1]ਅੰਗ, ਚਿੰਨ੍ਹ।
ਹੇਰਤਿ[1] ਉਰ[2] ਹਰਖਤਿ ਸਰਸ[3], — [1]ਵੇਖਕੇ। [2]ਦਿਲ ਵਿਚ। [3]ਬੜਾ ਅਨੰਦ ਹੋਯਾ ਤੇ।
ਠਾਢਾ ਭਯੋ[1] ਸੁਜਾਨ[2] ॥੨੫॥ — [1]ਖੜਾ ਹੋ ਗਿਆ। [2]ਉਹ) ਚਤੁਰ।

**ਚੌਪਈ:**

ਪੁਲਕ੍ਯੋ[1] ਪਰਮ ਪ੍ਰੇਮ ਮਹਿਂ ਮਨੂਆ।
[1]ਪਸੀਜਿਆ।

ਬੰਦਨ ਕਰਿ[1] ਜਾਨ੍ਯੋ ਨਿਜ[2] ਧਨੂਆ।
[1]ਮੱਥਾ ਟੇਕ ਕੇ। [2]ਆਪਣੇ ਆਪਨੂੰ।

ਜਿਉ ਜਨ[1] ਇਸ਼ਟ ਦੇਵ ਕੋ ਦੇਖੀ।
[1]ਭਗਤ ਜਨ।

ਤਿਉ ਉਰ ਮਹਿਂ[1] ਭਾ ਮੋਦ[2] ਬਿਸ਼ੇਖੀ[3] ॥੨੬॥
[1]ਦਿਲ ਵਿਚ। [2]ਖੁਸ਼ੀ। [3]ਬਹੁਤ।

ਸਭਿ ਅੰਗਨ ਕੇ ਸੁੰਦਰ ਲੱਛਨ।

ਲਗ੍ਯੋ ਬਿਲੋਕਨ[1] ਬਿੱਪ੍ਰ ਬਿਚੱਛਨ[2]।
[1]ਦੇਖਣ। [2]ਚਤੁਰ

ਅਰੁਨ[1] ਚਰਨ ਬਰ[2] ਮ੍ਰਿਦੁਲ[3] ਸੁਹਾਵੈਂ।
[1]ਲਾਲ। [2]ਸ੍ਰੇਸ਼ਟ। [3]ਕੋਮਲ।

ਜਿਮ ਦਲ ਕੋਕਨਦੰ[1] ਦੁਤਿ ਪਾਵੈਂ[2] ॥੨੭॥
[1]ਕਵਲ ਫੁੱਲ ਦੀਆਂ ਜਿਵੇਂ ਪੰਖੜੀਆਂ। [2]ਸ਼ੋਭ ਰਹੀਆਂ ਹਨ।

ਭੁਜ[1] ਆਜਾਨੁ[2] ਕੰਧ[3] ਸ਼ੁਭ[4] ਊਚੇ।
[1]ਬਾਹਾਂ। [2]ਗੋਡਿਆਂ ਤਕ। [3]ਮੋਢੇ। [4]ਸੋਹਣੇ।

ਕਰਜ[1] ਅਰੁਨ ਜਿਉਂ ਨਗ ਹੁਇਂ ਸੂਚੇ।
[1]ਨਹੁੰ।

ਕਰ ਸ਼ਾਖਾ[1] ਇਕਸਾਰ[2] ਬਿਸਾਲਾ[3]।
[1]ਹੱਥ ਦੀਆਂ ਅੰਗੁਲੀਆਂ। [2]ਇਕੋ ਜਿਹੀਆਂ। [3]ਲੰਮੀਆਂ।

ਉਰ[1] ਆਯੁਤ[2] ਸ਼ੋਭਤਿ ਛਬਿ ਛਾਲਾ ॥੨੮॥
[1]ਛਾਤੀ। [2]ਚੌੜੀ।

ਦਾਹਨ[1] ਕਰ ਮਹਿਂ[2] ਚਮਰ[3] ਬਨਾਵਾ।
[1]ਸੱਜੇ। [2]ਹੱਥ ਵਿਖੇਂ। [3]ਚੌਰ ਦਾ ਨਿਸ਼ਾਨ।

ਛਤਰ ਬਾਮ ਮਹਿਂ[1] ਰੁਚਿਰ[2] ਸੁਹਾਵਾ।
[1]ਖੱਬੇ ਵਿੱਚ। [2]ਸੁਹਣਾ।

ਕੋਮਲ ਗੋਲ ਕਪੋਲ[1] ਸੁਹਾਵਨ।
[1]ਗੱਲ੍ਹਾਂ।

ਉਨਤ[1] ਨਾਸਕਾ[2] ਮੋਦ[3] ਬਢਾਵਨ[4] ॥੨੯॥
[1]ਉੱਚੀਆਂ। [2]ਨਾਸਾਂ। [3]ਆਨੰਦ। [4]ਵਧਾਉਣ ਵਾਲੀਆਂ।

ਅਰਧੰ ਚੰਦ੍ਰਾਕਾਰ[1] ਲਿਲਾਰੰ[2]।
[1]ਅੱਧੇ ਚੰਦ੍ਰਮਾਂ ਦੇ ਆਕਾਰ ਦਾ। [2]ਮੱਥਾ।

ਧਨੁ[1] ਭ੍ਰਿਕੁਟੀ[2] ਸੁ ਕੂ੍ਰਚ ਬਿਨਬਾਰੰ[3]।
[1]ਧਨੁਖ ਵਰਗੇ। [2]ਭ੍ਰਵੱਟੇ। [3]ਅਤੇ ਤ੍ਰਿਕੁਟੀ ਬਿਨਾਂ ਵਾਲਾਂ ਤੋਂ। [ਸੰਸ. ਕੂਰਚ ਦੋਹਾਂ ਭੌਆਂ ਦੇ ਵਿਚਕਾਰਲੇ ਥਾਂ, ਤ੍ਰਿਕੁਟੀ॥।

'ਸੁਨਿ ਕਾਲੂ ! ਸੁਤ ਤੋਹਿ[1] ਬਿਚੱਛਨ।
[1]ਤੇਰਾ ਪੁੱਤ੍ਰ।

ਇਸ ਮਹਿਂ ਲਖਿਯਤ[1] ਬੱਤਿ ਸੁ ਲੱਛਨ⚐ ॥੩੦॥
[1]ਜਾਣੀਂਦੇ ਹਨ।

⚐ਬੱਤੀ ਲੱਛਨ ਇਹ ਹਨ:- ੧. ਸੁੰਦਰ। ੨. ਸੁਹ੍ਰਿਦ। ੩. ਸੱਚਾ। ੪. ਸੂਰਮਾ। ੫. ਸਾਵਧਾਨ। ੬. ਸ਼ਾਸਤ੍ਰ ਦਾ ਗਜਾਤਾ। ੭. ਉੱਦਮੀ। ੮. ਉਦਾਰ। ੯. ਗੁਨਗ੍ਰਾਹੀ। ੧੦. ਗੰਭੀਰ। ੧੧. ਸ਼ੁੱਧ ਮਨ। ੧੨. ਧਰਮੀ। ੧੩. ਖਿਮਾਂਵਾਨ। ੧੪. ਇੰਦ੍ਰੈ ਜਿਤ। ੧੫. ਪਵਿੱਤ੍ਰ। ੧੬. ਨਿੰਮ੍ਰਤਾਵਾਨ। ੧੭. ਤੇਜੱਸ੍ਵੀ। ੧੮. ਦਜਾਲੂ। ੧੯. ਵਾਹਿਗੁਰੂ ਦਾ ਪ੍ਰੇਮੀ। ੨੦. ਸ਼ੀਲਵਾਨ। ੨੧. ਸੰਤੋਖੀ। ੨੨.

ਉਪਕਾਰੀ। ੨੩. ਵਿਚੱਖਨ, ਚਤੁਰ। ੨੪. ਸ੍ਰੇਸ਼ਟ ਮਤੀ। ੨੫. ਜਪੀ। ੨੬. ਤਪੀ। ੨੭. ਨਿੰਦ੍ਰਾ ਜਿਤ। ੨੮. ਸਾਹਸੀ। ੨੯. ਸੰਜਮੀ। ੩੦. ਮਾਤਾ ਪਿਤਾ ਦਾ ਭਗਤ। ੩੧. ਜਤੀ। ੩੨. ਗਯਾਨੀ।

ਕਰ ਤਰਵਾ[1] ਇਹ ਊਰਧ[2] ਆਈ।
[1]ਹੱਥ ਦੀ ਤਲੀ। [2]ਉੱਚੀ।

ਧਨ ਬਹੁ ਆਇ ਰਖਹਿ ਢਿਗ[1] ਨਾਂਹੀ।
[1]ਕੋਲ।

ਪਢ੍ਯੋ ਸਮੁੰਦ੍ਰਿਕ[1] ਮੈਂ ਬਹੁ ਸੋਧਾ।
[1]ਇਕ ਵਿਦ੍ਯਾ ਦਾ ਨਾਮ ਹੈ ਜਿਸ ਦੇ ਪੁਸਤਕ ਦਾ ਨਾਮ ਭੀ ਸਮੁੰਦ੍ਰੀਕ ਹੀ ਹੈ, ਇਸ ਵਿਚ ਹੱਥ ਪੈਰ ਦੀਆਂ ਰੇਖਾਂ ਦੇ ਭਾਵ ਦਿਖਾਏ ਹਨ।

ਸ਼ੁਭ ਗੁਨ ਸਭਿ ਇਸ ਮਹਿਂ' ਕਹਿ ਪ੍ਰੋਧਾ[1] ॥੩੧॥
[1]ਪ੍ਰੋਹਤ।

ਮਹਿਮਾ ਅਮਿਤ[1] ਮਨਹਿ ਮਹਿਂ ਮਾਨੀ।
[1]ਬਿਅੰਤ।

-ਹੈ ਅਵਤਾਰ ਸੱਤਿ ਚਿਤ ਜਾਨੀ-।

ਦਿਜ[1] ਦਰਸਾਇ ਧਾਇ[2] ਢਿਗ ਮਾਤਾ।
[1]ਬ੍ਰਾਹਮਨ ਨੂੰ। [2]ਦਾਈ।

ਦੀਨੋ ਜਾਇ ਜੁ ਸੁੰਦਰ ਤਾਤਾ ॥੩੨॥

ਨੰਦੀ ਮੁਖੰ-ਸ਼੍ਰਾਧ[†] ਕਰਿਵਾਯੋ।
[†]ਇਕ ਸ਼੍ਰਾਧ ਜੋ ਹਿੰਦੂ ਮੰਗਲ ਸਮਿਆਂ ਤੇ ਕਰਦੇ ਹਨ।

ਬੇਦਨ ਬਿਧਿ ਜਿਉਂ ਬਿੱਪ੍ਰ[1] ਬਤਾਯੋ।
[1]ਬ੍ਰਾਹਮਨ ਨੇ।

ਕਾਲੂ ਕਹੈ 'ਨਾਮ ਸਿਸ[1] ਰਾਖਹੁ।
[1]ਬਾਲਕ ਦਾ।

ਬਰਨ[1] ਸੋਧ ਸ਼ੁੱਧ[2] ਮੁਝ ਸੋਂ ਭਾਖਹੁ[3]' ॥੩੩॥
[1]ਅੱਖਰ। [2]ਚੰਗੇ। [3]ਆਖੋ।

'ਸੁਨਿ ਕਾਲੂ! ਇਸ ਨਾਮ ਅਪਾਰਾ।
ਹੌਂ ਰਾਖੋਂ ਕਰਿ ਸੋਧ ਵਿਚਾਰਾ।
ਅਬ ਨਿਜ ਕੁਲ ਕੀ ਕੀਜਹਿ ਚਾਲੀ।
ਜੋ ਜਾਚਹਿ[1] ਤਿਹ ਭੇਜਿ ਨ ਖਾਲੀ' ॥੩੪॥
[1]ਮੰਗੇ।

ਦੋਹਰਾ:

ਇਹ ਬਿਧਿ ਕਹਿ ਦਿਜਬਰ ਗਯੋ,
ਜੋਤਿਸ਼ ਕਰਤਿ ਬਿਚਾਰ।
ਦਰ ਪਰ[1] ਤੋਰਣ[2] ਸੁੰਦਰੰ,
[1]ਦਰਵਾਜੇ ਪਰ। [2]ਧਾਗੇ ਵਿਚ ਪੱਤੇ ਪ੍ਰੋਕੇ ਜੋ ਲਟਕਾਂਦੇ ਹਨ, ਬੰਦਨ ਵਾਰ।
ਬਾਂਧਤਿ ਹਰਖ ਅਪਾਰ ॥੩੫॥

ਚੌਪਈ:

ਆਵਹਿਂ ਦਰ ਬਹੁ ਜਾਚਕ[1] ਜਾਚਹਿਂ[2]।
[1]ਮੰਗਤੇ। [2]ਮੰਗਣ।

ਤਾਲਨ ਪੂਰ[1] ਕਲੀਵ[2] ਸੁ ਨਾਚਹਿਂ।
[1]ਤਾਲਾਂ ਨੂੰ ਪੂਰਨ ਕਰਕੇ। [2]ਖੁਸਰੇ।

| | |
|---|---|
| ਢੋਲਕ ਟਲਕਾ[1] ਘੁੰਗਰੂ ਤਾਲੀ[2]। | [1]ਟਲੀਆਂ। [2]ਤਾੜੀ ਜਾਂ ਕੰਸੀਆਂ। |
| ਤਾਲ ਮਿਲਾਵਹਿਂ ਲੇਹਿਂ ਭਵਾਲੀ ॥੩੬॥ | |
| ਗਾਵਹਿਂ ਗੀਤ ਮਧੁਰ[1] ਧੁਨਿ[2] ਧਾਰੀ। | [1]ਮਿੱਠੀ। [2]ਅਵਾਜ਼। |
| ਦੇਇਂ ਸੁਹਾਤੀ ਸੁੰਦਰ ਗਾਰੀ[1]। | [1]ਸਿੱਠਣੀਆਂ। |
| ਸਭਿਹਿ ਸ਼ਰੀਕਨਿ ਮਿਲ ਕਰਿ ਆਈ। | |
| ਭੂਖਨ[1] ਬਸਨ[2] ਧਰੇ ਛਬਿ ਛਾਈ ॥੩੭॥ | [1]ਗਹਿਣੇ। [2]ਕਪੜੇ। |
| ਗਜ ਗਾਮਨਿ[1] ਕੈਂਜਨਿ ਨੈਨੀ[2]। | [1]ਹਾਥੀ ਵਰਗੀ (ਮਸਤ) ਚਾਲ ਵਾਲੀਆਂ। [2]ਮਮੋਲੇ ਵਰਗੀਆਂ ਅੱਖਾਂ ਵਾਲੀਆਂ। |
| ਨਾਗਰਿ[1] ਗੀਤ ਗਾਇਂ ਪਿਕ ਬੈਨੀ[2]। | [1]ਇਸਤ੍ਰੀਆਂ। [2]ਕੋਇਲ ਵਰਗੇ ਬੋਲ ਵਾਲੀਆਂ। |
| ਬਰਨ ਬਰਨ[1] ਪਟ[2] ਪਹਿਰ ਨਵੀਨਾ। | [1]ਰੰਗਾਂ ਰੰਗਾਂ ਦੇ। [2]ਕਪੜੇ। |
| ਕਟਿ[1] ਜਿਨ ਛੀਨ[2] ਉਰੋਜਨ[3] ਪੀਨਾ[4] ॥੩੮॥ | [1]ਲੱਕ। [2]ਜਿਨ੍ਹਾਂ ਦੇ ਪਤਲੇ। [3]ਸਥਨ। [4]ਪੀਡੇ। |
| ਅਲੰਕਾਰ[1] ਨਗ[2] ਕੰਚਨ[3] ਭੀਨੇ। | [1]ਗਹਿਣੇ। [2]ਰਤਨ ਤੇ। [3]ਸੋਨੇ ਦੇ। |
| ਕਰਨਪੂਰ[1] ਬਰ[2] ਬੇਸਰ[3] ਕੀਨੇ। | [1]ਕੰਨਾਂ ਦੇ ਵਾਲੇ। [2]ਚੰਗੇ। [3]ਨੱਥ। |
| ਛੁਦ੍ਰ ਘੰਟਕਾ[1] ਅੰਗਦ[2] ਕੰਙਨ[3]। | [1]ਤੜਾਗੀ। [2]ਬੁਹੱਟੇ। [3]ਕੰਙਣ। |
| ਸਬਦ ਕਰਹਿਂ ਜੇ ਪਹਿਰੇ ਅੰਗਨ ॥੩੯॥ | |
| ਭਈ ਭੌਨ ਮਹਿਂ[1] ਭਾਰੀ ਭੀਰਾ[2]। | [1]ਘਰ ਵਿਚ। [2]ਭੀੜ। |
| ਭੀ ਉਛਾਹ ਕੀ[1] ਧੁਨੀ[2] ਗੰਭੀਰਾ। | [1]ਖੁਸ਼ੀ ਦੀ। [2]ਅਵਾਜ਼। |
| ਕਪਟ[1] ਬੇਸ[2] ਜਹਿਂ ਦੇਵਬਧੂਟੀ[3]। | [1]ਬਨਾਉਟੀ। [2]ਰੂਪ ਵਿਚ। [3]ਦੇਵਤਿਆਂ ਦੀਆਂ ਵਹੁਟੀਆਂ, ਅਪੱਛਰਾਂ। |
| ਗਾਵਹਿਂ ਮਨਹੁ ਜਗਤ ਸੁਖ ਲੂਟੀ ॥੪੦॥ | |
| ਕਾਲੂ ਆਲਯ[1] ਮੰਗਲ ਸਾਜੇ। | [1]ਘਰ। |
| ਦਰ ਪਰ[1] ਲਘੁ ਨਿਸ਼ਾਨ[2] ਸ਼ੁਭ ਬਾਜੇ। | [1]ਦਰਵਾਜੇ ਪੁਰ। [2]ਛੋਟੇ ਨਗਾਰੇ। |
| ਢਾਢੀ ਭਾਟ ਜੁ ਮੰਗਨਹਾਰੇ। | |
| ਪਾਇ ਦਰਬ[1] ਕੋ ਗੁਨਨ ਉਚਾਰੇ ॥੪੧॥ | [1]ਧਨ ਲੈਕੇ। |
| ਨਰ ਨਾਰੀ ਬਹੁ ਦੇਤਿ ਵਧਾਈ। | |
| ਦਰ ਪਰ ਭੀਰ ਭਰੀ ਅਧਿਕਾਈ। | |

ਦੇਨੋ ਉਚਿਤ ਲਖ੍ਯੋ ਜੋ ਜੈਸਾ।
ਦੇਤਿ ਭਯੋ ਕਾਲੂ ਤਿਨ ਤੈਸਾ ॥੪੨॥

ਦੋਹਰਾ:

ਕਾਲੂ ਤਬ ਸਭਿ ਬਿਧਿ ਕਰੀ, ਜੋ ਬੇਦੀ ਕੁਲ ਰੀਤਿ।
ਨਰ ਨਾਰੀ ਕੀਰਤਿ ਕਰਤਿ, ਪੁਰਿ ਮਹਿਂ[1] ਪਰਮ ਪੁਨੀਤ ॥੪੩॥

[1]ਨਗਰ ਵਿਚ।

ਚੌਪਈ:

'ਬਹੁ ਧਨਾਢ ਕੇ ਸੁਤ ਜਨਮਾਹੀਂ।
ਅਸ ਉਤਸ਼ਵ ਕੀਨੋ ਕਿਸੁ ਨਾਂਹੀ।'
ਕਹਹਿਂ ਪਰਸਪਰ ਮਿਲ ਨਰ ਨਾਰੀ।
'ਜਨਮ੍ਯੋ ਸੁਤ ਕੋ ਕਰਮ[1] ਉਜਾਰੀ[2]' ॥੪੪॥

[1]ਕੋਈ ਉੱਜਲੇ ਭਾਗਾਂ ਵਾਲਾ। [2]ਕੋਈ ਉੱਜਲੇ ਭਾਗਾਂ ਵਾਲਾ।

ਖਸ਼ਟੀ[1]† ਕੀਨਿ ਭਲੇ ਕੁਲ ਚਾਲੀ।

[1]ਛਟੀ। †ਬਾਲਕ ਜਨਮ ਤੋਂ ਛੇਵੇਂ ਦਿਨ ਦੀ ਰਸਮ, ਜਿਸ ਨੂੰ ਖਸਟੀ, ਛਟੀ ਯਾ ਸਠੀ ਆਖਦੇ ਹਨ।

ਪਾਇ ਸੂਪ[1] ਮਹਿਂ ਬਰਖਤਿ ਸਾਲੀ[2]।

[1]ਛੱਜ। [2]ਚਾਵਲ।

ਅਸ਼ਟ ਜੋਗਨੀ ਕਿਯ ਅਭਿਖੇਕਾ[1]।

[1]ਪੂਜਨ।

ਕੁਸ਼ਲ ਮਾਂਗ ਸੁਤ ਕੀ ਸਿਰ ਟੇਕਾ ॥੪੫॥
ਤ੍ਰੌਦਸ[1] ਦਯੋਸਹਿ[2] ਸੰਖ੍ਯਾ[3] ਕੀਨੀ।

[1]ਤੇਰਾਂ। [2]ਦਿਨਾਂ ਦੀ। [3]ਗਿਣਤੀ

ਆਯੋ ਦਿਜ[1] ਕਾਲੂ ਸੁਧਿ[2] ਦੀਨੀ।

[1]ਬ੍ਰਾਹਮਨ। [2]ਖਬਰ।

'ਸਿਸ ਕੋ[1] ਨਾਨਕ ਨਾਮ ਧਰੀਜੈ।

[1]ਬੱਚੇ ਦਾ।

ਇਸਕੀ ਸਰਬਰ[1] ਕੋ ਨ ਜਨੀਜੈ।' ੪੬॥

[1]ਬਰੋਬਰ।

ਪੰਡਤ ਕਹਿ ਸੁ ਪਵਾਯੋ ਚੋਲਾ।
ਤਬ ਕਾਲੂ ਮੁਖ ਤੇ ਬਚ ਬੋਲਾ।
'ਰਲਮਿਲ[1] ਨਾਮ ਸੁ ਤੁਰਕਨ ਹਿੰਦੂ।

[1]ਰਲਵਾਂ ਮਿਲਵਾਂ।

ਨਹਿਂ ਰਾਖਵ ਇਹ ਨਾਮ ਦਿਜਿੰਦੂ! ॥੪੭॥
ਅਵਰ[1] ਨਾਮ ਕੋ ਸੋਧਿ ਧਰੀਜੈ।

[1]।

ਰਿਦੈ ਸ਼ੁਭਾਸ਼ੁਭ[1] ਭੇਵ ਲਖੀਜੈ॥

[1]ਚੰਗਾ ਮਾੜਾ।

ਜੋ ਖੱਤ੍ਰੀ ਕੇ ਕੁਲ ਭਲ ਲਾਗੈ।
ਧਰੋ ਨਾਮ ਅਸ ਬਿੱਪ੍ਰ ਸੁਭਾਗੈ ॥੪੮॥

ਦੋਹਰਾ:

[1]ਅੱਗੇ ਰਖਦੇ ਰਹੇ ਹਨ।

ਪੂਰਬ ਰਾਖਹਿਂ[1] ਨਾਮ ਜੇ, ਪੱਛ ਹਿੰਦੂਅਨ ਜੋਇ।
ਸੋ ਤੁਮ ਰਿਦੈ ਵਿਚਾਰਿਕੈ, ਕਹਹੁ ਨ ਤਰਕੈ ਕੋਇ' ॥੪੯॥

ਚੌਪਈ:

[1]ਕੰਨੀਂ।

ਸੁਨਜੋ ਸ਼੍ਰੋਨ[1] ਦਿਜ ਬਚਨ ਉਚਾਰਾ।
'ਯਹਿ ਤੁਮਰੋ ਸੁਤ ਵਡ ਅਵਤਾਰਾ।
ਰਾਮ ਕਿਸ਼ਨ ਅਵਤਾਰ ਜੁ ਹਰਿ ਕਾ।
ਪੂਜਤਿ ਹਿੰਦੁ, ਨ ਮਾਨਹਿਂ ਤੁਰਕਾ ॥੫੦॥
ਇਹ ਸਿਸੁ ਕੋ ਮਾਨਹਿੰਗੇ ਦੋਊ।
ਹਿੰਦੂ ਤੁਰਕ ਸਿਖ ਹੁਇ ਸਭਿ ਕੋਊ।
ਇਸ ਕੇ ਚਰਨ ਪੋਤ[1] ਕੀ ਨਯਾਈਂ।
ਪਾਰ ਪਰਹਿਂ ਪਰਮਾਰਥ ਪਾਈ ॥੫੧॥

[1]ਜਹਾਜ।

ਸੰਗਤਿ, ਕਰਹਿਂ ਤਰਹਿਂ ਭਵ ਸਾਗਰ।
ਸਕਲ ਜਗਤ ਮਹਿਂ ਹੋਇ ਉਜਾਗਰ।
ਬਹੁਤ ਨਰਨ ਕੋ ਕਰਹਿ ਉਧਾਰਾ।
ਨਾਮ ਭਗਤਿ ਦੇ ਦਾਨ ਉਦਾਰਾ ॥੫੨॥

ਦੋਹਰਾ:

[1]ਜ਼ਿਮੀਨ।

ਵਣ ਤ੍ਰਿਣ ਭੂਮ[1] ਅਕਾਸ਼ ਮਹਿਂ,
ਹੋਇ ਅਧਿਕ[1] ਪਰਤਾਪ।

[1]ਬਹੁਤ।

ਪਰਮ ਪੁਰਾਤਨ[1] ਪੁਰਖ ਪਰ[2],

[1]ਜਿਸਦਾ ਆਦਿ ਨਾ ਹੋਵੇ। [2]ਪਰਮ ਪੁਰਖ।

ਮਾਨਵ[1] ਕਰਹਹਿਂ ਜਾਪ ॥੫੩॥

[1]ਮਾਨੁਖ।

ਚੌਪਈ:

[1]ਪ੍ਰਿਥਵੀ। [2]ਪਹਾੜ। [3]ਸਮੁੰਦਰ। [4]ਰਾਹ ਦੇਣਗੇ।

ਗੋ[1] ਗਿਰ[2] ਸਾਗਰ[3] ਮਾਰਗ ਦੇਈਂ[4]।
ਨਿਸ[1] ਬਾਸੁਰ[2] ਆਇਸ ਮਹਿਂ[3] ਸੇਈ।

[1]ਰਾਤ। [2]ਦਿਨ। [3]ਆਗਜਾ ਅਨੁਸਾਰੀ (ਹੋਣਗੇ ਇਸ ਦੇ)।

ਕਰਿ ਵਿਚਾਰ ਉਰ[1] ਨਾਨਕ ਨਾਮਾ।

[1]ਦਿਲ ਵਿਚ।

ਯਾਂ ਤੇ ਮੈਂ, ਰਾਖਜੋ ਅਭਿਰਾਮਾ[1]

[1]ਸੁਹਣਾ

॥੫੪॥

ਹਿੰਦੂ ਤੁਰਕ ਜਪਹਿੰਗੇ ਦੋਊ।

ਸਮਿਲ ਨਾਮ ਇਹ ਜਾਨਹੁ ਸੋਊ।

ਭਵਪੱਤ੍ਰੀ[1] ਮਹਿਂ ਅਹਿ ਸ਼ੁਭ ਬਾਤਾ।

[1]ਜਨਮਪੱਤ੍ਰੀ।

ਜੋ ਹੇਰੀ[1] ਸੋ ਭਾਖੀ[2] ਖਜਾਤਾ[3] ॥੫੫॥

[1]ਵੇਖੀ। [2]ਕਹੀ। [3]ਪ੍ਰਗਟ।

ਕਾਲੂ ! ਕੂਰ ਨ ਲਖੀਏ ਕੋਊ।

ਕਹੀ ਸਾਚ ਨਿਸ਼ਚੈ ਹੁਇ ਸੋਊ।

ਨਾਨਕ ਨਾਮ ਅਰਥ ਤਿਹ ਸੁਨੀਏ।

ਪਰਮ ਬਰਨ ਬਰ[1] ਉਰ ਮਹਿਂ ਗੁਨੀਏ[2] ॥੫੬॥

[1]ਬੜੇ ਸ੍ਰੇਸ਼ਟ ਅੱਖਰ। [2]ਵਿਚਾਰੀਏ।

{ਨਾਨਕ ਪਦ ਦੇ ਅਰਥ}

ਕਬਿੱਤ:*ਪ੍ਰਾਕ ਜੋ[1] ਨਕਾਰ[2] 'ਨ' ਪ੍ਰਮਾਨ[3] ਆਬਿਧਾਨ[4] ਜਾਨਿ[5],

[1]ਪਹਿਲਾ ਜੋ। [2]ਨੱਨਾ ਅੱਖਰ। [3]ਪੁਰਖ। [4]ਵਿਵਧਾਨ ਵਾਚਕ। [5]ਸਮਝੀ।

ਤਾਹੂੰ ਤੇ 'ਅਕਾਰ[1]' ਲੇ 'ਅਨਕ' ਪੁਨ ਤੀਨ[2] ਹੈ।

[1]ਐੜਾ' ਅੱਖਰ। [2]ਤ੍ਰੈ।

ਦੂਸਰੇ 'ਨਕਾਰ[1]' ਤੇ ਨਿਕਾਰ ਕੈ[2]' ਅਕਾਰ[3]' ਕਰਿ

[1]ਨਨੇ' ਅੱਖਰ ਤੋਂ। [2]ਕੱਢਕੇ।

ਭਯੋ 'ਅਨ' ਅਕ' ਚਾਰ ਬਰਨ[1] ਸੁ ਕੀਨਿ ਹੈ।

[1]ਚਾਰ ਅੱਖਰ।

'ਅਕ' ਨਾਮ ਦੁੱਖ ਕੋ ਬਿਦਤ[1] ਹੈ ਜਗੱਤ ਮੱਧ[2]

[1]ਪ੍ਰਗਟ। [2]ਜਗਤ ਵਿਚ।

ਜਾ ਨਰ[1] ਕੌ ਨਹੀਂ ਦੁੱਖ, ਸਦਾ ਸੁਖ ਲੀਨ ਹੈ।

[1]ਜਿਸ ਪੁਰਖ।

ਐਸੋ ਇਹ ਨਾਨਕ ਕੇ ਨਾਮ ਕੋ ਅਰਥ ਚੀਨ[1]

[1]ਸਮਝ।

ਸੱਤਿ ਚਿਦਾਨੰਦ ਨਿਤ ਭਗਤਿ ਅਧੀਨ ਹੈ' ॥੫੭॥

ਦੋਹਰਾ:

ਪਰਮ ਹਰਖ ਕਾਲੂ ਕਰਤਿ,

ਸੁਨ ਦਿਜਬਰ ਕੇ ਬੈਨ।

ਸਾਦਰ ਦੀਨ ਉਪਾਇਨੰ[1],

[1]ਭੇਟਾ।

ਗਯੋ ਬਹੁਰ[1] ਨਿਜ ਐਨ[2] ॥੫੮॥

[1]ਫੇਰ। [2]ਆਪਣੇ ਘਰ।

**ਚੌਪਈ:**

ਜਾਵਤਿ[1] ਦਿਜਬਰ[2] ਰਿਦੈ ਬਿਚਾਰਤਿ।
[1]ਜਾਂਦਿਆਂ। [2]ਬ੍ਰਾਹਮਨ।

ਗਟੀ[1] ਗਿਨਤਿ ਹੋਵਤਿ ਅਤਿ ਆਰਤ[2]।
[1]ਗਿਨਤੀ। [2]ਦੁਖੀ।

-ਦੇਹ[1] ਬ੍ਰਿੱਧ ਭੀ[2] ਬੈਸ[3] ਬਿਹਾਵਾ[4]।
[1]ਸਰੀਰ। [2]ਬੁਢਾ ਹੋ ਗਿਆ ਹੈ। [3]ਉਮਰ। [4]ਗੁਜ਼ਰ ਚੱਲੀ ਹੈ।

ਯਾਂ ਤੇ ਭਯੋ ਮੁਝ ਮਨ ਪਛੁਤਾਵਾ ॥੫੯॥

ਨਹਿਂ ਦੇਖਵ ਮੈਂ ਇਹ ਪਰਤਾਪੂ-।

ਭੂਰ[1] ਬਿਸੂਰਤਿ[2] ਪੰਡਤ ਆਪੂ।
[1]ਬਹੁਤ। [2]ਝੂਰਦਾ ਹੈ।

-ਕੌ ਲਗ[1] ਮੈਂ ਜੀਵੋਂ ਜਗ ਮਾਂਹੀ॥
[1]ਕਦ ਤਾਈਂ।

ਪੂਰਨ ਭਾਗ ਹੈਂ ਕਿ ਮਮ[1] ਨਾਹੀ ॥੬੦॥
[1]ਮੇਰੇ।

ਸਿਸੁਤਾ[1] ਤਜਿ ਆਵਹਿ ਤਰੁਨਾ[2] ਹੀ।
[1]ਬਾਲਪਨਾ। [2]ਜੁਵਾਨੀ।

ਉਧਰਹਿਂ ਨਰ ਬਹੁ ਸੰਗਤਿ ਪਾਹੀਂ।

ਬਿਨੈ ਕਰੋਂ ਮੈਂ ਕਰਹਿਂ ਉਧਾਰਾ।

ਭਵ[1] ਬੰਧਨ ਤੇ ਹੁਇ ਛੁਟਕਾਰਾ ॥੬੧॥
[1]ਸੰਸਾਰ।

**ਦੋਹਰਾ:**

ਅੰਤਰਜਾਮੀ ਜਾਨਹੀ, ਮਮ[1] ਉਰ ਕੀ ਜੇ ਬਾਲ।
[1]ਮੇਰੇ।

ਲੀਲਾ ਕਛੁਕ ਦਿਖਾਇ ਮੁਝ, ਦਿਹੁ ਉਪਦੇਸ਼ ਦਯਾਲੁ ॥੬੨॥

**ਚੌਪਈ:**

ਸਹਿਤ ਗਯਾਨ ਕੇ ਬੋਲਹਿਂ ਜਬ ਲੌਂ[1]।
[1]ਜਦ ਤਕ।

ਰਾਖਹੁ ਇਹ ਸਰੀਰ ਮਮ ਤਬ ਲੌਂ[1]-।
[1]ਤਦ ਤਕ।

ਕਰਤਿ ਮਨੋਰਥ ਗਯੋ ਨਿਕੇਤਾ[1]।
[1]ਘਰ।

ਜਪਤਿ ਨਾਮ ਅਪਵਰਗਹਿ ਹੇਤਾ[1] ॥੬੩॥
[1]ਮੋਖ਼ ਵਾਸਤੇ।

ਤਿਹ ਪਸਚਾਤਹਿ[1] ਬੀਤਯੋ ਕਾਲਾ[2]।
[1]ਪਿੱਛੋਂ। [2]ਗੁਜਰ ਗਿਆ ਕੁਝ ਸਮਾਂ।

ਸਨੇ ਸਨੇ[1] ਤਨ ਹੋਤਿ ਬਿਸਾਲਾ[2]।
[1]ਹੌਲੀ ਹੌਲੀ। [2]ਬੜਾ।

ਜਿਹ ਬਿਧਿ ਹਿਰਦੈ ਗਯਾਨ ਮੁਮੋਖੁ[1]।
[1]ਮੁਕਤੀ ਦੇ ਚਾਹਵਾਨਾਂ ਦੇ।

ਨਿਤਪ੍ਰਤਿ[1] ਵਧਤਿ[2] ਦ੍ਵੈਤ ਹਤਿ ਦੋਖੁ[3]
[1]ਹਰਿ ਰੋਜ। [2]ਵਧਦਾ ਹੈ। [3]ਤੇ ਦੂਈ ਦਾ ਦੋਸ਼

॥੬੪॥ ਨਾਸ਼ ਹੁੰਦਾ ਹੈ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਾਮ ਧਰਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅਧਯਾਯ ॥੪॥

ਇਸ ਅਧਯਾਯ ਵਿਚ ਸਮੁੰਦ੍ਰੀਕ ਅਰ ਜਯੋਤਿਸ਼ ਵਿਚਾਰ ਪੰਡਤ ਨੇ ਪੁਰਾਣੇ ਤ੍ਰੀਕੇ ਮੂਜਬ ਕਰਨਾ ਹੀ ਸੀ, ਉਹ ਠੀਕ ਉਤਰਿਆ, ਇਸ ਤੋਂ ਜਯੋਤਿਸ਼ ਆਦਿ ਸੱਚੇ ਹਨ ਕਿ ਨਹੀਂ? ਇਸ ਸੰਸੇ ਦਾ ਉੱਤਰ ਇਹ ਹੈ ਕਿ ਏਹ ਗਣਤ ਵਿਦ੍ਯਾ ਦੇ ਹਿਸਾਬ ਹਨ, ਜੋ ਰੇਖਾਂ ਤੇ ਨਛੱਤ੍ਰਾਂ ਵਿਚ ਹੋਏ ਮਾਮਲਿਆਂ ਨੂੰ ਯਾਦ ਰੱਖ ਰੱਖ ਤੇ ਵਿਧਾਂ ਮੇਲ ਮੇਲ ਕੇ ਧ੍ਰੁਵੇ ਬੱਧੇ ਗਏ ਹਨ। ਇਹ ਵਿਗ੍ਯਾਨ ਵਾਂਙੂ ਨਿਸ਼ਚੇ ਬਾਤਾਂ ਨਹੀਂ ਹਨ, ਕਦੇ ਠੀਕ ਢੁਕ ਸਕਦੀਆਂ ਹਨ, ਕਦੇ ਨਹੀਂ।

## ਅਧ੍ਯਾਯ ਪੰਚਮ†।

†ਮੂਲ ਵਿਚ ਕਵੀ ਜੀ ਨੇ ਅਧ੍ਯਾਯ ਦੇ ਅਰੰਭ ਵਿਚ ਨਹੀਂ ਲਿਖਿਆ ਕਿ ਅਮਕਾ ਅਧ੍ਯਾਯ ਅਰੰਭ ਹੁੰਦਾ ਹੈ, ਪਰ ਅਧ੍ਯਾਯ ਦੇ ਅੰਤ ਵਿਚ ਲਿਖਿਆ ਹੈ:-'ਇਤ ਸ੍ਰੀ..... ਧ੍ਯਾਇ'। ਅਸੀਂ ਜੋ ਹੁਣ ਤਕ ਅਧ੍ਯਾਯ ਦੇ ਆਰੰਭ ਵਿਚ-ਫਲਾਣਾ 'ਅਧ੍ਯਾਯ'-ਲਿਖਦੇ ਆਏ ਹਾਂ, ਪਾਠਕਾਂ ਦੀ ਸੁਗਮਤਾ ਵਾਸਤੇ ਸੀ। ਹੁਣ ਅੱਗੋਂ ਨੂੰ ਅਸੀਂ ਅਧ੍ਯਾਯ ਦੇ ਅਰੰਭ ਦੀ ਆਪਣੀ ਇਹ ਮੋਟੀ ਸੂਚਨਾ ਨਹੀਂ ਦਿਆਂਗੇ, ਹਰ ਸਫੇ ਦੇ ਉਤੇ ਲੀਕੋਂ ਬਾਹਰ ਹਰ ਸਫੇ ਦੇ ਅਧ੍ਯਾਯ ਦਾ ਅੰਗ ਅਧ੍ਯਾਯ ਲੱਭਣ ਵਿਚ ਸਹਾਯਕ ਹੋਵੇਗਾ ਤੇ ਹਰ ਅਧ੍ਯਾਯ ਦੇ ਆਦਿ ਵਿਚ, ਉਸ ਅਧ੍ਯਾਯ ਵਿਚ ਆਉਣ ਵਾਲੇ ਪ੍ਰਸੰਗ ਤੇ ਅਧ੍ਯਾਯ ਦੀ ਗਿਣਤੀ ਬ੍ਰੀਕ ਅੱਖਰਾਂ ਵਿਚ ਦਿੰਦੇ ਜਾਵਾਂਗੇ।

## ੫. [ਸ੍ਰੀ ਗੁਰੂ ਨਾਨਕ ਜੀ ਦੀ ਬਾਲ ਲੀਲਾ]

੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬

{ਗੁਰੂ ਜਾ ਦਾ ਮਨ ਪਸੰਦ ਭੋਜਨ} ॥੧੪॥

ਕਬਿੱਤ:

**ਬਿਧਿ ਸੇ ਵੈਰਾਗ ਪ੍ਰਦ, ਹਰਿ ਸੇ ਗਿਆਨ ਪਾਲ**

ਬਿਧਿ=ਬ੍ਰਹਮਾ। ਸੇ=ਵਰਗੇ। ਪ੍ਰਦ=ਦਾਤਾ। [ਸੰਸ. ਪ੍ਰਦ:]

ਹਰਿ=ਵਿਸ਼ਨੂ। ਪਾਲ=ਪਾਲਨ ਵਾਲੇ, ਭਾਵ ਦੇ ਕੇ ਦੇਈ ਰੱਖਣ ਵਾਲੇ।

**ਸ਼ਿਵ ਸੇ ਬਿਕਾਰ ਨਾਸ਼ ਸਤਿਗੁਰ ਦਾਸ ਕੇ।**

**ਸੀਤਕਰ ਜੈਸੇ ਸੀਤ ਕਰਿ ਸੋ ਬਿਸ਼ਾਗਨਿ ਤੇ**

ਸੀਤਕਾਰ=ਚੰਦ੍ਰਮਾਂ।ਸੀਤ ਕਰਿ=ਸੀਤਲ ਕਰਨ ਵਾਲੇ, ਠੰਢ ਪਾਉਣ ਵਾਲੇ। ਬਿਸ਼ਾਗਨਿ=ਵਿਸ਼ੇ ਰੂਪੀ ਅੱਗ। [ਸੰਸ. ਵਿਖ੍ਯ+ਅਗ੍ਰਿ]

**ਤਿਮਰ ਹਰਨ ਸੇ ਤਿਮਰ ਮੋਹ ਫਾਂਸ ਕੇ।**

ਤਿਮਰਹਰਨ=ਸੂਰਜ। ਤਿਮਰ=ਹਨੇਰਾ। ਧਾਮ=ਘਰ।

**ਧਾਮ ਰਿਦੈ ਸ਼ੁੱਧ ਮੱਧ ਦੀਪਕ ਸੇ ਦੀਪ ਦਿਪੈ**

ਰਿਦੈ=ਹ੍ਰਿਦਯ, ਦਿਲ। ਸ਼ੁੱਧ=ਸਾਫ। ਮੱਧ=ਵਿਚ। ਦੀਪਕ=ਦੀਵਾ। ਦੀਪ=ਜੋਤ। ਦਿਪੈ=ਜਗਦੀ ਹੈ।

**ਮਾਯਾ ਭਿੰਨ ਜੀਵ ਕੋ ਦਿਖਾਵੈਂ ਸੁ ਪ੍ਰਕਾਸ਼ ਕੇ।**

ਸੁ ਪ੍ਰਕਾਸ਼=ਸੁ+ਪ੍ਰਕਾਸ਼=ਭਲਾ ਪ੍ਰਕਾਸ਼ ਕਰਕੇ। ਭਾਵ ਗ੍ਯਾਨ ਪ੍ਰਕਾਸ਼ ਦੇ ਕੇ।

**ਚਰਨ ਸ਼ਰਨ ਕਰ ਪਰਨ, ਹਰਨ ਡਰ**

ਪਰਨ=ਆਸ੍ਰਾ। ਹਰਨ=ਹਰ ਲੈਣ ਵਾਲੇ।

**ਤਾਰਨ ਤਰਨ ਅਰਨਵ ਭਵ ਨਾਸ਼ ਕੇ ॥੧॥**

ਤਾਰਨ=ਤਰਨ ਵਾਲੇ। ਤਰਨ=ਜਹਾਜ਼। [ਸੰਸ:ਤਰਣ]। ਅਰਨਵ=ਅਰ੍ਣਵ=ਸਮੁੰਦ੍ਰ। ਭਵ=ਸੰਸਾਰ। ਨਾਸ਼=ਨਾਸ਼ ਕਰਨ ਵਾਲੇ, ਮੁਰਾਦ ਹੈ ਡੋਬ ਲੈਣ ਵਾਲੇ, ਇਹ ਸਮੁੰਦਰ ਦਾ ਵਿਸ਼ੇਸ਼ਣ ਹੈ। (ਅ) ਇਸ ਦਾ ਅਰਥ ਐਉਂ ਬੀ ਕਰਦੇ ਹਨ, (ਸੰਸਾਰ) ਸਮੁੰਦ੍ਰ (ਦੇ ਭੈ) ਨੂੰ ਨਾਸ਼ ਕਰਨ ਵਾਲੇ ਹਨ।

(ੲ) ਐਉਂ ਬੀ ਲਗਦਾ ਹੈ:- ਭਵ=ਜਨਮ। ਨਾਸ਼=ਮਰਨ। ਜਨਮ ਮਰਨ ਰੂਪੀ ਸਮੁੰਦਰ ਤੋਂ ਤਾਰਨ ਵਾਲੇ ਜਹਾਜ਼। (ਸ) ਭਵ ਨਾਸ਼=ਭਵਨ+ਆਸ਼ਯ-ਘਰ ਦੀ ਆਸ਼ਾ, ਮੁਰਾਦ, ਆਸ਼ਾ ਤ੍ਰਿਸ਼ਨਾ ਰੂਪੀ ਸਮੁੰਦਰ।

ਅਰਥ: (ਅਪਨੇ) ਦਾਸਾਂ ਨੂੰ ਸ੍ਰੀ ਸਤਿਗੁਰੂ ਜੀ ਬ੍ਰਹਮਾਂ ਵਾਂਙੂ ਵੈਰਾਗ ਦੇ ਦਾਤੇ ਹਨ, ਵਿਸ਼ਨੂੰ ਵਾਂਙੂ (ਉਨ੍ਹਾਂ ਨੂੰ) ਗ੍ਯਾਨ (ਦੇ ਕੇ) ਪਾਲਣਾ ਕਰਨ ਵਾਲੇ (ਹਨ), ਸ਼ਿਵ ਵਾਂਙੂ (ਦਾਸਾਂ ਦੇ) ਵਿਕਾਰ ਨਾਸ਼ ਕਰਨ ਵਾਲੇ ਹਨ।

ਵਿਸ਼ੇ (ਰੂਪ) ਅਗਨੀ ਤੋਂ ਚੰਦ੍ਰਮਾ ਵਾਂਙੂ ਸੀਤਲ ਕਰਨ ਵਾਲੇ (ਹਨ, ਅਤੇ ਮੋਹ ਰੂਪੀ ਅੰਧੇਰੇ ਦੀ ਫਾਹੀ ਨੂੰ ਸੂਰਜ ਵਾਂਙੂ (ਕੱਟਣ ਵਾਲੇ ਹਨ)।

(ਜਿਵੇਂ) ਘਰ ਵਿਚ ਦੀਵੇ ਦੀ ਜੋਤ ਜਗਦੀ ਹੈ, (ਤਿਵੇਂ) ਸਾਫ ਹਿਰਦੇ (ਰੂਪੀ ਘਰ) ਵਿਚ ਗ੍ਯਾਨ ਦਾ ਪ੍ਰਕਾਸ਼ ਕਰਕੇ ਜੀਵ ਨੂੰ (ਉਸ ਦਾ ਆਪਣਾ ਆਪ) ਮਾਯਾ ਤੋਂ ਵੱਖਰਾ ਕਰਕੇ ਦਿਖਾ ਦੇਂਦੇ ਹਨ।

(ਸੋ ਐਸੇ ਸਤਿਗੁਰੂ ਜੀ ਮੇਰੇ ਜਿਹੇ ਭਿਖਾਰੀਆਂ ਨੂੰ ਅਪਣੇ) ਚਰਨਾਂ ਦੀ ਸ਼ਰਣ ਦਾ ਆਸਰਾ ਦੇ ਕੇ (ਜਮ ਆਦਿਕਾਂ ਦੇ) ਭੈ ਨੂੰ ਹਰ ਲੈਣ ਵਾਲੇ ਹਨ (ਅਤੇ) ਡੋਬ ਲੈਣ ਵਾਲੇ ਸੰਸਾਰ (ਰੂਪੀ) ਸਮੁੰਦਰ ਤੋਂ ਤਾਰ ਲੈਣ ਵਾਲੇ ਜਹਾਜ਼ (ਰੂਪ) ਹਨ।

ਸ੍ਰੀ ਬਾਲਾ ਸੰਧੁਰ ਵਾਚ ॥

ਦੋਹਰਾ:
[1]ਪੰਘੂੜੇ ਉਤੇ।

ਪਲਨਾ ਪਰ[1] ਪੌਢਾਵਈ,
ਕਹਿ ਲਲਨਾ[1] ਲੇ ਅੰਕ[2]।
[1]ਲਾਡ ਦੇ ਵਾਕ। [2]ਗੋਦੀ ਲੈ ਕੇ।

ਲਾਲਤਿ[1] ਮਾਤ[2] ਬਿਸਾਲ ਹਿਤ[3],
[1]ਲਡਾਉਂਦੀ ਹੈ। [2]ਅੰਮੀ। [3]ਬਹੁਤ ਪ੍ਰੇਮ ਨਾਲ।

ਸੂੰਘਤਿ[1] ਬਦਨ ਮਯੰਕ[2] ॥੨॥
[1]ਚੁੰਮਦੀ ਹੈ। [2]ਚੰਦ੍ਰਮਾ (ਵਰਗਾ) ਮੁਖੜਾ।

ਚੌਪਈ:
[1]ਮੁਖ। [2]ਕਵਲ। [ਸੰਸ. ਅਰੁਣਜਾਤ॥।

ਆਨਨਿ[1] ਆਰਨਜਾਤ[2] ਨਿਹਾਰੀ।
ਲੀਲ ਲਲਿਤੰ[1] ਆਰਤ[2] ਹਾਰੀ[3]।
[1]ਸੁੰਦਰ। [2]ਦੁਖ ਦੇ। [3]ਹਰਨ ਵਾਲੀ।

ਲੋਚਨ ਅਮਲ[1] ਕਮਲ ਦਲ[2] ਜੈਸੇ[3]।
[1]ਸਾਫ। [2]ਕਮਲ ਦੇ ਪੱਤੇ। [3]ਜੇਹੇ।

ਨਾਸਾ ਤਿਲ ਪ੍ਰਸੂਨ ਨਹਿੰ ਵੈਸੇ[1] ॥੩॥
[1]ਨਾਸਾਂ (ਐਸੀਆਂ ਸੁੰਦਰ ਹਨ ਕਿ) ਤਿਲ ਦੇ ਫੁਲ ਐਸੇ (ਸੁੰਦਰ) ਨਹੀਂ ਹਨ।

ਸੁੰਦਰ ਅਲੰਕਾਰ[1] ਘਰਿਵਾਏ[2]।
[1]ਗਹਿਣੇ। [2]ਘੜਾਏ।

ਬਿਨ ਦੂਖਨ ਕੈ ਭੂਖਨ ਪਾਏ।
ਬਨੀ ਬਾਜਨੀ[1] ਕਿੰਕਨਿ ਚਾਰੀ[2]।
[1]ਵੱਜਣ ਵਾਲੀ। [2]ਸੁੰਦਰ ਤੜਾਗੀ।

ਕਟ ਮਹਿੰ[1] ਪਾਈ ਅਤਿ ਛਬਿ ਵਾਰੀ ॥੪॥
[1]ਲੱਕ ਵਿਚ।

ਕਰ ਮਹਿੰ[1] ਕਟ[2] ਪਦ[3] ਨੂਪਰ[4] ਸੋਹੈਂ।
[1]ਹੱਥਾਂ ਵਿਚ। [2]ਕੜੇ। [3]ਪੈਰੀਂ। [4]ਝਾਂਜਰਾਂ।

ਜੋ ਦੇਖੇ ਤਿਸਕੋ ਮਨ ਮੋਹੈਂ।
ਦੁਇ ਦੁਇ ਦਸਨ[1] ਅਧਰ[2] ਦੁਤਿ ਹੋਤੀ।
[1]ਦੰਦ। [2]ਹੋਠ।

ਸੰਪੁਟ[1] ਬਿੱਦ੍ਰਮ ਜਿਉਂ[2] ਜੁਗ ਮੋਤੀ[3] ॥੫॥
[1]ਮੂੰਗੇ ਦੇ ਡੱਬੇ ਵਿਚ ਜਿਵੇਂ। [2]ਮੂੰਗੇ ਦੇ ਡੱਬੇ ਵਿਚ ਜਿਵੇਂ। [3]ਦੋ ਮੋਤੀ ਹੋਣ।

| | |
|---|---|
| ਅੰਙਣ ਮਹਿਂ[1] ਰਿੰਙਣ[2] ਗਤਿਕਾਰੀ[3]। | [1]ਵੇਹੜੇ ਵਿਚ। [2]ਰਿੜ੍ਹਦੇ ਹਨ। [3]ਮੁਕਤੀ ਦਾਤੇ। (ਅ) ਚਾਲ ਨਾਲ। |
| ਚਰਣਾਂਬੁਜ[1] ਖੈਂਚਤਿ ਬਲਿਹਾਰੀ। | [1]ਚਰਣ ਕਵਲ। |
| ਹੇਰਤਿ[1] ਹਸਤਿ[2] ਹਸਾਵਤਿ ਔਰੀ। | [1]ਦੇਖਕੇ। [2]ਹਸਦੇ ਹਨ। |
| ਕਿਲਕਤਿ[1] ਮੁਖ ਤੇ ਮਾਧੁਰ ਠੋਰੀ[2] ॥੬॥ | [1]ਕਿਲਕਾਰੀਆਂ ਮਾਰਦੇ ਹਨ। [2]ਮਿਠਾਸ ਦਾ ਥਾਂ। |
| ਬੇਦੀ ਕੁਲ ਕੀ ਆਨਿ ਬਧੂਟੀ[1]। | [1]ਇਸਤ੍ਰੀਆਂ। |
| ਮੂਰਤਿ ਪਿਖਿ ਜਨੁ[1] ਆਨੰਦ ਬੂਟੀ। | [1]ਮਾਨੋਂ। |
| ਗਹਿ ਕਰਿ ਭੁਜ ਤੇ[1] ਅੰਕ ਬਸਾਵਹਿਂ[2]। | [1]ਬਾਹੋਂ ਫੜਕੇ। [2]ਗੋਦੀ ਬਿਠਾਉਂਦੀਆਂ ਹਨ। |
| ਪਰਮ ਪ੍ਰੇਮ ਕਰਿ ਹਰਖ ਲਡਾਵਹਿਂ ॥੭॥ | |
| ਬੋਲੈਂ ਬਚਨ ਤੋਤਰੇ ਮੀਠੇ। | |
| ਸੁਨਹਿਂ ਨਾਰਿ ਨਰ ਲਾਗਹਿਂ ਈਠੇ[1]। | [1]ਪਿਆਰੇ। |
| ਹੇਰਹਿ[1] ਮਾਤ ਤਾਤ[2] ਅਨੁਰਾਗਹਿ[3]। | [1]ਵੇਖ ਕੇ। [2]ਮਾਤਾ ਪਿਤਾ। (ਅ) ਪੁੱਤ੍ਰ ਨੂੰ ਮਾਤਾ ਜੀ। [3]ਪ੍ਰੇਮ ਕਰਦੇ ਹਨ। |
| ਫਿਰਤਿ ਭੁਮਿਕਾ[1] ਮ੍ਰਿਤਕਾ[2] ਲਾਗਹਿ ॥੮॥ | [1]ਜ਼ਮੀਨ ਤੇ। [2]ਮਿੱਟੀ। |
| ਲਗੀ ਧੂਰ ਤਨ ਧੂਸਰ[1] ਹੋਏ। | [1]ਮੈਲੇ। |
| ਅੰਬ ਲੇਯ ਅੰਬਾ[1] ਅੰਗ ਧੋਏ। | [1]ਪਾਣੀ ਲੈ ਕੇ ਮਾਤਾ ਨੇ। |
| ਮਲਿ ਕਰਿ ਮੁਖ ਮੱਜਨ[1] ਕਰਿਵਾਯੋ। | [1]ਇਸ਼ਨਾਨ। |
| ਪੌਂਛ ਸਰੀਰ ਅੰਕ ਬੈਸਾਯੋ ॥੯॥ | |
| ਦੋਹਰਾ: | [1]ਛੋਟਾ ਝੱਗਾ। [2]ਬਰੀਕ। |
| ਝਗਲੀ[1] ਝੀਨ[2] ਨਵੀਨ ਪੁਨ, | |
| ਪਹਿਰਾਈ ਤਨ ਤਾਤ। | |
| ਪੈ[1] ਕੋ ਪਾਨ ਕਰਾਇ ਕੈ,[2] | [1]ਦੁੱਧ। [2]ਪਿਵਾਇਕੇ। |
| ਪੌਢਾਏ[1] ਕਰ[2] ਮਾਤ ॥੧੦॥ | [1]ਸੁਵਾਏ। [2]ਹੱਥੀਂ। |
| ਚੌਪਈ: | [1]ਦੋ। [2]ਘੜੀਆਂ। [3]ਪੰਘੂੜੇ। [4]ਉਤੇ। |
| ਜੁਗਲ[1] ਘਟੀ[2] ਪਲਨਾ[3] ਪਰ[4] ਸੋਏ। | |
| ਜਾਗੇ ਬਹੁਰ ਸੁ ਚੇਤਨ ਹੋਏ। | |
| ਲਗੇ ਬਾਲ ਲੀਲਾ ਪੁਨ ਕਰਨੇ। | |
| ਪਕਰਹਿਂ ਪਰਨਾ[1] ਹੁਇਂ ਪਗ[2] ਪਰਨੇ[3] ॥੧੧॥ | [1]ਆਸਰਾ। (ਅ) ਪਲਨਾ ਪੰਘੂੜਾ। [2]ਪੈਰਾਂ। [3]ਆਸਰੇ। |

ਭਯੋ ਚਰਨ ਬਲ, ਹੋਵਹਿਂ ਠਾਢੇ[1]। [1]ਖੜੇ ਹੋ ਜਾਂਦੇ ਹਨ।
ਖੇਲਹਿਂ ਬਾਲਨ ਮਹਿਂ ਹਿਤ ਬਾਢੇ।
ਭੂਖਨ ਸਬਦ ਪਲਾਵਤਿ[1] ਹੋਵਤਿ। [1]ਭਜਦਿਆਂ।
ਨੈਨ ਛਬੀਲੇ ਛਬਿ ਸੋਂ ਜੋਵਤਿ ॥੧੨॥
ਬਿਨ ਬੋਲੇ ਨਹਿਂ ਆਲਯ ਆਵਹਿਂ।
ਸ਼ਿਸ਼ੁ[1] ਪਸ਼ਚਾਤ[2] ਪਰਿਪ ਮਹਿਂ[3] ਧਾਵਹਿਂ। [1]ਬਾਲਕਾਂ ਦੇ। [2]ਪਿੱਛੇ। [3]ਗਲੀ ਵਿਚ।
ਜਨਨੀ ਅਸਨ[1] ਹਕਾਰਿ[2] ਖੁਵਾਵਹਿ। [1]ਭੋਜਨ। [2]ਸੱਦਕੇ।
ਨਹਿਂ ਅਘਾਤਿ[1] ਦੇਖਤਿ ਬਲ ਜਾਵਹਿ ॥੧੩॥ [1]ਰਜਦੀ ਨਹੀਂ।

ਦੋਹਰਾ: [1]ਦਹੀ। [2]ਚਾਵਲ।
ਦਧਿ[1] ਅਰੁ ਓਦਨ[2] ਮਾਤ ਤੇ,
ਅਰਧਿਕ[1] ਖਾਇ ਪਲਾਇਂ[2]। [1]ਅੱਧੇ ਕੁ। [2]ਦੌੜ ਜਾਂਦੇ ਹਨ।
{ਗੁਰੂ ਜਾ ਦਾ ਮਨ ਪਸੰਦ ਭੋਜਨ}
ਬਾਲਿਕ ਲੀਲਾ ਕਰਤਿ ਸਭਿ
ਅਲਖ ਜੁ ਲਖਜਾ ਨ ਜਾਇ ॥੧੪॥

ਚੌਪਈ:
ਲੇ ਕਰਿ ਕਾਲੂ ਅੰਕ ਦੁਲਾਰਹਿ।
ਪਾਵਤਿ ਸੁਖ ਕੋ ਬਦਨ[1] ਨਿਹਾਰਹਿ[2]। [1]ਮੁਖ। [2]ਵੇਖਦੇ ਹਨ।
ਤਜਿ ਕਰਿ ਜਨਕ[1] ਅੰਕ ਕੋ ਜਾਵਹਿਂ। [1]ਪਿਤਾ ਦੇ।
ਰਲਿ ਬਾਲਨ ਸੋਂ ਖੇਲ ਮਚਾਵਹਿਂ ॥੧੫॥
ਸੁੰਦਰਤਾ ਮੰਦਰ ਮੁਖ ਹੇਰਹਿਂ[1]। [1]ਵੇਖਦੇ ਹਨ।
ਨਰਨਾਰੀ ਜਾਵਤਿ ਮਗ[1] ਘੇਰਹਿਂ। [1]ਰਾਹ ਵਿਚ।
ਬੋਲਹਿਂ ਬੋਲ ਬੁਲਾਵਹਿਂ ਬਚਨਾ।
ਗਿਰਾ ਮਾਧੁਰੀ[1] ਕੀ ਜਨੁ ਰਚਨਾ ॥੧੬॥ [1]ਮਿਠਾਸ।
ਕਹਹਿਂ ਪਰਸਪਰ[1] ਲੋਕ[2] ਲੁਗਾਈ[3]। [1]ਆਪੋ ਵਿਚ। [2]ਪੁਰਖ। [3]ਇਸਤ੍ਰੀ।
'ਕਾਲੂ ਭਾਗ ਅਹੈਂ ਅਧਿਕਾਈ[1]। [1]ਵੱਡੇ।
ਜਿਸੁ ਅਵਾਸ[1] ਸੁਤ[2] ਅਸ[3] ਉਪਜਯੋ। [1]ਘਰ। [2]ਪੁਤ੍ਰ। [3]ਐਸਾ।
ਸਭਿ ਬਿਧਿ ਸੋਂ ਨਿਹਾਲ ਭਵ[1] ਭਯੋ' ॥੧੭॥ [1]ਜਗਤ ਵਿਖੇ।

| | |
|---|---|
| ਦੋਹਰਾ: | |
| ਸਭਿਹਿ ਸੁਭਾਵਕ ਪ੍ਰੇਮ ਮਨ, | |
| ਕਰਹਿਂ ਬਦਨ[1] ਨਿਹਾਰਿ[2]। | [1]ਮੁਖ। [2]ਵੇਖਕੇ। |
| ਜੈਸੇ ਜਾਤ ਸਮੁੰਦ੍ਰ ਮਹਿਂ, | |
| ਸਭਿ ਸਰਿਤਾ ਕੋ ਬਾਰਿ[1] ॥੧੮॥ | [1]ਨਦੀਆਂ ਦਾ ਜਲ। |
| ਚੌਪਈ: | [1]ਅੱਖਾਂ। [2]ਸਾਰੇ ਲੋਕਾਂ ਦੇ। |
| ਚਖ[1] ਚਕੋਰ ਲੋਕਨ ਕੇ ਬ੍ਰਿੰਦਾ[2]। | |
| ਚੰਦ੍ਰ ਬਦਨ ਦ੍ਰਿਸ਼[1]† ਆਨੰਦ ਕੰਦਾ। | [1]ਮੁਖ ਚੰਦ੍ਰਮਾਂ ਦੇਖਦੇ ਹਨ। †ਪਾਠਾਂਤ੍ਰ ਹੈ ਚੰਦ੍ਰ ਸੁ ਦਰਸ਼ਨ। |
| ਸੁੰਦਰ ਰੂਪ ਹੇਰਿ[1] ਰਵਿ[2] ਨਜਾਈ[3]। | [1]ਵੇਖਕੇ। [2]ਸੂਰਜ ਦੀ। [3]ਤਰ੍ਹਾਂ। |
| ਜਨੁ ਅਰਬਿੰਦ ਬਦਨ[1] ਬਿਗਸਾਈ ॥੧੯॥ | [1]ਮੁਖ (ਰੂਪੀ) ਕਵਲ। |
| ਘੰਟਕ[1] ਜਿਉਂ ਸੁਨਿ ਕੈ ਬਰ ਬਾਨੀ। | [1]ਘੰਡੇਹੇੜੇ ਦਾ ਨਾਦ ਜਿਸ ਤੇ ਹਰਨ ਮਸਤ ਹੁੰਦਾ ਹੈ। |
| ਰਹੈਂ ਠਾਂਢ[1] ਢਿਗ[2] ਮ੍ਰਿਗਹਿ ਸਮਾਨੀ। | [1]ਖੜੇ ਰਹਿੰਦੇ ਹਨ। [2]ਕੋਲ। |
| ਇਹ ਬਿਧਿ ਬਾਲਕ ਲੀਲਾ ਕਰਿਹੀਂ। | |
| ਧਯਾਨ ਜਿ ਧਰਹਿਂ ਭਵੋਦਿਧਿ[1] ਤਰਿਹੀਂ ॥੨੦॥ | [1]ਸੰਸਾਰ ਸਾਗਰ। |
| ਪਾਂਚ ਬਰਖ ਕੀ ਹੋਈ ਬੈਸਾ। | |
| ਕਰਨ ਲਗੇ ਕਾਰਜ ਪੁਨ ਐਸਾ। | |
| ਲੇਯ ਵਸਤੁ ਘਰ ਬਾਹਰ ਧਾਵਹਿਂ। | |
| ਜੋ ਲੇਵਹਿਂ ਸੋ ਜਾਇ ਗਵਾਵਹਿਂ ॥੨੧॥ | |
| ਦੋਹਰਾ: | [1]ਭਾਂਡੇ। [2]ਗਹਿਣੇ। [3]ਕਪੜੇ। |
| ਭਾਂਜਨ[1] ਭੂਖਨ[2] ਬਸਨ[3] ਜੇ, | |
| ਨਿਜ[1] ਨਿਕੇਤ[2] ਤੇ ਲੇਯ। | [1]ਅਪਨੇ। [2]ਘਰੋਂ। |
| ਜਾਇ[1] ਨਿਰਸਤਹਿਂ[2] ਜਾਇ ਤਹਿਂ[3], | [1]ਲੈਜਾ ਕੇ। [2]ਸਿੱਟਦੇ ਹਨ। [3]ਉਸ ਥਾਂਵੇਂ। |
| ਜਹਿਂ ਅਗਾਤ ਦੀਨੇਯ[1] ॥੨੨॥ | [1]ਜਿੱਥੇ ਕੁ ਅਤਿੱਥੀ ਤੇ ਗਰੀਬ ਹੋਣ। [ਸੰਸ. ਆਗਤ ਅਤਿੱਥੀ][(ਅ) ਜੇ ਪਾਠ 'ਆਗਾਰ' ਹੋਵੇ ਤਾਂ-ਜਿਥੇ ਕੁ ਗਰੀਬਾਂ ਦੇ ਘਰ ਹੋਣ। [ਸੰਸ. ਆਗਾਰ ਘਰ][ |
| ਚੌਪਈ: | |
| ਕਰਤਿ ਨਿਤਾਪ੍ਰਤਿ ਇਹ ਬਿਧਿ ਕਾਰ। | |

ਦਯਾ ਕਰਨ ਕੋ ਜਿਹ ਬਿਵਹਾਰ।
ਇਕ ਬਾਸੁਰ ਇਕ ਭਾਂਜਨ[1] ਲੀਨਾ। — [1]ਭਾਂਡਾ।
ਰੰਕ ਪਿਖਯੋ ਇਕ ਤਹਿਂ ਸੁਟ ਦੀਨਾ ॥੨੩॥
ਮੁਰਿ ਕਰਿ ਨਿਜ ਘਰ ਆਏ ਜਬਿਹੀ।
ਜਨਨੀ ਹੇਰੇ ਰੋਸੀ ਤਬ ਹੀ।
ਬੂਝਨ ਲਗੀ 'ਕਹਾਂ ਤੈਂ ਗੇਰਾ?
ਅਬ ਥੋ ਕਰ ਮਹਿਂ, ਭਈ ਨ ਦੇਰਾ' ॥੨੪॥
ਮੁਖ ਤੇ ਕਹੈਂ ਨ ਉਤਰ ਕੋਊ।
ਭਏ ਤੂਸ਼ਨੀ[1] ਗਤਿਦਾ ਜੋਊ[2] ॥ — [1]ਚੁੱਪ। [2]ਜੋ ਮੁਕਤੀ ਦਾਤਾ ਹਨ।
ਕਰ ਮਹਿਂ ਲੇ ਲਕਰੀ[1] ਤਬ ਮਾਤਾ। — [1]ਸੋਟੀ।
ਡਰਪਾਵਨ ਲਾਗੀ ਨਿਜ ਤਾਤਾ[1] ॥੨੫॥ — [1]ਆਪਣੇ ਪੁੱਤ੍ਰ ਨੂੰ।

ਦੋਹਰਾ:
ਮ੍ਰਿਗ ਅਰਭਕ ਸੇ[1] ਚਕਿਤ ਚਖੁ[2], — [1]ਹਰਨ ਦੇ ਬੱਚੇ ਵਰਗੀਆਂ। [2]ਹੈਰਾਨ ਅੱਖਾਂ।
ਕਰੇ ਨੀਚ[1] ਡਰਿ ਮਾਤ। — [1]ਨੀਵੀਆਂ ਕਰ ਲਈਆਂ।
ਸਜਲ ਭਏ[1] ਝਖ ਦੋ[2] ਮਨੋ[3], — [1]ਜਲ ਨਾਲ ਭਰ ਗਏ। [2]ਦੋ ਮੱਛ। [3]ਮਾਨੋਂ।
ਛੋਰਤਿ ਸਰਿਤਾ[1] ਗਾਤ[2] ॥੨੬॥ — [1]ਨਦੀ। [2]ਸ਼ਰੀਰ। (ਦੋਵੇਂ ਨੈਣ) ਜਲ ਨਾਲ ਭਰ ਕੇ (ਵਹਿ ਟੁਰੇ, ਮਾਨੋਂ) ਦੋ ਮੱਛਾਂ ਦੇ ਸਰੀਰਾਂ ਨੇ ਨਦੀਆਂ ਵਹਾ ਦਿੱਤੀਆਂ।

ਚੌਪਈ:
ਲਾਲੂ ਪਿਤ੍ਰ ਬੰਧੁ[1] ਤਬ ਆਯੋ ॥ — [1]ਚਾਚਾ।
ਕਰੁਨਾ ਰਸ ਮਹਿਂ ਹੋ ਛੁਟਕਾਯੋ[1]। — [1]ਕਿਰਪਾ ਵਿਚ ਆ ਕੇ ਛੁਡਾਯਾ।
ਰਿਸ ਕੀਨੇ ਕਹਿਹੀ ਪੁਨ ਵਾਕੂ[1]। — [1]ਬਚਨ-ਮਾਂ ਕਹਿੰਦੀ ਹੈ।
'ਬਹੁ ਔਗੁਨ ਕੀਨੇ ਇਨ ਪ੍ਰਾਕੂ[1] ॥੨੭॥ — [1]ਪਹਿਲੇ।
ਲੇਯ ਸਦਨ ਤੇ ਵਸਤੁ ਜੁ ਹੇਰਹਿ[1]। — [1]ਵੇਖੇ।
ਬਹੁਰ ਨ ਆਨਹਿ ਬਾਹਰ ਗੇਰਹਿ।
ਨਿਠੁਰ[1] ਨਿਡਰ ਸੁ ਢੀਠ ਇਸ ਜੈਸਾ। — [1]ਕਠੋਰ।
ਅਬ ਲੌ ਹੌਂ ਨ ਨਿਹਾਰਯੋ ਐਸਾ ॥੨੮॥
ਪੂਰਬ[1] ਇਨ ਬਹੁ ਵਸਤੁ ਗਵਾਈ। — [1]ਪਿੱਛੇ।

ਹੌਂ ਕਹਿ ਰਹੀ ਸਮਝ ਨਹਿਂ ਆਈ।
ਸਾਸਨ[1] ਯੋਗ[2], ਅਬਹਿ ਤੁਝ ਛੋਰਾ। [1]ਤਾੜਨਾ। [2]ਲਾਇਕ।
ਐਸਾ ਕਾਜ ਨ ਕਰਿ ਪੁਨ ਔਰਾ' ॥੨੯॥

ਦੋਹਰਾ:
ਜਨਨੀ ਯੌਂ ਸਮਝਾਇ ਕੈ,
ਉਰ ਭਰਿ ਆਯੋ ਨੇਹੁ[1]। [1]ਮੋਹ।
ਕਰ ਗਹਿ ਅੰਕ[1] ਬਿਠਾਇਓ, [1]ਗੋਦੀ।
ਨਿਜ ਸੁਤ ਕਰੁਨਾਗੇਹੁ[1] ॥੩੦॥ [1]ਕਿਰਪਾ ਦੇ ਘਰ ਨੂੰ।

ਚੌਪਈ: [1]ਪੂੰਝਦੀ ਹੈ ਅੱਖਾਂ। [2]ਪਵਿੱਤ੍ਰ ਮੁਖ ਦੀ ਕ੍ਰਾਂਤੀ।
ਪੌਛਤਿ ਈਛਨ[1] ਸ੍ਰਿਛਾਂਨਨ ਛਬਿ[2]।
ਛਕੀ[1] ਮੋਹ ਮੈਂ ਪਿਖਿ ਜਨਨੀ[2] ਤਬ। [1]ਮਗਨ ਹੋ ਗਈ। [2]ਮਾਤਾ।
ਪਸਚਾਤਾਪ[1] ਕਰਤਿ ਚਿਤ ਮਾਂਹੀ। [1]ਪਛੋਤਾਵਾ।
-ਹਮਰੇ ਸਦਨ ਏਕ ਸੁਤ ਆਹੀ ॥੩੧॥
ਬਾਲ ਬੈਸ ਇਹ ਆਪਨ[1] ਪਰ ਕੋ[2]। [1]ਅਪਨਾ। [2]ਪਰਾਇਆ।
ਹਾਨ ਲਾਭ ਨਹਿਂ ਜਾਨਹਿ ਘਰ ਕੋ।
ਵਡੋ ਹੋਇ ਸਮਝਹਿ ਸਭਿ ਰੀਤੀ।
ਅਬ ਡਰਪਾਵਨ ਕੀ ਨਹਿਂ ਨੀਤੀ- ॥੩੨॥
ਉਰ ਵਿਚਾਰ ਕਰਿ ਇਹ ਬਿਧਿ ਮਾਤਾ।
ਤਜਯੋ ਅੰਕ ਤੇ ਹਿਤ ਕਰਿ ਤਾਤਾ[1]। [1]ਪੁੱਤ੍ਰ।
ਖੇਲਨ ਲਗੇ ਬਾਲਿਕਨ ਮਾਂਹੀ।
ਜਿਹਕੇ ਦਰਸ਼ਨ ਦੋਖ ਨ ਸਾਹੀਂ ॥੩੩॥

ਦੋਹਰਾ: [1]ਜੋਤਸ਼ੀ ਦੇ।
ਕਾਲੂ ਲੱਛਨ ਦੇਖਿ ਅਸਿ, ਦੈਵਗ[1] ਵਾਕ ਸੰਭਾਰ।
ਗਿਨਤ ਗਟੀ[1] ਉਰ ਅਟਪਟੀ[2], ਤਿਹ ਕੇ ਗਯੋ ਅਗਾਰ[3] ॥੩੪॥ [1]ਗਿਣਤੀਆਂ ਗਿਣਦਾ। [2]ਉਲਟੀ ਪੁਲਟੀ। [3]ਘਰ।

ਚੌਪਈ:
ਦਿਜ ਕੋ ਦੇਖਿ ਬਦਨ ਤੇ ਬੋਲਯੋ।

'ਭਲੋ ਆਪ ਨੈ ਜੋਤਿਸ਼ ਟੋਲਜੋ।
ਤੁਮਰੋ ਕਹਜੋ ਨ ਫੁਰ ਭਾ[1] ਏਕੂ। [1]ਸੱਚਾ ਨਾ ਹੋਯਾ।
ਬਰਨਨ ਕੀਨੇ ਗੁਨ ਜੁ ਅਨੇਕੂ ॥੩੫॥
ਤਿਹ ਕੇ ਲੱਛਨ ਤੇ ਮੈਂ ਜਾਨੀ।
ਧਨ ਹਾਨੀ ਹੁਇ, ਮਨ ਅਨੁਮਾਨੀ[1]। [1]ਮੈਂ ਵਿਚਾਰੀ ਹੈ।
ਭਲੋ ਛਤਰ ਮੁਝ ਧਾਮ ਫਿਰਾਯੋ।
ਅਗਲੀ ਦੀਨੀ ਵਸਤੁ ਗਵਾਯੋ ॥੩੬॥
ਜੋ ਲੇਵਹਿ ਸੋ ਜਾਇ ਗਵਾਵਹਿ।
ਬੂਝਹਿਂ ਜੇ[1], ਨਹਿਂ ਕਛੂ ਬਤਾਵਹਿ। [1]ਜੇ ਪੁੱਛੀਏ।
ਗਨਨਾ ਗਿਨੀ ਗੁਨੀ[1], ਨਿਰਗੁਨੀ[2]। [1]ਗਿਣਤੀ (ਜੋ) ਗਿਣੀ ਹੈ ਗੁਣਾਂ ਵਾਲੀ, ਅਥਵਾ ਵਿਚਾਰਕੇ। [2]ਉਹ) ਗੁਣ ਰਹਿਤ ਹੋਈ ਹੈ।
ਤੁਮ ਗੁਨਵਾਨ, ਭਨੀ ਅਨਬਨੀ[1] ॥੩੭॥ [1]ਉਲਟੀ।

ਦੋਹਰਾ: [1]ਅਥਵਾ।

ਮਨ ਹਰਖਾਵਨ ਕੇ ਨਮਿਤ, ਮੁਝ ਸੋਂ ਕਿਧੋਂ[1] ਸੁਨਾਇ।
ਗਨਨਾ ਕਰਤੇ ਚੁਕ ਗਏ, ਕਿਧੋਂ ਨ ਜਾਨਜੋ ਜਾਇ' ॥੩੮॥

ਚੌਪਈ:

ਸੁਨਿ ਕਰਿ ਦਿਜਬਰ ਕਾਲੂ ਬਾਨੀ।
ਹੁਤੀ ਅਸ਼ਰਧਾ ਮਹਿਂ ਲਪਟਾਨੀ।
ਤਿਸੁ ਉਰ ਸ਼ਰਧਾ ਦੇਵਨ ਹੇਤੂ।
ਬੋਲਜੋ ਬਚਨ ਬਿੱਪ੍ਰ ਕੁਲਕੇਤੂ ॥੩੯॥
'ਇਕ ਲੱਛਨ ਮੈਂ ਤਬ ਹੀ ਹੇਰਾ[1]। [1]ਵੇਖਿਆ ਸੀ।
ਕਹਜੋ ਨ ਸੋ ਪਿਖਿ ਆਨੰਦ ਤੇਰਾ।
ਪ੍ਰਗਟ ਭਯੋ, ਮੈਂ ਸੋ ਅਬ ਜਾਨਜੋ।
ਜੋ ਤੋ ਸੋ ਨਹਿਂ ਤਬਹਿ ਬਖਾਨਜੋ ॥੪੦॥
ਬਾਲਿਕ ਕੇ ਸਨਬੰਧੀ ਜੇਤੇ।
ਮਹਿਮਾ ਲਖਿ ਨ ਸਕਹਿੰਗੇ ਤੇਤੇ।
ਅਵਰ ਅਨੇਕ ਮਨੁਜ ਵਰੁਸਾਵਹਿਂ[1]। [1]ਲਾਭ ਉਠਾਉਣਗੇ।
ਕੋਇਕ ਸਨਬੰਧੀ ਸੁਖ ਪਾਵਹਿ ॥੪੧॥

| | |
|---|---|
| ਹੋਇ ਤਰੁਨ[1] ਜਬ ਵਧਹਿ ਪ੍ਰਤਾਪਾ। | [1]ਜਵਾਨ। |
| ਜਿਉਂ ਬਾਵਨ ਤ੍ਰੈ ਲੋਕਨ ਮਾਪਾ[1]। | [1]ਜਿਵੇਂ ਬਾਵਨ ਨੇ ਤਿੰਨਾਂ ਲੋਕਾਂ ਨੂੰ ਮਿਣਿਆ ਸੀ (ਇਹ ਵੀ ਜਗਤ ਵਿਚ ਫਿਰੇਗਾ)। |
| ਪੀਰ ਮੀਰ ਮਾਨਹਿੰਗੇ ਆਨਾ। | |
| ਜਿਉਂ ਗੋਕਲ ਮਥੁਰਾ ਭਗਵਾਨਾ[1] ॥੪੨॥ | [1]ਕ੍ਰਿਸ਼ਨ ਜੀ। |
| ਰਾਮਚੰਦ ਸੇ ਗੁਨ ਇਨ ਮਾਹੀ। | |
| ਬ੍ਰਿੱਧ[1] ਹੋਹਿਂ ਤਬ ਲਿਹੁ ਪਤਿਆਹੀ। | [1]ਵਡੇ। |
| ਹੋਇਂ ਅਚਾਰਜ ਬਜਾਸ ਸਮਾਨੇ[†]। | [†]ਪੰਡਤ ਜੀ ਆਪਣੇ ਵਡੇਰਿਆਂ ਨਾਲ ਉਪਮਾਂ ਦੇ ਰਹੇ ਹਨ, ਜੋ ਉਨ੍ਹਾਂ ਦੇ ਵਿਚਾਰ ਵਿਚ ਸਭਿ ਤੋਂ ਉੱਚੀ ਵਡਜਾਈ ਹੈ। |
| ਮਾਨਵ ਧੰਨ, ਜਿ ਮਨ ਕਰਿ ਮਾਨੇਂ ॥੪੩॥ | |

ਦੋਹਰਾ:

| | |
|---|---|
| ਸੁਤ ਪਰ ਸ਼ਰਧਾ ਉਰ ਕਰਹੁ | |
| ਦਰਬ ਪ੍ਰੀਤਿ[1] ਹਰਿ[2] ਕੂਰ[3]। | [1]ਧਨ ਦੀ ਪ੍ਰੀਤ। [2]ਛੱਡ। [3]ਜੋ ਕੂੜੀ ਹੈ। |
| ਪਰਮ ਰੂਪ ਪਰਮਾਤਮਾ | |
| ਚਿਦੰ[1] ਚਰਾਚਰ[2] ਮੂਰ[3]' ॥੪੪॥ | [1]ਚੇਤਨ। [2]ਜੜ ਜੰਗਮ ਦਾ। [3]ਮੁੱਢ (ਹਨ ਗੁਰੂ ਨਾਨਕ ਜੀ)। |

ਚੌਪਈ:

| | |
|---|---|
| ਹਿਤ ਪ੍ਰਦ[1] ਬਿੱਪ੍ਰਹਿ ਕੀ ਬਰਬਾਨੀ[2]। | [1]ਹਿਤ ਦੇਣ ਵਾਲੀ। [2]ਸ੍ਰੇਸ਼ਟ ਬਾਣੀ |
| ਮੁਖ ਬਲ[1] ਅਸੁ[2] ਕਵਿਕਾ[3] ਜਿਵ[4] ਮਾਨੀ। | [1]ਮੁਹਤਾਣੇ। [2]ਘੋੜੇ ਦੀ। [3]ਲਗਾਮ। [4]ਵਾਂਙ। |
| ਅਰਣਵ[1] ਅਮੀ[2] ਕੀਰਤੀ ਦਜਾਲਾ। | [1]ਸਮੁੰਦਰ। [2]ਅੰਮ੍ਰਿਤ ਦੇ (ਵਰਗੀ)। |
| ਦਿਜ ਕੀ ਉਕਤਿ[1] ਸੁ ਮੁਕਤਨ[2] ਮਾਲਾ ॥੪੫॥ | [1]ਬਾਤ ਚੀਤ। [2]ਮੋਤੀਆਂ ਦੀ। |
| ਸਾਕ[1] ਬਣਕ[2] ਜਿਉਂ ਕੀਮਤਿ ਤਾਂਹੀ[3]। | [1]ਸਾਗ। [2]ਵੇਚਣ ਵਾਲਾ। [3]ਤਿਨ੍ਹਾਂ (ਮੋਤੀਆਂ ਦੀ ਮਾਲਾ ਦੀ ਕੀਮਤ ਨਹੀਂ ਜਾਣਦਾ) ਤਿਵੇਂ। |
| ਨਹਿਂ ਜਾਨੀ ਕਾਲੂ ਮਨ ਮਾਂਹੀ। | |
| ਨਿਜ ਨਿਕੇਤ ਕੋ ਪੁਨ ਚਲਿ ਆਯੋ। | |
| ਜਗਤ ਕਾਜ ਹਿਰਦਾ ਬਿਰਮਾਯੋ[1] ॥੪੬॥ | [1]ਪਰਚ ਗਿਆ। |
| ਬਹੁਰੋ ਅਸਤ[1] ਅਹਿਰਪਤਿ[2] ਭਯੋ। | [1]ਛਿਪਿਆ। [2]ਦਿਨ ਦਾ ਪਤੀ, ਸੂਰਜ। |

ਭਈ ਬਿਭਾਵਰ[1] ਗੁਰੁ ਗ੍ਰਿਹ[2] ਅਯੋ।
[1]ਸੰਧਯਾ। [2]ਘਰ।

ਹੇਰਤਿ ਮਾਤ ਰੂਪ ਬਲਿ[1] ਜਾਵਹਿ।
[1]ਬਲਿਹਾਰ।

ਪਾਨ[1] ਆਪਨੇ ਭੋਜ ਖੁਵਾਵਹਿ ॥੪੭॥
[1]ਹੱਥੀਂ।

ਦੋਹਰਾ:
[1]ਦੁੱਧ।

ਪੈ[1] ਪਿਆਇ ਪੁਨ ਮਾਤ ਲੇ
ਸੁਤੀ ਸੁਠ[1] ਪਰਯੰਕ[2]।
[1]ਸੁਹਣੇ। [2]ਪਲੰਘ ਪਰ।

ਪਲਕ[1] ਜੁਟੀ[2] ਸੁੰਦਰ ਬਦਨ
[1]ਅੱਖਾਂ ਦੀਆਂ) ਪਲਕਾਂ। [2]ਜੁੜੀਆਂ।

ਸਦਨਹਿਲਾਦ[1] ਮਯੰਕ[2] ॥੪੮॥
[1]ਆਨੰਦ ਦਾ ਘਰ। [2]ਚੰਦ੍ਰਮਾ।

ਚੌਪਈ:
[1]ਸਵਾ ਪਹਿਰ। [2]ਰਾਤ੍ਰੀ।

ਸਵਾ ਜਾਮ[1] ਜਬ ਰਹੀ ਤ੍ਰਿਜਾਮਾ[2]।
ਜਨਨੀ[1] ਸੁਪਨਾ ਪਿਖ[2] ਅਭਿਰਾਮਾ[3]।
[1]ਮਾਤਾ ਨੇ। [2]ਡਿੱਠਾ। [3]ਸੁੰਦਰ।

ਸੁੰਦਰ ਦੁਤਿ[1] ਬ੍ਰਿੰਦਾਰਕ[2] ਬ੍ਰਿੰਦਾ[3]।
[1]ਸ਼ੋਭਾ ਵਾਲੇ। [2]ਦੇਵਤੇ। [3]ਬਹੁਤਸਾਰੇ।

ਮਿਲ ਕਰਿ ਆਏ ਕਰਤਿ ਅਨੰਦਾ ॥੪੯॥
ਮੰਜਲ[1] ਕੁਸਮਾਂਜੁਲ[2] ਮਲਿਯਾਗਰ[3]।
[1]ਉੱਜਲ। [2]ਫੁੱਲਾਂ ਦੇ ਬੁੱਕ। [3]ਚੰਦਨ

ਕਰ[1] ਕਪੂਰ ਬਰ ਗੰਧਿ[2] ਉਜਾਗਰ[3]।
[1]ਹੱਥ (ਵਿਚ)। [2]ਚੰਗੀ ਖੁਸ਼ਬੋ। [3]ਪ੍ਰਗਟ (ਦੇਵਤਿਆਂ ਨੇ ਛਿੜਕਾਏ)।

ਦੇਖਾ ਏਕ ਸਿੰਘਾਸਨ ਸੁੰਦਰ।
ਸੁਚੇ ਮਾਣਿਕ ਗਚ ਰੁਚਿਰੰਦਰ[1] ॥੫੦॥
[1]ਸੁੱਚੇ ਤੇ ਸੁਹਣੇ ਮਾਣਿਕ ਅੰਦਰ ਜੜੇ ਹਨ।

ਤਾਂ ਪਰ ਹੇਰਾ ਨਿਜ ਸੁਤ ਬੈਸਾ।
ਸ਼ੋਭਾ ਕੋਟ ਕਾਮ ਨਹਿਂ ਤੈਸਾ।
ਨਿਰਜੁਰ[1] ਜਜਹਿਂ[2] ਅੰਜੁਲੀ[3] ਜੋਰੀ।
[1]ਦੇਵਤੇ। [2]ਪੂਜਦੇ ਹਨ। [3]ਹੱਥ ਜੋੜਕੇ।

ਭਨਤਿ ਬਿਨੈ, ਮਨ ਪ੍ਰੀਤ ਨ ਥੋਰੀ ॥੫੧॥

ਦੋਹਰਾ:
[1]ਕਹਿੰਦੇ ਹਨ।

ਉਸਤਤਿ ਉਕਤਹਿਂ[1] ਅਨਿਕ ਬਿਧਿ,
'ਜੈ ਜੈ' ਬਚਨ ਉਚਾਰਿ।
'ਪਾਵਨ ਪਰਮ ਪੁਰਾਤਨੰ, ਪੁਰਖ ਨ ਪਾਰਾਵਾਰ! ॥੫੨॥

ਚੌਪਈ:
[1]ਧਰਤੀ ਨੂੰ। [2]ਆਸਰਾ। [3]ਦੇਣ ਲਈ।

ਧਰ[1] ਅਲੰਬ[2] ਕੇ ਦੇਵਨ ਹੇਤੁ[3]।

ਪ੍ਰਗਟੇ ਸ੍ਰੀ ਬੇਦੀ ਕੁਲਕੇਤੁ !
ਭਗਤਿ ਜਗਤ ਮਧ ਬਿਦਤ[1] ਕਰਨ ਕੋ।
[1]ਪ੍ਰਗਟ।
ਕਲਮਲ[1] ਦੁਸ਼ਟਨ ਦੰਭ[2] ਦਰਨ[3] ਕੋ ॥੫੩॥
[1]ਪਾਪ। [2]ਪਖੰਡ। [3]ਨਾਸ਼ ਕਰਨ।

ਚੌਪਈ:
[1]ਰਾਹ।
ਕਲਿ ਮਹਿਂ ਪਾਵਨ ਪੰਥ[1] ਨਰਨ ਕੋ।
ਪ੍ਰਦ[1] ਸਤਿਸੰਗਤ ਜਗਤ ਤਰਨ ਕੋ।
[1]ਦੇਣ ਲਈ।
ਨਾਮ ਜਪਾਵਨ ਧਯਾਨ ਚਰਨ ਕੋ।
ਭਗਤਨ ਦੁਖ ਹਾ[1] ਜਨਮ ਮਰਨ ਕੋ ॥੫੪॥
[1]ਨਾਸ਼ ਕਰਨ।
ਦੇਨਿ ਆਸਰਾ ਏਕ ਸ਼ਰਨ ਕੋ।
ਕੁਮਤਿ ਕੁਚਾਲ ਕੁਕਰਮ ਹਰਨ ਕੋ।
ਪੀਰ ਮੀਰ ਸਿਧ ਦਰਪ[1] ਛਰਨ ਕੋ[2]।
[1]ਹੰਕਾਰ। [2]ਛੜਨ, ਦੂਰ ਕਰਨ ਨੂੰ।
ਵਾਹਿਗੁਰੂ ਦੇ ਜਾਪ ਰਰਨ[1] ਕੋ’ ॥੫੫॥
[1]ਜਪਾਵਣ ਨੂੰ।

ਦੋਹਰਾ:
[1]ਦੇਵਤੇ। [2]ਮੁਖੋਂ। [3]ਆਖਕੇ।
ਇਹ ਬਿਧਿ ਬਿਬੁਧ[1] ਸੁ ਬਦਨ[2] ਬਦ[3] ਪਦ ਅਰਬਿੰਦ ਮਨਾਇ।
ਗਏ ਆਪਨੇ ਲੋਕ ਕੋ ਜਹਿਂ ਜਹਿਂ ਤੇ ਜੋ ਆਇ ॥੫੬॥

ਚੌਪਈ:
ਅਚਰਜ ਭਈ ਹੇਰਿ ਕਰਿ ਮਾਤਾ।
ਜਾਨੀ ਪਰੈ ਨ ਗਤਿ[1] ਨਿਜ[2] ਤਾਤਾ[3]।
[1]ਗਤੀ, ਹਾਲਤ। [2]ਆਪਣੇ। [3]ਪੁੱਤ੍ਰ ਦੀ।
ਭਯੋ ਰਿਦੇ ਮਹਿਂ ਸੰਭ੍ਰਮ[1] ਜਾਗੀ।
[1]ਸੰਸਾ।
ਸੁਤ ਅਵੈਵ[1] ਸਭਿ ਦੇਖਨਿ ਲਾਗੀ ॥੫੭॥
[1]ਪੁੱਤ੍ਰ ਦੇ ਅੰਗ।
ਚੰਦਨ ਸੋਂ ਚਰਚਤਿ[1] ਹੈਂ ਸਾਰੇ।
[1]ਛਿੜਕੇ ਹੋਏ।
ਬਹੁ ਸੁਗੰਧਿ ਸੋਂ ਜਜੇ[1] ਨਿਹਾਰੇ[2]।
[1]ਪੂਜੇ ਹੋਏ। [2]ਵੇਖੇ।
ਸੰਭ੍ਰਮ[1] ਮਨ, ਨਹਿਂ ਥਿਰਤਾ ਹੋਈ।
[1]ਸੰਸੇ ਵਾਲਾ।
ਕਿਧੌਂ ਸਾਚਿ ਕੈ ਸੁਪਨਾ ਸੋਈ ॥੫੮॥
ਰਿਦੈ ਵਿਚਾਰਤਿ ਆਰਤ[1] ਮਾਤਾ।
[1]ਘਬਰਾਈ।
ਨਿਰਨੈ ਹੋਇ ਨ ਏਕੈ ਬਾਤਾ।

ਸੁਤ ਕੀ ਮਹਿੰਮਾ ਮਨ ਮਹਿਂ ਮਾਨੀ।
-ਇਹ ਅਵਤਾਰ ਸੱਤਿ ਚਿਤ ਜਾਨੀ ॥੫੯॥

ਦੋਹਰਾ:
ਜਿਸਕੇ ਪਦ ਅਰਬਿੰਦ ਕੋ, ਦਿੱਬ[1] ਰੂਪ ਬਹੁ ਆਇ।
ਕਰੀ ਆਪਚਿਤ[1] ਪ੍ਰੀਤ ਸੋਂ, ਬਾਰਬਾਰ[2] ਸਿਰ ਨਾਇ[3] ॥੬੦॥

[1]ਦੇਵਤੇ। [1]ਪੂਜਾ। [ਸੰਸ. ਅਪਚਿਤ। [2]ਘੜੀ ਮੁੜੀ। [3]ਨਿਵਾਕੇ।

ਚੌਪਈ:
ਹੌਂ[1] ਹੇਰੇ[2] ਸੁਪਨੇ ਕੀ ਨਜਾਈਂ[3]।
ਅਬਲੌਂ ਚਰਚਜੋ ਬਿਦਤ[1] ਦਿਸਾਈ-।
ਚਿਤ ਵਿਚਾਰ ਕਰਤਜੋਂ ਪਰਭਾਤੂ।
ਚਢਜੋ ਸੁ ਮਾਰਤੰਡ[1] ਬਖਜਾਤੂ[2] ॥੬੧॥

[1]ਮੈਂ। [2]ਵੇਖੇ ਸੀ। [3]ਸੁਫਨੇ ਵਾਂਗੂੰ। [1]ਪ੍ਰਤੱਖ। [1]ਸੂਰਜ। [2]ਪ੍ਰਗਟ।

ਜਾਨੀ ਨਾਨਕ ਜੀ ਮਨ ਮਾਤਾ।
ਤਾਨ ਦਈ ਤਬ ਮੋਹ ਕਨਾਤਾ।
ਜਾਗੇ ਪੁਨ ਕਰਿਕੈ ਮੁਖ ਰੁਖਾ।
ਕਹੈਂ 'ਮਾਤ! ਦੇ ਭੋਜਨ, ਭੂਖਾ' ॥੬੨॥
ਨਿਸ ਕੀ ਭੂਲੀ ਸਕਲ ਵਿਚਾਰਾ।
ਲਖੀ ਰਿਦੇ -ਸੁਤ ਮੈਂ[1] ਭੁਖਜਾਰਾ[2]-।
ਦਧਿ[1] ਸੋਂ ਅਸਨ[2] ਦੀਨ ਹਿਤ ਖਾਨੇ।
ਜਿਉਂ ਆਗੈ ਜਾਨੈ ਤਿਉਂ ਜਾਨੇ[1] ॥੬੩॥

[1]ਮੇਰਾ। [2]ਭੁੱਖਾ ਹੈ। [1]ਦਹੀਂ। [2]ਭੋਜਨ। [1]ਜਾਣਨ ਲਗੀ।

ਦੋਹਰਾ:
ਅਸਨ ਸਦਨ ਤੇ[1] ਅਚਵ ਕੈ[2],
ਮਿਲੇ ਬਾਲ ਜਹਿਂ ਜਾਲ[1]।
ਪਦ ਨੂਪਰ ਕਟ ਕਿੰਕਨੀ,
ਹੋਵਤਿ ਸ਼ਬਦ ਬਿਸਾਲ ॥੬੪॥

[1]ਘਰੋਂ। [2]ਛਕਕੇ। [1]ਬਹੁਤ ਸਾਰੇ।

ਚੌਪਈ:
ਬਿਚਰਹਿਂ ਖੇਲਨ ਮਹਿਂ ਅਨੁਰਾਗੇ।
ਭਾਗੇ ਭਾਗਹਿਂ ਬਾਲ ਸਭਾਗੇ[1]।

[1]ਜੇ ਗੁਰੂ ਜੀ ਭੱਜਣ ਤਾਂ ਭਾਗਾਂ ਵਾਲੇ ਬਾਲ ਵੀ ਭੱਜਦੇ ਹਨ।

ਥਿਰ ਹੋਵਤਿ, ਥਿਤ ਹੋਵਹਿਂ ਸਾਰੇ।
ਬੈਸਹਿਂ, ਬੈਸ ਜਾਇਂ ਇਕਬਾਰੇ ॥੬੫॥

ਨਾਨਕ ਆਨਨ[1] ਭਨਹਿਂ ਕਹਾਨੀ। — [1]ਮੁਖੋਂ।
ਭਗਤਿ ਬਿਰਾਗ ਵਿਖੈ ਜੋ ਸਾਨੀ[1]। — [1]ਮਿਲੀ ਹੋਈ।
ਸ੍ਰਵਣ[1] ਮਨਨ[2] ਕਰਿਹਹਿਂ ਨਿੰਧਜਾਸਾ[3]। — [1]ਸੁਣਨ। [2]ਵਿਚਾਰਨ। [3]ਧਾਰਨ ਕਰਦੇ ਹਨ।
ਪੁਨ ਸੁਨਨੇ ਕੀ ਵਧਹਿ ਪਿਆਸਾ ॥੬੬॥

ਗਿਰਾ[1] ਸੁਗੰਧਿ ਬਦਨ ਅਰਬਿੰਦਾ। — [1]ਬਾਣੀ।
ਜੁਗਤਿ[1] ਯੁਕਤਿ[2] ਸੁੰਦਰ ਮਕਰੰਦਾ[3]। — [1]ਜੁਗਤੀਆਂ ਦੇ। [2]ਸਹਿਤ। [3]ਸੁਹਣਾਂ ਰਸ।
ਬਾਲ ਬ੍ਰਿੰਦ[1] ਸਮਭਏ ਮਲਿੰਦਾ[2]। — [1]ਸਾਰੇ ਬਾਲ। [2]ਭੌਰੇ ਵਤ ਹੋਏ।
ਸ੍ਰਵਨ[1] ਪ[2] ਕਰਹਿਂ[3], ਅਗਾਤ ਅਨੰਦਾ[4] ॥੬੭॥ — [1]ਕੰਨਾਂ ਨਾਲ। [2]ਪੀਵਣਾਂ। [3]ਕਰਦੇ ਹਨ। [4]ਪ੍ਰਾਪਤ ਹੁੰਦਾ ਹੈ ਅਨੰਦ।

ਦੋਹਰਾ:

ਆਵਤਿ ਜਾਵਤਿ ਮਨੁਜ ਕੋ[1], — [1]ਕੋਈ।
ਸੁਨਤਿ ਠਾਢ[1] ਹੁਇ ਜਾਇ। — [1]ਖੜਾ।
ਪੰਡਤ ਸੇ ਮਧੁਰੇ[1] ਲਗਹਿਂ, — [1]ਮਿੱਠੇ।
ਕੀਰਤਿ ਬਦਨ ਅਲਾਇਂ ॥੬੮॥

ਚੌਪਈ:

'ਇਹ ਬਾਲਿਕ ਕੈਸੇ ਬਚ ਬੋਲਹਿ।
ਬਾਲ ਬੈਸ ਹੈ ਬੋਲ ਅਮੋਲਹਿ।'
ਚੰਦ ਬਦਨ[1] ਤੇ ਸੁਧਾ[2] ਸਮਾਨੀ। — [1]ਚੰਦ ਮੁਖ ਤੋਂ। [2]ਅੰਮ੍ਰਿਤ।
ਸ੍ਰੁਤ ਦਰ ਪਾਨਦ[1] ਬੋਲਤਿ ਬਾਨੀ ॥੬੯॥ — [1]ਕੰਨਾਂ ਰਾਹੀਂ ਪੀਂਦੇ ਹਨ।

ਲਗੀ ਸਿਸੁਨ ਕੀ[1] ਪ੍ਰੀਤਿ ਘਨੇਰੀ। — [1]ਬਾਲਕਾਂ ਦੀ।
ਸੰਗ ਨ ਤਜਹਿਂ ਰਹਹਿਂ ਮੁਖ ਹੇਰੀ[1]। — [1]ਵੇਖਦੇ।
ਸਦਨ ਆਇਂ ਜਬ ਦੀਨਾ ਨਾਥੂ।
ਸਿਸੁ ਨਹਿਂ ਤਜਹਿਂ ਰਹਹਿਂ ਹਿਤ ਸਾਥੂ ॥੭੦॥

ਬਾਹਰ ਚਲਤਜੋਂ ਸੰਗ ਸਿਧਾਰਹਿਂ।
ਇਸ ਬਿਧਿ ਨਿਤਪ੍ਰਤਿ ਸੁਖਦ ਬਿਹਾਰਹਿਂ[1]। — [1]ਵਿਚਰਦੇ ਹਨ।

ਸ੍ਵੱਛ[1] ਬੱਛ[2]੧ ਛੇਮੋਚਿਤ[3] ਬਾਲਾ[4]।

[1]ਪਵਿੱਤ੍ਰ। [2]ਮਨ ਵਾਲੇ। [3]ਮੁਕਤੀ ਲਾਇਕ। [4]ਬਾਲਕੇ।

ਕਰੇ ਕਿਤੇ ਜੋ, ਦੀਨ ਦਯਾਲਾ† ॥੨੧॥

†ਭਾਵ ਦੀਨ ਦਿਆਲ ਸਤਿਗੁਰ ਨੇ ਕਈ ਬਾਲਕੇ ਮਕਤੀ ਦੇ ਲਾਇਕ ਕਰ ਦਿੱਤੇ।

ਦੋਹਰਾ:

ਲੀਲਾ ਬਾਲਿਕ ਖੇਲ ਕੀ, ਸਲੰਕਾਰ[1] ਸਬਿਲਾਸ† ॥

[1]ਅਲੰਕਾਰਾਂ ਸਹਿਤ। †ਪਾਠਾਂਤ੍ਰ ਹੈ-ਸਹਿ ਅਲੰਕਾਰ ਬਿਲਾਸ।

ਜੋ ਸਿਖ ਧਰਿਹੀ ਧ੍ਯਾਨ ਕੋ, ਦੇਂ ਸਤਿਗੁਰੁ ਸੁਖ ਰਾਸ[1] ॥੨੨॥

[1]ਸਾਰੇ ਸੁਖ। (ਅ) ਸੁਖਾਂ ਦੀ ਰਾਸ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲਕ ਲੀਲਾ' ਬਰਨਨੰ ਨਾਮ ਪੰਚਮੋ ਅਧ੍ਯਾਯ ॥੫॥

## ੬. [ਗੋਪਾਲ ਪਾਂਧੇ ਪ੍ਰਤਿ ਉਪਦੇਸ਼]

੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੭

{ਪਾਂਧੇ ਪਾਸ ਜਾਣ ਦਾ ਦ੍ਰਿਸ਼} ॥੫॥

{ਗੋਪਾਲ ਪਾਂਧੇ ਪ੍ਰਤਿ ਉਪਦੇਸ਼} ॥੧੨..॥

ਸੈਯਾ:

**ਸੁੰਦਰ ਸ੍ਰੀ ਅਰਬਿੰਦ ਬਨੀ, ਗੁਰੁ ਕੀਰਤਿ ਆਨੰਦ ਬ੍ਰਿੰਦ ਜਈ।**

ਅਰਬਿੰਦ=ਕਮਲ। ਬਨੀ=ਫਬ ਰਹੀ ਹੈ, ਬਨ ਬਨ ਪੈ ਰਹੀ ਹੈ, (ਅ) ਬਨੀ=ਬਗੀਚੀ, ਬਾਟਿਕਾ। ਅਰਬਿੰਦ ਬਨੀ=ਕਮਲਾਂ ਦੀ ਬਗੀਚੀ। ਆਨੰਦ ਬ੍ਰਿੰਦ ਜਈ=ਬਿੰਦ ਆਨੰਦ ਜਈ-ਬਹੁਤੇ ਆਨੰਦ ਉਤਪਤ ਕਰਨ ਵਾਲੀ ਹੈ। ਭਾਵ-ਜਿਸ ਨੂੰ ਦੇਖਿਆਂ ਦਿਲ ਖੁਸ਼ ਹੋਵੇ।

**ਮੰਜੁਲ ਰੂਪ ਮਰਾਲਨਿ ਉੱਜਲ, ਸਾਰਦ ਸ਼ੋਭਤਿ ਨਿੰਤ ਨਈ।**

ਮੰਜੁਲ=ਮਨ ਨੂੰ ਭਾਉਣ ਵਾਲਾ, ਪਸੰਦੀਦਾ, ਉੱਜਲ। ਮਰਾਲ=ਇਕ ਪ੍ਰਕਾਰ ਦੀ ਬੱਤਖ਼, (ਅ) ਹੰਸ।ਮਰਾਲ ਦਾ ਬਹੁ ਵਚਨ ਹੈ ਮਰਾਲਨ। ਪਰ ਮਰਾਲਨਿ ਦੇ ਨੰਨੇ ਨੂੰ ਸਿਆਰੀ ਹੋਣ ਕਰਕੇ ਪਦ ‘ਮਰਾਲਨਿ’ ਦਾ ਅਰਥ ਹੰਸਨੀਆਂ ਬੀ ਕਰਦੇ ਹਨ। ਸਾਰਦ=ਸ਼ਾਰਦਾ, ਸਰਸ੍ਵਤੀ, ਵਿਦਯਾ ਦੀ ਦੇਵੀ, ਉਸ ਨੂੰ ਕਵੀਆਂ ਨੇ ਉੱਜਲ ਤੇ ਸ਼ੋਭਾ ਵਾਲੀ ਅਤਿ ਸੁੰਦਰ ਮੰਨਿਆ ਹੈ।

**ਜੇ ਗੁਨ ਗ੍ਰਾਹਿ ਗੁਨੀ ਅਲਿ ਕੰਦਲ, ਪ੍ਰੀਤਿ ਸੁਗੰਧਿ ਕੀ ਚੀਤ ਭਈ।**

ਅਲਿ=ਭੌਰੇ।ਕੰਦਲ=ਕੰਦਲ ਦਾ ਅਰਥ-ਸਮੂਹ ਕਰਦੇ ਹਨ। ਪਰੰਤੂ ਕੰਦਲ ਨਾਮ ਹੈ ਸੋਨੇ ਦਾ, ਨਵੇਂ ਫੁੱਟੇ ਸ਼ਗੂਫੇ ਦਾ, ਜਿਸ ਨੂੰ ਫੁਲ ਪੈਣ। ਇਸ ਤੋਂ ਕੰਦਲ ਦੀ ਮੁਰਾਦ ਬੀ ਪਿੱਛੇ ਕਹੀ ਉੱਜਲਤਾ, ਸੁੰਦਰਤਾ, ਸ਼ੋਭਾ ਵਾਂਙੂ ਖੇੜੇ ਯਾ ਬਿਕਾਸ ਤੋਂ ਹੈ, ਤੇ ਵਿਸ਼ੇਸ਼ਣ ਹੈ ਗੁਣੀ ਜਨਾਂ ਦਾ ਜਿਨ੍ਹਾਂ ਦਾ ਦਿਲ ਯਾ ਮਸਤਕ ਖਿੜੇ ਹੋਏ ਹਨ। ਜੀਕੂੰ ਭੌਰਾ ਫੁੱਲਾਂ ਤੇ ਖੁਸ਼ ਤੇ ਖਿੜੇ ਦਿਲ ਗੁੰਜਾਰ ਕਰਦਾ ਫਿਰਦਾ ਹੈ।

**ਜਾਚਤਿ ਹੌਂ ਕਰ ਜੋਰਿ ਨਿਹੋਰਤਿ, ਮਾਨਸ ਮੇਰੇ ਮੋਂ ਹੋਂ ਥਿਰਈ ॥੧॥**

ਕਰ ਜੋਰਿ=ਹੱਥ ਜੋੜ ਕੇ। ਨਿਹੋਰਤਿ=ਬੇਨਤੀ, ਤਰਲਾ, ਮਿੰਨਤ। ਮਾਨਸ=ਮਨ। ਮੋਂ=ਵਿੱਚ। ਥਿਰਈ=ਥਿਰ ਹੋ, ਟਿਕੋ, ਇਸਥਿਤ ਹੋ।

ਅਰਥ:

(ਸ੍ਰੀ) ਗੁਰੂ ਜੀ ਦੀ ਸ੍ਰੀ ਕੀਰਤੀ ਬਹੁਤੇ ਆਨੰਦ ਨੂੰ ਉਪਜਾਉਣ ਵਾਲੀ ਅਪਣੀ ਸੁੰਦਰਤਾ (ਵਿੱਚ) ਕਮਲਾਂ (ਵਾਙੂ) ਫਬ ਰਹੀ ਹੈ।

(ਹਾਂ ਉਹ ਅਪਣੀ) ਮੰਜਲ-ਰੂਪਤਾ (ਵਿੱਚ) ਹੰਸਾਂ (ਵਾਂਙੂ) ਉੱਜਲ (ਅਤੇ ਆਪਣੀ ਸ਼ੋਭਾ ਵਿਚ) ਸ਼ਾਰਦਾ (ਵਾਂਙੂ) ਨਿਤ ਨਵੀਂ (ਤੋਂ ਨਵੀਂ) ਸ਼ੋਭਾ ਦੇ ਰਹੀ ਹੈ।

(ਇਹ ਸੁੰਦਰਤਾ, ਉੱਜਲਤਾ, ਸ਼ੋਭਾ ਦੇਖ ਕੇ) ਜਿਹੜੇ ਭੌਰਿਆਂ (ਸਮਾਨ) ਗੁਣਾਂ ਨੂੰ ਗ੍ਰਹਣ ਕਰਨ ਵਾਲੇ ਸਮੂਹ ਗੁਣੀ ਜਨ (ਹਨ, ਉਨ੍ਹਾਂ ਦੇ) ਚਿੱਤ ਵਿਚ (ਸਦਾ) ਸੁਗੰਧੀ ਲੈਣ ਦੀ ਪ੍ਰੀਤ (ਉਦਿਤ) ਹੋ ਰਹੀ ਹੈ।

(ਉਨ੍ਹਾਂ ਨੂੰ ਵੇਖ ਕੇ) ਮੈਂ (ਬੀ) ਹੱਥ ਜੋੜਕੇ ਤੇ ਤਰਲੇ ਕਰਦਾ ਹੋਇਆ ਮੰਗਦਾ ਹਾਂ (ਕਿ ਸ੍ਰੀ ਗੁਰੂ ਜੀ ਦੀ ਸੁੰਦਰ, ਉੱਜਲ, ਨਿਤ ਨਵੀਂ, ਸ਼ੋਭਾ ਵਾਲੀ ਕੀਰਤੀ ਦੀ ਸੁਗੰਧੀ ਲੈਣ ਦੀ ਪ੍ਰੀਤਿ) ਮੇਰੇ ਮਨ ਵਿਚ ਬੀ ਇਸਥਿਤ ਹੋ ਜਾਵੇ।

ਭਾਵ:

ਜੇਕਰ ਪਹਿਲੀ ਤੁਕ ਵਿਚ ਬਨੀ ਦਾ ਅਰਥ ਬਗੀਚੀ ਕਰੀਏ, ਤਦ ਅੰਤਲੀ ਤੁਕ ਦਾ ਅਰਥ ਐਉਂ ਢੁੱਕੇਗਾ:- ਮੈਂ ਹੱਥ ਜੋੜਕੇ ਤਰਲੇ ਕਰਦਾ ਹੋਇਆ ਮੰਗਦਾ ਹਾਂ (ਕਿ ਉਹ ਗੁਰ ਕੀਰਤੀ

ਰੂਪੀ ਕਮਲਾਂ ਦੀ ਸੁੰਦਰ ਫੁਲਵਾੜੀ ਜੋ ਬਹੁਤੇ ਆਨੰਦ ਦੇ ਉਪਜਾਉਣ ਵਾਲੀ ਹੈ) ਮੇਰੇ ਮਨ ਵਿਚ ਇਸਥਿਤ ਹੋਵੇ, (ਭਾਵ ਪ੍ਰਫੁੱਲਤ ਹੋਵੇ)।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚਿੱਤ੍ਰਪਦਾ ਛੰਦ:

| | |
|---|---|
| ਯਾ ਬਿਧਿ ਖੇਲਤਿ ਬਾਲਿਕ ਸੋਂ ਮਿਲਿ | |
| ਬੋਲਤਿ ਬੋਲ ਬਿਲਾਸ ਬਿਸਾਲ[1]। | [1]ਬੜੇ। |
| ਭੁਖਿਤਿ[1†] ਭੂਖਨ[2] ਸੋਂ ਬਿਨ ਦੂਖਨ | [1]ਸਜ ਰਹੇ ਹਨ। [2]ਗਹਿਣਿਆਂ ਨਾਲ। [†]ਪਾਠਾਂਤ੍ਰ- ਭੂਪਨ ਭਖਨ। |
| ਖੋਤਿ ਕਲੁਖਨਿ[1] ਦੀਨ ਦਇਆਲ। | [1]ਪਾਪਾਂ ਨੂੰ ਨਾਸ਼ ਕਰਦੇ ਹਨ। |
| ਭੂਰ ਬਿਦੂਖ ਬਿਦੂਖਨ ਮੈਂ[1] | [1]ਭਾਰੇ ਪੰਡਤਾਂ ਵਿਚ ਪੰਡਿਤ। |
| ਤਰ ਰੂਖਨ ਕੇ[1] ਕਬਿ ਰਾਜਤਿ[2] ਸਾਲ[3]। | [1]ਤਲੇ ਰੁੱਖਾਂ ਦੇ। [2]ਬਿਰਾਜਦੇ ਹਨ ਕਦੇ। [3]ਤੇ (ਕਦੇ) ਘਰ ਵਿਚ। |
| ਬਾਲ ਰਹੇ ਅਲਬਾਲਤਿ[1] ਜਾਲ[2] | [1]ਚੌਫੇਰੇ ਵੇਹੜੇ ਰਹੇ। [2]ਸਾਰੇ। |
| ਬਿਲੋਕਤਿ[1] ਲੋਚਨ[2]ਹੋਤਿ ਨਿਹਾਲ ॥੨॥ | [1]ਵੇਖਕੇ। [2]ਅੱਖਾਂ ਨਾਲ। |

ਮਰਹਰੀ ਛੰਦ:

| | |
|---|---|
| ਹੇਰਤਿ ਸੁਤ ਕਾਲੁ, ਹਰਖ ਬਿਸਾਲੂ; | |
| ਪਢਨੋਚਿਤ[1] ਮਨ ਜਾਨਿ। | [1]ਪੜ੍ਹਨ ਦੇ ਯੋਗ। |
| -ਹਮ ਕਾਜ ਵਿਸ਼ੇਖਾ, ਸੀਖਹਿ ਲੇਖਾ; | |
| ਬੈਸ[1] ਅਬਹਿ ਪਹਿਚਾਨ। | [1]ਉਮਰ। |
| ਕਾਰੰ ਪਟਵਾਰੀ, ਗ੍ਰਾਮਹਿ ਸਾਰੀ; | |
| ਕਰਨੋ- ਚਿਤ[1] ਤਬ ਹੋਇ। | [1]ਕਰਨੇ ਦੇ ਲਾਇਕ। |
| ਪਾਂਧੇ ਪਹਿ ਬੈਸੇ, ਹੋ ਮਮ[1] ਜੈਸੇ; | [1]ਮੇਰੇ। |
| ਸੰਖਯਾ[1] ਨਿਪੁਨੰ[2] ਸੋਇ ॥੩॥ | [1]ਗਿਨਤੀ, ਯਾ ਲੇਖੇ ਵਿਚ। [2]ਚਤੁਰ। |
| ਬਹੁ ਗੁਨੀ ਅਲਾਵਹਿਂ[1], 'ਸੁਤ ਨ ਪਢਾਵਹਿ; | [1]ਆਖਦੇ ਹਨ। |
| ਸੋ ਸ਼ਤਰੂ[1] ਸਮ[2] ਤਾਤ[3]। | [1]ਦੁਸ਼ਮਨ। [2]ਬਰੋਬਰ ਹੈ। [3]ਪਿਤਾ। |
| ਸ਼ੋਭਾ ਨਹਿਂ ਪਾਵਹਿ, ਮਤਿ ਨਹਿਂ ਆਵਹਿ[1]; | [1]ਉਸ ਬਚੇ ਨੂੰ ਜੋ ਨਾ ਪੜ੍ਹੇ) ਬੁੱਧਿ ਨਹੀਂ ਆਉਂਦੀ। |
| 'ਜਗ ਮੈਂ ਇਹ ਬਖਜਾਤ[1]। | [1]ਪ੍ਰਗਟ ਹੈ। |
| ਨਹਿਂ ਦਰਬ[1] ਖਟਾਊ, ਭੋਰ[2] ਸੁਭਾਊ | [1]ਧਨ। [2]ਭੋਲਾ। |
| ਸਮਝ ਨ ਕੋ[1] ਬਿਧਿ[2] ਸੋਇ-। | [1]ਕਿਸੀ। [2]ਤਰ੍ਹਾਂ ਦੀ |
| ਇਉਂ ਰਿਦੈ ਵਿਚਾਰਾ -ਕਲ ਭੁਨਸਾਰਾ[1] | [1]ਸਵੇਰੇ। |

ਲੇ ਜਾਵੋਂ ਸੁਤ ਕੋਇ[1]- ॥੪॥ — [1]ਪੁੱਤ੍ਰ ਨੂੰ।
ਜਬ ਭੀ ਪਰਭਾਤਾ, ਲੇ ਕਰਿ ਤਾਤਾ[2];
ਚਲਨੇ ਭਯੋ ਤਯਾਰ।
ਅੱਛਤ[1] ਭਰਿ ਥਾਰੀ[2], ਬਹੁਰ[3] ਸੁਪਾਰੀ; — [1]ਚਾਵਲਾਂ ਦੀ। [2]ਥਾਲੀ ਭਰਕੇ। [3]ਹੋਰ।
ਲੀਨੀ ਕਰ[1] ਮਹਿਂ ਧਾਰਿ। — [1]ਹੱਥ।
ਪਟ[1] ਨਵ[2] ਪਹਿਰਾਏ, ਸੁਭਗ[3] ਸੁਹਾਏ; — [1]ਕਪੜੇ। [2]ਨਵੇਂ। [3]ਸੁਹਣੇ।
ਚਲੵੋ ਤਾਤ ਸੰਗ ਤਾਤ[1]। — [1]ਪਿਤਾ ਨਾਲ ਪੁੱਤ੍ਰ।
ਗਤਿ[1] ਚੰਚਲ ਚਾਰੀ[2], ਗਜ ਸੁਤ ਵਾਰੀ[3]; — [1]ਟੋਰ। [2]ਸੁੰਦਰ। [3]ਹਾਥੀ ਦੇ ਪੁੱਤ੍ਰ ਵਾਲੀ।
ਹੇਰਤਿ[1] ਹਰਖਤਿ ਮਾਤ ॥੫॥ — [1]ਵੇਖਕੇ।

ਸੈ੍ਯਾ: — [1]ਕਵਲ। [2]ਵਰਗੇ। [3]ਚਰਣ।
ਜਲ ਜਾਤ[1] ਸੇ[2] ਹੈਂ ਪਦ[3] ਜਾਤਿ ਚਲੇ
ਗਹਿ[1] ਤਾਤ[2] ਕਰਾਂਗੁਰਿ[3] ਹਾਥ ਉਚਾਈ[4]। — [1]ਫੜਕੇ। [2]ਪਿਤਾ ਦੇ। [3]ਹੱਥ ਦੀ ਅੰਗੁਲੀ। [4]ਹਥ ਵਿਚ ਫੜਕੇ।
{ਪਾਂਧੇ ਪਾਸ ਜਾਣ ਦਾ ਦ੍ਰਿਸ਼}
ਕਰ[1] ਕੰਕਨ[2] ਸੋਂ ਕਟ[3] ਕਿੰਕਨਿ[4] ਹੈ — [1]ਹੱਥ। [2]ਕੜੇ। [3]ਲੱਕ। [4]ਤੜਾਗੀ।
ਕਲ[1] ਕੁੰਡਲ ਲੋਲ[2] ਕਪੋਲਨ[3] ਝਾਈ[4]। — [1]ਸੁੰਦਰ। [2]ਚੰਚਲ, ਲਟਕਦੇ। [3]ਗਲ੍ਹਾਂ ਪਰ। [4]ਝਲਕਾਰ, ਛਾਯਾ।
ਦਲ ਲੋਚਨ ਕੰਜ[1] ਬਿਸਾਲ[2] ਭਲੇ — [1]ਨੇਤ੍ਰ ਕਵਲ ਦੇ ਪਤੇ ਵਤ। [2]ਚੌੜੇ।
ਸਿਰ ਪੈ ਉਸ਼ਨੀਕਹਿ[1] ਨੀਕ ਬਨ੍ਹਾਈ। — [1]ਪਗੜੀ।
ਚਟਸਾਰ[1] ਜਹਾਂ ਅਤਿ ਚਾਰੁ[2] ਬਨੀ — [1]ਪਾਠਸ਼ਾਲਾ। [2]ਸੁੰਦਰ।
ਬਹੁ ਬਾਰਿਕ ਬਾਰਹਿ ਬਾਰ ਅਲਾਈ[1] ॥੬॥ — [1]ਪੜ੍ਹ ਰਹੇ ਹਨ।

ਦੋਹਰਾ: — [1]ਸੁਖਦਾਤੇ।
ਬੈਸੇ ਪਾਧੇ ਪਾਸ ਤਬ, ਸ੍ਰੀ ਨਾਨਕ ਸੁਖ ਕੰਦ[1]।
ਬਾਰਿਕ ਰਵਿ[1] ਸਾ[2] ਹੇਰਿ ਕਰਿ[3], ਜਨੁ[4] ਅਰਬਿੰਦੁ[5] ਅਨੰਦ ॥੭॥ — [1]ਸੂਰਜ। [2]ਵਰਗਾ। [3]ਵੇਖਕੇ। [4]ਮਾਨੋਂ। [5]ਕਵਲ। [6]ਪੁੱਤ।

ਕਬਿੱਤ:
ਕਾਲੂ ਕਹੇ 'ਪਾਧਾ! ਸੁਨਿ ਨਾਨਕ ਹਮਾਰੋ ਸੂਨ[6]
ਯਾ ਕੋ ਤੂੰ ਪਢਾਇ ਗੁਨ ਦੀਜੈ ਨਿਜ ਹੇਤ ਸੋ[1]। — [1]ਪਿਆਰ ਨਾਲ।

| | |
|---|---|
| ਦੇਉਂ ਮੈਂ ਉਪਾਇਨ[1] ਗੁਨਾਇਨ[2] ਸੋ ਹੋਇ ਜਬ | [1]ਭੇਟਾ। [2]ਗੁਣਾਂ ਦਾ ਘਰ। |
| ਏਕ ਦੇਉ ਹਾਇਨ ਮੈਂ[1] ਕੀਜਿਯੈ ਸੁਚੇਤ ਸੋਂ।' | [1]ਇਕ ਦੋ ਬਰਸਾਂ ਵਿਚ। |
| ਐਸੇ ਮੁਖ ਭਾਖਿ[1] 'ਅਭਿਲਾਖ ਹੈ ਪਢਾਵਬੇ ਕੀ' | [1]ਆਖ ਕੇ। |
| ਸੌਂਪ ਕਰਿ ਆਤਮਜ[1] ਗਵਨਯੋ[2] ਨਿਕੇਤ ਸੋ[†]। | [1]ਪੁੱਤ੍ਰ ਸੌਂਪਕੇ। [2]ਚਲਾ ਗਿਆ। [†]ਪਾਠਾਂਤ੍ਰ-ਸੰਕੇਤ ਸੋਂ-ਬੀ ਹੈ। |
| ਪਾਧੇ ਅਹਿਲਾਦ ਕੈ[1] ਮਹੂਰਤ ਕੋ ਸਾਧਿ ਕੈ[2] | [1]ਖੁਸ਼ ਹੋ ਕੇ। [2]ਸੋਧ ਕੇ। |
| ਸਰੱਸ੍ਵਤੀ ਅਰਾਧਿ ਕੈ ਜੋ ਸਬੈ ਮਤਿ ਦੇਤਿ ਸੋ ॥੮॥ | |
| ਸੰਖ੍ਯਾ[1] ਕੋ ਜੋ ਆਦਿ[2] ਸੋ ਸਿਖਾਵਨ ਕੀ ਸੀਖ ਦੇਤਿ | [1]ਗਿਣਤੀ। [2]ਮੁੱਢ। |
| ਸੰਖ੍ਯਾ ਤੇ ਅਸੰਖ[1] ਤਾਂ ਕੋ ਸੰਖ੍ਯਾ ਕੋ ਸਿਖਾਵਈ। | [1]ਗਿਣਤੀ ਰਹਿਤ। |
| ਜਨਕ[1] ਬਿਸਾਇ ਗਯੋ[2] ਤਾਂ ਤੇ ਤਿਹ ਮਾਨ ਕਹ੍ਯੋ | [1]ਪਿਤਾ। [2]ਬੈਠਾਇ ਗਿਆ। |
| ਪਢੈਂ ਆਨੁ ਬਾਕ[1] ਜੈਸੇ ਪਾਂਧਾ ਸੋ ਪਢਾਵਈ। | [1]ਪਿਛੇ ਪਿਛੇ ਪੜ੍ਹੀ ਜਾਣਾ। |
| ਜਾਨੁ ਮਤਿਵਾਨ ਅੱਪ੍ਰਮਾਨ ਹਰਖਾਨ[1] ਮਨ | [1]ਖੁਸ਼ ਹੋਇਆ। |
| ਕੀਨੋ ਅਨੁਮਾਨ -ਇਹ ਦੇਰਿ ਨ ਲਗਾਵਈ। | |
| ਪਢੈ ਤਾਤਕਾਲ ਧਨ ਪਾਇ ਹੌਂ ਬਿਸਾਲ | |
| ਬਾਲ ਭਲੋ ਮਤਿਸਾਲ[1] ਤੁੱਲ ਯਾਂਕੀ ਕੋ ਨ ਪਾਵਈ- ॥੯॥ | [1]ਅਕਲ ਦਾ ਘਰ। |
| ਇੱਕ ਦਿਨ ਸਾਰੋ ਪਢ੍ਯੋ ਪਾਧੇ ਜੋ ਉਚਾਰੇ ਬੈਨ | |
| ਸੰਝ ਭਈ ਐਨ ਆਇ ਅਜਰ[1] ਸੁਹਾਯੋ ਹੈ। | [1]ਵਿਹੜੇ। |
| ਹੇਰਿ ਹਰਖਾਇ ਮਾਇ ਅੰਕ[1] ਮੈਂ ਬਸਾਇ | [1]ਗੋਦੀ। |

ਲਏ
ਬੂਝਤੋ 'ਪਢਯੋ ਕੈਸੇ?' ਪੈੜਾ[1] ਆਨਨ ਅਲਾਯੋ ਹੈ। [1]ਪਹਾੜਾ।
ਖਾਇ ਅੰਨ ਰੈਨ ਪੁਨ ਕੀਨੀ ਸੁਖ ਸੈਨ ਤਬ
ਜਾਂ ਕੋ ਕਬ ਭੈ ਨ, ਹੇਰੇ ਚੈਨ ਮਨ ਭਾਯੋ ਹੈ।
ਭਈ ਜਬ ਭੋਰ[1] ਕਾਲੁ ਲੈ ਕੇ ਪਾਂਧੇ ਓਰ ਗਯੋ [1]ਸਵੇਰ।
ਸੁਨੀ ਨੁਤਿ[1] ਗੌਰ[2] ਤਾਤ[3] ਰਿਦੈ ਹਰਿਖਾਯੋ ਹੈ ॥੧੦॥ [1]ਉਸਤਤੀ। [2]ਬੜੀ। [3]ਪਿਤਾ।
ਪਾਂਧੇ ਨੇ ਹਕਾਰ ਲੀਨ[1] ਬਾਲਨ ਤੇ ਜੁਦਾ ਕੀਨ [1]ਬੁਲਾ ਲਿਆ।
ਲੇਖੇ ਹੂੰ ਕੀ ਸੀਖ ਦੀਨਿ ਨਾਨਕ ਸੁਜਾਨ ਕੋ।
ਤੂਸ਼ਨੀਕ[1] ਭਏ, ਪਾਧਾ ਬਾਰ ਬਾਰ ਕਹੇ ਬਚ [1]ਗੁਰੂ ਜੀ) ਚੁੱਪ ਹੋ ਗਏ।
'ਕੈਸੇ ਤੂੰ ਨ ਬੋਲੈਂ ਅਜ? ਸੁਨੈਂ ਦੇ ਨ ਕਾਨ[1] ਕੋ। [1]ਕੰਨ।
ਭਲੀ ਬਿਧਿ ਕਾਲ[1] ਪੈੜੇ[੬] ਪਢਤੋ ਤੂੰ ਬਿਸਾਲ ਸਭਿ [1]ਕੱਲ।
ਤੈਸੇ ਅਬ ਪਢੋ ਹੇਰੋ ਔਰ ਲਰਕਾਨ ਕੋ।
ਹੋਵੈਂ ਵਡੋ ਜਬ, ਪਢਤੋ ਕਾਜ ਆਵੈ ਤਬ
ਅਬ ਖੇਲਨ ਮੈਂ ਜੀਉ ਤੇਰੋ ਖਾਇੰ ਛੂਛਕਾਨ[1] ਕੋ' ॥੧੧॥ [1]ਸੋਟੀਆਂ।

ਮਰਹਰੀ ਛੰਦ:
ਸੁਨਿ ਸ਼੍ਰੌਨਨ[1] ਬੈਨਾ, ਅਨੁਕੰਪੈਨਾ[2] [1]ਕੰਨੀਂ। [2]ਕ੍ਰਿਪਾਲੂ।
ਬਾਨੀ ਭਨੀ ਰਸਾਲ[1]। [1]ਸੁੰਦਰ।

{ਗੋਪਾਲ ਪਾਂਧੇ ਪ੍ਰਤਿ ਉਪਦੇਸ਼}

'ਕਹਾ ਆਪ ਪਢੇ ਤੁਮ, ਕਰਿਹੋ ਨਿਜ ਸਮ[1] [1]ਆਪਣੇ ਵਰਗਾ।
ਕੈ ਲਾਹਾ ਲੈ ਸਾਲ[1]? [1]ਸ੍ਰੇਸ਼ਟ।

ਸੇਮੁਖੀ[1] ਵਿਸ਼ੇਖਾ[2], ਕੋ ਭਲ ਲੇਖਾ? — [1]ਬੁਧੀਵਾਨਾਂ ਲਈ। [2]ਬਹੁਤ।
ਪਾਂਧਾ! ਮੋਹਿ ਬਤਾਇ।
ਇਉਂ ਉੱਤਰ ਦੀਜੈ, ਮਨ ਸਮਝੀਜੈ
ਪੀਛੈ ਮੁਝਹਿ ਪਢਾਹਿ' ॥੧੨॥
ਹੁਇ ਪਾਧਾ ਬਿਸਮੈ, ਅਧਭੁਤ ਰਸ ਮੈਂ
ਆਨਨ[1] ਬਚਨ ਅਲਾਇ। — [1]ਮੁਖੋਂ।
'ਸਭਿ ਜਾਨੌਂ ਗਿਨਤੀ, ਅਵਨੀ[1] ਮਿਨਤੀ — [1]ਜ਼ਮੀਨ ਦੀ।
ਡੇਢੈ ਗਨਨ[1] ਸਵਾਇ[2]। — [1]ਡਿਓਢੇ ਦੀ ਗਿਣਤੀ। [2]ਸਵਾਏ।
ਧੌਂਚੇ[1] ਪੁਨ ਊਂਠੈ[2], ਜੋਰਨ ਕੋਠੇ[3] — [1]ਸਾਢੇ ੪ ਦਾ ਪਹਾੜਾ। [2]ਸਾਢੇ ਤਿੰਨ ਦਾ ਪਹਾੜਾ। [3]ਇਮਾਰਤੀ ਕੰਮ। (ਅ) ਤਿਜਾਰਤ, ਮਿਤੀ ਕਾਟਾ ਤੇ ਸੂਦ ਦੇ ਵੇਰਵੇ ਭਰਨੇ ਆਦਿ।
ਗ੍ਰਾਮ ਕਾਰ ਪਟਵਾਰ[1]। — [1]ਪਿੰਡਾਂ ਦਾ ਪਟਵਾਰੀ ਦਾ ਕੰਮ।
ਜਿਸ ਕੇ ਅਨੁਸਾਰੀ, ਰੋਜੀ ਥਾਰੀ[1] — [1]ਆਪਦੀ।
ਪਢਹੁ ਨ ਕਿਉਂ ਹਿਤ ਧਾਰਿ?'
॥੧੩॥
'ਇਨ ਬਿਧਿ ਜੀ ਬਾਧਾ[1], ਸੁਨਿ ਸ੍ਰੁਤ[2] ਪਾਧਾ! — [1]ਜੀਵ ਬੱਧਾ। [2]ਕੰਨੀਂ।
ਫਾਹੇ ਪਰਨ ਅਪਾਰ।
ਕਿਹ ਕਾਜ ਨ ਆਵਹਿ, ਜਬ ਦੁਖ ਪਾਵਹਿ
ਹੋਤਿ ਨਹੀਂ ਛੁਟਕਾਰ।
ਸਭਿ ਬੈਸ ਬਿਹਾਵਹਿ, ਪੁਨ ਪਛੁਤਾਵਹਿ
ਜਬ ਜਾਵਹਿ ਜਮ ਦ੍ਵਾਰ।
ਇਹ ਲੇਖਾ ਗਾਹੈ[1], ਛੁਟਜੋ ਜਿ ਚਾਹੈ; — [1]ਵਿਚਾਰ।
ਜੋ ਮੈਂ ਕਰੋਂ ਉਚਾਰ' ॥੧੪॥

ਦੋਹਰਾ:

ਕਮਲ ਬਦਨ ਸੁਖ ਸਦਨ[1] ਗੁਰੁ, — [1]ਸੁਖ ਦਾ ਘਰ।
ਕਰੁਨਾ[1] ਮਨ ਪਰ ਲਜਾਇ। — [1]ਕਿਰਪਾ।
ਪਾਧੇ ਪ੍ਰਤਿ ਕਲਜਾਨਦਾ[1], — [1]ਮੁਕਤੀ ਦਾਤਾ।
ਬੋਲੇ ਸਬਦ ਉਠਾਇ ॥੧੫॥

ਸ੍ਰੀ ਮੁਖਵਾਕ ॥
ਸਿਰੀਰਾਗੁ ਮਹਲੁ ੧ ॥
ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥

ਚੌਪਈ:

ਕਵੀ ਕਹੈ 'ਯਾਂ ਕੋ ਸੁਨਿ ਟੀਕਾ।
ਸ੍ਰੀ ਮੁਖ ਨਿਕਸਜੋ ਕਲ[1] ਪਦ ਨੀਕਾ[2]। — [1]ਸੁੰਦਰ। [2]ਚੰਗਾ।
ਪੁਰਾ[1] ਸਾਰਦਾ[2] ਫੁਰੀ ਸੁਹਾਵਹਿ। — [1]ਪਹਿਲਾਂ। [2]ਘਾਣੀ
ਪਦਵੀ ਪਰਾ[1] ਜਾਸੁ ਤੇ ਪਾਵਹਿ ॥੧੬॥ — [1]ਉੱਚੀ।
ਦੇਹਿ ਧਰਾ ਜਾਂ ਕਾਰਨ ਧਰਨੀ[1]। — [1]ਜਿਸ ਵਾਸਤੇ ਧਰਤੀ ਤੇ।
ਬਯ ਲਘੁ[1] ਕਰਨ ਲਗੇ ਸੋ ਕਰਨੀ। — [1]ਉਮਰ ਛੋਟੀ ਤੋਂ।
ਅਨਵਸਥਾ[1] ਉਪਦੇਸ਼ਕ ਕੇਰੀ। — [1]ਉਮਰ ਨਹੀਂ ਸੀ। (ਅਜੇ)।
ਧਰਾ ਅਧੀਰਜ[1] ਸਕਹਿਂ ਨ ਹੇਰੀ ॥੧੭॥ — [1]ਧਰਤੀ ਨੂੰ ਵਿਆਕੁਲ।
ਪਾਧੇ ਪ੍ਰਤਿ ਪੂਰਬ ਉਪਕਾਰਾ।
ਭਵ[1] ਤਾਰਨ ਹਿਤ ਸ਼ਬਦ ਉਚਾਰਾ। — [1]ਸੰਸਾਰ ਤੋਂ।
ਚਤੁਰਬੇਦ ਬਰ[1] ਸਾਰ[2] ਲਖਾਯਾ। — [1]ਸ੍ਰੇਸ਼ਟ। [2]ਸਿੱਧਾਂਤ।
ਤਰਹਿਂ ਸਿ[1] ਨਰ ਸੁਨਿ ਮੰਨ ਵਸਾਯਾ ॥੧੮॥ — [1]ਓਹ।

ਦੋਹਰਾ:

ਦੇਹਿ ਦੀਵਟੀ[1] ਕੇ ਵਿਖੇ, ਨੇਹਿ[2] ਮੋਹ ਭਰਪੂਰ। — [1]ਦੇਹੀ ਰੂਪ ਦੀਵੇ ਦੇ ਭਾਂਡੇ। [2]ਤੇਲ।
ਬਾਤੀ[1] ਬਿਸ਼ਿਯਨ ਬਾਸ਼ਨਾ, ਅਗਨਿ ਗਯਾਨ ਤੇ ਦੂਰ ॥੧੯॥ — [1]ਬਤੀ।

ਚੌਪਈ:

ਗੁਰ ਪ੍ਰਸਾਦਿ ਕਰਿ ਢਿਗ[1] ਜਬ ਹ੍ਵੈ ਹੈ। — [1]ਨੇੜੇ।
ਆਤਮ ਗਯਾਨ ਲੇਯ ਪਦ ਪੈ ਹੈ।
ਸ੍ਰੀ ਨਾਨਕ ਹੁਇ ਗੁਰੁ ਦੁਖ ਖੋਊ।
ਭੇ ਪ੍ਰਸੀਦ ਉਪਦੇਸ਼ਜੋ ਸੋਊ' ॥੨੦॥

‘ਨੇਹਿ[੨੧] ਮੋਹ ਜਬ ਪਾਧਾ! ਜਾਰਹੁ।
ਗਯਾਨ ਅਗਨਿ ਸੋਂ ਸਗਲ ਨਿਵਾਰਹੁ ॥੨੧॥

ਸ਼ਰਧਾ ਧਰ[1] ਕਾਜਰ ਬਰ[2] ਪਾਵਹੁ।
[1]ਸ਼ਰਧਾ ਧਾਰਨ ਕਰਨੀ। [2]ਸ੍ਰੇਸ਼ਟ ਕਾਜਲ।

ਹੰ ਤਨ[1] ਤਜਨਾ ਘਸਨ ਸਵਾਰਹੁ ॥੨੧॥
[1]ਦੇਹ ਅਭਿਮਾਨ।

ਸੁਮਤਿ ਸਾਰ ਕੋ[1] ਕਾਗਦ ਕਰੀਏ।
[1]ਸ੍ਰੇਸ਼ਟ ਬੁੱਧੀ ਦਾ।

ਭਾਉ ਕਲਮ ਕਰਿ ਮਨ ਕਰ[1] ਧਰੀਏ।
[1]ਮਨ (ਰੂਪੀ) ਹੱਥ ਵਿਚ।

ਲੇਖਕ ਚਿੱਤ ਬੂਝ[1] ਗੁਰਦ੍ਵਾਰਾ।
[1]ਪੁੱਛਕੇ।

ਲਿਖਿਯੇ ਸੱਤਾਸੱਤਿ[1] ਵਿਚਾਰਾ ॥੨੨॥
[1]ਸੱਚ ਤੇ ਝੂਠ ਦੀ।

ਦੋਹਰਾ:

ਅਸ ਲੇਖਾ ਲਿਖਿ ਜਾਨਿ ਤੂੰ, ਜਿਸਤੇ ਊਨ ਨ ਹੋਇ।

ਲਿਖਹੁ ਨਾਮ, ਤਿਹ ਸਿਫਤਿ ਲਿਖ; ਅੰਤ ਨ ਪਰ ਉਰ[1] ਕੋਇ ॥੨੩॥
[1]ਪਾਰ ਉਰਾਰ।

ਚੌਪਈ:

ਜਿਹ ਸਥਾਨ ਲੇਖਾ ਯਮ ਲੇਈ।

ਸੱਚ[†] ਨਿਸ਼ਾਨੀ ਹੇਰਿ ਮੁਚੇਈ[1]।
[1]ਵੇਖ ਕੇ ਛੋੜ ਦੇਸੀ। [†]ਪਾਠਾਂਤ੍ਰ-ਸਚੇ। ਭਾਵ ਇਕੋ ਹੈ:-ਸੱਚੇ ਨਾਮ ਦੀ।

ਕੋਸ਼ਪ[1] ਹੋਇ ਸ਼ਾਹ ਕੋ ਜੈਸੇ।
[1]ਖਜ਼ਾਨਚੀ।

ਤਿਹਤੇ ਸੁਲਕ[1] ਭ੍ਰਿੱਤ[2] ਲੇ ਕੈਸੇ ॥੨੪॥
[1]ਮਾਮਲਾ। [2]ਨੌਕਰ।

ਆਪ ਉਪਾਯਨ[1] ਦੇਯ ਮਿਲੈ ਹੈ।
[1]ਭੇਟਾ।

ਡਰ ਉਰ ਕਰਿ ਪੁਨ ਸੁਕੁਚ ਚਲੈ ਹੈ।
ਅਸ ਲੇਖਾ ਜੇ ਤੁਵ ਉਰ ਪਾਧਾ।

ਉਧਰਹਿ ਗੋ ਭਵ[1] ਸਿੰਧੁ ਅਗਾਧਾ ॥੨੫॥
[1]ਸੰਸਾਰ।

ਜੀਵ ਅਨੋਜ[1] ਜਾਇ ਜਿਹ ਜਾਈ।
[1]ਨਿਤਾਣਾ।

ਪਰਮ ਮੀਤਿ ਜਿਉਂ ਤਹਾਂ ਸਹਾਈ।

ਸਾਰਬਭੂਮ[1] ਸ਼ਰਨ ਜਿਹ ਪਰਨਾ।
[1]ਚੱਕ੍ਰਵਰਤੀ ਦੀ।

ਤਿਨ ਨਰ ਉਰ ਡਰ ਕਿਉਂ ਫਿਰ ਕਰਨਾ’ ॥੨੬॥

ਦੋਹਰਾ:

ਸੁਨਿ ਸ਼੍ਰੋਨਨ ਮਨ ਗੁਨਹਿ ਪੁਨ, ਪਾਧੇ ਅਚਰਜ ਚੀਨਿ।

-ਦੁਤਿਯ ਇੰਦੁ[1] ਰਾਕਿੰਦੁ[†] ਜਿਉਂ[2]

[1]ਦੂਜ ਦੇ ਚੰਦ੍ਰਮਾ (ਬਾਲਕੇ) ਨੇ। [2]ਪੁੰਨਜਾਂ ਦੇ ਚੰਦ ਵਾਂਙੂ। [†]ਪਾਠਾਂਤ੍ਰ-ਰਾਕੇਂਦੂ।

ਜੌਨ੍ਹ[1] ਬੈਨ[2] ਇਨ ਕੀਨਿ- ॥੨੭॥

[1]ਰੂਪ) ਚਾਂਦਨੀ। [2]ਬਚਨ।

ਚੌਪਈ:

ਚਿਤ ਚਕੋਰ ਰੁਚਿ[1] ਚਮਕੀ ਚਾਰੂ[2]।

[1]ਚਾਹ। [2]ਸੁੰਦਰ।

-ਬਾਲਨ ਤੁੱਲ, ਨ ਬਾਲ ਅਚਾਰੂ[1]।

[1]ਹੋਰ) ਬਾਲਾਂ ਦੇ ਬਰੋਬਰ ਨਹੀਂ (ਹਨ ਇਸ) ਬਾਲ ਦੇ ਕਰਤੱਵ੍ਯ।

ਕਲਾ ਬਿਸਾਲ ਦਯਾਲੁ ਭਲਿ ਭਾਂਤੀ।

ਜਨੁ ਕਲਿਮਲ[1] ਕਲਿ[2] ਬਲਿ[3] ਆਰਾਤੀ[4]- ॥੨੮॥

[1]ਪਾਪ। [2]ਕਲਜੁਗ। [3]ਬਲਵਾਨ। [4]ਵੈਰੀ, ਮਾਨੋਂ ਕਲਜੁਗ ਦੇ ਬਲੀ ਪਾਪਾਂ ਦੇ ਵੈਰੀ ਹਨ।

ਸੂਝ[1] ਪਰੀ ਬੂਝਨ ਹਿਤ ਉਦਤਯੋ[2]।

[1]ਸਮਝ। [2]ਪੁਛਣ ਵਾਸਤੇ ਤਿਆਰ ਹੋਇਆ।

ਕਮਲ ਬਦਨ[1] ਅਲਿ ਬਚ[2] ਗੁਰ ਵਿਦਤਯੋ[3]।

[1]ਮੁਖ। [2]ਭੌਰੇ ਰੂਪੀ ਵਾਕ। [3]ਗੁਰੂ ਜੀ ਦੇ (ਸਨਮੁਖ) ਪ੍ਰਗਟ ਕੀਤੇ।

'ਆਰਜ ਸੁਜਨ[1] ਭਜਨ ਜਲ ਮੀਨਾ[2]।

[1]ਸ੍ਰੇਸ਼ਟ ਭਗਤ। [2]ਭਜਨ ਰੂਪੀ ਜਲ ਵਿਚ ਮੱਛੀ ਵਾਂਙੂ (ਰਹਿਣ ਵਾਲੇ) ਮੈਂ ਸੁਣੇ ਦੇਖੇ ਹਨ।

ਸੁਨੇ ਸੁ ਦੇਖੇ, ਮੈਂ ਅਤਿ ਦੀਨਾ[1] ॥੨੯॥

[1]ਅਤਿ ਗਰੀਬ।

ਅਸਨ[1] ਬਸਨਤਨ[2] ਪ੍ਰਾਪਤਿ ਨਾਂਹੀ।

[1]ਭੋਜਨ। [2]ਕਪੜੇ ਸ਼ਰੀਰ ਦੇ।

ਆਵਹਿਂ ਖਾਹਿਂ, ਰੰਕ ਸੇ ਆਹੀਂ[1]।

[1]ਕੰਗਾਲਾਂ ਵਰਗੇ ਹਨ।

ਇਸ ਕਰਿ ਮੁਰ ਉਰ ਸ਼ਰਧਾ ਹਾਰੀ।

ਸਿਰ ਮਰਨਾ ਸਭਿਹਿਨਿ ਇਕਸਾਰੀ' ॥੩੦॥

ਦੋਹਰਾ:

ਧਰਾ ਧੀਰ ਦਾ[1] ਧਰਮ ਧੁਰ[2], ਪਾਧੇ ਕੇ ਸੁਨਿ ਬੈਨ।

[1]ਜ਼ਮੀਨ ਨੂੰ ਧੀਰਜ ਦੇਣ ਵਾਲੇ। [2]ਧਰਮ ਦਾ ਆਸਰਾ (ਗੁਰੂ ਜੀ)।

ਦੁਤਿਯ ਸ਼ਬਦ ਪਦ ਬਦਨ ਤੇ, ਬਦਤੰ[1] ਸ਼ਰਧਾ ਦੈਨ ॥੩੧॥

[1]ਕਿਹਾ।

ਸ਼੍ਰੀ ਮੁਖਵਾਕ ॥
ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥

ਚੌਪਈ:

'ਨਹਿਂ ਪਾਧਾ ਉਰ ਧਾਰਹੁ ਐਸੇ।
ਅਗਜਾਨੀ ਨਰ ਮਰਿ ਹੈ ਜੈਸੇ।
ਸਹਿ[1] ਸ਼ੋਕਨ ਸੋਂ ਮਰਨਾ ਤਿਨ ਕੋ। [1]ਸਮੇਤ।
ਜਨਮ ਜੋਨਿ ਪੁਨ ਪੁਨ ਤਿਨ, ਗਨ ਕੋ[1] ॥੩੨॥ [1]ਕੌਨ ਗਿਣ ਸਕਦਾ ਹੈ।

ਨਿਤ ਚਿਤ ਹਰਖਤਿ ਸੰਤ ਸੁਖੈਨਾ।
ਜਮਦੂਤਨਿ ਤੇ ਤਿਨ ਮਨਿ ਭੈ ਨ।
ਸਦ ਖੁਸ਼ੀਆ ਚਿਤ ਚਾਉ ਘਨੇਰਾ।
ਜਪਤਿ ਨਾਮ ਹਰਿ ਹੇਰਹਿਂ[1] ਨੇਰਾ ॥੩੩॥ [1]ਵੇਖਦੇ ਹਨ।

ਚਿਤ ਅਚਿੰਤ ਤਨ ਤਜਿ[1] ਜਬ ਜਾਈਂ। [1]ਸਰੀਰ ਛੋੜ ਕੇ।
ਆਗੇ ਮਿਲਹਿ ਤਿਨਹਿ ਵਡਿਆਈ।
ਜਸੁ ਕੇ ਨਿਕਸਹਿਂ ਮਸਤਕ ਟੀਕਾ[1]। [1]ਮੱਥੇ ਤੇ ਤਿਲਕ।
ਸੁਜਨ ਭਜਨ ਮਹਿਂ ਜਿਨ ਮਨ ਨੀਕਾ ॥੩੪॥

ਦੋਹਰਾ:

ਸ਼੍ਰੀ ਪਰਮੇਸ਼ੁਰ ਅਤਿ ਦਯਾ,
ਜਿਹ ਨਰ ਪ੍ਰਾਪਤਿ ਨਾਮ।
ਬਾਤੈਂ ਬਕਨੀ ਬਦਨ ਤੇ[1], [1]ਹੋਰ ਗੱਲਾਂ ਮੁਖ ਤੋਂ ਕਰਨੀਆਂ।
ਬਾਤ[1] ਸਰਸ[2] ਬਿਨ ਕਾਮ[3]' ॥੩੫॥ [1]ਹਵਾ। [2]ਤੁੱਲ। [3]ਨਿਕੰਮੀਆਂ।

ਚੌਪਈ:

ਸੁਨਿ ਸੁਨਿ ਸ਼੍ਰੋਨਨ ਬੈਨਨਿ ਪਾਧਾ।
ਨਿਜ ਚਿਤ ਅਹਿ ਲਖਿ[1] ਮੰਤ੍ਰਨ ਬਾਧਾ[2]। [1]ਸੱਪ ਲਖਕੇ। [2]ਬੱਧਾ।
ਤਜੋਂ ਤਜੋਂ ਨੰਮ੍ਰਿ ਹੋਇ ਬਰ ਬਾਨੀ।
ਬੂਝਨ ਹੇਤ ਬਦਹਿ[1] ਸੁਖਦਾਨੀ ॥੩੬॥ [1]ਬੋਲਦਾ ਹੈ।
'ਪਾਤਸ਼ਾਹ ਭੂਪਤਿ ਇਕ ਕੀਤੇ।
ਚਿਤ ਮਹਿਂ ਕਬ ਭਗਵੰਤ ਨ ਪ੍ਰੀਤੇ।

ਬਿਲਸਤਿ ਜਗਤ ਬਿਸਾਲ ਬਿਲਾਸਾ।
ਰਿਦੇ ਨ ਕਦੇ ਨਾਮ ਭਰਵਾਸਾ† ॥੩੭॥ — †ਸੁਖਰਾਸਾ-ਭੀ ਪਾਠਾਂਤ੍ਰ ਹੈ।

ਨਿਸ[1] ਬਾਸੁਰ[2] ਐਸ਼ਨ[3] ਮਹਿਂ ਐਸੇ। — [1]ਰਾਤ। [2]ਦਿਨ। [3]ਐਸ਼ਾਂ।
ਉਤਪਲ[1] ਮਹਿਂ ਅਲਿ[2] ਮਿਲਵਤਿ ਜੈਸੇ। — [1]ਕਵਲ। [2]ਭੌਰਾ।
ਅੰਤ ਸਮਾਂ ਨਹਿ ਸਿਮਰਹਿਂ ਸੋਊ।
ਜਥੋਂ ਅਘ[1] ਲਖਤਿ ਨ ਲੋਲਪ[2] ਕੋਊ ॥੩੮॥ — [1]ਪਾਪ। [2]ਲੰਪਟ।

ਦੋਹਰਾ:
ਜਿਨ ਦੀਨੋ ਤਨ ਮਨ ਧਨੰ,
ਤਿਸ ਤੇ ਅਸ[1] ਅਨਜਾਨ। — [1]ਐਸੇ।
ਦਾਦੁਰ[1] ਕਰਦਮ ਮੱਧ ਮਿਲ[2], — [1]ਡੱਡੂ ਨੇ। [2]ਚਿੱਕੜ ਵਿਚ ਰਹਿਕੇ।
ਕੀਮਿ[1] ਨ ਕਮਲ ਪਛਾਨ ॥੩੯॥ — [1]ਕੀਮਤ।

ਚੌਪਈ:
ਬਿਸਰੈ ਬੈਸ[1] ਬਿਹਾਵਹਿ ਸਭਿਹੀ। — [1]ਉਮਰ।
ਨਾਮ ਨ ਚਿਤ ਮਹਿਂ ਚਿਤਵਜੋ ਕਬਹੀ।
ਸੁਖ ਸੋਂ ਬਿਸ੍ਵ[1] ਬਸਹਿਂ ਬਸੁ ਸੇਤੀ[2]। — [1]ਸੰਸਾਰ ਵਿਚ। [2]ਪਦਾਰਥ ਨਾਲ।ਬਸੁ ਧਨ, ਪਦਾਰਥ॥।
ਰਿਦੇ ਕਦਾਚਿਤ[1] ਸੁਧ[2] ਨ ਅਗੇਤੀ[3] ॥੪੦॥ — [1]ਕਦੀਭੀ। [2]ਖਬਰ। [3]ਅਗੇ ਦੀ।

ਇਹ ਸਥਾਨ ਕੈਸੇ ਸੁਖ ਪਾਵਹਿਂ?
ਕੋ ਬਿਧਿ ਹੋਤਿ ਅਗਾਰੀ ਜਾਵਹਿਂ?
ਰਿਦੈ ਸੰਦੇਹ[1] ਭਏ ਮੁਝ ਦੋਊ। — [1]ਸੰਸੇ।
ਉੱਤਰ ਦੇਹੁ, ਦਯਾਨਿਧਿ! ਸੋਊ' ॥੪੧॥

ਅਸ ਸੁਨਿ ਕਰਿ ਉਤਪਲ[1] ਦਲ[2] ਲੋਚਨ[3]। — [1]ਕਮਲ ਪੱਤ੍ਰ ਵਤ ਅੱਖਾਂ ਵਾਲੇ ਨੇ। [2]ਕਮਲ ਪੱਤ੍ਰ ਵਤ ਅੱਖਾਂ ਵਾਲੇ ਨੇ। [3]ਕਮਲ ਪੱਤ੍ਰ ਵਤ ਅੱਖਾਂ ਵਾਲੇ ਨੇ।
ਉਚਰੇ ਬਚਨ ਰੁਚਿਰ[1] ਦੁਖਮੋਚਨ[2]। — [1]ਮਨੋਹਰ। [2]ਦੁੱਖਾਂ ਤੋਂ ਛੁਡਾਉਣ ਵਾਲੇ।
ਜਗਤ ਪਦਾਰਥ ਹਿਤ ਬੈਰਾਗਾ।
ਤ੍ਰਿਤਿਯ[1] ਸ਼ਬਦ ਪਦ[2] ਲਖਤਿ ਸਭਾਗਾ ॥੪੨॥ — [1]ਤੀਜਾ। [2]ਸ਼ਬਦ ਦਾ ਪਦਾ।

ਸ੍ਰੀ ਮੁਖਵਾਕ ॥
ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥

ਦੋਹਰਾ:
'ਤਪ ਕਿਯ ਜਿਨਹਿਂ ਸ਼ਬਾਸ਼ਨਾ[1],
ਜਨਮ ਅਨਤ[1] ਧਰਿ ਸੋਇ।
ਪਾਇ ਰਾਜ ਜਗ ਬਿਖੈ ਫਸਿ,
ਨਰਕ ਗਮਨ ਪੁਨ ਹੋਇ ॥੪੩॥

[1]ਸਹਿਤ ਵਾਸ਼ਨਾ
[1]ਹੋਰ।

ਚੌਪਈ:
ਪਾਤਸ਼ਾਹਿ ਰਖੀਅਹਿ ਇਕ ਨਾਮ।
ਇਕ ਜਾਚਿਕ[1] ਜਾਚਹਿਂ ਤਿਨ ਧਾਮ[2]।
ਕਿੰਚਤ[1] ਦਿਨ ਕੇ ਇਹਾਂ ਬਿਲਾਸਾ।
ਫਸਜੋ ਮੰਦ ਬਿਸਰਜੋ ਜਨਮ ਤ੍ਰਾਸਾ[1] ॥੪੪॥

[1]ਮੰਗਤੇ। [2]ਉਨ੍ਹਾਂ ਦੇ ਘਰ।
[1]ਥੋੜੇ।
[1]ਡਰ।

ਆਗੇ ਗਏ ਰਿਦੇ ਤਬ ਜਾਨੈ।
ਮੀਜ ਪਾਨ[1] ਸਿਰ ਧੁਨਿ[2] ਪਛੁਤਾਨੈ।
ਮਹਿਮਾ ਨਮ ਭਜਨ ਕੀ ਜੋਊ।
ਤਬ ਚਿਤਵਤਿ, ਨਿਤ ਵਿਸਰਜੋ ਸੋਊ ॥੪੫॥

[1]ਹੱਥ ਮਲਕੇ। [2]ਸਿਰ ਫੇਰਕੇ।

ਅਨਿਕ ਤਾਰੁਨਾ[1] ਤਾਰਨ[2] ਕਰਿਹੀਂ।
ਗਰ ਮਹਿਂ ਗਰੁਏ ਸੰਗਰ[1] ਪਰਿਹੀਂ।
ਤਪਤ ਥੰਮ ਸੋ ਐਂਚ[1] ਲਗਾਵੈਂ।
ਤੇਲ ਕੜਾਹ ਤਪਤ ਮਹਿਂ ਪਾਵੈਂ ॥੪੬॥

[1]ਤਾੜਨਾ। [2]ਤਾੜਨ ਵਾਲੇ।
[1]ਭਾਰੇ ਸੰਗਲ।
[1]ਖਿੱਚ ਕੇ।

ਦੋਹਰਾ:
ਲੋਹਿ ਖੰਡ[1] ਕਰਿ ਅਗਨਵਤ[2],
ਮੁਖ ਪਾਵਹਿਂ ਕਰਿ ਮਾਰ[1]।
ਦਾਰੁਨ[1] ਦੁਖਿਤਿ ਪੁਕਾਰਹੀਂ,
ਕੋਇ ਨ ਸੁਨਹਿਂ ਪੁਕਾਰ ॥੪੭॥

[1]ਟੁਕੜੇ। [2]ਅੱਗ ਵਰਗੇ ਲਾਲ ਕਰਕੇ।
[1]ਮਾਰ ਕਰਕੇ।
[1]ਭਯਾਨਕ।

ਚੌਪਈ:
ਇਤਯਾਦਿਕ ਦੁਖ ਨਰਕ ਅਨੇਕਾ।

ਪਾਵਹਿਂ ਨਾਮ ਹੀਨ ਅਵਿਵੇਕਾ[1]।
[1]ਅਗਜਾਨੀ।
ਕਰਤਿ ਵਿਕਾਰਨ ਬੈਸ[1] ਬਿਤਾਈ।
[1]ਉਮਰ।
ਕਬਹੁਂ ਨ ਸਿਮਰਨ ਮਹਿਂ ਲਿਵ ਲਾਈ ॥੪੮॥
ਜਿਉਂ ਤਸਕਰ[1] ਕੋ ਤ੍ਰਾਸਤਿ ਵੇਰੀ[2]।
[1]ਚੋਰ। [2]ਮਾਰ ਪੈਂਦੀ ਵੇਲੇ।
ਕੋ ਨ ਛੁਰਾਵਹਿ ਅਵਗੁਨ ਹੇਰੀ[1]।
[1]ਵੇਖਕੇ।
ਤਿਉ ਯਮ ਕੈ ਢਿਗ ਗਹਜੋ[1] ਇਕੇਲਾ।
[1]ਫੜਿਆ ਹੋਇਆ।
ਅਨਿਕ ਜਾਤਨਾ[1] ਮਾਂਹਿ ਦੁਹੇਲਾ[2] ॥੪੯॥
[1]ਤਾੜਨਾ। [2]ਦੁਖੀ।

ਦੋਹਰਾ:
[1]ਪੁੱਤ੍ਰ। [2]ਇਸਤ੍ਰੀ ਆਦਿਕ।
ਸੁਤ[1] ਬਨਿਤਾਦਿਕ[2] ਰਾਜ ਸੁਖ,
ਸਭਿਹਿ ਪਦਾਰਥ ਪਾਸ।
ਬੈਸ ਬਿਹਾਵਹਿ ਨਾਮ ਬਿਨੁ,
ਮਯਾ[1] ਨ ਪ੍ਰਭੁ ਕੀ ਤਾਸੁ[2]' ॥੫੦॥
[1]ਕਿਰਪਾ, ਮਿਹਰ। [2]ਉਸ ਉੱਤੇ।
ਪਾਂਧੇ ਸੁਨਿ ਸ਼੍ਰੋਨਨਿ ਬਿਖੈ,
ਚਮਕੀ ਚੌਂਪ[1] ਅਪਾਰ।
[1]ਇੱਛਾ, ਲਾਲਸਾ।
ਗੁਰੁ ਬਚ ਅੰਕੁਸ[1], ਨਾਗ[2] ਮਨ[3];
[1]ਕੁੰਡਾ। [2]ਹਾਥੀ। [3]ਪਾਂਧੇ ਦਾ) ਮਨ।
ਲਖਿ ਕਰਿ ਤਿਹ ਅਨੁਸਾਰਿ ॥੫੧॥

ਚੌਪਈ:
'ਕਲਾਵਾਨ ਤੁਮ, ਮੈ ਮਨ ਜਾਨੇ।
ਰੁਚਿਰ ਬਚਨ ਦਾਨੀ ਕਲਜਾਨੇ[1]।
[1]ਮੁਕਤੀ ਦੇਣ ਵਾਲੇ ਹਨ (ਆਪਦੇ) ਸੁੰਦਰ ਵਾਕ।
ਇਕ ਸ਼ੰਕਾ ਸੋ ਸ਼ੰਕਤਿ ਮਨ ਹੈ।
ਉੱਤਰ ਦੇਹੁ, ਲਖਜੋ ਗੁਰੁ ਜਨ[1] ਹੈ ॥੫੨॥
[1]ਭਾਵ, ਮੈਂ।
ਜੇ ਸੁਲਤਾਨ ਖਾਨ ਫਸਿ ਨੇਹੁ[1]।
[1]ਮੋਹ ਵਿਚ।
ਨਾਮ ਸਮਾਰਹਿਂ ਭੂਲ ਨ ਕੇਹੁ।
ਤਿਨ ਕੋ ਕਿਉਂ ਭੈ ਦੇਤਿ ਨ ਸ੍ਵਾਮੀ?
ਜਾਂਤੇ ਸਿਮਰਹਿਂ ਅੰਤਰਜਾਮੀ ॥੫੩॥
ਨਿਰਭੈ ਬਿਸ਼ਿਯਨਿ ਮਹਿਂ ਰਚਿ[1] ਮਾਨਵ[2]।
[1]ਰਚੇ। [2]ਮਨੁੱਖ।
ਭੂਲੇ ਭਜਨ ਨੈਕ[1] ਨਹਿਂ ਜਾਨਵ।
[1]ਥੋੜਾ ਬੀ।
ਮਨ ਕੀ ਤਨ ਧਨ ਮਹਿਂ ਅਤਿ ਪ੍ਰੀਤੁ।

ਤਜਿ ਨ ਸਕਹਿਂ ਚਿਤ ਦ੍ਰਿਢ ਪਰਤੀਤੁ
॥੫੪॥

ਦੋਹਰਾ:

ਥਿਰਤਾ ਸੀ[1] ਸੰਸਾਰ ਮਹਿਂ,
ਲਖਿ[1] ਸੰਚਤਿ[2] ਅਤਿ ਆਥ[3]।'
ਸੁਨਤਿ ਸ਼੍ਰੋਨ[†] ਆਨਨ ਭਨਤਿ,
ਨਾਨਕ ਦੀਨਾਨਾਥ ॥੫੫॥

[1]ਸਦਾ ਰਹਿਣਾ ਹੈ।
[1]ਜਾਣਕੇ। [2]ਕੱਠਾ ਕਰਦੇ ਹਨ। [3]ਬਹੁਤਾ ਧਨ।
[†]ਸੁਨਿ ਸ਼੍ਰੋਨਨ-ਪਾਠਾਂਤ੍ਰ ਹੈ।

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥

ਚੌਪਈ:

'ਨਿਸ[1] ਬਾਸੁਰ[2] ਇਸ ਸਰਸ[3] ਡਰਾਯੋ।
ਮੰਦ ਮਤੀ ਭਾ ਭੈ[1] ਸੁ ਭੁਲਾਯੋ।
ਛਿਨ ਛਿਨ ਆਯੁਰ[1] ਬੀਤਤਿ ਜਾਈ।
ਦਿਨ ਦਿਨ ਦੇਹਿ ਦਸ਼ਾ ਪਲਟਾਈ
॥੫੬॥

[1]ਰਾਤ। [2]ਦਿਨ। [3]ਬਹੁਤਾ।
[1]ਭੈੜੀ ਬੁੱਧੀ ਵਾਲਾ ਹੋ ਕੇ (ਰੱਬ) ਦੇ ਭੈ ਨੂੰ।
[1]ਉਮਰਾ।

ਬਿਸ਼ਿਯਨ ਮਹਿਂ ਖਪਿ ਬਹੁ ਕਰਿ ਨੇਹਾ।
ਅੰਤਿਕਾਲ ਮਹਿਂ ਛੀਜਤਿ ਦੇਹਾ।
ਨਾਉਂ ਖਾਨ ਸੁਲਤਾਨ ਭਨੇਹੀ[1]।
ਦ੍ਰਿਸ਼ਟਾਵਤਿ ਹੈਂ[1] ਮਿਲਤੇ ਖੇਹੀ[2]
॥੫੭॥

[1]ਆਖੀਦੇ ਹਨ।
[1]ਦਿੱਸਦੇ ਹਨ। [2]ਮਿੱਟੀ ਵਿਚ ਮਿਲਦੇ।

ਕੂਰੋ ਨੇਹੁ ਦੇਹਿ ਧਨ ਜੋਊ।
ਛੋਡਿ ਚਲਜੋ ਬਸੁ[1] ਚਲਤਿ ਨ ਕੋਊ।
ਨਹਿਂ ਜਾਵਹਿ ਇਹ ਸੰਗ ਅਗਾਰੀ।
ਜਿਨਹਿ ਹੇਤੁ ਨਿਜ ਬਾਜੀ ਹਾਰੀ
॥੫੮॥

[1]ਚਾਰਾ।

ਦੋਹਰਾ:

ਗਜਾਨਹੀਨ ਅੱਗਜਾਨ ਮਹਿਂ, ਨਹਿਂ
ਜਾਨਹਿ ਨਿਜ ਕਾਲ[1]।
ਨੈਨਹੀਨ[1] ਜਿਉਂ ਜਾਤਿ ਹੈ, ਸਾਮੁਹਿ
ਸਰਪ ਬਿਸਾਲ[2] ॥੫੯॥

[1]ਆਪਣੀ ਮੌਤ।
[1]ਅੰਨ੍ਹਾ। [2]ਵੱਡੇ ਸਰਪ ਦੇ ਸਾਹਮਣੇ।

ਚੌਪਈ:

[1]ਕਿਰਪਾ ਕਰਕੇ। [2]ਮਿਲੇ।

ਕਰੁਨਾ ਕਰ[1] ਸਤਿਗੁਰੁ ਜਿਸੁ ਭੇਟੈ[2]।
ਤਿਹਕੋ ਲਗਹਿ ਨ ਜਮ ਕੀ ਫੇਟੈ[1]। [1]ਚੋਟ, ਲਪੇਟ।
ਕਰਿ ਉਪਦੇਸ਼ ਗਜਾਨ ਦੇਂ ਨੈਨਾ[1]। [1]ਅੱਖਾਂ, ਗਜਾਨ ਰੂਪੀ ਨੈਣ।
ਸਰਪ ਕਾਲ ਕੋ[1] ਕਬ ਤਿਹ ਭੈ ਨਾ ॥੬੦॥ [1]ਮੌਤ ਰੂਪੀ ਸੱਪ ਦਾ।

ਲਾਗੀ ਨਾਮ ਵਿਖੈ ਲਿਵ ਮਨ ਕੀ।
ਚਿਤ ਤੇ ਪ੍ਰੀਤਿ ਤਜੀ ਤਨ ਧਨ ਕੀ।
ਪਰਮਾਰਥ ਮਹਿਂ ਦ੍ਰਿਸ਼ਟਿ ਲਗਾਈ।
ਜਗ ਕਾਰਜ ਤੇ ਬ੍ਰਿੱਤਿ ਉਠਾਈ ॥੬੧॥

ਦੇਹਾਦਿਕ ਮਿੱਥਜਾ[1] ਸਭਿ ਜਾਨੇ। [1]ਕੂੜੇ।
ਬਿਸ਼ੈ ਬਾਸ਼ਨਾ ਮਨ ਬਿਸਰਾਨੇ।
ਨਿਜ ਸਰੂਪ ਜੋ ਭਯੋ ਭੁਲਾਵਾ।
ਤਿਹ ਜਾਨਨਿ ਕੋ ਚਿਤ ਲਲਚਾਵਾ ॥੬੨॥

ਦੋਹਰਾ:
ਸਤਿ ਸੰਗਤ ਕੇ ਸੰਗ ਤੇ, ਦ੍ਰਿਢ[1] ਹੋਯੋ ਅਭਜਾਸ। [1]ਪੱਕਾ।
ਗਯੋ ਭੁਲਾਵਾ ਭਰਮ ਕਾ, ਸਹਿਜ ਸੁਖਹਿ ਪਰਕਾਸ਼ ॥੬੩॥

ਚੌਪਈ:
ਦੇਹਿ ਦੁਖੀ ਤੇ ਦੁਖ ਨਹਿਂ ਮਾਨਹਿ।
ਅਨਿਕ ਬਿਲਾਸਨਿ ਸੁਖ ਨਹਿਂ ਜਾਨਹਿਂ।
ਥਿਰਤਾ ਪਾਇ, ਨ ਡੋਲਹਿ ਸੋਊ।
ਰਹੇ ਏਕਰਸ ਦ੍ਵੈਤਹਿ ਖੋਊ ॥੬੪॥

ਜਨਮ ਮਰਨ ਤਿਨ ਤੇ ਛੂਟਿ ਗਏ।
ਹਰਿ ਪਦ ਪਾਇ ਮੁਕਤਿ ਸੋ ਭਏ।
ਅਸ ਬਿਧਿ ਪਾਧਾ! ਰਿਦੈ ਧਰੀਜੈ।
ਤਨ[1] ਅਭਿਮਾਨ ਨ ਮੂਲ ਕਰੀਜੈ ॥੬੫॥ [1]ਸਰੀਰ ਦਾ।

ਹਰਿ ਸਿਮਰਨ ਕਰਿ ਆਪਾ[1] ਹਰੀਏ। [1]ਹੰਕਾਰ, ਮੈਂ ਮੇਰੀ।

ਹਰਿ ਬਿਨੁ ਅਨਤ ਦ੍ਰਿਸ਼ਟਿ ਨਹਿਂ ਧਰੀਏ।
ਦੁਰਲਭ ਨਰ ਤਨ ਕਰਹੁ ਸਕਾਰਥ[1]।
[1]ਸਫਲ।
ਪੁਨ ਨ ਜਨਮ, ਪਾਵਹਿ ਪਰਮਾਰਥ[1]' ॥੬੬॥
[1]ਮੋਖ ਹੋ ਜਾਵੇਗਾ।

ਦੋਹਰਾ:
ਸੁਨਿ ਪਾਧਾ ਪਾਇਨ ਪਰਾ, 'ਹੌਂ ਸਬੰਧ[1] ਮਤਿਮੰਦ।
[1]ਬੰਧਨ ਵਿਚ ਹਾਂ।
ਲਖੀ ਨ ਤੁਵ ਗਤਿ ਜਾਵਹੀ, ਭਾ ਅਵਤਾਰ ਮੁਕੰਦ ॥੬੭॥

ਚੌਪਈ:
ਬਦਨ[1] ਗਿਰਾ ਤਵ[2] ਜਿਉਂ ਕਰਵਾਰਾ[3]।
[1]ਮੁਖ ਦੀ। [2]ਤੇਰੀ ਬਾਣੀ। [3]ਤਲਵਾਰ।
ਗ੍ਯਾਨ ਸਾਨ ਪਰ ਤੇ ਖਰ ਧਾਰਾ[1]।
[1]ਗ੍ਯਾਨ ਦੀ ਸਾਣ ਉਤੇ ਉਸ ਦੀ ਧਾਰ ਤਿੱਖੀ ਹੋਈ ਹੈ।
ਭਗਤਿ ਮੁਸ਼ਟਿ[1] ਕੇ ਸੰਗ ਜਟੀ ਸੋ[2]।
[1]ਭਗਤੀ ਦੀ ਮੁੱਠ ਨਾਲ। [2]ਉਹ ਜੜੀ ਹੋਈ ਹੈ।
ਦਿਢ ਬੈਰਾਗ ਅਕਾਰ ਘਟੀ[1] ਸੋ ॥੬੮॥
[1]ਘੜੀ ਹੋਈ ਹੈ।
ਜੋ ਸੂਰਾ ਇਸ ਸਨਮੁਖ ਧਾਵਹਿ[1]।
[1]ਦੌੜੇ।
ਅੰਗ ਅਗ੍ਯਾਨ ਤਾਹਿ ਕਟ ਜਾਵਹਿ।
ਨਿਜ ਸਰੂਪ ਕੀ ਲਖਤਾ ਹੋਈ।
ਤਿਹ ਭਟ ਮਿਲ੍ਯੋ ਸੁਰਗ ਸੁਖ ਸੋਈ ॥੬੯॥
ਬਿਸ਼ੈ ਫਸੇ ਕਾਤੁਰ[1] ਡਰਪਾਹੀਂ।
[1]ਕਾਇਰ।
ਬਿਮੁਖ ਭਏ ਨਹਿਂ ਧੀਰ ਧਰਾਹੀਂ।
ਗਯੋ ਲੋਕ, ਪਰਲੋਕ ਬਿਗਾਰਾ।
ਰਣ ਤਨ ਮਾਨੁਖ ਪਿਛ ਪਗਧਾਰਾ[1] ॥੭੦॥
[1]ਮਨੁੱਖਾ ਸਰੀਰ (ਰੂਪੀ) ਯੁੱਧ (ਵਿੱਚ) ਪਿੱਛੇ ਪੈਰ ਹਟਾ ਲਿਆ।

ਦੋਹਰਾ:
ਅਕਸਮਾਤ[1] ਕਰਨਾ[2] ਕਰੀ, ਦੇਖਿ ਦੀਨ ਗਤਿਦਾਨ[3]।
[1]ਅਚਨਚੇਤ। [2]ਕਿਰਪਾ। [3]ਮੁਕਤੀ ਦਾਤੇ ਨੇ (ਪਾਂਧੇ ਨੂੰ) ਨਿੰਮ੍ਰਤਾ ਵਿੱਚ ਵੇਖ ਕੇ।
ਲਿਵਲਾਗੀ ਮਨ ਭਜਨ ਕੀ, ਸੁਨੇ ਬੈਨ ਜਬ ਕਾਨ ॥੭੧॥

ਚੌਪਈ:

‘ਤਵ[1] ਕਪੋਲ[2] ਕਲ[3] ਬੋਲ ਅਮੋਲਹਿ।
[1]ਆਪ ਦੀਆਂ। [2]ਗਲ੍ਹਾਂ। [3]ਸੁੰਦਰ।

ਜਿਉਂ ਤਾਲੀ[1] ਗੁਨ ਕੁਲਫਹਿ[2] ਖੋਲਹਿ।
[1]ਕੁੰਜੀ ਭਾਵ, ਬਾਣੀ। [2]ਜੰਦਰਾ ਗੁਣਾਂ ਰੂਪੀ।

ਵਾਕ ਅਨੋਚਿਤ[1] ਮੈਂ ਜੁ ਬਖਾਨੇ।
[1]ਅਯੋਗ।

ਛਿਮਾ ਕਰਹੁ, ਅਬ ਸ੍ਰੀ ਪ੍ਰਭੁ ਜਾਨੇ[1]’ ॥੨੨॥
[1]ਹੁਣ (ਤੁਹਾਨੂੰ) ਪ੍ਰਭੂ ਸਿਵਾਤਾ ਹੈ। (ਅ) ਜਾਨੇ ਜਨ-ਦਾਸ ਨੂੰ।

ਅਸ ਕਹਿ ਵਾਰਵਾਰ ਪਦਬੰਦਨ[1]।
[1]ਘੜੀ ਮੁੜੀ ਮੱਥਾ ਟੇਕਿਆ ਹੈ।

‘ਤੁਝ ਦਰਸ਼ਨ ਤ੍ਰੈ ਤਾਪ[1] ਨਿਕੰਦਨ।
[1]ਆਧ-ਮਨ ਦੀ ਪੀੜਾ, ਵਿਆਧ-ਸ਼ਰੀਰਕ ਦੁਖ, ਉਪਾਧ-ਉਤੋਂ ਦੀਆਂ ਵਿਪਦਾਂ। (ਵਿਸ਼ੇਸ਼ ਲਈ ਦੇਖੋ ਦੂਜੇ ਅਧਯਾਯ ਦੇ ਦੂਜੇ ਛੰਦ ਦੇ ਪਦਾਰਥ)।

ਨਾਮ ਧਰਾਯੋ ਕਾਲੂ ਨੰਦਨ।

ਨਰ ਤਾਰਨ ਕਲਿਕੇ[1] ਮਤਿ ਮੰਦਨ’ ॥੨੩॥
[1]ਕਲਜੁਗ ਦੇ।

ਬਹੁਰੋ ਭਯੋ ਤੁਸ਼ਨੀ[1] ਪਾਧਾ।
[1]ਚੁਪ।

ਉਰ ਲਖਿ ਕਰ ਸੁਖ ਅਕਥੁ ਅਗਾਧਾ।

ਭਾ ਅਨੰਦ ਮੂਕੰ ਮਿਠਿਆਈ[1]।
[1](ਜਿਵੇਂ) ਗੂੰਗਾ ਮਿਠਾਈ (ਖਾ ਕੇ ਆਨੰਦ ਹੁੰਦਾ ਹੈ ਐਉਂ) ਆਨੰਦ ਹੋਇਆ।

ਤਤਬੇਤਨ ਕੀ[1] ਪਦਵੀ[2] ਪਾਈ ॥੨੪॥
[1]ਗਯਾਨੀਆਂ ਦਾ। [2]ਦਰਜਾ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਪੂਰਬਾਰਧੇ ‘ਗੋਪਾਲ ਪਾਂਧੇ ਪ੍ਰਤਿ ਉਪਦੇਸ਼’ ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅਧਯਾਯ ॥੬॥

## ੭. [ਬਾਲ ਲੀਲ੍ਹਾ, ਪਿਤਾ ਪ੍ਰਤਿ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਨਾਏ]

੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੮

{ਸ਼੍ਰੀ ਗੁਰ ਗ੍ਰੰਥ ਮੰਗਲ} ॥੧॥

{ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ} ॥੩੧॥

ਕਬਿੱਤ:

**ਦਯੋਤ ਕਰ ਚੰਡ ਮਹਿਂ, ਨੀਤਿ ਨ੍ਰਿਪ ਦੰਡ ਮਹਿਂ**
**ਦਾਨ ਗਜ ਗੰਡ ਮਹਿਂ, ਸ਼ੋਭਤਿ ਅਪਾਰ ਹੈ।**

ਦਯੋਤ=ਸੂਰਜ। [ਸੰਸ. ਆਦਿਤਯਾ (ਅ) ਦਯੋਤ=ਧੁੱਪ] (ਅ) ਤੁਕ ਦਾ ਦੂਜਾ ਅਰਥ-ਧੁੱਪ ਦੀਆਂ ਰਿਸ਼ਮਾਂ ਵਿਚ ਜਿਵੇਂ ਤੇਜ ਸੁਭਾਇਮਾਨ ਹੁੰਦਾ ਹੈ। ਕਰ=ਕਿਰਣ। ਚੰਡ=ਤੇਜ, ਤ੍ਰਿੱਖਾਪਨ, ਗਰਮੀ। ਮਹਿਂ-ਵਿੱਚ। ਨੀਤਿ=ਰਾਜ ਨੀਤੀ, ਮੁਰਾਦ ਏਥੇ ਇਨਸਾਫ ਤੋਂ ਹੈ ਕਿ ਅਨੀਤੀ ਦਾ ਦੰਡ ਨਾ ਦੇਵੇ, ਨੀਤੀ ਨਾਲ ਦੰਡ ਦੇਵੇ। ਨ੍ਰਿਪ=ਰਾਜਾ। ਦੰਡ=ਸਜ਼ਾ।

ਦਾਨ=ਦਾਨ ਦੇਣਾ, ਮੁਰਾਦ ਚੋਣ ਤੋਂ ਹੈ। ਗਜ=ਹਾਥੀ। ਗੰਡ=ਗੱਲ੍ਹ, ਰੁਖਸਾਰਾ, ਮੂੰਹ ਦਾ ਇਕ ਪਾਸਾ, ਪੁੜਪੁੜੀ ਤੋਂ ਲੈ ਗਲ੍ਹਾਂ ਸਮੇਤ ਨੂੰ ਆਖਦੇ ਹਨ।ਹਾਥੀ ਦੇ ਗੰਡਸਥਲ ਤੋਂ ਮਦ ਚੋਂਦਾ ਹੈ।

**ਹਵੀ† ਜਿਮ ਖੀਰ ਮਹਿਂ, ਧੀਰ ਜਿਮ ਬੀਰ ਮਹਿਂ**
**ਸੀਰ ਜਿਮ ਨੀਰ ਮਹਿਂ ਹੋਤਿ ਸੁਖਕਾਰ ਹੈ।**

ਹਵੀ=ਘਿਉ, ਥਿੰਧਾਈ, ਜੋ ਦੁੱਧ ਵਿਚ ਹੁੰਦੀ ਹੈ। [ਸੰਸ: ਹਵਿਸ੍=ਘਿਉ]। ਖੀਰ=ਦੁੱਧ। [ਸੰਸ. ਕਸ਼ੀਰ]। ਧੀਰ=ਧੀਰਜ। ਬੀਰ=ਸੂਰਮਾ। †ਪਾ:-ਘੀਵ।

ਸੀਰ=ਸੀਤਲਤਾ, ਸੀਅਰਾਪਨ, ਠੰਢ। ਨੀਰ=ਪਾਣੀ।

**ਜੌਨ੍ਹ ਜਿਮ ਇੰਦ ਮਹਿਂ, ਗੰਧਿ ਅਰਬਿੰਦ ਮਹਿਂ**
**ਮੋਖ ਤਤਬਿੰਦ ਮਹਿਂ, ਜਾਨ ਨਿਰਧਾਰ ਹੈ।**

ਜੌਨ੍ਹ=ਚਾਂਦਨੀ। ਇੰਦ=ਚੰਦ੍ਰਮਾਂ। ਅਰਬਿੰਦ=ਕਮਲ।

ਤਤਬਿੰਦ=ਤਤਵੇਤਾ। [ਸੰਸ. ਤਤ=ਅਸਲੀਅਤ। ਵਿੰਦ=ਜਾਨਣ ਵਾਲਾ, ਧਾਤੂ ਵਿਦ੍=ਜਾਣਨਾ]। ਨਿਰਧਾਰ=ਨਿਸ਼ਚੇ, ਨਿਰਣੇ ਕਰਕੇ ਸਿੱਧ ਹੋ ਚੁਕੀ ਗਲ। [ਸੰਸ. ਨਿਰ੍ਧਾਰ]।

**ਸ੍ਵੱਛ ਜਸ ਦਾਨ ਮਹਿਂ, ਤਾਨ ਜਿਮ ਗਾਨ ਮਹਿਂ**
**ਗ੍ਰੰਥ ਗੁਰ ਗ੍ਯਾਨ ਮਹਿਂ, ਤੈਸੇ ਰਸ ਸਾਰ ਹੈ ॥੧॥**

ਸ੍ਵੱਛ ਜਸ=ਨਿਰਮਲ ਜਸ, ਨਿਰਮਲ ਕੀਰਤੀ। (ਅ) ਜੈਸੇ ਸ੍ਵੱਛਤਾ ਦਾਨ ਦੀ ਸਫਲਤਾ ਦਾ ਮੂਲ ਹੈ। (ੲ) ਦਾਨ ਵਿਚ ਸ੍ਵੱਛ ਕਲ੍ਯਾਨ ਜਿਵੇਂ ਹੈਂ। ਤਾਨ=ਸੁਰ, ਧੁਨ, ਸੁਰਾਂ ਦਾ ਫੈਲਾਵ, ਲਯ ਦਾ ਵਿਸਥਾਰ, ਮੂਰਛਨਾ ਆਦਿ ਦੁਆਰਾ ਰਾਗ ਦਾ ਵਿਸਥਾਰ। (ਅ) ਤਾਨ=ਗ੍ਯਾਨ ਦਾ ਵਿਸ਼ਯ। ਗਾਨ=ਗਾਯਨ, ਗਾਉਣ-ਤੁਕ ਦਾ ਅਰਥ ਜੀਕੂੰ ਗਾਯਨ ਵਿਚ ਗ੍ਯਾਨ ਦਾ ਵਿਸ਼ਾ ਹੁੰਦਾ ਹੈ।

ਰਸ=ਸੁਆਦ। ਸਾਰ=ਸ੍ਰੇਸ਼ਟ ਤੱਤ, ਸ੍ਰੇਸ਼ਟ ਰਸ, (ਅ) ਭਾਵ-ਆਤਮ ਰਸ (ੲ) ਤੁਕ ਦਾ ਦੂਸਰਾ ਅਰਥ-ਤੈਸੇ ਗੁਰੂ ਗ੍ਰੰਥ ਸਾਹਿਬ ਵਿਚ ਗ੍ਯਾਨ ਸਾਰ ਰਸ ਹੈ।

ਅਰਥ:

(ਜਿਸ ਤਰ੍ਹਾਂ) ਸੂਰਜ ਦੀਆਂ ਕਿਰਨਾਂ ਵਿਚ ਤੇਜ, ਰਾਜੇ ਦੇ ਦੰਡ ਵਿਚ ਨੀਤੀ, ਹਾਥੀ ਦੇ ਗੰਡਾਂ ਵਿਚੋਂ (ਮਦ) ਚੋਣਾਂ, ਬਹੁਤ ਸ਼ੋਭਾ ਪਾਉਂਦੇ ਹਨ।

ਜਿਸ ਤਰ੍ਹਾਂ ਦੁੱਧ ਵਿਚ ਘਿਉ, ਜਿਵੇਂ ਸੂਰਮੇ ਵਿਚ ਧੀਰਜ, ਜਿਵੇਂ ਪਾਣੀ ਵਿਚ ਸੀਤਲਤਾਈ ਸੁਖਦਾਈ ਹੁੰਦੇ ਹਨ।

ਜਿਸ ਤਰ੍ਹਾਂ ਚੰਦ੍ਰਮਾਂ ਵਿਚ ਚਾਂਦਨੀ, ਕਮਲਾਂ ਵਿਚ ਸੁਗੰਧੀ, ਤਤਬੇਤੇ ਵਿਚ ਮੁਕਤੀ, ਜਾਣ ਲਵੋ ਕਿ ਨਿਸ਼ਚੇ (ਸੁਭਾਇਮਾਨ ਹੁੰਦੀਆਂ) ਹਨ।
ਜਿਸ ਤਰ੍ਹਾਂ ਦਾਨ ਦੇਣ ਵਿਚ ਨਿਰਮਲ ਜਸ (ਸੁਭਾਇਮਾਨ ਹੁੰਦਾ ਹੈ), ਜਿਵੇਂ ਗਾਉਣ ਵਿਚ ਤਾਨਾਂ (ਹੁੰਦੀਆਂ ਹਨ,) ਤਿਵੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗਜਾਨ ਵਿਚ ਸ੍ਰੇਸ਼ਟ ਰਸ (ਪੂਰਣ ਸੁਭਾਇਮਾਨ) ਹੈ।

ਭਾਵ:

ਕਵਿ ਜੀ ਨੇ ਪਹਿਲੇ ਦ੍ਰਿਸ਼ਟਾਂਤ ਦਿੱਤੇ ਹਨ ਜੋ ਚਾਰ ਪ੍ਰਕਾਰ ਦੇ ਹਨ। ੧. ਜੋ ਸ਼ੋਭਾ ਦੇਂਦੇ ਹਨ:- ਜਿਵੇਂ ਦੰਡ ਨੀਤੀ ਬਿਨਾ ਸ਼ੋਭਨੀਕ ਨਹੀਂ, ਧੁੱਪ ਨਿੰਘ ਬਿਨਾਂ ਸ਼ੋਭਨੀਕ ਨਹੀਂ। ੨. ਸੁਖਦਾਈ ਤੇ ਸਫਲ:- ਦੁੱਧ ਵਿੱਚੋਂ ਘਿਉ ਨਾਂ ਨਿਕਲੇ ਤਾਂ ਕਿਸ ਕੰਮ। ੩. ਜੋ ਨਿਸ਼ਚੇ ਹਨ:- ਜੈਸੇ ਚੰਦ ਵਿਚ ਚਾਂਦਨੀ, ਕਮਲ ਵਿਚ ਸੁਗੰਧੀ, ਤਤਵੇਤੇ ਵਿਚ ਮੁਕਤਿ ਹੋਣ ਤੇ ਮੁਕਤਿ ਕਰਨ ਦੀ ਸ਼ਕਤੀ। ੪. ਜੋ ਆਪੋ ਵਿਚ ਅੱਡ ਨਹੀਂ ਹੋ ਸਕਦੇ ਤਦਰੂਪਤਾ ਕਰਕੇ, ਜੈਸੇ:- ਦਾਨ ਤੋਂ ਜਸ, ਗਾਉਣ ਤੋਂ ਤਾਨਾਂ। ਇਨ੍ਹਾਂ ਚੌਹਾਂ ਹੀ ਪ੍ਰਕਾਰਾਂ ਕਰਕੇ ਸ਼੍ਰੀ ਗੁਰੂ ਗ੍ਰੰਥ ਜੀ ਵਿਚ ਜੋ ਗਜਾਨ ਹੈ, ਉਹ ਰਸ ਭਰਪੂਰ ਹੈ। ਨਿਰਸ ਗਜਾਨ ਗੁਰੂ ਗ੍ਰੰਥ ਸਾਹਿਬ ਜੀ ਦਾ ਗਜਾਨ ਨਹੀਂ ਹੈ।
ਮੁਰਾਦ ਇਹ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗਜਾਨ ਵਿਚ ਜੋ ਸ੍ਰੇਸ਼ਟ ਰਸ ਹੈ, ਉਹ ਗਜਾਨ ਨਾਲ ਤਦਰੂਪ ਹੈ, ਨਿਸ਼ਚੇ ਹੈ, ਸੁਖਦਾਈ ਹੈ, ਅਰ ਅਤੀ ਸ਼ੋਭਾ ਵਾਲਾ (ਸੁੰਦਰ) ਹੈ।
ਸ਼੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਸਹਿਜ ਸੁਭਾਇਕ ਮੁਕਤਿਦਾ,
ਆਵਤਿ ਭਏ ਅਵਾਸ।
ਪਦ ਨੂਪਰ ਕਟ ਕਿੰਕਨੀ[1], — [1]ਲੱਕ ਵਿਚ ਤੜਾਗੀ।
ਸ਼ਬਦ[1] ਹੋਤਿ ਪਰਕਾਸ਼[2] ॥੨॥ — [1]ਅਵਾਜ। [2]ਪ੍ਰਗਟ।

ਚੌਪਈ:

ਮਾਤ ਬਿਲੋਕਤਿ ਬੈਨ ਅਲਾਯੋ।
'ਬਿਨਾ ਪ੍ਰਦੋਖ[1] ਸਦਨ ਚਲਿ ਆਯੋ। — [1]ਸੰਧਜਾ ਪਈ ਤੋਂ ਪਹਿਲੇ।
ਤੋਰ ਤਾਤ[1] ਤਾੜਹਿਗੋ[2] ਤਾਤਾ[3]! — [1]ਪਿਤਾ। [2]ਤਾੜੇਗਾ। [3]ਹੇ ਪੁੱਤ੍ਰ!
ਹਿਤ ਕਰਿ ਪਢ਼ਹੁ ਨ, ਖੇਲਹਿ ਰਾਤਾ'
॥੩॥
ਨੈਨ ਨੀਰ ਬਾਰਿਕ ਕੀ ਨਜਾਈਂ।
ਅਵਨੀ ਖਨਤਿ[1] ਸੰਤ ਸੁਖਦਾਈ। — [1]ਜ਼ਮੀਨ ਖੋਤ੍ਰਨ ਲੱਗੇ।
ਕਰ ਸੋਂ ਕਰ ਗਹਿ ਕਰਿ ਪੁਨ ਮਾਤਾ।
ਅੰਕ ਬਸਾਇ[1] ਕਹਜੋ ਬਹੁ ਭਾਂਤਾ — [1]ਗੋਦੀ ਬਿਠਾਕੇ।
॥੪॥
'ਭੂਖਨ ਅਵਰ ਦੇਹਿਂ ਘਰਿਵਾਈ।
ਭੋਜਨ ਮਧੁਰ ਲੇਹੁ ਨਿਤ ਖਾਈ।

ਜੇ ਅਬ ਪਢਹਿਂ ਪ੍ਰੀਤ ਕਰਿ ਲੇਖਾ।
ਕਾਰਜ ਆਵਹਿ ਹੋਇਂ ਵਿਸ਼ੇਖਾ[1]' ॥੫॥

[1]ਜਦੋਂ ਤੂੰ) ਵੱਡਾ ਹੋਇਓਂ।

ਦੋਹਰਾ:
ਅਜਰ[1] ਮਾਂਝ ਬਿਚਰਤਿ ਬਹੁਰ, ਸੰਝ ਭਈ ਜਿਹ ਕਾਲ ॥
ਕਾਲੂ ਆਲਯ ਆਇ ਪਿਖਿ, ਲੋਚਨ ਲਾਲ ਕ੍ਰਿਪਾਲ[1] ॥੬॥

[1]ਵੇਹੜੇ।

[1]ਪਿਆਰੇ ਨੇਤ੍ਰਾਂ ਵਾਲੇ ਕ੍ਰਿਪਾਲੂ (ਗੁਰੂ ਜੀ ਨੂੰ)।

ਚੌਪਈ:
ਪ੍ਰੇਮ ਮੋਦ ਸੋਂ ਗਰੇ ਲਗਾਯੋ ॥
ਬੈਸ ਮੰਚ[1] ਪਰ ਅੰਕ ਬਸਾਯੋ।
'ਪਢਯੋ ਆਜ ਜੋ ਮੁਝੇ ਸੁਨਾਇ।
ਕੋ ਬਿਧਿ ਪਾਂਧਾ ਤੁਝਹਿ ਪਢਾਇ?' ॥੭॥

[1]ਪਲੰਘ।

ਸੁਨਿ ਕਰਿ ਪਿਤਾ ਬਚਨ ਨਿਜ ਕਾਨਨ।
ਕੇਤਿਕ ਪੈੜੇ[1] ਕਹਿ ਕਮਲਾਨਨ[2]।
ਹਿਤੂ ਹੁਤੇ ਸੋ ਬਾਰਿਕ ਆਏ।
ਪੁਨ ਉਠਿ ਕਰਿ ਤਿਨ ਸੰਗ ਸਿਧਾਏ ॥੮॥

[1]ਪਹਾੜੇ। [2]ਕਵਲ ਵਰਗੇ ਮੁਖੜੇ ਵਾਲੇ ਨੇ ਸੁਣਾਏ।

ਖੇਲਣ ਲਗੇ ਬੀਥਕਾ ਮਾਂਹੀ[1]।
ਚੰਦ ਚਾਂਦਨੀ ਪੂਰਨ ਜਾਂਹੀ।
ਸ਼੍ਰੀ ਮੁਖ ਨਾਨਕ ਭਨਹਿ ਕਹਾਨੀ।
ਭਜਨ ਭਗਤਿ ਸੋਂ ਮਿਲੀ ਜੁ ਬਾਨੀ[1] ॥੯॥

[1]ਗਲੀ ਵਿਚ।

[1]ਜਿਹੜੀ ਬਾਣੀ।

ਦੋਹਰਾ:
ਮਧੁਰ[1] ਸੁਧਾ ਸਮ ਬਚਨ ਸੁਨਿ, ਤੂਸ਼ਨ ਹੋਵਹਿਂ ਬਾਲ।
ਹਿਤ ਤੇ ਤ੍ਰਿਪਤ[1] ਨ ਚਿਤ ਬਿਖੈ, ਚਾਹਹਿਂ ਚੌਂਪ ਬਿਸਾਲ ॥੧੦॥

[1]ਮਿੱਠੇ।

[1]ਰੱਜੇ।

ਚੌਪਈ:
ਜੀਹ[1] ਕਮਾਨ ਬਚਨ ਜਿਉ ਬਾਨਾ[2]।

[1]ਜੀਭ। [2]ਬਾਣ, ਤੀਰ।

| | |
|---|---|
| ਮਧੁਰਾਈ ਮਧ[1] ਭਲਕ[2] ਸਮਾਨਾ। | [1]ਵਿੱਚ ਮਿੱਠਤ। [2]ਚਿੱਲਾ। |
| ਤੀਖਨ ਕਰੇ ਸਾਨ ਚਤੁਰਾਈ[1]। | [1]ਚਤੁਰਾਈ ਰੂਪੀ ਸਾਣ ਤੇ। |
| ਨਾਨਾ ਉਕਤਿਨਿ[1] ਪੰਖ ਸੁਹਾਈ ॥੧੧॥ | [1]ਯੁਕਤੀਆਂ। |
| ਬਾਲ ਬ੍ਰਿੰਦ ਹਿਰਦਾ[1] ਲਛ[2] ਭੇਦਾ[3]। | [1]ਸਾਰੇ ਬਾਲਾਂ ਦਾ ਹਿਰਦਾ ਰੂਪ। [2]ਨਿਸ਼ਾਨਾ। [3]ਵਿਨ੍ਹਿਆਂ ਗਿਆ। |
| ਭਏ ਲਟੂਹਾ[1] ਹੋਇ ਅਖੇਦਾ[2]। | [1]ਮੋਹਿਤ। [2]ਦੁਖ ਰਹਿਤ। |
| ਤਜਿ ਕਰਿ ਸੰਗ ਸਦਨ ਨਹਿਂ ਜਾਵਹਿਂ। | |
| ਮਾਤ ਪਿਤਾ ਤਬ ਆਨਿ ਬੁਲਾਵਹਿਂ ॥੧੨॥ | |
| ਗਹਿ ਕਰਿ ਲੇ ਜਾਵਹਿਂ ਬਰਿਆਈ[1]। | [1]ਧਿੰਗੋਜੋਰੀ। |
| ਤਜਿ ਨਹਿਂ ਸਕਈ ਮਨ ਬਿਰਮਾਈ[1]। | [1]ਮਨ ਮੋਹਿਤ ਹੋ ਰਿਹਾ ਹੈ। |
| ਰੁਚਿਰ ਬਚਨ ਕੀ ਰੁਚਿ ਅਧਿਕਾਈ। | |
| ਸੁਨਿ ਸੁਨਿ ਪੁਨ ਮਨ ਹੋਤਿ ਸਵਾਈ ॥੧੩॥ | |
| ਪ੍ਰਵੇਸ਼ਟਿਤਿ[1] ਬਾਰਿਕ ਚਹੁਂ ਪਾਸਾ। | [1]ਘੇਰੇ ਹੋਏ। |
| ਪੁੰਨਵਾਨ ਜਿਨ ਕੇ[†] ਅਘ[1] ਨਾਸ਼ਾ। | [1]ਪਾਪ। [†]ਪਾਠਾਂਤ੍ਰ-ਜਿਹਕੇ-ਬੀ ਹੈ। |
| ਨਾਨਕ ਬੈਸਹਿ ਬੀਚ ਬਿਰਾਜਹਿ। | |
| ਬਚ ਸੁਨਿ ਜਿਨਹਿ ਸੁਧਰਮਾ[1] ਲਾਜਹਿ ॥੧੪॥ | [1]ਇੰਦਰ ਸਭਾ। |
| ਬਦਨ[1] ਬਿਲੋਕਹਿਂ[2] ਨਿਜ ਨਿਜ ਦਿਸ[3] ਸੋ[4]। | [1]ਮੁਖ। [2]ਦੇਖਦੇ ਹਨ। [3]ਆਪੋ ਆਪਣੀ ਤਰਫ। [4]ਉਹ (ਬਾਲ)। |
| ਲਖਹਿਂ ਕੰਡ ਕੋ ਨਹਿਂ ਤਹਿਂ ਸਿਸ[1] ਸੋ। | [1]ਬੱਚੇ। |
| ਸਭਿ ਮਨ ਜਾਨਹਿਂ -ਮੁਝੇ ਸੁਨਾਵਹਿਂ-। | |
| ਰੋਕ ਰਿਖੀਕ[1] ਸੁਨਹਿਂ ਮਨ ਭਾਵਹਿਂ ॥੧੫॥ | [1]ਇੰਦ੍ਰੀਆਂ ਨੂੰ। |
| ਦੋਹਰਾ: | |
| ਮਿਲਿ ਬਾਲਿਕ ਸੋਂ ਖੇਲਤੇ, | |
| ਚਲਿ ਆਏ ਨਿਜ ਧਾਮ। | |
| ਅੰਨ ਖਾਇ ਕਰ ਮਾਤ ਤੇ, | |
| ਸੂਤੇ ਤਨ ਅਭਿਰਾਮ[1] ॥੧੬॥ | [1]ਸੁੰਦਰ। |
| ਚੌਪਈ: | [1]ਪਹਿਰ ਰਾਤ (ਰਹਿੰਦੀ)। |

ਜਾਮ ਜਾਮਨੀ[1] ਜਾਗਨ ਨੇਮਾ।
ਜਬ ਕਾ ਤਨ ਧਰਿ ਦਾਨੀ ਛੇਮਾ[1]।
[1]ਮੁਕਤੀਦਾਤੇ ਨੇ।
ਭੋਰ ਭਈ ਕੀਨੋ ਇਸ਼ਨਾਨਾ।
ਪਟ ਪਹਿਰੇ ਸੁੰਦਰ ਬਿਧਿ ਨਾਨਾ ॥੧੭॥
ਦਿਵਸ ਚਰੇ ਕਾਲੂ ਗਹਿ ਹਾਥਾ।
ਲੈ ਚਟਸਾਰ ਚਲ੍ਯੋ ਨਿਜ ਸਾਥਾ।
ਪਾਂਧੇ ਸੋਂ ਬੋਲ੍ਯੋ ਹਿਤ ਧਰਿਕੈ।
'ਦੇਹੁ ਪਢਾਇ ਰਿਦੇ ਰੁਚਿ ਕਰਕੇ' ॥੧੮॥
ਸੁਨਿ ਬੋਲ੍ਯੋ ਮਨ ਸੋ[1] ਕਰਿ† ਬੰਦਨ।
[1]ਉਹ (ਭਾਵ ਪੰਡਤ)। †ਮੇਂ-ਪਾਠਾਂਤ੍ਰ ਹੈ।
'ਬਿਦਿਆ ਨਿਪੁਨੰ[1] ਕੁਮਤਿ[2] ਨਿਕੰਦਨ[3]।
[1]ਚਤੁਰ। [2]ਖੋਟੀ ਬੁੱਧੀ ਦੇ। [3]ਨਾਸ਼ ਕਰਨ ਵਾਲੇ।
ਇਸ ਤੇ ਅਧਿਕ ਜੁ ਹੋਇ ਪਢਾਵੈ।
ਜਗਤ ਮਾਂਹਿ ਸਮ ਕੋ ਨ ਦਿਸਾਵੈ† ॥੧੯॥
†ਪਾਠਾਂਤ੍ਰ-ਜਗ ਮਹਿਂ ਸਮ ਕੋ ਕੌਨ ਦਿਸਾਵੇ।

ਦੋਹਰਾ:
ਸੁਤ[1] ਕੋ ਸੁਤ ਨਹਿਂ ਜਾਨਿਯੋ, ਹੈ ਕਿਹ ਕੋ ਅਵਤਾਰ।
ਬਿਨਾ ਪਢੇ ਹੀ ਪਢਿ ਰਹਯੋ, ਸਭਿਨਿ ਪਢਾਵਨ ਹਾਰ ॥੨੦॥
[1]ਪੁੱਤ੍ਰ।

ਚੌਪਈ:
ਇਸ ਪਢਨੇ ਕੇ ਪਰਹੁ ਨ ਖਜਾਲੇ।
ਸਭਿ ਕਰਤਾ ਜੋ ਬਿਦ੍ਯਾ ਜਾਲੇ[1]।
[1]ਸਮੂਹ।
ਦੀਪ ਦਿਪਾਇ[1] ਬ੍ਰਿਤਾਸ ਸਮ੍ਹਾਈ[2]†।
[1]ਜੇ ਕੋਈ) ਦੀਵਾ ਬਾਲੇ। [2]ਸੂਰਜ ਦੇ ਸਾਹਮਣੇ। †ਪਾਠਾਂਤ੍ਰ-ਸਹਾਈ।
ਤਮ[1] ਹਰਿਬੇ ਕੋ ਨਰ ਉਦਤਾਈ[2] ॥੨੧॥
[1]ਅਨ੍ਹੇਰਾ। [2]ਉਦਮ ਕਰੇ।
ਦੀਪਕ ਤੇ ਕਯਾ ਹੁਇ ਪਰਕਾਸ਼ਾ।
ਫੀਕੀ ਪ੍ਰਭਾ[1] ਪਰੈ ਅਗਿ ਤਾਸਾ[2]।'
[1]ਪ੍ਰਕਾਸ਼। [2]ਤਿਸ (ਸੂਰਜ) ਦੇ ਅੱਗੇ।
ਸੁਤ ਉਸਤਤਿ ਸੁਨਿ ਸ੍ਰੁਤਿ ਮਹਿਂ ਕਾਲੂ।
ਬਿਨ ਸ਼ਰਧਾ ਉਰ ਹਰਖ ਬਿਸਾਲੂ

॥੨੨॥
ਹਟਿ ਕਰਿ ਘਰ ਆਵਤਿ ਭਾ ਸੋਊ।
ਕਰਨ ਲਗ੍ਯੋ ਕਾਰਜ ਨਿਜ ਜੋਊ।
ਸ੍ਰੀ ਨਾਨਕ ਕੀ ਇੱਛਾ ਜਹਿਂਵਾ।
ਬਿਚਰਹਿਂ ਬਾਲਕ ਮਹਿਂ ਮਿਲਿ ਤਹਿਂਵਾ
॥੨੩॥

ਦੋਹਰਾ:
ਮਸਤਕ ਆਯੁਤਿ[1] ਦਿਪਤਿ[2] ਦੁਤਿ[3]
ਚਿਤ ਮੋਹਤਿ ਨਰ ਬਾਲ[1]।
ਕਮਲ ਦਲਨ[1] ਸੇ ਦ੍ਰਿਗ[2] ਲਲਿਤ[3]
ਆਲਯ ਲਾਜ[1], ਬਿਸਾਲ[2] ॥੨੪॥

[1]ਚੌੜਾ। [2]ਪ੍ਰਕਾਸ਼ਮਾਨ। [3]ਕ੍ਰਾਂਤੀ।
[1]ਪੁਰਖਾਂ ਤੇ ਇਸਤ੍ਰੀਆਂ ਦਾ।
[1]ਕਵਲ ਪੱਤ੍ਰ। [2]ਅੱਖਾਂ। [3]ਸੁੰਦਰ।
[1]ਸ਼ਰਮ ਦਾ ਘਰ। [2]ਬੜੀਆਂ।

ਚੌਪਈ:
ਦਸਨ[1] ਦਮਕ ਅਧਰਨ[2] ਮਧ[3] ਐਸੇ।
ਗਿਰਾ ਸਦਨ[1] ਹੀਰਾਵਲਿ[2] ਜੈਸੇ।
ਭੁਜ[1] ਸੁੰਦਰ ਕਰਿ ਸਜਤਿ ਕਿਯੂਰਾ[2]।
ਕਲ[1] ਕੁੰਡਲ ਸ਼੍ਰੋਨਨਿ[2] ਛਬਿ ਰੂਰਾ[3]
॥੨੫॥
ਜਿਹ ਹੇਰਹਿਂ ਕਰੁਨਾ ਕੀ ਕੋਰਾ[1]।
ਤਾਂਹਿ ਭਵੋਦਿਧਿ[1] ਤੇ ਦੇਂ ਧੋਰਾ[2]।
ਇਕ ਬਾਸੁਰ ਕਾਗਦ ਕੁਛ ਲੀਨੇ।
ਲਘੁ ਪੋਥੀ ਸੀ ਕਰਹਿ ਅਸੀਨੇ ॥੨੬॥
ਜਿਹ ਜਿਹ ਕੁਲ ਉਪਜਹਿ ਜੋ ਜੋਊ॥
ਦੇਖਿ ਵਡਨ ਸਿਸੁ ਖੇਲਹਿ ਸੋਊ।
ਕਰ ਮਹਿਂ ਗਹੇ ਕਰਹਿਂ ਤਿਉਂ ਲੀਲਾ॥
ਪਤਿਤ ਉਧਾਰਨਿ ਬਿਰਦ ਗਹੀਲਾ[1]
॥੨੭॥

[1]ਦੰਦਾਂ ਦੀ। [2]ਹੋਠਾਂ। [3]ਵਿਚ।
[1]ਸਰਸਵਤੀ ਦੇ ਘਰ। [2]ਹੀਰਿਆਂ ਦੀਆਂ ਲੜੀਆਂ।
[1]ਬਾਹਾਂ। [2]ਬਹੁੱਟੇ।
[1]ਸੁੰਦਰ। [2]ਕੰਨਾਂ ਵਿਚ। [3]ਸੁਹਣੀ ਛਬੀ ਦੇ ਰਹੇ ਹਨ।
[1]ਮਿਹਰ ਦੇ ਮਟੱਕੇ ਨਾਲ।
[1]ਸੰਸਾਰ ਸਾਗਰ। [2]ਆਸਰਾ।
[1]ਗ੍ਰਹਨ ਕਰਨ ਵਾਲੇ।

ਦੋਹਰਾ:
ਕਾਲੂ ਚਲਿ ਤਿਸ ਕਾਲ ਮਹਿਂ, ਆਇ
ਲਾਲ ਕਲ[1] ਦੇਖਿ।
ਬੋਲ੍ਯੋ ਬੋਲ ਬਿਲਾਸ ਕੇ, ਪ੍ਰੇਮ ਧਰੇ
ਜਿਉਂ ਬੇਖ ॥੨੮॥

[1]ਸੁੰਦਰ ਪੁੱਤ੍ਰ।

ਚੌਪਈ:

'ਕਹਹੁ ਤਾਤ! ਕਾਗਦ ਕਰ ਲੀਨੇ।
ਕਹਾ ਤੁਮ ਪਢਹੁ ਸਿਸੁਨਿ ਮਹਿਂ[1] ਭੀਨੇ? — [1]ਬੱਚਿਆਂ ਵਿਚ।
ਨੈਕ ਨ ਇਤ ਉਤ ਹੇਰਤਿ ਕਾਹੂ[1]। — [1]ਥੋੜਾ ਬੀ ਕਿਤੇ ਇਧਰ ਉਧਰ ਨਹੀਂ ਵੇਖਦੇ।
ਰਿਦਾ ਲਗਾਯੋ ਕਾਗਦ ਮਾਂਹੂ[†] ॥੨੯॥ — [†]ਪਾਠਾਂਤ੍ਰ-ਰਿਦਾ ਲਗਯੋ ਕਾਗਰ ਕੇ ਮਾਂਹੀ।
ਜਿਉਂ ਪੰਡਤ ਬੇਦਾਂਤ ਬਿਚਾਰਤਿ।
ਨੈਕ ਨ ਮਨ ਕੋ ਕਿਤਹੂੰ ਟਾਰਤਿ।'
ਸੁਨਿ ਕਰਿ ਪਿਤਾ ਬਚਨ ਕੋ ਬੋਲੇ।
ਸੰਪਟ ਬਿੱਦ੍ਰਮ[1] ਅੰਮ੍ਰਿਤ ਖੋਲੇ ॥੩੦॥ — [1]ਮੂੰਗਿਆਂ ਦਾ ਡੱਬਾ, ਭਾਵ ਮੂੰਹ ਖੋਲ੍ਹਿਆ।
'ਸਪਤ ਸ਼ਲੋਕੀ ਪਢਿ ਹੌਂ ਗੀਤਾ।

{ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ}

ਅਰਥ ਵਿਚਾਰੋਂ ਤਿਹ ਕਰਿ ਪ੍ਰੀਤਾ।
ਜਿਸ ਕੇ ਪਢਨ ਵਿਚਾਰਨ ਕਰਿਕੈ।
ਸ਼ੁਭ ਮਾਰਗ ਪਰਹਿਂ ਹਿਤ ਧਰਿਕੈ' ॥੩੧॥

**ਦੋਹਰਾ:**

ਕਾਲੂ ਉਰ ਅਚਰਜ ਕਰਤਿ, ਅਚਰਜ ਬਚਨ ਸੁਨੇ ਜੁ।
ਲਖਨੇ ਕੀ ਲਾਲਸ ਲਗੀ, ਕੂਰ ਕਿ ਸਾਚ[1] ਭਨੇ ਜੁ[2] ॥੩੨॥ — [1]ਕੂੜ ਹੈ ਕਿ ਸੱਚ। [2]ਜੋ ਆਖਦਾ ਹੈ।

**ਚੌਪਈ:**

'ਮੁਝ ਕੋ ਪਢਿ ਕਰਿ ਦੇਹੁ ਸੁਨਾਈ।
ਅਰਥ ਭਨਹੁ[1] ਜਿਉਂ ਪਰਹਿ ਲਖਾਈ[2]।' — [1]ਕਹੋ। [2]ਸਮਝ ਪੈਣ।
ਸੁਨਿ ਪਿਤ ਕੀ ਬਾਨੀ ਸੁਖ ਖਾਨੀ।
ਅਰਥ ਕਹਤਿ ਭੇ ਜਿਹ ਦੁਖ ਹਾਨੀ ॥੩੩॥
ਅਰਥ ਬਖਾਨਯੋ ਸਤਿਗੁਰ ਪੂਰੇ।
ਭਵ ਤਾਰਨ ਕੋ ਜਿਹ ਪਦ ਰੂਰੇ[†]। — [†]ਅੰਕ ੩੩ ਦੇ-ਸੁਨ ਪਿਤ... ਤੋਂ..... ਰੂਰੇ-ਤਕ ਚਾਰ ਪਦ ਇਕ ਲਿੱਖਤ ਦੇ ਨੁਸਖੇ ਵਿਚ ਹੈਨ, ਛਾਪੇ ਵਿਚ ਨਹੀਂ।
ਬਚਨ ਬਦਤਿ ਅਧਭੁਤ ਲਘੁ ਗੀਤਾ।
ਸੁਨਤਿ ਤਾਤ[1] ਮ੍ਰਿਗ ਘੰਟਕ[2] ਪ੍ਰੀਤਾ — [1]ਪਿਤਾ। [2]ਘੰਡੇਹੇੜੇ ਵਾਲੀ।

॥੩੪॥
ਪ੍ਰਥਮ ਪਾਠ ਕਰਿ ਪਰਮ ਪ੍ਰਬੀਨਾ।
ਗਿਰਾ[1] ਮਧੁਰ ਸੁੰਦਰ ਰਸ ਲੀਨਾ। [1]ਬਾਣੀ।
ਬਹੁਰ ਅਰਥ ਕਰਿ ਸਭਿ ਸਮਝਾਯੋ।
ਤਾਤਪਰਯ[੪] ਜੋ ਤਿਹ ਮਹਿਂ ਪਾਯੋ
॥੩੫॥
ਸੁਨਿ ਕਰਿ ਕਾਲੂ ਕਰਤਿ ਬਿਚਾਰਾ[1]। [1]ਮਤਲਬ।
ਪੁਨ ਪਾਂਧੇ ਕੋ ਬਚਨ ਚਿਤਾਰਾ।
-ਸੱਤਿ ਬਦਤਿ ਮਤਿ ਮਿਤ ਅਤਿ[1] ਯਾਂਕੀ। [1]ਅਨੰਤ ਬੁੱਧੀ।
ਬਯ ਲਘੁ[1] ਮਹਿਂ ਏਤੀ ਮਤਿ ਕਾਂਕੀ- [1]ਛੋਟੀ ਉਮਰ।
॥੩੬॥
ਦੋਹਰਾ: [1]ਪਿਤਾ।
ਜਨਕ[1] ਗਯੋ ਸੁਨਿ ਕਰਿ ਸਦਨ, ਨਾਨਕ ਜਨਨੀ ਸੰਗ।
ਬਚਨਨ ਸੋਂ ਬਰਨਨਿ ਕਰੀ, ਸਭਿ ਬਿਧਿ ਰਿਦੇ ਉਮੰਗ ॥੩੭॥
ਚੌਪਈ: [1]ਬਹੁਤੇ ਗੁਣ।
'ਪ੍ਰਥਮ ਜੋਤਿਕੀ ਗੁਨ ਗਨ[1] ਗਾਏ।
ਸ਼ੁਭ ਲੱਛਨ ਸਭਿ ਅੰਗ ਬਤਾਏ।
ਪੁਨ ਪਾਂਧੇ ਗੋਪਾਲ ਬਖਾਨਾ।
-ਸੁਤ ਤੁਮਰੋ ਅਤਿਸ਼ੈ ਮਤਿਵਾਨਾ-
॥੩੮॥
ਅਬ ਬਾਰਿਕ ਮਹਿਂ ਕਾਗਦ ਲੀਨੇ॥
ਖੇਲਤਿ ਹੁਤੋ ਪ੍ਰੀਤਿ ਚਿਤਿ ਚੀਨੇ।
ਮੈਂ ਬੂਝਯੋ -ਕਹਾ ਖੇਲਹੁ ਤਾਤਾ! -।
ਸੁੰਦਰ ਗਿਰਾ ਕਹੀ ਸੁਖਦਾਤਾ ॥੩੯॥
ਸਪਤ ਸ਼ਲੋਕੀ ਗੀਤਾ ਭਾਖੀ।
ਜਨੁ ਪੰਡਤ ਤੇ ਪਢਿ ਕਰਿ ਰਾਖੀ।
ਅਬ ਤੌ ਮਤਿ ਗੁਨਵਾਨਨਿ ਜੈਸੀ।
ਵਡੇ ਹੋਇ ਕਹਾ ਜਾਨਹਿਂ ਕੈਸੀ?'

| | |
|---|---|
| ॥ ੪੦ ॥ | |
| ਸੁਨਿ ਪੁਨ ਕਹਤ ਭਈ ਗੁਰ ਮਾਤਾ। | |
| 'ਸ਼ੁਭ ਲੱਛਨ ਇਸ ਮਹਿਂ ਬਖ਼ਜਾਤਾ[1]। | [1]ਪ੍ਰਗਟ। |
| ਬਦਨ[1] ਪ੍ਰਸੰਨ ਕਮਲ ਜਿਮ ਬਿਕਸਾ[2]। | [1]ਮੁਖੜਾ। [2]ਖਿੜਿਆ। |
| ਰੋਦਨ ਸ਼ਬਦ[1] ਨ ਮੁਖ ਤੇ ਨਿਕਸਾ ॥ ੪੧ ॥ | [1]ਰੋਣ ਦੀ ਆਵਾਜ਼। |
| ਸਿਸੁ ਮਹਿਂ[1] ਖੇਲਤਿ ਦੇਤਿ ਨ ਗਾਰੀ। | [1]ਬਾਲਾਂ ਵਿਚ। |
| ਲਰਜੋ ਨ ਕਿਸ ਸਿਉਂ ਮਧੁਰ ਉਚਾਰੀ। | |
| ਨਰ ਨਾਰੀ ਸਭਿ ਕਰਤਿ ਵਡਾਈ। | |
| ਸੰਗ ਫਿਰਹਿਂ ਬਾਰਿਕ ਬਰਿਆਈ[1] ॥ ੪੨ ॥ | [1]ਮੱਲੋ ਮੱਲੀ। |
| ਬ੍ਰਿੱਧ ਨਰਨ ਜਿਉਂ[1] ਭਨਹਿਂ ਕਹਾਨੀ। | [1]ਵੱਡੇ ਮਨੁੱਖਾਂ ਵਾਂਙੂ। |
| ਬਾਲ ਬਿਸਾਲ[1] ਸੁਨਹਿਂ ਹਿਤ ਠਾਨੀ[2]।' | [1]ਬਹੁਤੇ ਬਾਲ। (ਅ) ਬਾਲ ਤੇ ਵਡੇ। [2]ਪ੍ਰੇਮ ਕਰਕੇ। |
| ਮਾਤ ਪਿਤਾ ਸੁਤ ਉਸਤਤਿ ਕਹਿ ਕਰਿ। | |
| ਉਰ ਆਮੋਦ[1] ਸੰਗ ਭੇ ਗਹਿਵਰ[2] ॥ ੪੩ ॥ | [1]ਖੁਸ਼ੀ। [2]ਖਚਾਖਚ, ਸਰਸ਼ਾਰ। |
| ਉਤ ਸ੍ਰੀ ਨਾਨਕ ਖੇਲ ਮਚਾਵਤਿ। | |
| ਤਲਵੰਡੀ ਕੀ ਬੀਥੀ[1] ਧਾਵਤਿ। | [1]ਗਲੀਆਂ ਵਿਚ। |
| ਚਢਹਿਂ ਤਰੋਵਰ[1] ਜਸਪਦ[2] ਕੂਦਹਿਂ[3]। | [1]ਦਰਖਤ। [2]ਛੇਤੀ। [3]ਛਾਲਾਂ ਮਾਰਦੇ ਹਨ। |
| ਸਿਸੁ ਕੋ ਸਿਸੁ ਮਿਲ ਲੋਚਨ ਮੂੰਦਹਿਂ[1] ॥ ੪੪ ॥ | [1]ਅੱਖਾਂ ਮੀਟਦੇ ਹਨ। |
| ਭਾਗ[1] ਚਲਹਿਂ ਨਹਿਂ ਦੇਤਿ ਗਹਾਈ[2]। | [1]ਦੌੜ। [2]ਪਕੜਾਈ। |
| ਅਤਿ ਲਘੁਤਾ[1] ਕਰਿ ਢ੍ਵੈ ਹੈ ਦਾਈ[†]। | [1]ਛੇਤੀ। [†]ਖੇਲਨ ਵੇਲੇ ਇਕ ਲੜਕੇ ਨੂੰ ਦਾਈ ਥਾਪ ਲੈਂਦੇ ਹਨ ਤੇ ਉਸਨੂੰ ਹੱਥ ਲਾ ਜਾਣਾ, ਛੇਤੀ ਨਾਲ ਤੇ ਫਿਰ ਦੌੜ ਜਾਣਾ, ਉਹ ਦਾਈ ਜਿਸ ਖਿਲਾੜੀ ਨੂੰ ਹੱਥ ਲਾ ਦੇਵੇ ਫਿਰ ਉਹ ਦਾਈ ਬਣਾਯਾ ਜਾਂਦਾ ਹੈ। |
| ਇਕ ਇਕ ਕੋ ਲੈ ਕੰਧ ਉਚਾਈ[1]। | [1]ਮੋਢੇ ਪਰ ਚੁੱਕ ਕੇ |
| ਜਾਹਿ[1] ਨਿਸ਼ਾਨੀ ਜਹਾਂ[2] ਬਨਾਈ ॥ ੪੫ ॥ | [1]ਜਾਂਦਾ ਹੈ (ਦਾਈ)। [2]ਜਿੱਥੇ। |
| ਜਹਿਂ ਬਹੁ ਧੂਰਿ ਬਨਾਵਹਿਂ ਢੇਰੀ। | |

ਬਦਬਦ ਕੂਦ ਕੁਲਾਚਨ ਕੇਰੀ[1]। [1]ਬੰਨ੍ਹਕੇ ਸ਼ਰਤਾਂ ਛਾਲਾਂ ਮਾਰਨ ਦੀਆਂ।
ਬੇਦੀ ਬੰਸਨ ਕੇ ਸਿਸਚਾਰੂ[1]। [1]ਸੁੰਦਰ ਬਾਲ।
ਜਿਨ ਪਹਿਰੇ ਭੂਖਨ ਧੁਨਿ ਕਾਰੂ ॥੪੬॥
ਬਹੁ ਬੈਸਿਨ ਕੇ ਸਿਸੁ[1] ਤਿਹ ਥਾਂਈ। [1]ਬਾਣੀਆਂ ਦੇ ਪੁੱਤ੍ਰ।
ਕਾਕ ਪੱਖ†[1] ਜਿਨ ਸੀਸ ਬਨਾਈ। [1]ਬੋਦੀਆਂ (ਅ) ਪਟੇ। †ਪਾਠਾਂਤ੍ਰ-ਕਾਕ ਪੰਖ।
ਬਿੱਪ੍ਰਨ ਕੇ ਬਾਲਿਕ ਮਿਲਿ ਬ੍ਰਿੰਦਾ।
ਖੇਲਤਿ ਤਜਹਿਂ ਨ ਸੰਗ ਮੁਕੰਦਾ ॥੪੭॥
ਏਕ ਬਾਰ ਬਾਰਿਕ ਜੋ ਆਯੋ।
ਪੁਨਿ ਆਵਹਿ ਨਿਤ ਚਿਤ ਬਿਰਮਾਯੋ[1]। [1]ਮੋਹਿਤ ਹੋਇਆ।
ਭੂਰ[1] ਭਾਗ ਜਾਗੇ ਜਿਨ ਮਾਥੇ। [1]ਬੜੇ।
ਕਰਹਿਂ ਸਪਰਸ਼ਨ ਬੋਲਨ ਸਾਥੇ ॥੪੮॥

ਨਰਾਜ ਛੰਦ: [1]ਬਾਲਕਿਆਂ।
ਸਿਸੋਂ[1] ਵਿਖੇ ਬਿਨਾ ਲਖੇ, ਅਖੇਲ ਖੇਲ ਖੇਲਹੀਂ।
ਮਿਲਾਇ ਬ੍ਰਿੰਦ[1] ਬਾਲ ਕੋ, ਪਹੇਲ ਲਾਲ ਮੇਲਹੀਂ[2]। [1]ਬਹੁਤੇ। [2]ਲਾਲ ਜੀ ਬੁਝਾਰਤਾਂ ਪਾਉਂਦੇ ਹਨ।
ਧਰਾ ਸਰੀਰ ਹੇਤ ਦੰਭ ਮਾਨ ਕੋ ਨਿਕੰਦਨਾ[1]। [1]ਦੰਭ, ਮਾਨ ਕੱਟਣ ਵਾਸਤੇ।
ਸੰਤੋਖ ਸਿੰਘ ਬੰਦ ਦੋ ਕਰੀ[1] ਮੁਕੰਦ ਬੰਦਨਾ ॥੪੯॥ [1]ਹੱਥ। (ਅ) ਕੀਤੀ ਹੈ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲ ਲੀਲ੍ਹਾ' ਪ੍ਰਸੰਗ ਬਰਨਨੰ ਨਾਮ ਸਪਤਮੋ ਧਯਾਇ ॥੭॥

## ੮. [ਗੁਰ ਸਿੱਖ ਦਾ ਮੰਗਲ। ਮੁੱਲਾਂ ਪ੍ਰਤਿ ਉਪਦੇਸ਼]

੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੯

ਕਬਿੱਤ:

**ਬਾਨ ਜਿਮ ਲੱਛ ਪਰ, ਬੀਰਭੱਦ੍ਰ ਦੱਛ ਪਰ**

**ਨਦੀ ਮਧ ਮਛ ਪਰ, ਦਾਸ ਜਾਲ ਪਾਨ ਹੈ।**

ਬਾਨ=ਤੀਰ। ਲੱਛ=ਨਿਸ਼ਾਨਾ। [ਸੰਸ: ਲਕਸ਼] ਬੀਰ ਭੱਦ੍ਰ=ਸ਼ਿਵ ਜੀ ਦਾ ਇਕ ਗਣ। ਸ਼ਿਵ ਗਣ। ਦੱਛ=ਸ਼ਿਵਜੀ ਦਾ ਸਹੁਰਾ, ਕਨਖਲ ਵਿਚ ਜਿਸਦਾ ਟਿਕਾਣਾ ਹੈ। ਇਹ ਆਰਯ ਕੁਲ ਦਾ ਰਾਜਾ ਸੀ, ਐਸਾ ਪ੍ਰਤੀਤ ਦੇਂਦਾ ਹੈ ਕਿ ਸ਼ਿਵਜੀ ਪਹਿਲੇ ਹਿੰਦ ਵਾਸੀਆਂ ਦਾ ਰਾਜਾ ਸੀ ਜਿਨ੍ਹਾਂ ਤੋਂ ਆਰਯ ਸੂਗ ਕਰਦੇ ਸਨ। ਦੱਛ ਦੀ ਲੜਕੀ ਪਾਰਬਤੀ ਨੇ ਇਸ ਨੂੰ ਪਤੀ ਚੁਣਿਆਂ। ਜਦੋਂ ਦੱਛ ਨੇ ਯੱਗ ਵਿਚ ਸ਼ਿਵਾਂ ਦੀ ਯੋਗ ਪੂਜਾ ਨਾ ਕੀਤੀ ਤਾਂ ਪਾਰਬਤੀ ਸੜ ਮੋਈ, ਤੇ ਦੰਡ ਦੇਣ ਵਾਸਤੇ ਸ਼ਿਵ ਨੇ ਇਕ ਗਣ ਘੱਲਿਆ, ਉਸ ਕਥਾ ਵੱਲ ਇਸ਼ਾਰਾ ਹੈ। [ਸੰਸ: ਦਕਸ਼]

ਮੱਧ=ਵਿਚ। ਮੱਛ=ਮੱਛੀਆਂ। ਦਾਸ ਜਾਲ ਪਾਨ=ਜਾਲ ਪਾਉਣ ਵਾਲਾ ਦਾਸ, ਭਾਵ ਝੀਵਰ। (ਅ) ਦਾਸ=ਝੀਵਰ, ਜਿਵੇਂ ਨਦੀ ਵਿਚ ਝੀਵਰ ਮੱਛ ਉਤੇ ਜਾਲ ਪਾਉਣ (ਵਿਚ ਸਮਰੱਥ) ਹੈ।

**ਸ਼ੇਰ ਜਿਮ ਭੱਛ ਪਰ, ਬਾਜ ਜਿਮ ਪੱਛ ਪਰ**

**ਚੰਡਿ ਬਿੜਾਲੱਛ ਪਰ, ਕੀਨ ਦੁਤਿ ਹਾਨ ਹੈ।**

ਭੱਛ=ਕੋਈ ਚੀਜ਼ ਜੋ ਖਾਣ ਯੋਗ ਹੈ, ਸ਼ਿਕਾਰ। [ਸੰਸ: ਭਕਸ਼] ਬਾਜ=ਇਕ ਸ਼ਿਕਾਰੀ ਪੰਛੀ। [ਫਾਰਸੀ. ਬਾਜ਼] ਪੱਛ=ਪੰਛੀ, ਚਿੜੀਆਂ। [ਸੰਸ:ਪਕਸ਼ੀ]

ਚੰਡਿ=ਚੰਡੀ। ਬਿੜਾਲੱਛ=ਵਿਡਾਲ+ਅਕਸ-ਬਿੱਲੇ ਵਰਗੀਆਂ ਅੱਖਾਂ ਹੋਣ ਜਿਸਦੀਆਂ ਇਕ ਰਾਕਸ਼ ਦਾ ਨਾਮ। ਬਿੜਾਲਾਕਸ਼ੀ=ਇਕ ਰਾਖਸ਼ੀ। ਦੁਤਿਹਾਨ ਹੈ=ਸੁੰਦਰਤਾ ਨਾਸ਼ ਕੀਤੀ, ਭਾਵ ਉਨ੍ਹਾਂ ਮਾਰ ਘੱਤਿਆ। ਜੇ ਪਾਠ 'ਦ੍ਰੁਤ ਹਾਨ' ਹੋਵੇ ਤਾਂ ਅਰਥ ਬਣੇਗਾ-ਛੇਤੀ ਨਾਸ਼ ਕੀਤਾ।

**ਰਾਮ ਛਿਤਪਾਲ ਪਰ, ਰਾਮ ਸੁਰ-ਸਾਲ ਪਰ**

**ਰਾਮ ਮਘਪਾਲ ਪਰ, ਜੈਸੇ ਸਾਵਧਾਨ ਹੈ।**

ਰਾਮ=ਰਾਮ ਤ੍ਰੈ ਹੋਏ ਹਨ, ਪਰਸਰਾਮ, ਰਾਮਚੰਦ੍ਰ ਤੇ ਬਲਰਾਮ, ਇਥੇ ਰਾਮ ਦਾ ਅਰਥ ਪਰਸਰਾਮ ਹੈ ਜਿਸ ਨੇ ਤ੍ਰੇਤਾ ਜੁਗ ਵਿਚ ਖੱਤ੍ਰੀ ਜਾਤ ਦੇ ਰਾਜੇ ਮਾਰੇ। ਛਿਤਪਾਲ=ਧਰਤੀ ਦੇ ਪਾਲਣ ਵਾਲੇ; ਭਾਵ ਰਾਜੇ। ਮੁਰਾਦ ਖੱਤ੍ਰੀ ਰਾਜਿਆਂ ਤੋਂ ਹੈ ਜੋ ਦੇਸ਼ ਦੇ ਮਾਲਕ ਸਨ। ਰਾਮ=ਦੂਸਰਾ ਰਾਮ, ਦਸ਼ਰਥ ਦਾ ਪੁੱਤ੍ਰ-ਸ਼੍ਰੀ ਰਾਮਚੰਦ੍ਰ। ਸੁਰਸਾਲੁ-ਦੇਵਤਿਆਂ ਨੂੰ ਸਤਾਉਣ ਵਾਲਾ, ਰਾਵਣ।

ਰਾਮ=ਤੀਸਰਾ ਰਾਮ, ਬਲਿਰਾਮ, ਕ੍ਰਿਸ਼ਨ ਜੀ ਦਾ ਭਰਾ ਜੋ ਦ੍ਵਾਪਰ ਵਿਚ ਹੋਇਆ ਹੈ, ਜਿਸ ਨੇ ਜਰਾਸਿੰਧ ਨੂੰ ਮਾਰਿਆ ਸੀ। ਮਘਪਾਲ=ਮਗਧ ਦੇਸ਼ ਦਾ ਰਾਜਾ, ਭਾਵ ਜਰਾਸਿੰਧ ਤੋਂ ਹੈ। ਮਘ ਤੋਂ ਮੁਰਾਦ ਮਘਧ ਦੇਸ਼ ਦੀ ਹੈ ਜੋ ਅੱਜ ਕਲ ਬਿਹਾਰ ਉੜੀਸਾ ਦੇ ਸੂਬੇ ਵਿੱਚ ਹੈ। ਸਾਵਧਾਨ=ਖ਼ਬਰਦਾਰ, ਤਯਾਰ ਬਰ ਤਯਾਰ, ਮੁਰਾਦ-ਹਾਵੀ-ਤੋਂ ਹੈ।

**ਸ਼ੱਕ੍ਰ ਜਿਮ ਕੋਹ ਪਰ, ਚੱਕ੍ਰ ਹਰਿ ਦ੍ਰੋਹ ਪਰ**

**ਗੁਰੁ ਸਿੱਖ ਮੋਹ ਪਰ ਤੈਸੇ ਬਲਵਾਨ ਹੈ ॥੧॥**

ਸ਼ੱਕ੍ਰ=ਇੰਦ੍ਰ। [ਸੰਸ: ਸ਼ਕ੍ਰ] ਕੋਹ=ਪਹਾੜ। [ਫਾਰਸੀ. ਕੋਹ] ਚੱਕ੍ਰ ਹਰਿ=ਉਹ ਸ਼ਸਤ੍ਰ ਜੋ ਵਿਸ਼ਨੂੰ ਦੇ ਹੱਥ ਵਿਚ ਮੰਨਿਆਂ ਹੈ, ਜਿਹਾ ਕਿ ਨਿਹੰਗ ਸਿੰਘਾਂ ਦੇ ਦੁਮਾਲੇ ਵਿਚ ਹੁੰਦਾ ਹੈ। ਚੱਕ੍ਰ ਹਰਿ=ਵਿਸ਼ਨੂੰ ਦਾ ਚੱਕ੍ਰ। ਦ੍ਰੋਹ ਪਰ=ਦ੍ਰੋਹੀਆਂ ਪਰ। ਦ੍ਰੋਹੀ=ਓਹ ਲੋਕ ਜੋ ਭਲੇ ਪੁਰਖਾਂ, ਸੰਤਾਂ ਨਾਲ ਖ਼ਾਰ, ਵੈਰ ਤੇ ਉਪੱਦ੍ਰਵ ਕਰਦੇ ਹਨ।

ਅਰਥ:

ਤੀਰ ਜੀਕੂੰ ਨਿਸ਼ਾਨੇ ਉਤੇ, ਸ਼ਿਵ ਗਣ (ਜੀਕੂੰ) ਦੱਛ ਉਤੇ, ਨਦੀ ਵਿਚ ਮੱਛ ਉਤੇ (ਜਿਵੇਂ) ਝੀਵਰ ਜਲ ਪਾਉਣ ਵਿਚ (ਬਲਵਾਨ) ਹੈ।

ਸ਼ੇਰ ਨੇ ਜੀਕੂੰ ਸ਼ਿਕਾਰ ਉਤੇ, ਬਾਜ਼ ਨੇ ਜੀਕੂੰ ਚਿੜੀ ਉਤੇ, ਚੰਡੀ ਨੇ (ਜਿਵੇਂ) ਬਿੜਾਲੱਛ (ਨਾਮੇ ਦੈਤ) ਉਤੇ (ਪੈ ਕੇ ਉਨ੍ਹਾਂ ਦੀ) ਸ਼ੋਭਾ ਹਾਨ ਕੀਤੀ ਹੈ।

ਪਰਸਰਾਮ ਛੱਤ੍ਰੀਆਂ ਉਤੇ, ਰਾਮਚੰਦ ਰਾਵਣ ਉਤੇ, ਬਲਿਰਾਮ ਜਰਾਸਿੰਧ ਉਤੇ ਜੀਕੂੰ ਖਬਰਦਾਰ (ਭਾਰੂ) ਹੈਨ।

ਇੰਦ੍ਰ ਜੀਕੂੰ ਪਹਾੜ ਉਤੇ, ਹਰਿ ਦਾ ਚੱਕ੍ਰ ਜੀਕੂੰ ਦ੍ਰੋਹੀਆਂ ਉਤੇ ਤੈਸੇ ਗੁਰੂ ਸਿੱਖ ਮੋਹ ਉਤੇ ਬਲਵਾਨ ਹੈ।

ਦੋਹਰਾ:

ਕਹਿ ਬਾਲਾ ਸ੍ਰੀ ਗੁਰੂ ਜੀ! ਸੁਨਹੁ ਕਥਾ ਇਤਿਹਾਸ।
ਜੈਸ ਭਾਂਤਿ ਹਰਿ[1] ਖੇਲ ਹੀਂ, ਕਟਤਿ ਜੁ ਕਲਿਮਲ ਦਾਸ ॥੨॥

[1]ਪਾਪਾਂ ਨੂੰ ਹਰਨ ਵਾਲੇ ਗੁਰੂ ਨਾਨਕ ਜੀ।

ਸ੍ਵੈਯਾ:

ਬਾਲਕ ਸੋਂ ਮਿਲ ਖੇਲਤਿ ਖੇਲਨ
ਲਾਲ ਬਿਲੋਕਤ ਤਾਤ[1] ਦੁਲਾਰੈ।
ਸੁੰਦਰ ਭੂਖਨ ਚੀਰ ਸਰੀਰ ਧਰੇ
ਤਲਵੰਡੀ ਕੀ ਬੀਥੀ ਬਿਹਾਰੈਂ।
ਦੌਰ ਚਲੈਂ ਕਬ ਬੈਸ ਰਹੈਂ
ਕਬਹੂੰ ਮਧੁਰੇ ਮੁਖ ਬੈਨ ਉਚਾਰੈਂ।
ਭੋਜਨ ਮਾਤ ਤੇ ਲੇ ਕਰਿ ਖਾਤਿ
ਖੁਵਾਵਤਿ ਹੇਰਤਿ ਹੋ ਬਲਿਹਾਰੈ ॥੩॥

[1]ਪਿਤਾ।

ਇਕ ਬਾਸੁਰ ਕਾਲੁ ਵਿਚਾਰ ਕੀਓ
-ਪਢਨੈ ਬਿਨ ਨਾਨਕ ਬੈਸ[1] ਬਿਹਾਏ।
ਕੌਨ ਸੀ ਕਾਰ ਕਰੈ ਗੁਜ਼ਰਾਨ
ਕਹਾਂ[1] ਕਰਿ ਕੈ ਧਨ ਲੇਹਿ ਕਮਾਏ।
ਨਿਜ ਕਾਰ ਕੀ ਰੀਤਿ ਬਿਨਾ ਨ ਬਨੇ ਕ੍ਰਿਤ
ਜੇ ਕਰਿ ਹੈ ਜਗ ਨਿੰਦ ਅਲਾਏ।
ਅਬ ਮੋਕਉ ਯੋਗ ਪਢਾਵਨ ਹੈ
ਬਡ ਹੋਇ ਜਬੈ ਨ ਪਢਸੋ ਤਬ ਜਾਏ- ॥੪॥

[1]ਉਮਰ।

[1]ਕਿਹੜੀ।

ਲੇ ਸੁਤ ਨਾਨਕ ਸੰਗ ਚਲਜੋ
ਜਹਿਂ ਪਾਰਸੀ[1] ਬਾਲ ਪਢੈਂ ਮਿਲਿ ਬ੍ਰਿੰਦਾ। [1]ਫਾਰਸੀ।
ਬੈਸਜੋ ਮੁਲਾਨੇ ਕੇ ਜਾਇ ਸਮੀਪ
ਕਹੇ ਹਿਤ ਸੋਂ[†] ਬਚ ਆਰਤਮੰਦਾ[1]। [1]ਦਰਦ ਵਾਲੇ। [†]ਪਾਠਾਂਤ੍ਰ-ਤਿਂਹ ਸੋਂ-।
'ਮੇ ਸੁਤ ਹੇਤ ਸੋਂ ਦੇਹੁ ਪਢਾਇ
ਪਢੈ ਇਹ ਤੂਰਨ ਹੈ ਮਤਿਵੰਦਾ।
ਰੋਜ ਭਲੋ ਮੁਝ ਦੇਹੁ ਬਤਾਇ
ਬੈਸਾਵਹੁਂ ਆਨ ਪਢੈ ਤੁ ਅਨੰਦਾ' ॥੫॥

ਕਬਿੱਤ: [1]ਕੱਲ ਸਵੇਰੇ।
ਬੈਨ ਯੌਂ ਮੁਲਾਨੇ ਭਨੇ 'ਸੁਬਹਿ[1] ਦਿਵਸ ਭਲੋ
ਮਕਤਬ[1] ਮਾਂਹੀ ਫਰਜ਼ੰਦ[2] ਕੋ ਬਿਠਾਈਏ। [1]ਫਾਰਸੀ ਪੜ੍ਹਨ ਦੀ ਪਾਠਸ਼ਾਲਾ। [2]ਪੁੱਤ੍ਰ।
ਹੇਤ ਸੋਂ ਪਢਾਊਂ, ਨ ਖਿਲਾਫ[1] ਤੁਝ ਸੰਗ ਗਾਊਂ [1]ਉਲਟੀ।
ਹੇਰੋਂ ਹੋਸ਼ਵੰਦ[1] ਅਬ ਧਾਮ ਨਿਜ ਜਾਈਏ।' [1]ਸਿਆਣਾ।
ਕਾਲੂ ਤਬ ਗਯੋ ਰੈਨ ਭਈ ਖਾਨ ਪਾਨ ਕੀਓ
ਭੋਰ[1] ਸੋਂ, ਬਹੋਰ ਉਠ ਦੇਖਜੋ ਸੁਖਦਾਈਏ। [1]ਸਵੇਰੇ।
ਨਾਨਕ ਕੋ ਸੰਗ ਲੇਯ ਬੈਨ ਸੋਂ ਦਿਲਾਸੋ ਦੇਯ
'ਪਢੋ ਕਰਿ ਪ੍ਰੀਤਿ ਨੀਤਿ ਕਤਹੂੰ[†] ਨ ਧਾਈਏ' ॥੬॥ [†]ਪਾਠਾਂਤ-ਕਬਹੂੰ।
ਮਕਤਬ ਆਇ ਏਕ ਕਾਰਖਿਕ[1] ਦੀਨੋ ਕਾਲੂ [1]ਰੁਪੱਯਾ।
ਕਛੁਕ ਮਿਠਾਈ ਬਾਂਟਿ ਪਟੀਆ ਲਿਖਾਈ ਹੈ।
ਮੁੱਲਾਂ ਨੇ ਕਲਮ ਗਹਿ ਅੱਵਲ ਅਲਫ

ਲਿਖ
ਬਹੁਰੋ ਸਿਹਰਫੀ[1] ਸੁ ਸਭਿਹੀ ਪਢਾਈ ਹੈ।
ਮੁੱਲਾਂ ਕੇ ਕਹਿਨ ਮਹਿਂ ਦੇਰ ਕਛੁ ਲਾਗੈ ਮਾਨੋ
ਨਾਨਕ ਕੀ ਰਸਨਾ ਮੈਂ, ਦੇਰ ਹੂੰ ਨ ਪਾਈ ਹੈ।
ਭਯੋ ਬਿਸਮਾਦ -ਏਹ ਪਢ੍ਯੋ ਕਹੂੰ ਆਦਿ[1] ਮੋਤੇ!
ਮੋਹੂ ਸੇ ਸਬਕ ਪਢੈ ਜਾਨ੍ਯੋ ਹੂੰ ਨ ਜਾਈ ਹੈ ॥੭॥

[1]ਫਾਰਸੀ ਦੀ ਪੈਂਤੀ।
[1]ਪਹਿਲੋਂ।

ਮੁਸ਼ਕਲ ਪਾਰਸੀ ਅਸਾਨ ਪਢੈ ਤਾਤਕਾਲ
ਬਾਲਿਕ ਕੀ ਬੈਸ[1], ਬੁਧਿ ਬ੍ਰਿੱਧ[2] ਹੂੰ ਕੀ ਦੇਖੀਏ।
ਜ਼ੇਰ[1] ਤੇ ਜ਼ਬਰ[2] ਔਰ ਮਾਯਨੇ[3] ਕਿਤਾਬਨ ਕੇ
ਦਫਤਰ ਲੇਖਾ ਜਮਾ ਖਰਚੁ ਬਿਸੇਖੀਏ।
ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ
ਪਢੈਂ ਨ ਸਮਾਨ ਇਸ ਕੋਊ ਅਵਰੇਖੀਏ[1]।
ਮਾਨੁਖ ਕੋ ਕਾਮ ਨਹਿਂ, ਔਲੀਆ ਔਤਾਰ ਕੋਊ
ਲਖਿ ਸੋਂ ਅਲੱਖ ਯਾਂਕੇ ਲੇਖ ਹੈਂ ਅਲੇਖੀਏ- ॥੮॥

[1]ਉਮਰ। [2]ਵੱਡਿਆਂ ਵਰਗੀ ਅਕਲ।
[1]ਸਿਆਰੀ। [2]ਮੁਕਤਾ। [3]ਅਰਥ।
[1]ਦੇਖੀਦਾ ਹੈ।

ਸਿਫਤਿ ਪ੍ਰਕਾਸ਼ ਭਈ -ਕਾਲੂ ਸੁਤ ਬੁੱਧਿ ਰਾਸ
ਪਾਰਸੀ ਇਲਮ ਜੋ ਕਠਨ ਸੀਖ੍ਯੋ ਬੇਗਹੀ-।
ਆਇ ਮੁਖ ਦੇਖੈਂ ਕਰੈਂ ਇਲਮ ਪਰੇਖੈ[1] ਨਰ
ਸੁਨਿ ਸੁਨਿ ਬੈਨ ਕੋ ਬਿਸਾਲ ਬਿਸਮੇ

[1]ਪ੍ਰੀਖਯਾ।
[1]ਬਹੁਤ ਅਚਰਜਤਾ ਫੜੀ।

ਗਹੀ[1]।
ਮਿਲਤਿ ਪਰਸਪਰ ਕਰਤਿ ਸੁਜਸ ਬਰ
ਬੈਸ ਲਘ ਦੇਖੀਅਤਿ ਸੇਮੁਖੀ ਵਿਸ਼ੇਖ ਹੀ[1]।
ਮਧੁਰ ਬਚਨ ਸੁਨਿ ਹਿੰਦੂ ਔ ਤੁਰਕ ਸਭਿ
ਪ੍ਰੀਤਿ ਕਰਿ ਰਿਦੈ ਹਰਿਖਾਵ ਨ ਉਦੇਗ ਹੀ[1] ॥੯॥

[1]ਵਡੀ ਬੁੱਧੀ।
[1]ਖੁਸ਼ ਹੁੰਦੇ ਹਨ, ਦੁਖੀ ਨਹੀਂ ਹੁੰਦੇ।

ਮ੍ਰਿਦੁਲ ਮਧੁਰ ਮੁਖ ਬੋਲਤਿ ਹੈਂ ਬੈਨ ਮਾਨੋ
ਦੇਤਿ ਉਪਦੇਸ਼ ਰਿਖਿ[1] ਦੇਖਿ ਸਿਖ ਆਪਨੇ।
ਪਾਰਸੀ ਸੋ ਮਿਲੀ ਜੋਊ ਨਾਮ ਕੇ ਭਜਨ ਸੰਗ
ਗੰਗ ਜੈਸੀ ਬਾਨੀ ਕਲਿ ਕਲਿਮਲ ਖਾਪਨੇ[1]।
ਪੰਡਤ ਜਜੋਂ ਵਕਤਾ ਅਚੂਕ[1] ਵਾਕ ਪ੍ਰੇਮ ਮਯ
ਸੁੰਦਰ ਸੁਖਦ ਜੋਊ ਜੋਗ[1] ਨਰ ਜਾਪਨੇ[2]।
ਸੁਨੈਂ ਹਿਤ ਲਾਇ ਨੁਤਿ[1] ਗਾਇ ਘਰ ਜਾਇਂ
ਨਰ ਕਲਾਵਾਨ ਭਯੋ ਕਲਿ ਕੀਰਤਿ ਸੁ ਥਾਪਨੇ ॥੧੦॥

[1]ਰਿਖੀ।
[1]ਪਾਪ ਨਾਸ਼ਕ।
[1]ਅਭੁੱਲ।
[1]ਲਾਇਕ। [2]ਜਪਨ ਦੇ।
[1]ਉਸਤਤ।

ਸ੍ਵੈਯਾ:
ਧਾਮ ਕੇ ਕਾਮ ਤਜੇ ਢਿਗ ਜਾਵਹਿਂ,
ਹੇਰਤਿ ਮੂਰਤਿ ਭਾਵਤੀ ਜੀ ਕੀ।
ਬੂਝ ਹੈਂ ਬੈਨ ਸੰਦੇਹ ਉਠਾਇ,
ਸੁਨੈਂ ਤਤਕਾਲ ਗਿਰਾ ਮੁਖ ਨੀਕੀ।
'ਹੈ ਅਵਤਾਰ' ਲਖਜੋ ਬਹੁ ਲੋਕਨ,
ਬ੍ਰਿੱਧ ਬਧੀ[1] ਸ਼ਰਧਾ ਸ਼ੁੱਧ ਹੀ ਕੀ[2]।
ਬੋਲਤਿ ਬੋਲ ਅਮੋਲ ਅਤੋਲ,
ਅਡੋਲ ਮਤੀ ਅਹਰੰਨ ਬਲੀ[1†] ਕੀ

[1]ਬਹੁਤ ਵਧੀ। [2]ਸ਼ੁੱਧ ਹਿਰਦੇ ਦੀ।
[1]ਅਹਰਣ ਵਾਂਙੂ ਬਲਵਾਨ। [†]ਪਾਠਾਂਤ੍ਰ-ਅਹਰੰਨ

॥੧੧॥

ਥਲੀ ਕੀ ਮਤ ਜੋ ਹੈ ਸੋ ਨਾ ਹਰੀ ਜਾਣ ਵਾਲੀ ਤੇ ਟਿਕਾਣੇ ਰਹਿਣ ਵਾਲੀ ਹੈ। ਅਥਵਾ, ਜਿਵੇਂ ਥਲ (ਧਰਤੀ) ਵਿਚ ਅਹਿਰਨ ਗੱਡੀ ਹੋਵੇ।

ਦੋਹਰਾ:

ਲਖਨ ਲਗੇ ਜਬ ਨਰ ਕਲਾ[1], ਫੇਰਜੋ ਬਹੁਰ ਸੁਭਾਵ।
ਭਏ ਬਾਲ ਅਨਜਾਨ ਸੇ, ਕੀਨੋ ਅਪਨ ਛਪਾਵ ॥੧੨॥

[1]ਸ਼ਕਤੀ।

ਸ੍ਵੈਯਾ:

ਪੁਰਿ ਬਾਹਰ ਜਾਇ ਤਰੇ ਤਰੁ ਕੈ[1]
ਪਟ ਤਾਨ[1] ਸਰੀਰ ਪੈ ਪੌਢੇ ਰਹੈਂ।
ਨਹਿਂ ਬੋਲਤਿ ਕੋਊ ਬੁਲਾਵਤਿ ਹੈਂ ਨਰ
ਬੇਖੁਦਿ† ਅੰਤਰ ਧਯਾਨ ਲਹੈਂ।
ਕਬ ਆਨ ਪਰੈਂ ਘਰ ਮਾਤ ਉਠਾਵਤਿ
ਤੌ ਭਿ ਉਠੈਂ ਨਹਿਂ ਮੌਨ ਗਹੈਂ।
ਇਕ ਠੌਰ ਪਏ ਜੁਗ ਬਾਸੁਰ[1] ਬੀਤਹਿਂ
ਹੇਰਿ ਕੈ ਮਾਨਵ ਐਸੇ ਕਹੈਂ ॥੧੩॥

[1]ਹੇਠਾਂ ਬ੍ਰਿੱਛ ਦੇ।

[1]ਕਪੜਾ ਤਾਣਕੇ।

†ਪਾਠਾਂਤ੍ਰ-ਬੇਸੁਧ।

[1]ਦੋ ਦਿਨ।

'ਥੋ ਮਤਿਵਾਨ ਵਡੋ ਸੁਰਗਯਾਨ
ਭਯੋ ਅਨਜਾਨ ਸਾ ਕੌਨ ਹੈ ਹੇਤੂ?
ਬੇਖੁਦ ਚਿੱਤ ਉਦਾਸ ਰਹੈ
ਕਛੁ ਹੋਤਿ ਭਯੋ ਪਰਛਾਵਹੁਂ ਪ੍ਰੇਤੂ[1]।
ਹੈ ਉਨਮੱਤਿ[1] ਦਸ਼ਾ ਦਿਸਿ ਆਵਤਿ
ਸੁੱਧਿ ਨ ਦੇਹਿ ਕੀ, ਬਾਹਜ[1] ਨਿਕੇਤੂ[2]†।
ਬੈਨ ਭਨੈ ਨਹਿਂ ਨੈਨ ਉਘਾਰਤਿ'†
ਹੇਰਿ ਕਹੈਂ ਜੋਊ ਜਾਨਿ ਨ ਭੇਤੂ ॥੧੪॥

[1]ਪ੍ਰੇਤ ਦਾ ਪਰਛਾਵਾਂ।

[1]ਮਸਤ।

[1]ਬਾਹਰ ਦੀ ਤੇ। [2]ਘਰ ਦੀ। †ਪਾਠਾਂਤ੍ਰ-ਬਹਾਯਨਕੇਤੂ।

†ਪਾਠਾਂਤ੍ਰ-ਉਘਾਤ ਸੇ।

ਕਾਲੂ ਕੋ ਚਿੱਤ ਬਧੀ ਸੁਤ ਦੇਖਿ
ਬਿਸ਼ੇਖ ਉਪਾਇ ਕਰੇ ਜੁ ਬਤਾਯਾ।
ਫੇਰ ਮੁਲਾਨੇ ਕੇ ਪਾਸ ਗਯੋ
ਸਭਿ ਨਾਨਕ ਕੋ ਬਿਰਤਾਂਤ ਸੁਨਾਯਾ।
'ਹੋਸ਼ ਭਈ ਫਰਮੋਸ਼[1] ਸਭੈ
ਤਿਹ ਕੋ ਬਿਧਿ ਪਾਰਸੀ ਤੋਹਿ ਪਢਾਯਾ?

[1]ਭੁੱਲ ਗਈ।

ਆਪ ਚਲੋ ਸੁਧ ਲੀਜੀਏ ਹੇਰਿ ਕੈ
ਭੇਵ ਲਖੋ ਕਿ ਪਰੀ ਤਿਹ ਛਾਯਾ'
॥੧੫॥
ਕਾਲੂ ਕੇ ਸੰਗ ਮੁਲਾਨਾ ਗਯੋ
ਜਹਿਂ ਨਾਨਕ ਜੀ ਧਰ[1] ਪੌਢ ਰਹੈ। [1]ਜ਼ਮੀਨ ਤੇ।
ਤਾਨ ਸੰਬਜਾਨ[1] ਸ਼ਰੀਰ ਕੇ ਊਪਰ [1]ਚਾਦਰਾ।
ਬੇਗਮ[1] ਹੀ ਅਵਨੀ[2] ਪੈ ਅਹੈ। [1]ਅਚਿੰਤ। [2]ਜ਼ਿਮੀਨ।
ਮਾਨਵ ਆਨ ਭਏ ਇਕਠੇ
ਬਹੁ-ਬੈਨ ਸੁਨੈ ਸ੍ਰੁਤ-ਐਸੇ ਚਹੈਂ।
ਹੇਰਿ ਹਿਰਾਨ ਸਮਾਨ[1] ਤਬੈ [1]ਜੇਹੇ ਹੋ ਕੇ।
ਮਨ ਹੋਇ ਹਰਾਨ[1] ਸੁ ਵਾਕ ਕਹੈਂ [1]ਹਰੇ ਜਾਣ ਵਾਲੇ।
॥੧੬॥

ਕਬਿੱਤ: [1]ਅਰਦਾਸ।

ਜਾਇ ਕੈ ਮੁਲਾਨੇ ਨੇ ਦੁਆਇ[1] ਕਰੀ
ਬੈਸ ਢਿਗ
'ਤੁਮ ਪਰ ਮਿਹਰ ਸੁ ਪਰਵਦਗਾਰ ਕੀ।
ਬੈਸ ਲਘੁ ਮਾਂਹਿ ਭਈ ਸੇਮੁਖੀ[1] ਵਿਸ਼ੇਖ [1]ਬੁੱਧੀ।
ਤਵ ਗਿਰਾ ਮੁਖ ਮਾਧੁਰੀ ਸਭਿਨਿ
ਹਿਤਕਾਰ ਕੀ।
ਸ਼ੁਭ ਹੈ ਸੁਭਾਉ ਭਰਯੋ ਭਾਉ[1] ਸੋਂ [1]ਪ੍ਰੇਮ।
ਸਭਿਨਿ ਸੰਗ
ਬਧੈਗੋ ਪ੍ਰਭਾਉ[1] ਰੀਤਿ ਜਸੁ ਵਿਸਤਾਰ [1]ਤੇਜ, ਪ੍ਰਤਾਪ।
ਕੀ।
ਆਨਨ ਤੇ ਤੁਸ਼ਨਿ[1] ਕੋ ਕਾਰਨ ਹੈ [1]ਮੂੰਹ ਤੋਂ ਚੁੱਪ ਦਾ।
ਕੌਨ? ਭਨੋ
ਹੇਰਿ ਤੁਮੈ ਤਾਤ[1] ਸੁਧਿ ਤਜੀ ਘਰ ਬਾਰ [1]ਪਿਤਾ ਨੇ।
ਕੀ' ॥੧੭॥

ਦੋਹਰਾ:

ਮਸ਼ਟ ਕਰੀ ਨਾਨਕ ਤਬੈ, ਦਯੋ ਨ
ਉੱਤਰ ਕੋਇ।
ਦੀਨ ਭਯੋ ਮੁੱਲਾਂ ਰਿਦੈਮ ਬਹੁਰੋ ਬਚਨ [1]ਆਖਿਆ।
ਬੁਗੋਇ[1] ॥੧੮॥

ਸ੍ਵੈਯਾ:

'ਆਇ ਖਰੇ ਨਰ ਪਾਸ ਜਿਤੇ
-ਤੁਵ ਬੈਨ ਸੁਨੈਂ- ਮਨ ਚਾਹਿ ਇਹੀ।
ਆਨਨ ਤੇ ਨਹਿਂ ਬੋਲਤਿ ਹੋ ਬਚ[1] — [1]ਬਚਨ।
ਹੋਵਤਿ ਰੰਜ ਰਿਦੈ[†] ਸਭਿਹੀ। — [†]ਪਾਠਾਂਤ੍ਰ-ਤਬੈ।
ਮੋਹਿ ਕਹੇ ਤੁਮ ਬੋਲਹੁ ਥੋਰ ਸਾ
ਮਾਨੀ ਹਰਾਨੀ ਸੁ ਕੈਸੇ ਕਹੀ[1]। — [1]ਮੇਰੇ ਕਹੇ ਹੀ ਥੋੜਾ ਬੋਲੋ, ਆਖੋ ਤਾਂ ਸਹੀ ਕਿ ਕਿਉਂ (ਐਡੀ) ਹੈਰਾਨੀ ਮੰਨੀ ਹੈ।

ਹੇਤ ਖੁਦਾਇ ਉਠੋ ਇਕਬਾਰ
ਉਚਾਰਿ ਕਰੋ ਉਰ ਜੈਸੇ ਅਹੀ'
॥੧੯॥

ਅੜਿੱਲ:

ਮੁੱਲਾਂ ਕੇ ਸੁਨ ਬੈਨ, ਦੀਨ ਅਤਿ ਜੋ ਭਯੋ।
ਬਹੁਰੋ -ਹੇਤੁ ਖੁਦਾਇ- ਨਾਮ ਮੁਖ ਤੇ ਕਹ੍ਯੋ।
ਦੋਨੋ ਚਸ਼ਮ[1] ਕੁਸ਼ਾਦ[2] ਨਿਸ਼ਸਤਹਿ[3] ਸਾਮੁਹੇ। — [1]ਅੱਖਾਂ। [2]ਖੋਲ੍ਹ ਕੇ। [3]ਉਠ ਬੈਠੇ।
ਹੋ, ਬੋਲੇ ਰਾਗ ਤਿਲੰਗ ਸ਼ਬਦ ਜੋ ਦੁਖ ਦਹੇ ॥੨੦॥

ਸ੍ਰੀ ਮੁਖਵਾਕ ॥[†]
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥

[†]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲੀ ਤੁਕ 'ਯਕ ਅਰਜ ਗੁਫਤਮ ਪੇਸਿ ਤੋਂ ਹੈ। ਗਾਉਣ ਵੇਲੇ ਕਈ ਰਾਗੀ, ਤੁਕ 'ਦੁਨੀਆਂ ਮੁਕਾਮੇ ਫਾਨੀ' ਤੋਂ ਚੁੱਕਦੇ ਹਨ।

ਚੌਪਈ:

'ਜੇ ਮਮ ਦਸ਼ਾ ਚਹਹੁ ਤੁਮ ਜਾਨਾ।
ਤੌਂ ਸ੍ਰੁਤ ਦੇ ਕਰਿ[1] ਸੁਨਿ ਮਉਲਾਨਾ! — [1]ਕੰਨ ਦੇ ਕੇ।
ਤੌਂ ਸ੍ਰੁਤ ਦੇ ਕਰਿ[1] ਸੁਨਿ ਮਉਲਾਨਾ! — [1]ਕੰਨ ਦੇ ਕੇ।
ਸ਼੍ਰੀ ਪਰਮੇਸ਼੍ਵਰ ਨਾਮ ਜੁ ਲੀਨੋ।
ਯਾਂ ਤੇ ਤੁਮ ਸੋਂ ਉੱਤਰ ਦੀਨੋ ॥੨੧॥
ਜੋ ਮਨ ਸਮਝ੍ਯੋ ਦੁਨੀ ਮੁਕਾਮੂ।
ਸੋ ਜਾਨਹੁ ਝੂਠੋ ਬਿਨ ਨਾਮੂ।

ਹਰਿਚੰਦੌਰੀ[1] ਪੁਨਿ ਘਨਛਾਯਾ[2]।
ਸੁਪਨਾ ਜਿਉਂ ਬਾਜੀਗਰ ਮਾਯਾ ॥੨੨॥

[1]ਹਰੀਚੰਦ ਦੀ ਨਗਰੀ ਭਾਵ ਭੁਲੇਵੇ ਦੀ। [2]ਬੱਦਲ ਦੀ ਛਾਂ।

ਲਖਿ ਇਨ ਸਾਚ ਕਰੇ ਜੁ ਗਹਾਵਾ[1]।
ਅੰਤ ਕਾਲ ਤਿਹ ਹੁਇ ਪਛੁਤਾਵਾ।
ਜੋ ਜਾਨਹਿ ਇਹ ਮਿਥਯਾ ਭਾਸੀ।
ਸੋ ਤਿਨਕੇ ਨਹਿਂ ਹੁਇ ਬਿੱਸ੍ਵਾਸੀ ॥੨੩॥

[1]ਪਕੜ।

ਤਾਂ ਤੇ ਜਗਤ ਪਦਾਰਥ ਪ੍ਰੀਤਾ।
ਹੌਂ ਨ ਕਰੋਂ ਜੇ ਹੁਇ ਬਿੱਪ੍ਰੀਤਾ।
ਸਿਰ ਪਰ ਡਰ ਨਿਤ ਅਜਰਾਈਲਾ[1]।
ਗਹਿ ਲੇ ਜਾਵਹਿ ਜੋ ਬਿਨ ਢੀਲਾ ॥੨੪॥

[1]ਮੌਤ ਦੇ ਫਰਿਸ਼ਤੇ ਦਾ।

ਅਸ ਡਰ ਧਰਿ ਕਰਿ ਹੌਂ ਉਰ ਮਾਂਹੀ।
ਭਵ ਬਿਵਹਾਰ ਹੋਤਿ ਹਿਤ ਨਾਂਹੀ।'
ਬਿਸਮਯੋ ਮਨ ਇਮ† ਸੁਨਤਿ ਮੁਲਾਨਾ।
ਸ਼੍ਰੀ ਗੁਰ ਸੋਂ ਪੁਨ ਬਚਨ ਬਖਾਨਾ ॥੨੫॥

†ਪਾਠਾਂਤ੍ਰ-ਇਉਂ।

'ਅਬ ਲੌਂ ਤੁਮਰੀ ਬਾਲਿਕ ਬੈਸਾ।
ਬਚਨ ਉਚਾਰਤਿ ਹੋ ਮੁਖ ਕੈਸਾ?
ਹਮਸੇ ਬ੍ਰਿੱਧ ਆਰਬਲ ਬੀਤੀ।
ਤਿਨ ਕੋ ਚਹੀਯਤਿ ਹੈ ਅਸ ਰੀਤੀ ॥੨੬॥

ਅਬ ਬਾਲਿਕ ਲੀਲਾ ਉਰ ਧਰੀਏ।
ਏਕ ਫਿਕਰ ਕੋ ਜ਼ਿਕਰ ਨ ਕਰੀਏ†।
ਤਰੁਨ[1] ਹੋਇ ਧਨ ਬਨਿਤਾ[2] ਸੰਗਾ।
ਸੁਖ ਭੋਗਹੁ ਕਰਿ ਹ੍ਰਿਦਯ ਉਮੰਗਾ ॥੨੭॥

†ਪਾਠਾਂਤ੍ਰ-ਏਸ ਫਿਕਰ ਕੋ ਜੀਅ ਨੌਧਰੀਏ।
[1]ਜੁਵਾਨ। [2]ਇਸਤ੍ਰੀ।

ਅਸ ਬਿਧਿ ਬ੍ਰਿੱਧ ਹੋਇ ਕਰਿ ਕੀਜੈ।
ਅਬ ਸਨਬੰਧਨਿ ਕੋ ਸੁਖ ਦੀਜੈ।'
ਸ਼੍ਰੀ ਨਾਨਕ ਸੁਨਿ ਕਰਿ ਤਿਹ ਬਾਨੀ।
ਜੋ ਬੇਮੁਖਤਾ ਪਦ ਕਰਿ ਸਾਨੀ[1]

[1]ਮਿਲੀ ਹੋਈ।

॥੨੮॥
ਬੋਲੇ ਪਰਮ ਮਨੋਹਰ ਬਚਨਾ।
ਜਿਨ ਮਹਿਂ ਉਪਦੇਸ਼ਹਿ ਕੀ ਰਚਨਾ।
'ਜੋ ਤੂੰ ਲਖਹਿਂ ਆਰਬਲ ਸਾਰੀ।
ਬਿਨਾ ਭਜਨ ਇਹ ਜਾਤਿ ਬਿਕਾਰੀ
॥੨੯॥
ਇਕ ਸੌ ਬਰਖ ਆਰਬਲ ਪ੍ਰਾਨੀ।
ਜੇ ਜੀਵਹਿਂ ਤਿਨ ਕਹੋਂ ਕਹਾਨੀ।
ਅਰਧ[1] ਨੀਂਦ ਬਸਿ ਕਰਤਜੋ ਸੈਨਾ[2]। [1]ਅੱਧੀ। [2]ਸੁੱਤਿਆਂ।
ਗੁਦਰ ਗਏ[1] ਲਖਿਯੇ ਨਿਜ ਨੈਨਾ [1]ਗੁਜਰ ਗਏ।
॥੩੦॥
ਪੰਦ੍ਰਹ ਬਰਖ ਤੀਕ ਅਨਜਾਨਾ।
ਬਾਲ ਪਨੇ ਮਹਿਂ ਕਰੀ ਬਿਹਾਨਾ।
ਅੱਸੀ ਬਰਖਹਿ ਤੇ ਜੁ ਵਧੈ ਹੈ।
ਲੋਚਨ ਦਿਖੈ ਨ ਸ਼੍ਰੋਨ ਸੁਨੈਹੈ ॥੩੧॥
ਦੋਹਰਾ:
ਬਜਾਕੁਲਤਾ ਇੰਦ੍ਰੀਨ ਕੀ, ਸੁਧਿ ਨਹਿਂ
ਸਕਹਿ ਸੰਭਾਰਿ।
ਦੇਹਿ ਕ੍ਰਿਆ ਕਰਨੀ ਕਠਨ ਤਬ ਕਸ
ਹਰਿ ਉਰਧਾਰਿ? ॥੩੨॥
ਚੌਪਈ:
ਕੁਛਕ ਰਹੇ ਤਿਨ ਕੀ ਸੁਨਿ ਗਿਨਤੀ।
ਸੋਪਿ[1] ਬਿਤੀਤਹਿ ਬਿਨ ਹਰਿ ਬਿਨਤੀ। [1]ਉਹ ਭੀ।
ਮਲ ਮੂਤ੍ਰਾਦਿ ਤਜਿਨਿ ਜੁਗ ਕਾਲਾ।
ਕਰਤਿ ਬਿਤੀਤਹਿ ਕਾਲ ਬਿਸਾਲਾ
॥੩੩॥
ਖਾਨ ਪਾਨ ਨਿਤ ਕਰਨ ਬਿਹਾਰਾ।
ਹਿਤ[1] ਬਿਨੋਦ[2] ਬਨਿਤਾ[3] ਸੰਗ ਧਾਰਾ। [1]ਪ੍ਰੇਮ। [2]ਆਨੰਦ। [3]ਇਸਤ੍ਰੀ।
ਕਰਨ ਉਪਾਇ ਸੁ ਦਰਬ ਉਪਾਵਨ।
ਅਲਜ[1] ਅਸ਼ੁਭ ਸ਼ੁਭ ਕਰਮ ਕਮਾਵਨ [1]ਨਿਰਲੱਜ
॥੩੪॥

ਪਾਲਨ ਸੁਤ ਬਹੁ ਲਾਡ ਲਡਾਵਨ।
ਨਿਸ ਦਿਨ ਹਿਤ[1] ਸੋਂ ਹੇਤ ਬਢਾਵਨ। [1]ਮੋਹ।
ਇਸ ਬਿਧਿ ਬਿਤੀ ਆਰਬਲ ਸਾਰੀ।
ਅੰਤ ਸਮੈ ਗਮਨਜੋ ਕਰ ਝਾਰੀ[1] ॥੩੫॥ [1]ਹੱਥ ਝਾੜਕੇ।
ਤਾਂ ਤੇ ਮਨ ਸਮਝਹੁ ਅਸ ਰੀਤੀ।
ਜਨਮ ਅਕਾਰਥ ਬਿਨ ਹਰਿ ਪ੍ਰੀਤੀ।
ਹੇਤ ਪਦਾਰਥ[1] ਅਮੁਲ ਜਿ ਸ੍ਵਾਸਾ[2]। [1]ਸੰਸਾਰਕ ਪਦਾਰਥਾਂ ਵਾਸਤੇ। [2]ਜੋ ਅਮੋਲਕ ਸ੍ਵਾਸ ਹਨ।
ਗਯੋ ਹਾਰ ਅਸ ਢਾਲਯੋ ਪਾਸਾ[1] ॥੩੬॥ [1]ਐਸਾ ਪਾਸਾ ਸੁੱਟਿਆ।
ਜਬ ਇਸ ਕੇ ਉਰ ਸਮਝ ਸੁ ਆਵੈ।
ਤਬ ਮਨ ਬਿਸ਼ਿਯਨ ਤੇ ਉਲਟਾਵੈ॥
ਕਰਹਿ ਬੰਦਗੀ ਪੇਸ਼ ਖੁਦਾਇ॥
ਜਿਉਂ ਮੈਂ ਤੁਮ ਸੋਂ ਕਹੋਂ ਸੁਨਾਇ ॥੩੭॥

ਸ੍ਰੀ ਮੁਖਵਾਕ ॥
ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥

ਦੋਹਰਾ:
ਅਰਜ਼ ਕਹੋਂ† ਅੱਗ੍ਰਜ ਪ੍ਰਭੂ! ਸੁਨੀਏ ਦੈਕਰਿ ਕਾਨ। †ਪਾਠਾਂਤ੍ਰ-ਕਰੋਂ।
ਹੱਕ[1] ਕਬੀਰ[2] ਕਰੀਮ[3] ਤੂੰ, ਦੇਹੁ ਨਾਮ ਕੋ ਦਾਨ ॥੩੮॥ [1]ਸੱਚ। [2]ਵੱਡਾ। [3]ਮੇਹਰਾਂ ਵਾਲਾ।

ਚੌਪਈ:
ਕਰਹਿ ਬੰਦਗੀ ਤਨ ਮਨ ਦੀਨਾ।
ਨਾਮ ਸੁ ਜਾਚਹਿ ਹੋਇ ਅਧੀਨਾ।
ਦੀਨਬੰਧੁ ਤਬ ਕਰੁਨਾ ਧਾਰੈ।
ਦੇ ਕਰਿ ਨਾਮ ਦਾਸ ਨਿਸਤਾਰੈ' ॥੩੯॥
ਸੁਨਿ ਸ੍ਰੀ ਗੁਰੁ ਕੇ ਬੈਨ ਮੁਲਾਨਾ।

ਜਿਨ ਤੇ ਮਿਟਤਿ ਬਿਕਟ[1] ਅੱਗਜਾਨਾ। [1]ਕਠਨ।
ਕਾਲੂ ਹੇਤ ਕਹਿਨ ਪੁਨ ਲਾਗਜੋ।
'ਧੰਨ ਤੁਮਾਰੋ ਮਨ ਅਨੁਰਾਗਜੋ ॥੪੦॥
ਜਿਉਂ ਤੁਮ ਰੀਤਿ ਕਹਤਿ ਯਹਿ ਸਾਚੀ।
ਹਰਿ ਚਰਨਨ ਮਹਿਂ ਮਤ ਰੁਚਿ[†] ਰਾਚੀ। [†]ਪਾਠਾਂਤ੍ਰ-ਉਰ।
ਤੱਦਪਿ ਤੁਮਰੋ ਸਭਿ ਪਰਵਾਰੂ।
ਭੇ ਦਿਲਗੀਰ ਜੁ ਹੈ ਹਿਤਕਾਰੂ ॥੪੧॥
ਇਨ ਕੋ ਹੇਤਿ ਕਰਹੁ ਜਿਉਂ ਹਰਖਹਿਂ।
ਤੁਮਰੋ ਮੋਹ ਆਨ ਇਨ ਕਰਖਹਿ[1]। [1]ਖਿੱਚਦਾ ਹੈ।
ਪਿਤਾ ਪਿਤਾਨੁਜ[1] ਔਰ ਜਿ ਗਜਾਤੀ[2]। [1]ਚਾਚਾ। [2]ਸਨਬੰਧੀ।
ਨਹਿਂ ਤਿਨ ਕੋ ਅਸ ਰੀਤਿ ਸੁਹਾਤੀ ॥੪੨॥
ਬੋਲਹੁ ਬਿਗਸਹੁ[1†] ਬਿਚਰਹੁ ਸੰਗਾ। [1]ਖਿੜੋ। [†]ਪਾਠਾਂਤ੍ਰ-ਬਿਸਾਰਹ।
ਕਰਹੁ ਕਾਜ ਸਭਿ ਸਹਿਤ ਉਮੰਗਾ।'
ਸੁਨਿ ਕਰਿ ਸ੍ਰੀ ਨਾਨਕ ਤਿਹ ਬਾਨੀ।
ਬੋਲੇ ਦੀਨ ਬੰਧੁ ਸੁਖਦਾਨੀ ॥੪੩॥

ਸ੍ਰੀ ਮੁਖਵਾਕ ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ[1] ॥੨॥ [1]ਮੌਤ ਦਾ ਵੇਲਾ।

ਚੌਪਈ: [1]ਪੁੱਤ੍ਰ।
'ਪਿਤਾ ਭ੍ਰਾਤ ਤਿਯ ਤਾਤ[1] ਸਮੇਤੂ।
ਇਨ ਕੋ ਲਖਹੁ ਕੂਰ ਸਭਿ ਹੇਤੂ।
ਧਨ ਬਿਨ ਜੀਵਤਿ ਤਜਾਗਹਿਂ ਸੰਗਾ।
ਧਨ ਹੋਵਹਿ ਰਹਿਂ ਸੰਗ ਉਮੰਗਾ ॥੪੪॥
ਜਬ ਜਮ ਆਨ ਗਹੈ ਇਸ ਪ੍ਰਾਨੀ।
ਤਬ ਰਾਖਨ ਕੀ ਕਹਾਂ ਕਹਾਨੀ।
ਅੰਤ ਕਾਲ ਗਹਿ ਲੀਨਿ ਇਕਾਕੀ[1]। [1]ਇਕੱਲੇ ਨੂੰ।
ਤਬ ਤਕਬੀਰ[1] ਹੋਇ ਕਜਾ ਤਾਂ ਕੀ ॥੪੫॥ [1]ਤਦਬੀਰ, (ਅ) 'ਅੱਲਾਹੁ ਅਕਬਰ' ਇਹ ਨੁਮਾਜ਼ ਰਹਿਮਤ ਲਈ ਜੋ ਪੜ੍ਹਦੇ ਹਨ ਤਦੋਂ ਇਸ ਦਾ ਕਿਆ ਸਵਾਰੇਗੀ।

ਚਲਨ ਸੰਗ ਜੋ ਸ੍ਰੀ ਹਰਿ ਰੰਗਾ[1]। [1]ਨਾਲ ਜਾਣ ਵਾਲਾ ਜੋ ਸ੍ਰੀ ਵਾਹਿਗੁਰੂ ਦਾ ਪ੍ਰੇਮ ਹੈ।
ਨਾਮ ਨ ਜਪਯੋ ਰਹਯੋ ਮਨ ਭੰਗਾ।
ਭਾ ਅਨਾਥ ਜਮ ਮਾਰਗ ਮਾਂਹੀ।
ਅਨਿਕ ਜਾਤਨਾ[1] ਹੋਵਹਿ ਜਾਂਹੀ ॥੪੬॥ [1]ਤਾੜਨਾ।

ਨਹਿਂ ਸਹਾਇ ਤਿਨ ਕੋ ਸਨਬੰਧੂ।
ਜਿਨ ਮਹਿਂ ਪਚਯੋ[1] ਰਹਯੋ ਮਤਿ ਅੰਧੂ।' [1]ਖੁੱਭਿਆ।
ਜਾਨੀ ਰਿਦੈ ਮੁਲਾਨੇ ਰੀਤੀ।
ਪਰਿਪੂਰਨ ਉਰ ਮਹਿਂ ਹਰਿ ਪ੍ਰੀਤੀ ॥੪੭॥

-ਇਸਕੇ ਬਚਨ ਮੋਹਿ ਮਨ ਫੇਰਾ।
ਜਿਉਂ ਮਤੰਗ[1] ਅੰਕੁਸ ਕਰਿ[2] ਪ੍ਰੇਰਾ[3]। [1]ਹਾਥੀ। [2]ਕੁੰਡੇ ਨਾਲ। [3]ਟੋਰਿਆ ਜਾਂਦਾ ਹੈ।
ਕਹੈਂ ਗੁਨਾਕਰ[1] ਬਾਨੀ ਸਾਚੀ। [1]ਗੁਣਾਂ ਦੀ ਖਾਣ।
ਕੂਰ ਕੁਟੰਬ ਪ੍ਰੀਤਿ ਰੁਚਿ ਰਾਚੀ ॥੪੮॥

ਆਖ਼ਰ ਕੋ ਰਖਵਾਰ ਨ ਸੰਗੀ।
ਸਹਹਿ ਜੀਵ ਯਹਿ ਦੁਖ ਇਕੰਗੀ।
ਅਸ ਅਨਜਾਨਪਨੇ ਮਹਿਂ ਮਾਨਵ।
ਪਚਹਿ ਰੈਨ ਦਿਨ ਭੇਵ ਨ ਜਾਨਵ- ॥੪੯॥

ਅਸ ਵਿਚਾਰ ਕਰਿ ਰਿਦੈ ਮੁਲਾਨਾ।
ਲਖਿ ਮਹਿਮਾ ਮੁਖ ਬਚਨ ਬਖਾਨਾ।
'ਅਲਪ ਬੈਸ ਏਤੀ[1] ਦਾਨਾਈ। [1]ਇਤਨੀ।
ਕੋ ਅਵਤਰਯੋ ਸੰਤ ਸੁਖਦਾਈ ॥੫੦॥

ਸਿਸੁਤਾ ਵਿਖੈ[1] ਬੰਦਗੀ ਜਾਨੀ। [1]ਬਚਪਨ ਵਿਚ ਹੀ।
ਨੇਕੀ ਕਾਰ ਕਰਨ ਮਨ ਠਾਨੀ।
ਬਦੀ ਖਯਾਲ ਦਿਲ ਦੀਨਿ ਭੁਲਾਈ।
ਰੀਤਿ ਪ੍ਰੀਤਿ ਕੀ ਚੀਤਿ ਬਸਾਈ ॥੫੧॥

ਬਿਸ਼ਿਯਨ ਤੇ ਉਦਾਸ ਮਤਿ ਕੀਨੀ।
ਗਿਰਾ ਪ੍ਰੇਮ ਪਰਮੇਸ਼ੁਰ ਭੀਨੀ।'

ਉਸਤਤਿ ਕੇ ਬਚ ਸੁਨਿ ਮੁਖ ਸਦਨਾ।
ਕਹ੍ਯੋ ਤ੍ਰਿਤਿਯ ਪਦ ਪੰਕਜ ਬਦਨਾ
॥੫੨॥

ਸ੍ਰੀ ਮੁਖਵਾਕ ॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥

ਚੌਪਈ:

'ਬਦੀ ਖਜਾਲ ਨਿਸ ਬਾਸੁਰ ਮਾਂਹੀ।
ਕਰਤਿ ਰਹਤਿ ਕੁਛ ਜਾਨਤਿ ਨਾਹੀ।
ਚਿੰਤਾਮਨਿ[1] ਕੋ ਤਜਹਿ ਗਵਾਰਾ॥ — [1]ਮਨ ਚਿਤਵੀ ਮੁਰਾਦ ਦੇਣ ਵਾਲੀ ਮਣੀ।
ਕਾਚ ਲੇਹਿ ਕਰ ਜਤਨ ਅਪਾਰਾ
॥੫੩॥
ਸੁਰਤਰੁ[1] ਕੋ ਨਿਜ ਅਜਰ[2] ਉਖਾਰਹਿ[3]। — [1]ਕਲਪ ਬ੍ਰਿਛ। [2]ਆਪਣੇ ਵੇਹੜੇ ਵਿਚੋਂ। [3]ਪੁੱਟਦਾ ਹੈ।
ਬਨੀ[1] ਬਬੂਰਨ ਕੀ[2] ਬਿਸਤਾਰਹਿ। — [1]ਬਗੀਚੀ। [2]ਕਿੱਕਰਾਂ ਦੀ।
ਤਰਕ ਸੁਧਾ ਕੋ[1] ਹੋਹਿ ਸੁਰਾਪੀ[2]। — [1]ਛੱਡਕੇ ਅੰਮ੍ਰਿਤ ਨੂੰ। [2]ਪੀਂਦਾ ਹੈ ਸ਼ਰਾਬ।
ਤਜਿ ਚੰਦਨ ਗਹਿ ਬੰਸ ਸੰਤਾਪੀ[1] — [1]ਦੁਖਦਾਈ ਬਾਂਸ ਫੜਦਾ ਹੈ।
॥੫੪॥
ਤਿਨ ਕੋ ਸੁਖ ਪ੍ਰਾਪਤਿ ਹੁਇ ਕੈਸੇ।
ਹਰਿ ਤਜਿ ਬਿਸ਼ਯ ਗਹਤਿ ਜੋ ਐਸੇ।
ਬਿਸਰੈ ਸਭਿਹੀ ਬੈਸ ਬਿਤੀਤੀ।
ਕਬਹਿ ਨ ਸੁਧਿ ਕੀਨੀ ਹਰਿ ਪ੍ਰੀਤੀ'
॥੫੫॥
ਸੁਨਤਿ ਮੁਲਾਨੇ ਕੇ ਮਨ ਮਾਂਹੀ।
ਸ਼ਰਧਾ ਸੁਧਿ ਅਧਿਕਹਿ ਬਿਰਧਾਹੀ।
ਬੋਲ੍ਯੋ ਬਚਨ ਬੰਦ ਕਰ ਦੋਊ।
'ਤੁਮਰੇ ਸਮਸਰ[1] ਔਰ ਨ ਕੋਊ — [1]ਬਰੱਬਰ।
॥੫੬॥
ਮੂਰਤਿ ਪਾਕ[1] ਅਲਹਿ ਭਲ ਕੀਨੀ। — [1]ਪਵਿੱਤ੍ਰ।
ਭਗਤਿ ਰੀਤਿ ਮਹਿਂ ਮਤਿ ਜਿਹ ਭੀਨੀ।'
ਸੁਨਿ ਸ਼੍ਰੀ ਨਾਨਕ ਉਚਰੇ ਬਚਨਾ।
ਗਰਬ ਹਰਨ ਕੀ ਜਿਨ ਮਹਿਂ ਰਚਨਾ

॥੫੭॥

ਸ੍ਰੀ ਮੁਖਵਾਕ ॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥

ਚੌਪਈ:

'ਰਤਿ[1] ਰੰਗੇ ਸਤਿਸੰਗ ਸਮਾਜੂ। — [1]ਪ੍ਰੇਮ।
ਸਿਮਰਨ ਬਿਨਾ ਅਨਤ[1] ਨਹਿਂ ਕਾਜੂ। — [1]ਹੋਰ।
ਤਨ ਮਨ ਸੌਂਪ ਦੀਨ ਨਿਜ ਸਾਂਈ।
ਚਾਕਰ ਭਏ ਏਕ ਲਿਵ ਲਾਈ ॥੫੮॥
ਤਿਨਕੇ ਪਦ ਪੰਕਜ ਮੈਂ ਧੂਰੀ।
ਗੁਨ ਨ ਏਕ ਔਗੁਨ ਬਹੁ ਪੂਰੀ।
ਕਰੁਨਾ ਕਰਿ[1] ਕਰੁਨਾਕਰ[2] ਸਾਧੂ। — [1]ਕਿਰਪਾ ਕਰਕੇ। [2]ਕਿਰਪਾ ਦੀ ਖਾਣ।
ਬਖਸ਼ਹਿਂ[†] ਮੈਂ ਜੁ ਗਰੁਵ[1] ਅਪਰਾਧੂ' ॥੫੯॥ — [1]ਭਾਰੀ। [†]ਪਾਠਾਂਤ੍ਰ-ਬਖਸ਼ਹੁ।
ਅਧਿਕ ਨੰਮ੍ਰਤਾ ਕੇ ਸੁਨਿ ਬੈਨਾ।
ਭਈ ਮੁਲਾਨੇ ਕੇ ਮਨ ਚੈਨਾ।
ਹ੍ਵੈ ਕਰਿ ਦੀਨ ਜੋਰਿ ਜੁਗ[1] ਹਾਥਾ। — [1]ਦੋਵੇਂ।
ਕਹਤੋ 'ਮੋਹਿ ਅਬ ਕਰਹੁ ਸਨਾਥਾ[1] ॥੬੦॥ — [1]ਨਿਹਾਲ।
ਛਿਮਹੁ[1] ਬਚਨ ਜੋ ਸਨਮੁਖਿ ਭਾਖੇ। — [1]ਮੁਆਫ ਕਰੋ।
ਹੌਂ ਅਨਜਾਨ ਢੀਠਤਾ ਰਾਖੇ।
ਜੋ ਤੁਮਰੇ ਮਨ ਨਿਸ਼ਚਾ ਗੂੜਾ।
ਕੋ ਲਖਿ ਸਕਹਿ ਜਗਤ ਨਰ ਮੂੜਾ ॥੬੧॥
ਚਰਨ ਸ਼ਰਨ ਮੈਂ ਕੀਨੋ ਪਰਨਾ।
ਹਰਹੁ ਮੋਹਿ ਜਗ ਜਨਮ ਜੁ ਮਰਨਾ।
ਬ੍ਰਿੱਧਨ ਤੇ[1] ਤੁਮ ਬ੍ਰਿੱਧ[2] ਵਡੇਰੇ। — [1]ਵਡਿਆਂ ਤੋਂ। [2]ਵੱਡੇ।
ਕਰਿ ਉਪਦੇਸ਼ ਕਟਹੁ ਦੁਖ ਮੇਰੇ' ॥੬੨॥
ਦੀਨਬੰਧੁ ਦੁਖਦਲਨ[1] ਦਯਾਨਿਧਿ। — [1]ਦੁਖਨਾਸ਼ਕ।
ਬਚਨ ਅਧੀਨ ਸੁਨੇ ਜਬ ਅਸ ਬਿਧਿ।
ਦਯਾ ਦ੍ਰਿਸ਼ਟਿ ਦੇਖੀ ਸੁਖਦਾਨੀ।

ਮ੍ਰਿਦੁਲ ਮਧੁਰ ਬੋਲੇ ਮੁਖ ਬਾਨੀ ॥੬੩॥

'ਮਨ ਕੰਚਨ[1] ਜਗ ਸਿਕਤਾ ਮਾਂਹੀ[2]।
[1]ਮਨ ਰੂਪ ਸੋਨਾ। [2]ਜਗਤ ਰੂਪ ਰੇਤ ਵਿਚੋਂ।

ਬੀਨਬੀਨ[1] ਇਕਠੇ ਕਰਿ ਤਾਂਹੀ।
[1]ਚੁਣ ਚੁਣਕੇ।

ਤਪ ਅਗਨੀ ਮਹਿਂ ਭਗਤਿ ਕੁਠਾਲੀ[1]।
[1]ਸੋਨਾ ਪਾ ਕੇ ਗਾਲਣ ਵਾਲੀ) ਠੂਠੀ।

ਬਿਸ਼ਯ ਮੈਲ ਹਤਿ[1] ਲਿਹੁ ਤਿਹ ਗਾਲੀ ॥੬੪॥
[1]ਨਾਸ਼ ਕਰਕੇ।

ਅਲੰਕਾਰ[1] ਘਰਿ[2] ਸਰਲ[3] ਅਧੀਰਾ।
[1]ਗਹਿਣਾ। [2]ਘੜਕੇ। [3]ਸੂਧਾ।

ਤਿਹ ਮਹਿਂ ਜਟਹੁ[1] ਨਾਮ ਹਰਿ ਹੀਰਾ।
[1]ਜੜੋ।

ਉਰ ਪਹਿਰਾਵਹੁ ਪਰਮ ਪਵਿੱਤ੍ਰਾ।

ਸ਼ੋਭਾ ਲੋਕਨ ਉਭੈ[1] ਬਚਿੱਤ੍ਰਾ ॥੬੫॥
[1]ਦੋਨੋਂ ਲੋਕਾਂ ਦੀ।

ਸੱਤਿਨਾਮ ਇਕ ਚਿਤ ਲਿਵਲਾਈ।

ਜਪਹੁ ਦੇਹਿ ਅਭਿਮਾਨ ਗਵਾਈ।

ਸਤਿਸੰਗਤ ਕੀ ਸੇਵ ਅਭੰਗਾ[1]।
[1]ਇਕ ਰਸ, ਲਗਾਤਾਰ।

ਕਰਹੁ ਸੁਖਦ ਨਿਤ ਸੰਗ ਉਮੰਗਾ' ॥੬੬॥

ਬਚਨਾ ਯੁਧ ਕੇ[1] ਸੰਗ ਮੁਲਾਨਾ।
[1]ਬਚਨਾਂ ਰੂਪੀ ਸ਼ਸਤ੍ਰ ਨਾਲ।

ਘਾਇਲ ਭਾ[1] ਤਨ ਸੁਧਿ[2] ਬਿਸਰਾਨਾ।
[1]ਫਟੜ ਹੋ ਗਿਆ। [2]ਤਨ ਦੀ ਸੋਝੀ।

ਅਤਿ ਤੀਖਨ ਸੋਂ ਭਿਦ ਗਜੋ[1] ਮਰਮੂ[2]।
[1]ਵਿੰਨ੍ਹਿਆਂ ਗਿਆ। [2]ਮਰਮ ਅਸਥਾਨ, ਭਾਵ ਰਿਦਾ।

ਛਿਦੇ ਅੰਗ ਹਉਮੈ ਸੰਗ ਭਰਮੂ[1] ॥੬੭॥
[1]ਹਉਮੈ ਸਹਿਤ ਭਰਮ (ਰੂਪੀ) ਅੰਗ ਵਿੰਨ੍ਹੇ ਗਏ।

ਜਗਤ ਅਸਾਰ ਜਾਨਿ ਦੁਖ ਖਾਨੀ।
ਸ੍ਰੀ ਗੁਰ ਕੀ ਮਹਿਮਾ ਪਹਿਚਾਨੀ।
ਬੰਦ ਹਾਥ ਦੋ ਕਰੀ ਸੁ ਬੰਦਨ।
'ਤੁਮ ਕਿਯ ਮਮ ਅੱਗਜਾਨ ਨਿਕੰਦਨ ॥੬੮॥
ਪੂਰਨ ਪੁਰਖ ਰੂਪ ਹਰਿ ਸਾਧੂ।
ਨਰਨ ਉਧਾਰਹੁ ਬੁੱਧਿ ਅਗਾਧੂ !
ਕਮਲ ਬਦਨ ! ਜਿਉਂ ਤੁਮ ਉਰ ਆਵੈ।
ਤਸ ਬਿਧਿ ਕਰਹੁ ਨ ਕੋ ਉਲਟਾਵੈ ॥੬੯॥

ਮੈਂ ਅਬ ਸੁਨਯੋ ਜੁ ਤੁਮ ਉਪਦੇਸ਼ੂ।
ਜਪੋਂ ਨਾਮ ਤਜਿ ਜਗਤ† ਕਲੇਸ਼ੂ।'
ਅਸ ਕਹਿ ਗਮਨਯੋ ਧਾਮ ਮੁਲਾਨਾ।
ਨਹਿਂ ਕਿਹ ਸੋਂ ਤਿਹ ਬਚਨ ਬਖਾਨਾ ॥੨੦॥
ਪਰਮੇਸ਼ੁਰ ਦਿਸ਼ਿ ਪ੍ਰੀਤਿ ਸੁ ਜਾਗੀ।
ਬਿਖਿਯਨ ਤਯਾਗ ਏਕ ਲਿਵਲਾਗੀ।
ਜੀਵਤਿ ਜਪਤਿ ਰਹਯੋ ਸੋ ਨਾਮੂ।
ਅੰਤਕਾਲ ਗਮਨਯੋ ਹਰਿ ਧਾਮੂ ॥੨੧॥

†ਪਾਠਾਂਤ੍ਰ-ਸਗਲ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੁੱਲਾਂ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਧਯਾਇ ॥੮॥

## ੯. [ਸਾਰਦਾ ਦਾ ਮੰਗਲ। ਸੱਚਾ ਜੰਞੂ।]

੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੦

{ਹਰਦਿਆਲ ਪੰਡਿਤ} ॥੩॥

{ਬਦੋਬਦੀ ਜਨਉ ਪਾ ਦਿੱਤਾ} ॥੪੩॥

ਦੋਹਰਾ:

ਸ੍ਰੀ ਸਰਸ੍ਵਤੀ ਸਰਬਦਾ ਬਰਨ ਸ੍ਵੇਤ ਸੁਖਕੰਦ।

ਸਰਸ੍ਵਤੀ=ਵਿਦ੍ਯਾ ਦੀ ਦੇਵੀ, ਸ਼ਾਰਦਾ। ਸਰਬਦਾ=ਸਦਾ ਹੀ। [ਸੰਸ. ਸਰਵ੍ਦਾ]। ਬਰਨ=ਰੰਗ। [ਸੰਸ. ਵਰ੍ਣ]। ਸ੍ਵੇਤ=ਚਿੱਟਾ। [ਸੰਸ. ਸ੍ਵੇਤ]। ਸੁਖਕੰਦ=ਸੁਖਾਂ ਦਾ ਮੂਲ। ਸੁੱਖਾਂ ਦਾ ਫਲ।

ਤਰਲ ਆਂਗੁਰੀ ਬੀਨ ਸੋਂ ਬੰਦੋਂ ਦ੍ਵੈ ਕਰ ਬੰਦਿ† ॥੧॥

ਤਰਲ=ਚੰਚਲ, ਥਰਰਾ ਰਹੀਆਂ। ਆਂਗੁਰੀ=ਉਂਗਲਾਂ। [ਸੰਸ. ਅੰਗੁਲ]। ਬੀਨ=ਬੀਨਾ, ਵੀਣਾ। ਸਤਾਰ ਵਾਂਢੂ ਤੁੰਬਿਆਂ ਵਾਲਾ ਇਕ ਸੰਗੀਤਕ ਸਾਜ਼। [ਸੰਸ. ਵੀਣਾ]। ਕਰ=ਹੱਥ। ਬੰਦਿ=ਜੋੜਕੇ। †ਦੇਖੋ ਅਧ੍ਯਾਯ ੧ ਅੰਕ ੨ ਦਾ ਭਾਵ।

ਅਰਥ:

(ਜਿਸਦਾ) ਰੰਗ ਚਿੱਟਾ ਹੈ ਤੇ (ਦਰਸ਼ਨ) ਸੁਖਾਂ ਦਾ ਮੂਲ ਹੈ; (ਗੁਰ ਕੀਰਤੀ ਵਿਖੇ) (ਜਿਸ ਦੀਆਂ) ਉਂਗਲੀਆਂ ਬੀਣਾਂ ਵਜਾਉਣ ਵਿਚ ਚੰਚਲ ਹੋ ਰਹੀਆਂ ਹਨ, ਉਸ ਸ੍ਰੀ ਸ਼ਾਰਦਾ ਨੂੰ ਮੈਂ ਦੋਵੇਂ ਹੱਥ ਜੋੜ ਕੇ ਸਦਾ ਹੀ ਨਮਸਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਕਾਲੂ ਬਹੁਰੋ ਕੀਨਿ ਵਿਚਾਰਾ।
ਜੱਗਜ਼ੁਪਵੀਤ[1] ਦੇਨਿ ਹਿਤ ਧਾਰਾ। [1]ਜੰਞੂ।
ਪ੍ਰੋਹਿਤ ਜੋ ਤਿਹ ਕੋ ਹਰਿਦ੍ਯਾਲਾ।
ਸੋ ਬੁਲਾਇ ਲੀਨੋ ਤਤਕਾਲਾ ॥੨॥
ਉਰ ਅਭਿਲਾਖਾ ਸਕਲ ਸੁਨਾਈ।
'ਛੱਤ੍ਰੀ ਰੀਤਿ ਕਰੋ ਦ੍ਵਿਜਰਾਈ!'

{ਹਰਦਿਆਲ ਪੰਡਿਤ}

ਸੁਨਿ ਕਰਿ ਬਚ ਅਸ ਦ੍ਵਿਜ ਹਰਿਦ੍ਯਾਲੂ।
ਕਹ੍ਯੋ 'ਸੌਜ[1] ਸਭਿ ਆਨਿ[2] ਬਿਸਾਲੂ' ॥੩॥ [1]ਸਮਿੱਗ੍ਰੀ। [2]ਮੰਗਾਓ।
ਸ਼ੁਭ ਬਾਸੁਰ ਸੋ ਦੀਨ ਬਤਾਈ।
ਕਰਿ ਅਰੰਭ ਜਿਉਂ ਅਧਿਕ ਵਡਾਈ।
ਦਿਜਬਰ ਤੇ ਸੁਨਿ ਕਰਿ ਤਬ ਕਾਲੂ।
ਸਭਿ ਸੰਭਾਰਨ[1] ਆਨਿ ਉਤਾਲੂ[2] ॥੪॥ [1]ਸਮ੍ਰੱਗੀ। [2]ਛੇਤੀ।
ਭੋਜਨ ਹੇਤ ਅੰਨ ਇਕਠਾਈ।

| | |
|---|---|
| ਆਮਿਖ[1] ਕਾਰਨ ਛਾਂਗ[2] ਮੰਗਾਈ। | [1]ਮਾਸ। [2]ਬੱਕਰਾ। |
| ਜੋ ਛੱਤ੍ਰੀ ਕਾਲੂ ਕੇ ਗਜਾਤੀ[1]। | [1]ਸਨਬੰਧੀ। |
| ਸਭਿਨਿ ਅਮੰਤ੍ਰ[1] ਦੀਨੋ ਖਜਾਤੀ[2] ॥੫॥ | [1]ਨਿਉਂਦਾ। ਸੱਦਾ। [2]ਪ੍ਰਗਟ। |
| ਔਰ ਜਿ ਨਗਰ ਬਿੱਪ੍ਰ[1] ਬਰ ਰਹਿਹੀਂ। | [1]ਬ੍ਰਾਹਮਨ। |
| ਬੇਦਨ ਬਿਧਿ ਕੇ ਬੇਤਾ ਅਹਿਹੀਂ। | |
| ਦਯੋ ਅਮੰਤ੍ਰ[੬†] ਸਭਿਨਿ ਪੁਕਾਰੀ। | †ਪਾਠਾਂਤ੍ਰ-ਅਮੰਤਕ। |
| ਆਏ ਕਾਲੂ ਧਾਮ ਮਝਾਰੀ ॥੬॥ | |
| ਗੋਮੈ[1] ਸੋਂ ਲੇਪਨ ਛਿਤ ਕਰਿਕੈ। | [1]ਗੋਬਰ। |
| ਪੂਰਜੋ ਚੌਂਕ ਹਰਖ ਉਰ ਧਰਿ ਕੈ। | |
| ਸ੍ਰੀ ਨਾਨਕ ਜੀ ਪੁਨ ਬੁਲਵਾਏ। | |
| ਦ੍ਵਿਜ ਬਾਹਜ[1] ਕੇ ਬੀਚ ਬਿਸਾਏ ॥੭॥ | [1]ਬਾਹਮਨਾਂ ਖੱਤ੍ਰੀਆਂ। |
| ਜਿਉਂ ਉਡਗਨ ਕੀ ਸਭਾ ਮਝਾਰਾ। | |
| ਜਾਵਹਿ ਪੂਰਨ ਇੰਦ[1] ਉਦਾਰਾ। | [1]ਪੂਰਾ ਚੰਦ੍ਰਮਾ। |
| ਸ਼ੋਭਾ ਸੰਯੁਤ[1] ਤਿਉ ਤਹਿਂ ਜਾਈ। | [1]ਸਮੇਤ। |
| ਬੈਸੇ ਬੀਚ ਸਭਾ ਸੁਖਦਾਈ ॥੮॥ | |
| ਛੱਤ੍ਰਿਨ ਰੀਤਿ ਜੁ ਹੁਤੀ ਪੁਰਾਤਨ। | |
| ਸੋ ਕੀਨੀ ਦਿਜਵਰ ਸਭਿ ਭਾਂਤਿਨਿ। | |
| ਕੁਲ ਆਚਾਰ ਸਿਖਾਵਨ ਲਾਗਾ। | |
| ਪੁਨ ਪਾਵਨ ਜੰਞੂ ਅਨੁਰਾਗਾ ॥੯॥ | |
| ਜਗਤ ਬਿਮੋਚਨ ਲੋਚਨ ਚਾਰੂ[1]। | [1]ਜਗਤ ਦੇ (ਦੁਖਾਂ ਨੂੰ) ਦੂਰ ਕਰਨ ਵਾਲੇ ਸੁਹਣੇ ਨੇਤ੍ਰਾਂ ਨਾਲ। |
| ਚਿਤਵਨ ਕੀਨੀ[1] ਮੋਖ ਉਦਾਰੂ। | [1]ਤੱਕਣਾ ਕੀਤਾ। |
| ਬੂਝਤਿ ਭੇ 'ਦ੍ਵਿਜ! ਮੋਹਿ ਸੁਨਾਵਉ। | |
| ਕਿਸ ਕਾਰਨ ਤੇ ਜੰਞੂ† ਪਾਵਉ ॥੧੦॥ | †ਪਾਠਾਂਤ੍ਰ-ਇਹੁ ਗਰ-ਹੈ। |
| ਕੌਨ ਅਧਿਕਤਾ ਯਾਂਕੇ ਪਾਏ? | |
| ਕਿਸ ਪਦਵੀ ਇਹੁ ਦੇਤਿ ਪੁਚਾਏ? | |
| ਪਹਿਰੇ ਬਿਨਾ ਨੂਨਤਾ ਜੋਊ। | |
| ਦਿਜਬਰ! ਮੁਹਿ ਸਮਝਾਯੇ ਸੋਊ? ॥੧੧॥ | |
| ਸੁਨਿ ਹਰਿਦਯਾਲ ਚੌਂਪ ਚਿਤ ਚਮਕੀ। | |

ਇੱਛਾ ਕਰਤਿ ਮੋਹ ਭ੍ਰਮ ਕਮਕੀ[1]।
ਪੂਰਬ ਆਸ ਸੁਨਨਿ ਉਪਦੇਸ਼ੁ।
ਬਨੀ ਸੁ ਬਿਧਿ ਅਬ ਮਿਟਹਿ ਕਲੇਸ਼ੁ
॥੧੨॥

[1]ਨਵਿਰਤੀ ਦੀ।

ਜਾਨਤਿ ਜੌਨ ਮਹਾਤਮ ਗੁਰ ਕੋ।
ਬੋਲਯੋ ਤਦਪਿ ਹਰਨ ਤਮ[1] ਉਰ ਕੋ।
'ਦਿਜ ਛੱਤ੍ਰੀ ਕੋ ਧਰਮ ਜੁ ਧਰਿਈ।
ਜੱਗਯੁਪਵੀਤ ਸੁ ਪਾਵਨ ਕਰਿਈ
॥੧੩॥

[1]ਅਨ੍ਹੇਰਾ।

ਜਾਵਦ ਰੀਤਿ ਨ ਅਸ ਅਨੁਸਾਰੀ।
ਤਾਵਦ ਨਹਿਂ ਚੌਕੇ ਅਧਿਕਾਰੀ।
ਦ੍ਵਿਜ ਬਾਹਜ[10] ਕੋ ਇਸ ਬਿਨ ਧਰਮਾ।
ਰਹਤਿ ਨਹੀਂ, ਬੂਝਹੁ ਇਹੁ ਮਰਮਾ[1]
॥੧੪॥

[1]ਭੇਦ ਇਹ ਸਮਝੋ।

ਬੇਦਨਿ ਬਿਧਿ ਸੋਂ ਜਬ ਗਰ ਪਾਵਹਿ।
ਦ੍ਵਿਜ ਬਾਹਜ ਨਿਜ ਧਰਮਹਿ ਆਵਹਿ।'
ਸੁਨਿ ਪ੍ਰੋਧਾ[1] ਕੇ ਬਚਨ ਕ੍ਰਿਪਾਲਾ।
ਕਮਲ ਬਦਨ ਕਹਿਂ ਗਿਰਾ ਰਸਾਲਾ
॥੧੫॥

[1]ਪਰੋਹਤ।

'ਦ੍ਵਿਜ ਬਾਹਜ ਕੋ ਧਰਮ ਜੁ ਆਹੀ।
ਗਰ ਮੇਂ ਪਾਏ ਸੂਤ ਰਹਾਹੀ।
ਕਿਧੋਂ ਸੁਕਰਮ ਕਰੇ ਤੇ ਰਹਿਈ।
ਦਯਾ ਆਦਿ ਜੇ ਸ਼ੁਭ ਨਿਰਬਹਿਈ
॥੧੬॥

ਪਾਇ ਸੂਤ ਗਰ ਕਰਤਿ ਕੁਕਰਮਾ।
ਧਨ ਹਿਤ ਹਿੰਸਾ ਧ੍ਰੋਹਿ ਅਧਰਮਾ।
ਅੰਤ ਪ੍ਰਯੰਤ ਦੁਸ਼ਟਤਾ ਧਾਰੇ।
ਝੂਠ ਪਿਸ਼ਨਤਾ[1] ਚਿਤ ਹਿਤਕਾਰੇ
॥੧੭॥

[1]ਚੁਗਲੀ।

ਜੋ ਖੱਤ੍ਰੀ ਦ੍ਵਿਜ ਕਿਧੋਂ ਚੰਡਾਲਾ।
ਸਹਹਿ ਜਾਇ ਜਮਦੰਡ ਬਿਸਾਲਾ।

ਕੌਨ ਜਨੇਊ ਤਿਹ ਫਲ ਦੀਨਾ।
ਪਾਯੋ ਨਰਕ ਇਹਾਂ ਅਘ ਕੀਨਾ'
॥੧੮॥
ਸੁਨਿ ਕਰਿ ਬਚ ਦਿਜਬਰ ਜੇ ਬੈਸੇ।
ਭਏ ਮਸ਼ਟ[1] ਕੁਛ ਆਵ ਨ ਜੈਸੇ। [1]ਚੁੱਪ।
ਸਨਮੁਖ ਉਤਰ ਦੇਤਿ ਨ ਕੋਊ।
'ਕਹਿਤਿ ਸੱਤਿ' ਸਮਝਤਿ ਚਿਤ ਸੋਊ
॥੧੯॥
ਤਦਪਿ ਸੁਨਨਿ ਕੀ ਬਚ ਅਭਿਲਾਖਾ।
ਪ੍ਰੋਹਤ ਹਰਿਦਜਾਲ ਇਮ ਭਾਖਾ।
'ਕੌਨ ਜੰਞੂ ਤੇ ਜਾਇ ਨ ਨਰਕਾ?
ਜਾਂਤੇ[†] ਜਮ ਨਹਿਂ ਕਰਹਿ ਕੁਤਰਕਾ [†]ਪਾਠਾਂਤ੍ਰ-ਜਾਂਕੌ-।
॥੨੦॥
ਸੋ ਨਿਜ ਰਸਨਾ ਦੇਹੁ ਸੁਨਾਈ।
ਸੁਨਨਿ ਚਾਹ ਸਭਿ ਉਰ ਹਰਖਾਈ।'
ਕਮਲ ਬਦਨ ਪੁਨ ਬਚਨ ਬਖਾਨੇ।
ਜਿਸ ਜੰਞੂ ਤੇ ਜਨ ਸਨਮਾਨੇ[1] ॥੨੧॥ [1]ਆਦਰ ਕਰੇ।

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਚੌਪਈ: [1]ਪਵਿੱਤ੍ਰ। [2]ਨਿੱਤ ਰਹਿਣ ਵਾਲਾ। [3]ਜਾਣੋ।
'ਸ੍ਵੱਛ[1] ਸਥਿਰ[2] ਇਹੁ ਲਖਹੁ[3] ਜਨੇਊ।
ਗਰ[1] ਮਹਿਂ ਪਹਿਰੈਂ ਵਿਰਲੇ ਕੇਊ। [1]ਗਲ।
ਜਿਹ ਨਰ ਗਰ ਮਹਿਂ ਧਾਰਨ ਕੀਨਾ।
ਧੰਨ ਸਿ ਨਰ ਕੀਨੇ ਦੁਖ ਛੀਨਾ[1] [1]ਨਾਸ਼।
॥੨੨॥
ਲੋਕ ਬਹੁਰ ਪਰਲੋਕ ਅਸ਼ੋਕੂ[1]॥ [1]ਅਨੰਦਤ।
ਸਨਮਾਨਹਿਂ ਸਭਿ ਅੰਤਕ ਓਕੂ[1†]। [1]ਜਮ ਦੇ ਘਰ। [†]ਪਾਠਾਂਤ੍ਰ-ਅੰਤਨ ਲੋਕੂ-ਅਰਥਾਤ ਜਮਲੋਕ।

ਅਸ ਬਿਧਿ ਕੋ ਜੇ ਹੈ ਤੁਮ ਪਾਸੂ।
ਗਰ ਮੁਝ ਪਾਵਹੁ ਦੁੱਕ੍ਰਿਤ ਨਾਸੂ[1] ॥੨੩॥ — [1]ਪਾਪਾਂ ਨੂੰ ਨਾਸ਼ ਕਰਨ ਵਾਲਾ।
ਕਰਤਿ ਸੂਤ ਕੋ ਗ੍ਰੰਥਨ[1] ਪਾਈ। — [1]ਗੰਢਾਂ।
ਜਲ ਜਾਵਹਿ ਇਹ ਸੰਗ ਨ ਜਾਈ।
ਜਾਨਹੁ ਕੱਚਾ ਕਾਜ ਸੰਸਾਰੂ।
ਲੋਕ ਦਿਖਾਵਾ ਕਰਤਿ ਗਵਾਰੂ' ॥੨੪॥
ਸੁਨਿ ਕਰਿ ਬਚ ਹਰਦਜਾਲ ਰਸਾਲਾ।
ਪੁਲਕਾਵਲਿ[1] ਤਨ ਹਰਖ ਬਿਸਾਲਾ। — [1]ਰੋਮ ਖੜੇ ਹੋ ਗਏ।
-ਮੈਂ ਪੂਰਬ ਜੋ ਗਿਰਾ ਉਬਾਚੀ[1]। — [1]ਕਹੀ।
ਬਿਨ ਸੰਸੈ ਸੋ ਭੀ ਸਭਿ ਸਾਚੀ ॥੨੫॥
ਲਖਿ ਹੈਂ ਵਿਰਲੇ ਬਹੁ ਅਨਜਾਨਾ।
ਜਿਹ ਬਚ ਸ਼ੁਨਿ ਮਮ ਮਨ ਠਹਿਰਾਨਾ।
ਹੌਂ ਸੁ ਕ੍ਰਿਤਾਰਥ ਬੰਸ ਸਮੇਤਾ।
ਭਾ ਯਜਮਾਨ ਬ੍ਰਹਮੰਡ ਨਿਕੇਤਾ[1]- ॥੨੬॥ — [1]ਬ੍ਰਹਮੰਡ ਦਾ ਜੋ ਘਰ ਅਰਥਾਤ ਆਸ਼ਰਾ (ਭਾਵ ਗੁਰੂ ਜੀ ਮੇਰੇ ਜਜਮਾਨ ਹੋ ਗਏ) ਹਨ।
ਅਨਦ ਮਗਨ ਮੁਖ ਬੋਲ ਨ ਆਵਾ।
ਸੁਨਨ ਬਚਨ ਮਨ ਰੁਚਿ ਉਪਜਾਵਾ।
ਅਨਤ[1] ਜਿ ਦ੍ਵਿਜ ਬੈਸੇ ਸ਼ੁਭ ਨੀਤੀ। — [1]ਹੋਰ।
ਸੋ ਬੋਲੇ ਲਖਿ ਪਾਛਲ ਰੀਤੀ ॥੨੭॥
'ਭੋ ਬਾਲਕ! ਇਹੁ ਜੱਗਯੁਪਵੀਤਾ।
ਬੇਦ ਪੰਥ ਮਹਿਂ ਗਿਨਜੋ ਪੁਨੀਤਾ।
ਪਰਮਪਰਾ[1] ਪਾਵਨ[2] ਬਰ ਧਰਮਾ[3]। — [1]ਮੁੱਢ ਤੋਂ। [2]ਪਵਿੱਤ੍ਰ। [3]ਸ੍ਰੇਸ਼ਟ ਧਰਮ।
ਦਿਜ ਬਾਹਜ ਕੋ ਰਾਖਤਿ ਧਰਮਾ ॥੨੮॥
ਬ੍ਰਹਮਦਾਕਿ ਤੇ ਇਹ ਚਲਿ ਆਵਾ।
ਸਨਕ ਸਨੰਦਨ ਸਭਿ ਪਹਿਰਾਵਾ।
ਜੇ ਹਮ ਕੀਨੀ ਉਕਤਿ ਨਵੀਨਾ।
ਪੇਲੋ ਇਹੁ ਤੌਂ[1] ਸੁਮਤਿ ਪ੍ਰਬੀਨਾ! ॥੨੯॥ — [1]ਤਾਂ ਇਹ (ਬੇਸ਼ਕ) ਹਟਾ ਦਿਓ।
ਚਲਹੁ ਬਾਲ! ਪਾਛਲ ਕੁਲ ਚਾਲੀ।

ਕਿਉਂ ਤੁਮ ਸਭਿ ਤੇ ਚਹਹੁ ਨਿਰਾਲੀ।'
ਸੁਨਿ ਸ਼੍ਰੀ ਨਾਨਕ ਬਚ ਦ੍ਵਿਜਬਰ ਕਾ।
ਬੋਲੇ ਤਿਹ ਮਤਿ ਕਰਤਜੋ ਤਰਕਾ[1] ॥੩੦॥

[1]ਖੰਡਨ।

ਸ਼੍ਰੀ ਮੁਖਵਾਕ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥

ਚੌਪਈ:

'ਅਸਬਿਧਿ ਕੋ ਦਿਜ ਦੇਹੁ ਜਨੇਊ॥
ਚੌਕੜ[1] ਬਿਕਤਿ ਮੋਲਲਿਯ ਤੇਊ।
ਅਗਨਿ ਸੰਗ ਜਰਿ ਗਜੋ ਜਗ ਮਾਂਹੀ।
ਜਹਿਂ ਕਾਰਜ ਤਹਿਂ ਨਿਬਹਜੋ ਸੁ ਨਾਂਹੀ ॥੩੧॥

[1]ਚਾਰ ਕੌਡਾਂ ਦਾ।

ਜੋ ਆਗੇ ਨਹਿਂ ਕਾਰਜ ਆਵਾ।
ਸੋ ਪਾਯੋ ਜਗ ਕੋ ਦਿਖਰਾਵਾ।
ਮਮ ਸੰਸਾਰ ਸੋਂ ਨਾਹੀ ਕਾਜੁ।
ਤਿੰਹ ਕੀ ਕਿਉਂ ਕਰਿਹੋਂ ਉਰ ਲਾਜੁ ॥੩੨॥

ਸੰਗ ਨ ਤਗ[1], ਜਬ ਜਮ ਗਹਿ ਕੂਟਾ।
ਤਹਾਂ ਨਾਮ ਹੋਯੋ ਤਗ ਤੂਟਾ।
ਕੀਨਿ ਸੁ ਕੁਰੀ ਚੋਰੀ ਜਾਰੀ।
ਯਾਂ ਤੇ ਮਿਲੀ ਯਾਤਨਾ[1] ਭਾਰੀ ॥੩੩॥

[1]ਜੰਞੂ।
[1]ਤਾੜਨਾ।

ਤਾਂ ਤੇ ਸੱਤਿ ਨਾਮ ਕਰਤਾਰਾ।
ਜਪਹੁ ਤਾਂਹਿ ਹੁਇ ਜਗ ਨਿਸਤਾਰਾ।
ਦੋਨੌ ਲੋਕ ਵਿਖੇ ਰਹਿ ਸੰਗਾ।
ਨਿਸ ਦਿਨ ਸਿਮਰਹੁ ਸੰਗ ਉਮੰਗਾ' ॥੩੪॥

ਦਿਜ ਬਾਹਜ ਕੀ ਭੀਰ[1] ਸੁ ਭੂਰੀ[2]।
ਸੁਨਿ ਬਚ ਬਿਸਮੈਤਾ[1] ਉਰ ਪੂਰੀ।
ਕੋਊ ਨ ਉੱਤਰ ਦੇਨਿ ਸਮਰਥਾ।
ਸੱਤਿ ਬਾਤ ਕਿਮ ਕਹੈਂ ਬਿਅਰਥਾ

[1]ਭੀੜ। [2]ਬਹੁਤੀ।
[1]ਅਚਰਜਤਾਈ।

॥੩੫॥

ਪੁਨ ਤਿਹ ਕਾਲ ਜੁ ਕਾਲੂ ਗਜਾਤੀ[1]। [1]ਸਨਬੰਧੀ।
ਸੋ ਬੋਲੇ ਨਿਜ ਬਾਤ ਸੁਹਾਤੀ।
'ਸੁਨੀਏ ਸ਼੍ਰੀ ਨਾਨਕ ਪਰਬੀਨਾ।
ਤੋਰ[1] ਅਤਰਕ ਗਿਰਾ[2] ਰਸ ਭੀਨਾ [1]ਆਪਦੀ। [2]ਸੱਚੀ ਬਾਣੀ।
॥੩੬॥
ਤਦਪਿ ਜੁ ਤਵ ਪਿਤ ਖਰਚਜੋ ਦਰਬਾ।
ਜੱਗਜ਼ੁਪਵੀਤ ਹੇਤੁ ਲਖਿ ਸਰਬਾ।
ਨਹਿਂ ਪਹਿਰਹੁ ਤਬ ਹੋਇ ਅਕਾਜੁ[1]। [1]ਬਿਰਥਾ।
ਜੋ ਤੁਮਰੇ ਪਿਤ ਕੀਨਿ ਸਮਾਜੁ ॥੩੭॥
ਦਿਜ ਬਾਹਜ ਸਭਿ ਤੁਮ ਘਰ ਆਵਾ।
ਪਹਿਰਹੁ ਜੰਞੂ ਜਗਤ ਸੁਹਾਵਾ।
ਜੋ ਨਿਜ ਕੁਲ ਕੀ ਚਲਹਿ ਨ ਚਾਲੇ।
ਜਾਤਿ ਪਾਤਿ ਤਿਹ ਕਰੈ ਨਿਰਾਲੇ
॥੩੮॥
ਨਰ ਸੰਪੂਰਨ ਅਰੁ ਪਰਵਾਰੂ।
ਹਰਖੈਂ ਉਰ ਕਰਿ ਰਹੁ ਗਰ[1] ਧਾਰੂ[2]। [1]ਗਲੇ ਵਿਚ। [2]ਧਾਰਨ ਕਰਕੇ।
ਨਾਤੁਰ[1] ਸਭ ਕੋ ਬਧਜੋ ਹੁਲਾਸਾ। [1]ਨਹੀਂ ਤਾਂ।
ਮਿਟ ਜੈ ਹੈ ਮਨ ਹੋਇ ਉਦਾਸਾ
॥੩੯॥
ਏਕ ਵਾਰ ਗਰ ਪਾਇ ਜਨੇਊ।
ਪੁਨ ਕਰੀਏ ਇੱਛਾ ਉਰ ਜੇਊ।'
ਅਸ ਸੁਨਿ ਕਰਿ ਗਜਾਤਿਨਿ[1] ਕੇ ਬੈਨਾ। [1]ਸਾਕਾਂ ਦੇ।
ਪੁਨ ਬੋਲੇ ਸ਼੍ਰੀ ਪੰਕਜ ਨੈਨਾ ॥੪੦॥

ਸ੍ਰੀ ਮੁਖਵਾਕ ॥
ਮਃ ੧ ॥
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥

ਚੌਪਈ:

'ਲੋਕਾਰੀਤ ਜੁ ਜੋਗਜੁਪਵੀਤਾ।
ਹੋਤਿ ਪੁਰਾਤਨ ਤੂਟਤਿ ਨੀਤਾ।
ਬਹੁਰ ਬਹੁਰ ਲੇ ਅਵਰ ਸੁ ਪਾਵਾ।
ਜਗ ਮਿੱਥਯਾ ਤਸ ਬਨਯੋ ਬਨਾਵਾ ॥੪੧॥
ਜੇਕਰਿ ਹੋਵਹਿ ਜੋਰ ਜਨੇਊ।
ਮੁਝ ਗਰ ਦੀਜੈ ਭਗਨ ਨ[1] ਜੇਊ।
ਮਨ ਕੁਬਾਸ਼ਨਾਂ ਨਾਸਹਿ ਰਾਸੀ[1]।
ਜਿਹਤੇ ਪਦ ਪ੍ਰਾਪਤਿ ਅਬਿਨਾਸ਼ੀ' ॥੪੨॥
ਅਸਬਿਧਿ ਸ੍ਰੀ ਨਾਨਕ ਗਤਿਦਾਨੀ।
ਉਪਦੇਸ਼ਨਿ ਕੀ ਉਚਰਤਿ ਬਾਨੀ।
ਬਚਨ ਬਦਤਿ ਬਿੱਪ੍ਰਨ ਬਰਿਆਈ[1]।
{ਬਦੋਬਦੀ ਜਨਊ ਪਾ ਦਿੱਤਾ}
ਜੱਗ੍ਯੁਪਵੀਤ[†] ਦਿਯੋ ਪਹਿਰਾਈ ॥੪੩॥

[1]ਟੁੱਟੇ ਨਹੀਂ।
[1]ਸਭ ਨਾਸ਼ ਕਰੇ।
[1](ਗੁਰੂ ਜੀ ਦੇ) ਬਚਨ ਕਰਦਿਆਂ ਬ੍ਰਾਹਮਣਾਂ ਨੇ ਮੱਲੋ ਮੱਲੀ।
[†]ਸਤਿਗੁਰੂ ਜੀ ਦਾ ਜੰਞੂ ਬਾਬਤ ਜੋ ਖਯਾਲ ਹੈ ਸ੍ਰੀ ਮੁਖਵਾਕਾਂ ਤੋਂ ਪ੍ਰਗਟ ਹੋ ਰਿਹਾ ਹੈ। ਕਵੀ ਜੀ ਦਾ ਆਪਣਾ ਖਿਆਲ ਆਪ ਜੀ ਦੇ 'ਦਿਜ ਦੰਭਨ ਕੋ ਕੀਨ ਨਿਕਦਨਾ। ' (ਅੰਕ ੪੪) ਦੀ ਇਸ ਤੁਕ ਵਿੱਚ ਪ੍ਰਗਟ ਹੈ। ਜ਼ਬਰਦਸਤੀ ਧਾਗਾ ਗਲ ਪਾਕੇ ਆਪੇ ਖੁਸ਼ੀ ਮਨਾ ਲੈਣੀ ਇਹ ਗਲ ਲੋਕਾਂ ਦੀ ਹੈ। ਗੁਰੂ ਜੀ ਦੀ ਇਸ ਵਿਚ ਸੰਮਤੀ ਨਹੀਂ ਆ ਜਾਂਦੀ। ਵਿਸ਼ੇਸ਼ ਵਿਚਾਰ ਲਈ ਦੇਖੋ ੫੭ਵੇਂ ਅਧ੍ਯਾਯ ਦੇ ੨੩ ਅੰਗ ਦੀ 'ਕਉਤਕ ਹਿਤ ਯਹ ਰੂਪ ਬਨਾਏ' ਦੀ ਟੂਕ।

ਤੁਸ਼ਨ ਭਏ ਤਬਹਿ ਸੁਖ ਸਦਨਾ।
ਦਿਜ ਦੰਭਨ ਕੋ ਕੀਨ ਨਿਕਦਨਾ।
ਤਿਹ ਛਿਨ ਹਰਖ੍ਯੋ ਉਰ ਪਰਵਾਰੂ।
ਸਭਿ ਕੇ ਮਨ ਤੇ ਮਿਟਾ ਖਭਾਰੂ[1] ॥੪੪॥

[1]ਖੋਭ।

ਬਚਨ ਸੁਨਨਿ ਕੀ ਦਿਜ ਹਰਦ੍ਯਾਲੂ।
ਵਡ ਲਾਲਸ ਬੋਲ੍ਯੋ ਤਿਹਕਾਲੂ।
'ਉਚ ਕਰਮ ਤੇ ਗਿਰਾ ਉਬਾਚੀ[1]।

[1]ਕਹੀ।

ਰਿਦੇ ਸ਼ੁੱਧ ਕੋ ਇਹ ਸਭਿ ਸਾਚੀ ॥੪੫॥

ਜੋ ਜਗ ਕਾਨ ਸਿੰਖਲਾ[1] ਸੰਗਾ। — [1]ਬੇੜੀ, ਸੰਗਲ, ਬੰਧਨ।
ਵਰਣ ਧਰਮ ਕਰਿ ਸਕੈਂ ਨ ਭੰਗਾ।
ਪੁਨ ਨਿਜ ਮਤਿ ਕੋ ਜੱਗਜੁਪਵੀਤਾ।
ਉਚਰਹੁ ਬਚਨ ਜੁ ਹੋਤਿ ਪੁਨੀਤਾ ॥੪੬॥

ਸੁਨਹਿਂ ਸਭਿਹਿ ਦਿਜ ਬਾਹਜ ਗਜਾਤੀ।
ਜੋ ਅਤੁਟ ਰਹਿ ਸਦਾ ਸੰਗਾਤੀ[1]।' — [1]ਸੰਗ।
ਸੁਨਤਿ ਸ਼੍ਰੋਨ ਅਰਬਿੰਦ[1] ਬਿਲੋਚਨ[2]। — [1]ਕਵਲ ਅੱਖਾਂ ਵਾਲੇ। [2]ਕਵਲ ਅੱਖਾਂ ਵਾਲੇ।
ਬੋਲੇ ਬਾਨੀ ਬੰਧ ਬਿਮੋਚਨ[1] ॥੪੭॥ — [1]ਬੰਧਨਾਂ ਦੇ ਨਾਸ਼ ਕਰਤਾ।

ਸ੍ਰੀ ਮੁਖਵਾਕ ॥
ਮਃ ੧ ॥
ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥

ਚੌਪਈ:

'ਜਿਨ ਅਸ ਪਾਯੋ ਜੱਗਜੁਪਵੀਤਾ।
ਸੋ ਸਭਿ ਥਾਨ ਵਿਖੈ ਨਿਰਭੀਤਾ।
ਜਹਾਂ ਜਾਇ ਤਹਿਂ ਆਦਰ ਪਾਵਾ।
ਸਭਿ ਸ਼ੋਭਾ ਸੰਯੁਤ ਜਸੁ ਛਾਵਾ ॥੪੮॥

ਭਗਨ ਨ ਹੋਇ[1] ਸੰਗ ਰਹਿ ਸੋਊ। — [1]ਤੁੱਟਦਾ ਨਹੀਂ।
ਭਾਗ ਜਗੇ ਤੇ ਪਹਿਰਹਿ ਕੋਊ ॥
ਕਾਮ ਕ੍ਰੋਧ ਮਨ ਕੀਨਿ ਮਲੀਨਾ।
ਸਿਮਰ ਨਾਮ ਕੋ ਜਿਨ ਸੁਚਿ[1] ਕੀਨਾ[†] ॥੪੯॥ — [1]ਪਵਿਤਰਤਾ। [†]ਪਾਠਾਂਤ੍ਰ-ਸਿਮਰ ਨਾਮ ਕੋ ਨਿਸਚਿਤ ਕੀਨਾ।

ਤਿਨਹਿ ਉਚਿਤ[1] ਇਹੁ ਯੱਗਜੁਪਵੀਤਾ। — [1]ਯੋਗ।
ਲੋਕ ਕਾਨ ਤੇ ਸੋ ਵਿੱਪ੍ਰੀਤਾ[1]' ॥ — [1]ਉਲਟ।
ਸੁਨਿ ਹਰਿਦਯਾਲ ਸੁ ਅਸ ਉਪਦੇਸ਼ਾ।
ਰਿਦੈ ਧਾਰਿ ਲਿਯ ਲਖਿ ਸਗਤੇਸ਼ਾ ॥੫੦॥

'ਧੰਨ ਧੰਨ ਪੁਨ ਧੰਨ' ਵਖਾਨਹਿ।
'ਆਪਨ ਗਤਿ ਤੁਮ ਆਪਹਿ ਜਾਨਹਿ।'

ਅਵਰ ਨ ਕਾਹੂੰ ਮਹਿਮਾ ਜਾਨੀ।
ਇਕ ਪ੍ਰੋਹਤ ਭਾ ਹਤਿ ਅਭਿਮਾਨੀ ॥੫੧॥
ਜਿਹ ਪਰ ਕਰਹਿਂ ਹੇਰਿ ਕਰਿ ਕਰੁਨਾ।
ਤਾਹੂੰ ਕੋ ਹਰਿਹੀ ਭਵ ਮਰਨਾ[1]।
[1]ਜਨਮ ਮਰਨ।
ਤਿਹ ਛਿਨਿ ਕਾਲੂ ਬਚਨ ਉਚਾਰਾ।
'ਅਬ ਭੋਜਨ ਭਾ ਸਗਰੋ ਤਯਾਰਾ ॥੫੨॥
ਦਿਜ ਜੂ! ਉਠਉ ਪਾਂਤਿ[1] ਬੈਸਾਵਹੁ।
[1]ਪੰਗਤ।
ਤਜਿ ਬਿਲੰਬ ਨਿਜ ਭੋਜਨ ਖਾਵਹੁ।'
ਸੁਨਿ ਸਭਿ ਦਿਜ ਉਠਿ ਚੀਰ[1] ਉਤਾਰੇ।
[1]ਕਪੜੇ।
ਕਰਿ ਪੰਕਤਿ ਬੈਸੇ ਇਕ ਸਾਰੇ[1†] ॥੫੩॥
[1]ਇਕੋ ਜੇਹੀ। [†]ਪਾਠਾਂਤ੍ਰ-ਇਕ ਬਾਰੇ-।
ਛੱਤ੍ਰੀ ਸਭਿ ਬੁਲਾਇ ਨਿਜ[†] ਗਯਾਤੀ[1]।
[1]ਸਨਬੰਧੀ। [†]ਪਾਠਾਂਤ੍ਰ ਦੋ ਹਨ-ਬਹੁ-ਬਰ।
ਬਨ ਬੈਠੇ ਸੋ ਪਾਂਤਿ ਸੁਹਾਤੀ।
ਅਨਿਕ ਭਾਂਤਿ ਪਾਤ੍ਰਨ[1] ਧਰਿ ਆਗੇ।
[1]ਭਾਂਡੇ (ਅ) ਪੱਤਲਾਂ।
ਸੂਪਕਾਰ[1] ਤਬ ਪਰੁਸਨ ਲਾਗੇ[2] ॥੫੪॥
[1]ਲਾਂਗਰੀ। [2]ਪ੍ਰੋਸਣ ਲਗੇ।
ਪਾਇਸੁ[1] ਸਿਤਾ[2] ਘ੍ਰਿੱਤਿ ਬਿਧਿ ਸੰਗਾ।
[1]ਖੀਰ। [2]ਖੰਡ।
ਸਪਦ[1] ਪਰੁਸਗੇ[2] ਸੰਗ ਉਮੰਗਾ।
[1]ਛੇਤੀ। [2]ਪਰੋਸੇ ਗਏ।
ਸੂਖਮ ਓਦਨ[1] ਬਰੇ[2] ਪਕੌਰੇ।
[1]ਬ੍ਰੀਕ ਚਾਵਲ। [2]ਵੜੇ।
ਮਰਚ ਧਨਿਯ ਸੋਂ ਦਧਿ ਮਹਿਂ ਬੋਰੇ[1] ॥੫੫॥
[1]ਦਹੀਂ ਵਿਚ ਡੋਬੇ ਹੋਏ।
ਸੂਪ[1] ਬਨੀ ਬਰ[2] ਅਨਿਕ ਪ੍ਰਕਾਰਾ।
[1]ਰਸੋਈ। [2]ਚੰਗੀ।
ਖਾਨ ਪੁਰਾ[1] 'ਹਰਿਨਾਮ' ਉਚਾਰਾ।
[1]ਖਾਣ ਤੋਂ ਪਹਿਲਾਂ।
ਸ੍ਵਾਦ ਸੰਗਿ ਸਭਿ ਅਚਵਨਿ ਕੀਨੋ।
ਪੁਨ ਪਨਵਾਰੇ[1] ਕੀਨਿ ਚਬੀਨੋ ॥੫੬॥
[1]ਪਾਨਾਂ ਦੇ ਬੀੜੇ।
ਦੀਨ ਦੱਛਨਾ ਦ੍ਵਿਜ ਸਨਮਾਨੇ।
ਬਹੁਰ ਬਿਸਰਜਨ[1] ਹੋਇ ਪਯਾਨੇ।
[1]ਵਿਦਾ।
ਦ੍ਵਿਜ ਹਰਿਦਯਾਲ ਚਹਿਤਿ ਸੋ ਪਾਵਾ।
ਨਾਮ ਲਗੀ ਲਿਵ ਪ੍ਰੇਮਹਿ ਛਾਵਾ

॥੫੭॥
ਜੱਗ੍ਯੁਪਵੀਤ ਪਾਵਨੀ ਗਾਥਾ।
ਸੁਨਹਿ ਸੁਨਾਵਹਿ ਜੋ ਹਿਤ ਸਾਥਾ।
ਭਗਨ ਜੰਞੂ ਕੋ ਦੋਖ ਨ ਲਾਗਹਿ।
ਪੁਨ ਸ਼੍ਰੀ ਗੁਰੁ ਕੇ ਪਗ ਅਨੁਰਾਗਹਿ[†] ॥੫੮॥

[†]ਮੁਰਾਦ ਇਹ ਹੈ ਕਿ ਇਹ ਪ੍ਰਸੰਗ ਦੇ ਸੁਣਨ ਸੁਣਾਉਣ ਵਾਲੇ ਨੂੰ ਜੰਞੂ ਦੀ ਲੋੜ ਨਹੀਂ, ਉਨ੍ਹਾਂ ਨੂੰ ਗੁਰੂ ਚਰਨਾਂ ਦਾ ਪ੍ਰੇਮ ਮਿਲੇਗਾ।

ਦੋਹਰਾ:
ਗਜਾਤੀ ਛੱਤ੍ਰੀ ਅਪਰ ਜੇ, ਬਿੱਪ੍ਰ ਜਿ ਪ੍ਰੋਧਾ ਸਾਥ।
ਉਸਤਤਿ ਉਚਰਤਿ ਸਦਨ ਗੇ, ਜੋ ਗੁਰ ਦੀਨਾਨਾਥ ॥੫੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬ੍ਰਹਮਸੂਤ੍ਰ[†] ਪਾਵਨ' ਪ੍ਰਸੰਗ ਬਰਨਨੰ ਨਾਮ ਨਵਮੋ ਧਜਾਇ ॥੯॥ [†]ਪਾਠਾਂਤ੍ਰ-ਬ੍ਰਹਮਨ ਜਨੇਊ।

## ੧੦. [ਅਰਦਾਸ। ਗਊਆਂ ਚਾਰਨਾ। ਖੇਤ ਹਰਿਆ ਕਰਨਾ]

੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੧

{ਸਤਿਗੁਰਾਂ ਅਗੇ ਅਰਦਾਸ} ॥੧॥
{ਗਊਆਂ ਚਾਰਨਾ} ॥੧੪..॥
{ਖੇਤ ਹਰਿਆ ਕਰਨਾ} ॥੪੧॥

ਸੈਯਾ:

**ਬਰ ਆਨਨ ਤੇ ਬਰ ਦੇਹੁ ਗੁਰੂ! ਬਰ ਗ੍ਰੰਥ ਸਪੂਰਨ ਹੋਇ ਅਬੈ।**

ਬਰ=ਸ੍ਰੇਸ਼ਟ। [ਸੰਸ: ਵਰ]। ਆਨਨ=ਮੂੰਹ। ਬਰ=ਅਸੀਸ। ਸਫਲਤਾ ਦੀ ਦਾਤ। ਬਰ=ਚਾਹਿਆ ਹੋਇਆ, ਵਾਂਛਤ। [ਸੰਸ: ਬਰੰ=ਵਾਂਛਤ। ਧਾਤੂ 'ਬੀ'=ਚੁਣਨਾ। ਵਰ੍=ਇੱਛਾ ਕਰਨੀ।]
ਅਬੈ=ਹੁਣੇ, ਪਰ ਮੁਰਾਦ ਛੇਤੀ ਤੋਂ ਹੈ।

**ਬਲਿ ਜਾਇ ਕਵੀ ਤੁਮਰੋ ਬਲ ਪਾਇ, ਕਰੋਂ ਕਵਿਤਾ ਸੁਭ ਛੰਦ ਸਬੈ।**

ਬਲਿ ਜਾਇ=ਬਲਿਹਾਰ ਜਾਵੇ। ਬਲ ਪਾਇ=ਤਾਕਤ ਪਾ ਕੇ, ਬਲ ਲੈ ਕੇ।

**ਬਲ ਹੀਨ ਕਰੋ ਬਿਘਨਾ ਸਭਿ ਹੀ, ਗੁਰ ਕੀਰਤਿ ਗ੍ਰੰਥ ਸੁ ਹੋਇ ਤਬੈ।**

ਸੁ=ਸੁਹਣੀ ਤਰ੍ਹਾਂ। ਤਬੈ=ਤਦ।

**ਬਿਘਨਾਤਮ ਰੂਪ ਅਮਾਵਸ਼ ਕੋ, ਯਹਿ ਗ੍ਰੰਥ ਦੁਤੀ ਦੁਤਿ ਚੰਦ† ਫਬੈ ॥੧॥**

ਵਿਘਨਾਤਮ=ਵਿਘਨ। ਜਿਸਦਾ ਸਰੂਪ ਹੈ, ਵਿਘਨ। (ਅ) ਵਿਘਨਾ+ਤਮ=ਵਿਘਨ ਰੂਪ ਹਨੇਰਾ। ਵਿਘਨਾਂ ਦੇ ਹਨੇਰੇ ਰੂਪ ਵਾਲੀ (ਮੱਸਯਾ)। ਅਮਾਵਸ਼=ਜਿਸ ਰਾਤ ਚੰਦ੍ਰਮਾਂ ਮੂਲੋ ਨਹੀਂ ਨਿਕਲਦਾ, ਮੱਸਿਆ।
ਦੁਤੀ=ਦੂਜ ਦੀ ਥਿਤ। ਜਿਸ ਦਿਨ ਲੋਕ ਚੰਦ ਚਾਹ ਕੇ ਵੇਖਦੇ ਹਨ, ਪਹਿਲਾ ਦਿਨ ਚੰਦ ਚੜ੍ਹਨ ਦਾ।
ਦੁਤਿ=ਸ਼ੋਭਾ। ਸ਼ੋਭਾ ਵਾਲਾ। [ਸੰਸ. ਦ੍ਯੁਤਿ=ਚਾਨਣਾ, ਪ੍ਰਕਾਸ਼।] †ਪਾਠਾਂਤ੍ਰ-ਇੰਦੁ।

ਅਰਥ:

ਹੇ ਗੁਰੂ! ਆਪਣੇ ਸ੍ਰੇਸ਼ਟ ਮੁਖਾਰਬਿੰਦ ਤੋਂ (ਮੈਨੂੰ) ਵਰ ਦਿਓ ਕਿ (ਇਹ ਮੇਰਾ) ਵਾਂਛਿਤ ਗ੍ਰੰਥ ਛੇਤੀ ਸੰਪੂਰਣ ਹੋਵੇ।
(ਆਪ ਤੋਂ) ਸਦਕੇ ਜਾਵੇ (ਇਹ) ਕਵੀ। (ਹਾਂ ਕੇਵਲ) ਆਪਦਾ ਬਲ ਪ੍ਰਾਪਤ ਕਰਕੇ ਸੁਹਣਿਆਂ ਛੰਦਾਂ ਵਿਚ (ਇਹ) ਸਾਰੀ ਕਵਿਤਾ (ਮੈਂ) ਰਚਾਂ।
(ਇਸ ਕੰਮ ਵਿਚ ਅੱਗੇ ਆਉਣ ਵਾਲੇ) ਸਾਰੇ ਵਿਘਨਾਂ ਨੂੰ ਬਲਹੀਨ ਕਰ ਦਿਓ, ਤਾਂ ਜੋ ਗੁਰੂ ਕੀਰਤੀ ਦਾ (ਇਹ) ਗ੍ਰੰਥ (ਛੇਤੀ ਤੇ) ਸੋਹਣੀ ਤਰ੍ਹਾਂ (ਸੰਪੂਰਣ) ਹੋਵੇ।
ਅਤੇ ਵਿਘਨਾਂ ਦੇ ਹਨੇਰੇ ਰੂਪ ਵਾਲੀ ਅਮੱਸਯਾ ਨੂੰ ਇਹ ਗ੍ਰੰਥ ਦੂਜ ਦਾ ਸ਼ੋਭਾ ਵਾਲਾ ਚੰਦ੍ਰਮਾ (ਹੋ ਕੇ) ਫਬੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

**ਤਿਹ ਪਾਛੇ ਸ੍ਰੀ ਸਤਿਗੁਰੂ, ਕਰਿ ਬਹੁ ਅਪਨ ਦੁਰਾਵ[1]।**

[1]ਛੁਪਾਉ।

**ਮੱਤਿ[1] ਸੁਭਾਵ ਅਨੰਦ ਮਹਿਂ, ਕਰਹਿਂ ਨ ਕਛੂ ਲਖਾਵ ॥੨॥**

[1]ਮਸਤ।

ਚੌਪਈ:

[1]ਟਿਕੇ ਹੋਏ।

ਉਦਾਸੀਨ ਬ੍ਰਿਤਿ ਰਹੈਂ ਅਰੂਢਾ[1]।
ਜਾਂਤੇ ਲਖਿ ਨ ਸਕਹਿਂ ਨਰ ਮੂਢਾ[1]। [1]ਮੂਰਖ।
ਹੇਰਨ ਹੋਤੁ ਨ ਖੋਲਹਿਂ ਨੈਨਾ।
ਚੰਚਲ ਅਧਰ ਨ ਕਰਿ ਹਿਤ ਬੈਨਾ[1] ॥੩॥ [1]ਹੋਠਾਂ ਨੂੰ ਬਚਨ ਕਹਿਣ ਵਾਸਤੇ ਚੰਚਲ ਨਹੀਂ ਕਰਦੇ, ਭਾਵ ਚੁਪ ਰਹਿੰਦੇ ਹਨ।
ਸਹਿਜ ਸੁਭਾਇਕ ਕ੍ਰਿਆ ਰਿਖੀਕੇ[1]। [1]ਇੰਦ੍ਰੀਆਂ ਦੀ।
ਹੋਇ ਤ ਹੁਇ[1] ਨਤੁ[2] ਥਿਰੁ[3] ਬਿਧਿ ਨੀਕੇ। [1]ਹੋ ਜਾਵੇ ਤਾਂ ਹੋ ਜਾਵੇ। [2]ਨਹੀਂ ਤਾਂ। [3]ਟਿਕੀਆਂ ਰਹਿਣ।
ਅੰਤਰ ਮੁਖੀ ਬ੍ਰਿੱਤਿ ਦਿਨ ਰੈਨਾ।
ਕਰਿ ਰਾਖੀ ਸ਼੍ਰੀ ਪੰਕਜ ਨੈਨਾ ॥੪॥
ਜਗਤ ਅਸਾਰ ਖੇਲ ਜਿਵ ਸਿਸੁ ਕੀ।
ਅਸ ਲਖਿ ਕਰਹਿਂ ਨ ਕਾਂਖਾ[1] ਕਿਸੁ ਕੀ। [1]ਇੱਛਾ।
ਨਰ ਨਾਰੀ ਭਾਖਹਿਂ ਅਸ ਰੀਤੀ।
'ਕਾਲੂ ਸੁਤ ਕੀ ਮਤਿ ਬਿੱਪ੍ਰੀਤੀ[1] ॥੫॥ [1]ਉਲਟੀ ਹੋ ਗਈ।
ਆਗੇ ਕਹਿਤਿ ਬੈਨ ਗੁਨ ਸਾਲੀ।
ਕਿਯ ਤੂਸ਼ਨ[1] ਅਬ ਕੌਨ ਕੁਚਾਲੀ। [1]ਚੁੱਪ।
ਡੀਠ[1] ਲਗੀ ਨਰ ਨਾਰਿਨ ਕੇਰੀ। [1]ਨਜ਼ਰ।
ਜਿਹ ਮਸਤਾਨੀ ਤੌਰ ਘਨੇਰੀ ॥੬॥
ਭੂਤ ਪ੍ਰੇਤ ਕੀ ਭਈ ਕਿ ਛਾਯਾ।
ਸੁਨਨਿ ਕਹਿਨ ਜਿਨ ਸਭਿ ਬਿਸਰਾਯਾ।'
ਕਛੁਕ ਦਿਵਸ ਬੀਤੇ ਅਸ ਰੀਤੀ।
ਏਕ ਸਮੈ ਕਾਲੂ ਕਰਿ ਪ੍ਰੀਤੀ ॥੭॥
ਅੰਕ ਬਿਸਾਇ ਸੀਸ ਕਰ ਫੇਰਾ।
ਸੁੰਘਤਿ[1] ਮਸਤਕ ਅਨੰਦ ਘਨੇਰਾ। [1]ਚੁੰਮਿਆ।
ਹੇਰਿ ਤਾਤ ਕੋ ਰਿਦੈ ਵਿਚਾਰਾ।
-ਮਤਿ[1] ਪਰਕਾਸ਼ਹਿ ਕਰਤਜੋ ਕਾਰਾ ॥੮॥ [1]ਬੁੱਧੀ।
ਯਾਂ ਤੇ ਕਾਰ ਕਰਾਉਂ ਜਿ ਥੋਰੀ।
ਸਨੈ ਸਨੈ[1] ਪਰਚੈ ਸਭਿ ਠੌਰੀ-। [1]ਹੌਲੀ ਹੌਲੀ।
ਅਸਬਿਧਿ ਲਖਿ ਕਾਲੂ ਮੁਖ ਭਾਖੀ[1]। [1]ਕਹੀ।
'ਗੋ[1] ਮਹਿਖੀ[2] ਚਾਰਹੁ ਕਰਿ ਰਾਖੀ [1]ਗਊਆਂ। [2]ਮਹੀਆਂ।

॥੯॥
ਏਕ ਆਤਮਜ[1] ਹਮਰੇ ਧਾਮੂ। [1]ਪੁੱਤਰ।
ਕਿਹ ਬਿਧਿ ਸਰੈ, ਕਰੇ ਬਿਨ ਕਾਮੂ।
ਬੈਸਜੋ ਤਾਤ! ਬਿਤੀਤਹਿ ਨਾਂਹੀ।
ਕਰਹੁ ਕਾਰ ਨਿਜ ਮਨ ਪਰਚਾਹੀ
॥੧੦॥
ਸਦਾ ਉਦਾਸ ਰਹੇ ਮਨ ਤੇਰੋ।
ਪਰਚਹੁ ਪੁਨ ਹੁਇ ਛੀਰ[1] ਬਧੇਰੇ। [1]ਦੁੱਧ।
ਦਾਸ[1] ਚਰਾਵਤਿ ਰੀਤਿ ਬਿਗਾਰੀ। [1]ਨੌਕਰ।
ਹਰਿਤ[1] ਤ੍ਰਿਣਨ ਤੁਮ ਆਨਹੁ ਚਾਰੀ' [1]ਸਾਵੇ।
॥੧੧॥
ਕਹਜੋ ਪ੍ਰੀਤਿ ਸੋਂ, ਕਰਤਿ ਦੁਲਾਰਾ।
ਸੁਨਿ ਸ਼੍ਰੀ ਨਾਨਕ ਭੇ ਅਨੁਸਾਰਾ।
ਕਹਿਤ 'ਪਿਤਾ ਜੀ ਭੋਰ ਸਿਧਾਊਂ[1]। [1]ਸਵੇਰੇ ਜਾਵਾਂਗਾ।
ਤੁਮ ਰਜਾਇ ਤੇ ਚਾਰ ਲਿਆਊਂ'
॥੧੨॥
ਅਸਿ ਕਹਿ ਰੈਨ[1] ਬਿਖੈ ਪਰਿ ਸੋਏ। [1]ਰਾਤ ਨੂੰ।
ਜਿਨ ਦਾਸਨ ਕੇ ਬੰਧ ਬਿਗੋਏ[1]। [1]ਬੰਧਨ ਨਾਸ਼ ਕੀਤੇ।
ਸ਼੍ਰੀ ਨਾਨਕ ਅਰਣੋਦਯ[1]† ਜਾਗੇ। [1]ਸੂਰਜ ਚੜ੍ਹੇ। †ਪਾਠਾਂਤ੍ਰ-ਅਰਣੋਦਿਤ, ਤੇ ਅਰਣੋਦਹਿ।
ਗੋ ਮਹਿਖੀ ਚਾਰਨ[1] ਅਨੁਰਾਗੇ ॥੧੩॥ [1]ਚਰਾਉਣ।
ਨਿਜ ਹਾਥਨ ਦਾਮਨ[1] ਤੇ ਖੋਲੀ। [1]ਰੱਸੀਆਂ।
{ਗਊਆਂ ਚਾਰਨਾ}
ਹਾਂਕਤਿ ਚਲੇ ਇਕਤ ਕਰਿ ਟੋਲੀ।
ਲਏ ਲਸ਼ਟਕਾ[1] ਦੇਤਿ ਹੰਗੂਰਾ। [1]ਸੋਟੀ।
ਚਾਰਤਿ ਹਰਿਤ[1] ਤ੍ਰਿਣਨ[2] ਸੁਖ ਪੂਰਾ[3]† [1]ਸਾਵਾ। [2]ਘਾਹ। [3]ਸੰਪੂਰਨ ਸੁਖੀ ਭਾਵ ਗੁਰੂ ਜੀ। †ਪਾਠਾਂਤ੍ਰ-ਮੂਰਾ-ਤੇ-ਸੂਰਾ- ਹਨ।
॥੧੪॥
ਮਨਹੁ ਗੁਪਾਲ ਜੁ ਪਾਛਲ[1] ਨਾਮਾ। [1]ਪਿਛਲਾ।
ਪ੍ਰਗਟ ਕਰਤਿ ਹੈਂ ਜਨੁ[1] ਸੁਖ ਧਾਮਾ। [1]ਮਾਨੋ।
ਮੰਦ ਮੰਦ ਸ਼ੁਭ ਸੁਰਭੀ[1] ਪਾਛੇ। [1]ਗਊਆਂ ਦੇ।
ਸਭਿ ਬਾਸੁਰ ਚਾਰਤਿ ਤ੍ਰਿਣ ਆਛੇ
॥੧੫॥

ਭਈ ਸੰਝ[1] ਪੁਰਿ ਦਿਸਕੋ ਮੋਰੀ। [1]ਸੰਧਯਾ।
ਆਇ ਅਘਾਈ[1] ਸਵਲੀ[2] ਗੋਰੀ। [1]ਰੱਜ ਕੇ। [2]ਕਾਲੀ।
ਕਾਲੂ ਹੇਰਿ ਹਰਖ ਉਰ ਭਾਰੀ।
ਲਖ੍ਯੋ ਕਿ -ਲਗ੍ਯੋ ਮੋਹਿ ਸੁਤ ਕਾਰੀ ॥੧੬॥

ਸਨੇ ਸਨੇ ਪਰਚਹਿ ਸਭਿ ਕਾਮੂ।
ਤਜਹਿ ਉਦਾਸੀ ਹਿਤ ਕਰਿ ਧਾਮੂ-।
ਆਨਿ ਬਿਰਾਜੇ ਨਿਜ ਪ੍ਰਭੁ ਸਦਨਾ।
ਸੁੰਦਰ ਕਮਲ ਪਰਫੁੱਲਤ ਬਦਨਾ ॥੧੭॥

ਪੈ[1] ਪੁਨਿ ਪਿਯੋ ਖਾਨਿ ਕਰਿ ਅਸਨਾ[2]। [1]ਦੁੱਧ। [2]ਭੋਜਨ।
ਪੌਢੇ[1] ਪਾਇ ਦੇਹਿ ਪਰ ਬਸਨਾ[2]। [1]ਸੌਂ ਗਏ। [2]ਕਪੜਾ।
ਕਾਲੂ ਉਠ੍ਯੋ ਵਡੀ ਭੁਨਸਾਰਾ[1]। [1]ਸਵੇਰੇ।
'ਸੁਤ ਨਾਨਕ! ਉਠ' ਬਚਨ ਉਚਾਰਾ ॥੧੮॥

ਪਿਤਾ ਬੈਨ ਸੁਨਿ ਕਰਿ ਜਗ ਸ੍ਵਾਮੀ।
ਸੁਰਭੀ ਖੋਲਿ ਭਏ ਅਨੁਗਾਮੀ[1]। [1]ਪਿੱਛੇ ਲੱਗ ਤੁਰੇ।
ਜਹਾਂ ਖੇਤ† ਸੁੰਦਰ ਹਰਿਆਈ। †ਪਾਠਾਂਤ੍ਰ-ਪੇਖ।
ਬਾਰ[1] ਬਾਰ[2] ਬਾਰੀ[3] ਬਰਿਆਈ[4] ॥੧੯॥ [1]ਵਾੜ। [2]ਤੋੜਕੇ। [3]ਵਾੜ ਦਿੱਤੀਆਂ। [4]ਜੋਰੋਜ਼ੋਰੀ।

ਆਪ ਸੋਇਗੇ ਹੋਇ ਸੁਖਾਰੇ।
ਖਾਤਿ ਖੇਤ ਨਹਿਂ ਅਨਤ ਪਧਾਰੇ[1]। [1]ਹੋਰ ਥਾਂ ਨਹੀਂ ਜਾਂਦੀਆਂ।
ਜਬ ਸਭਿ ਚਰਗੀ[1] ਗੋ[2] ਗੋਧੂਮੀ[3]। [1]ਚਰ ਗਈਆਂ। [2]ਗਊਆਂ। [3]ਕਣਕ।
ਦਿਵਸ ਚਰੇ ਆਯੋ ਵਹਿ ਭੂਮੀ[1] ॥੨੦॥ [1]ਖੇਤ ਵਾਲਾ।

ਹੇਰਿ ਕਿਦਾਰ[1] ਸੁ ਭਯੋ ਹਿਰਾਨਾ। [1]ਖੇਤ।
'ਕ੍ਰਿਸ਼[1] ਚਾਰੀ ਕਿਨ ਢੀਠ ਮਹਾਨਾ? [1]ਖੇਤੀ।
ਸਿੰਚਿ ਸਿੰਚਿ[1] ਮੈਂ ਬਹੁ ਦਿਨ ਹਾਰ੍ਯੋ। [1]ਪਾਨੀ ਦੇ ਦੇ ਕੇ।
ਕਿਹ† ਨਿੰਡਰ ਸਭਿ ਖੇਤ ਉਜਾਰ੍ਯੋ? ॥੨੧॥ †ਪਾਠਾਂਤ੍ਰ-ਕਿਨਹਿ।

ਖਾਇ ਅਘਾਇ[1] ਰਹੀ ਬਿਚ ਬੈਸੀ। [1]ਰੱਜਕੇ।

ਲਖੀ ਕਿਨਹਿਂ[1] ਬਿਨ ਖਸਮੀ ਜੈਸੀ।' [1]ਕਿਸੇ ਨੇ।
ਬਚ ਊਚੇ ਸੁਨਿ ਸ਼੍ਰੀ ਗੁਰੁ ਜਾਗੇ।
ਉਠਿ ਕਰਿ ਵਹਿਰ ਨਿਕਾਸਨ ਲਾਗੇ ॥੨੨॥
ਰਾਹਕ ਕਰਤਿ ਕ੍ਰੋਧ ਕਹਿ ਊਚੇ।
'ਜਾਨਿ ਨ ਦੇਉਂ ਤੁਮਹਿ ਘਰ ਸੂਚੇ[1]। [1]ਖਾਲੀ।
ਸਬਿ ਕਿਦਾਰ[11] ਕੋ ਭਰਹੁ ਉਜਾਰਾ[1]। [1]ਉਜਾੜਾ।
ਨਤੁਰ ਚਲੋ ਢਿਗ ਰਾਇ ਬੁਲਾਰਾ' ॥੨੩॥
ਅਸ ਕਹਿ ਸਭਿ ਸੁਰਭੀ ਲਿਯ ਹਾਂਕੀ।
ਰਿਸ[1] ਪੁਨ ਸ਼ੋਕ ਬਿਖੈ ਮਤਿ ਤਾਂ ਕੀ। [1]ਗੁੱਸੇ।
ਪੁਨ ਕਮਲਾਨਨ ਬਚਨ ਉਚਾਰੇ।
'ਗੋਧਨ[1] ਤਜਿ ਦਿਹੁ ਸ਼ੋਕ ਬਿਸਾਰੇ ॥੨੪॥ [1]ਗਊਆਂ ਦਾ ਵੱਗ।
ਪਰਾਲਬਧ ਤੁਮਰੀ ਹੈ ਜੇਤੀ।
ਬਰਕਤ ਪਾਇ ਪ੍ਰਭੁ ਅਬ ਤੇਤੀ।
ਬਿਗਰਨਹਾਰ ਬਿਗਰ ਸੋ ਜਾਈ।
ਬਹੁਰ ਨ ਸਵਰਹਿ ਕਰਹਿ ਲਰਾਈ ॥੨੫॥
ਜੋ ਨਿਜ ਭਾਗ ਸਵਰਨੀ ਹੋਈ।
ਤਿਹ ਨ ਵਿਗਾਰ ਸਕੈ ਕਹੁ ਕੋਈ।
ਜਗਤ ਨਾਥ ਕੇ ਹੈ ਸਭਿ ਹਾਥਾ।
ਸੁਨਿਯ ਨ ਕਹੂੰ ਦੁਤਿਯ[1] ਕੀ ਗਾਥਾ ॥੨੬॥ [1]ਦੂਜੇ ਦੀ।
ਤਜਹੁ ਧੇਨੁ ਅਸਬਿਧਿ ਜੀਅ ਜਾਨੀ।
ਬੀਤੀ ਕੀ ਨ ਬਿਥਾਰ ਕਹਾਨੀ[1]।' [1]ਬੀਤ ਗਈ ਦੀ ਕਹਾਣੀ ਨ ਫਰੋਲ।
ਸੁਨੈ ਨ ਬਚ ਬਾਰਹਿ[1] ਬਹੁਤੇਰਾ। [1]ਵਰਜਿਆ।
ਜਿਹ ਕ੍ਰਿਸ਼ਿ ਕੋ[1] ਭਾ ਸ਼ੋਕ ਘਨੇਰਾ ॥੨੭॥ [1]ਖੇਤੀ ਦਾ।
ਝਗਰਤਿ ਝਗਰਤਿ ਪਹੁੰਚੇ ਤਹਿਂਵਾ।
ਰਾਇ ਬੁਲਾਰੂ ਬੈਠਯੋ ਜਹਿਂਵਾ।

ਰਾਹਕ ਉਚੇ ਕੀਨਿ ਪੁਕਾਰੀ।
'ਮੋਹਿ ਖੇਤ ਸਭਿ ਦੀਨਿ ਉਜਾਰੀ ॥੨੮॥
ਦੀਰਘੁ ਬਹੁ ਗੋਧੂਮ[੯] ਸੁ ਮੇਰੇ।
ਖਾਈ ਮਹਿਖਨਿ[1] ਆਜ ਸਵੇਰੇ। [1]ਮੱਝੀਆਂ ਨੇ।
ਤਾਤ[1] ਤਾਹਿ ਜੋ ਤਵ ਪਟਵਾਰੀ। [1]ਪੁੱਤਰ।
ਕਰਤਿ ਹਕੂਮਤਿ ਸੁਰਤਿ ਵਿਸਾਰੀ ॥੨੯॥
ਕਰਹੁ ਤਪਾਵਸ[1] ਭੂਪਤਿ! ਮੇਰੋ। [1]ਨਿਆਉਂ।
ਨਾਤੁਰ ਉਜਰਹਿ ਨਗਰ ਸੁ ਤੇਰੋ।
ਦਿਨ ਪ੍ਰਤਿ ਅਸਬਿਧਿ ਜੇ ਕ੍ਰਿਸ਼ਿ ਉਜਰੈ।
ਰਾਹਕ ਕੈਸ ਬਸਾਸਤਿ[1] ਗੁਜਰੈ[†]' ॥੩੦॥ [1]ਅਰਾਮ ਦਾ ਵਸਣਾ, (ਅ) ਰਾਹਕ ਕੈ ਸਬ ਸਾਸਤ ਜਿਮੀਂਦਾਰ ਦੀ ਦੁਖ ਵਿਚ ਬੀਤੂ। [†]ਪਾਠਾਂਤ੍ਰ-ਦਿਨ ਪ੍ਰਤਿ ਅਸਬਿਧਿ ਕ੍ਰਿਸ਼ੀ ਉਜਾਰੈ, ਰਾਹਕ ਕੈਸੇ ਸ਼ਾਂਤਿ ਗੁਜ਼ਾਰੇ।
ਸੁਨਤਿ ਰਾਇ ਉਰ ਰਿਸ[1] ਭਰਿ ਸਰੁਖਾ[2]। [1]ਗੁੱਸਾ। [2]ਰੁੱਖੇ ਪਨ ਵਾਲਾ।
ਹੇਰਤਿ ਬੋਲਯੋ ਮੁਖ ਤੇ ਪਰੁਖਾ[1]। [1]ਕਠੋਰ।
'ਸਭਿ ਕੋ ਡਰੁ ਉਰ ਦੀਨ ਨਿਵਾਰੇ।
ਚਾਰਤਿ ਖੇਤੀ ਸਿਸੁ ਮਤਵਾਰੇ[1]' ॥੩੧॥ [1]ਮਸਤ ਬੱਚੇ।
ਪੁਨ ਭ੍ਰਿੱਤਜਨਿ[1] ਸੰਗ ਬਚਨ ਬਖਾਨਾ। [1]ਦਾਸਾਂ ਦੇ।
'ਅੱਗ੍ਰਜ ਇਹ ਬਾਰਿਕ ਮਸਤਾਨਾ।
ਤੂੰ ਕਾਲੂ ਕੋ ਲਜਾਉ ਬੁਲਾਈ।
ਭਰਹਿ ਉਜਾਰਾ ਜਿਨ ਉਜਰਾਈ' ॥੩੨॥
ਗਯੋ ਬੇਗ ਕਾਲੂ ਆਹੂਤਾ[1]। [1]ਕਾਲੂ ਨੂੰ ਬੁਲਾਯਾ।
'ਚਲਹੁ ਪੂਤ ਕੀ ਪਿਖ ਕਰਤੂਤਾ।
ਅਮੁਕੋ ਰਾਹਕ[1] ਤਾਂਹਿ ਕਿਦਾਰਾ। [1]ਜਿਮੀਂਦਾਰ।
ਬਾਰਿ ਧੇਨੁ ਸਭਿ ਦੀਨਿ ਉਜਾਰਾ' ॥੩੩॥

ਸੁਨਿ ਕਰਿ ਮਨ ਮਹਿਂ ਤਿਨ ਦੁਖ ਪਾਵਾ।
-ਸੁਤ ਨਾਨਕ ਕਬਿ ਸੁਖ ਨ ਦਿਖਾਵਾ-।
ਭ੍ਰਿੱਤ[1] ਸੰਗ ਪਹੁੰਚਤਿ ਭਾ ਤਹਿਂਵਾ। [1]ਨੌਕਰ।
ਰਾਇ ਨਿਕਟ ਸ੍ਰੀ ਨਾਨਕ ਜਹਿਂਵਾ ॥੩੪॥
ਪਿਖਿ ਬੁਲਾਰ ਕਹਿ ਵਾਕ ਕਠੋਰਾ।
'ਸੁਨ ਕਾਲੂ ! ਤੁਝ ਭੈ ਨਹਿਂ ਥੋਰਾ।
ਗੋ ਚਾਰਨ[1] ਕੋ ਸੁਤ ਮਸਤਾਨਾ। [1]ਗਾਈਂ ਚਾਰਨ।
ਭੇਜ੍ਯੋ ਜਿਨ ਸਭਿ ਖੇਤ ਚਰਾਨਾ ॥੩੫॥
ਇਹ ਜੋ ਕਰਮ ਨਿਭਹਿ ਕਿਉਂ ਕਰਿਕੈ।
ਗੋਧਨ ਲੇਹੁ ਉਜਾਰਾ ਭਰਿਕੈ[†]।' [†]ਪਾਠਾਂਤ੍ਰ-ਇਹ ਜੋ ਰੰਕ ਨਿਭੈ ਕਿਉਂ ਕਰਿਕੈ। ਗੋਧਨ ਦੇਹੁ ਉਜਾਰਾ ਭਰਿਕੈ।
ਅਸ ਸੁਨਿ ਕਰਿ ਸ੍ਰੀ ਨਾਨਕ ਬਾਨੀ।
ਬੋਲੇ ਕਲਾਵਾਨ ਗੁਨਖਾਨੀ ॥੩੬॥
'ਬਿਘਨ ਨ ਖੇਤੀ ਮਹਿਂ ਕਿਨ ਕੀਨਾ।
ਤੁਮ ਕਸ ਚਹਹੁ ਉਜਾਰਾ ਲੀਨਾ?
ਇਕ ਨ ਖੇਤ ਕੋ ਪਾਤ ਨਿਪਾਤੇ[1]। [1]ਪੱਤਾ ਨਹੀਂ ਕੱਟਿਆ ਗਿਆ।
ਬਾਦ ਬਦਤਿ ਤੁਮ ਬੈਨ ਰਿਸਾਤੇ[1] ॥੩੭॥ [1]ਬਿਅਰਥ ਤੁਸੀਂ ਆਖਦੇ ਹੋ ਗੁੱਸੇ ਦੇ ਬਚਨ।
ਜੇ ਕ੍ਰਿਖਿ[1] ਖਾਈ ਮਹਿਖਨ ਧੇਨਾ[2]। [1]ਖੇਤੀ। [2]ਮੱਝੀਆਂ ਤੇ ਗਾਈਆਂ ਨੇ।
ਤੌ ਤੁਮ ਲੇਹੁ ਚਹਹੁ ਜੋ ਲੇਨਾ[†]। [†]ਰਾਹਕ ਨੇ ਸ਼ਿਕਾਯਤ ਕੀਤੀ ਹੈ ਖੇਤ ਖਾਧਾ ਲਖਕੇ, ਗੁਰੂ ਜੀ ਹੁਣ ਦੀ ਗਲ ਕਹਿ ਰਹੇ ਹਨ ਜਿਸ ਵੇਲੇ ਖੇਤ ਹਰਾ ਭਰਾ ਖੜਾ ਹੈ।
ਜੇ ਗਵਾਰ ਤਿਤ ਬਚਨ ਪ੍ਰਤੀਤੂ।
ਸੁਨਿ ਕਰਿ ਸਜਾਨੇ ਧਰਤਿ ਨ ਚੀਤੂ' ॥੩੮॥
ਪੁਨ ਬੋਲ੍ਯੋ ਸੁਨਿ ਕਰਿ ਕ੍ਰਿਖਿਕਾਰਾ[1]। [1]ਖੇਤੀ ਵਾਲਾ।
'ਸਾਬਤ ਏਕ ਨ ਕੋਨ ਕਿਦਾਰਾ[1]। [1]ਖੇਤੀ ਦੀ।
ਪਠਵਹੁ[1] ਮਾਨਵ ਹੇਰਹਿ ਤਾਸੂ। [1]ਖੇਤੀ ਦੀ।
ਮੈਂ ਨਹਿਂ ਕਹੌਂ ਕੂਰ ਤੁਮ ਪਾਸੂ'

॥੩੯॥

ਯੁਗਮ[1] ਬਚਨ ਸੁਨ ਸੰਸੈ ਆਯਾ। [1]ਭੇਜੇ। ੧੯ਦੋਵੇਂ।
ਨਿਰਨੈ ਕਾਰਨ[1] ਮਨੁਜ ਪਠਾਯਾ। [1]ਨਿਰਨੇ ਕਰਨ ਵਾਸਤੇ।
ਹੇਰਯੋ ਫਿਰਿ ਕੈ ਨਰ ਚਹੁਂ ਘਾ ਤੇ[1]। [1]ਚਹੁੰ ਪਾਸਿਆਂ ਤੋਂ।
ਬਿਘਨ ਨ ਦੀਸੈ, ਮੁਰਯੋ ਤਹਾਂ ਤੇ

॥੪੦॥

ਆਇ ਰਾਇ ਸੋਂ ਬਾਤ† ਜਨਾਈ। †ਪਾਠਾਂਤ੍ਰ ਹੈ-ਬਚਨ।
{ਖੇਤ ਹਰਿਆ ਕਰਨਾ}
'ਮੈਂ ਹੇਰੀ ਫਿਰਿਕੈ ਚਹੁਂ ਘਾਈ।
ਨਹਿਂ ਪਸੁ ਖੋਜ[1] ਨ ਬੂਟਾ ਤੂਟਾ। [1]ਪਸ਼ੂ ਦਾ ਖੁਰਾ।
ਰਹਯੋ ਨਿਸਰ ਸਭਿ ਸਾਬਤ ਬੂਟਾ† †ਪਾਠਾਂਤ੍ਰ-ਸੁਟਾ।

॥੪੧॥

ਚਹੂੰ ਓਰ ਕਿਤ ਬਾਰ[1] ਨ ਤੋਰੀ। [1]ਵਾੜ।
ਹਰੀ ਖਰੀ ਭੁ ਜਰੀ[1] ਸੁ ਜੋਰੀ। [1]ਖੇਤੀ ਜੁੜੀ ਹੋਈ।
ਰਾਹਕ ਝੂਠੋ ਦੇਤਿ ਦੁਹਾਈ।
ਉਚਿਤ ਦੰਡ ਇਹ ਹੈ, ਨਰਰਾਈ!'

॥੪੨॥

ਸੁਨਿ ਕਰਿ ਕ੍ਰਿਖਕ ਮਨਹਿ ਬਿਸਮਾਨਾ।
ਨਿਜ ਹੋਰਨ ਕੋ ਕੀਨਿ ਪਯਾਨਾ।
ਤੂਰਨ ਸਰਸ[1] ਜਹਾਂ ਚਹੁਂ ਕੋਨਾ। [1]ਹਰੇ ਭਰੇ।
ਮਤਿਵਾਰੇ† ਜਿਮ ਕੀਨਸਿ ਮੋਨਾ[1] [1]ਚੁੱਪ। †ਪਾਠਾਂਤ੍ਰ-ਮਤ ਮਾਰੇ।

॥੪੩॥

-ਸਭਿ ਕਿਦਾਰ ਉਜਰਾ ਅਬ ਹੇਰੇ।
ਗਯੋ ਰਾਇ ਢਿਗ ਲਗੀ ਨ ਦੇਰੇ।
ਆਵਤਿ ਲੌ ਹਰਿਆਵਲ ਭਾਰੀ।
ਭਯੋ, ਨ ਕਾਰਨ ਜਾਤਿ ਵਿਚਾਰੀ-

॥੪੪॥

ਲੱਜਤਿ ਹੋਇ ਨ ਗਾ ਢਿਗ ਰਾਊ।
ਪਰਯੋ ਨ ਪ੍ਰਭੁ ਪਗ ਜਾਨਿ ਪ੍ਰਭਾਊ[1]। [1]ਪ੍ਰਤਾਪ।
ਮੰਦ ਕਰਮ ਥੋ† ਭਾਗ ਨ ਜਾਗਾ। †ਪਾਠਾਂਤ੍ਰ-ਮਮ।
ਬਿਸਮੈ ਹੋਇ ਖੇਤ ਅਨੁਰਾਗਾ ॥੪੫॥

ਸ਼੍ਰੀ ਨਾਨਕ ਕਾਲੂ ਪਿਤ ਸੰਗਾ।
ਚਲੇ ਸਦਨ ਕੋ ਸਹਿਤ ਉਮੰਗਾ।
ਭਯੋ ਖੇਤ ਰਖਵਾਰੋ ਝੂਠਾ।
ਜਿਹ ਕੋ ਮਹਿਖੀ ਖੇਤਹਿ ਮੂਠਾ ॥੪੬॥
ਰਾਇ ਲਖ੍ਯੋ ਰਾਹਕ ਮਤਵਾਰਾ।
ਬਿਨ ਉਜਰੇ ਕਿਉਂ ਕਰਿ ਪੁਕਾਰਾ।
ਪਸ਼ਚਾਤਾਪ ਆਪ ਪੁਨ ਕੀਨਾ।
ਮੈਂ ਪਰੁਖਾ[1] ਕਹਿ ਕਿਉਂ ਭੈ* ਦੀਨਾ ॥੪੭॥ [1]ਕਠੋਰ।
ਅਸ ਬਿਧਿ ਸ਼੍ਰੀ ਨਾਨਕ ਜਗ ਸਾਈ।
ਅਧਭੁਤ ਲੀਲਾ ਕਰਤਿ ਸੁਹਾਈ।
ਗੋ ਮਹਿਖਨਿ ਕੇ ਚਾਰਨ ਕਾਰਨ।
ਨਿਤ ਬਨ ਜੈ ਹੈਂ ਬਿਪਤ ਬਿਦਾਰਨ[1] ॥੪੮॥ [1]ਭਾਵ ਗੁਰੂ ਜੀ।
ਆਇ ਅਨਿੰਛਤ ਖੇਤ ਅਗਾਰੈ[1]। [1]ਇੱਛਾ ਬਿਨਾ ਜੋ ਖੇਤ ਅੱਗੇ ਆਵੇ।
ਖਾਨ ਲਗਹਿਂ ਨਹਿਂ ਤਿਨਹਿ ਨਿਵਾਰੈਂ।
ਇਸ ਬਿਧਿ ਕੇਤੇ ਖੇਤ ਨਿਪਾਤੇ[1]। [1]ਕੱਟੇ ਗਏ।
ਪੁਨ ਭੇ ਤਸ ਰਾਹਕ ਬਿਨ ਜਾਤੇ[1] ॥੪੯॥ [1]ਗਾਹਕਾਂ ਦੇ ਜਾਣੇ ਬਿਨਾਂ ਖੇਤ ਫੇਰ ਹਰੇ ਹੋ ਜਾਂਦੇ ਰਹੇ।
ਸ਼ੋਭਹਿਂ ਸਭਿ ਸੁਰਭੀ[1] ਤਨ ਪੀਨਾ[2]। [1]ਗਾਈਂ। [2]ਮੋਟੇ।
ਛੀਰ ਦੇਹਿਂ ਬਹੁ ਬਡ ਆਪੀਨਾ[1]। [1]ਹਵਾਨਾ (ਗਊ ਦੇ ਥਣ)।
ਦਿਨ ਪ੍ਰਤਿ[1] ਮਾਖਨ ਹੋਤਿ ਸਵਾਯਾ। [1]ਹਰ ਰੋਜ਼।
ਕਾਲੂ ਹੇਰਿ ਹੇਰਿ ਹਰਖਾਯਾ ॥੫੦॥
ਬਾਸਨ[1] ਵਡੇ ਮਾਂਹਿ ਦਧਿ[2] ਪਾਈ। [1]ਭਾਂਡੇ। [2]ਦਹੀਂ।
ਦਾਸੀ ਮਥਹਿ[1] ਜੋਰ ਕਰ ਲਾਈ। [1]ਰਿੜਕੇ।
ਰਾਖਹਿ ਮਾਖਨ ਮਾਤ ਸਵਾਰੀ।
ਸੁਤਹਿਂ ਖੁਵਾਵਤਿ ਰੁਚਿ ਅਨੁਸਾਰੀ ॥੫੧॥
ਬਤਸ[1] ਬ੍ਰਿੰਦ ਬਪੁ ਪੁਸ਼ਟ ਸੁਹਾਏ। [1]ਵੱਛੇ।
ਪੈ ਪੀਵਹਿਂ ਬਹੁ ਰਹੈਂ ਅਘਾਏ[1]। [1]ਰੱਜੇ।
ਅਸ ਬਿਧਿ ਕਿੰਚਤ ਕਾਲ[1] ਬਿਤਾਯੋ। [1]ਥੋੜਾ ਸਮਾਂ।

ਜੰਤੁਨਿ[1] ਜੌਨ[2] ਉਧਾਰਨ ਆਯੋ [1]ਜੀਵਾਂ ਨੂੰ। [2]ਜੇਹੜੇ (ਗੁਰੂ ਨਾਨਕ ਜੀ।)
॥੫੨॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਰਭੀ ਚਾਰਨ' ਪ੍ਰਸੰਗ ਬਰਨਨੰ ਨਾਮ ਦਸਮੋ ਅਧ੍ਯਾਯ ॥੧੦॥

## ੧੧. [ਯਾਚਨਾ। ਸਰਪ ਨੇ ਛਾਯਾ ਕਰਨੀ। ਰਾਇ ਬੁਲਾਰ ਨੂੰ ਸਿਦਕ]

੧੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੨

{ਸਰਪ ਛਾਇਆ} ॥੧੫॥

{ਰਾਇ ਬੁਲਾਰ} ॥੧੯॥

{ਗ੍ਰੀਖਮ-ਗਰਮੀ ਰੁੱਤ ਦਾ ਦ੍ਰਿਸ਼ਟਾਂਤ} ॥੪੩..॥

ਸੈ੍ਯਾ:

**ਕਰਬੰਦਿ ਉਭੈ ਕਰਿ ਬੰਦ ਗੁਰੂ, ਸੁਖਕੰਦ ਸਦਾ ਦੁਖ ਦੁੰਦ ਨਿਕੰਦੂ।**

ਕਰ=ਹਥ। ਬੰਦਿ=ਜੋੜਕੇ, ਬੰਨ੍ਹਕੇ। ਉਭੈ=ਦੋਵੇਂ। ਕਰਿ=ਕਰਦਾ ਹੋਯਾ। ਬੰਦ=ਬੰਦਨਾ, ਨਮਸਕਾਰ। ਗੁਰੂ=ਮੁਰਾਦ ਹੈ, ਹੇ ਗੁਰੂ ਜੀ! ਸੁਖ ਕੰਦ=ਸੁਖਾਂ ਦਾ ਮੂਲ, ਸੁਖਾਂ ਦਾ ਫਲ, ਸੁਖ ਦਾਤਾ। ਦੁੰਦ=[ਸੰਸ: ਦ੍ਵੰਦ] ਝਗੜਾ, ਕਲੇਸ਼। ਦੁੰਦ ਦੁਖ=ਦ੍ਵੈਤ ਦਾ ਦੁਖ। ਡਾਵੇ ਕਲੇਸ਼ ਵਾਲਾ ਦੁਖ। ਨਿਕੰਦੂ=ਕੱਟਣ ਹਾਰ।

**ਅਰਬਿੰਦ ਪਦੰ ਮਨ ਹੋਹੁ ਮਲਿੰਦ, ਜੋ ਮੋਹ ਕੋ ਮੂਲ ਬਿਨਾਸ਼ ਬਿਲੰਦੂ।**

ਅਰਬਿੰਦ=ਕਮਲ। ਪਦ=ਚਰਣ। ਮਲਿੰਦ=ਭੌਰਾ। [ਸੰਸ. ਮਰੰਦ, ਇਹ ਪਦ-ਮਕਰੰਦ-ਪਦ ਦੇ 'ਕੇ' ਗਿਰ ਜਾਣ ਤੋਂ ਬਣਦਾ ਹੈ, ਅਰਥ ਉਹੀ ਰਹਿੰਦੇ ਹਨ:-ਫੁਲਾਂ ਵਿਚ ਦਾ ਰਸ, ਸ਼ਹਦ ਦੀ ਮੱਖੀ, ਭੌਰਾ]। ਮੂਲ=ਜੜ। ਮੋਹ ਦਾ ਮੂਲ ਹੈ-ਅਗਜਾਨ। ਬਿਲੰਦੂ=ਉੱਚਾ, ਕਿਸੇ ਤੇ ਭਾਰੂ, ਤਕੜਾ। [ਫਾਰਸੀ. ਬਲੰਦ]

**ਉਡ ਦੰਭਨ ਬ੍ਰਿੰਦ ਦਿਵਾਕਰ ਸੋ, ਬਿਸ਼ਯਾਤਪ ਕੋ ਜੁਊ ਸੀਤਲ ਚੰਦੂ।**

ਉਡ=ਤਾਰੇ। ਬ੍ਰਿੰਦ=ਸਮੂਹ, ਸਾਰੇ। ਦਿਵਾਕਰ=ਸੂਰਜ। ਵਿਸ਼ਯਾਤਪ=ਵਿਸ਼ਯ+ਆਤਪ=ਵਿਸ਼ਿਆਂ ਰੂਪੀ ਧੁਪ। ਚੰਦੂ=ਚੰਦ। ਚੰਦ੍ਰਮਾ। ਜਦ ਧੁੱਪ ਦੇ ਸਾੜ ਮਗਰੋਂ ਚੰਦ ਚੜ੍ਹਦਾ ਹੈ ਤਾਂ ਸੀਤਲਤਾ ਵਰਤ ਜਾਂਦੀ ਹੈ। ਕਵਿ ਜੀ ਦਾ ਇਕ ਇੱਥੇ ਕਟਾਖ੍ਯ ਮਾਲੂਮ ਹੁੰਦਾ ਹੈ, ਚੰਦ ਦਾ ਅਰਥ ਹੈ ਚੰਦ੍ਰਮਾਂ ਤੇ 'ਮੁਸ਼ਕ ਕਾਫੂਰ' ਦਾ ਬੀ ਨਾਮ ਹੈ। ਚੰਦ੍ਰਮਾਂ ਦਿਨ ਦੀ ਤੱਪਸ਼ ਨੂੰ ਠੰਢ ਪਾਉਂਦਾ ਹੈ ਤੇ ਮੁਸ਼ਕ ਕਾਫੂਰ ਵਿਸ਼ਯ ਅਗਨੀ ਨੂੰ ਅੰਦਰੋਂ ਠੰਢਾ ਕਰ ਦੇਣ ਵਾਲਾ ਵੈਦਾਂ ਨੇ ਮੰਨਿਆਂ ਹੈ।

**ਸਮੁਦਾਇ ਬਿਘੰਨ ਬਿਨਾਸ਼ਨ ਜੋ ਨਿਜ ਦਾਸਨ ਕੌ ਬਰ ਦਾਯ ਅਨੰਦੂ ॥੧॥**

ਸਮੁਦਾਇ=ਸਾਰੇ। ਵਰਦਾਯ=ਵਰ ਦੇ ਕੇ, ਬਰਕਤ ਪਾ ਕੇ। ਅਨੰਦੂ=ਅਨੰਦ ਦਾਤੇ, ਦਾਯ ਪਦ ਦੇਹੁਰੀ ਦੀਪਕ ਪਿਆ ਹੈ, ਵਰ ਦਾਯ, ਦਾਯ ਅਨੰਦੂ।

ਅਰਥ:

(ਹੇ) ਸੁਖਾਂ ਦੇ ਦਾਤੇ ਤੇ ਦ੍ਵੰਦ ਦੁਖਾਂ ਦੇ ਸਦਾ ਕੱਟਣ ਹਾਰੇ ਗੁਰੂ! ਦੋਵੇਂ ਹੱਥ ਜੋੜ ਕੇ (ਆਪ ਨੂੰ) ਨਮਸਕਾਰ ਕਰਦਾ (ਹੋਇਆ ਇਹ ਦਾਨ ਮੰਗਦਾ ਹਾਂ ਕਿ ਆਪਦੇ ਚਰਣ ਕਮਲ) ਜੋ ਮੋਹ ਦਾ ਮੂਲ (ਅਗਜਾਨ) ਨਾਸ਼ ਕਰਨੇ (ਵਿਚ) ਤਕੜੇ ਹਨ, (ਅਤੇ ਜੋ) ਦੰਭਾਂ (ਰੂਪੀ) ਤਾਰਿਆਂ ਦੇ ਸਮੂਹ ਨੂੰ ਸੂਰਜ ਵਾਂਙੂ (ਲੋਪ ਕਰਨ ਵਿਚ ਸਮਰਥ ਹਨ ਅਤੇ) ਵਿਖਯ ਰੂਪੀ ਧੁੱਪ (ਦੇ ਸਾੜ) ਨੂੰ ਚੰਦ੍ਰਮਾਂ ਵਾਂਙੂ ਸੀਤਲ (ਕਰਨ ਵਾਲੇ ਹਨ)।

(ਅਤੇ ਜੋ) ਸਾਰੇ ਵਿਘਨਾਂ ਦੇ ਵਿਨਾਸ਼ ਕਰਨ ਵਾਲੇ (ਹਨ ਅਤੇ) ਆਪਣੇ ਦਾਸਾਂ ਨੂੰ ਬਰਕਤ ਦੇ ਕੇ ਆਨੰਦ ਦੇਣ ਵਾਲੇ ਹਨ (ਹਾਂ ਐਸੇ ਆਪਦੇ (ਚਰਣਾਂ ਕਮਲਾਂ (ਉਤੋਂ ਮੇਰਾ) ਮਨ ਭੌਰੇ (ਵਾਂਙੂ ਸਦਾ ਬਲਿਹਾਰ) ਹੋਵੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

[1]ਸੁੰਦਰ। [2]ਵਧਦੇ। [3]ਜਗਤ ਪਤੀ। [†]ਪਾਠਾਂਤ੍ਰ-ਸ੍ਰੀ ਸਤਿਗੁਰ ਲੀਲਾ ਲਲਿਤ।

ਸਤਿਗੁਰ ਲੀਲਾ ਲਲਿਤ[1] ਇਉਂ[†],
ਕਰਤਿ ਬ੍ਰਿਧਤਿ[2] ਜਗ ਕੰਤ[3]।
ਪਰਫੁੱਲਤਿ ਕਲ ਫੂਲ ਸੋਂ, ਸ਼ੋਭਤਿ ਰਿਤੁ
ਬਸੰਤ ॥੨॥

ਦੋਹਰਾ:
ਸੁੰਦਰ ਮ੍ਰਿਦੁਲ[1] ਸਦਲ[2] ਤਰੁ ਰਾਜੀ[3]। — [1]ਕੋਮਲ। [2]ਪੱਤੀਆਂ ਸਮੇਤ। [3]ਬ੍ਰਿਛ ਸ਼ਸ਼ੋਭਤਿ ਹਨ।
ਬਰਨ[1] ਬਰਨ ਬਰ ਉਪਮਾ ਛਾਜੀ॥ — [1]ਰੰਗੋ ਰੰਗ ਦੀ।
ਜਨੁ[1] ਬਸੰਤ ਨਿਜ ਸੈਨ[2] ਸ਼ਿੰਗਾਰੀ। — [1]ਮਾਨੋ। [2]ਫੌਜਾ
ਜੀਤਨ ਜੇ ਬਿਰਹੀ[1] ਨਰ ਨਾਰੀ ॥੩॥ — [1]ਵਿਛੁੜੇ ਹੋਏ।
ਸਭਿ ਪਲਾਸ[1] ਤੇ ਪਾਤਿ ਨਿਪਾਤੀ[2]। — [1]ਛਿੱਛਰੇ। [2]ਪੱਤ੍ਰ ਟੁਟ ਗਏ ਹਨ।
ਫੂਲੈਂ ਫੂਲ ਲਾਲ ਭਲਿ ਭਾਂਤੀ।
ਮਨਹੁਂ ਸੁਭਟ[1] ਪਟ[2] ਰੰਗਨ ਰਾਂਗੇ[†]। — [1]ਸੁਰਮਿਆਂ ਨੇ। [2]ਕਪੜੇ। [†]ਕੇਸਰ ਪਾਗੇ-ਪਾਠਾਂਤ੍ਰ ਹੈ।
ਚਢੇ ਜੁੱਧ ਕਰਿ ਆਰਨ[1] ਬਾਗੇ[2] ॥੪॥ — [1]ਲਾਲ। [2]ਕਪੜੇ।
ਆਂਬ੍ਰ ਮੌਰ[1] ਪਿਖਿ ਆਨੰਦ ਜਾਸੁ। — [1]ਅੰਬਾਂ ਨੂੰ ਬੂਰ, ਅੰਬਾਂ ਦੇ ਫੁਲ।
ਕੂਕਤਿ ਕੋਕਿਲ[1] ਕਲਰਵ[2] ਤਾਸੁ। — [1]ਕੋਇਲ। [2]ਸੁੰਦਰ ਅਵਾਜ਼।
ਜਨੁ ਬਸੰਤ ਕੀ ਦੇਤਿ ਦੁਹਾਈ।
ਮਾਨਿਨਿ[1] ਦੇਸ਼ ਜਿ ਮਾਨ ਕਢਾਈ[2] ॥੫॥ — [1]ਪਤੀ ਦੋਸ਼ ਦੇਖਕੇ ਰੁੱਸੀ ਹੋਈ ਇਸਤ੍ਰੀ। [2]ਰੁੱਸੀਆਂ ਇਸਤ੍ਰੀਆਂ ਨੂੰ ਮਾਨ ਦੇ ਦੇਸ਼ ਵਿਚੋਂ ਕੱਢ ਰਹੀ ਹੈ।
ਪੁਸ਼ਪਨ ਕੀ ਮਕਰੰਦ[1] ਨਿਹਾਰੀ। — [1]ਫੁੱਲਾਂ ਦੇ ਰਸ।
ਤਿਹ ਪਰ ਮਧੁਕਰ[1] ਕਰਤਿ ਗੁੰਜਾਰੀ। — [1]ਭੌਰੇ।
ਜਨੁ ਬਸੰਤ ਨ੍ਰਿਪ[1] ਆਗੇ ਬੀਨਾ। — [1]ਰਾਜੇ ਦੇ।
ਗਾਇ ਬਜਾਵਹਿਂ ਗੁਨੀ ਪ੍ਰਬੀਨਾ ॥੬॥
ਲਲਿਤ[1] ਬਿਹੰਗ[2] ਬੋਲਿਹੀ ਬਾਨੀ। — [1]ਸੁੰਦਰ। [2]ਪੰਛੀ।
ਜਨੁ ਬੰਦੀਜਨ[1] ਕੀਰਤਿ ਗਾਨੀ। — [1]ਭਟਾਂ ਨੇ।
ਸੀਤਲ ਮੰਦ ਸੁਗੰਧਿ ਸਮੀਰਾ[1]। — [1]ਮਿੱਠੀ ਹਵਾ।
ਮਾਨਿਨਿ[20] ਬਿਰਹਿਨ[1] ਕਰਤਿ ਅਧੀਰਾ ॥੭॥ — [1]ਪਤੀ ਤੋਂ ਵਿਛੁੜੀ ਇਸਤ੍ਰੀ।
ਸ਼ੇਤ[1] ਸ਼ਜਾਮ[2] ਸ਼੍ਰੋਣਤ[3] ਪੁਨ ਪੀਤਾ[4]। — [1]ਚਿੱਟੇ। [2]ਕਾਲੇ। [3]ਲਾਲ। [4]ਪੀਲੇ।
ਬਿਗਸੇ ਕੁਸਮ ਨਵੀਨੀ[1] ਰੀਤਾ। — [1]ਨਵੀਂ।
ਤਰੁ ਸ਼ਾਖਾ ਪਰ ਮੰਜਰੀ[1] ਸੋਹੀ। — [1]ਮੁੰਜਰਾਂ।

| | |
|---|---|
| ਮਨਹੁਁ ਧਰੀ ਕਲਗ਼ੀ ਮਨ ਮੋਹੀ ॥੮॥ | |
| ਅਸਬਿਧਿ ਜਹਿਂ ਬਨ ਬਡ ਛਬਿ ਧਾਰੀ। | |
| ਬਿਚਰਤਿ[1] ਤਹਿਂ ਨਾਨਕ ਸੁਖਕਾਰੀ। | [1]ਫਿਰਦੇ ਹਨ। |
| ਮਾਸ ਵਿਸਾਖ ਵਿਖੇ ਗੁਨ ਐਨਾ। | |
| ਚਾਰਹਿਂ ਤਹਾਂ ਮਹਿਖਿ ਪੁਨ ਧੇਨਾ ॥੯॥ | |
| ਮ੍ਰਿਦੁਲ[1] ਹਰਿਤ[2] ਜੋ ਤ੍ਰਿਣਨ[3] ਨਵੀਨਾ। | [1]ਕੂਲੇ। [2]ਸਾਵੇ। [3]ਘਾਹ। |
| ਦੇਖ ਚਰਾਵਹਿਂ ਦਾਨੀ ਦੀਨਾ[1]। | [1]ਅਨਾਥਾਂ ਦੇ ਦਾਤੇ। |
| ਜਬ ਬਾਸੁਰ ਜੁਗ ਜਾਮ[1] ਬਿਤਜੋਤਾ[2]। | [1]ਦੋ ਪਹਿਰ। [2]ਗੁਜਰਿਆ। |
| ਮਾਰਤੰਡ[1] ਕੀ ਚੰਡ[2] ਦਯੋਤਾ[3] ॥੧੦॥ | [1]ਸੂਰਜ। [2]ਤਿੱਖੀ ਹੋਈ। [3]ਧੁੱਪ, ਤੱਪਸ਼। |
| ਸ਼੍ਰਮਤਿ[1] ਕਛੁਕ ਹੁਇ ਕਰਿ ਅਲਸਾਏ। | [1]ਥੱਕੇ ਹੋਏ। |
| ਚਾਰਤਿ ਧੇਨੁ ਟਿਕੇ ਇਕ ਥਾਏਂ। | |
| ਪਿਖ ਕਰਿ[1] ਬਰ ਤਰੁਵਰ ਕੀ ਛਾਇਆ। | [1]ਦੇਖ ਕਰਕੇ। |
| ਸੈਨ ਕਰਨ ਹਿਤ ਚਿਤ ਬਿਰਮਾਇਆ[1] ॥੧੧॥ | [1]ਕੀਤਾ। |
| ਮੰਦ ਸੁਗੰਧਿ ਸੀਤ ਬਹਿ ਪੌਨਾ। | |
| ਮ੍ਰਿਦੁਲ ਸੁ ਦਲ ਲੇ ਕੀਨ ਬਿਛੌਨਾ। | |
| ਤਾਂ ਪਰ ਬਸਤ੍ਰ[1] ਬਿਛਾਯੋ ਸ੍ਵੇਤਾ[2]। | [1]ਕਪੜਾ। [2]ਚਿੱਟਾ। |
| ਪੌਢ ਰਹੇ ਪੁਨ ਕ੍ਰਿਪਾ ਨਿਕੇਤਾ ॥੧੨॥ | |
| ਭਏ ਨੀਂਦ ਵਸਿ ਮੁੰਦ੍ਰਿਤ ਲੋਚਨ[1]। | [1]ਅੱਖਾਂ ਮੀਟਕੇ। |
| ਕਰੁਨਾ ਖਾਨ ਜਿ ਸੋਚ ਬਿਮੋਚਨ[1]। | [1]ਚਿੰਤਾ ਦੇ ਨਾਸ਼ ਕਰਨ ਵਾਲੇ। |
| ਖਟ ਘਟਿਕਾ[1] ਜਬ ਸੋਤੇ ਬੀਤੀ[2]। | [1]ਛੇ ਘੜੀਆਂ। [2]ਗੁਜਰੀ। |
| ਤਰੁਵਰ ਕੀ ਛਾਯਾ ਬਿਪਰੀਤੀ[1] ॥੧੩॥ | [1]ਢਲ ਗਈ, ਪਰਛਾਵਾਂ ਢਲ ਗਿਆ। |
| ਪਸ਼ਚਮ ਦਿਸ਼ਾ[1] ਤਰਨਿ[2] ਬਹੁ ਜਾਵਾ। | [1]ਲਹਿੰਦੇ ਦੀ ਤਰਫ। [2]ਸੂਰਜ। |
| ਮੁਖ ਪੰਕਜ ਪਰ ਆਤਪ[1] ਆਵਾ। | [1]ਧੁੱਪ। |
| ਸ੍ਵੇਦੰ ਬਿੰਦੁ ਬੂੰਦ ਮਕਰੰਦਾ[1]†। | [1]ਮੁੜ੍ਹਕੇ ਦੀਆਂ ਬੂੰਦਾਂ ਮਾਨੋਂ ਮਕਰੰਦ ਰਸ ਦੀਆਂ ਬੂੰਦਾਂ ਹਨ, ਜੋ ਕਮਲ ਪੱਤਿਆਂ ਤੇ (ਜਲ ਬੂੰਦਾਂ) ਵਾਂਙੂ ਫਬ ਰਹੀਆਂ ਹਨ। (ਅ) ਜਲ ਮਾਨੋਂ ਮਕਰੰਦ ਰਸ ਹੈ। †ਪਾਠਾਂਤ੍ਰ-ਸ੍ਵੇਦੰ ਬ੍ਰਿੰਦ ਬੂੰਦ ਮਕਰੰਦਾ। |
| ਰਾਜਤਿ ਜਿਵ ਪਾਂਤਨ ਅਰਬਿੰਦਾ[1] ॥੧੪॥ | [1]ਕਵਲ ਦੇ ਪੱਤ੍ਰਾਂ ਉਪਰ। |

ਕਿਧੋਂ ਚੰਦ੍ਰਮਾ ਮੰਡਲ ਮਾਂਹੀ।
ਕਿਨਕਾ ਸ੍ਰਵਤ[1] ਪਿਯੂਖ[2] ਸੁਹਾਹੀ॥ — [1]ਕਿਣਕੇ ਚੋ ਰਹੇ ਹੈਨ। [2]ਅੰਮ੍ਰਿਤ ਦੇ।
ਸ਼ੇਖਨਾਗ ਲਖਿ ਸ਼ੈਨ ਮਿਲਾਪੀ[1]। — [1]ਸੇਜਾ ਦੇ ਮੇਲੀ ਲਖਕੇ।
{ਸਰਪ ਛਾਇਆ}
-ਆਤਪ ਉਥਪਿਉਂ[1]- ਇਉਂ ਉਰ ਥਾਪੀ[2] ॥੧੫॥ — [1]ਮੈਂ ਧੁੱਪ ਹਟਾਵਾਂ। [2]ਮਿਥੀ।
ਸ੍ਵੇਤ ਵਰਨ ਗੋ ਦੁਗਧ[1] ਨਵੀਨਾ[2]। — [1]ਗਾਂ ਦੇ ਦੁੱਧ ਵਰਗਾ। [2]ਨਵਾਂ।
ਧਰਿ ਦੂਸਰ[1] ਤਨ ਆਵ ਪ੍ਰਬੀਨਾ। — [1]ਦੂਜਾ, ਹੋਰ।
ਸੁੰਦਰ ਸੁਖ ਮੰਦਰ ਕੋ ਦੇਖੀ।
ਕੀਨਿ ਬੰਦਨਾ ਪ੍ਰੀਤਿ ਬਿਸ਼ੇਖੀ ॥੧੬॥
ਬਹੁਰੋ ਤੀਨ ਪ੍ਰਦਛਨਾ ਦੀਨੀ।
ਸੀਸ ਦਿਸ਼ਾ ਨਿਜ ਇਸਥਿਤਿ ਕੀਨੀ।
ਹੇਤ ਛਾਉਂ ਕੇ[1] ਫਨ ਬਿਸਥਾਰਾ[2]। — [1]ਛਾਂ ਕਰਨ ਵਾਸਤੇ। [2]ਫਨ ਖਿਲਾਰਿਆ।
ਅਤਿ ਉੱਜਲ ਜਿਵ ਸੁਰਸਰਿ ਧਾਰਾ[1] ॥੧੭॥ — [1]ਗੰਗਾ ਦੀ ਧਾਰ ਵਰਗਾ ਉੱਜਲ।
ਊਚੋ ਫਨ ਅਸ ਸ਼ੋਭਾ ਪਾਈ।
ਕਿਧੋਂ[1] ਸਿੰਧੁ ਸੀ[2] ਸੈਨ[3] ਬਨਾਈ। — [1]ਮਾਨੋਂ। [2]ਸਮੁੰਦਰ ਵਰਗੀ। [3]ਸੇਜਾ।
ਸਭਿ ਸ਼ਰੀਰ ਪਰ ਜਿਸਕੀ ਛਾਯਾ।
ਜੜ ਸਾ[1] ਥਿਰ, ਨਹਿਂ ਨੈਕ[2] ਡੁਲਾਯਾ ॥੧੮॥ — [1]ਜੜ੍ਹ ਵਰਗਾ। [2]ਥੋੜਾ ਬੀ।
ਅਸ ਬਿਧਿ ਕਿੰਚਤ ਕਾਲ ਬਿਤੀਤਾ।
ਕੀਏ ਛਾਉਂ ਅਤਿ ਹਰਖਤਿ ਚੀਤਾ।
ਤਲਵੰਡੀ ਨ੍ਰਿਪ ਰਾਇ ਬੁਲਾਰੂ।
{ਰਾਇ ਬੁਲਾਰ}
ਸੋ ਸਸੈਨ[1] ਕਿਤ ਅਨਤ ਪਧਾਰੂ[2] ॥੧੯॥ — [1]ਸਮੇਤ ਫੌਜ ਦੇ। [2]ਹੋਰ ਥਾਂ ਗਿਆ ਸੀ।
ਤਿਹ ਵੇਲਾ ਤਹਿਂ ਚਲਿ ਕਰਿ ਆਵਾ।
ਜਿਹ ਕੋ ਜਾਗਜੋ ਭਾਗ ਸੁਹਾਵਾ।
ਅਨੀ[1] ਤੁਰੰਗਮ[2] ਸੰਗ ਸੁ ਰੰਗਾ। — [1]ਫੌਜ। [2]ਘੋੜੇ।
ਆਵਹਿ ਨਗਰਹਿ ਅੰਗ ਉਮੰਗਾ ॥੨੦॥
ਦੇਖਿ ਨਾਗ[1] ਕੋ ਕਿਯ ਅਨੁਮਾਨਾ। — [1]ਸੱਪ।

-ਉੱਜਲ ਪਟ ਆਤਪ ਤੇ ਤਾਨਾ।
ਤਰੁਵਰ ਕੀ ਛਾਯਾ ਬਰ ਤਜਾਗੀ।
ਪਟ ਓਟਨ[1] ਕਿਉਂ ਭਾ ਅਨੁਰਾਗੀ? - ॥੨੧॥ — [1]ਤਾਣਕੇ।

ਅਸ ਵਿਚਾਰ ਕਰਤਜੋ ਢਿਗ[1] ਆਵਾ। — [1]ਨਜੀਕ।
ਰਸਨਾ ਫਰਕਤਿ[1] ਮੁਖ ਦ੍ਰਿਸ਼ਟਾਵਾ[2]। — [1]ਜੀਭ ਫਰਕਦੀ। [2]ਦਿਖੀਜਿਆ।
ਭੋਗੀ[1] ਲਖਿ ਵਡ ਭੋਗਾਕਾਰਾ[2]। — [1]ਸੱਪ। [2]ਫਣ ਦਾ ਆਕਾਰ।
ਕਰਿ ਊਚੋ ਆਯੁਤ[1] ਬਿਸਤਾਰਾ ॥੨੨॥ — [1]ਚੌੜਾ।

ਰਾਇ ਵਿਚਾਰਤਿ ਉਰ ਭਰਿਦਾਯਾ[1]। — [1]ਕ੍ਰਿਪਾ।
-ਬਾਰਿਕ ਮਰਜੋ ਤ ਪੰਨਗ[1] ਖਾਯਾ। — [1]ਸੱਪ ਨੇ।
ਜੇ ਜੀਵਤਿ, ਇਹੁ ਕੋ ਅਵਤਾਰੀ।
ਸਰਪ ਸ੍ਵੇਤ[1] ਜਹਿਂ ਸੇਵਾਕਾਰੀ- ॥੨੩॥ — [1]ਚਿੱਟਾ।

ਹੇਰਨ ਹਿਤ ਭ੍ਰਿਤ[1] ਨਿਕਟ ਪਠਾਯਾ। — [1]ਨੌਕਰ।
ਤਬ ਜੀਮਗ[1] ਪਾਤਾਲ ਸਿਧਾਯਾ[2]। — [1]ਸੱਪ। [2]ਚਲਾ ਗਿਆ।
ਪੁਨ ਗਾ[1] ਤੋਰ ਤੁਰੰਗਮ[2] ਰਾਊ। — [1]ਗਿਆ। [2]ਘੋੜਾ।
ਲਖ ਅਚਰਜ ਪੱਸਯਨ[1] ਚਿਤ ਚਾਊ ॥੨੪॥ — [1]ਵੇਖਣ ਦਾ।

ਨਿਕਟ ਗਏ ਸੁਨਿ ਖਰਕਾ ਖੁਰ ਕੋ[1]। — [1]ਖੁਰਾਂ ਦਾ ਖੜਕਾ।
ਤਨ ਸੁਚੇਤ ਭਾ ਬੇਦੀ ਬਰ ਕੋ।
ਲੋਚਨ[1] ਬਿਗਸੇ[2] ਦਲ ਪੁਸ਼ਕਰ ਸੇ[3]। — [1]ਨੇਤ੍ਰ। [2]ਖੁੱਲ੍ਹੇ। [3]ਕਵਲ ਦੇ ਪੱਤੇ ਵਰਗੇ।
ਮੇਚਕ[1] ਤਾਰੈ[2] ਬਰ ਮਧੁਕਰ[3] ਸੇ ॥੨੫॥ — [1]ਕਾਲੇ। [2]ਅੱਖਾਂ ਦੇ) ਤਾਰੇ (ਪੁਤਲੀਆਂ)। [3]ਭੌਰਿਆਂ ਜੇਹੇ।

ਢਿਗ ਅਰੂਫ[1] ਅਸ[2] ਹੇਰਜੋ ਰਾਈ[3]। — [1]ਚੜ੍ਹਿਆ ਹੋਯਾ। [2]ਘੋੜੇ ਤੇ। [3]ਰਾਇ ਨੂੰ ਡਿੱਠਾ (ਗੁਰੂ ਜੀ ਨੇ)।
ਭੀਰ ਭਟਨ ਕੀ ਸੰਗਿ ਸੁਹਾਈ।
ਉਠਿ ਤਬ ਸਿਰ ਨਿਵਾਇ ਕਿਯ ਬੰਦਨ।
ਜੋ ਕਲਮਲ ਕਲਿਕਾਲ ਨਿਕੰਦਨ ॥੨੬॥

ਪੁਰਿਪਾਲਕ[1] ਦ੍ਰੁਤਿ[2] ਉਤਰ ਤਰੰਗਾ। — [1]ਨਗਰੀ ਦੇ ਪਾਲਣਹਾਰ ਨੇ। [2]ਛੇਤੀ।
ਪਰਰੰਭਨ[1] ਗਰ[2] ਸੰਗ ਉਮੰਗਾ। — [1]ਗਲਵਕੜੀ ਪਾਈ। [2]ਗਲ।

ਸਾਦਰ[1] ਸੋ ਨਿਜ ਭਰਿ ਕਰਿ ਕਨੀਆਂ[2]। [1]ਆਦਰ ਨਾਲ। [2]ਕਲਾਵਾ।
ਚੂਮਤਿ[1] ਮਸਤਕ ਖੁਸ਼ੀ ਸੁ ਘਨੀਆ ॥੨੭॥ [1]ਚੁੰਮਦਾ ਹੈ।
ਭਾ[1] ਅਧੀਨ ਮਨ ਕਰਿ ਬਹੁ ਭਾਉ। [1]ਹੋਇਆ।
ਜਾਨਜੋ-ਇਹ ਅਵਤਾਰ ਪ੍ਰਭਾਉ-।
ਬਹੁਰ ਨ ਮਨ ਕਬਿ ਕੀਨ ਡੁਲਾਉ।
ਥਿਰ ਕਰਿ ਸ਼ਰਧਾ ਤਾਂ ਦਿਨ ਰਾਉ ॥੨੮॥
ਪਰਮੇਸ਼ੁਰ ਸਮ ਜਾਨਿ ਸੁਜਾਨਾ।
ਮਨ ਕਰਿ ਬੰਦਹਿ† ਪਦ ਰਾਜਾਨਾ[1]। [1]ਰਾਜੇ ਨੇ। †ਪਾਠਾਂਤ੍ਰ-ਬੰਦੇ।
ਰੁਕਜੋ ਕੰਠ[1] ਪਰਿਪੂਰਨ ਪ੍ਰੇਮਾ। [1]ਗਲਾ।
ਬੋਲ ਨ ਸਕਜੋ ਉਚਿਤ[1] ਭਾ ਖੇਮਾ[2] ॥੨੯॥ [1]ਲਾਇਕ। [2]ਕਲਿਆਨ ਦੇ।
ਗਾ[1] ਤੁਰੰਗ ਚਢਿ ਪੁਲਕਤਿ[2] ਅੰਗਾ। [1]ਗਿਆ। [2]ਰੋਮ ਖੜੇ ਹੋਏ।
ਬੈਠਜੋ ਸਦਨਹਿ ਸੰਗ ਉਮੰਗਾ।
ਰਿਦੇ ਮਨੋਰਥ ਸਾਰ ਵਿਚਾਰੈ।
-ਇਹ ਮਮ ਭਵ ਬੰਧਨ ਨਿਰਵਾਰੈ[1] ॥੩੦॥ [1]ਮੇਰੇ ਸੰਸਾਰ ਦੇ ਬੰਧਨ ਦੂਰ ਕਰੇਗਾ।
ਹੋਇ ਤਰੁਨ ਜਬ ਤਜਿ ਲਰਕਾਈ।
ਕਰਿਹੋਂ ਤਬ ਮੈਂ ਬਿਨੈ ਵਡਾਈ[1]। [1]ਬੇਨਤੀ ਅਤੇ ਮਹਿੰਮਾ।
ਜੋਗਿਨ ਕੋ[1] ਦੁਰਲਭ ਹੈ ਜੋਊ। [1]ਜੋਗੀਆਂ ਨੂੰ।
ਦੇਹਿ ਪਰਮਪਦ ਮੁਝ ਕੋ ਸੋਊ ॥੩੧॥
ਪੂਰਬ ਭਾਗ[1] ਜਗਜੋ ਵਡ ਮੇਰਾ। [1]ਪਿਛਲਾ ਨਸੀਬ।
ਢਿਗ ਖੁਦਾਇ ਤਨ ਧਾਰਿ ਬਸੇਰਾ।
ਬੋਲਨ ਮਿਲਨੇ ਕੋ ਫਲ ਜਾਸੂ।
ਬੇਦ ਕਤੇਬ ਨ ਕਹਿ ਸਕਿ ਤਾਸੂ- ॥੩੨॥
ਭ੍ਰਿੱਤ ਭੇਜ ਕਾਲੂ ਬੁਲਵਾਜੋ।
ਕਰਿ ਆਦਰ ਨਿਜ ਨਿਕਟਿ ਬਿਠਾਯੋ।
'ਨਿਜ ਸੁਤ ਕੋ ਸੁਤ ਜਾਨੋ ਨਾਂਹੀ।
ਭਾ ਅਵਤਾਰ ਤੋਹਿ ਘਰ ਮਾਂਹੀ ॥੩੩॥

| | |
|---|---|
| ਜਾਗਜੋ ਗਰੁਵ[1] ਭਾਗ ਜਗ ਤੇਰੋ[†]। | [1]ਭਾਰੀ। [†]ਗੌਰਵ ਭਾਗ ਜਗਜੋ ਜਗ ਤੇਰੋ-ਪਾਠਾਂਤ੍ਰ ਹੈ। |
| ਤਵ ਸਮਸਰ[1] ਕੋ ਔਰ ਨ ਹੇਰੋਂ। | [1]ਬਰੋਬਰ। |
| ਅਸਨ ਬਸਨ ਸਾਦਰ[1] ਸੋਂ ਦੀਜੈ। | [1]ਭੋਜਨ ਕਪੜੇ ਆਦਰ ਨਾਲ। |
| ਅਵਹੇਲਨ[1] ਨਹਿਂ ਤਿਨ ਕੋ ਕੀਜੈ ॥੩੪॥ | [1]ਨਿਰਾਦਰ। |
| ਤਾਤ ਜਾਨ ਦੁਰਬਚਨ[1] ਨ ਭਾਖੋ। | [1]ਮੰਦਾਵਾਕ। |
| ਪਰਮੇਸ਼ੁਰ ਸਮ ਸ਼ਰਧਾ ਰਾਖੋ।' | |
| ਪੁਨ ਬੁਲਾਰ ਕਾਲੂ ਕੇ ਸਾਥਾ। | |
| ਕਹੀ ਸਰਪ ਕੀ ਸਭਿ ਬਿਧਿ ਗਾਥਾ ॥੩੫॥ | |
| 'ਆਤਪ[1] ਤਪਤਹਿ ਤੇ ਕਿਯ ਛਾਯਾ। | [1]ਧੁੱਪ। |
| ਹਮਹਿ ਹੇਰਿ ਨਿਜ[†] ਦੇਹਿ ਦੁਰਾਯਾ[1]।' | [1]ਛੁਪ ਗਿਆ। [†]ਪਾਠਾਂਤ੍ਰ-ਤਿਨ। |
| ਸੁਨਿਕਰਿ ਕਾਲੂ ਕਹਿਤਿ 'ਭਲਾ ਜੂ। | |
| ਹੋਇ ਤ ਜਾਨੀ ਜਾਇ ਕਲਾ ਜੂ' ॥੩੬॥ | |
| ਅਸ ਕਹਿ ਗਯੋ ਅਸ਼ਰਧਾ ਧਾਰੀ। | |
| ਮਾਯਾ ਮੋਹ ਪ੍ਰਬਲ ਜਿਹ ਭਾਰੀ। | |
| ਤਜੋਂ ਸੁ ਕਰੇ ਜਜੋਂ ਪ੍ਰੇਰੈ ਨਜੰਤਾ[1]। | [1]ਪ੍ਰੇਰਕ। |
| ਜਿਉਂ ਜੰਤੀ[1] ਵਸਿ ਵਾਜਹਿ ਜੰਤਾ[2] ॥੩੭॥ | [1]ਵਜਾਉਣ ਵਾਲੇ ਦੇ। [2]ਵਾਜਾ। |
| ਦਾਰਨਾਰਿ[1] ਕੋ ਕਯਾ ਗੁਨ ਦੋਸ਼ੁ। | [1]ਕਾਠ ਦੀ ਪੁਤਲੀ। |
| ਤਿਹ ਪਰ ਕਯਾ ਪ੍ਰਸਾਦਿ[1] ਕਯਾ ਰੋਸੁ[2]। | [1]ਖੁਸ਼ੀ। [2]ਗੁੱਸਾ। |
| ਸ੍ਰੀ ਨਾਨਕ ਅਨੁਸਾਰੀ ਮਾਯਾ। | |
| ਜਸ ਇੱਛਾ ਕਰਿਹੀ ਤਸ ਛਾਯਾ ॥੩੮॥ | |
| ਹਰਮ[1] ਆਇ ਉਰ ਹਰਖ ਸਮੇਤੂ। | [1]ਘਰ। |
| ਕਰਹਿ ਹੇਤ ਬੇਦੀ ਕੁਲ ਕੇਤੂ। | |
| ਕਛ ਪ੍ਰਸੰਨਤਾ ਸੁਰਭੀ ਚਾਰੀ। | |
| ਨ੍ਰਿਪ ਬੁਲਾਰ ਨੁਤਿ[1] ਬਹੁਰ ਉਚਾਰੀ ॥੩੯॥ | [1]ਉਸਤਤੀ। |
| ਯਾਂ ਤੇ ਕਰਤਿ ਦੁਲਾਰ ਬਿਸਾਲਾ। | |

ਸੀਤਲ ਲੋਚਨ ਦੇਖਿ ਕ੍ਰਿਪਾਲਾ।
ਤਾਂ ਦਿਨ ਤੇ ਤਲਵੰਡੀ ਪੁਰਿ ਮੈਂ।
ਮਹਿੰਮਾ ਕਰਤਿ ਭਏ ਘਰ ਘਰ ਮੈਂ ॥੪੦॥

ਕਹਹਿਂ ਪਰਸਪਰ[1] ਮਿਲਿ ਨਰ ਨਾਰੀ। — [1]ਆਪੋ ਵਿੱਚੀ।
ਸਰਪ ਛਾਉਂ ਨ੍ਰਿਪ ਨੈਣ[†] ਨਿਹਾਰੀ। — [†]ਪਾਠਾਂਤ੍ਰ-ਰਾਇ।
ਬਹੁ ਆਦਰ ਕਰਿ ਕੰਠ ਲਗਾਯੋ।
ਸਦਨ ਆਨਿ ਜਸ ਬਦਨ ਅਲਾਯੋ[1] ॥੪੧॥ — [1]ਮੁਖੋਂ ਕਿਹਾ।

ਕਲਾਵਾਨ ਕਾਲੂ ਸੁਤ ਕੋਈ।
ਪ੍ਰਗਟ ਨ ਹੋਤਿ ਅਪਨਪੌ[1] ਗੋਈ[2]। — [1]ਆਪਣਾ ਆਪ। [2]ਛਿਪਾ ਰੱਖਿਆ ਹੈ।
ਅਸ ਬਿਧਿ ਬੀਤੀ ਰੁੱਤਿ ਬਸੰਤਾ।
ਚਾਰਤਿ ਸੁਰਭੀ ਸ੍ਰੀ ਜਗਕੰਤਾ[1] ॥੪੨॥ — [1]ਜਗਤ ਦਾ ਪਤੀ।

ਪੁਨਿ ਗ੍ਰੀਖਮ[1] ਰਿਤੁ ਕੀਨੋ ਜੋਰਾ। — [1]ਗਰਮੀ ਦੀ ਰੁਤ-ਜੇਠ ਹਾੜ।

{ਗ੍ਰੀਖਮ-ਗਰਮੀ ਰੁੱਤ ਦਾ ਦ੍ਰਿਸ਼ਟਾਂਤ}

ਤਪਤਿ ਭਈ ਅਤਿਸ਼ੈ[1] ਚਹੁੰ ਓਰਾ। — [1]ਬਹੁਤ।
ਤਪਹਿ ਰਿਦਾ[†] ਜਿਵ ਮਤਸਰ ਧਾਰੀ[1]। — [1]ਈਰਖਾ ਵਾਲੇ ਦਾ। [†]ਏਥੇ ਗ੍ਰੀਖਮ ਰੁੱਤ ਦਾ ਵਰਣਨ ਕਰਦੇ ਹੋਏ ਭਾਈ ਸਾਹਿਬ ਨੇ ਵਿਚ ਪਰਮਾਰਥ ਦੇ ਸੁਹਣੇ ਕਟਾਖਯ ਦੱਸੇ ਹਨ।
ਤਿਉਂ ਤਪ ਗਈ ਭੂਮਿਕਾ ਸਾਰੀ ॥੪੩॥

ਬਹਿਤਿ[1] ਜ਼ੋਰ ਸੋਂ ਤਪਤ ਸਮੀਰਾ। — [1]ਚਲਦੀ ਹੈ।
ਜੋ ਤਾਪਹਿ[1] ਨਰ ਨਾਰਿ[2] ਸਰੀਰਾ[†]। — [1]ਤਪਾਉਂਦੀ ਹੈ। [2]ਇਸਤ੍ਰੀ ਪੁਰਖ ਦੇ। [†]ਬਹੁਤ ਜ਼ੋਰ ਸੋਂ ਤਪਤ ਸਮੀਰਾ। ਜੋ ਤਾਪਹਿ ਤਪ ਤਾਪ ਸਮੀਰਾ-ਪਾਠਾਂਤ੍ਰ ਹੈ।
ਜਿਉਂ ਖਲ[1] ਉਚਰਹਿ ਬਚਨ ਕੁਵਾਲੀ[2]। — [1]ਮੂਰਖ। [2]ਮੰਦੇ।
ਰਿਦਾ ਤਪਾਇ ਦੇਤਿ ਰਿਸ ਨਾਲੀ[1][†] ॥੪੪॥ — [1]ਗੁੱਸੇ ਨਾਲ। [†]ਦੁਖ ਵਾਲੀ-ਪਾਠਾਂਤ੍ਰ ਹੈ।

ਮਾਰਤੰਡ ਕੀ[1] ਚੰਡ[2] ਮਰੀਚਾ[3]। — [1]ਸੂਰਜ ਦੀਆਂ। [2]ਤਿੱਖੀਆਂ। [3]ਕਿਰਨਾਂ।
ਦੁਖੀ ਜੀਵ ਲਘੁ[1] ਤਾਲਨ[2] ਵੀਚਾ। — [1]ਛੋਟੇ। [2]ਤਲਾਵਾਂ।
ਜਿਉਂ ਜਗ ਭਗਤਿ ਹੀਨ ਹੈ ਪ੍ਰਾਨੀ।
ਜਨਮ ਮਰਨ ਮਹਿਂ ਨਿਤ ਦੁਖ ਖਾਨੀ ॥੪੫॥

| | |
|---|---|
| ਸੂਕੇ ਜਲ ਕਰਦਮ[1] ਬਿਹਰਾਨੀ[2]। | [1]ਚਿੱਕੜ। [2]ਵਜਾਕੁਲ। |
| ਜਨੁ ਪ੍ਰੇਮੀ ਉਰ ਸੀਖ[1] ਸਿਖਾਨੀ। | [1]ਸਿੱਖਯਾ। |
| ਸਹਿਤ ਧੂਰ ਬਹੁ ਭ੍ਰਮਤਿ ਬਘੂਰੇ[1]। | [1]ਵਾ ਵਰੋਲੇ। |
| ਜਿਉਂ ਮਤਿ[1] ਭ੍ਰਮਤਿ ਬਿਨਾ ਗੁਰ ਪੂਰੇ ॥੪੬॥ | [1]ਬੁੱਧੀ। |
| ਮ੍ਰਿਗ ਤ੍ਰਿਸ਼ਨਾ ਕੋ ਹੇਰਹਿ ਨੀਰਾ। | |
| ਦੌਰਤਿ ਮ੍ਰਿਗ ਨਹਿਂ ਪਾਵਹਿਂ ਧੀਰਾ[1]। | [1]ਟਿਕਾਉ। |
| ਜਿਉਂ ਮਨ ਬਿਖ਼ਯ ਸੁਖਨ ਹਿਤ[1] ਧਾਈ[2]। | [1]ਵਾਸਤੇ। [2]ਦੌੜਦਾ ਹੈ। |
| ਤ੍ਰਿਪਤਿ ਨ ਹੋਤਿ ਨ ਥਿਰਤਾ[1] ਪਾਈ ॥੪੭॥ | [1]ਟਿਕਾਉ। |
| ਪਸੁ ਪੰਛੀ ਹੇਰਹਿਂ ਤਰੁ ਛਾਯਾ[1]। | [1]ਦਰਖਤਾਂ ਦੀ ਛਾਂ। |
| ਬੈਸਹਿਂ ਤਪਤਹਿ ਤੇ ਸੁਖ ਪਾਯਾ। | |
| ਬਹੁਤ ਜਗਤ ਦੁਖ ਤੇ ਜਗਜਾਸੀ। | |
| ਜਿਉ ਮਿਲ ਸਤਿ ਸੰਗਤਿ ਸੁਖਰਾਸੀ ॥੪੮॥ | |
| ਭਾਵਹਿ ਬਹੁ ਸੀਤਲਤਾ[1] ਪਾਨੀ। | [1]ਠੰਢਾ। |
| ਭਾਗ ਜਗੇ ਜਿਉਂ ਗੁਰੁ ਕੀ ਬਾਨੀ। | |
| ਅਸ ਗ੍ਰੀਖਮ ਮਹਿਂ ਸ਼੍ਰੀ ਜਗਸਾਂਈ। | |
| ਬਿਚਰਤਿ ਲੀਲਾ ਕਰਤਿ ਸੁਹਾਈ ॥੪੯॥ | |
| ਜਹਿਂ ਤਰੁਵਰ[1] ਛਾਯਾ ਰਮਣੀਕੀ[2]। | [1]ਦਰਖਤਾਂ ਦੀ। [2]ਸੁੰਦਰ। |
| ਤਹਿਂ ਚਾਰਤਿ ਸੁਰਭੀ ਬਿਧਿ ਨੀਕੀ। | |
| ਜਹਿਂ ਸੁੰਦਰ ਜਲ, ਸੀਤਲ ਸਾਲੀ।[1] | [1]ਠੰਡਕ ਦਾ ਘਰ (ਅ) ਤੇ ਠੰਢੇ ਖੇਤ। |
| ਤਹਿਂ ਖੇਲਹਿਂ ਬਾਲਕ ਮਿਲਿ ਨਾਲੀ[1] ॥੫੦॥ | [1]ਨਾਲ। |
| ਸਭਿ ਬਾਸੁਰ ਬਨ ਬੀਚ ਬਿਹਾਰੈਂ[1]। | [1]ਫਿਰਦੇ ਰਹਿਣ। |
| ਆਵਹਿਂ ਰਜਨੀ[1] ਸਦਨ ਗੁਜਾਰੈਂ। | [1]ਰਾਤੀਂ। |
| ਗੋਖੁਰ[1] ਧੂਰਿ ਬਦਨ[2] ਪਰ ਲਾਗਾ। | [1]ਗਾਂਈਂ ਦੇ ਪੈਰਾਂ ਦੀ। [2]ਮੁਖ। |
| ਜਨੁ ਪੰਕਜ ਪਰ[1] ਸੁਭਤਿ ਪਰਾਗਾ[2] ॥੫੧॥ | [1]ਮਾਨੋਂ ਕਵਲ ਫੁੱਲ ਪਰ। [2]ਫੁੱਲਾਂ ਦੀ ਧੂੜੀ। |

| | |
|---|---|
| ਅੰਕ[1] ਬਸਾਇ ਮਾਤ ਬਲ ਜਾਈ। | [1]ਗੋਦੀ ਵਿਚ। |
| ਬਦਨ ਪੌਂਛ ਦੇਖਹਿ ਹਿਤ ਲਾਈ। | |
| ਕਰਤਿ ਦੁਲਾਰ ਸੰਗ[1] ਪ੍ਰਿਯ ਬਾਨੀ। | [1]ਪਯਾਰ ਨਾਲ। |
| 'ਤਾਤ ਨ ਕੀਜੈ ਅਬ ਬਨ ਜਾਨੀ[1] ॥੫੨॥ | [1]ਜੰਗਲ ਜਾਣਾ। |
| ਆਤਪ[1] ਲਗੀ ਅੰਕ[2] ਕੇ ਸੰਗਾ। | [1]ਧੁੱਪ। [2]ਅੰਗਾਂ ਦੇ। |
| ਸ਼ੁਭ ਰੰਗਹਿ ਤੇ ਭਯੋ ਕੁਰੰਗਾ। | |
| ਬਨ ਬਿਚਰਤਿ[1] ਭੇ ਦੁਰਬਲ[2] ਅੰਗਾ। | [1]ਫਿਰਦਿਆਂ। [2]ਲਿੱਸੇ। |
| ਪੁਰ ਮਹਿਂ ਖੇਲਹੁ ਸੰਗ ਉਮੰਗਾ[1] ॥੫੩॥ | [1]ਖੁਸ਼ੀ ਨਾਲ। |
| ਸਭਿ ਦਿਨ ਬਨ ਮਹਿਂ ਕਰਹੁ ਗੁਜਾਰਨ। | |
| ਤਰਸਤਿ ਲੋਚਨ[1] ਦਰਸ਼ਨ ਕਾਰਨ। | [1]ਅੱਖਾਂ। |
| ਜਾਵਹਿਂ ਦਾਸ ਜਿ ਸੁਰਭੀ ਚਾਰਨ[†]। | [†]ਪਾਠਾਂਤ੍ਰ-ਜਾਹਿਂ ਦਾਸ ਨਿਜ ਸੁਰਭੀ ਚਾਰਨ। |
| ਤੁਮ ਘਰ ਰਹੀਏ ਬਿਰਹਿ ਬਿਦਾਰਨ' ॥੫੪॥ | |
| ਕਰਿ ਦੁਲਾਰ[1] ਬਹੁ, ਸੁਤ ਬੈਸਾਯੋ[2]। | [1]ਲਾਡ ਲਡਾ ਕੇ। [2]ਬਿਠਾਇਆ। |
| ਚਲਿ ਤਤਕਾਲਹਿ ਕਾਲੂ ਆਯੋ। | |
| ਪਤਿ ਸੋਂ ਕਹਤਿ 'ਏਕ ਹਮ ਤਾਤਾ[1]। | [1]ਪੁੱਤਰ। |
| ਸੋ ਕੀਨੋ ਸੁਰਭੀ ਕੋ ਤ੍ਰਾਤਾ[1] ॥੫੫॥ | [1]ਗਾਈਂ ਦਾ ਰਖਵਾਲਾ। |
| ਸਭਿ ਬਾਸੁਰ ਬਨ ਬੀਚ ਬਿਹਾਰੂ[1] ॥ | [1]ਫਿਰਦਾ ਹੈ। |
| ਕੁਮਲਾਵਤਿ ਕਮਲਾਨਨ[1] ਚਾਰੂ[2]। | [1]ਕੌਲ ਜਿਹਾ ਮੁਖੜਾ। [2]ਸੁੰਦਰ। |
| ਅਬ ਨ ਭੇਜੀਏ ਸੁਰਭੀ ਸੰਗਾ। | |
| ਹੁਇਗੇ ਦੁਰਬਲ ਮ੍ਰਿਦੁਲ[1] ਸੁਅੰਗਾ' ॥੫੬॥ | [1]ਕੂਲੇ। |
| ਜਬ ਦੰਪਤਿ[1] ਸਮਝੇ ਅਸ ਰੀਤੀ। | [1]ਪਤੀ ਇਸਤ੍ਰੀ। |
| ਬਧੀ ਪੁੱਤ੍ਰ ਸੋਂ ਪਾਵਨ[1] ਪ੍ਰੀਤੀ। | [1]ਪਵਿੱਤ੍ਰ। |
| ਬਹੁਰ ਨ ਬਨ ਮਹਿਂ ਪਠਵਨ[1] ਕੀਨਾ। | [1]ਭੇਜਣਾ। |
| ਘਰ ਰਖਿ ਮਾਤ ਪਿਤਾ ਸੁਖ ਲੀਨਾ ॥੫੭॥ | |
| ਦੋਹਰਾ: | [1]ਚਤੁਰ। [2]ਪ੍ਰਸਿੱਧ। |
| ਸੁਖ ਸਾਗਰ ਨਾਗਰ[1] ਗੁਰੂ, ਜਗਤ | |

ਉਜਾਗਰ[2] ਰੂਪ।
ਕਰਨੇ ਭਗਤਿ ਪ੍ਰਕਾਸ਼[1] ਕੋ, ਬ੍ਰਿੱਧਤਿ[2] [1]ਭਗਤੀ ਪ੍ਰਗਟ ਕਰਨੇ ਨੂੰ। [2]ਵਧਦੀ ਹੈ।
ਦੇਹਿ ਅਨੂਪ ॥੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਬੁਲਾਰ ਸ਼ਰਧਾ ਦੈਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਧਯਾਇ ॥੧੧॥

## ੧੨. [ਸਾਰਦਾ ਮੰਗਲ। ਖੇਤ ਬੀਜਣਾ। ਬ੍ਰਿੱਖ ਛਾਇਆ ਅਸਥਿਰ]

੧੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੩

{ਪਾਵਸ ਰੁੱਤ ਦਾ ਦ੍ਰਿਸ਼ਟਾਂਤ} ॥੨..॥
{ਬਿਰਖ ਛਾਯਾ ਅਸਥਿਰ} ॥੪੧॥
{ਰਾਇ ਬੁਲਾਰ ਦੀ ਕਾਲੂ ਜੀ ਨੂੰ ਤਾਕੀਦ} ॥੪੭॥

ਦੋਹਰਾ:

**ਸ਼੍ਰੀ ਚੰਡੀ ਖੰਡਨ ਦੁਸ਼ਟ ਭੁਜ ਦੰਡਨ ਬਰਬੰਡ।**

ਸ਼੍ਰੀ=ਸਰਸ੍ਵਤੀ ਦਾ ਇਕ ਨਾਮ ਹੈ (ਅ) ਸਤਿਕਾਰ ਦਾ ਇਕ ਪਦ। ਚੰਡੀ=ਚੰਡਿਕਾ। ਦੇਖੋ ਪਹਿਲੇ ਅਧ੍ਯਾਯ ਦੇ ਛੰਦ ੨ ਵਿਖੇ 'ਚੰਡਿਕਾ' ਪਦ। ਖੰਡਨ ਦੁਸ਼ਟ=ਦੁਸ਼ਟਾਂ ਦੇ ਖੰਡਨ ਵਾਲੀ। ਦੇਖੋ ਅਧ੍ਯਾਯ ੧ ਛੰਦ ੨ 'ਖਲਖੰਡਿਕਾ' ਪਦ ਦਾ ਅਰਥ। ਭੁਜ=ਬਾਹਾਂ। ਦੰਡਨ=ਡੰਡੇ ਵਾਂਙ ਮਜ਼ਬੂਤ। ਦੇਖੋ ਅਧ੍ਯਾਯ ੨ ਛੰ: ੧, 'ਭੁਜਦੰਡ' ਪਦ। ਬਰਬੰਡਿਕਾ=ਵਰ ਵੰਡਣ ਵਾਲੀ (ਅ) ਬਲਵੰਤ, ਬਲ ਵਾਲੀ ਦੇਖੋ ਅਧ੍ਯਾ: ੧ ਛੰਦ ੨, ਬਰਬੰਡਿਕਾ-ਤੇ ਅਧ੍ਯਾ: ੨ ਛੰਦ ੧ ਵਿਖੇ 'ਬਲਬੰਡ' ਪਦ।

**ਜਗ ਮੰਡਨ ਪਦ ਬੰਦਨਾ ਜਾਂ ਕੋ ਤੇਜ ਪ੍ਰਚੰਡ ॥੧॥**

ਮੰਡਨ=ਦੇਖੋ ਅਧ੍ਯਾ: ੧ ਛੰਦ ੨ ਵਿਖੇ 'ਮੰਡਿਕਾ' ਪਦ ਤੇ ਅਧ੍ਯਾ: ੨ ਛੰ: ੧ ਵਿਖੇ 'ਮੰਡਨ ਭਾ' ਪਦ। ਪਦਬੰਦਨਾ=ਪੈਰਾਂ ਤੇ ਨਮਸਕਾਰ। (ਅ) (ਜਗਤ ਵਿਚ) ਕਵਿਤਾ ਦੀ ਰਚਨਾ ਕਰਾਉਣ ਵਾਲੀ। ਪ੍ਰਚੰਡ=ਬਹੁਤ ਅਸਹਿ, ਝੱਲਿਆ ਨਾ ਸੱਕਣ ਵਾਲਾ।

ਅਰਥ:

ਮਜ਼ਬੂਤ ਬਾਹਾਂ ਵਾਲੀ, ਦੁਸ਼ਟਾਂ ਦੇ ਨਾਸ਼ ਕਰਨ ਵਾਲੀ, ਜਿਸ ਦਾ ਤੇਜ ਝੱਲਿਆ ਨਹੀਂ ਜਾਂਦਾ, (ਐਸੀ) ਚੰਡਿਕਾ ਸਰਸ੍ਵਤੀ (ਜੋ) ਵਰਾਂ ਦੇ ਦੇਣ ਵਾਲੀ (ਤੇ) ਜਗਤ ਨੂੰ ਸੰਵਾਰਣ ਵਾਲੀ ਹੈ (ਦੇ) ਚਰਨਾਂ (ਤੇ ਮੇਰੀ) ਨਮਸਕਾਰ (ਹੋਵੇ)।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਕਹਿ ਬਾਲਾ ਸ਼੍ਰੀ ਅੰਗਦ ਗੁਰੁ ਜੀ।**

**ਸੁਨਹੁ ਕਥਾ ਨਾਸ਼ਕ ਤ੍ਰੈਜੁਰ[1] ਕੀ।** — [1]ਤਿੰਨਾਂ ਤਾਪਾਂ ਦੇ ਨਾਸ਼ ਕਰਨ ਵਾਲੀ।

**ਬਹੁਰੋ ਰਿਤੁ ਪਾਵਸ[1] ਸ਼ੁਭ ਆਈ।** — [1]ਬਰਸਾਤ, -ਭਾਦ੍ਰੋਂ।

**ਗਗਨ[1] ਬੀਚ ਬਾਦਰ[2] ਦ੍ਰਿਸ਼ਟਾਈ[3] ॥੨॥** — [1]ਅਕਾਸ਼। [2]ਬੱਦਲ। [3]ਦਿਖੀਣ ਲਗੇ

**ਭਾਗ ਜਗੇ ਪੂਰਬ[1] ਜੱਗਜਾਸੀ।** — [1]ਪਿਛਲੇ।

**ਜਿਉਂ ਤਨ ਧਰਤਿ[1] ਸੰਤ ਸੁਖਰਾਸੀ।** — [1]ਸਰੀਰ ਧਾਰਦੇ ਹਨ।

**ਚਢੀ[1] ਘਟਾ ਕਾਲੀ[2] ਜਿਵ ਕਾਲੀ[3]।** — [1]ਚੜ੍ਹੀ। [2]ਕਾਲੇ ਬੱਦਲਾਂ ਦੀ ਘਟਾ। [3]ਕਾਲਕਾ ਦੇਵੀ।

**ਪਰਨੋ ਬੱਜ੍ਰ[1] ਬਜਾਵਤਿ ਤਾਲੀ[2] ॥੩॥** — [1]ਬਿਜਲੀ ਦਾ ਪੈਣਾ। [2]ਮਾਨੋਂ ਤਾੜੀ ਮਾਰਦੀ ਹੈ।

**ਸਾਸਨਪਾਕ[1] ਸਰਾਸਨ[2] ਜੋਊ।** — [1]ਇੰਦਰ ਦਾ। [2]ਧਨੁਖ।

**ਬਾਂਕੀ[1] ਭ੍ਰਿਕੁਟੀ[2] ਲਖਿਯਤਿ[3] ਸੋਊ।** — [1]ਟੇਢੇ। [2]ਭ੍ਰਵੱਟੇ। [3]ਜਾਣੀਦੇ ਹਨ।

**ਅਤਿ ਕਰਕਨ[1] ਜਿਹ ਕੀ ਕਲਿਕਾਰੀ[2]।** — [1]ਕੜਕਨਾ। [2]ਚੀਕ।

| | |
|---|---|
| ਡਰਤਿ ਅਸੁਰ[1] ਸੇ ਮੇਚਕ ਬਜਾਰੀ[2] ॥੪॥ | [1]ਦੈਂਤ। [2]ਕਾਲੇ ਸੱਪ। |
| ਹੋਤਿ ਘੋਖ[1] ਜਿਹ ਗਰਜ[2] ਸੁਹਾਵਤਿ[†]। | [1]ਧੁਨੀ। [2]ਗੱਜਣਾ। [†]ਪਾਠਾਂਤ੍ਰ-ਸੁਨਾਵਤਿ। |
| ਅਮਰ[1] ਮਯੂਰ[2] ਹਰਖ ਉਪਜਾਵਤਿ। | [1]ਦੇਵਤੇ (ਰੂਪ)। [2]ਮੋਰ। |
| ਚੰਚਲ ਜੋ ਚੰਚਲਾ[1] ਚਮਕਾਵਤਿ[2]। | [1]ਬਿਜਲੀ। [2]ਚਮਕਦੀ ਹੈ। |
| ਪਾਨ[1] ਕ੍ਰਿਪਾਨਹਿ ਲਏ ਨਚਾਵਤਿ ॥੫॥ | [1]ਹੱਥ। |
| ਦੰਤ[1] ਪੰਕਤੀ ਸ਼ੁਭਤਿ ਬਲਾਕਾ[2]। | [1]ਦੰਦਾਂ ਦੀ। [2]ਉਡਦੇ) ਬਗਲਿਆਂ ਦੀ ਪੰਕਤੀ। |
| ਸ਼ਜਾਮ[1] ਸਰੂਪ ਬਨਜੋ ਅਸ ਤਾਂਕਾ। | [1]ਕਾਲਾ। |
| ਮਿਲਿ ਦਾਦੁਰ[1] ਬਹੁ ਸ਼ਬਦ ਪੁਕਾਰਾ। | [1]ਡਡੂ। |
| ਮਨਹੁਂ ਪਢਤਿ ਬਾਲਿਕ ਚਟਸਾਰਾ[1] ॥੬॥ | [1]ਪਾਠਸ਼ਾਲਾ ਵਿਚ। |
| ਜਰ ਤੇ ਜਰ ਗਜੋ[1] ਜੂਹ[2] ਜਵਾਸਾ[3]। | [1]ਜੜਾਂ ਤੋਂ ਸੜ ਗਿਆ। [2]ਸਮੂਹ। [3]ਜਵਾਹਾਂ। |
| ਜਿਉਂ ਹਰਿ ਭਜਨ ਹੋਤਿ ਅਘ ਨਾਸ਼ਾ। | |
| ਮਿਲਿ ਸਰਿਤਾ[1] ਸੋ ਜੇ ਲਘੁ ਨਾਲਾ[2]। | [1]ਨਦੀਆਂ। [2]ਛੋਟੇ ਨਾਲੇ। |
| ਸਿੰਧੁ[1] ਸਰੂਪ ਭਏ ਤਿਹ ਕਾਲਾ ॥੭॥ | [1]ਸਮੁੰਦਰ। |
| ਬ੍ਰਹਮ ਗਜਾਨ ਭੇ[1] ਜੈਸ[2] ਮੁਮੋਖੁ[3]। | [1]ਹੋਣ ਤੇ। [2]ਜੈਸੇ। [3]ਮੁਕਤੀ ਦੀ ਇੱਛਾ ਵਾਲੇ। |
| ਬ੍ਰਹਮ ਰੂਪ ਹੋਵਤਿ ਬਿਨ ਦੋਖੁ[†]। | [†]ਬ੍ਰਹਮ ਸਰੂਪ ਹੋਤ ਬਿਨ ਦੋਖੁ-ਪਾਠਾਂਤ੍ਰ ਹੈ। |
| ਤਜਿ ਮ੍ਰਯਾਦ[1] ਉਛਰੇ[2] ਲਘੁ ਤਾਲਾ[3]। | [1]ਹੱਦਾਂ ਟੱਪਕੇ। [2]ਉਛਲੇ। [3]ਛੋਟੇ ਤਾਲਾਬ। |
| ਜਿਉਂ ਸ਼੍ਰੀ[1] ਮਦ ਤੇ[2] ਨੀਚ ਕੁਚਾਲਾ ॥੮॥ | [1]ਮਾਯਾ ਦੇ। [2]ਹੰਕਾਰ ਨਾਲ। |
| ਉਡਤਿ ਧੂਰ ਜੋ ਸਗਲ ਬਿਲਾਨੀ[1]। | [1]ਛਿਪ ਗਈ। |
| ਜਿਉਂ ਸਤਿਗੁਰ ਮਿਲ ਕੁਮਤਿ ਨਸਾਨੀ[1]। | [1]ਖੋਟੀ ਬੁਧੀ ਨਸ ਜਾਂਦੀ ਹੈ। |
| ਪੰਥੀ[1] ਚਲਤਿ ਧਾਮ[2] ਬਿਸਰਾਮੇ[3]। | [1]ਰਾਹੀ। [2]ਘਰ। [3]ਟਿਕ ਗਏ। |
| ਜਿਉਂ ਮਨ ਥਿਰੁ ਸਿਮਰਤਿ ਹਰਿਨਾਮੇ ॥੯॥ | |
| ਜਿਉਂ ਲੀਲਾ ਕੀਨੀ ਰਿਤੁ ਬਰਖਾ। | |
| ਤਿਉ ਮੈਂ ਕਹਿਹੋਂ ਸੁਨਹੁ ਸੁ ਹਰਖਾ। | |
| ਏਕ ਦਿਵਸ ਕਾਲੁ ਲੇ ਅੰਕਾ। | |
| ਕਰਿ ਦੁਲਾਰ ਪਿਖਿ ਬਦਨ ਮਯੰਕਾ[1] ॥੧੦॥ | [1]ਮੁਖ ਰੂਪੀ ਚੰਦ੍ਰਮਾਂ। |

ਬਚਨ ਕਹਤਿ 'ਸੁਤ! ਤੂੰ ਭਾ[1] ਸਜਾਨਾ। [1]ਹੋਇਆ ਹੈਂ।
ਅਬ ਨ ਕਰਤਿ ਗੋ ਸੰਗ[1] ਬਨ ਜਾਨਾ। [1]ਗਾਂਈਆਂ ਨਾਲ।
ਉਭੈ ਬ੍ਰਿਖਭ[1] ਨਿਜ ਅਉਛਕ[2] ਮਾਹੀ। [1]ਦੋ ਬੈਲ। [2]ਵੱਗ।
ਲੇਹੁ ਨਿਕਾਸ ਤਰੁਨ[1] ਜੋ ਆਹੀ ॥੧੧॥ [1]ਜੁਵਾਨ।
ਲਾਂਗੁਲ[1] ਸੰਗ ਬਹੁਰ ਕਰਿ ਕਾਮਾ[2]। [1]ਹਲ। [2]ਨੌਕਰ ਲੈ ਕੇ (ਅ) ਕੰਮ ਕਰੋ।
ਬੀਜ[1] ਸੁ ਲੈਹੁ[†] ਸਵਾ ਮਨ ਧਾਮਾ[2]। [1]ਬੀਉ। [2]ਘਰ ਤੋਂ। [†]ਬੀਰਜ ਲੇਹੁ-ਪਾਠਾਂਤ੍ਰ ਹੈ।
ਜਾਇ ਰਾਹੀਏ[1] ਖੇਤ ਨਿਰਾਲਾ। [1]ਬੀਜੀਏ।
ਕਰਹੁ ਨੀਰ ਸੋਂ ਤਿਹ ਪ੍ਰਤਿਪਾਲਾ ॥੧੨॥
ਮ੍ਰਿਗ[1] ਪਸ਼ੂਅਨ ਕੇ ਹੁਇ ਰਖਵਾਰੇ। [1]ਹਰਨਾਂ ਤੇ।
ਕ੍ਰਿਖਿ[1] ਪਕਾਇ ਕੀਜੈ ਖਲਵਾਰੇ[2]। [1]ਖੇਤੀ। [2]ਖਲਿਹਾਨ।
ਜੇ ਅੰਨ ਆਨਹੁ ਬਹੁ ਇਕ ਬਾਰੀ।
ਰਖ ਦੇਵੋਂ ਕਾਮੇਂ ਦੁਇ ਚਾਰੀ ॥੧੩॥
ਅਸਬਿਧਿ ਕੀ ਕ੍ਰਿਤਿ ਕਰਹੁ ਨਿਬਾਹੀ।
ਅਤੁਟ ਹੋਇ ਸਭਿ ਕਿਛ ਘਰ ਮਾਹੀ।'
ਸ੍ਰੀ ਨਾਨਕ ਸੁਨਿ ਕਰਿ ਪਿਤ ਬਾਨੀ।
ਜੋ ਧਨ ਤ੍ਰਿਸ਼ਨਾ ਮਹਿਂ ਲਪਟਾਨੀ ॥੧੪॥
'ਸੁਨਹੁ ਪਿਤਾ ਜੀ! ਆਇਸੁ ਜੈਸੀ।
ਕਹਹੁ ਆਪ ਹੌਂ ਕਰਿਹੌਂ ਤੈਸੀ।'
ਤਬ ਕਾਲੂ ਦਿਯ ਬੀਜ ਤੁਲਾਯਾ।
ਇਕ ਕਾਮਾ ਸੁਤ ਸੰਗ ਰਲਾਯਾ ॥੧੫॥
ਲਾਂਗੁਲ ਬੀਜ ਲਏ[1] ਕਰ ਦੋਊ। [1]ਲੈ ਕੇ।
ਵਾਹੁਣ ਗਏ ਭੂਮਿਕਾ ਸੋਊ।
ਕਹੂੰ ਕਹੂੰ ਕਾਢਜੋ ਸੀਆਰਾ[1]। [1]ਸੀਆਂ, ਸਿਆੜ।
ਜਿਤੋ ਬੀਜ ਦਿਯ ਸਭਿ ਬਿਸਤਾਰਾ[1] ॥੧੬॥ [1]ਖਲੇਰ ਦਿਤਾ।
ਭਈ ਸੰਝ[1] ਆਏ ਨਿਜ ਸਦਨਾ। [1]ਸੰਧਯਾ ਪਈ ਤੇ।
ਕਾਲੂ ਪਰਫੁੱਲਤਿ ਪਿਖਿ ਬਦਨਾ।
ਸ੍ਰੀ ਗੁਰੂ ਕਰ ਮਹਿਂ ਬਰਕਤ ਭਾਰੀ।

| | |
|---|---|
| ਕਿਹ ਮਹਿਂ ਸ਼ਕਤਿ ਸੁ ਕਰਹਿ ਉਚਾਰੀ ॥੧੭॥ | |
| ਦਿਵਸ ਤੀਸਰੇ ਭੀ ਸਬਜ਼ਾਈ[1]। | [1]ਹਰਿਆਵਲ। |
| ਜਨੁ[1] ਅਵਿਨੀ[2] ਨਿਜ ਅਨਦ ਜਨਾਈ। | [1]ਮਾਨੋਂ। [2]ਪ੍ਰਿਥਵੀ। |
| ਕਾਲੂ ਜਾਇ ਕ੍ਰਿਖੀ[1] ਜਬ ਦੇਖੀ। | [1]ਖੇਤੀ। |
| ਸਘਨ[1] ਉਗੀ, ਭਾ ਮੋਦ[2] ਵਿਸੇਖੀ ॥੧੮॥ | [1]ਸੰਘਣੀ। [2]ਖੁਸ਼ੀ ਹੋਯਾ। |
| -ਹੋਇ ਤਾਤ ਮਮ ਵਡ ਕ੍ਰਿਖਿਕਾਰਾ[1]। | [1]ਖੇਤੀ ਕਰਨ ਵਾਲਾ। |
| ਦਿਉਂ ਬਸਾਇ ਇਕ ਗ੍ਰਾਮ ਨਿਰਾਰਾ-। | |
| ਨਿਪਜਾਵਨ[1] ਧਨ ਅਨਿਕ ਬਿਧਿਨ ਸੋਂ। | [1]ਪੈਦਾ ਕਰਨਾ। |
| ਅਯੋ ਕਰਤਿ ਚਿਤਵਨ ਨਿਜ ਮਨਸੋਂ ॥੧੯॥ | |
| ਸ੍ਰੀ ਗੁਰੁ ਨਾਨਕ ਰਿਦੇ ਵਿਚਾਰੀ। | |
| -ਧਨ ਤ੍ਰਿਸ਼ਨਾ ਦਿਨ ਪ੍ਰਤਿ[1] ਪਿਤ ਭਾਰੀ। | [1]ਹਰ ਰੋਜ। |
| ਯਾਂ ਤੇ ਅਬ ਹੀ ਬਨਹਿ ਨਿਬੇਰੋ। | |
| ਧਨ ਖਟਣੇ ਕੋ ਮਿਟਵੈ ਝੇਰੋ- ॥੨੦॥ | |
| ਬੈਸੇ ਬਹੁਰ ਖੇਤ ਰਖਵਾਰੀ। | |
| ਬਰਜਹਿਂ ਕਿਸ ਨ ਚਰਹਿਂ ਪਸੁ ਝਾਰੀ[1]। | [1]ਸਾਰੇ ਪਸ਼ੂ। |
| ਰਾਸ਼ਭ ਬੜਵਾਗੋ ਮ੍ਰਿਗ ਬ੍ਰਿੰਦਾ[1]। | [1]ਗਧੇ, ਘੋੜੇ, ਗਾਈਂ, ਹਰਨ ਆਦਿ ਸਾਰੇ (ਪਸ਼ੂ)। |
| ਚਰਤਿ ਖੇਤ, ਰਹਿਂ ਬੈਸ ਅਨੰਦਾ ॥੨੧॥ | |
| ਦਿਨ ਦੋਇਕ ਮਹਿਂ ਦੀਨਿ ਨਬੇਰੀ। | |
| ਇਕ ਨ ਬੂਟ ਜਹਿਂ ਸਘਨ ਘਨੇਰੀ। | |
| ਕਾਲੂ ਗਯੋ ਬਿਲੋਕਨ ਖੇਤੁ। | |
| ਢਿਗ ਬੈਠੇ ਬੇਦੀ ਕੁਲ ਕੇਤੂ ॥੨੨॥ | |
| ਫਿਰੈਂ ਕਿਦਾਰ[2] ਮੱਧ ਪਸੁ ਬ੍ਰਿੰਦਾ। | |
| ਕਿਸੈ ਨ ਬਰਜੈਂ ਆਨੰਦ ਕੰਦਾ। | |
| ਅਸ ਬਿਧਿ ਦੇਖਿ ਕ੍ਰੋਧ ਭਾ[1] ਕਾਲੂ। | [1]ਗੁੱਸਾ ਆਇਆ। |
| ਮੁਖ ਬੋਲਤਿ ਦੁਰਬਚਨ[1] ਬਿਸਾਲੂ ॥੨੩॥ | [1]ਕੁਵਚਨ। |

| | |
|---|---|
| ‘ਮੰਦ ਭਾਗ[1] ਮੈਂ ਅਪਨ ਨਿਹਾਰਾ[2]। | [1]ਭੈੜੀ ਕਿਸਮਤ। [2]ਵੇਖਦਾ ਹਾਂ। |
| ਤੂੰ ਸੁਤ ਜਨਮਜੋ ਸਦਨ ਉਜਾਰਾ[1]। | [1]ਘਰ ਉਜਾੜੂ। |
| ਆਰਬਲਾ ਲਘੁ[1] ਮਹਿਂ ਤਵ ਚਾਲੀ। | [1]ਛੋਟੀ। |
| ਵਸਤੁ ਖੋਇ ਕਿਯ ਆਲਯ ਖਾਲੀ ॥੨੪॥ | |
| ਉਚਿਤ[1] ਕਮਾਵਨ ਅਬ ਭੀ ਬੈਸਾ[2]। | [1]ਲਾਇਕ। [2]ਉਮਰ ਹੋਈ ਹੈ। |
| ਕਰਨ ਕੁਕਾਜ[1] ਲਗੇ ਪੁਨ ਐਸਾ। | [1]ਮਾੜਾ ਕੰਮ। |
| ਮੁਝ ਪਸ਼ਚਾਤ[1] ਖਾਹਿਂ ਕ੍ਰਿਤ ਕਰਿ ਕੋ[2]। | [1]ਮੇਰੇ ਪਿੱਛੋਂ। [2]ਕੇਹੜੀ। |
| ਰਲੇਂ ਫਕੀਰਨ ਸੋ ਤਜਿ ਘਰ ਕੋ’ ॥੨੫॥ | |
| ਹੇਰਿ ਹੇਰਿ ਕਹਿ ਵਾਕ ਕਠੋਰਾ। | |
| ਲਖਿ ਕੁਚਾਲ ਕੋ ਰੋਸ ਨ ਥੋਰਾ। | |
| ‘ਤੁਝ ਜਨਮੇ ਤੇ ਕੋ ਗੁਣ ਮੋਹੀ। | |
| ਯਾਂ ਤੇ ਭਲੋ ਰਹਤਿ ਮੈਂ ਯੋ ਹੀ[1] ॥੨੬॥ | [1]ਐਵੇਂ ਹੀ, ਸੁਤਹੀਨ। |
| ਇਕ ਸਪੂਤ ਬਹੁ ਦਰਬ ਕਮਾਵਹਿਂ[1]। | [1]ਇਕ ਐਸੇ ਪੁੱਤ੍ਰ ਹੁੰਦੇ ਹਨ ਜੋ ਬੜਾ ਧਨ ਕਮਾਉਂਦੇ ਹਨ। |
| ਤੂੰ ਅਸ ਭਾ ਜੋ ਬਾਦ[1] ਗਵਾਵਹਿਂ।’ | [1]ਬਿਰਥਾ। |
| ਜਾਇ ਨਗਰ ਪੁਨ ਦਿਜਬਰ ਸਦਨਾ[1]। | [1]ਬ੍ਰਾਹਮਣ ਦੇ ਘਰ। |
| ਉਪਾਲੰਭ[1] ਕੇ ਕਹਿ ਬਚ ਬਦਨਾ[2] ॥੨੭॥ | [1]ਉਲਾਂਭੇ ਦੇ। [2]ਮੁਖ ਤੋਂ। |
| ‘ਬੇਦ ਪੁਰਾਣ ਸਭੇ ਤੁਮ ਝੂਠੇ। | |
| ਸੂਧੇ ਕਹਉ ਹੋਤਿ ਹੈਂ ਪੂਠੇ। | |
| ਕਿਧੋਂ[1] ਨ ਤੁਮ ਤੇ ਜਾਤ ਬਿਚਾਰੇ। | [1]ਜਾਂ। |
| ਕਿਧੋਂ[੪] ਹਰਖ ਹਿਤ ਪਾਜ ਉਚਾਰੇ[1]† ॥੨੮॥ | [1]ਝੂਠ ਬੋਲ ਦਿੰਦੇ ਹੋ। †ਹਮਾਰੇ-ਪਾਠਾਂਤ੍ਰ ਹੈ। |
| ਭਲੀ ਛਤਰ ਕੀ ਦੀਨਿ ਵਡਾਈ। | |
| ਪੂਰਬ ਐਸ਼੍ਵਰਯ ਜਾਸ ਘਟਾਈ। | |
| ਅਬ ਬੀਜਯੋ ਸਭਿ ਖੇਤ ਨਿਪਾਤੂ[1]। | [1]ਨਾਸ਼ ਕਰ ਦਿੱਤਾ। |
| ਪਸੁ ਚਰਵਾਇ, ਨ ਕੀਨੀ ਤ੍ਰਾਤੂ[1] ॥੨੯॥ | [1]ਰਖਵਾਲੀ ਨਾ ਕੀਤੀ। |
| ਜਬ ਕੋ ਜਨਮਜੋ ਇਨ ਸੁਧ[1] ਲੀਨੀ। | [1]ਹੋਸ਼ ਪਕੜੀ। |

ਧਨ ਖੱਟਨ ਕੀ ਕ੍ਰਿੱਤ ਨ ਕੀਨੀ।
ਖੋਯੋ ਸੰਚਯੋ ਪੂਰਬ ਮੇਰੋ[1]।
[1]ਪਿਛਲਾ ਮੇਰਾ ਕੱਠਾ ਕੀਤਾ ਹੋਯਾ।
ਯਾਂ ਤੇ ਬਿਫਲ[1] ਭਯੋ ਬਚ ਤੇਰੋ' ॥੩੦॥
[1]ਬਿਰਥਾ।
ਬੋਲਯੋ ਬਚਨ ਬਿੱਪ੍ਰ[1] ਪਰਬੀਨਾ।
[1]ਬ੍ਰਾਹਮਣ।
ਜਿਹ ਮਨ ਸ਼੍ਰੀ ਨਾਨਕ ਜਸ ਲੀਨਾ।
'ਸੁਨਿ ਕਾਲੂ ! ਤੂ ਮੂਲਹੁ ਭੂਲਾ[1]।
[1]ਮੁੱਢੋਂ ਹੀ ਘੁੱਥਾ ਹੈਂ।
ਸੁਤ ਸੁਸ਼ੀਲ ਤੇ ਨਿਤ ਪ੍ਰਤਿਕੂਲਾ[1] ॥੩੧॥
[1]ਉਲਟ।
ਬਾਰ ਬਾਰ ਮੈਂ ਤੁਝ ਸਮਝਾਯੋ।
ਜਗਤ ਉਧਾਰਨ ਹਿਤ ਇਹ ਆਯੋ।
ਭਗਵਤ ਗੀਤਾ ਸਾਰ ਵਿਚਾਰਾ।
ਕਰੈ ਪਢੇ ਬਿਨ ਸ਼ਬਦ ਉਚਾਰਾ ॥੩੨॥
ਜਿਨ ਮੋ ਕੋ ਸ਼ੁਭ ਦੀਨੋ ਗਜਾਨਾ।
ਜਿਹ ਬਚ ਸੁਨ ਮਮ ਮਨ ਠਹਿਰਾਨਾ।
ਲੋਕ ਉਧਾਰਨ ਕਰਹਿ ਅਨੇਕੂ।
ਜਪਹਿ ਜਾਪ ਜੋ, ਪਾਇ ਬਿਬੇਕੂ ॥੩੩॥
ਮੁਝ ਕੋ ਦੀਸਤਿ ਬਿਸ਼ਨੁ ਸਮਾਨਾ।
ਕਲਾਵਾਨ ਸਭਿ ਸ਼ੁਭ ਗੁਣਖਾਨਾ।'
ਬਿੱਪ੍ਰ ਬਚਨ ਸੁਨਿ ਕਰਿ ਤਬ ਕਾਲੂ।
ਸਦਨਹਿ ਆਯੋ ਰੋਸ ਬਿਸਾਲੂ[1] ॥੩੪॥
[1]ਬੜੇ ਗੁੱਸੇ ਵਿਚ।
ਤਿਹ ਪਾਛੇ ਸ਼੍ਰੀ ਗੁਰ ਜਗਤੇਸ਼ਾ।
ਰਹਤਿ ਉਦਾਸ ਦੁਰਾਏ[1] ਬੇਸਾ।
[1]ਛੁਪਾਏ।
ਕੋ ਕੋ 'ਕਲਾਵਾਨ' ਕਰਿ ਕਹਿਈ।
ਜੋ ਸਤਿਸੰਗੀ ਮਾਨਵ ਅਹਿਈ[1] ॥੩੫॥
[1]ਹਨ।
ਨਰ ਮਤਿ ਮੰਦ ਨ ਲਖਿ ਸੁਖਕੰਦਾ।
ਨਹਿਂ ਜਾਨਹਿਂ ਇਹ ਰੂਪ ਮੁਕੰਦਾ[†]।
[†]ਪਾਠਾਂਤ੍ਰ ਹੈ-ਨਹਿ ਜਾਨਹਿ ਸੁਖ ਰੂਪ ਅਨੰਦਾ।
ਵਹਿਰ ਨਗਰ ਤੇ ਬਿਟਪ[1] ਜੁ ਦੂਰਾ।
[1]ਬ੍ਰਿੱਛ।

ਬਾਸੁਰ ਬੈਸਹਿਂ ਤਹਿਂ ਜਗ ਮੂਰਾ[1] ॥੩੬॥ — [1]ਆਦਿ, ਮੂਲ।

ਕਾਲ ਬਿਤਾਵਹਿਂ[1] ਰਹਿਤਿ ਇਕਾਕੀ[2]। — [1]ਸਮਾਂ ਗੁਜ਼ਰਦੇ ਹਨ। [2]ਇਕੱਲੇ।

ਬੋਲਣ ਮਿਲਨ ਨ ਲੇਂ ਸੁਧ ਕਾਕੀ[1]। — [1]ਕਿਸੇ ਦੀ।

ਏਕ ਦਿਵਸ ਪਾਦਪ ਦਲ[1] ਸੁੰਦਰ। — [1]ਬ੍ਰਿੱਛ ਦੇ ਪੱਤਿਆਂ ਦੀ।

ਸਘਨ ਛਾਉਂ ਬੈਠੇ ਗੁਨ ਮੰਦਰ[1] ॥੩੭॥ — [1]ਭਾਵ ਗੁਰੂ ਜੀ।

ਜਬ ਦਿਨ ਕੇ ਜੁਗ ਜਾਮ[1] ਬਿਤਾਏ। — [1]ਦੋ ਪਹਿਰ।

ਦੁਖ ਮੋਚਨ[23] ਲੋਚਨ[1] ਅਲਸਾਏ। — [1]ਅੱਖਾਂ।

ਸੁੰਦਰ ਬਸਤ੍ਰ ਬਿਛਾਇ ਬਿਛੌਨਾ[1]। — [1]ਬਿਛਾਉਣਾ।

ਪੌਢੇ[1] ਪੁਨ ਅਨਕੰਪਾ ਭੌਨਾ[2] ॥੩੮॥ — [1]ਲੇਟੇ। [2]ਕਿਰਪਾ ਦੇ ਘਰ।

ਦੋਇ ਮਹੂਰਤ[1] ਜਬਹਿ ਬਿਤਾਵਾ। — [1]ਚਾਰ ਘੜੀ।

ਚਲਿ ਬੁਲਾਰ ਤਿਹ ਮਾਰਗ[1] ਆਵਾ। — [1]ਉਸੇ ਰਸਤੇ।

ਪੇਖਿ ਅਚੰਭੋ ਮਨ ਬਿਸਮਾਨਾ।

ਸ਼ੋਰ ਬਿਹੀਨ ਭਯੋ ਠਹਿਰਾਨਾ[1] ॥੩੯॥ — [1]ਖੜਾਕ ਤੋਂ ਰਹਤ ਹੋ ਕੇ ਠਹਿਰ ਗਿਆ।

ਨਿਜ ਸੰਗੀ ਸੋਂ ਬਚਨ ਅਲਾਵਾ।

'ਦੇਖਹੁ ਅਚਰਜ ਏਹੁ ਸੁਹਾਵਾ।

ਸੁੰਦਰ ਸੁਖਮੰਦਰ ਸੁਤ[1] ਕਾਲੂ। — [1]ਪੁੱਤ੍ਰ।

ਸੋਯੋ ਅਜ਼ਮਤ[1] ਜਾਸ ਬਿਸਾਲੂ[2] ॥੪੦॥ — [1]ਕਰਾਮਾਤ। [2]ਬੜੀ।

ਢਰਿ ਗਾ ਸਭਿ ਪਾਦਪ[1] ਪਰਛਾਵਾਂ। — [1]ਢਲ ਗਿਆ ਸਭ ਬ੍ਰਿੱਛਾਂ ਦਾ।

ਨਹੀਂ ਢਰਯੋ ਜਹਿਂ ਇਨ ਸੁਖ ਪਾਵਾ।

{ਬਿਰਖ ਛਾਯਾ ਅਸਥਿਰ}

ਨਿਸ਼ਚੇ ਕਲਾਵਾਨ ਅਵਤਾਰਾ।

ਰਹਿਤਿ ਦੁਰਾਇ[1] ਅਪਨਪੌ[2†] ਸਾਰਾ[3] ॥੪੧॥ — [1]ਛੁਪਾਇ। [2]ਆਪਣੇ ਆਪਨੂੰ। [3]ਸਾਰਾ ਹੀ ਅਰਥਾਤ ਆਪਣੀ ਅਸਲੀਅਤ। [†]ਪਾਠਾਂਤ੍ਰ-'ਅਪਨ ਪੈਸਾਰਾ' ਤੇ 'ਅਪਨ ਪਾਸਾਰਾ' ਬੀ ਹੈ।

ਪਾਵਕ[1] ਬੀਚ ਭਸਮ[2] ਕੇ ਜੈਸੇ। — [1]ਅਗਨੀ। [2]ਸੁਆਹ।

ਤੇਜ ਨ ਲਖਯੋ ਪਰਤਿ[1] ਹੈ ਕੈਸੇ। — [1]ਨਹੀਂ ਜਾਣਿਆ ਜਾਂਦਾ।

ਪਰ ਜੇ ਲਖਣਹਾਰ[1] ਹੁਇ ਕੋਊ। — [1]ਜਾਣਨ ਵਾਲਾ।

ਤਿਹ ਨਿਕਾਸ[1] ਸੀਤਹ ਖ੍ਵੈ[2] ਸੋਊ ॥੪੨॥ — [1]ਕੱਢਕੇ। [2]ਪਾਲਾ ਹਟਾ ਲੈਂਦਾ ਹੈ।

ਤਿਉਂ ਇਸਕੀ ਸੇਵਾ ਜੋ ਕਰਿਈ।
ਜਨਮ ਮਰਨ ਤਿਹ ਕਿਉਂ ਨਹਿਂ ਟਰਿਈ।
ਆਗੇ ਬਿਧਿ ਇਕ ਅਚਰਜ ਦੇਖੀ।
ਸਰਪ ਛਾਉਂ ਕਿਯ ਪ੍ਰੀਤ ਵਿਸ਼ੇਖੀ ॥੪੩॥
ਅਸਥਿਰ[1] ਰਹੀ ਤਰੋਵਰੁ ਛਾਯਾ। — [1]ਟਿਕੀ।
ਅਚਰਜ ਹੀ ਜੁਗ ਬਾਰਿ ਲਖਾਯਾ[1]'॥ — [1]ਦੋਨੋ ਵਾਰੀ ਵੇਖਿਆ ਹੈ।
ਅਸ ਕਹਿ ਬੰਦੇ ਦੋਨੋ ਹਾਥਾ।
ਬੰਦਨ ਕਿਯ ਧਰਿ ਕੈ ਧਰ ਮਾਥਾ[1] ॥੪੪॥ — [1]ਜਮੀਨ ਤੇ ਮੱਥਾ ਧਰਕੇ।
ਹਟਯੋ ਦੂਰ ਤੇ ਸ਼ਰਧਾ ਧਾਰੀ।
ਗਮਨਯੋ[1] ਨਗਰ ਹੋਤਿ ਰਤਿ[2] ਭਾਰੀ। — [1]ਚਲਾ ਗਿਆ। [2]ਪ੍ਰੀਤ।
ਸ਼ੁਭ ਬਿਧਿ ਕਰਤਿ ਸੰਕਲਪ ਵਿਕਲਪਾ।
ਦਿਨ ਪ੍ਰਤਿ ਜਿਹ ਕੋ ਹੁਇ ਭ੍ਰਮ ਅਲਪਾ[1] ॥੪੫॥ — [1]ਭਰਮ ਘੱਟ ਰਿਹਾ ਹੈ।
ਸਦਨ ਜਾਇ ਬੈਸਯੋ ਹਰਿਖਾਈ।
ਕਾਲੂ ਗਾ ਤਬ ਸਹਜਿ ਸੁਭਾਈ।
ਸਾਦਰ ਤਿਹ ਸੁਭ ਠੌਰ[1] ਬਿਠਾਯੋ†। — [1]ਅਛੀ ਜਗਾ। †ਪਾਠਾਂਤ੍ਰ-ਆਦਰ ਸੋ, ਸੁਭ ਠੋਰ ਬਿਠਾਯੋ।
ਬਹੁਰ ਪ੍ਰੇਮ ਸੋਂ ਬਚਨ ਸੁਨਾਯੋ† ॥੪੬॥ — †ਪਾਠਾਂਤ੍ਰ-ਅਲਾਯੋ।
'ਭੂਰ ਭਾਗ ਕੋ ਭਾਂਜਨ[1] ਕਾਲੂ ! — [1]ਹੇ ਬੜੇ ਭਾਗਾਂ ਦੇ ਪਾਤ੍ਰ !
{ਰਾਇ ਬੁਲਾਰ ਦੀ ਕਾਲੂ ਜੀ ਨੂੰ ਤਾਕੀਦ}
ਅਸ ਸੁਤ ਜਨਮ ਭਯੋ ਨਿਹਾਲੂ।
ਤਦਪਿ[1] ਸੁਭਾਵ ਤੁਮਾਰ ਕਠੋਰਾ। — [1]ਤੌਭੀ।
ਕੌਰਾ ਕਬ ਨ ਬੋਲਿਯੇ ਥੋਰਾ ॥੪੭॥
ਤਿਹ ਸਦਕਾ ਕਰਿ ਇਹ ਮਮ ਨਗਰੀ।
ਪਾਵਨ ਹੋਤਿ[1] ਬਸਤਿ[2] ਸੁਖ ਸਗਰੀ। — [1]ਪਵਿੱਤ੍ਰ ਹੁੰਦੀ ਤੇ। [2]ਵਸ ਰਹੀ ਹੈ।
ਭੂਲ ਨ ਕੀਜੈ ਕਬਹਿ ਅਨਾਦਰ[1]। — [1]ਨਿਰਾਦਰ।
ਅਸਨ ਬਸਨ[1] ਦੀਜੈ ਸੁਖ ਸਾਦਰ ॥੪੮॥ — [1]ਭੋਜਨ ਤੇ ਬਸਤ੍ਰ।

ਜਾਮਾਂ[1] ਮੋਹਿ ਤੁਰਕ ਕੌ ਆਹੀ। — [1]ਸ਼ਰੀਰ, ਜਨਮ।
ਭੋਜਨ ਬਨੈ ਨ ਮਮ ਘਰ ਮਾਂਹੀ।
ਨਤੁ[1] ਰਾਖੋਂ ਸਾਦਰ ਨਿਜ[2] ਸਦਮਾ[3†]। — [1]ਨਹੀਂ ਤਾਂ। [2]ਆਪਣੇ। [3]ਘਰ ਵਿਚ। [†]ਪਾਠਾਂਤ੍ਰ-ਸਦਨਾ।
ਸੁਫਲ ਜਨਮ ਸੇਵੇ ਪਦ ਪਦਮਾ ॥੪੯॥
ਪੋਸ਼ਿਸ਼ ਸੁੰਦਰ ਦਿਉਂ ਬਨਿਵਾਈ।
ਲੇ ਜਾਵਹੁ ਕਾਲੂ ! ਪਹਿਰਾਈ।
ਜੋ ਆਵਹਿ ਤਿਨ ਕਾਜ ਪਦਾਰਥ।
ਸੋ ਮੈਂ ਗਨਿ ਹੌਂ ਭਯੋ ਸਕਾਰਥ[1]' ॥੫੦॥ — [1]ਸਫਲ।
ਸੁਨਿ ਬੁਲਾਰ ਕੀ ਅਸ ਬਿਧਿ ਬਾਨੀ।
ਸ਼ਰਧਾ ਪ੍ਰੇਮ ਵਿਖੇ ਲਪਟਾਨੀ।
ਬੋਲਯੋ ਹਾਥ ਜੋਰਿ ਤਯ ਕਾਲੂ।
ਜਾਂ ਕੋ ਮਾਯਾ ਮੋਹ ਬਿਸਾਲੂ ॥੫੧॥
'ਤੁਝ ਕਰੁਨਾ ਕਰਿ ਮੁਝ ਘਰ ਸਰਬਾ।
ਅਹੈਂ ਪਦਾਰਥਿ ਦਿਯ ਬਹੁ ਦਰਬਾ[1]। — [1]ਧਨ।
ਕਿਸੂ ਵਸਤੁ ਕੀ ਕਮੀ ਨ ਮੇਰੇ।
ਅਧਿਕ ਧਾਮ[†] ਧਨ ਮਾਲ ਘਨੇਰੇ ॥੫੨॥ — [†]ਪਾਠਾਂਤ੍ਰ-ਧਾਨ।
ਤਦਪਿ ਵਧਤਿ ਮੁਝ ਨਿਤ ਚਿਤ ਚਿੰਤਾ।
ਨਿਸ ਦਿਨ ਬੀਤਹਿ ਗਣੀ ਗੁਨੰਤਾ[1]। — [1]ਗਿਣਤੀਆਂ ਗਿਣਦਿਆਂ।
ਤੁਮ ਨਾਨਕ ਕੀ ਕਰਤਿ ਵਡਾਈ।
ਮੈਂ ਨ ਲਖੀ ਤਿਹ ਮਤਿ[1] ਕਿਹ ਥਾਂਈ ॥੫੩॥ — [1]ਬੁਧਿ।
ਜਿਹ ਕ੍ਰਿਤ ਕੇ ਤਤਪਰ ਥਿਰੁ ਕੀਨਾ[1]। — [1]ਖੜਾ ਕੀਤਾ।
ਕੋ ਨ ਸਵਾਰੀ, ਕੀਨੀ ਹੀਨਾ[1]। — [1]ਨੁਕਸਾਨ ਹੀ ਕੀਤੀ।
ਪੂਰਬ[1] ਬਹੁ ਘਰ ਵਸਤੁ ਗਵਾਈ। — [1]ਪਹਿਲੇ।
ਅਬ ਕਿਦਾਰ[1] ਪਸੁ ਦੀਨਿ ਚਰਾਈ ॥੫੪॥ — [1]ਖੇਤੀ।
ਜਨਮੇ ਤੇ ਜਬ ਸੁਰਤਿ ਸੰਭਾਰੀ।

ਤਨਕ[1] ਨ ਧਨ ਕੀ ਕ੍ਰਿੱਤਿ ਸਵਾਰੀ। [1]ਥੋੜੀ ਬੀ।
ਮਨ ਉਨਮੱਤਿ[1] ਨ ਕਰਤਿ ਸਨੇਹੁ। [1]ਮਸਤ।
ਵਹਿਰ ਨਗਰ ਬੈਸਹਿ ਤਜਿ ਗੇਹੁ[1]' ॥੫੫॥ [1]ਘਰ ਛੱਡਕੇ।
ਕਹਿ ਬੁਲਾਰ 'ਤੁਵ ਮਤਿ[1] ਅਨਜਾਨੀ। [1]ਤੇਰੀ ਬੁਧਿ।
ਤਿਹ ਕੀ ਰੀਤਿ ਨ ਸਕਤਿ ਪਛਾਨੀ[†]। [†]ਪਾਠਾਂਤ੍ਰ-ਤਿਸਕੀ ਸ਼ਕਤਿ ਨ ਸਕਹਿਂ ਪਛਾਨੀ।
ਧਨ ਤ੍ਰਿਸ਼ਨਾ ਮਹਿਂ ਮਤਿ ਲਪਟਾਨੀ।
ਗੁਨਨ ਗੁਢ[1] ਕਿਉਂ ਸਕੇ ਪਛਾਨੀ'[†] ॥੫੬॥ [1]ਗੁੱਝੇ ਗੁਣਾਂ ਵਾਲੇ ਨੂੰ। [†]ਗੁਨ ਗੁਫਨ ਕਿਉਂ ਸਕ ਪਹਿਚਾਨੀ-ਪਾਠਾਂਤ੍ਰ ਹੈ।
ਕਹਿਨ ਸੁਨਨਿ ਕਰਿ ਅਸ ਬਿਧਿ ਕਾਲੁ।
ਚਲਿ ਆਲਯ ਆਯੋ ਤਤਕਾਲੁ।
ਕਰਨ ਲਗਯੋ ਕਾਰਜ ਨਿਜ ਜੋਊ।
ਸੁਤ ਗੁਨ[1] ਪਰਖਨ ਕਰਤਿ ਨ ਕੋਊ ॥੫੭॥ [1]ਪੁੱਤ੍ਰ ਦੇ ਗੁਣਾਂ ਦੀ।

ਦੋਹਰਾ:

ਸ਼੍ਰੀ ਸਤਿਗੁਰ ਕਰਤਾ ਪੁਰਖ, ਅਸ ਬਿਧਿ ਕਰਤਿ ਬਿਲਾਸ।
ਭਜਿ ਸੰਤੋਖ ਸਿੰਘ ਨਾਮ ਤਿਂਹ, ਤਜਹੁ ਆਨ ਕੀ ਆਸ ॥੫੮॥

ਇਤਿ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਖੇਤੀ ਬ੍ਰਿਖ ਛਾਯਾ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅਧਯਾਯ ॥੧੨॥

## ੧੩. [ਸਾਰਦਾ ਮੰਗਲ। ਵੈਦ ਨੂੰ ਉਪਦੇਸ਼]

੧੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੪

{ਸਰਦ ਰੁਤ ਦਾ ਦ੍ਰਿਸ਼ਟਾਂਤ} ॥੨..॥
{ਵੈਦ ਹਰਦਾਸ} ॥੩੩॥
{ਮਨ ਦੇ ਰੋਗ} ॥੫੦॥

ਦੋਹਰਾ:

**ਬੰਦੋ ਪਦ ਸ਼੍ਰੀ ਸਾਰਦਾ ਉਤਪਲ ਦਲ ਦੁਤਿ ਨੈਨ।**

ਉਤਪਲ=ਕਵਲ। ਦਲ=ਪੰਖੜੀ। ਦੁਤਿ=ਸੁੰਦਰਤਾ।

**ਉਰ ਦਾ ਸਰਿਤਾ ਸੁਮਤਿ ਕੀ ਬੀਚੀ ਜਿਹ ਬਰ ਬੈਨ ॥੧॥**

ਉਰ ਦਾ=ਹਿਰਦੇ ਵਿਚ ਦੇਣ ਵਾਲੀ, ਭਾਵ ਹਿਰਦੇ ਵਿਚ ਜਾਰੀ ਕਰਨ ਵਾਲੀ। ਸਰਿਤਾ=ਨਦੀ। ਬੀਚੀ=ਲਹਿਰਾਂ। [ਸੰਸ. ਵੀਚਿ=ਲਹਿਰ।] ਬਰ=ਸ੍ਰੇਸ਼ਟ। ਬੈਨ=ਬਚਨ, ਵਾਕ ਰਚਨਾ।

ਅਰਥ:

ਮੱਥਾ ਟੇਕਦਾ ਹਾਂ ਚਰਨਾਂ ਤੇ ਮੈਂ ਸਰਸ੍ਵਤੀ ਜੀ ਦੇ, (ਜਿਸਦੇ) ਨੈਣਾਂ ਦੀ ਸੁੰਦਰਤਾ ਕਮਲਾਂ ਦੀਆਂ ਪੰਖੜੀਆਂ (ਵਰਗੀ) ਹੈ।

(ਅਤੇ ਜੋ) ਹਿਰਦੇ (ਰੂਪ ਥਲ ਵਿਚ) ਸ੍ਰੇਸ਼ਟ ਬੁੱਧੀ ਦੀ ਨਦੀ (ਦਾ ਪ੍ਰਵਾਹ) ਜਾਰੀ ਕਰ ਦੇਣ ਵਾਲੀ ਹੈ (ਜਿਸ ਨਦੀ ਵਿਚ ਕਿ ਫਿਰ) ਉੱਤਮ ਵਾਕਾਂ ਦੀਆਂ ਲਹਿਰਾਂ (ਲਹਿਰਾਉਂਦੀਆਂ ਹਨ)।

ਭਾਵ:

ਕਵਿ ਜੀ ਹੁਣ ਮੁੜ ਸ਼ਾਰਦਾ ਦਾ ਮੰਗਲ ਕਰਦੇ ਹਨ, ਜੋ ਖ੍ਯਾਲ ਉਹ ਅਧ੍ਯਾਯ ੧ ਦੇ ਛੰਦ ੨ ਵਿਚ ਅਤੇ ਦੂਜੇ ਅਧ੍ਯਾਯ ਦੇ ਛੰਦ ੧ ਵਿਚ ਲਿਖ ਆਏ ਹਨ, ਓਹੋ ਭਾਵ ਪਿਛਲੇ ਅਧ੍ਯਾਯ ਦੇ ਮੰਗਲ ਤੇ ਏਸ ਵਿਚ ਹੈ। ਸ਼ਾਰਦਾ ਨੂੰ ਯਾਦ ਕਰਦੇ ਹਨ, ਉਸਨੂੰ ੧ ਤੇਜਮਈ ਬਲਵਾਨ ਦੱਸਦੇ ਹਨ। ਫੇਰ ੨ ਵਰਦਾਤੀ, ਜਗਤ ਸੰਵਾਰਨ ਵਾਲੀ ਦੱਸਦੇ ਹਨ ਅਤੇ ਕਵਲਾਂ ਵਰਗੀ ਸੁਹਣੀ ਤੇ ਬੁਧੀ ਦਾਨ ਕਰਨ ਵਾਲੀ ਵਰਣਨ ਕਰਦੇ ਹਨ। ਪਹਿਲੇ ਛੰਦ ਵਿਚ ਦੋ ਇਸ਼ਾਰੇ ਸਾਰਦਾ ਵਾਲੇ ਗੁਣਾਂ ਦੇ ਹਨ, ਇਕ-ਸ਼੍ਰੀ-ਪਦ, ਤੇ ਦੂਸਰੇ (ਸ਼ਲੇਖ) ਪਦ ਪਏ ਹਨ:- 'ਪਦ ਬੰਦਨਾ' ਚਰਨਾਂ ਤੇ ਮੇਰੀ ਨਮਸਕਾਰ ਹੋਵੇ, ਤੇ ਉਸਤਤੀ ਵਾਕ ਹਨ 'ਕਾਵ੍ਯ ਰਚਨ ਹਾਰੀ।'

ਪਰ ਇਸ ਛੰਦ ਵਿਚ ਨਿਰੀ ਉਪਮਾਂ ਜਮਾਲ ਵਾਲੀ ਹੈ। ਵਿਸ਼ੇਸ਼ ਸਮਝਣ ਲਈ ਉਪਰ ਕਹੇ ਦੋਏ ਛੰਦ ਮੁੜ ਕੇ ਪੜ੍ਹ ਲੈਣੇ ਚਾਹੀਏ। ਕਵਿ ਜੀ ਦਾ ਏਹ ਆਵਾਹਨ ਕਵਿ ਸੰਕੇਤਕ ਹੈ। ਅਪਣਾ ਵਿਸ਼ਵਾਸ਼, ਕਾਵ੍ਯ ਰਚਨਾ ਤੇ ਇਸ ਗ੍ਰੰਥ ਰਚਨ ਵਿਚ ਵੀ ਆਪ ਅਧ੍ਯਾਯ ਚੌਦਾਂ ਦੇ ਛੰਦ ੧. ੨. ੩. ਵਿਚ ਦੱਸਦੇ ਹਨ। ਅਧ੍ਯਾਯ ਪੰਝੀਵੇਂ ਦੇ ਮੰਗਲ ਵਿਚ ਕਵਿ ਜੀ ਉਮਾ ਰਮਾ ਤੇ ਸਰਸ੍ਵਤੀ ਇਕੋ ਰੂਪ ਵਰਣਨ ਕਰਦੇ ਹਨ।

ਏਸ ਛੰਦ ਵਿਚ ਇਕ ਗੱਲ ਦੱਸੀ ਹੈ ਕਿ ਹਿਰਦੇ ਵਿਚ ਸੁਮਤੀ ਦੀ ਨਦੀ ਚਲਾ ਦੇਣੇ ਵਾਲੀ ਹੈ ਸ਼ਾਰਦਾ, ਇਸ ਨਦੀ ਵਿਚ ਫਿਰ ਵਾਕ ਰਚਨਾ ਤੇ ਤ੍ਰੰਗ ਲਹਿਰੇ ਲੈਂਦੇ ਹਨ। ਇਸ ਉਪਮਾਂ ਦੇਣ ਵਿਚ ਕਵਿ ਜੀ ਸਰਸ੍ਵਤੀ ਪਦ ਦੇ ਅਸਲੇ ਵਲ ਇਸ਼ਾਰਾ ਕਰਦੇ ਹਨ। ਸਰਸ੍ਵਤੀ ਅਸਲ ਵਿਚ ਨਦੀ ਦਾ ਨਾਮ ਹੈ, ਜਿਸਦੇ ਕਿਨਾਰੇ ਵੇਦਕ ਰਿਸ਼ੀਆਂ ਦੀ ਵਿੱਦਵਤਾ ਨੇ ਤ੍ਰੱਕੀ ਕੀਤੀ। ਯੱਗਾਂ ਦਾ ਰਿਵਾਜ ਤਰੱਕੀ ਪਾ ਗਿਆ ਤੇ ਸਰਸ੍ਵਤੀ ਨਦੀ, ਨਦੀ ਦੀ ਥਾਵੇਂ ਇਕ ਨਦੀ ਦਾ ਦੇਵਤਾ ਮੰਨੀ ਗਈ, ਫੇਰ ਯਗਾਂ ਤੇ ਫੇਰ ਵਿਦ੍ਯਾ ਦੀ ਦੇਵੀ ਮੰਨੀ ਗਈ। ਸਰਸ੍ਵਤੀ ਨੂੰ 'ਨਦੀ ਜਾਰੀ ਕਰਨ

ਵਾਲੀ' ਕਹਿਣਾ ਕਵੀ ਜੀ ਦੇ ਉਪਰ ਦੱਸੇ ਕਟਾਖਯ ਵਲ ਇਸ਼ਾਰਾ ਹੈ। (ਦੇਖੋ ਅਧਯਾਯ ੧ ਅੰਕ ੨ ਦਾ ਭਾਵ)

ਅਗੇ ਹੁਣ ਫੇਰ ਗੁਰ ਨਾਨਕ ਦੇਵ ਜੀ ਤੋਂ ਲੈ ਦਸਾਂ ਹੀ ਸਤਿਗੁਰਾਂ ਦਾ ਮੰਗਲ ਹਰ ਅਧਯਾਯ ਦੇ ਅਰੰਭ ਵਿਚ ਵਾਰੀ ਵਾਰੀ ਇਕ ਇਕ ਕਰਕੇ ਕਥਨ ਕਰਨਗੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਪਾਵਸ[1] ਕਰਤਿ ਬਿਲਾਸ ਬਿਤਾਈ।
[1]ਬਰਖਾ ਰੁੱਤ-ਸਾਵਨ ਭਾਦ੍ਰੋਂ।

{ਸਰਦ ਰੁਤ ਦਾ ਦ੍ਰਿਸ਼ਟਾਂਤ}

ਬਹੁਰ ਨਵੀਨ ਅਪਰ[†] ਰਿਤੁ ਆਈ।
[†]ਅਵਰ -ਪਾਠਾਂਤ੍ਰ ਹੈ।

ਸੁੰਦਰ ਸ਼ਰਦ ਸਾਰਦਾ ਮਾਨੋ[1]।
[1]ਸ਼ਰਦ ਰੁਤ ਸਾਰਦਾ ਵਾਂਙੂ। ਸ਼ਰਦ ਰੁੱਤ-ਅੱਸੂ ਕੱਤਕ।

ਬਦਨ ਚੰਦ੍ਰਮਾ ਬਿਮਲ ਪਛਾਨੋ ॥੨॥

ਅੰਬਰ ਬਰ ਨੀਲਾਂਬਰ ਲੀਨਾ[1]।
[1]ਅਕਾਸ਼ ਹੀ ਮਾਨੋਂ ਸ਼ਾਰਦਾ ਨੇ ਨੀਲਾ ਕਪੜਾ ਓੜ੍ਹਿਆ ਹੈ।

ਜਾਂ ਕੇ ਸ਼ੁਭਤਿ ਪਯੋਧਰ[1†] ਪੀਨਾ।
[1]ਬੱਦਲ। [†]ਪਯੋਧਰ ਸ਼ਲੇਖ ਹੈ, ਪਯੋਧਰ ਬੱਦਲ ਹੀ ਜਿਸਦੇ ਪਯੋਧਰ ਸਥਨ ਹਨ ਕਠੋਰ।

ਉਡਗਨ[1] ਭੂਖਨ ਜਰੇ ਜਰਾਉ।
[1]ਤਾਰੇ।

ਲਲਿਤ ਮਰਾਲੰ[1] ਪਾਵਨ ਪਾਉ[2] ॥੩॥
[1]ਸੁੰਦਰ ਹੰਸ। [2]ਪਵਿੱਤ੍ਰ ਪੈਰ।

ਮ੍ਰਿਦੁਲ[1] ਕਮਲ ਕਰ[2] ਜਿਹ ਦੁਤਿ ਭੂਰੀ[3]।
[1]ਕੋਮਲ। [2]ਹਥ। [3]ਬਹੁਤ।

ਉੱਜਲ ਦੇਹਿ ਚੰਦ੍ਰਿਕਾ[1] ਰੂਰੀ।
[1]ਚਾਂਦਨੀ।

ਕਮਤੀ ਕਰਤਿ[1] ਤਪਤ ਸੀ ਕੁਮਤੀ[2]।
[1]ਘੱਟ ਕਰਦੀ ਹੈ। [2]ਤਪਤ ਵਰਗੀ ਖੋਟੀ ਬੁੱਧੀ।

ਸਦਾ ਬਧਾਵਤਿ ਸੀਤਲ ਸੁਮਤੀ ॥੪॥

ਘਰ ਘਰ ਪਿਤਰ ਪਰਾਹੁਨ ਆਏ।

ਪੰਥੀ[1] ਪੁਰਿ ਨਿਜ ਪੰਥ[2] ਸਿਧਾਏ।
[1]ਮੁਸਾਫਰ। [2]ਰਸਤੇ।

ਪੂਜ ਪਾਇਤਾ ਚੰਡਿ ਗਨੇਸ਼ਾ[1]।
[1]ਪੂਜਕੇ ਚੰਡੀ ਤੇ ਗਣੇਸ਼ ਨੂੰ ਪੈਂਤੜਾ (ਬਾਹਰ ਧਰ ਕੇ) (ਅ) ਪੂਜਕੇ ਦੁਸਹਿਰੇ ਚੰਡੀ ਤੇ ਗਣੇਸ਼ ਨੂੰ।

ਰਿਪੁ[1] ਦੇਸ਼ਨ ਪਰ ਚਢੇ ਨਰੇਸ਼ਾ[2] ॥੫॥
[1]ਵੈਰੀ ਦੇ। [2]ਰਾਜੇ ਚੜ੍ਹੇ।

ਭਏ ਸੇਤ[1] ਜਲਮੁਘ[2] ਜਲ ਹੀਨਾ।
[1]ਚਿੱਟੇ। [2]ਝਰਨੇ। (ਅ) ਜਲਮੁਚ ਬੱਦਲ।

ਜਿਉਂ ਤਨ ਬਿਤੀ ਬੈਸ ਬਲੁ ਛੀਨਾ।

ਨਾਸੇ ਅਲਪ[1] ਜੰਤੁ ਜੇ ਰਾਸੀ[2]।
[1]ਛੋਟੇ। [2]ਸਾਰੇ।

ਜਨੁ ਗਯਾਨੀ ਬਾਸ਼ਨਾ ਬਿਨਾਸ਼ੀ ॥੬॥

ਦੋਹਰਾ:

ਸੁੰਦਰ ਸੁਖ ਮੰਦਰ ਪ੍ਰਭੂ, ਆਨੰਦ ਸਦਾ

ਮੁਕੰਦ।
ਅੰਤਰ ਮੁਖ ਬ੍ਰਿਤਿ ਸਰਦ ਮੈਂ, ਕੀਨੀ ਬਹੁ ਜਗਬੰਦ[1] ॥੭॥ — [1]ਜਗਤ ਦੇ ਬੰਦਨ ਜੋਗ ਨੇ।

ਚੌਪਈ:

ਤਿਹ ਪਾਛੇ ਬੇਦੀ ਕੁਲ ਕੇਤਾ।
ਪੌਢੇ ਰਹਹਿਂ ਇਕਾਂਤਿ ਨਿਕੇਤਾ।
ਸੰਤ ਸੁਮਤਿ ਜਿਹ ਸੁਨਹਿਂ ਬਿਲੋਕਹਿਂ।
ਤਹਿਂ ਜਾਵਹਿਂ ਕਬ ਕਬ ਤਜ ਓਕਹਿਂ[1] ॥੮॥ — [1]ਘਰ ਛੱਡ ਕੇ।

ਕਰਤਿ ਸਦਾ ਸੰਤਨ ਕੀ ਸੰਗਤਿ।
ਨਹਿਂ ਬੈਠੈਂ ਅਗਜਾਤਨ[1] ਪੰਗਤਿ। — [1]ਅਗਜਾਨੀਆਂ ਦੀ।
ਨਿਰੰਕਾਰ ਕੀ ਕੀਰਤਿ ਗਾਥਾ।
ਕਹਹਿਂ ਸੁਨਹਿਂ ਤਿਨ ਸੋਂ ਹਿਤ ਸਾਥਾ ॥੯॥

ਰੀਤਿ ਬਿਰਕਤਨ[1] ਕੀ ਚਿਤ ਧਾਰੀ। — [1]ਵਿਰਾਗੀਆਂ।
ਤਜੇ ਜੰਜਾਰ ਜੁ ਹੁਤੇ ਸੰਸਾਰੀ।
ਬੈਸ, ਗੋਤ[1], ਧਨ, ਜਾਤਿ, ਸਮਾਨਾ। — [1]ਜਾਤ।
ਬਚਨ ਸੁਨਨਿ ਕੀ ਜਿਨ ਰੁਚਿ[1] ਨਾਨਾ ॥੧੦॥ — [1]ਪ੍ਰੀਤੀ।

ਬੈਸਹਿਂ ਪਾਸ ਆਨ ਕਰਿ ਸੋਊ।
ਬਾਲਪਨੇ ਮਹਿਂ ਖੇਲਤਿ ਜੋਊ।
ਉਦਾਸੀਨ ਤਿਨ ਸੋਂ ਤਬ ਐਸੇ।
ਬਿਨਾ ਚਿਨਾਰੀ[1] ਮਿਲ ਹੈਂ ਜੈਸੇ ॥੧੧॥ — [1]ਪਛਾਣ।

ਅਸ ਬਿਧਿ ਦੇਖਿ ਮਾਤ ਮਨ ਚਿੰਤਾ।
ਗਈ ਨਿਕਟਿ ਜਹਿਂ ਹੁਤੇ ਇਕੰਤਾ[1]। — [1]ਇਕੱਲੇ।
ਦਸ਼ਾ[1] ਦੇਖਿ ਸੁਤ ਕੀ ਬਿਸਮਾਨੀ[2]। — [1]ਹਾਲਤ। [2]ਹੈਰਾਨ ਹੋਈ।
ਬੋਲੀ ਮਹਾਂ ਪ੍ਰੀਤਿ ਮੈਂ ਬਾਨੀ ॥੧੨॥

'ਸੁਨਹੁ ਤਾਤ[1]! ਚਿਤ ਬਾਤ ਬਿਚਾਰੋ। — [1]ਹੇ ਪੁੱਤ੍ਰ!
ਨਿਜ ਕਾਰਜ ਕੀਜੈ ਨਿਰਧਾਰੋ[1]। — [1]ਸੋਚ ਸਮਝਕੇ।
ਤੁਝ ਕਿਉਂ ਬਨੈ ਫਕੀਰਨ ਸੰਗਾ।
ਗ੍ਰਿਹਸਤ ਕਾਜ ਕਰਿਯੇ ਸ ਉਮੰਗਾ

॥੧੩॥
ਕ੍ਰਿਖੀ ਕਰਨ ਕੀ ਜੇ ਨਹਿਂ ਪ੍ਰੀਤੀ।
ਬਨਜਹੁ ਬਨਜ ਸਿਖਹੁ ਅਸ ਰੀਤੀ।
ਕਰਹੁ ਕਾਰ ਕੋ ਹੋਇ ਸੁਚੇਤਾ।
ਖਰਚ ਸੰਭਾਰਹੁ ਅਪਨ ਨਿਕੇਤਾ
॥੧੪॥
ਕਰਿ ਉਪਾਇ ਜਬ ਦਰਬ ਉਪਾਵਹੁ†। †ਪਾਠਾਂਤ੍ਰ-ਕਮਾਵਹੁ।
ਭਲਿ ਬਿਧਿ ਸੰਚਹੁ[1] ਨਿਜ ਘਰਿ ਲਜਾਵਹੁ। [1]ਕੱਠਾ ਕਰੋਗੇ ਤੇ।
ਕੋ ਖੱਤ੍ਰੀ ਤਬ ਕਰਹਿ ਨਿਹਾਰੂ[1]। [1]ਵੇਖੇਗਾ।
ਲਖਹਿ ਕਮਾਊ ਸਹਿ† ਪਰਵਾਰੂ †ਪਾਠਾਂਤ੍ਰ-ਸਭ।
॥੧੫॥
ਨਿਜ ਤਨਿਯਾ[1] ਤੁਝ ਦੇਯ ਬਿਵਾਹੀ। [1]ਆਪਣੀ ਪੁੱਤ੍ਰੀ।
ਸੁਜਸੁ ਹੋਇ ਸਭਿ ਲੋਕਨ ਮਾਂਹੀ।
ਅਬ ਕਾਜਨਿ[1] ਤੇ ਲਖਹਿਂ[2] ਉਦਾਸੂ। [1]ਕੰਮਾਂ। [2]ਜਾਣਦੇ ਹਨ।
ਮਿਲ ਕਰਿ ਮਨੁਜ[1] ਕਰਹਿਂ ਉਪਹਾਸੂ[2] [1]ਮਨੁੱਖ। [2]ਹਾਸਾ, ਠੱਠਾ।
॥੧੬॥
ਕਹਹਿਂ -ਨਿਲਾਯਕ ਤਿਨ ਕੋ ਤਾਤਾ।
ਕਛੂ ਨ ਕ੍ਰਿੱਤਿ ਕਰਨ ਦੀ ਗਜਾਤਾ[1]-। [1]ਸਮਝ।
ਲਖਹਿਂ -ਦਾਰਿਦੀ[1] ਕੋ ਮਤਿ ਹੀਨਾ[2]-। [1]ਦਲਿੱਦਰੀ। [2]ਬੁੱਧੀ ਹੀਨ।
ਕੋ ਭਾਖਹਿ -ਇਹ ਬਲ ਤੇ ਛੀਨਾ-
॥੧੭॥
ਬੱਜ੍ਰ ਸਮਾਨ ਬਚਨ ਉਪਹਾਸੂ।
ਕਹਹਿਂ ਸ਼ਰੀਕ ਈਰਖਾ ਜਾਸੂ।
ਹਮ ਉਰ ਜਰੇ ਜਾਇਂ ਸੋ ਕੈਸੇ[1]? [1]ਕਿਵੇਂ ਸਹਾਰੇ ਜਾਣ।
ਦੁਖਹਿਂ ਬਦਰਿ ਢਿਗ ਰੰਭਾ ਜੈਸੇ[1] [1]ਜਿਵੇਂ ਬੇਰੀ ਪਾਸ ਕੇਲਾ ਦੁਖਦਾ ਹੈ।
॥੧੮॥
ਸੰਗਤਿ ਤਜਹੁ ਫਕੀਰਨ ਕੇਰੀ।
ਪੰਕਤਿ ਬੈਸਹੁ ਗਜਾਤਿਨਿ[1] ਹੇਰੀ। [1]ਸਨਬੰਧੀਆਂ ਦੀ।
ਜਿਉਂ ਨਿਜ ਨਿਜ[1] ਕਰਿਹੀਂ ਸੋ ਕਾਜਾ। [1]ਆਪੋ ਆਪਣਾ।
ਤਿਉਂ ਤੁਮ ਕਰਹੁ, ਤਾਤ ਲਖਿ ਲਾਜਾ[1]' [1]ਹੇ ਪੁਤ੍ਰ! ਲੱਜ ਨੂੰ ਸਮਝ। (ਅ) ਪਿਤਾ ਦੀ ਲਾਜ ਸਮਝ ਕੇ।

॥੧੮॥

| | |
|---|---|
| ਸੁਨੇ ਸਭੈ ਬਚ[1] ਜੇ ਕਹਿ ਮਾਤਾ। | [1]ਬਚਨ। |
| ਚਿੱਤ ਨ ਲਗੀਆ ਕੋਊ ਬਾਤਾ। | |
| ਪੁਨਿ ਪੜ ਰਹੇ[1] ਪਾਇ ਮੁਖਿ ਬਸਨਾਂ[2]। | [1]ਪੈ ਰਹੇ। [2]ਮੂੰਹ ਉੱਤੇ ਕਪੜਾ ਪਾ ਕੇ। |
| ਤੂਸ਼ਨ[1] ਭਏ ਸੁ ਬੋਲੇ ਕਸ ਨਾ[2] ॥੨੦॥ | [1]ਚੁੱਪ। [2]ਕੁਛ ਭੀ ਨਾ। (ਅ) ਕਿਸੇ ਨਾਲ ਬੀ ਨਾਂ। |
| ਪਰਾ ਭਗਤਿ ਮਹਿਂ ਭਗਤ ਦਸ਼ਾ ਸੀ[1]। | [1]ਪਰਾਭਗਤੀ ਵਿਚ ਭਗਤ ਦੀ ਹਾਲਤ ਵਰਗੀ। |
| ਤਸ ਬਿਧਿ ਕੀਨੀ ਸ੍ਰੀ ਸੁਖ ਰਾਸੀ। | |
| ਰੈਨ ਦਿਵਸ[1] ਪਰ ਰਹੈਂ ਨਿਕੇਤਾ। | [1]ਰਾਤ ਦਿਨ। |
| ਬਿਚਰ[1] ਨ ਬੋਲਹਿਂ ਕਬਹਿ ਸੁਚੇਤਾ ॥੨੧॥ | [1]ਫਿਰਦੇ। |
| ਭੇ ਉਨਮੱਤਿ[1] ਨਿਮਗਨ ਅਨੰਦਾ। | [1]ਹੋਏ ਹਨ ਮਸਤ। |
| ਸਰੁਜ ਲਖਹਿਂ ਨਰ ਤਨ ਸੁਖਕੰਦਾ[1]। | [1]ਰੋਗ ਸਹਤ (ਬੀਮਾਰ) ਲਗਦੇ ਹਨ ਲੋਕੀ ਸੁਖਕੰਦ ਦੇ ਸਰੀਰ ਨੂੰ। |
| ਖਾਨ ਪਾਨ ਨਹਿਂ ਰੁਚਿ ਸੋਂ ਕਰਿਹੀਂ। | |
| ਸ਼ਾਂਤਿ ਬ੍ਰਿੱਤਿ† ਮੁਖ ਤੂਸ਼ਨ[1] ਧਰਿਹੀਂ ॥੨੨॥ | [1]ਚੁੱਪ। †ਪਾਠਾਂਤ੍ਰ-ਸੰਤ ਬ੍ਰੱਤ। +ਮਾਤਾ ਆਪਣੇ ਉਸ ਸਮੇਂ ਦੇ ਮਤਿ ਅਨੁਸਾਰ ਦੇਵਤੇ ਮਨਾਉਂਦੀ ਹੈ, ਗੁਰੂ ਜੀ ਦਾ ਸਤ ਅਜੇ ਪਰਵਿਰਤਿਆ ਨਹੀਂ ਸੀ। |
| ਮਾਤ ਆਨ ਬਹੁ ਕਰਿ ਕਰਿ ਹੇਤੂ। | |
| ਅਸਨ[1] ਖੁਵਾਵਹਿ ਮਧੁਰ ਸਮੇਤੂ[2]। | [1]ਭੋਜਨ। [2]ਮਿੱਠੇ ਸਮੇਤ। |
| 'ਦੁਰਬਲ ਭਾ[1] ਤਵ ਤਾਤ! ਸਰੀਰਾ[2]। | [1]ਲਿੱਸਾ ਹੋਇਆ ਹੈ। [2]ਹੇ ਪੁਤ੍ਰ ਤੇਰਾ ਸਰੀਰ। |
| ਕਿਉਂ ਨ ਕਹਹੁ ਨਿਜ ਰੁਜ[1] ਕੀ ਪੀਰਾ ॥੨੩॥ | [1]ਰੋਗ। |
| ਆਨਨ ਪੀਤ[1], ਅਚੰਚਲ ਅੰਗਾ। | [1]ਮੂੰਹ ਪੀਲਾ ਹੋ ਗਿਆ ਹੈ। |
| ਬਿਗਸ[1] ਨ ਬੋਲਹੁ ਸੰਗ ਉਮੰਗਾ। | [1]ਹੱਸਕੇ। |
| ਨਿਜ ਸੰਗੀ ਕੇ ਸੰਗਮ ਮਾਂਹੀ[1]। | [1]ਮੇਲੀਆਂ ਦੇ ਮੇਲ ਵਿਚ। |
| ਮਿਲਿ ਕੈ ਬਿਚਰਤਿ ਕਿਉਂ ਤੁਮ ਨਾਂਹੀ? ॥੨੪॥ | |
| ਬਾਸੁਰ ਨਿਸਾ ਇਕਾਂਤ ਨਿਕੇਤੂ। | |
| ਪਰੇ ਰਹਹੁ, ਕਿਉਂ ਕਰਤਿ ਨ ਹੇਤੂ? | |
| ਰੁਚਿ ਸੋਂ ਅਸਨ ਕਰਤਿ ਨਹਿਂ ਖਾਨਾ। | |

| | |
|---|---|
| ਕਿਧੌਂ ਉਦਰ ਰੁਜ[1] ਕੋ ਬਲਵਾਨਾ' ॥੨੫॥ | [1]ਪੇਟ ਦਾ ਰੋਗ। |
| ਮੁਹਰਮੁਹੁ[1] ਜਨਨੀ[2] ਇਵ ਭਾਖੀ। | [1]ਘੜੀ ਮੁੜੀ। [2]ਮਾਤਾ। |
| ਸੁਤ ਉਪਚਾਰ[1] ਕਰਨ ਅਭਿਲਾਖੀ[2]। | [1]ਇਲਾਜ। [2]ਇੱਛਾ ਕੀਤੀ। |
| ਮਨ ਹੀ ਮਨਹਿ ਮਨਾਵ ਮਹੇਸ਼ਾ। | |
| ਪੂਜ ਚੰਡਿਕਾ ਬਹੁਰ ਗਨੇਸ਼ਾ ॥੨੬॥ | |
| -ਸੁਤ ਸ਼ਰੀਰ ਕੋ ਕਰਹੁ ਅਰੋਗਾ। | |
| ਦੇਉਂ ਉਪਾਇਨ[1] ਜਸ[2] ਜਿਸ ਜੋਗਾ[3]। | [1]ਭੇਟਾ। [2]ਜੈਸੀ। [3]ਲਾਇਕ। |
| ਬੰਦਹਿ ਕਰ ਧਰ ਪਰ ਧਰਿ ਸਿਰ ਕੋ[1]। | [1]ਜਮੀਨ ਪੁਰ ਰਖ ਕੇ ਸਿਰ। |
| ਨਮੋ ਕਰਹਿ ਸ੍ਰੀ ਲਖਮੀ ਬਰ ਕੋ[1] ॥੨੭॥ | [1]ਮਾਯਾ ਪਤੀ, ਈਸ਼੍ਵਰ ਨੂੰ। |
| ਸੁਤ ਕਰ ਗਹਿ ਕਰਿ[1] ਬਹੁਰੋ ਬੋਲੀ। | [1]ਹੱਥ ਫੜ ਕੇ। |
| 'ਕਹਹੁ ਆਪਨੀ ਪੀਰਾ ਖੋਲੀ। | |
| ਤਿਸ ਪਰ ਮੈਂ ਕਰਿਵਾਉਂ ਇਲਾਜਾ। | |
| ਬੈਦ ਬੁਲਾਇ ਬਿਲਮ ਬਿਨ[1] ਆਜਾ' ॥੨੮॥ | [1]ਦੇਰੀ ਤੋਂ ਬਿਨਾ ਭਾਵ ਛੇਤੀ। |
| ਮਸ਼ਟ[1] ਕਰੀ ਬੇਦੀ ਕੁਲ ਨਾਥਾ। | [1]ਚੁਪ। |
| ਉਤਰ ਨ ਦੇਂ ਕੋ ਜਨਨੀ ਸਾਥਾ। | |
| ਸੁਧਿ ਲੇਵਨ ਆਵਹਿਂ ਸਭਿ ਗਜਾਤੀ। | |
| ਜਿਨ ਕੋ ਨਹਿਂ ਅਸ ਰੀਤਿ ਸੁਹਾਤੀ ॥੨੯॥ | |
| ਭੋਜਨ ਖਾਤਿ ਨ ਪੀਵਤਿ ਨੀਰੁ। | |
| ਹੇਰਤਿ ਬੇਦੀ ਭਏ ਅਧੀਰੁ। | |
| ਭੂਰ ਬਿਸੂਰਤਿ[1] ਸਭਿ ਪਰਵਾਰੁ। | [1]ਝੂਰਦਾ ਹੈ। |
| ਰੁਜ[1] ਨ ਪਾਇ ਨਹਿਂ ਕਰਿ[†] ਉਪਚਾਰੁ[2] ॥੩੦॥ | [1]ਰੋਗ। [2]ਇਲਾਜ, ਦਵਾ। [†]ਪਾਠਾਂਤ੍ਰ-ਹੋਇ-, -ਕਹਿ। |
| ਕਾਲੂ ਸੋਂ ਬੋਲੇ ਮਿਲਿ ਸੋਊ। | |
| 'ਤਵ ਤਨੁਜਹਿ[1] ਕੋ ਦੁਖ ਹੈ ਕੋਊ। | [1]ਪੁੱਤ੍ਰ ਨੂੰ। |
| ਤੂੰ ਨਿਚਿੰਤ ਫਿਰ ਹੈਂ ਕਹੁ ਕੈਸੇ? | |
| ਇਕ ਸੁਤ, ਬਹੁਰ ਰੁਜੀ[1] ਭਾ ਐਸੇ ॥੩੧॥ | [1]ਰੋਗੀ। |

ਬੈਦ ਬੁਲਾਇ ਇਲਾਜ ਕਰੀਜੈ।
ਦਰਬ ਲੋਭ ਨਹਿਂ ਰਿਦੈ ਧਰੀਜੈ।
ਜੇ ਤਵ ਤਾਤ ਅਰੋਗ ਜਿਵੰਤੂ[1]। [1]ਜੀਵੇਗਾ।
ਇਹ ਤੇ ਅਧਿਕ ਹੋਇ ਧਨਵੰਤੂ[1] ॥੩੨॥ [1]ਧਨੀ।

ਸੁਤ ਸਨੇਹ ਕੋ ਮਨ ਤੇ ਤਜਾਗੀ।
ਦਰਬ ਵਿਖੈ ਕਿਉਂ ਭਾ ਅਨੁਰਾਗੀ?'
ਤਰਕ[1] ਸੁਨਤਿ ਗਜਾਤਿਨਿ ਕੀ[2] ਕਾਲੂ। [1]ਬੋਲੀ। [2]ਸਨਬੰਧੀਆਂ ਦੀ।
ਹੁਤੋ ਅਨੁਜ[1] ਢਿਗ ਤਿਹਛਿਨ ਲਾਲੂ ॥੩੩॥ [1]ਛੋਟਾ ਭਰਾ।

ਬੈਦ ਬੁਲਾਵਨ ਹੇਤ ਪਠਾਯਾ।
ਲਾਲੂ ਤਿਹ ਘਰ ਜਾਇ ਬੁਲਾਯਾ।
ਨਾਮ ਜਾਸ 'ਹਰਿਦਾਸ' ਹੁਲਾਸੀ।
{ਵੈਦ ਹਰਦਾਸ}
ਜਗੇ ਭਾਗ ਗਾ[1] ਢਿਗ ਸੁਖਰਾਸੀ ॥੩੪॥ [1]ਗਿਆ।

ਤਨ ਪਰ ਬਸਨ ਲਏ ਸੁਖਦਾਈ॥
ਜਹਿਂ ਪੌਢੇ, ਆਯੋ ਤਿਹ ਥਾਂਈ।
ਕਾਲੂ ਕਹੈ, 'ਸੁ ਬੈਦਂ! ਸੁਨੀਏ।
ਕਰ ਬਿਲੋਕ[1] ਇਹ ਰੁਜ ਕੋ ਗੁਨੀਏ[2] ॥੩੫॥ [1]ਹੱਥ ਵੇਖ ਕੇ। [2]ਰੋਗ ਪਛਾਣੋ।

ਨਿਸ ਦਿਨ ਪਰਯੋ ਰਹੈ ਸਹਿ ਆਲਸ[1]। [1]ਸੁਸਤੀ ਨਾਲ।
ਖਾਨ ਪਾਨ ਕੀ ਕਰੈ ਨ ਲਾਲਸ[1]। [1]ਇੱਛਾ।
ਪੀਤ ਬਦਨ[1] ਤਨ ਖੀਨ[2] ਕੁਢਾਰਾ। [1]ਪੀਲਾ ਮੁਖ। [2]ਸ਼ਰੀਰ ਲਿੱਸਾ।
ਬੇਦਨ[1] ਪਾਇ[2] ਕਰਹੁ ਉਪਚਾਰਾ[3]' ॥੩੬॥ [1]ਬੀਮਾਰੀ। [2]ਲੱਭਕੇ। [3]ਇਲਾਜ, ਦਵਾ।

ਸੁਨਿ ਕਰਿ ਬਚਨ ਬੈਦ ਬੁਧਿਵੰਤਾ।
ਬੈਠਯੋ ਨਿਕਟ ਤਬਹਿ ਜਗ ਕੰਤਾ।
ਆਨਨ ਪਰ ਤੇ ਬਸਨ ਉਘਾਰਾ[1]। [1]ਕਪੜਾ ਲਾਹ ਦਿੱਤਾ।
ਹੇਰਤਿ ਧਮਨੀ[1] ਕਰ ਕਰ ਧਾਰਾ[2] ॥੩੭॥ [1]ਨਾੜੀ। [2]ਹੱਥ ਵਿਚ ਹੱਥ ਫੜ ਕੇ।

| | |
|---|---|
| ਬੈਦ ਬਦਨ ਦੁਖ ਕਦਨ[1] ਸੁ ਦੇਖਾ। | [1]ਦੁਖਨਾਸ਼ ਕਰਨ ਵਾਲੇ ਨੇ। |
| ਜਿਸ ਕੋ ਮਨੁ ਅਨੁਕੰਪ[1] ਬਿਸ਼ੇਖਾ[2]। | [1]ਕਿਰਪਾ। [2]ਬਹੁਤ। |
| ਕਰ ਤੇ ਕਰਖ ਲਯੋ[1] ਨਿਜ ਕਰ ਕੋ। | [1]ਖਿੱਚ ਲਿਆ। |
| ਉਠ ਬੈਠੇ ਦੇਵਨ ਮਤਿ ਬਰ ਕੋ[1] ॥੩੮॥ | [1]ਸ੍ਰੇਸ਼ਟ ਮਤ ਦੇਣ ਵਾਸਤੇ। |
| ਬਚ ਬੋਲੇ ਉਤਪਲ ਦਲ[1] ਲੋਚਨ। | [1]ਕਵਲਪੱਤ੍ਰ ਵਤ ਅੱਖਾਂ ਵਾਲੇ (ਗੁਰੂ ਜੀ)। |
| ਸੁਖਦ[1] ਅਚਲ ਭਵ ਬੰਧ ਬਿਮੋਚਨ[2]। | [1]ਸੁਖਦਾਤੇ। [2]ਸੰਸਾਰ ਬੰਧਨ ਤੋਂ ਮੁਕਤ ਕਰਨ ਵਾਲੇ। |
| 'ਗਹਹੁ ਹਾਥ ਕੇ ਸਾਥ ਸੁ ਹਾਥਾ[1]। | [1]ਆਪਣੇ ਹੱਥ ਨਾਲ (ਮੇਰਾ) ਹੱਥ ਫੜਕੇ। |
| ਕਜਾ ਤੁਮ ਜੀਉ, ਕਹਹੁ ਨਿਜ ਗਾਥਾ[1]?' ॥੩੯॥ | [1]ਕਥਾ। |
| ਸੁਨਿ ਕਰਿ ਭੇਖਕ[1] ਬਚਨ ਉਚਾਰੇ। | [1]ਵੈਦ ਨੇ। |
| 'ਹੌਂ ਹੇਰੋਂ ਜੋ ਰੋਗ ਤੁਮਾਰੇ। | |
| ਪਿੱਤ[1], ਵਾਇ[2], ਕਫ[3], ਸ਼੍ਰੋਣਤ[4] ਚਾਰੂ। | [1]ਸੁਫਰਾ। [2]ਵਾਈ। [3]ਬਲਗਮ। [4]ਲਹੂ। |
| ਇਨ ਤੇ ਤਨ ਮਹਿਂ ਹੋਤਿ ਵਿਕਾਰੂ[1] ॥੪੦॥ | [1]ਵਿਗਾੜ। |
| ਜਿਹ ਕੋ ਮੈਂ ਵਿਕਾਰ[1] ਅਬ ਹੇਰੋਂ। | [1]ਚਹੁਵਾਂ ਵਿਚੋਂ) ਜਿਸ ਦਾ ਵਿਕਾਰ। |
| ਤਿਹ ਪਰ ਕਰਿ ਉਪਚਾਰ[1] ਨਿਬੇਰੌਂ[2]। | [1]ਦਵਾ। [2]ਦੂਰ ਕਰਾਂਗਾ। |
| ਪਥ[1] ਕੋ ਰਾਖ ਔਖਧੀ ਖਾਵਹੁ। | [1]ਪਰਹੇਜ਼। |
| ਹੁਇ ਅਰੋਗ ਤਨ ਤੇ ਸੁਖ ਪਾਵਹੁ ॥੪੧॥ | |
| ਅਸਨ ਖਾਨ ਕੀ ਰੁਚਿ ਉਪਜੈ ਹੈ। | |
| ਨਿਰਬਲ ਦੇਹਿ ਬਲੀ ਪੁਨ ਹ੍ਵੈ ਹੈ।' | |
| ਬੈਦ ਬਚਨ ਸੁਨਿ ਪੰਕਜ ਬਦਨਾ। | |
| ਤਿਹ ਪ੍ਰਤਿ ਬੋਲੇ ਸਭਿ ਸੁਖ ਸਦਨਾ ॥੪੨॥ | |

ਸ੍ਰੀ ਮੁਖਵਾਕ ॥

ਸਲੋਕ ਮਃ ੧ ॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥

ਮਃ ੨ ॥

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥

ਚੌਪਈ:

ਲਾਗਜੋ ਆਦਿ[1] ਕੋ ਹਉਮੈ ਰੋਗੁ। — [1]ਪਹਿਲੇ ਦਾ।
ਜਿਹ ਤੇ ਮਹਾਂ ਦੁਖੀ ਸਭਿ ਲੋਗੁ।
ਜਗ ਮਹਿਂ ਜਨਮ ਮਰਨ ਕੋ ਕਾਰਨ[1]। — [1]ਸਬੱਬ।
ਕਿਹ ਉਪਚਾਰ[1] ਨ ਹੋਤਿ ਨਿਵਾਰਨ[2] ॥੪੩॥ — [1]ਕਿਸੇ (ਬੀ) ਦਵਾਈ ਨਾਲ। [2]ਦੂਰ।
ਅਪਨ ਆਪ ਕੋ ਹੇਰਹੁ ਆਮੀ[1]। — [1]ਰੋਗੀ।
ਕਰਹੁ ਅਵਰ ਕੌ ਕੈਸ ਅਨਾਮੀ[1]। — [1]ਅਰੋਗ।
ਜਿਸ ਭੇਖਜ[1] ਤੇ ਹਉਮੈ ਜਾਈ। — [1]ਦਵਾ।
ਅਬਚਲ[1] ਸੁਖ ਵਸਿ ਹੈ ਤਨ ਆਈ ॥੪੪॥ — [1]ਅਬਿਨਾਸ਼ੀ।
ਸੋ ਉਪਚਾਰ ਕਰੇ ਜੇ ਕੋਊ।
ਨਿਜ ਰੁਜ ਖੋਇ ਬੈਦ ਭਲ ਸੋਊ।
ਜਨਮ ਮਰਨ ਤੇ ਮੁਕਤਾ ਹੋਈ।
ਬਹੁਰ ਨ ਰੋਗ ਬਿਆਪੈ ਕੋਈ ॥੪੫॥
ਰੁਜ ਪਰਖਨ, ਪੁਨ ਤਿਨ ਕੋ ਹਰਨੇ[1]। — [1]ਦੂਰ ਕਰਨਾ।
ਸੁਨਜੋ ਚਹਿਤਿ ਹੋ ਮਨ ਦਿਢ ਕਰਨੇ[1]। — [1]ਮਨ ਟਿਕਾ ਕੇ।
ਤੌ ਉਚਰਹੁਂ, ਨਿਜ ਹਿਰਦੇ ਚਾਹੁ[1]। — [1]ਜੇ ਤੇਰੇ ਹਿਰਦੇ ਚਾਹ ਹੈ ਤਾਂ ਉਚਾਰਾਂ।
ਸਭੈ ਕਹੋਂ ਮੈਂ ਤੁਮਰੇ ਪਾਹੂ' ॥੪੬॥
ਅਸ ਬਿਧਿ ਸੁਨੇ ਬੈਦ ਬਚ ਜਬ ਹੀ।
ਬਿਸਮੈ ਹੋਇ ਵਿਚਾਰਤਿ ਤਬ ਹੀ।
-ਕੋ ਕੋ ਨਰ ਇਹ ਨੁਤਹਿ[1] ਉਚਾਰੀ। — [1]ਸਿਫਤ।
ਸੁਨਤਿ ਹੁਤੋ ਅਬ ਨੈਨ ਨਿਹਾਰੀ ॥੪੭॥
ਕਲਵਾਨ ਇਹ ਸਤਿ ਅਵਤਾਰਾ।
ਬੂਝ ਲੇਉਂ ਮੈਂ ਹੁਇ ਨਿਸਤਾਰਾ-।
ਅਸ ਵਿਚਾਰ ਕਰਿ ਬੈਦ ਸਿਆਨਾ।
ਬੰਦ ਹਾਥ ਦੋ ਬਚਨ ਬਖਾਨਾ ॥੪੮॥
'ਤੁਮਰੇ ਬਚਨ ਸੁਨਨਿ ਅਭਿਲਾਖਾ।

| | |
|---|---|
| ਵਧੀ ਮੋਹਿ ਮਨ ਜਿਉਂ ਤਰੁ[1] ਸ਼ਾਖਾ[2]। | [1]ਦਰਖਤ ਦੀ। [2]ਟਾਹਣੀ। |
| ਕਰੁਨਾ ਕਰਿ ਜੋ ਸਭਿ ਬਿਰਤਾਂਤਾ। | |
| ਕਹਹੁ ਆਪ ਜਿਉਂ ਮੁਝ ਹੁਇ ਸ਼ਾਂਤਾ[1]’ ॥੪੯॥ | [1]ਸ਼ਾਂਤੀ। |
| ਕਮਲ ਬਦਨ ਕਰੁਨਾ ਗੁਨ ਮੰਦਿਰ। | |
| ਬੋਲੇ ਬਚਨ ਮ੍ਰਿਦੁਲ ਬਰ ਸੁੰਦਰ। | |
| ‘ਤਨ ਹਉਮੈ ਮਮਤਾ ਜੁ ਘਨੇਰੀ। | |
| {ਮਨ ਦੇ ਰੋਗ} | |
| ਸਭਿ ਬਜਾਧਨਿ[1] ਕੀ ਮੂਲ[2] ਵਡੇਰੀ ॥੫੦॥ | [1]ਰੋਗਾਂ ਦੀ। [2]ਜੜ੍ਹ। |
| ਆਤਮ ਤਨ ਤੇ ਲਖੀਐ ਨਜਾਰੋ[1]। | [1]ਜਾਣੋਂ ਵੱਖਰਾ। |
| ਚੇਤਨ ਜੜ੍ਹ ਨੀਕੇ ਨਿਰਧਾਰੋ[1]। | [1]ਜੜ੍ਹ ਚੇਤਨ ਦਾ ਚੰਗੀ ਤਰ੍ਹਾਂ ਨਿਰਣਾਂ ਕਰੋ। |
| ਨਿਰਵਿਕਾਰ ਪੁਨ ਜਾਨਿ ਅਸੰਗਾ[1]। | [1]ਨਿਰਾਲਾ। |
| ਭ੍ਰਮ ਭੰਗਹੁ[1] ਤਬ ਹੈ ਇਹ ਭੰਗਾ ॥੫੧॥ | [1]ਨਾਸ਼ ਕਰੋ। |
| ਪਰਗੁਨ[1] ਪਰਧਨ[2] ਪਰਨ[3] ਪ੍ਰਸੰਸਾ[4]। | [1]ਪਰਾਏ ਗੁਣ। [2]ਪਰਾਇਆ ਧਨ। [3]ਪਰਾਇਆਂ ਦੀ। [4]ਸਿਫਤ। |
| ਜਰੈ ਨ ਇਹੁ[1], ਜੁਰ[2] ਲਖੋ[3] ਨਿਸੰਸਾ[4]। | [1]ਇਹ ਨਾ ਸਹਿ ਸਕਣਾ। [2]ਤਾਪ। [3]ਜਾਣੋਂ। [4]ਨਿਰਸੰਸੇ। |
| ਸਭਿ ਜੀਵਨ ਸੋਂ ਮੈਤ੍ਰੀ[1] ਕਰਨੀ। | [1]ਮਿੱਤ੍ਰਤਾ। |
| ਤਿਹ ਕੋ[1] ਇਹ ਔਖਧਿ ਬਰ ਹਰਨੀ[2] ॥੫੨॥ | [1]ਉਸ (ਤਾਪ) ਨੂੰ। [2]ਦੂਰ ਕਰਨ ਲਈ ਚੰਗੀ ਦਵਾ ਹੈ। |
| ਜਿਉਂ ਮਿੱਤ੍ਰਿਨ ਸੁਖ ਲਖਿ ਕਰਿ ਸੁਖੀਆ। | |
| ਤੈਸੀ ਬ੍ਰਿੱਤਿ ਸਭਿਨਿ ਸੋਂ ਰਖੀਆ। | |
| ਨਿਜ ਗੁਣ[1], ਧਨ, ਨਿਜ ਜਸ ਬਿਸਤੀਰਨ। | [1]ਆਪਣੇ ਗੁਣ। |
| ਕਰਤਿ ਮਾਨ, ਇਹ ਹੈ ਵਡਜੀਰਨ[1] ॥੫੩॥ | [1]ਬੜਾ ਪੁਰਾਣਾ ਰੋਗ (ਅ) ਅਜੀਰਣ ਅਣਪਾਚਾ। |
| ਲਖਿ ਕਰਿ ਸਭਿ ਹਰਿ ਕੀ ਵਡਿਆਈ। | |
| ਰਿਦੇ ਗਰੀਬੀ ਚੂਰਨ ਖਾਈ। | |
| ਹਰਿ ਸਿਮਰਨ ਰੁਚਿ ਸੋਂ ਲਿਵਲਾਗੀ। | |

ਲਖਹਿ ਅਰੁਜ[1] ਇਹ ਭੁਖ ਸੁ ਜਾਗੀ ॥੫੪॥
[1]ਅਰੋਗ।

ਬਿਸ਼ੈ ਬਾਸ਼ਨਾ ਤ੍ਰਿਸ਼ਨਾ ਖਾਂਸੀ।
ਦਿਨ ਪ੍ਰਤਿ ਬਰਧਤਿ ਕਬ ਨ ਬਿਨਾਸ਼ੀ।
ਮਿੱਥਜਾ ਸਭਿਹਿ ਪਦਾਰਥ ਜਾਨੀ।
ਇਹ ਚਟਨੀ ਤਿਹ ਕਰਿਹੀ ਹਾਨੀ ॥੫੫॥

ਕਾਮ ਕ੍ਰੋਧ ਅਰੁ ਮੋਹ ਤ੍ਰਿਦੋਖੁ[1]।
[1]ਵਾਯ, ਪਿਤ, ਕਫ ਤਿੰਨਾਂ ਦਾ ਦੁਖ-ਸੰਨ੍ਹ।

ਜਿਨ ਸਭਿ ਜੀਵਨ ਕੀ ਸੁਧ[1] ਸੋਖੁ[2]।
[1]ਸੋਝੀ। [2]ਸੁਕਾ ਦਿੱਤੀ ਹੈ।

ਸਤਿਗੁਰ ਬਚਨ ਤੰਬੇਸੁਰ ਪੂਰੀ[1]।
[1]ਮਾਰੇ ਹੋਏ ਤਾਂਬੇ ਦੀ ਪੁੜੀ ਹੈ।

ਨਿਤ ਸੇਵਹਿ ਤਿਹ, ਸੋ ਹੋਇ ਦੂਰੀ ॥੫੬॥

ਬਮਨ[1] ਰੋਗ ਕਰਿਹੀ ਪਰ ਨਿੰਦਾ[2]।
[1]ਉਲਟੀ ਦਾ ਰੋਗ ਹੈ। [2]ਪਰਾਈ ਨਿੰਦਾ ਕਰਨੀ।

ਹਟਹਿ, ਲਖਹਿ ਸਭਿ ਤੇ ਨਿਜ ਮੰਦਾ[1]।
[1]ਦੂਰ ਹੋ ਜਾਏਗਾ ਜੇ ਆਪ ਨੂੰ ਮੰਦਾ ਜਾਣੇ।

ਅਸ ਬਿਧਿ ਕੇ ਰੁਜ ਸੋਂ ਮਨ ਪੂਰਨ।
ਮਿਟਹਿ ਸੇਵ ਗੁਰ ਪਦ ਰਜ[1] ਚੂਰਨ' ॥੫੭॥
[1]ਧੂੜੀ।

ਕਮਲ ਬਦਨ ਤੇ ਬਚਨ ਸੁਨੇ ਜਬ।
ਬੈਦ ਬਿਚੱਛਨ[1] ਨਿੰਮ੍ਰਿ ਭਯੋ ਤਬ।
[1]ਚਤੁਰ।

ਨਿਜ ਮਨ ਕੋ ਮੁਨਸਬ[1] ਹੁਇ ਤਬ ਹੀ।
[1]ਇਨਸਾਫ ਕਰਨ ਵਾਲਾ, ਮੁਨਸਿਫ਼।

ਕਹੇ ਜਿ ਰੁਜ[1] ਲਖਿ ਲੀਨੇ ਸਭਿ ਹੀ ॥੫੮॥
[1]ਰੋਗ।

ਕਰ ਬਿਬ[1†] ਬੰਦਤਿ[2] ਬਿਨੈ ਬਖਾਨੀ।
[1]ਹਥ ਦੋਵੇਂ। [2]ਜੋੜਕੇ। [†]ਪਾਠਾਂਤ੍ਰ-ਬਿਯ।

'ਹੌਂ ਹੇਰਯੋ ਹ੍ਵੈ ਕਰਿ ਅਨਜਾਨੀ।
ਜਸ ਇੱਛਾ ਕਰੀਏ ਤਸ ਲੀਲ੍ਹਾ।
ਮਹਾਂਪੁਰਖ ਤੁਮ ਗੁਨੀ ਗਹੀਲਾ ॥੫੯॥

ਤੁਮਰੇ ਬਚਨਨ ਮੋਹਿ ਅਬਿੱਦਜਾ।
ਬਾਨ[1] ਲੱਛ[2] ਜਿਉਂ ਕੀਨੀ ਭਿੱਦਜਾ[3]।
[1]ਤੀਰ। [2]ਨਿਸ਼ਾਨਾ। [3]ਵਿੰਨ੍ਹ ਦਿੱਤੀ।

ਆਮੀ[1] ਹੋਵਨ ਬਹੁਰ ਅਨਾਮੀ[2]।
[1]ਰੋਗੀ। [2]ਅਰੋਗੀ।

ਲਖਿ[1] ਲਿਯ[2] ਗਤਿ[3] ਸਭਿ ਹੁਇ ਤਵ ਸਾਮੀ[4] ॥੬੦॥
[1]ਜਾਣ। [2]ਲੀਤੀ ਹੈ। [3]ਹਾਲਤ। [4]ਆਪ ਦੀ ਸ਼ਰਣ ਹੋ ਕੇ।

ਅਬ ਮੁਝ ਪਰ ਇਹ ਕਰੁਨਾ ਕਰੀਏ।
ਮਨ ਕੋ ਰੋਗ ਸਗਲ ਪਰਿਹਰੀਏ।'
ਸ੍ਰੀ ਗੁਰ ਕਹ੍ਯੋ 'ਕਰੋ ਸਤਿਸੰਗਾ।
ਦਿਨ ਥੋਰਨ ਮੈਂ ਹੋਵਹਿ ਭੰਗਾ[1]' ॥੬੧॥

[1]ਨਾਸ਼ ਹੋ ਜਾਏਗਾ।

ਮਨਿ ਸੁਖ ਪਾਇ ਕਰੀ ਪਦ ਬੰਦਨ।
ਮਹਿਮਾ ਜਾਨੀ ਕੁਮਤਿ ਨਿਕੰਦਨ[1]।
ਗਯੋ ਸਦਨ ਸੇਵ੍ਯੋ ਸਤਿਸੰਗਾ।
ਮੋਖ ਉਚਿਤ[1] ਭਾ ਉਰ ਭ੍ਰਮ ਭੰਗਾ[2] ॥੬੨॥

[1]ਖੋਟੀ ਬੁੱਧ ਦੇ ਨਾਸ਼ ਕਰਨ ਵਾਲੇ ਗੁਰੂ ਜੀ ਦੀ।

[1]ਲਾਇਕ। [2]ਨਾਸ਼ ਹੋ ਗਿਆ।

ਦੋਹਰਾ:
ਅਸ ਬਿਧਿ ਬੈਦ ਉਧਾਰ ਕਰਿ[1], ਸ੍ਰੀ ਗੁਰ ਕਰੁਨਾ ਖਾਨ।
ਸਦਾ ਬਦਨ ਤੇ ਨਾਮਜਪ ਧਰਹੁ ਰਿਦੇ ਨਿਤ ਧ੍ਯਾਨ ॥੬੩॥

[1]ਕੀਤਾ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬੈਦ ਪ੍ਰਸੰਗ' ਬਰਨਨੰ ਨਾਮ ਤ੍ਰਯੋਦਸ਼ਮੋ ਅਧ੍ਯਾਯ ॥੧੩॥

## ੧੪. [ਗੁਰ ਨਾਨਕ ਮੰਗਲ। ਖਰਾ ਸੌਦਾ ਕਰਨ ਜਾਣਾ।]

੧੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੫

{ਹੇਮੰਤ-ਹਿਮਕਰ ਰੁਤ ਦ੍ਰਿਸ਼ਟਾਂਤ} ॥੭..॥

{ਸੰਤਾਂ ਦਾ ਆਸ਼੍ਰਮ - ਤਪ ਦ੍ਰਿਸ਼} ॥੪੩..॥

{ਸੰਤਰੇਣ} ॥੪੮, ੬੮॥

{ਸੰਤਾਂ ਹਿਤ ਖ਼੍ਰੀਦੀ ਸਾਮਗ੍ਰੀ ਦੀ ਵੇਰਵਾ} ॥੭੫..॥

ਦੋਹਰਾ:

ਸ਼੍ਰੀ ਨਾਨਕ ਸੁਖ ਸਿੰਧੁ ਕੋ, ਹਾਥ ਜੋਰਿ ਪਰਨਾਮ।

ਸਿੰਧੁ=ਸਮੁੰਦਰ। [ਸੰਸ. ਸਿੰਧੁ] ਪਰਨਾਮ=ਨਮਸਕਾਰ।

ਜਿਸ ਕਰੁਨਾ ਤੇ ਵਡ ਅਘੀ ਪਾਵਹਿਂ ਗਤਿ ਬਿਸਰਾਮ ॥੧॥

ਅਘੀ=ਪਾਪੀ। [ਸੰਸ. ਅਘ=ਪਾਪ] ਗਤਿ=ਮੁਕਤੀ। ਬਿਸਰਾਮ=ਆਰਾਮ, ਟਿਕਾਉ। [ਸੰਸ. ਵਿਸ਼੍ਰਾਮ]

ਅਰਥ:

ਸੁਖਾਂ ਦੇ ਸਮੁੰਦਰ ਸ਼੍ਰੀ (ਗੁਰੂ) ਨਾਨਕ (ਦੇਵ ਜੀ) ਨੂੰ ਮੇਰੀ ਹੱਥ ਜੋੜ ਕੇ ਨਮਸਕਾਰ ਹੈ, ਜਿਨ੍ਹਾਂ ਦੀ ਕ੍ਰਿਪਾ ਨਾਲ ਵਡੇ ਪਾਪੀ (ਜੀਉਂਦਿਆਂ ਆਤਮ) ਆਰਾਮ (ਪਾਉਂਦੇ ਹਨ ਅਤੇ ਮਰਕੇ) ਮੁਕਤੀ ਪ੍ਰਾਪਤ ਕਰਦੇ ਹਨ।

ਭਾਵ:

ਹੁਣ ਫੇਰ ਦਸਾਂ ਸਤਿਗੁਰਾਂ ਦੀ ਆਰਾਧਨਾ ਰੂਪ ਨਮਸਕਾਰਤਾਮਿਕ ਮੰਗਲ ਕਰਦੇ ਹਨ। ਪਹਿਲਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕਰਦੇ ਹਨ, ਜਿਨ੍ਹਾਂ ਦੀ ਮੇਹਰ ਨਾਲ ਪਾਪੀਆਂ ਦੇ ਪਾਪ ਖੀਣ ਹੋ ਜਾਂਦੇ ਹਨ, ਜਿਸ ਦਾ ਫਲ ਇਹ ਹੁੰਦਾ ਹੈ ਕਿ ਉਹ 'ਲੋਕ ਸੁਖੀ ਪਰਲੋਕ ਸੁਹੇਲੇ' ਹੋ ਜਾਂਦੇ ਹਨ।

### [ਸਤਿਗੁਰ ਮਿਹਰ ਦਾ ਭਰੋਸਾ ਤੇ ਫਲ]

ਚੌਪਈ:

ਤਿਹ ਕਰੁਨਾ ਕੀ ਹਮਰੇ ਟੇਕੁ।

ਟੇਕੁ=ਟੇਕ, ਆਸਰਾ, ਓਟ। ਸੁਮਤਿ=ਸ੍ਰੇਸ਼ਟ ਬੁੱਧੀ।

ਸੁਮਤਿ ਨ ਉਕਤਿ ਨ ਮੁਝ ਉਰ ਏਕੁ।

ਉਕਤਿ=ਜੁਗਤ, ਦਲੀਲ, ਬਾਦਲੀਲ ਲਿਖਣ ਦੀ ਜਾਚ। [ਸੰਸ. ਉਕ੍ਤਿ=ਬਾਣੀ, ਬਚਨ।] ਕੀਰਾ=ਕੰਗਾਲ; ਹੋਛੀ।

ਰੁਚਿ ਊਚੀ ਮਨ ਕੀ ਮਤਿ ਕੀਰਾ।

ਮਿਲੈ ਨ ਕੌਡੀ ਚਾਹਉਂ ਹੀਰਾ ॥੨॥

ਜਿਉਂ ਜਿਉਂ ਮਤਿ ਦੇ ਮੁਝਹਿ ਬੁਲਾਈਂ।

ਤਿਉਂ ਤਿਉਂ ਲਿਖੋਂ ਕਥਾ ਸੁਖਦਾਈ।

ਸ਼ਕਤਿ ਨਹੀਂ ਇਕ ਪਦ ਰਚਨਾਂ ਕੀ।

ਗ੍ਰੰਥ ਕਰਨ ਇਹ ਕਰੁਨਾ ਤਾਂ ਕੀ ॥੩॥

ਅਰਥ:

(ਉਪਰ ਕਹੀ) ਉਸ ਮੇਹਰ ਦਾ ਸਾਨੂੰ ਆਸਰਾ ਹੈ, (ਉਂਵ ਆਪਣੇ ਆਪ ਵਿਚ) ਮੇਰੇ ਦਿਲ ਵਿਚ ਨਾ ਸ੍ਰੇਸ਼ਟ ਬੁੱਧੀ ਹੈ ਨਾ ਬਾਦਲੀਲ ਲਿਖਣ ਦੀ ਜਾਚ ਇਕ (ਗੱਲ ਭੀ ਨਹੀਂ)। ਮਨ ਦੀ (ਆਪਣੀ) ਮਤਿ ਤਾਂ ਹੋਛੀ ਹੈ ਤੇ ਰੁਚੀ (ਬੜੀ) ਉੱਚੀ ਹੈ, (ਜਿਵੇਂ) ਮੰਗ ਤਾਂ ਰਿਹਾ ਹਾਂ ਹੀਰਾ, ਪਰ (ਹੱਕ) ਪ੍ਰਾਪਤ ਕਉਡੀ (ਦਾ) ਭੀ ਨਹੀਂ।

ਪ੍ਰਸ਼ਨ: ਫਿਰ ਲਿਖ ਕਿਵੇਂ, ਰਹੇ ਹੋ?

ਉਤ੍ਰ: ਜਿਵੇਂ ਜਿਵੇਂ (ਸ੍ਰੀ ਗੁਰੂ ਨਾਨਕ ਦੇਵ ਜੀ) ਬੁੱਧੀ ਦੇ ਕੇ ਮੈਨੂੰ ਬੁਲਾਉਂਦੇ ਹਨ, ਤਿਵੇਂ ਤਿਵੇਂ ਮੈਂ (ਉਨ੍ਹਾਂ ਦੀ) ਸੁਖ ਦੇਣਹਾਰੀ ਕਥਾ ਲਿਖ ਰਿਹਾ ਹਾਂ, (ਮੇਰੇ ਵਿਚ ਆਪਣੀ) ਸ਼ਕਤੀ ਇਕ ਪਦ ਰਚਨ ਦੀ ਵੀ ਨਹੀਂ ਹੈ, ਗ੍ਰੰਥ ਜੋ ਰਚ ਰਿਹਾ ਹਾਂ ਇਹ ਉਨ੍ਹਾਂ ਦੀ ਹੀ ਮੇਹਰ ਹੈ ॥੩॥

ਭਾਵ: ਇਸ ਛੰਦ ਵਿਚ ਕਵਿ ਜੀ ਨੇ ਆਪਣੇ ਛੰਦ ਰਚਨ ਵਿਚ 'ਸਤਿਗੁਰਾਂ ਦੀ ਮੇਹਰ ਤੇ ਉਨ੍ਹਾਂ ਤੋਂ ਪ੍ਰਾਪਤ ਬਲ ਨੂੰ' ਆਪਣੇ ਲਿਖਣ ਦਾ ਕਾਰਨ ਦੱਸਿਆ ਹੈ। ਜਿਸ ਗੱਲ ਲਈ ਸ਼ਾਰਦਾ ਨੂੰ ਯਾਦ ਕਰਿਆ ਕਰਦੇ ਹਨ ਏਥੇ ਸਪਸ਼ਟ ਹੋ ਗਿਆ ਕਿ ਉਹ ਕਵਿ ਕੁਲ ਮਰਯਾਦਾ ਦਾ ਨਿਰਬਾਹ ਕਰਦੇ ਹਨ ਤੇ ਉਹਨਾਂ ਦੀ ਆਪਣੀ ਭਾਵਨਾ ਕਵਿਤਾ ਵਿਚ ਸਹਾਇਤਾ ਦੀ ਸਤਿਗੁਰ ਨਾਨਕ ਦੇਵ ਜੀ-ਆਪਣੇ ਇਸ਼ਟ ਦੇਵ-ਪਰ ਹੈ, ਜਿਸ ਦਾ ਏਥੇ ਇਕਰਾਰ ਕਰਦੇ ਹਨ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨੀਏ ਕਹਿ ਬਾਲਾ।
ਸ੍ਰੀ ਸਤਿਗੁਰ ਕੀ ਕਥਾ ਰਸਾਲਾ†। — †ਪਾਠਾਂਤ੍ਰ-ਬਿਸਾਲਾ।
ਕੋਇਕ ਦਿਨ ਪਰਿ ਰਹੇ ਨਿਕੇਤੂ[1]। — [1]ਘਰ।
ਬਿਚਰਹਿਂ ਨਹਿਂ[1] ਬੇਦੀ ਕੁਲ ਕੇਤੂ ॥੪॥ — [1]ਫਿਰਦੇ ਨਹੀਂ ਹਨ।
ਕਬਹਿ ਕਰਹਿ ਕਾਲੂ ਪਰਤੀਤੂ[1]। — [1]ਨਿਹਚਾ ਕਰ ਲੈਂਦਾ ਹੈ।
ਬਚਨ ਸੁਨਤਿ ਬਿਸਮੈ ਹੁਇ ਚੀਤੂ।
ਬਹੁਰ ਦੇਇ ਮਾਯਾ ਭਰਮਾਈ।
ਰਿਦੈ ਕੁਤਰਕ ਅਨੇਕ ਉਠਾਈ ॥੫॥
'ਬਚਨ ਕਹਿਨ ਮੈਂ ਇਹ ਗੁਣ ਸਾਲੀ[1]। — [1]ਗੁਣਾਂ ਦਾ ਘਰ ਹੈ।
ਧਨ ਖਟਨੇ ਕੀ ਜਾਨਿ ਨ ਚਾਲੀ[1]। — [1]ਰੀਤੀ।
ਸੁਨਿ ਸੁਨਿ ਬਚ[1] ਨਰ ਕਰਹਿਂ ਵਡਾਈ। — [1]ਬਚਨ।
ਧਨ ਹਾਨੀ ਇਹ ਭੇਦ ਨ ਪਾਈ' ॥੬॥
ਪੁਨ ਰਿਤੁ ਪਰਵਿਰਤੀ ਹੇਮੰਤਾ[1]। — [1]ਸਿਆਲੇ ਦੀ ਰੁਤ-ਮੱਘਰ ਪੋਹ।

{ਹੇਮੰਤ-ਹਿਮਕਰ ਰੁਤ ਦ੍ਰਿਸ਼ਟਾਂਤ}

ਤਿਹ ਮਹਿਂ ਸੁਨਹੁ ਜੁ ਭਾ ਵਰਤੰਤਾ।
ਤਾਲਨ[1] ਬਾਰਜ ਬਨੀ[2] ਬਿਨਾਸ਼ੀ। — [1]ਤਲਾਵਾਂ ਤੋਂ। [2]ਕਵਲਾਂ ਦੀ ਬਗੀਚੀ।

ਜਿਉਂ ਕੁਸੰਗ ਨਾਸਹਿ ਜਸੁ ਰਾਸੀ† ॥੭॥
†ਪਾਠਾਂਤ੍ਰ-ਸੁਖਰਾਸੀ।

ਨਿਕਟ ਅਗਨਿ ਕੇ ਰਹਹਿਂ ਮਹਾਨਾ।
ਜਿਉਂ ਨ੍ਰਿਪ ਸੇਵਹਿਂ ਜੇ ਮਤਿਵਾਨਾ[1]।
[1]ਜੋ ਬੁੱਧੀਵਾਨ ਹੈਨ।

ਮੰਦ[1] ਤੇਜ ਸੂਰਜ ਕਾ ਵਯੋ।
[1]ਮੱਧਮ।

ਜਯੋਂ ਭੂਪਤਿ ਹੁਇ ਆਲਸ ਕਿਯੋ[1] ॥੮॥
[1]ਜਿਵੇਂ ਕਿਸੇ ਰਾਜੇ ਨੇ ਆਲਸ ਕੀਤਾ ਹੋਵੇ।

ਨਰ ਨਾਰਿਨਿ ਕੋ ਸੀਤ ਕੰਪਾਵਤਿ।
ਮ੍ਰਿਗ ਬਨਬਾਸੀ ਤਿਨਹਿਂ ਦੁਖਾਵਤਿ।
ਕਾਹੂੰ ਸਮੇਂ ਨ੍ਰਿਪ ਹੁਇ ਬਿਨ ਜੋਰਾ।
ਜਿਉਂ ਦੁਖ ਦੇਹਿਂ ਪ੍ਰਜਾ ਕੋ ਚੋਰਾ ॥੯॥

ਨਿਸ[1] ਦੀਰਘ[2] ਮਹਿਂ ਲੇਤਿ ਨਿਹਾਲੀ[3]।
[1]ਰਾਤ। [2]ਲੰਮੀ। [3]ਰਜਾਈ।

ਸੋਵਹਿਂ ਸੀਤ ਬਿਦਾਰਿ[1] ਸੁਖਾਲੀ।
[1]ਪਾਲਾ ਦੂਰ ਕਰਕੇ।

ਜਿਉਂ ਸਤਿਗੁਰ ਕੀ ਲੇ ਪਗ ਧੂਰੀ।
ਭਵ ਸੰਕਟ ਸਿੱਖ ਕਰਹਹਿਂ ਦੂਰੀ ॥੧੦॥

ਆਤਪ[1] ਖਰੀ ਸੁਹਾਇ ਸਰੀਰਾ।
[1]ਧੁੱਪ।

ਜਿਉਂ ਸਤਿਸੰਗ ਤਿਜਨ ਮਤਿ ਧੀਰਾ[1]।
[1]ਜਿਵੇਂ ਬੁੱਧੀਮਾਨਾਂ ਦੀ ਸਤਿਸੰਗਤਿ ਜਨਾਂ ਨੂੰ।

ਸੀਤਲ ਬਹਿਹੀ ਨੀਰ[1] ਸਮੀਰਾ[2]।
[1]ਪਾਨੀ। [2]ਹਵਾ।

ਜੋ ਰੰਕਨ[1] ਕੋ ਕਰਤਿ ਅਧੀਰਾ ॥੧੧॥
[1]ਕੰਗਾਲਾਂ ਨੂੰ।

ਜਿਉਂ ਬਿਨ ਸਤਿਗੁਰ ਤੇ ਰਖਵਾਰਾ।
ਜਗਜਾਸੀ ਕੋ ਕਰਤਿ ਬਿਕਾਰਾ।
ਅਸ ਹਿੰਮਤ ਰਿਤੁ ਮਹਿਂ ਜਗ ਕੰਤਾ।
ਪਰੇ ਰਹਹਿਂ ਸੁਖਦਾਨੀ ਸੰਤਾ ॥੧੨॥
ਕਿਸ ਸਿਉਂ ਮਿਲਹਿਂ ਨ ਬੋਲਹਿਂ ਬਾਨੀ।
ਰਹਹਿਂ ਇਕਾਂਕੀ[1] ਗੁਨ ਗਨ ਖਾਨੀ[2]।
[1]ਇਕੱਲੇ। [2]ਸਮੂਹ ਗੁਣਾਂ ਦੀ ਖਾਣ।

ਅਸ ਬਿਧਿ ਸੋਂ ਜੁਗ[1] ਮਾਸ ਬਿਤਾਏ।
[1]ਦੋ।

ਫਿਰਨ ਲਗੇ ਪੁਨ ਸਹਿਜ ਸੁਭਾਏ ॥੧੩॥
ਰੁਚਿ ਸੋਂ ਖਾਨ ਪਾਨ ਕੋ ਕਰਿਹੀਂ।

ਮਾਤ ਬਿਲੋਕ ਹਰਖ ਉਰ ਧਰਿਹੀ।

ਜਾਨਤਿ ਭਈ ਅਨਾਮੰ[1] ਤਨ ਕੋ। — [1]ਅਰੋਗ ਹੋ ਗਿਆ।

ਦੀਨੋ ਦਾਨ ਦਿਜਨ[1] ਸਭਿਹਿਨਿ[†] ਕੋ ॥੧੪॥ — [1]ਬ੍ਰਾਹਮਣਾਂ ਨੂੰ। [†]ਪਾਠਾਂਤ੍ਰ-ਬਹੁ ਧਨ।

ਸੁੰਦਰ ਬਸਤ੍ਰ[†] ਨਵੀਨ ਬਨਾਏ। — [†]ਪਾਠਾਂਤ੍ਰ-ਬਸਨ।

ਸੁਤ ਕੋ ਯੁਤਿ[1] ਦੁਲਾਰ[2] ਪਹਿਰਾਏ। — [1]ਨਾਲ। [2]ਲਾਡ।

ਬਦਨ ਸਦਨ ਛਬਿ[1] ਪੁਨ ਦੇਖੀ। — [1]ਸ਼ੋਭਾ ਦੇ ਘਰ ਮੁਖੜੇ ਨੂੰ।

ਵਡਭਾਗਣ ਲਖਿ ਆਪ ਬਿਸ਼ੇਖੀ ॥੧੫॥

ਗਜਾਤਿਨਿ[1] ਕੀ ਪੰਗਤਿ ਜਗ ਮੂਲਾ[2]। — [1]ਸਨਬੰਧੀਆਂ, ਸ਼ਰੀਕਾਂ। [2]ਜਗਤ ਦਾ ਕਾਰਣ।

ਬੈਸਹਿਂ, ਭੇ ਕਾਲੂ ਅਨਕੂਲਾ।

ਲੌਕਿਕ ਰੀਤਿ ਮਿਲਨ ਪੁਨ ਬੋਲਨ।

ਕਰਿਹੀਂ ਸਭਿ ਬਿਧਿ ਪੁਰਿ ਮਹਿਂ ਡੋਲਨ[1] ॥੧੬॥ — [1]ਸ਼ਹਿਰ ਵਿਚ ਫਿਰਨਾ।

ਸੁੰਦਰ ਸ਼ੋਭਤਿ ਬੈਸ[1] ਕਿਸ਼ੋਰਾ[2]। — [1]ਉਮਰ। [2]੧੧ ਤੋਂ ੧੫ ਵਰਹੇ ਦੀ ਉਮਰ, ਭਾਵ ਗੁਰੂ ਜੀ ਦੀ।

ਗਿਰਾ ਮ੍ਰਿਦੁਲ[1] ਮਧਰੀ[2] ਚਿਤ ਚੋਰਾ[3]। — [1]ਕੋਮਲ। [2]ਮਿੱਠੀ। [3]ਮਨਮੋਹਨ।

ਲਲਿਤ[1] ਬਿਲੋਚਨ[2] ਦਲ[3] ਉਤਪਲ[4] ਸੇ[5]। — [1]ਸੁੰਦਰ। [2]ਅੱਖਾਂ। [3]ਪੰਖੜੀਆਂ। [4]ਕਮਲ ਦੀਆਂ। [5]ਵਰਗੇ।

ਤਾਰੇ[1] ਸ਼ਜਾਮ[2] ਗੰਡਕੀ[3†] ਸਿਲ ਸੇ[4] ॥੧੭॥ — [1]ਅੱਖਾਂ ਦੇ ਤਾਰੇ। [2]ਕਾਲੇ। [3]ਗੰਡਕ ਨਾਮੇ ਨਦੀ ਦੇ ਪੱਥਰਾਂ ਜੇਹੇ ਕਾਲੇ। [4]ਗੰਡਕ ਨਾਮੇ ਨਦੀ ਦੇ ਪੱਥਰਾਂ ਜੇਹੇ ਕਾਲੇ। [†]ਗੰਡਕਾ ਨਦੀ ਤੋਂ ਕਾਲੇ ਪੱਥਰ ਨਿਕਲਦੇ ਹਨ ਜਿਨ੍ਹਾਂ ਨੂੰ ਸਾਲਗਰਾਮ ਬਣਾਕੇ ਮੰਦਰਾਂ ਵਿਚ ਹਿੰਦੂ ਪੂਜਦੇ ਹਨ।

**ਸੋਰਠਾ:**

ਬਨੀ ਸੁ ਭ੍ਰਿਕੁਟੀ ਬੰਕ[1], ਜਿਉਂ ਕਮਾਨ ਇਹ ਕਾਮ ਕੀ[†]। — [1]ਟੇਢੀ।

[†]ਕਾਮਦੇਵ ਨਾਲ ਸੁੰਦਰਤਾ ਦੇ ਕਿਸੇ ਪਹਿਲੂ ਨੂੰ ਉਪਮਾਂ ਦੇਣ ਵਿਚ ਕਵੀਆਂ ਦਾ ਸੁੰਦਰਤਾ ਮਾਤ੍ਰ ਤੋਂ ਭਾਵ ਹੁੰਦਾ ਹੈ, ਹੋਰ ਕੁਛ ਨਹੀਂ; ਜੈਸੇ ਸੈਣ ਭਗਤ ਦੇ ਇਸ ਸ਼ਬਦ ਵਿਚ ਬੀ ਆਯਾ ਹੈ:-'ਮਦਨ ਮੂਰਤਿ ਭੈ ਤਾਰਿ ਗੋਬਿੰਦੇ' ॥ ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ, ਸਾਰੇ ਨਹੀਂ ਲਈਦੇ।

ਕਿਧੋਂ ਇੰਦੁ[1] ਅਕਲੰਕ, ਸਦਨ ਤਾਸ ਮਹਿਰਾਬ ਸੀ[2] ॥੧੮॥ — [1]ਚੰਦ੍ਰਮਾਂ। [2]ਉਸਦੇ ਘਰ ਦੀ ਡਾਟ ਵਾਂਙੂ।

**ਚੌਪਈ:**

[1]ਹੌਲੀ ਹੌਲੀ। [2]ਸੁਹਣੀ ਟੋਰ।

ਮੰਦਮੰਦ[1] ਸੁੰਦਰ ਗਤਿ[2] ਚਲਿਹੀ।
ਦਯਾ ਦ੍ਰਿਸ਼ਟਿ ਦੇਖਹਿਂ ਦੁਖ[1] ਦਲਿਹੀਂ[2]। — [1]ਦੁਖ ਨਾਸ਼ ਕਰਦੇ ਹਨ। [2]ਦੁਖ ਨਾਸ਼ ਕਰਦੇ ਹਨ।
ਨਿਜ ਇੱਛਾ ਬੇਦੀ ਕੁਲ ਕੇਤੂ।
ਬਿਚਰਹਿਂ, ਕਿਰਤ ਨ ਕਰਤਿ ਨਿਕੇਤੂ[1] ॥੧੯॥ — [1]ਘਰ ਦੀ।
ਐਸੇ ਕਿੰਚਤ ਕਾਲ ਬਿਤਾਯੋ।
ਜਗਤ ਉਧਾਰਨ ਹਿਤ ਜੋ ਆਯੋ।
ਇਕ ਬਾਸੁਰ ਕਾਲੂ ਨਿਜ ਸਦਨਾ।
ਬੈਸਿ ਬੁਲਾਯੋ ਬਾਰਜ ਬਦਨਾ[1] ॥੨੦॥ — [1]ਕਵਲ ਮੁਖ ਵਾਲੇ (ਗੁਰੂ ਜੀ) ਨੂੰ
ਦਰਬ ਕਮਾਵਨ ਸਿਖਵਨ ਹੇਤੂ।
ਨਿਕਟ ਬਿਸਾਯੋ[1] ਕ੍ਰਿਪਾ ਨਿਕੇਤੂ। — [1]ਬਿਠਾਯਾ।
ਪ੍ਰੀਤ ਚਿੰਤ ਮਹਿਂ ਸਾਨੀ[1] ਬਾਨੀ। — [1]ਮਿਲੀ ਹੋਈ।
ਬੋਲਯੋ ਰੀਤਿ ਅਨੀਤਿ ਪਛਾਨੀ ॥੨੧॥
'ਸੁਤ ਨਾਨਕ! ਤੂੰ ਏਕ ਹਮਾਰੇ।
ਨਹਿਂ ਦੂਸਰ ਜੋ ਕਾਜ ਸੰਭਾਰੇ।
ਤੁਮ ਨੈ ਤਜਿ ਦੀਨੋ ਅਸ ਰੀਤੂ।
ਜਿਉਂ ਵਿਰਾਗ ਦਿਢ[1] ਹੋਤਿ ਅਤੀਤੂ[2] ॥੨੨॥ — [1]ਪੱਕਾ। [2]ਫਕੀਰ ਨੂੰ।
ਕਹਹੁ ਗ੍ਰਸਤ ਸਿਉਂ ਕਿਉਂ ਬਨਿ ਆਵੈ।
ਨਿਸ ਬਾਸੁਰ ਬਿਨ ਕਾਮ[†] ਬਿਤਾਵੈ। — [†]ਪਾਠਾਂਤ੍ਰ-ਬਿਨ ਕਾਰ।
ਮੁਝ ਜੀਵਤਿ ਜੇ ਲੇਤਿ ਸੰਭਾਰੀ।
ਹੌਂ ਜਾਨਤਿ ਸੁਤ ਹ੍ਵੈ ਸੁਖਕਾਰੀ ॥੨੩॥
ਤੁਝ ਜਨਮਤਿ ਮਨ ਭਾ ਭਰਵਾਸਾ।
ਨਾਨਕ ਕਰਿ ਹੈ ਨਾਮ ਪ੍ਰਕਾਸ਼ਾ।
ਦਰਬ ਕਮਾਵਨ ਮੈਂ ਜਸ ਮੇਰੋ।
ਜਾਨਹਿ ਸਭਿ ਪੁਰਿ ਮਾਂਹਿ[1] ਘਨੇਰੋ ॥੨੪॥ — [1]ਸਾਰੇ ਸ਼ਹਿਰ ਵਿਚ ਜਾਣਦੇ ਹਨ।
ਜਿਮ ਰਾਂਕਾ[1] ਕੋ ਇੰਦ[2] ਨਿਹਾਰੀ[3]। — [1]ਪੂਰਨਮਾਸ਼ੀ ਦੇ। [2]ਚੰਦ੍ਰਮਾ ਨੂੰ। [3]ਦੇਖਦੇ ਹਨ।
ਦੇਖ ਸਰਾਹਹਿਂ ਸਭਿ ਨਰ ਨਾਰੀ।
ਰਾਹੁ[1] ਸਰਸ ਤੂੰ ਭਾ ਘਰ ਮਾਂਹੀ। — [1]ਰਾਹੂ (ਜੋ ਚੰਦ ਨੂੰ ਗ੍ਰਹਨ ਲਾਂਦਾ ਹੈ)।
ਸਭਿ ਬਿਧਿ ਮੰਦ ਕਰਤਿ ਭਾ ਤਾਂਹੀ

॥੨੫॥
ਏਕ ਨ ਮਤਿ ਮਨ ਬਨਜ ਕਰਨ ਕੀ।
ਬਹੁਰ ਨ ਖੱਤ੍ਰੀ ਰੀਤਿ ਬਰਨ ਕੀ।
ਹਾਰਜੋ ਅਨਿਕ ਬਿਧਿਨ ਮਤਿ ਦੇਤੂ[1]। [1]ਸਿਖ੍ਯਾ ਦੇਂਦਾ।
ਕਬਹਿ ਕਮਾਇ ਨ ਲਜਾਇ ਨਿਕੇਤੂ[1]' [1]ਘਰ।
॥੨੬॥
ਜਨਕ ਬਚਨ ਤੂਸ਼ਨਿ[1] ਕਰਿ ਸੁਨੀਆ। [1]ਚੁੱਪ।
ਜਿਉਂ ਅਡੋਲ ਬੈਠੇ ਵਡ ਮੁਨੀਆ।
ਬਹੁ ਬਿਧਿ ਕੀ ਕਹਿ ਗਿਰਾ ਕਠੋਰਾ।
ਤੂਸ਼ਨਿ੮ ਭਾ, ਜਿਸ ਰੋਸ[1] ਨ ਥੋਰਾ [1]ਗੁੱਸਾ।
॥੨੭॥
ਘਟਿਕਾ ਯੁਗਲ[1] ਬਿਤੀਤੀ ਜਬਹੀ। [1]ਦੋ।
ਤਪਤ[1] ਰਿਦਾ ਸੀਤਲ ਭਾ ਤਬ ਹੀ। [1]ਤਪਿਆ।
ਬਹੁਰੋ ਬੋਲੇ ਬੋਲ ਅਮੋਲਾ।
ਜਨੁ ਕਾਲੂ ਸੁਖ ਕੁਲਫਹਿ[1] ਖੋਲਾ [1]ਸੁਖ ਦਾ ਜੰਦਰਾ।
॥੨੮॥
'ਬਖਸ਼ ਖਤਾ ਪਿਤ ! ਪਾਛਲ ਕੇਰੀ[1]। [1]ਪਿੱਛੋਂ ਦੀ।
ਨਹੀਂ ਬਿਗਾਰੋਂ ਕਾਰਜ ਫੇਰੀ।
ਜਿਉਂ ਰਾਵਰ ਕੀ ਹੋਇ ਰਜਾਈ।
ਤਿਉਂ ਮੈਂ ਕਰਿਹੋਂ ਪ੍ਰੀਤਿ ਲਗਾਈ
॥੨੯॥
ਉਚਿਤ ਕਰਨ ਕੇ ਮੋ ਕੋ ਜੋਊ।
ਅਬ ਕਹੀਏ ਕਰਿਹੋਂ ਮੈਂ ਸੋਊ।'
ਮ੍ਰਿਦੁਲ ਮਧੁਰ ਨੰਮ੍ਰੀ ਸੁਨਿ ਬਾਨੀ।
ਭੀ ਕਾਲੂ ਕੇ ਮਨ ਸੁਖਦਾਨੀ ॥੩੦॥
ਜਾਨਿ ਆਪਨੇ ਸੁਤ ਅਨੁਸਾਰੀ।
ਧਨ ਖਾਟਨ ਕੀ ਗਿਰਾ ਉਚਾਰੀ।
'ਸੁਨ ਸੁਤ ਪੂਰਬ[1] ਭਾ ਕ੍ਰਿਖ਼ਿ ਕਾਰੀ[2]। [1]ਪਹਿਲਾਂ। [2]ਖੇਤੀ ਕਰਨ ਵਾਲਾ।
ਪਸੁ ਚਰਾਇ ਸੋ ਦੀਨਿ ਉਜਾਰੀ
॥੩੧॥
ਮੁਝ ਮਨ ਮੈਂ, ਥੀ ਐਸ ਵਿਚਾਰਾ।

ਦਿਉਂ ਬਸਾਇ ਇਕ ਗ੍ਰਾਮ ਨਿਰਾਰਾ।
ਸੋ ਤੋ ਰਹੇ ਮਨੋਰਥ ਮੇਰੇ।
ਪੰਗ[1] ਤਕਹਿ ਜਿਉਂ ਗਿਹ ਸਿਰ[2] ਹੇਰੇ[3] ॥੩੨॥ — [1]ਪਿੰਗਲਾ। [2]ਪਹਾੜ ਦੀ ਚੋਟੀ। [3]ਵੇਖਣ ਨੂੰ।

ਮੁਝ ਤੇ ਬੀਸ ਕਾਰਖਿਕ[1] ਲੀਜੈ। — [1]ਵੀਹ ਰੁਪੱਯੇ।
ਆਨ ਸਥਾਨ[1] ਪਯਾਨੋ ਕੀਜੈ[2]। — [1]ਹਰ ਥਾਵੇਂ। [2]ਜਾਵੋ।
ਹੇਰਿ ਲਾਭਦਾ ਵਸਤੁ ਵਿਚਾਰੀ।
ਬਨਜਹੁ ਨਿਜ ਮਤਿ ਕੇ ਅਨੁਸਾਰੀ ॥੩੩॥

ਅਬ ਕੇ ਜੇ ਆਨਹੁ ਸ਼ੁਭ ਸੌਦਾ।
ਪੁਨ ਬਹੁ ਧਨ ਦਿਉਂ ਉਰ ਭਰਿ ਮੋਦਾ[1]। — [1]ਖੁਸ਼ੀ ਨਾਲ।
ਨਿਜ ਪੂੰਜੀ ਤੁਮ ਰਖਹੁ ਨਿਰਾਲੀ।
ਕਰਹੁ ਬਨਜ ਇਹ ਰੀਤਿ ਸੁਖਾਲੀ ॥੩੪॥

ਦਿਨ ਪ੍ਰਤਿ ਦਰਬ ਬਧਾਵਹੁ ਭਾਰੀ।
ਬਹੁਰ ਸਪੂਤ ਕਹਹਿਂ ਨਰ ਨਾਰੀ।
ਬਾਲਾ ਲੇਹੁ ਦੂਸਰਾ ਸੰਗਾ।
ਸੁਤ! ਜਾਵਹੁ ਅਬ ਸਹਿਤ ਉਮੰਗਾ' ॥੩੫॥

ਕਹਿ ਬਾਲਾ ਸੁਨਿ ਗੁਰ! ਦੁਖ ਕਦਨੰ[1]। — [1]ਨਾਸ਼ ਕਰਤਾ।
ਦਾਸ ਪਠਾਯੋ ਤਬ ਮੁਝ ਸਦਨੰ।
ਗਯੋ ਸੰਗ ਮੈਂ, ਤਿਹ ਅਸਥਾਨੰ।
ਜਹਿਂ ਕਾਲੂ ਨਾਨਕ ਗਤਿਦਾਨੰ ॥੩੬॥

ਮੁਝ ਕੋ ਸਾਦਰ ਨਿਕਟਿ ਬਿਠਾਯੰ[†]। — [†]ਟਿੱਪੀ ਦੀ ਥਾਂ ਪਾਠਾਂਤ੍ਰ ਹੋੜਾ ਹੈ।
ਹਿਤ ਭੇਜਨ ਕੇ ਬਚਨ ਅਲਾਯੰ[1*]। — [1]ਕਿਹਾ।
'ਸੁਨਿ ਬਾਲੇ! ਤੂੰ ਹੈਂ ਮਤਿਵਾਨੰ।
ਕੀਜੈ ਨਾਨਕ ਸੰਗ ਪਯਾਨੰ[1] ॥੩੭॥ — [1]ਜਾਣਾ ਕਰੋ।

ਹੋਇ ਲਾਭਦਾ[1] ਸੌਦਾ ਜੋਊ। — [1]ਨਫੇਵੰਦਾ।
ਲੇਹੁ ਸੰਭਾਰ ਆਨਿਯੋ ਸੋਊ।'
ਅਸ ਕਹਿ ਬੀਸ ਰਜਤਪਣ[1] ਦੀਨੇ। — [1]ਰੁਪੱਯੇ।
ਭਲਿ ਬਿਧਿ ਸੋਂ, ਮੁਝ ਸੌਂਪਨ ਕੀਨੇ

॥੩੮॥

ਭਾ ਤਯਾਰ ਮੈਂ ਮਾਨ ਨਿਦੇਸਾ[1]। [1]ਆਗਯਾ।
ਚਲੇ ਮੁਕੰਦ ਜਿ ਕਟਤਿ ਕਲੇਸ਼ਾ।
ਚਾਰੁ ਪਟੰਬਰ ਕੀ[1] ਇਕਲਾਈ[2]। [1]ਸੁੰਦਰ ਰੇਸ਼ਮ ਦੀ। [2]ਦੁਲਾਈ।
ਸੋ ਲੀਨੀ ਮੈਂ ਕੰਧ[1] ਉਚਾਈ[2] ॥੩੯॥ [1]ਮੋਢੇ ਤੇ। [2]ਚੁਕ ਲਈ।
ਵਹਿਰ ਨਗਰ ਤੇ ਕੇਤਿਕ ਦੂਰੀ।
ਕਾਲੂ ਦੇ ਤਹਿਂ ਸਿਖਵਨ ਭੂਰੀ[1]। [1]ਬਹੁਤੀ ਸਿੱਖ੍ਯਾ।
ਬਹੁਰ ਹਟਯੋ ਕਰਿ ਮੋਹ ਘਨੇਰਾ।
ਬਾਰ ਬਾਰ ਪਾਛਲ ਦਿਸਿ ਹੇਰਾ[1] [1]ਵੇਖਦਾ ਸੀ।
॥੪੦॥

ਮੰਦ ਮੰਦ ਪਗ ਧਰਿ ਗੁਨ ਮੰਦਰ[1]। [1]ਭਾਵ ਗੁਰੂ ਜੀ।
ਚਲਤਿ ਪੰਥ ਭਾਖਤਿ ਬਚ† ਸੁੰਦਰ। †ਪਾ:-ਬੋਲਤ ਬਚ।
ਭਗਤਿ ਵਿਰਾਗ ਗਯਾਨ ਗੁਨ ਸਾਨੀ[1]। [1]ਮਿਲੀ ਹੋਈ।
ਮੁਝ ਉਪਦੇਸ਼ਨ ਕਹਿਤਿ ਕਹਾਨੀ
॥੪੧॥

ਗ੍ਰਾਮ[1] ਨਗਰ ਮਾਰਗ ਮਹਿਂ ਜੇਤੇ। [1]ਪਿੰਡ।
ਸਹਜਿ ਸਹਜਿ ਉਲੰਘੇ ਸਭਿ ਤੇਤੇ।
ਚਲਤਿ ਚਲਤਿ ਆਯੋ ਇਕ ਕਾਨਨ[1]। [1]ਜੰਗਲ।
ਤਾਂਹਿ ਬਿਲੋਕਤਿ ਸ਼੍ਰੀ ਕਮਲਾਨਨ[1] [1]ਉਸ (ਬਨ) ਨੂੰ ਵੇਖਦੇ ਸਨ ਕਮਲ ਮੁਖ ਵਾਲੇ।
॥੪੨॥

ਸੁੰਦਰ ਆਸ਼੍ਰਮ[1] ਏਕ ਨਿਹਾਰੀ। [1]ਟਿਕਾਣਾ।
ਜਹਿਂ ਤਪੀਸ਼ ਤਪ ਤਾਪਹਿਂ ਭਾਰੀ†। †ਪਾ:-ਜਾਹਿਂ ਤਪੀ ਤਪ ਤਾਪਹਿਂ ਭਾਰੀ।
ਕਿਹਿ ਆਸਨ ਕਿਯ ਊਰਧ ਬਾਹੂ[1]। [1]ਬਾਹਾਂ ਖੜੀਆਂ।
ਬਿਟਪਨ[1] ਲਟਕਤਿ[2] ਕੋ ਉਲਟਾਹੂ[3] [1]ਦਰਖਤਾਂ ਨਾਲ। [2]ਲਟਕ ਰਹੇ ਸਨ। [3]ਅਪੁੱਠੇ।
॥੪੩॥

ਏਕ ਚਰਨ ਪਰ[1] ਕੋ ਇਕ ਠਾਂਢੇ। [1]ਇਕ ਪੈਰ ਦੇ ਭਾਰ।

{ਸੰਤਾਂ ਦਾ ਆਸ਼੍ਰਮ - ਤਪ ਦ੍ਰਿਸ਼}

ਸੁਖ ਪਰਲੋਕ ਜਿਨਹਿਂ ਰੁਚਿ ਬਾਢੇ।
ਕਾਹੂੰ ਸਿਧਾਸਨ†, ਕੋ ਪਦਮਾਸਨ।

†ਸਿੱਧਾਸਨ ਇਹ ਹੈ ਕਿ ਖੱਬੇ ਪੈਰ ਦੀ ਅੱਡੀ ਲਿੰਙ ਗੁਦਾ ਦੇ ਵਿਚਕਾਰ ਸੀਵਨ ਦੇ ਵਿਚ ਰੱਖਣੀ, ਸੱਜੇ ਪੈਰ ਦੀ ਅੱਡੀ ਲਿੰਙ ਦੇ ਉੱਪਰ ਵਾਰ ਟਿਕਾਵਣੀ, ਗਿੱਚੀ ਸਿੱਧੀ ਤੇ ਸ਼ਰੀਰ ਨੂੰ ਕੱਸ ਕੇ ਰੱਖਣਾ। ਇਹ ਹਠ ਯੋਗ ਦੇ ਤਰੀਕੇ ਹਨ।

ਬਾਰਿਪਨ ਕੋ ਰਹਤਿ[1] ਬਿਨਾਸਨ[2] ॥੪੪॥

[1]ਕੋਈ ਪਾਣੀ ਪੀ ਕੇ ਗੁਜ਼ਾਰਾ ਕਰਦਾ ਹੈਸੀ। [2]ਕੋਈ) ਨਿਰਹਾਰ ਬਿਨ+ਆਸਨ।

ਸ੍ਵੇਤ ਰੰਗ[1] ਲਾਗੀ ਭਸਮੰਗਾ[2]।

[1]ਚਿੱਟੇ ਰੰਗ ਵਾਲੀ। [2]ਸੁਵਾਹ ਅੰਗਾਂ ਪੁਰ।

ਜਟਾ[1] ਸੀਸ[2] ਜਿਨ ਧੂਸਰ[3] ਰੰਗਾ।

[1]ਜੜਾਵਾਂ। [2]ਸਿਰ ਤੇ। [3]ਮਿਟਿਆਲਾ।

ਕਿਨ ਬਲਕਲ[1] ਲਿਯ, ਕੋ ਅੰਗ ਨੰਗਾ।

[1]ਭੋਜ ਪੱਤ੍ਰ।

ਅਗਨਿ ਉਸ਼ਨ ਸੋਂ ਕੋਇ ਉਮੰਗਾ[1] ॥੪੫॥

[1]ਅੱਗ ਦੇ ਸੇਕ ਨਾਲ ਕੋਈ ਹਿਤ ਕਰ ਰਿਹਾ ਹੈ।

ਕੋ ਬੈਠਹਿ ਜਲ ਕੰਠ ਪ੍ਰਮਾਨਾ[1]।

[1]ਜਲ ਵਿਚ ਗਿੱਚੀ ਤੱਕ।

ਸਿਮਰ ਇਕਾਕੀ[1] ਕੋ ਭਗਵਾਨਾ।

[1]ਇਕੱਲਿਆਂ।

ਕੋ ਠਾਂਢੇ[1] ਦਿਨ ਰੈਨ ਬਿਤਾਵੈ।

[1]ਖੜੇ ਰਹਿ ਕੇ।

ਕੋ ਮੋਨੀ[1] ਨਹਿਂ ਬਚਨ ਅਲਾਵੈ ॥੪੬॥

[1]ਚੁੱਪ ਰਹਿੰਦਾ।

ਕੋ ਨਿਜ ਬ੍ਰਿੱਤ ਨਿਰੋਧਨ ਕਰਿਹੀ[1]।

[1]ਬ੍ਰਿਤੀ ਏਕਾਗਰ ਕਰ ਰਿਹਾ ਹੈ।

ਸੁਖ ਜੁ ਸੁਰਗ ਤ੍ਰਿਨ ਸਮ ਪਰਿਹਰਿਹੀ[1]।

[1]ਤਯਾਗ ਦਿੱਤਾ ਹੈ।

ਕੋ ਮਿਲ ਕਰਿ ਹਰਿ ਕਥਾ ਰਸਾਲਾ[1]।

[1]ਸੁੰਦਰ।

ਪਢਹਿ ਸੁਨਹਿ ਧਰਿ ਪ੍ਰੇਮ ਬਿਸਾਲਾ ॥੪੭॥

ਸਭਿ ਕੋ ਇਕ ਮਹੰਤ, -ਸੋ ਕੈਸਾ-?

{ਸੰਤਰੇਣ}

ਮਨਹੁ ਸ਼ਰੀਰ ਧਾਰਿ ਤਪ ਬੈਸਾ।

ਤਰੁਤ੍ਵਕ ਕੀ[1] ਕਟਿ ਕੀਨਿ ਕੁਪੀਨਾ[2]।

[1]ਦਰੱਖਤ ਦੀ ਛਿੱਲ ਦੀ। [2]ਲੱਕ ਨਾਲ ਲੰਗੋਟੀ ਬੱਧੀ ਹੈ।

ਮ੍ਰਿਗਛਾਲਾ ਪਰ ਆਸਨ ਕੀਨਾ ॥੪੮॥

ਭਾਰੀ ਜਟਾਮੁਕਟ[1] ਜਿਹ ਸੀਸਾ।

[1]ਜਟਾਂ ਦਾ ਮਾਨੋਂ ਮੁਕਟ।

ਬੈਠਯੋ ਰਿਦੈ ਭਜਤਿ ਜਗਦੀਸ਼ਾ।

ਤਿਨਹਿਂ ਬਿਲੋਕ ਠਾਂਢਿ ਹੁਇ ਰਹੇ[1]।

[1]ਭਾਵ, ਗੁਰੂ ਜੀ ਖੜੇ ਹੋ ਰਹੇ।

ਮੁਝ ਸੋਂ ਅਸ ਬਚ ਕੋਮਲ ਕਹੇ ॥੪੯॥

'ਬਨਜ ਭਲੋ ਹਮ ਇਹ ਠਾਂ ਪਾਯੋ।

ਯਾ ਕੋ ਤਜਿਨੋ ਮਨ ਨਹਿਂ ਭਾਯੋ।

ਪਾਇ ਅਮੋਲ ਜੁ ਮਗ ਮਹਿ ਹੀਰਾ।

ਫਟਕ ਨ ਬਨਜਹਿਂ[1] ਜੇ ਮਤਿ ਧੀਰਾ

[1]ਫੇਰ ਸ਼ੀਸ਼ਾ ਨਹੀਂ ਵਣਜਦੇ।

॥੫੦॥

ਖੋਜਤਿ ਮਧੁ[1] ਪਯੂਖ[2] ਕਰ ਆਈ। [1]ਸ਼ਹਦ। [2]ਅੰਮ੍ਰਿਤ।
ਜੋ ਜਨਾਹਿੰ ਨਿਜ ਭਾਗ ਭਲਾਈ।
ਬਹੁਰ ਪਿਤਾ ਕੀ ਆਗਜਾ ਜੋਊ॥
ਭਲੋ ਬਨਜ ਕਰਨੇ ਕੀ ਸੋਊ ॥੫੧॥
ਯਾਂ ਤੇ ਬਨਜ ਲਾਭਦਾ ਔਰ ਨ[1]। [1]ਹੋਰ ਨਹੀਂ।
ਫਿਰ ਦੇਖਹੁ ਜੇ ਸਭਿ ਹੀ ਠੌਰਨ[1]। [1]ਸਭਨੀਂ ਥਾਈਂ।
ਏਹ ਰਜਤਪਨ[1] ਇਨਹਿ ਚਢਾਵਹਿਂ। [1]ਰੁਪੱਯੇ।
ਅਸਨ[1] ਬਸਨ[2] ਤੇ ਲੇ ਸੁਖ ਪਾਵਹਿਂ' [1]ਭੋਜਨ। [2]ਕਪੜੇ।
॥੫੨॥
ਅਸ ਸੁਨਿ ਕਰਿ ਬਚ ਬੇਦੀ ਬਰ ਕੇ।
ਮੈਂ ਬੋਲਜੋ ਕਾਲੂ ਦਿਸ਼[1] ਡਰਿ ਕੇ। [1]ਵਲੋਂ।
'ਬਨਕਨ[1] ਜਿਉਂ[2] ਬਨਜਨ[3] ਧਨ ਹੇਤੁ। [1]ਬਾਣੀਆਂ ਵਾਂਗ। [2]ਬਾਣੀਆਂ ਵਾਂਗ। [3]ਵਪਾਰ ਲਈ ਧਨ (ਦੇ ਕੇ)।
ਤੁਮ ਕੋ ਭੇਜਜੋ ਕ੍ਰਿਪਾ ਨਿਕੇਤੁ!
॥੫੩॥
ਪੁਨ, ਤੁਮ ਜਨਕਹਿ[1] ਕਠਿਨ ਸੁਭਾਊ। [1]ਫੇਰ ਤੁਸਾਡੇ ਪਿਤਾ ਜੀ ਦਾ।
ਗੁਨਹੁ ਆਪ[1], ਮੁਝ ਦੋਸ਼ੁ ਨ ਕਾਊ॥ [1]ਤੁਸੀਂ ਵਿਚਾਰ ਲਓ।
ਪਿਤਾ ਪੁੱਤ੍ਰ ਕਰਿ ਲੇਹੁ ਨਿਬੇਰੋ।
ਮੈਂ, ਹੋ ਦਾਸ ਨ ਕਰਹਿ ਸੁ ਝੇਰੋ[1] [1]ਝਗੜਾ।
॥੫੪॥
ਜਿਉਂ ਮਨ ਆਇ ਕਰਹੁ ਤਿਉਂ ਕਾਰਾ।
ਹੌਂ ਤੌਂ ਨਿਤ ਰਾਵਰਿ ਅਨੁਸਾਰਾ।
ਖੇਲਤਿ ਜਬੈ ਬਾਲਕਨਿ ਮਾਂਹੀ।
ਤਬ ਹੀ ਸੰਗ ਤਜਜੋ ਮੈਂ ਨਾਂਹੀ ॥੫੫॥
ਜਿਉਂ ਜਿਉਂ ਮੁਝ ਕੋ ਦੇਤਿ ਰਜਾਈ[1]। [1]ਹੁਕਮ।
ਤਿਉਂ ਤਿਉਂ ਕਰਉਂ[†] ਸਦਾ ਸੁਖ ਪਾਈ। [†]ਪਾ:-ਕਰਤ।
ਕਰਨੋਚਿਤ[1], ਕਰੀਏ ਗੁਨ ਉਰ ਮੈਂ[2]।' [1]ਕਰਨੇ ਦੇ ਲਾਇਕ (ਜੋ ਹੈ ਸੋ)। [2]ਦਿਲ ਵਿਚ ਸੋਚਕੇ।
ਅਸ ਕਹਿ ਮੈਂ ਦੀਨੋ ਧਨ ਕਰ ਮੈਂ[1] [1]ਹੱਥ ਵਿਚ।
॥੫੬॥
ਕਰ ਮਹਿਂ ਲੇਯ ਕਾਰਖਿਕ[1] ਤਬ ਹੀ। [1]ਰੁਪੱਯੇ।

ਗਏ ਮਹੰਤ ਸੰਤ ਜਹਿਂ ਸਭਿ ਹੀ।
ਕਰ ਬੰਦਨ ਤਿਨ ਕੇ ਢਿਗ ਬੈਸੇ।
ਕੁੰਭਜ[1] ਨਿਕਟ ਰਘੁਤਮ[2] ਜੈਸੇ ॥੫੭॥

[1]ਅਗਸਤ ਮੁਨੀ। ਪੰਚਬਟੀ ਨਿਵਾਸ ਤੋਂ ਪਹਿਲਾਂ ਸ਼੍ਰੀ ਰਾਮ ਜੀ ਅਗਸਤ ਨੂੰ ਮਿਲੇ ਸੇ, ਜਿਸਨੇ ਉਨ੍ਹਾਂ ਦਾ ਆਦਰ ਕੀਤਾ ਤੇ ਇਹ ਵਾਕ ਕਹੇ:- ਦੀਰਘ ਕਾਲਸੁ ਮੈਂ ਤਪਕੀਨੋ। ਤੋਹਿ ਬਿਖੇਮਨ ਆਨ ਨਦੀਨੋ। ਤਾਂਕੇ ਫਲ ਮੈਂ ਆਜ ਸੁ ਪਾਏ। ਤੇ ਪਦ ਪੰਕਜ ਵਾਰ ਚਢਾਏ। (ਅਧਯਾ: ਰਾਮਾ: ਆਰਿਨ: ੩) ਗੁ: ਪ੍ਰ: ਸੂ: ਰੁਤ ੨, ਅੰਸੂ ੧੩, ਅੰਕ ੪੨ ਵਿਚ ਇਹ ਖਯਾਲ ਐਉਂ ਆਯਾ ਹੈ:- ਰਾਮਚੰਦ ਢਿਗ ਕਿਧੋਂ ਅਗਸਤ। [2]ਸ੍ਰੀਰਾਮ ਚੰਦਰ।

ਮ੍ਰਿਦੁਲ ਮਧੁਰ ਕਰੁਨਾ ਸੰਗ ਸਾਨੀ[1]।
ਬੋਲੇ ਪਰਮ ਮਨੋਹਰ ਬਾਨੀ।

[1]ਕਿਰਪਾ ਨਾਲ ਮਿਲੀ।

'ਨਗਨ ਅੰਗ ਦਿਨ ਰੈਨ ਬਿਤਾਵਤਿ[†]।
ਪਹਿਰਤਿ ਨਹੀਂ, ਕਿ ਹਾਥ ਨ ਆਵਤਿ? ॥੫੮॥

[†]ਪਾ:-ਬਿਹਾਵਤ।

ਇਸ ਰਿਤੁ ਮਹਿਂ, ਤਨ[1] ਸੀਤ[2] ਸੰਤਾਵਤਿ।

[1]ਸ਼ਰੀਰ। [2]ਪਾਲਾ।

ਬਹੁਰੋ ਬਰਖਾ[1] ਉਸਨ[2] ਤਪਾਵਤਿ।

[1]ਬਰਸਾਤ (ਸਤਾਉਂਦੀ ਹੈ)। [2]ਗਰਮੀ।

ਅਚਵਹੁ[1] ਅਸਨ[2], ਕਿ ਰਹਹੁ ਅਨਸਨਾ[3]?

[1]ਖਾਂਦੇ ਹੋ। [2]ਭੋਜਨ। [3]ਨਿਰੇਹਾਰ।

ਦੇਤਿ ਖੇਦ ਤਨ ਜਿਉਂ ਬਿਨ ਬਸਨਾ[1] ॥੫੯॥

[1]ਕਪੜੇ ਦੇ।

ਪ੍ਰਭਾਵਾਨ ਸੁੰਦਰ ਸਰਬੰਗਾ[1]।
ਭਸਮ ਸੰਗ ਸੋਂ ਕੀਨਿ ਕੁਰੰਗਾ।

[1]ਸਾਰੇ ਅੰਗਾਂ ਕਰਕੇ।

ਸੰਤ ਰੂਪ ਮਤਿ[1] ਭਲੋ ਉਤੰਗਾ।
ਉੱਤਰ ਦੀਜੈ ਸੰਗ ਉਮੰਗਾ' ॥੬੦॥

[1]ਸਿੱਧਾਂਤ।

ਰਿਖੀਕੇਸ਼[1] ਸੁਨਿ ਬੋਲਯੋ ਬਾਨੀ।

[1]ਮਹੰਤ।

ਮੁਕਤਿ ਜੁ ਮਾਰਗ ਤਾ ਰਸ ਸਾਨੀ[1]।
'ਸਾਧ ਬੇਖ ਜਿਨ ਧਰਯੋ ਸਰੀਰਾ।

[1]ਮਿਲੀ ਹੋਈ।

ਤਾਂ ਕੋ ਚਹੀਅਤਿ ਸੰਜਮ ਚੀਰਾ[1] ॥੬੧॥

[1]ਕਪੜੇ ਦਾ।

ਬਹੁਰ ਸੁਨਹੁ ਭੋਜਨ ਕੀ ਰੀਤੀ।

| | |
|---|---|
| ਜੇ ਹਮ ਜਾਚਹਿਂ ਹੋਤਿ ਅਨੀਤੀ। | |
| ਸਿੰਘਾਸਨ[1] ਸੰਤੋਖ ਸੁਹਾਵਾ। | [1]ਤਖਤ। |
| ਤਾਂਪਰ ਬੈਸ ਪਰਮ ਸੁਖ ਪਾਵਾ ॥੬੨॥ | |
| ਪਰਾਲਬਧ ਸੋਂ ਦਾਸ ਹਮਾਰੀ। | |
| ਸੇਵਾ ਕਰਹਿਂ ਅਨੇਕ ਪ੍ਰਕਾਰੀ। | |
| ਸੁਭਟ ਸੰਗ[1] ਬਹੁ ਬਿਧਿ ਤਪ ਤਾਪਨ। | [1]ਚੰਗੇ ਸੂਰਮਿਆਂ ਨਾਲ। |
| ਮੋਹ ਨ੍ਰਿਪਤ ਕੀ ਪ੍ਰਿਤਿਨਾ ਖਾਪਨ[1]" ॥੬੩॥ | [1]ਮੋਹਰਾਜੇ ਦੀ ਸੈਨਾ ਖਪਾ ਦੇਣ ਨੂੰ। |
| ਸਤਿ ਕੋ ਛਤਰ ਸੀਸ ਪਰ ਝੂਲੰ। | |
| ਜਾਸ ਬਿਲੋਕ[1] ਦਬਤਿ ਪ੍ਰਤਿਕੂਲੰ[2]। | [1]ਵੇਖ ਕੇ। [2]ਵੈਰੀ। |
| ਅਬਚਲ ਜਬ ਕੋ ਅਸ ਸੁਖ ਪਾਯੰ। | |
| ਅਨਤ[1] ਨ ਤਬ ਕੋ ਮਨ ਬਿਰਮਾਯੰ[2]' ॥੬੪॥ | [1]ਹੋਰ ਪਾਸੇ। [2]ਮੋਹਿਆ ਨਹੀਂ। |
| ਸੰਤ ਉਕਤਿ ਕੀ ਸੁਨਿ ਕਰਿ ਜੁਗਤੰ[1]। | [1]ਸੰਤ ਦੀ ਉਚਾਰੀ ਜੁਗਤੀ। |
| ਹਰਖਤਿ ਸ਼੍ਰੀ ਨਾਨਕ ਬਚ ਨੁਕਤੰ[1]। | [1]ਬਚਨ ਬੋਲੇ, ਬਚਨ ਉਕੂੰ। |
| 'ਰਾਵਰਿ ਨਾਮ ਸੁਨਨ ਅਭਿਲਾਖਾ। | |
| ਤੁਮ ਹੋ ਧੰਨ ਧਰਮ ਦਿਢਰਾਖਾ ॥੬੫॥ | |
| ਕਿਯ ਆਸਾ ਇਕ ਏਕੰਕਾਰੰ। | |
| ਪਰਬ੍ਰਿਤਿ[1] ਤਜਿ, ਨਿਰਬ੍ਰਿਤਿ[2] ਪਗ ਧਾਰੰ†। | [1]ਪਰਵਿਰਤੀ, ਗ੍ਰਿਹਸਤ ਆਦਿ। [2]ਨਿਰਵਿਰਤੀ, ਤਯਾਗ। †ਪਾ:-ਤਪਧਾਰੰ। |
| ਸੁਮਤਿ ਅਗਾਤੀ[1] ਸੰਤ ਸੁਚਾਲੀ। | [1]ਪ੍ਰਾਪਤੀ ਵਾਲੇ। |
| ਸ਼ਾਂਤਿ ਲਤਾ[1] ਭਲਿ ਬਿਧਿ ਪ੍ਰਤਿਪਾਲੀ[2]' ॥੬੬॥ | [1]ਸ਼ਾਂਤੀ ਦੀ ਬੇਲ। [2]ਚੰਗੀ ਤਰ੍ਹਾਂ ਪਾਲੀ ਹੈ। |
| ਪੁਨ ਭਾਖਤਿ ਮਹੰਤ ਸ਼ੁਭ ਬਾਨੀ†। | †ਪਾ:-ਭਾਖਤ ਪੁਨਹ ਮਹੰਤ ਸੁਬਾਨੀ। |
| 'ਭੋ ਧੀਮਤਿ[1] ਤੁਮ ਹੋ ਗੁਨ ਖਾਨੀ! | [1]ਹੇ ਬੁਧੀਵਾਨ! |
| ਬੈਸ ਕਿਸ਼ੋਰ ਬਿਖੈ† ਅਪਮਾਨੀ[1]। | [1]ਛੋਟੀ ਉਮਰੇ ਮਾਨ ਰਹਿਤ ਹੋ, (ਅ) ਵਿਸ਼ੇ ਤ੍ਰਿਸਕਾਰੇ ਹਨ। †ਪਾ:-ਦਿਸੈ-ਬੀ ਹੈ। |
| ਸਤਿ ਸੰਗਤਿ ਪਰ ਸੁਮਤਿ ਲੁਭਾਨੀ ॥੬੭॥ | |
| ਸੰਤਰੇਨ ਹੈ ਨਾਮ ਹਮਾਰਾ। {ਸੰਤਰੇਣ} | |
| ਸ਼੍ਰੀ ਗੁਰੁ ਬਚ ਸੋਂ ਧਰਜੋ ਸੁਧਾਰਾ। | |

ਦੀਨ ਗਰੀਬੀ ਕੋ ਸਿਰੁਪਾਉ।
ਸੁਜਸ ਜਾਸੁ ਬਹੁ ਵਧਤਿ ਪ੍ਰਭਾਊ[1]' ॥੬੮॥ — [1]ਪ੍ਰਤਾਪ।

ਰਿਦੇ ਪ੍ਰਸੀਦੇ[1] ਸੁਨਿ ਕਰਿ ਨਾਮੂ। — [1]ਖੁਸ਼ ਹੋਏ।
ਜਿਉਂ ਕਵਿ ਉਕਤਿ[1] ਸੁਨਤਿ ਮਤਿਧਾਮੂ[2]। — [1]ਕਵੀ ਦਾ ਕਥਨ। [2]ਬੁੱਧੀ ਦੇ ਘਰ।
ਮੁਝ ਸੋਂ ਕਹਿਨ ਲਗੇ ਤਿਹ ਕਾਲਾ।
'ਤਜਜੋ ਨ ਜਾਇ ਬਨਜ ਇਹ, ਬਾਲਾ!' ॥੬੯॥

ਕਰ ਤੇ ਧਨ ਧਰਿ ਅੱਗ੍ਰ ਮਹੰਤਾ।
'ਅਸਨ[1] ਕਰਾਵਹੁ' ਕਹਿਂ ਜਗਕੰਤਾ[2]। — [1]ਭੋਜਨ। [2]ਜਗਤ ਪਤੀ ਭਾਵ ਗੁਰੂ ਜੀ ਨੇ ਕਿਹਾ।
'ਹਮ ਨੈ ਤੁਮਰੀ ਸਭਿ ਬਿਧਿ ਜਾਨੀ।
ਕਰਤਿ ਨ ਪ੍ਰਾਰਥਨਾ, ਗੁਨਹਾਨੀ[1] ॥੭੦॥ — [1]ਗੁਣਾਂ ਦਾ ਨਾਸ਼ ਕਰਨ ਵਾਲੀ ਅਰਜ਼ (ਤੁਸੀਂ) ਨਹੀਂ ਕਰਦੇ, ਭਾਵ ਕਿਸੇ ਕੋਲੋਂ ਹੱਥ ਟੱਡ ਕੇ ਮੰਗਦੇ ਨਹੀਂ।

ਬਿਨ ਜਾਚੇ[1] ਸਾਦਰ ਜੋ ਦੇਈ। — [1]ਮੰਗੇ।
ਤਾਂ ਕੋ ਰੁਚਿ ਸੋਂ[1] ਅਚਨ ਕਰੇਈ[2]। — [1]ਪ੍ਰੇਮ ਨਾਲ। [2]ਛਕਦੇ ਹੋ।
ਅਬਹਿ ਪਠਾਏ ਸ਼੍ਰੀ ਕਰਤਾਰਾ।
ਲੇ ਕਰਿ ਸੁਖ ਸੋਂ ਕਰਹੁ ਅਹਾਰਾ' ॥੭੧॥

ਕਹਿ ਮਹੰਤ 'ਲਘੁ ਬੈਸ[1] ਕੁਲੀਨੰ। — [1]ਉਮਰ ਛੋਟੀ।
ਤਵ ਬਿਵਹਾਰੰ ਜਨਕ[1] ਅਧੀਨੰ। — [1]ਪਿਤਾ ਦੇ।
ਪਠਯੋ ਕਾਜ ਕਿਹ ਤੋਹਿ ਵਿਚਾਰੀ।
ਜਾਹੁ ਛੂਛ[1] ਤੌਂ ਦੇਹਿ ਨਿਕਾਰੀ' ॥੭੨॥ — [1]ਖਾਲੀ।

'ਸੁਨਹੁ ਸੰਤ! ਮੈਂ ਪਿਤਾ ਨਿਦੇਸਾ[1]। — [1]ਮੇਰੇ ਪਿਤਾ ਦੀ ਆਗਜ਼ਾ ਹੈ।
ਸੋ ਕੀਨੋ ਜਿਸ ਲਾਭ ਵਿਸ਼ੇਸ਼ਾ।
ਮੁਝ ਸੋਂ ਕਹਯੋ ਬਨਜ ਸੋ[†] ਕਰੀਏ। — [†]ਪਾ:-ਸ਼ੁਭ।
ਯਾਂ ਤੇ ਅਨਤ[1] ਨ ਭਲੋ ਬਿਚਰੀਏ' ॥੭੩॥ — [1]ਹੋਰ।

ਬਾਨੀ ਸੁਨੀ ਸੁ ਧੀਰ ਮਹੰਤਾ।
ਕਹਯੋ 'ਜਿ ਤਵ ਉਰ ਇਹ ਦਿਢ — [1]ਪੱਕੀ ਸਲਾਹ ਹੈ।

ਮੰਤਾ[1]।
ਲੇ ਜਾਵਹੁ ਧਨ ਨਿਜ ਕਿਹ[1] ਨਗਰੀ। — [1]ਕਿਸੇ।
ਭੋਜਨ ਸੌਜ[1] ਆਨਿ ਦਿਹੁ ਸਗਰੀ' ॥ ੭੪ ॥ — [1]ਭੋਜਨ ਦੀ ਰਸਦ।

ਸੁਨੇ ਸ੍ਰਵਨ[1] ਸੰਤਨ ਕੇ ਬੈਨਾ। — [1]ਕੰਨੀਂ।
ਨਗਰ† ਦਿਸ਼ਾ ਗਮਨੇ ਗੁਨ ਐਨਾ। — †ਨਗਰ ਤੋਂ ਮੁਰਾਦ-ਚੂਹੜਕਾਣਾ ਹੈ ਜੋ ਹੁਣ ਤਕ ਹੈ ਤੇ ਇਸ ਟਿਕਾਣੇ ਯਾਦਗਾਰੀ ਗੁਰਦੁਆਰਾ ਬੀ ਹੈ, ਜਿਸ ਨੂੰ ਖਰਾ ਸੌਦਾ ਤੇ ਸੱਚਾ ਸੌਦਾ ਬੀ ਕਹਿੰਦੇ ਹਨ।
ਲੇ ਬਿਪਨੀ[1] ਤੇ ਚੂਨ[2] ਮਹੀਨਾ। — [1]ਮੰਡੀ। [2]ਆਟਾ।

{ਸੰਤਾਂ ਹਿਤ ਖ੍ਰੀਦੀ ਸਾਮਗ੍ਰੀ ਦੀ ਵੇਰਵਾ}

ਤਿਹ ਹਿਤ ਪੰਚ ਰਜਤਪਨ[1] ਦੀਨਾ ॥ ੭੫ ॥ — [1]ਰੁਪੱਯੇ।

ਸੂਖਮ ਚਾਵਰ ਚਾਰੁ ਲੰਮੇਰੇ[1]। — [1]ਚਾਵਲ ਸੁਹਣੇ ਤੇ ਲੰਮੇ।
ਤਿਹ ਸਮ[1] ਲੇ ਕਰਿ ਭਾਰ ਬੰਧੇਰੇ। — [1]ਬਰਾਬਰ ਦੇ ਅਰਥਾਤ ਪੰਜ ਰੁਪੱਯੇ ਦੇ।
ਲੀਨ ਤੀਨ ਕੋ ਘ੍ਰਿੱਤ ਨਵੀਨਾ।
ਸਿਤਾ[1] ਸ੍ਵੇਤ[2] ਤਾਂਕੇ ਸਮ[3] ਲੀਨਾ ॥ ੭੬ ॥ — [1]ਖੰਡ। [2]ਚਿੱਟੀ। [3]ਬਰਾਬਰ ਅਰਥਾਤ ੩) ਦੀ।

ਦੁਗਧ[1] ਹੇਤ[2] ਖਰਚੇ ਪੁਨ ਤੀਨੋ। — [1]ਦੁੱਧ। [2]ਵਾਸਤੇ।
ਬਾਕੀ ਭਾਰਬਾਹ[1] ਕੋ ਦੀਨੋ। — [1]ਭਾਰ ਚੁੱਕਣ ਵਾਲੇ ਨੂੰ।
ਸਭਿਹਿ ਸੌਜ[1] ਪੁਰਿ ਤੇ ਉਚਵਾਈ[2]। — [1]ਰਸਤ। [2]ਚੁਕਾਕੇ।
ਸੰਤਨ ਢਿਗ[1] ਗਮਨੇ ਜਗਰਾਈ[2] ॥ ੭੭ ॥ — [1]ਪਾਸ। [2]ਜਗਤ ਦੇ ਰਾਜੇ ਭਾਵ ਗੁਰੂ ਜੀ।

ਸਭਿ ਸੰਭਾਰ ਮਹੰਤ ਅਗਾਰੀ।
ਧਰਿ ਬੈਸੇ ਸੇਵਕ ਸੁਖਕਾਰੀ[1]। — [1]ਸੇਵਕਾਂ ਨੂੰ ਸੁਖੀ ਕਰਨ ਵਾਲੇ।
'ਦੀਜੈ ਆਇਸੁ[1] ਹੋਇ ਰਸੋਈ। — [1]ਆਗਯਾ।
ਅਚਹਿਂ[1] ਸੰਤ ਰੁਚਿ[2] ਕਰਹਿਂ ਜਿਤੋਈ[3]' ॥ ੭੮ ॥ — [1]ਖਾਵਨ। [2]ਭੁਖ। [3]ਜਿੰਨੀ ਕੁ ਹੋਵੇ।

ਸੋਰਠਾ:

ਸੁਨਿ ਮਹੰਤ ਮਤਿਵੰਤਿ, ਕਹੀ ਗਿਰਾ ਜਗਕੰਤ ਸੋਂ।
'ਕਰਿ ਅਚਵਹਿਂਗੇ[1] ਸੰਤ, ਤੁਮ — [1]ਛਕ ਲੈਣਗੇ। [2]ਜਾਵਹੁ।

ਗਮਨਹੁ[2] ਪੁਰਿ ਆਪਨੇ' ॥੭੯॥

ਦੋਹਰਾ:

[1]ਜੰਗਲ ਨੂੰ। [2]ਕਮਲ ਮੁੱਖ ਵਾਲੇ।

ਤਜਿ ਕਾਨਨ[1] ਕਮਲਾਨਨੰ[2], ਗਵਨੇ
ਨਿਜ ਪੁਰਿ ਓਰ।
ਕਵਿ ਸੰਤੋਖ ਸਿੰਘ ਬੰਦਨਾ, ਧਰ ਪਰ
ਜੁਗ ਕਰ ਜੋਰਿ ॥੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਪਸੀਅਨ ਪ੍ਰਸੰਗ' ਬਰਨਨੰ ਨਾਮ ਚਤੁਰ ਦਸਮੋ ਧਯਾਇ ॥੧੪॥

## ੧੫. [ਗੁਰੂ ਅੰਗਦ ਦੇਵ ਮੰਗਲ। ਖਰਾ ਸੌਦਾ; ਬਾਬਾ ਕਾਲੂ ਤੇ ਰਾਯ ਬੁਲਾਰ।]

੧੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੬

{ਕਾਲੂ ਜੀ ਨੇ ਚਪੇੜਾਂ ਮਾਰਨੀਆਂ} ॥੨੬..॥

{ਰਾਇ ਬੁਲਾਰ ਦਾ ਕਾਲੂ ਜੀ ਉਤੇ ਰੋਸ} ॥੪੭॥

ਦੋਹਰਾ:

ਸ੍ਰੀ ਅੰਗਦ ਅਰਬਿੰਦ ਪਦ, ਆਨੰਦ ਕੰਦ ਮੁਕੰਦ।

ਅਰਬਿੰਦ=ਕਮਲ। ਪਦ=ਚਰਣ, ਪੈਰ। ਆਨੰਦ ਕੰਦ=ਆਨੰਦ ਦੇ ਫਲ ਯਾ ਬਦਲ, ਆਨੰਦ ਦਾਤੇ। ਮੁਕੰਦ=ਮੁਕਤੀ ਦਾਤਾ।

ਧਰਪਰ ਧਰਿ ਸਿਰ ਨਮਹਿ ਕਰਿ, ਸ਼ਰਨ ਹਰਨ ਦੁਖ ਦੂੰਦ ॥੧॥

ਦੂੰਦ=ਦੁਖ। ਦ੍ਵੰਦ੍ਵ ਦੁਖ=ਵਡੇ ਦੁਖ, ਉਪੱਦ੍ਰਵ।

ਅਰਥ:

ਸ੍ਰੀ ਗੁਰੂ ਅੰਗਦ ਦੇਵ ਜੀ-(ਜਿਨ੍ਹਾਂ ਦੀ) ਸ਼ਰਨ ਵੱਡੇ ਦੁਖਾਂ ਨੂੰ ਦੂਰ ਕਰਨ ਵਾਲੀ ਹੈ (ਅਰ ਜੋ) ਆਨੰਦ ਦੇ ਦਾਤਾ ਤੇ ਮੁਕਤੀ ਦੇ ਦਾਤਾ ਹਨ-ਦੇ ਚਰਨਾਂ ਕਮਲਾਂ ਪਰ ਧਰਤੀ ਉਤੇ ਸਿਰ ਧਰ ਕੇ ਮੱਥਾ ਟੇਕਦਾ ਹਾਂ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਜਬ ਹਮ ਗਮਨੇ[1] ਤਿਨ ਕੋ ਤਜਾਗੀ।
[1]ਚਲੇ।

ਬੋਲੇ ਸੰਤ ਗਿਰਾ[1] ਅਨੁਰਾਗੀ[2]।
[1]ਬਾਣੀ। [2]ਪ੍ਰੇਮ ਭਰੀ।

'ਆਰਬਲਾਲਘੁ ਬਾਲ ਸੁਚਾਲੀ।

ਗਿਰਾ ਵਿਰਾਗ ਭਗਤਿ ਭਲ ਸਾਲੀ[1] ॥੨॥
[1]ਉਸ ਦੀ ਭਲੀ ਬਾਣੀ ਭਗਤੀ ਤੇ ਵੈਰਾਗ ਦਾ ਘਰ ਸੀ।

ਤੁਮ ਸੋਂ, ਆਨਿ ਕੀਨ ਬਹੁ ਭਾਉ।

ਮ੍ਰਿਦੁਲ[1] ਕ੍ਰਿਪਾਲ ਬਿਸਾਲ ਸੁਭਾਉ।
[1]ਕੋਮਲ।

ਭੋਜਨ ਸੌਜ ਆਨਿ[1] ਜਬ ਬੈਸੇ।
[1]ਰਸਤ ਲਿਆ ਕੇ।

ਚਲਨ ਰਜਾਇ[1] ਦੀਨਿ ਤੁਮ ਕੈਸੇ?' ॥੩॥
[1]ਜਾਣ ਦੀ ਆਗਜਾ।

ਸੁਨਿ ਮਹੰਤ ਬੋਲਜੋ ਬਰਬਾਨੀ।

'ਇਹ ਕੋ ਪਰਮ ਪੁਰਖ[1] ਸੁਖਦਾਨੀ।
[1]ਭਾਵ ਗੁਰੂ ਨਾਨਕ) ਕੋਈ ਪਰਮ ਪੁਰਖ ਹੈ।

ਕਲਾਵਾਨ ਗਜਾਨੀ ਗੁਨਖਾਨੀ।

ਦੁਰਜੋ ਰਹੈ[1] ਗਤਿ[2] ਪਰਹਿ ਨ ਜਾਨੀ ॥੪॥
[1]ਛਿਪਿਆ ਰਹਿੰਦਾ ਹੈ। [2]ਅਸਲੀ ਹਾਲਤ।

ਭਯੋ ਅਸਹਿ ਮੁਝ ਤੇਜ ਪ੍ਰਭਾਉ[1]।
[1]ਇਸ ਦੇ (ਭਾਵ ਗੁਰੂ ਨਾਨਕ) ਦੇ ਤੇਜ ਦਾ ਪ੍ਰਤਾਪ ਮੈਥੋਂ ਝੱਲਿਆ ਨਹੀਂ ਗਿਆ।

ਯਾਂ ਤੇ ਦੀਨੀ ਜਾਨਿ ਰਜਾਉ[1]।'
[1]ਆਗਜਾ।

ਅਸ ਕਹਿ ਤਬ ਕੀਨੋ ਪੁਨ ਅਸਨਾ।
ਖਾਨ ਲਗੇ ਸ੍ਵਾਦਨ ਲੇ ਰਸਨਾ ॥੫॥
ਸਿਤਾ[1] ਘ੍ਰਿੱਤ ਮੇਲਜੋ ਸੰਗ ਪਾਇਸੁ[2]। [1]ਖੰਡ। [2]ਖੀਰ ਦੇ।
ਸੰਤ ਛੁਧਾਤੁਰ[1] ਤ੍ਰਿਪਤੇ ਖਾਇਸੁ। [1]ਭੁੱਖੇ।
ਮਨ ਪ੍ਰਸੀਦ ਹ੍ਵੈ ਬਚਨ ਬਖਾਨੇ।
'ਇਹ ਕਰਤਾਰ ਪਨਜੋ ਹਮ ਜਾਨੈ ॥੬॥
ਕਿਧੌਂ ਸਰੀਰ ਧਾਰਿ ਕਰਤਾਰਾ।
ਆਨਿ ਲੀਨਿ ਸੁਧਿ, ਦੀਨ ਅਹਾਰਾ।
ਸਪਤ ਦਿਵਸ ਕੇ[1] ਛੁਧ[2] ਸੰਤਾਏ। [1]ਸਤਾਂ ਦਿਨਾਂ ਦੇ। [2]ਭੁੱਖ ਦੇ।
ਅਬ ਭੋਜਨ ਕਰਿ ਹਮ ਤ੍ਰਿਪਤਾਏ[1]' ॥੭॥ [1]ਰੱਜ ਗਏ ਹਾਂ।
ਇਤ ਸ਼੍ਰੀ ਨਾਨਕ ਪੁਰਿ ਦਿਸ਼ ਗਵਨੂ[1]। [1]ਜਾ ਰਹੇ ਹਨ।
ਅਰਧ ਪੰਥ[1] ਪਹੁੰਚੇ ਗੁਨ ਭਵਨੁ[2]। [1]ਅੱਧੇ ਰਾਹ। [2]ਗੁਣਾਂ ਦੇ ਘਰ।
ਸੋਚ ਬਿਮੋਚਨ[1] ਸੋਚਨ ਲਾਗੇ। [1]ਸੋਚਾਂ ਦੂਰ ਕਰਨਹਾਰੇ (ਗੁਰੂ ਜੀ)।
ਹਟਕਤਿ ਚਿਤ[1], ਪਗ ਪਰਹਿਂ ਨ ਆਗੇ ॥੮॥ [1]ਦਿਲ ਰੁਕਦਾ ਹੈ।
ਚਿੰਤਾਤੁਰ ਸੇ ਹ੍ਵੈ ਗੁਨਖਾਨੀ।
ਬੋਲੇ ਮੁਝ ਸੋਂ ਅਸ ਬਿਧਿ ਬਾਨੀ।
'ਇਹ ਕੀਨੋ ਕਜਾ ਹਮ ਨੈਂ ਕਾਮਾ।
ਉੱਤਰ ਕੋ ਦੈ ਹੈਂ ਚਲਿ ਧਾਮਾ ॥੯॥
ਪਿਤ ਕੋ[†] ਅਧਿਕ ਕ੍ਰੋਧ ਉਪਜੈ ਹੈ। [†]ਪਾਠਾਂਤ੍ਰ-ਸੋ।
ਮੁਝ ਤੁਝ ਸੋਂ, ਦੇ ਗਾਰਿ ਲਰੈ ਹੈ।'
ਮੈਂ ਭਾਖਜੋ 'ਕਛੁ ਦੋਸ਼ ਨ ਮੇਰੋ।
ਤੁਮ ਕੋ ਬਰਜ[1] ਰਹਜੋ ਬਹੁਤੇਰੋ ॥੧੦॥ [1]ਹਟਕ।
ਆਪ ਜਾਨਿ ਕੈ ਕੀਨ ਕੁਕਾਜੁ।
ਚਿਤ ਕਿਉਂ ਚਿੰਤ ਧਰੀ ਤੁਮ ਆਜੁ।
ਅਬ ਜਿਮ ਹੋਇ ਸਹੁ ਸੋ ਰੀਤੀ।
ਸੁਧੀ[1] ਹੁਇ ਅਥਵਾ ਬਿੱਪ੍ਰੀਤੀ[2] ॥੧੧॥ [1]ਸਿੱਧੀ। [2]ਅਪੁੱਠੀ।
ਮੁਝ ਕੋ ਚਿੰਤ ਨ ਏਕ ਬਿਆਪੇ।

ਧਨ ਤੁਮਰਾ ਖਰਚਜੋ ਤੁਮ ਆਪੇ।
ਬਹੁਰ ਨ ਮੈਂ ਤੁਮ ਸੇ ਕਛੁ ਸਜਾਨਾ।
ਸਭਿ ਜਾਨਹਿੰਗੇ ਬੈਸ ਸਮਾਨਾ[1] ॥੧੨॥ [1]ਉਮਰ ਇਕੋ ਜੇਡੀ ਹੈ।
ਪੁਨ ਮੈਂ ਹੋਂ ਆਇਸੁ ਅਨੁਸਾਰੀ।
ਤਵ ਪਿਤ ਭੇਜਯੋ ਦਾਸ ਵਿਚਾਰੀ।
ਯਾਂ ਤੇ ਦੋਸ਼ ਨ ਮਮ ਪਰ ਠਾਨਹਿ॥
ਕਰਮ ਸ਼ੁਭਾਸ਼ੁਭ ਤੁਮਰੋ ਜਾਨਹਿ' ॥੧੩॥
ਗਟੀ ਗਿਨਤਿ ਬੋਲਤਿ ਬਚ ਦੋਊ।
ਨਿਯਰਾਨੀ[1] ਤਲਵੰਡੀ ਸੋਊ। [1]ਨੇੜੇ ਆ ਗਈ।
ਹੌਂ ਤੋ ਚਲਿ ਆਯੋ ਨਿਜ ਸਦਨਾ।
ਪੁਰਿ ਨ ਪ੍ਰਵੇਸ਼ੇ[1] ਪੰਕਜ ਬਦਨਾ ॥੧੪॥ [1]ਨੱਗਰ ਵਿਚ ਨਾ ਵੜੇ।
ਏਕ ਤਾਲ ਜਲ ਹੀਨ ਜੁ ਦੂਰੀ।
ਤਹਿਂ ਬੈਸੇ ਬੈਸਕ ਜਿਨ ਰੂਰੀ।
ਸੁਨਜੋ ਜਬਹਿ ਆਯੋ ਘਰਿ ਬਾਲਾ।
ਭਯੋ ਹਉਲ ਕਾਲੂ ਤਤਕਾਲਾ ॥੧੫॥
ਦਾਸ ਪਠਾਇ ਮੁਝਹਿ ਬੁਲਵਾਯਾ।
ਕ੍ਰੂਰ ਬਿਲੋਕਤਿ[1] ਬਚਨ ਅਲਾਯਾ। [1]ਕਾਵੜ ਨਾਲ ਵੇਖ ਕੇ।
'ਕਹਾਂ ਕਾਰਖਿਕ, ਨਾਨਕ ਕਹਿੰਵਾ?
ਤਜਯੋ ਸੰਗ ਕਿਉਂ ਪਾਛੇ ਰਹਿਵਾ? ॥੧੬॥
ਬਨਜਜੋ ਬਨਜ ਕਿਧੌਂ ਤੁਮ ਨਾਹੀਂ?
ਬਿਨ ਦਿਯ ਸੁਧ ਗਾ[1] ਨਿਜ ਘਰ ਮਾਂਹੀ। [1]ਚਲਾ ਗਿਓਂ।
ਕਿਹ ਨਗਰੀ ਮਹਿਂ ਤਿਹ ਕੋ ਛੋਰਾ?
ਰੂਠ ਰਹਯੋ ਕਿਉਂ ਤੈਂ ਨ ਬਹੋਰਾ[1]?*' ॥੧੭॥ [1]ਜੇ) ਰੁੱਸ ਰਿਹਾ ਸੀ ਤਾਂ ਤੂੰ ਕਿਉਂ ਨਹੀਂ ਮੋੜ ਆਂਦਾ।
ਅਸ ਬਚ ਸੁਨਿ ਕੈ† ਗਿਰਾ ਉਬਾਚੀ‡। †ਪਾ:-ਮੈਂ। ‡ਪਾ:-ਉਚਾਰੀ।
ਜਸ ਬਿਧਿ ਬਿਤੀ ਬਤਾਈ ਸਾਚੀ†। †ਪਾ:-ਸਾਰੀ।
'ਇਕ ਕਾਨਨ[1] ਮੈਂ ਹੁਤੇ ਫਕੀਰਾ। [1]ਜੰਗਲ।
ਚਲੇ ਜਾਤਿ ਬੈਸੇ ਤਿਨ ਤੀਰਾ[1] ॥੧੮॥ [1]ਬੈਠ ਗਏ ਉਨ੍ਹਾਂ ਪਾਸ।

ਕਛੁਕ ਪਰਸਪਰ ਬੋਲਨ ਕੀਨਾ।
ਭੋਜਨ ਹਿਤ ਤਿਨ ਕੋ ਧਨ ਦੀਨਾ।
ਕਹਿਨ ਲਗੇ ਪਿਤ ਆਇਸੁ ਜੈਸੀ।
ਭਲੇ ਬਨਜੇ ਕੀ ਕੀਨੀ ਤੈਸੀ ॥੧੯॥
ਦੇ ਕਰਿ ਦਰਬ ਘਰਨ ਮੁਰਿ ਆਏ।
ਨਗਰ ਵਹਿਰ ਬੈਸੇ ਕਿਸਥਾਏ।
ਕ੍ਰੋਧ ਕਰਨ ਤੁਮ ਤੇ ਡਰ ਧਰਿ ਕੈ।
ਸਦਨ ਨ ਆਏ ਇਹੈ ਬਿਚਰਿਕੈ[1]' ॥੨੦॥ — [1]ਵਿਚਾਰਕੇ।
ਅਸ ਸੁਨਿ ਕਾਲੂ ਕ੍ਰੋਧ ਨ ਥੋਰਾ।
ਪਰਸਤਿ ਘ੍ਰਿਤ, ਜਯੋਂ ਪਾਵਕ[1] ਜੋਰਾ। — [1]ਘਿਉ ਨੂੰ ਛੂਹ ਕੇ ਜਿਵੇਂ ਅੱਗ।
ਕਹੈ ਕਿ 'ਮੁਝ ਕੋ ਦੇਹੁ ਬਤਾਈ।
ਚਲਹੁ ਸੰਗ ਬੈਸਯੋ ਜਿਹ ਥਾਂਈ ॥੨੧॥
ਮੁਖ ਤੇ ਬੋਲਿਤ ਗਿਰਾ ਕਠੋਰਾ।
ਲੇ ਮੁਝ ਸੰਗ ਚਲਯੋ ਤਿਨ ਓਰਾ।
ਸੁਨੀ ਮਾਤ ਸਭਿ ਧਨ ਕੀ ਗਾਥਾ[1]। — [1]ਕਥਾ।
ਖੋਜਨਗਾ[1] ਕਾਲੂ ਰਿਸਿ ਸਾਥਾ[2] ॥੨੨॥ — [1]ਢੂੰਡਣ ਗਿਆ। [2]ਗੁੱਸੇ ਨਾਲ।
ਤੁਰਤ[1] ਤਬਹਿ ਤਨਿਯਾ[2] ਕੋ ਭੇਜਾ। — [1]ਛੇਤੀ। [2]ਪੁੱਤ੍ਰੀ (ਬੀਬੀ ਨਾਨਕੀ) ਨੂੰ।
ਪਤਿ[1] ਰਿਸ ਤੇ ਉਠਿ ਧਰਕ ਕਰੇਜਾ[2]। — [1]ਪਤੀ ਦੇ। [2]ਕੰਬਣ ਲੱਗਾ ਕਾਲਜਾ।
ਬਹੁਰੋ ਦਾਸੀ ਦਾਸ ਪਠਾਏ।
ਹਿਤ ਬਿਲੋਕਨੇ ਲੋਕ ਸਿਧਾਏ ॥੨੩॥
ਬਹਿਰ ਜਾਇ ਪਿਖਿ ਜਲ ਬਿਨ ਤਾਲਾ।
ਬੈਸੇ ਨੀਵ ਸਥਾਨ ਕ੍ਰਿਪਾਲਾ।
ਅਵਿਲੋਕਯੋ ਕਾਲੂ[1] ਜਿਹ ਕਾਲਾ[2]। — [1]ਵੇਖਿਆ ਬਾਬੇ ਕਾਲੂ ਨੇ। [2]ਜਿਸ ਵੇਲੇ।
ਬੋਲਤਿ ਭਾ ਦੁਰਬਚਨ ਬਿਸਾਲਾ ॥੨੪॥
ਗਹਿ ਕਰ ਬੂਝਤਿ[1] ਰਿਸ ਕਰਿ ਭਾਰੀ। — [1]ਪੁਛਿਆ।
'ਕਹਾਂ ਕਾਰਖਿਕ[1]? ਸਦਨ ਉਜਾਰੀ[2]! — [1]ਰੁਪਯੇ ਕਿਥੇ ਹਨ। [2]ਘਰ ਉਜਾੜੂ!
ਕਹਾਂ ਬਨਜ ਜੋ ਤੈਂ ਕਰਿ ਲਯਾਯੋ?
ਘਰ ਜਨਮਯੋ ਮਮ ਨਾਮ ਗਵਾਯੋ'

| | |
|---|---|
| ॥੨੫॥ | |
| ਸੁਨਿ ਕਮਲਾਨਨ ਤੂਸ਼ਨ ਠਾਨੀ[1]। | [1]ਚੁੱਪ ਕਰੀ ਰਖੀ। |
| ਪਿਤ ਬੁਲਾਇ, ਨਹਿਂ ਬੋਲਤਿ ਬਾਨੀ। | |
| ਯਾਂ ਤੇ ਅਧਿਕ ਕ੍ਰੋਧ ਕਰਿ ਕਾਲੂ॥ | |
| ਕਰੀ ਤਾੜਨਾ ਤ੍ਰਾਸ ਬਿਸਾਲੂ ॥੨੬॥ | |
| {ਕਾਲੂ ਜੀ ਨੇ ਚਪੇੜਾਂ ਮਾਰਨੀਆਂ} | |
| ਦਹਿਨ ਹਾਥ ਤੇ ਬਾਮ ਕਪੋਲਾ[1]। | [1]ਖੱਬੀ ਗੱਲ੍ਹ ਤੇ। |
| ਹਨੇ ਤਮਾਚੇ ਬਲ ਸੋਂ ਤੋਲਾ। | |
| ਬਾਮ ਹਾਥ ਤੇ ਦਹਿਨ ਗੰਡਸਥਲ[1]। | [1]ਗੱਲ੍ਹ ਤੇ (ਪੁੜ ਪੁੜੀ ਕੋਲ)। |
| ਹਨੇ ਚਪੇਟਨ ਰਿਸ ਕਰਿ ਨਿਜ ਬਲ ॥੨੭॥ | |
| ਸ੍ਰੀ ਨਾਨਕ ਕੇ ਨੈਨਨ ਨੀਰਾ[1]। | [1]ਅੱਖਾਂ ਵਿਚੋਂ ਪਾਣੀ। |
| ਨਿਕਸ ਚਲਯੋ ਜਿਉਂ ਮਾਨੀ ਪੀਰਾ[1]। | [1]ਮਾਨੋਂ ਪ੍ਰਤੀਤ ਕੀਤੀ ਹੈ ਪੀੜ। |
| ਮਨਹੁ ਮੀਨ[1] ਦੋ ਪੀ ਕਰਿ ਪਾਨੀ। | [1]ਮੱਛ। |
| ਬਮਨਤਿ ਸੋ ਅਸ ਪਰਿਹੀ ਜਾਨੀ[1] ॥੨੮॥ | [1]ਉਲਟ ਰਹੇ ਹਨ (ਪਾਣੀ) ਐਉਂ ਜਾਣਿਆ ਪੈਂਦਾ ਹੈ। |
| ਭਰੇ ਕਮਲ ਦਲ ਜਲ ਜਿਉਂ ਸੋਭਾ। | |
| ਬੂੰਦਨ[1] ਪਰ ਮੁਕਤਾ ਛਬਿ ਲੋਭਾ[2]। | [1]ਅੱਖਾਂ ਦੇ ਜਲ ਦੀਆਂ) ਬੂੰਦਾਂ (ਦੀ ਸ਼ੋਭਾ ਇਉਂ ਹੈ ਕਿ)। [2]ਉਨ੍ਹਾਂ ਪਰ ਮੋਤੀਆਂ ਦੀ ਛਬੀ ਲੁਭਾਇਮਾਨ ਹੋ ਰਹੀ ਹੈ। |
| ਸੋਹਤ ਪਰਿ ਗਏ ਨੀਲ ਕਪੋਲਾ[1]। | [1]ਗਲ੍ਹਾਂ ਪਰ ਨੀਲ ਪਏ ਐਉਂ ਸੋਂਹਦੇ ਹਨ। |
| ਜਿਉਂ ਉਤਪਲ ਪਰ[1] ਅਲਿਨ ਅਡੋਲਾ[2] ॥੨੯॥ | [1]ਕਵਲਾਂ ਉਤੇ। [2]ਭੌਰੇ ਟਿਕ ਰਹੇ ਹਨ। |
| ਕਿਧੋਂ ਹੁਤੋ ਅਕਲੰਕ ਮਯੰਕਾ[1]। | [1]ਕਲੰਕ ਰਹਿਤ ਚੰਦ੍ਰਮਾਂ। |
| ਮ੍ਰਿਗਛਾਲਾ ਤੇ ਭਯੋ ਸੁਅੰਕਾ[1]। | [1]ਮ੍ਰਿਗ ਦੀ ਛਾਯਾ ਦਾ ਵਿਚ ਨਿਸ਼ਾਨ ਪੈ ਗਿਆ ਹੈ। |
| ਪਹੁੰਚੀ ਨਿਕਟ[1] ਨਾਨਕੀ ਤੂਰਨ। | [1]ਪਾਸ। |
| ਪਿਤ ਕਰ ਗਹਯੋ[1], ਜੁ ਰਿਸ ਮੈਂ ਪੂਰਨ ॥੩੦॥ | [1]ਪਿਤਾ ਦਾ ਹੱਥ ਫੜ ਲਿਆ। |
| ਬਹੁਰ ਬਿਲੋਕਨ[1] ਲੋਕ ਜਿ ਆਏ। | [1]ਵੇਖਣ ਲਈ। |
| ਬਰਜਯੋ[1] ਬਹੁਤਿ ਭਾਂਤਿ ਸਮਝਾਏ। | [1]ਹਟਕਿਆ। |
| ਸੁਖਸਾਗਰ ਕੋ ਲੇ ਨਿਜ ਸੰਗਾ। | |
| ਨਰ ਪੌਂਛਤਿ[1] ਮੁਖ ਪ੍ਰੇਮ ਉਮੰਗਾ | [1]ਪੂੰਝਦੇ ਹੋਏ। |

॥੩੧॥

ਮ੍ਰਿਦੁਲ ਗਿਰਾ ਕਹਿ ਦੇਤਿ ਦਿਲਾਸਾ।
ਮੰਦ ਮੰਦ ਗਮਨੇ ਪੁਰਿ ਆਸਾ[1]। — [1]ਨੱਗਰ ਵਲ।
ਮਾਤ ਬਿਲੋਕਤਿ ਲੋਚਨ ਲਾਈ।
ਪੂਰਨ ਪ੍ਰੇਮ ਵਹਿਰ ਪੁਰਿ ਆਈ

॥੩੨॥

ਸਜਲ ਬਿਲੋਚਨ[1] ਸੁਤਹਿ[2] ਬਿਲੋਕੀ। — [1]ਹੰਝੂ ਭਰੀਆਂ ਅੱਖਾਂ। [2]ਪੁੱਤਰ ਨੂੰ।
ਭਈ ਪ੍ਰੇਮ ਕੀ ਉਮਗ ਅਰੋਕੀ[1] ॥ — [1]ਨਾ ਰੁਕਣ ਵਾਲਾ ਉਛਾਲ।
ਕੰਠ ਲਗਾਇ ਨੈਨ ਭਰਿ ਆਏ।
ਅੱਸ੍ਰ ਸੰਗ[1] ਸੁਤ ਅੰਗ[2] ਭਿਗਾਏ — [1]ਹੰਝੂਆਂ ਨਾਲ। [2]ਪੁੱਤਰ ਦੇ ਅੰਗ।

॥੩੩॥

ਆਨਿ ਸਦਨ ਮਹਿਂ ਬਦਨ ਨਿਹਾਰੀ।
ਪੌਂਛਤਿ ਚਾਰੁ ਬਿਲੋਚਨ ਬਾਰੀ[1]। — [1]ਅੱਖਾਂ ਤੋਂ ਜਲ।
'ਸੁਤ ਨ ਕਰਹੁ ਕਾਰਜ ਅਬ ਕੋਊ।
ਬਿਚਰਹੁ[1] ਪੁਰਿ ਮਹਿਂ ਸ੍ਵੈਛਾ[2] ਹੋਊ — [1]ਫਿਰਹੁ। [2]ਆਪਣੀ ਇੱਛਾ ਅਨੁਸਾਰ।

॥੩੪॥

ਜੇ ਨ ਕਰਹੁਗੇ ਕੋ ਬਿਵਹਾਰਾ।
ਨਹਿਂ ਬਿਗਰੈ ਕਛੁ, ਹੋਇ ਨ ਰਾਰਾ[1]। — [1]ਝਗੜਾ।
ਸਦਨ ਦੀਨ ਸੁਖ ਸਰਬ ਬਿਧਾਤਾ।
ਬੈਠੇ ਸਦਾ ਰਹਹੁ ਰੰਗਿ ਰਾਤਾ'

॥੩੫॥

ਕੇਤਿਕ ਮਾਨਵ ਦੇਖਨ ਹਾਰੇ।
ਜਸਪਦ[1] ਗਏ ਰਾਇ ਕੇ ਦ੍ਵਾਰੇ। — [1]ਛੇਤੀ।
ਜਹਿਂ ਬੈਸਜੋ ਨਿਜ ਸਭਾ ਲਗਾਈ।
ਤਹਾਂ ਜਾਇ ਸਭਿ ਬਾਤ ਸੁਨਾਈ

॥੩੬॥

'ਬੀਸ ਰਜਤਪਣ[1] ਕਾਲੂ ਨੰਦਨ। — [1]ਵੀਹ ਰੁਪੱਯੇ।
ਦੀਨੇ ਸੰਤਨ ਕੋ ਕਰਿ ਬੰਦਨ।
ਦਯਾ ਯੁਕਤਿ[1] ਜਿਹ[†] ਮ੍ਰਿਦੁਲ[2] ਸੁਭਾਊ। — [1]ਦਇਆ ਵਾਲਾ। [2]ਕੋਮਲ। [†]ਪਾ:-ਜਿਨ।
ਨਗਨ[1] ਛੁਧਾਤੁਰ[2] ਪਿਖਿ ਨ ਸਕਾਊ[3] — [1]ਨੰਗਾ। [2]ਭੁੱਖਾ। [3]ਵੇਖ ਨਹੀਂ ਸਕਦੇ।

॥੩੭॥

| | |
|---|---|
| ਕਾਲੂ ਹਨੇ ਚਪੇਟਨ ਜੋਰਾ[1]। | [1]ਧੱਪੇ ਜੋਰ ਨਾਲ ਮਾਰੇ। |
| ਅਤਿ ਤ੍ਰਾਸਤਿ[1] ਜਿਹ ਤਰਸ ਨ ਥੋਰਾ।' | [1]ਬਹੁਤ ਡਰਾਇਆ। |
| ਸੁਨਤਿ ਕਾਨ ਇਵ ਰਾਇ ਬੁਲਾਰਾ। | |
| ਸ਼੍ਰੀ ਨਾਨਕ ਜਿਂਹ ਕੋ ਬਹੁ ਪਯਾਰਾ ॥੩੮॥ | |
| ਪ੍ਰੀਤਿ ਸੰਗ ਹਿਰਦਾ ਪਰਿ ਪੂਰਨ। | |
| ਦਾਸ ਬੁਲਾਇ ਪਠਾਯੋ ਤੂਰਨ। | |
| 'ਕਮਲ ਨੈਨ ਆਨਹੁ ਮੁਝ ਐਨਾ[1]। | [1]ਮੇਰੇ ਘਰ। |
| ਕਾਲੂ ਸਹਿਤ ਜਿਸੇ ਹਰਿ ਭੈ ਨਾ[1]' ॥੩੯॥ | [1]ਜਿਸਨੂੰ ਰੱਬ ਦਾ ਖੌਫ ਨਹੀਂ। |
| ਅਸ ਕਹਿ ਕ੍ਰੋਧ ਅਧਿਕ ਮਨ ਛਾਵਾ। | |
| ਫਰਕਤਿ ਅਧਰ[1] ਰਿਦੈ ਦੁਖ ਪਾਵਾ। | [1]ਹੋਠ। |
| ਸੀਤਲ[1] ਸ੍ਵਾਸ ਲੇਤਿ ਬਹੁ ਬਾਰੀ। | [1]ਠੰਢੇ। |
| -ਮਮ ਪੁਰਿ ਹੋਤਿ ਅਵੱਗਯਾ ਭਾਰੀ ॥੪੦॥ | |
| ਕਲਾਵਾਨ, ਕਲਹੀਨ[1] ਕ੍ਰਿਪਾਲਾ। | [1]ਕਲਪਨਾਂ ਰਹਿਤ। |
| ਹ੍ਵੈ ਤਾਂ ਕੋ ਤ੍ਰਿਸਕਾਰ[1] ਬਿਸਾਲਾ। | [1]ਨਿਰਾਦਰ। |
| ਲਾਗਹਿ ਮੁਝ ਸਰੀਰ ਸਭਿ ਦੋਸ਼ੁ-। | |
| ਅਸ ਬਿਸੂਰ[1] ਉਰ[2] ਸਰਸਤਿ ਰੋਸੁ[3] ॥੪੧॥ | [1]ਝੁਰਦਿਆਂ। [2]ਰਿਦੇ ਵਿਚ। [3]ਵੱਧ ਰਿਹਾ ਹੈ ਗੁੱਸਾ। |
| ਸੁਖ ਸਾਗਰ ਕੋ ਲੇ ਕਰਿ ਦਾਸਾ। | |
| ਪਹੁੰਚਯੋ ਤਬ ਬੁਲਾਰ ਕੇ ਪਾਸਾ। | |
| ਪ੍ਰੇਮ ਰੂਪ ਪੂਰਨ ਉਰ ਬਾਰਾ[1]। | [1]ਜਲ। |
| ਲੋਚਨਦਰ ਜਨੁ[1] ਛੁਟਯੋ ਫੁਹਾਰਾ ॥੪੨॥ | [1]ਅੱਖਾਂ ਰਾਹੀਂ ਮਾਨੋਂ। |
| ਭਏ ਜਲਜ[1] ਤੇ ਜਲਦ[2] ਸਜਲ[3] ਸੋ। | [1]ਕਮਲ (ਨੇਤਰ)। [2]ਬਦਲ। [3]ਸਮੇਤ ਜਲ ਦੇ। |
| ਨਿਜ ਧਾਰਾ ਗੇਰਤਿ ਤਲ ਥਲ ਸੋਂ[1]। | [1]ਉਹ ਬਦਲ) ਡੇਗਦੇ ਹਨ ਆਪਣੀ ਧਾਰਾਂ ਹੇਠਾਂ ਜ਼ਮੀਨ ਪਰ। |
| ਤੂਰਨ[1] ਤਜਿ ਕਰਿ ਉਠਯੋ ਪ੍ਰਯੰਕਾ[2]। | [1]ਛੇਤੀ। [2]ਪਲੰਘ। |
| ਕਰਿ ਸਤਿਕਾਰ[1] ਲੀਨ ਭਰਿ ਅੰਕਾ[2] ॥੪੩॥ | [1]ਆਦਰ ਕਰਕੇ। [2]ਜੱਫੀ ਪਾ ਲਈ। |
| ਗਦਗਦ ਗਿਰਾ ਅੱਸ੍ਰੂ[1] ਬਹਿ ਬਾਰੀ। | [1]ਹੰਝੂ। |

ਅੰਗ ਭਿਗੋਏ ਕਰੁਨਾ ਧਾਰੀ।
ਬੋਲਨ ਚਹਿਤਿ ਨ ਆਵਤਿ ਬਾਨੀ।
ਮਹਾਂ ਮੋਹ ਮੈਂ ਮਤਿ ਲਪਟਾਨੀ ॥੪੪॥
ਦੰਭ ਦਿਖਾਵੇ ਦੇ ਵਿਰੁੱਧ ਵਾਕ ਕਹੇ, ਆਤਮਕ ਜੰਵ ਦਾ ਆਦਰਸ਼ ਵਰਣਨ ਕੀਤਾ, ਵੈਰਾਗ ਤੇ ਪਰਵੈਰਾਗ ਦੇ ਸ਼ਬਦ ਉਚਾਰੇ, ਜੋ ਉਚੇ ਆਤਮ ਰਸਾਂ ਦੇ ਸੰਗੀਤ ਗਾਉਂ ਰਹੇ ਸਨ, ਓਹ ਕਦ ਆਗਯਾ ਦੇਂਦੇ ਸੇ ਕਿ ਵਯਾਹ ਨਾਲ ਤਾਇਫੇ ਜਾਣ। ਫਿਰ ਉਨ੍ਹਾਂ ਦੀ ਆਪਣੀ ਰਾਇ ਉਨ੍ਹਾਂ ਦੇ ਉਚਾਰੇ ਵਾਕ ਨਾਚ ਰੰਗ ਤਮਾਸ਼ਿਆਂ ਤੇ ਵਿਭਚਾਰੀ ਗੱਲਾਂ ਬਾਬਤ ਸਾਡੇ ਪਾਸ ਮੌਜੂਦ ਹਨ। ਆਪ ਉਚਾਰਦੇ ਹਨ:-

ਪੁਨਾ:-ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥ਪਰ ਪਿਰ ਰਾਤੀ ਖਸਮੁ ਵਿਸਾਰਾ ॥ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥੫॥ ।ਮਾਰੂ ਮਹਲਾ ੧

ਪੁਨਾ:-ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥<br>
ਮਤੁ ਦੇਖਿ ਭੁਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ।ਸਿਰੀ ਰਾਗ ਮਹਲਾ ਪਹਿਲਾ

ਕਵਿ ਸੰਤੋਖ ਸਿੰਘ ਜੀ ਬੀ ਆਪਣੀ ਰਾਇ ਵੇਸਵਾਪਰ ਪੂਰਬਾਰਧ ਦੇ ੪੭ਵੇਂ ਅਧਯਾਯ ਦੇ ੨੬ਵੇਂ ਅੰਕ ਵਿਖੇ ਸੰਗਲਾਦੀਪ ਦੀਆਂ ਵੇਸ਼ਵਾ ਦੇ ਨਾਚ ਪਰ ਸਤਿ ਰਸ਼ੈ ਗੁਰੂ ਜੀ ਦੀ ਜ਼ਬਾਨੀ ਪ੍ਰਗਟ ਕਰਦੇ ਹਨ:-

ਚੌਪਈ:

ਦੁਰਗੰਧ ਕੋ ਬਾਸਨ ਹੈ ਦੇਹੀ। ਇਨਹਿ ਸਪਰਸ਼ੈ ਹ੍ਵੈ ਜੁ ਸਨੇਹੀ।<br>
ਇਹ ਠਾਂ ਜਨਮ ਭ੍ਰਿਸ਼ਟ ਤਿਨ ਕੇਰਾ। ਮੁਏ ਨਰਕ ਮਹਿਂ ਜਮ ਨੈ ਗੇਰਾ ॥੨੬॥

ਜਦੋਂ ਨਚਣਹਾਰੀ ਦਾ ਨਾਚ ਆਉਂਦਾ ਹੈ ਤਾਂ ਲੇਖਕ ਜੀ ਨੇ ਗੁਰੂ ਜੀ ਨੂੰ ਅਸੰਗ ਦਸਿਆ ਹੈ, ਜੋ ਉਸਦੇ ਅੰਦਰ ਗੁਰੂ ਜੀ ਦੀ ਉੱਚਤਾ ਦਾ ਲਖਾਯਕ ਹੈ। ਦੇਖੋ ਅਧਯਾਯ ੨੨ ਅੰਕ ੫੦ ਇਸੇ ਪੂਰਬਾਰਧ ਦਾ।

ਅੰਗਨ ਸ਼ੰਗਾਰਕੈ ਅਨੰਗ ਮਾਨ ਟਾਰਿਹੀਂ[1]।<br>
ਬਾਦਿਤ ਬਜਾਨ ਹਾਰ[1] ਕੌਤਕ[2] ਕਰਨਹਾਰ<br>
ਭਾਰ ਕੇ ਉਚਾਰਨਹਾਰ[1]ਤਜਾਰ ਭੇ ਅਪਾਰ ਹੀ।<br>
ਧਰੇ ਹੈਂ ਤੁਖਾਰ[1] ਪਰ ਦੀਰਘ ਦਮਾਮੇ[2] ਬਹੁ<br>
ਸਾਜੈਂ ਸ਼ੁਭ ਰਾਜੈਂ[1] ਬਾਜੈਂ ਡੰਕ ਇਕਬਾਰ ਹੀ[2] ॥੨੩॥

[1]ਕਾਮ ਦਾ ਬੀ ਮਾਨ ਉਤਾਰ ਰਹੀਆਂ ਹਨ।<br>
[1]ਵਾਜੇ ਵਜਾਣ ਵਾਲੇ। [2]ਤਮਾਸ਼ੇ।<br>
[1]ਚੁੱਕਣ ਵਾਲੇ।<br>
[1]ਊਠ। [2]ਨਗਾਰੇ।<br>
[1]ਬਿਰਾਜੇ ਹਨ। [2]ਵਜਦੀ ਹੈ ਚੋਬ ਇਕੋ ਵਾਰੀ। (ਅ) ਵਜਦੇ ਹਨ ਦਮਾਮੇ ਤੇ ਨਗਾਰੇ ਇਕੱਠੇ।

ਦੋਹਰਾ:

ਬੇਦਿਯਨਿ ਕੀ ਬਰ ਸੁੰਦਰੀ[1] ਮਧੁਰ ਮਧੁਰ ਸੁਰ ਗਾਇ।<br>
ਸਰਸਤਿ[1] ਹਰਖਤਿ[2] ਉਰ ਵਿਖੈ, ਮੁਰੀ ਬਰਾਤ ਚਢਾਇ ॥੨੪॥

[1]ਇਸਤ੍ਰੀਆਂ।<br>
[1]ਖਿੜਦੀਆਂ ਹਨ। [2]ਖੁਸ਼ ਹੁੰਦੀਆਂ ਹਨ।

ਕਬਿੱਤ:

ਭਯੋ ਹੈ ਅਰੁਢ[1] ਕਾਲੂ, ਲੀਨੋ ਧਨ ਲਾਲੂ ਬਹੁ<br>
ਤਜੀ ਤਲਵੰਡੀ, ਪਦ[1] ਪੰਥ[2] ਵਿਖੈ ਪਾਏ ਹੈਂ।

[1]ਸਵਾਰ।<br>
[1]ਪੈਰ। [2]ਰਾਹੁ।

ਲੀਨੇ ਧਨ ਰਾਮਾ, ਸੁਤ[1] ਕਿਸ਼ਨਾ ਸੁ ਨਾਮਾ[†] ਜਿਹ

[1]ਪੁੱਤ੍ਰ। [†]ਪਾ:-ਮਾਮਾ।

ਧਰੇ ਉਰ ਚਾਹਿ ਸੁਲਤਾਨਪੁਰਿ ਧਾਏ ਹੈਂ।

ਸਭੈ ਦਿਨ ਜਾਹਿਂ ਚਲੇ ਡੇਰਾ ਰੈਨ[1] ਮਾਂਹਿ

[1]ਰਾਤ।

ਬਿਧਿ ਐਸੀਏ ਚਲਤਿ ਧਾਮ ਨਾਨਕੀ ਕੇ ਆਏ ਹੈਂ।

ਆਨੰਦ ਉਦਧਿ[1] ਮਿਲਿ ਕੇਲ ਕਰੈਂ ਮੀਨ ਜਿਵ[2]

[1]ਆਨੰਦ ਦੇ ਸਮੁੰਦਰ ਨੂੰ। [2]ਮੱਛੀ ਵਾਂਙੂ।

ਨਾਨਕ ਸਪੂਤ ਭਯੋ, ਭਏ ਮਨ ਭਾਏ ਹੈਂ ॥੨੫॥

ਆਨਿ ਕੇ ਜੈਰਾਮ ਸਨਮਾਨ[1] ਕੀਨੋ ਸਭਿਨਿ ਕੋ

[1]ਆਦਰ।

ਯਥਾ ਯੋਗ ਥਾਨ ਦੀਨੋ ਡੇਰਾ ਕਰਿਵਾਇ ਕੈ।

ਤਨੀਆ[1] ਨਿਕਟਿ ਜਾਇ ਮਿਲਯੋ ਕਾਲੂ ਪਾਇ ਸੁਖ

[1]ਧੀ।

ਦਯੋ ਮਧੁਰਾਨਹਿ[1] ਕੋ ਦਾਸ ਤੇ ਮੰਗਾਇ ਕੈ।

[1]ਮਿਠਾਈ।

ਸਭਿਹੀ ਸੰਭਾਰਨ ਸੰਭਾਰਿ ਬੰਧਿ ਬੰਧਿ ਭਾਰ

ਧਰੇ ਸਕਟਨ[1] ਸਭਿ ਊਪਰ ਤੇ ਲਜਾਇ ਕੈ।

[1]ਗੱਡਿਆਂ ਦੇ।

ਪ੍ਰਮਾਨੰਦ ਮਿਲਯੋ ਕੀਨਿ ਪ੍ਰਸ਼ਨ[1] ਕੁਸ਼ਲ[2] ਭਲੇ

[1]ਪੁੱਛੀ। [2]ਸੁੱਖ ਆਨੰਦ।

ਹੇਰਿ ਕੈ ਬਰਾਤ[1] ਉਰ ਰਹਯੋ ਹਰਿਖਾਇਕੈ ॥੨੬॥

[1]ਜਨੇਤ।

ਸ਼੍ਰੋਨ[1] ਸੁਖ ਕੰਦ[2] ਸੁਨਿ, ਆਏ ਜਗਬੰਦ[3] ਪੁਨ

[1]ਕੰਨੀ। [2]ਭਾਵ ਗੁਰੂ ਜੀ। [3]ਜਗਤ ਦੇ ਬੰਦਨ ਜੋਗ (ਗੁਰੂ ਜੀ) ਆਏ।

ਦੋਊ ਕਰ ਬੰਦਿ[1] ਪਦ ਬੰਦੇ ਸੀਸ ਨਾਯੋ ਹੈ[2]।

[1]ਜੋੜ ਕੇ। [2]ਚਰਨਾਂ ਪਰ ਮੱਥਾ ਟੇਕਿਆ (ਪਿਤਾ ਜੀ ਦੇ)।

ਕਾਲੂ ਨੈ ਉਤਾਲ[1] ਲੀਨਿ ਅੰਕ[2] ਹਿਤ ਨਾਲ
[1]ਛੇਤੀ। [2]ਜੱਫੀ ਵਿਚ।
ਭਯੋ ਪ੍ਰੀਤ ਮੈਂ ਬਿਸਾਲ ਨਿਜ ਗਰੇ ਸੋਂ ਲਗਾਯੋ ਹੈ।
ਬੇਦੀ ਸਭਿ ਔਰ ਭਰੇ ਪ੍ਰੇਮ ਤਿੰਹ ਠੌਰ
ਮਿਲੇ ਭਰਿ ਭਰਿ ਕੌਰ[1] ਉਰ ਭਾਰੀ ਸੁਖ ਪਾਯੋ ਹੈ।
[1]ਜੱਫੀਆਂ।
ਸੁੰਦਰ ਕਿਸ਼ੋਰ ਲਖੈਂ ਬੰਸ ਸਿਰਮੌਰ[1] ਨਿਜ
[1]ਸ਼ਿਰੋਮਣੀ।
ਦੌਰ ਦੌਰ ਜਾਂ ਕੋ ਜਸੁ ਦੇਸ਼ ਦੇਸ਼ ਛਾਯੋ ਹੈ ॥੨੭॥

ਦੋਹਰਾ:

ਕਮਲਨੈਨ ਕੋ ਧਨ ਜਿਤੋ,
ਦੀਨੋ ਕਾਲੂ ਹਾਥ।
ਕਹੀ ਜਰਾਮ ਸੁਨਾਇ ਪੁਨਿ,
ਸਭਿ ਲੇਖੇ ਕੀ ਗਾਥ ॥੨੮॥

ਸੋਰਠਾ:

ਉਰ ਧਰਿ ਹਰਖ ਬਿਸਾਲ,
ਕਾਲੂ ਬੋਲਯੋ ਬਚਨ ਤਬ।
'ਖਰਚਨ ਕੋ ਅਬ ਕਾਲ,
ਭਲਾ ਭਯੋ ਧਨ ਬਹੁ ਕਰਯੋ' ॥੨੯॥
ਔਰ ਭੇਵ ਨਹਿਂ ਜਾਨਿ[1],
[1]ਜਾਣਦਾ।
ਏਕ ਦਰਬ[1] ਕੀ ਲਾਲਸਾ।
[1]ਧਨ।
ਯੌਂ ਨ ਕਰਹਿ ਪਹਿਚਾਨ,
-ਕਰਤਾ ਹਰਤਾ ਜਗਤ ਕੋ- ॥੩੦॥

ਕਬਿੱਤ:

[1]ਖਵਾਇਕੇ।
ਨਾਨਾ ਬਿਧਿ ਭੋਜਨ ਕਰਾਇ ਕੈ ਜਿਮਾਇ[1] ਨਰ
ਬਨਿਤਾ ਕੀ ਪਾਂਤਹਿਂ ਬਿਸਾਇ[1] ਹਿਤ ਖਾਨ ਕੋ।
[1]ਇਸਤ੍ਰੀਆਂ ਦੀ ਪੰਗਤ ਬਿਠਾਈ।
ਔਰ ਜੇ ਹੈਂ ਊਚ ਨੀਚ ਸਭਿ ਕੋ ਅਹਾਰ ਦੀਨੇ

ਨੀਕੇ ਪਕਵਾਨ ਖਾਨ ਕੀਨੇ[1] ਸੁਖ ਮਾਨ ਕੇ[2]।
ਚਤੁਰ ਬਰਨ ਕੇਰੇ ਘਰਨ ਘਰਨ ਫੇਰੇ
ਤੁਰਨ ਨਰਨ ਪ੍ਰੇਰੇ[1] ਕਾਲੁ ਰੰਕ ਰਾਨ ਕੇ[2]।
ਸਭਿਨਿ ਦਿਵਾਯੋ, ਉਤਸਾਹ ਯੌਂ ਬਢਾਯੋ ਅਤਿ
ਵਡੋ ਜਸ ਛਾਯੋ ਬੀਚ ਪੁਰਿ ਸੁਲਤਾਨ ਕੇ ॥੩੧॥

[1]ਖਾਧੇ। [2]ਸੁਖ ਮੰਨਕੇ।
[1]ਘੱਲੇ। [2]ਗਰੀਬ ਅਮੀਰ ਦੇ।

ਦੋਹਰਾ:

ਬ੍ਰਿੰਦ[1] ਮਧੁਰ ਪਕਵਾਨ ਕੋ[2], ਸੀਸ ਨਰਨ ਧਰਿਵਾਇ।
ਦੌਲਤ ਖਾਨ ਨ੍ਰਿਪਾਲ ਕੋ, ਦੀਨਿ ਜਰਾਮ ਸੁ ਜਾਇ ॥੩੨॥

[1]ਬਹੁਤ। [2]ਮਿੱਠੇ ਪਕਵਾਨਾਂ ਨੂੰ।

ਸੋਰਠਾ:

ਲਖਿ ਅਨੰਦ ਕੋ ਬ੍ਰਿੰਦ, ਬਦਯੋ[1] ਨਰਿੰਦ ਸੁ ਬਦਨ ਤੇ।
'ਵਸਤੁ ਬਿਲੰਦੁ ਸੁਛੰਦ, ਮੋਹਿ ਨਰਨ ਤੇ ਚਹਿਤਿ ਲਿਹੁ' ॥੩੩॥[†]

[1]ਆਖਿਆ।
[†]ਅੰਕ ੩੨ ਤੇ ੩੩ ਛਾਪੇ ਵਾਲੇ ਛੱਡ ਗਏ ਹਨ, ਲਿਖਤ ਦੇ ਨੁਸਖਿਆਂ ਵਿਚ ਇਹ ਛੰਦ ਦੋਵੇਂ ਹੈਨ।

ਕਬਿੱਤ:

ਬੋਲੇ[1] ਗੁਨ ਐਨ ਅਰਬਿੰਦ[2] ਸਮ ਨੈਨ[3]
ਲੋਨੇ[1] ਜਾਂ ਕੇ[2] ਅਵਿਲੋਕ ਕੋਨੇ ਮੈਨ ਬਿਨ ਮਾਨ ਕੇ[3]।
ਭੌਨ[1] ਮੈਂ ਬਸਾਇ[2] ਤਨ ਸਾਦਨ[3] ਮਲਾਇ
ਸ਼ੁਭ ਗਾਇ ਗੀਤ ਅੰਗਨਾ[1] ਬਨਾਇ ਬੈਨ[2] ਮਾਨ[3] ਕੇ[†]।
ਵਡੀ ਵਡਭਾਗਨਿ ਸੁਹਾਗਨਿ ਸਪਤ ਮਿਲਿ
ਅੰਗਨ ਮਲਤਿ[1] ਭਲੇ ਬੇਦੀ ਕੁਲ ਭਾਨੁ[2] ਕੇ।
ਨ੍ਹਾਨ[1] ਪੁਨ ਕੀਨੋ, ਬਹੁ ਦੀਨਨਿ[†] ਕੋ ਦਾਨ ਦੀਨੋ

[1]ਸੱਦੇ। [2]ਕਵਲ। [3]ਅੱਖਾਂ।
[1]ਸੁੰਦਰ। [2]ਭਾਵ ਗੁਰੂ ਜੀ ਦੇ ਨੈਣ। [3]ਜਿਨ੍ਹਾਂ ਦੇ ਅੱਖ ਦੇ ਕੋਨੇ ਦੇਖ ਕੇ ਕਾਮ ਦਾ ਮਾਨ ਹਟ ਜਾਵੇ।
[1]ਘਰ। [2]ਬਿਠਾਕੇ। [3]ਵਟਣਾ।
[1]ਇਸਤ੍ਰੀਆਂ। [2]ਬਚਨ। [3]ਆਦਰ ਦੇ। [†]ਪਾ:-'ਬਾਨ ਕੇ'-ਬਾਣਾਂ ਵਰਗੇ ਬੈਨ।
[1]ਅੰਗਾਂ ਨੂੰ ਮਲਦੀਆਂ ਹਨ (ਵੱਟਣਾ)। [2]ਬੇਦੀ ਕੁਲ ਦੇ ਸੂਰਜ ਨੂੰ।
[1]ਇਸ਼ਨਾਨ। [†]ਪਾ:-ਦਿਜਨ।

| | |
|---|---|
| ਆਸਨ ਅਸੀਨੇ[1], ਕੁਰਬਾਨ[2] ਸੁਖਦਾਨ ਕੇ[3] ॥੩੪॥ | [1]ਬੈਠੇ। [2]ਸਦਕੇ ਹੈ (ਕਵੀ)। [3]ਸੁਖਾਂ ਦੇ ਦਾਤੇ ਦੇ। |
| ਸ੍ਵੈਯਾ: | [1]ਪੀਲਾ। [2]ਦੁਪੱਟਾ। |
| ਸੋਹਤਿ ਪੀਤ[1] ਦੁਕੂਲ[2] ਧਰੇ | |
| ਸ਼ੁਭ ਹਾਥ ਬਨ੍ਹੇਂ[†] ਜਿਨ ਕੇ ਕੰਗਨਾ। | [†]ਪਾ:-ਧਰੇ। |
| ਭੂਖਨ[1] ਭੂਖਤਿ[2] ਹੈਂ ਤਨ[3] ਮੈਂ | [1]ਗਹਿਣੇ। [2]ਸਜੇ ਹੋਏ। [3]ਸ਼ਰੀਰ। |
| ਕਰ[1] ਛਾਪ[2] ਛਲਾਯਨ[3] ਸੋਂ ਰੰਗਨਾ[4]। | [1]ਹੱਥ। [2]ਮੁੰਦਰੀ। [3]ਛਲਿਆਂ ਨਾਲ। [4]ਸਜ ਰਹੇ ਹਨ (ਹੱਥ)। |
| ਸੀਸ ਬਧਾ ਸਿਰਪੇਚ[1] ਫਬੇ | [1]ਚੀਰਾ। |
| ਛਬਿ ਚਾਰੁ[1] ਬਿਲੋਕਤਿ ਹੈਂ ਅੰਗਨਾ[2]। | [1]ਸੁੰਦਰ। [2]ਦੇਖਦੀਆਂ ਹਨ ਇਸਤ੍ਰੀਆਂ। |
| ਰੂਪ ਮੁਕੰਦ ਅਨੰਦ ਕਿ[1] ਕੰਦ | [1]ਕੇ, ਦੇ। |
| ਬਨਜੋ ਮੁਖ ਚੰਦ ਕਲੰਕ ਬਿਨਾ ॥੩੫॥ | |
| ਭਰੀ ਸੁੰਦਰਤਾ ਬਹੁ ਸੀਸ ਕਿਰੀਟ[1] | [1]ਮੁਕਟ। |
| ਸੁਹਾਵਤਿ ਲਾਲ ਚੁਨੀ ਸੁ ਹਰੀ[1]। | [1]ਚੁਨੀ ਚਨੀਆਂ, (ਸੁ+ਹਰੀ ਹਰੇ ਸੁਹਣੇ) ਪੰਨੇ, (ਅ) ਸੁ+ਹਰੀ ਸੁਹਣੇ ਹੀਰੇ। |
| ਹਰੀ ਲੋਕਨ ਬੁਧਿ[1] ਬਿਲੋਕਤਿ[2] ਆਨਨ[3] | [1]ਲੋਕਾਂ ਦੀ ਬੁੱਧ ਹਰੀ ਗਈ। [2]ਦੇਖ ਕੇ। [3]ਮੁਖ। |
| ਲੋਚਨ ਡੀਠ ਕਹੂੰ ਨ ਟਰੀ[1]। | [1]ਵੇਖਦਿਆਂ ਕਿਸੇ ਦੀ ਨਜ਼ਰ ਪਰੇ ਨਹੀਂ ਹਟਦੀ। |
| ਟਰੀ ਆਪਦ ਤਾਂ ਨਰ ਕੀ ਸਗਰੀ[1] | [1]ਸਾਰੀ ਅਪਦਾ ਉਸ ਨਰ ਦੀ ਟਲ ਗਈ। |
| ਜਿਨ ਮੂਰਤਿ ਸੋ[1] ਉਰ ਮਾਹਿ ਧਰੀ। | [1]ਭਾਵ ਗੁਰੂ ਜੀ ਦੀ ਇਹ ਮੂਰਤੀ। |
| ਧਰੀ ਅੰਗਨ ਮੈਂ ਸੁਖਮਾ ਸੁਖ ਕੀ[1] | [1]ਅੰਗਾਂ ਵਿਚ ਸੋਭਾ ਸੁਖ ਦੀ ਭਰਪੂਰ ਹੈ। |
| ਜਗ ਕੋਮਲਤਾ ਬਚ ਬੀਚ ਭਰੀ[1] ॥੩੬॥ | [1]ਬਚਨਾਂ ਵਿਚ ਜਗਤ ਦੀ ਕੋਮਲਤਾ ਭਰੀ ਪਈ ਹੈ। |
| ਛੋਟੇ ਨਿਸ਼ਾਨ[1] ਧਰੇ ਦਰ ਬਾਜਤਿ | [1]ਛੋਟੇ ਨਗਾਰੇ। |
| ਆਵਤਿ ਜਾਵਤਿ ਲੇਤਿ ਹੈਂ ਕੇਈ[1]। | [1]ਕਈ (ਦਾਨ) ਲੈਂਦੇ ਹਨ। |
| ਤਾਤ ਕਮਾਈ ਕੋ ਕਾਲੂ ਬਿਲੋਕਿ | |
| ਬਿਸਾਲ ਉਦਾਰ ਰਿਦਾ ਬਹੁ ਦੇਈ। | |
| ਆਵਤਿ ਰਾਗ ਕਲਾਵਤ[1] ਗਾਵਤਿ | [1]ਕਲੌਂਤ। |
| ਭਾਵਤਿ ਜੇ ਬਿਤ[1] ਪਾਵਤਿ ਸੇਈ। | [1]ਧਨ। |
| ਯਾ ਬਿਧਿ ਕੋ ਉਤਸਾਹ ਭਯੋ | |
| ਕਵਿ ਕੀਨਿ ਕਬਿੱਤਨ[1] ਮੱਧ[2] ਭਨੇਈ[3] ॥੩੭॥ | [1]ਕਬਿਤਾਂ। [2]ਵਿਚ। [3]ਕਥਨ। |
| ਪਾਵਨ ਮੰਗਲ ਹੋਤਿ ਸੁਹਾਵਨ | |

| | |
|---|---|
| ਭਾਵਨ[1] ਭਾਟ ਰਟੈਂ[2] ਗੁਨ ਕੋ। | [1]ਪ੍ਰੇਮ ਨਾਲ। [2]ਗਾਉਂਦੇ ਹਨ। |
| ਲਾਗੀ ਸਭਾ ਸਭਿ ਬੇਦਨਿ ਕੀ[1] | [1]ਵੇਦੀਆਂ ਦੀ। |
| ਨਟ ਰਾਗ ਅਲਾਪ ਕਰੈਂ ਧੁਨ ਕੋ। | |
| ਰੀਝ ਰਿਦੈ ਬਖਸ਼ੈਂ ਬਖਸ਼ੀਸ਼ਨਿ | |
| ਪਾਇ ਕੈ ਸੋ ਹਰਖੈਂ ਧਨ ਕੋ। | |
| ਹਾਸ ਬਿਲਾਸ ਕਰੈਂ ਮਿਲਿ ਕੈ | |
| ਪਿਖਿ ਕੌਤਕ ਭਾਂਤਿ ਅਨੇਕਨ ਕੋ ॥੩੮॥ | |
| ਖਰੀ ਚਾਰੁ ਬਰਾਤ ਬਨੀ ਸਗਰੀ | |
| ਤਨ ਭੂਖਨ[1] ਜੇਬ[2] ਜਰਾਵ ਜਰੀ[3]। | [1]ਗਹਿਣੇ। [2]ਸ਼ੋਭਾ ਦੇ ਰਹੀ ਹੈ। [3]ਜੜਾਊ ਜੜੇ ਹੋਏ। |
| ਜ਼ਰੀਦੋਜ਼[1] ਫਿਰੈ ਬਿਜਨਾ[2] ਸਭਿ ਪੈ | [1]ਤਿੱਲੇ ਦਾ ਕੱਢਿਆ ਹੋਇਆ। [2]ਪੱਖਾ। |
| ਸਮ ਸੂਰਜ ਕੇ ਜਿਹ ਕ੍ਰਾਂਤਿ ਧਰੀ। | |
| ਧਰੀ ਪੋਸ਼ਿਸ ਅੰਗ ਪਟੰਬਰ ਅੰਬਰ | |
| ਹੈ ਪਸ਼ਮੰਬਰ[1] ਸ਼ੋਭ ਕਰੀ। | [1]ਪਸ਼ਮੀਨੇ ਦੇ ਕਪੜੇ। |
| ਕਰੀ[1] ਸੁੰਦਰ ਰੰਗ ਅਨੇਕਨ ਕੀ | [1]ਕੀਤੀ। |
| ਪੁਰਹੂਤ ਸਭਾ[1] ਦੁਤਿ[2] ਲੀਨਿ ਛਰੀ[3] ॥੩੯॥ | [1]ਇੰਦਰ ਦੀ ਸਭਾ ਦੀ। [2]ਸ਼ੋਭਾ। [3]ਛਲ ਲਈ, (ਅ) ਜੇ ਪਾਠ ਹੋਵੇ-ਖਰੀ ਖਰ ਲਈ, ਖੋਹ ਲਈ। |
| ਦੋਹਰਾ: | |
| ਦਿਵਸ ਬਿਤੀਤੇ ਕਿਤਿਕ ਇਵ, ਸਾਹਾ ਅਯੋ ਸਮੀਪ। | |
| ਲਗੇ ਕਰਨ ਤਯਾਰੀ ਚਲਿਨਿ ਬਯਾਹਨ ਕੁਲ ਕੋ ਦੀਪ[1] ॥੪੦॥ | [1]ਕੁਲ ਦੀਪਕ ਦੇ ਵਿਆਹ ਕਰਨ ਨੂੰ। |
| ਸ੍ਵੈਯਾ: | [1]ਨਵਾਬ। |
| ਭੂਪਤਿ[1] ਪਾਸ ਜਰਾਮ ਗਯੋ | |
| ਵਸ੍ਤੁ ਲੇਵਨ ਕੀ[1] ਸਭਿ ਗਾਥ ਸੁਨਾਈ। | [1]ਚੀਜ਼ਾਂ ਲੈਣ ਦੀ। |
| ਦੀਨੇ ਮਤੰਗ[1] ਅੰਬਾਰਨ ਸੰਗਿ[2] | [1]ਹਾਥੀ। [2]ਅੰਬਾਰੀਆਂ ਸਣੇ। |
| ਤੁਰੰਗਮ[1] ਸੋਂ ਅਸਵਾਰ ਬਨਾਈ। | [1]ਘੋੜੇ। |
| ਭੂਖਨ ਸੁੰਦਰ ਕੰਚਨ ਕੇ ਨਗ | |
| ਬੀਚ ਜਰਾਵਨ ਸੋਂ[1] ਛਬਿ ਛਾਈ। | [1]ਜੜਾਊਆਂ ਨਾਲ। |
| ਔਰ ਤੁਖਾਰ[1] ਦਏ ਹਿਤ ਭਾਰਨਿ | [1]ਊਠ। |
| ਤੰਬੂ ਕਨਾਤਨ ਕੇ ਸਮੁਦਾਈ ॥੪੧॥ | |

ਅੜਿੱਲ:

ਦੌਲਤ ਖਾਂ ਲਖਿ ਰਿਦੈ, ਸੁ ਮੋਦੀ ਆਪਨੋ।
ਜਸ ਅਪਜਸ ਜਗ ਮਾਝ, ਮੁਝਹਿ ਸੰਗਿ ਜਾਪਨੋ[1]। — [1]ਜਾਣਦਾ ਹੈ।
ਦਯੋ ਦਰਬ ਮੰਗਵਾਇ, ਕੋਸ਼ ਤੇ[1] ਹਰਖ[2] ਯੁਤਿ[3]। — [1]ਖ਼ਜ਼ਾਨੇ ਵਿਚੋਂ। [2]ਖੁਸ਼ੀ। [3]ਨਾਲ।
ਹੋ, ਕਹੈ 'ਕਰਹੁ ਜਸ ਭੂਰ[1] ਉਦਾਰੂ ਹੋਇ ਚਿਤ' ॥੪੨॥ — [1]ਬਹੁਤ।

ਸ੍ਵੈਯਾ:

ਆਨਿ ਜਰਾਮ ਨੈ ਧਾਮ ਵਿਖੈ
ਤਤਕਾਲ ਕਰੀ ਚਢਿਨੇ ਕੀ ਤਯਾਰੀ।
ਆਪਨੇ ਆਪਨੇ ਵਾਹਨ[1] ਸਾਜਿ[2] — [1]ਅਸਵਾਰੀਆਂ। [2]ਤਯਾਰ ਕਰਕੇ।
ਅਰੂਢ ਭਏ[1] ਤਨ[2] ਪੌਸ਼ਿਸ਼ ਧਾਰੀ[3]। — [1]ਚੜ੍ਹ ਪਏ। [2]ਸ਼ਰੀਰ ਤੇ। [3]ਪੁਸ਼ਾਕਾਂ ਪਹਿਨਕੇ।
ਲੌਕਿਕ ਵੈਦਿਕ ਰੀਤ ਕਰੀ
ਸਭਿ ਬ੍ਰਿੰਦ ਮਿਲੀ ਤਹਿਂ ਨਾਗਰ[1] ਨਾਰੀ। — [1]ਚਤੁਰ।
ਮਾਨੋ ਕੋਕਿਲਕਾ[1] ਕੁਹਕਾਵਤਿ[2] — [1]ਕੋਇਲਾਂ। [2]ਬੋਲਦੀਆਂ ਹਨ।
ਗਾਵਤਿ ਗੀਤਨਿ ਆਨੰਦ ਭਾਰੀ ॥੪੩॥
ਸਾਰਸ ਲੋਚਨ[1] ਬੰਧ ਬਿਮੋਚਨ — [1]ਕਵਲ ਨੈਣ।
ਰੂਪ[1] ਬਿਲੋਕਤਿ ਹੈ ਮਨ ਹਾਰੀ[2†]। — [1]ਬੰਧਨ ਤੋਂ ਛੁਡਾਉਣ ਵਾਲੇ (ਗੁਰੂ ਜੀ) ਦਾ ਰੂਪ। [2]ਦੇਖਦਿਆਂ ਮਨ ਹਰਿਆ ਜਾ ਰਿਹਾ ਹੈ। †ਪਾ:-ਹੈਂ ਮਨ ਭਾਰੀ।
ਸ਼ੇਖਰੇ[1] ਸੋਹੈਂ ਲਿਲਾਰ ਉਦਾਰ ਕੇ[2] — [1]ਮੱਥੇ ਤੇ ਲਟਕਣ ਵਾਲਾ ਸੇਹਰਾ, ਤੁਰਲਾ। [2]ਉਦਾਰ (ਗੁਰੂ ਜੀ ਦੇ) ਮੱਥੇ ਤੇ।
ਸੀਸ ਪੈ ਹੇਮ[1] ਸੁ ਨੀਕੇ ਹੈ ਢਾਰੀ। — [1]ਸੋਨੇ ਦੀ, ਭਾਵ ਜਿਗਾ ਕਲਗੀ ਤੋਂ ਹੈ।
ਸੋਭਾ ਕੋ ਮੌਰ[1] ਫਿਰੈ ਸਿਰ ਚੌਰ — [1]ਸ਼ਿਰੋਮਣਿ।
ਪਿਖੈਂ ਨਰ ਦੌਰ ਸੁ ਭੀਰ ਭੀ ਭਾਰੀ।
ਹੋਇ ਅਰੂਢਿ ਚਲੇ ਸਿਵਕਾ[1] ਪਰ — [1]ਪਾਲਕੀ।
ਜਾਮੈਂ ਜਟੇ[1] ਝਮਕੈਂ ਨਗ[2] ਚਾਰੀ[†3] ॥੪੪॥ — [1]ਜੜ। [2]ਰਤਨ। [3]ਸੁੰਦਰ। †ਪਾ:-ਝਾਰੀ ਬਹੁਤੇ। (ਅ) ਝਾਲ ਵਾਲੇ।

ਕਬਿੱਤ: — [1]ਹਾਥੀ। [2]ਲਾਲ।

ਸੁੰਦਰ ਮਤੰਗ[1] ਸਜਜੋ ਅਰੁਨ[2] ਅੰਬਾਰੀ

ਸੰਗ,

{ਬਰਾਤ ਦੀ ਚੜਾਈ।

ਤਾਂ ਪੈ ਚਢਿ ਕਾਲੂ ਅੰਗ ਆਨੰਦ ਨ ਮਾਵਈ।
ਲਾਲੂ ਗਜਾਰੁਢ[1] ਭਯੋ ਰਾਮਚੰਦ ਕਾਨ[2] ਪੁਨ,

[1]ਹਾਥੀ ਪੁਰ ਚੜ੍ਹਿਆ। [2]ਨਾਮ ਹੈ।

ਚਢਯੋ ਜਗਜੀਤ ਮੱਲ, ਲਾਲ ਨੰਦ ਭਾਵਈ।

{ਬਾਰਾਤੀਆਂ ਦੇ ਨਾਮ}

ਜੱਟ ਮਲ, ਇੰਦ੍ਰ ਸੈਨ, ਨੰਦ ਲਾਲ[੩੫] ਮੈਨ ਸਮ
ਸ਼ੋਭਾ ਐਨ[1], ਰਥ ਪਰ ਚਢੇ ਛਬਿ ਪਾਵਈ।

[1]ਕਾਮ ਵਰਗੀ ਸ਼ੋਭਾ ਦੇ ਘਰ।

ਚੰਦ੍ਰ ਭਾਨੁ, ਕੌਲ ਨੈਨ, ਸ਼ਿਵ ਲਾਲ, ਕਾਮ ਸੈਨ
ਮਾਨਚੰਦ ਮਾਨਸੰਗ ਚਢਯੋ ਹਰਖਾਵਈ ॥੪੫॥

ਛਪਯ:

ਪ੍ਰਮਾਨੰਦ, ਜੈਰਾਮ ਬਹੁਰ ਚਢਿ ਚਲਯੋ ਫਿਰੰਦਾ।
ਤਖਤ ਰਾਮ, ਜਗਰਾਇ ਬਨਯੋ ਸ਼ੁਭ ਅਰਜਨ ਚੰਦਾ।
ਔਰ ਦਿਵਾਨੀ ਮੱਲ, ਮੁਹਨ ਮੱਲ, ਭਲੋ ਸੁਹਾਈ।
ਲਖਪਤਿ ਰਾਇ ਕੁਲੀਨ, ਚਢਯੋ ਅਸੁ[1] ਜਾਦੋਰਾਈ।

[1]ਘੋੜੇ ਤੇ।

ਬੇਦੀ ਪੁਨਿ ਛੱਤ੍ਰੀ ਅਪਰ, ਕੇਤਿਕ ਗਿਨਿਯੇ ਨਾਮ ਤਿਨ।
ਸ਼ੁਭ ਬਾਨੇ[1] ਨੀਕ ਬਨਾਇ ਕੈ, ਚਲੇ ਚੰਚਲਹਿ ਜਾਨੁ ਜਿਨ[2] ॥੪੬॥

[1]ਲਿਬਾਸ। [2]ਅਸਵਾਰੀਆਂ ਜਿਨ੍ਹਾਂ ਦੀਆਂ ਚੰਚਲ ਹਨ।

ਸ੍ਵੈਯਾ:

ਦਿਸ਼[1] ਏਕ ਤਰੰਗਨ[2] ਚੰਚਲ ਸੁੰਦਰ

[1]ਇਕ ਪਾਸੇ। [2]ਘੋੜਿਆਂ ਨੂੰ।

ਜਾਤਿ ਕੁਦਾਵਤਿ ਭੂਖਨ ਧਾਰੀ।

{ਸ਼ੁਭ ਸ਼ਗਨ}

| | |
|---|---|
| ਦਿਸ਼ ਏਕ ਮਤੰਗ[1] ਅੰਬਾਰਨਿ[2] ਸੰਗ | [1]ਹਾਥੀ। [2]ਅੰਬਾਰੀਆਂ। |
| ਕਰੈਂ ਜਿਨ ਗੰਡਹਿ ਭ੍ਰਿੰਗ ਗੁੰਜਾਰੀ[1]। | [1]ਜਿਨ੍ਹਾਂ ਦੀਆਂ ਪੁੜਪੁੜੀਆਂ ਪਾਸ ਭੌਰੇ ਗੁੰਜਾਰਦੇ ਹਨ। |
| ਦਿਸ਼ ਏਕ ਚਲੇ ਸ਼ਿਵਕਾ[1], ਰਥ ਪੰਗਤਿ | [1]ਪਾਲਕੀ। |
| ਬੀਚ ਬਿਰਾਜਹਿਂ ਬਾਹਜ[1] ਚਾਰੀ[2]। | [1]ਖੱਤ੍ਰੀ। [2]ਸੁਹਣੇ। |
| ਦਿਸ਼ ਏਕ ਤੁਖਾਰ[1] ਚਲੇ ਸਕਟੇ[2] | [1]ਊਠ। [2]ਗਡੇ। |
| ਗਮਨੇ ਮਗ ਹੋਤਿ ਕੁਲਾਹਲ[1] ਭਾਰੀ ॥੪੭॥ | [1]ਖੁਸ਼ੀ ਦਾ ਸ਼ੋਰ। |
| ਬਾਜਤਿ ਢੋਲ ਦਮਾਮੇ[1] ਵਡੇ | [1]ਨਗਾਰੇ। |
| ਤੁਰਰੀ[1], ਡਫ ਸੋ, ਮੁਰਲੀ, ਕਰਨਾਈ[2]। | [1]ਤੁਰੀਆਂ। [2]ਇਕ ਪ੍ਰਕਾਰ ਦਾ ਨਰਸਿੰਗਾ। ਕਰਨਾਇ॥। |
| ਝਾਂਝਰ ਭੂਰ[1] ਨਫੀਰ[2] ਬਜੇ | [1]ਬਹੁਤ। [2]ਤੂਤੀ।ਨਫੀਰ॥। |
| ਮੁਖ ਬਾਤ ਕਹੀ ਨਹਿਂ ਦੇਤਿ ਸੁਨਾਈ। | |
| ਰੰਗ ਅਨੇਕਨਿ ਕੇਰ ਪਤਾਕਨਿ[1] | [1]ਝੰਡੀਆਂ। |
| ਜਾਂਹਿ ਲਿਯੇ ਸਭਿ ਆਗੇ ਹੀ ਧਾਈ। | |
| ਮੰਗਲ ਭੌਨ[1] ਭਏ ਸ਼ੁਭ ਸੌਨ[2] | [1]ਘਰ। [2]ਸਗਨ। |
| ਸਮੈਂ ਸਭਿ ਗੌਨ ਕੇ[1] ਦੀਨੇ ਦਿਖਾਈ ॥੪੮॥ | [1]ਚਲਨ ਵੇਲੇ। |
| ਦੋ ਘਾਟ[1] ਨਾਰਿ ਸੁਹਾਗਣ ਲੇ | [1]ਦੋ ਘੜੇ। |
| ਤਹਿਂ ਆਨਿ ਮਿਲੀ ਜਹਿਂ ਸ੍ਰੀ ਜਗ ਸਾਂਈ। | |
| ਖੇਲ ਸੁਹਾਵਨ ਬਾਇਸ[1] ਦਾਂਹਨ[2] | [1]ਕਾਂ। [2]ਸੱਜੇ ਪਾਸੇ (ਬੋਲੇ)। |
| ਧਾਇ ਭਲੇ ਮ੍ਰਿਗ ਮਾਲਹਿ[1] ਆਈ[2]। | [1]ਹਰਨਾਂ ਦੀ ਡਾਰ। [2]ਭਾਵ ਖੱਬੇ ਪਾਸੇ ਵਲ ਨੂੰ। |
| ਹੇਰਤਿ ਹੈਂ ਨਕੁਲਾ[1] ਸਭਿ ਈ | [1]ਨਿਉਲ ਤੱਕਦੇ ਹਨ। |
| ਸੁਰਭੀ[1] ਹੋਇ ਸਾਮੁਹਿ ਖੀਰ ਪਿਆਈ[2]। | [1]ਗਊ। [2]ਸਾਹਮਣੇ ਹੋ ਕੇ (ਵੱਛੇ ਨੂੰ) ਦੁਧ ਪਿਲਾਉਂਦੀ ਹੈ। |
| ਸੁੰਦਰ ਮੰਦ[1] ਸਮੀਰ[2] ਬਹੀ[†] | [1]ਹਲਕੀ ਹਲਕੀ। [2]ਹਵਾ। [†]ਏਹ ਸਾਰੇ ਸ਼ੁਭ ਸ਼ਗੁਨ ਗਿਣੇ ਹੈਨ। |
| ਅਵਿਲੋਕ ਬਰਾਤ[1] ਰਹੀ ਹਰਿਖਾਈ ॥੪੯॥ | [1]ਜੰਞ। |
| ਸੋਰਠਾ: | [1]ਹਾਥੀਆਂ ਦੇ। |

ਚਲੇ ਪਰਮ ਸੁਖ ਪਾਇ, ਬਾਜਹਿਂ ਘੰਟੇ ਗਜਨ ਕੇ[1]।
ਘੁੰਘਰੂ ਛਰਨਨ[1] ਲਾਇ
ਰਾਜਹਿਂ ਰਥ ਸਾਜਹਿਂ[1] ਤੁਰੰਗ[2] ॥੫੦॥

[1]ਝੁਨਕਾਰ।
[1]ਸਜੇ ਹੋਏ। [2]ਘੋੜੇ।

ਦੋਹਰਾ:
ਮੁਝ ਕੋ ਰਾਖਯੋ ਸੰਗਿ ਨਿਜ[1], ਖਰਚ ਪ੍ਰਿਥਕ[2] ਕਛੁ ਦੇਯ।
ਸੁਨਿਯੇ ਸ੍ਰੀ ਅੰਗਦ ਗੁਰੂ ਕਥਾ, ਸਾਰ ਰਸ ਲੇਯ ॥੫੧॥

[1]ਆਪਣੇ ਨਾਲ। [2]ਵੱਖਰਾ।

ਸ੍ਵੈਯਾ:
ਹੋਤਿ ਕੁਲਾਹਲ ਬਾਦਿਤ[1] ਬਾਜਿਤ[2]
ਆਇ ਗਏ ਸਭਿ ਤੀਰ ਬਿਪਾਸਾ[1]।
ਕੇਵਟ[1] ਕੋ ਧਨ ਦੀਨ ਤਬੈ
ਤਰਨੀ[1] ਤਿਨ ਕੀਨਿ ਸੰਬ੍ਰਹ ਸੁ ਪਾਸਾ[2]।
ਗੈ[1] ਰਥ ਬਾਜ[2] ਸਮਾਜ ਤੁਖਾਰ[3]
ਭਰੇ ਸਕਟੇ[1] ਵਸਤੁਨਿ ਜੇ ਰਾਸਾ[2]।
ਹੀਨ ਬਿਲੰਬਹਿ[1] ਅੰਬ ਤੇ ਪਾਰ
ਕਰੇ[1] ਸਭਿ ਹੀ ਨਿਜ ਲਾਇ ਕੇ ਦਾਸਾ[2] ॥੫੨॥

[1]ਵਾਜੇ। [2]ਵਜਦੇ।
[1]ਬਿਆਸ ਕਿਨਾਰੇ।
[1]ਮਲਾਹ।
[1]ਬੇੜੀ। [2]ਨੇੜੇ।
[1]ਹਾਥੀ। [2]ਘੋੜੇ। [3]ਊਠ।
[1]ਗੱਡੇ। [2]ਸਾਰੇ।
[1]ਦੇਰੀ ਦੇ ਬਿਨਾਂ।
[1]ਪਾਣੀ ਤੋਂ ਪਾਰ ਕੀਤੇ। [2]ਮਲਾਹ ਨੇ) ਆਪਣੇ ਦਾਸ ਲਾ ਕੇ।

ਦੋਹਰਾ:
ਕੇਵਟ[1] ਮਿਲਿ ਆਏ ਸਭੈ,
ਦੂਲਹੁ ਹੇਰਨ ਹੇਤੁ।
ਦਰਬ ਬਸਨ[1] ਬਖ਼ਸ਼ੇ ਤਿਨਹਿਂ,
ਸ੍ਰੀ ਬੇਦੀ ਕੁਲਕੇਤ ॥੫੩॥

[1]ਮਲਾਹ।
[1]ਕਪੜੇ।

ਸ੍ਵੈਯਾ:
ਹੋਇ ਉਲੰਘਨ ਯੌਂ ਸਰਿਤਾ[1] ਸਭਿ
ਆਨਿ ਖਡੂਰ† ਮਹਿਂ ਕੀਨ ਮੁਕਾਮਾ।
ਜਾਮਨਿ[1] ਮੈਂ ਪਕਵਾਨ ਸੁ ਕਾਲੂ ਨੈ
ਬਾਂਟ ਬਰਾਤ ਦਯੋ ਅਭਿਰਾਮਾ।
ਭੋਜਨ ਕੋ ਅਚਿ ਕੈ ਸਹਿ[1] ਭ੍ਰਾਤਨਿ
ਪੌਢੇ[1] ਪ੍ਰਯੰਕ ਪੈ ਸ੍ਰੀ ਸੁਖ ਧਾਮਾ।

[1]ਨਦੀ।
†ਗਿਰਾਂ ਦਾ ਨਾਮ, ਜਿੱਥੇ ਦੂਸਰੇ ਸਤਿਗੁਰਾਂ ਦੇ ਗੁਰਦਵਾਰੇ ਹਨ।
[1]ਰਾਤ।
[1]ਸਮੇਤ।
[1]ਬਿਰਾਜੇ।

ਭੋਰ[1] ਭਈ ਗੁਨ ਭਾਟ ਰਟੈਂ
ਬਹੁ ਬਾਜੇ ਬਜੇ ਜਗ ਪੂਰਨ ਕਾਮਾ
॥੫੪॥

[1]ਸਵੇਰ।

ਛਪਯ:

ਨਿਜ ਨਿਜ ਸਜਿ ਸਜਿ ਜਾਨੁ[1]
ਸਭਿਹਿ ਚਢਿ ਚਲੀ ਬਰਾਤਾ।

[1]ਅਸਵਾਰੀਆਂ ਤੇ।

ਗ੍ਰਾਮ ਨਗਰ ਮਗ ਆਇ[1]

[1]ਰਸਤੇ ਵਿਚ ਜੋ ਜੋ ਪਿੰਡ ਆਵੇ।

ਨਾਰਿ ਨਰ ਹ੍ਵੈਂ ਹੁਲਸਾਤਾ[1]।

[1]ਖੁਸ਼ ਹੁੰਦੇ ਸਨ।

ਦੇਖਹਿਂ ਦੂਲਹੁ ਦੌਰਿ
ਦਰਸ ਦੁਖ ਦਾਰਿਦ ਦਲਤੁ[1]।

[1]ਗੁਰ ਜੀ ਦਾ) ਦਰਸ਼ਨ ਦਰਿੱਦ੍ਰ ਨਾਸ਼ ਕਰਨ ਵਾਲਾ।

ਪ੍ਰਸਪਰ ਕਰਹਿਂ ਸਰਾਹਿ[1]

[1]ਸਿਫਤ।

ਸੰਗ ਤਜਿ ਸਦਨ[1] ਨ[2] ਚਲਤੁ[3]।

[1]ਘਰ। [2]ਨਹੀਂ। [3]ਜਾਂਦੇ।

ਪੁਨ ਅਸ ਪ੍ਰਕਾਰ ਦ੍ਵੈ ਨਿਸਿ ਅਪਰ[1]

[1]ਦੋ ਰਾਤਾਂ ਹੋਰ।

ਮਗ[1] ਮਹਿਂ ਕਰੀ ਬਿਤੀਤ ਚਲਿ।

[1]ਰਾਹ।

ਤਬ ਪਹੁੰਚੇ ਤਿਹ ਪੁਰਿ ਕੈ ਨਿਕਟ,
ਕਰਨੋ ਜਹਾਂ ਢੁਕਾਉ ਭਲ ॥੫੫॥ ⚐

⚐ਪਿੰਡ ਪੱਖੋਕੇ ਡੇਰਾ ਬਾਬਾ ਨਾਨਕ ਤੋਂ ਉੱਤਰ ਵੱਲ ਡੇੜ ਦੋ ਮੀਲ ਤੇ ਸੀ, ੧੯੪੫ ਬਿ: ਵਿਚ ਦਰਯਾ ਨੇ ਢਾਹ ਸੁਟਿਆ, ਹੁਣ ਪੱਖੋਕੀ ਦੇ ਤਿੰਨ ਟਿਕਾਣੇ ਹਨ:-ਪੱਖੋਕੀ ਚੁਹੜ ਸਿੰਘ ਵਾਲੀ, ਇਹ ਡੇਹਰਾ ਬਾਬਾ ਨਾਨਕ ਤੋਂ ਅੱਧ ਕੋਹ ਪਹਾੜ ਵੱਲ ਨੂੰ ਹੈ। ਇਕ ਚੜ੍ਹਦੇ ਪਾਸੇ ਨੂੰ ਟਾਹਲੀ ਵਲ ਡੇਰਾ ਬਾਬਾ ਨਾਨਕ ਤੋਂ ਬਹੁਤ ਨੇੜੇ ਹੈ। ਤੀਸਰੇ ਪੱਖੋਕੇ ਡੇਰੇ ਤੋਂ ਦੱਖਣ ਵਲ ਹੈ। ਡੇਰਾ ਬਾਬਾ ਨਾਨਕ ਪੱਖੋਕਿਆਂ ਦੀ ਜ਼ਮੀਨ ਵਿਚ ਹੈ ਤੇ ਹੁਣ ਤਕ ਮਾਲ ਦੇ ਕਾਗਜ਼ਾਂ ਵਿਚ ਪੱਖੋਕੇ ਡੇਰਾ ਬਾਬਾ ਨਾਨਕ ਲਿਖਿਆ ਜਾਂਦਾ ਹੈ। ਗੁਰੂ ਜੀ ਦਾ ਵਿਆਹ ਵਟਾਲੇ ਹੋਇਆ ਹੈ। ਇਥੇ ਵਿਆਹ ਅਸਥਾਨ ਪੁਰ ਪ੍ਰਸਿੱਧ ਗੁਰਦਵਾਰਾ ਹੈ ਤੇ ਉਸ ਵੇਲੇ ਦੀ ਇਕ ਕੰਧ ਬੀ ਖੜੋਤੀ ਹੈ। ਮੂਲਾ ਚੋਣਾ ਪੱਖੋਕਿਆਂ ਦਾ ਪਟਵਾਰੀ ਸੀ ਤੇ ਰਹਿਣ ਵਾਲਾ ਵਟਾਲੇ ਦਾ ਸੀ, ਉਹਦਾ ਦੋਹਾਂ ਥਾਵਾਂ ਨਾਲ ਸਬੰਧ ਹੋਣ ਤੋਂ ਪੱਖੋਕੇ ਵਿਆਹ ਹੋਣ ਦਾ ਕਈਆਂ ਆ ਟਪਲਾ ਲਗਾ ਹੈ। ਪੱਖੋਕਿਆਂ ਵਿਚ ਰੰਧਾਵੇ ਜੱਟ ਵਸਦੇ ਸੀ। ਉਸ ਵੇਲੇ ਪੈਂਚ 'ਹਿੱਤਾ' ਸੀ ਤੇ ਉਸਦਾ ਪੁਤ ਅਜਿੱਤਾ ਸੀ। ਏਸ ਭਾਈ ਅਜਿੱਤੇ ਦਾ ਪ੍ਰਸੰਗ ਅਗੇ ਭੀ ਆਵੇਗਾ ਜਦੋਂ ਸਤਿਗੁਰੂ ਜੀ ਦੀ ਸਿੱਖੀ ਧਾਰਣਗੇ।

ਸੋਰਠਾ:

ਕੋਸ ਪ੍ਰਮਾਨ ਟਿਕਾਇ, ਸੁੰਦਰ ਸਜਤਿ
ਬਰਾਤ ਜੋ।
ਭਯੋ ਸਪੂਰਨ ਧਜਾਇ, ਬਹੁਰ ਕਰੈ
ਇਤਿਹਾਸ ਕਵਿ† ॥੫੬॥

†ਪਾਠਾਂਤ੍ਰ ਦੋ ਹਨ-ਜੋ-, -ਕੋ-।

ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਰਾਤ ਚਢਨਿ' ਪ੍ਰਸੰਗ ਬਰਨਨੰ ਨਾਮ ਇਕੀਸਮੋ ਅਧਜਾਯ ॥੨੧॥

## ੨੨. [ਸ੍ਰੀ ਗੁਰ ਤੇਗ ਬਹਾਦਰ ਮੰਡਲ। ਬਰਾਤ ਦਾ ਢੁਕਾਉ। ਵਿਆਹ।]

੨੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੩

{ਵਿਵਾਹ ਉਤਸ਼ਾਹ} ॥੧੪॥

ਦੋਹਰਾ:

ਤੁਰਕਨ ਕੁਲ ਕਾਨਨ ਕਮਲ, ਤੇਗ ਬਹਾਦਰ ਚੰਦ।

ਕਾਨਨ=ਬਨ, ਇਕ ਪ੍ਰਕਾਰ ਦੇ ਬ੍ਰਿਛਾਂ ਯਾਂ ਬੂਟਿਆਂ ਦਾ ਝੁੰਡ। ਕਾਨਨ ਕਮਲ=ਕਮਲਾਂ ਦਾ ਬਨ। ਕਮਲ ਵਾੜੀ। ਕਮਲ=ਕਮਲ ਫੁੱਲ। ਇਕ ਕਲਮੀ ਨੁਸਖੇ ਵਿਚ ਏਥੇ ਪਾਠ-ਅਨਲ-ਦੇਖਣ ਵਿਚ ਆਇਆ ਹੈ। ਫਿਰ ਅਰਥ ਬਣੇਗਾ ਤੁਰਕਾਂ ਦੀ ਕੁਲ ਦੇ ਬਨ ਨੂੰ ਅੱਗ ਰੂਪ ਹਨ, ਉਹ ਆਪ ਤਾਂ ਚੰਦ੍ਰਮਾ ਰੂਪ ਸੀਤਲ ਸਰੂਪ ਹਨ, ਪਰ ਉਨ੍ਹਾਂ ਦੇ ਆਪਣੇ ਈਰਖੀ ਮਨਾਂ ਕਰਕੇ ਉਨ੍ਹਾਂ ਨੂੰ ਅੱਗ ਵਾਂਗੂ ਗਰਮ ਲੱਗਦੇ ਹਨ।

ਪਦ ਅਰਬਿੰਦਹਿ ਬੰਦਨਾ, ਜਜੋਤਿ† ਸੱਚਿਦਾਨੰਦ ॥੧॥

ਜਜੋਤਿ=ਜਜੋਤਿ, ਜੋਤਿ ਸਰੂਪ। ਪ੍ਰਕਾਸ਼ਮਾਨ ਸਰੂਪ। ਕਈ ਥਾਵੇਂ ਪਾਠ-ਜਯਤਿ-ਹੈ, ਜਿਸ ਦਾ ਅਰਥ ਹੈ-ਜੈ ਹੋਵੇ, ਜੈ ਹੋਵੇ। ਪਰੰਤੂ ਚਰਨਾਂ ਕਮਲਾਂ ਤੇ ਨਮਸਕਾਰ ਪਹਿਲੇ ਕਰ ਚੁਕੇ ਹਨ, ਜਯਤਿ ਦੀ ਲੋੜ ਨਹੀਂ।

†ਪਾ:-ਜਯਤਿ।

ਅਰਥ:

(ਸ੍ਰੀ ਗੁਰੂ) ਤੇਗ ਬਹਾਦਰ ਜੀ ਜੋ ਤੁਰਕਾਂ ਦੀ ਕੁਲ ਰੂਪੀ ਕਮਲ ਵਾੜ ਨੂੰ ਚੰਦ (ਵਾਂਙੂ ਲਗਦੇ ਹਨ, ਪਰੰਤੂ ਜਿਨ੍ਹਾਂ ਦੀ ਅਪਣੀ) ਜੋਤ ਸਤਿ ਚਿਤ ਆਨੰਦ ਰੂਪ ਹੈ (ਉਨ੍ਹਾਂ ਦੇ) ਚਰਨ ਕਮਲਾਂ ਪਰ (ਮੇਰੀ) ਨਮਸਕਾਰ ਹੋਵੇ।

ਭਾਵ:

ਗੁਰੂ ਜੀ ਨੂੰ ਕਵਿ ਜੀ ਚੰਦ ਦੀ ਉਪਮਾ ਦਿੰਦੇ ਹਨ, ਜਿਸ ਤੋਂ ਉਹਨਾਂ ਦੀ ਮੁਰਾਦ ਸਤਿਗੁਰੂ ਜੀ ਦੇ ਸੀਤਲ ਸੁਭਾਵ ਦੀ ਹੈ। ਪਰ ਜਦ ਚੰਦ ਚੜ੍ਹਦਾ ਹੈ ਕਮਲ ਮੁੰਦ ਜਾਂਦੇ ਹਨ, ਇਸ ਤਰ੍ਹਾਂ ਤੁਰਕ ਮੁੰਦ ਗਏ ਗੁਰੂ ਜੀ ਦੇ ਪ੍ਰਕਾਸ਼ ਅੱਗੇ। ਭਾਵ ਉਨ੍ਹਾਂ ਦੀ ਤਬਾਹੀ ਇਖ਼ਲਾਕੀ ਤੇ ਰੂਹਾਨੀ ਤਾਂ ਤਦੋਂ ਹੀ ਹੋ ਗਈ ਸੀ ਤੇ ਰਾਜਸੀ ਤਬਾਹੀ ਦਾ ਕੁਹਾੜਾ ਜੜ੍ਹਾਂ ਤੇ ਵਜ ਰਿਹਾ ਸੀ, ਅਤੇ ਤੁਰਕਾਂ ਨੂੰ ਜੋ ਦੁਖ ਪਹੁੰਚਾ ਉਸ ਦੇ ਓਹ ਆਪ ਜ਼ਿੰਮੇਵਾਰ ਸਨ। ਕਵਿ ਜੀ ਦੱਸਦੇ ਹਨ ਕਿ ਸਤਿਗੁਰੂ ਜੀ ਦੀ ਜਯੋਤੀ ਅਰਥਾਤ ਪ੍ਰਕਾਸ਼ ਸਰੂਪ ਐਸਾ ਅਛੋਭ, ਨਿਰਦੁੰਦ ਤੇ ਨਿਰਮਲ ਹੈ ਜੈਸਾ ਵਾਹਿਗੁਰੂ ਦਾ-ਸਤ ਚਿਤ ਆਨੰਦ-ਸਰੂਪ ਹੈ, ਉਥੇ ਕਿਸੇ ਦ੍ਵੈਖ ਦੀ ਗੁਜ਼ਰ ਨਹੀਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਨਗਰ ਨਿਕਟਿ ਇਸਥਿਤਿ[1] ਕਰੀ,
ਸਭਿ ਬਰਾਤ ਨੇ ਜਾਇ।
ਕੌਤਕ ਹੋਤਿ ਅਨੇਕ ਬਿਧਿ,
ਮਨੁਜ[1] ਮੋਦ[2] ਮਨ ਪਾਇ† ॥੨॥

[1]ਠਹਿਰਨਾ।

[1]ਮਨੁਖ। [2]ਖੁਸ਼ੀ। †ਪਾ:-ਮਨ ਅਨੰਦ ਬਹੁ ਪਾਇ।

ਕਬਿੱਤ:

ਪ੍ਰਮਾਨੰਦ ਨੰਦਨ[1] ਜੈਰਾਮ ਦਿਜ[2] ਬੋਲਿ

[1]ਪੁੱਤ੍ਰ। [2]ਬ੍ਰਾਹਮਨ ਨੂੰ। [3]ਸੱਦ ਲਿਆ।

ਲੀਨੋ[3]
ਦੀਨੋ ਸੋ ਪਠਾਇ 'ਸੁਧਿ[1] ਦੀਜਿਯੇ ਬਰਾਤ ਕੀ।' — [1]ਖਬਰ।
ਮਿਲ੍ਯੋ ਮੂਲੇ ਜਾਇ ਮੁਖ ਆਸ਼ਿਖ[1] ਅਲਾਇ[2] ਭਲੇ — [1]ਅਸੀਸ। [2]ਆਖ ਕੇ।
'ਸੁਨੋ ਜਜਮਾਨ ਕੱਲ੍ਯਾਨ ਤੇਰੇ ਗਾਤ ਕੀ[1]। — [1]ਸ਼ਰੀਰ ਦੀ।
ਕਾਲੂ ਚੰਦ ਮਹਿਤੇ ਕੀ ਉਤਰੀ ਬਰਾਤ ਆਨਿ
ਆਯੋ ਸੁਧ ਦੇਨਿ ਜਿਹ ਸ਼ੋਭ ਬਹੁ ਭਾਂਤਿ ਕੀ।'
ਮੂਲੇ ਕੀਨੀ ਬੰਦਨ ਅਨੰਦ ਰਿਦੇ ਮਾਨਿ ਕਹ੍ਯੋ
'ਭਲੀ ਬਾਤ[†] ਭਈ, ਸੁਧਿ ਲੇਊਂ ਮੈ ਬਰਾਤ ਕੀ' ॥੩॥ — [†]ਪਾ:-ਭਾਂਤਿ।

ਸ੍ਵੈਯਾ:

ਮੂਲਾ ਗਯੋ ਉਠਿ ਕੈ ਤਬ ਤੂਰਨ
ਪੰਚ[1] 'ਹਿੱਤਾ' ਜਿਹ ਗੋਤ ਰਿੰਧਾਵਾ। — [1]ਪੈਂਚ।
ਬੈਨ ਭਨੇ 'ਸੁਨਿਯੇ ਸ੍ਰੁਤਿ ਚੌਧਰੀ
ਆਈ ਬਰਾਤ ਅਬੈ ਸੁਧਿ ਆਵਾ।
ਲੇਨੇ ਅਗਾਰੀ ਚਲੈਂ ਤਿਨ ਕੋ ਹਮ
ਆਇਸੁ ਜੇ ਤੁਮਰੀ ਸ਼ੁਭ ਪਾਵਾ।
ਰਾਵਰ ਕੋ ਅਵਿਲੰਬ ਸਦੀਵਹਿ[1]' — [1]ਆਪਦਾ ਹੀ ਆਸਰਾ ਸਦਾ ਹੈ।
ਤੇ[1] ਸੁਨਿ ਕੈ ਇਵ ਬੈਨ ਅਲਾਵਾ ॥੪॥ — [1]ਉਸ (ਪੈਂਚ) ਨੇ।
'ਬੈਸ[1] ਵਡੀ ਜਰਾ[2] ਲੀਨ ਗ੍ਰਸੀ — [1]ਉਮਰ। [2]ਬੁਢਾਪੇ ਨੇ।
ਚਲਿਬੇ ਬਲ ਨਾਂਹਿ ਰਹ੍ਯੋ ਮੁਝ ਦੇਹੀ।
ਨਾਤੁਰ[1] ਮੈਂ ਚਲਤੌਂ ਅਬ ਸੰਗਿ — [1]ਨਹੀਂ ਤਾਂ।
ਸਦਾ ਤੁਮੈ ਜਾਨਤਿ ਪ੍ਰਾਨ ਸਨੇਹੀ[1]। — [1]ਪ੍ਰਾਣਾਂ ਤੋਂ ਪਿਆਰਾ।
ਤਾਤ ਅਜਿਤੇ[1]! ਪਧਾਰ[2] ਇਨ੍ਹੈਂ ਸੰਗਿ — [1]ਹੇ ਪੁਤ੍ਰ ਅਜਿੱਤੇ!। [2]ਜਾਹ।
ਲੇਹੁ ਬਰਾਤ ਭਲੀ ਬਿਧਿ ਜੇਹੀ।
ਚਾਹਿ ਜੁ ਹੋਇ ਪੁਚਾਇ ਸੁ ਦੇਵਹੁ

ਪਾਸ ਰਹੋ ਜਹਿਂ ਮੂਲਾ ਰਹੇਹੀ' ॥੫॥

ਅੜਿੱਲ:

ਮੂਲਾ ਕਹੈ 'ਸੁ ਲਾਜ ਹਮਾਰੀ ਤੋਹਿ ਕੋ।
ਜਸ ਅਪਜਸ ਸ਼ੁਭ ਕਾਜ ਕੁਕਾਜੰ ਹੋਹਿ ਕੋ।
ਪੰਚ ਨਗਰ ਕੇ ਆਪ, ਬਿਦਤਿ[1] ਤੁਮ ਨਾਮ ਹੈ।
ਹੋ ਮੈ ਪਟਵਾਰੀ ਬਿਦਤਿ, ਸਦਾ ਢਿਗ ਧਾਮ ਹੈ ॥੬॥

[1]ਪ੍ਰਗਟ।

ਬਰੰ[1] ਬਰਾਤ ਬਟੋਰ, ਵਡੀ ਪੁਰ ਬਿਯਨਿ ਕੀ[2]।
ਕਾਲੂ ਪਰਮਾਨੰਦ, ਸੈਨ[1] ਗੈ[2] ਹਯਨ[3] ਕੀ।
ਲੇ ਕਰਿ ਪਹੁੰਚੇ ਆਨਿ, ਸਕੀਰਤਿ ਸੋਹਿਹੀਂ।
ਹੋ ਸ਼ੋਭਾ ਭਾਂਤਿਨਿ ਭਾਂਤਿ, ਹੇਰਿ ਸੁਰ ਮੋਹਿ ਹੀਂ[1]' ॥੭॥

[1]ਚੰਗੀ। [2]ਦੋ ਸ਼ਹਿਰਾਂ ਦੀ (ਤਲਵੰਡੀ ਤੇ ਸੁਲਤਾਨਪੁਰ ਦੀ)।

[1]ਫੌਜ। [2]ਹਾਥੀ। [3]ਘੋੜਿਆਂ ਦੀ।

[1]ਦੇਵਤੇ ਮੋਹੇ ਜਾ ਰਹੇ ਹਨ।

ਹਿੱਤਾ ਕਹੈ 'ਤੁਹਿ ਬੋਲ ਵਿਗਾਰ ਸੁਭਾਇ ਹੈ।
ਨਹਿਂ ਬੋਲਹੁ ਦੁਰ ਬਾਕ, ਤ ਕੀਰਤਿ ਪਾਇ ਹੈਂ।
ਪਰਮਾਨੰਦ ਤੇ ਆਦਿ, ਭਲੇ ਨਰ ਜਾਨਿਯੇ।
ਹੋ ਤਵ ਘਰ ਕੀਨਿ ਢੁਕਾਉ, ਬਚਨ ਮਮ ਮਾਨਿਯੇ ॥੮॥

ਤਲਵੰਡੀ ਕੋ ਕਾਲੂ, ਜੋ ਪਟਵਾਰੀਆ।
ਤੁਝਹਿ ਸਰੀਖੋ[1] ਸੁਨਜੋ, ਸੁ ਬੋਲ ਵਿਗਾਰੀਆ[2]।
ਸਮਤਾ[1] ਕਰਹੁ ਨ ਕੈਸੇ, ਸੇਵਾ ਕੀਜਿਯੇ।
ਹੋ ਸਹਿ ਕਰਿ ਤਿਨ ਕੇ ਬਚਨ, ਬਿਨੀਤ[1] ਭਨੀਜਿਯੇ[2] ॥੯॥

[1]ਤੇਰੇ ਵਰਗਾ। [2]ਬੋਲ ਵਿਗਾੜ ਕਰਨ ਵਾਲਾ।

[1]ਬਰੱਬਰੀ।

[1]ਬੇਨਤੀ। [2]ਕਹੋ।

ਹਿਤ ਬਰਾਤ ਕੋ ਚਹਹੁ, ਸੁ ਮੋ ਤੇ

ਲੀਜਿਯੇ।
ਅਸਨ[1] ਬਚਨ[2] ਧਨ ਮਾਲ, ਨ ਸ਼ੰਕਾ ਕੀਜਿਯੇ। [1]ਭੋਜਨ। [2]ਕਪੜੇ।
ਜਿਉਂ ਸ਼ੋਭਾ ਤਿਨ ਕੀਨਿ, ਆਪ ਅਧਿਕਹਿ ਕਰੋ।
ਹੋ ਉਰ ਉਦਾਰਤਾ ਧਾਰਿ, ਕ੍ਰਿਪਨਤਾ[1] ਪਰਿਹਰੋ[2]' ॥੧੦॥ [1]ਸ਼ੂਮਤਾਈ। [2]ਛੱਡੋ।

ਸ੍ਵੈਯਾ:
ਮਾਨਿ ਕੇ ਬੈਨ ਕੋ ਮਾਨਵ ਲੈ ਸੰਗਿ
ਲੇਨਿ ਬਰਾਤ ਚਲਾ ਅਗੁਵਾਨੀ।
ਬਿੱਪ੍ਰਨਿ[1], ਬਾਹਜ[2], ਬੈਸਨਿ[3], ਸ਼ੂਦ੍ਰਨਿ [1]ਬ੍ਰਾਹਮਣ। [2]ਖਤ੍ਰੀ। [3]ਵੈਸ਼।
ਬ੍ਰਿੰਦ[1] ਭਏ ਸ਼ੁਭ ਬੋਲਤਿ ਬਾਨੀ। [1]ਸਾਰੇ।
ਯੋਗ ਕੋ ਨੇਗ[1] ਲਏ ਸਭਿ ਹੀ [1]ਲਾਗ।
ਨਿਕਸੇ ਨਗਰੀ ਤੇ ਉਮੰਗਹਿ ਠਾਨੀ।
ਡੰਕ[1] ਦਮਾਮਨ ਘਾਵ ਪਰੇ[2] [1]ਚੋਬਾਂ ਦੀ। [2]ਨਗਾਰੇ ਤੇ ਚੋਟ ਪਈ ਤੇ।
ਇਨ ਰੀਤਿ ਬਿਲੋਕ ਬਰਾਤ ਜੁਡਾਨੀ[1] ॥੧੧॥ [1]ਜੁੜੀ।
ਹੋਤਿ ਭਯੋ ਸਮਧੀਨ[1] ਕੋ ਮੇਲ [1]ਕੁੜਮਾਂ ਦੇ।
ਨਿਛਾਵਰ[1] ਕੀਨਿ ਉਭੈ[2] ਸੁਖ ਮਾਨੀ। [1]ਵਾਰਨਾ। [2]ਦੋਹਾਂ ਨੇ।
ਸਾਦਰ ਸੋਂ ਕੁਲ ਰੀਤਿ ਕਰੀ
ਭਲ ਪ੍ਰੀਤਿ ਬਢੀ ਨ ਕਿਸੀ ਮਨ ਹਾਨੀ।
ਲੋਚਨ ਸੋਂ, ਅਵਿਲੋਕਤਿ[1] ਦੂਲਹੁ[2] [1]ਵੇਖਕੇ। [2]ਲਾੜੇ ਨੂੰ।
ਮੂਲੇ ਕੋ 'ਧੰਨ ਹੀ ਧੰਨ' ਬਖਾਨੀ।
'ਭਾਗਨ ਭੂਰਨ[1] ਕੋ ਇਹ ਭਾਂਜਨ[2] [1]ਬੜੇ। [2]ਪੂਰੇ ਭਾਗਾਂ ਦਾ ਪਾਤ੍ਰ।
ਜਾਂ ਤੇ ਜਮਾਤਾ[1] ਭਯੋ ਗੁਨ ਖਾਨੀ' ॥੧੨॥ [1]ਜਵਾਈ।

ਦੋਹਰਾ: [1]ਦੋਹਾਂ ਤਰਫੋਂ। [2]ਵਧੇਰੇ। [3]ਖੁਸ਼ੀ।
ਮਿਲ ਕਰਿ ਦੁਹ ਦਿਸ਼ਿ[1] ਪਰਸਪਰ, ਸਰਸਤਿ[2] ਹਰਖਤਿ[3] ਹੋਇ।
ਗਮਨੇ ਨਗਰੀ ਕੋ ਬਹੁਰ, ਚਹਤਿ ਕਰਜੋ ਅਬ ਢੋਇ[1] ॥੧੩॥ [1]ਢੁਕਾਉ।

ਸ੍ਵੈਯਾ: [1]ਹਾਥੀ। [2]ਗੱਜਦੇ।

ਗਜ[1] ਗਾਜਤਿ[2] ਸਾਜ ਸਜੇ ਸਭਿ ਹੀ

ਧੁਨਿ ਘੰਟਨ ਕੀ ਉਠਿਹੀ ਵਡ ਘੋਰਾ[1]। — [1]ਬੜੀ ਉੱਚੀ।

{ਵਿਵਾਹ ਉਤਸ਼ਾਹ}

ਅਸੁ[1] ਹਿੰਸਤਿ[2] ਜੀਨ[3] ਜਰਾਵ ਜਰੇ — [1]ਘੋੜੇ। [2]ਹਿਣਕਦੇ। [3]ਕਾਠੀਆਂ।

ਅਵਿਨੀ[1] ਖੁਰ ਬਾਜ ਰਹੇ[2] ਚਹੂੰ ਓਰਾ[3]। — [1]ਜਮੀਨ ਉੱਤੇ। [2]ਖੁਰ ਵੱਜ ਰਹੇ ਹਨ (ਘੋੜਿਆਂ ਦੇ)। [3]ਚੁਫੇਰੇ।

ਰਥ ਜਾਤਿ ਚਲੇ ਛਨਕੈਂ ਘੁੰਘਰੂ

ਪੁਨਿ ਚੱਕ੍ਰਨ ਕੋ[1] ਖਰਕਾ ਨਹਿਂ ਥੋਰਾ[2]। — [1]ਪਹੀਆਂ ਦਾ। [2]ਥੋੜਾ ਨਹੀਂ ਭਾਵ ਬਹੁਤਾ ਹੈ।

ਡਫ ਢੋਲ ਦਮਾਮਨਿ ਡੰਕ ਲਗੇ

ਪਰ ਆਪਨ ਕੋ ਨ ਸੁਨੈ ਵਡ ਸ਼ੋਰਾ[1] ॥੧੪॥ — [1]ਸ਼ੋਰ ਬੜਾ ਹੈ, ਆਪਣੀ ਪਰਾਈ ਕੋਈ ਗੱਲ ਨਹੀਂ ਸੁਣੀਂਦੀ।

ਮੁਰਲੀ, ਮਿਰਦੰਗ[1], ਉਪੰਗ[2], ਤੰਬੂਰਨ[3] — [1]ਇਕ ਪ੍ਰਕਾਰ ਦੀ ਢੋਲਕ। [2]ਨਸਤ੍ਰੰਗ ਨਾਮੇ ਵਾਜਾ। [3]ਢੋਲ, ਤੰਬੂਰ।

ਝਾਂਝਰ[1], ਟਾਲ[2] ਬਜੈਂ ਕਰਨਾਈ। — [1]ਛੈਣੇ। [2]ਟੱਲ।

ਬਰ ਬਾਰਬਧੂ[1]† ਸੁਠ ਗਾਇ ਕੈ ਰਾਗਨ — [1]ਗਾਉਣ ਵਾਲੀਆਂ।

ਤਾਨ ਮਿਲਾਇ ਕੈ ਮੋਦ ਬਢਾਈ।

†ਜੰਞ ਨਾਲ ਗਾਉਣ ਨੱਚਣ ਵਾਲੀਆਂ ਦਾ ਨਾ ਹੋਣਾ ਅਸੀਂ ਪਿੱਛੇ ਦੱਸ ਆਏ ਹਾਂ (ਦੇਖੋ ਅਧ੍ਯਾਯ ੨੧ ਅੰਕ ੨੩) ਕਿ ਪੁਰਾਤਨ ਜਨਮ ਸਾਖੀ, ਜਨਮ ਸਾਖੀ ਭਾਈ ਬਾਲਾ, ਮਹਿੰਮਾ ਪ੍ਰਕਾਸ਼ ਤੇ ਜਨਮ ਸਾਖੀ ਭਾਈ ਮਨੀ ਸਿੰਘ ਜੀ ਵਿਚ ਨਹੀਂ ਹੈ। ਗਾਲਬਨ ਇਹ ਆਖੇਪਕ ਹੈ। ਇਕ ਨੁਸਖੇ ਵਿਚ ਪਾਠ ਹੈ- ਬਾਰ।

ਦੁਤਿ ਰੰਗ ਅਨੇਕ ਪਤਾਕ[1] ਬਨੇ — [1]ਝੰਡੀਆਂ।

ਫਹਿਰਾਇ ਘਨੋ ਸਭਿ ਆਗੈ ਸੁ ਜਾਈ।

ਅਰਬਿੰਦ ਬਿਲੋਚਨ[1] ਬੀਚ ਬਿਰਾਜਹਿਂ — [1]ਭਾਵ ਗੁਰੂ ਜੀ।

ਮੌਰ ਪੈ[1] ਚੋਰ ਢੁਰੈ[2] ਛਬਿ ਛਾਈ ॥੧੫॥ — [1]ਸੀਸ ਉੱਤੇ। [2]ਚੌਰ ਝੁਲ ਰਿਹਾ ਹੈ।

ਏਕ ਮਤੰਗ[1] ਪੈ ਲਾਲੂ ਅਰੂਢਿ — [1]ਹਾਥੀ।

ਕਰੇ ਬਰਖਾ ਧਨ ਕੀ ਮਨ ਭਾਈ।

ਦੂਸਰ ਪੈ ਚਢਿ ਤਾਤ ਜੈਰਾਮ ਕੋ[1] — [1]ਜੈਰਾਮ ਦਾ ਪਿਤਾ।

ਹੀਨ ਬਿਲੰਬ[1], ਭਲੇ ਬਰਖਾਈ[2]। — [1]ਛੇਤੀ ਨਾਲ। [2]ਧਨ ਦੀ ਬਰਖਾ ਚੰਗੀ ਤਰ੍ਹਾਂ ਕਰਦਾ ਹੈ।

ਮੇਘ ਕੀ ਰੀਤਿ ਸੁਹਾਇ ਦੁਊ

ਤਬ ਨੀਚ ਔ ਊਚ ਵਿਚਾਰ ਨ ਕਾਈ।

ਕੀਰਤਿ ਯੌਂ ਬਿਸਤੀਰਤਿ ਹੈ

ਜਨੁ ਪੂਰਨ ਚੰਦ[1] ਨੈ ਜੌਨ੍ਹ[2] ਸੀ ਛਾਈ — [1]ਪੁੰਨਯਾਂ ਦੇ ਚੰਦ ਨੇ। [2]ਚਾਂਦਨੀ।

॥੧੬॥

| | |
|---|---|
| ਸ਼੍ਰੋਨਨ[1] ਮੈਂ ਸੁਨਿ ਬਾਜਜਨ[2] ਕੀ ਧੁਨਿ | [1]ਕੰਨੀ। [2]ਵਾਜਿਆਂ ਦੀ। |
| ਬਿੱਭ੍ਰਮ[1] ਹੋਤਿ ਭਯੋ ਮਨ ਨਾਰੀ। | [1]ਇਕ ਹਾਵ ਜਿਸ ਦੇ ਅੰਦਰ ਹੋਣ ਨਾਲ ਇਸਤ੍ਰੀ ਘਬਰਾਕੇ ਗਹਿਣੇ ਉਲਟੇ ਪੁਲਟੇ ਪਾ ਲੈਂਦੀ ਹੈ। |
| ਹਾਰ ਲਪੇਟ ਲਯੋ ਕਟ ਕੇ ਤਟ[1] | [1]ਲੱਕ ਉਦਾਲੇ। |
| ਕਿੰਕਨ[1] ਲੈ ਗਰ ਬੀਚ[2] ਸੁਧਾਰੀ। | [1]ਤੜਾਗੀ। [2]ਗਲ ਵਿਚ। |
| ਨੂਪਰ[1] ਹਾਥਨਿ ਮੈਂ, ਪਹੁੰਚੀ[2] ਪਗ[3] | [1]ਝਾਂਜਰਾਂ। [2]ਹੱਥ ਦਾ ਗਹਿਣਾ। [3]ਪੈਰਾਂ ਵਿਚ। |
| ਅੰਚਰ[1] ਅੰਗੀਆ[2] ਸੋ ਨ ਸੰਭਾਰੀ। | [1]ਭੋਛਣ। [2]ਅੰਗੀ। |
| ਅੰਜਨ[1] ਅੰਜ[2] ਕਪੋਲਨ[3] ਪੈ | [1]ਸੁਰਮਾਂ। [2]ਪਾ ਕੇ। [3]ਗੱਲ੍ਹਾਂ ਤੇ |
| ਚਖ[1] ਜਾਵਕ[2] ਡਾਰਿਨ ਧੀਰ ਵਿਚਾਰੀ ॥੧੭॥ | [1]ਅੱਖਾਂ ਵਿਚ। [2]ਰੰਗ ਸੁਰਖੀ ਜੋ ਪੈਰਾਂ ਤੇ ਲਾਈਦਾ ਹੈ। |
| ਯਾ ਬਿਧਿ ਅੰਗ ਸ਼ਿੰਗਾਰਿ ਸ਼ਿੰਗਾਰਿ ਕੇ | |
| ਦੌਰ ਚਢੀ ਮਿਲ ਬ੍ਰਿੱਧ[†1] ਅਟਾਰੀ। | [1]ਉੱਚੀਆਂ। [†]ਪਾ:-ਬ੍ਰਿੰਦ। |
| ਮਾਨਹੁ ਮੇਘਨ[1] ਮੈਂ ਚਮਕਾਤਿ | [1]ਬੱਦਲਾਂ ਵਿਚ। |
| ਛਟਾ[1] ਛਬਿ ਸੀ ਦਮਕੈਂ ਦੁਤਿ ਨਾਰੀ। | [1]ਬਿਜਲੀ। |
| ਨੀਲ ਸਰੋਜਨ ਮਾਲ[1] ਬਿਲੋਚਨ[2] | [1]ਨੀਲੇ ਕਵਲਾਂ ਦੀ ਪੰਕਤੀ ਵਾਂਙੂ। [2]ਅੱਖਾਂ ਨਾਲ। |
| ਰੂਪ ਬਿਲੋਕਤਿ ਦੂਲਹੁ ਸਾਰੀ[1]। | [1]ਸਾਰੀਆਂ। |
| ਝਾਕ ਝਰੋਖਨ[1] ਬੀਚ, ਗੁਲਾਬ ਲੇ | [1]ਝਰੋਖਿਆਂ ਵਿਚੋਂ ਤੱਕ ਕੇ। |
| ਫੂਲਨ ਅੰਜੁਲ[1] ਮੰਜੁਲ[2] ਡਾਰੀ[3] ॥੧੮॥ | [1]ਫੁੱਲਾਂ ਦੇ ਬੁਕ। [2]ਸੁਫੈਦ। [3]ਪਾਉਂਦੀਆਂ ਹਨ। |
| ਰੰਗ ਸੁਰੰਗਹਿ ਮੇਲ ਸੁਗੰਧਹਿ | |
| ਪ੍ਰੀਤਿ[1†] ਸਪ੍ਰੀਤਿਹਿ ਲੇ ਘਟ[2] ਨਾਰੀ। | [1]ਹਿਤ ਨਾਲ। [2]ਘੜੇ। [†]ਪਾ:-ਪੀਤ ਪੀਲੇ। |
| ਚੰਦਮੁਖੀ ਸੁਖਕੰਦ[1] ਬਿਲੋਕ | [1]ਸੁਖਦਾਤੇ (ਗੁਰੂ ਜੀ ਨੂੰ)। |
| ਅਨੰਦ ਭਰੀ ਪਟ ਪਾਗਤ ਚਾਰੀ[1†]। | [1]ਸੁੰਦਰ ਕਪੜਿਆਂ ਵਿਚ ਸਜਕੇ। [†]ਪਾ:-ਪਦ ਪਾ ਗਤਿ ਚਾਰੀ ਠੁਮਕਵਾਂ ਪੈਰ ਪਾ ਕੇ ਚਲਦੀਆਂ ਹਨ। |
| ਲਾਲ ਗੁਲਾਲ ਬਿਸ਼ਾਲ ਕੋ ਬਾਲ[1] | [1]ਇਸਤ੍ਰੀਆਂ |
| ਗੁਲਾਬ ਮਿਲਾਇ ਬਰਾਤ ਪੈਡਾਰੀ[1]। | [1]ਪਾਉਂਦੀਆਂ ਹਨ। |
| ਧਾਮਨਿ[1] ਪੰਕਤਿ[2] ਪੰਕ[3] ਭਯੋ ਸਭਿ | [1]ਘਰਾਂ ਦੀ ਕਤਾਰ ਅਗੇ ਭਾਵ ਗਲੀ ਵਿਚ। [2]ਘਰਾਂ ਦੀ ਕਤਾਰ ਅਗੇ ਭਾਵ ਗਲੀ ਵਿਚ। [3]ਚਿੱਕੜ। |
| ਅੰਕ ਉਮੰਗ ਬਿਲਾਸਤਿ ਭਾਰੀ ॥੧੯॥ | |
| ਮੂਲੇ ਕੇ ਦ੍ਵਾਰ ਢੁਕਾਉ ਕਰਯੋ ਅਸ | |
| ਆਰਤਿਹਾਰ[1] ਕੀ ਆਰਤੀ ਤਾਰੀ[2]। | [1]ਦੁਖ ਹਰਤਾ ਦੀ। [2]ਉਤਾਰੀ। |

| | |
|---|---|
| ਚੰਦ੍ਰ ਮੁਖੀ ਤਹਿਂ ਬ੍ਰਿੰਦ ਮਿਲੀ ਕਲ[1] | [1]ਸੁੰਦਰ। |
| ਕੰਠ[1†] ਹੈ ਕੋਕਿਲਾ[2] ਕੀ ਅਨੁਹਾਰੀ[3]। | [1]ਗਲਾ। [2]ਕੋਇਲ। [3]ਜੇਹਾ। [†]ਪਾ:-ਕੰਠੀ। |
| ਮੰਗਲ ਸੋਂ ਕੁਲ ਰੀਤਿ ਕਰੈਂ | |
| ਲੇਯ ਨਾਨਕ ਨਾਮ ਉਚਾਰਤਿ ਗਾਰੀ[1]। | [1]ਸਿੱਠਣੀ। |
| ਗਜਾਨ ਪੈ ਕਾਮ ਕੋ ਜੋਰ ਚਲਜੋ ਨ | |
| ਪਲਾਇਨ[1] ਹ੍ਵੈ ਮਨੋ ਬਾਦ ਪੁਕਾਰੀ[2] ॥੨੦॥ | [1]ਨੱਸ ਕੇ ਭਾਵ ਹਾਰ ਕੇ। [2]ਕੁਬਚਨ ਬੋਲਣ ਲਗ ਪਿਆ। |
| ਦੂਲੋ ਸਮੇਤ ਬਰਾਤ ਬਹੋਰ[1] | [1]ਫੇਰ। |
| ਕਿਯੋ ਸ਼ੁਭ ਥਾਨ ਮੈਂ ਆਨਿਕੈ ਡੇਰਾ। | |
| ਰਾਜਹਿ ਧੂਰ ਪਰੀ ਮੁਖ ਪੈ | |
| ਜਿਵ ਸੰਗ ਪਿਰਾਗ[1] ਕੁਸ਼ੇਸ਼ਯ[2] ਹੇਰਾ[3]। | [1]ਫੁਲ ਦੀ ਧੂੜੀ। [2]ਕੌਲ ਫੁਲ। [3]ਦੇਖੀਦਾ ਹੈ। |
| ਤੰਬੂ ਕਨਾਤਨ ਤਾਨੇ ਬਿਤਾਨਨਿ | |
| ਲਾਗੇ ਸ਼ਮਜਾਨਨ ਸੋਹੈ ਘਨੇਰਾ। | |
| ਜੋ ਜਿਹ ਚਾਹਿ ਦਈ ਸੋਉ ਤਾਂਹਿ | |
| ਹਤਜੋ[1] ਸ਼੍ਰਮ[2] ਦੂਰ ਲਗੀ ਨਹਿਂ ਦੇਰਾ ॥੨੧॥ | [1]ਦੂਰ ਕੀਤਾ। [2]ਥਕਾਨ |
| ਧੇਨੁ ਕੇ ਧੂਲ ਕੋ[1] ਵੇਲਾ ਭਯੋ | [1]ਗਊਧੂੜ ਦਾ ਵੇਲਾ। |
| ਤਬ ਛੂਟਨ ਲਾਗੀ ਹੈ ਜੋਰ ਹਵਾਈ[1]। | [1]ਇਕ ਤਰ੍ਹਾਂ ਦੀ ਆਤਸ਼ਬਾਜ਼ੀ। |
| ਮੰਗਲ ਕੀ ਸੁਧਿ ਦੇਨੇ ਕੇ ਹੇਤ | |
| ਮਨੋ ਪਤੀਆ[1] ਸੁਰ ਲੋਕ[2] ਪਠਾਈ। | [1]ਪਤ੍ਰਿਕਾ। [2]ਦੇਵ ਲੋਕ। |
| ਬਾਜ[1] ਮਤੰਗ[2] ਉਤੰਗ[3] ਬਰੂਦ ਕੇ | [1]ਘੋੜੇ। [2]ਹਾਥੀ। [3]ਉੱਚੇ। |
| ਝਾਰ ਮਤਾਬੀ ਛੁਟੈ ਫੁਲਵਾਈ[1]। | [1]ਇਕ ਆਤਸ਼ਬਾਜ਼ੀ। |
| ਦੈਤਨਿ ਦੈਤ ਭਯਾਨਕ ਬੇਖ[1] | [1]ਬਰੂਦ ਦੇ ਬਣੇ ਭਯਾਨਕ ਦੈਂਤ ਦੈਂਤਣੀਆਂ ਚਲ ਰਹੇ ਹਨ। |
| ਸੁ ਕੌਤਕ ਦੇਖਿ[1] ਰਹੇ ਹਰਖਾਈ ॥੨੨॥ | [1]ਲੋਕੀ ਕੌਤਕ ਦੇਖ ਕੇ। |
| ਮਾਨਵ ਮੂਲੇ ਨੇ ਏਕ ਪਠਾ | |
| ਹਿਤ ਹੂਤਨ[1] ਕੇ ਤਿਨ ਜਾਇ ਸੁਨਾਵਾ। | [1]ਬੁਲਾਉਣ ਲਈ। |
| 'ਧਾਰਹੁ ਆਪ ਚਲ ਪਦ ਕੋ ਅਬ | |
| ਕਾਲ ਭਯੋ[1] ਹਿਤ ਲੇਵਨ ਲਾਵਾ।' | [1]ਵੇਲਾ ਹੋ ਗਿਆ ਹੈ। |
| ਯੌ ਸੁਨਿ ਡੰਕ[1] ਨਿਸ਼ਾਨ[2] ਲਗੇ | [1]ਚੋਬ। [2]ਨਗਾਰੇ। |
| ਧੁਨਿ ਘੋਰ ਉਠੀ ਘਨ[1] ਜਿਉਂ | [1]ਬੱਦਲ। [2]ਗੱਜਿਆਂ। |

ਘਿਰਾਵਾ[2]।
ਆਨੰਦ ਕੋ ਉਰ ਧਾਰਿ ਤਬੈ
ਗਮਨੇ ਮਿਲ ਸਾਜ ਸਮਾਜ ਸੁਹਾਵਾ
॥੨੩॥

ਬੇਦੀ ਜੇ ਬ੍ਰਿੰਦ[1] ਔ ਬੇਦੀ ਸ਼ਿਰੋਮਣਿ[2] — [1]ਸਾਰੇ। [2]ਸਤਿਗੁਰੂ ਜੀ।
ਬੇਦੀ[1†] ਰਚੀ ਜਹਿਂ ਗੇ ਤਿਹ ਥਾਈਂ। — [1]ਵਿਆਹ ਦੀ ਵੇਦੀ।

[†]ਵਿਵਾਹ ਦਾ ਪ੍ਰਸੰਗ ਜੋ ਹੈ ਕਿ ਇਹ ਸੁਲਤਾਨ ਪੁਰੇ ਆਉਣ ਤੋਂ ਮਗਰੋਂ ਦਾ ਹੈ, ਜੋ ਜਨਮਸਾਖੀ ਸਭ ਤੋਂ ਪੁਰਾਤਨ ਹੈ ਤੇ ਭਾਈ ਮਨੀ ਸਿੰਘ ਦੀ ਸਾਖੀ, ਦੋਹਾਂ ਵਿਚ ਵਿਵਾਹ ਸਤਿਗੁਰ ਜੀ ਦੇ ਬਾਲਪਨੇ ਵਿਚ ਤਲਵੰਡੀ ਹੋਇਆ ਲਿਖਿਆ ਹੈ। ਜਿਸ ਰੀਤੀ ਨਾਲ ਵਿਆਹ ਹੋਇਆ ਲਿਖ ਰਹੇ ਹਨ, ਓਹ ਰੀਤੀ ਉਸ ਵੇਲੇ ਦੀ ਖੱਤ੍ਰੀਆਂ ਵਿਚ ਪ੍ਰਚਲਤ ਰੀਤੀ ਹੈ। ਗੁਰੂ ਜੀ ਨੇ ਅਜੇ ਘਰ ਬਾਰ ਛੱਡ, ਤਯਾਗ ਕਰ ਜਗਤ ਵਿਚ ਫਿਰਕੇ ਲੋਕਾਂ ਨੂੰ ਤਾਰਨ ਦਾ, ਫੇਰ ਕਰਤਾਰ ਪੁਰੇ ਬੈਠ ਕੇ ਉਪਦੇਸ਼ ਤੇ ਆਪਣੇ ਆਸ਼ੇ ਤੇ ਮਤ ਦਾ ਚਲਾਵਣਾ ਨਹੀਂ ਕੀਤਾ। ਇਕ ਰਵਾਯਤ ਚਲੀ ਆਉਂਦੀ ਹੈ ਕਿ ਗੁਰੂ ਜੀ ਨੇ ਵਿਵਾਹ ਦੀ ਰੀਤੀ ਆਪਣੀ ਦੱਸੀ ਸੀ। ਇਸ ਪਰ ਗੋਸਟ ਹੋਈ ਜਿਸ ਦੀਵਾਰ ਹੇਠ ਇਹ ਗੋਸਟ ਹੋਈ ਉਹ ਦੀਵਾਰ ਕੱਚੀ ਹੈ, ਅਜੇ ਤਕ ਖੜੀ ਹੈ ਤੇ ਵਿੰਗੀ ਹੈ। ਚੋਣਿਆਂ ਨੇ ਨਾਂਹ ਕੀਤੀ ਤਾਂ ਭੰਡਾਰੀ ਕਹਿਣ ਲਗੇ ਕਿ ਅਸੀਂ ਨਾਤਾ ਦੇਂਦੇ ਹਾਂ। ਇਸ ਪਰ ਗੁਰੂ ਜੀ ਨੇ ਵਰ ਦਿੱਤਾ ਭੰਡਾਰੀ ਭਰੇ ਰਹਿਣਗੇ ਤੇ ਚੋਣੇ ਚੁਣੇ ਜਾਣਗੇ। ਇਹ ਸੁਣ ਕੇ ਚੋਣੇ ਬੀ ਝੁਕ ਗਏ ਤੇ ਆਪ ਦੀ ਆਗਿਆ ਮੰਨ ਲਈ। ਗੁਰੂ ਮਰਯਾਦਾ ਸਮੇਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਬਿਰਾਜਮਾਨ ਹੁੰਦੇ ਹਨ, ਸੋ ਅਗਨੀ ਦੀ ਗੁਰਸਿੱਖਾਂ ਨੂੰ ਲੋੜ ਨਹੀਂ। ਸਰਬੱਤ ਸਿੱਖ ਸੰਗਤਾਂ ਪ੍ਰਤੀ ਸਤਿਗੁਰੂ ਕਾ ਹੁਕਮ ਹੈ, 'ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।' ਜਦ ਸਤਿਗੁਰੂ ਸਚਾ ਸਾਖੀ ਆਪ ਵਿਚ ਬਿਰਾਜਮਾਨ ਹੈ ਤਾਂ ਅਗਨੀ ਨੂੰ ਸਾਖੀ ਰੱਖਣ ਦੀ ਕੋਈ ਲੋੜ ਨਹੀਂ ਰਹਿੰਦੀ।

ਪੁੰਜ ਜਹਾਂ ਦਿਜਰਾਜ ਬਿਰਾਜਤਿ
ਹੇਰਿ ਸਮਾਜ ਉਠੇ ਹਰਿਖਾਈ।
ਦੇ ਮੁਖ ਆਸ਼ਿਖ[1] ਕੋ ਸੁਖ ਪਾਇ — [1]ਅਸ਼ੀਰਵਾਦ।
ਗਏ ਸਭਿ ਬੈਸ ਤਹਾਂ ਚਹੁੰਘਾਈ[1]। — [1]ਚਾਰੋਂ ਤਰਫ।
ਬੇਦ[੧2] ਕੇ ਮੰਤ੍ਰ ਉਚਾਰਿ ਤਬੈ
ਸ਼ੁਭ ਰੀਤਿ ਕਰੀ ਜਿਵ ਬੇਦ[1] ਨੇ ਗਾਈ — [1]ਏਥੇ ਬੇਦ ਦਾ ਮਤਲਬ ਵਿਵਾਹ ਪੱਧਤੀ ਹੈ।
॥੨੪॥

ਦੋਹਰਾ:

ਅੰਦਰ ਸੁੰਦਰ ਸਦਨ ਤੇ, ਲਯਾਏ ਮੋਦਿ ਬਿਲੰਦ।
ਲਖਮੀ ਰੂਪ ਸੁਲੱਖਨੀ, ਢਿਗ ਸ੍ਰੀ ਨਾਨਕ ਚੰਦ ॥੨੫॥

ਚਿਤ੍ਰਪਦਾ ਛੰਦ: — [1]ਭਾਵ ਗੁਰੂ ਜੀ। [2]ਸੱਜੇ ਪਾਸੇ।

ਪੰਕਜਨੈਨ[1] ਬਨੇ ਦਿਸ ਦਾਹਨਿ[2]

| | |
|---|---|
| ਸ੍ਰੀ ਮਹਿਲਾ[1] ਕਿਯ ਬਾਮ[2] ਜਿ ਅੰਗਾ[3]। | [1]ਬੀਬੀ ਜੀ। [2]ਖੱਬੇ। [3]ਪਾਸੇ। |
| ਦੀਪਤਿ[1] ਕੀਨਿ ਹੁਤਾਸਨ[2] ਕੋ | [1]ਜਗਾਈ। [2]ਅਗਨੀ। |
| ਦਿਜ ਪੂਜ ਬਿਨਾਯਕ[1] ਚੰਦਨ ਸੰਗਾ। | [1]ਗੁਰੂ। ਪੂਰਨ ਗੁਰੂ। (ਅ) ਗਣੇਸ਼। (ੲ)ਬੁਧਦੇਵ। |
| ਧਾਰਿ ਸਰੋਅ[1] ਵਿਖੈ ਸਰਪੀ[2] | [1]ਚਮਚੇ। [2]ਘਿਉ। |
| ਮਧ ਪਾਵਕ[1] ਪਾਵਤਿ ਜੋਤਿ ਅਭੰਗਾ। | [1]ਅਗਨੀ। |
| ਲੇਯ ਭਵਾਰਿ[1] ਫਿਰੇ ਵਰ ਚਾਰ[2] | [1]ਫੇਰੇ। [2]ਸੁੰਦਰ (ਅ) ਚਾਰ। |
| ਸੁਹਾਵਤਿ ਜਯੋਂ ਰਤਿ ਸੰਗ ਅਨੰਗਾ ॥੨੬॥ | |
| ਛਪਯ: | [1]ਪ੍ਰੋਹਤ। |
| ਇਤ ਪ੍ਰੋਧਾ[1] ਹਰਿਦਜਾਲ, ਬਹੁਰ ਮੂਲੇ ਕੇ ਪ੍ਰੋਧਾ। | |
| ਪਢਿ ਹੈਂ ਸਾਖੋ ਚਾਰ, ਗੋਤ੍ਰ ਐਦ੍ਰਿਕ[1]† ਕਰਿ ਸੋਧਾ। | [1]ਸਾਖੋਚਾਰ ਗੋਤ੍ਰਾ ਚਾਰ। ਗੋਤ੍ਰ ਐਦ੍ਰਿਕ ਐਧਰ ਦਾ ਗੋਤ੍ਰ। |

†ਐਦ੍ਰਿਕ ਈਦ੍ਰਿਸ਼ ਇਸ ਪਾਸੇ, ਭਾਵ ਪੁਤੇਤੇ ਪਾਸੇ। ਸਾਖਿਨ ਵੇਦ। ਪਢਿ ਹੈ ਸਾਖ ਉਚਾਰ ਗੋਤ੍ਰ ਐਦ੍ਰਿਕ ਕਰਿ ਸੋਧਾ ਪੁਤੇਤੇ ਪਾਸੇ ਦਾ ਗੋਤ੍ਰ (-ਵੇਦੀ-ਜ)ਵੇਦ ਪੜ੍ਹਨ ਤੋਂ (ਪਿਆ ਸੀ,) ਸੋਧਕੇ ਉਚਾਰਦੇ ਹਨ।[ਦੇਖੋ ਬਚਿੱਤ੍ਰ ਨਾਟਕ ਧਿ: ੪ ਅੰ: ੧] (ਅ) ਏਸ ਪਾਸੇ ਦਾ ਗੋਤ੍ਰਾਚਾਰ ਸੋਧ ਸੋਧ ਕੇ ਪੜ੍ਹਦੇ ਹਨ। (ੲ) ਸ਼ਾਖ +ਉਚਾਰ+ਗੋਤ੍ਰ ਦੀ (ਇਕ) ਸ਼ਾਖ (ਲੜੀ) ਉਚਾਰੀ।

| | |
|---|---|
| ਉਤ ਕਹਿ 'ਚੋਣਾ' ਗੋਤ, ਰੀਤਿ ਜਿਉਂ ਨੀਕਿ ਸੁਹਾਈ[1]। | [1]ਚੰਗੀ ਫਬੀ। |
| ਸੁਨਿ ਕਰਿ ਨਰ ਤਿਹ ਕਾਲ, ਰਹੇ ਹਿਰਦੈ ਹਰਖਾਈ। | |
| ਸਭਿ ਲੌਕਿਕ ਵੈਦਕ ਵਿਧਿ ਕਰੀ | |
| ਜਿਉਂ ਜਿਉਂ ਦਿਜਨ ਰਜਾਇ ਦਿਯ। | |
| ਇਵ ਪਾਨਗ੍ਰਹਨ[1] ਕਿਯ ਦਾਨ ਦਿਯ | [1]ਵਿਆਹ (ਹਥਲੇਵਾ)। |
| 'ਸ੍ਵਸਤਿ' ਬੋਲ ਵਰ ਬਿੱਪ੍ਰ[1] ਲਿਯ[2] ॥੨੭॥ | [1]ਸੇਸ਼ਟ ਬ੍ਰਾਹਮਣ ਨੇ। [2]ਲੀਤਾ ਦਾਨ। |
| ਅੜਿੱਲ: | [1]ਡੇਰੇ। |
| ਲੈ ਲਾਵਾਂ ਤਿਹ ਥਾਨ, ਗਏ ਪੁਨਿ ਸਿਵਰ[1] ਮੈਂ। | |
| ਬਸੀ ਗੁੜਾਕਾ[1] ਭਏ, ਆਨਿ ਨਿਜ ਠਵਰ ਮੈਂ। | [1]ਨੀਂਦ ਦੇ ਵੱਸ। |
| ਤਿਮਰ[1] ਤ੍ਰਿਜਾਮਾ[2] ਛਾਇ, ਅੱਗਜ | [1]ਹਨੇਰਾ। [2]ਰਾਤ ਦਾ। [3]ਫੈਲਿਆ ਅਗਜਾਨੀ (ਦੇ |

ਅਗਜਾਨਿ ਜਿਉਂ[3]।

ਦਿਲ ਤੇ) ਜਿਵੇਂ ਅਗਜਾਨ।

ਹੋ ਬਿਸ਼ੈ ਮਨੋਰਥ ਅਨਿਕ, ਸੁ ਉਡਗਨ[1]
ਚਮਕ ਤਿਉਂ[†] ॥੨੮॥

[1]ਤਾਰੇ।

[†]ਇਕ ਲਿਖਤ ਦੇ ਨੁਸਖੇ ਵਿਚ ਤਿੰਨਾਂ ਪੰਕਤੀਆਂ ਦਾ ਐਉਂ ਪਾਠ ਹੈ:-'ਬਹੁਰ ਬੁਲਾਇ ਪਠਾਇ ਸੁਹਾਵਨ ਠਵਰ ਮੈਂ। ਨੀਕੀ ਰੀਤ ਅਚਾਇ ਅਸਨ ਪੁਨ ਆਇਗੇ। ਹੋ ਨਿਸ ਮਨ ਆਨੰਦ ਸ਼੍ਰਮਤਿ ਸਕਲ ਸੁਪਤਾਇਗੇ। ' ਤੇ ਇਕ ਹੋਰ ਲਿਖਤ ਦੇ ਨੁਸਖੇ ਵਿਖੇ:- ਬਸੀ ਗੁੜਾਕਾ ਭਏ ਆਨ ਨਿਜ ਠਵਰਮੇ। ਨੀਕੀ ਰੀਤ ਅਚਾਇ ਅਸਨ ਪੁਰ ਆਇਗੇ। ਹੋਹਿ ਅਨੰਦ ਸਮੇਤ ਸਕਲ ਸੁਪਤਾਇਗੇ।

ਕਬਿੱਤ:

ਭਯੋ ਅਰਣੋਦਯ[1] ਅਰਣਚੂੜ[2] ਬੋਲੇ ਰਵ[3]

[1]ਪ੍ਰਾਤਾਕਾਲ। [2]ਕੁਕੜ। [3]ਬਾਣੀ, ਕੁਕੜ ਨੇ ਬਾਂਗ ਦਿੱਤੀ।

ਖਿਰੇ ਅਰਬਿੰਦ[1] ਪਰ ਸਾਰੰਗ[2] ਸੁ ਡੋਲਹੀਂ।

[1]ਕਵਲ। [2]ਭਵਰੇ।

ਪ੍ਰਾਚੀ[1] ਪਿਯਰਾਨੀ[2], ਚਾਰੂ[3] ਚਟਿਕਾ[4] ਚੁਚਾਨੀ[5]

[1]ਪੂਰਬ ਦਿਸ਼ਾ। [2]ਪੀਲੀ ਹੋਈ। [3]ਸੁੰਦਰ। [4]ਚਿੜੀ। [5]ਚੁਹਕੀ।

ਬਾਨੀ ਚੱਕ੍ਰਵਾਕ[1] ਮਿਲੇ, ਬੋਲ ਬੋਲਿ ਕੈ ਕਲੋਲ ਹੀ।

[1]ਚਕਵੀ ਚਕਵਾ।

ਭਾਜੇ ਦੁਤਿ[†] ਚੋਰ[1] ਪੁਰਿ ਗ੍ਰਾਮਨਿ ਕੋ ਛੋਰਿ ਛੋਰਿ

[1]ਹਲਕਾਰੇ ਤੇ ਚੋਰ ਭੱਜੇ। ਹਲਕਾਰੇ ਛੇਤੀ ਅਪੜਨ ਲਈ ਤੇ ਚੋਰ ਬਚਣ ਲਈ। [†]ਪਾਠਾਂਤ੍ਰ-ਦੂਤ ਛੇਤੀ।

ਭਾਨੁ[1] ਕਰ[2] ਦੌਰੀ ਗੈਨ[3], ਸੰਖ ਮੁਖ ਬੋਲਿ ਹੀ।

[1]ਸੂਰਜ ਦੀਆਂ। [2]ਕਿਰਨਾਂ। [3]ਅਕਾਸ਼ ਵਿਚ।

ਉਡਗਨ ਸਨ[1] ਭਯੋ ਤਿਮਰ ਨਿਧਨ ਘਨ[2]

[1]ਤਾਰਿਆਂ ਸਮੇਤ। [2]ਡੂੰਘਾ ਅਨ੍ਹੇਰਾ ਨਾਸ਼ ਹੋ ਗਿਆ।

ਗਜਾਨ ਜੈਸੇ ਮੋਹ ਸੈਨ ਹਨੈ ਝਕਝੋਲਿਹੀ[1] ॥੨੯॥

[1]ਜਿਵੇਂ ਗਜਾਨ ਮੋਹ ਦੀ ਸੈਨਾਂ ਨੂੰ ਪਛਾੜਕੇ ਨਾਸ਼ ਕਰਦਾ ਹੈ।

ਸੋਰਠਾ:

[†]ਨਿੰਦ੍ਰਾ ਤਜੀ ਦਯਾਰ[1],

[1]ਦਿਆਲੂ (ਗੁਰੂ) ਨੇ। [†]ਕਿਆ ਅਲੌਕਕ ਕਟਾਖ ਹੈ, ਪ੍ਰਕਰਣ ਤਾਂ ਮਾਯਕ ਸ਼ਾਦੀ ਦਾ ਹੈ, ਪਰ ਆਪ ਨੇ ਸਤਿਗੁਰੂ ਜੀ ਦਾ ਵੈਰਾਗ ਪ੍ਰਗਟ ਕਰਕੇ ਰਾਜ ਜੋਗ ਕੱਠਾ ਕਰ ਦਿੱਤਾ ਹੈ।

ਜਿਉਂ ਗਜਾਨੀ ਹਿਤ ਅੰਗਨਾ[1]।

[1]ਮੋਹ ਇਸਤ੍ਰੀ ਦਾ।

ਜਾਗ੍ਰਤਤਾ[1] ਤਨ ਧਾਰਿ,

[1]ਜਾਗ ਨੇ।

ਜਿਉਂ ਅਨੰਦਤਾ ਭਗਤਿ ਮੈਂ ॥੩੦॥

ਚਿਤ੍ਰਪਦਾ ਛੰਦ:

[†]ਕੀਨਿ ਸ਼ਨਾਨ, ਦਯੋ ਪੁਨ ਦਾਨ

[†]ਇਨ੍ਹਾਂ ਤੋਂ ਦੋ ਛੰਦਾਂ ਵਿਚ ਭਾਈ ਸਾਹਿਬ ਜੀ ਨੇ ਸਤਿਗੁਰੂ ਜੀ ਦਾ ਮਹਾਨ ਪ੍ਰਭਾਵ ਪ੍ਰਗਟ ਕੀਤਾ ਹੈ ਜੋ ਮਹਾਨ ਸਤਿਕਾਰ ਯੋਗ ਹੈ।

ਸਮਾਨ ਸੁ ਮਾਨ ਸੁ ਰਾਗਹਿ ਦ੍ਵੈਖਾ[1]।

[1]ਰਾਗ ਤੇ ਦ੍ਵੈਖ ਜਿਨ੍ਹਾਂ ਦੇ ਮਨ ਵਿਚ ਸਮਾਨ ਹੈ।

ਧਾਰਿ ਦੁਕੂਲ[1] ਭਲੇ ਭਵ ਮੂਲ[2]

[1]ਮੋਹ ਇਸਤ੍ਰੀ ਦਾ। [2]ਸੰਸਾਰ ਦਾ ਕਾਰਨ ਗੁਰੂ ਜੀ।

ਹਰੈਂ ਤਨ ਸੂਲਨ ਕਿੰਕਰ ਸੇਖਾ[1]।

[1]ਸਾਰੇ ਦਾਸਾਂ ਦੇ ਸਰੀਰ ਦੇ ਦੁਖ ਦੂਰ ਕਰਦੇ ਹਨ।

ਬੇਦਿਨਿ ਬੰਸ਼ ਸਰੋਜਨ[1] ਸੂਰਜ

[1]ਵੇਦੀ ਵੰਸ਼ ਕਵਲ ਹੈ।

ਭੂਖਨ ਊਖਤਿ ਸੋਹਿ ਵਿਸ਼ੇਖਾ[1]।

[1]ਸੂਰਜ (ਹਨ ਗੁਰੂ) ਗਹਿਣੇ ਊਖ਼ਾ ਸਮਾਨ ਸੋਹ ਰਹੇ ਹਨ। [ਊਖਤ ਚੜ੍ਹਦੇ ਸੂਰਜ ਦੀ ਲਾਲੀ। ਉਸ਼ਾ (ਅ) ਕਿਰਨਾਂ][

ਰੂਪ ਅਨੂਪਮ ਸ਼ਾਂਤਿ ਮਨੋ

ਕਿਯ ਗਜ਼ਾਨ ਅਛਾਦਨ ਜਸੋਂ ਧਰਿ ਬੇਖਾ[1]
॥੩੧॥

[1]ਇਸ ਤਰ੍ਹਾਂ ਗੁਰੂ ਜੀ ਦੇ) ਸੁਹਣੇ ਰੂਪ ਨੂੰ ਬੇਖ (ਲਿਬਾਸ) ਧਾਰਨ ਨੇ ਆਛਾਦਾਨ ਕੀਤਾ ਹੈ (ਜਿਸ ਤਰ੍ਹਾਂ ਕਿ ਉਨ੍ਹਾਂ ਦੇ) ਸ਼ਾਂਤ (ਸਰੂਪ) ਨੂੰ ਗਜ਼ਾਨ ਨੇ ਆਛਾਦਾਨ ਕੀਤਾ ਹੈ। ਆਛਾਦਨ ਤੋਂ ਮੁਰਾਦ ਏਥੇ ਹਨੇਰਾ ਪਾਉਣ ਦੀ ਨਹੀਂ, ਪਰ ਫਬਾ ਦੇਣ ਦੀ ਹੈ। (ਅ) ਜਿਸ ਤਰ੍ਹਾਂ (ਮਾਨੁਖੀ) ਭੇਖ ਧਾਰਨ ਕਰਕੇ ਆਪਣੇ ਗਜ਼ਾਨ ਸਰੂਪ ਨੂੰ ਆਛਾਦਾਨ ਕੀਤਾ ਹੈ। (ਲੁਕਾਯਾ ਹੈ) ਉਸੇ ਤਰ੍ਹਾਂ ਸ਼ਾਂਤਮਯ ਸੁਹਣੇ ਰੂਪ ਨੂੰ (ਲਾੜੇ ਵਾਲੇ) ਲਿਬਾਸ ਨੇ ਲੁਕਾ ਲਿਆ ਹੈ।

ਸ੍ਵੈਯਾ:

ਸੀਸ ਬਧਾ ਸਿਰਪੇਚ[1] ਫਬੈ

[1]ਚੀਰਾ।

ਗਰ ਮਾਲ ਬਨੀ ਮੁਕਤਾਲਨਿ ਕੀ[1]।

[1]ਮੋਤੀਆਂ ਦੀ ਮਾਲਾ।

ਲੋਚਨ ਲੋਲ ਬਿਲੋਕਤਿ ਲੋਕਨ

ਪੀਰ ਹਰੈਂ ਅਘ ਜਾਲਨ ਕੀ[1]।

[1]ਚੰਚਲ ਨੇਤ੍ਰਾਂ ਨਾਲ (ਜਦ) ਤੱਕਦੇ ਹਨ ਲੋਕਾਂ ਨੂੰ (ਤਾਂ) ਸਾਰਿਆਂ ਦੇ ਪਾਪਾਂ ਦੀ ਪੀੜਾ ਹਰ ਲੈਂਦੇ ਹਨ।

ਸੁੰਦਰ ਜਸੋਂ ਅਰਬਿੰਦ ਖਿਰਾ ਮੁਖ[1]

[1]ਸੁਹਣਾ ਮੁਖ ਕਵਲ ਵਾਂਗ ਖਿੜਿਆ ਹੈ।

ਜਾਂ ਗਤਿ ਕੀਨਿ ਬਿਹਾਲਨ ਕੀ[1]।

[1]ਜਿਸ ਨੇ ਬੇਹਾਲ ਦੁਖੀਆਂ ਦੀ ਕਲਿਆਨ ਕੀਤੀ।

ਕੁੰਡਲ ਡੋਲ ਕਪੋਲ[1] ਅਮੋਲ

[1]ਗੱਲ੍ਹਾਂ ਉੱਤੇ।

ਗਿਰਾ ਜਿਹ ਗਜ਼ਾਨ ਸਿਖਾਲਨ ਕੀ[1]
॥੩੨॥

[1]ਬਾਣੀ ਜਿਸ ਦੀ ਗਜ਼ਾਨ ਸਿਖਾਉਣ ਵਾਲੀ ਹੈ।

ਅੜਿੱਲ:

ਕਾਲੂ ਲਾਲੂ ਆਦਿ, ਸੁ ਵੇਦੀ
ਰਾਜਈ[1] ॥

[1]ਸ਼ੋਭ ਰਹੇ ਹਨ।

ਅਲੰਕਾਰ[1] ਪਟ[2] ਰੁਚਿਰ[3], ਸਭਾਸਦ
ਸਾਜਈ[4]।

[1]ਗਹਿਣੇ। [2]ਕੱਪੜੇ। [3]ਸੁੰਦਰ। [4]ਸਜ ਰਹੇ ਹਨ ਸਭਾ ਸਦਾਂ ਦੇ।

ਬਹੁ ਜਾਚਿਕ ਕੀ ਭੀਰ, ਲੇਤਿ ਹੈਂ ਆਨਿ

ਕੈ।
ਹੋ ਦੇਤਿ ਸਰਬ ਕੋ ਦਾਨ, ਰਿਦੈ ਸੁਖ ਮਾਨਿਕੈ ॥੩੩॥
ਅਨਿਕ ਭਾਂਤਿ ਕੇ ਹੋਤਿ ਸੁ ਕੌਤਕ ਦੇਖਈ।
ਛੈਲ ਛਬੀਲੇ ਹਸਹਿਂ ਬਿਲਾਸ ਬਿਸ਼ੇਖਈ।
ਬਖਸ਼ਹਿਂ ਬਹੁ ਬਖਸ਼ੀਸ਼ ਪ੍ਰਮੋਦ[1] ਬਢਾਇ ਕੈ।
ਹੋ 'ਧੰਨ ਧੰਨ' ਮੁਖ ਕਹੈਂ ਰਹ੍ਯੋ ਜਸੁ ਛਾਇ ਕੈ ॥੩੪॥

[1]ਖੁਸ਼ੀ।

ਦੋਹਰਾ:
ਤਿਹ ਛਿਨ ਇਕ ਨਰ ਆਇ ਕੈ, ਬੋਲ੍ਯੋ ਜੁਗ[1] ਕਰ[2] ਜੋਰਿ।
'ਗਮਨਹੁ[1] ਅਚਨੇ[2] ਅਸਨ[3] ਕੋ, ਕਰਿ ਕਰੁਨਾ ਚਖਕੋਰ[4]' ॥੩੫॥

[1]ਦੋ। [2]ਹੱਥ।

[1]ਚਲੋ। [2]ਖਾਣੇ। [3]ਭੋਜਨ। [4]ਅੱਖਾਂ ਦੇ ਕੋਨੇ ਦੀ ਕਿਰਪਾ ਭਾਵ ਕ੍ਰਿਪਾ ਦ੍ਰਿਸ਼ਟੀ ਕਰਕੇ।

ਸੋਰਠਾ:
ਸਭਿਹਿ ਸਮਾਜ ਸੁਹਾਤਿ, ਕਾਲੂ ਕੀਨਿ ਰਜਾਇ ਤਬ।
'ਦੂਲਹੁ ਸਹਿਤ ਬਰਾਤਿ, ਗਮਨੇ ਮੂਲੇ ਕੇ ਸਦਨ' ॥੩੬॥

ਸ੍ਵੈਯਾ:
ਪਾਇ[1] ਭਲੇ ਅਰਬਿੰਦ ਚਲੇ
ਗਤਿ ਮੰਦ ਮਨੋਹਰ ਹੈ ਸੁੰਦਰੀ।
ਬਾਹੁ ਬਿਸ਼ਾਲ ਕਿਯੂਰ[1] ਬਨਾ
ਅੰਗੁਰੀ ਨਗ[1] ਕੰਚਨ[2] ਕੀ ਮੁੰਦਰੀ।
ਦਾਰਮ[1] ਦਾਂਤਿਨਿ[2] ਸੋਂ ਮੁਸਕਾਤਿ
ਕਿ ਹੀਰਨਿ ਪਾਂਤਿ ਮਨੋ ਗੁੰਦਰੀ[1]।
ਉੱਨਤ[1] ਕੰਧ[2] ਉਦਾਰ[3] ਲਿਲਾਰ[4]
ਸੁ ਚਾਰ[1] ਕਿ ਚੰਦ ਅਨੰਦ ਧਰੀ ॥੩੭॥
ਹਾਥ ਪੈ ਹਾਥ ਧਰੇ ਹਿਤ ਸਾਥ

[1]ਭਾਵ ਗੁਰੂ ਜੀ ਟੁਰੇ।
[1]ਬੁਹੱਟੇ।
[1]ਨਗ ਵਾਲੀ। [2]ਸੋਨੇ।
[1]ਅਨਾਰ ਵਰਗੇ। [2]ਦੰਦ।
[1]ਗੁੰਦੀ ਹੋਈ ਹੈ।
[1]ਉੱਚੇ। [2]ਮੋਢੇ। [3]ਖਿੜਿਆ। [4]ਮੱਥਾ।
[1]ਸੁੰਦਰ।

| | |
|---|---|
| ਕਹੈਂ ਗੁਨ ਗਾਥਨ ਯੌਂ ਚਲਿ ਆਏ ॥ | |
| ਮੂਲੇ ਨਿਕੇਤ[1] ਵਿਖੇ ਪ੍ਰਵਿਸ਼ੇ | [1]ਘਰ। |
| ਜਹਿਂ ਸੁੰਦਰ ਰੰਗ ਬਿਛਾਵਨ ਛਾਏ। | |
| ਭਾਂਤਿਨਿ ਭਾਂਤਿ ਬਰਾਤ ਸੁਹਾਤਹਿ | |
| ਪਾਂਤਿਨਿ ਪਾਂਤਿ ਬਨਾਇ[1] ਬਸਾਏ[2]। | [1]ਪੰਗਤ ਦਰ ਪੰਗਤ ਬਣਾਕੇ। [2]ਬਿਠਾਏ। |
| ਭਾਂਜਨ[1] ਭੂਰ[2] ਧਰੇ ਸਭਿ ਅੱਗ੍ਰਨ[3] | [1]ਭਾਂਡੇ। [2]ਬਹੁਤ। [3]ਅੱਗੇ। |
| ਸੂਪਨਕਾਰ[1] ਸੁ ਭੋਜਨ ਲਯਾਏ ॥੩੮॥ | [1]ਰਸੋਈਏ |
| ਨੀਕੇ[1] ਮਹਾਂ[2] ਪਕਵਾਨ ਪਰੋਸਤਿ | [1]ਚੰਗੇ। [2]ਬੜੇ। |
| ਮਾਧੁਰਤਾ[1] ਮਧ[2] ਜਿਉਂ ਮਧਰਾਏ[3]। | [1]ਮਿਠਾਸ। [2]ਸ਼ਹਿਦ। [3]ਮਿੱਠੇ ਕੀਤੇ। |
| ਮੋਦਕ[1] ਸੇਵਕੀਆਂ[2], ਨੁਗਦੀ[3] | [1]ਲੱਡੂ। [2]ਸੇਵੀਆਂ। [3]ਬੂੰਦੀ। |
| ਦਧਿ[1] ਸੰਗ ਪਕੌਰਨ ਮੱਧ[2] ਮਿਲਾਏ। | [1]ਦਹੀਂ। [2]ਵਿਚ। |
| ਅੰਮ੍ਰਤੀਆਂ[1], ਖੁਰਮੇ, ਸੁ ਬਰੇ[2] | [1]ਇਕ ਪ੍ਰਕਾਰ ਦੀ ਵੱਡੀ ਜਲੇਬੀ। [2]ਵੜੇ। |
| ਬਰ[1] ਘੇਵਰ[2] ਸੇਤ[3] ਸਿਤਾ[4] ਬਹੁ ਪਾਏ। | [1]ਚੰਗੇ। [2]ਘਿਉਰ। [3]ਚਿੱਟੇ। [4]ਖੰਡ। |
| ਦਾਖ[1] ਬਿਦਾਮ, ਗਿਰੂ[2] ਪਿਸ਼ਤਾ | [1]ਸਾਉਗੀ। [2]ਗਰੀ। |
| ਸਭਿ ਭੋਜਨ ਮੇਵੇ ਅਮੇਜ਼ ਕਰਾਏ[1] ॥੩੯॥ | [1]ਮਿਲਾਏ। |
| ਪੂਰਬ[1] ਕੋਰ[2] ਨਿਕਾਰਿ ਕੈ ਪੰਚ[2] | [1]ਪਹਿਲਾਂ। [2]ਪੰਜ ਗ੍ਰਾਸ ਕੱਢਕੇ। |
| ਲਗੇ ਪੁਨ ਜੇਮਨ[1] ਜੇ ਮਨ ਭਾਈ[2]। | [1]ਖਾਵਣ। [2]ਜੋ ਮਨ ਨੂੰ ਭਾਇਆ। |
| ਪੀਨ ਉਰੋਜਨ[1] ਬੈਸ ਝਰੋਖਨਿ | [1]ਭਾਵ ਇਸਤ੍ਰੀਆਂ। |
| ਗਾਵਤਿ ਗੀਤਨਿ ਗਾਰਿ[†] ਸੁਨਾਈ। | [†]ਇਹ ਸਿਠਣੀਆਂ ਦੀ ਰਸਮ ਭੀ ਮੂਲੇ ਦੇ ਘਰ ਹੋ ਰਹੀ ਹੈ, ਤੇ ਦੇਸ਼ ਚਾਲ ਦੀ ਹੈਸੀ। ਸਤਿਗੁਰੂ ਜੀ ਨੇ ਸਿੱਖੀ ਧਰਮ ਚਲਾ ਕੇ ਅਜਿਹੇ ਸਮਿਆਂ ਲਈ ਸ਼ਬਦ ਬਾਣੀ ਦੇ ਗਾਇਨ ਦਾ ਉਪਦੇਸ਼ ਦਿੱਤਾ ਹੈ। |
| ਕਾਲੂ ਸਮੇਤ ਬਰਾਤ ਸਭੇ | |
| ਸ਼ੁਭ ਰੀਤਿ ਕੋ ਹੇਰਿ ਰਹੇ ਹਰਿਖਾਈ। | |
| ਜੂਠ ਮੇਂ ਡਾਰਿ ਉਠੇ ਧਨ ਕੋ ਬਹੁ | |
| ਜੇਵ[1] ਅਹਾਰ[2] ਯੋ ਡੇਰੇ ਮੈਂ ਆਈ ॥੪੦॥ | [1]ਛਕਕੇ। [2]ਭੋਜਨ। |
| ਦੋਹਰਾ: | [1]ਸੁਖ ਦਾਤੇ ਨੂੰ। [2]ਘਰ ਦੇ ਅੰਦਰ। |
| ਤਿਹ ਛਿਨ ਸ਼੍ਰੀ ਸੁਖਦਾਨ ਕੋ[1], ਲੇ ਗਏ ਅੰਤਰ ਧਾਮ[2]। | |
| ਗਜਿਗਾਮਨਿ[1] ਦੁਤਿਦਾਮਨੀ[2] | [1]ਹਾਥੀ ਦੀ ਟੋਰ ਵਾਲੀਆਂ। [2]ਬਿਜਲੀ ਦੀ ਕ੍ਰਾਂਤਿ ਵਾਲੀਆਂ। |

ਸਸਿ[1] ਬਦਨੀ[2] ਜਹਿਂ[3] ਬਾਮ[4] ॥੪੧॥
[1]ਚੰਦ੍ਰ ਮੁਖੀਆਂ। [2]ਚੰਦ੍ਰ ਮੁਖੀਆਂ। [3]ਜਿੱਥੇ ਸਨ। [4]ਇਸਤ੍ਰੀਆਂ।

ਸ੍ਵੈਯਾ:
[1]ਸੁਹਾਵਣੇ। (ਅ) ਇਸਤ੍ਰੀਆਂ।

ਹਾਸ ਬਿਲਾਸ ਸੁਆਸਨ[1] ਜੇ
ਪਰਕਾਸ਼ ਕਰੈਂ ਸੁਖਦਾਨਹਿ ਸੋਂ।
ਲੋਚਨ ਲੋਲ ਬਿਲੋਕਤਿ[1] ਬੰਕ[2]
[1]ਵੇਖਦੀਆਂ। [2]ਟੇਢੀ।
ਭਜੈਂ[1] ਮੁਨਿ ਕੇ ਮਨ ਮਾਨਹਿ[2] ਸੋ।
[1]ਨਸਾ ਦੇਂਦੀਆਂ ਹਨ। [2]ਮੁਨੀਆਂ ਦੇ ਮਾਨ ਨੂੰ।
ਮਾਨਹੁ ਮੈਨ ਬਨਜੋ ਬਹੁ ਭੇਖਨ
ਬਾਨ ਕਮਾਨਹਿ ਤਾਨਹਿ ਸੋ[1]।
[1]ਕਾਮ ਤੀਰ ਕਮਾਨ ਖਿੱਚ ਕੇ।
ਘੇਰਤਿ ਜੋਰ ਕਰੈ ਜਨੁ ਗਜਾਨ ਸੋਂ
ਏਕਹਿ ਬਾਨ ਛੁਵਾ ਨਹਿਂ[1] ਸੋ ॥੪੨॥
[1]ਮਾਨੋ ਗਿਆਨ ਨਾਲ ਜ਼ੋਰ ਕਰਦਾ ਹੈ ਪਰ ਉਸਦਾ ਇਕ ਤੀਰ ਭੀ ਉਸਨੂੰ ਨਾ ਛੋਹਿਆ।

ਦੋਹਰਾ:
[1]ਇਸਤ੍ਰੀਆਂ ਨੇ। [2]ਜੇਹੜੀ।

ਮਿਲਿ ਤਰੁਨੀ[1] ਕੀਨੀ ਸਭਿਹਿ, ਹੁਤੀ ਜੌਨ[2] ਕੁਲ ਰੀਤਿ।
ਸਹਿਜ ਸਲੋਨੀ ਹੇਰਈ[1], ਮੂਰਤਿ ਉਰ[2] ਕਰਿ ਪ੍ਰੀਤਿ ॥੪੩॥
[1]ਵੇਖਦੀਆਂ ਹਨ। [2]ਰਿਦੈ ਵਿਚ।

ਸ੍ਵੈਯਾ:

ਕੋਮਲ ਬੋਲ ਅਮੋਲ ਭਨੈਂ
ਜਨ ਫੂਲ ਝਰੈਂ ਸ਼੍ਰਿਯਾ ਮੂਲ ਸੁਹਾਏ[1]।
[1]ਗੁਰੂ ਜੀ ਮੁਕਤੀ ਦੇ ਮੂਲ ਰੂਪ ਵਾਕ ਕਹਿੰਦੇ ਹਨ ਮਾਨੋ ਫੂਲ ਝੜਦੇ ਹਨ।
ਪੰਕਜ ਨੈਨ ਮਯਾ[1] ਮਨ ਐਨ[2]
[1]ਦਯਾ ਦੇ। [2]ਘਰ।
ਪਿਖੈਂ ਜਿਹ ਚੈਨ ਰਿਦੇ ਤਿਹ ਦਾਏ।
ਸੁੰਦਰਤਾ ਸਭਿ ਮੰਦਰ ਸ੍ਰੀ ਮੁਖ
ਦੋਖ ਨਿਕੰਦਨ[1] ਜਾਂ[2] ਦਰਸਾਏ।
[1]ਦੋਸ਼ ਨਾਸ਼ਕ। [2]ਜਿਨ੍ਹਾਂ ਦੇ।
ਅੰਗਨ ਮੈਂ[1] ਅੰਗਨਾ ਜਿ ਅਨੰਗ ਸੀ[2]
[1]ਵੇਹੜੇ ਵਿਚ। [2]ਇਸਤ੍ਰੀਆਂ ਕਾਮ ਵਰਗੀਆਂ।
ਸੰਗਿ ਤਿਆਗ ਕੈ ਡੇਰਨਿ ਆਏ ॥੪੪॥
ਮਹਿੰਦੀ ਪਦ ਸੰਜੁਤਿ[1] ਕੋਕਨਦੰ[2]
[1]ਸਮੇਤ। [2]ਲਾਲ ਕਵਲ।
ਮਕਰੰਦ ਅਨੰਦ ਉਦਾਰ ਬਸਾਈ[1]।
[1]ਮਕਰੰਦ ਵਾਂਙੂ ਉਦਾਰਤਾ ਬਸ ਰਹੀ ਹੈ ਲਾਲ ਕੰਵਲ ਵਰਗੇ ਮਹਿੰਦੀ ਲਗੇ ਚਰਨਾਂ ਵਿਚ।
ਗਰ[1] ਚੀਰ[2] ਹੈਂ ਪੀਤ[3], ਪੁਨੀਤ ਮਨੋਗਹਿ[4]†
[1]ਗਲ ਵਿਚ। [2]ਕਪੜੇ। [3]ਪੀਲੇ। [4]ਮਨ ਦੇ ਗ੍ਰਹਣ ਕਰਨ ਜੋਗ ਜੰਞੂ, ਭਾਵ ਉਹ ਜੰਞੂ ਜਿਸਨੂੰ ਗੁਰੂ ਜੀ ਨੇ 'ਜੀਅ ਕਾ ਜਨੇਊ' ਕਿਹਾ ਹੈ। ਮਨੋ

ਗ੍ਰਹਣ ਮਨ ਦੇ ਗ੍ਰਹਣ ਕਰਨੇ ਜੋਗ। †ਪਾ:- ਮਨੋਗਤ ਜੋ ਮਨ ਵਿਚ ਟਿਕੇ, ਮਨ ਦੇ ਧਾਰਨ ਜੋਗ।

ਜੱਗਯੁਪਵੀਤ[1] ਮਹਾਂ ਛਬਿ ਛਾਈ। — [1]ਜੰਞੂ।

ਕਲ[1] ਕੰਕਨ[2] ਕੰਚਨ[3] ਭੂਰ[4] ਕਿਯੂਰ — [1]ਸੁੰਦਰ। [2]ਕੜੇ। [3]ਸੋਨੇ ਦੇ। [4]ਬਹੁਤ।

ਬਨੀ[1], ਉਰਮਾਲ ਬਿਸਾਲ[2] ਸੁਹਾਈ। — [1]ਬਹੁੱਟੇ ਫਬੇ ਹਨ। [2]ਗਲੇ ਵਿਚ ਲੰਬੀ ਮਾਲਾ।

ਜਨੁ ਸ਼ਾਂਤਿ ਸਰੂਪ ਸ਼ਿੰਗਾਰ ਧਰੇ

ਜਗ ਮੈਂ ਪ੍ਰਗਟਯੋ[1] ਨਿਜ ਭਾਵ ਦਿਖਾਈ ॥੪੫॥ — [1]ਮਾਨੋਂ ਸ਼ਾਂਤ ਰਸ ਸ਼ਿੰਗਾਰ ਦਾ ਰੂਪ ਧਾਰ ਕੇ ਪ੍ਰਗਟਿਆ ਹੈ। ਸ਼ਿੰਗਾਰ ਰਸ ਦੇ ਸਮਾਨ:- ਮਹਿੰਦੀ, ਪੀਲੇ ਕਪੜੇ, ਕੰਗਣ, ਬਹੁੱਟੇ। ਸ਼ਾਂਤ ਰਸ ਦੇ ਸਾਮਾਨ:-ਅਨੰਦ ਉਦਾਰਤਾ, ਜੀਅਕਾ ਜਨੇਊ, ਮਾਲਾ।

ਦੋਹਰਾ: — [1]ਜਿਵੇਂ ਸੋਨੇ ਵਿਚ।

ਸੋਹਤਿ ਬੀਚ ਬਰਾਤ ਕੇ, ਕੰਚਨ ਮਹਿਂ[1] ਮਣਿ ਸੋਇ।

ਸਜਤਿ ਬੇਦੀਅਨ ਕੀ ਸਭਾ, ਲਜਤਿ ਸੁਧਰਮਾ[1] ਹੋਇ ॥੪੬॥ — [1]ਇੰਦ੍ਰ (ਦੀ ਸਭਾ)।

ਸ੍ਵੈਯਾ: — [1]ਗਾਇਨ ਵਾਲੀਆਂ।

ਬਾਰਮੁਖੀ[1] ਸਿਰ ਮਾਂਗ ਸਵਾਰ ਸਭਾ ਕੇ

ਮਝਾਰ ਭਲੀ ਬਿਧਿ ਆਈ†।

†ਅਸਲ ਗਲ ਇਹ ਹੈ ਕਿ ਇਨ੍ਹਾਂ ਤੋਂ ਪਹਿਲੇ ਦਾ ਲਿਖਤੀ ਸਿਖ ਇਤਿਹਾਸ ਵੇਸ਼ਵਾ ਦੇ ਪ੍ਰਸੰਗ ਨੂੰ ਗ਼ਲਤ ਸਾਬਤ ਕਰਦਾ ਹੈ। ਇਕ ਵਿਦੇਸ਼ੀ ਇਤਿਹਾਸਕਾਰ ਪੁਰਾਤਨ ਜਨਮਸਾਖੀ ਤੇ ਭਾ: ਮਨੀ ਸਿੰਘ ਜੀ ਦੀ ਜਨਮ ਸਾਖੀ ਦੇ ਆਧਾਰ ਤੇ ਤਿਲਵੰਡੀ ਵਾਲੇ ਬਜਾਹ ਪ੍ਰਸੰਗ ਤੇ ਲਿਖਦਾ ਹੈ ਕਿ ਬਾਲਪਨੇ ਉਮਰੇ ਹੀ ਪਿਤਾ ਨੇ ਉਨ੍ਹਾਂ ਦਾ ਵਿਆਹ ਕਰ ਦਿੱਤਾ ਸੀ। ਵਿਸ਼ੇਸ ਸਮਝਣ ਲਈ ਦੇਖੋ ਟੂਕ ਅਧਯਾਯ ੨੧ ਅੰਕ ੨੩ ਸ੍ਰੀ ਗੁ: ਨਾਨਕ ਪ੍ਰਕਾਸ਼ ਪੂਰਬਾਰਧ।

ਬਾਦਿਤ ਗਾਯਕ[1] ਸੰਗ ਲਏ — [1]ਵਜਾਉਣ ਤੇ ਗਾਉਣ ਵਾਲੇ।

ਪਗ[1] ਨੇਵਰ[2] ਬਾਜਨੀ[3] ਆਨਿ ਵਜਾਈ। — [1]ਪੈਰੀਂ। [2]ਝਾਂਜਰ। [3]ਕਿੰਕਨੀ।

ਤਾਲਨਿ[1] ਸੰਗ ਮ੍ਰਿਦੰਗ ਮੁਚੰਗ — [1]ਕੈਂਸੀਆਂ।

ਉਪੰਗ[1] ਤੰਬੂਰਨ ਤਾਲ ਮਿਲਾਈ। — [1]ਨਸਤਰੰਗ ਵਾਜਾ।

ਰਾਗਨਿ[1] ਰਾਗ ਭਰੇ ਅਨੁਰਾਗ ਸੋਂ — [1]ਰਾਗਨੀ।

ਮੋਹਨ ਕੋ ਮਨ ਤਾਨ ਬਸਾਈ ॥੪੭॥

ਤ੍ਰਿਭੰਗੀ ਛੰਦ: — [1]ਛੇਤੀ।

ਚੰ ਚਟਪਟ[1] ਨਾਰੀ ਲੇਤਿ ਭਵਾਰੀ

ਛਮ ਛਮ ਕਾਰੀ ਛਬਿ ਧਰਿਨੀ।

| | |
|---|---|
| ਸੰ ਸਟਪਟ[1] ਬੈਠਤਿ, ਭੁਜਾ[2] ਅਮੈਠਤਿ[3] ਤਾਲ ਇਕੈਠਤਿ ਮਨ ਹਰਿਨੀ। | [1]ਛੇਤੀ। [2]ਬਾਂਹਾਂ। [3]ਵਿੰਗੀਆਂ ਕਰਕੇ। |
| ਲੰ ਲਟਪਟ[1] ਛੈਲੀ, ਰੂਪ ਨ ਵੈਲੀ | [1]ਚੰਚਲ। |
| ਗਤਿ[1] ਅਲਬੇਲੀ ਸੁਠ ਅੰਗਾ[2]। | [1]ਟੋਰ। [2]ਸੁੰਦਰ ਅੰਗਾਂ ਵਾਲੀ। |
| ਠੰ ਠੁਮਠੁਮ ਠੁਮਕੀ[1], ਝੁਕ ਝੁਕ ਝੁਮਕੀ[2] | [1]ਅਦਾ ਨਾਲ ਚੱਲੀ। [2]ਨਿਵ ਨਿਵ ਕੇ ਨਿਹੁੜਾਈ। |
| ਦੂਮ[1] ਦੂਮ ਦੂਮਕੀ ਮਿਰਦੰਗਾ ॥੪੮॥ | [1]ਮ੍ਰਿਦੰਗ ਦੀ 'ਦੂਮ' 'ਦੂਮ' ਦੀ ਆਵਾਜ਼ ਨਾਲ ਚਲਦੀ ਹੈ। |
| ਲੰ ਲਟ ਸੁਠ[1] ਲਟਕੀ, ਚਿਕਨਤਿ[2] ਚੇਟਕੀ[3] | [1]ਸੁਹਣੀ ਜ਼ੁਲਫ। [2]ਥਿੰਧਾਈ ਨਾਲ। [3]ਥਿੰਧੀ ਹੈ। |
| ਬੇਨੀ[1] ਸਟਕੀ ਬਿਸਿਯ ਰਤੰ[2]। | [1]ਗੁੱਤ। [2]ਪਿਛੇ ਲਟਕੀ ਹੋਈ ਹੈ ਸੱਪ ਵਾਂਗ। |
| ਬੰ ਬਿਧ[1] ਜਿਉਂ ਨਟਕੀ, ਸ਼ਾਰਤ[2] ਪਟ ਕੀ | [1]ਤਰ੍ਹਾਂ। [2]ਇਸ਼ਾਰਾ। |
| ਕਰਵਰ ਮਟਕੀ ਸਿਰ ਧਰੰਤ[1]। | [1]ਜਿਸ ਤਰ੍ਹਾਂ ਨਟ ਸਿਰ ਤੇ ਮਟਕੀ ਧਰਦਾ ਹੈ ਕਪੜੇ ਨੂੰ ਉਨ੍ਹਾਂ ਅਦਾਵਾਂ ਨਾਲ ਕਰਦੀ ਹੈ। |
| ਕੰ ਕਿੰਕਨ[1] ਕਟ ਕੀ, ਤਟ ਛਬਿ ਛਟਕੀ[2] | [1]ਤੜਾਗੀ। [2]ਲੱਕ ਦੇ ਕੋਲ ਦੀ ਛਬਿ ਬੰਨ੍ਹ ਰਹੀ ਹੈ। |
| ਸਭਿ ਮਤ ਝਟਕੀ ਚਿੱਤ੍ਰ ਲਿਖੇ[1]। | [1]ਦੇਖਣ ਹਾਰਾਂ ਦੀ) ਮਤ ਹਿਰ ਗਈ ਮਾਨੋਂ ਲਿਖੀਆਂ ਤਸਵੀਰਾਂ ਹਨ। |
| ਸੰ ਸੁਧ[1] ਨਹਿੰ ਘਟ ਕੀ[2], ਸਭਾ ਸੁ ਠਟਕੀ[3] | [1]ਹੋਸ਼। [2]ਦਿਲ ਦੀ। [3]ਅਸਚਰਜ ਵਿਚ ਚੱਕ੍ਰਿਤ ਹੋ ਗਈ। |
| ਦ੍ਰਿਸ਼ਟਹਿੰ ਅਟਕੀ ਨ੍ਰਿੰਤ ਵਿਖੇ[1] ॥੪੯॥ | [1]ਨਾਚ ਵਿਚ ਨਜ਼ਰਾਂ ਫਸ ਗਈਆਂ। |
| ਅੜਿੱਲ: | |
| ਵਿਸਰੇ ਦੇਸ਼ਨ ਕਾਲ, ਸਭਾਸਦ ਜੇ ਸਬੈ। | |
| ਮੁਸਕਾਨੇ ਸੁਖਦਾਨ, ਹੇਰਿ ਤਿਨ ਬਿਧਿ ਤਬੈ। | |
| ਇੰਦ੍ਰਜਾਲ ਕੀ ਰੀਤਿ, ਜਗਤ ਪਰਪੰਚ ਜੋ। | |
| ਹੋ ਅਸ ਪ੍ਰਕਾਰ ਲਖਿ ਰਿਦੇ, ਸਦੀਵ ਅਬੰਚ[1] ਜੋ† ॥੫੦॥ | [1]ਅਠੱਗ। †ਇਥੇ ਲੇਖਕ ਜੀ ਨੇ ਗੁਰੂ ਜੀ ਨੂੰ ਉਸ ਰਾਗ ਰੰਗ ਦੇ ਅਸਰ ਤੋਂ ਉੱਚੇ ਤੇ ਕਦੇ ਨਾ ਠੱਗੇ ਜਾਣ ਵਾਲੇ ਦਰਸਾਯਾ ਹੈ ਤੇ ਪ੍ਰਸੰਗ ਇਸੇ ਵਿਸ਼ੇਸ਼ਤਾ ਦਰਸਾਉਣ ਲਈ ਪਾਯਾ ਹੈ। |
| ਦਯੋ ਦਰਬ ਬਹੁ ਤਿਸੈ, ਮਹਾਂ ਸੁਖਕੰਦ | |

ਹੈ।
ਬੇਦੀ ਚੰਦ ਮੁਕੰਦ, ਸੁ 'ਬ੍ਰਹਮਾਨੰਦ'
ਹੈ।
ਦਿਵਸਤੀਨ ਅਸ ਰੀਤਿ, ਬਰਾਤ
ਸੁਹਾਵਨੀ।
ਹੋ ਰਹੀ ਕਹੀ ਜਿਉਂ ਆਦਿ, ਕਥਾ ਬਰ[1] [1]ਸ੍ਰੇਸ਼ਟ। [2]ਪਵਿੱਤ੍ਰ।
ਪਾਵਨੀ[2] ॥੫੧॥
ਤਿਨ ਪੁਨ ਮਾਨਵ[1] ਪਠਾ[2], ਹਕਾਰਨ[3] [1]ਬੰਦਾ। [2]ਭੇਜਿਆ। [3]ਸੱਦਣ।
ਆਇਓ।
ਗਮਨੈ[1] ਲੇਨਿ ਬਿਦਾਇ, ਰਿਦਾ [1]ਟੁਰੇ।
ਉਮਗਾਇਓ।
ਕਾਲੂ ਲਾਲੂ ਆਦਿ, ਸੁ ਪਰਮਾਨੰਦ ਜੋ।
ਹੋ ਮੂਲੇ ਆਲਯ[1] ਜਾਇ, ਮਿਲੇ ਆਨੰਦ [1]ਘਰ।
ਸੋਂ ॥੫੨॥

ਸ੍ਵੈਯਾ:

ਭਾਂਜਨ ਭੂਖਨ, ਚੀਰ, ਪਟੰਬਰ
ਸੁੰਦਰ ਹੈਂ ਪਸ਼ਮੰਬਰ ਭਾਰੇ।
ਬਾਜਨ[1] ਸਾਜ ਨਵੀਨ[2] ਸਜੇ [1]ਘੋੜੀ। [2]ਨਵੇਂ।
ਬਹੁ ਦਾਇਜ[1] ਦੀਨਿ ਉਤੰਗ ਤੁਖਾਰੇ[2]। [1]ਦਾਜ। [2]ਊਠ।
ਕੰਚਨ[1] ਔਰ ਖਜੂਰ[2] ਦਯੋ [1]ਸੋਨਾਂ। [2]ਚਾਂਦੀ।
ਪੁਨ ਦਾਸੀ ਦਈ ਤਨਿਯਾ[1] ਹਿਤਕਾਰੇ[2]। [1]ਪੁੱਤ੍ਰੀ ਦੀ। [2]ਸੇਵਾ ਵਾਸਤੇ।
ਦਾਇਜ ਦੀਨ ਵਡੇ, ਪੁਰਿ ਪੰਚ ਨੈ[1] [1]ਨਗਰ ਦੇ ਪੈਂਚ ਨੇ।
ਯੌਂ ਜਸ ਸੰਚਨ ਕੀਨ ਸਵਾਰੇ ॥੫੩॥
ਬਾਂਧਵ ਸੰਗ ਸੁ ਮੂਲਾ ਤਬੈ ਪੁਨ
ਪੰਚ ਹਿਤਾ[1] ਸਭਿ ਹ੍ਵੈ ਇਕ ਠਾਏ। [1]ਹਿੱਤਾ ਨਾਮੇਂ ਪੈਂਚ।
ਦੇ ਕਰਿ ਹੋਇ ਅਧੀਨ ਰਹੇ
ਕਰ ਬੰਦ ਦੋਊ ਮੁਖ ਬੈਨ ਅਲਾਏ।
'ਆਤਮਜਾ[1] ਮ[2] ਕਿੰਕਰੀ[3] ਜਾਨਹੁ [1]ਪੁੱਤ੍ਰੀ। [2]ਮੇਰੀ। [3]ਦਾਸੀ।
ਔਰ ਕਛੂ ਨਹਿਂ ਮੋ[1] ਬਨ ਆਏ। [1]ਮੈਥੋਂ।
ਆਪ ਸਭੈ ਬਿਧਿ ਲਾਇਕ ਹੋ
ਜਗ' ਯੌਂ ਕਹਿ ਆਪਸ ਮੈਂ ਹਰਿਖਾਏ
॥੫੪॥

ਦੋਹਰਾ:

ਸਭਿ ਬਿਧਿ ਨੀਕੀ ਰੀਤਿ ਕਰਿ
ਦੁਇ ਦਿਸ਼ ਮੋਦਹਿ[1] ਛਾਇ। — [1]ਖੁਸ਼ੀ।
ਰਸ ਰਾਖਤੇ ਯੁਗ[1] ਪਰਸਪਰ[2] — [1]ਦੋਨੋ ਧਿਰਾਂ ਨੇ। [2]ਆਪੇ ਵਿਚ।
ਜਸ ਵਿਧਿ[1] 'ਹਿਤੇ[2]' ਅਲਾਇ[3] ॥੫੫॥ — [1]ਜਿਸ ਤਰ੍ਹਾਂ। [2]ਹਿਤੇ ਪੈਂਚ ਨੇ। [3]ਕਿਹਾ ਸੀ।

ਸ੍ਵੈਯਾ:

ਮੂਲੇ ਕੀ ਤੀਯ ਵਿਰਾਗ ਕਰੈ
ਤਨੀਆ ਅਨੁਰਾਗ[1] ਰਿਦੇ ਉਮਗਾਏ[2]। — [1]ਧੀ ਦਾ ਮੋਹ। [2]ਉਛਲੇ।
ਔਰ ਮਿਲੀ ਕਨਕਾ[1] ਤਹਿਂ ਆਨਿ — [1]ਕੰਨਜਾਂ।
ਵਡੀ ਵਡਭਾਗਣ ਹੈ ਜਿਹ ਥਾਏ[1]। — [1]ਜਿਥੇ ਵਡਭਾਗਣ (ਮਾਤਾ ਜੀ ਸਨ) ਹੋਰ ਕੁੜੀਆਂ ਮਿਲਣ ਆਈਆਂ।
ਡੋਰੇ ਕੋ ਅੱਗ੍ਰਜ ਕੀਨਿ ਚਲੇ
ਅਰਬਿੰਦ ਬਿਲੋਚਨ[1] ਰੂਪ ਸੁਹਾਏ। — [1]ਕਵਲ ਨੇਤ੍ਰਾਂ ਵਾਲੇ।
ਵਾਰਤਿ ਬਿੱਤ[1], ਉਦਾਰ ਕੀਏ ਚਿਤ — [1]ਧਨ।
ਕੀਰਤਿ ਬੀਚ ਕਬਿੱਤਨਿ ਗਾਏ ॥੫੬॥

ਅੜਿੱਲ:

ਬ੍ਰਿੱਧ[1] ਤਰੁਨ[2] ਜੇ ਮਨੁ[3], ਸੁ ਦੁਹਨ ਦਿਸ਼ਾਨਿ[4] ਕੇ। — [1]ਵੱਡੇ ਤੇ। [2]ਜੁਆਨ। [3]ਮਨੁਖ। [4]ਦੋਹਾਂ ਤਰਫਾਂ ਦੇ।
ਜਸ ਵਿਸਤਾਰਹਿਂ ਅਧਿਕ, ਕਹੈਂ ਬਿਸਮਾਨ ਕੇ[1]। — [1]ਹੈਰਾਨ ਹੋ ਕੇ।
'ਹਮਹਿ ਬਿਲੋਕਤਿ ਕਬਹਿ, ਨ ਅਸ ਉਤਸ਼ਵ ਭਯੋ।
ਹੋ ਜੈਸੇ ਇਸ ਉਪਬਜਾਹਿ[1], ਹਰਖ ਅਤਿਸ਼ੈ ਭਯੋ' ॥੫੭॥ — [1]ਵਿਆਹ ਵਿਚ।

ਦੋਹਰਾ:

ਅਸ ਬਿਧਿ ਜਸ ਵਿਸਤਾਰਿ ਕੈ, ਗਮਨੀ ਪੰਥ ਬਰਾਤ।
ਕ੍ਰਮ ਕ੍ਰਮ ਕਰੇ ਨਿਵਾਸ ਤਿਉਂ, ਜਿਉਂ ਕੀਨੇ ਮਗ ਜਾਤਿ[1] ॥੫੮॥ — [1]ਜਾਂਦਿਆਂ ਵਾਰੀ ਜੀਕੂੰ ਮੁਕਾਮ ਕੀਤੇ ਸਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਰਾਹਿ ਪ੍ਰਸੰਗ' ਬਰਨਨੰ ਨਾਮ ਬਾਈਸਮੋਂ ਅਧਯਾਯ ॥੨੨॥

## ੨੩. [ਸ੍ਰੀ ਗੁਰੂ ਗੋਬਿੰਦ ਸਿੰਘ ਮੰਗਲ। ਤਲਵੰਡੀ ਜਾਣਾ।]

੨੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੪

{ਮਹੀਨੇ ਲਈ ਮੋਦੀਖਾਨਾ ਬਾਲੇ ਪਾਸ} ॥੩੩॥

{ਹਰਦਿਆਲ ਪੰਡਿਤ ਨਿਹਾਲ} ॥੬੬॥

{ਉਸਤਾਦਾਂ ਨੂੰ ਮਿਲੇ} ॥੭੫॥

ਦੋਹਰਾ:

ਸਿਕਤਾ ਕਨ ਤੇ ਮੇਰੁ ਕਿਯ ਮੇਰਹੁਂ ਤੇ ਕਨ ਕੀਨ।

ਸਿਕਤਾ=ਰੇਤ। ਕਨ=ਕਿਣਕੇ ਤੋਂ। ਮੇਰੁ=ਮੇਰੂ-ਪਰਬਤ।

ਸ਼੍ਰੀ ਗੁਬਿੰਦ ਸਿੰਘ ਨਮਹਿ ਮਮ ਕੇਵਲ ਦਾਨੀ ਦੀਨ ॥੧॥

ਨਮਹ=ਨਮਸਕਾਰ। ਮਮ=ਮੇਰੀ। ਕੇਵਲ=ਨਿਰੇ, ਇਕੱਲੇ ਆਪ।

ਅਰਥ:

(ਜਿਸਨੇ) ਰੇਤ ਦੇ ਕਿਣਕਿਆਂ ਨੂੰ ਪਰਬਤ ਬਣਾ ਦਿੱਤਾ ਤੇ ਪਰਬਤ ਨੂੰ ਕਿਣਕੇ ਕਰ ਸਿੱਟਿਆ, (ਹਾਂ ਜੋ) ਦੇ ਨਾਂ ਨੂੰ ਦਾਨ ਦੇਣ ਵਾਲਾ ਇਕੱਲਾ ਆਪ ਹੈ (ਉਸ ਸਤਿਗੁਰ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਨਮਸਕਾਰ ਹੋਵੇ।

ਭਾਵ:

ਕਵਿ ਜੀ ਦਾ ਇਸ਼ਾਰਾ ਇੱਥੇ ਰੇਤ ਦੇ ਕਿਣਕੇ ਤੋਂ ਹਿੰਦਵਾਇਨ ਦਾ ਹੈ, ਓਹ ਕੌਮਾਂ ਜੋ ਹਿੰਦਵਾਸੀ ਹਨ, ਹਿੰਦ ਵਿਚ ਤੀਰਥ ਤੇ ਮੰਦਰ ਰੱਖਦੇ ਸਨ, ਜਿਨ੍ਹਾਂ ਨੂੰ ਵਿਦੇਸ਼ੀਆਂ, ਪਹਿਲੇ ਪਠਾਣਾਂ ਫੇਰ ਮੁਗਲਾਂ ਨੇ ਖੇਰੂ ਖੇਰੂ ਕਰ ਦਿੱਤਾ ਸੀ, ਕਿ ਓਹ ਜੋ ਜਥੇਬੰਦੀ ਤੋਂ ਟੁੱਟ, ਆਨ ਸ਼ਾਨ ਤੋਂ ਗਿਰ, ਲਗਾਤਾਰ ਜ਼ੁਲਮ ਹੇਠਾਂ ਰੇਤ ਦੇ ਕਿਣਕੇ ਵਾਂਙੂੰ ਖੇਰੂ ਖੇਰੂ ਹੋਏ ਸਨ, ਜਿਨ੍ਹਾਂ ਦੀ ਕਦੇ ਪਰਬਤ ਵਰਗੀ ਸੰਘਟਨ ਤੇ ਜੱਥੇਬੰਦ ਅਵਸਥਾ ਸੀ, ਉਨ੍ਹਾਂ ਦੀ ਲਾਜ ਰੱਖੀ, ਉੱਚ ਆਦਰਸ਼ ਦਿੱਤਾ ਤੇ ਖਾਲਸਾ ਸਾਜ ਜਥੇਬੰਦ ਕਰ ਪਰਬਤ ਬਨਾਯਾ, ਤੇ ਪਰਬਤ ਵਰਗੇ ਸੰਘਟਨ ਤੁਰਕਾਂ ਦਾ ਨਾਸ਼ ਅਰੰਭ ਦਿੱਤਾ, ਜੋ ਰੇਤ ਵਾਂਙੂੰ ਟੁੱਟ ਫੁੱਟ, ਬਿਖਰ, ਅੱਜ ਕਿਤੇ ਨਜ਼ਰ ਨਹੀਂ ਪੈਂਦਾ। ਹਿੰਦੂ ਜੋ ਦੀਨ ਹੋ ਚੁਕੇ ਸੇ ਉਨ੍ਹਾਂ ਨੂੰ ਹੋਰ ਨਾ ਕੋਈ ਬਾਹੁੜਿਆ, ਆਪ ਇਕੱਲੇ ਦਾਨੀ ਹੋ ਕੇ ਬਾਹੁੜੇ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਨਿਕਟਿ ਨਗਰ ਕੇ ਗਈ ਬਰਾਤਾ।

ਜਾਂ ਕੀ ਸ਼ੋਭਾ ਭਾਂਤਿਨਿ ਭਾਂਤਾ।

ਬਾਜੇ ਤੁਰਹੀ[1] ਪਟਹਿ[2] ਨਿਸ਼ਾਨਾ[3]। [1]ਤੁਰੀ। [2]ਭੇਰੀ। [3]ਨਗਾਰੇ।

ਪੁਰਿ ਕੇ ਨਰਨਿ ਸੁਨੀ ਧੁਨਿ ਕਾਨਾ ॥੨॥

ਪਾਵਸ[1] ਵਿਖੇ ਉਠਾ ਘਨ[2] ਘੋਰਾ[3]। [1]ਬਰਸਾਤ। [2]ਬੱਦਲ। [3]ਅਵਾਜ।

ਹ੍ਵੈ ਪ੍ਰਮੋਦ[1] ਜਿਉਂ ਮੋਰ ਨ ਥੋਰਾ[2]। [1]ਖੁਸ਼ੀ। [2]ਬਹੁਤ।

ਤਿਉਂ ਪੁਰਿ ਮਨੁਜ[1] ਰਹੇ ਹਰਿਖਾਈ। [1]ਮਨੁਖ।

ਸਦਨ ਨਾਨਕੀ ਭਨਤਿ[†] ਬਧਾਈ ॥੩॥ [†]ਪਾ:-ਬਦਤ।

ਤੂਰਨ ਬਹਿਰ[1] ਨਗਰ ਤੇ ਆਏ। — [1]ਬਾਹਰ।
ਹਿਤ ਬਿਲੋਕਨੇ ਮਨ ਸੁਖ ਪਾਏ।
ਕਰਿ ਸ਼ਿੰਗਾਰ ਕੋ ਨਾਗਰ ਨਾਰੀ।
ਭੂਖਨ ਬਸਨ[1] ਰੁਚਿਰ[2] ਛਬਿ ਧਾਰੀ ॥੪॥ — [1]ਕਪੜੇ। [2]ਸੁੰਦਰ।
ਬਾਂਧਿ ਬਾਂਧਿ ਬੀਥਨ ਮਹਿਂ[1] ਟੋਲੀ। — [1]ਗਲੀਆਂ ਵਿਚ।
ਆਇ ਨਿਕੇਤ ਵਧਾਈ ਬੋਲੀ।
ਬਧੂ[1] ਬਿਲੋਕਨ ਕੀ ਅਭਿਲਾਖਾ। — [1]ਵਹੁਟੀ।
ਨਿਕਟਿ ਨਾਨਕੀ ਕਹਿ ਸੁਭ ਭਾਖਾ ॥੫॥
ਨਗਰ ਪ੍ਰਵੇਸ਼ੀ ਸਗਲ ਬਰਾਤਾ।
ਜਨੁ ਅਨੰਦ ਕੋ ਮੇਘ ਸੁਹਾਤਾ।
ਦੂਲਹੁ ਦੁਲਹਨ ਆਗੇ ਜਾਵਤਿ।
ਪੀਛੇ ਲਾਲੂ ਧਨ ਬਰਖਾਵਤਿ ॥੬॥
ਅਸ ਬਿਧਿ ਸ਼੍ਰੀ ਬੇਦੀ ਕੁਲਕੇਤੂ।
ਮੰਦ ਮੰਦ ਗੇ ਅਪਨ ਨਿਕੇਤੂ।
ਨਾਰਨ ਸਹਿਤ ਨਾਨਕੀ ਤੂਰਨ।
ਨਿਕਸਿ ਕਰੀ ਕੁਲ ਰੀਤਿ ਸੰਪੂਰਨ ॥੭॥
ਸਾਦਰ[1] ਲੇ ਕਰਿ ਨਿਜ ਭਰਜਾਈ। — [1]ਆਦਰ ਨਾਲ।
ਸੁੰਦਰ ਮੰਦਰ ਬੀਚ ਬਸਾਈ†। — †ਪਾ:-ਸੁਹਾਈ।
ਪਾਇ ਓਲ ਮੈ[1] ਧਨ ਕੀ ਥਾਤੀ[2]। — [1]ਝੋਲੀ ਵਿਚ। [2]ਧਨ ਦੀ ਥੈਲੀ।
ਭਰੀ ਹਰਖ ਭੀ ਸੀਤਲ ਛਾਤੀ ॥੮॥
ਬਦਨ ਬਿਲੋਕਤਿ ਸੰਗ ਉਮੰਗਾ।
ਕੰਚਨ ਭੂਖਨ ਭੂਖਤਿ[1] ਅੰਗਾ। — [1]ਪਹਿਨੇ ਹੋਏ।
ਹੇਰਿ ਹੇਰਿ[1] ਉਰ ਹਰਖੈਂ ਨਾਰੀ। — [1]ਵੇਖ ਵੇਖ ਕੇ।
ਦੇਤਿ ਆਸ਼ਿਖਾ[1] ਸੁਖਦ ਉਚਾਰੀ ॥੯॥ — [1]ਅਸੀਸਾਂ।
ਬਹੁਰ ਬਰਾਤਹਿ ਕੀਨਿ ਨਿਵੇਸਾ[1]। — [1]ਡੇਰਾ ਯਾ ਆਰਾਮ ਕੀਤਾ।
ਪਰਮਾਨੰਦ ਕੀ ਪਾਇ ਨਿਦੇਸਾ[1]। — [1]ਆਗਯਾ।
ਸੇਵਾ ਜਥਾ ਜੋਗ ਸਭਿ ਹੀ ਕੀ।
ਤਬ ਜਰਾਮ ਕੀਨੀ ਬਿਧਿ ਨੀਕੀ[1] — [1]ਚੰਗੀ ਤਰ੍ਹਾਂ।

॥੧੦॥

ਅਸ[†] ਪ੍ਰਕਾਰ ਦੁਇ ਨਿਸਾ[1] ਬਿਤੀਤੀ। — [1]ਦੋ ਰਾਤਾਂ। [†]ਪਾ:-ਇਸ।
ਪੁਨ ਕਾਲੂ ਬੋਲ੍ਯੋ ਸ਼ੁਭ ਰੀਤੀ।
'ਨਾਨਕ ਜਨਨੀ ਮਨ ਅਨੁਰਾਗੀ।
ਦੇਖਨਿ ਹੇਤ ਦ੍ਰਿਸ਼ਟਿ ਇਤ ਲਾਗੀ ॥੧੧॥

ਤਿਹ ਕੋ ਕਰਨ ਮਨੋਰਥ ਪੂਰਨ।
ਸਭਿ ਬਰਾਤ ਗਮਨੇ ਅਬ ਤੂਰਨ[1]। — [1]ਛੇਤੀ।
ਬਧੂ ਸੰਗਿ ਲੇ ਨਾਨਕ ਗਮਨੈ[1]। — [1]ਚੱਲੇ।
ਮਿਲੇ ਮਾਤ ਕੋ ਅਪਨੈ ਭਵਨੈ[1] ॥੧੨॥ — [1]ਘਰ ਵਿਚ।

ਬਹੁਰ ਬੁਲਾਰ ਦਰਸ ਕੀ ਪਜਾਸਾ।
ਚਲਿ ਤਲਵੰਡੀ ਪੂਰਹਿ ਆਸਾ।
ਮੁਝ ਚਲਤਜੋ ਤਿਨ ਗਿਰਾ[1] ਉਚਾਰੀ[2]। — [1]ਬਾਣੀ। [2]ਉਚਾਰੀ ਸੀ।
-ਪੁਰਿ ਅਪਨੇ ਆਨਹੁ ਇਕ ਬਾਰੀ- ॥੧੩॥

ਕੇਤਿਕ ਦਿਨ ਰਹਿ ਆਇ ਬਹੋਰੀ[1]। — [1]ਫੇਰ।
ਕਰਹਿ ਕਾਰ ਇਉਂ ਮਸਲਤ ਮੋਰੀ।'
ਸ਼੍ਰੀ ਨਾਨਕ ਕੋ ਰੁਖ਼ ਲਖਿ ਆਸੂ[1]। — [1]ਛੇਤੀ।
ਬੋਲ੍ਯੋ ਤਬ ਜਰਾਮ ਤਿਹ ਪਾਸੂ ॥੧੪॥

'ਜਬ ਤੁਮ ਲੇ ਜਾਵਹੁਗੇ ਤਹਿੰਵਾ[1]। — [1]ਓਥੇ।
ਮੋਦੀ ਕਾਰ ਨ ਹ੍ਵੈ ਨਿਰਬਹਿਵਾ[1]। — [1]ਨਹੀਂ ਚਲੇਗੀ।
ਲੇਨਾ ਦੇਨਾ ਕਾਰਜ ਭਾਰੀ।
ਬਿਨ ਇਨ ਤੇ ਨਹਿਂ ਜਾਤਿ ਸੰਭਾਰੀ[1] ॥੧੫॥ — [1]ਸੰਭਾਲਿਆ ਨਹੀਂ ਜਾਂਦਾ।

ਸੌਦਾ ਆਪਨ[1] ਵਿਖੈ ਵਿਸ਼ੇਖਾ। — [1]ਹਟ।
ਕਰਹਿ ਨਬਾਬ ਸੰਗ ਕੋ ਲੇਖਾ?
ਕਮਲਨੈਨ ਕੋ ਰੁਖ਼ ਪੁਨ ਨਾਂਹੀ।
ਗਵਨ ਬਨੈ ਕਿਉਂ ਤਵ ਘਰ ਮਾਂਹੀ' ॥੧੬॥

ਸੁਨਿ ਜਰਾਮ ਕੀ ਗਿਰਾ[1] ਅਹੇਤੁ[2]। — [1]ਬਾਣੀ। [2]ਰੁੱਖੀ।
ਪੁਨ ਕਾਲੂ ਬੋਲ੍ਯੋ ਕੁਲ ਕੇਤੂ।

'ਸੁਨਹੁ ਆਤਮਜ[1] ! ਮਾਤ ਤੁਮਾਰੀ। — [1]ਪੁੱਤਰ।
ਹੋਇ ਹਰਖ ਸਹਿ ਬਧੂ[1] ਨਿਹਾਰੀ[2] ॥੧੭॥ — [1]ਵਹੁਟੀ ਸਣੇ। [2]ਵੇਖ ਕੇ।

ਤਲਵੰਡੀ ਚਲਿਯੇ ਇਕ ਬੇਰਾ।
ਪੁਨਿ ਮਨ ਮੈ ਤਹਿਂ ਕਰਹੁ ਬਸੇਰਾ।
ਪ੍ਰੇਮੀ ਪਰਮ ਬੁਲਾਰ ਬਹੋਰੀ†। — †ਪਾ:-ਪਰਮੰ ਪ੍ਰੇਮ ਬੁਲਾਰ ਬਹੋਰੀ।
ਕਰੀ ਬੰਦਗੀ ਦ੍ਵੈ ਕਰ ਜੋਰੀ ॥੧੮॥

ਮਮ ਸਨੇਹ ਜੇ ਗੁਨਹੁ ਨ ਉਰ ਮੈਂ।
ਤਿਹ ਦਿਸ਼ ਦੇਖਿ ਚਲਹੁ ਨਿਜ ਪੁਰਿ ਮੈਂ।'
ਅਸ ਬਿਧਿ ਝਗਰਤਿ ਆਪਸ ਮਾਂਹੀ।
ਚਲਿ ਕਰਿ ਆਵਾ ਮੂਲਾ ਤਾਂਹੀ ॥੧੯॥

ਤੀਨ ਦਿਵਸ ਭੇ ਬਜਾਹ ਪਿਛਾਰੀ।
ਗਮਨਜੋ ਨਿਜ ਘਰ ਤੇ ਹਿਤ ਧਾਰੀ।
ਲੇਨਿ ਹੇਤ ਨਿਜ ਤਨਿ ਜਾ ਆਯੋ।
ਪਹੁੰਚ ਸਭਿਨਿ ਮੈਂ ਸੀਸ ਨਿਵਾਯੋ। ੨੦।

ਸੁਨਿ ਪ੍ਰਬਾਦ[1] ਕੋ ਬਚਨ ਬਖਾਨਾ। — [1]ਝਗੜੇ।
'ਰਹਿ ਸ਼੍ਰੀ ਨਾਨਕ ਪੁਰਿ ਸੁਲਤਾਨਾ।
ਕਾਰ ਕਰਨ ਕੋ ਔਰ ਨ ਕੋਊ।
ਲੇਖਾ ਕਰਹਿ ਵਿਸ਼ੇਖਹਿ ਜੋਊ' ॥੨੧॥

ਪੁਨ ਪਰਮਾਨੰਦ ਪਰਮ ਸਯਾਨਾ।
ਮਾਨਹਿਂ ਜਿਹ ਬਚ ਜੇ ਮਤਿਵਾਨਾ[1]। — [1]ਬੁਧੀਮਾਨ ਸਾਰੇ।
ਸਭਿਨਿ ਹੇਤ ਕੀ ਬੋਲਜੋ ਬਾਨੀ।
'ਸੁਨਹੁ ਸ਼੍ਰੋਨਿ ਸ਼ੁਭ ਰੀਤਿ ਪਛਾਨੀ ॥੨੨॥

ਭਯੋ ਬਜਾਹ ਸੁਤ ਇਕ ਕੀ ਮਾਤਾ।
ਬਿਨਾ ਬਿਲੋਕੇ[1] ਕਜੋਂ ਹ੍ਵੈ ਸ਼ਾਂਤਾ। — [1]ਦੇਖੇ ਬਿਨਾ।
ਇਤਹਿ[1] ਉਡੀਕਤਿ ਸੋ ਦ੍ਰਿਗ ਲਾਈ[2]। — [1]ਇਸ ਪਾਸੇ। [2]ਅੱਖਾਂ ਲਾ ਕੇ।
ਬਿਛੁਰੇ ਬਛ[1] ਜਜੋਂ ਧੇਨੁ ਲਵਾਈ[2] ॥੨੩॥ — [1]ਵਛੇ ਨੂੰ। [2]ਜਿਵੇਂ ਗਊ ਲਵੇਰੀ।

ਅਸ ਉਤਸ਼ਵ ਬਿਨ ਮਿਲੇ ਅਨੀਤੂ।
ਸਭਿ ਮਨ ਲਖਹੁ[1] ਹੋਤਿ ਵਿਪਰੀਤੂ[2]। [1]ਸਮਝੋ। [2]ਉਲਟੀ ਰੀਤ ਹੁੰਦੀ ਹੈ।
ਮੂਲ ਚੰਦ! ਸੁਨਿ ਤੋਰ[1] ਕੁਮਾਰੀ[2]। [1]ਤੇਰੀ। [2]ਪੁਤ੍ਰੀ।
ਭਯੋ ਆਵਨਾ[1] ਪੂਰਬ ਵਾਰੀ ॥੨੪॥ [1]ਪਹਿਲੀ ਵਾਰੀ।
ਜਾਇ ਸਾਸ ਢਿਗ[1] ਰੀਤਿ ਸੁਹਾਤੀ। [1]ਸੱਸ ਦੇ ਪਾਸ।
ਹੇਰਿ[1] ਬਧੂ ਹ੍ਵੈ ਸੀਤਲ ਛਾਤੀ। [1]ਵੇਖ ਕੇ।
ਕੇਤਿਕ ਦਿਨ ਰਹਿ ਲੇਯ ਅਸੀਸਾ।
ਪੁਨਿ ਆਵਹਿ ਪਦ ਪਰ ਧਰਿ ਸੀਸਾ ॥੨੫॥
ਕਿਉਂ ਇਨ ਬਨੈ ਰਹਿਨ ਤਲਵੰਡੀ।
ਕ੍ਰਿਤ ਮੋਦੀ ਕੀ ਇਹ ਠਾਂ ਮੰਡੀ।
ਬਾਲੇ ਕੋ ਤਜਿ ਕਰਿ[1] ਅਬ ਜਾਵਹਿਂ। [1]ਹੱਟੀ ਤੇ ਛੱਡਕੇ।
ਬਹੁਰ ਆਇ ਨਿਜ ਕਾਰ ਚਲਾਵਹਿਂ' ॥੨੬॥
ਸੁਨਿ ਪਰਮਾਨੰਦ ਕੀ ਸ਼ੁਭ ਬਾਨੀ।
ਮਨ ਮਾਨੀ[1] ਸਭਿ ਤੂਸ਼ਨ ਠਾਨੀ। [1]ਮਨ ਵਿਚ (ਠੀਕ) ਮੰਨ ਕੇ।
ਮੁਝੈ ਬੁਲਾਇ ਲੀਨ ਤਿਹ ਕਾਲਾ।
ਬੋਲੇ ਬਾਨੀ ਦੀਨ ਦਯਾਲਾ ॥੨੭॥
'ਹਮ ਜਾਵਹਿਂ ਤਲਵੰਡੀ ਨਗਰੀ।
ਰਹਿ ਤੁਮ ਕਾਰ ਚਲਾਵਹੁ ਸਗਰੀ।
ਖਰਚ ਨਿਸ਼ੰਕਹਿ ਦੇਹੁ ਵਿਸ਼ੇਖਾ।
ਆਨਿ ਕਰਹਿਂਗੇ ਹਮ ਸਭਿ ਲੇਖਾ' ॥੨੮॥
ਸੁਨੀਏ ਸ਼੍ਰੀ ਅੰਗਦ ਕਹਿ ਬਾਲਾ।
ਹੌਂ ਬੋਲਯੋ ਬਾਨੀ ਤਿਹ ਕਾਲਾ।
'ਲੇਨਿ ਦੇਨਿ ਕੋ ਕਾਜ ਵਿਸ਼ੇਖਾ[1]। [1]ਬਹੁਤ ਹੈ।
ਮੋ ਤੇ ਸਾਂਭਯੋ ਜਾਇ ਨ ਲੇਖਾ ॥੨੯॥
ਕਾਰ ਚਲੇ ਕਿਉਂ ਬਿਨਾ ਤੁਮਾਰੇ।
ਰਹਨਿ ਚਾਹਿ ਮਮ[1] ਸਦਾ ਸੰਗਾਰੇ[2]। [1]ਮੇਰੀ। [2]ਤੁਸਾਂ ਦੇ) ਨਾਲ।
ਰਾਵਰ ਸਰਸ[1†] ਹੋਇ ਜੋ ਕੋਊ। [1]ਆਪ ਜੇਹਾ। [†]ਪਾ:-ਸਮਸਰ।
ਤੌ ਤੁਮ ਕ੍ਰਿੱਤ ਨਿਬਾਹੈ ਸੋਊ' ॥੩੦॥

ਸੁਨਿ ਬੋਲੇ ਸ਼੍ਰੀ ਮੁਖ ਸਸਿ ਸ਼ੋਭਾ।
ਬਚਨਨਿ ਪਰ ਅੰਮ੍ਰਿਤ ਛਬਿ[1] ਲੋਭਾ[2]। — [1]ਅੰਮ੍ਰਿਤ ਦੀ ਸ਼ੋਭਾ। [2]ਲੁਭਾ ਰਹੀ ਹੈ।
'ਹ੍ਵੈ ਬਾਲੇ ਤੁਝ ਕੋ ਮਮ ਸੰਗਾ[1]। — [1]ਮੇਰਾ ਸਾਥ।
ਸਭੈ ਬੈਸ ਮੈਂ, ਰਹੈਂ ਅਭੰਗਾ[1] ॥੩੧॥ — [1]ਲਗਾਤਾਰ।
ਸਦਾ ਨਾਮ ਮਹਿਂ ਪ੍ਰੀਤਿ ਘਨੇਰੀ।
ਜਨਮ ਮਰਨ ਕੀ ਕਟੈ ਜੁ ਬੇਰੀ।
ਕਾਰ ਕਰੈ ਸਭਿ ਹੀ ਕਰਤਾਰਾ।
ਰਹੁ ਠਾਂਢੋ ਮਧ ਈਠ† ਹਮਾਰਾ[1] ॥੩੨॥ — [1]ਤੂੰ ਮੇਰੇ ਪਿਆਰੇ (ਹੱਟੀ) ਵਿੱਚ ਖੜਾ ਹੋ ਰਹੁ। †ਪਾ:-ਮੀਤ।
ਏਕ ਮਾਸ[1] ਲੌ ਹਮਰੇ ਆਵਨ। — [1]ਮਹੀਨਾ।

{ਮਹੀਨੇ ਲਈ ਮੋਦੀਖਾਨਾ ਬਾਲੇ ਪਾਸ}

ਤਾਵਦ[1] ਰਹੀਏ ਰੀਤਿ ਸੁਹਾਵਨ।' — [1]ਤਦ ਤਕ।
ਇਉਂ ਸੁਨਿ ਮੈਂ ਸੁਖ ਪਾਇ ਘਨੇਰਾ।
ਕਹ੍ਯੋ ਬਚਨ 'ਹੌਂ ਰਾਵਰਿ ਚੇਰਾ ॥੩੩॥
ਕਰਿ ਕਰੁਨਾ ਦੀਜੈ ਬਰ ਐਸੇ।
ਤੁਮ ਆਇਸੁ ਪੇਲੌਂ ਨਹਿਂ[1] ਕੈਸੇ[2]। — [1]ਮੋੜਾਂ ਨਾਂ। [2]ਕਿਸੇ ਤਰ੍ਹਾਂ ਵੀ।
ਰਹੋਂ, ਸਦਾ ਮੈਂ ਹ੍ਵੈ ਅਨੁਸਾਰੀ।
ਰਿਦੇ ਲਾਲਸਾ ਯਹੀ ਹਮਾਰੀ' ॥੩੪॥
ਪ੍ਰੇਮ ਪ੍ਰਸੀਦੇ ਸੁਨਿ ਕਰਿ ਬਚਨਾ।
ਕਹ੍ਯੋ 'ਹੋਇ ਮਨ ਹਰਿ ਸੰਗਿ ਖਚਨਾ।'
ਕਰੀ ਬਹੁਰ ਤਲਵੰਡੀ ਤਜਾਰੀ।
ਜੋ ਬਰਾਤ ਸਭਿ ਸੰਗਿ ਸਿਧਾਰੀ ॥੩੫॥
ਮੈਂ ਪੀਛੇ ਕੀਨੀ ਕ੍ਰਿਤਿ ਮੋਦੀ।
ਦਯੋ ਖਰਚ ਜੋ ਚਹਿ ਨ੍ਰਿਪ ਲੋਦੀ।
ਵਸਤੁ ਸਭਿਨਿ ਕੇ ਅਤੁਟ ਭੰਡਾਰਾ।
ਆਪਨ ਬੈਸਾ[1] ਦੇਉ ਸੁਖਾਰਾ ॥੩੬॥ — [1]ਹੱਟੀ ਤੇ ਬੈਠਾ।

ਦੋਹਰਾ:

ਬਾਲਾ ਕਹਿ ਦੇਖੇ ਨਹੀਂ, ਤਲਵੰਡੀ ਜੁ ਅਨੰਦ।
ਸੁਨੇ ਸੁ ਜਿਸ ਬਿਧਿ ਹੌਂ ਕਹੋ, ਸ਼੍ਰੀ

ਅੰਗਦ! ਸੁਖ ਕੰਦ ॥੩੭॥

ਚੌਪਈ:

ਤਲਵੰਡੀ ਕੇ ਨਿਕਟ ਪਹੂਚੇ।

ਬਾਜਤਿ ਬਾਜੇ ਜਿਨ ਧੁਨਿ ਊਚੇ।

ਤਬ ਪੁਰਿ† ਪਾਈ ਸਾਗਰ ਸੋਭਾ[1]। [1]ਸ਼ਹਿਰ ਨੇ ਪਾਈ ਸਮੁੰਦਰ ਦੀ ਸ਼ੋਭਾ।

†ਤਲਵੰਡੀ ਨਗਰੀ ਨੂੰ ਸਮੁੰਦਰ ਦੇ ਅਲੰਕਾਰ ਵਿਚ ਕਵੀ ਜੀ ਦਿਖਾਉਂਦੇ ਹਨ। ਨਗਰੀ ਹੈ ਸਮੁੰਦਰ, ਸ਼ਹਿਰ ਦੀਆਂ ਗਲੀਆਂ ਵਿੱਚ ਗਹਿਣੇ ਕੱਪੜੇ ਪਾ ਕੇ ਜੋ ਇਸਤ੍ਰੀਆਂ ਦੀਆਂ ਟੋਲੀਆਂ ਤੁਰੀਆਂ ਹਨ ਇਹ (ਬੜਵਾਨਲ) ਸਮੁੰਦਰ ਵਿਚ ਹੋਣ ਵਾਲੀ ਚਮਕਦੀ ਅੱਗ ਹੈ, ਮਨੁੱਖਾਂ ਦੀ ਵਸੋਂ ਪਾਣੀ ਹੈ, ਸ਼ਹਿਰ ਦੀ ਫਸੀਲ ਕਿਨਾਰੇ ਹਨ, ਇਹਨਾਂ ਨੂੰ ਲੰਘਕੇ ਲੋਕ ਜੋ ਦਰਸ਼ਨ ਲਈ ਬਾਹਰ ਨਿਕਲੇ ਹਨ ਇਹ ਮਾਨੋ ਪਾਣੀ ਦਾ ਜੁਵਾਰ ਭਾਟਾ ਹੈ, ਪੁੰਨਿਆਂ ਨੂੰ ਜਿਵੇਂ ਸਮੁੰਦਰ ਚੰਦ ਨੂੰ ਵੇਖ ਕੇ ਉੱਛਲਦਾ ਹੈ। ਪੂਰਨਮਾਸ਼ੀ ਦਾ ਚੰਦ੍ਰਮਾ ਸਤਿਗੁਰੂ ਜੀ ਹਨ, ਜਿਨ੍ਹਾਂ ਦੇ ਵਿਚ ਵਚਨਾਂ ਰੂਪੀ ਅੰਮ੍ਰਿਤ ਹੈ। ਜਾਂਞੀ ਅਕਾਸ਼ ਦੇ ਤਾਰਿਆਂ ਵਾਂਗ ਹਨ, ਗੁਰੂ ਮਹਾਰਾਜ ਦੀ ਕੀਰਤੀ ਚਾਂਦਨੀ ਹੈ, ਵੇਖਣ ਵਾਲਿਆਂ ਦੀਆਂ ਅੱਖਾਂ ਚਕੋਰ ਹਨ ਜੋ ਦਰਸ਼ਨ ਕਰਕੇ ਸ਼ਾਂਤੀ ਅਰ ਅਨੰਦ ਲੈ ਰਹੇ ਹਨ।

ਉਮਗੇ ਨਰ ਜਨੁ ਬਢ੍ਯੋ ਛੋਭਾ[1] ॥੩੮॥ [1]ਚੜ੍ਹਾਉ।

ਕਰਿ ਸ਼ਿੰਗਾਰ ਕੋ ਨਾਗਰ ਨਾਰੀ।

ਕੰਚਨ ਭੂਖਨ ਰੁਚਿਰ ਸਵਾਰੀ।

ਪਰਿਪਾ[1] ਚਲੀ ਪ੍ਰਕਾਸ਼ ਛਬੀਲਾ। [1]ਗਲੀਆਂ ਵਿਚ।

ਸੋਹਤਿ ਜਸੋਂ ਬੜਵਾਨਲ ਕੀਲਾ[1] ॥੩੯॥ [1]ਸਮੁੰਦਰੀ ਅੱਗ ਦੀ ਲਾਟ।

ਕੀਰਤਿ ਰਾਂਕਾ[1] ਬਨੀ ਸੁਹਾਤੀ। [1]ਚਾਂਦਨੀ।

ਉਡਗਨ[1] ਭੂਖਨ ਸਹਿਤ ਬਰਾਤੀ[2]। [1]ਤਾਰੇ। [2]ਜਾਞੀ।

ਬਚਨ ਅਮੀ[1] ਅਹਿਲਾਦ ਮੁਕੰਦਾ। [1]ਅੰਮ੍ਰਿਤ।

ਅਸ ਸ੍ਰੀ ਨਾਨਕ ਪੂਰਨ ਚੰਦਾ ॥੪੦॥

ਤਿਸਹਿ ਬਿਲੋਕਨ ਹੇਤ ਉਮੰਗਾ।

ਆਵਤਿ ਨਰ ਜਨੁ ਉਠੇ ਤਰੰਗਾ।

ਨਗਰ ਕੋਟ[1] ਬੇਲਾ[2] ਤਜਿ[3] ਤੂਰਨ। [1]ਸ਼ਹਿਰ ਦੀ ਫਸੀਲ। [2]ਕਿਨਾਰੇ ਹਨ। [3]ਛੱਡ ਕੇ।

ਫੈਲ੍ਯੋ ਜਲ ਜਿਉਂ ਵਹਿਰ ਸੰਪੂਰਨ ॥੪੧॥

ਦੇਖਿ ਦੇਖ ਪਰਮੋਦ† ਨ ਥੋਰਾ। †ਪਾ:-ਸੁ ਪ੍ਰਮੋਦ।

ਸਭਿਹਿਂ ਬਿਲੋਚਨ ਕੀਨਿ ਚਕੋਰਾ।

ਚਿਰੰਕਾਲ ਬਿਛਰੇ ਸੁਖ ਰਾਸਾ[1]। [1]ਗੁਰੂ ਜੀ।

ਜਿਨ ਕੋ ਮਿਲਨੈ ਕੀ ਬਹੁ ਪਜਾਸਾ

॥੪੨॥
ਅਸ ਪ੍ਰਕਾਰ ਪੁਰਿ ਨਿਕਟਿ ਬਰਾਤਾ।
ਪ੍ਰਵਿਸ਼ੀ ਦ੍ਵਾਰ ਪ੍ਰਕਾਸ਼ ਸੁਹਾਤਾ।
ਜਹਿਂ ਚੌਪਰ ਜਸੋਂ[1] ਚਾਰ ਬਜਾਰੂ।    [1]ਚੌਪੜ ਵਾਂਙੂ।
ਤਿਹ ਮਹਿਂ ਗਮਨੇ ਹਰਖ ਅਪਾਰੂ
॥੪੩॥
ਧਨ ਵਾਰਤਿ ਬਰਖਾਵਤਿ ਭਾਰੀ।
ਕਰਹਿਂ ਸੁਜਸ ਜਹਿਂ ਤਹਿਂ ਨਰ ਨਾਰੀ।
ਨਿਜ ਨਿਕੇਤ ਕੇ ਨਿਕਟਹਿ ਆਏ।
ਅਨਿਕ ਭਾਂਤਿ ਕੇ ਹੋਤਿ ਵਧਾਏ
॥੪੪॥
ਭਾ ਤ੍ਰਿਪਤਾ ਉਰ[1] ਹਰਖ ਘਨੇਰਾ।    [1]ਗੁਰੂ ਜੀ ਦੀ ਮਾਤਾ ਦੇ ਦਿਲ ਵਿਚ।
ਸਹਿਤ ਸਨੁਖਾ[1] ਸੁਤ ਕੋ ਹੇਰਾ।    [1]ਨੂੰਹ ਸਮੇਤ।
ਕਰਹਿ ਨਿਛਾਵਰ ਦਰਬ ਅਪਾਰਾ।
ਵਾਰੈ[1] ਵਾਰ ਵਾਰ[2] ਵਰ ਵਾਰਾ[3] ॥੪੫॥    [1]ਵਾਰਦੀ ਹੈ। [2]ਬਾਰ ਬਾਰ। [3]ਦੂਲ੍ਹੇ ਤੋਂ ਪਾਣੀ।
ਜੋ ਕੁਲਰੀਤਿ ਸ਼ਗੁਨ ਸ਼ੁਭ ਕਰਿਹੀ!
'ਹੌਂ ਬਲਿਹਾਰੀ' ਬੈਨ ਉਚਰਿਹੀ।
'ਭਯੋ ਸਪੂਤ ਨਿਕੇਤ ਹਮਾਰੇ।
ਬਿੰਸਤ ਏਕ[1] ਜਾਸੁ[2] ਕੁਲ ਤਾਰੇ'    [1]ਇੱਕੀ। [2]ਜਿਸ ਨੇ।
॥੪੬॥
ਮਿਲੀ ਸੁਲਖਣੀ ਪੁਨਿ ਨਿਜ ਸਾਸੂ।
ਧਰਯੋ ਚਰਨ ਪਰ ਮਸਤਕ ਆਸੂ[1]।    [1]ਛੇਤੀ।
ਆਸ਼ਿਖ[1] ਦੀਨੀ, ਲੀਨੀ ਅੰਕਾ[2]।    [1]ਅਸੀਸਾਂ। [2]ਜੱਫੀ ਵਿਚ।
ਹਰਖ ਬਿਲੋਕਯੋ ਬਦਨ ਮਯੰਕਾ[1]    [1]ਮੁਖ ਚੰਦ੍ਰਮਾਂ।
॥੪੭॥
ਬੇਦੀ ਕੁਲ ਕੀ ਮਿਲੀ ਬਧੂਟੀ।
ਦੇਖਿ ਦੇਖਿ ਮੁਖ ਸੁਖ ਜਨੁ ਲੂਟੀ।
ਨਿਕਟਿ ਸੁ ਤ੍ਰਿਪਤਾ ਦੇਤਿ ਵਧਾਈ।
ਲੇਤਿ ਹਰਖ ਯੁਤਿ ਅੰਗ ਨ ਮਾਈ
॥੪੮॥
ਸਹਿਤ ਸਨੁਖਾ ਸੁਤਹਿ ਸੁਹਾਈ।

| | |
|---|---|
| ਵਾਰਤਿ[1] ਮਾਤੁ ਲਵਨ[2] ਪੁਨਿਰਾਈ। | [1]ਵਾਰਦੀ ਹੈ। [2]ਲੂਣ। |
| ਤੋਰਿ ਤੋਰਿ[1] ਤ੍ਰਿਨ[2] ਡਾਰਤਿ ਪੀਠਾ। | [1]ਤੋੜ ਤੋੜਕੇ। [2]ਤੀਲੇ। |
| ਕਹੈ ਕਿ 'ਲਗਹਿ ਨ ਕਾਹੂੰ ਡੀਠਾ[1]' ॥੪੯॥ | [1]ਨਜ਼ਰ। |
| ਨਿਕਸ[†] ਸਦਨ ਦੁਖਕਦਨ ਬਹੋਰੀ। | [†]ਪਾ:-ਨਿਕਟ। |
| ਮਿਲੇ ਸਭਿਨਿ ਕਰਿ ਪ੍ਰੀਤ ਨ ਥੋਰੀ। | |
| ਯਥਾ ਯੋਗ ਕੀਨੋ ਸਨਮਾਨਾ। | |
| ਬੈਠੇ ਸਭਾ ਲਗਾਇ ਸੁਜਾਨਾ ॥੫੦॥ | |
| ਕੁਸ਼ਲ ਪ੍ਰਸ਼ਨ[†] ਸਭਿਹਿਨਿ ਸੋਂ ਬੂਝੇ। | [†]ਪਾ:-ਪ੍ਰਸੰਨ। |
| ਸੁਖਹਿ ਸੁਨਾਯੋ ਨੇਹੁ ਅਰੂਝੇ[1]। | [1]ਗੁਰੂ ਜੀ ਦੇ ਪਯਾਰ ਵਿੱਚ ਉਲਝੇ ਹੋਏ ਲੋਕਾਂ ਨੇ ਸੁਖਸਾਂਦ ਸੁਣਾਈ। |
| ਮ੍ਰਿਦੁਲ ਉਦਾਰ ਮਧੁਰ ਲਖਿ ਸ਼ੀਲਾ[1]। | [1]ਸੁਭਾਵ। |
| ਸਭਿਹਿ ਸਰਾਹਹਿਂ ਰੂਪ ਛਬੀਲਾ[†] ॥੫੧॥ | [†]ਪਾ:-ਸੁਸ਼ੀਲਾ। |
| ਯੁਗਲ[1] ਮਹੂਰਤ ਬੈਸਿ ਬਿਤਾਏ। | [1]ਭਾਵ ਦੋ ਘੜੀ। |
| ਉਠਿ ਘਰ ਘਰ ਸਭਿ ਨਰ ਪਧਰਾਏ। | |
| ਪੁਨਿ ਕਾਲੁ ਬੋਲਯੋ 'ਇਉਂ[†] ਕੀਜੈ। | [†]ਪਾ:-ਇਮ, ਇਵ। |
| ਚਲਿ ਬੁਲਾਰ ਢਿਗ ਤਾਤ[1]! ਮਿਲੀਜੈ' ॥੫੨॥ | [1]ਹੇ ਪੁਤ੍ਰ! |
| ਕਿੰਚਤ ਮਾਨਵ ਲਾਲੂ ਸਾਥਾ। | |
| ਸੁਨਿ ਕਰਿ ਗਵਨੇ ਸ਼੍ਰੀ ਜਗਨਾਥਾ। | |
| ਜਹਿਂ ਨਿਜ ਮੰਡਪ[1] ਸਭਾ ਲਗਾਈ। | [1]ਮੰਡੂਏ ਵਿੱਚ। |
| ਬੂਝਤਿ ਰਾਇ ਬਿਵਾਹ ਭਲਾਈ ॥੫੩॥ | |
| ਤਹਾਂ ਜਾਇ ਪਹੁੰਚੇ ਗੁਨਖਾਨੀ। | |
| ਕਰਨ ਈਠ ਕੋ[1] ਬਿਰਹਿ ਪ੍ਰਹਾਨੀ[2]। | [1]ਪਿਆਰੇ ਦੇ। [2]ਵਿਛੋੜੇ ਦਾ ਨਾਸ। |
| ਪੇਖਤਿ ਪੁਲਕਯੋ ਪ੍ਰੇਮਹਿਂ ਅੰਗਾ। | |
| ਤੂਰਨ[1] ਤਿਸ਼ਟਯੋ[2] ਸੰਗਿ ਉਮੰਗਾ[3] ॥੫੪॥ | [1]ਛੇਤੀ। [2]ਖੜਾ ਹੋ ਗਿਆ। [3]ਖੁਸ਼ੀ ਨਾਲ। |
| ਬਦਨ ਚੰਦ੍ਰਮਾ ਉੱਜਲ ਓਰਾ। | |
| ਲੋਚਨ ਕੀਨਿ ਚਕੋਰਨਿ ਜੋਰਾ[1]। | [1]ਨੇਤ੍ਰਾਂ ਰੂਪੀ ਚਕੋਰਾਂ ਨੂੰ ਜੋੜ ਦਿੱਤਾ (ਅ) ਨੇਤ੍ਰਾਂ ਦੇ ਜੋੜੇ ਨੂੰ। |
| ਨਿਕਟ ਜਾਇ ਪਦ ਪਰਸਨ ਹੇਤੂ[1]। | [1]ਛੋਹਨ ਵਾਸਤੇ। |

ਝੁਕਨ ਲਗੇ ਬੇਦੀ ਕੁਲ ਕੇਤੂ ॥੫੫॥
ਭਰਿ ਕਰ ਸੋਂ, ਕੋਰੀ[1] ਗਰ[2] ਲਾਏ। [1]ਜੱਫੀ। [2]ਗਲੇ।
ਲੋਚਨ ਬੀਚ ਅਨੰਦ ਜਲ ਛਾਏ।
ਸੁਖ ਬੁਝਤਿ ਭੇ ਗਦ ਗਦ ਬਾਨੀ।
ਬਿਨ ਉਚਰੇ[1] ਦੁਹਿ ਦਿਸ਼ਿ ਪਹਿਚਾਨੀ ॥੫੬॥ [1]ਬਿਨਾਂ ਕਹੇ ਤੇ।
ਮੰਚ ਸਿਰ੍ਹਾਨੈ ਦਿਸ਼[1] ਬਰਿਆਈ[2]। [1]ਪਲੰਘ ਦੇ ਸਿਰ੍ਹਾਣੇ ਵਲ। [2]ਜੋਰੋ ਜ਼ੋਰੀ।
ਬੈਸਾਏ[1], ਉਰ ਮੋਦ ਬਡਾਈ। [1]ਬਿਠਾਏ।
ਦਰਸ ਪਜਾਸ ਦਿਨ ਬਿਤੇ ਨ ਥੋਰੇ।
ਜਨੁ ਪੀਵਤਿ ਕਿਯ ਨੈਨ ਕਟੋਰੇ ॥੫੭॥
ਏਕ ਘਟੀ[1] ਲਗ ਕੋਇ ਨ ਬੋਲਾ। [1]ਘੜੀ।
ਹੇਰਿ ਪ੍ਰੇਮ ਕੋ ਰਹੇ ਅਡੋਲਾ।
ਬਹੁਰ ਬਜਾਹ ਕੀ ਸ਼ੁਭ ਕਰਤੂਤਾ।
ਬੂਝਤਿ ਭਯੋ ਰਾਇ ਮਤਿਪੂਤਾ[1] ॥੫੮॥ [1]ਪਵਿੱਤ੍ਰ ਬੁਧੀ ਵਾਲਾ।
ਮਰਦਾਨਾ ਬੋਲਯੋ ਤਿਹ ਕਾਲਾ[1]। [1]ਤਿਸ ਵੇਲੇ।
'ਤਵ ਪ੍ਰਤਾਪ ਤੇ ਸੁਨਹੁ ਭੁਪਾਲਾ[†1]। [1]ਰਾਇ ਜੀ। [†]ਪਾ:-ਭੁਵਾਲਾ।
ਪੁਰਿ ਸੁਲਤਾਨ ਬਹੁਤ ਜਸੁ ਛਾਵਾ।
ਨਰ ਨਾਰਿਨਿ ਘਰ ਘਰ ਪ੍ਰਤਿ ਗਾਵਾ ॥੫੯॥
ਦੌਲਤਖਾਨ ਦੀਨ ਜੋ ਚਾਹਾ।
ਭੂਰ ਵਸਤੁ ਲੀਨੀ ਤਿਹ ਪਾਹਾ[1]। [1]ਉਸ ਪਾਸੋਂ।
ਤਿਹਤੇ ਪੁਨਿ ਚਢਿ ਚਲੀ ਬਰਾਤਾ।
ਕੀਨੋ ਜਾਇ ਢੁਕਾਉ ਸੁਹਾਤਾ ॥੬੦॥
ਖਰਚਯੋ ਕਾਲੂ ਦਰਬ ਬਿਸਾਲਾ।
ਅਤਿ ਉਤਸਵ ਭਾ ਸੁਠਿ[1] ਤਿਹ ਕਾਲਾ। [1]ਸੁੰਦਰ।
ਦੁਹਦਿਸ਼[1] ਨੈ ਰਸ ਅਤਿਸ਼ੈ ਰਾਖਾ। [1]ਦੋਹਾਂ ਧਿਰਾਂ ਨੇ।
ਜਿਨਿ ਕੈ ਮਨ ਜਸੁ ਕੀ ਅਭਿਲਾਖਾ ॥੬੧॥
ਮੁਝ ਦੇਖਤਿ ਭੇ ਬਜਾਹ ਘਨੇਰੇ।
ਬਿੱਪ੍ਰ[1] ਸੁ ਬਾਹਜ[2] ਬੈਸ[3] ਵਡੇਰੇ। [1]ਬ੍ਰਾਹਮਣ। [2]ਖੱਤ੍ਰੀ। [3]ਵੈਸ਼। ਭਾਵ ਬ੍ਰਾਹਮਣ ਖੱਤ੍ਰੀ

ਵੈਸ਼ਾਂ ਦੇ ਬਹੁਤ (ਵਜਾਹ)।

ਅਸ ਉਤਸ਼ਵ ਮੈਂ ਸੁਨਾ ਨ ਦੇਖਾ।
ਜਸ ਇਸ ਮਹਿਂ ਭਾ ਮੋਦ ਬਿਸੇਖਾ' ॥੬੨॥
ਸੁਨਿ ਬੁਲਾਰ ਮਨ ਤਨ ਸੁਖ ਪਾਵਾ।
'ਸਾਧੁ ਸਾਧੁ' ਕਾਲੂ ਪ੍ਰਤਿ ਗਾਵਾ।
ਸ੍ਰੀ ਬੇਦੀ ਕੁਲ ਕਲਸ ਸੁਹਾਵਨ।
ਅਸ ਪ੍ਰਕਾਰ ਮਿਲਿ ਕਿਯ ਘਰ ਆਵਨ ॥੬੩॥
ਬਿੰਜਨ[1] ਨਿਜ ਕਰ[2] ਜਨਨਿ[3] ਸਵਾਰੇ[4]। — [1]ਭੋਜਨ। [2]ਆਪਣੇ ਹੱਥੀਂ। [3]ਮਾਤਾ ਨੇ। [4]ਬਣਾਏ।
ਬੈਠਿ ਨਿਕਟਿ ਕਰਿ ਨੇਹੁ ਜਿਵਾਰੇ[1]। — [1]ਕਰਕੇ ਪਿਆਰ ਖੁਵਾਏ।
ਰੁਚਿਰ ਅਸਨ ਜੋ[1] ਅਚਜੋ[2] ਕ੍ਰਿਪਾਲਾ[3]। — [1]ਜਦ। [2]ਛਕਿਆ। [3]ਗੁਰੂ ਜੀ ਨੇ।
ਗਏ ਤਲਪ[1] ਪਰ ਮ੍ਰਿਦੁਲ[2] ਬਿਸਾਲਾ[3] ॥੬੪॥ — [1]ਸੇਜਾ ਪਰ। [2]ਕੂਲੀ। [3]ਬੜੀ।
ਜਾਮ[1] ਨਿਸਾ[2] ਬੀਤੀ ਕਿਯ ਸੈਨਾ। — [1]ਪਹਿਰ। [2]ਰਾਤ
ਰਹੀ ਜਾਮ[1] ਜਾਗੇ ਗੁਨ ਐਨਾ। — [1]ਪਹਿਰ ਰਹਿੰਦੀ।
ਕ੍ਰਮ ਕ੍ਰਮ[1] ਸੌਚ ਕੀਨ ਇਸ਼ਨਾਨਾ। — [1]ਧੀਰੇ ਧੀਰੇ।
ਪਹਿਰੇ ਚੀਰ ਸਰੀਰ ਸੁਹਾਨਾ ॥੬੫॥
ਭਈ ਭੋਰ ਜਸੁ ਜਾਸੁ ਪਵਿੱਤ੍ਰਾ[1]। — [1]ਜਿਸਦਾ ਜਸ ਪਵਿੱਤ੍ਰ ਹੈ।
ਬੈਸੇ ਸੋਹਤਿ ਭਵਨ ਬਚਿੱਤ੍ਰਾ।
ਲਿਯ ਬੁਲਾਇ ਪ੍ਰੋਧਾ[1] ਹਰਿਦਯਾਲਾ। — [1]ਪ੍ਰੋਹਿਤ।
{ਹਰਦਿਆਲ ਪੰਡਿਤ ਨਿਹਾਲ}
ਸ੍ਰੀ ਮੁਖ ਬੋਲੇ ਗਿਰਾ ਰਸਾਲਾ ॥੬੬॥
'ਜਾਚਹੁ, ਜੋ ਮਨ ਮਹਿਂ ਹੁਇ ਲਾਲਸ।
ਲੇਹੁ ਅਬਹਿ, ਸੋ ਕਰਹੁ ਨ ਆਲਸ।'
ਬੋਲਯੋ ਦਿਜ ਹਰਿਦਯਾਲ ਪ੍ਰਬੀਨਾ।
'ਆਦਿ ਰੂਪ ਤੁਮ ਦਾਨੀ ਦੀਨਾ[1] ॥੬੭॥ — [1]ਗ਼ਰੀਬਾਂ ਦੇ ਦਾਤੇ।
ਰਾਵਰ ਜਿਤੀ ਲਖਾਵਨ ਕੀਨੀ।
ਤੇਤੀ ਮਹਿਮਾ ਮੈਂ ਲਖਿ ਲੀਨੀ।
ਅਪਰ ਨਰਨ ਸੀ ਮਤਿ ਮੁਰ[1] ਨਾਂਹੀ। — [1]ਮੇਰੀ ਬੁੱਧੀ।
ਧਰਹਿਂ ਜਿ ਭਾਵਨ ਨਰ ਤਵ ਮਾਂਹੀ† — †ਪਾ:-ਨਰ ਤੁਮ ਨਾਂਹੀ।

॥੬੮॥
ਕਾਰਨ ਕਾਰਜ ਕੋ ਆਧਾਰਾ।
ਸਭਿ ਕੋ ਕਰਤਾ ਜਿਤੋ ਪਸਾਰਾ।
ਪਰਮੇਸ਼ੁਰ ਪਾਰਬ੍ਰਹਮ ਪੁਰਾਤਨ†। †ਪਾ:-ਪਰਮੇਸ਼ੁਰ ਪੂਰ ਪੁਰਖ ਪੁਰਾਤਨ।
ਪਰਮ ਪਰਾਵਰ ਨਾਥ[1] ਸਨਾਤਨ ॥੬੯॥ [1]ਦੇਖੋ ਅਧਯਾ: ੧. ਅੰਕ ੪. ਦੇ ਪਦ ਅਰਥ।
ਅਹੈ ਸੱਚਿਦਾਨੰਦ ਮੁਕੰਦਾ।
ਤਵ ਲੀਲਾ ਭਗਤਨਿ ਸੁਖਕੰਦਾ।
ਜੱਗਜੁਪਵੀਤ[1] ਜਬਹਿ ਤੁਮ ਦੀਨੋ[2]। [1]ਜਨੇਊ। [2]ਜਦ ਦਾ ਤੁਸਾਂ ਮੈਨੂੰ ਦਿੱਤਾ ਹੈ ਭਾਵ ਜੀਅ ਕਾ ਜਨੇਊ। ਦੇਖੋ ਵਾਰ ਆਸਾ, ਸਲੋਕ ੧੫।
ਤਬ ਕੋ ਮਮ ਮਨ ਇਸਥਿਰ ਕੀਨੋ ॥੭੦॥
ਸਰਬ ਲਾਲਸਾ ਭੀ ਉਰ ਪੂਰੀ।
ਦੇਖੀ ਮੈਂ ਲੀਲਾ ਤੁਮ[1] ਰੂਰੀ। [1]ਤੁਹਾਡੀ।
ਬ੍ਰਿੱਧ[1] ਬੈਸ[2] ਬਪੁ[3] ਭਾ ਬਲ ਹੀਨਾ। [1]ਬੁੱਢੀ। [2]ਉਮਰ। [3]ਸ਼ਰੀਰ।
ਅਬ ਦੀਜੈ ਮੁਝ ਮੋਖ ਪ੍ਰਬੀਨਾ' ॥੭੧॥
ਭਗਤਿ ਮਿਲੀ ਬਾਨੀ ਸੁਨਿ ਕਾਨਾ।
ਹਸਿ ਬੋਲੇ ਸ਼੍ਰੀ ਕ੍ਰਿਪਾ ਨਿਧਾਨਾ।
'ਧੰਨ ਬਿੱਪ੍ਰ ਬਰ[1] ਬੁੱਧਿ ਤੁਮਾਰੀ। [1]ਸ਼੍ਰੇਸ਼ਟ।
ਤਨ ਹਉਮੈ ਕੀ ਸੁਰਤਿ ਬਿਸਾਰੀ ॥੭੨॥
ਕਿੰਚਤ ਰਹਿਗੀ ਬੈਸ ਸ਼ਰੀਰਾ।
ਪੁਨਿ ਅਪਵਰਗ[1] ਪਾਇਂ[2] ਮਤਿ ਧੀਰਾ[3]! [1]ਮੋਖ। [2]ਪਾਵੈਂਗਾ। [3]ਹੇ ਦਾਨੇ!
ਜਿਉਂ ਸ੍ਰਿਕ[1] ਗਜ[2] ਤਜਿ ਹੀ ਬਿਨ ਸ਼ੋਕੁ। [1]ਮਾਲਾ। [2]ਹਾਥੀ।
ਤਿਉਂ ਤਨ ਤਜਿ ਗਮਨੈਂ ਹਰਿ ਲੋਕੁ' ॥੭੩॥
ਅਸ ਕਹਿ ਦੀਨੋ ਦਰਬ ਘਨੇਰਾ।
ਤਿਹ ਪਰ ਕ੍ਰਿਪਾ ਦ੍ਰਿਸ਼ਟਿ ਹੈ ਹੇਰਾ।
ਭਯੋ ਗਜਾਨ ਨਿਜ[1] ਰੂਪ ਪਛਾਨਾ। [1]ਆਪਣਾ ਸ੍ਵਰੂਪ-ਆਤਮਾ।

ਜੀਵ ਭਾਵ ਸਭਿ ਹੀ ਬਿਸਰਾਨਾ ॥੨੪॥
ਗਯੋ ਸਦਨ ਸੁਖ ਪਾਇ ਅਮੋਲਾ।
ਨਿਜ ਮਨ ਨਿਸ਼ਚਾ ਹੁਤੋ ਅਡੋਲਾ†। — †ਪਾ:-ਜਿਸ ਮਨ ਸਾਚਾ ਹੁਤੋ ਅਡੋਲਾ। (ਅ) ਜਿਸ ਮਨ ਨਿਸ਼ਚਾ ਹੁਤੋ ਅਡੋਲਾ।
ਬਹੁਰੋ ਪਾਧਾ, ਬੈਦ, ਮੁਲਾਨਾ।
{ਉਸਤਾਦਾਂ ਨੂੰ ਮਿਲੇ}
ਚਲਿ ਆਏ, ਜਹਿਂ ਥੇ ਗਤਿਦਾਨਾ[1] ॥੨੫॥ — [1]ਮੁਕਤੀ ਦਾਤੇ।
ਮਿਲਨ ਹੇਤ ਮਨ ਸੰਗਿ ਉਮੰਗਾ।
ਜਿਨਕੋ ਚਢ੍ਯੋ ਰੰਗ ਸਤਿਸੰਗਾ।
ਜਬਹਿ ਬਿਲੋਕ੍ਯੋ ਕਾਲੂ ਨੰਦਨ।
ਧਾਇ ਕਰੀ ਯੁਗ ਪਦ ਪਰ ਬੰਦਨ ॥੨੬॥
ਹੇਰਿ ਸਰੂਪ ਅਨੂਪ ਅਜੋਨਾ†। — †ਪਾ:-ਅਨੂਪਮ ਲੋਨਾ।
ਬੋਲ ਨ ਆਵ ਭਏ ਮੁਖ ਮੋਨਾ[1]। — [1]ਚੁੱਪ।
ਕਵਲ ਨੈਨ ਸਨਮਾਨ[1] ਬਸਾਏ। — [1]ਆਦਰ ਕਰਕੇ।
ਕੁਸ਼ਲ ਬੂਝਨੈ ਬੈਨ ਸੁਨਾਏ ॥੨੭॥
ਧਰਿ ਧੀਰਜ ਬੋਲੇ ਮੁਖ ਬਾਨੀ।
ਪਦ ਰਚਨਾ ਸੁਠ ਉਸਤਤਿ ਠਾਨੀ।
'ਸਿੰਧ ਹੁਤਾਸਨ ਕਾਲ ਕਲੀ ਕੋ[1]। — [1]ਕਲਜੁਗ ਦਾ ਸਮਾਂ ਅਗਨ ਸਾਗਰ ਹੈ।
ਅਤਿ ਪ੍ਰਚੰਡ ਇਸ ਤਰਹਿ ਬਲੀ ਕੋ[1] ॥੨੮॥ — [1]ਕੋਈ ਬਲਵਾਨ ਹੀ ਇਸਨੂੰ ਤਰਦਾ ਹੈ।
ਜੀਵ ਪਰੇ ਦਝਿ ਦਝਿ[1] ਦੁਖ ਪਾਈ। — [1]ਸੜ ਸੜਕੇ।
ਉਬਰ ਨ ਸਕਹਿਂ[1] ਨ ਪਾਇਂ ਉਪਾਈ[2]। — [1]ਬਚ ਨਹੀਂ ਸਕਦੇ। [2]ਤੇ ਨਾਂ ਉਪਾਉ (ਕੋਈ) ਲਭਦਾ।
ਬਾਂਧਨ ਹੇਤੁ ਸੇਤੁ ਤਹਿਂ ਭਾਰਾ[1]। — [1]ਉਸ ਉਤੇ ਭਾਰਾ ਪੁਲ ਬੰਨ੍ਹਣ ਲਈ।
ਕ੍ਰਿਪਾ ਧਾਰਿ ਲੀਨੋ ਅਵਤਾਰਾ ॥੨੯॥
ਚਰਨ ਕਰਮ ਸ਼ੁਭ ਤੇ ਜੋ ਤੂਛੇ[1]। — [1]ਸ਼ੁਭ ਕਰਮਾਂ ਤੋਂ ਜਿਨ੍ਹਾਂ ਦੇ ਪੈਰ ਪਿੰਗਲੇ ਹਨ।
[1]ਜਿਸਦੀ ਬੁੱਧੀ ਬਹੁਤ ਪਵਿੱਤ੍ਰ ਸੀ।
ਰੋਕ ਰਹੇ ਨਰ ਰੁਕਤਿ ਨ ਕੈਸੇ।
ਪ੍ਰੇਮ ਪ੍ਰਵਾਹਿ ਬਹਜੋ ਹੜ ਜੈਸੇ ॥੧੯॥
ਆਵਾ ਪੁਰਿ ਸੁਲਤਾਨਹਿ ਤੂਰਨ।
ਪ੍ਰੇਮ ਸੰਗਿ ਹਿਰਦਾ ਪਰਿਪੂਰਨ।
ਜਹਿਂ ਆਪਨ[1] ਪਰ ਜਾਚਕ[2] ਭੀਰਾ।
[1]ਹੱਟ। [2]ਮੰਗਤਿਆਂ ਦੀ।
ਦਰਸ਼ਨ ਹੇਤਹਿ[1] ਹੋਤਿ ਅਧੀਰਾ ॥੨੦॥
[1]ਵਾਸਤੇ।
ਪਗ ਪਰ ਪਰਿ ਰਹਜੋ ਦੰਡ ਸਮਾਨਾ[1]।
[1]ਡੰਡੇ ਵਾਂਗ ਭਾਵ ਲੰਬਾ ਪੈ ਰਿਹਾ ਪੈਰਾਂ ਉਤੇ।
ਬਜਾਕੁਲ ਭਾ ਤਨ ਸੁਧਿ ਬਿਸਰਾਨਾ।
ਸਭਿ ਬ੍ਰਿਤਾਂਤ ਲਖਿ ਕਰਿ ਜਗਨਾਥਾ।
ਹਾਥ ਛੁਹਾਯੋ ਮਾਥਹਿ ਸਾਥਾ ॥੨੧॥
ਭੁਜਾ ਪਕਰਿ ਕੈ ਬਹੁਰ ਬਿਠਾਯੋ।
ਸ਼੍ਰੀ ਮੁਖ ਕੋਮਲ ਵਾਕ ਅਲਾਯੋ।
'ਕੌਨ ਮਨੋਰਥ, ਕਿਹ[1] ਤੇ ਆਵਾ?
[1]ਕਿੱਥੋਂ।
ਚਹਜੋ ਸੁ ਦੇਉਂ ਕਹੋ ਮਨਭਾਵਾ[1]' ॥੨੨॥
[1]ਮਨ ਭਾਉਂਦੀ ਗੱਲ ਆਖ।
ਸੁਨਤਿ ਭਗੀਰਥ ਬੋਲਜੋ ਬਾਨੀ।
'ਸਭਿ ਜਾਨਤਿ ਹੋ ਤੁਮ ਗੁਨ ਖਾਨੀ।
ਤਦਪਿ ਕਹੌਂ ਬੂਝਨਿ[1] ਅਨੁਸਾਰੀ[2]।
[1]ਆਪਦੇ) ਪੁੱਛਣ। [2]ਮੂਜਬ।
ਰਹਜੋ ਚਹਿਤਿ ਹੌਂ ਸ਼ਰਨ ਤੁਮਾਰੀ ॥੨੩॥
ਗ੍ਰਾਮ ਮੈਲਸੀਹੇਂ ਮਹਿਂ ਧਾਮਾ[1]।
[1]ਘਰ ਹੈ।
ਕਰੋਂ ਉਪਾਸਨ ਕਾਲੀ ਨਾਮਾ।
ਕ੍ਰਿਪਾ ਕੀਨਿ ਮੁਝ ਪਰ ਜਗਮਾਈ।

ਸੁਮਤਿ ਦੀਨਿ ਕਹਿ ਗਾਥ[1] ਬੁਝਾਈ[2] ॥੨੪॥ — [1]ਕਥਾ, ਗਲ। [2]ਸਮਝਾਈ।
ਮੈਂ ਆਯੋ ਤੁਮ ਸੇਵਨ ਚਰਨਾ।
ਨਮੋ ਨਮੋ ਭੋ ਅਸ਼ਰਨ ਸ਼ਰਨਾ[1]!' — [1]ਹੇ ਸ਼ਰਨ ਹੀਨਾਂ ਨੂੰ ਸ਼ਰਨ ਦਾਤੇ।
ਸੁਨੀ ਸ਼੍ਰੋਨ ਮਹਿਂ ਬਿਨੈ ਬਿਸਾਲਾ।
ਪਰਮ ਪ੍ਰਸੀਦੇ[1] ਦੀਨ ਦਯਾਲਾ ॥੨੫॥ — [1]ਪ੍ਰਸੰਨ ਹੋਏ।
ਜਗਤ ਸਭਿਹਿ ਪਰਪੰਚ[1] ਦਿਖਾਯੋ। — [1]ਮਿਥਿਆ।
ਬਹੁਰੋ ਅਪਨੀ ਸੇਵ ਲਗਾਯੋ।
ਰਹਤਿ ਭਯੋ ਦਰਸ਼ਨ ਨਿਤ ਕਰਿਹੀ।
ਚਰਨ ਪਖਾਰਿ[1] ਹਰਖ ਉਰ ਧਰਿਹੀ ॥੨੬॥ — [1]ਧੋਵੈ।
ਜਿਉਂ ਕਰੁਨਾਨਿਧਿ[1] ਦੇਹਿਂ ਰਜਾਈ[2]। — [1]ਕਿਰਪਾ ਦੇ ਸਮੁੰਦਰ। [2]ਆਗਿਆ।
ਤੈਸੇ ਕਰਹਿ ਸਦਾ ਮਨ ਭਾਈ।
ਬੀਤਜੋ ਅਸ ਪ੍ਰਕਾਰ ਕਛੁ ਕਾਲਾ।
ਸ਼ਰਧਾ ਧਾਰਤਿ ਰਿਦੈ ਬਿਸਾਲਾ ॥੨੭॥
ਗਮਨਜੋ ਨਿਜ ਪੁਰਿ ਤੇ ਮਰਦਾਨਾ।
ਆਯੋ ਗੁਰ ਢਿਗ ਪੁਰਿ ਸੁਲਤਾਨਾ।
ਬੰਦਨ ਕਰਿ ਉਚਰਜੋ ਕਲਜਾਨਾ।
ਬੈਸ ਗਯੋ ਪੁਨਿ ਭਾਗ ਮਹਾਨਾ[1] ॥੨੮॥ — [1]ਜਿਸ (ਮਰਦਾਨੇ) ਦੇ ਭਾਗ ਵਡੇ ਸਨ।
ਤਲਵੰਡੀ ਕੇ ਕੁਸ਼ਲ[1] ਸੰਦੇਸ਼ੇ[2]। — [1]ਸੁਖ ਦੇ। [2]ਸਨੇਹੇ।
ਦੇਤਿ ਭਯੋ ਬੂਝੇ ਗੁਰ ਜੈਸੇ।
ਅਪਨ ਪ੍ਰਯੋਜਨ[1] ਬਹੁਰ ਸੁਨਾਯੋ। — [1]ਆਪਣਾ ਮਤਲਬ।
ਜਾਂ ਕੇ ਹਿਤ[1] ਚਲਿ ਕਰਿ ਪੁਰਿ ਆਯੋ ॥੨੯॥ — [1]ਜਿਸ ਵਾਸਤੇ।
'ਸੁਨਿ ਜਜਮਾਨ[†]! ਬਚਨ ਤੁਮ ਭਾਖਾ। — [†]ਪਾ:-ਸੁਨ ਸ਼੍ਰੀ ਪ੍ਰਭੁ।
ਤਜਹੁ ਅਪਰ ਜਾਚਨ[1] ਅਭਿਲਾਖਾ[2]। — [1]ਹੋਰ ਥੋਂ ਮੰਗਣ ਦੀ। [2]ਇੱਛਾ।
ਯਾਂ ਤੇ ਮਾਂਗੋਂ ਮੈਂ ਨਹਿਂ ਕੋਊ।
ਤੁਮਰੋ ਬਚਨ ਚਿਤਾਰਤਿ[1] ਸੋਊ ॥੩੦॥ — [1]ਯਾਦ ਕਰਕੇ।
ਔਰ ਚਲਤਿ ਨੀਕੀ ਗੁਜਰਾਨਾ[1]। — [1]ਹੋਰ ਗੁਜਰਾਨ ਤਾਂ ਚੰਗੀ ਚਲਦੀ ਹੈ।

ਤਨਿਯਾ[1] ਬ੍ਯਾਹਨਿ[2] ਖਰਚ ਮਹਾਨਾ। [1]ਧੀ ਦੇ। [2]ਵਿਆਹ ਕਰਨ ਦਾ।
ਤਾਂ ਕੀ ਸ਼ਕਤਿ ਨ ਸਦਨ ਹਮਾਰੇ।
ਯਾ ਹਿਤ ਆਯੋ ਨਿਕਟਿ ਤੁਮਾਰੇ'
॥੩੧॥
ਅਸਿ ਪ੍ਰਕਾਰ ਸੁਨਿ ਕਰਿ ਸੁਖ ਰਾਸਾ।
ਤਿਹ ਛਿਨ ਹੁਤੋ ਭਗੀਰਥ ਪਾਸਾ।
ਤਾਂ ਸੋ ਬੋਲੇ ਕ੍ਰਿਪਾ ਨਿਧਾਨਾ।
'ਕਰਹੁ ਕਾਜ ਤੂੰ ਪਰਮ ਸਯਾਨਾ
॥੩੨॥
ਬ੍ਯਾਹ ਸੌਂਜ[1] ਲਿਖਿ ਕਾਗਦ ਸਭਿਹੀ। [1]ਵਿਆਹ ਦਾ ਸਮਾਨ।
ਗਮਨਹੁ ਲਵਪੁਰਿ[1] ਮਾਰਗ ਅਬ ਹੀ। [1]ਲਾਹੌਰ।
ਇਹ ਸਥਾਨ ਹ੍ਵੈ ਵਸਤੁ ਨ ਪੂਰੀ।
ਤਹਿਂ ਬਿਲੋਕਿ ਕੈ ਆਨਹੁ ਰੂਰੀ[1] [1]ਸੁੰਦਰ।
॥੩੩॥
ਰਜਨੀ[1] ਏਕ ਬਸਹੁ ਪੁਰਿ[2] ਮਾਂਹੀ। [1]ਰਾਤ। [2]ਭਾਵ ਲਾਹੌਰ।
ਤੁਰਨ ਆਵਨ ਬਿਲਮਹੁ ਨਾਂਹੀ।'
ਧਰਿ ਰਜਾਇ ਸਿਰ ਪਰ ਜਗਨਾਥਾ[1]। [1]ਭਾਵ ਗੁਰੂ ਜੀ ਦੀ।
ਲਿਖ੍ਯੋ ਬੂਝਿ[1] ਮਰਦਾਨੇ ਸਾਥਾ[2] [1]ਪੁੱਛਕੇ। [2]ਕੋਲੋਂ।
॥੩੪॥
ਬਾਂਛਿਤਿ ਦਰਬ ਲੇਯ ਨਿਜ ਹਾਥਾ।
ਗਮਨ੍ਯੋ ਪੰਥ ਨਾਇ[1] ਪਦ[2] ਮਾਥਾ[3]। [1]ਨਿਵਾਕੇ। [2]ਚਰਨਾਂ ਪੁਰ। [3]ਮੱਥਾ।
ਪਹੁੰਚ੍ਯੋ ਲਵਪੁਰਿ ਨਗਰ ਮਝਾਰਾ।
ਇਕ ਦੁਕਾਨ ਪੁਰ ਸ਼ਾਹ ਨਿਹਾਰਾ
॥੩੫॥
ਮਨਸੁਖ ਨਾਮ ਹੁਤੋ ਜਿਸ ਕੇਰੋ।
{ਮਨਸੁਖ}
ਧਨੀ ਅਧਿਕ ਵਾਪਾਰ ਘਨੇਰੋ।
ਤਿਹ ਕੇ ਸਾਥ ਕਹੀ ਨਿਜ ਗਾਥਾ।
ਸਰਬ ਦਰਬ ਕੋ ਲੇ ਕਰਿ ਹਾਥਾ
॥੩੬॥
'ਬ੍ਯਾਹ ਸੌਂਜ ਕਾਗਦ ਪਰ ਜੇਤੀ।

ਆਪ ਸਰਬ ਲੈ ਦੀਜੈ ਤੇਤੀ।
ਏਕ ਨਿਸਾ ਬਸਿਹੋਂ ਇਸ ਨਗਰਾ।
ਤੂਰਨ ਕਰਿਯੇ ਕਾਰਜ ਸਗਰਾ' ॥੩੭॥
ਸੁਨਿ ਕਰਿ ਮਨਸੁਖ ਤਿਹਂ ਸਨਮਾਨਾ[1]। — [1]ਆਦਰ ਕੀਤਾ।
ਨਿਕਟਿ ਬਿਠਾਯੋ ਬਚਨ ਬਖਾਨਾ।
'ਅਬ ਪ੍ਰਦੋਖ ਭੀ[1] ਕਰਹੁ ਨਿਵੇਸਾ[2]। — [1]ਸੰਧਯਾ ਹੋ ਗਈ ਹੈ। [2]ਨਿਵਾਸ।
ਭੋਰਿ ਹੋਤਿ ਲੇ ਵਸਤੁ ਸੁ ਦੇਸਾਂ[1]' ॥੩੮॥ — [1]ਲੈ ਦਿਆਂਗਾ।
ਸੋ ਕਾਗਦ ਪੁਨ ਪਠਯੋ[1] ਵਿਚਾਰੀ। — [1]ਪੜ੍ਹਿਆ।
'ਅਵਰ ਵਸਤੁ ਸਭਿ ਹੋਇ ਤਯਾਰੀ।
ਬਿਲਮ ਲਗਹਿ ਕਰਿਵਾਵਤਿ ਚੂੜਾ।
ਜੌ ਲੀਯੋ, ਚਾਹਤਿ ਹੈਂ ਰੂੜਾ[1]' ॥੩੯॥ — [1]ਸੁੰਦਰ।
ਤਬਹਿ ਭਗੀਰਥ ਬੋਲਯੋ ਬਾਨੀ।
ਸੁਨਹੁ ਸ਼ਾਹੁ ! ਵਿਪਰੀਤਿ ਕਹਾਨੀ[1]। — [1]ਗਲ ਪੁੱਠੀ ਹੈ।
ਦੂਜੀ ਨਿਸਾ[1] ਰਹੋਂ ਜੇ ਨਗਰਾ। — [1]ਦੂਜੀ ਰਾਤ।
ਬਾਦ ਜਨਮ ਜਾਵਹਿ ਮੁਝ ਸਗਰਾ' ॥੪੦॥
ਕਹਯੋ ਸ਼ਾਹੁ 'ਕੋ ਯਾ ਕੋ ਕਾਰਣ?
ਉਰ ਸੰਸੈ ਭਾ[1] ਕਰਹੁ ਨਿਵਾਰਣ। — [1]ਹੋਇਆ ਹੈ।
ਜੋ ਮਾਨਵ[1] ਭੇਜਯੋ ਨ੍ਰਿਪਤਾਦੁ[2]। — [1]ਮਨੁਖ। [2]ਕਿਸੇ ਰਾਜੇ ਆਦਿਕ ਨੇ।
ਉਚਰੈ ਯੌਨ -ਜਨਮ ਹੁਇ ਬਾਦੁ-।' ੪੧।
'ਸੁਨਹੁ ਸ਼ਾਹੁ ਮਮ ਸਤਿਗੁਰ ਪੂਰਾ।
ਜਾਂ ਕੋ ਬਚਨ ਹੋਤਿ ਨਹਿਂ ਊਰਾ[1]। — [1]ਖਾਲੀ ਨਹੀਂ ਜਾਂਦਾ।
ਤਿਨ ਕੀ ਆਇਸੁ[1] ਜਾਨਹੁ ਐਸ। — [1]ਆਗਯਾ।
ਦੂਜੀ ਨਿਸ, ਪੁਰਿ[1] ਰਹੋਂ ਨ ਜੈਸੇ†' ॥੪੨॥ — [1]ਭਾਵ ਲਾਹੌਰ। †ਪਾ:-ਕੈਸੇ।
ਸੁਨਿ ਕਰਿ ਮਨਸੁਖ ਬਚਨ ਬਖਾਨਾ।
'ਕਲੀ ਕਾਲ ਅਤਿਸ਼ੈ ਬਲਵਾਨਾ।
ਇਸ ਮਹਿਂ ਐਸੋ ਕੋਇ ਨ ਪੂਰਾ।

ਤੂੰ ਭਾਖਤਿ ਜੈਸੋ ਜਸੁ ਰੂਰਾ[1]' ॥੪੩॥
[1]ਸੁੰਦਰ ਜਸ।

'ਭੋ ਸੁਮਤੇ[1] ! ਨਹਿਂ ਕੀਜੈ ਸੰਸਾ।
[1]ਹੇ ਬੁਧੀਵਾਨ !

ਜਿਸਕੀ ਮੈਂ ਭਾਖਤਿ ਸੁ ਪ੍ਰਸੰਸਾ[1]।
[1]ਮਹਿਮਾ।

ਤਿਸ ਮਹਿਂ ਧਰਹੁ ਜਿ ਸ਼ਰਧਾ ਪੂਰੀ।
ਜਗਤ ਕੁਬੰਧਨ ਹਰਹਿਂ ਦੂਰੀ ॥੪੪॥

ਕਲੀਕਾਲ ਤਾਰਨ[1] ਕਰਤਾਰਾ[2]।
[1]ਤਾਰਨ ਵਾਸਤੇ। [2]ਕਰਤਾਰ ਨੇ।

ਨਿਜ ਸਰੂਪ ਕੀਨੋ ਅਵਤਾਰਾ।
ਜਿਹਕੇ ਜਾਗਹਿਂ ਭਾਗ ਮਹਾਨਾ।
ਸੋ ਮਹਿਮਾ ਜਾਨਹਿ ਮਤਿਵਾਨਾ ॥੪੫॥
ਲੌਕਿਕ ਰੀਤਿ ਕਰਹਿਂ ਨਿਰਬਾਹੂ।

ਰਿਦੇ ਗਯਾਨ ਘਨ[1] ਅਗਮ ਅਥਾਹੂ।
[1]ਸੰਘਣਾ ਭਾਵ ਅਵਿਰਲ, ਇਕ ਰਸ।

ਸਰਬ ਘਟਨ ਕੋ ਅੰਤਰਜਾਮੀ।

ਨਯੰਤਾ[1] ਚੌਦਹਿ ਲੋਕਨਿ[2] ਸ੍ਵਾਮੀ' ॥੪੬॥
[1]ਪ੍ਰੇਰਕ। [2]ਚੌਦਾਂ ਲੋਕਾਂ ਦਾ।

ਸੰਤ ਮਿਲਨ ਕੀ ਜਿਹ ਅਭਿਲਾਖਾ।

ਅਸ ਮਨਸੁਖ ਬਹੁਰੋ ਬਚ[1] ਭਾਖਾ।
[1]ਬਚਨ।

'ਜੇ ਮੁਝ ਦੇ ਕਛੁ ਕਲਾ ਦਿਖਾਈ।
ਤਬ ਹੋਵੌਂ ਮੈਂ ਸਿਖ ਹਿਤ ਲਾਈ ॥੪੭॥
ਦੰਭੀ ਸਾਧੁ ਮਿਲੇ ਬਹੁਤੇਰੇ।

ਸ਼ਾਂਤਿ ਨ ਪ੍ਰਾਪਤਿ ਭੀ[1] ਕਿਹ ਹੇਰੇ[2]।
[1]ਹੋਈ। [2]ਕਿਸੇ ਦੇ ਭੀ ਡਿੱਠਿਆਂ ਸ਼ਾਂਤੀ ਨਾ ਹੋਈ।

ਯਾਂ ਤੇ ਮੁਝੇ ਨ ਉਪਜਤਿ ਪ੍ਰੀਤਾ।

ਬਿਨ ਅਜ਼ਮਤਿ[1] ਨਹਿਂ ਹੋਤਿ ਪ੍ਰਤੀਤਾ[2]' ॥੪੮॥
[1]ਕਰਾਮਾਤ (ਦੇਖਿਆਂ) ਬਿਨਾਂ। [2]ਨਿਸ਼ਚਾ।

ਕਹਤਿ ਭਗੀਰਥ 'ਸ਼ਾਹੁ ! ਸੁਨੀਜੈ।

ਰਿਦੈ ਕੁਤਰਕਨ[1] ਦੂਰ ਕਰੀਜੈ।
[1]ਦਿਲ ਦੀਆਂ ਹੁੱਜਤਾਂ।

ਸ਼ਰਧਾ ਧਾਰਿ ਦੇਖਿਯੇ ਦਰਸ਼ਨ।
ਬਿਨੈ ਸਹਿਤ ਕੀਜੈ ਪਗ ਪਰਸਨ ॥੪੯॥
ਬਚਨ ਸੁਨਤਿ ਪ੍ਰਾਪਤਿ ਹ੍ਵੈ ਸ਼ਾਂਤਾ।

ਨਿਜ ਸਰੂਪ ਕੀ ਪਾਵਹਿਂ ਗਜਾਤਾ।
ਜੇਕਰਿ ਕਲਾ ਚਹਿਤਿ ਤੁਮ ਦੇਖਾ।
ਯਹਿ ਕੁਛ ਬਾਤ ਨ ਤਹਾਂ ਵਿਸ਼ੇਖਾ[1] ॥੫੦॥ — [1]ਬੜੀ ਬਾਤ ਨਹੀਂ।

ਉਦਿਧ[1] ਨਿਕਟਿ ਤੇ ਜਲ ਕਨ[2] ਜੋਈ। — [1]ਸਮੁੰਦਰ। [2]ਜਲ ਦੇ ਕਿਣਕੇ।
ਜਾਚੇ[1] ਤਹਾਂ ਨ ਘਾਟੋ ਕੋਈ। — [1]ਜੇ ਕੋਈ ਮੰਗੇ ਤਾਂ।
ਦ੍ਰਿਢ ਨਿਸ਼ਚਾ ਕਰਿ ਚਲਿ ਮੁਝ ਸੰਗਾ।
ਪੂਰਹਿਂ ਸਤਿਗੁਰ ਤੋਰ ਉਮੰਗਾ' ॥੫੧॥

ਮਨਸੁਖ ਸੁਨਿ ਕਰਿ ਸ਼੍ਰੋਨਨ ਬੈਨਾ।
ਚਲਨ ਚਾਹਿ ਭੀ ਢਿਗ ਗੁਨ ਐਨਾ[1]। — [1]ਭਾਵ, ਗੁਰੂ ਜੀ ਕੋਲ।
ਕਰਿ ਸੰਭਾਖਣ[1] ਆਪਸ ਮਾਂਹੀ। — [1]ਬਚਨ ਬਿਲਾਸ।
ਅਸਨ ਅਚਯੋ[1] ਕਿਯ ਸੈਨ[2] ਤਹਾਂਹੀ ॥੫੨॥ — [1]ਭੋਜਨ ਛਕਿਆ। [2]ਸੌਣਾ ਕੀਤਾ।

ਭੋਰ ਹੋਤਿ ਉਠਿ ਕੀਨ ਸ਼ਨਾਨਾ।
ਸੌਜ ਬਨਜ ਲੀਨੀ ਬਿਧਿ ਨਾਨਾ।
ਮਨਸੁਖ ਕਹੈ ਭਗੀਰਥ ਸੰਗਾ।
'ਇਕ ਚੂੜਾ ਮਮ ਸਦਨ[1] ਸੁ ਰੰਗਾ ॥੫੩॥ — [1]ਮੇਰੇ ਘਰ।

ਤਾਂ ਕੋ ਬੇਚਨ ਕਰੋਂ ਕਦਾਇ ਨ[1]। — [1]ਉਹ ਮੈਂ ਕਦੇ ਭੀ ਵੇਚਣਾ ਨਹੀਂ ਹੈਸੀ।
ਸੋ ਮੈਂ ਦੇਵੋਂ ਤਿਨਹਿ[1] ਉਪਾਇਨ[2]। — [1]ਉਨ੍ਹਾਂ ਨੂੰ ਉਹ ਮੈਂ। [2]ਭੇਟਾ ਦਿਆਂਗਾ।
ਅਪਰ[1] ਖਰੀਦਨ ਜੇ ਮਤ ਤੇਰੀ। — [1]ਹੋਰ।
ਦੂਜੀ ਨਿਸਾ[1] ਬਸਨ[2] ਹ੍ਵੈ ਦੇਰੀ' ॥੫੪॥ — [1]ਰਾਤ। [2]ਰਹਿਣ ਦੀ।

ਸੁਨਤਿ ਭਗੀਰਥ ਭਾਖੀ ਬਾਨੀ।
'ਤਸ[1] ਕਰਿਯੇ ਜਸ[2] ਬਿਧਿ ਮਨ ਠਾਨੀ।' — [1]ਤੈਸੀ। [2]ਜੈਸੀ।
ਬਜਾਹ ਸੌਜ ਲੇ ਕਰਿ ਸਭਿ ਰੂਰੀ।
ਮਗ ਗਮਨੇ ਜੁਗ[1] ਜਿਨ ਮਤਿ ਭੂਰੀ ॥੫੫॥ — [1]ਦੋਨੋਂ।

ਮਨਸੁਖ ਕਹੈ 'ਲੇਯ ਮੁਝ ਨਾਮਾ।

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

ਕਰਹਿਂ ਅਵਾਹਨ[1] ਜੇ ਸੁਖਧਾਮਾ[2]।
[1]ਬੁਲਾਵਨ। [2]ਗੁਰੂ ਜੀ।

ਦ੍ਰਿਢ[1] ਪ੍ਰਤੀਤ ਤਬ ਉਰ ਮਹਿਂ ਜਾਗੈ।
[1]ਪੱਕੀ।

ਸਤਿ ਜਾਨੌਂ ਮੈਂ -ਇਹ ਦੁਖ ਦਾਗੈਂ[1]-' ॥੫੬॥
[1]ਤਾਂ ਮੈਂ ਸੱਚ ਜਾਣ ਲਵਾਂਗਾ ਕਿ ਮੇਰਾ ਦੁਖ ਏਹ ਦਗਧ ਕਰਨਗੇ।

ਅਸ ਬਿਧਿ ਉਚਰਤਿ ਆਪਸ ਮਾਂਹੀ।
ਤਜਿ ਮਾਰਗ ਪਹੁੰਚੇ ਪੁਰਿ ਪਾਹੀ।
ਜਹਿਂ ਆਪਨ[1] ਪਰ ਦੀਨ ਦਯਾਲਾ।
[1]ਹੱਟ ਪਰ।

ਤਹਿਂ ਆਏ ਚਲਿ ਕਰਿ ਤਤਕਾਲਾ ॥੫੭॥
ਅਵਿਲੋਕਤਿ ਭੇ ਉਤਪਲ ਲੋਚਨ[1]।
[1]ਕਵਲ ਨੈਣ ਜੀ ਨੇ ਵੇਖੇ।

ਬਚਨ ਉਚਾਰੇ ਭ੍ਰਮਹਿ ਬਿਮੋਚਨ[1]।
[1]ਭਰਮ ਦੂਰ ਕਰਨ ਵਾਲੇ।

'ਆਉ ਭਗੀਰਥ ਪਰਉਪਕਾਰੀ!
ਮਨ ਮਲਯਾਗਰ ਰੀਤਿ ਵਿਚਾਰੀ[1] ॥੫੮॥
[1]ਤੇਰੀ ਰੀਤੀ ਨੂੰ ਅਸਾਂ ਚੰਦਨ ਵਤ ਸਮਝਿਆ ਹੈ ਭਾਵ ਦੂਜੇ ਨੂੰ ਸੁਗੰਧੀ ਲਾਉਂਦਾ ਹੈ।

ਪੂਰਬ ਥੋ ਮਨਸੁਖ ਇਹ ਕਾਚਾ॥
ਕਿਯੋ ਨਾਮ ਚਾਹਿਤਿ ਅਬ ਸਾਚਾ।
ਯਾਂ ਤੇ ਆਨਯੋ ਅਪਨੇ ਸੰਗਾ।
ਧੰਨ ਸੰਤ ਮਤਿ[1] ਕੀਟੀ ਭ੍ਰਿੰਗਾ[2]' ॥੫੯॥
[1]ਸੰਤ ਮਤਾ। [2]ਜੀਕੁਣ ਭ੍ਰਿੰਗੀ ਹੋਰ ਕੀੜੇ ਨੂੰ ਭ੍ਰਿੰਗੀ ਬਣਾਉਂਦਾ ਹੈ, ਇਹੋ ਸੰਤਾਂ ਦੀ ਮਤੀ ਹੈ। ਕੀਟਭ੍ਰਿੰਗ ਇਕ ਕਵਿ ਸੰਕੇਤਕ ਦ੍ਰਿਸ਼ਟਾਂਤ ਹੈ।

ਸੁਨਿ ਬਚ ਧਾਇ ਚਰਨ ਲਪਟਾਏ।
ਮਨਹੁ ਮਿਲਯੋ ਜਲ ਅਧਿਕ ਤਿਸਾਏ[1]।
[1]ਤਿਹਾਏ ਨੂੰ।

ਬਜਾਹ ਸੌਜ ਧਰਿ ਦੀਨਿ ਅਗਾਰੀ।
ਬਹੁਰ ਭਗੀਰਥ ਗਿਰਾ ਉਚਾਰੀ ॥੬੦॥
'ਅਵਰ ਸਰਬ ਰਾਵਰ ਕੋ[1] ਗਜਾਤਾ।
[1]ਆਪ ਨੂੰ।

ਕਹਿਨ ਬਨੈ ਨਹਿਂ ਮਮ ਸੁਖ ਦਾਤਾ!
ਨਾਮ ਪਤਿਤ ਪਾਵਨ ਸੁਨਿ ਸ਼੍ਰੋਨੇ[1]।
[1]ਕੰਨੀ ਸੁਣਕੇ।

ਯਹਿ ਆਵਾ ਤੁਮਰੋ ਸਿਖ ਹੋਨੇ! ॥੬੧॥
ਸ਼੍ਰੀ ਗੁਰੁ ਕਰਿ ਤਿਨ ਕੋ ਸਨਮਾਨਾ।
ਬਹੁਰ ਹਕਾਰਿ ਲਯੋ ਮਰਦਾਨਾ।

ਬਜਾਹ ਸੌਂਜ ਦੀਨੀ ਕਰਿ ਪੂਰੀ।
ਹਰਖਤਿ ਭਯੋ ਬਿਲੋਕਤਿ ਰੂਰੀ[1] ॥ ੬੨ ॥ — [1]ਸੁੰਦਰ।

ਦਰਬ ਸੰਗ ਪੁਨ ਦੀਨ[1] ਮੁਕੰਦਾ। — [1]ਨਾਲ ਹੋਰ ਧਨ ਦਿੱਤਾ।
ਲੇ ਗਮਨਯੋ ਉਰ ਧਾਰਿ ਅਨੰਦਾ।
ਤਲਵੰਡੀ ਬਹੁ ਜਸ ਬਿਸਤਾਰਾ।
ਕਹੈ 'ਨ ਤਿਨ ਸਮ ਅਪਰ ਉਦਾਰਾ' ॥ ੬੩ ॥

ਪੁਰਿ ਸੁਲਤਾਨਹਿ ਮਨਸੁਖ ਸੋਊ।
ਸ਼ਰਧਾ ਵਧੀ ਬਿਤੇ ਦਿਨ ਦੋਊ।
ਏਕ ਸਮੈਂ ਬੈਸੇ ਅਘ[1] ਕੰਦਨ[2]। — [1]ਪਾਪਾਂ ਦੇ। [2]ਨਾਸ਼ ਕਰਤਾ।
ਬੋਲਯੋ ਬਚ[1] ਕਰਿਕੈ ਪਦ ਬੰਦਨ ॥ ੬੪ ॥ — [1]ਬਚਨ।

'ਜਗ ਬੰਧਨ ਇਹ ਗਰਤ[1] ਗੁਬਾਰਾ[2]। — [1]ਖਾਤਾ। [2]ਅੰਨ੍ਹਾਂ।
ਮੁਝ ਬੂਡਨ ਤੇ ਕਰਹੁ ਉਧਾਰਾ।
ਨਿਸ ਬਾਸੁਰ ਜਿਸ ਮਹਿਂ ਦੁਖ ਭਾਰੀ।
ਅਤਿ ਤ੍ਰਿਸ਼ਨਾ ਨਹਿਂ ਸ਼ਾਂਤਿ ਨਿਹਾਰੀ ॥ ੬੫ ॥

ਸ਼ਰਨ ਸ਼ਰਨ ਮੈਂ, ਸ਼ਰਨ ਤਿਹਾਰੀ।
ਉਪਦੇਸ਼ਹੁ ਲਖਿ ਕਰਿ ਅਧਿਕਾਰੀ।'
ਸੁਨਤਿ ਕ੍ਰਿਪਾ ਨਿਧਿ ਬੋਲੇ ਬਾਨੀ।
ਗਤਿ ਦੈਨੀ[1] ਰਚਨਾ ਮਹਿਂ ਸਾਨੀ[2] ॥ ੬੬ ॥ — [1]ਮੁਕਤੀ ਦੇਣ ਵਾਲੀ। [2]ਮਿਲੀ ਹੋਈ।

'ਜਿਹ ਸਥਾਨ ਹਉਮੈਂ ਮਨ ਧਾਰੀ[1]। — [1]ਜਿਸ ਮਨ ਰੂਪੀ ਸਥਾਨ ਵਿਚ (ਇਸ ਪ੍ਰਕਾਰ ਦੀ) ਹਉਮੈ ਧਾਰੀ ਹੋਈ ਹੈ ਕਿ।
{ਮਨਸੁਖ ਪ੍ਰਤੀ ਉਪਦੇਸ਼}
ਮਮ ਘਰ[1], ਮਮ ਧਨ, ਮਮ ਸੁਤ[2] ਨਾਰੀ। — [1]ਮੇਰੇ ਘਰ ਹੈਨ। [2]ਮੇਰੇ ਪੁਤ੍ਰ।
ਮਮ ਪਰਵਾਰ, ਦੇਸ਼, ਅਸੁ[1], ਹਾਥੀ। — [1]ਘੋੜੇ।
ਇਹ ਮਮ ਗ੍ਰਾਮ, ਸੈਨ, ਮਮ ਸਾਥੀ ॥ ੬੭ ॥

ਦੇਹਾਦਿਕ[1] ਤੇ ਅਪਰ[2] ਪਦਾਰਥ। — [1]ਸ਼ਰੀਰ ਆਦਿਕ। [2]ਹੋਰ।

| | |
|---|---|
| ਜਹਾਂ[1] ਜੀਵ ਮਮ ਧਰੀ[2] ਅਕਾਰਥ[3]। | [1]ਜਿੱਥੇ, ਭਾਵ ਮਨ ਵਿਚ!। [2]ਜੀਵ ਨੇ ਬਿਰਥਾ ਮਮਤਾ ਧਾਰੀ ਹੈ। [3]ਬਿਰਥਾ। |
| ਤਹਾਂ ਹੋਤਿ ਨਿਤ ਦੁਖ ਕੋ ਸੰਗੀ[1]। | [1]ਤਿਥੇ (ਭਾਵ ਮਨ ਵਿਚ) ਦੁੱਖਾਂ ਦਾ ਭਾਗੀ ਹੁੰਦਾ ਹੈ। ਜਹਾਂ ਤੇ ਤਹਾਂ ਦਾ ਏਥੇ ਭਾਵ ਜਦੋਂ ਤੇ ਤਦੋਂ ਬੀ ਲਗਦਾ ਹੈ। |
| ਵਹੇ† ਵਾਸ਼ਨਾ ਅਧਿਕ ਅਭੰਗੀ[1] ॥੬੮॥ | [1]ਕਿਉਂਕਿ ਮਮਤਾ ਨਾਲ ਨਾਂ ਟੁਟਣ ਵਾਲੀਆਂ ਤੇ ਬਹੁਤੀਆਂ ਵਾਸ਼ਨਾ ਵਹਿ ਟੁਰਦੀਆਂ ਹਨ। †ਪਾ:- ਵਧੈ ਵਿਸ਼ੇ। |
| ਬੰਧਮਾਨ ਆਪਨਿ ਕਰਿ ਆਪੁ[1]। | [1]ਆਪਣੇ ਆਪ ਨੂੰ ਆਪੇ ਬੰਧਾਇਮਾਨ ਕਰਕੇ। |
| ਸਹਹਿ ਜੀਵ ਜਗ ਮਹਿਂ ਬਹੁ ਤਾਪੁ[1]। | [1]ਕਸ਼ਟ। |
| ਗੁਰ ਬਿਹੀਨ ਮਨ ਬਿਨਾ ਵਿਚਾਰੇ। | |
| ਜਨਮ ਮਰਨ ਪਾਵਹਿ ਦੁਖ ਭਾਰੇ ॥੬੯॥ | |
| ਜਨਮ ਮਰਨ ਹਉਮੈ ਮਹਿਂ ਪਾਏ[1]। | [1]ਹਉਮੈਂ ਵਿਚ ਜਨਮ ਮਰਨ ਹੀ ਪਾਉਂਦਾ ਹੈ। |
| ਇਨ ਹਉਮੈਂ[1] ਸਭਿ ਜੀਵ ਭੁਲਾਏ। | [1]ਹੰਗਤਾ, ਮਮਤਾ। |
| ਯਾਂ ਤੇ ਇਸ ਕੌ ਦੀਜੈ ਤਯਾਗੀ। | |
| ਸੱਤਿਨਾਮ ਜਪਿ ਹ੍ਵੈ ਅਨੁਰਾਗੀ[1] ॥੭੦॥ | [1]ਪ੍ਰੇਮੀ ਹੋ ਕੇ। |
| ਮਾਨਹੁ ਪ੍ਰਭੁ ਕਾ ਭਾਣਾ ਮੀਠਾ। | |
| ਜਾਨਹੁ ਸਦਾ ਆਪਨੋ ਈਠਾ[1]। | [1]ਮਿੱਤ੍ਰ ਜਾਣੋ (ਪਰਮੇਸ਼ੁਰ ਨੂੰ)। |
| ਜੋ ਕਿਛੁ ਕਰਹਿ ਭਲੋ ਹਿਤ ਸੋਈ। | |
| ਦੋਸ਼ ਅਰੋਪਹੁ ਤਿਹ ਨਹਿਂ[1] ਕੋਈ ॥੭੧॥ | [1]ਦੋਸ਼ ਨਾ ਲਾਵੋ। |
| ਹਉਮੈਂ ਤਜਿਨਿ ਨਾਮ ਲਿਵ ਲਾਵਨ। | |
| {ਮੁਕਤੀ ਦੇ ਤਿੰਨ ਸਾਧਨ} | |
| ਭਾਣਾ ਮਨਨ ਪੰਥ ਇਹ ਪਾਵਨ[1]। | [1]ਇਹ ਪਵਿੱਤ੍ਰ ਰਾਹ ਹੈ। |
| ਕਰਹੁ ਤੀਨ ਕੋ ਦ੍ਰਿਢ ਅਭ੍ਯਾਸਾ। | |
| ਸ਼ਾਂਤਿ ਪਾਇ ਮਨ ਹ੍ਵੈ ਸੁਖਰਾਸਾ ॥੭੨॥ | |
| ਨਹੀਂ ਮੁਕਤਿ ਮੈਂ, ਸੰਸਾ ਕੋਊ। | |
| ਜਗਤ ਕੁਬੰਧਨ[1] ਕੋ ਸਭਿ ਖੋਊ।' | [1]ਖੋਟੇ ਬੰਧਨਾਂ ਨੂੰ। |
| ਅਸ ਸੁਨਿ ਮਨਮੁਖ[1] ਮਨ ਸੁਖ[2] ਪਾਯਾ। | [1]ਮਨਸੁਖ ਨੇ। [2]ਮਨ ਦਾ ਸੁਖ। |
| ਸ੍ਰੀ ਗੁਰੁ ਭਾਖਣ ਰਿਦੈ ਬਸਾਯਾ | |

॥੨੩॥
ਕੇਤਿਕ ਦਿਨ ਰਹਿ ਪੁਰਿ ਸੁਲਤਾਨਾ।
ਕ੍ਰਿਪਾ ਪਾਇ ਅੱਗਜਾਨ ਨਸਾਨਾ।
ਸ਼ਬਦ ਲਿਖੇ ਸ੍ਰੀ ਮੁਖ ਜੇ ਭਾਖੇ।
ਪਢਹਿ ਵਿਚਾਰਹਿ ਉਰ ਹਿਤ ਰਾਖੇ
॥੨੪॥
ਰਹਿਤ ਸੀਖ ਲੀਨੀ ਸੁਖਦਾਨੀ।
ਸ੍ਰੀ ਗੁਰੁ ਚਰਨ ਉਪਾਸਨ ਠਾਨੀ।
ਦ੍ਰਿਢ ਸ਼ਰਧਾ ਭੀ-ਇਹ ਕਰਤਾਰਾ।
ਪਰਮੇਸ਼੍ਵਰ ਅਪਵਰਗ[1] ਉਦਾਰਾ- [1]ਮੁਕਤੀ।
॥੨੫॥
ਨਿਤਾਪ੍ਰਤੀ ਪੂਜਹਿ ਘਸਿ ਚੰਦਨ।
ਪੁਸ਼ਪ[1] ਚਢਾਇ ਕਰਹਿ ਪਦ ਬੰਦਨ। [1]ਫੁਲ।
ਬਹੁਰ ਗਯੋ ਲਵਪੁਰਿ ਕੇ ਮਾਂਹੀ।
ਧਜਾਨ ਧਰਹਿ ਪੂਜਹਿ ਬਿਧਿ ਵਾਹੀ
॥੨੬॥
ਕਬਿ ਕਬਿ ਆਵਹਿ ਦਰਸ਼ਨ ਹੇਤੂ।
ਅਵਿਲੋਕਹਿ ਬੇਦੀ ਕੁਲ ਕੇਤੂ[1]। [1]ਗੁਰੂ ਜੀ ਨੂੰ।
ਰਹਹਿ ਮਾਸ ਲੌ, ਬਹੁਰ ਸਿਧਾਰੈ[1]। [1]ਮਹੀਨੇ ਤਕ, ਫੇਰ ਚਲਾ ਜਾਵੇ।
ਲਵਪੁਰਿ ਮਹਿਂ ਨਿਜ ਬਨਜ ਸੰਭਾਰੈ
॥੨੭॥
ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਗੀਰਥ ਮਨਸੁਖ' ਪ੍ਰਸੰਗ ਬਰਨਨੰ ਨਾਮ ਸਤਾਈਸਮੋ ਅਧਜਾਯ ॥੨੭॥

## ੨੮. [ਗੁਰ ਚਰਨ ਮੰਗਲ। ਵੇਈਂ ਪ੍ਰਵੇਸ਼।]

੨੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੯

{ਗਿਆਨ ਤਰੋਵਰ} ॥੬॥

{ਸੁਲਤਾਨਪੁਰ ਵਿੱਚ ਰੌਲਾ} ॥੩੭॥

ਦੋਹਰਾ:

ਮਰਦਨ ਮਨ ਕੀ ਮਲਿਨ ਕੋ ਨਿਤ ਦਾਸਨ ਅਨਕੂਲ।

ਮਲਿਨ=ਮਲੀਨਤਾਈ, ਮੈਲ। ਅਨਕੂਲ=ਕ੍ਰਿਪਾਲ।

ਹਰਨ ਅਮੰਗਲ ਸੁਖ ਕਰਨ ਜੈ ਜੈ ਮੰਗਲ ਮੂਲ ॥੧॥

ਮੰਗਲ ਮੂਲ=ਖੁਸ਼ੀਆਂ ਦਾ ਮੁੱਢ। ਇਸ ਤੋਂ ਪਹਿਲੇ ਤੇ ਮਗਰਲੇ ਅਧ੍ਯਾਵਾਂ ਦੇ ਮੰਗਲਾਂ ਵਿਚ ਚਰਣਾਂ ਦਾ ਜ਼ਿਕਰ ਹੈ ਤੇ ਇਸ ਵਿਚ ਕਹੇ ਵਿਸ਼ੇਸ਼ਣ ਬੀ ਗੁਰ ਚਰਨਾਂ ਵੱਲ ਹੀ ਬ੍ਰਿਤੀ ਰੱਖਦੇ ਹਨ।

ਅਰਥ:

ਮਨ ਦੀ ਮੈਲ ਨੂੰ ਦੂਰ ਕਰਨ ਵਾਲੇ ਤੇ ਦਾਸਾਂ ਪਰ ਸਦਾ ਕ੍ਰਿਪਾਲ ਰਹਿਣ ਵਾਲੇ, (ਸਾਰੇ) ਅਮੰਗਲਾਂ ਨੂੰ ਹਰ ਲੈਣੇ ਵਾਲੇ (ਤੇ ਸਾਰੇ) ਸੁਖਾਂ ਦੇ ਕਰਨ ਵਾਲੇ ਖੁਸ਼ੀਆਂ ਦੇ ਮੁੱਢ (ਪਿੱਛੇ ਕਹੇ ਚਰਨਾਂ ਦੀ) ਸਦਾ ਜੈ ਹੋਵੇ ਜੈ ਹੋਵੇ!

ਸ਼੍ਰੀ ਬਾਲਾ ਸੰਧੁਰੁ ਵਾਚ ॥

ਸੈਯਾ:

ਮੋਦੀ ਕੀ ਕ੍ਰਿੱਤ ਬਿਸਾਲ ਚਲੈ
ਬਹੁ ਕਾਲ ਯਹੀ ਬਿਧਿ ਔਰ ਚਲਾਈ।
ਬਾਲਾ ਰਹੈ ਨਿਜ ਸੰਗ ਸਦਾ
ਉਚਰਯੋ ਇਤਿਹਾਸ ਕੋ ਜਾਂਹਿ[1] ਬਨਾਈ। [1]ਜਿਸ ਨੇ।
ਆਪਨ[1] ਪੈ ਤਕਰੀ[2] ਕਰ ਮੈਂ [1]ਹੱਟੀ ਤੇ। [2]ਤੱਕੜੀ।
ਵਸੁ[1] ਤੋਲਤਿ ਦੇਤਿ ਜਯੋਂ ਹੋਤਿ ਸਵਾਈ। [1]ਚੀਜ਼ਾਂ।
ਕੋਮਲ ਬੋਲਤਿ ਬੋਲ ਅਮੋਲਕ
ਲੌਕਿਕ ਰੀਤਿ[1] ਸਭੈ ਹਰਿਖਾਈ ॥੨॥ [1]ਗੁਰੂ ਜੀ ਦੀ) ਲੌਕਿਕ ਰੀਤ ਉੱਤੇ।

ਸੋਰਠਾ: [1]ਭਗਤੀ ਵਿਚ ਜਿਵੇਂ ਗਜਾਨ ਵਸਦਾ ਹੈ।

ਰਾਜਹਿਂ ਬੈਸ ਦੁਕਾਨ, ਗਜਾਨ ਬਾਸ
ਜਿਵ ਭਗਤਿ ਮੈਂ[1]।
ਕੀਰਤਿ ਜੌਨ੍ਹ[1] ਸਮਾਨ, ਪਰਮ ਪਾਵਨੀ[2] [1]ਚਾਂਦਨੀ। [2]ਪਵਿੱਤਰ।
ਜਗਤ ਮੈਂ ॥੩॥

ਸੈਯਾ: [1]ਮਨੁਖ। [2]ਜੇਹੜੇ।

ਭੇਦ ਕੋ ਜਾਨਹਿਂ ਮਾਨਵ[1] ਜੇ[2]
ਕਰਿ ਸੰਗਤਿ ਕੋਮਲ ਬੋਲ ਸੁਨੈ ਹੈਂ।
ਲੋਚਨ ਗੋਚਰ ਸੋਚ ਬਿਮੋਚਨ
ਰੂਪ ਬਿਲੋਕਤਿ ਧੰਨ ਮਨੈ ਹੈਂ[1]। [1]ਸੋਚਾਂ ਦੂਰ ਕਰਨ ਵਾਲਾ ਅਖੀਆਂ ਗੋਚਰਾ

(ਪ੍ਰਤੱਖ) ਰੂਪ (ਗੁਰੂ ਜੀ ਦਾ) ਦੇਖ ਕੇ ਸ਼ੁਕਰ ਕਰਦੇ ਹਨ।

ਸ਼੍ਰੀ ਮੁਖ ਸੋਂ ਲਖਿ ਕੈ ਅਧਿਕਾਰ
ਭਲੇ[1] ਭਗਤੀ ਪੁਨਿ ਗਜਾਨ ਭਨੈ ਹੈਂ। — [1]ਚੰਗੀ ਤਰ੍ਹਾਂ।
ਕਜੋਂ ਨ ਕਹੋ ਤਿਨ ਗਜਾਨ ਹਵੈ
ਜਗਤੇਸ਼ੁਰ ਕੋ ਗੁਰ ਜੌਨ ਬਨੈ ਹੈ[1] ॥੪॥ — [1]ਜੌਨ ਕੋ (ਜਿਨ੍ਹਾਂ ਦਾ) ਗੁਰੂ ਜਗਤੇਸ਼ੁਰ ਬਣਦਾ ਹੈ (ਅ) ਜੇਹੜੇ ਜਗਤੇਸ਼੍ਵਰ ਨੂੰ ਗੁਰੂ ਬਣਾਂਦੇ ਹਨ।

ਸੁਲਤਾਨਪੁਰੇ ਮਹਿਂ ਕੇਤਿਕ ਮਾਨਵ
ਗਜਾਨ ਸਪੰਨ ਭਏ ਸੁਖ ਪਾਈ।
ਨੁਤਿ ਨਿੰਦ[1] ਤਜੀ, ਸਮਤਾ[2] ਸਰਜੀ[3] — [1]ਉਸਤਤਿ ਨਿੰਦਾ। [2]ਸਮਦ੍ਰਿਸ਼ਟੀ। [3]ਧਾਰਨ ਕੀਤੀ।
ਲਰਜੀ[1] ਅਵਿਵੇਕ ਕੀ[2] ਫੌਜ ਭਜਾਈ। — [1]ਕੰਬ ਕੇ। [2]ਅਗਜਾਨ ਦੀ।
ਕਲਿਕਾਲ ਕਰਾਲ ਬਿਸਾਲ[1] ਵਿਖੇ — [1]ਬਹੁਤ ਭਜਾਨਕ।
ਕਿਰਪਾਲ ਗੁਰੂ ਜਨ[1] ਲੀਨ ਬਚਾਈ। — [1]ਦਾਸਾਂ ਨੂੰ।
ਭਵ ਡਿੰਭ[1] ਵਡੇ ਪਰਚੰਡ ਭਏ[2] — [1]ਸੰਸਾਰ ਦੇ ਪਾਖੰਡ। [2]ਤ੍ਰਿੱਖੇ ਹੋ ਗਏ ਸਨ।
ਤਿਨ ਖੰਡਨ ਕੋ ਮਨ ਲਾਲਸ[1] ਆਈ ॥੫॥ — [1]ਇੱਛਾ।

ਭਵ[1] ਲਾਵਨ ਗਜਾਨ ਤਰੋਵਰ ਕੋ[2] — [1]ਸੰਸਾਰ ਵਿਚ। [2]ਗਜਾਨ ਦੇ ਬੂਟੇ ਨੂੰ।
ਬਰ[1] ਬਾਤ ਭਲੀ[2] ਉਰ ਬੀਚ[†] ਬਿਚਾਰੀ। — [1]ਸ੍ਰੇਸ਼ਟ। [2]ਚੰਗੀ ਗਲ। [†]ਪਾ:-ਚਿਤ ਮਾਂਹਿ।

{ਗਿਆਨ ਤਰੋਵਰ}

ਮਨ ਨੀਵ ਕੁ, ਬੀਜਨ ਪ੍ਰੇਮ[1], ਸੁ ਨੇਮ — [1]ਕੁ ਪ੍ਰਿਥਵੀ, ਮਨ ਨੀਵਾਂ ਕਰਨਾ ਧਰਤੀ ਹੈ, ਬੀਜਣਾ ਪ੍ਰੇਮ ਹੈ।
ਵਧੰ[1], ਭਗਤੀ ਤੁਕ[2], ਮਲ[3] ਦਯਾਰੀ[4]। — [1]ਨੇਮ ਵਧਣਾ ਹੈ। [2]ਭਗਤੀ ਬ੍ਰਿਛ ਦਾ ਛਿਲਕਾ ਰੂਪੀ ਹੈ। [3]ਮੁੱਢ। [4]ਦਇਆ ਹੈ।
ਸਮਤਾ[1] ਅਲ ਬਾਲ[2], ਕਲਾਲ[†] ਸਤੰ[3] — [1]ਸਮਦ੍ਰਿਸ਼ਟੀ। [2]ਖੇਲਾਂ (ਆਡਾਂ) ਹਨ ਚੁਫੇਰੇ। [3]ਸਚ ਨੂੰ (ਲਾਲ) ਪਜਾਰ ਕਰਨਾ-ਕ-ਪਾਣੀ ਹੈ। (ਅ) ਸਚ-ਕਿਲਾਲ ਪਾਣੀ ਹੈ। [†]ਪਾ:-ਕਿਲਾਲ।
ਸੁਚਿ ਸੀਚਨਕੈ[1], ਧ੍ਰਿਤਿ ਜਾਂ ਰਖਵਾਰੀ[2]। — [1]ਪਵਿੱਤ੍ਰਤਾ ਹੈ ਸਿੰਜਣਾਂ। [2]ਧੀਰਜ ਹੈ, ਉਸ ਦੀ ਰਖਵਾਲੀ।
ਧ੍ਰਮ ਅੰਕੁਰ[1], ਸੰਕੁਲ ਕਰਮ ਦਲੰ[2] — [1]ਧਰਮ ਅੰਗੂਰ ਹੈ। [2]ਸ਼ੁਭ) ਕਰਮਾਂ ਦਾ ਇਕੱਠੇ ਕਰਨਾ ਪੱਤੇ ਹਨ, ਸੰਕੁਲ ਸਂ+ਕੁਲ੍ਰ ਕੱਠੇ ਹੋਣਾ।
ਜਿਹ ਸਾਖ ਬਢੀ[1] ਸੁਮਤੀ[2] ਸੁਖਵਾਰੀ ॥੬॥ — [1]ਡਾਲੀ ਵਧੀ। [2]ਸ੍ਰੇਸ਼ਟ ਬੁੱਧੀ।

ਹਰਿ ਨਾਮ ਅਪਾਰ ਹੀ ਫੂਲ ਲਗੇ
ਨਿਜ ਰੂਪ ਪਛਾਨ[1] ਫਲਜੋ ਫਲ ਭਾਰੀ। — [1]ਆਪਣੇ ਸਰੂਪ ਦੀ ਪਛਾਣ।

| | |
|---|---|
| ਰਸ ਪੂਰਨ ਹੈ ਸੁਖ[1], ਆਤਪ ਮ੍ਰਿੱਤੁ | [1]ਸੁਖ ਰੂਪੀ ਪੂਰਨ ਰਸ ਹੈ। |
| ਅੰਮ੍ਰਿਤ ਕੀ ਛਾਉਂ ਟਰੈ[1] ਨਹਿੰ ਟਾਰੀ। | [1]ਮੌਤ ਰੂਪੀ ਧੁੱਪ ਤੋਂ ਅੰਮ੍ਰਿਤ (ਮੁਕਤੀ) ਰੂਪ ਛਾਉਂ (ਮਿਲਦੀ ਹੈ ਜੋ ਫੇਰ) ਢਲਦੀ ਨਹੀਂ, (ਸਦਾ ਰਹਿੰਦੀ ਹੈ)। |
| ਪਸੁ ਮੋਹ[1] ਚਰੈ ਨਹਿੰ ਯਾ ਬਿਧਿ ਸੋਂ | [1]ਮੋਹ ਰੂਪੀ ਪਸ਼ੂ। |
| ਸਤਿ ਸੰਗਤਿ ਕੀ ਚਹੁੰ ਪਾਸਹਿ ਬਾਰੀ[1]। | [1]ਵਾੜ ਹੁੰਦੀ ਹੈ। |
| ਖਗ ਸੰਤ[1] ਸਦਾ ਤਿਹ ਸੇਵਤਿ ਹੈਂ | [1]ਸੰਤ ਰੂਪ ਪੰਛੀ। |
| ਪੁਨਿ ਦੇਵਤਿ ਔਰਨ ਕੋ ਉਪਕਾਰੀ[1] ॥੭॥ | [1]ਉਪਕਾਰ ਕਰਕੇ। |
| ਦੋਹਰਾ: | [1]ਭਾਵ ਸਾਡੇ ਤ੍ਰੈ ਬਰਸ ਦੇ। |
| ਸਿਰੀ ਚੰਦ ਤ੍ਰੈ ਬਰਖ ਕੇ ਅਵਰ ਅਧਿਕ ਖਟ ਮਾਸ[1]। | |
| ਜਠਰ[1] ਬਿਖੈ ਤਿਹ ਕਾਲ ਮੈਂ, ਜਾਨਹੁ ਲਖਮੀ ਦਾਸ ॥੮॥ | [1]ਉਦਰ ਵਿਚ। |
| ਸਿੱਖੀ ਉਦੈ[1] ਕਰੰਨ ਕੋ, ਮੋਦੀ ਕ੍ਰਿੱਤ ਤਯਾਗ। | [1]ਪ੍ਰਗਟ। |
| ਆਗੈ ਸੁਨਿ ਪਰਸੰਗ[†] ਸੋ, ਜਿਨਿ ਮਨ ਗੁਰੁ ਅਨੁਰਾਗ ॥੯॥ | [†]ਪਾ:-ਪਰਬੰਧ। |
| ਸੋਰਠਾ: | [1]ਸਤ ਚਿਤ ਨੇ। |
| ਜਿਹ ਕਾਰਨ ਅਵਤਾਰ, ਚਿਤ ਚਿਤਵੜੋ ਚੇਤਨ ਸਤੰ[1]। | |
| ਕਿਯੋ ਚਹਿਤਿ ਵਿਸਤਾਰ, ਮੁਕਤਿ ਪੰਥ ਸਿੱਖੀ ਸੁਮਤਿ ॥੧੦॥ | |
| ਦੋਹਰਾ: | |
| ਬਾਲੇ ਸੋਂ ਬੋਲੇ ਪ੍ਰਭੂ, 'ਜਗਤ ਲਾਜ ਕੋ ਛੋਰਿ। | |
| ਅਪਰ ਰੀਤਿ ਬਰਤਹਿੰ ਅਬ, ਰਹੁ ਬੇਬੇ ਘਰ ਓਰ' ॥੧੧॥ | |
| ਤਥਾ ਭਗੀਰਥ ਸੋਂ ਭਨੋ, 'ਕਬਿ ਕਬਿ ਦਰਸਹੁ ਆਇ। | |
| ਪੂਰਬ ਕੇ ਬਿਉਹਾਰ ਜੋ, ਤਿਨਹੁ ਨ ਅਬ ਮਨ ਲਜਾਇ' ॥੧੨॥ | |
| ਸ੍ਵੈਯਾ: | [1]ਵਰੁਣ ਨੂੰ। |

| | |
|---|---|
| ਏਕ ਸਮੈ ਜਲ ਈਸ਼ੁਰ[1] ਕੋ | |
| ਸੁਖਰਾਸ[1] ਅਕਾਸ਼ ਭਈ ਸ਼ੁਭ ਬਾਨੀ[2]।' | [1]ਵਾਹਿਗੁਰੂ ਵੱਲੋਂ। [2]ਸ਼ੁਭ ਅਕਾਸ਼ ਬਾਣੀ ਹੋਈ। |
| ਨਾਨਕ ਪਾਸ ਹੁਲਾਸਯ ਸੋਂ[1] | [1]ਖੁਸ਼ੀ ਨਾਲ। |
| ਪਠਵੋ[1] ਤੁਮ ਜਾ[2] ਸੁ ਰਿਦੇ ਸੁਖ ਦਾਨੀ।' | [1]ਭੇਜੋ। [2]ਤੁਸੀਂ ਜਾਕੇ। |
| ਕਾਨ ਸੁਨੀ ਮਨ ਮਾਨ[1†] ਗੁਨੀ[2] | [1]ਮਨ ਵਿਚ ਸਮਝੀ ਤੇ। [2]ਵਿਚਾਰੀ। [†]ਪਾ:-ਅਨੁਮਾਨ। |
| ਭਈ ਦੇਹਿ ਦੁਨੀ[1] ਤਰੁ[2] ਜਯੋਂ ਮਿਲਪਾਨੀ। | [1]ਦੂਣੀ। [2]ਬ੍ਰਿਛ ਨੂੰ। |
| -ਦੇਹਿ ਧਰੀ ਕਰਤਾਰ ਹਰੀ, | |
| ਬਿਧਿ ਹੋਇ ਖਰੀ, ਪਰਸੋਂ ਗਤਿਦਾਨੀ[1]- ॥੧੩॥ | [1]ਗੁਰੂ ਨਾਨਕ ਜੀ ਨੂੰ ਸਪਰਸ਼ ਕਰਾਂਗਾ। |
| ਵੇਈਂ[1] ਮੈਂ ਆਇ ਨਿਵਾਸ ਕਰਾ | [1]ਸੁਲਤਾਨਪੁਰ ਕੋਲ ਦੀ ਵਹਿ ਰਹੀ ਇਕ ਨਿੱਕੀ ਨਦੀ ਦਾ ਨਾਮ ਹੈ। |
| ਜਿਹ ਪਾਸ ਅਵਾਸ[1] ਗੁਰੂ ਤਨ ਧਾਰੀ। | [1]ਘਰ ਹੈ। |
| ਆਨਿ ਸ਼ਨਾਨ ਕਰੈਂ, ਜਿਹ ਥਾਨ[1] | [1]ਜਿਸ ਜਗ੍ਹਾ। |
| ਰਹਜੋ ਮਤਿਵਾਨ ਤਹਾਂ ਮਿਲਿ ਵਾਰੀ[1]। | [1]ਜਲ ਵਿਚ ਮਿਲ ਰਿਹਾ ਹੈ (ਵਰੁਣ)। |
| ਜਾਤਿ ਵਡੀ ਪਰਭਾਤਿ ਕੋ ਨ੍ਹਾਤ | |
| ਕਿਧੌਂ ਰਸ ਸ਼ਾਂਤਿ ਕਲੇਵਰ ਚਾਰੀ[1]। | [1]ਮਾਨੋਂ ਸ਼ਾਂਤ ਰਸ ਨੇ ਸੁਹਣਾ ਸਰੀਰ (ਧਾਰਿਆ ਹੈ ਗੁਰੂ ਨਾਨਕ ਰੂਪ ਵਿਚ)। |
| ਬਾਸੁਰ ਤਾ[1] ਇਕ ਦਾਸ ਹੈ ਪਾਸ | [1]ਉਸ ਦਿਨ। |
| ਸੁਬਾਸ[1] ਲਿਏ ਕਰੀ ਸੰਗਿ ਤਯਾਰੀ[2] ॥੧੪॥ | [1]ਕਪੜੇ। [2]ਨਾਲ ਲੈ ਕੇ ਤਯਾਰੀ ਕੀਤੀ। |
| ਆਪਨ ਤੇ[1] ਚਲ ਨੀਰ ਕੇ ਤੀਰ[2] | [1]ਹੱਟ ਤੋਂ। [2]ਕਿਨਾਰੇ। |
| ਪੈ ਦੰਤਨ ਧਾਵਨ[1†]ਆਨਿ ਕਰੀ। | [1]ਦਾਤਣ ਕੀਤੀ (ਗੁਰੂ ਜੀ ਨੇ)। [†]ਪਾ:-ਪਾਵਨ। |
| ਗਾਡ ਦਈ ਧਰ[1], ਹੋਤਿ ਭਯੋ ਤਰੁ[2] | [1]ਜ਼ਮੀਨ ਵਿਚ। [2]ਬ੍ਰਿੱਛ। |
| ਹੈ ਅਬ ਲੌ ਬਰ[1] ਸੋ[2] ਬਦਰੀ[3†]। | [1]ਸ੍ਰੇਸ਼ਟ। [2]ਓਹ। [3]ਬੇਰੀ। |

[†]ਸੁਲਤਾਨਪੁਰ ਰਿਆਸਤ ਕਪੂਰਥਲਾ ਵਿਚ ਹੈ। ਓਸਦੇ ਨਜੀਕ ਹੀ ਬੇਈਂ ਇਕ ਨਦੀ ਚਲਦੀ ਹੈ, ਓਸ ਨਦੀ ਕਿਨਾਰੇ ਸ਼੍ਰੀ ਬੇਰ ਸਾਹਿਬ ਗੁਰਦੁਆਰਾ ਹੁਣ ਵਿਦਮਾਨ ਹੈ। ਬੇਰ ਸਾਹਿਬ ਹੁਣ ਤੱਕ ਓਥੇ ਹੈ, ਪਰ ਬ੍ਰਿੱਧ ਬਹੁਤ ਹੈ। ਉਸਦੇ ਫਲ ਬੜੇ ਚੰਗੇ ਹਨ, ਸੇਵਾਦਾਰ ਯਾਤਰੂਆਂ ਨੂੰ ਓਥੇ ਇਹੋ ਪ੍ਰਸ਼ਾਦਿ ਦਿੰਦੇ ਹਨ।

| | |
|---|---|
| ਆਨਨ[1] ਆਰੁਨਜਾਤ[2] ਪਖਾਰਤਿ[3] | [1]ਮੁਖ। [2]ਕਵਲ। [3]ਧੋਂਦੇ ਹਨ। |
| ਦਾਂਤ[1] ਜਯੋਂ ਹੀਰਨ ਪਾਂਤ ਖਰੀ[2]। | [1]ਦੰਦ। [2]ਮਾਨੋਂ ਖਰੇ ਹੀਰਿਆਂ ਦੀ ਲੜੀ। |

| | |
|---|---|
| ਠਾਂਢ[1] ਹ੍ਵੈ ਤੀਰ ਦਯੋ ਪਦ[2] ਨੀਰ | [1]ਖੜੇ ਹੋ ਕੇ। [2]ਚਰਣ। |
| ਗਏ ਮਧ ਧੀਰ[1], ਅਧੀਰ ਹਰੀ[2] ॥੧੫॥ | [1]ਧੀਰਜ ਵਾਲੇ ਵਿਚ ਵੜੇ। [2]ਅਧੀਰਜ ਹਰਨ ਵਾਲੇ। |
| ਬਾਰਿ[1] ਵਿਖੇ ਇਕ ਬਾਰ ਕਿਯੋ ਬਪੁ[2] | [1]ਜਲ। [2]ਸ਼ਰੀਰ। |
| ਆਨਿ ਖਰਾ ਪਤਿਬਾਰਿ[†] ਅਗਾਰੀ। | [†]ਪਤਿਬਾਰਿ ਜਲ ਪਤੀ, ਵਰੁਣ। ਪੁਰਾਤਨ ਜਨਮਸਾਖੀ ਵਿਚ ਏਥੇ ਵਰਣ ਦੇਵਤਾ ਨਹੀਂ ਲਿਖਿਆ, 'ਪਰਮੇਸ਼ੁਰ ਦੇ ਸੇਵਕ' ਲਿਖਿਆ ਹੈ। |
| ਆਨੰਦ ਕੰਦ ਪਦੰ ਅਰਬਿੰਦ | |
| ਦੁਉ ਕਰ ਬੰਦਿ ਹੈ ਬੰਦਨ ਧਾਰੀ[1]। | [1]ਭਾਵ ਵਰਣ ਨੇ ਗੁਰੂ ਜੀ ਨੂੰ ਮੱਥਾ ਟੇਕਿਆ। |
| ਲੋਚਨ ਗੋਚਰ ਸੋਚ ਬਿਮੋਚਨ | |
| ਰੂਪ[1] ਬਿਲੋਕਤਿ ਭਾ ਸੁਖ ਭਾਰੀ[2]। | [1]ਭਾਵ ਗੁਰੂ ਜੀ ਦਾ ਰੂਪ। [2]ਭਵ ਵਰਣ ਨੂੰ ਸੁਖ ਹੋਯਾ। |
| ਬੋਲਿ ਕਪੋਲਨ[1] ਬੋਲਤਿ ਭਾ[2] | [1]ਗਲ੍ਹਾਂ ਤੋਂ। [2]ਭਾਵ, ਵਰਣ ਬੋਲਿਆ। |
| ਹਰਖਾਇ ਅਤੋਲਤ[1] ਹ੍ਵੈ ਬਲਿਹਾਰੀ ॥੧੬॥ | [1]ਬਹੁਤ। |
| 'ਬਾਨੀ ਅਕਾਸ਼ ਭਈ ਸੁਖਰਾਸ ਕੀ[1] | [1]ਭਾਵ ਰਬ ਦੀ ਅਕਾਸ਼ਬਾਣੀ ਤੁਸਾਂ ਲਈ ਹੋਈ ਹੈ ਕਿ। |
| ਜਾਵਹੁ ਪਾਸ ਅਬੈ ਕਰਤਾਰਾ। | |
| ਸ੍ਰੀ ਸਚੁ ਖੰਡ ਅਖੰਡ ਸਦਾ | |
| ਭਵ ਮੁੰਡਨ[1] ਬਾਸ ਜਹਾਂ[2], ਸੁਖ ਭਾਰਾ'[†]। | [1]ਸੰਸਾਰ ਦੇ ਸੰਵਾਰਨ ਵਾਲੇ ਦਾ। [2]ਜਿਥੇ ਵਾਸਾ ਹੈ। [†]ਪਾ:-ਸ੍ਰੀ ਸਚੁ ਖੰਡ ਸਦਾ ਭਵ ਮੰਡਲ ਬਾਸ, ਜਹਾਂ ਸੁਖਮਾ ਸੁਖ ਭਾਰਾ। |
| ਯੌਂ ਸੁਨਿ ਸ੍ਰੀ ਗੁਰੁ ਬੈਨ[1] ਭਨੇ | [1]ਬਚਨ। |
| 'ਸੁਧਿ[1] ਯਾ ਬਿਧਿ ਕੀ[2] ਉਰ ਮੇ ਵਰਤਾਰਾ[3]। | [1]ਖਬਰ। [2]ਇਸ ਤਰ੍ਹਾਂ ਦੀ। [3]ਰਿਦੇ ਮੇਰੇ ਵਰਤ ਰਹੀ ਹੈ। |
| ਭੂਪਨ ਭੂਪਤਿ ਜੋਤਿ ਸਰੂਪ | |
| ਅਨੂਪ ਪੈ[1] ਜਾਇ ਹੌਂ ਹੀਨ ਅਵਾਰਾ[2]' ॥੧੭॥ | [1]ਭਾਵ, ਰੱਬ ਜੀ ਪਾਸ। [2]ਬਿਨਾਂ ਦੇਰੀ ਦੇ ਜਾਂਦਾ ਹਾਂ। |
| ਯੌਂ ਕਹਿ ਬੈਨ ਗਏ ਗਤਿ ਦੈਨ | |
| ਗੁਰੂ ਗੁਨ ਐਨ[1] ਜਹਾਂ ਦਰਬਾਰਾ[2]। | [1]ਗੁਣਾਂ ਦੇ ਘਰ। [2]ਰਬ ਦੇ) ਦਰਬਾਰ ਗਏ। |
| ਦਾਸੁ ਸੁ ਬਾਸ[1] ਲਿਏ ਕਰ ਆਸ | [1]ਕਪੜੇ। |
| ਨਿਰਾਸਭਯਾ, ਪਛੁਤਾਸੁ ਵਿਚਾਰਾ। | |
| -ਕਾਲ ਭਯੋ ਬਹੁ ਬੀਚ ਕਿਲਾਲ ਕੇ[1] | [1]ਪਾਣੀ ਦੇ। |

| | |
|---|---|
| ਆਨ ਦਯਾਲ[1][†] ਨ ਕੂਲ[2] ਸੰਭਾਰਾ-। | [1]ਗੁਰੂ ਜੀ ਨੇ) ਆ ਕੇ। [2]ਕਿਨਾਰਾ। [†]ਪਾ:-ਕ੍ਰਿਪਾਲ। |
| ਹੋ ਬਿਸਮਾਦ ਧਰੈ ਦ੍ਰੁਤਿ[1] ਪਾਦ[2] | [1]ਛੇਤੀ। [2]ਪੈਰ। |
| ਬਿਨਾ ਅਹਿਲਾਦ[1], ਗਯੋ ਮਨ ਮਾਰਾ[2] ॥੧੮॥ | [1]ਉਦਾਸ ਹੋ ਕੇ। [2]ਮੋਏ ਮਨ ਨਾਲ। |
| ਹੈਂ ਪਟ[1] ਪਾਨ[2] ਰਿਦੈ ਅਕੁਲਾਨ[3] | [1]ਕਪੜੇ। [2]ਹੱਥ ਵਿਚ। [3]ਰਿਦੇ ਵਿਚ ਘਬਰਾ ਹੈ। |
| ਸੁ ਦੌਲਤ ਖਾਨ ਕੇ ਭੌਨ[1] ਧਯੋ[2]। | [1]ਘਰ। [2]ਗਿਆ। |
| ਨੀਰ ਬਿਹੀਨ ਪਠੀਨ[1] ਅਧੀਨ | [1]ਮੱਛੀ। |
| ਤਜੋਂ ਚੀਨ[1] ਸਭੈ ਨਰ ਬੂਝ ਕਿਯੋ। | [1]ਉਸਨੂੰ ਬਿਨ ਪਾਣੀ ਮਛੀ ਵਾਕਰ ਦੇਖਕੇ। |
| ਭੂਰ ਬਿਸੂਰਤਿ[1], ਦੌਰਤਿ, ਬੌਰਤਿ[2] | [1]ਬੜਾ ਝੂਰਦਾ ਹੈ। [2]ਝੱਲਾ ਹੋਇਆ। |
| ਕਾਹੂੰ ਕੋ ਉੱਤਰ ਕੋ ਨ ਦਯੋ। | |
| ਭੂਪ ਸਭਾ ਮਹਿਂ ਜਾਇ ਕਹਜੋ | |
| 'ਬੀਰ[1] ਬਾਰਿ[2] ਵਿਖੈ ਨਹਿਂ ਊਬਰਯੋ[3] ॥੧੯॥ | [1]ਵੜਕੇ। [2]ਪਾਣੀ। [3]ਬਾਹਰ ਨਹੀਂ ਆਏ। |
| ਹੌਂ ਬਹੁ ਬਾਰ[1] ਹੀ, ਬਾਰਿ[2] ਨਿਹਾਰ[3] | [1]ਬਹੁਤ ਵਾਰੀ। [2]ਪਾਣੀ। [3]ਵੇਖਿਆ ਹੈ। |
| ਲਗੀ ਨਹਿਂ ਬਾਰ[1] ਯੌਂ ਦੌਰ ਅਯੋ।' | [1]ਦੇਰੀ। |
| ਸੋ ਸੁਨਿ ਕੈ ਮਨ ਮੈਂ ਗੁਨਿ ਤਾਂ ਛਿਨ | |
| ਜੀਨ ਕਿਕਾਨ[1] ਪਵਾਇ ਲਯੋ। | [1]ਘੋੜੇ ਤੇ ਕਾਠੀ। |
| ਕੇਵਟ[1] ਕੋ ਬੁਲਿਵਾਇ ਧਵਾਇਕੇ[2] | [1]ਮਲਾਹ। [2]ਦੁੜਾਕੇ। |
| ਆਇ ਵੇਈਂ ਤਟ[1] ਠਾਂਢ ਭਯੋ। | [1]ਵੇਈਂ ਕਿਨਾਰੇ। |
| ਰੌਰ ਪਰਾ[1] ਪੁਰਿ, ਦੌਰ ਚਲੇ ਨਰ | [1]ਰੌਲਾ ਪੈ ਗਿਆ। |
| ਹੌਰ[1] ਉਠਜੋ ਉਰ ਠੌਰ ਛਯੋ[2] ॥੨੦॥ | [1]ਹੌਲ। [2]ਦਿਲ ਦੇ ਟਿਕਾਣੇ ਹੌਲ ਛਾ ਗਿਆ। |
| ਬਾਤ ਜਰਾਮ ਸੁਨੀ ਜਬ ਕਾਨ | |
| ਫਨੀ ਮਨਹੀਨ[1], ਜਜੋਂ ਮੀਨ[2] ਅਨੀਰਾ[3]। | [1]ਮਣੀ ਹੀਨ ਸਪ (ਵਾਂਙੂ)। [2]ਮੱਛੀ। [3]ਬਿਨਾ ਪਾਣੀ ਤੋਂ। |
| ਧਾਇ ਧਰੈ ਧਰਨੀ ਪਦ ਤੂਰਨ[1] | [1]ਭਾਵ ਨੱਸਿਆ। |
| ਧੀਰ ਹਰੀ, ਉਰ[1] ਧਾਰਿ ਅਧੀਰਾ[2]। | [1]ਰਿਦੇ ਵਿਚ। [2]ਅਧੀਰਜ ਧਾਰਿਆ। |
| ਪੀਰ[1] ਅਪਾਰ ਨ ਪਾਵਹਿ ਪਾਰ[2] | [1]ਪੀੜ। [2]ਕਿਨਾਰਾ। |
| ਪਿਖੈ ਨਹਿਂ ਰੂਪ ਨ ਸ਼ਾਂਤਿ ਸਰੀਰਾ। | |
| ਆਇ ਵੇਈਂ ਤਟ ਹੇਰਤਿ ਬਾਰਿ[1] ਕੋ | [1]ਪਾਣੀ। |
| ਖੋਜਤਿ ਹੈ ਲਹੈ[†] ਸੁਖ[‡] ਹੀਰਾ ॥੨੧॥ | [†]ਪਾ:-ਲਸੇ। [‡]ਪਾ:-ਵਰ। |
| ਯਾਂ ਬਿਧਿ ਖੋਜਤਿ ਵਾਰ ਤੇ[1] ਪਾਰ ਤੇ[2] | [1]ਉਰਵਾਰ ਤੋਂ। [2]ਪਾਰ ਤੋਂ। |

| | |
|---|---|
| ਹਾਰ ਪਰੇ ਨਹਿਂ ਵਾਰਿ[1] ਤੇ ਪਾਯੋ। | [1]ਪਾਣੀ। |
| -ਗੁੰਮ ਭਯੋ ਧਰਨੀ ਕਿ ਧਸ੍ਯੋ | |
| ਦੂਰ[1] ਕੈਸੇ ਗਯੋ ? ਨਹਿਂ ਨੈਨ ਲਖਾਯੋ[2]। | [1]ਲੁਕਕੇ। [2]ਦਿਖੀਂਦੇ ਨਹੀਂ। |
| ਸ਼੍ਰੀ ਗੁਰੁ ਕੀਰਤਿ ਸਾਗਰ ਸੀ[1] | [1]ਜੇਹੀ ਹੈ। |
| ਮਤਿ[1] ਮਾਨਵ[2] ਕੀ ਤਟ ਪੈ[3] ਅਬਲਾਯੋ[4]। | [1]ਬੁਧੀ। [2]ਮਨੁਖਾਂ ਦੀ। [3]ਕਿਨਾਰੇ ਪਰ। [4]ਇਸਤਰੀ ਵਤ ਹੈ। |
| ਕਿਯੋ ਤਿਹ ਥਾਹ[1] ਲਖੈ ਬਿਨ ਥਾਹਿ[2] | [1]ਬੁੱਧੀ ਰੂਪੀ ਇਸਤ੍ਰੀ) ਓਥੇ ਖੜੀ ਹੈ, ਥਾਹ ਨਹੀਂ ਲਖ ਰਹੀ (ਇਸ ਕਰਕੇ) ਖੜੀ ਸੁਕਚ ਰਹੀ ਹੈ, ਕੋਈ ਬਿਧ ਨਹੀਂ ਅਹੁੜਦੀ। [2]ਬੁੱਧੀ ਰੂਪੀ ਇਸਤ੍ਰੀ) ਓਥੇ ਖੜੀ ਹੈ, ਥਾਹ ਨਹੀਂ ਲਖ ਰਹੀ (ਇਸ ਕਰਕੇ) ਖੜੀ ਸੁਕਚ ਰਹੀ ਹੈ, ਕੋਈ ਬਿਧ ਨਹੀਂ ਅਹੁੜਦੀ। |
| ਖਰੀ ਸੁਕਚਾਹਿ ਨ ਕੋ ਬਿਧਿ ਆਯੋ[1] ॥੨੨॥ | [1]ਬੁੱਧੀ ਰੂਪੀ ਇਸਤ੍ਰੀ) ਓਥੇ ਖੜੀ ਹੈ, ਥਾਹ ਨਹੀਂ ਲਖ ਰਹੀ (ਇਸ ਕਰਕੇ) ਖੜੀ ਸੁਕਚ ਰਹੀ ਹੈ, ਕੋਈ ਬਿਧ ਨਹੀਂ ਅਹੁੜਦੀ। |
| ਸਰਿਤਾ[1] ਸਭਿ ਖੋਜਿ ਫਿਰੇ ਤਿਹ ਰੋਜ | [1]ਨਦੀ। |
| ਨ ਜਾਨਤਿ ਕੋ ਜੁ ਕਹਾਂ ਗਤਿ ਕੀਨੀ[1]। | [1]ਕਿੱਥੇ ਚਲੇ ਗਏ। |
| ਬਿਸਮਾਦਿ ਰਿਦੈ ਪਛੁਤਾਇ ਭਏ | |
| ਪੁਨ ਆਦਿ[1] ਕੀ ਦਾਸ ਕੋ ਬਾਤ ਬੁਝੀਨੀ। | [1]ਪਹਿਲੋਂ ਦੀ। |
| 'ਮਮ ਆਗਰ ਨੈਨਨ[1] ਨ੍ਹਾਨ[2] ਬਰੇ[3] | [1]ਨੌਕਰ ਕਹਿੰਦਾ ਹੈ) ਮੇਰੇ ਨੈਣਾਂ ਦੇ ਸਾਹਮਣੇ। [2]ਨ੍ਹਾਉਣ। [3]ਵੜੇ। |
| ਨਿਕਸੇ ਨ ਤਟੰ[1] ਟੁਬਕੀ ਇਕ ਲੀਨੀ। | [1]ਕਿਨਾਰੇ। |
| ਬਹੁ ਬਾਰ[1] ਨਿਹਾਰਿ ਕੈ[2] ਬਾਰਿ[3] ਤਬੈ | [1]ਬਹੁਤ ਵਾਰੀ। [2]ਵੇਖਕੇ। [3]ਜਲ। |
| ਬਿਨ ਬਾਰ[1] ਨਿਬਾਬ ਕੋ ਮੈਂ ਸੁਧ[2] ਦੀਨੀ' ॥੨੩॥ | [1]ਛੇਤੀ। [2]ਖਬਰ। |
| ਉਰ ਭੂਰ ਬਿਸੂਰਤਿ ਦੌਲਤ ਖਾਂ | |
| ਸਹਿ ਸ਼ੋਕ ਹ੍ਵੈ ਲੋਕਨ ਸੋਂ ਬਚ ਪ੍ਰਾਹੀ[1]। | [1]ਆਖਦਾ ਹੈ। |
| 'ਬਹੁ ਨੇਕ, ਵਿਵੇਕੀ, ਅਨੇਕ ਗੁਨਾ | |
| ਨਰ[1], ਔਗੁਨ ਏਕ ਬਿਲੋਕਨ ਨਾਂਹੀ[2]। | [1]ਗੁਣਾਂ ਦੀ ਖਾਣ। [2]ਵੇਖਣ ਨੂੰ ਨਹੀਂ ਸੀ। |
| ਤਨ ਸੁੰਦਰ ਕੋਮਲਤਾ ਜਨੁ ਮੰਦਰ | |
| ਸਦਲ[1] ਸੀ ਸਿਫਤੀ ਜਿਸ ਆਹੀ। | [1]ਚੰਦਨ ਵਰਗੀ। |
| ਨਹਿ ਹਾਥ ਲਗੈ ਮੁਝ ਯਾ ਸਮ ਮੋਦੀ ਕੋ | |
| ਕਾਰ ਭਲੀ ਬਿਧਿ ਕੀਨਿ ਨਿਬਾਹੀ' | |

| | |
|---|---|
| ॥੨੪॥ | |
| ਦੁਖ ਦਾਰੁਨ[1] ਮੈਂ ਅਤਿਆਰਤਿ[2] ਚਿਤ | [1]ਭਜਾਨਕ। [2]ਦੁਖੀ। |
| ਜੈਰਾਮ ਮਨੋ ਬਿਤ ਸੂਮ ਗਵਾਏ। | |
| ਧਰਿ ਮੂਰਤਿ ਜਯੋਂ ਕਰੁਨਾਰਸ ਝੂਰਤਿ | |
| ਅੰਬਕੁ ਅੰਬੁਜ[1] ਮੈਂ ਅੰਬੁ[2] ਛਾਏ। | [1]ਅੱਖਾਂ ਰੂਪੀ ਕਵਲ। [2](ਹੰਝੂ ਦਾ) ਪਾਣੀ। |
| ਧੁਨਿ ਸੀਸ[1] ਕਹੀ 'ਜਗਦੀਸ਼੍ਵਰ' ਕਯਾਬਿਧਿ? | [1]ਸਿਰ ਫੇਰ ਕੇ। |
| ਮੋਹਿ ਨ ਦੀ ਸਤਿ ਕੋਇ ਉਪਾਏ।' | |
| ਜਲ ਈਖਦ[1] ਜੇਸ਼ਟ ਬਾਸੁਰ ਮਾਹਿਂ | [1]ਥੋੜੇ ਪਾਣੀ ਵਿਚ। |
| ਬਿਸਾਰਣ ਕੀ ਬਿਧਿ ਜਯੋਂ[1] ਦੁਖ ਪਾਏ ॥੨੫॥ | [1]ਜੇਠ ਮਹੀਨੇ ਥੋੜੇ ਪਾਣੀ ਵਿਚ (ਤੜਫਦੀ) ਮੱਛੀ ਵਾਂਙੂ। |
| ਕੋਕਨਿ ਕੋਕ[1] ਕਿਲਾਲਜ[2] ਪੁੰਜ[3] | [1]ਚਕਵੀ ਚਕਵੇ। [2]ਕਮਲ। [3]ਸਾਰੇ। |
| ਦਿਵਾਕਰ ਕੇ ਬਿਨ[1] ਜਯੋਂ ਅਕੁਲਾਏ। | [1]ਸੂਰਜ ਦੇ ਬਿਨਾ। |
| ਕਾਨਨ[1] ਕੈਰਵ[2], ਕੋਕ[3] ਕਦੰਬ[4] | [1]ਬਨ। [2]ਕਵੀਆਂ ਦਾ। [3]ਚਕੋਰ। [4]ਸਾਰੇ। |
| ਕਲਾਨਿਧਿ[1] ਹੀਨ[2] ਕਹਾਂ ਬਿਹਸਾਏ[3]। | [1]ਚੰਦਰਮਾਂ ਤੋਂ। [2]ਬਿਨਾਂ। [3]ਕਿਵੇਂ ਖਿੜਨ। |
| ਤੋਕਕ[1] ਕੇਕ[2] ਜਿ ਭੇਕ[3] ਅਨੇਕ | [1]ਪਪੀਹਾ। [2]ਮੋਰ। [3]ਡੱਡੂ। |
| ਬਲਾਹਕ ਕੇ ਬਿਨ[1] ਨਾਂ ਹਰਿਖਾਏ। | [1]ਬਦਲ ਬਿਨਾਂ। |
| ਸ੍ਰੀ ਗੁਰ ਕੀ ਗਤਿ[1] ਐਸ ਬਿਲੋਕਿ[2] ਕੈ | [1]ਹਾਲਤ। [2]ਵੇਖ ਕੇ। |
| ਹੋਤਿ ਜਿ ਪ੍ਰੀਤਮ ਤਯੋਂ ਦੁਖ ਪਾਏ ॥੨੬॥ | |
| ਨਾਨਕੀ ਏਕ ਰਹੀ ਉਰ ਮੈਂ ਥਿਰ[1] | [1]ਅਡੋਲ। |
| ਔਰਨ ਕੀ ਸਰ[1] ਨਾ† ਭਰਮਾਈ। | [1]ਹੋਰਨਾਂ ਵਾਂਙੂ। †ਪਾ:-ਸ਼ਰਧਾ। |
| 'ਸੋਦਰ[1] ਈਸ਼ੁਰ ਕੋ ਅਵਤਾਰ | [1]ਵੀਰ ਜੀ ਨੂੰ। |
| ਕਰੈ ਨਰ ਖੇਲ[1], ਅਪੇਲ ਸਦਾਈ[2]।' | [1]ਮਾਨੁਖੀ ਲੀਲ੍ਹਾ ਕਰਦੇ ਹਨ। [2]ਅਟੱਲ ਹੈ ਸਦਾ। |
| ਕੰਤ ਕੇ ਸੰਗ ਗਿਰਾ ਉਚਰੀ | |
| 'ਉਰ ਧੀਰ ਧਰੋ ਤਜਿ ਆਤੁਰਤਾਈ[1]। | [1]ਬਿਹਬਲਤਾ ਛਡਕੇ। |
| ਬਾਸੁਰ ਨਾਹਿ[1] ਜਥਾ ਗ੍ਰਸਿ ਰਾਹੁ[2] | [1]ਦਿਨ ਦੇ ਪਤੀ, ਸੂਰਜ ਨੂੰ। [2]ਜਿਸ ਤਰ੍ਹਾਂ ਗ੍ਰਸਦਾ ਹੈ ਰਾਹੂ। |
| ਤਥਾ ਬਿਧਿ ਆਹਿ ਹੁਵੈ ਬਿਦਤਾਈ[1]' ॥੨੭॥ | [1]ਪ੍ਰਗਟ। |
| ਸੁਨਿ ਕਾਨ ਜੈਰਾਮ ਭਨੇ ਬਚਨਾ | |
| ਜਲਜਾਤ[1] ਬਿਲੋਚਨ[2] ਤੇ ਜਲ ਜਾਤਾ[3]। | [1]ਕਮਲ। [2]ਨੇਤ੍ਰਾਂ ਤੋਂ। [3]ਪਾਣੀ ਜਾਂਦਾ ਹੈ। |

ਬਹੁ ਜਾਰ[1] ਪਸਾਰਿਕੈ ਬਾਰਿ ਨਿਹਾਰਨ[2] — [1]ਜਾਲ। [2]ਪਾਣੀ ਵੇਖਿਆ।
ਕੇਵਟ[1] ਬੀਚ ਬਰੇ[2] ਮਿਲਿ ਬਾਤਾ[3]। — [1]ਮਲਾਹ। [2]ਵੜੇ। [3]ਗੱਲ ਮੇਲ ਕੇ।
ਝਖ[1], ਕੱਛਪ[2] ਬ੍ਰਿੰਦ[3] ਫਸੇ ਨਿਕਸੇ — [1]ਮਛ। [2]ਕਛੂ। [3]ਬਹੁਤੇ।
ਸਭਿ ਖੋਜ ਥਕੇ ਨਹਿਂ ਪਾਵਤਿ ਗਜਾਤਾ[1]। — [1]ਸੋਝੀ।
ਨ੍ਰਿਪਤਾਦਿ[1] ਨਿਰਾਸ ਫਿਰੇ ਪਛੁਤਾਇ — [1]ਨਵਾਬ ਆਦਿਕ।
ਉਪਾਇ ਕਿਯੇ ਬਹੁ ਸੌ ਨ ਅਗਾਤਾ[1] — [1]ਲੱਭੇ ਨਾ ਓਹ।
॥੨੮॥
ਰੋਦਨ ਕੀਨ ਸੁਲਖਨਿ ਤਾ ਛਿਨ
'ਦੀਨ[1] ਗਯੋ ਕਰਿ ਮੇ[2] ਭਰਤਾਰਾ!' — [1]ਦੁਖੀ। [2]ਮੈਨੂੰ।
ਪੰਕਤ[1] ਤੇ ਬਿਛਰੀ ਨਿਜ ਜਯੋਂ — [1]ਡਾਰ।
ਕੁਰਲਾਵਤਿ ਕੂੰਜ ਭਯੋ ਦੁਖ ਭਾਰਾ।
ਕੇਸ ਉਖਾਰਤਿ ਤਾੜਤਿ ਹੈ ਉਰ
ਭੂਖਨ ਡਾਰਤਿ ਹਾਰ ਉਤਾਰਾ[†]। — [†]ਸ਼ੋਕ ਨੂੰ ਅਤਜੋਕਤੀ ਅਲੰਕਾਰ ਵਿਚ ਵਰਣਨ ਕਰ ਰਹੇ ਹਨ; ਜਿਵੇਂ ਆਮ ਤ੍ਰੀਮਤਾਂ ਕਰਨ, ਪਰ ਮਾਤਾ ਜੀ ਦਾ ਸ਼ੋਕ ਗੰਭੀਰ ਹੋਣਾ ਹੈ।
ਲੋਚਨ[1] ਤੇ ਜਲ ਧਾਰ ਛੁਟੇ — [1]ਅੱਖਾਂ ਤੋਂ।
ਸਭਿ ਚੀਰ[1] ਭਿਗੇ ਤਨ ਕੀ ਨ ਸੰਭਾਰਾ — [1]ਕਪੜੇ।
॥੨੯॥
'ਹੇ ਪਤਿ ਤੋ ਬਿਨ ਭੌਨ ਭਾ ਸੂਨ[1] — [1]ਘਰ ਸੁੰਞਾ ਹੋ ਗਿਆ।
ਸੁ ਦਾਨ ਕੋ ਥਾਨ[1] ਉਦਾਸ ਲਗੈ ਹੈ। — [1]ਦਾਨ ਦੇਣ ਦਾ ਥਾਂ (ਹਟੀ)।
ਕੌਨ ਸੁ ਦੇ ਇਨ ਕੋ ਤ੍ਰਿਪਤਾਵਹਿ
ਆਨਿ ਭਿਖਾਰੀ ਕੋ ਬ੍ਰਿੰਦ[1] ਮੰਗੈ ਹੈ। — [1]ਸਮੂਹ।
ਆਪ ਕਹਾਂ ਗਏ ਦੀਏ ਬਿਨਾ ਸੁਧ[1] — [1]ਖਬਰ ਦਿਤੇ ਬਿਨਾਂ।
ਮ੍ਰਿੱਤੁ ਕੇ ਹੇਤੁ[1] ਨ ਕ ਉਪਜੈ ਹੈ। — [1]ਕਾਰਨ।
ਬਾਰਿਕ ਤਾਤ[1]! ਅਧਾਰ ਨ ਮੋ ਕੋਊ — [1]ਹੇ ਬਾਲ ਦੇ ਪਿਤਾ।
ਸ਼ੋਕ ਜਗੇ[†] ਉਰ, ਧੀਰ ਭਗੈ ਹੈ' — [†]ਪਾ:-ਜਰੇ।
॥੩੦॥
ਯਾ ਬਿਧਿ ਸ਼ੋਕ ਗਿਰਾ ਬਹੁ ਭਾਂਤਿਨਿ
ਬੋਲਤਿ ਹੈ ਬਿਰਲਾਪ ਪੁਕਾਰਾ।
-ਬਾਮ ਫੁਰੈ ਅੰਗ[1] ਸੂਚਕ ਹ੍ਵੈ ਸ਼ੁਭ — [1]ਖੱਬਾ ਅੰਗ ਫਰਕਦਾ ਹੈ।
ਕਾਰਨ ਕੌਨ ਨ ਆਇ ਵਿਚਾਰਾ।
ਲੋਕ ਬਿਲਕਿ ਅਏ ਸਭਿ ਹੀ

ਜਲੁ ਡੂਬ ਗਯੋ ਨਹਿਂ ਦੇਹਿ ਨਿਹਾਰਾ[1]। [1]ਦੇਹੀ ਨਹੀਂ ਵੇਖੀ।
ਹੋਵਤਿ ਮੌਨ[1] ਭਲੇ, ਸੁਖ ਭੌਨ [1]ਸ਼ਗੁਨ।
ਕਰੋਂ ਅਬ[†] ਕੌਨ ਸੰਦੇਹ[1] ਨਿਵਾਰਾ- [1]ਸੰਸਾ। [†]ਪਾ:-ਅਸ।
॥੩੧॥
ਸ਼ੋਕ ਕੋ ਸ਼ੋਰ ਸੁਨੀਓ ਚਹੁਂ ਓਰ ਤੇ
ਧੀਰਜ ਛੋਰਿ ਦਯੋ ਭਰਿ ਛਾਤੀ[1]। [1]ਛਾਤੀ ਭਰ ਆਈ।
ਨਾਨਕੀ ਹੇਰ ਦਸ਼ਾ ਸਭਿ ਕੀ
ਹੁਤ ਦਾਸੀ ਔ ਦਾਸ ਜੇ ਆਨ ਸੰਗਾਤੀ[1]। [1]ਹੋਰ ਸੰਗੀ।
ਕੰਤਪਿਤਾ[1] ਪੁਨਿ ਕੰਤ ਬਿਸੂਗਤ [1]ਕੰਤ ਪਿਤਾ ਪਰਮਾਨੰਦ।
ਸਦਰ ਕੀ ਤਰੁਨੀ[1] ਬਿਲਲਾਤੀ। [1]ਭਰਜਾਈ।
ਬਾਂਹਿ ਗਹੇ ਸੁ ਪ੍ਰਬੋਧਤਿ ਭੀ[1] [1]ਸਮਝਾਉਂਦੀ ਹੈ।
'ਸੁਮਤ! ਤਜਿ ਸ਼ੋਕ, ਸੁਨੋ ਮਮ ਬਾਤੀ[1] [1]ਮੇਰੀ ਗਲ।
॥੩੨॥
ਗਰਭਵਤੀ ਤੁਝ ਦੇਹਿ ਅਹੈ
ਬਹੁ ਸੰਕਟ ਦੇਨਿ ਨ ਯੋਗ ਲਖੀਜੈ।
ਭੇਦ ਕਛੂ ਨਹਿਂ ਜਾਨਤਿ ਤਾਂਹਿ ਕੋ
ਬਾਦ ਹੀ ਸ਼ੋਕ ਔ ਚਿੰਤ ਕਰੀਜੈ।
ਤੋ ਪਤਿ ਆਇ ਮਿਲੈ ਨਿਸ਼ਚੈ ਕਰਿ
ਸੀਖ ਯੌਂ ਮੇਰੀ ਰਿਦੈ ਦ੍ਰਿੜ ਲੀਜੈ।
ਤੀਨ ਦਿਨਾਂ ਲਗ, ਹੇ ਸੁ ਕਮਾਰਿ!
ਉਤਾਰਿ ਨ ਹਾਰ ਸ਼ਿੰਗਾਰ, ਮਨੀਜੈ[1]' [1]ਮੰਨ ਲੈ ਕਿਹਾ।
॥੩੩॥
ਹੇਤ ਸਮੇਤ[1] ਕੇ ਸੀਖ ਸੁ ਦੇਤਿ ਹੈ [1]ਪਿਆਰ ਨਾਲ।
ਨਾਨਕੀ ਹੇਰਿ ਸਭੈ ਪਰਵਾਰੁ।
ਕੇਚਿਤ ਕਾਲ ਸੁਨੈ ਚੁਪ ਹ੍ਵੈ ਕਰਿ
ਜੇ ਬਚਨਾ[1] ਹਿਤ ਕੇ ਸੁਖਕਾਰੁ। [1]ਭਾਵ ਬੇਬੇ ਜੀ ਦੇ ਬਚਨ।
ਮੂਰਤਿ ਫੇਰ ਸਲੋਨੀ[1] ਚਿਤਾਰਿਕੇ[2] [1]ਸੁੰਦਰ। [2]ਯਾਦ ਕਰਕੇ।
ਸ਼ੋਰ ਉਠੈ ਇਕਬਾਰ ਖਭਾਰੁ[1]। [1]ਕਲੇਜਾ ਹਲਾ ਦੇਣ ਵਾਲਾ।
ਜੋ ਪੁਰਿ ਮੈਂ, ਸੁਨੈ ਸ਼੍ਰੋਨ ਬਿਖੈ ਸੋਊ
ਰੋਇ ਉਠੈ ਗੁਨ ਭਾਖਿ ਅਚਾਰੁ[1] [1]ਗੁਣ ਤੇ ਆਚਾਰ ਕਹਿ ਕੇ।
॥੩੪॥
ਕੇਊਕ ਮੀਤ ਹੁਤੇ ਸੋਊ ਰੋਤਿ ਹੈਂ

ਆਪਨ ਪੈ[1] ਮਿਲ ਬੈਸਤਿ ਬ੍ਰਿੰਦਾ।
ਕੋਊਕ ਆਨਿ ਅਵਾਸ ਬਿਖੈ ਕਹੈਂ
ਬੈਨ ਜੈਰਾਮ ਸੋਂ 'ਭਾ ਅਤਿ ਮੰਦਾ।
ਕੈਸੇ ਅਚਾਨਕ ਰੀਤਿ ਬਨੀ
ਇਸ਼ਨਾਨ ਕਰੈਂ, ਨਿਤ ਬੇਦਿਨ ਇੰਦਾ[1]।
ਦੇਹਿ ਬਹੋਰ ਨ ਹਾਥ ਲਗੀ
ਬਹੁ ਕੀਨ ਉਪਾਇ ਹ੍ਵੈ ਠਾਂਢ[1]' ਨਰਿੰਦਾ[2]' ॥੩੫॥

[1]ਹੱਟ ਤੇ।
[1]ਵੇਦੀਆਂ ਦੇ ਚੰਦ।
[1]ਖੜੇ ਹੋ ਕੇ। [2]ਨਵਾਬ ਜੀ ਨੇ।

ਦੋਹਰਾ:
ਅਸ ਪ੍ਰਕਾਰ ਸਭ ਮਾਨਿਕੈ, ਅਚਰਜ ਉਰ[1] ਨਰ ਨਾਰਿ।
ਕੋਇਕ ਸੁਜਸ ਉਚਾਰਹੀਂਮ ਕੋਇਕ ਨਿੰਦਹਿਂ ਗ੍ਵਾਰ ॥੩੬॥

[1]ਰਿਦੇ ਵਿਚ।

ਸ੍ਵੈਯਾ:
ਪੁਰਿ ਰੌਰੁ[1] ਪਰਾ ਬਿਸਮਾਦਿ ਰਿਦੈ
ਤਨ ਖੋਜਿ ਰਹੇ ਕਿਤ ਹਾਥ ਨ ਆਯੋ।
{ਸੁਲਤਾਨਪੁਰ ਵਿੱਚ ਰੌਲਾ}
ਨਰ ਨਿੰਦਕ ਜੇ ਨਹਿਂ ਬਿੰਦਕ[1] ਭੇਦ ਕੋ
ਤਿੰਦਕ ਮੋਹ ਜਿਨੈ ਗਰਸਾਯੋ[1]।
ਮੁਖ ਬੈਨ ਅਲਾਇ ਸੁਨਾਇ ਕਹੈਂ
'ਸੁ ਗਵਾਇ ਬਿਤੰ ਬਹੁਰੋ ਪਛੁਤਾਯੋ[1]।
ਜਲ ਡੂਬ ਗਯੋ, ਨਿਜ ਪ੍ਰਾਨ ਹਯੋ[1]
ਨ ਕਲੇਸ਼ ਪਯੋ, ਮਨ ਯੋ ਸਮਝਾਯੋ ॥੩੭॥
ਟੋਟਾ ਵਡੋ ਪਿਖਿ, ਰਾਟਹਿ ਕੇ ਡਰ[1]
ਨਾਂਹਿ ਟਿਕਜੋ, ਟਕ ਟਕ ਕਰੀ ਰਤਿ[1]।
ਟੋਰ ਫਿਰੇ[1] ਤਟ[2] ਔ ਘਟ ਘਾਟ[3]
ਗਿਯੋ ਕਿਤ ਬਾਟ[1] ਨ ਜਾਨਤਿ ਕੋ ਗਤਿ।'
ਕੋਟਿ ਗਟੀ[1] ਚਢਿ ਹੈ ਹਟਿ ਹੈ
ਘਟ[1] ਕਾਨ ਜੈਰਾਮ ਸੁਨੇ ਬਤਿਯਾਂ[2] ਇਤਿ[3]।

[1]ਰੌਲਾ।
[1]ਜੋ ਨਹੀਂ ਜਾਣਦੇ।
[1]ਮੋਹ ਰੂਪੀ ਤੰਦੂਏ ਨੇ ਜਿਨ੍ਹਾਂ ਨੂੰ ਗ੍ਰਸਿਆ ਹੈ।
[1]ਭਾਵ ਗੁਰੂ ਜੀ
[1]ਪ੍ਰਾਨ ਨਾਸ਼ ਕੀਤੇ।
[1]ਰਾਜੇ ਦੇ ਡਰ ਕਰਕੇ।
[1]ਪ੍ਰੀਤ (ਪਰਵਾਰ ਦੀ ਟੁੱਕ ਕੇ ਟੋਟੇ ਕੀਤੀ।
[1]ਢੂੰਡ ਫਿਰੇ। [2]ਕਿਨਾਰੇ। [3]ਸਾਰੇ ਘਾਟ।
[1]ਰਸਤੇ ਕੇਹੜੇ ਗਿਆ।
[1]ਕਈ ਗਿਣਤੀਆਂ।
[1]ਦਿਲ ਵਿੱਚ। [2]ਗਲਾਂ। [3]ਇਸ ਤਰ੍ਹਾਂ ਦੀਆਂ।

ਮਾਨਹੁ ਘਾਵ ਮੈਂ ਲੌਨ ਲਗਾਵਤਿ
ਸੀਸ ਧਨੈ ਚਿਤ ਖੇਦ ਭਯੋ ਅਤਿ
॥੩੮॥
'ਰੋਜ ਫਕੀਰਨ ਕੋ ਜੁ ਖਵਾਵਤਿ
ਆਵਤਿ ਨਾਂਹਿ ਰਸਾਯਨ ਕਾਈ।
ਭੈ ਨ ਕਰਯੋ ਭਵ ਦਾਨੀ[1] ਭਯੋ
[1]ਸੰਸਾਰ ਦਾ ਦਾਨੀ।
ਧਨ ਭੂਪਤਿ ਭਾਰੀ ਜਯੋਂ ਭੂਰ ਲੁਟਾਈ[1]।
[1]ਜਿਵੇਂ ਮੰਗਤਿਆਂ ਨੂੰ ਵਿਆਹ ਤੇ ਵੰਡਦੇ ਹਨ ਐਉਂ ਲੁਟਾਯਾ।
ਗ੍ਰਾਮ ਕੋ ਰਾਜ ਨ ਕਾਜ ਬਿਆਜ ਕੋ[1]
[1]ਰਾਜਾ ਨਹੀਂ ਸੀ, ਨਾਂ ਹੀ ਵਯਾਜ ਦਾ ਵਿਹਾਰ ਸੀ।
ਆਜ ਪਿਖੀ ਇਸ ਕੀ ਪ੍ਰਭੁਤਾਈ।'
ਆਨਨ ਨਿੰਦ ਬਕੈਂ ਬਿਨ ਬਿੰਦ[1]
[1]ਸਮਝੇ ਬਿਨਾਂ।
ਮੁਕੰਦ ਕੋ ਭੇਦ ਲਖਯੋ ਨਹਿਂ ਜਾਈ
॥੩੯॥

ਦੋਹਰਾ:

ਨਗਰ ਨਰਨ ਪਰਵਾਰ ਪੁਨ, ਸਭਿ ਕੀ ਦਸ਼ਾ ਵਿਚਾਰ।
ਦਤਿਯ ਰੈਨ ਮਹਿਂ ਨਾਨਕੀ, ਧਰਯੋ ਧਯਾਨ ਸੁਖਸਾਰ[1] ॥੪੦॥
[1]ਭਾਵ ਗੁਰੂ ਜੀ ਦਾ।

ਸ੍ਵੈਯਾ:

'ਹੇ ਜਗਬੰਦ! ਪ੍ਰਭ ਸਖ ਕੰਦ!
ਮੁਕੰਦ! ਅਨੰਦ ਕੋ ਦਾਸਨ ਦਾਨੀ!
ਸ਼੍ਰੀ ਕਰਤਾਰ! ਮੁਰਾਰਿ! ਅਘਾਰਿ[1]
[1]ਪਾਪ ਨਾਸ਼ ਕਰਤਾ।
ਲਯੋ ਅਵਤਾਰ! ਸੁ ਮੈਂ ਮਨ ਮਾਨੀ।
ਜੇ ਸ਼ਰਧਾ ਮਮ ਸਾਚ ਰਿਦੇ ਮਹਿਂ
ਤੌ ਪ੍ਰਗਟੋ ਪਰਭਾਤ ਮਹਾਨੀ।
ਸ਼ੋਕ ਹਰੋ ਨਿਜ ਲੋਕਨ ਕੋ
ਸਹਿ ਸ਼ੋਕ ਕਰੋ[1] ਜੇਉ ਮੂਢ ਗਮਾਨੀ
॥੪੧॥
[1]ਸ਼ੋਕ ਮਾਨ ਯਾ ਸ਼ਰਮਿੰਦੇ ਕਰੋ।
ਦੀਨ ਦਯਾਲ! ਸਦਾ ਅਰਿ[1] ਘਾਲ[2]
[1]ਵੈਰੀਆਂ ਦੇ ਨਾਸ਼ਕ। [2]ਵੈਰੀਆਂ ਦੇ ਨਾਸ਼ਕ।
ਸਭੈ ਤੇ ਬਿਸਾਲ ਬਿਹੀਨ ਕਲੰਕਾ!
ਹੇ ਜਨ ਲਾਲ[1]! ਪਖੰਡਨਿ ਸਾਲ[2]
[1]ਦਾਸਾਂ ਦੇ ਪਿਆਰੇ। [2]ਪਖੰਡਾਂ ਨੂੰ ਸੱਲਣ ਵਾਲੇ।
ਹਰੈਂ ਜਮ ਜਾਲ ਕਰਾਲ[1] ਅਤੰਕਾ[2]।
[1]ਭਯਾਨਕ। [2]ਭੈ, ਰੋਗ, ਪੀੜਾ।

ਜੇ ਕਲਿਕਾਲ, ਕੁਚਾਲ ਮਹਾਂ
ਅਘ[1] ਜਾਲ[2] ਭਏ ਨਰ ਹ੍ਵੈ ਮਤਿਰੰਕਾ[3]। — [1]ਪਾਪ। [2]ਸਮੂਹ। [3]ਕੰਗਾਲ ਬੁੱਧੀ।
ਸੋਊ ਉਬਾਰਨ ਕਾਰਨ ਰਾਵਰ[1] — [1]ਆਪ ਨੇ।
ਕਾਯਾਂ[1] ਧਰੀ, ਮਖ ਚਾਰ ਮਯੰਕਾ[2] ॥੪੨॥ — [1]ਦੇਹ। [2]ਚੰਦਰਮਾ ਵਰਗੇ ਸੁਹਣੇ ਮੁਖ ਵਾਲੇ!

ਦੋਹਰਾ:
ਅਸ ਪ੍ਰਕਾਰ ਤਨ ਤਜਿਨਿ ਕੋ, ਕਿਉਂ ਤਮਰੋ ਬਨਿ ਆਇ।
ਕੈਸੇ ਅੰਤਰ ਧਯਾਨ ਭੇ[1], ਆਵਹ ਦਰਸ ਦਿਖਾਇ ॥੪੩॥ — [1]ਛਿਪ ਗਏ।
ਬਾਰਜ[1] ਬਨ ਪਰਵਾਰ ਨਿਜ[2], ਸਰਬ ਗਯੋ ਕੁਮਲਾਇ। — [1]ਕਵਲਾਂ ਦਾ। [2]ਆਪ ਦਾ।
ਭੋਰ[1] ਪ੍ਰਭਾਕਰ[2] ਸੇ[3] ਮਿਲੋ, ਬਦਨ ਸੁ ਛਬਿ ਬਿਕਸਾਇ[4]' ॥੪੪॥ — [1]ਸਵੇਰੇ। [2]ਸੂਰਜ। [3]ਵਾਂਗ। [4]ਖਿੜਾਕੇ।

ਦੋਹਰਾ: — [1]ਮੈਂ ਮੱਥਾ ਟੇਕਦੀ ਹਾਂ। [2]ਧਰਤੀ ਤੇ ਸਿਰ ਰੱਖਕੇ।
ਬੰਦਿ ਹਾਥ ਦ੍ਵੈ ਬੰਦਿ ਹੀ[1], ਧਰ ਪਰ ਧਰਿ ਕਰਿ ਸੀਸ[2]।
'ਕਰੀ ਪ੍ਰਤੱਗਯਾ ਮੈਂ ਜ ਮੁਖ, ਪੂਰਹ ਸ੍ਰੀ ਜਗਦੀਸ਼!' ॥੪੫॥
ਸਰਬ[1] ਰੈਨ[2] ਬਿਨ ਸੈਨ ਕੇ, ਕਹਿਤਿ ਸੁਜਸ ਕੇ ਬੈਨ। — [1]ਸਾਰੀ। [2]ਰਾਤ।
ਭ੍ਰਾਤ ਅਰਾਧਤਿ ਪ੍ਰੀਤਿ ਕਰਿ, ਰਿਦੈ ਚਿਤਵਿ ਗੁਨ ਐਨ ॥੪੬॥
ਅਸ ਪ੍ਰਕਾਰ ਭੀ ਪੁਰਿ ਵਿਖੈ, ਸੁਨਹੁ ਬਹੁਰ ਗੁਰ ਗਾਥ।
ਕਵਿ ਸੰਤੋਖ ਸਿੰਘ ਸਿਮਰ ਨਿਤ, ਬੰਦੋਂ ਧਰਿ ਪਦ ਮਾਥ ॥੪੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵੇਂਈਂ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਅਠਾਈਸਮੋ ਅਧਯਾਯ ॥੨੮॥

## ੨੯. [ਗੁਰਚਰਣ ਮੰਗਲ। ਵੇਂਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਜਾਗਣੀ।]

੨੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੦

{ਸੰਤਘਾਟ} ॥੭॥
{ਮੋਦੀਖਾਨਾ ਲੁਟਾਉਣਾ} ॥੧੭..॥
{ਮੋਦੀਖਾਨਾ ਲੁਟਾ ਮਸਾਣਾਂ ਵਿੱਚ} ॥੨੪॥
{ਲੇਖਾ, ੭੬੦) ਵਾਧੇ ਦੇ ਨਿੰਕਲੇ} ॥੩੯॥

ਦੋਹਰਾ:

ਸ੍ਰੀ ਗੁਰ ਚਰਨ ਜਹਾਜ ਸੇ ਤਿਨ ਅਲੰਬ ਹੌਂ ਪਾਇ।
ਅਲੰਬ=ਆਸਰਾ। [ਸੰਸ. ਆਲਮ੍ਬ]। ਹੌਂ=ਹਉਂ, ਮੈਂ। [ਸੰਸ. ਅਹੰ]।
ਪਰੋਂ ਪਾਰ ਸੰਦੇਹ ਬਿਨ ਉਦਿਧ ਬਿਘਨ ਸਮੁਦਾਇ ॥੧॥
ਸੰਦੇਹ=ਸ਼ੱਕ। ਉਦਿਧ=ਸਮੁੰਦਰ। [ਸੰਸ. ਉਦਧਿ]

ਅਰਥ:

ਸ਼੍ਰੀ ਗੁਰੂ (ਸਾਹਿਬਾਨ) ਜੀ ਦੇ ਚਰਣ ਜਹਾਜ਼ ਸਮਾਨ ਹਨ, ਉਨ੍ਹਾਂ ਦਾ ਆਸਰਾ ਪਾ ਕੇ ਮੈਂ ਸਾਰੇ ਵਿਘਨਾਂ (ਰੂਪੀ) ਸਮੁੰਦਰ ਤੋਂ ਨਿਰਸੰਸੇ ਪਾਰ ਜਾ ਪਵਾਂਗਾ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਸ੍ਵੈਯਾ:

ਯਾ ਬਿਧਿ ਸੋਂ ਸੁਲਤਾਨਪੁਰੇ
ਪੁਨਿ ਸ੍ਰੀ ਗੁਰ ਜਾਤਿ ਭਏ ਪ੍ਰਭੁ ਪਾਸੀ।
ਆਨੰਦ ਕੰਦ[1] ਪਿਖ੍ਯੋ ਕਰ ਬੰਦਿ[2] — [1]ਭਾਵ ਪਰਮੇਸ਼ੁਰ ਨੂੰ (ਅ) ਗੁਰੂ ਜੀ ਨੇ। [2]ਹਥ ਜੋੜਕੇ।
ਕਹੀ ਅਭਿਬੰਦਨ[1] ਦੰਡ ਸੰਕਾਸੀ[2]। — [1]ਨਮਸਕਾਰ। [2]ਭਾਵ ਡੰਡੌਤ ਕੀਤੀ।
ਮੰਦਹਿ ਮੰਦ[1] ਮ੍ਰਿਦੰ[2] ਮੁਸ਼ਕਾਯ — [1]ਹੌਲੀ ਹੌਲੀ। [2]ਕੋਮਲ।
ਧ੍ਯਾਨ ਜੁਗਿੰਦਨ[1] ਕੇ ਨਿਤ ਬਾਸੀ[2]। — [1]ਯੋਗੀਆਂ ਦੇ ਧ੍ਯਾਨ ਵਿੱਚ ਵਸਣ ਵਾਲੇ। ਭਾਵ ਰੱਬ ਜੀ। [2]ਯੋਗੀਆਂ ਦੇ ਧ੍ਯਾਨ ਵਿੱਚ ਵਸਣ ਵਾਲੇ। ਭਾਵ ਰੱਬ ਜੀ।
ਬੈਨ ਭਨੇ ਗੁਨ ਐਨ ਪ੍ਰਮੇਸ਼ੁਰ
'ਆਵਹੁ ਨਾਨਕ! ਨਾਮ ਬਿਲਾਸੀ[1] ॥੨॥ — [1]ਨਾਮ ਦਾ ਆਨੰਦ ਲੈਣ ਵਾਲੇ।
ਕਾਰਨ ਯਾ[1] ਅਵਤਾਰ ਧਰ੍ਯੋ ਭਵ[2] — [1]ਜਿਸ। [2]ਸੰਸਾਰ ਵਿਚ।
ਕਾਰਜ ਜਾਇ ਕਰੋ ਅਬ ਸੋਊ।
ਹੈ ਕਲਿਕਾਲ ਕਰਾਲ[1] ਬਿਸਾਲਹਿ — [1]ਭਯਾਨਕ।
ਮੰਦਮਤੀ ਮਨ ਮਾਨਵ ਹੋਊ[1]। — [1]ਹੋ ਗਏ ਹਨ।
ਦੇਵਨਿ ਪੂਜਤਿ, ਨਾਮ ਤੇ ਬੇਮੁਖ
ਕੇਵਲ ਪਾਪ ਪਰਾਇਨ ਜੋਊ।

ਭਾਉ ਭਲੇ ਭਗਤੀ ਪ੍ਰਗਟਾਵਹੁ
ਭਾਰ ਧਰਾ ਪਰ ਭੂਰ[1], ਬਿਗੋਊ[2] ॥੩॥
ਜਾਤਿ ਅਪਾਰ[1] ਨਿਰੈ[2] ਨਰ ਕੂਰ[3]
ਨਹੀਂ ਸੁਖ ਮੂਰ[1] ਕਮੂਰ[2] ਕੁਭਾਗੇ।
ਪੰਥ ਤਯਾਗ ਕੁਪੰਥ[1] ਪਰੇ
ਸਭਿ ਲੰਪਟ[1] ਦੰਭ[2] ਅਰੰਭਤਿ[3] ਪਾਗੇ[4]।
ਨਾਮਹਿ ਕੀ ਸਿਫਤੀ ਪਰਕਾਸ਼ਹੁ
ਨਾਸ਼ ਪਖੰਡ ਕਰੋ, ਜਿਹ ਲਾਗੇ।'
ਸ਼੍ਰੀ ਗੁਰੁ ਜੀ ਸੁਨਿ ਬੈਨ ਭਨੇ
ਸਿਰੀ ਰਾਗ ਵਿਖੇ, ਹਿਯਰਾ ਅਨੁਰਾਗੇ
॥੪॥

[1]ਬਹੁਤਾ ਹੋ ਗਿਆ ਹੈ। [2]ਸੋ ਨਾਸ਼ ਕਰੋ।
[1]ਜਾਂਦੇ ਹਨ ਬਹੁਤੇ। [2]ਨਰਕ ਨੂੰ। [3]ਝੂਠੇ ਲੋਕ।
[1]ਮੂਲੋਂ ਸੁਖ ਨਹੀਂ। [2]ਖੋਟੇ ਅਸਲੇ ਵਾਲੇ (ਅ) ਬਹੁਤੇ ਮੂੜ੍ਹ।
[1]ਕੁਰਾਹ।
[1]ਫਸੇ ਹੋਏ ਹਨ। [2]ਫਰੇਬ ਵਿਚ। [3]ਜੰਮਦਿਆਂ ਹੀ, ਮੁੱਢ ਤੋਂ ਹੀ। [4]ਖਚਤ ਹੋਏ ਹਨ।

ਸ਼੍ਰੀ ਮੁਖਵਾਕ ॥
ਸਿਰੀਰਾਗੁ ਮਹਲਾ ੧ ॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਦੋਹਰਾ:
ਪਾਰਬ੍ਰਹਮ ਬਿਗਸੇ ਸੁਨਤਿ, ਮੰਤ੍ਰ ਦੀਨ ਗੁਰੁ[†] ਹੋਇ।
ਸ੍ਰੀ ਨਾਨਕ ਧਾਰ ਕਰਜੋ, ਬਰਨ[1] ਸੁਨਾਵੋਂ

[†]ਵਾਹਿਗੁਰੂ ਜੀ ਨੇ ਗੁਰੂ ਹੋਕੇ ਗੁਰ ਨਾਨਕ ਨੂੰ ਮੰਤ੍ਰ ਦਿਤਾ। ਗੁਰੂ ਜੀ ਆਪ ਬੀ ਆਪਣੇ ਗੁਰੂ ਦਾ ਇਹੋ ਪਤਾ ਦੇਂਦੇ ਹਨ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ॥੫॥'
[1]ਆਖਕੇ।

ਸੋਇ ॥੫॥

ਅਥ ਮੰਤ੍ਰ:-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸ੍ਵੈਯਾ:

ਬਹੁਰੋ ਧੁਨਿ[1] ਭੂਰ ਗੰਭੀਰ ਭਨੈ[2]
'ਤਜਿਜੇ ਕ੍ਰਿਤਿ ਕੋ, ਬਿਦਤਾਵਹੁ[1] ਜਾਈ।'

[1]ਅਵਾਜ। [2]ਆਖਿਆ ਰੱਬ ਜੀ ਨੇ।

[1]ਇਸ ਮੰਤ੍ਰ ਨੂੰ) ਪ੍ਰਗਟ ਕਰੋ।

ਪਦਬੰਦਨ ਕੋ ਕਰਿ ਫੇਰ ਮੁਰੇ
ਦੁਖ ਦੁੰਦ ਮਿਟੈਂ ਜਿਹ ਕੇ ਦਰਸਾਈ।*

*ਸ੍ਰੀ ਗੁਰੂ ਜੀ ਦਾ ਵੇਈਂ ਪ੍ਰਵੇਸ਼ ਕਰਕੇ ਤ੍ਰੈ ਦਿਨ ਅਪਣੇ ਸ਼ਰੀਰ ਦਾ ਕਿਸੇ ਨੂੰ ਦਰਸ਼ਨ ਨਾ ਹੋਣ ਦੇਣਾ ਤੇ ਪਰਮੇਸ਼ੁਰ ਦੇ ਦਰ ਜਾਣ ਤੇ ਬਖਸ਼ਿਸ਼ ਪ੍ਰਾਪਤ ਕਰਨੀ ਆਦਿ ਆਤਮਕ ਮੰਡਲ ਦੇ ਕ੍ਰਿਸ਼ਮੇ ਹਨ। ਸਚਖੰਡ ਅਦੇਸ਼, ਅਥਾਂਵ ਟਿਕਾਣਾ ਹੈ, ਜਿਸ ਦਾ ਰੂਪ ਰੇਖ ਨਹੀਂ, ਫੇਰ ਓਹ ਹਰ ਥਾਵੇਂ ਹੈ। ਵਾਹਿਗੁਰੂ ਹੈ, ਤੇ ਉਸਦੀ ਹੈ ਦਾ ਜਦ ਟਿਕਾਣਾ ਆਖੋ ਤਾਂ ਕਹੀ ਦਾ ਹੈ 'ਸਚ ਦੇ ਖੰਡ' ਵਿਚ, ਮੁਰਾਦ ਇਹ ਨਹੀਂ ਕਿ ਉਹ ਖੰਡ ਕੋਈ ਦੇਸ਼ ਹੈ ਪਰ ਸਦਾ ਅਦੇਸ਼ ਤੇ ਫੇਰ ਸਰਬ ਦੇਸ਼ੀ ਹੈ। ਗੁਰੂ ਜੀ ਦਾ ਓਥੇ ਜਾਣਾ ਤੇ ਦਰਸ਼ਨ ਹੋਣੇ ਤੇ ਹੁਕਮ ਮਿਲਣਾ, ਸਭ ਆਤਮ ਖੇਡਾਂ ਹਨ। ਸਾਡੀ ਬੁੱਧੀ ਹੱਦ ਵਾਲੀ ਹੈ ਜੋ ਦੇਸ਼ਕਾਲ ਨਾਲ ਬੱਧੀ ਪਈ ਹੈ, ਸਾਡੀ ਸਮਝ ਵਿਚ ਨਾ ਆ ਸਕਣ ਕਰਕੇ ਵਰਣਨ ਐਉਂ ਕਰੀਦਾ ਹੈ ਕਿ ਜਿਵੇਂ ਉਹ ਕਿਸੇ ਮੁਕਾਮ ਵਿਚ ਕਿਸੇ ਸਰੀਰਾਂ ਦੇ ਮਿਲਾਪ ਵਾਂਙੂ ਹੋ ਰਹੀ ਹੈ, ਸ਼੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਵੀ ਇਸ ਕੌਤਕ ਦਾ ਪਤਾ ਦਿੱਤਾ ਹੈ, ਓਥੇ ਬੀ 'ਸੱਦਿਆ ਜਾਣਾਂ' 'ਸਿਰੋਪਾ ਮਿਲਣਾ' 'ਅੰਮ੍ਰਿਤ ਦਾਨ ਹੋਣਾ' ਆਦਿ ਪਦ ਸਾਡੀ ਸਮਝ ਗੋਚਰਾ ਕਰਨ ਲਈ ਆਪ ਨੇ ਵਰਤੇ ਹਨ।

ਯਥਾ:-

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥

[ਮਾਝ ਕੀ ਵਾਰ ਮਹਲਾ ੧

ਮੁਰਾਦ ਹੈ ਕਿ ਵਾਹਿਗੁਰੂ ਦੇ ਸਰੂਪ ਵਿਚ ਪ੍ਰਾਪਤ ਹੋ ਕੇ ਆਪ ਨੇ ਨਾਮ ਤੇ ਕੀਰਤਨ ਦੀ ਦਾਤ ਜਗਤ ਨੂੰ ਦੇਣ ਲਈ ਹੁਕਮ ਪ੍ਰਾਪਤ ਕੀਤਾ ਤੇ ਅਗੇ ਪ੍ਰਚਾਰ ਕਰਨ ਲਗੇ।

ਜਹਿਂ ਤੇ ਸੁ ਗਏ ਤਿਹ ਠੌਰ ਅਏ
ਸੁਖ ਦਾਸ ਦਏ ਜਿਹ ਨਾਮ ਜਪਾਈ।
ਗੁਰੁ ਕਿੰਕਰ[1] ਲੇ ਕਰਿ ਚੀਰ[2] ਬਰੰ[3]
ਥਿਰ[1] ਤੀਰ[2] ਵਿਈਂ ਨਿਤ ਹੋਵਹਿ ਆਈ

[1]ਦਾਸ। [2]ਕਪੜੇ। [3]ਸ੍ਰੇਸ਼ਟ।

[1]ਖੜਾ। [2]ਕਿਨਾਰੇ।

॥੬॥

ਦੋਹਰਾ:

†ਜਹਿਂ ਪ੍ਰਵਿਸ਼ੇ ਇਕ ਕੋਸ,
ਤਹਿਂ ਨਿਕਸੇ ਗੁਰੂ ਪ੍ਰਬੀਨ।

†ਲਿਖਤੀ ਨੁਸਖਿਆਂ ਵਿਚ ਇਹ ਦੋਹਾ ਹੈ, ਛਾਪੇ ਦੇ ਵਿਚ ਨਹੀਂ ਹੈ।

{ਸੰਤਘਾਟ}

ਸੰਤ ਘਾਟ ਅਬ ਲਗ ਬਿਦਤ,
ਦਰਸਹਿਂ ਸਿੱਖ ਸੁ ਚੀਨ ॥੭॥

ਸ੍ਵੈਯਾ:

ਸ਼ਰਧਾ ਉਰ ਭੂਰ ਨਿਹਾਰਤਿ[1] ਬਾਰਿ[2]
ਗੁਰੂ ਪਦ ਪ੍ਰੇਮ ਮੈਂ ਹੋਤਿ ਅਧੀਰਾ।

[1]ਵੇਖਦਾ ਹੈ। [2]ਜਲ।

ਮੁਖ ਸੋਚਤਿ[1] ਲੋਚਨ[2] ਨੀਰ[3] ਬਿਮੋਚਤਿ[4]

[1]ਮੁਰਾਦ ਹੈ ਮਨ ਵਿਚ। [2]ਅਖਾਂ ਤੋਂ। [3]ਪਾਣੀ। [4]ਵਹਾਂਦਾ ਹੈ।

ਚੌਂਪਤ ਚੀਤ[1], ਹਲੈ ਝਖ ਨੀਰਾ[2]।

[1]ਉਛਲਦਾ ਹੈ ਸੁ ਦਿਲ। [2]ਜੇ ਮੱਛੀ ਕਰਕੇ ਵੀ ਪਾਣੀ ਹਿੱਲ ਪਵੇ ਤਾਂ।

ਇਸ਼ਨਾਨ ਸਮੈਂ ਨਿਕਸੇ ਕਰੁਨਾਕਰ[1]
ਬਾਸੁਰ ਤੀਨ ਬਿਤਾਇ ਗਹੀਰਾ।

[1]ਕ੍ਰਿਪਾ ਦੀ ਖਾਨ।

ਦ੍ਰਿਗ[1] ਦੇਖਤਿ ਹੀ ਉਮਗਾ[2] ਅਨੁਰਾਗ

[1]ਅੱਖੀ। [2]ਉਛਲਿਆ।

ਸੁਭਾਗ ਜੁ ਦਾਸ ਖਰਾ ਜਲ ਤੀਰਾ[1] ॥੮॥

[1]ਜਲ ਦੇ ਕਿਨਾਰੇ।

ਦੌਰ ਕਰੀ ਪਦ ਮੈਂ ਅਭਿਬੰਦਨ[1]

[1]ਨਮਸਕਾਰ।

ਅੰਬਰ[1] ਦੀਨ, ਸੁਖੰਬਰ[2] ਪਾਯੋ।

[1]ਕਪੜੇ। [2]ਸ੍ਰੇਸ਼ਟ ਸੁਖ।

ਦੇਖਿ ਦਯਾਲ ਤਿਸੈ ਤਿਹ ਕਾਲ
'ਨਿਹਾਲ ਭਯੋ' ਇਵ ਬੈਨ ਅਲਾਯੋ।
ਛੂਟ ਕਪਾਟ ਗਏ ਝਟਿਤੀ[1]

[1]ਛੇਤੀ।

ਭ੍ਰਮ ਠਾਟ ਹਟਾ[1], ਘਟ ਗ੍ਯਾਨ ਸੁਹਾਯੋ।

[1]ਹਟ ਗਿਆ।

ਮੰਦਹਿ ਮੰਦ ਚਲੇ ਪੁਰਿ ਕੋ
ਜੋਉ ਦੰਭ ਨਿਕੰਦਨ ਕੋ ਭਵ ਆਯੋ ॥੯॥

ਦੋਹਰਾ:

ਪ੍ਰਿਥਮ ਭ੍ਰਿੱਤ[1] ਕੋ ਭੇਜਿਓ, 'ਜਾਹੁ ਜਰਾਮ ਅਗਾਰ।
ਜਹਿਂ ਬੈਸੀ ਸ਼੍ਰੀ ਨਾਨਕੀ, ਧਰਜੋ ਧ੍ਯਾਨ ਸੁਖਸਾਰ ॥੧੦॥

[1]ਟਹਿਲੂਏ ਨੂੰ।

ਸਰਬ ਨਿਸਾ ਬੀਤੀ ਜਿਸਹਿ, ਗਿਨਤੀ
ਭਨਤਿ ਅਪਾਰ।
ਮਮ ਦਿਸ਼ ਤੇ ਬੰਦਨ ਕਰਹੁ, ਸਿਰ
ਚਰਨਨ ਪਰ ਧਾਰਿ[1]' ॥੧੧॥

[1]ਰੱਖਕੇ।

ਸ੍ਵੈਯਾ:

ਸੁਨਿ ਸ਼੍ਰੋਨ ਵਿਖੈ ਗਯੋ ਦਾਸ ਤਬੈ
ਜਹਿਂ ਨਾਨਕੀ ਧਯਾਨਹਿਂ ਕੇ ਰਸ ਭੀਨੀ।
ਪ੍ਰਵਿਸ਼ਯੋ[1] ਘਰ ਜਾਇ, ਬਿਲੋਕੀ ਤਹਾਂ
ਕਰਿ ਆਸਨ ਬੈਠੀ ਅਡੋਲ ਪਬੀਨੀ।
ਇਕ ਭ੍ਰਾਤ ਅਰਾਧਨ ਕੀ ਲਿਵਲਾਗੀ ਹੈ
ਤਾਂਹੀ ਸਮੇਂ, ਤਿਨ ਬੰਦਨ ਕੀਨੀ।
'ਸੁਨਿ ਭੋ ਸੁਮਤੇ[1]! ਤਵ ਆਯੋ ਸਹੋਦਰ
ਬੇਗ ਮਿਲੋ, ਕਰਿ ਸੋਚਨ[1] ਹੀਨੀ[2]'
॥੧੨॥

[1]ਵੜਿਆ।
[1]ਸੁਭਮੱਤੀ ਵਾਲੀ।
[1]ਸੋਚਾਂ ਨੂੰ। [2]ਦੂਰ ਕਰੋ।

ਬੈਨ ਸੁਨੇ, ਨਿਜ ਨੈਨ ਖੁਲੇ
ਜਨੁ ਮ੍ਰਿੱਤੁ ਮੁਖੰ[1] ਅਮੀ[2] ਧਾਰ ਚੁਆਈ।
ਆਨੰਦ ਯੌਂ ਉਮਗਾ ਉਰ ਮੈਂ ਬਹੁ
ਜਾਇ ਜਰਾਮ ਕੇ ਪਾਸ ਸੁਨਾਈ।
'ਆਵਤਿ ਹੈ ਮਨਭਾਵਤਿ ਸੋਦਰ
ਦੋਖ ਨਸਾਵਤਿ ਜਾਂ[1] ਦਰਸਾਈ।
ਦਾਸ ਅਯੋ ਅਬ ਬਾਸ[1] ਕੋ ਦੈ ਕਰਿ
ਸੁੱਧਿ ਅਵਾਸ ਸੁਨਾਵਨ ਤਾਈਂ'
॥੧੩॥

[1]ਮੁਏ ਦੇ ਮੂੰਹ ਵਿਚ। [2]ਅੰਮ੍ਰਿਤ ਦੀ।
[1]ਜਿਸਦੇ।
[1]ਕਪੜੇ।

ਕਾਨ ਸੁਨੀ ਜਨੁ ਮੀਨ[1] ਅਨੀਰ[2] ਪੈ[3]
ਨੀਰ ਕੀ ਆਨ ਘਟਾ[1] ਬਰਖਾਈ।
ਪੀਰ ਸੋਂ ਪੀਰਾ[1] ਸਰੀਰ ਅਧੀਰ ਭਾ[2]
ਆਨਨ[1] ਆਰੁਨਤਾ[2] ਅਤਿ ਆਈ।
ਹੀਨ ਮਨੀ[1] ਜਿਵ ਹੋਇ ਫਨੀ[2]
ਪੁਨਿ ਪਾਇ[1] ਪ੍ਰਸੰਨ ਜਯੋਂ ਪੀਰ[2]
ਪਰਾਈ[3]।
ਦੌਰ ਦਯਾਲ ਸੋਂ ਆਇ ਮਿਲਾ
ਤਿਹ ਕਾਲ ਅਨੰਦ ਕਹਯੋ ਨਹਿਂ ਜਾਈ

[1]ਮੱਛੀ। [2]ਬਿਨਾਂ ਪਾਣੀ। [3]ਉੱਤੇ।
[1]ਬੱਦਲ।
[1]ਪਹਿਲਾਂ। [2]ਜੋ ਹੋ ਗਿਆ ਸੀ।
[1]ਜੈਰਾਮ ਦੇ) ਮੂੰਹ ਤੇ। [2]ਲਾਲੀ।
[1]ਮਣੀ ਬਿਨਾਂ। [2]ਸੱਪ।
[1]ਮਣੀ) ਫੇਰ ਪ੍ਰਾਪਤ ਕਰਕੇ। [2]ਪੀੜਾ। [3]ਦੂਰ ਹੋ ਗਈ।

॥੧੪॥

ਯੌਂ, ਸੁਨਿ ਕੈ ਪਰਵਾਰ ਸਪੂਰਨ
ਭੂਰ[1] ਖੁਭਾਰ[2] ਕੋ ਦੂਰ ਮਿਟਾਈ। — [1]ਬਹੁਤੇ। [2]ਖੋਭ, ਦੁਖ।
ਜੈਸੇ ਕੁਹੀਰ[1] ਨਿਵਾਰ ਕਰੇ — [1]ਧੁੰਦ।
ਹੁਇ ਸੂਰ[1] ਉਦੈ[2], ਸੁਖ ਤਜੋਂ ਪ੍ਰਗਟਾਈ। — [1]ਸੂਰਜ। [2]ਚੜ੍ਹਕੇ।
ਰੌਰ ਪਰਾ ਪੁਰਿ ਸਾਰੇ ਵਿਖੈ
ਵਿਸਮਾਦ ਰਿਦੈ ਅਵਿਲੋਕ[1] ਲੁਕਾਈ[2]। — [1]ਵੇਖਣ ਲੱਗੇ। [2]ਲੋਕੀ।
ਕਾਨ ਸੁਨੈ ਸੋਉ ਦੌਰ ਮਿਲੈ
ਨਰ ਬ੍ਰਿੰਦ ਭਏ ਸੰਗ ਸ਼੍ਰੀ ਸੁਖਦਾਈ

॥੧੫॥

ਮੰਦ ਹੀ ਮੰਦ ਮੁਕੰਦ ਅਏ ਪੁਰਿ[1] — [1]ਸ਼ਹਿਰ ਵਿਚ।
ਲੋਚਨ ਜਜੋਂ ਅਰਬਿੰਦ ਸੁਹਾਏ।
ਆਪਨ ਕੇ ਦਰ[1] ਜਾਇ ਖਰੇ ਪ੍ਰਭੁ — [1]ਹੱਟ ਦੇ ਬੂਹੇ।
ਹੋਤਿ ਹਿਤੂ ਸੁ ਅਸੀਸ ਅਲਾਏ।
ਬਾਰ ਕਪਾਟ[1] ਭਿਰੇ ਅਵਿਲੋਕਿ ਕੈ — [1]ਬੂਹੇ ਦੇ ਤਖ਼ਤੇ।
ਬੂਝੈ ਹੈਂ ਦਾਸ[1], ਸੁ ਐਸੇ ਬਤਾਏ[2]। — [1]ਦਾਸ ਤੋਂ ਪੁਛਿਆ। [2]ਉਸ (ਦਾਸ ਨੇ) ਐਉਂ ਦਸਿਆ।
'ਖਾਨ ਕਰੀ ਨਿਜ ਪਾਨ[1] ਸੋਂ ਬੰਦਹਿ — [1]ਆਪਣੇ ਹੱਥੀਂ।
ਦੂਰ ਖਰੇ ਅਛਰਾਂਗ[1] ਲਵਾਏ' ॥੨੬॥ — [1]ਮੋਹਰ, ਛਾਪ।
ਨਾਨਕ ਆਇਨ ਤਬੈ ਨਿਜ ਪਾਨ[੬] ਸੋਂ
ਛੋਰਿ[1] ਦੁਕਾਨ ਕੋ ਬਾਰ[2] ਦਯੋ। — [1]ਖੋਲ੍ਹ ਦਿੱਤਾ। [2]ਦਰਵਾਜਾ।

{ਮੋਦੀਖਾਨਾ ਲੁਟਾਉਣਾ}

ਮਾਨਵ ਜੌਨ ਸੁਨੈ ਨਿਜ ਕਾਨਨ
ਆਵਤਿ ਧਾਇ ਅਚੰਭ ਭਯੋ।
-ਬਾਸੁਰ ਤੀਨ ਰਹਜੋ ਮਧ ਨੀਰ ਕੇ
ਜੀਵਤਿ ਹੀ ਪੁਨਿ ਆਇ ਗਯੋ।
ਕਾਰਨ ਕੌਨ ਨ ਤੌਨ[1] ਛੁਯੋ ਜਲ? - — [1]ਭਾਵ ਗੁਰੂ ਜੀ ਨੂੰ।
ਯਾ ਬਿਧਿ ਸੋਂ ਬਿਸਮਾਦ ਭਯੋ ॥੧੭॥
ਹੀਨ ਕਲੰਕ ਮਯੰਕ ਮਨੋ ਮੁਖ[1] — [1]ਮਾਨੋਂ ਅਕਲੰਕ ਚੰਦ ਵਰਗਾ ਮੂੰਹ ਹੈ।
ਬੰਕ ਬਿਲੋਕਤਿ[1] ਹੈਂ ਕਰੁਨਾ ਸੋਂ[2]। — [1]ਟੇਢਾ ਵੇਖਦੇ ਹਨ। [2]ਕ੍ਰਿਪਾ ਨਾਲ।
ਵਾਕ ਕਹੈਂ ਇਵ ਰੰਕਨ ਸੋਂ

'ਮਨ ਹੋਇ ਨਿਸੰਕ ਨ ਭੈ ਕਰੁ ਕਾਸੋ।
ਲੇਵਹੁ ਜਾਂਹਿ ਕੀ ਚਾਹਿ ਅਹੈ ਉਰ
ਆਪਨ ਅੰਤਰਿ ਜਾਇ ਨਿਕਾਸੋ[1]।'
[1]ਭਾਵ, ਹੱਟੀ ਲੁਟ ਲਓ।
ਦੌਰ ਪਰੇ ਤਿਹ ਠੌਰ ਕਿਤੇ ਨਰ
ਲੂਟਤਿ ਸੌਜਹਿ[1] ਰੌਰ[2] ਪਰਾ ਸੋ ॥੧੮॥
[1]ਚੀਜ਼ਾਂ। [2]ਰੌਲਾ।
ਅੰਨ ਘਨੋ, ਮਿਸ਼ਟਾਨ ਤੇ ਲੌਨ
ਮਰੀਚ ਦੁਊ[1], ਹਰਦੀ[2] ਮਨ ਭਾਈ।
[1]ਦੋਵੇਂ ਮਿਰਚਾਂ। [2]ਹਲਦੀ।
ਲੇਹਿ ਵਿਰਾਟਿਕਾ[1] ਪੈਸੇ ਕੋਊ
[1]ਕੌਡੀਆਂ।
ਪੁਨਿ ਕਾਰਿਖਕੰ[1] ਕੇਊ ਲੇਤਿ ਹੈਂ ਧਾਈ।
[1]ਰੁਪੱਯੇ।
ਅੰਬਰ[1] ਭਾਂਤਿ ਅਨੇਕਨ ਕੇ
[1]ਕਪੜੇ।
ਧਰੇ ਆਪਨ ਮੈਂ ਸਭਿ ਦੀਨ ਲੁਟਾਈ।
ਤੋਟ ਨ ਆਈ, ਅਤੋਟ ਭਈ
ਸੁਰ ਧੇਨੁ[1] ਕਿਧੌਂ[2] ਮਨਿਚਿੰਤ[3] ਸੁਹਾਈ ॥੧੯॥
[1]ਕਾਮਧੇਨੁ। [2]ਜਾਂ। [3]ਚਿੰਤਾਮਣੀ।

ਦੋਹਰਾ:
ਭੀਰ ਭੂਰ ਭੀ ਨਰਨ ਕੀ, ਪਰਜੋ ਰੌਰ ਤਿੰਹ ਠੌਰ।
ਸਹਿਤ ਜਰਾਮ ਬਿਲੋਕਹੀ, ਬੇਦੀ ਕੁਲ ਸਿਰਮੌਰ ॥੨੦॥

ਸ੍ਵੈਯਾ:
ਨੌ ਨਿਧਿ ਸਿੱਧਿ ਤੇ ਰਿੱਧਿ ਬਸੈ ਮਧ
ਕੋ ਬਿਧਿ ਹੋਵਹਿ ਤੋਟਿ ਤਹਾਂ।
ਹਾਰਿ ਪਰੇ ਨਰ ਲੂਟਤਿ ਜੇ
ਨਹਿਂ ਸੌਜ ਨਿਖੁਟਤਿ[1], ਦੀਖ ਮਹਾਂ[2]।
[1]ਮੁਕਦੀ ਨਹੀਂ। [2]ਹੋਰ ਬਹੁਤ ਅਜੇ ਦਿੱਸਦੀ ਹੈ।
ਦੌਲਤ ਖਾਨ ਸੋਂ ਮਾਨਵ ਦੌਰਿ
ਸਭੈ ਬਿਰਤਾਂਤ ਬਖਾਨ ਕਹਾ।
ਭੇਜਿ ਦਏ ਭ੍ਰਿਤ[1] ਆਪਨੇ ਤਾਂ ਛਿਨ
[1]ਨੌਕਰ।
ਸੋ ਸੁਨਿ ਹੋ ਬਿਸਮਾਦ ਰਹਾ ॥੨੧॥
ਲੂਟਤਿ ਹੈਂ ਨਰ ਜੇ ਬਰਜੇ[1]
[1]ਰੋਕੇ।
ਤਰਜੇ[1], ਦਰਜੇ[2] ਸਭਿ ਭੀਰ ਹਟਾਈ[3]।
[1]ਡਾਂਟੇ। [2]ਦਰਵਾਜੇ ਤੋਂ। [3]ਜੋ ਭੀੜ ਸੀ ਹਟਾ ਦਿੱਤੀ।

ਭੂਪਤ ਦੌਲਤ ਖਾਨ ਅਯੋ
ਗਤਿਦਾਨ ਬਿਲੋਕਤਿ[1] ਲੋਚਨ ਲਾਈ। — [1]ਮੁਕਤੀ ਦਾਤਾ ਜੀ ਨੂੰ ਵੇਖਦਾ ਹੈ।
ਜਯੋਂ ਬਿਰਤੀ[1] ਤਨ ਗਯਾਨ ਧਰਾ[2] — [1]ਬਿ+ਰਤੀ ਵੈਰਾਗ। [2]ਮਾਨੋਂ ਗਿਆਨ ਤੇ ਵੈਰਾਗ ਨੇ ਸਰੀਰ ਧਾਰਿਆ ਹੈ।
ਖਫਨੀ ਗਰ[1] ਸ਼੍ਰੀ ਗੁਰ ਨੈ ਤਬ ਪਾਈ। — [1]ਗਲ ਵਿਚ।
ਹੇਰਿ[1] ਨਿਰਾਸ ਉਦਾਸ ਭਯੋ — [1]ਵੇਖ ਕੇ।
ਪਛੁਤਾਸ ਰਿਦੈ[1] -ਕਿਛੁ ਜਾਨਿ ਨ ਜਾਈ- ॥੨੨॥ — [1]ਪਛੁਤਾਂਦਾ ਹੈ ਆਪਣੇ ਜੀ ਵਿੱਚ (ਨਵਾਬ)।

ਦੌਲਤ ਖਾਂ ਨਿਜ ਲੋਕਨ ਸੋਂ
ਮੁਖ ਬੋਲਤਿ ਬੋਲ ਬਿਲੋਕਤਿ[1] ਬੇਖਾ[2]। — [1]ਵੇਖਕੇ। [2]ਭੇਖ।
'ਕੌਨ ਸ਼ਰਾਰ[1] ਭਯੋ ਇਸ ਕੋ — [1]ਭੂਤ ਦਾ ਛਾਇਆ।
ਸ਼ੁਭ ਰੀਤਿ ਹੁਤੀ ਮਤਿਵਾਨ ਵਿਸ਼ੇਸ਼ਾ।
ਬਾਸੁਰ ਤੀਨ ਬਿਤਾਇ ਕੈ ਨੀਰ ਮੈਂ
ਆਪਨਿ[1] ਆਇ ਲੁਟਾਇ[2] ਬਿਲੇਖਾ[3]। — [1]ਹੱਟ। [2]ਲੁਟਾ ਦਿੱਤੀ ਹੈ। [3]ਲੇਖਾ ਕੀਤੇ ਬਿਨਾਂ।
ਤੂਸ਼ਨ[1] ਭਾ ਕਰਿ ਬੇਖ ਫਕੀਰ ਕੋ — [1]ਚੁਪ।
ਜਾਇ ਵਿਈਂ ਮਹਿਂ ਕਿਆ ਇਨ ਦੇਖਾ' ॥੨੩॥

ਯੌਂ ਕਹਿ ਸ਼ੋਕ ਕੀਯੋ ਮਨ ਮੈਂ
ਪੁਨਿ ਦੌਲਤ ਖਾਂ ਨਿਜ ਧਾਮ ਗਯੋ।
ਦੀਨ ਦਯਾਲ ਚਲੇ ਤਿੰਹ ਕਾਲ
ਬਿਸਾਲ ਮਸਾਨ ਜਾਂ ਥਾਨ ਛਯੋ[1]। — [1]ਜਿੱਥੇ ਮਸਾਣ ਸਨ।
ਛੋਰਿ ਪੁਰਾ ਸੁਲਤਾਨ ਤਬੈ
ਤਜਿ ਧੰਧਨ ਕੀ ਸੁਧਿ, ਪੰਧ ਲਯੋ।
ਠੌਰ ਭਯਾਨਕ ਗੋਰ ਮਰੀਨ[1] — [1]ਕਬਰਾਂ ਤੇ ਮੜ੍ਹੀਆਂ ਵਿਚ।
ਗਯੋ ਜਗਕੰਤ, ਇਕੰਤ ਭਯੋ[†] ॥੨੪॥ — [†]ਗੋਰਾਂ ਮੜੀਆਂ ਵਿਚ ਬੈਠਣ ਦਾ ਪ੍ਰਸੰਗ ਪੁਰਾਤਣ ਜਨਮਸਾਖੀ ਵਿਚ ਨਹੀਂ ਹੈ।

{ਮੋਦੀਖਾਨਾ ਲੁਟਾ ਮਸਾਣਾਂ ਵਿੱਚ}

ਜਾਂਹਿ[1] ਮਸਾਨ ਪੈ[2] ਪਾਇ ਪਰੈ[3] — [1]ਜਿਸ। [2]ਉਤੇ। [3]ਚਰਨ ਪਵੇ।
ਨਰ ਨਾਰਿਕ ਮੈਂ[1] ਗਤਿ[2] ਤਾਂਹਿ ਅਗਾਤਾ[3]। — [1]ਨਰਕਾਂ ਵਿਚ ਉਸ ਆਦਮੀ ਨੂੰ। [2]ਮੁਕਤੀ। [3]ਪ੍ਰਾਪਤ ਹੁੰਦੀ ਜਾਵੇ।
ਯਾ ਬਿਧਿ ਸੋਂ ਉਧਰੇ ਤਹਿਂ ਕੇਤਿਕ
ਬੈਸ ਗਏ ਬਹੁਰੋ ਸੁਖਦਾਤਾ।
-ਆਵਹਿ ਕੋ ਨਹਿਂ[1]- ਯੌ ਮਨ ਚੀਨ — [1]ਏਥੇ ਕੋਈ ਨਹੀਂ ਆਵੇਗਾ।

| | |
|---|---|
| ਰਹੇ ਤਹਿਂ ਚੌਦਹਿ ਲੋਕ ਜੁਜਾਤਾ[1]। | [1]ਜੋ ਚੌਦਾਂ ਲੋਕਾਂ ਦੇ ਰਚਣਹਾਰ ਹਨ। |
| ਧੂਰ ਜਟੀ[1], ਸਨਕਾਦਿਕ ਖੋਜਤਿ | [1]ਸ਼ਿਵਜੀ। |
| ਪਾਰ ਨ ਪਾਵਹਿਂ ਜਾਂਹਿ[1] ਬਿਧਾਤਾ[2]† ॥੨੫॥ | [1]ਜਿਸ ਦਾ। [2]ਬ੍ਰਹਮਾ ਜੀ। †ਕਵਿ ਜੀ ਦੱਸਦੇ ਹਨ ਕਿ ਸ਼ਿਵ ਸਨਕਾਦਿਕ ਤੇ ਬ੍ਰਹਮਾ ਗੁਰੂ ਨਾਨਕ ਦੇਵ ਜੀ ਦਾ ਅੰਤ ਨਹੀਂ ਪਾ ਸਕਦੇ। |
| ਹੇਰਿ[1] ਬਿਹਾਰ ਜੈਰਾਮ ਵਿਚਾਰਤਿ | [1]ਵੇਖ ਕੇ। |
| ਸੋਚਤਿ ਸੋਚਨ ਸੋਂ ਸੁਕਚਾਵੈ[1]। | [1]ਪਰ ਸੋਚ ਕਰਨ ਤੋਂ ਸੋਚ ਸੰਗਦੀ ਹੈ (ਅ) ਵਿਚਾਰਦਾ ਹੈ ਹੋਰ ਸੋਚਦਾ ਹੈ, ਫੇਰ ਸੋਚਣੋਂ ਰਹਿ ਜਾਂਦਾ ਹੈ। |
| ਲੋਚਨ ਚਾਰੁ ਬਿਮੋਚਤਿ ਬਾਰਿ[1] | [1]ਅਖਾਂ ਤੋਂ ਅੱਥਰੂ ਕੇਰਦਾ ਹੈ। |
| ਬਰਜੋ ਨਿਜ ਬਾਰ[1], ਨ ਬਾਹਰ ਆਵੈ। | [1]ਜੈਰਾਮ) ਘਰ ਜਾ ਵੜਿਆ। |
| ਸ੍ਵਾਦ ਨ ਭੋਜਨ ਨੀਰਹਿ[1] ਕੋ ਤਨ | [1]ਪਾਣੀ। |
| ਚੀਰ[1] ਮਲੀਨ[2] ਪਰਜੋ ਦੁਖ ਪਾਵੈ। | [1]ਕਪੜੇ। [2]ਮੈਲੇ। |
| ਕੋਟਿ ਗਟੀ[1] ਗੁਨਿ ਹੈ ਮਨ ਮੈਂ | [1]ਕ੍ਰੋੜਾਂ ਗਿਣਤੀਆਂ। |
| ਇਕ ਓਰ ਚਢੈ ਇਕ ਓਰ ਮਿਟਾਵੈ[1] ॥੨੬॥ | [1]ਲਹਿਦੀ ਹੈ। |
| -ਗੁੰਮ ਭਏ ਨਿਕਸੇ ਦਿਨ ਤੀਨ ਮੈਂ | |
| ਆਵਤਿ ਆਪਨ[1] ਦੀਨ ਲੁਟਾਈ। | [1]ਹੱਟ। |
| ਦੌਲਤ ਖਾਨ ਕੋ ਲੇਖਾ ਹ੍ਵੈ ਪੂਰ[1] | [1]ਪੂਰਾ ਢੁਕੇਗਾ। |
| ਕਿਧੋਂ[1] ਤਿੰਹ ਕੀ ਕਛੁ ਬਾਕੀ ਰਹਾਈ[2]। | [1]ਜਾਂ। [2]ਰਹਿ ਜਾਏਗੀ ਬਾਕੀ। |
| ਕਾਲੂ ਸੁਨੈ ਤ੍ਰਿਪਤਾ ਦੁਖ ਪਾਵਹਿ | |
| ਮੋ ਪਰ ਦੇਵਹਿ ਦੋਸ਼ ਲਗਾਈ। | |
| ਕੀਨ ਅਚੰਭ ਸਭੈ ਬਿਧਿ ਸੋਂ | |
| ਮਤਿਹਾਰ ਪਰੀ, ਕਛੁ ਜਾਨੀ ਨ ਜਾਈ- ॥੨੭॥ | |
| ਪੁਰਿ ਮੈਂ ਮਿਲਕੈ ਸਭਿ ਲੋਕ ਬਖਾਨਤਿ | |
| 'ਬਾਵਰਾ ਹੋਇ ਗਯੋ, ਸੁਧਿ ਨਾਂਹੀ॥ | |
| ਥਲ ਗੋਰ ਮਰੀਨ ਮੈਂ ਬੈਸ ਰਹਜੋ | |
| ਕਿਧੋਂ ਭੂਤ ਬਰਜੋ ਤਿਹ ਕੇ ਘਟਮਾਂਹੀ[1]। | [1]ਦਿਲ ਵਿੱਚ। |
| ਧਨ ਭੂਰ ਗਵਾਇ ਭਯੋ ਇਹ ਭੇਖ | |
| ਪਖੰਡ ਬਿਸ਼ੇਖ ਕਿਧੋਂ ਕਿਯ ਤਾਂਹੀ। | |
| ਮਨ ਮਾਨਵ ਜਾਨਵ ਭੇਵ ਜੁ ਕੋ[1] | [1]ਜੇਹੜੇ ਕੋਈ। |
| ਨਟ ਸੇਵਕ ਜਯੋਂ[1] ਪਿਖਿ ਨ ਭਰਮਾਹੀਂ[2] | [1]ਨਟ ਦੇ ਜਮੂਰੇ ਵਾਂਙੂ। [2]ਨਹੀਂ ਭਰਮਦੇ। |

॥੨੮॥

ਨਰ ਨਿੰਦਕ ਦੌਲਤ ਖਾਨ ਕੇ ਪਾਸ
ਬਖਾਨਤਿ ਦੂਤੀ[1] ਲਗੇ ਤਿਹ ਕਾਨਾ[2]। — [1]ਚੁਗਲੀ। [2]ਉਸਦੇ ਕੰਮ ਵਿਚ।
'ਧਨ ਖੋਇ ਦਯੋ, ਸਹਿ[1] ਚਿੰਤ ਭਯੋ — [1]ਸਮੇਤ।
ਇਹ ਭੇਖ ਲਯੋ, ਤਿਨ ਕੀਨ ਬਹਾਨਾ।
ਤੁਮਰੋ ਉਰ ਮੈਂ ਡਰ ਕੋ ਧਰਿ ਕੈ
ਘਰ ਬਾਰ[1] ਕੋ ਛੋਰਿ ਗਯੋ ਉਦਿਆਨਾ[2]। — [1]ਘਰਬਾਰ। [2]ਬਨਵਿਚ।
ਅਬ ਲੇਖਾ ਜਰਾਮ ਕੇ ਪਾਸ ਤੈ ਲੇਹੁ
ਅਹੈ ਵਧਿ ਘਟ ਕੋ ਸੋਊ ਜਮਾਨਾ[1]' — [1]ਜ਼ਾਮਨ।
॥੨੯॥

ਦੋਹਰਾ:

ਸੁਨਿ ਕਰਿ ਦੂਤੀ ਨ੍ਰਿਪਤ, ਤਬ ਭਰਮਜੋ
ਭੇਜਜੋ ਦਾਸ।
ਤੁਰਨ[1] ਆਨਿ ਬੁਲਾਇ ਕੈ, 'ਦੈ ਲੇਖਾ — [1]ਛੇਤੀ। [2]ਮੇਰਾ। [3]ਸਾਰਾ।
ਮਮ[2] ਰਾਸ[3]' ॥੩੦॥

ਸ੍ਵੈਯਾ:

ਆਲਯ ਤੇ ਤਤਕਾਲ ਜਰਾਮ
ਬੁਲਾਇ ਕੈ ਬੋਲਤਿ[1], ਦੌਲਤਖਾਨਾਂ। — [1]ਆਖਦਾ ਹੈ।
'ਸਾਲ ਕੋ ਲੇਖਾ ਬਿਸਾਲ[1] ਲਖੋ — [1]ਬੜਾ।
ਅਬ ਦੇਵਹੁ ਜਾਂ ਬਿਧਿ ਸੋ ਮਨ ਮਾਨਾ[1]। — [1]ਮੰਨਿਆ ਜਾਏ।
ਬਾਕੀ ਜਿਤੀ ਨਿਕਸੇ ਹਮਰੀ
ਸਭਿ ਤੋ ਢਿਗ ਲੇਵਹਿਂ[1], ਜਾਨ ਨ ਛਾਨਾ[2]। — [1]ਤੇਰੇ ਪਾਸੋਂ ਲਵਾਂਗੇ। [2]ਜਾਣ ਲੈ (ਤੈਥੋਂ) ਛੁਪੀ ਨਹੀਂ (ਇਹ ਗੱਲ)।
ਘਾਟ ਕਿਧੋਂ ਵਧਿ[1], ਹਾਟ ਬਟੋਰਹੁ[2] — [1]ਘੱਟ ਹੋਵੇ ਜਾਂ ਵੱਧ। [2]ਕੱਠੀ ਕਰੋ।
'ਡਾਂਟ[1] ਕਹੇ ਬਚ ਰਾਟ[2] ਅਯਾਨਾ[3] — [1]ਤਾੜਕੇ। [2]ਨਵਾਬ। [3]ਅਨਜਾਨ ਨੇ।
॥੩੧॥

ਦੋਹਰਾ:

ਤਪਜੋ ਲੋਹਿ[1] ਬ੍ਰਿਣ[2] ਪਾਕ[3] ਪਰ[4] — [1]ਗਰਮ ਲੋਹਾ। [2]ਫੋੜੇ। [3]ਪੱਕੇ। [4]ਤੇ।
ਲਗ[1] ਸੰਕਟ ਅਧਿਕਾਇ[2]। — [1]ਲਗੇ ਤਾਂ। [2]ਦੁੱਖ ਬਹੁਤ ਹੁੰਦਾ ਹੈ।
ਤਿਉਂ ਸੁਨਿ ਬਚਨ ਨਰੇਸ਼[1] ਕੇ — [1]ਨਵਾਬ।
ਉਠਜੋ ਰਿਦੈ ਅਕੁਲਾਇ[1] ॥੩੨॥ — [1]ਘਬਰਾ ਕੇ (ਜੈਰਾਮ)।
ਚਿੰਤਾ ਨਦੀ ਪ੍ਰਵਾਹਿ ਮੈਂ

ਬਹਜੋ ਅਲੰਬ[1] ਨ ਪਾਇ। — [1]ਆਸਰਾ।
ਹੋਇ ਅਧੀਰ ਵਿਚਾਰਈ
-ਕਜਾ ਇਸ ਕਹੋਂ ਅਲਾਇ[1] ॥੩੩॥ — [1]ਬੋਲਕੇ।
ਸ੍ਰੀ ਨਾਨਕ ਤਕ[1] ਆਸਰਾ — [1]ਦਾ ਤੱਕਾਂ।
ਪਤਿ ਰਾਖਹਿ[1] ਮਮ[2] ਸੋਇ[3]-। — [1]ਰੱਖੇਗਾ। [2]ਮੇਰੀ। [3]ਓਹੋ।
ਬੋਲਜੋ ਤਬਹਿ ਨਰੇਸ਼ ਸੋਂ
ਸ਼ਰਣ ਸੁਖਦ ਕੀ[1] ਹੋਇ ॥੩੪॥ — [1]ਸੁਖ ਦਾਤੇ (ਸਤਿਗੁਰ) ਦੀ।

ਸ੍ਵੈਯਾ:

'ਇਕ ਬਾਰ ਮੈਂ ਨਾਨਕ ਕੇ ਢਿਗ ਜਾਇ ਕੈ
ਆਇ ਕੈ ਦੇਉਂ ਹਿਸਾਬ ਤੁਮਾਰਾ।'
ਉਰ ਬੀਚ ਵਿਚਾਰਤਿ, ਆਰਤ ਧਾਰਤਿ[1] — [1]ਦੁਖੀ ਹੁੰਦਾ ਹੈ।
ਬਾਹਰ[1] ਤਾਂ ਦਿਸ਼ਿ ਪੰਥ[†] ਪਧਾਰਾ[2]। — [1]ਭਾਵ ਮਸਾਣਾਂ ਵੱਲ। [2]ਤੁਰਿਆ। [†]ਪਾ:-ਪੰਧ।
ਬਹੁ ਗੋਰਨ ਮੈਂ ਇਵ ਰਾਜਤਿ[1] ਹੈਂ — [1]ਬਿਰਾਜ ਰਹੇ।
ਸ਼ਿਵ ਮੱਧ ਮਸਾਨ ਮਨੋ ਹਿਤ ਧਾਰਾ।
ਚਿਤ ਕੰਪਤਿ[1], ਬੰਦਤਿ ਹਾਥ ਦੋਊ — [1]ਕੰਬਦਾ ਹੈ।
ਕਰ ਬੰਦਨ ਬੈਨ ਜਰਾਮ ਉਚਾਰਾ ॥੩੫॥
'ਰੂਪ ਰਸਾਲ ਦਯਾਲੁ! ਸੁਨੋ
ਇਕ ਸਾਲ ਕੋ ਲੇਖਾ ਬਿਸਾਲ[1] ਬਖਾਨਾ[2]। — [1]ਬੜਾ। [2]ਨਵਾਬ ਨੇ) ਕਿਹਾ ਹੈ।
ਮੋਹੁ ਬੁਲਾਇ ਅਲਾਇ[1] ਸੁਨਾਇ ਯੌਂ — [1]ਕਹਿਕੇ।
ਆਇਸ ਪਾਇ[1] ਅਯੋ ਇਸ ਥਾਨਾ।' — [1]ਹੁਕਮ ਪਾਇਕੇ।
ਯੌਂ ਸੁਨਿ ਕਾਨ, ਉਠੇ ਗਤਿਦਾਨ
ਕਿਸੂ ਨਹਿਂ ਕਾਨ, ਸੁਜਾਨ ਨਿਧਾਨਾ।
ਮੰਦਹਿ ਮੰਦ ਭਲੀ ਗਤਿ[1] ਸੁੰਦਰ — [1]ਟੋਰ।
ਆਨੰਦ ਕੰਦ ਮੁਕੰਦ ਪਯਾਨਾ[1] ॥੩੬॥ — [1]ਟੁਰ ਪਏ।
ਸੰਗ ਜਰਾਮ ਹੈ ਜਾਵਤਿ ਰਾਜਤਿ[1] — [1]ਸ਼ੋਭਦਾ ਹੈ।
ਰੂਪ ਪਰਾਤਮ[1] ਆਤਮ[2] ਜੈਸੇ। — [1]ਪਰਮਾਤਮਾ ਤੇ। [2]ਜੀਵ।
ਬੇਦਿਨਿ ਕੇਤੁ[1] ਸੁ ਲੇਖੇ ਕੇ ਹੇਤ[2] — [1]ਭਾਵ ਗੁਰੂ ਜੀ। [2]ਲੇਖੇ ਵਾਸਤੇ।
ਗਏ ਜਬ ਖਾਨਿ ਨਿਕੇਤ ਮੈਂ ਪੈਸੇ[1]। — [1]ਵੜੇ।
ਲੀਨੋ ਨਵੀਸਿੰਦ[1] ਸੰਗਿ ਮੁਕੰਦ — [1]ਮੁਨਸ਼ੀ।
ਅਨੰਦ ਰਿਦੈ ਬਰ[1] ਮੰਦਰ ਬੈਸੇ। — [1]ਸ੍ਰੇਸ਼ਟ।

ਕੀਨੋ ਹੈ ਲੇਖਾ ਅਲੇਖ ਜੋਊ[1] — [1]ਜੋ ਅਲੇਖ ਹੈ ਉਸਨੇ ਲੇਖਾ ਕੀਤਾ।
ਪਤਿਲੇਖਾ[1] ਕੋ ਲੇਖਾ ਘਟੈ ਕਹੁ ਕੈਸੇ ॥੩੭॥ — [1]ਲੇਖੇ ਪਤੀ ਦਾ।
ਇਕ ਸਾਲ ਕੋ ਲੇਖਾ ਬਿਸਾਲ ਹੁਤੋ
ਕਰ ਲੇਯ ਵਹੀ ਕਿਯ† ਜੋਰ[1] ਮਹਾਨਾ। — [1]ਜੋੜ। †ਪਾ:-ਕੀਯੋ-ਕੀਏ।
ਆਮਦ[1] ਔ ਖਰਚੀ[2] ਕੋ ਸ਼ੁਮਾਰਿ ਕੈ[3] — [1]ਜਮਾਂ। [2]ਨਾਂ। [3]ਗਿਣ ਕੇ।
ਕੀਨਿ ਭਲੇ ਗਿਨਤੀ ਬਿਧਿ ਨਾਨਾ।
ਕਾਗਦਿ ਲੈ ਕਰਿ ਬ੍ਰਿੰਦ[1] ਲਿਖੇ — [1]ਕਈ।
ਨਵੀਸਿੰਦ ਕੀ ਬੁੱਧਿ ਥਕੀ, ਬਿਸਮਾਨਾ।
ਦੀਨ ਦਯਾਲੁ ਰਹੇ ਪੁਨਿ ਵਾਧੇ ਮੈਂ
ਸ਼੍ਰੀ ਗੁਰ ਅੰਗਦ ਜੀ! ਸੁਨਿ ਕਾਨਾ ॥੩੮॥
ਸਾਤ ਸੈ ਸਾਠ[1] ਨਿਕਾਸੇ ਹੈਂ ਸੇਖ਼[2] — [1]ਸੱਤ ਸੌ ਸੱਠ। [2]ਬਾਕੀ ਵਾਧਾ।
ਸੁਨੀ ਨਿਜ[1] ਸ਼੍ਰੋਨ[2] ਮੈਂ ਦੌਲਤਖਾਨਾ। — [1]ਆਪਣੇ। [2]ਕੰਨੀ।
{ਲੇਖਾ, ੭੬੦) ਵਾਧੇ ਦੇ ਨਿੰਕਲੇ}
ਹੋਤਿ ਭਯੋ ਬਿਸਮਾਦ ਰਿਦੇ
ਅਹਿਲਾਦ ਜਰਾਮ[1] ਨ ਜਾਇ ਬਖਾਨਾ। — [1]ਜੈਰਾਮ ਦੀ ਖ਼ੁਸ਼ੀ।
ਮੰਦਮਤੀ[1] ਮਨ ਨਿੰਦਕ ਲੱਜਤਿ — [1]ਖੋਟੀ ਮਤ ਵਾਲੇ।
ਬਿੰਦਤਿ[1] ਭੇਦ ਨ ਮੂਢ ਅਜਾਨਾ। — [1]ਜਾਣਦੇ।
ਕੀਰਤਿ[1] ਪਾਵਸ[2] ਸੋਊ ਜਵਾਸ ਸੇ[3] — [1]ਜਸ। [2]ਬਰਸਾਤ ਰੁਤ (ਵਾਙੂ ਹੈ)। [3]ਨਿੰਦਕ) ਜਵਾਂਹੇ ਵਰਗੇ ਹਨ।
ਜੌਨ੍ਹ[1] ਸੀ ਹੈ ਚਕਵਾਕ[2] ਸਮਾਨਾ[3] ॥੩੯॥ — [1]ਚਾਂਦਨੀ (ਕੀਰਤੀ) ਹੈ। [2]ਚਕਵੇ (ਨਿੰਦਕ) ਨੂੰ। [3]ਜੇਹੀ।

ਦੋਹਰਾ:

ਨਿੰਦਕ ਕੂਰੇ ਸਮਝ ਕੈ, ਦੌਲਤਖਾਨ ਨਰੇਸ਼।
ਲੀਨੇ ਨਿਕਟਿ ਹਕਾਰਿ ਕੈ, ਕਮਲ ਨੈਨ ਜਗਤੇਸ਼[1] ॥੪੦॥ — [1]ਭਾਵ ਗੁਰੂ ਜੀ ਨੂੰ।

ਕਬਿੱਤ:

ਭਯੋ ਹੈ ਹਿਸਾਬ ਜਬ ਭਨਤਿ[1] ਨਿਬਾਬ ਤਬ — [1]ਆਖਣ ਲੱਗਾ।
'ਲੀਜੈ ਨਿਜ ਬਾਕੀ, ਅਬ ਕਾਰ ਪੁਨ

ਕੀਜੀਏ।
ਦੇਵੌਂ ਧਨ ਔਰ, ਤੁਮ ਰਹੋ ਇਹ ਠੌਰ
ਬਾਧਾ ਹੋਇ ਜੋ ਬਹੋਰ, ਬਿਨ ਦੇਰ ਔਰ† ਲੀਜੀਏ।'
ਬਾਬੇ ਤਬ ਕਹੀ 'ਧਨ ਲੇਵੌਂ ਅਬ ਨਹੀਂ
ਜੋਊ ਬਾਕੀ ਸਭਿ ਰਹੀ ਤਾਂ ਕੀ ਬਾਤ ਯੌਂ ਸੁਨੀਜੀਏ।
ਰਾਖੀਏ ਈਮਾਨ ਥਾਇ ਆਪਨੋ ਨਿਬਾਬ ਰਾਇ
ਪੈਸੇ ਹੈਂ ਖ਼ੁਦਾਇ ਕੇ ਫਕੀਰਨ ਕੋ ਦੀਜੀਏ' ॥੪੧॥

†ਪਾ:-ਆਪ।

ਸ੍ਵੈਯਾ:
ਨਾਨਕ ਜੀ ਇਵ ਆਨਨ[1] ਤੇ ਭਨਿ[2]
ਥਾਨ ਮਸਾਨਨ ਕੇ ਚਲਿ ਆਏ।
ਗੋਰ ਮਰੀਨ ਮਹਿਂ ਬੈਸਿ ਗਏ
ਦਰਵੇਸ਼ ਕੋ ਬੇਸ ਸਰੀਰ† ਬਨਾਏ।
ਲਾਇ ਸਮਾਧਿ ਅਗਾਧ ਅਬਾਧ ਕੀ
ਪੂਰਬ[1] ਰੂਪ ਅਨੂਪਬ ਸਾਏ[2]।
ਜਾਂਹਿ ਅਰਾਧਨ ਕੇ ਫਲ ਲਾਧਹਿਂ
ਆਧਿ[1] ਉਪਾਧਿ[2] ਬਿਆਧਿ[3] ਮਿਟਾਏ ॥੪੨॥

[1]ਮੁਖੋਂ। [2]ਕਹਿ ਕੇ।
†ਪਾ:-ਸੁ ਕੀਨ।
[1]ਪਹਿਲਾ। [2]ਭਾਵ (ਦਿਲ ਵਿਚ) ਵਸਾਕੇ ਰੂਪ ਨਿਰੰਕਾਰ ਦਾ।
[1]ਮਨ ਦੀ ਚਿੰਤਾ। [2]ਉੱਪਰੋਂ ਆ ਪਈ ਵਿਪਦਾ। [3]ਸਰੀਰ ਦੇ ਰੋਗ।

ਦੋਹਰਾ:
ਸਭਿ ਪ੍ਰਵਾਰ ਕ੍ਰਿਤ ਦੇਖਿ ਕੈ, ਠਟਕ[1] ਰਹੇ ਮਨ ਮਾਂਹਿ।
ਨਿਕਟਿ ਜਾਇ ਤੂਸ਼ਨ[1] ਰਹੇ, ਬੋਲ ਸਕਤਿ ਕਛੁ ਨਾਂਹਿ ॥੪੩॥
ਤਬ ਜੈਰਾਮ ਦੁਕਾਨ ਕੀ, ਸੌਜ[1] ਸਮ੍ਹਾਰੀ ਆਨਿ।
ਸਭਿਹਿ ਸੁਲਖਣੀ ਢਿਗ ਦਈ, ਅਸਬਿਧਿ ਬਚਨ ਬਖਾਨਿ ॥੪੪॥
'ਤਿਨ ਸੋਂ ਬਸੁ ਹਮਰੋ ਨ ਕਛੁ, ਸੁਨਿ

[1]ਹੈਰਾਨ ਹੋ।
[1]ਚੁੱਪ।
[1]ਚੀਜ਼ਾਂ।
[1]ਬੀਬੀ ਜੀ।

ਸਾਧ੍ਰੀ[1] ! ਧਰਿ ਧੀਰ।
ਸਿਮਰਹੁ ਨਿਸਿ ਬਾਸੁਰ ਰਿਦੈ, ਭਲੀ ਕਰਹਿ ਰਘੁਬੀਰ[1]' ॥੪੫॥

[1]ਪਰਮੇਸ਼ੁਰ।

ਸ੍ਵੈਯਾ:

ਲੋਕ ਬਿਲੋਕਤਿ ਆਨ ਕੇਊ
ਸਹਿ ਸ਼ੋਕ ਜਰਾਮ ਸੋਂ ਜਾਇ ਜਨਾਵੈਂ।
'ਜਾਨੀ ਨ ਜਾਇ ਭਈ ਗਤਿ ਕਜਾ
ਉਦਿਆਨ[1] ਰਹੈਂ, ਪੁਰਿ[2] ਪਾਇ[3] ਨ ਪਾਵੈਂ।
ਹੋਸ਼ ਭਈ ਫਰਮੋਸ਼[1] ਰਿਦੈ
ਨਹਿਂ ਗੋਸ਼[1] ਸੁਨੈਂ, ਮਨ ਜੋਸ਼ ਨ ਆਵੈ।
ਬੋਲਤਿ ਬੋਲ ਨ ਕਾਹੂੰ ਬਿਲੋਕਹਿਂ[1]
ਨਾ ਕਿਸ ਲੋਕ ਸੋਂ ਭੇਦ ਬਤਾਵੈਂ' ॥੪੬॥

[1]ਬਨ। [2]ਸ਼ਹਿਰ। [3]ਪੈਰ।

[1]ਭੁੱਲ ਗਈ।

[1]ਕੰਨੀਂ।

[1]ਨਹੀਂ ਕਿਸੇ ਨੂੰ ਵੇਖਦੇ।

ਮਾਨਵ ਭੇਵ ਨ ਜਾਨਵ[1], ਜੋ ਮਨ
ਆਨਵ[1], ਸੋ ਨਿਜ[2] ਕੀ ਸਠਤਾਈ[3]।
ਕੋ ਉਕਤੰ ਕਛੁ[1], ਕੋ ਬਕਤੰ[2] ਕਛੁ
'ਬਾਵਰ ਭਾ? ਕਿਧੌਂ ਭੂਤ ਲਗਾਈ?'
ਨਾਨਕੀ ਏਕ ਰਹੀ ਉਰ ਮੈਂ ਥਿਰ
ਮੇਰੁ[1] ਸਮਾਨ ਨ ਸੋਇ ਡੁਲਾਈ।
ਨਾਨਕ ਕੀ ਕ੍ਰਿਤਿ ਬੇਗਹਿ ਬਾਤ ਸੀ
ਪਾਤ ਉਡੇ ਨਰ[1], ਸੋਨ ਉਡਾਈ[2] ॥੪੭॥

[1]ਨਹੀਂ ਜਾਣਦੇ।

[1]ਆਉਂਦੀ ਹੈ। [2]ਅਪਣੀ। [3]ਮੂਰਖਤਾ।

[1]ਕੋਈ ਕੁਛ ਕਹਿੰਦਾ ਹੈ। [2]ਕੋਈ ਕੁਛ ਬਕਦਾ ਹੈ।

[1]ਸੁਮੇਰ।

[1]ਗੁਰੂ ਜੀ ਦੀ ਕਰਨੀ ਹਵਾ ਦੇ ਵੇਗ ਜੇਹੀ ਹੈ ਪੱਤ੍ਰਾਂ ਵਾਂਙੂ ਮਨੁੱਖਾਂ ਦੇ (ਨਿਸ਼ਚੇ ਉਸ ਹਵਾ ਅਗੇ) ਉਡੇ। [2]ਉਹ (ਨਾਨਕੀ) ਨਾ ਡੋਲੀ।

ਦੋਹਰਾ:

'ਭ੍ਰਾਤ ਕਰਹਿ ਸੋਈ ਭਲੀ, ਬਨੈ ਨ ਕਹਿਨ ਹਮਾਰ।
ਹ੍ਵੈ ਅਲਪਗ ਸਰਬੱਗ ਕੀ, ਮੇਟਹਿ ਕ੍ਰਿੱਤ ਗਵਾਰ[1]' ॥੪੮॥

[1]ਅਲਪੱਗ ਹੋ ਕੇ ਸਰਬੱਗ ਦੀ ਕ੍ਰਿਤ ਨੂੰ ਮੇਟੇ ਸੋ ਮੂਰਖ ਹੈ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀਖਾਨਾ ਤਜਨਿ' ਪ੍ਰਸੰਗ ਬਰਨਨੰ ਨਾਮ ਉਨਤੀਸਮੋ ਅਧਯਾਯ ॥੨੯॥

## ੩੦. [ਗੁਰ ਪਗ ਪ੍ਰੇਮ ਮੰਗਲ। ਮੂਲੇ ਦਾ ਆਉਣਾ। ਸ਼ਯਾਮੇ ਦਿਜ ਨੂੰ ਉਪਦੇਸ਼, ਲਖਮੀ ਚੰਦ ਜਨਮ]

੨੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੧

{ਮੂਲੇ ਦਾ ਕ੍ਰੋਧ} ॥੭॥
{ਸ਼ਿਆਮਾ ਪੰਡਿਤ} ॥੧੬॥
{ਲਖਮੀ ਚੰਦ ਜੀ ਦਾ ਜਨਮ} ॥੪੮॥

ਦੋਹਰਾ:

ਸ੍ਰੀ ਗੁਰ ਪਗ ਕੋ ਪ੍ਰੇਮਿ ਜੋ, ਉੱਜਲ ਸਰਸ ਮਰਾਲ।

ਸਰਸ=ਰਸ ਵਾਲੇ। ਮਰਾਲ=ਹੰਸ।

ਅਵਗੁਨ ਪਰਿਹਰਿ ਗੁਨਗ੍ਰਹੀ, ਬਸੋ ਮੋਹਿ ਮਨ ਤਾਲ ॥੧॥

ਪਰਿਹਰਿ=ਤਿਆਗ ਕੇ। ਗੁਨ ਗ੍ਰਹੀ=ਗੁਣਾਂ ਦੀ ਕਦਰ ਕਰਨ ਵਾਲੇ। [ਸੰਸ. ਗੁਣ ਗ੍ਰਾਹਿਨੑ ਯਾ ਗੁਣ ਗ੍ਰਾਹੀ]।

ਅਰਥ:

ਹੇ (ਤੁਸੀਂ ਜੋ) ਸ੍ਰੀ ਗੁਰੂ ਜੀ ਦੇ ਚਰਣਾਂ ਦੇ ਪ੍ਰੇਮ ਰੂਪੀ ਉੱਜਲ ਤੇ ਸੋਹਣੇ ਹੰਸ ਹੋ, (ਮੇਰੇ) ਅਵਗੁਣਾਂ ਦਾ ਤਿਆਗ ਕਰਕੇ ਤੇ ਗੁਣਾਂ ਦੇ ਗ੍ਰਹਣ ਕਰਨ ਵਾਲੇ ਹੋਕੇ ਮੇਰੇ ਮਨ ਰੂਪੀ ਤਲਾ ਉਤੇ ਆ ਵਸੋ।

ਭਾਵ:

ਇਥੇ ਕਵਿ ਜੀ ਗੁਰ ਚਰਨਾਂ ਦੇ ਪ੍ਰੇਮੀ ਗੁਰਮੁਖਾਂ ਅਗੇ ਯਾਚਨਾ ਕਰਦੇ ਹਨ ਕਿ ਤੁਸੀਂ ਜੋ ਅਵਗੁਣਾਂ ਨੂੰ ਨਜ਼ਰ ਅੰਦਾਜ਼ ਕਰਕੇ ਗੁਣਾਂ ਦੀ ਕਦਰ ਕਰਨ ਵਾਲੇ ਹੋ ਅਤੇ ਸ੍ਰੀ ਗੁਰ ਜੀ ਦੇ ਚਰਨਾਂ ਦੇ ਪ੍ਰੇਮੀ ਹੋ, ਮੇਰੇ ਹਿਰਦੇ ਤੇ ਨਿਵਾਸ ਕਰੋ। ਭਾਵ ਮੇਰੇ ਅਵਗੁਣਾਂ ਵਲ ਨਾ ਤੱਕੋ ਤੇ ਮੇਰੇ ਮਨ ਦੀ ਅਗੁਵਾਨੀ ਕਰੋ ਜੋ ਇਸ ਤੋਂ ਸਤਿਗੁਰ ਦੇ ਚਰਨਾਂ ਦਾ ਪ੍ਰੇਮ ਹੀ ਪ੍ਰੇਮ ਬਾਣੀ ਦਾ ਰੂਪ ਧਾਰ ਕੇ ਪ੍ਰਗਟ ਹੋਵੇ।

ਇਸ ਦਾ ਐਉਂ ਬੀ ਭਾਵ ਹੋ ਸਕਦਾ ਹੈ:- ਪ੍ਰੇਮ ਦਾ ਆਵਾਹਨ ਕਰਦੇ ਹਨ ਕਿ ਹੇ ਸਤਿਗੁਰੂ ਦੇ ਚਰਨਾਂ ਦੇ ਪ੍ਰੇਮ! ਤੂੰ ਜੋ ਉੱਜਲ ਹੰਸ ਵਾਂਙੂ ਹੈਂ ਅਰ ਰਸ ਭਰਪੂਰ ਹੈਂ ਤੂੰ ਅਵਗੁਣਾਂ ਨੂੰ ਛੱਡਕੇ ਕੇਵਲ ਗੁਣਾਂ ਦਾ ਪਿਆਰਾ ਹੈਂ, ਮੇਰੇ ਹਿਰਦੇ ਵਿਚ ਆ ਕੇ ਵੱਸ ਜੋ ਤੇਰੇ ਪ੍ਰਭਾਵ ਨਾਲ ਮੈਂ ਸਤਿਗੁਰ ਦੇ ਪ੍ਰੇਮ ਨਾਲ ਭਿੰਨੀ ਕਵਿਤਾ ਲਿਖਣ ਦੇ ਸਮਰੱਥ ਹੋਵਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਨਿਜ ਪ੍ਰਤਿਕੂਲ[1] ਬਿਲੋਕਿ ਕੈ[2], ਬੋਲਿ[3] ਸੁਲਖਣੀ ਦਾਸ।

[1]ਉਲਟੀ (ਹੁੰਦੀ)। [2]ਵੇਖ ਕੇ। [3]ਸੱਦ ਕੇ (ਦਾਸ)।

ਸਮਝਾਈ ਸਭਿ ਬਾਰਤਾ[1], ਨੈਹਰ ਪਠਾਇ ਅਵਾਸ[2] ॥੨॥

[1]ਗਲ। [2]ਪੇਕੇ ਘਰ ਘੱਲਿਆ।

ਮੂਲਾ ਸੁਨਤਿ ਕੁਢਾਲ ਕੋ, ਆਵਤਿ ਭਯੋ ਉਤਾਲ[1]।

[1]ਛੇਤੀ।

ਗਿਨਤਿ ਗਟੀ[1] ਉਰ[2] ਅਟਪਟੀ,

[1]ਗਿਣਤੀਆਂ। [2]ਰਿਦੇ ਵਿਚ।

ਪਾਵਤਿ ਕਸ਼ਟ ਬਿਸ਼ਾਲ ॥੩॥

ਨਿਜ ਪ੍ਰੋਧਾ[1] ਇਕ ਸੰਗ ਲੇ, ਆਵਾ ਪੁਰਿ ਸੁਲਤਾਨ।
[1]ਪ੍ਰੋਹਤ।

ਸਹਿਤ ਨੇਹ[1] ਕੇ ਸੁਤਾ ਸੋਂ, ਮਿਲ੍ਯੋ ਰਿਦੇ ਅਕੁਲਾਨ[2] ॥੪॥
[1]ਮੋਹ ਨਾਲ। [2]ਵਿਆਕੁਲ ਹੋ ਕੇ।

ਸ੍ਵੈਯਾ:
[1]ਪੁੱਛਿਓਸੁ।

ਮਿਲਿ ਬੈਸ ਗਯੋ ਜਬ, ਬੂਝਤਿ ਭਾ[1] ਤਬ
ਬਾਤ ਬਖਾਨ ਕਰੀ ਪਿਤ ਪਾਸੁ।
'ਪਤਿ ਬੇਖ ਫਕੀਰ ਸਰੀਰ ਧਰਾ
ਧਨ ਦੀਨ ਲੁਟਾਇਕੈ ਛੋਰਿ ਅਵਾਸੁ[1]।
[1]ਘਰ ਛਡ ਦਿੱਤਾ ਹੈ।

ਦਿਨ ਤੀਨ ਰਹੇ ਮਧ ਨੀਰ ਨਦੀ
ਪੁਨਿ ਤੀਰ[1] ਅਏ, ਨ ਛੁਯੋ ਜਲ ਜਾਸੁ[2†]।
[1]ਕਿਨਾਰੇ ਆਏ। [2]ਜਿਨ੍ਹਾਂ ਨੂੰ। †ਪਾ:-ਤਾਸੁ।

ਥਲ ਗੋਰ ਮੜੀ ਮਹਿਂ ਆਸਨ ਕੀਨ
ਕਹੈਂ ਨ ਸੁਨੈਂ ਜੁ ਭਨੈ[1] ਕਛੁ ਤਾਸੁ[2]' ॥੫॥
[1]ਆਖੇ। [2]ਉਨ੍ਹਾਂ ਨੂੰ।

ਚੌਪਈ:
[1]ਪੁੱਤ੍ਰੀ ਦੀ। [2]ਕੰਨੀ।

ਸੁਨਿ ਤਨੁਜਾ[1] ਬਾਨੀ ਨਿਜ ਕਾਨਾ[2]।
ਭਯੋ ਕ੍ਰੋਧ ਮੈਂ ਬਹੁ ਗਲਤਾਨਾ।
ਫਰਕਤਿ ਅਧਰ[1] ਲਾਲ ਕਿਯ ਨੈਨਾ।
ਮੁਖਤੇ ਬਹੁ ਬੋਲਤਿ ਦੁਰਬੈਨਾ ॥੬॥
[1]ਹੋਠੀ।

ਦਰਬ ਲੁਟਾਵਨਿ ਕੀ ਸੁਧਿ[†] ਸੁਨਿ ਕੈ।
ਸਹਿ ਨ ਸਕ੍ਯੋ ਗਮਨ੍ਯੋ ਸਿਰ ਧੁਨ ਕੈ।
†ਪਾ:-ਬਿਧਿ।

ਬੇਦੀ ਕੁਲ ਕੋ ਕਲਸ[1] ਸੁਹਾਵਨ।
ਜਹਿਂ ਬੈਸੇ, ਜਿਨ ਕੀਰਤਿ ਪਾਵਨ ॥੭॥
[1]ਸ਼ਿਰੋਮਣ।

ਤਹਾਂ ਆਇ ਬੋਲ੍ਯੋ ਦੁਰਬਾਨੀ।
'ਤੂੰ ਜਨਮ੍ਯੋ ਹਾਨੀ ਕੁਲ ਕਾਨੀ[1]।
[1]ਕੁਲ ਦੀ ਕਾਣ (ਲਾਜ) ਦੀ ਹਾਨੀ ਕਰਨ ਵਾਲਾ।

{ਮੂਲੇ ਦਾ ਕ੍ਰੋਧ}

ਮਾਤ ਪਿਤਾ ਕੀ ਦਾਹਤਿ[1] ਛਾਤੀ।
ਅਲਪ ਬੈਸ ਤੇ ਤੂੰ ਧਨ ਘਾਤੀ ॥੮॥
[1]ਸਾੜਦਾ ਹੈਂ।

ਦੋਹਰਾ:

ਬਿਨ ਗੁਨ ਪਰਖੇ ਬਿਨ ਪਿਖੇ, ਸੁਤਾ
ਕੀਨ ਸਨਬੰਧ।
ਤਬ ਕੋ ਮੈਂ ਦੁਖ ਪਾਇ ਹੌਂ, ਸੁਖ ਨ
ਪਿਖ੍ਯੋ ਭੇ ਸੰਧ[1]' ॥੯॥

[1]ਸਨਬੰਧ ਕਰਕੇ।

ਚੌਪਈ:
ਪਿਤਾ ਸਮਾਨ ਜਾਨਿ ਗੁਨ ਐਨਾ।
ਤੂਸ਼ਨ ਰਹੇ, ਨ ਬੋਲੇ ਬੈਨਾ।
ਬਹੁ ਦੁਰਬਚਨ ਭਾਖਿ ਕਰਿ ਮੂਲਾ।
ਪੁਰਿ ਆਵਾ, ਜਿਹ[1] ਮਤਿ[2] ਪ੍ਰਤਿਕੂਲਾ[3]
॥੧੦॥

[1]ਜਿਸਦੀ। [2]ਬੁੱਧੀ। [3]ਉਲਟ ਸੀ।

ਭੇਵ ਨ ਲਖਹਿ ਈਸ਼ ਜਗਦੈਵਂ।
ਰਿਸਿ ਸੋਂ ਛਾਤੀ ਜਰਤਿ ਸਦੈਵਂ[1]।
ਝੂਰ ਬਿਸੂਰਹਿ, ਗਟੀ[1] ਗੁਨੰਤਾ[2]।
ਬਿਨਾ ਲਖੇ[1] ਅਤਿ ਹ੍ਵੈ ਦੁਖਵੰਤਾ
॥੧੧॥

[1]ਸਦਾ ਹੀ।

[1]ਗਿਣਤੀਆਂ। [2]ਗਿਣਦਾ।

[1]ਸਮਝੇ ਬਿਨਾ।

ਦੋਹਰਾ:
ਜਿਹ ਦਿਜ[1] ਕੀ ਸੰਗਤਿ ਕਰਤਿ, ਤਿਹ
ਢਿਗ ਬੈਸ੍ਯੋ ਜਾਇ।
ਮਨ ਕੇ ਦੁਖ ਬਰਨਨ ਕਰੇ, ਰੋਤਿ ਭਯੋ
ਦੁਖ ਪਾਇ ॥੧੨॥

[1]ਬ੍ਰਾਹਮਣ।

ਸੋਰਠਾ: 'ਏਕ ਦਿਵਸ ਸੁਖ ਨਾਂਹਿ, ਜਬ
ਕੀ ਸੁਤਾ ਬਿਵਾਹਿ ਦੀ।
ਬੈਸ੍ਯੋ ਗੋਰਨਿ ਮਾਂਹਿ, ਤਜਿ ਤਰੁਨੀ[1]
ਘਰ ਕਾਰ ਸਭਿ' ॥੧੩॥

[1]ਸੁਪਤਨੀ।

ਦੋਹਰਾ:
ਸੁਨਿ ਕਰਿ ਆਤੁਰ[1] ਬਚਨ ਤਿਹ,
ਦਿਜਬਰ ਕਿਯੋ ਪਯਾਨ।
'ਚਲਹੁ ਤਿਸੈ ਸਮਝਾਇ ਹੈਂ', ਅਸ
ਬਿਧਿ ਕਰਤਿ ਬਖਾਨ ॥੧੪॥

[1]ਦੁਖੀ।

ਕਬਿੱਤ:
ਬੇਦੀ ਕੁਲ ਮੰਡਨ[1], ਸਕਲ ਦੁਖ ਖੰਡਨ
ਪਖੰਡਨ ਕੋ ਦੰਡਨ[1] ਸਰੂਪ ਜਿਹ[2]

[1]ਭੂਸ਼ਨ।

[1]ਪਖੰਡੀਆਂ ਨੂੰ ਦੰਡ ਦੇਣ ਵਾਲੇ। [2]ਜਿਸ ਨੇ।

ਧਾਰਿਯਾ।
ਮੂਲਾ ਲੀਏ ਪੰਡਿਤ ਜਹਾਂ ਹੈਂ ਮਹਿਮੰਡਤ[1]
ਨਿਕਟਿ ਬੈਠ ਤੁੰਡਤੇ[1] ਯੌਂ ਬਚਨ ਉਚਾਰਿਯਾ।
'ਬਾਲ ਬੁਧਿ ਲੀਨਿ ਕਾਚੀ ਬਾਤੈਂ ਸਭਿ ਕੀਨਿ
ਤੁਮ, ਮੋਦੀ ਕ੍ਰਿਤ ਛੋਰਿ ਦੀਨਿ ਨੀਕੇ[1] ਨ ਵਿਚਾਰਿਯਾ।
ਮਾਤ ਪਿਤਾ ਲਾਜ ਤਜਿ, ਦੇਹਿ ਅਸ ਬੇਖ ਸਜਿ
ਦੁਸ਼ਟ[1] ਮਸਾਨ ਥਾਨ ਭਏ ਹਿਤਕਾਰਿਯਾ' ॥੧੫॥

[1]ਪ੍ਰਿਥਵੀ ਨੂੰ ਸ਼ੋਭਾ ਦੇਣ ਵਾਲੇ।
[1]ਮੁਖ ਤੋਂ।
[1]ਅੱਛੀ।
[1]ਭ੍ਰਿਸ਼ਟ।

ਦੋਹਰਾ:
ਸੁਨਿ ਪੰਡਿਤ ਕੇ ਬੈਨ ਇਵ, ਸ੍ਰੀ ਨਾਨਕ ਜਗਕੰਤ।
{ਸ਼ਿਆਮਾ ਪੰਡਿਤ}
ਉਚਰਜੋ ਸਬਦ ਬਸੰਤ[1] ਮੈਂ, ਹੁਤੀ ਸੁ ਰਿੱਤੁ ਬਸੰਤ ॥੧੬॥

[1]ਰਾਗ ਦਾ ਨਾਮ ਹੈ।

ਸ੍ਰੀ ਮੁਖਵਾਕ ॥
ਬਸੰਤੁ ਹਿੰਡੋਲ ਮਹਲਾ ੧ ॥
ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥
ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥

ਚੌਪਈ:
ਮਨ ਰਾਜਾ ਬਾਲਿਕ ਸਮ ਜੋਊ।
ਨਿਤਪ੍ਰਤਿ ਜਾਨਹੁ ਚੰਚਲ ਸੋਊ।
ਨੀਤਿ ਨ ਸੀਖਊ ਰੂਪ ਗਿਆਨਾ।
ਖੇਲ ਰਚਜੋ ਸੁਖ ਵਿਸ਼ੈ[1] ਮਹਾਨਾ ॥੧੭॥
ਕਾਚੀ ਨਗਰੀ ਮਹਿਂ ਇਹ ਬਾਸਾ।
ਆਜ ਕਾਲ ਜਿਹ ਹੋਇ ਬਿਨਾਸ਼ਾ।

[1]ਵਿਸ਼ੇ ਸੁਖਾਂ ਵਿਚ।

ਨਿਤਿ ਥਿਰ ਜਾਨਤਿ ਕੀਨ ਸਨੇਹਾ[1]। — [1]ਮੋਹ।
ਢਹਿ ਹੈ ਕਾਲ ਪਰੈ ਜਬ ਮੇਂਹਾ[1] ॥੧੮॥ — [1]ਮੌਤ ਰੂਪੀ ਮੀਂਹ।

ਜਾਇ ਅਚਾਨਕ ਗਰ ਇਹ[1] ਸਾਰੀ। — [1]ਗਲ ਜਾਏਗੀ ਇਹ (ਦੇਹੀ)।
ਤਬ ਸੋਝੀ ਹ੍ਵੈ ਦੂਖ ਮਝਾਰੀ।
ਪਾਂਚ ਦੁਸ਼ਟ ਸੋਂ ਕਰਤਿ ਪਯਾਰੂ।
ਸੋ ਤਿਹ ਕੇ ਨਿਤ ਕਾਜ ਬਿਗਾਰੂ ॥੧੯॥

ਦੋਹਰਾ:

ਕਾਮ ਕ੍ਰੋਧ ਅਰੁ ਲੋਭ ਪੁਨਿ, ਮੋਹਿ ਬਲੀ ਹੰਕਾਰ।
ਇਨ ਸਜੋਂ ਕਰਤਜੋਂ ਮੀਤਤਾ, ਭਾ ਸੰਗਤਿ[1] ਤੇ ਖੁਆਰ ॥੨੦॥ — [1]ਇਨ੍ਹਾਂ ਦੀ ਸੰਗਤ ਨਾਲ।

ਚੌਪਈ:

ਲੂਟਹਿਂ[1] ਮਿਲ ਕਰਿ ਇਸ ਕੀ ਨਗਰੀ। — [1]ਭਾਵ ਏਹ ਪੰਜੇ ਲੁਟਦੇ ਹਨ।
ਨੀਤ ਉਜਾਰਹਿਂ ਈਸ਼[1] ਉਜਗਰੀ[2]। — [1]ਨਗਰੀ ਦੇ) ਈਸ਼ (ਭਾਵ ਮਨ) ਨੂੰ। [2]ਪ੍ਰਗਟ, ਸਾਹਮਣੇ।
ਬਿਗਰਜੋ ਅਪਨੋ ਜਾਨਜੋ ਨਾਂਹੀ।
ਮਿਲਜੋ ਰਹੈ ਪੁਨ ਪੁਨ ਤਿਨ ਮਾਂਹੀ ॥੨੧॥

ਮਾਤ ਅਵਿੱਦਜਾ ਦੂਜੀ ਮਾਯਾ[1]। — [1]ਅਵਿਦਯਾ, ਮਾਯਾ, ਦੋ ਮਾਵਾਂ।
ਈਸ਼, ਜੀਵ, ਦੁਇ ਪਿਤ ਜਿਨ ਜਾਯਾ।
ਦ੍ਵੈ ਕੋ ਜਨਜੋ ਕੁਟਿਲਤਾ ਕਾਰਨ[1]। — [1]ਖੋਟੇਪਨ ਦਾ ਕਾਰਨ (ਮੂਲ) ਹੈ (ਮਨ)।
ਕਿਹ ਬਿਧਿ ਯਾ ਕੋ ਹੋਇ ਸਵਾਰਨ ॥੨੨॥

ਕਰ ਵਿਚਾਰ ਸਿਖਵਨ ਮੁਝ ਦੀਜੈ।
ਭੋ ਪੰਡਿਤ! ਪ੍ਰਾਪਤਿ ਪ੍ਰਭੁ ਕੀਜੈ।'
ਇਹ ਬਿਧਿ ਬਦ ਕਰਿ[1] ਕਰੁਨਾ ਸਦਨਾ। — [1]ਆਖ ਕੇ।
ਮਸ਼ਟ[1] ਕਰੀ ਪੁਨਿ ਪੰਕਜ ਬਦਨਾ ॥੨੩॥ — [1]ਚੁੱਪ।

ਦੋਹਰਾ:

ਮੂਲਾ ਬੋਲਜੋ ਸੁਨਤਿ ਬਚ, 'ਅਸ

ਵਿਚਾਰ ਜੇ ਤੋਹਿ।
ਤੌ ਬਿਆਹ ਕਰਿਵਾਇ ਕਿਉਂ? ਤੈਂ ਦੁਖ ਦੀਨੋਂ ਮੋਹਿ ॥੨੪॥

ਦਰਬ[1] ਲੁਟਾਯੋ ਬਾਦ[2] ਬਹੁ, ਸੁਤ ਤਿਯ[3] ਦਿਯੋ ਨ ਟਾਂਕ[4]।
[1]ਧਨ। [2]ਬਿਰਥਾ। [3]ਪੁੱਤ੍ਰ ਵਹੁਟੀ ਨੂੰ। [4]ਟਕਾ ਮਾਤ੍ਰ।

ਬਿਨ ਬ੍ਰੀੜਾ[1] ਤਜਿ ਭਾਜਿਆ', ਪੁਨ ਕਹਿ ਸ੍ਰੀ ਮੁਖ ਵਾਕ ॥੨੫॥
[1]ਲਾਜ ਬਿਨਾ।

ਸ੍ਰੀ ਮੁਖਵਾਕ ॥
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥

ਚੌਪਈ:
'ਭੀਤਰ ਭੁਰੀ[1] ਤ੍ਰਿਸ਼ਨਾ ਆਸਾ।
[1]ਬਹੁਤੀ।

ਪਾਵਕ[1] ਜਿਉਂ ਕਬਹਿ ਨ ਤ੍ਰਿਪਤਾਸਾ[2]।
[1]ਅੱਗ। [2]ਨਹੀਂ ਰਜਦੀ।

ਸਹਸ[1] ਮਾਂਗ ਪੁਨਿ ਮਾਂਗਿ ਹਜ਼ਾਰਾ।
[1]ਸੌ।

ਲਾਖ ਹੋਇ ਤੇ ਕੋਟਿ[1] ਅਪਾਰਾ ॥੨੬॥
[1]ਕ੍ਰੋੜ।

ਅਰਬ ਖਰਬ ਸੋਂ ਤ੍ਰਿਪਤੈ ਨਾਂਹੀ।
ਕਰਿ ਵਿਚਾਰ ਦੇਖਹੁ ਮਨ ਮਾਂਹੀ।
ਜਿਹ ਆਗੈ ਹ੍ਵੈ ਰੰਚਕ ਮੇਰੁ[1]।
[1]ਰਾਈ ਜਿੰਨਾਂ ਹੈ ਸੁਮੇਰ।

ਉਦਰ ਅਕਾਸ਼ ਸਰਸ ਸਰਸੇਰੁ[1] ॥੨੭॥
[1]ਤ੍ਰਿਸ਼ਨਾ ਦਾ) ਪੇਟ ਅਕਾਸ਼ ਤੱਲ (ਨਹੀਂ ਉਸ ਤੋਂ ਬੀ)ਵਡਾ ਹੈ।

ਸੁਨਹੁ ਬਨਾਸਪਤੀ ਸੰਸਾਕਾ[1]।
[1]ਹੁਣ) ਸੁਣੋ ਬਨਸਪਤੀ (ਦਾ ਭਾਵ ਜਿਵੇਂ ਉਹ ਹੁੰਦੀ ਹੈ) ਸਮੇਤ ਸ਼ਾਖਾਂ ਦੇ (ਤਿਵੇਂ)। ਸੰ ਸਮੇਤ। , ਸਾਕਾ ਸ਼ਾਖਾਂ, ਟਾਹਣੀਆਂ, ਫੈਲਾਵ][

ਤੀਯ, ਸੁਤਾ, ਸੁਤ, ਸਿਮਧੀ[1], ਸਾਕਾ[2]।
[1]ਕੁੜਮ। [2]ਸਨਬੰਧੀ।

ਜਿਉਂ ਤਨ[1] ਬ੍ਰਿੱਧਿ[2] ਹੋਇ ਤਿਨ ਬਾਧਾ[3]।
[1]ਸ਼ਰੀਰ। [2]ਵਡਾ ਹੋਵੇ। [3]ਉਨ੍ਹਾਂ ਨੇ ਪੀੜਤ ਕੀਤਾ। (ਅ) ਬੰਨ੍ਹਿਆਂ। (ੲ) (ਕਬੀਲਾ) ਵਧਦਾ ਹੈ।

ਨਿਸ ਬਾਸੁਰ[1] ਜਿਨ ਮਹਿਂ ਮਨ ਫਾਧਾ[2] ॥੨੮॥
[1]ਰਾਤ ਦਿਨ। [2]ਫਸ ਰਿਹਾ ਹੈ।

ਦੋਹਰਾ:
ਮੁਕਤੈ[1] ਤਿਨ ਤੇ ਕਬਿ ਨਹੀਂ, ਫਸਯੋ ਸੁ ਬੈਸ ਬਿਹਾਇ[2]।
[1]ਛੁਟਦਾ ਨਹੀਂ। [2]ਫਸਿਆ ਉਮਰ ਬਿਤਾਉਂਦਾ ਹੈ।

ਸਾਗਰ ਪ੍ਰਾਤਮ[1]† ਪਿੰਡ ਮਹਿਂ[2] ਪਾਵਹਿ ਸੋ ਮੁਕਤਾਇ[3] ॥੨੯॥
[1]ਸਮੁੰਦਰ ਰੂਪੀ ਪਰਮਾਤਮਾ ਨੂੰ। [2]ਸਰੀਰ ਵਿਚ। [3]ਮੁਕਤ ਹੁੰਦਾ ਹੈ। †ਪਾ:-ਪ੍ਰਾਪਤ।

ਚੌਪਈ:

ਘਟ[1] ਮਹਿਂ ਚੰਦ ਸੂਰਜ ਪਰਕਾਸ਼ਾ। — [1]ਸ਼ਰੀਰ।
ਹੋਇ ਗਜਾਨ ਤੌਂ ਸਭਿ ਕਿਛੁ ਭਾਸਾ[1]। — [1]ਪ੍ਰਤੀਤ ਹੁੰਦਾ ਹੈ।
ਨਾਭਿ ਕਮਲ ਮੁੰਦ੍ਰਿਤ ਬਿਪਰੀਤਾ[1]। — [1]ਮੁੰਦਿਆ ਹੋਇਆ ਹੈ ਤੇ ਪੁੱਠਾ ਹੋ ਰਹਾ ਹੈ।
ਕਿਉਂ ਪਰਕਾਸ਼ ਹੋਇ ਨਰ ਚੀਤਾ[1] ॥੩੦॥ — [1]ਚਿਤ੍ਰ ਵਿਚ।

ਸੂਧੇ ਤੇ[1] ਬਿਗਸੈ[2] ਪਰਗਾਸੂ। — [1]ਸਿੱਧਾ ਹੋਵੇ ਤਾਂ। [2]ਖਿੜੇ।
ਹ੍ਵੈ ਤਬ ਗਜਾਨ ਅਗਜਾਨ ਬਿਨਾਸੂ।
ਸੋ ਗਿਆਨ ਗੁਰੁ ਬਿਨ ਨਹਿਂ ਪਾਇਆ।
ਤਮ ਅਗਜਾਨਹਿ[1] ਅਨਿਕ ਦੁਰਾਇਆ[2]' ॥੩੧॥ — [1]ਹਨੇਰੇ ਰੂਪੀ ਅਗਜਾਨ ਨੇ। [2]ਛੁਪਾਇਆ ਹੈ।

ਸ੍ਰੀ ਨਾਨਕ ਮੁਖ ਤੂਸ਼ਨ ਕੀਨਾ।
ਪੁਨਿ ਸ਼ਜਾਮਾ[1] ਬੋਲਜੋ ਮਨ ਚੀਨਾ। — [1]ਨਾਮ ਪੰਡਤ ਦਾ।
'ਰਾਮ ਸਿਮਰ ਕੀਜੈ ਨਿਜ ਕਾਰੀ[1]। — [1]ਅਪਨਾ ਕੰਮ।
ਬਨ ਪੁਨ ਸਦਨ[1] ਰਾਮ ਲੇ[2] ਸਾਰੀ[3] ॥੩੨॥ — [1]ਘਰ। [2]ਰਾਮ ਲੈਂਦਾ ਹੈ। [3]ਖਬਰ।

ਦੋਹਰਾ:

ਰਾਮ ਰਵਜੋ ਜਲ ਥਲ ਵਿਖੈ, ਸੁਧਿ ਸਭਿ ਕੀ ਸੋ ਲੇਵ।'
ਸੁਨਿ, ਤੀਸਰ ਪਦ ਸ਼ਬਦ ਕੋ, ਬਦਤਿ[1] ਭਏ ਜਗਦੇਵ[2] ॥੩੩॥ — [1]ਕਹਿਣ ਲਗੇ। [2]ਭਾਵ ਗੁਰੂ ਜੀ।

ਸ੍ਰੀ ਮੁਖਵਾਕ ॥
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥

ਚੌਪਈ:

'ਰਾਮ ਰਵਜਾ ਸੋਊ ਪਹਿਚਾਨੇ।
ਅਸ ਪ੍ਰਕਾਰ ਲੱਛਨ ਮਨ ਠਾਨੇ।
ਮਾਯਾ ਵਰਤਹਿ ਹੋਇ ਉਦਾਰਾ।
ਰੰਚਕ ਭਰ ਨ ਕਰਹਿ ਤਿਹਂ ਪਜਾਰਾ ॥੩੪॥

ਦੈਵ ਸੰਪਦਾ[1] ਕੇ ਗੁਨ ਜੇਤੇ। — [1]ਭਾਵ ਸ਼ੁਭ ਗੁਣਾਂ ਦੇ।
ਖਿਮਾ ਆਦਿ ਸੰਗ੍ਰਹਿ[1] ਸਭਿ ਤੇਤੇ। — [1]ਕੱਠੇ ਕਰੇ।

ਸੋ ਬਨ ਸਦਨ[1] ਵਿਖੈ ਇਕ ਸਾਰਾ। [1]ਜੰਗਲ ਤੇ ਘਰ।
ਜਾਨਹਿ ਰਵਿਓ ਰਾਮ ਉਦਾਰਾ'
॥੩੫॥
ਸੁਨਿ ਇਵ ਮੂਲੇ ਬਚਨ ਬਖਾਨਾ।
'ਇਹ ਭਾ ਸਿਰਰੀ[1] ਮਤਿ ਬਵਰਾਨਾ[2]। [1]ਹਠੀ, ਜ਼ਿਦੀ। [2]ਮਤ ਦਾ ਬੌਰਾ।
ਕਤਾ ਬੋਲਤਿ ਸਮਝਤਿ ਹੌਂ ਨਾਂਹੀ।
ਮਨ ਉਪਜਤਿ ਮੁਖ ਆਵਤਿ ਪ੍ਰਾਹੀ[1] [1]ਜੋ ਦਿਲੋਂ ਉਪਜਦੀ ਤੇ ਮੂੰਹ ਪਰ ਆਉਂਦੀ ਹੈ ਸੋ ਹੀ ਬੋਲੀ ਜਾਂਦਾ ਹੈ।
॥੩੬॥
ਕਹਤੋ ਕਿਸੁ ਕੋ ਸੁਣਹਿ ਨ ਮਾਨੈ।
ਕਿਉਂ ਪੰਡਤ ਇਹ ਸੰਗਿ ਬਖਾਨੈ[1]। [1]ਇਸ ਨਾਲ ਕਿਸ ਲਈ ਬੋਲਦਾ ਹੈਂ?
ਨਹਿਂ ਬੋਲਹੁ ਗਵਨਹੁ[1] ਨਿਜ ਧਾਮੂ। [1]ਚਲੋ।
ਤੁਮ ਆਏ ਚਲਿ ਹਮਰੇ ਕਾਮੂ'
॥੩੭॥
ਇਹ ਬਿਧਿ ਸੁਨਿ ਕਰਿ ਕੁਮਤਿ ਨਿਕਦਨਾ।
ਸੁਮਤਿ ਸਦਨ ਬੋਲੇ ਬਚ ਬਦਨਾ[1]। [1]ਮੁਖੋਂ।
ਸਬਦ ਸੁ ਪਦ[1] ਚਤੁਰਥ[2] ਤਬ ਕਹਾ। [1]ਪੌੜੀ। [2]ਚੌਥੀ।
ਨਿਜ ਸਿੱਖਨ[1] ਜਿਨ ਸਭਿ ਦੁਖ ਦਹਾ[2] [1]ਸਿੱਖਾਂ ਦਾ। [2]ਦੁਖ ਜਲਾ ਦਿੱਤਾ।
॥੩੮॥

ਸ੍ਰੀ ਮੁਖਵਾਕ ॥
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

ਦੋਹਰਾ: [1]ਹੋ ਗਿਆ। [2]ਇੰਦ੍ਰੀਆਂ ਦੇ ਵਸ।
'ਭਾ[1] ਰਿਖੀਕ ਬਸਿ[2] ਆਪ ਹੀ, ਕਹਤਾ ਸੁਨਤਿ ਨਹਿਂ ਜੋਇ।
ਸ਼ੁਭ ਉਪਦੇਸ਼ ਨ ਮਾਨਹੀ, ਚਹਿਤਿ ਬਿਖੈ[1] ਨਿਤ ਸੋਇ ॥੩੯॥ [1]ਵਿਸ਼ੇ।

ਚੌਪਈ: [1]ਅੱਖਾਂ ਨਾਂ। [2]ਰਜੀਆਂ।
ਪੇਖਤਿ ਰੂਪ ਨ ਨੈਨ[1] ਅਘਾਏ[2]।
ਕਰਨ[1] ਰਾਗ ਸੁਨਿ ਨਹਿਂ ਤ੍ਰਿਪਤਾਏ[2]। [1]ਕੰਨ। [2]ਨਾਂ ਰੱਜੇ।
ਘ੍ਰਾਣ[1] ਸੁਗੰਧਿ ਸਦਾ ਹੀ ਚਾਹੈਂ। [1]ਨਾਸਕਾ।
ਰਸਨਾ ਸ੍ਵਾਦਹਿ ਤੇ ਨ ਹਟਾਹੈਂ[1] [1]ਨਹੀਂ ਹਟਦੀ।

॥੪੦॥

ਤੁਚਾ ਸਪਰਸ਼ੈ ਕੋਮਲਤਾਸਾ[1]। — [1]ਕੁਲੇਪਨ ਨੂੰ।
ਭਯੋ ਸਦਾ ਇਨਹੂੰ ਸੋਂ ਵਾਸਾ।
ਆਗੇ ਕੋ ਖਾਯੋ[1] ਨਹਿਂ ਮਾਨੈ। — [1]ਭਾਵ ਭੋਗਿਆ।
ਵਾਸਾ ਤਿਨਹੀ ਸੋਂ[1] ਨਿਤ ਠਾਨੈ ॥੪੧॥ — [1]ਉਨ੍ਹਾਂ ਇੰਦ੍ਰੀਆਂ ਨਾਲ।
ਸੁਨਿ ਦਿਜ! ਹ੍ਵੈ[1] ਹਰਿ ਦਾਸਨ ਦਾਸਾ। — [1]ਹੋ।
ਬੰਦਹਿ[1] ਸਦਾ ਪਾਇ[2] ਸੁਖਰਾਸਾ[3]। — [1]ਮੱਥਾ ਟੇਕ। [2]ਪੈਰਾਂ ਤੇ। [3]ਰੱਬ ਦੇ।
ਮਨ ਕੀ ਦਸ਼ਾ ਨ ਇਕ ਰਸ ਕਬਹੀ।
ਪਾਇ ਪਦਾਰਥ ਤੋਲਾ ਤਬ ਹੀ[1] ॥੪੨॥ — [1]ਭਾਵ, ਤਦੋਂ ਵਧਦੀ ਹੈ।
ਜਬ ਜਾਵਹਿ ਹ੍ਵੈ ਹਰਖ ਬਿਹੀਨਾ।
ਮਾਸਾ[1] ਸ਼ੋਕ ਵਿਖੈ ਤਹਿਂ ਚੀਨਾ। — [1]ਭਾਵ, ਘਟਦੀ ਹੈ।
ਕਰਹੁ ਉਪਾਇ ਸਵਾਰਨ ਕਾਰਨ।
ਜਗ ਤੇ ਹੋਵਹਿ ਜੀਵ ਉਧਾਰਨ[1]' ॥੪੩॥ — [1]ਉਧਾਰ।

ਦੋਹਰਾ:

ਸੁਨਿ ਪੰਡਤਿ ਕਰ[1] ਬੰਦਿ ਕੈ[†], ਨਮਸਕਾਰ ਪਗ[2] ਕੀਨਿ। — [1]ਹੱਥ। [2]ਚਰਨਾਂ ਤੇ। [†]ਪਾ:-ਬੰਦਨਾ।
ਮਹਾਂਪੁਰਖ ਜਾਨੇ ਰਿਦੇ, -ਇਨ ਸਮ ਕੋ ਨ ਪ੍ਰਬੀਨ- ॥੪੪॥

ਸੋਰਠਾ:

ਦੇਖਿ ਦੀਨਤਾ ਦਯਾਲ[1], ਦਯਾ ਦ੍ਰਿਸ਼ਟਿ ਦਿਜ[2] ਪਰ ਕਰੀ। — [1]ਭਾਵ ਗੁਰੂ ਜੀ ਨੇ। [2]ਬ੍ਰਾਹਮਣ ਤੇ।
ਜਗ ਕੇ ਬੰਧ[1] ਬਿਸ਼ਾਲ[2], ਛੁਟਕ ਗਏ ਤਤਕਾਲ ਤਿਹ[3] ॥੪੫॥ — [1]ਬੰਧਨ। [2]ਬੜੇ। [3]ਉਸ (ਬ੍ਰਾਹਮਣ) ਦੇ।

ਚੌਪਈ:

ਖਿਝਿ ਕੈ ਮੂਲਾ ਪੁਰਿ ਮਹਿਂ ਗਯੋ।
ਅਤਿ ਦੁਖ ਮਾਨ ਬਿਸਮ ਮਨ ਭਯੋ।
ਕੇਤਿਕ ਦਿਨ ਤਨਿਯਾ ਕੇ ਪਾਸੂ।
ਰਹਯੋ ਆਪ, ਨਹਿਂ ਗਯੋ ਅਵਾਸੂ[1] ॥੪੬॥ — [1]ਘਰ ਨਾਂ ਗਿਆ।
ਸ੍ਰੀ ਨਾਨਕ ਅਸਥਾਨ ਮਸਾਨਾ।

ਬੈਸੇ ਮਰੀਅਨ[1] ਗੋਰ[2] ਮਹਾਨਾ। — [1]ਮੜ੍ਹੀਆਂ। [2]ਕਬਰਾਂ ਵਿਚ।
ਜੇ ਨਰ ਜਾਨਹਿਂ ਮਨ ਕਛੁ ਭੇਵਾ।
ਬੰਦਨ ਕਰਿ ਗਵਨੈਂ ਜਗਦੇਵਾ[1] ॥੪੭॥ — [1]ਭਾਵ ਗੁਰੂ ਜੀ ਨੂੰ।
ਅਸ ਪ੍ਰਕਾਰ ਰਹਿਂ ਵਹਿਰ ਅਸੀਨੇ[1]। — [1]ਬਾਹਰ ਟਿਕੇ ਰਹਿਣ।
ਬੀਤ ਗਏ ਜਬ ਤੀਨ ਮਹੀਨੇ।
ਲਖਮੀ ਦਾਸ ਜਨਮ ਤਬ ਲੀਨੋ।
{ਲਖਮੀ ਚੰਦ ਜੀ ਦਾ ਜਨਮ}
ਸਭਿ ਪਰਵਾਰ ਹਰਖ ਮਨ ਕੀਨੋ ॥੪੮॥
ਭਈ ਸੁਲਖਣੀ ਪ੍ਰਾਚਿ ਦਿਸ਼ਾ ਸੀ[1]। — [1]ਪੂਰਬ ਦੀ ਦਿਸ਼ਾ ਵਰਗੀ (ਭਾਗਵਾਲੀ)।
ਉਗੇ ਸੂਰ ਸਸਿ ਜਨੁ ਜਸ ਰਾਸੀ[1]†। — [1]ਸੂਰ, ਭਾਵ ਸ੍ਰੀ ਚੰਦ, ਸਸਿ ਭਾਵ ਲਖਮੀ ਦਾਸ। ਪੂਰਬ ਦਿਸ਼ਾ ਵਿਚ ਜਦ ਸੂਰਜ ਚੜ੍ਹਦਾ ਹੈ ਤਾਂ ਬੜੀ ਚਮਕ ਵਾਲਾ ਹੁੰਦਾ ਹੈ, ਤੇ ਪੂਰਬ ਦਿਸ਼ਾ ਵਿਚ ਜਦ ਚੰਦ ਹੁੰਦਾ ਹੈ ਤਾਂ ਉਹ ਬੀ ਪੂਰਨ ਹੁੰਦਾ ਹੈ। †ਪਾ:-ਉਗੇ ਸੂਰ ਸਸ ਜਨੁ ਸੁਖ ਰਾਸੀ।
ਸ੍ਰੀ ਗੁਰ ਕੇ ਢਿਗ ਜਾਇ ਸੁਨਾਵਾ।
ਮਨ ਜਿਨ ਕੋ[1] ਰਸ ਏਕ ਸੁਹਾਵਾ ॥੪੯॥ — [1]ਜਿਨ੍ਹਾਂ ਦਾ (ਭਾਵ ਗੁਰੂ ਜੀ ਦਾ) ਮਨ।
ਦੋਹਰਾ:
ਪਾਵ[1] ਨ ਪਾਵਹਿਂ ਪੁਰਿ ਵਿਖੈ, ਅਤਿ ਪਾਵਨ ਉਦਿਆਨ[2]। — [1]ਚਰਣਾ। [2]ਬਨ।
ਬੈਸੇ ਨਿਸ ਬਾਸੁਰ ਤਹਾਂ[1], ਉਧਰੇ ਸਰਬ ਮਸਾਨ[2] ॥੫੦॥ — [1]ਓਥੇ (ਸ੍ਰੀ ਗੁਰੂ ਜੀ)। [2]ਮੁਰਦੇ।
ਚੌਪਈ:
ਮੁਖ ਤੇ ਭਾਖਹਿਂ ਸਤਿਗੁਰ ਬੈਨਾ।
'ਨਹਿਂ ਹਿੰਦੂ ਕੋ ਤੁਰਕ ਨ ਹੈਨਾ†। — †ਪਾ:-ਐਨਾ।
ਜਗ ਮਹਿਂ ਹਿੰਦੂ ਤੁਰਕ ਨ ਕੋਊ।
ਝੂਠੇ ਨਾਮ ਧਰਾਵਹਿਂ ਦੋਊ' ॥੫੧॥
ਕੋ ਕੋ ਨਰ ਹ੍ਵੈ ਨਿਕਟ ਸੁਨਤਿ ਹੈ।
ਪੁਰਿ ਮਹਿਂ ਅਪਰਨ[1] ਮਿਲਤਿ ਭਨਤਿ ਹੈ[2]। — [1]ਹੋਰਨਾਂ ਨੂੰ। [2]ਮਿਲਦਾ ਹੈ ਤਾਂ ਦੱਸਦਾ ਹੈ।
ਇਹ ਬਿਧਿ ਸੁਨੀ ਸ਼੍ਰਵਨ ਨਿਜ ਕਾਜ਼ੀ।
ਗਵਨਜੋ ਨਿਕਟਿ ਬੇਖ ਤਨ ਪਾਜੀ[1] — [1]ਬਨਾਵਟੀ।

॥੫੨॥
ਕਛੁਕ ਮਨੁਜ ਤਿਹ ਸੰਗਿ ਸਿਧਾਰੇ।
ਬੈਸੇ ਸ਼੍ਰੀ ਗੁਰ ਆਨਿ ਨਿਹਾਰੇ।
ਆਨਨ[1] ਬੈਨ ਬਖਾਨਤਿ ਸੋਊ। [1]ਮੁਖੋਂ (ਗੁਰੂ ਜੀ ਨੇ ਕਹੇ)।
'ਨਹਿਂ ਹਿੰਦੂ ਕੋ, ਤੁਰਕ ਨ ਕੋਊ'
॥੫੩॥

ਦੋਹਰਾ:
ਨਿਕਟ ਬੈਸਿ ਕਾਜੀ ਕਹੈ,
'ਅਸ ਕਸ ਕਰਤਿ ਬਖਾਨ।
ਹਿੰਦੂ ਤੁਰਕ ਨ ਜਗਤ ਮੈਂ,
ਹਮ ਕਿਉਂ ਸਕਹਿਂ ਪਛਾਨ? ॥੫੪॥

ਚੌਪਈ:
ਜਹਿਂ ਤਹਿਂ ਜਗ ਮੈਂ ਦੀਸਹਿਂ ਸੋਊ।
ਹਿੰਦੂ ਮੁਸਲਮਾਨ ਨਰ ਦੋਊ।
ਤੁਮਰੇ ਕਹਿਨ ਸੰਦੇਹ ਹਮਾਰੇ[1]। [1]ਸਾਨੂੰ ਸੰਸਾ ਹੈ।
ਉੱਤਰ ਦੀਜੈ ਰਿਦੇ ਵਿਚਾਰੇ' ॥੫੫॥
ਲੋਕ ਬਿਲੋਕਤਿ ਸ਼੍ਰੀ ਗੁਰ ਓਰਾ।
ਚਹੁਂਦਿਸ਼ਿ ਭੀਰ ਭਈ ਤਿਂਹ ਠੌਰਾ।
ਦਰਸ਼ਨ ਦਰਸਹਿਂ ਦੀਨ ਦਿਆਲਾ।
ਜਿਨ ਕਿਯ† ਸ਼ਰਧਾ ਤਿਹ[1] ਦੁਖ ਟਾਲਾ[2] [1]ਤਿਸਦਾ। [2]ਦੁਖ ਦੂਰ ਕੀਤਾ (ਗੁਰੂ ਜੀ ਨੇ)। †ਪਾ:-ਕੀ।
॥੫੬॥
ਕਾਜ਼ੀ ਬਚ ਸੁਨਿ ਪੰਕਜ ਬਦਨਾ।
ਕੁਮਤਿ ਕਦਨ[1], ਸੁਖ ਕਰੁਨਾ ਸਦਨਾ[2]। [1]ਨਾਸ਼ਕ। [2]ਸੁਖ ਤੇ ਮਿਹਰ ਦੇ ਘਰ ਨੇ।
ਕਹ੍ਯੋ ਸ਼ਲੋਕ ਹੇਤ ਸਮਝਾਵਨ।
ਮਤਿਮੰਦਨ ਸ਼ੁਭ ਮਾਰਗ ਪਾਵਨ
॥੫੭॥

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ† ॥੧॥ †ਵਾਰ ਮਾਝ।
ਸਲੋਕੁ ਮਃ ੧ ॥
ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥
ਮਃ ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ† ॥੨॥ †ਵਾਰ ਬਿਹਾਗੜਾ।

ਦੋਹਰਾ:

'ਮੁਸਲਮਾਨ ਮਗ ਹਿੰਦੁ[1] ਕੋ,
ਅਸ ਬਿਧਿ ਲੇਹੁ ਪਛਾਨ।
ਕਰਮ ਨ ਸ਼ੁਭ ਕਰਿਹੀਂ ਉਭੈ,
ਝੂਠੇ ਨਾਮ ਬਖਾਨ ॥੫੮॥

[1]ਹਿੰਦੂਆਂ ਦਾ।

ਚੌਪਈ:

ਮਗ ਭੂਲੇ ਫਿਰਿਹੀਂ ਉਦਿਆਨਾ[1]।
ਕੈਸੇ ਪਹੁੰਚਹਿਂ ਸੁਖ ਅਸਥਾਨਾ।'
ਸੁਨਿ ਕਰਿ ਕਾਜੀ ਲੱਜਤਿ ਹੋਤਿ।
ਜਿਉਂ ਰਵਿ ਆਗੇ ਰਿੰਙਣ ਜੋਤਿ[1] ॥੫੯॥

[1]ਜੰਗਲ ਵਿਚ।
[1]ਟਿਟਾਣਾਂ।

ਨਹਿਂ ਬੋਲਜੋ ਕਛੁ ਤੂਸ਼ਨ ਭਯੋ।
ਉੱਤਰ ਆਵ ਨ[1], ਉਠਿ ਘਰ ਗਯੋ।
ਕੋ ਨਰ ਨੁਤਿ[1], ਕੋ ਨਿੰਦਾ ਕਰਿਹੀ।
ਮੂਰਖ ਸਮਝ, ਨ ਪਾਇਨ[1] ਪਰਿਹੀ ॥੬੦॥

[1]ਨਾ ਆਇਆ।
[1]ਉਸਤਤੀ।
[1]ਚਰਨੀਂ।

ਭਾਉ ਭਗਤਿ ਜਿਹਂ ਜਗ ਪ੍ਰਗਟਾਨਾ।
ਬੈਸੇ ਰਹੇ ਮਸਾਨ ਸਥਾਨਾ।
ਤਿਹ ਛਿਨ ਹੁਤੋ ਭਗੀਰਥ ਪਾਸੁ।
ਦਰਸ਼ਨ ਕਰਤਿ ਪਾਇ ਸੁਖ ਰਾਸੁ ॥੬੧॥
ਆਵਾ ਮਨਸੁਖ ਪ੍ਰੇਮ ਉਮੰਗਾ।

ਜਿਹ ਮਨ ਚਢ੍ਯੋ ਨਾਮ ਕੋ ਰੰਗਾ।
ਹਾਥ ਬੰਦਿਕੈ ਬੰਦਨ ਕੀਨੀ।
ਪਰ੍ਯੋ ਡੰਡਵਤ ਮਤਿ ਰਸ ਭੀਨੀ
॥੬੨॥
'ਸਤਿਕਰਤਾਰ' ਕਹੀ ਸੁਖਰਾਸੂ[1]। [1]ਗੁਰੂ ਜੀ ਨੇ।
ਬੂਝੀ ਕੁਸ਼ਲ ਸਰਬ ਪੁਨ ਤਾਸੂ[1]। [1]ਉਸਤੇ।
ਗਦ ਗਦ ਹ੍ਵੈ ਕਰਿ ਬੈਠਿ ਸਮੀਪਾ।
ਬੋਲ੍ਯੋ ਬਚਨ ਤਬਹਿ 'ਕੁਲਦੀਪਾ!
॥੬੩॥
ਸਰਬ ਕੁਸ਼ਲ ਭੀ ਦਰਸ ਤੁਮਾਰੇ।
ਮੁਝ ਤਨ ਮਨ ਕੇ† ਕਸ਼ਟ ਨਿਵਾਰੇ। †ਪਾ: ਮੁਰ ਮਨ ਤਨ ਕੇ।
ਚਲ੍ਯੋ ਚਹਤਿ ਹੌ ਮੈਂ ਪਰਦੇਸ਼ਾ।
ਸ੍ਰੀ ਮੁਖ ਕੀ ਅਬ ਪਾਇ ਨਿਦੇਸਾ
॥੬੪॥
ਬਨਜ ਖੇਪ ਕੋ ਭਰਿ ਕਰਿ ਭਾਰੀ।
ਜਾਉਂ ਸੰਗਲਾਦੀਪ ਮਝਾਰੀ।
ਹ੍ਵੈ ਹੈ ਦਿਨ ਬਹੁ ਬਿਰਹੁ ਤੁਮਾਰਾ।
ਉਚਰਹੁ ਆਪ ਸਬਦ ਸੁਖ ਸਾਰਾ
॥੬੫॥
ਮੈਂ ਲਿਖਿ ਲੇਉਂ ਪਠੋਂ ਕਰਿ ਨੇਮਾ।
ਜਿਨ ਤੇ ਵਧੈ ਗੁਰੂ ਪਗ ਪ੍ਰੇਮਾ।'
ਸੁਨਿ ਕਰਿ ਬਚਨ ਦੀਨ ਦੁਖ ਭੰਜਨ।
ਉਚਰੇ ਰੁਚਿਰ ਸਬਦ ਜਨਰੰਜਨ[1] [1]ਦਾਸਾਂ ਨੂੰ ਪ੍ਰਸੰਨ ਕਰਨ ਵਾਲੇ।
॥੬੬॥
ਸ੍ਰੀ ਕਰਤਾਰ ਗੁਰੂ ਵਡਿਆਈ।
ਭਗਤ ਬਿਰਕਤਹਿ ਗ੍ਯਾਨ ਮਿਲਾਈ।
ਅਸ ਬਾਣੀ ਮਨਸੁਖ ਲਿਖਿ ਲੀਨੀ।
ਪਢਿ ਕਰਿ ਪਰਮ ਪ੍ਰੇਮ ਮਤਿ ਭੀਨੀ
॥੬੭॥
ਬਹੁਰੋ ਬੋਲੇ ਗੁਰੂ ਉਦਾਰਾ।
'ਮੱਜਹੁ[1] ਨਿਸਾ ਜਾਮ[2] ਸ਼ੁਭ ਬਾਰਾ[3]। [1]ਨ੍ਹਾਓ। [2]ਪਹਿਰ ਰਾਤ ਰਹਿੰਦੀ। [3]ਸਾਫ ਪਾਣੀ ਵਿਚ। (ਅ) ਸ਼ੁਭ ਵੇਲਾ ਹੈ (ਉਹ)।

ਤਜਿ ਆਲਸ ਜਾਗਹੁ ਤਿਹ ਕਾਲਾ।
ਪਢਹੁ ਤਬੈ ਫਲ ਹੋਤਿ ਬਿਸਾਲਾ ॥੬੮॥
ਇਕ ਮਨ ਹ੍ਵੈ ਕੈ ਪ੍ਰੀਤਿ ਸਮੇਤਾ।
ਗੁਨਹੁ ਤ ਪਾਵਹੁ ਬ੍ਰਹਮ ਨਿਕੇਤਾ[1]। [1]ਭਾਵ, ਵਾਹਿਗੁਰੂ ਸਰੂਪ ਨੂੰ।
ਕਰਹੁ ਤਿਹਾਵਲ[1] ਹੋਵਤਿ ਭੋਰਾ। [1]ਕੜਾਹ ਪ੍ਰਸ਼ਾਦ।
ਪਠਿ ਅਰਦਾਸ ਯੁਗਮ ਕਰ ਜੋਰਾ ॥੬੯॥
ਬਹੁਰ ਬਾਂਟਿ[1] ਅਚਵਨ[2] ਨਿਜ ਕੀਜੈ। [1]ਵੰਡਕੇ। [2]ਛਕਣਾ ਕਰੋ।
ਦਿਵਸ ਉਗੇ ਬਨਜਹਿੰ ਮਨ ਦੀਜੈ।
ਸੰਧ੍ਯਾ ਕਾਲਹਿ ਪਢੋ ਬਹੋਰੀ[1]। [1]ਫੇਰ।
ਮਤ ਨਿਤ ਰਾਖਹੁ ਭਗਤਿਹਿ ਬੋਰੀ[1] ॥੭੦॥ [1]ਭਗਤੀ ਵਿਚ ਡੁਬੀ ਹੋਈ।
ਜਬ ਕੋ ਅਟਕ ਜਾਇ ਵਡ ਕਾਜੂ।
ਸਿਮਰਹੁ ਸਤਿਗੁਰ[†] ਹ੍ਵੈ ਸੁਖ ਕਾਜੂ।' [†]ਕਵੀ ਜੀ ਨੇ ਇਥੇ ਗੁਰੂ ਜੀ ਦੇ ਮੁਖਾਰਬਿੰਦ ਤੋਂ ਗੁਰਬਾਣੀ ਪੜ੍ਹਨ ਵਿਚਾਰਨ ਦੀ ਤਾਕੀਦ ਤੇ ਮਹਾਤਮ, ਗੁਰਸਿੱਖੀ ਦੀ ਮਿਰ੍ਯਾਦਾ ਦਰਸਾਈ ਹੈ।
ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ।
ਗਵਨ੍ਯੋ ਸਤਿਗੁਰ ਪਾਇ ਨਿਦੇਸ਼ਾ[1] ॥੭੧॥ [1]ਸਤਿਗੁਰੂ ਜੀ ਦੀ ਆਗ੍ਯਾ ਪਾਕੇ।
ਗਯੋ ਸੰਗਲਾਦੀਪ ਸਥਾਨਾ।
ਬਹੁਰ ਭਗੀਰਥ ਕੋ ਗੁਨ ਖਾਨਾ[1]। [1]ਭਾਵ ਗੁਰੂ ਜੀ ਨੇ।
ਆਇਸ ਦੀਨ 'ਸਦਨ ਅਬ ਜਾਵਹੁ।
ਹਿਰਦੈ ਸਦਾ ਨਾਮ ਲਿਵ ਲਾਵਹੁ' ॥੭੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ ਪ੍ਰਸੰਗ, ਲਖਮੀ ਦਾਸ ਜਨਮ, ਮਨਸੁਖ ਭਗੀਰਥ ਗਵਨ' ਪ੍ਰਸੰਗ ਬਰਨਨੰ ਨਾਮ ਤੀਸਮੋ ਅਧ੍ਯਾਯ ॥੩੦॥

## ੩੧. [ਸਾਰਦਾ ਮੰਗਲ, ਮੁੱਲਾਂ ਨਿਸਤਾਰਾ, ਮਸੀਤ ਤੇ ਨ੍ਵਾਬ ਦਾ ਪ੍ਰਸੰਗ]

੩੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੨

{ਨਵਾਬ ਦੁਬਿਧਾ ਵਿੱਚ} ॥੧੧॥
{ਨਵਾਬ ਨੇ ਮੁੱਲਾਂ ਨੂੰ ਭੇਜਣਾ} ॥੧੧॥
{ਮੁੱਲਾਂ ਨੂੰ ਉਪਦੇਸ਼} ॥੨੫॥

ਨਰਾਜ ਛੰਦ:

ਮਰਾਲਬਾਹਿਨੀ ਕ੍ਰਿਪਾਲੁ, ਹਾਥ ਜੋਰਿ ਬੰਦਨਾ।

ਮਰਾਲਬਾਹਿਨੀ=ਹੰਸ ਜਿਸਦੀ ਅਸਵਾਰੀ ਹੋਵੇ, ਸ਼ਾਰਦਾ ਨੂੰ ਹੰਸ ਤੇ ਚੜਨ ਵਾਲੀ ਕਵੀਆਂ ਨੇ ਸੰਕੇਤ ਕੀਤਾ ਹੈ। ਹੰਸ ਉੱਜਲ, ਸੁਹਣਾ ਮਾਨਸਰੋਵਰ ਵਰਗੇ ਨਿਰਮਲ ਠੰਢੇ ਥਾਂ ਰਹਿਣ ਵਾਲਾ ਮੰਨਿਆ ਹੈ।

ਕਹੋਂ ਕਥਾ ਵਿਚਾਰਿ ਚਾਰੁ, ਤੀਨ ਤਾਪ ਕੰਦਨਾ।

ਚਾਰੁ=ਸੁੰਦਰ

ਧਿਆਨ ਧਰਿ ਬਾਰ ਬਾਰ, ਸਾਰਦਾ ਸਰੂਪ ਕੋ।

ਸੁ ਜਾਸ ਕੋ ਪ੍ਰਸਾਦਿ ਪਾਇ, ਸੇਮੁਖੀ ਅਨੂਪ ਕੋ ॥੧॥

ਸੇਮੁਖੀ ਯਾ ਸੇ ਮੁਕ੍ਤੀ=ਓਹ ਕਵਿਤਾ ਜੋ ਸੁਤੇਸਿੱਧ ਆਪੇ ਉਚਰੀ ਜਾਏ ਤੇ ਜਿਸ ਵਿਚ ਖਿੱਚ ਤਾਣ ਨਾ ਹੋਵੇ ਤੇ ਹੋਵੇ ਸੁੰਦਰ†। [ਸੰਸ. ਸ੍ਵਯਮੁਕ੍ਤ। ਸ੍ਵਯੰ=ਆਪੇ। ਉਕਤਿ=ਉਚਾਰਣ]

†Natural flow—ਸੁਤੇ ਵੇਗ ਵਾਲੀ ਕਵਿਤਾ, ਜਿਸ ਬਾਬਤ ਕਿਹਾ ਹੈ:- ਆਪੇ ਆਈ ਸ਼ੋਭ ਹੈ ਕਵਿਤਾ ਬਨਿਤਾ ਦੋਇ। ਬਲ ਕਰ ਖੈਂਚੇ ਜੋ ਇਨ੍ਹੇ ਸਰਸਾ ਬਿਰਸਾ ਹੋਇ।

ਅਰਥ:

ਹੰਸ ਉਤੇ ਚੜਨ ਵਾਲੀ (ਤੇ ਸੁਭਾਵ ਦੀ) ਕ੍ਰਿਪਾਲੂ (ਸ਼ਾਰਦਾ! ਤੈਨੂੰ) ਹੱਥ ਜੋੜਕੇ ਨਮਸਕਾਰ ਹੈ। ਤਿੰਨਾਂ ਤਪਾਂ ਦੇ ਦੂਰ ਕਰਨ ਵਾਲੀ ਸੁੰਦਰ ਕਥਾ ਮੈਂ ਹੁਣ ਵਿਚਾਰਕੇ ਕਹਿਣ ਲਗਾ ਹਾਂ (ਇਸ ਲਈ) ਬਾਰ ਬਾਰ ਸਾਰਦਾ! (ਤੇਰੇ) ਸਰੂਪ ਦਾ ਧਿਆਨ ਧਾਰਦਾ ਹਾਂ, ਜਿਸ ਦੀ ਕ੍ਰਿਪਾ ਨਾਲ ਅਨੂਪਮ ਤੇ ਸ੍ਵਯੰ ਉਚਰੀ ਜਾਣ ਵਾਲੀ (ਕਵਿਤਾ) ਪ੍ਰਾਪਤ ਹੁੰਦੀ ਹੈ।

ਭਾਵ:

ਸ਼ਾਰਦਾ ਸੰਬੰਧੀ ਵਿਸ਼ੇਸ਼ ਵਿਚਾਰ ਲਈ ਦੇਖੋ ਪੋਥੀ ਦਾ ਅਧ੍ਯਾਯ ੧ ਛੰਦ ੨।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਬਾਕੀ ਸ੍ਰੀ ਗੁਰ ਕੀ ਜਿਤੀ ਮੂਲੇ ਸ੍ਰੁਤ
ਸੁਨਿ ਸੋਇ।
ਲੈਨਿ ਹੇਤ ਤਿਨ ਕੇ ਤਬੈ ਗਯੋ ਲੋਭ ਮੈਂ
ਹੋਇ ॥੨॥

ਨਰਾਜ ਛੰਦ:

ਗਯੋ ਸੁ ਮੂਲ ਚੰਦ ਭੂਲ, ਭੇਦ ਨਾਂਹਿ
ਜਾਨਿਯਾ।
ਪੁਕਾਰਿ ਕੈ ਨਿਬਾਬ ਪਾਸ ਬੈਨ ਯੌਂ
ਬਖਾਨਿਯਾ।

'ਨਯਾਇ ਮੋਰ ਕੀਜੀਏ, ਸਵਾਬ[1] ਜਾਨਿ ਆਪਨੋ।
ਕੁਨੀਤਿ[1] ਭੂਪ ਕ੍ਰਿੱਤ ਨਾ[2], ਤਜੰਤ ਭੂਰ ਪਾਪ ਨੋ[3]' ॥੩॥

[1]ਪੁੰਨ। [1]ਅਨਜਾਯ। [2]ਨਹੀਂ ਕਰਦੇ। [3]ਨੂੰ।

ਅੜਿੱਲ:

ਸੁਨਿ ਕਰਿ ਸ਼੍ਰਵਨ ਨਵਾਬ, †ਭਨੈ[1] 'ਤੂੰ ਕੌਨ ਹੈ?
ਕਿਸ ਪਰ ਕਰਤਿ ਪੁਕਾਰ, ਨਾਮ ਕਹੁ ਜੌਨ[1] ਹੈ?
ਕਿਹਿ ਦੁਖ ਦੀਨੋ ਤੋਹਿ, ਸੁ ਭੇਵ[1] ਭਨੀਜੀਏ?
ਹੌਂ ਕਰਿਹੋਂ ਨਜਾਇ ਤੁਮਾਰ ਬ੍ਰਿਥਾ ਕਹਿ ਦੀਜੀਏ' ॥੪॥
'ਨਾਨਕ ਮੋਦੀ ਤੋਰ, ਸਸੁਰ ਤਿਹ[1] ਜਾਨੀਏ।
ਤਾਂ ਪਰ ਕਰੀ ਪੁਕਾਰ, ਆਪ ਪਹਿਚਾਨੀਏ।
ਸੁਨਿ ਸ਼੍ਰਵਨਨ ਮਮ ਬੈਨ, ਵਿਚਾਰ ਕਰੀਜਿਯੇ।
ਹੋ ਬਹੁਰੋ ਨਜਾਇ ਨਿਬੇਰ, ਸੁ ਜਸ ਜਗ ਲੀਜਿਯੇ' ॥੫॥

[1]ਕਿਹਾ। †ਪਾ:-ਸ਼੍ਰਵਨਤ ਬਾਤ। [1]ਜੋ। [1]ਭੇਤ। [1]ਉਸਦਾ (ਮੈਨੂੰ) ਸਹੁਰਾ।

ਦੋਹਰਾ:

ਸੁਨਿ ਸ਼੍ਰੀ ਨਾਨਕ ਨਾਮ ਕੋ, ਲੀਨੋ ਨਿਕਟ ਹਕਾਰ।
'ਕੈਸੇ ਕਰਤਿ ਪੁਕਾਰ ਤੂੰ, ਮੁਹਿ ਸਮਝਾਇ ਉਚਾਰਿ' ॥੬॥

ਨਰਾਜ ਛੰਦ:

'ਜੁ ਸਾਤ ਸੈ ਕਿ ਸਾਠ[1] ਦਾਮ[2], ਤਾਂਹਿ ਜਾਨਿ ਸ਼ੇਖ[3] ਸੋ।
ਨਿਬਾਬ ਰਾਇ! ਦੇਹੁ ਤਾਂਹਿ[1], ਤਾਤ ਨਾਰਿ[2], ਦੇਖ ਸੋ[3]।
ਵਿਚਾਰਿ ਕੈ ਰਿਦੈ ਨਿਆਇ, ਆਨਿ[1]

[1]ਸੱਤ ਸੌ ਸੱਠ ਰੁਪਯੇ। [2]ਸੱਤ ਸੌ ਸੱਠ ਰੁਪਯੇ। [3]ਓਸ ਦੇ ਬਾਕੀ। [1]ਉਸਦੇ। [2]ਪੁੱਤ੍ਰ ਤੇ ਸੁਪਤਨੀ ਨੂੰ। [3]ਦੇਖ ਲਓ (ਇਹ ਗਲ ਠੀਕ ਹੈ)। [1]ਹੋਰ ਤੋਂ (ਬੀ)। [2]ਪੁੱਛ।

ਬੂਝ[2] ਲੀਜਿਯੇ।'
ਭਨੰਤਿ ਮੂਲਚੰਦ ਯੌਂ, 'ਪੁਕਾਰ ਯਾ ਲਖੀਜਿਯੇ[1]' ॥੭॥

[1]ਇਹ ਜਾਣ ਲਓ,

ਨਿਬਾਬ ਸ਼੍ਰੋਨ ਮੈਂ ਸੁਨੰਤਿ, ਬੈਨ ਕੋ ਅਲਾਇਓ।
'ਕਹੀ ਸਰੋਜ ਨੈਨ ਨੇ[1], ਫਕੀਰ ਕੋ ਖਵਾਇਓ।

[1]ਭਾਵ ਗੁਰੂ ਜੀ ਨੇ!

ਨ ਮਾਨ, ਆਨ ਥਾਨ ਦਾਮ, ਦੇਹੁਂ[1] ਏਹ ਜਾਨਿਯੇ[2]।

[1]ਮੈਂ (ਤੇਰੀ ਗੱਲ) ਮੰਨਕੇ ਹੋਰਥੇ ਰੁਪੈ ਨਹੀਂ ਦਿਆਂਗਾ। [2]ਇਹ ਜਾਨ ਲੈ।

ਫਕੀਰ ਬ੍ਰਿੰਦ ਹੋਇਂ ਤੌਂ, ਖਵਾਇ ਆਪ ਮਾਨਿਯੇ' ॥੮॥
'ਭਯੋਹਿ ਭੂਰ ਬਾਵਰਾ, ਕਿ ਭੂਤਨਾਂ ਸੁ ਤਾਂਹਿ ਮੈਂ[1]।

[1]ਭਾਵ ਗੁਰੂ ਜੀ ਵਿਚ।

ਸੁਧੀ[1] ਨ ਕੋਇ ਕਾਂਹਿ ਕੀ, ਨ ਕੂਰ ਵਾਕ ਪ੍ਰਾਹਿ ਮੈਂ[2]।

[1]ਹੋਸ਼। [2]ਝੂਠ ਮੈਂ ਨਹੀਂ ਕਿਹਾ।

ਨਿਕੇਤ[1] ਹੇਤ[2] ਕੋ ਨਹੀਂ, ਮਸਾਨ ਥਾਨ ਬੈਸਿਯਾ।

[1]ਘਰ ਦਾ ਮੋਹ। [2]ਘਰ ਦਾ ਮੋਹ।

ਭਨੰਤਿ ਤੁੰਡ ਆਇ[1] ਜੋ ਫਕੀਰ ਕੀਨ ਬੇਸਿਯਾ' ॥੯॥

[1]ਮੂੰਹ ਆਈ ਕਹਿ ਦੇਂਦਾ ਹੈ।

ਨਿਬਾਬ ਬੈਨ ਤਾ ਸੁਨੇ, ਸਚਿੰਤ ਚੀਤ ਹ੍ਵੈ ਰਹ੍ਯੋ।
ਗਹੀ ਫਨੀ[1] ਚਚੁੰਧਰੰ, ਤਜੀ ਨ ਖਾਇ ਯੌਂ ਭਯੋ[†]।

[1]ਸੱਪ। [†]ਛਛੂੰਦਰ, (ਯਾ ਕੋਹੜ ਕਿਰਲੀ), ਸੱਪ ਜਿਸਨੂੰ ਮੂੰਹ ਵਿੱਚ ਪਾ ਲੈਂਦਾ ਹੈ ਜੇ ਖਾਵੇ ਤਾਂ ਆਪ ਕੋਹੜਾ ਹੋ ਜਾਂਦਾ ਹੈ ਤੇ ਜੇ ਛੱਡੇ ਤਾਂ ਓਹ ਅੱਖਾਂ ਕੱਢ ਲਿਜਾਂਦੀ ਹੈ, ਆਦਮੀ ਦੀ ਦੁਚਿਤੀ ਵਿੱਚ ਇਹੋ ਅਖਾਣ ਵਰਤਦੇ ਹਨ।

ਫਕੀਰ ਕੋ ਨ ਦੇਉਂ ਹੋਤਿ, ਭੈ ਹਮੈਂ ਸੁ ਤਾਂਹਿ ਕੋ।
ਨ ਦੇਉਂ ਤੋਹਿ, ਹੋਤਿ ਹੈ; ਕੁਨੀਤ, ਨੀਤ ਨਹਿ ਕੋ[1]' ॥੧੦॥

[1]ਕੋਈ ਨੀਤੀ ਨਹੀਂ ਸਗੋਂ ਕੁਨੀਤੀ ਹੁੰਦੀ ਹੈ (ਅ) ਨੀਤੀਨਾਹ ਪਰਮੇਸ਼ੁਰ ਪਾਸਿਓਂ ਕੁਨੀਤ ਹੁੰਦੀ ਹੈ।

ਦੋਹਰਾ:
ਹੁਤੋ ਯਾਰ ਖਾਂ ਨਿਕਟਿ ਤਬ,
ਬੂਝੀ ਤਿਹ ਸੋਂ ਗਾਥ।

{ਨਵਾਬ ਦੁਬਿਧਾ ਵਿੱਚ}

ਬੋਲਯੋ ਰਿਦੈ ਵਿਚਾਰਿ ਸੋ[1],
ਨਿਜ ਭੂਪਤਿ ਕੇ ਸਾਥ ॥੧੧॥

[1]ਉਹ।

{ਨਵਾਬ ਨੇ ਮੁੱਲਾਂ ਨੂੰ ਭੇਜਣਾ}

ਅੜਿੱਲ:

'ਜੇ ਨਾਨਕ ਅਬ ਭਯੋ, ਬਾਵਰਾ ਸੁਧਿ ਨਹੀਂ।
ਕਿਧੌਂ ਭੂਤਨਾ ਬਰਯੋ, ਲੇਹੁ ਕਰਿ ਸਭਿ ਸਹੀ।
ਦੇਹੁ ਦਰਬ ਪਸ਼ਚਾਤ, ਜਾਨ ਜਿਯ ਲੀਜਿਯੇ।
ਹੋ ਕੈਧੋਂ ਮੇਧਾ ਸਹਿਤ, ਤ[1] ਬੂਝਨ ਕੀਜਿਯੇ[2]' ॥੧੨॥

[1]ਜੇ ਹੋਸ਼ ਵਿੱਚ ਹੈ ਤਾਂ। [2]ਉਸ ਨੂੰ) ਪੁੱਛ ਲਵੋ।

ਦੋਹਰਾ:

ਸੁਨੇ ਯਾਰ ਖਾਂ ਬਚਨ ਜਬ, ਨ੍ਰਿਪਤਿ ਸਰਾਹਤਿ[1] ਤਾਂਹਿ।
'ਕਰਨ ਉਚਿਤ ਐਸੇ ਹਮੈਂ, ਜੈਸੇ ਤੂੰ ਮੁਖਿ ਪ੍ਰਾਹਿ' ॥੧੩॥

[1]ਸਲਾਹੁੰਦਾ ਹੈ।

ਅੜਿੱਲ:

ਮੁੱਲਾਂ ਢਿਗ ਨਰ ਪਠਾ, ਸੁ ਲੀਨ ਪੁਕਾਰਿਯੋ[1]†।
ਸਭਿ ਨਾਨਕ ਬਿਰਤਾਂਤ, ਨਿਬਾਬ ਉਚਾਰਿਯੋ।
'ਹੇਰਹੁ[1] ਝਾਰਹੁ[2], ਜਾਹੁ, ਰਿਦੈ ਸੁਧਿ ਲੀਜਿਯੇ।
ਹੋ ਬਹੁਰੋ ਮੁਝ ਢਿਗ ਆਨਿ, ਸੁ ਭੇਵ ਭਨੀਜਿਯੇ' ॥੧੪॥

[1]ਸੱਦ ਲਿਆ। †ਪਾ:-ਹਕਾਰਿਓ।

[1]ਵੇਖਹੁ। [2]ਝਾੜਾ ਕਰੋ।

ਸੁਨਿ ਕਰਿ ਮੁੱਲਾਂ ਚਲਯੋ, ਬੇਗ ਲਿਖਿ ਕਾਗਰਾ[1]।
ਜੰਤ੍ਰ ਮੰਤ੍ਰ ਲੇ ਸੰਗਿ, ਜਹਾਂ ਸੁਖ ਸਾਗਰਾ।
ਪਰੀ ਰੌਰ[1] ਪੁਰਿ ਮਾਂਹਿ, ਮੁਲਾਨੇ ਜਾਨ

[1]ਕਾਗਤ।

[1]ਰੌਲਾ।

ਕੀ।
ਹੋ ਧਾਏ ਨਰ ਦਿਸ਼ ਤਾਂਹਿ, ਜੁ ਕ੍ਰਿਪਾ ਨਿਧਾਨ ਕੀ ॥੧੫॥

ਨਰਾਜ ਛੰਦ:

ਭਨੈਂ ਪ੍ਰਮਾਨ ਆਨਨੰ, ਅਜਾਨ ਬੈਨ[1] ਯਾ ਬਿਧੇ।
'ਭਲੋ ਤਮਾਸ਼ ਦੇਖਿ ਹੈਂ, ਬਿਸ਼ੇਸ਼ ਭੂਤ ਕਾਢਿਧੇ।
ਚਲੇ ਸਚਾਇ[1] ਧਾਇ ਧਾਇ, ਆਇ ਬ੍ਰਿੰਦ ਸੋ ਭਏ।
ਨ ਭੇਵ ਮੂਲ ਜਾਨਹੀ, ਸੁ ਭੂਲ ਭਰਮ ਮੈਂ ਗਏ ॥੧੬॥
ਲਗੇ ਸਮਾਧਿ ਸ਼੍ਰੀ ਗੁਰੂ, ਮਸਾਨ ਥਾਨ ਰਾਜਹੀਂ।
ਮਨੋ ਪਿਨਾਕ ਪਾਨ[1], ਆਨਿ ਬੈਸਿਓ ਬਿਰਾਜਹੀਂ।
ਸਰੀਰ ਹੈ ਅਚੱਲ, ਨੈਨ ਮੂੰਦਿਯੇ ਅਸੀਨਿਯਾ[1]।
ਸਦੀਵ ਦਾਸ ਦੋਖ ਜੋ, ਦਲੰਤਿ ਦੂਰ ਕੀਨਿਯਾ ॥੧੭॥

ਦੋਹਰਾ:

ਚਹੁਂ ਦਿਸ਼ਿ ਮਾਨਵ ਬ੍ਰਿੰਦ ਭੇ, ਰਿਦੇ ਬਿਲੋਕਨ ਚਾਉ।
ਲਗੀ ਗੰਭੀਰ ਸਮਾਧਿ ਗੁਰੁ, ਪੇਖਨ ਸੁਨਨਿ ਅਭਾਉ[1] ॥੧੮॥

ਅੜਿੱਲ:

ਮੁੱਲਾਂ ਬੈਠਯੋ ਨਿਕਟਿ, ਬਿਕਟ[1] ਮੰਤ੍ਰਨ ਪਠੇ।
ਭੀਰ ਭੂਰ ਤਿਹ ਥਾਨ, ਅਪਰ ਆਵਹਿਂ ਨਠੇ।
ਝਾਰਤਿ[1] ਮੰਤ੍ਰਨ ਸੰਗਿ, ਬਿਲੋਕਹਿਂ ਨਰ ਖਰੇ।

[1]ਅਨਜਾਨ ਮਨੁੱਖ ਮੁੱਖੋਂ ਵਾਕ ਕਹਿੰਦੇ ਹਨ।

[1]ਚਾਉ ਨਾਲ।

[1]ਪਿਨਾਕ ਜਨਕਪੁਰੀ ਵਾਲਾ ਸ਼ਿਵਜੀ ਦਾ ਧਨੁਖ ਇਹ ਜਿਸ ਦੇ ਹੱਥ ਵਿੱਚ ਹੋਵੇ ਸੋ 'ਸ਼ਿਵਜੀ।'

[1]ਬੈਠੇ ਹਨ।

[1]ਅਭਾਵ ਹੈ ਦੇਖਣ ਸੁਣਨ ਦਾ।

[1]ਪੁਠੇ।

[1]ਝਾੜਾ ਕਰਦਾ ਹੈ।

ਹੋ ਬਹੁਰੋ ਲੇਯ ਪਲੀਤਾ, ਬਾਤੀ[1] ਬਟ ਕਰੇ[2] ॥੧੯॥

[1]ਵੱਟੀ ਵੱਟਕੇ। [2]ਵੱਟੀ ਵੱਟਕੇ।

ਪਾਵਕ[1] ਲਾਈ ਤਾਂਹਿ, ਬਰੀ[2] ਧੂੰਆਂ ਭਯੋ।
ਲੈਕਰਿ ਮੁੱਲਾਂ ਹਾਥ, ਨਾਸਕਾ ਮਹਿਂ ਦਯੋ।
ਦਸਵੇਂ ਦ੍ਵਾਰ ਧੂੰਮ, ਪਹੁੰਚਯੋ ਜਾਇ ਸੋ।
ਹੋ ਡੋਲੀ ਤਬੈ ਸਮਾਧਿ, ਰਿਦੈ ਅਕੁਲਾਇ ਸੋ ॥੨੦॥

[1]ਅੱਗ। [2]ਜਲੀ।

ਮੁੰਦ੍ਰਿਤ[1] ਲੋਚਨ ਚਾਰੁ, ਨ ਪਲਕ ਖੁਲਾਨਿਆ।☞

[1]ਮੁੰਦੇ ਰਹੇ।

☞ਬਲਿਹਾਰ ਜਾਈਏ ਸਤਿਗੁਰੂ ਜੀ ਦੀ ਗੰਭੀਰਤਾ ਤੇ ਸ਼ਾਂਤੀ ਦੇ, ਜਦ ਸਮਾਧੀ ਟਿਕੇ ਮਹਾਂ ਪੁਰਖਾਂ ਨੂੰ ਕਦੀ ਕਿਸੇ ਨੇ ਇਸ ਤਰ੍ਹਾਂ ਦੀ ਤਕਲੀਫ ਪੁਚਾਈ ਤਾਂ ਜਾਂ ਓਹ ਉਸ ਵਿਘਨ ਕਰਤਾ ਨੂੰ ਭਸਮ ਕਰ ਦਿੰਦੇ ਰਹੇ ਤੇ ਜਾਂ ਆ ਬੜੇ ਵਿਖੇਪ ਵਿਚ ਹੋ ਗਏ। ਇਹ ਇਕੋ ਇਕ ਇਤਿਹਾਸਕ ਕਥਾ ਹੈ ਕਿ ਇਹੋ ਜਿਹੇ ਟਿਕੇ ਹੋਏ ਥਾਂ ਤੋਂ ਉਤਰ ਕੇ ਬਜਾਏ ਰੰਜ, ਗੁੱਸੇ, ਸ੍ਰਾਪ ਦੇਣ ਦੇ ਮੁੱਲਾਂ ਨੂੰ ਤਾਰਨ ਲਈ ਉਪਦੇਸ਼ ਕੀਤਾ ਤੇ ਤਾਰ ਦਿੱਤਾ ਤੇ ਮੁੱਲਾਂ ਚਰਨ ਸ਼ਰਨ ਹੋਕੇ ਸਿੱਖ ਹੋ ਗਿਆ। ਦੇਖੋ ਇਸੇ ਅਧ੍ਯਾਯ ਦਾ ਅੰਕ ੩੩ ਤੇ ੩੪।

ਅੰਤਰਿਜਾਮੀ ਸਕਲ, ਭੇਵ[1] ਪਹਿਚਾਨਿਆ।
ਕਰੁਨਾਨਿਧਿ ਬਿਧਿ ਲਖੀ -ਬੁੱਧਿ ਇਨ ਹਤਿ ਭਈ-।
ਹੋ ਬੋਲੇ ਬਚਨ ਸੁਨਾਇ, ਸੁ ਸਿੱਛ੍ਯਾ ਤਿਨ ਦਈ ॥੨੧॥

[1]ਸਾਰਾ ਭੇਤ।

ਸ੍ਰੀ ਮੁਖਵਾਕ ॥

ਸਲੋਕ ਮਃ ੧ ॥

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥†

†ਕਿਸੇ ਕਿਸੇ ਨੁਸਖੇ ਵਿਚ ਇਸਤੋਂ ਅੱਗੇ ਇਕ ਦੋਹਾ ਹੈ, ਉਹ ਮਾਨੋ ਗੁਰ ਵਾਕ ਦਾ ਟੀਕਾ ਹੈ, ਸੋ ਇਉਂ ਹੈ:

ਭੂਤ ਪ੍ਰੇਤ ਕੇ ਮੰਤ੍ਰ ਲਿਖ ਬਾਦ ਜਨਮ ਕੋ ਖੋਇ।
ਜਾਹਿ ਮੂਢ ਦੋਜ਼ਕ ਵਿਖੈ ਤਾਹਿਂ ਸਹਾਇ ਨ ਕੋਇ।

ਦੋਹਰਾ:

ਸੁਨਿ ਕਰਿ ਮਾਨਵ ਤਿਤ ਸਮੇਂ,
ਪਰੀ ਰੌਰ ਤਿਹ ਥਾਂਇ।

ਕਹਤਿ ਪਰਸਪਰ[1] 'ਭੂਤਨਾ,
ਬੋਲਜੇ ਹ੍ਵੈ ਦੁਖ ਪਾਇ ॥੨੨॥

[1]ਆਪੋ ਵਿਚੀਂ।

ਅੜਿੱਲ:

ਜਬ ਕੋ ਭੂਤ ਪ੍ਰਵੇਸ਼ਜੋ, ਇਹ ਘਟ ਅੰਤਰੇ।
ਤਬ ਕੀ ਕਾਰ ਨ ਕਰੀ, ਸੁ ਤਜੀ ਨਿਰੰਤਰੇ।
ਦਰਬ ਲੁਟਾਯੋ ਬਾਦ, ਕਛੂ ਸੁਧ ਨਹਿਂ ਰਹੀ।
ਹੋ ਦਯੋ ਪਲੀਤਾ ਅਬੈ, ਬੁਲਾਯੋ ਇਨ[1] ਸਹੀ' ॥੨੩॥

[1]ਭਾਵ, ਮੁੱਲਾਂ ਨੇ।

ਸੁਨਿ ਕਰਿ ਮੁੱਲਾਂ ਮੂਢ, ਨ ਲਖਹਿ ਅਯਾਨਿਯਾ[1]।
ਬੋਲਜੋ 'ਇਸ ਮਹਿਂ ਭੂਤ, ਰਿਦੈ ਪਹਿਚਾਨਿਯਾ।'
ਬੂਝਤਿ 'ਨਾਉਂ ਬਤਾਉ, ਰਹੈਂ ਕਿਹ ਥਾਉ ਮੈਂ।
ਹੋ ਨਾਤੁਰ ਫੂਕੌਂ ਤੋਹਿ, ਅਗਨਿ ਕੋ ਲਾਉ ਮੈਂ ॥੨੪॥

[1]ਅਨਜਾਣ (ਮੁੱਲਾਂ)।

ਦੀਜੈ ਸਾਚੁ ਬਤਾਇ, ਬਚਜੋ ਜੇ ਚਾਹਿਤਾ।
ਨਤੁ[1] ਦੇਵੋਂ ਦੁਖ ਤੋਹਿ, ਬੰਨ੍ਹਿ ਮਹਿਂ[2] ਦਾਹਿਤਾ[3]।'
ਸੁਨਿ ਸ੍ਰੀ ਨਾਨਕ ਬੈਨ, ਨੈਨ ਪਲਕਾਂ ਖੁਲੀ।

[1]ਨਹੀਂ ਤਾਂ। [2]ਅੱਗ ਵਿਚ। [3]ਸੜਾਂਗਾ।

{ਮੁੱਲਾਂ ਨੂੰ ਉਪਦੇਸ਼}

ਹੋ ਬੋਲੇ ਸਬਦਿ ਉਠਾਇ, ਦੇਨਿ[1] ਤਿਨ ਮਤਿ ਭਲੀ ॥੨੫॥

[1]ਦੇਣ ਨੂੰ।

ਸ੍ਰੀ ਮੁਖਵਾਕ ॥
ਮਾਰੂ ਮਹਲਾ ੧ ॥
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

ਦੋਹਰਾ:

'ਸੁਨਹੁ ਮੁਲਾਨਾਂ ਕਾਨ ਦੇ, ਤਬੈ ਦਿਵਾਨਾ ਹੋਇ।
ਲਖਿ ਸਾਹਿਬ ਕੇ ਭੈ ਬਸੈ, ਅਵਰ ਨ ਜਾਨਹਿ ਕੋਇ ॥੨੬॥

ਸੁਧ[1] ਭੂਲੇ ਸੰਸਾਰ ਕੀ, ਰਚੇ ਨਾਮ ਕੇ ਰੰਗ।
ਅਮੀ[1] ਛੋਰਿ ਕੈਸੇ ਗਹੈ, ਫੀਕੇ ਰਸ ਕੋ ਸੰਗ ॥੨੭॥

[1]ਖਬਰ।
[1]ਅੰਮ੍ਰਿਤ।

ਨਰ ਪਾਂਮਰ ਅਨਜਾਨ ਜੇ, ਅਸ ਬਿਧਿ[1] ਤਿਨਹਿ ਬਤਾਇ।
ਭੂਤ, ਬਿਤਾਲ[1], ਕਿ ਬਾਵਰਾ; ਹਾਨ ਲਾਭ ਨਹਿਂ ਕਾਇ ॥੨੮॥

[1]ਇਸਤਰ੍ਹਾਂ।
[1]ਇਕ ਤਰ੍ਹਾਂ ਦਾ ਭੂਤ।

ਪ੍ਰਭੁ ਕੋ ਪ੍ਰੇਮ ਨ ਪਰਖਹੀ, ਬਿਸ਼ਯ ਬਿਖੈ ਗ਼ਲਤਾਨ।
ਮਹਾਂਮੰਦ ਦੁਖ ਪਾਵਈ, ਜਮ ਪੁਰਿ ਜਾਇ ਨਿਦਾਨ[1]' ॥੨੯॥

[1]ਅੰਤ ਨੂੰ।

ਅਸ ਪ੍ਰਕਾਰ ਕੇ ਬਚਨ ਸੁਨਿ, ਸਭਿਨਿ ਭਈ ਪਰਤੀਤ।
-ਤਜਿ ਧੰਧਨ ਬੰਧਨ ਜਗਤ, ਨਿਰੰਕਾਰ ਇਹ[1] ਪ੍ਰੀਤਿ[2]- ॥੩੦॥

[1]ਇਸਦੀ। [2]ਪ੍ਰੀਤ ਹੈ।

ਅੜਿੱਲ:

ਮੁੱਲਾਂ ਤਬ ਕਰ ਬੰਦਿ, ਬੰਦਨਾ[1] ਪਦ ਕਰੀ।
'ਬਖਸ਼ਹੁ ਖ਼ਤਾ ਹਮਾਰ, ਭੂਲ ਬਿਨੁ[1]

[1]ਨਮਸਕਾਰ।
[1]ਬਿਨਾ (ਅ) ਬਿਨੈ ਹੈ (ਮੇਰੀ)। [2]ਅਨ ਨਹੀਂ,

ਅਨੁਸਰੀ[2]। — ਸਰ ਸਰ ਖਬਰ। ਬਿਨਾਂ ਸਾਰ ਜਾਣੇ ਦੇ, ਅਣਜਾਣੇ (ਅ) ਅਨਸ੍ਰਰੀ ਅਮਿੱਟ, ਬਖਸ਼ੀ ਨ ਜਾਣ ਵਾਲੀ।

ਭੇਵ ਨ ਮਾਨਵ ਜਾਨ, ਦੋਖ ਤੁਮ ਨਹਿਂ ਰਖੈਂ।
ਹੋ ਭ੍ਰਮ ਦਿਸ਼[1] ਹੋਯੋ ਆਪ[2], ਦੋਸ਼ ਰਵਿ ਮਹਿਂ[3] ਲਖੈਂ' ॥੩੧॥

[1]ਦਿਸ਼ਾ ਦਾ ਭਰਮ। [2]ਆਪ ਲੋਕਾਂ ਨੂੰ। [3]ਸੂਰਜ ਵਿਚ।

ਬੈਨ ਬਿਨੈ ਕੇ ਸੁਨੇ, ਨੈਨ ਕਰੁਨਾ ਭਈ।
ਦਯਾ ਦ੍ਰਿਸ਼ਟਿ ਕੋ ਦੇਖਿ, ਦੁਰਮਤੀ ਦਲਿ ਦਈ।
ਚਿਤ ਪ੍ਰਾਪਤਿ ਭੀ ਸ਼ਾਂਤਿ, ਤਰਕ ਤਮ ਫਟ ਗਯੋ[1]।
ਹੋ ਮਨ ਮਹਿਂ ਬਹੁ ਸੁਖ ਪਾਇ, ਜਾਤ ਪੁਰਿ ਮਹਿਂ ਭਯੋ ॥੩੨॥

[1]ਦੂਰ ਹੋ ਗਿਆ।

ਨਿਕਟਿ ਰਾਇ ਕੇ ਬੈਠਿ, ਰਟੀ[1] ਬਿਨ ਕਪਟ ਸੋਂ।
'ਨਾਨਕ ਪੀਰਨ ਪੀਰ, ਧੀਰ[1] ਮਤਿ ਬਿਕਟ ਸੋ[2]।
ਭੇਵ ਨ ਜਾਨਹਿਂ ਮੂਢ, ਦੋਖ ਸੋ ਲਖਤਿ ਹੈਂ।
ਹੋ ਨਹਿਂ ਚਖ ਦੋਖ ਪਛਾਨ[1], ਇੰਦ ਮਹਿਂ[2] ਰਖਤਿ ਹੈਂ ॥੩੩॥

[1]ਆਖੀ (ਗਲ)।

[1]ਧੀਰਜਵਾਨ। [2]ਉਸਦੀ ਬੁੱਧੀ ਵਿਸ਼ਾਲ ਹੈ, (ਅ) ਅਖੰਡਨ ਹੈ।

[1]ਆਪਣੀਆਂ) ਅੱਖਾਂ ਦਾ ਦੋਸ਼ ਨਹੀਂ ਪਛਾਣਦੇ। [2]ਚੰਦ੍ਰਮਾਂ ਵਿਚ (ਦੋਸ਼)।

ਹੋਸ਼ਵੰਦ ਸੁਖਕੰਦ, ਬੰਦਨਾ ਯੋਗ ਹੈਂ।
ਜਾਨੈਂ ਸਭੈ ਸੁਜਾਨ, ਅਜਾਨੰ ਲੋਗ ਹੈਂ[1]।'
ਸਿਫ਼ਤ ਭੂਰ ਮੁਖ ਕਹੀ, ਹਦੂਰੰ ਖਾਨ ਕੇ।
ਹੋ ਮਨਹੁ ਹੋਇ ਸਿਖ ਰਹਜੋ, ਪੀਰ ਨਿਜ ਜਾਨਿਕੇ ॥੩੪॥

[1]ਉਹ ਸੁਜਾਨ ਹਨ ਤੇ ਸਭ ਕੁਝ ਜਾਣਦੇ ਹਨ, ਪਰ ਲੋਕੀ ਅਜਾਂਨ ਹਨ।

ਦੌਲਤ ਖ਼ਾਂ ਸੁਨਿ ਬਚਨ, ਵਿਚਾਰਤਿ ਚਿੱਤ ਮੈਂ।
-ਕਰੋਂ ਕੌਨ ਅਬ ਕਾਜ ਨ ਰਾਖੋਂ ਬਿੱਤ[1] ਮੈਂ।

[1]ਧਨ।

ਤਿਹ ਮੁਖ ਭਾਖ੍ਯੋ 'ਖਰਚ ਖਰਾਇਤ ਦੀਜੀਏ।'
ਹੋ ਮੂਲੇ ਕਰੀ ਪੁਕਾਰ, ਕਵਨ ਬਿਧਿ ਕੀਜੀਏ? - ॥੩੫॥
ਇਕ ਮਾਨਵ ਕਹਿ ਬੈਨ 'ਨਿਬਾਬ ਸੁਨੀਜੀਏ!
ਬੁਲਵਾਵਹੁ ਜੈਰਾਮ, ਬੂਝ ਤਿਹ ਲੀਜੀਏ।
ਜਿਹ ਬਿਧਿ ਬਦਿ ਹੈ[1] ਬਦਨ, ਆਪ ਤਿਹ ਬਿਧਿ ਕਰੋ। — [1]ਆਖੇ।
ਹੋ ਪ੍ਰਬਲ ਲੋਭ ਤੁਮ ਨਾਂਹਿ[1], ਪਰਬਿਤੰ[2] ਪਰਹਰੋ' ॥੩੬॥ — [1]ਤੁਸਾਂ ਉਤੇ ਲੋਭ ਬਲਵਾਨ ਨਹੀਂ ਹੈ। [2]ਪਰਾਇਆ ਧਨ।
ਸੁਨ ਮਨ ਮਾਨੇ ਬੈਨ, ਭੌਨ[1] ਮਾਨਵ ਪਠਾ। — [1](ਜਰਾਮ ਦੇ) ਘਰ।
ਲੀਨੋ ਨਿਕਟ ਹਕਾਰਿ, ਬੈਠ ਗਯੋ ਮਨ ਢਠਾ।
ਆਨਨ ਭਨਿਹੀ ਖਾਨ[1], 'ਜੁ ਨਾਨਕ ਧਨ ਅਹਾ। — [1]ਖਾਂ ਨੇ ਆਖਿਆ!
ਹੋ ਤਿਹ ਕੀ ਬਿਧਿ ਕਸਾ ਕਰਹਿਂ?
ਕਹਹੁ ਜਿਹ ਬਿਧਿ[1] ਲਹਾ[2]' ॥੩੭॥ — [1]ਜਿਸ ਤਰ੍ਹਾਂ। [2]ਸਮਝ ਹੈ।
ਰਹਿਤ ਡਰਤਿ[1] ਅਤਿ ਚਿੱਤ, ਨਿੰਤ ਸਤਿਗੁਰੁ ਤੇ। — [1]ਭਾਵ, ਜੈਰਾਮ ਡਰਦਾ ਹੈ।
ਇਤਿ ਮੂਲੇ ਤੇ ਡਰਤਿ, ਕਠਨ ਦਿਸ਼ ਦੁਹੂੰ ਤੇ।
ਉਹ ਮਹਿਂ ਕਰਤਿ ਵਿਚਾਰ, ਨ ਮੁਖ ਤੇ ਕਹਤਿ ਹੈ।
ਹੋ ਬੈਠਯੋ ਤੂਸ਼ਨ ਠਾਨਿ, ਨ ਕੁਛ ਬਿਧਿ ਲਹਤਿ ਹੈ[1] ॥੩੮॥ — [1]ਸਮਝ ਨਹੀਂ ਪੈਂਦੀ।
ਖਾਨ ਬਖਾਨਤਿ ਬੈਨ 'ਜਰਾਮ! ਕਹੈਂ ਨ ਕਿਉਂ?
ਜਿਹ ਬਿਧਿ ਬਦਿ ਹੈਂ ਬਦਨ, ਸੁ ਬਿਧਿ ਧਨ ਤਿਨਹਿਂ ਦਿਉਂ।
ਧਨ ਨਿਜ[1] ਸਦਨ[2] ਨ ਧਰੌਂ, ਧਰਮ — [1]ਆਪਣੇ। [2]ਘਰ। [3]ਮੈਂ ਆਪਣਾ) ਧਰਮ ਹਾਨ

ਨਿਧ ਨੌ ਨਹੀਂ[3]।

ਨਹੀਂ ਕਰਨਾ।

ਹੋ ਬੂਝਨ ਤੁਝ ਕੋ ਕੀਨ, ਸਮਝ ਭਨਿਯੇ ਸਹੀ' ॥੩੯॥

'ਸੁਨਹੁ ਖਾਨ ਜੀ! ਕਾਨ, ਜੁ ਨਿਜ ਮਨ ਠਾਨਿਯਾ।
ਤਸ ਬਿਧਿ ਕਰਿਯੇ ਦਰਬ[1], ਆਪ ਬੁਧਿਵਾਨਿਯਾ।

[1]ਧਨ ਨੂੰ।

ਕਿਧੌਂ ਰਿਦੇ ਸੰਦੇਹ[1], ਦੇਨਿ ਕੋ ਧਾਰਿਆ।

[1]ਸੰਸਾ।

ਹੋ ਨਾਨਕ ਨਿਕਟਿ ਤੁਮਾਰ, ਬੂਝਿ[1] ਕਰਿ ਕਾਰਿਯਾ[2]' ॥੪੦॥

[1]ਪੁੱਛਕੇ। [2]ਕੰਮ ਕਰੋ।

ਸੁਨੀ ਖਾਨ ਨੈ ਕਾਨ, ਪੁਮਾਨਹਿ[1] ਪਠਿ ਦਿਯਾ।

[1]ਮਾਨੁਖ।

'ਨਾਨਕ ਆਨਿ ਹਕਾਰਿ' ਗਯੋ ਢਿਗ ਨਿਧਿਮਯਾ[1]।

[1]ਕ੍ਰਿਪਾ ਦੇ ਸਾਗਰ ਕੋਲ ਗਿਆ।

ਬੈਸੇ ਥਾਨ ਮਸਾਨ, ਨ ਮਾਨਵ ਕੋ ਜਹਾਂ।
ਹੋ ਜਿਸ ਕਰੁਨਾ ਤੇ ਨਾਸ਼, ਤਾਪ ਤ੍ਰੈ ਸੁਖ ਮਹਾਂ ॥੪੧॥

'ਨਾਨਕ ਜੀ! ਉਠਿ ਚਲਹੁ ਸ ਨਿਬਾਬ ਹਕਾਰਈ।
ਇੱਛਾ ਪੂਛਨ ਕਛੂ ਕੁ, ਤੁਮਹਿ ਅਨੁਸਾਰਈ[1]।'

[1]ਗੋਚਰੀ ਹੈ।

'ਹੌਂ ਨ ਚਲੋਂ ਢਿਗ ਖਾਨ, ਕੌਨ ਮਮ ਕਾਜ ਹੈ?
ਹੋ ਬੈਸ ਰਹੇ ਉਦਿਆਨ[1], ਨ ਮੋਦੀ ਸਾਜ ਹੈ[2]' ॥੪੨॥

[1]ਅਸੀਂ ਬੈਠੇ ਹਾਂ ਬਨ ਵਿਚ। [2]ਹੁਣ) ਠਾਟ ਮੋਦੀ ਦਾ ਨਹੀਂ।

ਮੁਰਿ[1] ਪੁਮਾਨ ਨੈ ਬੈਨ, ਬਖਾਨੇ ਖ਼ਾਨ ਸੋਂ।

[1]ਮੁੜਕੇ।

'ਨਹਿਂ ਪਾਵਹਿ ਪੁਰਿ ਪਾਇ, ਰਹਹਿ ਉਦਿਯਾਨ ਸੋਂ।
ਆਇਸੁ ਮਾਨਹਿਂ ਨਾਂਹਿ, ਤੁਮਾਰੀ

| | |
|---|---|
| ਜਾਨੀਏ। | |
| ਹੋ ਜਿਉਂ ਭਾਵਹਿ ਤਿਉਂ ਕਰਹੁ, ਆਪ ਤੁਮ ਸਜਾਨਿਯੇ[1]' ॥੪੩॥ | [1]ਸਿਆਣੇ ਹੋ। |
| ਸੁਨੀ ਖਾਨ ਨਿਜ ਕਾਨ, ਰਿਸਾਨੋ[1] ਮਨ ਘਨੋ। | [1]ਗੁੱਸੇ ਹੋਇਆ। |
| ਮਸ਼ਕ[1] ਰਿਸਾਇ[2] ਸੁਮੇਰੁ[3], ਭਗਨ[4] ਚਹਿ ਮਨ ਮਨੋ[5]। | [1]ਮੱਛਰ। [2]ਗੁੱਸੇ ਹੋਕੇ। [3]ਸੁਮੇਰ ਪਹਾੜ ਨੂੰ। [4]ਤੋੜਨਾ। [5]ਮਨ ਵਿਚ ਮਾਨੋਂ। |
| ਕਹੈ ਕਿ 'ਆਨਹੁ ਗਹੀ[1], ਕਹੇ ਜਿ ਨ ਆਵਈ। | [1]ਫੜਕੇ ਲੈ ਆਓ। |
| ਹੋ ਜਾਹੁ ਅਬਹਿ ਸਮਝਾਹੁ, ਬਹੁਰ ਪਛੁਤਾਵਈ' ॥੪੪॥ | |
| ਦੇਰਿ ਹੀਨ[1] ਨਰ ਫੇਰ, ਹੇਰਿ ਕਹਿ ਜਾਇ ਕੈ। | [1]ਛੇਤੀ। |
| 'ਬੇਗ ਚਲਹੁ ਇਕ ਬੇਰ, ਰਿਦੇ ਹਰਖਾਇ ਕੈ। | |
| ਨਤੁਰ ਰਿਸੈ ਮਨ ਖਾਂਨ, ਮੰਗਾਇ ਗਹਾਇ ਕੈ। | |
| ਹੋ ਭਲੀ ਬਾਤ ਹੈ ਆਪ, ਚਲੋ ਸੁਖ ਪਾਇ ਕੈ' ॥੪੫॥ | |
| ਸੁਨਜੋ ਸ਼੍ਰੋਨ ਸੁਖਰਾਜ[1], ਸਹਿਜ ਮੁਸਕਤਿ[2] ਚਲੇ। | [1]ਗੁਰੂ ਜੀ ਨੇ। [2]ਮੁਸਕ੍ਰਾਉਂਦੇ। |
| ਮੰਦਮਤੀ ਮਨ ਮੂਢ[1], ਦੇਨਿ ਤਿਹ ਮਤਿ ਭਲੇ। | [1]ਮੂਰਖ। |
| ਬੇਦੀ ਕੇਤੁ ਨਿਕੇਤ[1], ਗਏ ਹੇਤਹਿਂ ਯਹੀ[2]। | [1]ਭਾਵ ਗੁਰੂ ਜੀ ਘਰ ਗਏ। [2]ਇਸੇ ਕਾਰਣ। |
| ਹੋ ਕਲਿ ਕਲਿਮਲ ਬਲ ਬਲਤਿ[1] | [1]ਬਲੀ ਕਲਿਜੁਗ ਦੇ ਪਾਪਾਂ ਨਾਲ ਘੇਰੇ ਹੋਏ। |
| ਉਬਾਰਨ[1] ਤਿਸ[2] ਸਹੀ ॥੪੬॥ | [1]ਬਚਾਉਣ। [2]ਉਸ (ਮੰਦਮਤੀ ਨੂੰ)। |
| ਗਏ, ਠਾਂਢ ਤਹਿਂ ਭਏ, ਕਿਯੋ ਨ[†] ਸਲਾਮ ਕੋ। | [†]ਪਾ:-ਨ ਕੀਯਸ। |
| ਹੇਰਤਿ[1] ਉਰ ਰਿਸਿ[2] ਸਰਸ[3], ਖਾਨ ਮਨ ਬਾਮ ਕੋ।[4] | [1]ਵੇਖਕੇ। [2]ਗੁੱਸਾ। [3]ਵਧਿਆ। [4]ਵਿੰਗੇ ਮਨ ਵਾਲੇ ਨੂੰ। |

| | |
|---|---|
| 'ਹੌਂ ਜੁ ਹਕਾਰਜੋ[1] ਤੋਹਿ, ਨ ਆਯੋ ਕਜਾ ਠਟੀ।[2] | [1]ਸੱਦਿਆ। [2]ਕੀ ਸਮਝਿਆ ਸੀ। |
| ਹੋ ਮੋਰ ਆਇਸੰ[1] ਮੋਰਿ[2], ਬੈਠਿਓ ਲਖਿ ਲਟੀ[3]!' ॥੪੭॥ | [1]ਮੇਰੇ ਹੁਕਮ ਨੂੰ। [2]ਮੋੜਕੇ। [3]ਲਖ-ਲੁਟ ਹੋਕੇ ਭਾਵ ਬੇਪਰਵਾਹ ਹੋਕੇ। |
| [1] 'ਚਾਕਰ ਜਬੈ ਤੁਮਾਰ, ਆਵਤੇ ਤੁਮ ਕਹੇ।<br>ਤਜੀ ਕ੍ਰਿੱਤ ਅਬ ਸਭੈ, ਨਿਰਾਰੇ ਹੋ ਰਹੇ।<br>'ਚਾਕਰ ਭਏ ਖ਼ੁਦਾਇ, ਹੁਕਮ ਤਿਹ ਮਾਨਈ। | [1]ਗੁਰੂ ਜੀ ਬੋਲਦੇ ਹਨ-। |
| ਹੋ ਨਿਰੰਕਾਰ ਕਰਤਾਰ[1], ਜਗਤ ਜਿਹ[2] ਜਾਨਈ' ॥੪੮॥ | [1]ਕਰਤਾਰ ਦੇ। [2]ਜਿਸ ਨੂੰ। |
| ਸ਼੍ਰੋਨ ਸੁਨਤਿ ਰਿਸ[1] ਸਰਸ[2], ਨ ਬਸ[3] ਅਸ ਕਹਿਤਿ ਭਾ। | [1]ਗੁੱਸਾ। [2]ਹੋਰ ਵਧਿਆ। [3]ਵਸ ਨਹੀਂ ਚਲਦਾ। |
| -ਆਨੌਂ[1] ਦੀਨ[2] ਮਝਾਰ- ਦੀਨ ਮਤਿ[†] ਚਹਿਤਿ ਭਾ[3]। | [1]ਲਿਆਵਾਂ, ਇਹ ਗੱਲ ਨਵਾਬ ਨੇ ਆਪਣੇ ਦਿਲ ਵਿਚ ਆਖੀ ਜਾਪਦੀ ਹੈ। [2]ਮੁਸਲਮਾਨੀ ਧਰਮ। [3]ਨੀਵੀਂ ਬੁੱਧੀ ਵਾਲਾ ਚਾਹੁਣ ਲੱਗਾ। [†]ਪਾ:-ਮਨ। |
| 'ਆਜ ਜੁਮੇਂ[1] ਕੋ ਰੋਜੁ, ਖੋਜ[2] ਸਭਿ ਪਾਇ ਹੌਂ।<br>ਹੋ ਚਲਿਯੇ ਸੰਗਿ ਮਸੀਤ, ਨਿਮਾਜ਼ ਪਢਾਇ ਹੌਂ ॥੪੯॥ | [1]ਸ਼ੁਕਰਵਾਰ। [2]ਪਤਾ। |
| ਦ੍ਰਿਸ਼ਟਿ[1] ਏਕ[2] ਪਰ ਧਰੀ, ਜਗਤ ਤਜਿ ਕਾਨ ਕੋ।<br>ਹਿੰਦੂ ਤੁਰਕ ਜਿ ਦੋਇ, ਨ ਭੇਦਹਿ ਜਾਨ ਕੋ।<br>ਤੌ ਹਮ ਕਰਹਿਂ ਖੁਦਾਇ, ਬੰਦਗੀ ਬੰਦਿ ਕਰ।<br>ਹੋ ਤੁਮ ਭੀ ਗਵਨੋਂ ਸੰਗ, ਤਜਹੁ ਨਰ ਲਾਜ ਡਰ' ॥੫੦॥ | [1]ਇਹ ਗੱਲ ਨਵਾਬ ਨੇ ਖੁੱਲ੍ਹ ਕੇ ਕਹੀ ਸੁਣਾਕੇ) ਜੇ ਨਜ਼ਰ। [2]ਇਕ ਰੱਬ ਤੇ। |
| ਸੁਨਿ ਨਾਨਕ ਜੀ ਕਾਨ[1], ਬੈਨ ਆਨਨ ਭਨੈ।<br>'ਚਲੌ ਖਾਨ ਤਿਹ ਥਾਨ, ਜਹਾਂ ਤੁਮ ਮਨ | [1]ਕੰਨੀਂ। |

ਮਨੈ।
ਖੋਜਹੁ ਖੋਜਨ ਜੋਗ, ਤ ਜਾਨਜੋ ਜਾਇ ਹੈ।'
ਹੋ ਆਨੰਦ ਕੰਦ ਮੁਕੰਦ, ਚਲੇ ਸੰਗ ਰਾਇ[1] ਹੈ ॥੫੧॥

[1]ਨਵਾਬ ਦੇ ਨਾਲ।

ਰੌਰ ਪਰੀ[1] ਪੁਰਿ ਮਾਂਹਿ, ਨਾਰਿ ਨਰ ਸਗਰ ਮੈਂ।

[1]ਰੌਲਾ ਪੈ ਗਿਆ।

ਘਰ ਘਰ ਕਰਤਿ ਵਿਚਾਰ, ਕੁਲਾਹਲ[1] ਨਗਰ ਮੈਂ।

[1]ਹਲਚਲੀ।

ਰੰਕ, ਧਨੀ, ਬ੍ਰਿਧ ਬਾਲ, ਤਰੁਨ[1] ਦੌਰਤਿ ਚਲੇ।

[1]ਜਵਾਨ।

'ਹੋ ਨਾਨਕ ਹੁਇ ਹੈ ਤੁਰਕ, ਬਾਤ ਇਹ ਨਹਿਂ ਭਲੇ ॥੫੨॥
ਹੋਤਿ ਰੀਤ ਵਿੱਪ੍ਰੀਤ, ਭੀਤ ਚਿਤ ਹਿੰਦੁ ਕੋ[1]।

[1]ਮਾੜੀ ਗਲ ਹੋਣ ਲੱਗੀ ਹੈ, ਹਿੰਦੂਆਂ ਦਾ ਦਿਲ ਭੈਮਾਨ ਹੈ।

ਕਿਵਨ ਨਿਵਾਰਹਿ[1] ਜਾਇ ਬਖਾਨ ਨਰਿਦੰ ਕੋ।[2]

[1]ਇਹ ਭੈ) ਦੂਰ ਕੌਣ ਕਰੇ। [2]ਨਵਾਬ ਨੂੰ ਦੱਸਕੇ।

ਅਤਿ ਅਚਰਜ ਕੀ ਬਾਤ, ਸੁਨਤਿ ਚਿਤ ਥਰਹਰੈ[1]।

[1]ਚਿਤ ਕੰਬਦਾ ਹੈ।

ਹੋ ਇਹ ਬਿਧਿ ਆਗੇ ਭਈ ਨ, ਜਿਹ ਬਿਧਿ ਅਬ ਕਰੈ[1]' ॥੫੩॥

[1]ਕਰਨ ਲੱਗਾ ਹੈ (ਨਵਾਬ)।

ਚਤੁਰ ਬਰਨ[1] ਨਰ ਚਲੇ, ਤਮਾਸ਼ੇ ਹਿਤ ਸਭੈ।

[1]ਚਹੁੰ ਵਰਨਾਂ ਦੇ।

ਹੇਰਿ ਜਰਾਮ ਕੁਚਾਲਿ, ਬਿਸਾਲਹਿ ਦੁਖ ਤਬੈ।
ਸੋਚਤਿ ਸੋਚਨ[1] ਸਕੁਚ[2], ਚਲਜੋ ਚੱਕ੍ਰਤ[3] ਘਰੇ[4]।

[1]ਸੋਚਾਂ ਸੋਚਣੋਂ। [2]ਡਰਦਾ। [3]ਹੈਰਾਨ ਹੋ। [4]ਘਰ ਨੂੰ।

-ਹੋ ਚਿਤ ਚਾਹਿਤ ਕਛੁ ਔਰ, ਔਰ ਬਿਧਿਨਾ[1] ਕਰੇ ॥੫੪॥

[1]ਬਿਧਾਤਾ।

ਬਧਤਿ ਸੁਧਾ ਕੀ ਲਤਾ[1], ਹਲਾਹਲ ਫਰਫਰੀ[2]।

[1]ਅੰਮ੍ਰਤ ਦੀ ਵੇਲ ਵਧੀ। [2]ਪਰ) ਜ਼ਹਿਰੀਲੇ ਫਲਾਂ ਨਾਲ ਫਲੀ।

| | |
|---|---|
| ਲਿਖਤ ਕਲਾਨਿਧਿ[1] ਕਲਮ, ਬਿਧੁੰਤਕ[2] ਲਿਖਿ ਹਰੀ[3]। | [1]ਦੰਦ। [2]ਰਾਹੂ। [3]ਚੰਦਰਮਾਂ ਤੋਂ ਭਾਵ ਜਸ, ਰਾਹੂ ਤੋਂ ਅਪਜਸ। ਕਿ ਮੈਂ ਗੁਰੂ ਜੀ ਨੂੰ ਜਸ ਵਾਸਤੇ ਸੁਲਤਾਨ ਪੁਰ ਆਂਦਾ ਸੀ, ਪਰ ਹੁਣ ਮੁਸਲਮਾਨ ਹੋ ਜਾਣ ਤੇ ਮੇਰਾ ਅਪਜਸ ਹੋਵੇਗਾ। |
| ਦਰਬ ਦੇਨ ਕੋ ਖਾਨ, ਹਕਾਰਜੋ[1] ਨਰ ਪਠੇ। | [1]ਸੱਦਿਆ ਸੀ। |
| ਹੋ ਬਹੁਰਿ ਨਿਵਾਜ ਕਰਾਇ, ਭਈ ਬਿਧਿ ਆਪੁਠੇ[1]† ॥੫੫॥ | [1]ਉਲਟੀ। †ਪਾ:-ਇਹ ਭੀ ਬਿਧਿ ਆਪੁਠੇ। |
| ਚਤੁਰ ਦਿਸ਼ਾ ਤੇ[1] ਜਕੈ[2]†, ਥਕਿਤਿ[3] ਚਿਤ ਹ੍ਵੈ ਰਹਾ। | [1]ਚੁਫੇਰਿਓਂ। [2]ਹੈਰਾਨ ਹੋਕੇ। [3]ਥੱਕ ਰਿਹਾ ਹੈ (ਚਿੱਤ)। †ਪਾ:-ਜਬੈ। |
| -ਕਾਲੂ ਕਹਿਹੌਂ ਕਾਹਿ[1], ਕਿ ਮੂਲਾ ਕਹਿ ਕਹਾਂ।[2] | [1]ਕੀ ਕਹੂੰਗਾ। [2]ਕੀਹ ਕਹੇਗਾ। |
| ਨਾਨਕ ਜਨਨੀ ਬੂਝਤਿ[1], ਉੱਤਰ ਦੇਉਂ ਕੋ। | [1]ਜਦੋਂ) ਪੁੱਛੂ (ਤਾਂ)। |
| ਹੋ ਮੁਰ ਪਰ ਧਰਿ ਹੈਂ ਖੋਰ, ਨ ਜਾਨਹਿਂ ਭੇਉ ਕੋ[1]- ॥੫੬॥ | [1]ਭੇਤ ਨੂੰ ਨਹੀਂ ਜਾਣਨਗੇ। |
| ਲੱਜਤਿ ਚੀਤ ਨਿਕੇਤ, ਬਰਜੋ ਦੁਰਿ[1] ਬੈਸਯੋ। | [1]ਛੁਪਕੇ। |
| ਗ੍ਰੀਵ ਨੀਵ ਕਰਿ ਮਸ਼ਟਿ, ਸੋਚ ਤਨ[1] ਜੈਸਯੋ। | [1]ਫਿਕਰ ਦਾ ਵਜੂਦ। |
| ਧਰਨਿ ਖਨਿਤ[1], ਚਖ ਨੀਰ[2], ਭਰੇ ਭਰਿ ਆਵਈ। | [1]ਖੋਤ੍ਰਦਾ ਹੈ। [2]ਅੱਖਾਂ ਵਿੱਚ ਅਥ੍ਰੂ। |
| ਹੋ ਕਰੁਨਾ ਮੂਰਤਿ ਧਰੀ[1], ਮਨੋਂ ਪਛੁਤਾਵਈ ॥੫੭॥ | [1]ਰੋਣ ਨੇ ਮੂਰਤ ਧਾਰਕੇ। |
| ਲਖਜੋ[1] ਨਾਨਕੀ ਤਿਸੈ, ਤੁੰਡ ਮੁਰਝਾਇਆ। | [1]ਡਿੱਠਾ। |
| ਜਲ ਬਿਨ ਤੋਰੀ ਨਾਲ[1], ਕਮਲ ਕੁਮਲਾਇਆ। | [1]ਤੁੱਟੀ ਨਾਲੀ ਦਾ। |
| 'ਚਿਤ ਚੱਕ੍ਰਿਤਿ ਅਤਿ ਚਿੰਤ, ਕਹਹੁ ਕਸ ਭੀ[1] ਤੁਮੇਂ? | [1]ਕੀ ਹੋਇਆ ਹੈ। |
| ਹੋ ਸ਼ੋਕ ਸਿੰਧੁ ਮਹਿਂ ਮਗਨ, ਬਤਾਵਹੁ ਨਿਜ ਗਮੈ[1]' ॥੫੮॥ | [1]ਆਪਣੀ ਚਿੰਤਾ। |

| | |
|---|---|
| ਉਚਰੇ ਬਚਨ ਜਰਾਮ, 'ਅਕੀਰਤਿ[1] ਜਹਿਂ ਤਹਾਂ। | [1]ਨਿੰਦਾ। |
| ਧਰਮ ਰੀਤਿ ਬਿਪਰੀਤਿ[1], ਚਿੰਤ ਚਿਤ ਮੁਹਿ ਮਹਾਂ। | [1]ਉਲਟੀ ਹੋਣ ਲਗੀ ਹੈ। |
| ਭ੍ਰਾਤ ਤੁਮਾਰੋ ਗਯੋ, ਸੰਗਿ ਨ੍ਰਿਪ ਖਾਨ ਕੇ। | |
| ਹੋ ਕਰਿ ਹੈ ਆਜ ਨਿਵਾਜ, ਮਸੀਤ ਪਯਾਨ ਕੇ ॥੫੯॥ | |
| ਚਤੁਰ ਬਰਨ ਮਹਿਂ ਰੌਰ[1], -ਤੁਰਕ ਤਹਿਂ ਹੋਇ ਹੈ-। | [1]ਰੌਲਾ। |
| ਗਯੋ ਖਾਨ ਚਲਿ ਆਪ, ਸੰਗ ਬਹੁ ਲੋਇ[1] ਹੈਂ। | [1]ਲੋਕ। |
| ਸ਼ੋਕ ਸਿੰਧੁ ਮਹਿਂ ਮਗਨ[1], ਸੁਨਤਿ ਮਮ ਮਨ ਭਯੋ। | [1]ਗ਼ਰਕ। |
| ਹੋ ਪੋਤ[1] ਨ ਪ੍ਰਾਪਤਿ ਮੋਹਿ, ਜਤਨ ਬਹੁ ਬਿਧਿ ਠਯੋ' ॥੬੦॥ | [1]ਜਹਾਜ। |
| †ਭਨਤਿ[1] ਨਾਨਕੀ ਬਚਨ, 'ਨ ਚਿੰਤਾ ਕੀਜੀਯੇ। | [1]ਕਿਹਾ। †ਸ੍ਰੀ ਬੇਬੇ ਨਾਨਕੀ ਜੀ ਦਾ ਅਡੋਲ ਨਿਸ਼ਚਾ ਤੇ ਸਤਿਗੁਰੂ ਨਾਨਕ ਦੇਵ ਜੀ ਦਾ ਅਤਿ ਉੱਚਾ ਪ੍ਰਤਾਪ ਇਨ੍ਹਾਂ ਬਚਨਾਂ ਤੋਂ ਪ੍ਰਗਟ ਹੈ। ਚਿੱਤ ਦੀ ਸ਼ਕਤੀ ਲਈ ਤੇ ਮਨ ਦੇ ਸੁਖ ਲਈ ਅਡੋਲ ਨਿਸ਼ਚਾ ਹੈ, ਜਗਜਾਸੂਆਂ ਦੇ ਦਿਲ ਲਈ ਤੁਲ੍ਹਾ ਹੈ। |
| ਭਰਮ ਨ ਭੂਲਹੁ ਭੇਵ, ਭਲੇ ਲਖਿ ਲੀਜੀਯੇ[1]। | [1]ਸਮਝ ਲੈ। |
| ਭ੍ਰਾਤ ਹਮਾਰੋ ਭਯੋ, ਭੇਸ ਨਰ ਭਗਤਿ[1] ਕੋ। | [1]ਭਗਤੀ ਨੇ ਭੇਸ ਧਾਰਿਆ ਹੈ ਇਹ ਮਾਨੁੱਖੀ (ਜਾਮਾ)। |
| ਹੋ ਤ੍ਰੈ ਲੋਕਨ ਕੋ ਕੰਤ[1], ਰਚਯੋ ਜਿਨ ਜਗਤ ਕੋ ॥੬੧॥ | [1]ਪਤੀ ਹੈ। |
| ਪੰਨਗ[1], ਦਾਨਵ[2], ਅਮਰ[3], ਬਰਨ[4], ਕਿੰਨਰ[5] ਧਰਾ। | [1]ਨਾਗ। [2]ਦੈਂਤ। [3]ਦੇਵਤੇ। [4]ਵਰੁਣ। [5]ਦੇਵਤਿਆਂ ਦੀ ਇਕ ਜਾਤੀ। |
| [1]ਮਾਰਤੰਡ[2], ਜਮ, ਇੰਦ[3], ਇੰਦੂ[4], ਹਰ[5], ਜਗ ਕਰਾ[6]। | [1]ਧਰਤੀ। [2]ਸੂਰਜ। [3]ਚੰਦਰਮਾਂ। [4]ਇੰਦਰ। [5]ਸ਼ਿਵ। [6]ਬ੍ਰਹਮਾ। |
| ਪੌਨ[1] ਬੰਨ੍ਹਿ[2], ਦਿਗਪਾਲ[3] ਰਜਾਇ ਨ | [1]ਹਵਾ। [2]ਅਗਨੀ। [3]ਦਿਸ਼ਾ ਦੇ ਪਾਲਕ ਹਾਥੀ। |

ਫੇਰਿਈ।
ਹੋ ਨਰ ਬਪੁਰਾ ਹੈ ਕੌਨ, ਬੰਕ ਦ੍ਰਿਗ ਹੇਰਿਈ[1] ॥੬੨॥
ਤਿਸਕੀ ਚਿੰਤਾ ਚੀਤ, ਰਤੀਕ[1] ਨ ਕੀਜੀਯੇ।
ਲੱਜਤਿ ਤਿਨ ਕੋ[1] ਕਰਹਿ, ਸੁ ਆਇ ਲਖੀਜਿਯੇ[2]।
ਤੁਮ ਹ੍ਵੈ ਸੰਗਿ ਅਨੰਦ, ਰਸੋਈ ਖਾਇਯੇ।
ਹੋ ਨਹੀਂ ਰਿਦੈ ਪਰਤੀਤਿ, ਤ ਬਿੱਪ੍ਰ ਪਠਾਇਯੇ' ॥੬੩॥
ਭੇਜਯੋ ਨਿੰਧਾ ਦੂਤ, ਮਸੀਤਹਿ ਦਿਸ਼[1] ਗਯੋ।
ਭੀਰ ਭੂਰ[1] ਭਰਿ ਰਹੀ, ਸਥਾਨ ਨ ਤਹਿਂ ਰਹਯੋ।
ਏਕ ਏਕ ਕੋ ਲੰਘਿ, ਧਾਇ[1] ਧਸਿ ਅੰਤਰੇ[2]।
ਹੋ ਕਰੁਨਾਨਿਧਿ[1] ਕੋ ਦੇਖਿ, ਬਿਸੂਰਹਿ ਉਰ ਖਰੇ[2] ॥੬੪॥

[1]ਕੈਰੀ ਅੱਖਾਂ ਕਰਕੇ ਵੇਖੇ।
[1]ਜ਼ਰਾ ਬੀ।
[1]ਉਨ੍ਹਾਂ ਨੂੰ ਲੱਜਤ ਕਰਕੇ। [2]ਹੁਣੇਂ) ਆਏ ਜਾਣ ਲਓ।
[1]ਤਰਫ।
[1]ਬਹੁਤ ਭੀੜ।
[1]ਦੌੜਕੇ। [2]ਅੰਦਰ ਧਸ ਧਸ ਕੇ (ਨਿੰਧਾ)।
[1]ਗੁਰੂ ਜੀ ਨੂੰ। [2]ਖੜੋ ਕੇ।

ਦੋਹਰਾ:
ਪਹੁੰਚਯੋ ਨਿਕਟਿ ਨ ਸ਼੍ਰੀ ਗੁਰੂ, ਭੀਰ ਭਈ ਭਰਪੂਰ।
ਕਵਿ ਸੰਤੋਖ ਸਿੰਘ ਧਜਾਯ ਅਬ, ਪੂਰਨ ਭਾ ਸੁਖਮੂਰ ॥੬੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਿਬਾਬ' ਪ੍ਰਸੰਗ ਬਰਨਨੰ ਨਾਮ ਇਕਤੀਸਮੋ ਅਧਜਾਯ ॥੩੧॥

## ੩੨. [ਗੁਰਚਰਨ ਮੰਗਲ। ਮਸੀਤ ਕੌਤਕ]

੩੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੩

{ਨਵਾਬ ਨੂੰ ਉਪਦੇਸ਼} ॥੧੯..॥

{ਜੈਰਾਮ ਦੀ ਸ੍ਰ਼ਧਾ} ॥੫੦॥

ਦੋਹਰਾ:

ਨਿਤ ਪ੍ਰਕਾਸ਼[†] ਸ੍ਰੀ ਗੁਰੁ ਚਰਨ ਪ੍ਰਗਟ ਸੁ ਭਾਨੁ ਸਮਾਨ।

ਪ੍ਰਕਾਸ਼ਕ=ਚਾਨਣਾ ਦੇਣ ਵਾਲੇ, ਰੌਸ਼ਨੀ ਪਾਉਣ ਵਾਲੇ। ਭਾਨੁ=ਸੂਰਜ। ਸੁ+ਭਾਨੁ=ਸ੍ਰੇਸ਼ਟ ਸੂਰਜ। ਅਕਸਰ 'ਸੁ' ਪਦ ਨੂੰ ਆਪਣੇ ਹੀ ਅਰਥ ਵਿਖੇ ਟਿਕਿਆ ਗੁਣ ਦੇਕੇ ਛੰਦ ਦਾ ਵਜ਼ਨ ਪੂਰਾ ਕਰਨ ਲਈ ਵਰਤਿਆ ਜਾਂਦਾ ਹੈ।

[†]ਪਾ:-ਪ੍ਰਕਾਸ਼ਕ।

ਨਿਖਲ ਦ੍ਵੈਤ ਤਮ ਹਰਨ ਕੋ ਸ਼ਰਨ ਸਦਾ ਸੁਖ ਦਾਨ ॥੧॥

ਨਿਖਲ=ਸਾਰੀ, ਕੁੱਲ। [ਸੰਸ. ਨਿ+ਖਿਲ]

ਅਰਥ:

ਸਾਰੀ ਦ੍ਵੈਤ ਦੇ ਹਨ੍ਹੇਰੇ ਨੂੰ ਦੂਰ ਕਰਨ ਵਿਚ ਬੀ ਸ਼੍ਰੀ ਗੁਰੂ ਜੀ ਦੇ ਚਰਣ ਸਦਾ ਸੂਰਜ ਵਾਂਗੂ ਪਰਤੱਖ ਪ੍ਰਕਾਸ਼ਕ ਹਨ (ਅਤੇ ਉਨ੍ਹਾਂ ਦੀ) ਸ਼ਰਣ ਸਦਾ ਸੁਖ ਦਾ ਦਾਨ (ਦੇਣ ਵਾਲੀ ਹੈ)।

ਸ਼੍ਰੀ ਬਾਲਾ ਸੰਧੁਰੁ ਵਾਚ ॥

ਅੜਿੱਲ:

ਸੁੰਦਰ ਅਧਿਕ ਮਸੀਤ, ਚਿੱਤ੍ਰ ਭਿਤ[1] ਜਾਨਿਯੇ।

[1]ਚਿੱਤ੍ਰੀਆਂ ਕੰਧਾਂ।

ਚਾਮੀਕਰ[1] ਜਹਿਂ ਲਿਖ੍ਯੋ, ਦਿਪਤਿ[2] ਪਹਿਚਾਨਿਯੇ।

[1]ਸੋਨੇ ਨਾਲ, ਸੁਨਹਿਰੀ। [2]ਚਮਕ ਰਿਹਾ।

ਤਹਾਂ ਜਾਇ ਭਾ ਠਾਂਢ[1], ਜੁ ਖ਼ਾਨ[2] ਨ੍ਰਿਪਾਲ[3] ਸੋ[4]।

[1]ਜਾ ਖੜਾ ਹੋਯਾ। [2]ਨਵਾਬ। [3]ਉਹ ਜੋ ਧਰਤੀ ਦਾ ਪਾਲਕ ਸੀ। [4]ਉਹ।

ਹੋ ਸਭਾ ਆਪਨੀ ਸਹਿਤਿ, ਜਿ ਬੈਸ[1] ਬਿਸਾਲ[2] ਸੋ ॥੨॥

[1]ਉਮਰ। [2]ਬੜੀ।

ਸ਼੍ਰੀ ਨਾਨਕ ਜੀ ਸੰਗ, ਗ੍ਯਾਨਘਨ[1] ਰੂਪ ਹੈਂ।

[1]ਗ੍ਯਾਨ ਦਾ ਬੱਦਲ, ਇਕਰਸ ਗ੍ਯਾਨ ਸਰੂਪ।

ਬਿਕਸ੍ਯੋ[1] ਕਮਲ ਬਿਸਾਲ[2], ਸੁ ਬਦਨ[3] ਅਨੂਪ ਹੈ।

[1]ਖਿੜਿਆ। [2]ਬੜਾ। [3]ਮੁਖੜਾ।

ਹਰਖ ਸ਼ੋਕ ਜਿਨ ਨਹੀਂ, ਅਨੰਦਹਿ ਏਕ ਰਸ।

ਹੋ ਠਾਂਢੇ ਨ੍ਰਿਪ ਕੇ ਨਿਕਟਿ, ਬਤਾਵਨ ਸੁਮਗ[1] ਤਿਸ ॥੩॥

[1]ਚੰਗਾ ਰਾਹ।

ਦੋਹਰਾ:

[†]ਪਾ:-ਤੁਰਕਿੰਦ ਤੁਰਕਾਂ ਦੇ ਇੰਦ (ਰਾਜੇ) ਦਾ,

ਹਿੰਦੂ ਕੋਈ ਨ ਕਹਿ ਸਕੇ, ਤੁਰਕਨ[†] ਤੇਜ ਬਿਸਾਲ।
[†]ਭਾਵ ਨਵਾਬ ਦਾ।

-ਪਰਮੇਸ਼ੁਰ ਪਤਿ ਰਾਖਈ- ਸਿਮਰਹਿਂ[1] ਦੀਨ ਦਯਾਲ ॥੪॥
[1]ਭਾਵ, ਹਿੰਦੂ ਸਿਮਰਦੇ ਹਨ।

ਅੜਿੱਲ:

ਕਾਜੀ ਬਹੁਰ ਨਿਬਾਬ, ਨੀਰ ਲੇ ਕਰਿ ਤਬੈ।

ਕਰ ਅਰ ਚਰਨ ਪਖਾਰਿ[1], ਕਰਜੋ ਸੁਧਿ[2] ਤਨ ਸਭੈ।
[1]ਧੋਕੇ। [2]ਪਵਿੱਤ੍ਰ।

ਠਾਂਢੇ ਦੋਨੋ ਹੋਇ, ਬਦਨ[1] ਪਸ਼ਚਮ ਦਿਸ਼ਾ।
[1]ਮੂੰਹ।

ਹੋ ਕਰ ਧਰਿ ਜਾਨੁ[1] ਕਾਨ, ਨਿਵੈਂ[2] ਪੁਨਿ ਪੁਨ ਰਸਾ[3] ॥੫॥
[1]ਗੋਡਿਆਂ ਅਤੇ ਕੰਨਾਂ ਤੇ ਹੱਥ ਧਰਕੇ ਨਿਉਂਦੇ ਹਨ। [2]ਗੋਡਿਆਂ ਅਤੇ ਕੰਨਾਂ ਤੇ ਹੱਥ ਧਰਕੇ ਨਿਉਂਦੇ ਹਨ। [3]ਜ਼ਮੀਨ ਤੇ।

ਆਪ ਮਸੀਤਹਿਂ ਮੱਧ[1], ਰਿਦੇ[2] ਕਿਤ ਕਿਤ ਗਏ।
[1]ਵਿਚ। [2]ਦਿਲ।

ਪਰ ਪਰ[1] ਧਰਿ[2] ਸਿਰ ਉਠਤਿ, ਬਾਰ ਬਹੁ ਬਿਯਨਿਯੇ[3]।
[1]ਜ਼ਮੀਨ ਉਤੇ। [2]ਰੱਖਕੇ। [3]ਝੁਕੇ।

ਕਰਿ ਕੈ ਪੂਰ ਨਿਵਾਜ, ਸੁ ਨਾਨਕ ਸੋਂ ਕਹੇ।

'ਹੋ ਠਾਂਢੇ ਕਿਉਂ ਤੁਮ ਰਹੇ? ਨ ਡਰ ਉਰ ਮੇਂ ਅਹੇ' ॥੬॥

ਨਾਨਕ ਆਨਨ ਭਨੈ, 'ਖਾਨ! ਕਾਨਹਿਂ ਸੁਨੋ।

ਕਿਹ ਸੰਗ ਕਰੋਂ[1] ਨਿਵਾਜ, ਲਾਜ[2] ਨਹਿਂ ਤੁਮ ਮਨੋ।
[1]ਮੈਂ ਕਰਦਾ। [2]ਸ਼ਰਮ।

ਠਾਂਢੇ ਆਪ ਮਸੀਤ, ਨ ਮਨ ਠਹਿਰਾਇਆ।

ਹੋ ਸਿਜਦੇ ਸਮੇਂ ਸੰਕਲਪ, ਕੰਧਾਰ ਪਠਾਇਆ ॥੭॥

ਕਰਤਿ ਖਰੀਦ ਤੁਰੰਗ, ਤੁਰਲ[1], ਮਨ ਤਰਲਿਆ[2]।
[1]ਚੰਚਲ ਘੋੜੇ। [2]ਚੰਚਲ ਰਿਹਾ ਮਨ।

| | |
|---|---|
| ਕੂਰੇ ਬੀਚ ਮਸੀਤ[1], ਨਿਵੈਂ[2] ਕਬ ਸਰਲਿਆ[3]। | [1]ਝੂਠੀ ਮੂਠੀ ਮਸੀਤ ਵਿਚ। [2]ਨਿਵਿਆਂ। [3]ਕਦੇ ਸਿੱਧਾ (ਖੜਾ) ਹੋਇਆ। |
| ਜਿਹ ਕਰਨੀ[1] ਸੋ ਮੂਲ, ਨ ਥਿਰ ਉਰ ਮਹਿਂ ਕਰਾ। | [1]ਜਿਸ ਨੇ (ਨਿਵਾਜ) ਕਰਨੀ ਸੀ (ਅਰਥਾਤ ਭਾਵਨੀ)। |
| ਹੋ ਬੇਸ[1] ਬੰਦਗੀ ਧਰਜੋ, ਦਸੋ ਦਿਸ਼ਿ ਮਨ[2] ਫਿਰਾ' ॥੮॥ | [1]ਭੇਸ। [2]ਤੇਰਾ) ਮਨ। |
| ਕਹਿ ਕਾਜੀ 'ਤੁਮ ਪਾਜ[1], ਬਖਾਨਤਿ ਡਰ ਨਹੀਂ। | [1]ਬਨਾਵਟ (ਝੂਠ)। |
| ਖਰਜੋ ਹਦੂਰ ਨਿਬਾਬ, ਨ ਬੋਲਹੁ ਸਮਝ ਹੀ।' | |
| ਆਨਨ ਭਨਿਹੀ ਖ਼ਾਨ 'ਸਾਚ ਨਾਨਕ ਕਹੀ। | |
| ਹੋ ਮਨ ਮਮ ਗਯੋ ਕੰਧਾਰ, ਸਮੈਂ ਸਿਜਦੇ ਸਹੀ[1]' ॥੯॥ | [1]ਠੀਕ। |
| ਪੁਨ ਕਾਜੀ ਬਚ ਭਨੈ, 'ਤੁਮਾਰੋ ਮਨ ਗਯੋ। | |
| ਹੌਂ ਤੋ ਸਭਿ ਬਿਧਿ ਕਰੀ, ਨ ਮਮ ਸੰਗ ਇਨ ਕਿਯੋ[1]।' | [1]ਕੀਤੀ (ਨਿਮਾਜ)। |
| ਮਨ ਅਜਾਨ[1] ਨਿਜ ਪਰਦ[2], ਪਰਾਵਨ[3] ਚਾਹਿਹੀ[4]। | [1]ਮੂਰਖ। [2]ਆਪਣਾ ਪੜਦਾ। [3]ਪੜਾਉਨਾ। [4]ਚਾਹੁੰਦਾ ਹੈ। |
| ਹੋ ਲਖਤਿ ਨ ਮੂਰਖ ਭੇਵ, ਅਥਾਹਹਿ ਥਾਹਿਹੀ[1] ॥੧੦॥ | [1]ਅਥਾਹ ਦੀ ਥਾਹ ਲੈਣ ਲੱਗਾ ਹੈ। |
| ਬੋਲੇ ਨਾਨਕ ਬੈਨ, ਐਨ[1] ਸੁਖ ਗੁਨ ਦਯਾ[2]। | [1]ਸੁਖ, ਗੁਣ ਤੇ ਦਇਆ ਦੇ ਘਰ (ਗੁਰੂ ਜੀ)। [2]ਸੁਖ, ਗੁਣ ਤੇ ਦਇਆ ਦੇ ਘਰ (ਗੁਰੂ ਜੀ)। |
| 'ਕਾਜ਼ੀ ਕਰੀ ਨਿਵਾਜ, ਸਦਨ[1] ਮੈਂ ਮਨ ਗਾਯਾ। | [1]ਘਰ। |
| -ਬੜਵਾ[1] ਜਯੋ[2] ਵਛੇਰ, ਗਰਤ[3] ਤਹਿਂ ਪਾਸ ਹੈ। | [1]ਘੋੜੀ ਨੇ। [2]ਜੰਮਿਆਂ। [3]ਟੋਇਆ। |
| ਹੋ ਤਿਹ ਮੈਂ ਨਹਿਂ ਗਿਰ ਪਰੈ, ਬਹੁਤ ਬਿਸਵਾਸ ਹੈ[1]- ॥੧੧॥ | [1]ਸੰਸਾ ਹੈ। |
| ਤਿਹ ਕੇ ਸੰਗ ਮਨ ਫਿਰਤਿ, ਨ ਥਿਰ | |

ਇਕ ਛਿਨ ਭਯਾ।'

ਸੁਨਿ ਸ਼੍ਰੋਨਨ ਮੈ ਖਾਂਨ[1], ਬਿਗਸ[2] ਮੁਖ ਬਚ ਕਹ੍ਯਾ[3]। — [1]ਖਾਂ ਨੇ। [2]ਹੱਸਕੇ। [3]ਕਾਜੀ ਨੂੰ) ਕਿਹਾ।

'ਤਜਹੁ ਕਾਚ ਕਹੁ ਸਾਚ, ਲਾਜ ਨਿਰਵਾਰਿਯੇ[1]। — [1]ਹਟਾਕੇ।

ਹੋ ਜਿਉਂ ਬੀਤੀ ਚਿਤ ਬੀਚ, ਸੁ ਬਚਨ ਉਚਾਰਿਯੇ' ॥੧੨॥

ਕਾਜੀ ਆਨਨ ਭਨਤਿ, 'ਸੱਤ, ਜਿਹ ਬਿਧਿ ਕਹੀ।

ਅਰਭਕ[1] ਬਾਜਨ[2] ਅਹੈ, ਗਰਤ ਤਿਹ ਢਿਗ ਸਹੀ।' — [1]ਬੱਚਾ। [2]ਘੋੜੀ ਦਾ।

ਅਦਭੁਤ ਰਸ[1] ਨਰ ਭਏ, ਕਛੁਕ ਰਸ ਹਾਸ[2] ਸੋਂ। — [1]ਇਕ ਰਸ ਦਾ ਨਾਮ ਜਿਸ ਵਿਚ ਅਚਰਜ ਛਾ ਜਾਂਦਾ ਹੈ। [2]ਇਕ ਰਸ ਜਿਸ ਵਿਚ ਹਾਸਾ ਛੁਟਦਾ ਹੈ।

ਹੋ ਤਬ ਨਿਬਾਬ ਗਹਿ ਚਰਨ, ਰਹ੍ਯੋ ਹ੍ਵੈ ਦਾਸ ਸੋ ॥੧੩॥

'ਸਿਰ ਪੀਰਨ ਕੇ ਪੀਰ! ਪੀਰ ਹਰਿ ਮੇਰੀਆ[1]। — [1]ਪੀਰਾਂ ਦੇ ਸਿਰ ਪੀਰ! ਮੇਰੀ ਪੀੜ ਦੂਰ ਕਰ।

ਗੁਨੀ ਗਹੀਰ ਸਰੀਰ! ਸ਼ਰਨ ਮੈਂ ਤੇਰੀਆ।

ਭ੍ਰਮ ਕਰਿ ਭੂਲੇ ਭਨ੍ਯੋ, ਭੇਵ ਨਹਿਂ ਜਾਨਿਆ।

ਹੋ ਬਖ਼ਸ਼ਹੁ ਔਗੁਨ ਮੋਰ, ਅਜਾਨ ਬਖਾਨਿਆ[1] ॥੧੪॥ — [1]ਜੋ ਮੈਂ ਕਿਹਾ ਸੀ) ਅਜਾਨਪੁਨੇ ਵਿਚ ਕਿਹਾ ਸੀ।

ਦੋਹਰਾ:

ਪੂਰਬ ਔਗਨ ਬਖਸ਼ਿ ਕੈ
ਅਬ ਦਿਹੁ ਨਿਜ ਉਪਦੇਸ਼।'
ਬੰਦਿ ਹਾਥ ਬਿਨਤੀ ਕਰਤਿ
ਦੌਲਤ ਖ਼ਾਨ ਨਰੇਸ਼ ॥੧੫॥
'ਤੁਮ ਖੁਦਾਇ ਕੋ ਰੂਪ ਹੋ
ਅੰਤਰਜਾਮੀ ਸਰਬ।
ਮੈਂ ਅਤਿ ਮੂਢ ਨ ਲਖਿ ਸਕ੍ਯੋ

| | |
|---|---|
| ਨਿਜ ਐਸ਼੍ਵਰਜਹਿਂ[1†] ਗਰਬ[2] ॥੧੬॥ | [1]ਆਪਣੇ ਪ੍ਰਤਾਪ ਦੇ। [2]ਹੰਕਾਰ ਕਰਕੇ। [†]ਪਾ:- ਈਸ਼੍ਵਰਯ ਕੇ। |
| ਹੌਂ ਸਮੀਪਿ ਚਿਰਕਾਲ ਕੇ | |
| ਛੂਛ[1] ਨ ਛੋਰਹੁ ਆਪ। | [1]ਖਾਲੀ। |
| ਬਿਬਸਿ ਮਨਹਿ ਕੋ ਬਸ ਕਰੋ[1] | [1]ਅਮੋੜ ਮਨ ਨੂੰ ਕਾਬੂ ਕਰ ਦਿਓ। |
| ਹਰੀਏ ਤੀਨਹੁ ਤਾਪ[1] ॥੧੭॥ | [1]ਤਿੰਨ ਤਾਪ ਆਧਿ, ਵਿਆਧਿ, ਉਪਾਧਿ ਦੂਰ ਕਰੋ। |
| ਬਿਸ਼ਯ ਅਧੀਨਹਿਂ ਦੀਨ ਮੈਂ | |
| ਹਰਖ ਸ਼ੋਕ ਅਨੁਸਾਰਿ[1]।' | [1]ਦੇ ਅਧੀਨ ਹਾਂ। |
| ਅਸ ਸੁਨਿ ਕੈ ਤਿਹ ਕੇ ਬਚਨ | |
| ਬੋਲੇ ਗੁਰੂ ਉਦਾਰ ॥੧੮॥ | |
| {ਨਵਾਬ ਨੂੰ ਉਪਦੇਸ਼} | |
| ਅੜਿੱਲ: | [1]ਚੰਚਲ। |
| 'ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ[1] ਹੈ। | |
| ਯਾਂ ਕੋ ਰੋਕਨ ਕਠਨ, ਰੁਕੈ ਤ ਅਮੋਲ ਹੈ। | |
| ਬਿਨ ਰੋਕੇ ਸਭਿ ਫੋਕ, ਪਠਨ[1] ਪੁਨ ਸੁਨਨ ਜੋ। | [1]ਪੜ੍ਹਨਾ। |
| ਹੋ ਪ੍ਰੇਮ ਨ ਉਪਜਤਿ ਰੰਚ, ਰਹੈ ਬਿਨ ਗੁਨਨ[1] ਸੋ ॥੧੯॥ | [1]ਮਨ ਗੁਣਹੀਨ ਰਹਿੰਦਾ ਹੈ, (ਗੁਣ ਹੀਨ ਕਿਸੇ ਕੰਮ ਨਹੀਂ। ਯਥਾ-ਵਿਣ ਗੁਣ ਕੀਤੇ ਭਗਤਿ ਨ ਹੋਇ।) (ਅ) ਗੁਨਨਾ ਵਿਚਾਰਨਾ। |
| ਪਾਰਦ[1] ਅੰਗੁਰੀ ਤਰੈ[2], ਸਥਿਰ ਕਿਉਂ ਹੋਤਿ ਹੈ[3]। | [1]ਪਾਰਾ। [2]ਤਲੈ। [3]ਨਹੀਂ ਟਿਕਦਾ। |
| ਕਰਹਿਂ ਪ੍ਰਯਤਨ ਅਨੇਕ, ਸੁ ਵਹਿਰ ਉਦੋਤ ਹੈ[1]। | [1]ਬਾਹਰ ਨੂੰ ਉਛਲਦਾ ਹੈ। |
| ਜਬਹਿ ਸਿੱਧ[1] ਮਿਲ ਜਾਤ, ਮਾਰ ਥਿਰ ਕਰਤਿ ਹੈ।[2] | [1]ਪਾਰੇ ਥਿਰ ਕਰਨ ਵਾਲਾ ਕੋਈ ਮਸਾਲਾ, ਜੈਸੇ ਗੰਧਕ। (ਅ) ਇਕ ਦਵਾਈ ਜਿਸਨੂੰ ਰਿਧੀ ਬੀ ਕਹਿੰਦੇ ਹਨ। [2]ਟਿਕਾ ਲੈਂਦਾ ਹੈ। |
| ਹੋ ਤਿਉਂ ਮਨ ਸਤਿਗੁਰ ਮਿਲੇ, ਸਥਿਰਤਾ ਧਰਤਿ ਹੈ ॥੨੦॥ | |
| ਜਿਉਂ, ਤੁਰੰਗ[1] ਮੁਖਤਾਨ[2], ਅਜਾਨ ਸਉਰ ਕੋ[3]। | [1]ਘੋੜਾ (ਹੋਵੇ)। [2]ਮੂੰਹ ਜ਼ੋਰ। [3]ਅਜਾਣ ਅਸਵਾਰ ਨੂੰ। |
| ਸ੍ਵੈਛਾ ਤਰਲੰ[1] ਦੌਰਿ[2], ਦੇਤਿ ਦੁਖ ਭੂਰ | [1]ਆਪਣੀ ਇੱਛਾ ਨਾਲ ਚੰਚਲ। [2]ਭੱਜਦਾ। |

ਕੋ।

ਚਢੈ ਸੁਜਾਨ ਸਊਰ[1], ਕਸਾ[2] ਕਰ ਲੇਯਕੈ।[3]

[1]ਸਿਆਣਾ ਅਸਵਾਰ। [2]ਚਾਬੁਕ। [3]ਹੱਥ ਵਿਚ ਲੈ ਕੇ।

ਹੋ ਕਰਹਿ ਸੁ ਬਸਿ ਮੁਖ ਮਾਂਹਿ, ਕੰਟਕਾ[1] ਦੇਯ ਕੈ ॥੨੧॥

[1]ਕੜਯਾਲਾ।

ਸਤਿਗੁਰ ਸਬਦ ਸਊਰ, ਤਰੈ[1] ਤਿਹ[2] ਦੀਜਿਯੇ।

[1]ਸਤਿਗੁਰ (ਦੇ ਦਿੱਤੇ) ਨਾਮ ਰੂਪੀ ਅਸਵਾਰ ਦੇ ਹੇਠਾਂ। [2]ਉਸ (ਮਨ) ਨੂੰ।

ਕਸ਼ਟ ਨਰਕ ਕੋ ਕਸਾ[1], ਦਿਖਾਵਨ ਕੀਜਿਯੇ।

[1]ਚਾਬੁਕ।

ਬਿਸ਼ੈ ਨਿਬ੍ਰਿਤੀ ਕਰਨ, ਸੁ ਕਵਿਕਾ[1] ਜਾਨੀਯੇ।

[1]ਲਗਾਮ, ਕੜਯਾਲਾ।

ਹੋ ਮਨ ਤੁਰੰਗ[1] ਇਉਂ ਲਖਹੁ, ਕਰਨ ਵਸਿ ਠਾਨਿਯੇ ॥੨੨॥

[1]ਘੋੜਾ।

ਦੋਹਰਾ:

'ਰਾਗ ਦ੍ਵੈਖ ਮਲ ਪਰਹਰਹੁ[1], ਭਾਣਾ ਪ੍ਰਭੁ ਕੋ ਮੰਨਿ।
ਸਿਮਰ ਨਾਮ ਕਰਤਾਰ ਕੋ, ਕਰਹੁ ਜਨਮ ਨਿਜ ਧੰਨ' ॥੨੩॥

[1]ਦੂਰ ਕਰਹੁ।

ਸੁਨਿ ਸਤਿਗੁਰ ਉਪਦੇਸ਼ ਕੋ, ਧਾਰਿ ਰਿਦੇ ਮਹਿਂ ਲੀਨ।
ਕਰ ਬੰਦੇ ਬੰਦਨ ਕਰੀ, ਬੋਲਯੋ ਬਚਨ ਪ੍ਰਬੀਨ ॥੨੪॥

ਅੜਿੱਲ:

'ਦਾਮ ਸਾਤ ਸੈ ਸਾਠ, ਕਹੋ ਕਯਾ ਕੀਜਿਯੇ?
ਮੂਲੈ ਕਰੀ ਪੁਕਾਰ ਕਹੈ -ਮੁਝ ਦੀਜਿਯੇ-।
ਅਬ ਜਿਹ ਬਿਧਿ ਨਿਜ ਬਦਨ, ਬਦਹੁ[1] ਤਸ ਬਿਧਿ ਕਰੈਂ।

[1]ਆਖੋ।

ਹੋ ਮੈਂ ਮੁਰੀਦ ਤਵ ਭਯੋ, ਮਿਹਰ ਮੁਰ ਪਰ[1] ਧਰੈਂ[2]' ॥੨੫॥

[1]ਮੇਰੇ ਉਪਰ। [2]ਕਰੋ।

ਸੁਨੇ ਬਿਨੈ ਕੇ ਬੈਨ, ਨੈਨ ਕਰੁਨਾ ਭਰੇ।

ਭਵ ਸੰਭਵ[1] ਦੁਖ ਗ੍ਰਸਤਿ[2], ਬੰਧ ਤਿਹ ਕੇ ਹਰੇ। — [1]ਸੰਸਾਰ ਦੇ ਪੈਦਾ ਕੀਤੇ। [2]ਜਿਨ੍ਹਾਂ ਵਿਚ) ਫਸਿਆ ਸੀ।

ਕਹੈਂ 'ਕਹਜੋ ਇਕ ਬਾਰ, ਦੇਨ ਧਨ ਤੋਹਿ[1] ਤਬ। — [1]ਤੈਨੂੰ ਤਦੋਂ।

ਹੋ ਅੱਗ੍ਰਜ[1] ਜਿਉਂ ਉਰ ਆਇ[2] — [1]ਅਗੋਂ। [2]ਤੇਰੇ) ਦਿਲ ਵਿਚ ਜਿਵੇਂ ਆਵੇ।

ਕਰਹੁ ਤਿਉਂ ਕਾਜ ਅਬ' ॥੨੬॥

ਆਨਨ ਖ਼ਾਨ[1] ਬਖਾਨ 'ਕਾਨ ਸੁਨਿ ਨਿਧਿਮਯਾ[2] ! — [1]ਖਾਂ ਨੇ। [2]ਹੇ ਦਯਾ ਦੇ ਸਮੁੰਦਰ।

ਅਰਧ ਦਰਬ ਸ੍ਰੀ ਚੰਦ, ਅਰਧ ਤਿਨ[1] ਮਨ ਠਯਾ[2]। — [1]ਭਾਵ ਫਕੀਰਾਂ ਨੂੰ। [2]ਮੈਂ ਮਨ ਵਿਚ ਠਾਣਿਆਂ ਹੈ।

ਪੁਨ ਤੁਮ ਜਿਉਂ ਮਨ ਹੋਇ, ਰਜਾਇ ਭਨੀਜਿਯੇ।

ਹੋ ਕਰੌਂ ਕਾਜ ਮੈਂ ਸੋਇ, ਦਾਸ ਲਖਿ ਲੀਜਿਯੇ[1]' ॥੨੭॥ — [1]ਜਾਣ ਲਵੋ।

ਸ੍ਰੀ ਮੁਖ ਕਹੈਂ 'ਤੁਮਾਰ ਜੁ ਮਨ ਮਹਿਂ ਆਵਈ।

ਤਿਸ ਬਿਧਿ ਕਰਿਯੇ ਆਪ, ਨ ਕੋਇ ਹਟਾਵਈ।'

ਕਹਿ ਕਰ ਮਯਾਨਿਕੇਤ[1], ਮਸੀਤਹਿਂ ਤੇ ਚਲੇ। — [1]ਦਯਾ ਦੇ ਘਰ।

ਹੋ ਜਗ ਜਿਨ ਭਗਤਿ ਦਿਢਾਇ, ਚਲਾਯੋ ਮਗ ਭਲੇ ॥੨੮॥

ਨਿਸ਼ਚਾ ਭਯੋ ਨਿਬਾਬ, ਨ ਪੁਨਿ ਮਨ ਡੋਲਿਯਾ।

ਉਰ ਸੁਖ ਪਾਇ ਅਮੋਲ, ਬਿਸਾਲ ਨ ਬੋਲਿਯਾ।[1] — [1]ਵਾਧੂ (ਬਚਨ ਫੇਰ) ਨਹੀਂ ਬੋਲਿਆ।

ਮਨੁਜ ਪਰਸਪਰ ਭਨਤਿ, ਭਯੋ ਬਿਰਤਾਂਤ ਜੋ।

'ਹੋ ਅੰਤਰਜਾਮੀ ਅਹੈ[1], ਬਤਾਈ ਬਾਤ ਜੋ[2]' ॥੨੯॥ — [1]ਅੰਤਰਜਾਮੀ ਹੈ (ਗੁਰੂ ਨਾਨਕ)। [2]ਜੋ (ਦਿਲ ਦੀ) ਗੱਲ ਦੱਸੀ ਨੇ।

ਦੋਹਰਾ:

ਸੁਨਿ ਨਿੰਧਾ ਦਿਜਬਰ ਸਕਲ, ਧਾਵਾ — [1]ਖਬਰ ਦੇਣ ਨੂੰ ਨੱਸਿਆ।

ਸੁਧਿ ਕੇ ਹੇਤ[1]।
ਦੁਖਿਤਿ ਸਰਬ ਪਰਵਾਰ ਜੋ, ਬੈਸੇ ਹੁਤੇ ਨਿਕੇਤ ॥੩੦॥

ਅੜਿੱਲ:

ਕਹਯੋ ਆਨ 'ਜਜਮਾਨ, ਵਧਾਇਯੋਂ ਸੁਖ ਭਯੋ।
ਉਰ ਹਰਖਹੁ, ਹਰਿ ਭਰਮ, ਸੁਜਸੁ ਜਗ ਮਹਿਂ ਛਯੋ[1]।'
ਸੁਨਤਿ ਸ਼੍ਰੋਨ ਪੁਟ[1] ਸੰਗਿ, ਸੋਮ[2] ਪੀ ਕਰਿ[3] ਜਬੈ।
ਹੋ ਪਜਾਸ ਨ ਬੁਝੀ ਜਰਾਮ, ਬਹੁਰ ਬੂਝਯੋ ਤਬੈ ॥੩੧॥
'ਭਨਹੁ[1] ਬਿੱਪ੍ਰ ਬਰ[2]! ਸਕਲ, ਭਯੋ ਬਿਰਤਾਂਤ ਜਿਉਂ।
ਨਾਨਕ ਬਹੁਰ ਨਿਬਾਬ, ਨਿਬੇਰ[1] ਸੁਨਾਉਂ ਤਿਉਂ।'
ਕਹਿ ਨਿੰਧਾ 'ਮੈਂ ਸੁਨੀ, ਠਾਂਢ[1] ਨਾਨਕ ਰਹੇ।
ਹੋ ਕਰੀ ਨਿਬਾਬ ਨਿਵਾਜ, ਬਹੁਤ ਨੁਤਿ[1] ਪੁਨਿ ਕਹੇ ॥੩੨॥
ਅੰਤਰਿ ਨਹੀ ਮਸੀਤਿ, ਸੁ ਬਾਹਰ ਮੈਂ ਸੁਨੀ।'
ਹਰਖ ਬ੍ਰਿੱਖ[1] ਉਰ ਬਧਤਿ, ਨਾਨਕੀ ਪੁਨ[2] ਭਨੀ[3]।
'ਦਿਜਬਰ! ਭ੍ਰਾਤਾ ਕਹਾਂ, ਆਪ ਤਜਿ ਕਰਿ ਅਏ?
ਹੋ ਹੇਰਯੋ ਕੈਧੋਂ ਨਾਂਹਿ[1], ਬਹੁਰ[2] ਕਿਹ ਦਿਸ਼ਿ ਗਏ' ॥੩੩॥
'ਹੌਂ[1] ਨਹਿਂ ਹੇਰੇ ਤਹਾਂ, ਦੇਨਿ ਦ੍ਰੁਤ[2] ਸੁਧ ਅਯੋ।'
ਸੁਨਤਿ ਸ਼੍ਰਵਨ ਜੈਰਾਮ, ਰੋਸ ਤਿਹ ਪਰ ਕਯੋ।

[1]ਪਸਰਿਆ ਹੈ।

[1]ਕੰਨਾਂ ਦੇ ਡੋਨਿਆਂ ਨਾਲ। [2]ਅੰਮ੍ਰਿਤ। [3]ਪੀਕੇ।

[1]ਆਖੋ। [2]ਚੰਗੇ ਬ੍ਰਹਮਣ ਜੀ।

[1]ਗੁਰੂ ਤੇ ਨਿਬਾਬ ਦਾ ਨਿਬੇੜਾ।

[1]ਖੜੇ।

[1]ਉਸਤਤੀ।

[1]ਖੁਸ਼ੀ ਦਾ ਬੂਟਾ। [2]ਫੇਰ ਨਾਨਕੀ ਨੇ। [3]ਕਹੀ।

[1]ਡਿਠੇ ਹਨ ਕਿ ਨਹੀਂ। [2]ਫੇਰ।

[1]ਨਿੰਧੇ ਨੇ ਕਿਹਾ) ਮੈਂ। [2]ਛੇਤੀ।

'ਮਿਲਹੋ ਖੋਜਿ ਕਰਿ ਕਿਉਂ ਨ, ਕੁਸ਼ਲ ਤਿਨਤੇ ਲਈ।
ਹੋ ਆਯੋ ਸੁਧ ਬਿਨ ਲਏ, ਬਾਤ ਭਲ ਨਹਿਂ ਕਈ[1]' ॥੩੪॥

[1]ਚੰਗੀ ਗਲ ਨਹੀਂ ਕੀਤੀ।

ਭਨਤਿ ਨਾਨਕੀ ਬਚਨ, 'ਚਿੰਤ ਚਿਤ ਤੇ ਤਜੋ।
ਧਰਹੁ ਪ੍ਰੀਤ ਪਰਤੀਤ, ਨ ਸੰਸੈ ਹਤਿ ਅਜੋ[1]?

[1]ਅਜੇ ਭੀ ਤੁਹਾਡਾ ਸੰਸਾ ਨਹੀਂ ਦੂਰ ਹੋਯਾ।

ਉਠਹੁ ਅਸਨ ਮੁਖ ਅਚਹੁ[1], ਬਹੁਤ ਚਿਰ ਕੋ ਧਰਹੋ।

[1]ਛਕੋ।

ਹੋ ਆਵਹਿੰਗੇ ਸੁਖ ਸੰਗ, ਭ੍ਰਾਤ ਹਰਿ ਅਵਤਰਹੋ[1]' ॥੩੫॥

[1]ਹਰੀ ਦਾ ਅਵਤਾਰ ਹਨ।

ਇਹ ਬਿਧਿ ਬਦਨਹ ਬਦਤਿ[1], ਸਦਨ ਪਰ ਦੰਪਤੰ[2]।

[1]ਕਹਿ ਰਹੇ ਸਨ। [2]ਇਸਤ੍ਰੀ ਪਤੀ।

ਨੀਚੇ ਤੁਲਸਾਂ ਹੁਤੀ, ਨਿਰਖਿ ਜਗ[1] ਬੰਦਤੰ[2]।

[1]ਜਗਤ ਦੇ। [2]ਬੰਦਨ ਜੋਗ ਨੂੰ।

'ਬਧੂ! ਭ੍ਰਾਤ ਜੀ ਅਏ, ਬਦਨ ਅਰਬਿੰਦਿਆ[1]।

[1]ਕਮਲ ਮੁਖ ਵਾਲੇ।

ਹੋ ਆਨੰਦ ਕੰਦ ਮੁਕੰਦ, ਕਦਨ ਦੁਖ ਦੁੰਦਿਆ[1]' ॥੩੬॥

[1]ਸਾਰੇ ਦੁਖਾਂ ਦੇ ਨਾਸ਼ਕ।

ਸੁਨਤਿ ਨਾਮ ਜੈਰਾਮ, ਅਮੀ ਆਮੀ ਪਿਯੋ[1]।

[1]ਮਾਨੋਂ) ਰੋਗੀ ਨੇ ਅੰਮ੍ਰਿਤ ਪੀਤਾ।

ਅੰਗ ਨ ਮੇਵਹਿ ਛੋਭ, ਉਠਯੋ[1] ਨਿਰਖਤਿ ਭਯੋ[2]।

[1]ਵਲਵਲਾ ਉਠਿਆ (ਪਜਾਰ ਦਾ)। [2]ਵੇਖਣ ਲਗਾ।

ਕੁੰਦ ਰਦਨ[1] ਤਿਨ ਸਦਨ, ਕਦਨ ਦੁਖ[2] ਆਇਗੇ[†]।

[1]ਮਰਤਬਾਨ ਦੇ ਫੁਲਾਂ ਵਰਗੇ ਦੰਦਾਂ ਵਾਲੇ। [2]ਨਾਸ਼ ਕਰਤਾ ਦੁਖਾਂ ਦੇ। [†]'ਗੇ' ਦੀ ਥਾਂ 'ਇਆ' ਪਾਠਾਂਤ੍ਰ ਹੈ।

ਹੋ ਨਿਰਖ ਹਰਖ ਉਰ ਸਰਸ, ਬਿਸੂਰ[1] ਨਸਾਇਗੇ ॥੩੭॥

[1]ਝੋਰੇ।

ਦੋਹਰਾ:

ਅਰਬਿੰਦ ਬਦਨ ਬਿਲੋਕ ਕੈ, ਦੰਪਤਿ ਬੰਦਨ ਕੀਨਿ।

ਚਿੰਤਾ ਚਿਤ ਤੇ ਖੀਨ ਹ੍ਵੈ, ਆਨੰਦ ਮਹਿਂ ਭੇ ਪੀਨ[1] ॥੩੮॥

[1]ਹੋਏ ਤਕੜੇ।

ਨਰਾਜ ਛੰਦ:

ਜਰਾਮ ਔਰ ਨਾਨਕੀ, ਬਸਾਇ ਭੂਰ ਸਾਦਰਾ[1]।
'ਮਸੀਤ ਆਪ ਜਾਇ ਜਜੋਂ ਕਰੀ, ਕਹੋ ਮਯਾਕਰਾ!
ਸਚਿੰਤ ਚੀਤ ਹ੍ਵੈ ਰਹੇ, ਨ ਭੇਵ ਕੋਇ ਜਾਨਿਯਾ*।
ਪ੍ਰਮਾਨ[1] ਨਿੰਦ ਆਨਨੰ[2], ਭਨੈਂ ਸੁਨੇ ਭੁਲਾਨਿਯਾ' ॥੩੯॥

[1]ਆਦਰ ਨਾਲ।

[1]ਮਨੁਖ। [2]ਮੂੰਹੋਂ।

ਗੁਰੂ ਭਨੰਤਿ 'ਬੀਤਗੀ ਜੁ, ਤਾਂਹਿ ਕਜਾ ਵਿਚਾਰ ਹੈ।
ਸਮੀਪ ਜੇ ਪ੍ਰਮਾਨ ਬੇ, ਸੁਨੇਹੁ ਸੋ ਉਚਾਰਿ ਹੈਂ।'
ਜਰਾਮ ਹਾਥ ਬੰਦ ਦੋ, ਬੁਝੰਤਿ ਬਾਰ ਬਾਰ ਹੀ।
'ਮਸੀਤਿ ਮੈਂ ਬਿਤੀਤਿ ਜਜੋਂ, ਸੁਨਾਇਯੇ ਉਚਾਰਿਹੀ ॥੪੦॥
ਬੁਝੇਯ ਆਨ ਕੋ[1] ਹਮੈਂ[2], ਬਿਨਾ ਸੁਨੇ ਕਿ ਭਾਖਹੀਂ[3]।
ਤੁਮਾਰ ਤੁੰਡ[1] ਜੋ ਸੁਨੈਂ, ਸੁ ਸਾਚ ਬੱਛ ਲਾਖਹੀਂ[2]।
ਭਈ ਜੁ ਆਦਿ ਅੰਤ ਲੌ, ਬਖਾਨਿ ਆਪ ਕੀਜਿਯੇ।
ਸਭੈ ਸੁਨਾਇ ਬਾਤ ਕੋ, ਅਨੰਦ ਮੋਹਿ ਦੀਜਿਯੇ' ॥੪੧॥

[1]ਕੋਈ ਹੋਰ ਜੇ ਪੁਛੇ। [2]ਸਾਨੂੰ। [3]ਕੀ ਦਸਾਂਗੇ (ਅਸੀਂ)।

[1]ਮੁਖੋਂ। [2]ਸੱਚਾ ਤੇ ਪਿਆਰਾ ਜਾਣਾਂਗੇ।

ਅੜਿੱਲ:

ਦੇਖਿ ਦੀਨਤਾ ਦਯਾਲ, ਬਦਨ ਸਭਿ ਬਿਧਿ ਕਹੀ।
ਜਿਉਂ ਹੋਯੋ ਬਿਰਤਾਂਤ, ਖ਼ਾਨ ਕਾਜ਼ੀ ਸਹੀ।

'ਮਨਮੁਖ ਮੂਢ ਅਜਾਨ, ਨ ਮਨ ਥਿਰ
ਕਰਤਿ ਹੈਂ।
ਹੋ ਬਾਹਿਰ ਬੇਖ ਸਰੀਰ, ਬੰਦਗੀ ਧਰਤਿ
ਹੈਂ ॥੪੨॥
ਗਰਬ ਕਰਹਿਂ ਨਿਜ ਰਿਦੇ, -ਖੁਦਾਇ
ਕਿ ਯਾਦ ਹੈ-।
ਛੂਛੇ ਪ੍ਰੇਮ ਬਿਹੀਨ, ਬੇਖ ਸਭਿ ਬਾਦ ਹੈ।
ਬਿਸ਼ੈ ਮੋਹ ਮਹਿਂ ਫਸੇ, ਸਦਾ ਮਨ ਤਹਿਂ
ਬਸੈ।
ਹੋ ਉਰਝੇ ਸ੍ਵਾਦਨ ਬਾਦ[1], ਪ੍ਰਭੂ ਰਸ
ਕਿਉਂ ਰਸੈ[2] ॥੪੩॥

[1]ਬਿਰਥੇ (ਯਾ ਝਗੜਿਆਂ ਦੇ) ਸੁਆਦਾਂ ਵਿਚ ਫਸੇ ਹਨ। [2]ਕਿਵੇਂ ਰਸੀਏ ਹੋਣ।

ਜਹਿਂ ਤਹਿਂ ਮਨ ਤਿਨ ਹੁਤੋ, ਬਤਾਯੋ
ਸਭੀ ਸਹੀ।
ਕਰਤਿ ਜਗਤ ਕੋ ਧੰਧ, ਸਥਿਰ ਇਕ
ਛਿਨ ਨਹੀਂ[1]।

[1]ਭਾਵ, ਉਹਨਾਂ ਦਾ ਮਨ ਥਿਰ ਨਹੀਂ।

ਸੁਨਿ ਕਰਿ ਨਿਮਜੋ ਨਰੇਸ਼, ਸੁ ਨਿਸ਼ਚਾ
ਪਾਇਕੈ।
-ਹੋ ਬਖਸ਼ਹੁ ਭੂਲ ਜੁ ਭਨਜੋ, ਦਯਾ ਮਨ
ਲਾਇ ਕੈ- ॥੪੪॥
ਬਹੁਰ ਦਰਬ ਕੀ ਬਾਤ, ਨਿਬਾਬ
ਬਖਾਨਿਆ।
-ਅਰਧ ਦੇਨ ਸ੍ਰੀ ਚੰਦ, ਅਰਧ ਹਿਤ
ਦਾਨਿਯਾ[1]-।

[1]ਦਾਨ ਵਾਸਤੇ।

ਕਹਿ ਕਰਿ ਗਮਨਜੋ ਸਦਨ, ਬੰਦਨਾ
ਠਾਨਿ[1] ਸੋ[2]।

[1]ਕਰਕੇ। [2]ਉਹ (ਨਵਾਬ)।

ਹੋ ਹਮ ਆਏ ਤੁਮ ਨਿਕਟਿ, ਭਈ ਇਵ
ਜਾਨਿ ਸੋ ॥੪੫॥
ਜੀਜਾ ਜੀ! ਇਉਂ ਕਰੀ, ਭਲੀ ਕੈਧੌਂ
ਬੁਰੀ।
ਚਤੁਰ ਬਰਨ ਕੀ ਭੀਰ, ਹੁਤੀ ਤਹਿਂ ਬਹੁ
ਜੁਰੀ।

ਸਭਿਨਿ ਸੁਨੇ ਇਹ ਵਾਕ, ਹਸੀ ਅਤਿਸ਼ੈ ਭਈ।'

ਹੋ ਸੁਨਿ ਇਵ ਸ੍ਰਵਨ ਜਰਾਮ, ਚਿੰਤ ਚਿਤ ਦੂਰ[1] ਗਈ ॥੪੬॥

[1]ਛਿਪ।

ਨਰਾਜ ਛੰਦ:

ਜਰਾਮ ਜੋਰਿ ਹਾਥ, ਬੈਨ ਆਨਨੰ[1] ਬਖਾਨ ਹੈ।

[1]ਮੁਖੋਂ।

'ਭਲੀ ਸਦੀ ਆਪ ਕ੍ਰਿਤ, ਕੋ[1] ਬੁਰੀ ਸੁ ਮਾਨ[2] ਹੈ?

[1]ਕੌਣ। [2]ਮੰਨੇ।

ਮਯੰਕ[1] ਮਾਰਤੰਡ[2] ਜਸੋਂ, ਪ੍ਰਮਾਨਨੰ[3] ਅਨੰਦਦਾ[4]।

[1]ਚੰਦ੍ਰਮਾਂ। [2]ਸੂਰਜ। [3]ਜੈਸੇ ਮਨੁੱਖਾਂ ਦੇ। [4]ਖੁਸ਼ੀ ਦਾਤੇ ਹਨ।

ਧਰਾਵਤਾਰ[1] ਆਪ ਤੈਸ, ਮੋਖ ਦਾਨ ਦਾਸ ਦਾ[2]' ॥੪੭॥

[1]ਧਾਰਿਆ ਹੈ ਅਵਤਾਰ। [2]ਦਾਸਾਂ ਨੂੰ ਮੋਖ ਦੇਣ ਵਾਲਾ।

ਦੋਹਰਾ:

ਭਨਤਿ ਨਾਨਕੀ ਬੈਨ ਪੁਨਿ, 'ਆਇ ਕਿ ਨ ਪਰਤੀਤਿ।

ਅਬ ਲੌ ਕਿਧੌਂ[1] ਸੰਦੇਹ ਉਰ, ਕਰਹੁ ਨ[2] ਅਸਥਿਰ ਚੀਤ[3] ॥੪੮॥

[1]ਕਿਤੇ, ਜਾਂ। [2]ਕਿਉਂ ਨਹੀਂ ਕਰਦੇ। [3]ਚਿੰਤ ਨੂੰ ਥਿਰ।

ਉਠਉ ਰਸੋਈ ਜੇਵੀਂਏ, ਭਰਮ ਨ ਭੂਲ ਕਰੇਹੁ।

ਕ੍ਰਿਪਾਸਿੰਧੁ ਨਾਨਕ ਨਿਕਟਿ, ਚਿਤ ਚਿੰਤਾ ਤਜਿ ਦੇਹੁ' ॥੪੯॥

ਅੜਿੱਲ:

[1]ਭਾਈ ਜੈਰਾਮ ਦਾ ਕਥਨ। [2]ਦੇਵਤੇ ਸਾਰੇ।

'[1]ਸ੍ਰੀ ਨਾਨਕ ਜੀ ਧੰਨ! ਅਮਰ ਗਨ[2] ਮੰਨਿ ਹੈਂ।

{ਜੈਰਾਮ ਦੀ ਸ਼੍ਰਧਾ}

ਤੂੰ ਭਗਨੀ[1] ਤਿਨ ਕੇਰਿ, ਅਧਿਕ ਮਤ[2], ਧੰਨ ਹੈਂ[3]।

[1]ਭੈਣ। [2]ਤੇਰੀ ਮਤ ਵੱਧ ਹੈ। [3]ਤੂੰ ਬੀ ਧੰਨ ਹੈਂ।

ਹੌਂ ਭੀ ਕਛੁਅਕ ਧੰਨ ਅਪਨ ਉਰ ਮਹਿਂ ਲਖੌਂ[1]।

[1]ਸਮਝਦਾ ਹਾਂ।

ਹੋ ਜਗ ਪ੍ਰਸੰਗ[1] ਮਮ ਤੋਰ, ਭਯੋ ਅਸ ਬਿਧਿ ਪਿਖੌਂ[2]' ॥੫੦॥

[1]ਸਨਬੰਧ। [2]ਵੇਖਦਾ ਹਾਂ।

ਦੋਹਰਾ:

ਸ਼੍ਰੀ ਬਾਲਾ ਸੰਧੁ ਭਨਤਿ, ਸ਼੍ਰੀ ਅੰਗਦ ਸੁਖਰਾਸ!
ਆਗੈ ਅਮੀ[1] ਪਟੰਤਰੰ[2], ਔਰ ਸੁਨਹੁ ਇਤਿਹਾਸ ॥੫੧॥

[1]ਅੰਮ੍ਰਿਤ। [2]ਤੁਲ।

ਅੜਿੱਲ:

ਬਾਰ ਬਾਰ ਕਹਿ ਬਹੁਰ, ਸੰਗ ਨਾਨਕ ਲਿਯੇ।
ਉਠੇ ਅਚਨ ਬਰ[1] ਅਸਨ, ਜਰਾਮਹਿ ਸੁਖ ਭਏ।

[1]ਉੱਤਮ।

ਮੁਝ ਕੋ ਲੀਨੋ ਸੰਗ, ਸੁ ਭੋਜਨ ਖਾਨਿ ਕੇ।
ਹੋ ਗਏ ਰਸੋਈ ਥਾਨ, ਮੁਦਿਤ[1] ਮਨ ਮਾਨਿ ਕੇ ॥੫੨॥

[1]ਖੁਸ਼।

ਓਦਨ[1] ਸਰਪੀ[2] ਸਿਤਾ[3], ਪਹਿਤ[4] ਅਤਿ ਸਾਦਿਆ[5]।

[1]ਬਾਵਲ। [2]ਘਿਉ। [3]ਖੰਡ। [4]ਦਾਲ। [5]ਬੜੇ ਸੁਆਦੀ।

ਰੁਚਿ ਅਨਰੂਪੰ[1] ਖਇ, ਉਠੇ ਸਹਿਲਾਦਿਆ[2]।

[1]ਰੁਚੀ ਅਨੁਸਾਰ। [2]ਸਹਿਤ ਖੁਸ਼ੀ ਦੇ।

ਪੁਨ ਪਰਯੰਕ ਡਸਾਇ, ਪੌਢਿਯੇ[1] ਪਰਮ ਸੁਖ।

[1]ਬਿਰਾਜੇ।

ਹੋ ਜਿਸ ਦਰਸ਼ਨ ਤੇ ਬ੍ਰਿੰਦ, ਸਭੈ[1] ਟਰਿ ਜਾਹਿਂ ਦੁਖ ॥੫੩॥

[1]ਸਾਰੇ ਦੁਖਾਂ ਦੇ ਸਮੂਹ।

ਦੋਹਰਾ:

ਪਤਿਤ ਸੁਨਤਿ ਇਤਿਹਾਸ ਇਹ, ਸ੍ਰੀ ਗੁਰੁ ਸ਼ਰਧਾ ਦੈਨ।
ਅਘ ਓਘਨ ਮਲ ਹਰਨ ਕੋ, ਜਲ ਸਮ ਹੈ[1] ਸੁਖ ਐਨ ॥੫੪॥

[1]ਇਹ ਇਤਿਹਾਸ ਜਲ ਸਮਾਨ ਹੈ ਪਾਪਾਂ ਦੀ ਮੈਲ ਹਰਨ ਨੂੰ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਸੀਤ' ਪ੍ਰਸੰਗ ਬਰਨਨੰ ਨਾਮ ਬਤੀਸਮੋ ਅਧਯਾਯ ॥੩੨॥

## ੩੩. [ਚਰਣ ਧੂੜ ਮੰਗਲ। ਮਾਤਾ ਸੁਲਖਣੀ ਜੀ ਦਾ ਪੇਕੇ ਜਾਣਾ]

੩੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੪

{ਗੁਰੂ ਨਾਨਕ ਜੀ ਦਾ ਲਿਬਾਸ} ॥੬॥

{ਮੂਲੇ ਅਤੇ ਚੰਦੋਰਾਨੀ ਦੇ ਕਠੋਰ ਬਚਨ} ॥੭..॥

ਦੋਹਰਾ:

ਸ੍ਰੀ ਗੁਰੁ ਕਰੁਨਾ ਐਨ ਕੀ, ਚਰਨ ਕਵਲ ਲੇ ਧੂਰਿ।

ਕਰੁਨਾ ਐਨ=ਕ੍ਰਿਪਾ ਦਾ ਘਰ। [ਸੰਸ. ਕਰੁਣਾ ਐਨ]

ਜਿਨ ਮਨ ਮੁਕਰਹਿ ਮਾਂਝ ਕੈ, ਕਹੋਂ ਕਥਾ ਰਸ ਰੂਰਿ ॥੧॥

ਮੁਕਰਹਿ=ਸ਼ੀਸ਼ਾ, ਮੂੰਹ ਵੇਖਣ ਦਾ ਸ਼ੀਸ਼ਾ। [ਸੰਸ. ਮੁਕਰ] ਮਾਂਝਕੈ=ਮਾਂਜਕੇ, ਮੈਲੇ ਹੋਏ ਸ਼ੀਸ਼ੇ ਨੂੰ ਜਿਸ ਪਰ ਥਿੰਧੇ ਹੱਥ ਲਗ ਗਏ ਹੋਣ ਧੂੜ ਸੁਆਹ ਆਦਿ ਨਾਲ ਮਾਂਜ ਕੇ ਸਾਫ ਕਰਦੇ ਹਨ। ਰੂਰਿ=ਉੱਤਮ, ਸੁੰਦਰ। [ਸੰਸ. ਰੂਢ=ਚਮਕੀਲੀ]

ਅਰਥ:

ਕ੍ਰਿਪਾਲਤਾ ਦੇ ਘਰ ਸ੍ਰੀ ਗੁਰੂ ਜੀ ਦੇ ਚਰਣਾਂ ਕਮਲਾਂ ਦੀ ਧੂੜੀ ਲੈ ਕੇ ਆਪਣੇ ਮਨ (ਰੂਪੀ) ਸ਼ੀਸ਼ੇ ਨੂੰ ਮਾਂਜ ਕੇ ਰਸ ਭਰੀ ਕਥਾ (ਅਗੋਂ ਹੋਰ) ਕਹਿੰਦਾ ਹਾਂ।

ਚੌਪਈ:

ਬਾਲੇ ਕੋ ਮੁਖ ਸ਼ਸ਼ਿਹਿ ਸੁਧਾਸੀ[1]।
ਕਥਾ ਕਹਤਿ ਸ੍ਰੀ ਅੰਗਦ ਪਾਸੀ।
ਪ੍ਰੇਮ ਮਗਨ ਕਬਿ ਕਬਿ ਹੁਇ ਜਾਵਹਿਂ।
ਲਗਹਿ ਸਮਾਧਿ ਅਡੋਲ ਸੁਹਾਵਹਿਂ ॥੨॥

[1]ਬਾਲਾ (ਆਪਣੇ) ਮੁਖ ਚੰਦ੍ਰਮਾਂ ਤੋਂ ਅੰਮ੍ਰਿਤ ਵਰਗੀ।

ਬਹੁਰ ਬਿਲੋਚਨ ਖੋਲਹਿਂ ਜਬ ਹੀ।
ਬਾਲਾ ਕਹਿਨ ਲਗਹਿ ਪੁਨਿ ਤਬ ਹੀ।
ਕਰਨ ਪੁਟਨ ਸੰਗ[1] ਪੀਵਹਿਂ ਸ੍ਰੋਤੇ[2]।

[1]ਕੰਨਾਂ ਦੇ ਡੋਂਨਿਆਂ ਨਾਲ ਮਾਨੋ। [2]ਸੁਨਨੇ ਵਾਲੇ ਪੀਂਦੇ ਹਨ।

ਅਮੀ ਸਮਾਨ[1], ਤ੍ਰਿਪਤਿ ਨਹਿਂ ਹੋਤੇ ॥੩॥

[1]ਅੰਮ੍ਰਿਤ ਵਰਗੀ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਨਾਨਕ ਕਿੰਕਰ ਸੁਖਰਾਸਾ[1]।

[1]ਦਾਸਾਂ ਦੇ ਸੁਖ ਦਾਤੇ।

ਰਹੈਂ ਬੈਸ ਪੁਨਿ ਸੁਸਾ[1] ਅਵਾਸਾ।

[1]ਬੇਬੇ ਜੀ ਦੇ।

ਜਨੁ ਬੈਰਾਗ ਧਾਰਿ ਨਿਜ ਦੇਹਾ[1]।

[1]ਦੇਹ ਧਾਰਕੇ।

ਪ੍ਰਗਟ ਦਿਖਾਵਤਿ ਜਗਤ ਅਨੇਹਾ[1] ॥੪॥

[1]ਨਿਰਮੋਹਤਾ।

ਕਿਧੌਂ[1] ਸ਼ਾਂਤਿ ਰਸ ਧਾਰਿ ਸਰੂਪ।

[1]ਜਾਂ।

ਭਾਵ ਦਿਖਾਵਹਿ ਨਿਜ ਅਨਰੂਪਾ[1]।

[1]ਕਾਵ੍ਯ ਦੇ ਗ੍ਰੰਥਾਂ ਵਿੱਚ ਕਵੀਆਂ ਨੇ ਨੌਂ ਰਸ ਗਿਣੇ ਹਨ, ਹਰ ਰਸ ਦੇ ਭਾਵ ਹੁੰਦੇ ਹਨ, ਸਥਾਈ ਤੇ ਸੰਚਾਰੀ। ਸ਼ਾਂਤਿ ਰਸ ਦਾ ਸਥਾਈ ਭਾਵ ਨਿਰਵੇਦ ਹੈ ਜਿਸ ਨੂੰ ਵੈਰਾਗ ਭੀ ਆਖਦੇ ਹਨ। ਮਾਨੋਂ ਸ਼ਾਂਤਿ ਰਸ ਆਪਣੇ ਅਨਕੂਲ ਦਾ ਭਾਵ (ਨਿਰਵੇਦ) ਦੱਸ ਰਿਹਾ ਹੈ।

ਕਿਧੌਂ ਧਰਯੋ ਉਪਕਾਰਿ ਸਰੀਰਾ।
ਨਰ ਤਾਰਨ ਕੋ ਗੁਨੀ ਗਹੀਰਾ ॥੫॥

ਦੋਹਰਾ:

ਸਿਰ ਪਰ ਨੁਕਤਹਿ[1] ਜੁਗਲ ਗਜ[2]

[1]ਸਾਫਾ। [2]ਦੋ ਗਜ (ਲੰਮਾ)।

ਖਫਨੀ ਗਰਿ[1] ਬਰ[2] ਚੀਰ[3]।

[1]ਗਲੇ ਵਿਚ। [2]ਸ਼੍ਰੇਸ਼ਟ। [3]ਬਸਤ੍ਰ।

ਸੰਬਜਾਨਾ[1] ਸੁੰਦਰ ਸਜੈ

[1]ਚਾਦਰਾ।

ਧਰਜੋ ਸੁ ਬੇਖ ਸਰੀਰ ॥੬॥

{ਗੁਰੂ ਨਾਨਕ ਜੀ ਦਾ ਲਿਬਾਸ}

ਚੌਪਈ:

ਬੈਸੇ ਥੇ ਨਿੰਦਕ ਕੇ ਸ਼ੂਲਾ[1]।

{ਮੂਲੇ ਅਤੇ ਚੰਦੋਰਾਨੀ ਦੇ ਕਠੋਰ ਬਚਨ}

[1]ਕੇ ਸੂਲ ਨਿੰਦਕਾਂ ਨੂੰ ਸੂਲ ਰੂਪ ਯਾ ਦੁਖ ਰੂਪ। ਨਿੰਦਕ ਨੂੰ ਅਪਣੇ ਖੋਟੇ ਸੁਭਾਵ ਕਰਕੇ ਉਹਨਾਂ ਦਾ ਫੁਲ ਸਮਾਨ ਕੋਮਲ ਤੇ ਸੁਖਦਾਈ ਵਜੂਦ ਕੰਡੇ ਹਾਰ ਚੁਭਦਾ ਹੈ, ਜੀਕੂੰ, ਬਿਰਹਾ ਤਾਪ ਨਾਲ ਆਪ ਤਪ ਰਹੀ ਬਿਰਹਨੀ ਨੂੰ ਸਰਦ ਰੁਤ ਦਾ ਚੰਦ੍ਰਮਾਂ ਤਪਤ ਲਗਦਾ ਹੈ। (ਅ) ਕੇਸ਼ੂਲ (ਕ ਖੁਸ਼ੀ+ਈਸ਼ ਮਾਲਕ। ਉਲ, ਪ੍ਰਤੇ) ਖੁਸ਼ੀ ਦਾਤਾ, ਭਾਵ ਨਿੰਦਕ ਨੂੰ ਬੀ ਆਪ ਕਲ੍ਯਾਨ ਦਾਤਾ ਹਨ, ਉਹਨਾਂ ਦਾ ਬੁਰਾ ਨਹੀਂ ਚਿਤਾਰਦੇ, ਤੇ ਸਮੇਂ ਬਣੇ ਤੇ ਤਾਰ ਦੇਂਦੇ ਹਨ।

[1]ਕੇ ਸੂਲ ਨਿੰਦਕਾਂ ਨੂੰ ਸੂਲ ਰੂਪ ਯਾ ਦੁਖ ਰੂਪ। ਨਿੰਦਕ ਨੂੰ ਅਪਣੇ ਖੋਟੇ ਸੁਭਾਵ ਕਰਕੇ ਉਹਨਾਂ ਦਾ ਫੁਲ ਸਮਾਨ ਕੋਮਲ ਤੇ ਸੁਖਦਾਈ ਵਜੂਦ ਕੰਡੇ ਹਾਰ ਚੁਭਦਾ ਹੈ, ਜੀਕੂੰ, ਬਿਰਹਾ ਤਾਪ ਨਾਲ ਆਪ ਤਪ ਰਹੀ ਬਿਰਹਨੀ ਨੂੰ ਸਰਦ ਰੁਤ ਦਾ ਚੰਦ੍ਰਮਾਂ ਤਪਤ ਲਗਦਾ ਹੈ। (ਅ) ਕੇਸ਼ੂਲ (ਕ ਖੁਸ਼ੀ+ਈਸ਼ ਮਾਲਕ। ਉਲ, ਪ੍ਰਤੇ) ਖੁਸ਼ੀ ਦਾਤਾ, ਭਾਵ ਨਿੰਦਕ ਨੂੰ ਬੀ ਆਪ ਕਲ੍ਯਾਨ ਦਾਤਾ ਹਨ, ਉਹਨਾਂ ਦਾ ਬੁਰਾ ਨਹੀਂ ਚਿਤਾਰਦੇ, ਤੇ ਸਮੇਂ ਬਣੇ ਤੇ ਤਾਰ ਦੇਂਦੇ ਹਨ।

ਇਤਨੇ ਮਹਿਂ ਪ੍ਰਾਪਤ ਭਾ ਮੂਲਾ।
ਚੰਦੋਰਾਨੀ ਜਿਹ ਕੇ ਸੰਗਾ।
ਅਧਿਕ ਕ੍ਰੋਧ ਤੇ ਉਠਤਿ ਤਰੰਗਾ ॥੭॥
ਮਨਹੁਂ ਗਜਾਨ ਨਿਜ ਦਲ ਸੋਂ[1] ਬੈਸਾ[2]।

[1]ਅਪਣੀ ਫੌਜ ਨਾਲ। [2]ਬੈਠਾ ਹੈ।

ਸਤਿ ਸੰਤੋਖ, ਸ਼ਾਂਤਿ ਸਮ, ਭੇਸਾ।
ਜਨੁ ਅਗਜਾਨ ਅਪਨ ਤਨ ਧਾਰੀ[1]।

[1]ਭਾਈ ਮੂਲੇ ਤੇ ਚੰਦੋ ਦੀ ਦਸ਼ਾ ਦੱਸਦੇ ਹਨ, ਮਾਨੋਂ ਅਗਜਾਨ ਆਪਣਾ ਰੂਪ ਧਾਰ ਕੇ ਆਯਾ ਹੈ।

| | |
|---|---|
| ਦਲ ਲੈ ਕਰਜੋ ਕ੍ਰੋਧ ਅਗਵਾਰੀ ॥੮॥ | |
| ਉਰ ਮਹਿਂ ਚਹਿਤ ਪਲਾਇਨ[1] ਕੀਨਾ। | [1]ਭਜਾਉਣਾ। |
| ਆਇ ਠਾਂਢ[1] ਜਹਿਂ ਪ੍ਰਭੁ ਆਸੀਨਾ। | [1]ਖੜੇ ਹੋ ਗਏ। |
| ਧਰਿ ਨਿਸ਼ਠੁਰਤਾ[1] ਬਚਨ ਉਚਾਰੇ। | [1]ਕਠੋਰਤਾ। |
| 'ਅਬ ਫਕੀਰ ਕੋ ਬੇਖ ਸੁਧਾਰੇ ! ॥੯॥ | |
| ਦੋਹਰਾ: | |
| ਧਰਿ ਕਰਿ ਬੇਖ ਦਿਖਾਵਈ | |
| ਸਾਧ ਬਨਜੋ ਜਗ ਮਾਂਹਿ। | |
| ਉਭੈ[1] ਆਤਮਜ[2], ਭਾਰਜਾ[3] | [1]ਦੋ। [2]ਪੁੱਤ੍ਰ। [3]ਸੁਪਤਨੀ। |
| ਕਹੁ ਕਿਹ ਭਾਂਤ ਬਿਤਾਹਿਂ? ॥੧੦॥ | |
| ਚੌਪਈ: | [1]ਕਠਨ। |
| ਹਮਹਿ ਦੁਸਹਿ[1] ਦੁਖ ਦੇਨੇ ਹੇਤੁ। | |
| ਜਨਮਜੋ[†] ਤੂੰ ਜਿਉਂ ਭਵ ਉਦਿਕੇਤੁ[1]। | [1]ਜਿਵੇਂ ਸੰਸਾਰ ਵਿੱਚ ਬੋਦੀ ਵਾਲਾ ਤਾਰਾ ਉਦੇ ਹੁੰਦਾ ਹੈ। [†]ਪਾ:-ਪ੍ਰਗਟਜੋ। |
| ਇਵ ਜੇ ਹੋਨਾ ਹੁਤੋ ਫ਼ਕੀਰਾ। | |
| ਕਰ ਬਿਆਹ ਕਿਉਂ ਡੋਬ ਅਧੀਰਾ[1] ॥੧੧॥ | [1]ਹੇ ਉਤਾਵਲੇ। (ਅ) ਧੀਰਜ ਜਾਂ ਆਸਰੇ ਤੋਂ ਬਿਨਾਂ (ਪਰਵਾਰ ਨੂੰ)। |
| ਸਰਬ ਦਰਬ ਕਰਿ ਦੀਨ ਖੁਆਰੂ। | |
| ਅਬ ਭਾ ਸਾਧ, ਅਵਾਸ ਉਜਾਰੂ[1]। | [1]ਘਰ ਉਜਾੜੂ। |
| ਹੁਤੋ ਬਿੱਤ ਸਭਿ ਖੋਯੋ ਜੇਤਾ। | |
| ਸੋ ਅਬ ਸਿਰੀਚੰਦ ਕੋ ਦੇਤਾ ॥੧੨॥ | |
| ਤਿਹ ਪਰ ਕਗਤ ਗੁਜਾਰ ਸੁ ਬੈਸੇ। | |
| ਤੋ[1] ਕੁਟੰਬ ਅਬ ਕਰਿਹੈ ਕੈਸੇ? | [1]ਤੇਰਾ। |
| ਕਿਹ ਅਧਾਰ ਜਗ ਮਹਿਂ ਸੋ ਰਹਿਹੀ। | |
| ਉੱਤਰ ਕਿਉਂ ਨ ਬਦਨ[1] ਤੇ ਕਹਿਹੀ? ॥੧੩॥ | [1]ਮੁਖ। |
| ਦੋਹਰਾ: | |
| ਭੈ ਪਰਮੇਸੁਰ ਕੋ ਨਹੀਂ, | |
| ਲਘੁ[1] ਸੁਤ[2] ਜਾਨਹੁ ਨਾਂਹਿ।' | [1]ਛੋਟੇ। [2]ਪੁੱਤ੍ਰ। |
| ਚੰਦੋਰਾਨੀ ਭਨਤਿ ਪੁਨ, | |
| ਕ੍ਰੋਧ ਕਿਯੇ ਮਨ ਮਾਂਹਿ ॥੧੪॥ | |
| ਚੌਪਈ: | |

'ਸੁਣ ਤੋ ਵੇ ਨਾਨਕ! ਕਿਆ ਕੀਤਾ?
ਵਧਯੋ ਕੁਟੰਬਹਿ† ਭਯੋ ਅਤੀਤਾ। †ਪਾ:-ਕਬੀਲਾ।
ਨੇਹੁਂ ਨ ਨਿਜ ਤਨੁਜਨ ਸੋਂ[1] ਕਰਿਈ। [1]ਪੁੱਤ੍ਰਾਂ ਨਾਲ।
ਨੈਕ ਨ ਕਰੁਨਾ ਮਨ ਮਹਿਂ ਧਰਿਈ ॥੧੫॥
ਦੀਰਘ ਤੁਝ ਢਿਗ ਮੋਦੀ ਕਾਰਾ।
ਪਾਵਤਿ ਥੋ ਧਨ ਜਹਾਂ ਅਪਾਰਾ।
ਬਹੁ ਮਾਨਹਿਂ ਫੁਰਮਾਇਸ਼ ਖਾਨਾ[1]। [1]ਖ਼ਾਨ ਮੰਨਦਾ ਸੀ।
ਅਸਨ ਬਸਨ ਪ੍ਰਾਪਤਿ ਬਿਧਿ ਨਾਨਾ ॥੧੬॥
ਕ੍ਰਿੱਤ ਕੁਟੰਬਹਿ ਤਜਿ ਅਬ ਸੋਊ।
ਭਏ ਰੰਕ ਜਿਉਂ ਆਲਯ ਖੋਊ[1]! [1]ਘਰ ਉਜਾੜੂ।
ਤਦ ਸੋਵਤਿ ਥੇ ਸੇਜ ਸੁਖਾਲੀ।
ਅਬ ਫਿਰਿਯੇ ਉਦਿਆਨ[1] ਬਿਹਾਲੀ[2] ॥੧੭॥ [1]ਜੰਗਲ ਵਿਚ। [2]ਬੁਰੇ ਹਾਲੀ।

ਦੋਹਰਾ:
ਸਦਨ ਬਿਖੈ ਜੋ ਸਰਬ ਸੁਖ,
ਤਜਿ ਕਰਿ ਕੀਨਿ ਅਨੀਤਿ।'
ਸੁਨੇ ਬਚਨ ਸੁਸਰਊ ਕੇ[1], [1]ਸਸ ਸਹੁਰੇ ਦੇ।
ਬੋਲੇ ਬ੍ਰਿਕਤਹਿਂ ਰੀਤਿ ॥੧੮॥

ਸ੍ਰੀ ਮੁਖਵਾਕ ॥
ਮਾਰੂ ਮਹਲਾ ੧ ॥
ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥
ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥
ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥
ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥
ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥
ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥
ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥
ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥
ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥੪॥੨॥

ਚੌਪਈ:
ਭਨਯੋ ਸਬਦ ਪਰਮਾਰਥ ਜਾਂਹੀ।

ਤਨਕ ਨ ਪਰਸਜੋ[1] ਤਿਨ ਮਨ ਮਾਂਹੀ।
[1]ਛੋਹਿਆ।

ਬਿਸ਼ੈ ਵਿਖੈ ਲੰਪਟ ਨਰ ਜੋਊ।

ਭਾਵਹਿ ਕਿਉਂ ਬਿਰਕਤਤਾ ਸੋਊ[1] ॥੧੯॥
[1]ਉਸ ਨੂੰ ਨਿਰਵਿਰਤੀ।

ਜਿਉਂ ਕਾਮੀ ਨਰ, ਨਾਰਿ ਤਜਾਵਨ[1]।
[1]ਨਾਰ ਛੱਡਣ ਦੀ ਸਿਖਿਆ।

ਕੋਟ ਜਤਨ ਨਹਿਂ ਮਾਨਿ[1] ਸਿਖਾਵਨ।
[1]ਨਹੀਂ ਮੰਨਦਾ।

ਜਿਉਂ ਕਿਰਪਨ ਧਨ ਸੰਗ੍ਰਹ ਹੇਤਾ।

ਤਜਿਨ ਤਾਂਹਿ ਸਿਖਵਨ ਨਹਿਂ ਲੇਤਾ ॥੨੦॥

ਤਿਉਂ ਮੂਲੇ ਪੁਨ ਚੰਦੋ ਰਾਨੀ।

ਸ੍ਰੀ ਗੁਰ ਸਬਦ ਧਰਜੋ ਨਹਿਂ ਕਾਨੀ।

ਬੋਲੀ ਬਹੁਰ ਕ੍ਰੋਧ ਸੋਂ ਬੈਨਾ।

ਭੇਦ ਨ ਜਾਨਹਿ -ਇਹ ਗੁਨ ਐਨਾ[1]- ॥੨੧॥
[1]ਇਹ ਗੁਣਾਂ ਦਾ ਘਰ ਹਨ (ਗੁਰੂ ਜੀ)।

ਦੋਹਰਾ:

'ਅਸ ਵਿਚਾਰ ਕੇ ਬਚਨ[1] ਅਬ, ਭਨਨ ਲਗਾ ਹਮ ਪਾਸ।
[1]ਵਿਚਾਰ ਦੇ ਬਚਨ।

ਪੂਰਬ ਕਿਉਂ ਨ ਵਿਚਾਰਿਓ, ਜਬ ਕੀਨੋ ਘਰ ਵਾਸ ॥੨੨॥

ਚੌਪਈ:

ਖਰਚ ਸਦਨ ਕੋ ਦੀਰਘ ਜਾਨਾ।

ਬੇਖ ਫਕੀਰੀ ਨਿਜ ਤਨ[1] ਠਾਨਾ[2]।
[1]ਸ਼ਰੀਰ ਤੇ। [2]ਧਾਰ ਲਿਆ।

ਜੇ ਜਾਨਤਿ ਤੈਂ ਐਸੀ ਕਰਨੀ।

ਮੋ ਤਨੁਜਾ ਬਿਪਤਾ ਇਉਂ ਜਰਨੀ[1] ॥੨੩॥
[1]ਸਹਿਣੀ ਹੈ।

ਕਿਉਂ ਕਰਤੀ ਤਿਹ ਕੋ ਸਨਬੰਧਾ।

ਭਯੋ ਭਾਗ ਜਿਹ ਕੋ ਅਤਿ ਮੰਦਾ।

ਹਮ ਹੇਰਹਿਂ ਤਨੁਜਾ ਦੁਖ ਨੈਨਾ[1]।
[1]ਧੀ ਨੂੰ ਵੇਖਦੇ ਹਾਂ ਤਾਂ ਅੱਖਾਂ ਦੁਖਦੀਆਂ ਹਨ। (ਅ) ਅਖੀਂ ਵੇਖਦੇ ਹਾਂ ਧੀ ਦਾ ਦੁਖ।

ਤੇਰੇ ਉਰ ਪਰਮੇਸੁਰ ਭੈ ਨਾ ॥੨੪॥

ਬਾਲਕ ਪਾਲਕ ਹੋਵਹਿ ਕੌਨ।

ਕਿਹ[1] ਆਧਾਰ[2] ਹੋਹਿ ਕਹੁ ਤੌਨ[3]।
[1]ਕੀਹ। [2]ਆਸਰਾ। [3]ਉਨ੍ਹਾਂ ਦਾ।

ਜਿਨ ਕੋ ਸੁਧ ਬੁਧਿ ਆਇ ਨ ਕੋਊ।
ਦਰਬ ਕਮਾਵਨ ਕੀ ਬਿਧਿ ਜੋਊ ॥੨੫॥
ਤਜਿ ਭਾਜੇ ਤਿਨ ਕੋ ਅਬ ਐਸੇ।
ਜਾਮਨਿ ਬਸਿ[1] ਪਰਦੇਸ਼ੀ ਜੈਸੇ। — [1]ਰਾਤ ਰਹਿਕੇ।
ਸੁਤ ਕੋ ਮੋਹ ਨ ਮਨ ਮਹਿਂ ਆਵਹਿ।
ਜੋ ਜਗ ਮਹਿਂ ਨਿਜ ਬੰਸ[1] ਬਧਾਵਹਿ ॥੨੬॥ — [1]ਆਪਣੀ ਕੁਲ।

ਦੋਹਰਾ:
ਪੁੱਤ੍ਰਨ ਕੇ ਹਿਤ ਨਰ ਸਭੈ,
ਕਰਿਹੈਂ ਅਨਿਕ ਪ੍ਰਯਾਸ[1]। — [1]ਜਤਨ।
ਤਿਨ ਕੋ ਅਬਹਿ ਅਨਾਥ ਕਰਿ,
ਸਾਧ ਬਨਾ ਦੁਖਰਾਸ ॥੨੭॥

ਚੌਪਈ:
ਦਰਬ ਫਕੀਰਨ ਸਰਬ ਲੁਟਾਯਾ।
ਅਬ ਜੋ ਬਾਕੀ ਤਿਨਹਿ ਦਿਵਾਯਾ।
ਅਹੈਂ ਸਾਤ ਸੈ ਸਾਠ ਜੁ ਬਾਕੀ।
ਦੇਹੁ ਭਾਰਜਾ[1] ਸੁਧਿ ਲਿਹੁ ਤਾਂ ਕੀ[2]' ॥੨੮॥ — [1]ਆਪਣੀ ਇਸਤ੍ਰੀ ਨੂੰ। [2]ਉਸ ਦੀ।
ਮੂਲਾ ਕਹੈ 'ਰਿਦੇ ਮੈਂ ਜਾਨਤਿ।
ਪੂਰਬ[1] ਕਰਮਨ ਤੇ ਅਨੁਮਾਨਤਿ[2]। — [1]ਪਿਛਲੇ। [2]ਅਨੁਮਾਨ ਕਰਦਾ ਸਾਂ।
ਇਹ ਹੋਵਹਿ ਇਕ ਦਯੋਸ[1] ਫਕੀਰਾ। — [1]ਇਕ ਦਿਨ।
ਭੀ ਤਸ ਬਿਧਿ[1], ਕਿਯ ਬੇਖ ਸਰੀਰਾ' ॥੨੯॥ — [1]ਉਸੇ ਤਰ੍ਹਾਂ ਹੋਈ।
ਸੁਨਹਿ ਜਰਾਮ ਨਾਨਕੀ ਬੈਨਾ।
ਪੁਨ ਸ਼੍ਰੀ ਨਾਨਕ ਸਭਿ ਗੁਨ ਐਨਾ।
ਉੱਤਰ ਤਿਨ ਕੋ ਦੇਇ ਨ ਕੋਊ।
ਕਰੀ ਮਸ਼ਟਿ ਵਡ ਜਾਨੇ[1] ਸੋਊ ॥੩੦॥ — [1]ਵੱਡੇ ਜਾਣਕੇ।

ਦੋਹਰਾ:
ਦੌਲਤ ਖਾਨ ਨਰੇਸ਼[1] ਧਨ, — [1]ਨਵਾਬ ਨੇ।
ਭੇਜ ਦਯੋ ਤਿਹ ਕਾਲ।
ਅਸੀ[†] ਅਧਿਕ ਪੁਨਿ ਤੀਨ ਸੈ, — [†]ਕਿਤੇ ਕਿਤੇ ਪਾਠ-ਤੀਸ-ਭੀ ਹੈ।

ਆਨੇ ਨਿਕਟਿ ਗੁਪਾਲ ॥੩੧॥

ਚੌਪਈ:

ਲੀਨ ਜਰਾਮ ਹਾਥ ਸੋਂ ਦਰਬਾ।
ਜਾਇ ਸੁਲਖਣੀ ਢਿਗ ਦਿਯ ਸਰਬਾ।
ਅਰਧ ਰਹੇ ਸੋ ਖਾਨ ਨ੍ਰਿਪਾਲਾ।
ਦਏ ਫਕੀਰਨ ਜਹਾਂ ਬਿਸਾਲਾ ॥੩੨॥
ਸੋ ਬਾਸੁਰ ਤਹਿਂ ਬੀਤਜੋ ਸਗਰਾ।
ਸਾਸੁ ਸਸੁਰ ਕੋ ਕਰਤਜੋ ਝਗਰਾ।
ਰਜਨੀ[1] ਭਈ ਆਨਿ ਕਰਿ ਜਬ ਹੀ।
ਭੋਜਨ ਕਰਿ ਧੌਢੇ[1] ਘਰ ਸਭਿ ਹੀ ॥੩੩॥

[1]ਰਾਤ।
[1]ਟਿਕੇ।

ਅਰਣੋਦਤ[1] ਉਠਿ ਆਰਤਿਹਾਰੀ[2]।
ਗਵਨੇ ਜਾਹਿਂ ਸਰਿਤਾ ਬਰ ਬਾਰੀ[1]।
ਕਰਿ ਦਾਂਤਨ ਮੁਖ ਜਲਜ[1] ਪਖਾਰਾ[2]।
ਪੁਨਿ ਮੱਜਨ[1] ਕਿਯ ਵੇਂਇਂ[2] ਮਝਾਰਾ ॥੩੪॥

[1]ਪ੍ਰਾਤਾਕਾਲ। [2]ਦੁਖ ਹਰਤਾ (ਗੁਰੂ ਜੀ)।
[1]ਸ੍ਰੇਸ਼੍ਰ ਜਲ ਵਾਲੀ।
[1]ਮੁਖ ਕੰਵਲ। [2]ਧੋਤਾ।
[1]ਇਸ਼ਨਾਨ। [2]ਵੇਈਂ ਨਦੀ।

ਵਹਿਰ ਨਿਕਸ ਕਰਿ ਪੌਂਛ ਸਰੀਰਾ।
ਕੀਨ ਕੁਪੀਨਹਿ[1] ਗੁਨੀ ਗਹੀਰਾ।
†ਭੇ ਇਸਥਿਤ ਤਹਿਂ ਹੇਰਜੋ ਹੌਰਾ।
ਹੁਤੋ ਜਗਾਤੀ ਖੱਤ੍ਰੀ ਠੌਰਾ ॥੩੫॥

[1]ਲੰਗੋਟੀ ਯਾ ਲੰਗੋਟੀ ਵਰਗਾ ਤੇੜ ਦਾ ਕਪੜਾ।

†ਇਥੋਂ ਤੋਂ ਲੈਕੇ ੩੯ ਅੰਗ ਵਿਚ-ਨਸਾਵਾ-ਤਕ ਦਾ ਪਾਠ ਛਾਪੇ ਦੇ ਨੁਸਖਿਆਂ ਵਿਚ ਨਹੀਂ, ਤੇ ਲਿਖਤੀ ਨੁਸਖਿਆਂ ਵਿਚ ਹੈ, ਮਾਲੂਮ ਹੁੰਦਾ ਹੈ ਕਿ ਛਪਣ ਵੇਲੇ ਕਿਸੇ ਖੱਤਰੀ ਕਰਮਚਾਰੀ ਨੇ ਕੱਟ ਦਿੱਤਾ ਹੈ। ਜਨਮ ਸਾਖੀ ਵਿਚ ਇਹ ਪ੍ਰਸੰਗ ਹੈ, ਜਿਸ ਦੇ ਆਧਾਰ ਤੇ ਨਾਨਕ ਪ੍ਰਕਾਸ਼ ਲਿਖਿਆ ਗਿਆ ਹੈ, ਇਸ ਕਰਕੇ ਇਹ ਪ੍ਰਸੰਗ ਕਵੀ ਭਾਈ ਸੰਤੋਖ ਸਿੰਘ ਜੀ ਕ੍ਰਿਤ ਹੀ ਸਹੀ ਹੁੰਦਾ ਹੈ।

ਇਕ ਦ੍ਵਿਜ ਧੇਨੁ ਆਨਿਤੋ ਰੋਕਾ।
'ਦੇਉ ਜਗਾਤ[1] ਆਨਿਤੋ ਸੋਕਾ[2]।'
ਜਾਚੇ ਕਿਤਕ, ਨਹੀਂ ਤਿਂਹ ਪਾਸੀ।
ਦ੍ਵਿਜ ਕੀ ਦਸ਼ਾ ਦੇਖਿ ਅਬਿਨਾਸ਼ੀ ॥੩੬॥

[1]ਮਸੂਲ ਦੇਹ। [2]ਲੈ ਆਇਆ ਹੈਂ (ਤੂੰ ਗਊ ਨੂੰ) ਸੁੱਕਾ।

ਚੌਂਕਾ ਧੋਤੀ ਟਿੱਕਾ ਮਾਲਾ।
ਭਲੇ ਬਨਾਉ ਲਖਯੋ ਕਿਰਪਾਲਾ।
ਬਿੱਪ੍ਰ ਗਊ ਕੀ† ਮੋਚਨ ਰੋਕਾ[1]।
ਤਿਸ ਪਰ ਸ਼੍ਰੀ ਗੁਰ ਕਹਯੋ ਸ਼ਲੋਕਾ ॥੩੭॥

[1]ਬ੍ਰਾਹਮਣ ਤੇ ਗਊ ਦੀ ਰੋਕ ਹਟਾਉਣ ਲਈ।
†ਪਾ:-ਗਊ ਬਿੱਪ੍ਰ ਕੀ।

ਸ੍ਰੀ ਮੁਖਵਾਕ:
ਸਲੋਕ ਮਃ ੧ ॥
ਗਊ ਬਿਰਾਹਮਣ ਕਉ ਕਰੁ[1] ਲਾਵਹੁ ਗੋਬਰਿ ਤਰਣੁ ਨ ਜਾਈ ॥ [1]ਮਸੂਲ।
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ਨਾਮਿ ਲਇਐ ਜਾਹਿ ਤਰੰਦਾ ॥੧॥
ਮਃ ੧॥
ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥
ਮਃ ੧ ॥ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥

ਚੌਪਈ:
ਸੁਨਿ ਸਤਿਗੁਰ ਤੇ ਤਰਕ ਸਮੇਤਾ।
ਪਰਯੋ ਚਰਨ ਖੱਤ੍ਰੀ ਚਿਤ ਚੇਤਾ।
'ਮੈਂ ਭੂਲੌਂ ਤੁਮ ਮਾਰਗ ਪਾਯੋ।

ਧਨ ਲਾਲਚ ਤੇ ਚਿਤ ਬਿਰਮਾਯੋ'
॥੩੮॥
ਹੇਰਿ ਕ੍ਰਿਪਾ ਕਰਿ ਨਾਮ ਦ੍ਰਿੜਾਵਾ।
ਤਰਜੋ ਕਸ਼ਟ ਤੇ, ਮੋਹ ਨਸਾਵਾ।
ਬਹੁਰ ਗਏ ਉਦਿਆਨ ਮਝਾਰਾ।
ਬੈਸੇ ਤਹਿਂ ਜਗ ਗੁਰੂ ਕਰਤਾਰਾ
॥੩੯॥
ਦੋਹਰਾ:
ਪੁਨਿ ਪੁਰਿ ਬਰੇ ਨ ਆਇ ਕੈ,
ਬਾਹਰ ਬਾਸੁਰ ਰੈਨ।
ਸਮਾ ਬਿਤਾਵਹਿਂ ਸਤਿਗੁਰੂ,
ਸ੍ਰੀ ਅੰਗਦ! ਸੁਨਿ ਬੈਨ ॥੪੦॥
ਚੌਪਈ:
ਬਾਲਾ ਬਰਨਤਿ[1] ਬਹੁਰੋ ਮੂਲਾ। — [1]ਆਖਦਾ ਹੈ।
ਲਖਤਿ ਨ[1] ਭੇਦ ਭਰਮ ਮਹਿਂ ਭੂਲਾ। — [1]ਸਮਝਦਾ ਨਹੀਂ।
ਭਯੋ ਤਯਾਰ ਚਲਨ ਨਿਜ ਨਗਰਾ।
ਸਦਨ ਸੰਭਾਰਨ ਕਾਰਜ ਸਗਰਾ ॥੪੧॥
ਆਨਨ ਸੋਂ ਇਵ ਗਿਰਾ ਉਚਾਰੀ।
'ਸੁਨਹੁ ਸੁਲਖਨੀ ਸੁਤਾ ਹਮਾਰੀ!
ਇਹ ਠਾਂ ਅਬ ਨ ਤੋਰ ਕਛੁ ਕਾਜਾ।
ਤਵ ਪਤਿ ਭਾ ਫਕੀਰ ਤਜਿ ਲਾਜਾ
॥੪੨॥
ਅਪਰਹਿ ਕਵਨ ਕਰਹਿ ਨਿਰਬਹਿਵਾ[1]। — [1]ਤੇਰਾ ਨਿਰਬਾਹ ਕੌਣ ਕਰੇਗਾ।
ਸਦਨ ਚਲਹੁ ਮੁਝ ਹ੍ਵੈ ਸੁਖ ਤਹਿਂਵਾ।
ਕਰਮ ਮੰਦ ਹਹਿਂ ਸੁਤਾ! ਤੁਮਾਰੇ।
ਘਰ ਉਜਰਜੋ ਇਸ ਹਾਲ ਭਤਾਰੇ[1]' — [1]ਪਤੀ ਦਾ (ਘਰ)
॥੪੩॥
ਦੋਹਰਾ:
ਭਨਤਿ ਨਾਨਕੀ ਬਦਨ ਤੇ,
'ਇਉਂ ਨ ਬਨੈ ਇਹ ਬਾਤ।
ਕਿਉਂ ਭਰਜਾਈ ਕੋ ਅਬੈ,
ਜਾਨਿ ਦੇਉਂ ਸੰਗਿ ਤਾਤ ॥੪੪॥

ਚੌਪਈ:

ਇਕ ਤੋ ਕਰੀ ਭ੍ਰਾਤ ਗਤਿ[1] ਐਸੇ।
ਦੁਤਿਯ ਜਾਤਿ ਭਰਜਾਈ ਤੈਸੇ।
ਕਿਹ ਬਿਧਿ ਉਰ ਮੈਂ ਧੀਰਜ ਧਰਿਹੋਂ।
ਨਿਜ ਮਨ ਪਰਚਾ ਕਿਹ ਸੰਗ ਕਰਿਹੋਂ' ॥੪੫॥

[1]ਹਾਲਤ।

ਚੰਦੋ ਰਾਣੀ ਬੈਨ ਅਲਾਏ।
'ਕਿਹ ਅਵਿਲੰਬ[1] ਰਹਹਿ ਇਹ ਜਾਏ[2]।
ਜਿਹ ਕੋ ਭਰਤਾ ਭਯੋ ਫਕੀਰਾ।
ਧਰੈ ਧੀਰ ਕਿਉਂ, ਭਈ ਅਧੀਰਾ[1] ॥੪੬॥

[1]ਕਿਸ ਆਸਰੇ। [2]ਏਸ ਥਾਵੇਂ।

[1]ਬੇ-ਆਸਰਾ।

ਇਹ ਠਾਂ ਰਹਿਨ ਬਨੈ ਨਹਿਂ ਇਹ ਕੋ।
ਨਿਕਟਿ ਨ ਸਾਸੁ ਸਸੁਰ ਘਰ ਜਿਹਂ ਕੋ।
ਘਰ ਕੇ ਖਰਚ ਅਨਿਕ ਬਿਧਿ ਜੇਈ।
ਹਿਤੂ ਬਿਨਾ ਕੋ ਸਾਰ ਨ ਲੇਈ ॥੪੭॥

ਦੋਹਰਾ:

ਅਹੈਂ ਆਤਮਜ ਬੈਸ ਲਘੁ,
ਰਿਦੇ ਨ ਸੁਧਿ ਤਿਨ ਕੋਇ।
ਪਿਤਾ ਨ ਆਨਿ ਦੁਲਾਰਹੀ,
ਭੇ ਅਨਾਥ ਸਮ ਸੋਇ ॥੪੮॥

ਚੌਪਈ:

ਕਿਹ ਅਧਾਰ ਏ ਦੋਊ ਬਾਲਕ।
ਹਮ ਘਰ ਚਲਿ ਹ੍ਵੈ ਹੈ ਪ੍ਰਤਿਪਾਲਕ[1]।
ਸੁਰਤਿ ਸੰਭਾਰਹਿਂ ਕਰਹਿਂ ਕਮਾਈ।
ਦੇਹਿਂ ਅਨਿਕ ਬਿਧਿ ਸੁਖ ਨਿਜ ਮਾਈ[1]' ॥੪੯॥

[1]ਪਾਲਨਾ ਹੋਵੇਗੀ।

[1]ਆਪਣੀ ਮਾਤਾ ਨੂੰ।

ਭਨੈ ਨਾਨਕੀ 'ਮਾਸੀ ਸੁਨਿਯੇ।
ਤੂੰ ਸਜਾਨੀ ਨਿਜ ਮਨ ਮਹਿਂ ਗੁਨਿਯੇ।
ਭ੍ਰਾਤਾ ਪਰਮੇਸ਼ੁਰ ਸਮ ਰੂਪਾ।
ਜਿਹ ਕੇ ਕਰਤਬ ਜਗਤ ਅਨੂਪਾ ॥੫੦॥

ਮਾਨਵ[1] ਕੇ ਨ ਕਰਮ ਹੈਂ ਐਸੇ।

[1]ਮਾਨੁਖ।

ਕਰਤਿ ਅਲੌਕਿਕ[1] ਬਹੁ ਬਿਧਿ ਜੈਸੇ। — [1]ਅਚਰਜ।
ਹੇਰਤਿ ਸੁਨਤਜੋ[1] ਹੋਤਿ ਅਚੰਭਾ। — [1]ਵੇਖਦਿਆਂ-ਸੁਣਦਿਆਂ।
ਸਪਥ ਮੋਹਿ[1], ਨਹਿਂ ਉਚਰੋਂ ਦੰਭਾ[2] ॥੫੧॥ — [1]ਸਹੁੰ ਹੈ ਮੈਨੂੰ। [2]ਬਨਾਵਟ, ਝੂਠ ਨਹੀਂ ਮੈਂ ਕਹਿੰਦੀ।

ਦੋਹਰਾ:
ਸਗਲ ਨਗਰ ਨਰ ਪਰਸਪਰ,
ਉਚਰਤਿ ਭੇ ਬਹੁ ਬਾਰ।
-ਸਰਬ ਦਰਬ ਖਰਚਨ ਕਰੈਂ,
ਤੋਟਾ ਹੋਇ ਅਪਾਰ ॥੫੨॥

ਚੌਪਈ:
ਖੋਇ ਦਰਬ ਕੋ ਜਾਵਹਿ ਭਾਜੁ।
ਕਿਧੌਂ ਗਹੈ ਖਾਨਨ ਸਿਰਤਾਜੁ[1]-। — [1]ਖਾਨਾਂ ਦਾ ਵੱਡਾ (ਨਵਾਬ)।
ਕੇਤਿਕ ਆਨ ਕਹੈਂ ਹਮ ਪਾਸਾ।
ਸੁਨਹਿਂ ਬਿਲੋਕਹਿਂ[1] ਮਾਨਹਿਂ ਤ੍ਰਾਸਾ[2] ॥੫੩॥ — [1]ਵੇਖਦੇ ਸਾਂ। [2]ਡਰ ਮੰਨਦੇ ਸਾਂ।
ਖਰਚੇ ਦਰਬ ਨਰੇਸ਼[1] ਸਮਾਨਾ। — [1]ਰਾਜੇ।
ਜਾਚ[1] ਨ ਕੋਊ ਛੂਛ[2] ਪਯਾਨਾ। — [1]ਮੰਗਕੇ। [2]ਖਾਲੀ।
ਕਰੈ ਖਾਨ ਨਿਜ ਲੇਖਾ ਜਬ ਹੀ।
ਬਾਕੀ ਨਿਕਸਹਿ ਅਧਿਕਹਿ[1] ਤਬ ਹੀ ॥੫੪॥ — [1]ਵਾਧਾ।
ਪੁਨ ਵੇਈਂ ਮਹਿਂ ਬਾਸੁਰ ਤੀਨਾਂ।
ਰਹੇ ਖੋਜ ਨਹਿ ਕਾਹੂੰ ਚੀਨਾ।
ਆਨਿ ਦੁਕਾਨਹਿ ਸਰਬ ਲੁਟਾਈ।
ਲੂਟਤਿ ਤ੍ਰਿਪਤੇ, ਤੋਟ ਨ ਆਈ ॥੫੫॥
ਮਾਸੀ! ਔਰ ਭਈ ਇਹ ਬਾਤਾ।
ਜੋ ਮਸੀਤ ਸਭਿ ਤੁਮ ਬਖਜਾਤਾ।
ਸ਼ਕਤਿ ਨ ਐਸੀ ਕਿਹ ਨਰ ਮਾਂਹੀ।
ਵਰਤੀ ਰਿਦੇ ਬਤਾਵਹਿ ਤਾਂਹੀ[1] ॥੫੬॥ — [1]ਕਿਸੇ ਦੇ) ਦਿਲ ਵਰਤੀ ਗਲ ਦੱਸ ਦੇਵੇ।

ਦੋਹਰਾ:
ਭਰਜਾਈ ਪਰ ਕ੍ਰੋਧ ਕੁਛ,
ਜੇ ਕਰਤੋ ਮਮ ਭ੍ਰਾਤ।

ਹਾਥ ਬੰਦ ਕਰਿ ਬੇਨਤੀ,
ਬਖਸ਼ਾਵਤਿ ਸਭਿ ਭਾਂਤਿ ॥੫੭॥

ਚੌਪਈ:

ਰੋਸ ਰਤੀਕ ਨ ਹੈ ਮਨ ਮਾਂਹੀ।
ਕੋ ਕੁਚਾਲ ਤਿਨ ਕੇ ਤਨ ਨਾਂਹੀ।
ਆਵਤਿ ਜੋ ਉਰ ਮਹਿਂ ਸੋ ਕਰਿਈਂ।
ਕਿਸੂ ਲੋਕ ਕੀ ਲਾਜ ਨ ਧਰਿਈਂ† ॥੫੮॥ †ਪਾ:-ਕਾਨ ਨ ਕਰਹੀ।
ਤਿਹ ਪਰ ਨਹਿਂ ਬਸ ਮਾਸੀ! ਹਮਰਾ।
ਸਭਿ ਗੁਨਐਨ ਜਮਾਤਾ ਤੁਮਰਾ।
ਮਰਮ[1] ਜੁ ਤਿਸ ਕੋ ਜਾਇ ਨ ਜਾਨਾ। [1]ਭੇਦ।
ਕਾਰਨ ਕੌਨ ਬੇਖ ਇਉਂ ਠਾਨਾ[1] ॥੫੯॥ [1]ਕੀਤਾ ਹੈ।
ਰਹਿਨ ਦੇਉ ਇਹ ਠਾ ਭਰਜਾਈ[1]। [1]ਏਥੇ ਭਰਜਾਈ ਨੂੰ।
ਕਰਿ ਮੁਝ ਪਰਉਪਕਾਰ ਭਲਾਈ।
ਜੇ ਹਠ ਕਰਿ ਲੇ ਜਾਵਹੁ ਅਬਹੀ।
ਓਦਰ ਜਾਇ ਰਿਦਾ ਮਮ ਤਬ ਹੀ' ॥੬੦॥

ਦੋਹਰਾ:

ਮੂਲਾ ਭਾਖੇ 'ਅਬ ਇਹਾ,
ਤਜਿ ਕਰਿ ਹਮ ਨਹਿਂ ਜਾਇਂ।
ਲੇ ਜਾਵਹਿਂਗੇ ਸੰਗ ਨਿਜ,
ਰਹਨਿ ਨ ਹਜਾ[1] ਬਨਿ ਆਇ' ॥੬੧॥ [1]ਇਥੇ।

ਚੌਪਈ:

ਬਹੁਰ ਨਾਨਕੀ ਬਚਨ ਉਚਾਰੇ।
'ਸੁਨਿ ਮਾਸੀ! ਨਹਿਂ ਜੋਰ ਹਮਾਰੇ।
ਹਮਰੀ ਬਿਨਤੀ ਸੁਨਹੁ ਜਿ ਕਾਨਾ।
ਛੋਰਿ ਜਾਹੁ ਤੁਮ ਇਹ ਇਸਥਾਨਾ ॥੬੨॥
ਸਭਿ ਕੀ ਸੁਧਿ ਲੇਵਹਿ ਕਰਤਾਰਾ।
ਕਰਹਿਂ ਸੇਵ ਬਲ ਜਿਤੋ ਹਮਾਰਾ।
ਅਸਨ ਬਸਨ ਬਹੁ ਪ੍ਰਭੁ ਨੈ ਦੀਨਾ।

ਰਲਿ ਮਿਲਿ ਖਾਵਹਿਂ ਭੇਦ ਬਿਹੀਨਾ
॥੬੩॥
ਇਹ ਠਾਂ ਰਹਿਨ ਨ ਤੁਮ ਮਨ ਭਾਈ।
ਤੌ ਤਲਵੰਡੀ ਦੇਹੁਂ ਪੁਜਾਈ।
ਰਹਹਿ ਸਾਸੁ ਕੇ ਨਿਕਟਿ ਸੁਖਾਰੀ।
ਕਰਹਿ ਸੁ ਪੌਤ੍ਰਨ[1] ਕੀ ਪ੍ਰਿਤਪਾਰੀ[2]' [1]ਪੋਤ੍ਰਿਆਂ ਦੀ। [2]ਮੇਰੀ ਮਾਂ) ਕਰੇਗੀ ਪਾਲਨਾਂ।
॥੬੪॥
ਤਿਨ ਕੇ ਮਨ ਕੀ ਜਾਨਿ ਜਰਾਮੂ।
-ਤਜਹਿਂ ਨ, ਲੇ ਜਾਵਹਿਂ ਨਿਜ ਧਾਮੂ-।
ਅਨਿਕ ਜਤਨ ਕਰਿ ਰਹੇ ਨ ਮਾਨਹਿਂ।
ਤਿਨ ਸੋਂ ਇਹ ਬਿਧਿ ਬਚਨ ਬਖਾਨਹਿ
॥੬੫॥
ਦੋਹਰਾ:
'ਸਿਰੀਚੰਦ ਕੋ ਛੋਰਿਯੇ,
ਲੇ ਜਾਵਹੁ ਤਿਹ ਮਾਤ।'
ਬਹੁ ਝਗਰੇ ਸੋਂ ਮਨੇ ਇਵ,
ਭੀ ਸਲਾਹਿ ਇਹ ਭਾਂਤਿ ॥੬੬॥
ਚੌਪਈ:
'ਸਿਰੀ ਚੰਦ ਜੌ ਰਹੇ ਅਵਾਸੂ।
ਤੱਦਪਿ ਉਰ ਮੁਝ ਬਹੁ ਧਿਰਵਾਸੂ।
ਲੇਤਿ ਦੇਤਿ ਮਾਸੀ ਸੁਧ ਰਹਿਯੇ।
ਆਵਤਿ ਜਾਤਿ ਸੰਦੇਸੇ ਕਹਿਯੇ ॥੬੭॥
ਬਿਸਰ ਨ ਜੱਯੈ ਉਰ ਹਿਤ ਧਰਿਯੇ।
ਕਦੇ ਆਪ ਆਵਨ ਮਨ ਕਰਿਯੇ।
ਹਮਰੇ ਅਵਗੁਨ ਮਨ ਨ ਵਿਚਰਿਯੇ।
ਪਾਛਲ ਰੋਸ ਸਰਬ ਸੋ ਹਰਿਯੇ'
॥੬੮॥
ਭਯੋ ਤਯਾਰ ਚਲਨ ਕੋ ਜਬ ਹੀ।
ਮਿਲੀ ਸੁਲਖਣੀ ਹਿਤ ਕਰਿ ਤਬ ਹੀ।
ਲੋਚਨ ਨੀਰ ਬਿਮੋਚਤਿ ਦੋਊ।
ਭਈ ਬਿਰਹਿ ਤੇ ਦੁਖੀਆ ਸੋਊ

॥ ੬੯ ॥

ਦੋਹਰਾ:

[1]ਹਟਕੋਰੇ ਤੋਂ ਮੁਰਾਦ ਹੈ।

ਪ੍ਰੇਮ ਰਿਦੈ ਗਦਗਦ ਗਿਰਾ[1],
ਧਰਯੋ ਚਰਨ ਪਰ ਸੀਸ।
ਲਾਇ ਗਰੇ ਸੋਂ ਨਾਨਕੀ,
ਹਿਤ ਸੋਂ ਦੀਨਿ ਅਸੀਸ ॥੨੦॥

ਚੌਪਈ:

[1]ਦੇ ਸਿਰ ਤੇ।

ਲਖਮੀਦਾਸ ਸੀਸ[1] ਕਰ ਫੇਰਾ।
ਕਰਤਿ ਦੁਲਾਰ ਪ੍ਰੇਮ ਬਹੁ ਬੇਰਾ।
ਆਨਨ ਭਨਤਿ ਨ ਜਾਨਤਿ ਤਿਨ ਕੌ।
ਹੇਰਿ[1] ਬਿਰਹ[2] ਹੋਵਤਿ ਦੁਖ ਮਨ ਕੋ ॥੨੧॥

[1]ਵੇਖ ਕੇ। [2]ਵਿਛੋੜੇ ਦਾ।

ਸਿਰੀਚੰਦ ਕੋ ਲੈ ਨਿਜ ਅੰਕਾ[1]।

[1]ਗੋਦੀ।

ਸੂੰਘਤਿ[1] ਮਾਤਾ ਬਦਨ ਮਯੰਕਾ।

[1]ਚੁੰਮਦੀ ਹੈ।

ਜਿਉਂ ਗੋ[1] ਬਤਸਹਿ[2] ਤਜਿ ਨ ਸਕਾਹੀ।

[1]ਗਾਂ। [2]ਵੱਛੇ ਨੂੰ।

ਤਿਉਂ ਲਗਾਇ ਗਰ[1] ਛੋਰਤਿ ਨਾਂਹੀ ॥੨੨॥

[1]ਗਲੇ।

ਰੁਦਨ ਅੱਸ਼ੂ ਸੋਂ ਬਦਨ ਭਿਗੋਏ[1]।

[1]ਹੰਝੂਆਂ ਨਾਲ ਮੁਖ ਭਿੱਜ ਗਏ।

ਦੁਹਿ ਦਿਸ਼ਿ ਮੋਹ ਬਿਖੈ ਮਨ ਭੋਏ[1]।

[1]ਖਚਤ ਹੋਏ।

ਸ੍ਰੀ ਜੈਰਾਮ ਨਾਨਕੀ ਦੋਊ।
ਲੋਚਨ ਤੇ ਜਲ ਮੋਚਤਿ[1] ਸੋਊ ॥੨੩॥

[1]ਹੰਝੂ ਡੇਗਦੇ ਹਨ।

ਰੁਦਨ ਕਰਤਿ ਸਭਿ ਦਾਸੀ ਦਾਸਾ।
ਬਿਰਹ[1] ਜਨਤਿ[2] ਮਨਿ ਭਾ ਦੁਖ ਰਾਸਾ[3]।

[1]ਵਿਛੋੜੇ ਤੋਂ। [2]ਪੈਦਾ ਹੋਇਆ (ਦੁਖ)। [3]ਬਹੁਤ।

ਮੂਲਚੰਦ ਪੁਨਿ ਚੰਦੋਰਾਨੀ।
ਰੋਦਨ ਕਰਤਿ ਬਿਕੁਲ[1] ਭੀ ਬਾਨੀ ॥੨੪॥

[1]ਵਿਆਕੁਲ।

ਨਗਰ ਨਾਰਿ ਮਿਲਨੇ ਜੋ ਆਈ।
ਸਭਿ ਲੋਚਨ ਜਲਧਾਰ ਬਹਾਈ।
ਬਾਰ ਬਾਰ ਮਿਲ ਕਰਿ ਬਹੁ ਭਾਂਤੀ।
ਬਹੁਰ ਬਹੁਰ ਭਰਿ ਆਵਤਿ ਛਾਤੀ ॥੨੫॥

'ਦਿਨ ਬਹੁ ਚਢ੍ਯੋ, ਪੰਥ[1] ਵਡ ਜਾਨਾ। [1]ਪੈਂਡਾ।
'ਚਲਹੁ' ਸੁ ਮੂਲੇ ਬਚਨ ਬਖਾਨਾ।
ਲਖਮੀ ਦਾਸ ਲੇਯ ਕਰਿ ਮਾਤਾ।
ਗਮਨੀ ਤਬਹਿ ਸੰਗਿ ਨਿਜ ਤਾਤਾ[1] ॥੨੬॥ [1]ਪਿਤਾ ਦੇ।

ਸਿਰੀਚੰਦ ਜੀ ਪੁਰਿ ਸੁਲਤਾਨਾ।
ਰਹੇ ਨਾਨਕੀ ਢਿਗ ਸੁਖਦਾਨਾ।
ਲੇ ਕਰਿ ਮੂਲਾ ਤਨਿਯਾ ਸੰਗਾ।
ਗਯੋ ਨਗਰ ਨਿਜ, ਜਿਹ ਮਨ ਭੰਗਾ ॥੨੭॥

ਤਬ ਤੇ ਰਹੀ ਸੁਲਖਣੀ ਤਹਿਂਵਾ[1]। [1]ਓਥੇ।
ਜਨਨਿ ਜਨਕ ਕੇ ਸਦਨਹਿ[1] ਜਹਿਵਾ। [1]ਮਾਤਾ ਪਿਤਾ ਦੇ ਘਰ।
ਕਰਤਿ ਦੋਹਿਤੇ ਕੀ ਪ੍ਰਤਿਪਾਲਾ।
ਲਾਲਤਿ[1] ਮੂਲਾ ਅਨੰਦ ਬਿਸਾਲਾ ॥੨੮॥ [1]ਲਡਾਉਂਦਾ ਹੈ।

ਦੋਹਰਾ:
ਪਿਖਿ ਕੁਚਾਲਿ ਕਲਿ ਕਾਲ ਕੋ
ਧਰ[1] ਪਰ[2] ਵਪੁ[3] ਧਰਿ ਜਾਂਹਿ[4]। [1]ਧਰਤੀ। [2]ਤੇ। [3]ਸ਼ਰੀਰ। [4]ਧਰਿਆ ਹੈ ਜਿਸ ਨੇ।
ਪੂਰਨ ਹੋਯੋ ਧ੍ਯਾਇ ਅਬ
ਨਮਸਕਾਰ ਮਮ ਤਾਂਹਿ ॥੨੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੁਰਾਬਾਰਧੇ 'ਮੂਲੇ ਕੋ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅਧ੍ਯਾਯ ॥੩੩॥

## ੩੪. [ਗੁਰੂ ਪਗ ਮੰਗਲ। ਮਰਦਾਨਾ ਆਯਾ]

੩੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੫

{ਮਰਦਾਨਾ ਗੁਰੂ ਜੀ ਪਾਸ ਆਯਾ} ॥੩੩॥
{ਮਰਦਾਨੇ ਨੂੰ ਨਾਲ ਰਹਿਣ ਲਈ ਪ੍ਰੇਰਨਾ} ॥੩੭..॥
{ਭੁੱਖ ਤੇਹ ਸਹਿਣ ਲਈ ਤਿਆਰ ਰਹਿਣ ਵਾਸਤੇ ਕਹਿਣਾ} ॥੫੨॥
{ਮਰਦਾਨੇ ਦੀ ਰਬਾਬ} ॥੬੩॥

ਦੋਹਰਾ:

ਸ੍ਰੀ ਗੁਰੁ ਪਗ ਹੈ ਕੀਲਿਕਾ, ਮਨ ਦਾਨੋ ਢਿਗ ਕੀਨ।

ਪਗ=ਚਰਣ ਕੀਲਿਕਾ=ਚੱਕੀ ਦੀ ਕਿੱਲੀ।(ਅ) ਕੀਲ ਲੈਣ ਵਾਲਾ ਮੰਤ੍ਰ। ਦਾਨੋ=ਦਾਣਾ। (ਅ) ਦਾਨਵ।

ਮੋਹਾਦਿਕ ਪਟ ਭਿਟਤਿ ਨਹਿਂ, ਰਾਖਹਿਂਗੇ ਲਖਿ ਦੀਨ ॥੧॥

ਪਟ=ਪੁੜ। ਭਿਟਤ=ਭਿੜਦੇ, ਪਰਸਪਰ ਰਗੜ ਨਹੀਂ ਖਾਂਦੇ। ਲਖਿ=ਲਖਕੇ, ਦੇਖਕੇ, ਜਾਣਕੇ। ਦੀਨ=ਗ਼ੀਬ, ਲਾਚਾਰ।

ਅਰਥ:

ਸ੍ਰੀ ਗੁਰੂ (ਜੀ ਦੇ) ਚਰਣ ਚੱਕੀ ਦੀ ਕਿੱਲੀ (ਸਮਾਨ ਹਨ, ਮੇਰਾ) ਮਨ (ਦੋ ਪੁੜਾਂ ਦੇ ਵਿਚ ਆਇਆ ਦਾਣਾ ਹੈ, ਜੋ ਮੈਂ ਇਸ ਕਿੱਲੀ ਦੇ) ਨੇੜੇ ਕਰ ਦਿੱਤਾ ਹੈ, ਮੋਹ ਆਦਿਕ ਪੁੜ (ਇਸ ਕਿੱਲੀ ਦੇ ਕੋਲ) ਭਿੜਦੇ ਨਹੀਂ (ਇਸ ਕਰਕੇ ਮੇਰੇ ਮਨ ਨੂੰ) ਗ਼ੀਬ ਜਾਣਕੇ ਬਚਾ ਲੈਣਗੇ।

ਭਾਵ:

ਆਪਾ ਆਪੇ ਵਿਚ ਸੁਖੀ ਹੈ, ਲੋਭ ਮੋਹ ਆਦਿਕ ਬ੍ਰਿਤੀਆਂ ਇਸਨੂੰ ਦ੍ਰਿਸ਼ਟਮਾਨ ਵਿਚ ਫਸਾਉਂਦੀਆਂ ਹਨ, ਮਨ ਇਕ ਦਾਣੇ ਵਾਂਙੂ ਹੈ ਜੋ ਇਨ੍ਹਾਂ ਬ੍ਰਿਤੀਆਂ ਦੀ ਦੂੰਦ ਰਗੜ ਵਿਚ ਆਇਆ ਹੋਇਆ ਹੈ, ਇਸ ਕਰਕੇ ਸ਼੍ਰੀ ਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਨਾ ਮਾਨੋਂ ਕਿੱਲੀ ਦੇ ਨੇੜੇ ਆ ਜਾਣਾ ਹੈ। ਕਿੱਲੀ ਦੇ ਨਾਲ ਲੱਗੇ ਦਾਣੇ ਪਿਸਦੇ ਨਹੀਂ। ਇਹ ਖਿਆਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੰਞ ਹੈ-

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥
ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਬਾਲਾ ਕਹੈ ਸੁਨੋ ਸ਼੍ਰੀ ਅੰਗਦ।
ਸ਼੍ਰੀ ਗੁਰ ਕਥਾ ਦੇਯ ਸੁਖ ਸੰਪਦ।
ਨਿਸ ਬਾਸੁਰ ਰਾਜਹਿਂ[1] ਉਦਿਆਨਾ। [1]ਵਿਰਾਜ ਰਹੇ ਹਨ।
ਜਿਸ ਦਰਸ਼ਨ ਦੁਖ ਦਾਰਿਦ ਹਾਨਾ[1] ॥੨॥ [1]ਨਾਸ਼ ਹੁੰਦੇ ਹਨ।

ਭਗਤ ਜਗਤ ਮਹਿਂ ਮਗ ਪ੍ਰਗਟਾਵਨ।
ਕੁਮਤਿ ਕੁਪੰਥ ਕੁਦੰਭ[1] ਮਿਟਾਵਨ। [1]ਕਰੂਰ ਦੰਭ।
ਕੀਰਤਿ ਨਾਮ ਪ੍ਰਤਾਪ ਵਧਾਵਨ।
ਸ਼ੁਭ ਮਾਰਗ ਮਾਨਵ ਕੋ ਪਾਵਨ ॥੩॥

ਇਹ ਬਿਧਿ ਕੀ ਇਛਾ ਉਰ ਧਾਰੀ।
ਜਪਹਿਂ ਨਾਮ ਜਿਹ ਸੰਤ ਮੁਰਾਰੀ[1]।
ਮਾਨਨ[1] ਮਨ ਕੋ ਹਾਨਨ ਮਾਨਾ[2]।
ਦੀਨਨ ਕੋ ਤਾਰਨ ਭਗਵਾਨਾ ॥੪॥

[1]ਪਰਮੇਸ਼ੁਰ।
[1]ਮਾਨੀਆਂ ਦੇ। [2]ਮਾਨ ਨੂੰ ਨਾਸ਼।

ਦੋਹਰਾ:
ਜਿਸ ਕੀ ਕਰੁਨਾ ਤੇ ਮੁਚਹਿਂ[1†], ਕਲਿ ਕੇ[2] ਕਲੁਖ[3] ਕਲੇਸ਼।
ਕਛੁਕ ਕਾਲ ਬੀਤਤਿ ਭਯੋ, ਧਰੇ ਦੇਹ[1] ਅਸ ਬੇਸ[2] ॥੫॥

[1]ਛੁਟ ਜਾਣ। [2]ਕਲਜੁਗ ਦੇ। [3]ਪਾਪ। [†]ਪਾ:- ਮਿਟਹਿਂ।
[1]ਧਾਰਿਆ ਹੋਇਆ ਦੇਹ ਪਰ। [2]ਐਸਾ ਭੇਸ।

ਚੌਪਈ:
ਸਭਿਹਿ ਬਿਲੋਕੀ[1] ਬਿਧਿ ਨਰ ਕਾਹੀ[2]।
ਭਨੀ ਖਬਰ ਤਲਵੰਡੀ ਤਾਹੀ।
ਸੁਨਿ ਪਰਵਾਰਹਿਂ ਪਰਜੋ ਖਭਾਰੁ[1]।
ਜਨੁ ਬਨ ਬਨਜਹਿ[1] ਹਨਜੋ[2] ਨਿਹਾਰੁ[3] ॥੬॥

[1]ਦੇਖੀ। [2]ਕਿਸੇ ਆਦਮੀ ਨੇ।
[1]ਘਬਰਾਹਟ।
[1]ਬਗੀਚੀ ਕਵਲਾਂ ਦੀ ਨੂੰ। [2]ਨਾਸ਼ ਕੀਤਾ। [3]ਬਰਫ ਨੇ, ਕੱਕਰ ਨੇ।

ਕਾਲੂ ਬੋਲ ਲਯੋ ਮਰਦਾਨਾ।
ਅਧਿਕ ਸ਼ੋਕ ਸੋਂ ਬਚਨ ਬਖਾਨਾ॥
'ਜਾਹੁ ਅਬਹਿ ਤੂੰ ਪੁਰਿ ਸੁਲਤਾਨਾ।
ਬਿਨ ਬਿਲੰਬ ਨਿਜ[1] ਕਰੋ ਪਯਾਨਾ ॥੭॥

[1]ਤੂੰ ਆਪ।

ਕਾਹੂ ਢਿਗ ਤੇ ਸੁਨੀ ਕੁਚਾਲੀ।
ਨਾਨਕ ਕੀਨੋ ਭੇਖ ਕੁਢਾਲੀ।
ਤਜਿ ਦੀਨੋ ਸਭਿ ਮੋਦੀ ਖਾਨਾ।
ਭਯੋ ਫਕੀਰ ਛੋਰਿ ਕੁਲਕਾਨਾ[1] ॥੮॥

[1]ਕੁਲ ਦੀ ਲਾਜ।

ਦੋਹਰਾ:
ਮਰਦਾਨੇ ਤਤਕਾਲ ਸੁਨਿ, ਕੀਨ ਪਯਾਨੋ ਮਾਨ[1]।
ਨਾਨਕ ਜਨਨੀ ਜਨਕ ਮਨ[1], ਗੁਨਹਿਂ[2] ਅਨਿਕ ਅਨੁਮਾਨ[3] ॥੯॥

[1]ਮੰਨਕੇ।
[1]ਮਨ ਵਿਚ। [2]ਵਿਚਾਰਦੇ ਹਨ। [3]ਕਈ ਸੋਚਾਂ, ਅਨੇਕ ਟੋਹਾਂ,

ਚੌਪਈ:
-ਤੋਟਾ ਭਯੋ ਦਰਬ ਕੋ ਤਾਸੂ।
ਕਿਧੋਂ ਰਿਦਾ ਤਿਹ ਕੀਨ ਉਦਾਸੂ।

ਅਤਿ ਉਦਾਰ, ਬਹੁ ਦਰਬ ਲੁਟਾਯੋ।
ਹਮ ਜਾਨਤਿ ਕਛੁ ਤੋਟਾ ਆਯੋ ॥੧੦॥
ਬਹੁਤ ਬਾਰ ਮੈਂ ਸਿਖਵਨ ਦੀਨੀ।
ਧਨ ਨਹਿਂ ਖੋਇ ਏਕ ਨਹਿਂ ਚੀਨੀ[1]। [1]ਨਹੀਂ ਸਮਝੀ (ਗੁਰੂ ਜੀ ਨੇ)।
ਰਹਤਿ ਡਰਤਿ ਜਿਹ ਤੇ ਦਿਨ ਰਾਤੀ।
ਬਨੀ ਬਾਤ ਸੋਊ ਦੁਖ ਦਾਤੀ- ॥੧੧॥
ਝੂਰ ਬਿਸੂਰਹਿ ਉਰ, ਸਿਰ ਧੁਨਈ[1]। [1]ਸਿਰ ਧੁਨੇ।
ਅਨਿਕ ਕਲਪਨਾ ਮਨ ਮਹਿਂ ਗੁਨਈ।
ਸੋ ਬਾਸੁਰ ਬਿਨ ਅਸਨ ਬਿਤਾਯੋ।
ਨਰ ਕਹਿ ਰਹੇ ਨ ਆਨਨ ਪਾਯੋ[1] ॥੧੨॥ [1]ਮੂੰਹ ਵਿਚ ਨਾ ਪਾਯਾ (ਅੰਨ)।

ਦੋਹਰਾ:
ਸੁਨਿ ਕਰਿ ਰਾਇ ਬੁਲਾਰ ਯੌਂ,
ਪਰਬੋਧਯੋ[1] ਬਹੁ ਭਾਂਤਿ[2]। [1]ਸਮਝਾਇਆ। [2]ਕਈ ਤਰ੍ਹਾਂ।
'ਨਾਨਕ ਦਿਸ਼ ਤੇ ਆਪ ਤੂੰ, ਕਛੁ ਨ
ਚਿੰਤ ਕਰਿ ਗਾਤ[1]† ॥੧੩॥ [1]ਸਰੀਰ ਵਿਚ, ਭਾਵ ਦਿਲ ਵਿਚ (ਅ) ਗੁੱਸਾ। ਨਾ ਚਿੰਤਾ ਕਰ ਨਾ ਗੁੱਸਾ। †ਪਾ:-ਆਪ।

ਚੌਪਈ:
ਨਾਨਕ ਕਾਰਨ ਕਰਨ ਸੁਤੰਤਰ।
ਮਨ ਜਾਨਹੁ ਕਿਹ ਕੋ ਨ ਪ੍ਰਤੰਤਰ[1]। [1]ਕਿਸੇ ਦੇ ਪਰਾਧੀਨ ਨਾਂ ਜਾਣ।
ਜੋ ਕਿਛੁ ਕਾਰਜ ਕਰਹਿ ਭਲਾ ਸੋ।
ਸੁਖ ਸਾਗਰ ਧਰਿ ਦੇਹਿ ਕਲਾ ਸੋ[1]' ॥੧੪॥ [1]ਉਹ ਤਾਂ ਸੁਖ ਸਾਗਰ ਨੇ ਕਲਾ ਸਮੇਤ ਦੇਹਧਾਰੀ ਹੈ।
ਇਹ ਬਿਧ ਧੀਰਜ ਦੇ ਕਰਿ ਰਾਊ।
ਚੇਤਹਿ ਸ਼੍ਰੀ ਗੁਰ ਰਿਦੈ ਸੁਭਾਊ।
ਉਰ ਦਰਸ਼ਨ ਕੀ ਚਾਹ ਨ ਥੋਰੀ।
ਚਾਤ੍ਰਿਕ ਸ੍ਵਾਂਤੀ[1], ਚੰਦ ਚਕੋਰੀ ॥੧੫॥ [1]ਪਪੀਹੇ ਦੀ ਸ੍ਵਾਂਤੀ ਬੂੰਦ ਵਲ।
ਸਭਿਨਿ ਬੇਦੀਅਨ ਅਚਰਜ ਮਾਨਾ।
-ਕੋ ਕਾਰਨ ਭਾ ਜਾਇ ਨ ਜਾਨਾ।
ਸੰਪਤਿ ਸਰਬ ਪ੍ਰਕਾਰ ਬਿਸਾਲਾ।
ਹੁਤੋ ਸੁਤ ਅਧਿਕਾਇ ਨ੍ਰਿਪਾਲਾ[1]! - ॥੧੬॥ [1]ਬਣੀ ਹੋਈ ਸੀ ਬੜੀ ਨ੍ਵਾਬ ਨਾਲ।

ਤਲਵੰਡੀ ਬਿਰਤਾਂਤਹਿ ਐਸੇ।
ਸੁਨਹੁ ਗਯੋ ਮਰਦਾਨਾ ਜੈਸੇ।
ਪ੍ਰਾਕ[1] ਨਾਨਕੀ ਕੇਰ ਨਿਕੇਤੂ। [1]ਪਹਿਲਾਂ।
ਪ੍ਰਵਿਸ਼ਜੋ[1] ਕੁਸ਼ਲ ਲੇਨ ਕੇ ਹੇਤੂ ॥੧੭॥ [1]ਵੜਿਆ।
ਜਾਇ ਦੁਆਇ[1] ਕਹੀ ਬਿਧਿ ਨੀਕੀ। [1]ਅਸੀਸ।
ਬੈਸਜੋ ਬਹੁਰ ਪ੍ਰਭਾ[1] ਜਿਹ ਫੀਕੀ। [1]ਰੌਣਕ (ਚਿਹਰੇ ਦੀ)।
ਸਰਬ ਪ੍ਰਕਾਰ ਕੀਨ ਸਤਿਕਾਰਾ।
ਬਦਨ ਨਾਨਕੀ ਬਚਨ ਉਚਾਰਾ ॥੧੮॥
'ਦੇਹੁ ਕੁਸ਼ਲ ਤਲਵੰਡੀ ਨਗਰੀ।
ਬਹੁਰ ਜਨਕ ਜਨਨੀ ਕੀ ਸਗਰੀ।
ਸਰਬ ਕੁਸ਼ਲ ਸੋਂ ਰਾਇ ਸਰੀਰਾ?
ਨਿਜ ਆਵਨ ਹਿਤ[1], ਕਹੁ ਮਤਿ ਧੀਰਾ[2]!' ॥੧੯॥ [1]ਕਾਰਨ। [2]ਹੇ ਬੁਧੀ ਥਿਰ ਵਾਲੇ।
ਸੁਨਿ ਮਰਦਾਨੇ ਬਚਨ ਬਖਾਨਾ।
'ਸਰਬ ਪ੍ਰਕਾਰ ਕੁਸ਼ਲ ਤਿਹ ਥਾਨਾ।
ਮਮ ਆਵਨ ਕੋ ਲਖਹੁ ਨਿਦਾਨਾ[1]। [1]ਸਬੱਬ।
ਤੋਰ ਜਨਕ ਸੁਨਿਓ ਇਵ ਕਾਨਾ ॥੨੦॥
-ਸ਼੍ਰੀ ਨਾਨਕ ਤਜਿ ਮੋਦੀਖਾਨਾ।
ਬੇਖ ਫਕੀਰ ਸਰੀਰਹਿ ਠਾਨਾ-।
ਮੁਝ ਬੁਲਾਇ ਸੁਧਿ ਲੇਵਨ ਹੇਤੂ।
ਪਠਜੋ ਦੂਤ[1†] ਬੇਦੀ ਕੁਲ ਕੇਤੂ ॥੨੧॥ [1]ਛੇਤੀ। [†]ਪਾ:-ਤੁਰਤ।
ਕਮਲ ਬਦਨ[1] ਹੈਂ ਅਬ ਕਿਹ ਜਾਈ[2]? [1]ਭਾਵ ਗੁਰੂ ਜੀ। [2]ਕਿਸ ਥਾਵੇਂ।
ਬੂਝ ਲੇਉਂ ਸੁਧਿ ਤਬ ਤਿਨ ਤਾਂਈ[1]। [1]ਤਦੋਂ ਉਨ੍ਹਾਂ ਕੋਲੋਂ।
ਨਾਤੁਰ ਜਿਹ ਬਿਧਿ ਕੀ ਸੁਧਿ ਹੋਇ।
ਮੁਝਹਿ ਬਤਾਵਹੁ ਤੁਮ ਕਹਿ ਸੋਇ ॥੨੨॥
ਸੁਨਿ ਕਰਿ ਸੋ ਤੁਮਰੇ ਪਿਤ ਮਾਤਾ[1]। [1]ਮਾਤਾ ਪਿਤਾ ਨੂੰ।
ਜਾਇ ਬਤਾਵੋਂ ਜਿਉਂ ਕੁਸ਼ਲਾਤਾ[1]। [1]ਸੁਖ।
ਅਪਰ ਨ ਜਾਨਹੁ ਆਵਨ ਹੇਤੂ।

ਕਾਰਜ ਸੁਧ[1] ਬੇਦੀ ਕੁਲਕੇਤੁ' ॥੨੩॥

[1]ਖਬਰ ਲੈਣੀ।

ਦੋਹਰਾ:

ਸੁਨਿ ਬੋਲੀ ਪੁਨਿ ਨਾਨਕੀ, 'ਜਿਉਂ ਅਵਿਲੋਕਤਿ ਨੈਨ।
ਸੋ ਸੁਧਿ ਜਾਨਹੁ ਇਹਾਂ ਕੀ, ਕਹਿਨ ਬਨੈ ਕਿਉਂ ਬੈਨ ॥੨੪॥

ਚੌਪਈ:

ਅਧਿਕ ਜਿ ਸੁਧ ਲੇਵਨ ਕੀ ਚਾਹੂ।
ਮਿਲਿਯੇ ਜਾਇ ਸਹੋਦਰ ਪਾਹੂ।
ਬੂਝਹੁ ਕੁਸ਼ਲ ਤਹਾਂ ਤੁਮ ਜਾਈ।
ਭਲੀ ਭਾਂਤਿ ਸੋ ਦੇਇਂ ਸੁਨਾਈ ॥੨੫॥
ਤਿਨ ਤੇ ਸੁਨਿ ਤਲਵੰਡੀ ਜੱਯੈ।
ਪੁਨਿ ਪਿਤ ਮਾਤਹਿਂ ਕੁਸ਼ਲ ਸੁਨੰਯੈ।
ਨਗਰ ਵਹਿਰ ਜਹਿਂ ਵਡ ਉਦਿਆਨਾ।
ਤਹਿਂ ਬੈਠੇ ਹੈਂ ਦਯਾ ਨਿਧਾਨਾ' ॥੨੬॥
ਚਲਨ ਲਗ੍ਯੋ ਜਬ ਹੀ ਮਰਦਾਨਾ।
ਬਹੁਰ ਨਾਨਕੀ ਬਚਨ ਬਖਾਨਾ।
'ਅਸਨ[1] ਅਚਹੁ[2] ਅਬ ਅਹੈ ਤਯਾਰੂ।'
ਲੇ ਤਬ ਕੀਨੋ ਖਾਨਿ ਅਹਾਰੂ ॥੨੭॥
ਤ੍ਰਿਪਤਿ ਹੋਇ ਪੁਨਿ ਪਾਇ ਰਜਾਈ[1]।
ਨਿਕਸ੍ਯੋ ਘਰ ਤੇ ਸ਼ੋਕ ਬਧਾਈ।
ਜਿਹ ਦਿਸ਼ ਸ਼੍ਰੀ ਗੁਰੁ ਬੈਸੇ ਸੁਨੇ।
ਕਿਯੋ ਗਵਨ[1] ਤਿਹ ਦਿਸ਼ ਮਨ ਗੁਨੇ ॥੨੮॥

[1]ਭੋਜਨ। [2]ਛਕ ਲਓ।

[1]ਆਗਯਾ ਲੈਕੇ।

[1]ਗਿਆ।

ਦੋਹਰਾ:

-ਨਿਸ਼ਚੈ ਭਏ ਫਕੀਰ ਸੋ, ਬੈਸੇ ਜੇ ਉਦਿਆਨ।
ਦਰਬ ਬਹੁਤ ਕੀ ਕ੍ਰਿੱਤ ਸੀ, ਤਜੀ, ਨ ਕਰੀ ਸਯਾਨ[1]- ॥੨੯॥

[1]ਦਾਨਾਈ।

ਚੌਪਈ:

ਲੋਚਨ ਸੋਂ ਬਿਲੋਕ ਪਤਿ ਲੋਕੂ[1]।
ਭਯੋ ਬਿਸ਼ੇਖ ਰਿਦ ਮਹਿਂ ਸ਼ੋਕੂ।

[1]ਭਾਵ, ਗੁਰੂ ਜੀ ਨੂੰ।

-ਜਿਹ ਤਨ ਮਹਿਂ ਕੰਚਨ ਲੰਕਾਰਾ[1]। [1]ਸੋਨੇ ਦੇ ਗਹਿਣੇ।
ਮੋਤੀ ਰਤਨਨਿ ਸ਼ੁਭਤਿ ਅਪਾਰਾ ॥੩੦॥

ਚਾਰੁ ਪਟੰਬਰ ਪੁਨ ਪਸ਼ਮੰਬਰ[1]। [1]ਰੇਸ਼ਮ ਤੇ ਪਸ਼ਮੀਨੇ ਦੇ ਕਪੜੇ।
ਪਹਿਰੇ ਸੁਭਤਿ ਬਿਸਾਲਹਿ ਸੁੰਦਰ।
ਸੋ ਭਗਵੇ ਧਰਿ ਚੀਰ ਸਰੀਰਾ-।
ਬੈਸੇ ਇਵ ਗੁਨਿ[1] ਹੋਤਿ ਅਧੀਰਾ[2] ॥੩੧॥ [1]ਸੋਚਕੇ। [2]ਘਬਰਾਉਂਦਾ ਹੈ।

-ਜਿਨ ਕੇ ਭੀਰ ਭੂਰ ਚੌਫੇਰੇ।
ਉਸਤਤਿ ਕਰਤਿ ਰਹਤਿ ਨਰ ਘੇਰੇ।
ਸੋ ਏਕਲ ਉਦਿਆਨ ਮਝਾਰਾ।
ਬੈਸੇ- ਇਵ ਕਹਿ ਦ੍ਰਿਗ[1] ਜਲ ਡਾਰਾ[2] ॥੩੨॥ [1]ਨੇਤ੍ਰਾਂ ਤੋਂ। [2]ਜਲ ਡਿਗ ਪਿਆ।

ਨਿਕਟਿ ਜਾਇ ਹ੍ਵੈ ਠਾਂਢ ਸੁਜਾਨਾ[1]। [1]ਭਾਵ ਗੁਰੂ ਜੀ ਦੇ ਨੇੜੇ ਜਾਕੇ ਖੜੋ ਗਿਆ।
ਕਰਿ ਦੁਆਇ ਕੱਲਜਾਨ ਬਖਾਨਾ।
ਨਿਕਟਿ ਬੈਠਿ ਪੁਨਿ ਬਚਨ ਉਚਾਰਾ।

{ਮਰਦਾਨਾ ਗੁਰੂ ਜੀ ਪਾਸ ਆਯਾ}

'ਕੈਸੋ ਬੇਖ ਸਰੀਰ ਸੁਧਾਰਾ[1]? ॥੩੩॥ [1]ਧਾਰਿਆ ਹੈ।

ਮੋਦੀ ਕ੍ਰਿੱਤਿ ਹੁਤੀ ਧਨ ਦਾਨੀ।
ਕਿਉਂ ਤਜਿ ਬੈਠੇ? ਭੋ ਗੁਨ ਖਾਨੀ!
ਖਾਵਤਿ ਖਰਚਤਿ ਅਤੁਟ ਭੰਡਾਰਾ।
ਅਸਨ ਬਸਨ ਨਹਿਂ ਕਮੀ ਅਗਾਰਾ ॥੩੪॥

ਭਲੀ ਗੁਜ਼ਰ ਥੀ ਤੁਮਰੀ ਤਿਹ ਤੇ।
ਸਰਬ ਦਰਬ ਘਰ ਭਰਪੁਰ ਜਿਹ ਤੇ।
ਕੈ ਤੋਟਾ ਆਯੋ ਤਿਹ ਮਾਂਹੀ?
ਕਿਧੌਂ ਨਰੇਸ਼ ਦਈ ਪੁਨਿ ਨਾਂਹੀ? ॥੩੫॥

ਇਹ ਕਾਰਨ ਤੇ ਸੋ ਕ੍ਰਿਤਿ ਛੋਰੀ?
ਕਿਉਂ ਅਸ ਬੇਸਹਿ ਕੀਨਿ ਬਹੋਰੀ?'
ਸ੍ਰੀ ਨਾਨਕ ਸੁਨਿ ਬੋਲੇ ਬਾਨੀ।
ਜੋ ਵਿਰਾਗ ਕੇ ਰਸ ਮਹਿਂ ਸਾਨੀ[1] [1]ਮਿਲੀ ਹੋਈ।

॥੩੬॥

'ਮਰਦਾਨੇ ਤੂੰ ਪੂਰਬ ਵਾਰੀ[1]। [1]ਪਿਛਲੀ ਵੇਰ।

{ਮਰਦਾਨੇ ਨੂੰ ਨਾਲ ਰਹਿਣ ਲਈ ਪ੍ਰੇਰਨਾ}

ਮਮ ਢਿਗ ਜਾਚਾ ਆਨਿ ਉਚਾਰੀ।
ਤੰਤ[1] ਬਾਦਿਤ ਕੋ ਤਬ ਗੁਨ[2] ਦੀਨੋ। [1]ਤੰਦੀ ਦੇ। [2]ਵਾਜੇ ਦੇ ਵਜਾਵਣ ਦਾ ਗੁਣ।
ਹਰਖਵਾਨ ਮਨ ਹੁਇ ਤੈਂ ਲੀਨੋ ॥੩੭॥
ਇਸੀ ਸਮੇਂ ਕੋ ਬੂਝਹੁ[1] ਹੇਤੂ[2]। [1]ਸਮਝੋ। [2]ਕਾਰਨ।
ਅਵਰ ਨ ਕਾਰਜ ਸੁਮਤਿ ਨਿਕੇਤੂ[1]! [1]ਹੇ ਬੁਧੀਮਾਨ।
ਨਿਸ ਬਾਸੁਰ ਮਮ ਸੰਗ ਰਹੀਜੈ।
ਆਨਿ ਜਾਨਿ ਕੋ ਨਾਮ ਨ ਲੀਜੈ ॥੩੮॥
ਜਨਮ ਸੁਧਾਰ ਲੇਹੁ ਤੁਮ[†] ਅਪਨਾ। [†]ਪਾ:-ਪੁਨ।
ਜਗਤ ਅਸੱਤਿ ਲਖਹੁ ਜਿਵ ਸੁਪਨਾ।
ਸੋਵਹਿ ਮੱਧਿ ਗੁੜਾਕਾ[1] ਜੌ ਲੌਂ। [1]ਨੀਂਦ ਵਿਚ।
ਸੁਪਨਾ ਸੱਤਿ ਭਾਸਿ ਹੈ ਤੌ ਲੌਂ ॥੩੯॥

ਦੋਹਰਾ:

ਜਬ ਜਾਗਹਿ ਤਬ ਸੂਝ ਹੀ, ਸੁਪਨ ਪਦਾਰਥ ਕੂਰ।
ਜਗਤ ਪਦਾਰਥ ਤਸ ਲਖੋ, ਗਜ਼ਾਨ ਭਏ ਤੇ ਦੂਰ' ॥੪੦॥

ਚੌਪਈ:

ਸ਼੍ਰੀ ਨਾਨਕ ਬਚ ਸੁਨੇ ਸੁਭਾਗੂ।
ਭਯੋ ਸਹਿਜ[1] ਹੀ ਰਿਦੇ ਵਿਰਾਗੂ। [1]ਸੁਤੇ।
ਜਾਂਹਿ ਨਾਮ[1] ਅਗਜ਼ਾਨ ਮਿਟਾਵਹਿ[2]। [1]ਜਿਸ ਦੇ ਨਾਮ ਲੈਣ ਨਾਲ। [2]ਮਿਟਦਾ ਹੈ ਅਗਜ਼ਾਨ।
ਤਿਹ ਉਪਦੇਸ਼ ਬੋਧ[1] ਕਿਉਂ ਨ ਆਵਹਿ ॥੪੧॥ [1]ਗਿਆਨ।
ਬਿਗਸ ਬਦਨ ਤੇ ਬਚਨ ਪ੍ਰਕਾਸ਼ਾ।
'ਇੱਛਾ ਗਵਨ ਕਰਨ ਕਿਹ ਆਸਾ[1]? [1]ਕਿਸ ਪਾਸੇ।
ਤੁਮ ਕਾਰਜ ਜੋ ਮਮ ਆਧੀਨਾ।
ਕਰੋਂ ਕਿਉਂ ਨ ਮੈਂ ਹੁਇ ਛਲਹੀਨਾ

॥੪੨॥

ਤੁਮਰੇ ਦਰਸ ਕਰਖ[1] ਮਨ ਲੀਆ। — [1]ਖਿੱਚ।

ਏਕ ਆਸ ਨਾਸੀ ਅਬ ਬੀਆ[1]। — [1]ਹੁਣ ਇੱਕੋ ਆਸ ਹੈ ਹੋਰ ਨਾਸ਼ ਹੋ ਗਈਆਂ ਹਨ।

ਜਗਤਿ ਬਿਕਾਰਨ ਤੇ ਭੀ ਸ਼ਾਂਤੀ।

ਉਰ ਅਨੰਦ ਉਪਜਾ ਬਹੁ ਭਾਂਤੀ ॥੪੩॥

ਦੋਹਰਾ:

ਕਿਤ ਦਿਸ਼[1] ਕਰੋ ਪਯਾਨ ਅਬ, ਸੰਗ ਲੇਯ ਕਰਿ ਮੋਹ?' — [1]ਕਿਸ ਪਾਸੇ।

ਸੁਨਿ ਮਰਦਾਨੇ ਕੇ ਬਚਨ, ਬੋਲੇ ਅਨਦ ਸੰਦੋਹਿ[1] ॥੪੪॥ — [1]ਪੂਰਨ ਆਨੰਦ ਸਰੂਪ।

ਚੌਪਈ:

'ਨਹੀਂ ਪ੍ਰਥਮ[1]† ਇਹ ਕੋਈ ਵਿਚਾਰਾ। — [1]ਪਹਿਲੇ। †ਪਾ:-ਪ੍ਰਿਥਕ।

ਜਹਿਂ ਲੇ ਜਾਵਹਿ ਸ਼੍ਰੀ ਕਰਤਾਰਾ।

ਤਿਤ ਦਿਸ਼ ਚਲਹੁ ਸੰਗ ਹਰਿਖਾਏ।

ਮੋਹੁ ਲੋਭ ਕਹੁ ਰਿਦੇ ਬਿਹਾਏ[1]' ॥੪੫॥ — [1]ਰਿਦੇ ਤੋਂ ਛਡਕੇ।

'ਸੁਨਿ ਪ੍ਰਭੁ ਏਕ ਕਠਨ ਬਿਧਿ ਮੋਹੁ।

ਦੁਹ ਦਿਸ਼ ਤੇ ਮੁਸ਼ਕਲ ਸੀ ਜੋਹੁ[1]। — [1]ਵੇਖੀਦੀ ਹੈ (ਅ) ਜੋ ਹੈ।

ਤੁਮਰੀ ਸੁਧਿ ਸੁਨਿ ਪਿਤ ਮਹਿਤਾਰੀ[1]। — [1]ਪਿਤਾ ਤੇ ਮਾਤਾ ਜੀ ਨੇ।

ਸਦਨਹਿ ਤੇ ਮੁਝ ਲੀਨ ਹਕਾਰੀ ॥੪੬॥

ਕੁਸ਼ਲ ਲੇਨਿ ਮੁਝ ਦੂੱਤ ਪਠਾਯਾ।

ਬਿਨ ਬਿਲੰਬ ਹੌਂ ਆਯੋ ਧਾਯਾ।

ਇਤਿ ਦਿਸ਼ ਕੀ ਉਡੀਕੋ ਸੋ ਕਰਿ ਹੀਂ।

ਰਾਵਰ ਕੀ ਚਿਤ ਚਿੰਤਾ ਧਰਿਹੀਂ ॥੪੭॥

ਦੋਹਰਾ:

ਨਿਜ[1] ਰਜਾਇ ਵਿਗ ਰਹਨਿ ਕੀ, ਯਾ ਬਿਧਿ ਮੁਸ਼ਕਲ ਮੋਹਿ। — [1]ਆਪ ਦੀ।

ਜਾਨੋ ਬਨੈ ਨ ਅਬ ਤਹਾਂ, ਸੋ ਚਿੰਤਾਤੁਰ[1] ਹੋਹਿਂ' ॥੪੮॥ — [1]ਓਹ ਚਿੰਤਾ ਕਰਕੇ ਦੁਖੀ ਹੋਣਗੇ।

ਚੌਪਈ:

ਸ਼੍ਰੀ ਗੁਰੁ ਭਨੈਂ 'ਸੁਨਹੁ ਮਰਦਾਨਾ।

ਕਰਹੁ ਆਪ ਜਿਉਂ ਭਲ[1] ਮਨ ਮਾਨਾ। — [1]ਚੰਗਾ।

ਹਮਰੇ ਸੰਗ ਕਠਨਤਾ† ਰਹਿਨਾ। — †ਪਾ:-ਕਠਨ ਤਨ।

ਤ੍ਰਿਸ਼ਨਾ ਦਹਿਨ[1] ਬਿਖੈ ਜੋ ਦਹਿਨਾ[2] ॥੪੯॥ — [1]ਅੱਗ। [2]ਸੜਦਾ ਹੈ।

ਤੋਇ ਸੰਤੋਖ[1] ਬੁਝਾਵਨ ਕਰਿਹੀ। — [1]ਉਸਨੂੰ ਸੰਤੋਖ ਰੂਪੀ ਜਲ।

ਸੋ ਹਸ ਸੰਗਤਿ ਕੋ ਅਨੁਸਰਹੀ[1]। — [1]ਅਨੁਕੂਲ ਹੈ।

ਅਸਨ ਬਸਨ ਪ੍ਰਾਪਤਿ ਕਿਹ ਕਾਲੁ[1]। — [1]ਕਿਸੇ ਵੇਲੇ ਹੋਵੇਗਾ।

ਨਹਿਂ ਪਾਵਹਿ[1] ਜਿਨ[2] ਹੋਇ[3] ਬਿਹਾਲੁ[4] ॥੫੦॥ — [1]ਪਰ ਜੇ ਕਿਸੇ ਵੇਲੇ) ਨਾ ਮਿਲੇ। [2]ਮਤ। [3]ਹੋਵੇ। [4]ਦੁਖੀ।

ਸੁਖ ਭੋਗਨ ਜੇ ਪਜਾਸ[1] ਬਿਲਾਸਾ।[2] — [1]ਇੱਛਾ। [2]ਰਸ ਮਾਣਨ ਦੀ।

ਤੌ ਜਾਵਹੁ ਕਾਲੂ ਪਿਤ ਪਾਸਾ।

ਬੈਸਨ[1] ਰਹਨਿ, ਮਿਲਨ ਪਰਵਾਰਾ। — [1]ਬੈਠਣਾ

ਏ ਬਾਤੈਂ ਸਭਿ ਮੱਧ ਅਗਾਰਾ[1] ॥੫੧॥ — [1]ਘਰ ਵਿੱਚ ਹੋ ਸਕਦੀਆਂ ਹਨ।

ਦੋਹਰਾ:

ਛੁਧਾ[1], ਨਗਨਤਾ[2] ਜਾਨੀਏ — [1]ਭੁਖ। [2]ਨੰਗ।

ਪੁਨ ਰਹਿਨੋ ਉਦਿਆਨ[1]। — [1]ਬਨ ਵਿਚ।

{ਭੁੱਖ ਤੇਹ ਸਹਿਣ ਲਈ ਤਿਆਰ ਰਹਿਣ ਵਾਸਤੇ ਕਹਿਣਾ}

ਸੰਗ ਰਹਨਿ ਮਮ ਤੌ ਬਨੈ

ਕਰਿਯੇ ਉਰ ਪਰਵਾਨ' ॥੫੨॥

ਚੌਪਈ:

'ਪ੍ਰਭੁ ਜੀ ਤ੍ਰਿਸਨਾ ਮਨ ਤੇ ਮੁਕੀ।

ਆਨ ਜਾਨਿ ਕੀ[1] ਆਸਾ ਚੁਕੀ। — [1]ਹੋਰਥੇ ਜਾਣਦੀ।

ਤੁਮ ਸਮਾਨ ਕੋ ਨਦਰਿ ਨ ਆਵੈ।

ਦਿਨਕਰ[1] ਪਿਖ ਖੱਦਜੋਤ[2] ਨ ਭਾਵੈ ॥੫੩॥ — [1]ਸੂਰਜ। [2]ਟਿਟਾਣਾ।

ਰਹੌਂ ਸੰਗਿ ਮੈਂ ਮਨ ਮਹਿਂ ਠਾਨੀ[1]।' — [1]ਵਿਚ ਪੱਕੀ ਕੀਤੀ ਹੈ।

ਸੁਨਿ ਸ਼੍ਰੀ ਗੁਰ ਬੋਲੇ ਮ੍ਰਿਦੁਬਾਨੀ।

'ਜਾਹੁ ਰਬਾਬ ਨਗਰ ਤੇ ਲਜਾਵਹੁ।

ਹੇਰਹੁ ਸੁੰਦਰ ਆਨ ਬਜਾਵਹੁ' ॥੫੪॥

'ਸੁਨਿ ਪ੍ਰਭੁ ਜੀ! ਮੈਂ ਕਬਹਿ ਨ ਗਾਯਾ।
ਨਹਿਂ ਕੋ ਬਾਦਿਤ[1] ਹਾਥ ਬਜਾਯਾ। [1]ਵਾਜਾ।
ਕੇਤਿਕ ਬਾਸੁਰ ਮਹਿਂ[1] ਸਿਖ ਲੇਊਂ[2]। [1]ਦਿਨਾਂ ਵਿਚ। [2]ਸਿੱਖ ਲਵਾਂਗਾ।
ਗਾਵਨ ਬਹੁਰ ਬਜਾਵਨਿ ਭੇਊ[1]' ॥੫੫॥ [1]ਦਾ) ਭੇਤ।
ਸ੍ਰੀ ਨਾਨਕ ਬੋਲੇ ਮਨ ਭਾਵਨ।
'ਗੁਨ ਗਾਵਨ ਦਿਯ ਬਹੁਰ[1] ਬਜਾਵਨ। [1]ਅਤੇ।
ਸੋ ਲੈ ਕਰਿ ਤੈਂ ਕੈਸੇ ਕੀਨੋ[1]? [1]ਕੀ ਕੀਤਾ ਹੈ।
ਪੂਰਬ[1] ਆਇ ਜੁ ਹਮ ਤੇ ਲੀਨੋ' ॥੫੬॥ [1]ਇਸਤੋਂ ਪਹਿਲੋਂ।
'ਸੁਨਿ ਕਰੁਨਾਨਿਧਿ! ਜੋ ਤੁਮ ਦੀਨੋ।
ਸੋ ਤੋ ਮੈਂ ਕਿਤ ਖਰਚ ਨ ਕੀਨੋ।'
ਸ੍ਰੀ ਗੁਰੁ ਭਨੈਂ[1] 'ਨ ਬਚਨ ਹਟਾਵਹੁ। [1]ਕਿਹਾ।
ਪੁਰਿ ਤੇ ਆਨਿ ਰਬਾਬ ਬਜਾਵਹੁ' ॥੫੭॥
ਸੁਨਤਿ ਉਠ੍ਯੋ ਤੂਰਨ ਮਰਦਾਨਾ।
ਖੋਜਨ ਹਿਤ ਗਾ ਪੁਰਿ ਸੁਲਤਾਨਾ।
ਢਾਢੀ ਗਾਵਹਿ ਅੱਗ੍ਰ[1] ਪਠਾਨਾਂ[2]। [1]ਪਠਾਣਾਂ ਦੇ ਅੱਗੇ। [2]ਪਠਾਣਾਂ ਦੇ ਅੱਗੇ।
ਹੇਰਤਿ ਬੈਸ ਗਯੋ ਤਿਹ ਥਾਨਾ ॥੫੮॥
ਦੋਹਰਾ:
ਜਬ ਪਠਾਨ ਨਿਜ ਘਰ ਗਯੋ, ਮਰਦਾਨਾ ਬਚ ਪ੍ਰਾਹਿ।
'ਸੁਭ ਨਰ ਏਕ ਹਕਾਰਈ[1], ਚਲਿ ਢਾਢੀ! ਤਿਸ ਪਾਹਿ' ॥੫੯॥ [1]ਸੱਦਦਾ ਹੈ।
ਚੌਪਈ:
ਲੇ ਕਰਿ ਸੰਗ ਤਿਸੈ ਤਤਕਾਲਾ।
ਆਯੋ ਬੈਸੇ ਜਹਾਂ ਕ੍ਰਿਪਾਲਾ।
ਲਗੀ ਸਮਾਧਿ ਨੈਨ ਅਨਖੁਲੇ[1]। [1]ਬੰਦ।
ਦਿਪਤਿ[1] ਰੂਪ ਦੁਤਿ[2] ਦੁਖ ਦਲ[3] ਮਲੇ[4] ॥੬੦॥ [1]ਪ੍ਰਕਾਸ਼ਤ। [2]ਕ੍ਰਾਂਤੀ। [3]ਦੁਖਾਂ ਦੇ ਸਮੂਹ ਨੂੰ। [4]ਮਲਨ ਵਾਲੇ।
ਲੇ ਰਬਾਬ ਢਾਢੀ ਕਰ ਮਾਂਹੀ।

ਤਾਰ ਬਜਾਇ ਰਾਗ ਸੁਰ ਪ੍ਰਾਹੀ[1]।
[1]ਲਾਈ।

ਸੁਨਤਿ ਬਿਲੋਚਨ ਪੰਕਜ ਬਿਗਸੇ[1]।
[1]ਖਿੜੇ।

ਭਜਹਿਂ ਨ ਅਸ ਗੁਰ, ਬਰ[1] ਨਰ ਧਿਕ ਸੇ[2] ॥੬੧॥
[1]ਸ੍ਰੇਸ਼ਟ ਗੁਰੂ ਜੀ ਨੂੰ। [2]ਧ੍ਰਿਕਾਰ ਹੈ ਉਨ੍ਹਾਂ ਨੂੰ।

ਭਨਹਿ ਬਚਨ 'ਤੂੰ ਲੇ ਮਰਦਾਨਾ!

ਤਾਰ ਬਜਾਵਹੁ, ਰਾਗ ਨਿਧਾਨਾ।[1]'
[1]ਰਾਗ ਦੇ ਖਜ਼ਾਨੇ।

ਆਇਸ ਮਾਨਿ ਪਾਨ[1] ਮਹਿਂ ਲੀਨਾ।
[1]ਹੱਥ।

ਕਰਿ ਸੁਰ ਤਾਰ ਬਜਾਵਨ ਕੀਨਾ ॥੬੨॥

{ਮਰਦਾਨੇ ਦੀ ਰਬਾਬ}

ਦੋਹਰਾ:

ਸੁਨਿ ਬਨ ਕੇ ਬ੍ਰਿਖ[1] ਤਿਤ ਸਮੈਂ,
[1]ਦਰਖਤਾਂ ਤੋਂ।

ਚੁਵਨ ਰਸ ਵਡ ਲਾਗ[1]।
[1]ਲਗਾ।

ਬਰਣ ਬਰਣ[1] ਬਰ ਬਿਹੰਗ[2] ਜੇ,
[1]ਰੰਗ ਰੰਗ ਦੇ। [2]ਪੰਛੀ।

ਉਮਗਯੋ[1] ਤਿਨ ਅਨੁਰਾਗ[2] ॥੬੩॥
[1]ਉਛਲਿਆ। [2]ਪ੍ਰੇਮ।

ਚੌਪਈ:

ਤੀਰ[1] ਸਮੀਰ[2] ਰਹੀ ਥਿਰ ਹੋਈ[3]।
[1]ਪਾਸ। [2]ਹਵਾ। [3]ਖੜੀ ਹੋ ਗਈ।

ਸੁਨੀ ਤਾਨ ਮੋਹੇ ਸਭਿ ਕੋਈ।

ਜਿਹਤੇ ਜਢ[1] ਚੇਤਨ ਹ੍ਵੈ ਗਏ।
[1]ਬ੍ਰਿੱਛ ਆਦਿਕ।

ਜੇ ਚੇਤਨ[1] ਸੇ ਜਢ ਵਤ ਭਏ[2] ॥੬੪॥
[1]ਪੰਛੀ ਆਦਿ। [2]ਭਾਵ ਸਮਾਧੀ ਲਗ ਗਈ।

[1]ਬਨ ਤੇ ਮ੍ਰਿਗ ਆਏ ਭੇ ਠਾਂਢੇ[2]।
[1]ਇਹ ਉਚੇ ਸੰਗੀਤ ਦੀਆਂ ਤਾਸੀਰਾਂ ਕਹਿ ਰਹੇ ਹਨ। [2]ਖੜੇ ਹੋ ਗਏ।

ਅਤਿ ਮਨ ਮਹਿਂ ਅਨੁਰਾਗਹਿ[1] ਬਾਢੇ[2]।
[1]ਪ੍ਰੇਮ। [2]ਵਧਿਆ।

ਸੋ ਢਾਢੀ ਸੁਨਿ ਬਿਸਮੈ ਭਯੋ।

ਬਿਸਰ ਅਪਾਨਹਿ ਤਿਹ ਛਿਨ ਗਯੋ[1] ॥੬੫॥
[1]ਉਸ ਵੇਲੇ ਆਪਾ ਭੁੱਲ ਗਿਆ।

ਕਿਤਨਕ ਚਿਰ ਭੇ[1] ਬਚਨ ਬਖਾਨਾਂ।
[1]ਪਿੱਛੋਂ।

'ਵਡ ਗੁਨਵਾਨ ਨ ਤੋ ਸਮ ਆਨਾਂ[1]।
[1]ਹੋਰ।

ਬਹੁਤ ਦੇਸ਼ ਢਾਢੀ ਮੈਂ ਦੇਖੇ।

ਅਸ ਗੁਨ ਕਿਹ ਮਹਿਂ ਨਹੀਂ ਵਿਸ਼ੇਖੇ' ॥੬੬॥

ਦੋਹਰਾ:

ਸ੍ਰੀ ਨਾਨਕ ਬੋਲੇ ਬਹੁਰ, 'ਕਹੁ ਮਰਦਾਨਾ! ਬੈਨ।
ਕੈਸੋ ਗੁਨ ਮਨ ਮਾਨਿਆ†, ਗਾਵਨ ਤਾਰ ਬਜੈਨ[1]' ॥੬੭॥

[1]ਵਜਾਉਣ ਦਾ। †ਪਾ:-ਅਨੁਮਾਨਿਆ।

ਚੌਪਈ:

'ਸੁਨਹੁ ਪ੍ਰਭੂ ਆਨਨ ਇਕ ਮੇਰੋ।
ਕਿਹ ਬਿਧਿ ਸੁਜਸ ਬਖਾਨੋ ਤੇਰੋ।
ਪੂਰਨ ਪੁਰਖ ਕਿ ਆਪਿ ਖ਼ੁਦਾਇ।
ਜਿਹ ਬਚ ਤੇ ਮੁਝ ਅਸ ਗੁਨ ਆਇ ॥੬੮॥
ਜਿਹ ਬਿਧਿ ਬਦਨ ਬਦਹੁ[1] ਸੁਖ ਧਾਮਾ[2]!
ਤਿਹ ਬਿਧ ਕਰਹੁਂ ਅਬਹਿ, ਸੁਖਕਾਮਾ!'
ਸੁਨਿ ਬੋਲੇ ਪ੍ਰਭੁ ਦੀਨ ਦਯਾਲਾ।
'ਲੇਹੁ ਰਬਾਬਾ ਜੁ ਰੁਚਿਰ ਬਿਸਾਲਾ' ॥੭੦॥

[1]ਆਖੋ। [2]ਭਾਵ ਹੇ ਗੁਰੂ ਜੀ।

ਦੋਹਰਾ:

'ਪ੍ਰਭੁ ਜੀ ਲੇਹੁਂ ਤੰਬੂਰ ਕੋ, ਸ਼ੁਭ ਅਵਾਜ ਹੁਇ ਜਾਹਿਂ।
ਸੁੰਦਰ ਹਰਵੋ[1] ਭਾਰ ਮਹਿਂ, ਗਾਇ ਬਜਾਵੋਂ ਤਾਂਹਿ' ॥੭੧॥

[1]ਹੌਲਾ।

ਚੌਪਈ:

ਸ੍ਰੀ ਮੁਖ ਬੋਲੇ 'ਸੁਨਿ ਮਰਦਾਨਾ!
ਸੁਧੋ[1] ਬਾਦਿਤ[2] ਇਹ ਸੁਖ ਸਾਨਾ।
ਅਪਰ[1] ਜਿ ਅਹੈਂ ਮਿਲੇ ਚਤੁਰਾਈ।
ਬਿਸ਼ੈ ਬਾਸ਼ਨਾ ਸੋ ਉਪਜਾਈਂ' ॥੭੨॥
'ਪ੍ਰਭੁ ਜੀ! ਰਾਵਰਿ ਸੁਭਗ ਰਜਾਈ[1]।
ਰੁਚੈ ਜੁ ਤੁਮ ਕੋ ਭਲਿ ਬਿਧਿ ਸਾਈ[1]।
ਦੀਜੈ ਮੋਲ ਅਬਹਿ ਮੈਂ ਜਾਂਉ।
ਖੋਜਿ ਰਬਾਬ ਨਗਰ ਤੇ ਲਜਾਊਂ' ॥੭੩॥
ਸ੍ਰੀ ਗੁਰੁ ਕਹੈਂ 'ਜਾਚਨਾ[1] ਜੋਊ।[2]
ਨਹਿਂ ਨੀਕੀ[1], ਜਾਨਹਿ ਸਭਿ ਕੋਊ।

[1]ਸਿੱਧਾ। [2]ਵਾਜਾ।
[1]ਹੋਰ।
[1]ਸ਼ੁਭ ਆਗਜਾ ਹੈ ਆਪਦੀ।
[1]ਓਹੋ ਹੀ।
[1]ਮੰਗਨਾ। [2]ਜੋ ਹੈ ਸੋ।
[1]ਚੰਗੀ ਗੱਲ ਨਹੀਂ।

ਤਦਪਿ ਚਾਹਿ ਜਬ ਲਗੁ ਹ੍ਵੈ ਪ੍ਰਾਨੀ[1]। — [1]ਜਿੰਨਾਂ ਚਿਰ ਚਾਹ ਹੈ ਪ੍ਰਾਣੀ ਨੂੰ।
ਜਾਚਨ[1] ਕਰਿਵਾਵਹਿ ਗੁਨ ਹਾਨੀ ॥੨੪॥ — [1]ਮੰਗਣਾ।

ਦੋਹਰਾ:
ਜਾਵਹੁ ਸੁਸਾ[1] ਅਵਾਸ[2] ਕੋ, ਮੁਲ ਰਬਾਬ ਕੇ ਹੇਤ।' — [1]ਬੇਬੇ ਜੀ ਦੇ। [2]ਘਰ।
ਸੁਨਿ ਗਵਨਜੋ ਗ੍ਰਿਹ ਨਾਨਕੀ, ਤਜਿ ਬੇਦੀ ਕੁਲਕੇਤੁ ॥੨੫॥

ਸੋਰਠਾ:
ਸੋ ਢਾਢੀ ਕਹਿ ਬੈਨ,
'ਲੀਜੈ ਏਹੁ ਰਬਾਬ ਤੁਮ।'
ਬੋਲੇ ਕਰੁਨਾ[1] ਐਨ[2]† — [1]ਕਿਰਪਾ ਦੇ। [2]ਘਰ। †ਪਾ:-ਬੋਲੇ ਹੈਂ ਗੁਨ ਐਨ।
'ਪਹੁੰਚਜੋ ਹਮ[1], ਨਿਜ ਨਿਕਟਿ ਰਖਿ' ॥੨੬॥ — [1]ਸਾਨੂੰ ਪਹੁੰਚ ਗਿਆ, ਭਈ।

ਸੋਰਠਾ:
ਦਯਾ ਦ੍ਰਿਸ਼ਟਿ ਕੋ ਦੇਖਿ, ਦੁਰਮਤਿ ਦੁਖ ਦੂਤ[1] ਦੂਰ ਕਿਯ। — [1]ਛੇਤੀ।
ਹਰਖ ਵਿਸ਼ੇਖ ਪਰੇਖ[1], ਲਖਿ[2] ਅਲੇਖ ਨੇ ਬੇਖ ਲਿਯ[3] ॥੨੭॥ — [1]ਅਪਣੀ (ਦੁਰਮਤ ਦੂਰ ਹੋਈ) ਪਰਖਕੇ ਬਹੁਤ ਖੁਸ਼ ਹੋਇਆ। [2]ਲਖ ਲਿਆ ਕਿ। [3]ਅਲੇਖ (ਪ੍ਰਭੂ) ਨੇ ਇਹ ਸਰੂਪ ਧਾਰਿਆ ਹੈ (ਗੁਰੂ ਨਾਨਕ ਦਾ)।

ਚੌਪਈ:
ਸਦਨ ਜਾਇ ਭਾਖਤਿ ਮਰਦਾਨਾ।
'ਤਵ ਭ੍ਰਾਤਾ ਇਕ ਸ੍ਵਾਲ ਬਖਾਨਾ[1]।' — [1]ਸੁਆਲ ਪਾਯਾ ਹੈ।
ਸੁਨਿ ਹਰਖੀ ਆਨਨ ਬਚ ਭਨਿਆ[1]। — [1]ਕਿਹਾ।
'ਆਜ ਜਨਮ ਮੈਂ ਸਫਲਾ ਗਨਿਆ ॥੨੮॥
ਧੰਨ ਭਾਗ ਮੈਂ ਅਪਨਾ ਜਾਨਾ।
ਕਰਹੁ ਨਿਸੰਗ ਸ੍ਵਾਲ ਮਰਦਾਨਾ!'
[1] 'ਮੁਝੇ ਨ ਜਾਨੈ ਦੀਨ ਅਵਾਸੂ[2]। — [1]ਮਰਦਾਨਾ ਬੋਲਿਆ-। [2]ਘਰ ਨੂੰ।
ਕਰਿ ਅਭਿਲਾਖ[1] ਰਖਯੋ ਨਿਜ ਪਾਸੂ ॥੨੯॥ — [1]ਚਾਹ।
ਅਬਹਿ ਰਬਾਬ ਖਰੀਦਨ ਭੇਜਾ।

ਕਹ੍ਯੋ -ਮੋਲ ਭਗਨੀ[1] ਤੇ ਲੇ ਜਾ-।' — [1]ਭੈਣ ਜੀ ਤੋਂ।
ਭਨਤਿ ਨਾਨਕੀ 'ਭਲਾ ਭਯੋ ਹੈ।
ਜੇ ਤੂੰ ਭ੍ਰਾਤਾ ਨਿਕਟਿ ਰਹ੍ਯੋ ਹੈਂ ॥੮੦॥

ਦੋਹਰਾ:

ਇਕ ਰਬਾਬ ਕ੍ਯਾ ਵਸਤੁ ਹੈ,
ਸਤਿ[1] ਰਬਾਬ ਲੇ ਦੇਉਂ। — [1]ਬੀਬੀ ਪੰਜਾਬ ਦੀ ਹੈ, ਐਸੇ ਮੌਕਿਆਂ ਤੇ ਪੰਜਾਬ ਦੇ ਮੁਹਾਵਰੇ ਵਿਚ ਸਤ ਦਾ ਅਰਥ ਹੈ ਸਪਤ; 'ਸਤ' (ਸੰਸਕ੍ਰਿਤ ਸ਼ਤ) ਦਾ ਅਰਥ ਹੈ-ਸ।
ਬਦਹੁ[1] ਜਾਇ ਸੋਦਰ[2] ਜਸੋ[3], — [1]ਆਖੋ। [2]ਵੀਰ ਜੀ ਨੂੰ। [3]ਛੇਤੀ।
-ਸਦਨਹਿ ਬਦਨ ਦਿਖੇਉ[1]-' ॥੮੧॥ — [1]ਮੁਖੜਾ ਦਿਖਾਓ ਘਰ ਆਕੇ।

ਚੌਪਈ:

ਸੁਨਿ ਕਰਿ ਗਵਨ੍ਯੋ ਪੁਨ ਮਰਦਾਨਾ।
'ਤੁਮਤਿ ਹਕਾਰਹਿਂ[1] ਕ੍ਰਿਪਾ ਨਿਧਾਨਾ! — [1]ਸੱਦਿਆ ਹੈ।
ਦਰਸ਼ਨ ਕੀ ਉਰ ਬਹੁ ਅਭਿਲਾਖਾ।
-ਸਤ ਰਬਾਬ ਲੈ ਦੇਊਂ- ਭਾਖਾ' ॥੮੨॥
ਸੁਨਿ ਕਰਿ ਬੋਲੇ ਦੀਨ ਦਯਾਲਾ।
'ਮੋ ਤੇ ਭਗਨੀ ਬੈਸ ਬਿਸਾਲਾ[1]। — [1]ਬੜੀ ਹੈ।
ਤਿਹ ਰਜਾਇ ਹੌਂ ਮੇਟਵ ਨਾਂਹੀ।'
ਇਉਂ ਭਨਿ ਚਲੇ ਭਗਨਿ[1] ਘਰ ਜਾਂਹੀ ॥੮੩॥ — [1]ਭੈਣ ਦੇ।
ਮੰਦ ਮੰਦ ਜਿਨ ਕੀ ਗਤਿ ਰੂਰੀ।
ਧਰਹਿ ਜਿ ਧ੍ਯਾਨ ਕਾਮਨਾ ਪੂਰੀ।
ਗਵਨਤਿ ਮਰਦਾਨਾ ਪਸ਼ਚਾਤੀ[1]। — [1]ਪਿੱਛੇ ਪਿੱਛੇ।
ਸੁਨਹੁ ਕਥਾ ਸਰਬਹਿ ਸੁਖ ਦਾਤੀ ॥੮੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧ੍ਯਾਯ ॥੩੪॥

## ੩੫. [ਗੁਰਚਰਣ ਮੰਗਲ। ਰਬਾਬ ਲਿਆਉਣਾ]

੩੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੬

{ਫਿਰੰਦਾ} ॥੨੧, ੨੯॥
{ਮਰਦਾਨੇ ਦੀ ਰਬਾਬ} ॥੪੨॥
{ਰਬਾਬ ਸੁਣ ਕੇ ਪਸੁ-ਪੰਛੀ ਮੋਹੇ ਜਾਣੇ} ॥੪੩॥
{ਰਬਾਬ ਸੁਣ ਕੇ ਗੁਰੂ ਜੀ ਦੀ ਸਮਾਧੀ ਲੱਗਣੀ} ॥੪੪॥

**ਦੁਵੱਯਾ ਛੰਦ:**

ਚਰਨ ਕਮਲ ਕਲਿਮਲਹਿ ਨਿਵਾਰਨ [ਕਲਿਮਲਹਿ=ਪਾਪਾਂ ਨੂੰ।]
ਉਰ ਧਰਿ ਧ੍ਯਾਨਹਿ ਤਿਨ ਕੋ।
ਸ੍ਰੀ ਨਾਨਕ ਇਤਿਹਾਸ ਬਖਾਨੋਂ
ਦੁਖ ਨਾਸ਼ਨ ਪ੍ਰਨ ਜਿਨਕੋ।

**ਅਰਥ:**

ਜਿਨ੍ਹਾਂ (ਸ਼੍ਰੀ ਗੁਰੂ ਨਾਨਕ ਦੇਵ ਜੀ) ਦਾ ਪ੍ਰਣ ਦੁਖ ਨਾਸ਼ਨ ਹੈ, ਤੇ ਜਿਨ੍ਹਾਂ ਦੇ ਚਰਣ ਕਮਲ ਪਾਪਾਂ ਨੂੰ ਦੂਰ ਕਰਨ ਵਾਲੇ ਹਨ ਉਨ੍ਹਾਂ (ਚਰਨਾਂ) ਦਾ ਧ੍ਯਾਨ ਹ੍ਰਿਦਯ ਵਿਚ ਧਾਰਕੇ (ਮੈਂ ਉਨ੍ਹਾਂ) ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਵਰਣਨ ਕਰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥†

ਸੁਸਾ ਅਵਾਸ ਗਏ ਸੁਖਰਾਸੀ
ਮਿਲੀ ਸੋਦਰੀ ਹਿਤ ਸੋਂ।
ਸਾਦਰ ਮੰਚ ਡਸਾਏ ਬੈਸਾਏ
ਹਰਖੀ ਸਰਸ ਅਮਿਤ ਸੋਂ[1] ॥੧॥
ਸ਼੍ਰੀ ਨਾਨਕ ਮ੍ਰਿਦੁ ਬਚਨ ਅਲਾਏ
'ਸੁਸਾ! ਮਨੋਰਥ ਭਨਿਯੇ।
ਤੁਮ ਆਇਸੁ ਅਨੁਸਾਰਿ ਸਦਾ ਮੈਂ
ਬੱਛ ਸ੍ਵੱਛ ਮਹਿਂ[1] ਗੁਨਿਯੇ[2]।'
'ਸੁਨਹੁ ਭ੍ਰਾਤ ਪਰਮੇਸ਼੍ਵਰ ਰੂਪਾ!
ਜਗਤ ਰਚ੍ਯੋ ਜਿਹ ਮਾਯਾ।
ਸੱਤ੍ਯਾ ਲੇ ਕਰਿ ਤੁਮਰੀ ਸਿਰਜੇ
ਜੇ ਬ੍ਰਹਮੰਡ ਨਿਕਾਯਾ[1] ॥੨॥
ਨਰਨ ਉਧਾਰਨ ਤਨ ਧਰਿ ਆਪੇ
ਬਿਚਰਤਿ ਹੋ ਜਗ ਮਾਂਹੀ।
ਨਿਜ ਦਰਸ਼ਨ ਦੇਵਤਿ ਮੁਹਿ ਰਹੀਏ
ਅਵਰ ਲਾਲਸਾ ਨਾਂਹੀ।

†ਕਈ ਨੁਸਖਿਆਂ ਵਿਚ ਇਹ ਪਾਠ ਏਥੇ ਨਹੀਂ ਪਰ ਅਧ੍ਯਾਯ ਦੇ ਮੁੱਢ ਵਿਚ ਹੈ।

[1]ਬਿਅੰਤ ਖੇੜੇ ਨਾਲ।

[1]ਦਿਲ ਪਵਿੱਤ੍ਰ ਵਿਚ। [2]ਵਿਚਾਰੀਏ।

[1]ਸਾਰੇ।

ਕਾਹਿ ਵਸਤੁ ਕੀ ਚਾਹਿ ਜਿ ਹੋਵਹਿ
ਲੇਹੁ ਮੰਗਾਇ ਨਿਸੰਗਾ।
ਸ਼ਿਵ ਸਿਰ ਸਰ ਮੁਰ ਉਰ[1], ਕਰੁਨਾਕਰ[2]!
ਤਵ ਕੀਰਤਿ ਹ੍ਵੈ ਗੰਗਾ[1]' ॥੩॥

[1]ਸ਼ਿਵ ਦੇ ਸੀਸ ਵਾਂਙੂ ਮੇਰਾ ਰਿਦਾ ਹੋਵੇ। [2]ਹੇ ਕਿਰਪਾ ਦੀ ਖਾਣ!
[1]ਤੇਰੀ ਮਹਿਮਾ ਗੰਗਾ ਹੋਵੇ, ਭਾਵ ਮੇਰੇ ਸਿਰ ਵਿਚ ਆਪ ਦੇ ਜਸ ਦਾ ਨਿਵਾਸ ਹੋਵੇ।

ਬਦਨ ਬਦਯੋ[1] ਬਚ, 'ਸੁਨਹੁ ਸੋਦਰੀ!
ਯਾਦ ਰਿਦੇ ਕਰਿ ਜਬ ਹੀ।
ਦੂਰ, ਨਿਕਟਿ, ਕਾਜਹਿ[1]† ਅਨ ਕਾਜੁ[2]
ਦ੍ਰੂਤ[1] ਆਉਂ ਮੈਂ ਤਬ ਹੀ।'
ਸੁਨਿ ਹਰਖੀ ਪੁਨ ਹੂਤ ਅਰਾਲਿਕ[1]
ਬਹੁ ਬਿਧਿ ਅੱਸਨ ਕਰਾਯੋ।
ਮਰਦਾਨੇ ਕੋ ਭੇਜਯੋ ਤਬ ਹੀ
ਮੁਝ ਕੋ ਨਿਕਟਿ ਬੁਲਾਯੋ ॥੪॥

[1]ਗੁਰੂ ਜੀ ਨੇ ਕਿਹਾ।
[1]ਕੰਮ ਵਿਚ। [2]ਵੇਹਲੇ। †ਪਾ:-ਰਾਜਹਿਂ।
[1]ਛੇਤੀ।
[1]ਬੁਲਾਕੇ ਰਸੋਈਆ।

ਬਾਲਾ ਕਹੈ: ਸੁਨਹੁ ਸ੍ਰੀ ਅੰਗਦ!
ਹੌਂ ਜਰਾਮ ਢਿਗ ਬੈਸਾ[1]।
ਗਯੋ ਨਿਕੇਤ ਨਾਨਕੀ ਕੇ ਚਲਿ
ਹੇਰੇ ਬੇਦੀ ਏਸ਼ਾ[1]।
ਅਸਨ ਅਚਨ[1] ਹਿਤ ਤੀਨੋਂ ਤਿੰਹ ਛਿਨ
ਗਏ ਰਸੋਈ ਥਾਨਾ।
ਪਾਨ[1] ਨਾਨਕੀ ਆਪ ਪਰੋਸਤਿ
ਪਰਮੰ ਸ੍ਵਾਦਿਨ ਸਾਨਾ[1] ॥੫॥

[1]ਬੈਠਾ ਸਾਂ।
[1]ਭਾਵ ਗੁਰੂ ਜੀ ਦੇ ਦਰਸ਼ਨ ਕੀਤੇ।
[1]ਛਕਣ।
[1]ਹਥੀਂ ਆਪਣੀ।
[1]ਸ੍ਵਾਦੀਕ (ਭੋਜਨ)।

ਮਨ ਭਾਵਨ ਭੋਜਨ ਕਰਿ ਖਾਵਨ
ਉਠਿ ਬੈਠੇ ਬਰ ਸਦਨਾ।
ਆਨੰਦ ਕੰਦ ਮੁਕੰਦ ਬਿਲੋਕਤਿ[1]
ਬਦਤਿ[1] ਨਾਨਕੀ ਬਦਨਾ।
'ਮਰਦਾਨਾਂ! ਅਬ ਖੋਜਹੁ ਜਾਈ
ਮੋਲ ਲੇਹੁ ਜੋ ਹੋਊ।
ਸੁੰਦਰ ਹੇਰਿ ਰਬਾਬ ਲਿਆਵਹੁ
ਸਰਫਾ ਮੋਲ ਨ ਕੋਊ' ॥੬॥

[1]ਵੇਖਕੇ।
[1]ਆਖਦੀ ਹੈ।

ਸੁਨਿ ਮਰਦਾਨੇ ਕਿਯੋ ਪਯਾਨਾ
ਲੇਨਿ ਰਬਾਬਹਿ ਹੇਤੂ।

| | |
|---|---|
| ਮੈਂ ਪੁਨਿ ਹਾਥ ਬੰਦ ਕਰਿ ਬੋਲਯੋ | |
| 'ਸ੍ਰੀ ਬੇਦੀ ਕੁਲਕੇਤੁ[1] ! | [1]ਹੇ ਬੇਦੀ ਕੁਲ ਦੇ ਧ੍ਵਜਾ ਰੂਪ! |
| ਤੁਮ ਨਿਦੇਸ ਕੋ ਪਾਇ ਅਬਹਿ ਹੌਂ | |
| ਜਾਵੌਂ ਅਪਨ ਨਿਕੇਤੁ। | |
| ਬਾਸੁਰ ਬਹੁਤ ਬਤੀਤੇ[1] ਆਯੋ | [1]ਗੁਜਰੇ। |
| ਸੁਧਿ ਲੇਊਂ ਕ੍ਰਿਤ ਬੇਤੁ[1]' ॥੭॥ | [1]ਕਿਰਤ ਵਿਰਤ ਦੀ। |
| 'ਕਿਉਂ ਬਾਲੇ ! ਮਨ ਰੰਜ ਭਏ ਹੋ | |
| ਸੰਗ ਛੋਰ ਕਰਿ ਗੱਛੇ[1]।' | [1]ਜਾਂਦਾ ਹੈਂ। |
| 'ਨਹੀਂ ਰੰਜ ਮੈਂ ਦੰਭ ਨਿਕੰਦੂ ! | |
| ਚਹੌਂ ਸੁ ਬਰ ਬਛ ਸ੍ਵੱਛੇ[1]।' | [1]ਆਪ ਦੇ) ਸ੍ਵੱਛ ਰਿਦੇ ਦਾ ਵਰ ਚਾਹੁੰਦਾ ਹਾਂ। |
| 'ਜਾਚਿ ਲੇਹੁ ਬਾਲੇ ਜੇ ਚਹਿਯੇ | |
| ਨਹਿਂ ਅਦੇਯ[1] ਕਛੁ ਤੋ ਤੇ[2]। | [1]ਨਾ ਦੇਣ ਯੋਗ। [2]ਮੇਰੇ ਤੋਂ। |
| 'ਸ੍ਰੀ ਨਾਨਕ ! ਇਕ ਬਰ ਇਹ ਦੀਜੈ | |
| ਬਿਸਰਿ ਨ ਹਰਿ ! ਉਰ ਮੋ ਤੇ'- ॥੮॥ | |
| ਦੂਸਰ ਬਰ ਦੀਜੈ ਕਰੁਨਾਕਰ ! | |
| -ਸੰਗ ਤੁਮਾਰਿ ਜਿ ਚਰਿਤਾ[†]-। | [†]ਪਾ:-ਕਰੁਨਾਕਰ ਮਾਂਗਤ ਮਾਰਗ ਚੋਜ ਰਤਾ। |
| ਸੁਧਾਸਿੰਧੁ[1] ਤਜਿ ਮ੍ਰਿਗ ਤ੍ਰਿਸ਼ਨਾ ਹਿਤ | [1]ਅੰਮ੍ਰਿਤ ਦਾ ਸਮੁੰਦਰ। |
| ਧਾਵਤਿ ਨਿੰਦ ਜਿ ਰਰਿਤਾ[1]। | [1]ਨਿੰਦਕ) ਜੋ ਅੰਮ੍ਰਿਤ ਦਾ ਸਾਗਰ ਛੱਡਕੇ ਮ੍ਰਿਗ ਤ੍ਰਿਸ਼ਨਾ ਵਿਚ ਦੌੜਨ ਵਾਂਗ ਨਿੰਦਾ ਉਚਾਰਦਾ ਹੈ। |
| ਦੇਖੋਂ ਸੁਨੋਂ ਨ ਭਰਮੋਂ[1] ਗੁਰੁ ਜੀ ! | [1]ਤੁਹਾਡੇ ਨਾਲ (ਰਹਿਕੇ), ਨਿੰਦਕਾਂ ਦੇ ਕਠਨ ਵਾਕ ਜੋ ਅੰਮ੍ਰਿਤ ਰੂਪੀ ਸਮੁੰਦਰ ਨੂੰ ਛੱਡਕੇ ਮ੍ਰਿਗ ਤ੍ਰਿਸ਼ਨਾ ਮਗਰ ਦੌੜਨ ਤੁੱਲ ਹੈਨ, ਤੇ ਤੁਹਾਡੇ ਚਰਿੱਤ੍ਰਾਂ ਨੂੰ ਦੇਖ ਸੁਣਕੇ ਨਾ ਭਰਮਾਂ। |
| ਉਰ ਥਿਰ ਮਤਿ ਮੁਰ[1] ਕੀਜੈ। | [1]ਮੇਰੀ। |
| ਅੰਘ੍ਰਿ[1] ਸਰ ਅਰਬਿੰਦ[2] ਸਰਸ[3] ਤਵ[4] | [1]ਚਰਨ (ਜੋ ਹਨ)। [2]ਸਰੋਵਰ ਦੇ ਕਵਲਾਂ। [3]ਵਾਂਙ। [4]ਆਪ ਦੇ। |
| ਮਨ ਮਮ ਮਧੁਪ ਕਰੀਜੈ[1]' ॥੧॥ | [1]ਮੇਰੇ ਮਨ ਨੂੰ ਭੌਰਾ ਕਰੋ (ਉਨ੍ਹਾਂ ਦਾ)। |
| ਸੁਨਤਿ ਪ੍ਰਸੀਦੇ[1] ਬਚਨ ਕਿ ਰਚਨਾ[2] | [1]ਪ੍ਰਸੰਨ ਹੋਏ। [2]ਬਚਨਾਂ ਦੀ ਰਚਨਾ। |
| ਚਿਤ ਨਿਸ਼ਚਾ ਅਤਿ ਹੇਰਾ[†]। | [†]ਪਾ:-ਸੁਨਤ ਪ੍ਰਸੀਦੇ ਬਚਨਾਂ ਕਰਿ ਤਿਨ ਚਿਤ ਨਿਸ਼ਚਾ ਅਤਿ ਹੇਰਾ।ਪੁਨਾ: ਸੁਨਤ ਪ੍ਰਸੀਦੇ ਬਦਨ ਕੇ ਰਚਨ ਚਿਤ ਨਿਸ਼ਚਾ ਮਤਿ ਹੇਰਾ। |
| 'ਮੇਰੁ ਅਡੋਲ[1] ਬਾਤ ਤੇ[2] ਜਸ ਬਿਧਿ | [1]ਸੁਮੇਰ ਜਿਵੇਂ ਅਡੋਲ ਹੈ। [2]ਹਵਾ ਤੋਂ। |
| ਤਸ ਬਿਧਿ ਹੁਬਿ ਮਨ ਤੇਰਾ। | |

| | |
|---|---|
| ਬੇਮੁਖਤਾ ਨਿਸਿ[1] ਭਰਮ ਮਯੰਕਾ[2] | [1]ਰਾਤ। [2]ਚੰਦ੍ਰਮਾਂ। |
| ਦੁਖ ਦਾਰਿਦ ਉਡਗਨ[1] ਸੇ। | [1]ਤਾਰੇ। |
| ਉਰ ਨਭ ਭਾਨੁ[1] ਪ੍ਰੇਮ ਪਰਕਾਸ਼ਹਿ | [1]ਤੇਰੇ) ਰਿਦੇ ਅਕਾਸ਼ ਵਿਚ ਸੂਰਜ। |
| ਨਾਸਹਿਂ ਪਾਛਲ ਗਿਨਸੇ[1] ॥੧੦॥ | [1]ਪਿਛੇ ਗਿਣੇ ਹਨ (ਜੇਹੜੇ ਬੇਮੁਖਤਾ ਆਦਿ) ਓਹ। |
| ਹੋਵਹਿ ਤਵ ਉਰ ਸਰੁਵਰ[1] ਕੇ ਸਰ[2] | [1]ਸਰੋਵਰ। [2]ਬਰੱਬਰ। |
| ਹਰਿ ਕੀਰਤਿ ਅਰਬਿੰਦਾ[1]। | [1]ਕਵਲ। |
| ਸਦ ਬਿਕਸੈ, ਸੋਖੈ ਨਹਿਂ[1] ਕਬਹੂੰ | [1]ਸੁੱਕੇ ਨਾ। |
| ਪ੍ਰੀਤਿ ਵਧਹਿ ਮਕਰੰਦਾ[1]। | [1]ਮਕਰੰਦ ਰਸ ਰੂਪੀ ਪ੍ਰੀਤ ਵਧੇ। |
| ਜਗ ਸਾਗਰ[1] ਨਿੰਦਕ ਗਰ[2] ਲਵਨੰ[3] | [1]ਸਮੁੰਦਰ ਹੈ। [2]ਗਲ ਜਾਂਦਾ ਹੈ। [3]ਲੂਣ ਵਾਂਙੂ (ਅ) ਨਿੰਦਕ ਗਰਲ ਵਨੰ ਨਿੰਦਕ ਜ਼ਹਿਰ ਸਮਾਨ ਹੈ। ਤੂੰ ਕਮਲ ਸਮਾਨ ਹੋਵੇਂਗਾ। |
| ਪਦਮ ਸਮਾਨ[1] ਅਲੇਪਾ[2]। | [1]ਕੰਵਲ ਵਾਂਙੂ। [2]ਅਲੇਪ ਰਹੇਂਗਾ। |
| ਜੇ ਸੁਆਨ[1] ਕੂਕਤਿ ਰਹਿਂ ਅਹਿਨਿਸਿ | [1]ਕੁੱਤੇ। |
| ਨਹਿਂ ਗਜ ਮੱਤ ਵਿਖੇਪਾ[1]' ॥੧੧॥ | [1]ਹਾਥੀ (ਵਤ) ਗੰਭੀਰ ਮਤ ਵਾਲੇ ਨੂੰ ਛੋਭ ਨਹੀਂ ਹੋਵੇਗਾ। |
| ਖੁਸ਼ੀ ਕਰੀ ਜਾਵਨ ਕੋ ਘਰ ਕੀ | |
| ਪਾਦ[1] ਪਦਮ[2] ਜੁਗ[3] ਬੰਦੇ। | [1]ਚਰਣ। [2]ਕਵਲ। [3]ਦੋਵੇਂ। |
| 'ਸੁਨਿ ਸ੍ਰੀ ਨਾਨਕ ਬਚਨ ਸੁਹਾਏ | |
| ਮੁਝ ਭਾ ਰਿਦੈ ਅਨੰਦੇ।' | |
| ਤਲਵੰਡੀ ਕੇ ਮਾਰਗ ਚਲਿ ਕਰਿ | |
| ਆਯੋ ਅਪਨਿ ਨਿਕੇਤਾ[1]। | [1]ਘਰ। |
| ਮੁਝ ਪਸ਼ਚਾਤੁ ਸੁਨਹੁ ਗੁਰ ਅੰਗਦ! | |
| ਸ੍ਰੀ ਬੇਦੀ ਕੁਲ ਕੇਤਾ ॥੧੨॥ | |
| ਭਏ ਪ੍ਰਸੀਦ[1] ਸੁਸਾ ਪਰ ਅਤਿਸ਼ੈ | [1]ਪ੍ਰਸੰਨ। |
| ਗਵਨੇ ਪੁਨਿ ਉਦਿਆਨਾ। | |
| ਭੇ ਇਕੰਤ ਜਹਿਂ ਮਨੁਜ[1] ਨ ਆਵਹਿਂ | [1]ਮਾਨੁਖ। |
| ਕਰੁਨਾਨਿਧ ਗਤਿਦਾਨਾ। | |
| ਕਮਲ ਬਦਨ ਪ੍ਰਾਚੀ ਦਿਸ਼[1] ਜਿਹ ਕੋ | [1]ਪੂਰਬ ਦਿਸ਼ਾ (ਵਾਂਙੂ)। |
| ਵਾਕ[1] ਅਰਕ[2] ਪਰਮਾਨਾ[3]। | [1]ਵਚਨ। [2]ਸੂਰਜ। [3]ਬਰੱਬਰ। |
| ਕਿੰਕਰ[1] ਉਰ ਕੋ ਭਰਮ ਤਿਮਰ[2] ਹਰਿ[3] | [1]ਦਾਸਾਂ ਦਾ। [2]ਭ੍ਰਮ ਰੂਪੀ ਹਨੇਰਾ। [3]ਨਸ਼ਟ ਕਰਕੇ। |
| ਦਲ ਕਲਮਲ[1] ਉਡ ਨਾਨਾ[2] ॥੧੩॥ | [1]ਦਲ ਸਿਟਦੇ ਹਨ ਪਾਪਾਂ ਰੂਪੀ। [2]ਤਾਰੇ ਸਾਰੇ। |
| ਗਯੋ ਰਬਾਬ ਲੇਨਿ ਹਿਤ ਪੁਰਿ ਮਹਿਂ | |

ਖੋਜਤਿ ਭਾ ਮਰਦਾਨਾ।
ਸੁਨਹਿ ਡੂੰਮ ਕੋ ਸਦਨਹਿ ਜਹਿੰਵਾ[1] — [1]ਜਿੱਥੇ।
ਬੂਝਹਿ[1] ਜਾਇ ਸੁਜਾਨਾ[2]। — [1]ਪੁੱਛੇ। [2]ਚਤੁਰ।
ਆਦਰ ਪੁਰਿ ਮਹਿਂ ਦੇਇ ਨ ਕੋਊ
ਅਸ ਬਿਧਿ ਵਾਕ ਅਲਾਵੈਂ।
'ਤਿਹ ਕੋ ਡੂਮ ਜੁ ਭਯੋ ਕੁਰਾਹੀ
ਸੁਨਤਿ ਰੋਸ ਉਰ ਆਵੈ[1] ॥੧੪॥ — [1]ਭਾਵ ਮਰਦਾਨੇ ਦੇ ਦਿਲ ਨੂੰ।

ਦੋਹਰਾ:

ਫਿਰਤਿ ਫਿਰਤਿ ਇਕ ਸ਼੍ਰਮ[1] ਭਯੋ, — [1]ਥਕਾਂਨ।
ਦੂਸਰ ਨਿੰਦਕ ਬੈਨ।
ਸੁਨਿ ਮਨਿ ਮਹਿਂ ਦੁਖਜਤ ਭਯੋ, ਕਛੁ — [1]ਚਾਰਾ।
ਬਸ[1] ਅਪਨ ਚਲੈ ਨ ॥੧੫॥

ਹਰਿਗੀਤਕਾ ਛੰਦ:

ਫਿਰਿ ਕਰਿ ਸਗਰੇ ਨਗਰ ਮੈਂ
ਮਰਦਾਨਾ ਉਰ ਅਕੁਲਾਇ ਕੈ[1]। — [1]ਵਿਆਕੁਲ ਹੋਕੇ।
ਬੈਸੇ ਸ੍ਰੀ ਨਾਨਕ ਜਹਾਂ
ਤਹਿਂ ਥਕਤ ਸੁ ਬੈਠਜੋ ਆਇਕੈ।
ਸ਼੍ਰੀ ਮੁਖ ਸੋਂ ਬੂਝਤਿ ਭਏ
ਤਿਹ[1] ਬਦਨਹਿ[2] ਬਿਕਲ[3] ਨਿਹਾਰਿ ਕੈ। — [1]ਉਸਦੇ। [2]ਮੁਖ ਨੂੰ। [3]ਵਿਆਕੁਲ।
'ਬਿਨ ਰਬਾਬ ਆਵਨ ਭਯੋ
ਨਿਜ ਬਿਰਥਾ ਭਨਹੁ ਸੁਧਾਰਿ ਕੈ'
॥੧੬॥
ਕਿਉਂ ਬੂਝਤਿ ਹੋ ਮੋਹਿ ਕੋ
ਸਭਿ ਅੰਤਰਜਾਮੀ ਜਾਨਿ ਕੈ।'
ਬਹੁਰ ਕਹਜੋ ਸ਼੍ਰੀ ਬਦਨ ਤੇ
'ਬਿਨ ਸ਼ੰਕ ਸੁਨਾਉ ਬਖਾਨਿ ਕੈ।'
'ਕੈਸੇ ਮੈਂ ਮੁਖ ਸੋਂ ਕਹੌਂ
ਕਹਿਬੇ ਜੋਗ ਨ ਬਾਤ ਹੈ।'
ਪੁਨਹਿ ਪੁਨਹਿ ਸ਼੍ਰੀ ਗੁਰੂ ਕਹੈਂ
'ਕਹੁ ਜਿਸ ਬਿਧਿ ਭਯੋ ਬ੍ਰਿਤਾਂਤ ਹੈ'
॥੧੭॥

ਮਤਦ੍ਰੁਮਲਾ ਛੰਦ†:

ਉਰ ਡਰਿ ਮਰਦਾਨੇ ਬਚਨ ਬਖਾਨੇ

†ਇਹ ਛੰਦ ਸਵੱਯੇ ਦਾ ਇਕ ਰੂਪ ਹੈ, ਜਿਸਦਾ ਨਾਮ ਹੈ 'ਮਾਤ੍ਰਿਕ ਦੁਰਮਿਲ।' ਇਹ ੩੨ ਮਾਤਰਾਂ ਦਾ ਹੈ, ਜਿਸਦਾ ਰੂਪ ਇਹ ਹੈ:-੧੦+੮+੧੪, ਅੰਤ ਦੋ ਲਘੂ ਤੇ ਤਿੰਨ ਗੁਰੂ। (||ऽ, ऽ, ऽ) ਇਹ 'ਮਤਦ੍ਰਮਿਲਾ ਛੰਦ' ਨਹੀਂ ਹੈ ਜੋ ੩੦ ਮਾਤ੍ਰਾ ਦਾ ਹੁੰਦਾ ਹੈ। ਉਸਦਾ ਰੂਪ ਹੈ ੮+੮+੮+੬ ਅੰਤ ਗੁਰੂ (ऽ)। ਕਿਤੇ ਕਿਸੇ ਲਿਖਾਰੀ ਦੀ ਭੁਲ ਹੋਈ ਜਾਪਦੀ ਹੈ ਜੋ ਟੁਰੀ ਰਹੀ ਹੈ।

'ਕੇਚਿਤ[1] ਨਰ, ਇਉਂ ਬੈਨ ਕਹੈਂ। — [1]ਕੇਈ।
-ਇਹ ਡੂੰਮ ਤਾਂਹੀ ਭਾ ਜੁ ਕੁਰਾਹੀ-
ਨਹਿਂ ਰਬਾਬ ਕੋ ਦੇਨਿ ਚਹੈ।
ਦੁਰਮਤਿ ਭ੍ਰਮ ਭੂਲੇ, ਜਸੁ ਪ੍ਰਤਿਕੂਲੇ[1] — [1]ਆਪਦੇ ਯਸ਼ ਦੇ ਉਲਟ ਹਨ।
ਸਠ ਮੁਖ ਤੇ ਨਿੰਦ ਬਖਾਨੇ।
ਹੌਂ ਮਨ ਇਹ ਚਾਹੌਂ ਰਸਿਓ[1] ਲਜਾਵੌਂ — [1]ਰਸਿਆ ਹੋਇਆ।
ਸੋ ਪਾਇ ਨ ਨਗਰ ਖੁਜਾਨੇ[1]' ॥੧੮॥ — [1]ਢੂੰਡਿਆਂ।
ਸ਼੍ਰੀ ਗੁਰ ਗਤਿ ਦੈਨਾ ਸੁਨਿ ਕਹਿ ਬੈਨਾ
'ਝਖ ਮਾਰਹਿਂ ਦੁਸ਼ਟ ਗਵਾਰਾ।
ਲੱਜਤਿ ਮੁਖ ਹੋਵਹਿਂ ਜਨਮ ਬਿਗੋਵਹਿਂ
ਦੁਖ ਪਾਵਹਿਂ ਜਮ ਦ੍ਵਾਰਾ।
ਤੂੰ ਕਰਿ ਨਿਜ ਕਾਜਾ, ਤਜਿ ਨਰ ਲਾਜਾ
ਜਾਵਹੁ ਨਗਰ ਬਹੋਰੀ।
ਪਿਖਿ ਸੁੰਦਰ ਆਨਹੁ, ਸ਼ੰਕ ਨ ਠਾਨਹੁ
ਸਭਿ ਕਰਹੁ ਡੂਮ ਘਰ ਟੋਰੀ[1]' ॥੧੯॥ — [1]ਢੂੰਡ।

ਦੁਵੱਯਾ ਛੰਦ:

'ਪ੍ਰਭੁ ਜੀ! ਡੂਮ ਮੰਦ ਮਤਿ ਇਹ ਪੁਰਿ
ਮਮ ਕਹਿ ਕਿਨਹਿ ਨ ਜਾਨਜੋ।
ਬੈਸਨ ਦੇਇਂ ਨ ਕਿਯ ਸਨਮਾਨਾ
ਕਿਨ ਰਬਾਬ ਨਹਿਂ ਆਨਜੋ।
ਕਿਹ ਦਿਸ਼[1] ਮੈਂ ਅਬ ਖੋਜਨ ਜਾਵੋਂ? — [1]ਕਿਸ ਪਾਸੇ।
ਕਹਉ ਬੁਝਾਇ[1] ਸੁਆਮੀ! — [1]ਸਮਝਾਕੇ।
ਤੁਮ ਕੋ ਤੀਨ ਲੋਕ ਕੀ ਸੁਧਿ ਹੈ
ਘਟਿ ਘਟਿ ਅੰਤਰਜਾਮੀ!' ॥੨੦॥
'ਪੁਰਿ ਮਹਿਂ ਨਹਿਂ ਜਾਵਹੁ, ਮਰਦਾਨਾ!
ਅਵਰ ਸਥਾਨ ਸਿਧਾਵਉ।
ਜਿਂਹ ਦਿਸ਼ ਜੰਗਲ ਗ੍ਰਾਮ ਏਕ ਤਹਿਂ

ਜਾਇ ਖੋਜ ਤੁਮ ਪਾਵਉ।
ਜੁਗ ਸਰਿਤਾ ਮਧ[1] ਤਾਂ ਕੋ ਜਾਨਹੁ
ਰਾਹਕ ਕੋ ਸੋ ਗਾਂਊ।
ਨਾਮ ਫਿਰੰਦਾ ਤਹਾਂ ਰਬਾਬੀ
ਜਾਇ ਸੁ ਬੂਝਹੁ ਨਾਂਊਂ ॥੨੧॥

[1]ਦੋ ਨਦੀਆਂ ਵਿਚਕਾਰ।

{ਫਿਰੰਦਾ}

ਖੋਜਤਿ ਪਾਵਹੁ, ਜਾਚਹੁ ਤਾਂਹੀ
ਨਹਿਂ ਦੇਵਹਿ ਜੇ ਤੁਮ ਕੋ।
-ਨਾਨਕ ਭੇਜਯੋ ਨਿਕਟਿ ਤੁਹਾਰੇ-
ਲੀਜੈ ਆਖਯ[1] ਹਮ ਕੋ।'
ਕਹਿ ਮਰਦਾਨਾ 'ਸੁਨਯੋ ਪ੍ਰਭੁ ਜੀ!'
ਮੋਲ ਹੋਇ ਜੇ ਪਾਸੂ।
ਤਿਂਹ ਦੇ ਕਰਿ ਹੌਂ ਲੇਯ ਸੁ ਆਵੌਂ
ਪੁਨਿ ਨ ਜਾਉਂ, ਸੁਖਰਾਸੂ[1]!' ॥੨੨॥

[1]ਨਾਮ।

[1]ਫੇਰ ਨਾ ਜਾਣਾ ਪਵੇ ਹੇ ਸੁਖਾਂ ਦੀ ਖਾਣ।

ਦੋਹਰਾ:

'ਜਾਹੁ ਸੁਸਾ[1] ਕੇ ਪਾਸ ਤੇ, ਕੀਮਤ ਜਿਤਨੀ ਹੋਇ।
ਸੋ ਲੇ ਕਰਿ ਗਵਨਹੁ[1] ਅਬਹਿ, ਨਿਜ ਬਿਲੰਬ ਸਭਿ ਖੋਇ' ॥੨੩॥

[1]ਬੇਬੇ ਜੀ।

[1]ਚਲਾ ਜਾ।

ਦੁਵੱਯਾ ਛੰਦ:

ਮਰਦਾਨਾ ਤਤਕਾਲ ਸਿਧਾਯੋ
ਗਯੋ ਨਾਨਕੀ ਧਾਮਾ।
'ਕਹਯੋ ਨਗਰ ਸਭਿ ਖੋਜਯੋ ਹੌਂ ਹੀ
ਨਹਿਂ ਰਬਾਬ ਅਭਿਰਾਮਾ।
ਭੇਜਤਿ ਆਨ ਗ੍ਰਾਮ ਅਬ ਪ੍ਰਭੁ ਜੀ
ਮੋਲ ਲੇਨਿ ਹੌਂ ਆਯੋ।'
ਸਪਤ ਰਜਤਪਣ[1] ਜਾਚਿ ਲਏ ਜਬ
ਤੂਰਨ ਤਹਿਂ ਤੇ ਧਾਯੋ ॥੨੪॥
ਤ੍ਰੈ ਬਾਸੁਰ ਤਹਿਂ ਪਹੁਂਚਯੋ ਜਾਈ
ਖੋਜਤਿ ਬੂਝਤਿ ਨਰ ਕੋ[1]।
ਜੁਗ[1] ਬਾਸੁਰ ਤਹਿਂ ਖੋਜਤਿ ਫਿਰਿਓ
ਕੋ ਨ ਬਤਾਵੈ ਘਰ ਕੋ।

[1]ਸਤ ਰੁਪੱਯੇ।

[1]ਮਨੁੱਖ ਨੂੰ।

[1]ਦੋ।

ਸ਼੍ਰਮ[1] ਸੋਂ ਵਯਾਕੁਲ ਭਯੋ ਉਦਾਸੂ
ਹਟਿ[1] ਆਵਨ ਕੋ ਤ੍ਯਾਰੀ।
ਬੈਸਤਿ ਭਯੋ ਮਹੀਰੁਹ[1] ਛਾਂਹੀ[2]
ਫਿਕਰਵੰਦ ਹੁਇ ਭਾਰੀ ॥੨੫॥
'ਕੌਨ ਨਾਮ ਕਿਤਤੇ ਤੁਮ ਆਯੋ ?'
ਬੂਝ੍ਯੋ[1] ਇਕ ਨਰ[2†] ਆਈ।
'ਖੋਜਤਿ ਹੋ ਕਿਹ ਕੋ, ਕ੍ਯਾ ਕਾਜਾ ?[1]
ਹਮ ਕੋ ਦੇਹੁ ਸੁਨਾਈ।
ਚਿੰਤਾਤੁਰ ਅਤਿਸ਼ੈ ਚਿਤ ਮਾਂਹੀ
ਦੀਸਤਿ ਤੋਹਿ ਲਿਲਾਰਾ[1]।
ਕਰੋ ਮਨੋਰਥ ਅਪਨਾ ਪ੍ਰਗਟੇ
ਪੁਨਿ ਜਿਹ ਥਾਨ ਅਗਾਰਾ[1]' ॥੨੬॥

ਦੋਹਰਾ:
ਮਰਦਾਨੇ ਉਰ ਧ੍ਰਿਤ[1] ਭਈ, ਬਚਨ[†]
ਸੁਨੇ ਮ੍ਰਿਦੁ[2] ਸਾਰ[3]।
ਹਰਖਮਾਨ ਹੁਇ ਕਰਿ ਤਬੈ, ਉਚਰੇ
ਬਚਨ ਵਿਚਾਰ ॥੨੭॥

ਦੁਵੱਯਾ ਛੰਦ:
'ਵਤਨ ਰਾਇ ਭੋਏ ਤਲਵੰਡੀ
ਨਾਮ ਜਾਨਿ ਮਰਦਾਨਾ।
ਏਕ ਫਿਰੰਦਾ ਅਹੈ ਰਬਾਬੀ
ਖੋਜੋਂ ਤਿਸਹਿ, ਸੁਜਾਨਾ !
ਨਾਨਕ ਵੇਦੀ ਭੇਜ੍ਯੋ ਤਿਹ ਢਿਗ
ਲੇਨਿ ਰਬਾਬ ਰਜਾਈ[1]।
ਖੋਜ੍ਯੋ ਸੋ ਬਹੁ ਹਾਥ ਨ ਆਵੈ
ਯਾਂ ਤੇ ਮਨ ਬਿਕੁਲਾਈ[1]' ॥੨੮॥
'ਨਾਮ ਫਿਰੰਦਾ ਹਮਰਾ ਜਾਨਹੁ
ਪਠਵ੍ਯੋ[1] ਤੂੰ ਮੁਝ ਪਾਸਾ[2]।
{ਫਿਰੰਦਾ}
ਲੇ ਰਬਾਬ ਜਾਵਹੁ ਅਬ ਤਹਿਂ ਕੋ
ਜਹਿਂ ਹੈਂ ਮਯਾ ਅਵਾਸਾ[1]।
ਭਵਸਾਗਰ ਤੇ ਨਰ ਬਹੁ ਤਾਰਨ

[1]ਥਕਾਨ।
[1]ਮੁੜ।
[1]ਬ੍ਰਿੱਛਾਂ ਦੀ। [2]ਛਾਵੇਂ।
[1]ਪੁਛਿਆ। [2]ਇਕ ਮਨੁੱਖ ਨੇ। [†]ਪਾ:-ਮਾਨਵ।
[1]ਕੰਮ ਕੀਹ ਹੈ।
[1]ਮੱਥਾ।
[1]ਜਿੱਥੇ ਘਰ ਹਨ।
[1]ਧੀਰਜ। [2]ਕੋਮਲ। [3]ਚੰਗੇ। [†]ਪਾ:-ਬੈਨ।
[1]ਹੁਕਮ ਹੈ।
[1]ਘਬਰਾ ਰਿਹਾ ਹੈ।
[1]ਭੇਜਿਆ ਗਿਆ ਹੈਂ। [2]ਤੂੰ ਮੇਰੇ ਕੋਲ।
[1]ਦਯਾ ਦੇ ਘਰ (ਗੁਰੂ ਜੀ)।

ਧਾਰਯੋ ਸੁਤੈ ਸਰੂਪਾ।'
ਅਸ ਬਿਧਿ[1] ਬਦਨਹਿ ਬਦਿ ਕਰਿ[2] ਆਨਯੋ
ਸੁਭਗ[1] ਰਬਾਬ ਅਨੂਪਾ ॥੨੯॥

[1]ਇਸ ਤਰ੍ਹਾਂ। [2]ਆਖਕੇ।
[1]ਸੋਹਣਾ।

ਦੋਹਰਾ:
ਉਰ ਅਚਰਜ ਹ੍ਵੈ ਹਰਖ ਕਰਿ, ਮਰਦਾਨੇ ਤਿਹ ਕਾਲ।
-ਕਿਤ ਤੇ ਲੀਨ ਨਿਕਾਸ ਯਹਿ- ਨਹਿਂ ਜਾਨੀ ਤਿਹ ਚਾਲ[1] ॥੩੦॥

[1]ਗਤੀ।

ਦੁਵੱਯਾ ਛੰਦ:
ਅਦਭੁਤ ਦੇਖਤਿ ਹੀ ਬਿਸਮਾਦਯੋ
'ਕਹਉ ਮੋਲ ਇਹ ਜੋਊ।
ਇਸਕੀ ਸਮ ਕੋ ਔਰ ਨ ਪੇਖਯੋ
ਲੇਹੁ ਮੋਲ ਕਹਿ ਸੋਊ।'
'ਨਹੀਂ ਮੋਲ ਇਸ ਕੋ ਤੁਮ ਪਾਹੀ'
ਐਸੇ ਕਹਤਿ ਫਿਰੰਦਾ।
'ਪੁਨ ਹਮਨੈ ਲੈਨੋ ਭੀ ਨਾਂਹੀ
ਸ਼੍ਰੀ ਅਵਤਾਰ ਮੁਕੰਦਾ[1]' ॥੩੧॥

[1]ਮੁਕਤੀ ਦਾਤੇ ਤੋਂ

ਮਰਦਾਨਾ ਮਨ ਹੋਇ ਹਿਰਾਨਾ
ਬੂਝਤਿ ਤਿਹ ਪ੍ਰਤਿ[1] ਐਸੇ।
'ਏ ਰਬਾਬ ਤੁਮ ਕਿਤ ਬਿਧਿ ਦੀਨੋ
ਮੋਲ ਨ ਲੈਹੋ ਕੈਸੇ?
ਸਭਿ ਬਿਰਤਾਂਤ ਭਨੀਜੈ ਅਪਨਾ
ਖੋਵਹੁ ਸੰਸੈ ਹਮਰਾ।
ਸ਼ੁਭ ਸੁਭਾਇ, ਸ਼ੁਭ ਬੇਖ, ਮਧੁਰ ਬਚ
ਭੇਦ ਨ ਜਾਨਯੋ ਤੁਮਰਾ' ॥੩੨॥

[1]ਤਿਸ ਤਾਈਂ।

ਭਨਤਿ ਫਿਰੰਦਾ 'ਮ੍ਰਿਤਮੰਡਲ[1] ਕੋ
ਇਹ ਰਬਾਬ ਨਹਿਂ ਲਖਿਯੇ[1]।
ਅਨਤ[1] ਅੱਗ੍ਰ[2] ਸੋ ਨਹੀਂ ਵਜਾਵਹੁ
ਸ਼੍ਰੀ ਨਾਨਕ ਜਹਿਂ ਪਿਖਿਯੇ[1]।
ਤਹਾਂ ਬਜਾਵਹੁ, ਚਲਿ ਮਰਦਾਨਾ!
ਸੰਗ ਚਲਹੁਂ ਮੈਂ ਤੇਰੇ।

[1]ਸੰਸਾਰ।
[1]ਨਾਂ ਸਮਝੋ।
[1]ਹੋਰਦੇ। [2]ਅਗੇ।
[1]ਜਿੱਥੇ ਵੇਖੋ।

ਪਾਦ ਪਦਮ ਕੋ ਦਰਸ਼ਨ ਕਰਿਹੌਂ
ਰਿਦੇ ਲਾਲਸਾ ਮੇਰੇ' ॥੩੩॥
ਜੁਗਲ[1] ਚਲੇ ਉਰ ਹਰਖ ਬਿਸਾਲਾ — [1]ਦੋਨੋਂ।
ਪਹੁੰਚੇ ਜਹਾਂ ਕ੍ਰਿਪਾਲਾ।
ਪਦ ਅਰਬਿੰਦ ਅਨੰਦ ਕੰਦ ਕੇ
ਪਰਸੇ ਧਰਿ ਕਰਿ ਭਾਲਾ[1]। — [1]ਮੱਥਾ।
ਨੌਮੇ ਦਿਨ ਆਯੋ ਮਰਦਾਨਾ
ਧਰਜੋ ਰਬਾਬ ਅਗਾਰੀ।
ਕਮਲ ਬਦਨ ਤੇ ਬਚ ਮਕਰੰਦਾ
ਬੋਲੇ ਸ਼੍ਰੀ ਦੰਭਾਰੀ[1] ॥੩੪॥ — [1]ਦੰਭ ਦੇ ਵੈਰੀ।
'ਬਹੁਤ ਬਿਲਮ[1] ਲਗਾਈ ਤਹਿੰਵਾ — [1]ਦੇਰੀ।
ਭਈ ਬਾਤ ਕਹੁ ਤੈਸੇ।'
'ਪ੍ਰਭੁ ਜੀ! ਭੇਵ ਨ ਜਾਨਜੋ ਜਾਈ
ਕਹੌਂ ਬਚਨ ਮੈਂ ਕੈਸੇ।
ਆਪ ਖੁਦਾਇ ਧਰਤ ਅਵਤਰਜੋ
ਅਚਰਜ ਹੇਰਤਿ ਚਰਿਤਾ।
ਗਯੋ ਗ੍ਰਾਮ ਮੈਂ ਤੁਮ ਜੁ ਬਤਾਯੋ
ਭਯੋ ਬਿਆਕੁਲ ਫਿਰਤਾ ॥੩੫॥
ਜੁਗ[1] ਬਾਸੁਰ ਮੈਂ ਗ੍ਰਾਮ ਖੋਜਿ ਕੈ — [1]ਦੋ।
ਹਟਿ ਆਵਨ ਕੋ ਤਜਾਰੂ।
ਆਇ ਸੰਤ ਇਹ ਸੰਗ ਜੁ ਮੇਰੇ
ਦੀਨਿ ਰਬਾਬਹਿ ਚਾਰੂ[1]। — [1]ਸੁੰਦਰ।
ਤੀਨ ਦਿਵਸ ਮੈਂ ਪਹੁਂਚਜੋ ਜਾਈ
ਤੀਨ ਦਿਵਸ ਤਹਿਂ ਬੀਤੇ।
ਤੀਨ ਦਿਵਸ ਮੈਂ ਮੁਰਿ ਕਰਿ ਆਯੋ
ਬਿਲਮ ਲਗੀ ਇਸ ਰੀਤੇ' ॥੩੬॥
ਹਾਥ ਬੰਦ ਕਹਿ ਬਚਨ ਫਿਰੰਦਾ
'ਆਨੰਦ ਕੰਦ! ਸੁਨੀਜੈ।
ਹੁਤੋ ਪੁਚਾਵਨ ਇਹ ਰਬਾਬ ਬਰ[1] — [1]ਸ੍ਰੇਸ਼ਟ।
ਕ੍ਰਿਪਾ ਸਿੰਧੁ! ਸੋ ਲੀਜੈ।
ਦਰਸ਼ਨ ਕੀ ਲਾਲਸ ਥੀ ਮੁਝ ਕੋ

| | |
|---|---|
| ਹਰਖ ਸਰਸ[1†] ਦਰਸਾਯੋ। | [1]ਬੜਾ ਖੁਸ਼ ਹੋਇਆ ਹਾਂ। †ਪਾ:-ਅਧਿਕ। |
| ਸਭਿ ਬਿਧਿ ਜਾਨਹੁ ਅੰਤਰਜਾਮੀ' | |
| ਇਹ ਬਿਧਿ ਕਹਤਿ ਸਿਧਾਯੋ ॥੩੭॥ | |
| ਬਿਦਾ ਕਰਨ ਗਵਨਯੋ | |
| ਮਰਦਾਨਾ ਭਯੋ ਅਦ੍ਰਿੱਸ਼ੰ[1] ਸੋਊ। | [1]ਨਜ਼ਰੋਂ ਗੈਬ ਹੋ ਗਿਆ। |
| ਕਿਤ ਕੋ ਗਯੋ ਨ ਜਾਨਯੋ ਤਿਹ ਛਿਨ | |
| ਹੇਰਤਿ ਬਿਸਮੈ ਹੋਊ[1]। | [1]ਹੈਰਾਨ ਹੋਇਆ। |
| ਰਿਦੇ ਵਿਚਾਰ ਕਰਤਿ ਭਾ ਬਹੁ ਬਿਧਿ | |
| -ਭਯੋ ਨ ਨੈਨ ਬਿਹੀਨਾ[1]। | [1]ਮੇਰੀਆਂ ਅੱਖਾਂ ਤੋਂ (ਖਾਲੀ ਭਾਵ) ਪਰੇ ਨਹੀਂ ਹੋਇਆ। (ਅ) ਭਾਵ, ਮੈਂ ਅੱਖਾਂ ਤੋਂ ਹੀਣ ਨਹੀਂ ਹੋ ਗਿਆ, ਜੋ ਮੈਂ ਕਿਸੇ ਪਾਸੇ ਜਾਂਦਾ ਦੇਖ ਨਹੀਂ ਸਕਿਆ। |
| ਮੁਰ[1] ਢਿਗ[2] ਤੇ ਦੁਰ[3] ਛਰ ਸਾ[4] ਕਰਿਗਾ | [1]ਮੇਰੇ। [2]ਪਾਸੋਂ। [3]ਛਿਪ ਕੇ। [4]ਛਲ ਜਿਹਾ। |
| ਭੇਦ ਨ ਤਿਹ ਕੋ ਚੀਨਾ- ॥੩੮॥ | |
| ਆਯੋ ਜਬ, ਬੂਝਯੋ ਸ਼੍ਰੀ ਨਾਨਕ | |
| 'ਕਹਿੰ[1] ਲੌਂ[2] ਜਾਇ ਪੁਚਾਯੋ?' | [1]ਕਿਥੋਂ। [2]ਤਕ। |
| 'ਮੁਰ ਢਿਗ ਤੇ ਦੁਰ[1] ਦੀਸਯੋ ਨਾਂਹੀ | [1]ਛਿਪ ਗਿਆ। |
| ਹੇਰਤਿ ਅਚਰਜ ਆਯੋ।' | |
| ਕਹਿ ਕਰਿ ਬੈਸ ਗਯੋ ਮਰਦਾਨਾ | |
| ਬੂਝਨ ਲਗਾ ਦਯਾਲਾ[1]। | [1]ਗੁਰੂ ਜੀ ਤੋਂ। |
| 'ਹੁਤੋ ਕੌਨ ਇਹ ਮਾਨਵ? ਸ੍ਵਾਮੀ! | |
| ਜਾਂਹਿ[1] ਸੁਭਾਇ ਰਸਾਲਾ ॥੩੯॥ | [1]ਜਿਸਦਾ। |
| ਅਪਰ[1] ਨਰਨ ਸੀ ਯਾਂ ਕੀ ਗਤਿ ਨਹਿਂ | [1]ਹੋਰ। |
| ਰੁਚਿਰ ਰੂਪ ਦੁਤਿਵਾਨਾ[1]। | [1]ਕ੍ਰਾਂਤੀ ਵਾਲਾ। |
| ਬਹੁਰ ਰਬਾਬ ਉਪਾਇਨ[1] ਦੀਨਾ | [1]ਭੇਟਾ। |
| ਸੁਭਗ[1] ਅਲੌਕਿਕ[2] ਆਨਾ। | [1]ਸੁਹਣਾ। [2]ਅਚਰਜ। |
| ਦੀਨਾ ਨਾਥ! ਕਬਹੁ ਯਹਿ ਗਾਥਾ | |
| ਭਯੋ ਜਿ ਅੰਤਰਧਜਾਨਾ[1]। | [1]ਲੋਪ ਹੋ ਗਿਆ। |
| ਸ਼ਕਤਿ ਵਾਨ ਪਿਖ ਬਿਸਮੈ ਮੁਝ ਮਨ' | |
| ਸੁਨਿ ਸ਼੍ਰੀ ਗੁਰੂ ਬਖਾਨਾ ॥੪੦॥ | |
| 'ਹੁਤੋ ਸੰਤ ਗੰਧਰਬਨ ਮਾਂਹੀ[1] | [1]ਦੇਵਤਿਆਂ ਦੇ ਰਾਗੀਆਂ ਵਿਚੋਂ। |
| ਜਿਹ ਹਰਿ ਕੀਰਤਿ ਪਜਾਰੀ। | |

ਨਿਸ ਦਿਨ ਰਹਿਤਿ ਪ੍ਰੇਮ ਰੰਗ ਰਾਤਾ
ਇਹ ਰਬਾਬ ਕਰ ਧਾਰੀ[1]। — [1]ਹਥ ਵਿਚ ਲੈਕੇ।
ਚਿਰੰਕਾਲ ਕੀ ਚਾਹਿ ਹੁਤੀ ਮਨ
ਬਾਦਿਤ ਦੇਨਿ ਰਸਾਲਾ[1]। — [1]ਇਸ) ਸੁੰਦਰ ਵਾਜੇ ਦੇ ਸਾਨੂੰ ਦੇਣ ਦੀ (ਉਸਨੂੰ)।
ਸੋ ਅਬ ਦਯੋ, ਬਜਾਵਹੁ ਲੇ ਕਰਿ
ਬਿਲਮ ਨ ਕਰਿ ਦਰਹਾਲਾ[1]' ॥੪੧॥ — [1]ਛੇਤੀ (ਵਜਾਓ)।
ਆਇਸੁ ਮਾਨ ਲਯੋ ਮਰਦਾਨੇ
ਕਰਨ ਲਗਯੋ ਤਬ ਸੁਰ ਕੋ।
ਸ਼੍ਰੀ ਗੁਰੁ ਭਨਯੋ 'ਬਨਹਿ ਸੁਰ ਆਪੇ[†] — [†]ਪਾ:-ਆਛੇ।
ਵਾਵਹੁ[1] ਬਿਲਮ ਨ ਕਰਿ ਕੋ।' — [1]ਵਜਾਵਹੁ।
ਸੁਨਤਿ ਵਜਾਯੋ ਤਿੰਹ ਤਤਕਾਲਾ
ਸੁਰ ਬਨਿਗਾ[1] ਤਬ ਆਪੇ। — [1]ਸੁਰ ਹੋ ਗਿਆ।
ਐਸੀ ਬਾਤ ਨ ਅਚਰਜ ਤਾਂ ਕੋ
ਜਾਂਹਿ ਸੁਰਾਸੁਰ ਥਾਪੇ[1] ॥੪੨॥ — [1]ਦੇਵਤੇ ਤੇ ਦੈਂਤ ਜਿਸਨੇ ਥਾਪੇ ਹਨ, ਭਾਵ ਗੁਰੂ ਜੀ ਨੂੰ। (ਅ) ਸੂਰ-ਅਸੂਰ। ਸੂਰ ਰਾਗ ਦੀਆਂ ਮਿਠੀਆਂ ਸੁਰਾਂ। ਅਸੂਰ ਬਿਜਲੀ ਆਦ ਦੀਆਂ ਘੋਰ ਸੁਰਾਂ, ਅਵਾਦਾਂ।

ਭਈ ਅਵਾਜ 'ਤੁਹੀ ਨਿਰੰਕਾਰਾ
ਨਿਰੰਕਾਰ ਕਰਤਾਰਾ!'

{ਮਰਦਾਨੇ ਦੀ ਰਬਾਬ}

ਤਿਹ ਪੀਛੇ ਸ਼੍ਰੀ ਨਾਨਕ ਬਿਨਤੀ
ਹੋਵਹਿ ਤਾਰ ਮਝਾਰਾ[1]। — [1]ਵਿਚ।
ਭਏ ਪ੍ਰੇਮ ਮੈਂ ਪਸੁ ਪੰਛੀ ਸਭਿ
ਮੋਹੇ ਮਨ ਉਦਿਆਨਾ[1]। — [1]ਬਨ ਦੇ ਪਸ਼ੂ ਪੰਛੀ।

{ਰਬਾਬ ਸੁਣ ਕੇ ਪਸੁ-ਪੰਛੀ ਮੋਹੇ ਜਾਣੇ}

ਤਰੁਵਰ[1] ਤੇ ਰਸ ਨਿਚੁਰਨ[2] ਲਾਗਯੋ — [1]ਦਰਖਤਾਂ ਤੋਂ। [2]ਚੋਵਨ।
ਵਿਸਰਾ ਸਭਿਨਿ[1] ਅਪਾਨਾ[2] ॥੪੩॥ — [1]ਸਭ ਨੂੰ। [2]ਆਪਾ।
ਸੁਨਿ ਸੁਨਿ ਸ਼੍ਰੀ ਨਾਨਕ ਮਨ ਭਾਈ
ਲਗੀ ਸਮਾਧਿ ਅਖੰਡਾ।

{ਰਬਾਬ ਸੁਣ ਕੇ ਗੁਰੂ ਜੀ ਦੀ ਸਮਾਧੀ ਲੱਗਣੀ}

ਪਲਕ ਜੁਟੀ[1] ਜੁਗ[2] ਭਏ ਬਿਦੇਹਾ — [1]ਪਲਕਾਂ ਜੁੜੀਆਂ। [2]ਦੋਵੇਂ।
ਸ੍ਵਾਸ ਦਸਮ ਦਰ ਮੰਡਾ[1]। — [1]ਟਿਕ ਗਏ।
ਹੋ ਅਛੋਭ ਛੋਰਹਿਂ ਨਹਿਂ ਤਿਹ ਣ ਕੋ

ਬੀਤਿ ਗਏ ਦਿਨ ਦੋਊ।
ਪਦਮਾਸਨ[1] ਬੈਸੇ ਅਸ ਸੋਹਤਿ
ਜਿਵ ਸ਼ਿਵ ਕਲਮਲ ਖੋਊ[1] ॥੪੪॥

[1]ਦੇਖੋ ਪ੍ਰਸੰਗ ਖਰਾ ਸੌਦਾ ਪੰਨਾ ੨੩੪ [3]ਦੀ ਟੂਕ।

[1]ਕਲਜਾਨ ਸਰੂਪ, (ਅ) ਸ਼ਿਵ ਜੀ (ੲ) ਕਲਜਾਨ ਮੁਕਤੀ। ਮਾਨੋਂ ਪਾਪਾਂ ਦੇ ਖੈ ਕਰਨ ਵਾਲੀ ਮੁਕਤੀ ਆਪ ਸਮਾਧੀ ਲਾਈ ਬੈਠੀ ਹੈ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਬਾਬ ਲਜਾਵਨ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋਂ ਧਯਾਇ ॥੩੫॥

## ੩੬. [ਗੁਰ ਚਰਨ ਮੰਗਲ। ਮਰਦਾਨੇ ਦੀ ਭੁਖ। ਬੇਬੇ ਜੀ ਪਾਸੋਂ ਵਿਦਾ]

੩੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੭

{ਬੇਬੇ ਨਾਨਕੀ ਨਾਲ ਬਚਨ ਬਿਲਾਸ} ॥੪੦॥

ਦੋਹਰਾ:

ਸ੍ਰੀ ਸਤਿਗੁਰ ਪਾਰਸ ਚਰਨ, ਮਨ ਮਨੂਰ ਮਮ ਭੇਟ।

ਮਨੂਰ=ਮਿੱਟੀ ਵਾਂਗੂ ਮਰ ਚੁਕਾ, ਪਰ ਖਿੰਘਰ ਹੋ ਚੁਕਾ ਲੋਹਾ। ਲੋਹੇ ਦੀ ਮੈਲ। ਭੇਟ=ਮਿਲਾਪ, ਛੁਹ ਪ੍ਰਾਪਤ ਹੋਵੇਗੀ। ਫੇਟ=ਘੇਰ, ਘੇਰਾ, ਫਾਹੀ, ਚੋਟ।

ਕੰਚਨ ਸੋ ਹੋਵਹਿ ਜਬਹਿ, ਲਗਹਿ ਨ ਜਮ ਕੀ ਫੇਟ ॥੧॥

ਅਰਥ:

ਮੇਰੇ ਮਨੂਰ (ਹੋ ਚੁਕੇ) ਮਨ ਨੂੰ ਜਦੋਂ ਸ੍ਰੀ ਸਤਿਗੁਰੂ ਜੀ ਦੇ ਪਾਰਸ (ਰੂਪੀ) ਚਰਨਾਂ ਦੀ ਛੁਹ ਪ੍ਰਾਪਤ ਹੋਵੇਗੀ, (ਤਦੋਂ) ਉਹ ਸੋਨੇ ਵਾਂਙੂੰ (ਸ਼ੁਧ) ਹੋ ਜਾਵੇਗਾ (ਤੇ ਫੇਰ ਉਸਨੂੰ) ਜਮ ਦੀ ਫੇਟ ਨਹੀਂ ਲਗੇਗੀ।

ਦੁਵੈਯਾ ਛੰਦ:

ਲਗੀ ਸਮਾਧਿ ਬਿਤੇ ਦਿਨ ਦੋਊ
ਲੋਚਨ ਕਮਲ ਨ ਬਿਕਸੇ[1]। — [1]ਨਾ ਖਿੜੇ ਭਾਵ ਨਾਂ ਖੁਲ੍ਹੇ।
ਮਰਦਾਨੇ ਤਨ ਛੁਧਾ[1] ਅਧਿਕ ਭੀ — [1]ਭੁਖ।
ਪ੍ਰਾਨ ਜਾਹਿਂ ਜਿਉਂ ਨਿਕਸੇ।
ਕੋ ਮਾਨਵ ਤਹਿਂ ਦ੍ਰਿਸ਼ਟਿ ਨ ਆਵੈ
ਜਿਹ ਤੇ ਜਾਚਹਿ[1] ਖਾਨਾ[2]। — [1]ਮੰਗੇ। [2]ਭੋਜਨ।
ਹੁਤੋ ਨਿਕਟਿ ਨਿਰਮਲ ਜਲ ਸੀਤਲ
ਤਿਖ ਹ੍ਵੈ ਕਰਹਿ ਸੁ[1] ਪਾਨਾ[2] ॥੨॥ — [1]ਉਹ (ਪਾਣੀ)। [2]ਪੀਵੇ।

ਦੋਹਰਾ:

ਤਜਿ ਕਰਿ ਪ੍ਰਭੁ ਕੋ ਜਾਇ ਨਹਿਂ, ਮਨ
ਮਹਿਂ ਕਰਤਿ ਵਿਚਾਰ।
-ਕਿਹ ਬਿਧਿ ਬੀਤਹਿ[1] ਸੰਗ, ਇਨ — [1]ਨਿਭੇਗਾ।
ਹੋਵਹਿ ਕਸ਼ਟ ਅਪਾਰ ॥੩॥

ਸੋਰਠਾ:

ਅਬ ਕੇ ਦੇਹਿ ਮਝਾਰ, ਆਵਹਿਂ[1] ਮਾਂਗੋ — [1]ਭਾਵ, ਹੋਸ਼ ਆਉਣ ਤੇ।
ਬਿਦਾ ਮੈਂ।
ਜਾਵੋਂ ਅਪਨ ਅਗਾਰ, ਕਠਨ ਰਹਿਨ ਹੈ
ਸੰਗ ਇਨ- ॥੪॥

ਦੁਵੈਯਾ ਛੰਦ:

ਬਹੁਤ ਛੁਧਾ ਮਹਿਂ ਭਯੋ ਬਿਹਾਲਾ

| | |
|---|---|
| ਭੋਜਨ ਹਾਥ ਨ ਆਯੋ। | |
| ਤਜਿ ਨਹਿਂ ਸਕਈ ਦੀਨ ਦਯਾਲਾ | |
| ਬਨੀ ਕਠਨ[1], ਦੁਖ ਪਾਯੋ। | [1]ਔਖੀ ਆ ਬਣੀ। |
| ਅਸਮੰਜਸ[1] ਭੀ[2] ਦੋਨੋਂ ਬਾਤੈਂ | [1]ਘਬਰਾਹਟ, ਕਠਨਾਈ। [2]ਹੋਈ। |
| -ਨਿਕਟਿ ਰਹਿਨ[1] ਪੁਰਿ ਜਾਨਾ[2]-। | [1]ਪਾਸ ਰਹਿਣਾ। [2]ਸ਼ਹਿਰ ਜਾਣਾ। |
| ਕਰਤਿ ਵਿਚਾਰ ਰਾਤਿ ਸਭਿ ਬੀਤੀ | |
| ਭਯੋ ਉਦੇ ਪੁਨਿ ਭਾਨਾ[1] ॥੫॥ | [1]ਸੂਰਜ। |
| ਅੰਬਕ ਅੰਬਜ[1] ਬਿਕਸੇ ਤਿਹ ਛਿਨ | [1]ਕਮਲਾਂ ਵਰਗੇ ਨੇਤ੍ਰਾਂ। |
| ਭਏ ਸੁਚੇਤ ਸਰੀਰਾ। | |
| ਮਰਦਾਨੇ ਕੇ ਉਰ ਕੀ ਲਖਿ ਕਰਿ | |
| ਬੋਲੇ ਵਾਕ ਗੰਭੀਰਾ। | |
| 'ਕਿਹ ਬਿਧਿ ਕੀ ਸੁਧ ਬਦਹੁ[1] ਆਪਨੀ? | [1]ਆਖੋ। |
| ਬਦਨ ਰਹ੍ਯੋ ਮੁਰਝਾਯੋ।' | |
| ਸੁਨਿ ਕਰ ਸ੍ਰੀ ਨਾਨਕ ਕੇ ਬਚਨਾ | |
| ਕਹਿਨ ਲਗੋ ਬਿਕੁਲਾਯੋ[1] ॥੬॥ | [1]ਵਿਆਕੁਲ ਹੋਕੇ। |
| 'ਛੁਧਾ ਪਿਪਾਸਾ[1] ਤੁਮਰੇ ਨਿਵਰੇ | [1]ਤ੍ਰੇਹ। |
| ਤਿਨ ਤੇ ਕਸ਼ਟ ਨ ਕੋਊ। | |
| ਕੈਸੇ ਤੁਮ ਕੋ ਆਨ ਬਿਆਪਹਿਂ | |
| ਰਾਵਰ ਸਿਰਜੇ[1] ਸੋਊ। | [1]ਆਪ ਦੇ ਰਚੇ ਹੋਏ ਹਨ। |
| ਹਮਰਾ ਨਰ ਤਨ, ਤਿਨ ਬਿਨ ਗੁਜ਼ਰ ਨ | |
| ਅਸਨ ਬਸਨ ਨਿਤ ਚਾਹੋਂ। | |
| ਭਯੋ ਛੁਧਾ ਸੋਂ ਅਧਿਕ ਬਿਹਾਲਾ | |
| ਕਿਹ ਤੇ ਪ੍ਰਭੁ ਜੀ ਖਾਹੋਂ? ॥੭॥ | |
| ਤੁਮ ਜੇ ਸੰਗ ਰਖ੍ਯੋ ਨਿਤ ਚਾਹਤਿ | |
| ਦੂਰ ਛੁਧਾ ਕਰਿ ਮੋਰੀ। | |
| ਬਾਸੁਰ[1] ਤੀਨ ਅਸਨ ਬਿਨ ਬੀਤੇ | [1]ਦਿਨ। |
| ਬਿਕਲ[1] ਬਪੁਖ[2], ਬਿਨ ਜੋਰੀ[3]। | [1]ਵਿਆਕੁਲ ਹੋਕੇ। [2]ਸਰੀਰ। [3]ਕਮਜ਼ੋਰ ਹੋ ਗਿਆ ਹੈ। |
| ਕਿਹ ਬਿਧਿ ਹੋਹਿ ਮੋਹਿ ਨਿਰਬਾਹੂ | |
| ਅਸਨ[1] ਅਚਨ[2] ਚਿਤ ਚਾਹਾ[3]। | [1]ਭੋਜਨ। [2]ਖਾਵਣ ਨੂੰ। [3]ਚਿਤ ਚਾਹੁੰਦਾ ਹੈ। |
| ਇਕ ਨਿਰਬਲ ਤਨ, ਦੂਸਰ[1] ਪਦ ਸੋਂ[2] | [1]ਦੂਸਰੇ। [2]ਪੈਰਾਂ ਨਾਲ। |

| | |
|---|---|
| ਸਦਾ ਪੰਥ ਅਵਗਾਹਾ[1]' ॥੯॥ | [1]ਤੁਰਨਾ ਪਏਗਾ। |
| ਦੋਹਰਾ: | [1]ਮੁਖੋਂ। [2]ਕਿਹਾ। |
| ਸ਼੍ਰੀ ਨਾਨਕ ਆਨਨ[1] ਭਨੈ[2], | |
| 'ਸੁਨਿ ਮਰਦਾਨਾ! ਕਾਨ[1]। | [1]ਕੰਨੀ। |
| ਹਮ ਸੰਗ ਐਸੇ ਹੀ ਸਦਾ, | |
| ਰਹਹੁ ਆਪ ਪਰਮਾਨ[1]'॥ | [1]ਪਰਵਾਣ ਹੈ (ਤਾਂ ਰਹੋ)। |
| ਸੋਰਠਾ: | [1]ਜਾਂ। [2]ਦੂਰ ਕਰੋ। |
| 'ਕੈ[1] ਮੁਝ ਛੁਧਾ ਨਸਾਹਿ[2], | |
| ਕੈ[1] ਦੀਜੈ ਮੁਝ ਖਾਨ ਕੋ। | [1]ਜਾਂ। |
| ਤੌ ਹੋਵਹਿ ਨਿਰਬਾਹਿ | |
| ਨਾਤੁਰ[1] ਸੰਗ ਨ ਪੁੱਜਈ[2]' ॥੧੦॥ | [1]ਨਹੀਂ ਤਾਂ। [2]ਸਾਥ ਨਹੀਂ ਪੁੱਜਦਾ। |
| ਦੁਵੈਯਾ ਛੰਦ: | |
| 'ਇਹ ਬਾਤੈਂ ਸਭਿ ਢਿਗ ਕਰਤਾਰਾ | |
| ਕਰਨ ਕਰਾਵੋਨ ਜੋਊ। | |
| ਹਮਰੇ ਸੰਗਿ ਜਾਨਿਯੇ ਅਸ ਬਿਧਿ[1] | [1]ਇਹੋ ਗਲ ਹੈ। |
| ਜਸ ਬਨਿ ਕਾਟਹਿ ਸੋਊ[1]। | [1]ਜੈਸੀ ਆ ਬਣੇ ਤੇਹੀ ਕਟੇ। |
| ਖੁਸ਼ੀ ਹੋਇ ਤੌ ਨਿਕਟਿ ਰਹੀਜੈ | |
| ਨਤੁ[1] ਜਾਵਹੁ ਨਿਜ ਧਾਮਾ।' | [1]ਨਹੀਂ ਤਾਂ। |
| ਸੁਨਿ ਕਰਿ ਮਰਦਾਨਾ ਉਰ | |
| ਭਰਮਜੋ, ਕਰੇ ਯਾਦ ਸੁਤ ਬਾਮਾ[1] ॥੧੧॥ | [1]ਪੁੱਤਰ ਤੇ ਵਹੁਟੀ ਨੂੰ। |
| 'ਜਾਉਂ ਨਿਕੇਤ ਨਿਦੇਸ[1] ਦੇਹੁ ਪ੍ਰਭੁ! | [1]ਆਗਯਾ। |
| ਸੁਧ ਤੁਮਰੀ ਸਭਿ ਦੇਊਂ।' | |
| ਭਯੋ ਤਯਾਰ ਚਲਨ ਕੋ ਘਰ ਜਬ | |
| ਬੋਲੇ ਅਲਖ ਅਭੇਊ[1]। | [1]ਅਲਖ ਤੇ ਅਭੇਵ ਰੂਪ ਗੁਰੂ ਜੀ। |
| 'ਸੁਸਾ[1] ਅਵਾਸ ਰਬਾਬ ਧਰੀਜੈ | [1]ਬੇਬੇ ਜੀ ਦੇ। |
| ਬਹੁਰ ਜਾਹੁ ਮਰਦਾਨਾ!' | |
| ਕਰੁਨਾਨਿਧਿ ਕੇ ਸੁਨਿ ਕੈ ਬਚਨਾ | |
| ਪੁਰਿ ਮਹਿਂ ਕਿਯੋ ਪਿਯਾਨਾ[1] ॥੧੨॥ | [1]ਗਿਆ। |
| ਗਯੋ ਨਿਕੇਤ ਨਾਨਕੀ ਤਬ ਹੀ | |
| ਭੀ ਸਸ਼ੰਕ[1] ਜਬ ਦੇਖਾ। | [1]ਸੰਸੇ ਵਿਚ। |
| ਸੁੰਦਰ ਪੀੜ੍ਹਾ ਦੀਨ ਵਿਛਾਈ | |

| | |
|---|---|
| ਆਦਰ ਕੀਨ ਵਿਸ਼ੇਖਾ। | |
| 'ਬਹੁਤ ਦਿਵਸ ਮਹਿਂ ਹਮ ਘਰ ਆਯੋ | |
| ਕਹਾਂ ਰਹੇ ਮਰਦਾਨਾ? | |
| ਇਹ ਰਬਾਬ ਕੀ ਕੀਮਤਿ ਕਿਤਨੀ | |
| ਜੋ ਅਤਿ ਸੁੰਦਰ ਆਨਾ? ॥੧੩॥ | |
| ਭ੍ਰਾਤਾ ਕੌਨ ਥਾਨ ਅਬਿ ਬੈਸੇ | |
| ਕਮਲ ਬਦਨ[1] ਗਤਿ[2] ਦੈਨਾ[3]?' | [1]ਮੁਖ। [2]ਮੁਕਤੀ। [3]ਦਾਤੇ। |
| ਕਹਿ ਮਰਦਾਨਾ 'ਆਇਸ ਲੇ ਕਰਿ | |
| ਹੌਂ ਜਾਵੋਂ ਨਿਜ ਐਨਾ[1]। | [1]ਘਰ। |
| ਨਿਬਹੈ ਸੰਗਿ ਨ ਤਿਨ ਕੌ ਮੁਝ ਤੇ | |
| ਕਲਾਵਾਨ ਅਵਤਾਰਾ[1]। | [1]ਓਹ ਕਲਾਵਾਨ ਅਵਤਾਰ ਹਨ। |
| ਤਿਨ ਸਮ ਹੋਵੈ ਨਿਕਟਿ ਰਹੈ ਸੋ | |
| ਖਾਇਂ ਨ ਕਬਹੁਂ ਅਹਾਰਾ ॥੧੪॥ | |
| ਧਰਨ ਰਬਾਬ ਸਦਨ[1] ਮੈਂ ਆਯੋ | [1]ਘਰ। |
| ਤੁਮ ਕਹਿ ਦੇਹੁ[1] ਸੰਦੇਸਾ[2]। | [1]ਤੁਸੀਂ ਆਖੋ। [2]ਸਨੇਹਾ (ਪੇਕਿਆਂ ਲਈ)। |
| ਤਲਵੰਡੀ ਮੈਂ ਭਯੋ ਤਯਾਰੀ[1] | [1]ਤਿਆਰ ਹੋ ਰਿਹਾ ਹਾਂ। |
| 'ਕਹਜੋ ਬਚਨ ਜਬ ਐਸਾ। | |
| ਸੁਨਤਿ ਨਾਨਕੀ ਨੈਨਨ ਨੀਰੰ | |
| ਬੂੰਦ ਗਿਰਤਿ ਧਰ ਮਾਂਹੀ। | |
| ਧੀਰ[1] ਹਰੀ[2], ਉਰ[3] ਪੀਰ[4] ਗਹੀਰਾ[5] | [1]ਹੌਸਲਾ। [2]ਟੁਟ ਗਿਆ। [3]ਰਿਦਾ। [4]ਪੀੜ ਨਾਲ। [5]ਫੜਿਆ ਗਿਆ (ਅ) ਰਿਦੇ ਵਿਚ ਡੂੰਘੀ (ਪੀੜ) ਪਈ। |
| ਤਜਜੋ ਹਰਖ, ਸੁਖ ਨਾਂਹੀ ॥੧੫॥ | |
| ਤਨ ਸਨੇਹ ਸਾਗਰ ਮਹਿਂ[1] ਮਗਨੰ[2] | [1]ਗੁਰ) ਵਜੂਦ ਦੇ ਪ੍ਰੇਮ ਰੂਪੀ ਸਮੁੰਦਰ ਵਿਚ। [2]ਡੁਬ ਗਈ। |
| ਗਜਾਨ ਕਿਨਾਰ[1] ਨ ਪਾਵੈ। | [1]ਗਜਾਨ ਰੂਪੀ ਕਿਨਾਰਾ। |
| ਨਹਿਂ ਢਿਗ ਨਾਨਕ ਰੂਪ ਜਹਾਜੂ | |
| ਜਿਸ ਅਲੰਬ ਤਰਿ ਜਾਵੈ। | |
| ਦਾਸੀ ਤੁਲਸਾਂ ਬੀਚੀ[1] ਕੇ ਸਮ | [1]ਲਹਿਰਾਂ। |
| ਉਬਰਨ[1] ਧੀਰ ਸੁ ਦੇਈ[2]। | [1]ਤਰ ਪੈਣ ਵਾਸਤੇ। [2]ਧੀਰਜ ਦੇਂਦੀ ਹੈ। |
| ਪੌਂਛਤਿ ਬਦਨੰ[1], ਭਨਤਿ[†] ਦਿਲਾਸਾ[2] | [1]ਮੁਖੜਾ। [2]ਪਿਆਰ ਵਾਕ ਕਹਿੰਦੀ ਹੈ। [†]ਪਾਠ- ਦੇਤ। |
| ਜਤਨ ਅਨੇਕ ਕਰੇਈ ॥੧੬॥ | |

ਰੋਦਨ ਕਰਤਿ ਨ ਨਿਵਰੈ ਕਿਤ ਬਿਧਿ[1] — [1]ਕਿਸੇ ਤਰ੍ਹਾਂ।
ਜੱਦਪਿ[1] ਰਿਦਾ ਗਯਾਨੀ†। — [1]ਭਾਵੇਂ।

†ਸਫਲ ਗਿਆਨ ਉਹੋ ਹੈ ਜਿਸ ਵਿੱਚ ਪ੍ਰੇਮ ਹੈ, ਪ੍ਰੇਮ ਵਿਹੂਣਾ ਗਿਆਨ ਸਫਲ ਨਹੀਂ ਹੈ। ਬੇਬੇ ਜੀ ਦਾ ਗਿਆਨ, ਸਤਿਗੁਰ ਦੇ ਰੱਬੀ ਵਜੂਦ ਦੀ ਪਹਿਚਾਨ, ਪੂਰਨ ਗਯਾਨ ਹੈ ਪਰ ਫੇਰ ਉਨ੍ਹਾਂ ਦੇ ਕੀਰਤਨੀਏ ਦੇ ਟੁਰ ਆਉਣ ਪਰ ਉਨ੍ਹਾਂ ਦੇ ਮਾਨੁਖੀ ਸਰੂਪ ਲਈ ਬਿਰਹਾ, ਗਿਆਨ ਤੇ ਪ੍ਰੇਮ ਦਾ ਸੰਗਮ ਹੈ।

ਸ੍ਰੀ ਨਾਨਕ ਸਨੇਹ[1] ਕੀ ਮਹਿਮਾ — [1]ਪ੍ਰੇਮ।
ਵਿਛੁਰਨ ਤੇ ਬਿਲਖਾਨੀ[1]। — [1]ਘਬਰਾਈ।
ਹੁਤੋ ਜਰਾਮ ਗਯੋ ਕਿਤ ਕਾਜਾ
ਆਵਾ ਤਿਹ ਛਿਨ ਮਾਂਹੀ।
ਬਿਸਮਾਦਯੋ[1] ਰੋਦਤਿ ਪਸ਼ਯੰਤੂ[2] — [1]ਹੈਰਾਨ ਹੋ ਗਿਆ। [2]ਵੇਖ ਕੇ।
ਤੁਲਸਾਂ ਸੋਂ ਬਚ ਪ੍ਰਾਹੀ[1] ॥੧੭॥ — [1]ਕਿਹਾ।
'ਕਹੁ ਕੈਸੇ ਕਜਾ ਭਯੋ ਕੁਕਾਜਾ
ਰੋਦਤਿ ਕਾਲੂ ਤਨਿਯਾ[1]?' — [1]ਕਾਲੂ ਜੀ ਦੀ ਸਪੁਤ੍ਰੀ।
ਤੁਲਸਾਂ ਭਨਤਿ 'ਚਲਯੋ ਮਰਦਾਨਾ
ਏਕਲ ਭ੍ਰਾਤਾ ਗੁਨਿਯਾ[1]। — [1]ਇਕੱਲਾ ਵੀਰ ਜੀ ਨੂੰ ਸਮਝਕੇ।
ਹੋਹਿਂ ਉਦਾਸੁ, ਜਾਹਿਂ ਬਿਦੇਸ਼ਾ
ਬਿਛੁਰਨ ਕੋ ਦੁਖ ਮਾਨਾ।
ਧਰਨ ਰਬਾਬ ਅਬਹਿ ਇਹ ਆਵਾ
ਸੁਨਿ ਕਰਿ ਰੋਦਨ ਠਾਨਾ' ॥੧੮॥
ਭਨਤਿ ਜਰਾਮ 'ਰਹਹਿ ਮਰਦਾਨਾ
ਜਿਸ ਬਿਧਿ, ਕਰਿਯੇ ਸੋਊ।
ਰਾਖਹਿਂ† ਇਹਾਂ, ਨ ਜਾਵਹਿ ਘਰ ਕੋ — †ਪਾ:-ਹਰਖਹਿ।
ਕਿਉਂ ਉਦਾਸ ਉਰ ਹੋਊ।'
[1] 'ਸੁਨਿ ਆਰਜ ਸੁਤ[2]! ਜੇ ਮਰਦਾਨਾ — [1]ਬੇਬੇ ਜੀ ਬੋਲੇ। [2]ਹੇ ਸ੍ਰੇਸ਼ਟ ਦੇ ਸਪੁਤ੍ਰ।
ਰਹੈ ਭ੍ਰਾਤ ਕੇ ਪਾਸੂ।
ਪਰਚੇ ਰਹੈਂ ਦੂਰ ਨਹਿਂ ਜਾਵਹਿਂ
ਨਤੁ[1] ਪੁਨਿ ਹੋਇਂ ਉਦਾਸੁ ॥੧੯॥ — [1]ਨਹੀਂ ਤਾਂ।
ਨਿਕਟਿ ਰਹਤਿ ਆਨਨ ਅਰਬਿੰਦਾ[1] — [1]ਮੁਖ ਕਵਲ।
ਕਬਿ ਕਬਿ ਹੌਂ[1] ਪਸ਼ਯੰਤੂ[2]। — [1]ਮੈਂ। [2]ਵੇਖਦੀ ਹਾਂ।
ਜਾਹਿਂ ਬਿਦੇਸ਼ ਨ ਦੀਸਹਿਂ ਮੋਹੂ[1] — [1]ਮੈਨੂੰ।
ਮਨ ਲਖਿ ਇਉਂ ਬਿਲਖੰਤੂ[1]।' — [1]ਘਬਰਾ ਰਿਹਾ ਹੈ ਮਨ।
ਕਹਿ ਜਰਾਮ 'ਨਾਨਕ ਪਰ ਨਿਸ਼ਚਾ

| | |
|---|---|
| ਉਰ ਥਿਰ ਗਿਰ ਸਰ[1] ਤੇਰੇ। | [1]ਪਹਾੜ ਬਰਬਰ ਥਿਰ ਹੈ। |
| ਭ੍ਰਮ ਬੱਜਰ[1] ਤੇ ਥਰਹਰ ਡੋਲਯੋ | [1]ਇੰਦ੍ਰ ਦਾ ਸ਼ਸਤ੍ਰ ਭਾਲੇ ਵਰਗਾ ਜਿਸ ਤੋਂ ਪਹਾੜ ਡਰਦੇ ਹਨ। |
| ਧੀਰ ਨਸੀ ਇਹ ਬੇਰੇ[1] ॥੨੦॥ | [1]ਇਸ ਵੇਲੇ। |
| ਨਿਤਾਪ੍ਰਤੀ ਮੁਝ ਕੋ ਸਮਝਾਵਤਿ | |
| ਅਬ ਕਿਉਂ ਉਰ ਮਹਿਂ ਭਰਮੀ? | |
| ਸ਼੍ਰੀ ਨਾਨਕ ਅਵਿਲੰਬ ਸਦਾ ਨਿਜ[1]† | [1]ਆਪ ਆਸਰਾ ਰੂਪ ਹਨ (ਉਹਨਾਂ ਨੂੰ ਕੀ ਲੋੜ ਹੈ ਆਸਰੇ ਦੀ।)। †ਪਾ:-ਜਗ। |
| ਲਖਹਿਂ[1] ਸੁ ਤਿਨ ਕੇ ਮਰਮੀ।[2] | [1]ਜਾਣਦੇ ਹਨ। [2]ਭੇਤੀ ਉਨ੍ਹਾਂ ਦੇ। |
| ਪੁਨ ਮਰਦਾਨਾ ਜੈਸੇ ਰਹਿ ਪੁਰਿ | |
| ਤੈਸੇ ਕਰਹੁ ਉਪਾਈ। | |
| ਕੈਸੇ ਰਿਦੈ ਉਦਾਸ ਭਯੋ ਹੈ | |
| ਕਿਉਂ ਤਲਵੰਡੀ ਜਾਈ?' ॥੨੧॥ | |
| ਭਨਤਿ ਨਾਨਕੀ 'ਬੂਝਹੁ ਤਿਹ ਸੋਂ | |
| ਕਿਉਂ ਦਿਲਗੀਰ ਭਯੋ ਹੈ?' | |
| ਕਹਿ ਜਰਾਮ 'ਸੁਨੀਯੇ ਮਰਦਾਨਾ! | |
| ਕਿਉਂ ਤੁਮ ਚਲਨ ਚਹਯੋ ਹੈ? | |
| ਸ਼੍ਰੀ ਨਾਨਕ ਕੋ ਬਹੁ ਹਿਤ[1] ਤੇ ਪਰ | [1]ਪ੍ਰੇਮ। |
| ਕੈਸੇ ਭਈ ਵਿਚਾਰਾ?' | |
| ਰਹੋ ਸੰਗਿ, ਨਾ ਕਰਹੁ ਪਯਾਨਾ | |
| ਚਹੋ ਜੁ ਲਿਹੁ ਨ ਅਵਾਰਾ[1]' ॥੨੨॥ | [1]ਸਾਨੂੰ ਦੇਣ ਵਿੱਚ) ਦੇਰੀ ਨਹੀਂ। |
| [1] 'ਸੁਨਿ ਜਰਾਮ ਤਿਨ ਸੰਗ ਨ ਨਿਬਹੈ | [1]ਮਰਦਾਨਾ ਬੋਲਿਆ। |
| ਕਲਾਵਾਨ ਅਵਤਾਰਾ। | |
| ਲਗੀ ਸਮਾਧਿ ਤੀਨ ਦਿਨ ਬੀਤੇ | |
| ਹਾਥ ਨਾ ਆਇ[1] ਅਹਾਰਾ। | [1]ਮੈਨੂੰ) ਹੱਥ ਨਹੀਂ ਆਯਾ। |
| ਤਿਨ ਕੋ ਭੂਖ ਪਯਾਸ ਨਹਿਂ ਕਬਹੂੰ | |
| ਹੌਂ ਭੋਜਨ ਨਿਤ ਚਾਹੌਂ। | |
| ਨਗਰ ਮੱਧ ਮੁਝ ਨਹੀਂ ਸੰਦੇਹਾ[1] | [1]ਸ਼ਹਿਰ ਵਿਚ ਤਾਂ (ਅੰਨ ਮਿਲ ਜਾਣ ਦਾ) ਮੈਨੂੰ ਸੰਸਾ ਨਹੀਂ (ਅ) ਕਿਸੇ ਨਾਲ ਮੇਰਾ ਸਨੇਹ ਨਹੀਂ। |
| ਕਾਨਨ[1] ਕਹਿਂ ਤੇ ਖਾਹੌਂ?' ॥੨੩॥ | [1]ਬਨ ਵਿਚ। |
| ਮਰਹਰੀ ਛੰਦ: | |
| 'ਸੁਨਿਯੇ ਮਰਦਾਨਾ! ਕਰਿ ਗੁਜਰਾਨਾ | |
| ਜਿਹ ਬਿਧਿ ਹੋਇ ਤੁਮਾਰ। | |

ਰਹੁ ਪੁਰਿ ਸੁਲਤਾਨਾ ਕਰਿ ਘਰ ਖਾਨਾ
ਦੋਨੋ ਕਾਲ[1] ਅਹਾਰ। — [1]ਦੋਨੋਂ ਵੇਲੇ ਘਰ ਖਾਓ ਖਾਣਾ।
ਜੇ ਗਵਨਹੁ ਆਨਾ[1] ਲਿਹੁ ਧਨ ਪਾਨਾ[2] — [1]ਹੋਰਥੇ। [2]ਧਨ ਹੱਥ ਵਿਚ ਲਓ।
ਕਰਿ ਖਰੀਦ ਤਹਿਂ ਖਾਉ।
ਨਾ ਕਰਹੁ ਪਯਾਨਾ, ਰਹੁ ਇਹ ਥਾਨਾ
ਨਾਨਕ ਢਿਗ ਹਰਿਖਾਉ[1]' ॥੨੪॥ — [1]ਖੁਸ਼ ਹੋਕੇ।
ਸੁਨਿ ਕਰਿ ਮਰਦਾਨਾ ਉਰ ਹਰਖਾਨਾ
ਕੀਨੋ ਰਹਿਨ ਵਿਚਾਰ।
ਮੁਖ ਬਚਨ ਬਖਾਨਾ 'ਤੁਮ ਕਹਿ ਮਾਨਾ
ਜਾਉਂ ਨ ਮੈ ਆਗਾਰ[1]।' — [1]ਘਰ।
ਹੋਈ ਪੁਨਿ ਰੈਨਾ, ਰਹਯੋ ਸੁ ਐਨਾ
ਖੁਸ਼ੀ ਨਾਨਕੀ ਭੂਰ।
ਜਿਉਂ ਹੁਇ ਰੁਕ ਗ੍ਰਹ ਨਰ ਜਾਵਹਿ
ਤਿਹ ਟਰਿ[1] — [1]ਜੀਕੁਣ ਹੋਵੇ ਰੋਕ ਗ੍ਰਹਿ ਦੀ (ਕਿਸੇ) ਮਨੁਖ ਨੂੰ ਤੇ ਉਹ ਜਾਵੇ ਟਲ।
ਤਿਉਂ ਉਰ ਪੀਰਾ ਦੂਰ[1] ॥੨੫॥ — [1]ਹਟ ਗਈ।

ਦੁਵੱਯਾ ਛੰਦ:

ਭੋਰ ਭਈ ਮਰਦਾਨਾ ਬੋਲਯੋ
'ਜਾਵੋਂ ਨਾਨਕ ਪਾਸੀ।'
'ਭੋਜਨਿ ਕਰਿ ਤਯਾਰ ਤੁਝ ਦੇਵਹਿਂ
ਖਾਇ ਜਾਹੁ ਛੁਧ[1] ਨਾਸੀ।' — [1]ਭੁਖ।
ਮਾਨ ਬਚਨ ਮੁਖ ਅਚਯੋ ਅਹਾਰਾ
ਗਵਨਨ[1] ਭਯੋ ਤਯਾਰੀ। — [1]ਜਾਣ ਲਈ।
ਗਰ ਕੋ ਚੀਰ ਜਰਾਮ ਦਯੋ ਤਬ
ਪਹਿਰਯੋ ਹਰਖਤਿ ਭਾਰੀ ॥੨੬॥
ਬੀਸ ਰਜਤਪਣ[1] ਦੀਨੇ ਬਹੁਰੋ — [1]ਰੁਪਯੇ।
ਭਨਤਿ ਨਾਨਕੀ ਬੈਨਾ।
'ਸਦਨ ਆਨਿ ਮੁਝ ਦਰਸ਼ਨ ਦੀਜੈ
ਭਨਹੁ[1] ਬਿਨੈ ਗੁਨ ਐਨਾ। — [1]ਆਖੀਂ।
ਅਧਿਕ ਲਾਲਸਾ ਹਿਰਦੇ ਲਖਿ ਕਰਿ
ਦਯਾ ਧਾਰਿ ਘਰ ਆਵੈਂ।
ਜਾਹੁ ਅਬਹਿ ਮਰਦਾਨਾ! ਤਿਨ ਢਿਗ
ਅਨਤ[1] ਥਾਨ ਨਹਿਂ ਜਾਵੈਂ' ॥੨੭॥ — [1]ਹੋਰ।

ਕੰਧੇ ਧਰਿ ਰਬਾਬ ਕੋ ਗਮਨਜੋ
ਸ਼੍ਰੀ ਗੁਰੁ ਢਿਗ ਤਬ ਆਯੋ।
ਬੰਦਨ ਕਰਿ ਬੈਸਜੋ ਗੁਰੁ ਬੋਲੇ
'ਕਿਉਂ ਰਬਾਬ ਪੁਨ ਲਜਾਯੋ?'
ਕਹੈ 'ਗਯੋ ਮੈਂ ਧਰਨ ਜਬੈ
ਤਹਿਂ ਭਗਨੀ ਮਨੁ ਅਨੁਰਾਗਾ[1]। [1]ਪਿਆਰ ਵਿੱਚ ਆ ਗਿਆ।
ਮਮ ਜਾਵਨ ਕੀ ਬਾਤ ਸੁਨੀ
ਤਿਨ ਕੀਨੋ ਵਡ ਬੈਰਾਗਾ ॥੨੮॥
ਆਨਿ ਜਰਾਮ ਭਨੇ ਮੁਖ ਬਚਨਾ
-ਜਬ ਲੌ ਪੁਰਿ ਸੁਲਤਾਨਾ।
ਤਬ ਲੌ ਭੋਜਨ ਖਾਵਹੁ ਹਮ ਘਰ-
ਪੁਨਿ ਦੀ ਖਰਚੀ ਪਾਨਾ[1]। [1]ਖਰਚ ਹੱਥ ਵਿਚ ਦਿੱਤਾ।
ਬੀਸ ਕਾਰਖਿਕ[1], ਗਰ ਕੋ ਅੰਬਰ[2] [1]ਵੀਹ ਰੁਪੱਯੇ। [2]ਜਾਮਾ।
ਦੈ ਕਰਿ ਮੁਝੇ ਪਠਾਯਾ।
ਪੁਨਿ ਭਗਨੀ ਭਨਿ[1] -ਆਨਿ ਸਦਨ ਮੁਝ- [1]ਕਿਹਾ।
ਦਿਹੁ ਦਰਸ਼ਨ ਕਰਿ ਦਾਯਾ' ॥੨੯॥
'ਕਜਾ ਕੀਨੋ ਤੈਂ ਏਹ ਕੁਕਾਮਾ
ਅੰਤਹਿ[1] ਡੂੰਮ ਸੁਭਾਏ। [1]ਓੜਕ ਨੂੰ।
ਆਗੈ ਤਿਨ ਪਾਲਨਿ ਸਿਰੀ ਚੰਦਾ
ਪੁਨਿ ਜਾਚੇ[1] ਤੁਮ ਜਾਏ। [1]ਮੰਗੇ।
ਭਲੋ ਕਾਜ ਕੀਨੋ ਇਹ ਨਾਂਹੀ
ਲਾਲਚ ਕਰਿ ਧਨ ਆਨਾ।
ਜਾਹੁ ਸਪਦ[1] ਮੁਰ[2] ਮੋਰ[3] ਸੁ ਦੀਜੈ [1]ਛੇਤੀ। [2]ਮੁੜਕੇ। [3]ਮੋੜ।
ਨਹਿਂ ਰਾਖਹੁ ਨਿਜ ਪਾਨਾ[1]' ॥੩੦॥ [1]ਆਪਣੇ ਹੱਥ ਵਿੱਚ।
'ਸੁਨਿ ਨਾਨਕ ਜੀ! ਕੂਰ ਨ ਕਹਿਹੌਂ
ਨਹਿਂ ਜਾਚੇ ਮੈਂ ਜਾਏ।
ਦਏ ਆਪ ਤਿਨ ਹਿਤ ਕਰਿ ਹਿਰਦੈ
ਤਬ ਲੇ ਕਰਿ ਹੌਂ ਆਏ।
ਅਬ ਜਿਹ ਬਿਧਿ ਤੁਮ ਬਦਨ ਬਦਹੁਗੇ[1] [1]ਆਖੋਗੇ।
ਤਸ ਬਿਧਿ ਮੈਂ ਅਨੁਸਾਰਾ[1]। [1]ਆਗਜਾ ਵਿੱਚ ਹਾਂ।
ਜਿਉਂ ਤੁਮ ਸੰਗ ਹੋਇ ਨਿਰਬਹਿਵਾ

| | |
|---|---|
| ਤੈਸੇ ਕਰਹੁ ਵਿਚਾਰਾ' ॥੩੧॥ | |
| ਕਹਿ ਸ਼੍ਰੀ ਗੁਰੁ 'ਨਰ ਆਸ† ਨ ਰਖੀਐ | †ਪਾ:-ਕਹਿ ਸ੍ਰੀ ਸਤਿਗੁਰ 'ਆਸ।' |
| ਬਹੁ ਬਿਕਾਰ ਇਸ ਮਾਂਹੀ। | |
| ਤ੍ਰਿਸ਼ਨਾ ਅਧਿਕ ਹੋਇ ਨਹਿਂ ਤ੍ਰਿਪਤੈ | |
| ਬਹੁਰ ਬਹੁਰ ਭਰਮਾਹੀ। | |
| ਏਕ ਜਾਚ[1] ਦੂਜੇ ਢਿਗ[2] ਜਾਵਹਿ | [1]ਮੰਗਕੇ। [2]ਪਾਸ। |
| ਪੁਨਿ ਤੀਸਰਿ ਪਹਿ ਦੀਨਾ[1]। | [1]ਆਜਜ਼ ਹੁੰਦਾ ਹੈ। |
| ਚਤੁਰਥ ਤੇ ਜਾਚਹਿ ਹੁਇ ਆਤੁਰ[1] | [1]ਦੁਖੀ। |
| ਤ੍ਰਿਸ਼ਨਾ ਕੀਨਿ[1] ਅਧੀਨਾ[2] ॥੩੨॥ | [1]ਕਰਦੀ ਹੈ। [2]ਪਰਤੰਤ੍ਰ (ਮੰਗਣਹਾਰ ਨੂੰ)। |
| ਏਕ ਆਸ ਰਾਖਹੁ ਅਬਿਨਾਸ਼ੀ[1] | [1]ਰੱਬ ਦੀ। |
| ਤ੍ਰਿਸ਼ਨਾ ਨਾਸਹਿ ਆਨਾ। | |
| ਜਹਿਂ ਜਹਿਂ ਹੋਇ ਪੁਚਾਵਹਿ ਤਹਿਂ ਤਹਿਂ | |
| ਕੀਟ ਮੱਧ ਪਾਖਾਨਾ[1]। | [1]ਪੱਥਰ ਵਿੱਚ (ਵੱਸਦੇ) ਕੀੜੇ ਨੂੰ ਵੀ। |
| ਉਦਰ[1] ਬਿਖੇ ਪ੍ਰਤਿਪਾਲਹਿ ਜੋਊ | [1]ਪੇਟ। |
| ਜਨਮਤਿ ਦੇਹਿ ਅਹਾਰਾ[1]। | [1]ਦੁੱਧ ਦਾ) ਭੋਜਨ। |
| ਪੂਰਬ ਅਸਥਨ ਮਹਿਂ[1] ਕੁਛ ਨਾਂਹੀ | [1]ਪਹਿਲੇ ਥਣਾਂ ਵਿਚ। |
| ਪੁਨਿ ਪੈ ਪਸਮਤਿ ਧਾਰਾ[1] ॥੩੩॥ | [1]ਦੁੱਧ ਦੀਆਂ ਧਾਰਾਂ ਪਸਮ ਪੈਂਦੀਆਂ ਹਨ। |
| ਇਹ ਬਿਧਿ ਲਖਿ ਕਰਿ ਅਸਥਿਰ ਉਰ ਕਰਿ | |
| ਧਰਿ ਸੰਤੋਖ ਸਦਾਈ। | |
| ਜਲ, ਥਲ, ਗਿਰ[1], ਨਭ[2] ਤਾਂਬਰ[3] ਧਰ[4] ਅਹਿ[5] | [1]ਪਹਾੜ। [2]ਅਕਾਸ਼। [3]ਤਾਮੇ ਦੀ। [4]ਧਰਤੀ ਤੇ। [5]ਸੱਪਾਂ ਨੂੰ। |
| ਜਹਿਂ ਲਗ ਚਰ[1] ਅਚਰਾਈ[2]। | [1]ਤੁਰਨ ਵਾਲੇ। [2]ਜੜ। |
| ਪ੍ਰੌਛ ਪਾਲਨਾ ਕਰਤਿ ਬਿਸਾਲਾ[1] | [1]ਬਹੁਤ। |
| ਕੋਇ ਨ ਬਿਨਾ ਅਹਾਰਾ[1]। | [1]ਭੋਜਨ। |
| ਅਸ ਉਦਾਰ ਕੋ ਤਜਿ ਕਰਿ ਭਰਮਤਿ[1] | [1]ਜੋ ਭਟਕਦਾ ਹੈ। |
| ਤਿਸਨਾ ਦੁਖ ਪਰਵਾਰਾ[1]†' ॥੩੪॥ | [1]ਉਹ ਵੇੜ੍ਹਿਆ ਹੈ ਤ੍ਰਿਸ਼ਨਾਂ ਦੇ ਦੁਖ ਨੇ। †ਪਾ:- ਪਰ ਦ੍ਵਾਰਾ ਪ੍ਰਾਏ ਦੁਆਰੇ। |
| ਸੁਧਾ ਸਨੇ[1] ਜਨੁ[2] ਬੈਨ ਸ਼੍ਰੌਨ ਸੁਨਿ ਮਨ | [1]ਅੰਮ੍ਰਿਤ ਵਰਗੇ। [2]ਮਾਨੋ। |
| ਮਹਿਂ ਆਵ ਸੰਤੋਖਾ। | |
| ਜਨਮ ਜਨਮ ਕੀ ਤ੍ਰਿਸ਼ਨਾ ਦੁਖ ਤੇ | |
| ਦੇਇ ਗਯਾਨ ਬਰ ਪੋਖਾ[1]। | [1]ਚੰਗੀ ਤਰ੍ਹਾਂ ਤ੍ਰਿਪਤ ਕਰ ਦਿੱਤਾ। |

ਬਦਨ ਬਦਤਿ ਮਰਦਾਨਾ 'ਚਲਿਯੇ
ਤੁਮ ਕੋ ਸੁਸ ਹਕਾਰਾ।
ਸੰਗ ਚਲੋਂ ਮੈਂ ਦੇਉਂ ਰਜਤਪਣ
ਅਬ ਭਾ ਰਿਦੈ ਵਿਚਾਰਾ' ॥੩੫॥
'ਕਹਜੋ ਨ ਮੇਟੋਂ[1], ਚਲਿ ਮਰਦਾਨਾ! — [1]ਆਖਿਆ ਨਹੀਂ ਮੋੜਦਾ।
ਸੰਗਿ ਕਾਜ ਹੈ ਤੇਰੇ।'
ਗਏ ਨਗਰ ਮਹਿਂ ਸਦਨਹਿ ਪਹੁੰਚੇ[†] — [†]ਪਾ:-ਸਦਨ ਪ੍ਰਵੇਸ਼ੰ।
ਦਾਸੀ ਤੁਲਸਾਂ ਹੇਰੇ।
ਠਾਂਢੀ[1] ਅਧੋ ਗੁਹਾਰੀ[2] ਤਬ ਹੀ — [1]ਖੜੀ ਸੀ। [2]ਹੇਠੋਂ ਹੀ ਵਾਜ ਕੀਤੀ।
'ਬਧੂ! ਭ੍ਰਾਤ ਜੀ ਆਏ।'
ਹਰਖ ਨਾਨਕੀ ਅੰਗ ਨ ਮੇਵਹਿ
ਕੇਕੀ ਘਨ ਗਰਜਾਏ[1] ॥੩੬॥ — [1]ਜੀਕੂੰ ਮੋਰ ਬੱਦਲਾਂ ਦੇ ਗੱਜਿਆਂ।
ਪਦ ਪੰਕਜ ਪਰ ਧਾਇ ਧਰਜੋ ਸਿਰ
ਧਰਮ ਪੇਲ[1] ਕਰਿ ਤਾਂਹੀ।[2] — [1]ਉਮਰੋਂ ਛੋਟੇ ਅਗੇ ਉਮਰੋਂ ਵਡੇ ਨੇ ਮੱਥਾ ਨਾ ਟੇਕਣਾ, ਇਹ ਮਰਯਾਦਾ ਪੇਲਕੇ ਉਲਟ ਕੇ। [2]ਉਸ ਬੇਬੇ ਨੇ।
ਜੁਗ ਕਰ ਪਰ[1] ਤਿਹ[2] ਸਿਰ ਤਬ ਲੇ ਕਰਿ — [1]ਦੋਂਹ ਹੱਥਾਂ ਪਰ। [2]ਬੇਬੇ ਦਾ।
ਪਰਮ ਪੁਰਖ[1] ਪੁਨਿ ਪ੍ਰਾਹੀ[2]। — [1]ਸਤਿਗੁਰੂ ਜੀ ਨੇ। [2]ਕਿਹਾ।
'ਯਾਂ ਤੇ ਹੌਂ ਤੁਮ ਘਰ ਨਹਿਂ ਆਵੋਂ
ਧਰਤਿ ਚਰਨ ਸਿਰ ਧਾਈ[1]। — [1]ਦੌੜਕੇ।
ਬਹੁਰ[1] ਨ ਮਿਲੋਂ ਆਨ ਕਰਿ ਤੁਮ ਕੋ — [1]ਫੇਰ।
ਹੁਇ ਔਗੁਨ ਅਧਿਕਾਈ' ॥੩੭॥
'ਸੁਨਹੁ ਭ੍ਰਾਤਿ ਜੀ! ਜਿਉਂ ਤੁਮ ਭਾਖਹੁ
ਤਿਉਂ ਆਇਸੁ ਅਨੁਸਾਰਾ।
ਨਿਜ ਦਰਸ਼ਨ ਦੇਵਤਿ ਮੁਝ ਰਹਿਯੇ
ਕਰਹੁ ਨ ਰਿਦੇ ਵਿਸਾਰਾ।
ਨਿਤ ਸਿਮਰਨ ਹੌਂ ਮਨ ਮਹਿਂ ਕਰਿਹੋਂ
ਕਬਿ ਕਬਿ ਆਵਹੁ ਐਨਾ।
ਕਰੁਨਾ ਕਰਤਿ ਰਹੋ ਕਰੁਨਾਕਰ[1]! — [1]ਕ੍ਰਿਪਾ ਦੀ ਖਾਣ।
ਕਮਲਾਨਨ[1]! ਗਤਿ ਦੈਨਾ[2]! ॥੩੮॥ — [1]ਹੇ ਕਮਲ ਮੁਖ ਵਾਲੇ!। [2]ਮੁਕਤੀ ਦਾਤੇ।
[1] 'ਜਬ ਨਿਜ ਮਨ ਮਹਿਂ ਮਿਲਨ — [1]ਗੁਰੂ ਜੀ ਬੋਲੇ।

| | |
|---|---|
| ਲਾਲਸਾ | |
| ਸਿਮਰਹੁ, ਜਸਪਦ[1] ਆਵੋਂ। | [1]ਛੇਤੀ। |
| ਹੋਵੌਂ ਨਿਕਟਿ ਕਿਧੌਂ[1] ਕਿਤ ਦੂਰਾ | [1]ਜਾਂ। |
| ਤਬ ਮੈਂ ਬਿਲਮ[1] ਨ ਲਾਵੋਂ। | [1]ਦੇਰੀ। |
| ਮਰਦਾਨਾ! ਅਬ ਬੇਬੇ ਜੀ ਕੇ | |
| ਦੇਹੁ ਕਾਰਖਿਕ[1] ਜੋਊ।' | [1]ਰੁਪੱਯੇ। |
| ਭਨਤਿ ਨਾਨਕੀ 'ਜਾਚੇ ਨਾਂਹੀ | |
| ਦੀਨ ਆਪ ਹੀ ਸੋਊ' ॥੩੯॥ | |
| 'ਤੂੰ ਭਗਤਨਿ ਹਰਿ ਕੀ ਬਹੁ ਪਜਾਰੀ, | |
| ਕਹ੍ਯੋ ਵਡੇ ਕੋ ਸੁਨਿ[1] ਹੈ। | [1]ਵਡਿਆਂ ਦਾ ਕਿਹਾ (ਰੱਬ) ਸੁਣਦਾ ਹੈ। |
| {ਬੇਬੇ ਨਾਨਕੀ ਨਾਲ ਬਚਨ ਬਿਲਾਸ} | |
| ਕਹਿ ਸੌਂਪੋ ਹਮ ਢਿਗ ਕਰਤਾਰਾ[1] | [1]ਸਾਨੂੰ ਕਰਤਾਰ ਪਾਸ ਕਹਿ ਕੇ ਸੌਂਪ। |
| ਭਲੀ ਬਾਤ ਸਭਿ ਬਨਿ ਹੈ।' | |
| ਭਨਤਿ ਨਾਨਕੀ 'ਜਾਨਤਿ ਹੋਗੇ[1] | [1]ਤੁਸੀਂ ਜਾਣਦੇ ਹੋਵੋਗੇ ਕਿ। |
| ਇਹ ਮੁਝ ਭ੍ਰਾਤਾ ਜਾਨੇ।[1] | [1]ਇਹ ਮੈਨੂੰ ਭਰਾ ਸਮਝਦੀ ਹੈ। |
| ਪਰਮ ਰੂਪ[1] ਪਰਮੇਸ਼ੁਰ ਬਪੁ[2] ਤੁਮ | [1]ਮੈਂ ਤਾਂ ਤੁਹਾਨੂੰ ਪਾਰਬ੍ਰਹਮ ਦਾ ਰੂਪ। [2]ਪਰਮੇਸ਼ੁਰ ਦੇਹ ਧਾਰੀ। |
| ਪੂਰਨ ਪੁਰਖ ਪੁਰਾਨੇ[1]' ॥੪੦॥ | [1]ਅਨਾਦ ਤੇ ਪੂਰਨ ਪੁਰਖ ਤੁਹਾਨੂੰ (ਜਾਣਦੀ ਹਾਂ)। |
| 'ਬਾਰੰਬਾਰ ਕਹਾਉ ਨ ਮੋ ਤੇ | |
| ਸੁਸਾ! ਕਾਰਖਿਕ[1] ਲੀਜੈ[2]। | [1]ਰੁਪੱਯੇ। [2]ਲੈ ਲਓ। |
| ਮਰਦਾਨਾ ਨਿਜ[1] ਬੰਸ ਮਿਰਾਸੀ | [1]ਆਪਣੀ। |
| ਪੁਨ ਆਵਹਿ ਤਬ ਦੀਜੈ। | |
| ਛੂਛਾ ਕਬਹਿ ਨ ਭੇਜਹੁ[1] ਯਾਂ ਕੋ | [1]ਭੇਜਦੇ ਹੋ (ਅ) ਭੇਜਣਾ। |
| ਤੂ ਬੇਦੀਕੁਲ ਤਨਿਯਾ।[1] | [1]ਸਪੁਤ੍ਰੀ ਹੈਂ। |
| ਸਿਰੀਚੰਦ ਨਿਜ[1] ਕੌਛਰ[2] ਪਾਯੋ | [1]ਆਪਣੇ। [2]ਕੁਛੜ। |
| ਤੱਦਪਿ ਦੇਵਨ ਬਨਿਯਾ[1] ॥੪੧॥ | [1]ਤਾਂਭੀ (ਸਾਨੂੰ ਹੀ) ਬਣਦਾ ਹੈ ਦੇਣਾ। (ਅ) ਤੁਹਾਨੂੰ ਦੇਣਾ ਬਣਿਆਂ। |
| ਉਰ ਕਰਿ ਹਰਖ ਰਜਾਇ[1] ਭਨੀਜੈ | [1]ਆਗਯਾ। |
| ਹੇਰੌਂ ਦੇਸ ਬਿਦੇਸਾ[1]। | [1]ਕਿ ਮੈਂ ਫਿਰ ਕੇ ਦੇਸ਼ ਬਿਦੇਸ਼ ਵੇਖਾਂ। |
| ਨਹਿਂ ਚਿੰਤਾ ਚਿਤ ਬੀਚ ਵਿਚਰਿਯੇ | |
| ਧਰਹੁ ਧੀਰ ਧਰ ਜੈਸਾ[1]। | [1]ਧਰਤੀ ਜੇਹਾ ਧੀਰਜ ਧਾਰੋ। |
| ਸਿਮਰਹੁ ਜਬ, ਆਵੋਂ ਤਤਕਾਲਾ[1] | [1]ਉਸ ਵੇਲੇ। |

| | |
|---|---|
| ਕੂਰ ਨ ਜਾਨਹੁ ਬੈਨਾ[1]।’ | [1]ਸੱਚਾ ਜਾਣੋ ਬਚਨ। |
| ਸੁਨਤਿ ਸੋਦਰੀ[1] ਸਹਿਤਿ ਸਨੇਹਾ[2] | [1]ਬੇਬੇ। [2]ਪ੍ਰੇਮ ਨਾਲ। |
| ਸਕਲ ਬਚਨ ਗੁਨ ਐਨਾ[1] ॥੪੨॥ | [1]ਗੁਰੂ ਜੀ ਦੇ ਬਚਨ। |
| [1] ‘ਰਹਤਿ ਇਹਾਂ ਜੇ ਸਦਨ ਨ ਆਵਹੁ | [1]ਸੁਣਕੇ ਬੇਬੇ ਬੋਲੀ। |
| ਤੱਦਪਿ ਭੀ ਧਿਰਵਾਸੁ। | |
| ਹੋਊਂ ਅਧੀਰ ਬਿਦੇਸ਼ ਗਏ ਤੇ | |
| ਸੁਨੋਂ ਨ ਪਿਖਿਹੋਂ[1] ਪਾਸੁ। | [1]ਵੇਖਾਂਗੀ। |
| ਤਜਿ ਕਰਿ ਮੋਹ[1] ਜਾਤ ਹੋ ਹਮਰਾ | [1]ਪਿਆਰ। |
| ਕਿਉਂ ਭਾਵਹਿ ਉਰ ਤੇਰੇ। | |
| ਸਭਿ ਮਨਕੀ ਤੁਮ ਜਾਨ ਬੂਝਕੈ | |
| ਕਿਉਂ ਨਰਹਹੁ ਢਿਗ ਮੇਰੇ’ ॥੪੩॥ | |
| [1] ‘ਚਹਿਯੇ ਮੋਹ ਤਜਨ ਸੁਨਿ ਭਗਨੀ! | [1]ਗੁਰੂ ਜੀ ਬੋਲੇ। |
| ਰਜੁ ਸਨੇਹ[1] ਜੇ ਬੰਧੇ। | [1]ਮੋਹ ਰੂਪੀ ਰੱਸੀ ਨਾਲ। |
| ਨਹਿਂ ਨਿਕੇਤ[1] ਤੇ ਨਿਕਸਨਿ ਪਾਵਹਿ | [1]ਘਰ। |
| ਅਸ਼ਟਜਾਮ[1] ਫਸ ਧੰਧੇ[2]। | [1]ਅਠੇ ਪਹਿਰ। [2]ਫਸੇ ਰਹਿੰਦੇ ਹਨ ਧੰਧਿਆਂ ਵਿਚ। |
| ਧਰਿ ਉਰ ਧੀਰ[1] ਵਿਚਾਰ ਬਿਬੇਕੂ | [1]ਹੌਸਲਾ। |
| ਸਿਮਰਨ[1] ਤੇ ਮੈਂ ਆਵੌਂ। | [1]ਯਾਦ ਕਰਦਿਆਂ ਹੀ। |
| ਦੇਸ਼ ਬਿਦੇਸ਼ ਦੇਖਨੇ ਇੱਛਾ[†] | [†]ਪਾ:-ਦੋਹਦ। |
| ਲੇ ਨਿਦੇਸ਼ ਤੁਮ[1] ਜਾਵੌਂ’ ॥੪੪॥ | [1]ਤੇਰੀ ਆਗਜਾ। |
| ਬਹੁ ਬਿਧਿ ਬਦਤਿ[1] ਬਚਨ, ਦੇ ਧੀਰਾ[2] | [1]ਆਖਕੇ। [2]ਧੀਰਜ। |
| ਦਏ ਕਾਰਖਿਕ ਸੋਊ। | |
| ਲੈਕਰਿ ਬਿਦਾ ਚਲੇ ਦੁਖਭੰਜਨ | |
| ਮਰਦਾਨਾ ਸੰਗ ਦੋਊ[1]। | [1]ਦੋਵੇਂ। |
| ਬਿਰਹਿ ਪੀਰ[1] ਤੇ ਰੋਦਤਿ[2] ਭਗਨੀ | [1]ਵਿਛੋੜੇ ਦੀ ਪੀੜ। [2]ਰੋਂਦੀ ਹੈ। |
| ਰਾਖਨ ਬਸ ਨਹਿਂ ਚਲਿਈ। | |
| ਕਹਤਿ ਸੰਤੋਖ ਸਿੰਘ ਭਾ ਪੂਰਨ ਧਜਾਇ | |
| ਦੂਖ ਦਲ ਮਲਈ[1] ॥੪੫॥ | [1]ਸਭੇ ਦੁਖ ਨਾਸ਼ ਕਰਨ ਵਾਲਾ। |

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ‘ਵਿਦਾ ਹੋਵਨ’ ਪ੍ਰਸੰਗ ਬਰਨਨੰ ਨਾਮ ਛਤੀਸਮੋ ਧਿਆਇ ॥੩੬॥

## ੩੭. [ਕਥਾ ਮੰਗਲ। ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ]

੩੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੮

{ਹਿੰਦਾਲੀਆਂ ਦੀ ਖੁਟਾਈ} ॥੨੧॥

{ਗੁਰੂ ਨਾਨਕ ਮਹਿਮਾ} ॥੫੭॥

{ਸਫੈਦ ਰੰਗ ਦੇ ਦ੍ਰਿਸ਼ਟਾਂਤ} ॥੫੭॥

ਦੋਹਰਾ:

**ਸਾਗਰ ਸ਼੍ਰੀ ਨਾਨਕ ਚਰਿਤ, ਬਾਲਾ ਮੰਦਰ ਰੂਪ।**

ਚਰਿਤ=ਜੀਵਨ ਦੇ ਕੌਤਕ। [ਸੰਸ. ਚਰਿਤ੍ਰ] ਮੰਦਰ=ਮੰਦਰਾਚਲ ਪਰਬਤ ਜਿਸਨੂੰ ਮਧਾਣੀ ਬਣਾ ਕੇ ਸਮੁੰਦਰ ਰਿੜਕਿਆ ਮੰਨਦੇ ਹਨ। [ਸੰਸ. ਮੰਦਰ ਗਿਰ=ਮੰਦਰਾਚਲ ਪਹਾੜ]।

**ਪ੍ਰੇਮ ਸ਼ੇਸ਼ ਨੇਤੀ ਭਏ, ਕੀਨੋ ਮਥਨ ਅਨੂਪ ॥੧॥**

ਸ਼ੇਸ਼=ਸ਼ੇਸ਼ ਨਾਗ। ਮੰਦੇ ਹਨ ਕਿ ਮੰਦਰਾਚਲ ਦੀ ਮਧਾਣੀ ਨੂੰ ਸ਼ੇਸ਼ਨਾਗ ਰੱਸੀ ਦੀ ਥਾਵੇਂ ਪਾ ਕੇ ਸਮੁੰਦਰ ਰਿੜਕਿਆ ਸੀ। ਨੇਤ੍ਰੀ=ਨੇਤ੍ਰਾ। ਓਹ ਰੱਸੀ ਜਿਸ ਨਾਲ ਮਧਾਣੀ ਫੇਰੇ ਲੈਂਦੀ ਹੈ। ਮਥਨ=ਰਿੜਕਨਾ।

ਅਰਥ:

ਸ਼੍ਰੀ (ਗੁਰੂ) ਨਾਨਕ (ਦੇਵ ਜੀ ਦੇ) ਚਰਿੱਤ੍ਰ ਸਮੁੰਦਰ (ਵਤ ਅਸਗਾਹ ਹਨ ਉਸ ਵਿਚ) ਬਾਲਾ ਮੰਦਰਾਚਲ ਪਰਬਤ ਵਾਂਙੂ ਹੈ, (ਮੇਰਾ) ਪ੍ਰੇਮ (ਉਸ ਵਿਚ) ਸ਼ੇਸ਼ ਨਾਗ (ਸਮਾਨ) ਨੇਤ੍ਰਾ ਹੋ ਗਿਆ ਹੈ (ਇਸ ਤਰ੍ਹਾਂ ਦਾ) ਸੁੰਦਰ ਰਿੜਕਨਾ ਮੈਂ ਕੀਤਾ ਹੈ।

ਚੌਪਈ:

[1]ਉਜਲ। [2]ਅੰਮ੍ਰਿਤ ਜੇਹੀ।

**ਕੀਰਤਿ ਨਿਰਮਲ[1] ਸੁਖਦ ਸੁਧਾ ਸੀ[2]।**

**ਸੁਰ ਸਿੱਖਨ[1] ਹਿਤ[2] ਸੁੱਧ[3] ਨਿਕਾਸੀ[4]।** [1]ਦੇਵਤੇ ਰੂਪ ਸਿੱਖਾਂ। [2]ਵਾਸਤੇ। [3]ਪਵਿਤ੍ਰ। [4]ਕੱਢੀ।

**ਨਿਸਚਰ ਸਾਕਤ[1] ਸਮ ਮਤਵਾਰੇ[2]।** [1]ਦੈਤਾਂ ਤੁਲ ਜੋ ਹਨ ਸ਼ਾਕਤ। [2]ਮਦਮਸਤ।

**ਦੇਯ ਨ, ਪੀਯ ਨ, ਬਿਘਨ ਪਸਾਰੇ[1] ॥੨॥** [1]ਫੈਲਾਂਦੇ ਹਨ।

**ਰੂਪ ਮੋਹਨੀ[†] ਅੰਗਦ ਹੋਏ।**

[†]ਕਵਿ ਜੀ ਨੇ ਗੁਰੂ ਅੰਗਦ ਜੀ ਨੂੰ ਏਥੇ ਮੋਹਨੀ ਅਵਤਾਰ ਦਾ ਦ੍ਰਿਸ਼ਟਾਂਤ ਦਿੱਤਾ ਹੈ, ਕਾਇਦਾ ਇਹ ਹੈ ਕਿ ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ, ਸਾਰੇ ਅੰਗ ਨਹੀਂ ਲਏ ਜਾਂਦੇ। ਸੋ ਏਥੇ ਮੁਰਾਦ ਕੇਵਲ ਗੁਰੂ ਅੰਗਦ ਦੇਵ ਜੀ ਦੀ ਮੋਹਤ ਕਰ ਲੈਣ ਵਾਲੀ ਆਤਮ ਸੁੰਦਰਤਾ ਤੋਂ ਹੈ, ਜਿਨ੍ਹਾਂ ਨੇ ਗੁਰੂ ਨਾਨਕ ਇਤਿਹਾਸ (ਸਾਖੀ) ਜਾਣੂੰ ਪੁਰਖਾਂ ਦੇ ਹਿਰਦੇ ਰੂਪੀ ਸਮੁੰਦਰ ਤੋਂ, (ਰਿੜਕ ਕੇ) ਪੁੱਛ ਪੁੱਛ ਕੇ ਕੱਢ ਲੀਤਾ ਸੀ।

**ਸੁਰਾ ਬਿਮੁਖਤਾ[1] ਅਸੁਰ[2] ਬਿਗੋਏ[3]।** [1]ਬੇਮੁਖਤਾਈ ਰੂਪੀ ਸ਼ਬਦ ਨਾਲ। [2]ਦੈਂਤ। [3]ਵਿਚਲ ਗਏ।

**ਸੁਰ ਸਿੱਖਨ ਕੋ[1] ਪਾਨ ਕਰਾਈ।** [1]ਦੇਉਤੇ ਰੂਪੀ ਸਿੱਖਾਂ ਨੂੰ।

**ਸੁਖ ਅਪਵਰਗ[1] ਦੀਨ ਸਮੁਦਾਈ[2] ॥੩॥** [1]ਮੁਕਤੀ ਦਾ ਸੁਖ। [2]ਸਾਰਿਆਂ ਨੂੰ।

**ਭਯੋ ਰਾਹੁ[1] ਹਿੰਦਾਲੇ ਜਾਯਾ[2]।** [1]ਰਾਹੂ। [2]ਇਕ ਹਿੰਦਾਲ ਨਾਮੇ ਸਿਖ ਦਾ ਜਾਯਾ, ਭਾਵ ਉਸਦੀ ਸੰਤਾਨ ਵਿਚੋਂ ਇਕ ਨੇ।

| | |
|---|---|
| ਜਿਨ ਪੁਸਤਕ ਬਿਪਰੀਤ[1] ਬਨਾਯਾ। | [1]ਉਲਟਾ। |
| ਜਸ ਰਾਂਕਸ਼ਸ਼ਿ ਗ੍ਰਸਨਹਿ ਕੀਨਾ[1] | [1]ਗੁਰੂ ਦੇ ਜਸ ਰੂਪ ਪੂਰਨਮਾਸ਼ੀ ਦੇ ਚੰਦ ਨੂੰ ਗ੍ਰਹਣ ਲਾ ਦਿੱਤਾ। |
| ਮੂਰਖ ਮਤਿ ਕਲਿਮਲਨ[1] ਮਲੀਨਾ ॥੪॥ | [1]ਪਾਪਾਂ ਕਰਕੇ। |
| ਦੋਹਰਾ: | [1]ਮਨੋਰਥ ਪੂਰਨ ਕਰਨ ਵਾਲੀ ਕਥਾ। |
| ਕਹਿਤ ਕਥਾ ਕਵਿ ਕਾਮਦਾ[1], | |
| ਗੁਰ ਸਿੱਖਨ ਕੇ ਪਾਸ[1]। | [1]ਗੁਰ ਸਿੱਖਾਂ ਪਾਸ। |
| ਸ਼੍ਰੋਤਨ[1] ਉਰ[2] ਸੰਸਾ ਭਯੋ, | [1]ਨਾਨਕ ਪ੍ਰਕਾਸ਼ ਦੇ ਸ਼੍ਰੋਤਿਆਂ ਦੇ ਮਨ ਵਿਚ, ਜਿਨ੍ਹਾਂ ਅਗੇ ਕਵੀ ਆਪ ਕਥਾ ਕਰ ਰਿਹਾ ਹੈ। [2]ਰਿਦੇ ਵਿਚ। |
| ਜਿਨ ਮਨ ਸੁਨਨਿ ਹੁਲਾਸ[1] ॥੫॥ | [1]ਪ੍ਰੇਮ ਭਰੀ ਚਾਹ। |
| ਚੌਪਈ: | [1]ਸ੍ਰੇਸ਼ਟ। [2]ਜੀਵਨ ਚਰਿੱਤ੍ਰ। |
| 'ਸ੍ਰੀ ਨਾਨਕ ਬਰ[1] ਪਰਮ ਬਿਲਾਸਾ।[2] | |
| ਬਹੁ ਪੋਥੀ ਪਰ ਹੈ ਇਤਿਹਾਸਾ[1]। | [1]ਕਥਾ। |
| ਸੋ ਤੋ ਲਿਖਯੋ ਅਵਰ ਬਿਧਿ ਤਹਿਂਵਾ[1]। | [1]ਓਥੇ। |
| ਤੁਮ ਮੁਖ ਸੋਂ ਅਵਰਹਿ ਬਿਧਿ[1] ਕਹਿਵਾ[2] ॥੬॥ | [1]ਹੋਰ ਤਰ੍ਹਾਂ। [2]ਕਿਹਾ ਹੈ। |
| ਇਹ ਸੰਸਾ ਹਮਰੇ ਉਰ ਆਯੋ। | |
| ਕਿਉਂ ਤੁਮ ਅਨਤਹਿ ਗਤਹਿ[1] ਅਲਾਯੋ[2]? | [1]ਹੋਰ ਤਰ੍ਹਾਂ। [2]ਕਿਹਾ ਹੈ। |
| ਸੋ ਕਹਿ ਕਰ ਸਭਿ ਦੇਹੁ ਮਿਟਾਇ। | |
| ਗੁਰੁ ਪਦ ਨਿਸ਼ਚਾ[1] ਜਿਸ ਤੇ ਆਇ' ॥੭॥ | [1]ਗੁਰ ਚਰਨਾਂ ਦਾ ਸਿਦਕ। |
| ਤਿਨ ਤੇ ਸੁਨਿ ਕਵਿ ਬਚਨ ਬਖਾਨਾ[1]। | [1]ਭਾਵ ਕਵੀ ਸੰਤੋਖ ਸਿੰਘ ਜੀ ਨੇ ਕਿਹਾ। |
| 'ਤੁਮਰੀ ਧੰਨ ਸੁਮਤਿ[1] ਮਤਿਵਾਨਾ[2]! | [1]ਬੁੱਧੀ। [2]ਹੇ ਬੁੱਧੀਵਾਨੋਂ! |
| ਭਲੋ ਸੰਦੇਹ[1] ਆਪ ਮਨ ਠਾਨਾ[2]। | [1]ਸੰਸਾ। [2]ਕੀਤਾ। |
| ਉੱਤਰ ਸੁਨਹੁ ਦੇਯ ਨਿਜ ਕਾਨਾ ॥੮॥ | |
| ਦੋਹਰਾ: | |
| ਪ੍ਰਥਮੇ ਤੁਮ ਸੰਦੇਹ ਕੋ, | |
| ਸਭਿ ਬਿਧਿ ਕਰੌਂ ਬਿਨਾਸ। | |
| ਬਦਨਹਿ ਤੇ ਉਚਰੋਂ ਬਹੁਰ, | |
| ਸ਼੍ਰੀ ਨਾਨਕ ਪਰਕਾਸ਼[†] ॥੯॥ | [†]ਪਾ:-ਇਤਿਹਾਸ। |

ਚੌਪਈ:

ਜਿਹ ਨਰ ਗੁਰੁ ਚਰਨਨ ਮਹਿਂ ਪ੍ਰੀਤਾ।

ਕਹਤਿ ਸੁਨਤਿ ਕੀਰਤਿ ਇਹ ਰੀਤਾ[1]। — [1]ਜਸ ਕਹਿਣ ਸੁਣਨ ਦੀ ਏਹੀ ਰੀਤ ਹੈ।

ਕਰਿ ਸੰਸੈ ਬਿਨ ਸੰਸੇ ਹੋਇ।

ਆਨ ਥਾਨ ਨਹਿਂ ਭਰਮੈ ਸੋਇ[1] ॥੧੦॥ — [1]ਸੰਸਾ ਇਸ ਲਈ ਕਰੇ ਕਿ ਸੰਸਾ ਦੂਰ ਹੋ ਜਾਵੇ, ਉਹ ਭਟਕ ਕੇ ਹੋਰ ਪਾਸੇ ਨਹੀਂ ਜਾਵੇਗਾ।

ਗੁਰੁ ਪਦ ਪੰਕਜ ਨਿਸ਼ਚਾ ਧਰਿਹੀ।

ਆਨਿ ਦੇਵ ਕੀ ਆਸ ਨ ਕਰਿਹੀ।

ਭੂਪਤਿ[1] ਸੇਵਹਿ[2] ਭੂਪਤਿ[3] ਜਾਚਹਿ[4]। — [1]ਜੋ ਰਾਜੇ ਨੂੰ। [2]ਸੇਂਵਦਾ ਹੈ। [3]ਰਾਜੇ ਪਾਸੋਂ। [4]ਮੰਗੇਗਾ।

ਭ੍ਰਿਤ ਜਾਚਕ ਪਰ ਕੈਸੇ ਰਾਚਹਿ[1] ॥੧੧॥ — [1]ਉਹ ਨੌਕਰਾਂ ਦੇ ਮੰਗਤਿਆਂ ਤੇ ਕਿਵੇਂ ਰਚੇਗਾ

ਸੂਰਜ ਹੇਰਿ[1] ਕਮਲ ਬਿਗਸਾਵੈ[2]। — [1]ਵੇਖ। [2]ਖਿੜਦਾ ਹੈ।

ਖਦਜੋਤਹਿ[1] ਤੇ ਕਿਉਂ ਹਰਖਾਵੈ। — [1]ਟਿਟਾਣੇ (ਨੂੰ ਵੇਖ ਕੇ)।

ਚੰਦ ਚਕੋਰ ਚਿਤਵ[1] ਸੁਖ ਪਾਵੈ। — [1]ਵੇਖਕੇ।

ਕਹੁ ਤਾਰਨ[1] ਤੇ ਕਿਉਂ ਤ੍ਰਿਪਤਾਵੈ ॥੧੨॥ — [1]ਤਾਰਿਆਂ ਤੋਂ।

ਦੋਹਰਾ:

ਪੂਰਬ[1] ਪੋਥੀ ਜੋ ਲਿਖੀ, ਸ਼੍ਰੀ ਨਾਨਕ ਇਤਿਹਾਸ। — [1]ਪਹਿਲਾਂ।

ਲਿਖਵਾਈ ਅੰਗਦ ਗੁਰੂ, ਬਾਲੇ ਬਦਨ ਪ੍ਰਕਾਸ਼[1] ॥੧੩॥ — [1]ਮੁਖੋਂ ਪ੍ਰਗਟ ਹੋਈ।

ਚੌਪਈ:

ਜਬ ਬੈਕੁੰਠ ਅੰਗਦ ਗੁਰ ਗਏ।

ਅਮਰਦਾਸ ਗੁਰੁ ਹੋਵਤਿ ਭਏ।

ਬਹੁ ਸਿੱਖਨ ਕੋ ਕੀਨ ਉਧਾਰਾ।

ਦੰਭ ਕੁਮਾਰਗ[1] ਭਵ ਨਿਰਵਾਰਾ[2] ॥੧੪॥ — [1]ਖੋਟਾ ਰਾਹ। [2]ਦੂਰ ਕੀਤਾ।

ਅਮਰਦਾਸ ਗੁਰ ਤੇ ਪਸ਼ਚਾਤਾ।

ਰਾਮਦਾਸ ਭੇ ਭਵ ਬਖ਼ਯਾਤਾ।[1] — [1]ਸੰਸਾਰ ਵਿਚ ਪ੍ਰਗਟ।

ਤਿਨ ਹਦੂਰ ਸਿਖ ਭਯੋ ਹਿੰਦਾਲਾ।

ਤਾਂ ਪਰ ਸ਼੍ਰੀ ਗੁਰੁ ਬਹੁਤ ਕ੍ਰਿਪਾਲਾ

॥੧੫॥

ਟਹਿਲ ਦੇਗ[1] ਕੀ ਅਧਿਕ ਕਰੇਈ। — [1]ਲੰਗਰ।
ਮਨ ਇਸਥਿਰ, ਨਹਿਂ ਡੋਲਨ ਦੇਈ।
ਪੂਰਨ ਸਿੱਖ ਹੋਇ ਸੁਖ ਪਾਯਾ।
ਮਾਨਤਿ ਗੁਰ ਕੀ ਸਦਾ ਰਜਾਯਾ[1] — [1]ਆਗਜਾ।
॥੧੬॥

ਦੋਹਰਾ:

ਟਹਿਲ ਦੇਗ ਕੀ ਕਰਤਿ ਜਹਿਂ[1], — [1]ਕਰਦਾ ਸੀ ਜਿੱਥੇ।
ਤਹਿਂ ਆਏ ਗੁਰ ਸੋਇ।
ਸੋਢਿ ਬੰਸ ਸਵਿਤਾ[1] ਭਏ, — [1]ਦੇ ਸੂਰਜ ਹੋਏ।
ਰਾਮਦਾਸ ਪ੍ਰਭੁ ਜੋਇ[1] ॥੧੭॥ — [1]ਜੋ।

ਚੌਪਈ:

ਹੇਰਿ ਉਠ੍ਯੋ ਗੁਰ ਕੋ ਤਤਕਾਲਾ।
ਪ੍ਰੇਮ ਮਗਨ ਮਹਿਂ ਰਿਦਾ ਬਿਸਾਲਾ।
ਮੰਡਤਿ[1] ਆਟਾ, ਕਰ ਸੋਂ ਲਾਗ੍ਯੋ। — [1]ਗੁੰਨ੍ਹਦਾ ਸੀ।
ਦੇਖਤਿ ਪ੍ਰਭੁ ਕੋ ਟਹਿਲ ਤਯਾਗ੍ਯੋ[1] — [1]ਭਾਵ ਆਟਾ ਗੁੰਨ੍ਹਣਾ ਛੱਡਕੇ।
॥੧੮॥
ਪ੍ਰਿਸ਼ਟਿ ਹਾਥ ਧਰਿ[1] ਬੰਦਨ ਕੀਨੀ[2]। — [1]ਕੰਡ ਤੇ ਹੱਥ ਧਰਕੇ। [2]ਨਮਸਕਾਰ ਕੀਤੀ।
ਲਗੈ ਨ ਮਾਟੀ ਕਰ[1] ਉਰ ਚੀਨੀ। — [1]ਮਿੱਟੀ ਹੱਥਾਂ ਨੂੰ ਨਾ ਲੱਗੇ।
ਤਬ ਤੇ ਬਖਸ਼ ਗੁਰੂ ਕੀ ਭਈ।
ਪ੍ਰਿਸ਼ਟਿ ਹਾਥ[1] ਧਰਿ ਬੰਦਨ ਕਈ — [1]ਪਿੱਠ ਤੇ ਹੱਥ।
॥੧੯॥
ਤਿਹ ਕੀ ਸੰਤਤਿ[1] ਮਹਿਂ ਜੋ ਹੋਇ। — [1]ਸੰਤਾਨ।
ਹਾਥ ਪ੍ਰਿਸ਼ਟਿ ਧਰਿ ਬੰਦਹਿ ਸੋਇ।
ਅਬ ਤਕ ਹੈ ਤਿਨ ਕੇ ਇਹ ਚਾਲੀ।
ਬਖਸ਼ ਕਰੀ ਸ਼੍ਰੀ ਗੁਰੁ ਜਿਹ ਢਾਲੀ[1] — [1]ਜਿਸ ਤਰ੍ਹਾਂ।
॥੨੦॥

ਦੋਹਰਾ:

ਤਿੰਹ ਕੀ ਸੰਤਤਿ ਕੇ ਵਿਖੈ,
ਇਕ ਸਾਕਤ ਭਾ[1] ਨੀਚ। — [1]ਹੋਇਆ ਹੈ।
ਸ਼੍ਰੀ ਨਾਨਕ ਇਤਿਹਾਸ ਜੋ,
ਆਵਾ ਤਿਹ ਕਰ[1] ਬੀਚ ॥੨੧॥ — [1]ਹੱਥ।

ਚੌਪਈ:

ਗੁਰੁ ਅੰਗਦ ਜੀ ਜੋ ਲਿਖਵਾਈ।

ਬਹੁ ਨਹਿਂ ਲਿਖੀ[1], ਰਹੀ ਇਕ ਥਾਈ।
[1]ਬਹੁਤ (ਪੋਥੀਆਂ) ਨਹੀਂ ਸਨ ਲਿਖੀਆਂ ਗਈਆਂ।

ਇਕ ਕਬੀਰ ਬੰਸੀ ਮਿਲਿ ਤਾਂਹੀ।

ਸੋ ਪੋਥੀ ਪਢਿ ਗੁਨ[1] ਮਨ ਮਾਂਹੀ ॥੨੨॥
[1]ਵਿਚਾਰ ਕੇ।

ਕਰਿ ਕੁਕਰਮ[1] ਅਨਸੋਧ[2] ਬਨਾਈ।
[1]ਖੋਟ ਕਮਾਕੇ। [2]ਗਲਤ, ਬਨਾਵਟੀ।

ਅਪਨ ਵਡਿਨ ਕੀ ਕੀਰਤਿ ਪਾਈ।

ਬਚਨ ਅਨੁਚਿਤ[1] ਲਿਖੇ ਸਮੁਦਾਏ।
[1]ਅਯੋਗ।

ਜਿਨਕੇ ਪਢਨ ਸੁਨਨਿ ਅਘ ਪਾਏ[1] ॥੨੩॥
[1]ਪਾਪ ਲਗਦੇ ਹਨ।

ਅਪਨਾ ਵਡਾ ਜਾਨ ਹਿੰਦਾਲੁ।

ਤਿਹ ਕੀ ਕੀਰਤਿ ਲਿਖੀ ਬਿਸਾਲੁ[1]।
[1]ਬੜੀ।

ਸ੍ਰੀ ਨਾਨਕ ਤੇ ਵਡੀ ਬਨਾਇ।

ਮਹਿਮਾ ਲਿਖਤ ਭਯੋ ਬਹੁ ਭਾਇ[1] ॥੨੪॥
[1]ਬਹੁਤ ਤਰ੍ਹਾਂ ਦੀ।

ਦੋਹਰਾ:
[1]ਬਹੁਤ। [2]ਤਰ੍ਹਾਂ।

ਉਕਤਿ ਜੁਗਤਿ ਕਰਿ ਅਨਿਕ[1] ਬਿਧਿ[2],

ਸਾਖੀ ਕਰੀ ਅਸੋਧ[1]।
[1]ਅਸ਼ੁੱਧ ਕਰ ਦਿੱਤੀ।

ਸੁਨਿ ਕਰਿ ਭਰਮੇ ਨਰ ਬਹੁਤ,

ਜਿਨਕੇ ਮਨ ਨਹਿਂ ਬੋਧ[1] ॥੨੫॥
[1]ਵਿਚਾਰਹੀਨ।

ਚੌਪਈ:

ਤਿੰਹ ਸਾਕਤ ਐਸੀ ਉਰ ਧਾਰੀ।

ਜਾਨ ਪਿਤਰ ਨਿਜ[1] ਲਿਖਾ ਸੁਧਾਰੀ[2]।
[1]ਹਿੰਦਾਲ ਨੂੰ ਅਪਣਾ ਪਿਤਾ ਪਿਤਾਮਾ ਜਾਣਕੇ। [2]ਉਸਦੀ ਮਹਿਮਾ) ਬਣਾ ਕੇ ਲਿਖੀ।

-ਗੁਰ ਕੇ ਸਿੱਖ ਹੋਹਿਂ ਅਧਿਕਾਈ[1]।
[1]ਗੁਰੂ ਕੇ ਸਿੱਖ ਬਹੁਤੇ ਹੋਣਗੇ, ਓਹ (ਵਿਚਲਕੇ)।

ਹਮਰੀ ਸੇਵ ਕਰਹਿਂ ਮਨ ਲਾਈ ॥੨੬॥

ਹਮਕੋ ਮਾਨਹਿੰਗੇ ਬਹੁ ਮਾਨਵ[1]-।
[1]ਮਨੁਖ।

ਲਿਖੀ ਅਧਿਕਤਾ[1] ਉਰ ਇਹ ਆਨਵ[2]।
[1]ਵਡਜਾਈ। [2]ਲਿਆਕੇ।

ਪੂਰਬ[1] ਪੋਥੀ ਹੁਤੀ ਜੁ ਸੋਈ।
[1]ਪਹਿਲੀ।

ਦਈ ਬਿਪਾਸਾ ਬੀਚ[1] ਡਬੋਈ[2] ॥੨੭॥
[1]ਬਿਆਸਾ ਨਦੀ ਵਿਚ। [2]ਡੋਬ ਦਿੱਤੀ।

ਪੰਨੇ ਛੇਦੇ[1] ਦਏ ਬਹਾਈ। — [1]ਪਾੜੇ।
ਜੋ ਸ਼੍ਰੀ ਗੁਰ ਅੰਗਦ ਲਿਖਵਾਈ।
ਤਿਹ ਕੋ ਤਾਤਪਰਜ ਸਭਿ ਚੀਨੇ[1]। — [1]ਸਮਝਕੇ
ਅਧਿਕ[1] ਬਚਨ ਅਪਨੇ ਲਿਖਿ ਦੀਨੇ ॥੨੮॥ — [1]ਬਹੁਤੇ।

ਦੋਹਰਾ: — [1]ਹੋਰ ਤਰ੍ਹਾਂ ਦੀ, ਬਨਾਵਟੀ।
ਪੋਥੀ ਲਿਖੀ ਜੁ ਅਨਤਗਤਿ[1],
ਸੁਨਿ ਸ਼੍ਰੋਤਾ ਮਨ ਲਾਇ।
ਤਿੰਹ ਤੇ ਪੋਥੀ ਸਭਿ ਲਿਖੀ,
ਸਾਕਤ ਜੌਨ ਬਨਾਇ[1] ॥੨੯॥ — [1]ਜੋ ਸਾਕਤ ਨੇ ਬਨਾਈ ਸੀ ਉਸ ਤੋਂ ਸਭ ਪੋਥੀਆਂ ਲਿਖੀਆਂ ਗਈਆਂ।

ਚੌਪਈ:
ਜੇ ਹੈਂ ਨਰ ਸਤਿਗੁਰੁ ਸਿਖ ਪੂਰਨ।
ਦੁਰਮਤਿ ਭਰਮ ਭਯੋ ਜਿਨ ਚੂਰਨ[1]। — [1]ਨਾਸ਼।
ਸੇ ਮਹਿਮਾ ਸ਼੍ਰੀ ਨਾਨਕ ਜਾਨਹਿ।
ਜੇ ਨਿਜ ਗੁਰੁ ਕੋ ਭੇਵ[1] ਪਛਾਨਹਿ ॥੩੦॥ — [1]ਭੇਤ ਨੂੰ।
ਨਹਿਂ ਮਾਨਹਿਂ ਦੁਰਮਤਿ ਕਹਿ[1] ਸਾਖੀ। — [1]ਕਬੁਧੀ ਵਾਲਿਆਂ ਦੀ ਕਹੀ ਹੋਈ।
ਜੌਨ[1] ਦਰਸ ਨਾਨਕ ਅਭਿਲਾਖੀ[2]। — [1]ਜੇਹੜੇ ਲੋਕ। [2]ਇਛਾਵਾਨ ਹਨ।
ਜੇ ਮਾਨਹਿਂ[1] ਸਾਕਤ ਕੋ ਕਹਯੋ। — [1]ਜੋ ਮੰਨਣਗੇ।
ਤਿਨਤੇ ਸਿੱਖੀ ਮਾਰਗ ਰਹਯੋ ॥੩੧॥
ਗੁਰੁ ਸ਼ਰਧਾ ਜਿਨ ਕੇ ਉਰ ਹੋਈ।
ਕਹਤਿ ਸੁਨਤਿ ਗੁਰੁ ਸਾਖੀ ਸੋਈ।
ਪੈ ਸਮ[1] ਪੀਵਹਿਂ ਬਿਨ ਤ੍ਰਿਪਤਾਈ। — [1]ਦੁਧ ਵਾਂਙੂ।
ਸੁਖ ਪਾਵਹਿਂ ਆਗੈ, ਇਹ ਥਾਂਈ ॥੩੨॥

ਦੋਹਰਾ: — [1]ਦੁਧ।
ਸ਼੍ਰੀ ਨਾਨਕ ਜਸੁ ਖੀਰ[1] ਸਮ,
ਬਿਦਤ[1] ਦੇਤਿ ਅਹਿਲਾਦ[2]। — [1]ਪ੍ਰਗਟ। [2]ਆਨੰਦ ਦੇਂਦਾ ਹੈ।
ਛੰਦ ਚੌਪਈ ਬੰਦ ਜੋ ਮਿਸ਼ਟ[1], — [1]ਮਿੱਠੇ।
ਸਹਿਤ ਭਾ ਸ੍ਵਾਦ ॥੩੩॥

ਚੌਪਈ: — [1]ਮਾੜੀ ਸਾਖੀ।

ਜੇ ਸਾਕਤ ਕੀ ਕਹੀ ਕੁਸਾਖੀ[1]।
ਖੀਰ ਬੀਚ ਸੋ ਜਾਨਹੁ ਮਾਖੀ।
ਕਾਢਹਿ ਮਾਖੀ ਦੇਖਹਿ ਜੋਊ[1]। — [1]ਜੋ ਦੇਖਕੇ ਮੱਖੀ ਕੱਢ ਦੇਵੇ।
ਪੀਵਹਿ ਪਾਇ ਮਿਸ਼ਟ[1] ਸਿਖ ਸੋਊ ॥੩੪॥ — [1]ਮਿੱਠਾ।
ਦੇਖਿ ਬੂਝ[1] ਮਾਖੀ ਜੋ ਖਾਵੈ। — [1]ਵੇਖ ਭਾਲ ਕੇ।
ਸੂਮ[1] ਹੋਵੈ ਤਨ, ਪੈਨ ਪਚਾਵੈ।[2] — [1]ਖੇਚਲ। [2]ਦੁੱਧ ਨਹੀਂ ਪਚੇਗਾ।
ਕੀਰਤਿ ਨਿਰਮਲ ਜੋ ਉਰ ਧਾਰਹਿ।
ਕਰੀ† ਕੁਸਾਖੀ[1] ਸੋ ਨਿਰਵਾਰਹਿ[2] ॥੩੫॥ — [1]ਜੋ ਕੁਸਾਖੀ ਬਣਾਈ ਗਈ ਹੈ। [2]ਦੂਰ ਕਰੇ। †ਪਾ:-ਕਹੀ।
ਗੁਰਮੁਖ ਸਿਖ ਅੰਬੁਜ[1] ਸੇ ਜੇਈ। — [1]ਕਵਲ।
ਗੁਰ ਕੀਰਤਿ ਰਵਿ[1] ਪ੍ਰੀਤਮ ਤੇਈ।' — [1]ਸੂਰਜ।
ਤਿਨ ਸੋ ਮੈਂ ਇਹ ਬਚਨ ਬਖਾਨੇ।
ਸੁਨਿਕਰਿ ਗੁਰੁ ਮਹਿਮਾ ਜੇ ਮਾਨੇ ॥੩੬॥

ਦੋਹਰਾ:

ਬੇਮੁਖ ਮਨੁਜ[1] ਉਲੂਕ[2] ਜੋ, — [1]ਮਨੁਖ। [2]ਉੱਲੂ।
ਸਾਕਤ ਮਨ ਬਚ ਕਾਇ।[1] — [1]ਮਨ ਬਾਣੀ ਸ਼ਰੀਰ ਕਰਕੇ ਜੋ ਸਾਕਤ ਹਨ।
ਤਿਨ ਕੇ ਸੰਗ ਨ ਬਹਿਸ ਹੌਂ[1], — [1]ਝਗੜਾ ਨਹੀਂ ਕਰਦਾ ਹਾਂ।
ਨਹਿਂ ਕਛੁ ਕਹੌਂ ਅਲਾਇ[1] ॥੩੭॥ — [1]ਬੋਲਕੇ।

ਚੌਪਈ:

ਜੋ ਸਾਕਤਿ ਮਤਿ ਜਗਤ ਕਿ ਮਾਂਹੀ।
ਚਿਤ ਸਮਝਤਿ ਸੁ ਕਦਾਚਿਤ ਨਾਂਹੀ।
ਜੇ ਬਿਧਿ[1] ਆਪ ਆਨਿ ਸਮਝਾਵੈ। — [1]ਬ੍ਰਹਮਾਂ।
ਨਹੀਂ ਦੁਸ਼ਟਤਾ ਉਰ ਤੇ ਜਾਵੈ ॥੩੮॥
ਰਸ ਊਖਹਿ ਕੇ ਲਤਾ[1] ਸੁ ਪਾਲਹਿ[2]। — [1]ਕੌੜੀ ਤੂੰਬੀ ਦੀ ਵੇਲ ਤੋਂ ਭਾਵ ਹੈ। [2]ਕੌੜੀ ਤੂੰਬੀ ਦੀ ਵੇਲ ਨੂੰ ਗੰਨੇ ਦੇ ਰਸ ਨਾਲ ਪਾਲੇ।
ਫਾਣਤ ਸੋਂ ਤਿਹ ਕਰ ਅਲਬਾਲਹਿ।[1] — [1]ਮਿਸਰੀ ਨਾਲ ਉਸਦੀਆਂ ਖੇਲਾਂ ਬਨਾਵੇ।
ਸਿਤਾ ਕੰਧ ਪਰ ਬਧਿ ਹੈ ਸੋਇ[1]। — [1]ਖੰਡ ਦੀ ਕੰਧ ਤੇ ਵਧੇ ਓਹ ਵੇਲ।
ਕਟ ਤੂੰਬੀ ਕਬਿ ਮਧੁਰ ਨ ਹੋਇ[1] ॥੩੯॥ — [1]ਕੌੜੀ ਤੂੰਬੀ ਕਦੇ ਮਿੱਠੀ ਨਹੀਂ ਹੋਊ।

ਦੋਹਰਾ:

ਸ਼੍ਰੀ ਨਾਨਕ ਸਭਿ ਬਿਧਿ ਵਡੇ,
ਕੈਸੇ ਕਰੋਂ ਉਚਾਰ।
ਏਕ ਰੋਮ[1] ਬ੍ਰਹਮੰਡ ਬਹੁ[2], — [1]ਦਿਸਦੇ ਇਕ ਰੋਮ ਵਿਚ। [2]ਬਹੁਤੇ ਹੈਨ।
ਤਿਹ ਲੀਨੋ ਅਵਤਾਰ ॥੪੦॥

ਚੌਪਈ[†]:
ਸਿੱਧ ਨਾਥ ਜੇ ਜਤੀ ਕਹਾਵਹਿਂ।

[†]ਅੰਕ ੩੯ ਤੋਂ ਅੱਗੇ ਦਾ ਭਾਵ ਪੜ੍ਹਕੇ ਕਿਸੇ ਨੂੰ ਸੰਸਾ ਨਹੀਂ ਰਹਿ ਸਕਦਾ ਕਿ ਕਵਿ ਜੀ ਗੁਰ ਨਾਨਕ ਦੇਵ ਜੀ ਨੂੰ ਸਭ ਤੋਂ ਵੱਡਾ ਉੱਚਾ ਸੱਚਾ ਸੂਰਜ ਵੱਤ ਮੰਨਦੇ ਸਨ ਤੇ ਹੋਰ ਕਿਸੇ ਦੇਵੀ ਦੇਵ, ਵਲੀ ਪੀਰ ਨੂੰ ਨਜ਼ਰ ਤਲੇ ਨਹੀਂ ਸਨ ਲਿਆਉਂਦੇ।

ਅਮਰ ਭਏ ਮ੍ਰਿਤ ਤੇ ਨ ਡਰਾਵਹਿਂ।
ਔਰ ਅਚਾਰਜ ਬਹੁ ਮਤ ਕੇਈ।
ਅਨਿਕ ਕਲਪਨਾ ਥਾਪਹਿਂ ਜੇਈ ॥੪੧॥
ਪੀਰਨ ਪੀਰ ਔਲੀਆ ਸਾਰੇ।
ਗਿਨ ਕਰਿ ਕੌਨ ਪਾਇ ਹੈ ਪਾਰੇ।
ਇਨ ਕੋ ਮਾਨ[1] ਤਿਮਰ ਘਨ ਸਾਂਝੂ[2]। — [1]ਇਨ੍ਹਾਂ ਦਾ ਮਾਨ। [2]ਹਨੇਰਾ ਗਾਹੜੀ ਸੰਞਾਂ ਦਾ।
ਅਧਿਕ ਦੰਭਿ ਸੋਂ ਉਡ ਗਨ ਰਾਜੂ[1] ॥੪੨॥ — [1]ਤਾਰਿਆਂ ਦੇ ਰਾਜਾ ਚੰਦ੍ਰਮਾਂ ਸਮਾਨ ਦੰਭੀ ਹੈਨ ਸਾਰੇ।
ਕਲਾ ਬਿਸਾਲਨ ਕੇ ਬਲਿ[1] ਜੇਤੇ। — [1]ਬਹੁਤੀਆਂ ਸ਼ਕਤੀਆਂ ਦੇ ਬਲ ਵਾਲੇ ਤਾਰੇ (ਸਮਝ ਲਓ)।
ਤਾਰੇ ਬ੍ਰਿੰਦਨ ਚਮਕਤਿ ਤੇਤੇ।
ਨਿਸਾ ਘੋਰ[1] ਕਲਿ[2] ਕੀਨਿ ਕੁਚਾਲੇ[3]। — [1]ਐਉਂ) ਘੋਰ ਰਾਤ ਹੈ। [2]ਕਲਿਜੁਗ। [3]ਕੁਰੀਤੀ।
ਤਸਕਰ[1] ਦੰਭੀ[2] ਫਿਰਤਿ ਸੁਖਾਲੇ ॥੪੩॥ — [1]ਚੋਰ। [2]ਪਖੰਡੀ।

ਦੋਹਰਾ:
ਮਤ ਜਿ ਅਨੇਕ ਚਕੋਰ[1] ਗਨ, — [1]ਜੋ ਅਨੇਕ ਮਤ ਮਤਾਂਤ੍ਰ ਹੈਨ ਚਕੋਰ (ਵਤ ਹੈਨ)।
ਹਰਖਤਿ ਮਿਲਾ ਸਮਾਜ।
ਕਲਮਲ[1] ਕੁਮਦ[2] ਪ੍ਰਫੁੱਲਹੀਂ, — [1]ਪਾਪ (ਮਾਨੋਂ ਕਵੀਆਂ ਹਨ)। [2]ਕਵੀਆਂ।
ਤਾਲ ਪਾਇ ਕਲਿਰਾਜ[1] ॥੪੪॥ — [1]ਕਲਜੁਗ ਦਾ ਜੋ ਰਾਜ ਹੈ ਸੋ ਤਲਾਉ ਪਾ ਕੇ।

ਚੌਪਈ:
ਸ਼੍ਰੀ ਨਾਨਕ ਸੂਰਜ ਪਰਕਾਸ਼ੇ।
ਪਾਛਲ ਗਿਨਤੀ ਸਕਲ ਬਿਨਾਸੇ।
ਭਏ ਸੰਤ ਅਰਬਿੰਦ[1] ਸੁਖਾਰੇ। — [1]ਕਵਲ।

ਚਕਵੇ ਸਿੱਖਨ ਕੇ ਦੁਖ ਟਾਰੇ ॥੪੫॥
ਆਤਪ[1] ਭਗਤਿ ਬਿਰਾਜੀ ਜਹਿਂ ਤਹਿਂ। — [1]ਧੁੱਪ।
ਗਜਾਨ ਤੇਜ ਹੈ ਨਿਰਮਲ ਜਿਹ ਮਹਿਂ।
ਐਸੇ ਗੁਰ ਕੇ ਨਿੰਦਕ ਜੇਈ।
ਸਮ ਉਲੂਕ ਦੁਖ ਪਾਵਹਿਂ ਤੇਈ ॥੪੬॥
ਦਿੱਬ ਸਹੰਸਰ ਬਰਖ[1] ਪ੍ਰਮਾਨਾ[2]। — [1]ਦੇਵਤਿਆਂ ਦੇ ਹਜ਼ਾਰ ਵਰ੍ਹੇ। [2]ਤਕ (ਦੇਖੋ ਪੂ: ਅਧਯਾਯ ੬੬ ਅੰਕ ੪੭)।
ਪਾਵਹਿਂ ਨਰਕ ਮਹਾਂ ਦੁਖ ਖਾਨਾ।
ਤ੍ਰਿਗਦ[1] ਜੋਨਿ ਪੁਨ ਬਾਰੰਬਾਰਾ। — [1]ਟੇਢੀਆਂ (ਸੱਪ ਆਦਿਕ) ਜੋਨੀਆਂ।
ਧਰਿ ਕਰਿ ਪਾਵਹਿਂ ਕਸ਼ਟ ਅਪਾਰਾ ॥੪੭॥

ਦੋਹਰਾ:
ਸ੍ਰੀ ਨਾਨਕ ਉਪਮਾ ਵਡੀ,
ਮੋ ਤੇ ਕਹੀ ਨ ਜਾਇ।
ਜਿਉਂ ਕੀਟੀ ਗਿਰ ਨਹਿਂ ਉਠੇ,
ਕਰਤਿ ਅਨੇਕ ਉਪਾਇ ॥੪੮॥

ਚੌਪਈ:
ਤਿਨ ਕੀ ਸਮ ਨਹਿਂ ਦੀਸਹਿ ਕੋਊ।
ਜਿਹਕੀ ਉਪਮਾ ਦੇਵੋਂ ਸੋਊ।
ਜੋ ਉਪਮੇਯ[1] ਤਾਰਤਮ ਉਪਮਾ[2]। — [1]ਉਪਮਾ ਯੋਗ (ਜੈਸੇ ਸਤਿਗੁਰੂ)। [2]ਵਧ ਘਟ ਉਪਮਾ ਦੇਵੇ। [ਸੰਸ. ਤਾਰਤਮਯ॥।
ਹੁਇ ਹਾਸੀ ਤਿਹ ਕਵਿ ਕੀ ਭਵ ਮਾਂ[1] ॥੪੯॥ — [1]ਸੰਸਾਰ ਵਿਚ।
ਸ੍ਰੀ ਨਾਨਕ ਜੋ ਹਮਰੇ ਸੁਆਮੀ।
ਜੋਸਿ[1] ਸੋਸਿ ਹੈਂ[2] ਅੰਤਰਜਾਮੀ। — [1]ਜੈਸੇ ਉਹ (ਹਨ)। [2]ਤੈਸੇ ਉਹੀ (ਹਨ)।
ਕਹੇ ਵਧੈਂ ਨਹਿਂ ਘਟੈਂ ਘਟਾਏ।
ਜਨਮ ਧਾਰਿ ਜੋ ਗੁਰੂ ਕਹਾਏ ॥੫੦॥
ਬੇਦ ਰਿਚਾ[1] ਜੋ ਸਬਦ ਸੁ ਕੀਨੇ।* — [1]ਸ਼੍ਰੁਤੀਆਂ।

*ਭਾਵ ਜਿਵੇਂ ਕਦੇ ਬੇਦ ਰਿਚਾਂ ਰਚੀਆਂ ਗਈਆਂ ਸਨ, ਤਿਵੇਂ ਗੁਰੂ ਜੀ ਨੇ ਸ਼ਬਦ ਰਚੇ। ਪ੍ਰਸ਼ਨ: ਸੰਸਕ੍ਰਿਤ ਵਿਚ ਕਿਉਂ ਨਾ ਰਚੇ?

ਉੱਤਰ-ਕਲਜੁਗ ਦਾ ਸਮਾਂ ਹੈ, ਬੁੱਧੀਆਂ ਮੰਦ ਪੈ ਰਹੀਆਂ ਹਨ, ਇਸ ਲਈ ਕ੍ਰਿਪਾਲੂ ਸਤਿਗੁਰੂ ਨੇ ਸੁਖੱਲੇ ਕਰਕੇ ਰਚੇ। ਭਾਵ ਬੋਲੀ ਜਾਣ ਵਾਲੀ ਬੋਲੀ ਵਿਚ ਰਚੇ। ਇਥੇ ਮੁਰਾਦ ਵੇਦ ਦੇ ਟੀਕਾ ਕਰਨ ਤੋਂ ਨਹੀਂ, ਪਰੰਤੂ ਵੇਦ ਦੀਆਂ ਰਿਚਾਂ ਦੇ ਰਚੇ ਜਾਣ ਵਾਂਙੂ ਅਨੁਭਵ ਤੋਂ ਹੈ।

ਉਂਞ ਵੇਦ ਪਦ ਸੰਸਕ੍ਰਿਤ ਵਿਚ ਨਿਰੇ 'ਵੇਦ ਪੁਸਤਕਾਂ' ਦੇ ਅਰਥ ਵਿਚ ਹੀ ਨਹੀਂ ਆਇਆ, ਦੇਖੋ ਰਿਗਵੇਦ:-

वेदो ऽसि येन त्वं देव वेद देवे भ्यो वेदों भवसेतन म्डयं वेदों भूय: ३५-15-3

ਹੇ ਸੁਭ ਗੁਣ ਕੇ ਦੇਣੇ ਹਾਰੇ! ਜਗਦੀਸ਼੍ਵਰ (त्वम) ਆਪ (वेद:) ਚਰਾਚਰ ਜਗਤ ਕੇ ਜਾਨਣੇਹਾਰ (श्रप्ति) ਹੈਂ, ਸਭ ਜਗਤ ਕੋ (वेद) ਜਾਨਤੇ ਹੋ, ਤਥਾ ਜਿਸ ਵਿਗਜ਼ਾਨ ਵਾ ਵੇਦ ਸੇ (देवेतम्यो) ਵਿਦਵਾਨੋਂ ਕੇ ਲੀਏ (वेद:) ਪਦਾਰਥੋਂ ਕੇ ਜਾਨਣੇ ਵਾਲੇ। ਇਸੇ ਤਰ੍ਹਾਂ ਹੇਠ ਲਿਖੇ ਮੰਤਰਾਂ ਵਿਚ ਵੇਦ ਦੇ ਅਰਥ ਹੋਰ ਕੀਤੇ ਗਏ ਹਨ:

੧੨-੬੪, ੩੨-੧੦, ੧੭-੨੭, ੨੩-੫੮, ੨੩-੬੦, ੩੧-੧੮, ੩੨-੯, ੪੦-੧, ੪੦-੧੪।

ਲੋਗਨ ਹਿਤ ਦੇਖੇ ਦੁਖਿ ਦੀਨੇ[1]। — [1]ਦੁਖੀ ਦੀਨ ਲੋਗਾਂ ਦਾ ਹਿਤ ਦੇਖ ਕੇ।
ਕਲੀ ਕਾਲ ਮਤਿਮੰਦ[1] ਬਿਸਾਲਾ[2]। — [1]ਦੀਆਂ ਬੁੱਧੀਆਂ ਮੰਦ ਹਨ। [2]ਬਹੁਤ।
ਯਾਤੇ ਕਰੇ ਸੁਖੇਨ ਕ੍ਰਿਪਾਲਾ ॥੫੧॥

ਦੋਹਰਾ:
ਨਿੰਦਕ ਜੇ ਨਿੰਦਾ ਕਰਹਿਂ,
ਕੀਰਤਿ ਛੋਟ ਨ ਹੋਇ।
ਜਿਉਂ ਦੁਰਾਇ ਸਸਿ[1] ਪੱਤ੍ਰ ਸੋਂ, — [1]ਚੰਦ੍ਰਮਾਂ ਨੂੰ।
ਛਾਦਜੋ[1] ਜਾਇ ਨ ਸੋਇ ॥੫੨॥ — [1]ਲੁਕਾਇਆ ਨਹੀਂ।

ਚੌਪਈ:
ਜਿਉਂ ਰਵਿ ਕੋ ਉਲੂਕ[1] ਮੁਖ ਨਿੰਦਹਿ। — [1]ਉੱਲੂ।
ਅੰਧ ਹੋਇ ਨਿਜ ਲੋਚਨ ਮੁੰਦਹਿ।
ਮਾਰਤੰਡ[1] ਘਟ ਹੋਇ ਨ ਜਾਈ। — [1]ਸੂਰਜ।
ਦੀਪਤਿ[1] ਸਭਿ ਲੋਕਨ ਸੁਖਦਾਈ ॥੫੩॥ — [1]ਪ੍ਰਕਾਸ਼ਦਾ ਹੈ।
ਤਿਉਂ ਨਾਨਕ ਕੀਰਤਿ ਪਰਕਾਸ਼ੀ।
ਦਿਪਤਿ ਜਹਾਂ ਤਹਿਂ[1], ਨਿੰਦਕ ਨਾਸ਼ੀ[2]। — [1]ਜਿੱਥੇ ਕਿੱਥੇ। [2]ਨਾਸ਼ ਹੋਏ
ਆਸ਼੍ਰਮ ਬਰਨ ਚਤੁਰ[1] ਬਿਸਤਾਰਾ। — [1]ਚਾਰੇ ਵਰਣ (ਮੁਰਾਦ ਹਿੰਦੂ)।
ਸ੍ਰੀ ਗੁਰ ਕੀਰਤਿ ਕਰਹਿਂ ਉਚਾਰਾ ॥੫੪॥
ਤੁਰਕ ਸਭੈ ਤੁਰਕਨ ਕੇ ਪੀਰੂ[1]। — [1]ਭਾਵ ਅਪਣਾ ਪੀਰ।
ਜਾਨਹਿਂ, ਨਾਨਕ ਗੁਨੀ ਗਹੀਰੂ[1]। — [1]ਜੀ ਨੂੰ ਗੁਣਾਂ ਦਾ ਸਮੁੰਦਰ ਜਾਣਦੇ ਹਨ।
ਕਲਾਵਾਨ ਸਿਧ ਨਾਥ ਜਿ ਜਹਿਂ ਤਹਿਂ।

ਸ਼੍ਰੀ ਗੁਰ ਕੀਰਤਿ ਪੂਰਨ ਸਭਿ ਮਹਿਂ ॥੫੫॥

ਜਹਿਂ ਲੌ ਹੈ ਵਿਸਤ੍ਰਿਤ[1] ਸੁ ਅਵਨੀ[2]। — [1]ਫੈਲੀ ਹੋਈ ਹੈ। [2]ਧਰਤੀ।

ਸਰਬ ਥਾਨ ਮਹਿਂ ਕੀਰਤਿ ਰਵਨੀ[1]। — [1]ਸੁੰਦਰ (ਅ) ਫੈਲੀ ਹੈ।

ਤੋਰੇ[1] ਹੁਤੇ ਮੁਵਾਸ[2] ਮੁਕਾਮਾ। — [1]ਗੁਰੂ ਜੀ ਨੇ) ਤੋੜੇ। [2]ਆਕੀਆਂ ਦੇ।

ਸਭਿ ਊਪਰਿ ਰਾਜਤਿ[1] ਅਭਿਰਾਮਾ[2] ॥੫੬॥ — [1]ਵਿਰਾਜ ਰਹੀ ਹੈ (ਕੀਰਤੀ)। [2]ਸੁੰਦਰ।

**ਕਬਿੱਤ:** — [1]ਕੇਵੜੇ। [2]ਜੇਹੀ।

ਖੁਰਾਸਾਨ ਕਾਬਲ ਕੰਧਾਰ ਹੂੰ ਮੈ ਕੇਵਡਾ[1] ਸੀ[2],

ਮੱਧ ਮੁਲਤਾਨ ਹੂੰ ਕੇ ਮਾਲਤੀ[1] ਸੀ ਫੂਲੀਆ। — [1]ਇਕ ਚਿੱਟਾ ਫੁੱਲ।

{ਸਫੈਦ ਰੰਗ ਦੇ ਦ੍ਰਿਸ਼ਟਾਂਤ}

ਮੱਕੇ ਮੈਂ ਮੰਦਾਰ ਸੀ[1], ਮਦੀਨੇ ਹੈ ਮਯੰਕ[2] ਸਮ — [1]ਕਲਪ ਬ੍ਰਿੱਛ ਜੇਹੀ। [2]ਚੰਦਰਮਾਂ।

ਕੰਬੁ[1] ਜੈਸੀ ਕਾਸ਼ਮੀਰ ਭਲੀ ਭਾਂਤਿ ਝੂਲੀਆ। — [1]ਸੰਖ।

ਪਾਰਦ ਸੀ[1] ਬਗ਼ਦਾਦਿ, ਨਾਰਦ[2] ਸੀ ਭੱਖਰਾਦਿ — [1]ਪਾਰੇ ਵਰਗੀ। [2]ਨਾਰਦ ਦਾ ਰੰਗ ਚਿੱਟਾ ਹੈ।

ਗੰਗਾ ਕੈਸੀ ਧਾਰ ਭਈ ਗੰਗ ਜੂ ਕੇ ਕੂਲੀਆ[1]। — [1]ਗੰਗਾ ਕਿਨਾਰੇ।

ਚੌਰ ਜੈਸੀ ਚਾਰੋਂ ਦਿਸਿ ਸੋਹੇ ਸਭਿ ਸੀਸ ਪਰ

ਸਾਤ ਦੀਪ ਮੱਧ ਮੈਂ ਮਰਾਲ ਪਾਂਤਿ[1] ਭੂਲੀਆ ॥੫੭॥ — [1]ਹੰਸਾਂ ਦੀ ਪੰਕਤੀ (ਵਾਂਗੂ)।

ਅਮਲ ਕਮਲ ਜੈਸੀ ਕਾਂਸ਼ੀ ਮੈਂ ਬਿਰਾਜਮਾਨ

ਸੁਧਾ[1] ਸਮ ਸੁਧਾਸਰ[2], ਦਿੱਲੀ ਦੂਧ[3] ਸੋਹੀਏ। — [1]ਅੰਮ੍ਰਿਤ। [2]ਸ੍ਰੀ ਅੰਮ੍ਰਿਤਸਰ ਵਿਚ। [3]ਦੁੱਧ ਵਰਗੀ।

ਜੌਨ੍ਹ[1] ਜੈਸੀ ਜੋਧਪੁਰ, ਸ਼ੇਸ਼[2] ਸੀ[3] ਸੁਮੇਰੁ ਪਰ — [1]ਚਾਂਦਨੀ। [2]ਸ਼ੇਸ਼ ਨਾਗ। [3]ਜੇਹੀ।

ਚੰਦਨ ਸੀ ਚੀਨ ਔ ਮਚੀਨ ਮਾਂਹਿ

ਜੋਹੀਏ।

[1]ਨਿਪਾਲ ਮੈਂ ਨਿਹੱਕਸੀ[2], ਕਮਾਊ[3] ਮੈਂ ਕਪਾਸ[4] ਸੀ

[1]ਵੇਖੀਦੀ ਹੈ। [2]ਹੀਰੇ ਜੇਹੀ। [3]ਪਹਾੜ ਹੈ (ਅ) ਕਾਮਰੂਪ। [4]ਕੁਪਾਹ।

ਹਿਸਾਰ ਕੋਟ ਹਿਮ[1] ਸੀ[2] ਸੁਖਦ[3] ਅਵਰੋਹੀਏ।

[1]ਬਰਫ। [2]ਜੇਹੀ। [3]ਸੁਖ ਦੇਣੇ ਵਾਲੀ।

[1]ਆਠੋਂ ਦਿਗਪਾਲਨ[2] ਕੇ ਦਸਨ[3] ਪੈ ਜਾਇ ਟਿਕੀ

[1]ਵੇਖੀਦੀ ਹੈ। [2]ਦਿਸ਼ਾਪਾਲ ਹਾਥੀਆਂ। [3]ਦੰਦਾਂ।

ਜਹਾਂ ਤਹਿਂ ਦੇਖੀਏ ਸਭਿਨਿ ਮਨ ਮੋਹੀਏ ॥੫੮॥

ਲਖਨਊ ਸਾਰਦ[1] ਸੀ[2], ਲਵਪੁਰਿ[3] ਵਾਰਿਦ[4] ਸੀ

[1]ਸਰਸੁਤੀ। [2]ਜੇਹੀ। [3]ਲਾਹੌਰ। [4]ਬੱਦਲ।

ਹਾਜੀਪੁਰਿ ਹੰਸਨੀ ਸੀ, ਰੂਪਾ[1] ਰੂਮ[2] ਜਾਨਿਯੇ।

[1]ਚਾਂਦੀ ਜੇਹੀ। [2]ਰੂਮ ਵਿਚ।

ਕਰਿਕਾ[1] ਐਰਾਕ[2], ਉਡਗਨ ਸੀ[3] ਐਰਾਨ[4] ਰੁਰੀ

[1]ਗੜਾ। [2]ਇਕ ਵਲੈਤ ਰੂਮ ਵਿਚ। [3]ਤਾਰਿਆਂ ਵਰਗੀ। [4]ਈਰਾਨ।

ਫਟਕ[1] ਸੀ ਫਰਕਾਬਾਦ, ਬਿਸਦ[2] ਬਖਾਨਿਯੇ।[3]

[1]ਬਲੌਰ। [2]ਉੱਜਲ। [3]ਕਹੀਦੀ ਹੈ।

ਉਦਧਿ ਬੰਦਰ[1] ਮੱਧ ਉਦਧਿ ਸੀ[2] ਫੈਲ ਰਹੀ

[1]ਸਮੁੰਦਰ ਦੇ ਬੰਦਰਾਂ ਤੇ। [2]ਖੀਰ ਸਮੁੰਦਰ ਵਰਗੀ।

ਕੂਲ[1] ਸੁ ਕਲਿੰਦਰੀ[2] ਕੇ ਕੁੰਦ ਸੀ[3] ਪ੍ਰਮਾਨਿਯੇ।[4]

[1]ਕਿਨਾਰੇ। [2]ਜਮਨਾਂ ਨਦੀ ਦੇ। [3]ਰਵੇਲ (ਮਰਤਬਾਨ) ਵਰਗੀ। [4]ਜਾਣ ਲਵੋ।

ਕੌਡੇ ਸੀ[1] ਕਲਿੰਜਰ[2], ਸਭਿਨਿ ਮੁਖ ਰਦਨ[3] ਸੀ[4]

[1]ਸੁਫੈਦ ਕੌਡੀ ਜੇਹੀ। [2]ਇਕ ਦੇਸ਼ ਦਾ ਨਾਮ। [3]ਸਾਰਿਆਂ ਦੇ ਮੂੰਹ ਵਿਚ ਦੰਦਾਂ (ਵਰਗੀ ਚਿੱਟੀ)। [4]ਜੇਹੀ।

ਨਾਨਕ ਕੀ ਕੀਰਤਿ ਸੰਤੋਖ ਸਿੰਘ ਗਾਨਿਯੇ[1] ॥੫੯॥

[1]ਗਾਈ ਹੈ।

ਦੋਹਰਾ:

ਦਸ ਦਿਸ਼ ਹਿੰਦੂ ਤੁਰਕ ਮਹਿਂ, ਘਰ ਘਰ ਦੇਸ਼ ਬਿਦੇਸ਼।

ਫੁਲਵਾਰੀ ਫੂਲੀ ਜੁਹੀ[1], ਮਲਿਕਾ ਸੁਮਨ ਬਿਸ਼ੇਸ਼[2] ॥੬੦॥

[1]ਚਿਟੇ ਰੰਗ ਦਾ ਇਕ ਨਿੱਕਾ ਚੰਬਾਰ। [2]ਮਾਲਤੀ ਫੁਲ ਤੋਂ ਵੱਧ (ਸੁਹਣੀ)।

ਚੌਪਈ:

[1]ਗੁਰੂ ਜੀ ਨੇ) ਧਾਰਿਆ ਸੀ ਜਨਮ। †ਪਾ:-ਸਮ।

'ਅਵਰ ਨਰਨ ਸਰ† ਜਨਮ ਸੁਧਾਰੇ[1]।'
ਜੋ ਐਸੇ ਕਹਿਂ ਸੋ ਕੂੜਿਆਰੇ।
ਸੋ ਨਾਨਕ ਕੋ ਜਾਨਤਿ ਨਾਹੀ।
ਕੈ[1] ਗੁਰ ਨਿੰਦਕ ਨਿੰਦਾ ਪ੍ਰਾਹੀ[2] ॥੬੧॥

[1]ਜਾਂ। [2]ਆਖਦੇ ਹਨ।

ਜੀਵਤਿ ਦੁਖ ਪਾਵਹਿਂ ਨਰ ਸੋਇ।
ਮੂਏ ਨਰਕ ਪਰਾਪਤਿ ਹੋਇਂ।
ਨਹਿਂ ਜਾਨਹਿਂ ਕਹਿਤੇ ਜੋ ਭੂਲੇ।[1]
ਅਬ ਸੁਨਿ ਸੋ ਹੋਵਹਿਂ ਅਨੁਕੂਲੇ[3]' ॥੬੨॥

[1]ਜੋ (ਮਹਿੰਮਾ) ਜਾਣਦੇ ਨਹੀਂ ਤੇ ਭੁੱਲਕੇ ਕਹਿ ਬੈਠਦੇ ਹਨ ਓਹ ਹੁਣ ਸੁਣਕੇ ਅਨਕੂਲ ਹੋ ਜਾਣਗੇ।

ਦੋਹਰਾ:
ਸੁਨਿ ਸ਼੍ਰੋਤਨ ਸੁਖ ਪਾਇ ਮਨ, ਕੀਨੋ ਬਹੁਰ ਸੰਦੇਹ।
ਵਧੀ ਰਿਦੇ ਮਹਿਂ ਲਾਲਸਾ, ਕਥਾ ਸੁਨਨਿ ਪਰ ਜੇਹ[1] ॥੬੩॥

[1]ਜਿਨ੍ਹਾਂ ਦੀ।

ਚੌਪਈ:
ਅਸ ਬਿਧਿ ਸ਼੍ਰੋਤਨ ਬਚਨ ਉਚਾਰੇ।
'ਸੁਨਹੁ ਕਵੀ ਇਵ ਗ੍ਰੰਥ ਮਝਾਰੇ।
ਤੂੰ ਤਾਂ ਜਨਕ† ਰਾਜ ਅਵਤਾਰਾ।
ਇਹ ਬਿਧਿ ਲਿਖ੍ਯੋ ਵਾਕ ਸੁਖਕਾਰਾ ॥੬੪॥

†ਜਨਕ ਤੋਂ ਮੁਰਾਦ ਇਥੇ ਤੱਤਦਰਸੀ ਮਹਾਤਮਾ, ਜੀਵਨ ਮੁਕਤ ਤੋਂ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਜੀ ਨੇ ਜਨਕ ਦੇ ਅਰਥ ਆਪ ਹੀ ਆਪਣੇ ਮੁਖਾਰਬਿੰਦ ਤੋਂ ਐਉਂ ਉਚਾਰੇ ਹਨ: 'ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥' ਅਰਥਾਤ-ਜਨਕ ਉਹ ਹੈ ਜੋ ਗ੍ਯਾਨਵਾਨ ਅਰ ਬ੍ਰਿਤਿ ਨੂੰ ਤੁਰੀਆ ਪਦ ਵਿਚ ਰਖਦਾ ਹੈ। ਜਨਕ ਸੀਤਾ ਜੀ ਦੇ ਪਿਤਾ ਦਾ ਨਾਮ ਬੀ ਸੀ, ਜੋ ਰਾਜਾ ਅਰ ਗ੍ਯਾਨੀ ਸੀ। ਅਸਲ ਵਿਚ ਜਨਕ ਇਕ ਰਾਜੇ ਦਾ ਨਾਮ ਨਹੀਂ, ਇਹ ਇਕ ਲਕਬ ਸੀ ਜੋ ਮਿਥਲਾ ਦੇ ਰਾਜਿਆਂ ਦੀ ਇਕ ਲੜੀ ਦਾ ਸੀ, ਇਨ੍ਹਾਂ ਵਿਚ ਇਕ ਯਾ ਕਈ ਬ੍ਰਹਮ ਗ੍ਯਾਨੀ ਹੋਏ। ਉਂਞ ਵੀ 'ਜਨਕ ਅਵਤਾਰ' ਕਹਿਣ ਤੋਂ ਮੁਰਾਦ ਕੇਵਲ ਕਿਸੇ ਨੂੰ 'ਰਾਜ ਯੋਗੀ' ਕਹਿਣ ਤੋਂ ਹੁੰਦੀ ਹੈ, ਜਿਵੇਂ 'ਹਾਤਮ ਦਾ ਅਵਤਾਰ' ਕਹਿਣ ਤੋਂ 'ਹਾਤਮ ਦੀ ਜੂਨ ਪਲਟੀ' ਮੁਰਾਦ ਨਹੀਂ ਹੁੰਦੀ, ਪਰ ਇਸ ਦਾ ਅਰਥ ਕੇਵਲ 'ਸਖੀ' ਹੁੰਦਾ ਹੈ। ਕਵੀ ਜੀ ਨੇ ਆਪ ਬੀ ਅੱਗੇ ਅੰਕ ੭੬ ਤੋਂ ੭੮ ਵਿਚ ਇਹੋ ਉੱਤਰ ਦਿੱਤਾ ਹੈ।

ਗੁਰੂ ਗ੍ਰੰਥ ਕੀ ਸਾਖੀ[1] ਪਾਵੈਂ।

[1]ਉਗਾਹੀ।

ਤੌ ਹਮਰੋ ਸੰਦੇਹ ਮਿਟਾਵੈ।
ਜਾਂ ਕੇ ਬਚਨ ਅਮੋਲ ਅਡੋਲਾ।
ਸੁਖਦਾ ਮੰਗਲ ਮੂਲ ਅਤੋਲਾ' ॥੬੫॥
ਸੁਨਿ ਕਰਿ ਕਵੀ ਗ੍ਰੰਥ ਕੀ ਗਾਥਾ।
ਕਰਿ ਉਰ ਹਰਖ ਕਹਤਿ ਤਿਨ ਸਾਥਾ।
'ਧੰਨ ਗਿਰਾ[1], ਮਤਿ ਧੰਨ ਤੁਮਾਰੀ। [1]ਬਾਣੀ।
ਜਾਂ ਤੇ ਮਨ ਮਹਿਂ ਸਮਝ ਉਚਾਰੀ ॥੬੬॥
ਕਹਤਿ ਮਹਿਤ ਕੀ ਮਹਿਤਹਿ ਸਾਖੀ[1]। [1]ਬੜੇ ਪੁਰਖ ਦੀ ਸਾਖੀ ਵਡੇ ਪੁਰਖ ਹੀ ਕਹਿੰਦੇ ਹਨ।
ਨਹੀਂ ਅਲਪ[1] ਤੇ ਜਾਵਹਿ ਭਾਖੀ। [1]ਛੋਟੇ।
ਸ੍ਰੀ ਨਾਨਕ ਇਤਿਹਾਸ ਪੁਨੀਤਾ।
ਗ੍ਰੰਥ ਅਨੁਸਾਰ ਕਥੀ ਮੈਂ ਰੀਤਾ ॥੬੭॥
ਪੁਨ ਗੁਰੁਦਾਸ ਭਯੋ ਜੋ ਭਾਈ।
ਕਛੁਅਕ ਕੀਨਿ ਜਿ[1†] ਗੁਰੁ ਵਡਾਈ। [1]ਜਿਸ ਨੇ। †ਪਾ:-ਕਛੂ ਕੀਨ ਜਿਨ।
ਸ੍ਰੀ ਅਰਜਨ ਕੀ ਰਹਿਤਿ ਹਜੂਰਾ।
ਸਿੱਖੀ ਅਧਿਕ ਪ੍ਰੇਮ ਬ੍ਰਤ ਪੂਰਾ ॥੬੮॥
ਸੁਨਿ ਗੁਰੁ ਅਰਜਨ ਜਿਹ ਕੀ ਬਾਨੀ।
ਬਰ ਦੀਨੋ ਅਸਬਿਧਿ ਗਤਿਦਾਨੀ।
ਪਢਹਿ ਪ੍ਰੇਮ ਕਰਿ ਕੈ ਸਿਖ ਜੋਊ।
ਸਿੱਖੀ ਕੋ ਪ੍ਰਾਪਤਿ ਹ੍ਵੈ ਸੋਊ ॥੬੯॥
ਤਿਹ ਅਨੁਸਾਰ ਕਥੀ ਮੈਂ ਗਾਥਾ।
ਤਿਹ ਕੀ ਸਾਖ ਸੁਨਹੁ ਹਿਤ ਸਾਥਾ।
ਸ੍ਰੀ ਗੁਰੁ ਗੋਬਿੰਦ ਸਿੰਘ ਹਦੂਰੀ।
ਮੰਨੀ ਸਿੰਘ ਭਯੋ[†] ਗਤਿ ਰੂਰੀ[1] ॥੭੦॥ [1]ਸੁੰਦਰ ਗਤੀ ਵਾਲਾ। †ਪਾ:-ਹੋਇਓ।
ਜਿਹ ਸਿਰ ਲੌਂ[1] ਸਿੱਖੀ ਨਿਰਬਾਹੀ। [1]ਸਿਰ ਤਕ।
ਤਿਹ ਅਨੁਸਾਰ ਕਥਾ ਮੈਂ ਪ੍ਰਾਹੀ[1]। [1]ਕਹੀ।
ਪ੍ਰਿਥਮੈ ਸੁਨਹੁ ਗ੍ਰੰਥ ਕੀ ਸਾਖੀ।
ਹਿਰਦੇ ਮਹਿਂ ਸ਼ਰਧਾ ਦ੍ਰਿਢ ਰਾਖੀ[†] ॥੭੧॥ †ਕਵਿ ਜੀ ਦੱਸ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ, ਤੇ ਸਾਖੀ ਭਾਈ ਮਨੀ ਸਿੰਘ ਜੀ ਤੋਂ ਮੈਂ ਇਤਿਹਾਸ ਲੀਤਾ ਹੈ।

[ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਕ]

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰ੍ਯ੍ਹਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੨॥

[ਸਵਈਏ ਮ: ੩ ਕੇ]

................................

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

[ਸਵਈਏ ਮ: ੧ ਕੇ]

ਦੋਹਰਾ:

ਇਤਜਾਦਿਕ ਸ਼੍ਰੀ ਗ੍ਰੰਥ ਮੈ, ਲਿਖੇ ਸਵੱਯੇ ਬ੍ਰਿੰਦ[1]।
ਨਿਰੰਕਾਰ ਆਕਾਰ ਭੇ, ਸ੍ਰੀ ਗੁਰ ਅੰਗਦ ਕੰਦ[1] ॥੭੨॥

ਚੌਪਈ:

ਮੁਹੁਰਮੁਹੁ ਸ੍ਰੀ ਗ੍ਰੰਥਹਿ[1] ਕਹਾ।
ਸੋ ਤੁਮ ਸਾਚ ਕਿ ਝੂਠੋ ਲਹਾ[1]?
ਵਾਕ ਗ੍ਰੰਥ ਕੋ ਸਾਚ ਜੁ ਮਾਨਹਿ।
ਨਾਨਕ ਹਰਿ ਅਵਤਾਰ ਪਛਾਨਹਿ ॥੭੩॥
ਸ਼੍ਰੀ ਅਰਜਨ ਕੇ ਰਹਤਿ ਅਗਾਰੀ।
ਭਯੋ ਗ੍ਰੰਥ ਕੋ ਜੌਨ ਲਿਖਾਰੀ।
ਤਾਂ ਕੀ ਕਹੀ ਸੁਨਹੁ ਅਬ ਸਾਖੀ।
ਸ਼੍ਰੀ ਗੁਰਦਾਸ ਨਾਮ ਜਿਉਂ ਭਾਖੀ ॥੭੪॥

[1]ਬਹੁਤ।

[1]ਭਾਵ ਗੁਰੂ ਜੀ ਨਿਰੰਕਾਰ ਦਾ ਸਰੂਪ ਹੋਏ।

[1]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ।

[1]ਸਮਝਿਆ ਹੈ।

ਭਾਈ ਗੁਰਦਾਸੋ ਵਾਚ ॥

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।

ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ ॥੨੫॥੨੪॥
[ਵਾਰ ੨੪ ਅੰਕ ੨੫]

ਚੌਪਈ:

ਔਰ ਲਿਖਯੋ ਬਹੁਤੇ ਇਸਥਾਨਾ[1]।
ਪਢਿ ਕਰਿ ਗੁਨ[1] ਲੇਵਹੁ ਮਤਿਵਾਨਾ!
ਬਹੁਰ ਜਨਕ ਰਾਜਾ ਅਵਤਾਰਾ।
ਐਸੇ ਲਿਖਿਓ ਗ੍ਰੰਥ ਮਝਾਰਾ ॥੭੫॥
ਸੋ ਉਪਮਾ ਹੈ ਤਿਹ ਕੀ ਦਈ।
ਜੋਗ ਭੋਗ ਦੋਨੋ ਸਮ ਕਿਈ।
ਜਿਉਂ ਗ੍ਰਿਹਸਤਿ ਮਹਿਂ ਜਨਕ ਉਦਾਸੀ।
ਤਿਉਂ ਸ੍ਰੀ ਨਾਨਕ ਭੇ ਸੁਖਰਾਸੀ ॥੭੬॥
ਇਸੀ ਹੇਤ ਤੇ ਦੂਸਰ ਚਰਨਾ।
ਖੋਲ ਅਰਥ ਨੀਕੀ ਬਿਧਿ ਬਰਨਾ।
ਰਹੇ ਜਗਤ ਜਲ ਪਦਮ[1] ਵਿਚਾਰ।
ਯਾਤੇ ਕਰਿ ਲੀਜੈ ਨਿਰਧਾਰ[1] ॥੭੭॥

ਦੋਹਰਾ:

ਅਤਿ ਉਦਾਰ ਇਹ ਨ੍ਰਿਪਤ[1] ਹੈ, ਭਯੋ ਇੰਦ੍ਰ[2] ਅਵਤਾਰ।
ਐਸੇ ਉਪਮਾ ਉਰ ਲਖੋ, ਜਨਕਹਿ ਕੀ ਸੁਖਕਾਰ' ॥੭੮॥
ਸੁਨਿ ਸ਼੍ਰੋਤਾ ਹਰਖਤਿ ਭਏ, ਮਨ ਸੰਦੇਹ ਮਿਟਾਇ।
ਭਯੋ ਧਯਾਇ ਪੂਰਨ ਅਬੇ, ਪਢਤਿ ਸੁਨਤਿ ਸੁਖਦਾਇ ॥੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼੍ਰੋਤਨ ਸੰਦੇਹ ਮਿਟਾਵਨ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋਂ ਧਯਾਇ ॥੩੭॥

[1]ਥਾਈਂ।
[1]ਵਿਚਾਰ।
[1]ਕਵਲ ਪਾਣੀ ਵਿੱਚ ਜਿਵੇਂ।
[1]ਨਿਰਨਾ।
[1]ਰਾਜਾ। [2]ਇੰਦ੍ਰ ਦਾ।

## ੩੮. [ਗੁਰੂ ਨਾਨਕ ਮੰਗਲ। ਭਾ: ਲਾਲੋ ਮਿਲਾਪ]

੩੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੯

{ਭਾਈ ਲਾਲੋ ਮਿਲਾਪ} ॥੭..॥

{ਨੌਂ ਪ੍ਰਕਾਰ ਦੀ ਭਗਤੀ} ॥੧੮.॥

ਸ੍ਰੀ ਬਾਲਾ ਸੰਧੁਰੁ ਵਾਚ ॥

ਤੋਟਕ ਛੰਦ:

ਗੁਰੁ ਨਾਨਕ ਧ੍ਯਾਨ ਸਦਾ ਕਰਿਯੈ ॥
ਭਵ ਬੰਧਨ ਮੈਂ ਪੁਨਿ ਨਾ ਪਰਿਯੈ।
ਸੁਖ ਸਾਗਰ ਰੂਪ ਉਜਾਗਰ ਜੋ।

ਉਜਾਗਰ=ਪ੍ਰਸਿੱਧ। ਪ੍ਰਗਟ।

ਸਭਿ ਜੀਤਨ ਦੰਭਹਿ ਆਗਰ ਜੋ ॥੧॥

ਆਗਰ=ਸ੍ਰੇਸ਼ਟ। (ਅ) ਸਮੂਹ, ਸਾਰੇ, ਖਾਣ, ਖਜਾਨਾ। [ਸੰਸ. ਆਕਰ]

ਦੁਖ ਦਾਰਿਦ ਦੋਖ ਨਿਕੰਦਨ ਹੈ।
ਅਰਬਿੰਦ ਦੁਤੰ ਪਦ ਬੰਦਨ ਹੈ।

ਦੁਤੰ=ਸ਼ੋਭਾ।

ਸੁਖ ਕੰਦ ਮੁਕੰਦ ਗ੍ਯਾਨਘਨੰ।

ਮੁਕੰਦ=ਮੁਕਤੀ ਦੇ ਦਾਤਾ। ਘਨੰ=ਬੱਦਲ।

ਸ਼ਰਨਾਗਤਿ ਕੇ ਅਘ ਓਘ ਹਨੰ ॥੨॥

ਓਘ=ਸਮੂਹ।

ਭਵ ਮੈਂ ਭਵ ਕਾਰਨ ਜਾਂਹਿ ਧਰਾ।

ਭਵ ਮੈ=ਸੰਸਾਰ ਵਿਚ। ਭਵ ਧਰਾ=ਅਵਤਾਰ ਲੀਤਾ।

ਅਬ ਚਾਹਿਤਿ ਤਾਂਹਿ ਸਪੂਰ ਕਰਾ।
ਮਤਿਮੰਦ ਨਿਰੇ ਨਰ ਭੂਰ ਭਰਜੋ।

ਨਿਰੇ=ਨਰਕ। [ਸੰਸ. ਨਿਰਯ=ਨਰਕ] (ਅ) ਕੇਵਲ। ਤੁਕ ਦਾ ਦੂਸਰਾ ਅਰਥ ਇਉਂ ਹੈ:- (ਸੰਸਾਰ ਵਿਚ) ਖੋਟੀ ਮਤ ਵਾਲੇ ਬਹੁਤੇ ਲੋਕ ਹੀ ਨਿਰੇ ਭਰੇ ਪਏ ਹਨ। ਭੂਰ=ਬਹੁਤੇ।

ਪਿਖ ਕੈ ਹਰਿ ਕੀਰਤਿ ਸੇਤ ਕਰਜੋ ॥੩॥

ਸੇਤ=ਪੁਲ।

ਤਿਹ ਊਪਰ ਪਾਰ ਪਰੇ ਨਰ ਸੋ।
ਪਦ ਪੰਕਜ ਸੇਵਤਿ ਜੋ ਉਰ ਸੋਂ।
ਗੁਰੁ ਰੂਪ ਬਿਖੈ ਨਿਤ ਧ੍ਯਾਨ ਧਰੈਂ।
ਨਿਰਸੰਸ ਭਏ ਜਮ ਤੇ ਨ ਡਰੈਂ ॥੪॥

ਅਰਥ:

(ਉਸ ਸ੍ਰੀ) ਗੁਰੂ ਨਾਨਕ (ਜੀ ਦਾ) ਧ੍ਯਾਨ ਸਦਾ ਕਰੀਏ ਜੋ ਪ੍ਰਸਿੱਧ ਸੁੱਖਾਂ ਦਾ ਸਮੁੰਦਰ ਹਨ, (ਅਤੇ) ਜੋ ਸਾਰੇ ਪਖੰਡਾਂ ਦੇ ਜਿੱਤ ਲੈਣੇ ਵਿਚ (ਸਭ ਤੋਂ) ਸ੍ਰੇਸ਼ਟ ਹਨ (ਤਾਂ ਜੋ) ਸੰਸਾਰ ਦੇ

ਬੰਧਨਾਂ ਵਿਚ ਨਾ ਫਸੀਏ। ਦੁੱਖ ਦਲਿੱਦ੍ਰ ਤੇ ਦੋਸ਼ਾਂ ਨੂੰ ਦੂਰ ਕਰਨ ਵਾਲੇ ਹਨ, ਉਨ੍ਹਾਂ ਦੇ ਕਵਲਾਂ ਦੀ ਸ਼ੋਭਾ ਵਾਲੇ ਚਰਨਾਂ ਪਰ (ਮੇਰੀ) ਨਮਸਕਾਰ ਹੈ, ਜੋ ਸੁਖ ਦਾ ਮੂਲ ਤੇ ਮੁਕਤੀ ਦੇ ਦਾਤਾ, ਗਜਾਨ ਦੇ ਬੱਦਲ ਤੇ ਸ਼ਰਨ ਆਇਆਂ ਦੇ ਸਾਰੇ ਪਾਪ ਦੂਰ ਕਰਨ ਵਾਲੇ ਹਨ। ਜਿਸ ਕਾਰਣ ਕਰਕੇ (ਗੁਰੂ ਨਾਨਕ ਜੀ ਨੇ) ਸੰਸਾਰ ਵਿਚ ਅਵਤਾਰ ਲੀਤਾ, ਉਸ ਨੂੰ ਹੁਣ ਪੂਰਣ ਕਰਨਾ ਚਾਹੁੰਦੇ ਹਨ, ਇਹ ਦੇਖ ਕੇ ਕਿ ਖੋਟੀ ਮਤ ਵਾਲੇ ਪੁਰਖ ਬਹੁਤੇ ਨਰਕ ਵਿਚ ਭਰੇ ਗਏ ਹਨ (ਆਪ ਨੇ) ਹਰੀ ਦਾ ਕੀਰਤਨ ਰੂਪੀ ਪੁਲ ਬਣਾ ਦਿੱਤਾ, ਜੋ ਪੁਰਖ ਓਸ ਦੇ ਉਪਰ ਦੀ (ਲੰਘੇ) ਓਹ ਪਾਰ ਪਏ ਹਨ, ਜੋ (ਪੁਰਖ) ਦਿਲੋਂ ਚਰਨਾਂ ਕਮਲਾਂ ਨੂੰ ਪੂਜਦੇ ਹਨ, ਜੋ ਗੁਰੂ ਰੂਪ ਵਿਚ ਨਿਤ ਧਿਆਨ ਧਰਦੇ ਹਨ, ਓਹ ਨਿਰਸੰਸੇ ਹੋ ਗਏ ਹਨ (ਆਪਣੀ ਕਲਜਾਨ ਦੇ ਸੰਸੇ ਤੋਂ) (ਅਰ ਓਹ) ਜਮ ਤੋਂ (ਹੁਣ) ਨਹੀਂ ਡਰਦੇ।

ਦੋਹਰਾ:

ਨਿਕਸੇ ਪੁਰਿ ਸੁਲਤਾਨ ਤੇ, ਮਰਦਾਨਾ
ਸੰਗਿ ਲੀਨ।
ਕਮਲਾਨਨ ਤੇ ਬਚ ਭਨੇ, ਸ੍ਰੀ ਗੁਰੁ
ਪਰਮ ਪ੍ਰਬੀਨ ॥੫॥

ਤੋਟਕ ਛੰਦ:

'ਚਲਿਬੇ ਚਿਤ ਚਾਹਤਿ ਹੋ ਕਿਤ ਕੋ?
ਅਬ ਦੇਹੁ ਬਤਾਇ, ਚਲੈਂ ਤਿਤ ਕੋ[1]।'
[1]ਓਧਰ ਨੂੰ। ਚਲੋ।
ਨਿਜ ਦਾਸ ਉਧਾਰਨ ਕਾਜ ਚਲੇ।
ਬਹੁ ਮਾਨਵ ਕੇ ਜਿਨ ਦੂਖ ਦਲੇ ॥੬॥

ਦੁਵੱਯਾ ਛੰਦ:

ਕਹਿ ਮਰਦਾਨਾ 'ਜਿਤ ਨਿਜ ਇੱਛਾ
ਗੱਛਹੁ[1] ਸ੍ਵੱਛ ਸਰੀਰਾ[2]॥
[1]ਚਲੋ। [2]ਹੇ ਸੁਹਣੇ ਸਰੀਰ ਵਾਲੇ।
ਆਗੇ ਤਵ[1] ਪਾਛੈ ਹੌਂ ਚਲਿ ਹੌਂ
[1]ਅੱਗਾ ਤੁਸਾਂ ਦਾ।
ਸ੍ਰੀ ਪ੍ਰਭੁ ਗੁਨੀ ਗਹੀਰਾ'[1]।
[1]ਹੇ ਗੁਣਾਂ ਦੇ ਸਮੁੰਦਰ।
ਜੁਗ[†] ਗੁਰੁ ਕਹੈਂ 'ਏਮਨਾਵਾਦੂ
[†]ਪਾ:-ਤਬ।
ਏਕ ਨਗਰ ਉਰ ਲਖਿਯੇ[1]।
[1]ਜਾਣੋਂ।
ਤਹਿਂ ਤਖਾਣ ਇਕ ਲਾਲੋ ਬਸਈ
ਚਲਹ ਪ੍ਰਾਕ[1] ਤਿਹ ਪਿਖਿਯੇ' ॥੭॥
[1]ਪਹਿਲਾਂ।

{ਭਾਈ ਲਾਲੋ ਮਿਲਾਪ}

ਇਹ ਬਿਧਿ ਕਹਿ ਕਰਿ ਕਮਲ ਬਦਨ ਤੇ
ਮੰਦ ਮੰਦ ਗਤਿ[1] ਜਾਏ।
[1]ਚਾਲੇ।
ਪਦਵੀ[†] ਮੈਂ[1] ਪਦ[2] ਪੰਕਜ ਸੁੰਦਰ
[1]ਰਾਹ ਵਿਚ। [2]ਚਰਨ। [†]ਪਾ:-ਪਦਮੀ।
ਦਾਸ ਰਿਦੇ ਜੁ ਬਸਾਏ[1]।
[1]ਚਰਨ) ਜੋ ਦਾਸਾਂ ਦੇ ਦਿਲ ਵਿੱਚ ਵੱਸਦੇ ਹਨ।

ਬਾਸੁਰ ਦਸ ਸਪਤਮ[1] ਮਹਿਂ ਪਹੁੰਚੇ — [1]ਸਤਾਰਾਂ।
ਨਗਰ ਏਮਨਾਵਾਦੂ।
ਗਏ ਸਦਨ ਤਿਹ ਦੋਖ ਨਿਕੰਦਨ
ਸੇਵਕ ਦਾ ਅਹਿਲਾਦੂ[1] ॥੮॥ — [1]ਅਨੰਦ ਦੇਣ ਹਾਰੇ।
ਹੇਰਿ[1] ਮੁਖਾਰਬਿੰਦ ਭਾ ਠਾਂਢੇ — [1]ਭਾਵ ਲਾਲੋ ਵੇਖ ਕੇ।
ਪਦ ਬੰਦਨ ਕਰਬੰਦੇ[1]। — [1]ਹੱਥ ਜੋੜਕੇ।
ਦਰਸ ਬਿਲੋਕਤਿ ਸ਼ਾਂਤਿ ਭਈ ਮਨ
ਲਾਲੋ ਰਿਦੇ ਅਨੰਦੇ।
'ਚਿਤ ਕਰਤਾਰ ਨਿੰਤ ਹ੍ਵੈ ਤੋ ਕੋ
ਬੈਸ[1] ਕਿਰਤਿ ਕੋ ਕਰਿਯੇ।' — [1]ਬੈਠ।
ਬੂਝਤਿ ਲਾਲੋ 'ਆਏ ਕਿਤ ਤੇ?
ਕਰੁਨਾ ਸਦਨ! ਉਚਰਿਯੇ ॥੯॥
ਬੇਸ ਅਪੂਰਬ ਰੂਪ ਅਨੂਪਮ
ਮਧੁਰ ਮੁਖਰ[1]† ਗਤਿ ਦੈਨਾ। — [1]ਮਿੱਠੇ ਵਚਨ। †ਪਾ:-ਬਚਨ।
ਚੀਤ ਨਿਰੰਤਰ ਪ੍ਰੀਤਿ ਵਧੀ ਮੁਝ
ਹੇਰਤਿ ਹੋਵਤਿ ਚੈਨਾ।'
ਕਹਿ ਨਾਨਕ 'ਪਰਦੇਸ਼ੀ ਹਮ ਹੈਂ
ਨਹੀਂ ਨਿਕੇਤੰ[1] ਨੇਰੈ। — [1]ਘਰ।
ਲਖਹੁ ਬੇਸ ਦਰਵੇਸ਼ ਹਮਾਰੋ
ਦੇਸ਼ ਬਿਦੇਸ਼ਨ ਹੇਰੈਂ[1]' ॥੧੦॥ — [1]ਵੇਖਨੇ ਹਾਂ।

**ਛਪਯ:**

'ਦਰਸ਼ਨ ਪਰਸਤਿ ਮਿਟਤਿ ਕਲੁਖ[1] — [1]ਪਾਪ।
ਸ਼ੁਭ ਬਦਨ[1] ਬਿਰਾਜਹਿ[2]। — [1]ਮੁਖੜਾ। [2]ਪ੍ਰਕਾਸ਼ ਰਿਹਾ ਹੈ।
ਜਨਮ ਮਰਨ ਭਵ ਮੱਧ[1] ਨਸ਼ਟ — [1]ਸੰਸਾਰ ਵਿਚ।
ਕਰਿ[1] ਤਮ[2] ਤਨ ਛਾਜਹਿ[3]। — [1]ਕਰਨਹਾਰਾ। [2]ਤੁਹਾਡਾ। [3]ਸਰੀਰ ਸ਼ੋਭ ਰਿਹਾ ਹੈ।
ਹਮ ਸਮ ਨਰ ਅਘ ਕਰਤਿ
ਤਿਨਹਿ ਅਪਵਰਗ ਉਦਾਰਹਿ[1]। — [1]ਮੁਕਤੀ ਦੇਣ ਲਈ ਉਦਾਰ ਹੋ।
ਉਪਜਤਿ ਸੁਖ ਉਰ ਮੱਧ
ਸੁਨਤਿ ਹਉਂ ਬਚਨ ਤਿਹਾਰਹਿ।
ਸੁਖਕੰਦ ਮੁਕੰਦ ਸੁ ਸੰਤ ਹੋ
ਨਾਮ ਉਚਾਰਨ ਨਿਜ ਕਰੋ।
ਤੁਮ ਚਰਨ ਸ਼ਰਨ ਮਨ ਪਰਨ ਮਮ[1] — [1]ਮੇਰਾ ਮਨ ਪਿਆ ਹੈ। (ਅ) ਮੇਰੇ ਮਨ ਨੇ ਪਰਨਾ

(ਆਸਰਾ ਲੀਤਾ ਹੈ)।

ਕਰੁਨਾ ਕਰ[1] ! ਕਰੁਨਾ ਢਰੋ[2]' ॥੧੧॥

[1]ਹੇ ਕਿਰਪਾ ਦੀ ਖਾਨ। [2]ਕਿਰਪਾ (ਕਰਕੇ) ਪਸੀਜੋ।

ਦੋਹਰਾ:

ਬੋਲੇ ਸ਼੍ਰੀ ਮੁਖ ਸੋਂ ਬਚਨ,
'ਜਾਨ ਜਾਹੁਗੇ ਆਪ।
ਅਬ ਬੈਸਹੁ ਕ੍ਰਿਤ ਕੋ ਕਰੋ,
ਹਰਿ ਹਰਿ ਜਪਿਯੇ ਜਾਪ' ॥੧੨॥

ਦੁਵੱਯਾ ਛੰਦ:

[1]ਲਾਲੋ ਜੀ ਬੋਲੇ।

[1] 'ਪ੍ਰਗਟਜੋ ਤਪਾ ਏਕ ਸ਼੍ਰੀ ਨਾਨਕ
ਭਾਸਤਿ ਹੋ ਤੁਮ ਸੋਊ।
ਨਹਿਂ ਸਮਾਨ ਰਾਵਰਿ ਕੋ ਦੀਸਹਿ
ਖੋਜੋ ਦਸ ਦਿਸ਼ ਜੋਊ।
ਤੱਦਪਿ ਭੀ ਤੁਮਰੇ ਬਿਨ ਭਾਖੇ
ਨਹਿਂ ਆਵਤਿ ਪਰਤੀਤੂ।'
ਕਹਿ ਮਰਦਾਨਾ 'ਜਾਨਹੁ ਸੋਊ
ਰਾਖਹੁ ਸ਼ਰਧਾ ਚੀਤੂ' ॥੧੩॥

ਸੰਕਰ ਛੰਦ:

ਸੁਨਿ ਕਰਿ ਕਹਤਿ ਭਯੋ ਬਚ ਲਾਲੋ
'ਕੌਨ ਵਰਨ ਤਵ ਨਾਮ।
ਸਰਬ ਬ੍ਰਿਤਾਂਤ ਜਨਾਵਹੁ ਅਪਨਾ
ਕਿਹ ਅਸਥਾਨੰ ਧਾਮ[1]।'
'ਮਰਦਾਨਾ ਲਖਿ[1] ਨਾਮ ਹਮਾਰਾ
ਬਿਚਰਤਿ ਇਨ ਕੇ ਸਾਥ।
ਬੇਦੀ ਕੁਲ ਕੋ ਚੀਨ ਮਿਰਾਸੀ
ਨਾਨਕ ਜੀ ਮਮ ਨਾਥ[1]' ॥੧੪॥

[1]ਘਰ।

[1]ਜਾਣੋਂ।

[1]ਸੁਆਮੀ।

ਦੁਵੱਯਾ ਛੰਦ:

[1]ਦੋਵੇਂ। [2]ਹੱਥ।

ਬੰਦ ਉਭੈ[1] ਕਰ[2] ਬੰਦਨ ਕੀਨੀ
ਸੁਨਿ ਕਰਿ ਲਾਲੋ ਤਬ ਹੀ।
ਸੀਸ ਧਰਜੋ ਪਦ ਪੰਕਜ ਊਪਰ
ਪ੍ਰਾਪਤਿ ਨਿਸ਼ਚਾ ਜਬ ਹੀ।
ਸਾਦਰ ਸੋ ਤਬ ਮੰਚ[1] ਡਸਾਵਾ[2]
ਬੈਸ ਗਏ ਤਿਹ ਕਾਲਾ।

[1]ਪਲੰਘ। [2]ਡਾਹਿਆ।

ਸੁਖ ਸਾਗਰ ਪੂਰਨ ਜਗਦੀਸ਼ਾ
ਦਾਸਹਿਂ ਕਰਨ ਨਿਹਾਲਾ[1] ॥੧੫॥ — [1]ਨਿਹਾਲ ਕਰਨ ਵਾਲੇ।
ਆਇਸੁ ਪਾਇ ਅਸਨ ਕਰਿਬੇ[1] ਹਿਤ — [1]ਭੋਜਨ ਕਰਨ।
ਗਵਨਜੋ ਲਾਲੋ ਤਬ ਹੀ।
ਬੂਝਤਿ ਭਾ[1] ਮਰਦਾਨਾ ਬਹੁਰੋ — [1]ਗੁਰੂ ਜੀ ਤੋਂ) ਪੁਛਣ ਲੱਗਾ।
'ਹਮ[1] ਸੋ ਕਹਿਯੇ[2] ਸਭਿਹੀ। — [1]ਮੈਨੂੰ। [2]ਦਸੋ।
ਕੌਨ ਅਹੈ ਇਹ ਮਾਨਵ[1] ਸ੍ਵਾਮੀ! — [1]ਮਨੁਖ।
ਜਿਹ ਪਰ ਕਰੁਨਾ ਕੀਨੀ?
ਭਾਗ ਵਡੇ ਇਹ ਦੀਸਤਿ ਮੋ ਕਹੁ
ਬੁੱਧਿ ਭਗਤ ਮਹਿਂ ਭੀਨੀ' ॥੧੬॥
ਸੁਨਿ ਕਰਿ ਬਚਨ ਉਚਾਰੇ† ਸ੍ਰੀ ਮੁਖ — †ਪਾ:-ਉਬਾਚੇ।
'ਚੀਨਹੁ ਸੰਤ ਸਰੂਪਾ।
ਭਗਤਿ ਕਰਤਿ ਬੀਤੇ ਕੁਛ ਜਨਮਾ
ਅਬ ਭੀ ਸਫਲ ਅਨੂਪਾ।
ਨੌ ਬਿਧਿ ਭਗਤਿ ਅਹੈ ਮਰਦਾਨਾ
ਜਾ ਮਹਿਂ[1] ਏਕੋ ਹੋਈ। — [1]ਜਿਸ ਵਿਚ।
ਭਵ[1] ਸਾਗਰ ਤਰ ਗਤਿ[2] ਕੋ ਪਾਵੈ — [1]ਸੰਸਾਰ। [2]ਮੁਕਤੀ।
ਨਹਿਂ ਲਖਿ[1] ਸੰਸਾ ਕੋਈ' ॥੧੭॥ — [1]ਨਾਂ ਜਾਣ।
ਮਰਦਾਨਾ ਬੂਝਤਿ ਭਾ ਤਬ ਹੀ
'ਸਭਿ ਬਿਧਿ ਭਗਤਿ ਕਹੀਜੈ।
ਜਿਂਹ ਕੇ ਕਰਤਿ ਪਰਮਗਤਿ ਪਾਵੈ
ਭਵਜਲ ਭਲੇ ਤਰੀਜੈ।'
ਸ੍ਰੀ ਮੁਖ ਭਨਤਿ ਭਏ ਤਿਹ ਕਾਲਾ
'ਸੁਨੀਏ ਭਗਤ ਪ੍ਰਕਾਰਾ।
ਪ੍ਰਿਥਕ ਪ੍ਰਿਥਕ[1] ਹੌਂ ਭਾਖੋ ਸਭਿ ਹੀ — [1]ਵਖੋ ਵਖ।
ਜੇ ਹੈਂ ਭਗਤਿ ਅਚਾਰਾ[1] ॥੧੮॥ — [1]ਕਰਮ।

{ਨੌਂ ਪ੍ਰਕਾਰ ਦੀ ਭਗਤੀ}

(ੳ) †ਸਤ ਸੰਗਤ ਸਸ੍ਰੂਖਾ[1]‡ ਕਰਨੀ — [1]ਸੇਵਾ। †ੳ), (ਅ) (ੲ) ਆਦਿ ਨੌਂ ਅੱਖਰ ਅਸਾਂ ਭਗਤੀ ਦੀਆਂ ਭਾਂਤਾਂ ਅੱਡ ਅੱਡ ਸਮਝ ਆ ਜਾਣ ਲਈ ਲਾਏ ਹਨ। ‡ਪਾ:-ਸਸੂਖਾ।
ਮਿਲ ਤਿਹ ਕਾਲ[1] ਬਿਤਾਵੈ[2]। — [1]ਸਮਾਂ। [2]ਗੁਜ਼ਾਰੇ।
(ਅ) ਹਰਿ ਗੁਰ ਕੋ ਇਤਿਹਾਸ[1] ਸੁਨੀਜੈ — [1]ਕਥਾ।

| | |
|---|---|
| ਮਨ ਏਕਾਗਰ ਲਾਵੈ। | |
| (ਏ) ਪਦ ਅਰਬਿੰਦ[1] ਮਲਿੰਦ ਕਰੈ ਮਨ[2] | [1]ਚਰਣਾਂ ਕਵਲਾਂ ਉਤੇ। [2]ਭੌਰਾ ਕਰੇ ਮਨ ਨੂੰ। |
| ਗੁਰੁ ਮੂਰਤਿ ਉਰ[1] ਧਰਾਨਾ। | [1]ਰਿਦੇ ਵਿਚ। |
| (ਸ) ਪ੍ਰੇਮ ਸਹਿਤ ਗੁਨ ਗਾਵਹਿ ਮੁਖ ਸੋਂ[†] | [†]ਪਾ:-ਪ੍ਰਭ ਕੇ। |
| ਪੁਲਕਾਵਲ[1] ਤਨ[2] ਆਨਾ[3] ॥੧੯॥ | [1]ਲੂੰ ਖੜੇ। [2]ਸਰੀਰ ਤੇ। [3]ਲੈ ਆਵੇ। |
| (ਹ) ਦਮ[1] ਸਮ[2] ਭਾ ਬਿਰਕਤ ਕਰਮਨ ਤੇ | [1]ਇੰਦ੍ਰੇ ਰੋਕਣੇ। [2]ਮਨ ਨੂੰ ਰੋਕਣਾ। |
| ਸੁਰਗਾਦਿਕ ਤਜਿ ਚਾਹਾ।[1] | [1]ਇੱਛਾ। |
| (ਕ) ਪਰ[1] ਕੇ ਦੋਖ ਨ ਚੀਨਤਿ ਮਨ ਮੈਂ | [1]ਪਰਾਏ। |
| ਹਾਨ ਲਾਭ ਸਮ[1] ਤਾਹਾ।[2] | [1]ਬਰੋਬਰ। [2]ਉਸਨੂੰ। |
| (ਖ) ਛਲ ਬਿਹੀਨ ਸਭਿ ਹੀ ਤੇ ਹੋਵਨ | |
| ਹਰਖ ਸ਼ੋਕ ਨਹਿਂ ਆਵੈ। | |
| (ਗ) ਦ੍ਰਿੜ ਨਿਸ਼ਚਾ ਕਰਤਾਰ ਵਿਖੈ ਅਤਿ | |
| ਡੋਲ ਨ ਕਬਹੂੰ ਜਾਵੈ ॥੨੦॥ | |
| (ਘ) ਹਰਿ ਸਰੂਪ ਸਭਿ ਹੂੰ ਕੋ ਜਾਨੈ | |
| ਰਵਿਓ[1] ਸਭਿ ਕੇ ਮਾਂਹੀ। | [1]ਪੂਰਨ ਹੋ ਰਹਿਆ। |
| ਇਹ ਬਿਧਿ ਹੈ ਸੂਛਮ[1] ਕਰਿ ਵਰਨੀ[2], | [1]ਸੰਖੇਪ। [2]ਕਹੀ। |
| ਏਕ ਪਰਾਪਤਿ ਜਾਂਹੀ। | |
| ਕੁਲ ਸਮੇਤ ਤਰਿ ਹੈ ਭਵਸਾਗਰ | |
| ਅਵਰ ਤਰੈਂ ਤਿਹ ਸੰਗਾ। | |
| ਭਗਤਿ ਕਰਤਿ ਮਾਯਾ ਨਹਿਂ ਮੋਹਹਿ | |
| ਰਾਚਹਿ ਹਰਿ ਕੇ ਰੰਗਾ' ॥੨੧॥ | |

ਚੁਲਕਾ ਛੰਦ:

| | |
|---|---|
| ਮਰਦਾਨਾ ਸੁਨਿ ਕਰ ਤਬੈ | |
| ਪਦ ਪਰ ਧਾਰਿ ਲਿਲਾਰ[1] ਅਲਾਵੈ[2]। | [1]ਮੱਥਾ ਰੱਖਕੇ। [2]ਆਖਦਾ ਹੈ। |
| 'ਸਤਿਬਚਨ ਤੁਮ ਕਹਿਤਿ ਹੋ | |
| ਜੇ ਭਵ ਕੇ ਦੁਖ ਦਾਰ[†1] ਮਿਟਾਵੈ' ॥੨੨॥ | [1]ਕਠਨ ਦੁਖ (ਅ) ਦੁਖ ਦਲਿੱਦ੍ਰ। [†]ਪਾ:-ਦਰਦ। |

ਦੁਵੱਯਾ ਛੰਦ:

ਇਤਨੇ ਮਹਿਂ ਲਾਲੋ ਤਹਿਂ ਆਵਾ

ਇਹ ਬਿਧਿ ਕਹਜੋ ਸੁਨਾਈ।
'ਅਚਵਹ[1] ਅਸਨ[2] ਚਲਹੁ ਸ੍ਰੀ ਨਾਨਕ — [1]ਛਕੋ। [2]ਭੋਜਨ।
ਦੁਖ ਕੁੰਜਰ[1] ਮ੍ਰਿਗਰਾਈ[2]! — [1]ਦੁਖ ਰੂਪੀ ਹਾਥੀ ਨੂੰ। [2]ਹੇ ਸ਼ੇਰ ਰੂਪੀ
ਭਵ[1] ਬੰਧਨ ਪੰਨਗ ਜੇ ਗਰਸੇ[2] — [1]ਸੰਸਾਰ। [2]ਸੱਪਾਂ (ਕਰਕੇ) ਜੋ ਗ੍ਰਸੇ ਹੋਏ ਹਨ।
ਬੈਨਤੇਯ ਹੋ ਤਿਨ ਕੋ[1]। — [1]ਤੁਸੀਂ) ਗਰੜ ਹੋ ਉਨ੍ਹਾਂ ਲਈ।
ਕਰਿ ਕਿਰਤਾਰਥ ਮੁਝ ਕਰੁਨਾ ਕਰਿ[1] — [1]ਕਿਰਪਾ ਕਰਕੇ।
ਆਨਨ ਪਾਇ ਅਸਨ ਕੋ' ॥੨੩॥
ਸੁਨਿ ਕਰਿ ਸ੍ਰੀ ਮੁਖ ਬਚਨਾਂ ਭਾਖੇ
'ਆਨਹੁ[1] ਇਹ ਠਾਂ ਜਾਈ।' — [1]ਲਿਆਵੋ।
ਕਹਿ ਲਾਲੋ 'ਤੁਮਰੇ ਗਲ ਜੰਞੂ[⚐]
ਵਹਿਰ[1] ਅਸਨ ਕਿਉਂ ਪਾਈ? — [1]ਬਾਹਰ।
ਚੌਂਕੇ ਅੰਦਰ ਚਲ ਕਰਿ ਜੇਵੋਂ[1] — [1]ਛਕੋ।
ਉੱਤਮ ਜਨਮ ਤੁਮਾਰਾ।
ਜੇ ਇਹ ਠਾਂ ਮੰਗਵਾਵਹੁ ਸ੍ਵਾਮੀ!
ਸੰਸੈ ਖੋਇ[1] ਹਮਾਰਾ' ॥੨੪॥ — [1]ਦੂਰ ਕਰੋ।

[⚐]ਭਾਈ ਸਾਹਿਬ ਜੀ ਨੇ ਅਧਜਾ: ੩੭ ਦੇ ੬੪ ਤੋਂ ੭੧ ਅੰਕਾਂ ਵਿਚ ਦੱਸਿਆ ਹੈ ਕਿ ਸ੍ਰੀ ਗੁ: ਨਾਨਕ ਪ੍ਰਕਾਸ਼ ਗ੍ਰੰਥ ਓਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ਯ ਲੈ ਕੇ, ਭਾਈ ਗੁਰਦਾਸ ਜੀ, ਤੇ ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਦੇ ਆਧਾਰ ਤੇ ਬਣਾਯਾ ਹੈ ਅਤੇ ਭਾਈ ਬਾਲੇ ਵਾਲੀ ਸਾਖੀ ਦਾ ਟਾਕਰਾ ਦੱਸਦਾ ਹੈ ਕਿ ਮੁੱਖ ਸ਼ੈ ਉਨ੍ਹਾਂ ਪਾਸ ਬਾਲੇ ਦੀ (ਵਿਗੜੀ ਹੋਈ) ਸਾਖੀ ਸੀ ਜਿਸ ਦੇ ਆਧਾਰ ਤੇ ਉਸਨੂੰ ਸੋਧਦੇ ਹੋਏ ਟੁਰੇ ਹਨ। ਸੋ ਇਨ੍ਹਾਂ ਵਿਚ ਕਿਤੇ ਬੀ ਏਸ ਨਸੰਗ ਵਿਖੇ 'ਜੰਞੂ' ਦਾ ਜ਼ਿਕਰ ਨਹੀਂ ਆਇਆ ਤੇ ਪੁਰਾਤਨ ਜਨਮ ਸਾਖੀ ਵਿਚ ਭੀ ਕਿਤੇ ਇਹ ਜ਼ਿਕਰ ਨਹੀਂ ਹੈ। ਪੋਥੀ ਮਹਿੰਮਾ ਪ੍ਰਕਾਸ਼ ਜੋ ਨਾਨਕ ਪ੍ਰਕਾਸ਼ ਤੋਂ ਪਹਿਲਾਂ ਦੀ ਬਣੀ ਹੋਈ ਹੈ, ਉਸ ਵਿਚ ਬੀ ਇਹ ਅੱਖਰ ਨਹੀਂ ਹਨ। ਭਾਈ ਬਾਲੇ ਵਾਲੀ (ਵਿਗਾੜੀ ਹੋਈ) ਜਨਮ ਸਾਖੀ ਵਿਚ ਕੇਵਲ ਇਤਨਾ ਲਿਖਿਆ ਹੈ:-

'ਭਾਈ ਲਾਲੋ ਰਸੋਈ ਤਯਾਰ ਕਰਕੇ ਸੱਦਣ ਆਇਆ, ਚਲੋ ਗੁਰੂ ਜੀ ਪ੍ਰਸ਼ਾਦ ਤਯਾਰ ਹੋਇਆ ਹੈ। ਗੁਰੂ ਨਾਨਕ ਜੀ ਕਹਿਆ, ਲਾਲੋ ਏਥੇ ਹੀ ਲੈ ਆਉ। ਲਾਲੋ ਕਹਿਆ ਜੀ ਚਉਕੇ ਚਲੋ ਤਾਂ ਗੁਰੂ ਨਾਨਕ ਜੀ ਕਹਿਆ, 'ਭਾਈ ਲਾਲੋ ਜਿਤਨੀ ਧਰਤੀ ਉਤਨਾਂ ਚਉਕਾ ਹੈ, ਭਾਈ ਲਾਲੋ ਅੱਗੇ ਪ੍ਰਸ਼ਾਦਿ ਆਣਿ ਰਖਿਆ।'

ਪ੍ਰੰਤੂ ਮਹਿੰਮਾ ਪ੍ਰਕਾਸ਼ ਤੇ ਹੋਰ ਜਨਮ ਸਾਖੀਆਂ ਵਿਚ ਇਤਨਾ ਭੀ ਜ਼ਿਕਰ ਨਹੀਂ ਕੀਤਾ, ਇਸ ਲਈ ਬੜਾ ਸੰਦੇਹ ਹੁੰਦਾ ਹੈ ਕਿ ਇਹ ਜ਼ਿਕਰ ਆਖੇਪਕ ਹੈ।

ਦੂਸਰਾ ਵਿਚਾਰ ਇਹ ਹੈ ਕਿ ਹਰ ਉਦਾਸੀ ਵਿਚ ਗੁਰੂ ਜੀ ਦੇ ਭੇਸ ਅਨੂਠੇ ਸਨ, ਜੋ ਇਕ ਕੌਤਕ ਮਾਤ੍ਰ ਸਨ। ਕਈ ਵੇਰ ਪਰਸਪਰ ਵਿਰੋਧੀ ਚਿੰਨ੍ਹ ਕੱਠੇ ਕਰ ਵਿਖਾਲਦੇ ਸਨ ਜੋ ਕਿਵੇਂ ਕਿਸੇ ਮਤ ਦੇ ਚਿੰਨ੍ਹ ਜਾਣਕੇ ਧਾਰਨ ਨਹੀਂ ਕੀਤੇ ਗਏ ਸਨ। ਵੇਖੋ ਅਧਯਾਯ ੫੭ ਅੰਕ ੨੩ ਦੀ ਹੇਠਲੀ ਟੂਕ।

ਤੀਸਰੇ ਆਪ ਦਾ ਭੇਸ ਹੁਣ ਸਾਧੂ ਦਾ ਹੈ। ਸਾਧ ਜੰਞੂ ਧਾਰਨ ਨਹੀਂ ਕਰਦਾ।

ਸ੍ਰੀ ਮੁਖ ਕਹਤਿ 'ਧਰਤਿ ਹੈ ਜਿਤਨੀ
ਤਿਤਨੋ ਚੌਂਕਾ ਜਾਨੋਂ।

ਸੱਚ ਰਤੇ ਸੇ ਸੂਚੇ ਹੂਏ
ਮਨ ਕੋ ਭਰਮ ਮਿਟਾਨੋ।'
ਸੁਨਿ ਕਰਿ ਲਾਲੋ ਬਿਕਸਜੋ ਤਬ ਹੀ
ਆਨਜੋ ਭੋਜਨ ਧਾਈ।
ਬਨੀ ਬਾਜਰੇ† ਕੀ ਸ਼ੁਭ ਰੋਟੀ — †ਪਾ:-ਕੋਧਰੇ।
ਸਰਖਪ ਸਾਕ[1] ਬਨਾਈ ॥੨੫॥ — [1]ਸਰ੍ਹੋਂ ਦਾ ਸਾਗ।
ਮਰਦਾਨੇ ਅਵਿਲੋਕ ਅਹਾਰਾ
ਮਨ ਮਹਿਂ ਗਟੀ[1] ਵਿਚਾਰੀ। — [1]ਗਿਣਤੀ।
ਜਿਹ ਬਿਧਿ ਗੁਨੀ[1] ਸੁ ਜਾਨੀ ਸ੍ਰੀ ਗੁਰੁ — [1]ਸੋਚੀ।
ਅੰਤਰਜਾਮੀ ਸਾਰੀ।
'ਮਰਦਾਨੇ ਕਿਉਂ ਗਿਨਤੀ ਕੀਨੀ
ਅਚਵਹੁ ਜਾਨਹੁ ਤਬ ਹੀ।'
ਕਹਿ ਕਰਿ ਦੀਨੋ ਨਿਜ ਕਰਿ ਅਸਨਾ
ਜੋ ਦਾਨੀ ਸੁਖ ਸਭਿ ਹੀ[1] ॥੨੬॥ — [1]ਭਾਵ, ਗੁਰੂ ਜੀ ਨੇ।
ਮਰਦਾਨੇ ਤਬ ਪਾਯੋ ਕੌਰਾ[1] — [1]ਗ੍ਰਾਹੀ।
ਸੁਧਾ ਸ੍ਵਾਦ ਜਨੁ[1] ਆਯਾ। — [1]ਮਾਨੋਂ।
ਪਰਮ ਪੁਰਖ ਪੂਰਨ ਪਰਮਾਤਮ
ਸ੍ਰੀ ਮੁਖ ਵਾਕ ਅਲਾਯਾ।
'ਅਸਨ ਬਨਜੋ ਹੈ ਕੈਸੇ ਸ੍ਵਾਦਾ?
ਦੇਵਹੁ ਸੁਧ[1] ਮਰਦਾਨਾ!' — [1]ਖਬਰ।
ਮੁਸਕ ਮਨਾਕ[1] ਭਨੇ[2] ਬਚ ਐਸੇ — [1]ਥੋੜਾ ਮੁਸਕ੍ਰਾ ਕੇ। [2]ਕਹੇ।
'ਕੈਸੇ ਕਰੋਂ ਬਖਾਨਾ ॥੨੭॥
ਸੁਨਜੋ ਸੁਧਾ ਪਸ਼ਯੰਤ[1] ਨ ਕਬਹੂੰ — [1]ਡਿੱਠਾ।
ਸਾਦ ਬਨਜੋ ਹੈ ਸੋਊ।
ਅੰਤਰਜਾਮੀ ਜਾਨਹੁ ਤੁਮ ਸਭਿ
ਵਰਤਹਿ ਉਰ ਮਹਿਂ ਜੋਊ।'
ਲਾਲੋ ਬਿਨੈ ਸੁਨਾਈ ਸੁਨਿ ਕੈ
'ਵਡਿਯਨ ਕੀ ਵਡਿਆਈ।
ਭਾਉ ਪੁਰਖ ਮੈਂ ਦੇਖਤਿ ਹਿਤ ਕਰਿ
ਅਸਨ ਵਿਚਾਰ ਨ ਕਾਈ ॥੨੮॥

ਦੋਹਰਾ:

ਭਾਜੀ ਲੀਨੀ ਬਿਦਰ ਕੀ, ਦੁਰਜੋਧਨ

ਤਜਿ ਰਾਜ।
ਦਿਜਬਰ[1] ਕੇ ਤੰਦੁਲ[2] ਲਏ, ਬਿਰਦ ਗਰੀਬ ਨਿਵਾਜ ॥੨੯॥ — [1]ਭਾਵ ਸੁਦਾਮੇ ਦੇ। [2]ਚਾਵਲ।
ਜਾਤ ਭੀਲਨੀ ਨੀਚ ਕੇ, ਜੂਠੇ ਲੀਨੇ ਬੇਰ।
ਕੇਵਲ ਭਾਵ ਸੁਭਾਵਈ, ਗੁਨ ਅਵਗੁਨ ਨਹਿਂ ਹੇਰ[1†]' ॥੩੦॥ — [1]ਨਹੀਂ ਵੇਖਦੇ। [†]ਦ੍ਰਿਸ਼ਟਾਂਤ ਲਈ ਬੀਤ ਚੁਕੇ ਜੁੱਗਾਂ ਦੇ ਭਗਤਾਂ ਦੀ ਭਗਤੀ ਪਰ ਸਮੇਂ ਸਮੇਂ ਦੇ ਪ੍ਰਗਟ ਮਹਾਂਪੁਰਖਾਂ ਦੀ ਗਰੀਬ ਨਿਵਾਜਤਾ ਦੱਸੀ ਹੈ।

ਦੁਵੱਯਾ ਛੰਦ:
ਬਿਗਸੇ ਸ੍ਰੀ ਨਾਨਕ ਮੁਖ ਭਾਖੀ
'ਸੁਧਾ ਅਸਨ ਮਹਿਂ ਪਾਵਾ।
ਇਸ ਮਹਿਂ ਤੇ ਆਵਤਿ ਅਸ ਸ੍ਵਾਦਾ
ਭੋਜਨ ਭਲੋ ਬਨਾਵਾ।'
ਹਾਥ ਬੰਦਿ ਅਭਿਬੰਦਤਿ[1] ਲਾਲੋ — [1]ਨਮਸਕਾਰ ਕਰਦਾ ਹੈ।
ਪਦ ਅਰਬਿੰਦ ਮੁਕੰਦਾ।
'ਜਨਮ ਜਨਮ ਕੇ ਕਲਿਮਲ ਖੋਏ
ਭਵ ਬੰਧਨ ਕਰਿ ਮੰਦਾ[1] ॥੩੧॥ — [1]ਨਾਸ਼।

ਸ੍ਵੈਯਾ:
ਆਜ ਕਿਯੋ ਕਿਰਤਾਰਥ ਮੋ ਕਹੁ
ਸ੍ਰੀ ਗੁਰੁ ਨਾਨਕ ਭੋ[1] ਗਤਿਦਾਈ! — [1]ਹੇ।
ਕੂਪ ਵਿਖੈ ਹਮ ਬੂਡਤਿ ਥੇ[1] — [1]ਡੁਬਦੇ ਸੀ।
ਕਰੁਨਾ ਕਰਿ ਕੇ ਤੁਮ ਲੀਨ ਬਚਾਈ।
ਪੂਰਨ ਰੂਪ ਪਰਾਤਮ[1] ਹੋ — [1]ਪਰਮਾਤਮਾ।
ਨਿਜ ਦਾਸਨ ਕੇ ਨਿਤ ਹੋਤਿ ਸਹਾਈ।'
ਯੌਂ ਕਹਿ ਕੈ ਪਦ ਕੋ ਗਹਿ ਕੈ
ਅਤਿ ਦੀਨਤਿ ਸੋਂ ਤਿਨ ਗ੍ਰੀਵ[1] ਨਿਵਾਈ ॥੩੨॥ — [1]ਗਿੱਚੀ।
ਊਪਰ ਸੀਸ ਉਠਾਵਹਿ ਨਾ
ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।
ਛੂਵਤਿ ਹਾਥ ਕਪਾਟ[1†] ਖੁਲੇ — [1]ਤਖਤੇ, ਪਰਦੇ, ਛੌੜ। [†]ਮਾਨੁੱਖ ਤੇ ਸਾਈਂ ਦੇ ਵਿਚਕਾਰ ਜੋ ਪੜ੍ਹਦੇ ਹਨ ਉਹੋ ਤਖਤੇ ਹਨ, ਗੁਰਬਾਣੀ ਵਿਚ ਉਨ੍ਹਾਂ ਦਾ ਨਾਮੁ ਆਸਾ ਤੇ

ਅੰਦੇਸਾ ਹੈ। ਯਥਾ: 'ਆਸਾ ਅੰਦੇਸਾ ਦੁਇ ਪਟ ਜੜੇ ॥' [ਰਾਮਕਲੀ ਮ: ੨

ਤਿਹੁਂ ਲੋਕਨ ਕੀ ਸੁਧਿ ਭੀ ਮਨ ਮਾਂਹੀ।
ਪੰਕਜ ਪਾਨ[1] ਮੁਕੰਦ[2] ਕੇ ਲਾਗਤਿ
[1]ਕਵਲ ਹਥ। [2]ਗੁਰੂ ਜੀ ਦੇ।
ਭਾ ਜੁ ਅਨੰਦ[1] ਨ ਜਾਇ ਸੁ ਪ੍ਰਾਹੀ[2]।
[1]ਜੋ ਹੋਯਾ ਅਨੰਦ। [2]ਉਹ ਕਿਹਾ ਨਹੀਂ ਜਾਂਦਾ।
ਪੂਰਨ ਸੋਂ ਮਿਲ ਪੂਰਨ ਭਾ
ਭਵ[1] ਪੂਰਨ ਆਤਮ ਹੀ ਦਰਸਾਈ[2] ॥੩੩॥
[1]ਸੰਸਾਰ ਵਿਚ। [2]ਦਿਸਦਾ ਹੈ।

ਦਿਨ ਤੀਨ ਰਹੇ ਤਿਹ ਭੌਨ ਵਿਖੈ
ਭਲਿ ਭਾਂਤਿ ਦਲੇ ਦੁਖ, ਕੀਨ ਨਿਹਾਲਾ।
ਮਨ ਚੀਨ ਲਈ ਮਹਿਮਾ ਗੁਰ ਕੀ
ਪਦ ਪੰਕਜ ਸੇਵ ਕਰੰਤਿ ਬਿਸਾਲਾ।
ਲਿਵ ਲਾਗਿ ਅਨਾਹਦ ਕੀ ਧੁਨਿ[†] ਸੋਂ
ਬਿਨਸੇ ਭਵਬੰਧਨ ਔ ਜਮਜਾਲਾ।

[†]ਉਹ ਧੁਨ (ਲਗਾਉ) ਜਿਸਦੀ ਹੱਦ ਨਹੀਂ ਹੈ, ਲਗਾਤਾਰ ਨਾ ਮੁੱਕਣ ਵਾਲਾ ਲਗਾਉ। ਅਨਾਹਦ ਧੁਨ ਦਾ ਮਤਲਬ ਕੰਨਾਂ ਦੀ ਘੂੰ ਘੂੰ ਤੋਂ ਨਹੀਂ ਹੈ, ਕਿਉਂਕਿ ਇੱਥੇ ਅਨਾਹਦ ਦਾ ਫਲ ਭਵ ਬੰਧਨ ਦਾ ਟੁੱਟਣਾ ਤੇ ਜਮਜਾਲ ਦਾ ਕੱਟੇ ਜਾਣਾ ਕਵੀ ਜੀ ਲਿਖ ਰਹੇ ਹਨ। ਕੰਨਾਂ ਵਿਚ ਸੁਣੀ ਜਾਣ ਵਾਲੀ ਅਵਾਜ਼ ਅਕਾਸ਼ ਦਾ ਗੁਣ ਹੈ, ਉਹ ਭਵ ਬੰਧਨ ਵਿਚ ਹੈ। ਅਨਹਦ ਦਾ ਗੁਣ ਗੁਰੂ ਜੀ ਬੀ ਲਿਖਦੇ ਹਨ: ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥

ਪੁਨਿ ਆਨ ਸਥਾਨਹਿਂ[1] ਜਾਵਨ ਕੀ
[1]ਹੋਰ ਜਗ੍ਹਾ।
ਮਨ ਮਾਹਿ[1] ਠਟੀ[2] ਬਿਧਿ ਰੂਪ ਕ੍ਰਿਪਾਲਾ[3] ॥੩੪॥
[1]ਵਿਚ। [2]ਧਾਰੀ। [3]ਗੁਰੂ ਜੀ ਨੇ।

ਦੋਹਰਾ:

ਮਰਦਾਨੇ ਸੋ ਬੂਝਹੀ,
'ਕਿਤ ਚਲਿਬੇ ਕੀ ਚਾਹਿ?
ਹੇਤ ਭਗਤਿ ਵਿਸਤਾਰ ਕੋ[1],
[1]ਫੈਲਾਉਣ ਲਈ।
ਆਨ ਕਾਜ ਕਛੁ ਨਾਂਹਿ' ॥੩੫॥

ਸ੍ਵੈਯਾ:
[1]ਮਰਦਾਨੇ ਕਿਹਾ।

[1]'ਭੋ ਪ੍ਰਭੁ ਜੀ! ਤੁਮ ਅੰਤਰ ਕੀ ਗਤਿ
ਜਾਣਨਹਾਰ ਅਹੋ ਮਮਰਾਈ[1]।
[1]ਮੇਰੇ ਸਵਾਮੀ।
ਬੂਝ ਲਯੋ ਮਨ ਮੋਰ ਮਨੋਰਥ
ਹੈ ਜਿਤ ਚਾਹਿ ਚਲੋ, ਤਿਹ ਜਾਈ।
ਨਿੰਦ ਕਰੈਂ ਬਿਨ ਬਿੰਦ[1] ਇਹਾਂ,
[1]ਬਿਨਾਂ ਜਾਣੇ।

ਨਰ ਮੰਦਮਤੀ ਗਤਿ ਪੰਧ ਭੁਲਾਈ।[1]
ਜੋ ਤੁਮਰੇ ਉਰ ਸੋ ਤੁਮ ਜਾਨਹੁ
ਮੋ ਉਰ ਲਾਗਤਿ ਹੈ ਦੁਖਦਾਈ'
॥੩੬॥

[1]ਮੁਕਤੀ ਦੇ ਰਾਹ ਤੋਂ ਭੁੱਲੇ ਹੋਏ।

ਸ਼੍ਰੀ ਮੁਖ ਤੇ ਪੁਨਿ ਬੈਨ ਭਨੇ
'ਅਬਿ ਲੇਯ ਬਿਦਾ ਗਵਨੈ ਮਰਦਾਨਾ।
ਹੋਤਿ ਭਲੋ ਰਹਿਬੋ ਤਹਿੰਹੀ
ਸਤਿਸੰਗਤਿ ਕੋ ਮਿਲਬੋ ਜਿਹ ਥਾਨਾ।[1]
ਮਾਨਵ ਦੇਖਿ ਦੁਖੈਂ ਦੁਸ਼ਟਾਤਮ
ਧਾਮ ਰਹੇ ਸਿਖ ਜਾਨ ਸੁਜਾਨਾ।[1]
ਦੇਸ਼ ਬਿਦੇਸ਼ਹਿਂ ਸੈਲ ਕਰੈਂ
ਦਰਵੇਸ਼ਿ ਕੇ ਬੇਸ' ਭਨੈ ਸੁਖਦਾਨਾ[1]
॥੩੭॥

[1]ਜਿਸ ਜਗ੍ਹਾ।

[1]ਸੁਜਾਨ ਸਿੱਖ (ਲਾਲੋ) ਦੇ ਘਰ ਰਿਹਾਂ।

[1]ਆਖਿਆ ਸੁਖਦਾਤੇ ਨੇ।

ਦੁਵੱਯਾ ਛੰਦ:
ਕਹਿ ਮਰਦਾਨਾ 'ਜਾਵੋਂ ਦਿਸ† ਜਿਂਹ
ਮੁਝ ਪਿਖ ਇਉਂ ਨਰ ਪ੍ਰਾਹੀ।[1]
-ਇਹ ਆਵਤਿ ਹੈ ਡੂਮ ਤਿਸੀ ਕੋ
ਜੋ ਜਗ ਭਯੋ ਕੁਰਾਹੀ-।
ਸੁਨਿ ਕਰਿ ਰਿਸ ਆਵਤਿ ਹੈ ਮਨ ਮੈਂ
ਰਹੋ ਨ, ਕਰਹੁ ਪਯਾਨਾ[1]।'
ਬਿਕਸ ਕਪੋਲਨ ਤੇ ਇਉਂ ਭਾਖੀ[1]
'ਪ੍ਰਾਤ[1] ਚਲੈਂ ਮਰਦਾਨਾ!' ॥੩੮॥

†ਪਾ:-ਪਰਿਪ। ਪਰਿਪ ਗਲੀ।

[1]ਆਖਦੇ ਹਨ।

[1]ਚਲੇ ਚਲੋ।

[1]ਕਹੀ।

[1]ਸਵੇਰੇ।

ਦੋਹਰਾ:
ਭਈ ਭੋਰ ਗੁਰ ਬਚ ਕਹੈਂ,
'ਲਾਲੋ ਚਿਤ ਕਰਤਾਰ!
ਅਨਤ[1] ਦੇਸ਼ ਕੋ ਰਮਤਿ[2] ਹੈਂ,
ਹੇਰਨ ਹੇਤ ਹਮਾਰ[1]' ॥੩੯॥

[1]ਹੋਰ। [2]ਜਾਂਦੇ ਹਾਂ।

[1]ਸ਼ੌਕ ਹੈ ਸਾਡਾ।

ਸ੍ਵੈਯਾ:
'ਔਗੁਨ ਕੌਨ ਭਯੋ? ਤਜਿ ਭੌਨਕੋ
ਗੌਨ[1] ਕਰੋ ਦ੍ਰੁਤਿ[2], ਕਯੋਂ ਨ ਰਹੋ?
ਜਾਨਹੁ ਦਾਸ ਮੁਝੈ ਸੁਖ ਰਾਸ!
ਉਦਾਸ ਭਏ ਕਿਵ? ਵਾਕ ਕਹੋ।'

[1]ਤੁਰਨਾ। [2]ਛੇਤੀ।

ਸ੍ਰੀ ਪ੍ਰਭੁ ਭਾਖਤਿ 'ਔਗੁਨ ਤੋਰ ਨ
ਮਾਨਵ ਮੂਢ ਖਿਝੰਤਿ ਲਹੋ।[1] — [1]ਵੇਖਕੇ।
ਹ੍ਵੈ ਸਤਿਸੰਗ ਰਹੰਨ ਭਲੋ ਤਹਿਂ
ਬਾਸੁਰ ਰੈਨ ਅਨੰਦ ਅਹੋ' ॥੪੦॥
'ਸੰਤ ਮਤੋ ਪਰਮੇਸ਼ੁਰ ਅੰਗ[1] — [1]ਸੰਤ ਮਤਾ ਹੈ ਤੁਸਾਂ ਦਾ, ਰੱਬ ਤੁਹਾਡੇ ਪੱਖ ਵਿਚ ਹੈ।
ਬਿਲੋਕ ਤੁਮੈਂ ਖਿਝ ਕਰੋਂ ਦੁਖ ਪਾਵੈਂ।
ਕਾਜ ਨਹੀਂ ਕਿਹ ਸੰਗਿ ਤੁਮਾਰ
ਪਚੀ[1] ਭਵ ਮਾਂਹਿ ਜੋਊ ਬਿਲਲਾਵੈਂ। — [1]ਫਸੇ ਹੋਏ, (ਅ) ਸੜੇ ਹੋਏ, (ੲ) ਸ਼ਰਮਿੰਦੇ।
ਸੰਤਨ ਸੋਂ ਮਿਲ ਬੋਲਨ ਬੈਸਨ
ਹੇਰਤਿ[1] ਹੀ ਹਿਰਦਾ ਹੁਲਸਾਵੈਂ। — [1]ਵੇਖਕੇ।
ਕੋਇਕ ਬਾਸੁਰ[1] ਮੋਹਿ ਅਵਾਸ[2] — [1]ਕੁਝ ਕੁ ਦਿਨ। [2]ਘਰ।
ਰਹੋ ਸੁਖਰਾਸ! ਭਲੇ ਤੁਮ ਭਾਵੈ'
॥੪੧॥
ਸ਼੍ਰੋਨ ਸੁਨੇ ਬਚ ਫੇਰ ਕਹ੍ਯੋ ਤਿਹ
'ਸਾਚ ਕਹੌਂ ਇਹ ਕੂਰ ਨ ਰਾਈ।
ਹੈ ਬਿਕਰਾਲ[1] ਸੰਸਾਰ ਬਿਆਕੁਲ — [1]ਭਯਾਨਕ।
ਆਗਲ[1] ਸੁੱਧ[2] ਨ ਜਾਨਤਿ ਕਾਈ। — [1]ਅੱਗੇ ਦੀ। [2]ਖਬਰ।
ਬੈਠਤਿ, ਉਠਤਿ, ਤੂਸ਼ਨ[1], ਬੋਲਤਿ — [1]ਚੁਪ।
ਚਾਲਤਿ ਨਾਂਹਿਨ ਮੇਵਹਿ[1] ਭਾਈ। — [1]ਮੇਵਿਆਂ ਨਹੀਂ ਜਾਂਦਾ ਇਨ੍ਹਾਂ ਨਾਲ (ਭਾਵ ਹਰ ਗਲੇ ਨੁਕਤਾਚੀਨੀ ਕਰਦੇ ਹਨ)।
ਨਾ ਗੁਜਰੈ ਇਹ ਨਾਲ ਭਲੇ
ਕਿਵ ਹੀ[1] ਇਸ ਬੀਚ[2] ਨਹੀਂ ਬਨਿ
ਆਈ ॥੪੨॥ — [1]ਕਿਸੇ ਤਰ੍ਹਾਂ ਬੀ। [2]ਭਾਵ ਜਗਤ ਵਿਚ (ਭਗਤਾਂ ਦੀ)।

†ਸ੍ਰੀ ਮੁਖਵਾਕ ॥
ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ।
ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।
ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤ।
ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।
ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।
ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ।
ਏਤੇ ਓਥੈ ਨਾਨਕਾ ਕਰਤਾ ਰਖੈ ਪਤਿ ॥੧॥

†ਇਹ ਸ਼ਬਦ ਭਾ: ਬੰਨੋ ਜੀ ਦੀ ਬੀੜ ਦਾ ਹੈ।

ਦੋਹਰਾ:

ਸੁਨਿ ਲਾਲੋ ! ਸੰਸਾਰ ਤੇ,
ਜੇ ਰਾਖਹਿ ਕਰਤਾਰ।
ਤੋ ਰਹਿਬੋ ਇਹ ਤੇ ਬਨੈ,
ਹੈ ਇਹ ਗਰਤ[1] ਅਪਾਰ ॥੪੩॥ — [1]ਖਾਤਾ।

ਦੁਵੱਯਾ ਛੰਦ:

ਪੁਨ ਉਦਾਸ ਉਰ ਮਹਿਂ ਮਰਦਾਨਾ
ਦੇਖਿ ਦੁਖੈ ਮਤਿ ਮੰਦੇ।'
ਸੁਨਿ ਲਾਲੋ ਮਨ ਦੀਨ ਭਯੋ ਬਹੁ
ਪੁਨ ਪੁਨ ਪਦ ਪਰ ਬੰਦੇ।
'ਏਕ ਮਾਸ[1] ਮੁਝ ਰਹਹੁ ਅਵਾਸੁ[2] — [1]ਮਹੀਨਾ। [2]ਘਰ।
ਬਿਨੈ ਬਿਲੋਕਹੁ ਸੁਆਮੀ।
ਪੁਨਿ ਗਵਨਹੁ ਜਿਤ ਇੱਛਾ ਹੋਵਹਿ
ਸ੍ਰੀ ਗੁਰੁ ਅੰਤਰਜਾਮੀ!' ॥੪੪॥
ਦੇਖ ਦੀਨਤਾ ਦਾਸ ਈਠ[1] ਕੀ — [1]ਪਿਆਰੇ।
ਮਾਨ ਲਏ ਤਿਹ ਬੈਨਾ[1]। — [1]ਬਚਨ।
'ਲਾਲੋ ਬਚਨ ਨ ਮੇਟਯਾ ਜਾਈ'
ਭਨਤਿ ਭਏ ਗੁਨ ਐਨਾ।
'ਏਕ ਮਾਸ ਰਹਿਯੇ ਮਰਦਾਨਾ!
ਬਹੁਰੋ ਕਰਹਿਂ ਪਯਾਨਾ[1]। — [1]ਤੁਰਨਾ।
ਤ੍ਰਿੱਸਕਾਰ[1] ਇਸ ਕੋ ਕਰਿ ਕੈਸੇ — [1]ਨਿਰਾਦਰ।
ਜਾਹਿਂ ਆਨ[1] ਅਸਥਾਨਾ[2]' ॥੪੫॥ — [1]ਹੋਰ। [2]ਜਗ੍ਹਾ।
ਰਹੇ ਦਯਾਲੁ ਏਮਨਾਵਾਦੂ
ਬਾਸੁਰ[1] ਦੋਇ ਬਿਤੀਤੇ। — [1]ਦਿਨ।
ਜਿਸ ਕਰੁਨਾ ਤੇ ਜਨਮ ਮਰਨ ਗਤਿ[1] — [1]ਛੁਟੀਦਾ ਹੈ।
ਨਾਮ ਜਪੇ ਜਮ ਭੀਤੇ।[1] — [1]ਡਰ ਹੈ।
ਆਸਨ ਪੈ ਆਸੀਨ[1] ਕ੍ਰਿਪਾਲਾ — [1]ਬਿਰਾਜੇ।
ਪੈਰ ਪਲੋਟਤਿ[1] ਲਾਲੋ। — [1]ਮਲਦਾ ਹੈ।
ਜਿਹਕੋ ਮੁਨਿ ਜਨ ਧਯਾਨ ਧਰਤਿ ਹੈਂ
ਬਸਹਿਂ ਜਿ ਉਰ[1] ਨਹਿਂ ਕਾਲੋ[2] ॥੪੬॥ — [1]ਜਿਸਦੇ ਰਿਦੇ ਵਿਚ। [2]ਮੌਤ ਨਹੀਂ (ਉਸਨੂੰ)।
ਬੈਸਯੋ ਨਿਕਟ ਭਨਤਿ ਮਰਦਾਨਾ

'ਤੁਮ ਹਯਾਂ[1] ਬਹੁ ਦਿਨ ਰਹਿਨਾ। — [1]ਇਥੇ
ਦੇਹੁ ਨਿਦੇਸ[1] ਜਾਉ ਤਲਵੰਡੀ — [1]ਆਗਜਾ।
ਕਹਹੁ ਤਹਾਂ ਜੋ ਕਹਿਨਾ।
ਤੁਰਨ ਤਹਿਂ ਤੇ ਆਵੋਂ ਤੁਮ ਢਿਗ
ਬਿਲਮ[1] ਨ ਕਹੂੰ ਲਗਾਵੋਂ। — [1]ਦੇਰ।
ਨਿਜ ਪਰਵਾਰਹਿ ਦੇਯ ਖਬਰ ਸਭਿ
-ਹੌਂ ਨਾਨਕ ਸੰਗ ਜਾਵੋਂ-' ॥੪੭॥
[1] 'ਘਰ ਮਹਿਂ ਜੀਉ ਬਸਤਿ ਹੈ ਤੇਰੋ — [1]ਗੁਰੂ ਜੀ ਬੋਲੇ।
ਜਾਹੁ, ਦ੍ਰੁੱਤਿ[1] ਪੁਨ ਅੱਯੈ। — [1]ਛੇਤੀ।
ਹਮਰੀ ਸੁਧ[1] ਜਿਹ ਬਿਧਿ ਕੀ ਦੇਖਹੁ — [1]ਖਬਰ।
ਤੈਸੀ ਤਿਹ ਠਾਂ ਦਯੈ।'
ਲੇ ਰਜਾਇ ਮਰਦਾਨਾ ਗਵਨਯੋ
ਮਿਲਯੋ ਜਾਇ ਪਰਵਾਰੂ।
ਤਿੰਹ ਪਸ਼ਚਾਤ ਦਾਸ ਦੁਖਖੰਡਨ[1] — [1]ਭਾਵ ਗੁਰੂ ਜੀ।
ਰਾਜਤਿ[1] ਨਗਰ ਉਦਾਰੂ ॥੪੮॥ — [1]ਬਿਰਾਜੇ।
ਬਾਸੁਰ ਬਨ ਮਹਿਂ ਜਾਇ ਬਿਰਾਜਹਿ
ਕਮਲ ਬਦਨ ਦੁਖ ਕਦਨਾ।
ਜਬਹਿ ਬਿਭਾਵਰ[1] ਹੋਵਹਿ ਲਖਿਹੀਂ — [1]ਸੰਧਯਾ।
ਆਵਹਿਂ ਲਾਲੋ ਸਦਨਾ।
ਕਰਤਿ ਪ੍ਰੀਤਿ ਸੋਂ ਅਸਨ[1] ਤਿਆਰਾ — [1]ਭੋਜਨ।
ਬਿਨੈ ਭਾਖਿ ਅਚਵਾਵੈ।[1] — [1]ਛਕਾਵੇ।
ਭਗਤ ਵੱਛਲ ਬਹੁ ਭਗਤਿ ਦੇਖਿ ਕੈ
ਭੋਜਨ ਤਿਹ ਘਰ ਪਾਵੈਂ ॥੪੯॥
ਸਦਾ ਅਧੀਨ ਦਾਸ ਕੇ ਜੋਊ
ਜਾਤਿ ਕੁਜਾਤਿ ਨ ਜਾਨੈ।
ਗੁਣ ਚਤੁਰਾਈ ਰੀਝਹਿਂ ਨਾਂਹੀ
ਭਾਉ ਭਗਤਿ ਪਹਿਚਾਨੈ।
ਦਿਜ[1], ਖੱਤ੍ਰੀ, ਤਜਿ ਬੈਸ[2] ਤਹਾਂ ਕੇ — [1]ਬ੍ਰਾਹਮਣ। [2]ਵੈਸ਼ ਛੱਡਕੇ।
ਸ਼ੂਦਰ ਹੁਤੋ ਤਿਖਾਨਾ।
ਖਾਇਂ ਸਾਦ ਸੋਂ ਭੋਜਨ ਤਾਂ ਕੋ
ਕੇਵਲ ਪ੍ਰੇਮੰ ਮਾਨਾ ॥੫੦॥

ਚਾਂਪਤਿ ਪਾਉਂ, ਹਾਂਕਤੇ ਪੌਨਾ[1]
[1]ਝਲਦਾ ਹੋਯਾ (ਪੱਖਾ)।
ਰਿਦੇ ਅਨੰਦ ਨ ਮਾਵੈ।
ਦਿਨ ਮਹਿਂ ਕ੍ਰਿੱਤ ਕਰਤਿ ਸਭਿ ਅਪਨੀ
ਨਿਸਿ[1] ਸੇਵਾ ਚਿਤ ਲਾਵੈ।
[1]ਰਾਤ੍ਰੀ ਨੂੰ।
ਆਤਮ ਕੋ ਅੱਭਜਾਸ ਭਨਹਿਂ ਗੁਰ
'ਤੂੰ ਸਤਿ ਚਿਤ[1] ਆਨੰਦਾ।
[1]ਚੇਤਨ।
ਰਾਗ ਦ੍ਵੈਖ ਤੇ ਹੀਨ ਸਰੂਪਾ
ਭਵ[1] ਮ੍ਰਿਤੁ[2] ਬਿਨ, ਸੁਖਕੰਦਾ ॥੫੧॥
[1]ਜਨਮ। [2]ਮਰਨ।
ਅੱਕ੍ਰਯ[1] ਏਕ ਪ੍ਰਮਾਤਮ ਪੂਰਨ
[1]ਕ੍ਰਿਯਾ ਤੋਂ ਰਹਿਤ।
ਜਿਹ ਬਿਨ ਜੜ ਹੈ ਮਾਯਾ।'
ਸ਼੍ਰੀ ਗੁਰੁ ਕੇ ਬਚ ਸੁਨਿ ਅਸ ਲਾਲੋ
ਸਭਿ ਅਗਜਾਨ ਗਵਾਯਾ।
ਬੀਤੀ ਹੁਤੀ ਬਾਸ਼ਨਾ ਮਨ ਮਹਿਂ
ਭਯੋ ਤੱਤ ਕੋ ਬੇਤਾ[1]।
[1]ਜਾਣੂੰ।
ਅਸ[1] ਬਿਧਿ[2] ਦਿਵਸ ਬਿਤਾਏ ਕਛੁ ਤਹਿਂ
[1]ਇਸ। [2]ਤਰ੍ਹਾਂ।
ਸ਼੍ਰੀ ਬੇਦੀ ਕੁਲਕੇਤਾ ॥੫੨॥

ਦੋਹਰਾ:
ਸੁਨਿ ਸ਼੍ਰੋਤਾ ਚਿਤ ਲਾਇ ਕੈ, ਸਿੱਖੀ ਪ੍ਰਾਪਤਿ ਹੋਇ।
ਸਿੱਖੀ ਕੀ ਪਦਵੀ ਅਧਿਕ, ਮਹਿਮਾ ਜਾਨਹਿ ਕੋਇ ॥੫੩॥

ਚੌਪਈ:
[1]ਸਤਿਗੁਰ ਦੇ ਸਿੱਖ ਨੂੰ।
ਸਤਿਗੁਰੁ ਸਿਖ ਕੋ[1] ਜਮ ਨਹਿਂ ਫੰਦੂ।
ਜਿਉਂ ਬਾਸੁਰ ਮਹਿਂ[1] ਜੌਨ ਨ ਚੰਦੂ[2]।
[1]ਦਿਨ ਵਿਚ। [2]ਚੰਦ ਦੀ ਚਾਂਦਨੀ ਨਹੀਂ।
ਚਰਨ ਕਮਲ ਰਤਿ ਭਾਨੁ ਪ੍ਰਕਾਸੂ[1]।
[1]ਚਰਨ ਕਵਲਾਂ ਦਾ ਪ੍ਰੇਮ ਸੂਰਜ ਦਾ ਪ੍ਰਕਾਸ਼ ਹੈ।
ਕਿਉਂ ਦੀਸਹਿਂ ਸ਼ਸ਼ਿ[1] ਤਮ[2] ਨਹਿਂ ਪਾਸੂ[3] ॥੫੪॥
[1]ਚੰਦ੍ਰਮਾਂ। [2]ਅਨ੍ਹੇਰਾ। [3]ਪਾਸ ਨਹੀਂ ਹੈ।
ਸ਼ਰਧਾ ਆਤਪ[1] ਦੀਪਤਿ[2] ਜਹਿਂਵਾ[3]।
[1]ਸ਼ਰਧਾ (ਰੂਪੀ) ਧੁਪ। [2]ਚਮਕਦੀ ਹੈ। [3]ਜਿਥੇ।
ਭਰਮ ਤਿਮਰ[1] ਕਿਉਂ ਹੋਵਹਿ ਤਹਿਂਵਾ[2]।
[1]ਅਨ੍ਹੇਰਾ। [2]ਉਥੇ।
ਉਡਗਨ ਕਿਲਵਿਖ[1] ਨਹੀਂ ਪ੍ਰਕਾਸ਼ਤਿ।
[1]ਪਾਪਾਂ (ਰੂਪੀ) ਤਾਰੇ।
ਬੇਮੁਖਤਾ ਨਿਸ[1] ਜਹਿਂ ਭੀ ਨਾਸਤਿ
[1]ਬੇਮੁਖਤਾ (ਰੂਪੀ) ਰਾਤ।

॥੫੫॥

ਕਵਿ ਕਰ ਬੰਦ ਗੁਰੂ ਪਦ ਬੰਦੇ।
ਸਿਖੀ ਜਾਚਹਿ ਆਨੰਦ ਕੰਦੇ।
ਏਕ ਆਸ ਨਾਸੀ ਅਬ ਔਰੀ।
ਦਰਸਨ ਦੇਹੁ ਲਾਲਸਾ ਮੋਰੀ† ॥੫੬॥

†ਕਵਿ ਜੀ ਦੀ ਇਸ਼ਟਾਪਤੀ ਵੇਖਣ ਯੋਗ ਹੈ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲਾਲੋ ਪ੍ਰਸੰਗ' ਬਰਨਨੰ ਨਾਮ ਅਠੱਤੀਸਮੋਂ ਅਧਜਾਯ ॥੩੮॥

## ੩੯. [ਗੁਰਚਰਣ ਮੰਗਲ। ਮਲਕ ਭਾਗੋ ਆਦਿ]

੩੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੦

{ਮਲਿਕ ਭਾਗੋ} ॥੩..॥
{ਭਾਗੋ ਦਾ ਪਰਦਾ ਫਾਸ਼} ॥੪੯..॥
{ਖਾਨ ਦਾ ਪੁਤ੍ਰ ਮਰਨਾ} ॥੮੭॥

ਦੋਹਰਾ:

ਸ੍ਰੀ ਗੁਰੁ ਚਰਨ ਸਰੋਜ ਕੀ ਰਜ ਸ਼੍ਰਿੰਖਲ ਗਲ† ਪਾਇ।

ਸਰੋਜ=ਕਮਲ। ਸ਼੍ਰਿੰਖਲ=ਸੰਗਲ। [ਸੰਸ. ਸ਼੍ਰਿੰਖਲ] ਗਲ=ਛਾਪੇ ਦੇ ਦੋ ਗ੍ਰੰਥਾਂ ਵਿਚ ਪਾਠ-ਸਰ-ਹੈ, ਲਿਖਤ ਦੇ ਇਕ ਵਿਚ ਪਾਠ-ਗਲ- ਹੈ। ਅਸਾਂ ਗਲ ਨੂੰ ਵਧੇਰੇ ਸੁੱਧ ਸਮਝਿਆ ਹੈ।

†ਪਾ:-ਸਰ ਤੁੱਲ। ਵਾ, ਸਿਰ।

ਮਨ ਗੋਇੰਦ ਕੋ ਰੋਕ ਕਰਿ ਕਹੋਂ ਕਥਾ ਗਤਿਦਾਇ ॥੧॥

ਗਇੰਦ=ਹਾਥੀ। [ਸੰਸ. ਗਜੇਂਦ੍ਰ]

ਅਰਥ:

ਸ਼੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ (ਰੂਪੀ) ਸੰਗਲ ਨੂੰ ਮਨ ਰੂਪੀ ਹਾਥੀ ਦੇ ਗਲ ਪਾ ਕੇ (ਤੇ ਇਸਨੂੰ ਇਸ ਤਰ੍ਹਾਂ) ਰੋਕ ਕੇ (ਹੁਣ ਮੈਂ) ਮੁਕਤ ਦਾਇਨੀ ਕਥਾ ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਇਹ ਬਿਧਿ ਨਗਰ ਏਮਨਾਵਾਦੂ।
ਰਹੇ ਹੇਤ ਲਾਲੋ ਅਹਿਲਾਦੂ[1]। [1]ਦੀ ਖੁਸ਼ੀ ਵਾਸਤੇ।
ਪੰਦ੍ਰਹ ਬਾਸੁਰ[1] ਜਬਹਿ ਬਿਤੀਤੇ। [1]ਪੰਦ੍ਰਾਂ ਦਿਨ।
ਸੇਵਹਿ ਚਰਨ ਕਮਲ ਉਰ ਪ੍ਰੀਤੇ ॥੨॥
ਹੁਤੋ ਪਠਾਨ ਤਹਾਂ ਕੋ ਰਾਜਾ।
ਨਿਕਟਿ[1] ਸਭਾ ਜਿਹ ਦੁਸ਼ਟ ਸਮਾਜਾ। [1]ਪਾਸ।
ਤਿਹ ਮੰਤ੍ਰੀ ਥੋ ਖੱਤ੍ਰੀ ਏਕੂ।
ਨਾਮ ਮਲਕ ਭਾਗੋ ਅਵਿਵੇਕੂ[1] ॥੩॥ [1]ਅਗਜਾਨੀ

{ਮਲਿਕ ਭਾਗੋ}

ਹੁਤੋ ਪਾਸ ਤਿੰਹ ਕੇ ਬਹੁ ਦਰਬਾ।[1] [1]ਧਨ।
ਕਰਿ ਕਲਿਮਲ[1] ਸੋ ਸੰਚਯੋ[2] ਸਰਬਾ। [1]ਪਾਪ। [2]ਕੱਠਾ ਕੀਤਾ ਸੀ।
ਕਰਨ ਸੁਜਸ ਅਪਨੋ ਨਰ ਮਾਂਹੀ।
ਬ੍ਰਹਮ ਭੋਜ ਕੀਨੋ ਪੁਰਿ ਤਾਂਹੀ[1] ॥੪॥ [1]ਉਸਨੇ ਸ਼ਹਿਰ ਵਿੱਚ।
ਦਿਜ, ਖੱਤ੍ਰੀ ਬਿਟ[1]†, ਸ਼ੂਦਰ ਚਾਰੀ[2]। [1]ਵੈਸ਼ਜ। [2]ਚਾਰੋਂ ਨੂੰ। †ਪਾਠਾਂਤ੍ਰ ਬਟ ਬ੍ਰਹਮਚਾਰੀ।
ਸਭਿ ਕੋ ਦਯੋ ਅੰਮਤੁ[1] ਪੁਕਾਰੀ। [1]ਨਿਉਂਦਾ।
ਜਿਤੇ ਫਕੀਰਨ ਕੇ ਅਸਥਾਨਾ।
ਪਠਿ ਨਰ[1] ਸਭਿਨਿ ਅਸਨ ਬਰਜਾਨਾ[2] [1]ਆਦਮੀ ਭੇਜਕੇ। [2]ਸਭ ਦਾ ਭੋਜਨ ਵਰਜਿਆ।

॥੫॥

ਦੋਹਰਾ:

ਤਿਹ ਖੱਤ੍ਰੀ ਕੋ ਦਿਜ ਨਗਰ, ਫਿਰਤਿ ਅਮੰਤ੍ਰ ਦੇਤਿ[1]।
ਜਾਵਤਿ ਥੇ ਉਦਿਆਨ ਕੋ, ਤਬ ਬੇਦੀ ਕੁਲਿਕੇਤੁ[1] ॥੬॥

[1]ਨਿਉਂਦਾ ਦੇਂਦਾ ਫਿਰਦਾ ਸੀ (ਜਿਸ ਵੇਲੇ)।

[1]ਭਾਵ ਗੁਰੂ ਜੀ।

ਚੌਪਈ:

ਬਿੱਪ੍ਰ[1] ਬਿਲੋਕਤਿ ਬਚਨ ਅਲਾਏ।
'ਕਿਤ ਕੋ ਨਾਨਕ ਤਪਾ ਸਿਧਾਏ?
ਅਹੈ ਅਮੰਤ੍ਰ[1], ਨ ਕਰਹੁ ਅਹਾਰਾ।'
ਸੁਨਿ ਕੈ ਸ਼੍ਰੀ ਮੁਖ ਬਚਨ ਉਚਾਰਾ ॥੭॥
'ਕੈਸ ਅਮੰਤ੍ਰ ਬਿੱਪ੍ਰ ਤੁਮਾਰੇ?
ਨਿਜ[1] ਬਿਰਤਾਂਤ[2] ਬਤਾਉ ਵਿਚਾਰੇ?'
ਕਹਿ ਦਿਜ, ਭਾਗੋ ਖੱਤ੍ਰੀ ਜੋਊ।
'ਚਤੁਰ ਬਰਨ ਨਿਉਤੇ ਸਭਿ ਕੋਊ ॥੮॥
ਬ੍ਰਹਮ ਭੋਜ ਤਿਨ ਕੀਨ ਬਿਸਾਲਾ।
ਆਜ ਜਾਹਿ ਨਰ ਸਭਿ ਤਿਹ ਸ਼ਾਲਾ[1]।'
ਕਹ੍ਯੋ ਗੁਰੂ 'ਹਮ ਕਿਨਕੇ ਮਾਂਹੀ।
ਹੈਂ ਦਰਵੇਸ਼ ਬਰਨ ਕੌ ਨਾਂਹੀ†' ॥੯॥

[1]ਬ੍ਰਾਹਮਣ ਨੇ।

[1]ਨਿਉਂਦਾ ਹੈ (ਤੁਹਾਨੂੰ)।

[1]ਆਪਨਾ। [2]ਹਾਲ।

[1]ਉਸਦੇ ਘਰ।

† 'ਵਰਨ ਕੋਈ ਨਹੀਂ ਆਪ ਕਹਿ ਰਹੇ ਹਨ। ਪਿੱਛੇ ਜੋ ਜੰਞੂ ਲਾਲੋ ਦੀ ਰੋਟੀ ਵੇਲੇ ਦੱਸਿਆ ਹੈ ਸੋ ਸਿੱਧ ਹੋਯਾ ਕਿ ਕੋਈ ਨਹੀਂ ਸੀ, ਜੇ ਉਹ ਸੀ ਤਾਂ ਹੁਣ 'ਵਰਨ ਕੋਈ ਨਹੀਂ' ਕਿਵੇਂ ਕਹਿ ਸਕਦੇ ਸਨ। ਕਿਉਂਕਿ ਜੰਞੂ ਵਰਣਾਸ਼੍ਰਮ ਦੀ ਮਰਯਾਦਾ ਦਾ ਚਿੰਨ੍ਹ ਹੈ।

ਦੋਹਰਾ:

ਸੁਨਿ ਸ਼੍ਰੋਨਨ ਮੈਂ ਬਿੱਪ੍ਰ ਸੋ, ਬਿਗਸ੍ਯੋ ਬਚਨ ਅਲਾਇ।
'ਨਾਮ ਕੁਰਾਹੀ ਤੋਹਿ ਕੋ, ਇਨ ਬਾਤਨ[1] ਬਨਿ ਆਇ ॥੧੦॥

[1]ਇਨ੍ਹਾਂ ਗਲਾਂ ਤੋਂ।

ਚੌਪਈ:

ਛੋਰੀ ਲੋਕ ਰੀਤਿ ਜਗ ਮਾਂਹੀ।
ਭਯੋ ਨਾਮ ਇਉਂ ਤੋਹਿ ਕੁਰਾਹੀ।

ਬ੍ਰਹਮਭੋਜ ਮਹਿਂ ਜੇ ਨਹਿਂ ਆਵਹਿਂ।
ਮਲਕ ਕ੍ਰੋਧ ਹਿਰਦੇ ਉਪਜਾਵਹਿ ॥੧੧॥
ਨਗਰ ਵਿਖੇ ਤੇ ਦੇ ਨਿਕਸਾਈ[1]। [1]ਕੱਢ ਦੇਵੇਗਾ।
ਤੁਮ ਜਾਣਹੁ, ਮੈਂ ਕਹਜੋ ਸੁਨਾਈ।'
ਇਹ ਬਿਧਿ ਕਹਿ ਕਰਿ ਦਿਜ ਤਬ ਗਵਨਾ।
ਤੂਸ਼ਨ ਕਰੀ ਖਿਮਾ ਕੇ ਭਵਨਾ ॥੧੨॥
ਬ੍ਰਹਮਭੋਜ ਤਿਨ ਅਧਿਕ† ਬਨਾਵਾ। †ਪਾ-ਅਨਿਕ।
ਊਚ ਨੀਚ ਸਭਿ ਸਦਨ ਅਲਾਵਾ।
ਕਰਜੋ ਜਾਇ ਕਰਿ ਖਾਨ[1] ਅਹਾਰਾ। [1]ਖਾਣਾ ਕੀਤਾ।
ਅਨਿਕ ਭਾਂਤਿ ਕਰਿ ਜੁਊ ਸਵਾਰਾ ॥੧੩॥
ਤ੍ਰਿਪਤਿ ਹੋਇ ਬਹੁ ਸੁਜਸ ਬਖਾਨਹਿਂ।
ਪੁੰਨਵਾਨ ਤਾਂ ਕੋ ਅਤਿ ਮਾਨਹਿਂ।
ਝੂਠੇ ਲਖਹਿਂ ਨ ਇਹ ਪਰਪੰਚੀ[1]। [1]ਛਲੀਆ।
ਜਿਨ ਵਡ ਅਘ[1] ਕਰਿ ਮਾਯਾ ਸੰਚੀ ॥੧੪॥ [1]ਪਾਪ।

ਦੋਹਰਾ: [1]ਘਰ। [2]ਬਨ ਵਿੱਚ।
ਤਿੰਹ ਗ੍ਰਿਹ[1] ਨਹਿਂ ਸ੍ਰੀ ਗੁਰੁ ਗਏ, ਦਿਨ ਬਿਤਾਇ ਉਦਿਆਨ[2]।
ਲਾਲੋ ਆਲਯ ਆਨਿ ਕੈ, ਰਾਜਤਿ[1] ਮਯਾ ਨਿਧਾਨ ॥੧੫॥ [1]ਟਿਕੇ।

ਚੌਪਈ: [1]ਉਸ ਬ੍ਰਾਹਮਣ ਨੇ।
ਤਪਾ ਨ ਆਯੋ ਦਿਜ ਤਿੰਹ[1] ਜਾਨੀ।
ਦੂਤੀ[1] ਭਾਗੋ ਨਿਕਟਿ ਬਖਾਨੀ। [1]ਚੁਗਲੀ।
ਕਰਤਿ ਹੁਤੇ ਸੁ ਅਸੂਯਾ[1] ਆਗੇ। [1]ਰਖਾ।
ਯਾਂ ਤੇ ਦੁਸ਼ਟੀ[1] ਸੋਂ ਅਨੁਰਾਗੇ ॥੧੬॥ [1]ਦੋਸ਼ ਲਗਾਉਣ ਤੇ ਚੁਗਲੀ ਕਰਨ ਵਿਚ।
'ਦੇਖਹੁ ਮਲਕ! ਨ ਤੁਮਰੇ ਆਯੋ।
ਖੱਤ੍ਰੀ ਨਾਨਕ ਤਪਾ ਕਹਾਯੋ।
ਤੁਮ ਤੇ ਅਧਿਕ ਆਪ ਕੋ ਜਾਨਾ।

ਅਚਜੋ ਅਹਾਰ ਨ ਤੁਮ ਘਰ ਆਨਾ[1] ॥੧੭॥

[1]ਆਕੇ।

ਆਂਖ ਤਰੈ ਨਹਿਂ ਆਨਤਿ ਕਾਹੂ[1]।

[1]ਲਿਆਉਂਦਾ ਨਹੀਂ ਕਿਸੇ ਨੂੰ।

ਤਜੀ ਰੀਤਿ, ਪਗ ਧਰਤਿ ਕੁਰਾਹੂ।
ਸ਼ੂਦਰ ਕੇ ਘਰ ਭੋਜਨ ਕਰਿਹੀ।
ਆਵਾ ਇਹਾਂ ਨ ਉਰ ਮਹਿਂ ਡਰਿਹੀ' ॥੧੮॥

ਦੋਹਰਾ:

ਸੁਨਿ ਭਾਗੋ ਪੁਨ[1] ਬੂਝਹੀ[2], 'ਦਯੋ ਅਮੰਤੁ ਕਿ ਨਾਂਹਿ?'

[1]ਫੇਰ। [2]ਪੁੱਛਿਆ।

ਕਹਿ ਦਿਜ 'ਕੀਨਿ ਤਗੀਦ ਮੈਂ, ਬਹੁਤ ਬਾਰ ਬਚ[1] ਪ੍ਰਾਹਿ[2]' ॥੧੯॥

[1]ਬਚਨ। [2]ਆਖਕੇ।

ਚੌਪਈ:

ਸੁਨਤਿ ਮਲਕ ਮਨ ਕ੍ਰੋਧਹਿ ਆਯੋ।
ਮਨਹੁ ਸਿੰਘ ਧਰ[1] ਮਸ਼ਕ[2] ਰਿਸਾਯੋ[3]।

[1]ਸ਼ੇਰ ਉੱਤੇ। [2]ਮੱਛਰ। [3]ਗੁੱਸੇ ਹੋਇਆ।

'ਜਾਵਹੁ ਦਿਜ! ਤਿਹ ਆਨ ਬੁਲਾਈ।
ਦੇਖਿ ਲੇਹਿਂ ਤਿਨ ਕੀ ਮਨੁਸ਼ਾਈ[1] ॥੨੦॥

[1]ਮਰਦਾਨਗੀ, ਪ੍ਰਾਕ੍ਰਮ। (ਅ) ਮਰਜ਼ੀ।

ਕੇਤਿਕ ਜੋਰ ਐਂਠ[1] ਸੋ ਕਰਿਹੀ।

[1]ਆਕੜ।

ਆਵਾ ਖਾਨਿ ਨ ਉਰ ਮਹਿਂ ਡਰਿਹੀ।'
ਸੁਨਿ ਦਿਜ ਹਰਖਤਿ ਤੁਰਨ ਗਵਨਾ।
ਹੁਤੋ ਜਹਾਂ ਲਾਲੋ ਕੋ ਭਵਨਾ ॥੨੧॥
ਦਰ[1] ਠਾਂਢੋ ਊਚੋ ਬਚ ਪ੍ਰਾਹੀ[2]।

[1]ਦਰਵਾਜੇ ਤੇ। [2]ਆਵਾਜ਼ ਦਿੱਤੀ।

'ਲਾਲੋ! ਨਾਨਕ ਤਪਾ ਇਹਾਂ ਹੀ?'
ਕਹਿ ਲਾਲੋ 'ਬੈਸੇ ਹੈਂ ਅੰਤਰ।
ਕਾਜ ਕੌਨ ਤੇ? ਕਹੋ ਨਿਰੰਤਰ[1] ॥੨੨॥

[1]ਪੜਦੇ ਬਿਨਾਂ।

ਦੋਹਰਾ:

ਕਹਿ ਦਿਜ 'ਪਠਵਹੁ ਵਹਿਰ ਕੋ', ਸ੍ਰੀ ਗੁਰੁ ਆਪੇ ਆਇ।
'ਕਜਾ ਪਾਧਾ ਤੁਮ ਕਹਤਿ ਹੋ, ਕਾਰਜ ਦੇਹੁ ਸੁਨਾਇ?' ॥੨੩॥

ਚੌਪਈ:

'ਚਲਿਯੇ ਤੁਰਨ ਮਲਕ ਬੁਲਾਵੈ।

ਨਤੁ[1] ਮਾਨਵ ਕੋ ਅਵਰ ਪਠਾਵੈ[2]।' — [1]ਨਹੀਂ ਤਾਂ। [2]ਭੇਜੇਗਾ।

ਬੋਲੇ ਸ੍ਰੀ ਗੁਰੁ ਸਭਿ ਸੁਖਧਾਮਾ।[1] — [1]ਸਾਰੇ ਸੁਖਾਂ ਦੇ ਘਰ।

'ਮਲਕ ਸੰਗ ਕਜਾ ਹਮਰੋ ਕਾਮਾ ॥੨੪॥

ਕੌਨ ਮਲਕ? ਹੌਂ ਜਾਨਤਿ ਨਾਂਹੀ।

ਕਬਿ ਨ ਬਿਲੋਕਯੋ ਕਹਾਂ ਬਸਾਹੀ।[1] — [1]ਕਿੱਥੇ ਵਸਦਾ ਹੈ।

ਲੇਨਿ ਦੇਨਿ ਕੋ ਕਾਜ ਨ ਕੋਊ।

ਕਿਉਂ ਆਇਸ ਕਰਿ ਭੇਜਤਿ ਸੋਊ' ॥੨੫॥

ਹਟਿ ਦੂਜੀ ਦੂਤੀ[1] ਦਿਜ[2] ਕੀਨੀ। — [1]ਚੁਗਲੀ। [2]ਬ੍ਰਾਹਮਣ ਨੇ।

ਭੇਵ ਨ ਸਮਝਹਿ ਜਿਹ ਮਤਿ ਹੀਨੀ।

'ਸੁਨਹੁ ਮਲਕ! ਜੋ ਆਇਸ ਤੋਰੀ।

ਰਿਦੇ ਨ ਆਨਤਿ, ਦੀਨ ਬਹੋਰੀ[1] ॥੨੬॥ — [1]ਮੋੜ ਦਿੱਤੀ ਹੈ।

ਦੋਹਰਾ:

ਕਹੈ, -ਨ ਜਾਨੋਂ ਮਲਕ ਮੈਂ, ਕੋ ਹੈ ਕਹਾਂ ਬਸਾਇ? -।

ਵਡੋ ਢੀਠ ਨਿਸ਼ਠੁਰ[1] ਬਚਨ, ਤੁਮ ਕੋ ਕਹੇ ਬਨਾਇ ॥੨੭॥ — [1]ਕਠੋਰ।

ਚੌਪਈ:

ਨਹੀਂ ਬੁਲਾਯੋ ਇਹ ਤਾਂ ਆਵੈ।

ਕਰਹੁ ਅਬਹਿ ਜਿਉਂ ਹਿਰਦੈ ਭਾਵੈ।

ਤਵ ਭੋਜਨ ਕੀ ਕਰਿ ਹੈ ਨਿੰਦਾ।

ਖਾਵਹਿ ਘਰ ਸ਼ੂਦਰ ਜੋ ਮੰਦਾ ॥੨੮॥

ਖੱਤ੍ਰੀ ਜਾਤਿ ਨ ਲੱਜਾ ਕਰਿਈ।

ਲੋਕ ਰੀਤਿ ਉਰ ਤੇ ਪਰਿਹਰਿਈ[1]।' — [1]ਛੱਡ ਦਿੱਤੀ ਹੈ।

ਆਗੈ ਪਾਵਕ ਰੋਸ ਬਹੂਤੀ[1]। — [1]ਗੁੱਸਾ ਰੂਪੀ ਅਗਨੀ ਬਹੁਤੀ ਸੀ।

ਬਚਨ ਘ੍ਰਿੱਤ ਜਨੁ ਦੀਨਿ ਅਹੂਤੀ[1] ॥੨੯॥ — [1]ਚੁਗਲੀ ਦੇ ਵਾਕ ਘਿਉ ਦੀ ਅਹੂਤੀ ਮਿਲ ਗਏ।

ਅਰੁਨਬੇਖ[1] ਕਰਿ ਮਲਕ ਅਲਾਵੈ[2]। — [1]ਲਾਲ ਸਰੂਪ (ਚਿਹਰਾ)। [2]ਕਿਹਾ।

'ਅਬਹਿ ਬੁਲਾਏ, ਜੇ ਨਹਿਂ ਆਵੈ।
ਬਹੁ ਨਰ ਜਾਵਹੁ ਗਹਿ ਆਨੀਜੈ[1]†। [1]ਫੜ ਲਿਆਓ। †ਪਾ:-ਬਹੁਰ ਨ ਆਵੈ ਗਹਿ ਆਨੀਜੈ।
ਦਿਜ ਕੇ ਸੰਗ, ਬਿਲਮ ਨਹਿਂ ਕੀਜੈ' ॥੩੦॥

ਦੋਹਰਾ:
ਲੇ ਕਰਿ ਪਾਂਚ ਕ[1] ਮਨੁਜ ਪੁਨ, ਦਿਜ ਤਬ ਗਯੋ ਰਿਸਾਇ। [1]ਪੰਜ।
ਊਚੇ ਬਚਨ ਉਚਾਰਿ ਕੈ, ਨਾਨਕ ਲਏ ਬੁਲਾਇ ॥੩੧॥

ਚੌਪਈ:
'ਮਲਕ ਰੋਸ ਤੁਝ ਪਰ ਬਹੁ ਕੀਨੋ।
ਚਲਹੁ ਸੰਗ ਭਲਿ ਬਿਧਿ[1] ਮਨ ਚੀਨੋ[2]। [1]ਚੰਗੀ ਤਰ੍ਹਾਂ। [2]ਸਮਝ ਲਓ।
ਨਾਤੁਰ ਤੁਮ ਕੋ ਗਹਿ ਲੇ ਜਾਵਹਿਂ।
ਹੇਰਹੁ ਨਰ[1] ਨਹਿਂ ਬਿਲਮ ਲਗਾਵਹਿਂ[2]' ॥੩੨॥ [1]ਦੇਖਦੇ ਹੋ ਮਨੁਖ। [2]ਏਹ ਦੇਰ ਨਹੀਂ ਲਾਣਗੇ।
ਬਿਗਸੇ[1] ਸ੍ਰੀ ਪ੍ਰਭੁ ਸੁਨਿ ਬਚ ਐਸਾ। [1]ਹੱਸੇ।
ਚਲੇ ਸੰਗ ਜਹਿਂ ਭਾਗੋ ਬੈਸਾ।
ਮਤਿ ਮੰਦਨ ਕੋ ਲੱਜਤਿ ਕਰਨੇ।
ਸਰਬ ਗਰਬ ਤਿਂਹ ਉਰ ਕੋ ਹਰਨੇ[1] ॥੩੩॥ [1]ਦੂਰ ਕਰਨ ਲਈ।
ਸ੍ਰੀ ਗੁਰੁ ਗਵਨੇ ਜਾਇਂ[1] ਅਗਾਰੀ[2]। [1]ਟੁਰੇ ਜਾਂਦੇ ਹਨ। [2]ਅੱਗੇ।
ਲਾਲੋ ਚਲ੍ਯੋ ਸਸ਼ੰਕ[1] ਪਿਛਾਰੀ[2]। [1]ਸੰਸੇ ਨਾਲ, ਡਰਦਾ ਹੋਯਾ। [2]ਪਿੱਛੇ।
ਦਿਜ ਅਰ ਮਨੁਜ ਜਾਹਿਂ ਸੰਗ ਲਾਗੇ।
ਪਗ ਨਹਿਂ ਲਾਗਹਿਂ ਦੁਸ਼ਟ ਅਭਾਗੇ[1] ॥੩੪॥ [1]ਅਭਾਗੇ ਚਰਨੀ ਨਹੀਂ ਲਗਦੇ (ਗੁਰੂ ਜੀ ਦੇ)।

ਦੋਹਰਾ:
ਸੁਨੀ ਨਗਰ ਮਹਿਂ ਜਹਿਂ ਤਹਾਂ -ਸ੍ਰੀ ਗੁਰੁ ਗਹਿ ਮੰਗਵਾਇ-।
ਧਾਇ ਧਾਇ ਹਿਤ ਹੇਰਨੇ, ਸੰਗ[1] ਚਲੇ ਸਭਿ ਜਾਇਂ ॥੩੫॥ [1]ਨਾਲ।

ਚੌਪਈ:

ਜਾਇ ਮਲਕ ਢਿਗ, ਬਚਨ ਅਲਾਯੋ।
'ਅਬ ਨਾਨਕ ਤੁਮਰੇ ਪਹਿ ਆਯੋ।'
ਮਲਕ ਕਹੈ 'ਆਨਹੁ ਮਮ ਪਾਸਾ।'
ਸ਼੍ਰੀ ਗੁਰੁ ਅੰਤਰ ਗਏ ਅਵਾਸਾ[1] ॥੩੬॥ [1]ਘਰ ਦੇ ਅੰਦਰ ਗਏ।
ਕਹਜੋ ਜਾਇ 'ਮੁਝ ਕਿਉਂ ਬੁਲਿਵਾਯੋ?
ਬਾਰ ਬਾਰ ਨਿਜ ਮਨੁਜ ਪਠਾਯੋ।
ਕੌਨ ਕਾਜ ਤੇਰੋ ਮਮ ਸੰਗਾ?
ਭੇਜਹਿਂ ਆਇਸ ਹੋਇ ਨਿਸੰਗਾ' ॥੩੭॥
ਸੁਣਿ ਕਰਿ ਭਾਗੋ ਬਚਨ ਅਲਾਯੋ।
'ਬ੍ਰਹਮ ਭੋਜ ਮਮ[1] ਕਿਉਂ ਆਯੋ? [1]ਮੇਰੇ ਤੇ।
ਦਿਜ ਨੈ ਤੁਝੈ ਅਮੰਤ੍ਰ ਦੀਨੋ।[1] [1]ਨੇਉਂਦਾ ਦਿੱਤਾ ਸੀ।
ਆਨਿ ਅਹਾਰ ਨ ਖਾਵਨ ਕੀਨੋ ॥੩੮॥
ਬ੍ਰਹਮਭੋਜ ਮੈਂ ਦੋਖੁ ਕਵਨਾ?
ਜਿਹ ਪਿਖਿ ਨਹਿਂ ਆਵਾ ਮੁਝ ਭਵਨਾ।'
[1] 'ਹਮ ਫਕੀਰ ਸਭਿ ਤੇ ਸੁ ਬਿਦਾਵੈ[2]। [1]ਗੁਰੂ ਜੀ ਬੋਲੇ। [2]ਦਾਵਾ ਨਹੀਂ ਰਖਦੇ (ਕਿਸੇ ਨਾਲ)।
ਜਹਿਂ ਗੁਜਰੈ ਤਹਿਂ ਹੀ ਗੁਜਰਾਵੈਂ ॥੩੯॥

ਦੋਹਰਾ:

ਜਹਾਂ ਬਨੀ ਅਚਵੀ[1] ਤਹੀਂ, ਲਾਲਚ ਅਚਵਨ ਨਾਂਹਿ। [1]ਛਕ ਲਈ।
ਜੈਸੇ ਦੇਵਹਿ ਆਨਿ ਕੋ, ਉਰ ਕਰਿ ਹਰਖ ਸੁ ਖਾਂਹਿ' ॥੪੦॥

ਚੌਪਈ:

ਸੁਨਿ ਕਰਿ ਮਲਕ ਕਹੈ ਰਿਸ ਬੈਨਾ।
'ਭਾ ਬਿਪਰੀਤਿ[1], ਰਿਦੇ ਤੁਝ ਭੈ ਨਾ। [1]ਉਲਟ।
ਸੁਨੀ ਹਮਹਿਂ ਤਵ ਖੱਤ੍ਰੀ ਜਾਤਾ।
ਸ਼ੂਦ੍ਰਨ ਸਦਨ ਅਸਨ[1] ਨਿਤ ਖਾਤਾ ॥੪੧॥ [1]ਭੋਜਨ।

ਤਪਾ ਰਖਾਯੋ ਆਖਯ ਤੋਹੀ[1]। — [1]ਨਾਮ ਆਪਣਾ।
ਦੇਖਤਿ ਹੀ ਰਿਸ ਉਪਜਹਿ ਮੋਹੀ।
ਬ੍ਰਹਮਭੋਜ ਕੋ ਨਾਮ ਰਖੇਈ[1]। — [1]ਨਾਮ ਧਰਨਾ ਐਬ ਲਾਣਾ।
ਅੰਨ ਪਾਕ[1] ਘਰ ਨੀਚ[2] ਅਚੇਈ[3] ॥੪੨॥ — [1]ਰਸੋਈ ਦਾ। [2]ਨੀਚ ਦੇ ਘਰ ਦਾ। [3]ਛਕਦਾ ਹੈਂ।

ਰਹੇ ਬੁਲਾਇ, ਨ ਹਮ ਘਰ ਆਵਾ।
ਕਿਹ ਕੋ ਕਹਨਿ ਨ ਮਨ ਮਹਿਂ ਲਜਾਵਾ।
ਦਿਜ, ਖੱਤ੍ਰੀ, ਬੈਸਨ ਸਭਿ ਖਾਯੋ।
ਸੋ ਨਹਿਂ ਇਹ ਕੇ ਹਿਰਦੇ ਭਾਯੋ' ॥੪੩॥

ਦੋਹਰਾ: — [1]ਲਿਆਓ।
ਸੁਨਿ ਸ਼੍ਰੋਨਨ ਸ਼੍ਰੀ ਗੁਰੂ ਭਨੈ, 'ਆਨਹੁ[1] ਅਬਹਿ ਅਹਾਰ।
ਬ੍ਰਹਮ ਭੋਜ ਮਹਿਂ ਜੋ ਕਰਜੋ, ਰਹੇ ਨ ਚਾਹਿ ਤੁਮਾਰ' ॥੪੪॥

ਚੌਪਈ: — [1]ਕਿਹਾ।
ਤਿਹ ਸੋਂ ਕਹਿ, ਲਾਲੋ ਸੋਂ ਭਾਖਾ।[1]
'ਆਨਹੁ ਅਸਨ[1] ਹੋਇ ਕੁਛ ਰਾਖਾ।' — [1]ਭੋਜਨ।
ਲਾਲੋ ਨਿਜ ਘਰ ਆਵਾ ਦੌਰਾ।
ਲੀਨ ਕੋਧਰੇ ਕੋ ਟੁਕ[1] ਟੋਰਾ[2] ॥੪੫॥ — [1]ਟੁੱਕਰ। [2]ਟੋਲਕੇ (ਅ) ਟੁਕਰ ਟੋਰ।

ਮਲਕ ਅਸਨ ਸੰਨਿਗਧ[1] ਮੰਗਾਵਾ। — [1]ਘਿਉ ਵਾਲਾ।
ਬ੍ਰਹਮਭੋਜ ਮਹਿਂ ਜੋ ਕਰਿਵਾਵਾ।
ਪੂਪ[1] ਪੂਰਿਕਾ[2] ਬਹੁਰ ਤਿਹਾਵਲ[3]। — [1]ਪੂੜੇ। [2]ਪੂੜੀ। [3]ਕੜਾਹ।
ਬਿਬਿਧ[1] ਅਹਾਰ ਮੰਗਾਇ ਉਤਾਵਲ[2] ॥੪੬॥ — [1]ਤਰ੍ਹਾਂ ਤਰ੍ਹਾਂ ਦੇ। [2]ਛੇਤੀ।

ਆਗੇ ਸ਼੍ਰੀ ਨਾਨਕ ਕੇ ਰਾਖੇ।
'ਖਾਹੁ ਚਾਹੁ ਸੋਂ' ਇਉਂ ਮੁਖ ਭਾਖੇ।[1] — [1]ਕਿਹਾ।
ਲਾਲੋ ਕੀ ਦਿਸ਼ਿ ਦੇਖਿ ਦਯਾਲਾ।
ਲੀਨਿ ਕੋਧਰੇ ਟੁਕ ਤਤਕਾਲਾ ॥੪੭॥

ਦੋਹਰਾ: — [1]ਖੱਬੇ ਹੱਥ। [2]ਪੂੜੇ। [3]ਸੱਜੇ।
ਬਾਂਵੇਂ ਕਰ[1] ਮਹਿਂ ਪੂਪ[2] ਲੈ, ਦਾਹਨ[3] ਟੁਕਰਾ ਧਾਰਿ।

ਹਾਥ ਝਪੀੜੇ ਜੁਗਲ[1] ਜਬ, ਹੇਰਤਿ ਲੋਕ ਅਪਾਰ ॥੪੮॥

[1]ਦੋਵੇਂ।

ਚੌਪਈ:

ਦੁਹੂੰ ਹਾਥ ਤੇ ਨਿਕਸੀ ਧਾਰਾ।
ਬਹੁ ਲੋਕਨ ਕੀ ਸਭਾ ਮਝਾਰਾ।

{ਭਾਗੋ ਦਾ ਪਰਦਾ ਫਾਸ਼}

ਇਕ ਤੇ ਦੂਧ, ਰਕਤ[1] ਇਕ[2] ਨਿਸਰੀ।[3]
ਗੰਗ[1] ਸਰਸੁਤੀ[2] ਸੀ ਤਹਿਂ ਪਸਰੀ[3] ॥੪੯॥

[1]ਲਹੂ। [2]ਇਕ ਤੋਂ। [3]ਚੋਈ।
[1]ਗੰਗਾ ਚਿੱਟੀ ਹੈ। [2]ਸਰਸੁਤੀ ਲਾਲ ਹੈ। [3]ਫੈਲੀ, ਵੱਗੀ।

ਇਕ ਦਿਸ ਦੂਧ ਪਰਤਿ ਧਰ ਮਾਂਹੀ।
ਇਕ ਦਿਸ ਸ੍ਰੋਣਿਤ[1] ਨਿਚੁਰਤਿ ਤਾਂਹੀ।
ਹਾਥ ਝਪੀੜਹਿਂ ਸ਼੍ਰੀ ਗੁਰ ਜਿਉਂ ਜਿਉਂ।
ਨਿਕਸਹਿ ਤਿਨ ਤੇ ਅਧਿਕਹਿ ਤਿਉਂ ਤਿਉਂ ॥੫੦॥

[1]ਲਹੂ।

ਚੱਕ੍ਰਿਤ ਭਏ ਸਭਾ ਨਰ ਸਾਰੇ।
-ਇਹ ਅਚਰਜ ਕਬਿ ਨਹੀਂ ਨਿਹਾਰੇ।
ਅਸਨ ਵਿਖੈ ਤੇ ਰਕਤ[੧੭] ਨਿਕਾਸਾ[1]।
ਕੀਨੋ ਇਕ ਤੇ ਦੂਧ ਪ੍ਰਕਾਸ਼ਾ- ॥੫੧॥

[1]ਕਢਿਆ।

ਦੋਹਰਾ:

ਭੀਰ ਭੂਰ ਭੌਨੰ[1] ਭਰਜੋ, ਹੇਰਤਿ ਅਚਰਜ ਬਾਤ।
ਕੋ ਬਿਧਿ ਸਮਝ ਨ ਆਵਈ, ਦੀਸਤਿ ਹੈ ਬਖਜਾਤ[1] ॥੫੨॥

[1]ਘਰ।
[1]ਪ੍ਰਗਟ।

ਚੌਪਈ:

ਸ਼੍ਰੀ ਗੁਰੁ ਧਰਮ ਮੂਲ ਸੋਂ ਸਾਨੀ[1]।
ਬੋਲੇ ਪਰਮ ਮਨੋਹਰ ਬਾਨੀ।
'ਬਹੁਤ ਨਰਨ ਕੋ ਸ਼੍ਰੋਣਤਿ[1] ਲੀਨਾ।
ਤਿਹਂ ਕੋ ਬ੍ਰਹਮ ਭੋਜ ਤੈਂ ਕੀਨਾ ॥੫੩॥
ਇਹ ਕੇ ਅਚਵਤ[1] ਪੁੰਨ ਪਲਾਈ[2]।
ਕਲਿਮਲ ਸੋਂ[1] ਧਨ ਕਿਯ ਇਕਠਾਈ[2]।
ਸੁਨਹੁ ਮਲਕ! ਜਿਹ ਕੋ ਸੁਧ ਨਾਂਹੀ।

[1]ਮਿਲੀ ਹੋਈ।
[1]ਲਹੂ।
[1]ਛਕਿਆਂ। [2]ਪੁੰਨ ਨਾਸ਼ ਹੁੰਦੇ ਹਨ।
[1]ਪਾਪਾਂ ਨਾਲ। [2]ਇਕੱਠਾ ਕੀਤਾ ਹੈ।

ਸੋ ਇਹ ਸ਼੍ਰੋਣਤਿ ਹਿਤ ਕਰਿ ਖ਼ਾਹੀ ॥੫੪॥

ਤਪਿਯਨ ਤਪ ਛੀਜਹਿ[1] ਇਹ ਖਾਏ। — [1]ਨਾਸ਼ ਹੁੰਦਾ ਹੈ।

ਧਯਾਨੀ[1] ਧਯਾਨ ਨ ਲਗਹਿ ਲਗਾਏ[2]। — [1]ਧਯਾਨੀਆਂ ਦਾ। [2]ਲਾਯਾਂ ਨਹੀਂ ਲਗਦਾ।

ਖਾਵਤਿ ਮਨ ਕੋ ਕਰਤਿ ਮਲੀਨਾ।

ਹਰਿ ਜਸੁ ਰੰਗ ਨ ਚਢਹਿ ਨਵੀਨਾ[1] ॥੫੫॥ — [1]ਨਵਾਂ।

ਦੋਹਰਾ:

ਸੁਧ[1] ਜਿਨ ਕੇ ਹਿਰਦੇ ਵਿਖੈ, ਸੋ ਕਿਉਂ ਸ਼੍ਰੋਣਿਤ ਪੀਅ। — [1]ਖਬਰ ਹੈ।

ਪੁੰਨਹੀਨ[1] ਨਿਜ[2] ਕਿਉਂ ਕਰੈਂ, ਸਮਝ ਦੇਖਿਯੇ ਹੀਯ[3] ॥੫੬॥ — [1]ਪੁੰਨ ਰਹਿਤ। [2]ਆਪਨੂੰ। [3]ਦਿਲ ਵਿਚ।

ਚੌਪਈ:

ਅਸਨ ਬਿਲੋਕਹੁ ਸ਼ੂਦਰ ਧਾਮੁ[1]। — [1]ਸ਼ੂਦਰ ਦੇ ਘਰ ਦਾ।

ਨਿਕਸਤਿ ਪੈ[1] ਜਿਹਤੇ ਅਭਿਰਾਮੁ[2]। — [1]ਦੁੱਧ। [2]ਸੁੰਦਰ।

ਬ੍ਰਹਮ ਭੋਜ ਹੋਵਤਿ ਨਿਤ ਇਨ ਕੇ।

ਕਰੋਂ ਅਹਾਰ ਸਦਨ[1] ਹੌਂ ਜਿਨ ਕੇ ॥੫੭॥ — [1]ਘਰ।

ਨਿਜ ਕਰ ਟਹਿਲ ਦਿਵਸ ਮਹਿਂ ਕਰਿਹੀ।

ਬ੍ਰਿੱਤਿ[1] ਨ ਕਲਿਮਲ[2] ਕੀ ਉਰ ਧਰਿਹੀ। — [1]ਉਪਜੀਵਕਾ। [2]ਪਾਪਾਂ ਦੀ।

ਕਰਿ ਮਿਹਨਤ ਸੋਂ ਹਾਥ ਕਮਾਈ।

ਬਹੁਰ ਅਥਿਤ ਕੋ ਦੇਯ ਤ ਖਾਈ[†] ॥੫੮॥ — [†]ਪਾ:-ਦੇਤ ਖਵਾਈ।

ਇਸ ਅਚਵੇ[1] ਉਰ[2] ਨਿਰਮਲ ਹੋਵਹਿ। — [1]ਖਾਧੇ। [2]ਰਿਦਾ।

ਜਨਮ ਜਨਮ ਮਲ ਜਲ ਸਮ ਧੋਵਹਿ।

ਕਰਿ ਤੈਂ[1] ਇਕਠੀ ਕਲਖੁ[2] ਕਮਾਈ। — [1]ਪਰ) ਤੂੰ ਕਰਕੇ। [2]ਪਾਪਾਂ ਦੀ।

ਕੀਰਤਿ ਕਾਰਣ[1] ਨਰਨ[2] ਖੁਵਾਈ ॥੫੯॥ — [1]ਅਪਨੀ) ਮਹਿਮਾਂ ਵਾਸਤੇ। [2]ਮਨੁਖਾਂ ਨੂੰ।

ਪਾਪ ਛਪਾਵਤਿ ਨਿਜ ਮਨ ਮਾਂਹੀ।

ਨਹਿਨ ਸੁਨਾਇ ਦਿਖਾਵਹਿਂ ਕਾਹੀ[1]। — [1]ਕਿਸੇ ਨੂੰ।

ਕਿਕਰ ਬੀਜ ਜਿਉਂ ਧਰਤਿ ਮਝਾਰੀ।

ਉਗ[1] ਲਗਿ[2] ਕੰਟਕ[3], ਦੇਂ ਦੁਖਭਾਰੀ ॥੬੦॥ — [1]ਉਗਿਆਂ। [2]ਲੱਗਣਗੇ। [3]ਕੰਡੇ।

ਇਹ ਜੁ ਪੁੰਨ ਕਰਿ ਸਭਿਨਿ ਦਿਖਾਵਾ।

ਸੁਜਸ ਪਾਇ ਹਿਰਦੇ ਗਰਬਾਵਾ[1]। — [1]ਹੰਕਾਰ ਕੀਤਾ।

ਧਰਤਿ ਵਹਿਰ ਜਿਉਂ ਬੀਜ ਰਸਾਲਾ।[1] — [1]ਧਰਤੀ ਦੇ ਬਾਹਰ (ਉੱਤੇ ਰਖਿਆਂ) ਸੁਹਣਾ ਬੀਜ ਬੀ ਨਹੀਂ ਉਗਦਾ।

ਉਗਹਿ ਨ, ਕਿਉਂ ਫਲ ਦੇਹਿ ਬਿਸਾਲਾ[1] ॥੬੧॥ — [1]ਬਹੁਤਾ ਫਲ ਕੀਕੂੰ ਦੇਵੇਗਾ।

ਹੁਇ ਜੁ ਛਪਾਯੋ ਉਗਵਹਿ ਸੋਊ।

ਯਹੀ ਰੀਤਿ ਜਾਨਹਿ ਸਭਿ ਕੋਊ।

ਤੁਝ ਕੋ ਹ੍ਵੈ ਦੋਨੋ ਬਿਪਰੀਤਾ।

ਤਬ ਜਾਨਹੁ ਜਬ ਦੇ ਜਮ ਭੀਤਾ[1]' ॥੬੨॥ — [1]ਡਰ।

ਦੋਹਰਾ:

ਮਹਿਮਾ ਪਾਵਕ[1] ਸੀ ਨਿਰਖਿ[2], — [1]ਅੱਗ ਵਰਗੀ, ਤੇਜਮਯ। [2]ਵੇਖਕੇ।

ਨਿਜ ਮਨ ਕਰਿ ਲਘੁ ਦਾਰ[1]। — [1]ਛੋਟੀ ਲਕੜੀ ਕਰਕੇ।

ਜਰਬਰਿ[1] ਕੇ ਜਢ[2] ਭਸਮ ਭਾ[3], — [1]ਸੜ ਬਲ। [2]ਮੂਰਖ। [3]ਸੁਆਹ ਹੋ ਗਿਆ।

ਸਮਝਤਿ ਨਹੀਂ ਗਵਾਰ ॥੬੩॥

ਚੌਪਈ:

ਬਹੁਰੋ ਬਚਨ ਘ੍ਰਿੱਤ ਕੇ ਪਰਸੇ।

ਪਾਵਕ[1] ਭਯੋ ਜਾਂਹਿ ਤੇ ਸਰਸੇ[2]। — [1]ਅੱਗ। [2]ਵੱਧ।

ਉਰ ਮਹਿਂ ਰਿਸਿ[1] ਅਤਿ ਕਛੁ ਨ ਬਸਾਈ[2]। — [1]ਗੁੱਸਾ। [2]ਪਰ) ਪੇਸ਼ ਨਹੀਂ ਜਾਂਦੀ।

ਲੱਜਤਿ ਹੋ ਕਰਿ ਗ੍ਰੀਵ ਨਿਵਾਈ ॥੬੪॥

ਬੋਲ ਨ ਆਵ ਬਿਕੁਲ ਸਾ ਭਯੋ।

ਜਿਉਂ ਕਿਰਪਨ ਕਾ ਧਨ ਕਿਤਿ ਗਯੋ।

ਕਿਧੌਂ ਜੂਪ ਮੈਂ[1] ਦਰਬ ਹਿਰਾਯੋ। — [1]ਜੂਏ ਵਿਚ।

ਚੋਰ ਜਾਰਿ ਜਿਉਂ ਬੋਲ ਨ ਆਯੋ ॥੬੫॥

ਊਚ ਨੀਚ ਹੇਰਹਿਂ ਨਰ ਠਾਂਢੇ।

ਚਿਤ ਮਹਿਂ ਅਧਿਕ ਬਿਸਮਤਾ ਬਾਢੇ।[1] — [1]ਵਧੀ।

ਸ੍ਰੀ ਨਾਨਕ ਉਠਿ ਬਾਹਰ ਆਏ।
ਮਨਹੁ ਗਜਾਨ ਕੋ ਤਰਨਿ ਸੁਹਾਏ[1] ॥੬੬॥

[1]ਗਜਾਨ ਦਾ ਸੂਰਜ ਸ਼ੋਭ ਰਹੇ ਹਨ।

ਦੋਹਰਾ:

ਲਾਲੋ ਜਿਨ ਕੇ ਸੰਗ ਹੈ, ਅੰਗ ਉਸੰਗਤਿ[1] ਭਾ ਜੁ।[2]
ਰਦਨ[1] ਕੁੰਦ[2] ਕਰੁਨਾ ਸਦਨ, ਬਦਨ[3] ਸੁ ਉਡਗਨ ਰਾਜ[4] ॥੬੭॥

[1]ਅੰਗਾਂ ਵਿਚ ਉਤਸਾਹੀ। [2]ਹੋਇਆ ਹੈ ਜੇਹੜਾ।

[1]ਦੰਦ। [2]ਮਰਤਬਾਨ ਦੇ ਫੁਲ ਵਤ। [3]ਮੁਖੜਾ। [4]ਫੈਲ ਗਿਆ।

ਚੌਪਈ:

ਆਨਿ ਸਦਨ ਮਹਿਂ ਪ੍ਰਭੁ ਬਿਰਾਜੇ।
ਜਿਹ ਕੀ ਕਰੁਨਾ ਯਮ ਦੁਖ ਭਾਗੇ।
ਪੁਰਿ ਮਹਿਂ ਬਿਸਤਰਯੋ[1] ਬਿਰਤਾਂਤਾ।
ਮਿਲਿ ਮਿਲਿ ਕਰਹਿਂ ਪਰਸਪਰ ਬਾਤਾ ॥੬੮॥

[1]ਚੰਦ੍ਰਮਾਂ (ਵਰਗਾ ਹੈ)।

ਮਲਕ ਭਯੋ ਲੱਜਤਿ ਮਨ ਮਾਨੀ।[1]
ਗਿਰਾ ਨ ਸਨਮੁਖ ਕਛੂ ਬਖਾਨੀ।
ਜੋ ਨਰ ਹੁਤੇ ਚਤੁਰ ਮਤਿਵਾਨਾ।
ਮਾਨੀ ਮਹਿੰਮਾ ਮਨਹਿਂ[1] ਮਹਾਨਾ ॥੬੯॥

[1]ਮਨ ਦਾ ਹੰਕਾਰੀ (ਸੀ ਮਲਕ)।

[1]ਮਨ ਵਿਚ।

ਜਿਹ ਠਾਂ ਮਿਲਹਿਂ ਕਰਹਿਂ ਪਦ ਬੰਦਨ।[1]
ਜਿਸ ਦਰਸ਼ਨ ਤ੍ਰੈ ਤਾਪ ਨਿਕੰਦਨ।
ਲਖਜੋ ਸੁ ਕਲਾਵਾਨ ਇਹ ਕੇਈ।[1]
ਨਿੰਦਾ ਯਾਂਕੀ ਬਹੁ ਦੁਖ ਦੇਈ ॥੭੦॥

[1]ਨਮਸਕਾਰ।

[1]ਕੇਈਆਂ ਨੇ।

ਸੰਤ ਲੋਕ ਸੁਭ ਮਤੋ ਨਿਰਾਲਾ।
ਜਿਹ ਮਹਿਂ ਅਜ਼ਮਤਿ[1] ਅਜਿਤ[2] ਬਿਸਾਲਾ।
ਜੇ ਮਤਿਮੰਦ ਮੂਢ ਅਗਜਾਨੀ।
ਤਿਨਹਿਂ ਨ ਮਹਿਮਾ ਕਛੂ ਪਛਾਨੀ ॥੭੧॥

[1]ਕਰਾਮਾਤ। [2]ਨਾ ਜਿੱਤੀ ਜਾਣ ਵਾਲੀ।

ਜਿਉਂ ਚਿੰਤਾਮਨਿ ਕਪਿ ਕਰ[1] ਆਈ।
ਨਹਿਂ ਜਾਨਹਿ ਤਿਹ ਕੀਮਤਿ ਕਾਈ†।

[1]ਬੰਦਰ ਦੇ ਹੱਥ।

†ਪਾ:-ਭਾਈ।

ਕਹਹਿ 'ਕਿ ਨਦਰਬੰਦ ਸਾ ਕੀਨਾ।[1]
ਜਾਨਜੋ ਗਯੋ ਨ ਕਜਾ ਕਰਿ ਦੀਨਾ'
॥੭੨॥

[1]ਗੁਰੂ ਜੀ ਨੇ) ਨਜ਼ਰ ਬੰਨ੍ਹ ਦਿੱਤੀ ਸੀ।

ਦੋਹਰਾ:

ਮਲਕ ਮੰਦਮਤਿ ਮੂਢ ਮਨ, ਕਲਿਮਲ[1]
ਬਲਿਤ[2] ਮਲੀਨ।
ਮਹਿਮਾ ਮਾਨਿ ਨ ਪਦ ਪਰਜੋ, ਬਹੁਰੋ
ਮਤਸਰ ਕੀਨਿ ॥੭੩॥

[1]ਪਾਪਾਂ ਨਾਲ। [2]ਵੇੜ੍ਹਿਆ।

ਚੌਪਈ:

ਰਿਦੈ ਵਿਚਾਰਹਿ ਅਸ ਅਗਜਾਨਾ।
-ਬੈਰ ਲੇਉਂ ਤੋਂ ਸੁਖ ਸਮ ਪ੍ਰਾਨਾ।
ਲੱਜਤਿ ਕੀਨੋ ਮੁਹਿ[1] ਬਹੁ ਮਾਂਹੀ।

[1]ਮੈਨੂੰ।

ਖ਼ਾਨ[1] ਨਿਕਟਿ ਗਹਿਵਾਵੌਂ[2] ਤਾਂਹੀ[3]-
॥੭੪॥

[1]ਹਾਕਮ ਤੋਂ। [2]ਫੜਵਾਵਾਂਗਾ। [3]ਇਸਨੂੰ।

ਜਿਹਤੇ ਦੁਖ ਪਾਵਹਿ ਜਢ ਸੋਊ।
ਕਰਤਿ[1] ਉਪਾਵ ਲੋਕ ਯੁਗ[2] ਖੋਊ।[3]

[1]ਕਰਦਾ ਹੈ। [2]ਦੋਵੇਂ ਲੋਕ। [3]ਗੁਵਾਏ ਜਾਣ ਦੇ।

ਭੋਰ ਭਈ ਤਜਿ ਭੌਨ ਪਧਾਰਾ।
ਗਯੋ ਖ਼ਾਨ ਕੀ ਸਭਾ ਮਝਾਰਾ ॥੭੫॥
ਇਕ ਤਿਹਂ[1] ਤਾਤ[2] ਤਰੁਨ[3] ਜਿਹ
ਬੈਸਾ[4]।

[1]ਉਸ (ਖ਼ਾਨ) ਦਾ। [2]ਪੁਤ੍ਰ ਸੀ। [3]ਜੁਵਾਨ। [4]ਜੁਵਾਨ ਜਿਸਦੀ ਉਮਰ ਸੀ।

ਭਯੋ ਆਮ[1] ਮੈਂ ਮ੍ਰਿੱਤਕ[2] ਜੈਸਾ।

[1]ਬੀਮਾਰੀ ਵਿਚ। [2]ਮੁਰਦੇ।

ਕਰਿ ਉਪਚਾਰ[1] ਥਕੇ ਸਮੁਦਾਈ।[2]

[1]ਦਵਾ ਦਾਰੂ, ਇਲਾਜ। [2]ਸਾਰੇ (ਵੈਦ ਆਦਿ)।

ਤਿਹ ਕੋ ਰੋਗ ਨ ਸਕੇ ਗਵਾਈ ॥੭੬॥

ਦੋਹਰਾ:

ਮਲਕ ਨਿਕਟਿ[1] ਬੂਝਯੋ[2] ਨ੍ਰਿਪਤਿ[3],
'ਸੁਤ ਨਹਿਂ ਹੋਇ ਅਰਾਮ।
ਕੋ ਉਪਚਾਰ ਨ ਲਾਗਈ, ਕਰੌਂ ਕੌਨ
ਅਬ ਕਾਮ? ॥੭੭॥

[1]ਪਾਸੋਂ। [2]ਪੁੱਛਿਆ। [3]ਖਾਂ ਨੇ।

ਚੌਪਈ:

ਭੇਖਜ[1] ਨਾਨ ਭਾਂਤਿ ਕਰਾਏ।
ਗੌਂਸ ਪੀਰ ਮੈਂ, ਸਭੈ ਮਨਾਏ।
ਜੋ ਬਿਧਿ ਮੁਝ ਕਿਨ ਆਨਿ ਬਖਾਨੀ।

[1]ਦੁਵਾਵਾਂ।

ਸੋ ਮੈਂ ਕਰੀ ਰਿਦੈ ਪਰਮਾਨੀ[1]' ॥੭੮॥ — [1]ਚੰਗੀ ਤਰ੍ਹਾਂ ਮੰਨ ਕੇ।

ਸੁਨਿ ਕਰਿ ਭਾਗੋ ਮਨ ਮਹਿਂ ਗੁਨਿਯਾ।
-ਜੋ ਚਾਹਤਿ ਸੋ ਕਾਰਜ ਬਨਿਯਾ-।
ਬੋਲਯੋ ਦੁਸ਼ਟ ਮੰਦਮਤਿ ਮਾਨੀ[1]। — [1]ਹੰਕਾਰੀ।
ਜਿਹ ਤੇ ਨਰਕ ਪਾਇ[1] ਦੁਖ ਖਾਨੀ ॥੭੯॥ — [1]ਪ੍ਰਾਪਤ ਹੋਵੇ(ਭਾਗੋ ਨੂੰ)।

'ਗਹੋ ਫਕੀਰ ਕਾਮਲਹਿ ਕੋਊ।
ਤੁਮ ਸੁਤ ਬੇਦਨ[1] ਖੋਵਹਿ ਸੋਊ। — [1]ਪੀੜਾ।
ਤਿਨ ਬਿਨ ਰੁਜ ਤਨੁ[1] ਜਾਇ ਨ ਕੈਸੇ। — [1]ਰੋਗ ਸਰੀਰ ਦਾ।
ਨਿਜ ਭੁਜ ਬਲ ਬਿਨ ਸ਼ੱਤ੍ਰੂ ਜੈਸੇ' ॥੮੦॥

ਸੁਨਿ ਸ਼੍ਰੋਨਨ ਭਨੈ† ਅਤੇ ਖਾਨਾ।[1] — [1]ਨਾਮ ਨਬਾਬ ਦਾ। †ਪਾ:-ਭਨਹੀ।
'ਕੋ ਕਾਮਲ ਮੁਝ ਨਹੀਂ ਪਛਾਨਾ।'
ਕਹਤਿ ਮਲਕ 'ਇਕ ਨਾਨਕ ਨਾਮੂ।
ਸੋ ਕਾਮਲ ਸਮਝਹੁ ਅਭਿਰਾਮੂ' ॥੮੧॥

ਦੋਹਰਾ: — [1]ਕਵਿ ਜੀ ਨਸੀਹਤ ਕਰਦੇ ਹਨ।

[1]ਬਹੁ ਨਰ ਸੁਨਹਿਂ ਨ ਗਨਹਿਂ ਮਨ,
ਔਗੁਨ ਕੈ ਗੁਨ ਰੀਤਿ[1]। — [1]ਗੁਣ ਔਗੁਣ ਦੀ ਰੀਤ ਨਹੀਂ ਸਮਝਦੇ।
ਸੰਤ ਗਹੇ ਤੇ ਰੀਝਈ,
ਕਿਧੌਂ[1] ਸੇਵ ਸਹਿ† ਪ੍ਰੀਤ[2] ॥੮੨॥ — [1]ਜਾਂ। [2]ਸੰਤ ਯਾ ਸਾਈਂ) ਸੰਤਾਂ ਨੂੰ ਫੜਿਆ ਰੀਝਦਾ ਹੈ ਕਿ ਪ੍ਰੀਤ ਨਾਲ ਸੇਵਾ ਕੀਤਿਆਂ?। †ਪਾ:-ਜੁਤ।

ਚੌਪਈ:

ਸੁਨਿ ਪਠਾਨ ਨੇ ਮਨੁਜ ਪਠਾਏ।
ਲਾਲੋ ਸਦਨ ਦਿਸ਼ਾ ਸੋ ਆਏ।
ਗਵਨੇ ਹੁਤੇ ਤਬਹਿ ਉਦਿਆਨਾ।
ਕਮਲ ਨੈਨ ਸ਼੍ਰੀ ਗੁਰੁ ਗਤਿਦਾਨਾ† ॥੮੩॥ — †ਪਾ:-ਆਨ ਪਹੁਚੇ ਮਨੁਜ ਰਜਾਨਾ।

ਕਹੈਂ ਕਿ 'ਚਲਹੁ ਭੁਵਾਲ[1] ਬੁਲਾਏ। — [1]ਰਾਜਾ ਨੇ।
ਕਰਹੁ ਨਾਂਹਿ[1] ਤੌ ਗਹਿ ਲੇ ਜਾਏਂ।' — [1]ਜੇ 'ਨਾਂਹ' ਕਰੋਗੇ।
ਕਮਲ ਬਦਨ ਸੁਨ ਕਰਿ ਤਿਨ ਬਾਨੀ।

ਗਵਨੇ ਸੰਗ ਨ੍ਰਿਪਤਿ ਇਸਥਾਨੀ[1] ॥੮੪॥ — [1]ਖ਼ਾਂ ਦੇ ਟਿਕਾਣੇ।

ਬੈਸੇ ਨਿਕਟਿ ਜਾਇ ਜਗਤੇਸ਼ਾ।
ਬੋਲਯੋ ਦਰਸ ਬਿਲੋਕਿ ਨਰੇਸ਼ਾ।
ਭੋ ਫਕੀਰ ਮਮ ਸੁਤ ਕੋ ਰੋਗੁ।
ਦੇਹੁ ਗਵਾਇ ਕਰਹੁ ਨਿਹਸੋਗੁ[1] ॥੮੫॥ — [1]ਚਿੰਤਾ ਰਹਿਤ ਕਰੋ (ਮੈਨੂੰ)।

ਨਤੁ[1] ਰਾਖੋਂ ਮੈਂ ਕੈਦ ਮਝਾਰਾ। — [1]ਨਹੀਂ ਤਾਂ
ਨਹਿਂ ਛੋਡੌਂ ਨਹਿਂ ਦੇਉਂ ਅਹਾਰਾ।'
ਸੁਨਿ ਬੋਲੇ ਸ਼੍ਰੀ ਨਾਨਕ ਬਚਨਾ।
'ਤੂੰ ਭਾ ਮੋਹ ਬੰਧ ਮੈਂ ਪਚਨਾ ॥੮੬॥
ਜਿਸ ਕੋ ਹਤਨ ਚਹਿਤਿ[1] ਹੋ ਰੋਗੁ। — [1]ਜਿਸਦਾ ਹਟਾਉਣਾਂ ਚਾਹੁੰਦਾ ਹੈਂ।
ਸੋ ਤੋ ਪਹੁੰਚਿਤ ਭਾ ਯਮ ਲੋਗੁ।

{ਖਾਨ ਦਾ ਪੁਤ੍ਰ ਮਰਨਾ}

ਸੁਧਿ ਨਿਕੇਤ ਕੀ[1] ਲੇਹੁ ਮੰਗਾਈ। — [1]ਘਰ ਦੀ ਖਬਰ।
ਨਿਕਟਿ[1] ਬੈਠ, ਕਿਉਂ ਗਾਲ ਬਜਾਈ[2]' ॥੮੭॥ — [1]ਪਾਸ। [2]ਭਾਵ ਡੀਂਗਾਂ ਮਾਰਦਾ ਹੈਂ।
ਸੁਨਿ ਬਿਸਮਤਿ ਘਰ ਨਰ ਕੋ ਭੇਜਾ।
ਰਿਦੈ ਪੀਰ ਜਨੁ ਫਟਤਿ ਕਰੇਜਾ।[1] — [1]ਕਲੇਜਾ।
ਇਤਨੇ ਮਹਿਂ ਮਾਨਵ ਤਹਿਂ[1] ਆਵਾ। — [1]ਓਥੇ।
ਮ੍ਰਿਤਕ ਭਏ ਕੌ ਬਚਨ ਸੁਨਾਵਾ ॥੮੮॥
ਸੁਨਤਿ ਭਯੋ ਸੋ ਬਿਕੁਲ[1] ਨਰੇਸ਼ਾ। — [1]ਵਿਆਕੁਲ।
ਉਠਿ ਆਏ ਸ਼੍ਰੀ ਪ੍ਰਭੁ ਜਗਤੇਸ਼ਾ।
ਸਹਿਜ ਸੁਭਾਇ ਗਏ ਉਦਿਆਨਾ।
ਕਿਯੋ ਹਾਨ[1] ਜਿਨ ਮਾਨੀ ਮਾਨਾ[2] ॥੮੯॥ — [1]ਨਾਸ਼ ਕੀਤਾ। [2]ਹੰਕਾਰੀ ਦਾ ਹੰਕਾਰ।
ਅਸ ਪ੍ਰਕਾਰ ਤਹਿਂ ਸਮਾਂ ਬਿਤਾਵਾ।
ਜਨ ਦੁਖ ਬਨ ਕੋ ਜੋ ਗੁਰੁ ਦਾਵਾ[1]। — [1]ਜਨਾਂ ਦੇ ਦੁਖ ਰੂਪੀ ਬਨ ਨੂੰ ਜੋ ਗੁਰੂ ਜੀ ਬਨ ਦੀ ਅੱਗ ਵਤ ਹਨ।
ਲਾਲੋ ਆਲਯ ਰੈਨ ਗੁਜ਼ਾਰੈਂ।
ਭੋਰ ਹੋਤਿ ਉਦਿਆਨ ਪਧਾਰੈਂ ॥੯੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਏਮਨਾਵਾਦ' ਪ੍ਰਸੰਗ ਬਰਨਨੰ ਨਾਮ ਉਣਤਾਲੀਸਮੋਂ ਅਧਯਾਯ ॥੩੯॥

## ੪੦. [ਚਰਣ ਰਜ ਮੰਗਲ। ਤਿਲਵੰਡੀ ਜਾਣਾ]

੩੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੧

{ਰਾਇ ਬੁਲਾਰ ਦਾ ਮਰਦਾਨੇ ਅੱਗੇ ਤਰਲਾ} ॥੪੦..॥

{ਚੰਦ੍ਰਭਾਨ ਦਾ ਖੂਹ} ॥੬੬॥

ਦੋਹਰਾ:

ਪਦ ਪੰਕਜ ਕੀ ਪਾਸੁ ਬਰ, ਪਰਮ ਮਨੋਗ ਪਰਾਗ।

ਪੰਕਜ=ਕਮਲ। ਪਾਸੁ=ਧੂੜੀ, ਦੇਖੋ ਅਧ੍ਯਾਯ ੧ ਦੇ ਛੰਦ ੮ ਦੇ ਪਦ ਅਰਥ। ਮਨੋਗ=ਮਨ ਨੂੰ ਪਿਆਰੀ ਲੱਗਣ ਵਾਲੀ, ਸੁੰਦਰ। ਪਰਾਗ=ਧੂੜੀ ਜੋ ਫੁੱਲਾਂ ਦੇ ਅੰਦਰ ਤੁਰੀਆਂ ਉੱਤੇ ਹੁੰਦੀ ਹੈ।

ਨਿਜ ਮਨ ਮਧੁਪ ਲੁਭਾਇ ਕੈ, ਕਹੋਂ ਕਥਾ ਅਨੁਰਾਗ ॥੧॥

ਮਧੁਪ=ਭਉਰਾ। ਮਧੁ+ਪ=ਜੋ ਸ਼ਹਦ ਪੀਏ। ਅਨੁਰਾਗ=ਪ੍ਰੇਮਮਈ, ਪ੍ਰੇਮ ਵਾਲੀ।

ਅਰਥ:

(ਸ੍ਰੀ ਗੁਰੂ ਜੀ ਦੇ) ਚਰਣਾਂ ਕਮਲਾਂ ਦੀ ਸ੍ਰੇਸ਼ਟ ਧੂੜੀ (ਮਾਨੋਂ) ਡਾਢੀ ਸੁੰਦਰ ਪਿਰਾਗ ਹੈ, (ਇਸ ਉਪਰ) ਆਪਣੇ ਭਉਰੇ (ਵਰਗੇ) ਮਨ ਨੂੰ ਲੁਭਾਇਮਾਨ ਕਰਕੇ ਮੈਂ ਹੁਣ ਪ੍ਰੇਮ ਮਈ ਕਥਾ (ਅੱਗੋਂ) ਆਖਦਾ ਹਾਂ।

ਭਾਵ:

ਹਰ ਅਧ੍ਯਾਯ ਦੇ ਅਰੰਭ ਵਿਚ ਹੁਣ ਅੱਡ ਅੱਡ ਸੁੰਦਰਤਾਈ ਨਾਲ ਸਤਿਗੁਰ ਜੀ ਦੇ ਚਰਣਾਂ ਦੀ ਟੇਕ ਨੂੰ ਆਪਣੀ ਕਥਾ ਦਾ ਆਸਰਾ ਵਰਣਨ ਕਰਦੇ ਜਾ ਰਹੇ ਹਨ।

ਚੌਪਈ:

ਬਾਲਾ ਕਹਿਤਿ ਸੁਨਤਿ ਸ੍ਰੀ ਅੰਗਦ।
ਸ੍ਰੀ ਗੁਰੁ ਕਥਾ ਦੈਵ ਦੈ ਸੰਪਦ।[1] — [1]ਦੈਵੀ ਸੰਪਦਾ (ਸ਼ੁਭ ਗੁਣਾਂ ਦੇ) ਦੇਣ ਵਾਲੀ ਹੈ।
ਤ੍ਰਿਪਤ ਨ ਹੋਤਿ ਸ਼੍ਰਵਨ ਪੁਟ[1] ਪੀਏ।[2] — [1]ਕੰਨਾਂ ਦੇ ਡੋਨੇ। [2]ਪੀਂਦੇ ਹੋਏ।
ਜੇ ਨਾਨਕ ਅਸਥਾਨੀ[1] ਥੀਏ ॥੨॥ — [1]ਭਾਵ ਸ੍ਰੀ ਗੁਰੂ ਅੰਗਦ ਦੇਵ ਜੀ।
ਬਿਦਤ ਨ ਕਰਤਿ ਕਲਾ ਜਿਨ ਗੋਈ।[1] — [1]ਛੁਪਾਈ ਹੈ।
ਸੁਨਹਿਂ ਅਜਾਨ ਸਮਾਨੰ ਸੋਈ।
ਤ੍ਰਿਕਾਲੱਗ ਦਰਸ਼ੀ[1] ਸਭਿ ਜਾਨੈਂ। — [1]ਤਿੰਨਾਂ ਕਾਲਾਂ ਦੇ ਗਿਆਤਾ ਤੇ ਸਾਖੀ।
ਗੁਪਤ ਬਿਦਤ[1] ਨਿਜ ਰਿਦੈ ਪਛਾਨੈਂ ॥੩॥ — [1]ਪ੍ਰਗਟ।
ਜਿਉਂ ਸਾਂਗੀ ਬਹੁ ਬੇਖ ਕਰੇਈ।
ਏਕ ਜੋਤਿ ਦਸ ਰੂਪ ਧਰੇਈ।
ਅਪਨਾ ਆਪ ਨ ਕਬਹਿ ਜਨਾਯੋ।
ਭਗਤਿ ਰੂਪ ਧਰਿ ਭਗਤਿ ਕਹਾਯੋ ॥੪॥

ਦੋਹਰਾ:

ਸਾਂਗੀ ਪਾਛਲ[1] ਬੇਖ ਕੋ, — [1]ਪਿਛਲੇ।

ਕਬਿ ਨ ਬਤਾਵਹਿ ਸੋਇ।
ਬੇਖ ਧਰੇ ਜਸ[1] ਕ੍ਰਿੱਤ[2] ਤਸ[3],
ਇਹ ਜਾਨਹਿ ਸਭਿ ਕੋਇ ॥੫॥

[1]ਜੈਸਾ। [2]ਕਰਤਬ ਕਰਦਾ ਹੈ। [3]ਤੈਸਾ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:
ਭਈ ਏਮਨਾਵਾਦ ਮਹਿਂ,
ਇਹ ਬਿਧਿ ਕਥਾ ਸੁਜਾਨ।
ਅਬ ਤਲਵੰਡੀ ਕੀ ਕਹੋਂ,
ਸੁਨਿਯੈ ਦਯਾ ਨਿਧਾਨ[1]! ॥੬॥

[1]ਭਾਵ, ਹੇ ਸ਼੍ਰੀ ਗੁਰੂ ਅੰਗਦ ਦੇਵ ਜੀ।

ਚੌਪਈ:
ਬਾਲਾ ਧਰਿ ਧਯਾਨ[†] ਸੁਖਰਾਸੂ।[1]
ਉਚਰਨ ਲੱਗਾ ਬਹੁਰ ਇਤਿਹਾਸੂ।
ਪੂਰਬ ਤਲਵੰਡੀ ਹੌਂ ਆਯੋ।
ਕਾਲੂ ਕੋ ਕਿਹ[1] ਜਾਇ ਸੁਨਾਯੋ ॥੭॥

[1]ਸੁਖਾਂ ਦੀ ਖਾਣ (ਸਤਿਗੁਰੂ ਨਾਨਕ ਦੇਵ ਜੀ) ਦਾ।
[†]ਪਾ:-ਧਰੇ ਧਯਾਨ।

[1]ਕਿਸੇ ਨੇ।

ਸੁਨਿ ਕਰਿ ਤੁਰਨ ਆਵਾ ਧਾਈ।
ਬੂਝਨ ਲਗਾ ਕੁਸ਼ਲ ਮੁਝ ਤਾਂਈ।
ਦੇ ਕਰਿ ਕੁਸ਼ਲ ਨਾਨਕੀ ਕੀ ਤਬ।
ਪੁਨ ਨਾਨਕ ਬਿਰਤਾਂਤ ਭਨਜੋ ਸਭਿ ॥੮॥
'ਰਹੇ ਤੀਨ ਦਿਨ ਸਰਿਤਾ[1] ਮਾਂਹੀ।
ਨਿਕਸੇ ਬਹੁਰ ਕਰੀ ਕ੍ਰਿਤ ਨਾਂਹੀ।
ਆਪਨ ਕੋ[1] ਸਭਿ ਦਰਬ ਲੁਟਾਯਾ।
ਤਬਹਿ ਨਿਬਾਬ ਹਿਸਾਬ ਕਰਾਯਾ ॥੯॥

[1]ਨਦੀ।

[1]ਹੱਟੀ ਦਾ।

ਦੋਹਰਾ:
ਨਿਕਸੇ ਬਾਕੀ ਸਾਤ ਸੈ, ਸਾਠ ਰਜਤਪਣ ਔਰ।
ਅਰਧ ਲਏ ਮੂਲੇ ਤਬੇ, ਕਰਿ ਪੁਕਾਰ ਤਿਹਂ ਠੌਰ ॥੧੦॥

ਚੌਪਈ:
ਰਹਜੋ ਸ਼੍ਰੀ ਚੰਦ ਪੁਰਿ ਸੁਲਤਾਨਾ।
ਮੂਲਾ ਲੇ ਕਰਿ ਸੁਤਾ ਪਯਾਨਾ[1]।'
ਪੁਨਿ ਮਸੀਤ ਮਹਿਂ ਜੈਸੇ ਹੋਈ।

[1]ਚਲਾ ਗਿਆ ਹੈ।

ਕਾਲੂ ਢਿਗ ਮੈਂ ਭਾਖੀ ਸੋਈ ॥੧੧॥
'ਸ਼੍ਰੀ ਨਾਨਕ ਲਖਿ ਹਰਿ ਅਵਤਾਰਾ।
ਕੁਲ ਤੁਮਰੀ ਮਹਿਂ ਭਯੋ ਉਜਾਰਾ[1]। [1]ਚਾਨਣਾ।
ਬੈਸੇ ਵਹਿਰ ਅਬਹਿ ਉਦਿਆਨਾ।
ਕਬਿ ਕਬਿ ਆਵਹਿਂ ਸੁਸਾ ਸਥਾਨਾ[1]' [1]ਬੇਬੇ ਦੇ ਘਰ।
॥੧੨॥
ਸੁਨਿ ਕਰਿ ਕਾਲੂ ਰਿਸ ਉਪਜਾਈ।
ਬਹੁ ਬਿਧਿ ਮੁਝ ਸੋਂ ਕੀਨਿ ਲਰਾਈ।
'ਨਾਨਕ ਕਰਤੋ ਬਹੁਤ ਕਮਾਈ।
ਸੋ ਬਾਲੇ ਤੈਂ ਦੀਨਿ ਗਵਾਈ ॥੧੩॥
ਦੋਹਰਾ:
ਮੋਦੀ ਕ੍ਰਿਤ ਮਹਿਂ ਦਰਬ ਬਹੁ, ਵਧਤਿ
ਆਵਤੋ ਹਾਥ।
ਸੋ ਬਾਲੇ ਤੈਂ ਖੋਇ ਕਰ, ਦੀਨ ਫਕੀਰਨ
ਸਾਥ ॥੧੪॥
ਚੌਪਈ: [1]ਭਾਵ ਗੁਰ ਨਾਨਕ ਜੀ ਨੂੰ।
ਤਾਂਹਿ[1] ਰਲਾਇ ਫਕੀਰਨ ਮਾਂਹੀ।
-ਕੁਲ ਉਧਰੀ- ਤਬ ਮੁਝ ਸੋਂ ਪ੍ਰਾਹੀ।[1] [1]ਆਖਦਾ ਹੈਂ।
ਸੁਖ ਸੋਂ ਆਪ ਆਨਿ ਘਰ ਬੈਸਾ।
ਦਰਬ ਲੁਟਾਵਤਿ ਨਹੀਂ ਰਖੇਸਾ ॥੧੫॥
ਇਕਠੋ ਦਰਬ ਨ ਕਛੁ ਕਰਿਵਾਯੋ।
ਜੋ ਆਵਤਿ ਸਭਿ ਬਾਦ ਲੁਟਾਯੋ।
ਖਾਵਤਿ ਖਰਚਤਿ ਇਕਸੀ[1] ਜੋਰੀ।[2] [1]ਇਕੋ ਜੇਹੀ। [2]ਜੋੜੀ (ਤੁਸੀਂ ਦੋਵੇਂ)।
ਧਨ ਕੀ ਗਮੀ ਨ ਮਨ ਮੈਂ ਥੋਰੀ'
॥੧੬॥
ਸੁਨਿ ਕਰਿ ਮੈਂ ਪੁਨ ਬਚਨ ਅਲਾਏ।
'ਸੁਤਾ[1] ਸੁਤਾਪਤਿ[2] ਬੂਝਹੁ[3] ਜਾਏ। [1]ਪੁੱਤ੍ਰੀ। [2]ਭਾਈ ਜੈਰਾਮ ਜੀ ਨੂੰ। [3]ਪੁੱਛਹੁ।
ਬਿਨਾ ਲਖੇ ਕਿਉਂ ਕਰਿਹੋ ਰੋਸੁ।
ਤਿਨਹਿਂ ਬੂਝਿ[1], ਮੁਝ ਦੀਜੈ ਦੋਸੁ [1]ਪੁੱਛਕੇ।
॥੧੭॥
ਦੋਹਰਾ:
ਬਹੁਤ ਬਰਖ ਮੈਂ ਆਪਨੀ, ਦਈ ਕਮਾਈ

ਖੋਇ।
ਸ਼੍ਰੀ ਨਾਨਕ ਸੰਗ ਰਹਤਿਓ, ਜਾਨਤਿ ਹੈ
ਸਭਿ ਕੋਇ ॥੧੮॥

ਚੌਪਈ:

ਧਨ ਕੀ ਮੁਝ ਕੋ ਰੰਚ ਨ ਚਾਹੀ।
ਜਨਮ ਸੁਧਾਰ ਲਖੋਂ[1] ਭਵ ਮਾਂਹੀ।[2] [1]ਜਾਣਦਾ ਹਾਂ। [2]ਸੰਸਾਰ ਵਿਚ।
ਮੋਂ ਸੰਗ ਕਿਉਂ ਝਗਰਹੁ ਤੁਮ ਐਸੇ।
ਬੂਝਹੁ ਸੁਤਾ[1] ਭਈ ਬਿਧਿ ਜੈਸੇ' [1]ਬੀਬੀ ਜੀ ਨੂੰ।
॥੧੯॥
ਇਹ ਬਿਧਿ ਸੁਨਿ ਕਾਲੂ ਤਹਿਂ ਗਯੋ।
ਕਾਲ ਬਿਤੀਤ ਕੁਛਕ ਤਹਿਂ ਭਯੋ।
ਆਵਾ ਤਲਵੰਡੀ ਮਰਦਾਨਾ।
ਨਿਜ ਪਰਵਾਰ ਮਿਲਜੋ ਸੁਖ ਮਾਨਾ
॥੨੦॥
ਸੁਨਿ ਕਾਲੂ ਪੁਨ ਲਯੋ ਬੁਲਾਈ।
'ਕਹੁ ਸੁਧਿ ਨਾਨਕ, ਹੈ ਕਿਹ ਥਾਂਈ।
ਅਵਿਲੋਕਜੋ ਕੋ ਬਿਧਿ ਤਿਹਂ ਜਾਹੀ।
ਰਹਜੋ ਬਾਵਰਾ ਕੈ ਸੁਧਿ ਪਾਈ[1]?' [1]ਹੋਸ਼ ਵਿਚ ਹੈ।
॥੨੧॥

ਦੋਹਰਾ:

'ਸੁਧ ਨਾਨਕ ਕੀ ਲੇਹੁ ਤੁਮ,
ਸੁਨਹੁ ਕਾਨ ਜਜਮਾਨ!
ਗਟੀ[1] ਨ ਗੁਨਿਯੇ, ਤਿਨ ਕਰਜੋ, [1]ਗਿਣਤੀ।
ਸਭਿ ਕੁਲਿ ਕਾ ਕਲਜਾਨ ॥੨੨॥

ਚੌਪਈ: [1]ਜੋ ਸਭ ਤੋਂ ਪਰੇ ਹੈ।

ਪਰਮ ਰੂਪ ਪਰਮੇਸ਼੍ਵਰ ਪਰਾ।[1]
ਸੋ ਤੁਮ ਘਰ ਤਨ ਧਰਿ ਅਵਤਰਾ।[1] [1]ਪ੍ਰਗਟਿਆ ਹੈ।
ਮੰਦਮਤੀ ਕਲਿਕਾਲ ਬਿਸਾਲਾ[1]। [1]ਬੜਾ।
ਛੁਟਵਾਵਹਿ ਬਹੁ ਨਰ ਜਮਜਾਲਾ[1] [1]ਜਮਫਾਸ ਤੋਂ।
॥੨੩॥
ਭੇਵ ਨ ਤਿਨ ਕੋ ਜਾਨਯੋ ਜਾਵਹਿ।
ਕਰਮ ਹੇਰਿ ਅਚਰਜ ਉਰ ਆਵਹਿ।

ਪੀਰ ਮੀਰ ਨਹਿਂ ਸਮਸਰ[1] ਕੋਈ। — [1]ਉਸਦੇ) ਤੁੱਲ।
ਕਲਾ ਬਿਸਾਲ ਰਖੀ ਜਿਨ ਗੋਈ[1] ॥੨੪॥ — [1]ਛਿਪਾ ਕੇ।
ਕਿਯੋ ਏਮਨਾਵਾਦ ਪਯਾਨਾ।
ਹੌਂ ਭੀ ਗਯੋ ਸੰਗ ਤਿੰਹ ਥਾਨਾ।
ਟਿਕੇ ਤਹਾਂ ਮੈਂ ਅਯੋ ਅਵਾਸਾ[1]। — [1]ਘਰ।
ਮਿਲਿ ਕਰਿ ਬਹੁਰ ਜਾਉਂ ਤਿਨ ਪਾਸਾ' ॥੨੫॥

ਦੋਹਰਾ:
ਸੁਨਿ ਸ਼੍ਰੋਨਨ ਮੈਂ ਬਚਨ ਇਹ,
ਕਾਲੂ ਰਿਸਿ ਅਧਿਕਾਇ।
ਭੇਦ ਨ ਸੁਤ ਕੋ ਜਾਨਿ ਹੀ,
ਤਿਹ ਪ੍ਰਤਿ ਪਰੁਖ ਅਲਾਇ[1] ॥੨੬॥ — [1]ਕਠੋਰ ਵਚਨ ਕਹੇ।

ਚੌਪਈ:
'ਕਯਾ ਬੋਲਤਿ ਮੂਰਖ! ਮੁਖਬਾਤੀ।
ਮੰਦ ਮਤੀ ਹੈ ਡੂਮ ਕੁਜਾਤੀ।
ਮੁਝ ਕੋ ਕਹੈ -ਭਯੋ ਅਵਤਾਰਾ-।
ਜਿਨ ਸਗਰੋ ਮਮ ਸਦਨ ਉਜਾਰਾ ॥੨੭॥
ਗਯੋ ਹਮਾਰੈ ਤੇ, ਮੈਂ ਜਾਨੀ।
ਜਿਸ ਨੈ ਰੀਤਿ ਫਕੀਰੀ[†] ਠਾਨੀ।' — [†]ਪਾ:-ਫਕੀਰਨ।
ਇਉਂ ਕਹਿ ਮੋਚਤਿ[1] ਲੋਚਨ ਨੀਰੂ। — [1]ਛੱਡਦਾ ਹੈ।
ਸੁਤ ਕੇ ਦੁਖ ਮੈਂ ਭਯੋ ਅਧੀਰੂ[1] ॥੨੮॥ — [1]ਬੇਹੌਸਲਾ।
ਰਾਇ ਨਿਕਟਿ ਕਿਹ[1] ਜਾਇ ਸੁਨਾਵਾ। — [1]ਕਿਸੇ ਨੇ।
'ਸੁਧਿ ਲੇ ਕਰਿ ਮਰਦਾਨਾ ਆਵਾ।'
ਹਰਖ ਅਧਿਕ ਕਰਿ ਨਿਕਟਿ ਬੁਲਾਵਾ।
ਬੂਝਨ ਹਿਤ ਸੁਖ ਬਚਨ ਅਲਾਵਾ ॥੨੯॥

ਦੋਹਰਾ:
'ਸ਼੍ਰੀ ਨਾਨਕ ਸੁਧਿ ਦੀਜਿਯੇ,
ਕੈਸੇ ਕੀਨੋ ਰੰਗ।

ਕੌਨ ਬੇਖ ਤਨ ਮੈਂ ਧਰਜੋ?
ਕਜੋਂ ਤੈਂ ਤਜਜੋ ਸੁ ਸੰਗ' ॥੩੦॥

ਚੌਪਈ:

ਕਹਿ ਮਰਦਾਨਾ 'ਸੁਨਿਯੇ ਰਾਇ!
ਨਾਨਕ ਧਾਰਜੋ ਰੂਪ ਖੁਦਾਇ।
ਕਿਹ ਕੀ ਉਪਮਾ ਦੇਵੋਂ ਤਾਂਹੀ।
ਤਿਨ ਕੀ ਸਮ ਕੋ ਦੀਸਤਿ ਨਾਹੀ ॥੩੧॥
ਨਰ ਮਹਿਂ ਐਸੇ ਕਰਮ ਨ ਕੋਊ।
ਜਿਹ ਬਿਧਿ ਕੇ ਜਗ ਕਰਿਹੀ ਸੋਊ।
ਪੀਰਨ ਕੇ ਸਿਰ ਰਾਜਤਿ ਪੀਰਾ।
ਮੀਰਨ ਕੇ ਸਿਰ ਮੀਰ ਗੰਭੀਰਾ ॥੩੨॥
ਦੂਖ ਨ ਭੂਖ ਨ ਵਜਾਪਹਿ[1] ਕੋਊ। — [1]ਨਹੀਂ ਲਗਦੀ ਹੈ।
ਕਲਾਵਾਨ ਚਾਹੈ ਕਰਿ ਸੋਊ[1]।' — [1]ਜੋ ਚਾਹੇ ਕਰਦਾ ਹੈ।
'ਸਾਧੁ ਸੁਧ[1]' ਸੁਨਿ ਭਾਖਤਿ[2] ਰਾਊ। — [1]ਸ਼ਾਬਾਸ਼ (ਅ) ਚੰਗਾ (ੲ) ਸੰਤ ਹੈ। [2]ਆਖਦਾ ਹੈ।
'ਜਸੁ[1] ਅਸੁ ਹੀ[2], ਜਸ[3] ਕੀਨੋ[4] ਗਾਊ[5] ॥੩੩॥ — [1]ਯਸ਼। [2]ਐਸਾ ਹੀ ਹੈ। [3]ਜੈਸਾ। [4]ਕੀਤਾ ਹੈ। [5]ਤੈਂ ਨੇ) ਗਾਉਣਾ।

ਦੋਹਰਾ:

ਬਿਰਧਿ ਭਈ ਮਮ[1] ਦੇਹਿ ਅਬ, — [1]ਮੇਰੀ।
ਮਰਦਾਨਾ! ਸੁਨਿ ਬੈਨ।
ਕੈਸੇ ਦਰਸ਼ਨ ਹੌਂ ਕਰੋਂ, ਸ੍ਰੀ ਮੁਖ ਕਰੁਨਾਐਨ[1] ॥੩੪॥ — [1]ਭਾਵ ਗੁਰੂ ਜੀ ਦਾ।

ਚੌਪਈ:

ਚਿਤ ਚਕੋਰ ਕੋ ਚਾਹਿ ਬਿਸਾਲਾ।
ਰਾਂਕਾ ਸ਼ਸ਼ਿ[1] ਸੋਂ ਦਰਸ ਦਯਾਲਾ। — [1]ਪੂਰਨਮਾਸ਼ੀ ਦੇ ਚੰਦ੍ਰਮਾਂ।
ਚਿਤ ਚਾਤ੍ਰਿਕ ਕੋ ਸ੍ਵਾਂਤਿ ਸਰੂਪਾ।
ਮਨ ਮਲਿੰਦ[1] ਪਦ ਕੰਜ ਅਨੂਪਾ[2] ॥੩੫॥ — [1]ਭੌਰਾ ਹੈ। [2]ਸੁਹਣੇ ਚਰਣਾਂ ਕਵਲਾਂ ਦਾ।
ਕਰਿ ਮਰਦਾਨੇ! ਕਾਰਜ ਮੇਰਾ।
ਹੋਵੋਂ ਰਿਣੀ ਸਦਾ ਮੈਂ ਤੇਰਾ।

{ਰਾਇ ਬੁਲਾਰ ਦਾ ਮਰਦਾਨੇ ਅੱਗੇ ਤਰਲਾ}

ਤਵ ਅਸਾਨ[1] ਕਬਿ ਮਨ ਨ ਭੁਲਾਊਂ। [1]ਅਹਿਸਾਨ।
ਜੇ ਦਰਸ਼ਨ ਨਾਨਕ ਅਬ ਪਾਊਂ[†] ॥੩੬॥ [†]ਪਾ:-ਜੇ ਦਰਸ਼ਨ ਸ੍ਰੀ ਨਾਨਕ ਪਾਊਂ।
ਕਰਿ ਮੁਝ ਪਰ ਇਹ ਪਰਉਪਕਾਰਾ[†]। [†]ਪਾ:-ਭਲ ਉਪਕਾਰਾ।
ਦਰਸਾਵਹੁ ਦਰਸ਼ਨ ਇਕ ਬਾਰਾ।
ਜਿਉਂ ਰੰਕਹਿ ਕੋ ਪਾਰਸ ਦੇਈ।
ਜਸ ਆਮੀ ਕੋ[1] ਆਮ ਮਿਟੇਈ[2]' ॥੩੭॥ [1]ਜਿਵੇਂ ਰੋਗੀ ਦਾ। [2]ਰੋਗ ਦੂਰ ਕਰੇ।

ਦੋਹਰਾ:
ਬੋਲਯੋ ਮਰਦਾਨਾ ਬਚਨ,
'ਤੁਮਰਾ ਕਾਰਜ ਰਾਇ!
ਕਿਉਂ ਨ ਕਰੋਂ ਮੈਂ ਬੇਗ[1] ਸੋਂ, [1]ਛੇਤੀ।
ਜਿਹ ਤੇ ਸਭਿ ਸੁਖ ਪਾਇ ॥੩੮॥

ਚੌਪਈ: [1]ਮੇਰੇ। [2]ਹੱਥ ਵਿਚ।
ਪੁਨਿ ਨਾਨਕ ਮਮ[1] ਪਾਨਹਿਂ[2] ਨਾਂਹੀ।
ਹੇਰਨ ਚਾਹਿ ਜਿ ਤੁਮ ਮਨ ਮਾਂਹੀ।
ਬਾਲੇ ਕੋ ਬੁਲਾਇ ਦਿਹੁ ਸੰਗਾ।
ਦੋਨੋ ਗਮਨੈਂ ਸਹਿਤ ਉਮੰਗਾ ॥੩੯॥
ਜਾਇ ਅਗਾਰੀ ਬਿਨਤੀ ਕਰਿਹੀਂ।
ਤੁਮ ਆਇਸ ਕੋ ਸਿਰ ਪਰ ਧਰਿਹੀਂ।
ਜਬ ਹੀ ਸੁਨੈਂ ਸੰਦੇਸ਼[1] ਤੁਮਾਰੇ। [1]ਸੁਨੇਹੇ।
ਆਵਹਿੰਗੇ ਤਬ ਲੇਹੁ ਨਿਹਾਰੇ[1] ॥੪੦॥ [1]ਦਰਸ਼ਨ ਕਰ ਲੈਣਾ।
ਅਬਹਿ ਏਮਨਾਵਾਦ ਟਿਕੇਈ।
ਆਨਹਿਂ[1] ਜਾਇ, ਨ ਅਨਤ ਸਿਧੇਈ[2]।' [1]ਲੈਆਵੀਏ। [2]ਕਿਤੇ ਹੋਰਥੇ ਨਾਂ ਚਲੇ ਜਾਣ (ਅ) ਜੇ ਨਹੀਂ ਚਲੇ ਗਏ।
ਹਰਖਯੋ ਰਾਇ ਬਚਨ ਤਿਹ ਮਾਨੇ।
'ਸਤਿ ਕਹਤਿ ਹੈ ਤੂੰ ਮਰਦਾਨੇ' ॥੪੧॥

ਦੋਹਰਾ:
ਭਨਤਿ ਭਯੋ ਬਾਲਾ ਸੁਨਹੁ, ਸ੍ਰੀ ਅੰਗਦ ਗਤਿਦਾਇ!

ਭੇਜਯੋ ਮਾਨਵ ਨਿਕਟ ਮੁਝ, ਲੀਨੋ ਬੇਗ
ਬੁਲਾਇ ॥੪੨॥

ਚੌਪਈ: [1]ਰਾਇ ਬੋਲਿਆ

[1] 'ਕਰਿ ਕਾਰਜ ਬਾਲੇ ਮੁਝ ਮੀਤਾ!
ਸ੍ਰੀ ਨਾਨਕ ਕੀ ਤੁਝ ਬਹੁ ਪ੍ਰੀਤਾ।
ਮਰਦਾਨੇ ਕੇ ਸੰਗ ਸਿਧਾਵਹੁ।
ਕਰਹੁ ਕ੍ਰਿਤਾਰਥ ਨਾਨਕ ਲਜਾਵਹੁ
॥੪੩॥
ਜੇਕਰਿ ਨਹਿਂ ਆਵਹਿ ਤੁਮ ਕਹੇ।
ਮਮ ਬਿਨਤੀ ਭਨਿਯੇ ਪਦ ਗਹੇ।
-ਏਕਵਾਰ ਚਲਿ ਦਰਸ਼ਨ ਦੀਜੈ-।
ਕਹਿਯੇ ਤਿਨ ਕੋ -ਕਰੁਨਾ[1] ਕੀਜੈ-' [1]ਕ੍ਰਿਪਾ
॥੪੪॥
ਮੈਂ ਬੋਲਯੋ 'ਭੋ ਰਾਇ ਬੁਲਾਰੂ!
ਤੁਮਰੇ ਕਹੇ ਜਾਉਂ ਸਤਿ ਵਾਰੂ[1]। [1]ਸੌ ਵੇਰੀ।
ਸ੍ਰੀ ਨਾਨਕ ਸੋਂ ਹੇਤ ਤੁਮਾਰਾ।
ਆਵਹਿਂਗੇ ਨਹਿਂ ਲਾਇਂ ਅਵਾਰਾ[1] [1]ਦੇਰੀ।
॥੪੫॥
ਭਗਤਿ ਵਛਲਤਾ ਤਿਨ ਕੋ ਬਿਰਦਾ।
ਜਿਨਕੇ ਧ੍ਯਾਨ ਬਿਨਾਸਹਿ ਪਰਦਾ।[1] [1]ਹੌਮੈ ਦਾ) ਪਰਦਾ।
ਚੇਤਹਿਂ[1] ਬਾਰਿ ਬਾਰਿ ਤੁਮ ਤਾਂਈ। [1]ਯਾਦ ਕਰਦੇ ਹਨ।
ਦੀਨਬੰਧੁ ਸ੍ਰੀ ਪ੍ਰਭੁ ਜਗਸਾਂਈਂ' ॥੪੬॥

ਦੋਹਰਾ:

ਸੁਨਿ ਕਰਿ ਹਰਖ੍ਯੋ ਰਾਇ ਉਰ,
'ਸ੍ਰੀ ਨਾਨਕ ਢਿਗ ਆਨਿ[1]। [1]ਲੈ ਆਓ (ਏਥੇ)।
ਕਰਿ ਹੈ ਭਲਾ ਖੁਦਾਇ ਤੁਝ,
ਪਰਉਪਕਾਰ ਪਛਾਨ' ॥੪੭॥

ਚੌਪਈ:

ਬਾਲਾ ਅਰ ਮਰਦਾਨਾ ਦੋਊ।
ਭਏ ਤਯਾਰ ਚਲਨ ਕੋ ਸੋਊ।
ਤੂਰਨ ਗਏ ਨ ਕਰੀ ਅਵਾਰੂ।[1] [1]ਦੇਰੀ ਨ ਲਾਈ।
ਨਗਰ[†] ਏਮਨਾਬਾਦ ਮਝਾਰੂ[1] ॥੪੮॥ [1]ਵਿਚ। [†]ਪਾ:-ਗਮਨੇ।

ਜਹਿਂ ਬੈਸੇ ਅਘ[1] ਓਘ[2] ਨਿਕੰਦਨ[3]। [1]ਪਾਪਾਂ ਦੇ। [2]ਸਮੂਹ ਨੂੰ। [3]ਨਾਸ਼ ਕਰਨ ਵਾਲੇ।
ਜਾਇ ਕਰੀ ਜੁਗ[1] ਪਦ[2] ਪਰ ਬੰਦਨ। [1]ਦੋਹਾਂ ਨੇ। [2]ਚਰਨਾਂ ਤੇ।
'ਚਿਤ ਮਹਿਂ ਚਿੱਤ[1] ਨਿੰਤ ਕਰਤਾਰੇ।' [1]ਚੇਤੇ।
ਬੂਝੀ[1] ਕੁਸ਼ਲ ਛੇਮ ਸਤਿਕਾਰੇ ॥੪੯॥ [1]ਪੁੱਛੀ।
'ਖੁਸ਼ੀ ਸਕਲ ਹੈ ਰਾਇ ਸਰੀਰੂ।'
ਸੁਨਿ ਬਾਲਾ ਬੋਲਯੋ ਉਰ ਧੀਰੂ॥
'ਤੁਮਨੈ ਸਭਿਹਿ ਕੁਸ਼ਲ ਕਰਿ ਦੀਨੀ।
ਰਾਇ ਬਿਨੈ ਰਾਵਰ ਸੋਂ[1] ਕੀਨੀ ॥੫੦॥ [1]ਆਪ ਅੱਗੇ।

ਦੋਹਰਾ:

ਕਰ ਬੰਦੇ ਬੰਦਨ ਕਰੀ, ਰਿਦੈ ਭਯੋ ਅਤਿ ਦੀਨ।
ਤੁਮ ਦਰਸ਼ਨ ਕੀ ਲਾਲਸਾ, ਕਮਲ[1] ਅਰਕ ਜਿਉਂ ਹੀਨ[2] ॥੫੧॥ [1](ਜਿਵੇਂ) ਕਮਲ। [2]ਦੀ (ਹੁੰਦੀ ਹੈ) ਸੂਰਜ ਬਿਨਾਂ।

ਚੌਪਈ:

ਕਰਹੁ ਮਨੋਰਥ ਪੂਰਨ ਤਿਸ ਕੋ।
ਪਦ[1] ਪੰਕਜ ਮਹਿਂ ਪ੍ਰੇਮ ਜਿਸ ਕੋ। [1]ਚਰਣ।
ਜਿਉਂ ਸੁਕਤਾ[1] ਸਾਗਰ ਪਰ ਤਰਿਹੀ। [1]ਸਿੱਪੀ।
ਸ੍ਵਾਂਤਿ ਬੂੰਦ ਤਿਹ ਮੁਖ ਮਹਿਂ ਪਰਿਹੀ ॥੫੨॥
ਤਿਉਂ ਤੁਮ ਅਪਨਾ ਬਿਰਦ ਸੰਭਾਰੀ।
ਚਲਿ ਕਰਿ ਦਰਸ਼ਨ ਦਿਹੁ ਇਕਵਾਰੀ।'
ਸੁਨਿ ਕਰਿ ਸ਼੍ਰੀ ਮੁਖ ਬਚਨ ਉਚਾਰੇ।
'ਕਾਲੂ ਕਰਿਹੀ ਕਲਹਿ[1] ਨਿਹਾਰੇ[2] ॥੫੩॥ [1]ਕਰੇਗਾ ਲੜਾਈ। [2]ਵੇਖਕੇ।
ਮਿਲਨਾ ਰਾਇ ਜਰੂਰਹਿ ਜਾਈ।'
ਸੋਚ ਬਿਮੋਚਹਿ ਸੋਚਹਿਂ[1] ਆਈ[2]। [1]ਚਿੰਤਾ ਹਰਨ ਵਾਲੇ ਨੂੰ ਸੋਚਾਂ। [2]ਆਈ ਆਂ।
'ਕਿਹ ਬਿਧਿ ਕਰਹਿਂ? ਰਾਇ ਉਰ ਪ੍ਰੀਤਾ।
ਤਿਹ ਬਚ ਕਰਿ ਨ ਜਾਇ ਬਿਪਰੀਤਾ[1]' ॥੫੪॥ [1]ਮੋੜਿਆ ਨਹੀਂ ਜਾ ਸਕਦਾ।

ਦੋਹਰਾ:

ਮੈਂ ਪੁਨਿ ਬੋਲਯੋ 'ਇਵ ਕਹਯੋ, ਤੁਮ

ਸੋਂ, ਰਾਇ ਬੁਲਾਰ।
ਜੇ ਹੋਵਹਿ ਬਲ ਤਨ ਵਿਖੈ, ਆਵੋਂ ਸਿਰ ਕੇ ਭਾਰ ॥੫੫॥

ਚੌਪਈ:

ਬੈਸ ਬਿਰਧ, ਬਿਹਬਲ[1] ਭੀ ਦੇਹੀ।
ਲੋਚਨ ਗੋਚਰ ਹੀਨ[1], ਸਨੇਹੀ।[2]

[1]ਸਿਥਿਲ।

[1]ਤੁਸੀਂ) ਲੋਚਨ ਗੋਚਰੇ ਨਹੀਂ ਹੋ ਹੇ ਪਿਆਰੇ!। [ਸੰਸ. ਲੋਚਨ ਗੋਚਰਮ ਦ੍ਰਿਸ਼ਟੀ ਦੇ ਘੇਰੇ ਵਿਚ। ਲੋਚਨ ਗੋਚਰ ਹੀਨ ਦ੍ਰਿਸ਼ਟਿ ਅਗੋਚਰ।] (ਅ) ਨੇਤ੍ਰਾਂ ਤੋਂ ਘੱਟ ਦਿੱਸਦਾ ਹੈ। [2]ਤੁਸੀਂ) ਲੋਚਨ ਗੋਚਰੇ ਨਹੀਂ ਹੋ ਹੇ ਪਿਆਰੇ!। [ਸੰਸ. ਲੋਚਨ ਗੋਚਰਮ ਦ੍ਰਿਸ਼ਟੀ ਦੇ ਘੇਰੇ ਵਿਚ। ਲੋਚਨ ਗੋਚਰ ਹੀਨ ਦ੍ਰਿਸ਼ਟਿ ਅਗੋਚਰ।॥ (ਅ) ਨੇਤ੍ਰਾਂ ਤੋਂ ਘੱਟ ਦਿੱਸਦਾ ਹੈ।

ਦਰਸ਼ਨ ਦਾਨ ਆਨਿ ਗਤਿ ਦਾਨਾ[1]।
ਦੇਵਹਿਂ, ਸਫਲ ਜਨਮ ਤਬ ਮਾਨਾ ॥੫੬॥

[1]ਮੁਕਤੀ ਦਾਤੇ।

ਜਿਉਂ ਸਰਿਤਾ ਨਿਸ਼ਫਲ ਬਿਨ ਬਾਰੀ।[1]
ਹੀਨ ਮਯੰਕ[1] ਸਰਬਰੀ[2] ਕਾਰੀ।[3]
ਜਿਉਂ ਅਨਾਥ ਬਿਨ ਭਰਤਾ[1] ਨਾਰੀ।
ਤਿਉਂ ਤੁਮ ਮਯ ਬਿਨ[†1] ਦੇਹ ਹਮਾਰੀ' ॥੫੭॥

[1]ਜਲ ਤੋਂ ਬਿਨਾਂ।

[1]ਬਿਨਾਂ ਚੰਦ੍ਰਮਾਂ ਦੇ। [2]ਰਾਤ। [3]ਕਾਲੀ ਹੁੰਦੀ ਹੈ।

[1]ਪਤੀ ਬਿਨਾਂ।

[1]ਕ੍ਰਿਪਾ ਬਿਨਾਂ। [†]ਪਾ:-ਜਾਨੋ ਮਯਾ ਨ।

ਸ੍ਰੀ ਮੁਖ ਕਹਿ 'ਜੋ ਰਾਇ ਉਚਾਰਾ।
ਤਿਸਕਾ ਹੈ ਹਮਰੇ ਸਿਰ ਭਾਰਾ।
ਚਲਿ ਉਤਾਰ ਆਵਹਿਂ ਅਬ ਬਾਲਾ!'
ਲਾਲੋ ਸੋਂ, ਬੋਲੇ ਤਿਹ ਕਾਲਾ ॥੫੮॥

ਦੋਹਰਾ:

ਬਾਰ[1] ਚੌਮੁਖੇ[2] ਤਾਂ ਮਹਿਂ ਦੀਪਾ[3]।
[1]ਬਾਲਕੇ। [2]ਚਾਰ ਮੂੰਹ ਵਾਲੇ। [3]ਦੀਵੇ।

ਕਰੀ ਆਰਤੀ ਪੁਨਿ ਅਵਨੀਪਾ ॥੧੯॥
'ਜੈ ਜੈ' ਧੁਨਿ ਧ੍ਰਮਸਾਲਾ ਪੂਰੀ।
ਹੋਇ ਦੀਨ ਬਿਨਤੀ ਕਹਿ ਰੂਰੀ।
'ਭੋ ਪ੍ਰਭੁ ਮੁਝਹਿ ਸਨਾਥ ਕਰੀਜੈ।
ਚਰਨ ਸ਼ਰਨ ਕੋ ਪਰਨਾ[1] ਦੀਜੈ ॥੨੦॥
[1]ਆਸਰਾ।

ਕਰਹੁ ਆਪਨੋ ਬਰ ਉਪਦੇਸ਼ੂ।
ਜਿਹਂ ਤੇ ਮਿਟਿਹੈ ਜਗਤ ਕਲੇਸ਼ੂ।
ਸਰਬ ਦੇਸ਼ ਕੋ ਕਰਹੁ ਕ੍ਰਿਤਾਰਥ।
ਤੁਮ ਬਚਨਨ ਮਹਿਂ ਚਤੁਰ[1] ਪਦਾਰਥ ॥੨੧॥
[1]ਚਾਰੋਂ।

ਅਸ ਪ੍ਰਕਾਰ ਕੀ ਬਿਨਤੀ ਸੁਨਿ ਕੈ।
ਬੋਲੇ ਦਜਾਲ ਬਿਰਦ ਨਿਜ ਜਨਿ ਕੈ[1]। [1]ਜਾਣਕੇ।
'ਮਨ ਕੋ ਰੋਕਨ ਨਿਰਮਲ ਕਰਨੋ।
ਯਹੀ ਉਪਾਵ ਕਲੇਸ਼ਨ ਹਰਨੋ ॥੨੨॥
ਤਾਂ ਕੀ ਜਾਨਹੁ ਹੈ ਬਿਧਿ ਦੋਊ।
ਬੇਦ ਸੰਤ ਪੁਨਿ ਭਾਖਤਿ ਸੋਊ।
ਜੋ ਹੋਵਹਿ ਤੁਝ ਪਾਸ ਸੁਖਾਰੋ[1]। [1]ਤੈਥੋਂ ਸੌਖੇ ਹੋ ਸਕੇ।
ਸੋ ਕਰਿਯੇ ਨੀਕੇ ਨਿਰਧਾਰੋ[1]' ॥੨੩॥ [1]ਨਿਸ਼ਚੇ।
ਸੁਨਿ ਸ਼ਿਵਨਾਭ ਬੰਦ ਦ੍ਵੈ ਹਾਥਾ।
ਚਰਨ ਕਮਲ ਪਰ ਧਰਿ ਕਰਿ ਮਾਥਾ।
'ਜੇ ਦ੍ਵੈ ਬਿਧਿ ਕੇ ਕਹੇ ਉਪਾਈ।
ਕਰਿ ਬਿਥਾਰ ਸੋ[†] ਦੇਹੁ ਸੁਨਾਈ' ॥੨੪॥ [†]ਪਾ:-ਕਰ ਬਿਸਥਾਰ ਸੁ।
'ਭੋ[1] ਰਾਜਨ ਜੋ ਦ੍ਵੈ ਪਰਕਾਰਾ। [1]ਹੇ!

{ਦੋ ਪ੍ਰਕਾਰ ਦਾ ਜੋਗ}

ਸੋ ਉਚਰਤਿ ਹੌਂ ਕਰਿ ਬਿਸਥਾਰਾ।
ਕਸ਼ਟ ਜੋਗ ਇਕ, ਭਗਤਿ ਜੋਗ ਸੁਨਿ।[⚐]

[⚐]ਕਸ਼ਟ ਯੋਗ ਤੋਂ ਮੁਰਾਦ ਹਠ ਯੋਗ ਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪ ਪਰਤਾਵੇ ਮਾਤ੍ਰ ਲਈ ਹਠ ਯੋਗ ਕਰਕੇ ਵੇਖ ਕੇ ਇਸ ਦੀ ਪ੍ਰੋੜ੍ਹਤਾ ਨਹੀਂ ਕੀਤੀ। ਯਥਾ:-
ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥।ਪ੍ਰਭਾ: ਅ: ਮ: ੧
ਇਸ ਵਿਦਯਾ ਦਾ ਪੂਰਾ ਉਸਤਾਦ ਬੀ ਨਹੀਂ ਮਿਲਦਾ। ਇਸਦੇ ਸਾਧਨਾਂ ਵਿਚ ਸਰੀਰ ਤੇ ਐਸੇ ਅਸਰ ਪੈਂਦੇ ਹਨ ਕਿ ਅਕਸਰ ਲੋਕ ਰੋਗੀ ਹੋ ਜਾਂਦੇ ਵੇਖਣ ਵਿਚ ਆਏ ਹਨ। ਸਤਿਗੁਰਾਂ ਨੇ ਇਸ ਕਰਕੇ ਸਹਿਜ ਯੋਗ ਸਿਖਾਯਾ ਹੈ, ਜਿਸਨੂੰ ਪ੍ਰੇਮ ਜੋਗ, ਭਗਤ ਜੋਗ ਆਦਿ ਕਹਿੰਦੇ ਹਨ। ਯਥਾ:-
'ਭਗਤਿ ਜੋਗ ਕੌ ਜੈਤਵਾਰ ਹਰਿ ਜਨਕੁ ਉਪਾਯਉ।' ਸਵ: ਮ: ੫ ਕੇ
ਗੁਰੂ ਜੀ ਨੇ ਨਾਮ ਨਾਲ ਚਿਤ ਦਾ ਜੀਉ ਪੈਣਾ ਤੇ ਸਾਈਂ ਦੇ ਪ੍ਰੇਮ ਵਿਚ ਲਗ ਪੈਣਾ ਸਿਖਾਇਆ ਹੈ, ਜੋ ਗ੍ਰਹਸਤੀ ਬੀ ਕਰ ਸਕਦੇ ਤੇ ਜੀਵਨ ਦਾ ਆਤਮ ਰਸ ਮਾਣ ਸਕਦੇ ਹਨ। ਕਵਿ ਸੰਤੋਖ ਸਿੰਘ ਜੀ ਨੇ ਇਸੇ ਅਧ੍ਯਾਯ ਦੇ ਅਖੀਰ ਅੰਕ ੬੧ ਵਿਚ ਇਹੋ ਗੱਲ ਦੱਸੀ ਹੈ:- ਭਗਤ ਜੋਗ ਇਹ ਜਾਨਿਯੇ ਕਲਿ ਮਹਿ ਪੰਥ ਸੁਖੇਨ। ਕਸ਼ਟ ਜੋਗ ਦੁਸ਼ਤਰ ਅਹੈ ਹੋਇ ਨ ਜੇਨੰ ਕੇਨ।

ਇਨ ਦੋਨੋਂ ਤੇ ਹ੍ਵੈ ਨਿਰਮਲ ਤਨ ॥੨੫॥
ਪ੍ਰਥਮ ਕਸ਼ਟ ਜੋ ਜੋਗ ਬਖਾਨਾ।

ਅਸ਼ਟ ਅੰਗ ਤਾਂ ਕੇ ਸੁਨਿ ਕਾਨਾ।
{ਕਸ਼ਟ ਯੋਗ ਦੇ ਅੱਠ ਅੰਗ}
ਯਮ ਅਰ ਨੇਮ, ਇਕੰਤੰ ਦੇਸੂ।
ਆਸਨ, ਪ੍ਰਾਣਾਯਾਮ ਸੁਦੇਸ਼ੂ ॥੨੬॥
ਧ੍ਯਾਨ, ਧਾਰਨਾ, ਅਸ਼ਟ[1] ਸਮਾਧਿ[2]। [1]ਅੱਠਵਾਂ। [2]ਸਮਾਧੀ
ਪਾਇ ਪਰਮਪਦ[1] ਇਨ ਕੋ ਸਾਧਿ[2]। [1]ਮੁਕਤੀ ਦਾ ਪਦ। [2]ਸਾਧਕੇ।
ਪ੍ਰਿਥਮੇ ਯਮ, ਸੋ ਦਸ ਪਰਕਾਰਾ।
{੧ ਯਮ}
ਲੱਛਨ ਤਿਨ ਕੋ ਕਰੋਂ ਬਿਥਾਰਾ ॥੨੭॥
ਦੋਹਰਾ: [1]ਜੀਵ ਨਾ ਮਾਰਨੇ।
ਏਕ ਅਹਿੰਸਾ[1] ਜਾਨਿਯੇ,
ਮਨ ਬਚ ਕਾਂਯਾਂ ਤੀਨ।
{ਤਿੰਨ ਪ੍ਰਕਾਰ ਦੀ ਹਿੰਸਾ ੧}
ਪਰ ਕੋ ਬੁਰਾ ਜਿ ਚਿਤਵਨਾ,
ਮਨ ਕੀ ਹਿੰਸਾ ਚੀਨ ॥੨੮॥
ਚੌਪਈ: [1]ਦਿਲ ਢਾਹੇ। †ਪਾ:-ਸੁਨਾਵੈ।
ਫਿੱਕਾ ਬੋਲ ਦੁਖਾਇ ਹਨਾਵੈ[1]†।
ਹਿੰਸਾ ਬਚਨਨ ਕੀ ਕਹਿਲਾਵੈ।
ਤੀਜੀ ਮਾਰਨ ਜੀਵਨ ਕੇਰੀ।
ਤ੍ਯਾਗੈ ਇਨ ਕੋ ਹ੍ਵੈ ਬਿਨ ਦੇਰੀ ॥੨੯॥
ਦੁਤਿਯੇ ਸਚ ਉਚਰਨ ਨਿਰਬਹੈ[1]। [1]ਨਿਬਾਹਵੇ।
{ਸੱਚ ੨}
ਕਬਹੂੰ ਕੂਰ ਨ ਕਿਹ ਬਿਧਿ ਕਹੈ।
ਤੀਜੇ ਹੈ ਦ੍ਵੈ ਭਾਂਤਿ ਸਤੇਈ[1]। [1]ਚੋਰੀ।
{ਦੋ ਪ੍ਰਕਾਰ ਦੀ ਚੋਰੀ ੩}
ਇਕ ਤਨ ਕੀ, ਇਕ ਮਨ ਕੀ ਸੇਈ ॥੩੦॥
ਪਰ ਕੀ ਵਸਤੁ ਛਪਾਵਨ ਕਰਨੀ।
ਏਹੁ ਸਤੇਈ ਤਨ ਕੀ ਬਰਨੀ।
ਕਰਹਿ ਪਾਪ, ਪੁਨ ਰਾਖਿ ਦੁਰਾਏ।
ਇਹ ਮਨ ਕੀ ਚੋਰੀ ਕਹਿਲਾਏ ॥੩੧॥
ਇਨ ਦ੍ਵੈ ਤਜਿਨ, ਤ੍ਰਿਤਿਯ ਯਮ

ਜਾਨਹੁ।
ਭੂਲ ਨ[1] ਕਹੂੰ ਨ੍ਰਿਪਤ! ਮਨ ਠਾਨਹੁ। [1]ਭੁੱਲਕੇ ਵੀ ਨਾ।
ਚੌਥੇ ਬ੍ਰਹਮਚਰਜ ਸੁਖਸਾਰੂ[1]। [1]ਸ੍ਰੇਸ਼ਟ ਸੁਖ ਦਾਤਾ।
{ਬ੍ਰਹਮਚਰਜ ੪}
ਜੀਤਨ ਕਾਮ ਅਸ਼ਟ ਪਰਕਾਰੂ[1] :- ॥੩੨॥ [1]ਅੱਠ ਤਰ੍ਹਾਂ।
{ਅੱਠ ਪ੍ਰਕਾਰ ਦਾ ਕਾਮ}
ਪ੍ਰਿਥਮੈ ਤ੍ਰਿਯ ਕੀ ਬਾਤੈਂ ਕਰਨੀ।
ਦੂਜੇ ਸੁਨਿ ਸੁਨਿ ਮਨ ਮਹਿਂ ਧਰਨੀ।
ਤੀਜੈ ਤਿਯ ਇਕਾਂਤ ਮਿਲ ਬੈਸਨ॥
ਚੌਥੇ ਹੋਵਤਿ ਅੰਗ ਸਪਰਸ਼ਨ ॥੩੩॥
ਪੰਚਮ ਹਿਤ ਕਰਿ ਦੇਖੈ ਤਿਯ ਕੋ।
ਛਠੇ[1] ਅਲਿੰਗਨ[2] ਕਰੈ ਹੀਯ ਸੋਂ। [1]ਛੀਵੇਂ। [2]ਛੋਹਣਾ।
ਸਪਤ ਚਿਤਵਨੋ[1] ਮਨ ਮਹਿਂ ਨਾਰੀ। [1]ਖਿਆਲ ਕਰਨਾ।
ਅਸ਼ਟਮ ਭੋਗ ਕਰਨ ਬਿਧਿਸਾਰੀ ॥੩੪॥
ਇਨ ਸਭਿਹਿਨਿ ਕੋ ਤਯਾਗੇ ਜੇਈ।
ਬ੍ਰਹਮਚਰਜ ਧਾਰਤਿ ਹੈਂ ਤੇਈ।
ਪੰਚਮ ਯਮ ਹੈ ਧੀਰਜ ਕਰਨੀ।
{ਧੀਰਜ ੫}
ਦੁਖ ਸੁਖ ਸਦਾ ਸਹੇ ਸਮ ਧਰਨੀ ॥੩੫॥
ਆਪਦ[1] ਸੰਪਦ[2], ਆਤਪ[3], ਸੀਤਾ[4]। [1]ਦੁੱਖ ਵਿਚ। [2]ਖੁਸ਼ਹਾਲੀ ਵਿਚ। [3]ਧੁੱਪ ਵਿਚ। [4]ਪਾਲੇ ਵਿਚ।
ਬਿਕੁਲ[1] ਨ ਹੋਇ ਡੁਲਾਵੈ ਚੀਤਾ[2]। [1]ਵਿਆਕੁਲ। [2]ਚਿੱਤ।
ਖਸ਼ਟਮ[1] ਯਮ ਹੈ ਖਿਮਾ[2] ਸੁਹਾਈ[3]। [1]ਛੇਵੇਂ। [2]ਦੂਜੇ ਦੀ ਵਧੀਕੀ ਸਹਿਣੀ। [3]ਸ਼ੋਭਾ ਵਾਲੀ ਹੈ।
{ਖਿਮਾ ੬}
ਮਨ ਮਹਿਂ ਛੋਭ[1] ਨ ਕਬਹੁਂ ਉਠਾਈ ॥੩੬॥ [1]ਰੰਜਗੀ।
ਭਲਾ ਕਿ ਬੁਰਾ ਬਖਾਨੈ ਕੋਇ।
ਸਹਿਨ ਸ਼ੀਲ[1] ਮਨ ਸਭਿ ਤੇ ਹੋਇ। [1]ਸਹਾਰੇ ਦਾ ਸੁਭਾਵ।
ਸਪਤਮ ਦੁਖੀ ਨ ਦੇਖੇ ਕਾਂਹੀ[1]। [1]ਕਿਸੇ ਨੂੰ ਬੀ।
{ਦਯਾ ੭}

ਦਯਾ ਕਰੇ ਸਭਿ ਸੋਂ ਨਿਰਬਾਹੀ
॥੩੭॥
ਅਸ਼ਟਮ ਕੋਮਲ ਹਿਰਦਾ ਰਾਖੈ।
{ਕੋਮਲਤਾ ੮}
ਸ਼ੁਭ ਉਪਦੇਸ਼ ਸਭਨ ਸੋਂ ਭਾਖੈ।
ਨੌਮੋ ਯਮ ਮਿਰਜਾਦ ਅਹਾਰਾ[1]। [1]ਭੋਜਨ ਮਰਯਾਦਾ ਦਾ ਖਾਵੇ।
{ਸ਼ੁੱਧ ਆਹਾਰ ੯}
ਭਲਾ ਬੁਰਾ ਲਖਿ ਕਰੈ ਵਿਚਾਰਾ
॥੩੮॥
ਖਾਵਨ ਕੋ ਅਹਾਰ[1] ਹੈ ਜੇਤੋ। [1]ਭੋਜਨ।
ਚੌਥੇ ਭਾਗ ਖਾਇ ਕਮ[1] ਤੇਤੋ[2]। [1]ਘੱਟ। [2]ਤਿਸ ਤੋਂ।
ਦਸਮੋ ਯਮ ਸੋ ਸ਼ੌਚ[1] ਲਖੀਜੈ। [1]ਪਵਿੱਤ੍ਰ ਹੋਣਾ।
{ਸੌਚ ੧੯}
ਜਲ ਮ੍ਰਿਤਕਾ[1] ਇਸ਼ਨਾਨ ਕਰੀਜੈ [1]ਮਿੱਟੀ।
॥੩੯॥
ਰਾਗ ਦ੍ਵੈਖ ਕੀ ਮਲ ਉਰ ਮਾਂਹੀ।
ਤਜਿ ਕਰਿ ਸ਼ੌਚ[1] ਕਰਤਿ ਹੈ ਤਾਂਹੀ[2]। [1]ਪਵਿੱਤ੍ਰਤਾ। [2]ਤਦੋਂ।
ਯਮ ਦਸ ਇਸੀ ਪ੍ਰਕਾਰ ਅਲਾਏ।
ਦਸ ਅਬ ਨੇਮ ਸੁਨੋ ਮਨ ਲਾਏ:-
॥੪੦॥
{੨ ਨੇਮ}
ਪ੍ਰਥਮੇ ਤਪ ਸੋ ਤੀਨ ਪ੍ਰਕਾਰਾ।
{ਤਿੰਨ ਪ੍ਰਕਾਰ ਦਾ ਤਪ ੧}
ਰਜ ਤਮ ਬਹੁਰ ਸ਼ਾਂਤਕੀ ਸਾਰਾ।
ਛੁਧਾ[1], ਅਗਨ, ਜਲ ਸੋਂ ਤਨ ਤਾਵਾ[2]। [1]ਭੁੱਖ। [2]ਤਪਾਇਆ।
ਇਹੈ ਤਾਮਸੀ ਫਲ ਦਾ[1] ਗਾਵਾ[2] [1]ਫਲ ਦੇਣ ਵਾਲਾ। [2]ਕਿਹਾ ਜਾਂਦਾ ਹੈ।
॥੪੧॥
ਰਿਦੇ ਗਜਾਨ ਇਸ ਤੇ ਨਹਿਂ ਹੋਇ।
ਦੇਤਿ ਫਲਨ[1], ਜੇ ਕਰਿ ਹੈ ਕੋਇ। [1]ਫਲਾਂ ਨੂੰ।
ਰੋਕ ਕੁਕਰਮ[1] ਰਿਖੀਕ[2] ਜੁ[†] ਕਰਨੀ। [1]ਮੰਦੇ ਕੰਮਾਂ ਦੀ। [2]ਇੰਦ੍ਰੀਆਂ ਨੂੰ। [†]ਪਾ:-ਜਿ।
ਰਾਜਸ ਇਹੈ ਸੁਕਰਮਨ ਧਰਨੀ[1†] [1]ਸ੍ਰੇਸ਼ਟ ਕੰਮਾਂ ਦਾ ਧਾਰਨਾ। [†]ਪਾ:-ਕਰਨੀ।
॥੪੨॥
ਦੋਹਰਾ:

ਬਹੁਰ ਸ਼ਾਂਤਕੀ ਤਪ ਇਹੈ,
ਬ੍ਰਿਤ[1] ਟਿਕਾਵਨ ਕੀਨਿ। [1]ਬਿਰਤੀ ਨੂੰ।
ਨੇਮ ਸੰਤੋਖ ਦੂਜੇ ਲਖੋ,
ਦ੍ਵੈ ਪ੍ਰਕਾਰ ਸੋ ਚੀਨ ॥੪੩॥
{ਦੋ ਕਿਸਮ ਦਾ ਸੰਤੋਖ ੨}
ਚੌਪਈ:
ਹਾਥ ਪਦਾਰਥ ਆਵਤਿ ਨਾਂਹੀ।
'ਹੌਂ ਸੰਤੋਖੀ' ਅਸ ਮੁਖ ਪ੍ਰਾਹੀ[1]। [1]ਕਹੇ।
ਤਿਸ ਤੇ ਰਿਦੈ ਹਰਖ ਨਹਿਂ ਹੋਇ।
ਨਿਜ ਕੀਰਤਿ ਕੋ ਚਾਹਤਿ ਸੋਇ ॥੪੪॥
ਦੂਜੇ ਯਥਾ ਲਾਭ ਸੰਤੋਖੁ[1]। [1]ਜੋ ਮਿਲ ਜਾਏ ਉਸ ਤੇ ਸੰਤੋਖ।
ਧਾਰਤਿ ਹੈ ਯੋਗੀ ਬਿਨ ਦੋਖੁ।
ਬਸਤਿ ਨ ਪ੍ਰਾਪਤਿ, ਤੌ[1] ਹਰਖਾਈ[2]। [1]ਤਾਂ ਭੀ। [2]ਪਰਸੰਨ ਰਹੇ।
ਜੇ ਪ੍ਰਾਪਤਿ[1] ਹ੍ਵੈ, ਤੌ[2] ਸੁਖ ਪਾਈ ॥੪੫॥ [1]ਮਿਲ ਜਾਵੇ। [2]ਤਾਂ ਭੀ।
ਦੋਹਰਾ:
ਵਾਹਿਗੁਰੂ ਕੀ ਰਜਾਇ ਪੈ,
ਹਰਖੈ ਮਨ ਸੁਖ ਪਾਇ[†]। [†]ਪਾ:-ਵਾਹਿਗੁਰੂ ਕਰਿ ਜਾਪਿ ਲੇਹੁ ਰਖੈ ਜਿ ਮਨ ਸੁਖ ਪਾਇ।
ਤੀਸਰ ਆਸਤਕ[1] ਬੁੱਧਿ ਹੈ, [1]ਸ਼ਰਧਾ ਵਾਲੀ।
ਗੁਰੁ ਬਚ[1] ਦ੍ਰਿੜ ਨਿਸ਼ਚਾਇ[2] ॥੪੬॥ [1]ਗੁਰ ਬਚਨਾਂ ਉਤੇ। [2]ਦ੍ਰਿੜ ਨਿਸ਼ਚਾ ਕਰੇ।
{ਆਸਤਿਕ ਬੁੱਧ ੩}
ਚੌਪਈ:
ਚੌਥੇ ਦਾਨ ਦੇਨਿ ਕੋ ਦਾਤਾ।
{ਤਿੰਨ ਪ੍ਰਕਾਰ ਦਾ ਦਾਨ ੪}
ਤਮ, ਰਜ, ਸਤ ਗੁਨ ਤਿੰਹ ਤ੍ਰੈ ਭਾਂਤਾ[1]। [1]ਤਿੰਨ ਤਰ੍ਹਾਂ ਦੇ।
ਕਲਹਿ ਕ੍ਰੋਧ ਸੋਂ ਬਿਨ ਸ਼ੁਭ ਕਾਲਾ।
ਦੇਤਿ ਤਾਮਸੀ ਰੀਤਿ[1] ਬਿਸਾਲਾ ॥੪੭॥ [1]ਇਹ ਤਾਮਸੀ ਰੀਤ ਹੈ।
ਨਿਜ ਜਸ ਹੇਤ ਦੇਤਿ ਜੋ ਦਾਨਾ।
ਅਹੈ ਰਾਜਸੀ, ਫਲ ਲਘੁ[1] ਜਾਨਾ। [1]ਥੋੜਾ।
ਕਰਿ ਕੈ ਬਿਨੈ[1] ਦੇਯ ਨਰ[2] ਦੇਖੀ। [1]ਬੇਨਤੀ। [2]ਭਾਵ ਅਧਿਕਾਰੀ ਪੁਰਖ ਨੂੰ।

ਏਹੁ ਸ਼ਾਂਤਕੀ ਫਲਤਿ[1] ਬਿਸ਼ੇਖੀ ॥੪੮॥ [1]ਫਲਦਾ ਹੈ।

ਦੋਹਰਾ:
ਵਾਹਿਗੁਰੂ ਕੋ ਜਾਨਿ ਕੈ,
ਸਭੈ ਪਦਾਰਥ ਦੇਇ।
ਤਨਕ ਨ ਅਪਨਾ ਮਾਨਈ,
ਤਾਂਹਿ ਅਖੈ[1] ਫਲ ਲੇਇ ॥੪੯॥ [1]ਅਵਿਨਾਸ਼ੀ, ਜੋ ਕਦੇ ਨਾਸ਼ ਨਾ ਹੋਵੇ।

ਚੌਪਈ: [1]ਯਾਂ।
ਦਰਬ ਕਿਧੌਂ[1], ਬਿੱਦਯਾ ਕੌ ਦਾਨਾ।
ਦੇਤਿ ਸ਼ਾਂਤਕੀ ਹ੍ਵੈ ਨਿਰਮਾਨਾ।
ਤਿਹਂ ਕੋ ਫਲ ਹ੍ਵੈ ਅਮਿਤ ਬਿਸਾਲਾ।
ਬੇਦ ਸੰਤ ਭਾਖਤਿ ਇਸ ਢਾਲਾ ॥੫੦॥
ਪੰਚਮ ਪੂਜਾ ਮਨ ਕਰਿ ਕਰਨੀ।
{ਪੂਜਾ ੫}
ਰਿਦੇ ਭਾਵਨੀ ਗੁਰੂ ਮਹਿਂ ਧਰਨੀ।
ਸਫਲੀ ਪੂਜਾ ਹੋਵਤਿ ਤਾਂ ਕੀ।
ਸਦਾ ਭਾਵਨੀ ਸੋਂ ਮਤਿ ਜਾਂ ਕੀ ॥੫੧॥

ਦੋਹਰਾ:
ਛਠਵ ਨੇਮ ਨਿਜ 'ਗੁਰ ਸਬਦ',
ਤਾਂ ਕੇ ਜੇ† ਅਨੁਸਾਰ। †ਪਾ:-ਮਤ।
{ਪਾਠ ੬}
ਤਿਨ ਹੀ ਕੋ ਪਢਿਹੈ[1] ਸੁਨੈ, [1]ਪੜ੍ਹੇ।
ਤਿਨ ਕੋ ਕਰਹਿ ਬਿਚਾਰ ॥੫੨॥

ਚੌਪਈ: [1]ਹੋਰ ਸਿੱਧਾਂਤ ਹਨ।
ਗੁਰੂ ਸਿਧਾਂਤ ਬਿਨਾ ਜੋ ਆਨਾ[1]।
ਤਿਨ ਕੇ ਬਚਨ ਸੁਨੇ ਨਹਿਂ ਕਾਨਾ।
ਸਪਤਮ ਪਢੈ ਸੁਨੈ ਜਿਹਂ ਰੀਤੀ।
{ਪੜ੍ਹੇ ਸੁਣੇ ਉਤੇ ਅਮਲ ੭}
ਵਰਤੈ ਤਿਹ ਅਨੁਸਾਰ ਸਪ੍ਰੀਤੀ ॥੫੩॥
ਬਿਨਾ ਦੰਭ[1] ਗੁਰੁ ਸਬਦ ਕਮਾਵਨ। [1]ਬਿਨਾ ਪਖੰਡ।
ਕਰਹਿ ਸਦਾ ਹ੍ਵੈ ਤਨ ਮਨ ਪਾਵਨ[1]। [1]ਪਵਿੱਤਰ।
ਅਸ਼ਟਮ ਬ੍ਰਿੱਤਿ ਸ਼ਾਂਤਕੀ ਰਾਖੈ।
{ਸ਼ਾਂਤਕੀ ਬ੍ਰਿਤਿ ੮}

ਨਿਵ ਚਲਣਾ ਮਧੁਰੀ[1] ਮੁਖ ਭਾਖੈ ॥੫੪॥ — [1]ਮਿੱਠੀ।

ਨਵਮੋ ਨੇਮ ਪਾਠ ਜੋ ਕਰਨਾ।

{ਪਾਠ ਵਿਧਿ ੯}

ਤਿਹ ਮਹਿਂ ਅਪਰ[1] ਨ ਬਚਨ ਉਚਰਨਾ। — [1]ਹੋਰ।

ਦਸਵੇਂ[†] ਹੋਮ ਅਗਨਿ ਜੋ ਕਰਿਹੀ[1]। — [1]ਕਰਦੇ ਹਨ। [†]ਪਾ:-ਦਸਮੋਂ।

{ਹੋਮ ੧੦}

ਸੁਰ[1] ਪ੍ਰਸੰਨ ਹਿਤ ਮਨਸਾ ਧਰਿਹੀ[2] ॥੫੫॥ — [1]ਦੇਵਤੇ। [2]ਧਰਦੇ ਹਨ।

ਸਿੱਖ ਛੁਧਾਤੁਰ[1] ਕੇ ਮੁਖ ਪਾਵਨ[2]। — [1]ਭੁੱਖੇ। [2]ਪਾਵੇ।

ਬ੍ਰਹਮ ਹੋਮ[†] ਇਹ ਭਲੋ ਸੁਹਾਵਨ। — [†]ਪਾ:-ਬ੍ਰਹਮ ਭੋਜ।

{ਬ੍ਰਹਮ ਹੋਮ}

ਵਾਹਿਗੁਰੂ ਕੋ ਕਰਹਿ ਉਚਾਰਾ।

ਤਾਂ ਪਾਛੇ ਮੁਖ ਪਾਇ ਅਹਾਰਾ ॥੫੬॥[⚐]

[⚐]ਕਵਿ ਜੀ ਦਸਦੇ ਹਨ ਕਿ ਪਰਮੇਸ਼ੁਰ ਦੇ ਮਾਰਗ ਟੁਰਣ ਵਾਲੇ ਭੁੱਖੇ ਸਿੱਖ ਨੂੰ ਜੋ ਭੋਜਨ ਖਿਲਾਉਣਾ ਹੈ ਇਹ ਦੇਉਤਿਆਂ ਨੂੰ ਪ੍ਰਸੰਨ ਕਰਨ ਨਮਿੱਤ ਅੱਗ ਵਿਚ ਹੋਮ ਕਰਨ ਨਾਲੋਂ ਸ੍ਰੇਸ਼ਟ ਹੈ। ਅੰਗ ੫੭ ਵਿਚ ਦੱਸਦੇ ਹਨ ਕਿ ਅੱਗ ਨੂੰ ਦੇਉਤਿਆਂ ਦਾ ਮੂੰਹ ਤੇ ਜੀਭ ਕਹਿੰਦੇ ਹਨ, ਪਰ ਸਾਰੇ ਦੇਉਤੇ ਬ੍ਰਹਮ ਸਮੇਤ 'ਹਰਿਨਾਮ' ਦਾ ਉਚਾਰਣ ਸੁਣਕੇ ਪ੍ਰਸੰਨ ਹੁੰਦੇ ਹਨ, ਨਾਮ ਜਪਣ ਵਾਲੇ ਛੁਧਾਤੁਰ ਦੇ ਮੂੰਹ ਵਿਚ ਅੰਨ ਪਾਉਣਾ ਇਹ ਬ੍ਰਹਮ ਹੋਮ ਹੈ, ਜਿਸ ਵਿਚ ਅੰਨ ਦੀ ਅਹੁਤੀ ਪੈਂਦੀ ਹੈ ਤੇ ਜੀਭ ਨਾਮ ਉਚਾਰਨ ਵਾਲੀ ਹੋਣ ਕਰਕੇ ਉਹ ਅਹੁਤੀ ਬ੍ਰਹਮ ਨੂੰ ਪਹੁੰਚਦੀ ਹੈ, ਬ੍ਰਹਮ ਦੇ ਪ੍ਰਸੰਨ ਹੋਣ ਨਾਲ ਸਾਰਾ ਬ੍ਰਹਮੰਡ ਪ੍ਰਸੰਨ ਹੁੰਦਾ ਹੈ। ਅੰਗ ੫੮ ਵਿਚ ਤਨ ਹੰਤਾ ਦਾ ਅਰਪਨ ਕਰਨਾ ਕਵਿ ਜੀ ਨੇ ਗਯਾਨ ਰੂਪੀ ਹੋਮ ਲਿਖਿਆ ਹੈ।

ਬਦਨ ਦੇਵਤਾ ਪਾਵਕ ਕਹਿਯੇ[1]। — [1]ਨਾਮ ਵਾਲੇ ਛੁਧਾਤੁਰ) ਦੇ ਮੂੰਹ ਨੂੰ ਅਗਨੀ ਦੇਵਤਾ ਕਹੋ (ਅ) ਅੱਗ ਨੂੰ ਦੇਉਤਿਆਂ ਦਾ ਮੂੰਹ ਕਹਿੰਦੇ ਹਨ।

ਸਰਬ ਸੁਰਨ ਕੀ ਜਿਹਵਾ ਲਹਿਯੇ[1]। — [1]ਅੱਗ ਸਾਰੇ ਦੇਉਤਿਆਂ ਦੀ ਜੀਭ ਸਮਝੋ।

ਬ੍ਰਹਮ ਪ੍ਰਸੰਨ ਸੰਗਿ ਸੁਰ ਸਾਰੇ।

ਤ੍ਰਿਪਤਿ ਹੋਤਿ ਹਰਿਨਾਮ ਉਚਾਰੇ[1] ॥੫੭॥ — [1]ਛੁਧਾਤੁਰ ਦੀ ਜੀਭ ਨੇ ਅਹੁਤੀ ਲਈ ਹੈ ਅੰਨ ਦੀ ਨਾਮ ਉਚਾਰਕੇ) ਹਰਿ ਨਾਮ ਦੇ ਉਚਾਰਨ ਨਾਲ ਬ੍ਰਹਮ ਪ੍ਰਸੰਨ ਹੁੰਦਾ ਹੈ (ਬ੍ਰਹਮ ਪ੍ਰਸੰਨ ਹੋਣ ਨਾਲ) ਸਾਰੇ ਦੇਵਤੇ (ਸੁਤੇ ਹੀ) ਤ੍ਰਿਪਤ ਹੁੰਦੇ ਹਨ।

ਦੋਹਰਾ:

ਤ੍ਰਿਤੀ ਹੋਮ ਹੈ ਗਯਾਨ ਕਾ,

ਰਸ ਰਿਖੀਕ ਕੇ ਦਰਬ[1]। — [1]ਇੰਦ੍ਰੇ ਰਸਾਂ ਦੇ ਵੇਗ। [ਸੰਸ. ਦ੍ਰਵ] (ਅ) ਇੰਦ੍ਰੇ ਰਸਾਂ ਦੇ ਪਦਾਰਥ।

ਗਜਾਨ ਅਗਨਿ ਮੈਂ ਹੋਮਹੀ,
ਤਨ ਹੰਤਾਦਿਕ[1] ਸਰਬ ॥੫੮॥ — [1]ਹੰਕਾਰ ਆਦਿਕ

ਚੌਪਈ:

ਦਸ ਪ੍ਰਕਾਰ ਇਹ ਨੇਮ ਗਿਨਾਵਾ।
ਕਸ਼ਟ ਜੋਗ ਦੁਤਿ[1] ਅੰਗ ਸੁਹਾਵਾ। — [1]ਦੂਜਾ।
ਅੰਗ ਤੀਸਰੇ 'ਦੇਸ਼ ਇਕੰਤੇ'†। — †ਯੋਗ ਦਰਸ਼ਨ ਵਿੱਚ ਇਕ 'ਪ੍ਰਤਜਾਹਾਰ' ਪੰਜਵੇਂ ਥਾਂ ਹੈ ਜੋ ਏਥੇ ਨਹੀਂ, ਉਸਦੀ ਥਾਵੇਂ 'ਇਕੰਤਦੇਸ਼' ਇਕ ਅੰਗ ਆਪ ਨੇ ਏਥੇ ਤੀਸਰੇ ਥਾਂ ਦਿੱਤਾ ਹੈ, ਇਹ ਵੰਡ ਪੌਰਾਣ ਆਦਿ ਯਾ ਹੋਰ ਯੋਗ ਗ੍ਰੰਥਾਂ ਅਨੁਸਾਰ ਹੈ, ਇਸੀ ਤਰ੍ਹਾਂ ਯਮ ਨਿਯਮ ਇੱਥੇ ਦਸ ਦਸ ਵਰਣਨ ਹੋਏ ਹਨ, ਯੋਗ ਦਰਸ਼ਨ ਵਿੱਚ ਪੰਜ ਪੰਜ ਹਨ।

{੩ ਇਕੰਤ ਦੇਸ਼}

ਨਰ ਬਚ ਸੁਨਿਯ ਨ[1], ਤਹਾਂ ਬਸੰਤੇ ॥੫੯॥ — [1]ਪੁਰਸ਼ਾਂ ਦੇ ਬਚਨ ਸੁਣਾਈ ਨਾ ਦੇਣ।
ਚੌਥੇ ਅੰਗ ਯੋਗ ਕਾ ਆਸਨ।

{੪ ਆਸਣ}

ਬੇਦ ਜੁਗੀਸ਼ਰ ਕਰਿਹੀਂ ਭਾਸ਼ਨ।
ਜੇਤੇ ਜੀਵ ਜਗਤ ਮਹਿਂ ਜਾਨਹੁ।
ਆਸਨ ਤੇਤੇ ਹੀ ਪਰਮਾਨੁਹ[1] ॥੬੦॥ — [1]ਜਾਣੋਂ।
ਤਿਨ ਤੇ ਯੁਗਮ[1] ਸ਼ਿਰੋਮਣ ਬੀਨੇ[2]। — [1]ਦੋ। [2]ਚੁਣੇ।
ਮਹਾਂ ਪੁਰਖ ਹਿਤ ਕਰਿ[1] ਸੋ ਲੀਨੇ। — [1]ਪ੍ਰੇਮ ਨਾਲ।
ਸਿੱਧ ਆਸਨ, ਪਦਮਾਸਨ ਦੋਊ।
ਤਿਨਹਿਂ ਜਿ ਲੱਛਨ ਸੁਨਿਯੇ ਸੋਊ ॥੬੧॥
ਛਿਤਿ[1] ਕਛੁ ਖੋਦ ਮ੍ਰਿਦੁਲ ਤ੍ਰਿਣ[2] ਪਾਏ। — [1]ਧਰਤੀ। [2]ਨਰਮ ਘਾਹ।

{ਸਿੱਧ ਆਸਣ}

ਬੈਸਹਿ ਪੁਨ ਪਟ[1] ਬਿਮਲ[2] ਬਿਛਾਏ। — [1]ਕੱਪੜਾ। [2]ਉੱਜਲ।
ਹ੍ਵੈ ਪਾਵਨ, ਨਹਿਂ ਅੰਗ ਡੁਲਾਏ।
ਬਾਮ[1] ਪੈਰ ਸੋਂ ਗੁਦਾ ਦਬਾਏ ॥੬੨॥ — [1]ਖੱਬੇ।

ਦੋਹਰਾ:

ਇੰਦ੍ਰੀ ਪਰ ਦਹਿਨ[1] ਧਰੈ, — [1]ਸੱਜਾ।
ਅੱਗ੍ਰ[1] ਨਾਸਕਾ[2] ਧਜਾਨ। — [1]ਅੱਗੇ। [2]ਨਾਸਾਂ (ਉੱਤੇ)।
-ਸਿੱਧਿ ਆਸਨ- ਇਹ ਕੋ ਭਨੈ[1], — [1]ਕਹਿੰਦੇ ਹਨ।

ਯੋਗੀ† ਕਰਤਿ ਸਜਾਨ[1] ॥੬੩॥ — [1]ਚਤੁਰ। †ਪਾ:-ਯੌਂ ਨਰ।

ਚੌਪਈ:

ਦਾਏਂ ਪਗ ਪਰ ਧਰਿ ਕਰਿ ਬਾਂਵਾਂ।

{ਪਦਮ ਆਸਣ}

ਬਾਵੇਂ ਪਰ ਕਰ ਦਹਿਨ ਟਿਕਾਵਾ†। — †ਪਾਠਾਂਤ੍ਰ-ਦਾਂਏ ਪਟ ਪਰ ਧਰ ਪਗ ਬਾਂਵਾਂ। ਬਾਂਵੇਂ ਪਰ ਪਗ ਦਹਿਨ ਟਿਕਾਵਾ।

ਦੋਨੋ ਭੁਜਾ ਕੰਡ ਕਰਿ ਪਾਛੇ।

ਗਹੇ[1] ਅੰਗੁਠੇ ਪਗ[2] ਦਿੜ[3] ਆਛੇ ॥੬੪॥ — [1]ਫੜੇ। [2]ਪੈਰਾਂ ਦੇ। [3]ਪੱਕੇ ਕਰਕੇ।

ਭ੍ਰੂ ਕੋ[1] ਕਿਧੋਂ[2] ਨਾਸਕਾ[3] ਧ੍ਯਾਨਾ। — [1]ਭਰਵੱਟਿਆਂ ਦੇ ਵਿਚਲੀ ਥਾਂ। [2]ਜਾਂ। [3]ਨਾਸਾਂ।

ਕਰਿ ਬੈਸੇ[1] ਪਦਮਾਸਨ ਜਾਨਾ। — [1]ਬੈਠੇ।

ਅੰਗ ਪੰਚਮੋ ਪ੍ਰਾਣਾਯਾਮ।

{ਪ ਪ੍ਰਾਣਾਯਾਮ ਦੇ ਅੰਗ}

ਪੂਰਕ, ਕੁੰਭਕ, ਰੇਚਕ, ਨਾਮ ॥੬੫॥

ਬਾਹਰ ਤੇ ਮਨ ਸੁਰਤਿ ਟਿਕਾਵੇ।

ਦਹਿਨੇ ਸੁਰ ਤੇ ਪ੍ਰਾਣ ਚਢਾਵੈ।

ਖੈਂਚਤਿ ਦ੍ਵਾਦਸ਼[1] ਮਾਤ੍ਰਹਿ[2] ਜੋਇ। — [1]ਬਾਰਾਂ। [2]ਵਾਰੀ।

ਓਅੰਕਾਰ ਜਪੈ ਤਬ ਸੋਇ ॥੬੬॥

ਜਿਤੇ[1] ਪ੍ਰਾਣ ਅੰਤਰ ਠਹਿਰਾਵੈ। — [1]ਜਿਤਨੇ।

'ਕੁੰਭਕ' ਤੇਤੋ[1] ਨਾਮ ਕਹਾਵੈ। — [1]ਤਿਤਨੇ।

ਚੌਬਿਸ ਮਾਤ੍ਰਾ ਓਅੰਕਾਰਾ।

ਜਾਪ ਕਰੈ ਤਿੰਹ ਸਮੈਂ ਉਚਾਰਾ ॥੬੭॥

ਬਾਵੈਂ[1] ਸੁਰ ਸੋਂ ਕਰਹਿ ਉਤਾਰਾ। — [1]ਖੱਬੇ।

ਦ੍ਵਾਦਸ਼ ਮਾਤ੍ਰਾ ਜਪ ਓਅੰਕਾਰਾ।

'ਰੇਚਕ' ਯਾਂਕੋ ਨਾਮ ਕਹੀਜੈ।

ਸਨੈ ਸਨੈ[1] ਜੋ ਛੋਡਨ ਕੀਜੈ ॥੬੮॥ — [1]ਹੌਲੇ ਹੌਲੇ।

ਤੈਸੇ ਹੀ ਬਾਏਂ ਤੇ ਦਾਏਂ।

ਦਾਏਂ ਤੇ ਬਾਏਂ ਸੁ ਚਢਾਏ।

ਖੁਲੈ ਰਾਹਿ ਤ੍ਰਿਕੁਟੀ[1] ਇਸ ਢਾਰਾ[2]। — [1]ਭਰਵੱਟਿਆਂ ਵਿਚਕਾਰਲੀ ਥਾਂ ਦਾ। [2]ਇਸ ਤਰ੍ਹਾਂ।

ਠਹਿਰਹਿਂ ਪ੍ਰਾਣ ਜਿ ਦਸਵੇਂ ਦ੍ਵਾਰਾ ॥੬੯॥

ਤਬੈ ਅਨਾਹਦ ਕੀ ਧੁਨਿ ਖੁਲਿ ਹੈ।

ਦਰਸ਼ਨ ਪਰਮਜੋਤਿ ਕੋ ਮਿਲਿਹੈ।
ਝਿਲਮਿਲਕਾਰ ਮਹਾਨ ਪ੍ਰਕਾਸ਼ਾ[1]। [1]ਹਿਲਦਾ ਯਾ ਝਮਕਦਾ ਪ੍ਰਕਾਸ਼।
ਜਿਹਂ ਪਿਖ ਹ੍ਵੈ ਵਿਸ਼ੇਸ਼ ਸੁਖਰਾਸਾ ॥੭੦॥

ਦੋਹਰਾ:
ਜਿਉਂ ਜਿਉਂ ਧਰਿਹੀ ਧ੍ਯਾਨ ਕੋ,
ਤਿਉਂ ਤਿਉਂ ਧੁਨਿ ਵਧਿ ਜਾਇ।
ਖਸ਼ਟ[1] ਅੰਗ ਹੈ ਯੋਗ ਕਾ, [1]ਛੇਵਾਂ।
'ਧ੍ਯਾਨ' ਧਰਤਿ ਸੁਖ ਪਾਇ ॥੭੧॥

{੬ ਧਿਆਨ}

ਚੌਪਈ:
ਦ੍ਵੈ ਪ੍ਰਕਾਰ ਕੋ ਲਖਹੁ ਸੁ ਧ੍ਯਾਨਾ।

{ਦੋ ਪ੍ਰਕਾਰ ਦਾ ਧਿਆਨ}

ਬਾਹਯ ਕਾ, ਅੰਤ੍ਰੀਕ ਬਖਾਨਾ[1]। [1]ਬਾਹਰਲਾ ਤੇ ਅੰਤ੍ਰੀਵ ਕਹਿਆ ਜਾਂਦਾ ਹੈ।
ਬਿਸ਼ਨ ਚਤੁਰਭੁਜ† ਕੋ ਜੋ ਧ੍ਯਾਨਾ। †ਸਿਖ ਧਰਮ ਦੇ ਧ੍ਯਾਨ ਨਹੀਂ ਕਹਿ ਰਹੇ।
ਸੋ ਬਾਹਰ ਕਾ ਜਾਨ, ਸੁਜਾਨਾ[1]! ॥੭੨॥ [1]ਹੇ ਚਤੁਰ!
ਗੁਰ ਕੇ ਸਬਦ ਵਿਖੈ ਜੋ ਜੋਰਾ[1]। [1]ਜੋੜਿਆ।
ਨਾਭੀ[1], ਰਿਦੈ[2], ਕਿ ਨਾਸਾ† ਓਰਾ[3]। [1]ਧੁੰਨੀ। [2]ਹਿਰਦਾ। [3]ਵੱਲ। †ਪਾ:-ਨਾਸਕਾ।
ਕੈ ਭ੍ਰੁ ਕੇ[1]† ਕੈ ਦਸਵੈਂ ਦ੍ਵਾਰਾ। [1]ਭਰਵੱਟਿਆਂ ਵਿੱਚ। †ਪਾ:-ਭ੍ਰੂ ਭ੍ਰੂ।
ਧਰੈ ਅਨਾਹਦ ਧੁਨਿ ਕੈ ਧਾਰਾ ॥੭੩॥
ਜਬਹਿ ਅਨਾਹਦ ਧੁਨਿ ਖੁਲਿ ਜਾਵਹਿ।
ਕਿਧੌਂ ਜੋਤਿ ਕੋ ਧ੍ਯਾਨ ਲਗਾਵਹਿ।
ਇਹ ਅੰਤ੍ਰਿਕ[1] ਮਨ ਮਹਿਂ ਪਹਿਚਾਨਹਿਂ। [1]ਅੰਦਰਲਾ (ਧਿਆਨ)।
ਸਪਤਮ[1] ਅੰਗ ਧਾਰਨਾ† ਮਾਨਹਿ ॥੭੪॥ [1]ਸੱਤਵਾਂ। †ਯੋਗ ਦਰਸ਼ਨ ਵਿਚ ਪਹਿਲਾਂ ਧਾਰਨਾ ਹੈ ਫੇਰ ਧ੍ਯਾਨ ਹੈ।

{ਧਾਰਨਾ}

ਤਿਹ ਪ੍ਰਤਿਬੰਧ[1] ਸੰਕਲਪ ਉਠਾਵਨ। [1]ਤਿਸ ਵਿਚ ਰੁਕਾਵਟ ਹੈ।
ਤਿਹਂ ਤੇ ਪੁਨ ਪੁਨ ਮਨਹਿ ਹਟਾਵਨ।
ਧ੍ਯਾਨ ਵਿਖੈ ਜੋਰਹਿ[1] ਠਹਿਰਾਵਹਿ। [1]ਜੋਰ ਨਾਲ (ਅ) ਜੋੜ ਕੇ।
ਯਹੀ ਧਾਰਨਾ ਨਾਮ ਕਮਾਵਹਿ ॥੭੫॥
ਜਬ ਮਨ ਠਹਿਰਹਿ ਹੋਇ ਅਡੋਲਾ।

ਤਿੰਹ ਕੋ ਨਾਮ ਸਮਾਧਿ ਅਡੋਲਾ।

{੮ ਸਮਾਧਿ}

ਸੋ ਸਮਾਧਿ ਹੈ ਉਭੈ ਪ੍ਰਕਾਰੀ[1]। — [1]ਦੋ ਤਰ੍ਹਾਂ ਦੀ।

ਨਿਰ-ਵਿਕਲਪ ਸਾਕਲਪ ਉਚਾਰੀ ॥੭੬॥

ਦੋਹਰਾ:

ਧ੍ਯਾਤਾ, ਧ੍ਯਾਨ, ਸੁ ਧੇਯ, ਜੋ,

ਪ੍ਰਿਥਕ-ਪ੍ਰਿਥਕ[1] ਇਕ ਜਾਨ। — [1]ਅੱਡ ਅੱਡ।

ਸੋ 'ਸਾ-ਵਿਕਲਪ' ਕਹਤਿ ਹੈਂ,

ਜੋਗੀ ਪੁਰਖ ਸੁਜਾਨ ॥੭੭॥

{ਸਾ-ਵਿਕਲਪ ਸਮਾਧਿ}

ਚੌਪਈ:

ਆਪ ਭਿੰਨ[1] ਨਹਿਂ ਭਿੰਨ ਧਿਆਨਾ। — [1]ਵੱਖ।

ਧੇ[1] ਸਭਿ ਬ੍ਰਹਮ ਰੂਪ ਕਰਿ ਜਾਨਾ। — [1]ਜਿਸ ਦਾ ਧਿਆਨ ਧਰੇ।

'ਨਿਰਵਕਲਪ' ਸੋ ਲਖੌ ਸਮਾਧਿ।

{ਨਿਰ-ਵਿਕਲਪ ਸਮਾਧਿ}

ਐਸੇ ਅਸ਼ਟ[1] ਅੰਗ ਤਨ ਸਾਧਿ ॥੭੮॥ — [1]ਅੱਠ।

ਬ੍ਰਿੱਤਿ ਅਰੂਢ ਯੋਗ ਮਹਿਂ ਜੌ ਲੌਂ।

ਲੇਯ ਤਾਂਹਿ ਕੋ ਰਸ ਸ਼ੁਭ ਤੌ ਲੋ।

ਉਤਰਹਿ ਬ੍ਰਿੱਤਿ ਯੋਗ ਤੇ ਜਬ ਹੀ।

ਗੁਰੂ ਬਾਣੀ ਸੋਂ ਪਰਚਹਿ ਤਬ ਹੀ ॥੭੯॥

ਐਸੇ ਭੀ ਬਹੁ ਕੋ ਕਲਿਆਨਾ[1]। — [1]ਮੁਕਤੀ।

ਭਏ ਜਗਤ ਕੇ ਬੰਧਨ ਹਾਨਾ।

ਦੂਜਾ ਭਗਤਿ ਜੋਗ ਕੋ ਪੰਥਾ[1]। — [1]ਰਾਹ।

{ਭਗਤਿ ਯੋਗ ਦੇ ਅੱਠ ਅੰਗ}

ਅਸ਼ਟ ਅੰਗ ਤਿਹਂ[1] ਭਾਖਤਿ[2] ਗ੍ਰੰਥਾ ॥੮੦॥ — [1]ਤਿਸਦੇ। [2]ਕਹਿੰਦੇ ਹਨ।

ਪ੍ਰਿਥਮੈ 'ਯਮ' ਮਨ ਰਾਖਨ ਨੀਵਾ।

ਨਿਜ ਗੁਨ ਤੇ ਨਿਰਮਾਨ[1] ਸਦੀਵਾ। — [1]ਹੰਕਾਰ ਤੋਂ ਬਿਨਾਂ।

ਦੂਜੋ 'ਨੇਮ' ਜਾਇ ਸਤਿਸੰਗਤਿ।

ਕਥਾ ਕੀਰਤਨ ਸੁਨਿ ਮਿਲ ਪੰਗਤਿ
॥੯੧॥

ਦੋਹਰਾ:

ਪਢਨ ਸ਼ਕਤਿ[1] ਜੇ ਹੋਵਈ,
ਪਢੈ ਨੇਮ ਕਰਿ ਸੋਇ।
ਸੁਣਨਿ ਸ਼ਕਤਿ ਜੇ ਹੋਵਈ,
ਸੁਨੈ ਸੁ ਇਕ ਮਨ ਹੋਇ ॥੯੨॥

[1]ਪੜ੍ਹਨੇ ਦੀ ਤਾਕਤ, ਜਾਚ।

ਚੌਪਈ:

ਤੀਜੋ 'ਦੇਸ਼ ਇਕੰਤ' ਬਖਾਨੈ[1]।
ਸਰਬ ਵਿਖੈ ਇਕ ਗੋਬਿੰਦ ਜਾਨੈ।
ਔਰ ਦੂਸਰਾ ਲਖਈ ਨਾਂਹਿ।
ਏਕੋ ਬਯਾਪਕ[1] ਸਭਿ ਘਟ[2] ਮਾਂਹਿ[3]
॥੯੩॥

[1]ਕਹਿੰਦੇ ਹਨ।

[1]ਪੂਰਨ ਹੈ। [2]ਸਾਰੇ ਹਿਰਦਿਆਂ। [3]ਵਿੱਚ।

ਚੌਥੋ 'ਆਸਨ' ਸਮਝਹੁ ਚਿੱਤ।
ਕਰਹਿ ਗੁਬਿੰਦ ਵਿਖੈ ਥਿਤਿ[1] ਬ੍ਰਿੱਤਿ[2]।
ਪੰਚਮ 'ਪ੍ਰਾਣਾਯਾਮੰ' ਚੀਨਿ।
ਪੂਰਕ[1], ਕੁੰਭਕ[2], ਰੇਚਕ[3] ਤੀਨ
॥੯੪॥

[1]ਇਸਥਿਰ। [2]ਬਿਰਤੀ।

[1]ਸ੍ਵਾਸ ਅੰਦਰ ਖਿੱਚਣਾ। [2]ਅੰਦਰ ਠਹਿਰਾਉਣਾ। [3]ਉਤਾਰਨਾ।

ਦੋਹਰਾ:

'ਪੂਰਕ' ਗੁਰੁ ਕੇ ਬਚਨ† ਸੁਨਿ,
ਸਭੈ ਕਰਖ[1]† ਕਰਿ ਲੇਯ।
ਬਚ[1] ਸੁਨਿ ਸਮਝੀ ਵਸਤੁ[2] ਜੋ,
ਰਿਦੇ ਸਦਾ ਥਿਰ ਕੇਯ[1] ॥੯੫॥

†ਪਾ:-ਸ਼ਬਦ।

[1]ਖਿੱਚ। †ਪਾ:-ਕਰਮ।

[1]ਬਚਨ। [2]ਚੀਜ, ਬਾਤ।

[1]ਟਿਕਾਵੇ।

ਚੌਪਈ:

ਕਰ ਅਭਿਆਸ ਨ ਤਿਹਂ ਪਰਿਹਰੈ[1]।
ਸਦ ਠਹਿਰਾਵਨ ਮਨ ਮੈਂ ਕਰੈ।
'ਕੁੰਭਕ' ਦੂਜੋ ਇਸੀ ਪ੍ਰਕਾਰਾ।
ਤੀਜੋ ਰੇਚਕ ਕਰੋਂ ਉਚਾਰਾ ॥੯੬॥
ਸਤਿਗੁਰੁ ਬਚਨ ਜੁ ਤਜਿਨਾ[1] ਕਹਾ।
ਤਿਹਂ ਤਜਿ ਦੇਯ[1], ਹੋਤਿ ਸੁਖ ਮਹਾਂ[2]।
ਖ਼ਸ਼ਟਮ 'ਧਯਾਨ' ਅੰਗ ਸੁਨਿ ਜੈਸੇ।
ਪਢਨ ਸੁਨਨ ਗੁਰੁ ਬਚ ਜਬ ਬੈਸੇ

[1]ਦੂਰ ਨਾ ਹਟਾਵੇ।

[1]ਜੇਹੜੀ ਗੱਲ ਛੱਡਣੀ ਕਹੀ ਹੈ।

[1]ਛੱਡ ਦੇਵੇ। [2]ਬੜਾ।

॥੮੭॥
ਸਬਦ ਅਰਥ ਮਹਿਂ ਰਾਖਹਿ ਧਯਾਨਾ।
ਫੁਰਨ ਦੇਯ ਸੰਕਲਪ ਨ ਆਨਾ।
ਸਪਤਮ ਅਹੈ 'ਧਾਰਨਾ' ਅੰਗਾ।
ਤਿਸ ਸਰੂਪ ਸੁਨਿਯੇ ਰੁਚਿ ਸੰਗਾ[1] ॥੮੮॥
ਮਨ ਸੰਕਲਪ ਵਿਖੈ ਜੇ ਜਾਵਹਿ।
ਪੁਨ ਮਨ ਰੋਕਿ[†] ਸ਼ਬਦ ਮਹਿਂ ਲਾਵਹਿ।
ਜਬ ਮਨ ਟਿਕਯੋ ਘਟੀ[1] ਦੋ ਚਾਰਾ।
ਤਿੰਹ ਕੋ ਨਾਮ 'ਸਮਾਧਿ' ਉਚਾਰਾ ॥੮੯॥
ਸ਼ਬਦ ਵਿਖੈ ਜਬ ਲਗੀ ਸਮਾਧਿ।
ਤਿਸਹਿ ਵਧਾਵੈ ਤਨ ਮਨ ਸਾਧਿ।
ਅਸ਼ਟ ਜਾਮ[1] ਮਨ ਸ਼ਬਦ ਵਿਖੈ ਜਬ।
ਪੂਰਨ ਹੋਤਿ ਸਮਾਧਿ ਭਲੇ ਤਬ ॥੯੦॥

ਦੋਹਰਾ:
ਭਗਤਿ ਜੋਗ ਇਹ ਜਾਨਿਯੇ,
ਕਲਿ ਮਹਿਂ ਪੰਥ ਸੁਖੇਨ।
ਕਸ਼ਟ ਜੋਗ ਦੁਸ਼ਤਰ[1] ਅਹੈ,
ਹੋਇ ਨ ਜੇਨੰ ਕੇਨ[1†]' ॥੯੧॥

ਚੌਪਈ:
ਸ਼੍ਰੀ ਗੁਰੁ ਮੁਖ ਤੇ ਸੁਨਿ ਉਪਦੇਸ਼ੁ।
ਹਾਥ ਜੋਰਿ ਪਗ ਪਰਯੋ ਨਰੇਸ਼ੁ[1]।
ਸੀਖਯੋ ਚਾਹਤਿ ਯੋਗ ਬਹੋਰੀ।
ਰਿਦੇ ਲਾਲਸਾ ਜਾਂਹਿ ਨ ਥੋਰੀ[1] ॥੯੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼ਿਵਨਾਭ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋਂ ਅਧਯਾਯ ॥੪੮॥

[1]ਪ੍ਰੀਤੀ ਨਾਲ।
[†]ਪਾ:-ਮੋਰ।
[1]ਘੜੀਆਂ।
[1]ਅੱਠੇ ਪਹਿਰ।
[1]ਕਠਨ।
[1]ਜਿਸ ਕਿਸੇ (ਹਰ ਕਿਸੇ) ਤੋਂ ਨਹੀਂ ਹੋ ਸਕਦਾ।
[†]ਦੇਖੋ ਪੰਨਾ ਪ੨੯ ਨਿਸ਼ਾਨ ਦੀ ਟੂਕ।
[1]ਰਾਜਾ।
[1]ਭਾਵ ਬਹੁਤ ਹੈ।

## ੪੯. [ਗੁਰ ਪਦ ਨਖ ਮੰਗਲ। ਤ੍ਰਿਯਾ ਰਾਜ ਉਪਦੇਸ਼]

੪੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੦

{ਪ੍ਰਾਣ ਸੰਗਲੀ} ॥੬॥
{ਲੰਗਰ ਵਿੱਚ ਇੱਕੀ ਮਣ ਲੂਣ} ॥੧੦॥
{ਤ੍ਰਿਆ ਰਾਜ} ॥੧੭॥
{ਮਰਦਾਨੇ ਦਾ ਮੀਢਾ} ॥੨੧॥
{ਘੜਾ ਸਿਰ ਚੰਬੜਿਆ} ॥੨੯॥
{ਨੂਰਸ਼ਾਹ} ॥੩੦॥

ਦੋਹਰਾ:

ਸ੍ਰੀ ਗੁਰ ਪਦ ਨਖ ਕ੍ਰਾਂਤਿ ਜੋ, ਚਿੰਤਾਮਨਹਿ ਸਮਾਨ।

ਚਿੰਤਾਮਨ=ਇਕ ਕਵਿ ਸੰਕੇਤਕ ਮਣਿ, ਜਿਸ ਤੋਂ ਜੋ ਕੁਝ ਮੰਗੀਏ ਯਾਂ ਚਿਤਵੀਏ ਸੋ ਦੇਂਦੀ ਹੈ। [ਸੰਸ. ਚਿੰਤਾਮਣਿ]

ਚਿਤਵੇ ਮੰਗਲ ਸਰਬਦਾ, ਵਿਘਨ ਦੋਖ ਗਨ ਹਾਨਿ ॥੧॥

ਚਿਤਵੇ=ਚਿਤਵਣ ਨਾਲ, ਇੱਛਾ ਕਰਨ ਨਾਲ। ਸਰਬਦਾ=ਸਾਰੇ ਸਮਿਆਂ ਵਿਚ, ਹਮੇਸ਼। [ਸੰ. ਸਰ੍ਵਦਾ] ਦੋਖ=ਦੋਸ਼, ਪਾਪ। ਗਨ=ਸਾਰੇ। ਹਾਨ=ਨਾਸ਼ ਹੁੰਦੇ, ਹਾਨੀ ਹੁੰਦੇ।

ਅਰਥ:

ਸ੍ਰੀ ਗੁਰੂ ਜੀ ਦੇ ਚਰਨਾਂ ਦੇ ਨਹੁੰਵਾਂ ਦੀ ਜੋ ਕ੍ਰਾਂਤੀ ਹੈ (ਓਹ) ਚਿੰਤਾਮਣੀ ਦੇ ਤੁੱਲ ਹੈ, (ਜਿਸ ਨੂੰ) ਚਿਤਵਨ ਨਾਲ ਸਾਰੇ ਵਿਘਨਾਂ ਤੇ ਪਾਪਾਂ ਦਾ ਨਾਸ਼ ਹੁੰਦਾ ਹੈ (ਅਰ) ਸਦਾ ਮੰਗਲ ਦੀ ਪ੍ਰਾਪਤੀ ਹੁੰਦੀ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਿ ਕਰਿ ਸ੍ਰੀ ਗੁਰ ਕੋ ਉਪਦੇਸ਼ਾ।
ਹਾਥ ਬੰਦਿ ਹ੍ਵੈ ਕਹਿਤਿ ਨਰੇਸ਼ਾ।
‘ਮਨ ਨਿਰਮਲ ਕੇ ਮਾਰਗ ਦੋਊ।
ਕਰੁਨਾਕਰਿ ਬਖ਼ਸ਼ਹੁ, ਦੁਖ ਖੋਊ!
॥੨॥
ਕਰਹੁ ਸਰਬ ਮਮ ਦੇਸ਼ ਨਿਹਾਲਾ।
ਤੁਮ ਸਮਾਨ ਨਹਿਂ ਆਨ ਕ੍ਰਿਪਾਲਾ।
ਕਰਹੁ ਸਦੀਵ ਬਾਸ ਮੁਝ ਬਦਨਾ।
ਹਰਖੋਂ ਹੇਰਿ ਕਮਲ ਸਮ ਬਦਨਾ ॥੩॥
ਜਿਸ ਪ੍ਰਕਾਰ ਤੁਮ ਕਿਤਨੇ ਕੋਸਾ।
ਚਲਿ ਆਏ ਨਿਜ ਦੇਨਿ ਭਰੋਸਾ।
ਤਿਸੀ ਪ੍ਰਕਾਰ ਰਹਿਨ ਅਬ ਕੀਜੈ।
ਸਰਬ ਦੇਸ਼† ਉਪਦੇਸ਼ਹਿ ਦੀਜੈ’ ॥੪॥

†ਪਾਠਾਂਤ੍ਰ-ਸਗਰ ਨਗਰ।

ਪ੍ਰੇਮ ਬਿਨੈ ਸਨ[1] ਬਾਣੀ ਸੁਨਿ ਕੈ।

ਪਗ[1] ਪਾਹੁਲ ਦੀਨੀ ਸਿਖ ਗੁਨਿ ਕੈ।

ਧਰਮਸਾਲ ਮਹਿਂ ਕੀਨ ਬਸੇਰਾ।

ਸਰਬ ਦੇਸ਼ ਹੋਵਤਿ ਭਾ ਚੇਰਾ ॥੫॥

[1]ਪ੍ਰੇਮ ਦੀ ਬੇਨਤੀ ਸੰਯੁਕਤ।

[1]ਚਰਣਾਂ ਦੀ।

ਭੂਪਤਿ ਯੋਗ ਦੇਨ ਕੇ ਕਾਜਾ।

ਪ੍ਰਾਣ ਸੰਗਲੀ ਗ੍ਰੰਥ ਸੁ ਸਾਜਾ।[*]

[*]ਜਦ 'ਪ੍ਰਾਣ ਸੰਗਲੀ' ਦੀ ਖੋਜ ਕਰੀਏ ਤਾਂ ਅਖੀਰ ਪੁਰਾਣੀ ਲਿਖਤ, ਪੁਰਾਤਨ ਜਨਮ ਸਾਖੀ ਵਿਚ ਮਿਲਦੀ ਹੈ, ਓਥੇ ਪ੍ਰਾਣ ਸੰਗਲੀ ਦਾ ਨਮੂਨਾ ਦਿੱਤਾ ਹੈ। ਉਸ ਵਿਚ ਉਨਮਨੀ ਅਵਸਥਾ ਦਾ ਜ਼ਿਕਰ ਹੈ, ਜਿਸ ਦਾ ਮਤਲਬ ਮਨ ਦੀ ਉਹ ਦਸ਼ਾ ਹੈ ਜਦ ਮਨ ਆਸ ਅੰਦੇਸੇ ਤੋਂ ਨਿਕਲਕੇ ਉੱਚਾ ਹੋ ਕੇ ਜਿਸ ਉੱਚੀ ਅਵਸਥਾ ਵਿਚ ਰਹਿੰਦਾ ਹੈ। ਚੜ੍ਹੀ ਹੋਈ ਸੁਰਤ ਦੀ ਦਸ਼ਾ। ਨਮੂਨਾ ਇਹ ਹੈ:-

ਉਨਮਨਿ ਸੁੰਨ ਸੁੰਨ ਸਭ ਕਹੀਐ ॥ ਉਨਿਮਨਿ ਹਰਖ ਸੋਗ ਨਹੀ ਰਹੀਐ ॥
ਉਨਮਨਿ ਆਸ ਅੰਦੇਸਾ ਨਹੀਂ ਬਿਆਪਤ ॥ ਉਨਮਨਿ ਵਰਨ ਚਿਹਨ ਨਹੀ ਜਾਪਤ ॥
ਉਨਮਨਿ ਕਥਾ ਕੀਰਤ ਨਹੀ ਬਾਨੀ ॥ ਉਨਮਨਿ ਰਹਤਾ ਸੁੰਨ ਧਿਆਨੀ ॥
ਉਨਮਨਿ ਅਪਨਾ ਆਪ ਨ ਜਾਨਿਆ ॥ ਨਾਨਕ ਉਨਮਨਿ ਸਿਉ ਮਨਿ ਮਾਨਿਆ ॥੧॥
ਉਨਮਨਿ ਮਾਤਾ ਪਿਤਾ ਨਹੀਂ ਕੋਈ ॥ ਉਨਮਨਿ ਸੁਰਤਿ ਸੁਧ ਨਹੀ ਲੋਈ ॥
ਉਨਮਨਿ ਮਾਇਆ ਮਮਤਾ ਨਾ ਹੋਤੀ ॥ ਉਨਮਨਿ ਸੁੰਨ ਦੇਹੁਰੀ ਨਹੀ ਹੋਤੀ ॥
ਉਨਮਨਿ ਗਿਆਨ ਧਿਆਨ ਨ ਬੀਚਾਰੇ ॥ ਉਨ ਮਨਿ ਮੁਕਤਿ ਬੈਕੁੰਠ ਨ ਉਤਾਰੇ ॥
ਉਨਮਨਿ ਭਾਉ ਭਗਤਿ ਨਹੀਂ ਕਾਈ ॥ ਨਾਨਕ ਉਨਮਨਿ ਸਿਉ ਉਨਹੂੰ ਬਨਿ ਆਈ ॥੨॥

ਸਭ ਤੋਂ ਪੁਰਾਣੀ ਪ੍ਰਾਣ ਸੰਗਲੀ ਇਹ ਹੋ ਸਕਦੀ ਹੈ। ਪੰਜਵੇਂ ਪਾਤਸ਼ਾਹ ਦੇ ਪ੍ਰਸੰਗ ਵਿਚ ਜ਼ਿਕਰ ਹੈ ਕਿ ਓਹਨਾਂ ਨੇ ਪੈੜੇ ਨਾਮੇਂ ਸਿੱਖ ਨੂੰ ਘੱਲ ਕੇ ਪ੍ਰਾਣ ਸੰਗਲੀ ਸੰਗਲਾ ਦੀਪ ਤੋਂ ਮੰਗਾਈ, ਪਰ ਪੜ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਚੜ੍ਹਾਈ, ਡੋਬ ਦਿੱਤੀ। ਯਥਾ- 'ਸੋ ਮੰਗਾਇ ਜਲ ਕਰਯੋ ਪ੍ਰਵਾਹਿ' (ਗੁਰ ਪ੍ਰਤਾਪ ਸੂਰਜ ਰਾਸ ੩, ਅੰਸੂ ੩੨, ਅੰਕ ੫੪)। ਇਹ ਗੱਲ ਹੋਰ ਪ੍ਰਚਲਤ ਪ੍ਰਾਣ ਸੰਗਲੀਆਂ ਦੇ ਦਾਵੇ ਨੂੰ ਇਕੋ ਵੇਰ ਉਠਾ ਦੇਂਦੀ ਹੈ। ਜੇ ਕਦੇ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪੋਥੀ ਨੂੰ ਗੁਰੂ ਨਾਨਕ ਰਚਿਤ ਸਹੀ ਕਰਦੇ ਤਾਂ ਉਸਨੂੰ ਜ਼ਰੂਰ ਬੀੜ ਵਿਚ ਚੜ੍ਹਾਂਦੇ ਤੇ ਕਦੇ ਉਸਦਾ ਤ੍ਰਿਸਕਾਰ ਨਾ ਕਰਦੇ। ਇਹ ਕਦੇ ਹੋ ਨਹੀਂ ਸਕਦਾ ਸੀ ਕਿ ਸ੍ਰੀ ਗੁਰੂ ਨਾਨਕ ਜੀ ਦੀ ਅਸਲੀ ਕਿਸੇ ਹੀ ਰਚਨਾਂ ਨਾਲ ਪੰਚਮ ਗੁਰੂ ਜੀ ਵਿਖੇਵਾਂ ਦਿਖਾਲਦੇ ਯਾਂ ਉਸਨੂੰ ਕਾਇਮ ਨਾ ਰੱਖਦੇ। ਉੱਪਰਲੇ ਅੰਕ ੭ ਮੂਜਬ ਗੁਰੂ ਨਾਨਕ ਦੇਵ ਜੀ ਨੇ ਪ੍ਰਾਣ ਸੰਗਲੀ ਡੋਬੀ ਜਾਣ ਵਾਸਤੇ ਰਾਜੇ ਨੂੰ ਨਹੀਂ ਸੀ ਕਹਿਣਾ ਕਿ ਸਾਡੇ ਸਿੱਖ ਨੂੰ ਦੇ ਦੇਣੀ, ਓਹ ਜ਼ਰੂਰ ਕੋਈ ਕਿਸੇ ਹੋਰ ਦੀ ਰਚਿਤ ਸ਼ੈ ਹੋਣੀ ਹੈ। ਜਿਤਨੀਆਂ ਰਚਨਾਂ ਇਸ ਨਾਮ ਹੇਠ ਹੁਣ ਮਿਲਦੀਆਂ ਹਨ ਓਹ ਇਸ ਲਈ ਸਤਿਗੁਰਾਂ ਦੀਆਂ ਨਹੀਂ ਸਮਝਣੀਆਂ ਚਾਹੀਏ, ਅਰ ਉਨ੍ਹਾਂ ਅਨੁਸਾਰ ਕੀਤੇ ਅਭਯਾਸ ਭੀ ਕਈ ਵੇਰ ਸੇਹਤ ਲਈ ਸੁਖਦਾਈ ਨਹੀਂ ਹੋਏ, ਸਿੱਖਾਂ ਨੂੰ ਅਮਲ ਕੇਵਲ ਗੁਰੁਬਾਣੀ ਤੇ ਕਰਨਾ ਚਾਹੀਏ ਜੋ ਪੰਚਮ ਸਤਿਗੁਰਾਂ ਨੇ ਬੀੜ ਵਿਚ ਚਾੜ੍ਹੀ ਹੈ।

ਇਕ ਸੌ ਤੇਰਹਿ[†] ਧਜਾਇ ਬਖਾਨੇ।

ਜਿਹ ਪਢਿ ਯੋਗ ਕਲਾ ਸਭਿ ਜਾਨੇ ॥੬॥

[†]ਪਾ:-ਇਕ ਸੈ ਤੇਰਹ।

ਦੇ ਕਰਿ ਸੋ ਸੌਂਪਯੋ ਅਵਨੀਪਾ।

ਬੋਲੇ ਪੁਨ ਬੇਦੀ ਕੁਲਦੀਪਾ।

'ਜਬ ਸਿਖ ਕੋ ਆਵਹਿ ਹਮ ਦੇਸ਼ੂ।
ਜਾਚਹਿ ਤੁਮ ਪੈ ਦੇਹੁ, ਨਰੇਸ਼ੂ!'
॥੭॥
ਚਿਰੰਕਾਲ ਪੁਨ ਕੀਨ ਬਸੇਰਾ।
ਭਯੋ ਸੁ ਦੇਸ਼ ਨਿਹਾਲ ਘਨੇਰਾ।
'ਭਗਤਿ ਜੋਗ' 'ਹਠ ਜੋਗ' ਜੁ ਦੋਊ।
ਕਿਯੇ ਪ੍ਰਪੱਕ ਭੂਪ ਮਨ ਸੋਊ ॥੮॥
ਸਿੱਖੀ ਪ੍ਰਗਟੀ ਦੇਸ਼ ਮਝਾਰੇ।
ਸ੍ਰੀ ਸਤਿਗੁਰੂ ਕੋ ਜਾਪ ਉਚਾਰੇ।
ਭਾ ਸ਼ਿਵਨਾਭ ਅਧਿਕ ਪਰਤਾਪਾ।
ਚਢਿ ਕਰਿ ਸਭਿ ਸ਼ੱਤ੍ਰੁਨ ਕੋ ਖਾਪਾ
॥੯॥
ਧਰਮ ਸਾਲ ਮਹਿਂ ਦੇਗ[1] ਬਿਸਾਲਾ। [1]ਲੰਗਰ।
ਕਰਵਾਵਹਿਂ ਸਤਿਗੁਰੂ ਕ੍ਰਿਪਾਲਾ।
ਮਨ ਇਕੀਸ ਜਹਿਂ ਲੌਨ[1] ਮਿਲਾਏ। [1]ਲੂਣ।
{ਲੰਗਰ ਵਿੱਚ ਇੱਕੀ ਮਣ ਲੂਣ}
ਇਤੋ ਅਹਾਰ ਹੋਇ ਸਭਿ ਖਾਏਂ
॥੧੦॥ ⚐

⚐ਮਣ ਦਾ ਵਜ਼ਨ ਅੱਡ ਅੱਡ ਇਲਾਕਿਆਂ ਵਿੱਚ ਵੱਖੋ ਵੱਖਰਾ ਹੈ, ਦੇਸੀ ਮਣ ਦੋ ਵਜ਼ਨਾਂ ਦਾ ਹੈ, ਪੱਕਾ ਮਣ ੪੦ ਸੇਰ ਦਾ ਹੁੰਦਾ ਹੈ ਤੇ ਕੱਚਾ ਮਣ ਸਾਰੇ ਦੇਸ਼ ਵਿਚ ੧੬ ਸੇਰ ਦਾ ਗਿਣਦੇ ਹਨ। ਈਰਾਨੀ ਮਣ ੧ ਸੇਰ ੧੦ ਛਟਾਂਕ ਦਾ ਸੁਣੀਂਦਾ ਹੈ ਜਿਸਨੂੰ ਬਰਜਿੰਦੀ ਮਣ ਆਖਦੇ ਹਨ। ਤਬਰੇਜ਼ੀ ਮਣ ਸਵਾ ਤਿੰਨ ਸੇਰ ਦਾ ਹੁੰਦਾ ਹੈ, ਫਾਰਸੀ ਕੋਸ਼ਾਂ ਵਿਚ ਮਣ ਦਾ ਅਰਥ ਇਕ ਸੇਰ ਲਿਖਿਆ ਹੈ। ਗਯਾਨੀ ਭਗਵਾਨ ਸਿੰਘ ਜੀ ਮਣ ਦਾ ਅਰਥ ਢਾਈ ਸੇਰ ਕਰਦੇ ਹਨ, ਪਰ ਮੁਸਲਮਾਨਾਂ ਦਾ ਰਾਜ ਤੇ ਰਵੱਯੇ ਜਾਰੀ ਹੋਣ ਕਰਕੇ ਮਣ ਦਾ ਭਾਵ ਸੇਰ ਹੋਣਾ ਹੈ। ਸੰਗਤ ਓਥੇ ਬਹੁਤ ਸਿੱਖ ਹੋਈ ਸੀ ਇਸ ਵਿਚ ਸੰਸਾ ਨਹੀਂ ਹੈ, ਨਾਲੇ ਸਾਰੀ ਰਸੋਈ ਦਾ ਇਹ ਲੂਣ ਹੈ, ਪਤਾ ਨਹੀਂ ਦਾਲ, ਕਿੰਨੀਆਂ ਭਾਜੀਆਂ ਅਥਵਾ ਖਿਚੜੀ ਆਦਿ ਬਣਦੇ ਹੋਣ, ਫਿਰ ਇਹ ਰਸੋਈ ਹਰ ਰੋਜ਼ ਦੀ ਹੈ, ਰੋਜ਼ ਘਟ ਤੋਂ ਘਟ ਦੋ ਵੇਰੀ ਤਾਂ ਅੰਨ ਪਕਦਾ ਹੀ ਹੈ। ਹਕੀਕਤ ਰਾਹ ਮੁਕਾਮ ਵਿਖੇ '੨੦ ਮਣ ਲੂਣ' ਲਿਖਿਆ ਹੈ। ਜੇ ਮਣ ਨੂੰ ਇਕ ਸੇਰ ਦਾ ਮੰਨੀਏ ਤਾਂ ਵੀਹ ਮਣਾਂ ਦੇ ੨੦ ਸੇਰ ਹੋਏ ਤੇ ੨੦ ਸੇਰ ਲੂਣ ਇਕ ਛਟਾਂਕ ਇਕ ਸੇਰ ਦੇ ਹਿਸਾਬ ਨਾਲ ਅੱਠਾਂ ਮਣਾਂ ਦਾ ਹੋਯਾ। ਫੇਰ ਅੱਠ ਮਣ ਦਾਲ, ੪੦੦ ਆਦਮੀ ਇਕ ਮਣ ਦੇ ਹਿਸਾਬ ੪੦੦ × ੮=੩੨੦੦ ਆਦਮੀ ਲਗ ਪਗ ਦੋਹੀਂ ਵੇਲੀ ਖਾ ਸਕਦੇ ਹਨ, ਭਾਵ ਇਕ ਡੰਗ ਲਈ ਕੇਵਲ ੧੬੦੦ ਆਦਮੀ ਆਏ ਇਹ ਕੁਛ ਬੜੀ ਗਿਣਤੀ ਨਹੀਂ ਹੈ।

ਕੀਰਤਨਿ ਸੱਤਿਨਾਮੁ ਕੋ ਹੋਵੈ।
ਜੋ ਬਹੁ ਜਨ ਮਨ ਕਲਮਲ[1] ਖੋਵੈ। [1]ਪਾਪ।
ਦਿਨ ਪ੍ਰਤਿ ਚਲਨ ਚਹਿਤਿ ਜਗਤੇਸ਼ਾ[1]। [1]ਗੁਰੂ ਜੀ।

ਕਰਹਿ ਭਾਉ ਬਹੁ ਰਖਹਿ ਨਰੇਸ਼ਾ
॥੧੧॥
ਕਰੀ ਪ੍ਰਪੱਕ ਸਿਖੀ ਕੀ ਰੀਤਾ।
ਨਿਤਪ੍ਰਤਿ ਵਧਹਿ ਭਜਨ ਮਹਿਂ ਪ੍ਰੀਤਾ।
ਕਰਜੋ ਗਜਾਨ ਮਹਿਂ ਪੂਰਨ ਰਾਊ[1]।
ਸ੍ਰੀ ਨਾਨਕ ਜੀ ਦਯਾਲੁ ਸੁਭਾਊ
॥੧੨॥
ਬਹੁਰੋ ਮੰਜੀ[1] ਪਰ ਬੈਸਾਰਾ।
ਕਿਯੋ ਪੂਜ[1] ਤਿਹਂ ਦੇਸ਼ ਮਝਾਰਾ।
ਆਪ ਗਵਨ ਕੀ ਕੀਨੀ ਤਜਾਰੀ।
ਚਹਿਤ ਨ ਬਿਛਰਜੋ ਨ੍ਰਿਪ ਬ੍ਰਿਹੁ[1] ਭਾਰੀ
॥੧੩॥
ਕਮਲ ਬਦਨ ਪੁਨ ਬਚਨ ਬਖਾਨੇ।
'ਸੁਨਿ ਰਾਜਨ ਭੋ ਪਰਮ ਸਯਾਨੇ !
ਅਬ ਤੁਝ ਪੂਰਨ ਭਯੋ ਬਿਬੇਕਾ।
ਹਮ ਕਰਨੇ ਹੈਂ ਕਾਜ ਅਨੇਕਾ ॥੧੪॥
ਧਰਹੁ ਧਜਾਨ, ਮੈਂ ਸਦਾ ਸਮੀਪਾ।'
ਅਸ ਸੁਨਿ ਗਦ ਗਦ ਭਾ ਅਵਨੀਪਾ।
ਸਰਬ ਪ੍ਰਕਾਰ ਦੀਨਿ ਤਿੰਹ ਧੀਰਾ।
ਗਮਨ ਕਿਯੋ ਪੁਨਿ ਗੁਨੀ ਗਹੀਰਾ[1]
॥੧੫॥
ਪੂਜਾ ਨ੍ਰਿਪ ਕੀ ਸ੍ਰੀ ਗੁਰੂ ਪਾਛੇ।
ਸਰਬ ਦੇਸ਼ ਕਰਿਹੀ ਬਿਧਿ ਆਛੇ।
ਬਰ ਪਾਵਹਿਂ ਜੋ ਜਿਹਂ ਮਨ ਭਾਵਾ।
ਕਰਹਿਂ ਸਦਾ ਸਤਿਸੰਗ ਸੁਹਾਵਾ
॥੧੬॥

[1]ਰਾਜਾ।

[1]ਮੰਜੀ ਦਾ ਭਾਵ ਗੁਰ ਨਾਨਕ ਤੁੱਲ ਗੁਰਤਾ ਦਾ ਨਹੀਂ, ਪਰ ਸਾਧ ਸੰਗਤ ਵਿਚ ਗੁਰਮੁਖ ਪਦ ਦਿੱਤਾ। ਅਰਥਾਤ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ। ਨਾਮ ਜਪਾਉਣ ਦਾ ਅਧਿਕਾਰ ਸਿੱਖ ਨੂੰ ਦਿੱਤਾ ਗਿਆ ਹੈ ਤੇ ਉਸਦਾ ਸਤਿਕਾਰ ਵੀ ਲਿਖਿਆ ਹੈ। ਯਥਾ-'ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'

[1]ਪੂਜਾ ਜੋਗ।

[1]ਵਿਛੋੜਾ।

[1]ਭਾਵ, ਗੁਰੂ ਜੀ ਨੇ।

ਸ੍ਵੈਯਾ:

ਦੇਸ਼ ਤਿਸੀ ਜਗਤੇਸ਼[1] ਗਏ ਜਹਿਂ,
[1]ਗੁਰੂ ਜੀ।

ਅੰਗਨਾ[1] ਰਾਜ ਕਰੈ ਪੁਰਿ[2] ਮਾਂਹੀ[†]।
{ਤ੍ਰਿਆ ਰਾਜ}
[1]ਇਸਤ੍ਰੀ। [2]ਸ਼ਹਿਰ। [†]ਹਕੀਕਤ ਰਾਹ ਮੁਕਾਮ ਵਿਚ ਜ਼ਿਕਰ ਹੈ 'ਤ੍ਰਿਯਾ ਰਾਜ ਹੈ, ਤਹਾਂ ਭੀ ਬਾਬੇ ਕਾ ਦੇਹੁਰਾ ਹੈ'।

ਮੈਂ ਮਰਦਾਨਾ ਦੁਊ ਪਸ਼ਚਾਤ[1],
[1]ਪਿੱਛੇ।

ਚਲੇ ਗੁਰੁ ਨਾਨਕ ਆਗੈ ਸੁ ਜਾਹੀਂ।
ਦੰਭ ਨਸਾਵਨ ਨਾਮ ਜਪਾਵਨ,
ਜਾਵਨ ਕਾਰਨ ਆਨ ਕੋ ਨਾਂਹੀ।
ਪਾਵਕ ਸਾਗਰ[1] ਹੇਰਿ ਅਗਾਹ,
[1]ਅਗਨ ਸਾਗਰ।

ਕਿਯੋ ਹਰਿ ਕੀਰਤਿ ਸੇਤ[1] ਕੋ ਤਾਂਹੀ ॥੧੭॥
[1]ਪੁਲ।

ਭੂਰ ਹੁਤੋ ਪੁਰਿ[1], ਨਾਰ[2] ਨਰੇਸ਼ਨ[3],
[1]ਵੱਡਾ ਸ਼ਹਿਰ ਸੀ। [2]ਉਸ ਪਰ ਦੀ) ਇਸਤ੍ਰੀ ਰਾਜਾ ਸੀ। [3]ਉਸ ਪਰ ਦੀ) ਇਸਤ੍ਰੀ ਰਾਜਾ ਸੀ।

ਤਾਂਹੀ ਕੇ ਮੱਧ ਗਏ ਗਤਿ ਦਾਨੀ।
ਬੀਥਿਕਾ[1] ਹੇਰਿ ਬਰੇ ਬਿਪਨੀ[2] ਪੁਨ,
[1]ਗਲੀ। [2]ਮੰਡੀ।

ਆਪਨ[1] ਭਾਂਤਿ ਅਨੇਕਨ ਠਾਨੀ।
[1]ਹੱਟੀਆਂ।

ਬੈਨ ਭਨੇ ਮਰਦਾਨੇ ਤਬੈ,
'ਮੁਝ ਆਇਸੁ ਦੇਹੁ ਪਿਵੋਂ ਕਿਤ ਪਾਨੀ।
ਲਾਗ ਪਿਪਾਸ[1] ਰਹੀ ਮੁਖ ਸੂਕਤਿ,
[1]ਤ੍ਰੇਹ।

ਆਪ ਚਲੋ, ਰਲਿ ਜਾਉਂ ਸੰਗਾਨੀ[1]' ॥੧੮॥
[1]ਨਾਲ ਆ ਮਿਲਾਂਗਾ।

ਦੋਹਰਾ:

ਇਹ ਬਿਧਿ ਬਦਿ ਕਰਿ[1†] ਬਦਨ ਤੇ,
[1]ਕਹਿਕੇ। [†]ਪਾ:-ਕਹਿ ਕਰ।

ਲੇ ਦੁਖ ਕਦਨ[1] ਰਜਾਇ।
[1]ਗੁਰੂ ਜੀ ਦੀ।

ਗਯੋ ਸੰਗ ਤਜਿ ਸਦਨ ਇਕ,
ਜਾਚਯੋ 'ਜਲ ਮੁਝ ਪਜਾਇ' ॥੧੯॥

ਸ੍ਵੈਯਾ:

ਇਕ ਤੀਯ ਹੁਤੀ ਤਿਨ ਬੋਲ ਲਯੋ,
'ਤੁਮ ਅੰਤਰ ਆਨਿ ਕਰੋ ਜਲ ਪਾਨਾ[1]।
[1]ਪੀਓ।

ਕਿਤ ਦੇਸ਼ ਰਹੋ ਕਿਤ ਜਾਵਹੁਗੇ?
ਨਿਜ ਨਾਮ ਬਤਾਵਹੁ ਭਾਖਿ, ਸੁਜਾਨਾ!
ਤਵ ਰੂਪ ਅਪੂਰਬ ਹੇਰਤਿ ਹੌਂ'

ਇਵ ਬੈਨ ਭਨੈ ਪੁਨਿ[1] ਤਾ ਸਨਮਾਨਾ[2]।
ਸਨਯੋ ਇਹ, ਅੰਤਰ ਜਾਤ ਭਯੋ,
ਤਹਿਂ ਬੈਸ ਗਯੋ ਮਚ[1] ਪੈ ਮਰਦਾਨਾ ॥੨੦॥

[1]ਇਉਂ ਬਚਨ ਕਹੇ ਫਿਰ। [2]ਆਦਰ ਕੀਤਾ।
[1]ਮੰਜੀ ਤੇ।

'ਦੇਸ਼ ਪੰਜਾਬ ਲਖੋ ਧਰ ਦੂਰ ਸੋ,
ਨਾਮ ਹਮਾਰ ਅਹੈ ਮਰਦਾਨ[†]।
ਕੇਵਲ ਕਾਰਨ ਦੇਸ਼ਨ ਦੇਖਨ,
ਕਾਜ ਨ ਆਨਹਿ ਕੀਨ ਪਯਾਨਾ।'
ਸੋ ਸੁਨਿ ਪਾਨ ਪਿਆਵਨ ਕੇ ਮਿਸ,
ਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ[1]।
ਏਂਢਕ[1] ਭਾ ਪਲਟੀ ਨਰ ਦੇਹਿ,
ਕੁਰੂਪ ਭਯੋ ਮੁਖ ਬੋਲਤਿ ਆਨਾ[†] ॥੨੧॥

[†]ਪਾ:-ਦੇਸ਼ ਪੰਜਾਬ ਲਖੋ ਹਮਰਾ ਅਰ ਦੂਸਰ ਨਾਮ ਅਹੈ ਮਰਦਾਨਾ।
[1]ਬੰਨ੍ਹ ਦਿੱਤਾ।
[1]ਮੇਢਾ।
[†]ਮਰਦਾਨੇ ਦੀ ਇਹ ਗਤੀ ਪੁਰਾਤਨ ਜਨਮ ਸਾਖੀ ਵਿਚ ਦੋ ਵਾਰ ਨਹੀਂ ਲਿਖੀ। ਦੇਖੋ ਅੱਗੇ ਟੂਕ- ਅਧਯਾਯ ੫੦, ਦਾ ਅੰਕ ੪੭, ਪੰਨਾ ੫੪੬।

{ਮਰਦਾਨੇ ਦਾ ਮੀਢਾ}

ਚੰਚਲ ਨਾਰਿ ਚਲਿਤ੍ਰਹਿ ਸੋਂ ਕਰ,
ਦਾਮਨਿ[1] ਲੇ ਕਰਿ ਤਾ ਛਿਨ ਮਾਂਹੀ[2†]।
ਗ੍ਰੀਵ[1] ਵਿਖੈ ਤਿਨ ਬਾਂਧ ਲਈ,
ਪੁਨ ਮੇਖ ਕੇ ਸੰਗ ਦਈ ਗਠ ਤਾਂਹੀ।
ਆਪ ਚਲੀ ਘਟ[1] ਸੀਸ ਧਰਾ,
ਜਲ ਲੇਵਨ ਕੋ ਉਦਪਾਨ[1] ਜਹਾਂਹੀ[2]।
ਬੈਸ ਰਹਯੋ ਬਸ ਕੋ ਨ ਚਲੇ,
ਬਸਿ ਟਾਮਨਿ[1] ਕੈ ਫਸਿ ਫਾਂਸਨ ਮਾਂਹੀ ॥੨੨॥

[1]ਹੱਸੀ। [2]ਓਸੇ ਵੇਲੇ। [†]ਪਾ:-ਚਾਹੀ, ਵਾਹੀ, ਤਾਹੀ।
[1]ਗਰਦਨ।
[1]ਘੜਾ।
[1]ਖੂਹ। [2]ਜਿੱਥੇ ਸੀ।
[1]ਟੂਣੇ (Hypnotism)।

ਬਾਲਾ ਕਹੈ ਸੁਨਿ ਅੰਗਦ ਜੀ!
ਪੁਰਿ ਬਾਹਰ ਬੈਸ ਰਹੇ ਜਗ ਸ੍ਵਾਮੀ।
ਏਕ ਮਹੂਰਤ[1] ਬੀਤਿ ਗਯੋ,
ਬਿਧਿ ਜਾਨਤਿ ਭੇ ਸਭਿ ਅੰਤਰਜਾਮੀ।
ਬੈਨ ਭਨੇ ਗੁਨ ਐਨ ਪ੍ਰਭੂ,
'ਮਰਦਾਨਾ ਨ ਅਯੋ, ਰਹਯੋ ਕਿਹ ਕਾਮੀ?
ਹੋਈ ਕਿਧੋਂ ਅਗਲੀ ਬਿਧਿ ਤਾਂ ਸੰਗ,

[1]ਦੋ ਘੜੀਆਂ।

ਹੈ ਨਗਰੀ ਸਗਰੀ ਇਹ ਖਾਮੀ[1] ॥੨੩॥

[1]ਕੱਚੀ।

ਨਿਗੁਰੇ ਨਰ ਮੂਰਖ ਸੇ ਲਖਿਏ,
ਬਹੁ ਜੋਖਤਾ[1] ਜੋਰ ਸੁਸ਼ੀਲ[2] ਬਿਹੀਨਾ।

[1]ਇਸਤ੍ਰੀਆਂ ਦਾ। [2]ਧਰਮ।

ਪਰਚਾਵਤਿ, ਰਾਗ ਸੁਨਾਵਤਿ ਥੋ,
ਬਿਹਸਾਵਤਿ, ਸੋ ਕਿਨ ਬੰਧਨ ਕੀਨਾ[1]।

[1]ਬੰਨ੍ਹ ਲਿਆ ਸੀ।

ਚਲਿਯੇ ਸੁਧਿ ਲੇਹੁ ਅਬੈ ਤਿਸ ਕੀ',
ਮੁਖ ਭਾਖ ਗਤੇ[1], ਨ ਪਿਖੈਂ ਦੁਖ ਦੀਨਾ[2]।

[1]ਟੁਰੇ। [2]ਦੀਨਾਂ ਦਾ ਦੁਖ ਨਾ ਦੇਖ ਸਕਣ ਵਾਲੇ।

ਜਿਸ ਬਾਸ ਹੁਤੋ ਤਿਸ ਜਾਤ ਰਥ਼ਜਾ[1]†,
ਤਿਯ ਸੋਊ ਮਿਲੀ ਸਿਰ ਪੈ ਘਟ ਲੀਨਾ ॥੨੪॥

[1]ਉਸ ਗਲੀ ਵਿਚ ਜਿਸ ਵਿਚ ਘਰ ਸੀ। †ਪਾ:- ਜਿਸ ਬਾਸ ਹੁਤੋ ਤਿਤ ਜਾਵਤ ਭੈ। ਬਾਸ=ਘਰ।

ਕਬਿੱਤ:

[1]ਗੁਰੂ ਜੀ ਨੇ। [2]ਪੁਛਿਆ। [3]ਓਸੇ ਨੂੰ।

ਸ੍ਰੀ ਗੁਰੂ[1] ਨਿਹਾਰਿ, ਬੂਝੀ[2] ਬਚਨ ਉਚਾਰ ਸੋਊ[3],
'ਮਾਨਵ ਹਮਾਰ ਏਕ ਆਯੋ ਇਹ ਥਾਨ ਕੋ।
ਹਟਿ ਕੈ[1] ਨ ਗਯੋ, ਕੌਨ ਜਾਨੈ ਕਹਾਂ ਭਯੋ,

[1]ਮੁੜਕੇ।

ਤਿਹ ਕਾਜ ਨਹਿਂ ਕਛੂ, ਹੇਤ ਆਯੋ ਪਾਨੀ ਪਾਨ ਕੋ[1]।'

[1]ਪੀਣ ਨੂੰ।

ਤੀਯ ਕਹੈ ਬੈਨ 'ਈਹਾਂ ਨਰ ਕੋਊ ਹੈ ਨ ਤਵ,
ਆਂਖ ਹੂੰ ਨ ਦੇਖਜੋ, ਗਯੋ ਥਾਨ ਕਿਤ ਆਨ ਕੋ।
ਆਗੈ ਜਾਇ ਹੇਰੋ ਪੁਰਿ, ਰਹੈ ਨਹੀਂ ਕਹੂੰ ਦੁਰ[1]',

[1]ਛਿਪਕੇ।

ਸੁਨੇ ਮਰਦਾਨੇ ਗੁਰ ਬੈਨ ਦੇਯ ਕਾਨ ਕੋ ॥੨੫॥

ਦੋਹਰਾ:

[1]ਵੱਸ ਨਹੀਂ ਚਲਦਾ।

ਬਸ ਨ ਬਸਾਵਹਿ[1] ਫਸੈ ਕੋ,

ਬਾਸ ਵਿਖੈ ਬੰਧਾਨ[1]।
'ਭਜਾਂ ਭਜਾਂ' ਭਨਹਿ ਸੁਨਾਵਈ,
ਭਗਤਿ ਵਛਲ ਕੇ ਕਾਨ ॥੨੬॥

[1]ਬੱਧਾ ਹੋਇਆ ਸੀ।

ਸ੍ਵੈਯਾ:
'ਕਜੋਂ ਨ ਬਤਾਵਹਿਂ ਮਾਨਵ ਤੂੰ,
ਮੁਖ ਕੂਰ ਕਹੈਂ ਘਰ ਅੰਤਰ ਜਾਤੀ।
ਹੈ ਇਹ ਥਾਨ, ਸੁਨਜੋ ਹਮ ਕਾਨ[1],
ਬਰਜੋ ਜਲ ਪਾਨ ਕੇ ਹੇਤ ਤਿਖਾਤੀ[1]।'
ਤੀਯ ਕਹੈ, 'ਪਰਤੀਤ ਨਹੀਂ,
ਬਰਿ[1] ਅੰਤਰ ਹੇਰਿ ਲਵੋ ਭਲਿ ਭਾਂਤੀ।
ਬੀਚ ਨਿਕੇਤ ਦੁਰਾਯੋ ਨਹੀਂ,
ਹਮ ਬੋਲਤਿ ਯੌਂ, ਪਰਤੀਤ ਨ ਪਾਤੀ'
॥੨੭॥

[1]ਉਸਦੀ ਅਵਾਜ਼) ਅਸਾਂ ਕੰਨੀ ਸੁਣੀ ਹੈ।
[1]ਤਿਹਾਯਾ।
[1]ਵੜਕੇ।

ਦੋਹਰਾ:
ਚੰਚਲ ਤਿਯ ਕੇ ਚਲਿਤ[1] ਲਖਿ,
ਦਲਿਤ[1] ਸੀਲ ਸਤਿ[2] ਜੌਨ[3]।
ਇਕ ਸਲੋਕ ਕਹਿ ਕਮਲ ਮੁਖ[1],
ਕਲਾ ਦਿਖਾਈ ਤੌਨ[1] ॥੨੮॥

[1]ਚਲਿੱਤ੍ਰ।
[1]ਨਾਸ਼ ਕਰਦੀ ਹੈ। [2]ਜਤ ਸਤ। [3]ਜੋ।
[1]ਗੁਰੂ ਜੀ ਨੇ।
[1]ਉਸਨੂੰ।

ਸਲੋਕ† ॥
ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗੇਨ ॥
ਅਮਲਾਂ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ ॥੧॥
†ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

ਸ੍ਵੈਯਾ:
ਯੌਂ ਕਹਿ ਤੇ ਸਿਰ ਕੁੰਭ[1] ਲਗਜੋ.
ਉਤਰੈ ਨ ਤਰੈ[1], ਰਹੀ ਹਾਰ ਉਤਾਰੀ।
{ਘੜਾ ਸਿਰ ਚੰਬੜਿਆ}
'ਭਜਾਂ ਭਜਾਂ' ਭਨੀ[1] ਮਰਦਾਨੇ ਜਬੈ,
'ਕਹੁ ਵਾਹਿਗੁਰੂ' ਗੁਰ ਬਾਨੀ[1] ਉਚਾਰੀ।
ਯੌਂ ਭਨਿਤੇ ਗਰ ਤੰਤ ਗਈ ਤੁਟ,
ਭਾ ਤਨ ਮਾਨਵ, ਟਾਮਨ[1] ਟਾਰੀ[2]।
ਲੇਯ ਰਬਾਬ ਧਰੇ ਨਿਜ ਕੰਧ,
ਅਘੋ ਢਿਗ, ਲੱਜਤਿ ਹੇਰਿ ਅਘਾਰੀ[1]†
॥੨੯॥

[1]ਘੜਾ।
[1]ਹੇਠ।
[1]ਕਹੀ।
[1]ਗੁਰੂ ਜੀ ਨੇ ਬਾਣੀ।
[1]ਜਾਦੂ। [2]ਦੂਰ ਹੋਯਾ।
[1]ਅਘਾਰੀ (ਅਘ+ਅਰੀ)=ਪਾਪਾਂ ਦੇ ਵੈਰੀ (ਗੁਰੂ ਜੀ ਨੂੰ) ਦੇਖ ਕੇ। †ਪਾ-ਅਹਾਰੀ। [ਸੰਸ.

ਅਹਾਰਯਜ]=ਜਿਸਨੂੰ ਕੋਈ ਨਾ ਠੱਗ ਸਕੇ-ਗੁਰੂ ਨਾਨਕ ਜੀ। ਪਾਠਾਂਤ੍ਰ:-ਅਗਾਰੀ=ਅੱਗੇ। ਭਾਵ ਗੁਰੂ ਜੀ ਵਲ ਨਹੀਂ, ਪਰ ਅਗੇਰੇ ਨੂੰ ਤੱਕਦਾ ਹੈ।

ਪੁਨ ਨਾਰਿ ਕੇ ਸੀਸ ਪੈ ਕੁੰਭ ਲਗਾ,
ਬਿਸਮਾਦ ਭਏ ਲਖਿ ਕੈ ਨਰ ਨਾਰੀ।
ਬਹੁ ਕੀਨ ਪ੍ਰਯਾਸ[1] ਭਏ ਸਭਿ ਬਾਦ[2], — [1]ਯਤਨ। [2]ਬਿਅਰਥ।
ਪਖਾਨ ਭਿਦੈ ਨਹਿਂ[1] ਬੂੰਦ ਕੇ ਮਾਰੀ[2]। — [1]ਪੱਥਰ ਨਹੀਂ ਵਿੰਨਿਆ ਜਾਂਦਾ। [2]ਪਾਣੀ ਦੀ ਬੂੰਦ ਮਾਰਿਆਂ।

ਪਢਿ ਮੰਤ੍ਰਨ ਜੰਤ੍ਰਨ ਕੋ ਲਿਖਿ ਕੈ,
ਕਰਿ ਤੰਤ੍ਰਨ ਕੋ ਸਭਿ ਹੀ ਤਿਯ[1] ਹਾਰੀ। — [1]ਇਸਤ੍ਰੀਆਂ।
ਘਟ[1] ਕੂਟ ਸੋਂ[2] ਬਾਨ ਉਪਾਇ[3] ਚਲਾਵਤਿ, — [1]ਘੜਾ। [2]ਪਹਾੜ ਵਾਂਙੂ। [3]ਯਤਨਾਂ ਦੇ ਤੀਰ।
ਖੰਡਤਿ ਹੋ[1], ਨ ਚਲੈ ਉਪਚਾਰੀ[2] ॥੩੦॥ — [1]ਟੁੱਟ ਜਾਂਦੇ ਹਨ। [2]ਯਤਨ ਨਹੀਂ ਚਲਦੇ।

ਕਬਿੱਤ:

ਨੂਰਸ਼ਾਹ ਹੁਤੀ ਸਰਦਾਰ ਤਿਸ ਦੇਸ਼ ਹੂੰ ਕੀ,
ਭਈ ਸੁਧ ਤਾ ਕੋ ਕਿਨ ਜਾਇ ਕੈ ਬਖਾਨਿਯਾ।

{ਨੂਰਸ਼ਾਹ}

'ਚੇਟਕੀ ਫਕੀਰ ਇਕ ਆਯੋ ਹੈ ਨਗਰ ਬੀਚ,
ਘਟਾ ਤੀਯ ਸੀਸ ਪੈ ਲਗਾਯੋ ਸਭਿ ਜਾਨਿਯਾ।
ਮੰਤਰ ਨ ਜੰਤਰ ਨ ਤੰਤਰ ਚਲਤਿ ਕੋਊ.
ਹਾਰੇ ਉਪਚਾਰ[1] ਕਰਿ ਕਾਹੂੰ ਨ ਹਿਲਾਨਿਯਾ[2]। — [1]ਯਤਨ ਨਹੀਂ। [2]ਹਿਲਾਯਾ ਗਿਆ।
ਜੈਸੇ ਸਯਾਰ[1] ਸ਼ੇਰ ਕੋ, ਪਪੀਲਕਾ[2] ਸੁਮੇਰ ਕੋ. — [1]ਗਿੱਦੜ। [2]ਕੀੜੀ।
ਉਪਾਇ ਤਿਸ ਸਾਮੁਹੇ[1] ਸੁ ਐਸੀ ਬਿਧਿ ਠਾਨਿਯਾ[2]' ॥੩੧॥ — [1]ਸਾਹਮਣੇ। [2]ਬਣਾਯਾ।
ਸੁਨੀ ਜਬ ਰੋਸੀ[1] ਤਬ ਤਿਯਾ[2] ਢਿਗ[3] ਜੋਊ ਸਭਿ, — [1]ਗੁੱਸੇ ਹੋਈ। [2]ਇਸਤ੍ਰੀਆਂ। [3]ਕੋਲ।

ਟਾਮਨ[1] ਕੀ ਬਿਧਿ ਮੈਂ ਸੁਜਾਨ[2] ਜੇਊ ਜਾਨਿਯਾ।
[1]ਟੂਣਿਆਂ ਵਿੱਚ। [2]ਚਤੁਰ।

ਭੇਜੀ ਤਤਕਾਲ[1] ਜਹਾਂ ਕੁੰਭ ਸੀਸ ਬਾਲ[2] ਲਗੇ,
[1]ਉਸੇ ਵੇਲੇ। [2]ਇਸਤ੍ਰੀ ਦੇ।

ਧਾਰਤਿ ਬਿਸਾਲ ਮਾਨ[1] ਧਾਈ ਤਿਹਂ ਥਾਨਿਯਾ।
[1]ਹੰਕਾਰ।

ਢੋਲਕ ਬਜਾਇ ਕੋਊ, ਕੰਧ ਕੋ ਭਜਾਇ ਚਲੀ,

ਕੋਊ ਨਿਜ ਬਦਨ ਤੇ ਅਗਨਿ ਬਮਾਨਿਯਾ[1]।
[1]ਕੱਢਦੀ ਹੈ।

ਚਢਿ ਹੈ ਬਿਟਪ[1] ਕੋਊ, ਕੋਊ ਮ੍ਰਿਗ ਛਾਲਾ ਪਰ,
[1]ਬ੍ਰਿੱਛ ਤੇ।

ਕੋਊ ਭੇਟ ਮੰਤ੍ਰਨ ਕੀ ਦੇਨੇ ਹੇਤ ਆਨਿਯਾ ॥੩੨॥

ਦੋਹਰਾ:

ਲਿਖ ਹਾਰੀ ਜੰਤ੍ਰਨ ਸਭੈ, ਮੰਤ੍ਰਨ ਪਢਿਤਿ ਬਿਸਾਲ।

ਘਟਾ ਨ ਡੋਲਯੋ ਕਿਸੁ ਤੇ, ਉਰ ਅਚਰਜ ਸਭਿ ਬਾਲ[1] ॥੩੩॥
[1]ਸਭ ਇਸਤ੍ਰੀਆਂ।

ਸੋਰਠਾ:

ਨੂਰਸ਼ਾਹਿ ਕੇ ਪਾਸ, ਪੁਨ ਸੁਧ ਦੀਨੀ ਜਾਇਕੈ।

'ਹਾਰੀ ਕਰਤਿ ਪ੍ਰਯਾਸ, ਬਲ ਨ ਚਲੈ ਇਕ† ਕੁੰਭ ਪਰ' ॥੩੪॥
†ਪਾ:-ਕਿਛੁ।

ਕਬਿੱਤ:

ਸ਼੍ਰੋਨ ਸੁਨਿ ਰੋਸ ਕੀਨਿ, ਸਭਿਨਿ ਕੋ ਧੀਰ ਦੀਨਿ,

ਮੰਤ੍ਰ ਜੰਤ੍ਰ ਲਿਖਿ ਲੀਨ ਚਲੀ ਆਪ ਧਾਇ ਕੈ।

'ਕੈਸੋ ਹੈ ਫਕੀਰ ਜਾਇ ਦੇਖੌਂ ਤਿੰਹ ਤੀਰ[1].
[1]ਪਾਸ।

ਕੇਤੋ ਚੇਟਕੀ ਗਹੀਰ[1] ਅਬ ਜੀਤੋਂਗੀ
[1]ਬੜਾ।

ਬਨਾਇਕੈ।'
ਆਨਿ ਪਢੇ ਮੰਤਰ, ਛੁਹਾਏ ਲਿਖਿ ਜੰਤਰ ਸੁ,
ਗ੍ਰੀਵ[1] ਬਾਂਧ ਤੰਤ੍ਰਨ ਕੋ ਢੋਲਕੀ ਬਜਾਇਕੈ। — [1]ਗਲ ਨਾਲ।
ਟਾਮਨ ਬਨਾਇ ਬਹੁ ਕੂਟ ਕੋ ਡੁਲਾਇ ਦੇਤਿ[1], — [1]ਜੋ ਪਹਾੜ ਨੂੰ ਹਿਲਾ ਦੇਣ।
ਐਸੇ ਸਭਿ ਕੀਨ, ਘਟਾ ਸਕੀ ਨ ਡੁਲਾਇਕੈ ॥੩੫॥

ਸ੍ਵੈਯਾ: — [1]ਅਗਨੀ। [2]ਯਤਨ।
ਪਾਵਕ[1] ਸੇ ਉਪਚਾਰ[2] ਕਿਯੇ,
ਘਟ ਲਾਗਣ ਸੀਸ ਭਯੋ ਜਲ ਨਯਾਈ[1]। — [1]ਉਪਚਾਰ ਅਗ ਵਾਂਙੂ ਸਨ ਘੜੇ ਦਾ ਲੱਗਣਾ ਪਾਣੀ ਵਾਙੂੰ ਸੀ।
ਏਕ ਨ ਜੋਰ ਚਲ੍ਯੋ ਤਿਹ ਉਪਰ,
ਹਾਰ ਰਹੀ ਕਰਿ ਕੋਟ ਉਪਾਈ[1]। — [1]ਕਰੋੜਾਂ ਯਤਨ।
ਤੀਯ ਭਈ ਦੁਖ ਮੈਂ ਅਤਿ ਆਤੁਰ,
ਸੀਸ ਪੈ ਕੁੰਭ ਧਰੇ ਅਕੁਲਾਈ[1]। — [1]ਵ੍ਯਾਕੁਲ ਹੋਈ।
'ਹਾਇ' ਮੁਹੁਰਮੁਹੁ[1] ਬਕਿ ਆਨਨ, — [1]ਵਾਰ ਵਾਰ।
'ਮੋ ਸੰਗ ਕਜਾ ਜਗਦੀਸ਼ ਬਨਾਈ ॥੩੬॥
ਦੀਨ ਭਈ[1] ਮਨ, ਚੀਨ ਲਈ, — [1]ਆਜਿਜ਼ ਹੋ ਗਈ।
ਮਹਿਮਾ ਜੁ ਨਈ ਗੁਰ ਕੀ ਸੁਖਕਾਰੀ[1]।' — [1]ਮੈਂ ਹੁਣ ਦੀਨ ਹੋਈ ਹਾਂ, ਆਦਿ (ਅ) ਉਹ (ਘੜੇ ਵਾਲੀ) ਇਸਤ੍ਰੀ ਦੀਨ ਭਈ, ਆਦਿ।
ਭਾਖਿ ਦਈ, ਅਵਗ੍ਯਾ ਜੁ ਭਈ,
ਸੁਨਿ ਕਾਨ ਲਈ ਸਿਰਦਾਰਨ ਨਾਰੀ[1]। — [1]ਇਸਤ੍ਰੀਆਂ ਦੀ ਸਰਦਾਰਨੀ ਨੇ।
'ਤੂਰਣ ਜਾਵਹੁ ਪੂਰਣ ਸੰਤ ਪੈ,
ਚੂਰਣ ਤਾਂ ਚਰਣਾ ਬਲਿਹਾਰੀ[1]। — [1]ਤਿਸਦੇ ਚਰਣਾਂ ਦੀ ਧੂੜ ਤੋਂ ਸਦਕੇ।
ਮੈਂ ਅਪਰਾਧ ਕਿਯੋ ਇਹ ਸਾਧ ਕੋ,
ਲੇਹੁ ਅਰਾਧ, ਮਿਟੈ ਦੁਖ ਭਾਰੀ' ॥੩੭॥

ਦੋਹਰਾ: — [1]ਸਾਰੀਆਂ।
ਨੂਰਸ਼ਾਹਿ ਤਹਿਂ ਤੀਯ ਸੋਂ, ਔਰ ਅੰਗਨਾ ਪੁੰਜ[1]।

ਗਈ ਤਹਾਂ ਮਿਲਿ ਕੈ ਸਭੈ, ਜਹਿਂ
ਰਾਜਹਿਂ[1] ਪਦਕੰਜ ॥੩੮॥

[1]ਬੈਠੇ ਸਨ।

ਸੋਰਠਾ:

ਬੰਦਯੋ ਆਨੰਦ ਕੰਦ, ਚੰਦ ਬਦਨ ਬੈਸੀ
ਨਿਕਟ।
ਨਿਤ ਕੋ ਦੇਖਿ ਮੁਕੰਦ, ਬੋਲੇ ਸਹੀ ਮਹਿਂ
ਸ਼ਬਦ ॥੩੯॥

ਸ੍ਰੀ ਮੁਖਵਾਕ ॥
ਰਾਗੁ ਸੂਹੀ ਮਹਲਾ ੧ ਕੁਚਜੀ
ੴ ਸਤਿਗੁਰ ਪ੍ਰਸਾਦਿ ॥
ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥

ਕਬਿੱਤ:

ਨੂਰਸ਼ਾਹਿ ਸੁਨਿ ਨਿਜ ਸੀਸ ਧੁਨਿ ਭਨਯੋ
ਪੁਨ,
ਜਾਨਯੋ ਮਨ ਮਾਂਹੀ -ਏਹ ਚੇਟਕੀ ਫਕੀਰ
ਹੈ।
ਮੰਤ੍ਰ ਕੋ ਅਲਾਵਤਿ[1] ਸੁਨਾਵਤਿ ਛਲਤਿ
ਮੋਹਿ,
ਹੌਂ ਨ ਪਤਿਆਵੋ[1] ਏਹ ਗਾਢੋਈ[2]

[1]ਕਹਿੰਦਾ ਹੈ।

[1]ਪਤੀਜਾਂ। [2]ਤਕੜਾ। [3]ਨਿਰਭੈ।

ਅਭੀਰ[3] ਹੈ-।
ਪਢੇ ਨਿਜ ਮੰਤ੍ਰਨ, ਅਨੇਕ ਲਿਖ ਜੰਤ੍ਰਨ,
ਕਰਤਿ ਬਹੁ ਤੰਤ੍ਰਨ ਕੋ, ਜਾਨੇ -ਏ ਗਹੀਰ[1] ਹੈ-।
ਬਸ ਨਹਿਂ ਚਲਯੋ ਕੋਊ, ਹਾਰੀ ਸਭੈ ਬਿਧਿ ਸੋਊ,
ਲਖ੍ਯੋ ਰਿਦੇ ਮਾਂਹਿ ਤਬ -ਪੀਰਨ ਕੋ ਪੀਰ ਹੈ- ॥੪੦॥

[1]ਜਾਨ ਗਈ ਹਾਂ ਇਹ ਡੂੰਘਾ (ਮੰਤ੍ਰੀ) ਹੈ।

ਸ੍ਵੈਯਾ:
ਨਾਗਨੀ ਜਯੋਂ ਬਿਨਤਾ ਸੁਤ[1] ਕੋ,
ਡਰਪਾਵਤਿ ਆਪਨੋ ਜੋਰ ਦਿਖਾਵੈ।
ਤਯੋਂ ਗੁਰ ਸਾਮੁਹਿ[1] ਮੰਤ੍ਰਨ ਕੋ ਪਢਿ,
ਭਾਵਨ ਸੋਂ[1] ਹਿਰਦਾ ਬਿਰਮਾਵੈ[2]।
ਹਾਰਿ ਕੈ ਜਾਨਤਿ ਭੀ 'ਇਹ ਪੂਰਨ',
ਤੂਰਨ ਦੀਨ ਭਈ ਘਿਘਿਆਵੈ।
'ਭੇਵ ਤੁਮਾਰ ਨ ਜਾਨਿ ਸਕੀ ਹਮ,
ਕੀਨ ਖ਼ਤਾ ਅਬ ਸੋ ਬਖ਼ਸ਼ਾਵੈਂ ॥੪੧॥

[1]ਗਰੁੜ।
[1]ਸਾਹਮਣੇ।
[1]ਭਾਵਾਂ ਨਾਲ। [2]ਭਰਮਾਉਣ ਦਾ ਜਤਨ ਕਰਨ ਲਗੀ।

ਮੰਦਮਤੀ[1] ਤੁਮਰਾ ਇਨ ਮਾਨਵ,
ਮੰਤ੍ਰਨ ਕੇ ਜਿਨ ਬੀਚ ਫਸਾਯੋ।
ਕੁੰਭ ਨਿਵਾਰਹੁ[1] ਯਾਂ ਸਿਰ ਤੇ,
ਅਬ ਦੀਨ ਭਈ ਮਨ ਤੇ ਦੁਖ ਪਾਯੋ।
ਨਾ ਕਰਿ ਹੈਂ ਅਵਿਹੇਲਨ[1] ਸੰਤਨ,
ਪਾਵਹਿਂ ਆਨ, ਜਿਤੀ ਹਮ ਥਾਯੋ[1]।
ਹੋ[1] ਸਿਰਮੌਰ, ਅਭੈ ਸਭਿ ਠੌਰ,
ਸਮਾਨ ਨ ਔਰ ਤੁਹੀ ਗਤਿਦਾਯੋ[1]' ॥੪੨॥

[1]ਏਸ ਮਾੜੀ ਮਤ ਵਾਲੀ ਨੇ।
[1]ਦੂਰ ਕਰੋ।
[1]ਨਿਰਾਦਰ।
[1]ਸੌਂਹ ਖਾਂਦੀਆਂ ਹਾਂ ਜਿੰਨੇ ਸਾਡੇ ਥਾਂ ਹਨ: ਸੰਤ ਦਾ ਨਿਰਾਦਰ ਨਾ ਕਰਾਂਗੀਆਂ (ਅ) ਜਿੱਥੇ ਸਾਨੂੰ ਸੰਤ ਮਿਲੇ ਅਵਗਯਾ ਨਹੀਂ...।
[1]ਤੁਸੀਂ ਹੋ।
[1]ਮੁਕਤੀ ਦਾਤੇ ਹੋ।

ਯੌਂ ਸੁਨਿ ਕੈ ਤਿਨ ਕੀ ਬਿਨਤੀ,
ਪੁਨ ਸ਼੍ਰੀ ਗੁਰ ਆਨਨ ਬੈਨ ਅਲਾਯੋ।
'ਵਾਹਿਗੁਰੂ, ਕਹਿ ਲੇਉ ਉਤਾਰ',

ਉਠੀ ਤਤਕਾਲਕ ਬਾਲ ਹਿਲਾਯੋ[1]।
ਨਾਮ ਉਚਾਰਤਿ ਹੀ ਉਤਰਾ ਘਟ,
ਤੀਯ ਅਚੰਭ ਸਭੈ ਉਰ ਪਾਯੋ।
ਆਨਿ ਉਪਾਇਨ ਭੂਰ ਧਰੀ,
ਮੁਕਤਾ[1] ਸਭਿ ਹੀਰ[2] ਤੇ ਚੀਰ[3] ਮੰਗਾਯੋ ॥੪੩॥

[1]ਹਿਲਾਯਾ (ਘੜਾ)।

[1]ਮੋਤੀ। [2]ਹੀਰੇ। [3]ਬਸਤਰ।

ਦੋਹਰਾ:
'ਬਖਸ਼ਹੁ! ਲੀਜੈ ਭੇਟ ਕੋ, ਪੂਰਨ ਪੁਰਖ ਕ੍ਰਿਪਾਲ।'
ਇਹ ਬਿਧਿ ਤਿਨ ਕੋ ਦੇਖਿ ਕੈ, ਬੋਲੇ ਬਚਨ ਰਸਾਲ ॥੪੪॥

ਸ੍ਰੀ ਮੁਖਵਾਕ ॥
ਮः ੧ ॥
ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥
[ਸਿਰੀ: ਵਾਰ ਮ: ੧]

ਦੋਹਰਾ:
ਆਪਾ ਖੋਵਨ ਕੇ ਸਬਦ, ਔਰ ਕਹੇ ਗੁਰੁ ਤਾਂਹਿ।
ਸੁਨਿ ਕਰਿ ਉਰ ਬੈਰਾਗ ਭਾ, ਦੀਨ ਭਈ ਬਚ ਪ੍ਰਾਹਿ ॥੪੫॥

ਸ੍ਵੈਯਾ:
'ਪਸ਼ਚਾਤ ਕਰੀ ਅਵੱਗਜਾ ਬਖਸ਼ੋ,
ਅਬ ਭੂ[1] ਵਿਚਰੋ ਤੁਮ ਜੀ! ਪਰਸ੍ਵਾਰਥਿ[2]।
ਜਬ ਲੌ ਨਹਿਂ ਭੇਵ ਲਖਯੋ ਤਬ ਲੌ ਦੁਖ,
ਭੇਵ ਲਖਯੋ ਕਰਿਯੇ ਕਿਰਤਾਰਥ।
ਪਦ ਪੈ ਬਲਿਹਾਰ ਮੁਹੂਰਮੁਹੂ,
ਤਵ ਮੂਰਤਿ ਦ੍ਰਿਸ਼ਟਿ ਅਗਾਤਿ

[1]ਜ਼ਿਮੀਂ ਤੇ। [2]ਹੇ ਪਰਸੁਆਰਥੀ ਜੀ।

[1]ਤੁਹਾਡੀ ਪਰਤੱਖ ਮੂਰਤੀ ਦੇ ਅੱਗੇ ਪਦਾਰਥ (ਧਰੇ

ਪਦਾਰਥ[1]। — ਹਨ)। (ਅ) ਤੁਸਾਡੇ ਦਰਸ਼ਨ ਨਾਲ (ਸਭ) ਪਦਾਰਥ ਪ੍ਰਾਪਤ ਹੁੰਦੇ ਹਨ।

ਕਰੁਨਾਕਰ ਲੇਹੁ ਉਪਾਇਨ[1] ਕੋ, — [1]ਭੇਟਾ।

ਸਿਖ ਦੇਹੁ, ਗਈ ਬਯ[1] ਪਾਛ[2] ਅਕਾਰਥ[3]' ॥੪੬॥ — [1]ਆਯੁ। [2]ਪਿਛਲੀ। [3]ਬਿਅਰਥ।

ਕਬਿੱਤ:

⚐ਐਸੇ ਜਬ ਭਈ ਦੀਨ ਪਾਹੁਲ ਪਦਨ ਦੀਨਿ,

⚐ਪੁਰਾਤਨ ਜਨਮ ਸਾਖੀ ਵਿੱਚ ਏਹ ਪ੍ਰਸੰਗ ਦੋ ਨਹੀਂ ਹਨ, ਸਗੋਂ ਕਾਵਰੂ ਦੇਸ਼ ਵਿਚ ਇਕੋ ਹੀ ਪ੍ਰਸੰਗ ਹੈ, ਨੂਰਸ਼ਾਹ ਉਥੇ ਦੀ ਹੀ ਸਰਦਾਰਨੀ ਦੱਸੀ ਹੈ। ਓਥੇ ਬੀ ਤ੍ਰਿਆਰਾਜ ਕਹਿਆ ਹੈ, ਯਥਾ ਗੁਰੂ ਜੀ ਮਰਦਾਨੇ ਨੂੰ ਕਹਿੰਦੇ ਹਨ:- 'ਮਰਦਾਨਿਆਂ ਇਹ ਕਾਵਰੂ ਦੇਸ਼ ਹੈ, ਤ੍ਰਿਆ ਰਾਜ ਹੈ।' ਘੜਾ ਸਿਰ ਤੋਂ ਨਾ ਹਿੱਲਣ ਦੀ ਕਥਾ ਬੀ ਉਥੇ ਹੀ ਦਿੱਤੀ ਹੈ।

'ਹਕੀਕਤ ਰਾਹ ਮੁਕਾਮ' ਵਿੱਚ ਤ੍ਰਿਆ ਰਾਜ ਦਾ ਦੱਖਣ ਵਿਚ ਜ਼ਿਕਰ ਆਯਾ ਹੈ, ਯਥਾ:- 'ਨੇਕਾਪਟਣ ਬੀਜਾ ਨਗਰ ਤੇ ਇਕੱਤ੍ਰੀ ਕੋਸ ਹੈ। ਘਰ ਭਾਟੜਿਆਂ ਕੇ ਬੇਗਾਪੁਰ ਬੀਜਾਪੁਰ ਤੇ ਕੋਸ ਅੱਸੀ ਹੈ ਅਹੋਗਾ ਪੇਠ ਹੈ, ਤਹਾਂ ਸੰਗਤ ਚੰਗੇ ਭਾਟੜੇ ਕੀ ਹੈ। ਤਿਸਕੀ ਗਿਰਦ ਨਿਵਾਹੀ ਸਿੱਖ ਸੰਗਤ ਬਹੁਤ ਹੈ, ਅਰ ਭਾਟੜਿਆਂ ਕੇ ਘਰ ਤੇ ਕਜਲੀ ਬਨ ਕੋਸ ਅੱਸੀ ਹੈ। ਤਿਰੀਆ ਰਾਜ ਹੈ। ਤਹਾਂ ਬੀ ਗੁਰੂ ਬਾਬੇ ਕਾ ਦੇਹੁਰਾ ਹੈ। ਸੰਗਤ ਭਾਟੜਿਆਂ ਕੇ ਜੁੜਦੀ ਹੈ। ਓਥੇ ਗੁਰੂ ਸਿਧਾਂ ਨਾਲ ਗੋਸਟ ਕਰਿਕੈ ਪੂਜਾ ਖਿੰਚ ਲੀਤੀ ਹੈਸੁ। ਤਬ ਸਿਧ ਗੁਰੂ ਕਾ ਜੋਰ ਅਜਮਾਇਕੈ ਪੈਰੀ ਆਇ ਪਏ ਹੈਨਿ। ਓਸ ਥਾਉਂ ਕਾ ਨਾਉ ਕਜਲੀ ਬਨ ਤ੍ਰਿਆ ਰਾਜੁ ਹੈ। ਤਹਾਂ ਭੀ ਸੰਗਤ ਹੈ।'

ਇਹ ਹਕੀਕਤ ਰਾਹ ਮੁਕਾਮ ਸੰ: ੧੬੬੧ ਬਿ: ਤੋਂ ਪਹਿਲੇ ਦੀ ਹੈ, ਪੁਰਾਤਨ ਜਨਮਸਾਖੀ ਤੋਂ ਬੀ ਪੁਰਾਣੀ ਹੈ। ਸੋ ਦੱਖਣ ਦੇਸ਼ ਵਿੱਚ ਸਿੱਖੀ ਦਾ ਪਤਾ ਤੇ ਤਿਰੀਆ ਰਾਜ ਦਾ ਪਤਾ ਠੀਕ ਹੈ। ਸਾਖੀ ਉਥੇ ਜੋ ਹੋਈ ਸਿੱਧਾਂ ਦੀ ਦੱਸੀ ਹੈ, ਹੋਰ ਸਾਖੀ ਤ੍ਰੀਮਤਾਂ ਦੀ ਕੋਈ ਨਹੀਂ ਦੱਸੀ।

ਗੁਰੂ ਸਿੱਖੀ ਰੀਤਿ† ਕੀਨਿ ਮੁਕਤਿ ਨਿਧਾਨ ਕੀ। — †ਪਾ:-ਚਾਲ।

ਬੰਧੀ ਧਰਮਸਾਲ ਉਪਦੇਸ਼ ਦੇ ਕ੍ਰਿਪਾਲ ਗੁਰੁ,

ਕੀਰਤਿ ਬਿਸਾਲ ਹਰਿ ਕੀਨੀ ਰੀਤਿਗਾਨ ਕੀ[1]। — [1]ਹਰਿ ਕੀਰਤਨ ਦੇ ਗਾਇਨ ਦੀ।

'ਸਿੱਖ ਸੰਤ ਆਇ ਤਾਂ ਪੈ ਮੰਤ ਨ ਚਲਾਇ ਨਿਜ,

ਟਹਿਲ ਬਨਾਇ ਕੀਜੈ ਛੋਰ ਰੀਤਿ† ਮਾਨ ਕੀ। — †ਪਾ:-ਬਿਧਿ।

-ਵਾਹਿਗੁਰੂ- ਜਪੋ ਮੁਖ, ਜਾਹਿਂ ਭਵਜੰਨਤ† ਦੁਖ[1], — [1]ਸੰਸਾਰ ਤੋਂ ਉਪਜੇ ਦੁੱਖ ਚਲੇ ਜਾਣ। †ਪਾ:- ਭਵਲ।

ਦੇਤਿ ਸੁਖ ਰੀਤਿ ਜਯੋਂ ਸੰਤੋਖ ਸਿੰਘ — [1]ਜਿਵੇਂ ਸੂਰਜ ਦੀ ਰੀਤੀ ਹੈ ਸੁਖ ਦੇਣ ਦੀ।

ਭਾਨੁ ਕੀ[1]' ॥੪੭॥

ਦੋਹਰਾ:

ਕੇਤਿਕ ਬਾਸੁਰ ਰਹਿ ਤਹਾਂ, ਧਰਮ
ਦ੍ਰਿੜਾਯੋ ਦੇਸ਼।
ਪਰਮ ਪ੍ਰੇਮ ਕਰਿ ਸਿਖ ਭਈ, ਭਜਤਿ
ਨਾਮ ਜਗਤੇਸ਼ ॥੪੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤ੍ਰਿਯਾ ਰਾਜ ਉਪਦੇਸ਼' ਪ੍ਰਸੰਗ ਬਰਨਨੰ ਨਾਮ ਉਣਚਾਸਮੋਂ ਅਧਯਾਯ ॥੪੯॥

## ੫੦. [ਸਤਿਗੁਰ ਮੰਗਲ। ਭਰਥਰੀ। ਕੌਡਾ]

੪੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੧

{ਭਰਥਰਿ} ॥੨॥
{ਭਰਥਰਿ ਦਾ ਪੂਰਬ ਪ੍ਰਸੰਗ} ॥੧੨॥
{ਕੌਡਾ} ॥੩੩॥
{ਮਰਦਾਨਾ ਰਾਖਸ਼ ਦੇ ਕਾਬੂ} ॥੪੪॥
{ਗੁਰੂ ਜੀ ਦਾ ਬਿਰਦ} ॥੫੨॥
{ਅਦਭੁਤ ਸ਼ੀਸ਼ਾ} ॥੬੯॥
{ਕੌਡੇ ਦਾ ਪੂਰਬ ਪ੍ਰਸੰਗ} ॥੮੪॥
{ਵਿਚਾਰ ਰੂਪ ਦਰਪਨ} ॥੯੮॥

ਦੋਹਰਾ:

ਮਯਾ ਸਦਨ ਪੰਕਜ ਬਦਨ ਮੋਹ ਕਦਨ ਗਤਿਦੈਨ।

ਮਯਾ=ਕ੍ਰਿਪਾ, ਮੇਹਰ। ਸਦਨ=ਘਰ। ਬਦਨ=ਮੂੰਹ, ਮੁਖੜਾ। ਪੰਕਜ=ਕਮਲ। ਪੰਕਜ ਬਦਨ=ਮੁਖਾਰਬਿੰਦ। ਕਦਨ=ਕੱਟਣ ਵਾਲਾ।

ਚਰਨ ਸ਼ਰਨ ਤਿਨ ਪਰਨ ਮਮ ਦਰਸ਼ਨ ਪਰਸਨ ਚੈਨ ॥੧॥

ਪਰਨ=ਆਸਰਾ। ਪਰਸਨ=ਛੁਹ। ਚੈਨ=ਸੁਖ, ਆਰਾਮ।

ਅਰਥ:

ਮੇਹਰ ਦਾ ਘਰ (ਸੰਸਾਰ ਦੇ) ਮੋਹ ਨੂੰ ਕੱਟਕੇ ਮੁਕਤੀ ਦੇਣਹਾਰੇ (ਸ਼੍ਰੀ ਸਤਿਗੁਰੂ ਜੀ, ਜਿਨ੍ਹਾਂ) ਦਾ ਮੁਖੜਾ ਕਮਲ (ਵਰਗਾ ਸੁੰਦਰ) ਹੈ, ਉਨ੍ਹਾਂ ਦੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਹੈ, (ਜਿਨ੍ਹਾਂ ਚਰਨਾਂ ਦੇ) ਦਰਸ਼ਨ ਅਰ ਛੁਹ ਪ੍ਰਾਪਤੀ ਨਾਲ ਸੁਖ (ਪ੍ਰਾਪਤ) ਹੁੰਦਾ ਹੈ।

ਸ਼੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਆਗੈ ਗਮਨੇ ਸ਼੍ਰੀ ਗੁਰੂ ਪੂਰੇ।
ਨਿਜ ਦਾਸਨ ਜੋ ਦੇਂ ਗਤਿ ਰੂਰੇ।
ਭਰਥਰਿ[1] ਆਸ਼੍ਰਮ ਜਹਾਂ ਸੁਹਾਵਨ। [1]ਭਰਥਰੀ ਦਾ।
{ਭਰਥਰਿ}
ਤਹਾਂ ਜਾਇ ਪਹੁੰਚੇ ਜਸੁਪਾਵਨ[1] ॥੨॥ [1]ਪਵਿੱਤ੍ਰ ਜਸ ਵਾਲੇ।
ਜਿਹ ਮਾਨਹਿ ਸੋ ਸਗਰੋ ਦੇਸ਼ਾ।
ਤ੍ਰੀਯ ਰਾਜ ਪੁਨਿ ਅਪਰ[1] ਨਰੇਸ਼ਾ। [1]ਹੋਰ।
ਪੂਜਕ ਹੁਤੇ ਸਰਬ ਨਰ ਨਾਰੀ।
ਮਹਿਮਾ ਯੋਗਨ ਕੀ ਤਹਿਂ ਭਾਰੀ ॥੩॥
ਤਿਹ ਆਸ਼੍ਰਮ ਕੇ ਜਾਇ ਸਮੀਪਾ।
ਬੈਸਿ ਗਏ ਬੇਦੀ ਕੁਲਦੀਪਾ।
ਸੋ ਕਿਤ ਕਾਜ ਵਹਿਰ ਕੋ ਨਿਕਸਾ।
ਦੇਖਯੋ ਮੁਖ ਪੰਕਜ ਸਮ ਬਿਕਸਾ ॥੪॥

| | |
|---|---|
| ਦੇਖ ਅਤੀਤ ਦਿਪਤਿ[1] ਪਰਕਾਸ਼ਾ। | [1]ਚਮਕਦਾ। |
| ਧਰਜੋ ਸਰੂਪ ਮਨਹੁ ਸੁਖਰਾਸਾ[1]। | [1]ਰੱਬ ਨੇ। |
| ਮਸਤਕ ਆਯੁਤ[1] ਲੋਚਨ ਲੋਨੇ। | [1]ਚੌੜਾ। |
| ਗਜਾਨ ਤਰਨਿ ਜਨੁ ਜਗ ਪ੍ਰਗਟੋਨੇ ॥੫॥ | |
| ਆਇ ਨਿਕਟਿ ਮੁਖ† ਬਚਨ ਬਖਾਨਾ। | †ਪਾ:-ਪੁਨ। |
| 'ਕੌਨ ਦੇਸ਼ ਕਿਤ ਕਰਹੁ ਪਯਾਨਾ? | |
| ਬੇਖ[1] ਅਪੂਰਬ[2] ਤੁਮਰੋ ਪਾਵਨ। | [1]ਭੇਸ। [2]ਅਸਚਰਜ। |
| ਕੀਜੈ ਅਪਨੋ ਨਾਮ ਬਤਾਵਨ' ॥੬॥ | |
| ਸੁਨਿਯੇ ਸ਼੍ਰੀ ਅੰਗਦ ਗੁਨਖਾਨੀ! | |
| ਗੁਰੂ ਰੁਖ ਦੇਖਿ ਕਹੀ ਮੈਂ ਬਾਨੀ। | |
| 'ਦੇਸ਼ ਪੰਜਾਬ ਸੁ ਦੂਰ ਹਮਾਰਾ। | |
| ਇਹੁ ਸ਼੍ਰੀ ਨਾਨਕ ਗੁਰੂ ਉਦਾਰਾ ॥੭॥ | |
| ਹਮ ਸੇਵਕ ਸੁਖ ਹੇਤ ਸਦਾਈ। | |
| ਰਹਹਿਂ ਸੰਗ ਇਨ ਕਰੁਨਾ ਪਾਈ। | |
| ਦੇਸ਼ਨ ਦੇਖਨ ਕਰਨ ਨਿਹਾਲਾ। | |
| ਬਿਚਰਹਿਂ ਅਵਿਨੀ[1] ਬਿਰਦ ਕ੍ਰਿਪਾਲਾ' ॥੮॥ | [1]ਧਰਤੀ ਤੇ। |
| ਸੁਨਤਿ ਭਰਥਰੀ ਉਰ ਮਹਿਂ ਹੁਲਸਾ[1]। | [1]ਅਨੰਦ ਹੋਯਾ। |
| ਬੰਦੇ ਪਦ ਬੇਦੀ ਕੁਲ ਕਲਸਾ[1]। | [1]ਬੇਦੀ ਕੁਲ ਦੇ ਸ਼ਿਰੋਮਣੀ ਦੇ। |
| ਕਹੈ ਕਿ 'ਧੰਨ ਭਾਗ ਮਮ ਆਜੁ। | |
| ਜਾਂ ਤੇ ਭਾ ਤੁਮ ਮਿਲਿਨਿ ਸਮਾਜੁ[1] ॥੯॥ | [1]ਸਮਾਗਮ। |
| ਚਿਰੰਕਾਲ ਕੀ ਕਰਤਿ ਉਡੀਕਾ। | |
| ਭਯੋ ਮਨੋਰਥ ਪੂਰਨ ਜੀ ਕਾ। | |
| ਸਭਿ ਸਾਧਨ ਕੋ ਫਲ ਮੈਂ ਪਾਵਾ। | |
| ਜੋਗ ਵਿਰਾਗ ਸੁ ਆਜ ਸੁਹਾਵਾ' ॥੧੦॥ | |
| ਅਸ ਕਹਿ ਕਰਿ ਗਾ ਬੈਠ[1] ਸਮੀਪਾ। | [1]ਬੈਠ ਗਿਆ। |
| ਤਬ ਬੋਲੇ ਬੇਦੀ ਕੁਲਦੀਪਾ। | |
| 'ਕਿਸ ਪ੍ਰਕਾਰ ਤੁਮ ਹਮ ਕੋ ਜਾਨੋ? | |

ਆਗਮ ਕੀ[1] ਉਡੀਕ ਕਸ ਠਾਨੋ[2]? ॥੧੧॥ [1]ਸਾਵੇ) ਆਉਣ ਦੀ। [2]ਕਿਵੇਂ ਕਰ ਰਹੇ ਹੋ।

ਸੁਣਿ ਕਰਿ ਭਰਥਰਿ ਬਚਨ ਉਚਾਰੇ।
'ਸਭਿ ਬ੍ਰਿਤਾਂਤ ਮੈਂ ਕਹੋਂ ਸਵਾਰੇ।

{ਭਰਥਰਿ ਦਾ ਪੂਰਬ ਪ੍ਰਸੰਗ}

ਏਕ ਸਮੇਂ ਨਾਰਦ ਮੁਨਿ ਪਾਵਨ।
ਮਿਲਯੋ ਮੋਹਿ ਜਿਹਂ ਰੂਪ ਸੁਹਾਵਨ ॥੧੨॥
ਬੀਨਾ[1] ਹਾਥ ਭਗਤ ਮਹਿਂ ਭੀਨਾ[2]। [1]ਬੀਣਾਂ। [2]ਭਿੱਜਾ ਹੋਇਆ।
ਰੰਗਯੋ ਪ੍ਰੇਮਹਿਂ ਰੰਗ ਪ੍ਰਬੀਨਾ।
ਮੈਂ ਬਿਲੋਕਿ ਕਰਿ ਬੰਦਨ ਕੀਨੀ।
ਹ੍ਵੈ ਕ੍ਰਿਪਾਲ ਤਿਨ ਆਸ਼ਿਖ[1] ਦੀਨੀ ॥੧੩॥ [1]ਅਸ਼ੀਰਵਾਦ।
ਮੈਂ ਕਰਿ ਕੈ ਬਹੁ ਬਿਨੈ ਵਡਾਈ।
ਕਛੁ ਪੂਛਨ ਹਿਤ ਗਿਰਾ ਅਲਾਈ।
ਸੁਣਤਿ ਦੇਵ ਰਿਖ[1] ਮੁਝ ਸੋਂ ਭਾਖਾ। [1]ਨਾਰਦ ਨੇ।
-ਜੋ ਕੁਛ ਤੁਮਹਿਂ ਪੁਛਨ ਅਭਿਲਾਖਾ ॥੧੪॥
ਸਰਬ ਬਤਾਵਹਿਂ ਸ਼੍ਰੀ ਜਗ ਸਾਈਂ।
ਛਿਤ[1] ਅਵਤਾਰ ਲੀਨ ਅਬ ਜਾਈ। [1]ਧਰਤੀ ਤੇ।
ਸ਼੍ਰੀ ਨਾਨਕ ਨਿਜ ਨਾਮ ਧਰਾਵਹਿਂ।
ਭਗਤਿ ਜਗਤਿ ਮਹਿਂ ਮਗ ਪ੍ਰਗਟਾਵਹਿਂ ॥੧੫॥
ਖੰਡ[1] ਪਖੰਡ, ਬ੍ਰਹਮੰਡ ਮਝਾਰਾ। [1]ਤੋੜਕੇ।
ਉਪਦੇਸ਼ਹਿਂ ਸਤਿਨਾਮ ਸੁਖਾਰਾ।
ਅਵਿਨੀ ਸਰਬ ਗਵਨ ਕਰਿ ਨਾਥਾ।
ਹ੍ਵੈ ਚਰਚਾ ਬਹੁ ਸਿੱਧਨ ਸਾਥਾ ॥੧੬॥
ਪ੍ਰਥਮ ਮਿਲਹਿਂਗੇ ਤੁਝ ਇਤ ਥਾਈਂ।
ਬੈਸਹੁ ਪ੍ਰੇਮ ਰਿਦੇ ਲਿਵਲਾਈ।
ਪੂਛ ਲੇਹੁ ਜੋ ਹ੍ਵੈ ਨਿਜ ਮਨ ਮੈਂ।
ਸਰਬ ਬਤਾਇ ਦੇਹਿਂ ਇਕ ਛਿਨ ਮੈਂ-

॥੧੭॥
ਤਬ ਕੀ ਮੈਂ ਰਾਵਰਿ ਸੁਧ ਪਾਈ।
ਬੈਠਿ ਰਹਯੋ ਥਿਰੁ ਹੁਇ ਇਸ ਥਾਈਂ।
ਅਬ ਮੋ ਕੋ ਭਾ ਦਰਸ ਤੁਮਾਰਾ।
ਭਯੋ ਸਾਚ ਜੋ ਮੁਨੀ ਉਚਾਰਾ' ॥੧੮॥
ਸ੍ਰੀ ਗੁਰੁ ਬਚਨ ਸੁਣਤਿ ਭਰਥਰਿ ਕੇ।
ਗਿਰਾ ਕਹੀ ਬਹੁ ਕਰੁਨਾ ਕਰਿ ਕੇ।
'ਜੋ ਪੂਛਨ ਕੀ ਇੱਛਾ ਤੇਰੇ।
ਕਹਹੁ ਆਪ ਸੁਨਿਯੇ ਬਿਨ ਦੇਰੇ
॥੧੯॥
ਬਹੁਤ ਦਿਵਸ ਕੀ ਕਰਤਿ ਉਡੀਕਾ।
ਸੋ ਲੀਜੈ ਉੱਤਰ ਅਬ ਨੀਕਾ।'
ਬੋਲਯੋ ਤਬਹਿ ਭਰਥਰੀ ਬਾਨੀ।
'ਸੁਨਹੁ ਕ੍ਰਿਪਾਲ ਸਕਲ ਗੁਨ ਖਾਨੀ!
॥੨੦॥
ਮੈਂ ਸਾਧਯੋ ਹਠ ਜੋਗ ਮਹਾਨਾ।
ਜਾਂ ਤੇ ਮਨ ਰੋਕਯੋ ਬਿਧਿ ਨਾਨਾ।
ਮਨ ਨਿਰਮਲ ਤੇ ਸ਼ੁਭ ਗਤਿ ਹੋਵੈ।
ਜਨਮ ਮਰਨ ਕੇ ਸੰਕਟ ਖੋਵੈ ॥੨੧॥
ਜਬ ਲੌਂ ਮਨ ਇਹੁ ਰਹੈ ਮਲੀਨਾ।
ਤਬ ਲੋ ਹੋਇ ਨ ਬੰਧਨ ਹੀਨਾ।
ਭਗਤਿ ਵਿਖੈ ਨਿਰਮਲ ਮਨ ਕੈਸੇ।
ਹੋਵਤਿ ਹੈ? ਸੁ ਕਹੋ ਬਿਧਿ ਤੈਸੇ
॥੨੨॥
ਬਿਨਾ ਯੋਗ ਅਸਮੰਜਸ[1] ਗਾਥਾ। [1]ਕਠਨ ਜੇਹੀ।
[1]ਥਿਰਤਾ ਹ੍ਵੈ ਪ੍ਰਾਪਤਿ ਮਨ ਸਾਥਾ। [1]ਗੱਲ ਹੈ।
ਇਕ ਸੰਸੈ ਮੁਝ ਅਸ ਪਰਕਾਰੀ।
ਦੂਸਰ ਕਹੋਂ ਤੁਮਾਰੀ ਅਗਾਰੀ[1] ॥੨੩॥ [1]ਆਪਦੇ ਅੱਗੇ।
ਪੀ ਪਜਾਲਾ[1] ਸਿਧ ਹ੍ਵੈਂ ਮਸਤਾਨੇ[2]। [1]ਸ਼ਰਾਬ ਦਾ) ਪਿਆਲਾ। [2]ਮਸਤ।
ਰਹੈਂ ਅਨਾਹਦ ਧੁਨਿ ਗ਼ਲਤਾਨੇ।
ਬਿਖੈ[1] ਬਾਸ਼ਨਾ ਤੇ ਬੈਰਾਗੀ। [1]ਵਿਸ਼ਯ।

ਨਿਸ ਬਾਸੁਰ ਏਕੋ ਲਿਵਲਾਗੀ ॥੨੪॥
ਭਗਤਿ ਵਿਖੈ ਕਾਂ ਕੇ ਬਲ ਸੰਗਾ[1]? [1]ਕਿਸ ਜ਼ੋਰ ਨਾਲ।
ਲਿਵ ਲਾਗਹਿ ਏਕਹਿ ਹਰਿ ਰੰਗਾ?
ਕਿਸ ਪ੍ਰਕਾਰ ਦ੍ਰਿੜ ਕਰਹਿਂ ਵਿਰਾਗਾ?
ਬਿਨੁ ਵੈਰਾਗ ਪ੍ਰੇਮ ਨਹਿਂ ਜਾਗਾ ॥੨੫॥
ਇਹ ਸੰਸੈ ਮੁਝ ਮਨ ਮੈਂ ਦੋਊ।
ਪ੍ਰਿਥਮ ਕਹੇ ਨਾਰਦ ਢਿਗ ਜੋਊ।
ਸੋ ਮੈਂ ਕਹੇ ਤੁਮਾਰਿ ਅਗਾਰੀ।
ਉੱਤਰਿ ਦੀਜੈ ਰਿਦੈ ਵਿਚਾਰੀ' ॥੨੬॥
ਸ਼੍ਰੀ ਨਾਨਕ ਬਚ ਕਹਿ ਗੁਨ ਸਾਨੇ[1]। [1]ਗੁਣਾਂ ਨਾਲ ਮਿਲੇ ਹੋਏ।
'ਸੁਣਹੁ ਭਰਥਰੀ ਪਰਮ ਸਯਾਨੇ!
ਨਿਰਮਲ ਮਨ ਬਿਨ ਭਗਤਿ ਸੁ ਨਾਂਹੀ।
ਅਵੈ ਜਥਾਰਥ ਸਾਚੀ ਪ੍ਰਾਹੀ[1]: ॥੨੭॥ [1]ਕਹੀ (ਹੈ ਤੂੰ ਉਹ ਬੀ) ਠੀਕ (ਹੈ ਕਿ)।
-ਮਨ ਨਿਰਮਲ ਨਹਿਂ ਯੋਗ ਬਿਹੀਨਾ।
ਤਾਂ ਤੇ -ਭਗਤਿ ਯੋਗ- ਸ਼ੁਭ ਕੀਨਾ।
ਚਹਿਤ ਜਿ ਗਤਿ[1] ਜਗ[2] ਮਨੁਜ[3] ਬਿਚੱਛਨ[4]। [1]ਮੁਕਤੀ। [2]ਜਗਤ ਵਿਚ। [3]ਪੁਰਸ਼। [4]ਚਤੁਰ।
ਸੋ ਅਸ ਧਰਤਿ ਜੋਗ ਕੇ ਲੱਛਨ[1] ॥੨੮॥ [1]ਨਿਸ਼ਾਨ।

ਸ੍ਰੀ ਮੁਖਵਾਕ ॥
ਆਸਾ ਮਹਲਾ ੧ ॥
ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

ਚੌਪਈ:

ਐਸੋ ਜੋਗ ਜਿ ਨਰ ਜਗ ਧਾਰਹਿਂ।
ਮਨ ਕੀ ਸਗਲੀ ਮੈਲ ਨਿਵਾਰਹਿਂ।
ਪੁਨਿ ਜੋ ਪਯਾਲਾ ਤੋਹਿ ਬਖਾਨਾ।
ਸੋ ਅਬ ਕਹੌਂ ਸੁਨਹੁ ਦੇ ਕਾਨਾ
॥੨੯॥

ਸ੍ਰੀ ਮੁਖਵਾਕ ॥
ਆਸਾ ਮਹਲਾ ੧ ॥
ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥

ਚੌਪਈ:

'ਸ਼੍ਰੀ ਕਰਤਾਰ ਸਿਫਤ ਮਹਿਂ ਰੰਗੇ।
ਜਪਹਿਂ ਨਾਮ ਮਨ[1] ਬਾਸਨ[2] ਭੰਗੇ[3]। [1]ਮਨ ਦੀਆਂ। [2]ਵਾਸ਼ਨਾਂ। [3]ਤੋੜਦਾ ਹੈ।
ਸ਼੍ਰੀ ਪ੍ਰਭੁ ਚਰਨ ਪ੍ਰੇਮ ਮਸਤਾਨੇ।
ਇਸ ਬਿਧਿ ਸਭਿ ਜਗਤ ਬੰਧਨ ਹਾਨੇ[1]' [1]ਨਾਸ਼ ਕਰੇ।
॥੩੦॥

ਸੁਨਿ ਭਰਥਰਿ ਉਰ ਸੰਸੈ ਨਾਸਾ।
ਮਹਿਮਾ ਭਗਤਿ ਲਖੀ ਸੁਖਰਾਸਾ।
ਹਾਥ ਜੋਰਿ ਪੁਨ ਬੰਦਨ ਕੀਨੀ।
ਭਾਉ ਕੀਨ ਪ੍ਰੇਮਹਿਂ ਮਤਿ ਭੀਨੀ[1] [1]ਪ੍ਰੇਮ ਭਿੱਜੀ।
॥੩੧॥

ਪ੍ਰਸ਼ਨੋਤਰ ਕਰਿ ਰੁਚਿਰ ਪ੍ਰਕਾਰੀ।
ਗਵਨੇ ਤਹਿਂ ਤੇ ਸ਼੍ਰੀ ਸੁਖਕਾਰੀ।
ਮੈਂ ਮਰਦਾਨਾ ਪਾਛੇ ਜਾਵਹਿਂ।
ਹਾਸ ਬਿਲਾਸ ਕਰਤਿ ਮਨ ਭਾਵਹਿਂ
॥੩੨॥

ਕਿਤਕਿ ਕੋਸ ਪਰ ਪਹੁੰਚੇ ਜਾਈ।
{ਕੌਡਾ}
ਬੈਸੇ ਤਹਿਂ ਸਤਿਗੁਰੂ ਸੁਖਦਾਈ।
ਕਾਰਨ ਕਰਨ[1] ਰਿਦੇ ਇਹ ਆਯੋ। [1]ਭਾਵ ਗੁਰੂ ਨਾਨਕ ਦੇਵ ਜੀ ਦੇ।
ਮਰਦਾਨੇ ਕੋ ਮਨ ਭਰਮਾਯੋ ॥੩੩॥
ਕਹਤਿ ਭਯੋ 'ਮੈਂ ਜਾਉ ਅਵਾਸੂ।
ਬਿਦਾ ਦੇਹੁ, ਮਨ ਮੋਰ ਉਦਾਸੂ।
ਸ੍ਰੀ ਪ੍ਰਭੁ! ਮੈਂ ਨਹਿਂ ਜਾਉਂ ਅਗਾਰੀ।
ਹਟਿ ਹੌਂ[1] ਲੇਯ ਰਜਾਇ ਤੁਮਾਰੀ' [1]ਮੁੜਦਾ ਹਾਂ।
॥੩੪॥
ਦੋਹਰਾ:
ਸ੍ਰੀ ਗੁਰੂ ਕਹੈਂ 'ਨ ਜਾਹੁ ਅਬ,
ਗੈਲ[1] ਵਿਖੈ ਜਿ ਬਲਾਇ। [1]ਰਾਹ।
ਕੋ ਭੱਛਨ ਤੁਝ[†] ਕੋ ਕਰੈ, [†]ਪਾ:-ਤੁਮ।
ਰਹਹੁ ਸੰਗ ਸੁਖਪਾਇ ॥੩੫॥
ਚੌਪਈ:
ਕਿਉਂ ਉਦਾਸ ਅਪਨੋ ਮਨ ਕੀਨਾ?
ਕੋ ਦੁਖ ਸੰਗਿ ਰਹਿਨ ਕੋ ਚੀਨਾ?
ਧਰਾ ਸਕਲ ਕੋ ਸੈਲ ਕਰੀਜੈ।
ਹਰਖ ਸਹਿਤ ਮਮ ਸਾਥ ਰਹੀਜੈ'
॥੩੬॥
ਧੀਰਜ ਦੇਨੇ ਹਿਤ ਬਹੁ ਭਾਂਤਾ।
ਸਮਝਾਯੋ ਨਹਿਂ ਮਾਨੈ ਬਾਤਾ।
ਨਿਜ ਕੁਟੰਬ ਕੇ ਮਿਲਨੇ ਹੇਤਾ।
ਹਟਿ ਕਰਿ[1] ਪਹੁਂਚਜੋ ਚਹਿਤਿ ਨਿਕੇਤਾ [1]ਮੁੜਕੇ।
॥੩੭॥
ਸ੍ਰੀ ਗੁਰੁ ਮੁਝ ਸੋਂ ਬਚਨ ਉਚਾਰੇ।
'ਰਾਖਹੁ ਰਹਿਹੈ ਕਹੇ ਤੁਮਾਰੇ।'
ਸ੍ਰੀ ਅੰਗਦ! ਸੁਨੀਏ ਗੁਨ ਖਾਨੀ।
ਕਹੀ ਤਾਂਹਿ ਸੰਗਿ ਮੈਂ ਇਵ[1] ਬਾਨੀ [1]ਐਉਂ।
॥੩੮॥
'ਕਿਉਂ ਭੂਲਹੁ ਉਰ ਕਰੋ ਵਿਚਾਰਾ।

ਸ੍ਰੀ ਨਾਨਕ ਤਨ ਏਕੰਕਾਰਾ।
ਇਨ ਕੋ ਸੰਗਿ ਤਜੈ ਹ੍ਵੈ ਮੂਢਾ।
ਨਿਜ ਕੁਟੰਬ ਕੇ ਮੋਹ ਅਰੂਢਾ[1] ॥੩੯॥ [1]ਫਸਿਆ।
ਕਾਚ ਬਿਹਾਝਨ ਹਿਤ ਦੁਖ ਸਹਿਹੀ।
ਪਾਰਸ ਨਿਕਟਿ[1] ਤਜਿਨ ਮਨ ਚਹਿਹੀ। [1]ਪਾਰਸ ਦੀ ਸਮੀਪਤਾ।
ਇਨ ਕੋ ਸੰਗ ਸੁਧਾ ਸਮ ਤਯਾਗੈਂ।
ਬਿਖਵਤ ਦੁਖ ਕੁਟੰਬ ਅਨੁਰਾਗੈਂ'
॥੪੦॥

ਦੋਹਰਾ:
ਕਹਯੋ ਨ ਮਾਨਯੋ ਭਾਂਤਿ ਕਿਹ,
ਬਿਦਾ ਲਈ ਕਹਿ ਬੈਨ।
ਹਰਖਤ ਹੁਇ ਹਟਿ ਕਰਿ ਚਲਾ,
ਜਾਵਨ ਕੋ ਨਿਜ ਐਨ ॥੪੧॥

ਚੌਪਈ: [1]ਭਯਾਨਕ।
ਹੁਤੀ ਜਹਾਂ ਦਾਰੁਨ[1] ਉਦਿਆਨਾ।
ਬੈਸਿ ਗਏ ਸ੍ਰੀ ਗੁਰੁ ਤਿਹ ਥਾਨਾ।
ਇਕ ਪਗ ਆਗੈ ਨਹਿਂ ਪ੍ਰਸਥਾਨੇ[1]। [1]ਨਾਂ ਗਏ।
ਬੈਸੇ ਬਾਸੁਰ ਤਹਾਂ ਬਿਤਾਨੇ ॥੪੨॥
ਮਰਦਾਨਾ ਹਟਿ ਕਰਿ ਜਬ ਗਮਨਾ।
ਵਧਯੋ ਹੇਤ, ਮਿਲਨੇ ਨਿਜ ਭਵਨਾ।
ਏਕ ਦਿਵਸ ਜਬ ਪੰਥ ਪਧਾਰਾ।
ਦੁਤਿਯੇ ਦਿਨ ਭਾ ਚਲਨ ਤਯਾਰਾ
॥੪੩॥
ਰਾਖਸ਼ ਹੁਤੋ ਏਕ ਮਗ[1]† ਮਾਂਹੀ। [1]ਰਾਹ। †ਪਾ:-ਬਨ।

{ਮਰਦਾਨਾ ਰਾਖਸ਼ ਦੇ ਕਾਬੂ}

ਤਿਨ ਤਬ ਹੀ ਗਹਿ ਲੀਨ ਤਹਾਂ ਹੀ।
ਨਿਜ ਸਥਾਨ ਗਹਿ ਕਰਿ ਸੋ ਗਵਨਾ[1]। [1]ਗਿਆ।
ਬਿਨ ਸਤਿਗੁਰੂ ਛੁਟਾਵਹਿ† ਕਵਨਾ[1] [1]ਕੌਣ ਛੁਡਾਵੇ। †ਪਾ:-ਛੁਰਾਵਹ, ਛੁਡਾਵਹਿ।
॥੪੪॥
ਭੈ ਕਰਿ ਕੰਪਤਿ ਤਨ ਮਰਦਾਨਾ।
ਪੀਤ ਭਯੋ ਮੁਖ, ਥੁਕ ਸੁਕਾਨਾ।
ਦੁਤਿਯ ਨ ਕੋਊ ਤਹਾਂ ਨਿਹਾਰਾ।

ਕਿਸ ਪਹਿ ਕਰਹਿ ਪੁਕਾਰ ਵਿਚਾਰਾ ॥੪੫॥

ਦਾਰੁਨ ਜਹਿਂ ਕਾਨਨ[1] ਗੰਭੀਰਾ[2]। — [1]ਬਨ। [2]ਗਹਿਰਾ।
ਤਜੀ ਧੀਰ[1] ਹ੍ਵੈ ਗੋ[2] ਭੈ ਭੀਰਾ[3]। — [1]ਧੀਰਜ। [2]ਹੋ ਗਿਆ। [3]ਡਰ ਨਾਲ ਭੈਭੀਤ।
ਜਾਨਜੋ -ਜੀਵਨ ਅਬ ਨਹਿਂ ਮੇਰੋ।
ਬਚਨ ਨ ਮਾਨਜੋਂ ਮਨਿ ਗੁਰੁ ਕੇਰੋ ॥੪੬॥

ਯੱਦਜਪਿ[1] ਕੀਨੋ ਹੈ[†] ਅਪਰਾਧਾ। — [1]ਭਾਵੇਂ। [†]ਪਾ:-ਮੈਂ।
ਅਹੈ ਜਥਾਰਥ[1] ਮੋ ਕੋ ਬਾਧਾ[2]। — [1]ਠੀਕ। [2]ਬੰਨ੍ਹਣਾ। (ਅ) ਬੱਧ ਕਰਨਾ (ੲ) ਪੀੜਾ, ਦੁਖ।
ਤਦਪਿ[1] ਕ੍ਰਿਪਾਲ ਬਿਰਦ[2] ਤਿਨ ਕੇਰਾ। — [1]ਤਾਂ ਭੀ। [2]ਧਰਮ।
ਭੈ ਕਾਟਹਿਂਗੇ ਸ਼੍ਰੀ ਪ੍ਰਭੁ ਮੇਰਾ- ॥੪੭॥

ਅਸ ਵਿਚਾਰ ਕਰਿ ਧਰਿ ਉਰ ਧਜਾਨਾ।
-ਇਸ ਰਾਖ਼ਸ਼ ਤੇ ਕਰਹੁ ਮੁਚਾਨਾ।
ਬਹੁਰ ਨ ਹੋਰੌਂ[1] ਬਚਨ ਤੁਮਾਰਾ। — [1]ਨਾ ਮੋੜਾਂਗਾ।
ਦੀਨ ਬੰਧੁ ਪ੍ਰਭੁ! ਅਭੈ ਦਤਾਰਾ[†1]- ॥੪੮॥ — [1]ਹੇ ਅਭਯਤਾ ਦੇ ਦਾਤੇ। [†]ਪਾ:-ਅਹੈ ਤੁਮਾਰਾ।

ਤਿਹ ਛਿਨ ਸ਼੍ਰੀ ਨਾਨਕ ਸੁਖਦਾਨੀ।
ਬਿਗਸੇ ਮੁਝ ਸੋਂ ਬੋਲੇ ਬਾਨੀ।
'ਰਾਖਸ਼ ਨੈ ਗਹਿ ਲਿਯ ਮਰਦਾਨਾ।
ਤਲੈ ਤੇਲ ਮਹਿਂ ਕਰਿਹੀ ਖਾਨਾ' ॥੪੯॥

ਦੋਹਰਾ:
ਸੁਨਿ ਕਰਿ ਮੈਂ ਦ੍ਵੈ ਬੰਦ ਕਰਿ,
ਸ਼੍ਰੀ ਗੁਰੁ ਸੋਂ ਬਚ ਪ੍ਰਾਹਿ[1]। — [1]ਕਹਿਆ।
'ਗੈਲ[1] ਬਲਾਇ ਜੁ ਤੁਮ ਕਹਾ, — [1]ਰਸਤੇ।
ਮਿਲੀ ਚਾਹਿਯੇ ਤਾਂਹਿ ॥੫੦॥

ਚੌਪਈ:
ਅਫਲ ਬਚਨ ਕਿਉਂ ਹੋਇ ਤੁਮਾਰਾ।
ਜਿਹ ਕੇ ਤੀਨ ਲੋਗ ਅਨੁਸਾਰਾ।
ਰਹੇ ਹਟਾਇ ਨ ਮਾਨਹਿ ਮੂਢਾ।
ਨਿਜ ਕੁਟੰਬ ਕੇ ਮੋਹ ਅਰੂਢਾ' ॥੫੧॥

ਮੁਝ ਸੋਂ ਸ੍ਰੀ ਗੁਰ ਬਚਨ ਬਖਾਨਾ।

{ਗੁਰੂ ਜੀ ਦਾ ਬਿਰਦ}

'ਚਲਹੁ ਬੇਗ ਤਿੰਹ ਕਰਹਿਂ ਛੁਟਾਨਾ।

ਇਕ ਤੌ ਸੰਗ ਲਏ ਕੀ ਲਾਜਾ†। †ਇਹ ਬਿਰਦਪਾਲ ਬਿਰਦ ਦਾ ਕਮਾਲ ਹੈ।

ਬਹੁਰ ਹਮਾਰੋ ਤਿਹ ਸੋਂ ਕਾਜਾ†'

॥੫੨॥

†ਇਹ ਕ੍ਰਿਤੱਗਜਤਾ ਦਾ ਕਮਾਲ ਹੈ, ਕਿ ਜਿਨ੍ਹਾਂ ਨੂੰ ਕਿਸੇ ਦੀ ਲੋੜ ਨਹੀਂ, ਓਹ ਫਿਰ ਪਿਆਰੇ ਗੋਚਰਾ ਕੰਮ ਦੱਸਦੇ ਹਨ, ਜੋ ਅੱਠ ਪਹਿਰ ਅਖੰਡ ਕੀਰਤਨ ਵਿਚ ਰਹਿੰਦੇ ਹਨ, ਮਰਦਾਨੇ ਦੇ ਕੀਰਤਨ ਦੇ ਐਤਨੇ ਕ੍ਰਿਤੱਗਜ ਹਨ।

ਅਸ ਕਹਿ ਕਰਿ ਗਵਨੇ ਤਤਕਾਲਾ।

ਮੈਂ ਬੂਝੇ ਤਿੰਹ ਸਮੈ ਕ੍ਰਿਪਾਲਾ।

'ਕਿਤਕ ਦੂਰ ਰਾਖ਼ਸ਼ ਕੋ ਥਾਨਾ।

ਹਿਤ ਭੱਖਨ ਜਹਿਂ ਗਹਯੋ ਮ੍ਰਦਾਨਾ

॥੫੩॥

ਹਮ ਪਹੁੰਚਨ ਤੇ ਪੂਰਬ ਸੋਊ।

ਖਾਇ ਜਾਇ[1] ਜਹਿਂ ਬਿਲਮ[2] ਨ ਕੋਊ।' [1]ਮਤਾਂ) ਖਾ ਹੀ ਜਾਏ। [2]ਦੇਰ।

'ਨਹੀਂ ਦੂਰ ਬਹੁ ਨਿਕਟਿ ਪ੍ਰਮਾਨਹੁ।

ਕੋਸ ਇਕਾਦਸ਼ ਪਰ ਪਹਿਚਾਨਹੁਂ'

॥੫੪॥

ਅਸ ਕਹਿ ਮਮ ਕਰ ਸੋਂ ਕਰ ਗਹਿਵਾ।

ਇਕ ਛਿਨ ਮਹਿਂ ਆਵਤਿ ਭੇ ਤਹਿਂਵਾ[1]। [1]ਤਿੱਥੇ।

ਕਾਨਨ[1] ਦੀਰਘ[2] ਦਾਰੁਨ[3] ਭਾਰੀ। [1]ਜੰਗਲ। [2]ਬੜਾ। [3]ਭਯਾਨਕ।

ਰਾਕਸ਼ ਕੋ ਘਰ ਤਾਂਹਿ ਮਝਾਰੀ ॥੫੫॥

ਦੋਹਰਾ:

ਮਰਦਾਨੇ ਕੋ ਦੇਖਿ ਕਰਿ,

ਬਿਗਸਤਿ ਗਿਰਾ ਅਲਾਇ।

'ਕਿਉਂ ਬੈਠੇ ਘਰ ਜਾਤਿ ਨਹਿਂ?

ਸੁਧਿ ਨਿਜ ਦੇਹੁ ਬਤਾਇ' ॥੫੬॥

ਚੌਪਈ:

ਸੁਨਿ ਲੱਜਤਿ ਹੋਇਓ ਮਰਦਾਨਾ।

ਗ੍ਰੀਵ ਨੀਚ ਕਰਿ ਕਛੁ ਨ ਬਖਾਨਾ।

ਰਿਦੈ ਵਿਖੈ ਹਰਖਤਿ ਬਹੁ ਭਯੋ।

-ਜੀਵਨ ਜਾਨ ਜਨਮ ਮਮ ਨਯੋ-
॥੫੭॥
ਮੁਝ ਸੋਂ ਬੋਲੇ ਦੀਨ ਦਯਾਲਾ।
'ਇਹੁ ਜੁ ਕਰਾਹਾ[1] ਤਪਤ ਬਿਸਾਲਾ।
ਤਿਸ ਮਹਿਂ ਮਰਦਾਨੇ ਕੋ ਪਾਵਹਿ॥
ਤਲ ਕੈ ਤੇਲ ਵਿਖੈ ਪੁਨ ਖਾਵਹਿ
॥੫੮॥
ਦੁਰੇ[1] ਰਹੈਂ ਨਹਿਂ ਦੇਇਂ ਦਿਖਾਈ।'
ਸੁਨਿ ਕਰਿ ਮੈਂ ਪੁਨ ਗਿਰਾ ਅਲਾਈ।
'ਨਹਿਂ ਆਏ ਜੈਸੇ ਤੁਮ ਆਏ।
ਜੇ ਰਾਖਸ਼ ਤਲ ਲੇਵਹਿ ਖਾਏ ॥੫੯॥
ਦੋਹਰਾ:
ਸੋ ਬਿਧਿ ਪੂਰਬ[1] ਕੀਜਿਯੇ,
ਜਿਹ ਬਿਧਿ ਛੂਟਹਿ ਸੋਇ।
ਕਿੰਕਰ ਅਪਨੋ ਜਾਨੀਐ,
ਪਤਨ[1] ਨ ਇਹ ਕੋ ਹੋਇ' ॥੬੦॥
ਚੌਪਈ:
ਸ੍ਰੀ ਗੁਰ ਭਾਖਹਿਂ 'ਦੇਖਿ ਤਮਾਸ਼ਾ।
ਜੋ ਕਰਤਾਰ ਦਿਖਾਇ ਬਿਲਾਸਾ।'
ਨਹਿਂ ਰਾਖਸ਼ ਕੋ ਦੇਇਂ ਦਿਖਾਈ।
ਮਰਦਾਨਾ ਦੇਖਹਿ ਗੁਰੁ ਤਾਂਈ ॥੬੧॥
ਤਪਜੋ ਤੇਲ ਜਬ ਅਗਨਿ ਸਮਾਨਾ।
ਖਲ ਨੇ ਗਹਿ ਲੀਨੋ ਮਰਦਾਨਾ।
ਬਲ ਕੇ ਸੰਗ ਤੇਲ ਮਹਿਂ ਡਾਰਾ।
ਘਿਘ ਕੈ[1] ਸ੍ਰੀ ਗੁਰੁ ਨਾਮ ਉਚਾਰਾ
॥੬੨॥
'ਤ੍ਰਾਹਿ ਤ੍ਰਾਹਿ[1]! ਨਿਜ† ਬਿਰਦ
ਸੰਭਾਰਹੁ!
ਪਾਹਿ ਪਾਹਿ[1]! ਮੁਝ ਜਰਤਿ ਉਬਾਰਹੁ।
ਗੁਨਹਿ[1] ਗੁਨਨ ਕੋ[2] ਅਬ ਨਹਿਂ ਕਲਾ।
ਰੱਛਾ ਕੋ ਇਹ ਸਮਹਿਂ[1] ਕ੍ਰਿਪਾਲਾ!'
॥੬੩॥

[1]ਕੜਾਹਾ।
[1]ਛਿਪੇ ਰਹੀਏ।
[1]ਪਹਿਲੇ।
[1]ਨਾਸ਼।
[1]ਬਿਹਬਲ ਹੋਕੇ।
[1]ਰੱਖਿਆ ਕਰੋ, ਰੱਖਿਆ ਕਰੋ। †ਪਾ:-ਸ੍ਰੀ।
[1]ਰਖੋ, ਰਖੋ।
[1]ਗੁਨਾਹਾਂ ਨੂੰ। [2]ਗਿਣਨੇ ਦਾ।
[1]ਵੇਲਾ।

ਦੋਹਰਾ:

ਤੇਲ ਭਯੋ ਸੀਤਲ ਤਬਹਿ,
ਦੇਹਿ ਪਰਸ ਕਰ ਸੋਇ।
ਪਾਵਕ ਤੇਜ[1] ਨ ਛੁਹਿ ਸਕਾ, — [1]ਅਗਨੀ ਦਾ ਸੇਕ।
ਜਿਉਂ ਹਿਮ ਰਿਤੁ ਕੋ[1] ਤੋਇ[2] ॥੬੪॥ — [1]ਸਿਆਲੇ ਦਾ। [2]ਪਾਣੀ।

ਚੌਪਈ:

ਨਿਜ ਸਰੂਪ ਗੁਰੁ ਤਬਹਿ ਦਿਖਾਯਾ।
ਦੇਖਤਿ ਰਾਖਸ਼ ਵਾਕ ਅਲਾਯਾ।
'ਕੋ ਹੈਂ ਤੂੰ ਕਿਂਹ ਤੇ ਚਲਿ ਆਯੋ?
ਤਪਤ ਕਰਾਹਾ ਜਿਨ ਸਿਤਲਾਯੋ[1]' ॥੬੫॥ — [1]ਠੰਢਾ ਕਰ ਦਿੱਤਾ ਹੈ।

ਬਿਗਸੇ ਸ਼੍ਰੀ ਮੁਖ ਬਚਨ ਬਖਾਨਾ।
'ਕੌਡਾ! ਕਰਿ ਤੂੰ ਇਹ ਕੋ ਖਾਨਾ।
ਕਿਉਂ ਭੱਖਨ ਮਹਿਂ ਕੀਨੀ ਦੇਰਾ।
ਬਿਨਾ ਤਲੇ ਭਖਿ[1] ਭੋਜਨ ਤੇਰਾ' ॥੬੬॥ — [1]ਖਾਹ।

ਬਿਸਮਯੋ ਰਾਖਸ਼ ਵਾਕ ਉਚਾਰਾ।
'ਤੁਮ ਕਿਉਂ[†] ਜਾਨ ਤਿਨਾਮ ਹਮਾਰਾ। — [†]ਪਾ:-ਕਿਮ।
ਪੂਰਬ ਕਬਹਿ ਨ ਮਿਲਨਾ ਭਯੋ।
ਅਬਹਿ ਸਰੂਪ ਬਿਲੋਕਯੋ ਨਯੋ' ॥੬੭॥

ਦੋਹਰਾ:

ਅਸ ਪ੍ਰਕਾਰ ਮੁਖ ਕਹਿਤਿ ਹੀ,
ਉਪਜਯੋ ਪੂਰਬ ਗਯਾਨ।
ਦਰਸ਼ਨ ਕੇ ਪਰਤਾਪ ਤੇ,
ਭਈ ਸ੍ਰਾਪ ਕੀ ਹਾਨਿ[1] ॥੬੮॥ — [1]ਨਾਸ਼।

ਚੌਪਈ:

ਸੁਧ ਕੋ ਪਾਇ ਮੁਕਰ[1] ਨਿਜ ਲਯਾਯੋ। — [1]ਸ਼ੀਸ਼ਾ।

{ਅਦਭੁਤ ਸ਼ੀਸ਼ਾ}

ਸ਼੍ਰੀ ਗੁਰੁ ਆਗੈ ਧਰਿ ਦਿਖਰਾਯੋ।
ਜਬ ਪ੍ਰਤਿਬਿੰਬ[1] ਦੇਖਿ ਮੁਖ ਕੇਰਾ। — [1]ਅਕਸ।
ਪਰਯੋ ਚਰਨ ਪਰ ਹ੍ਵੈ ਬਿਨ ਦੇਰਾ

॥੬੯॥

ਕਰਿ ਬੰਦਨ ਹੋਯੋ ਪੁਨਿ ਠਾਂਢਾ।
ਮਨ ਅਨੁਰਾਗ ਅਧਿਕ ਜਿਹ ਬਾਢਾ।
ਬੰਦ ਹਾਥ ਦ੍ਵੈ ਗੁਰੂ ਅਗਾਰੀ।
ਗਦਗਦ ਗਿਰਾ ਹਰਖ ਉਰਿ ਭਾਰੀ

॥੭੦॥

ਕਮਲ ਬਦਨ ਬੂਝਤਿ ਤਿੰਹ ਤਾਈਂ।
'ਬ੍ਰਿਥਾ[1] ਆਪਨੀ ਦੇਹੁ ਬਤਾਈ।' [1]ਕਹਾਣੀ।
[1] 'ਪੂਰਬ ਦਿਹੁ ਰਜਾਇ, ਗੁਨ ਮੰਦਿਰ! [1]ਕੌਡਾ ਬੋਲਿਆ।
ਆਨੋਂ ਭੇਟਿ ਮਧੁਰ ਫਲ ਸੁੰਦਰ

॥੭੧॥

ਬਹੁਰੋ ਉਚਰੋਂ ਅਪਨੀ ਗਾਥਾ।
ਜਿਸ ਪ੍ਰਕਾਰ ਬੀਤੀ ਮੁਝ ਸਾਥਾ।'
ਆਇਸ ਪਾਇ ਗਯੋ ਬਨ ਮਾਂਹੀ।
ਜਿਹ ਠਾਂ ਸੁਫਲੇ ਬਿਟਪ[1] ਸੁਹਾਹੀਂ [1]ਫਲਾਂ ਵਾਲੇ ਬ੍ਰਿੱਛ।

॥੭੨॥

ਬੀਨ ਬੀਨ ਕੈ ਮਧੁਰੇ ਆਨੇ।
ਜਿਨਹਿ ਦੇਖ ਮੁਨਿ ਮਨ ਲਲਚਾਨੇ।
ਸਰਬ ਧਰੇ ਜਬ ਗੁਰੂ ਅਗਾਰੀ।
ਬਿਗਸਿ ਬਦਨ ਤੇ ਗਿਰਾ ਉਚਾਰੀ

॥੭੩॥

'ਮਰਦਾਨਾ ਅਪਨਾ ਗੁਰੁ[†] ਮਾਨਹੁਂ।

[†]ਇਥੇ ਗੁਰ ਤੋਂ ਮੁਰਾਦ 'ਗੁਰ ਅਵਤਾਰ' ਨਹੀਂ, ਜੋ ਗੁਰੂ ਸਾਹਿਬ ਆਪ ਸੇ, ਪਰ ਮੁਰਾਦ ਹੈ, ਗੁਰਮੁਖ ਯਾ ਮੁਰਸ਼ਿਦ ਤੋਂ, ਨਾਮ ਦਾਤਾ। ਇਸ ਵਿੱਚ ਕਟਾਖਸ਼ ਇਹ ਹੈ ਕਿ ਜਿਸ ਨੂੰ, ਹੇ ਕੌਡੇ! ਤੂੰ! 'ਖਾਣ ਯੋਗ' ਮਾਸ ਦਾ ਲੋਥੜਾ ਸਮਝਿਆ ਸੀ, ਉਹ ਪਰਮੇਸ਼ੁਰ ਦੇ ਨਾਮ ਵਾਲਾ ਹੈ, ਤੇ ਤੇਰੀ ਕਲਜ਼ਾਨ ਦਾ ਸਹਾਯਕ ਹੋਣ ਯੋਗ ਸੰਤ ਹੈ। ਏਥੇ ਵੀ ਸਤਿਗੁਰੂ ਜੀ ਨੇ ਆਪਣਾ 'ਦਾਸ ਨਿਵਾਜਨ ਬਿਰਦ' ਦਿਖਾਇਆ ਹੈ। ਪਰ ਦੇਖੋ ਇਹ ਸੁਣ ਕੇ ਭੀ ਸ੍ਰੀ ਮਰਦਾਨਾ ਜੀ ਨਿਜ ਨੂੰ ਦਾਸ ਹੀ ਪ੍ਰਗਟ ਕਰ ਰਹੇ ਹਨ।

ਫਲ ਧਰਿ ਆਗੇ ਬੰਦਨ ਠਾਨਹੁਂ।
ਪੂਜਾ ਕੀਜਹਿ ਹੋਇ ਉਧਾਰਾ।'
ਸੁਨਿ ਕੌਡੇ ਪੁਨ ਬਚਨ ਉਚਾਰਾ

॥੭੪॥

'ਸੀਸ ਮੁਕਟ ਅਬ ਹੈ ਇਹ ਮੇਰਾ।
ਜਾਂ ਕੇ ਮਿਲੇ ਅਨੰਦ ਘਨੇਰਾ।'
ਹਰਖਤਿ ਹ੍ਵੈ ਬੋਲਯੋ ਮਰਦਾਨਾ।
'ਸਭਿ ਪ੍ਰਾਪਤਿ ਮੁਝ, ਹੇ ਗਤਿਦਾਨਾ!
॥੭੫॥
ਬਖਸ਼ਹੁ ਖ਼ਤਾ ਕੀਨਿ ਮੈਂ ਭਾਰੀ।
ਮੇਟਨ ਕਰੀ ਰਜਾਇ ਤੁਮਾਰੀ।
ਨਿਜ ਪ੍ਰਸੰਨਤਾ ਮੋ ਪਰ ਕੀਜੈ।
ਸਦਾ ਸੰਗਿ ਅਬ ਮੁਝੈ ਰਖੀਜੈ'
॥੭੬॥
ਸ਼੍ਰੀ ਮੁਖ ਕਹੈਂ 'ਸਦਾ ਸੁਪ੍ਰਸੰਨਾ।
ਤੂੰ ਸੰਗ ਰਹਉ ਸਦਾ ਸੁਖ ਮੰਨਾ[1]। [1]ਮੰਨਕੇ।
ਛੁਧਾ ਲਗੀ ਹ੍ਵੈ ਹੈ ਤੁਝ ਤਾਂਈ।
ਖਾਹੁ ਮਧੁਰ ਫਲ ਕੋ ਤ੍ਰਿਪਤਾਈ'
॥੭੭॥
ਮੈਂ ਆਇਸ ਲੇ ਕਰਿ ਤਿਹ ਕਾਲਾ।
ਜੇ ਫਲ ਸੁੰਦਰ ਮਧੁਰ ਬਿਸਾਲਾ।
ਧਰੇ ਗੁਰੂ ਆਗੈ ਰਸ ਪੂਰੇ।
ਪੁਨ ਮਰਦਾਨੇ ਕੋ ਦਿਯ ਰੂਰੇ[1] ॥੭੮॥ [1]ਸੁੰਦਰ।
ਨਿਜ ਅਹਾਰ ਮੈਂ ਲੀਨ ਬਹੋਰੀ।
ਅਚੇ[1] ਮਧੁਰ ਜਿਨ ਸਾਦ ਨ ਥੋਰੀ। [1]ਖਾਧੇ।
ਫਲ ਜਿ ਹੁਤੇ ਆਗੇ ਸੁਖਦਾਈ[1]। [1]ਭਾਵ ਗੁਰੂ ਜੀ ਦੇ।
ਸੋ ਉਚਾਇ[1] ਦਿਯ ਰਾਖ਼ਸ਼ ਤਾਈਂ [1]ਚੁੱਕ ਕੇ।
॥੭੯॥
ਜਬ ਕੌਡੇ ਕਿਯ ਮੁਖ ਮੈਂ ਪਾਵਨ।
ਤਤਛਿਨ ਕਰੀ ਦੇਹਿ ਪਲਟਾਵਨ।
ਸੁਰ ਸਰੂਪ ਹ੍ਵੈ ਉਸਤਤਿ ਠਾਨੀ।
'ਨਮੋ ਨਮੋ ਕਰਤਾ ਚਹੁੰਖਾਨੀ[1]! [1]ਚਾਰ ਖਾਣੀਆਂ ਦੇ।
॥੮੦॥
ਨਿਰਗੁਨ ਸਰਗੁਨ ਤੋਰ ਸਰੂਪਾ।
ਮਨ ਬਾਨੀ ਤੇ ਪਰੈ ਅਨੂਪਾ।

ਪਾਰਬ੍ਰਹਮ ਪਰਮੇਸ਼ੁਰ ਸ੍ਵਾਮੀ।
ਮੋਰ[1] ਨਮਾਮਿ[2] ਨਮਾਮਿ ਨਮਾਮੀ ॥੮੧॥ [1]ਮੇਰੀ। [2]ਨਮਸਕਾਰ।

ਭਗਤਿ ਵਛਲ ਦੀਨਨਿ ਦੁਖ ਭੰਜਨ!
ਜੈ! ਜੈ! ਜੈ! ਮੁਨਿ ਜਨ ਮਨ ਰੰਜਨ।
ਸੰਤ ਵਿਰੋਧਿਨ ਕੋ[1] ਨਿਤ ਘਾਲਿਕ। [1]ਵਿਰੋਧੀਆਂ ਨੂੰ।
ਧਰਮ ਸੇਤ[1] ਜਗ ਮਹਿਂ ਪ੍ਰਤਿਪਾਲਕ! ॥੮੨॥ [1]ਮਰਯਾਦਾ।

ਪੁਨ ਬੰਦਨ ਤਵ ਪਦ ਭਗਵੰਤਾ!
ਸੁਨਹੁ ਭਯੋ ਜਿਵ ਮਮ ਵਿਰਤੰਤਾ।
ਤੁਮ ਅੰਤਰਜਾਮੀ ਸਭਿ ਜਾਨੋ।
ਤਦਪਿ ਨਿਦੇਸ਼ਹਿ[1] ਮੰਨਿ ਬਖਾਨੋ ॥੮੩॥ [1]ਆਗਯਾ।

ਪੂਰਬ ਜਨਮ ਹੁਤੋ[1] ਦਿਜ ਮੇਰਾ। [1]ਸੀ।
{ਕੌਡੇ ਦਾ ਪੂਰਬ ਪ੍ਰਸੰਗ}
ਪਠਿ[1] ਵਿੱਦਯਾ ਮਨ ਮਾਨ ਘਨੇਰਾ। [1]ਪੜ੍ਹ। +ਪਾ:-ਕਰੀਅਹਿ।
ਏਕ ਦਿਵਸ ਮਮ ਗੁਰੁ ਤਤਬੇਤਾ[1]। [1]ਤੱਤ੍ਵ ਗਯਾਨੀ।
ਆਵਾ ਸਹਿਜ ਸੁਭਾਵ ਨਿਕੇਤਾ ॥੮੪॥

ਨਹਿਂ ਉਠਿ ਕਰਿ ਸਨਮਾਨਤਿ ਕੀਨਾ।
ਅਹਿਮਤ[1] ਧਰਿ ਆਸਨ ਆਸੀਨਾ[2]। [1]ਸਰਪ ਬੁਧੀ, ਫਨੀਅਰ ਸੱਪ ਦੀ ਆਕੜੀ ਧੌਣ ਵਲ ਇਸ਼ਾਰਾ ਹੈ ਕਿ ਆਕੜ ਨਾਲ ਨਿਵਿਆਂ ਨਾ। (ਅ) ਅਹਮਮਤਿ=ਹੰਕਾਰ। [2]ਆਸਨ ਤੇ ਬੈਠਾ ਰਹਿਆ।
ਦੇਖਿ ਅਵੱਗਯਾ ਗੁਰੁ ਰਿਸ ਕਰਿ ਕੈ।
ਮੁਝ ਇਉਂ ਦੀਨੋ ਸ੍ਰਾਪ ਉਚਰਿ ਕੈ ॥੮੫॥

-ਅਸ ਵਿੱਪ੍ਰੀਤਿ ਜੁ ਤੈਂ ਮਨ ਠਾਨੀ।
ਕਛੂ ਨ ਬਿਗਰਹਿ ਮੁਝ, ਹੇ† ਮਾਨੀ![1] ‡। [1]ਹੰਕਾਰੀ। †ਪਾ:-ਰੇ। ‡ਪਾ:-ਕੁਛ ਨਹਿ ਬਿਗਰਹਿ ਰੇ ਉਰ ਮਾਨੀ।
ਯਾਂ ਕੋ ਫਲ ਜੇ ਤੂੰ ਨਹਿਂ ਪਾਵੈਂ।
ਤੌ ਸ਼ੁਭ ਰੀਤਿ ਜਗਤ ਮਿਟ ਜਾਵੈ ॥੮੬॥

ਤਾਂ ਤੇ ਤੂੰ ਰਾਖਸ਼ ਤਨ ਪਾਈ।
ਕਰਹੁ ਕੁਕਰਮ ਧਰਮ ਬਿਸਰਾਈ।
ਅਸ ਪ੍ਰਕਾਰ ਸੁਨਿ ਗੁਰੁ ਕੋ ਸ੍ਰਾਪਾ।
ਮੈਂ ਭੈ ਭੀਤਿ ਭਯੋ ਬਹੁ ਕਾਂਪਾ ॥੮੭॥
-ਹੇ ਗੁਰੁ! ਮੈਂ ਅਪਰਾਧ ਜੁ ਕੀਨੋ।
ਤਾਂ ਕੋ ਫਲ ਰਾਖਸ ਤਨ ਦੀਨੋ†।

†ਤਨ ਤੋਂ ਮੁਰਾਦ-ਸੁਭਾਵ-ਦੀ ਹੈ। ਜਦ ਸੁਭਾਵ ਹਿੰਸਕ ਤੇ ਸ਼ਰੀਰ ਮੰਦਕਰਮੀ ਹੋ ਜਾਵੇ ਤਾਂ ਨੁਹਾਰ ਬੀ ਭਜਾਨਕ ਤੇ ਡਰਾਵਣੀ ਹੋ ਜਾਂਦੀ ਹੈ। ਆਰਯ ਕੁਲ ਦੇ ਲੋਕ ਜਿਨ੍ਹਾਂ ਦੀ ਬੋਲੀ ਪੁਰਾਤਨ ਸੰਸਕ੍ਰਿਤ ਸੀ, ਜਦ ਹਿੰਦ ਵਿਚ ਆਏ ਤਾਂ ਏਥੋਂ ਦੇ ਅਸਲੀ ਲੋਕਾਂ ਨੂੰ ਰਾਕਸ਼ ਕਹਿੰਦੇ ਸਨ। ਆਰਯ ਗੋਰੇ ਤੇ ਸਡੌਲ ਚੇਹਰੇ ਵਾਲੇ ਸਨ, ਏਹ ਲੋਕ ਸਾਂਵਲੇ ਕਾਲੇ ਤੇ ਨਕਸ਼ਾਂ ਦੇ ਓਹੇ ਜਹੇ ਸਡੌਲ ਨਹੀਂ ਸੇ। ਭੀਲ ਗੋਂਡ ਆਦਿ ਲੋਕ ਉਨ੍ਹਾਂ ਪਹਿਲੀਆਂ ਕੌਮਾਂ ਦੇ ਅਜੇ ਤਕ ਹਿੰਦ ਵਿਚ ਹਨ ਜਿਨ੍ਹਾਂ ਨੂੰ ਰਾਕਸ਼ ਕਹਿੰਦੇ ਹੁੰਦੇ ਸਨ, ਆਪਣਾ ਦੇਸ਼ ਖੁਹਾ ਬੈਠਣ ਕਰਕੇ ਏਹ ਲੋਕ ਆਰਯ ਹਮਲਾਆਵਰਾਂ ਅਤੇ ਦੇਸ਼ ਸਾਂਭ ਲੈਣ ਵਾਲਿਆਂ ਤੇ ਲੁਕ ਛਿਪਕੇ ਲਗੇ ਦਾਉ ਬੜੇ ਅਤਯਾਚਾਰ ਕਰਦੇ ਹੁੰਦੇ ਸਨ, ਕਈ ਰਾਕਸ਼ ਆਦਮ ਖੋਰ ਵੀ ਹੁੰਦੇ ਸਨ ਤੇ ਜਗਤ ਦੇ ਕਈ ਥਾਈਂ ਅਜੇ ਬੀ ਆਦਮ ਖੋਰ ਲੋਕ ਹਨ। ਨਿਜ ਗੁਰੂ ਦੇ ਸ੍ਰਾਪ ਨਾਲ 'ਕੌਡਾ' ਆਦਮ ਖੋਰ ਰਾਖਸ਼ ਬ੍ਰਿਤੀ ਵਾਲਾ ਹੋ ਰਿਹਾ ਸੀ।

ਕਬ ਲੌ ਭੋਗੋਂ ਗੋ ਦੁਖ ਭਾਰੀ।
ਕ੍ਰਿਪਾ ਧਾਰਿ ਸੋ ਕਰਹੁ ਉਚਾਰੀ?-
॥੮੮॥
ਗੁਰੁ ਦਯਾਲਤਾ ਮਹਿਂ ਮਨ ਭੀਨਾ।
ਐਸੇ ਬਚਨ ਉਚਾਰਨ ਕੀਨਾ।
-ਏਕੰਕਾਰ ਧਰੈ ਅਵਤਾਰਾ।
ਤਿਨਿ ਕੇ ਮਿਲੇ ਹੋਇ ਨਿਸਤਾਰਾ-
॥੮੯॥
-ਹੇ ਗੁਰ! ਮੈਂ ਤਿਨ ਕੋ ਕਿਵ ਜਾਨੋਂ।
ਕ੍ਰਿਪਾ ਕਰਹੁ ਸੋ ਭਾਂਤਿ ਬਖਾਨੋ[1]? [1]ਕਹੋ।
-ਸੁਨਿ ਕੈ ਮੁਝ ਕੋ ਦਰਪਨ[1] ਦੀਨਾ। [1]ਸ਼ੀਸ਼ਾ।
ਕਹਯੋ ਕਿ -ਇਸ ਤੇ ਲੇਵਹੁ ਚੀਨਾ[1] [1]ਜਾਣ। (ਅ) ਪਛਾਣ।
॥੯੦॥
ਯਾ ਮੈ ਪਰ ਪ੍ਰਤਿਬਿੰਬ[1] ਸੁ ਜਾਂ ਕੋ। [1]ਅਕਸ।
ਪੁਨ ਮਾਨੁਖ ਮੁਖ ਦੀਸਹਿ ਤਾਂ ਕੋ।
ਸੋ ਜਾਨਹੁ ਇਹੁ ਹੈ ਅਵਤਾਰਾ।
ਤਿਸ ਤੇ ਤੇਰੋ ਹੋਇ ਉਧਾਰਾ ॥੯੧॥
ਅਨਿਕ ਜਨਮ ਜਿਹ ਨਰ ਜਗ ਪਾਏ।

ਨਾਨਾ[1] ਜੋਨਿ ਵਿਖੈ ਜੋ ਆਏ। [1]ਕਈ ਤਰ੍ਹਾਂ ਦੀਆਂ।
ਤਿਨ ਕੇ ਮੁਖ ਇਸ ਦਰਪਨ ਮਾਂਹੀ।
ਮਾਨੁਖ ਕੇ ਦੀਸਹਿ ਕਬਿ ਨਾਂਹੀ-
॥੯੨॥

ਗੁਰ ਤੇ ਲੇ ਕਰਿ ਮੁਕਰ ਸੁ ਆਵਾ।
ਤਬ ਕੋ ਮੈਂ ਇਹ ਥਾਨ ਰਹਾਵਾ।
ਗਹਿ ਕਰ ਆਨੇ ਮਨੁਜ ਘਨੇਰੇ।
ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ
॥੯੩॥

ਸੂਕਰ[1], ਕੂਕਰ[2] ਖਰ[3], ਖਗ[4], ਸ਼ੇਰਾ। [1]ਸੂਰ। [2]ਕੁੱਤੇ। [3]ਗਧੇ। [4]ਪੰਛੀ।
ਇਤਿਜਾਦਿਕ ਸਭਿ ਕੋ ਮੁਖ ਹੇਰਾ[†]।

[†]ਇਹ ਜੀਵਾਂ ਦੀਆਂ ਬ੍ਰਿਤੀਆਂ ਵੱਲ ਇਸ਼ਾਰਾ ਹੈ, ਕਿ ਸ਼ਰੀਰ ਮਨੁਖ ਤਾਂ ਸਭ ਦਾ ਦਿੱਸਦਾ ਹੈ, ਪਰ ਅੰਦਰ ਸੁਰਤ ਤੇ ਮਨ ਤੇ ਰੁਖ਼ ਪਸ਼ੂਆਂ ਵਰਗੇ ਹੁੰਦੇ ਹਨ। ਬ੍ਰਿਤੀ ਪਸ਼ੂ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਦੇ ਹਨ ਕਿ ਨਾਮ ਜਪਣ ਵਾਲੇ ਦੀ ਬ੍ਰਿਤੀ 'ਮਾਨੁਖ ਬ੍ਰਿਤੀ' ਹੁੰਦੀ ਹੈ, ਉਸ ਨੂੰ-ਜਨ-ਲਿਖਦੇ ਹਨ। ਬਾਕੀ ਭੁੱਲ ਵਿਚ ਰਹਿਣ ਵਾਲੇ ਖੁਦਗਰਜ਼ ਤੇ ਪਾਪੀ ਦੂਸਰੇ ਦਾ ਬੁਰਾ ਕਰਕੇ ਰੀਝਣ ਵਾਲੇ ਕੁਕਰਮੀ, ਪਸ਼ੂ ਬ੍ਰਿਤੀ ਹੋ ਜਾਣ ਕਰਕੇ ਪਸ਼ੂ ਸਮਾਨ ਹਨ। ਯਥਾ:-'ਬਿਨੁ ਸਿਮਰਨ ਕੂਕਰ ਹਰਕਾਇਆ' ॥ [ਆਦਿ

ਤੁਮਰਾ ਮਾਨੁਖ ਬਦਨ ਦਿਸਾਨਾ।
ਜਿਨ ਕੇ ਪਰਸੇ ਸ੍ਰਾਪ ਮਿਟਾਨਾ
॥੯੪॥

ਅਸ ਬਿਧਿ ਹੁਤੋ ਮੋਹਿ ਬਿਰਤੰਤਾ।
ਅਬ ਦੀਜੈ ਆਇਸ[1] ਭਗਵੰਤਾ। [1]ਆਗਜਾ।
ਪੁੰਨ ਲੋਕ[1] ਕੇ ਵਿਖੈ ਸਿਧਾਊਂ। [1]ਬੈਕੁੰਠ।
ਤੁਮਰੇ ਦਰਸ਼ਨ ਕੋ ਸੁਖ ਪਾਊਂ'
॥੯੫॥

ਸੁਰ ਤਨ ਹ੍ਵੈ, ਕਰਿ ਨਮੋ, ਪਧਾਰਾ[1]। [1]ਗਿਆ।
ਮਰਦਾਨੇ ਕੌਤਕ ਸੁ[†] ਨਿਹਾਰਾ[1]। [1]ਦੇਖਿਆ। [†]ਪਾ:-ਮਰਦਾਨੇ ਸਭ ਚਰਿਤ।
ਬੰਦਨ ਪਦ ਅਰਬਿੰਦ ਕਰੰਤੂ[1]। [1]ਕਰਦਾ ਹੈ।
'ਧੰਨ ਧੰਨ ਪ੍ਰਭੁ! ਧੰਨ' ਭਨੰਤੂ[1] [1]ਕਹਿੰਦਾ ਹੈ।
॥੯੬॥

'ਸ੍ਰੀ ਪ੍ਰਭੁ! ਇਸ ਦਰਪਨ ਕੋ ਲੀਜੈ।
ਹੈ ਅਦਭੁਤ ਨਿਜ ਨਿਕਟਿ ਰਖੀਜੈ।'

ਸੁਨਿ ਕਰਿ ਭਨਹਿਂ ਗਰੀਬ ਨਿਵਾਜੁ[1]। [1]ਗਰੀਬਾਂ ਨੂੰ ਨਿਵਾਜਣੇ ਵਾਲੇ।
'ਇਸ ਦਰਪਨ ਤੇ ਕਜਾ ਹੈ ਕਾਜੁ
॥੯੭॥
ਮੁਕਰ[1] ਵਿਚਾਰ ਰੂਪ ਜਿਨ ਪਾਸਾ। [1]ਸ਼ੀਸ਼ਾ।
{ਵਿਚਾਰ ਰੂਪ ਦਰਪਨ}
ਤਿਨ ਕੋ ਆਤਮ ਹੋਤਿ ਪ੍ਰਕਾਸ਼ਾ।
ਰਾਖਹੁ ਸੋ ਸਦੀਵ ਨਿਜ ਸੰਗਾ।
ਸਦਾ ਅਨੰਦ, ਕਰਹਿ ਭ੍ਰਮ[1] ਭੰਗਾ[2] [1]ਭਰਮਾਂ ਨੂੰ। [2]ਨਾਸ਼ ਕਰਕੇ।
॥੯੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਰਥਰੀ ਔਰ ਕੌਡੇ ਕੋ' ਪ੍ਰਸੰਗ ਬਰਨਨੰ ਨਾਮ ਪੰਚਾਸਮੋਂ ਅਧਜਾਯ ॥੫੦॥

## ੫੧. [ਸਾਰਦਾ ਮੰਗਲ। ਸਾਲਸਰਾਇ ਜੌਹਰੀ]

੫੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੨

{ਕੌਡੇ ਦਾ ਪ੍ਰਸੰਗ ਸੁਣ ਗੁਰੂ ਜੀ ਦੀ ਸਮਾਧਿ} ॥੨॥
{ਬਿਸ਼ੰਭਰਪੁਰ - ਪਟਨਾ} ॥੨੨॥
{ਸਾਲਸ ਰਾਇ ਜੌਹਰੀ} ॥੨੯॥

ਭੁਯੰਗ ਛੰਦ:

ਨਮੋ ਸਾਰਦਾ ਰੂਪ ਦੋਖੰ ਹਰੰਤੀ॥

ਦੋਖੰ=ਦੋਸ਼, ਪਾਪ। (ਅ) ਕਵਿਤਾ ਦੇ ਦੋਖ। ਉਹ ਦੂਖਣ ਜੋ ਕਾਵ੍ਯ ਵਿਚ ਪੈਂਦੇ ਹਨ।

ਸਦਾ ਮੰਗਲਾ ਬੁੱਧਿ ਦੈਨੀ ਜਯੰਤੀ।

ਮੰਗਲ=ਖੁਸ਼ੀ। ਮੰਗਲਾ=ਖੁਸ਼ੀ ਦੀ ਦਾਤੀ। ਜਯੰਤੀ=ਜੈ ਦੀ ਦਾਤੀ।

ਭਵਾ ਭੈਹਰਾ ਦਾਸ ਕੀ ਇੱਛ ਪੂਰਾ।

ਭਵਾ=ਭਵ-ਹੋਂਦ, ਸੰਸਾਰ, ਜਨਮ, ਸ਼ਿਵ, ਮੰਗਲ, ਦੌਲਤ, ਮਾਲ ਪਦਾਰਥ ਵਾਲਾ ਹੋਣ ਦੀ ਦਸ਼ਾ, ਪ੍ਰਾਪਤੀ; ਉੱਚਤਾ, ਕੁਸ਼ਲਤਾ। ਭਵਾ=ਕੁਸ਼ਲਤਾ ਦੀ ਦਾਤੀ।

ਪ੍ਰਕਾਸ਼ੀ ਤੁਹੀ ਚੌਦਹੂੰ ਲੋਕ ਭੂਰਾ† ॥੧॥

ਭੂਰਾ=ਬਹੁਤ, ਸਾਰੇ। [ਸੰਸ. ਭੂਰਿ] ਇਸ ਤੁਕ ਦਾ ਭਾਵ ਇਹ ਹੈ ਕਿ ਹੋਰ ਦੇਵ ਨਿਜ ਉਪਾਸਕਾਂ ਵਿਚ ਪ੍ਰਕਾਸ਼ੇ ਹਨ, ਤੈਨੂੰ ਸਾਰੇ ਲੋਕਾਂ ਵਿਚ ਮਤ ਦੇਸ਼ ਆਦਿ ਸਾਰੇ ਭੇਦ ਛੱਡ ਕੇ ਸਭਨਾਂ ਥਾਵਾਂ ਦੇ ਕਵੀਆਂ ਨੇ ਅਵਾਹਨ ਕੀਤਾ ਹੈ।

ਅਰਥ:

ਨਮਸਕਾਰ ਹੈ ਸ਼ਾਰਦਾ ਦੇ ਰੂਪ ਨੂੰ ਜੋ ਦੂਖਣਾ ਨੂੰ ਦੂਰ ਕਰਦੀ ਹੈ, ਸਦਾ ਖੁਸ਼ੀ ਦੀ ਦਾਤੀ ਹੈ, ਬੁੱਧੀ ਤੇ ਜੈ ਦੀ ਦਾਤੀ ਹੈ, (ਹੇ ਤੂੰਹੀ) ਕੁਸ਼ਲਤਾ ਦੀ ਦਾਤੀਏ! ਦਾਸ ਦਾ ਭੈ (ਵਿਘਨ ਪੈਣ ਦਾ) ਦੂਰ ਕੀਤਾ ਹੈ (ਅਤੇ ਸਰਸ ਕਵਿਤਾ ਲਿਖਣ ਦੀ) ਇੱਛਾ ਪੂਰੀ ਕੀਤੀ ਹੈ, ਤੂੰਹੀ ਚੌਦਾਂ ਲੋਕਾਂ (ਵਿਚ) ਸਾਰੇ ਪ੍ਰਕਾਸ਼ੀ ਹੈਂ।

ਚੌਪਈ:

ਭਰਥਰਿ ਕੌਡੇ ਕੇਰਿ ਪ੍ਰਸੰਗਾ।
ਸੁਨਿ ਸ਼੍ਰੀ ਅੰਗਦਿ ਪ੍ਰੇਮ ਉਮੰਗਾ।
ਲਗੀ ਸਮਾਧਿ ਜੁਟੇ ਜੁਗ ਨੈਨਾ।

{ਕੌਡੇ ਦਾ ਪ੍ਰਸੰਗ ਸੁਣ ਗੁਰੂ ਜੀ ਦੀ ਸਮਾਧਿ}

ਅੰਗ ਅਡੋਲ ਨ ਉਚਰਤਿ ਬੈਨਾ ॥੨॥
ਸ਼੍ਰੋਤਾ[1] ਬਕਤਾ[2] ਹਟਿ ਕਰਿ ਸਭਿ ਹੀ।
ਨਿਜ ਨਿਜ ਥਾਨ ਗਏ ਚਲਿ ਤਬ ਹੀ।
ਬੀਤਿ ਗਏ ਜਬ ਜਾਮ ਸਤਾਈ।
ਤਦਪਿ ਨ ਚੇਤਨਤਾ ਤਨ ਆਈ ॥੩॥
ਖਾਨ ਪਾਨ ਇਸ਼ਨਾਨ ਬਿਹੀਨੇ।
ਬੀਤੇ ਆਸਨ ਏਕ ਅਸੀਨੇ।

[1]ਸੁਣਨ ਵਾਲੇ ਤੇ। [2]ਕਹਿਣ ਵਾਲਾ (ਭਾਈ ਬਾਲਾ)।

ਭੈ ਕਰਿ ਕੋਇ ਨ ਸਕਹਿ ਬੁਲਾਈ।
ਬੈਸੇ ਪਾਸ ਪਿਖੈਂ ਦ੍ਰਿਗ ਲਾਈ[1] ॥੪॥
ਬਹੁਰੋ ਛੁਟੀ ਸਮਾਧਿ ਅਨੰਦਾ।
ਉਠਿ ਕਰਿ ਮੱਜਨ ਕੀਨ ਮੁਕੰਦਾ।
ਖਾਨ ਪਾਨ ਕਰਿਕੈ ਨਿਜ ਸਭਿਹੀ।
ਕਥਾ ਸਮਾਜ ਬੁਲਾਵਾ ਤਬ ਹੀ ॥੫॥
ਸ੍ਰੋਤਾ ਬਕਤਾ ਸਭਿ ਚਲਿ ਆਏ।
ਨਿਜ ਨਿਜ ਆਸਨ ਬੈਠਿ ਸੁਹਾਏ।
ਕਥਾ ਕਥਨ ਲਾਗਜੋ ਤਬ ਬਾਲਾ।
ਸ੍ਰੀ ਅੰਗਦ ਜੀ ਸੁਨਹਿਂ ਕ੍ਰਿਪਾਲਾ ॥੬॥

[1]ਦੇਖਦੇ ਹਨ ਨੀਝ ਲਾ ਕੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਰਾਖਸ਼ ਕੋ ਇਵ ਕੀਨ ਉਧਾਰਾ।
ਆਗੇ ਗਵਨੇ ਮੁਕਤਿ ਉਦਾਰਾ।
ਜਹਿਂ ਕਾਨਨ ਦਾਰੁਨ ਹੈ ਸਗਰਾ।
ਨਿਕਟ ਨ ਜਾਂ ਕੇ ਕਿਹ ਠਾਂ ਨਗਰਾ ॥੭॥
ਮੰਦ ਮੰਦ ਤਹਿਂ ਕੀਨ ਪਯਾਨਾ।
ਤਿੰਹ ਛਿਨ ਕਹਿਨ ਲਗਾ ਮਰਦਾਨਾ।
'ਹੇ ਪ੍ਰਭੁ ਮੋਕੋ ਛੁਧਾ ਸੰਤਾਯੋ।
ਬਿਤੇ ਕਿਤਕਿ ਦਿਨ ਅਸਨ ਨ ਖਾਯੋ ॥੮॥
ਚਲਿ ਨ ਸਕੌਂ ਇਕ ਪੈਰ ਅਗਾਰੀ।
ਨਿਕਟ ਨ ਪੁਰਿ ਚਹੁਂ ਦਿਸ਼ ਬਨ ਭਾਰੀ।'
ਸੁਨਿ ਬੋਲੇ ਬੇਦੀ ਕੁਲਦੀਪਾ।
'ਧੀਰ ਧਰਹੁ ਹੈ ਨਗਰ ਸਮੀਪਾ' ॥੯॥
ਇਵ ਵਿਲਾਂਵਦੇ[1] ਕਰਤਿ ਪਯਾਨਾ।
ਗਏ ਉਲੰਘਿ ਸਰਬ ਉਦਿਆਨਾ।

[1]ਪਰਚਾਉਂਦੇ।

ਤੀਨ ਕੋਸ ਤੇ ਨਗਰ ਸੁਹਾਵਾ।
ਮਰਦਾਨੇ ਕੋ ਪ੍ਰਭੁ ਦਿਖਾਵਾ ॥੧੦॥
'ਸੁੰਦਰ ਪੁਰਿ ਦੇਖਹੁ ਥਲ ਊਚੇ।
ਖਾਹੁ ਅਸਨ ਤਹਿਂ ਚਲਹੁ ਪਹੂਚੇ†।' †ਪਾ:-ਚਲਹੁ ਅਬਹ ਤਿਹ ਆਇ ਪਹੂੰਚੇ।
ਸੁਨਿ ਬੋਲਯੋ 'ਹੇ ਪ੍ਰਭੁ ਗੁਨ ਖਾਨੀ!
ਮਮ ਸਰੀਰ ਭਾ ਬਲ ਤੇ ਹਾਨੀ ॥੧੧॥
ਮ੍ਰਿਤੁ[1] ਹ੍ਵੈ ਪਰਯੋ ਰਹੈ ਕਿਹ ਥਾਨਾਂ। [1]ਮਰਕੇ।
ਸਭਿ ਬਿਧਿ ਮੈਂ ਨਿਰਨੈ ਕਰਿ ਜਾਨਾਂ।
ਕੀਨਿ ਖ਼ੁਦਾਇ ਅਬਹਿ ਮ੍ਰਿਤੁ ਮੋਰੀ।
ਜਗਜੀਵਨ ਤੇ ਟੂਟੀ ਡੋਰੀ ॥੧੨॥
ਆਯੋ ਨਗਰ ਤਹਾਂ ਕਜ਼ਾ ਹੋਇ।
ਚੀਰ[1] ਗੰਠ[2] ਹਮ ਦਾਮ[3] ਨ ਕੋਇ। [1]ਕਪੜੇ ਦੀ। [2]ਗੰਢ ਵਿਚ। [3]ਪੈਸਾ।
ਬਿਨਾ ਲਿਯੇ ਕੋ ਦੇਵੈ ਨਾਂਹੀ।
ਕੈਸੇ ਖਾਉਂ ਅਸਨ ਪੁਰਿ ਮਾਂਹੀ?'
॥੧੩॥
ਸ੍ਰੀ ਗੁਰੁ ਸੁਨੇ ਵਾਕ ਅਸ ਜਬ ਹੀ।
ਪਗ ਸੋਂ ਰੇਤ ਫਰੋਰੀ[1] ਤਬ ਹੀ। [1]ਫਰੋਲੀ।
ਨਿਕਸਾ ਤਿੰਹ ਤੇ ਅਦਭੁਤ ਲਾਲ[1]। [1]ਲਾਲ।
ਜਾਕੀ ਸੋਭਾ ਦਿਪਤਿ ਬਿਸਾਲ ॥੧੪॥
'ਬੰਧਨ ਗੰਠ[1] ਚਹਉ ਮਰਦਾਨਾ? [1]ਗੰਢ।
ਲੇ ਬੰਧਹੁ ਨਿਜ ਚੀਰ ਸੰਗਾਨਾ।
ਧਰਹੁ ਧੀਰ ਉਰ, ਕਰਹੁ ਪਯਾਨਾ।
ਥੋਰ ਪੰਥ, ਢਿਗ ਹੈ ਪੁਰਿ[1] ਥਾਨਾ' [1]ਸ਼ਹਿਰ।
॥੧੫॥
ਦੋਹਰਾ: [1]ਪੱਥਰ।
'ਇਹ ਪਾਹਨ[1] ਕਜ਼ਾ ਕਾਜ ਹੈ,
ਕਛੁ ਨ ਦੇਵਹਿ ਕੋਇ।
ਹੋਇ ਦਾਮ ਨਿਜ ਪਾਸ ਜੇ,
ਚਹੈਂ ਜੁ ਲੇਵਹਿਂ ਸੋਇ ॥੧੬॥
ਚੌਪਈ:
ਯਾਂ ਕੇ ਬਾਂਧੇ ਭੁਖ ਨ ਜਾਵਹਿ।

ਜਬ ਲੌ ਹਾਥ ਅਹਾਰ ਨ ਆਵਹਿ।'
ਸ੍ਰੀ ਗੁਰੁ ਕਹੈਂ 'ਨਿਕਟਿ ਹੈ ਨਗਰੀ।
ਤਹਿਂ ਕੀਮਤਿ ਇਸ ਹੋਇ ਉਜਗਰੀ[1] [1]ਪ੍ਰਗਟ।
॥੧੭॥
ਤੀਨ ਕੋਸ ਪਿਖਿ ਚਲਿ ਤਤਕਾਲਾ।'
ਇਉਂ ਧੀਰਜ ਦੇ ਤੁਰੇ ਕ੍ਰਿਪਾਲਾ।
ਅਤਿ ਲੱਜਤਿ ਹੋਵਤਿ ਮਰਦਾਨਾ।
ਰਿਦੈ ਖਿਝਤਿ ਨਹਿਂ ਕਰਤਿ ਬਖਾਨਾ
॥੧੮॥
ਮੰਦ ਮੰਦ ਬੇਦੀ ਕੁਲਦੀਪਾ।
ਚਲਿ ਕਰਿ ਪਹੁੰਚੇ ਨਗਰ ਸਮੀਪਾ।
ਬਿਟਪ[1] ਬਿਲੋਕਿ ਏਕ ਰਮਣੀਕਾ। [1]ਬ੍ਰਿੱਛ।
ਬੈਠਿ ਗਏ ਤਹਿਂ ਸਭਿ ਜਗ ਟੀਕਾ
॥੧੯॥
ਤਬ ਮਰਦਾਨੇ ਬਚਨ ਉਚਾਰਾ।
'ਜਿਉਂ ਤੁਮ ਕਹਹੁ ਕਰੌਂ ਤਿਉਂ ਕਾਰਾ[1]। [1]ਕੰਮ।
ਲਾਲ ਨਾਮ ਕਹਿ ਦਿਯੋ ਜੁ[†] ਮੋਹੀ[1]। [1]ਮੈਨੂੰ। [†]ਪਾ:-ਜਿ।
ਇਸ ਤੇ ਕੌਨ ਕਾਜ ਅਬ ਹੋਹੀ?'
॥੨੦॥
ਕਮਲ ਬਦਨ ਤੇ ਬਿਗਸਿ ਬਖਾਨਾ।
'ਨਗਰ ਨਾਮ ਜਾਨਹੁਂ ਕਿ ਨ ਜਾਨਾ?'
'ਹੇ ਪ੍ਰਭੁ ਜੀ! ਕਜਾ ਨਾਮਹਿਂ ਮਾਂਹੀ।
ਅਸਨ ਖਾਨ ਦੇਵਹੁ ਕੈ ਨਾਂਹੀ?
॥੨੧॥
ਜੋ ਬਿਧਿ ਕਰਨੀ, ਨਹੀਂ ਬਤਾਵਹੁ।
ਬਾਤੈਂ ਕਰਿਤੇ ਦਿਵਸ ਬਤਾਵਹੁ।'
ਹਸਨ ਹੇਤ ਬੋਲੇ ਸੁਖਧਾਮੂ।
'ਜਾਨਿ ਬਿਸ਼ੰਭਰਪੁਰਿ[†] ਇਹ ਨਾਮੂ'
॥੨੨॥
{ਬਿਸ਼ੰਭਰਪੁਰ - ਪਟਨਾ}
[†]ਭਾਈ ਗਿਆਨ ਸਿੰਘ ਜੀ ਕਰਤਾ 'ਤਵਾਰੀਖ ਖਾਲਸਾ' ਬਿਸ਼ੁੰਭਰ ਪੁਰ ਨੂੰ ਪਟਣਾਂ ਸਾਹਿਬ ਲਿਖਦੇ ਹਨ ਤੇ ਇਹ ਬੀ ਦੱਸਦੇ ਹਨ ਕਿ ਜੋ ਫਤੇ ਚੰਦ ਸੈਣੀ ਖੱਤ੍ਰੀ ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ

ਵੇਲੇ ਹੋਯਾ ਹੈ ਓਹ ਇਸੇ ਸਾਲਸਰਾਇ ਦੀ ਔਲਾਦ ਵਿਚੋਂ ਸੀ, ਘਨਸ਼ਜਾਮ ਤੇ ਗੁਲਾਬ ਰਾਇ ਦਸਮੇਂ ਸਤਿਗੁਰਾਂ ਦੇ ਨਿਵਾਜੇ ਮਸੰਦ ਸਨ, ਇਹ ਭਾਈ ਅਧਰਕੇ ਦੀ ਸੰਤਾਨ ਵਿਚੋਂ ਸਨ, ਜਿਸ ਦਾ ਅਗੇ ਪ੍ਰਸੰਗ ਹੈ।

'ਕੋਊ ਨਾਮ ਨਗਰ ਕਾ ਹੋਹੁ।
ਬਹੁਤ ਛੁਧਾ ਲਾਗੀ ਅਬ ਮੋਹੁ।
ਸ਼੍ਰਮ[1] ਤੇ ਨਿਰਬਲ ਕਾਂਯਾਂ ਸਗਰੀ। [1]ਥਕਾਨ।
ਕਯੋਂ ਹੂੰ[1] ਪਹੁੰਚੇ ਹੈਂ ਢਿਗ ਨਗਰੀ' ॥੨੩॥ [1]ਕਿਵੇਂ।

ਦੋਹਰਾ:
ਕਰੁਨਾਨਿਧਿ ਬਿਗਸੇ ਬਹੁਰ, ਬੋਲੇ ਤਿਹ ਸੋਂ ਬੈਨ।
'ਨਗਰ ਵਿਖੈ ਗਵਨਹੁ ਅਬੈ, ਖੋਜ ਜੌਹਰੀ ਐਨ[1] ॥੨੪॥ [1]ਘਰ।

ਚੌਪਈ:
ਵੇਚਹੁ ਜਾਇ ਤਹਾਂ ਇਹੁ ਲਾਲਾ।'
ਸੁਨਤਿ ਸ੍ਰੋਨ† ਗਮਨਜੋ ਤਤਕਾਲਾ। †ਪਾ:-ਸੁਨ ਸ਼੍ਰੋਨਨ।
ਜਾਇ ਜੌਹਰੀ ਕੋ ਦਿਖਰਾਯੋ।
'ਤੀਨ ਤਾਂਬ੍ਰਪਣ[1] ਮੋਲ' ਸੁਨਾਯੋ ॥੨੫॥ [1]ਤਿੰਨ ਤਾਂਬੇ ਦੇ ਪੈਸੇ।
ਮਰਦਾਨੇ ਮਨ ਕੀਨ ਵਿਚਾਰਾ।
-ਲਾਲ ਮੋਲ ਨਰ ਕਹਤਿ ਅਪਾਰਾ-।
ਤਿੰਹ ਸੋ ਕਹਜੋ ਵਾਕ ਤਬ ਐਸੇ।
'ਬੂਝੋਂ[1] ਸੰਗੀ ਬਾਹਰਿ ਬੈਸੇ' ॥੨੬॥ [1]ਪੁੱਛ ਆਵਾਂ।
ਲੇ ਕਰਿ ਲਾਲ ਆਪਨੇ ਪਾਸਾ।
ਆਵਾ ਜਹਿਂ ਬੈਸੇ ਸੁਖਰਾਸਾ।
'ਏਕ ਜੌਹਰੀ ਪਿਖਿ ਕਰਿ ਬੋਲਾ।
ਤੀਨ ਤਾਂਬ੍ਰਪਣ ਯਾ ਕੋ ਮੋਲਾ' ॥੨੭॥
'ਸਾਲਸਰਾਇ ਜੌਹਰੀ ਨਾਮੁ।
{ਸਾਲਸ ਰਾਇ ਜੌਹਰੀ}
ਮਰਦਾਨੇ ! ਜਾਵਹੁ ਤਿਹ ਧਾਮੁ।
ਖੋਜੇ ਪਾਇ, ਦੀਜੀਯੇ ਏਹੀ।
ਦੇਯ ਮੋਲ[1] ਸੋ ਆਵਹੁ ਲੇਹੀ' ॥੨੮॥ [1]ਮੁੱਲ।

ਸੁਨਿ ਕਰਿ ਨਗਰ ਵਿਖੈ ਪੁਨ ਗਵਨਾ।
ਖੋਜਤਿ ਫਿਰਤਿ ਸ਼ਾਹਿ ਕੋ ਭਵਨਾ।
ਜਬ ਕਿਹਨੈ ਤਿਹਂ ਸਦਨ ਬਤਾਯੋ।
ਦਰ[1] ਤਿਸ਼ਟਯੋ[2] ਕਹਿ ਊਚ ਬੁਲਾਯੋ ॥੨੯॥

[1]ਦਰਵੱਜੇ ਅੱਗੇ। [2]ਖੜਾ ਹੋ ਕੇ।

ਸੁਨਤਿ ਸ਼ਾਹ ਭੇਜਯੋ ਨਿਜ ਦਾਸਾ।
'ਕੌਨ ਅਹੈ? ਬੂਝਹੁ ਤਿਹ ਪਾਸਾ।'
ਆਇ ਨਿਕਟਿ ਭ੍ਰਿਤ[1] ਬਚਨ ਅਲਾਯੋ।
'ਕੋ ਹੈਂ ਤੂੰ ਕਿਹ ਤੇ ਚਲਿ ਆਯੋ?' ॥੩੦॥

[1]ਦਾਸ ਨੇ।

ਤਿਹ ਸੋਂ ਮਰਦਾਨੇ ਬਚ ਭਾਖਾ।
'ਸੌਦੇ ਵੇਚਨ ਕੀ ਅਭਿਲਾਖਾ।'
ਅਸ ਕਹਿ ਅੰਤਰ ਸਦਨ ਸਿਧਾਯੋ।
ਦੇਯ ਸ਼ਾਹੁ ਕੌ ਲਾਲ ਦਿਖਾਯੋ ॥੩੧॥
ਨੈਨ ਬਿਲੋਕਤਿ ਮਨ ਬਿਸਮਾਨਾ।
ਪਠਿ ਅੱਛਰ ਤਿਹਂ ਪਰ ਪਹਿਚਾਨਾ।
ਧਰਮਵੰਤ[1] ਸੋ ਸ਼ਾਹ ਸੁਜਾਨਾ।
ਕਰਿ ਵਿਚਾਰ ਉਰ ਬਚਨ ਬਖਾਨਾ ॥੩੨॥

[1]ਧਰਮੀ ਸੀ।

ਦੋਹਰਾ:
'ਸਹਸ[1] ਰਜਤਪਨ ਲਿਖੇ ਹੈਂ, ਜੋ ਦੇਖੇ ਸੋ ਦੇਇ।
ਮੋਲ ਕਰੋਂ ਪਸ਼ਚਾਤ[1] ਇਹ, ਪੂਰਬ ਸ਼ਤ ਤੁਮ ਲੇਯ' ॥੩੩॥

[1]ਸੌ। ਸਹਸ=ਹਜ਼ਾਰ। ਪਰ ਕਵੀ ਜੀ ਨੇ ਸੌ ਲਈ ਬੀ ਵਰਤਿਆ ਹੈ
[1]ਪਿੱਛੋਂ।

ਚੌਪਈ:
ਮਰਦਾਨਾ ਸ਼ਤ ਲੇ ਹਰਖਾਯੋ।
ਚਲਿ ਕਰਿ ਵਹਿਰ ਨਗਰ ਪੁਨ ਆਯੋ।
ਪਿਖਿ ਕਰਿ ਸ਼੍ਰੀ ਗੁਰੁ ਬਚਨ ਬਖਾਨਾ।
'ਕਿਤਕਿ ਮੋਲ ਆਨਯੋ? ਮਰਦਾਨਾ!' ॥੩੪॥
ਨਿਕਟਿ ਬੈਠਿ ਬਿਰਤੰਤ ਸੁਨਾਵਾ।

'ਵਡੋ ਸ਼ਾਹ ਜਿਹਂ ਭਲੋ ਸੁਹਾਵਾ।
ਸਹਸ ਕਾਰਖਿਕ[1] ਦਏ ਦਿਖਾਈ। [1]ਸੌ ਰੁਪੱਯੇ।
ਬੂਝਨ ਮੋਲ ਅਯੋਂ ਤੁਮ ਤਾਂਈ ॥੩੫॥
ਜਿਤਨੋ ਲੇਨੋ ਦੇਹੁ ਸੁਨਾਈ।
ਤਿਤਨੋ ਆਨੋਂ ਬਿਲਮ ਨ ਕਾਈ।'
ਸ੍ਰੀ ਗੁਰੁ ਕਹੈਂ 'ਜਾਹੁ ਢਿਗ ਸ਼ਾਹੂ।
ਕਸ[1] ਧਨ ਦੀਨੋ? ਬੂਝਹੁ ਤਾਹੂ' ॥੩੬॥ [1]ਕੇਹਾ।

ਦੋਹਰਾ:
ਪੁਨ ਪੁਰਿ ਬੂਝਯੋ ਆਨਿ ਕੈ, 'ਕੈਸੇ ਦੀਨੇ ਦਾਮ?'
ਸੁਨਤਿ ਸ਼ਾਹੁ ਨੈ ਤਬ ਕਹਾ, 'ਮਿਜਮਾਨੀ[1] ਇਹੁ ਨਾਮੁ ॥੩੭॥ [1]ਪ੍ਰਾਹੁਣਾਚਾਰੀ।

ਚੌਪਈ:
ਐਸੇ ਲਿਖਯੋ ਲਾਲ ਪਰ ਤੇਈ।
ਸਹਸ ਰਜਤਪਨ ਦੇਖੇ ਦੇਈ।
ਕੀਮਤ ਔਰ ਕਹੈਂ ਸੋ ਦੇਊਂ।
ਲਾਲ ਮੋਲ ਤੁਮ ਦੇ ਕਰਿ ਲੇਊਂ' ॥੩੮॥
ਸੁਨਿ ਕਰਿ ਪੁਨ ਆਵਾ ਮਰਦਾਨਾ।
ਸ਼ਾਹੁ ਬਚਨ ਗੁਰ ਪਾਸ ਬਖਾਨਾ।
'ਇਹੁ ਧਨ ਦੀਨੋ ਤਿਨ ਮਿਜਮਾਨੀ।
ਕੀਮਤ ਅਵਰ ਦੇਨਿ ਨਿਜ ਮਾਨੀ[1]' ॥੩੯॥ [1]ਮੰਨੀ ਹੈ।
ਗੁਰੁ ਕਹੈਂ 'ਵੇਚਹੁ ਕੈ ਨਾਂਹੀ?
ਲਾਲ ਬਿਕੀਮਤਿ ਲਖਿ ਮਨ ਮਾਂਹੀ।'
'ਕਿਆ ਜਾਨੋਂ ਮੈਂ' ਕਹਿ ਮਰਦਾਨਾ।
'ਕਰਹੁ ਆਪ ਜਿਉਂ ਸ਼ੁਭ ਮਨ ਜਾਨਾ' ॥੪੦॥

ਦੋਹਰਾ:
ਸ੍ਰੀ ਗੁਰ ਕਹੈਂ 'ਨ ਲਾਲ ਇਹ,
ਲਖਹੁ ਨਾਮ ਕਰਤਾਰ।

ਚਾਹਉ ਰਾਖਉ ਪਾਸ ਨਿਜ,
ਚਾਹਉ ਕਰਿ ਬਿਉਹਾਰ' ॥੪੧॥

ਚੌਪਈ:

ਸ਼੍ਰੀ ਪ੍ਰਭੁ ਜੀ ਮੈਂ ਵੇਚਤਿ ਨਾਂਹੀ।
ਜੋ ਸੁਖਦਾ ਜੁਗ ਲੋਕਨ ਮਾਂਹੀ।'
[1] 'ਵੇਚਤਿ ਨਹੀਂ ਜਿ, ਮੋਰਹੁ ਦਾਮੂ। [1]ਗੁਰੂ ਜੀ ਬੋਲੇ।
ਲੀਜੈ ਲਾਲ ਜਾਇ ਤਿਹ ਧਾਮੂ'
॥੪੨॥
ਸੁਨਿ ਕੈ ਪੁਨ ਪੁਰਿ ਫੇਰਨਿ[1] ਗਯੋ। [1]ਮੋੜਨ।
ਸਭਿ ਹੀ ਦਰਬ ਸ਼ਾਹ ਕੋ ਦਯੋ।
'ਲਾਲ ਹਮਾਰਾ ਫੇਰਹੁ ਸੋਊ।
ਬੇਚਤਿ ਨਹਿਂ ਇਹ ਖਾਂਵਦ ਜੋਊ'
॥੪੩॥
ਕਹਿਤਿ ਸ਼ਾਹ 'ਸਭਿ ਧਨ ਭੀ ਲੀਜੈ।
ਲਾਲ ਲੇਹੁ ਜਿਉਂ ਮਨ ਤਿਉਂ ਕੀਜੈ।'
ਦੋਨੋਂ ਵਸਤੁ ਲਿਏ ਹਰਖਾਵਾ।
ਨਗਰ ਵਹਿਰ ਮਰਦਾਨਾ ਆਵਾ ॥੪੪॥
'ਸ਼੍ਰੀ ਪ੍ਰਭੁ ਜੀ! ਧਨ ਭੀ ਪੁਨ[1] ਲਾਲਾ। [1]ਨਾਲੇ।
ਮੁਝੈ ਦੀਨ ਕਹਿ ਬਚਨ ਰਸਾਲਾ।
ਜਸ ਆਇਸ ਦਿਹੁ ਤਸ ਅਬ ਕਰਿਹੂੰ।
ਥਕਿਤਿ ਭਯੋ ਮੈਂ ਬਹੁਰ ਨ ਫਿਰਹੂੰ'
॥੪੫॥
ਸ਼੍ਰੀ ਗੁਰ ਕਹੈਂ 'ਲਾਲ ਨਿਜ ਲੀਜੈ।
ਧਨ ਜਿਹਂ ਕੋ, ਤਿਸ ਹੀ ਕੋ ਦੀਜੈ।
ਵੇਚਹਿਂ ਲਾਲ ਲੇਇਂ[†] ਧਨ ਸੇਈ। [†]ਪਾ:-ਵੇਚਹੁ ਲਾਲ ਲੇਹੁ।
ਨਹਿਂ ਵੇਚਹਿਂ ਤੇ ਕੈਸੇ ਲੇਈਂ' ॥੪੬॥
ਪੁਨ ਮਰਦਾਨਾ ਲੇ ਕਰਿ ਗਯੋ।
ਸ਼ਾਹੁ ਨ ਲੇਤਿ, ਕਹਤਿ ਬਚ ਭਯੋ।
'ਲਿਖਾ ਲਾਲ ਪਰ ਸੋ ਹਮ ਦੀਨੋਂ।
ਧਰਮ ਆਪਨਾ ਰਾਖਨ ਕੀਨੋ ॥੪੭॥
ਲੈਹੂੰ ਹਟਾਇ[1], ਧਰਮ ਮਮ ਜਾਈ। [1]ਮੋੜ ਲਵਾਂ ਤਾਂ।

ਐਸੀ ਬਾਤ ਨ ਕਰੋਂ ਕਦਾਈ।
ਦਰਬ ਤੁਮਾਰੋ ਕਰੋ ਜੁ ਭਾਵਾ।'
ਸੁਨਿ ਕਰਿ ਮਰਦਾਨਾ ਪੁਨ ਆਵਾ ॥੪੮॥

ਦੋਹਰਾ:
ਸ਼੍ਰੀ ਨਾਨਕ ਰਾਖੈਂ ਨਹੀਂ,
ਲੇ ਨ ਜੌਹਰੀ ਸੋਇ।
ਸਪਤ[1] ਵਾਰਿ ਫਿਰ ਪੁਨਹਿ ਪੁਨਿ,
ਸ਼ੂਮ ਸੋਂ ਬਜਾਕੁਲ ਹੋਇ ॥੪੯॥

[1]ਸੱਤ।

ਚੌਪਈ:
ਏਕ ਛੁਧਾ ਦੂਜੇ ਸ਼ੂਮ ਭਾਰਾ।
ਖਿਝਜੋ ਰਿਦੈ ਧਨ ਤਿਹਂ ਗ੍ਰਿਹ ਡਾਰਾ[1]।
ਸ਼ਾਹੁ ਤਬਹਿ ਮਨ ਮਾਂਹਿ ਬਿਚਾਰਾ।
-ਇਹ ਅਦਭੁਤ ਬਹੁ ਲਾਲ ਨਿਹਾਰਾ[1] ॥੫੦॥

[1]ਉਸ ਦੇ ਘਰ ਸੁੱਟ ਦਿੱਤਾ।

[1]ਦੇਖਿਆ। ਸੱਤ।

ਬਹੁਰੋ ਲਾਲ ਜਿਨਹਿਂ ਕੇ ਪਾਸੂ।
ਸੋ ਨਹਿਂ ਲੇਵਤਿ ਹੈਂ ਧਨ ਰਾਸੂ।
ਤਿਨ ਕੌ ਦਰਸ਼ਨ ਚਹਿਯੇ ਕਰਨੋ।
ਹੈ ਸ਼ੁਭ ਕੀਨ ਲੋਭ ਜਿਨ ਹਰਨੋ- ॥੫੧॥

ਅਸ ਕਹਿ ਲੀਨੋ ਮਧੁਰ ਅਹਾਰਾ।
ਜਾਗੇ ਜਿਹ ਕੇ† ਭਾਗ ਅਪਾਰਾ।
ਨਿਜ ਤੇ ਪਹਿਲੇ ਦਾਸ ਪਠਾਯਾ।
'ਜਾਨਿ ਨ ਦੇਉ ਰਖਹੁ ਠਹਿਰਾਯਾ' ॥੫੨॥

†ਪਾ:-ਤਿਹ ਕੇ।

ਦੋਹਰਾ:
ਗਮਨਜੋ ਘਰ ਤੇ ਭੇਟ ਲੈ,
ਸ਼ਾਹੁ ਜੁ ਸਾਲਸਰਾਇ।
ਦੂਰਹੁਂ ਤੇ ਦੇਖਤਿ ਭਯੋ,
ਸ਼੍ਰੀ ਗੁਰ ਰੂਪ ਸੁਹਾਇ ॥੫੩॥

ਚੌਪਈ:
ਹ੍ਵੈ ਲੱਜਤਿ ਬੈਠਾ ਮਰਦਾਨਾ।

ਗ੍ਰੀਵ ਨੀਚ ਕਰਿ ਕਛੁ ਨ ਬਖਾਨਾ।
ਖਿਝ ਭਾ ਤੁਸ਼ਨਿ ਅਤਹਿ ਛੁਧਾਤੁਰ।
ਸਭਿਹਿ ਬਾਤ† ਮਾਂਹਿ ਰਹਾ ਜਰ[1] ॥੫੪॥ — [1]ਮਨ ਵਿਚ ਜਰਕੇ (ਪੀ ਕੇ)। †ਪਾ:-ਸ਼੍ਰਮ।
ਅੰਤਰ ਉਰ ਕੇ ਗਟੀ[1] ਵਿਚਾਰੇ। — [1]ਗਿਣਤੀਆਂ।
ਸ੍ਰੀ ਗੁਰ ਡਰ ਕਰਿ ਕਛੁ ਨ ਉਚਾਰੇ।
ਸਾਲਸ ਰਾਇ ਆਇ ਤਹਿਂ ਕਾਲਾ।
ਆਗੇ ਭੋਜਨ ਧਰੇ ਰਸਾਲਾ ॥੫੫॥
ਹਾਥ ਬੰਦਿ ਬੰਦਨ ਕੋ ਕਰਿਕੈ।
ਸਭਿਹਿ ਸੁਨਾਈ ਬਾਤ ਉਚਰਿਕੈ।
'ਦਰਬ ਤੁਮਾਰੋ ਇਹੁ ਅਬ ਲੀਜੈ।
ਧਰਮ ਹਮਾਰੋ ਰਾਖਨ ਕੀਜੈ' ॥੫੬॥

ਦੋਹਰਾ:

ਸ੍ਰੀ ਗੁਰ ਕਹੈਂ 'ਜਿ ਵੇਚਹੀਂ,
ਤਬ ਧਨ ਲੇਂ ਨਿਜ ਪਾਨ[1]। — [1]ਹੱਥ।
ਨਹਿਂ ਵੇਚਹਿਂ ਤੌਂ ਲੇਂਯ ਕਸ[1], — [1]ਕੈਸੇ।
ਰਾਖਹੁ ਦਰਬ ਅਪਾਨ[1]' ॥੫੭॥ — [1]ਆਪਣਾ।

ਚੌਪਈ:

ਦਰਸ਼ਨ ਪਰਸ ਭਰਮ ਮਿਟ ਗਯੋ।
ਬੈਨ ਸੁਨੇ ਮਨ ਨਿਰਮਲ ਭਯੋ।
ਜਾਨੇ -ਸੰਤ ਰੂਪ ਇਹੁ ਪੂਰੇ।
ਦੇਖਨ ਸੁਨਨ ਜਿਨਹਿਂ ਕੋ ਰੂਰੇ- ॥੫੮॥
ਕਹਤਿ ਬਚਨ 'ਮੈ ਹ੍ਵੈ ਬਿਸਮਾਦਾ।
ਲਾਲ ਪਿਖਾ ਇਹ ਤੁਮਹਿਂ ਪ੍ਰਸਾਦਾ[1]। — [1]ਕਿਰਪਾ ਨਾਲ।
ਹੁਤੋ ਲਾਲ ਉਹ, ਕੈ ਤੁਮ ਲਾਲਾ?
ਜਿਨ ਮਿਲਨੇ ਮੈਂ ਭਯੋ ਨਿਹਾਲਾ ॥੫੯॥
ਮੁਝ ਸਮਝਾਇ ਸੁਨਾਵਹੁ ਬਾਨੀ।
ਹੇ ਕ੍ਰਿਪਾਲ! ਤੁਮ ਸਭਿ ਗੁਨ ਖਾਨੀ।'
ਦੇਨੇ ਹੇਤ ਸ਼ਾਹ ਉਪਦੇਸ਼ਾ।

ਬੋਲੇ ਸ਼ਬਦ ਤਬਹਿ ਜਗਤੇਸ਼ਾ ॥੬੦॥

ਬਿਲਾਵਲ ਮਹਲਾ ੧ ॥†
ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨਿ ॥
ਜਿਨਾਂ ਲਾਲੀ ਨੇਤ੍ਰ ਮਹਿ ਦੂਜਾ ਨਾ ਜਾਣੰਨਿ ॥੧॥
ਸੁਣਿ ਸਾਲਿਸ ਤੂੰ ਜਵਾਹਰੀ ਅਪਣਾ ਲਾਲ ਪਛਾਣੁ ॥
ਕੂੜੇ ਲਾਲ ਨ ਗੰਢ ਬੰਨ ਲੀਜੈ ਭਲੇ ਸਿਆਣ ॥੧॥ ਰਹਾਉ ॥
ਕੰਕਰ ਪੱਥਰ ਮੇਲਿ ਕੈ ਨਾਉਂ ਸਦਾਇਓ ਸ਼ਾਹੁ ॥
ਬਿਨ ਸਤਿਗੁਰ ਪੂਰੇ ਅੰਧੁ ਹੈ ਮੂਲ ਨ ਬੂਝੇ ਰਾਹੁ ॥੨॥
ਮੇਰਾ ਮੇਰਾ ਕਰ ਸੰਜਿਓ ਰਾਤੀ ਅਤੈ ਡੇਹੁ ॥
ਕਾਈ ਸਾਖ ਨ ਉਪਜੀਆ ਕਲਰ ਵੁਠਾ ਮੇਹੁ ॥੩॥
ਸੁਣਿ ਸਾਲਸ ਇਹੁ ਬੇਨਤੀ ਜਿ ਕਰਮ ਪ੍ਰਾਪਤਿ ਹੋਇ ॥
ਨਾਨਕ ਏਕ ਅਰਾਧੀਐ ਦੁਖ ਨ ਲਾਗੈ ਕੋਇ ॥੪॥

†ਇਹ ਬਾਹਰ ਦਾ ਸ਼ਬਦ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਆਯਾ, ਇਸ ਲਈ ਗੁਰਬਾਣੀ ਨਹੀਂ। ਇਸ ਸ਼ਬਦ ਦੇ ਅੰਤ ਸਾਲਸ ਅੱਗੇ ਗੁਰੂ ਜੀ ਬੇਨਤੀ ਕਰਦੇ ਜਾਪਦੇ ਹਨ, ਪਰ ਗੁਰੂ ਨਾਨਕ ਦੇਵ ਜੀ ਨੇ ਕਿਸੇ ਮਨੁੱਖ ਅਗੇ ਕਦੇ ਬੇਨਤੀ ਨਹੀਂ ਕੀਤੀ, ਓਹ ਤਾਂ ਫੁਰਮਾਉਂਦੇ ਹਨ-'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥' (ਅ) ਬੇਨਤੀ ਪਦ ਨੂੰ ਰੱਬ ਵਲ ਲਾਉਣ ਦਾ ਜਤਨ ਬੀ ਕਰਦੇ ਹਨ। (ੲ) ਬੇਨਤੀ ਪਦ ਸਹਜ ਸੁਭਾ ਵੀ ਨਿੰਮ੍ਰਤਾ ਵਿਚ ਕਿਹਾ ਜਾਣਾ ਸੰਭਵ ਹੈ। ਫਿਰ ਉਸਦਾ ਭਾਵ ਇਹ ਨਹੀਂ ਹੋਵੇਗਾ ਕਿ ਝੁਕ ਰਹੇ ਹਨ, ਕਿਉਂਕਿ ਸਾਲਸ ਆਪਦਾ ਸਿੱਖ ਹੋਇਆ ਹੈ।

ਚੌਪਈ:

'ਰਾਖਹਿ ਸੰਚਿ ਲਾਲ ਜੇ ਪਾਜਾ।
ਤਿਨ ਤੇ ਸਰੈ ਨ ਏਕੋ ਕਾਜਾ।
ਖਾਨ ਪੀਨ ਮੈਂ ਸੋ ਨਹਿਂ ਆਵਹਿ।
ਪਟ[1] ਜਿਉਂ ਸੀਤ ਨ ਦੇਹਿ ਹਟਾਵਹਿ ॥੬੧॥ [1]ਕਪੜੇ।
ਪਾਹਨ ਜਾਤ ਸ੍ਵੱਛ ਪਿਖਿ ਰਾਖਤਿ।
ਕਰਿ ਹੰਕਾਰ 'ਸ਼ਾਹੁ' ਨਿਜ[1] ਭਾਖਤਿ। [1]ਆਪਨੂੰ।
ਸ਼੍ਰੀ ਕਰਤਾਰ ਨਾਮੁ ਸਚੁ ਲਾਲਾ।
ਜਿਹ ਕੋ ਮਿਲੇ ਸੁ ਹੋਤਿ ਨਿਹਾਲਾ ॥੬੨॥

ਦੋਹਰਾ:

ਲਾਲ ਅਮੋਲਕ ਆਪਨੋ, ਆਤਮ ਪਰਖ੍ਯੋ ਨਾਂਹਿ।
ਨਿਜ ਆਨੰਦ ਭੁਲਾਇ ਕੈ, ਪਰਯੋ ਕਸ਼ਟ ਕੇ ਮਾਂਹਿ' ॥੬੩॥

ਸਾਲਿਸ ਬੂਝੈ 'ਕੌਨ ਤੂੰ, ਕਹਾਂ ਤੁਮਾਰਾ ਦੇਸ਼?
ਕਹਾਂ ਜਾਉਗੇ ਸੰਤ ਜੀ! ਕਉਨ ਆਪ ਕੋ ਬੇਸ[1]? ॥੬੪॥
[1]ਭੇਖ।

ਚੌਪਈ:
ਖਟ ਦਰਸ਼ਨ ਮੈਂ ਸਭਿ ਹੀ ਦੇਖਾ।
ਪਾਯੋ ਜਾਇ ਨ ਤੁਮਰੋ ਬੇਖਾ।'
ਸ਼੍ਰੀ ਗੁਰੁ ਸੁਨਿ ਕਰਿ ਗਿਰਾ[1] ਉਚਾਰੀ।
'ਨਾਮ ਜਾਨ ਨਾਨਕ ਨਿਰੰਕਾਰੀ ॥੬੫॥
[1]ਬਾਣੀ।

ਦੇਸ਼ ਹਮਾਰਾ ਏਕੰਕਾਰਾ।
ਤਨ ਮਹਿਂ ਬੇਖ ਤਿਸੀ ਕੋ ਧਾਰਾ।'
ਸੁਨਿ ਕਰਿ ਸਾਲਸ ਇਸ ਬਿਧਿ ਬਾਨੀ।
ਸ਼ਰਨ ਗਹਿਨ ਕੀ ਮਤਿ ਠਹਿਰਾਨੀ[1] ॥੬੬॥
[1]ਠਹਿਰਾਈ।

'ਜੇ ਤੁਮ ਏਕੰਕਾਰ ਬਿਲੋਕਾ।
ਮੁਝ ਦਿਖਾਇ ਕੈ ਕਰਹੁ ਅਸ਼ੋਕਾ।
ਚਰਨ ਸ਼ਰਨ ਚਲਿ ਕਰਿ ਅਬ ਆਵਾ।'
ਸੁਨਿ ਸ਼੍ਰੀ ਮੁਖ ਤੇ ਸ਼ਬਦ ਅਲਾਵਾ ॥੬੭॥

ਸ੍ਰੀ ਮੁਖਵਾਕ ॥
ਮਾਰੂ ਮਹਲਾ ੧ ॥
ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥
ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥

ਦੋਹਰਾ:

ਅਰਥ ਸਹਿਤ[1] ਸੁਨਿ ਸ਼ਬਦ ਕੋ,
ਭਯੋ ਦੀਨ ਮਨ ਸੋਇ।
'ਨਿਜ ਕੀਜੈ ਉਪਦੇਸ਼ ਮੁਝ,
ਜਹਿਂ ਤੇ ਸ਼ੁਭ ਗਤਿ ਹੋਇ ॥੬੮॥

[1]ਨਾਲ।

ਚੌਪਈ:

ਲੇਹੁ ਰਜਤਪਨ[1] ਕਰਹੁ ਨਿਹਾਲਾ।
ਤੁਮ ਹੋ ਪੂਰਣ ਸੰਤ ਕ੍ਰਿਪਾਲਾ।'
ਸ਼੍ਰੀ ਗੁਰੁ ਕਹੈਂ ਨ 'ਹਮਰੇ ਕਾਮਾ।
ਇਹ ਧਨ ਸੋਹਤਿ ਤੁਮਰੇ ਧਾਮਾ' ॥੬੯॥

[1]ਰੁਪੱਯੇ।

'ਜੇ ਤੁਮ ਦਰਬ ਲੇਤਿ ਅਬ ਨਾਂਹੀ।
ਇਹ ਭੋਜਨ ਪਾਵਹੁ ਮੁਖ ਮਾਂਹੀ।'
ਤੁਸ਼ਨਿ ਭਯੋ ਸੁਨਹਿ ਮਰਦਾਨਾ।
ਗਟੀ[1] ਅਹਾਰ[2] ਵਿਚਾਰਹਿ ਨਾਨਾ ॥੭੦॥

[1]ਗਿਣਤੀਆਂ। [2]ਭੋਜਨ ਦੀਆਂ।

ਦੋਹਰਾ:

-ਸ਼੍ਰੀ ਨਾਨਕ ਲੇਵਹਿਂ ਅਸਨ, ਦੇਹਿਂ ਮੁਝੈ ਤਬ ਖਾਉਂ।
ਭਯੋ ਛੁਧਾਤੁਰ[1] ਸ਼੍ਰਮਤ[2] ਮੈਂ†, ਭੋਜਨ ਤੇ ਤ੍ਰਿਪਤਾਉਂ- ॥੭੧॥

[1]ਭੁੱਖ ਨਾਲ ਦੁਖੀ। [2]ਥੱਕਿਆ। †ਪਾ-ਸ਼੍ਰਮ ਬਿਖੇ।

ਸੋਰਠਾ:

ਸ਼੍ਰੀ ਗੁਰੁ ਮਯਾ ਨਿਧਾਨ,
ਗਤਿ ਹਿਤ ਸਾਲਸ ਰਾਇ ਕੋ।
ਕੀਨੋ ਸ਼ਬਦ ਬਖਾਨ,
ਭੋਜਨ ਕੇ ਪਰਥਾਇ ਪਰ ॥੭੨॥

ਮਾਰੂ ਮਹਲਾ ੧†

ਪ੍ਰੀਤਿ ਪਕਵਾਨ ਸੋ ਭੋਜਨ ਕਹੀਅਹਿ ਲੁਚੀ ਲੋਚਾ ਪੂਰੀ ॥
ਮਿਠਿਆਈ ਮੁਖ ਹਰਿ ਹਰਿ ਬੋਲੇ ਤਾਂ ਮਨ ਰਹੈ ਹਜੂਰੀ ॥੧॥
ਸੁਣਿ ਸਾਲਸ ਤੂੰ ਭਾਈ ਮੇਰੇ ॥
ਸਮਝ ਪਰੀ ਤਾਂ ਹੋਇ ਨਿਬੇਰੇ ॥੧॥ ਰਹਾਉ ॥
ਮੇਵਾ ਮਿਲਣ ਤੁਮਾਰਾ ਕਹੀਐ ਸਤਿ ਕੇ ਬਾਗੇ ਜੋੜੇ ॥
ਖਾਵਣ ਖਾਇ ਅਘਾਵੈ ਸੋਈ ਜਉ ਬਿਖਤੇ ਮਨੂਆ ਮੋੜੇ ॥੨॥

†ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ।

ਚੌਪਈ:

ਸਾਲਸਰਾਇ ਸੰਗ ਜੋ ਦਾਸੂ।
ਸੁਨਿ ਬਚ ਨਿਰਮਲ ਭਾ ਮਨ ਆਸੂ[1]। [1]ਛੇਤੀ।
ਪਦ ਬੰਦਨ ਕੀਨੀ ਅਸ਼ਟਾਂਗਾ[1]। [1]ਡੰਡੌਤ ਕਰਕੇ।
'ਸ਼ਰਨਿ ਸ਼ਰਨਿ' ਕਹਿ ਪਰਾ ਸਭਾਗਾ ॥੨੩॥
'ਤੁਮ ਪਰਮੇਸ਼ੁਰ ਜਾਨੇ ਮੋਹੀ[1]। [1]ਮੈਨੇ।
ਦੀਨ ਦਯਾਲ ਨਾਮ ਹੈ ਤੋਹੀ।
ਜਗਤ ਅਗਨਿ ਤੇ ਜਲਤਿ ਉਬਾਰਹੁ।
ਅਪਨ ਨਾਮ ਕੋ ਬਿਰਦ ਸੰਭਾਰਹੁ' ॥੨੪॥
ਸੁਨਿ ਕਰਿ ਤਿਹ ਪਰ ਗੁਰੂ ਪ੍ਰਸੀਜੇ।
ਜਨਮ ਮਰਨ ਜਗ ਕੇ ਕਟ ਦੀਜੇ[1]। [1]ਕੱਟ ਦਿੱਤੇ।
ਪੌੜੀ ਅਪਰ ਸ਼ਬਦ ਕੀ ਭਾਖੀ।
ਜਿਹ ਸੁਨਿ ਸ਼ਾਹੁ ਭਯੋ ਗਤਿ ਕਾਂਖੀ[1] ॥੨੫॥ [1]ਮੁਕਤਿ ਦਾ ਇੱਛਾਵਾਨ।

†ਉਤਮ ਜਨਮ ਸੁ ਸਾਕਤ ਕਹੀਐ ਨੀਚ ਨਰਾਇਣੁ ਪਾਇਆ ॥
ਲੋਭ ਲਹਿਰ ਤੇ ਛੂਟੇ ਤੇਈ ਜਿਨ ਸਾਧ ਸੰਗੁ ਗੁਣ ਗਾਇਆ ॥੩॥
ਸੁਣ ਸਾਲਸ ਇਹੁ ਗੋਲਾ ਤੇਰਾ ਆਪ ਨਰਾਇਣੁ ਮਾਨਾ ॥
ਨਾਨਕ ਭਗਤਾ ਸੰਗੁ ਮਿਲਾਇਆ ਊਚੇ ਪਦੁ ਠਹਿਰਾਨਾ ॥੪॥

†ਇਹ ਸ਼ਬਦ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ।

ਚੌਪਈ:

ਸੁਣਿ ਕਰਿ ਸਾਲਸ ਰਿਦੈ ਵਿਚਾਰਾ।
-ਸ਼੍ਰੀ ਪਰਮੇਸ਼ੁਰ ਇਹ ਅਵਤਾਰਾ।
ਜਿਨਕੇ ਬਚਨ ਦਾਸ ਦੁਖ ਆਸੂ[1]†। [1]ਛੇਤੀ। †ਪਾ:-ਸਦਾ ਸੁਖ ਆਸੂ। ਵਾ, ਦਾਸ ਸੁਖ ਨਾਸੂ।
ਕੀਨ ਨਿਕੰਦਨ, ਦਿਯ ਸੁਖ ਰਾਸੂ- ॥੨੬॥

ਦੋਹਰਾ:

ਹੋਇ ਦੀਨ ਮਨ ਮਾਨ ਤਜਿ, ਬੰਦੇ ਪਦ ਅਰਬਿੰਦ।
'ਗਤਿ ਮੇਰੀ ਅਬ ਕੀਜੀਏ, ਤੁਮ ਹੋ ਰੂਪ

ਮੁਕੰਦ ॥੭੭॥

ਚੌਪਈ:

ਜਗਬੰਧਨ ਤੇ ਕਰਿ ਛੁਟਕਾਰਾ।
ਪਤਿਤਹਿ ਪਾਵਨ ਨਾਮ† ਤੁਮਾਰਾ।
ਸ਼ਰਨਿ ਪਰੇ ਕੀ ਰਾਖਹੁ ਲਾਜਾ।
ਰਾਵਰ ਸਮ ਕੋ ਪਿਖੋਂ ਨ ਆਜਾ' ॥੭੮॥

†ਪਾ:-ਬਿਰਦ।

ਸ੍ਰੀ ਗੁਰੂ ਕਹੈਂ 'ਕਾਜ ਇਹੁ ਕੀਜੈ।
ਨਿਜ ਕਿੰਕਰ ਕੇ ਚਰਨ ਗਹੀਜੈ।
ਬੰਦਨ ਕਰਿ, ਹੋਵਹਿ ਗਤਿ ਤੇਰੀ।
ਜਗ ਮਹਿਂ ਮਿਟੈ ਜਨਮ ਕੀ ਫੇਰੀ' ॥੭੯॥

ਸੁਨਿ ਸਾਲਸ ਬੰਦੇ ਦ੍ਵੈ ਹਾਥਾ।
ਤੂਰਨ ਧਰਜੋ ਦਾਸ ਪਦ ਮਾਥਾ।
ਬੋਲਜੋ ਗੁਰ ਸੋਂ ਹ੍ਵੈ ਕਰਿ ਦੀਨਾ।
'ਇਹੁ ਜੁ ਦਾਸ ਮਮ ਬੁੱਧਿ ਪ੍ਰਬੀਨਾ ॥੮੦॥

ਸੰਤਨ ਕੇ ਸਭਿ ਯਾ ਮਹਿਂ ਲੱਛਨ।
ਕਰਮ ਧਰਮ ਕੇ ਵਿਖੈ ਬਿਚੱਛਨ[1]।
ਪੁਨਿ ਰਾਵਰ ਕੀ ਕਰੁਨਾ ਹੋਈ।
ਬੰਦਨ ਯੋਗ ਭਲੇ ਹੈ ਸੋਈ ॥੮੧॥

[1]ਚਤੁਰ।

ਅਬ ਜੇ ਡਾਰਹੁ ਚਰਨ ਸੁਆਨਾ[1]।
ਤਦਪਿ ਨ ਆਇਸੁ ਕਰਹੋਂ ਹਾਨਾ।'
ਸੁਣ ਬਚ ਬਿਕਸੇ ਪੰਕਜ ਬਦਨਾ।
ਕਹਿਂ 'ਤਵ ਬੰਧਨ ਭਏ ਨਿਕਦਨਾ ॥੮੨॥

[1]ਹੋਰ ਕਿਸੇ ਦੇ (ਅ) ਸੁਆਨਾ=ਕੁਤੇ ਦੇ ਪੈਰੀਂ ਬੀ ਜੇ ਮੈਨੂੰ ਪਾਓ। ਜਨਮ ਸਾਖੀ ਵਿਚ ਪਦ-ਸਗ-ਹੈ।

ਨਿਰਕੰਾਰ ਕੋ ਬੰਦਨ ਕਰੀਏ।
ਉਰ ਤੇ ਸਰਬ ਭਰਮ ਪਰਹਰੀਏ।'
ਸੁਨਿ ਸਾਲਸ ਕੀਨੀ ਅਸ਼ਟਾਂਗਾ।
ਉਸਤਤਿ ਭਨਿਹੀ ਮਨੁ ਅਨੁਰਾਗਾ ॥੮੩॥

'ਸ੍ਰੀ ਨਾਨਕ ਕਰੁਨਾਨਿਧ ਸ੍ਵਾਮੀ।
ਤੀਨ ਲੋਕ ਪਤਿ ਅੰਤਰਜਾਮੀ।
ਸੁਖਦਾਯਕ ਸੇਵਕ, ਰਿਪੁ[1] ਘਾਇਕ[2]। [1]ਵੈਰੀ। [2]ਨਾਸ਼ ਕਰਨ ਵਾਲੇ।
ਮੋਹ ਲੱਛ[1] ਦਰਸ਼ਨ ਤੁਮ ਸਾਯਕ[2] ॥੯੪॥ [1]ਮੋਹ ਰੂਪੀ ਨਿਸ਼ਾਨਾਂ ਹੈ। [2]ਤੀਰ ਹੈ।
ਮਹਾਰਾਜ ਸੁਰਨਾਯਕ[1] ਨਾਯਕ[2]। [1]ਇੰਦ੍ਰ ਦੇ। [2]ਮਾਲਕ ਹੈ।
ਅਹੈਂ ਅਜੀਤ, ਬਸੀ[1] ਇਕ ਪਾਯਕ[2]।' [1]ਵੱਸ ਹੋ। [2]ਇਕ ਦਾਸਾਂ ਦੇ।
ਹੁਤੋ ਸੀਸ ਗਜ ਡੇਢਕ ਚੀਰੰ।
ਤਿਹ ਛਿਨ ਦੀਨੋ ਗੁਨੀ ਗਹੀਰੰ[1] ॥੯੫॥ [1]ਗੁਰੂ ਜੀ ਨੇ।

ਦੋਹਰਾ:

ਸਾਲਸ ਬਾਂਧਜੋ ਸੀਸ ਪਰ,
ਸ਼ੀਘਰ ਖੁਲੇ ਕਪਾਟ।
ਗਜਾਨਾਨੰਦ[1] ਪੂਰਨ ਭਯੋ, [1]ਗਜਾਨ ਦੇ ਆਨੰਦ।
ਠਟਜੋ ਔਰ ਹੀ ਠਾਟ ॥੯੬॥

ਸੋਰਠਾ:

ਭਾ ਨਿਹਾਲ ਤਤਕਾਲ, ਸ੍ਰੀ ਗੁਰ ਨਾਨਕ ਮਯਾ ਤੇ।
ਉਮਗਜੋ ਪ੍ਰੇਮ ਬਿਸਾਲ, ਉਸਤਤਿ ਉਚਰਤਿ ਸ਼ਬਦ ਕਰਿ ॥੯੭॥

'ਪੂਰੇ ਸਤਿਗੁਰ ਨਾਮ ਕਾ† ਦੀਨੋ ਖੋਲ ਕਪਾਟ[1]। [1]ਪੜਦਾ। †ਪਾ:-ਸਤਿਗੁਰ ਦਾਤਾ ਨਾਮ ਕਾ।
ਇਕ ਜੋ ਵਣਜ[1] ਵਣੰਜਿਆ ਬਹੁਰਿ ਨ ਆਵੈ ਘਾਟ ॥੧॥ [1]ਸੌਦਾ।
ਸਤਗੁਰ ਨਾਨਕ ਪੂਰਾ ਬਚਨ ਕਾ ਸੂਰਾ ॥੧॥ ਰਹਾਉ ॥
ਆਗਮ ਨਿਗਮ ਦਿਖਾਵਤਾ ਖੋਲੇ ਨੇਤ੍ਰ ਅਨੰਤ ॥
ਜਗਤ ਵਣਜਾਰਾ ਸਗਲ ਹੈ ਸਾਹੁ ਏਕ ਭਗਵੰਤ ॥੨॥
ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮੁ ॥
ਆਠ ਪਹਰ ਧੁਨਿ ਲਾਗ ਹੈ ਸੋਈ ਹਮਾਰੈ ਕਾਮ ॥੩॥
ਸਾਲਸ ਬਿਨਵੈ[1] ਬੇਨਤੀ ਤੂ ਸੁਣਿਯੇ ਕਰਤਾਰ ॥ [1]ਬੇਨਤੀ ਕਰਦਾ ਹੈ।
ਕਚਾ ਰੰਗੁ ਉਤਾਰਿ ਕੈ ਚਾੜਿਓ ਰੰਗੁ ਅਪਾਰ' ॥੪॥

ਚੌਪਈ:

ਸ੍ਰੀ ਗੁਰੂ ਖੁਸ਼ੀ ਅਧਿਕ ਤਬ ਕੀਨੀ।
ਹ੍ਵੈ ਪ੍ਰਸੰਨ ਮੰਜੀ[1] ਤਿਹ ਦੀਨੀ। [1]ਗੁਰਮੁਖ ਪਦਵੀ।
ਸਕਲੇ ਪੁਰਿਕੋ ਪੂਜ ਬਨਾਯੋ।

ਬਹੁਰਿ ਬਦਨ ਤੇ ਬਚਨ ਅਲਾਯੋ
॥੮੮॥
'ਜਬ ਲੌ ਜੀਵਹੁ ਰਹੈ ਤੁਮਾਰੇ।
ਪਾਛੇ ਸੰਤਤਿ[1] ਕੋ ਨ ਬਸਾਰੇ[2]। [1]ਉਲਾਦ। [2]ਨਾ ਬਿਠਾਉਣਾ।
ਪੁਨ ਮੰਜੀ ਪਰ ਬੈਸਹਿ ਦਾਸਾ।
ਦੀਜੈ ਨਹੀਂ ਆਨ ਕੇ ਪਾਸਾ ॥੮੯॥
ਪੂਰਬ ਹਮ ਮੰਜੀ ਇਸ ਦੇਨੀ।
ਤੁਝ ਤੇ ਪੂਰਬ[1] ਸ਼ਰਨਿ ਗਹੇਨੀ[2]। [1]ਪਹਿਲੇ। [2]ਇਸਨੇ ਸ਼ਰਨ ਫੜੀ ਸੀ।
ਹੁਤੋ ਸੰਸਾਰ ਸੁਤ[1] ਇਹ ਦਾਸਾ। [1]ਸੰਸਾਰਕ ਮਰ੍ਜਾਦਾ।
ਯਾਂ ਤੇ ਤਵ ਸਤਿਕਾਰ ਰਖਾਸਾ[1] [1]ਰਖਿਆ ਹੈ।
॥੯੦॥
ਦੋਹਰਾ:
ਪੁਨ ਲਘੁ ਤੁਮਰੀ ਬੈਸ ਹੈ,
ਸਪਤ[1] ਮਾਸ[2] ਜੁਗ ਸਾਲ[3]। [1]ਸੱਤ। [2]ਮਹੀਨੇ। [3]ਦੋ ਵਰਹੇ।
ਰਿਦਾ ਸੰਤ ਹੈ ਦਾਸ ਕੋ,
ਮਤਸਰ ਹੀਨ ਬਿਸਾਲ' ॥੯੧॥
ਚੌਪਈ:
ਸ੍ਰੀ ਅੰਗਦ ਸੁਨੀਏ ਗਤਿ ਦੈਨਾ।
ਮੁਝਿ ਸੋਂ ਕਹਤਿ ਭਏ ਪੁਨਿ ਬੈਨਾਂ।
'ਮਰਦਾਨੇ ਕੋ ਛੁਧਾ ਸੰਤਾਵੈ।
ਦੇਹੁ ਅਹਾਰ ਖਾਇ ਤ੍ਰਿਪਤਾਵੈ'
॥੯੨॥
ਮਾਨਿ ਬਚਨ ਮੈਂ ਦੀਨ ਅਹਾਰਾ।
ਮਧੁਰ ਅਸਨ ਜਿਹ ਸਾਦ ਅਪਾਰਾ।
ਕਰਿ ਲਾਲਚ ਖਾਵਾ ਮਨ ਭਾਯੋ।
ਪੂਰਿ ਉਦਰ ਬਹੁ ਤਬ ਤ੍ਰਿਪਤਾਯੋ
॥੯੩॥
ਸ਼ਾਹ ਬਿਨੈ ਕਰਿ ਪੰਕਜ ਬਦਨੰ।
ਲੇ ਤਬ ਗਮਨਜੋ ਅਪਨੇ ਸਦਨੰ।
ਕਿਤਕ ਦਿਵਸ ਤਿਹ ਨਗਰ ਮਝਾਰਾ।
ਕੀਨ ਰਹਿਨ ਅਪਵਰਗ ਉਦਾਰਾ[1] [1]ਮੁਕਤੀ ਦਾਤੇ ਨੇ।

॥੯੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਾਲਿਸ ਰਾਇ' ਪ੍ਰਸੰਗ ਬਰਨੰਨ ਨਾਮ ਇਕਪੰਚਾਸਮੋਂ† ਅਧ੍ਯਾਯ ॥੫੧॥ †ਪਾ:-ਇਕਵੰਜਮੋ।

## ੫੨. [ਗੁਰਚਰਣ ਮੰਗਲ। ਮਛ, ਕਲਿ, ਨਾਰਦ]

੫੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੩

{ਮੱਛ ਦਾ ਪ੍ਰਸੰਗ} ॥੮॥
{ਮੱਛ ਦਾ ਪੂਰਬ ਪ੍ਰਸੰਗ} ॥੧੫॥
{ਕਲਹ ਮਿਲਾਪ} ॥੨੮॥
{ਨਾਰਦ ਮਿਲਾਪ} ॥੩੩॥
{ਸੂੰਤਿਆਂ ਦਾ ਭਾਈ ਬਾਲੇ ਨੂੰ ਪ੍ਰਸ਼ਨ} ॥੫੧॥
{ਦ੍ਰਿਸ਼ਟਾਂਤ ਗਰੀਬ ਤੇ ਅਮੀਰ ਦਾ ਪੇਟ ਦਰਦ} ॥੫੫॥

ਦੋਹਰਾ:

ਸ਼੍ਰੀ ਗੁਰੁ ਚਰਨ ਸੁ ਛਤਰ ਸਿਰ ਸਦਾ ਅਟਲ ਜਿਹ ਛਾਯ।

ਸਦਾ=ਸਦਾ, ਹਮੇਸ਼, ਜੋ ਕਦੇ ਨ ਜਾਏ। ਅਟਲ=ਅਟੱਲ, ਜੋ ਕਦੇ ਨਾ ਟਲੇ, ਮੁਰਾਦ ਹੈ ਜੋ ਇਕਰਸ ਰਹਿੰਦੀ ਹੈ। ਸੂਰਜ ਵਾਂਙੂ ਸਵੇਰੇ ਹੋਰ, ਦੁਪਹਿਰੇ ਹੋਰ, ਲੌਢੇ ਪਹਿਰ ਹੋਰ, ਸਿਆਲੇ ਹੋਰ, ਹੁਨਾਲੇ ਹੋਰ ਨਹੀਂ ਹੁੰਦੀ।

ਆਤਪ ਯਮ ਕੀ ਯਾਤਨਾ ਕਿਉਂ ਸਮੀਪ ਸੋ ਆਯ ॥੧॥

ਆਤਪ=ਧੁੱਪ। ਯਾਤਨਾ=ਪੀੜ, ਤੜਫਨੀ, ਓਹ ਪੀੜ ਜੋ ਨਰਕ ਵਿੱਚ ਹੁੰਦੀ ਹੈ। ਸਮੀਪ=ਨੇੜੇ।

ਅਰਥ:

ਸ਼੍ਰੀ ਗੁਰੂ ਜੀ ਦੇ ਚਰਨਾਂ (ਰੂਪੀ) ਸ੍ਰੇਸ਼ਟ ਛਤਰ (ਜਿਸਦੇ) ਸਿਰ ਤੇ ਹੈ, ਜਿਸ (ਛਤਰ ਦੀ) ਛਾਯਾ ਸਦਾ ਤੇ ਅੱਟਲ ਹੈ, ਉਸ ਦੇ ਨੇੜੇ ਯਮ ਦੀ ਪੀੜਾ (ਰੂਪੀ) ਧੁੱਪ ਕਿਉਂ ਆਵੇਗੀ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਬਾਸੁਰ ਕਿਤਕ ਬਿਸ਼੍ਵੰਭਰ ਮਾਂਹੀ।
ਰਹਿ, ਦੁਰਮਤਿ ਬਹੁ ਨਰ ਕੀ ਦਾਹੀ[1]। [1]ਸਾੜੀ।
ਮੁਕਤਿ ਪੰਥ ਸਿੱਖੀ ਪ੍ਰਗਟਾਈ।
ਸਿਮਰਹਿ ਸੱਤਿਨਾਮ ਸੁਖਦਾਈ ॥੨॥
ਏਕ ਦਿਵਸ ਬੈਸੇ ਗਤਿਦਾਨੀ।
ਬੋਲਜੋ ਮਰਦਾਨਾ ਅਸ ਬਾਨੀ।
'ਇਸੇ ਸਥਾਨ ਰਹਿਨ ਤੁਮ ਆਏ।
ਦੇਖਯੋ ਨਗਰ ਰੁਚਿਰ ਮਨ ਭਾਏ?
॥੩॥
ਕੈ ਤੁਮ ਨਿਕਸੇ ਹੋਇ ਉਦਾਸੀ।
ਪਰਚ ਰਹੇ ਕਰਿ ਰਿਦਾ ਬਿਲਾਸੀ।
ਅਪਰ ਦੇਸ਼ ਕੀ ਕੀਜੈ ਸੈਲਾ।
ਜਿਤ ਇੱਛਾ ਗਮਨਹੁ ਤਿਤ ਗੈਲਾ[1]?' [1]ਉਸਦੇ ਰਸਤੇ।
॥੪॥

ਮੈਂ ਸੁਨਿ ਕਰਿ ਮਨ ਮਾਹਿ ਵਿਚਾਰੀ।
-ਭੂਮ ਬਾਨ ਇਨ ਨਾਂਹਿ ਵਿਸਾਰੀ।
ਏਤੀ ਮਹਿਮਾ ਨੈਨ ਨਿਹਾਰੀ।
ਤਦਪਿ ਨ ਰਹਤਿ ਹੋਇ ਅਨੁਸਾਰੀ।-
॥੫॥
ਸ਼੍ਰੀ ਗੁਰ ਭਨੈਂ 'ਚਲਹੁ ਮਰਦਾਨਾ!
ਦੇਖਹੁ, ਸੈਲ ਕਰੋ ਬਿਧਿ ਨਾਨਾ[1]।' — [1]ਕਈ ਤਰ੍ਹਾਂ ਦੀ।
ਤਿਹ ਪੁਰਿ ਤੇ ਹੁਇ ਬਿਦਾ ਪਯਾਨੇ।
ਭਗਤਿ ਜਗਤ ਮਹਿਂ ਜਿਨ ਪ੍ਰਗਟਾਨੇ
॥੬॥
ਗਮਨੇ ਮਾਰਗ ਮਹਿਂ ਗਤਿਦਾਈ।
ਕਿਤਕ ਕੋਸ ਪਰ ਪਹੁੰਚੇ ਜਾਈ।
ਆਗੇ ਸਾਗਰ ਕੋ ਤਟ[1] ਦੇਖਾ। — [1]ਕੰਢਾ।
ਲਗਯੋ ਜਾਂਹਿ ਸੋਂ ਮੱਛ ਬਿਸ਼ੇਖਾ[1] ॥੭॥ — [1]ਬੜਾ ਮੱਛ।
ਪੈਂਤੀ ਕੋਸ ਹੁਤੋ ਬਿਸਤਾਰਾ[1]। — [1]ਫੈਲਾਉ।
{ਮੱਛ ਦਾ ਪ੍ਰਸੰਗ}
ਪੀਠ ਤਾਂਹਿ ਕੀ ਚੜ੍ਹੇ ਉਦਾਰਾ[1]। — [1]ਸ੍ਰੇਸ਼ਟ (ਗੁਰੂ ਜੀ)।
ਚਢਿ ਕਰਿ ਬੋਲੇ ਦੀਨ ਦਯਾਲਾ।
'ਸੁਨਹੁ ਬੈਨ ਮਰਦਾਨਾ! ਬਾਲਾ!
॥੮॥
ਅਬ ਕਾ ਪਰ ਹਮ ਗਮਨੇ ਜਾਂਹੀ[1]? — [1]ਤੁਰੇ ਜਾਂਦੇ ਹਾਂ।
ਭੇਦ ਲਖਯੋ ਕੈਧੌਂ ਤੁਮ ਨਾਂਹੀ।'
ਮੈਂ ਤਬ ਕਹਯੋ 'ਨ ਹਮ ਕਛੁ ਜਾਪੇ[1]। — [1]ਪਤਾ ਨਹੀਂ ਲੱਗਦਾ।
ਤੁਮਰੀ ਗਤਿ ਤੁਮ ਜਾਨਹੁ ਆਪੇ ॥੯॥
ਹਮਰੀ ਅਲਪ ਬੁੱਧਿ ਕਯਾ ਜਾਨੇ।
ਤੁਮ ਪਰਮੇਸ਼ੁਰ ਪੁਰਖ ਮਹਾਨੇ।
ਸੋ ਹਮ ਲਖਹਿਂ ਜੁ ਆਪ ਲਖਾਵਹੁ।
ਦੇਖਹਿਂ ਸੋ ਜੋ ਆਪ ਦਿਖਾਵਹੁ'
॥੧੦॥
ਗੁਰੂ ਭਨੈਂ 'ਇਹ ਮੱਛ ਮਹਾਨਾਂ।
ਕਿਤੇ ਕਾਲ ਕੇ ਕਰਤਿ ਪਯਾਨਾ।

ਆਗੈ ਕਿਤੀ ਦੂਰ ਲੌ ਲਖਿਯੇ।
ਚਲਹੁ ਭਲੀ ਬਿਧਿ ਸੋਂ ਇਹ ਪਿਖਿਯੇ[1]' ॥੧੧॥

[1]ਦੇਖੀਏ।

ਜਾਇ ਸੀਸ ਪਰ ਕੀਨੋ ਡੇਰਾ।
ਤਬ ਮਰਦਾਨੇ ਮੁਖ ਤਿਹ ਹੇਰਾ।
ਪਸਰਯੋ ਦੀਸਤਿ ਵਡੋ ਅਕਾਰਾ।
ਦੀਰਘ ਲੋਚਨ ਕੇ ਬਿਸਤਾਰਾ ॥੧੨॥

ਦੋਹਰਾ:
ਭੈ ਕਰਿ ਉਰ ਬਿਸਮਾਦਿਓ,
ਅਸ ਬਿਧਿ ਬਚਨ ਅਲਾਇ।
'ਸ੍ਰੀ ਗੁਰੁ ਤੁਮਰੀ ਕੁਦਰਤਾਂ,
ਤੁਮ ਹੀ ਕੋ ਬਨਿ ਆਇਂ' ॥੧੩॥

ਚੌਪਈ:
ਜਾਮਨਿ[1] ਬਸੇ ਭਈ ਪੁਨਿ ਭੋਰਾ।
ਮੱਛ ਦੇਹ ਛੁਟਿ ਪਲਟੀ[1] ਔਰਾ[2]।
ਉਸਤਤਿ ਕਹਤਿ ਕਰੀ ਪਦ ਬੰਦਨ।
'ਚਿਦਾਨੰਦ[1] ਤਨ ਦੁੰਦ ਨਿਕੰਦਨ[2] ॥੧੪॥

[1]ਰਾਤ।

[1]ਬਦਲ ਗਈ। [2]ਹੋਰ।

[1]ਚੇਤਨ ਤੇ ਅਨੰਦ ਰੂਪ। [2]ਨਾਸ਼ ਕਰਨ ਵਾਲੇ।

ਸ੍ਰੀ ਪਰਮਾਤਮ ਦੇਵਨ ਦੇਵੰ!
ਲਖਿ ਨ ਸਕਹਿ ਕੋ ਰਾਵਰਿ ਭੇਵੰ।'
ਤਿਹ ਬਿਲੋਕਿ ਬੇਦੀ ਕੁਲਕੇਤਾ।
ਬੋਲੇ ਬਚਨ ਬੂਝਨੇ ਹੇਤਾ ॥੧੫॥
'ਕੌਨ ਅਹੈਂ ਤੂੰ ਕਹਹੁ ਬੁਝਾਈ?

{ਮੱਛ ਦਾ ਪੂਰਬ ਪ੍ਰਸੰਗ}

ਕੈਸੇ ਮੱਛ ਦੇਹਿ ਵਡ ਪਾਈ।
ਤਿਹ ਤਜਿ ਧਾਰਯੋ ਦੇਹਿ[†] ਨਵੀਨਾ।
ਪਟ ਭੂਖਨ ਸੁਠ ਪਹਿਰ ਪ੍ਰਬੀਨਾ' ॥੧੬॥

[†]ਪਾ-ਸਰੀਰ।

ਬੋਲਯੋ ਤਬੈ 'ਸੁਨਹੁ ਭਗਵੰਤਾ!
ਤੁਮ ਜਾਨਤਿ ਸਭਿ ਬਿਧਿ ਬਿਰਤੰਤਾ।
ਅਪਰ[1] ਸੁਨਾਵਨ ਕੇ ਹਿਤ ਗਾਥਾ।
ਮੋਰ ਸਾਥ ਬੂਝਹੁ, ਜਗਨਾਥਾ! ॥੧੭॥

[1]ਹੋਰਨਾਂ ਨੂੰ।

ਤ੍ਰੇਤੇ ਜੁਗ ਭਾ ਜਨਕ ਬਿਦੇਹੀ।
ਤਿਹ ਸੇਵਕ ਹੌਂ ਸੇਵ ਕਰੇਹੀ।
ਇਕ ਦਿਨ ਕਾਜ ਕਰਨ ਕੁਛ ਭਾਖਾ।
ਕੀਨ ਤਬਹਿ ਮੈਂ ਰਿਸ ਉਰ ਰਾਖਾ
॥੧੫॥
ਜਨਕ ਜਾਨਿ ਮਨ, ਬਚਨ ਬਖਾਨਾ।
-ਤਰਫ ਮੀਨ ਜਿਉਂ[1] ਕਾਜ ਕਰਾਨਾ-। [1]ਮੱਛੀ ਵਾਂਙੂ ਤੜਫ ਕੇ।
ਤਿਨ ਕੇ ਬਚਨ ਮੀਨ ਤਨ ਪਾਯੋ।

ਇਹ ਪ੍ਰਸੰਗ ਪੜ੍ਹਕੇ ਜੋ ਲੋਕ ੩੫ ਕੋਹ ਲੰਮੀ ਮੱਛੀ ਸਮੁੰਦਰਾਂ ਵਿਚ ਲੱਭਦੇ ਹਨ ਤੇ ਪਤਾ ਲੱਗਣ ਤੇ ਕਿ ਲੰਮੀ ਤੋਂ ਲੰਮੀ ਮੱਛੀ ੫੦ ਸੱਠ ਫੁਟ ਹੁੰਦੀ ਹੈ, ਨਿਰਾਸ ਹੁੰਦੇ ਹਨ, ਪਰ ਇਸ ਪ੍ਰਸੰਗ ਦੀ ਵਿਥਿਆ ਇਸ ਦੇ ਵਿਚੇ ਹੈ, ਕਿ ਕੋਈ ਜੋਗੀਰਾਜ ਜਨਕ ਦਾ ਸ੍ਰਾਪਿਆ ਉਸਦਾ ਕੋਈ ਦਾਸ ਸੀ ਉਸ ਨੂੰ ਜੋ ਸੂਰਤ ਮਿਲੀ ਸੀ ਸੋ ਸਰਾਪ ਦੀ ਸੂਰਤ ਸੀ। ਗੁਰੂ ਵਿਚ ਪੂਰਨ ਭਾਵਨਾ ਹੋਣ ਕਰਕੇ ਤੇ ਗੁਰੂ ਆਤਮ ਸੱਤਜਾ ਵਾਲਾ ਹੋਣ ਕਰਕੇ ਜਿਸ ਰੂਪ ਵਿਚ ਓਹ ਗਿਆ ਓਹ ਅਬਿਗਤ ਹਾਲਤ ਦਾ ਰੂਪ ਹੈ, ਜੋ ਇਸ ਲੋਕ ਦੇ ਤੇ ਪਰਲੋਕ ਵਿਚਕਾਰ ਇਕ ਅਵਸਥਾ ਹੈ ਜਿੱਥੇ ਸ਼ੁਭ ਗਤੀ ਨੂੰ ਨਾ ਪ੍ਰਾਪਤ ਹੋਏ ਅਮੁਕਤ ਪੁਰਖ ਦੁੱਖ ਪਾਂਦੇ ਹਨ। ਓਸ ਅਮੁਕਤ ਰੂਪ ਦੀ ਗਤੀ ਗੁਰੂ ਜੀ ਨੇ ਕੀਤੀ ਹੈ। ਇਹੀ ਪ੍ਰਯੋਜਨ ਸੀ, ਸੈਰ ਯਾ ਮੱਛੀ ਦਿਖਾਉਣੀ ਪ੍ਰਯੋਜਨ ਨਹੀਂ ਸੀ। ਪੁਰਾਤਨ ਸਮੇਂ ਦੇ ਤਪੱਸ੍ਵੀ ਤੇ ਆਤਮ ਉੱਨਤੀ ਵਾਲੇ ਲੋਕ ਸ੍ਰਾਪ ਬੜੀ ਛੇਤੀ ਦੇਂਦੇ ਹੁੰਦੇ ਸਨ, ਅਰ ਫੇਰ ਬਖਸ਼ ਨਹੀਂ ਸਨ ਸਕਦੇ। ਗੁਰੂ ਨਾਨਕ ਦੇਵ ਜੀ ਐਸੇ ਪ੍ਰਸੰਗਾਂ ਵਿਚ ਇਨ੍ਹਾਂ ਸ੍ਰਾਪਾਂ ਨਾਲ ਸ੍ਰਾਪੇ ਲੋਕਾਂ ਦਾ ਉਧਾਰ ਕਰ ਰਹੇ ਹਨ। ਜਿਉਂ ਜਿਉਂ ਸਾਖੀਆਂ ਪੜ੍ਹੋ ਪਤਾ ਲੱਗਦਾ ਹੈ ਕਿ ਗੁਰੂ ਜੀ ਬੰਦਗੀ ਕਰ ਰਹੇ ਲੋਕਾਂ ਨੂੰ ਜਾ ਜਾ ਮਿਲਦੇ ਤੇ ਉਨ੍ਹਾਂ ਦੀ ਤਪੱਸਜਾ ਵਿਚ ਜਾਨ ਭਰ ਦੇਂਦੇ ਹਨ, ਯਾ ਸ੍ਰਾਪੀਆਂ ਨੂੰ ਸ੍ਰਾਪ ਤੋਂ ਛੁਡਾ ਰਹੇ ਹਨ, ਯਾ ਨਵੀਆਂ ਪਨੀਰੀਆਂ ਆਤਮ ਬਗੀਚੇ ਵਿਚ ਲਗਾ ਰਹੇ ਹਨ।
ਹੁਣ ਪੱਛਮੀ ਲੋਕਾਂ ਨੇ ਬੀ, ਜਿਨ੍ਹਾਂ ਦੀ ਵਿਦਯਾ ਪਾ ਕੇ ਸਾਡੇ ਲੋਕ ਸੰਸੇ ਬ੍ਰਿਤੀ ਵਿਚ ਬਯਾਕੁਲ ਹਨ, ਮੰਨਿਆਂ ਹੈ ਕਿ ਐਸੀਆਂ ਹਾਲਤਾਂ ਸੰਭਵ ਹਨ, ਆਟੋ ਸਜੈਸ਼ਨ (Auto suggestion) ਸ੍ਵੈਸੰਕਲਪ ਜਿਸ ਪ੍ਰਕਾਰ ਦਾ ਕਿਸੇ ਅੰਦਰ ਕੋਈ ਪ੍ਰਬਲ ਆਤਮ ਸਤਜਾ ਵਾਲਾ ਆਦਮੀ ਜਾਰੀ ਕਰ ਦੇਵੇ ਵੈਸੀ ਉਸ ਦੀ ਦਸ਼ਾ ਹੋ ਜਾਂਦੀ ਹੈ।
ਦੂਸਰੀ ਵਿਚਾਰ ਇਹ ਹੈ ਕਿ ਕਰਾਚੀ ਵਲ ਮੱਛ ਵੱਡੇ ਬੇੜੇ ਤੇ ਜਹਾਜ ਨੂੰ ਕਹਿੰਦੇ ਹਨ, ਮਛੂਆ=ਨਿੱਕੀ ਕਿਸ਼ਤੀ ਨੂੰ ਪੂਰਬ ਵਿਚ ਬੀ ਕਹਿੰਦੇ ਹਨ। ਅਸਲ ਜਨਮ ਸਾਖੀ ਵਿਚ ਕੀ ਪਤਾ ਹੈ ਪ੍ਰਸੰਗ ਕਿਵੇਂ ਸੀ ਤੇ ਹਿੰਦਾਲੀਏ ਨੇ ਉਸ ਨੂੰ ਕਿਵੇਂ ਉਲਟਾਯਾ ਹੈ, ਇਹ ਪ੍ਰਸੰਗ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਹੈ।

ਤੁਮਰੇ ਚਰਨ ਪਰਸ ਛੁਟਕਾਯੋ !
॥੧੯॥
ਅਸ ਕਹਿ ਦੇਵ ਸਦਨ ਕੋ ਗਯੋ।
ਜਨਕ ਸ੍ਰਾਪ ਤੇ ਛੂਟਤਿ ਭਯੋ।
ਬਹੁਰੋ ਆਗੇ ਕੀਨ ਪਯਾਨਾ।
ਚਲਤੇ ਮਗ ਬੋਲਯੋ ਮਰਦਾਨਾ ॥੨੦॥

'ਸ੍ਰੀ ਪ੍ਰਭੁ ! ਬਖਸ਼ਹੁ ਖ਼ਤਾ ਹਮਾਰੀ।
ਮੈਂ ਨਹਿਂ ਮਹਿਮਾ ਲਖੀ ਤੁਮਾਰੀ।
ਸਨਮੁਖ ਬਚਨ ਕਹਿਤ ਨਿਤ ਰਹਿਤਾ।
ਆਦਰ ਰਾਖਨ ਬਿਧਿ ਨਹਿਂ ਲਹਿਤਾ'
॥੨੧॥
ਬਿਗਸ ਬਦਨ ਤੇ ਬਚਨ ਉਚਾਰੇ।
'ਪੂਰਬ ਬਖ਼ਸ਼ੇ ਗੁਨਹਿਂ ਤੁਮਾਰੇ।
ਪਾਛੇ ਤੇ ਅਪਨੇ ਸੰਗ ਲੀਨੋ।
ਕਿਉਂ ਸੰਸਾ ਤੁਮ ਉਰ ਮਹਿਂ ਕੀਨੋ?'
॥੨੨॥
ਦੋਹਰਾ:
ਬਿਗਸ੍ਯੋ ਮਰਦਾਨਾ ਤਬਹਿ,
ਚਲੇ ਸਿੰਧੁ ਪਰ ਜਾਇਂ।
'ਤਵ ਖ਼ੁਦਾਇ ਮਹਿਂ ਭੇਦ ਨਹਿਂ',
ਇਸ ਬਿਧਿ ਬਚਨ ਅਲਾਇ ॥੨੩॥
ਚੌਪਈ:
ਸ੍ਰੀ ਗੁਰ ਕਹੈਂ 'ਨ ਬਚਨ ਅਲਾਵਹੁ।
ਤੁਸ਼ਨਿ ਮਮ ਪਸ਼ਚਾਤਹਿ ਆਵਹੁ।'
'ਹੇ ਪ੍ਰਭੁ ! ਡਰ ਕਾਂ ਕੋ ਅਬ ਮੋਹੀ।
ਤੁਮਰੋ ਸੰਗਿ ਸਦਾ ਜੌ ਹੋਹੀ' ॥੨੪॥
ਬਹੁਰੋ ਭਨਤਿ ਭਏ ਗਤਿਦਾਇ।
'ਅੱਗ੍ਰਜ[1] ਆਵਤਿ ਵਡੀ ਬਲਾਇ। [1]ਅੱਗੇ।
ਰੂਪ ਭਯਾਨਕ ਦੇਹਿ ਬਿਸ਼ੇਖ਼ੀ।
ਡਰ ਪਾਵਹਿਂ ਜਿਨ ਅੰਗਨ ਦੇਖੀ[1]' [1]ਅੰਗਾਂ ਨੂੰ ਦੇਖ ਕੇ।
॥੨੫॥
ਬੋਲ੍ਯੋ ਭੈ ਧਰਿ ਕੈ ਮਰਦਾਨਾ।
'ਕਿਉਂ ਅਬ ਅੱਗ੍ਰਜ ਕਰਹੁ ਪਯਾਨਾ।
ਤੁਰਨ ਹਟਿ ਕਰਿ ਚਲਹੁ[†] ਪਿਛਾਰੀ। [†]ਪਾ:-ਚਲਹਿਂ।
ਰਾਖਹੁ ਇਸ ਤੇ ਦੇਹਿ ਹਮਾਰੀ'
॥੨੬॥
ਪਿਖਿ ਭੈ ਆਤੁਰ ਕ੍ਰਿਪਾ ਨਿਧਾਨਾ।

ਮੁਸਕਾਵਤਿ ਮੁਖ ਬਚਨ ਬਖਾਨਾ।
'ਭਾਗੇ ਤੇ ਅਬ ਜਾਇ ਨ ਦੇਈ।
ਧਾਇ ਸਮੀਪ ਪਹੁੰਚ ਗਹਿ ਲੇਈ[1] ॥੨੭॥ — [1]ਫੜ ਲਊ।

ਦੋਹਰਾ: — †ਪਾ:-ਚਲੈਂ।
ਯਾਂ ਤੇ ਆਗੇ ਹੀ ਚਲਹੁ†,
ਭਲੀ ਕਰੈ ਕਰਤਾਰ।'
-ਕਲ੍ਹ[1]-ਸਨਮੁਖ ਆਵਤਿ ਭਈ, — [1]ਕਲਹ।
{ਕਲਹ ਮਿਲਾਪ}
ਜਾਂਹਿ ਬੇਖ ਬਿਕਰਾਰ[1] ॥੨੮॥ — [1]ਭਯਾਨਕ।

ਚੌਪਈ: — [1]ਕਾਲਾ। [2]ਰੰਗ। [3]ਲਾਲ ਅੱਖਾਂ।
ਮੇਚਕ[1] ਬਰਨ[2] ਅਰੁਨ ਚਖ[3] ਜਾਂ ਕੇ।
ਦੀਰਘ ਦਾਂਤ ਭਯਾਨਕ ਤਾਂ ਕੇ।
ਆਂਤ[1] ਨਰਨ[2]† ਜਿਹਂ ਗ੍ਰੀਵਾ[3] ਡਾਰੀ। — [1]ਆਂਦਰਾਂ। [2]ਪੁਰਖਾਂ ਦੀਆਂ। [3]ਗਲ ਵਿਚ। †ਆਂਤਨ ਨਰ।
ਕਰ ਮਹਿਂ ਰਕਤ ਕਪਾਲੀ[1] ਧਾਰੀ ॥੨੯॥ — [1]ਲਹੂ ਦਾ ਠੂਠਾ।
ਲੋਹਿਤ[1] ਬਾਲ ਛੁਟੇ ਜਿਸ ਪੀਠਾ। — [1]ਲਾਖੇ ਯਾ ਤਾਂਬੇ ਰੰਗੇ ਲਾਲ।
ਕੰਪਾਵਤਿ ਸੁਰ[1] ਅਸੁਰਹਿਂ[2] ਡੀਠਾ। — [1]ਦੇਵਤੇ। [2]ਦੈਤਾਂ ਨੂੰ।
ਬਦਨ ਪਸਾਰੇ ਸਨਮੁਖ ਆਈ।
ਜਬਹਿ ਬਿਲੋਕੀ ਸ੍ਰੀ ਜਗ ਸਾਈਂ ॥੩੦॥
ਇਕ ਡੰਡਾ ਪੁਨ ਜਲ ਮਹਿਂ ਦੇਖਾ।
ਗਹਿ ਲੀਨੋ ਨਿਜ ਹਾਥ ਵਿਸ਼ੇਖਾ।
ਤੂਰਨ ਦੌਰੀ ਜਬ ਢਿਗ ਆਈ।
ਸੋ ਡੰਡਾ ਮੁਖ ਦੀਨ ਚਲਾਈ ॥੩੧॥
ਬਲ ਕਰਿ ਗਹਿਨ ਲਗੀ ਨਿਜ ਹਾਥਾ।
ਕਛੁ ਨ ਚਲ੍ਯੋ ਬਸੁ ਤਿਹ ਕੇ ਸਾਥਾ।
ਜਬ ਗਾ[1] ਅੰਤਰਿ ਦੁਖਿਤ ਪੁਕਾਰੀ। — [1]ਗਿਆ।
ਪੀੜਤਿ ਹ੍ਵੈ ਲੋਚਨ ਅੰਸੁ ਡਾਰੀ ॥੩੨॥

ਦੋਹਰਾ: — [1]ਬੀਨ ਹੱਥ ਵਿਚ।

ਪੁਨ ਨਾਰਦ ਮੁਨਿ, ਬੇਨ ਕਰ[1],

{ਨਾਰਦ ਮਿਲਾਪ}

ਪ੍ਰੇਮ ਭਗਤਿ ਮੈਂ ਲੀਨ।

ਗਾਵਤਿ ਗੁਨ ਕਰਤਾਰ ਕੇ,

ਆਨ ਦਰਸ ਗੁਰੁ ਕੀਨ ॥੩੩॥

ਚੌਪਈ:

†ਪਾ:-ਦਹਿਦਿਸ।

ਦੁਹਿਦਿਸ਼† ਬੰਦਹਿਂ ਸੀਸ ਨਿਵਾਈ।

ਕਹਿ ਕਰਿ ਕਲਹ ਕੋ ਦੀਨ ਛੁਟਾਈ।

ਬਹੁਰਿ ਬਿਲੋਕਨ ਲਗਜੋ ਸਰੂਪਾ।

ਬਨੀ ਸੁ ਛਬਿ ਜਨੁ ਸੁਧਾ ਅਨੂਪਾ ॥੩੪॥

ਪਿਯਤ[1] ਨ ਤ੍ਰਿਪਤੈ ਲੋਚਨ[2] ਡੋਨੇ। — [1]ਪੀਂਦਿਆਂ। [2]ਨੇਤ੍ਰਾਂ ਦੇ।

ਬਰਨਨ ਲਗਾ ਸੁਜਸ ਬਚ ਲੋਨੇ[1]। — [1]ਵਾਕ ਸੁੰਦਰ।

'ਆਦਿ[1] ਦੁਆਦਸ਼ ਵਾਕ† ਬਖਾਨੇ। — [1]ਪਹਿਲੇ ਵਿਚ।

†ਆਤਮ ਵਿਦਯਾ ਸੰਬੰਧੀ ਉਪਨਿਖਧਾ ਦੇ ਦੱਸੇ ਮਹਾਂ ਵਾਕ, ਯਥਾ:-ਤਤਤ੍ਵੰ, ਅਸਿ, ਅਹੰ ਬ੍ਰਹਮਾਸਿਮ, ਅਯਮਾਤਮਾ ਬ੍ਰਹਮ, ਪਰਗਯਾਨਮ ਨੰਦ ਬ੍ਰਹਮ। ਇਹ ਮੁੱਖ ਚਾਰ ਹਨ। ਇਕ ਇਕ ਵਾਕ ਦੇ ਤ੍ਰੈ ਤ੍ਰੈ ਹਿੱਸੇ ਕਰਕੇ ਇਨ੍ਹਾਂ ਚੌਹਾਂ ਦੇ ਬਾਰਾਂ ਗਿਣ ਲੈਂਦੇ ਹਨ। ਪਰੰਤੂ ਇਨ੍ਹਾਂ ਤੋਂ ਛੁਟ ਐਸੇ ਵਾਕ ਬੀ ਮਹਾਂ ਵਾਕ ਕਹਾਉਂਦੇ ਹਨ:-ਯਥਾ:

ਬ੍ਰਹਮੈਵੇਦਨ ਸਰਵਮ੍। ਸੋ ਹਮਸਿਮ, ਸਤਯੰ ਗਯਾਨ ਮਨੰਤੰ ਬ੍ਰਹਮ। ਇਸ ਤਰ੍ਹਾਂ ੧੨ ਪੂਰੇ ਕਰਦੇ ਹਨ। ਕਈ ਇਸ ਵਾਕਯ 'ਓਂ ਨਮੋ ਭਗਵਤੇ ਵਾਸਦੇਵਾਯ' ਨੂੰ ਬੀ ਦ੍ਵਾਦਸ਼ ਵਾਕ ਕਹਿ ਦੇਂਦੇ ਹਨ, ਪਰ ਏਹ ਦ੍ਵਾਦਸ਼ ਅੱਖਰ ਹਨ, ਵਾਕ ਤਾਂ ਇਕੋ ਹੈ।

ਬ੍ਰਹਮਾ ਪ੍ਰਤੀ[1], ਸਰੂਪ ਪਛਾਨੇ ॥੩੫॥ — [1]ਤਾਂਈ।

ਤਿਨ ਤੇ ਬਿਧਿ[1] ਪੁਨਿ ਬੇਦ ਉਚਾਰੇ†। — [1]ਬ੍ਰਹਮਾ ਨੇ। †ਪਹਿਲੇ ਤੁਸਾਂ ਬ੍ਰਹਮਾ ਨੂੰ ਦ੍ਵਾਦਸ਼ ਵਾਕ ਕਹੇ ਤਾਂਕੇ ਬ੍ਰਹਮਾ ਆਪ ਦੇ ਸਰੂਪ ਨੂੰ ਪਛਾਣੇ, ਆਪ ਨੂੰ ਪਛਾਣ ਕੇ ਉਨ੍ਹਾਂ ਤੋਂ ਬ੍ਰਹਮਾ ਨੇ ਫੇਰ ਵੇਦ ਕਹੇ। ਇੱਥੇ ਕਵਿ ਜੀ ਗੁਰੂ ਜੀ ਨੂੰ ਬ੍ਰਹਮਾ ਦਾ ਬੀ ਗਯਾਨ ਦਾਤਾ ਦੱਸ ਰਹੇ ਹਨ। ਅਗੇ ਚੌਹਾਂ ਜੁਗਾਂ ਦੇ ਧਰਮ ਕਹਿਣ ਲੱਗੇ ਹਨ।

ਸਤਜੁਗ ਧਰਮ ਕੀਨ ਪ੍ਰਤਿਪਾਰੇ[1]। — [1]ਪਾਲਨਾ ਕੀਤਾ।

ਨਾਮਹਿ† ਸੰਗ ਯੋਗ ਉਪਦੇਸ਼ਾ। — †ਪਾ:-ਨਾਮ ਕੇ।

ਸਿਮਰਹਿਂ ਨਰ ਜੇ ਕਟੇ ਕਲੇਸ਼ਾ ॥੩੬॥

ਬਹੁਰ ਨਰਨ ਕੀ ਅਲਪ ਮਨੀਖਾ[1]। — [1]ਬੁੱਧੀ।

ਤਿਨਹਿਂ ਦੇਖਿ ਦੀਨੀ ਅਸ ਸੀਖਾ[1]। — [1]ਸਿੱਖਿਆ।

ਮਨੁ ਭੂਪਤਿ ਕੇ[1] ਹ੍ਵੈ ਕਰਿ ਦ੍ਵਾਰਾ। [1]ਮਨੂ ਰਾਜੇ ਦੇ।
ਸ਼ੁਭ ਸਿੰਮ੍ਰਿਤ ਕੋ ਕੀਨ ਉਚਾਰਾ ॥੩੭॥
ਸਿਮਰਨਿ ਨਾਮ ਯੱਗਜ ਕੋ ਕਰਨਾ।
ਤ੍ਰੇਤੇ ਯੁਗ ਮਹਿਂ ਨੀਕੇ ਧਰਮਾ।
ਤਾਂਹੀ ਕਰਿ ਬਹੁ ਕੀ ਗਤਿ ਕੀਨੀ।
ਧਰਮ ਰੀਤਿ ਪ੍ਰਤਿਪਾਰ ਪ੍ਰਬੀਨੀ[1] ॥੩੮॥ [1]ਭਾਵ ਆਪ ਨੇ।
ਪੁਨਿ ਤਾਂ ਤੇ ਮਤਿ ਮੰਦ ਪੁਮਾਨਾ[1]। [1]ਆਦਮੀ ਮੰਦੀ ਮਤ ਵਾਲੇ ਹੋ ਗਏ।
ਤਿਨਹਿਂ ਦੇਖ ਕਿਯੇ ਪੁਰਾਨਾ।
ਬਯਾਸ ਰੂਪ ਹ੍ਵੈ ਸੁਗਮ ਬਖਾਨੇ।
ਨਾਮ ਭਜਨ, ਪੂਜਾ ਸੁ ਦ੍ਰਿੜਾਨੇ ॥੩੯॥
ਇਵ ਦ੍ਵਾਪੁਰਿ ਮਹਿਂ ਕੀਨ ਉਧਾਰਾ।
ਜਗਤ ਧਰਮ ਨੀਕੇ ਪ੍ਰਤਿਪਾਰਾ।
ਅਬ ਕਲਿਕਾਲ[1] ਮਨੀਖਾ ਹੀਨੇ[2]। [1]ਕਲਜੁਗ ਦੇ ਸਮੇਂ। [2]ਬੁੱਧਿ ਤੋਂ ਬਿਨਾਂ।
ਲੰਪਟ ਬਿਸ਼ੇ[1] ਪੁਮਾਨ[2] ਮਲੀਨੇ ॥੪੦॥ [1]ਲਿਪਟੇ ਹੋਏ ਵਿਸ਼ਿਆਂ ਵਿਚ। [2]ਮਨੁੱਖ।
ਤਿਨ ਕੇ ਹਿਤ ਕਰਿ ਕੈ ਸੁਠ ਬਾਨੀ[1]। [1]ਸੁੰਦਰ (ਗੁਰ) ਬਾਣੀ।
ਏਕ ਨਾਮ ਉਪਦੇਸ਼ਹੁ ਪ੍ਰਾਨੀ।
ਸਿਮਰਹਿਂ ਸਦਾ ਮਿਲੇ ਸਤਿਸੰਗਾ।
ਕਰਹੁ ਬਹੁਤ ਮਨੁਜਨ[1] ਭ੍ਰਮ ਭੰਗਾ ॥੪੧॥ [1]ਮਨੁੱਖਾਂ ਦਾ (ਅ) ਜਨਾਂ ਦੇ ਮਨ ਦਾ।
ਜਗ ਸਾਗਰ ਤੇ ਲੇਹੁ ਉਬਾਰੀ।
ਮਾਨਹਿਂ ਨਰ ਜਿ ਰਜਾਇ ਤੁਮਾਰੀ।
ਜਬ ਜਬ ਦੇਖਹੁ ਧਰਮ ਗਿਲਾਨਾ[1]। [1]ਧਰਮ ਦੀ ਗਿਲਾਨੀ (ਜਗਤ ਵਿਚ ਫੈਲੀ ਹੋਈ)।
ਤਬ ਤਬ ਧਰਿ ਅਵਤਾਰ ਮਹਾਨਾ ॥੪੨॥
ਆਪ ਕਰਹੁ ਤਾਕੀ ਪ੍ਰਤਿਪਾਰਾ।
ਸਭਿ ਮਿਰਜਾਦ ਰਖਹੁ ਸੁਖ ਸਾਰਾ।'
ਹ੍ਵੈ ਪ੍ਰਸੰਨ ਨਾਰਦ ਮੁਨਿ ਤਾਂਈ।
ਬੋਲੇ ਮ੍ਰਿਦੁਲ ਗਿਰਾ ਸੁ ਗੁਸਾਈਂ

॥੪੩॥

'ਸਭਿ ਮੁਨੀਨ ਈਸ਼ਰ ਰਿਖਿ ਦੇਵਾ[1]†।

[1]ਸਾਰੇ ਰਿਖੀਆਂ ਦੇਵਤਿਆਂ ਮੁਨੀਆਂ ਦਾ ਤੂੰ ਈਸ਼ਰ (ਵੱਡਾ) ਹੈਂ (ਅ) ਹੇ ਦੇਵ ਰਿਖੀ। †ਪਾ:- ਸਭ ਮੁਨੀਸ਼ ਈ ਸ਼ ਰਿਖ ਦੇਵਾ।

ਧੰਨ ਧੰਨ ਤੁਮ ਉੱਤਮ ਭੇਵਾ।
ਜੋ ਬੈਰਾਠ† ਰੂਪ ਕਰਤਾਰਾ।

†ਰਿਗ ਵੇਦ ਵਿਚ ਵਿਰਾਟ ਤੋਂ ਮੁਰਾਦ 'ਉਸ ਵਾਹਿਗੁਰੂ ਦੇ ਸਰੂਪ ਦੀ ਹੈ ਜੋ ਹਜ਼ਾਰਾਂ ਅੱਖਾਂ, ਹਜ਼ਾਰਾਂ ਪੈਰਾਂ ਤੇ ਸਿਰਾਂ ਵਾਲਾ ਹੈ, ਸਾਰੇ ਤੱਤ੍ਵ ਅਰ ਵਿਸ਼੍ਵ ਉਸ ਦਾ ਇਕ ਪੈਰ ਹੈ, ਆਦਿ।' ਕਵਿ ਜੀ ਦੱਸਦੇ ਹਨ ਕਿ ਇਸ ਸਰੂਪ ਦਾ ਮਨ ਮਾਨੋਂ ਨਾਰਦ ਮੁਨੀ ਹੈ। ਸ੍ਰੀ ਗੁਰੂ ਜੀ ਨੇ ਆਰਤੀ ਵਿਚ ਜੋ ਸਰੂਪ ਦੱਸਿਆ ਹੈ ਓਹ ਇਸ ਤੋਂ ਉੱਪਰ ਦਾ ਹੈ, ਉਸ ਦੇ ਹਜ਼ਾਰਾਂ ਨੈਣ, ਪੈਰ, ਨੱਕ ਆਦਿ ਵਰਣਨ ਕਰਕੇ ਫੇਰ ਕਹਿੰਦੇ ਹਨ ਕਿ ਉਸ ਦੇ ਨੈਣ ਪੈਰ ਆਦਿ ਅੰਗ ਕੋਈ ਨਹੀਂ ਹਨ 'ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ' ॥ (ਧੰਨਾ: ਮ: ੧) ਗੀਤਾ ਵਿਚ ਬੀ ਵਿਰਾਟ ਦਾ ਰੂਪ ਦੱਸਿਆ ਹੈ, ਪੁਰਾਣਾਂ ਦਾ ਵੈਰਾਟ ਕੁਛ ਹੋਰਵੇਂ ਹੀ ਹੈ। ਪਾ:-ਬੈਰਾਗ-ਬੀ ਹੈ।

ਤਿਹ ਕੋ ਮਨ ਹ੍ਵੈ ਦੇਹਿ ਤੁਮਾਰਾ
॥੪੪॥

ਭਗਤਿ ਸ਼ਿਰੋਮਣਿ[1] ਪ੍ਰੇਮ ਪ੍ਰਬੀਨਾ।

[1]ਸਰਦਾਰ।

ਤੁਮ ਸਮਾਨ ਕੋ ਅਪਰ ਨ ਚੀਨਾ।
ਸ਼੍ਰੀ ਕਰਤਾਰ ਸੁਜਸੁ ਸਮ ਨੀਰਾ।
ਤਿਹ ਕੋ ਮੀਨ ਕੀਨ ਮਨ ਧੀਰਾ[1]!'
॥੪੫॥

[1]ਹੇ ਧੀਰਜੀ! ਤੁਸਾਂ ਕਰਤਾਰ ਦੇ ਜਸ ਨੂੰ ਪਾਣੀ ਜਾਣਕੇ ਮਨ ਨੂੰ ਉਸਦੀ ਮੱਛੀ ਬਨਾਯਾ ਹੈ। ਪੁਰਾਣਾਂ ਵਿੱਚ ਭਗਤੀ ਮਾਰਗ ਦਾ ਸਨਾਤਨ ਮੁਨੀ ਨਾਰਦ ਮੰਨਿਆਂ ਗਿਆ ਹੈ, ਹਰਿ ਕੀਰਤਨ ਇਸਦਾ ਕੰਮ ਹੈ, ਕਲਹ ਇਸਦੀ ਇਸਤ੍ਰੀ ਹੈ।

ਅਸ ਪ੍ਰਕਾਰ ਮਿਲਿ ਆਪਸ ਮਾਂਹੀ।
ਦੁਹੂੰ ਦਿਸ਼ਨ ਥੋਰੋ ਹਿਤ ਨਾਂਹੀ।
ਪੁਨ ਨਾਰਦ ਮੁਨਿ ਕਲਹ ਕੋ ਲ੍ਯਾਯੋ।
ਪਾਇ ਗੁਰੂ ਪਗ ਬਚਨ ਅਲਾਯੋ
॥੪੬॥

'ਭਈ ਭੂਲ ਇਸ ਕੀ ਬਖਸ਼ੀਜੈ।
ਅਬ ਯਾਂ ਪਰ ਨਿਜ ਕਰੁਨਾ ਕੀਜੈ।
ਬਹੁਤ ਦਿਵਸ ਕੀ ਛੁਧਾ ਸੰਤਾਈ।
ਮਹਿਮਾ ਤੁਮਰੀ ਲਖਿ ਨ ਸਕਾਈ'
॥੪੭॥

ਤਿਹ ਕੀ ਸੁਨੀ ਦੀਨਤਾ ਜਬ ਹੀ।

ਹ੍ਵੈ ਕ੍ਰਿਪਾਲ ਬਚ ਉਚਰੇ ਤਬ ਹੀ।
'ਇਹ ਸਰੂਪ ਤੇ ਛਟਵੌਂ ਧਰਿਹੌਂ।
ਤਬ ਯਾਂ ਕੋ ਤਨ ਤ੍ਰਿਪਤਿ ਸ ਕਰਿਹੌਂ ॥੪੮॥
ਬਹੁਰੋ ਦਸਮ ਧਰੋਂ ਅਵਤਾਰਾ†।

†ਨਾਰਦ ਨੂੰ ਜੋ ਵਾਕ ਸਤਿਗੁਰ ਜੀ ਨੇ ਛੇਵੇਂ ਤੇ ਦਸਮੇ ਜਾਮੇ ਬਾਬਤ ਕਹੇ ਹਨ, ਉਨ੍ਹਾਂ ਦੀ ਮੁਰਾਦ ਇਹ ਹੈ ਕਿ ਸਤ ਧਰਮ ਦੀ ਵਾੜੀ ਜੋ ਲਾ ਰਹੇ ਹਾਂ ਜਗਤ ਦੀ ਬਦੀ ਦੇ ਪੱਖ ਨੇ ਇਸਨੂੰ ਵੈਰਾਨ ਕਰਨ ਲਈ ਤਾਣ ਲਾਉਣਾ ਹੈ, ਤਦੋਂ ਇਸ ਦੀ ਰੱਖਯਾ ਲਈ ਅਰ ਇਸ ਤੋਂ ਹੋ ਰਹੇ ਪਰਉਪਕਾਰ ਦੀ ਸਫਲਤਾ ਲਈ ਖੜਗ ਦੀ ਲੋੜ ਪੈਣੀ ਹੈ।

ਤਬ ਕਰਿਹੋਂ ਇਕ ਪੰਥ ਕਰਾਰਾ।
ਬਹੁਤ ਹੋਹਿੰਗੇ ਜਬ ਸੰਗ੍ਰਾਮਾ[1]।
ਤਬ ਯਾਂ ਕੋ ਹ੍ਵੈ ਪੂਰਨ ਕਾਮਾ' ॥੪੯॥

[1]ਯੁੱਧ।

ਬਿਦਾ ਕਰੇ ਬਰ ਦੇ ਕਰਿ ਦੋਊ।
ਗਵਨੇ ਨਿਜ ਇੱਛਾ ਜਿਤ ਸੋਊ।
ਸੁੰਦਰ ਇਹ ਇਤਿਹਾਸ ਰਸਾਲਾ।
ਸ੍ਰੀ ਗੁਰੁ ਅੰਗਦ ਸੁਨਹੁ ਕ੍ਰਿਪਾਲਾ! ॥੫੦॥
ਅਪਰ ਜਿ ਸਿਖ ਸ੍ਰੋਤਾ ਤਹਿਂ ਬੈਸੇ।
ਸੁਨਿ ਕਰਿ ਪ੍ਰਸ਼ਨ ਕਿਯੋ ਤਿਹ ਐਸੇ।

{ਸ੍ਰੋਤਿਆਂ ਦਾ ਭਾਈ ਬਾਲੇ ਨੂੰ ਪ੍ਰਸ਼ਨ}

'ਨਾਰਦ ਮੁਨਿ ਉਸਤਤਿ ਗੁਰੂ ਭਾਖੀ।
-ਮਹਿਮਾ ਨਾਮ- ਚਤੁਰ ਜੁਗ ਰਾਖੀ ॥੫੧॥
ਤਾਂ ਮਹਿਂ ਅਰਥ ਲਖਾਯੋ ਐਸੇ।
ਬਿਨਾਂ ਨਾਮ ਕੇ ਮੁਕਤਿ ਨ ਕੈਸੇ।
ਜੇ ਗਤਿ ਦੇਨ ਨ ਸਮਰਥ ਦੂਜਾ।
ਕਿਉਂ ਤਬ ਕਹੇ ਯੋਗ ਯਗ ਪੂਜਾ ॥੫੨॥
ਤ੍ਰੈ ਜੁਗ ਵਿਖੈ ਨਾਮ ਕੇ ਸੰਗਾ।
ਦੁਤਿਯ ਉਪਾਇ ਕਹੇ ਸਰਬੰਗਾ।
ਕਲਿ[1] ਮਹਿਂ ਕੇਵਲ ਨਾਮ ਬਖਾਨਾ।

[1]ਕਲਜੁਗ।

ਸਿਮਰਨਿ ਤੇ ਗਤਿ ਦੇਹਿ ਜਹਾਨਾ†' ॥੫੩॥ †ਪਾ:-ਜਗਹਾਨਾ, ਦੁਖਹਾਨਾ।

ਸ਼੍ਰੋਤਨ ਕੋ ਸੁਨਿ ਪ੍ਰਸ਼ਨ ਬਿਸਾਲਾ।
ਉੱਤਰ ਕਹਤਿ ਭਯੋ ਤਬ ਬਾਲਾ[
-'ਸੁਨਹੁ ਸਿੱਖ ਸਤਿਗੁਰੁ ਕੇ ਪਜਾਰੇ।
ਜਿਉਂ ਮੈਂ ਸੁਨੀ ਸੁ ਕਹੋਂ ਉਚਾਰੇ ॥੫੪॥

ਦ੍ਵੈ ਨਰ ਕੋ ਭਾ ਸੂਰ[1] ਅਪਾਰਾ। [1]ਸੂਲ-(ਪੇਟ ਪੀੜਾ)।

{ਦ੍ਰਿਸ਼ਟਾਂਤ ਗਰੀਬ ਤੇ ਅਮੀਰ ਦਾ ਪੇਟ ਦਰਦ}

ਏਕ ਰੰਕ ਇਕ ਧਨੀ ਉਦਾਰਾ।[1] [1]ਵੱਡਾ ਅਮੀਰ।
ਭਈ ਉਦਰ ਮੈਂ ਬਹੁਤੀ ਪੀਰਾ।
ਹਾਇ ਹਾਇ ਕਰਿ ਹੋਤ ਅਧੀਰਾ ॥੫੫॥

ਗਵਨਜੋ ਧਨੀ, ਬੈਦ ਕੇ ਸਦਨਾ।
ਉਦਰ ਪੀਰ ਭਾਖੀ ਨਿਜ ਬਦਨਾ।
ਹੁਤੋ ਬੈਦ ਸੋ ਪਰਮ ਸਯਾਨਾ।
ਜਾਨੀ ਤਿਹ ਕੀ ਪੀਰ ਮਹਾਨਾ ॥੫੬॥

-ਇਹ ਕੌ ਤੋ ਹੈ ਸੁਗਮ ਉਪਾਈ।
ਏਕ ਜਵਾਇਨ ਸੂਰ[1] ਮਿਟਾਈ। [1]ਸੂਲ।
ਜੇ ਮੈਂ ਯਹੀ ਬਤਾਵਹੁ ਯਾਂ ਕੋ।
ਮਹਿਮਾ ਜਾਨਹਿਂ ਕਛੂ ਨ ਤਾਂ ਕੋ- ॥੫੭॥

ਇਉਂ ਵਿਚਾਰ ਕਰਿ ਬੈਦ ਸਯਾਨੇ।
ਪੁਰੀ[1] ਏਕ ਦੀਨੀ ਤਿਹ ਪਾਂਨੇ[2]। [1]ਪੁੜੀ। [2]ਹੱਥ ਵਿਚ।
ਮੁਖ ਤੇ ਐਸੇ ਬਚਨ ਅਲਾਯਨ।
'ਯਾਂ ਕੋ ਅਨੁਪਾਨ[1] ਅਜਵਾਯਨ ॥੫੮॥ [1]ਜਿਸ ਨਾਲ ਦਵਾਈ ਖਾਧੀ ਜਾਵੇ।

ਕਰਹੁ ਖਾਨ ਤਿਹ ਸੰਗ ਮਿਲਾਈ।
ਉਦਰ ਰੋਗ ਸਭਿਹੀ ਮਿਟ ਜਾਈ।'
ਲੇ ਕਰਿ ਧਨੀ ਆਇ ਨਿਜ ਸਦਨਾ।
ਮੇਲ ਜੁਵਾਇਨ ਖਾਇ ਸੁ ਬਦਨਾ

॥੫੯॥
ਸੂਰ ਰੋਗ ਕੋ ਦੂਰ ਮਿਟਾਈ।
ਮਹਿਮਾ ਬੈਦ ਵਡੀ ਲਖਿ ਪਾਈ।
ਕਹਤਿ ਅਪਰ ਸੋਂ 'ਪੁਰੀ ਜੁ ਦੀਨਾ।
ਤਿਹ ਨੈ ਰੋਗ ਕੀਨ ਮਮ ਹੀਨਾ'
॥੬੦॥
ਪੁਨਿ ਗਾ ਰੰਕ, ਵੈਦ ਘਰ ਮਾਂਹੀ।
ਜਿਹ ਢਿਗ ਇਕ ਵਿਰਾਟਿਕਾ[1] ਨਾਂਹੀ। [1]ਕੌਡੀ।
ਉਦਰ ਪੀਰ ਤਿਨ ਸਕਲ ਸੁਨਾਈ।
'ਮਮ ਦੁਖ ਭੰਜਹੁ, ਕਰਹੁ ਉਪਾਈ'
॥੬੧॥
ਸੁਨਤਿ ਬੈਦ ਨੈ ਰੋਗ ਪਛਾਨਾ।
-ਹੈ ਯਾਂ ਕੋ ਦੁਖ ਧਨੀ ਸਮਾਨਾ-।
ਕਹਜੋ ਤਾਂਹਿ 'ਅਜਵਾਇਨ ਲੀਜੈ।
ਖਾਇ ਸੂਰ ਕੋ ਦੂਰ ਕਰੀਜੈ' ॥੬੨॥
ਬੋਲਜੋ ਰੰਕ ਬੰਦਿ ਕਰ ਦੋਊ।
'ਲੇਉਂ ਕਹਾਂ ਤੇ ਮੋਲ ਨ ਕੋਊ।
ਦੇਹੁ ਪਾਸ ਤੇ ਜੇ ਕਰਿ ਕਰੁਨਾ।
ਹ੍ਵੈ ਤਬ ਰੋਗ ਉਦਰ ਕੋ ਹਰਨਾ'
॥੬੩॥
ਸੁਨੀ ਰੰਕਤਾ ਬੈਦ ਕ੍ਰਿਪਾਲਾ।
ਢਿਗ ਤੇ ਦੀਨ ਮੋਲ ਤਿਹ ਕਾਲਾ।
ਲੇ ਤਿਨ ਕੀਨੀ ਖਾਨ ਜਵਾਇਨ।
ਸਰਬ ਸੂਰ ਤਿਹ ਉਦਰ ਪਲਾਇਨ[1] [1]ਹਟ ਗਿਆ।
॥੬੪॥
ਤੈਸੀ ਰੀਤਿ ਦੇਖਿ ਗੁਰੂ ਪੂਰੇ।
ਦਿਯ ਉਪਦੇਸ਼ ਸ਼ਕਤਿ ਲਖਿ ਭੂਰੇ।
ਸਤਿਜੁਗ ਨਿਰਮਲ ਮਤਿ ਸਭਿ ਕੇਰੀ।
ਲਾਖ ਬਰਸ[†] ਕੀ ਆਯੁ ਘਨੇਰੀ
॥੬੫॥

[†]ਮੁਰਾਦ ਬਹੁਤੀ ਹੈ, ਤਦੋਂ ਗ਼ਾਲਬਨ ਹਿੰਦੀਆਂ ਦੇ ਵੱਡੇ, ਉੱਤ੍ਰੀਧ੍ਰੂਵਾਂ ਦੇ ਨੇੜੇ ਬਰਫਾਨੀ ਦੇਸ਼ਾਂ ਵਿਚ ਰਹਿੰਦੇ ਸਨ। ਓਨ੍ਹੀ ਥਾਂਈਂ ਉਮਰ ਵਡੇਰੀ ਹੁੰਦੀ ਹੈ, ਹੁਣ ਬੀ ਤਿੱਬਤ ਦੇ ਠੰਢੇ ਥਾਈਂ ਲੋਕ ਇਸ ਦੇਸ਼

ਨਾਲੋਂ ਬਹੁਤ ਵਡੇਰੀ ਉਮਰ ਦੇ ਹੁੰਦੇ ਹਨ। ਦੂਸਰੇ ਇੱਥੇ ਇਕ-ਜੁਗਾਂ ਦੀ ਵੰਡ ਤੇ ਉਮਰਾ ਆਦਿ ਦੀ-ਲੋਕ ਪ੍ਰਸਿੱਧ ਗੱਲ ਨੂੰ ਵਰਤ ਰਹੇ ਹਨ, ਜੋ ਨਾਮ ਦੀ ਮਹਿਮਾਂ ਦੱਸਣ ਵਾਸਤੇ ਦ੍ਰਿਸ਼ਟਾਂਤ ਮਾਤ੍ਰ ਹੈ।

ਸਿਮਰਨ ਕਰਤਜੋ ਬੀਤਹਿ ਕੈਸੇ।
ਨਾਮ ਸੰਗ ਦਿਯ ਯੋਗ ਸੁ ਤੈਸੇ।
-ਪ੍ਰਾਣਾਯਾਮਹਿਂ[1]- ਨਾਮ ਸਿਮਰਿਕੈ।
ਗੇ ਅਨੇਕ ਜਗ ਸਾਗਰ ਤਰਿਕੈ ॥੬੬॥

[1]ਪ੍ਰਾਣਾਯਾਮ ਦੇ ਨਾਲ।

ਬਹੁਰੋ ਤ੍ਰੇਤਾ ਯੁਗ ਜਬ ਆਵਾ।
ਦਸ ਹਜ਼ਾਰ[†] ਕੀ ਆਯੁ ਰਹਾਵਾ।

[†]ਏਹ ਸਮਾਂ ਗ਼ਾਲਬਨ ਉਹ ਹੈ ਜਦੋਂ ਹਿੰਦ ਵਿੱਚ ਆ ਕੇ ਵਡਕੇ ਰਾਜੇ ਮਹਾਰਾਜੇ ਹੋ ਗਏ। ਯੱਗ ਉਸ ਸਮੇਂ ਹੋਏ ਜਾਪਦੇ ਹਨ।

ਹੁਤੋ ਨਰਨ ਢਿਗ ਦਰਬ ਅਪਾਰਾ।
ਤਿਨ ਪਿਖਿ ਅਸ ਉਪਦੇਸ਼ ਉਚਾਰਾ ॥੬੭॥
-ਸਿਮਰਨ ਨਾਮ, ਯੱਗ ਕੋ ਕਰਨਾ।
ਯਹੀ ਧਰਮ ਭਵ ਬੰਧਨ ਹਰਨਾ-।
ਸੁਨਿ ਤਿਹ ਸਮੈਂ ਯੱਗਜ ਬਹੁ ਕਰਿ ਕੈ।
ਸਿਮਰਿ ਗਏ ਭਵ ਸਾਗਰ ਤਰਿ ਕੈ ॥੬੮॥
ਤਿਹ ਪੀਛੇ ਦ੍ਵਾਪੁਰਿ ਜੁਗ ਆਵਾ।
ਇਕ ਹਜ਼ਾਰ ਕੀ ਆਯੁ ਰਹਾਵਾ।
-ਪੂਜਾ ਕਰਨ ਭਜਨ ਪੁਨ ਨਾਮਾ-।
ਯਹਿ ਉਪਦੇਸ਼ ਕਿਯੋ ਸੁਖ ਧਾਮਾ ॥੬੯॥
ਇਸ ਪ੍ਰਕਾਰ ਭੀ ਮਨੁਜ ਅਨੇਕਾ।
ਉਧਰੇ ਜਗ ਤੇ ਪਾਇ ਬਿਬੇਕਾ।
ਤ੍ਰੈ ਜੁਗ ਮਹਿਂ ਪਿਖਿ ਸ਼ਕਤਿ ਸਮੇਤਾ।
ਆਯੁ ਬਿਰਧ[1], ਬਲ, ਦਰਬ, ਅਨੇਕਾ ॥੭੦॥

[1]ਵੱਡੀ।

ਇਨ ਤੇ ਰਹਿਤ[1] ਦੇਖਿ ਕਲਿ ਮਾਂਹੀ।
ਮਹਾਂ ਰੰਕ, ਦੁਖ ਨੈ[1] ਲਿਯ ਗ੍ਰਾਹੀ[2]।
ਸਭਿ ਪ੍ਰਤਿ -ਏਕ ਨਾਮ- ਉਪਦੇਸ਼ਾ।

[1]ਬਿਨਾਂ।
[1]ਦੁੱਖਾਂ ਨੇ। [2]ਫੜ ਲਏ।

ਬੈਦ ਕ੍ਰਿਪਾਲੁ ਗੁਰੂ ਜਗਤੇਸ਼ਾ ॥੨੧॥
ਨਿਜ ਢਿਗ ਮੋਲ ਰੁਪਿ ਮਤਿ[1] ਨਾਂਹੀ। [1]ਬੁੱਧੀ ਰੁਪੀ ਮੁੱਲ।
ਸੰਸਕ੍ਰਿਤ ਕੋ ਲਖਿ ਨ ਸਕਾਹੀਂ।
ਦੀਨੋਂ ਤਬ ਸਤਿਗੁਰੂ ਨਿਜ ਪਾਸਾ।
ਦੇਸ਼ਨ ਭਾਖਾ ਮਾਂਹਿ[1] ਪ੍ਰਕਾਸ਼ਾ ॥੨੨॥ [1]ਦੇਸੀ ਬੋਲੀਆਂ ਵਿਚ।
ਸੰਸਕ੍ਰਿਤ ਕੋ ਪਢਿ ਨਹਿਂ ਜਾਨਹਿਂ।
ਕਿਹ ਬਿਧਿ ਮਹਿਮਾ ਨਾਮ ਪਛਾਨਹਿਂ।
ਤਾਂ ਤੇ ਸਤਿਗੁਰ ਸ਼੍ਰੀ ਮੁਖ ਬਾਨੀ।
ਰਚਿ ਦੀਨੀ ਲੋਕਨ ਗਤਿਦਾਨੀ ॥੨੩॥
ਜਿਉਂ ਸਾਗਰ ਤੇ ਬਾਰਦ[1] ਬਾਰੀ। [1]ਬੱਦਲ।
ਪੀਵਤਿ ਹੈ[1] ਹਿਤ ਪਰਉਪਕਾਰੀ। [1]ਜਲ) ਪੀਂਦਾ ਹੈ।
ਖਾਰੋ ਹੁਤੋ ਮਧੁਰ ਸੋ ਕਰਿ ਕੈ।
ਬਰਖਾਵਹਿ ਸਭਿ ਦੇਸ਼ਨ ਫਿਰਿਕੈ ॥੨੪॥
ਜੀਵ ਜੰਤੁ ਤਬ ਹੀ ਸੁਖ ਪਾਹੀ।
ਸੰਕਟ ਅਪਨੋ ਦੇਯ ਨਸਾਹੀ।
ਤਿਉਂ ਜੋ ਬੇਦ ਪੁਰਾਨ ਮਹਾਨਾ।
ਹੈਂ ਅਪਾਰ ਸੋ ਸਿੰਧੁ ਸਮਾਨਾ ॥੨੫॥
ਖਾਰਪਨੋ ਤਿਨ ਮਹਿਂ ਕਠਿਨਾਈ।
ਪੁਨਿ ਕਿਹ[1] ਉਚਿਤ[2] ਨ ਉਚਿਤ[3] ਲਖਾਈ[4]। [1]ਕਿਸ ਨੂੰ। [2]ਯੋਗ ਹੈ। [3]ਕਿਸੇ ਨੂੰ) ਯੋਗ ਨਹੀਂ। [4]ਜਾਣ ਪੈਂਦਾ।
ਸਰਬ ਸਾਰ ਜੋ ਤਿਨ ਕੇ ਮਾਂਹੀ।
ਗੁਰੂ ਘਨ[1] ਰੂਪ ਲੀਨ ਸੋ ਗ੍ਰਾਹੀ[2] ॥੨੬॥ [1]ਬੱਦਲ। [2]ਗ੍ਰਹਣ ਕਰ ਲਿਆ।
ਸੁਗਮ ਕੀਨ ਸਭਿ ਦੇਸ਼ ਮਝਾਰੀ।
ਸਭਿ ਕੇ ਉਚਿਤ ਜਿ ਹੈਂ ਨਰ ਨਾਰੀ।
ਰਾਇ ਕਿ ਰੰਕ ਊਚ ਕੈ ਨੀਚਾ।
ਪਢਹਿ ਕਮਾਇ ਤਰੈ ਜਗ ਬੀਚਾ' ॥੨੭॥[*]

[*]ਭਾ: ਬਾਲੇ ਦੀ ਇਸ ਵਯਾਖਯਾ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਗੁਰਬਾਣੀ ਕੇਵਲ ਵੇਦਾਂ ਸ਼ਾਸਤ੍ਰਾਂ ਦਾ ਭਾਖਾ ਵਿੱਚ ਅਨੁਵਾਦ ਹੈ, ਐਸਾ ਸਮਝਣਾ ਗੁਰੂ ਸਿੱਧਾਂਤ ਦੇ ਵਿਰੁੱਧ ਹੋਵੇਗਾ, ਕਿਉਂਕਿ ਸ਼੍ਰੀ ਮੁਖ ਬਚਨ ਇਸ ਪਰਥਾਇ ਏਹ ਹਨ:-

'ਗੁਰਮਹਿ ਆਪੁ ਸਮੋਇ ਸਬਦੁ ਵਰਤਾਇਆ ॥
ਤਥਾ:
'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।'
ਪੁਨਾ:
'ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ।'

ਭਾਵ ਸਚੇ ਮਹਿਲ ਸਰੂਪ ਵਿਚ ਰੱਬ ਨੇ ਮੈਨੂੰ ਸੱਦਕੇ ਸੱਚੀ ਸਿਫਤ ਸਲਾਹ (ਕੀਰਤਨ ਵਾਲੀ ਬਾਣੀ) ਦਾ ਸਿਰੋਪਾਉ ਦਿੱਤਾ, ਉਸ ਅਰੂਪ ਕੀਰਤਨ ਰੂਪ ਬਾਣੀ ਦਾ ਮੈਂ ਸ਼ਬਦ ਵਿਚ ਪ੍ਰਗਟ ਵਿਸਥਾਰ ਕੀਤਾ ਹੈ।

ਪੁਨਾ: ਦੇਖੋ ਇਸੇ ਪੁਸਤਕ ਦਾ ਅਧਯਾਯ ੧ ਛੰਦ ੬੯ ਦਾ ਭਾਵ ਅਰਥ।

ਇਸੇ ਤਰਵਿੰਜਵੇਂ ਅਧਯਾਯ ਦੇ ਅੰਕ ੩੫ ਵਿਚ ਦੱਸ ਆਏ ਹਨ ਕਿ ਬ੍ਰਹਮਾਂ (ਵੇਦਾਂ ਦੇ ਕਰਤਾ ਨੂੰ) ਗਯਾਨ ਗੁਰੂ ਨਾਨਕ ਸਾਹਿਬ ਜੀ ਨੇ ਦਿੱਤਾ ਸੀ। ਫੇਰ ਗੁਰੂ ਜੀ ਟੀਕਾਕਾਰ ਕਿਉਂ ਹੋਏ? ਓਹ ਤਾਂ ਆਪ ਅਗੰਮ ਵਾਚਣ ਵਾਲੇ ਵਾਹਿਗੁਰੂ ਤੋਂ ਸਿੱਧਾ ਇਲਹਾਮ ਪ੍ਰਾਪਤ ਕਰਨ ਵਾਲੇ ਸੇ।

ਕਹਿ ਬਾਲਾ 'ਸੁਨਿਯੇ ਸਭਿ ਸ੍ਰੋਤਾ!
ਏਕ ਨਾਮ ਤੇ ਮੁਕਤਿ ਉਦੋਤਾ[1]।
ਹਉਮੈਂ ਤਜਿ ਸਿਮਰਹੁ ਲਿਵਲਾਈ।
ਜਗ ਬੰਧਨ ਤੇ ਦੇਯ ਛੁਡਾਈ ॥੨੮॥
ਜਹਿਂ ਹਉਮੈਂ ਤਹਿਂ ਨਾਮ ਨ ਬਸਈ।
ਜਹਾਂ ਨਾਮ ਤਹਿਂ ਹਉਮੈਂ ਨਸਈ।
ਕਹੀ ਨ ਜਾਨੋ ਇਹ ਮਮ ਬਾਨੀ।
ਭਾਖੀ ਸ੍ਰੀ ਸਤਿਗੁਰੂ ਗਤਿਦਾਨੀ[†]' ॥੨੯॥

[1]ਪ੍ਰਗਟ ਹੁੰਦੀ ਹੈ।

[†]ਯਥਾ ਗੁਰ ਵਾਕ:-'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕਠਾਇ ॥'

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਛਿ, ਕਲੂ, ਨਾਰਦ' ਪ੍ਰਸੰਗ ਬਰਨਨੰ ਨਾਮ ਦੁਇ ਪੰਚਾਸਮੋਂ ਅਧਯਾਯ ॥੫੨॥

## ੫੩. [ਗੁਰਚਰਣ ਮੰਗਲ। ਸੁਧਰਸੈਨ]

੫੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੪

{ਬਿਸੀਹਰ ਦੇਸ਼ ਦਾ ਰਾਜਾ ਸੁਧਰਸੈਨ} ॥੪॥
{ਝੰਡਾ ਬੇਢੀ} ॥੯ ॥
{ਇੰਦ੍ਰਸੈਨ} ॥੧੩॥
{ਗੁਰੂ ਜੀ ਵਲੋਂ ਗਿਆਨ ਉਪਦੇਸ਼} ॥੪੭॥
{ਧਨ ਧਾਨ ਅਰਪਨ} ॥੫੨॥
{ਸਰੀਰ ਅਰਪਨ} ॥੫੫॥
{ਅੰਤਹਕਰਨ ਅਰਪਨ} ॥੫੯॥
{ਸੰਕਲਪ ਮਨ ਦਾ ਧਰਮ} ॥੬੧॥
{ਨਿਸ਼ਚਾ ਬੁੱਧ ਦਾ ਧਰਮ} ॥੬੪॥
{ਚਿਤਵਨਾ ਚਿੱਤ ਦਾ ਧਰਮ} ॥੬੬॥
{ਹਉਮੈ ਅਹੰਕਾਰ ਦਾ ਧਰਮ} ॥੬੭॥
{ਇੰਦ੍ਰਸੈਨ ਨੂੰ ਮੰਜੀ ਬਖਸ਼ਣ ਲੱਗੇ} ॥੭੬॥
{ਝੰਡੇ ਨੂੰ ਮੰਜੀ ਬਖਸ਼ੀ} ॥੭੯॥
{ਸੁਧਰਸੈਨ ਗੁਰੂ ਜੀ ਦੀ ਸ਼ਰਨ} ॥੯੦॥
{ਸੁਧਰਸੈਨ ਦੀ ਨਿਮ੍ਰਤਾ} ॥੯੮॥

ਦੋਹਰਾ:

ਸ੍ਰੀ ਗੁਰੂ ਪਗ ਗਿਰ ਓਟ ਮਮ, ਛੋਡੋਂ ਕਬਹੁਂ ਨ ਭੂਲ।

ਗਿਰ=ਪਹਾੜ ਪਰਬਤ। ਓਟ=ਆਸਰਾ, ਓਹਲਾ। ਏਹ ਦ੍ਰਿਸ਼ਟਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਆਯਾ ਹੈ: 'ਤੂੰ ਪਰਬਤ ਮੇਰਾ ਓਲਾ।'

ਬਿਘਨ ਜਿ ਪਵਨ ਸਮਾਨ ਹੈਂ, ਤਾਂ ਕੋ ਡਰ ਨਹਿਂ ਮੂਲ ॥੧॥

ਅਰਥ:

ਸ੍ਰੀ ਗੁਰੂ ਜੀ ਦੇ ਚਰਣ ਪਹਾੜ (ਵਾਂਞੂ) ਮੇਰਾ ਆਸਰਾ ਹਨ, ਕਦੇ ਭੁੱਲਕੇ (ਭੀ) ਮੈਂ (ਇਨ੍ਹਾਂ ਨੂੰ) ਨਾਂ ਛਡਾਂ, (ਕਿਉਂਕਿ) ਵਿਘਨ ਜੋ ਪਵਨ ਵਾਂਞੂ ਹਨ (ਪਰਬਤ ਦੇ ਓਹਲੇ) ਉਨ੍ਹਾਂ ਦਾ ਡਰ ਮੂਲੋਂ ਨਹੀਂ (ਰਹਿੰਦਾ)।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਕਹਿ ਬਾਲਾ ਸ੍ਰੀ ਅੰਗਦ! ਸੁਨੀਏ।
ਗੁਰੂ ਇਤਿਹਾਸ ਸਰਬ ਸ਼ੁਭ† ਗੁਨੀਏ। †ਪਾ:-ਗੁਨ।
ਨਾਰਦ ਸੋਂ ਮਿਲਿ ਕਰਿ ਤਿਹ ਕਾਲਾ।
ਆਗੇ ਗਵਨੇ ਦੀਨਦਯਾਲਾ ॥੨॥
ਸਿੰਧ ਵਿਖੈ ਟਾਪੂ ਇਕ ਆਵਾ।
ਦੇਸ਼ ਬਿਸੀਹਰ ਜਾ ਕੋ† ਨਾਂਵਾ।

†ਤਵਾਰੀਖ ਖਾਲਸਾ ਦੇ ਕਰਤਾ ਨੇ ਝੰਡੇ ਬਾਢੀ ਤੇ ਸੁਧਰ ਸੇਨ ਦਾ ਮਿਲਾਪ ਮਨੀਪੁਰ ਰਜਾਸਤ ਦੀ ਤਦੋਂ ਦੀ ਰਾਜਧਾਨੀ ਅਸੀਮਫਲ ਵਿੱਚ ਲਿਖਿਆ ਹੈ, ਇਸ ਤੋਂ ਜਾਪਦਾ ਹੈ ਕਿ ਬਿਸੀਹਰ ਦੇਸ ਤੋਂ ਇਹ ਇਲਾਕਾ ਮੁਰਾਦ ਹੈ। ਕਈਆਂ ਦੇ ਖ਼ਜ਼ਾਲ ਈਰਾਨ ਦੇ ਬੁਸ਼ਾਇਰ ਤੇ ਯੂ.ਪੀ. ਦੀ ਰਜਾਸਤ ਰਾਮਪੁਰ ਬੁਸ਼ਾਇਰ ਵਲ ਬੀ ਜਾਂਦੇ ਹਨ, ਪਰ ਅੱਗੇ ਚਲਕੇ ਸ੍ਵਰਨਦੀਪ ਦਾ ਜ਼ਿਕਰ ਹੈ ਓਹ ਸੋਨਦੀਪ ਟਾਪੂ ਤੋਂ ਮੁਰਾਦ ਹੈ ਜੋ ਮਨੀਪੁਰ ਤੋਂ ਹੇਠਾਂ ਬ੍ਰਹਮਪੁੱਤ੍ਰਾ ਦੇ ਮੁਹਾਨੇ ਤੋਂ ਪੂਰਬ ਰੁਖ ਨੂੰ ਹੈ, ਏਸ ਹਿਸਾਬ ਬਿਸੀਅਰ ਦੇਸ਼ ਓਸੇ ਪਾਸੇ (ਮਨੀਪੁਰ ਵੱਲ) ਹੀ ਸਹੀ ਹੁੰਦਾ ਹੈ। ਪੁ: ਜ: ਸਾਖੀ ਵਿਚ ਝੰਡੇ ਨੂੰ ਜੁਗਾਵਲੀ ਮਿਲੀ 'ਨਗਰ ਛੁਟਘਾਟਕਾ'। ਛੁਟ ਘਾਟਿਕਾ ਚਿਟਾਗਾਂਗ ਦਾ ਵਿਗੜਿਆ ਨਾਮ ਮਲੂੰਮ ਦੇਂਦਾ ਹੈ।

ਇਕ ਸੁੰਦਰ ਤਹਿਂ ਨਗਰ ਬਿਰਾਜਾ।
ਚਹੁਂ ਦਿਸ਼ ਜਿਸਕੇ ਉਪਬਨ[1] ਛਾਜਾ[2] ॥੩॥ — [1]ਬਾਗ। [2]ਸ਼ੋਭਨੀਕ ਸਨ।

ਬਨਜੋ ਸੁ ਗਿਰਦੇ ਦੁਰਗ[1] ਉਤੰਗਾ। — [1]ਫਸੀਲ (ਅ) ਕਿਲ੍ਹਾ।
ਘਨ[1] ਰੋਕਨ ਹਿਤ ਮਨਹੁ ਉਮੰਗਾ[2]। — [1]ਬੱਦਲ। [2]ਚਾਹੁੰਦਾ ਸੀ।
ਸੁਧਰਸੈਨ ਤਹਿਂ ਹੁਤੋ ਨ੍ਰਿਪਾਲਾ।
{ਬਿਸੀਹਰ ਦੇਸ਼ ਦਾ ਰਾਜਾ ਸੁਧਰਸੈਨ}
ਕਰਤਿ ਰਾਜ ਤਿਹ ਦੇਸ਼ ਬਿਸਾਲਾ ॥੪॥

ਪੁਰਿ ਕੇ ਵਹਿਰ ਥਾਨ ਰਮਣੀਕਾ।
ਬੈਸੇ ਤਹਿਂ ਬੇਦੀ ਕੁਲਟੀਕਾ।
ਨਿਸਾ ਬਿਤੀ ਇਕ, ਭੀ ਭੁਨਸਾਰਾ।
ਤਬ ਮਰਦਾਨੇ ਬਚਨ ਉਚਾਰਾ ॥੫॥

'ਆਇਸੁ ਦੇਹੁ ਨਗਰ ਮਹਿਂ ਜਾਵੋਂ।
ਜਾਚ[1] ਕਿਸੁ ਤੇ ਭੋਜਨ ਖਾਵੋਂ।' — [1]ਮੰਗਕੇ।
ਬਿਗਸੇ ਸ਼੍ਰੀ ਮੁਖ ਮੁਝ ਸੋਂ ਕਹਿਹੀਂ।
'ਕਸਾ ਮਰਦਾਨਾ ਭਾਖਤਿ ਅਹਿਹੀ?' ॥੬॥

ਮੈਂ ਬੋਲਜੋ 'ਇਹ ਜਨਮ ਸੁਭਾਉ।
ਮਿਟਹਿ ਨ ਕੀਜਹਿ ਕੋਟ[1] ਉਪਾਉ।' — [1]ਕ੍ਰੋੜਾਂ।
ਸ਼੍ਰੀ ਮੁਖ ਭਨਹਿਂ 'ਸੁਨਹੁ ਮਰਦਾਨਾ!
ਕਿਹ ਤੇ ਜਾਚਹੁ ਭੋਜਨ ਖਾਨਾ?' ॥੭॥

ਦੋਹਰਾ:
'ਜਿਹ ਦਿਗ ਕਰਹੁ ਰਜਾਇ ਨਿਜ,
ਜਾਚੌਂ ਤਿਹ ਦਿਗ ਜਾਇ।
ਨਹਿਂ ਕੋ ਮੇਲੀ ਮਮ ਇਹਾਂ',
ਸੁਨਿ ਸ਼੍ਰੀ ਗੁਰੂ ਅਲਾਇ ॥੮॥

ਚੌਪਈ:
'ਪਾਖਰ[1] ਇਕ ਤਿਖਾਣ[†] ਤਿਹ ਪੂਤਾ। — [1]ਝੰਡੇ ਦੇ ਪਿਤਾ ਦਾ ਨਾਮ। [†]ਪਾ:-ਪਾਖਰ ਬਾਢੀ ਇਕ।
ਝੰਡਾ ਨਾਮ ਰੁਚਿਰ ਕਰਤੂਤਾ[1]। — [1]ਸੁਹਣੀ ਕਰਨੀ ਵਾਲਾ।
{ਝੰਡਾ ਬੇਢੀ}

ਜਾਇ ਕਰਹੁ ਭੋਜਨ ਤਿਹ ਐਨਾ।'
ਮਰਦਾਨਾ ਗਮਨਜੋ ਸੁਨਿ ਬੈਨਾ ॥੯॥
ਜਾਇ ਨਗਰ ਮਹਿਂ ਪ੍ਰਾਪਤਿ ਭਯੋ।
ਬੂਝਤਿ ਬੂਝਤਿ ਕੋਸਿਕ[1] ਗਯੋ।
ਤਬ ਇਕ ਮਾਨਵ ਤਿਹਂ ਕੇ[†] ਸੰਗਾ।
ਬੂਝਨ ਕੀਨ ਸਰਬ ਪਰਸੰਗਾ ॥੧੦॥
'ਕੋ ਹੈਂ ਤੂੰ? ਕਿਹਂ ਤੇ ਚਲਿ ਆਯੋ?
ਕੌਨ ਬਰਨ ਅਬ ਕਹਾਂ ਸਿਧਾਯੋ?'
ਸੁਨਿ ਮਰਦਾਨੇ ਵਾਕ ਅਲਾਯਾ।
'ਝੰਡੇ ਕੋ ਘਰ ਦੇਹੁ ਬਤਾਯਾ ॥੧੧॥
ਦੋਹਰਾ:
ਬੂਝਿ ਲੇਯਗੋ ਸੋ ਹਮੈਂ, ਜਾਇਂ ਜੁ ਤਿਹ ਕੇ ਪਾਸ।'
ਇੰਦ੍ਰਸੈਨ ਸੁਨਿ ਲੇ ਚਲਾ, ਜਿਹ ਠਾਂ ਹੁਤੋ ਅਵਾਸ ॥੧੨॥
{ਇੰਦ੍ਰਸੈਨ}
ਚੌਪਈ:
ਝੰਡਾ ਮੰਜੀ ਬੁਨਤਿ ਨਿਕੇਤੂ।
ਦੇਖਿ ਉਠਯੋ ਤਿਨ ਆਦਰ ਹੇਤੂ।
ਤੂਰਨ ਸੁੰਦਰ ਮੰਚ ਡਸਾਯੋ।
ਅਧਿਕ ਭਾਉ ਕਰਿ ਤਿਸਹਿ ਬਿਸਾਯੋ ॥੧੩॥
ਇੰਦ੍ਰਸੈਨ ਪੁਨ ਬੈਨ ਉਚਾਰਾ।
'ਖੋਜਤਿ ਫਿਰਤਿ ਅਵਾਸ ਤੁਮਾਰਾ।
ਬੂਝਿ ਰਹਯੋ ਹੌਂ ਸਰਬ ਪ੍ਰਸੰਗਾ।
ਮੁਹਿ ਨ ਬਤਾਯੋ ਆਨਯੋ ਸੰਗਾ ॥੧੪॥
ਯਾਂ ਕੋ ਹੈ ਕੁਛ ਤੁਝ ਸੋਂ ਕਾਮਾ।
ਯਾਂ ਤੇ ਚਲਿ ਆਵਾ ਤੁਝ ਧਾਮਾ।'
ਬੂਝਤਿ ਝੰਡਾ 'ਕਿਹਤੇ ਆਯੋ?
ਕੌਨ ਨਾਮ, ਕੋ ਬਰਨ[1] ਸੁਹਾਯੋ?' ॥੧੫॥

[1]ਇਕ ਕੋਹਕੁ।
[†]ਪਾ:-ਤਬ ਇਕ ਮਾਨਵ ਨੇ ਇਹੁ। ਵਾ, ਤਬ ਇਕ ਮਾਨਵ ਨੈ ਹੁਇ।
[1]ਕੌਣ ਜਾਤੀ।

ਦੋਹਰਾ:
'ਮਰਦਾਨਾ ਮਮ ਨਾਮ ਹੈ, ਬਰਨ
ਮਿਰਾਸੀ ਜਾਨ।
ਤੁਮਰੇ ਨਿਕਟਿ ਪਠਾਇਓ, ਸ਼੍ਰੀ ਨਾਨਕ
ਗੁਨ ਖਾਨ' ॥੧੬॥
ਚੌਪਈ:
ਝੰਡਾ ਕਹੈ 'ਨ ਹੌਂ ਕਬਿ ਜਾਨਤਿ।
ਜਿਹਂ ਕੌ ਨਾਨਕ ਨਾਮ ਬਖਾਨਤਿ।
ਆਗੇ ਸੁਨਾ ਨ ਦੇਖਾ ਕਬਹੀ।
ਤੁਮ ਨੈ ਨਾਮ ਸੁਨਾਵਾ ਅਬਹੀ'
॥੧੭॥
'ਤੁਂ ਨਹਿਂ ਜਾਨਤਿ, ਸੋ ਤੁਝ ਜਾਨਹਿਂ।
ਚਲੋਂ ਹਦੂਰ, ਲੇਯ ਪਹਿਚਾਨਹਿਂ।
ਜੇ ਪਛਾਨ, ਤੌ ਮੁਝੈ ਪਠਾਵਾ।
ਬਿਨ ਜਾਨੇ ਸੁਧਿ, ਕਿਹ ਕੋ ਆਵਾ[1]?' [1]ਕਿਸਨੂੰ ਸੁਧ ਹੁੰਦੀ ਹੈ।
॥੧੮॥
ਸੁਨਿ ਇਵ ਝੰਡਾ ਬੁੱਧਿ ਵਿਸ਼ੇਖਾ।
ਬੂਝਤਿ 'ਕੋ ਸਰੀਰ ਤਿਨ† ਬੇਖਾ[1]? [1]ਭੇਖ। †ਪਾ:-ਕੋ।
ਜਿਸ ਪ੍ਰਕਾਰ ਕੀ ਹ੍ਵੈ ਤਿਨ ਰੀਤਾ।
ਲੇ ਗਵਨੋਂ ਤਸ ਭੇਟ ਸਪ੍ਰੀਤਾ' ॥੧੯॥
ਪੁਨ ਮਰਦਾਨੇ ਬੈਨ ਅਲਾਯਾ।
'ਜੁਗ ਮਹਿਂ ਨਾਨਕ ਤਪਾ ਕਹਾਯਾ।
ਬੇਸ ਉਦਾਸ† ਸਰੀਰ ਬਿਰਾਜੈ। †ਪਾ:-ਭਗਵੇ ਚੀਰ।
ਜਿਨਕੇ ਦਰਸ਼ਨ ਕਲਿਮਲ ਭਾਜੈ'
॥੨੦॥
ਦੋਹਰਾ:
ਝੰਡਾ ਰਿਦੈ ਵਿਚਾਰਿਹੀ,
-ਕੋ ਅਤੀਤ ਸ਼ੁਭ ਹੋਇ।
ਅਸਨ ਕਰਨ ਆਇਸੁ ਦਈ,
ਸਦਨ ਅੰਗਨਾ[1] ਜੋਇ ॥੨੧॥ [1]ਘਰ ਵਿੱਚ ਵਹੁਟੀ ਨੂੰ।
ਚੌਪਈ:
ਇੰਦ੍ਰਸੈਨ ਨਿਜ ਸਦਨ ਸਿਧਾਰਾ।

ਝੰਡਾ ਉਪਬਨ[1] ਵਿਖੈ ਪਧਾਰਾ।
ਪੁਸ਼ਪ ਮਧੁਰ ਫਲ ਤਿਹ ਤੇ ਆਨੇ।
ਦੇਖਿ ਬਚਨ ਭਾਖੇ ਮਰਦਾਨੇ ॥੨੨॥

[1]ਬਾਗ।

'ਹੁਤੋ ਕੌਨ ਆਇ ਜੁ ਮਮ ਸੰਗਾ।
ਸ਼ੁਭ ਸੁਭਾਇ ਜਨੁ ਰੁਚਿਰ ਅਨੰਗਾ[1]।
ਮੁਝ ਕੋ ਤੁਮਰੇ ਧਾਮ ਲਿਆਵਾ।
ਮਧੁਰ ਗਿਰਾ ਕਹਿ ਸੁਖ ਉਪਜਾਵਾ'
॥੨੩॥

[1]ਕਾਮਦੇਵ ਵਾਂਙੂ ਸੁਹਣਾ।

ਝੰਡਾ ਕਹੈ 'ਨਗਰ ਨ੍ਰਿਪ ਜੋਊ।
ਯਾਂ ਕੋ ਮਾਤੁਲ[1] ਲਾਗਹਿ ਸੋਊ।
ਮੁਝ ਸੋਂ ਪ੍ਰੀਤਿ ਕਰਹਿ ਅਧਿਕਾਈ।
ਕਰਤਿ ਭਗਤਿ ਹੋਵਤਿ ਇਕ ਥਾਈਂ
॥੨੪॥

[1]ਉਸ ਦਾ ਮਾਮਾ।

ਪ੍ਰਭੁ ਕੋ ਸੁਜਸੁ ਗਾਇ ਕਰਿ ਪ੍ਰੇਮਾ।
ਹ੍ਵੈ ਇਕਾਂਤ, ਇਹ ਹਮਰੋ ਨੇਮਾ।
ਕਰ ਵਿਚਾਰ ਆਤਮ ਅਭਿਆਸਾ।
ਉਰ ਮਧ ਬ੍ਰਿੱਧਹਿ[1] ਅਧਿਕ ਹੁਲਾਸਾ'
॥੨੫॥

[1]ਵਧਦਾ ਹੈ।

ਸੁਨਿ ਮਰਦਾਨੇ ਬਚਨ ਉਚਾਰੇ।
'ਧੰਨ ਸੰਤ ਤੁਮ ਪ੍ਰਭੁ ਕੇ ਪਯਾਰੇ।
ਧਰਿ ਉਰ ਸੁਮਤਿ ਭਗਤਿ ਮਨ ਰੰਗੇ।
ਮਿਲਿ ਕੈ ਕਰਹੁ ਸਦਾ ਸਤਿਸੰਗੇ
॥੨੬॥

ਅਬ ਜੇ ਭਯੋ ਤਯਾਰ ਅਹਾਰਾ।
ਲੇ ਕਰਿ ਚਲਹੁ ਨ ਕਰਹੁ ਅਵਾਰਾ।'
ਸੁਨਿ ਕਰਿ ਝੰਡਾ ਭਯੋ ਤਯਾਰਾ।
ਲੇ ਭੋਜਨ ਕੋ ਵਹਿਰ ਪਧਾਰਾ ॥੨੭॥

ਅਸਨ ਚੰਗੇਰ ਸੀਸ ਪਰਿ ਧਰਿ ਕੇ।
ਗਮਨਜੋ ਤਿਹ ਕੋ ਅੱਗ੍ਰਜ ਕਰਿ ਕੇ।
ਮਾਰਗ ਮਹਿਂ ਤਬ ਬੂਝਨ ਲਾਗਾ।
'ਕਿਹਿ ਬੋਲੀ ਸੋਂ ਇਨ ਅਨੁਰਾਗਾ'

॥੨੮॥
ਸੁਨਿ ਕਰਿ ਬੈਨ ਭਨੇ ਮਰਦਾਨੇ।
'ਕਰਹੁ ਨਾਮ -ਕਰਤਾਰ- ਬਖਾਨੇ।'
ਜਹਿਂ ਬੈਸੇ ਬੇਦੀ ਕੁਲਦੀਪਾ।
ਕਹਿਤਿ ਪਰਸਪਰ ਗਏ ਸਮੀਪਾ
॥੨੯॥

ਦੋਹਰਾ:

'ਸ੍ਰੀ ਕਰਤਾਰ, ਕਰਤਾਰ ਜੀ', ਉਚਰਯੋ ਝੰਡੇ ਜਾਇ।
ਧਰਿ ਅਹਾਰ ਆਗੈ ਰੁਚਿਰ, ਢਿਗ ਬੈਠਯੋ ਹਰਖਾਇ ॥੩੦॥
ਸ੍ਰੀ ਨਾਨਕ ਬੂਝਨ ਕਰਯੋ, 'ਝੰਡੇ ਸੁਨੀਏ ਸ਼੍ਰੋਨ।
ਕਿਹ ਤੇ ਆਨਯੋ ਅਸਨ ਕੋ, ਕਾਜ ਤੁਮਾਰੋ ਕੌਨ?' ॥੩੧॥
'ਪਰਮੇਸ਼ੁਰ ਭੇਜਾ ਤੁਮੈਂ, ਕਰਿ ਆਨਯੋ ਮੈਂ ਪਾਸ[1]।
ਅਸਨ ਅਚਹੁ ਅਬ ਸੰਤ ਜੀ! ਪੂਰਨ ਕੀਜੈ ਆਸ' ॥੩੨॥

[1]ਭੋਜਨ ਤਿਆਰ ਕਰਕੇ ਤੁਸਾਂ ਪਾਸ ਮੈਂ ਆਂਦਾ ਹੈ।

ਚੌਪਈ:

ਸੁਨਿ ਸ੍ਰੀ ਮੁਖ ਤੇ ਬਚਨ ਬਖਾਨੇ।
'ਪਰਮੇਸ਼ੁਰ ਕੋ ਸਕਹੁ ਪਛਾਨੇ?
ਜਿਹ ਕੋ ਮੁਨਿ ਜਨ ਖੋਜਨ ਕਰਿਹੀਂ।
-ਨੇਤਿ ਨੇਤਿ- ਮੁਖ ਬਹੁਰ ਉਚਰਿਹੀਂ'
॥੩੩॥
'ਸੁਨਹੁ ਸੰਤ ਜੀ! ਮਿਲ ਗੁਨ ਗਾਵਹਿਂ।
ਖੋਜਨ ਹਿਤ ਅਭਿਲਾਖ ਵਧਾਵਹਿਂ।
ਹਮ ਕੋ ਮਿਲਹਿ ਜਬਹਿ ਗੁਰ ਪੂਰਾ।
ਸੋ ਲਖਵਾਇ ਆਤਮਾ ਰੂਰਾ' ॥੩੪॥
ਸ੍ਰੀ ਨਾਨਕ ਤਬ ਬਚਨ ਉਚਾਰਾ।
'ਕਿਹ ਕੀ[1] ਸੰਗਤਿ ਮੇਲ ਤੁਮਾਰਾ?'
ਝੰਡਾ ਕਹੈ 'ਭੂਪ ਭਗਨੀਸੁਤ[1]।

[1]ਕਿਸਦੀ।

[1]ਰਾਜੇ ਦਾ ਭਣੇਵਾਂ।

ਭਗਤਿ ਕਰਹਿਂ ਮਿਲ ਕੇ ਤਿਹ ਸੰਜੁਤ'
॥੩੫॥
ਸ੍ਰੀ ਗੁਰ ਭਨੈ 'ਅਸਨ ਜੋ ਆਨਾ।
ਯਾਂ ਕੋ ਕਰਹੁ ਪੰਚ ਇਸਥਾਨਾ[1]।
ਏਕ ਭਾਗ ਕੋ ਅਸਨ ਜੁ ਹੋਇ।
ਮਰਦਾਨੇ ਕੋ ਦੀਜਹਿ ਸੋਇ ॥੩੬॥
ਇੰਦ੍ਰਸੈਨ ਕੋ ਲੇਹੁ[†] ਬੁਲਾਈ।
ਭੋਜਨ ਪੁਨ ਤੁਮਾਰ ਹਮ ਖਾਈ।'
ਆਇਸੁ ਮਾਨਿ ਕੀਨ ਪੰਚ ਭਾਗਾ।
ਏਕ ਭਾਗ ਦੇਵਨ ਤਬ ਲਾਗਾ ॥੩੭॥

ਦੋਹਰਾ:
ਨਹਿਂ ਲੇ ਮਰਦਾਨਾ ਕਹੇ 'ਤੁਮ ਖਾਵਹੁ
ਮੈਂ ਖਾਉਂ।'
ਗੁਰੂ ਭਨੈ 'ਤੁਝ ਭੂਖ ਬਹੁ, ਖਾਵਹੁ
ਕਰਿ ਨ ਹਟਾਉ[1]' ॥੩੮॥

ਚੌਪਈ:
ਸੁਨਿ ਬਚ ਅਚਜੋ ਅਸਨ ਮਰਦਾਨੇ।
ਔਰ ਧਰਾ ਸਭਿ ਤਿਸਹਿ ਸਥਾਨੇ।
ਝੰਡਾ ਗਯੋ ਬੁਲਾਵਨ ਤਾਂ ਕੋ।
ਸੁਧਰਸੈਨ ਨ੍ਰਿਪ ਮਾਤੁਲ ਜਾਂ ਕੋ
॥੩੯॥
ਇੰਦ੍ਰਸੈਨ ਤਬ ਉਪਬਨ ਬੈਸਾ।
ਤਿਹ ਸੋਂ ਬਚਨ ਉਚਾਰਯੋ ਐਸਾ।
'ਕਰਹਿਂ ਹੇਤੁ ਜਿਹ ਗਜਾਨ ਧਿਆਨਾ।
ਮਿਲਾ ਸੰਤ ਪੂਰਨ ਗਤਿਦਾਨਾ[1] ॥੪੦॥
ਚਲਹੁ ਬੁਲਾਵਤਿ ਅਬ ਤਹਿਂ ਪਾਹੀ[1]।
ਤੁਮ ਬਿਨ ਅਸਨ ਅਚਤਿ ਸੋ ਨਾਂਹੀ।'
ਸੁਨਿ ਕਰਿ ਇੰਦ੍ਰਸੈਨ ਹਰਖਾਨਾ।
ਜਨੁ ਪਜਾਸੇ ਕੋ ਸੁਧਾ ਮਿਲਾਨਾ ॥੪੧॥
ਉਠਿ ਕਰਿ ਗਮਨਜੋ ਤੁਰਨ ਸੰਗਾ।
ਜਿਨ ਕੇ ਮਨ ਬਹੁ ਪ੍ਰੇਮ ਉਮੰਗਾ।

[1]ਪੰਜ ਥਾਂਈਂ।
[†]ਪਾ:-ਆਨਿ।
[1]ਖਾਣਾਂ ਕਰੋ, ਮੋੜੋ ਨਾਂ (ਅ) ਖਾਓ, ਹਥ ਨ ਪਰੇ ਕਰੋ।
[1]ਮੁਕਤੀ ਦਾਤਾ।
[1]ਪਾਸ।

ਜਹਿਂ ਰਾਜਤਿ ਬੇਦੀ ਕੁਲਟੀਕਾ।
ਆਨਿ ਤਹਾਂ ਕਿਯ ਦਰਸ਼ਨ ਨੀਕਾ ॥੪੨॥
ਪਦ ਅਰਬਿੰਦ ਬੰਦਨਾ ਕਰਿ ਕੈ।
ਬੈਠਜੋ ਨਿਕਟਿ ਭਾਉ ਉਰਿ ਧਰਿ ਕੈ।
ਬੋਲੇ ਕਰਤਿ ਬੇਨਤੀ ਦੋਊ।
ਜਿਨ ਕੇ ਰਿਦੈ ਬਿਕਾਰ ਨ ਕੋਊ ॥੪੩॥
'ਜੇ ਕਰਿ ਤੁਮ ਹਹੁ ਗਜਾਨ ਸੰਪੂਰਨ।
ਨਿਜ ਉਪਦੇਸ਼ ਦੀਜੀਏ ਤੂਰਨ।
ਬਹੁਤ ਦਿਨਨ ਕੀ ਹਮ ਉਰ ਚਾਹੂ।
ਕਰਹੁ ਦ੍ਵੈਤ ਸਭਿ ਉਰ ਤੇ ਦਾਹੂ ॥੪੪॥
ਗਜਾਨਾਨੰਦ ਦਾਨ ਕੋ ਦੀਜੈ।
ਹਮ ਪਰ ਸੰਤ ਕ੍ਰਿਪਾਲ ਪ੍ਰਸੀਜੈ।
ਕੋਟਕ ਜਨਮ ਬਿਤੀਤੇ ਭੂਲੇ।
ਨਿਜ ਸਰੂਪ ਤੇ ਭੇ ਪ੍ਰਤਿਕੂਲੇ ॥੪੫॥
ਸੋ ਸਰੂਪ ਅਬ ਦੇਹੁ ਦਿਖਾਈ।
ਜਾਂ ਮੈ ਕਬਹੁਂ ਨ ਆਵਨ ਜਾਈ।
ਹਰਖ ਸ਼ੋਕ ਕੈ† ਦੁੰਦ ਬਿਹੀਨਾ।
ਜੋ ਕਿਹ ਮਲ ਤੇ ਹ੍ਵੈ ਨ ਮਲੀਨਾ' ॥੪੬॥

†ਪਾ:-ਤੇ।

ਸੁਨਿ ਕਰਿ ਬਿਨੈ ਦੀਨ ਦੁਖ ਗੰਜਨ।
ਬੋਲੇ ਹੇਤੁ ਭਗਤ ਭ੍ਰਮ ਭੰਜਨ[1]।

[1]ਭਗਤਾਂ ਦੇ ਭਰਮ ਤੋੜਨ ਵਾਸਤੇ।

{ਗੁਰੂ ਜੀ ਵਲੋਂ ਗਿਆਨ ਉਪਦੇਸ਼}

'ਗਜਾਨਾਨੰਦ ਮੈਂ ਚਹੋ ਜਿ ਮਗਨਾ[1]।
ਨਿਜ ਸਰੂਪ ਕੀ ਲਿਵ ਕੋ ਲਗਨਾ ॥੪੭॥

[1]ਮਗਨ ਹੋਣਾ (ਅਤੇ)।

ਤੌ ਪ੍ਰਥਮੈ ਗੁਰ ਦਛਨਾ ਦੀਜੈ।
ਪਾਛੈ ਸ਼੍ਰਵਨ ਗਜਾਨ ਕੋ ਕੀਜੈ।
ਲਖਨੋ ਜਗਤ ਅਸੱਤਿ[1] ਸਭਿ ਸਾਰੋ।

[1]ਝੂਠਾ।

ਯਾਂ ਤੇ ਸਭਿ ਹਮ ਕੋ ਦੈ ਡਾਰੋ ॥੪੮॥
ਸੱਤਿ ਵਿਚਾਰ ਵਿਰਾਗ ਜਿ ਆਹੀ।
ਆਦਿ ਉਦਾਰ[1] ਸੁ ਗੁਨ ਜਿਸ ਮਾਂਹੀ।

[1]ਸਤਿ, ਵਿਰਾਗ, ਉਦਾਰਤਾ ਆਦਿਕ ਗੁਣ ਜਿਸ ਵਿਚ ਹੈਨ।

ਤਾਂ ਕੋ ਸਹਿਜ ਸੁਭਾਇਕ ਗਜਾਨਾ।
ਹ੍ਵੈ ਆਵਤਿ ਹੈ, ਅਨੰਦ ਮਹਾਨਾ ॥੪੯॥
ਜਿਨ ਮਹਿਂ ਇਹ ਗੁਨ ਪਾਯਤਿ ਨਾਂਹੀ।
ਚਹੈਂ ਕਿ ਗਜਾਨ ਹੋਇ ਉਰ ਮਾਂਹੀ।
ਤਿਨ ਕੋ ਕਰਨੋ ਲਖਹੁ ਅਕਾਰਥ।
ਸਦਹੀ ਲੰਪਟ ਜਗਤ ਪਦਾਰਥ[1] ॥੫੦॥

[1]ਓਹ ਜਗਤ ਦੇ ਪਦਾਰਥਾਂ ਵਿਚ ਲੰਪਟ ਹਨ।

ਤਾਂ ਤੇ ਤੁਮਰੋ ਪਰਖਨ ਕਰਿ ਕੈ।
ਬਹੁਰੋ ਦੇਂ ਉਪਦੇਸ਼ ਬਿਚਰਿ ਕੈ[1]।

[1]ਵਿਚਾਰ ਕਰਕੇ।

ਹੋਹੁ ਉਦਾਰ ਤੌ ਦੀਜੈ ਸਭਿ ਹੀ।
ਹ੍ਵੈ ਹੈ ਗਜਾਨ ਪਰਾਪਤਿ ਤਬ ਹੀ' ॥੫੧॥
ਕਹਿਨ ਲਗੇ 'ਹਮਰਾ ਧਨ ਧਾਨਾ[†]।

[†]ਧਨ ਮਾਲ। ਧਨ ਧਾਨ, ਵੇਦਕ ਸਮੇਂ ਦਾ ਮੁਹਾਵਰਾ ਹੈ। ਜਦੋਂ ਹਿੰਦ ਵਿਚ ਵਡਕੇ ਆਏ ਸਨ ਤਾਂ ਪਹਿਲਾਂ ਧਨ-ਗਊਆਂ ਸਨ, ਕਿਉਂਕਿ ਓਹ ਗੁਆਲੇ ਸਨ, ਫੇਰ ਖੇਤੀ ਟੁਰੀ ਤਾਂ ਧਨ ਹੋ ਗਿਆ-ਧਾਨ=ਝੋਨਾ ਯਾ ਚਾਵਲ। ਇਹ ਮੁਹਾਵਰਾ ਧਨ ਧਾਨ ਤਦੋਂ ਦਾ ਹੈ।

ਸਦਨ ਸਹਿਤ ਤੁਮ ਚਰਨ ਚਢਾਨਾ।
ਹਮ ਨਹਿਂ ਗ੍ਰਹਨਿ ਕਰਹਿਂ ਅਬ ਕੋਊ।
ਜੋ ਸਰਬੰਸ ਹੁਤੋ ਦਿਯ ਸੋਊ' ॥੫੨॥
{ਧਨ ਧਾਨ ਅਰਪਨ}
ਪੁਨ ਬੋਲੇ ਸ਼੍ਰੀ ਮੁਖ ਸੁਖ ਰਾਸਾ।
'ਅਬ ਕਯਾ ਰਹਯੋ ਤੁਮਾਰੇ ਪਾਸੇ।'
ਕਰਿ ਵਿਚਾਰ ਉੱਤਰ ਕਹਿ ਧੀਰਾ।
'ਹਮਰੇ ਢਿਗ ਅਬ ਏਕ ਸਰੀਰਾ ॥੫੩॥
ਔਰ ਨਹੀਂ ਕੋ ਵਸਤੁ ਸਮੀਪਾ।'
ਪੁਨ ਬੋਲੇ ਬੇਦੀ ਕੁਲਦੀਪਾ।

'ਕਰਿ ਵਿਚਾਰ ਦੇਖਹੁ ਮਨ ਮਾਂਹੀ।
ਇਸਥਿਰ ਸਦਾ ਸਰੀਰ ਸੁ ਨਾਂਹੀ
॥੫੪॥
ਯਾਂ ਤੇ ਕਰਹੁ ਸਮਰਪਨ ਏਹੋ[1]। [1]ਭੇਟਾ ਇਹ ਬੀ।
ਪਾਛੇ ਸ਼੍ਰਵਨ ਗਜਾਨ ਕਰਿ ਲੇਹੋ।'
ਦੋਨੋਂ ਆਇਸੁ ਮਾਨਿ ਸਧੀਰਾ[1]। [1]ਧੀਰਜ ਨਾਲ।
ਗੁਰੁ ਪਗ ਦਿਯੋ ਸਮਰਪ[1] ਸਰੀਰਾ [1]ਭੇਟ ਕਰ ਦਿੱਤਾ।
॥੫੫॥
{ਸਰੀਰ ਅਰਪਨ}
'ਅਬ ਕਜਾ ਰਹਜੋ ਤੁਮਾਰੇ ਪਾਸੂ?
ਦੇਹੁ ਬਤਾਇ ਬਚਨ ਕਹਿ ਆਸੂ[1]।' [1]ਛੇਤੀ।
ਸੁਨਿ ਕਰਿ ਦੋਨੋ ਬੈਨ ਅਲਾਵਾ।
'ਅਬ ਤੌ ਅੰਤਹਕਰਨ[1] ਰਹਾਵਾ [1]ਮੁਰਾਦ ਹੈ ਮਨ, ਬੁਧਿ, ਚਿਤ, ਅਹੰ।
॥੫੬॥
ਯਾਂ ਤੇ ਦੂਜੀ ਵਸਤੁ ਨ ਕੋਈ।
ਹੁਤੀ ਜੁ ਹਮ ਢਿਗ ਭਾਖੀ ਸੋਈ।'
ਸ੍ਰੀ ਗੁਰੂ ਬੋਲੇ ਬਹੁਰ ਪ੍ਰਬੀਨਾ।
'ਯਹਿ ਭੀ ਪੰਚ ਤੱਤ ਨੈ ਕੀਨਾ
॥੫੭॥
ਜਾਂ ਕੋ ਕਾਰਨ ਹੋਇ ਅਸੱਤਜ।
ਸੋ ਕਾਰਜ ਨਹਿਂ ਪਿਖਿਯਤਿ[1] ਸੱਤਜ[2]। [1]ਦਿਖੀਂਦਾ। [2]ਸੱਚਾ।
ਤਾਂਤੇ ਅੰਤਹਿਕਰਣ ਜੁ ਥਾਰੋ[1]। [1]ਤੁਹਾਡਾ ਹੈ।
ਸੋ ਅਬ ਦੇ ਕਰਿ ਰਿਦੈ ਬਿਸਾਰੋ
॥੫੮॥
ਪੁਨ ਤੁਮ ਗਜਾਨਾਨੰਦ ਸਮਾਵਹੁ।
ਸੰਸੈ ਹੋਇ ਜੁ ਹਮਹਿਂ ਬਤਾਵਹੁ।'
ਅਸ ਪ੍ਰਕਾਰ ਜਬ ਗੁਰ ਨੈ ਬਰਨਾ।
ਅੰਤਹਿਕਰਨ ਸਮਰਪਜੋ ਚਰਨਾ
॥੫੯॥
{ਅੰਤਹਕਰਨ ਅਰਪਨ}
ਜਬ ਧਨ ਤਨ ਮਨ ਦੀਨ ਚਢਾਈ।
ਨਾਨਕ ਜੀ ਤਬ ਗਿਰਾ ਅਲਾਈ।

'ਜੋ ਸੰਸਾ ਅਬ ਤੁਮ ਉਰ ਮਾਂਹੀ।
ਕਹਹੁ ਲੇਉ, ਉਤਰ ਸਭਿ ਤਾਂਹੀ'
॥੬੦॥
ਤਬ ਸੰਕਲਪ ਉਠਾਵਾ ਦੋਊ।
-ਜੋ ਸੰਸੈ ਹੁਇ ਭਾਖਹਿਂ ਸੋਊ।
ਗੁਰੂ ਭਨੈ 'ਸੰਕਲਪਹਿ-ਜੋਊ।
{ਸੰਕਲਪ ਮਨ ਦਾ ਧਰਮ}
ਮਨ ਕੋ ਧਰਮ ਜਾਨਿਯੇ ਸੋਊ ॥੬੧॥
ਮਨ ਤੋ ਹਮਹਿਂ ਸਮਰਪਨ ਕੀਨੋ।
ਨਿਜ ਕਾਰਜ ਹਿਤ ਕਿਉਂ ਪੁਨ ਲੀਨੋ।
ਗੁਰੂ ਕੋ ਭੇਟ ਦੇਯ ਵਥੁ[1] ਜੋ ਜਨ। [1]ਵਸਤੁ।
ਪੁਨ ਤਿਹ ਸੰਗ ਨ ਕਛੂ ਪਰੋਜਨ[†] [†]ਪਾ:-ਪ੍ਰਯੋਜਨ।
॥੬੨॥
ਨਹਿਂ ਸੰਕਲਪ ਉਠਾਵਹੁ ਕੋਊ।'
-ਨਿਸ਼ਚੇ-ਕਰਨ ਲਗੇ ਪੁਨ ਦੋਊ।
-ਯਹ ਤੌਂ ਸੱਤਿ ਬਚਨ ਸੁਖਕਰ ਕੋ[1]। [1]ਸੁਖਦਾਤੇ ਦਾ।
ਮਨ ਹਮ ਕੀਨ ਸਮਰਪਨ ਗੁਰ ਕੋ-
॥੬੩॥
ਲਖਿ ਤਿਨ ਉਰ ਕੀ ਪੰਕਜ ਨੈਨਾ।
ਸ਼੍ਰੀ ਮੁਖ ਤੇ ਇਵ ਉਚਰੇ ਬੈਨਾ।
'ਅਬ ਤੁਮ -ਨਿਸ਼ਚਾ- ਧਾਰਤਿ ਜੋਊ।
{ਨਿਸ਼ਚਾ ਬੁੱਧ ਦਾ ਧਰਮ}
ਯਹ ਤੋ ਧਰਮ ਬੁਧਿ ਕੋ ਹੋਊ ॥੬੪॥
ਸੋ ਦੀਨੀ ਗੁਰ ਦੱਛਨ ਮਾਂਹੀ।
ਅਬ ਤੁਮ ਧਰਮ ਗਹਹੁ ਤਿਹ[1][†] [1]ਉਸਦਾ। [2]ਕੀਕੂੰ। [†]ਪਾ:-ਗਹਉ ਕਹਿ।
ਕਾਹੀ[2]?
'ਸੁਨਿ ਇਵ ਦੋਨੋ -ਚਿਤਵਨ- ਲਾਗੇ।
ਜਿਨ ਕੇ ਵਡੇ ਭਾਗ ਜਗ ਜਾਗੇ ॥੬੫॥
ਪੁਨਿ ਗੁਰ ਕਹੈਂ 'ਜੁ -ਚਿਤਵਨ-
ਧਾਰੀ।
ਯਹੀ ਧਰਮ ਹੈ ਚਿੱਤ, ਮਝਾਰੀ।
{ਚਿਤਵਨਾ ਚਿੱਤ ਦਾ ਧਰਮ}

ਸੋ ਭੀ ਹਮ ਕੋ ਤੁਮਨੈ ਦੀਨੋ।
ਕਿਉਂ ਅਬ ਉਰ ਮੈਂ ਚਿਤਵਨ ਕੀਨੋ?'
॥੬੬॥
ਬਹੁਰਿ ਵਿਚਾਰਤਿ-ਹਉਮੈ-ਦੋਊ।
ਮਨ, ਬੁਧਿ, ਚਿਤ, ਅਰਪੇ ਹਮ ਸੋਊ-।

{ਹਉਮੈ ਅਹੰਕਾਰ ਦਾ ਧਰਮ}

ਭਨਤਿ ਗੁਰੂ - 'ਹਉਮੈਂ- ਤੁਮ ਕੀਨੀ।
ਸੋ ਤੋ ਹਮ ਕੋ ਪੂਰਬ ਦੀਨੀ ॥੬੭॥
ਅੰਤਹਿਕਰਣ ਸਰੂਪ ਸੁ ਚਾਰੋ।
ਸੋ ਦੇ ਡਾਰੇ, ਰਿਦੈ ਬਿਸਾਰੋ।
ਇਨ ਤੇ ਪਰੇ ਜੁ ਹ੍ਵੈ ਸੰਦੇਹੂ।
ਕਹੁ ਹਮ† ਸੋ ਉੱਤਰ ਅਬ ਲੇਹੂ' †ਪਾ:-ਤੁਮ, ਸੋ।
॥੬੮॥
ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ।
ਕਰਹਿ ਵਿਚਾਰ ਜੁ ਇੰਦ੍ਰਹਿ ਸੈਨਾ।
ਬੈਠੇ ਤਬ ਹੀ ਲਗੀ ਸਮਾਧਾ।
ਪਿਖ੍ਯੋ -ਆਤਮਾ ਰੂਪ- ਅਬਾਧਾ[1]' [1]ਅਪਾਰ, ਅਵਿਛਿੰਨ (ਅ) ਅਵਿਨਾਸ਼ੀ।
॥੬੯॥
ਇਸ ਬਿਧਿ ਦੇ ਤਿਨ ਕੋ ਉਪਦੇਸ਼ਾ।
ਬੋਲੇ ਬਹੁਰ ਬਚਨ ਜਗਤੇਸ਼ਾ।
'ਅਬ ਇਹ ਕੀਜੈ ਖਾਨ ਅਹਾਰਾ।'
ਮੈਂ[1] ਆਇਸੁ ਕੌ ਪਾਇ ਵ੍ਰਤਾਰਾ [1]ਭਾਵ ਬਾਲੇ ਨੇ।
॥੭੦॥
ਸ਼੍ਰੀ ਗੁਰੂ ਤਬ ਨਿਜ ਕਰ ਮਹਿਂ ਲੀਨੋ।
ਭਗਤ ਜਾਨਿ ਨਿਜ ਅਚਵਨ ਕੀਨੋ।
ਨੀਕੋ ਸੰਤ ਹੋਇ ਜਿਹ ਥਾਈਂ।
ਤਿਹ ਠਾਂ ਪ੍ਰਭੁ ਜੀ ਭੋਜਨ ਖਾਈਂ
॥੭੧॥
ਨਾਤੁਰ ਪੌਨ ਅਹਾਰੀ[1] ਰਹਿਹੀਂ। [1]ਪੌਣ ਛਕਣ ਵਾਲੇ।
ਜੋ ਕਿੰਕਰ ਕੇ ਕਲਮਲ ਦਹਿਹੀਂ।
ਅਚਵ੍ਯੋ ਅਰਧ ਅਸਨ ਗੁਰੂ ਜਬ ਹੀ।

ਪੁਨ ਝੰਡੇ ਕੋ ਦੀਨੋ ਤਬ ਹੀ ॥੭੨॥

ਦੋਹਰਾ:

ਹਿਤ ਕਰਿ ਕੀਨੋ ਖਾਨ ਤਿਨ,
ਖੁਲ੍ਹ ਗੇ ਬਿਕਟ[1] ਕਪਾਟ। — [1]ਕਠਨ।
ਭਰਮ ਮੋਹ ਕੋ ਨਸ਼ਟ ਕਿਯ,
ਦ੍ਵੈਤਹਿ[1] ਸਾਂਕਰ[2] ਕਾਟ[3] ॥੭੩॥ — [1]ਦ੍ਵੈਤ ਦੇ। [2]ਸੰਗਲ। [3]ਕੱਟੇ ਗਏ।

ਚੌਪਈ:

ਟਿਕ ਗੀ ਬ੍ਰਿੱਤਿ, ਸਮਾਧਿ ਲਗਾਈ।
ਭਯੋ ਬਿਦੇਹਿ ਨ ਸੁਧ ਤਨ ਕਾਈ।
ਦੋਨੋਂ ਬੈਠੇ ਹੋਇ ਅਡੋਲਾ।
ਸੁਖ ਆਤਮ ਕੋ ਪਾਇ ਅਮੋਲਾ ॥੭੪॥
ਤੀਨ ਪਹਿਰ ਬੀਤੇ ਇਸ ਭਾਂਤੀ।
ਰਹਿਗੀ ਏਕ ਜਾਮ ਜਬ ਰਾਤੀ।
ਉਠਿ ਕਰਿ ਕੀਨੋ ਗੁਰੂ ਇਸ਼ਨਾਨਾ।
ਬਹੁਰੋ ਸ਼੍ਰੀ ਸੂਰਜ ਪ੍ਰਗਟਾਨਾ ॥੭੫॥
ਤਿਨਹਿਂ ਬੁਲਾਇ ਸਮਾਧਿ ਛੁਟਾਈ।
ਮ੍ਰਿਦੁਲ ਗਿਰਾ ਬੋਲੇ ਜਗ ਸਾਈਂ।
'ਇੰਦ੍ਰਸੈਨ ਮੰਜੀ ਅਬ ਲੀਜੈ।

{ਇੰਦ੍ਰਸੈਨ ਨੂੰ ਮੰਜੀ ਬਖਸ਼ਣ ਲੱਗੇ}

ਪੁਰਿ ਕੋ ਗੁਰੁ ਹ੍ਵੈ ਰਹਨਿ ਕਰੀਜੈ' ॥੭੬॥
ਹਾਥ ਬੰਦਿ ਦ੍ਵੈ ਬਿਨੈ ਬਖਾਨੀ।
'ਭੋ ਕਰਤਾਰ ਰੂਪ ਗੁਨਖਾਨੀ!
ਅਬ ਮੁਝ ਰਹੀ ਨ ਲਾਲਸ ਐਸੀ।
ਆਇਸੁ ਆਪ ਕਰਤਿ ਹੋ ਜੈਸੀ ॥੭੭॥
ਤੀਨ ਕਾਲ ਜਗ ਜਾਨੋ ਨਾਂਹੀ[1]। — [1]ਮੈਂ ਹੁਣ ਜਗਤ ਨੂੰ ਤਿੰਨ ਕਾਲ ਅਨਹੋਇਆ ਜਾਣਦਾ ਹਾਂ।
ਜਿਉਂ ਸਯਾਮਤਾ ਕੱਜਲ ਮਾਂਹੀ[1]। — [1]ਕਜਲ ਵਿਚ ਕਾਲੋਂ ਵਾਂਙੂ ਸਾਰੇ ਇਕ ਪਰਮਾਤਮਾ।
ਸਰਬ ਮਈ ਪਰਮਾਤਮ ਏਕਾ।
ਪਾਵਾ ਤੁਮ ਤੇ ਐਸ ਬਿਬੇਕਾ[1]' — [1]ਗ੍ਯਾਨ।

॥੭੮॥
ਨਿਸ਼ਚਾ ਦ੍ਰਿੜ ਜਬ ਤਿਨਹਿਂ ਲਖਾਯਾ[1]। [1]ਜਣਾਇਆ।
ਮੰਜੀ ਪਰ ਝੰਡਾ ਬੈਠਾਯਾ।
{ਝੰਡੇ ਨੂੰ ਮੰਜੀ ਬਖਸ਼ੀ}
ਸਰਬ ਦੇਸ਼ ਕੋ ਸਤਿਗੁਰੁ ਕਰਿ ਕੈ।
ਪੁਰਿ ਕੋ ਪਠਾ ਰਜਾਇ ਉਚਰਿ ਕੈ
॥੭੯॥
ਭਈ ਪ੍ਰਗਟਿ ਸਭਿ ਨਗਰ ਮਝਾਰੂ।
ਮਨੁਜ ਪਰਸਪਰ ਕਰਤਿ ਉਚਾਰੂ।
'ਹੋਈ ਸੁਧਰਸੈਨ ਸੁਧ ਐਸੇ।
ਤਪਾ ਸਾਧ ਕੋ[1] ਬਾਹਰ ਬੈਸੇ[2] ॥੮੦॥ [1]ਕੋਈ। [2]ਬੈਠੇ।
ਝੰਡੇ ਕੋ ਸਤਿਗੁਰੂ ਬਨਾਯਾ।'
ਸੁਨਿ ਨਰੇਸ਼ ਨਰ ਏਕ ਪਠਾਯਾ।
ਝੰਡਾ ਇੰਦ੍ਰਸੈਨ ਤਿੰਹ ਕਾਲਾ।
ਬੈਠੇ ਦਰਸਹਿਂ ਦੀਨ ਦਯਾਲਾ ॥੮੧॥
ਮਾਨਵ ਆਵਤਿ ਵਾਕ ਅਲਾਵਾ।
'ਕੌਨ ਤਪਾ ਤੁਮ ਵਿਖੈ ਕਹਾਵਾ[1]? [1]ਕਹਾਂਵਦਾ ਹੈ।
ਨਾਮ ਅਹੈ ਸ੍ਰੀ ਨਾਨਕ ਜਾਂ ਕੋ।
ਨ੍ਰਿਪਤ ਬੁਲਾਵਤਿ ਹੈ ਅਬ ਤਾਂ ਕੋ'
॥੮੨॥
ਇੰਦ੍ਰਸੈਨ ਬੋਲਯੋ ਤਿਹ ਸਾਥਾ।
'ਮੈਂ ਅਬ ਚਲੋਂ ਨਿਕਟਿ ਨਰ ਨਾਥਾ।
ਤਿਹ ਕੋ ਸਭਿ ਬਿਧਿ ਕਹਿ ਸਮਝਾਊਂ।
ਬਹੁਰੋ ਆਪ ਪਾਸ ਚਲਿ ਆਊਂ'
॥੮੩॥
ਸ੍ਰੀ ਗੁਰ ਭਨੈ 'ਉਠਯੋ ਤੂੰ ਕੈਸੇ।
ਰਹਹੁ ਨਚਿੰਤ ਇਹਾਂ ਢਿਗ ਬੈਸੇ।'
ਇੰਦ੍ਰਸੈਨ ਤਬ ਬਚਨ ਉਚਾਰਾ।
'ਹੇ ਪ੍ਰਭੁ ਸੁਨਹੁ ਮੁਕੰਦ ਉਦਾਰਾ!
॥੮੪॥
ਭੂਪਤਿ ਮਾਤੁਲ ਲਾਗਤਿ ਹਮਰਾ।

ਭੇਦ ਨ ਜਾਨ ਸਕਹਿ ਸੋ ਤੁਮਰਾ।
ਆਇਸੁ ਦੀਜੈ ਤਿਹ ਸਮਝਾਊਂ।
ਜਯੋਂ ਹ੍ਵੈ ਭਲਾ ਸੁ ਰੀਤਿ ਬਤਾਊਂ'
॥੮੫॥
ਦੋਹਰਾ:
ਲੇ ਰਜਾਇ ਨ੍ਰਿਪ ਢਿਗ ਗਯੋ,
ਮਿਲਿ ਅਸ ਬਚਨ ਉਚਾਰ।
'ਸ਼ਰਨ ਗਹਉ ਤਿਹ ਸੰਤ ਕੀ,
ਲਖਿ ਸਰੂਪ ਕਰਤਾਰ ॥੮੬॥
ਚੌਪਈ:
ਊਂਨੇ ਭਰੇ ਭਰੇ ਕਰਿ ਊਨੇ।
ਉਜਰ[1] ਬਸਾਇ, ਬਸੇ ਕਰਿ ਸੂਨੇ[2]। [1]ਉਜੜੇ। [2]ਖਾਲੀ।
ਲਘੁ ਤੇ ਬਡ, ਬਡ ਤੇ ਲਘੁ ਛਿਨ ਮੈਂ।
ਅਸ ਸਮਰਥ ਸਮਝਹੁ ਨ੍ਰਿਪ! ਮਨ ਮੈਂ'
॥੮੭॥
ਭੂਪ[1] ਕਹੈ 'ਜਿਹ ਬਿਧਿ ਤੁਮ ਕਹਿਹੋ। [1]ਰਾਜਾ।
ਤਿਹ ਬਿਧਿ ਜਾਇ ਸ਼ਰਨ ਮੈਂ ਗਹਿਹੌਂ।
ਜਿਹ ਕੀ ਮਹਿਮਾ ਸੁਨਿਯਤਿ ਭਾਰੀ।
ਦਰਸ ਕਰਨ ਅਭਿਲਾਖ ਹਮਾਰੀ'
॥੮੮॥
ਇੰਦ੍ਰਸੈਨ ਕਹਿ 'ਭੇਟਾ ਲੀਜੈ।
ਅਪਨਾ ਆਪ ਨਿਵਾਰਨ ਕੀਜੈ।
ਸ਼ੁਭ ਫਲ ਮਧੁਰ ਅਸਨ ਧਰਿ ਆਗੇ।
ਕਰਹੁ ਡੰਡੌਤ ਚਰਨ ਜੁਗ ਲਾਗੇ'
॥੮੯॥
ਮਾਨੀ ਸੀਖ[1] ਸੁਸਾ ਕੇ ਸੁਤ ਕੀ[2]। [1]ਸਿੱਖਯਾ। [2]ਭੈਣ ਦੇ ਪੁੱਤ੍ਰ ਦੀ।
ਲਖੀ ਰਿਦੈ -ਭਾਖਤਿ ਮਮ ਹਿਤ ਕੀ-।
ਸੁਨਿ ਭੇਟਾ ਲੇ ਕਰਿ ਸੋ ਆਵਾ।
ਇੰਦ੍ਰਸੈਨ ਜਿਹ ਸੰਗਿ ਸੁਹਾਵਾ ॥੯੦॥
ਦੋਹਰਾ:
ਪਗ ਨੰਗੇ ਮਨ ਦੀਨ ਹ੍ਵੈ,
ਪ੍ਰੇਮ ਸੰਗ ਤਿਹ ਆਨਿ।

{ਸੁਧਰਸੈਨ ਗੁਰੂ ਜੀ ਦੀ ਸ਼ਰਨ}

ਕਰ ਬੰਦੇ ਬੰਦਨ ਕਰੀ,
ਧਰ ਪਰ ਦੰਡ ਸਮਾਨ[1] ॥੯੧॥

[1]ਡੰਡੇ ਵਾਂਙੂ ਪੈ ਕੇ।

ਚੌਪਈ:

ਕਰਿ ਅਸ਼ਟਾਂਗ[1] ਚਰਨ ਅਨੁਰਾਗਾ[2]।
ਪਰਯੋ ਰਹਯੋ ਉਠਤਿ ਨ ਵਡਭਾਗਾ।

[1]ਲੰਮੇ ਪੈ ਕੇ ਨਮਸਕਾਰ। [2]ਪ੍ਰੇਮ ਵਿਚ।

ਪਿਖਿ ਗੁਰੂ ਦਈ ਪੀਠ† ਪਰ ਥਾਪੀ।
'ਉਠਹੁ ਭੂਪ ਅਤਿ ਭਾ ਪਰਤਾਪੀ ॥੯੨॥

†ਪਾ:-ਕੰਡ।

ਨ੍ਰਿਪਤਿ ਸਤਾਰਹਿਂ ਤੋਹਿ ਸਮੀਪਾ।
ਸਭਿ ਕੈ ਭਯੋ ਤੁਹੀ ਅਵਨੀਪਾ[1]।
ਆਨਿ ਕਰਹਿੰਗੇ ਤਵ ਪਦ ਬੰਦਨ।
ਜੇ ਨ ਆਇਂ ਚਢਿ ਕਰਹੁ ਨਿਕੰਦਨ†' ॥੯੩॥

[1]ਰਾਜਾ।

†ਇਸ ਪ੍ਰਕਾਰ ਦੇ ਵਾਕ ਗੁਰ ਨਾਨਕ ਦੇਵ ਜੀ ਦੀ ਬਾਣੀ ਸਿੱਧ ਕਰਦੀ ਹੈ ਕਿ ਉਨ੍ਹਾਂ ਦੇ ਮੂੰਹੋਂ ਨਿਕਲਨੇ ਓਪਰੇ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਭੀ ਇਹ ਵਾਕ ਨਹੀਂ ਹਨ।

ਪ੍ਰੇਮ ਅਧਿਕ ਜਬ ਤਿਹ ਕਾ ਦੇਖਾ।
ਦੀਨੋ ਬਰ 'ਹ੍ਵੈ ਰਾਜ ਬਿਸ਼ੇਖਾ।'
ਸੁਧਰਸੈਨ ਸੁਨਿ ਕਰਿ ਹਰਖਾਨਾ।
ਸ੍ਰੀ ਕਰਤਾਰ ਸਮਾਨ ਪਛਾਨਾ ॥੯੪॥

ਦੋਹਰਾ:

ਬਿਨੈ ਕਰੀ ਕਰ ਬੰਦਿ ਕੈ,
ਲੇਯ ਚਲਾ ਨਿਜ ਧਾਮ।
ਏਕ ਮਾਸ ਤਿਹ ਠਾਂ ਰਹੇ,
ਪੂਰਨ ਕਿੰਕਰ ਕਾਮ[1] ॥੯੫॥

[1]ਦਾਸਾਂ ਦੇ ਕੰਮ ਪੂਰਨ ਵਾਲੇ।

ਚੌਪਈ:

ਸ੍ਰੀ ਗੁਰ ਭਨੈਂ 'ਨਰੇਸ਼! ਸੁਨੀਜੈ।
ਝੰਡੇ ਕੀ ਸਮਤਾ ਨਹਿਂ ਕੀਜੈ।
ਜੇ ਕਰਿ ਅਪਨ ਭਲਾ ਤੁਮ ਚਹਿਈ।
ਸਦਾ ਨਮਯੋ[1] ਆਗੈ ਤਿਹ ਰਹਿਈ' ॥੯੬॥

[1]ਨਿਵਿਆਂ।

ਸਰਬ ਦੇਸ਼ ਸਿੱਖੀ ਪ੍ਰਗਟਾਏ।
ਝੰਡੇ ਅੱਗ੍ਰਜ[1] ਦਏ ਨਿਵਾਏ।

[1]ਅੱਗੇ।

ਸਿਮਰਨ ਨਾਮ ਦਾਨ ਇਸ਼ਨਾਨਾ।
ਕਰਹਿਂ ਮਨੁਜ ਨਿਜ ਭਲਾ ਪਛਾਨਾ ॥੯੭॥
ਬਹੁਰ ਚਲਨ ਕੀ ਬਾਤ ਚਲਾਈ।
ਸੁਨਤਿ ਨ੍ਰਿਪਤ ਨੇ ਗਿਰਾ ਅਲਾਈ।
{ਸੁਧਰਸੈਨ ਦੀ ਨਿਮ੍ਰਤਾ}
'ਗਜ ਬਾਜੀ[1] ਸਭਿ ਰਾਜ ਸਮਾਜਾ। — [1]ਘੋੜੇ।
ਨਿਜ ਕਰ ਝੰਡੇ ਕੋ ਦਿਹੁ ਆਜਾ ॥੯੮॥
ਮੋ ਕੋ ਲੇਹੁ ਆਪਨੇ ਸਾਥਾ।
ਰਹਿ ਨ ਸਕੋਂ ਤੁਮ ਬਿਨ ਜਗਨਾਥਾ!
ਮੀਨ ਨੀਰ ਗਤਿ ਸ੍ਰੀ ਪਗ[†] ਸੰਗਾ[1]। — [1](ਆਪ ਦੇ) ਚਰਨਾਂ ਨਾਲ ਮੱਛੀ ਪਾਣੀ ਵਾਲੀ ਹਾਲਤ ਹੈ। [†]ਪਾ:-ਮੀਨ ਨੀਰ ਸੰਗਤ ਪਗ।
'ਅਸ[1] ਕਹਿਤਜੋ ਉਰ ਪ੍ਰੇਮ ਉਮੰਗਾ[2] ॥੯੯॥ — [1]ਐਸੇ। [2]ਉਛਲਿਆ।
ਪੁਲਕਾਵਲ ਤਨ ਗਦਗਦ ਬਾਨੀ।
ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ।
ਦੇਖਿ ਪ੍ਰੀਤਿ ਅਸ ਉਰ ਕੀ ਸਾਚੀ।
ਸ੍ਰੀ ਨਾਨਕ ਜੀ ਗਿਰਾ ਉਬਾਚੀ[1] ॥੧੦੦॥ — [1]ਕਹੀ।
'ਧਰਹੁ ਧਯਾਨ ਨਿਤ ਉਰ ਅਵਨੀਪਾ।
ਮੈਂ ਹੋਂ ਤੁਮਰੇ ਸਦਾ ਸਮੀਪਾ।
ਸੁਚ ਸੋਂ ਪੰਚਾਂਮ੍ਰਿਤ ਕਰਿਵਾਵਹੁ।
ਟਕਾ ਰਾਖਿ ਅਰਦਾਸ ਅਲਾਵਹੁ ॥੧੦੧॥

ਦੋਹਰਾ:
ਹਾਜਰ ਹੋਵੌਂ ਆਨਿ ਤਬ,
ਕਰੌਂ ਕਾਮਨਾ[1] ਪੂਰ।' — [1]ਇੱਛਾ।
ਅਸ ਕਹਿ ਬਹੁ ਧੀਰਜ ਦਯੋ,
ਭੂਪਤਿ ਕੋ ਜਗ ਮੂਰ[1] ॥੧੦੨॥ — [1]ਭਾਵ ਗੁਰੂ ਜੀ ਨੇ।
ਸਰਬ ਨਗਰ ਕੇ ਨਰ ਮਿਲੇ,
ਝੰਡੇ ਆਦਿ ਜਿ ਆਨ।

ਤਿਨ ਕੋ ਧੀਰਜ ਦੇ ਗੁਰੂ,
ਪੁਨ ਕੀਨੋ ਪ੍ਰਸਥਾਨ ॥੧੦੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਧਰਸੈਨ ਝੰਡੇ ਬਾਢੀ ਕੋ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਮੋਂ ਅਧ੍ਯਾਯ ॥੫੩॥

## ੫੪. [ਗੁਰ ਚਰਨ ਮੰਗਲ। ਮਧੁਰਬੈਨ, ਦੇਵਲੂਤ ਰਾਖਸ਼]

੫੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੫

{ਬ੍ਰਹਮ ਪੁਰ} ॥੧੦॥
{ਮਰਦਾਨੇ ਦੇ ਖਿਝ ਕੇ ਕਹੇ ਬਚਨ} ॥੧੬॥
{ਮਧੁਰਬੈਨ} ॥੧੭॥
{ਜਪ, ਤਪ, ਕਰਮ, ਨਾਮ ਬਿਨਾਂ ਨਿਹਫਲ} ॥੩੧॥
{ਮਰਦਾਨੇ ਨਾਲ ਬਿਲਾਸ ਦੇ ਬਚਨ} ॥੫੩॥
{ਰਾਕਸ਼ਾਂ ਦਾ ਰਾਜਾ} ॥੬੫॥ {ਰਾਕਸ਼ ਅੰਨ੍ਹੇ ਹੋਏ} ॥੭੫॥
{ਸੱਤ ਵਾਰੀ ਪਰਤਾਵਾ} ॥੮੧॥ {ਦੇਵਲੂਤ} ॥੮੯॥

**ਦੋਹਰਾ:**

ਸ਼ਾਰਦੂਲ ਸ਼੍ਰੀ ਗੁਰੁ ਚਰਨ, ਸ਼ਰਨ ਪਰਜੋ ਮੈਂ ਧਾਇ।

ਸ਼ਾਰਦੂਲ=ਸ਼ੇਰ। [ਸੰਸ. ਸ਼ਾਰਦੂਲ]।

ਜੰਬੁਕ ਜਮ ਬਪੁਰਾ ਨਿਬਲ, ਤਾਂ ਕੋ ਕਹਾਂ ਬਸਾਇ ॥੧॥

ਜੰਬੁਕ=ਗਿਦੜ। [ਸੰਸ. ਜਮਬੁਕ]। ਬਪੁਰਾ=ਵਿਚਾਰਾ, ਗ੍ਰੀਬ। ਬਸਾਇ=ਵਸਹੈ, ਵਸ ਚਲੇ, ਪੇਸ਼ ਜਾਵੇ।

**ਅਰਥ:**

ਸ਼੍ਰੀ ਗੁਰੂ ਜੀ ਦੇ ਚਰਨ ਸ਼ੇਰ (ਸਮਾਨ ਹਨ), ਮੈਂ ਦੌੜ ਕੇ ਉਨ੍ਹਾਂ ਦੀ ਸ਼ਰਨ ਜਾ ਪਿਆ ਹਾਂ, (ਹੁਣ ਭਲਾ) ਜਮ ਦਾ, (ਜੋ) ਨਿਰਬਲ ਤੇ ਬਪੁੜਾ ਗਿਦੜ ਹੈ, ਕੀ ਵਸ ਚੱਲੇ।

ਸ਼੍ਰੀ ਬਾਲਾ ਸੰਧੁਰੁ ਵਾਚ ॥

**ਚੌਪਈ:**

ਸੁਨਹੁ ਕਥਾ ਸ਼੍ਰੀ ਅੰਗਦ ਰੂਰੀ।
ਸਰਬ ਕਾਮਨਾ ਕਰਹਿ ਜੁ ਪੂਰੀ।
ਸੁਧਰਸੈਨ ਕੇ ਦੇ ਉਰ ਧੀਰਾ[1]। [1]ਧੀਰਜ।
ਗਮਨੇ ਆਗੇ ਗੁਨੀ ਗਹੀਰਾ ॥੨॥
ਚਲੇ ਜਾਹਿਂ ਸਾਗਰ ਪੈ ਐਸੇ।
ਬਿਨਾਂ ਪੰਕ ਧਰਨੀ ਪਰ ਜੈਸੇ।
ਭਨਤਿ ਜਾਤਿ ਸ਼੍ਰੀ ਮੁਖ ਤੇ ਬਚਨਾ।
ਹਾਸ ਕਰਨ ਦੀ ਜਿਨ ਮਹਿਂ ਰਚਨਾ ॥੩॥
ਟਾਪੂ ਆਵਾ ਏਕ ਅਗਾਰੀ।
ਗਮਨ ਕੀਨ ਪੁਨ ਤਾਂਹਿ ਮਝਾਰੀ।
ਦੋਇ ਕੋਸ ਤੇ ਪੁਰਿ ਇਕ ਦੇਖਾ।
ਅਤਿ ਸੁੰਦਰ ਜਿਹ ਦੁਰਗ[1] ਬਿਸ਼ੇਖਾ ॥੪॥ [1]ਫਸੀਲ।

ਤਿਹ ਠਾਂ ਬੈਸਿ ਗਏ ਗਤਿਦਾਨਾ।
ਨਿਕਟ ਨਗਰ ਨਹਿਂ ਕੀਨ ਪਯਾਨਾ।
ਤੀਨ ਦਿਵਸ ਬੀਤੇ ਉਦਿਆਨਾ[1]। [1]ਜੰਗਲ (ਵਿਚ)।
ਤਬ ਮਰਦਾਨੇ ਬਚਨ ਬਖਾਨਾ ॥੫॥
'ਆਇਸੁ ਦੇਹੁ ਨਗਰ ਮਹਿਂ ਜਾਵੌਂ।
ਤਿਹ ਬਿਲੋਕਿ ਮੈਂ ਤੂਰਣ ਆਵੌਂ।'
ਬੋਲਤਿ ਭੇ ਸ਼੍ਰੀ ਮੁਖ ਬਿਗਸਾਨੇ।
'ਛੁਧਾ ਲਗੀ ਹੁਇ ਹੈ ਮਰਦਾਨੇ' ॥੬॥

ਦੋਹਰਾ:

'ਤੁਮ ਕੋ ਭੂਖ ਨ ਬਯਾਪਈ,
ਤਿਖਾ ਸੰਤਾਇ[1] ਨ ਕੋਇ। [1]ਸਤਾਉਂਦੀ।
ਮੋ ਕੋ ਆਤੁਰ[1] ਅਤਿ ਕਰੈ, [1]ਦੁਖੀ।
ਕਿਉਂ ਨ੍ਰਿਬਾਹਿ ਹਮ ਹੋਇ[†] ॥੭॥ [†]ਪਾ:-ਮੋਕੋ ਤੋ ਆਤੁਰ ਕਰੇ ਕਿਉਂ ਨਿਬਾਹ ਅਬ ਹੋਇ।

ਚੌਪਈ:

ਫਿਰੋਂ ਸੰਗ ਤੁਮਰੇ ਹਠ ਕਰਿ ਕੈ।
ਅਚੌਂ ਅਸਨ ਅਬ ਨਗਰ ਨਿਹਰਿ ਕੈ[1]।' [1]ਦੇਖਕੇ।
ਸ਼੍ਰੀ ਗੁਰ ਭਨੈਂ 'ਧਰਹੁ ਸੰਤੋਖੰ।
ਸ਼੍ਰੀ ਕਰਤਾਰ ਕਰੈ ਤਵ ਪੋਖੰ ॥੮॥
ਜਤਨ ਕਰਨ ਹਿਤ ਮਨ ਨ ਡੁਲਾਵਹੁ।
ਪਰਾਲਬਧ ਬੈਠੇ ਹੀ ਪਾਵਹੁ।'
ਬੂਝਨ ਲਗਾ ਬਹੁਰ ਮਰਦਾਨਾ।
'ਕਯਾ ਇਹ ਪੁਰਿ ਕੋ ਨਾਮ? ਸੁਜਾਨਾ!' ॥੯॥
ਸੁਨਿ ਸ਼੍ਰੀ ਗੁਰੁ ਨੈ ਦੀਨ ਬਤਾਈ।
'ਨਾਮ ਬ੍ਰਹਮ ਪੁਰ[†] ਇਸਹਿ ਅਲਾਈ[1]। [1]ਕਹਿੰਦੇ ਹਨ।

{ਬ੍ਰਹਮ ਪੁਰ}

[†]ਇਨ੍ਹਾਂ ਅਧਯਾਵਾਂ ਵਿਚੋਂ ਜਾਪਦਾ ਹੈ ਕਿ ਆਸਾਮ ਦੇਸ਼ ਦਾ ਸੈਲਾ ਹੋ ਰਿਹਾ ਹੈ। ਬ੍ਰਹਮਕੁੰਡ ਨਾਮੇ ਦਾ ਇਕ ਜਗ੍ਹਾ 'ਡਿਬਰੂ ਗੜ੍ਹ' ਤੋਂ ਪੂਰਬੋਤ੍ਰ ਵੱਲ ਹੈ, ਹੋ ਸਕਦਾ ਹੈ ਕਿ ਉਸ ਤੋਂ ਮੁਰਾਦ ਹੋਵੇ, ਯਾ 'ਬ੍ਰਹਮਣ ਬੇਰੀਆ' ਤੋਂ ਮੁਰਾਦ ਹੋਵੇ ਜੋ ਟਿਪਰਾ ਪਹਾੜੀਆਂ ਦੇ ਪੱਛੋਂ ਵੱਲ ਮੇਗਨਾ ਨਦੀ ਦੇ ਲਾਗੇ ਹੈ। ਟਾਪੂ ਪਦ ਜ਼ਰੂਰੀ ਨਹੀਂ ਕਿ ਜਜ਼ੀਰੇ ਲਈ ਹੀ ਵਰਤਿਆ ਜਾਵੇ।

ਜਾਨਹੁ ਬ੍ਰਹਮਣ ਭੂਪਤਿ[1] ਨਗਰਾ[2]। [1]ਰਾਜਾ। [2]ਸ਼ਹਿਰ ਦਾ।
ਕਰਤਿ ਰਾਜ ਇਹ ਟਾਪੂ ਸਗਰਾ'

| | |
|---|---|
| ॥੧੦॥ | |
| ਕਹਿਤਿ ਪਰਸਪਰ ਅਸ ਬਿਧਿ ਬੈਨਾ। | |
| ਜੇ ਨਿਜ ਕਿੰਕਰ ਕੇ ਗਤਿ ਦੈਨਾ। | |
| ਤਿਹ ਛਿਨ ਬ੍ਰਿੰਦ ਮਿਰਗ ਲਘੁ[1] ਆਏ। | [1]ਛੋਟੇ। |
| ਚਕਿਤ[1] ਬਿਲੋਕਤਿ[2] ਸ਼੍ਰੋਨ[3†] ਉਠਾਏ ॥੧੧॥ | [1]ਹੈਰਾਨੀ ਨਾਲ। [2]ਦੇਖਦੇ। [3]ਕੰਨ। [†]ਪਾ:-ਕਾਨ। |
| ਭੈ ਕਰਿ ਭਾਗੇ ਜਾਹਿਂ ਅਗਾਰੇ। | |
| ਆਵਤਿ ਸ਼ੂਕਰ[1] ਬਹੁਰ ਨਿਹਾਰੇ। | [1]ਸੂਰ। |
| ਬਦਨ[1] ਰਦਨ[2] ਛਬਿ ਅਸ ਤਿਹ ਠੌਰੇ। | [1]ਮੁੱਖ। [2]ਦੰਦ। |
| ਜਨੁ ਸ਼ਸ਼ਿ ਗਹੇ ਰਾਹੁ ਬਹੁ ਦੌਰੇ[1] ॥੧੨॥ | [1]ਸੂਰ ਦੌੜੇ ਜਾ ਰਹੇ ਹੈਨ ਉਨ੍ਹਾਂ ਦੇ ਦੰਦ ਚਿੱਟੇ ਹੈਨ ਤੇ ਮੂੰਹ ਕਾਲੇ ਹੈਨ ਇਹ ਛਬੀ ਮਾਨੋਂ ਐਸੀ ਹੈ ਕਿ ਚੰਦਰਮਾਂ ਨੂੰ ਰਾਹੁ ਫੜਕੇ ਦੌੜੇ ਜਾ ਰਹੇ ਹਨ। |
| ਆਏ ਤਿਨ ਕੇ ਸ੍ਵਾਨ ਪਿਛਾਰੀ। | |
| ਗਹਨ ਹੇਤ[1] ਦੌਰੇ ਬਲਧਾਰੀ। | [1]ਫੜਨ ਵਾਸਤੇ। |
| ਲਏ ਬਾਵਰਾਂ[1] ਪੁਨ[2] ਨਰ ਆਏ। | [1]ਜਾਲ। [2]ਫਿਰ। |
| ਬਹਿਰੀ, ਬਾਜ, ਸੀਚਾਨ[1] ਉਡਾਏ ॥੧੩॥ | [1]ਬਹਰੀ, ਬਾਜ, ਸੀਚਾਨ, ਤ੍ਰੈ ਬਾਜ਼ ਦੀ ਕਿਸਮ ਦੇ ਸ਼ਿਕਾਰੀ ਪੰਛੀ ਹਨ। |
| ਜਿਨ ਤੇ ਬਹੁਤ ਬਿਹੰਗ ਗਹਾਏ[1]। | [1]ਪੰਛੀ ਫੜਾਏ। |
| ਬਹੁਰ ਸਉਰ[1†] ਦੁਰਾਵਤਿ[2] ਆਏ। | [1]ਅਸਵਾਰ। [2]ਘੋੜੇ) ਭਜਾਂਵਦੇ। [†]ਪਾਠਾਂਤ੍ਰ:-ਅਸਵਾਰ। |
| ਤਿਨ ਕੇ ਪਾਛੇ ਹੁਤੋ ਭੁਵਾਲਾ[1]। | [1]ਰਾਜਾ। |
| ਜਾਂ ਕੀ ਸ਼ੋਭਾ ਦਿਪਤ[1] ਬਿਸਾਲਾ ॥੧੪॥ | [1]ਪ੍ਰਕਾਸ਼ਦੀ ਹੈ। |
| ਜਹਿਂ ਬੈਸੇ ਬੇਦੀ ਕੁਲ ਦੀਪਾ। | |
| ਸੋ ਚਲਿ ਆਵਾ ਤਬਹਿ ਸਮੀਪਾ। | |
| ਮਰਦਾਨੇ ਸੋਂ ਬੋਲਜੋ ਐਸੇ। | |
| 'ਅਹੋ ਕੌਨ ਤੁਮ ਕਾਨਨ ਬੈਸੇ?' ॥੧੫॥ | |
| ਬੈਸਜੋ ਖਿਝਤਿ[1] ਛੁਧਾ ਜਿਹ ਲਾਗੀ। | [1]ਮਰਦਾਨਾ) ਬੈਠਾ ਖਿੱਝਦਾ ਸੀ। |
| ਨ੍ਰਿਪ ਬੂਝੇ ਤੇ ਰਿਸ[1] ਪੁਨ ਜਾਗੀ। | [1]ਕ੍ਰੋਧ। |
| ਕਹਨ ਲਗਜੋ 'ਲੋਚਨ ਤੁਝ ਸੰਗਾ। | |

{ਮਰਦਾਨੇ ਦੇ ਖਿਝ ਕੇ ਕਹੇ ਬਚਨ}

ਦੇਖਹੁ ਹਮ ਮਾਨੁਖ ਸਰਬੰਗਾ' ॥੧੬॥
ਮਧੁਰਬੈਨ ਸੁਨਿ ਬੈਨ ਅਲਾਏ।
{ਮਧੁਰਬੈਨ}
'ਹੇ ਅਤੀਤ ਤੁਮ? ਦੇਹੁ ਬਤਾਏ।'
ਖਿਝਿ ਕੈ ਬਹੁ ਬੋਲਯੋ ਮਰਦਾਨਾ।
'ਤੁਝ ਕਹਾ ਲੋਚਨ ਸੰਗ ਦਿਖਾਨਾ[1]?†' ॥੧੭॥

[1]ਦਿੱਸਦਾ ਹੈ? (ਅ) ਨਹੀਂ ਦਿੱਸਦਾ?। †ਪਾ:-ਦਿਸਾਨਾ।

ਅਸ ਕਹਿ ਬੰਕ[1] ਨੈਨ[2] ਕਰਿ ਹੇਰਾ।
ਨ੍ਰਿਪ ਸੋਂ ਬੋਲਯੋ ਬਚਨ ਨ ਫੇਰਾ।

[1]ਟੇਢੇ। [2]ਨੇਤ੍ਰ।

ਨੀਚ ਡੀਠ[1] ਕਰਿ ਬੈਠ ਰਹਾਵਾ।

[1]ਨੀਵੀਂ ਨਜ਼ਰ।

ਜਿਹ ਕਿਹ ਕੋ[1] ਨਹਿੰ ਬੋਲ ਸੁਖਾਵਾ ॥੧੮॥

[1]ਜਿਸ ਨੂੰ ਕਿਸੇ ਦਾ।

ਸੁਨਿ ਸ੍ਰੀ ਅੰਗਦ! ਮੈਂ ਤਬ ਜਾਨੀ।
-ਸ੍ਰੀ ਨਾਨਕ ਹੈ ਤੂਸ਼ਨ ਠਾਨੀ।
ਖਿਝਯੋ ਛੁਧਾ ਸੋਂ ਬਹੁ ਮਰਦਾਨਾ।
ਯੌਂ† ਬਿਚਾਰ ਮੈਂ ਬਚਨ ਬਖਾਨਾ ॥੧੯॥

†ਪਾ:-ਇਉਂ।

ਦੋਹਰਾ:
'ਹਮ ਆਏ ਪਰਦੇਸ਼ ਤੇ,
ਕਿਸਹੂੰ ਸੋਂ ਨ ਪਛਾਨ।
ਸੰਤ ਬੇਖ ਦੇਖਤਿ ਫਿਰੈਂ,
ਅਵਨੀ[1] ਸ਼ੁਭ ਇਸਥਾਨ†' ॥੨੦॥

[1]ਧਰਤੀ ਦੇ। †ਪਾ:-ਸ਼ੁਭਾਸ਼ੁਭ ਥਾਨ=ਚੰਗੇ ਮਾੜੇ ਥਾਂ।

ਚੌਪਈ:
ਅੱਗ੍ਰਜ ਤਹਿਂ ਟਾਪੂ ਸੁਧ ਹੋਈ[1]।
-ਏਕ ਤਪਾ ਹੈ ਨਾਨਕ ਕੋਈ।
ਝੰਡੇ ਕੋ ਸਤਿਗੁਰੂ ਬਨਾਯਾ।
ਸੁਧਰਸੈਨ ਬਹੁ ਭੂਪ[1] ਬਧਾਯਾ[2]- ॥੨੧॥

[1]ਹੋ ਚੁਕੀ ਸੀ।

[1]ਰਾਜਾ। [2]ਵਧਾਯਾ।

ਮਧੁਰਬੈਨ ਸਮਝੀ ਮਨ ਮਾਂਹੀ।
-ਸੋਊ ਤਪਾ[1] ਸੁਨਯੋ ਜਸੁ ਜਾਂਹੀ-।
ਨਿਸ਼ਚੇ ਕਰਿ ਬੂਝਨ ਕੇ ਕਾਰਨ।

[1]ਇਹ ਉਹੋ ਤਪਾ ਹੈ।

ਬਹੁਰੋ ਕੀਨੋ ਬਚਨ ਉਚਾਰਨ ॥੨੨॥
'ਕੋ ਹੈ ਨਾਮ ਕੌਨ ਤੁਮ ਦੇਸ਼ਾ?
ਕਹਾਂ ਸਿਧਾਰਹੁ ਕਾਂ ਕੋ ਬੇਸਾ?'
ਸੁਨਿ ਮੈਂ ਕਹਯੋ 'ਨਾਮ ਮਮ ਬਾਲਾ।
ਇਹ ਸਰੂਪ ਸ੍ਰੀ ਨਾਨਕ ਦਯਾਲਾ ॥੨੩॥

ਦੋਹਰਾ:

ਯਾਂ ਕੋ ਮਰਦਾਨਾ ਅਹੈ,
ਮੱਦ੍ਰ[1] ਦੇਸ਼ ਹਮ ਧਾਮ।
ਸੇਵਤਿ ਸ੍ਰੀ ਗੁਰੂ ਪਦ ਪਦਮ,
ਮੁਕਤਿ ਹੋਨ ਕੇ ਕਾਮ' ॥੨੪॥

[1]ਪੰਜਾਬ।

ਚੌਪਈ:

ਹਰਖਯੋ ਮਧੁਰਬੈਨ ਸੁਨਿ ਬੈਨਾ।
ਨਿਸ਼ਚੇ ਲਖਯੋ ਰਿਦੇ ਗਤਿਦੈਨਾ।
ਉਤਰ ਤੁਰੰਤ ਜੋਰਿ ਜੁਗ ਹਾਥਾ।
ਭਯੋ ਦੀਨ ਬੰਦੇ ਜਗ ਨਾਥਾ ॥੨੫॥
ਕਿਯੇ ਪ੍ਰੇਮ ਪੁਨ ਬਿਨੈ ਬਖਾਨੀ।
'ਗਮਨਹੁ ਨਗਰ ਬਿਖੈ ਗੁਨਖਾਨੀ!
ਜਹਿਂ ਮੰਦਰ ਬਹੁ ਬਨੇ ਬਚਿੱਤ੍ਰਾ।
ਪਾਇ ਪਾਉਂ ਨਿਜ ਕਰਹੁ ਪਵਿੱਤ੍ਰਾ ॥੨੬॥
ਲੇ ਕਰਿ ਅੰਨ ਬਨਾਇ ਭੰਡਾਰਾ।
ਅਚਹੁ ਆਪ ਕਰਿ ਮਧੁਰ ਅਹਾਰਾ।
ਰੰਗ ਅਨੇਕ ਲੇਹੁ ਸੁਠ ਚੀਰੰ।
ਪਹਿਰਹੁ ਗੁਨੀ ਗਹੀਰ! ਸਰੀਰੰ ॥੨੭॥
ਪੁਰਿ ਨ ਚਲਹੁ, ਤੌ ਇਹਾਂ ਪੁਚਾਵੌਂ।
ਕਰੌਂ ਸੁ ਬਿਧਿ ਜਸ ਆਇਸੁ ਪਾਵੋਂ।'
ਸੁਨਿ ਭੁਵਾਲ ਕੀ ਐਸੀ ਬਾਨੀ।
ਬੋਲੇ ਬਚਨ ਗੁਰੂ ਗੁਨ ਖਾਨੀ ॥੨੮॥

ਬਿਲਾਵਲੁ ਮਹਲਾ ੧ ॥†
ਏਕ ਭੰਡਾਰਾ ਨਾਮ ਕਾ ਜਿਨ ਸਭ ਕਿਛੁ ਦੀਆ ॥

ਭੁਖ ਨੰਗ ਸਭ ਛੀਨ ਕੈ ਅਪਨਾ ਕਰ ਲੀਆ ॥੧॥
ਐਸਾ ਨਾਮੁ ਨ ਛੋਡੀਐ ਸਦ ਸੰਗੁ ਹਮਾਰੇ ॥
ਲੇਖਾ ਕੋਇ ਨ ਪੁਛਈ ਮਨ ਮੀਤ ਪਿਆਰੇ ॥੧॥ ਰਹਾਉ ॥
ਭੋਜਨ ਉਤਮ ਹਮ ਕੀਆ ਸੰਤਨ ਪਰਸਾਦਿ ॥
ਜਲ ਸੀਤਲ ਸਤ ਕਾ ਪੀਆ ਹਿਰਦੇ ਮਹਿ ਸਾਂਤਿ ॥੨॥
ਬਸਤਰ ਬ੍ਰਹਮ ਪਛਾਣਿਆ ਕਾਂਇਆ ਕੇ ਸੰਗ ॥
ਲਖ ਚਉਰਾਸੀ ਏਕ ਹੈ ਹੁਏ ਨਿਰਭੰਗ ॥੩॥
ਨਾਨਕ ਕਹੇ ਰਾਜਿੰਦ੍ਰ ਸੁਣ ਸਭ ਝੂਠ ਪਸਾਰਾ ॥
ਦ੍ਰਿਸਟਮਾਨ ਸਭ ਬਿਨਸੁ ਜਾਇ ਰਹਿ ਏਕੰਕਾਰਾ ॥੪॥
†ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

ਦੋਹਰਾ:

ਸੁਨੇ ਬੈਨ ਮਨ ਦੀਨ ਹ੍ਵੈ,
ਬੰਦੇ ਦੋਨੋ ਪਾਨ।
ਕਹੈ 'ਕਰਹੁ ਉਪਦੇਸ਼ ਮੁਝ
ਅਧਿਕਾਰੀ ਸ਼ੁਭ[1] ਜਾਨ' ॥੨੯॥ — [1]ਚੰਗਾ।

ਚੌਪਈ:

ਬਾਰ ਬਾਰ ਬੰਦਤਿ ਪਦ ਗੁਰੂ ਕੋ।
ਬਿਨੈ ਭਨਤਿ ਬਹੁ ਹਿਤ ਕਰਿ ਉਰ ਕੋ।
ਕਮਲ ਬਦਨ ਲਖਿ ਕਰਿ ਜਗਜਾਸੀ[1]। — [1]ਅਧਿਕਾਰੀ।
ਉਪਦੇਸ਼ਨ ਹਿਤ ਗਿਰਾ ਪ੍ਰਕਾਸ਼ੀ[1] ॥੩੦॥ — [1]ਕਹੀ।
'ਜਗਤ ਲਖਹੁ ਮਿਥਿਆ ਅਹਿ[1] ਦਾਮੁ[2]। — [1]ਰੱਸੀ ਵਿਚ ਸੱਪ ਦੇ (ਭਰਮ ਵਾਂਝੂ)। [2]ਰੱਸੀ ਵਿਚ ਸੱਪ ਦੇ (ਭਰਮ ਵਾਂਝੂ)।
ਸਿਮਰਨ ਕਰਹੁ ਸਦਾ ਸਤਿਨਾਮੁ।
ਕਰਮ ਧਰਮ ਤਪ ਨੇਮ ਅਨੇਕਾ।
{ਜਪ, ਤਪ, ਕਰਮ, ਨਾਮ ਬਿਨਾਂ ਨਿਹਫਲ}
ਸਰਬ ਅਫਲ ਜੇ ਨਾਮ ਨ ਏਕਾ ॥੩੧॥
ਯਾਂ ਪਰ ਸੁਨਿ ਦ੍ਰਿਸ਼ਟਾਂਤ ਮਹਾਨਾ।
ਅਫਲ ਨਾਮ ਬਿਨ ਜਿਉਂ† ਸਭਿ ਜਾਨਾ। — †ਪਾ:-ਇਹੁ।
ਕਾਗਦ ਪਰ ਨਹਿਂ ਲਿਖਯੋ ਇਕਾਂਗਾ।
ਸੁਨ ਲਿਖਨ[1] ਪਰ ਮਨ ਅਨੁਰਾਗਾ ॥੩੨॥ — [1]ਕਾਗਤ ਤੇ ਏਕਾਂਗ (੧) ਨਾ ਲਿਖ ਕੇ ਨਿਰੀਆਂ ਬਿੰਦੀਆਂ ਲਾਈਏ, ਤਾਂ ਕੋਈ ਰਕਮ ਨਹੀਂ ਬਣਦੀ।

ਤਿਨ ਤੇ ਸਰਯੋ ਨ ਏਕੋ ਕਾਜਾ[1]। — [1]ਪੂਰਾ ਨਾ ਹੋਯਾ ਕੋਈ ਬੀ ਕੰਮ।
ਭਾ ਬਿਰਥਾ ਸਭਿ ਲਿਖਨ ਸਮਾਜਾ[1]। — [1]ਸਾਮਾਨ।
ਪੂਰਬ[1] ਲਿਖਯੋ ਇਕਾਂਗ[2] ਬਨਾਈ। — [1]ਪਹਿਲੇ। [2]ਏਕਾ।
ਲਿਖੀ ਸ਼ੂਨ[1] ਤਬ ਅਫਲ[2] ਨ ਜਾਈ[†] ॥੩੩॥ — [1]ਬਿੰਦੀ। [2]ਬਿਅਰਥ। [†]ਪਾ:-ਲਿਖੀ ਨ ਸੂਨ ਤ ਅਫਲ ਨ ਜਾਈ।
ਜੋ ਇਕਾਂਗ ਪਰ[1] ਲਿਖਿ ਹੈਂ ਸ਼ੂਨਾ। — [1]ਏਕੇ ਪਰ।
ਸ਼ੂਨ ਸ਼ੂਨ ਤੇ ਹ੍ਵੈ ਦਸ ਗੂਨਾ।
ਤਜੋਂ ਜੇ ਨਾਮ ਸੰਗ ਤਪਤਾਪਹਿਂ।
ਪੂਜਾ ਬ੍ਰੱਤ ਨੇਮ ਜਪ ਜਾਪਹਿਂ ॥੩੪॥
ਸੇ ਦਸ ਗੁਨਾਂ[1] ਅਧਿਕ ਫਲ ਪਾਵਹਿਂ। — [1]ਦਸ ਗੁਣਾਂ।
ਹੋਹਿਂ ਮੁਕਤਿ ਜਮ ਸੰਗ ਨ ਜਾਵਹਿਂ।
ਅਹੈ ਸ਼ਿਰੋਮਣਿ ਸਭਿ ਕੌ ਨਾਮੂ।
ਸਿਮਰਹੁ ਸਦਾ ਆਨ ਤਜਿ ਕਾਮੂ ॥੩੫॥
ਮਧੁਰਬੈਨ! ਸੁਨਿਯੇ ਮਨ ਐਸਾ।
ਹੋਤਿ ਪਸੁ ਹਰਿਆਇਓ[1] ਜੈਸਾ। — [1]ਓਹ ਪਸੂ ਦੋ ਹਰੇ ਖੇਤਾਂ ਵਲ ਦੌੜੇ।
ਨਿਜ ਸਥਾਨ ਕੋ ਤਜਿ ਤਜਿ ਜਾਈ।
ਕ੍ਰਿਖੀ ਬਿਖੈ ਮਹਿਂ[1] ਪਰ ਹੈ ਧਾਈ ॥੩੬॥ — [1]ਵਿਸ਼ਿਆਂ (ਰੂਪੀ) ਖੇਤੀ ਵਿਚ।
ਕਾਠ-ਭਾਰ[1] ਗੁਰ ਸ਼ਬਦ ਮਹਾਨਾ। — [1]ਡਹਿਆ, ਜੋ ਹਰਿਆਰ ਪਸ਼ੂ ਦੇ ਗਲ ਬੰਨ੍ਹਦੇ ਹਨ। ਨਾਮ ਮਾਨੋ ਡਹਿਆ ਹੈ।
ਜਿਨ ਗਰ[1] ਪਾਇ ਸੁ ਧਾਰਨ ਠਾਨਾ[2]। — [1]ਗਲ ਵਿਚ। [2]ਧਾਰਨ ਕੀਤਾ ਹੈ।
ਬਹੁਰ ਨ ਦੌਰਹਿ[1] ਕਰਿ ਅਨੁਸਾਰੇ। — [1]ਪਸੂ ਰੂਪ ਮਨ) ਨਹੀਂ ਦੌੜਦਾ।
ਸੇ ਹਰਿ ਦਰਗਹਿ ਜਾਂਹਿ ਸੁਖਾਰੇ' ॥੩੭॥
ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ।
ਨਾਮ ਲਗੀ ਲਿਵ ਰਿਦੇ ਨਰੇਸ਼ਾ।
ਭਾਉ ਭਗਤਿ ਹਿਰਦੇ ਮਹਿਂ ਜਾਗੀ।
ਸਤਿ ਸੰਗਤਿ ਮਹਿਂ ਮਤਿ ਅਨੁਰਾਗੀ ॥੩੮॥
ਸ਼੍ਰੀ ਗੁਰੁ ਸੋਂ ਪੁਨ ਬਿਨੈ ਬਖਾਨੀ।
ਨਗਰ ਬਿਖੈ ਆਨੇ ਗੁਨਖਾਨੀ।

ਜਹਿਂ ਅਨੇਕ ਥੇ ਸੁੰਦਰ ਮੰਦਿਰ।
ਸੁਠ ਪਰਯੰਕ[1] ਡਸਾਵਾ ਅੰਦਰ ॥੩੯॥ [1]ਪਲੰਘ।
ਰੰਗ ਅਨੇਕ ਵਿਛਾਵਨ ਛਾਏ।
ਤਾਂ ਪਰ ਪੰਕਜ ਬਦਨ ਬਸਾਏ।
ਨਾਨਾ ਭਾਂਤਿ ਭਾਉ ਉਰ ਧਰਿ ਕੈ।
ਘਰ ਨਿਜ ਰਾਖੇ ਸੁਖਦ[1] ਬਿਚਰਿ ਕੈ ॥੪੦॥ [1]ਸੁਖ ਦਾਤੇ।
ਸਤਿ ਸੰਗਤਿ ਕੀ ਰੀਤਿ ਪ੍ਰਕਾਸ਼ੀ।
ਦੁਰਮਤਿ ਨਰ ਉਰ ਕੀਨ ਬਿਨਾਸੀ।
ਸਭਿ ਮਹਿਂ ਭਾਉ ਭਗਤਿ ਪ੍ਰਗਟਾਵਾ।
ਸਰਬ ਦੇਸ਼ ਤਿਹ ਨਾਮ ਜਪਾਵਾ ॥੪੧॥
ਮਧੁਰਬੈਨ ਤਜਿ ਹਉਮੈਂ ਰੀਤਾ।
ਸੇਵਹਿ ਸਤਿਗੁਰ ਚਰਨ ਸਪ੍ਰੀਤਾ।
ਜਗਤ ਕੁਬੰਧਨ ਸਗਰੇ ਨਾਸ਼ੇ।
ਹਿਰਦੇ ਆਤਮਗਜਾਨ ਪ੍ਰਕਾਸ਼ੇ ॥੪੨॥
ਕਰੁਨਾ ਪਾਇ ਬਿਸਾਲ ਨਿਹਾਲਾ।
ਬਨਿਵਾਈ ਪੁਰਿ ਮਹਿਂ ਧ੍ਰਮਸਾਲਾ।
ਦੇਗ ਚਲਾਵਨ ਲਗਯੋ ਅਭੰਗਾ।
ਭੋਜਨ ਸੰਗਤਿ ਅਚਹਿ ਨਿਸ਼ੰਗਾ ॥੪੩॥
ਕੇਤਿਕ ਦਿਵਸ ਬਿਤੀਤੇ ਜਬ ਹੀ।
ਸ਼੍ਰੀ ਨਾਨਕ ਨ੍ਰਿਪ ਸੋਂ[1] ਕਹਿਂ[2] ਤਬ ਹੀ। [1]ਰਾਜੇ ਨੂੰ। [2]ਕਹਿਆ।
'ਸੁਧਰ ਸੈਨ ਕੀ ਆਨ ਮਨੀਜੈ।
ਜਾਇ ਸਦਨ ਤਿਂਹ ਭੇਟਾ ਦੀਜੈ' ॥੪੪॥
ਸੁਨਿ ਕਰਿ ਮਧੁਰਬੈਨ ਕਹਿ ਐਸੇ।
'ਜਿਉਂ ਉਚਰਹੁ ਕਰਿਹੈਂ ਹਮ ਤੈਸੇ।
ਰਾਵਰ ਕੀ ਆਇਸ ਅਨੁਸਾਰਾ।
ਚਲਹਿਂ ਸਭਿਹਿ, ਕੋ ਕਰਹਿ ਬਿਚਾਰਾ' ॥੪੫॥
ਬਹੁਰੋ ਬੋਲੇ ਬੈਨ ਕ੍ਰਿਪਾਲਾ।

'ਹਮ ਗਮਨਹਿਂ[1] ਅਬ, ਸੁਨਹੁ ਭੁਵਾਲਾ!' — [1]ਜਾਂਦੇ ਹਾਂ।
ਅਨਤ ਦੇਸ਼ ਦੇਖਿਨਿ ਕੀ ਚਾਹੁ।'
ਸੁਨਿ ਰਾਖਨ ਹਿਤ ਕਹਿ ਨਰਨਾਹੁ[1] ॥੪੬॥ — [1]ਨਰਾਂ ਦਾ ਮਾਲਿਕ=ਰਾਜਾ।
'ਸ਼੍ਰੀ ਪ੍ਰਭੁ ਜੀ! ਮੁਝ ਕਿੰਕਰ ਜਾਨਹੁ।
ਭਗਤ ਵਛਲ ਨਿਜ ਬਿਰਦ ਪਛਾਨਹੁ।
ਦੇਹੁ ਦਰਸ ਕੇਤਿਕ ਦਿਨ ਔਰੀ।
ਕਰਹੁ ਨਿਹਾਲ ਬਸਹੁ[†] ਇਹ ਠੌਰੀ' ॥੪੭॥ — [†]ਪਾ:-ਰਹਹੁ।
ਨ੍ਰਿਪ ਕੇ ਕਹੇ ਰਹੇ ਕਛੁ ਕਾਲਾ।
ਆਗੇ ਗਮਨੇ ਬਹੁਰ ਕ੍ਰਿਪਾਲਾ।
ਗਏ ਉਲੰਘਿ ਸਰਬ ਸੋ ਦੇਸ਼ਾ।
ਸਾਗਰ ਪਰ ਗਵਨੇ ਜਗਤੇਸ਼ਾ ॥੪੮॥
ਮੈਂ ਪਾਛੇ ਬਹੁਰੋ ਮਰਦਾਨਾ।
ਹਾਸ ਬਿਲਾਸ ਕਰਤਿ ਬਿਧਿਨਾਨਾ।
ਤੀਨ ਦਿਵਸ ਇਵ[†] ਚਲਤਿ ਬਿਤਾਏ। — [†]ਪਾ:-ਯੌਂ।
ਪਹੁੰਚਤਿ ਭਏ ਤਬਹਿ ਇਕ ਥਾਏ ॥੪੯॥

ਦੋਹਰਾ:
ਟਾਪੂ ਹੁਤੋ ਬਿਸਾਲ ਸੋ,
ਬਹੁ ਪਰਬਤ ਜਿਹ ਮਾਂਹਿ।
ਨਗਰ ਦੇਵ ਗੰਧਾਰ[†] ਵਡ, — [†]ਹੋ ਸਕਦਾ ਹੈ ਕਿ ਇਸ ਤੋਂ ਮੁਰਾਦ 'ਦੇਪਾ ਗਿਰੀ' ਦੀ ਹੋਵੇ, ਇਹ ਪਹਾੜੀ ਜਗਾ ਸੋਨਦੀਪ ਦੇ ਪੂਰਬੋਤ੍ਰ ਹੈ।
ਰਾਖ਼ਸ਼ ਬਸੈਂ ਤਹਾਂਹਿ[1] ॥੫੦॥ — [1]ਤਿੱਥੇ।

ਚੌਪਈ:
ਇਕ ਗਿਰ ਨਿਕਟ ਥਾਨ ਰਮਣੀਕਾ।
ਬੈਠੇ ਤਹਿਂ ਬੇਦੀ ਕੁਲ ਟੀਕਾ।
ਦੋਇ ਮਹੂਰਤ ਬੀਤੇ ਜਬ ਹੀ।
ਬੋਲਜੋ ਮਰਦਾਨਾ ਬਚ ਤਬ ਹੀ ॥੫੧॥
'ਪਰਬਤ ਬਹੁ ਇਸ ਟਾਪੂ ਮਾਂਹੀ।

ਬਸਹਿ ਨਗਰ ਕੈਧੌਂ ਹਜਾਂ ਨਾਂਹੀ।
ਇਹ ਇਸਥਾਨ ਭਯਾਨਕ ਦੇਖਾ।
ਜਹਿਂ ਕਹਿਂ ਇਹਾਂ ਉਜਾਰ ਬਿਸ਼ੇਖਾ'
॥੫੨॥
ਸ੍ਰੀ ਗੁਰੁ ਭਨੈਂ 'ਜੀਉ ਜੋ ਤੇਰਾ।
{ਮਰਦਾਨੇ ਨਾਲ ਬਿਲਾਸ ਦੇ ਬਚਨ}
ਨਗਰ ਬਿਖੈ ਨਿਤ ਕਰਤਿ ਬਸੇਰਾ।
ਪੁਰਿ ਕੋ ਬੂਝਹਿਂ ਜਾਵਹਿਂ ਜਹਿਂਵਾ[1]।
ਤੂਸ਼ਨ ਕਰਿ ਨਹਿਂ ਬੈਸੇਂ ਕਹਿਂਵਾ[1]'
॥੫੩॥
'ਸ੍ਰੀ ਪ੍ਰਭੁ ਮੁਝ ਕੋ ਛੁਧਾ ਬਿਸਾਲਾ।
ਬਿਨ ਅਹਾਰ ਤੇ ਭਯੋ ਬਿਹਾਲਾ।
ਤੀਨ ਦਿਵਸ ਬਿਨ ਅਸਨ ਬਿਤਾਏ।
ਅਬ ਬੂਝੇ ਮੈਂ ਇਹ ਠਾਂ ਆਏ ॥੫੪॥
ਸਾਹਿਬ ਕੋ ਭੈ ਕਰਿਯੇ ਉਰ ਮੈਂ।
ਕਹਿਤ ਮੁਝੇ -ਤਵ ਮਨ ਬਸ ਪੁਰਿ
ਮੈ[†]-।
ਕਹੁਂ ਕਹੁਂ ਹੌਂ ਪਾਇ ਅਹਾਰਾ।
ਹਠ ਕਰਿ ਫਿਰੌਂ ਤੁਮਾਰ ਸੰਗਾਰਾ[1]
॥੫੫॥
ਦੋਹਰਾ:
ਤਰਕਤਿ[1] ਹੋ ਮੋ ਕੋ ਅਬੈ,
ਕੈਸੇ ਹੋਇ ਨਿਬਾਹਿ।
ਛੁਧਾ ਸੰਗ ਬਿਹਬਲ ਭਯੋ,
ਆਪ ਹਸੀ ਨਿਤ ਪ੍ਰਾਹਿ[1]' ॥੫੬॥
ਚੌਪਈ:
ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ।
ਬਿਗਸਤਿ ਮੈਂ ਬੋਲਜੋ ਤਿਹ ਕਾਲਾ।
'ਮਰਦਾਨਾ ਹੈ ਸਾਚ ਉਚਾਰਤਿ।
ਜਨਮ ਸੁਭਾਉ ਛੁਧਾ ਪੁਨ ਆਰਤ
॥੫੭॥
ਬਨੀ ਏਕ ਸੀ[†] ਦੋਨੋ ਬਾਤੀ[1]।

[1]ਜਿੱਥੇ ਵੀ ਅਸੀਂ ਜਾਂਦੇ ਹਾਂ।
[1]ਕਿਤੇ ਬੀ।
[†]ਪਾ:-ਮਨ ਬਸ ਤਵ ਪੁਰ ਮੈਂ।
[1]ਆਪ ਦੇ ਨਾਲ।
[1]ਮੇਹਣੇ ਦੇਂਦੇ ਹੋ।
[1]ਕਹਿੰਦੇ ਹੋ।
[1]ਬਾਤਾਂ। [†]ਪਾ:-ਸੇ, ਸੇ।

ਹਿਰਦੇ ਧੀਰ ਧਰਹਿ ਕਿਹ ਭਾਂਤੀ।'
ਸ਼੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ।
ਇਹ ਪੁਰਿ ਕੌਂਡੇ ਕੇਰ ਸਮਾਨਾ[1] ॥੫੮॥ [1]ਕੌਂਡੇ ਦੇ ਵਾਂਗੂੰ।
ਤਪਤ ਕਰਾਹੇ ਮਹਿਂ ਜਿਨ ਪਾਯੋ।
ਸ਼੍ਰੀ ਕਰਤਾਰਹਿ ਤੋਹਿ ਬਚਾਯੋ।
ਅਬ ਪੁਨ ਜਾਵਹੁ ਨਗਰ ਮਝਾਰੀ।
ਸ਼੍ਰੀ ਪ੍ਰਭੁ ਕਰੈ ਤੋਰ ਰਖਵਾਰੀ' ॥੫੯॥
ਮਰਦਾਨਾ ਕਹਿ 'ਜਰੋ ਸੁ ਨਗਰਾ।
ਕਬਹਿ ਨ ਜਾਵੌਂ ਤਿਹ ਕੇ ਦਗਰਾ[1]। [1]ਰਸਤੇ।
ਕਿਉਂਹੂੰ[1] ਬਚੇ ਤਬਹਿ ਮਮ ਪ੍ਰਾਨਾ। [1]ਮਸਾਂ ਕਿਵੇਂ।
ਅਬ ਗਹਿ ਕੈ ਕਰਿ ਹੈ ਕੋ ਖਾਨਾ' ॥੬੦॥
ਸੁਨਿ ਕੈ ਬਿਗਸਿ ਕਹਯੋ ਗੁਰੂ ਪੂਰੰ।
'ਜਾਨੋਂ ਇਸ ਪੁਰਿ ਬਿਖੈ ਜਰੂਰੰ।
ਬਿਨਾਂ ਗਏ ਤੇ ਸਰੈ ਨ ਕਾਜੂ।
ਯਾਂ ਤੇ ਚਲਿ ਜਾਵਹੁ ਤੁਮ ਆਜੂ' ॥੬੧॥
'ਪ੍ਰਭੁ! ਸੁਨਿ ਮੇਰੇ ਬਚਨ ਰਿਸਾਵਹੁ।
ਰਾਖਸ਼ ਢਿਗ ਤੇ ਮੁਝੈ ਹਨਾਵਹੁ[1]। [1]ਮਰਵਾਂਵਦੇ ਹੋ।
ਗਹਿ ਕਰਿ ਕੋ ਪਾਵਹਿ ਮੁਖ ਮਾਂਹੀ।
ਕਿਹ ਬਿਧਿ ਬਚਨ[1] ਹੋਇ ਤਬ ਨਾਂਹੀ ॥੬੨॥ [1]ਬਚਾਉ।
ਪੁਰਿ ਦਿਸ਼ ਮੁਖ ਕਰਿ ਮੈਂ ਨ ਸਿਧਾਰਉਂ[1]। [1]ਮੈਂ ਨਹੀਂ ਜਾਵਾਂਗਾ।
ਮਾਰਯੋ ਚਹੋ ਆਪ ਤੁਮ ਮਾਰਉ।'
ਇਸ ਪ੍ਰਕਾਰ ਕੇ ਬਚਨ ਬਿਲਾਸਾ।
ਕਰਤਿ ਹੁਤੇ ਸੰਤਨ ਸੁਖਰਾਸਾ ॥੬੩॥
ਤਿਹ ਛਿਨ ਨਿਕਸਯੋ ਰਾਖਸ਼ ਰਾਜਾ।
{ਰਾਕਸ਼ਾਂ ਦਾ ਰਾਜਾ}
ਵਹਿਰ ਨਗਰ ਤੇ ਲਿਯੇ ਸਮਾਜਾ।

| | |
|---|---|
| ਚਢ੍ਯੋ ਅਖੇਰ ਬਿਰਤਿ[1] ਕੇ ਕਾਰਨ। | [1]ਸ਼ਿਕਾਰ ਦੇ ਸੰਕਲਪ ਨਾਲ। [ਸੰਸ. ਆਖੇਰ ਬ੍ਰਿਤਿ]। |
| ਸੰਗ ਵਡੋ ਰਾਖਸ਼ ਦਲ[1] ਦਾਰੁਨ[2] ॥੬੪॥ | [1]ਫੌਜ। [2]ਭਯਾਨਕ। |
| ਲਾਖ ਸਪਤ ਦਸ[†] ਦੇਹਿ ਉਤੰਗਾ[1]। | [1]ਉਚੀਆਂ। [†]੧੭ ਲਖ ਤੋਂ ਮੁਰਾਦ ਹੈ ਬਹੁਤੀ ਫੌਜ। |
| ਵਡ ਕੁਰੂਪ ਜਿਨ ਮੇਚਕ[1] ਰੰਗਾ। | [1]ਕਾਲਾ। |
| ਕੈਧੌਂ ਸ਼ਯਾਮ[1] ਘਟਾ ਸੋ ਆਵੈ। | [1]ਕਾਲੀ। |
| ਬਕ ਸੇ[1] ਨਿਕਸੇ ਦਾਂਤ ਲਖਾਵੈ ॥੬੫॥ | [1]ਬਗਲੇ ਵਰਗੇ। |
| ਨਾਸਾਂ ਕਰਨ ਕੂਪ ਸੇ[1] ਜਿਨ ਕੇ। | [1]ਨਾਸਾਂ, ਕੰਨ ਖੂਹ ਜੇਹੇ ਸਨ। |
| ਲੋਚਨ[1] ਸ਼੍ਰੋਣਤ ਸਰਸੇ[2] ਤਿਨ ਕੇ। | [1]ਨੇਤ੍ਰ। [2]ਲਹੂ ਵਰਗੇ (ਲਾਲ)। |
| ਲੋਹਿਤ[1] ਬਰਣ[2] ਬਿਸਾਲਹਿ ਬਾਲਾ[3]। | [1]ਲਾਖੇ। [2]ਰੰਗ ਦੇ। [3]ਲੰਮੇ ਵਾਲ |
| ਪਹਿਰੇ ਗਲ ਮਹਿਂ ਹਾਡਨ[1] ਮਾਲਾ ॥੬੬॥ | [1]ਹੱਡਾਂ ਦੀਆਂ। |
| ਦੋਹਰਾ: | [1]ਪਹਾੜ। |
| ਸ਼੍ਰੀ ਗੁਰੁ ਕੇ ਜੋ ਨਿਕਟਿ ਗਿਰ[1], | |
| ਤਿਸ ਤੇ ਊਰਧ ਥਾਨ[1]। | [1]ਉਚੇ ਥਾਉਂ। |
| ਮਰਦਾਨਾ ਦੇਖਤਿ ਭਯੋ, | |
| ਨਿਕਸੇ ਮਾਨਹੁ ਪ੍ਰਾਨ ॥੬੭॥ | |
| ਚੌਪਈ: | [1]ਸਾਰੇ ਅੰਗ। |
| ਪੀਤ ਭਯੋ ਕੰਪਤਿ ਸਰਬੰਗਾ[1]। | |
| ਮੁਖ ਤੇ ਬੋਲ ਨ ਸਕਹਿ ਨਿਸੰਗਾ। | |
| -ਮਰੇ ਕੁਥਾਂਇ ਆਇ ਕਰਿ ਅਬ ਹੀ। | |
| ਜੀਵਨ ਹੋਇ ਹਮਾਰ ਨ ਕਬਹੀ- ॥੬੮॥ | |
| ਦੋਹਰਾ: | [1]ਹੱਥ ਨਾਲ, ਭਾਵ ਇਸ਼ਾਰੇ ਨਾਲ। |
| ਕਰ ਕੇ ਸੰਗ[1] ਬਤਾਵਈ, | |
| 'ਕਰਹੁ ਉਪਾਵ ਜਿ ਕੋਇ। | |
| ਰਾਖਸ਼ ਖੈ ਹੈਂ[1] ਆਨ ਕਰਿ, | [1]ਖਾਣਗੇ। |
| ਨਿਸ਼ਚੈ ਮ੍ਰਿਤੁ ਅਬ ਹੋਇ' ॥੬੯॥ | |
| ਚੌਪਈ: | |
| ਜਯੋਂ ਜਯੋਂ ਰਾਖਸ਼ ਢਿਗ ਚਲਿ ਆਵੈ। | |
| ਤਯੋਂ ਮਰਦਾਨਾ ਸੁਕਚਯੋ[1] ਜਾਵੈ। | [1]ਸੁੰਗੜਦਾ। |

ਭਾਗਨ ਚਹੈ ਨ ਉਠਿ ਤਬ ਸੱਕਈ।
-ਹਮ ਨਹਿਂ ਦੇਖਹਿਂ- ਇਤ ਉਤ ਤੱਕਈ ॥੨੦॥
ਇਸ ਬਿਧਿ ਦੇਖਯੋਂ ਦਯਾ ਅਵਾਸਾ।
ਭੈ ਖੰਡਨ ਹਿਤ ਬਚਨ ਪ੍ਰਕਾਸ਼ਾ।
'ਮਰਦਾਨੇ ਉਰ ਧੀਰਜ ਧਰਿਯੇ।
ਸ੍ਰੀ ਪ੍ਰਭੁ ਕੋ ਮੁਖ ਨਾਮ ਉਚਰਿਯੇ ॥੨੧॥
ਨਿਰਭੈ ਹ੍ਵੈ ਕਰਿ ਦੇਖਿ ਤਮਾਸ਼ਾ।'
ਯੌਂ ਕਹਿ ਤੂਸ਼ਨ ਭੇ ਸੁਖਰਾਸਾ।
ਤਿਨ ਮਹਿਂ ਹੁਤੋ ਜੁ ਰਾਖ਼ਸ਼ ਰਾਉ[1]। [1]ਰਾਜਾ।
ਹਮ ਕੋ ਦੇਖਿ ਭਯੋ ਹਰਖਾਉ ॥੨੨॥
ਨਿਜ ਸੈਨਾ ਸੰਗਿ ਬੋਲਯੋ ਬਾਨੀ।
ਹਿੰਸਾ ਮਹਿਂ[1] ਜਿਹ ਚਾਹਿ ਮਹਾਨੀ। [1]ਜੀਵਾਂ ਦੇ ਮਾਰਨੇ ਵਿਚ।
'ਚਿਰੰਕਾਲ ਮਹਿਂ ਭਲੋ ਸ਼ਿਕਾਰਾ।
ਮਾਨੁਖ ਆਮਿਖ[1] ਬਨਾ ਅਹਾਰਾ ॥੨੩॥ [1]ਮਨੁਖ ਦਾ ਮਾਸ।
ਗਿਰ ਕੇ ਤਰ[1] ਤੀਨੋ ਨਰ ਬੈਸੇ। [1]ਹੇਠਾਂ ਵਾਰ।
ਜਾਇ ਗਹੋ ਭਾਗਹਿ ਨਹਿਂ ਜੈਸੇ।'
ਸੁਨਿ ਕਰਿ ਨਿਜ ਭੂਪਤ ਕੇ ਬੈਨਾ।
ਤ੍ਰੈ ਰਾਖਸ਼ ਆਏ ਤਜਿ ਸੈਨਾ ॥੨੪॥
ਜਹਿਂ ਬੈਸੇ ਬੇਦੀ ਕੁਲਦੀਪਾ।
ਜਬ ਹੀ ਪਹੁੰਚੇ ਆਨ ਸਮੀਪਾ।
ਤਿਹ ਛਿਨ ਅੰਧ ਭਏ ਮਤਿਮੂਢੇ।
{ਰਾਕਸ਼ ਅੰਨ੍ਹੇ ਹੋਏ}
ਚਲਨ ਪੰਥ[1] ਨਹਿਂ ਪਾਵਹਿਂ ਢੂੰਡੇ[2] ॥੨੫॥ [1]ਟੁਰਨ ਲਈ ਰਾਹ। [2]ਲੱਭਿਆ ਨਹੀਂ ਮਿਲਦਾ।
ਇਤ ਉਤ ਬਿਚਰਤਿ ਸੂਝਤਿ ਨਾਂਹੀ[1]। [1]ਦਿਖਾਈ ਨਹੀਂ ਦਿੰਦਾ।
ਤਿਨ ਕੋ ਦੇਖਿ ਪ੍ਰਭੁ ਬਿਗਸਾਹੀ।
ਹਟਿ ਜਬ ਗਮਨੇ ਪਾਛਲ ਓਰਾ।
ਦੀਸਨ ਲਗਜੋ ਤਬੈ ਤਿਨ ਘੋਰਾ

॥੭੬॥
ਜਾਇ ਭੂਤ ਸੋਂ ਬਾਤ ਸੁਨਾਈ।
'ਜਬ ਹਮ ਨਿਕਟਿ ਗਏ ਤਿਹ ਥਾਂਈ।
ਦੇਖਿ ਰਹੇ ਤਬ ਨਹੀਂ ਦਿਸਾਨੇ।
ਹਟਿ ਆਏ ਚਲਿ ਮਨ ਬਿਸਮਾਨੇ[1]' [1]ਅਸਚਰਜ ਹੋਕੇ।
॥੭੭॥
ਰਾਖਸ਼ ਰਾਇ ਕਹੈ ਰਿਸ ਬੈਨਾ।
'ਤਹਾਂ ਜਾਇ ਕਯਾ ਭਾ ਤੁਮ ਨੈਨਾ।'
ਲੇਨ ਪਠੇ ਤੀਨੋ ਪੁਨ ਔਰੀ।
ਚਲਿ ਕਰਿ ਆਏ ਤੂਰਨ ਦੌਰੀ[1] [1]ਦੌੜ ਕੇ।
॥੭੮॥
ਪ੍ਰਿਥਮੈ ਜਿਉਂ ਅੰਧੇ ਸੋ ਭਏ।
ਹਟਿ ਕਰਿ ਨ੍ਰਿਪਤ ਨਿਕਟਿ ਤਬ ਗਏ।
ਕਹਿਨ ਲਗੇ 'ਸੁਨਿਯੇ ਅਵਨੀਪਾ!
ਨਹਿਂ ਦੀਸਹਿ ਜਬ ਜਾਇਂ ਸਮੀਪਾ
॥੭੯॥
ਹੋਇਂ ਦੂਰ ਜਬ, ਦੇਤਿ ਦਿਖਾਈ।
ਅਚਰਜ ਹੀ ਕੁਛ ਲਖੀ ਨ ਜਾਈ।'
ਸੁਨਿ ਭੂਪਤਿ[1] ਮਤਿ ਹ੍ਵੈ ਬਿਸਮਾਏ। [1]ਰਾਜਾ।
ਤ੍ਰੈ ਰਾਖਸ਼ ਪੁਨ ਔਰ ਪਠਾਏ ॥੮੦॥
ਪੂਰਬ ਜਸੋਂ ਹ੍ਵੈ ਅੰਧ ਸਿਧਾਰੇ।
ਸਪਤ ਵਾਰ ਇਸ ਰੀਤਿ ਪਧਾਰੇ।
{ਸੱਤ ਵਾਰੀ ਪਰਤਾਵਾ}
ਅਚਰਜ ਰਾਖਸ਼ ਰਾਜੇ[1] ਮਾਨਾ। [1]ਰਾਖਸ਼ਾਂ ਦੇ ਰਾਜੇ ਨੇ।
ਨਿਜ ਮੰਤ੍ਰੀ ਸੋਂ ਬਚਨ ਬਖਾਨਾ ॥੮੧॥
'ਇਹ ਕਜਾ ਅਚਰਜ ਜਾਇ ਨ ਜਾਨਜੋ।
ਸਪਤਵਾਰ ਫਿਰ ਕਿਸੂ ਨ ਆਨਜੋ।
ਮੰਤ੍ਰੀ ਉਚਰੈ 'ਸੁਨਹੁ ਛਿਤੇਸਾ[1]। [1]ਹੇ ਰਾਜੇ!
ਕਲਾਵਾਨ ਇਹ ਕੋਊ ਬੈਸਾ ॥੮੨॥
ਜੇ ਕਰਿ ਹੋਵੈ ਆਪ ਰਜਾਈ[1]। [1]ਤੇਰੀ ਆਗਿਆ ਹੋਵੇ।
ਪਰਖੌਂ ਮੈਂ ਇਨ ਕੇ ਢਿਗ ਜਾਈ।'

ਆਇਸ ਪਾਇ ਸਚਿਵ[1] ਸੋ ਆਯੋ।
ਸ਼ੁੱਧ ਆਤਮੈ, ਕਪਟ ਗਵਾਯੋ ॥੮੩॥
'ਸੇਵਾ ਕਰੋਂ ਸੰਤ ਜੀ! ਤੁਮਰੀ।
ਦੇਖਨ ਸ਼ਰਧਾ ਪੂਰਹੁ ਹਮਰੀ।'
ਇਸ ਬਿਧਿ[1] ਕਹਿਤਿ ਬੰਦਿ[2] ਦ੍ਵੈ ਹਾਥਾ।
ਚਲਿ ਕਰਿ ਆਵਾ ਢਿਗ ਜਗ ਨਾਥਾ ॥੮੪॥

[1]ਮੰਤ੍ਰੀ।
[1]ਇਸ ਤਰ੍ਹਾਂ। [2]ਜੋੜਕੇ।

ਦੋਹਰਾ:
-ਪੂਰਨ ਪਰਮੇਸ਼ੁਰ ਯਹੀ-
ਪ੍ਰੇਮ ਮੰਤਰੀ ਧਾਰਿ।
ਬੰਦਨ ਕਰਿ ਕੈ ਬੈਠਿਗਾ,
ਨੀਕੇ ਬਚਨ ਉਚਾਰ ॥੮੫॥

ਚੌਪਈ:
'ਕੋ ਨਾਮੰ[†] ਕਿਹ ਤੇ ਚਲਿ ਆਏ?
ਜਜੋਂ ਤਨ ਧਰਿ ਕਰਤਾਰ ਸੁਹਾਏ।
ਆਗੈ ਗਮਨਹੁ ਕੌਨੇ ਦੇਸ਼ਾ?
'ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ ॥੮੬॥
'ਨਾਮ ਅਹੈ ਨਾਨਕ ਨਿਰੰਕਾਰੀ।
ਲਖਹੁ ਅਤੀਤੰ[1] ਇੱਛਾਚਾਰੀ[2]।'
ਤਬ ਮੰਤ੍ਰੀ ਪਦ ਬੰਦਨ ਕਰਿ ਕੈ।
ਗਯੋ ਭੂਪ ਢਿਗ ਹਿਤ ਉਰ ਧਰਿ ਕੈ ॥੮੭॥
'ਨਗਰ ਤੋਹਿ ਆਯੋ ਕਰਤਾਰਾ।
ਸ਼ਰਨਿ ਗਹੋ[1] ਹੋਵੈ ਨਿਸਤਾਰਾ[2]।
ਭਰਮ ਰਿਦੈ ਤੇ ਸਭਿ ਪਰਹਰਿ ਕੈ[1]।
ਚਲਹੁ ਮਿਲਹੁ ਪ੍ਰੇਮਹਿਂ ਉਰ ਭਰਿ ਕੈ' ॥੮੮॥

[†]ਪਾ:-ਕੌਨ ਨਾਮ।
[1]ਤਿਆਗੀ। [2]ਮੌਜ ਵਾਲੇ।
[1]ਸ਼ਰਨ ਫੜੋ। [2]ਮੁਕਤੀ।
[1]ਦੂਰ ਕਰਕੇ।

ਦੋਹਰਾ:
ਦੇਵਲੂਤ ਸੁਨਿ ਕਰਿ ਕਹੈ,
'ਮਾਨੁਖ ਭੋਜਨ ਮੋਰ[†]।
{ਦੇਵਲੂਤ}

†ਦੇਖੋ ਟੂਕ ਅਧਯਾਯ ੫੦ ਅੰਕ ੯੮ ਦੀ, ਇਹ ਕਿਸੇ ਜੰਗਲ ਯਾ ਛੋਟੇ ਟਾਪੂ ਵਿਚ ਆਦਮ ਖੋਰਾਂ, ਜਾਂਗਲੀ ਲੋਕਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਐਸੇ ਕੁਕਰਮਾਂ ਤੋਂ ਛੁਡਾਇਆ। ਤਵਾਰੀਖ ਖਾਲਸਾ ਵਾਲਾ ਐਸੇ ਰਾਖਸ਼ਾਂ ਵਾਲੇ ਪ੍ਰਸੰਗਾਂ ਨੂੰ ਆਸਾਮ ਦੀਆਂ ਨਾਗਾ ਪਹਾੜੀਆਂ ਦੇ ਨਾਲ ਰਹਿਣ ਵਾਲੇ ਜਾਂਗਲੀ ਲੋਕਾਂ ਦਾ ਇਲਾਕਾ ਵਰਣਨ ਕਰਦਾ ਹੈ। ਇਹ ਗਲ ਅਗ਼ਲਬ ਜਾਪਦੀ ਹੈ।

ਗਹੌਂ ਨ ਤਿਨਕੀ ਸ਼ਰਨ ਹੌਂ[1], — [1]ਮੈਂ।
ਮਾਨੋ ਬਚਨ ਨ ਤੋਰ ॥੮੯॥

ਚੌਪਈ:

ਕੈਸੇ ਹੈਂ ਦੇਖੌਂ ਮੈਂ ਜਾਈ।'
ਯੌਂ ਕਹਿ ਆਪ ਚਲਾ ਪੁਨ ਰਾਈ।
ਸਭਿ ਰਾਖਸ਼ ਹੈਂ ਜਾਂ ਕੇ ਸੰਗਾ।
ਜਨੁ ਗਿਰ[1] ਆਵਤਿ ਮੇਚਕ[2] ਅੰਗਾ ॥੯੦॥ — [1]ਪਹਾੜ। [2]ਕਾਲੇ।

ਚਲਿ ਕਰਿ ਆਏ ਜਬਹਿ ਸਮੀਪਾ।
ਅੰਧੇ ਭਏ ਸਹਿਤ ਅਵਨੀਪਾ†। — †ਗੁਰੂ ਜੀ ਦੀ ਪ੍ਰਬਲ ਆਤਮ ਸੱਤਯਾ ਦਾ ਇਹ ਪ੍ਰਭਾਵ ਸੀ।
ਇਕ ਮੰਤ੍ਰੀ[1] ਕੋ ਦੇਤਿ ਦਿਖਾਈ। — [1]ਵਜ਼ੀਰ।
ਔਰ ਫਿਰਹਿਂ ਭੂਲੇ ਤਿਹ ਥਾਈਂ ॥੯੧॥

ਤਬਹਿ ਸਚਿਵ ਨੇ ਗਿਰਾ ਉਚਾਰੀ।
'ਕਯਾ ਭੂਪਤਿ ਸੁਧ ਅਹੈ ਤੁਮਾਰੀ।
ਸੂਧੇ ਚਲਤਿ ਨ ਜਾਵਹੁ ਭੂਲੇ।
ਅਜਹੁ ਭਿ ਹੋਹੁ ਮੋਹਿ ਅਨਕੂਲੇ' ॥੯੨॥

ਭੈ ਕਰਿ ਡਰਪਯੋ[1] ਰਾਖਸ਼ ਰਾਜਾ। — [1]ਡਰਿਆ।
ਬੋਲਯੋ ਬਚਨ ਧਰੇ ਬਹੁ ਲਾਜਾ।
'ਹੇ ਮੰਤ੍ਰੀ! ਜੈਸਾ ਤੂੰ ਕਹਿਈ।
ਤੈਸੋ ਈ ਪੂਰਨ ਇਹ ਅਹਿਈ[1] ॥੯੩॥ — [1]ਹੈ।

ਦੋਹਰਾ: — †ਪਾ:-ਦੇਇ, ਦੇਹੁ।

ਅਬ ਮੁਝ ਦਰਸ਼ਨ ਦੇਹਿਂ† ਜੇ,
ਚਰਨ ਸ਼ਰਨ ਹੌਂ ਆਉਂ।
ਧਰਿ ਸ਼ਰਧਾ ਸੇਵਾ ਕਰੌਂ,
ਸਦਾ ਜਪੌਂ ਤਿਨ ਨਾਉ' ॥੯੪॥

ਚੌਪਈ:

-ਦੀਨ ਭਯੋ ਨ੍ਰਿਪ- ਸਚਿਵ[1] ਬਿਚਾਰਾ।
ਸ਼ੁੱਧ ਆਤਮੈ ਜਬਹਿ ਨਿਹਾਰਾ।
ਤਬ ਗਮਨਜੋ ਸ਼੍ਰੀ ਗੁਰੂ ਅਗਾਰੀ।
ਬੰਦਿ ਹਾਥ ਦ੍ਵੈ ਬਿਨੈ ਉਚਾਰੀ ॥੯੫॥

[1]ਮੰਤ੍ਰੀ ਨੇ।

'ਪੂਰਨ ਪੁਰਖ ਸਦਾ ਅਬਿਨਾਸ਼ੀ!
ਗਤਿ ਦਾਯਕ ਕਾਟਤਿ ਜਮ ਫਾਸੀ।
ਸੰਤ ਰੂਪ ਸਭਿ ਕੇ ਸੁਖਦਾਈ।
ਅਬ ਪਰਤੀਤ ਤੁਮਾਰੀ ਆਈ ॥੯੬॥

ਇਨ ਪਰ ਮਿਹਰ ਦ੍ਰਿਸ਼ਟਿ ਨਿਜ ਕੀਜੈ।
ਪ੍ਰਗਟ ਭੂਪ ਕੋ ਦਰਸ਼ਨ ਦੀਜੈ।'
ਸੁਨੀ ਅਕਪਟ[1] ਸਚਿਵ ਕੀ ਬਾਨੀ।
ਬਿਨੈ ਦੇਖਿ ਬੋਲੇ ਗੁਨਖਾਨੀ ॥੯੭॥

[1]ਖੋਟ ਤੋਂ ਬਿਨਾਂ।

'ਭੂਪਤਿ! ਲੋਚਨ ਖੋਲਹੁ ਨੀਕੇ।
ਦੇਖੋ ਹਮ ਦਿਸ਼ ਅਹੈਂ ਨਜੀਕੇ[1]।'
ਸੁਨੀ ਕਾਨ ਮਹਿਂ ਜਬ ਗੁਰੂ ਬਾਨੀ।
ਖੁਲਿਗੇ ਲੋਚਨ, ਭਾ ਤਮ ਹਾਨੀ[1] ॥੯੮॥

[1]ਪਾਸ।

[1]ਅੰਧੇਰਾ ਨਾਸ਼ ਹੋ ਗਿਆ।

ਕਮਲ ਬਦਨ ਕੋ ਜਬ ਹੀ ਦੇਖਾ।
ਪਰਜੋ ਚਰਨ, ਕਰਿ ਪ੍ਰੇਮ ਬਿਸ਼ੇਖਾ[†]।
ਲਖਿ ਕਰਿ ਕਲਾ ਬਿਸਾਲ ਮਹੀਪਾ[1]।
ਬਿਨੈ ਬਖਾਨੀ ਬੈਠਿ ਸਮੀਪਾ ॥੯੯॥

[†]ਪਾ:-ਪਰ ਭਾਇ ਬਿਸ਼ੇਖ਼ਾ।

[1]ਰਾਜ ਨੇ।

'ਕਰੀ ਅਵਗਜ਼ਾ ਰਾਵਰਿ[1] ਜੋਊ।
ਕ੍ਰਿਪਾ ਧਾਰਿ ਬਖਸ਼ਹੁ ਤੁਮ ਸੋਊ।
ਚਲਹੁ ਨਗਰ ਮਹਿਂ ਕਰਹੁ ਬਸੇਰਾ।
ਸਭਿ ਰਾਖਸ਼ ਦਲ ਲਖਿ ਕਰਿ ਚੇਰਾ' ॥੧੦੦॥

[1]ਆਪਦੀ।

ਹੋਇ ਦੀਨ ਪੁਰਿ ਕੋ ਲੇ ਆਏ।
ਸੁੰਦਰ ਮੰਦਰ ਬੀਚ ਬਸਾਏ।
ਸੇਵਾ ਕਰਨ ਲਗੇ ਮਨ ਭਾਈ।
ਬਾਰ ਬਾਰ ਬੰਦਹਿਂ ਸਿਰ ਨਾਈ

॥੧੦੧॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਧੁਰਬੈਨ, ਰਾਖਸ਼ਨ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਮੋਂ ਅਧਯਾਯ ॥੫੪॥

## ੫੫. [ਗੁਰ ਚਰਣ ਮੰਗਲ। ਦੇਵਲੂਤ, ਬਨਮਾਨਸ ਰਾਖਸ਼।]

੫੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੬

{ਦੇਵਲੂਤ ਪ੍ਰਤੀ ਉਪਦੇਸ਼} ॥੭..॥
{ਬਨਮਾਨਸ} ॥੨੫॥
{ਦੈਂਤ ਨੇ ਮਰਦਾਨਾ ਸਾਬਤ ਨਿਗਲਨਾ} ॥੫੨॥
{ਦੈਂਤ ਦੀ ਪੂਰਬ ਕਥਾ} ॥੭੧॥
{ਸਤਿਸੰਗਤਿ ਮਹਿਮਾ} ॥੭੯॥

ਦੋਹਰਾ:

ਸ਼੍ਰੀ ਗੁਰੁ ਚਰਨ ਖਗੇਸ਼ ਸਮ, ਜਾਇ ਸ਼ਰਨ ਤਿਨ ਕੋਇ†।

[ਖਗੇਸ਼=ਗਰੁੜ। [ਸੰਸ. ਖਗ=ਪੰਛੀ। ਏਸ਼=ਮਾਲਿਕ। ਪੰਛੀਆਂ ਦਾ ਸੁਆਮੀ, ਭਾਵ ਗਰੁੜ।]

ਜਗ ਬੰਧਨ ਅਹਿਰਾਜ ਸੇ, ਮੁਕਤੈ ਤਿਨ ਤੇ ਸੋਇ† ॥੧॥

ਅਹਿਰਾਜ=ਸੱਪਾਂ ਦਾ ਵੱਡਾ (ਅ) ਵੱਡੇ ਵੱਡੇ ਸੱਪ, ਨਾਗ। [ਸੰਸ. ਅਹਿ=ਸੱਪ। ਰਾਜ=ਵਡਾ=ਸ਼ੇਸ਼ ਨਾਗ।

ਅਰਥ:

ਸ਼੍ਰੀ ਗੁਰੂ ਜੀ ਦੇ ਚਰਣ ਗਰੁੜ ਸਮਾਨ ਹਨ, ਜਗਤ ਦੇ ਬੰਧਨ ਵੱਡੇ ਵੱਡੇ ਸੱਪਾਂ ਸਮਾਨ ਹਨ (ਜੋ) ਕੋਈ ਉਨ੍ਹਾਂ (ਚਰਣਾਂ) ਦੀ ਸ਼ਰਨ ਜਾ ਪਵੇ ਓਹ ਉਨ੍ਹਾਂ (ਜਗਬੰਧਨਾਂ) ਤੋਂ ਛੁਟਕਾਰਾ ਪਾ ਲੈਂਦਾ ਹੈ।

ਭਾਵ:

ਜੋ ਅਹਿਰਾਜ ਤੋਂ ਮਤਲਬ ਵੱਡੇ ਸੱਪਾਂ ਦਾ ਲਈਏ ਤਾਂ ਜਗ ਬੰਧਨਾਂ ਨਾਲ ਸੁਹਣਾ ਢੁਕਦਾ ਹੈ, ਕਿਉਂਕਿ ਕਵਿ ਜੀ ਨੇ ਜਗ ਬੰਧਨਾਂ ਨੂੰ ਬਹੁਵਚਨ ਲਿਖਿਆ ਹੈ। ਇਸ ਲਈ ਦ੍ਰਿਸ਼ਟਾਂਤ ਵਿਚ ਕਹੇ ਪਦਾਂ ਦਾ ਭਾਵ ਬੀ ਬਹੁਵਚਨ ਵਿਚ ਚਾਹੀਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਹੁ ਗੁਰੂ ਅੰਗਦ ਗਤਿ ਦਾਨੀ।
ਕਥਾ ਰਸਾਲ ਬਿਸਾਲ ਸੁਹਾਨੀ।
ਦੇਵਲੂਤ ਨਿਜ ਭ੍ਰਿੱਤ[1] ਬੁਲਾਏ।
ਤੂਰਨ ਰਾਖਸ਼ ਸਪਤ ਪਠਾਏ[1] ॥੨॥
ਤਿਨ ਤੇ ਫਲੰ ਮਧੁਰੇ ਮੰਗਵਾਏ।
ਉੱਤਮ ਔਰ ਅੰਨ ਅਨਿਵਾਏ।
ਕਰੁਨਾਨਿਧਿ ਕੇ ਧਰੇ ਅਗਾਰੀ।
ਹਾਥ ਜੋਰਿ ਕਰਿ ਗਿਰਾ ਉਚਾਰੀ ॥੩॥

[1]ਆਪਣੇ ਦਾਸ।
[1]ਭੇਜੇ।

ਦੋਹਰਾ:

'ਕਰਹੁ ਰਸੋਈ ਸੰਤ ਜੀ!
ਭੋਜਨ ਅਚਹੁ ਬਨਾਇ।
ਸ਼ਰਧਾ ਪੂਰਨ ਕੀਜਿਯੇ'

ਸੁਨਿ ਸ਼੍ਰੀ ਗੁਰੂ ਅਲਾਇਂ ॥੪॥

ਚੌਪਈ:

'ਸ਼ੁਭ[1] ਉਪਦੇਸ਼ ਜਿ ਲੇਹੁ ਹਮਾਰਾ।
ਅਸਨ ਕਰੈਂ ਤਬ ਅੰਗੀਕਾਰਾ।
ਯੌਂ ਨਹਿਂ ਤੁਮਰੋ ਖਾਇਂ ਕਦਾਪੀ।
ਹੋ ਸਭਿ ਜੀਵਨ ਕੇ ਸੰਤਾਪੀ[1]' ॥੫॥

[1]ਚੰਗਾ। [1]ਦੁਖਦਾਈ।

ਦੇਵਲੂਤ ਕਹਿ 'ਜਿਹ ਬਿਧਿ ਕਹਿਹੋ।
ਸ਼੍ਰੀ ਪ੍ਰਭੁ ਜੀ! ਤਿਸ ਬਿਧਿ ਮੈਂ ਰਹਿਹੋਂ।
ਕਰਹੁ ਆਪ ਉਪਦੇਸ਼ਹਿ ਜੋਈ[1]।
ਸੁਨਿ ਕਰਿ ਕਰੋਂ ਕ੍ਰਿੱਤਿ ਮੈਂ ਸੋਈ' ॥੬॥

[1]ਜੋ ਵੀ।

ਭਾ ਅਨੁਸਾਰਿ[1] ਪਿਖਯੋ ਗੁਨਖਾਨੀ[2]।
ਕੁਮਤਿ ਕਦਨ ਕੋ ਬੋਲੇ ਬਾਨੀ।

[1]ਅਧੀਨ ਹੋਯਾ। [2]ਗੁਰੂ ਜੀ ਨੇ।

{ਦੇਵਲੂਤ ਪ੍ਰਤੀ ਉਪਦੇਸ਼}

'ਪ੍ਰਿਥਮ ਤਜਹੁ ਆਮਿਖ[1] ਕੋ ਖਾਨਾ।
ਕਰਹੁ ਜਾਸ ਹਿਤ ਜੀਵਨ ਹਾਨਾ[1] ॥੭॥

[1]ਮਾਸ। [1]ਜੀਵਾਂ ਦਾ ਨਾਸ਼।

ਸਿਮਰਹੁ ਬਹੁਰ ਨਾਮ ਸੁਖ ਪਾਈ।
ਦ੍ਵੈ ਲੋਕਨ ਜੋ ਹੋਤਿ ਸਹਾਈ।
ਚਿਰੰਕਾਲ ਭਾ ਤੁਮ ਕੁਲ ਮਾਂਹੀ।
ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ ॥੮॥

ਦ੍ਵੈ ਲੋਕਨ ਮਹਿਂ ਤਾਂ ਕੀ ਰਾਖੀ।
ਚਲੀ ਜਾਤ ਅਜਹੂੰ ਲੌਂ ਸਾਖੀ[1]।
ਹਰਨਾਖਸ਼ ਪਿਤ ਬਹੁ ਦੁਖ ਦੀਨੋ।
ਤਦਪਿ ਨਾਮ ਕੋ ਤਜਿਨ ਨ ਕੀਨੋ ॥੯॥

[1]ਗਵਾਹੀ।

ਪ੍ਰਭੁ ਕੀ ਭਗਤਿ ਕਰਹੁ ਮਨ ਲਾਈ†।
ਪਿਖਹੁ ਬਿਭੀਖਨ ਹੈ ਅਬ ਤਾਂਈ।
ਤਿਹ ਕੋ ਭ੍ਰਾਤ[1] ਹੁਤੋ ਜਗ ਰਾਵਨ।
ਹਨਯੋ ਸੁ ਰਾਮਚੰਦ[1] ਜਸੁ ਪਾਵਨ ॥੧੦॥

†ਪਾ:-ਸੁਖਦਾਈ। [1]ਭਾਈ। [1]ਮਾਰਿਆ ਜਿਸ ਨੂੰ ਰਾਮਚੰਦ ਨੇ।

ਅਪਨੋ ਭਗਤ ਬਿਭੀਖਨ ਜਾਨਾ।
ਲੰਕ ਰਾਜ ਦੇ ਅਮਰ ਕਰਾਨਾ।
ਤਿਨ ਕੀ ਦਿਸ਼ ਦੇਖਹੁ ਬਿਧਿ ਨੀਕੀ।
ਤੁਮ ਕੀ ਕਰਹੁ ਭਾਵਨਾ[1] ਜੀ ਕੀ ॥੧੧॥ — [1]ਸ਼ਰਧਾ।

ਕਿਹ ਅਘ[1] ਤੇ ਰਾਖਸ਼ ਤਨ ਪਾਏ। — [1]ਪਾਪ।
ਅਬ ਕੁਕਰਮ ਜੇ ਲੇਹੁ ਕਮਾਏ।
ਪਾਵਹੁ ਨਰਕ ਜਾਇ ਦੁਖ ਭਾਰੀ।
ਤਿਹ ਤੇ ਕੋਇ ਨ ਸਕਹਿ ਉਬਾਰੀ ॥੧੨॥

ਤਜਹੁ ਤਾਮਸੀ ਬ੍ਰਿਤਿ[1] ਦੁਖਾਰੀ। — [1]ਤਮੋ ਗੁਣੀ ਬ੍ਰਿਤੀ।
ਕਰਹੁ ਭਗਤਿ ਕਰਤਾਰ ਸੁਖਾਰੀ।'
ਸੁਨਤਿ ਸ਼੍ਰੋਨ, ਹਉਮੈਂ ਤਜਿ ਬੋਲਾ।
'ਅਬ ਹੌਂ ਤੁਮ ਅਨੁਸਾਰਿ ਅਡੋਲਾ ॥੧੩॥

ਦਰਸ਼ਨ ਕਰਤਿ ਪਾਪ ਮਤਿ ਭਾਗੀ।
ਸੁਨਿ ਕੈ ਬਚਨ ਨਾਮ ਲਿਵਲਾਗੀ।
ਤੁਮਰੇ ਚਰਨਨ ਮਨ ਅਨੁਰਾਗਾ।
ਭਯੋ ਆਜ ਤੇ ਮੈਂ ਵਡਭਾਗਾ' ॥੧੪॥

ਸੁਨਿਯੇ ਸ਼੍ਰੀ ਅੰਗਦ ਮੁਝ ਤਾਂਈ।
ਅਸਨ ਕਰਨ ਗੁਰ ਗਿਰਾ ਅਲਾਈ।
ਤਿਹ ਛਿਨ ਕੀਨ ਅਹਾਰ ਤਿਆਰਾ।
ਅਚਵਨ ਲਗੇ ਰੂਪ ਕਰਤਾਰਾ ॥੧੫॥

ਰਾਖਸ਼ ਰਾਜ ਸਚਿਵ[1] ਨਿਜ ਲੀਨੇ। — [1]ਮੰਤ੍ਰੀ।
ਬੈਸਜੋ ਪਾਸ ਤਹਾਂ ਰੋਸ ਭੀਨੇ।
ਅਰਧ ਖਾਇ ਦੀਨੋ ਤਿਨ ਤਾਂਈ।
ਆਇਸ ਮਾਨ ਲੀਨਿ ਮੁਖ ਪਾਈ ॥੧੬॥

ਖਾਵਤਿ ਹੀ ਖੁਲ ਗਏ ਕਪਾਟਾ[1]। — [1]ਮਨ ਦੇ ਪੜਦੇ।
ਚਿਰੰਕਾਲ ਭ੍ਰਮ ਪਰਦਾ ਪਾਟਾ।
ਮੁਕਤਿ ਯੋਗ ਹ੍ਵੈਗੇ ਤਿਹ ਕਾਲਾ।

| | |
|---|---|
| ਇਕ ਮੰਤ੍ਰੀ ਪੁਨ ਦੁਤਿਯ ਭੁਵਾਲਾ[1] ॥੧੭॥ | [1]ਰਾਜਾ। |
| ਕੇਤਿਕ[1] ਦਿਨ ਤਹਿਂ ਰਹੇ ਗੁਸਾਈਂ। | [1]ਕਈ ਕ। |
| ਗੁਰੁ ਸਿੱਖੀ ਕੀ ਰੀਤਿ ਚਲਾਈ। | |
| ਸਭਿ ਰਾਖਸ਼ ਕੋ ਨਾਮ ਜਪਾਯੋ। | |
| ਆਮਿਖ ਖਾਨ ਤਿਨਹਿਂ ਤਜਿਵਾਯੋ ॥੧੮॥ | |
| ਜੀਅ ਘਾਤ ਕੀ ਬਾਨ[1] ਬਿਸਾਰੀ। | [1]ਵਾਦੀ। |
| ਸਤਿਸੰਗਤਿ ਕਰਿ ਹੀ ਸੁਖਬਾਰੀ। | |
| ਭੇ ਤਯਾਰ ਜਬ ਚਲਿਨੇ ਹੇਤਾ। | |
| ਭਨਤਿ ਭਏ ਬੇਦੀ ਕੁਲਕੇਤਾ ॥੧੯॥ | |
| 'ਸੁਧਰਸੈਨ ਜੋ ਭੂਪ ਮਹਾਨਾ। | |
| ਦੇਵਲੂਤ! ਮਾਨਹੁ ਤਿਹ ਆਨਾ[1]। | [1]ਤਿਸਦੀ ਆਣ ਮੰਨੋਂ। |
| ਹਿੰਸਾ ਨਹੀਂ ਜੀਵ ਕੀ ਕੀਜੈ। | |
| ਸਤਿਗੁਰ ਜਾਪ ਜਪਹੁ ਦੁਖ ਛੀਜੈ' ॥੨੦॥ | |
| ਦੋਹਰਾ: | |
| ਦੇਵਲੂਤ ਬੋਲਯੋ ਤਬਹਿ | |
| 'ਮੁਝ ਤੇ ਉਤਮ ਧੂਰਿ[1]। | [1]ਧੂੜੀ। |
| ਸ਼ਕਤਿ[1] ਨਹੀਂ ਤ੍ਰਿਣ[2] ਤੋਰਿ ਹੌਂ | [1]ਤਾਕਤ। [2]ਤੀਲਾ, ਭਾਵ ਆਪ ਦੀ ਆਗਿਆ ਬਿਨਾਂ ਤੀਲਾ ਨਹੀਂ ਤੋੜ ਸਕਦਾ। |
| ਸੁਨਿਯੇ ਸ੍ਰੀ ਜਗ ਮੂਰ[1] ॥੨੧॥ | [1]ਜਗਤ ਦਾ ਮੂਲ। |
| ਚੌਪਈ: | |
| ਰਾਵਰ ਕੀ ਆਇਸ ਧਰਿ ਸੀਸਾ। | |
| ਸੁਧਰਸੈਨ ਅਬ ਭਾ ਮਮ ਈਸ਼ਾ[1]।' | [1]ਮਾਲਕ। |
| ਗਮਨ ਸਮੈਂ ਰਾਖਸ਼ ਮਿਲਿ ਸਾਰੇ। | |
| ਸ੍ਰੀ ਗੁਰੂ ਕੇ ਪਦ ਕਮਲ ਜੁਹਾਰੇ[1] ॥੨੨॥ | [1]ਨਮਸਕਾਰ ਕੀਤੀ। |
| 'ਸ੍ਰੀ ਨਾਨਕ ਸ੍ਰੀ ਨਾਨਕ ਨਾਮੂ।' | |
| ਸਿਮਰਨ ਕਰਨ ਲਗੇ ਅਭਿਰਾਮੂ। | |
| ਬਿਦਾ ਹੋਇ ਗਮਨੇ ਗੁਨਖਾਨੀ। | |
| ਕਿਤ ਅਵਨੀ[1] ਕਿਤ ਸਾਗਰ[2] ਪਾਨੀ | [1]ਪ੍ਰਿਥਵੀ। [2]ਸਮੁੰਦਰ। |

॥੨੩॥
ਚਲੇ ਜਾਂਹਿ ਇਕਸਾਰ ਅਗਾਰੀ।
ਆਇ ਗਜ਼ੋ ਕਾਨਨ[1] ਤਬ ਭਾਰੀ। [1]ਜੰਗਲ।
ਫੂਲ ਫਲਨ ਸੋਂ ਪੂਰਨ ਰੂਰਾ।
ਕਿਤੀ ਦੂਰ ਲੌ ਦੀਸਤਿ ਭੂਰਾ ॥੨੪॥
ਤਾਂ ਕੇ ਪਹੁੰਚੇ ਜਾਇ ਮਝਾਰਾ।

†ਬਾਂਦਰ ਜਾਤੀ ਵਿਚੋਂ ਇਹ ਇਕ ਵਧੇਰੇ ਨਰਮ ਤੇ ਸਿਆਣੀ ਜਾਤ ਹੈ, ਇਸ ਨੂੰ ਅਜਕਲ ਉਰੰਗੋਟੈਂਗ ਕਹਿੰਦੇ ਹਨ। ਆਦਮੀ ਵਾਂਙੂੰ ਖਲੋਕੇ ਟੁਰ ਲੈਂਦਾ ਹੈ। ਅਜ ਕਲ ਦੇ ਸਿਆਣੇ ਕਹਿੰਦੇ ਹਨ ਕਿ ਕੁਛ ਲਫਜ਼ ਬੀ ਇਨ੍ਹਾਂ ਦੀ ਬੋਲੀ ਵਿਚ ਹਨ, ਜਿਸ ਨਾਲ ਆਪੋ ਵਿਚ ਕੁਛ ਗਲ ਬਾਤ ਸਮਝ ਸਮਝਾ ਲੈਂਦੇ ਹਨ।

ਦੇਖੀ ਬਨਮਾਨਸ† ਕੀ ਡਾਰਾ।
{ਬਨਮਾਨਸ}
ਬਾਲ ਬਿਸਾਲ ਦਿਗੰਬਰ[1] ਅੰਗਾ। [1]ਨੰਗੇ।
ਰੂਪ ਭਯਾਨਕ ਮੇਚਕ ਰੰਗਾ ॥੨੫॥
ਪਸੂ ਸਮਾਨ ਕ੍ਰਿਆ ਜਿਨ ਕੇਰੀ।
ਮਰਦਾਨੇ ਜਬ ਡਾਰ ਸੁ ਹੇਰੀ।
ਭੈ ਕਰਿ ਪ੍ਰਭੁ ਸੋਂ ਗਿਰਾ ਅਲਾਈ।
'ਬਨ ਮੈਂ ਕਜਾ ਇਹ ਬਡੀ ਬਲਾਈ ॥੨੬॥
ਇਨ ਤੇ ਮੋ ਕੋ ਲਗਹਿ ਅਤੰਕਾ[1]।' [1]ਡਰ।
ਸੁਨਿ ਬੋਲੇ ਸ਼੍ਰੀ ਬਦਨ ਮਯੰਕਾ[1]। [1]ਚੰਦ੍ਰ ਮੁਖ ਵਾਲੇ।
'ਬਨਮਾਨਸ ਇਨ ਕੋ ਪਹਿਚਾਨੋ।
ਕਿਉਂ ਹਿਰਦੇ ਡਰ ਤੁਝ ਨੈ ਮਾਨੋ?' ॥੨੭॥
ਹਮਹਿ ਬਿਲੋਕਾ ਤਿਨ ਨੈ ਜਬ ਹੀ।
ਭਾਗ ਚਲੇ ਡਰਿ ਕੈ ਉਰ ਸਭਿ ਹੀ।
ਰਹਜੋ ਏਕ ਠਾਂਢਾ ਤਿਹ ਥਾਈ।
ਔਰ ਗਏ ਸਭਿ ਦੂਰ ਪਲਾਈ ॥੨੮॥
ਮੈਂ ਬੂਝਜੋ ਤਬ ਤਿਹ ਕੇ ਸਾਥਾ।
'ਕੋ ਹੈ ਤੂੰ? ਕਹਿਯੇ ਨਿਜ ਗਾਥਾ।'
ਸੁਨਿ ਤਿਹ ਊਚੇ ਚੀਕ ਪੁਕਾਰੀ।
ਲਖੀ ਨ ਪਸੂ ਸਮਾਨ ਉਚਾਰੀ ॥੨੯॥

ਬੂਝੇ ਮੈਂ ਤਬ ਹੀ ਗੁਨ ਐਨਾ।
'ਕਿਉਂ ਨਹਿਂ ਏ ਬੋਲਤਿ ਸ਼ੁਭ ਬੈਨਾ?
ਮਾਨੁਖ ਸੇ ਇਨ ਕੇ ਸਰਬੰਗਾ।
ਹਮਕੋ ਪਿਖਿ ਭਾਗੇ ਡਰ ਸੰਗਾ'
॥੩੦॥
ਸ੍ਰੀ ਗੁਰੂ ਕਹੈਂ 'ਬੈਨ ਇਨ ਐਸੇ।
ਨਹੀਂ ਭਨਤਿ ਮਾਨੁਖ ਬਚ ਜੈਸੇ।
ਪਸ਼ੂ ਸਮਾਨ ਅਹੈਂ ਅਨਜਾਨੇ।
ਤਿਨ ਤੇ ਕਛੁਕ ਹੋਸ਼ ਸਰ ਸਾਨੇ
॥੩੧॥
ਰਹਜੋ ਏਕ ਠਾਂਢਾ ਤਹਿਂ ਜੋਊ।
ਬਨ ਮੈਂ ਲੇਨਿ ਗਜੋ ਫਲ ਸੋਊ।
ਮਧੁਰ ਰਸਾਲ ਦੇਖਿ ਕਰਿ ਆਨੇ†।

†ਇਹ ਗੁਰੂ ਜੀ ਦੀ ਆਤਮ ਸਤਜਾ ਦਾ ਕ੍ਰਿਸ਼ਮਾਂ ਹੈ।

ਹਮ ਤੇ ਦੂਰ ਧਰੇ ਡਰ ਮਾਨੇ ॥੩੨॥
ਬਹੁਰੋ ਸੋ ਭੀ ਗਯੋ ਪਲਾਈ[1]।

[1]ਉਹ ਬੀ ਨੱਸ ਗਿਆ।

ਮਿਲਯੋ ਸੰਗਿ[1] ਅਪਨੇ ਮਹਿਂ ਜਾਈ।

[1]ਸਾਥੀਆਂ।

ਪ੍ਰਭੁ ਜੀ ਲੇ ਕਰਿ ਫਲ ਨਿਜ ਪਾਨੇ।
ਕਹਿਨ ਲਗੇ 'ਖਾਵਹੁ ਮਰਦਾਨੇ'
॥੩੩॥
ਮਾਨ ਬਚਨ ਲੀਨੇ ਕਰ ਮਾਂਹੀ।
ਖਾਨ ਲਗਜੋ 'ਹੈਂ ਮਧੁਰ' ਸਰਾਹੀ[1]।

[1]ਸਲਾਹੁੰਦਾ ਹੈ।

ਖਾਇ ਬਹੁਤ ਜਬ ਹੀ ਤ੍ਰਿਪਤਾਨਾ।
ਪੁਨ ਅੱਗ੍ਰਜ ਕੀਨੋ ਪ੍ਰਸਥਾਨਾ ॥੩੪॥
ਕਹੂੰ ਸਿੰਧੂ ਆਵਹਿ ਮਗ ਮਾਂਹੀ।
ਕਹੁਂ ਟਾਪੂ ਧਰਨੀ ਪਰ ਜਾਹੀਂ†।

†ਇਨ੍ਹਾਂ ਪਦਾਂ ਤੋਂ ਸਹੀ ਹੁੰਦਾ ਹੈ ਕਿ ਨੇੜੇ ਤੇੜੇ ਦੇ ਛੋਟੇ ਛੋਟੇ ਟਾਪੂਆਂ ਵਿਚ ਤੇ ਸਮੁੰਦਰ ਦੇ ਨੇੜੇ ਤੇੜੇ ਫਿਰ ਰਹੇ ਹਨ, ਜਿੱਥੇ ਕਿ ਸੋਨਦੀਪ ਹੈ। ਇਹ ਬੀ ਹੋ ਸਕਦਾ ਹੈ ਕਿ ਆਸਾਮ ਤੇ ਦੱਖਣੀ ਟਾਪੂਆਂ ਦੀ ਯਾਤ੍ਰਾ ਦੀਆਂ ਸਾਖੀਆਂ ਹਿੰਦਾਲੀਏ ਵਿਗਾੜੂ ਨੇ ਆਪਣੇ ਖ਼ਯਾਲ ਮਿਲਾਕੇ ਅੱਗੜ ਪਿੱਛੜ ਤੇ ਵੱਧ ਘੱਟ ਕਰ ਦਿੱਤੀਆਂ ਹੋਣ।

ਕਿਤਿਕ ਦਿਵਸ ਜਬ ਕੀਨ ਪਯਾਨਾ।
ਛੁਧਾ ਸੰਗਿ ਬਿਹਬਲ ਮਰਦਾਨਾ

॥੩੫॥
ਤਬ ਕਾਨਨ ਆਵਾ ਇਕ ਭਾਰੀ।
ਸਫਲ ਬਿਟਪ[1] ਹੈਂ ਜਾਸ ਮਝਾਰੀ। [1]ਫਲਾਂ ਵਾਲੇ ਬ੍ਰਿੱਛ।
ਪੁਸ਼ਪਨ ਪੱਤ੍ਰਨ ਸੋਂ ਬਹੁ ਸੁੰਦਰ।
ਗਮਨੇ ਸ਼੍ਰੀ ਗੁਰੂ ਤਿਹ ਕੇ ਅੰਦਰ
॥੩੬॥
ਖਰੇ ਤਰੋਵਰੁ ਬ੍ਰਿੰਦ ਉਤੰਗਾ।
ਜਿਹ ਬਨ ਮੈਂ ਨਹਿੰ ਏਕ ਬਿਹੰਗਾ[1]। [1]ਪੰਛੀ।
ਜੰਬੁਕ[1] ਕੇਹਰਿ[2] ਬ੍ਰਿਕ[3] ਨ ਕੁਰੰਗਾ[4]। [1]ਗਿੱਦੜ। [2]ਸ਼ੇਰ। [3]ਬਘਿਆੜ। [4]ਹਰਨ।
ਸੂਕਰ[1] ਸਸਾ[2] ਨ ਰੋਝ[3] ਮਤੰਗਾ[4] [1]ਸੂਰ। [2]ਸਹੇ। [3]ਪਾਹੜੇ। [4]ਹਾਥੀ।
॥੩੭॥
ਜੀਵ ਨਾਮ ਜਿਹ ਮੈਂ ਨਹਿੰ ਕੋਈ।
ਪਰਯੋ ਸ਼ੂਨ ਚਹੁੰਦਿਸ਼ ਤੇ ਸੋਈ।
ਤਾ ਮਹਿੰ ਪਿਖਿ ਛਾਯਾ ਰਮਣੀਕਾ।
ਬੈਠਿ ਗਏ ਬੇਦੀ ਕੁਲ ਟੀਕਾ ॥੩੮॥
ਏਕ ਮਹੂਤਰ ਬੀਤਾ ਜਬ ਹੀ।
ਬੋਲਯੋ ਮਰਦਾਨਾ ਬਚ ਤਹ ਹੀ।
'ਛੁਧਾ ਸੰਗ ਬਿਹਬਲ ਮਮ ਪ੍ਰਾਨਾ।
ਆਇਸ ਦੇਹੁ ਕਰੋਂ ਫਲ ਖਾਨਾ
॥੩੯॥
ਕਿਤਿਕ[†] ਦਿਵਸ ਬੀਤੇ ਬਿਨ ਖਾਏ। [†]ਪਾ:-ਕਿਤੇ।
ਨਹਿੰ ਅਹਾਰ ਮਗ ਮੈਂ ਕਿਹ ਥਾਏ।
ਇਸ ਬਨ ਮਹਿੰ ਦੀਸਹਿੰ ਫਲ ਰੂਰੇ।
ਮਧੁਰ ਬਿਸਾਲ ਰਸਨ ਕੇ ਪੂਰੇ'
॥੪੦॥
ਸ਼੍ਰੀ ਨਾਨਕ ਸੁਨਿ ਬਚਨ ਬਖਾਨਾ।
'ਬੈਠਹੁ ਹਮਰੇ ਢਿਗ ਮਰਦਾਨਾ।
ਇਸ ਬਨ ਕੋ ਨੀਕੋ ਨਹਿੰ ਲਖਿਯੇ।
ਚਹੁੰ ਓਰ ਤੇ ਸ਼ੂੰਨੋ ਪਿਖਿਯੇ ॥੪੧॥
ਪਸ਼ੂ ਨ ਪੰਖੀ ਦੇਤਿ ਦਿਖਾਈ।
ਜਹਿੰ ਮਾਨੁਖ ਕੋ ਖੋਜ ਨ ਪਾਈ।

ਧਰਿ ਧੀਰਜ ਕੋ ਬੈਠਿ ਸਮੀਪਾ।'
ਪੁਨ ਚੁਪ ਭੇ ਬੇਦੀ ਕੁਲਦੀਪਾ ॥੪੨॥
ਸੁਨਿ ਰਿਸ[1] ਜਗੀ ਅਧਿਕ ਮਰਦਾਨੇ। [1]ਗੁੱਸਾ।
ਖਿਝ ਕੈ ਨਿਸ਼ਠੁਰ[1] ਬਚਨ ਬਖਾਨੇ। [1]ਕਰੜੇ।
'ਜਹਿਂ ਅਹਾਰ ਆਵਤਿ ਕਰ ਮੇਰੇ।
ਬਰਜਹਿਂ ਤਹਿਂ ਨ ਜਾਨ ਦੈਂ ਨੇਰੇ ॥੪੩॥
ਮਨਹੁ ਬੈਰ ਕਰਿ ਮਾਰਤਿ ਮੋਹੀ।
ਕਯੋਂ ਜੀਵਨ ਜਗ ਮਹਿਂ ਅਬ ਹੋਹੀ।
ਕਹਾਂ ਖ਼ੁਦਾਇ ਮੁਝਹਿ ਮ੍ਰਿਤੁ ਦੀਨੀ।
ਰਹੈ ਦੇਹਿ ਜਹਿਂ ਖ਼ਫ਼ਨ ਬਿਹੀਨੀ ॥੪੪॥
ਨਹੀ ਗੌਰ[1]† ਮੇਰੀ ਕਿਨ ਕਰਨੀ। [1]ਕਬਰ।

†ਮਰਦਾਨੇ ਦੇ ਇਹ ਬਚਨ ਗੁੱਸੇ ਵਿੱਚ ਕਹੇ ਹੋਏ ਹਨ। ਜੈਸਾ ਕਿ ਉਹ ਆਪ ਅੰਕ ੫੪ ਵਿਚ ਆਖਦਾ ਹੈ 'ਕਹੇ ਕੁਬਚਨਾ ਮੋਹ ਅਰੂਢਾ' ਜਦੋਂ ਸੱਚਮੁਚ ਮਰਦਾਨੇ ਦਾ ਅੰਤ ਕਾਲ ਆਉਂਦਾ ਹੈ ਤਾਂ ਗੁਰੂ ਜੀ ਨੂੰ ਆਖਦਾ ਹੈ-ਮੁਝ ਦਿਹੁ ਦਾਹੁ ਅਗਨ ਜਗਸਾਈਂ। ਧਰਨ ਬਿਖੈ ਦਫਨਾਵਹੁ ਨਾਂਹੀ'।ਸ਼੍ਰੀ ਗੁ: ਨਾ: ਪ੍ਰਕਾਸ਼ ਉਤ੍ਰਾ: ਅਧ: ੩੫ ਅੰਕ ੧੪] ਫਿਰ ਉਸੇ ਅਧ੍ਯਾਯ ਦੇ ਅੰਕ ੨੯ ਵਿੱਚ ਮਰਦਾਨੇ ਨੂੰ ਅਗਨ ਦਾਹ ਦਿੱਤਾ ਲਿਖਿਆ ਹੈ।

ਯੌਂ ਹੀ ਪਰਯੋ ਰਹੋਂ ਗੋ ਧਰਨੀ।
ਹੌਂ ਤੋ ਡੂਮ ਕਰਤਿ ਗੁਜਰਾਨਾ।
ਮਾਂਗ ਮਾਂਗ ਅਪਨੇ ਜਜਮਾਨਾ ॥੪੫॥
ਬੈਠਯੋ ਸਦਨ ਸਭੈ ਸੁਖ ਪਾਵਤਿ।
ਨਿਜ ਪਰਵਾਰ ਮਿਲਯੋ ਹਰਖਾਵਤਿ[1]। [1]ਪ੍ਰਸੰਨ ਹੁੰਦਾ ਸਾਂ।
ਉਜਰਯੋ ਹੁਤੋ ਆਪ ਇਹ ਘਰ ਤੇ।
ਮੁਝੈ ਉਜਾਰਯੋ ਗੁਜਰ[1] ਸੁ ਕਰਤੇ ॥੪੬॥ [1]ਗੁਜ਼ਾਰਾ।
ਨਿਕਟ ਬਿਟਪ ਕੇ ਫਲ ਹੈਂ ਮੇਰੇ।
ਤ੍ਰਿਪਤੋਂ ਇਨ ਕੇ ਖਾਇ ਘਨੇਰੇ।
ਇਹ ਰਜਾਇ ਮੁਝ ਦੇਤਿ ਨ ਕੈਸੇ।
ਜਾਨਤਿ ਛੁਧਾ ਆਪਨੀ ਜੈਸੇ ॥੪੭॥
ਹੌਂ ਨ ਸਕੌਂ ਸਹਿ ਭੁਖ ਘਨੇਰੀ।
ਇਨ ਕੋ ਹਸੀ ਸੁਹਾਵਤਿ ਮੇਰੀ[1]। [1]ਮੇਰੇ ਨਾਲ ਹਾਸੀ ਕਰਨੀ।

ਭਯੋ ਛੁਧਾਤੁਰ ਜਾਨਤਿ ਨਾਂਹੀ।
ਫਲ ਨ ਖਾਨ ਦੇਵਤਿ ਬਰਜਾਹੀਂ[1]' [1]ਰੋਕਦੇ ਹਨ।
॥੪੮॥
ਅਸ ਪ੍ਰਕਾਰ ਖਿਝ ਕਹੇ ਅਯੋਗੂ।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿੱਚ ਇਕ ਤੋਂ ਵਧੀਕ ਵੇਰ ਮਰਦਾਨੇ ਨੂੰ ਭੁੱਖ ਦੇ ਦੁੱਖ ਤੋਂ ਆਤੁਰ ਹੋਇਆ ਦੱਸਿਆ ਗਿਆ ਹੈ ਤੇ ਕਈ ਵੇਰ ਤਾਂ ਇਸ ਵਿਆਕੁਲਤਾ ਵਿੱਚ ਉਪਾਲੰਭ ਦੇ ਵਾਕ ਗੁਰੂ ਜੀ ਨੂੰ ਕਹਿੰਦਾ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਜੀ ਕਰਨ ਕਾਰਨ ਸਨ, ਭੁੱਖ ਪਜਾਸ ਤੇ ਵਸੀਕਾਰ ਰਖਦੇ ਸਨ, ਮਰਦਾਨੇ ਵਾਂਗ ਭਾਈ ਬਾਲਾ, ਜੋ ਇਨ੍ਹਾਂ ਉਦਾਸੀਆਂ ਵਿੱਚ ਅਕਸਰ ਨਾਲ ਰਿਹਾ ਹੈ, ਓਹਨੂੰ ਭੁੱਖ ਨੇ ਕਿਤੇ ਨਹੀਂ ਸਤਾਇਆ, ਕੇਵਲ ਮਰਦਾਨੇ ਨੂੰ ਹੀ ਭੁੱਖ ਕਿਉਂ ਦਬਾਂਦੀ ਰਹੀ? ਇਸਦਾ ਉੱਤਰ ਉਤਰਾਰਧ ਅੱਧਜਾਇ ੧ ਅੰਗ ੩੧ ਵਿੱਚੋਂ ਮਰਦਾਨੇ ਦੇ ਆਪਣੇ ਮੂੰਹੋਂ ਕਹੇ ਪਦਾਂ ਤੋਂ ਮਿਲ ਜਾਂਦਾ ਹੈ:- 'ਸ੍ਰੀ ਪ੍ਰਭੁ ਸੁਨੀਏ ਛੁਧਾ ਨ ਕੋਈ। ਜਬ ਕੋ ਬਰ ਦੇਕਰ ਤੁਮ ਖੋਈ। ਰਹੋਂ ਅਨੰਦ ਸਦਾ ਉਰ ਮਾਂਹੀ। ਖਾਵਨ ਚਾਹਿ ਹੋਤ ਕਬ ਨਾਹੀਂ।' ਇਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਬਾਲੇ ਵਾਂਗ ਮਰਦਾਨੇ ਦੀ ਭੁੱਖ ਵੀ ਅੰਤ ਨੂੰ ਨਵਿਰਤ ਕਰ ਦਿੱਤੀ ਸੀ। ਫਿਰ ਮਰਦਾਨੇ ਤੇ ਭੁੱਖ ਨੇ ਕਿਉਂ ਜ਼ੋਰ ਪਾਇਆ? ਇਸ ਸੰਸੇ ਦੀ ਨਵਿਰਤੀ ਕਾਵਰੂ ਦੇਸ਼ ਦਾ ਜ਼ਿਕਰ ਕਰਦੇ ਹੋਏ ਕਵਿ ਜੀ ਐਉਂ ਕਰਦੇ ਹਨ:-

ਛੁਧਾ ਲਗੀ ਬਜਾਕੁਲ ਭਯੋ ਮਰਦਾਨਾ ਅਕੁਲਾਇ।
ਸਮਤਿ ਹੇਤ ਕਾਰਨ ਕਰਨ ਤਿਹ ਉਰ ਭੁਖ ਲਗਾਇ।

ਇਸ ਦਾ ਤਾਤਪਰਯ ਇਹ ਹੈ ਕਿ ਜਿੱਕੁਣ ਸਤਿਗੁਰੂ ਜੀ ਨੇ ਮੱਕੇ, ਜਗਨਨਾਥ, ਹਰਿਦੁਵਾਰ ਤੇ ਕੁਰਛੇਤਰ ਆਦਿਕ ਅਸਥਾਨਾਂ ਤੇ ਸਤਿ ਧਰਮ ਦਾ ਉਪਦੇਸ਼ ਦੇਣ ਲਈ ਚੜ੍ਹਦੇ ਦੀ ਥਾਂ ਲਹਿੰਦੇ ਵਲ ਪਾਣੀ ਉਛਾਲ, ਕਾਬੇ ਵਲ ਚਰਣ ਕਰਕੇ ਤੇ ਸੂਰਜ ਗ੍ਰਹਣ ਸਮੇਂ ਅਗਨੀ ਤੇ ਦੇਗਚੀ ਰੱਖਣੇ ਆਦਿਕ ਢੰਗ ਵਰਤੇ ਇੰਞ ਹੀ ਖਾਸ ਖਾਸ ਅਸਥਾਨਾਂ ਤੇ ਖਾਸ ਖਾਸ ਹਾਲਤਾਂ ਵਿੱਚ ਹੰਕਾਰੀਆਂ, ਪਖੰਡੀਆਂ, ਦੰਭੀਆਂ ਦਾ ਪਾਜ ਉਘਾੜਨ ਤੇ ਕੁਰਾਹੇ ਪਿਆਂ ਨੂੰ ਸਿੱਧੇ ਰਾਹ ਲਾਉਣ ਦਾ ਅਵਸਰ ਬਨਾਉਣ ਲਈ ਗੁਰੂ ਜੀ ਆਪਣੀ ਦੈਵੀ ਸ਼ਕਤੀ ਨਾਲ ਮਰਦਾਨੇ ਦੀ ਭੁੱਖ ਤੇ ਪਿਆਸ ਨੂੰ ਤ੍ਰਿਖਿਆ ਕਰ ਦੇਂਦੇ ਰਹੇ, ਜਿਸਤੋਂ ਆਤੁਰ ਹੋਇਆ ਹੋਇਆ ਮਰਦਾਨਾ ਗੁਰੂ ਜੀ ਦੇ ਨਿਸ਼ਚਿਤ ਅਸਥਾਨ ਤੇ ਜਾਂਦਾ, ਉਥੇ ਕੋਈ ਘਟਨਾ ਵਾਪਰਦੀ ਤੇ ਸਤਿਗੁਰੂ ਜੀ ਜੀਆ ਦਾਨ ਦੇਣ ਦਾ ਅਵਸਰ ਕੱਢ ਲੈਂਦੇ, ਜਿਹਾ ਕਿ ਨੂਰਸ਼ਾਹ ਤੇ ਵਲੀ ਕੰਧਾਰੀ ਦੇ ਪ੍ਰਸੰਗਾਂ ਤੋਂ ਵਿਦਤ ਹੈ।

ਮਰਦਾਨਾ ਆਪਣਾ ਘਰ ਬਾਰ, ਪਰਵਾਰ, ਧੀਆਂ ਪੁੱਤ ਤੇ ਇਸਤ੍ਰੀ ਆਦਿਕਾਂ ਦਾ ਮੋਹ ਤੋੜ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਿਹਾ, ਇਸਨੇ ਆਪਣਾ ਦੀਨ ਤੇ ਈਮਾਨ, ਆਪਣਾ ਮੱਕਾ ਤੇ ਮਦੀਨਾ ਸਤਿਗੁਰੂ ਜੀ ਦੇ ਦੀਦਾਰ ਨੂੰ ਹੀ ਜਾਤਾ ਤੇ ਪ੍ਰੀਤ-ਤਾਰ ਵਿਚ ਪ੍ਰੋਤਾ ਰਿਹਾ, ਇਸ ਤਰ੍ਹਾਂ ਨਿਕਟਵਿਰਤੀ ਹੋਣ ਤੇ ਆਪਣਾ ਦੀਨ ਤੇ ਦੁਨੀਆਂ ਸਤਿਗੁਰੂ ਜੀ ਨੂੰ ਹੀ ਜਾਨਣ ਦਾ ਜੋ ਮਾਨ ਉਸਨੂੰ ਪ੍ਰਾਪਤ ਸੀ, ਉਸਦੀ ਹੋਂਦ ਵਿੱਚ ਉਸਦੇ ਉਪਾਲੰਭ ਦੇ ਕਹੇ ਵਾਕ ਅਸ਼ਰਧਕਤਾ ਦੇ ਵਾਕ ਨਹੀਂ ਹਨ, ਇਹ 'ਪ੍ਰੇਮ-ਨਿਹੋਰੇ' ਹਨ ਤੇ ਇਹ ਉਸੇ ਤਰ੍ਹਾਂ ਮਾਣ ਤਾਣ ਦੀ ਅਵਸਥਾ ਵਿੱਚ ਕਹੇ ਗਏ ਹਨ ਜਿਸ ਤਰ੍ਹਾਂ ਇਕ ਬਾਲਕ ਪ੍ਰੇਮ ਵਿਚ ਆ ਕੇ ਆਪਣੇ ਪਿਤਾ, ਜਾਂ ਇਕ ਭਗਤ ਪ੍ਰੇਮ ਦੇ ਸਰੂਪ ਵਿੱਚ ਪਰਮਾਤਮਾ ਨੂੰ ਕਈ ਵੇਰ ਕਹਿੰਦੇ ਵੇਖੇ ਤੇ ਸੁਣੇ ਜਾਂਦੇ ਹਨ।

ਕਾਨਨ ਗਮਨਜੋ ਬਿਨਾ ਨਿਯੋਗੂ[1]। [1]ਆਗਜਾ ਤੋਂ ਬਿਨਾਂ ਹੀ।
ਖਾਨ ਲਗਜੋ ਫਲ ਮਧੁਰੇ ਸੁੰਦਰ।
ਲਾਲਚ ਲਗੇ ਗਯੋ ਬਹੁ ਅੰਦਰ ॥੪੯॥
ਹੁਤੋ ਦੈਂਤ ਇਕ ਤਹਿਂ ਭੈਕਾਰੀ[1]। [1]ਡਰਾਵਨ ਵਾਲਾ।

ਜਿਹ ਨੈ ਗਜ ਮ੍ਰਿਗ ਕੀਨ ਅਹਾਰੀ।
ਦੋਇ ਸਹੰਸ੍ਰ ਕੋਸ ਲੌ ਸੋਊ।
ਬਨ ਮੈਂ ਜੀਵ ਨ ਛਾਡਜੋ ਕੋਊ ॥੫੦॥
ਗਿਰ ਸਮਾਨ ਜਿਹ ਦੇਹ ਕਰਾਲਾ[1]। [1]ਭਜਾਨਕ।
ਉਭੈ ਕੋਸ ਲੌ ਬਾਹੁ ਬਿਸਾਲਾ।
ਸਿਰ ਪਰ ਸ਼੍ਰਿੰਗ ਖ਼ਜੂਰ ਸਮਾਨਾ[1]। [1]ਵਾਂਙੂੰ।
ਗਿਰ ਕੰਦਰ[1†] ਸੀ ਨਾਸ[2] ਪ੍ਰਮਾਨਾ ॥੫੧॥ [1]ਪਹਾੜ ਦੀ ਖੋਹ। [2]ਨਾਸਾਂ। [†]ਪਾ:-ਗਿਰਕੰਦਰਾ-ਬੀ ਹੈ।
ਚਾਟਤਿ ਓਸ਼ਟ[1] ਛੁਧਾ[2] ਮਹਾਨਾ[3]। [1]ਬੁੱਲ੍ਹ। [2]ਭੁੱਖ। [3]ਬਹੁਤੀ।
ਤਿਹ ਨੈ ਦੇਖਾ ਜਬ ਮਰਦਾਨਾ।
{ਦੈਂਤ ਨੇ ਮਰਦਾਨਾ ਸਾਬਤ ਨਿਗਲਨਾ}
ਤੂਰਨ ਗਹਿ ਕਰਿ ਤਬ ਨਿਜ ਪਾਨਾ।
ਮੁਖ ਮਹਿਂ ਖਾਵਾ ਕੌਰ[1] ਸਮਾਨਾ ॥੫੨॥ [1]ਗਰਾਹੀ।
ਭਯੋ ਤ੍ਰਾਸ ਮੁਖ ਬੋਲਿ ਨ ਆਯੋ।
ਸ਼੍ਰੀ ਨਾਨਕ ਮਨ ਮਾਂਹਿ ਧਯਾਯੋ।
'ਕਰਿਯੇ ਰੱਛਾ ਸ਼੍ਰੀ ਗੁਰੂ ਪੂਰਨ!
ਜਯੋਂ ਗਜਰਾਜ[1] ਉਧਾਰਯੋ[2] ਤੂਰਨ ॥੫੩॥ [1]ਗਜਰਾਜ ਨੂੰ ਜਿਵੇਂ। [2]ਬਚਾਯਾ ਸੀ।
ਹੇ ਪ੍ਰਭੁ! ਮੈਂ ਅਜਾਨ ਮਤਿ ਮੂਢਾ।
ਕਹੇ ਕੁਬਚਨਾ ਮੋਹ ਅਰੂਢਾ[1]। [1]ਮੋਹ ਵਿਚ ਆ ਕੇ (ਅ) ਅਗਜਾਨ ਵਿਚ।
ਬਿਰਦ ਸੰਭਾਰਹੁ ਅਪਨ ਕ੍ਰਿਪਾਲਾ।
ਮੁਝਹਿ ਮੁਚਾਵਹੁ ਦੈਤ ਬਿਸਾਲਾ[1] ॥੫੪॥ [1]ਬਚਾਵਹੁ ਦੈਤ ਵੱਡੇ ਤੋਂ।
ਕਹੇ ਕੁਬੈਨ ਨ ਉਰ ਮੈਂ ਧਰਿਯੇ।
ਦੀਨ ਬੰਧੁ ਨਿਜ ਨਾਮ ਬਿਚਰਿਯੇ।
ਸੰਗ ਲੀਯੇ ਕੀ ਰਾਖਹੁ ਲਾਜਾ।
ਤੁਮ ਹੋ ਤੀਨ ਲੋਕ ਸਿਰਤਾਜਾ' ॥੫੫॥
ਸਰਬ ਬ੍ਰਿਤੰਤ ਜਾਨਿ ਗੁਰੁ ਲੀਨੋ।
ਦੈਤ ਰਦਨ ਤੇ ਰਾਖਨ ਕੀਨੋ।

ਗਯੋ ਉਦਰ ਮਹਿਂ ਬਨਾ ਬਨਾਯੋ।
ਦੁਸ਼ਟ ਰਦਨ ਕੋ ਛੁਹਨ ਨ ਪਾਯੋ ॥੫੬॥
ਜਯੋਂ ਨਰ ਕੇ ਗਰ† ਦਾਨੋ[1] ਜਾਈ।
ਗਯੋ ਉਲੰਘਿ ਤਿਸੀ ਕੀ ਨਜਾਈ।
ਪੁਨ ਬੋਲੇ ਮੁਝ ਸੰਗ ਕ੍ਰਿਪਾਲਾ।
'ਬੈਠਾ ਰਹੁ ਇਹ ਠਾਂ ਤੂੰ ਬਾਲਾ! ॥੫੭॥
ਮਰਦਾਨੇ ਕੋ ਦੈਤ ਗਹਾਨਾ।
ਉਦਰ ਬਿਖੈ ਤਿਨ ਲੀਨ ਲੰਘਾਨਾ।
ਜਾਇ ਛੁਰਾਵਹਿਂ ਅਬ ਤਿਹ ਤਾਈਂ।
ਘਟਿ ਇਕ ਮੈਂ[1], ਤੂੰ ਆਉ ਤਹਾਂਈ[2]†' ॥੫੮॥
ਅਸ ਕਹਿ ਮੁਝ ਬੇਦੀ ਕੁਲਦੀਪਾ।
ਗਮਨੇ ਰਾਖਸ਼ ਕੇਰ ਸਮੀਪਾ।
ਦਾਸ ਬਚਾਵਨ ਹਿਤ ਗੁਰੁ ਪੂਰਨ।
ਦਈ ਦਿਖਾਈ ਦੈਤਹਿ ਤੂਰਨ ॥੫੯॥
ਸ੍ਰੀ ਨਾਨਕ ਗਹਿ ਲੀਨੋ ਤਾਂਹੀ।
ਕਰ ਉਚਾਇ ਪਾਏ ਮੁਖ ਮਾਂਹੀ।
ਉਦਰ ਬਿਖੈ ਪਹੁੰਚੇ ਗੁਰੂ ਜਬ ਹੀ।
ਮਿਲਤਿ ਭਯੋ ਮਰਦਾਨਾ ਤਬ ਹੀ ॥੬੦॥
ਕਹੇ ਬਚਨ ਤਿਹ ਧੀਰਜ ਦੀਨੀ।
ਪੁਨ ਨਿਜ ਦੇਹਿ ਬਧਾਵਨ ਕੀਨੀ।
ਦ੍ਵੈ ਕੋਸਨ ਲੌ ਦੈਤ ਉਤੰਗਾ[1]।
ਤਿਤਨੋ ਕਿਯੋ ਪ੍ਰਭੂ ਨਿਜ ਅੰਗਾ ॥੬੧॥
ਜਬ ਤਨ ਫਟਨ ਲਗਯੋ ਤਿਹ ਕੇਰੋ।
ਇਕ ਜੋਜਨ ਲੌ ਬਧਯੋ ਬਧੇਰੋ।
ਸ੍ਰੀ ਗੁਰੁ ਬਹੁਤ ਬਧਾਵਾ ਤੇਤੋ[1]।
ਰਾਖਸ਼ ਬਿਸਤਰਯੋ[1] ਤਨ ਜੇਤੋ ॥੬੨॥

[1]ਦਾਣਾ। †ਪਾ:-ਉਰ।

[1]ਇਕ ਘੜੀ ਵਿਚ। [2]ਤਿੱਥੇ ਹੀ। †ਪਾ:-ਘਟੀ ਅਧਿਕ ਮੈਂ ਆਉਂ ਇਹਾਂ ਹੀ।

[1]ਉੱਚਾ।

[1]ਤਿਤਨਾ ਹੀ।

[1]ਫੈਲਾਇਆ।

ਭਯੋ ਕਸ਼ਟ ਜਬ ਰਾਖਸ਼ ਤਾਂਈ।
ਦ੍ਵੈ[1] ਜੋਜਨ ਕੀ ਦੇਹਿ ਬਧਾਈ। [1]ਦੋ।
ਸ਼੍ਰੀ ਗੁਰੂ ਤੇਤੋ ਤਨ ਬਿਸਤਾਰਾ।
ਅੰਤਰ ਭਯੋ ਤਾਂਹਿ ਦੁਖ ਭਾਰਾ ॥੬੩॥
ਨੌ ਜੋਜਨ ਲੌ ਦੈਤ ਬਧਾਵਾ।
ਤੈਸੋ ਪ੍ਰਭੁ ਨਿਜ ਦੇਹਿ ਬਨਾਵਾ।
ਭਏ ਸੁਮੇਰੁ ਸਮਾਨ[1] ਸੁ ਭਾਰੀ। [1]ਸੁਮੇਰ ਪਹਾੜ ਵਾਂਙੂ।
ਅਸੁਰ ਤਬੈ ਨਿਰਬਲਤਾ ਧਾਰੀ ॥੬੪॥
ਠਾਂਢੇ ਦੇਖਹਿਂ ਦੇਵ ਅਕਾਸ਼ਾ।
ਸਭਿਹਿਨਿ ਹਾਹਾਕਾਰ ਪ੍ਰਕਾਸ਼ਾ।
-ਦੈਂਤ ਚਬਾਇ ਗਯੋ- ਇਵ ਜਾਨੇ।
ਪ੍ਰਭੁ ਕੀ ਮਹਿਮਾ ਤੇ ਅਨਜਾਨੇ ॥੬੫॥
ਦੈਤ ਭਯੋ ਬਿਹਬਲ ਤਬ ਤਾਂਈ।
ਨਿਜ ਜੀਵਨ ਕੀ ਆਸ ਚੁਕਾਈ।
ਪਸਰੇ[1] ਨੈਨ ਭਯਾਨਕ ਭਾਰੇ। [1]ਫੈਲੇ।
ਗਿਰਜੋ ਅਵਨਿ ਪਰ ਖਾਇ ਪਛਾਰੇ ॥੬੬॥
ਮਾਨੋ ਬਧਜੋ ਬਿੰਧਚਾਜਲ[†] ਭਾਰੀ।

[†]ਬਿੰਧਜਾਚਲ ਦੱਖਣੀ ਤੇ ਉੱਤਰੀ ਹਿੰਦ ਦੇ ਵਿਚਕਾਰ ਇਕ ਪਹਾੜ ਹੈ। ਇਹ ਕਦੇ ਹੁਣ ਨਾਲੋਂ ਬਹੁਤ ਉੱਚਾ ਹੋਣਾ ਹੈ, ਪੁਰਾਣਕ ਕਥਾ ਹੈ ਕਿ ਇਕ ਵੇਰ ਬਿੰਧਜਾਚਲ ਨੇ ਉੱਚਾ ਹੋਣ ਦਾ ਯਤਨ ਕੀਤਾ ਕਿ ਸੂਰਜ ਮੇਰੀ ਬੀ ਪ੍ਰਕਰਮਾ ਕਰੇ, ਇਸ ਪਰ ਦੇਵਤੇ ਘਬਰਾਏ ਕਿ ਮਤਾਂ ਇਹ ਸੂਰਜ ਨੂੰ ਹੀ ਰੋਕ ਲਵੇ ਤਾਂ ਬਿੰਧਜਾਚਲ ਦੇ ਗੁਰੂ ਅਗਸਤ ਜੀ ਸੱਦੇ ਆਏ, ਬਿੰਧਜਾਚਲ ਨੇ ਗੁਰੂ ਨੂੰ ਮੱਥਾ ਟੇਕਿਆ ਅਗਸਤ ਨੇ ਆਗਜਾ ਕੀਤੀ ਏਸੇ ਤਰ੍ਹਾਂ ਪਿਆ ਰਹੁ, ਤਦ ਤੋਂ ਓਹ ਉਸੇ ਤਰ੍ਹਾਂ ਹੀ ਪਿਆ ਹੈ।

ਪਰਜੋ ਧਰਨ ਪਰ ਗੁਰੂ ਅਗਾਰੀ।
ਤਿਹ ਕੇ ਤਰੇ ਤਰੋਵਰ ਜੇਤੇ।
ਟੂਟ ਗਏ ਚੂਰਨ ਭੇ ਤੇਤੇ ॥੬੭॥

ਸ੍ਵੈਯਾ:

ਬੰਦ ਭਯੋ ਮੁਖ ਸ੍ਵਾਸ ਜਬੈ,
ਤਬ ਦੇਹਿ ਛੁਟੀ ਤਿਹ ਪ੍ਰਾਨ ਉਡਾਈ।
ਭਾਖਤਿ 'ਜੈ' ਪੁਨ 'ਜੈ' ਸੁਰ[1] ਬਾਸਵ[2], [1]ਦੇਵਤੇ। [2]ਇੰਦ੍ਰ।
ਫੂਲਨ ਕੀ ਬਰਖਾ ਬਰਖਾਈ।
ਸੰਗ ਲਏ ਮਰਦਾਨਹਿ ਕੋ,

ਨਿਕਸੇ ਗੁਰੂ ਬਾਹਰ ਐਸ[1] ਸੁਹਾਈ[2]। — [1]ਇਸ ਤਰ੍ਹਾਂ। [2]ਸ਼ੋਭਨੀਕ ਸਨ।
ਪੰਨਗ ਦੈਤ[1] ਕੋ ਚੀਰ ਮਨੋ, — [1]ਇਕ ਦੈਂਤ ਦਾ ਨਾਮ।
ਨਿਕਸੇ ਸੰਗ ਗੋਪਨ ਸ੍ਰੀ ਜਦੁਰਾਈ[1] ॥੬੮॥ — [1]ਸ੍ਰੀ ਕ੍ਰਿਸ਼ਨ ਦੇਵ ਜੀ।
ਰਾਖਸ਼ ਸੁੰਦਰ ਦੇਹਿ ਧਰਾ,
ਜਿਹਾ ਚਾਰ ਭੁਜਾ ਸ੍ਰੁਤ[1] ਕੁੰਡਲ[2] ਪਾਏ। — [1]ਕੰਨੀ। [2]ਵਾਲੇ।
ਪੀਤ[1] ਦੁਕੂਲ[2] ਬਿਰਾਜਤਿ ਊਪਰ, — [1]ਪੀਲਾ। [2]ਦੁਪੱਟਾ।
ਸ਼ਜਾਮ[1] ਸਰੂਪ ਭਲੀ ਛਬਿ ਛਾਏ। — [1]ਕਾਲਾ।
ਪੂਰਬ ਬੰਦਨ ਕੋ ਕਰਿ ਕੈ,
ਪਰਸ਼ੰਸ਼ਨ ਕੇ[1] ਪੁਨ ਬੈਨ ਅਲਾਏ। — [1]ਉਸਤਤ ਦੇ।
'ਹੇ ਕਰਤਾਰ! ਧਰਜੋ ਅਵਤਾਰ,
ਕਲੀ ਮਹਿਂ ਆਇ ਕੈ ਨਾਮ ਜਪਾਏ ॥੬੯॥
ਹਮ ਸੇ ਜੁ ਅਘੀ ਤਿਨ ਕੋ ਗਤਿ ਦੇਵਨ,
ਆਵਨ ਭਾ ਤੁਮਰੋ ਇਹ ਥਾਂਈਂ।
ਜਗ ਖੰਡਤਿ ਹੋ ਸਭਿ ਡਿੰਭਲ[1] ਕੋ, — [1]ਪਖੰਡਾਂ।
ਸ਼ੁਭ ਮਾਰਗ ਮੈਂ ਨਰ ਦੇਹੁ ਚਲਾਈ।
ਦਸਵਾਂ† ਅਵਤਾਰ ਧਰੈਂ ਅਬ ਆਪ, — †ਪਾ:-ਦਸ।
ਅਲੰਬ[1] ਹ੍ਵੈ ਹਿੰਦ ਕੀ ਪੈਜ ਰਖਾਈ। — [1]ਆਸਰਾ।
ਤਨ ਮਾਨਵ ਧਾਰਿ ਕੈ ਪ੍ਰੋਖ[1] ਫਿਰੋ, — [1]ਗੁਪਤ।
ਸ਼ਰਧਾ ਜੋ ਧਰੈ ਤਿਨ ਕੋ ਗਤਿਦਾਈ' ॥੭੦॥
ਮਰਹਰੀ ਛੰਦ: ਲਖਿ ਮੈਂ ਮਰਦਾਨਾ ਉਰ ਬਿਸਮਾਨਾ,
ਗੁਰੂ ਰਿਦੇ ਇਹੁ ਜਾਨਿ[1]। — [1]ਗੁਰੂ ਜੀ ਨੇ ਸਾਡੇ ਦਿਲ ਦੀ ਜਾਣ ਲਈ।

{ਦੈਂਤ ਦੀ ਪੂਰਬ ਕਥਾ}

ਬੂਝਾ ਪੁਨ ਸੋਈ[1] 'ਤੁਮ ਕੋ ਹੋਈ? — [1]ਦੈਂਤ ਨੂੰ ਪੁੱਛਿਆ।
ਸਭਿ ਬਿਧਿ ਕਰੋ ਬਖਾਨ।'
ਨਿਜ ਗਾਥ ਉਚਾਰੀ ਪ੍ਰਭੂ ਅਗਾਰੀ
'ਸੁਨਹੁ ਉਧਾਰਕ ਮੇਰ[1]। — [1]ਹੇ ਮੇਰੇ ਉਧਾਰ ਕਰਣੇ ਵਾਲੇ।
ਜਬ ਜਨਕ ਬਿਦੇਹੀ, ਤਬ ਨਰ ਦੇਹੀ,
ਹੁਤੋ ਰਸੋਈਆ ਚੇਰ[1] ॥੭੧॥ — [1]ਨੌਕਰ।

ਇਕ ਕਾਲ ਨਰੇਂਦ੍ਰ[1] ਸੰਤਨ ਨੌਂਦ੍ਰ[2],
ਕਰੀ ਰਸੋਈ ਸਾਰ।
ਤਬ ਮੁਝ ਛੁਧ[1] ਲਾਗੇ, ਸਭਿਹਿਨਿ ਆਗੇ,
ਕੀਨ ਦੁਰਾਇ[1] ਅਹਾਰ[2]।
ਨ੍ਰਿਪ ਨੈ ਜਬ ਜਾਨੀ ਗਿਰਾ ਬਖਾਨੀ
-ਜੂਠੀ ਭਈ ਰਸੋਇ-।
ਸਰਿਤਾ[1] ਮਹਿੰ ਡਾਰੀ, ਸੰਤ ਨ ਖੁਆਰੀ[2],
ਲਖਿ ਔਗੁਣ ਮਮ ਸੋਇ ॥੭੨॥

[1]ਰਾਜੇ ਨੇ। [2]ਨਿਉਂਦਾ ਕੀਤਾ।
[1]ਭੁੱਖ।
[1]ਸਭ ਤੋਂ ਮੁਹਰੇ ਛੁਪਕੇ। [2]ਭੋਜਨ ਖਾ ਲਿਆ।
[1]ਨਦੀ। [2]ਸੰਤਾਂ ਨੂੰ ਨਾ ਖੁਵਾਈ।

ਸੈਯਾ:
ਸ੍ਰਾਪ ਦਯੋ ਪੁਨ ਭੂਪਤ ਮੋਹਿ,
ਕਹ੍ਯੋ -ਵਡ ਰਾਖਸ਼ ਹੋਵਹੁ ਜਾਈ-।
ਦੀਨ ਭਯੋ ਸੁਨਿ, ਬੂਝਤਿ[1] ਮੈਂ,
-ਕਬ ਹੋਵਹਿਗੀ ਗਤਿ ਦੇਹੁ ਬਤਾਈ?-।
ਭੂਪ[1] ਭਨ੍ਯੋ -ਕਲਿਕਾਲ ਵਿਖੈ,
ਗੁਰੁ ਨਾਨਕ ਰੂਪ ਧਰੈ ਹਰਿ ਜਾਈ[1]।
ਨਾਮ ਜਪਾਇ ਕੈ ਲੋਕ ਉਧਾਰਨ,
ਤਾਂਹਿ ਮਿਲਾਪ ਤੇ ਸ਼੍ਰਾਪ ਮਿਟਾਈ ॥੭੩॥ ⚐

[1]ਪੁੱਛਿਆ।
[1]ਰਾਜੇ ਨੇ।
[1]ਪਰਮੇਸ਼੍ਵਰ ਰੂਪ ਧਾਰੇਗਾ ਜਾ ਕੇ।

⚐ਦੇਵਲੂਤ ਤਾਂ ਆਦਮ ਖੋਰ ਜਾਂਗਲੀ ਜਾਤ ਦਾ ਬੰਦਾ ਸਹੀ ਹੁੰਦਾ ਸੀ, ਪਰ ਇਹ ਦੈਂਤ ਅਮੁਕਤਿ ਅਵਸਥਾ ਦੀ ਵਜਕਤੀ ਜਾਪਦੀ ਹੈ। ਚਾਹੋ ਵਰਣਨ ਸਰੀਰ ਧਾਰੀ ਵਾਂਞੂ ਕੀਤਾ ਹੈ।
ਇਹ ਪ੍ਰਸੰਗ ਦੱਸਦਾ ਹੈ ਕਿ ਹਿੰਦੂ ਐਸ੍ਵਰਜ ਸਮੇਂ ਧਰਮ ਜੀਵਨ ਵਿਚ ਫਕੀਰਾਂ ਦਾ ਗੁੱਸਾ ਬੀ ਪ੍ਰਬਲ ਹੁੰਦਾ ਸੀ, ਸ੍ਰਾਪ ਦੇਣ ਵੱਲ ਛੇਤੀ ਪੈਂਦੇ ਸਨ, ਤੇ ਸ੍ਰਾਪ ਦੇ ਕੇ ਆਪ ਬਖਸ਼ਣੋਂ ਅਸਮਰੱਥ ਹੁੰਦੇ ਸਨ, ਜਿਸ ਤਰ੍ਹਾਂ ਸੱਤਵੇਂ ਸਤਿਗੁਰਾਂ ਨੇ ਭਾਈ ਗੌਰੇ ਨੂੰ ਕਤਲ ਦੇ ਜੁਰਮ ਵਿਚ ਸ੍ਰਾਪ ਦਿੱਤੇ ਸਨ, ਫਿਰ ਉਸਦੇ ਜਾਨ ਹੂਲਕੇ ਜਾਨਾਂ ਬਚਾਉਣ ਪਰ ਖੁਸ਼ ਹੋ ਕੇ ਬਖਸ਼ ਦਿੱਤੇ ਸੇ, ਇਹ ਸੱਤਜਾ ਪਹਿਲੇ ਸਮੇਂ ਦੇ ਧਰਮੀਆਂ ਵਿਚ ਨਹੀਂ ਸੀ। ਉਨ੍ਹਾਂ ਦੇ ਸ੍ਰਾਪਾਂ ਮਾਰੀਆਂ ਅਮੁਕਤਿ ਅਵਸਥਾ ਵਿਚ ਰੂਹਾਂ ਤੜਪ ਰਹੀਆਂ ਸਨ, ਉਨ੍ਹਾਂ ਨੂੰ ਸਤਿਗੁਰਾਂ ਨੇ ਕਲਜਾਨ ਦਿੱਤੀ। ਪ੍ਰਸੰਗ ਕਵਿ ਜੀ ਬਾਲੇ ਦੀ ਸਾਖੀ ਤੋਂ ਲੈ ਰਹੇ ਹਨ, ਮੰਤਵ ਉਨ੍ਹਾਂ ਦਾ ਨਿਰਾ ਇਹ ਜਾਪਦਾ ਹੈ ਕਿ ਪਿਛਲੇ ਜੁਗਾਂ ਦੇ ਧਰਮਾਤਮਾ ਦੇ ਸ੍ਰਾਪ ਦੁਖੀ ਅਬਿਗਤਿ, ਅਮੁਕਤਿ, ਰੁਲ ਰਹੀਆਂ ਰੂਹਾਂ ਨੂੰ ਸ਼੍ਰੀ ਗੁਰੂ ਜੀ ਨੇ ਤਾਰਿਆ।
ਅਬਿਗਤ ਪ੍ਰਾਣੀ ਓਹ ਹੁੰਦੇ ਹਨ, ਜੋ ਮਰ ਗਿਆਂ ਤੇ ਧਰਤੀ ਪਰ ਹੀ ਵਾਸ਼ਨਾਂ, ਤ੍ਰਿਸ਼ਨਾਂ, ਮੰਦਕਰਮਾਂ ਦੇ ਬੋਝਾਂ ਨਾਲ ਦੱਬੇ ਰੜਕਦੇ ਹਨ, ਇਨ੍ਹਾਂ ਦੇ ਸੁਭਾਵ, ਵਾਸ਼ਨਾਂ, ਦੇਹ ਧਾਰੀਆਂ ਵਾਂਞੂ ਹੀ ਹੁੰਦੀਆਂ ਹਨ, ਇਨ੍ਹਾਂ ਦੇ ਕਰਮ ਬੀ ਭਜਾਨਕ ਹੁੰਦੇ ਹਨ। ਸ਼ਰੀਰ ਬੀ ਹੁੰਦੇ ਹਨ ਜੋ ਅਕਾਸ਼ ਵਰਗੇ ਸੂਖਮ ਤੱਤ ਦੇ

ਹੁੰਦੇ ਹਨ। ਜਿਨ੍ਹਾਂ ਨੇ ਸੰਤ ਯਾ ਗੁਰੂ ਵਿਚ ਸ਼ਰਧਾ ਕੀਤੀ ਹੈ, ਉਨ੍ਹਾਂ ਨੂੰ ਜਦ ਸ੍ਰਾਪ ਮਿਲਦਾ ਹੈ ਤਾਂ ਉਨ੍ਹਾਂ ਦਾ ਮਨ ਸ੍ਰਾਪ ਦੇਣ ਵਾਲੇ ਦੇ ਸੰਕਲਪ ਨੂੰ ਲੈ ਕੇ ਉਸੇ ਪ੍ਰਕਾਰ ਦੇ ਖਯਾਲ ਵਿਚ ਹੋ ਜਾਂਦਾ ਹੈ। ਅਰਥਾਤ ਉਨ੍ਹਾਂ ਦੇ ਜਾਰੀ ਹੋ ਪਏ ਸ੍ਵੈਸੰਕਲਪ (Auto Suggestion) ਹੀ ਉਨ੍ਹਾਂ ਨੂੰ ਓਸੇ ਰੰਗ ਰੂਪ ਦੁਖ, ਕਲਹ, ਕਲੇਸ਼ ਕਰਤੂਤ, ਕਰਨੀ ਵਿਚ ਸੱਤ ਭਾਸਣ ਲੱਗ ਜਾਂਦੀ ਤੇ ਉਹੋ ਕੰਮ ਕਰਵਾਉਂਦੀ ਹੈ। ਇਹ ਗਲ ਅੱਜ ਕਲ ਹਿਪਨਾਟਿਜ਼ਮ ਦੀ ਵਿਦਯਾ ਵੀ ਮੰਨਦੀ ਹੈ।

ਇਹ ਰਾਖਸ਼ ਮਾਨੋਂ ਅਮੁਕਤਿ ਆਤਮਾ ਸੀ ਜੋ ਜਨਮ ਦੇ ਸ੍ਰਾਪ ਤੋਂ ਸ੍ਵੈਸੰਕਲਪ (Auto Suggestion) ਦੇ ਦੈਤ ਰੂਪ ਧਾਰਨ ਕੀਤੀ ਤੇ ਉਸ ਦਸ਼ਾ ਵਿਚ ਫਸੀ ਭਯਾਨਕ ਰੂਪ ਵਿਚ ਭਯਾਨਕ ਕਰਮ ਕਰਦੀ ਸੀ, ਇਸੇ ਕਰਕੇ ਉਸਦੀ ਦੇਹ ਵਧਦੀ ਘਟਦੀ ਦੱਸੀ ਹੈ, ਸਥੂਲ ਸਰੀਰ ਨਹੀਂ ਵਧ ਘੱਟ ਸਕਦਾ। ਉਸ ਪ੍ਰੇਤ ਪਿੰਜਰ ਤੋਂ ਜਿਸਦੀ ਬਾਬਤ ਲਿਖਿਆ ਹੈ 'ਪ੍ਰੇਤ ਪਿੰਜਰ ਮਹਿ ਦੁਖ ਘਨੇਰੇ' ॥ ਸਤਿਗੁਰ ਨੇ ਉਸਨੂੰ ਮੁਕਤ ਕੀਤਾ।

ਸਾਰਾ ਸਿੱਧਾਂਤ ਪ੍ਰਸੰਗ ਦਾ ਕੇਵਲ ਇਤਨਾ ਹੈ ਕਿ ਗੁਰੂ ਜੀ ਨਾ ਕੇਵਲ ਸਰੀਰ ਧਾਰੀ ਮਨੁਖਾਂ ਦੀ ਕਲਯਾਨ ਕਰਦੇ ਸਨ, ਸਗੋਂ ਸਰੀਰ ਤੋਂ ਬਾਹਰ ਪਰ ਸਰੀਰ ਵਾਸ਼ਨਾਂ ਦੇ ਭਾਰ ਨਾਲ ਦਬੀਆਂ ਅਮੁਕਤਿ ਰੁਹਾਂ ਦੀ ਬੀ ਕਲਯਾਨ ਕਰਦੇ ਸਨ।

ਮਰਹਰੀ ਛੰਦ: ਅਬ ਭਯੋ ਮਿਲਾਪਾ, ਮਿਟ
ਗਯੋ ਸ੍ਰਾਪਾ,
ਰਾਖਸ਼ ਤਨ ਪਲਟਾਇ।'
ਕਹਿ ਗਾਥਾ ਸਭਿ ਹੀ ਬੰਦਤਿ ਤਬ ਹੀ,
ਗਯੋ ਬਿਕੁੰਠਹਿ ਧਾਇ।
ਪਿਖਿ ਸੁਨਿ ਮਰਦਾਨਾ, ਭਯੋ ਹਿਰਾਨਾ,
ਨਮਸਕਾਰ ਪਗ ਕੀਨਿ।
'ਹੋ ਤੁਮ ਜਗਦੀਸ਼ਾ, ਮਯਾ[1] ਕਰੀਸਾ[2],
ਮਹਿੰਮਾ ਮੈਂ ਨਹਿੰ ਚੀਨਿ ॥੨੪॥
ਵਡ ਰਾਖਸ਼ ਮਾਰਯੋ ਮੁਝੇ ਛੁਟਾਰਯੋ,
ਜਿਹਂ ਦੀਰਘ ਵਿਸਤਾਰ।
ਤਹਿਂ ਤਰੇ ਤਰੋਵਰ ਚੂਰਨ ਭੇ ਧਰ,
ਨੌ ਜੋਜਨ ਆਕਾਰ।
ਇਹ ਬਿਧਿ ਗਤਿ ਪਾਈ, ਕੌਨ
ਕਮਾਈ?
ਦੀਜੈ ਹਮੇ ਬਤਾਇ।
ਜੀਵਨ ਸੰਤਾਪੀ[1] ਇਹ ਵਡ ਪਾਪੀ,
ਗਾ ਬਿਕੁੰਠ ਸੁਖ ਪਾਇ' ॥੨੫॥

[1]ਕ੍ਰਿਪਾ। [2]ਕਰਨ ਵਾਲੇ।

[1]ਦੁਖ ਦੇਣ ਵਾਲਾ।

ਦੋਹਰਾ:
ਕਮਲ ਬਦਨ ਬੋਲੇ ਤਬਹਿ, 'ਜਨਮ
ਪੁਰਾ ਕੇ ਮਾਂਹਿ[1]।

[1]ਪਹਿਲੇ ਜਨਮ ਵਿਚ।

ਸੰਤਨ ਕੀ ਸੇਵਾ ਕਰੀ, ਚਿਰੰਕਾਲ ਲਗ
ਤਾਂਹਿ ॥੨੬॥
ਤਿਹ ਫਲ ਉੱਤਮ ਪਦ ਲਹ੍ਯੋ, ਮੁਕਤਿ
ਪਾਇ ਦੁਖਦਾਹਿ।
ਸੰਤਨ ਸੇਵ ਅਕਾਰਥੀ, ਕਰੀ ਕਬਹਿ
ਨਹਿਂ[†] ਜਾਹਿ ॥੨੭॥

[†]ਪਾ-ਨ ਕਬਹੁੰ।

ਸ੍ਵੈਯਾ:

ਜੇ ਮਿਲਿ ਸੰਤਨ ਕਾਲ ਬਿਤਾਵਤਿ,
ਪਾਵਤਿ ਸੇ ਸੁਖ ਲੋਕਹਿਂ ਦੋਊ।

{ਸਤਿਸੰਗਤਿ ਮਹਿਮਾ}

ਨਾਮ ਜਪੈਂ ਨਿਸਬਾਸੁਰ ਮੈਂ,
ਮਨ ਮਾਰਨ ਤੇ ਗਤਿ ਪ੍ਰਾਪਤ ਹੋਊ।
ਹੈ ਕਲਿਕਾਲ ਮਹਾਤਮ ਨਾਮ ਕੋ,
ਸ਼੍ਰੀ ਪ੍ਰਭੁ ਕੀਰਤਿ ਗਾਵਹਿ ਸੋਊ।
ਬੰਧਨ ਜੇ ਭਵ ਕੇ[1] ਭਵਦਾਯਕ[2],
ਤਾਂ ਉਪਚਾਰਹਿ ਔਰ ਨ ਕੋਊ'
॥੨੮॥

[1]ਸੰਸਾਰ ਦੇ। [2]ਜਨਮ ਦੇਣ ਵਾਲੇ।

ਦੋਹਰਾ:

ਇਸ ਪ੍ਰਕਾਰ ਕਹਿ ਬਚਨ ਕੋ,
ਚਲਤਿ ਭਏ ਗਤਿਦਾਇ।
ਭਜਿ ਸੰਤੋਖ ਸਿੰਘ ਗੁਰ ਚਰਨ,
ਕਰਿ ਕੈ ਪੂਰਨ ਧ੍ਯਾਇ ॥੨੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਨ ਮਾਨਸ, ਰਾਖਸ਼' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋਂ ਅਧ੍ਯਾਯ ॥੫੫॥

## ੫੬. [ਗੁਰ ਚਰਣ ਮੰਗਲ। ਕਮਲ ਨੈਨ]

੫੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੭

{ਮਰਦਾਨੇ ਉੱਪਰ ਖ਼ੁਸ਼ੀ ਦੇ ਬਚਨ} ॥੨, ੧੫॥

{ਕਵਲਨੈਨ} ॥੫੭..॥

{ਕਵਲਨੈਨ ਪੂਰਬਲਾ ਪ੍ਰਸੰਗ} ॥..੧੦੦॥

ਦੋਹਰਾ:

ਚੰਦਨ ਸੇ ਸ਼੍ਰੀ ਗੁਰ ਚਰਨ, ਮਨ ਇਰੰਡ ਢਿਗ ਲਾਇ।
ਹ੍ਵੈ ਸੁਗੰਧਿ ਮੈ ਕਾਮ ਕੋ, ਸੀਤਲਤਾ ਸੁਖ ਪਾਇ ॥੧॥

ਸੁਗੰਧਿਮੈ=ਸੁਗੰਧਿਮਯ=ਸੁਗੰਧੀ ਵਾਲਾ, ਸੁਗੰਧਿਤ। (ਅ) ਮੈਂ ਸੁਗੰਧਿਤ ਹੋ ਗਿਆ ਹਾਂ। ਕਾਮ ਕੋ=ਕੰਮ ਵਾਲਾ

ਅਰਥ:

ਸ਼੍ਰੀ ਗੁਰੂ ਜੀ ਦੇ ਚਰਣ ਚੰਦਨ ਤੁੱਲ ਹਨ, (ਮੈਂ ਆਪਣਾ) ਅਰਿੰਡ (ਵਰਗਾ) ਮਨ (ਰੂਪੀ ਬੂਟਾ ਉਨ੍ਹਾਂ ਦੇ) ਨੇੜੇ ਲਗਾ (ਕੇ) ਸੁਗੰਧੀ ਵਾਲਾ ਹੋਕੇ (ਤੇ) ਸੀਤਲਤਾ ਦਾ ਸੁਖ ਪਾਕੇ (ਹੁਣ ਕਿਸੇ) ਕੰਮ ਵਾਲਾ (ਹੋ ਗਿਆ ਹਾਂ)।

ਭਾਵ:

ਇਰੰਡ ਦਾ ਬੂਟਾ ਨਿਕੰਮਾ ਗਿਣਿਆਂ ਜਾਂਦਾ ਹੈ, ਨਾਂ ਸੰਘਣੀ ਛਾਂ ਨਾਂ ਮਿੱਠਾ ਫਲ, ਨਾਂ ਸੁਗੰਧੀ, ਨਾਂ ਲੱਕੜੀ ਕਿਸੇ ਕੰਮ ਦੀ, ਚੰਦਨ ਦੇ ਨੇੜੇ ਲੱਗਕੇ ਜੇ ਚੰਦਨ ਦੀ ਖੁਸ਼ਬੂ ਨਾਲ ਛੂਹ ਜਾਵੇ ਤਾਂ ਉਸ ਵਿਚ ਸੁਗੰਧੀ ਆ ਜਾਵੇ ਤਾਂ ਤਸੀਰ ਸੀਤਲਤਾ ਵਾਲੀ ਹੋ ਜਾਂਦੀ ਹੈ ਤੇ ਕਈ ਰੋਗਾਂ ਨੂੰ ਦੂਰ ਕਰਨ ਦਾ ਸੁਖ ਉਸ ਵਿੱਚ ਹੋ ਜਾਂਦਾ ਹੈ। ਕਵਿ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਦੇ ਚਰਨਾਂ ਦੇ ਸਤਿਸੰਗ ਨਾਲ ਮੈਂ ਸਤੋਗੁਣੀ ਸੁਭਾਵ ਵਾਲਾ, ਵਿਕਾਰਾਂ ਰੂਪੀ ਰੋਗਾਂ ਤੋਂ ਸੁਖੀ ਤੇ ਦੂਸਰਿਆਂ ਨੂੰ ਨਾਮ ਦੀ ਖੁਸ਼ਬੂ ਦੇਣ ਵਾਲਾ ਸੁਗੰਧੀਮਯ ਜਨ ਹੋ ਗਿਆ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਹੁ ਗੁਰੂ ਅੰਗਦ ਗਤਿਦਾਨੀ!
ਆਗੇ ਗਮਨੇ ਸ਼੍ਰੀ ਗੁਨਖਾਨੀ।
ਕਿਤ ਸਾਗਰ ਕਿਤ ਪਰ ਜਾਈਂ।
ਹਸਨ ਹੇਤ ਗੁਰ ਗਿਰਾ ਅਲਾਈ ॥੨॥
'ਮਰਦਾਨੇ ਫਲ ਤੈਂ ਭਲਿ ਖਾਏ।
ਭਯੋ ਕਿ ਨਹੀਂ ਅਜਹੁਂ ਤ੍ਰਿਪਤਾਏ[1]?' [1]ਰਜਿਆ।
ਬੰਦਿ ਹਾਥ ਦ੍ਵੈ ਬੋਲਯੋ ਬਾਨੀ।
'ਕਰੀ ਅਵੱਗਯਾ ਮੈਂ ਸੁਖਦਾਨੀ! ॥੩॥
ਅਧਿਕ ਅਨੁਚਿਤੇ ਬੈਨ ਬਖਾਨੇ।
ਤਾਂ ਕੋ ਫਲ ਭਾ ਦੁਖ ਪ੍ਰਗਟਾਨੇ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰਾ।

ਮੁਝਹਿ ਮੁਚਾਵਾ[1] ਦੈਤ ਸੰਘਾਰਾ[2] ॥੪॥
ਛੁਧਾ ਸੰਗਿ ਬਜਾਕੁਲ ਹੈ ਜਾਵੋਂ।
ਖਿਝ ਕਰਿ ਨੀਕੀ ਮਤਿ[1] ਬਿਸਰਾਵੋਂ।
ਤਬਹਿ ਅਨੁਚਿਤੇ ਬਚਨ ਅਲਾਊਂ।
ਤਿਹ ਕੋ ਫਲ ਮੈ ਸੰਕਟ ਪਾਊਂ ॥੫॥
ਨਾਮ ਤੁਮਾਰ ਪਤਿਤ ਕੋ ਪਾਵਨ।
ਬਖਸ਼ੋ ਖਤਾ ਸੰਤ ਮਨ ਭਾਵਨ[1]!'
ਕਮਲ ਬਦਨ ਤੇ ਬਿਗਸੇ ਸੁਨਿ ਕੈ।
ਬੋਲੇ ਬਚਨ ਦਾਸ ਨਿਜ ਗੁਨਿਕੈ ॥੬॥
'ਤੁਝ ਪਰ ਖੁਸ਼ੀ ਸਦੀਵ ਹਮਾਰੀ†।
{ਮਰਦਾਨੇ ਉੱਪਰ ਖ਼ੁਸ਼ੀ ਦੇ ਬਚਨ}
ਬਚਨ ਸੁਨੰਤਿ ਪ੍ਰਸੀਦਹਿੰ ਭਾਰੀ।
ਹਰਖਤਿ ਰਹਿਯੇ ਸੰਗ ਹਮਾਰੇ।
ਕਹੇ ਜਿ ਬਚ ਨਹਿੰ ਕਰਹੁ ਬਿਚਾਰੇ' ॥੭॥
ਇਸ ਪ੍ਰਕਾਰ ਕੇ ਹਾਸ ਬਿਲਾਸਾ।
ਕਰਤਿ ਜਾਤਿ ਗਮਨਤਿ ਸੁਖ ਰਾਸਾ।
ਚਲਤਯੋ ਕੇਤੇ ਦਿਵਸ ਬਿਤਾਏ।
ਮਗ ਮਹਿੰ ਪੁਰਿ ਨ ਗ੍ਰਾਮ ਕੋ ਆਏ ॥੮॥
ਚਹੁੰਦਿਸ ਹੁਤੀ ਉਜਾਰ ਬਿਸਾਲਾ।
ਮਰਦਾਨਾ ਬੋਲਯੋ ਤਿਹ ਕਾਲਾ।
'ਨਿਸਦਿਨ ਬਿਤੇ ਉਜਾਰ ਮਝਾਰੀ।
ਆਵਹਿ ਨਗਰ ਕਿ ਨਹੀਂ ਅਗਾਰੀ? ॥੯॥
ਕਿਤੇ ਦਿਵਸ ਗਮਨੇ ਮਗ ਮਾਂਹੀ।
ਗ੍ਰਾਮ ਨਗਰ ਕੋ ਆਵਾ ਨਾਂਹੀ।
ਜਾਵਹੁ ਚਲੇ ਉਜਾਰ ਮਹਾਨਾ।
ਬਿਨਾ ਪ੍ਰਯੋਜਨ, ਜਾਇ ਨ ਜਾਨਾ' ॥੧੦॥
ਸੁਨਿ ਕਰਿ ਬਿਗਸੇ ਪੰਕਜ ਨੈਨਾ।

[1]ਬਚਾਇਆ। [2]ਮਾਰ ਦਿੱਤਾ।

[1]ਚੰਗੀ ਅਕਲ।

[1]ਸੰਤਾਂ ਦੇ ਮਨ ਨੂੰ ਭਾਉਣ ਵਾਲੇ ਜੀਓ।

†ਜੇ ਮਰਦਾਨਾ ਜਨਕ ਆਦਿ ਪਾਸ ਹੁੰਦਾ ਤਾਂ ਸਰਾਪਿਆ ਜਾਂਦਾ, ਧੰਨ ਸਤਿਗੁਰੂ ਹੈ।

ਤਿਹ ਬਿਲੋਕ ਕੈ ਉਚਰੇ ਬੈਨਾ।
'ਭਯੋ ਨਗਰ ਬੂਝਨ ਅਨੁਰਾਗੀ[1]। [1]ਪ੍ਰੇਮੀ।
ਉਦਰ ਬਿਖੈ ਬਹੁਰੋ ਛੁਧ ਲਾਗੀ?'
॥੧੧॥
ਮਰਦਾਨੇ ਤਬ ਵਾਕ ਉਚਾਰੇ।
'ਹੈ ਤੋ ਸਹੀ ਸੁ ਕੌਨ ਨਿਵਾਰੇ[1]। [1]ਕੌਣ ਦੂਰ ਕਰੇ।
ਛੁਧਾ ਲਗੀ, ਕਜਾ ਅਸਨ ਤਯਾਰੀ।
ਰਾਖਯੋ ਹੈ ਕਿਨ ਆਨਿ ਅਗਾਰੀ
॥੧੨॥
ਹਮ ਬਿਚਰਤਿ ਜਹਿਂ ਵਡ ਉਦਿਆਨਾ।
ਮ੍ਰਿਤੂ ਹੋਇਂ ਕਬਿ ਹੀ ਮਮ ਪ੍ਰਾਨਾ।
ਕਹੂੰ ਕਹੂੰ ਆਵਤਿ ਕਰ ਮਾਂਹੀ।
ਬਿਨਾ ਅਹਾਰ ਜੀਵਨਾ ਨਾਂਹੀ ॥੧੩॥
ਕੋ ਜਾਨੈ ਕਜੋਂ ਹ੍ਵੈ ਨਿਰਬਾਹੂ।
ਬਿਨ ਅਹਾਰ ਮੈਂ ਸੰਗ ਫਿਰਾਹੂੰ।
ਤੁਮ ਕੋ ਛੁਧਾ ਪਿਪਾਸਾ ਨਾਂਹੀ।
ਰਹਹੁ ਅਨੰਦ ਸਦਾ ਮਨ ਮਾਂਹੀ'
॥੧੪॥
ਮੰਦ ਮੰਦ ਬਿਗਸਤਿ ਸ੍ਰੀ ਬਦਨਾ[1]। [1]ਮੁਖੋਂ।
ਕਲੀ ਕੁੰਦ[1] ਜਿਉਂ ਉੱਜਲ ਰਦਨਾ[2]। [1]ਮਰਤਬਾਨ ਫੁਲ ਦੀ ਕਲੀ (ਅ) ਕਲੀਕੰਦ ਇਕ ਚਿੱਟੀ ਮਠਿਆਈ ਬੀ ਹੈ। [2]ਦੰਦ।
ਕਹਿਤਿ ਭਏ 'ਸੁਨੀਏ ਮਰਦਾਨਾ!
{ਮਰਦਾਨੇ ਉੱਪਰ ਖ਼ੁਸ਼ੀ ਦੇ ਬਚਨ}
ਛੁਧਾ ਸੰਗ ਜੇ ਹ੍ਵੈਂ ਹਤਿ ਪ੍ਰਾਨਾ ॥੧੫॥
ਇਸ ਬਿਧਿ ਕੋ ਹਮ ਜਾਮਨ[1] ਤੇਰੇ। [1]ਜ਼ੁੰਮੇਵਾਰ।
ਗਏ ਪ੍ਰਾਨ ਆਨਹਿਂ ਤਨ ਫੇਰੇ।
ਪੁਨ ਇਕ ਦਿਨ ਮਰਨਾ ਹੈ ਸਾਚੋ।
ਜਜੋਂ ਜਲ ਬਿਖੈ ਹੋਇ ਘਟ ਕਾਚੋ[1] [1]ਕੱਚਾ ਘੜਾ।
॥੧੬॥
ਦਿਸ਼ਟਿਮਾਨ ਜੋ ਸਕਲ ਪਸਾਰਾ।
ਇਹ ਜਾਨਹੁ[†] ਹੈ ਕਾਲ[1] ਅਹਾਰਾ। [1]ਮੌਤ। [†]ਪਾ:-ਜਾਨੋ।
ਅਬ ਤੂੰ ਹਿਰਦੇ ਓਦਰ ਨਾਂਹੀ।

ਚਹੋ ਜਿ ਅਚਹੁ ਚਲਹੁ ਪੁਰਿ ਮਾਂਹੀ ॥੧੭॥
ਨਹੀਂ ਦੂਰ ਅਬ ਆਇ ਨਜੀਕਾ।'
ਅਸ ਕਹਿ ਤੂਸ਼ਨ ਭੇ ਜਗ ਟੀਕਾ।
ਮੰਦ ਮੰਦ ਗਮਨਹਿਂ ਗੁਰ ਪੂਰਾ।
ਜਿਹ ਕੋ ਦਰਸ਼ਨ ਸੋਹਤਿ ਰੂਰਾ[1] ॥੧੮॥

[1]ਸ਼ੋਭਾ ਵਾਲਾ।

ਦੋਹਰਾ:

ਨਿਕਟਿ ਨਗਰ ਆਵਾ ਤਬੈ, ਬਹੁ ਸੁੰਦਰ ਦੁਤਿਵੰਤ[1]।
ਦੇਖਿ ਜਿਸੇ ਅਮਰਾਵਤੀ[1], ਨੀਚੇ ਨੈਨ ਕਰੰਤਿ ॥੧੯॥

[1]ਇੰਦਰਪੁਰੀ।

ਚੌਪਈ:

ਚਹੁੰਦਿਸ਼ ਜਿਸ ਕੇ ਉਪਬਨ ਸੋਹੈਂ।
ਕੁਸਮ ਬਾਟਿਕਾ[1] ਬਹੁ ਮਨ ਮੋਹੈਂ।
ਕੰਚਨ ਕੋ[1] ਗਢ[2] ਵਡੋ ਬਿਰਾਜੈ।
ਨਾਨਾ ਰੰਗ ਜਰੇ ਨਗ[1] ਛਾਜੈਂ ॥੨੦॥
ਉਚੀ ਅਟਾ[1] ਕਲਸ ਮਨ ਭਾਵਨ।
ਦਰ ਪਰ ਤੋਰਣ ਬਧੀ ਸੁਹਾਵਨ।
ਚੰਦਨ ਕੇ ਕਪਾਟ[1] ਵਡ ਸ਼ੋਭਾ।
ਜਿਨ ਕੋ ਪਿਖਿ ਦੇਵਨ ਮਨ ਲੋਭਾ ॥੨੧॥
ਜਗਮਗ ਚਮਤਕਾਰ ਛਬਿ ਪਾਈ।
ਮਨਹੁ ਚਢੇ ਬਹੁਤੇ ਦਿਨਰਾਈ[1]।
ਪਹੁੰਚੇ ਜਬ ਤਿਹ ਨਗਰ ਸਮੀਪਾ।
ਬੈਠੇ ਸ੍ਰੀ ਬੇਦੀ ਕੁਲਦੀਪਾ ॥੨੨॥
ਮਰਦਾਨੇ ਸੋਂ ਬਚਨ ਉਚਾਰਾ।
'ਜਾਹੁ ਨਗਰ ਅਬ ਲੇਹੁ ਨਿਹਾਰਾ।
ਬੂਝਤਿ ਥੋ ਮਗ ਮਹਿਂ ਬਹੁ ਬਾਰੀ।
ਖਾਇ ਅਸਨ ਕਰਿ ਛੁਧਾ ਨਿਵਾਰੀ' ॥੨੩॥
'ਸ਼੍ਰੀ ਪ੍ਰਭੁ ਗੰਠ ਨ ਪਟ[1] ਇਕ ਦਾਮੂ।

[1]ਬਗੀਚੀਆਂ।
[1]ਸੋਨੇ ਦਾ; ਭਾਵ, ਸੂਰਨ ਮਈ। [2]ਕਿਲ੍ਹਾ।
[1]ਥੇਵੇ।
[1]ਅਟਾਰੀ।
[1]ਤਖਤੇ।
[1]ਸੂਰਜ।
[1]ਕਪੜੇ ਦੀ ਗੰਢ ਵਿੱਚ।

ਬਿਨਾ ਮੋਲ ਖਾਵੌਂ† ਕਿਹ ਧਾਮੂ? †ਪਾ:-ਪਾਵਹੁਂ।
ਨਹੀਂ ਕਹੂੰ ਇਹ ਥਾਨ ਚਿਨਾਰੀ।
ਉਦਰ ਛੁਧਾ ਬਯਾਪੀ ਮੁਝ ਭਾਰੀ'
॥੨੪॥
ਬਿਗਸਿ ਬਦਨ ਤੇ ਬਚਨ ਬਖਾਨਾ।
'ਸਗਰੋ ਨਗਰ ਦਿਯੋ ਮਰਦਾਨਾ।
ਜਹਿਂ ਸੁੰਦਰ ਭੋਜਨ ਕੋ ਪਾਵਹੁ।
ਜੋ ਕੁਛ ਚਹੁ† ਤਹਿਂ ਤੇ ਲੇ ਖਾਵਹੁ' †ਪਾ:-ਚਹਉ,
॥੨੫॥
'ਹੇ ਪ੍ਰਭੁ! ਪੁਰਿ ਮਹਿਂ ਮੁਝ ਗਹਿਵਾਵਹੁ[1]। [1]ਫੜਾਂਵਦੇ ਹੋ।
ਨਰਨ ਨਿਕਟ ਤੇ ਮਾਰ ਕਰਾਵਹੁ।
ਤਸਕਰ ਲਖਿ ਕਰਿ ਕੈਦ ਮਝਾਰਾ।
ਬਾਂਧ ਲੇਹਿਂ ਭਲ ਖਾਉਂ ਅਹਾਰਾ'
॥੨੬॥
'ਗਹੈ ਜੁ ਤੁਝ ਕੋ ਨਗਰ ਮਝਾਰਾ।
ਤਹਾਂ ਨਾਮ ਕਹਿ ਦੇਉ ਹਮਾਰਾ।
ਛੋਰਿ ਦੇਹਿਂ, ਖਾਵਹੁ ਮਨ ਭਾਵਾ।'
ਅਸ ਸੁਨਿ ਮਰਦਾਨਾ ਹਰਖਾਵਾ
॥੨੭॥
ਗਮਨਯੋ ਤੁਰਨ ਨਗਰ ਮਝਾਰੂ।
ਜਹਿਂ ਚੌਪਰ ਜਯੋਂ ਚਾਰੁ ਬਜਾਰੂ।
ਤਹਿਂ ਹਾਟਕ[1] ਕੀ ਹਾਟ ਅਨੇਕਾ। [1]ਸੋਨੇ ਦੀਆਂ।
ਜਟੇ[1] ਸੁ ਨਗ†[2], ਕੋ ਕਰਹਿ ਬਿਬੇਕਾ [1]ਜੜੇ। [2]ਸੋਹਣੇ ਥੇਵੇ। †ਪਾ:-ਨਗਨ।
॥੨੮॥
ਜਿਨ ਮਹਿਂ ਧਰੀ ਮਿਠਾਈ ਰੂਰੀ।
ਕਰਯੋ ਤਿਹਾਵਲ ਪੂਪਨ[1] ਪੂਰੀ। [1]ਪੂੜੇ
ਫਿਰਹਿਂ ਮਨੁਜ[1] ਜਹਿਂ ਸੁਰਨ ਸਮਾਨਾ। [1]ਪੁਰਸ਼।
ਪਟ ਭੂਖਨ ਪਹਿਰੇ ਬਿਧਿ ਨਾਨਾ
॥੨੯॥
ਪੁਰਿ ਰਚਨਾ ਪਿਖਿ ਕੈ ਮਰਦਾਨਾ।

ਹਰਖਤਿ ਹ੍ਵੈ ਉਰ ਮੈਂ ਬਿਸਮਾਨਾ।
ਇਕ ਮਾਨਵ ਕੇ ਜਾਇ ਸਮੀਪਾ।
ਬੂਝ੍ਯੋ 'ਕੌਨ ਨਾਮ ਅਵਨੀਪਾ?
॥੩੦॥
ਪੁਨ ਇਸ ਪੁਰਿ ਕੋ ਨਾਮ ਬਤਾਵਹੁ।
ਮੁਝ ਢਿਗ ਸਰਬ ਬ੍ਰਿਤਾਂਤ ਸੁਨਾਵਹੁ।
ਕਿਹ ਬਿਧਿ ਹੋਤਿ ਇਹਾਂ ਬਿਵਹਾਰਾ?
ਜਹਿਂ ਕੰਚਨ ਕੇ ਬਨੇ ਬਜਾਰਾ' ॥੩੧॥
ਤਿਹ ਨਰ ਨੈ ਸੁਨਿ ਬਚਨ ਉਚਾਰਾ।
'ਨਾਮ ਸ੍ਵਰਨਪੁਰ† ਪ੍ਰਗਟ ਉਦਾਰਾ[1]।

[1]ਬੜਾ ਪ੍ਰਸਿੱਧ ਹੈ।

†ਤਵਾਰੀਖ ਖਾ: ਵਿਚ ਇਸ ਨੂੰ ਚਾਂਦਪੁਰ ਸ੍ਵਰਨਪੁਰ ਲਿਖਿਆ ਹੈ। ਅਖੀਰ ਪ੍ਰਸੰਗ ਤੇ ਲਿਖਿਆ ਹੈ ਕਿ ਦੇਸ਼ ਬ੍ਰਹਮਾਂ ਦੇ ਨਾਲ ਲਗਦਾ ਹੈ। ਇਕ ਚਾਂਦਪੁਰ ਮੈਗਨਾ ਨਦੀ ਦੇ ਸਮੁੰਦਰ ਵਿੱਚ ਮਿਲਨ ਵਾਲੇ ਟਿਕਾਣੇ ਹੈ, ਚਿਟਾਗਾਂਗ ਤੋਂ ਉੱਤਰ ਪੱਛੋਂ ਨੂੰ। ਚਿਟਾਗਾਂਗ ਤੋਂ ਨੇੜੇ ਸਮੁੰਦਰ ਵਿੱਚ ਇਕ ਸੋਨਦੀਪ ਟਾਪੂ ਹੈ ਅਗ਼ਲਬ ਹੈ ਕਿ ਉਥੋਂ ਦੀ ਇਹ ਯਾਤਰਾ ਹੋਵੇ। ਸ੍ਵਰਨਪੁਰ ਤੇ ਸੋਨਦੀਪ ਇਕੋ ਗੱਲ ਹੈ।

ਕਵਲ ਨੈਨ† ਨ੍ਰਿਪ ਰਾਜਨ ਰਾਜਾ।
ਜਿਹ ਸਮ ਦੂਸਰ ਕੋਇ ਨ ਆਜਾ
॥੩੨॥

†ਪਾ:-ਕਉਲ ਨੈਨ।

ਦੋਹਰਾ:
ਨਹੀਂ ਮੋਲ ਕਿਹ ਵਸਤੁ ਕੋ, ਜੋ ਚਾਹਤਿ
ਸੋ ਲੇਤਿ।
ਮਧੁਰ ਅਸਨ ਜੇ ਹਾਟ ਪਰ, ਪਰਮ
ਅਰਥ ਸਭਿ ਦੇਤਿ ॥੩੩॥
ਚੌਪਈ:
ਦੇਸ਼ ਬਿਦੇਸ਼ੀ ਜੋ ਜਿਹ ਚਾਹੀ।
ਦੇਤਿ ਬਿਹੀਨ ਮੋਲ[1] ਸਭਿ ਤਾਂਹੀ।'

[1]ਬਿਨਾ ਮੁੱਲ।

ਹਰਖ੍ਯੋ ਮਰਦਾਨਾ ਬਚ ਭਾਖੇ।
'ਛੁਧਾ ਮੁਝੈ, ਭੋਜਨ ਕੀ ਕਾਂਖੇ ॥੩੪॥
ਪਰਦੇਸ਼ੀ ਮੋ ਕੋ ਲਖਿ ਲੀਜੈ।
ਅਪਨੋ ਨਾਮ ਬਤਾਵਨ ਕੀਜੈ।'
ਸੁਨਿ ਕਰਿ ਮਾਨਵ ਬਚਨ ਉਚਾਰਾ।
'ਧਰਮ ਸਿੰਘ ਹੈ ਨਾਮ ਹਮਾਰਾ
॥੩੫॥

ਜੋ ਇੱਛਾ ਤਵ ਰਿਦੇ ਮਝਾਰਾ।
ਲੇ ਦੁਕਾਨ ਤੇ ਖਾਹੁ ਅਹਾਰਾ।
ਇਹ ਠਾਂ ਕਰੈ ਨ ਕੋਉ -ਨਾਂਹੀ-।
ਦੇਤਿ ਅਮੋਲੀ ਜੋ ਜਿਹ ਪਾਂਹੀ' ॥੩੬॥

ਦੋਹਰਾ:
'ਮੋ ਕੋ ਦੇ ਨਿਜ ਹਾਥ ਸੋਂ, ਤਬ ਲੇ ਕਰਿ ਕਛੁ ਖਾਉਂ।
ਬਿਨ ਪਛਾਣ ਕਜੋਂ ਲੇ ਸਕੋਂ, ਮਾਂਗਤਿ ਹੌਂ ਸ਼ਰਮਾਉਂ' ॥੩੭॥

ਚੌਪਈ:
ਧਰਮ ਸਿੰਘ ਸੁਨਿ ਬੈਨ ਉਚਾਰਾ।
'ਹੌਂ ਲੈ ਦੇਵੌਂ ਚਲਹੁ ਅਹਾਰਾ।
ਹੋਇਂ ਔਰ ਜੇਤੇ ਤੁਝ ਸੰਗਾ।
ਲੇ ਜਾਵਹੁ ਤਿਨ ਹੇਤ ਨਿਸ਼ੰਗਾ' ॥੩੮॥
ਤਿਹ ਕੇ ਸੰਗ ਕਹਿਤਿ ਮਰਦਾਨਾ।
'ਸੰਗੀ ਦੋਇ, ਕਰੈਂ ਨਹਿਂ ਖਾਨਾ।
ਤੁਮ ਚਲਿ ਕਰਿ ਮੁਝ ਕੋ ਲੇ ਦੀਜੈ।
ਛੁਧਾ ਉਦਰ ਬਹੁ ਦੂਰ ਕਰੀਜੈ' ॥੩੯॥
ਅਸ ਕਹਿ ਆਗੈ ਕੀਨ ਪਯਾਨਾ।
ਠਾਂਢੇ ਭੇ ਇਕ ਜਾਇ ਦੁਕਾਨਾ।
ਧਰਮ ਸਿੰਘ ਕਹਿ ਕੈ ਤਿਸ ਤਾਂਈ।
ਅਸਨ ਦਿਵਾਯੋ ਸੇਰ ਅਢਾਈ ॥੪੦॥
ਸੁ ਪ੍ਰਸੰਨ ਖਾਵਹਿ ਮਰਦਾਨਾ।
ਉਦਰ ਅਘਾਇ ਪਿਯੋ[1] ਪੁਨ ਪਾਨਾ[2]। [1]ਪੀਤਾ। [2]ਪਾਣੀ।
ਬਹੁਰ ਨਗਰ ਕੋ ਫਿਰ ਕਰਿ ਦੇਖਾ।
ਭਯੋ ਰਿਦੇ ਜਿਹ ਹਰਖ ਵਿਸ਼ੇਖਾ ॥੪੧॥
ਚਤੁਰ ਘਟੀ ਮਹਿਂ ਸਰਬ ਨਿਹਰਿ ਕੈ।
ਸ਼੍ਰੀ ਗੁਰੁ ਢਿਗ ਗਮਨਜੋ ਫਿਰ ਮੁਰਿ ਕੈ।

ਦੇਖਿ ਦੂਰ ਤੇ ਸ਼੍ਰੀ ਗੁਨਖਾਨੀ।
ਮਰਦਾਨੇ ਸੰਗ ਬੋਲੇ ਬਾਨੀ ॥੪੨॥
'ਕਹਹੁ ਨਗਰ ਕਿਸ ਬਿਧਿ ਕੋ ਦੇਖਾ।
ਮੁਖ ਪੰਕਜ ਸੋ ਖਿਰਜੋ ਬਿਸ਼ੇਖ਼ਾ।
ਭਰਜੋ ਹਰਖ ਸੋਂ ਹਿਰਦਾ ਤੋਹੀ।
ਅਸਨ ਸੰਗ ਤ੍ਰਿਪਤਜੋ ਬਹੁ ਹੋਹੀ?*'
॥੪੩॥
'ਸੁਨਹੁ ਪ੍ਰਭੁ ! ਕਜਾ ਕਰੋਂ ਬਖਾਨਾ।
ਕਬਹਿ ਨ ਦੇਖਾ ਇਹ ਸਮ ਥਾਨਾ।
ਕੰਚਨ ਕੀ ਨਗਰੀ ਬਰ ਮੰਦਰ।
ਬਨੇ ਬਨਾਏ ਭੋਜਨ ਸੁੰਦਰ ॥੪੪॥
ਸਕੁਲੀ[1] ਪੂਪ[2] ਤਿਹਾਵਲ[3] ਪੂਰੀ। [1]ਜਲੇਬੀ (ਸੰਸਛ, ਸਖੁਲੀ)। [2]ਪੂੜੇ। [3]ਕੜਾਹ।
ਸਰਬ ਪਾਕ[1] ਰਾਖੇ ਬਿਧਿ ਰੂਰੀ। [1]ਖਾਣੇ।
ਮੋਦਕ[1], ਖ਼ੁਰਮੇ[2] ਬਹੁ ਮਿਸ਼ਟਾਨਾ[3]। [1]ਲੱਡੂ। [2]ਰਸਗੁੱਲੇ। [3]ਮਿਠਾਈ।
ਨੁਕਤੀ[1] ਆਦਿ ਅਨਿਕ ਪਕਵਾਨਾ [1]ਬੂੰਦੀ।
॥੪੫॥
ਦੋਹਰਾ:
ਦੇ ਬਿਨ ਮੋਲ ਅਹਾਰ ਕੋ, ਜੈਸੀ ਰੁਚਿ ਜਿਹ ਹੋਇ।
ਏਕ ਮਨੁਜ ਮੋ ਕੋ ਮਿਲਾ, ਸ਼ੁਭ ਸੁਭਾਇ ਜਿਹ ਕੋਇ[1] ॥੪੬॥ [1]ਜਿਸ ਦਾ ਸੀ।
ਚੌਪਈ:
ਤਿਹ ਭੋਜਨ ਬਹੁ ਮੁਝੈ ਦਿਵਾਯਾ।
ਇਸ ਬਿਧਿ ਮੁਖ ਤੇ ਵਾਕ ਅਲਾਯਾ।
-ਜੇਤੇ ਔਰ ਅਹੈਂ ਤੁਝ ਸੰਗਾ।
ਤਿਨ ਅਹਾਰ ਲੈ ਜਾਹੁ ਨਿਸ਼ੰਗਾ-
॥੪੭॥
ਮੈਂ ਭਾਖੀ -ਹੈਂ ਸੰਗੀ ਦੋਊ।
ਨਹਿਂ ਖਾਵਤਿ ਸੰਤੋਖੀ ਸੋਊ-।
ਪ੍ਰਿਥਮੈ ਤ੍ਰਿਪਤਜੋ ਖਾਇ ਅਹਾਰਾ।
ਪੁਨ ਫਿਰ ਕੈ ਸਭਿ ਨਗਰ ਨਿਹਾਰਾ'

॥੪੮॥
ਸੁਨਿ ਯੌਂ ਬਿਗਸੇ ਦੀਨ ਨਿਵਾਜੂ।
'ਕਰਜੋ ਭਲਾ ਮਰਦਾਨੇ ਕਾਜੂ।
ਭਯੋ ਤੋਰ ਮਨ ਭਾਵਨ ਸਭਿ ਹੀ।
ਬੈਸਹੁ ਗਾਉਂ ਸ਼ਬਦ ਕੋ ਅਬ ਹੀ'
॥੪੯॥
ਬੈਠਿ ਗਯੋ ਬੂਝਤਿ ਪੁਨ ਐਸੇ।
'ਇਹ ਪੁਰਿ ਕਰਮ ਕਰਤਿ ਨਰ ਕੈਸੇ।
ਸਰਬ ਅਮੋਲੇ ਸੁਖ ਜਿਨ ਪਾਸੂ।
ਜੇ ਨਿਸ ਬਾਸੁਰ ਕਰਤਿ ਬਿਲਾਸੂ'
॥੫੦॥
ਸ੍ਰੀ ਨਾਨਕ ਕਹਿਂ 'ਸੁਨਿ ਮਰਦਾਨੇ।
ਇਹਾਂ ਨ ਕੋਊ ਝੂਠ ਬਖਾਨੇ।
ਧਰਮਕਲਾ ਇਹ ਥਾਨ ਬਿਸਾਲਾ।
ਸਰਬ ਦੇਸ਼ ਤੇ ਪਾਪ ਨਿਕਾਲਾ ॥੫੧॥
ਸਤਿ ਸੰਤੋਖ ਰਖਹਿਂ ਉਰ ਧਾਰੀ।
ਕਰਤਿ ਨਹੀਂ ਮੈਥਨ ਨਰ ਨਾਰੀ।
ਦ੍ਰਿਸ਼ਟਿ ਭੋਗ[1] ਕੀ ਇਹਠਾਂ ਰੀਤੀ[†]।
ਪੁੰਨ ਬਿਖੈ ਸਭਿਹਿਨਿ ਕੀ ਪ੍ਰੀਤੀ[†]'
॥੫੨॥
ਮਰਦਾਨੇ ਤਬ ਵਾਕ ਅਲਾਯੋ।
'ਅਚਰਜ ਹੀ ਬਿਰਤੰਤ ਸੁਨਾਯੋ।
ਸਭਿ ਹੀ ਰੀਤਿ ਨਵੀਨ ਬਤਾਈ।
ਦੇਖੀ ਸੁਨੀ ਨ ਮੈਂ ਕਿਹ ਥਾਂਈ'
॥੫੩॥
ਗੁਰੂ ਕਹੈਂ 'ਅਚਰਜ ਕਰਤਾਰਾ।
ਏਕੰਕਾਰ ਬਿਅੰਤ ਅਪਾਰਾ।
ਅਚਰਜ ਹੀ ਸਭਿ ਚਰਿਤ[1] ਤਿਸੂ ਕੇ।
ਸਮਝ ਨ ਆਵਹਿਂ ਰਿਦੇ ਕਿਸੂ ਕੇ

[1]ਪ੍ਰੇਮ ਤੱਕਣੀ ਮਾਤ੍ਰ ਹੀ ਭੋਗ ਹੈ। [†]ਇਸ ਤੋਂ ਮੁਰਾਦ ਲੋਕਾਂ ਦੇ ਨੇਕ ਚਲਣ ਹੋਣ ਦੀ ਹੈ, ਕਿ ਬਿਭਚਾਰ ਬੀ ਨਹੀਂ ਹੈ ਤੇ ਲੋਕ ਗ੍ਰਿਸਹਤ ਜਤੀ ਹਨ। ਪਾ:-ਰੀਤ।
[†]ਪਾ:-ਪ੍ਰੀਤਾ।
[1]ਕਰਤਬ।

॥੫੪॥

ਦੋਹਰਾ:

ਪਰਮਾਣੂ[1] ਸਮ ਦੇਖਿ ਨਰ, ਅਫਰਤਿ ਹੈਂ[2] ਉਰ ਮਾਂਹਿ।

[1]ਨਿੱਕੇ ਤੋਂ ਨਿੱਕੇ ਕਿਣਕੇ। [2]ਆਕੜਦੇ ਹਨ।

ਓਛੇ[1] ਕਲਾ ਦਿਖਾਵਹੀਂ, ਜਰੀ ਜਾਤ ਘਟ[2] ਨਾਂਹਿ ॥੫੫॥

[1]ਹੋਛੇ। [2]ਹਿਰਦੇ ਵਿਚ।

ਚੌਪਈ:

ਕਲੀਕਾਲ ਮੈਂ ਇਹ ਸਮ ਰਾਜਾ[†]।

[†]ਲੋਕਾਂ ਦੇ ਧਰਮੀ ਹੋਣ ਦਾ ਅਰ ਦਾਨੀ ਹੋਣ ਦਾ ਤੇ ਜਗ੍ਯ ਜਗ੍ਯ ਜੱਗ ਹੋਣ ਦਾ ਕਾਰਨ ਏਥੇ ਖੁਹਲਿਆ ਹੈ ਕਿ ਰਾਜਾ ਧਰਮੀ ਹੈ ਤੇ ਉਸ ਨੇ ਇਹ ਸਾਰਾ ਪ੍ਰਬੰਧ ਕਰ ਰੱਖਿਆ ਹੈ।

ਦੂਸਰ ਔਰ ਨ ਕੋਊ ਸਾਜਾ।

{ਕਵਲਨੈਨ}

ਭੂਪ ਸਪਤਦਸ ਮਾਨਹਿਂ ਆਨਾ[1]।

[1]ਨ, ਹੁਕਮ।

ਧਰਮਵੰਤ ਗੁਨਵਾਨ ਮਹਾਨਾ' ॥੫੬॥

ਸੁਨਿ ਕਰਿ ਕਹਿਨ ਲਗਾ ਮਰਦਾਨਾ।

'ਇਹ ਠਾਂ ਰਹਹੁ ਕਰਹੁ ਗੁਜਰਾਨਾ।

ਥਾਨ ਬਿਲੋਕਹੁ ਵਡ ਰਮਣੀਕਾ।

ਬਨਜੋ ਬਨਾਯੋ ਭੋਜਨ ਨੀਕਾ' ॥੫੭॥

ਸ਼੍ਰੀ ਗੁਰੁ ਕਹੈਂ 'ਨ ਹਮ ਕਰ ਮਾਂਹੀ।

ਜਹਿਂ ਕਰਤਾਰ ਲਿਜਾਵਹਿ, ਜਾਂਹੀ[1]।'

[1]ਜਾਵਾਂਗੇ।

ਅਸ ਕਹਿ ਤੂਸ਼ਨ ਤੇ ਜਗਸਾਈਂ।

ਜਿਨ ਕੇ ਦਰਸ਼ਨ ਕਲੁਖ ਨਸਾਈਂ[1] ॥੫੮॥

[1]ਪਾਪ ਨੱਸ ਜਾਂਦੇ ਹਨ।

ਸਪਤ ਦਿਵਸ ਬੈਸੇ ਤਹਿਂ ਬੀਤੇ।

ਨਾਮ ਲਏ ਜਿਹ ਜਮ ਭੈ ਭੀਤੇ।

ਦੋਨੋ ਕਾਲ ਜਾਇ ਮਰਦਾਨਾ।

ਪੁਰਿ ਮਹਿਂ ਜਾਚਹਿ ਭੋਜਨ ਖਾਨਾ ॥੫੯॥

ਜਿਹ ਦੁਕਾਨ ਕੇ ਜਾਇ ਅਗਾਰੈ।

ਜਾਚੇ ਤੇ ਸੋ ਅਸਨ ਖੁਵਾਰੈ।

ਪੂਪ[1] ਪੂਰਿਕਾ[2] ਆਦਿ ਅਹਾਰਾ।

[1]ਪੂੜੇ। [2]ਪੂਰੀਆਂ।

ਖਾਇ ਖਾਇ ਹ੍ਵੈ ਹਰਖ ਅਪਾਰਾ

॥੬੦॥
ਧਰਮ ਸਿੰਘ ਮਿਲਿਓ ਇਕ ਦਿਨ ਤਬ।
ਬੂਝਤਿ ਭਾ 'ਸੰਗੀ ਜੋ ਤਵ ਬਿਬ[1]। [1]ਦੋਵੇਂ।
ਨਗਰ ਬਿਖੈ ਦੇਖੇ ਕਬਿ ਨਾਹੀ।
ਕਿਹ ਤੇ ਲੇ ਭੋਜਨ ਸੋ ਖਾਹੀਂ?'
॥੬੧॥
[1] 'ਹੈਂ ਸੰਤੋਖੀ ਸੋ ਨਹਿੰ ਆਵੈਂ। [1]ਮਰਦਾਨਾ ਬੋਲਿਆ।
ਭਾਉ ਸੰਗ ਲੇ ਜਾਇ ਤ ਖਾਵੈਂ।
ਯੌਂ ਨ ਖਾਇੰ ਰਹਿੰ ਪੌਨ ਅਹਾਰੀ।
ਬੈਠਿ ਰਹੈਂ ਸੋ ਬਾਗ਼ ਮਝਾਰੀ' ॥੬੨॥
ਸੁਨਿ ਕਰਿ ਧਰਮ ਸਿੰਘ ਚਿਤ ਠਾਨੇ।
-ਦੇਖੇ ਚਹਿਯੇ ਸੰਤ ਮਹਾਨੇ-।
ਪੰਜ ਸੇਰ ਬਰ ਭੋਜਨ ਲੀਨੋ।
ਗੁਰੁ ਮਿਲਨੇ ਹਿਤ ਆਵਨ ਕੀਨੋ
॥੬੩॥
ਜਹਿੰ ਬੈਸੇ ਬੇਦੀ ਕੁਲਦੀਪਾ।
ਚਲਿ ਕਰਿ ਪਹੁੰਚਯੋ ਜਬਹਿ ਸਮੀਪਾ।
ਦੂਸਰ ਸੰਗਿ ਹੁਤੋ ਮਰਦਾਨਾ।
ਬੰਦੇ ਪਦ ਹ੍ਵੈ ਦੀਨ ਮਹਾਨਾ ॥੬੪॥
ਰਾਖਯੋ ਭੋਜਨ ਗੁਰੂ ਅਗਾਰੀ।
'ਅਚਹੁ ਸੰਤ! ਲਿਹੁ ਭੇਟ ਹਮਾਰੀ।
ਰਾਵਰ ਕੀ ਮਹਿਮਾ ਸੁਨਿ ਆਵਾ।
ਮਹਾਂ ਮੋਹ ਬਨ ਕੋ[1] ਤੁਮ ਦਾਵਾ[2]' [1]ਬੜੇ ਮੋਹ ਰੂਪੀ ਜੰਗਲ ਨੂੰ। [2]ਤੁਸੀਂ ਬਨ ਅਗਨੀ ਹੋ।
॥੬੫॥
ਦੋਹਰਾ:
ਧਰਮ ਸਿੰਘ ਕੇ ਦੇਖਿ ਕਰਿ, ਬੋਲੇ ਕਰੁਨਾ ਭੌਨ।
'ਕਿਹ ਨੈ ਪਠਾ ਅਹਾਰ ਇਹੁ, ਕਹਹੁ ਅਹਹੁ[1] ਤੁਮ ਕੌਨ? ॥੬੬॥ [1]ਹੁੰਦੇ ਹੋ।
ਚੌਪਈ:
ਕੌਨ ਪ੍ਰਯੋਜਨ ਕੇ ਹਿਤ ਆਵਾ?

ਕਰਹੁ ਸਰਬ ਬਿਰਤਾਂਤ ਸੁਨਾਵਾ।'
ਹਾਥ ਬੰਦਿ ਤਿਨ ਬਚਨ ਬਖਾਨਾ।
'ਸੁਨਹੁ ਸੰਤ ਜੀ! ਤੁਮ ਗਤਿ ਦਾਨਾ ॥੬੭॥
ਸਪਤ ਦਿਵਸ ਬੀਤੇ ਤੁਮ ਆਏ।
ਨਗਰ ਬਿਖੈ ਨਿਜ ਚਰਨ ਨ ਪਾਏ।
ਲੇ ਕੀਨੋ ਨਹਿਂ ਖਾਨ ਅਹਾਰਾ।
ਬੈਸ ਰਹੇ ਉਦਿਆਨ ਮਝਾਰਾ ॥੬੮॥
ਸੁਨਿ ਰਾਵਰ ਕੀ ਸੁਧ ਇਸ ਰੀਤੀ।
ਮੈਂ ਆਨਜੋ ਭੋਜਨ ਯੁਤਿ ਪ੍ਰੀਤੀ[1]। [1]ਪ੍ਰੇਮ ਨਾਲ।
ਕਵਲਨੈਨ ਹੈ ਨਗਰ ਭੁਵਾਲਾ।
ਧਰਮਵਾਨ ਨਿਰਮਾਨ[1] ਬਿਸਾਲਾ ॥੬੯॥ [1]ਹੰਕਾਰ ਤੋਂ ਬਿਨਾ।
ਨਿਜ ਬਲ ਪਰ ਕੋ ਨਹੀਂ ਜਨਾਵੈ।
ਕਿਸੂ ਰੀਤਿ ਸੋਂ ਕਿਹ ਨ ਦੁਖਾਵੈ।
ਸਭਿ ਕੋ ਜਾਨਹਿ ਆਪ ਸਮਾਨਾ।
ਸਹਿਨਸ਼ੀਲ[1] ਜਨੁ ਕਰੁਨਾ ਖਾਨਾ ॥੭੦॥ [1]ਸਹਾਰੇ ਵਾਲੇ ਸੁਭਾਉ ਵਾਲਾ।

ਦੋਹਰਾ:
ਭੂਪ ਸਪਤਦਸ ਆਪ ਹੀ, ਮਾਨਹਿਂ ਇਸ ਕੀ ਆਨ।
ਨਹਿਂ ਕਿਸਹੂੰ ਸੋਂ ਕਬ ਕਹੈ, ਕਰਿ ਨਿਜ ਜੋਰ ਮਹਾਨ ॥੭੧॥

ਚੌਪਈ:
ਅਚਹੁ ਸੰਤ ਜੀ! ਅਸਨ ਪੁਨੀਤਾ।
ਸਰਬ ਸੁਨਾਈ ਮੈਂ ਨਿਜ ਰੀਤਾ।'
ਭਗਤ ਵਛਲ ਬੋਲੇ ਮੁਖ ਬਾਨੀ।
'ਅਨਬਨ ਬਿਧਿ ਹਮ ਨੈ ਪਹਿਚਾਨੀ ॥੭੨॥
ਨਹਿਂ ਭੋਜਨ ਹਮ ਇਹ ਠਾਂ ਖਾਵੈਂ।
ਭੂਪਤਿ ਮਹਿਂ ਇਕ ਦੋਖ ਲਖਾਵੈਂ।

ਜਹਾਂ ਨ ਦੋਖ ਹੋਤਿ ਹੈ ਕੋਈ।
ਤਹਾਂ ਅਹਾਰ ਪੁਨੀਤੰ ਹੋਈ' ॥੨੩॥
ਧਰਮ ਸਿੰਘ ਸੁਨਿ ਬੈਨ ਉਚਾਰਾ।
'ਹੈ ਨਿਰਦੋਖ ਭੁਵਾਲ ਹਮਾਰਾ।
ਕੌਨ ਦੋਖ ਤਿਸ ਮਹਿਂ ਤੁਮ ਪਾਵਉ।
ਨਿਜ ਆਨਨ ਤੇ ਹਮਹਿਂ ਬਤਾਵਉ'
॥੨੪॥
ਸ਼੍ਰੀ ਗੁਰੁ ਭਨੈਂ 'ਦੋਖ ਜਿਸ ਮਾਂਹੀ।
ਸੋ ਜਾਨਤਿ, ਨਹਿਂ ਅਪਰ ਲਖਾਹੀ।
ਪਰ ਮਨ ਕੀ, ਕੋ ਜਾਨਹਿ ਗਾਥਾ?'
ਯੌਂ ਕਹਿ ਤੂਸ਼ਨ ਭੇ ਜਗਨਾਥਾ ॥੨੫॥
ਦੋਹਰਾ:
ਪਦ ਬੰਦਨ ਕਰਿ ਪੁਨ ਗਯੋ, ਧਰਮ
ਸਿੰਘ ਨ੍ਰਿਪ ਪਾਸ।
'ਤ੍ਰੈ ਅਤੀਤ ਆਏ ਇਹਾਂ, ਸੁਨਹੁ ਸ਼੍ਰੋਨ
ਅਰਦਾਸ ॥੨੬॥
ਚੌਪਈ:
ਏਕ ਨਗਰ ਮਹਿਂ ਖਾਇ ਅਹਾਰਾ।
ਦ੍ਵੈ ਬੈਠੇ ਉਦਿਆਨ ਮਝਾਰਾ।
ਸਪਤ ਦਿਵਸ ਭੇ ਅਸਨ ਨ ਕੀਨੋ।
ਮੈਂ ਲੇ ਗਯੋ ਤਦਪਿ ਨਹਿਂ ਲੀਨੋ
॥੨੭॥
ਕਹਤਿ -ਭੂਪ ਮਹਿਂ ਦੋਖ ਲਖਾਵੈਂ।
ਇਹਠਾਂ ਹਮ ਨਹਿਂ ਭੋਜਨ ਖਾਵੈਂ-।
ਮੈਂ ਬੂਝੇ ਸੋ ਨਹੀਂ ਬਖਾਨੈਂ।
ਕਹੈਂ -ਕਿ ਨ੍ਰਿਪਤਿ ਰਿਦੈ ਸਭਿ ਜਾਨੈ-'
॥੨੮॥
ਕਵਲਨੈਨ ਸੁਨਿ ਕਰਿ ਇਹ ਬਾਤੀ।
ਹੈ ਬਿਸਮਾਦ ਗੁਣਤਿ[1] ਬਹੁ ਭਾਂਤੀ।
'ਚਲਹੁ ਸੰਤ ਦੇਖੌਂ ਮੈਂ ਕੈਸੇ।
ਸਪਤ ਦਿਵਸ ਕੇ ਬਾਹਰ ਬੈਸੇ'

[1]ਸੋਚਦਾ ਹੈ।

॥੭੯॥
ਅਸ ਕਹਿ ਧਰਮ ਸਿੰਘ ਕੇ ਸੰਗਾ।
ਗਮਨਜੋ ਉਰ ਮਹਿਂ ਦਰਸ ਉਮੰਗਾ।
ਉੱਤਮ ਵਸਤੁ ਭੇਟ ਲੇ ਹਾਥਾ।
ਯੋਧਾ[1] ਸਚਿਵ[2] ਬਹੁਤ ਜਿਹ ਸਾਥਾ ॥੮੦॥ [1]ਬਹੁਤੇ ਸਿਪਾਹੀ। [2]ਮੰਤ੍ਰੀ।

ਦੋਹਰਾ:
ਬੰਦਨ ਕਰਿ ਬੈਠਜੋ ਨਿਕਟਿ, ਰਾਜ ਮਾਨ ਜਿਹ ਨਾਂਹਿ।
'ਕੌਨ ਦੋਖ ਮਮ ਸੰਤ ਜੀ!' ਗੁਰੁ ਕਹੈਂ ਪੁਨ ਤਾਂਹਿ ॥੮੧॥

ਚੌਪਈ:
'ਭੋ ਨ੍ਰਿਪ! ਤੁਮ ਜਾਨਤਿ ਮਨ ਐਸੇ।
ਜੇ ਮਾਨਵ ਸਭਿ ਹਮਰੇ ਜੈਸੇ।
ਤੌ ਕਜੋਂ ਅਪਨ ਮਨਾਵਹਿਂ ਆਨਾ।
ਮਿਟਾ ਨ ਤੁਮਰੇ ਮਨ ਤੇ ਮਾਨਾ ॥੮੨॥
ਵਡੋ ਕਠਨ ਹੈ ਤਜਿਨ ਹੰਕਾਰਾ।
ਜਿਸ ਨੈ ਗ੍ਰਸ ਲੀਨੋ ਜਗ ਸਾਰਾ।
ਜਨਮ ਮਰਨ ਬੰਧਨ ਕੋ ਦਾਤਾ।
ਇਸਹਿ ਜੀਤਨੋ ਜਿਹ ਨਰ ਜਾਤਾ ॥੮੩॥
ਸੋ ਸੂਰਾ ਜਗ ਮਹਿਂ ਪਰਧਾਨਾ।
ਕਰਹਿ ਬਿਜੈ ਪੁਨ ਮੋਹ ਮਹਾਨਾ।'
ਭੂਪ ਕਹੈ 'ਮੈਂ ਕਹੋਂ ਨ ਕੋਈ[1]। [1]ਕਿਸੇ ਨੂੰ ਨਹੀਂ ਕਹਿੰਦਾ।
ਆਪਹਿ ਆਨ ਮਾਨਿ ਹੈਂ ਸੋਈ ॥੮੪॥
ਤਦਪਿ ਜਿ ਮੁਝ ਮਹਿਂ ਲਖਹੁ ਹੰਕਾਰਾ।
ਕਰਹੁ ਸੰਤ ਜੀ! ਆਪ ਬਦਾਰਾ[1]।' [1]ਦੂਰ।
ਗੁਰੁ ਕਹਿਂ 'ਕਿਯੋ ਹਾਨ[1] ਜੇ ਮਾਨਾ[2]। [1]ਨਾਸ਼। [2]ਹੰਕਾਰ।
ਸੁਧਰਸੈਨ ਕੀ ਮਾਨਹੁ ਆਨਾ ॥੮੫॥
ਤੌ ਹਮ ਜਾਨਹਿਂਗੇ ਨਿਰਦੋਖੂ।

ਮਨਹਿ ਜਿ ਬਚ[1] ਹ੍ਵੈਂ ਜੀਵਨ ਮੋਖੁ[2]। — [1]ਜੇ ਤੂੰ ਬਚਨ ਮੰਨ ਲਵੇਂ ਤਾਂ। [2]ਜੀਵਨ ਮੁਕਤ।
-ਰਾਜਨ ਰਾਜ ਸਪਤਦਸ ਕੇਰੋ[1]-। — [1]ਸਤਾਰਾਂ (ਰਾਜਿਆਂ) ਦਾ ਮੈਂ ਮਹਾਰਾਜਾ ਹਾਂ।
ਇਹ ਹੰਤਾ ਹਤਿ ਕਰਹੁ ਨਿਬੇਰੋ[1]' ॥੯੬॥ — [1]ਇਸ ਹੰਕਾਰ ਨੂੰ ਮਾਰਕੇ ਮੁਕਾ ਦਿਓ।

ਦੋਹਰਾ:

ਹਰਖਤਿ ਭਾ ਦਰਸ਼ਨ ਪਰਸ, ਸੁਨਤਿ ਨਰੇਸ਼ ਅਲਾਇ।
'ਸੁਧਰਸੈਨ ਕੇ ਸ੍ਵਾਨ[1] ਜੋ, ਕਹਉ ਪਰੌਂ ਤਿਨ ਪਾਇ' ॥੯੭॥ — [1]ਕੁੱਤੇ।

ਚੌਪਈ:

ਪਰਮ ਪ੍ਰਸੀਦੇ[1] ਪੰਕਜ ਨੈਨਾ। — [1]ਪ੍ਰਸੰਨ ਹੋਏ।
'ਧੰਨ ਧੰਨ ਨ੍ਰਿਪ' ਉਚਰਤਿ ਬੈਨਾ।
'ਜਨਕ ਸਮਾਨ ਤੋਰ ਵਡਿਆਈ।
ਤਿਸਕੀ ਸੇਵਾ ਸੇਵਤਿ ਪਾਈ[1]' ॥੯੮॥ — [1]ਸੇਵਾ ਸੇਂਵਦਿਆਂ (ਵਡਯਾਈ) ਪਾਈ।
ਅਸ ਪ੍ਰਕਾਰ ਜਬ ਸੁਨਯੋ ਰਜਾਨਾ।
ਕਰਿ ਸੰਸੈ ਯੌਂ ਬਚਨ ਬਖਾਨਾ।
'ਪੁਰਬਲੇ ਭਵ ਕੀ[1] ਸੁਧ ਜਾਨਹੁ। — [1]ਜਨਮ ਦੀ।
ਤੌ ਸਗਰੋ ਪਰਸੰਗ ਬਖਾਨਹੁ ॥੯੯॥
ਕਿਸ ਪ੍ਰਕਾਰ ਮੈਂ ਸੇਵਾ ਕੀਨੀ।
ਕਿਹ ਬਿਧਿ ਜਨਕ ਬਿਭੂਤਹਿ ਦੀਨੀ[1]। — [1]ਮੈਨੂੰ ਐਸ਼੍ਵਰਜ ਦਿੱਤਾ ਜਨਕ ਨੇ
ਤੁਮ ਜੋ ਪੂਰਨ ਸੰਤ ਕ੍ਰਿਪਾਲਾ।
ਮਿਲੇ ਜਿ ਮੋ ਕੋ ਭਾਗ ਬਿਸਾਲਾ' ॥੯੦॥
ਸੁਨਿ ਕਰਿ ਬੋਲੇ ਸ਼੍ਰੀ ਜਗਤੇਸ਼ਾ।
'ਹੁਤੇ[1] ਕਾਲ[2] ਜਿਹ ਜਨਕ ਨਰੇਸ਼ਾ। — [1]ਸੀ। [2]ਸਮਾਂ।
ਸਫਾਚੰਦ ਤਬ ਨਾਮ ਤੁਮਾਰਾ।
ਕਰਹਿ ਨ੍ਰਿਪਤਿ ਕੀ ਸੇਵ ਅਪਾਰਾ ॥੯੧॥
ਏਕ ਦਿਵਸ ਨ੍ਰਿਪ ਗਿਰਾ ਬਖਾਨੀ।
-ਹਿਮ ਗਿਰ ਤਟ ਤੇ[1] ਆਨਹੁ ਪਾਨੀ। — [1]ਕਿਨਾਰੇ ਤੋਂ।

ਤਹਿਂ ਸੀਤਲ ਹੈ ਤੂਰਨ ਜਾਵਹੁ।
ਲਗੀ ਪਿਪਾਸ ਨ ਬਿਲਮ ਲਗਾਵਹੁ- ॥੯੨॥
ਸੁਨਿ ਆਇਸ ਕੋ ਕੀਨ ਪਯਾਨਾ[1]। [1](ਤੂੰ) ਗਿਓਂ।
ਮਗ ਮਹਿਂ ਇਹ ਸੰਕਲਪ ਉਠਾਨਾ।
-ਹੌਂ ਜਿ ਹੁਤੋ ਕਿਤ ਦੇਸ਼ ਨਰੇਸ਼ਾ।
ਅਸ ਪ੍ਰਕਾਰ ਕੀ ਕਰਤਿ ਨਿਦੇਸ਼ਾ[1] ॥੯੩॥ [1]ਆਗਜਾ।
ਸੁਖ ਬਿਲਾਸ ਨਿਸ ਬਾਸੁਰ ਜਾਸੁ।
ਚਹਿਤਿ ਜੁ ਰਿਦੇ ਮੰਗਾਵਤਿ ਤਾਸੁ-।
ਯੌਂ ਸੰਕਲਪ ਕਰਤਿ ਮਨ ਮਾਂਹੀ।
ਆਨਜੋ ਨੀਰ ਜਨਕ ਨ੍ਰਿਪ ਜਾਹੀਂ ॥੯੪॥
ਕਿਯੋ ਪਾਨ[1] ਜਲ ਉਰ ਹਰਖਾਯੋ। [1]ਪੀਣਾ ਕੀਤਾ।
ਤੁਝ ਸੋਂ ਭੂਪਤਿ ਬਚਨ ਅਲਾਯੋ।
-ਮਾਂਗ ਲੇਹੁ ਅਭਿਲਾਖ ਜੁ ਤੇਰੀ।
ਦੇਉਂ ਪਦਾਰਥ ਤਨਕ ਨ ਦੇਰੀ- ॥੯੫॥
ਸੁਨ ਤੈਂ ਕਹਾ -ਨ ਮੋ ਕੋ ਚਾਹੂ।
ਕਜਾ ਮਾਂਗੋ ਨ੍ਰਿਪ ਜੀ! ਤੁਮ ਪਾਹੂ-!
ਨਟਤਿ ਭਯੋ[1] ਨਹਿਂ ਸਾਚ ਬਖਾਨਾ। [1]ਟਾਲ ਮਟੋਲਾ ਕਰ ਗਿਆ।
ਹ੍ਵੈ ਹਦੂਰ ਆਨਨ ਸ਼ਰਮਾਨਾ ॥੯੬॥
ਅੰਤਰਜਾਮੀ ਜਨਕ ਨਰੇਸ਼ਾ।
ਸਭਿ ਜਾਨੀ ਚਿਤਵਜੋ ਹੈ ਜੈਸਾ।
ਤੁਝ ਸੋਂ ਐਸੇ ਬਚਨ ਉਬਾਚਾ।
-ਤੈਂ ਤੋ ਕੀਨਿ ਪ੍ਰਿਥਮ ਹੀ ਜਾਚਾ ॥੯੭॥
ਦੋਹਰਾ:
ਮਗ ਮਹਿਂ ਜਬ ਸੰਕਲਪ ਭਾ, ਤਬ ਹੀ ਜਾਚਨ ਕੀਨਿ।
ਹਮਤੇ ਹੋਇਂ ਬਿਸਾਲ[1] ਨ੍ਰਿਪ -ਅਸ [1]ਚੰਗਾ (ਅ) ਬੜਾ।

ਪ੍ਰਕਾਰ ਬਰ ਦੀਨ ॥੯੮॥

ਚੌਪਈ:

ਸੁਨਿ ਕਰਿ ਤੈਂ ਬੰਦੇ ਦ੍ਵੈ ਹਾਥਾ।
ਕਹ੍ਯੋ ਬਚਨ ਭੂਪਤਿ ਕੇ ਸਾਥਾ।
-ਆਤਮ ਗ੍ਯਾਨ ਹੇਤੁ ਮੈਂ ਸੇਵੇ।
ਤਿਹ ਤੇ ਰਹ੍ਯੋ ਨ ਪਾਯੋ ਭੇਵੇ[1]- ॥੯੯॥

[1]ਉਸ (ਆਤਮ ਗ੍ਯਾਨ) ਤੋਂ (ਖਾਲੀ) ਰਹਿ ਗਿਆ, (ਉਸ ਦੇ ਭੇਦ) ਨਾ ਮਿਲਿਆ।

ਜਨਕ ਕਹ੍ਯੋ ਕਲਿ ਕਾਲ ਮਝਾਰੀ।
ਪੂਰਨ ਗੁਰੂ ਮਿਲਹਿਂ ਇਕ ਬਾਰੀ।
ਤਿਹ ਤੇ ਪਾਵਹਿਂ ਆਤਮ ਗ੍ਯਾਨਾ।
ਕਰੈਂ ਜਗਤ ਕੇ ਬੰਧਨ ਹਾਨਾ-' ॥੧੦੦॥

ਕਵਲਨੈਨ ਪੂਰਬ[1] ਪਰਸੰਗਾ।
ਸੁਨਿ ਕਰਿ ਹਿਰਦੇ ਭੂਰ ਉਮੰਗਾ।

[1]ਪਹਿਲਾਂ ਦਾ।

{ਕਵਲਨੈਨ ਪੂਰਬਲਾ ਪ੍ਰਸੰਗ}

ਜਿਵੇਂ ਜਨਕ ਰਾਜਾ ਦੇ ਸ੍ਰਾਪੇ ਆਦਮੀ ਤਾਰੇ ਦਿਖਾਏ ਹਨ, ਤਿਵੇਂ ਇਹ ਰਾਜਾ ਜਨਕ ਤੋਂ ਵਰ ਪ੍ਰਾਪਤ ਸੀ, ਇਸ ਨੂੰ ਜੋ ਰਾਜ ਇੱਛਾ ਫੁਰੀ ਸੀ ਉਸ ਦੀ ਅੰਸ਼ ਅੰਦਰੋਂ ਕੱਢਕੇ ਜੀਵਨ ਮੁਕਤਿ ਕਰਨੇ ਲਈ ਗੁਰੂ ਜੀ ਉਸ ਨੂੰ ਮਿਲੇ ਤੇ ਗੁਰੂ ਅੰਤਰਯਾਮੀ ਜੇ ਉਸ ਨੂੰ ਉਸ ਦਾ ਪੂਰਬਲਾ ਹਾਲ ਨਾ ਦੱਸਦੇ ਤਾਂ ਉਸ ਧਰਮੀ ਪੁਰਖ ਨੂੰ ਨਿਸ਼ਚਾ ਨਹੀਂ ਸੀ ਆ ਸੱਕਣਾ। ਸੋ ਆਪ ਨੇ ਤ੍ਰਿਕਾਲੱਗ੍ਯ ਹੋਣ ਕਰਕੇ ਉਸ ਦਾ ਪੂਰਬਲਾ ਹਾਲ ਦੱਸ ਦਿੱਤਾ।

ਪੱਛਮੀ ਵਿਦ੍ਯਾ ਦੇ ਗ੍ਯਾਨੀਆਂ ਨੂੰ ਜੇ ਸਾਇੰਸ ਦੇ ਨਾਮ ਤੇ ਸਤਿਗੁਰ ਦੇ ਤ੍ਰਿਕਾਲੱਗ੍ਯ ਹੋਣ ਤੇ ਸੰਸਾ ਫੁਰੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਹੁਣ ਦੀ ਵਿੱਦ੍ਯਾ ਪੜਤਾਲਨੀ ਚਾਹੀਦੀ ਹੈ, ਜੋ ਦੂਸਰੇ ਦੇ ਖ੍ਯਾਲ ਵਾਚ ਲੈਣਾ ਸਿੱਧ ਕਰ ਰਹੀ ਹੈ, (Telepathy) ਟੈਲੀਪੈਥੀ ਤੇ ਇਸ ਤੋਂ ਅਗੇ ਆਇਨਸਟੈਨ ਦੀ ਨਵੀਂ ਕਾਢ ਮੁਤਾਲਜ਼ਾ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਮੈਥੇਮੈਟਿਕਸ (Mathematics) ਗਣਤ ਵਿਦ੍ਯਾ ਨਾਲ ਸਿੱਧ ਕਰ ਦਿੱਤਾ ਹੈ ਕਿ ਸਮਾਂ-ਸਮੇਂ ਦੇ ਤ੍ਰੈ ਭਾਗ-ਭੂਤ, ਭਵਿਖਤ ਤੇ ਵਰਤਾਨ ਦੇਸ਼ ਦੀ ਚੌਥੀ ਲਾਂਭ ਹੈ। ਸਾਡੀ ਸਮਝ ਦੇਸ਼ (space) ਦੇ ਤ੍ਰੈ ਪਹਿਲੂਆਂ ਦੀ ਜਾਣੂ ਹੈ, ਇਸ ਕਰਕੇ ਸਮੇਂ ਨੂੰ ਜੋ ਅਸਲ ਵਿਚ ਚੌਥੀ ਲਾਂਭ ਦੇਸ਼ (space) ਦੀ ਹੈ, ਤ੍ਰੈ ਟੁਕੜਿਆਂ ਵਿਚ ਤੱਕਦੀ ਹੈ। ਜੋ ਸਾਈਂ ਲੋਕ ਇਕਾਗ੍ਰ ਚਿੱਤ ਹੋਕੇ (space) ਦੇਸ਼ ਦੀ ਚੌਥੀ ਲਾਂਭ ਵਿਚ ਗੰਮਤਾ ਪਾ ਲੈਂਦੇ ਹਨ ਉਹਨਾਂ ਦੇ ਅੱਗੇ ਤ੍ਰੈਏ ਕਾਲ ਇਕ ਚਾਦਰ ਵਾਂਙ ਖੁਲ੍ਹ ਪੈਂਦੇ ਹਨ।

ਸ੍ਰੀ ਗੁਰੂ ਜੀ ਨਾ ਕੇਵਲ ਦੇਸ਼ ਦੀ ਚੌਥੀ ਲਾਂਭ ਵਿਚ ਉਠ ਸੱਕਣ ਦੀ ਇਕਾਗ੍ਰਤਾ ਰਖਦੇ ਸਨ, ਸਗੋਂ ਉਹ ਤਾਂ ਅਨੰਤ ਵਿਚ ਮਗਨ ਰਹਿਣ ਵਾਲੇ ਸੇ, ਉਹਨਾਂ ਅਗੇ ਐਸੇ ਕ੍ਰਿਸ਼ਮੇ ਕੁਛ ਗੱਲ ਨਹੀਂ ਸਨ।

ਪਰ੍ਯੋ ਜਾਇ ਪਗ ਹ੍ਵੈ ਕਰਿ ਦੀਨਾ।
ਬਿਨੈ ਕਰੀ ਬਹੁ ਭਾਂਤਿ ਪ੍ਰਬੀਨਾ ॥੧੦॥

'ਤੁਮ ਤੇ ਅਪਰ ਮਿਲੈ ਕੋ ਪੂਰਾ।

ਜਿਨ ਕੇ ਦਰਸ਼ਨ ਭਾ ਦੁਖ ਦੂਰਾ।
ਚਲਹੁ ਨਗਰ ਮਹਿਂ ਕਰਹੁ ਪਵਿੱਤ੍ਰਾ।
ਬੈਠਹੁ ਮੰਦਰ ਬਿਖੈ ਬਚਿੱਤ੍ਰਾ'
॥੧੦੨॥
ਅਨਿਕ ਭਾਂਤਿ ਕੀ ਉਸਤਿਤ ਕਰਿ ਕੈ।
ਆਨੇ ਨਗਰ ਭਾਉ ਉਰ ਧਰਿ ਕੈ।
ਜਹਿਂ ਕੰਚਨ ਕੋ ਮੰਦਿਰ ਸੋਹਤਿ।
ਮੁਕਤਾ[1] ਕੀ ਝਾਲਰ ਮਨਮੋਹਤਿ [1]ਮੋਤੀਆਂ।
॥੧੦੩॥
ਬੀਚ ਰੁਚਿਰ ਪਰਯੰਕ ਡਸਾਵਾ।
ਤਾਂ ਪਰ ਸ਼੍ਰੀ ਗੁਰੁ ਕੋ ਬੈਸਾਵਾ।
ਨਾਨਾ ਭਾਂਤਿਨ ਸੇਵਾ ਠਾਨੀ।
ਨਿਜ ਕਰ ਸੋਂ ਨ੍ਰਿਪ ਕਰਹਿ ਸੁਹਾਨੀ[1] [1]ਸੁਹਣੀ (ਸੇਵਾ) ਕਰੇ।
॥੧੦੪॥
ਤਹਿਂ ਚਿਰਕਾਲ ਬਸੇ ਜਗਤੇਸ਼ਾ।
ਆਤਮ ਗਜਾਨ ਨ੍ਰਿਪਹਿ ਉਪਦੇਸ਼ਾ।
ਸਰਬ ਰੂਪ ਮਹਿਂ ਏਕ ਲਖਾਯਾ।
ਮਨ ਤੇ ਦੁਤੀਆ ਭਾਉ ਉਠਾਯਾ[†] [†]ਪਾ:-ਉਰ ਤੇ ਦੁਤੀਆ ਭਾਉ ਮਿਟਾਯਾ।
॥੧੦੫॥
ਗ੍ਰੰਥ ਬਢਨ ਤੇ ਕੀਨ ਸਮਾਸਾ[1]। [1]ਸੰਖੇਪ।
ਵਡੋ ਪ੍ਰਸੰਗ ਸੁ ਥੋਰ ਪ੍ਰਕਾਸ਼ਾ।
ਧਰਮਸਾਲ ਸੁੰਦਰ ਬਨਿਵਾਈ।
ਕੀਰਤਿ ਹੋਵਨ ਲਗੀ ਸੁਹਾਈ[1] [1]ਸ਼ੋਭਾ ਵਾਲੀ।
॥੧੦੬॥
ਭਗਤਿ ਪ੍ਰਕਾਸ਼ ਕਰੀ ਪੁਰਿ ਮਾਂਹੀ।
ਸਿਮਰਨ ਲਗੇ ਨਾਮ ਦੁਖਦਾਹੀ।
ਸ਼੍ਰੀ ਨਾਨਕ ਕੀ ਸੇਵਾ ਕਰਿਹੀਂ।
ਮੋਹ ਮਾਨ ਮਨ ਤੇ ਪਰਹਰਿਹੀਂ[1] [1]ਦੂਰ ਕਰਦੇ ਹਨ।
॥੧੦੭॥
ਗਮਨੰ[†] ਤਜਾਰ ਭਏ ਗੁਨ ਐਨਾ। [†]ਪਾ:-ਗਮਨਤ, ਗਮਨਹਿ।
ਤਬ ਬੋਲਜੋ ਬਚ ਪੰਕਜਨੈਨਾ[1]। [1]ਕਵਲਨੈਨ (ਰਾਜਾ)।

'ਮੈਂ ਤੋ ਗਮਨੋਂ ਸੰਗ ਤੁਮਾਰੇ।
ਦੇਹੁ ਰਾਜ ਪਰ ਅਪਰ ਬਿਸਾਰੇ[1]' ॥੧੦੮॥

ਸ੍ਰੀ ਗੁਰ ਬੋਲੇ 'ਸੁਨਹੁ ਭੁਵਾਲਾ!
ਰਾਜ ਜੋਗ ਤੁਮ ਕਰੋ ਬਿਸਾਲਾ।
ਠਾਨਹੁ ਸਦਾ ਧਯਾਨ ਮਨ ਮਾਂਹੀ।
ਮੈਂ ਹੋਂ ਨਿਕਟ ਦੂਰ ਕਤ ਨਾਂਹੀ' ॥੧੦੯॥

ਬਹੁ ਪ੍ਰਕਾਰ ਕਰਿ ਧੀਰਜ ਦੀਨੀ।
ਚਲਿਨੇ ਹੇਤ ਤਯਾਰੀ ਕੀਨੀ।
ਤਬ ਨ੍ਰਿਪ ਪਰਮ ਪ੍ਰੇਮ ਮੈਂ ਭੀਨਾ।
ਜਯੋਂ ਜਲ ਹੀਨ[1] ਖੀਨ ਹ੍ਵੈ ਮੀਨਾ[2] ॥੧੧੦॥

ਕਰਿ ਨਰੇਸ਼ ਪਰ ਖੁਸ਼ੀ ਅਪਾਰਾ।
ਆਗੈ ਗਮਨੇ ਮੋਖ ਦੁਆਰਾ।
ਮਰਦਾਨੇ ਬਹੁ ਖਾਇ ਅਹਾਰਾ।
ਭਯੋ ਪੁਸ਼ਟ[1] ਹੋਯੋ ਤਨ ਭਾਰਾ ॥੧੧੧॥

ਦੋਹਰਾ:
ਚਲਯੋ ਸੰਗਿ ਸੁਖ ਪਾਇ ਕੈ, ਮਹਿਮਾ ਲਖੀ ਅਗਾਧਿ[1]।
ਕਰਯੋ ਧਯਾਇ ਪੂਰਨ ਅਬੈ, ਕਵਿ ਸ੍ਰੀ ਗੁਰੂ ਅਰਾਧਿ ॥੧੧੨॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਮਲਨੈਨ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ ॥੫੬॥

[1]ਕਿਸੇ ਹੋਰ ਨੂੰ ਬੈਠਾ ਦਿਓ।

[1]ਬਿਨਾ। [2]ਮੱਛੀ ਮਰ ਜਾਂਦੀ ਹੈ।

[1]ਤਕੜਾ।

[1]ਬਿਅੰਤ।

## ੫੭. [ਗੁਰਚਰਣ ਮੰਗਲ। ਮੱਕੇ ਜਾਣਾ]

ਪ੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>ਪ੮

{੧੮ ਟਾਪੂਆਂ ਦੇ ਰਾਜੇ} ॥੬..॥
{ਤੁਸੀਂ ਕੌਣ ਹੋ? ਦਾ ਉਤਰ} ॥੨੮..॥
{ਬਹਾਵਲਦੀਨ} ॥੩੧॥
{ਤਿੰਨ ਪ੍ਰਕਾਰ ਦਾ ਪੜ੍ਹਨਾ} ॥੩੩..॥

ਦੋਹਰਾ:

ਸ਼੍ਰੀ ਗੁਰ ਚਰਨ ਤਰੋਵਰੰ, ਸੀਤਲ ਸੁੰਦਰ ਛਾਇ।
[ਤਰੋਵਰੰ=ਕਲਪ ਬ੍ਰਿੱਛ। [ਸੰਸ. ਤਰੁਵਰੁ:]
ਮ੍ਰਿਗ ਮਨ ਬਿਸ਼ਯਾਤਪ ਤਪਯੋ ਹੈ, ਸੁਖਿ ਤਹਾਂ ਟਿਕਾਇ ॥੧॥
[ਬਿਸ਼ਯਾਤਪ=ਬਿਖਯਆਤਪ। [ਸੰਸ. ਵਿਕ੍ਸ਼ਯ=ਵਿਸ਼ੇ] ਆਤਪ=ਧੁੱਪ।ਵਿਸ਼ਯਾਂ ਦੀ ਧੁੱਪ]

ਅਰਥ:

ਸ਼੍ਰੀ ਗੁਰੂ ਜੀ ਦੇ ਚਰਨ ਕਲਪ ਬ੍ਰਿੱਛ (ਸਮਾਨ) ਹਨ, (ਜਿਸ ਦੀ) ਛਾਯਾ ਠੰਢੀ ਤੇ ਸੁਹਣੀ ਹੈ, ਵਿਸ਼ਯ (ਰੁਪੀ) ਧੁੱਪ (ਨਾਲ) ਤਪਿਆ ਹੋਯਾ ਮ੍ਰਿਗ (ਰੁਪੀ) ਮਨ (ਜੇ ਉਥੇ ਇਸਦੀ ਛਾਵੇਂ) ਟਿਕ ਜਾਵੇ ਤਾਂ ਸੁਖੀ ਹੋ ਜਾਂਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਹੁ ਗੁਰੂ ਅੰਗਦ ਜੀ ਕਥਾ।
ਭਈ ਜਥਾ ਉਚਰੋਂ ਪੁਨ ਤਥਾ।
ਕਵਲਨੈਨ ਕੋ ਦੀਨੋ ਗਜਾਨਾ।
ਆਤਮ ਅੰਤਰ ਵਹਿਰ ਦਿਖਾਨਾ ॥੨॥
ਜਯੋਂ ਅਕਾਸ਼ ਪੂਰਨ ਸਭਿ ਥਾਈਂ।
ਅਸ ਦਿਖਾਇ ਕਰਿ ਚਲੇ ਗੁਸਾਈਂ।
ਮੰਦ ਮੰਦ ਮਗ ਸੁੰਦਰ ਚਾਲੀ।
ਚਲੇ ਜਾਤਿ ਗਤਿ ਦੇਂ ਜੁ ਸੁਖਾਲੀ[1] [1]ਸੁਖੱਲੀ ਮੁਕਤੀ ਦੇਣ ਹਾਰੇ।
॥੩॥
ਪੰਥ[1] ਬਿਖੈ ਬੋਲਯੋ ਮਰਦਾਨਾ। [1]ਰਾਹ।
'ਇਹ ਥੋ ਰਾਜਨ ਰਾਜ ਮਹਾਨਾ।
ਜਾਂਹਿ ਪਾਸ ਐਸ਼੍ਵਰਜ ਬਿਸਾਲਾ।
ਮਾਨਹਿਂ ਆਨ ਸਰਬ ਭੁਪਾਲਾ ॥੪॥
ਅਹੇ ਅਠਾਰਹਿਂ ਟਾਪੂ ਜੇਤੇ।
ਤਿਨ ਮਹਿਂ ਰਾਜ ਕਰਹਿਂ ਨ੍ਰਿਪ ਤੇਤੇ।
ਸਭਿਹਿਨਿ ਕੇ ਮੁਝ ਨਾਮ ਸੁਨਾਵੋ।

ਦੇਸ਼ ਅਪਰ ਚਲਿ ਬਹੁਰ ਦਿਖਾਵੋ'
॥੫॥
ਸੁਨਿ ਕਰਿ ਬੋਲੇ ਦੀਨ ਦਯਾਲਾ।
'ਪ੍ਰਿਥਮ ਹੁਤੋ -ਚਖਕੌਲ[1]- ਬਿਸਾਲਾ[2]। [1]ਕਵਲਨੈਨ। [2]ਵਡਾ।
ਸੁਧਰਸੈਨ ਅਬ ਸਭਿ ਸਿਰਮੌਰਾ[1]। [1]ਸ਼ਿਰੋਮਣੀ।
ਥਾਪ ਦੀਨ ਹਮ ਨੈ ਇਹ ਠੌਰਾ ॥੬॥
ਸੁਨਹੁ ਅਠਾਰਹ ਨਾਮ ਉਜਾਗਰ[1]। [1]ਪ੍ਰਸਿੱਧ।
{੧੮ ਟਾਪੂਆਂ ਦੇ ਰਾਜੇ}
(੧) ਸੁਧਰਸੈਨ, (੨) ਅਟਕਾ, (੩) ਸੁਖਸਾਗਰ।
(੪) ਮਧੁਰ ਬੈਨ, ਪੁਨ (੫) ਸਾਗਰ ਸੈਨਾ।
(੬) ਨੈਨ ਜੋਤ, ਜਾਨਹੁ (੭) ਸੁਖਚੈਨਾ
॥੭॥
(੮) ਮਗਨਰਾਇ, (੯) ਅਸਰਾ, (੧੦) ਪਨਾਹ ਪੁਨ।
(੧੧) ਸੁੱਧ, (੧੨) ਬਿਬੇਕੁ, (੧੩) ਤੁਰਤਰੰਗ ਸੁਨ।
(੧੪) ਬਾਲ ਸਿੰਘ, (੧੫) ਸੰਭਾਲਕ ਬਹੁਦੁਖ[1]। [1]ਬਹੁਦੁਖ ਬਹੁਦਕਿਸ਼ਣ ਸਖ਼ੀ, ਦਾਤਾ। (ਅ) ਵਿਦੂਸ਼ਕ ਸਿਆਣਾ।
(੧੬) ਲਾਲ ਐਨ, ਪੁਨ (੧੭) ਰਾਇ ਐਨ ਲਖਿ ॥੮॥
(੧੮) ਕੌਲ ਨੈਨ[†] ਤੇ ਆਦਿ ਅਠਾਰਾਂ।

[†]ਭਾਈ ਬਾਲੇ ਦੀ ਕਹੀ ਜਾ ਰਹੀ ਜਨਮਸਾਖੀ ਵਿੱਚ ੧੮ ਨਾਮ ਦਿੱਤੇ ਏਹ ਹਨ:-ਕਵਲ ਨੈਨ, ਮਧੁਰ ਬੈਨ, ਸੁਧਰਸੈਨ, ਸੁਖਚੈਨ, ਅਸਨਾਹਾ, ਸਗਰ ਸੈਨ, ਬੀਰ ਬੈਨ, ਲਾਲ ਨੈਨ, ਰਾਇ ਐਨ, ਸੁਖ ਸਾਗਰ, ਨਾਗ ਪਰਸਰਾਮ, ਅਟਾਕ ਘਟਕਾ, ਸੁਧ ਸਮਾਲਕਾ, ਬੁਧ ਬਿਬੇਕ ਬਾਲਕਾ, ਨੈਨ ਜੋਤ, ਬਲ ਸਿੰਗਰ, ਤੁਰਤ ਰੰਗ, ਮਗਨ ਰਾਇ।

ਕਰਤਿ ਰਾਜ ਸਭਿ ਸਿੰਧ ਮਝਾਰਾ।'
ਬੂਝਨ ਕੀਨ ਬਹੁਰ ਮਰਦਾਨੇ।
'ਤੁਮ ਤੇ ਮਿਲੇ ਥੋਰ ਨ੍ਰਿਪ ਥਾਨੇ[1] [1]ਥੋੜੀਆਂ ਥਾਵਾਂ ਦੇ ਰਾਜਿਆਂ ਨੂੰ।
॥੯॥
ਅਪਰ ਨਰੇਸ਼ ਜਿ ਸਾਗਰ ਮਾਂਹੀ।

ਤਿਨਹੁ ਬਿਲੋਕਹੁ ਕੈਧੋਂ ਨਾਂਹੀ।
ਜਹਿਂ ਜਹਿਂ ਜਾਵਨ ਰਾਵਰ ਕੀਨੇ।
ਤਹਿਂ ਤਹਿਂ ਸਭਿਹਿਨਿ ਗੁਰਮਤਿ ਦੀਨੇ'
॥੧੦॥
ਗੁਰੂ ਕਹੈਂ 'ਅਬ ਹਮ ਨ ਪਧਾਰੈਂ।
ਸਹਿਜੇ ਪ੍ਰਗਟਹਿ ਸਿੱਖੀ ਸਾਰੈ।
ਜਿਤੀ ਥਾਇ ਹਮ ਭਗਤ ਵਿਥਾਰੀ[1]।
ਤਹਿਂ ਤੇ ਅਪਰ ਲੇਹਿਂ ਉਰ ਧਾਰੀ
॥੧੧॥
ਚਲਿ ਅਬ ਤੁਝੇ ਸੁਮੇਰੁ ਦਿਖਾਵੈਂ।
ਸਰਬ ਸਿੱਧ, ਜਹਿਂ ਜੋਗ ਕਮਾਵੈਂ।
ਔਰ ਪੁਰਖ ਬਹੁ ਰਹੈਂ ਮਹਾਨਾ।
ਜਿਨ ਪ੍ਰਭੁ ਭਗਤਿ ਕਰੀ ਸੁਖਖਾਨਾ'
॥੧੨॥
ਸੁਣਿ ਸੁਮੇਰੁ ਜਾਵਨ ਨਿਜ ਕਾਨਾ।
ਹਾਥ ਬੰਦਿ ਬੋਲਜੋ ਮਰਦਾਨਾ।
'ਮੱਕਾ ਬਹੁਰ ਮਦੀਨਾ ਦੋਨੋ।
ਕੇਤੀ ਬੇਰ ਸੁਨੇ ਮੈਂ ਸ਼੍ਰੋਨੋ ॥੧੩॥
ਤੁਰਕ ਤਰੀਫ[1] ਕਰਤਿ ਜਿਹ ਭੂਰੀ[2]।
ਤਾਂ ਕੀ ਬਨਤ ਬਤਾਵਤਿ[†] ਰੂਰੀ।
ਰਹਜੋ ਸੁ ਹਮ ਤੇ ਕਿਹ ਦਿਸ਼ ਮਾਂਹੀ?
ਰਿਦੇ ਬਿਸ਼ੇਖ ਬਿਲੋਕਨ ਚਾਹੀ[†] ॥੧੪॥
ਸਰਬ ਭਾਂਤਿ ਸਮਰੱਥ ਸੁਜਾਨਾ।
ਪੂਰਨ ਇੱਛਾ ਕਰੋ ਮਹਾਨਾ।
ਸ਼੍ਰੀ ਪ੍ਰਭੁ ਜੀ! ਜਿਹ ਠਾਂ ਤੁਮ ਚਾਹੋ।
ਬਿਨਾ ਬਿਲਮ ਛਿਨ ਮਹਿਂ ਤਹਿਂ ਜਾਹੋ'
॥੧੫॥
ਸੁਨਿ ਕਰਿ ਬੋਲੇ ਸ਼੍ਰੀ ਗੁਰ ਪੂਰੇ।
'ਹਮ ਤੇ ਰਹਜੋ ਅਧਿਕ ਸੋ ਦੂਰੇ।
ਕਿਤੇ ਬਰਖ ਮਾਰਗ ਕੇ ਮਾਂਹੀ।

[1]ਫੈਲਾਈ।

[1]ਉਸਤਤਿ। [2]ਬੜੀ।

[†]ਪਾ:-ਬਨਾਮਤ। ਬਨਾਵਤ।

[†]ਮਰਦਾਨੇ ਦੇ ਦਿਲ ਦੀ ਅਸਲੀ ਭਾਵਨਾ ਸਮਝਣ ਲਈ ਦੇਖੋ ਪੂਰਬਾਰਧ ਦਾ ਅਧਜਾਯ ੫੯, ਅੰਕ ਅੱਠ।

ਚਲਤ ਬਿਤੀਤੈ ਪਹੁੰਚੈਂ ਤਾਂਹੀ† ॥੧੬॥

†ਆਸਾਮ ਯਾ ਬ੍ਰਹਮਾ ਤੋਂ ਪੈਦਲ ਟੁਰਕੇ ਮੱਕੇ ਅੱਪੜਨਾ ਬਰਸਾਂ ਦਾ ਹੀ ਰਾਹ ਹੈ।

ਸੁਨਿ ਕਰਿ ਮਰਦਾਨੇ ਕਰ ਬੰਦੇ।
ਕਹਿਨ ਲਗਯੋ 'ਹੇ ਪ੍ਰਭੁ ਮੁਕੰਦੇ!
ਕਿਤੇ ਬਰਖ ਕੋ ਗੈਲ ਬਤਾਵੋ।
ਤਹਿਂ ਤੁਮ ਨਿਮਖ ਬਿਖੈ[1] ਚਲਿ ਜਾਵੋ ॥੧੭॥

[1]ਪਲ ਵਿਚ।

ਪ੍ਰਭੁ ਜੀ! ਕੀਜੈ ਨਹੀਂ ਵਲਾਉ[1]।
ਤਿਹ ਦੇਖਨ ਕੋ ਬਹੁ ਮਮ ਚਾਉ।
ਜਯੋਂ ਤਯੋਂ ਕਰਿ ਕੈ ਆਪਿ ਦਖਾਯੇ।
ਮੁਝ ਅਭਿਲਾਖਾ ਪੂਰ ਕਰਾਯੇ' ॥੧੮॥

[1]ਪਰਚਾਵਾ, ਟਾਲਾ।

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ।
ਹ੍ਵੈ ਪ੍ਰਸੰਨ ਬੋਲੇ ਗੁਨ ਐਨਾ।
'ਕਹਯੋ ਨ ਮੇਟਹਿਂ[1] ਤਵ ਮਰਦਾਨੇ।
ਚਲਹੁ ਦਿਖਾਵਹਿਂ ਚਾਹਿ ਜਿ ਥਾਨੇ' ॥੧੯॥

[1]ਤੇਰਾ ਕਿਹਾ ਨਹੀਂ ਮੋੜਦੇ।

ਕਹਿ ਕਰਿ ਮੱਕੇ ਦਿਸ਼ ਪ੍ਰਸਥਾਨੇ[1]।
ਜਿਨਕੇ ਦਰਸਹਿਂ ਤੇ ਭ੍ਰਮ ਹਾਨੇ।
ਭੱਖਰ ਸੱਖਰ ਹੈ ਜਿਹ ਜਾਗਾ†।

[1]ਚੱਲੇ।

†ਭੱਖਰ ਸੱਖਰ ਤੋਂ ਮੁਰਾਦ ਪੱਛਮੀ ਪੰਜਾਬ ਦੇ ਦੱਖਣ ਰੁਖ ਤੋਂ ਹੈ, ਭੱਖਰ ਦੁਆਬ ਸਿੰਧ ਸਾਗਰ ਵਿਚ ਡੇਹਰਾ ਇਸਮਾਈ ਲ ਖਾਂ ਤੋਂ ਹੇਠਾਂ ਉਰਾਰ ਵਲ ਹੈ, ਸੱਖਰ ਇਸੇ ਦੀ ਦੱਖਣ ਸੇਧ ਵਿਚ ਸਿੰਧ ਦੇਸ਼ ਵਿਚ ਹੈ। ਮੁਰਾਦ ਹੈ ਆਸਾਮ ਤੋਂ ਗੁਰੂ ਜੀ ਦੱਖਣ ਪੱਛਮੀ ਪੰਜਾਬ ਵਿਚ ਆ ਗਏ ਤੇ ਸਿੰਧ ਦੇ ਸੱਖਰ ਸ਼ਹਿਰ ਅੱਪੜੇ, ਜਿਥੇ ਮੁਲਤਾਨ ਆਦਿ ਥਾਵਾਂ ਦੇ ਹਾਜੀ ਕੱਠੇ ਹੋ ਰਹੇ ਸਨ, ਇਹ ਗ਼ਾਲਬਨ ਕਰਾਚੀਓਂ ਸਿੱਧੇ ਯਾ ਕਰਾਚੀ ਤੋਂ ਸੂਰਤ ਤੇ ਸੂਰਤ ਤੋਂ ਮੱਕੇ ਜਹਾਜ਼ ਚੜ੍ਹਕੇ ਜਾਂਦੇ ਹੁੰਦੇ ਹਨ। ਸੂਰਤ ਮੱਕੇ ਜਾਣ ਦੀ ਪੁਰਾਣੀ (ਬੰਦਰਗਾਹ) ਸੀ।

ਆਏ ਤਹਾਂ ਨਿਮਖ ਨਹਿਂ ਲਾਗਾ ॥੨੦॥

ਨੀਲ ਬਸਤ੍ਰ ਲੇ ਪਹਿਰ ਸਰੀਰਾ।
ਕਾਂਖ[1] ਕਿਤਾਬਹਿ ਗੁਨੀ ਗਹੀਰਾ[2]।
ਉਚੀ ਕੁਲਹਿ[1] ਧਰੀ ਨਜਿ ਸੀਸੰ।
ਆਸਾ[1] ਹਾਥ ਬਿਖੈ ਜਗਦੀਸ਼ੰ ॥੨੧॥
ਗਰੇ ਜਨੇਊ ਪਾਇ ਕ੍ਰਿਪਾਲਾ।
ਤਿਲਕ ਕਰਯੋ ਸੁੰਦਰ ਪੁਨ ਭਾਲਾ। †

[1]ਬਗਲ ਵਿਚ। [2]ਭਾਵ ਗੁਰੂ ਜੀ ਦੇ।

[1]ਟੋਪੀ।

[1]ਸੋਟਾ।

†ਇਥੋਂ ਦੀਆਂ ਦੋਹਾਂ ਥਾਵਾਂ ਦੀਆਂ ਚਾਰੇ ਤੁਕਾਂ ਦੋ

ਲਿਖਤ ਦੇ ਪੁਰਾਤਨ ਨੁਸਖਿਆਂ ਵਿਚ ਹੈਨ।

ਸੁਨਹੁ ਗੁਰੂ ਅੰਗਦ! ਰਸ ਭੀਨੇ[1]।
ਕੂਜਾ[1] ਮੁਝਹਿ ਮੁਸੱਲਾ ਦੀਨੇ ॥੨੨॥
ਗਰ ਮਹਿਂ ਸੇਲੀ ਪਾਇ ਬਿਸਾਲਾ।
ਬਨੇ ਸੁ ਹਾਜੀ ਰੂਪ ਕ੍ਰਿਪਾਲਾ।
ਕਉਤਕ ਹਿਤ ਯਿਹ ਰੂਪ ਬਨਾਏ।

[1]ਭਿੱਜੇ।

[1]ਲੋਟਾ।

ਸ੍ਰੀ ਗੁਰ ਨਾਨਕ ਸਾਹਿਬ ਜੀ ਨੇ ਜਗਤ ਜਲੰਦੇ ਵਿਚ ਠੰਢ ਵਰਤਾਉਣ ਲਈ ਕਈ ਵੇਰ ਉਦਾਸੀਆਂ ਕੀਤੀਆਂ ਤੇ ਦੇਸ਼ਾਟਨ ਲਈ ਨਿਕਲੇ, ਇਹਨਾਂ ਸਮਿਆਂ ਤੇ ਆਪ ਦਾ ਪਹਿਰਾਵਾ ਅੱਡਰੀ ਅੱਡਰੀ ਤਰ੍ਹਾਂ ਦਾ ਹੁੰਦਾ ਰਿਹਾ ਹੈ। ਕਈ ਥਾਈਂ ਲਿਖਿਆ ਹੈ ਪਹਿਲੀ ਉਦਾਸੀ ਵਿਚ ਆਪ ਨੇ ਇਕ ਬਸਤ੍ਰ ਅੰਬੁਆ, ਇਕ ਬਸਤ੍ਰ ਚਿੱਟਾ, ਇਕ ਪੈਰ ਜੁਤੀ, ਇਕ ਪੈਰ ਖਉਂਸ, ਗਲ ਖਫਨੀ, ਮੱਥੇ ਤਿਲਕ ਕੇਸਰ ਦਾ ਆਦਿਕ ਰਖਿਆ। ਦੂਜੀ ਉਦਾਸੀ ਵਿਚ ਪੈਰੀਂ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਰੱਸੇ ਲਪੇਟੇ, ਬਾਹਾਂ ਜੰਘਾਂ ਰੱਸੇ ਲਪੇਟੇ, ਮੱਥੇ ਟਿੱਕਾ ਬਿੰਦੁਲੀ ਦਾ ਸੀ। ਤੀਜੀ ਉਦਾਸੀ ਵਿਚ ਪੈਰੀਂ ਚਮੜਾ ਅਤੇ ਸਿਰ ਚਮੜਾ, ਤੇ ਮੱਥੇ ਟਿੱਕਾ ਕੇਸਰ ਦਾ ਸੀ। ਚੌਥੀ ਉਦਾਸੀ ਸਮੇਂ ਪੈਰੀਂ ਖਉਸਾਂ ਚੰਮ ਕੀਆਂ ਅਤੇ ਚੰਮ ਕੀ ਸੁੱਥਣ, ਨੀਲੇ ਬਸਤ੍ਰ, ਹੱਥ ਆਸਾ ਕਿਤਾਬ ਤੇ ਕੂਜਾ ਆਦਿਕ ਪਾਸ ਸਨ, ਮੱਥੇ ਟਿੱਕਾ ਬਿੰਦੀ ਕਾ; ਇਸੇ ਤਰ੍ਹਾਂ ਕਿਤੇ ਕਿਤੇ ਗੁਰੂ ਜੀ ਦੇ ਦੇਸ਼ਾਟਨ ਸਮੇਂ ਭਗਵੇ ਕੱਪੜੇ ਤੇ ਗਲੇ ਜਨੇਊ ਪਾਏ ਹੋਣ ਜਾ ਜ਼ਿਕਰ ਬੀ ਸਾਖੀਕਾਰਾਂ ਨੇ ਲਿਖਿਆ ਹੈ। ਇਹਨਾਂ ਸਾਰੇ ਪਹਿਰਾਵਿਆਂ ਤੇ ਇਕ ਨਜ਼ਰ ਫੇਰਨ ਨਾਲ ਇਹਨਾਂ ਦੀ ਅੱਡਤਾ ਦੱਸ ਦੇਂਦੀ ਹੈ ਕਿ ਗੁਰੂ ਜੀ ਦੇ ਇਹ ਵੇਸ ਉਸ ਤਰ੍ਹਾਂ ਦੇ ਵੇਸ ਨਹੀਂ ਸਨ ਜਿਸ ਤਰ੍ਹਾਂ ਕਿ ਖਾਸ ਖਾਸ ਮਤਾਂ ਵਾਲਿਆਂ ਦੇ ਹੁੰਦੇ ਹਨ, ਜਿਨ੍ਹਾਂ ਦੇ ਵੇਖਣ ਨਾਲ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸਾਧ ਅਮਕੀ ਸੰਪ੍ਰਦਾਇ ਦਾ ਜਾਂ ਅਮਕੇ ਮਤਿ ਦਾ ਹੈ, ਜਿਹਾਕਿ ਬੈਰਾਗੀ, ਸੰਨਯਾਸੀ, ਜੋਗੀ, ਹਿੰਦੂ ਤੇ ਮੁਸਲਮਾਨ ਆਦਿਕਾਂ ਦੇ ਅੱਡਰੇ ਅੱਡਰੇ ਵੇਸ ਭੇਸ ਇਹਨਾਂ ਦੇ ਮਤ ਦਾ ਪਤਾ ਦਿੰਦੇ ਹਨ। ਗੁਰੂ ਜੀ ਦਾ ਹਰ ਸਫ਼ਰ ਵਿਚ ਅੱਡਰਾ ਲਿਬਾਸ ਦੱਸਦਾ ਹੈ ਕਿ ਉਨ੍ਹਾਂ ਨੇ ਕੋਈ ਵੇਸ ਕਿਸੇ ਮਤ ਦਾ ਪ੍ਰਕਾਸ਼ਕ ਨਹੀਂ ਪਹਿਰਿਆ। ਭੇਸਾਂ ਦੀ ਵਿਲੱਖਣਤਾ ਤੋਂ ਮਾਲੂਮ ਹੁੰਦਾ ਹੈ ਕਿ ਲੋਕਾਂ ਦੀ ਤਵੱਜੋ ਆਪਣੇ ਵੱਲ ਖਿੱਚਣ ਲਈ, ਜਿਸ ਤਰ੍ਹਾਂ ਹਰਦਵਾਰ ਜਾਕੇ ਹਿੰਦੂਆਂ ਨੂੰ ਚੜ੍ਹਦੇ ਪਾਣੀ ਉਛਾਲਦੇ ਵੇਖ ਆਪ ਲਹਿੰਦੇ ਵੱਲ ਮੂੰਹ ਕਰਕੇ ਪਾਣੀ ਉਛਾਲਨ ਲਗ ਪਏ, ਜਿਸ ਤੋਂ ਲੋਕ ਆਪ ਦੇ ਗਿਰਦ ਆ ਇਕੱਠੇ ਹੋ ਪ੍ਰਸ਼ਨ ਉੱਤਰ ਕਰਨ ਲਗੇ ਤੇ ਗੁਰੂ ਜੀ ਨੂੰ ਸ਼ੁੱਭ ਸਿੱਖਯਾ ਦੇਣ ਦਾ ਮੌਕਾ ਬਣਾ ਦਿੱਤਾ। ਸੂਰਜ ਗ੍ਰਹਣ ਦੇ ਸਮੇਂ ਕੁਰਛੇਤਰ ਤੇ ਮਾਸ (ਕਈ ਸਾਖੀਆਂ ਵਿਚ ਹਿਰਨ ਲਿਖਿਆ ਹੈ) ਚਾੜ੍ਹਿਆ ਜਿਸ ਤੋਂ ਹਿੰਦੂ ਆ ਜੁੜੇ। ਇਸੇ ਤਰ੍ਹਾਂ ਜਗਨ ਨਾਥ ਵਿਚ ਆਰਤੀ ਸਮੇਂ ਬਾਕੀਆਂ ਦੇ ਖੜੋਣ ਤੇ ਆਪ ਦੇ ਬੈਠੇ ਰਹਿਣ, ਮੱਕੇ ਵਿਚ ਕਾਬੇ ਵਲ ਪੈਰ ਕਰਕੇ ਲੇਟਣ ਤੇ ਮੱਕਾ ਫੇਰਨ ਤੋਂ ਲੋਕੀਂ ਆ ਜੁੜੇ ਤੇ ਗੁਰੂ ਜੀ ਨੇ ਓਹਨਾਂ ਭੁੱਲੇ ਭਟਕਿਆਂ ਨੂੰ ਧਰਮ ਦੇ ਅਸਲੀ ਤੱਤ੍ਵ ਦਿਖਾਕੇ ਜੀਆਦਾਨ ਦਿੱਤਾ, ਇਸੇ ਤਰ੍ਹਾਂ ਆਪ ਦੇ ਲਿਬਾਸ ਦੀ ਅਦਭੁਤਤਾ ਵੀ ਲੋਕਾਂ ਦੀ ਤਵੱਜੋ ਨੂੰ ਖਿੱਚਕੇ ਲਿਆਉਂਦੀ ਰਹੀ, ਜਿਸ ਤੋਂ ਓਹਨਾਂ ਦਾ ਕਲਯਾਨ ਹੁੰਦਾ ਰਿਹਾ। ਕਵੀ ਜੀ ਨੇ ਗੁਰੂ ਜੀ ਦੇ ਹਾਜੀਆਂ ਨਾਲ ਮਿਲਣ ਦੇ ਸਮੇਂ ਦੇ ਭੇਸ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਜਦ ਗੁਰੂ ਜੀ ਹਾਜੀਆਂ ਵਿਚ ਆ ਬੈਠੇ ਤਦ:-

ਹਾਜਿਨ ਰਿਦੈ ਈਰਖਾ ਹੋਈ। ਸ੍ਰੀ ਗੁਰ ਸੋਂ ਬੋਲਤਿ ਭੇ ਸੋਈ।
'ਮੁਸਲਮਾਨ ਕੈ ਹਿੰਦੂ ਅਹਿਈ? ਬਿਨਾ ਕਹੇ ਤੇ ਜਾਇ ਨ ਲਹਿਈ।
ਹਾਜੀ ਬੇਖ ਤਿਲਕ ਹੈ ਮਾਥੇ। ਯਾਂ ਤੇ ਬੂਝਤਿ ਹੈਂ ਤੁਝ ਸਾਥੇ।' ੨੭।

[ਅਧਯਾਯ ੨੫ ਅੰਕ ੨੬ ਤੇ ੨੭ ਵਿਚੋਂ

ਇਸ ਤੋਂ ਸਪਸ਼ਟ ਹੈ ਕਿ ਕਿਸੇ ਵੀ ਦੇਸ਼ਾਟਨ ਸਮੇਂ ਆਪ ਦੇ ਹਾਜੀਆਂ ਵਾਲੇ ਕਪੜੇ ਪਾਉਣ ਤੇ ਆਪ ਨੂੰ ਮੁਸਲਮਾਨ, ਜੰਞੂ ਪਾਉਣ ਤੇ ਹਿੰਦੂ, ਜਾਂ ਕਿਸੇ ਖਾਸ ਰੰਗ ਦਾ ਕਪੜਾ ਪਾਉਣ ਤੇ ਖਾਸ ਕਿਸੇ

ਸੰਪ੍ਰਦਾਇ ਦਾ ਸਮਝਣਾ ਭੁੱਲ ਹੈ, ਲਿਬਾਸਾਂ ਦਾ ਇਹ ਵੱਖਰਾਪਨ, ਤੇ ਦੋ ਦੋ ਤ੍ਰੈ ਤ੍ਰੈ ਤਰ੍ਹਾਂ ਦੇ ਭੇਖਾਂ ਦਾ ਇਕੋ ਵੇਲੇ ਧਾਰਨਾ ਹੀ ਦੱਸਦਾ ਹੈ ਕਿ ਭੇਖਾਂ ਨੂੰ ਉਹ ਮਖ਼ੌਲ ਕਰਦੇ ਸਨ। ਜਦ ਕਰਤਾਰ ਪੁਰੇ ਆ ਟਿਕੇ ਤਾਂ ਸਾਰੇ ਫਕੀਰੀ ਭੇਸ ਦੂਰ ਕਰਕੇ ਸਾਧਾਰਣ ਸੰਸਾਰੀ ਕਪੜੇ ਪਹਿਨ ਲਏ, ਕਵਿ ਜੀ ਆਪ ਦੱਸਦੇ ਹਨ ਕਿ ਇਹ ਲਿਬਾਸ ਕੌਤਕ ਹਿਤ ਸਨ:-

ਯਥਾ:

ਕਉਤਕ ਹਿਤ ਯਿਹ ਰੂਹ ਬਨਾਏ। ਹਿੰਦੂ ਤੁਰਕ ਨ ਜਾਤ ਲਖਾਏ।

[ਇਸ ਅਧਯਾਯ ਦੇ ਅੰਕ ੨੩ ਵਿਚ

ਹਿੰਦੂ ਤੁਰਕ ਨ ਜਾਤਿ ਲਖਾਏ++
॥੨੩॥

ਮੁਲਤਾਨਾਦਿਕ[1] ਜੇ ਪੁਰਿ ਔਰਾ। — [1]ਭਾਵ ਮੁਲਤਾਨ ਆਦਿ ਸ਼ਹਿਰਾਂ ਦੇ ਲੋਕ ਕੱਠੇ ਹੋਏ ਸਨ।
ਹਾਜੀ ਮਿਲੇ ਹੁਤੇ ਤਿਹ ਠੌਰਾ।
ਮੱਕੇ ਜਾਨ ਜਿਨਹਿਂ ਅਭਿਲਾਖਾ।
ਨਿਸਾ ਗੁਜਾਰਨ ਡੇਰੋ ਰਾਖਾ ॥੨੪॥
ਮਿਲਿ ਬੈਸੇ ਥੇ ਜਿਹ ਇਸਥਾਨਾ।
ਤਿਨ ਕੇ ਮੱਧ ਗਏ ਗੁਨਖਾਨਾ।
ਤਬਹਿ ਮੁਸੱਲਾ ਮੈਂ ਸੁ ਬਿਛਾਵਾ।
ਤਿਹ ਪਰ ਬੈਸੇ ਦੁਖ ਬਨ ਦਾਵਾ[1] — [1]ਦੁਖਾਂ ਰੂਪੀ ਬਨ ਲਈ ਅਗਨੀ ਰੂਪ।
॥੨੫॥
ਹਾਜਿਨ[1] ਰਿਦੈ ਈਰਖਾ ਹੋਈ। — [1]ਹਾਜੀਆਂ ਦੇ।
ਸ਼੍ਰੀ ਗੁਰੁ ਸੋਂ ਬੋਲਤਿ ਭੇ ਸੋਈ।
'ਕੌਨ ਦੇਸ਼ ਤੇ ਤੁਮ ਚਲਿ ਆਏ?
ਕੌਨ ਨਾਮ ਅਬ ਕਹਾਂ ਸਿਧਾਏ?
॥੨੬॥
ਮੁਸਲਮਾਨ ਕੈ ਹਿੰਦੂ ਅਹਿਈ?
ਬਿਨਾ ਕਹੇ ਤੇ ਜਾਇ ਨ ਲਹਿਈ[1]। — [1]ਪਛਾਣਿਆਂ ਨਹੀਂ ਜਾਂਦਾ।
ਹਾਜੀ ਬੇਖ[1] ਤਿਲਕ ਹੈ ਮਾਥੇ। — [1]ਬੇਖ।
ਯਾਂ ਤੇ ਬੂਝਤਿ ਹੈਂ ਤੁਝ ਸਾਥੇ' ॥੨੭॥
ਸ਼੍ਰੀ ਨਾਨਕ ਜੀ ਬੈਨ ਅਲਾਏ।
'ਬੇਗਮਪੁਰੇ ਦੇਸ਼ ਤੇ ਆਏ।

{ਤੁਸੀਂ ਕੌਣ ਹੋ? ਦਾ ਉਤਰ}

ਹਿੰਦੂ ਮੁਸਲਮਾਨ ਜਗ ਮਾਂਹੁ।
ਮੈਂ ਹੋਂ ਦੋਨੋ ਕੇਰ ਗਵਾਹੁ ॥੨੮॥

ਪੱਖਬਾਦ[1] ਮਹਿਂ ਉਰਝੇ ਕਾਚੇ। [1]ਮਤ ਮਤਾਂਤਰਾਂ ਦੇ ਝਗੜੇ।
ਤਜਿ ਸਾਚੋ ਕੂਰੇ[1] ਮਨ ਰਾਚੇ। [1]ਝੂਠੇ।
ਜਲਵਾ[1†] ਸਰਬ ਸਰੀਰਨ ਜੋਊ। [1]ਪ੍ਰਕਾਸ਼। [†]ਪਾ:-ਜਿਲਵਾ।
ਤਿਹ ਕੋ ਭੇਵ ਨ ਜਾਨਹਿ ਕੋਊ ॥੨੯॥

ਹੇਤ ਬੰਦਗੀ ਬੰਦਾ ਆਯੋ।
ਤਿਹ ਤਜਿ ਮਾਨ ਮੋਹ ਲਪਟਾਯੋ।
ਤਾਂ ਤੇ ਨਰ ਗੈਵਾਨ[1] ਹਵਾਨੋ[2†]। [1]ਭੂਤਨਾ। [2]ਪਸ਼ੂ ਹੈ। [†]ਪਾ:-ਗੈਵਾਨਹ ਜਾਨੋ।
ਸਭਿ ਕੋ ਉਪਦੇਸ਼ਕ ਮੁਝ ਮਾਨੋ' ॥੩੦॥

ਅਸ ਬਿਧਿ ਸੁਨਿ ਕੇ ਮਨ ਬਿਸਮਾਨੇ।
-ਇਹ ਤੋ ਬੋਲਤਿ ਬੋਲ ਮਹਾਨੇ-।
ਸਿੱਧਨ ਕੀ ਸ਼ਕਤੀ[1] ਜੁ ਦਈ ਬਿਚਲਾਇ ਕੈ[2]। [1]ਸ਼ਕਤੀਆਂ। [2]ਖਿੰਡਾਂ ਦਿੱਤੀਆਂ।
ਜੈਸੇ ਹ੍ਵੈ ਬਟੇਰਾ ਤਿਹ ਪਾਛੈ ਬਾਜ ਛੋਰਾ
ਤੈਸੇ ਤਰੇ[1] ਸਭਿ ਕਰੇ, ਰਹੀ ਊਪਰ ਸੁਹਾਇਕੈ[†] ॥੨੮॥ [1]ਹੇਠਾਂ। [†]ਪਾ:-ਦਬਾਇਕੈ।

ਕਬਿੱਤ: [1]ਸੂਰਮਾ। [2]ਹਰਨ ਉੱਤੇ। [3]ਸ਼ੇਰ।
ਕਾਇਰ ਪੈ ਸੂਰ[1] ਔਰ ਕੁਰੰਗ[2] ਸ਼ਾਰਦੂਰ[3] ਜੈਸੇ,
ਹੋਇ ਨਾਗ[1] ਭੂਰ[2] ਤਾਂ ਪੈ ਖਗ ਪਤਿ[3] ਜਾਤਿ ਹੈ। [1]ਸੱਪ। [2]ਬੜੇ। [3]ਗਰੁੜ।
{ਕੌਂਸ-ਸੁੰਦਰ ਕਬਿਤ}
ਲੱਛ[1] ਮਰ ਹਾਨ[2], ਅਗਜਾਨ ਪੈ ਸੁ ਗਜਾਨ ਜੈਸੇ [1]ਨਿਸ਼ਾਨੇ। [2]ਤੀਰ।
ਕਰੁਨਾ ਨਿਧਾਨ[1] ਸੰਤ ਦੋਖੀ ਪੈ ਰਿਸਾਤ ਹੈ। [1]ਕ੍ਰਿਪਾਲੂ ਪਰਮੇਸ਼ੁਰ।
ਪਾਪਨ ਪੈ ਨਾਮ ਜਾਪ[1], ਦ੍ਵੈਤ ਪੈ ਭਗਤਿ ਜੈਸੇ [1]ਪਾਪਾਂ ਉਤੇ ਨਾਮ ਦਾ ਜਾਪ।
ਅਜਾ[1] ਕੇ ਨਿਕਟ[2] ਬ੍ਰਿਕ[3] ਜਾਤਿ, ਨ ਡਰਾਤ ਹੈ[†]। [1]ਬਕਰੀ। [2]ਪਾਸ। [3]ਬਘਿਆੜ। [†]ਏਹ ਸਾਰੀਆਂ ਉਪਮਾਂ ਦੇ ਵਰਤਾਉ ਕਵਿ ਜੀ ਦੀ ਉੱਚ ਦਿਮਾਗੀ ਦਾ ਸਬੂਤ ਹਨ।
ਤੈਸੇ ਕੌਂਸ[1] ਧਾਇ ਬਿਚਲਾਇ[2] ਕੈ ਸ਼ਕਤਿ[3] ਸਭਿ [1]ਖੜਾਂਵ। [2]ਵੱਖ ਕਰਕੇ। [3]ਸ਼ਕਤੀਆਂ ਨੂੰ।
ਮਾਰ ਮਾਰ ਡਾਰੈ ਕੋਊ ਧੀਰ ਨ ਧਰਾਤਿ ਹੈ ॥੨੯॥

ਕਬਿੱਤ:
ਜਾਂ ਕੀ ਜਾਂ ਕੀ ਸ਼ਕਤਿ ਥੀ ਤਾਂ ਕੈ ਆਗੇ ਜਾਇ ਪਰੀ
ਨੀਚੇ ਨੈਨ ਲੱਜਤਿ ਹ੍ਵੈ ਊਚੇ ਨ ਨਿਹਾਰੀਯਾ।
ਰਾਰ[1] ਮੈਂ ਪਰਾਜੈ[2] ਹੋਇ ਸੂਰ[3] ਜਿਉਂ ਲਜਾਇ ਜਾਤਿ [1]ਲੜਾਈ। [2]ਹਾਰ। [3]ਸੂਰਮਾ।
ਭਏ ਮੁਖ ਤੂਸ਼ਨ ਨ ਬੈਨ ਕੋ

ਉਚਾਰੀਯਾ।
ਗੋਪੀ ਚੰਦ, ਭਰਥਰੀ, ਮੰਗਲ ਤੇ ਆਦਿ ਜੇਤੇ
ਹੀਯ ਮੈਂ ਹੁਲਾਸੇ ਹਸੈਂ ਦੇਵੈਂ ਕਰ[1] ਤਾਰੀਯਾ[2]।

[1]ਹੱਥ ਦੀ। [2]ਤਾੜੀ ਮਾਰਦੇ ਹਨ।

'ਐਸੀ ਹੋਇ ਬਿਨ ਨਹੀਂ ਰਹਿਤ ਬਿਕਲ ਮਨ[1]

[1]ਚੰਚਲ ਮਨ ਵਾਲੇ (ਸਿੱਧ)।

ਜੈਸੀ ਬਿਧਿ ਜੋਗ ਹੁਤੇ[1] ਤੈਸੇ ਈ ਦਿਖਾਰੀਯਾ[2]' ॥੩੦॥

[1]ਜੈਸੀ ਵਿਧੀ (ਦੇ) ਲਾਇਕ ਸਨ। [2]ਤੈਸੀ ਹੀ ਕਰ ਦਿਖਾਈ ਹੈ (ਗੁਰੂ ਜੀ ਨੇ)।

ਸ੍ਵੈਯਾ:
ਮੰਗਲ ਭਾਖਤਿ 'ਗੋਰਖ ਨਾਥ ਜੀ!
ਦੇਖਯੋ ਤਪਾ ਤੁਮ ਕੈਸੋ ਹੈ ਸੋਊ।
ਬਾਦ[1] ਸੋ ਰਾਰ ਕਰੀ ਤਿਹ ਸੋਂ ਜਿਨ

[1]ਬ੍ਰਿਥਾ।

ਲੱਜਤਿ ਭੇ ਨਹਿਂ ਬੋਲਤਿ ਕੋਊ।
ਆਪਨੇ ਮਾਨ ਮੈਂ ਫੂਲਤਿ ਕਾਇਰ[1]

[1]ਗੀਦੀ।

ਜੌ ਲਗ[1] ਸੂਰ[2] ਨ ਸਾਮੁਹਿ ਹੋਊ[3†]।

[1]ਜਦ ਤਕ। [2]ਸੂਰਮਾਂ। [3]ਨਾਂ ਸਾਹਮਣੇ ਹੋਵੇ। [†]ਪਾ:- ਕੋਊ।

ਤਾਰੇ ਪ੍ਰਕਾਸ਼ ਕਰੈਂ ਤਮ ਮੈਂ
ਰਵਿ ਹੋਤਿ ਉਦੈ ਪੁਨ ਨਾ ਪ੍ਰਗਟੋਊ'
॥੩੧॥

ਸ੍ਵੈਯਾ:
ਗੋਰਖ ਬੈਨ ਭਨੇ ਸੁਨਿ ਕੈ
'ਤੁਮ ਭਾਖਤਿ ਸੱਤਿ ਥੇ ਕੂਰ ਨ ਰਾਈ।'
ਖਿੰਥੁੜਾ[1] ਆਇ ਗੁਰੂ ਢਿਗ ਤਾਂ ਛਿਨ

[1]ਨਾਮ ਹੈ ਸਿੱਧ ਦਾ।

ਬੈਠ ਗਯੋ ਮੁਖ ਬਾਨੀ ਅਲਾਈ।
{ਖਿੰਥੜਾ}
'ਜੋਗ ਬਿਨਾ ਮਨ ਸੁੱਧ ਨ ਹੋਵਤਿ
ਆਰਸੀ ਜਯੋਂ ਨਹਿਂ[1] ਛਾਰ ਮਲਾਈ[2]।

[1]ਬਿਨਾ। [2]ਸੁਆਹ ਮਲੇ ਦੇ।

ਸਾਧਨ ਕੀਨੋ ਹੈ ਕੌਨ ਸੋ ਜੋਗ?
ਭਲੀ ਬਿਧਿ ਸੋਂ ਮੁਝ ਦੇਹੁ ਬਤਾਈ[1]'
॥੩੨॥

[1]ਭਾਵ ਹੇ ਗੁਰੂ ਜੀ।

ਕਬਿੱਤ:

ਸ਼੍ਰੀ ਗੁਰੁ ਕਹਤਿ 'ਪ੍ਰਾਣਾਯਾਮ ਕੇ ਕਰਮ ਤੀਨ
ਪੂਰਕ ਹੈ, ਕੁੰਭਕ, ਔ ਰੇਚਕ, ਬਖਾਨਿਯੇ।
{ਪ੍ਰਾਣਾਯਾਮ}
ਸੁਨਿ ਕੈ ਭਗਤਿ ਭਾਉ[1] ਪੂਰਕ ਕੋ ਕੀਨੋ ਨੀਕੇ
ਨਾਮ ਲਿਵਲਾਈ ਨੀਤ ਕੁੰਭਕ ਪ੍ਰਮਾਨਿਯੇ।
ਤਜੇ ਹੈਂ ਬਿਕਾਰ ਮਨ, ਰੇਚਕ ਬਿਚਾਰ ਲੀਜੈ
ਕਲੀਕਾਲ ਬਿਖੈ ਐਸੋ ਜੋਗ ਗਤਿਦਾਨਿਯੇ।'
ਖਿੰਥੜਾ ਸੁਨਤਿ ਹਰਿਖਾਇ ਲਪਟਾਇ ਪਗ
'ਤੂੰ ਹੈਂ ਕਰਤਾਰ ਅਵਤਾਰ ਦੰਭ ਹਾਨਿਯੇ' ॥੩੩॥

[1]ਪ੍ਰੇਮਾ ਭਗਤਿ।

ਉਰਮ[1] ਬਹੁਰ ਆਯੋ ਧੁਰਮ ਹੈ ਸੰਗ ਜਾਂ ਕੇ,
ਬੂਝੈਂ 'ਮਨ ਬਾਸ ਕਹਾਂ, ਪੌਨ[1] ਰਹੈ ਥਾਨ ਕੋ?
{ਉਰਮ, ਧੁਰਮ}
ਕੌਨ ਹੋ ਨਰੇਸ਼? ਕੌਨ ਸਚਿਵ[1]? ਬਤਾਇ ਮੋਹਿ
ਕੈਸੇ ਪਰੈ ਬੰਧ[1]? ਕੈਸੇ ਕੰਧ ਨਹਿਂ ਹਾਨ ਕੋ?
ਕੋ ਹੈ ਗੁਰੂ ਚੇਲੋ ਕੌਨ? ਸੁਖਦਾਈ ਭੌਨ ਕੌਨ?
ਮਾਯਾ ਮੋਹ ਟੂਟੈ ਕੈਸੇ? ਕਰੀਏ ਬਖਾਨ ਕੋ।
ਲੇਹੁ ਸੀਖ[1] ਗੋਰਖ ਕੀ, ਮਾਨੀਏ ਬਚਨ ਮਮ

[1]ਨਾਮ ਹਨ ਸਿੱਧਾਂ ਦੇ।
[1]ਹਵਾ।
[1]ਮੰਤ੍ਰੀ।
[1]ਫਾਹੀ।
[1]ਸਿਖਿਆ।

ਪਾਈਐ ਪਰਮਪਦ ਜਾਂ ਕੇ ਨ ਸਮਾਨ ਕੋ' ॥੩੪॥

ਕਬਿੱਤ:

[1] 'ਰਿਦੇ ਮਨ ਬਾਸ[2] ਜਾਨਿ, ਨਾਭਿ[3] ਬਿਖੈ ਪੌਨ ਥਾਨ
ਮਨ ਹੈ ਨਰੇਸ਼, ਪ੍ਰਾਨ ਸਚਿਵ ਬਖਾਨਿਯੇ।
ਬਿਖੈ ਕੇ ਬਿਕਾਰ ਰਚਿ ਬੰਧਨ ਪਰਤਿ ਜੀਉ[1]
ਦਸ੍ਵੈਂ ਦਰ ਪੌਨ ਰਹੈ, ਕੰਧ[1] ਨਹਿਂ ਹਾਨਿਯੇ[2]।
ਗੁਰੂ ਹੈ ਸ਼ਬਦ ਧੁਨਿ, ਚੇਲਾ ਹੈ ਸੁਰਤਿ ਤਿਹ[1]
ਧਾਮ ਸੁਖਦਾਈ ਤੁਰੀ ਪਦਵੀ ਪ੍ਰਮਾਨਿਯੇ[1]।
ਗ੍ਯਾਨ ਹੋਇ ਆਵੈ ਮਾਯਾ ਮੋਹ ਟੂਟ ਜਾਵੈ ਤਬ
ਦੇਵੈਂ ਸੀਖ ਸਿੱਧਨ ਸਭਿਨਿ ਪਹਿਚਾਨਿਯੇ' ॥੩੫॥

[1]ਗੁਰੂ ਜੀ ਦਾ ਉੱਤਰ ਹੈ। [2]ਹਿਰਦੇ ਵਿਚ ਮਨ (ਦਾ) ਵਾਸਾ। [3]ਧੁੰਨੀ।

[1]ਵਿਸ਼ੇ ਦੇ ਵਿਕਾਰਾਂ ਵਿਚ ਰਚ ਕੇ ਜੀਉ ਬੰਧਨਾਂ ਵਿਚ ਪੈਂਦਾ ਹੈ।

[1]ਸਰੀਰ। [2]ਨਾਸ਼ ਨਹੀਂ ਹੁੰਦਾ।

[1]ਸਬਦ ਗੁਰੂ ਹੈ ਸੁਰਤ ਦਾ ਉਸ ਵਿਚ ਲਗਾਉ ਚੇਲਾ ਹੈ (ਅ) ਸਬਦ ਦੀ ਧੁਨਿ ਗੁਰੂ ਹੈ, ਸੁਰਤ ਚੇਲਾ ਹੈ।

[1]ਤੁਰੀਆ ਪਦ ਸਮਝ ਲਓ।

ਸ੍ਵੈਯਾ:

ਧੰਗਰ ਪੂਛਤਿ† ਸ਼੍ਰੀ ਗੁਰ ਸੋਂ
'ਤੁਝ ਕੌਨ ਪਿਤਾ, ਕਹੁ ਕੋ ਮਹਿਤਾਰੀ[1]?

{ਧੰਗਰ}

ਜੋਗੀ ਕਿ ਭੋਗੀ ਕਿ ਸੋਗੀ ਕਿਧੋਂ
ਹਰਖੀ[1] ਰਹਿ ਹੋ? ਕਹੁ ਸਾਚ ਉਚਾਰੀ।
ਕੋ ਪਰਕਾਸ਼ ਜੰਜਾਰ ਮਿਟਾ
ਪੁਨ ਕਾਹਿਤੇ ਉੱਜਲ ਬੁੱਧਿ ਤੁਮਾਰੀ?
ਗੋਰਖ ਕੇ ਉਪਦੇਸ਼ ਲੀਏ ਜਗ
ਦੇਹਿ ਅਜੀਤ ਰਹੇ ਨਹਿਂ ਹਾਰੀ' ॥੩੬॥
ਪੰਕਜ ਲੋਚਨ ਬੈਨ ਕਹੇ

†ਪਾ:-ਸੰਗਰ ਬੂਝਤ।

[1]ਮਾਤਾ।

[1]ਪ੍ਰਸੰਨ ਰਹਿਣ ਵਾਲਾ।

'ਪਿਤ ਮੋਹਿ ਸੰਤੋਖ, ਖਿਮਾ ਸ਼ੁਭ ਮਾਈ।
ਭੋਗ ਮੈਂ ਜੋਗ ਨ ਸੋਗ ਕਰਉਂ
ਹਰਖੋਂ ਨਹਿਂ, ਨੀਰ ਜਿਉਂ ਕੰਜ
ਰਹਾਈ[1]।

[1]ਗ੍ਰਸਤ ਵਿਚ ਜੋਗੀ ਹਾਂ (ਗ੍ਰਹਸਤੀ ਨੂੰ ਸੋਗ ਪੈਂਦੇ ਹਨ ਪਰ ਅਸੀਂ) ਸੋਗ ਨਹੀਂ ਕਰਦੇ, (ਗ੍ਰਹਸਤੀ ਨੂੰ ਧਨ ਇਸਤ੍ਰੀ, ਇਜ਼ਤ, ਤਾਕਤ ਦੀ ਖੁਸ਼ੀ ਹੁੰਦੀ ਹੈ, ਉਹ ਮਾਯਕ) ਖੁਸ਼ੀ ਅਸੀਂ ਨਹੀਂ ਕਰਦੇ, (ਇਨ੍ਹਾਂ ਵਿਚ) ਕਵਲ ਵਾਂਗੂ ਅਲੇਪ ਰਹਿੰਦੇ ਹਾਂ।

ਜੰਜਾਰ-ਉਂਕਾਰ, ਪ੍ਰਕਾਸ਼ ਮਿਟੇ[1]†

[1]ਓਕਾਰ ਦੇ ਪ੍ਰਕਾਸ਼ ਨਾਲ ਜੰਜਾਰ ਮਿਟ ਗਏ ਹਨ।
†ਪਾ:-ਜੰਜਾਰ ਉਤਾਰ, ਪ੍ਰਕਾਸ਼ ਮਿਲੇ।

ਗੁਰ ਕੋ ਮਿਲ ਉੱਜਲ ਬੁੱਧਿ ਸਹਾਈ।
ਗੋਰਖ ਤੇ ਸੰਗ ਔ ਸਭਿ ਹੀ ਸਿੱਧ[1]

[1]ਸਿੱਧਾਂ ਨੂੰ।

ਦੇਵਹੁੰਗੇ ਉਪਦੇਸ਼ ਬਨਾਈ[1]' ॥੩੭॥

[1]ਬਨਾਕੇ।

ਦੋਹਰਾ:

ਪੁਨ ਗੋਰਖ ਸਮਝੀ ਰਿਦੈ -ਅਧਿਕ
ਬਿਭੂਤ ਦਿਖਾਇ।
ਆਨੋਂ ਨਿਜ ਮਾਰਗ ਵਿਖੈ, ਮਾਨਹਿ[1]
ਮਨਹਿ[2] ਲੁਭਾਇ[3]- ॥੩੮॥

[1]ਮੰਨ ਜਾਵੇਗਾ। [2]ਮਨ ਵਿਚ। [3]ਲੋਭੀ ਹੋਕੇ।

ਖੱਪਰ ਦਿੱਤਾ ਨਾਥ ਨੇ, 'ਬਾਲੇ! ਤਾਲ
ਬਿਲੋਕਿ[1]।

[1]ਦੇਖਕੇ।

{ਤਾਲ ਤੋਂ ਪਾਣੀ}

ਪਾਨੀ ਆਨਹੁ ਤਹਾਂ ਤੇ, ਹੁਜੇ ਸਦਾ
ਅਸ਼ੋਕ' ॥੩੯॥
ਲੇ ਕਰਿ ਗਮਨੇ ਤਾਲ ਢਿਗ, ਮਾਣਿਕ[1]
ਲਾਲ ਬਿਸਾਲ।

[1]ਰਤਨ।

ਪੂਰਨ ਸਰ ਅਵਿਲੋਕ ਕੈ, ਠਾਂਢੇ ਰਹੇ
ਕ੍ਰਿਪਾਲ ॥੪੦॥
ਜਗਮਗ ਜਗਮਗ ਕਰਤਿ ਹੈਂ, ਤਹਾਂ
ਜਵਾਹਿਰ ਭੂਰ†।

†ਪਾ:-ਜਹਾਂ ਵਰ ਭੂਰ।

ਗੋਰਖ ਕੋ ਛਲ† ਜਾਨਿ ਕੈ, ਹਟਿ ਆਏ
ਜਗ ਮੂਰ[1] ॥੪੧॥

[1]ਜਗਤ ਦੇ ਕਾਰਣ। †ਤਾਲ ਵਿਚ ਰਤਨ ਨਹੀਂ ਸਨ, ਗੋਰਖ ਨੇ ਜਾਦੂਗਰੀ ਦੇ ਲਾਲ ਰਤਨ ਮਾਯਾ ਨਾਲ ਭ੍ਰਮਾ ਲੈਣ ਵਾਸਤੇ ਦਿਖਾਏ ਸਨ।

ਕਹਜੋ ਆਨ 'ਤਹਿਂ ਨੀਰ ਨਹਿਂ, ਖੱਪਰ
ਲੇਹੁ ਸਮ੍ਹਾਲ।'

ਬੈਠੇ ਬਹੁਰ ਸਮੀਪ ਹ੍ਵੈ, ਸ੍ਰੀ ਗੁਰ ਦੀਨ
ਦਯਾਲ ॥੪੨॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਤ੍ਰੇਹਠਮੋਂ ਅਧ੍ਯਾਯ ॥੬੩॥

## ੬੪. [ਗੁਰਚਰਨ ਪ੍ਰੇਮ ਮੰਗਲ। ਸਿੱਧਾਂ ਤੋਂ ਵਿਦਾ ਹੋਣਾ]

੬੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬੫

{ਮੁੰਦਾ ਸੰਤੋਖ..} ॥੧੨॥
{ਪ੍ਰਾਨਨਾਥ ਦੀ ਸ਼ਰਧਾ} ॥੩੨..॥
{ਨੌਂ ਨਾਥ} ॥੩੯.. ॥
{ਛੇ ਜਤੀ} ॥੪੦॥
{ਚੌਰਾਸੀ ਸਿੱਧਾਂ ਦੇ ਨਾਮ} ॥੪੧.. ॥
{ਛੇ ਜਤੀ ਹੀ ਕਿਉਂ?} ॥੫੦॥
{ਅੱਠ ਕਿਸਮ ਦਾ ਭੋਗ} ॥੫੧.. ॥
{ਸਿੱਧਾਂ ਤੋਂ ਵਿਦਾ ਹੋਣਾ} ॥੬੦..॥

ਦੋਹਰਾ:

ਮਨ ਮੂਖਕ ਬਿਲ ਬਾਸ਼ਨਾ, ਪਕਰੈਂ ਕੌਨ ਉਪਾਇ॥

ਮੂਖਕ=ਚੂਹਾ। [ਸੰਸ. ਮੂਸ਼ਿਕ=ਜੋ ਚੋਰੀ ਕਰੇ, ਚੂਹਾ] ਬਿਲ=ਖੁਡ। [ਸੰਸ. ਬਿਲੰ]।

ਪਾਰਦ ਸ੍ਰੀ ਗੁਰ ਪ੍ਰੇਮ ਪਗ, ਪਜਾਵਹੁ ਹ੍ਵੈ ਥਿਰ ਥਾਇ ॥੧॥

ਪਾਰਦ=ਪਾਰਾ। ਆਖਦੇ ਹਨ ਕਿ ਚੂਹਾ ਪਾਰਾ ਪੀ ਕੇ ਫੇਰ ਹਿੱਲ ਜੁਲ ਨਹੀਂ ਸਕਦਾ। ਯਥਾ: ਮਨ ਚੂਹਾ ਪਿੰਗਲ ਭਾਇਆ ਪੀ ਪਾਰਾ ਹਿਰ ਨਾਮ। ਰਜਬ ਚਲੇ ਨਾ ਚਲ ਸਕੇ ਰਹਿਓ ਠਾਮ ਕਾ ਠਾਮ।

ਅਰਥ:

ਮਨ (ਮਾਨੋ) ਚੂਹਾ ਹੈ (ਜੋ) ਬਾਸ਼ਨਾ ਰੂਪੀ ਖੁੱਡ (ਵਿਚ ਭੱਜਿਆ ਫਿਰਦਾ ਹੈ, ਇਸਨੂੰ) ਕਿਸ ਉਪਾਵ ਨਾਲ ਫੜੀਏ? (ਉਤਰ:-) ਸ੍ਰੀ ਗੁਰੂ (ਜੀ ਦੇ) ਚਰਣਾਂ ਦਾ ਪ੍ਰੇਮ ਪਾਰੇ (ਵਾਂਗੂੰ ਭਾਰਾ ਹੈ ਇਸ ਚੂਹੇ ਨੂੰ) ਪਿਲਾ ਦੇਈਏ ਜੋ ਟਿਕ ਕੇ ਥਾਂ ਸਿਰ (ਬਹਿ ਜਾਵੇ)।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਪਚਹਾਰੇ ਸਭਿ ਹੀ ਜਬੈ, ਕਿਹ ਬਿਧਿ
ਜੀਤ ਨ ਪਾਇ।
ਗੋਰਖ ਚਿੰਤਾਤੁਰ ਭਯੋ -ਹੋਵਤਿ ਬਾਦ
ਉਪਾਇ[1]- ॥੨॥

[1]ਬਿਅਰਥ ਜਾਂਦੇ ਹਨ ਯਤਨ।

ਚੌਪਈ:

ਬਹੁਰੋ ਸਰਬ ਸਿੱਧ ਮਿਲਿ ਆਏ।
ਜੇ ਸ਼ਕਤਿਨਿ ਯੁਤਿ ਹੁਤੇ ਪਲਾਏ[1]।

[1]ਜੋ ਸ਼ਕਤੀਆਂ ਵਾਲੇ ਭੱਜ ਗਏ ਸਨ (ਮੁੜ ਆਏ)।

ਗੋਰਖ ਜਹਿਂ ਬੇਦੀ ਕੁਲਦੀਪਾ।
ਬੈਸੇ ਸਭਿ ਤਹਿਂ ਹੋਇ ਸਮੀਪਾ ॥੩॥
ਕਿਤਕ ਦੇਰਿ ਤੁਸ਼ਨ ਹੀ ਰਹੇ।
ਪੁਨ ਬਿਚਾਰ ਗੋਰਖ ਬਚ ਕਹੇ।
'ਮਾਨਹੁ ਮਨ ਮੈਂ, ਬਾਨੀ ਮੋਰੀ।
ਸੁਨਹੁ ਕਾਨ ਦੇ, ਕਹੋਂ ਬਹੋਰੀ ॥੪॥
ਸਭਿ ਸਿੱਧਨ ਕੋ ਅਧਿਪਤ[1] ਬਨਿਯੇ।
ਸਭਿ ਪਰ ਨਿਜ ਆਇਸ ਕੋ ਭਨਿਯੇ[1]।

[1]ਸੁਾਮੀ।

[1]ਹੁਕਮ ਕਰੋ।

ਮੁੰਦਾ ਪਹਿਰੋ ਝੋਲੀ ਲੀਜੈ।
ਅੰਗ ਬਿਭੂਤ ਮਲਨ ਕੋ ਕੀਜੈ ॥੫॥
ਖਿੰਥਾ[1] ਅਪਨੀ ਦੇਹਿ ਹੰਢਾਵੌਂ। — [1]ਗੋਦੜੀ।
ਸਿੱਧ ਜਮਾਤੀ ਮਹਿਂ ਅਬ ਆਵੌਂ।
ਲੇਹੁ ਭੰਡਾਰਾ[1] ਹਮ ਤੇ ਖਾਵੋ। — [1]ਲੰਗਰ।
ਸਿੰਙੀ ਮੁਖ ਤੇ ਨਾਦ ਬਜਾਵੋ ॥੬॥

ਦੋਹਰਾ:
ਹਾਥ ਬਿਖੈ ਡੰਡਾ ਗਹੋ, ਕਰਿ ਸਿੱਧਨ ਪਰਤੀਤ[1]। — [1]ਸਿੱਧਾਂ ਉਤੇ ਨਿਸ਼ਚਾ।
ਮਹਾਂ ਸ਼ਕਤਿ ਕੋ ਪਾਇ ਹੋ, ਯੌਂ ਸਗਲਾ ਜਗ ਜੀਤ ॥੭॥

ਚੌਪਈ:
ਮਿਲ 'ਆਦੇਸ' ਕਹੋ 'ਆਦੇਸੋ।'
ਨਾਥ ਨਾਮ ਹੁਇ ਜੁਗੁ ਜੁਗ ਬੈਸੋ।
ਜੋਗ ਸੰਜੋਗੀ[1] ਮਹਿਂ ਸੁਖ ਪਾਵਹੁ। — [1]ਜੋਗ ਧਾਰਨ ਕਰਨ ਵਿਚ (ਅ) ਜੋਗੀਆਂ ਦੇ ਇਕੱਠ ਵਿਚ।
ਇਕ ਮਾਈ ਕੇ ਪੂਤ ਕਹਾਵਹੁ ॥੮॥
ਜੋਗ ਜੁਗਤਿ ਕੇ ਚੇਲੇ ਮਾਨੀ[1]। — [1]ਮੰਨੇ ਜਾਂਦੇ ਹਨ।
ਸਭਿ ਦਿਵਾਨ ਤੁਮ ਸੇਵਕ ਥਾਨੀ[1]। — [1]ਸਾਰੇ ਵਡੇ (ਯਾ ਸਾਰੀਆਂ) ਸਭਾਵਾਂ ਦੇ (ਸਭਾਸਦ) ਤੁਹਾਡੇ ਸੇਵਕਾਂ ਦੇ ਥਾਂ ਹੋਣਗੇ।
ਤੁਮ ਤੇ ਉਪਰ ਹੋਇ ਨ ਆਨਾ।
ਸਭਿ ਮਹਿਂ ਬੈਸਹੁ ਹ੍ਵੈ ਪਰਧਾਨਾ ॥੯॥

ਦੋਹਰਾ:
ਲੋਇ ਲੋਇ[1] ਆਸਨ ਕਰਹੁ, ਸਰਬ ਕਰਾਇ ਭੰਡਾਰ। — [1]ਸਾਰੇ ਲੋਕਾਂ ਵਿਚ।
ਹੁਕਮ ਮਨਾਵਹੁ ਜਹਾਂ ਤਹਿਂ, ਅਸ ਬਿਧਿ ਕੀਜੈ ਕਾਰ' ॥੧੦॥

ਸੋਰਠਾ:
ਸੁਨਿ, ਗੁਰ ਗਿਰਾ ਅਲਾਇ, 'ਕਰਨੋ ਰਹਜੋ ਨ ਹਮਹਿਂ ਕੁਛ।
ਪੂਰਬ ਬਨਜੋ ਬਨਾਇ, ਅਬ ਨਵੀਨ ਕ੍ਰਿਤ ਕਜਾ ਕਰਹਿਂ' ॥੧੧॥

ਸ੍ਰੀ ਮੁਖਵਾਕ ॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥
ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥
ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

ਚੌਪਈ:

ਗੁਰ ਕੇ ਬਚਨ ਸੁਨੇ ਗੋਰਖ ਜਬ।
ਪੁਨ ਬੂਝਨ ਹਿਤ ਬੋਲਤਿ ਭਾ ਤਬ।
'ਕਿਉਂ ਕਰਿ ਤੁਮ ਇਹ ਠਾਂ ਚਲਿ ਆਏ?
ਕੌਨ ਮਨੋਰਥ ਦੇਹੁ ਬਤਾਏ? ॥੧੨॥
ਸੋ ਮੈਂ ਕਰੋਂ ਸਪੂਰਨ ਤੁਮਰੋ।
ਸਾਚ ਬਚਨ ਇਹ ਮਾਨੋ ਹਮਰੋ।'
ਸ੍ਰੀ ਗੁਰ ਕਹੈਂ 'ਮਨੋਰਥ ਮੇਰੇ।
ਸਤਿਗੁਰ ਪੂਰੇ ਹੈਂ ਇਕ ਬੇਰੇ ॥੧੩॥
ਦੀਖਜਾ[1] ਲੀਜੈ ਜੇ ਤੁਮ ਚਾਹੀ।
ਪੂਰੋਂ[1] ਮੈਂ, ਚਿਤਵੋ[2] ਮਨ ਮਾਂਹੀ।
ਜੋ ਮਾਂਗੋ[1], ਹਮ ਢਿਗ[2] ਕਰਤਾਰਾ।
ਤੁਝਹਿ ਦਿਵਾਵਹਿਂ, ਕਰਹੁ ਉਚਾਰਾ'

[1]ਉਪਦੇਸ਼, ਮੰਤ੍ਰ।
[1]ਪੂਰੀ ਕਰਾਂਗਾ। [2]ਜੋ ਤੁਸੀਂ ਚਾਹੋ।
[1]ਜੇ (ਤੁਸੀਂ) ਮੰਗੋ। [2]ਸਾਡੇ ਪਾਸੋਂ।

॥੧੪॥

ਦੋਹਰਾ:

ਸੁਨਿ ਤੂਸ਼ਨ ਗੋਰਖ ਭਯੋ, ਬੋਲ੍ਯੋ ਬਚਨ ਨ ਕੋਇ।

ਰਿਦੈ ਮਨੋਰਥ ਮਿਟ ਗਯੋ, ਜਲ ਤਰੰਗ[1] ਜ੍ਯੋਂ ਸੋਇ ॥੧੫॥

[1]ਬੁਲਬੁਲੇ ਵਾਂਗ।

ਚੌਪਈ:

ਬਾਨੀ ਮੰਗਲ ਨਾਥ ਅਲਾਈ[1]।

[1]ਮਖੌਲ ਨਾਲ) ਕਹਿੰਦਾ ਹੈ।

'ਗੋਰਖ ਨਾਥ ਸੁਨਹੁ ਸਿਧ ਰਾਈ!

ਨਾਨਕ ਕੋ ਦੀਨੋ ਉਪਦੇਸ਼ਾ।

ਤੁਮਰੋ ਭਲੋ ਲਿਯੋ ਹੈ ਬੇਸਾ' ॥੧੬॥

ਗੋਰਖ ਭਾਖੈ 'ਪਰਖੋਂ ਤਾਂਹੀ।

ਘਟ ਛੂਛਾ ਕੇ[1] ਪੂਰੋ ਆਹੀ।

[1]ਘੜਾ (ਹਿਰਦਾ) ਖਾਲੀ ਹੈ ਯਾ।

ਤੁਮਰੋ ਸੱਤਿ ਬਚਨ ਮੈਂ ਜਾਨਾ।

ਜਸ ਉਚਰ੍ਯੋ ਤੈਸਾ ਪਹਿਚਾਨਾ ॥੧੭॥

ਪੂਰਨ ਪੁਰਖ ਗ੍ਯਾਨ ਘਨ ਰੂਪਾ[1]।

[1]ਇਕਰ ਗ੍ਯਾਨ ਸਰੂਪ।

ਰਹਿਤ ਕਹਿਤ[1] ਕੇ ਸਹਿਤ ਅਨੂਪਾ[2]।'

[1]ਕਹਿਣੀ। [2]ਸੁਹਣਾ। ਜਿਸ ਦੀ ਉਪਮਾਂ ਨਾਂ ਹੋ ਸਕੇ।

ਸ਼੍ਰੀ ਨਾਨਕ ਚਰਚਾ ਕਰਿ ਐਸੇ।

ਕੇਤਿਕ ਕਾਲ ਰਹੇ ਤਹਿਂ ਬੈਸੇ ॥੧੮॥

ਦੋਹਰਾ:

ਮਰਦਾਨਾ ਬੂਝਤਿ ਭਯੋ, 'ਅੱਗ੍ਰਜ ਚਲੋ ਕਿ ਨਾਂਹਿ।

ਆਨ ਸਥਾਨ ਬਿਲੋਕੀਏ, ਜੇ ਰਾਵਰਿ ਉਰ ਚਾਹਿ' ॥੧੯॥

ਚੌਪਈ:

ਸੁਨੀਏ ਸ਼੍ਰੀ ਅੰਗਦ ਗਤਿਦਾਈ!

ਸੁਨਿ ਗੁਰ ਮੁਝ ਸੋਂ ਗਿਰਾ ਅਲਾਈ।

'ਤੁਮਰੇ ਮਨ ਮਹਿਂ ਕਿਤ ਬਿਧਿ ਬਾਲਾ?'

ਮੈਂ ਤਬ ਬੋਲ੍ਯੋ 'ਪ੍ਰਭੁ ਕ੍ਰਿਪਾਲਾ! ॥੨੦॥

ਹੌਂ ਰਾਵਰ ਕੇ ਨਿਤ ਅਨੁਸਾਰੀ।
ਜਿਉਂ ਉਰ ਮਹਿਂ ਤਿਉਂ ਕੀਜੈ ਕਾਰੀ।'
ਅਸ ਬਿਧਿ ਕਰਤਿ ਪਰਸਪਰ ਬੈਨਾ।
ਬੈਸੇ ਤਹਿਂਵਾ† ਪੰਕਜ ਨੈਨਾ ॥੨੧॥ †ਪਾ:-ਤਿਹ ਠਾਂ।
ਪ੍ਰਾਨਨਾਥ ਜੋਗੀ ਤਬ ਆਯੋ।
ਬੈਠ ਸਮੀਪ 'ਅਦੇਸ਼' ਅਲਾਯੋ।
'ਅਸਨ ਬਸਨ ਲੀਜੈ ਜੋ ਚਾਹੀ।
ਛੁਧਾ ਨ ਬਜਾਪੈ ਕਬ ਤਨ ਮਾਂਹੀ ॥੨੨॥

ਦੋਹਰਾ:
ਨੰਗੇ ਕਬੈ ਨ ਹੋਵੀ, ਪਹਿਰ ਦੁਕੂਲ[1] ਅਮੋਲ।'
ਅਸ ਬਿਧਿ ਸੁਨਿ ਕੈ ਬੈਨ ਤਿਹ, ਬੋਲੇ ਅਚਲ ਅਤੋਲ ॥੨੩॥

[1]ਕਪੜਾ, ਦੁਪੱਟਾ।

ਚੌਪਈ:
'ਨੀਕੋ ਕੀਨ ਸੰਤੋਖੰ ਅਸਨਾ।
ਰੂਰੋ ਸਾਦ[1] ਨਾਮ ਜਪ ਰਸਨਾ[2]। [1]ਸ੍ਵਾਦ। [2]ਜੀਭ (ਨਾਲ)।
ਬਸਨ[1] ਜਿ ਭਾਉ ਭਗਤਿ ਕੇ ਲੀਨੇ। [1]ਕੱਪੜੇ।
ਨਹੀਂ ਪੁਰਾਤਨ, ਨੀਤ ਨਵੀਨੇ[1] ॥੨੪॥ [1]ਨਿਤ ਨਵੇਂ (ਰਹਿੰਦੇ) ਹਨ।
ਅਤਿ ਸੁੰਦਰ ਸ਼ੋਭਾ ਯੁਗ ਲੋਕਾ।
ਭੁਖ ਨਗਨ ਤੇ ਸਦਾ ਅਸ਼ੋਕਾ।'
ਪ੍ਰਾਨਨਾਥ ਸੁਨਿ ਪ੍ਰੇਮ ਉਮੰਗਾ।
ਉਦਤਯੋ[1] ਚਰਨ ਗਹਿਨ[2] ਹਿਤ ਸੰਗਾ ॥੨੫॥ [1]ਉਠਿਆ। [2]ਫੜਨ।
ਸ੍ਰੀ ਨਾਨਕ ਬਹੁ ਭਾਉ ਜਿ ਦੇਖਾ।
ਤਿਹ ਕੋ ਆਦਰ ਕੀਨ ਬਿਸ਼ੇਖਾ।
ਪਗ ਲੌਂ[1] ਸਿਰ ਨਹਿਂ ਜਾਵਨ ਦੀਨੋ। [1]ਚਰਨਾਂ ਤਕ।
ਕਰ ਮੈਂ ਲੇਯ ਅੰਕ[1] ਭਰਿ ਲੀਨੋ ॥੨੬॥ [1]ਜੱਫੀ।

ਦੋਹਰਾ:
ਮਿਲੇ ਪਰਸਪਰ ਹਰਖ ਕਰਿ[1], ਪ੍ਰਾਨਨਾਥ ਕਹਿ ਬੈਨ।

[1]ਪ੍ਰਸੰਨ ਹੋਕੇ।

'ਭਯੋ ਨਿਰੰਜਨ ਕੋ[1] ਦਰਸ, ਹਮਹਿਂ ਸਰਬ ਗੁਨ ਐਨ ॥੨੭॥

[1]ਪ੍ਰਮਾਤਮਾ ਦਾ।

ਚੌਪਈ:

ਤੁਮ ਤੋ ਬਿਦਤਿ ਆਪ ਕਰਤਾਰਾ।
ਕਲਿ ਨਰ ਤਾਰਨ ਕੋ ਤਨ ਧਾਰਾ।
ਜਿਨ ਤੁਮ ਕੋ ਨਹਿਂ ਐਸੇ ਜਾਨਾ।
ਸੋ ਜੋਗੀ ਨਹਿਂ, ਅਤਿ ਅਗਜਾਨਾ[1]' ॥੨੮॥

[1]ਮੂਰਖ ਹੈ।

ਬੰਦੈ ਹਾਥ ਰਿਦੇ ਅਨੁਰਾਗਾ[1]।

[1]ਹੱਥ ਦੋਵੇਂ ਜੁੜੇ ਹੋਏ ਹਨ ਦਿਲ ਵਿਚ ਪ੍ਰੇਮ ਹੈ (ਤੇ ਮੂੰਹੋਂ ਕਹਿੰਦਾ ਹੈ)।

'ਅਹੈਂ ਧੰਨ ਹਮਾਰੇ ਵਡ ਭਾਗਾ।
ਜਿਹ ਕਰਿ ਤੁਮਰਾ ਦਰਸਨ ਪਾਯਾ।
ਮੋ ਕੋ ਤਾਰਨ ਇਹ ਠਾਂ ਆਯਾ ॥੨੯॥
ਮੈਂ ਜੋ ਕੀਨ ਜੋਗ ਚਿਰਕਾਲਾ।
ਤਾਂ ਕੋ ਫਲ ਅਬ ਮਿਲਜੋ ਬਿਸਾਲਾ[†]।'

[†]ਸ੍ਰੀ ਪ੍ਰਾਣ ਨਾਥ ਜੀ ਦਾ ਕਥਨ ਕੈਸਾ ਸਿਦਕ ਭਰਿਆ ਹੈ।

ਸ੍ਰੀ ਗੁਰ ਕਹੈਂ 'ਧੰਨ ਤੁਮ ਜੋਗੀ।
ਮਾਨ ਰੋਗ ਤੇ ਰਹਿਤ ਅਰੋਗੀ ॥੩੦॥

ਦੋਹਰਾ:

ਦਯਾ ਨਿਰੰਜਨ ਤੋਹਿ ਪਰ, ਹੈ ਸਭਿ ਤੇ ਅਧਿਕਾਇ।'
ਕਹੇ ਸੁਨੇ ਇਵ ਬੈਨ ਯੁਗ[1], ਮਿਲਿ ਕਰਿ ਭੇ ਹਰਖਾਇ ॥੩੧॥

[1]ਦੋਹਾਂ ਨੇ।

ਚੌਪਈ:

ਮੰਗਲ ਬੂਝਤਿ ਭਾ ਤਿਹ ਸਾਥਾ।
'ਕਸ ਸ੍ਰੀ ਨਾਨਕ? ਪ੍ਰਾਨੰ ਨਾਥਾ!'

{ਪ੍ਰਾਨਨਾਥ ਦੀ ਸ਼ਰਧਾ}

ਕਹਿਨ ਲਗਜੋ 'ਮੈਂ ਅਸ ਪਹਿਚਾਨਾ।
ਦਰਸ ਨਿਰੰਜਨ ਕੋ ਮਨ ਮਾਨਾ ॥੩੨॥
ਪੂਰਬ ਮਿਲਿ ਤੁਮ ਜੈਸੇ ਕਹਾ।
ਕੂਰ ਨ ਰਾਈ ਤੈਸੋ ਅਹਾ।'
ਪ੍ਰਾਨਨਾਥ ਮਿਲਿ ਕਰਿ ਜਬ ਗਯੋ।
ਮਰਦਾਨਾ ਤਬ ਬੋਲਤਿ ਭਯੋ ॥੩੩॥

'ਇਸ ਜੋਗੀ ਕੋ ਭਲੋ ਸੁਭਾਏ।
ਅਤਿ ਕੋਮਲ ਜਿਹ ਬੈਨ ਅਲਾਏ।
ਦਰਸ ਬਿਲੋਕਤਿ ਹਰਖਾ ਐਸੇ।
ਬਿਛਰਯੋ ਮੀਤ ਮਿਲਤਿ ਹੈ ਜੈਸੇ'
॥੩੪॥

ਦੋਹਰਾ:
ਸ਼੍ਰੀ ਗੁਰੁ ਬੋਲੇ 'ਜਾਸ ਪਰ, ਹੈ ਕਰੁਨਾ
ਕਰਤਾਰ।
ਤਿਸ ਮਹਿਂ ਅਸ ਗੁਨ ਹੋਵਈਂ, ਲਖਹਿਂ
ਨ ਔਰ ਗਵਾਰ ॥੩੫॥

ਚੌਪਈ:
ਸਭਿ ਨਾਥਨ ਮਹਿਂ ਸ੍ਰੇਸ਼ਟ ਨਾਥਾ।
ਇਹ ਸਮਾਨ ਕਿਹ ਅਪਰ ਨ ਗਾਥਾ।'
ਗੁਰੁ ਸੋਂ ਬੂਝਤਿ ਭਾ ਮਰਦਾਨਾ।
'ਨਾਥ ਨਾਮ ਸਭਿ ਕਰਹੁ ਬਖਾਨਾ
॥੩੬॥
ਜਿਤਨੇ ਜਤੀ ਕਹਹੁ ਤਿਨ ਨਾਮੂ।
ਕਿਤਨੇ ਸਿੱਧ ਭੇਦ ਸੁਖ ਧਾਮੂ!'
ਸ਼੍ਰੀ ਗੁਰੁ ਭਨੈਂ 'ਸਿੱਧ ਹੈਂ ਜੇਤੇ।
ਨਾਥ ਨਾਮ ਕਹਿਲਾਵਹਿਂ ਤੇਤੇ ॥੩੭॥
ਇਨ ਮਹਿਂ ਨੌ ਜਿ ਨਾਥ ਸ਼ੁਭ ਜਾਨੁ।
ਸੋ ਮੈਂ ਤੁਝ ਸੋਂ ਕਰਤਿ ਬਖਾਨੁ।
੧ਪ੍ਰਾਣ ਨਾਥ, ੨ਇਕ ਗੋਪੀ ਚੰਦ।
{ਨੌਂ ਨਾਥ}
੩ਸੁਰਤਿਨਾਥ ਜਿਨ ਨਹਿਂ ਜਮ ਫੰਧ
॥੩੮॥

ਦੋਹਰਾ:
੪ਗੋਰਖਨਾਥ ੫ਮਛਿੰਦ੍ਰ ਪੁਨ[1],
੬ਮੰਗਲਨਾਥ ਮਹਾਨ[2]।
੭ਚਰਪਟ, ੮ਚੰਬਾਨਾਥ ਹੈ ੯ਘੁਘੁਨਾਥ
ਸੁਜਾਨ[1] ॥੩੯॥

ਚੌਪਈ:

[1]ਫੇਰ। [2]ਬੜਾ।

[1]ਚਤੁਰ।

ਅਬ ਜੇ ਜਤੀ ਸੁਨਹੁ ਦੇ ਕਾਨਾ।
੧ਲਛਮਨ, ੨ਗੋਰਖ ਅਰ ੩ਹਨੁਮਾਨਾ।
੪ਭੀਸ਼ਮ, ੫ਭੈਰਉ, ੬ਦੱਤ ਪਛਾਨੋ।
{ਛੇ ਜਤੀ}
ਚੌਰਾਸੀ ਸਭਿ ਸਿੱਧ ਬਖਾਨੋ ॥੪੦॥
{ਚੌਰਾਸੀ ਸਿੱਧਾਂ ਦੇ ਨਾਮ}
ਸੁਰਸਿੱਧ, ਲੁਹਿਰੀਪਾ, ਭੰਗਰ।
ਹਾਜੀ ਰਤਨ, ਖਿੰਥੜਾ, ਝੰਗਰ।
ਕੇਵਲ, ਕਰਠ, ਜਾਲਿਕਾ, ਸੰਗਰ।
ਸਮਰਥ, ਨਿਰਤ, ਬਿਮਲਕਾ, ਲੰਗਰ ॥੪੧॥
ਪੂਰਨ, ਨਾਸਿਕ, ਔਘੜ, ਊਰਮ।
ਭਰਥਰਿ, ਈਸ਼ੁਰ, ਪਰਬਤ, ਧੂਰਮ।
ਜੋਤਿ ਮਗਨ, ਸਿਧਸੈਨ, ਹਨੀਫਾ।
ਰਾਇਐਨ, ਪਤਿਪ੍ਰਾਨ, ਕਨੀਫਾ ॥੪੨॥
ਬਿਮਲ ਜੋਤਿ, ਸੀਤਲ ਜਲ, ਗਿਰਵਰ।
ਚਤੁਰਬੈਨ, ਮੁਕਤੀਸ਼ਰ, ਗਿਰਧਰ।
ਸੁਰਐਨ, ਗਿਰਬੋਧ, ਪਲਕ ਨਿਧਿ।
ਸੰਭੂ, ਮਗਨਧਾਰ, ਕਨਕਾ ਸਿਧ ॥੪੩॥
ਗੌਨਗੁਆਲ, ਕਾਲਿੰਦ੍ਰੇ, ਦਰਸ਼ਨ।
ਚਲਨਜੋਤਿ, ਤੁਲਸਾਂ, ਗੋਵਰਧਨ।
ਕੇਵਲਕਰਮੀ, ਕਲਾ-ਬਿਲਾਸੀ।
ਭੂਤਵੇ, ਕੇਸਕਰਨ, ਕ੍ਰੂਮਨਾਸੀ† ॥੪੪॥

†ਪਾ:-ਭੂਤਕ, ਵੈਸ ਕਰਨ, ਕ੍ਰੂਮ ਨਾਸੀ।

ਸੰਘਰ, ਕਿਸਨ ਕੁਆਰ, ਅਸਰਨਿਧ।
ਪਲਕਾ, ਰਾਮਕੁਮਾਰ, ਰਾਮ ਸਿੱਧ।
ਮੀਰਹੁਸੈਨੀ, ਆਪੰਰੂਪੀ।
ਮੀਰਜੰਬੀਲ, ਕਲੇਸੰਧੂਪੀ ॥੪੫॥
ਜੋਗਹਰੇ, ਖੁਲਾਸ, ਕਸਧੂਪੀ।
ਕੇਵਲਕਰਮੀ, ਜੋਗ ਅਨੂਪੀ।

ਮੂਲ ਮੰਤ੍ਰੀ, ਕਿਦਾਰ, ਇਕ ਰੰਗੀ।
ਨਾਸਿਕਾ, ਸਿਲਸਿਲਾ ਤੁਰਤਰੰਗੀ
॥੪੬॥
ਕੇਲੰਕਲ, ਕ੍ਰਨਜੋਗ, ਬਚਿੱਤ੍ਰਾ।
ਈਸ਼ਰਪ੍ਰੰਗੀ, ਯੋਗਪਵਿਤ੍ਰਾ।
ਸੰਭਾਲਕਾ, ਬਿਹੰਗਮ, ਜੋਗੀ।
ਬ੍ਰਹਮੰ ਜੋਗੀ, ਬ੍ਰਹਮੰ ਭੋਗੀ ॥੪੭॥
ਸਰਸੁਤੀ, ਬਿਨਸਪਤੀ, ਗੰਧਾਰੀ।
ਵਾਸੀਗੁਫਾ, ਬ੍ਰਹਮ ਬ੍ਰਤਧਾਰੀ।
ਮੁਗਲ ਜੋਗ, ਚੌਰਾਸੀ ਗਿਨਿਯੇ।
ਸਰਬ ਨਾਮ ਸਿੱਧਨ ਕੇ ਜਨਿਯੇ'
॥੪੮॥
ਮਰਦਾਨਾ ਸੁਨਿ ਬੂਝਤ ਭਾ ਤਬ।
'ਤੁਮ ਜੋ ਕਹੇ ਸੁ ਜਾਨੇ ਮੈਂ ਸਭਿ।
ਏਕ ਸੰਦੇਹ ਨਿਵਾਰਨ ਕੀਜੈ।
ਬਹੁਰੋ ਚਲਨ ਗੈਲ[1] ਪਗ[2] ਦੀਜੈ [1]ਰਾਹ ਵਿਚ। [2]ਚਰਣ।
॥੪੯॥
ਦੋਹਰਾ:
ਭੋਗ ਨ ਕੀਨੋ ਨਾਰਿ ਸੋਂ, ਐਸੇ ਲੋਕ
ਅਨੇਕ।
{ਛੇ ਜਤੀ ਹੀ ਕਿਉਂ?}
ਖਸ਼ਟ ਜਤੀ ਤੁਮ ਕਿਉਂ ਕਹੇ, ਮੁਝ ਸੰਸੈ
ਭਾ ਏਕ' ॥੫੦॥
ਚੌਪਈ:
ਸੁਨਿ ਸ਼੍ਰੀ ਗੁਰੁ ਨੈ ਬਚਨ ਉਚਾਰੇ।
{ਅੱਠ ਕਿਸਮ ਦਾ ਭੋਗ}
'ਨਹੀਂ ਜਤੀ ਜੋ ਤੋਹਿ ਬਿਚਾਰੇ।
ਸਰਬ[1] ਰਿਖੀਕ[2] ਬਿੰਦ[3] ਦ੍ਰਵ ਜਾਵੈ। [1]ਸਾਰੇ। [2]ਇੰਦ੍ਰੀਆਂ ਤੋਂ। [3]ਵੀਰਯ।
ਜਤੀ[*] ਸੋਇ ਕਿਤ ਤੇ[1] ਨ ਗਵਾਵੈ [1]ਕਿਸੇ ਤਰਫ ਤੋਂ।
॥੫੧॥

[*]ਸ਼੍ਰੀ ਗੁਰੂ ਜੀ ਦੇ ਮੁਖਾਰਬਿੰਦ ਤੋਂ ਕਵਿ ਜੀ ਨੇ ਜਤੀ ਦੇ ਜੋ ਲੱਛਣ ਕਿਹਵਾਏ ਹਨ, ਉਹ ਖਿਯਾਲ ਮੰਡਲ ਦੀ ਆਦਰਸ਼ਕ ਬਾਤ ਹੈ। ਇਸ ਬਯਾਨ ਦੀ ਇਹ ਮੁਰਾਦ ਨਹੀਂ ਕਿ ਗੁਰੂ ਜੀ ਦਾ ਆਦਰਸ਼ ਐਸੇ ਜਤੀ ਪੈਦਾ ਕਰਨ ਦਾ ਸੀ। ਉਨ੍ਹਾਂ ਦਾ ਆਦਰਸ਼ ਸ਼ੁਭ ਆਚਰਨ ਵਾਲਾ ਬੜਾ ਹੀ ਉੱਚਾ ਹੈ। ਇਸਤ੍ਰੀ

ਪੁਰਖ ਵਿੱਚ ਪਵਿੱਤ੍ਰਤਾ ਦਾ ਉੱਚੇ ਤੋਂ ਉੱਚਾ ਨਿਵਾਸ ਲੋਚਦੇ ਹਨ। ਪਰ ਹਠਾਗ੍ਰਹ ਵਾਲਾ ਨਿਰਾ 'ਜਤੀ' ਦਸ਼ਾ ਦਾ ਉਨ੍ਹਾਂ ਉਪਦੇਸ਼ ਨਹੀਂ ਦਿੱਤਾ। ਫੁਰਮਾਉਂਦੇ ਹਨ:

ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ। [ਆਸਾ ਮਾ: ੧]

ਇਸ ਤੋਂ ਸਪੱਸ਼ਟ ਹੈ ਕਿ 'ਨਾਮ ਦੀ ਕਮਾਈ' ਪ੍ਰਾਪਤ ਕਰਨੀ ਇਹ ਆਪ ਦਾ ਉਪਦੇਸ਼ ਹੈ, ਨਾਮ ਸਿਮਰਣ ਵਾਲੇ ਦਾ ਜਤ ਸੁਤੇ ਸਿੱਧੇ ਸਿਰੇ ਚੜ੍ਹਦਾ ਹੈ। ਨਿਰਾ 'ਜਤੀ' ਹੋ ਜਾਣਾ ਉਨ੍ਹਾਂ ਦਾ ਆਦਰਸ਼ ਨਹੀਂ। ਪਰ ਇਸ ਦੇ ਇਹ ਅਰਥ ਬੀ ਨਹੀਂ ਕਿ ਓਹ ਇਸਤ੍ਰੀ ਪੁਰਖ ਦੀ ਉੱਚੀ ਤੋਂ ਉੱਚੀ ਪਵਿੱਤ੍ਰਤਾ ਨਹੀਂ ਚਾਹੁੰਦੇ ਨ। ਓਹ ਸਿੱਖਾਂ ਨੂੰ ਨਾਮ ਦੇ ਪਜਾਰੇ, ਸੁੱਚੇ ਉੱਚੇ ਸੁਤੇ ਸਿੱਧ ਜਤੀ ਵੇਖਦੇ ਹਨ। ਯਥਾ:-

ਜਤੁ ਪਾਹਾਰਾ ਧੀਰਜੁ ਸੁਨਿਆਰੁ ॥

ਦੂਸਰਾ ਜਤੀ ਗੁਰੂ ਘਰ ਵਿਚ 'ਗ੍ਰਹਸਤ ਜਤੀ' ਹੈ। ਯਥਾ:-

'ਏਕ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ' (ਭਾ: ਗੁ: ਵਾਰ ੬ ਪੌ: ੮)।

ਪੁਨਾ: ਸਤਿਗੁਰੂ ਜੀ ਗ੍ਰਿਸਤੀ ਦਾ ਆਦਰਸ਼ ਦੱਸਦੇ ਹਨ

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥

ਹਾਂ ਜੇ ਕੋਈ ਸਹਿਜ ਸੁਭਾ ਜਤੀ ਰਹਿਕੇ ਨਾਮ ਜਪੇ ਤਾਂ ਇਹ ਬੀ ਸਖਤੀ ਨਹੀਂ ਕਿ ਓਹ ਜ਼ਰੂਰ ਹੀ ਵਿਆਹ ਕਰੇ। ਜਤੀ ਬੀ ਉਹੀ ਪਰਵਾਨ ਹੈ ਜੋ ਨਾਮ ਦਾ ਪ੍ਰੇਮੀ ਹੈ। ਵਿਵਾਹ ਨਾ ਕਰਕੇ ਜਤੀ ਰਹਿਣਾ ਜਿਸ ਨੇ ਹੋਰਨਾਂ ਚੰਗਿਆਈਆਂ ਵਾਂਗੂੰ ਇਕ ਸਹਜ ਸੁਭਾ ਨਾਲ ਸ਼ੁਭ ਗੁਣ ਧਾਰਨ ਕਰ ਰਖਿਆ ਹੈ, ਆਪਣੀ ਕਲਿਆਨ ਦੀ ਟੇਕ ਉਸ ਨੇ 'ਨਾਮ' ਪਰ ਧਾਰ ਰਖੀ ਹੈ। ਐਸੇ ਸਿੱਖ ਜਤੀ ਡੇਰਿਆਂ ਵਿੱਚ ਰਹਿਕੇ ਸਾਧੂ ਹੋਕੇ ਪ੍ਰਚਾਰ ਕਰਦੇ ਰਹੇ ਹਨ, ਉਨ੍ਹਾਂ ਦੀ ਅਣਹੋਂਦ ਨੇ ਹੀ ਡੇਰੇ ਵੈਰਾਨ ਕਰਨੇ ਆਰੰਭ ਕਰ ਦਿੱਤੇ ਹਨ।

ਨੈਨ[1] ਰੂਪ ਪਿਖਿ[2] ਰਹਜੋ ਲੁਭਾਈ।
ਤਾਂਹੀ ਸਮੈ ਨੈਨ ਦਰ ਜਾਈ।

[1]ਨੇਤ੍ਰ। [2]ਦੇਖ ਕੇ।

ਤਿਯ[1] ਰਸ ਸੁਨਹਿ ਜਬਹਿ ਦੇ ਕਾਨਾ।
ਜਾਇ ਸ਼੍ਰਵਨ[1] ਦਰ[2] ਬਿੰਦ[3] ਲੁਭਾਨਾ[4] ॥੫੨॥

[1]ਇਸਤ੍ਰੀ।
[1]ਕੰਨਾਂ। [2]ਦੁਆਰੇ। [3]ਵੀਰਯ। [4]ਲੁਭਾਇਮਾਨ ਹੋ ਜਾਣ ਤੇ।

ਮੁਖ ਤੇ ਤਰੁਨੀ[1] ਰਸ ਕੀ ਬਾਤਾ।
ਹਿਤ ਸੋਂ ਲਾਇ ਕਰਤਿ ਯੌਂ ਜਾਤਾ।

[1]ਇਸਤ੍ਰੀ।

ਕਰਹਿ ਸਪਰਸ਼[1] ਅੰਗਨਾ ਅੰਗਾ[2]।
ਤਿਹ ਬਿਧਿ ਜਾਵਹਿ ਬਿੰਦ ਨਿਸੰਗਾ ॥੫੩॥

[1]ਛੁਹਣਾ। [2]ਇਸਤ੍ਰੀ ਦੇ ਅੰਗਾਂ ਨਾਲ।

ਦੋਹਰਾ:

ਅਸ਼ਟ ਬਿਧਿਨ[1] ਕੋ ਭੋਗ ਹੈ, ਤਿਨ ਤੇ ਜੋ ਵਿਪਰੀਤਿ[2]।
ਪੂਰਨ ਜਤੀ ਸੁ ਜਾਨਿਯੇ, ਲੀਨ ਕਾਮ ਤਿਹ ਜੀਤ ॥੫੪॥

[1]ਅਠ ਤਰ੍ਹਾਂ। [2]ਉਲਟਾ।

ਚੌਪਈ:

ਖਸ਼ਟ[1] ਜਤੀ ਹੈਂ ਔਰ ਨ ਕੋਈ।'
ਸੁਨਿ ਕਰਿ ਨਿਰਸੰਸੈਤਾ[1] ਹੋਈ।
ਪੁਨ ਮਰਦਾਨਾ ਬਚਨ ਅਲਾਵੈ।
'ਅੱਗ੍ਰਜ ਚਲਿਯੇ ਜੇ ਤੁਧੁ ਭਾਵੈ ॥੫੫॥
ਇਨ ਤੇ ਊਚੇ ਥਾਨ ਬਿਸ਼ੇਖ਼ਾ।
ਤਿਨ ਕੋ ਚਾਹਤਿ ਹੌਂ ਮੈਂ ਦੇਖਾ।'
ਸ਼੍ਰੀ ਗੁਰੁ ਕਹੈਂ 'ਬਿਲੰਬ[1] ਨ ਕੋਈ।
ਚਲਿ ਦੇਖਹੁ ਦੇਖਨ ਹਿਤ ਜੋਈ' ॥੫੬॥
ਅਸ ਕਹਿ ਕਰਿ ਸ਼੍ਰੀ ਗੁਰੁ ਸੁਖਕਾਰੀ।
ਗਮਨ ਹੇਤ ਪੁਨ ਕੀਨੀ ਤਯਾਰੀ।
ਪਿਖਿ ਕਰਿ ਗੋਪੀਚੰਦ ਬਖਾਨਾ।
'ਮੰਗਲਨਾਥ! ਸੁਨਹੁ ਦੇ ਕਾਨਾ ॥੫੭॥
ਨਾਨਕ ਤਪਾ ਚਲਿਤ ਭੇ ਤਯਾਰੂ।
ਚਲਹੁ ਆਪ ਕੀਜੈ ਸਤਿਕਾਰੂ।
ਜੇ ਤੁਮ ਕਹੇ ਰਹੈਂ ਇਹ ਥਾਈਂ।
ਯਾਂ ਤੇ ਨੀਕੀ ਅਪਰ ਨ ਕਾਈ ॥੫੮॥
ਜਿਨ ਕੇ ਬਚਨ ਗਯਾਨ ਮਹਿਂ ਭੀਨੇ।
ਹੁਇਂ ਸਨਾਥ[1] ਤਿਹ ਸੰਗਤਿ ਕੀਨੇ।'
ਕਹਤਿ[1] ਪਰਸਪਰ ਬਚਨ ਬਿਲਾਸੂ।
ਚਲਿ ਆਏ ਸ਼੍ਰੀ ਗੁਰੁ ਕੇ ਪਾਸੂ ॥੫੯॥
ਘੁੱਘੁਨਾਥ ਸੁ ਮੰਗਲਨਾਥਾ।
ਪ੍ਰਾਨਨਾਥ ਆਵਾ ਹਿਤ ਸਾਥਾ।
ਭਰਥਰਿ ਗੋਪੀਚੰਦ ਸੁਜਾਨਾ।
ਬੈਠਿ ਸਮੀਪਹਿ ਪ੍ਰੇਮ ਮਹਾਨਾ ॥੬੦॥

{ਸਿੱਧਾਂ ਤੋਂ ਵਿਦਾ ਹੋਣਾ}

ਹਾਥ ਬੰਦਿ ਕੈ ਬਚਨ ਅਲਾਏ।
'ਰਹੋ ਇਹਾਂ, ਕਿਉਂ ਤਪਾ! ਸਿਧਾਏ?

[1]ਛੇ।
[1]ਤਸੱਲੀ।
[1]ਦੇਰੀ।
[1]ਨਿਹਾਲ।
[1]ਕਹਿੰਦੇ ਹੋਏ।

ਸਿੱਧ ਮੰਡਲੀ ਕਰਹੁ ਸਨਾਥਾ।
ਬੈਸੇ ਕਰਹੁ ਨਿਰੰਜਨ ਗਾਥਾ ॥੬੧॥

ਦੋਹਰਾ:
ਨਹਿਂ ਤੁਮ ਕੋ ਜੰਜਾਰ ਕਛੁ, ਰਹਯੋ ਨ ਕੋਊ ਕਾਜ।
ਦਰਸ਼ਨ ਦੀਜੈ ਲੀਜਿਯੇ, ਰਹਉ ਸੁਮੇਰੁ ਬਿਰਾਜ' ॥੬੨॥

ਚੌਪਈ:
ਸ੍ਰੀ ਨਾਨਕ ਸੁਨਿ ਬੈਨ ਉਚਾਰਾ।
'ਔਰ ਨਹੀਂ ਕੋ ਹਮੈਂ ਜੰਜਾਰਾ।
ਦਰਸਨ ਸੰਤਨ ਕੋ ਹਿਤ ਮੇਰੇ।
ਜਿਨ ਸੰਗਤਿ ਮਹਿਂ ਸਭਿ ਸੁਖ ਹੇਰੇ ॥੬੩॥
ਆਸਨ ਬੈਸਨ[1] ਹਮ ਤੇ ਛੂਟਾ।
ਸਤਿਗੁਰੁ ਪਰਸਤਿ ਬੰਧਨ ਤੂਟਾ।
ਨਿਰੰਕਾਰ ਪਰ ਡੀਠ ਹਮਾਰੀ।
ਛੂਟ ਗਈ ਸਭਿ ਅਪਨੀ ਧਾਰੀ[1] ॥੬੪॥
ਨਹੀਂ ਦ੍ਰਿਸ਼ਟਿ ਜਾਵਹਿ ਕਿਤ ਆਨਾ।
ਅਟਕੀ[1] ਸ੍ਰੀ ਕਰਤਾਰ ਸਥਾਨਾ।
ਤਿਹ ਪਗ ਲਗਯੋ ਪ੍ਰੇਮ ਮਨ ਮੇਰੇ।
ਸ਼ਾਂਤਿ ਨ ਆਵਤਿ ਤਿਨ ਬਿਨ ਹੇਰੇ' ॥੬੫॥

[1]ਟਿਕ ਕੇ ਬੈਠਣਾ।
[1]ਹਉਮੈ।
[1]ਲੱਗੀ ਹੈ।

ਦੋਹਰਾ:
ਬੋਲਯੋ ਮੰਗਲਨਾਥ ਤਬ, 'ਰਾਵਰ ਹੀ ਕਰਤਾਰ।
ਤੁਮਰੋ ਦਰਸ ਦੁਲੰਭ ਹੈ, ਹਮ ਯੌਂ ਕਰਤਿ ਉਚਾਰ ॥੬੬॥

ਚੌਪਈ:
ਤੁਮ ਸਮੀਪ ਜੋ ਬੀਤਹਿ ਕਾਲਾ।
ਸੋ ਹਮ ਜਾਨਹਿਂ ਸਫਲ ਬਿਸਾਲਾ।
ਕਰੁਨਾ ਕਰਿ ਕੁਛ ਕਾਲ ਰਹੀਜੈ।

ਪੁਨ ਜਾਵਨ ਕੀ ਇੱਛਾ ਕੀਜੈ' ॥੬੭॥
ਸੁਨਿ ਸ਼੍ਰੀ ਨਾਨਕ ਬਚਨ ਉਚਾਰੇ।
'ਤੁਮ ਸਭਿ ਮੇਰੇ ਪ੍ਰਾਨਨ ਪਜਾਰੇ[1]। — [1]ਪ੍ਰਾਣਾਂ ਦੇ ਪਜਾਰੇ।
ਹੋਇ ਮੇਲ ਪੁਨ ਕੇਤਿਕ ਕਾਲਾ।
ਅਬ ਜਾਵਨ ਕੋ ਕਾਜ ਬਿਸਾਲਾ ॥੬੮॥
ਕਰਹੁ ਦਯਾ ਆਇਸ ਅਬ ਦੀਜੈ।
ਹੌਂ ਗਮਨੋਂ ਨਿਜ ਖੁਸ਼ੀ ਸੁ ਕੀਜੈ।'
ਮੰਗਲ ਆਦਿ ਸਰਬ ਸਿਧ ਭਾਖੈਂ।
'ਦੇਖਹੁ ਤਪਾ' ਜਹਾਂ ਤੁਮ ਕਾਂਖੈ[1] ॥੬੯॥ — [1]ਇੱਛਾ ਹੈ।

ਦੋਹਰਾ:
ਖੁਸ਼ੀ ਨਿਰੰਜਨ[1] ਕੀ ਸਦਾ, ਖੇਲਹੁ ਜਿਤ ਹੁਇ ਚਾਹਿ। — [1]ਪ੍ਰਮਾਤਮਾ।
ਸਭਿ ਤੁਮਰੇ ਅਸਥਾਨ ਹੈਂ, ਦੂਸਰ ਦੀਸਤਿ ਨਾਂਹਿ' ॥੭੦॥

ਚੌਪਈ:
ਠਾਂਢੇ ਹ੍ਵੈ ਕਰਿ ਪੰਕਜ ਬਦਨਾ।
ਬਿਦਾ ਹੋਨਿ ਲਾਗੈ ਸੁਖ ਸਦਨਾ।
ਮਿਲਿ ਸਭਿ ਸੋਂ 'ਆਦੇਸ' ਅਲਾਈ।
ਕਰਹਿਂ ਪ੍ਰੇਮ ਹਿਰਦੈ ਜਗਰਾਈ ॥੭੧॥
ਮੰਗਲ, ਪ੍ਰਾਨਨਾਥ, ਲੁਹਿਰੀਪਾ।
ਚਲਿ ਕਰਿ ਆਏ ਸਰਬ[†] ਸਮੀਪਾ। — [†]ਪਾ:-ਤਬਹਿ।
ਗੋਪੀਚੰਦ ਆਦਿ ਹੈਂ ਜੇਤੇ।
ਮਿਲਿ ਕਰਿ ਹਰਖੇ ਜੇ ਗੁਰ ਬੇਤੇ[1] ॥੭੨॥ — [1]ਗੁਰੂ ਜੀ ਨੂੰ ਪਛਾਣਨ ਵਾਲੇ।
ਦੇਖਹਿਂ ਚੰਦ੍ਰ ਬਦਨ ਕੀ ਓਰਾ।
ਸਭਿ ਨੈ ਲੋਚਨ ਕੀਨ ਚਕੋਰਾ।
ਬੰਦਨ ਕਰਹਿਂ ਚਰਨ ਅਰਬਿੰਦਾ।
ਮਨ ਆਪਨੇ ਜਿਨ ਕੀਨ ਮਲਿੰਦਾ[1] ॥੭੩॥ — [1]ਭੌਰੇ।

ਸਾਦਰ ਕੇ[1] ਬਚ ਸੁਨੇ ਸੁਨਾਏ। [1]ਆਦਰ ਵਾਲੇ।
ਅੱਗ੍ਰਜ[1] ਸੰਗ[2] ਚਲੇ ਪਹੁੰਚਾਏ। [1]ਅੱਗੇ। [2]ਨਾਲ।
ਕਰਤਿ ਪ੍ਰੇਮ ਸਭਿ ਸਿੱਧ ਹਟਾਏ।
ਆਗੇ ਪੁਨ ਸ੍ਰੀ ਗੁਰੂ ਸਿਧਾਏ ॥੭੪॥

ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਤੇ ਬਿਦਾ ਹੋਨ' ਪ੍ਰਸੰਗ ਬਰਨਨੰ ਨਾਮ ਚੌਹਠਮੋਂ ਅਧ੍ਯਾਯ ॥੬੪॥

ਸੁਮੇਰ ਹਿੰਦੂ ਪੌਰਾਣਕ ਅਖ੍ਯਾਯਕਾਂ ਦਾ ਇਕ ਪਰਬਤ ਹੈ, ਜੋ ਖ੍ਯਾਲੀ ਜਾਪਦਾ ਹੈ। ਇਹ ਓਥੇ ਜੰਬੂ ਦੀਪ ਦਾ ਕੇਂਦਰ ਮੰਨਿਆ ਹੈ। ਗ੍ਰੈਹ ਇਸਦੇ ਦੁਆਲੇ ਘੁੰਮਦੇ ਮੰਨੇ ਹਨ। ਉਚਾਈ ਇਸ ਦੀ ੮੪000 ਯੋਜਨ ਹੈ, ਜਿਸ ਵਿਚੋਂ ੧੬000 ਯੋਜਨ ਜ਼ਿਮੀਂ ਦੇ ਅੰਦਰ ਹੈ। ਇਸ ਦੀ ਸ਼ਕਲ ਮੁਰੱਬਾ, ਅੰਡਾਕਾਰ, ਤੇ ਗਾਜਰ ਵਰਗੀ ਮੰਨੀ ਹੈ। ਇਸਦੇ ਚਾਰ ਮੂੰਹ ਹਨ:-ਪੂਰਬ ਦਾ ਚਿੱਟਾ, ਦੱਖਣ ਦਾ ਪੀਲਾ, ਉੱਤਰ ਦਾ ਲਾਲ, ਪੱਛਮ ਦਾ ਕਾਲਾ। ਅਕਾਸ਼ੋਂ ਇਕ ਗੰਗਾ ਇਸ ਪਰ ਉਤਰਦੀ ਹੈ ਜੋ ਚਾਰ ਧਾਰਾ ਹੋ ਕੇ ਚਾਰ ਪਾਸੇ ਜਗਤ ਵਿੱਚ ਵਗਦੀ ਹੈ। ਚਾਰ ਦਿਸ਼ਾਂ ਦੇ ਦਿਗਪਾਲ ਚਹੁੰ ਪਾਸਿਆਂ ਤੇ ਰਹਿੰਦੇ ਹਨ, ਪਰਬਤ ਇਹ ਸੋਨੇ ਤੇ ਰਤਨਾਂ ਦਾ ਹੈ। ਚੋਟੀ ਤੇ ਬ੍ਰਹਮਾਂ ਰਹਿੰਦਾ ਹੈ, ਜਿਥੇ ਪ੍ਰਿਥਵੀ ਦੇ ਤਪੱਸ੍ਵੀ ਲੋਕ ਤੇ ਅਕਾਸ਼ਾਂ ਦੇ ਗੰਧਰਵ ਤੇ ਸੁਰਗਾਂ ਦੇ ਦੇਵਤੇ ਆ ਕੱਠੇ ਹੁੰਦੇ ਹਨ।

ਜੇ ਹਿੰਦੂਆਂ ਦੀ ਨਵੀਨ ਖੋਜ ਨੂੰ-ਕਿ ਆਰਯ ਵਡਕੇ ਪਹਿਲਾਂ ਉੱਤਰੀ ਧ੍ਰੂਵ ਦੇ ਨੇੜੇ ਰਹਿੰਦੇ ਸਨ ਠੀਕ ਮੰਨ ਲਈਏ ਤਾਂ ਜਾਪਦਾ ਹੈ ਕਿ ਸ਼ਾਯਦ ਉੱਤਰੀ ਧ੍ਰੂਵ ਨੂੰ ਸੁਮੇਰੁ ਕਹਿੰਦੇ ਹੋਣ, ਕਿਉਂਕਿ ਭੂਗੋਲ ਵਿਦਯਾ ਵਾਲੇ ਉੱਤਰੀ ਧ੍ਰੂਵ ਨੂੰ ਸੁਮੇਰੂ ਤੇ ਦੱਖਣੀ ਨੂੰ ਕੁਮੇਰੂ ਹੁਣ ਤਕ ਕਹਿੰਦੇ ਹਨ। ਉੱਤਰੀ ਧ੍ਰੂਵ ਤੇ ਅੱਪੜਨਾ ਲਗ ਪਗ ਅਸੰਭਵ ਹੁੰਦਾ ਸੀ, ਉਸ ਬਾਬਤ ਪੌਰਾਣਕਾਂ ਨੇ ਰਚਨਾ ਸੁਹਣੀ ਰਚ ਲਈ ਜਾਪਦੀ ਹੈ, ਮਰਕਜ਼ ਇਕ ਤਰ੍ਹਾਂ ਉਹ ਹੈ ਹੀ ਤੇ ਜੰਬੂ ਦ੍ਵੀਪ ਤੋਂ ਮੁਰਾਦ ਕੀ ਜਾਣੀਏ ਉੱਤਰੀ ਸੀਤਕਟਬੰਧ ਤੋਂ ਹੋਵੇ, ਜਿਥੋਂ ਦੇ ਓਹ ਪਹਿਲਾਂ ਵਸਨੀਕ ਸਨ। ਜਦ ਏਹ ਲੋਕ ਉਨ੍ਹਾਂ ਬਰਫਾਨੀ ਧਰਤੀਆਂ ਤੋਂ ਹੇਠਾਂ ਉਤਰੇ ਤਦ ਕੀਹ ਜਾਣੀਏ ਯੂਰਾਲ ਪਹਾੜ ਨੂੰ ਸੁਮੇਰੂ ਕਹਿਣ ਲੱਗ ਪਏ ਹੋਣ, ਸੋਨਾਂ ਉਸ ਵਿਚੋਂ ਬੀ ਨਿਕਲਦਾ ਹੈ। ਜਦੋਂ ਏਹ ਵਡਕੇ ਹਿੰਦ ਵਿੱਚ ਆ ਰਹੇ ਤੇ ਵਧੇ ਫੈਲੇ ਤਦੋਂ ਜਾਪਦਾ ਹੈ ਕਿ ਹਿਮਾਲੇ ਦੀ ਕੈਲਾਸ਼, ਗੁਰਲਾ ਮਾਨਧਾਤਾ ਤੇ ਇਨ੍ਹਾਂ ਪਰਬਤਾਂ ਦੇ ਲਾਗ ਦੀ ਉੱਚ ਧਰਤੀ ਸੁਮੇਰੂ ਬਣ ਗਈ। ਸੋਨਾਂ ਇਸ ਧਰਤੀ ਦੇ ਲਾਗੋਂ ਬੀ ਨਿਕਲਦਾ ਹੈ। ਸਤਲੁਜ, ਸਿੰਧ, ਬ੍ਰਹਮ ਪੁੱਤ੍ਰਾ ਆਦਿ ਦਰਯਾ ਦੂਰ ਨੇੜੇ ਏਸੇ ਇਲਾਕੇ ਵਿਚੋਂ ਨਿਕਲਦੇ ਹਨ। ਪਾਂਡਵ ਆਦਿ ਏਸੇ ਪਾਸੇ ਗਏ ਹਨ ਜਿਸ ਨੂੰ ਸੁਮੇਰੁ ਕਿਹਾ ਹੈ।

ਜਿਸ ਇਲਾਕੇ ਦਾ ਨਾਮ ਸੁਮੇਰੁ ਕਰਕੇ ਏਥੇ ਆ ਰਿਹਾ ਹੈ, ਉਹ ਨਿਰਸੰਦੇਹ ਏਸੇ ਇਲਾਕੇ ਦਾ ਨਾਮ ਹੈ ਜੋ ਕੈਲਾਸ਼ ਦੇ ਪਾਸ ਹੈ, ਮਾਨ ਸਰੋਵਰ ਦੀ ਝੀਲ ਜਿੱਥੇ ਹੈ। ਕਿਉਂਕਿ ਕਵਿ ਜੀ ਅਧ੍ਯਾਯ ੬੦ ਅੰਕ ੧੩ ਵਿਚ ਪਤਾ ਦੇਂਦੇ ਹਨ ਕਿ ਹਿਮਾਲੇ ਦਾ ਇਹ ਘਰ ਹੈ, ਬਰਫ ਪੈ ਕੇ ਜੰਮ ਰਹੀ ਹੈ। ਫਿਰ ਭਾਈ ਬਾਲੇ ਵਾਲੀ ਸਾਖੀ ਜੋ ਸ੍ਰੀ ਗੁਰੁ ਨਾਨਕ ਪ੍ਰਕਾਸ਼ ਦਾ ਮੂਲ ਹੈ ਦੇ ਸਫੇ ੨੭੩ ਤੇ ਕੈਲਾਸ਼ ਨਾਮ ਬੀ ਦਿੱਤਾ ਹੈ ਕਿ ਸੁਮੇਰੁ ਤੋਂ ਉੱਚੇ ਜਾ ਕੇ ਕੈਲਾਸ਼ ਪਰਬਤ ਆਯਾ। ਹਿਮਾਲੇ ਤੋਂ ਲੰਘਣਾ ਕੈਲਾਸ਼ ਦਾ ਪਤਾ ਦੇਣਾ ਤੇ ਫੇਰ ਜ਼ਿਕਰ ਤਾਲ ਦਾ ਆਉਣਾ ਕਿ ਗੋਰਖ ਨੇ ਗੁਰੂ ਜੀ ਨੂੰ ਤਾਲ ਤੋਂ ਪਾਣੀ ਭਰਕੇ ਲੈ ਆਉਣ ਲਈ ਕਿਹਾ-ਦੱਸਦਾ ਹੈ ਕਿ ਇਹ ਤਾਲ ਮਾਨ ਸਰੋਵਰ ਹੀ ਹੈ।

ਜੇ ਪੁਰਾਤਨ ਜਨਮ ਸਾਖੀ ਵਲ ਆਓ ਤਾਂ ਬੀ ਇਹੋ ਥਾਂ ਸਹੀ ਹੁੰਦੀ ਹੈ। ਕਸ਼ਮੀਰ ਦੀ ਯਾਤ੍ਰਾ ਮਗਰੋ ਲਿਖਿਆ ਹੈ ਕਿ ਸਵਾ ਲਖ ਪਰਬਤ ਲੰਘਿਆ ਅੱਗੇ ਸੁਮੇਰੁ ਜਾਇ ਚੜਿਆਂ ਜਹਾਂ ਮਹਾਂਦੇਵ ਕਾ ਅਸਥਾਨ ਥਾ। ਕਸ਼ਮੀਰ ਤੋਂ ਲੱਦਾਖ ਜਾ ਕੇ ਅੱਗੇ ਮਾਨ ਸਰੋਵਰ ਨੂੰ ਜਾ ਸਕੀਦਾ ਹੈ, ਪਰ ਕਸ਼ਮੀਰ ਤੋਂ ਸ਼ਿਮਲੇ ਆਦਿ ਪਹਾੜਾਂ ਥਾਣੀਂ ਬੀ ਮਾਨ ਸਰੋਵਰ ਜਾ ਸਕੀਦਾ ਹੈ। ਕਸ਼ਮੀਰ ਤੋਂ ਕੈਲਾਸ਼ ਤਕ ਅਨੇਕ

ਪਰਬਤ ਲੰਘਣੇ ਪੈਂਦੇ ਹਨ, ਤੇ ਕੈਲਾਸ਼ ਮਹਾਂਦੇਵ (ਸ਼ਿਵ ਜੀ) ਪਾਣੀ ਭਰ ਲਿਆਉਣ ਵਾਸਤੇ ਡਿੱਬੀ ਦਿੱਤੀ।

ਇਸਤੋਂ ਬੀ ਪੁਰਾਣੀ ਲਿਖਤ ਭਾਈ ਗੁਰਦਾਸ ਜੀ ਦੀ ਹੈ। ਓਹ ਬੀ ਸੁਮੇਰੁ ਜਾ ਚੜਿਆ ਲਿਖਦੇ ਹਨ, ਤੇ ਪਾਣੀ ਭਰ ਲਿਆਉਣ ਦੀ ਗੱਲ ਦੱਸਦੇ ਹਨ, ਪਰ ਹੋਰ ਕੋਈ ਪਤਾ ਨਹੀਂ ਮਿਲਦਾ। ਪਰ 'ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ' ਵਿਚ ਇਸ ਦਿਗ ਬਿਜੈ ਦਾ ਪਤਾ ਜ਼ਰੂਰ ਦੇਂਦੇ ਹਨ।

ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਬਦਰੀਨਾਥ ਤੋਂ ਅੱਠ ਦਸ ਕੋਹ ਚੜ੍ਹਦੀ ਵਲ ੧੭ ਹਜ਼ਾਰ ਛੇ ਸੌ ਬਹੱਤ੍ਰ ਫੁਟ ਦੀ ਉਚਾਈ ਵਾਲਾ ਹੇਮਕੁੰਟ ਪਰਬਤ ਲੰਘ ਕੇ ਅਨੇਕ ਸਾਧੂ ਰਿਖੀਆਂ ਨਾਲ ਚਰਚਾ ਕਰਦੇ ਹਿਮਾਲਯ ਜਾ ਚੜ੍ਹੇ, ਅੱਗੇ ਸਿਰਧਾਰ ਪਰਬਤ ਜਾ ਚੜ੍ਹੇ, ਫੇਰ ਗੋਰਖ ਆਦਿ ਮਿਲੇ। ਅਲਮੋਰੇ ਤੋਂ ਬੀ ਗੜ੍ਹਤੋਕ ਤੇ ਅੱਗੋਂ ਮਾਨ ਸਰੋਵਰ ਨੂੰ ਰਸਤਾ ਹੈ। ਸਭ ਤੋਂ ਅਖੀਰਲੀ ਸ਼ੈ ਮੈਕਾਲਫ ਦਾ ਲੇਖ ਹੈ। ਉਹ ਲਿਖਦਾ ਹੈ ਕਿ ਗੁਰੂ ਜੀ ਸਿਰੀ ਨਗਰ ਤੋਂ ਟੁਰਕੇ ਉੱਚੇ ਉੱਚੇ ਪਹਾੜ ਲੰਘਕੇ ਸੁਮੇਰੁ ਤੇ ਅੱਪੜੇ ਤੇ ਸਿੱਧਾਂ ਨਾਲ ਚਰਚਾ ਹੋਈ।

ਸੋ ਪਤਾ ਇਹ ਲਗਾ ਕਿ ਇਸੇ ਮਾਨ ਸਰੋਵਰ ਵਾਲੇ ਸੁਮੇਰੁ ਤੇ ਗੁਰੂ ਜੀ ਗਏ ਹਨ, ਪਰੰਤੂ ਭਾਈ ਸੰਤੋਖ ਸਿੰਘ ਜੀ ਵਿਚ ਵਿਚ ਠਹੋਲੇ ਓਸ ਸੁਮੇਰੁ ਦੇ ਦੇ ਜਾਂਦੇ ਹਨ ਜੋ ਸ਼ਾਸਤ੍ਰਾਂ ਵਿੱਚ ਕਲਪਤ ਕੀਤਾ ਹੋਯਾ ਹੈ, ਮਿਣਤੀਆਂ ਬੀ ਉਸੇ ਪ੍ਰਕਾਰ ਦੀਆਂ ਕਹਿ ਜਾਂਦੇ ਹਨ, ਕਈ ਇਕ ਪੁਰਾਣੇ ਤਪੱਸ੍ਵੀਆਂ ਦੇ ਟਿਕਾਣੇ ਬੀ ਦੱਸਦੇ ਹਨ, ਚੰਦ ਸੂਰਜ ਤੋਂ ਉੱਚਾ ਬੀ ਉਸ ਨੂੰ ਕਹਿ ਜਾਂਦੇ ਹਨ। ਜੋ ਅਸਲੀ ਸਾਖੀ ਸੀ ਉਸ ਵਿਚ ਪਤਾ ਨਹੀਂ ਕਿਵੇਂ ਸੀ, ਪਰ ਹਿੰਦਾਲੀਆਂ ਦੀ ਵਿਗਾੜ ਕੇ ਕੀਤੀ ਸਾਖੀ ਵਿਚ ਬੀ ਸ਼ਾਸਤ੍ਰੀ ਸੁਮੇਰੁ ਦੇ ਕਈ ਲੱਛਣ ਕੀਤੇ ਹਨ, ਪਰ ਕੈਲਾਸ਼ ਦੇ ਕੋਲ ਉਸ ਨੂੰ ਦੱਸਕੇ ਸਿੱਧ ਕਰ ਦਿੱਤਾ ਕਿ ਉਸ ਦੀ ਮੁਰਾਦ ਬੀ ਮਾਨਸਰੋਵਰ ਦੇ ਇਲਾਕੇ ਤੋਂ ਹੈ।

ਅਜ ਕਲ ਕਈ ਯਾਤਰੂ ਹਿਮਾਲਯ ਦੇ ਤਿੱਬਤ ਵਾਲੇ ਇਸ ਸੁਮੇਰੁ ਹੋ ਆਏ ਹਨ, ਚੁਨਾਂਚਿ ਸਾਨੂੰ ਇਕ ਹੋ ਆਏ ਸਜਨ (ਭਾ: ਕਸ਼ਮੀਰਾ ਸਿੰਘ ਜੀ) ਨੇ ਦੱਸਿਆ ਹੈ ਕਿ ਮਾਨ ਸਰੋਵਰ ਦੇ ਚਾਰ ਪਾਸੇ ਚਾਰ ਗੁਫਾ ਦੇ ਮੰਦਰ ਹਨ, ਜਿਨ੍ਹਾਂ ਵਿਚ ਬੁਧ ਮਤ ਤੇ ਹੋਰ ਬਜ਼ੁਰਗਾਂ ਦੇ ਪੁਸਤਕ ਤੇ ਬੁੱਤ ਹਨ, ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਬੀ ਹੈ। ਏਥੇ ਕੋਈ ਖਾਸ ਮੇਲੇ ਨਹੀਂ ਲਗਦੇ, ਸਿਆਲੇ ਰਹਿ ਸਕਣਾ ਕਠਨ ਹੈ, ਗਰਮੀਆਂ ਦੇ ਚਾਰ ਮਹੀਨੇ ਯਾਤ੍ਰਾ ਖੁੱਲ੍ਹੀ ਰਹਿੰਦੀ ਹੈ, ਤਿੱਬਤੀ ਲੋਕ ਇਨ੍ਹਾਂ ਨੂੰ ਪਵਿੱਤ੍ਰ ਤੀਰਥ ਮੰਨਦੇ ਹਨ, ਹਿੰਦੂ ਸਾਧੂ ਬੀ ਕਈ ਜਾਂਦੇ ਹਨ। ਤਿਬਤੀਆਂ ਨੂੰ ਕੰਨਪਾਟੇ ਜੋਗੀਆਂ ਨਾਲ ਖਾਸ ਵੈਰ ਹੈ, ਇਹ ਗਲ ਸਾਡੇ ਸਜਣ ਨੂੰ ਓਥੇ ਕਿਸੇ ਨੇ ਖਾਸ ਦੱਸੀ ਸੀ। ਇਸ ਤੋਂ ਜਾਪਦਾ ਹੈ ਕਿ ਗੁਰੂ ਜੀ ਦੇ ਸਮੇਂ ਜੋਗੀ ਉਰਲੇ ਪਹਾੜਾਂ 'ਗੜ੍ਹਤੋਕ' ਆਦਿ ਇਲਾਕਿਆਂ ਵਿਚ ਮਾਨਤਾ ਰਖਦੇ ਹੋਣਗੇ ਅਤੇ ਰਹਿੰਦੇ ਹੋਣਗੇ ਅਰ ਗਰਮੀਆਂ ਵਿਚ ਮਾਨਸਰੋਵਰ ਜਾ ਮੱਲ ਬੈਠਦੇ ਹੋਣਗੇ ਯਾ ਮਾਨਸਰੋਵਰ ਦੇ ਗੁਫਾ ਮੰਦਰ ਇਨ੍ਹਾਂ ਨੇ ਸਿੱਧੀਆਂ ਕਰਾਮਾਤਾਂ ਤੇ ਡਰਾਵਿਆਂ ਦੇ ਜ਼ੋਰ ਨਾਲ ਬੋਧੀਆਂ ਤੋਂ ਖੱਸ ਲਏ ਹੋਣਗੇ। ਗੁਰੂ ਜੀ ਦੀ ਚਰਚਾ ਵੇਲੇ ਜ਼ਿਕਰ ਆਯਾ ਹੈ ਕਿ ਓਹ ਜੋਗੀ ਸ਼ਰਾਬ ਪੀਂਦੇ ਸਨ, ਜੋ ਪਹਿਲੋਂ ਭਾਵੇਂ ਸਰਦੀ ਦੀ ਬਹੁੱਲਤਾ ਕਰਕੇ ਸ਼ੁਰੂ ਹੋਈ ਹੋਵੇ, ਪਰ ਫੇਰ ਤਪੱਸਜਾ ਦੀ ਥਾਂ ਇਹ ਰਹਿ ਗਈ ਹੋਵੇ ਯਾ ਤਪੱਸਜਾ ਦੇ ਨਾਲ ਸ਼ਰਾਬ ਇਕ ਅੰਗ ਬਣ ਗਈ ਹੋਵੇ।

ਭਾਈ ਦਿਦਾਰ ਸਿੰਘ ਜੀ ਜੋ ਸ਼ਿਮਲੇ ਤੇ ਤਿੱਬਤ ਦੀ ਸਰਹੱਦ ਦੇ ਪਹਾੜਾਂ ਵਿਚ ਰਹਿ ਆਏ ਹਨ, ਦੱਸਦੇ ਹਨ ਕਿ ਸਰਹੱਦੀ ਤਿੱਬਤ ਤੇ ਗੜਤੋਕ ਦੇ ਇਲਾਕੇ ਵਿਚ ਪੂਰੇ ਪੂਰੇ ਨਿਸ਼ਾਨ ਗੁਰੂ ਨਾਨਕ ਦੇਵ ਜੀ ਦੇ ਓਧਰ ਜਾਣ, ਉਪਦੇਸ਼ ਕਰਨ, ਜੀਆਦਾਨ ਦੇਣ ਦੇ ਹੁਣ ਤਕ ਮੌਜੂਦ ਹਨ।

ਤਿੱਬਤ ਦੇ ਵਿਚ ਦੋ ਤਰ੍ਹਾਂ ਦੇ ਲੋਕ ਵੱਸਦੇ ਹਨ।

(੧) ਮਹਾਤਮਾਂ ਬੁਧ ਦੇ ਪੈਰੋਕਾਰ-ਇਨ੍ਹਾਂ ਦਾ ਜਾਪ ਇਹ ਹੈ।

'ੳ ਮਨੀ ਪਦਮਿਹੁੰ'

ਇਹ ਲੋਕ ਜਿਸ ਵੇਲੇ ਇਸ ਮੰਤਰ ਦਾ ਜਿੰਨੀ ਵਾਰ ਜਾਪ ਕਰਨਾ ਹੁੰਦਾ ਹੈ ਕਰ ਲੈਣ ਤਦ ਅੰਤਲੀ ਵਾਰ ਇਸ ਦੇ ਪਿਛੇ 'ਸ਼ੀ' ਵਧਾ ਦੇਂਦੇ ਹਨ। ਇਹਨਾਂ ਦੇ ਮੰਦਰਾਂ ਵਿਚ ਬੁਧ ਦੀ ਸਮਾਧੀ ਦੀ ਯੁਬਾ ਅਵਸਥਾ ਦੀਆਂ ਮੂਰਤੀਆਂ ਹੁੰਦੀਆਂ ਹਨ, ਇਹ ਸਿਰ ਨੂੰ ਮੁਨਾਈ ਰੱਖਦੇ ਹਨ।

(੨) ਓਹ ਲੋਕ ਜੇਹੜੇ ਇਸ ਮੰਤਰ ਦਾ ਜਾਪ ਕਰਦੇ ਹਨ-

'ਓ ਆਹੁੰ ਭੱਦਰਾ ਗੁਰੂ, ਪਦਮਾਂ ਸਿਧੀ ਹੁੰ'

'ਬਹੱਦਰਾ' ਯਾ 'ਭੱਦਰਾ' ਗੁਰੁ' ਦੇ ਅਰਥ ਹਨ 'ਵਡਾ ਗੁਰੂ' 'ਸ੍ਰੇਸ਼ਟ ਗੁਰੂ', ਇਨ੍ਹਾਂ ਲੋਕਾਂ ਦੇ ਸਿਰ ਤੇ ਕੇਸ਼ ਹੁੰਦੇ ਹਨ, ਹੱਥ ਵਿਚ ਸਿਪ ਦਾ ਕੜਾ ਪਾਂਦੇ ਹਨ ਤੇ ਛੋਟੀ ਜਿਹੀ ਕ੍ਰਿਪਾਨ ਵੀ ਆਮ ਤੌਰ ਤੇ ਪਾਸ ਰਖਦੇ ਹਨ, ਜਿਸ ਨੂੰ ਕਿ ਇਹ ਕਾਰੁਦੂ ਕਹਿੰਦੇ ਹਨ।

ਇਨ੍ਹਾਂ ਲੋਕਾਂ ਦੇ ਮੰਦਰਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਮੂਰਤੀ ਰੱਖੀ ਹੁੰਦੀ ਹੈ। ਲਿਪਾ ਕਾਨਮ ਪੂਹਾ ਆਦਿਕ ਅਸਥਾਨਾਂ ਦੀਆਂ ਸੜਕਾਂ ਤੇ ਥੋੜੀ-ਥੋੜੀ ਵਾਟ ਪਰ ਸੜਕ ਦੇ ਦੋਨੋਂ ਪਾਸੀਂ ਗੜਤੋਕ ਤਕ ਦੇ ਦੋ ਥੰਮ ਖੜੇ ਕਰਕੇ ਸੜਕ ਨੂੰ ਛੱਤਿਆ ਹੋਇਆ ਹੈ ਤੇ ਇਸ ਛਤ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਤਸਵੀਰ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਮੂਰਤਾਂ ਸ਼ਿਮਲੇ ਤੋਂ ਤਿੱਬਤ ਨੂੰ ਜਾਣ ਵਾਲੀ ਸੜਕ ਤੇ ਸ਼ਿਮਲੇ ਤੋਂ ਇਕ ਸੌ ਸਠਵੇਂ ਮੀਲ ਤੋਂ ਸ਼ੁਰੂ ਹੋ ਜਾਂਦੀਆਂ ਹਨ।

ਸ਼ਹਿਰ ਲਿਪਾ ਦਾ 'ਦੇਵੀ ਰਾਮ' ਨਾਮ ਦਾ ਲਾਂਮਾ ਆਪਣੇ ਸਮੇਂ ਵਿਚ ਬੜਾ ਵਿੱਦਵਾਨ ਤੇ ਤੇਜੱਸ੍ਵੀ ਹੋਇਆ ਹੈ। ਇਕ ਵੇਰ 'ਕਾਨਮ' ਦਾ 'ਤਵਾਰਕੀ' ਨਾਮੇ ਲਾਂਮਾ (ਤਿਬਤ ਵਿਚ ਲਾਮਾ ਧਾਰਮਕ ਆਗੂ ਨੂੰ ਕਹਿੰਦੇ ਹਨ') ਤੇ ਕੁਝ ਹੋਰ ਲਾਂਮੇ ਆਏ ਇਕੱਠੇ ਹੋਏ ਹੋਏ ਸਨ, ਇਹਨਾਂ ਤੇ ਪ੍ਰਸ਼ਨ ਕੀਤਾ ਗਿਆ ਕਿ 'ਭੱਦਰਾ ਗੁਰੂ' ਕੌਣ ਹੈ ਜਿਸ ਦੀ ਤੁਸੀਂ ਪੂਜਾ ਕਰਦੇ ਹੋ? ਓਹਨਾਂ ਸਾਰਿਆਂ ਨੇ ਦੇਵੀ ਰਾਮ ਵੱਲ ਵੇਖਿਆ ਤੇ ਉੱਤਰ ਦੇਣ ਲਈ ਕਿਹਾ। ਦੇਵੀ ਰਾਮ ਨੇ ਉੱਤਰ ਵਿੱਚ ਦੱਸਿਆ ਕਿ ਭੱਦ੍ਰਾ ਗੁਰੂ ਪੰਜਾਬ ਵਿਚ ਹੋਇਆ ਹੈ। ਦੇਵੀ ਰਾਮ ਤੋਂ ਪੁੱਛਿਆ ਗਿਆ ਕਿ ਓਹਦਾ ਨਾਮ ਕੀ ਹੈ? ਤਦ ਉਸ ਨੇ ਕਿਹਾ ਗੁਰੂ ਪਤੀ ਹੈ ਤੇ ਅਸੀਂ ਉਹਦੀਆਂ ਚੇਲੀਆਂ ਹਾਂ। ਪੰਜਾਬ ਵਿਚ ਕੋਈ ਇਸਤ੍ਰੀ ਆਪਣੇ ਪਤੀ ਦਾ ਨਾਮ ਨਹੀਂ ਲੈਂਦੀ, ਸੋ ਅਸੀਂ ਗੁਰੂ ਦਾ ਨਾਮ ਕਿਸ ਤਰ੍ਹਾਂ ਲੈ ਸਕਦੇ ਹਾਂ। ਫਿਰ ਪੁੱਛਿਆ ਗਿਆ ਕਿ ਆਖਰ ਕੁਝ ਪਤਾ ਦੱਸੋ ਕਿ ਤੁਹਾਡਾ ਗੁਰੂ ਕਿਹੜਾ ਹੈ? ਤਦ ਦੇਵੀ ਰਾਮ ਲਾਂਮਾ ਨੇ ਕਿਹਾ ਕਿ ਸਾਡਾ ਭੱਦਰਾ ਗੁਰੂ ਓਹ ਹੈ ਜਿਸ ਨੇ ਮੱਕਾ ਫੇਰਿਆ, ਜਿਸ ਨੇ ਰੇਠੇ ਮਿੱਠੇ ਕੀਤੇ, ਜਿਸ ਨੇ ਸਿੱਧਾਂ ਨਾਲ ਗੋਸ਼ਟ ਕਰਕੇ ਓਹਨਾਂ ਤੇ ਵਿਜੈ ਪਾਈ, ਜਿਸ ਨੇ ਦਸ ਜਾਮੇ ਧਾਰੇ, ਸ੍ਰੀ ਅੰਮ੍ਰਿਤਸਰ ਵਿਚ ਹਰਿ ਮੰਦਰ ਰਚਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਬਣਾਇਆ, ਛੇਵੇਂ ਜਾਮੇ ਜੰਗ ਕੀਤੇ ਤੇ ਦਸਵੇਂ ਜਾਮੇ ਸਿੰਘ ਸਜਾਏ। ਦੇਵੀ ਰਾਮ ਲਾਂਮੇ ਤੋਂ ਪੁੱਛਿਆ ਗਿਆ ਕਿ ਭੱਦਰਾ ਗੁਰੂ ਦੇ ਦਸਾਂ ਜਾਮਿਆਂ ਵਿਚ ਅਵਤਰਣ ਦਾ ਹਾਲ ਕੀ ਤੁਸਾਂ ਸਿੱਖਾਂ ਦੀ ਤਾਰੀਖ ਤੋਂ ਪੜਿਆ ਹੈ? ਉੱਤਰ ਵਿਚ ਦੇਵੀ ਰਾਮ ਨੇ ਕਿਹਾ ਕਿ ਤਿੱਬਤ ਦੀ ਭਾਸ਼ਾ ਵਿਚ ਇਸੇ ਦੇਸ਼ ਦੀ ਲਿਪੀ ਵਿਚ ਭੋਜ ਪੱਤਰਾਂ ਤੇ ਲਿਖਿਆ ਇਕ ਗ਼ਾਰ ਦੇ ਵਿਚੋਂ ਪ੍ਰਾਚੀਨ ਇਤਿਹਾਸ ਸਾਡੇ ਮੁਲਕ ਵਿਚ ਮਿਲਿਆ ਹੈ ਮੈਂ ਇਹ ਹਾਲ ਉਹਦੇ ਵਿਚੋਂ ਪੜ੍ਹੇ ਹਨ।

ਇਹਨਾਂ ਲੋਕਾਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਰਵਾਲਸਰ ਤੀਰਥ ਤੇ ਬੜੀ ਸ਼ਰਧਾ ਹੈ ਤੇ ਇਨ੍ਹਾਂ ਤੀਰਥਾਂ ਦੀ ਯਾਤ੍ਰਾ ਲਈ ਏਹ ਬੜੀ ਸ਼ਰਧਾ ਨਾਲ ਆਉਂਦੇ ਤੇ ਸ਼ਾਸ਼ਟਾਂਗ ਡੰਡਵਤ ਪ੍ਰਣਾਮ ਕਰਦੇ ਹੋਏ ਪ੍ਰਕਰਮਾਂ ਕਰਦੇ ਹਨ। ਇਹ ਨਜ਼ਾਰਾ ਸ੍ਰੀ ਦਰਬਾਰ ਸਾਹਿਬ ਜੀ ਵਿਚ ਕਈ ਵੇਰ ਲੋਕਾਂ ਨੇ ਅੱਖੀਂ ਡਿੱਠਾ ਹੈ ਤੇ ਹਰ ਸਾਲ ਦੇਖੀਦਾ ਹੈ।

ਲਿਪਾ ਦੇ ਮੰਦਰ ਵਿਚ ਇੱਕ ਵੇਰ ਇਕ ਤਮਾਕੂ ਪੀਣ ਵਾਲਾ ਮਨੁੱਖ ਵੜ ਗਿਆ, ਲਾਂਮੇ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਦ ੪੮ ਘੰਟੇ ਓਸ ਮੰਦਰ ਨੂੰ ਅੰਦਰੋਂ ਚੱਪਾ ਚੱਪਾ ਥਾਂ ਤੋਂ ਧੋਂਦੇ ਰਹੇ ਤੇ ਸੈਂਕੜੇ ਆਦਮੀ 'ਓਂ ਆਹੁੰ ਭੱਦਰਾ ਗੁਰੂ ਪਦਮਾਂ ਸਿਧੀ ਹੁੰ' ਦਾ ਜਾਪ ਕਰਦੇ ਰਹੇ। ਇਹਨਾਂ ਲੋਕਾਂ ਦੀ ਤਿੱਬਤ ਵਿਚ ਚੋਖੀ ਵਸੋਂ ਹੈ। ਬੁਧ ਦੇ ਮੰਦਰਾਂ ਦੀ ਇਹ ਪੂਜਾ ਨਹੀਂ ਕਰਦੇ, ਕਿੰਤੂ ਬੋਧੀ ਇਹਨਾਂ ਦੇ ਮੰਦਰਾਂ ਦੀ ਪੂਜਾ ਆਪਣੇ ਇਸ਼ਟ ਵਤ ਕਰਦੇ ਹਨ।

ਇਸ ਇਲਾਕੇ ਵਿਚ ਰਾਮ ਚੰਦਰ ਆਦਿਕ ਦੇਵਤਿਆਂ ਦੀ ਪੂਜਾ ਬੀ ਹੁੰਦੀ ਹੈ ਤੇ ਹਰ ਪਿੰਡ ਦਾ ਲਗਪਗ ਦੇਵਤਾ ਵੱਖਰਾ ਹੁੰਦਾ ਹੈ। ਦੇਵੀ ਰਾਮ ਤੋਂ ਪੁਛਣ ਤੇ ਉਸਨੇ ਦੱਸਿਆ ਕਿ ਰਾਮ ਚੰਦਰ ਆਦਿਕ ਦੇਵ ਮੰਡਲ ਦੇ ਹਨ, ਮਹਾਤਮਾ ਬੁੱਧ ਮੁਕਤ ਹੈ, ਇਸ ਕਰਕੇ ਇਹਨਾਂ ਵਿਚੋਂ ਮਹਾਤਮਾ ਬੁਧ ਬਹੁਤ ਉਚਾ ਹੈ, ਕਿੰਤੂ ਭੱਦਰਾ ਗੁਰੂ ਮੁਕਤੀ ਦਾਤਾ ਹੈ ਤੇ ਬੁੱਧ ਮੁਕਤੀ ਲੈਣ ਵਾਲਾ, ਇਸ ਕਰਕੇ ਉਹ ਬੁੱਧ ਜੀ ਤੋਂ ਬਹੁਤ ਉੱਚਾ ਹੈ। ਇਹ ਗੱਲ ਬੀ ਦਸਦੇ ਹਨ ਕਿ ਕੰਨ ਪਾਟਿਆਂ ਜੋਗੀਆਂ ਤੋਂ ਏਹ ਲੋਗ ਘ੍ਰਿਣਾਂ ਕਰਦੇ ਹਨ। ਜਾਪਦਾ ਹੈ ਕਿ ਉਨ੍ਹਾਂ ਦੇ ਹਥੋਂ ਗੁਰੂ ਜੀ ਵੇਲੇ ਏਹ ਲੋਕ ਤੰਗ ਸਨ, ਤੇ ਸਤਿਗੁਰੂ ਜੀ ਦੀ ਉਨ੍ਹਾਂ ਪਰ ਬਿਜੈ ਪਾਉਣ ਤੇ ਉਨ੍ਹਾਂ ਦਾ ਸਤਿਕਾਰ ਤੇ ਭੈ ਇਨ੍ਹਾਂ ਦੇ ਦਿਲਾਂ ਤੋਂ ਟੁੱਟ ਗਿਆ, ਤੇ ਉਨ੍ਹਾਂ ਦੀ ਸ਼ਰਾਬ ਨੋਸ਼ੀ ਆਦਿ ਮਾੜੇ ਕੰਮਾਂ ਤੋਂ ਘ੍ਰਿਣਾਂ ਹੋ ਗਈ। ਏਹ ਲੋਕ ਗੁਰੂ ਜੀ ਦੇ ਉਪਾਸ਼ਕ ਹੋ ਗਏ ਤੇ ਸਿੱਧ ਓਥੋਂ ਹੇਠਾਂ ਆ ਗਏ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਵਿਚ ਕਈ ਥਾਈਂ ਗੋਰਖ ਆਦਿ ਓਹੋ ਸਿੱਧ ਫਿਰ ਫਿਰ ਹਿੰਦ ਦੇ ਮੈਦਾਨਾਂ ਵਿਚ ਮਿਲਦੇ ਹਨ।

ਸੋ ਸਾਰੀ ਖੋਜ ਪੜਤਾਲ ਇਹ ਦੱਸਦੀ ਹੈ ਕਿ ਗੁਰੂ ਜੀ ਨੇ ਹਿਮਾਲਯ ਤੇ ਤਿੱਬਤ ਦੇ ਦੁਰਘਟ ਥਾਈਂ ਫਿਰ ਫਿਰ ਕੇ ਸਤਿਨਾਮ ਦਾ ਛਤਰ ਝੁਲਾਯਾ। ਸ਼ੋਕ ਹੈ ਕਿ ਉਨ੍ਹਾਂ ਦੀ ਸੰਪ੍ਰਦਾਇ ਨੇ ਏਹ ਸਾਰੇ ਇਲਾਕੇ ਅਪਣੇ ਪ੍ਰਚਾਰ ਦੀ ਅਣਹੋਂਦ ਨਾਲ ਸਮੇਂ ਦੇ ਹੱਥਾਂ ਵਿਚ ਸਪੁਰਦ ਕਰ ਛੱਡੇ ਹਨ ਜੋ ਦਿਨੋਂ ਦਿਨ ਵਿਗੜਦੇ ਜਾਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਚਲ ਵਟਾਲੇ ਹੋਈ ਗੋਸ਼ਟ ਤਾਂ ਸਿੱਧ ਗੋਸ਼ਟ ਵਿਚ ਲਿਖੀ ਹੈ, ਤੇ ਸੁਮੇਰੁ ਵਾਲੀ ਚਰਚਾ ਦੇ ਸ਼ਬਦ ਜੋ ਹੋਏ ਓਹ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਖੇ ਵਿਚ ਵਿਚ ਆ ਗਏ ਹਨ।

ਸਿੱਧ ਨਾਥ ਸੁਮੇਰੁ ਤੇ ੧੨ ਮਹੀਨੇ ਨਹੀਂ ਸਨ ਰਹਿੰਦੇ, ਦੇਖੋ ਅਧਜਾਯ ੬੦ ਅੰਕ ੧੦ ਗੋਰਖ ਸੁਮੇਰੁ ਤੇ ਜਾਂਦਾ ਦੱਸਿਆ ਹੈ।

ਮਾਨਸਰੋਵਰ ਦਾ ਤਾਲ ੧੫੩੦੦ ਫੁਟ ਦੀ ਉਚਾਈ ਤੇ ਹੈ ਤੇ ਕੈਲਾਸ਼ ਪਰਬਤ ਜੋ ਪਾਸ ਹੀ ਹੈ, ਦੀ ਚੋਟੀ ੨੧੯੩੦ ਫੁੱਟ ਉੱਚੀ ਹੈ। ਇਕ ਪਾਸੇ ਇਸ ਦੇ ਗੁਰਲਾ ਮਾਨਧਾਤਾ ਨਾਮੇ ਪਰਬਤ ਹੈ। ਮਾਨਸਰੋਵਰ ਨੂੰ ਲੱਦਾਖ ਤੋਂ ਬੀ ਜਾ ਸਕੀਦਾ ਹੈ, ਸ਼ਿਮਲੇ ਤੋਂ ਬੀ ਤੇ ਅਲਮੋਰੇ ਵੱਲੋਂ ਬੀ। ਮਾਨਸਰੋਵਰ ਦਾ ਵਿਸਤਾਰ ੫੦-੬੦ ਮੀਲ ਹੈ। ਏਸ ਇਲਾਕੇ ਵਿਚੋਂ ਜਿਸ ਨੂੰ ਖੋਰਸਮ ਕਹਿੰਦੇ ਹਨ ਚਾਰ ਵਡੇ ਦਰਯਾ ਨਿਕਲਦੇ ਹਨ:-ਸਿੰਧ, ਯਾਰੇ ਟਸਾਨ ਪੋ, ਸਤਲੁਜ ਤੇ ਕਰਨਾਲੀ। ਇੱਥੇ ਸੋਨਾਂ ਦੇਣ ਵਾਲੇ ਥਾਉਂ ਬੀ ਹਨ:-ਥੋਕ ਜਾਲੰਗ; ਥੋਕ ਦੌਰਾਕਪਾ, ਤੇ ਹੇਰੁ, ਆਦਿ!

## ੬੫. [ਗੁਰ ਚਰਣ ਮੰਗਲ। ਕਾਕ ਭਸੁੰਡ: ਦੱਤਾ ਤ੍ਰੇਯ।]

੬੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬੬

{ਕਾਕ ਭਸੁੰਡ} ॥੨..॥
{ਪੰਜ ਪ੍ਰਕਾਰ ਦੇ ਸ੍ਰੋਤੇ} ॥੧੯..॥
{ਦੱਤਾ ਤ੍ਰੇਯ} ॥੫੮..॥

ਦੋਹਰਾ:

ਰਿਦੈ ਪਦਾਰਥ ਚਾਹਿਂ ਜੇ, ਸਤਿਗੁਰੁ ਚਰਨ ਸਰੇਉ।
ਜੀਵਤਿ ਪਾਵਹੁ ਸਰਬ ਸੁਖ, ਅੰਤ ਮੁਕਤਿ ਕੋ ਲੇਉ ॥੧॥

ਅਰਥ:

ਜੇ ਰਿਦੇ (ਵਿਚ) ਪਦਾਰਥ (ਬੀ) ਚਾਹੇਂ (ਤਾਂ) ਸਤਿਗੁਰੂ ਦੇ ਚਰਨ ਸ੍ਰੇਵਨ ਕਰ, (ਚਰਨ ਸੇਵਣ ਨਾਲ) ਜੀਉਂਦਿਆਂ ਸਾਰੇ ਸੁਖ ਪ੍ਰਾਪਤ ਹੋਣਗੇ (ਅਤੇ) ਅੰਤ ਨੂੰ ਮੁਕਤ ਨੂੰ ਲਓਗੇ।

ਭਾਵ:

ਚਰਣਾਂ ਦੀ ਅਰਾਧਨਾ ਜੇ ਪਦਾਰਥ ਲਈ ਕੀਤੀ ਤਾਂ ਓਹ ਸ਼ੈ ਤਾਂ ਲੱਭੇ ਹੀ ਗੀ ਜਿਸ ਪਰ ਮਨ ਦ੍ਰਿੜ ਤੇ ਏਕਾਗ੍ਰ ਕੀਤਾ ਹੈ, ਪਰ ਮੁਕਤੀ ਭੀ ਮਿਲੇਗੀ। ਇਹ ਗਲ ਕਵੀ ਜੀ ਨੇ ਦੱਸੀ ਹੈ ਪਰ ਕਾਰਣ ਨਹੀਂ ਦੱਸਿਆ, ਕਾਰਣ ਏਹ ਹੈ ਕਿ ਚਰਣਾ ਦਾ ਧਜਾਨ ਅਪਣੇ ਸੁਭਾਵਕ ਅਸਰ ਵਿਚ ਮੁਕਤੀ ਦਾਤਾ ਹੈ। ਸਤਿਗੁਰ ਚਰਣਾਂ ਦੇ ਪ੍ਰੇਮੀ ਤੇ ਧਜਾਨੀ ਉਥੋਂ ਉਹੋ ਸ਼ੈ ਪ੍ਰਾਪਤ ਕਰਦੇ ਹਨ ਜੋ ਉਥੇ ਸੁਤੇ ਸਿੱਧ ਹੈ, ਪਰ ਅਪਣੇ ਮਨ ਦੀ ਭਾਵਨਾ ਪਦਾਰਥ ਵਲ ਹੋਣ ਕਰਕੇ ਉਥੋਂ ਮਨੋਕਾਮਨਾ ਬੀ ਮਿਲਦੀ ਹੈ, ਪਰ ਚਰਣਾਂ ਦਾ ਸੁਤੇ ਸੁਭਾਵ ਜੋ ਮੁਕਤੀ ਦਾਨ ਕਰਨਾ ਹੈ ਉਹ ਭੀ ਨਾਲੋ ਨਾਲ ਅਪਣਾ ਅਸਰ ਕਰਦਾ ਜਾਏਗਾ, ਇਥੋਂ ਤੱਕ ਕਿ ਧਜਾਨੀ ਨੂੰ ਉੱਚੀ ਮਤਿ ਦਾਨ ਕਰੇਗਾ ਅਰ ਓਹ 'ਮੁਕਤਿ ਮਾਰਗ' ਵਿਚ ਪਰਵੇਸ਼ ਕਰ ਜਾਏਗਾ।

ਸ੍ਰੀ ਬਾਲਾ ਸੰਧੁਰੁ ਵਾਚ ॥

ਦੋਹਰਾ:

ਅੱਗ੍ਰਜ ਗਮਨੇ ਸ਼੍ਰੀ ਗੁਰੂ, ਗਏ ਏਕ ਅਸਥਾਨ।

{ਕਾਕ ਭਸੁੰਡ}

ਕਾਕ ਭਸੁੰਡ ਬੈਠੋ ਜਹਾਂ, ਪੰਖਨ† ਬਿਖੇ ਮਹਾਨ ॥੨॥

†ਅਕਾਸ਼ੀ ਬ੍ਰਿਤਿ ਵਾਲੇ ਤਿਆਗੀ ਨੂੰ ਬਿਹੰਗਮ (ਪੰਛੀ) ਕਿਹਾ ਜਾਂਦਾ ਹੈ। ਕਾਕ ਭਸੁੰਡ ਇਕ ਕਿਸੇ ਤਿਆਗੀ ਦਾ ਨਾਮ ਹੈ। ਕਾਕ ਭਸੁੰਡ ਨੂੰ ਚਿਰਜੀਵੀ ਮੰਨਿਆ ਗਿਆ ਹੈ। ਇਸ ਦੀ ਕਥਾ ਇਸ ਅਧਜਾਯ ਵਿਚ ਦਿੱਤੀ ਹੈ। ਪੌਰਾਣਕ ਪ੍ਰਸੰਗ ਹੈ, ਕਿ ਇਕ ਭਗਤੀ ਭਾਵ ਵਾਲੇ ਬ੍ਰਹਮਣ ਨੂੰ ਲੋਮਸ ਨੇ ਸਰਾਪ ਦਿੱਤਾ ਸੀ ਕਾਂ ਹੋ ਜਾਣ ਦਾ। 'ਦੋ ਅਡ ਇਸ਼ਟ ਦੇਵਾਂ ਦੇ ਪੂਜਕਾਂ ਵਿਚ ਵਿਰੋਧ ਨਹੀਂ ਚਾਹੀਦਾ' ਇਹ ਇਸ ਵਿਚ ਉਪਦੇਸ਼ ਹੈ। ਠੀਕ ਐਉਂ ਜਾਪਦਾ ਹੈ ਇਸ ਨਾਮ ਦਾ ਕੋਈ ਵਡੀ ਉਮਰ ਵਾਲਾ ਤਜਾਗੀ ਤੇ ਭਗਤ ਪੁਰਖ ਸਤਿਗੁਰ ਜੀ ਨੂੰ ਏਥੇ ਮਿਲਿਆ ਹੈ। ਜਨਮ ਸਾਖੀ ਵਾਲੇ ਨੇ ਪੌਰਾਣਕ ਕਥਾ ਨਾਲ ਜੋੜ ਦਿੱਤੀ ਹੈ ਤੇ ਕਵਿ ਜੀ ਨੇ ਓਹੋ ਕਵਿਤਾ ਵਿਚ ਅਨੁਵਾਦ ਕਰ ਦਿੱਤੀ ਹੈ, ਸ਼ਾਇਦ ਪੌਰਾਣਕ ਕਥਾ ਵਿਚ ਜੋ ਤਪੱਸ੍ਵੀਆਂ ਦੇ ਕ੍ਰੋਧ ਤੇ ਸ੍ਰਾਪ ਦੇਣ ਦਾ ਮਹਾਨ ਅਵਗੁਣ ਸੀ, ਉਹ ਦਿਖਾਉਣ ਦਾ

ਪ੍ਰਯੋਜਨ ਹੈ, ਉਸ ਦੇ ਮੁਕਾਬਲੇ ਸਤਿਗੁਰ ਜੀ ਕੈਸੇ ਦਿਆਲ ਮੂਰਤੀ ਤੇ ਬਖਸ਼ਿੰਦ ਹਨ, ਇਹ ਗੱਲ ਸਪਸ਼ਟ ਕੀਤੀ ਹੈ। ਵਡੀ ਉਮਰਾ ਬਾਬਤ ਪੜ੍ਹੋ ਟੂਕ ਅਧਯਾਯ ੬੫ ਅੰਕ ੫੮ ਦੀ।

ਚੌਪਈ:

ਬਹੁ ਬਿਹੰਗ ਹੈਂ ਅਨਗਨ ਜਹਿਂਵਾ।
ਕਾਕ ਭਸੁੰਡ ਬਿਰਾਜੈ ਤਹਿਂਵਾ।
ਬੈਸਯੋ ਆਪ ਸਭਿਨਿ ਕੇ ਮਾਂਹੀ।
ਉਚਰਤਿ ਕਥਾ ਪ੍ਰੇਮ ਉਰ ਜਾਂਹੀ[1] ॥੩॥ [1]ਜਿਸ ਦੇ।

ਸੁਨਹਿਂ ਪ੍ਰੀਤਿ ਸੋਂ ਸਰਬ ਬਿਹੰਗਾ[1]। [1]ਬਿਹੰਗਮ ਸਾਧੂ (ਅ) ਪੰਛੀ।
ਭਗਤਿ ਕਰਤਿ ਜਿਨ ਪ੍ਰੇਮ ਉਮੰਗਾ।
ਬੈਸੇ ਜਾਇ ਤਹਾਂ ਸੁਖਕਾਰੀ।
ਮੈਂ ਮਰਦਾਨਾ ਜਿਨ ਸੰਗਾਰੀ[1] ॥੪॥ [1]ਨਾਲ ਸਨ।

ਕਥਾ ਕਰਨ ਤੇ ਹਟਿਗਾ ਜਬ ਹੀ।
ਤਿਹ ਬੰਦਤਿ ਭੇ ਮਿਲ ਖਗ ਸਭਿਹੀ[1]†। [1]ਸਾਰੇ ਹੀ। †ਪਾ:-ਤਬਹੀ।
ਬਹੁਰੋ ਕੇਤਿਕ ਕਾਲ ਬਿਤਾਵਾ।
ਸਬਦ ਤਬਹਿ ਮਰਦਾਨੇ ਗਾਵਾ ॥੫॥

ਦੋਹਰਾ:

ਸੁਨਤਿ ਸਬਦ ਭਾ ਪ੍ਰੇਮ ਤਿਹ, ਜਨੁ ਰਾਕਾ ਸਸਿ ਦੇਖਿ[1]। [1]ਪੂਰਨਮਾਸ਼ੀ ਦੇ ਚੰਦ੍ਰਮਾ ਨੂੰ ਦੇਖਕੇ।
ਬਧਯੋ ਅਨੰਦੋਦਧਿ[1] ਅਧਿਕ, ਲਗੀ ਸਮਾਧਿ ਬਿਸੇਖ ॥੬॥ [1]ਅਨੰਦ ਦਾ ਸਮੁੰਦਰ।

ਚੌਪਈ:

ਗਾਯੋ ਕਿਤਿਕ ਕਾਲ ਮਰਦਾਨੇ।
ਪੁਨ ਤੂਸ਼ਨਿ ਬੈਸਯੋ ਤਿਹ ਥਾਨੇ।
ਲੋਚਨ ਕਾਕ ਭਸੁੰਡ ਉਘਾਰੇ।
ਮਧੁਰ ਮ੍ਰਿਦੁਲ ਮੁਖ ਬਚਨ ਉਚਾਰੇ ॥੭॥

'ਕਿਹ ਕੋ ਏਹੁ ਸ਼ਬਦ ਤੈਂ ਗਾਵਾ।
ਮਹਾਂ ਮੋਹ ਬਨ ਕੋ ਜਯੋਂ† ਦਾਵਾ[1]। [1]ਅੱਗ ਵਤ ਹੈ। †ਪਾ:-ਜੋ, ਸੋ।
ਜਿਹ ਕੇ ਸੁਨਤਯੋਂ ਪ੍ਰੇਮ ਉਮੰਗਾ।
ਰਾਗ ਬਿਖੈ ਗਾਯੋ ਹਿਤ ਸੰਗਾ ॥੮॥

ਤਿਹ ਕੋ ਨਾਮ ਬਤਾਵਹੁ ਮੋਹੀ।

ਭਗਤਿ ਰੰਗਿ ਮਹਿਂ ਰੰਗਜੋ ਹੋਹੀ।'
ਸੁਨਿ ਮਰਦਾਨੇ ਬਚਨ ਬਖਾਨਾ।
'ਸ਼੍ਰੀ ਨਾਨਕ ਪ੍ਰਭੁ ਸਭਿ ਗੁਨਖਾਨਾ ॥੯॥
ਇਨ ਕੋ ਸਬਦ ਅਹੈ ਜੋ ਗਾਵਾ।
ਨਿਰੰਕਾਰ ਅਵਤਾਰ ਸੁਹਾਵਾ।'
ਕਾਕ ਭਸੁੰਡ ਸੁਨਜੋ ਇਵ ਕਾਨਾ।
ਤੂਰਨ ਆਇ ਚਰਨ ਲਪਟਾਨਾ ॥੧੦॥
ਤਿਹ ਕੋ ਪਿਖ ਪੰਖੀ ਸਭਿ ਆਏ।
ਬੰਦਹਿਂ ਚਰਨ ਕਮਲ ਸੁਖ ਪਾਏ।
ਕਾਕ ਭਸੁੰਡ ਜੋਰ ਜੁਗ ਹਾਥਾ।
ਬੋਲਜੋ ਬਚਨ ਪ੍ਰਭੂ ਕੇ ਸਾਥਾ ॥੧੧॥
'ਇਹ ਸੁਧ ਮੋ ਕੋ ਹੁਤੀ ਅਗਾਰੀ।
-ਪ੍ਰਗਟੈ ਹਰਿ ਕਲਿ[1] ਕਾਲ[2] ਮਝਾਰੀ। [1]ਕਲਯੁਗ। [2]ਸਮੇਂ।
ਜਾਉਂ ਬਿਲੋਕਨ ਰੂਪ ਕ੍ਰਿਪਾਲਾ-।
ਯਹੀ ਚਾਹਿ ਬੀ ਰਿਦੇ ਬਿਸਾਲਾ ॥੧੨॥
ਦੈਵਯੋਗ[1] ਤੇ ਆਇ ਸਮੀਪਾ। [1]ਰਬ ਸਬੱਬੀ।
ਦੀਨ ਦਰਸ ਬੇਦੀ ਕੁਲਦੀਪਾ!
ਕੀਨ ਮਨੋਰਥ ਪੂਰਨ ਮੇਰਾ।
ਲੋਚਨ ਸੰਗ ਰੂਪ ਤਵ ਹੇਰਾ ॥੧੩॥
ਕਲੀ ਕਾਲ ਮਤਿ ਮੰਦ ਬਿਮੂਢਾ[1]। [1]ਮੂਰਖ।
ਧਰਮ ਭ੍ਰਿਸ਼ਟਿ ਤੇ ਮੋਹ ਅਰੂਢਾ[1]। [1]ਮੋਹ ਵਿਚ ਪੈਕੇ।
ਤਿਨ ਕੋ ਦੇਨੇ ਹੇਤ ਸੁਪੰਥਾ।
ਖੋਵਨ ਰਿਦੇ ਕੁਮਤਿ ਕੀ ਗ੍ਰੰਥਾ[1] ॥੧੪॥ [1]ਖੋਟੀ ਬੁੱਧੀ ਦੀ ਗੰਢ।
ਧਰ[1] ਪਰ ਨਰ ਸਰੀਰ ਕੋ ਧਾਰਾ। [1]ਧਰਤੀ।
ਤੀਨ ਲੋਕ ਕੇ ਤੁਮ ਆਧਾਰਾ।
ਆਇ ਜਿ ਰਾਵਰਿ ਚਰਨਨ ਸ਼ਰਨਾ।
ਕਜੋਂ ਨ ਤਰੈ ਜਗ ਜਨਮ ਰੁ[1] ਮਰਨਾ ॥੧੫॥ [1]ਅਤੇ।
ਕਰਹਿ ਬਚਨ ਤੁਮਰੇ ਜੁ ਕਮਾਵਨ।

ਸੇ ਨਰ ਤੀਰਥ[1] ਕਰਿਹੈਂ ਪਾਵਨ।
ਜਿਸ ਮਹਿਂ ਸ਼ਕਤਿ ਗਜਾਨ ਕੀ ਰਾਖੀ।
ਤਿਹ ਪਢਿ ਕਜੋਂ ਨ ਹੋਇ ਗਤਿ ਕਾਂਖੀ[1]' ॥੧੬॥

[1]ਤੀਰਥਾਂ ਨੂੰ।
[1]ਮੁਕਤੀ ਦੀ ਇੱਛਾ ਵਾਲਾ।

ਦੋਹਰਾ:
ਸ੍ਰੀ ਨਾਨਕ ਬੋਲੇ ਤਬਹਿ, 'ਸਭਿ ਗੁਨ ਮੈਂ ਪਰਧਾਨ[1]।
ਭਗਤਿ ਨਿਰੰਤਰ ਕਰਤਿ ਹੋ, ਸ਼੍ਰੋਤਨ[1] ਬਿਖੈ ਮਹਾਨ' ॥੧੭॥
[1] 'ਸਤਿਗੁਰ ਦੀਨਾ ਨਾਥ ਜੀ! ਕੀਜੈ ਮੋਹਿ ਸਹਾਇ।
ਸ਼੍ਰੋਤੇ ਕਿਸ ਪਰਕਾਰ ਕੇ? ਦੀਜੈ ਮੋਹਿ ਬਤਾਇ[†]' ॥੧੮॥

[1]ਵਡੇ।
[1]ਸੁਣਨ ਵਾਲਿਆਂ।
[1]ਕਾਕ ਭਸੁੰਡ ਬੋਲਿਆ।
[†]ਇਹ ਦੋਹਾ ਕਈ ਨੁਸਖਿਆਂ ਵਿਚ ਨਹੀਂ ਹੈ, ਜੋ ਲਿਖਾਰੀਆਂ ਦੀ ਉਕਾਈ ਕਰਕੇ ਰਹਿ ਗਿਆ ਜਾਪਦਾ ਹੈ।

ਚੌਪਈ:
[1]'ਸ਼੍ਰੋਤਾ ਜਗ ਮਹਿਂ ਪੰਚ ਪ੍ਰਕਾਰਾ।
{ਪੰਜ ਪ੍ਰਕਾਰ ਦੇ ਸ੍ਰੋਤੇ}
ਸੋ ਹੌਂ ਤੁਮ ਸੋਂ ਕਰੌਂ ਉਚਾਰਾ।
ਰਾਗ ਰਾਗਨੀ ਸਮਝਹਿਂ ਏਕਾ।
ਦੂਜੇ ਸੁਰ ਕੈ ਲਖੈਂ ਬਿਬੇਕਾ[1] ॥੧੯॥
ਤੀਜੇ ਤਾਲ ਸੁਨਹਿਂ ਹਿਤ[1] ਦੇਯਾ[2]।
ਚਤੁਰਥ ਬਾਦਿਤ[1] ਤੇ ਰਸ ਲੇਯਾ[2]।
ਪੰਚਮ ਸ਼ਬਦ ਅਰਥ ਕੋ ਚੀਨਾ।
ਤਾਤਪਰਜ ਸਮਝੰਤਿ ਪ੍ਰਬੀਨਾ ॥੨੦॥
ਸੋ ਸਭਿਹਿਨਿ ਤੇ ਲਖਹੁ ਮਹਾਨਾ।
ਅਰਥ ਸਮਝਿ ਕੈ ਗੁਨਤਿ ਸੁਜਾਨਾ।
ਯਾਂ ਤੇ ਹੋ ਸਭਿ ਬਿਖੇ ਵਡੇਰੇ।
ਸਮਝ ਅਰਥ ਸੁਖ ਪਾਇ ਘਨੇਰੇ ॥੨੧॥
ਪ੍ਰੇਮ ਭਗਤਿ ਮਹਿਂ ਨਿਤ ਮਨ ਲੀਨਾ।
ਚਿੰਰਜੀਵ ਹੋ ਅਧਿਕ ਪ੍ਰਬੀਨਾ।
ਅਰਥ ਬਿਚਾਰਹਿ ਜੋ ਹਿਤ ਲਾਏ।

[1]ਗੁਰੂ ਜੀ ਦਾ ਉੱਤਰ।
[1]ਗਿਆਨ।
[1]ਪ੍ਰੇਮ ਲਾਕੇ। [2]ਪ੍ਰੇਮ ਲਾਕੇ।
[1]ਵਾਜੇ। [2]ਲੈਂਦਾ ਹੈ।

ਸੋ ਸ਼ਰੋਤਾ ਰਸ ਸੋਂ ਤ੍ਰਿਪਤਾਏ ॥੨੨॥
ਔਰ ਜਿ ਸ਼੍ਰੋਤਾ ਚਾਰ ਪ੍ਰਕਾਰੀ।
ਛੀਲਰ[1] ਖਾਨ ਬਿਖੈ ਹਿਤ ਧਾਰੀ। [1]ਛਿੱਲੜ।
ਫੋਕਟ ਕੇ ਰਸ ਮਹਿਂ ਫਸ ਗਏ।
ਅੰਤਰ ਰਸ ਨਹਿਂ ਚੀਨਤਿ ਭਏ ॥੨੩॥
ਸਤਿ ਸੰਗਤਿ ਕੋ ਰਸ ਤੁਮ ਚੀਨੋ।
ਵਡ ਚਿਰੰਜੀਵੀ ਪਦ ਕੋ ਲੀਨੋ।'
ਸੁਨਿ ਇਵ ਸ਼ਰੋਨ ਵਿਖੈ ਮਰਦਾਨਾ।
ਹਿਤ ਬੂਝਨ ਕੇ ਬਚਨ ਬਖਾਨਾ ॥੨੪॥
'ਰਿਖਿ ਜੀ! ਉਚਰੋ ਬੈਸ ਪ੍ਰਮਾਨੇ।
ਤੁਮ ਦੇਖਤਿ ਜੁਗ ਕਿਤਿਕ ਬਿਹਾਨੇ?'
ਕਾਕ ਭਸੁੰਡ ਬਚਨ ਤਬ ਕਹੈ।
'ਅਪ੍ਰਮਾਨ[1] ਬੈਸ[2] ਮਮ ਅਹੈ ॥੨੫॥ [1]ਪ੍ਰਮਾਨ ਰਹਤ, ਬਹੁਤ। [2]ਆਯੂ।

ਦੋਹਰਾ:
ਜੁਗ ਸਹੰਸ੍ਰ ਬੀਤੈਂ ਜਬਹਿ,
ਏਕ ਦਿਵਸ ਬਿਧਿ[1] ਹੋਇ। [1]ਬ੍ਰਹਮਾ ਦਾ ਇਕ ਦਿਨ ਹੁੰਦਾ ਹੈ।
ਤਿਹ ਕੇ ਸਮ[1] ਪੁਨ ਰੈਨ[2] ਹ੍ਵੈ, [1]ਬਰਾਬਰ। [2]ਰਾਤ।
ਮਾਸਹਿ[1] ਇਹ ਬਿਧਿ ਜੋਇ[2]† ॥੨੬॥ [1]ਮਹੀਨਾ। [2]ਇਸ ਤਰ੍ਹਾਂ ਜਾਣ। †ਪਾ:-ਮਾਸ ਇਸੀ ਬਿਧਿ ਸੋਇ।

ਚੌਪਈ:
ਇਸ ਪ੍ਰਕਾਰ ਕੇ ਸਹਸ ਬਰਖ ਜਬ।
ਬੀਤੈ ਬੈਸ ਬਿਧਾਤੇ ਕੀ ਤਬ।
ਮੁਝ ਦੇਖਤਿ ਕੇਤੇ[1] ਬਿਧਿ ਮਰੇ। [1]ਕਈਂ।
ਕਈ ਬਾਰ ਜਗ ਪਰਲੈ ਕਰੇ ॥੨੭॥
ਪੁਨ ਬਿਧਿ ਜਨਮ ਜਗਤ ਉਪਜਾਵੈ।
ਜੜ੍ਹ ਜੰਗਮ ਸੁਰ ਅਸੁਰ ਬਨਾਵੈ।
ਨਾਨਾ ਬਿਧਿ ਕੀ ਰਚਨ ਰਚਾਇ।
ਐਸੇ ਬਿਧਿ ਬਿਨਸੈ ਉਪਜਾਇ ॥੨੮॥
ਹਮਰੇ ਦੇਖਤਿ ਕੇਤੇ ਗਏ।
ਬਹੁਰ ਬਹੁਰ ਜਗ ਉਪਜਤਿ ਭਏ।

ਬੈਠ ਇਹਾਂ ਮੈਂ ਹਰਿ ਗੁਨ ਗਾਵੌਂ।
ਧ੍ਯਾਨ ਧਰੌਂ ਉਰ ਬਹੁ ਸੁਖ ਪਾਵੌਂ'
॥੨੯॥

ਦੋਹਰਾ:

ਮਰਦਾਨ ਬਿਸਮ੍ਯੋ ਸੁਨਤਿ,
ਤੂਸ਼ਨ ਭਾ ਤਿਹ ਕਾਲ।
ਬੂਝਨ ਹਿਤ ਮੈਂ ਬੋਲਿਓ,
ਸੁਨਿ ਸ਼੍ਰੀ ਅੰਗਦ ਦ੍ਯਾਲੁ! ॥੩੦॥

ਚੌਪਈ:

'ਹਰਿ ਭਗਤਿਨ ਕੇ ਬਿਖੈ ਮਹਾਨੇ।
ਮੋਹ ਨਾਸ਼ ਭਾ ਆਤਮ ਗ੍ਯਾਨੇ।
ਸਭਿ ਬਿਧਿ ਸਭਿ ਮਹਿਂ ਦੀਰਘ ਤੁਮ
ਹੋ।
ਕੈਸੇ ਪ੍ਰਾਪਤਿ ਕਾਕ ਜਨਮ ਹੋ?
॥੩੧॥
ਮੁਝ ਮਨ ਬਿਖੈ ਸੰਦੇਹ ਮਹਾਨਾ।
ਉੱਤਰ ਦੀਜੈ ਭੋ ਗੁਨਵਾਨਾ!'
ਬਾਨੀ ਕਾਕ ਭਸੁੰਡ ਅਲਾਈ।
'ਸੁਨਿ ਜਿਉਂ ਬਾਇਸ ਦੇਹੀ ਪਾਈ
॥੩੨॥

ਦੋਹਰਾ:

ਏਕ ਜਨਮ ਮੈਂ ਸ਼ੂਦਰ ਭਾ,
ਸ਼ਿਵ† ਸੇਵਾ ਮਨ ਲਾਇ। †ਪਾ:-ਗੁਰ।
ਕਰੌਂ ਬਿਸ਼ਨੁ ਸੋਂ ਦ੍ਰੋਹ[1] ਤਬ, [1]ਦ੍ਵੈਖ।
ਬਿਨੁ ਭਵ[1] ਜਾਨ ਨ ਕਾਇ[2] ॥੩੩॥ [1]ਸ਼ਿਵ। [2]ਕਿਸੇ ਨੂੰ ਨਾ ਜਾਣਾਂ।

ਚੌਪਈ:

ਰਹੌਂ ਅਯੁੱਧ੍ਯਾ ਪੁਰਿ ਕੇ ਮਾਂਹੀ।
ਭਾ ਦੁਰਭਿੱਖ[1] ਕਾਲ ਇਕ[2] ਤਾਂਹੀ। [1]ਕਾਲ ਪਿਆ। [2]ਇਕ ਸਮੇਂ।
ਉਠਿ ਕਰਿ ਤਹਿਂ ਤੇ ਗਯੋ ਉਜੈਨਾ।
ਰਹੈ ਬਿੱਪ੍ਰ ਤਹਿਂ ਇਕ ਮਨ ਚੈਨਾ
॥੩੪॥
ਦ੍ਵੈਤ ਬਾਸ਼ਨਾ ਜਿਨ ਸਭਿ ਨਾਸ਼ੀ।

ਗੁਰੁ ਕੀਯੋ ਮੈਂ ਸੋ ਪੁਰਿ ਬਾਸੀ[1]। — [1]ਸ਼ਹਿਰ ਦਾ ਵਸਨੀਕ।
ਬਿਸ਼ਨੁ ਭਗਤਿ ਕਹਿਕੈ ਸੁ ਦ੍ਰਿੜਾਵੈ।
ਸੁਨਿ ਮੇਰੋ ਹਿਰਦਾ ਜਰਿ ਜਾਵੈ ॥੩੫॥
ਭਵ[2] ਕੀ ਭਗਤਿ ਸਦਾ ਉਰ ਭਾਊ[1]। — [1]ਰਿਦੇ ਵਿਚ ਭਾਵੇ।
ਬਿਸ਼ਨੁ ਨਾਮ ਸੁਨਿ ਮਨ ਖੁਨਸਾਊਂ[1]। — [1]ਕ੍ਰੋਧਵਾਨ ਹੋਵਾਂ।
ਹਠ ਕਰਿ ਤਿਹ ਕੋ ਬਚਨ ਬਹੋਰੌਂ[1]। — [1]ਮੋੜ ਦੇਵਾਂ।
ਜੋ ਕੁਛ ਕਹੈ ਸੁ ਸੁਨਜੋ ਨ ਲੋਰੌਂ[1] ॥੩੬॥ — [1]ਸੁਣਨਾ ਨਾਂ ਚਾਹਵਾਂ।

ਦੋਹਰਾ:
ਅਨਿਕ ਭਾਂਤਿ ਉਪਦੇਸ਼ਹੀ,
ਕੈਸੇ ਮਾਨੋਂ ਨਾਂਹਿ।
ਗਰਬਾਵੌਂ[1] ਸਭਿ ਸਮਝ ਲਘੁ[2], — [1]ਹੰਕਾਰ ਕਰਦਾ ਸਾਂ। [2]ਛੋਟਾ।
ਦੰਭ ਬਿਖੈ ਬਹੁ ਚਾਹਿ ॥੩੭॥

ਚੌਪਈ:
ਸ਼ਿਵ ਮੰਦਰ ਬੈਸਾ ਇਕ ਕਾਲਾ।
ਤਿਹ ਛਿਨ ਆਵਾ ਗੁਰੂ ਕ੍ਰਿਪਾਲਾ।
ਉਠਿ ਕਰਿ ਤਬ ਨ ਕੀਨ ਸਨਮਾਨਾ।
ਸਿਰ ਨ ਨਿਵਾਯੋ ਗਰਬ ਮਹਾਨਾ ॥੩੮॥
ਮਾਨ ਅਮਾਨ[1]† ਏਕ ਸਮ[2] ਤਾਂ ਕੇ। — [1]ਆਦਰ ਅਨਾਦਰ। [2]ਬਰਾਬਰ। †ਪਾ:-ਮਾਨ ਅਪਮਾਨ।
ਹਰਖ ਸੋਗ ਹਿਰਦੇ ਨਹਿਂ ਜਾਂ ਕੇ।
ਸਮ ਦਰਸੀ† ਨਹਿਂ ਬੋਲਜੋ ਸੋਈ। — †ਪਾ:-ਸਮਵਰਤੀ।
ਗਿਰਾ ਗਿਰੀਸ਼ ਭੌਨ ਤੇ ਹੋਈ[1] ॥੩੯॥ — [1]ਸ਼ਿਵ ਜੀ ਦੇ ਮੰਦਰ ਤੋਂ ਬਾਣੀ ਹੋਈ।
-ਦੁਸ਼ਟ! ਨਰਕ ਅਬ ਪਰਿਯੇ ਜਾਈ।
ਬਹੁਰ ਤ੍ਰਿਗਦ ਬਹੁ ਜੋਨਿ ਭ੍ਰਮਾਈ[1]। — [1]ਭਰਮਦਾ ਫਿਰ।
ਭੋਗ ਅਵੱਗਜਾ[1] ਕੋ ਦੁਖ ਭਾਰੀ। — [1]ਨਿਰਾਦਰ।
ਜਗ ਦੰਭੀ[1] ਤੂੰ ਰਿਦੇ ਹੰਕਾਰੀ ॥੪੦॥ — [1]ਪਖੰਡੀ।

ਦੋਹਰਾ:
ਕਰੈਂ ਬਿਸ਼ਨੁ ਸੋਂ ਦ੍ਰੋਹ ਤੂੰ, ਗੁਰੁ
ਨਿਰਾਦਰ ਕੀਨ।
ਯਾਂ ਤੇ ਯਮ ਡੰਡਾ ਸਹੋ, ਹੋਵਹੁ ਕਸ਼ਟ

ਅਧੀਨ- ॥੪੧॥

ਚੌਪਈ:

ਸੁਨਤੋ ਸ੍ਰਾਪ ਜਬ ਜੋ ਗੁਰੁ ਮੋਰਾ।
ਭਈ ਦਯਾ ਤਿਹ[1] ਸ਼ੰਭੁ[2] ਨਿਹੋਰਾ[3]। [1]ਤਿਸਨੇ। [2]ਸ਼ਿਵ ਜੀ (ਅੱਗੇ)। [3]ਬੇਨਤੀ ਕੀਤੀ।
ਅਨਿਕ ਭਾਂਤਿ ਕੀ ਉਸਤਤਿ ਠਾਨੀ।
ਚੰਦ੍ਰ ਚੂੜ[1] ਬੋਲੇ ਪੁਨ ਬਾਨੀ ॥੪੨॥ [1]ਸ਼ਿਵ ਜੀ।
-ਹੇ ਦਿਜ! ਤੋਰ ਦਯਾ ਕਰ ਯਾਂ ਕੋ।
ਸਰਬ ਜਨਮ ਕੀ ਸੁਧਿ ਰਹਿ ਤਾਂ ਕੋ।
ਬ੍ਰਿਥਾ ਨ ਸ੍ਰਾਪ ਹੋਤਿ ਹੈ ਮੋਰਾ।
ਸਹੈ ਨਰਕ ਮਹਿਂ ਇਹ ਦੁਖ ਘੋਰਾ- ॥੪੩॥
ਪਰਤੋ ਤਬਹਿ ਮੈਂ ਨਰਕ ਮਝਾਰੀ।
ਮਿਲੀ ਸ਼ਾਸਨਾ ਮੋ ਕੋ ਭਾਰੀ।
ਗਰ ਕੈ ਬਿਖੈ[1] ਪਰੀ ਜਮਫਾਸਾ। [1]ਗਲੇ ਵਿਚ।
ਬਿਤਤੋ ਕਾਲ ਕਿਤ ਤਬਹਿ ਨਿਕਾਸਾ ॥੪੪॥

ਦੋਹਰਾ:

ਚੌਰਾਸੀ ਲਖ ਜੋਨਿ ਪੁਨ,
ਭਰਮਤੋ ਸਭਿ ਕੇ ਮਾਂਹਿ।
ਅਸ ਸਰੀਰ ਨਹਿਂ ਕੋ ਰਹਤੋ,
ਜਿਹ ਮੈਂ ਜਨਮਤੋ ਨਾਂਹਿ ॥੪੫॥

ਚੌਪਈ:

ਬਹੁਰੋ ਬਿੱਪ੍ਰ ਜਨਮ ਕੋ ਪਾਵਾ।
ਸਗੁਣ ਉਪਾਸਨ ਮਹਿਂ ਮਨ ਲਾਵਾ।
ਸਰਬ ਜਨਮ ਕੀ ਸੁਧਿ ਮੁਹਿ ਰਹੀ।
ਸ਼ਿਵ ਕੋ ਸ੍ਰਾਪ ਸੁ ਬਰ ਭਾ ਸਹੀ ॥੪੬॥
ਏਕ ਦਿਵਸ ਲੌਮਸ[1] ਰਿਖਿ ਪਾਹੀ[2]। [1]ਇਕ ਰਿਖੀ ਦਾ ਨਾਮ। [2]ਪਾਸ।
ਬੈਠਤੋ ਸੁਨਨ ਬਚਨ ਚਿਤ ਚਾਹੀ।
ਅਪਨ ਮਨੋਰਥ ਮੈਂ ਜੁ ਸੁਨਾਵਾ।
ਤਿਹ ਨਿਰਗੁਣ ਉਪਦੇਸ਼ ਅਲਾਵਾ ॥੪੭॥

ਮਮ ਹਿਰਦੇ ਮਹਿਂ ਰੁਚੈ ਨ ਕੋਊ।
ਬਹੁਤ ਭਾਂਤਿ ਸਮਝਾਵਤਿ ਸੋਊ।
ਬੂਝੋਂ ਸਗੁਣਹਿ[1] ਬਾਰੰਬਾਰੂ। [1]ਸਰਗੁਣ (ਬਾਬਤ)।
ਨਿਗੁਣਹਿ ਤਰਕਤਿ[1] ਬਚਨ ਉਚਾਰੂੰ ॥੪੮॥ [1]ਨਿਰਗੁਣ ਵਿਚ ਹੁੱਜਤਾਂ ਦੇ।
ਮਮ ਮਤਿ ਲਖਿ ਲੌਮਸ ਵਿਪਰੀਤੀ[1]। [1]ਉਲਟੀ।
ਕਰਿ ਕਛੁ ਰਿਸ, ਬੋਲਯੋ ਅਸ ਰੀਤੀ।
-ਪੱਛਨ ਸਹਿਤ[1] ਬੋਲ ਹੈਂ ਤੇਰੇ। [1]ਤਰਕਾਂ ਸਮੇਤ (ਅ) ਪੰਖੀਆਂ ਸਦਰਸ਼।
ਬਾਰ ਬਾਰ ਮੋਰਤਿ[1] ਬਚ ਮੇਰੇ ॥੪੯॥ [1]ਮੋੜਦਾ ਹੈਂ।

ਦੋਹਰਾ:
ਅਧਿਕਾਰੀ[1] ਹੌਂ ਜਾਨਿਕੈ [1]ਉਪਦੇਸ਼ ਦੇਣੇ ਜੋਗ ਜਗਯਾਸੂ।
ਉਪਦੇਸ਼ਤਿ ਥੋ ਤੋਹਿ[1]। [1]ਤੈਨੂੰ।
ਹੋਹੁ ਅਧਮ ਖਗ[1] ਸਭਿਨਿ ਤੇ, [1]ਨੀਵਾਂ ਪੰਛੀ।
ਸਹਹੁ ਸ੍ਰਾਪ ਅਬ ਮੋਹਿ[1]- ॥੫੦॥ [1]ਮੇਰਾ।

ਚੌਪਈ:
ਬਾਇਸ[1] ਦੇਹਿ ਤਬਹਿ ਮਮ ਭਈ। [1]ਕਾਂ।
ਹਾਥ ਬੰਦਿ ਕੈ ਉਸਤਤਿ ਕਈ।
-ਸੱਤਿ[1] ਸ੍ਰਾਪ ਹੋਵਹਿ ਰਿਖਿ! ਤੇਰਾ। [1]ਸੱਚਾ।
ਮੁਝ ਕੋ ਲਖਹੁ ਆਪਨੋ ਚੇਰਾ[1] ॥੫੧॥ [1]ਦਾਸ।
ਕ੍ਰਿਪਾ ਦ੍ਰਿਸ਼ਟਿ ਅਬ ਮੋ ਪਰ ਕੀਜੈ।
ਅਸ ਪ੍ਰਕਾਰ ਕੌ ਬਰ ਇਕ ਦੀਜੈ।
ਰਹੈ ਗਯਾਨ ਮੇਰੇ ਉਰ ਮਾਂਹੀ।
ਬਾਇਸ[1] ਬਪੁ ਧਰਿ ਬਿਸਰੌਂ ਨਾਂਹੀ- ॥੫੨॥ [1]ਕਾਂ।
ਸੁਨਿ ਲੌਮਸ ਰਿਖਿ ਭਯੋ ਕ੍ਰਿਪਾਲਾ।
ਮੁਖ ਤੇ ਬੋਲਯੋ ਬਚਨ ਰਸਾਲਾ।
-ਹੋਵਹਿ ਸਦਾ ਰਿਦੇ ਤਬ ਗਯਾਨਾ।
ਆਤਮ ਰੂਪ ਲਖਹਿਂ ਸੁਖ ਥਾਨਾ ॥੫੩॥
ਤੁਝ ਪਰ ਹੈ ਕਰੁਨਾ ਅਬ ਮੋਰੀ।
ਇਕ ਬਰ ਦੇਵੌਂ ਔਰ ਬਹੋਰੀ।

ਮ੍ਰਿੱਤੁ ਹੋਇ ਜਬ ਕਰਿ ਚਿਤ ਚਾਹੀ[1]। [1]ਇੱਛਾ।
ਬਿਨ ਚਾਹੇ ਮ੍ਰਿੱਤੁ ਹ੍ਵੈ ਕਬ ਨਾਂਹੀ-
॥੫੪॥

ਸੋਰਠਾ:

ਸੁਨਿ ਤਿਹ ਕੇ ਅਸ ਬੈਨ
ਹਰਖਤਿ ਆਵਾ ਥਾਨ ਇਹ।
ਭੀ ਬਿਸਾਲ ਮਨ ਚੈਨ
ਨਹਿਂ ਤਜਾਗੋ ਅਬ ਦੇਹਿ ਕੋ ॥੫੫॥
ਪ੍ਰੇਮ ਭਗਤਿ ਰਸ ਆਇ,
ਕਾਕ ਜਨਮ ਕੋ ਪਾਇਕੈ।*

*ਕਾਕ ਭਸੁੰਡ ਦੀ ਕਥਾ ਇਕ ਦ੍ਰਿਸ਼ਟਾਂਤਿਕ ਕਥਾ ਹੈ, ਜਿਸ ਦਾ ਭਾਵ ਅਰਥ ਇਹ ਹੈ ਕਿ ਅੱਡ-ਅੱਡ ਮਤਾਂ ਦੇ ਉਪਾਸਕਾਂ ਵਿਚ ਵੈਰ ਵਿਰੋਧ ਤੇ ਤਅੱਸਬ ਨਹੀਂ ਚਾਹੀਦਾ। ਬਾਕੀ ਕਥਾ ਤੇ ਉਸ ਦਾ ਸ੍ਰਾਪਿਤ ਹੋਕੇ ਕਾਂ ਬਣਨਾ ਤੇ ਫੇਰ ਪੂਰਨ ਪਦ ਨੂੰ ਪਾਕੇ ਬੀ ਕਾਂ ਹੀ ਰਹਿਣਾ, ਇਹ ਪੌਰਾਣਕ ਅਖਯਾਨਕਾਂ ਦਾ ਤ੍ਰੀਕਾ ਇਸੇ ਕਿਸਮ ਦਾ ਹੈ। ਕਾਉਂ ਕਹਿਣ ਤੋਂ ਇਕ ਮੁਰਾਦ ਚਿੰਰਜੀਵੀ ਦੀ ਬੀ ਹੈ, ਕਾਂ ਦੀ ਉਮਰ ਵਡੀ ਹੁੰਦੀ ਹੈ। ਕਾਂ ਬੋਲਦਾ ਬਹੁਤਾ ਹੈ, ਉਪਦੇਸ਼ਕ ਦੂਸਰੇ ਸਾਧਾਰਣ ਮਨੁੱਖਾਂ ਤੋਂ ਬਹੁਤਾ ਬੋਲਦੇ ਹਨ। ਕਦੇ-ਕਦੇ ਐਸਾ ਬੀ ਹੋਇਆ ਹੈ ਕਿ ਕਈ ਜਾਤੀਆਂ ਦੇ ਜਾਤੀ ਚਿੰਨ੍ਹ ਹੁੰਦੇ ਹਨ, ਪੌਰਾਣਕਾਂ ਨੇ ਓਹ ਉਹਨਾਂ ਦੇ ਸਰੀਰ ਹੀ ਮੰਨ ਲਏ ਹਨ। ਮਸਲਨ ਨਾਗ ਜਾਤੀ ਦਾ ਚਿੰਨ੍ਹ ਨਾਗ ਸੀ, ਉਹਨਾਂ ਨੂੰ ਸਰਪ ਦੇਹੀ ਵਾਲੇ ਕਹਿ ਦੇਂਦੇ ਹਨ; ਤਿਵੇਂ ਕਿਸੇ ਕਾਂ ਦੇ ਨਿਸ਼ਾਨ ਵਾਲੇ ਨੂੰ ਕਾਂ ਹੀ ਮੰਨ ਲਿਆ ਗਿਆ ਜਾਪਦਾ ਹੈ। ਇਹ ਗੱਲ ਅਜ ਕਲ ਬੀ ਹੈ, ਤੇ ਕਦੇ ਟਪਲੇ ਦੇ ਸਕਦੀ ਹੈ। ਮਸਲਨ ਜਰਮਨ ਲੋਕਾਂ ਦਾ ਚਿੰਨ੍ਹ ਉਕਾਬ ਹੈ, ਕਦੇ ਕੋਈ ਇਨ੍ਹਾਂ ਨੂੰ ਉਕਾਬ ਦੇਹੀ ਵਾਲੇ ਹੀ ਵਰਣਨ ਕਰਨ ਦੀ ਭੁੱਲ ਕਰ ਸਕਦਾ ਹੈ, ਰੂਸੀਆਂ ਦਾ ਚਿੰਨ੍ਹ ਰਿੱਛ ਹੈ, ਅੰਗਰੇਜ਼ਾਂ ਦਾ ਸ਼ੇਰ ਹੈ, ਖਾਲਸੇ ਦਾ ਤਲਵਾਰ ਹੈ।

ਨਹਿਂ ਤਜਿਓ ਅਬ ਜਾਇ,
ਰਹੋਂ ਸਦਾ ਆਨੰਦ ਮਨ' ॥੫੬॥

ਚੌਪਈ:

ਅਸ ਪ੍ਰਕਾਰ ਸਭਿ ਕਥਾ ਸੁਨਾਈ।
ਚਲਿਨੇ ਤਯਾਰ ਭਏ ਜਗਰਾਈ[1]। [1]ਭਾਵ ਗੁਰੂ ਜੀ।
ਕਰੀ ਪਰਸਪਰ ਦੁਹ ਦਿਸ਼ਿ ਬੰਦਨ।
ਅੱਗ੍ਰਜ ਗਮਨੇ ਦੋਖ ਨਿਕੰਦਨ ॥੫੭॥
ਜਿਹ ਠਾਂ ਦੱਤਾਤ੍ਰੇਯ ਸੁਜਾਨਾ।*

*ਦੱਤਾਤ੍ਰੇਯ ਇਕ ਪੁਰਾਤਨ ਸਮੇਂ ਦੇ ਤਪੱਸ੍ਵੀ ਹੋਏ ਹਨ, ਉਹਨਾਂ ਦੀ ਸਾਖੀ ਅੱਗੇ ਦਿੱਤੀ ਹੈ। ਇਹ ਹੋ ਸਕਦਾ ਹੈ ਕਿ ਤਦ ਤੋਂ ਜੋਗ ਸਾਧਨਾਂ ਨਾਲ ਪ੍ਰਾਣਾਯਾਮ ਕਰਕੇ ਆਪਣੀ ਆਯੂ ਵਧਾਕੇ ਤਦ ਤਕ ਜੀਉਂਦਾ ਹੋਵੇ। ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਇਕ ਐਸੇ ਯੋਗੀ ਨੂੰ ਚਾਲੀ ਦਿਨ ਸੁਆਸ ਚੜ੍ਹਾਕੇ ਅਡੋਲ ਬੈਠਾ ਰਿਹਾ ਤੱਕਿਆ ਸੀ, ਜਿਸ ਦੇ ਦੁਆਲੇ ਪਹਿਰੇ ਬੀ ਖੜੇ ਰਹੇ ਸਨ ਕਿ ਠੀਕ ਬੈਠਾ ਰਹਿੰਦਾ ਹੈ ਕਿ ਨਹੀਂ। ਇਨ੍ਹਾਂ ਪਹਾੜਾਂ ਵਿਚ ਤਪੱਸ੍ਵੀ ਤਿਆਗੀ ਹੁਣ ਬੀ ਮਿਲਦੇ ਹਨ, ਉਮਰਾ ਬੀ ਆਬੋ ਹਵਾ ਸਰਦ ਹੋਣ ਕਰਕੇ ਬੜੀਆਂ ਵੱਡੀਆਂ ਹਨ। ਹੋ ਸਕਦਾ ਹੈ ਇਸ ਨਾਮ ਦਾ ਸਾਧੂ

ਉਸ ਸਮੇਂ ਕੋਈ ਮਿਲਿਆ ਹੋਵੇ, ਤੇ ਸਾਖੀ ਵਾਲੇ ਨੇ ਪੁਰਾਤਣ ਨਾਮ ਨਾਲ ਇਸ ਦਾ ਨਾਮ ਜਾ ਰਲਾਇਆ ਹੋਵੇ। ਅਸਲੀ ਜਨਮ ਸਾਖੀ ਵਿਚ ਪ੍ਰਸੰਗ ਕਿਵੇਂ ਸੀ? ਉਹ ਬਿਆਸਾ ਦੇ ਤੂੰਗਾਂ ਦੇ ਸਪੁਰਦ ਹੋ ਚੁੱਕਾ ਹੈ।

ਹਾਥ ਆਮਲਕ[1] ਆਤਮ ਗਜਾਨਾ। [1]ਜੈਸੇ ਹੱਥ ਵਿਚ ਆਂਵਲਾ ਹੁੰਦਾ ਹੈ।

{ਦੱਤਾ ਤ੍ਰੇਯ}

ਜਿਨ ਕੀਨੋ ਸਭਿ ਜਗ ਸੰਨਜਾਸਾ।
ਭਾ ਬਿਰਕਤ ਬਹੁ ਫਿਰਜੋ ਉਦਾਸਾ ॥੫੮॥

ਬਿੰਸਤ ਚਤੁਰ[1] ਗੁਰੂ ਜਿਨ ਕੀਨੇ। [1]ਚੌਬੀਸ।
ਏਕੁੰਕਾਰ ਰੰਗ ਮਹਿਂ ਭੀਨੇ[1]। [1]ਭਿੱਜਾ।
ਤ੍ਰਿਣ ਸਮ[1] ਤੀਨ ਲੋਕ ਸੁਖ ਤਜਾਗਾ। [1]ਤਿਨਕੇ ਵਤ।
ਸਦਾ ਬ੍ਰਹਮ ਸੁਖ ਸੋਂ ਅਨੁਰਾਗਾ ॥੫੯॥

ਪਰਮ ਤੱਤ ਬੇਤਾ ਰਸ ਲੀਨਾ।
ਮਹਾਂ ਮੁਨੀ ਗੁਨ ਗੁਨਹਿ ਪ੍ਰਬੀਨਾ।
ਤਿਹ ਕੇ ਨਿਕਟ ਜਾਤਿ ਭੇ ਠਾਂਢੇ।
ਸੋ ਪੌਢਜੋ ਉਰ ਆਨੰਦ ਬਾਢੇ ॥੬੦॥

ਲੋਚਨ ਮੁੰਦ੍ਰਿਤ ਤੂਸ਼ਨ ਠਾਨੀ।
ਅੰਤਰ ਰਸ ਕੋ ਰਸਿਕ ਗਿਆਨੀ।
ਤਿਹ ਬਿਲੋਕਿ ਬੋਲਜੋ ਮਰਦਾਨਾ।
'ਹੇ ਪ੍ਰਭੁ! ਪੌਢਾ ਕੌਨ ਮਹਾਨਾ? ॥੬੧॥

ਵਡ ਉਨਮੱਤ[1] ਦੇਹਿ ਜਿਹ ਭਾਰੀ। [1]ਮਸਤ।
ਪਰਜੋ ਅਡੋਲ ਮਸ਼ਟ ਮੁਖ ਧਾਰੀ।
ਇਸ ਬੁਲਾਇ ਕੈ ਬੋਲਿ ਸੁਨੀਜੈ।
ਬਹੁਰੋ ਅਪਨੋ ਗਜਾਨ ਭਨੀਜੈ[1]' ॥੬੨॥ [1]ਕਹੀਏ।

ਸ੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ!
ਇਹ ਹੈ ਦੱਤਾਤ੍ਰੇਯ ਮਹਾਨਾ।
ਜਗ ਮਹਿਂ ਭਯੋ ਵਡੋ ਅਵਧੂਤਾ।
ਸਦਾ ਸਥਿਰ ਜਿਹ ਕੀ ਮਤਿ[1] ਪੂਤਾ[2] ॥੬੩॥ [1]ਬੁਧਿ। [2]ਪਵਿੱਤ੍ਰ।

ਸਦਾ ਬਿਦੇਹੀ ਰਹਿਤਿ ਅਡੋਲਾ।
ਪਾਯੋ ਆਤਮ ਅਨੰਦ ਅਤੋਲਾ।'
ਸ਼੍ਰੀ ਅੰਗਦ ਜੀ ਸੁਨਹੁ ਕਹਾਨੀ।
ਮੈਂ ਬਿਲੋਕਿ ਪੁਨ ਬੋਲਜੋ ਬਾਨੀ ॥੬੪॥
'ਸ਼੍ਰੀ ਗੁਰ! ਹਮਨੈ ਸੁਨਜੋ ਸੁ ਨਾਮਾ।
ਦਤਾਤ੍ਰੇਯ ਭਾ ਜਗ ਅਭਿਰਾਮਾ[1]। [1]ਸੁੰਦਰ।
ਤੁਮ ਕਰੁਨਾ ਤੇ ਲੋਚਨ ਦੇਖਾ।
ਪਰਮਹੰਸ[1] ਅਵਧੂਤ[2] ਵਿਸ਼ੇਖਾ[3] ॥੬੫॥ [1]ਗਿਆਨਵਾਨ। [2]ਸੰਨਯਾਸੀ। [3]ਬੜਾ।
ਅਬ ਇਹ ਬਦਨ ਬੁਲਾਯਾ ਚਹਿਯੇ।
ਗਜਾਨ ਬਚਨ ਕੋ ਸੁਨਿਯੇ ਕਹਿਯੇ।
ਬੋਲੇ ਤੇ ਮਤ ਹੋਇ ਲਖਾਈ।
ਤੂਸ਼ਨ ਤੇ ਨਹਿਂ ਜਾਨਜੋ ਜਾਈ'
॥੬੬॥

ਸ੍ਵੈਯਾ:

ਸ਼੍ਰੀ ਗੁਰ ਬੈਨ ਭਨੇ ਤਬ ਹੀ
'ਤੁਮ ਹੋਤਿ ਸਰੀਰ ਤੇ ਬੋਲਤਿ ਨਾਂਹੀ।
ਜੌ ਲਗ ਦੇਹਿ, ਨਿਰਾਸ[1] ਨ ਤੌ ਲਗ [1]ਨਾ-ਉਮੈਦ।
ਯੌਂ ਸੁਨਿ ਕੈ ਸਮਝੋ ਮਨ ਮਾਂਹੀ।
ਖੋਲਹੁ ਨੈਨ ਰਖੋ ਮਨ ਕੋ ਥਿਰ
ਔਰ ਬਿਲੋਕ ਨ ਚਿੱਤ ਡੁਲਾਹੀ।
ਏਕ ਹੀ ਬਯਾਪਕ ਹੈ ਸਭਿ ਮੈਂ
ਕਰਤਾਰ ਬਿਨਾ ਘਟ ਕੋ ਨਹਿਂ ਆਹੀ' ॥

ਸ੍ਵੈਯਾ:

ਦੱਤ ਕਹੈ 'ਕਛੁ ਕਾਜ ਨਹੀਂ ਜਗ
ਬੋਲਨ ਕੋ ਨਹਿਂ ਮੋਹਿ ਸੁਭਾਉ।
ਆਸ ਕੋ ਛੋਰਿ ਨਿਰਾਸ ਭਯੋ
ਮਨ ਕੀਨ ਸਦਾ ਥਿਰ ਨਾਂਹਿ ਡੁਲਾਉ।
ਪੂਰਨ ਭੀ ਕਰੁਨਾ ਹਮ ਪੈ
ਉਰ ਬੀਚ ਬਸਜੋ ਤਿਹ ਸੋਂ ਲਿਵ ਲਾਊਂ।
ਰੋਮਹਿ ਰੋਮ ਰਚਜੋ ਸੁ ਭਲੀ ਬਿਧਿ
ਕਯੋਂ ਰਸਨਾ ਅਬ ਬੈਨ ਅਲਾਊਂ'
॥੬੮॥

ਚੌਪਈ:

ਸੁਨਿ ਤਿਹ ਮਤ ਕੋ ਸ਼੍ਰੀ ਗੁਰ ਬੋਲੇ।
'ਧੰਨ ਤੁਮ ਮਨ ਰਹਿਤਿ ਅਡੋਲੇ।
ਆਤਮ ਗਯਾਨ ਉਦਧਿ ਕੇ ਮਾਂਹੀ।
ਰਹਉ ਮੀਨ[1] ਜਿਉਂ ਮਗਨ ਸਦਾ ਹੀ ॥੬੯॥ [1]ਮੱਛੀ।
ਕੁੰਡਲ[1] ਕਟਕਾਦਿਕ[2] ਲੰਕਾਰਾ[3]। [1]ਵਾਲੇ। [2]ਕੜੇ ਆਦਿਕ। [3]ਗਹਿਣੇ।
ਸਭਿ ਕੂਰੇ ਉਰ ਬੀਚ ਬਿਚਾਰਾ।
ਜੋ ਕੰਚਨ ਹੈ ਸਰਬ ਅਧਾਰਾ।
ਸੋ ਸਾਚੋ ਨੀਕੀ ਬਿਧਿ ਧਾਰਾ' ॥੭੦॥
ਅਸ[1] ਕਹਿ ਕਰਿ ਮਿਲਿ ਆਪਸ ਮਾਂਹੀ। [1]ਐਸੇ।
ਹਰਖਤਿ ਭੇ ਦੁਹਿਦਿਸ਼ ਸੁਖ ਪਾਹੀ।
ਕੇਤਿਕ ਕਾਲ ਬੈਠਿ ਤਿਹ ਪਾਸਾ।
ਚਲਿਨੇ ਤਯਾਰ ਭਏ ਸੁਖ ਰਾਸਾ ॥੭੧॥
ਕਰਿ ਬੰਦਨ ਕੋ ਸੀਸ ਨਿਵਾਏ।
ਆਗੇ ਸ਼੍ਰੀ ਗੁਰ ਬਹੁਰ ਸਿਧਾਏ।
ਕਮਲ ਬਦਨ ਸੁਖ ਸਦਨ ਸੁਹਾਵਨ।
ਪੂਰਨ ਧਯਾਇ ਭਯੋ ਮਨ ਭਾਵਨ ॥੭੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਕ ਭਸੁੰਡ, ਦੱਤਾਤ੍ਰੇਯ' ਪ੍ਰਸੰਗ ਬਰਨਨੰ ਨਾਮ ਪੈਂਸਠਮੋਂ ਅਧਯਾਯ ॥੬੫॥

# ੬੬. [ਗੁਰ ਚਰਣ ਮੰਗਲ। ਪ੍ਰਹਲਾਦ]

੬੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬੭

{ਦੁੱਧ ਜਮਾਉਣ, ਮੱਖਣ ਦਾ ਦ੍ਰਿਸ਼ਟਾਂਤ} ॥੧੦..॥
{ਪ੍ਰਹਲਾਦ ਦੀ ਆਦਿ ਕਥਾ} ॥੨੦..॥
{ਦਿਬਯ ਬਰਖ ਨਿਰਣਾ} ॥੪੭॥

ਦੋਹਰਾ:

ਸ੍ਰੀ ਗੁਰ ਚਰਨ ਸ਼ਰੰਨ ਪਰ,
ਜਨਮ ਮਰਨ ਹਰਿ ਪੀਰ।
ਜਯੋਂ ਪਾਰਸ ਰੰਕਹਿ ਮਿਲੈ,
ਦਾਰਿਦ ਰਹੈ ਨ ਤੀਰ† ॥੧॥

ਰੰਕਹਿ=ਕੰਗਾਲ ਨੂੰ।ਸੰ: ਰਙ੍ਕ]। ਦਾਰਿਦ=ਗ੍ਰੀਬੀ, ਕੰਗਾਲਤਾਈ। ਤੀਰ=ਕੰਢੇ, ਕੋਲ, ਨੇੜੇ।
†ਪਾ:-ਪੀਰ ਪੀੜਾ।

ਅਰਥ:

(ਹੇ ਮਨ!) ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਪਉ (ਤੇ) ਜਨਮ ਮਰਨ ਦੀ ਪੀੜਾ ਦੂਰ (ਕਰਾ ਲੈ), ਜਿਸ ਤਰ੍ਹਾਂ ਕੰਗਾਲ ਨੂੰ (ਜੇ) ਪਾਰਸ ਮਿਲ ਜਾਵੇ (ਤਾਂ) ਕੰਗਾਲਤਾਈ (ਉਸ ਦੇ) ਨੇੜੇ ਨਹੀਂ ਰਹਿ ਜਾਂਦੀ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਅੱਗ੍ਰਜ ਸ੍ਰੀ ਗੁਰ ਕੀਨ ਪਯਾਨੰ।
ਅਲਲਾਚੀਨ ਬਿਹੰਗ ਜਿਹ ਥਾਨੰ।⚐

⚐ਅਲਲਾਚੀਨ ਤੋਂ ਭ੍ਰਮ ਹੁੰਦਾ ਹੈ ਕਿ ਅਸਲ ਬਾਲੇ ਵਾਲੀ ਸਾਖੀ ਵਿਚ ਕੋਈ ਸਾਖੀਆਂ ਤਿੱਬਤ ਤੇ ਚੀਨ ਦੀਆਂ ਹੋਣਗੀਆਂ, ਜੋ ਹਿੰਦਾਲੀਆਂ ਨੇ ਹੋਰ ਰੂਪ ਵਿਖੇ ਢਾਲਕੇ ਲਿਖੀਆਂ। ਅਲਲਾਚੀਨ ਦਾ ਪ੍ਰਸੰਗ ਬਿਗੜੀ ਹੋਈ ਜਨਮ ਸਾਖੀ ਦੇ ਪੜ੍ਹਨ ਤੋਂ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਸਾਖੀ ਕਿਸ ਮਨੋਰਥ ਨਾਲ ਰਚੀ ਗਈ ਹੈ। ਓਥੇ ਦੱਸਿਆ ਹੈ ਕਿ ਇਸ ਕਠਨ ਥਾਵੇਂ ਅੱਗੇ ਇਕ ਕਬੀਰ ਆਯਾ ਹੈ, ਦੂਜੇ ਤੁਸੀਂ ਆਏ ਹੋ, ਤੇ ਤੀਸਰਾ ਤੁਹਾਡੇ ਮਗਰੋਂ ਹਿੰਦਾਲ ਆਵੇਗਾ। ਹਿੰਦਾਲ ਦੀ ਪਦਵੀ ਗੁਰੂ ਜੀ ਦੇ ਤੁੱਲ ਦੱਸਣਾ ਸਾਖੀ ਕਰਤਾ ਦਾ ਮਨੋਰਥ ਸੀ। ਸਾਡੇ ਕਵੀ ਜੀ ਨੇ ਇਸ ਸਾਖੀ ਨੂੰ ਤਾਂ ਲੈ ਲਿਆ ਹੈ ਤੇ ਹਿੰਦਾਲ ਵਾਲੀ ਗੱਲ ਕੱਢ ਦਿੱਤੀ ਹੈ।
ਅਲਲਾਚੀਨ ਬਿਹੰਗ, ਗ਼ਾਲਬਨ ਕੋਈ ਅਤੀਤ ਚੀਨੀ ਸਾਧੂ ਹੋਣਾ ਹੈ ਜਿਸ ਨਾਲ ਵਾਰਤਾਲਾਪ ਹੋਈ, ਕਿਉਂਕਿ ਜਨਮਸਾਖੀ ਨੇ ਅਲਲਾਚੀਨ ਦੀ ਗੱਲ ਬਾਤ ਦਿੱਤੀ ਹੈ। ਇਸ ਨਾਮ ਦੇ ਪਰਬਤ ਲਈ ਖੋਜ ਕਰੀਏ ਤਾਂ ਛੋਟੀ ਤਿੱਬਤ ਯਾ ਲੱਦਾਖ਼ ਦੀ ਰਾਜਧਾਨੀ 'ਲੇਹ' ਤੋਂ ਉਰੇ ਇਕ ਅਲਾਚੀ ਯਾ ਅਲਚੀ ਜਗਾ ਆਉਂਦੀ ਹੈ, ਜਿਥੇ ਸਿੰਧ ਨਦੀ ਉਤੇ ਪੁਲ ਹੈ। ਸ਼ਾਯਦ ਏਸ ਇਲਾਕੇ ਤੋਂ ਮੁਰਾਦ ਹੋਵੇ।
ਫੇਰ ਅਲਲਾਚੀਨ ਪੰਛੀ ਬੀ ਲਿਖਿਆ ਹੈ, ਮੁਰਾਦ ਗ਼ਾਲਬਨ 'ਇਲਲਾਚੀਨੀ' ਤੋਂ ਹੋਵੇ। ਇਲ ਚੀਨ ਤੋਂ ਵਡੇਰਾ ਮਾਸਾਹਾਰੀ ਪੰਛੀ ਹੈ, ਇਲਲਾ ਸਭ ਤੋਂ ਵੱਡਾ ਮਾਸਾਹਾਰੀ ਪੰਛੀ ਜਿਸ ਨੂੰ ਉਕਾਬ ਕਹਿੰਦੇ ਹਨ। ਇਲਲਾਚੀਨ ਚੀਨੀ ਉਕਾਬ। ਉੱਚੇ ਚਿਟਾਨਾਂ ਤੇ ਇਕ ਪੰਛੀ ਉਕਾਬ ਨਾਮੇ ਹੁੰਦਾ ਹੈ, ਜੋ ਹਿਰਨ, ਲੇਲੇ ਆਦਿ ਚੁੱਕ ਖੜਦਾ ਹੈ। ਸਗੋਂ ਏਹ ਪੰਛੀ ਇੰਨੇ ਵੱਡੇ ਬੀ ਹੁੰਦੇ ਹਨ ਕਿ ਤਾਤਾਰੀ ਕਿਰਗਿਜ਼ ਲੋਕੀਂ ਉਕਾਬ ਸ਼ਿਕਾਰ ਵਾਸਤੇ ਪਾਲਦੇ ਹਨ, ਜਿਸ ਨੂੰ ਓਹ 'ਬੇਰਕੂਤ' ਕਹਿੰਦੇ ਹਨ, ਇਹ ਉਕਾਬ, ਹਰਨ, ਬਘਿਆੜ ਤੇ ਲੂੰਬੜ ਤਕ ਨੂੰ ਚੁੱਕ ਖੜਦਾ ਹੈ।

ਖਿਆਲ ਇਹ ਕਹਿੰਦਾ ਹੈ ਕਿ ਮਾਨਸਰੋਵਰ ਤੋਂ ਸਤਿਗੁਰ ਸਿੱਧੇ ਯਾ ਇਧਰ ਉਧਰ ਫਿਰ ਟੁਰਕੇ ਲਾਸਾ (ਤਿੱਬਤ ਦੀ ਰਾਜਧਾਨੀ) ਗਏ ਹਨ ਤੇ ਓਥੋਂ ਚੀਨ ਗਏ, ਨਾਨਕਿਨ ਆਦਿ ਹੋਕੇ ਬ੍ਰਹਮਾ ਦੇ ਰਸਤੇ ਤਨਾਸਰਮ (ਧਨਾਸਰੀ ਦੇਸ) ਹੋਕੇ ਫੇਰ ਉੱਤਰੀ ਪਹਾੜਾਂ ਦੇ ਰਸਤੇ ਹੀ ਵਾਪਸ ਆਕੇ ਜੰਮੂ ਤੋਂ ਹੇਠਾਂ ਉੱਤਰੇ ਹਨ। ਕਸ਼ਮੀਰ ਰਿਆਸਤ ਦੇ ਤਹਿਸੀਲਦਾਰ ਸਰਦਾਰ ਤੀਰਥ ਸਿੰਘ ਜੀ ਘਰਜਾਖੀਏ ਨੂੰ ਇੱਕ ਵੇਰ ਕਿਸ਼ਤਵਾੜ ਦੇ ਇਲਾਕੇ ਵਿਚ ਤਿੱਬਤ ਦੇ ਰਸਤੇ ਦੋ ਚੀਨੀ ਯਾਤਰੂ ਅੰਮ੍ਰਿਤਸਰ ਨੂੰ ਆ ਰਹੇ ਮਿਲੇ ਸਨ, ਓਹ ਦੱਸਦੇ ਸਨ 'ਕਿ ਅਸੀਂ ਚੀਨੀ ਹਾਂ, ਨਾਨਕਿਨ ਸ਼ਹਿਰ ਦੇ ਨੇੜੇ ਰਹਿਣ ਵਾਲੇ ਹਾਂ। ਗੁਰੂ ਨਾਨਕ ਦੇਵ ਜੀ ਸਾਡੇ ਦੇਸ਼ ਗਏ ਹਨ, ਅਸੀਂ ਉਨ੍ਹਾਂ ਦੇ ਸ਼ਰਧਾਲੂ ਹਾਂ ਤੇ ਅੰਮ੍ਰਿਤਸਰ ਜੀ ਦੀ ਯਾਤ੍ਰਾ ਲਈ ਜਾ ਰਹੇ ਹਾਂ। ' ਗੜਤੋਕ ਤੇ ਮਾਨਸਰੋਵਰ ਦੇ ਲਾਗੇ ਦੇ ਤਿੱਬਤੀ ਸਿੱਖਾਂ ਨੂੰ ਦੇਖਕੇ ਸਤਿਕਾਰ ਕਰਦੇ ਹਨ। ਕਈ ਤਿੱਬਤੀ ਲੋਕ ਹਰ ਸਾਲ ਅੰਮ੍ਰਿਤਸਰ ਨੂੰ ਆਪਣਾ ਤੀਰਥ ਮੰਨਕੇ ਯਾਤ੍ਰਾ ਲਈ ਆਉਂਦੇ ਹਨ, ਤਿੱਬਤੀ ਲੋਕਾਂ ਦਾ ਮੰਤ੍ਰ ਇਹ ਹੈ:-ਓਂ ਮਨੀ ਪਦਮਿ ਹੁੰ। (Om Mani Padme hun) ਪਰ ਇਸ ਇਲਾਕੇ ਦੇ ਤਿੱਬਤੀ ਇਹ ਮੰਤਰ ਪੜ੍ਹਦੇ ਹਨ:-ਓਂ ਆਂਹੁੰ ਭਦਰਾ ਗੁਰੂ ਪਦਮਾ ਸਿਧੀ ਹੁੰ।

[ਦੇਖੋ ਪੂਰਬਾਰਧ ਅਧਯਾਯ ੬੪, ਅੰਕ ੭੪ ਦੀ ਟੂਕ, ਪੰਨਾ ੬੯੮]

ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਤਿੱਬਤ ਵਿਚ ਤੇ ਚੀਨ ਦੇ ਕਿਸੇ ਹਿੱਸੇ ਵਿਚ ਫਿਰੇ ਹਨ। ਜੇ ਉਧਰ ਫਿਰੇ ਹਨ ਤਦ-ਉਨ੍ਹਾਂ ਦੇ ਮੰਦਰਾਂ ਵਿਚ, ਜਿਨ੍ਹਾਂ ਵਿਚ ਪੁਸਤਕਾਲੇ ਬੀ ਹਨ, ਬੁੱਤ ਬੀ ਹਨ, ਤੇ ਲਾਂਮੇ (ਸਾਧੂ) ਚੰਗੇ ਚੰਗੇ ਵਿਦਵਾਨ ਬੀ ਹਨ-ਇਨ੍ਹਾਂ ਲੋਕਾਂ ਨਾਲ ਮੇਲ ਜੋਲ ਚਰਚਾ ਵਿਚਾਰ ਜ਼ਰੂਰ ਹੋਏ ਹੋਣਗੇ। ਗ਼ਾਲਬਾਨ ਕੁਛ ਹਿੱਸਾ ਇਨ੍ਹਾਂ ਵਾਕਿਆਤ ਤੋਂ ਗੱਲਾਂ ਬਾਤਾਂ ਦਾ ਅਸਲੀ ਜਨਮਸਾਖੀ ਵਿਚ ਹੋਵੇ, ਜੋ ਹਿੰਦਾਲੀਆਂ ਨੇ ਸਭ ਉਡਾ ਦਿੱਤੀਆਂ।

ਇਨ੍ਹਾਂ ਅਧਯਾਵਾਂ ਵਿਚ ਸੁਮੇਰ ਤੋਂ ਟੁਰਕੇ ਕਾਕ ਭਸੁੰਡ, ਦੱਤਾਤ੍ਰੇਯ, ਪ੍ਰਹਲਾਦ, ਧ੍ਰੂ ਦੇ ਪ੍ਰਸੰਗ ਆਏ ਹਨ। ਏਹ ਸਾਰੇ ਪ੍ਰਸੰਗ ਕਵਿ ਜੀ ਨੇ ਸ਼ਾਸਤ੍ਰਾਂ ਵਿਚੋਂ ਅਪਣੇ ਪੜ੍ਹੇ ਹੋਏ ਇਸ ਤਰ੍ਹਾਂ ਇਥੇ ਦਿੱਤੇ ਹਨ ਕਿ ਕਥਾ ਜਾਣਨ ਵਾਲਿਆਂ ਨੂੰ ਏਥੋਂ ਹੀ ਸਾਰੀ ਕਥਾ ਮਲੂਮ ਹੋ ਜਾਵੇ। ਗੁਰੂ ਜੀ ਦੇ ਇਨ੍ਹਾਂ ਨਾਲ ਮਿਲਾਪ ਇੰਞ ਹਨ ਕਿ ਮਾਨੋਂ ਓਹ ਪਹਾੜਾਂ ਵਿਚ ਬੈਠੇ ਤਪ ਕਰ ਰਹੇ ਸਨ। ਹਾਂ, ਵਿੱਚ ਵਿੱਚ ਜ਼ਿਕਰ ਆ ਜਾਂਦਾ ਹੈ ਕਿ ਤੁਸੀਂ ਓਥੇ ਆ ਗਏ ਹੋ ਜਿੱਥੇ ਆਦਮੀ ਦੀ ਗਤੀ ਹੀ ਨਹੀਂ ਹੈ।

ਨਰ ਕੀ ਨਹੀ ਗੰਮਤਾ ਈਹਾਂ-ਅਧ੍ਯਾ: ੬੬ ਅੰਕ ੬

ਤਾਰੇ ਤਰੇ ਛੋਰ ਕਰਿ ਸਭਿ ਹੀ-, , ੭੧, , ੨

ਰਹੇ ਪ੍ਰਕਾਸ਼ ਥਾਨ ਨਿਚ ਝਾਰੀ-, , ੭੧, , ੫

ਇਨ੍ਹਾਂ ਤੋਂ ਪਤਾ ਚਲਦਾ ਹੈ ਕਿ ਧਰਤੀ ਹੇਠਾਂ ਰਹਿ ਗਈ ਹੈ ਤੇ ਸਤਿਗੁਰੂ ਜੀ ਅਕਾਸ਼ਾਂ ਵਿਚ ਚਲੇ ਗਏ ਹਨ। ਇਹ ਗੱਲ ਫਿਰ ਧ੍ਰੂ ਜੀ ਸਫੁਟ ਕਹਿ ਦੇਂਦੇ ਹਨ:-

ਭੂਚਰ ਖੇਚਰ ਕਿਨ ਪਹੁਂਚਾਏ? -ਅਧ੍ਯਾ: ੭੨ ਅੰਕ ੫੯

ਅਰਥਾਤ ਤੁਸੀਂ ਜ਼ਿਮੀਂ ਤੇ ਚੱਲਣ ਵਾਲੇ ਸਾਓ, ਤੁਹਾਨੂੰ ਅਸਮਾਨਾਂ ਵਿਚ ਚੱਲਣ ਵਾਲਿਆਂ ਵਿਚ ਕਿਨ ਪਹੁੰਚਾਯਾ? ਗੋਯਾ ਗੁਰੂ ਜੀ ਅਸਮਾਨਾਂ ਵਿੱਚ ਫਿਰ ਰਹੇ ਹਨ, ਧਰਤੀ ਉੱਤੇ ਨਹੀਂ ਹਨ। ਇਸ ਦੇ ਹੁਣ ਦੋ ਪਹਿਲੂ ਹਨ:- ਇਕ ਤਾਂ ਇਹ ਕਿ ਖਗੋਲ ਵਿਦ੍ਯਾ ਦੇ ਦੱਸੇ ਮੰਡਲਾਂ ਵਿਚ ਫਿਰ ਰਹੇ ਹਨ, ਦੂਸਰੇ ਆਤਮਕ ਵਿਦ੍ਯਾ ਦੇ ਦੱਸੇ ਮੰਡਲਾਂ ਵਿਚ। ਮਸਲਨ 'ਧ੍ਰੂ' ਅਕਾਸ਼ਾਂ ਵਿਚ ਇਕ ਸਤਾਰਾ ਹੈ, ਜੋ ਠੀਕ ਉੱਤਰ ਵੱਲ ਹੈ, ਰਾਤ ਨੂੰ ਤੱਕ ਸਾਰੇ ਤਾਰੇ ਇਸ ਦੀ ਪ੍ਰਕ੍ਰਮਾਂ ਕਰਦੇ ਜਾਪਦੇ ਹਨ, ਸਾਡੀ ਪ੍ਰਿਥ੍ਵੀ ਤੋਂ ਮਾਨੋਂ ਇਹ ਸਾਰੇ ਦਿੱਸਦੇ ਤਾਰਿਆਂ ਦਾ ਕੇਂਦ੍ਰ ਹੈ। ਇਹ ਇੰਨੀ ਦੂਰ ਹੈ ਕਿ ਇਸ ਦਾ ਪ੍ਰਕਾਸ਼ ੫੦ ਵਰਹੇ ਵਿੱਚ ਪ੍ਰਿਥਵੀ ਤੇ ਅੱਪੜਦਾ ਹੈ। ਇਹ ਸਾਈਂ ਦੀ ਕੁਦਰਤ ਵਿੱਚ ਸੰਭਵ ਹੈ ਕਿ ਪਵਿੱਤ੍ਰ ਤੇ ਉੱਚੀਆਂ ਰੂਹਾਂ ਦਾ ਨਿਵਾਸ ਸਥਾਨ ਹੋਵੇ, ਤੇ ਸਾਡੇ ਮਾਤਲੋਕ ਦੇ ਭਗਤ ਧ੍ਰੂ ਜੀ ਏਥੇ ਮੁਖੀ ਸੱਜਣ ਹੋਣ। ਇਸੀ ਪ੍ਰਕਾਰ ਹੋਰਨਾਂ ਲੋਕਾਂ ਵਿਚ ਸਤਿਗੁਰੂ ਜੀ ਪ੍ਰਹਲਾਦ ਆਦਿ ਭਗਤਾਂ ਨੂੰ ਮਿਲੇ ਹੋਣ ਅਤੇ ਆਪ ਓਥੇ ਸਾਥੀਆਂ ਸਣੇ ਸੂਖਮ ਸਰੀਰ ਨਾਲ ਗਏ ਹੋਣ, ਤੇ ਜੇ ਏਹ ਆਤਮਕ ਮੰਡਲ ਹਨ, ਤਾਂ ਸ੍ਰੀ

ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਦੇ ਅੰਤ ਵਿਚ ਰੂਹ ਦੀ ਤਰੱਕੀ ਅਨੁਸਾਰ ਉਸ ਦੇ ਨਿਵਾਸ ਦੇ ਟਿਕਾਣੇ ਯਾ ਅਵਸਥਾ ਏਹ ਦੱਸੀਆਂ ਹਨ:-

ਇਹ ਧਰਤੀ, ਧਰਮ ਖੰਡ, ਗਯਾਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ।

ਗਯਾਨ ਖੰਡ ਵਿਚ ਸਤਿਗੁਰ ਜੀ ਨੇ ਇਨ੍ਹਾਂ ਦੇ ਨਿਵਾਸ ਗਿਣੇ ਹਨ:-ਕਾਨ੍ਹ, ਮਹੇਸ਼, ਬਰਮੇ, ਕਈ ਕਰਮ ਭੂਮੀਆਂ, ਕਈ ਮੇਰੁ (ਸੁਮੇਰੁ), ਧ੍ਰੂ ਉਪਦੇਸ਼ (ਭਾਵ, ਨਾਰਦ), ਸਿੱਧ, ਨਾਥ, ਬੁੱਧ ਤੇ ਓਥੇ ਬੜਾ ਤੇਜ ਬੀ ਦੱਸਿਆ ਹੈ ਯਥਾ-ਗਯਾਨ ਪ੍ਰਚੰਡ। ਤੇ ਓਥੇ ਨਾਦ ਬਿਨੋਦ ਕ੍ਰੋੜਾਂ ਆਨੰਦ ਹਨ। ਫਿਰ ਕਰਮ ਖੰਡ ਵਿਚ ਦੱਸਿਆ ਹੈ:-ਕਿ ਓਥੇ ਕਈ ਲੋਕਾਂ ਦੇ ਭਗਤ ਵਸਦੇ ਹਨ।

ਸੋ ਇਨ੍ਹਾਂ ਆਤਮ ਮੰਡਲਾਂ ਵਿਚ ਗੁਰੂ ਜੀ ਭਗਤਾਂ ਨੂੰ ਉਨ੍ਹਾਂ ਦੇ ਆਪਣੇ ਆਪਣੇ ਤਰੱਕੀ ਦੇ ਟਿਕਾਣਿਆਂ ਮੂਜਬ ਮਿਲੇ। ਧ੍ਰੂ ਮਿਲਾਪ ਦੇ ਪਿੱਛੋਂ ਆਪ ਸਚਖੰਡ ਜਾਂਦੇ ਹਨ। ਸੋ ਧ੍ਰੂ ਦਾ ਟਿਕਾਣਾ ਕਰਮ ਖੰਡ ਵਿੱਚ ਹੋਣਾ ਹੈ (ਯਥਾ- 'ਤਿਥੈ ਭਗਤ ਵਸਹਿ ਕੇ ਲੋਅ') ਕਿਉਂਕਿ ਧ੍ਰੂ ਜੀ ਸ਼ਿਰੋਮਣੀ ਭਗਤਾਂ ਵਿਚੋਂ ਹੋਏ ਹਨ ਇਸ ਕਰਕੇ ਓਹ ਕਰਮ ਖੰਡ ਦੇ ਭਗਤਾਂ ਵਿਚ ਸਮਝਣੇ ਚਾਹੀਏ। ਇਥੇ ਹੀ ਗੁਰੂ ਜੀ ਨੇ ਬਾਲੇ ਮਰਦਾਨੇ ਨੂੰ ਛੋੜਿਆ (ਇਸ ਵਿਚਾਰ ਲਈ ਕਿ ਆਪ ਦੇਹ ਨਾਲ ਕੀਕੂੰ ਅਦੇਹ ਮੰਡਲਾਂ ਵਿਚ ਗਏ, ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਦੇ ਅਧਯਾਯ ੧ ਦੇ ਅੰਕ ੮ ਦੀ ਟੂਕ)।

ਸੋ ਆਪ ਸਚਖੰਡ ਗਏ, ਸਚਖੰਡ ਦਾ ਹਾਲ ਦੱਸਣਾ ਗੁਰੂ ਜੀ ਨੇ ਕਰੜਾ ਸਾਰ ਲਿਖਿਆ ਹੈ। ਕਵੀ ਜੀ ਨੇ ਅੱਗੇ ਚੱਲਕੇ ਆਪਣੇ ਖਿਆਲ ਤੇ ਵਾਕਫੀਅਤ ਦੀ ਸੁੰਦਰਤਾ ਦੇ ਸਾਮਾਨ ਗਿਣਕੇ ਕੁਛ ਸਚਖੰਡ ਦੀ ਛਬੀ ਦਾ ਨਕਸ਼ਾ ਬੰਨ੍ਹਣ ਦਾ ਯਤਨ ਕੀਤਾ ਹੈ। ਉਂਵ ਸਚਖੰਡ ਕੋਈ ਦੇਸ਼ ਕਾਲ ਦੀ ਥਾਂ ਨਹੀਂ, ਓਹ ਸਾਰੇ ਹੈਂ ਤੇ ਸਾਰੇ ਦਾ ਕੇਂਦ੍ਰ ਹੈ, ਉਸ ਵਿਚ ਸਭ ਕੁਝ ਹੈ ਤੇ ਓਹ ਸਭ ਦੇ ਅੰਤਰਭੂਤ ਹੈ।

ਗਜਨ[1] ਗਹਿਤਿ[2] ਜੋ ਨਿਜ ਪਗ ਚੂੰਚੇ[3]।
ਲੇ ਕਰਿ ਉਡ ਜਾਵਹਿ ਨਭ ਊਚੇ ॥੨॥
ਨਿਜ ਕੋ ਦੀਰਘ ਦੇਹਿ ਅਕਾਰਾ।
ਜੁਗ ਪੰਖਨ ਕੋ ਵਡ ਬਿਸਤਾਰਾ।
ਹੁਤੇ ਜਹਾਂ ਪਹੁਂਚੇ ਸੁਖਰਾਸਾ।
ਕਰਤਿ ਤਹਾਂ ਪ੍ਰਹਲਾਦ ਸੁ ਬਾਸਾ ॥੩॥
ਲੋਚਨ ਮੁੰਦ੍ਰਿਤ ਬੈਠਯੋ ਜਹਿਂਵਾ।
ਚਲਿ ਸ਼੍ਰੀ ਨਾਨਕ ਪਹੁਂਚੇ ਤਹਿਂਵਾ।
'ਸ਼੍ਰੀ ਕਰਤਾਰੰ ਸ਼੍ਰੀ ਕਰਤਾਰਾ।'
ਊਚੀ ਧੁਨਿ ਸੋਂ ਕੀਨ ਉਚਾਰਾ ॥੪॥
ਛੁਟਯੋ ਧਯਾਨ ਜਬ ਪ੍ਰਭੁ ਕੋ ਦੇਖਾ।
ਮਨ ਮਹਿਂ ਬਿਸਮਤਿ ਭਯੋ ਬਿਸ਼ੇਖਾ।
ਬੂਝਯੋ 'ਕੌਨ, ਕਹਾ ਤੇ ਆਏ?
ਇਹ ਠਾਂ ਤੁਮ ਕੋ ਕੌਨ ਲਿਆਏ? ॥੫॥
ਨਰ ਕੀ ਨਹੀਂ ਗੰਮਤਾ ਈਹਾਂ।

[1]ਹਿਰਨ, ਛੋਟਾ ਬਾਰਾਂ ਸਿੰਗਾ। ਫਾਡ, ਗੋਜ਼ਨ। (ਅ) ਹਾਥੀ। [2]ਫੜਦਾ। [3]ਚੁੰਝ ਨਾਲ।

ਆਗੇ ਜਾਵਨ ਕਿਹ ਠਾਂ ਪ੍ਰੀਹਾ?'
ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ।
ਤਿਹ ਸੋਂ ਬੋਲੇ ਪੰਕਜ ਨੈਨਾ ॥੬॥
'ਸਿਮਰਜੋ ਨਾਮ ਜੁ ਤੁਮ ਬਿਧਿ ਨੀਕੀ।
ਸ਼ਰਧਾ ਧਰੀ ਅਧਿਕ ਨਿਜ ਜੀ ਕੀ।
ਨਿਸ ਬਾਸੁਰ ਭੈ ਸਰਬ ਨਿਵਾਰਾ।
ਏਕ[†] ਨਾਮ ਕੋ ਕੀਨ ਉਚਾਰਾ ॥੭॥ [†]ਪਾ:-ਸ੍ਰੀ।
ਰੱਖਯਾ ਕਰੀ ਤੋਹਿ ਜਿਨ ਭੂਰੀ।
ਦੋਖੀ ਮਾਰ ਬਿਦਾਰੇ ਦੂਰੀ।
ਹਮ ਉਪਾਸਕੀ ਤਿਸੀ ਨਾਮ ਕੇ।
ਗੁਣ ਸਿਮਰਹਿਂ ਸਦ ਸੁਖ ਨਿਧਾਨ ਕੇ[†] ॥੮॥ [†]ਪਾ:-ਸਦਾ ਸੁਖ ਧਾਮ ਕੇ, ਸਭ ਸਖੀ ਧਾਮ ਕੇ।
ਤਿਹ ਕੀ ਸ਼ਕਤਿ ਧਰਹਿਂ ਨਿਜ ਪਾਹੂ[1]। [1]ਪਾਸ।
ਆਏ ਤੁਮ ਦਰਸ਼ਨ ਕੀ ਚਾਹੂ।'
ਸੁਨਤਿ ਪ੍ਰਹਲਾਦ ਬਚੰਨ ਉਚਰਾ।
'ਕੋ ਬਾਸਨ ਧੋਇ ਉੱਜਲ ਕਰਾ? ॥੯॥
ਕਾਂ ਕੋ ਦੂਧ ਚੋਇ ਕਰਿ ਲੀਨਾ?
{ਦੁੱਧ ਜਮਾਉਣ, ਮੱਖਣ ਦਾ ਦ੍ਰਿਸ਼ਟਾਂਤ}
ਕੌਨ ਤਾਵ ਸੋਂ ਤਾਵਨ ਕੀਨਾ?
ਕੌਨ ਸਮਾਇਨ ਤਾਂ ਮਹਿਂ ਪਾਯਾ।
ਕੌਨ ਥਾਨ ਦਧਿ[1] ਰਾਖਿ ਜਮਾਯਾ? ॥੧੦॥ [1]ਦਹੀਂ।
ਕਿਸ ਬਿਧਿ ਮਥਿ ਕੈ ਕਾਢਜੋ ਮਾਖਨ?
ਪੁਨ ਕੈਸੇ ਕੀਨੋ ਤੁਮ ਚਾਖਨ?
ਕਹਿਯੇ ਸਭਿ ਮੋ ਕੋ ਬੀਚਾਰਾ।
ਜਿਹ ਬਿਧਿ ਕੀਨੀ ਨੀਕੀ ਕਾਰਾ ॥੧੧॥
ਦੋਹਰਾ:
ਬੋਲੇ ਸ਼੍ਰੀ ਨਾਨਕ ਤਬੈ, 'ਤਨ ਬਾਸਨ ਕੋ ਧੋਇ।
ਧੇਨੁ[1] ਖਿਮਾ ਕੇ ਪਾਸ ਤੇ, ਦੂਧ [1]ਗਊ।

ਸੰਤੋਖਹਿ ਚੋਇ ॥੧੨॥

ਚੌਪਈ:

ਤਨ ਤਾਪਨ ਕੋ ਤਾਵਨ[1] ਤਾਯਾ। — [1]ਚੁਲ੍ਹਾ।

ਗੁਰ ਉਪਦੇਸ਼ ਸਮਾਇਨ[1] ਪਾਯਾ। — [1]ਜਾਗ।

ਸਤਿ ਸੰਗਤ ਮਹਿਂ ਭਲੋ ਸਥਾਨਾ।

ਰਾਖਿ ਜਮਾਯੋ ਤਹਾਂ ਸੁਜਾਨਾ! ॥੧੩॥

ਮਨ ਬਿਚਾਰ ਕੀ ਮਥਨੀ[1] ਕਰਿ ਕੈ। — [1]ਮਧਾਣੀ।

ਆਪਾ ਤਜਿਨ ਮਥਜੋ[1] ਹਿਤ ਧਰਿ ਕੈ। — [1]ਰਿੜਕਿਆ।

ਭਾਣਾ ਮਨਨ ਚਾਖ ਕਰਿ ਸਾਦਾ[1]। — [1]ਸਵਾਦ।

ਤ੍ਰਿਪਤ ਭਏ ਸ਼੍ਰੀ ਗੁਰੂ ਪ੍ਰਸਾਦਾ' ॥੧੪॥

ਸੁਨਿ ਪ੍ਰਹਲਾਦ ਭਗਤਿ ਅਸ ਬਾਨੀ।

ਬੰਦਨ ਕੀਨਿ ਜੋਰ ਜੁਗ ਪਾਨੀ।

ਤਿਹ ਕੋ ਪ੍ਰੇਮ ਦੇਖਿ ਸੁਖਧਾਮਾ।

ਆਪ ਕਰੀ ਤਿਹ ਚਰਨ ਪ੍ਰਣਾਮਾ ॥੧੫॥

ਦੁਹਿ ਦਿਸ਼ਿ ਹੋਵਾ ਹਰਖ ਬਿਸਾਲਾ।

ਕਹਿਤਿ ਬਚਨ ਪ੍ਰਹਲਾਦ ਰਸਾਲਾ।

'ਤੁਮ ਅਵਤਾਰ ਭਏ ਜਗ ਮਾਂਹੀ।

ਜਯੋਂ ਨਰਸਿੰਘ ਭਏ ਮਮ ਚਾਹੀ ॥੧੬॥

ਜਬ ਜਗ ਸੰਤ ਦੁਖਹਿਂ ਕਿਹ ਰੀਤੀ।

ਬਹੁਰੋ ਧਰਮ ਹੋਤਿ ਬਿਪਰੀਤੀ[1]। — [1]ਉਲਟ।

ਤਬ ਤਨ ਧਰਿ ਸੰਕਟ ਜਨ ਖਾਪੂ[1]। — [1]ਜਨਾਂ ਦੇ ਸੰਕਟ ਨਾਸ਼ ਕਰਨ ਨੂੰ।

ਜਗ ਮਹਿਂ ਦੇਹਿ ਧਰਮ ਕੋ ਥਾਪੂ[1]' ॥੧੭॥ — [1]ਧਰਮ ਸਥਾਪਨ ਕਰਦਾ ਹੈ।

ਕਰਿ ਉਸਤਤਿ ਪੁਨ ਕਿਯ ਪਦ ਬੰਦਨ।

ਦਰਸ਼ਨ ਕਰਿਹੀ ਦੋਖ ਨਿਕੰਦਨ।

ਸ਼੍ਰੀ ਅੰਗਦ ਜੀ ਸੁਨਿ ਹਿਤ ਸਾਥਾ।

ਮੈਂ ਬੂਝਤਿ ਭਾ ਬਹੁਰੋ ਗਾਥਾ ॥੧੮॥

'ਅਪਨੀ ਕਥਾ ਸੁਨਾਵਹੁ ਸਾਰੀ।

ਜਯੋਂ ਪ੍ਰਭੁ ਰੱਖ੍ਯਾ ਕੀਨਿ ਤੁਮਾਰੀ।
ਸਰਬ ਜਗਤ ਮਹਿਂ ਬਿਦਤ ਕਹਾਨੀ।
ਸੋ ਨਿਜ ਮੁਖ ਤੇ ਕਰਉ ਬਖਾਨੀ'
॥੧੯॥
ਜਬ ਮਮ ਬੈਨ ਸੁਨੇ ਅਸ ਕਾਨਾ।
ਬੋਲ੍ਯੋ ਤਬ ਪ੍ਰਹਿਲਾਦ ਸੁਜਾਨਾ[
'ਪੂਰਬ ਏਕ ਸਮੈਂ ਜਗਨਾਹੂ[1]। — [1]ਜਗਤ ਦੇ ਸੁਆਮੀ।
{ਪ੍ਰਹਲਾਦ ਦੀ ਆਦਿ ਕਥਾ}
ਧਾਰਤਿ ਭੇ ਅਵਤਾਰ ਬਰਾਹੂ[1] ॥੨੦॥ — [1]ਸੂਰ ਦਾ।
ਮਮ ਪਿਤਭ੍ਰਾਤਾ[1] ਛਿਤ[2] ਕੋ ਲੀਨੇ। — [1]ਚਾਚਾ। [2]ਪ੍ਰਿਥਵੀ।
ਗਯੋ ਰਸਾਤਲ[1] ਗਰਬਤਿ ਪੀਨੇ[2]। — [1]ਪਾਤਾਲ ਦੇ ਸੱਤਾਂ ਲੋਕਾਂ ਵਿਚੋਂ ਛੇਵਾਂ ਲੋਕ। [2]ਤਕੜਾ।
ਤਿਹ ਕੋ ਮਾਰਿ[1], ਲੀਨਿ ਤਬ ਛੋਨੀ[2]। — [1]ਮਾਰਕੇ। [2]ਪ੍ਰਿਥਵੀ ਲੈ ਲਈ।
ਅਸਥਾਪਨ ਕੀਨੀ ਜਗ ਜੋਨੀ[1] ॥੨੧॥ — [1]ਜਗਤ ਦੇ ਕਾਰਨ (ਵਾਹਿਗੁਰੂ) ਨੇ।
ਜਬ ਤਿਹ ਮਰਨ ਸੁਨ੍ਯੋ ਪਿਤ ਮੇਰੇ।
ਭ੍ਰਾਤ ਸ਼ੋਕ ਮਹਿਂ ਦੁਖਿਤਿ ਘਨੇਰੇ।
ਹਿਰਦੈ ਕੀਨ ਬਹੁਰ ਵਡ ਕ੍ਰੋਧਾ।
-ਲੇਉਂ ਬੈਰ ਕਰਿ† ਬਿਸ਼ਨੁ ਬਿਰੋਧਾ[1]- — [1]ਵਿਸ਼ਨੂ ਨਾਲ ਵਿਰੋਧ ਕਰਕੇ। †ਪਾ:-ਬਰ।
॥੨੨॥
ਨਿਜ ਦਸਨਨ ਸੋਂ ਅਧਰਨ ਕਾਟੇ[1]। — [1]ਦੰਦਾਂ ਨਾਲ ਬੁਲ੍ਹਾਂ ਨੂੰ ਕੱਟੇ।
ਕਹਿਤਿ ਭਯੋ ਭ੍ਰਿੱਤਨ ਸਨ ਡਾਂਟੇ[1]। — [1]ਡਾਂਟਕੇ।
- ਹਨ੍ਯੋ ਬਿਸ਼ਨੁ ਨੈ ਭ੍ਰਾਤਾ ਮੋਰਾ।
ਜਿਹ ਕੋ ਹੁਤੋ ਤੇਜ ਵਡ ਘੋਰਾ[1] — [1]ਭਯਾਨਕ।
॥੨੩॥
ਯੱਦਯਪਿ ਸਮ[1] ਹੈ ਅਹਿਰਿਪੁ ਕੇਤੂ[2]। — [1]ਮੁਰਾਦ ਹੈ ਸਮਦ੍ਰਿਸ਼ਟੇ ਹੋਣ ਤੋਂ। [2]ਵਿਸ਼ਨੂੰ (ਸੱਪਾਂ ਦੇ ਵੈਰੀ ਗਰੁੜ-ਦੀ ਕੇਤੂ ਧ੍ਵਜਾ ਵਾਲਾ)।
ਕਰਤਿ ਬਿਖਮਤਾ[1] ਭਗਤਨ ਹੇਤੂ। — [1]ਭਾਵ ਸਮਦ੍ਰਿਸ਼ਟਾ ਨਹੀਂ ਰਹਿੰਦਾ।
ਗਤਿ ਲਜਾ[1], ਬਹੁ ਕਪਟ[2] ਪ੍ਰਬੀਨਾ। — [1]ਨਿਲੱਜ। [2]ਖੋਟ ਵਿਚ।
ਅਪਨੇ ਸਿਮਰਨ ਕੇ ਹਿਤ ਭੀਨਾ
॥੨੪॥
ਛਲ ਕਰਿ ਸ਼ੂਕਰ[1] ਧਾਰਿ ਸਰੂਪਾ। — [1]ਸੂਰ ਦਾ।
ਹਨ੍ਯੋ ਸਹੋਦਰ ਮਮ ਸੁਖਰੂਪਾ[1]। — [1]ਸੁਖਾਂ ਦਾ ਰੂਪ।

ਦਿਜ ਸੁਰ ਕਾਰਨ[1] ਤਿਹ ਨੈ ਮਾਰਾ। [1]ਬ੍ਰਾਹਮਣਾਂ ਤੇ ਦੇਵਤਿਆਂ ਦੀ ਖਾਤਰ।
ਅਭੈ ਕਿਯੇ ਤੇ[1] ਜਗਤ ਮਝਾਰਾ ॥੨੫॥ [1]ਓਹ ਭਾਵ ਬ੍ਰਾਹਮਣ ਤੇ ਦੇਵਤੇ।
ਅਬ ਤੁਮ ਜਾਹੁ ਖੋਜਿ ਜਗ ਸਾਰੋ।
ਦਿਜ[1] ਮੁਨਿ[2] ਧੇਨੁ[3] ਸਕਲ ਸੰਘਾਰੋ[4]। [1]ਬ੍ਰਾਂਹਮਣ। [2]ਮੁਨੀ। [3]ਗਊਆਂ। [4]ਸਭ ਮਾਰ ਦਿਓ।
ਜਹਿਂ ਜਹਿਂ ਦੇਖੋ ਬਿਸ਼ਨੁ ਉਪਾਸਨ।
ਤਹਿਂ ਤਹਿਂ ਕੀਜੈ ਬੇਗ ਬਿਨਾਸ਼ਨ- ॥੨੬॥
ਅਸੁ ਸੁਨਿ ਆਇਸੁ ਤਬਹਿ ਭੁਵਾਲਾ।
ਧਾਏ ਦੈਂਤ ਵਡੇ ਬਿਕਰਾਲਾ।
ਤਿਨ ਕੇ ਨਾਮ ਕਹੋਂ ਸੁਨਿ ਸੋਊ।
-ਦ੍ਵੈਸਿਰ, ਸੰਬਰ, ਨਮੁਚੀ ਜੋਊ ॥੨੭॥
ਤੀਨਨੈਨ, ਪੁਨ ਇਲਵਲ, ਪਾਕਾ।
ਸਕੁਨਿ, ਪਲੋਮਨ ਅਤਿ ਬਲ ਜਾਂਕਾ।
ਬਿੱਪ੍ਰਚਿਤ[1] ਤੇ ਆਦਿ ਅਪਾਰਾ। - [1]ਇਹ ਸਾਰੇ ਦੈਂਤਾਂ ਦੇ ਨਾਮ ਹਨ।
ਸੁਨਿ ਰਜਾਇ ਗੇ[1] ਜਗਤ ਮਝਾਰਾ ॥੨੮॥ [1]ਗਏ।
ਮੁਨਿਵਰ[1] ਬਿੱਪ੍ਰ ਬ੍ਰਿੰਦ ਜਹਿਂ ਰਹਿਂਹੀਂ। [1]ਸ੍ਰੇਸ਼ਟ ਮੁਨੀ।
ਕਰਹਿਂ ਉੱਪਦ੍ਰਵ[1] ਮਿਲਿ ਕਰਿ ਤਿਹਂ ਹੀ। [1]ਅਨਰਥ।
ਗ੍ਰਾਮ ਨਗਰ ਕੋ ਅਗਨਿ ਲਗਾਵੈਂ।
ਮਾਰਹਿਂ ਬਿੱਪ੍ਰ ਧੇਨੁ ਜਹਿਂ ਪਾਵੈਂ ॥੨੯॥
ਦੀਨੋ ਅਸ ਪ੍ਰਕਾਰ ਬਹੁ ਤ੍ਰਾਸਾ।
ਭਾਜੇ ਮੁਨਿ ਦਿਜ ਤਜੇ ਨਿਵਾਸਾ†। †ਪਾ:--ਅਵਾਸਾ।
ਮੰਦਰ ਢਾਹਿ ਮਿਲਾਵਹਿਂ ਧੂਰੀ।
ਜੱਗਯ ਹੋਮ ਤਪ ਕਿਯ ਸਭਿ ਦੂਰੀ ॥੩੦॥
ਬਜਾਕੁਲ ਭਈ ਪ੍ਰਜਾ ਤਬ ਭਾਰੀ।
ਗਿਰੇ ਸੁਰਗ ਤੇ ਜੇ ਸੁਰ ਝਾਰੀ[1]। [1]ਸਮੂਹ ਦੇਵਤੇ।

ਅਪਰ ਬੇਖ ਧਰਿ ਛਿਤ[1] ਮਹਿਂ ਰਹਿਹੀਂ। — [1]ਧਰਤੀ।
ਜੱਗ ਹੋਮ ਕੋ ਨਾਮ ਨ ਕਹਿਹੀਂ ॥੩੧॥

ਦੋਹਰਾ:

ਹਿਰਨਕਸ਼ਪ ਮਮ ਪਿਤਾ ਤਬ, ਗਯੋ ਕਰਨ ਤਪ ਹੇਤ।
-ਜੀਤੌਂ ਦਿਗ ਦਿਗਪਾਲ[1] ਯੁਤ- ਯਹਿ ਸੰਕਲਪ ਸਮੇਤ ॥੩੨॥ — [1]ਭਾਵ (ਦਸ਼ੋ) ਦਿਸ਼ਾ ਦੇ ਪਾਲਨ ਕਰਨ ਵਾਲੇ ਦੇਵਤੇ। ਇੰਦ੍ਰ, ਵੰਨ੍ਹੀ, ਯਮ, ਨੈਰ੍ਰਿਤ, ਕਾਰਣ, ਮਰੁਤ, ਕੁਬੇਰ, ਈਸ਼, ਬ੍ਰਹਮਾ, ਅਨੰਤ।

ਚੌਪਈ:

ਦਿਢ ਵਿਚਾਰ ਯੌਂ ਕਰਿ ਉਰ ਆਪੂ।
ਲਗ੍ਯੋ ਕਰਨ ਤਪ ਸਹਤਿ ਸੰਤਾਪੂ[1]। — [1]ਦੁਖ ਨਾਲ। (ਅ) ਕਠਿਨਤਾ ਵਾਲਾ।
ਮੰਦਰ ਗਿਰ[1] ਦ੍ਰੋਣੀ[2] ਪਰ ਠਾਢਾ[3]। — [1]ਮੰਦ੍ਰਾਚਲ ਪਰਬਤ ਦੀ। [2]ਚੋਟੀ। [3]ਖੜਾ ਹੋਯਾ।
ਮਹਾਂ ਉੱਗ੍ਰ ਤਪ ਸੋਂ ਹਿਤ ਬਾਢਾ[1] ॥੩੩॥ — [1]ਵਧਾਇਆ।
ਊਰਧ ਬਾਹੁ[1], ਜਟਾ ਸਮ ਭਾਨਾ[2]। — [1]ਉਪਰ ਬਾਹਾਂ। [2]ਸੂਰਜ (ਦੀਆਂ ਕਿਰਨਾਂ) ਵਾਂਞੂ ਜਟਾਂ।
ਛਿਤ[1] ਪਰ ਪਗ ਅੰਗੁਸ਼ਟ[2] ਟਿਕਾਨਾ। — [1]ਧਰਤੀ। [2]ਪੈਰ ਦਾ ਅੰਗੂਠਾ।
ਤਿਹ ਅਲੰਬ[1] ਠਾਂਢੋ ਕਿਤ ਕਾਲਾ। — [1]ਆਸਰੇ।
ਕੀਨ ਕਠਨ ਤਪ ਜਬਹਿ ਬਿਸਾਲਾ ॥੩੪॥
ਜਟ ਤੇ[1] ਅਗਨਿ ਧੂਮ ਪਰਕਾਸਾ। — [1]ਜਟਾਂ ਵਿਚੋਂ।
ਪਸਰ ਪਰ੍ਯੋ ਸੋ ਚਹੁੰਦਿਸ ਪਾਸਾ।
ਅਧੁ ਊਰਧ[1] ਸਭਿ ਜਗਤ ਮਝਾਰੀ। — [1]ਹੇਠਾਂ ਤੇ ਉਪਰ।
ਤਿਹ ਤੇ ਬਯਾਕੁਲ ਸੁਰ[1] ਨਰ ਝਾਰੀ[2] ॥੩੫॥ — [1]ਦੇਵਤੇ ਤੇ। [2]ਪੁਰਸ਼ ਸਾਰੇ।
ਛੁਭਤਿ ਸਿੰਧ[1], ਤਾਰਾਗਣ ਗਿਰਹੀ[2]। — [1]ਤੂਫਾਨ ਆਏ ਸਮੁੰਦਰ ਵਿੱਚ। [2]ਤਾਰੇ (ਅਕਾਸ਼ ਵਿਚੋਂ) ਡਿੱਗਣ ਲਗੇ।
ਦਹਿਦਿਸ਼ ਪ੍ਰਲਯ ਜ੍ਵਾਲ ਜਾਨੁ ਜਰਿਹੀ[1]। — [1]ਪਰਲੋ ਦੀ ਅਗਨੀ ਮਾਨੋਂ ਬਲ ਰਹੀ ਹੈ।
ਦੀਪ ਸਹਤ ਛਿਤ[1] ਸਰਬ ਬਿਸਾਲਾ। — [1]ਦੀਪਾਂ ਸਮੇਤ ਪ੍ਰਿਥਵੀ।
ਸੈਲ ਸੰਪੂਰਨ ਭਾ ਭੁਚਾਲਾ[1] ॥੩੬॥ — [1]ਪਹਾੜਾਂ ਸਾਰਿਆਂ ਵਿਚ ਭੁੰਚਾਲ।
ਵਡੋ ਤ੍ਰਾਸ ਧਰਿ ਉਰ ਸੁਰ ਸਾਰੇ।
ਕਮਲਾਸਨ[1] ਕੇ ਪਾਸ ਪਧਾਰੇ। — [1]ਬ੍ਰਹਮਾ ਜੀ।
ਬੰਦਨ ਕਰਿ ਨਿਜ ਬਿਨੈ ਸੁਨਾਈ।

-ਕਸ ਨਚੰਤ ਤੁਮ? ਲੋਕਨ ਰਾਈ!
॥੩੭॥
ਹਿਰਨਕਸ਼ਪ ਤਪ ਕਰਤਿ ਕਠੋਰਾ।
ਜਗ ਮਹਿਂ ਭੈ ਪਸਰੜੋ ਚਹੁਂ ਓਰਾ।
ਇਕ ਛਿਨ ਧੀਰ ਨ ਰਹਿਤ ਹਮਾਰੀ।
ਤਿਹ ਉਪਸ਼ਮ[1] ਕੋ ਕਰੁਹ ਬਿਚਾਰੀ [1]ਨਿਵਿਰਤੀ ਦਾ ਉਪਾਯ।
॥੩੮॥
ਲੋਕ ਤੁਮਾਰ[1] ਨ ਨਾਸਹਿਂ ਜਾਵਦ। [1]ਤੁਹਾਡੇ।
ਆਪ ਉਪਾਇ ਕਰੁਹ ਕੋ ਤਾਵਦ।
ਹਮ ਸੁਧ ਸੁਨੀ ਕਾਨ ਜਗ ਮਾਂਹੂ।
ਲੇਨਿ ਬ੍ਰਹਮਪੁਰਿ ਕੀ ਤਿਹ ਚਾਹੂ
॥੩੯॥
ਪਾਪ ਪੁੰਨ ਕੋ ਭੇਦ ਮਿਟਾਊ।
ਅਪਰ ਰੀਤਿ ਜਗ ਬੀਚ ਚਲਾਊ।
ਅਸ ਪ੍ਰਕਾਰ ਜੋ ਹੋਇ ਕਦਾਪੀ।
ਮਿਟੇ ਬੇਦ ਬਿਧਿ ਪੁੰਨਿ ਰੁ ਪਾਪੀ[1] [1]ਪੁੰਨੀ ਤੇ ਪਾਪੀਆਂ ਦੀ।
॥੪੦॥
ਅਬ ਜਸ[1] ਉਚਿਤ ਆਪ ਤਸ[2] ਕਰੀਏ। [1]ਜੈਸਾ। [2]ਤੈਸਾ।
ਨਾਥ! ਜਗਤ ਸੰਕਟ ਪਰਹਰੀਏ[1]। [1]ਦੂਰ ਕਰੋ।
ਗੋ[1] ਦ੍ਵਿਜ, ਧੇਨੁ, ਜਿ ਸੰਤ ਮਹਾਨਾ। [1]ਪ੍ਰਿਥਵੀ।
ਕਰਨਹਾਰ ਸਭਿ ਕੇ ਕਲਿਆਨਾ
॥੪੧॥
ਸਗਰੇ ਕਰਮ ਧਰਮ ਕੇ ਸੇਤੂ[1]। [1]ਪੁਲ ਭਾਵ ਆਸਰਾ।
ਤੁਮ ਭੂਤਨ ਕੇ ਕਰਤਾ ਹੇਤੂ[1]-। [1]ਜੀਵਾਂ ਦੇ ਸੁਖੀ ਕਰਨ ਵਾਲੇ।
ਸੁਨਿ ਬਿਰੰਚ[1] ਅਮਰਨ[2] ਕੀ ਬਾਨੀ। [1]ਬ੍ਰਹਮਾ ਨੇ। [2]ਦੇਵਤਿਆਂ ਦੀ।
ਨਿਜ ਹਿਤ ਕੀ ਲਖਿ ਕਰਿ ਸਨਮਾਨੀ
॥੪੨॥
ਗਮਨਯੋ ਦੈਤ ਰਾਜ ਕੇ ਪਾਸਾ।
ਕਰਤਿ ਕਠਨ ਥੋ ਤਪ ਜਿਹ ਆਸਾ[1]। [1]ਜਿਸ ਤਰਫ।
ਸੋ ਤਿਹ ਠਾਂ ਨਹਿਂ ਦੇਤਿ ਦਿਖਾਈ।
ਤ੍ਰਿਣ[1] ਤਰੁ[2] ਲਤਾ[3] ਦੇਹਿ ਸਭਿ ਛਾਈ[4] [1]ਘਾਹ। [2]ਬ੍ਰਿੱਛ। [3]ਵੇਲਾਂ ਨਾਲ। [4]ਢੱਕੀ ਹੋਈ ਸੀ ਦੇਹੀ।

॥੪੩॥

| | |
|---|---|
| ਭੇਦਿ ਸਰੀਰ ਕੁਸ਼ਾ[1] ਕੋ ਬਜੂਹਾ[2]। | [1]ਦੱਭ ਨਾਮੇ ਘਾਸ। [2]ਸਮੂਹ। |
| ਬੇਨ[1] ਬ੍ਰਿੱਛ ਕੇ ਖਰੇ ਸਮੂਹਾ। | [1]ਬਾਂਸ (ਅ) ਵਨ ਨਾਮੇ ਇਕ ਪਹਾੜੀ ਬ੍ਰਿੱਛ। |
| ਬਾਂਬੀ[1] ਜਿਹ ਕੇ ਤਨ ਚਹੁਂ ਓਰੇ[2]। | [1]ਸਿਉਂਕ ਦੀ ਮਿਟੀ ਦਾ ਛੱਤਾ (ਅ) ਵਰਮੀ। [2]ਚਾਰੋਂ ਪਾਸੇ। |
| ਅਸਥਿ[1] ਮਾਤ੍ਰ ਰਹਿਗੇ ਤਹਿਂ ਜੋਰੇ[2] ॥੪੪॥ | [1]ਹੱਡੀਆਂ। [2]ਜੋੜ (ਸਰੀਰ ਦੇ)। |
| ਤੁਚਾ[1], ਮੇਦ[2], ਸ਼੍ਰੋਨਤ[3], ਪੁਨ[4], ਮਾਸੁ[5]। | [1]ਚਮੜੀ। [2]ਮਿੱਝ। [3]ਲਹੂ। [4]ਫਿਰ। [5]ਮਾਸ। |
| ਭਖਿਗੀ[1] ਸਭਿ ਪਪੀਲਕਾ[2] ਤਾਸੁ। | [1]ਖਾ ਗਈ ਆਂ। [2]ਕੀੜੀਆਂ। |
| ਯੌਂ ਬਾਂਬੀ ਤ੍ਰਿਨ ਮਾਂਹਿ[1] ਪ੍ਰਕਾਸ਼ੇ। | [1]ਮਿੱਟੀ ਤੇ ਤਿਨਕਿਆਂ ਵਿਚ (ਉਹ)। |
| ਮਨਹੁ ਮੇਘ ਮੈਂ[1] ਦਿਨਕਰ[2] ਭਾਸੇ ॥੪੫॥ | [1]ਬੱਦਲਾਂ ਵਿਚ। [2]ਸੂਰਜ। |
| ਤਪ ਕਠਨੀ† ਅਵਲੋਕ ਬਿਧਾਤਾ[1]। | [1]ਬ੍ਰਹਮਾ। †ਪਾ:- ਕਰਨੀ। |
| ਬਿਸਮਜੋ ਰਿਦੈ ਨ ਕਛੁ ਕਹਿ ਜਾਤਾ। | |
| ਉਚੇ ਸੁਰ ਸੋਂ ਗਿਰਾ ਉਚਾਰੀ। | |
| -ਉਠਿ ਸੁਤ! ਜਗੇ[1] ਸੁਕ੍ਰਿਤ[2] ਫਲ ਭਾਰੀ ॥੪੬॥ | [1]ਜਾਗੇ ਹਨ। [2]ਚੰਗੇ ਕਰਮਾਂ ਦੇ। |
| ਪੂਰਬ ਤਪ ਨ ਕੀਨ ਅਸ[1] ਕਾਂਹੀ[2]। | [1]ਐਸਾ। [2]ਕਿਸੇ ਨੇ। |
| ਆਗੇ ਕੋ ਨ ਕਰੈ ਜਗ ਮਾਂਹੀ। | |
| ਦਿਬਜ ਬਰਖ† ਸ਼ਤ[1] ਨੀਰ[2] ਬਿਹੀਨਾ[3]। | [1]ਸੌ। [2]ਪਾਣੀ। [3]ਬਿਨਾ। |

{ਦਿਬਜ ਬਰਖ ਨਿਰਣਾ}

†ਦਿੱਬਜ ਬਰਖ਼ ਦਾ ਹਿਸਾਬ ਐਉਂ ਹੈ:- ੨੪ ਘੰਟੇ ਦਾ ਇਕ ਦਿਨ ਰਾਤ ਪ੍ਰਿਥਵੀ ਦਾ, ੩੬੦ (ਯਾ ੩੬੫) ਦਿਨ ਰਾਤ ਦਾ ਇਕ ਵਰਹਾ ਪ੍ਰਿਥਵੀ ਦਾ. ਐਸੇ ੧੭੨੮੦੦੦ ਪ੍ਰਿਥਵੀ ਦੇ ਵਰਹਿਆਂ ਦਾ ਸਤਿਜੁਗ, ਐਸੇ ੧੨੯੬੦੦੦ ਪ੍ਰਿਥਵੀ ਦੇ ਵਰਹਿਆਂ ਦਾ ਤ੍ਰੇਤਾ, ਐਸੇ ੮੬੪੦੦੦ ਪ੍ਰਿਥਵੀ ਦੇ ਵਰਹਿਆਂ ਦਾ ਦੁਆਪਰ, ਐਸੇ ੪੩੨੦੦੦ ਪ੍ਰਿਥਵੀ ਦੇ ਵਰਹਿਆਂ ਦਾ ਕਲਜੁਗ, ਚੌਹਾਂ ਦਾ ਜੋੜ ੪੩੨੦੦੦੦ ਵਰਹਿਆਂ ਦੀ ਇਕ ਚੌਕੜੀ।, ਐਸੀ ੧੦੦੦ ਚੌਕੜੀ ਦਾ ਇਕ ਦਿਨ ਬ੍ਰਹਮਾ ਦਾ, ਐਸੀ ੧੦੦੦ ਚੌਕੜੀ ਦੀ ਇਕ ਰਾਤ ਬ੍ਰਹਮਾ ਦੀ, ਦੋਹਾਂ ਦੇ ਦੂਣੇ ਅਰਥਾਤ ੪੩੨੦੦੦੦×੧੦੦੦×੨ ਦਾ ਬ੍ਰਹਮਾ ਦਾ ਕਲਪ (ਦਿਨ ਰਾਤ)।, ਹੁਣ ੪੩੨੦੦੦੦×੧੦੦੦×੨×੩੬੦ ਦਾ ਦਿੱਬਜ ਬਰਖ਼ ਅਰਥਾਤ ੩੧੧੦੪੦੦੦੦੦੦੦੦ ਪ੍ਰਿਥਵੀ ਦੇ ਬਰਸਾਂ ਦਾ ਇਕ ਦਿੱਬਜ ਬਰਸ।

ਇਕ ਹੋਰ ਹਿਸਾਬ ਦੇਵਤੇ ਬ੍ਰਹਮੇ ਆਦਿ ਦੇ ਵਰਿਹਾਂ ਦਾ ਹੈ, ਦੇਖੋ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਅੱਧਯਾਯ ੨੬ ਅੰਕ ੧੦ ਤੋਂ ੧੩।

| | |
|---|---|
| ਪ੍ਰਾਨ ਰਖੇ ਬਿਨ ਅਸਨ[1] ਪ੍ਰਬੀਨਾ[2]! ॥੪੭॥ | [1]ਭੋਜਨ ਬਿਨਾਂ। [2]ਹੇ ਚਤੁਰ (ਤੈਂਨੇ)। |

ਤਪ ਅਵਿਲੋਕ ਕਠਨ ਵਡ ਤੇਰੋ।
ਹਿਰਦੈ ਰਹੈ ਨ ਧੀਰਜ ਮੇਰੋ।
ਤਪ ਪ੍ਰਭਾਵ ਤੇ ਜੀਤਾ ਮੋਹੀ[1]। [1]ਮੈਨੂੰ।
ਉਠਿ ਜਾਚਹੁ[1], ਬੰਛਤਿ[2] ਦਿਉਂ ਤੋਹੀ ॥੪੮॥ [1]ਮੰਗੋ। [2]ਜੋ ਮੰਗੇਂ।
ਲਖਿ[1] ਅਮੋਘ[2] ਮਮ ਦਰਸ਼ਨ ਜੋਈ। [1]ਜਾਣ। [2]ਸਫਲ।
ਦੇਉਂ ਅਦੇਉ[1] ਵਸਤੁ ਜੋ ਹੋਈ-। [1]ਨਾ ਦੇਣ ਵਾਲੀ (ਬੀ)।
ਅਸ ਕਹਿ ਤਿਨ ਤਨ ਕੇ ਤ੍ਰਿਨ ਟਾਰੇ[1]। [1]ਦੂਰ ਕੀਤੇ।
ਲੇ ਕਰ ਮਹਿਂ[1] ਜਲ ਅੰਜੁਲ ਡਾਰੇ[2] ॥੪੯॥ [1]ਰੱਥ ਵਿਚ। [2]ਬੁੱਕ ਭਰਕੇ ਪਾਏ।
ਪ੍ਰਗਟ੍ਯੋ ਤਬ ਪ੍ਰਚੰਡ[1] ਬਲ ਕਰਿ ਕੈ। [1]ਤੇਜ।
ਬੱਜ੍ਰ ਸਮਾਨ ਨਿਠੁਰ[1] ਤਨ ਧਰਿ ਕੈ। [1]ਕਠੋਰ।
ਹੇਮ[1] ਤਪਤ[2] ਕੇ ਕ੍ਰਾਂਤਿ ਸਮਾਨਾ[3]। [1]ਸੋਨੇ। [2]ਤਪਦੇ (ਦੀ)। [3]ਸੁੰਦਰਤਾ ਵਰਗਾ।
ਮਨਹੁ ਦੂਸਰੋ ਭਯੋ ਕ੍ਰਿਸਾਨਾ[1] ॥੫੦॥ [1]ਕ੍ਰਿਸ਼ਾਣ ਅਗਨੀ ਦੇਵਤਾ।
ਅੱਗ੍ਰਜ ਦੇਖ੍ਯੋ ਬ੍ਰਹਮਾ ਠਾਂਢਾ।
ਹਿਰਦੇ ਅਤਿਸ਼ੈ ਆਨੰਦ ਬਾਢਾ।
ਬੰਦਨ ਕੀਨਿ ਹਾਥ ਦ੍ਵੈ ਜੋਰੀ।
ਉਸਤਤਿ ਲਾਗੋ ਕਰਨ ਬਹੋਰੀ ॥੫੧॥
-ਨਮੋ ਨਮੋ ਤਵ ਜਾਨਮਰਾਲਾ[1]। [1]ਤੈਨੂੰ, (ਜਿਸ ਦੀ) ਸਵਾਰੀ ਹੰਸ ਹੈ।
ਨਮੋ ਨਮੋ ਚਹੁ[1] ਬਦਨ[2] ਕ੍ਰਿਪਾਲਾ! [1]ਚਾਰ। [2]ਮੁਖ ਵਾਲੇ।
ਤ੍ਰੈ ਗੁਨ ਕੇਰ ਅਲੰਬ[1] ਗੁਸਾਈਂ! [1]ਆਸਰੇ।
ਅਪਨ ਸ਼ਕਤਿ ਤੇ ਸ੍ਰਿਸ਼ਟਿ ਬਨਾਈ ॥੫੨॥
ਪ੍ਰਾਣ ਬੁੱਧਿ ਮਨ ਬਹੁਰ ਰਿਖੀਕੰ[1]। [1]ਇੰਦ੍ਰੀਆਂ।
ਸਭਿ ਕੇ ਪ੍ਰੇਰਕ ਹੋ ਬਿਧਿ ਨੀਕੰ।
ਗੁਣ ਅਗਾਧਿ[1] ਜਗ ਪਾਲਕ ਰੂਪਾ। [1]ਬੇਅੰਤ।
ਬੇਦ ਰੂਪ ਤੁਮ ਧਰਹੁ ਅਨੂਪਾ ॥੫੩॥
ਹੋਤਾ[1] ਹ੍ਵੈ ਕਰਿ ਯੱਗ ਕਰੰਤੇ। [1]ਹੋਤ੍ਰੀ।
ਨਿਰਵਿਕਾਰ ਸਰਬੱਗ ਅਨੰਤੇ!
ਸ੍ਰੀ ਪ੍ਰਭੁ ਸਭਿ ਜਗ ਅੰਤਰਜਾਮੀ!
ਤਵ ਪਦ ਕੰਜ ਨਮਾਮਿ ਨਮਾਮੀ

॥੫੪॥

ਬ੍ਰਹਮ ਰੂਪ ਸਭਿ ਘਟ ਕੇ ਵਾਸੀ।
ਸਕਲ ਨਯੰਤਾ[1] ਹਰਿ ਅਬਿਨਾਸ਼ੀ। [1]ਪ੍ਰੇਰਕ।
ਤਵ ਐਸ਼੍ਵਰਜ[1] ਕੋ ਪਾਇ ਨ ਅੰਤਾ। [1]ਪ੍ਰਤਾਪ।
ਨਮਸਕਾਰ ਪੁਨ ਪੁਨ ਭਗਵੰਤਾ!

॥੫੫॥

ਜੇ ਬਰ ਦੇਨਿ ਭਏ ਅਨੁਕੂਲਾ।
ਜੋ ਜਾਚੌਂ ਦੀਜੈ ਜਗਮੂਲਾ[1]! [1]ਹੇ ਜਗਤ ਦੇ ਮੁੱਢ।
ਜਹਿਂ ਲਗ ਤਵ ਰਚਨਾ ਹੈ ਸਾਰੀ।
ਕਿਹ ਠਾਂ ਮ੍ਰਿਤੁ[1] ਨ ਹੋਇ ਹਮਾਰੀ [1]ਮੌਤ।

॥੫੬॥

ਅੰਤਰ ਵਹਿਰ ਦਿਨਸ ਪੁਨ ਰਾਤੀ।
ਅਨਿਕ ਭਾਂਤਿ ਕੀ ਸ਼ਸਤ੍ਰਨ ਜਾਤੀ।
ਛਿਤ ਅਕਾਸ਼ ਗਿਰ[1] ਗਹਿਨ[2] ਕਠੋਰਾ[3]। [1]ਪਹਾੜ। [2]ਬਨ, ਕੰਦ੍ਰਾ। [3]ਕਠਨ।
ਯੱਖ[1] ਸੁਰਾਸੁਰ[2] ਪੰਨਗ[3] ਘੋਰਾ[4] [1]ਯਕਸ਼। [2]ਦੇਵਤੇ ਤੇ ਦੈਂਤ। [3]ਸੱਪ। [4]ਭਯਾਨਕ।

॥੫੭॥

ਇਨ ਤੇ ਕਬ ਨ ਹੋਇ ਮ੍ਰਿਤ ਮੇਰੀ।
ਦੁੰਦ[1] ਜੁੱਧ ਕੋ ਕਰੈ ਨ[2] ਹੇਰੀ[3]॥ [1]ਦੂਸਰਾ। [2]ਕੋਈ ਨਾਂ ਕਰੇ। [3](ਮੈਨੂੰ) ਦੇਖਕੇ (ਭਾਵ ਡਰ ਜਾਵੇ)।
ਜਯੋਂ ਸਭਿ ਆਇਸ ਮਨਹਿਂ ਤੁਮਾਰੀ।
ਤਯੋਂ ਹ੍ਵੈ ਮਮ ਆਇਸ ਅਨੁਸਾਰੀ[1] [1]ਮੇਰੇ ਅਧੀਨ ਹੋਣ (ਸਾਰੇ ਲੋਕ)।

॥੫੮॥

ਏਕ ਰਾਜ ਅਵਨੀ ਪੈ[1] ਕਰਿ ਹੂੰ। [1]ਧਰਤੀ ਤੇ।
ਸਕਲ ਬੈਰਿਯਨ ਛਿਨ ਮਹਿਂ ਹਰਿਹੂੰ[1]। [1]ਨਾਸ਼ ਕਰਾਂ।
ਲੋਕਪਾਲ[1] ਸਭਿ ਰਹੈਂ ਅਧੀਨਾ। [1]ਰਾਜੇ (ਅ) ਸੂਰਜ ਚੰਦ ਆਦਿ ਲੋਕਪਾਲ।
ਇਹ ਬਰ ਦੀਜੈ ਮੁਝਹਿ ਪ੍ਰਬੀਨਾ!

॥੫੯॥

ਦੈਂਤਰਾਜ ਕੀ ਸੁਨਿ ਕਰਿ ਬਾਨੀ।
ਬੋਲਯੋ ਸਹਮਾ ਕਰਿ ਸਨਮਾਨੀ।
-ਵਰ ਦੁਰਲਭ ਤੈਂ ਜਾਚਨ ਕੀਨੋ।
ਤਦਪਿ ਦੇਉਂ ਮੈਂ ਤੋ ਵਡ ਚੀਨੋ[1] [1]ਜਾਣਕੇ।

॥੬੦॥

ਏਵ ਮਸਤ[1] ਕਹਿ ਬ੍ਰਹਮਾ ਗਵਨਾ। — [1]ਇਸੇ ਤਰ੍ਹਾਂ ਹੋਵੇਗਾ।
ਪ੍ਰਾਪਤਿ ਭਯੋ ਆਪਨੇ ਭਵਨਾ।
ਹਿਰਨਕਸ਼ਪ ਜਬ ਅਸ ਬਰ ਪਾਵਾ।
ਭਰਜੋ ਹਰਖ ਹਿਰਦੇ ਗਰਬਾਵਾ ॥੬੧॥

ਸਿਮਰ ਭ੍ਰਾਤ ਬਧਿ ਭਾ ਉਰ ਕ੍ਰੋਧਾ[1]। — [1]ਭਰਾ ਦਾ ਕਤਲ ਯਾਦ ਕਰਕੇ ਰਿਦੇ ਵਿੱਚ ਕ੍ਰੋਧ ਹੋਯਾ। (ਅ) ਯਾਦ ਕਰਕੇ ਭਿਰਾ, ਵਧਿਆ ਦਿਲ ਵਿਚ ਗੁੱਸਾ।
ਸ੍ਰੀ ਬਿਸ਼ਨੁ ਸੰਗ ਕੀਨ ਬਿਰੋਧਾ।
ਤੂਰਨ ਤੀਨ ਲੋਕ ਕੋ ਜੀਤਾ।
ਪੰਨਗ[1], ਨਰ[2], ਸੁਰ[3] ਭੇ ਭੈਭੀਤਾ ॥੬੨॥ — [1]ਸੱਪ। [2]ਪੁਰਸ਼। [3]ਦੇਵਤੇ।

ਸੁਰਗ ਬਿਖੈ ਕੀਨੋ ਨਿਜ ਬਾਸਾ।
ਅਨਿਕ ਭਾਂਤਿ ਕੇ ਕਰਤਿ ਬਿਲਾਸਾ।
ਛੀਰ ਫੇਨ ਸਮ[1] ਸਿਹਜਾ ਤਹਿੰਵਾ। — [1]ਦੁੱਧ ਦੀ ਝੱਗ ਵਾਂਙੂੰ (ਭਾਵ, ਉੱਜਲ)।
ਪਦਮਰਾਗ[1] ਕੇ ਆਸਨ ਜਹਿੰਵਾ ॥੬੩॥ — [1]ਲਾਲ ਮਣੀਆਂ (ਲਾਅ੍ਲ)।

ਮਰਕਤਿ ਮਨਿ[1] ਭੂਰ[2] ਚਿੱਤ੍ਰ ਸੁਹਾਈ†। — [1]ਸਾਵੇ ਰਤਨ (ਅ) ਪੰਨਾ, ਜ਼ਮੁੱਰਦ। [2]ਬੜੀਆਂ। †ਪਾ:- ਭੂਰ ਕਿਤਕ ਸੁਹਾਈ , ਵਾ, ਭੂਅ ਚਿੱਤ੍ਰ ਸੁਹਾਈ।
ਅਟਾ[1] ਫਟਕ[2] ਕੀ ਲਲਿਤ[3] ਬਨਾਈ। — [1]ਅਟਾਰੀਆਂ। [2]ਬਿਲੌਰ। [3]ਸੁੰਦਰ।
ਬਿਬਿਧਿ[1] ਬਚਿੱਤ੍ਰਤ ਤਨੇ ਬਿਤਾਨਾ[2]। — [1]ਕਈ ਤਰ੍ਹਾਂ ਦੇ। [2]ਚੰਦੋਏ।
ਮੁਕਤਨ[1] ਕੀ ਝਾਲਰ ਬਿਧਿ ਨਾਨਾ ॥੬੪॥ — [1]ਮੋਤੀਆਂ।

ਬਿੱਦ੍ਰਮ ਮਨਿ ਜਟ[1] ਬਨੀ ਸੁਪਾਨਾ[2]। — [1]ਗੁਲੀਆਂ ਤੇ ਮਣੀਆਂ ਜੜਕੇ। [2]ਪੌੜੀਆਂ।
ਥੰਭਨ[1] ਛਬਿ ਨਹਿਂ ਜਾਤ ਬਖਾਨਾ। — [1]ਥੰਮਾਂ ਦੀ।
ਚੰਦ ਬਦਨ[1] ਜੇ ਦੇਵਬਧੂਟੀ[2]। — [1]ਚੰਦ੍ਰਮਾਂ ਦੇ ਮੁਖ ਵਾਲੀਆਂ। [2]ਦੇਵਤਿਆਂ ਦੀਆਂ ਵਹੁਟੀਆਂ (ਅਪੱਛਰਾਂ)।
ਜਿਨ ਸਭਿ ਜਗ ਕੀ ਉਪਮਾ ਲੂਟੀ ॥੬੫॥

ਅਸ ਪ੍ਰਕਾਰ ਸੁਖ ਸੁਰਗ ਅਪਾਰਾ।
ਭੋਗਤਿ ਭਾ ਰਹਿ ਤਾਂਹਿ ਮਝਾਰਾ।
ਜੀਤ ਲੋਕਪਤਿ ਸਗਰੇ ਜਬ ਹੀ।
ਬੈਸਜੋ ਸਿੰਘਾਸਨ ਪਰ ਤਬ ਹੀ ॥੬੬॥

ਲੋਕਪਾਲ ਲੇ ਸਕਲ ਉਪਾਇਨ।
ਤਤਛਿਨ ਪੂਜਤਿ ਭੇ ਤਿਹ ਪਾਇਨ।
ਬ੍ਰਹਮਾ, ਬਿਸ਼ਨੁ, ਬਿਹੀਨ[1] ਗਿਰੀਸ਼ਾ[2]।
[1]ਤਿੰਨਾਂ ਤੋਂ) ਬਿਨਾਂ (ਹੋਰ ਸਾਰੇ)। [2]ਸ਼ਿਵ।
ਔਰ ਲੋਕਪਤਿ ਨਾਵਹਿਂ ਸੀਸਾ ॥੬੭॥
ਉੱਗ੍ਰ ਰਾਜ ਕੀ ਫਿਰਤਿ ਨਿਦੇਸੂ।
ਕੰਪਤਿ ਸ਼ੱਕ੍ਰ[1] ਦਿਨੇਸ਼[2] ਨਿਸੇਸ਼ੂ[3]।
[1]ਇੰਦ੍ਰ। [2]ਸੂਰਜ। [3]ਚੰਦ੍ਰਮਾਂ।
ਏਕ ਵਾਰ ਜੋ ਬੋਵਹਿ ਖੇਤੀ।
ਲੁਨਹਿ[1] ਅਨਿਕ ਵਿਰ[2] ਹ੍ਵੈ ਪੁਨ ਤੇਤੀ ॥੬੮॥
[1]ਵੱਢਦਾ ਹੈ। [2]ਅਨੇਕ ਵੇਰੀ।
ਉੱਗ੍ਰ ਦੰਡ ਧਰਿ ਸਭਿਕੇ ਸੀਸਾ।
ਸੁਰ ਬਜਾਕੁਲ ਭੇ ਸਹਿਤ ਸੁਰੀਸ਼ਾ[1]।
[1]ਇੰਦ੍ਰ ਸਣੇ।
ਸਭਿ ਮਿਲ ਗਏ ਸ਼ਰਨ ਕਰਤਾਰਾ।
ਬਹੁ ਪ੍ਰਕਾਰ ਕੋ ਸੁਜਸੁ ਉਚਾਰਾ ॥੬੯॥
-ਪਾਰਬ੍ਰਹਮ ਗੁਨ ਨਿਧਿ ਭਗਵੰਤਾ!
ਸ੍ਰੀ ਪਰਮੇਸ੍ਵਰ ਕਮਲਾਕੰਤਾ!
ਦੀਨ ਦਯਾਲ ਗੁਬਿੰਦ ਅਨੰਤਾ!
ਸੁਨਤਿ ਸ਼੍ਰਵਨ ਮੈਂ ਬਿਨਤੀ ਸੰਤਾ! ॥੭੦॥
ਆਰਤਿ ਹਰਨ[1] ਭਗਤਿ ਨਿਜ ਪਾਲਿਕ!
[1]ਦੁਖੀ (ਦੇ ਦੁੱਖ) ਨਾਸ਼ ਕਰਨ ਵਾਲੇ।
ਦੁਖਦਾਈ ਦੁਸ਼ਟਨ ਕੋ ਘਾਲਿਕ!
ਸਤਿ ਚਿਤ ਆਨੰਦ ਰੂਪ ਮੁਕੰਦਾ!
ਨਮੋ ਨਮੋ ਤਵ[1] ਪਗ ਸੁਖਕੰਦਾ! ॥੭੧॥
[1]ਤੇਰੇ।
ਹਰਹੁ ਪੀਰ ਹਮਰੀ ਜਗਸਾਈਂ!
ਹਨਹੁ ਦੈਤ ਸਭਿਹਿਨਿ ਦੁਖਦਾਈ-।
ਇਸ ਬਿਧਿ ਕੀ ਜਬ ਬਿਨਤੀ ਠਾਂਨੀ।
ਭਾਈ ਗਗਨ ਤੇ ਅਮਰਨ[1] ਬਾਨੀ ॥੭੨॥
[1]ਦੇਵਤਿਆਂ ਨੂੰ।
-ਜਿਨ[1] ਭੈ[2] ਧਰਹੁ[3], ਚਿੰਤ ਕਰਿ ਹਾਨੀ[4]।
[1]ਮਤ। [2]ਡਰ। [3]ਕਰੋ। [4]ਚਿੰਤਾ ਦੂਰ ਕਰੋ।

ਦੈਤ ਦੁਸ਼ਟਤਾ ਮੈਂ ਸਭਿ ਜਾਨੀ।
ਸੁਤ ਇਸ ਕੋ ਹ੍ਵੈ ਹੈ ਸ਼ੁਭ ਸਾਧੂ।
ਕਰਿ ਬਿਰੋਧ ਤਿਹ ਬਿਨ ਅਪਰਾਧੂ
॥੨੩॥
ਤਬ ਮੈਂ ਪ੍ਰਗਟ ਹੋਇ ਜਗ ਮਾਂਹੀ।
ਤੂਰਨ ਹਨੌਂ ਨ ਛਾਡੋਂ ਤਾਂਹੀ-।
ਸੁਨਿ ਕਰਿ ਅਮਰ ਗਗਨ ਕੀ ਬਾਨੀ।
ਸਿਰ ਨਿਵਾਇ ਕਰਿ ਬੰਦਨ ਠਾਨੀ
॥੨੪॥

ਦੋਹਰਾ:
ਨਿਜ ਨਿਜ ਗਏ ਸਥਾਨ ਤਬ, ਧਰਿ ਨਿਸ਼ਚੈ ਮਨ ਮਾਂਹਿ॥
ਜਾਨਜੋ ਹਨਿਹੈ ਦੈਤ ਅਬ, ਕਸ਼ਟ ਨਸ਼ਟ ਹ੍ਵੈ ਜਾਹਿਂ†' ॥੨੫॥

†ਪ੍ਰਹਾਲਦ ਜੀ ਦੀ ਸੁਣਾਈ ਇਸ ਕਥਾ ਪਰ ਵਿਚਾਰ ਲਈ ਦੇਖੋ ਅਧਜਾਯ ੬੯ ਅੰਕ ੬੨ ਦੀ ਟੂਕ।

ਇਤਿ ਸ਼੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਛਿਆਹਠਮੋਂ ਅਧਜਾਯ ॥੬੬॥

## ੬੭. [ਗੁਰਚਰਣ ਮੰਗਲ। ਪ੍ਰਹਲਾਦ।]

੬੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬੮

{ਨੌਧਾ ਭਗਤੀ} ॥੨੯..॥

ਦੋਹਰਾ:

ਸ੍ਰੀ ਗੁਰੁ ਪਗ ਸ਼ੋਭਾ ਬਿਮਲ, ਕਰ ਉਰ ਕੋ ਲੰਕਾਰ॥

ਬਿਮਲ=ਉੱਜਲ [ਸੰਸ:ਵਿਮਲ:]। ਲੰਕਾਰ=ਗਹਿਣਾ, ਅਲੰਕਾਰ ਦਾ ਸੰਖੇਪ, ਮਾਤ੍ਰਾ ਘੱਟ ਕਰਨ ਵਾਸਤੇ।

ਸ਼ੁਭ ਸੁੰਦਰਤਾ ਪਾਇ ਹੈਂ, ਦ੍ਵੈ ਲੋਕਨ ਸਤਿਕਾਰ ॥੧॥

ਸ਼ੁੱਭ=ਭਾਗ ਭਰੀ।

ਅਰਥ:

ਸ਼੍ਰੀ ਗੁਰੂ ਜੀ ਦੇ ਚਰਨਾਂ ਦੀ ਉੱਜਲ ਸ਼ੋਭਾ ਨੂੰ (ਆਪਣੇ) ਹਿਰਦੇ ਦਾ ਗਹਿਣਾ ਬਣਾ ਲੈ (ਜਿਸ ਤੋਂ ਤੂੰ ਉਹ) ਭਾਗੇ ਭਰੀ ਸੁੰਦਰਤਾ ਪਾਏਂਗਾ (ਕਿ ਜਿਸ ਨਾਲ) ਦੋਹਾਂ ਲੋਕਾਂ (ਵਿਚ ਤੇਰਾ) ਆਦਰ (ਹੋਵੇਗਾ)।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨੋ ਗੁਰੁ ਅੰਗਦ† ਸੁਖਰਾਸਾ!
ਪੁਨ ਪ੍ਰਹਲਾਦ ਕਹਤਿ ਇਤਿਹਾਸਾ।
'ਮੁਝ ਸਮੇਤ ਜਨਮੇ ਸੁਤ ਚਾਰਾ।
ਕੰਚਨਵਪੁ[1] ਭਾ ਹਰਖ ਅਪਾਰਾ[2] ॥੨॥

†ਸ੍ਰੀ ਗੁਰ ਸੁਨ ਅੰਗਦ।
[1]ਸੋਨੇ ਦੇ ਸਰੀਰ ਵਾਲਾ ਭਾਵ ਹਿਰਨਕਸ਼ਪ।
[2]ਬਹੁਤ ਪ੍ਰਸੰਨ ਹੋਇਆ।

ਮੋ ਪਰ ਕਰੁਨਾ ਨਾਰਦ ਕੀਨੀ।
ਸਦਾ ਭਗਤਿ ਮਹਿਂ ਮਤਿ ਰਹਿ ਭੀਨੀ।
ਬਾਲ ਬੈਸ ਤੇ ਕ੍ਰੀੜਾ[1] ਤਜਾਗੀ।
ਹਰਿ ਕੇ ਚਰਨ ਕਮਲ ਮਤਿ ਪਾਗੀ[1] ॥੩॥

[1]ਖੇਡ।
[1]ਲਗ ਗਈ।

ਬੈਠਤਿ ਊਠਤਿ ਸੋਵਤਿ ਜਾਗਤਿ।
ਸਿਮਰਨ ਨਾਮ ਬਿਖੈ ਅਨੁਰਾਗਤਿ[1]।
ਚਿੰਤਾ ਚਿਤਵ ਚਰਨ ਪ੍ਰਭੁ ਕਬ ਹੀ[1]।
ਰੋਦਨ[1] ਰਿਦੇ ਉਮੰਗਤਿ ਤਬ ਹੀ ॥੪॥

[1]ਪ੍ਰੇਮ ਕਰਦਾ।
[1]ਕਦੇ ਪ੍ਰਭੂ ਦੇ ਚਰਨਾਂ (ਦੀ ਪ੍ਰਾਪਤੀ ਦੀ) ਚਿੰਤਾ ਚਿਤਵਦਾ ਸਾਂ।
[1]ਰੋਣਾ।

ਕਬ ਚਿੰਤਾ ਤਜਿ ਗੁਣਨ[1] ਸਿਮਰਿ ਕੈ।
ਹਸਤ ਭਯੋ ਉਰ ਹਰਖ ਸੁ ਧਰਿ ਕੈ।
ਕਬ ਊਚੇ ਸੁਰ ਸੋਂ ਗੁਨ ਗਾਊਂ।
ਕਬ ਨਾਚੌਂ ਹ੍ਵੈ ਲਾਜ ਨ ਕਾਊ ॥੫॥

[1]ਗੁਣਾਂ ਨੂੰ।

ਕਬ ਤੂਸ਼ਨਿ ਕਹਿ ਧਾਰੋਂ ਧਜਾਨਾ।
ਲੋਚਨ ਤੇ ਜਲ ਧਾਰ ਚਲਾਨਾ†।
ਨਿਹਕਿੰਚਨ[1] ਏਕੈ ਲਿਵ ਲਾਗੀ।
ਨੀਂਦ ਭੂਖ ਜਾਂ ਤੇ ਸਭਿ ਭਾਗੀ† ॥੬॥

†ਪਾ:- ਚੁਆਨਾ।

[1]ਨਾਂ ਹੋਵੇ ਹੋਰ ਪਾਸੇ ਲਗਨ ਕੋਈ।

†ਨੀਂਦ ਭੁੱਖ ਦੇ ਭਗਤੀ ਮਾਰਗ ਵਿੱਚ ਨੱਸ ਜਾਣ ਦਾ ਮਤਲਬ ਨੀਂਦ ਭੁੱਖ ਦੇ ਘੱਟ ਜਾਣ ਦਾ ਹੈ, ਯਥਾ:- 'ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ। ' ਇਹ ਟਪਲਾ ਨਾ ਲਗੇ ਕਿ ਨੀਂਦ ਭੁੱਖ ਮੂਲੋਂ ਟੁਰ ਜਾਂਦੀ ਹੈ, ਕਿਉਂਕਿ ਇਸ ਲੱਛਣ ਦੇ ਮਗਰੋਂ ਫਿਰ ਆਦਮੀ ਸ਼ੁਦਾਈ ਹੋ ਜਾਂਦਾ ਹੈ। ਇਕ ਹੋਰ ਅਵਸਥਾ ਨੀਂਦ ਦੇ ਵਸ਼ੀਭੂਤ ਹੋ ਜਾਣ ਦੀ ਹੈ ਓਹ ਪਰਮਪਦ ਦੇ ਨੇੜੇ ਦੀ ਸ਼ੈ ਹੈ, ਅਭਿਆਸੀ ਭੁਲੇਖਾ ਖਾਕੇ ਸ਼ੁਦਾਈ ਹੋਣੋਂ ਆਪਣਾ ਬਚਾਉ ਰੱਖਣ। ਯਥਾ:- 'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ। '

ਪ੍ਰਭੁ ਪਦ ਪੰਕਜ ਪ੍ਰੇਮ ਅਪਾਰਾ।
ਜਾਗ ਰਹਜੋ ਮਨ ਸਾਂਝ ਸਕਾਰਾ[1]।
ਜਗ ਬਿਵਹਾਰ ਨ ਭਾਵਤਿ ਕੋਊ।
ਬਾਲਕ ਖੇਲ ਤਜਜੋ ਥੋ ਜੋਊ ॥੭॥

[1]ਸ਼ਾਮ ਸਵੇਰੇ।

ਇਸ ਪ੍ਰਕਾਰ ਬੀਤਾ ਕਛ ਕਾਲਾ।
ਇਕ ਦਿਨ ਪਿਤ ਕਿਯ ਪ੍ਰੇਮ ਬਿਸਾਲਾ।
ਸ਼ੁਕ੍ਰ† ਤਾਤ ਜੇ ਸੰਡੇ ਮਰਕੇ।
ਹੁਤੇ ਪਢਾਵਤਿ ਦੈਤਨ[1] ਲਰਕੇ ॥੮॥

†ਸ਼ੁੱਕਰ ਦੈਤਾਂ ਦਾ ਗੁਰੂ ਸੀ, ਸ਼ੰਡਾਂ ਮਰਕਾ ਉਸ ਦੇ ਪੱਤ੍ਰ ਸਨ।

[1]ਦੈਤਾਂ ਦੇ।

ਤਿਨ ਢਿਗ ਤਬ ਹੀ ਪਢਨ ਪਠਾਯਾ।
-ਰਾਜਨੀਤਿ ਸਭਿ ਦੇਹੁ ਸਿਖਾਯਾ-।
ਦੈਤਨ ਕੇ ਬਾਲਿਕ ਬਹੁ ਸੰਗਾ।
ਪੜਨੇ ਬੈਠੇ ਰਿਦੇ ਉਮੰਗਾ ॥੯॥
ਤਿਨ ਕੋ ਕਹਜੋ ਨ ਰੰਚਕ ਮਾਨਾ।
ਸਿਮਰਨ ਨਾਮ ਬਿਖੈ ਹਿਤ ਠਾਨਾ।
ਏਕ ਦਿਵਸ ਪਿਤ ਅੰਕ[1] ਬਿਠਾਈ।
ਸਾਦਰ ਹਸਕੈ ਗਿਰਾ ਅਲਾਈ ॥੧੦॥

[1]ਗੋਦੀ ਵਿਚ।

-ਜੋ ਤੁਮ ਪਾਠ ਪਢਜੋ ਹੇ ਤਾਤਾ!
ਮੁਝਹਿ ਸੁਨਾਵਹੁ ਸੁਭਗ[1] ਸੁਹਾਤਾ[2]-।
ਪਿਤ ਕੀ ਗਿਰਾ ਸੁਨੀ ਜਬ ਕਾਨਾ।
ਅਸ ਪ੍ਰਕਾਰ ਤਬ ਬਚਨ ਬਖਾਨਾ ॥੧੧॥
-ਸੁਨਹੁ ਤਾਤ! ਇਹ ਪਾਠ ਅਨੂਪਾ।

[1]ਹੇ ਸੌਭਾਗਯ। [2]ਸ਼ੋਭਨੀਕ।

ਤਜਹੁ ਗ੍ਰੇਹ ਇਹ ਅੰਧ ਜੁ ਕੂਪਾ[1]।
ਜਿਹ ਮਹਿਂ ਅਤਿਸ਼ੈ ਦੂਖ ਅਪਾਰਾ।
ਹੋਤਿ ਨਹੀਂ ਕਬਹੂੰ ਛੁਟਕਾਰਾ ॥੧੨॥
ਤਿਹ ਤਜਿ ਕਾਨਨ ਮਹਿਂ ਚਲਿ ਬਸਿਯੇ।
ਸੇਵ ਬਿਸ਼ਨੁ ਪਦ ਕੇ ਰਸ ਰਸਿਯੇ।
ਨਾਮ ਸਿਮਰ ਅਗਜਾਨ ਮਿਟਾਵੋ।
ਭਗਤਿ ਕਰਹੁ ਉੱਤਮ ਪਦ ਪਾਵੋ-
॥੧੩॥
ਸੁਨੀ ਸ਼੍ਰਵਨ ਮਹਿਂ ਜਬ ਅਸ ਬਾਨੀ।
ਬਿਸਮਤਿ ਹਸਜੋ ਤਬਹਿ ਅਗਜਾਨੀ।
ਕਹਿ ਸੰਡੇ ਸੋਂ ਬਚ[1] ਅਸ ਰੀਤਾ।
-ਇਸ ਬਾਲਕ ਕੀ ਮਤਿ ਬਿਪਰੀਤਾ
॥੧੪॥
ਔਗੁਨਿ ਖਾਨਿ[1] ਕਹਿਤ ਮੁਖ ਬਾਨੀ।
ਕਿਸ ਨੈ ਇਸ ਕੋ ਐਸ ਸਿਖਾਨੀ?
ਕਿਹ[1] ਰਿਖਿ ਕੋ ਨ ਕਰਨ ਦਿਹੁ ਸੰਗਾ।
ਨਿਜ ਗ੍ਰਿਹ ਰਾਖਿ ਪਢਾਉ ਨਿਸ਼ੰਗਾ-
॥੧੫॥
ਸੁਨਿ ਕਰਿ ਤਬ ਲੈ ਕੇ ਘਰ ਆਏ।
ਥਾਨ ਇਕੰਤ ਬਿਖੈ ਬੈਠਾਏ।
ਬੂਝਨ ਲਗੇ ਤਬਹਿ ਇਹ ਰੀਤੀ॥
-ਕਿਨ ਸਿਖਲਾਈ ਮਤਿ ਵਿਪਰੀਤੀ?
॥੧੬॥
ਕਿਧੌਂ ਰਿਦੇ ਤੇ ਕੁਮਤਿ ਉਠਾਈ।
ਬਹੁਰ ਨ ਅਸ ਬਿਧਿ ਕਹਉ ਬਨਾਈ-।
ਸੁਨਿ ਕਰਿ ਮੈਂ ਹਸਿ ਬਚਨ ਬਖਾਨਾ-।
ਤੁਮ ਕੋ ਭਾਸਤਿ ਅਪਨ ਬਿਗਾਨਾ
॥੧੭॥
ਮੋ ਕੋ ਪਰ ਪੁਨ ਅਪਰ ਨ ਕਾਹੀ।
ਪੂਰਨ ਏਕ ਆਤਮਾ ਆਹੀ।
ਸਦਾ ਪ੍ਰਣਾਮ ਕਰੋਂ ਮੈਂ ਤਾਸੂ।

[1]ਅੰਨ੍ਹਾਂ ਖੂਹ।

[1]ਬਚਨ।

[1]ਭਾਵ ਔਗੁਣਾਂ ਵਾਲੀ।

[1]ਕਿਸੇ।

ਜਿਹ ਕੀ ਮਾਯਾ ਕੇਰਿ ਬਿਲਾਸੂ ॥੧੮॥

ਮੋਹੇ ਸਰਬ ਚਰਾਚਰ[1] ਜਾਂਹੀ। — [1]ਜੜ੍ਹ ਚੇਤਨ।

ਅਪਨ ਬਿਗਾਨ ਲਖਾਵਾ ਤਾਂਹੀ।

ਭੇਦ ਅਪਰ ਪਰ[1] ਹੈ ਉਰ ਤੋਰੇ। — [1]ਅਪਣੇ ਪਰਾਏ ਦਾ।

ਭੇਦ ਬੁੱਧਿ ਕਛੁ ਨਹਿਂ ਹਿਯ ਮੋਰੇ ॥੧੯॥

ਸ਼੍ਰੀ ਕਰਤਾਰ ਕਰੈ ਜਬ ਕਰੁਨਾ।

ਤਬ ਯਹਿ ਭੇਦ ਹੋਇ ਉਰ ਹਰਨਾ।

ਆਤਮ ਮਹਿਂ ਪਰ ਅਪਰ ਬਖਾਨੇ।

ਬੇਦ ਅਰਥ ਕੋ[†] ਕੁਮਤਿ ਨ ਜਾਨੇ ॥੨੦॥ — [†]ਪਾ:-ਸੋ।

ਕਬਹਿ ਨ ਹੋਹਿ ਤਾਂਹਿ ਕੱਲਜਾਨਾ।

ਜਨਮ ਮਰਨ ਪਾਵਹਿ ਦੁਖ ਨਾਨਾ।

ਪੂਰਨ ਲਖਹਿ ਆਤਮਾ ਜੋਈ।

ਭਵ ਬੰਧਨ ਤੇ ਛੂਟਹਿ ਸੋਈ- ॥੨੧॥

ਸੁਨਿ ਕਰਿ ਅਸ ਬਚ ਸੰਡਾਮਰਕਾ।

ਕਹੈ ਕਿ -ਖੋਟੋ ਵਡ ਯਹਿ ਲਰਕਾ[1]। — [1]ਲੜਕਾ।

ਦੈਤਨ ਕੁਲ ਕਾਨਨ ਕੀ ਨਜਾਈ[1]। — [1]ਬਨ ਵਾਂਙੂੰ (ਵੱਡੀ) ਹੈ।

ਬਿਸ਼ਨੁ ਕੁਠਾਰ[1] ਸਮਾਨ[2] ਨਸਾਈ[3] ॥੨੨॥ — [1]ਕੁਹਾੜੇ। [2]ਵਾਂਙੂੰ। [3]ਇਸ ਦੇ) ਨਾਸ਼ ਕਰਨ ਵਾਲਾ ਹੈ।

ਬਿਨ ਦੰਡੇ[1] ਜੋ ਅਹੈ ਕੁਠਾਰਾ[2]। — [1]ਡੰਡਾ (ਲਕੜੀ ਦਾ)। [2]ਭਾਵ ਡੰਡੇ ਪਾਏ ਬਿਨਾਂ ਕੁਹਾੜਾ।

ਕਾਟ ਨ ਸਕਹਿ ਬਿਟਪ[1] ਨਿਰਧਾਰਾ[2]। — [1]ਬ੍ਰਿੱਛਾਂ ਨੂੰ। [2]ਨਿਸ਼ਚਤ ਹੈ (ਇਹ ਗਲ)।

ਤਜੋਂ ਆਗੇ ਥੋ[1] ਹਰਿ[2] ਭਗਵਾਨਾ। — [1]ਸੀ। [2]ਸੋਮਾ ਬੂਟੀ ਨੂੰ ਪੀਹਣ ਵਾਲਾ ਪੱਥਰ, ਉਸ ਤੋਂ ਉਪਲਖਤ-ਕੁਹਾੜਾ-, ਕਿ ਅਗੇ ਵਿਸ਼ਨੂੰ ਕੁਹਾੜਾ ਸੀ। (ਅ) ਹਰਿ ਭਗਵਾਨ ਵਿਸ਼ਨੂੰ ਭਗਵਾਨ।

ਅਬ ਇਹ[1] ਹੋਯੋ ਦੰਡ ਸਮਾਨਾ[2] ॥੨੩॥ — [1]ਭਾਵ ਪ੍ਰਹਲਾਦ। [2]ਡੰਡੇ ਤੁੱਲ।

ਨਿਸ਼ਚੈ ਨਾਸ ਬੰਸ ਕਾ ਕਰਿਈ।

ਵਡੋ ਢੀਠ ਡਰ ਰਿਦੈ ਨਾ ਧਰਿਈ।

ਆਨੁਹ ਬੈਂਤ ਸਾਸਨਾ ਦੇਈਂ।

ਬਿਨ ਡਾਂਟੇ ਇਹ ਸੀਖ ਨ ਲੇਈ-
॥੨੪॥
ਬਹੁ ਪ੍ਰਕਾਰ ਕੋ ਭੈ ਦਿਖਰਾਵੈਂ।
ਅਪਨੀ ਬਿੱਦਜਾ ਸਕਲ ਪਢਾਵੈਂ।
ਏਕ ਨਹੀਂ ਤਿਨ ਕੀ ਮਨ ਮਾਨੀ।
ਦੇਖਿ ਕੁਰੀਤੀ ਤੂਸ਼ਨਿ ਠਾਨੀ ॥੨੫॥
ਬੀਤ ਗਯੋ ਜਬ ਕੇਤਿਕ ਕਾਲਾ।
ਤੇ ਜਾਨਤਿ ਭੇ ਪਢਜੋ ਬਿਸਾਲਾ।
ਇਕ ਦਿਨ ਦੈਂਤਰਾਜ ਕੇ ਪਾਸਾ।
ਲੇ ਕਰਿ ਗਮਨੇ ਕਰਤਿ ਹੁਲਾਸਾ
॥੨੬॥
ਜਾਇ ਪਿਤਾ ਪਦ ਬੰਦਨ ਕੀਨੀ।
ਕਰੇ ਹਰਖ ਆਸ਼ਿਖ ਤਿਨ ਦੀਨੀ।
ਦੁਇ ਕਰ ਸੋਂ ਗਹਿ ਕਰਿ ਭਲਿ ਭਾਂਤੀ।
ਬਦਨ ਬਿਲੋਕ ਲਾਇ ਲਿਯ ਛਾਤੀ
॥੨੭॥
ਅੰਕ ਬਿਠਾਯੋ ਬਚਨ ਅਲਾਵਾ।
-ਹੇ ਸੁਤ! ਕਾਲ ਬਿਤੇ ਬਹੁ ਆਵਾ।
ਪਠਜੋ ਪਾਠ ਜੋ ਸੁੰਦਰ ਤੋਹੀ।
ਸਰਬ ਉਚਾਰ ਸੁਨਾਵਹੁ ਮੋਹੀ-
॥੨੮॥
ਸੁਨਿ ਕਰਿ ਜਨਕ[1] ਬਚਨ ਕੋ ਬੋਲਜੋ। [1]ਪਿਤਾ ਦੇ।
ਮਨ ਕੋ ਮਤੋ ਬਿਦਤਿ ਸਭਿ ਖੋਲਜੋ।
-ਅਭਿਮਤਿ[1] ਬਾਤ ਧਰਹੁ ਉਰ ਮਾਂਹੀ। [1]ਵਾਂਛਤ, ਚੰਗੀ।
[†]੧ਹਰਿਜਸ ਸੁਨਿ, ੨ਸਿਮਰਣ ਸੁਭਆਹੀ ॥੨੯॥ [†]ਨਵਧਾ ਭਗਤੀ ਦੇ ਨੌਂ ਪ੍ਰਕਾਰ ਕਵੀ ਜੀ ਦੱਸਣ ਲੱਗੇ ਹਨ।
{ਨੌਧਾ ਭਗਤੀ}
੩ਕਰਨ ਕੀਰਤਨ, ੪ਚਰਨਨ ਸੇਵਾ।
੫ਅਰਚਨ[1], ੬ਬੰਦਨ ਸ੍ਰੀ ਜਗਦੇਵਾ। [1]ਪੂਜਾ ਕਰਨੀ।
੭ਦਿਢ ਬਿਸ੍ਵਾਸਹਿ, ੮ਅਰਪ ਸਰੀਰਾ।
੯ਕਰਨ ਸਖਾਪਨ ਗੁਨੀ ਗਹੀਰਾ[1] [1]ਭਾਵ, ਪਰਮੇਸ਼ੁਰ ਜੀ ਨਾਲ।

॥ ੩੦ ॥
ਨਵਧਾ ਭਗਤਿ ਇਹੀ ਗਤਿਦਾਈ।
ਕਰੁਹ ਸਦੀਵ ਰਿਦੇ ਹਿਤ ਲਾਈ।
ਅਪਰ ਪਾਠ ਸਭਿ ਦੇਹੁ ਬਿਹਾਈ[1]। [1]ਦੂਰ ਕਰੋ।
ਜਿਨ ਤੇ ਕਾਰਜ ਸਰੈ ਨ ਰਾਈ-
॥ ੩੧ ॥
ਹਿਰਨਕਸ਼ਪ ਸੁਨਿ ਕੋਪ ਬਢਾਵਾ।
ਨਿਜ ਦੰਤਨ ਸੋਂ ਅਧਰ[1] ਚਬਾਵਾ। [1]ਹੋਠਾਂ।
ਸ਼੍ਰੋਣਿਤ ਸਰਸ[1] ਲਾਲ ਭੇ ਨੈਨਾ। [1]ਲਹੂ ਵਰਗੇ।
ਸ਼ੁੱਕ੍ਰ ਸੁਤਨ ਸੋਂ ਬੋਲਜੋ ਬੈਨਾ ॥ ੩੨ ॥
-ਤੁਮ ਮਤਿ ਹੀਨ ਪੱਛ ਬਿਬ[1] ਲੀਨਾ। [1]ਦੂਸਰਾ ਪੱਖ।
ਸੁਤਹਿ[1] ਕੁਪਾਠ[2] ਪਢਾਇ[3] ਮਲੀਨਾ। [1]ਪੁੱਤ੍ਰ ਨੂੰ। [2]ਖੋਟੀ ਸੰਥਿਆ। [3]ਪੜ੍ਹਾਇਆ ਹੈ।
ਮੋਰ ਨਿਰਾਦਰ ਕੀਨ ਅਭਾਗੇ !
ਸਿੱਛਜਾ ਔਰ ਦੇਨਿ ਤੁਮ ਲਾਗੇ
॥ ੩੩ ॥
ਬੰਚਕ[1] ਬੇਖ[2] ਬਨਾਜੋ ਜਾਨਾ। [1]ਠੱਗ ਦਾ। [2]ਭੇਖ।
ਛਪੈ ਨਹੀਂ ਮੈਂ ਆਜ ਲਖਾਨਾ।
ਦਿਜ ਮਹਿਂ ਤੁਮ ਸੋਂ ਨੀਚ ਨ ਕੋਈ।
ਜਿਨ ਕੀ ਬੁੱਧਿ ਬਿਪਰਜੈ[1] ਹੋਈ- [1]ਉਲਟੀ।
॥ ੩੪ ॥
ਸ਼ੰਡੇ ਮਰਕੇ ਬਚਨ ਸਰੋਸਾ[1]। [1]ਕ੍ਰੋਧ ਵਾਲੇ (ਬਚਨ)।
ਸੁਨਿ ਕਰਿ ਬੋਲੇ -ਹਮ ਨਹਿਂ ਦੋਸ਼ਾ।
ਅਸ ਪ੍ਰਕਾਰ ਕੋ ਹਮ ਨ ਪਢਾਵਾ।
ਅਪਰ ਨ ਕੋਊ ਆਨਿ ਸਿਖਾਵਾ
॥ ੩੫ ॥
ਸਹਿਜ ਸੁਭਾਇਕ ਤਵ ਸੁਤ ਐਸੇ।
ਲੀਨੀ ਕੁਮਤਿ ਬਕਤਿ[1] ਅਬ ਜੈਸੇ। [1]ਕਹਿੰਦਾ ਹੈ।
ਹਮ ਪਰ ਰੋਖ[1] ਬਾਦ ਕਿਮ ਕੀਨੋ। [1]ਕ੍ਰੋਧ।
ਨਿਜ ਸੁਤ ਦੋਖ ਰਿਦੇ ਤੁਮ ਚੀਨੋ-
॥ ੩੬ ॥
ਹਿਰਨਕਸ਼ਪ ਮੁਝ ਓਰ ਨਿਹਾਰਾ।

ਮੁਖ ਸੋਂ ਐਸੇ ਬਚਨ ਉਚਾਰਾ।
-ਹੇ ਸੁਤ! ਗੁਰੁ ਨਹਿਂ ਤੋਹਿ ਪਢਾਈ।
ਕਿਹਂ ਖੋਟੀ ਮਤ ਦੀਨਿ ਸਿਖਾਈ? -
॥੩੭॥
ਸੁਨਿ ਮੈਂ ਪਿਤ ਸੋਂ ਬਚਨ ਬਖਾਨਾ।
-ਤਜਹੁ ਤਾਤ[1]! ਸੰਤਾਪ ਮਹਾਨਾ। — [1]ਹੇ ਪਿਤਾ!
ਵਿਖੈ ਵਾਸ਼ਨਾ ਬਸਿ ਨਰ ਜੋਊ।
ਦਈ ਸੁਮਤਿ, ਨਹਿਂ ਮਾਨਤਿ ਸੋਊ
॥੩੮॥
ਕੋਟ ਭਾਂਤਿ ਸਮਝਾਇ ਜਿ ਤਾਸੂ[1]। — [1]ਤਿਸ ਨੂੰ।
ਬੇਮੁਖ ਰਿਦੇ ਨ ਆਨਹਿ ਕਾਸੂ[1]। — [1]ਕਿਸੇ ਨੂੰ।
ਮਾਨ ਸਰੋਵਰ ਬਾਸ ਸੁਖਾਰਾ[1]। — [1]ਸੁਖਾਲਾ ਹੈ।
ਕਰਨੋਂ ਮੁਕਤਾ[1] ਕੇਰਿ ਅਹਾਰਾ[2] — [1]ਮੋਤੀਆਂ। [2]ਭੋਜਨ।
॥੩੯॥
ਬਾਇਸ[1] ਸੀਖ ਨ ਮਾਨਹਿ ਕਬਹੀ[2]। — [1]ਪਰ) ਕਾਂ। [2]ਮਾਨ ਸਰੋਵਰ ਜਾਣ ਦੀ) ਸਿੱਖ੍ਯਾ ਕਦੇ ਨਹੀਂ ਮੰਨੇਗਾ।
ਜੇ ਉੱਤਮ ਗੁਣ ਹੋਵਹਿਂ ਸਭਿ ਹੀ[1]। — [1]ਭਾਵ ਮਾਨ ਸਰੋਵਰ ਵਿਚ।
ਤਾਂ ਕੀ[1] ਰਤਿ ਦੁਰਗੰਧਹਿ ਮਾਂਹੀ। — [1]ਭਾਵ ਕਾਂ ਦੀ।
ਤਜੋਂ ਸਠ ਭਗਤਿ ਸੀਖ ਲੇ ਨਾਂਹੀ
॥੪੦॥
ਬੰਧਨ ਪਰੇ ਜਗਤ ਕੇ ਭਾਰੀ।
ਛੂਟਨ ਏਕ ਉਪਾਇ ਬਿਚਾਰੀ।
ਸੁਨਿ ਧਾਰਹਿ ਸਤਿਗੁਰੁ ਉਪਦੇਸ਼ਾ।
ਬਹੁਰ ਨ ਰਹੈ ਦੂਖ ਕੋ ਲੇਸ਼ਾ ॥੪੧॥
ਧਨ ਅਰਥੀ ਜੇ ਗੁਰੁ ਜਗ ਮਾਂਹੀ।
ਆਤਮ ਗ੍ਯਾਨ ਰਿਦੇ ਮਹਿਂ ਨਾਂਹੀ।
ਤਿਨ ਤੇ ਪੰਥ ਨ ਸੁਝਹਿ ਕੈਸੇ।
ਅੰਧਾ ਆਗੂ ਅੰਧਨ[1] ਜੈਸੇ ॥੪੨॥ — [1]ਅੰਨ੍ਹਿਆਂ ਦਾ।
ਜਾਵਤਿ ਗਿਰ ਸੋ ਗਰਤ[1] ਮਝਾਰੀ। — [1]ਟੋਏ।
ਜੋ ਤਿਹ ਪਾਛੈ, ਗਿਰਹਿ[1] ਸੰਗਾਰੀ[2]। — [1]ਡਿੱਗੇਗਾ। [2]ਨਾਲ ਹੀ।
ਹੇ ਪਿਤ! ਕਯੋਂ ਨ ਭਜੈਂ ਪ੍ਰਭੁ ਚਰਣਾ।

ਹ੍ਵੈ ਹੈ ਜਨਮ ਮਰਣ ਕੋ ਹਰਣਾ ॥੪੩॥
ਕਰਿ ਸਤਿਸੰਗ ਸਰਸ[1] ਸੁਰ ਧੇਨੁ[2]। [1]ਜੋ) ਸਦਰਸ਼ ਹੈ। [2]ਕਾਮਧੇਨੁ ਗਾਂ ਦੇ।
ਸਿਰ ਪਰ ਧਰਿ ਸੰਤਨ ਪਦ ਰੇਨੁ।
ਤਰਿ ਜੈ ਹੈਂ ਭਵਸਾਗਰ ਭੂਰੀ।
ਪਾਇਂ ਪਰਮਗਤਿ ਸਭਿ ਬਿਧਿ ਰੂਰੀ-
॥੪੪॥
ਦੈਤਰਾਜ ਸੁਨਿ ਕ੍ਰੋਧ ਬਿਸ਼ੇਖਾ।
ਕੰਪਤਿ ਤਨ ਭਾ ਆਰੁਨ[1] ਬੇਖਾ[2]। [1]ਲਾਲ। [2]ਰੂਪ ਵਾਲਾ।
ਤਿਰਛੇ ਕੀਨ ਭਯਾਨਕ ਨੈਨਾ।
ਅਧਿਕ ਗਰਜ ਕੈ ਬੋਲਯੋ ਬੈਨਾ
॥੪੫॥
ਅੰਕ ਬਿਖੈ ਤੇ ਦੀਨ ਬਗਾਈ[1]। [1]ਕੁਛੜ ਵਿਚੋਂ ਵਗਾਹ ਮਾਰਿਆ।
-ਗਹਿ ਮਾਰਹੁ ਇਸ ਕੋ ਲੇ ਜਾਈ।
ਸੁਤ ਮਮ ਨਹੀਂ ਲਖਹੁ ਯੌਂ[1] ਮਨ ਮੈਂ। [1]ਐਉਂ।
ਦੀਰਘ ਰੋਗ ਭਯੋ ਇਹ ਤਨ ਮੈਂ
॥੪੬॥
ਅੰਗ ਸਰੋਗ[1] ਕਟੇ ਸੁਖ ਹੋਈ। [1]ਰੋਗੀ ਅੰਗ।
ਹਨਹੁ[1] ਜਾਇ, ਅਚਰਜ ਨਹਿਂ ਕੋਈ। [1]ਮਾਰ ਦਿਓ।
ਮਮ ਭ੍ਰਾਤਾ ਕੋ ਮਾਰਨਹਾਰੂ।
ਤਿਹ ਕੋ ਇਹ ਉਪਾਸਨਕਾਰੂ[1] ॥੪੭॥ [1]ਉਪਾਸਨਾ ਕਰਨ ਵਾਲਾ (ਭਗਤ)।
ਨਿਜ ਪਰਵਾਰ ਸਰਬ ਕੋ ਤਯਾਗੀ।
ਭਯੋ ਬਿਸ਼ਨੁ ਚਰਨਨ ਅਨੁਰਾਗੀ।
ਜੋ ਨਿਜ ਸੁਤ ਪਰਹਿਤ ਕੋ ਚਾਹੀ[1]। [1]ਪਰਾਏ ਭਲੇ ਨੂੰ ਚਾਹੇ।
ਸੋ ਰਿਪੁ[1] ਸਮ[2] ਲਖਿਯੇ ਮਨ ਮਾਂਹੀ [1]ਵੈਰੀ। [2]ਵਰਗਾ।
॥੪੮॥
ਜੋ ਪਰਸੁਤ[1] ਅਪਨੋ ਹਿਤਕਾਰੀ[2]। [1]ਪਰਾਇਆ ਪੁੱਤ੍ਰ। [2]ਪ੍ਰੇਮ ਵਾਲਾ ਹੋਵੇ।
ਪੁੱਤ੍ਰ ਸਮਾਨ, ਦਿਜੈ[1] ਸੁਖ ਭਾਰੀ। [1]ਉਸ ਨੂੰ) ਦੇਈ ਏ।
ਇਸ ਪ੍ਰਕਾਰ ਸਮਝਹੁ ਮਨ ਮਾਂਹੀ।
ਮਾਰਹੁ ਬੇਗ, ਪੁੱਤ੍ਰ ਮਮ ਨਾਂਹੀ-
॥੪੯॥
ਸੁਨੀ ਸੇਵਕਨ ਗਿਰਾ ਕਠੋਰਾ।

ਦਾਨਵ ਉਠੇ ਭਯਾਨਕ ਘੋਰਾ।
ਦੀਰਘ ਦਾਂਤ ਤ੍ਰਿਸੂਲਹਿ ਹਾਥਾ।
ਤਾਂਬ੍ਰ ਬਰਨ[1], ਬਿਥੁਰੇ ਕਚ ਮਾਥਾ[2] ॥੫੦॥ [1]ਤਾਂਬੇ ਵਰਗਾ ਰੰਗ। [2]ਕੇਸ ਖਿੱਲਰੇ ਮੱਥੇ ਤੇ।
-ਧਰਹੁ, ਧਰਹੁ, ਮਾਰਹੁ- ਕਹਿ ਡਾਂਟੇ।
-ਬੇਗ ਸਰੀਰ ਦੇਹੁ ਇਸ ਕਾਟੇ-।
ਏਕਹਿ ਬਾਰ ਸ਼ਸਤ੍ਰ ਸਭਿ ਡਾਰੇ।
ਖੜਗ ਸ਼ਕਤਿ ਤਿਰਸੂਲਹਿਂ ਮਾਰੇ ॥੫੧॥
ਬਿਫਲ ਪ੍ਰਯਾਸ[1] ਤਿਨਹਿ ਪ੍ਰਭੁ ਖੋਵਾ। [1]ਨਿਸ਼ਫਲ ਯਤਨ।
ਰੋਮ ਨ ਏਕਹਿ ਬਾਂਕੋ[1] ਹੋਵਾ। [1]ਵਿੰਗਾ।
ਏਕੰਕਾਰ ਬਿਮੁਖ ਨਰ ਜੋਊ।
ਜਯੋਂ ਤਿਹ ਕ੍ਰਿਯਾ ਸਫਲ ਹ੍ਵੈ ਸੋਊ ॥੫੨॥
ਦੈਤਰਾਜ ਨਿਜ ਨੈਨਨ ਦੇਖਾ।
ਸ਼ੰਕਤਿ[1] ਭਾ ਮਨ ਮਾਂਹਿ ਬਿਸ਼ੇਖਾ। [1]ਹੈਰਾਨ।
ਬੋਲਯੋ ਬਚਨ -ਮਰਤਿ ਨਹਿਂ ਐਸੇ।
ਔਰ ਉਪਾਵ ਕਰੋ, ਕਹਿ ਜੈਸੇ ॥੫੩॥
ਗਜ ਆਗੈ ਗਹਿ ਇਹ ਚੀਰਾਵਹੁ।
ਸਰਪਨ ਤੇ ਸਭਿ ਅੰਗ ਡਸਾਵਹੁ।
ਜੇ ਕਰਿ ਤਹਿਂ ਤੇ ਹੋਇ ਉਬਾਰਾ।
ਮਾਰਹੁ ਬਿਖ ਦੇ ਬੀਚ ਅਹਾਰਾ- ॥੫੪॥
ਸੁਨਿ ਕਰਿ ਕੀਨੇ ਸਰਬ ਉਪਾਈ।
ਗਜ[1], ਅਹਿ, ਬਿਖ[2] ਤੇ ਦੁਖ ਨਹਿਂ ਰਾਈ। [1]ਹਾਥੀ। [2]ਸੱਪ ਅਤੇ ਜ਼ਹਿਰ।
ਸ੍ਰੀ ਕਰਤਾਰ ਭਯੋ ਰਖਵਾਰਾ।
ਕਹੋ ਕੌਨ ਤਿਹ ਸਕੈ ਜੁ ਮਾਰਾ ॥੫੫॥
ਬਹੁਰੋ ਦੇਹਿ ਬਾਂਧ ਕਹਿ ਮੇਰਾ।
ਅਤਿ ਉਤੰਗ[1] ਗਿਰ[2] ਤੇ ਗਹਿ ਗੇਰਾ। [1]ਉਚੇ। [2]ਪਹਾੜ।
ਬਹੁਤ ਬਾਰ[1] ਲੇ ਬਾਰਿ[2] ਡੁਬਾਯੋ। [1]ਵੈਰੀ। [2]ਪਾਣੀ (ਵਿਚ)।

ਕਰਿ ਪ੍ਰਚੰਡ ਪਾਵਕ[1] ਮਹਿਂ ਪਾਯੋ ॥੫੬॥

[1]ਬਾਲਕੇ ਅਗਨੀ।

ਕਿਤਕ ਦਿਵਸ ਨਹਿਂ ਦਯੋ ਅਹਾਰੂ।
ਮਾਰਨ ਚਹਿਤ ਅਨਿਕ ਪਰਕਾਰੂ।
ਸਭਿ ਉਪਾਇ ਭੇ ਬਾਦ ਤਿਨੂਕੇ।
ਮਨ ਚਿੰਤਾ ਭੀ ਅਧਿਕ ਜਿਨੂਕੇ ॥੫੭॥

ਦੋਹਰਾ:
ਹਿਰਨਕਸ਼ਪ ਅਵਲੋਕ[1] ਕੈ, ਚਿੰਤਾ ਜਗੀ ਬਿਸਾਲ[2]।
-ਸਭਿ ਉੱਦਮ ਨਿਸ਼ਫਲ ਗਏ, ਮਾਰਜੋ ਮਰਤਿ ਨ ਬਾਲ ॥੫੮॥

[1]ਦੇਖਕੇ। [2]ਭਾਵ, ਹਿਰਨਕਸ਼ਪ ਚਿੱਤ ਵਿਚ ਸੋਚਦਾ ਹੈ।

ਚੌਪਈ:
ਮੈਂ ਭਜਾਨਕ ਕਟੁ[1] ਬਚਨ ਉਚਾਰੇ ॥

[1]ਕੌੜੇ।

ਸੁਨਿ ਕਰਿ ਇਹ[1] ਉਰ ਹਰਖ ਅਪਾਰੇ।

[1]ਪ੍ਰਹਲਾਦ ਭਗਤ।

ਅਮਿਤ ਪ੍ਰਭਾਵ ਤੇਜ ਨਹਿਂ ਥੋਰਾ[1] ॥

[1]ਭਾਵ ਪ੍ਰਹਲਾਦ ਦਾ।

ਨਿਸਚੈ ਅਹੈ ਸ਼ੱਤ੍ਰੂ ਇਹ ਮੋਰਾ ॥੫੯॥
ਇਹ ਸੰਗ ਬਧਜੋ ਬਿਸਾਲ ਬਿਰੋਧਾ[1]।

[1]ਮੇਰਾ) ਵੈਰ।

ਮਰਣੋ ਹੋਇ, ਹੋਤਿ ਉਰ ਬੋਧਾ[1]।

[1]ਐਉਂ ਦਿਲ ਨੂੰ ਜਾਪਦਾ ਹੈ ਕਿ ਹੁਣ ਮੇਰੀ ਮੌਤ ਆਈ ਹੈ।

ਇਸ ਪ੍ਰਕਾਰ ਚਿੰਤਾ ਮੈਂ ਦੀਨਾ[1]।

[1]ਆਤੁਰ।

ਸ਼੍ਰੀ ਹਤਿ ਹਯੋ[1] ਬਦਨ ਮਲੀਨਾ[2] ॥੬੦॥

[1]ਸ਼ੋਭਾਹੀਨ ਹੋਕੇ। [2]ਮੂੰਹ ਮੈਲਾ ਹੋ ਗਿਆ।

ਸ਼ੰਡਾ ਮਰਕਾ ਲਖਿ ਗਤਿ ਤਾਸੂ।
ਲੇ ਕਰਿ ਗਏ ਇਕੰਤ[1] ਅਵਾਸੂ[2]।

[1]ਇਕਾਂਤ। [2]ਘਰ ਵਿਚ।

ਸਮਝਾਵਾ ਕਹਿ ਮਧੁਰੀ[1] ਬਾਨੀ।

[1]ਮਿੱਠੀ।

-ਸੁਨਿ ਛਿਤੇਸ਼![1] ਕਸ ਚਿੰਤਾ ਠਾਨੀ? ॥੬੧॥

[1]ਹੇ ਰਾਜਾ।

ਤਵ ਬਿਲੋਕ ਕੈ ਭ੍ਰਿਕੁਟੀ[1] ਬਾਂਕੀ[2]।

[1][ਸੰਸ. ਭ੍ਰਿਕੁਟੀ] ਭੌਂਹ ਭਰਵੱਟੇ। [2]ਟੇਢੇ।

ਤ੍ਰੈ ਲੋਕਨ ਸੁਧ[1] ਰਹੇ ਨ ਕਾਂਕੀ[2]।

[1]ਹੋਸ਼। [2]ਕਿਸੇ ਦੀ।

ਸਿਸੁ ਕੀ[1] ਕੇਤਿਕ ਬਾਤ[2] ਜੁ ਦੀਨਾ[3]।

[1]ਬਾਲਕ ਦੀ। [2]ਕੀ ਗੱਲ ਹੈ। [3]ਜੋ ਤੂੰ ਆਤੁਰ ਹੈਂ।

ਤੁਮਰੇ ਹੈਂ ਸਭਿ ਲੋਕ ਅਧੀਨਾ ॥੬੨॥

ਤਜਿ ਚਿੰਤਾ ਇਕ ਸੁਨਹੁ ਉਪਾਈ।
ਬਰੁਣਪਾਸ[1] ਸੋਂ ਬਾਂਧਹੁਂ[2] ਲਜਾਈ।

[1]ਵਰੁਣ ਦਾ ਇਕ ਅਸਤ੍ਰ ਜਿਸ ਨੂੰ ਨਾਗਪਾਸ਼ ਬੀ ਕਹਿੰਦੇ ਹਨ। ਵੈਰੀਆਂ ਨੂੰ ਬੰਨ੍ਹਣ ਦਾ ਇਕ ਪ੍ਰਕਾਰ ਦਾ ਫੰਧਾ। [2]ਬੰਨ੍ਹ ਲਿਆਉਂਦਾ ਹਾਂ।

ਸ਼ੁੱਕ੍ਰ ਨਿਕੇਤ ਆਇ ਹੈ ਜੌ ਲੌਂ।
ਹਮ ਰਾਖਹਿਂ ਬੰਧੇ ਇਹ ਤੌ ਲੌਂ ॥੬੩॥
ਯਾਕੀ ਹ੍ਵੈ ਜਬ ਬੈਸ ਵਡੇਰੀ।
ਤਬ ਐ ਹੈ ਉਰ ਸੁਮਤਿ ਘਨੇਰੀ।
ਸਿੱਛਯਾ ਦੇਇ ਸ਼ੁੱਕ੍ਰ ਪੁਨ ਆਈ।
ਰਾਜਨੀਤਿ ਸਭਿ ਲੇਹਿ ਪਢਾਈ- ॥੬੪॥
ਤਿਨ ਕੇ ਸੁਨਿ ਕਹਿ ਅਸ[1] ਦਨੁਜੇਸ਼ਾ[2]।
ਮਾਨ ਬਚਨ ਪੁਨ ਦਈ ਨਿਦੇਸ਼ਾ।

[1]ਐਸੇ। [2]ਦੈਂਤਾਂ ਦੇ ਰਾਜੇ ਨੇ।

-ਲੇ ਜਾਵਹੁ ਦਿਢ ਬਾਂਧ ਪਢਾਵਹੁ।
ਧਰਮ ਤ੍ਰਿਬਰਗਹਿ[1] ਸਰਬ ਸਿਖਾਵਹੁ- ॥੬੫॥

[1]ਧਰਮ, ਅਰਥ, ਕਾਮ ਸਿਖਾਵਣਾ (ਭਾਵ ਮੋਖ ਮਾਰਗ ਨਹੀਂ ਸਿਖਾਉਣਾ)।

ਸ਼ੰਡੇ ਮਰਕੇ ਬੰਧਨ ਕਰਿ ਕੈ।
ਰਾਖਯੋ ਅੰਤਰ ਮੋ ਕੋ ਘਰ ਕੈ।
ਆਇ ਆਪਨੋ ਪਾਠ ਪਢਾਵਤਿ।
ਤਿਨ ਕੋ ਕਹਯੋ ਨ ਮਨ ਮੈਂ ਭਾਵਤਿ ॥੬੬॥
ਰਾਗ ਦ੍ਵੈਖ ਜਿਹ ਮਾਂਹਿ ਬਿਸਾਲਾ।
ਕਿਉਂ ਮਨ ਰੁਚੈ ਜਗਤ ਜੰਜਾਲਾ।
ਸ਼੍ਰੀ ਕਰਤਾਰ ਚਰਨ ਲਿਵ ਲਾਗੀ।
ਅਹਿਨਿਸਿ ਬਿਚ ਬਿਬੇਕ ਅਨੁਰਾਗੀ ॥੬੭॥
ਜਗਤ ਅਸਾਰ ਸਰਬ ਹੀ ਜਾਨਾ।
ਸਿਮਰਨ ਨਾਮ ਸਾਰ ਇਕ ਮਾਨਾ।
ਜਬ ਸੋ[1] ਘਰ ਕੇ ਕਾਜ ਸਿਧਾਵੈਂ।
ਤਬ ਦੈਂਤਨ ਕੇ ਬਾਲਿਕ ਆਵੈਂ ॥੬੮॥

[1]ਭਾਵ ਸ਼ੰਡਾ ਮਰਕਾ।

ਸ਼ੁਭ ਉਪਦੇਸ਼ ਦੇਉਂ ਮੈਂ ਤਾਂਹੂ।
ਸੁਨਿ ਕਰਿ ਸੋ ਧਾਰਹਿਂ ਉਰ ਮਾਂਹੂ।

ਬੂਝਹਿਂ ਸੁਨਿ ਕਰਿ ਪ੍ਰਸ਼ਨ ਬਹੋਰੀ।
ਜਾਗਹਿ ਤਿਨ ਉਰ ਭਗਤਿ† ਨ ਥੋਰੀ' †ਪਾ:-ਪ੍ਰੀਤਿ।
॥੬੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਸਤਾਹਠਮੋਂ ਅਧਯਾਯ ॥੬੭॥

## ੬੮. [ਗੁਰਚਰਣ ਪ੍ਰੇਮ ਮੰਗਲ। ਪ੍ਰਹਲਾਦ ਪ੍ਰਸੰਗ]

੬੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬੯

{ਦੈਂਤ ਪੁਤ੍ਰਾਂ ਨੂੰ ਵੈਰਾਗਮਈ ਉਪਦੇਸ਼} ॥੩-੧੩॥
{ਪ੍ਰਹਲਾਦ ਨੂੰ ਗਿਆਨ ਕਿਵੇਂ ਹੋਇਆ?} ॥੧੭॥
{ਮਨ ਸ਼ੱਤ੍ਰੂ} ॥੫੦॥

ਦੋਹਰਾ:

ਸ਼੍ਰੀ ਗੁਰੁ ਪਗ ਕੇਤਕਿ ਪੁਸ਼ਪ, ਪ੍ਰੇਮ ਕੰਟ ਜਿਹ ਸੰਗ।

ਕੇਤਕਿ=ਕੇਤਕੀ, ਕਿਉੜੇ ਨਾਲ ਮਿਲਦਾ ਇਕ ਛੋਟਾ ਬੂਟਾ ਹੈ ਜਿਸ ਨੂੰ ਪੀਲੇ ਰੰਗ ਦੇ ਬੜੇ ਖੁਸ਼ਬੂਦਾਰ ਬੰਦ ਮੁੰਜਰਾਂ ਵਰਗੇ ਲੰਬੇ ਫੁੱਲ ਲਗਦੇ ਹਨ, ਇਨ੍ਹਾਂ ਤੋਂ ਅਤਰ ਤੇ ਅਰਕ ਭੀ ਬਣਦਾ ਹੈ। ਇਸਦੀ ਖੁਸ਼ਬੋ ਅੱਛੀ ਹੁੰਦੀ ਹੈ, ਪ੍ਰੰਤੂ ਕਵੀ ਜਨ ਕਹਿੰਦੇ ਹਨ ਕਿ ਭੌਰਾ ਇਸਦੇ ਫੁੱਲ ਤੇ ਨਹੀਂ ਬੈਠਦਾ। ਇਸ ਦੀਆਂ ਪੱਤੀਆਂ ਨਾਲ ਕੰਡੇ ਬੀ ਹੁੰਦੇ ਹਨ। ਕਵਿ ਜੀ ਕਹਿੰਦੇ ਹਨ ਕਿ ਮੈਂ ਆਪਣੇ ਮਨ ਰੂਪੀ ਭੌਰੇ ਨੂੰ ਪ੍ਰੇਮ ਦੇ ਕੰਡਿਆਂ ਨਾਲ ਵਿੰਨ੍ਹਕੇ ਗੁਰ ਪਗ ਰੂਪੀ ਕੇਤਕੀ ਫੁੱਲ ਤੇ ਬਿਠਾਵਾਂਗਾ। ਕੰਟ=ਕੰਡਾ, ਕੰਟਕ ਦਾ ਸੰਖੇਪ ਰੂਪ।

ਮਨ ਮਲਿੰਦ ਕੋ ਵੇਧ ਕਰਿ, ਕਹੋਂ ਕਥਾ ਸੁ ਉਮੰਗ ॥੧॥

ਮਲਿੰਦ=ਭਉਰਾ।

ਅਰਥ:

ਸ਼੍ਰੀ ਗੁਰੂ ਜੀ ਦੇ ਚਰਣ ਕੇਤਕੀ (ਦੇ ਫੁੱਲ ਸਮਾਨ ਸੁਗੰਧਿਤ ਹਨ) ਜਿਨ੍ਹਾਂ ਦੇ ਨਾਲ ਪ੍ਰੇਮ ਦਾ ਕੰਡਾ ਹੈ, (ਇਸੇ ਕੰਡੇ ਨਾਲ) ਮਨ (ਰੂਪੀ) ਭੌਰੇ ਨੂੰ ਵਿੰਨ੍ਹ ਕੇ (ਹੁਣ ਮੈਂ ਅੱਗੋਂ ਦੀ) ਕਥਾ ਉਮੰਗਾਂ ਨਾਲ ਕਹਿੰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਿ ਸ਼੍ਰੀ ਅੰਗਦ ਕਥਾ ਪੁਨੀਤਾ।
ਕਹਤਿ ਪ੍ਰਹਲਾਦ ਭਯੋ ਜਿਸ ਰੀਤਾ।
'ਦੈਤ ਪੁੱਤ੍ਰ ਜਬ ਢਿਗ ਹ੍ਵੈ ਬੈਸੇਂ[1]। [1]ਪਾਸ ਹੋ ਕੇ ਬੈਠਣ।
ਤਿਨ ਸੋਂ ਬਚਨ ਸੁਭਗ ਉਪਦੇਸ਼ੇ ॥੨॥
-ਦਨੁਜ ਸੁਤੁਹ! ਸੁਨਿਯਹਿ ਦੈ ਕਾਨਾ।
ਕਰਹੁ ਪ੍ਰਾਨ ਨਿਜ ਕੋ ਕੱਲਜਾਨਾ।
ਇਹ ਤਨ ਦੁਰਲਭ ਜਾਨਹੁ ਭਾਈ।
ਪੁਨ ਇਸਥਿਰ[1] ਨਹਿਂ ਜਗਤ ਰਹਾਈ ॥੩॥ [1]ਕਾਯਮ।
ਸੇਵਹੁ ਸ਼੍ਰੀ ਪਤਿ ਚਰਨ ਸਰੋਜਾ।

{ਦੈਂਤ ਪੁਤ੍ਰਾਂ ਨੂੰ ਵੈਰਾਗਮਈ ਉਪਦੇਸ਼}

ਤਜਹੁ ਰਿਦੇ ਤੇ ਮਾਨ ਮਨੋਜਾ[1]। [1]ਹੰਕਾਰ, ਕਾਮ (ਆਦਿ ਵਿਕਾਰ)।
ਨਿਸ ਦਿਨ ਸਿਮਰਹੁ ਨਾਮ ਮਹਾਨਾ।

ਸਭਿ ਸੁਖਧਾਮ ਕਰਤਿ ਕੱਲਜਾਨਾ[1] ॥੪॥ — [1]ਨਾਮ) ਸਾਰੇ ਸੁਖਾਂ ਦਾ ਘਰ ਹੈ, ਅਤੇ ਮੁਕਤੀ ਕਰਦਾ ਹੈ।

ਤਜਹੁ ਭੋਗ ਹਿਤ ਕਰਨ ਉਪਾਈ।
ਇਹ ਸਭਿ ਜੋਨਿ ਬਿਖੈ ਕਰ ਆਈ[1]। — [1]ਭਾਵ, ਭੋਗ ਹਰ ਜੂਨ ਵਿਚ ਮਿਲਦਾ ਹੈ।
ਸ਼ੂਕਰ, ਸ੍ਵਾਨ ਆਦਿ ਪਸੁ ਜੇਊ।
ਕਰਮਾਧੀਨ[1] ਪਾਇੰ ਸਭਿ ਤੇਊ ॥੫॥ — [1]ਕਰਮਾਂ ਦੇ ਅਧੀਨ ਹੋਕੇ।

ਇੰਦ੍ਰੀ ਸੁਖ[1] ਪਾਯਤਿ ਸਭਿ ਠੌਰਾ। — [1]ਇੰਦ੍ਰਿਆਂ ਦੇ ਸੁਖ।
ਬਿਨ ਪ੍ਰਯਾਸ[1] ਖਗ ਆਦਿ ਜਿ ਔਰਾ। — [1]ਬਿਨਾਂ ਯਤਨ।
ਬਿਨ ਸ਼ੰਕਾ ਤੇ ਬਾਸੁਰ ਰਾਤੀ।
ਕਾਮ ਚੇਸ਼ਟਾ ਕਰਤਿ ਸੁਹਾਤੀ ॥੬॥

ਇਹ ਤਨ ਭਜਨ ਹੇਤੁ ਹੈ ਦੀਨੋ।
ਬਾਦ ਨ ਖੋਵਹੁ ਸੁਨਹੁ ਪ੍ਰਬੀਨੋ !
ਜਿਉਂ ਬਿਨ ਮਾਂਗੇ ਤੇ ਦੁਖ ਆਵੈ।
ਤਿਉਂ ਹੀ ਜਤਨ ਬਿਨਾ ਸੁਖ ਪਾਵੈ ॥੭॥

ਤਾਂ ਤੇ ਭੋਗਨ ਹੇਤੁ[1] ਉਪਾਊ। — [1]ਭੋਗਾਂ ਲਈ।
ਕਰਿਯੇ ਨਹੀਂ ਕਦਾਚਿਤ ਕਾਊ[1]। — [1]ਕੋਈ।
ਜਬ ਲੌ ਮ੍ਰਿੱਤੁ ਨ ਹੋਇ ਸਰੀਰਾ।
ਤਬ ਲੌ ਸਿਮਰਹੁ ਗੁਨੀ ਗਹੀਰਾ ॥੮॥

ਸੁਨਹੁ ਆਰਬਲ ਬਿਤੇ ਜਿ[1] ਹੋਤੇ। — [1]ਜਿਸ ਤਰ੍ਹਾਂ।
ਅਰਧ ਜਾਨ[†] ਨਿੰਦ੍ਰਾ ਬਸਿ ਸੋਤੇ। — [†]ਪਾ:-ਜਾਤ।
ਬਾਲਿਕ ਮੁਗਧ[1] ਬੁੱਧਿ ਮਹਿਂ ਕੇਤੀ। — [1]ਅਜਾਣ।
ਸੁਧ ਬਿਹੀਨ ਬੀਤਹਿ ਸਭਿ ਤੇਤੀ ॥੯॥

ਭਯੋ ਤਰੁਨ[1] ਤਰੁਨੀ[2] ਤਬ ਜੀਤਾ। — [1]ਜਵਾਨ। [2]ਇਸਤ੍ਰੀ ਨੇ।
ਦਰਬ ਕਮਾਵਨ ਚਿੰਤਾ ਚੀਤਾ।
ਜਰਾ[1] ਗ੍ਰਸਤ[2] ਬਹੁਰੋ ਭਾ ਪ੍ਰਾਨੀ। — [1]ਬੁਢੇਪੇ ਕਰ। [2]ਗ੍ਰਸਿਆ।
ਇੰਦ੍ਰੀ ਸਿਥਲ[1] ਸੁਮਤਿ ਬਿਕੁਲਾਨੀ[2] ॥੧੦॥ — [1]ਢਿੱਲੀਆਂ। [2]ਵਿਆਕੁਲ ਹੋਈ।

ਗ੍ਰਿਹਾਸ਼ਕਿਤ[†] ਮਹਿਂ ਮੋਹ ਬਿਸਾਲਾ[1]। — [1]ਘਰ ਦੇ ਮੋਹ ਵਿਚ ਬਹੁਤ ਆਸ਼ਕਤ ਹੁੰਦਾ ਹੈ। [†]ਪਾ:-ਗਿਰਾ ਸਕਲ ਸਕਲ (ਸਾਰਿਆਂ) ਨਾਲ ਬਾਣੀ ਕਰ ਬਹੁਤ ਮੋਹ ਕਰਦਾ ਹੈ, ਬੁੱਢੇ ਨੂੰ ਮੱਤਾਂ

ਦੇਣ ਦੀ ਬਾਣ ਹੁੰਦੀ ਹੈ।

ਪੋਖਣ[1] ਕੁਟੰਬ ਬਿਤਾਯੋ ਕਾਲਾ।
[1]ਪਾਲਣ।

ਰਜੁ ਸਨੇਹ ਪਰਵਾਰ[1] ਬੰਧਾਨਾ।
[1]ਪਰਵਾਰ ਦੇ ਪਜਾਰ ਦੀ ਰਸੀ ਵਿੱਚ।

ਛੁਟਨੋ ਕਠਨ ਬਿਨਾਗੁਰ ਗਜਾਨਾ ॥੧੧॥

ਪ੍ਰਭੁ ਕਰੁਨਾ ਤੇ ਹੋਇ ਵਿਰਾਗਾ।
ਮੋਹ ਕੁਟੰਬਹਿ[1] ਕਰਹਿ ਤਯਾਗਾ।
[1]ਕੁਟੰਬ ਦੇ ਮੋਹ ਨੂੰ।

ਜਗਤ ਅਸਾਰ ਜਾਨਿ ਕਰਿ ਸਭਿਹੀ।
ਗੁਰ ਉਪਦੇਸ਼ ਗਹੈ ਦ੍ਰਿਢ ਤਬ ਹੀ ॥੧੨॥

ਆਤਮ ਪੂਰਨ ਜਹਿਂ ਕਹਿਂ ਦੇਖੀ।
ਨਿਜ ਸਰੂਪ ਕੋ ਲਖਹਿ ਵਿਸ਼ੇਖੀ।
ਮਨ ਕੀ ਬਿਰਤਿ ਟਿਕੇ ਸੁਖ ਰਾਸਾ।
ਨਿਸ਼ਚਲ ਹੋਵੈ ਦ੍ਰਿਢ ਅੱਭਜਾਸਾ- ॥੧੩॥

ਦੈਂਤ ਪੁੱਤ੍ਰ ਸੁਨਿ ਗਿਰਾ ਉਚਾਰੀ।
-ਹਮਹਿਂ ਬਤਾਇ ਬਾਤ ਇਹ ਸਾਰੀ।
ਅਸ ਤੁਮ ਗਜਾਨ ਕਹਾਂ ਤੇ ਪਾਵਾ?
ਸਰਬਹਿ ਸਾਰ ਅਸਾਰ ਲਖਾਵਾ[1] ॥੧੪॥
[1]ਕੀ ਸਾਰ ਹੈ ਤੇ ਕੀ ਅਸਾਰ ਹੈ, ਤੂੰ ਸਾਰੀ ਗਲ ਲਖ ਲਈ ਹੈ।

ਹਮ ਤੁਮ ਪਢਤਿ ਗੁਰੂ ਇਕ[†] ਪਾਹੀ।
[†]ਪਾ:-ਇਸ।

ਅਪਰ ਨਿਕਟ ਗਮਨੇ ਕਬ ਨਾਂਹੀ।
ਔਰ ਨ ਕੋ ਆਵਾ ਇਹ ਥਾਨਾ।
ਕਬਹੂੰ ਨਹਿਂ ਸਤਿਸੰਗ ਮਿਲਾਨਾ ॥੧੫॥

ਔਰ ਨ ਆਯੋ, ਤੂੰ ਨਹਿਂ ਗਯੋ।
ਐਸੋ ਗਜਾਨ ਕਹਾਂ ਤੇ ਭਯੋ?
ਇਹ ਸੰਸਾ ਉਰ ਦੇਹੁ ਮਿਟਾਈ-।
ਤਿਨ ਤੇ ਸੁਨਿ ਮੈਂ ਗਿਰਾ ਅਲਾਈ ॥੧੬॥

-ਜਬ ਮਮ ਪਿਤ ਤਪ ਹੇਤ ਪਧਾਰਾ।

{ਪ੍ਰਹਲਾਦ ਨੂੰ ਗਿਆਨ ਕਿਵੇਂ ਹੋਇਆ?}

ਮੰਦ੍ਰਾਚਲ ਪਰ ਹਠ ਵਡ ਧਾਰਾ।
ਸੁਨਿ ਕਰਿ ਸ਼੍ਰੋਨ ਸੁਰਨ ਸੰਮੂਹਾ[1]।
[1]ਸਾਰਿਆਂ ਨੇ।
ਸੈਨ ਬਟੋਰੀ ਕੀਨੀ ਬਯੂਹਾ[1] ॥੧੭॥
[1]ਫੌਜ ਕੱਠੀ ਕਰਕੇ ਤਰਤੀਬ ਵਾਰ ਕੀਤੀ।
ਹਰਖ ਪਰਸਪਰ ਬਚਨ ਬਖਾਨਾ।
-ਦਾਨਵ ਕੁਲ ਕੋ ਕਰਹੁ ਨਿਦਾਨਾ[1]।
[1]ਅੰਤ, ਨਾਸ਼।
ਬਿਨ ਪ੍ਰਯਾਸ[1] ਰਨੁਜੇਸ਼ ਨਸਾਨਾ[2†]-।
[1]ਬਿਨਾਂ ਯਤਨ। [2]ਦੈਂਤਾਂ ਦੇ ਰਾਜੇ ਦਾ ਨਾਸ਼ ਹੋ ਜਾਇਗਾ। [†]ਪਾ:-ਨ ਮਾਨਾ।
ਜਿਮ ਪਪੀਲਕਾ[1] ਅਹਿ[2] ਕਿਯ ਹਾਨਾ[3] ॥੧੮॥
[1]ਕੀੜੀਆਂ ਨੇ। [2]ਸੱਪ। [3]ਨਾਸ਼।
ਕਟਕ ਬਟੋਰ ਆਨਿ ਰਜਧਾਨੀ।
ਮੰਡਜੋ[1] ਜੁੱਧ ਕ੍ਰੁੱਧ ਕਰਿ ਮਾਨੀ[2]।
[1]ਰਚਿਆ। [2]ਮਨ ਵਿਚ (ਅ) ਹੰਕਾਰ ਨਾਲ।
ਦਾਨਵ[1] ਮਿਲਿ ਇਕ ਠਾਂ ਤਿਹ ਕਾਲਾ।
[1]ਦੈਂਤਾਂ ਨੇ।
ਦਾਰੁਨ[1] ਸੰਘਰ[2] ਕੀਨ ਬਿਸਾਲਾ ॥੧੯॥
[1]ਭਯਾਨਕ। [2]ਯੁੱਧ।
ਗਦਾ ਤ੍ਰਿਸੂਲਨ ਗਿਰ[1] ਤਰੁ[2] ਭਾਰੇ।
[1]ਪਹਾੜ। [2]ਬ੍ਰਿੱਛ।
ਏਕਹਿ ਬਾਰ ਸੁਰਨ ਪਰ ਡਾਰੇ।
ਤੇ ਬਚਾਇ ਇੰਦਰ ਕਰਿ ਕ੍ਰੋਧਾ।
ਲੇ ਕਰਿ ਸੰਗ ਸਰਬ ਨਿਜ ਜੋਧਾ ॥੨੦॥
ਬ੍ਰੱਜ[1] ਹਤਨ ਕਿਯ ਦੈਂਤ ਬਿਹਾਲਾ[2]।
[1]ਇੰਦ੍ਰ ਦਾ ਸ਼ਸਤ੍ਰ ਹੈ। [2]ਮਾਰ ਕੇ ਕੀਤੇ ਦੈਂਤ ਬੇਹਾਲ।
ਭਾਜੇ ਉਰ ਧਰਿ ਤ੍ਰਾਸ ਬਿਸਾਲਾ।
ਪੁੱਤ੍ਰ ਕਲਿੱਤ੍ਰ[1] ਨ ਮਿੱਤ੍ਰ ਸੰਭਾਰਾ।
[1]ਇਸਤ੍ਰੀ।
ਪ੍ਰਾਨ ਬਚਾਵਨ ਹੇਤ ਵਿਚਾਰਾ ॥੨੧॥
ਪਾਇ ਬਿਜੈ ਕੋ ਅਧਿਕ ਪੁਰੰਦਰ[1]।
[1]ਇੰਦ੍ਰ।
ਦੈਤ ਰਾਜ ਕੇ ਆਵਾ ਅੰਦਰ।
ਸਭਿ ਦਾਨਵ ਕੀ ਸੈਨ ਨਿਖੁਟੀ।
ਹਰਖਤਿ ਹ੍ਵੈ ਮੁਲਤਾਨ ਸੁ ਲੂਟੀ ॥੨੨॥
ਮਮ ਮਾਤਾ ਕੋ ਗਹਿ ਅਸੁਰਾਰੀ[1]।
[1]ਅਸੁਰ+ਅਰੀ ਦੈਤਾਂ ਦਾ ਵੈਰੀ ਇੰਦ੍ਰ।
ਲੇ ਕਰਿ ਗਮਨ ਨਿਜ ਸੰਗਾਰੀ।
ਸਹਿਜ ਸੁਭਾਇ ਚਲੇ ਮਗ ਜਾਈਂ।

ਨਾਰਦ ਮੁਨਿ ਮਿਲਿਓ ਤਬ ਆਈ
॥੨੩॥
ਪਿਖਿ ਕਰਿ ਰਿਖਿ ਉਰ ਉਪਜੀ ਦਾਯਾ।
ਕਹਿਨ ਲਗ੍ਯੋ ਤਬ -ਹੇ ਸੁਰ ਰਾਯਾ!
ਬਿਨ ਅਪਰਾਧ ਨਾਰ ਗਹਿ ਆਨੀ।
ਤਜਹੁ ਬੇਗ ਮਾਨਹੁ ਮਮ ਬਾਨੀ-
॥੨੪॥
ਸੁਨਤਿ ਸ਼ਰੋਨ ਬੋਲ੍ਯੋ ਪੁਰਹੂਤਾ[1]। [1]ਇੰਦ੍ਰ।
-ਇਸਕੇ ਗਰਭ ਬਲੀ ਹ੍ਵੈ ਪੂਤਾ।
ਜਨਮਤਿ ਹੀ ਮਾਰੋਂ ਮੈਂ ਤਾਂਹੀ।
ਗਹਿ ਆਨੀ ਬਨਿਤਾ[1] ਹਿਤ ਯਾਂ ਹੀ[2]- [1]ਇਸਤ੍ਰੀ। [2]ਇਸ ਵਾਸਤੇ।
॥੨੫॥
ਨਾਰਦ ਕਹਤਿ -ਸੁਨਹੁ ਸੁਰਰਾਈ[1]! [1]ਹੇ ਇੰਦ੍ਰ।
ਤਿਸ ਕੋ ਪੁਤ੍ਰ ਨ ਮਾਰਜੋ ਜਾਈ।
ਹ੍ਵੈ ਹਰਿ ਭਗਤ ਸੁ ਆਤਮ ਗ੍ਯਾਨੀ।
ਅਸ ਕੋ[1]? ਕਰੈ ਤਾਸ ਕੀ ਹਾਨੀ [1]ਐਸਾ ਕੌਣ ਹੈ
॥੨੬॥
ਤੁਮਰੇ ਸਹਿਤ ਅਪਰ ਜੋ ਦੇਵਾ।
ਹਨਿ ਕ ਸਕੈਂ ਤਤਪਰ ਹਰਿ ਸੇਵਾ[1]-। [1]ਜੋ ਹਰਿ ਸੇਵਾ ਵਿਚ ਲੱਗਾ ਹੈ।
ਮਾਨ ਪੁਰੰਦਰ ਭੈ ਉਰ ਮਾਂਹੀ।
ਰਿਖਿ ਕੇ ਕਹੇ ਛਾਡ ਦਿਯ ਤਾਂਹੀ
॥੨੭॥
ਭਗਤ ਨਾਮ ਸੁਨਿ ਬੰਦਨ ਕੀਨੀ।
ਚਹੁਂ ਦਿਸ਼ਿ ਤੀਨ ਪ੍ਰਦੱਖਨ ਦੀਨੀ।
ਤਿਹ ਛਿਨ ਕਰੁਨਾ ਕਰਿ ਮੁਨਿਰਾਯਾ।
ਕਹਿ ਹਿਤ ਸੋਂ ਨਿਜ ਆਸ਼੍ਰਮ[1] ਲ੍ਯਾਯਾ [1]ਆਪਣੇ ਟਿਕਾਣੇ ਤੇ।
॥੨੮॥
-ਹੇ ਪੁੱਤ੍ਰੀ ਰਹਿਯੇ ਇਸ ਥਾਨਾ।
ਜਬ ਲਗ ਤਬ ਪਤਿ[1] ਨਹੀਂ ਮਿਲਾਨਾ। [1]ਪਤੀ।
ਤਬ ਲਗ ਸਭਿ ਤੇ ਨਿਰਭੈ ਪਾਈ।
ਰਹੋ ਰਿਖਿਨਿ ਢਿਗ ਚਿੰਤ ਬਿਹਾਈ-

॥੨੯॥
ਸੁਨਿ ਕਰਿ ਸਭਿ ਦੁਖ ਚਿੰਤਾ ਭਾਗੀ।
ਹਿਤ ਧਰਿ ਰਿਖਿਨਿ ਸੇਵ ਕੋ ਲਾਗੀ।
ਇਸ ਪ੍ਰਕਾਰ ਬੀਤਯੋ ਕਿਤ ਕਾਲਾ।
ਮੁਝ ਉਪਦੇਸ਼ਯੋ ਗਯਾਨ ਬਿਸਾਲਾ[1] [1]ਭਾਵ ਨਾਰਦ ਨੇ।
॥੩੦॥
ਰਹੀ ਨ ਸੁਧ ਮਾਤਾ ਕੋ ਜਬ ਕੀ।
ਰਿਦੇ ਭਗਤਿ ਧਾਰੀ ਮੈਂ ਤਬ ਕੀ।
ਸੋ[1] ਅਬ ਤੁਮ ਸੋਂ ਕਹਿਤਿ ਸੁਨਾਈ। [1]ਭਾਵ, ਭਗਤੀ।
ਕਰਹੁ ਸਦੀਵ ਬਿਕਾਰ ਬਿਹਾਈ[1] [1]ਵਿਕਾਰ ਨਾਸ਼ ਕਰਕੇ (ਭਗਤੀ) ਕਰੋ।
॥੩੧॥
ਖਟ ਬਿਕਾਰ[1] ਆਤਮ ਮਹਿਂ ਨਾਂਹੀ। [1]ਵਿਕਾਰ, ਵਟਾਉ।
ਲਖਿਯੇ ਸਰਬ ਸ਼ਰੀਰਨਿ ਮਾਂਹੀ।
ਜਨਮ, ਅਸਤ[1], ਅਰ ਬ੍ਰਿੱਧ[2], ਪ੍ਰਣਾਮਾ[3]। [1]ਇਸਥਿਤੀ। [2]ਬੁੱਢਾ ਹੋਣਾ। [3]ਬਦਲ ਜਾਣਾ।
ਖੀਣ ਹੋਣ[1], ਮਰਨੋ ਦੁਖ ਧਾਮਾ [1]ਕ੍ਰਿਸ਼ ਹੋਣਾ, ਢਲਨਾ।
॥੩੨॥
ਆਤਮ ਇਨ ਤੇ ਰਹਿਈ ਨਯਾਰੋ।
ਜਯੋਂ ਜਲ ਕਮਲ ਦਲਨ[1] ਨਿਰਧਾਰੋ[2]। [1]ਕਮਲ ਦੇ ਪੱਤੇ। [2]ਨਿਰਨੈ ਕਰੋ।
ਸ਼ੁੱਧ ਬਯਾਪਕ[1] ਅਵਜਯ[2] ਸੋਊ। [1]ਪਰੀ ਪੂਰਨ। [2]ਇਕ ਰਸ।
ਸਰਬ ਸ਼ਰੀਰਨ[1] ਆਸ਼੍ਰਯ ਜੋਊ ॥੩੩॥ [1]ਸਾਰੇ ਸ਼ਰੀਰਾਂ ਦਾ।
ਸੱਤਯ, ਸਦੀਵ, ਅਨੰਦ ਅਨੂਪਾ।
ਸੋ ਤੁਮ ਜਾਨੋ ਅਪਨ ਸ੍ਵਰੂਪਾ।
ਨੰਸ੍ਵਰ[1] ਦੇਹਿ ਪਦਾਰਥ ਜੇਤੇ। [1]ਨਾਸ਼ਮਾਨ।
ਮੈਂ ਮੇਰੀ ਤਜਿ ਦੇਹੁ ਇਨੇ ਤੇ[1†] [1]ਇਨ੍ਹਾਂ ਤੋਂ। †ਪਾ:-ਅਨੇਤੇ।
॥੩੪॥
ਪ੍ਰਕ੍ਰਿਤਿ ਮੂਲ ਮਹਿਤੱਤ ਉਪਾਵਾ।
ਅਹੰਕਾਰ ਤਨ ਮਾਤ੍ਰ ਬਨਾਵਾ†।

†ਇਹ ਸਾਂਖ ਸ਼ਾਸਤ੍ਰ ਦਾ ਹਿਸਾਬ ਹੈ:-ਅਰਥਾਤ ਮੂਲ ਪ੍ਰਕ੍ਰਿਤੀ ਹੈ, ਉਸ ਤੋਂ ਮਹਿਤਤ੍ਵ, ਉਸ ਤੋਂ ਅਹੰਕਾਰ, ਅਹੰਕਾਰ ਤੋਂ ਪੰਚ ਤਨ ਮਾਤ੍ਰਾ (ਸ਼ਬਦ, ਸਪਰਸ਼, ਰੂਪ, ਰਸ, ਗੰਧ), ਪੰਜ ਤਨ ਮਾਤ੍ਰਾ ਤੋਂ ਪੰਚ ਭੂਤ, ਇਨ੍ਹਾਂ ਤੋਂ ੧੧ ਇੰਦ੍ਰੀਆਂ (ਪੰਜ ਗਯਾਨੇਂਦ੍ਰਯ, ਪੰਜ ਕਰਮੇਂਦ੍ਰਯ, ਯਾਰ੍ਹਵਾਂ ਮਨ) ਇਹ ਸਾਰੇ ਚਉਵੀ ਹਨ ਤੇ ਪੰਝੀਵਾਂ ਪੁਰਖ।

ਇੰਦ੍ਰੀ ਏਕਾਦਸ਼ ਪਰਕਾਰਾ[1]। [1]ਗਿਆਰਾਂ ਤਰ੍ਹਾਂ ਦੀਆਂ।

ਪੰਚ ਭੂਤ[1] ਇਹ ਸਰਬ ਪਸਾਰਾ ॥੩੫॥ [1]ਨਿਰਲੇਪ।

ਪੁਰਖ ਏਕ ਸਭਿ ਥਾਨ ਪਛਾਨੋ।

ਹੈ ਅਸੰਗ[1] ਇਨ ਆਸ਼੍ਰਯ[2] ਜਾਨੋ[†]। [1]ਪੰਜਾਂ ਤੱਤਾਂ ਦਾ। [2]ਇਨ੍ਹਾਂ ਦਾ ਆਸਰਾ।

[†]ਪੁਰਖ ਨੂੰ ਸਾਰੇ ਬਾਈਂ 'ਇਕ' ਮੰਨਣਾ, ਉਸ ਦਾ ਅਸੰਗ ਹੋਣਾ ਤੇ ਜਗਤ ਦਾ ਆਸਰਾ ਰੂਪ ਹੋਣਾ ਇਹ ਹਿਸਾਬ ਵੇਦਾਂਤ ਦਾ ਹੈ। ਸਾਂਖ ਨੇ ਸਾਰੇ ਵਜਾਪਕ ਇਕ ਪੁਰਖ ਨਹੀਂ ਮੰਨਿਆ, ਉਸ ਨੇ ਪੁਰਖ ਅਨੇਕਾਂ ਮੰਨੇ ਹਨ। ਸਤਿਗੁਰੂ ਜੀ ਦੇ ਮਤਿ ਵਿਚ ਪੁਰਖ ਸਾਰੇ ਵਜਾਪਕ ਹੈ। ਪਰ ਉਹ ਕਰਤਾ ਬੀ ਹੈ ਤੇ ਕਾਦਰ ਬੀ ਹੈ ਤੇ ਫੇਰ ਅਸੰਗ ਹੈ। ਯਥਾ- 'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।'

ਜਿਉਂ ਮਾਲਾ ਕੇ ਮਨਕਨ[1] ਮਾਂਹੀ। [1]ਮਣਕਿਆਂ।

ਏਕ ਸੂਤ ਸਭਿਹਿਨਿ ਮਹਿਂ ਆਹੀ ॥੩੬॥

ਤੀਨ ਅਵਸਥਾ ਤਾਂਹਿ[1] ਨ ਕੋਈ। [1]ਤਿਸ (ਪੁਰਖ) ਦੀਆਂ।

ਅਹੈ ਤੁਰੀ[1] ਸਾਖੀ[2] ਹੈ ਸੋਈ। [1]ਚੌਥੀ (ਅਵਸਥਾ)। [2]ਦ੍ਰਿਸ਼ਟਾ (ਹੈ ਉਹ)।

ਐਸੋ ਜੇ ਨਿਜ ਲਖਹੁ ਸਰੂਪਾ।

ਪਾਵਹੁਗੇ ਤਬ ਅਨੰਦ ਅਨੂਪਾ[†] ॥੩੭॥ [†]ਇਹ 'ਗਜਾਨ' ਦਾ ਉਪਦੇਸ਼ ਹੈ।

ਜਨਮ ਮੂਲ ਜਾਨੁਹ ਅੱਗਜਾਨਾ।

ਪਾਪ ਪੁੰਨ ਕੋ ਧਰਿ ਕਰਿ ਮਾਨਾ[1]। [1]ਹੰਕਾਰ।

ਅਨਿਕ ਜੋਨਿ ਪਾਵਹੁ ਦੁਖ ਭਾਰੀ।

ਜਾਇ ਵਾਸ਼ਨਾ ਕੇ ਅਨੁਸਾਰੀ ॥੩੮॥

ਸੋ[1] ਉਰ ਤੇ ਪਰਿਹਰਿ[2] ਬਿਧਿ ਨੀਕੇ। [1]ਓਹ, ਭਾਵ ਵਾਸ਼ਨਾ। [2]ਦੂਰ ਕਰੋ।

ਪਾਵਹੁ ਅਨੰਦ ਭਾਵਤੇ ਜੀ ਕੇ।

ਨਾਰਦ ਜਿਹ ਬਿਧਿ ਮੁਝੇ ਸੁਨਾਵਾ।

ਤਿਹ ਪ੍ਰਕਾਰ ਅਬ ਤੁਮ ਪ੍ਰਤਿ ਗਾਵਾ ॥੩੯॥

ਅਰਪਹੁ ਕਰਮ ਬਿਸ਼ਨੁ[1] ਪਗ ਮਾਂਹੀ। [1]ਬਿਸ਼ਨੂੰ ਦੇ।

ਹ੍ਵੈ ਨਿਹਕਾਮ[1] ਨਾਮ ਭਜਿ ਤਾਂਹੀ-। [1]ਕਾਮਨਾ ਰਹਿਤ।

ਸਨਿ ਉਪਦੇਸ਼ ਸਭੈ ਤਬ ਬਾਲਿਕ।

ਉਪਜੀ ਭਗਤਿ ਰਿਦੇ ਦੁਖ ਘਾਲਕ[1] ॥੪੦॥ [1]ਦੁਖਾਂ ਦੇ ਨਾਸ਼ ਕਰਨ ਵਾਲੀ।

ਸਿਮਰਨ ਲਗੇ ਨਾਮ ਸੁਖਕਾਰੀ।
ਹਰਿ ਗੁਣ ਗਾਇ ਪ੍ਰੇਮ ਕਰਿ ਭਾਰੀ।
ਉਠਤਿ ਬੈਠਤਿ ਗਵਨਤਿ ਤਬ ਹੀ।
ਨਾਮ ਪੁਕਾਰਹਿਂ -ਹਰਿ ਹਰਿ- ਸਭਿ ਹੀ ॥੪੧॥

ਸ਼ੁੱਕ੍ਰ ਸੂਨ[1] ਅਸ ਰੀਤਿ ਬਿਲੋਕੀ[2]। — [1]ਸ਼ੁੱਕ੍ਰ ਦੇ ਪੁੱਤ੍ਰ ਸ਼ੰਡੇ ਮਰਕੇ ਨੇ। [2]ਦੇਖੀ।
ਭੀ ਕੁਚਾਲ ਲਖਿ ਸਭਿ ਮਤਿ ਸ਼ੋਕੀ।
ਜਸਪਦ[1]† ਲੀਨ ਆਪਨੇ ਸਾਥਾ। — [1]ਛੇਤੀ। †ਪਾ:-ਸਿਸ ਗਹਿ।
ਗਏ, ਹੁਤੋ ਜਹਿਂ ਦਾਨਵ ਨਾਥਾ ॥੪੨॥

-ਨਿਜ ਸੁਤ ਕੋ ਅਬ ਰਖਹੁ ਅਗਾਰਾ।
ਸਰਬ ਬਿਗਾਰੀ ਇਨ ਚਟਸਾਰਾ।
ਰੰਚਕ[1] ਡਰ ਨਹਿਂ ਮਨ ਮਹਿਂ ਮਾਨੇ। — [1]ਥੋੜਾ ਜਿਹਾ।
ਭਗਤਿ ਕਰਨ ਸਭਿ ਬਾਲ ਸਿਖਾਨੇ- ॥੪੩॥

ਦੈਤਰਾਜ ਅੱਗਜਾਨ ਅਰੂਢਾ।
ਮਨ ਹੰਕਾਰ ਵਡੋ ਮਤਿਮੂਢਾ।
ਜਾਗਜੋ ਹਿਰਦੇ ਕ੍ਰੋਧ ਬਿਸਾਲਾ।
ਮਨਹੁ ਦੂਸਰੀ ਪ੍ਰਗਟੀ ਜ੍ਵਾਲਾ ॥੪੪॥

ਤਿਰਛੇ ਕਰਿਕੇ ਨੈਨ ਤਰੇਰੇ[1]। — [1]ਤਾੜਕੇ ਫੇਰੇ।
ਬੋਲਤਿ ਭਾ ਦੁਰਬਚਨ ਘਨੇਰੇ।
-ਮੰਦ ਮਤੀ ਰੇ ਮੂਢ ਕੁਭਾਗੀ!
ਮਹਾਂ ਅਧਮ† ਕੁਲ ਰੀਤਿ ਤਯਾਗੀ ॥੪੫॥ — †ਪਾ:-ਮਹਾਂ ਮੰਦ।

ਕਾਲ ਨਿਕਟ ਆਵਾ ਅਬ ਤੇਰੇ।
ਆਇਸੁ ਮੇਟਤਿ[1] ਹੋਵਤਿ ਮੇਰੇ। — [1]ਮੋੜਦਾ ਹੈਂ।
ਕਿਹ[1] ਬਲ ਕੇ ਅਲੰਬ[2]? ਕੁਲਘਾਤੀ! -। — [1]ਕਿਸ ਦੇ। [2]ਆਸਰੇ।
ਅਸ ਕਹਿ ਹਨੀ ਲਾਤ ਮਮ ਛਾਤੀ ॥੪੬॥

ਬਿਖ ਸੀ[1] ਬਾਨੀ ਬਕਤਿ ਬਹੋਰੀ। — [1]ਵਿਹੁ ਵਰਗੀ (ਕੌੜੀ)।

ਬੋਲਯੋ ਮੈਂ ਤਬ ਦੁਇ ਕਰ ਜੋਰੀ[1]। — [1]ਦੋਵੇਂ ਹੱਥ ਜੋੜਕੇ।
-ਪਿਤਾ! ਜੁ ਕਰਹੁ ਕ੍ਰੋਧ ਇਤਬਾਦੂ[1]। — [1]ਬਿਅਰਥ।
ਕੈਸੇ ਬਿਖ ਸਮ ਬੋਲਤਿ ਨਾਦੂ[1] ॥੪੭॥ — [1]ਵਾਕ।
ਨਹਿਂ ਤਵ ਬਲ, ਨਹਿਂ ਮਮ ਬਲ ਕੋਊ।
ਬਲੀ ਅਪਰ ਆਸ਼੍ਰਯ ਜਗ ਸੋਊ।
ਥਾਵਰ ਜੰਗਮ[1] ਕੀਟ ਬਿਧਾਤਾ[2]। — [1]ਜੜ ਚੇਤਨ। [2]ਕੀੜੀ ਤੋਂ ਲੈ ਕੇ ਬ੍ਰਹਮਾ ਤਕ।
ਜਿਹ ਬਸਿ ਕਰਿ ਸਭਿ ਰਾਖੇ ਤਾਤਾ[1]! ॥੪੮॥ — [1]ਹੇ ਪਿਤਾ!
ਅਤਿ ਬਲਿਸ਼ਟ[1] ਕਾਲਹੁ ਕਰਿ ਕਾਲੂ[2]। — [1]ਬਲੀ ਹੈ। [2]ਕਾਲ ਦਾ ਵੀ ਕਾਲ ਕਰਨ ਵਾਲਾ ਹੈ।
ਖਾਇ ਸਭਿਹਿਂ ਮੇਂਡਕ[1] ਜਯੋਂ ਬਯਾਲੂ[2]। — [1]ਡੱਡੂ ਨੂੰ। [2]ਸੱਪ ਵਾਂਙ।
ਬਲ ਜੋ ਮਨ ਤਨ ਬਿਖੈ ਰਿਖੀਕੰ[1]। — [1]ਇੰਦ੍ਰੀਆਂ ਵਿਚ।
ਜਾਨਹੁ ਤਿਹ ਪ੍ਰਸਾਦਿ ਬਿਧਿ ਨੀਕੰ ॥੪੯॥
ਤਜਹੁ ਸੁਭਾਉ ਅਸੁਰ ਨਿਜ ਜਾਤੀ।
ਮਨ ਜੀਤਨ ਬਿਧਿ ਕਰਿ ਭਲਿ ਭਾਂਤੀ।
ਮਨ ਸਮਾਨ ਨਹਿਂ ਸ਼ੱਤ੍ਰੂ ਕੋਊ।
{ਮਨ ਸ਼ੱਤ੍ਰੂ}
ਅਨਿਕ ਜਨਮ ਜਗ ਦੇਵਤਿ ਜੋਊ ॥੫੦॥
ਸੁ ਵਸ ਕਰਨ ਕੋ[1] ਕਰਹੁ ਉਪਾਊ। — [1]ਉਸ ਨੂੰ ਵੱਸ ਕਰਨ ਦਾ।
ਨੀਕੀ ਨੀਤਿ ਅਪਰ ਨਹਿਂ ਕਾਊ।
ਸ਼ਬਦ ਸਪਰਸ਼ਾਦਿਕ ਇਹ ਘੋਰੇ[1]। — [1]ਘੋੜੇ।
ਇਨ ਪਰ ਚਢਤਿ ਦਸੋ ਦਿਸ਼ ਦੌਰੇ ॥੫੧॥
ਮਨ† ਬਿਖਿਯਨ ਮਹਿਂ ਅਹੈ ਮਵਾਸੂ[1]‡। — [1]ਆਕੀ। †ਪਾ:-ਬਨ†। ‡ਪਾ:-ਨਿਵਾਸੂ।
ਵਡ ਹੰਕਾਰ ਕੋਟ[1] ਦ੍ਰਿਢ[2] ਤਾਸੂ[3]। — [1]ਕਿਲ੍ਹਾ। [2]ਪੱਕਾ। [3]ਤਿਸਦਾ।
ਕਾਮ ਕ੍ਰੋਧ ਲੋਭਾਦਿਕ ਜੇਈ।
ਸਰਬ ਸਹਾਇਕ ਜਾਨਹੁ ਤੇਈ ॥੫੨॥
ਇਹ ਜੋਧਾ ਦੁਰਜੈ[1] ਸਭਿ ਮਾਂਹੀ। — [1]ਜਿੱਤਣੇ ਕਠਨ ਹੋਣਗੇ।
ਮਹਾਂ ਬਲੀ ਜੀਤਹਿ ਕੋ ਤਾਂਹੀ।

ਜੇਕਰਿ ਬੂਝਯੋ ਚਹਿਤ ਉਪਾਊ।
ਸਤਿ ਸੰਗਤ ਮਹਿਂ ਕਰਿ ਚਿਤ ਚਾਊ ॥੫੩॥
ਪਾਰਬ੍ਰਹਮ ਕੋ ਸਿਮਰਨ ਕੀਜੈ।
ਹਉਮੈ ਕੋ ਉਰ ਤੇ ਤਜਿ ਦੀਜੈ।
ਨਾਮ ਬਿਖੈ ਨਿਜ ਬਿੱਤ੍ਰਿ ਟਿਕਾਵੋ।
ਅਪਰ ਸਰਬ ਸੰਕਲਪ ਹਟਾਵੋ ॥੫੪॥
ਇਸ ਪ੍ਰਕਾਰ ਮਨ ਜੀਤਯੋ ਜਾਈ।
ਸਰਬ ਦਿਗਬਿਜੈ ਤਬ ਤੂੰ ਪਾਈ।
ਬਿਨ ਮਨ ਜੀਤੇ ਸੂਰ ਕਹਾਵੈ।
ਅਧਿਕ ਆਪ ਕੋ ਬਲੀ ਗਿਨਾਵੈ ॥੫੫॥
ਮਹਿਤ ਪੁਰਖ[1] ਤਿਹ ਜਾਨਹਿਂ ਮੂਢਾ।
[1]ਵਡੇ ਲੋਕ।
ਲਖਿ ਨ ਸਕਾਇ ਭੇਦ ਜੋ ਗੂਢਾ-।
ਸੁਨੀ ਸ਼੍ਰੋਨ ਮਹਿਂ ਜਬ ਅਸ ਬਾਨੀ।
ਹਿਰਨਕਸ਼ਪ ਮਤਿ[†] ਮੂਢ ਗੁਮਾਨੀ ॥੫੬॥
[†]ਪਾ:-ਮਨ।
ਉਰ ਮਹਿਂ ਪ੍ਰਗਟੀ ਰਿਸਤਿ ਬਹੂਤੀ।
ਅਗਨਿ ਬਰਤਿ[1] ਜਨੁ[2] ਪਾਇ ਅਹੂਤੀ।
[1]ਬਲਦੀ ਹੈ। [2]ਮਾਨੋਂ।
ਕੰਪਤਿ ਦੇਹਿ ਲਾਲ ਅਤਿ ਨੈਨਾ।
ਕਾਟਤਿ ਅਧਰਨ[1] ਚਿਤ ਨਹਿਂ ਚੈਨਾ[†] ॥੫੭॥
[1]ਬੁਲ੍ਹਾਂ ਨੂੰ। [†]ਪਾ:-ਕਾਟਤ ਅਧਰ, ਨ ਚਿਤ ਮਹਿਂ ਚੈਨਾ।
ਨਖ ਸ਼ਿਖ ਦਾਰੁਨ ਭੇਖ ਬਨਾਵਾ।
ਨਾਸੈਂ[1] ਨਿਕਸ[2] ਧੂਮ ਨਭ[3] ਛਾਵਾ।
[1]ਨਾਸਕਾਂ ਵਿਚੋਂ। [2]ਨਿਕਲਕੇ। [3]ਅਕਾਸ਼ ਵਿਚ।
ਹੁਤੇ ਸਭਾਸਦ[1] ਜੇ ਤਿਹ ਥਾਨਾ।
[1]ਦਰਬਾਰੀ।
ਡਰ ਕਰਿ ਧਰਕੇ[1] ਕਛੁ ਨ ਬਖਾਨਾ' ॥੫੮॥
[1]ਧੜਕ ਗਏ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨੰਨ ਨਾਮ ਅਠਾਹਟਮੋਂ ਅਧਯਾਯ ॥੬੮॥

## ੬੯. [ਸਤਿਗੁਰ ਮੰਗਲ। ਪ੍ਰਹਲਾਦ ਪ੍ਰਸੰਗ]

੬੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੭੦

{ਦਸ ਸ਼ੁਭ ਗੁਣ} ॥੫੦॥

ਦੋਹਰਾ:

ਸਤਿਗੁਰ ਮਮ ਬੇਰੀ ਕਟਹੁ, ਨਿਜ ਬੇਰੀ ਪਰ ਚਾਰਿ।
ਇਸ ਬੇਰੀ ਹ੍ਵੈ ਭਵ ਸੁਫਲ, ਬਿਨ ਬੇਰੀ ਕਰਿ ਪਾਰ ॥੧॥

ਬੇਰੀ=ਬੇੜੀ, ਪੈਰਾਂ ਦੀਆਂ ਕੜੀਆਂ ਜੋ ਕੈਦੀਆਂ ਨੂੰ ਪਾਉਂਦੇ ਹਨ। ਹੱਥਾਂ ਦੀ ਹਥਕੜੀ ਤੇ ਪੈਰਾਂ ਦੀ ਬੇੜੀ ਕਹਿਲਾਉਂਦੀ ਹੈ, ਭਾਵ ਕੈਦ।
ਬੇਰੀ=ਬੇੜੀ, ਨਾਉਕਾ। ਬੇੜਾ ਤੋਂ ਬੇੜੀ ਭਾਵ ਛੋਟੀ ਬੇੜੀ।
ਬੇਰੀ=ਵਾਰੀ, ਹਿੰਦੀ ਵਿਚ ਬਾਰ ਨੂੰ ਬੇਰੀ ਬੀ ਲਿਖ ਬੋਲ ਲੈਂਦੇ ਹਨ।
ਬੇਰੀ=ਢਿੱਲ, ਦੇਰੀ, ਬੇਰ ਨੂੰ ਹਿੰਦੀ ਵਿਚ ਬੇਰੀ ਬੀ ਲਿਖ ਬੋਲ ਲੈਂਦੇ ਹਨ।

ਅਰਥ:

(ਹੇ) ਸਤਿਗੁਰੂ ਜੀ! ਮੇਰੀ ਕੈਦ ਕੱਟ ਦਿਓ (ਅਤੇ) ਆਪਣੀ ਨੌਕਾ ਪਰ ਚਾੜ੍ਹਕੇ ਬਿਨਾ ਦੇਰੀ (ਦੇ ਸੰਸਾਰ ਨਦੀ ਤੋਂ) ਪਾਰ ਕਰ ਦਿਓ (ਜੋ) ਇਸ ਵਾਰੀ ਦਾ ਜਨਮ ਸਫਲਾ ਹੋ ਜਾਵੇ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਗੁਰੁ ਅੰਗਦ ਜੀ ਇਹ ਕਥਾ।
ਜਥਾ ਪ੍ਰਹਿਲਾਦ ਭਨੀ ਸੁਨੁ ਤਥਾ।
'ਹਿਰਨਕਸ਼ਪ ਸੁਨਿ ਬਿਸ਼ਨੁ ਉਪਾਸਨ'[1]। — [1]ਬੰਦਗੀ।
ਭਯੋ ਕ੍ਰੋਧ ਮੈਂ ਮਨਹੁ ਹੁਤਾਸਨ[1] ॥੨॥ — [1]ਅਗਨੀ।
ਮਾਰਨ ਚਹਿਸ ਮੰਦਮਤਿ ਮਾਨੀ।
ਮੁਖ ਤੇ ਬੋਲਯੋ ਬਿਖਵਤ[1] ਬਾਨੀ। — [1]ਜ਼ਹਿਰ ਵਰਗੀ।
-ਰੇ ਸਠ ਬਾਲਿਕ! ਮੋ ਬਿਨ ਈਸਾ[1]। — [1]ਸ੍ਵਾਮੀ।
ਕਹੋ ਕਹਾਂ? ਨਤੁ[1] ਕਾਟੋਂ ਸੀਸਾ[2]- ॥੩॥ — [1]ਨਹੀਂ ਤਾਂ। [2](ਤੇਰਾ) ਸਿਰ।
ਅਸ ਕਹਿ ਮਜਾਨਹਿ ਤੇ ਸੁ ਮਹਾਨਾ।
ਖੈਂਚਿ ਖੜਗ ਕਰ ਮਹਿਂ ਚਮਕਾਨਾ।
-ਕੋ ਰਖਵਾਰੋ? ਦੇਹੁ ਬਤਾਈ।
ਅਬ ਜਮ ਧਾਮਹਿ[1] ਦੇਉਂ ਪਠਾਈ- ॥੪॥ — [1]ਧਰਮਰਾਜ ਦੇ ਘਰ।
ਸੁਨਿ ਕਰਿ ਮੈਂ ਤਬ ਗਿਰਾ ਅਲਾਈ।
-ਪਰਿਪੂਰਨ ਹੈ ਸਭਿਨੀ ਥਾਈਂ।

ਤਿਹ ਬਿਹੀਨ ਕੋ ਥਾਨ ਨ ਊਨਾ।
ਜਢ ਜੰਗਮ ਮੈਂ ਪਿਖੌਂ ਨ ਸੂਨਾ- ॥੫॥
ਕਹਿਤ[1] -ਜਿ ਹੈ ਜਢ ਜੰਗਮ ਮਾਂਹੀ।
[1]ਦੈਂਤ ਨੇ ਕਿਹਾ।
ਇਹ ਸਥੰਭ ਮਹਿਂ[1] ਦੀਸਤਿ ਨਾਂਹੀ।
[1]ਇਸ ਥੰਮੇ ਵਿਚ।
ਬ੍ਰਿਥਾ ਬਕਤਿ ਬਾਲਿਕ ਮਤਿਮੰਦੇ !
ਅਬਹਿ ਕਰੌਂ ਤਵ ਸੀਸ ਨਿਕੰਦੇ- ॥੬॥
ਮੈਂ ਨਿਸ਼ਚੈ ਧਰਿ ਹ੍ਰਿਦੇ ਵਿਸੇਖੋ।
ਕਹ੍ਯੋ -ਥੰਭ ਦਿਸ਼ਿ ਭਲਿ ਬਿਧਿ ਦੇਖੋ।
ਅਹੈ ਬਿਸ਼ਨੁ ਤਿਹ ਮਹਿਂ ਲਖਿ ਸਾਚੋ।
ਤੋਹਿ ਨ ਦੀਸਤਿ ਮਤ ਕੇ† ਕਾਚੋ- ॥੭॥
†ਪਾ:-ਤੇ, ਭੇ।
ਅਸ ਸੁਨਿ, ਕੋਪ ਥੰਭ ਦਿਸ਼[1] ਦੇਖਾ।
[1]ਵੱਲ।
ਖੜਗ ਮੁਸਟ[1] ਹਨਿ[2] ਜੋਰ ਬਿਸ਼ੇਖਾ।
[1]ਤਲਵਾਰ ਦੀ ਮੁੱਠ। [2]ਮਾਰੀ।
ਭਯੋ ਸ਼ਬਦ ਦਾਰੁਨ[1] ਅਤਿ ਘੋਰਾ[2]।
[1]ਭਯਾਨਕ। [2]ਬੜਾ ਡਾਢਾ।
ਜਨੁ[1] ਬ੍ਰਹਮੰਡ ਦੀਨ ਕਿਨ ਫੋਰਾ[2] ॥੮॥
[1]ਮਾਨੋਂ। [2]ਫੋੜ।
ਸੁਨ੍ਯੋ ਬਿਧਾਤੇ[1] ਅਪਨੋ ਲੋਕਾ।
[1]ਬ੍ਰਹਮਾ ਨੇ।
ਪ੍ਰਲੈ ਕਾਲ ਲਖਿ[1] ਸਭਿ ਕੋ ਸ਼ੋਕਾ[2]।
[1]ਜਾਣ ਕੇ। [2]ਅਫਸੋਸ ਹੋਇਆ।
ਬ੍ਰਧਰ ਭਏ[1] ਜੇ[2] ਸਭਾ ਮਝਾਰੀ।
[1]ਬੋਲੇ ਹੋ ਗਏ। [2]ਜਿਤਨੇ (ਸਨਗੇ)।
ਗਿਰੇ ਕਿਤਕ ਤਹਿਂ ਖਾਇ ਭਵਾਰੀ[1] ॥੯॥
[1]ਭੁਵਾਲੀ।
ਸਭਿ ਦੈਂਤਨ ਕੀ ਸੁਧ ਤਬ ਨਾਸ਼ੀ।
ਚਾਰੋਂ ਦਿਸ਼ਿ ਮਹਿਂ ਧੁਨਿ[1] ਸੁ ਪ੍ਰਕਾਸ਼ੀ॥
[1]ਅਵਾਜ਼।
ਸੁਨਿ ਦਨੁਜੇਸ਼[1] ਚੱਕ੍ਰ[2] ਚਿਤ ਮਾਂਹੀ।
[1]ਦੈਂਤਾਂ ਦਾ ਰਾਜਾ। [2]ਹੈਰਾਨ।
ਲੋਚਨ ਗੋਚਰ ਪਿਖਿਯਤਿ ਨਾਂਹੀ[1] ॥੧੦॥
[1]ਅੱਖਾਂ ਅੱਗੇ ਤਾਂ ਕੁਛ ਨਹੀਂ ਦਿਸਦਾ।
ਭਯੋ ਉਦਿਤ[1] ਮਾਰਨ ਕਰਵਾਰਾ[2]।
[1]ਤਿਆਰ ਹੋਇਆ। [2]ਤਲਵਾਰ ਮਾਰਨ ਨੂੰ।
ਤਬ ਨਰਹਰਿ[1] ਨਿਜਰੂਪ ਦਿਖਾਰਾ[2]।
[1]ਨਰਸਿੰਘ ਨੇ। [2]ਦਿਖਾਇਆ।
ਨਹਿਂ ਮਾਨੁਖ ਨਹਿਂ ਸਿੰਘ ਬਨਾਉ[1]।
[1]ਨਾ ਮਨੁੱਖ ਨਾ ਸ਼ੇਰ ਦੀ ਬਨਾਵਟ, ਸੂਰਤ ਹੈ।
ਪ੍ਰਗਟ੍ਯੋ ਵਡੋ ਪ੍ਰਤਾਪ ਪ੍ਰਭਾਊ ॥੧੧॥

ਥੰਭ ਪਾੜ ਨਿਕਸੇ ਜਗਰਾਈ।
ਅਦਭੁਤ ਦਾਰੁਨ ਬੇਖ ਬਨਾਈ।
ਦੈਤ ਰਾਜ ਅਵਲੋਕ ਬਿਚਾਰਾ।
-ਕੋ ਇਹ? ਲਖ੍ਯੋ ਨ ਜਾਇ ਅਕਾਰਾ ॥੧੨॥
ਕੰਪਮਾਨ ਤਨ ਭੈ ਵਡ ਧਾਰੀ।
ਨਿਸ਼ਚੈ ਕਰਿ ਨ ਸਕੈ, ਸੁਧ ਹਾਰੀ।
ਤਬ ਲੌ ਸ਼੍ਰੀ ਨਰਸਿੰਘ ਬਿਸਾਲਾ।
ਗਰਜ ਉਠੇ ਕਰਿ ਸ਼ਬਦ ਕਰਾਲਾ[1] ॥੧੩॥ — [1]ਭਿਆਨਕ।
ਬਾਰ ਬਾਰ ਮੁਖ ਲੇਤਿ ਜੰਭਾਈ[1]। — [1]ਉਬਾਸੀ।
ਦੇਖਤਿ ਦਾੜੈਂ ਧੀਰ ਨਸਾਈ।
ਸ਼੍ਰੋਨਤਿ[1] ਸਰਸੇ[2] ਆਰੁਣ[3] ਲੋਚਨ[4]। — [1]ਲਹੂ। [2]ਵਰਗੇ। [3]ਲਾਲ। [4]ਨੇਤ੍ਰ।
ਜੀਭ ਖੜਗ ਸਮ[1] ਜਨ[2] ਦੁਖ ਮੋਚਨ[3] ॥੧੪॥ — [1]ਜੀਭ ਤਲਵਾਰ ਵਰਗੀ। [2]ਦਾਸਾਂ ਦੇ। [3]ਦੁਖ ਕੱਟਣ ਵਾਲੀ।
ਰੰਗ ਸਰੀਰ ਕਨਕ ਜਨੁ ਤਾਵਾ[1]। — [1]ਸੋਨਾ ਮਾਨੋਂ ਤਪਾਇਆ ਹੋਇਆ।
ਦਾਰੁਨ[1] ਊਚੋ ਕਾਨ[2] ਉਠਾਵਾ। — [1]ਭਯਾਨਕ। [2]ਕੰਨ।
ਗਿਰ ਕੰਦਰ[1] ਸਮ ਬਦਨ[2] ਪਸਾਰਾ। — [1]ਪਹਾੜ ਦੀ ਖੱਡ। [2]ਮੂੰਹ।
ਭ੍ਰਿਕੁਟੀ[1] ਕੁਟਿਲ[2] ਧਨੁਖ ਅਕਾਰਾ[3] ॥੧੫॥ — [1]ਭਰਵੱਟੇ। [2]ਟੇਢੇ। [3]ਕਮਾਣ ਦੀ ਸ਼ਕਲ ਦੇ।
ਕੰਠ[1] ਰੋਮ[2] ਕਰਿ ਤਰਸਤਿ[3] ਘਨ ਕੋ[4]। — [1]ਗਲ ਦੇ। [2]ਵਾਲ। [3]ਡਰਾਂਵਦਾ ਹੈ। [4]ਬੱਦਲਾਂ ਨੂੰ, ਭਾਵ ਬਹੁਤ ਕਾਲੇ ਹਨ ਵਾਲ।
ਸੁਰਗ[1] ਤੀਕ ਬਿਸਤਾਰਯੋ ਤਨ ਕੋ। — [1]ਮਾਨੋਂ) ਅਸਮਾਨ।
ਉਹ ਹੈ ਆਯੁਤ[1] ਕਟ[2] ਜਿਨ ਛੀਨਾ[3]। — [1]ਚੌੜੀ ਛਾਤੀ ਹੈ। [2]ਲੱਕ। [3]ਪਤਲਾ।
ਦੋਨੋ ਬਾਹੁ ਬਿਸਾਲ ਸੁ ਪੀਨਾ[1] ॥੧੬॥ — [1]ਦੋਵੇਂ ਬਾਹਾਂ ਲੰਮੀਆਂ ਤੇ ਤਕੜੀਆਂ।
ਕੁਟਿਲ ਬਿਕਟ[1] ਨਖ[2] ਅਤਿਸ਼ੈ[3] ਘੋਰਾ[4]। — [1]ਕਰੜੇ ਤੇ ਟੇਢੇ। [2]ਨਹੁੰ। [3]ਬੜੇ। [4]ਭਿਆਨਕ।
ਬੱਜ੍ਰ ਆਦਿ ਤੇ ਅਧਿਕ ਕਠੋਰਾ[1]। — [1]ਸਖਤ।
ਦੇਖਤਿ ਭਾਜੇ ਦਾਨਵ ਸਰਬਾ।
ਦੈਂਤਰਾਜ ਗਹਿ ਗਦਾ[1] ਸੁ ਗਰਬਾ[2] ॥੧੭॥ — [1]ਗੁਰਜ। [2]ਹੰਕਾਰੀ ਹੋਇਆ।
ਬਲਨਿਧਿ[1] ਹੁਤੋ ਧਰੇ ਉਰ ਧੀਰਾ। — [1]ਬੜਾ ਬਲੀ।

ਆਵਾ ਸਮਨੁਖ ਜੋ ਬਡ ਬੀਰਾ।
ਮਹਾਂ ਮੱਤ ਕੁੰਚਰ[1] ਜਿਉਂ ਧਾਯੋ[2]। — [1]ਬੜੇ ਮਸਤ ਹਾਥੀ। [2]ਦੌੜਿਆ।
ਤਿਉਂ ਸ੍ਰੀ ਨਰਹਰਿ ਕੇ ਢਿਗ ਆਯੋ ॥੧੮॥
ਗਹੇ ਗਦਾ ਕਰ ਜੋਰਿ ਪ੍ਰਹਾਰੀ।
ਪੁਨ ਇਤ ਉਤ ਫਿਰ ਘਾਤ ਬਿਚਾਰੀ।
ਦੁਤਿਯੇ ਬਾਰ ਨੇਰ[1] ਜਬ ਕੀਨਾ। — [1]ਨੇੜੇ ਕੀਤਾ ਭਾਵ ਨੇੜੇ ਹੋਯਾ।
ਸ੍ਰੀ ਨਰਸਿੰਘ ਤਬਹਿ ਗਹਿ ਲੀਨਾ ॥੧੯॥
ਬਿਨਾ ਪ੍ਰਯਾਸ ਗਰੁੜ ਅਹਿ ਗਹਿਈ[1]। — [1](ਜਿਵੇਂ) ਨਿਰਯਤਨ ਗਰੜ ਸੱਪ ਨੂੰ ਫੜ ਲੈਂਦਾ ਹੈ।
ਤਿਉਂ ਗਹਿ ਲੀਨ, ਛੁਟਨ ਕੋ ਚਹਿਈ।
ਲੀਲ੍ਹਾ ਹੇਤ ਪ੍ਰਭੁ ਪੁਨ ਛੋਰਾ।
ਛੁਟਿ ਕਰਿ ਗਰਜਤਿ ਭਾ ਤਬ ਘੋਰਾ ॥੨੦॥
ਹਾਹਾਕਾਰ ਦੇਵ[1] ਸਭਿ ਕਰਿਹੀਂ। — [1]ਦੇਵਤੇ।
ਘਨ† ਪਟ ਕਰਿ[1] ਦੇਖਹਿਂ ਉਰ ਡਰਿਹੀਂ। — [1]ਬੱਦਲਾਂ ਦਾ ਪੜਦਾ ਕਰਕੇ। †ਪਾ:-ਘਟ।
ਪ੍ਰਭੁ ਕੇ ਬਲ ਮਹਿਂ ਸ਼ੰਕਾ ਮਾਨਹਿਂ।
ਹਿਰਨਾਕਸ਼ ਕੋ ਬਲੀ ਪਛਾਨਹਿਂ ॥੨੧॥
ਅਹਿ[1] ਖਗਪਤ[2] ਜਿਉਂ ਖੇਲਨ ਹੇਤਾ। — [1]ਸੱਪ। [2]ਗਰੁੜ।
ਲਖਤਿ ਨ ਕਰਿਹੀ ਕ੍ਰਿਪਾ ਨਿਕੇਤਾ[1]। — [1]ਨਹੀਂ ਸਮਝਦੇ (ਦੇਉਤੇ) ਕਿ ਕ੍ਰਿਪਾਨਿਕੇਤ (ਵਿਸ਼ਨੂੰ) ਉਸ ਤਰ੍ਹਾਂ ਕਰ ਰਹੇ ਹਨ।
ਪੁਨ ਦਨੁਜੇਸ਼ ਲਏ ਅਸਿ ਢਾਲਾ।
ਆਯੋ ਪ੍ਰਭੁ ਸਮੀਪ ਤਤਕਾਲਾ ॥੨੨॥
ਸ੍ਰੀ ਨਰਸਿੰਘ ਗਰਜ ਧੁਨਿ ਘੋਰਾ।
ਦਾਰੁਣ[1] ਕਿਯ ਚਹੁੰ ਓਰ[2] ਕਠੋਰਾ[3]। — [1]ਭਿਆਨਕ। [2]ਚਾਰੋਂ ਤਰਫ। [3]ਸਖਤ।
ਦੌਰ ਗਹਯੋ ਦਨੁਜੇਸ਼ਹਿਂ ਐਸੇ।
ਅਹਿ[1] ਗਹਿ[2] ਲੇਤਿ ਮੇਂਡਕੈ[3] ਜੈਸੇ ॥੨੩॥ — [1]ਸੱਪ। [2]ਫੜ। [3]ਡੱਡੂ ਨੂੰ।
ਫਰਫਰਾਤਿ ਭਾਜਨ ਇਤ ਉਤ ਕੋ।

ਦਿਢ ਗਹਿ ਲਿਯ ਨ ਜਾਨ ਦਿਯ ਕਿਤ ਕੋ।
ਤਿਹ ਛਿਨ ਸਭਾ ਦ੍ਵਾਰ[1] ਕੇ ਥਾਨਾ। — [1]ਸਭਾ ਦੇ ਦਰਵਾਜੇ ਵਿੱਚ।
ਧਾਰਿ† ਉਰੂ ਪਰ[1] ਸ਼੍ਰੀ ਭਗਵਾਨਾ ॥੨੪॥ — [1]ਪੱਟਾਂ ਉੱਪਰ। †ਪਾ:-ਧਰਿਯੋ।
ਤੂਰਨ[1] ਨਖ ਸੋਂ ਉਦਰ ਬਿਦਾਰਾ[2]। — [1]ਛੇਤੀ। [2]ਪਾੜ ਦਿੱਤਾ ਨਹੁਆਂ ਨਾਲ।
ਮਹਾਂ ਬਲੀ ਇਕ ਛਿਨ ਮੈਂ ਮਾਰਾ।
ਨਹਿਂ ਅੰਤਰ ਨਹਿਂ ਬਾਹਿਰ ਕੀਨਾ।
ਦਯੋਸ[1] ਨ ਨਿਸਾ[2] ਜਬਹਿ ਹਨਿ ਦੀਨਾ ॥੨੫॥ — [1]ਦਿਨ। [2]ਰਾਤ।
ਨਹਿਂ ਧਰਨੀ ਨਹਿਂ ਅੰਬਰ[1] ਮਾਂਹੀ। — [1]ਅਸਮਾਨ।
ਜਿਯਤ ਮ੍ਰਿਤਕ ਦੋ ਬਿਧਿ ਨਖ ਨਾਂਹੀ†। — †ਨਹੁੰ ਜਾਂ ਨਹੁੰਦ੍ਵਾਂ ਨਾ ਜੀਉਂਦੇ ਹਨ ਨਾ ਮੋਏ। ਕੱਟਿਆਂ ਪੀੜ ਨਹੀਂ ਕਰਦੇ ਇਸ ਲਈ ਮੋਏ ਹਨ ਜੀਉਂਦੇ ਨਹੀਂ, ਤੇ ਫੇਰ ਵਧਦੇ ਹਨ, ਵਧਦੀ ਜੋ ਸ਼ੈ ਹੈ ਸੋ ਜੀਉਂਦੀ ਹੈ, ਸੋ ਨਹੁੰ ਮੋਏ ਹੋਏ ਨਹੀਂ।
ਬਿਧਿ ਕੀ ਰਚਨਾ[1] ਜਨਮ ਨ ਲੀਨਾ। — [1]ਰਚਨਾਂ ਵਾਂਙੂ।
ਸ਼ਿਲਾ ਥੰਭ[1] ਤੇ ਨਿਕਸਿ[2] ਪ੍ਰਬੀਨਾ ॥੨੬॥ — [1]ਪੱਥਰ ਦੇ ਥੰਭ। [2]ਨਿਕਲੇ।
ਕਰੇ ਸਾਚ ਸਭਿ ਬਚਨ ਬਿਧਾਤਾ।
ਦਾਨਵ ਹਨਯੋ ਭਗਤ ਦੁਖ ਦਾਤਾ।
ਉਦਰ ਬਿਦਾਰਯੋ ਕ੍ਰੋਧ ਅਪਾਰਾ।
ਕਾਲ ਭਯਾਨ ਜਿਮ ਬਦਨ ਪਸਾਰਾ ॥੨੭॥
ਸ਼੍ਰੋਣਤ[1] ਸੋਂ ਭੀਗੇ ਸਭਿ ਅੰਗਾ। — [1]ਲਹੂ।
ਸੁੰਦਰ ਸ਼ੋਭਤਿ ਭਏ ਸੁਰੰਗਾ।
ਆਂਤੈਂ[1] ਕਾਢਿ ਗ੍ਰੀਵ ਮਹਿਂ[2] ਡਾਰੀ। — [1]ਆਂਦਰਾਂ। [2]ਗਲੇ ਵਿਚ।
ਸ਼ਾਂਤਿ ਨ ਹੋਵਤਿ ਰੋਸ ਅਪਾਰੀ ॥੨੮॥
ਤਬ ਜੇ ਦਾਨਵ ਗਏ ਪਲਾਈ।
ਸੋ ਹਟਿ ਆਏ ਕਰਨ ਲਰਾਈ।
ਗਹਿ ਗਹਿ ਸੰਗ ਨਖਾਯੁਧ[1] ਮਾਰੇ। — [1]ਨਹੁੰਆਂ ਰੂਪੀ ਸ਼ਸਤ੍ਰਾਂ ਨਾਲ।
ਸਗਰੇ ਛਿਨ ਇਕ ਵਿਖੇ ਸੰਘਾਰੇ

॥੨੯॥

ਤਦਪਿ ਨ ਕ੍ਰੋਧ ਸ਼ਾਂਤਿ ਕੋ ਪਾਵਾ।

ਤਬ ਹੀ ਕੰਧ[1] ਕੇਸ ਝਹਿਰਾਵਾ[2]। — [1]ਮੋਢਿਆਂ ਦੇ। [2]ਕੇਸ ਹਿਲਾਏ।

ਭਿੰਨ ਭਿੰਨ ਭੇ[1] ਮੇਘ ਅਕਾਸ਼ਾ[2]। — [1]ਵੱਖ ਵੱਖ ਹੋ ਗਏ। [2]ਬੱਦਲ ਅਕਾਸ਼ ਵਿਚ।

ਛੁਭਤਿ[1] ਪਯਨਿਧਿ[2†] ਪਹੁੰਚੇ ਸ੍ਵਾਸਾ[3] ॥੩੦॥ — [1]ਛੋਭ ਹੋਇਆ। [2]ਸਮੁੰਦਰ ਨੂੰ। [3]ਜਦੋਂ) ਸੁਆਸਾਂ (ਦਾ ਵੇਗ) ਪਹੁੰਚਾ। [†]ਪਾ:-ਪਯੋਧਰ ਬੱਦਲ।

ਬਹੁ ਬਲ ਧਾਰਿ ਪ੍ਰਭੁ ਗਰਜਾਨਾ।

ਸੁਨਿ ਬ੍ਰਹਮੰਡ ਸਗਰ ਅਕੁਲਾਨਾ[1]। — [1]ਵਿਆਕੁਲ ਹੋਯਾ।

ਬਿਚਲ ਗਏ[1] ਜੇ ਦੇਵ ਬਿਮਾਨਾ। — [1]ਖਿੱਲਰ ਗਏ।

ਉਡਗਨ[1] ਗਿਰੇ ਮਹਾਂ ਭਯ ਮਾਨਾ ॥੩੧॥ — [1]ਤਾਰੇ।

ਚਰਨਨ ਸੰਗਿ[1] ਦੁਖਿਤਿ ਭੀ ਧਰਨੀ[2]। — [1]ਨਰਸਿੰਘ ਦੇ) ਚਰਨਾਂ ਨਾਲ। [2]ਧਰਤੀ।

ਪ੍ਰਬਲ ਤੇਜ, ਕੋ ਸਕਿਤਿਹ ਬਰਨੀ[1]। — [1]ਕੋ ਸਕਤਹਿ ਬਰਨੀ-ਕੀਹਦੀ ਸ਼ਕਤੀ ਹੈ ਵਰਣਨ ਕਰ ਸਕੇ। ਜੇ 'ਸਕਿ' 'ਤਿਹ' ਦਾ ਪਦਛੇਦ ਕਰੀਏ ਤਾਂ ਅਰਥ ਇਉਂ ਬਣੇਗਾ:-- ਤਿਸ ਨੂੰ ਕੌਣ ਵਰਣਨ ਕਰ ਸਕੇ।

ਜਬ ਤਹਿਂ ਦਾਨਵ ਰਹਾ ਨ ਕੋਈ।

ਨਖ ਆਯੁਧ ਤੇ ਮ੍ਰਿਤੁ ਸਭਿ ਹੋਈ ॥੩੨॥

ਤਬ ਸਿੰਘਾਸਨ ਬੈਠੇ ਜਾਈ।

ਸੁਰਨ[1] ਸੁਮਨ[2] ਬਰਖਾ ਬਰਖਾਈ। — [1]ਦੇਵਤਿਆਂ ਨੇ। [2]ਫੁੱਲਾਂ ਦੀ।

ਸਭਿ ਹੀ ਮਿਲੇ ਬਿਰੰਚ[1] ਮਹੇਸ਼ਾ[2]। — [1]ਬ੍ਰਹਮਾ। [2]ਸ਼ਿਵ।

ਸਿੱਧ, ਪਿਤਰ ਰਿਖਿ, ਜੱਖ, ਸੁਰੇਸ਼ਾ[1] ॥੩੩॥ — [1]ਇੰਦ੍ਰ।

ਧਨਦ[1] ਆਦਿ ਬਿੱਦਜਾਧਰਿ[2] ਜੇਤੇ। — [1]ਕੁਬੇਰ। [2]ਖੇਚਰ, ਗੰਧਰਵ, ਕਿੰਨਰ ਆਦਿ ਇਕ ਪ੍ਰਕਾਰ ਦੀ ਦੇਵ ਜੋਨੀ।

ਆਏ ਸਭਹਿ ਬਿਲੋਕਨ ਹੇਤੇ।

ਦੇਖਿ ਸਰੂਪ ਨ ਡਰ ਉਰ ਥੋਰਾ।

ਪਿਖ੍ਯੋ ਨ ਜਾਤਿ ਭਯਾਨਕ ਘੋਰਾ ॥੩੪॥

ਆਇ ਨ ਸਕਹਿਂ ਸਮੀਪ ਬਹੋਰੀ।

ਖਰੇ ਦੂਰ ਦੋਨੋਂ ਕਰ ਜੋਰੀ।

ਬਿਧਿ ਸ਼ਿਵ ਆਦਿ ਅਮਰ ਜੋ ਬ੍ਰਿੰਦਾ।
ਨੁਤਹਿ[1] ਬਖਾਨਤਿ ਆਨੰਦ ਕੰਦਾ ॥੩੫॥ [1]ਉਸਤਤਿ।

-ਜੈ ਜੈ ਜੈ ਤਵ ਸ੍ਰੀ ਜਗਸਾਈਂ!
ਨਮੋ ਨਮੋ ਤ੍ਰੈਲੋਕਨ ਰਾਈ!
ਨਮੋ ਨਮੋ ਭਗਤਨ ਦੁਖ ਖੰਡਨ!
ਜੈ ਜੈ ਜੈ ਧਰਨੀ ਕੇ ਮੰਡਨ! ॥੩੬॥

ਇਹ ਦਾਨਵ ਸਭਿ ਸੁਰ ਦੁਖ ਕਾਰੀ।
ਜੀਤ ਸਦਨ ਤੇ ਦੀਨ ਨਿਕਾਰੀ।
ਮਹਾਂਬਲੀ ਸੋ ਤੁਮ ਨੈ ਮਾਰਾ।
ਬਿਨ ਪ੍ਰਯਾਸ ਛਿਨ ਬਿਖੈ ਸੰਘਾਰਾ ॥੩੭॥

ਕ੍ਰੋਧ ਪ੍ਰਜੁਲਤ ਅਪਾਰ ਤੁਮਾਰਾ।
ਤੀਨ ਲੋਕ ਕੋ ਅਤਿ ਭਯਕਾਰਾ।
ਦਯਾ ਸਿੰਧੁ! ਉਪਸ਼ਮ[1] ਅਬ ਕੀਜੈ। [1]ਸ਼ਾਂਤੀ।
ਸਰਬ ਜਗਤ ਕੋ ਅਭੈ ਸੁ ਦੀਜੈ- ॥੩੮॥

ਬਿਧਿ[1] ਨਿਜ ਨਿਕਟਿ[2] ਰਮਾ[3] ਕੋ ਦੇਖਾ। [1]ਬ੍ਰਹਮਾ ਨੇ। [2]ਆਪਣੇ ਪਾਸ। [3]ਲੱਛਮੀ।
ਤਿਹ ਕੋ ਕਹਯੋ -ਜਿ ਰੋਸ[1] ਬਿਸ਼ੇਖਾ[2]। [1]ਕ੍ਰੋਧ। [2]ਬੜਾ ਹੈ।
ਅਬ ਤੂੰ ਜਾਇ ਸ਼ਾਂਤਿ ਕਰਿਵਾਵਹੁ।
ਬਜਾਕੁਲਤਾ ਜਗ ਕੀ ਸੁ ਮਿਟਾਵਹੁ- ॥੩੯॥

ਨਿਕਟ ਜਾਇ ਬਹੁਰੋ ਫਿਰਿ ਆਈ।
ਰਮਾ[1] ਦ੍ਰੁਹਿਣ[2] ਸੰਗਿ ਗਿਰਾ ਅਲਾਈ। [1]ਲੱਛਮੀ ਨੇ। [2]ਬ੍ਰਹਮਾ।
-ਪੂਰਬ ਮੈਂ ਅਸ ਸੁਣਾ ਨ ਦੇਖਾ।
ਅਬ ਸਰੋਸ[1] ਕੀਨੋ ਜਸ[2] ਬੇਖਾ[3] ॥੪੦॥ [1]ਕ੍ਰੋਧ ਵਾਲਾ। [2]ਜਿਹਾ ਜਿਹਾ। [3]ਸਰੂਪ।

ਤੇਜ ਨ ਸਹਯੋ ਜਾਤ ਮੁਝ ਪਾਸਾ।
ਅਵਲੋਕਨ ਤੇ ਉਪਜਤਿ ਤ੍ਰਾਸਾ-।'
ਸ੍ਰੀ ਗੁਰ ਅੰਗਦ ਜੀ ਸੁਣੁ ਕਾਨਾ।
ਜੋ ਇਤਿਹਾਸ ਪ੍ਰਹਲਾਦ ਬਖਾਨਾ

॥੪੧॥

'ਸੁਰ ਮਿਲਿ ਕਰਿ ਤਬ ਮੁਝ ਢਿਗ[1] ਆਏ।

[1]ਭਾਵ ਪ੍ਰਹਲਾਦ ਕੋਲ।

ਅਧਿਕ ਨੇਹ ਕੇ ਬਚਨ ਸੁਨਾਏ।

-ਸ਼੍ਰੀ ਨਰਸਿੰਘ ਨਿਕਟ ਤੁਮ ਜਾਵਹੁ।

ਕ੍ਰੋਧ ਬਿਸ਼ਾਲ ਸ਼ਾਂਤਿ ਕਰਿਵਾਵਹੁ-

॥੪੨॥

ਤਿਨ ਕੇ ਸੁਨਿ ਕਰਿ ਮੈਂ ਅਸ ਬੈਨਾ।

ਗਮਨਜੋ ਨਿਕਟ ਰਿਦੇ ਕਛੁ ਭੈ ਨਾ।

ਚਰਨ ਕਮਲ ਪਕਰੇ ਤਬ ਜਾਈ।

ਬੰਦਨ ਕੀਨਿ ਦੰਡ ਕੀ ਨਜਾਈ[1]

[1]ਡੰਡੇ ਵਤ।

॥੪੩॥

ਸ਼੍ਰੀ ਨਰਸਿੰਘ ਜਬਹਿ ਦ੍ਰਿਗ ਦੇਖਾ।

ਪਰਜੋ ਚਰਨ ਪਰ ਅਭੈ[1] ਬਿਸ਼ੇਖਾ।

[1]ਨਿਡਰ।

ਗਹਿ ਕਰਿ ਤਬ ਉਠਾਵ ਜਗਦੀਸ਼ਾ।

ਕਰ ਅਰਬਿੰਦ[1] ਧਾਰਿ ਕਰਿ ਸੀਸਾ[2]

[1]ਹੱਥ ਕਵਲ। [2]ਮੇਰੇ) ਸਿਰ ਤੇ ਰੱਖਕੇ।

॥੪੪॥

ਸੰਗ ਸਨੇਹ ਪਲੋਸਤਿ ਮਾਥਾ[†]।

[†]ਅੰਕ ੧੮ ਤੋਂ ੪੧ ਤਕ ਕਵਿ ਜੀ ਨੇ ਰੌਦ੍ਰ ਰਸ ਦਾ ਕਮਾਲ ਬੰਨ੍ਹ ਦਿਖਾਇਆ ਹੈ, ਕਵਿਤਾ ਦੇ ਨੁਕਤੇ ਤੋਂ ਭੈ ਦਾ ਅਸਰ ਪੈਣਾ ਤੇ ਗੁੱਸੇ ਦਾ ਪ੍ਰਕਾਸ਼ ਇਸ ਖੂਬਸੂਰਤੀ ਨਾਲ ਵਰਣਨ ਯੋਗ ਹੈ ਕਿ ਕਵੀ ਜੀ ਦੀ ਪ੍ਰਬੀਨਤਾ ਦੇ ਸਿਰ ਫੁੱਲ ਸਿਹਰੇ ਹਨ। ਇੱਥੇ ਆ ਕੇ ਉਸ ਤ੍ਰੈਲੋਕੀ ਨੂੰ ਲੱਛਮੀ ਸਮੇਤ ਕੰਬਾ ਦੇਣ ਵਾਲੇ ਗੁੱਸੇ ਨੇ 'ਭਗਤ ਵੱਛਲਤਾ' ਦਾ ਅਨੋਖਾ ਰਸ ਬੰਨ੍ਹ ਦਿਖਾਯਾ ਹੈ, ਇਹ ਸ਼ਾਂਤਿ ਰਸ ਹੈ, ਕਿ ਵਾਤਸਲ ਰਸ ਹੈ; ਦੋਵੇਂ ਹਨ ਕਿ ਕੋਈ ਨਵਾਂ ਹੀ ਰੰਗ ਹੈ, ਪਰ ਕਵਿ ਜੀ ਨੇ ਪ੍ਰਭੂ ਦੀ ਪ੍ਰਭੁਤਾਈ ਤੇ ਇਨਸਾਨੀ ਵਲਵਲੇ ਦੀ ਵਤਸਲਤਾ ਦਾ ਕਮਾਲ ਕਰ ਦਿਖਾਇਆ ਹੈ।

ਉਠਿ ਉਸਤਤਿ ਮੈਂ ਕਿਯ ਜਗਨਾਥਾ।

ਉਮਗਜੋ[1] ਪ੍ਰੇਮ ਰਿਦੇ ਕਉ[†] ਭਾਰੀ।

[1]ਉਛਾਲਿਆ। [†]ਪਾ:-ਕਹੁ।

ਲੋਚਨ ਤੇ ਸ੍ਰਵਹੀ ਜਲ ਧਾਰੀ ॥੪੫॥

-ਭਗਤਵਛਲ! ਪਾਰਬ੍ਰਹਮ ਸੁਆਮੀ!

ਦੀਨਬੰਧੁ, ਪ੍ਰਭੁ ਅੰਤਰਜਾਮੀ!

ਬ੍ਰਹਮਾਦਿਕ ਤੇ ਅਮਰ ਜਿ ਔਰਾ।

ਸਕੈਂ ਨ ਭੇਦ ਲਖਤਿ ਤਵ ਥੋਰਾ

॥੪੬॥

ਕਹਿਂ ਬਿਅੰਤ ਸ੍ਰੁਤਿ ਬਿੱਦਜਾ† ਅਪਰਾ।

†ਉਪਨਿਖਧ ਵਿੱਚ ਦੋ ਤਰ੍ਹਾਂ ਦੀ ਵਿੱਦਜਾ ਲਿਖੀ ਹੈ ਇਕ ਪਰਾ ਤੇ ਦੂਜੀ ਅਪਰਾ। 'ਬ੍ਰਹਮ ਆਤਮਾ ਨੂੰ ਕਥਨ ਕਰਨ ਵਾਲੀ' ਵਿੱਦਜਾ ਪਰਾ ਹੈ, ਹੋਰ ਸਭ ਵਿੱਦਜਾ ਅਪਰਾ ਹੈ। ਤੁਕ ਦਾ ਅਰਥ ਐਉਂ ਹੈ:- ਵੇਦ ਵਿੱਦਜਾ (ਪਰਾ) ਤੇ ਦੂਜੀਆਂ ਵਿੱਦਜਾਂ (ਅਪਰਾ) ਆਪ ਨੂੰ ਬਿਅੰਤ ਕਹਿੰਦੀਆਂ ਹਨ।

ਮੈਂ ਦਾਨਵ ਕਿਹ ਲੇਖੇ ਬਪੁਰਾ।
ਔਰ ਨਹੀਂ ਕੋਊ ਗਤਿ ਜਾਨੀ।
ਨਿਸ਼ਚੈ ਮੈਂ ਇਕ ਰੀਤਿ ਪਛਾਨੀ ॥੪੭॥

ਕਿਹ ਪ੍ਰਕਾਰ ਨਹਿਂ ਰੀਝਹੁ† ਆਪੂ। †ਪਾ-ਰੀਝਹਿ।
ਕਰਹੁ ਭਗਤਿ ਪਿਖਿ ਕੈ ਦੁਖ ਖਾਪੂ।
ਦਸ ਗੁਣ ਸੰਜੁਤਿ[1] ਜੋ ਦਿਜ[2] ਹੋਈ। [1]ਸਮੇਤ। [2]ਬ੍ਰਹਮਣ।
ਭਗਤਿ ਬਿਹੀਨ[1] ਪ੍ਰਸੀਦ ਨ ਕੋਈ[2] ॥੪੮॥ [1]ਬਿਨਾ। [2]ਪ੍ਰਸੰਨ ਨਹੀਂ ਕੋਈ (ਕਰ ਸਕਦਾ) ਆਪ ਨੂੰ। (ਅ) ਜੇ ਉਹ ਭਗਤ ਹੀਨ ਹੈ ਤਾਂ (ਤੁਸੀਂ) ਪ੍ਰਸੰਨ ਕੋਈ ਨਹੀਂ ਹੁੰਦੇ।

ਦਸ ਗੁਨ ਹੀਨ ਜਿ ਅਹੈ ਚੰਡਾਲਾ।
ਪ੍ਰੇਮ ਭਗਤਿ ਮਹਿਂ ਮਗਨ ਬਿਸਾਲਾ।
ਤਿਹ ਸਮ ਤੁਮ ਕੋ ਅਪਰ ਨ ਪਜਾਰਾ।
ਇਹ ਨਿਰਨੈ[1] ਮੈਂ ਰਿਦੈ ਬਿਚਾਰਾ ॥੪੯॥ [1]ਨਿਸ਼ਚੇ।

ਦੋਹਰਾ:

੧ਜੱਗ, ੨ਦਾਨ, ੩ਤਪ, ੪ਧਰਮ, ੫ਸਤਿ,
੬ਸਮ, ੭ਦਮ, ੮ਧੀਰਜਵੰਤ।
੯ਸਹਿਨ, ਸੀਲ[1], ੧੦ਮਤਸਰ ਰਹਿਤ[2], [1]ਸਹਾਰੇ ਦਾ ਸੁਭਾਵ। [2]ਈ ਰਖਾ ਤੋਂ ਬਿਨਾ।
ਦਸ਼ ਗੁਣ ਇਹੀ ਗਨੰਤਿ[1]† ॥੫੦॥ [1]ਗਿਣਦੇ ਹੈਨ।

{ਦਸ ਸ਼ੁਭ ਗੁਣ}

†ਏਹ ਦੋਹਾ ਗ਼ਾਲਬਨ ਕਿਸੇ ਆਦਿ ਨੁਸਖੇ ਦੇ ਕਿਨਾਰੇ ਤੇ ਫੁਟ ਨੋਟ ਦੀ ਸ਼ਕਲ ਵਿਚ ਹੋਣਾ ਹੈ, ਜੋ ਉਤਾਰੇ ਵਾਲਿਆਂ ਵਿੱਚ ਲਿਖ ਲਿਆ ਗਿਆ ਜਾਪਦਾ ਹੈ, ਕਿਉਂਕਿ ਸਨਮੁਖ਼ ਉਸਤਤੀ ਵਿੱਚ ਇਸ਼ਟ ਦੇਵ ਨੂੰ ਏਹ ਗਿਣਤੀ ਸੁਨਾਉਣ ਦੀ ਭਗਤ ਨੂੰ ਲੋੜ ਨਹੀਂ ਸੀ।

ਚੌਪਈ:

ਦਿਜ ਕੁਲ ਮਾਨ ਭਰੇ ਉਰ ਭਾਰੀ।
ਭਗਤਿ ਹੀਨ ਗੁਣ ਅਘ ਅਨੁਹਾਰੀ[1]। [1]ਹੋਵੇ ਬ੍ਰਹਮਣ ਮਾਨ ਭਰਿਆ, ਭਗਤੀ ਹੀਨ, ਉਸ ਦੇ ਗੁਣ ਪਾਪਾਂ ਤੁੱਲ ਹਨ।
ਨੀਚ ਜਾਤ ਤਜਿ ਕਰਿ ਮਨ ਮਾਨਾ[1]। [1]ਮਨ ਦੇ ਹੰਕਾਰ ਨੂੰ।

ਤੁਮਰੇ ਸੇਵਹਿ ਚਰਨ ਮਹਾਨਾ ॥੫੧॥
ਸੋ ਪਾਵਨ ਹ੍ਵੈ ਕਰਿ ਸਰਬੰਗਾ।
ਔਰਨ ਕੇਰ ਕਰਹਿ ਅਘ[1] ਭੰਗਾ[2]-। [1]ਪਾਪ। [2]ਨਾਸ਼।
ਸੁਨਿ ਮਮ ਬਿਨਤੀ ਤ੍ਰਿਭਵਣ ਸਾਈਂ[1]। [1]ਤਿੰਨਾਂ ਲੋਕਾਂ ਦੇ ਮਾਲਿਕ।
ਸ਼ਾਂਤਿ ਰੋਸ ਕਰਿ ਗਿਰਾ ਅਲਾਈ ॥੫੨॥
-ਅਹੋ[1] ਪ੍ਰਹਲਾਦ ਭਗਤ ਤੂੰ ਪੂਰਾ। [1]ਹੇ।
ਕੋਊ ਬਿਧਿ ਤੇ ਹੋਇ ਨ ਊਰਾ।
ਬਰ ਜਾਚਹੁ ਜੁ ਹ੍ਵੈ ਚਿਤ ਮਾਂਹੀ।
ਤੋ ਤੇ ਨਹਿਂ ਅਦੇਯ ਮੁਝ ਪਾਹੀ[1]- ॥੫੩॥ [1]ਤੈਨੂੰ ਨਾਂ ਦੇਣੇ ਵਾਲੀ ਕੋਈ ਚੀਜ਼ ਮੇਰੇ ਪਾਸ ਨਹੀਂ ਹੈ, ਭਾਵ ਸਭ ਕੁਛ ਦੇਣ ਨੂੰ ਤਿਆਰ ਹਾਂ।
ਸੁਨਿ ਕਰਿ ਮੈਂ ਪੁਨ ਗਿਰਾ ਬਖਾਨੀ॥
-ਮਮ ਮਨ ਸਰਬ ਕਾਮਨਾ ਹਾਨੀ।
ਜੋ ਸਕਾਮ[1] ਤਵ ਭਗਤਿ ਕਰੇਈ। [1]ਕਾਮਨਾਂ ਕਰਕੇ।
ਬਨਕ[1] ਸਮਾਨ ਜਾਨਿਯੇ ਤੇਈ- ॥੫੪॥ [1]ਬਣੀਏਂ।
ਸ਼੍ਰੀ ਨਰਹਰਿ ਪੁਨ ਬੈਨ ਉਚਾਰੇ।
-ਭਗਤ ! ਲਖਹੁ ਮੁਝ ਮਹਾਂ ਉਦਾਰੇ।
ਨਿਸ਼ਚੈ ਸਰਬ ਚਾਹ ਤੈਂ ਤਜਾਗੀ।
ਤਦਪਿ ਮੋਹਿ ਤੋਖਨ ਹਿਤ ਲਾਗੀ[1] ॥੫੫॥ [1]ਤਾਂ ਬੀ ਮੈਨੂੰ ਪ੍ਰਸੰਨ ਕਰਨ ਵਾਸਤੇ ਤੂੰ ਮੰਗ, (ਅ) ਤਾਂ ਬੀ ਮੈਨੂੰ ਪ੍ਰਸੰਨਤਾ ਵਿੱਚ ਤੇਰਾ ਪਿਆਰ ਲਗ ਰਿਹਾ ਹੈ (ਇਸ ਲਈ ਮੰਗ)।
ਜਾਚਹੁ ਬਰ ਆਇਸੁ ਅਨੁਸਾਰੀ।
ਤਨ ਮੈਂ[1] ਤੂੰ ਮੇਰੋ ਹਿਤਕਾਰੀ[2]-। [1]ਲਿਵਲੀਨ, ਅਨਿਨੰਜ। [2]ਪ੍ਰੇਮੀ।
ਬੰਦਿ ਹਾਥ ਮੈਂ ਮਾਨਿ ਰਜਾਯਾ।
ਕਹਜੋ -ਜਿ ਰਾਵਰ ਕੀ ਅਸ ਦਾਯਾ ॥੫੬॥
ਸਰਬ ਕਾਮਨਾ ਉਰ ਜਰਿ[1] ਜਾਵਹਿਂ। [1]ਸੜ।
ਤਵ ਪਗ ਭਗਤਿ ਸਦਾ ਰਤਿ[1] ਭਾਵਹਿ-। [1]ਪ੍ਰੀਤੀ।
ਅਸ ਕਹਿ ਬਾਰ ਬਾਰ ਸਿਰ ਨਜਾਈ।
ਰਹਜੋ ਚਰਨ ਪੰਕਜ ਲਪਟਾਈ ॥੫੭॥

ਹ੍ਵੈ ਪ੍ਰਸੰਨ ਭਗਤਨ ਗੁਣਖਾਨੀ।
ਮ੍ਰਿਦੁਲ ਮਧੁਰ ਬੋਲੇ ਸੁਠ ਬਾਨੀ।
-ਸਦਾ ਅਚਲ ਸੁਖ ਦੋਨੋਂ ਲੋਕਾ।
ਨਿਰਸੰਦੇਹ ਹ੍ਵੈ ਭੋਗ ਅਸ਼ੋਕਾ ॥੫੮॥
ਸਭਿ ਦਾਨਵ ਕੋ ਹੋਹੁ ਭੁਵਾਲਾ।
ਕਰਹੁ ਰਾਜ ਬੈਸੇ ਚਿਰ ਕਾਲਾ।
ਸਰਬ ਸ਼ਿਰੋਮਣ ਭਗਤ ਹਮਾਰਾ।
ਛ੍ਵੈ[1] ਨ ਸਕਹਿ ਮਦ ਮਾਨ ਬਿਕਾਰਾ- ॥੫੯॥ — [1]ਛੋਹ।
ਸੁਨਿ ਇਵ ਬਚ ਜੁ ਕਹੇ ਜਗਨਾਥਾ।
ਬੋਲਯੋ ਮੈਂ ਨਾਏ ਪਗ ਮਾਥਾ।
-ਮਮ ਪਿਤ ਅਤਿਸ਼ੈ ਅਘੀ ਮਲੀਨਾ†। — †ਪਾ:-ਮਮ ਪਿਤ ਹੈ ਅਤਿਸ਼ੈ ਅਘ ਪੀਨਾ।
ਨਿੰਦਕ ਹੋਇ ਦ੍ਰੋਹ ਤੁਮ[1] ਕੀਨਾ ॥੬੦॥ — [1]ਤੁਸਾਡੇ ਨਾਲ।
ਦੀਨ ਦਯਾਲ ਇਸ ਕੀ ਗਤਿ ਕੀਜੈ।
ਸਭਿ ਅਪਰਾਧ ਬਖਸ਼ ਕਰਿ ਦੀਜੈ।
ਤੁਮ ਸੋਂ ਕੀਨ ਬਿਰੋਧ ਮਲੀਨੇ।
ਕਹੇ ਕੁਬਚਨ ਕੁਟਿਲ ਮਤਿਹੀਨੇ ॥੬੧॥
ਸਭਿ ਔਗੁਣ ਮੈਂ ਪੂਰਨ ਪਾਪੀ।
ਬਿਨਾ ਕਾਜ[1] ਜਗ ਜੀਵ ਸੰਤਾਪੀ। — [1]ਅਕਾਰਥ।
ਤੁਮਰੋ ਜਗ ਮੈਂ ਬਿਰਦ ਸੁਹਾਵਨ।
ਦੀਨ ਨਿਵਾਜ ਪਤਿਤ ਕੇ ਪਾਵਨ[1] ॥੬੨॥ — [1]ਪਵਿੱਤ੍ਰ ਕਰਨੇ ਵਾਲਾ।
ਛਿਮਾਧਾਰਿ ਦੀਜੈ ਤਿਹ ਮੋਖਾ[1]। — [1]ਮੁਕਤੀ।
ਏਕ ਨ ਗੁਨਿਯੇ ਮਨ ਮੈਂ ਦੋਖਾ-।
ਸ਼੍ਰੀ ਨਰਸਿੰਘ ਕ੍ਰਿਪਾ ਰਸ ਭੀਨੇ।
ਬੋਲੇ ਬਿਗਸਤਿ ਬਚਨ ਪ੍ਰਬੀਨੇ ॥੬੩॥
-ਜਿਹ ਕੁਲ ਜਨਮਯੋ ਤੂੰ ਮਮ ਦਾਸਾ।
ਭਗਤਿ ਕੀਨਿ ਦ੍ਰਿਢ, ਲਖਯੋ ਨਾ ਤ੍ਰਾਸਾ।
ਕੋ ਸੰਦੇਹ[1] ਤਿਹ ਪਿਤ[2] ਗਤਿ ਕਾਰੇ[3]। — [1]ਕੀ ਸ਼ਕ ਹੈ। [2]ਉਸ ਦੇ ਪਿਤਾ ਦੀ। [3]ਮੁਕਤੀ

ਕਰਨ ਵਿੱਚ।

ਜਗ ਸਾਗਰ ਕੁਲ ਇਕੀਸ† ਤਾਰੇ[1]- ॥੬੪॥

[1]ਭਾਵ, ਪ੍ਰਹਿਲਾਦ ਨੇ ੨੧ ਕੁਲ ਤਾਰੇ ਹਨ।
†ਪਾ:-ਇਕੀਹ।

ਅਸ ਕਹਿ ਦੀਨ ਰਾਜ ਅਭਿਖੇਕਾ[1]।

[1]ਰਾਜ ਤਿਲਕ।

ਕ੍ਰਿਪਾ ਧਾਰਿ ਮੁਝ ਸਹਿਤ ਬਿਬੇਕਾ।
ਬਹੁਰੋ ਸ਼੍ਰੀ ਨਰਸਿੰਘ ਮਹਾਨਾ।
ਸਭਿ ਦੇਖਤਿ ਭੇ ਅੰਤਰ ਧਜਾਨਾ ॥੬੫॥
ਸੋ ਪ੍ਰਭੁ ਅਬ ਕਲਿ ਕਾਲ ਮਝਾਰਾ।
ਭਗਤ ਸਰੂਪ ਧਰਜੋ ਅਵਤਾਰਾ।
ਨਰ ਮਲੀਨ ਅਘ ਪੀਨ ਨਿਹਾਰੇ।
ਤਿਨਹਿੰ ਬਤਾਵਨ ਪੰਥ ਸੁਖਾਰੇ ॥੬੬॥
ਦਾਸ ਜਾਨਿ ਮੁਝ ਦਰਸ਼ਨ ਦੀਨਾ।
ਤਬ ਤਨ ਧਰਿ ਨਰਹਰਿ ਰਖਿ ਕੀਨਾ[1]।

[1]ਤਦੋਂ ਨਰ ਸਿੰਘ ਦਾ ਰੂਪ ਧਾਰਕੇ (ਮੇਰੀ) ਰੱਖਜ਼ਾ ਕੀਤੀ ਸੀ।

ਮੋਹਿ ਸੰਗ ਇਮ ਭਾ ਬਿਰਤੰਤੇ।⚐

⚐ਪ੍ਰਹਲਾਦ ਦਾ ਪ੍ਰਸੰਗ ਉਨ੍ਹਾਂ ਨੇ ਆਪ ਵਰਣਨ ਕੀਤਾ ਹੈ। ਪ੍ਰਹਲਾਦ ਜੀ ਸਤਿਜੁਗ ਦੇ ਸਮੇਂ ਹੋਏ ਦੱਸੇ ਜਾਂਦੇ ਹਨ। ਜਿਸ ਤੋਂ ਸਮਝ ਪੈਂਦੀ ਹੈ ਕਿ ਆਰਯ ਕੁਲ ਦੇ ਲੋਕ ਉੱਤਰੀ ਪੰਜਾਬ ਫਤਹ ਕਰ ਚੁਕੇ ਸਨ ਪਰ ਦੱਖਣੀ ਪੰਜਾਬ ਮੁਲਤਾਨ ਰਾਜਧਾਨੀ ਵਾਲਾ ਅਜੇ ਅਸਲੀ ਵਸਨੀਕਾਂ-ਦੈਂਤਾਂ ਦੇ ਹੱਥ ਸੀ। ਜਿਨ੍ਹਾਂ ਦੀ ਤਹਜ਼ੀਬ ਦੇ ਨਮੂਨੇ ਹੁਣ ਹੜੱਪਾ ਦੇ ਖੰਡਰਾਤ ਵਿਚੋਂ ਨਿਕਲੇ ਹਨ। ਉਸ ਸਮੇਂ ਦੇ ਆਰਯ ਕੁਲ ਦੇ ਵਡਕਿਆਂ ਤੇ ਦੈਂਤਾਂ ਦੇ ਜੁੱਧ ਜੰਗ ਦੇ ਹਾਲ ਪਹਿਲੋਂ ਰਵਾਯਤਾਂ ਵਿਚ ਰਹੇ, ਫੇਰ ਪੁਰਾਣਾਂ ਵਿੱਚ ਲਿਖੇ ਗਏ। ਦੈਂਤਾਂ ਦੇ ਇਲਾਕੇ ਨੂੰ ਪਾਤਾਲ ਕਰਕੇ ਬੀ ਲਿਖਦੇ ਹਨ। ਜਿਸ ਤੋਂ ਤਦੋਂ ਮੁਰਾਦ ਦੱਖਣੀ ਪੰਜਾਬ ਦੇ ਹਿੱਸੇ ਦੀ ਹੋਣੀ ਹੈ, ਜਿਸ ਦੀ ਰਾਜਧਾਨੀ ਮੁਲਤਾਨ ਹੈ ਸੀ, ਮੁਲਤਾਨ ਵਿਚ ਪ੍ਰਹਲਾਦ ਪੁਰੀ ਮੰਦਰ ਹੁਣ ਤੱਕ ਹੈ। ਇਸ ਜ਼ਬਰਦਸਤ ਰਾਜਧਾਨੀ ਦੇ ਕੰਵਰ ਪ੍ਰਹਲਾਦ ਜੀ ਆਰਯ ਵਿੱਦਜਾ ਦੇ ਅਸਰ ਹੇਠ ਆਕੇ ਪਰਮੇਸ਼ੁਰ ਦੇ ਭਗਤ ਹੋ ਗਏ, ਜਿਸ ਦੇ ਕਿ ਓਸਦੇ ਵਡੇ ਕਾਯਲ ਨਹੀਂ ਸਨ। ਉਸ ਦੇ ਦ੍ਰਿੜ੍ਹ ਵਿਸ਼ਵਾਸ ਤੇ ਭਗਤੀ ਪਰ ਵਾਹਿਗੁਰੂ ਵਲੋਂ ਸਹਾਇਤਾ ਹੋਣੀ ਕੋਈ ਅਚਰਜ ਗੱਲ ਨਹੀਂ। ਇਸੇ ਕ੍ਰਿਸ਼ਮੇ ਨੇ ਜਾਪਦਾ ਹੈ ਕਿ ਦੈਂਤਾਂ ਯਾ ਅਸਲੀ ਵਸਨੀਕਾਂ ਨੂੰ ਆਰਯ ਸਭਜਤਾ ਦਾ ਕਾਯਲ ਕਰਕੇ ਉਨ੍ਹਾਂ ਵਿੱਚ ਰਲਾ ਮਿਲਾ ਦਿੱਤਾ। ਪ੍ਰਹਲਾਦ ਦਾ ਭਗਤ ਹੋਣਾ ਤੇ ਉਸ ਦੀ ਰੱਖਜ਼ਾ ਲਈ ਇਹ ਅਸਮਾਨੀ ਕ੍ਰਿਸ਼ਮਾ ਵਰਤਣਾ ਸ਼੍ਰੀ ਗੁਰੂ ਸਾਹਿਬਾਂ ਦੀ ਆਪਣੀ ਬਾਣੀ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਹੈ।

ਪ੍ਰਹਲਾਦ ਦਾ ਸੁਮੇਰੁ ਪਰ ਮਿਲਨਾ ਇਹ ਕਥਾ ਹਿੰਦਾਲੀਏ ਲੇਖਕ ਨੇ ਆਪਣੇ ਢੰਗ ਨਾਲ ਪਾਈ ਸੀ, ਜਿਸ ਤੋਂ ਕਿ ਉਸ ਦੇ ਵਡੇ ਹਿੰਦਾਲ ਦੀ ਗੁਰੂ ਨਾਨਕ ਦੇਵ ਜੀ ਤੋਂ ਉੱਚਤਾ ਪ੍ਰਗਟ ਹੋਵੇ, ਕਵਿ ਜੀ ਨੇ ਓਹ ਢੰਗ ਉਸ ਦਾ ਮੱਖੀ ਵਾਂਙੂ ਗੰਦਾ ਤੇ ਝੂਠਾ ਜਾਣਕੇ ਦੂਰ ਕੀਤਾ। ਬਾਕੀ ਆਤਮ ਮੰਡਲ ਵਿੱਚ ਗੁਰੂ ਜੀ ਨੂੰ ਪ੍ਰਹਲਾਦ ਦਾ ਮਿਲਣਾ ਕੋਈ ਅਨੋਖੀ ਗੱਲ ਨਹੀਂ। ਓਹ ਤ੍ਰਿਕਾਲ ਦਰਸ਼ੀ ਸਨ। (ਦੇਖੋ ਟੂਕ ਇਸੇ ਪੋਥੀ ਦੇ ਅਧਜਾਯ ੫੬ ਅੰਕ ੧੦੧ ਦੀ)। (ਹਰਣਾਖਸ਼ ਤੇ ਹਰਿਨਕਸ਼ਜਪ ਦੇ ਨਾਵਾਂ ਦੇ ਨਿਰਣਯ ਲਈ

ਦੇਖੋ ਸ਼੍ਰੀ ਗੁਰੁ ਗ੍ਰੰਥ ਕੋਸ਼ ਪਦ-ਹਰਨਾਖਸ਼)। ਆਤਮ ਮੰਡਲ ਵਿੱਚ ਪ੍ਰਹਲਾਦ ਆਦਿਕਾਂ ਦੇ ਮੇਲੇ ਪਰ ਪੜ੍ਹੋ ਟੂਕ-ਅਧ੍ਯਾਯ ੬੫-ਅੰਕ ੨ ਦੀ।

ਸੁਨਹੁ ਕਾਨ ਬਾਲੇ ਮਤਿਵੰਤੇ!'
॥੬੭॥

ਸ਼੍ਰੀ ਅੰਗਦ ਸੁਨਿਯੇ ਮਨ ਲਾਈ।
ਸੁਨੀ ਸਰਬ ਜਬ ਕਥਾ ਸੁਹਾਈ।
ਬੰਦਿ ਹਾਥ ਮੈਂ ਬੰਦਨ ਕੀਨੀ।
ਭਗਤਨ ਤੇ ਮਹਿੰਮਾ ਵਡ ਚੀਨੀ
॥੬੮॥

ਕਿਤਕ ਕਾਲ ਸ਼੍ਰੀ ਗੁਰ ਤਿਹ ਪਾਸਾ।
ਰਹਿ ਕਰਿ ਕੀਨੇ ਬਚਨ ਬਿਲਾਸਾ।
ਕਰੀ ਪਰਸਪਰ ਦੁਹਿ ਦਿਸ਼ਿ ਬੰਦਨ।
ਅੱਗ੍ਰਜ ਗਮਨੇ ਦੋਖ ਨਿਕੰਦਨ ॥੬੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨੰਨ ਨਾਮ ਉਣਹੱਤ੍ਰਮੋਂ ਅਧ੍ਯਾਯ ॥੬੯॥

## ੭੦. [ਗੁਰ ਚਰਣ ਮੰਗਲ। ਵੈਰਾਹ ਅਵਤਾਰ]

੬੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੭੧

ਦੋਹਰਾ:

ਸ੍ਰੀ ਗੁਰ ਪਗ ਕਰਿ ਸਿਪਰ ਸਰ†, ਬਾਨ ਜਿ ਸਰਬ ਬਿਕਾਰ।

†ਇਕ ਲਿਖਤੀ ਨੁਸਖੇ ਵਿਚ ਪਾਠ ਬੀ-ਸਿਰ-ਦੇਖਣ ਵਿਚ ਆਇਆ ਹੈ।

ਸਿਪਰ=ਢਾਲ। [ਫਾਰਸੀ. ਸਿਪਰ] ਸਰ-ਸਿਰ, ਸੀਸ। [ਫਾਰਸੀ. ਸਰ] (ਅ) ਤੀਰ। (ੲ) ਤਲਾ, ਸਰੋਵਰ। [ਸੰਸ. ਸਰ] ਸਰੋਵਰ ਤੋਂ ਮੁਰਾਦ ਸੰਸਾਰ। ਅਰਥ ਐਉਂ ਲੱਗੇਗਾ, ਸੰਸਾਰ ਦੇ ਸਰਬ ਪ੍ਰਕਾਰ ਦੇ ਵਿਸ਼ਿਆਂ (ਰੂਪੀ ਬਾਣ) ਤੀਰ। (ਸ) ਵਰਗਾ, ਤੁੱਲ, ਬਰੱਬਰ। ਬਾਨ=ਬਾਣ, ਤੀਰ। ਜਿ=ਜੋ, ਜੇਹੜੇ।

ਕਰਿ ਤਿਹ ਓਟ ਬਚਾਇ ਕੈ, ਕਹੌਂ ਕਥਾ ਸੁਖ ਸਾਰ ॥੧॥

ਅਰਥ:

ਸ੍ਰੀ ਗੁਰੂ ਜੀ ਦੇ ਚਰਣਾਂ (ਰੂਪੀ ਆਸਰੇ ਨੂੰ ਆਪਣੇ) ਸੀਸ ਪਰ ਢਾਲ ਬਣਾ ਕੇ ਸਰਬ (ਪ੍ਰਕਾਰ ਦੇ) ਵਿਕਾਰਾਂ ਰੂਪੀ ਬਾਣਾਂ ਤੋਂ ਬਚਣ ਲਈ ਉਨ੍ਹਾਂ ਨੂੰ ਓਟ ਬਣਾਇਕੇ (ਮੈਂ ਅੱਗੇ ਦੀ) ਕਥਾ, ਜੋ ਸੁੱਖਾਂ ਦਾ ਸਾਰ ਹੈ, ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਸੁਨਿ ਕਥਾ ਰਸਾਲਾ।
ਅੱਗ੍ਰਜ ਗਮਨੇ ਦੀਨ ਦਯਾਲਾ।
ਤਬ ਮਰਦਾਨੇ ਬਚਨ ਉਚਾਰਾ।
'ਧਰਜੋ ਪ੍ਰਭੁ ਸ਼ੂਕਰ[1] ਅਵਤਾਰਾ ॥੨॥ [1]ਸੂਰ ਦਾ।
ਹਿਰਨਾਛਸ ਦਾਨਵ ਹਨਿ ਕੈਸੇ।
ਧਰਨੀ ਆਨੀ ਭਾਨਿਯੇ ਤੈਸੇ।
ਇਨ ਦੈਤਨ ਕੋ ਜਨਮ ਜੁ ਕ੍ਰੂਰਾ[1]। [1]ਖੋਟਾ।
ਸੋ ਕਹਿਯੇ ਸ੍ਰੀ ਗੁਰੁ ਗੁਨ ਭੂਰਾ'
॥੩॥
ਸੁਨਿ ਕਰਿ ਕਹਿਨ ਲਗੇ ਗੁਨਖਾਨੀ।⚐

⚐ਇਹ ਪੁਰਾਣਾਂ ਦੀ ਕਹਾਣੀ ਜੈਸੀ ਕਿ ਪੁਰਾਣਾਂ ਵਿਚ ਹੈ ਬਿਆਨ ਹੋਣ ਲਗੀ ਹੈ। ਇਹ ਬਤੌਰ ਇਤਿਹਾਸ ਆਪਣੀ ਵਲੋਂ ਵਾਕਿਆ ਬਿਆਨ ਨਹੀਂ ਹੋਣ ਲੱਗਾ। ਕਹਾਣੀ ਬੀ ਜੈਸੇ ਕਿ ਸੁਣੀ ਹੈ। ਕਵਿ ਜੀ ਨੇ ਇਹ ਪੌਰਾਣਕ ਕਥਾ ਉਵੇਂ ਲਿਖੀ ਹੈ ਜਿਵੇਂ ਉਥੇ ਲਿਖੀ ਹੈ, ਇਹ ਗੱਲ ਆਪ ਹੀ ਮੰਨਕੇ ਟੁਰੇ ਹਨ। ਉਨ੍ਹਾਂ ਦੀ ਸ਼ਰਧਾ ਇਸ ਵਿਚ ਕਿੰਨੀ ਕੁ ਸੀ, ਉਹ ਅੱਗੇ ਜਾ ਕੇ ਅੰਕ ੫੯ ਤੋਂ ਪਤਾ ਲਗ ਜਾਂਦਾ ਹੈ, ਜਿੱਥੇ ਪੁਰਾਣਾਂ ਦੇ ਪੂਜ ਦੇਵਤਿਆਂ ਨੂੰ ਆਪ ਨੇ 'ਨਿਪੁੰਸਕ' ਕਹਿਣੋਂ ਝਿਜਕ ਨਹੀਂ ਖਾਧੀ। ਇਸ ਨੂੰ ਕਵਿ ਨੇ ਇਤਿਹਾਸ ਬੀ ਨਹੀਂ ਕਿਹਾ, ਕਥਾ ਬੀ ਨਹੀਂ ਕਿਹਾ, ਪਰ ਪੌਰਾਣਕ ਕਹਾਣੀ ਆਪ ਆਖਿਆ ਹੈ। ਇਕ ਪੱਛਮੀ ਇਤਿਹਾਸਕਾਰ 'ਕਨਿੰਘਮ' ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਸਾਹਿਤ ਵਿਚ ਜੋ ਪੌਰਾਣਕ ਤਜ਼ਕਰੇ ਆ ਜਾਂਦੇ ਹਨ ਓਹ ਸਿੱਖ ਈਮਾਨ ਦਾ ਹਿੱਸਾ ਨਹੀਂ ਹਨ, ਸਗੋਂ ਸਿੱਖੀ ਅਸੂਲਾਂ ਦੇ ਪ੍ਰਤਿਪਾਦਨ ਕਰਨ ਹਿਤ ਕੇਵਲ ਦ੍ਰਿਸ਼ਟਾਂਤ ਮਾਤ੍ਰ ਵਰਤੇ ਹੋਏ ਹਨ।

ਹੋ ਸਕਦਾ ਹੈ ਕਿ ਹਿੰਦ ਦੇ ਅਸਲੀ ਵਸਨੀਕਾਂ ਦੀ ਰਾਜਧਾਨੀ ਮੁਲਤਾਨ ਵਿੱਚ ਜੋ ਉੱਤਰੀ ਪੰਜਾਬ ਦੇ ਆਰਯ ਕਬਜ਼ੇ ਵਿਚ ਆ ਜਾਣ ਤੇ ਵੀ ਪੱਕੀ ਸੀ, ਕਿਸੇ ਵੇਲੇ ਐਸਾ ਜ਼ੋਰ ਪਿਆ ਹੋਵੇ ਕਿ ਉਨ੍ਹਾਂ ਪੰਜਾਬ ਫੇਰ ਖੋਹ ਲਿਆ ਹੋਵੇ ਤੇ ਆਰਯ ਕੁਲ ਦੇ ਲੋਕੀਂ ਉੱਤਰੀ ਪਹਾੜਾਂ ਵਿੱਚ ਜਾ ਕੇ ਲੁਕੇ ਹੋਣ, ਫੇਰ ਕਿਸੇ ਹਿਕਮਤ ਨਾਲ ਇਨ੍ਹਾਂ ਦੇ ਕਾਮਯਾਬ ਹੋ ਜਾਣ ਤੇ ਦੈਂਤਾਂ ਨੇ ਇਹ ਕਾਰਟੂਨ (ਮਖ਼ੌਲ) ਬਣਾਇਆ ਹੋਵੇ ਕਿ ਆਰਯਾਂ ਦਾ ਵਡਾ ਸੂਰ ਬਣਕੇ ਮਾਨੋਂ ਧਰਤੀ ਨੂੰ ਲਿਆ ਰਿਹਾ ਹੈ। ਅੱਖਰਾਂ ਦੀ ਲਿਪੀ ਤੋਂ ਪਹਿਲਾਂ ਲੋਕੀਂ ਮੂਰਤਾਂ ਬਣਕੇ ਹੀ ਭਾਵ ਦੱਸਿਆ ਕਰਦੇ ਸਨ ਜਿਵੇਂ ਅਜ ਕਲ ਕਾਰਟੂਨ ਬਣਾਉਂਦੇ ਹਨ। ਇਹ ਬੀ ਖਿਆਲ ਹੈ ਕਿ ਇਹ ਵਾਕਯਾ ਕਸ਼ਮੀਰ ਦੇ ਪਾਣੀ ਹੇਠ ਹੋਣ ਦਾ ਤੇ ਫੇਰ ਜੇਹਲਮ ਰਸਤੇ ਪਾਣੀ ਵਹਿਕੇ ਧਰਤੀ ਨਿਕਲ ਆਉਣ ਦਾ ਇਕ ਚਿੱਤ੍ਰ ਹੈ ਜੋ ਪੌਰਾਣਾਂ ਵਿਚ ਵਰਣਿਤ ਹੈ। ਹੋਰ ਹਾਲ ਲਈ ਦੇਖੋ ਟੂਕ ਅਧ੍ਯਾਯ ੬੯ ਅੰਕ ੬੭ ਦੀ। ਭਾਈ ਬਾਲੇ ਵਾਲੀ, ਭਾਈ ਮਨੀ ਸਿੰਘ ਜੀ ਵਾਲੀ ਤੇ ਪੁਰਾਤਣ ਜਨਮ ਸਾਖੀ ਵਿੱਚ ਇਹ ਪ੍ਰਸੰਗ ਨਹੀਂ ਹੈ।

-ਜੋ ਸੁਨਿ ਅਹੈ[1] ਪੁਰਾਨ ਕਹਾਨੀ। — [1]ਸੁਣੀ ਹੋਈ ਹੈ।
ਏਕ ਸਮੈ ਕੱਸ਼ਯਪ[1] ਜਗ ਕਰਿ ਕੈ। — [1]ਇਕ ਰਿਖੀ।
ਬੈਠ੍ਯੋ ਸਦਨ ਹਰਖ ਉਰ ਧਰਿ ਕੈ ॥੪॥
ਸੰਧ੍ਯਾ ਕਾਲ ਸੁਤਾ ਦੱਖ[1] ਕੇਰੀ। — [1]ਦੱਖ ਦੀ ਧੀ ਦਿੱਤੀ, ਜੋ ਕੱਸ਼ਯਪ ਦੀ ਵਹੁਟੀ ਸੀ।
ਦਿਤੀ ਨਾਮ ਤ੍ਰਿਟ[1]† ਕਾਮ ਘਨੇਰੀ। — [1]ਇੱਛਾ। †ਪਾ:-ਤ੍ਰਿਯ।
ਜਾਇ ਸਮੀਪ ਕਰੇ ਅਸ† ਬੈਨਾ। — †ਪਾ:-ਇਵ।
'ਤਨ ਮਨ ਮੋਰ ਕੰਪਾਵਾ ਮੈਨਾ[1] ॥੫॥ — [1]ਕਾਮਦੇਵ ਨੇ।
ਜਿਉਂ ਕਦਲੀ ਦਲ[1] ਦੁਰਦ[2] ਹਿਲਾਵੈ। — [1]ਕੇਲੇ ਦੇ ਪੱਤੇ। [2]ਹਾਥੀ। [ਸੰਸ. ਦ੍ਵਿਰਦ॥।
ਦੀਨ ਜਾਨਿ ਤਜੋਂ ਮੁਝ ਸੰਤਾਵੈ।
ਸੌਤ ਸਮ੍ਰਿੱਧਵਾਨ[1] ਸਭਿ ਜੋਈ। — [1]ਸੌਂਕਣਾਂ ਪ੍ਰਤਾਪ ਵਾਲੀਆਂ, ਮੁਰਾਦ ਸੰਤਾਨ ਵਾਲੀਆਂ ਤੋਂ ਹੈ। [ਸੰਸ. ਸਮ੍ਰਿਧ]।
ਤਿਨ ਪਿਖ ਦਾਹਿ ਰਿਦੇ ਮਮ ਹੋਈ ॥੬॥
ਤੁਮ ਕ੍ਰਿਪਾਲ ਸਭਿ ਭਾਂਤਿ ਪ੍ਰਬੀਨੋ।
ਇਕ ਸਮਾਨ ਅੰਗਨਾ ਸਭਿ ਚੀਨੋ।
ਤਨ ਪੈ ਬਯਾਪਯੋ ਅਧਿਕ ਅਨੰਗਾ।
ਅਬ ਉਮੰਗ ਕੀਜੈ ਮਮ ਸੰਗਾ ॥੭॥
ਕਾਮ ਸੰਗ ਮੈਂ ਪੀੜਤਿ ਭਾਰੀ।
ਅਬ ਮੈਥੁਨ ਕਰਿ ਦੇਹੁ ਨਿਵਾਰੀ[1]। — [1]ਦੂਰ ਕਰ ਦਿਓ।
ਆਤੁਰ ਹ੍ਵੈ ਸ਼ਰਨਾਗਤਿ ਆਵੈ।
ਜੋ ਕ੍ਰਿਪਾਲ ਨਹਿਂ ਮੋਘ[1] ਪਠਾਵੈ ॥੮॥ — [1]ਖਾਲੀ।
ਕਰੇ ਕੇਲ ਤੇ ਜਨਮਹਿ ਤਾਤਾ।

ਤਬ ਮੈਂ ਸੁਖ ਪਾਵੌਂ ਭਲਿਭਾਂਤਾ[1]। [1]ਚੰਗੀ ਤਰ੍ਹਾਂ।
ਸੁਨਿ ਕੱਸ਼ਜਪ ਨਿਜ ਤਿਯ ਕੀ ਬਾਨੀ।
ਬੋਲਜੋ ਤਾਂਹਿ ਕਰਤਿ ਸਨਮਾਨੀ ॥੯॥
'ਚੰਦ੍ਰਬਦਨ! ਤੂੰ ਮੋ ਕੋ ਪਜਾਰੀ।
ਕਰੌਂ ਕਾਮਨਾ ਪੂਰਬ ਥਾਰੀ।
ਸੰਧਜਾ ਕਾਲ ਬੀਤ ਹੈ ਜਬ ਹੀ।
ਮੈਥੁਨ ਕਰੌਂ ਸੰਗ ਤੁਝ ਤਬ ਹੀ ॥੧੦॥
ਇਹ ਬੇਲਾ ਲਖਿ ਘੋਰ ਬਿਸਾਲਾ।
ਕਾਮ ਚੇਸ਼ਟਾ ਕੋ ਨਹਿਂ ਕਾਲਾ।
ਸ਼ੰਕਰ[1] ਫਿਰਤਿ ਲਿਯੇ ਗਣ ਸੰਗਾ। [1]ਸ਼ਿਵ।
ਭੂਤ ਪ੍ਰਚਰਜਾ ਹੇਤ[1] ਉਮੰਗਾ ॥੧੧॥ [1]ਪ੍ਰਾਣੀ ਆਦਿ ਦੀ ਦੇਖ ਭਾਲ ਲਈ।
ਰੁਕਮ ਸਮਾਨ[1] ਭਸਮ[2] ਤਨ ਕੀਨੋ[3]। [1]ਚਾਂਦੀਵਤ। [2]ਸਵਾਹ। [3]ਸਰੀਰ ਤੇ ਮਲੀ ਹੋਈ ਹੈ।
ਅਗਨਿ[1] ਤਰਨਿ[2] ਸ਼ਸ਼ਿ[3] ਜਿਹ ਦ੍ਰਿਗ[4] ਤੀਨੋ। [1]ਅਗਨੀ। [2]ਸੂਰਜ। [3]ਚੰਦਰਮਾ। [4]ਨੇਤਰ।
ਪੂਜਨ ਸਮਯ ਤਾਂਹਿ ਕੋ ਜਾਨਹੁ।
ਕੇਲ ਕਰਨ ਕੋ ਕਾਲ ਨ ਮਾਨਹੁ ॥੧੨॥
ਦਿਨ ਮੈਥੁਨ ਤੇ ਆਯੁ ਘਟਾਈ[1]। [1]ਘੱਟਦੀ ਹੈ।
ਪੁਰਬ ਦਿਨਨ[1] ਦੁਰ ਸੁਤ[2] ਜਨਮਾਈ[3]। [1]ਤਿਉਹਾਰ ਦੇ ਦਿਨ। [2]ਮੰਦਾ ਪੁੱਤਰ। [3]ਜਨਮਦਾ ਹੈ।
ਤਜੋਂ ਇਹ ਸੰਧਜਾ ਦੋਖ ਪ੍ਰਮਾਨਹੁ[1]। [1]ਦੋਸ਼ ਜਾਣੋ।
ਸ਼ਿਵ ਕੀ ਦ੍ਰਿਸ਼ਟਿ ਬਚਾਵਨ ਠਾਨਹੁ' ॥੧੩॥
ਸੁਨੀ ਦਿਤੀ ਜਬ ਅਸ ਬਿਧਿ ਬਾਨੀ।
ਮਨਸਿਜ ਬਾਨਨ[1] ਤੇ ਅਕੁਲਾਨੀ। [1]ਕਾਮ ਦੇ ਬਾਣਾ ਤੋਂ।
ਬਾਰਬਧੂ[1] ਜਿਵ ਤਜਿ ਕਰਿ ਬ੍ਰੀੜਾ[2]। [1]ਵੇਸ਼ਵਾ। [2]ਲੱਜਾ।
ਪਤਿ ਕੋ ਬਸਨ[1] ਗਹਜੋ ਹਿਤ ਕ੍ਰੀੜਾ ॥੧੪॥ [1]ਕੱਪੜਾ।
ਕਹਜੋ 'ਨ ਰਹਜੋ ਜਾਤ ਮੁਝ ਪਾਹੀ।
ਕਰੋ ਕੇਲ ਪਤਿ[1]! ਅਬ ਚਿਤ ਚਾਹੀ।' [1]ਹੇ ਪਤੀ।

ਕੱਸ਼ਜਪ ਕਾਮਾਰਤ ਤਿਹਿ ਦੇਖੀ।
ਗਮਨਜੋ ਜਹਾਂ ਇਕੰਤ ਬਿਸ਼ੇਖ਼ੀ ॥੧੫॥
ਤਹਾਂ ਜਾਇ ਦੀਨੋ ਰਤਿ ਦਾਨਾ।
ਤਿਯ ਤਨ ਮਨਸਿਜ[1] ਤਾਪ ਮਿਟਾਨਾ। [1]ਕਾਮਦੇਵ ਦਾ।
ਬਹੁਰ ਜਾਇ ਸੰਧਜਾ ਤਿਹ ਕੀਨੀ।
ਤ੍ਰਿਪੁਟੀ[1] ਜਾਪ ਬਿਖੈ ਮਤਿ ਭੀਨੀ ॥੧੬॥ [1]ਗਾਇਤ੍ਰੀ।
ਪੁਨ ਜੁ ਦਿਤੀ ਪਾਛੇ ਪਛੁਤਾਨੀ।
ਲੱਜਾ ਯੁਤ ਦ੍ਰਿਗ ਤਰੁ ਸਕੁਚਾਨੀ[1]। [1]ਸ਼ਰਮ ਨਾਲ ਅੱਖਾਂ ਨੀਵੀਆਂ ਕਰਕੇ ਸ਼ਰਮਾਈ।
ਕੱਸ਼ਜਪ ਕੇ ਸਮੀਪ ਚਲਿ ਆਈ।
ਸ਼ਿਵ ਕੇ ਭੈ ਤੇ ਗਿਰਾ ਅਲਾਈ ॥੧੭॥
'ਹੇ ਪਤਿ! ਗਰਭ ਮੋਹਿ ਕੱਲਜਾਨਾ[1]। [1]ਮੇਰਾ ਸੁਖਦਾਈ ਹੋਵੇ।
ਰਿਸ ਧਰਿ ਸ਼੍ਰੀ ਸ਼ਿਵ ਕਰੈ ਨ ਹਾਨਾ[1]। [1]ਨਾਸ਼।
ਨਮੋ ਨਮੋ ਤਿਹ ਕੇ ਪਦ ਕੰਜਾ[1]। [1]ਚਰਣਾਂ ਕਵਲਾਂ ਤੇ।
ਮਹਾਂਦੇਵ[1] ਸੇਵਤਿ ਸੁਰ ਪੁੰਜਾ ॥੧੮॥ [1]ਸ਼ਿਵਜੀ।
ਮੋਹਿ ਅਵੱਗਜਾ ਛਿਮਾ ਕਰੀਜੈ।
ਤਿਯ ਸੁਭਾਵ ਲਖਿ ਮਨ ਨ ਰਿਸੀਜੈ।'
ਸੁਨਿ ਕੱਸ਼ਜਪ ਬੋਲਜੋ ਤਬ ਬਾਨੀ।
'ਅਹੋ ਅਭੱਦ੍ਰੇ[1]! ਨਾਰਿ ਅਜਾਨੀ[2]! ॥੧੯॥ [1]ਹੇ ਭੈੜੀ ਤ੍ਰੀਮਤ। [2]ਅਵਾਣ।
ਦ੍ਵੈ ਸੁਤ ਜਨਮਹਿਂ ਅਧਮ ਕਠੋਰਾ।
ਦੇਹਿਂ ਸਰਬ ਜਗ ਕੋ ਦੁਖ ਘੋਰਾ।
ਕਸਮਲ[1]† ਕਰਹਿਂ ਅਨੇਕ ਪ੍ਰਕਾਰਾ। [1]ਪਾਪ। †ਪਾ:- ਕਲਮਲ।
ਤਿਨ ਹਿਤ[1] ਧਰਹਿ ਬਿਸ਼ਨੁ ਅਵਤਾਰਾ ॥੨੦॥ [1]ਨਾਸ਼ ਕਰਨ) ਵਾਸਤੇ।
ਕਰਿ ਸੰਗ੍ਰਾਮ[1] ਹਨਹਿੰਗੇ ਤਿਨ ਕੋ। [1]ਜੰਗ।
ਸੰਧਜਾ[1] ਧਰਜੋ ਗਰਭ ਤੈਂ ਜਿਨ ਕੋ। [1]ਸੰਞਾਂ ਵੇਲੇ।
ਤਵ ਸੁਤ ਕੋ ਸੁਤ[1] ਭਗਤ ਪ੍ਰਧਾਨਾ। [1]ਤੇਰਾ ਪੋਤਰਾ।
ਹੋਵਹਿਗੋ ਸਮ ਦ੍ਰਿਸ਼ਟਿ ਸੁਜਾਨਾ ॥੨੧॥
ਕਰ ਕਸਮਲ[1] ਤੂੰ ਪੁਨ[2] ਪਛੁਤਾਨੀ[3]। [1]ਪਾਪ ਕਰਕੇ। [2]ਫਿਰ। [3]ਪਛੁਤਾਈ ਹੈਂ।

| | |
|---|---|
| ਇਸ ਸੁਕ੍ਰਿਤਿ ਤੇ ਹ੍ਵੈ ਸੁਖ ਖਾਨੀ[1]। | [1]ਪਸ਼ਚਾਤਾਪ ਰੂਪੀ ਚੰਗੇ ਕੰਮ ਕਰਨ ਕਰਕੇ (ਤੇਰਾ ਪੋਤਰਾ) ਸੁਖਾਂ ਦੀ ਖਾਣ ਹੋਵੇਗਾ। |
| ਹ੍ਵੈ ਹੈ ਸਰਭ ਭੂਤ[1] ਹਿਤਕਾਰੀ। | [1]ਸਾਰੇ ਪ੍ਰਾਣੀਆਂ ਦਾ। |
| ਦੁਖਿ ਲਖਿ[1] ਦੁਖੀ ਸੁਖੀ ਸੁਖ ਧਾਰੀ[2]' ॥੨੨॥ | [1]ਦੇਖ ਕੇ। [2]ਸੁਖੀ (ਨੂੰ ਵੇਖਕੇ) ਸੁਖੀ। |
| ਸੁਨਿ ਕਰਿ ਦਿਤੀ ਰਿਦੇ ਹਰਖਾਨੀ। | |
| ਪ੍ਰਭੁ ਕਰ ਤੇ ਸੁਤ[1] ਕੀ ਮ੍ਰਿਤੁ ਜਾਨੀ। | [1]ਪੁਤ੍ਰ। |
| ਪੁਨ ਪੌਤ੍ਰਾ ਹ੍ਵੈ ਭਗਤ ਕ੍ਰਿਪਾਲਾ। | |
| ਦੈਵ ਸੰਪਦਾ ਗੁਣਨ ਬਿਸ਼ਾਲਾ ॥੨੩॥ | |
| ਧਾਰਤਿ ਭਈ ਗਰਭ ਕੋ ਤਬ ਹੀ। | |
| ਬੀਤ ਗਏ ਸਤ[1] ਸੰਮਤ ਜਬ ਹੀ। | [1]ਸੌ। |
| ਗਰਭ ਤੇਜ ਤਿਹ ਬਧ੍ਯੋ ਅਪਾਰੀ। | |
| ਲੋਕ ਪ੍ਰਲੋਕ ਪ੍ਰਭਾ[1] ਸਭਿ ਹਾਰੀ ॥੨੪॥ | [1]ਸੋਭਾ। |
| ਬਜ੍ਯਾਕੁਲ ਹ੍ਵੈ ਬਿਧਿ ਭਵਨ[1] ਸਿਧਾਰੇ[2]। | [1]ਬ੍ਰਹਮਾ ਦੇ ਘਰ। [2]ਦੇਵਤੇ) ਗਏ। |
| ਕਰਿ ਕੈ ਬੰਦਨ ਬੈਨ ਉਚਾਰੇ। | |
| 'ਹੇ ਲੋਕੇਸ਼! ਸਰਬ ਗਤਿ ਜਾਨੋ। | |
| ਤੀਨ ਕਾਲ ਕੀ ਬਿਧਿ[1] ਪਹਿਚਾਨੋ ॥੨੫॥ | [1]ਹਾਲਤ। |
| ਕੱਸ਼ਜਪ ਤੇ ਦਿਤਿ[1] ਗਰਭ ਜੁ ਧਾਰਾ। | [1]ਦਿੱਤੀ ਨੇ। |
| ਤਿਹ ਕੋ ਹੋਯੋ ਤੇਜ ਅਪਾਰਾ। | |
| ਜਨਮੈ ਗੋ ਤਿਸ ਤੇ ਅਸ ਕਵਨੂੰ? | |
| ਜੋ ਦੁਖ ਦੇਤਿ ਅਬਹਿ ਸਭਿ[1] ਭਵਨੂੰ[2]' ॥੨੬॥ | [1]ਸਾਰੇ। [2]ਲੋਕਾਂ ਨੂੰ। |
| ਸੁਨਿ ਕਰਿ ਉਚਰੇ ਬੈਨ ਬਿਧਾਤਾ। | |
| 'ਸਨਕਾਦਿਕ ਜੇ ਹੈਂ ਮਮ ਤਾਤਾ[1]। | [1]ਪੁੱਤਰ। |
| ਗਏ ਬਿਕੁੰਠ ਬਿਸ਼ਨੁ ਕੇ ਧਾਮਾ। | |
| ਰਚਨਾਂ ਬਨੀ ਜਹਾਂ ਅਭਿਰਾਮਾ[1] ॥੨੭॥ | [1]ਸੁੰਦਰ। |
| ਪਰਫੁੱਲਿਤਿ ਤਹਿਂ ਸਦਾ ਬਸੰਤਾ। | |
| ਸੁੰਦਰ ਖਗ[1] ਮਿਲ ਕੂਜ ਕਰੰਤਾ[2]। | [1]ਪੰਛੀ। [2]ਚਹਿਚਹਾਂਵਦੇ ਹਨ। |
| ਕੁਸਮ[1] ਬਾਟਿਕਾ[2] ਰਾਜਤਿ ਰੂਰੀ। | [1]ਫੁੱਲਾਂ ਦੇ। [2]ਬਗੀਚੇ। |
| ਮਧੁਪ[1] ਗੁੰਜਾਰਹਿਂ ਗੰਧਤਿ[2] ਭੂਰੀ | [1]ਭੌਰੇ। [2]ਖੁਸ਼ਬੋ ਉਤੇ। |

| | |
|---|---|
| ॥੨੮॥ | |
| ਚਾਂਮੀਕਰ[1] ਕੇ ਸੁਭਗ ਬਿਮਾਨਾ[2]। | [1]ਸੋਨੇ। [2]ਬਿਬਾਣ। |
| ਖਚੇ[1] ਮਣਿਨ[2] ਜਾ ਮਹਿਂ ਰੰਗ ਨਾਨਾ। | [1]ਜੜੇ ਹੋਏ। [2]ਮਣੀਆਂ। |
| ਫਿਰਹਿਂ ਤਹਾਂ ਬਹੁ ਭਗਤ ਸੁਹਾਏ[1]। | [1]ਸ਼ੋਭਨੀਕ। |
| ਜਿਨ ਸੇਵਾ ਕਰ ਬਿਸ਼ਨੁ ਰਿਝਾਏ ॥੨੯॥ | |
| ਹਾਟਕ[1] ਫਟਕ[2] ਭੀਤ[3] ਜਹਿਂ ਸੋਹਤਿ। | [1]ਸੋਨੇ ਦੇ ਤੇ। [2]ਬਲੌਰ ਦੀਆਂ। [3]ਕੰਧਾਂ। |
| ਤਨੇ ਰਿਤਾਨ[1] ਬਨੇ ਮਨ ਮੋਹਤਿ। | [1]ਚੰਦੋਏ। |
| ਮੁਕਤਾ[1] ਕੀ ਝਾਲਰ ਇਕਸਾਰੀ[2]। | [1]ਮੋਤੀਆਂ ਦੀ। [2]ਇਕੋ ਜਿਹੀ। |
| ਕਰ ਸਰੋਜ[1] ਤਹਿਂ ਰਮਾ ਬਿਹਾਰੀ[2] ॥੩੦॥ | [1]ਹੱਥ ਵਿੱਚ ਕਵਲ ਹੈ। [2]ਲਛਮੀ ਫਿਰ ਰਹੀ ਹੈ। |
| ਨੂਪਰਾਦਿ[1] ਹੈਂ ਭੂਖਨ ਜੇਈ। | [1]ਝਾਂਜਰਾਂ ਆਦਿ। |
| ਅੰਗ ਹਲੇ ਤਨਕਾਰਹਿਂ[1] ਤੇਈ। | [1]ਛਣਕਦੇ ਹਨ। |
| ਰੁਚਰਿ ਸਥਾਨ ਬਿਲੋਕਤਿ ਜਾਈ। | |
| ਸਨਕਾਦਿਕ ਜੇ ਚਾਰੋਂ ਭਾਈ ॥੩੧॥ | |
| ਚੌਕੀ ਖਸ਼ਟ ਉਲੰਘੇ ਜਬ ਹੀ। | |
| ਸਪਤਮ ਪੌਰ ਗਏ ਚਲਿ ਤਬ ਹੀ। | |
| ਤਹਿਂ ਜੁ ਹੁਤੇ ਠਾਂਢੇ[1] ਦਰਵਾਨਾ। | [1]ਖੜੇ। |
| ਬੈਤ[1] ਅਰਾਇ[2] ਤਿਨਹਿਂ ਅਟਕਾਨਾ[3] ॥੩੨॥ | [1]ਸੋਟੀ। [2]ਅੜਾ ਕੇ। [3]ਰੋਕਿਆ। |
| ਪੰਚ ਬਰਖ[1] ਜਿਨ ਬੈਸ[2] ਸਦਾਈ। | [1]ਪੰਜ ਸਾਲ ਦੀ। [2]ਆਯੂ। |
| ਪਰਮਹੰਸ, ਦਿਸ਼ ਬਸਨ ਬਨਾਈ[1]। | [1]ਦਿਸ਼ਾ ਹੀ ਜਿਨ੍ਹਾਂ ਨੇ ਬਸਤਰ ਬਣਾਏ ਹੋਏ ਹਨ, ਭਾਵ ਨੰਗੇ ਹਨ। |
| ਸਦਾ ਗਜਾਨ ਘਨ[1] ਜਾਵਤਿ ਰੋਕੇ[2]। | [1]ਨਿਰੰਤਰ ਗਜਾਨੀ ਹਨ। [2]ਓਹ) ਜਾਂਦੇ ਹੋਏ ਰੋਕੇ (ਗਏ ਜਦੋਂ)। |
| ਦਰਵਾਨਨ ਦਿਸ਼[1] ਰਿਖਨਿ[2] ਬਿਲੋਕੇ[3] ॥੩੩॥ | [1]ਤਰਫ। [2]ਰਿਖੀਆਂ ਨੇ। [3]ਦੇਖਿਆ। |
| ਕਹਿਨ ਲਗੇ -ਇਕ ਪ੍ਰਭੁ ਪੈ ਜਾਈ[1]। | [1]ਇਕ ਤਾਂ ਪ੍ਰਭੂ ਪਾਸ ਪੁੱਜ ਜਾਂਦੇ ਹਨ। |
| ਏਕਨ ਕੋ ਰੋਕਹੁ ਇਹ ਥਾਈਂ[1]। | [1]ਇਕਨਾਂ ਨੂੰ ਇਸ ਥਾਂ ਤੇ ਰੋਕ ਲੈਂਦੇ ਹੋ। |
| ਭੇਦ ਦ੍ਰਿਸ਼ਟਿ[1] ਜੋ ਕਰਨੈ ਹਾਰੇ। | [1]ਵਖੇਵੇਂ ਵਾਲੀ ਨਜ਼ਰ। |
| ਰਹਨਿ ਉਚਿਤ[1] ਨਹਿਂ ਪ੍ਰਭੁ ਦਰਬਾਰੇ ॥੩੪॥ | [1]ਯੋਗ। |

ਅਸੁਰ[1] ਬੁੱਧਿ ਤੁਮ ਨੈ ਇਹ ਧਾਰੀ। [1]ਦੈਂਤਾਂ ਦੀ।
ਜਾਇ ਧਰਹੁ ਤਨ ਧਰਨਿ[1] ਮਝਾਰੀ। [1]ਧਰਤੀ।
ਸਮਦ੍ਰਿਸ਼ਟੀ ਗੁਣ ਸਰਬ ਸਮੇਤਾ।
ਐਸੇ ਚਹਿਯਤਿ ਪ੍ਰਭੁ ਨਿਕੇਤਾ-
॥੩੫॥
ਸੁਨਿ ਕਰਿ ਸ੍ਰਾਪ, ਭਏ ਭਯਮਾਨਾ।
ਜੈ ਅਰ ਬਿਜੈ ਨਾਮ ਜਿਨ ਜਾਨਾ।
ਬਿਨੈ ਕਰਨ ਲਾਗੇ ਕਰ ਜੋਰੀ।
-ਦਯੋ ਸ੍ਰਾਪ ਤੁਮ ਨੈ ਦੁਖ ਘੋਰੀ[1] [1]ਭਿਆਨਕ ਦੁਖਦਾਈ।
॥੩੬॥
ਧਾਰਿ ਅਨੁਗ੍ਰਹੁ ਅਸ ਬਰ ਦੀਜੈ।
ਜਾਂ ਤੇ ਪ੍ਰਭੁ ਨ ਰਿਦੈ ਭੁਲੀਜੈ।
ਸ੍ਰਾਪ ਅੰਤ ਪੁਨ ਦਿਹੋ ਬਤਾਈ।
ਹਮ ਆਏ ਤੁਮ ਪਗ ਸ਼ਰਨਾਈ-
॥੩੭॥
ਤਿਨ ਕੀ ਬਿਨੈ ਸ਼੍ਰੋਨ ਸੁਨਿ ਜਬ ਹੀ।
ਬੋਲੇ ਪਰਮ ਰਿਖੀਸ਼੍ਵਰ ਤਬ ਹੀ।
-ਸਹਿ ਕਰਿ ਸ੍ਰਾਪ ਦੈਤ ਤਨ ਪਾਵਹੁ।
ਜਾਇ ਭੂਮ ਤਲ ਰਾਜ ਕਮਾਵਹੁ
॥੩੮॥
ਸ਼੍ਰੀ ਪ੍ਰਭੁ ਬਿਸ਼ਨੁ ਧਰਹਿ ਅਵਤਾਰਾ।
ਤਿਨ ਕੇ ਹਾਥ ਹੋਇ ਸੰਘਾਰਾ[1]। [1]ਤੁਹਾਡੀ ਮੌਤ।
ਤੀਨ ਜਨਮ ਧਰਿ ਭੂਮ ਮਝਾਰੇ।
ਪੁਨ ਆਵਹੁ ਸ਼੍ਰੀ ਪ੍ਰਭੁ ਦਰਬਾਰੇ-
॥੩੯॥
ਬਾਤ ਲਖੀ[1] ਜਬ ਕਮਾਲਾਕੰਤਾ। [1]ਜਾਣੀ।
ਦੌਰੇ, ਸਭਿ[1] ਤਹਿੰ ਤਜੇ ਤੁਰੰਤਾ। [1]ਸਾਰੇ, ਭਾਵ ਆਪਣੇ ਸਾਰੇ ਦਰਬਾਰੀ ਛਡਕੇ।
ਪਰਮਹੰਸ ਲੇਖਿ ਭਗਤ ਬਿਸਾਲਾ।
ਕ੍ਰੋਧ ਛਿਮਾਪਨਿ[1] ਤਿਨਹਿ ਕ੍ਰਿਪਾਲਾ [1]ਖਿਮਾ ਕਰਾਉਣ ਵਾਸਤੇ।
॥੪੦॥
ਪਗ ਨੰਗੇ ਆਏ ਚਲਿ ਦ੍ਵਾਰਾ।

| | |
|---|---|
| ਕੇਵਲ ਜਿਨ ਕੋ ਪ੍ਰੇਮ ਪਿਆਰਾ। | |
| ਅਪਨੇ ਚਰਨ ਰਿਖਿਨਿ ਦਿਖਰਾਏ। | |
| ਰੋਸ[1] ਸਪੂਰਨ ਸ਼ਾਂਤਿ ਕਰਾਏ ॥੪੧॥ | [1]ਕ੍ਰੋਧ। |
| ਸ਼ਯਾਮ ਸਰੂਪ ਅਨੂਪਮ ਲੋਨਾ[†]। | [†]ਪਾ:- ਅਨੂਪ ਸਿ ਲੋਨਾ। |
| ਪ੍ਰਿਥ ਨਿਤੰਬ[1] ਜਿਨ ਕੀ ਛਬਿ ਕੋ ਨਾ[2]। | [1]ਪਟ ਚੌੜੇ ਹਨ। [2]ਕੋਈ ਨਹੀਂ। |
| ਛੁਦ੍ਰ ਘੰਟਕਾ[1] ਬਧੀ ਸੁਹਾਵਨ। | [1]ਤੜਾਗੀ। |
| ਗਰ ਮਹਿਂ ਬਨਮਾਲਾ ਮਨ ਭਾਵਨ ॥੪੨॥ | |
| ਚਾਰ ਭੁਜਾ ਮਹਿਂ ਭੂਖਨ ਚਾਰੂ[1]। | [1]ਸੁੰਦਰ। |
| ਕੰਕਨ[1] ਮੁਦ੍ਰਿਕ[2] ਅੰਗਦ[3] ਧਾਰੂ[4]। | [1]ਕੜੇ। [2]ਛੱਲੇ। [3]ਬੁਹੱਟੇ। [4]ਧਾਰਨ ਕੀਤੇ ਹੋਏ ਹਨ। |
| ਉਦਰ ਤ੍ਰਿਵਲੀ[1] ਸੰਜੁਤ[2†] ਰਾਜਤਿ। | [1]ਪੇਟ ਪਰ ਤਿੰਨ ਵਲ। [2]ਸਮੇਤ। [†]ਪਾ:-ਸੁੰਦਰ। |
| ਉੱਨਤ ਕੰਧ[1] ਬ੍ਰਿਖਭ ਸਮ ਛਾਜਤਿ[2] ॥੪੩॥ | [1]ਉਚੇ ਮੋਢੇ। [2]ਬੈਲਾਂ ਸਦਰਸ਼ ਫਬਦੇ ਹਨ। |
| ਰੁਚਿਰ ਚਿਬਕ[1] ਮੁਸ਼ਕਯਾਨ[2] ਕਪੋਲੰ। | [1]ਸੁਹਣੀ ਠੋਡੀ। [2]ਹਸਦੀਆਂ ਹੋਈਆਂ। |
| ਜਿਨ ਪਰ ਸੋਹਤਿ ਕੁੰਡਲ[1] ਲੋਲੰ[2]। | [1]ਵਾਲੇ। [2]ਚੰਚਲ। |
| ਬਿੱਦ੍ਰਮ[1] ਅਧਰ[2] ਦਸਨ[3] ਜਨੁ ਹੀਰੰ[4†]। | [1]ਗੁੱਲੀਆਂ ਵਤ। [2]ਬੁੱਲ੍ਹ। [3]ਦੰਦ। [4]ਹੀਰਿਆਂ ਵਰਗੇ। [†]ਪਾ:- ਛਬਿ ਹੀਰੰ। ਛਬਿ ਛੀਰੰ। |
| ਭ੍ਰਿਕੁਟੀ[1] ਧਨੁਖ ਨਾਸਕਾ ਕੀਰੰ[2] ॥੪੪॥ | [1]ਭਰਵੱਟੇ। [2]ਤੋਤੇ ਵਰਗੀਆਂ। |
| ਕੁੰਤਲ[1] ਲਲਿਤ[2] ਅਲਿਕ[3] ਅਹਿ ਛੌਨੰ[4]। | [1]ਕੇਸ। [2]ਸੁੰਦਰ। [3]ਜ਼ੁਲਫਾਂ। [4]ਸੱਪ ਦੇ ਬੱਚਿਆਂ ਵਰਗੀਆਂ। |
| ਲੋਚਨ[1] ਉਤਪਲ ਦਲ[2] ਛਬਿ ਭੌਨੰ[3]। | [1]ਨੇਤ੍ਰ। [2]ਕਵਲ ਦੇ ਪੱਤਿਆਂ ਵਾਂਙੂ। [3]ਸ਼ੋਭਾ ਦਾ ਘਰ। |
| ਚਿਤਵਨ[1] ਚਾਰੁ ਮਹਾਂ ਸੁਖਕਾਰੀ। | [1]ਨਜ਼ਰ। |
| ਸਿਰ ਕਿਰੀਟ[1] ਜਿਹ ਉਪਮਾ ਭਾਰੀ ॥੪੫॥ | [1]ਮੁਕਟ ਸਿਰ ਤੇ। |
| ਲਏ ਛਤਰ ਆਏ ਭ੍ਰਿਤ ਪਾਛੇ। | |
| ਸ਼ਸ਼ਿ ਸਮ[1] ਮੁਕਤਾ ਝਾਲਰ[2] ਆਛੇ। | [1]ਚੰਦਰਮਾਂ ਵਤ (ਸਫੈਦ)। [2]ਮੋਤੀਆਂ ਦੀ ਝਾਲਰ। |
| ਚਮਰ[1] ਚਾਰੁ ਢੋਰਤਿ[2] ਚਹੁਂ ਓਰੇ। | [1]ਚੌਰ। [2]ਝੁੱਲ ਰਹੇ ਹਨ। |
| ਬਿਜਨ ਸੁਭਗ[1] ਆਨਜੋ ਤਿਹ ਦੌਰੇ[2†] ॥੪੬॥ | [1]ਸ੍ਰੇਸ਼ਟ ਪੱਖਾਂ। [2]ਤਿੱਥੇ ਦੌੜਕੇ ਲਿਆਂਦਾ। [†]ਪਾ:- ਬਿਜਨ ਰੁਚਿਰ ਆਨਜੋ ਤਿਹ ਠੌਰੇ। |
| ਰਿਖੀਅਨ ਦੇਖਿ ਦਰਸ ਅਤਿ ਰੂਰਾ। | |

ਕੋਟਿਕ ਚੰਦ ਨ[1] ਮੁਖ ਛਬਿ ਪੂਰਾ।
ਅਨਿਕ ਭਾਂਤਿ ਕੀ ਉਸਤਤਿ ਕਰਿ ਕੈ।
ਬੰਦਨ ਕੀਨਿ ਦੰਡਵਤ ਪਰਿਕੈ ॥੪੭॥

[1]ਕ੍ਰੋੜਾਂ ਚੰਦ ਨਹੀਂ ਕਰ ਸਕਦੇ।

ਮਨ ਪਛੁਤਾਇ ਬੰਦਿ ਦ੍ਵੈ ਹਾਥਾ।
ਕਹਿਨ ਲਗੇ -ਹੇ ਪ੍ਰਭੁ ਜਗਨਾਥਾ।
ਬਿਨ ਅਪਰਾਧ ਸ੍ਰਾਪ ਹਮ ਦੀਨਾ।
ਕਰਹੁ ਛਿਮਾਪਨ[1] ਆਪ ਪ੍ਰਬੀਨਾ- ॥੪੮॥

[1]ਮੁਆਫ।

ਸੁਨਿ ਕਰਿ ਬਿਸ਼ਨੁ ਸਕਲ ਗੁਨਖਾਨੀ।
ਮੁਸਕਤਿ ਮਧੁਰ, ਕਹਿਤ ਮ੍ਰਿਦੁ ਬਾਨੀ।
-ਤੁਮਰੋ ਦੋਖ ਨ ਯਾਂ ਮੈ ਕੋਈ।
ਯਹਿ ਸਭਿ ਸੰਮਤਿ ਮੇਰੋ[1] ਹੋਈ- ॥੪੯॥

[1]ਮੇਰੇ ਅਨੁਸਾਰ, ਮੇਰੀ ਮਰਜ਼ੀ ਮੂਜਬ।

ਅਸ ਕਹਿ ਸੁੰਦਰ ਮੰਦਰ ਮਾਂਹੀ।
ਲੇ ਬੈਸਾਰੇ ਪਿਖਿ ਸੁਖ ਪਾਹੀ।'
ਯਹਿ ਪ੍ਰਸੰਗ ਸਭਿ ਅਮਰਨ ਸੰਗਾ[1]।
ਬਿਧਿਹਿ ਸੁਨਾਯੋ ਸਹਿਤ ਉਮੰਗਾ ॥੫੦॥

[1]ਦੇਵਤਿਆਂ ਨਾਲ।

'ਦਿਤੀ ਗਰਭ ਮਹਿਂ ਲਖਿਯੇ ਸੋਊ।
ਮੋ ਤੇ ਹੋਤਿ ਉਪਾਇ ਨ ਕੋਊ।
ਤੁਮ ਨ ਡਰੋ ਸ਼੍ਰੀਪਤਿ ਭਗਵਾਨਾ।
ਕਰਿ ਹੈ ਸਰਬ ਕੇਰ ਕੱਲਜਾਨਾ[1]' ॥੫੧॥

[1]ਸੁੱਖ।

ਸੁਨਿ ਕਰਿ ਸ਼ੰਕ[1] ਤਜੀ ਸੁਰ ਸਭਿਹੀ।
ਨਿਜ ਨਿਜ ਲੋਕ ਗਏ ਚਲਿ ਤਬ ਹੀ।
ਦਿਤੀ ਬਰਖ ਸਤ ਗਰਭ[†] ਧਰਜੋ ਜਬ।

[1]ਸੰਸਾ, ਡਰ।

[†]ਇਹ ਬਾਤਾਂ ਸਭ ਪੌਰਾਣਕ ਕਥਾਵਾਂ ਹਨ, ਕਵਿ ਜੀ ਉਨ੍ਹਾਂ ਦੇ ਲਿਖੇ ਮੂਜਬ ਵਰਣਨ ਕਰੀ ਜਾਂਦੇ ਹਨ। ਅੱਖਰੀ ਅਰਥ ਲੈਣੇ ਭੁਲੇਖੇ ਵਿੱਚ ਪੈਣਾ ਹੈ, ਏਹ ਵਾਕਿਆਤ ਆਰਯ ਕੁਲ ਦੇ ਹਿੰਦ ਵਿੱਚ ਆਕੇ ਅਸਲੀ ਵਸਨੀਕਾਂ ਨਾਲ ਜੁੱਧ ਜੰਗ ਦੇ ਰਵਾਯਤੀ ਹਾਲਾਤ ਪੌਰਾਣਕਾਂ ਨੇ ਆਪਣੇ ਰੰਗ ਢੰਗ ਵਿੱਚ ਲਿਖੇ ਹਨ। ਅਸਲੀ ਵਸਨੀਕਾਂ ਨੂੰ ਓਹ ਦਸਯੁ, ਦੈਂਤ ਰਾਕਸ਼ਸ ਆਦਿ ਪਦਾਂ ਨਾਲ ਯਾਦ ਕਰਦੇ ਹੁੰਦੇ ਸਨ। ਅਤਯੋਕਤੀ ਨੂੰ ਓਹ ਕਵੀ ਇਕ ਭੂਸ਼ਨ (ਅਲੰਕਾਰ) ਸਮਝਿਆ ਕਰਦੇ ਸਨ, ਤੇ ਬੇਰੋਕ ਟੋਕ ਖੁੱਲ੍ਹਾਂ ਵਰਤਿਆ ਕਰਦੇ ਸਨ।

| | |
|---|---|
| ਜਨਮ ਕਾਲ ਉਤਪਾਤ[1] ਭਏ ਤਬ ॥੫੨॥ | [1]ਉਪੱਦ੍ਰਵ। |
| ਤੀਨ ਲੋਕ ਮਹਿਂ ਸ਼ਬਦ ਬਿਸਾਲਾ। | |
| ਅਤਿਸ਼ੈ[1] ਜਹਿਂ ਤਹਿਂ ਆਵ ਭੁਚਾਲਾ। | [1]ਬਹੁਤੇ। |
| ਦਿਸ਼ਾ[1] ਤਪਤ ਜਮੁ ਦਵ[2] ਵਡ ਲਾਗਾ। | [1]ਸਾਰੀਆਂ) ਦਿਸ਼ਾ। [2]ਦਾਵਾ ਅਗਨੀ। |
| ਉਲਕਾਪਾਤ[1] ਅਗਨਿ ਜਿਮ ਜਾਗਾ ॥੫੩॥ | [1]ਤਾਰੇ ਟੁੱਟਣੇ। |
| ਉਦੈ ਕੇਤੁ[1] ਭਾ ਅਧਿਕ[2] ਅੰਧੇਰਾ। | [1]ਬੋਦੀ ਵਾਲਾ ਤਾਰਾ। [2]ਬੜਾ। |
| ਰਵਿ ਸ਼ਸ਼ਿ ਪਰ ਪਰਵੇਖ[1] ਘਨੇਰਾ। | [1]ਪਰਵਾਰ। |
| ਬਿਨ ਘਨ[1] ਗਰਜਤਿ ਹੈ ਵਡ ਜੋਰਾ। | [1]ਬਿਨਾਂ ਬੱਦਲਾਂ ਦੇ (ਅਕਾਸ਼)। |
| ਸ਼ਿਵਾ[1], ਸ੍ਵਾਨ[2], ਖਰ[3] ਬੋਲਤਿ ਘੋਰਾ ॥੫੪॥ | [1]ਗਿੱਦੜ। [2]ਕੁੱਤੇ। [3]ਗਧੇ। |
| ਬਹੀ[1] ਪ੍ਰਚੰਡ ਵਾਯੁ[2] ਦੁਖ ਕਾਰੀ। | [1]ਵਗੀ। [2]ਤੇਜ਼ ਹਵਾ। |
| ਜੜ੍ਹ ਤੇ ਉਖਰ ਜਾਹਿਂ ਤਰੁ[1] ਭਾਰੀ। | [1]ਬ੍ਰਿੱਛ। |
| ਘੋਰ[1] ਸ਼ਬਦ[2] ਸੁਨਿ ਸਰਬ ਬਿਹੰਗਾ[3]। | [1]ਭ੍ਯਾਨਕ। [2]ਅਵਾਜ਼। [3]ਸਾਰੇ ਪੰਛੀ। |
| ਗਿਰਹਿਂ ਨਿਡਯ[1] ਤੇ[†] ਜਨੁ ਹ੍ਵੈ ਭੰਗਾ[2] ॥੫੫॥ | [1]ਆਲ੍ਹਣੇ। [2]ਨਾਸ਼ ਹੋਏ, ਮਰੇ ਹੋਏ। [†]ਪਾ:- ਗਿਰਹਿਂ ਡਾਰ ਤੇ। |
| ਕਾਨਨ ਕੇ ਪਸੁ ਭਏ ਦੁਖਾਰੇ। | |
| ਭੈ ਕਰਿ ਮੂਤ੍ਰ ਮਲਾਦਿਕ ਡਾਰੇ[1]। | [1]ਸੁੱਟਦੇ ਸਨ। |
| ਧਰ ਪਰ ਧਾਰਾਧਰ ਪੂੰਧਾਰੀ[1†]। | [1]ਧਰਤੀ ਉੱਤੇ ਬੱਦਲ ਪੂੰ (ਪਾਕ) ਦੀ ਧਾਰ ਸਿੱਟਦੇ ਸੀ। [†]ਪਾ:-ਧਰ ਪਰ ਧਾਰ ਰੁਧਿਰ ਪੂੰ ਧਾਰੀ ਧਰਤੀ ਪਰ ਲਹੂ ਪਾਕ ਦੀ ਧਾਰ ਵਗਦੀ ਸੀ। |
| ਸ੍ਰਵਹਿਂ ਸਥਨ[1] ਗੋ[2] ਸ਼੍ਰੋਣਿਤ ਸਾਰੀ[†] ॥੫੬॥ | [1]ਨਿਕਲਦਾ ਸੀ ਥਣਾਂ ਵਿਚੋਂ। [2]ਗਊਆਂ ਦੇ। [†]ਕਵਿ ਜੀ ਨੇ ਸਾਰੇ ਖੋਟੇ ਲੱਛਣ ਏਥੇ ਗਿਣ ਦਿਖਾਏ ਹਨ। |
| ਸਰਬ ਅਮੰਗਲ[1] ਪਿਖਿ ਭੈਕਾਰੇ। | [1]ਅਸ਼ੁਭ (ਲੱਛਣ)। |
| ਪ੍ਰਲੈ ਕਾਲ ਮਨ ਮਨੁਜ ਬਿਚਾਰੇ। | |
| ਮਹਾਂ ਤ੍ਰਾਸ ਭਾ ਪ੍ਰਜਾ ਮਝਾਰੀ। | |
| ਜਨਮੇ ਦੈਂਤ ਦੇਹਿ ਜਿਨ ਭਾਰੀ ॥੫੭॥ | |
| ਥੋਰਨ ਦਿਨ ਮਹਿਂ ਬਧਯੋ ਸਰੀਰਾ। | |
| ਨਭ ਲੌਂ[1] ਮੁਕਟ[2] ਭਏ ਵਡ ਬੀਰਾ। | [1]ਅਕਾਸ਼ ਤੱਕ। [2]ਸੀਸ। |

| | |
|---|---|
| ਹਿਰੰਨਾਛ ਧਰਿ ਗਦਾ[1] ਸਕੰਧੁ[2] ॥ | [1]ਗੁਰਜ। [2]ਮੋਢੇ (ਉੱਤੇ)। |
| ਕੀਨ ਦਿਗਬਿਜੈ[1] ਭਾ ਮਤਿ ਅੰਧੁ[2] ॥੫੮॥ | [1]ਚੁਫੇਰੇ ਫਤੇ। [2]ਅੰਧਾ। |
| ਜਿਉਂ ਖਗੇਸ਼[1] ਤੇ ਅਹਿ[2] ਭੈ ਮਾਨੇ। | [1]ਗਰੁੜ। [2]ਸਰਪ। |
| ਤਜੋਂ ਰਣ ਤਜਿ ਸੁਰ[1] ਸਰਬ ਪਲਾਨੇ। | [1]ਦੇਵਤੇ। |
| ਜਬਹਿ ਨਿਪੁੰਸਕ[1] ਅਮਰ ਨਿਹਾਰੇ[2]। | [1]ਖੁਸਰੇ। [2]ਦੇਖੇ। |
| ਗਰਜਯੋ ਘੋਰ[1] ਗਰਬ[2] ਉਰਧਾਰੇ ॥੫੯॥ | [1]ਭਯਾਨਕ। [2]ਹੰਕਾਰ। |
| ਕਰ[1] ਧਰਿ ਗਦਾ ਉਦਧਿ[2] ਮਹਿਂ ਗਵਨਾ[3]। | [1]ਹੱਥ ਵਿਚ। [2]ਸਮੁੰਦਰ। [3]ਵਿਚ ਗਿਆ। |
| ਗਯੋ ਬਰੁਣ ਕੋ[1] ਜਿਹ ਠਾਂ[2] ਭਵਨਾ[3]। | [1]ਗਿਆ ਵਰਣ ਦਾ। [2]ਜਿੱਥੇ। [3]ਘਰ ਸੀ। |
| ਕਹਿਨ ਲਗਯੋ 'ਤੁਮ ਸੂਰ ਕਹਾਵਹੁ। | |
| ਹਮ ਸੋਂ ਉਠਿ ਕਰਿ ਜੁੱਧ ਮਚਾਵਹੁ ॥੬੦॥ | |
| ਸੁਨਯੋ ਕਾਨ ਮੈਂ, ਹੋ ਬਲ ਭਾਰੀ। | |
| ਪੂਰਬ ਜੀਤੇ ਤੋਹਿ[1] ਸੁਰਾਰੀ[2]।' | [1]ਤੂੰ ਨੇ। [2]ਦੇਵਤਿਆਂ ਦੇ ਵੈਰੀ ਭਾਵ ਦੈਂਤ। |
| ਸੁਨਿ ਕਰਿ ਬਰੁਣ ਕਹੀ ਅਸਬਾਨੀ। | |
| 'ਮੈਂ ਨਹਿਂ ਤੇਰੇ ਜੋਰ ਸਮਾਨੀ[1] ॥੬੧॥ | [1]ਬਰਾਬਰ। |
| ਤੁਝਹਿ ਜੁੱਧ ਮਹਿਂ ਤੋਖਨਹਾਰੁ[1]। | [1]ਪ੍ਰਸੰਨ ਕਰਨ ਵਾਲਾ। |
| ਬਿਨ ਪਦਮਾਪਤਿ[1] ਕੋ ਨ ਨਿਹਾਰੂੰ। | [1]ਵਿਸ਼ਨੂੰ। |
| ਜਾਹੁ ਰਸਾਤਲ[1] ਮਿਲ ਤੁਝ ਤਾਈਂ। | [1]ਪਾਤਾਲ। |
| ਹਨਿ ਹੈ ਠਾਨਿ[1] ਬਿਸਾਲ[2] ਲਰਾਈ' ॥੬੨॥ | [1]ਕਰਕੇ। [2]ਬੜੀ। |
| ਇਤੀ[1] ਕਥਾ ਇਹ ਲਖਿ ਮਰਦਾਨੇ[2]! | [1]ਇਤਨੀ। [2]ਹੇ ਮਰਦਾਨੇ! |
| ਅਬ ਸੁਨਿ ਜਯੋਂ ਬਰਾਹ ਪ੍ਰਗਟਾਨੇ। | |
| ਪੂਰਬ[1] ਬਿਧਿ ਤੇ[2] ਮਨ[3] ਸਤਰੂਪਾ[4]। | [1]ਪਹਿਲੇ। [2]ਬ੍ਰਹਮਾਂ ਤੋਂ। [3]ਨਾਮ ਪੁੱਤ੍ਰ ਦਾ। [4]ਨਾਮ ਪੁੱਤਰੀ ਦਾ। |
| ਨਰ ਤਿਯ[1] ਉਪਜੇ ਗੁਣਨ ਅਨੂਪਾ ॥੬੩॥ | [1]ਪੁਰਸ਼ ਇਸਤ੍ਰੀ। |
| ਬਿਧਿ ਸੋਂ[1] ਕਹੈਂ 'ਬਿਨੈ ਸੁਨਿ ਲੀਜੈ। | [1]ਬ੍ਰਹਮਾਂ ਨੂੰ। |
| ਅਪਨੀ ਸੇਵ ਹਮਹਿਂ ਕੁਛ ਦੀਜੈ। | |
| ਪੁੱਤ੍ਰ ਸਿੱਖ ਕੀ ਇਹ ਸ਼ੁਭ ਰੀਤੀ[1]। | [1]ਪੁੱਤ੍ਰ ਤੇ ਸਿੱਖ ਲਈ ਇਹ ਰੀਤੀ ਸ਼ੁਭ ਹੈ |

ਗੁਰ ਪਿਤ ਆਇਸ[1] ਕਰਹਿ ਸਪ੍ਰੀਤੀ ॥੬੪॥ [1]ਗੁਰੂ ਤੇ ਪਿਤਾ ਦੀ ਆਗਯਾ।
ਤਾਂ ਤੇ ਹਮ ਕੋ ਉਚਿਤ ਗੁਸਾਈਂ!
ਦਯਾ ਧਾਰਿ ਨਿਜ ਦੇਹੁ ਬਤਾਈ।'
ਸੁਨਿ ਮਨ ਕੇ ਅਸ ਬੈਨ ਬਿਧਾਤਾ[1]। [1]ਬ੍ਰਹਮਾਂ।
ਬੋਲਤਿ ਭਯੋ 'ਸੁਨਹੁ ਹੇ ਤਾਤਾ[1]! ॥੬੫॥ [1]ਹੇ ਪੁੱਤ੍ਰ!
ਤੁਮ ਪਰ ਮੈਂ ਸੁ ਪ੍ਰਸੰਨ ਮਹਾਨਾ।
ਦੰਪਤਿ[†1] ਰਹਹੁ ਸਹਿਤ ਕੱਲਯਾਨਾ। [1]ਇਸਤ੍ਰੀ ਭਰਤਾ। [†]ਪਾ:-ਦਿਪਤ।
ਜੇ ਕਰਿ ਮਮ ਸੇਵਾ ਤੁਮ ਮਾਂਗੀ।
ਅਸ ਪ੍ਰਕਾਰ ਕੀਜੈ ਅਨੁਰਾਗੀ ॥੬੬॥
ਨਿਜ ਸਰੀਰ ਤੇ ਸੁਤ ਉਪਜਾਵਹੁ।
ਧਰਮ ਸਹਿਤ ਛਿਤ[1] ਰਾਜ ਕਮਾਵਹੁ। [1]ਪ੍ਰਿਥਵੀ ਦਾ।
ਮਖ[1] ਕਰਿ ਜਜਹੁ[2] ਬਿਸ਼ਨੁ ਗੁਨ ਖਾਨੀ। [1]ਯੱਗ। [2]ਪੂਜੋ।
ਪ੍ਰਜਾਰੱਖਯ[1] ਅਬ ਕਰਹੁ ਮਹਾਨੀ ॥੬੭॥ [1]ਪ੍ਰਜਾ ਦੀ ਰੱਖਿਆ।
ਜਿਨ ਸ਼੍ਰੀ ਪ੍ਰਭੁ ਨਹਿਂ ਤੋਖਨ[1] ਕੀਨੋ। [1]ਪ੍ਰਸੰਨ।
ਮੰਦ ਭਾਗ ਜਗ ਅਪਜਸ[1] ਲੀਨੋ। [1]ਬਦਨਾਮੀ।
ਹਰਿ ਕੌ ਜਜਨ[1†] ਪ੍ਰਜਾ ਰਖਵਾਰੀ। [1]ਪੂਜਣਾ। [†]ਪਾ:-ਭਜਨ।
ਇਹ ਸੇਵਾ ਵਡ ਜਾਨ ਹਮਾਰੀ' ॥੬੮॥
ਸੁਨਿ ਕਰਿ ਮਨੁ ਬੋਲਯੋ ਬਿਧਿ ਸਾਥੇ।
ਰਾਵਰ ਕੀ ਆਇਸੁ ਮਮ ਮਾਥੇ।
ਮੈਂ ਅਰ ਪਰਜਾ[1] ਸਰਬ[2] ਸਮੇਤਾ। [1]ਮੈਂ ਤੇ ਪਰਜਾ। [2]ਸਾਰਿਆਂ ਦੇ।
ਜਲ ਮਹਿਂ ਧਰਾ[1] ਨ ਪਾਇ ਨਿਕੇਤਾ[2] ॥੬੯॥ [1]ਧਰਤੀ ਤਾਂ ਪਾਣੀ ਵਿੱਚ ਹੈ। [2]ਘਰ ਨਹੀਂ ਪੈ ਸਕਦਾ।
ਕਿਹ ਸਥਾਨ ਰਹਿ ਰਾਜ ਕਮਾਵੌਂ?
ਰੱਛ[1] ਪ੍ਰਜਾ ਕੋ ਕਹਾਂ[2] ਬਸਾਵੌਂ[3]? [1]ਰੱਖਿਆ ਕਰਕੇ। [2]ਕਿੱਥੇ। [3]ਵਸਾਊਂਗਾ।
ਜੇ ਅਸ[†] ਬਿਧਿ ਕੀ ਚਾਹਿ ਤੁਮਾਰੀ। [†]ਪਾ:-ਇਸ।
ਕਿਸੁ ਜਤਨ ਲਿਹੁ ਧਰਨਿ[1] ਉਧਾਰੀ' ॥੭੦॥ [1]ਧਰਤੀ ਨੂੰ।

ਸੁਨਿ ਕਰਿ ਯੋਂ, ਬਿਧਿ ਕਰਤਿ ਬਿਚਾਰਾ।
-ਪਹਿਲੇ ਜਲ ਮੈਂ ਪਿਯੋ[1] ਅਪਾਰਾ[2]। [1]ਪੀਤਾ ਸੀ। [2]ਬਹੁਤ।
ਹੋਈ ਹੁਤੀ[1] ਨਗਨ[2] ਜਬ ਅਵਨੀ[3]। [1]ਹੋਈ ਹੋਈ ਸੀ। [2]ਨੰਗੀ। [3]ਪ੍ਰਿਥਵੀ।
ਰਚੀ ਪ੍ਰਜਾ ਤਬ ਬਹੁ ਬਿਧਿ ਰਵਨੀ[1] ॥੨੧॥ [1]ਸੁੰਦਰ।
ਅੱਪ੍ਰਮਾਨ[1] ਜਲ ਬਧ੍ਯੋ ਬਹੋਰੀ। [1]ਬੇਅੰਦਾਜ਼ਾ।
ਸਗਰੀ ਧਰਨਿ ਲੀਨਿ ਅਬ ਬੋਰੀ।
ਕਿਸ ਪ੍ਰਕਾਰ ਇਸ ਵਹਿਰ ਟਿਕਾਊਂ।
ਨਾਨਾ ਬਿਧਿ ਕੀ ਰਚਨ ਰਚਾਊਂ ॥੨੨॥
ਨਾਭਿ ਕਮਲ ਤੇ ਜਨਮ ਭਯੋ ਜਬ।
ਜਗਤ ਰਚਨ ਪ੍ਰਭੁ ਆਇਸੁ ਦੀ ਤਬ।
ਨਹਿਂ ਮੋ ਤੇ ਅਬ ਹੋਤਿ ਉਪਾਈ।
ਕਰਹਿਂ ਆਪ ਜਗਦੀਸ਼[1] ਸਹਾਈ- ॥੨੩॥ [1]ਜਗਤ ਦੇਈ ਸ੍ਵਰ।

ਦੋਹਰਾ:
ਚਿੰਤਤਿ[1] ਭਯੋ ਬਿਸਾਲ ਜਬ, ਹੁਤੇ ਜੁ ਨਾਸਨ[2] ਛੇਕ[3]। [1]ਸੋਚਦਾ। [2]ਨਾਸਕਾ ਦੇ। [3]ਛੇਕ।
ਤਿਨ ਕੇ ਪ੍ਰਗਟ ਬਰਾਹ[1] ਭੇ[2], ਜੇ ਜਗ ਧਰਨੀ ਟੇਕ[3] ॥੨੪॥ [1]ਸੂਰ। [2]ਹੋਏ। [3]ਧਰਤੀ ਦਾ ਆਸਰਾ।

ਚੌਪਈ:
ਨਿਕਸੇ[1] ਪ੍ਰਿਥਮ[2] ਅੰਗੁਸ਼ਟ[3] ਸਮਾਨਾ[4]। [1]ਨਿਕਲੇ। [2]ਪਹਿਲੇ। [3]ਅੰਗੂਠੇ ਦੇ। [4]ਬਰਾਬਰ।
ਚਢਿ ਅਕਾਸ਼ ਮਹਿਂ ਬਧੇ ਮਹਾਨਾ।
ਅਚਰਜ ਭਏ ਦੇਖਿ ਸੁਰ[1] ਸਾਰੇ। [1]ਦੇਵਤੇ।
ਲਖਿ[1] ਹਰਿ[2] ਜੈ ਜੈ ਸ਼ਬਦ ਉਚਾਰੇ ॥੨੫॥ [1]ਜਾਣਕੇ। [2]ਵਿਸ਼ਨੂੰ।
ਘੁਰ ਘੁਰ ਮੁਖ ਤੇ ਕਰਿ ਤਿਹ ਕਾਲਾ।
ਸੁੰਘਤਿ ਸੂਕਰ[1] ਸਰਸ[2] ਕ੍ਰਿਪਾਲਾ। [1]ਸੂਰ। [2]ਸਮਾਨ।
ਉੱਜਲ ਰਦਨ[1] ਚੰਦ੍ਰਮਾ ਨਤਾਈਂ[2]। [1]ਦੰਦ ਚਿੱਟੇ। [2]ਵਰਗੇ।
ਪੂਛ ਬਾਲ ਵਡ ਊਚ ਉਠਾਈ ॥੨੬॥

| | |
|---|---|
| ਰੋਮ ਸਕੰਧ[1] ਕਠਨ[2] ਝਵਰਾਏ[3]। | [1]ਮੋਢੇ ਦੇ। [2]ਸਖਤ। [3]ਹਿਲਾਏ। |
| ਮੇਘ[1] ਖੁਰਨ ਸੋਂ[2] ਸਭਿ ਬਿਲਗਾਏ[3]। | [1]ਬੱਦਲ। [2]ਖੁਰਾਂ ਨਾਲ। [3]ਵੱਖੋ ਵੱਖ ਕੀਤੇ। |
| ਦੇਖਤਿ ਸਰਬ ਦੇਵਤਨ ਤਬ ਹੀ। | |
| ਸ਼੍ਰੀ ਬਰਾਹ ਪ੍ਰਵਿਸ਼ੇ[1] ਜਲ ਜਬ ਹੀ ॥੭੭॥ | [1]ਅੰਦਰ ਵੜੇ। |
| ਅਹਿਰਨ ਸਮ[1] ਜੇ ਅੰਗ ਕਠੋਰਾ[2]। | [1]ਲੋਹੇ ਦੀ ਅਹਿਰਨ ਵਤ। [2]ਸਖਤ। |
| ਮਨਹੁ ਜਲਧਿ[1] ਕੀ ਕੁੱਖਜਨ[2] ਫੋਰਾ[3]। | [1]ਸਮੁੰਦਰ। [2]ਵੱਖੀਆਂ। [3]ਤੋੜੀਆਂ। |
| ਸਰਬ[1] ਵਾਰ ਕੋ[2] ਦੀਨ ਬਿਦਾਰੀ[3]। | [1]ਸਾਰੇ। [2]ਪਾਣੀ ਨੂੰ। [3]ਦੂਰ ਕੀਤਾ। |
| ਗਏ ਰਸਾਤਲ[1] ਥਾਨ ਮਝਾਰੀ[2] ॥੭੮॥ | [1]ਪਾਤਾਲ। [2]ਵਿੱਚ। |
| ਪੂਰਬ ਜਹਿਂ ਸੋਵਨ ਕੀ ਥਾਈਂ। | |
| ਤਹਿਂ ਤੇ ਧਰਨੀ ਲੀਨਿ ਉਠਾਈ। | |
| ਗਵਨੇ ਤਬ ਦੰਤਨ ਪਰ[1] ਧਾਰੀ। | [1]ਦੰਦਾਂ ਉੱਤੇ। |
| ਸ਼੍ਰੀ ਬਲਵੰਤ ਲਸੇ ਛਬਿ ਭਾਰੀ ॥੭੯॥ | |
| ਤਹਿਂ ਹਿਰੰਨਾਛ ਬਹੁਨ[1] ਕੋ ਪ੍ਰੇਰਾ[2]। | [1]ਵਰੁਣ ਦਾ। [2]ਪ੍ਰੇਰਿਆ ਹੋਇਆ। |
| ਮਿਲ੍ਯੋ ਪੰਥ[1] ਮਹਿਂ ਗਰਬ ਘਨੇਰਾ। | [1]ਰਾਹ। |
| ਅੱਗ੍ਰ[1] ਦੰਤ[2] ਧਰਨੀ[3] ਧਰਿ ਆਵਤਿ। | [1]ਅੱਗੇ। [2]ਦੰਦਾਂ ਉੱਤੇ। [3]ਧਰਤੀ। |
| ਬਲੀ ਦੁਰਦ[1] ਜਿਉਂ ਸ਼ੋਭ ਬਢਾਵਤਿ[2] ॥੮੦॥ | [1]ਹਾਥੀ। [2]ਵਧਾਏ ਹੋਏ। |
| ਦੇਖਿ ਦੈਂਤ ਕਿਯ ਸ਼੍ਰੋਣਤ ਨੈਨਾ[1]। | [1]ਲਾਲ ਨੇਤ੍ਰ। |
| ਮੁਖ ਤੇ ਬਹੁ ਬੋਲਤਿ ਦੁਰਬੈਨਾ। | |
| 'ਹਮਹਿਂ ਰਸਾਤਲ[1] ਬਿਧਿ[2] ਦਿਯ ਸਾਰੋ। | [1]ਪਾਤਾਲ। [2]ਬ੍ਰਹਮਾ ਨੇ। |
| ਤਜਿ ਛਿਤਿ ਕੋ, ਨਤੁ[1] ਅਬ ਤੁਝ ਮਾਰੋਂ' ॥੮੧॥ | [1]ਨਹੀਂ ਤਾਂ। |
| ਅਸ ਕਹਿ ਲੇ ਕਰਿ ਗਦਾ ਚਲਾਈ। | |
| ਹਨਿ ਕਰਿ† ਗਦਾ ਜੁ ਧਰਨ ਗਿਰਾਈ। | †ਪਾ:- ਹਰਿਕਰ। |
| ਨਭ ਮਹਿਂ ਠਾਢੇ[1] ਦੇਵ ਬਿਲੋਕਤਿ। | [1]ਅਕਾਸ਼ ਵਿਚ ਖੜੇ। |
| ਹਾਹਾਕਾਰ ਕਰਤਿ ਮਤਿ ਸ਼ੋਕਤਿ[1] ॥੮੨॥ | [1]ਸ਼ੋਕਵਾਨ ਬੁੱਧੀ। |
| ਤਿਹ ਛਿਨ ਦੇਖ ਨਿਰਾਯੁਧ[1] ਹਰਿ ਕੋ। | [1]ਸ਼ਸਤ੍ਰਾਂ ਤੋਂ ਬਿਨਾਂ। |
| ਕਰ੍ਯੋ ਨ ਦੈਤ ਵਾਰ ਨਿਜ ਕਰ ਕੋ। | |
| ਧਰਮ ਯੁੱਧ ਕੋ ਰਿਦੇ ਬਿਚਾਰੀ। | |

ਰਹਜੋ ਠਾਂਢ ਤਿਹ ਥਾਨ ਅਗਾਰੀ
॥੯੩॥

ਸ੍ਰੀ ਬਰਾਹ ਤਬ ਚੱਕ੍ਰ[1] ਬੁਲਾਵਾ। — [1]ਇਕ ਗੋਲ ਸ਼ਸਤ੍ਰ।
ਕੋਟ ਸੂਰ ਸਮ ਤਤ ਛਿਨ ਆਵਾ।
ਅਸੁਰ ਬਲੀ ਦੇਖਜੋ ਜਿਹ ਕਾਲਾ।
ਹ੍ਵੈ ਸਮੀਪ ਕਿਯੇ ਜੁੱਧ ਬਿਸਾਲਾ
॥੯੪॥

ਹਰਿ ਕੀ ਦਿਸ਼ ਪੁਨ ਗਦਾ ਚਲਾਈ।
ਕਿਯੇ ਕ੍ਰੋਧ ਬਲ ਸਰਬ ਲਗਾਈ।
ਆਵਤਿ ਗਹੀ ਤਬਹਿ ਜਗਤੇਸ਼ਾ।
ਜਿਉਂ ਸਰਪਨਿ ਕੋ ਗਹਿਤਿ ਖਗੇਸ਼ਾ[1] — [1]ਗਰੁੜ।
॥੯੫॥

ਨਿਫਲ ਘਾਤ ਲਖਿ ਦੈਤਨ ਰਾਯਾ।
ਰਚੀ ਬਿਸਾਲ ਆਸੁਰੀ ਮਾਯਾ।
ਪੌਨ ਪ੍ਰਚੰਡ[1] ਵਰਖ[2] ਰਜ[3] ਛਾਈ। — [1]ਤੇਜ। [2]ਮੀਂਹ। [3]ਧੂੜੀ, ਅਨ੍ਹੇਰੀ।
ਸੰਘਨ[1] ਘਨ[2] ਤੜਿਤਾ[3] ਚਮਕਾਈ — [1]ਘਨੇ। [2]ਬੱਦਲਾਂ ਵਿਚੋਂ। [3]ਬਿਜਲੀ।
॥੯੬॥

ਅਸਤ[1] ਰੁਧਿਰ[2] ਪੂੰ[3] ਕਚ[4] ਮਲ† ਮੂਤਾ। — [1]ਹੱਡ। [2]ਲਹੂ। [3]ਪਾਕ। [4]ਵਾਲ। †ਪਾ:-ਕਸਮਲ।
ਬਰਖਤਿ[1] ਪ੍ਰਗਟੇ ਦਾਨਵ[2] ਭੂਤਾ। — [1]ਵਰਖਾ ਹੋਈ। [2]ਦੈਂਤ।
ਧਰਿ ਧਰਿ ਮਾਰਹਿਂ ਮਾਰ ਪੁਕਾਰਹਿਂ।
ਛਿੰਦ ਭਿੰਦ[1] ਬਹੁ ਘਾਤ[2] ਪ੍ਰਹਾਰਹਿਂ[3] — [1]ਛਲ ਵਲ (ਨਾਲ)। (ਅ) ਛੇਦਨ ਭੇਦਨ (ਵਾਸਤੇ)। [2]ਦਾਉ। [3]ਮਾਰਦੇ ਹਨ।
॥੯੭॥

ਅਸ ਪ੍ਰਕਾਰ ਕੀ ਪਿਖਿ ਕਰਿ ਮਾਯਾ।
ਸ੍ਰੀ ਬਰਾਹ ਚੱਕਰ ਚਮਕਾਯਾ।
ਕਰੀ ਦੂਰ ਤਤਛਿਨ ਮਹਿਂ ਸੋਊ।
ਕਰਨ ਲਗੇ ਰਣ ਗਰਜਤਿ ਦੋਊ
॥੯੮॥

ਕਰਹਿਂ ਪ੍ਰਹਾਰ[1] ਗਦਾ ਸਰਬੰਗਾ[2]। — [1]ਮਾਰਨਾ। [2]ਸਾਰੇ ਅੰਗਾਂ ਵਿਚ।
ਅਰੁਣ[1] ਸਰੀਰ ਰੁਧਿਰ[2] ਕੇ ਸੰਗਾ। — [1]ਲਾਲ। [2]ਲਹੂ।
ਬਹੁਰ ਲਰਹਿਂ ਕਰਿ ਮੁਸ਼ਟਨ[1] ਮਾਰੀ। — [1]ਮੁੱਕਿਆਂ ਦੀ ਮਾਰ।

ਬੱਜ੍ਰ ਸਮਾਨ ਨਾਦ[1] ਹ੍ਵੈ ਭਾਰੀ ॥੮੯॥ [1]ਅਵਾਜ਼।
ਅਧਿਕ ਕ੍ਰੋਧ ਕਰਿ ਸ਼੍ਰੀ ਭਗਵੰਤਾ।
ਸਿਰ ਮਹਿਂ ਮੁਸ਼ਟਿਕ[1] ਹਨੀ ਤੁਰੰਤਾ। [1]ਇਕ ਮੁੱਕਾ।
ਖਾਇ ਭੁਵਾਰਿ[1] ਗਿਰਜੋ ਤਬ ਐਸੇ। [1]ਭੁਵਾਲੀ।
ਪੌਨ ਬੇਗ ਤੇ ਤਰੁ[1] ਧਰ ਜੈਸੇ ॥੯੦॥ [1]ਬ੍ਰਿੱਛ।
ਜਸੋਂ ਬ੍ਰਿਤਿ ਕੋ[1] ਪੁਰਹੂਤ[2] ਗਿਰਾਵਾ। [1]ਬ੍ਰਿਤਾਸੁਰ ਨਾਮੇ ਦੈਂਤ ਨੂੰ। [2]ਇੰਦਰ ਨੇ।
ਤਸੋਂ ਪਰਸਿਰ[1] ਕੇ ਬਚ ਬਿਥਰਾਵਾ[2]। [1]ਸਿਰ ਉਪਰਲੇ। [2]ਖਿਲਾਰੇ ਕੇਸ।
ਸ਼੍ਰੀ ਪ੍ਰਭੁ ਕਰ ਤੇ ਮ੍ਰਿਤੁ[1] ਨਿਹਰਿਕੈ[2]। [1]ਮੌਤ। [2]ਦੇਖ ਕੇ।
ਕਹਹਿਂ 'ਧੰਨ' ਸੁਰ ਬਚਨ ਉਚਰਿਕੈ ॥੯੧॥
'ਜੈ ਜੈ ਜੈ' ਧੁਨਿ ਕਰਿ ਚਹੁੰ ਘਾਈ।
ਹਰਖ ਪੁਸ਼ਪ ਬਰਖਾ ਬਰਖਾਈ।
ਤਿਹ ਕੋ ਮਾਰਿ ਧਰੀ ਪੁਨ ਧਰਨੀ।
ਕਰਿ ਬੰਦਨ ਸੁਰ ਉਸਤਤਿ ਬਰਨੀ' ॥੯੨॥
ਸ਼੍ਰੀ ਅੰਗਦ ਜੀ ਸੁਨਿ ਇਸ ਭਾਂਤੀ।
ਕਹੀ ਕਥਾ ਸ਼੍ਰੀ ਗੁਰੂ ਸੁਹਾਤੀ।
ਮਰਦਾਨਾ ਸੁਨਿ ਕਰਿ ਹਰਖਾਨਾ।
ਪੁਨ ਆਗੇ ਕੋ ਕੀਨ ਪਯਾਨਾ ॥੯੩॥

ਇਤਿ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼੍ਰੀ ਬੈਰਾਹ' ਪ੍ਰਸੰਗ ਬਰਨਨੰ ਨਾਮ ਸੱਤਰਮੋ ਅਧਯਾਯ ॥੭੦॥

# ੨੧. [ਅਕਾਲ ਪੁਰਖ ਮੰਗਲ। ਧ੍ਰੂਵ ਪ੍ਰਸੰਗ]

੨੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੨

{ਰਾਜਾ ਪ੍ਰਿਅਬ੍ਰਤ} ॥੧੦॥

ਦੋਹਰਾ:

**ਅਲਖ ਅਭੇਖ ਅਨੰਤ ਪ੍ਰਭੁ, ਜਿਂਹ ਗਤਿ ਲਖੀ ਨ ਜਾਹਿ।**

ਅਲਖ=ਜੋ ਲਖਿਆ ਨ ਜਾਵੇ, ਜੋ ਨਜ਼ਰ ਨਾ ਆਵੇ, ਜੋ ਇੰਦ੍ਰਿਆਂ ਤੇ ਗਿਆਨ ਤੋਂ ਪਰੇ ਹੋਵੇ। [ਸੰ. - ਅਲਕਸ਼]। ਅਭੇਖ=ਜਿਸ ਦਾ ਭੇਖ ਨਾ ਹੋਵੇ। ਭੇਖ=[ਸੰਸ; ਵੇਖ]=ਗਹਣਾ, ਲਿਬਾਸ, ਚਿੰਨ੍ਹ। ਮੁਰਾਦ ਹੈ ਰੂਪ, ਰੇਖ, ਰੰਗ। ਅਭੇਖ=ਜੋ ਰੂਪ ਰੇਖ ਰੰਗ ਤੋਂ ਨਿਆਰਾ ਹੋਵੇ। ਅਨੰਤ=ਜਿਸ ਦਾ ਅੰਤ ਨਾ ਹੋਵੇ, ਉਸ ਦਾ ਆਦਿ ਭੀ ਨਹੀਂ ਹੁੰਦਾ। ਮੁਰਾਦ ਹੈ ਬੇਹਦ। ਗਤਿ=ਹਾਲਤ, ਦਸ਼ਾ, ਚਾਲ, ਪ੍ਰਾਪਤੀ, ਪ੍ਰਾਪਤੀ ਦੀ ਡੋਲ, ਮੁਰਾਦ ਹੈ ਕਿ ਅਨੰਤ, ਅਰੂਪ, ਅਲਖ ਹੋਕੇ ਜਿਸ ਹਾਲ ਓਹ ਹੈ ਉਸ ਹਾਲ ਦਾ ਪਤਾ ਬੀ ਨਹੀਂ ਲਿਖਿਆ ਜਾ ਸਕਦਾ।

**ਬੰਦਨ ਪਦ ਅਰਬਿੰਦ ਤਿਹ, ਡਾਢਾ ਬੇ ਪਰਵਾਹਿ†** ॥੧॥

†'ਡਾਢਾ ਬੇ ਪਰਵਾਹ' ਪੰਜਾਬੀ ਮੁਹਾਵਰਾ ਹੈ। ਇਕ ਲਿਖਤੀ ਨੁਸਖੇ ਵਿਚ-ਭਾਰੀ ਬੇ ਪਰਵਾਹ-ਬੀ ਪਾਠ ਵੇਖਿਆ ਹੈ। ਇਕ ਲਿਖਤੀ ਤੇ ਛਾਪੇ ਵਿੱਚ-ਠਾਢਾ-ਪਾਠ ਡਿੱਠਾ ਹੈ, ਜੋ ਹਿੰਦੀ ਪਦ ਤਾਂ ਠੀਕ ਹੈ, ਪਰ ਹਿੰਦੀ ਮੁਹਾਵਰੇ ਵਿੱਚ ਪਾਠ ਠਾਢਾ ਠੀਕ ਨਹੀਂ। ਅਰਥ ਦੀ ਸਫਲਤਾ-ਡਾਢਾ ਬੇ ਪਰਵਾਹ-ਵਿੱਚ ਹੈ।

ਅਰਥ:

(ਜੋ) ਵਾਹਿਗੁਰੂ ਅਲੱਖ ਅਭੇਖ ਤੇ ਅਨੰਤ ਹੈ (ਅਰ ਐਸਾ ਹੋਣ ਕਰਕੇ) ਜਿਸ ਦੀ ਗਤੀ ਲਖੀ ਨਹੀਂ ਜਾਂਦੀ, (ਤੇ ਜੋ) ਬੜਾ ਬੇ ਪਰਵਾਹ ਹੈ, ਤਿਸ ਦੇ ਚਰਨਾਂ ਕਮਲਾਂ ਪਰ ਨਮਸਕਾਰ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਸ਼੍ਰੀ ਅੰਗਦ ਜੀ! ਸੁਨਿ ਇਤਿਹਾਸੁ।**[^]

[^]ਇਸ ਅਧ੍ਯਾਯ ਵਿੱਚ ਧ੍ਰੂ ਦੀ ਕਥਾ ਹੈ, ਜਿਵੇਂ ਪੁਰਾਣਾਂ ਵਿੱਚ ਵਰਣਿਤ ਹੈ ਤਿਵੇਂ ਇਥੇ ਕਵੀ ਜੀ ਨੇ ਦਿੱਤੀ ਹੈ। ਜਿਸ ਜਨਮ ਸਾਖੀ ਤੋਂ ਆਪ ਨੇ ਕਥਾ ਲਈ ਹੈ ਉਸ ਵਿੱਚ ਗੁਰੂ ਜੀ ਦੀ ਧ੍ਰੂ ਨਾਲ ਭੇਟ ਹੈ, ਪਰ ਇਹ ਕਥਾ ਮਰਦਾਨੇ ਨੂੰ ਸੁਣਾਈ ਨਹੀਂ ਲਿਖੀ। ਪੁਰਾਤਣ ਜਨਮ ਸਾਖੀ ਵਿੱਚ ਭੀ ਨਹੀਂ ਹੈ, ਤੇ ਨਾ ਹੀ ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿੱਚ ਹੈ।

ਗੁਰਮਤਿ ਵਿਚ ਧ੍ਰੂ ਜੀ ਨੂੰ ਭਗਤ ਕਰਕੇ ਮੰਨਿਆਂ ਹੈ ਤੇ ਉਸ ਦੀ ਭਗਤੀ ਨਾਲ ਪਰਮ ਗਤੀ ਹੋਈ ਬੀ ਮੰਨੀ ਹੈ, ਤੇ ਭਗਤੀ ਦੇ ਦ੍ਰਿਸ਼ਟਾਂਤਾਂ ਵਿੱਚ ਇਸ ਦਾ ਬਹੁਤ ਵੇਰ ਜ਼ਿਕਰ ਆਯਾ ਹੈ ਤੇ ਭਾਈ ਗੁਰਦਾਸ ਜੀ ਨੇ ਸਾਖੀ ਬੀ ਇਤਨੀ ਕੁ ਲਿਖੀ ਹੈ:-

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰ ਪਿਉ ਕੁੱਛੜ ਲੀਤਾ। ਬਾਹਹੁੰ ਪਕੜ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ। ਡਿਡਹੁਲਿੱਕਾ ਮਾਂ ਪੁਛੇ ਤੂੰ ਸਾਵਾਣੀ ਹੈਂ ਕਿ ਸਰੀਤਾ? ਸਾਵਾਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜ੍ਹੀਤਾ। ਕਿਸ ਉਦਮ ਤੇ ਰਾਜ ਮਿਲੈ ਸ਼ਤ੍ਰੂ ਤੇ ਸਭ ਹੋਵਨ ਮੀਤਾ। ਪਰਮੇਸੁਰ ਆਰਾਧੀਐ ਜਿਦੂੰ ਹੋਈਐ ਪਤਿਤ ਪੁਨੀਤਾ। ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ। ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ। ਪਿਛਹੁੰ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ। ਹਾਰ ਚਲੇ ਗੁਰਮੁਖਿ ਜਗ ਜੀਤਾ ॥੧॥

**ਅੱਗ੍ਰਜ ਗਮਨੇ ਪੁਨ ਸੁਖ ਰਾਸੁ।**

**ਤਾਰੇ ਤਰੈ ਛੋਰਿ ਕਰਿ ਸਭਿਹੀ।**

ਉਰਧ[1] ਪਹੁੰਚੇ ਸ਼੍ਰੀ ਗੁਰੁ ਜਬ ਹੀ ॥੨॥ [1]ਉੱਪਰ।

ਮਰਦਾਨੇ ਤਬ ਬੂਝਨ ਕੀਨੇ।
'ਮੁਝਹਿ ਬਤਾਵਹੁ ਪ੍ਰਭੁ ਪ੍ਰਬੀਨੇ।
ਉਡਗਨ ਇਹਾਂ ਨ ਦੀਸਤਿ ਕੋਊ।
ਹਮ ਕਿਹ ਦਿਸ਼ਿ ਤਜਿ ਆਏ ਸੋਊ? ॥੩॥

ਕਾਂ ਕੋ ਇਹਾਂ ਪ੍ਰਕਾਸ਼ ਪ੍ਰਕਾਸ਼ਾ?
ਅਤਿ ਉੱਜਲ ਸੁੰਦਰ ਸੁਖਰਾਸਾ।'
ਸੁਨਿ ਸ਼੍ਰੀ ਨਾਨਕ ਬਚਨ ਉਚਾਰੇ।
'ਹਮ ਤੇ ਤਰੇ ਰਹੇ ਅਬ ਤਾਰੇ ॥੪॥

ਨੀਚੇ ਕਰਿ ਮੁਖ ਲੇਹੁ ਨਿਹਾਰੀ।
ਰਹੇ ਪ੍ਰਕਾਸ਼ ਥਾਨ ਨਿਚ[1]† ਝਾਰੀ[2]। [1]ਹੇਠਾਂ। [2]ਸਾਰੇ। †ਪਾ:-ਥਾਨ ਨਿਜ ਅਪਣੇ ਟਿਕਾਣੇ।
ਹਮ ਤੇ ਊਰਧ ਏਕ ਲਖੀਜੈ।
ਨਾਮ ਧ੍ਰੂਅ† ਜਿਹ ਪ੍ਰਗਟ ਭਨੀਜੈ ॥੫॥ †ਪਾ:-ਧ੍ਰੂਵ।

ਤਾਂ ਕੋ ਇਹਾਂ ਪ੍ਰਕਾਸ਼ ਘਨੇਰੋ।
ਲਘੁ ਬਯ[1] ਤਪ ਜਿਨ ਕੀਨ ਵਡੇਰੋ। [1]ਛੋਟੀ ਅਵਸਥਾ ਤੋਂ।
ਸਭਿ ਤੈ ਊਚੋ ਅਬਚਲ ਰਾਜੂ।
ਸੰਜੁਤ[1] ਸ਼ੋਭਾ ਰਹਯੋ ਬਿਰਾਜੂ' ॥੬॥ [1]ਸਮੇਤ।

ਬੋਲਯੋ ਮਰਦਾਨਾ ਵਡਭਾਗੀ।
ਕਥਾ ਸੁਨਨ ਕੋ ਜਿਹ ਰੁਚਿ ਜਾਗੀ†। †ਪਾ:-ਲਾਗੀ।
'ਸ਼੍ਰੀ ਗੁਰੁ ਜੀ! ਇਹ ਸਰਬ ਪ੍ਰਸੰਗਾ।
ਜਿਉਂ ਪਾਯੋ ਉਨ† ਥਾਨ ਉਤੰਗਾ[1] ॥੭॥ [1]ਉੱਚਾ। †ਪਾ:-ਇਹ, ਇਸ।

ਬਯ ਲਘੁ ਤਪ ਕੀਨੋ ਕਿਹ ਕਾਰਨ?
ਪ੍ਰਭੁ ਰਿਝਾਏ ਬਿਪਤਿ ਬਿਦਾਰਨ[1]। [1]ਦੂਰ ਕਰਨ ਵਾਲੇ।
ਸੋ ਸਭਿ ਮੁਝ ਕੋ ਦੇਹੁ ਸੁਨਾਈ।
ਚਲਹੁ ਬਹੁਰਿ ਦੇਖਹਿਂ ਤਿਹ ਤਾਈਂ' ॥੮॥

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ।

ਬੋਲੇ ਸ੍ਰੀ ਨਾਨਕ ਗੁਨ ਐਨਾ।
'ਸਕਲ ਧ੍ਰੁੱਵ ਕੋ ਸੁਨਹੁ ਪ੍ਰਸੰਗਾ।
ਭੋ ਮਰਦਾਨੇ ! ਸੰਗ ਉਮੰਗਾ ॥੯॥
ਪੂਰਬ ਭਯੋ ਏਕ ਭੂਪਾਲਾ।
-ਸ਼ੰਭੂਮੁਨਿ- ਜਿਹ ਨਾਮ ਬਿਸਾਲਾ।
ਹੁਤੀ ਭਾਰਜਾ ਤਿਹ ਸਤ ਰੂਪਾ।
ਤਿਨ ਤੇ ਦ੍ਵੈ ਸੁਤ ਭਏ ਅਨੂਪਾ ॥੧੦॥
-ਪ੍ਰਿਯਬ੍ਰਤ[1]- ਏਕ ਬਿਦਤਿ ਜਗ ਮਾਂਹੀ। [1]ਨਾਮ ਰਾਜੇ ਦਾ।
{ਰਾਜਾ 'ਪ੍ਰਿਅਬ੍ਰਤ'}
ਜਿਹ ਰਥ ਪਹੀਅਨ ਉਦਧਿ[1] ਖਟਾਈ[2]। [1]ਸਮੁੰਦਰ। [2]ਖੋਦਿਆ ਸੀ।
ਦੁਤਿਯ -ਉਤਾਨਪਾਦ- ਨਿਰਪਾਲਾ।
ਭੂ ਕੋ ਕਰਿਹੀ ਰਾਜ ਬਿਸਾਲਾ ॥੧੧॥
ਤਿਹ ਕੈ ਸਦਨ ਹੁਤੀ ਜੁਗ ਨਾਰੀ।
ਇਕ ਅਨੇਹ[1] ਇਕ ਪ੍ਰਾਨਨ ਪਜਾਰੀ। [1]ਜਿਸ ਦੇ ਨਾਲ ਪਿਆਰ ਨਹੀਂ ਸੀ।
ਬਸੀ[1] ਸਰੁਚਿ ਕੇ ਅਸ ਬਿਧਿ ਸੋਊ। [1]ਵੱਸ।
ਮਨਹੁ ਮੋਲ ਕੋ ਲੀਨੋ ਕੋਊ ॥੧੨॥
ਦੁਤੀ ਸੁਨੀਤਾ[†] ਸੋਂ ਨਹਿੰ ਨੇਹਾ। [†]ਏਥੇ ਅਕਸਰ ਪਾਠ ਬਿਨੀਤਾ ਹੈ, ਪਰ ਅਧ੍ਯਾਯ ੧੨ ਅੰਕ ੫ ਵਿੱਚ ਨਾਮ ਸੁਨੀਤਾ ਆਇਆ ਹੈ ਤੇ ਅਸਲੀ ਨਾਮ ਹੈਸੀ ਬੀ ਸੁਨੀਤਾ।
ਪੁਰਾ[1] ਧ੍ਰੁੱਵ ਪ੍ਰਗਟੵੋ ਜਿਸ ਗ੍ਰੇਹਾ। [1]ਪਹਿਲੋਂ।
ਪੰਚ ਬਰਖ ਧ੍ਰੁੱਵ ਕੀ ਭੀ ਬੈਸਾ।
ਇਕ ਦਿਨ ਗਯੋ ਤਾਤ ਜਹਿਂ ਬੈਸਾ ॥੧੩॥
ਸਹਿਤ ਦੁਲਾਰ[1] ਅੰਕ[2] ਕੇ ਮਾਂਹੀ। [1]ਲਾਡ। [2]ਗੋਦੀ।
ਬੈਠੵੋ ਚਾਵ ਰਿਦੇ ਬਹੁ ਜਾਂਹੀ।
ਤਬ ਤਿਹ ਕਾਲ ਬਿਮਾਤਾ[1] ਆਈ। [1]ਮਤਰੇਈ ਮਾਂ।
ਦੇਖਿ ਸੌਤ ਸੁਤ[1] ਰਿਸ ਉਪਜਾਈ ॥੧੪॥ [1]ਸੌਂਕਣ ਦਾ ਪੁੱਤ੍ਰ।
ਕਰ ਗਹਿ ਬਲ ਸੋਂ ਦੀਨ ਉਠਾਈ।
ਬਹੁ ਕਠੋਰ ਮੁਖ ਗਿਰਾ ਅਲਾਈ।
-ਬੈਸਨ ਪਿਤ ਕੇ ਅੰਕ ਮਜਾਰਾ[1]। [1]ਗੋਦੀ ਵਿੱਚ।
ਨਹਿਂ ਬਾਲਿਕ ! ਤੇਰੋ ਅਧਿਕਾਰਾ

॥੧੫॥
ਜੇ ਇਹ ਪਦ ਲੇਵਨ ਇਛ ਤੇਰੇ।
ਕਰਹੁ ਕਠਨ ਜਪ ਤਾਪ ਘਨੇਰੇ।
ਬੱਤ੍ਰ ਸਾਧਿ ਪੁਨ ਨਿਜ ਤਨ ਤਜਾਗੀ।
ਜਨਮ ਉਦਰ ਮਮ ਹੋ ਵਡਭਾਗੀ
॥੧੬॥
ਤਬ ਤੁਹਿ ਉਚਿਤ ਰਾਜ ਕੋ ਲੇਨਾ-।
ਅਸ ਕਹਿ ਝਿਰਕਯੋ ਰਿਸ ਭਰਿ ਨੈਨਾ।
ਦੀਨ ਭਯੋ ਰੋਦਨ ਵਡ ਕੀਨਾ।
ਤਿਯ ਬਸਿ† ਨ੍ਰਿਪ ਨਹਿਂ ਆਦਰ ਦੀਨਾ †ਪਾ:-ਡਰ।
॥੧੭॥
ਮੋਚਤਿ ਲੋਚਨ ਤੇ ਜਲ ਧਾਰਾ।
ਬਚਨ ਬਾਨ ਬਿਧ ਗਯੋ ਬਿਚਾਰਾ।
ਜਾਗਯੋ ਹਿਰਦੇ ਕ੍ਰੋਧ ਘਨੇਰਾ।
ਮਨਹੁ ਸਰਪ[1] ਕਿਨ[2] ਪਗ ਸੋਂ ਛੇਰਾ[3] [1]ਸੱਪ ਨੂੰ। [2]ਕਿਸੇ ਨੇ। [3]ਛੇੜਿਆ ਹੈ।
॥੧੮॥
ਫਰਕਤਿ ਅਧਰ, ਲੇਤਿ ਵਡ ਸ੍ਵਾਸਾ।
ਰੋਵਤਿ ਆਵਾ ਜਨਨਿ ਅਵਾਸਾ।
ਬਦਨ ਮਲੀਨ ਹੇਰਿ ਸੁਤ ਕੇਰਾ।
ਭਈ ਦੁਖੀ ਕਰਿ ਸ਼ੋਕ ਘਨੇਰਾ ॥੧੯॥
ਅਪਰ ਨਰਨ ਤੇ ਸੁਨਿ ਸੁਧਿ ਸਾਰੀ।
ਰੁਦਿਤ ਦ੍ਰਿਗਨ ਤੇ ਅੰਸੁਨ ਡਾਰੀ।
ਸਵਤ ਗਿਰਾ[1] ਤੇ ਮਨ ਬਿਕੁਲਾਨੀ। [1]ਸੌਂਕਣ ਦੀ ਬੋਲੀ।
ਲਤਾ[1] ਖੇਦ ਕਰਿ ਜਨੁ ਕੁਮਲਾਨੀ[2] [1]ਵੇਲ। [2]ਕੁਮਲਾ ਗਈ।
॥੨੦॥
ਬਦਨਾਂਬੁਜ[1] ਬਹੁ ਕੀਨ ਮਲੀਨਾ। [1]ਮੁਖ ਕਵਲ
ਨਿਜ ਸੁਤ ਅੰਕ ਬਿਖੈ ਤਬ ਲੀਨਾ।
ਉਭ ਸ੍ਵਾਸ ਲੈ ਬਚਨ ਬਖਾਨੇ।
-ਸੁਨਹੁ ਪੁੱਤ੍ਰ! ਇਵ ਲੇਹੁ ਪਛਾਨੇ
॥੨੧॥
ਦੁਖ ਸੁਖ ਕੋ ਨ ਦੇਤਿ ਕਿਹ ਤਾਈਂ।

ਕਰਮ ਕਰਹਿ ਜਸ, ਤਸ ਫਲ ਪਾਈ।
ਪ੍ਰਿਥਮ ਪੁੰਨ ਤੇ ਸੁਖ ਚਲਿ ਆਵੈ।
ਕਰੇ ਪਾਪ ਤੇ ਦੁਖ ਫਲ ਪਾਵੈ ॥੨੨॥
ਗਿਰਾ ਸਵਤ[1] ਨੈ ਸਾਚ ਉਚਾਰੀ। [1]ਸੌਂਕਣ।
ਤੂੰ ਜਨਮਜੋ ਮਮ ਗਰਭ ਮਝਾਰੀ।
ਮੰਦ ਭਾਗ ਮੋ ਕੋ ਲਖਿ ਲੀਜੈ।
ਦਾਸੀ ਸਮ ਨਹਿਂ ਮੁਝੈ ਲਖੀਜੈ ॥੨੩॥
ਸਿੰਘਾਸਨ[1] ਕੀ ਜੇ ਅਭਿਲਾਖੇ। [1]ਤਖਤ।
ਭਜਹੁ ਪ੍ਰਭੁ ਮਨ ਕੋ ਥਿਰ ਰਾਖੇ।
ਜਾਸ ਚਰਨ ਕੀ ਸੇਵਨ ਕਰਿ ਕੈ।
ਲਿਯੋ ਬ੍ਰਹਮਪਦ ਬਿਧਿ ਹਿਤ ਧਰਿ ਕੈ
॥੨੪॥
ਤੋਰ ਪਿਤਾਮਾ ਭਾ ਮਨੁਰਾਜੂ।
ਕੀਨ ਅਨਿਕ ਮਖ[1] ਭੂਰ ਸਮਾਜੂ। [1]ਯੱਗ।
ਹਰਿ ਕੋ ਸਿਮਰਨ ਕਰਿ ਸੁਖ ਪਾਵਾ।
ਪੁਨ ਪ੍ਰਭੁ ਪਦ ਮਹਿਂ ਅੰਤ ਸਮਾਵਾ
॥੨੫॥
ਤਾਂ ਤੇ ਹੇ ਸੁਤ! ਮਨ, ਕ੍ਰਮ, ਬਚਨਾ।
ਜਾਹੁ ਸ਼ਰਨ ਜਾਂ ਕੀ ਸਭਿ ਰਚਨਾ।
ਖੋਜਤਿ ਮੁਨਿ ਜਨ ਜੋਗੀ ਜਾਸੂ[1]। [1]ਜਿਸ ਨੂੰ।
ਸਿਮਰਹੁ ਤਿਹ[1] ਪੈਹਹੁ[2] ਫਲ ਆਸੂ[3]- [1]ਤਿਸ ਨੂੰ। [2]ਪਾਓਗੇ। [3]ਛੇਤੀ।
॥੨੬॥
ਸੁਨਜੋ ਮਾਤ ਉਪਦੇਸ਼ ਬਿਸਾਲਾ।
ਹਿਰਦੈ ਧੀਰ ਧਰੀ ਤਿਹ ਕਾਲਾ।
ਤੂਰਨ ਤ੍ਰਿਨ ਸਮ ਪੁਰਿ[1] ਕੋ ਤਜਾਗੀ। [1]ਸ਼ਹਿਰ।
ਮਧੁਬਨ ਕੋ ਗਮਨਜੋ ਵਡ ਭਾਗੀ
॥੨੭॥
ਨਾਰਦ ਸੁਨਿ ਕਰਿ ਸਭਿ ਬਿਰਤੰਤਾ।
ਮਿਲਜੋ ਆਨਿ ਮਗ ਮਾਂਹਿ ਤੁਰੰਤਾ।
ਧ੍ਰੂਵ ਮਨ ਕੀ ਲਖਿ ਕਰਿ ਰਿਖਿਰਾਈ।
ਸਿਰ ਪਰ ਕਰ ਪਰਸਜੋ ਹਿਤ ਲਾਈ

॥੨੮॥

-ਬਾਲ ਆਰਬਲ ਮ੍ਰਿਦੁਲ ਬਿਸ਼ਾਲਾ।
ਸੁਨਿ ਬਿਮਾਤ[1] ਬਚ ਭਾ ਉਰ ਸਾਲਾ[2]-। [1]ਮਤਰੇਈ ਮਾਂ ਦੇ। [2]ਸੱਲ, ਪੀੜਾ।
ਬਿਗਸਤਿ[1] ਬਾਨੀ ਬਦਨ ਬਖਾਨੀ। [1]ਖਿੜ ਕੇ।
-ਸਿਸ! ਤਵ ਬਯ ਨਹਿਂ ਮਾਨ ਅਮਾਨੀ[1] ॥੨੯॥ [1]ਹੇ ਬਾਲਕੇ ਤੇਰੀ ਉਮਰ ਆਦਰ ਅਨਾਦਰ ਦੀ (ਪਰਵਾਹ ਕਰਨ ਵਾਲੀ) ਨਹੀਂ, (ਬਚਪਨ ਵਿੱਚ ਆਦਰ ਅਨਾਦਰ ਦੀ ਪ੍ਰਵਾਹ ਨਹੀਂ ਹੁੰਦੀ)।

ਖਾਨ ਪਾਨ ਖੇਲਨ ਰਸ ਰੀਤਾ।
ਇਨਹਿਂ ਚਾਹਿ ਤੂੰ ਕਿਉਂ ਵਿਪਰੀਤਾ।
ਅਬੈ ਗਜਾਨ ਕੀ ਕੀਨਸ ਪ੍ਰੀਹਾ[1]। [1]ਇੱਛਾ।
ਤਾਂ ਪਰ ਸੁਨਹੁ ਬਾਤ ਮਮ ਲੀਹਾ[1] ॥੩੦॥ [1]ਮਰਯਾਦਾ ਦੀ।
ਜਬ ਪ੍ਰਾਨੀ ਕੋ ਉਪਜਹਿ ਗਜਾਨਾ।
ਸ਼ੱਤ੍ਰੂ ਮਿੱਤ੍ਰ ਦੁਖ ਸੁਖ ਸਮਾਨਾ।
ਤੌ ਤਪ ਕਰਨ ਬਾਦ ਹੈ ਤੇਰੋ।
ਹਟਹੁ ਜਾਹੁ ਗ੍ਰਿਹ ਕਰੋ ਬਸੇਰੋ ॥੩੧॥
ਜੇਤੋ ਸੁਖ ਤੁਝ ਦੇਯ ਬਿਮਾਤਾ।
ਤਿਤੋ ਜਾਇ ਭੋਗਹੁ ਹੇ ਤਾਤਾ[1]! [1]ਹੇ ਪੁੱਤ੍ਰ!
ਕਰਿ ਸੰਤੋਖ ਰਹਹੁ ਘਰ ਮਾਂਹੀ।
ਅਹੋ ਵਤਸ[1], ਬਨ[2] ਕੁਛ ਸੁਖ ਨਾਂਹੀ ॥੩੨॥ [1]ਅਜੇ) ਬਾਲਕ ਹੋ। [2]ਬਨ ਵਿੱਚ।
ਜੋ ਤਵ ਜਨਨਿ ਕੀਨ ਉਪਦੇਸ਼ਾ।
ਲੇਨ ਚਹਹੁ ਤਿਹ ਵਡੋ ਅੰਦੇਸ਼ਾ[1]। [1]ਖਤਰਾ।
ਖੋਜਤਿ ਜਿਹ ਕੋ ਮੁਨੀ ਜੁਗੇਸ਼ੁਰ।
ਦੁਰਾਰਧਯ[1] ਸੋ ਲਖਿ ਪਰਮੇਸ਼ੁਰ ॥੩੩॥ [1]ਜਿਸ ਦੀ ਅਰਾਧਨਾ ਕਠਨ ਹੈ।
ਤਪ ਤਾਪਹਿਂ ਤੀਬਰ ਚਿਰ ਕਾਲਾ।
ਕਰਿਹੈਂ ਜਤਨ ਅਨੇਕ ਬਿਸਾਲਾ।
ਤਦਪਿ ਨ ਪਾਵਹਿਂ ਫਿਰਹਿਂ ਖੁਜੰਤੇ।
ਚਰਨ ਕਵਲ ਪ੍ਰਭੁ ਸ਼੍ਰੀ ਭਗਵੰਤੇ ॥੩੪॥
ਅਬ ਬਯ ਲਘੁ ਚਲਿਯੇ ਗ੍ਰਿਹ ਮਾਂਹੀ।

ਹੋਇ ਤਰੁਨ ਤਬ ਕਹਿ ਅਸ ਚਾਹੀ-।

ਸੁਨਿ ਮੁਨਿਵਰ ਬਾਨ ਰਸ ਸਾਨੀ[1]। — [1]ਰਸ ਵਾਲੀ।

ਬੋਲਯੋ ਧ੍ਰੂਵ ਜੋਰਿ ਜੁਗ ਪਾਨੀ[1] ॥੩੫॥ — [1]ਦੋਵੇਂ ਹੱਥ ਜੋੜ ਕੇ।

-ਆਪ ਕਹਿਤਿ ਸਾਚੀ ਸਭਿ ਭਾਂਤੀ।

ਤੱਦਪਿ ਨ ਮੋ ਮਨ ਬਿਖੈ ਗਡਾਤੀ[1]। — [1]ਲਗਦੀ।

ਮੈ ਕੁਪੁਰਖ[1] ਬਹੁਰੋ ਅਗਜਾਤੀ। — [1]ਜੋ ਪੁਰਖ ਪਦ ਤੇ ਨਾ ਪੁੱਜਿਆ ਹੋਵੇ (ਅ) ਮਾੜਾ ਆਦਮੀ। [ਸੰਸ. ਕੁ+ਪੁਰਖ਼]।

ਬਚ ਬਿਮਾਤ ਤੇ[1] ਸੁਲਗਤਿ ਛਾਤੀ ॥੩੬॥ — [1]ਮਤ੍ਰੇਈ ਮਾਂ ਦੇ ਬਚਨਾਂ ਕਰਕੇ।

ਦੁਖਤਿ ਰਿਦਾ ਸੁਨਿ ਗਿਰਾ ਕਠੋਰਾ।

ਹਟਨੇ ਤ੍ਰਿਟ[1] ਨ ਕਰੇ ਮਨ ਮੋਰਾ[†]। — [1]ਮੁੜਨ ਦੀ ਇੱਛਾ। [†]ਪਾ:-ਹਟਨੇ ਪਰ ਨ ਕਰਤ ਮਨ ਮੋਰਾ।

ਤੁਮ ਪਰ ਹਿਤ ਕੇ ਹੇਤ ਸਦਾਈ।

ਸਰਬ ਥਾਨ ਬਿਚਰਹੁ ਰਿਖਿ ਜਾਈ ॥੩੭॥

ਜਿਹ ਪਦ ਲੌ ਪਹੁਚਯੋ ਨ ਪਿਤਾਮਾ[1]। — [1]ਦਾਦਾ।

ਤਾਂ ਪਦ ਕੀ ਇੱਛਾ ਅਭਿਰਾਮਾ[1]। — [1]ਸੋਹਣੀ ਇੱਛਾ ਹੈ (ਮੈਨੂੰ)।

ਸੋ ਮਾਰਗ ਮੁਝ ਦੇਹੁ ਬਤਾਈ।

ਰਾਵਰ ਕ੍ਰਿਪਾ ਨਿਧਾਨ ਸਦਾਈ[1] ॥੩੮॥ — [1]ਸਦਾ ਹੀ ਹੋ।

ਤਰਨਿ ਤੇਜ ਸਮ[1] ਗਯਾਨ ਅਪਾਰਾ। — [1]ਸੂਰਜ ਦੇ ਤੇਜ ਵਰਗਾ।

ਬੀਨਾ[1] ਕਰ[2] ਧਾਰੇ ਸੁਖ ਭਾਰਾ-। — [1]ਵੀਣਾ। [2]ਹੱਥ।

ਸੁਨਿ ਬਚ ਲਖਿ ਸ਼ਰਧਾ ਜਿਹ ਗਾਢੀ[1]। — [1]ਪੱਕੀ।

ਮੁਨਿ ਪ੍ਰਸੰਨਤਾ ਅਧਿਕਹਿ ਬਾਢੀ[1] ॥੩੯॥ — [1]ਬਹੁਤ ਵਧੀ।

ਕਹਿਨ ਲਗਯੋ -ਮੈਂ ਪਰਖਤਿ ਨੀਕੇ।

ਅਹੋ ਬਾਲ ਤਵ ਸ਼ਰਧਾ ਹੀ ਕੇ[1]। — [1]ਹਿਰਦੇ ਦੀ।

ਹਿਤ ਕੱਲਯਾਨ ਪੰਥ ਲਖਿ ਸੋਊ।

ਤਵ ਜਨਨੀ ਭਾਖਯੋ ਸੁਭ ਜੋਊ ॥੪੦॥

ਸ਼੍ਰੀ ਕਰਤਾਰ ਸਕਲ ਗੁਣ ਖਾਨੀ।

ਤਾਂ ਕੋ ਸੇਵਹੁ ਮਨ ਕ੍ਰਮ[1] ਬਾਨੀ। — [1]ਕਰਮ।

ਧਰਮ ਅਰਥ ਕਾਮੰ ਪੁਨ ਮੋਖਾ।
ਪਾਯੋ ਚਹਿ ਜਿਹ ਨਰ ਬਿਨ ਦੋਖਾ ॥੪੧॥
ਸੋ ਇਕ ਬਾਸਦੇਵ[1] ਕੀ ਸ਼ਰਨਾ।
[1]ਪਰਮੇਸ਼ੁਰ।
ਅਪਰ ਉਪਾਵ ਨ ਕੋਊ ਬਰਨਾ।
ਅਬ ਮਧੁਬਨ[1] ਜਮਨਾ ਤਟ ਜਾਈ।
[1]ਬ੍ਰਿਜ ਭੂਮੀ ਵਿੱਚ ਇਕ ਬਨ ਦਾ ਨਾਮ ਹੈ।
ਜਥਾ ਜੋਗ ਆਸਨ ਕੋ ਲਾਈ ॥੪੨॥
ਭਲਿ ਬਿਧਿ ਸਾਧਹੁ ਪ੍ਰਾਣੰਯਾਮਾ।
ਹੋਵਹਿ ਰਿਦਾ ਬਿਮਲ ਅਭਿਰਾਮਾ।
ਧਰਹੁ ਧ੍ਯਾਨ ਤਬ ਸ਼੍ਰੀ ਹਰਿ ਪੂਰੰ[1]।
[1]ਪੂਰੇ ਦਾ। ਦੁਪੱਟਾ।
ਸ਼੍ਯਾਮ ਸਰੂਪ ਅਨੂਪਮ ਰੂਰੰ[1] ॥੪੩॥
[1]ਸੁੰਦਰ।
ਸਮ ਮਯੰਕ[1] ਮੁਖ ਮੰਡਲ ਸੋਹਨ।
[1]ਚੰਦਰਮਾਂ ਵਰਗਾ।
ਚਾਰੁ ਚਖਨ[1] ਚਿਤਵਨ[2] ਮਨ ਮੋਹਨ।
[1]ਨੇਤ੍ਰ। [2]ਤੱਕਣੀ।
ਮੰਦ ਮੰਦ ਮੁਸ਼ਕਯਾਨ ਕਪੋਲਾ।
ਅਧਰ ਅਰੁਨ ਛਬਿ ਬਨੀ ਅਮੋਲਾ ॥੪੪॥
ਚਾਰ[1] ਭੁਜਾ[2] ਯੁਤ[3] ਭੂਖਨ[4] ਚਾਰੂ[5]।
[1]ਚਾਰ। [2]ਬਾਹਾਂ। [3]ਸਮੇਤ। [4]ਗਹਿਣੇ। [5]ਸੁੰਦਰ।
ਗਦਾ, ਚੱਕ੍ਰ, ਦਰ[1], ਅੰਬੁਜ[2] ਧਾਰੂ।
[1]ਸੰਖ। [2]ਕਵਲ (ਪਦਮ)।
ਸ੍ਰੁਤ[1] ਕੁੰਡਲ, ਤਨ ਪੀਤ ਦੁਕੂਲਾ[2]।
[1]ਕੰਨਾਂ ਵਿੱਚ। [2]ਪੀਲਾ।
ਕਟ ਤਟਿ[1] ਕਿੰਕਨਿ[2] ਸਭਿ[3] ਛਬਿ ਮੂਲਾ[4] ॥੪੫॥
[1]ਲੱਕ ਦੁਆਲੇ। [2]ਤੜਾਗੀ। [3]ਸਾਰੀ। [4]ਸੁੰਦਰਤਾ ਦਾ ਮੂਲ।
ਪਗ ਮਹਿਂ ਨੂਪਰ[1] ਬਜਤਿ ਸੁਹਾਵਨ।
[1]ਝਾਂਜਰ।
ਕੰਠ ਬਿਖੈ ਮਨਿ[1] ਸੁਠ[2] ਮਨ ਭਾਵਨ[3]।
[1]ਮਣੀ। [2]ਸੁੰਦਰ। [3]ਮਨ ਨੂੰ ਚੰਗੀ ਲੱਗਣ ਵਾਲੀ।
ਕਰ ਬਹੁ ਜਤਨ ਧਰਹੁ ਅਸ ਧ੍ਯਾਨਾ*।
ਮਨ ਕੋ ਰੋਕਹੁ ਹ੍ਵੈ ਸਵਧਾਨਾ ॥੪੬॥
ਗੋਪ ਮੰਤ੍ਰ ਤੁਝ ਦੇਉਂ ਬਤਾਈ।
ਸਪਤ ਦਿਵਸ ਜੋ ਪਢੈ ਬਨਾਈ।
ਸਭਿ ਖੇਚਰ[1] ਦਰਸੈਂ[2] ਤਤਕਾਲਾ।
[1]ਦੇਵਤੇ। [2]ਦੇਖੇਂਗਾ।
ਪਾਵਹਿਂ ਅਭਿਮਤ[1] ਸੁਖ ਬਿਸਾਲਾ ॥੪੭॥
[1]ਮਨ ਇੱਛਤ।

ਓਨਮ ਵਾਸਦੇਵ ਭਗਵਤ ਕੋ।

ਇਹ ਨਾਰਦ ਨੇ ਵਿਸ਼ਨੂੰ ਦਾ ਧਿਆਨ ਦੱਸਿਆ ਹੈ, ਤੇ 'ਓਂ ਵਾਸਦੇਵ' ਵਿਸ਼ਨੂੰ ਦਾ ਹੀ ਜਾਪ ਦੱਸਿਆ ਹੈ, ਇਹ ਉਪਦੇਸ਼ ਤੇ ਧਿਆਨ ਓਸ ਸਮੇਂ ਦਾ ਹੈ ਤੇ ਓਸ ਮਤ ਦਾ ਹੈ ਕਿ ਜਦੋਂ ਤੇ ਜਿਸ ਮਤ ਦੇ ਆਚਾਰਯ ਨਾਰਦ ਜੀ ਹੋਏ ਹਨ, ਗੁਰ ਸਿੱਖਾਂ ਲਈ 'ਵਾਹਿਗੁਰੂ' ਮੰਤਰ ਦਾ ਜਾਪ ਤੇ ਧਿਆਨ ਨਾਮ ਦਾ ਹੈ; ਸਤਿਗੁਰੂ ਜੀ ਦਾ, ਗੁਰਮੁਖ ਦਾ ਬੀ ਵਿਹਤ ਹੈ, ਪਰ ਮਾਰਗ ਸਿੱਖੀ ਦਾ 'ਲਿਵ' ਹੈ ਜਿਸ ਵਿਚ ਸੇਧ ਨਿਰਗੁਣ ਦੀ ਹੁੰਦੀ ਹੈ। ਸਰਗੁਣ ਧ੍ਯਾਨ ਦੀ ਲੋੜ ਨਹੀਂ। ਨਾਮ ਆਪਣੇ ਆਪ ਵਿਚ ਤਵੱਜੋ ਨੂੰ ਇਕ ਪਾਸੇ ਰੱਖਣ ਵਾਲਾ ਹੈ। ਯਥਾ ਗੁਰ ਵਾਕ:

ਗੁਰ ਕੀ ਮੂਰਤਿ ਮਨਿ ਮਹਿ ਧਿਆਨੁ ॥ [ਗੋਂਡ ਮ:-੪]

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ [ਸਾ: ਮ:-੫]

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ ॥ [ਵਾਰ ਕਾਨੜਾ]

ਜਿਸ ਟਿਕਾਣੇ ਓਹ ਲੋਕ ਵਿਸ਼ਨੂੰ ਜੀ, ਕ੍ਰਿਸ਼ਨ ਤੇ ਰਾਮ ਜੀ ਨੂੰ ਮੰਨਦੇ ਹਨ ਗੁਰ ਸਿੱਖੀ ਵਿੱਚ ਉਸ ਤੋਂ ਉੱਚਾ ਟਿਕਾਣਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਤੇ ਕਵਿ ਜੀ ਆਪ ਸ਼੍ਰੀ ਗੁਰੂ ਜੀ ਨੂੰ ਪਰਾਵਰਾਂ ਦੇ ਨਾਥ ਤੇ ਪੁਰਸ਼ੋਤਮਾਂ ਤੋਂ ਪਰਮ ਲਿਖ ਆਏ ਹਨ, ਦੇਖੋ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੫।

ਜਪੈ ਕਰਣ[1] ਮਨ ਕੋ ਕਰਿ ਥਿਤ ਕੋ[2]।
ਪੂਜਾ ਕਰਹਿ ਸਰਬ ਪਰਕਾਰੀ।
ਚੰਦਨ ਪੁਸ਼ਪਾਦਿਕ ਹਿਤਧਾਰੀ- ॥੪੮॥

[1]ਇੰਦ੍ਰੀਆਂ ਤੇ। [2]ਮਨ ਨੂੰ ਟਿਕਾਕੇ।

ਸਭਿ ਬਿਧਿ ਸੁਨੀ ਧ੍ਰੁੱਵ ਨਿਜ ਸ਼੍ਰੌਨਾ[1]।
ਪੁਨ[1]† ਪਦ[2] ਬੰਦਿ[3] ਕਿਯੋ ਬਨ ਗੌਨਾ[4]।
ਪਹੁੰਚਜੋ ਮਧੁਬਨ ਤਪਹਿ ਅਰੰਭਾ।
ਜਹਿਂ ਰਵਿ ਤਨਿਯਾ[1] ਪਾਵਨ ਅੰਭਾ[2] ॥੪੯॥

[1]ਆਪਣੇ ਕੰਨੀ।

[1]ਫਿਰ। [2]ਚਰਨਾਂ ਤੇ। [3]ਨਮਸਕਾਰ ਕਰਕੇ। [4]ਬਨ ਨੂੰ ਚਲਾ ਗਿਆ। †ਪਾ:-ਮੁਨਿ।

[1]ਜਿੱਥੇ ਜਮਨਾਂ ਦਾ। [2]ਪਵਿੱਤ੍ਰ ਜਲ ਹੈ।

ਚਲਿ ਨਾਰਦ ਨ੍ਰਿਪ ਕੇ ਢਿਗ ਆਵਾ।
ਸੁਤ ਬਿਯੋਗ ਜਿਹ ਮੁਖ ਮੁਰਝਾਵਾ।
ਪਿਖਿ ਰਿਖਿ ਕੋ ਨ੍ਰਿਪ[1] ਆਦਰ ਦੀਨਾ।
ਪੂਜ ਜਾਇ[1] ਪਰ ਪਰਣਮ[2] ਕੀਨਾ† ॥੫੦॥

[1]ਰਾਜੇ ਨੇ।

[1]ਚਰਨ ਪੂਜਕੇ। [2]ਨਮਸਕਾਰ। †ਪਾ:-ਪੂਜ ਪਾਇ ਪਰਣਾਮ ਸੁ ਕੀਨਾ।

ਬੋਲਜੋ ਨਾਰਦ ਮੁਨੀ ਪ੍ਰਬੀਨਾ।
-ਹੇ ਭੂਪਤ! ਤਵ ਬਦਨ ਮਲੀਨਾ।
ਧਰਮ ਅਰਥ ਕੋ ਬਿਗਰਜੋ ਆਜੁ-?
ਸੁਨਿਯੋ ਬਚਨ ਭਨੇ ਨਰਰਾਜੂ ॥੫੧॥
-ਹੇ ਮੁਨਿ! ਮੈਂ ਕਾਮੀ ਮਤਿ ਹੀਨਾ।
ਲੰਪਟ ਸਦਾ ਰਹੋਂ ਤਿਯ ਦੀਨਾ।

ਬਾਲਕ ਪੰਚ ਬਰਖ ਕੋ ਜੋਊ।
ਬਿਨ ਅਪਰਾਧ ਤਜਯੋ ਮੈਂ ਸੋਊ ॥੫੨॥
ਅਬ ਉਠਿ ਗਯੋ ਕਰਨ ਤਪ ਬਨ ਮੈਂ।
ਛੁਧਾ ਹੋਇ ਸ਼੍ਰਮ ਸੀਤ ਉਸ਼ਨ ਮੈਂ।
ਸੋ ਕਿਮ ਸਹਹਿ ਜਿ ਸੰਕਟ ਭਾਰੀ।
ਖਾਇ ਜਾਇ ਕੋ ਬਿਨ ਰਖਵਾਰੀ[1]- ॥੫੩॥ [1]ਰੱਖਯਾ।
ਕਰੁਨਾ ਬੈਨ ਸੁਨੇ ਮੁਨਿਰਾਈ।
ਹੇਤ ਪ੍ਰਬੋਧਨ ਗਿਰਾ ਅਲਾਈ।
-ਸੁਤ ਕੇ ਹੇਤ ਨ ਸੋਚ ਰਜਾਨਾ!
ਈਸ਼ੁਰ ਬਸਹਿ ਸਰਬ ਇਸਥਾਨਾ ॥੫੪॥
ਬਨ ਮੈਂ ਸ਼ਿਸ਼ ਕਰਿ ਹੈ ਤਪ ਭਾਰੀ।
ਲੋਕਪਾਲ ਤੇ ਉਚ[1] ਅਧਿਕਾਰੀ। [1]ਉੱਚੇ।
ਥੋਰਨ ਦਿਵਸ ਆਇ ਤਵ ਪਾਸਾ।
ਜਗ ਮੈਂ ਕਰਿਹੈ ਸੁਜਸ ਪ੍ਰਕਾਸ਼ਾ- ॥੫੫॥
ਅਸ ਪ੍ਰਕਾਰ ਕਹਿ ਮੁਨੀ ਪਯਾਨਾ।
ਤਜਯੋ ਰਾਜ ਨਿਜ ਸੋਚ ਰਜਾਨਾ[1]। [1]ਰਾਜੇ ਨੇ ਆਪਣੇ ਰਾਜ ਸਬੰਧੀ ਸੋਚਾਂ ਤਯਾਗ ਦਿੱਤੀਆਂ।
ਧ੍ਰੂਵ ਤਹਿਂ ਕਰਨ ਲਗਯੋ ਤਪ ਭਾਰੀ।
ਤੀਸਰ ਦਿਨ ਫਲ ਖਾਇ ਅਹਾਰੀ ॥੫੬॥
ਪੂਜਤਿ ਯੌਂ ਇਕ ਮਾਸ ਬਿਤਾਯੋ।
ਦੂਸਰ ਮਾਸ ਤ੍ਰਿਣਨ ਕੋ ਖਾਯੋ।
ਸੂਕੇ ਪਰਨ[1] ਤੀਸਰੇ ਮਾਸਾ[2]। [1]ਸੁੱਕੇ ਪੱਤੇ। [2]ਤੀਜੇ ਮਹੀਨੇ।
ਖਾਇ ਰਹੈ ਸਿਮਰੈ ਸੁਖ ਰਾਸਾ ॥੫੭॥
ਨਵਮੈ ਦਿਵ ਪਾਇ ਮੁਖ ਸੋਊ।
ਨੀਰ ਪਰਨ[1] ਸੂਕੇ ਹੈਂ ਜੋਊ। [1]ਪੱਤੇ।
ਚੌਥੋ ਮਾਸ ਬਹੁਰ ਜਬ ਆਯੋ।
ਦ੍ਵਾਦਸ਼ ਦਿਵਸਨਿ ਮੈਂ ਤਬ ਖਾਯੋ

॥੫੮॥
ਮਾਸ ਪਾਂਚਵੇਂ ਪੌਨ ਅਹਾਰੀ।
ਜੀਤ ਸ੍ਵਾਸ ਲੀਨੇ ਇਕ ਵਾਰੀ।
ਏਕ ਚਰਨ ਪਰ ਹ੍ਵੈ ਕਰਿ ਠਾਂਢੋ।
ਭਯੋ ਬਿਟਪ[1] ਨਜਾਈ[2] ਅਤਿ ਗਾਢੋ ॥੫੯॥ — [1]ਬ੍ਰਿੱਛ। [2]ਵਰਗਾ।
ਸਭਿ ਦਿਸ਼ ਤੇ ਮਨ ਰੋਕਨ ਕੀਨੋ।
ਸ੍ਰੀ ਕਰਤਾਰ ਚਰਨ ਮਹਿਂ[1] ਦੀਨੋ। — [1]ਵਿੱਚ।
ਜੋ ਮਹਿਦਾਦਿਕ ਬਹੁਰ ਪ੍ਰਧਾਨਾ[1]। — [1]ਪ੍ਰਕ੍ਰਿਤੀ, ਮਹਿਤਤ੍ਵ, ਅਹੰਕਾਰ ਆਦੀ ਜਗਤ ਦੇ ਮੂਲ ਕਾਰਨ।
ਸਭਿ ਕੋ ਹੈ ਅਧਾਰ ਭਗਵਾਨਾ ॥੬੦॥
ਤਿਹ ਕੋ ਧ੍ਯਾਨ ਅਡੋਲ ਸੁ ਧਰਿ ਕੈ।
ਰਹ੍ਯੋ ਠਾਂਢ ਉਰ ਦ੍ਰਿੜਤਾ ਕਰਿ ਕੈ।
ਰੋਕ ਸ੍ਵਾਸ ਜਬ ਕਿਯ ਅਸ ਕਰਨੀ।
ਡਗਮਗ ਡੋਲ ਗਈ ਸਭਿ ਧਰਨੀ ॥੬੧॥
ਸਭਿ ਕੇ ਸ੍ਵਾਸ ਰੁਕੇ ਤਿਹ ਕਾਲਾ।
ਜਗ ਮੈਂ ਖਰਭਰ[1] ਪਰ੍ਯੋ ਬਿਸਾਲਾ। — [1]ਘਬਰਾਹਟ।
ਤਿਹ ਛਿਨ ਅਮਰ[1] ਗਏ ਹਰਿ ਸ਼ਰਨਾ। — [1]ਦੇਵਤੇ।
ਇਕ ਮਨ ਹ੍ਵੈ ਬਹੁ ਬਿਧਿ ਜਸ ਬਰਨਾ ॥੬੨॥
-ਹੇ ਈਸ਼੍ਵਰ ਕ੍ਯੋਂ ਰੁਕਗੇ ਸ੍ਵਾਸਾ।
ਦੁਖ੍ਯੋ ਜਗਤ ਦੀਜੈ ਸੁਖ ਰਾਸਾ-।
ਸ੍ਰੀ ਭਗਵੰਤ ਕਹੀ ਤਬ ਬਾਨੀ।
-ਮਤ ਭੈ ਕਰਹੁ ਹੋਇ ਦੁਖ ਹਾਨੀ ॥੬੩॥
ਬਾਲ ਭਗਤ ਮਮ ਅਤਿ ਹਠ ਧਾਰੀ।
ਕੀਨ ਦੁਰਾਸਦ[1] ਤਪ ਜਿਹ ਭਾਰੀ। — [1]ਕਠਨ।
ਅਬ ਮੈਂ ਜਾਉਂ ਤਾਂਹਿ ਕੇ ਪਾਸਾ।
ਸਭਿ ਕੋ ਛੂਟੈ ਰੋਕਨ ਸ੍ਵਾਸਾ- ॥੬੪॥
ਸੁਨਿ ਇਮ ਬਾਣੀ ਅਮਰ ਪਧਾਰੇ।

ਜਹਿਂ ਤਹਿਂ ਤਨ ਕੇ ਹੁਤੇ ਬਸਾਰੇ।
ਸ਼੍ਰੀ ਭਗਵੰਤ ਚਢੇ ਉਰਗਾਰੀ[1]। [1]ਉਰਗ+ਅਰੀ ਸੱਪ ਦੇ ਵੈਰੀ) ਗਰੁੜ ਉਤੇ।
ਆਏ ਜਹਾਂ ਕਰਹਿ ਤਪ ਭਾਰੀ ॥੬੫॥
ਮਨ ਇੰਦ੍ਰੀ ਕਰਿ ਅਚਲ ਸਮਾਧੀ।
ਕੇਵਲ ਕੇਸ਼ਵ ਚਰਨ ਅਰਾਧੀ।
ਰਿਦੇ ਸਰੂਪ ਬਸਾਇ ਅਨੂਪਾ।
ਨਹੀਂ ਵਹਿਰ ਕੋ ਪਿਖੈ ਸਰੂਪਾ ॥੬੬॥
ਜਬ ਸ਼੍ਰੀ ਹਰਿ ਕਿਯ ਅੰਤਰ ਧਯਾਨੇ[1]। [1]ਜਦੋਂ ਸ਼੍ਰੀ (ਵਿਸ਼ਨੂੰ) ਨੇ (ਪ੍ਰਹਲਾਦ ਦੇ) ਧਯਾਨ ਅੰਦਰ ਦਾ (ਰੂਪ) ਦੂਰ ਕਰ ਦਿੱਤਾ।
ਤਬ ਪੰਕਜ ਸੇ ਨੈਨ ਖੁਲ੍ਹਾਨੇ।
ਸੋ ਸਰੂਪ ਢਿਗ ਬਾਹਿਰ ਦੇਖਾ।
ਪਰਯੋ ਦੰਡਵਤ[1] ਪ੍ਰੇਮ ਬਿਸ਼ੇਖ਼ਾ ॥੬੭॥ [1]ਡੰਡੇਵਤ ਪੈਕੇ (ਡੰਡੌਤ ਕੀਤੀ)।
ਪੁਨ ਲੋਚਨ ਭਰਿ ਰੂਪ ਨਿਹਾਰਾ।
ਚਹਿਤਿ ਅਲਿੰਗਨ[1] ਸ੍ਰੀ ਕਰਤਾਰਾ। [1]ਪਰਸਣਾ।
ਉਸਤਤਿ ਕਰਿ ਨ ਸਕਤਿ ਮਤਿ ਥੋਰੀ।
ਇੱਛਾ ਅਧਿਕ ਰਹਯੋ ਕਰ ਜੋਰੀ ॥੬੮॥
ਸ਼੍ਰੀ ਹਰਿ ਜਾਨਿ ਗਏ ਉਰ ਤਾਹਾ[1]। [1]ਉਸਦੇ ਹਿਰਦੇ।
ਨਿਜ ਕਰ ਸੰਖ ਤਬਹਿ ਮੁਖ ਛ੍ਵਾਹਾ।
ਤਤ ਛਿਨ ਉੱਜਲ ਮਤਿ ਹ੍ਵੈ ਆਈ।
ਈਸ਼੍ਵਰ ਜੀਵ ਗਯਾਨ ਸਭਿ ਪਾਈ ॥੬੯॥
ਬਰਨਨ ਕਰਨ ਲਗਾ ਗੁਨ ਰੂਰੇ।
ਭਗਤਿ ਭਾਉ ਉਰ ਰਹਯੋ ਸਪੂਰੇ।
-ਬੰਦੋਂ ਪਦ ਅਰਬਿੰਦ ਬਹੋਰੀ।
ਜਿਨ ਕਰੁਨਾ ਅਸ ਮਤਿ ਭੀ ਮੋਰੀ ॥੭੦॥
ਰਮਾ ਨਿਵਾਸ[1]! ਈਸ਼! ਭਗਵੰਤਾ! [1]ਲੱਛਮੀ ਦਾ ਪਤੀ।
ਅੰਤਰਜਾਮੀ ਸਰਬ ਅਨੰਤਾ!
ਜਢ ਜੰਗਮ ਮੈਂ ਬਯਾਪਕ ਸਾਰੇ।
ਰਚਹੁ ਆਪ ਪੁਨ ਰਹਹੁ ਨਿਰਾਰੇ ॥੭੧॥

ਜੇ ਨ ਭਜਹਿਂ ਤਵ ਚਰਨ ਗੁਸਾਈਂ!
ਜਾਇਂ ਨਰਕ ਮਹਿਂ ਸੰਕਟ ਪਾਈ।
ਜੇ ਚਰਨਾਰਬਿੰਦ ਰਸ ਭੀਨੇ।
ਅਪਨੋ ਮਨ ਮਲਿੰਦ ਸਮ ਕੀਨੇ
॥੭੨॥
ਸੋ ਸੁਖ ਪਾਵਹਿਂ ਅਮਿਤ ਬਿਸਾਲਾ।
ਕਬਿ ਨ ਪਰੈ ਤਿਨ ਪਰ ਜਮ ਜਾਲਾ।
ਬਿਨਾ ਪ੍ਰਯਾਸ ਤਰਹਿਂ ਸੰਸਾਰੂ।
ਅਪਰ ਉਧਾਰਹਿਂ ਨਿਜ ਸੰਗਾਰੂ
॥੭੩॥
ਤਿਨ ਕੋ ਮੋਹਿ ਦੇਹੁ ਸਤਿਸੰਗਾ[1]। [1]ਤਿਨ੍ਹਾਂ ਦਾ ਮੈਨੂੰ ਸਤਿਸੰਗ ਦਿਓ।
ਤਵ ਗੁਨ ਸੁਨੋਂ ਗਾਇ ਸ ਉਮੰਗਾ।
ਅਹੈ ਮਨੀਖਾ[1] ਮੋ ਮਨ ਜੇਤੀ। [1]ਬੁੱਧੀ।
ਬਰਨਨ ਕਰੋਂ ਸੁ ਕੀਰਤਿ ਤੇਤੀ
॥੭੪॥
ਬ੍ਰਹਮ ਏਕ ਤੂੰ ਸਭਿਹਿਨਿ ਮਾਂਹੀ।
ਸੂਤ ਅਧਾਰ ਮਣਕ ਜਿਉਂ ਆਹੀ[†]। [†]ਪਾ:-ਮਾਂਹੀ।
ਔਰ ਨ ਲਖੀ ਜਾਤਿ ਗਤਿ ਤੇਰੀ।
ਕਯਾ ਬਰਨੋਂ ਸੂਛਮ ਮਤਿ ਮੇਰੀ-
॥੭੫॥
ਦਾਸ ਗਿਰਾ ਅਸ ਸੁਨਿਤਿ ਕ੍ਰਿਪਾਲਾ।
ਹਰਖ ਪ੍ਰਸੀਦਤਿ ਭਏ ਬਿਸਾਲਾ।
ਬੋਲੇ -ਹੇ ਨ੍ਰਿਪ ਸੁਤ! ਸੁਨਿ ਬਾਨੀ।
ਤਵ ਅੰਤਰ ਕੀ ਮੈਂ ਸਭਿ ਜਾਨੀ
॥੭੬॥
ਸੋ ਅਬ ਲੇਹੁ ਪਰਮ ਪਦ ਊਚਾ।
ਕੋ ਨਹਿਂ ਜਹਿਂ ਸੁਰ ਅਸੁਰ ਪਹੂੰਚਾ।
ਮਾਰਤੰਡ[1], ਗ੍ਰਹ[2], ਸੋਮ[3], ਨਛੱਤ੍ਰਾ[4]। [1]ਸੂਰਜ। [2]ਨਵੇਂ ਗ੍ਰਹ। [3]ਚੰਦਰਮਾਂ। [4]ਨਛੱਤਰ।
ਸਭਿਹਿ ਪ੍ਰਦੱਛਨ[1] ਕਰਹਿਂ ਪਵਿੱਤ੍ਰਾ [1]ਪ੍ਰਕਰਮਾ।
॥੭੭॥
ਤਵ ਪਿਤ ਤਪ ਹਿਤ ਜਬ ਬਨ ਜਾਈ।

ਰਾਜ ਸਮਰਪਹਿ ਤੁਝਹਿ ਬਨਾਈ।
ਛਤੀਸ ਵਰਖ ਸਹਸ ਕਰ ਰਾਜੂ।
ਪੁਨ ਪਾਵਹੁ ਨਿਜਪਦ ਸੁਖ ਸਾਜੂ
॥੭੮॥
ਉੱਤਮ ਨਾਮ ਤੋਹਿ ਜੋ ਭ੍ਰਾਤਾ।
ਸਦਾ ਅਖੇਰ ਬਿਰਤਿ ਮਹਿਂ ਰਾਤਾ।
ਸੋ ਬਨ ਮਹਿਂ ਹੋਵਤਿ ਹਤਿ ਪ੍ਰਾਨਹਿ।
ਖੋਜਨ ਹਿਤ ਤਿਹ ਮਾਤ ਪਯਾਨਹਿ
॥੭੯॥
ਸੋ ਦਾਵਾਨਲ[1] ਮਹਿਂ ਜਰਿ ਜਾਈ।
ਸਰਬ ਰਾਜ ਤੁਮ ਕਰੋ ਬਨਾਈ।
ਮਮ ਹਿਤ ਮਖ[1] ਕਰਿਯੇ ਹਿਤ ਲਾਈ।
ਸਿਮਰਨ ਕਰਹੁ ਸਦਾ ਸੁਖ ਪਾਈ
॥੮੦॥
ਊਚੋ ਪਦ ਅਸ ਲੇਹੁ ਬਹੋਰੀ।
ਜਿਹ ਕੋ ਬੰਦਹਿਂ ਸਭਿ ਕਰ ਜੋਰੀ।
ਮਮ ਆਇਸੁ ਗਮਨਹੁ ਪੁਰਿ ਮਾਂਹੀ।
ਮਾਤ ਪਿਤਾ ਹਿਰਦੇ ਬਹੁ ਚਾਹੀ-
॥੮੧॥
ਅਸ ਕਹਿ ਸ਼੍ਰੀ ਭਗਵੰਤ ਗੁਸਾਈਂ।
ਅੰਤਰ ਧਯਾਨ ਭਏ ਤਿਹ ਥਾਈਂ।
ਜਿਹ ਕੇ ਦਰਸ਼ਨ ਦੋਖ ਨਸਾਈਂ।
ਸੇਵਹੁ ਚਰਨ ਕਵਲ ਹਿਤਲਾਈ'
॥੮੨॥

[1]ਦਾਵਾ ਅਗਨੀ।

[1]ਯੱਗ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੁੱਵ ਪ੍ਰਸੰਗ' ਬਰਨੰਨ ਨਾਮ ਇਤਹੱਤ੍ਰਮੋਂ ਅਧਯਾਯ ॥੭੧॥

## ੭੨. [ਗੁਰਚਰਨ ਮੰਗਲ। ਧ੍ਰੂਵ ਪ੍ਰਸੰਗ।]

੭੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੭੩

ਦੋਹਰਾ:

ਸ੍ਰੀ ਗੁਰ ਪਗ ਸਾਗਰ ਅਨੰਦ, ਮਨ ਨਿਜ ਮੀਨ ਬਨਾਉਂ।
ਕਹੌਂ ਕਥਾ ਪਾਵਨ ਪਰਮ, ਸੁਨਿ ਸ੍ਰੋਤਾ ਸੁਖ ਪਾਉਂ ॥੧॥

ਅਰਥ:

ਸ੍ਰੀ ਗੁਰੂ ਜੀ ਦੇ ਚਰਨ ਅਨੰਦ ਦਾ ਸਾਗਰ ਹਨ (ਮੈਂ) ਆਪਣੇ ਮਨ ਨੂੰ (ਉਸ ਸਾਗਰ ਦੀ ਅਵਿੱਛੜ) ਮੱਛੀ ਬਣਾਉਂਦਾ ਹਾਂ। (ਇਸ ਪ੍ਰੇਮਮਯ ਦਸ਼ਾ ਵਿਚ) ਪਰਮ ਪਵਿੱਤ੍ਰ ਕਥਾ (ਅਗੇ ਹੋਰ) ਕਹਿੰਦਾ ਹਾਂ (ਜਿਸ ਨੂੰ) ਸੁਣ ਕੇ ਸ੍ਰੋਤਾ ਜਨ ਸੁਖ ਪਾਉਣ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਜੀ ਸੁਨਿ ਇਤਿਹਾਸਾ।
ਮਰਦਾਨੇ ਸੋਂ ਗੁਰੂ ਪ੍ਰਕਾਸ਼ਾ।
ਕਹਿਨ ਲਗੇ ਪੁਨ ਦੀਨ ਦਜਾਲਾ।
'ਧ੍ਰੂੱਵ ਪੁਰਿ ਕੋ ਗਮਨਜੋ ਤਿਹ ਕਾਲਾ
॥੨॥
ਸੁਨਜੋ ਉਤਾਨਪਾਦ ਸੁਤ ਆਵਨ[1]। — [1]ਪੁੱਤ੍ਰ ਦਾ ਆਵਣ।
ਅਮਿਤ ਭਯੋ ਮਨ ਮੈਂ ਹਰਖਾਵਨ।
ਜਿਨ ਦਿਜਵਰ ਸੁਧ ਆਨ ਸੁਨਾਈ।
ਪਟ ਭੂਖਨ ਰਥ ਦੀਨ ਬਨਾਈ ॥੩॥
ਤਬ ਭੁਵਾਲ ਤਿਹ ਲੇ ਕਰਿ ਸੰਗਾ।
ਗਮਨਜੋ ਆਗੇ ਸਹਿਤ ਉਮੰਗਾ।
ਦੁੰਦਭਿ[1] ਬੇਣਾ[2] ਭੇਰਿ[3] ਬਜਾਈ। — [1]ਧੌਂਸੇ। [2]ਤੂਤੀਆਂ। [3]ਭੇਰੀਆਂ।
ਬੇਦ ਪਾਠ ਦਿਜ ਕਰਤਿ ਸੁਹਾਈ ॥੪॥
ਸਰੁਚਿ, ਸੁਨੀਤੀ ਯੁਗ[1] ਨ੍ਰਿਪ[2] ਨਾਰੀ। — [1]ਦੋਵੇਂ। [2]ਰਾਜੇ ਦੀਆਂ।
ਸਿਵਕਾ ਪਰ[1] ਚਢਿ ਚਲੀ ਅਗਾਰੀ। — [1]ਪਾਲਕੀ ਤੇ।
ਨ੍ਰਿਪ ਸੁਤ ਉੱਤਮ, ਲੋਕ ਬਿਸਾਲਾ[1]। — [1]ਉੱਤਮ ਨਾਮੇ ਪੁੱਤ੍ਰ ਰਾਜੇ ਦਾ ਤੇ ਢੇਰ ਲੋਕੀ।
ਗਏ ਲੇਨ ਹਿਤ ਸਭਿ ਤਤਕਾਲਾ ॥੫॥
ਪਿਖਜੋ ਉਤਾਨਪਾਦ ਸੁਤ ਬਦਨਾ।
ਕਮਲ ਪਰਫੁੱਲਿਤ ਜਜੋਂ ਸੁਖ ਸਦਨਾ।
ਤਿਹ ਛਿਨ ਰਥ ਤੇ ਉਤਰਿ ਤੁਰੰਤਾ।
ਬੰਦਤਿ ਗਰ ਲਾਯੋ ਮਤਿਵੰਤਾ ॥੬॥

ਬਿਹਬਲ ਹੁਇ ਉਤਕੰਠਾ ਭੂਰੀ।
ਕੀਨ ਅਲਿੰਗਨ[1] ਗਰ ਰਹਿਪੂਰੀ[2]। — [1]ਜੱਫੀ ਪਾਈ। [2]ਗਲ ਭਰ ਆਇਆ।
ਮਸਤਕ ਚੁੰਮਤਿ ਕਹ ਕੋ ਫੇਰਤਿ।
ਲੋਚਨ ਤੇ ਆਂਸੁਨ ਕੋ ਗੇਰਤਿ ॥੭॥
ਤਿਨ ਸੋਂ ਸੁਤ ਕੋ ਮਨਹੁ ਨੁਵਾਨਾ[1]। — [1]ਭਾਵ ਹੰਝੂਆਂ ਨਾਲ ਮਾਨੋ ਪੁੱਤ੍ਰ ਨੂੰ ਨੁਹਾ ਦਿੱਤਾ।
ਮਧੁਰ ਬਚਨ ਕਹਿ ਬਹੁ ਸਨਮਾਨਾ।
ਪੁਨ ਦੋ ਮਾਤ ਮਿਲੀ ਤਿਹ ਆਈ।
ਧ੍ਰੂਵ ਬੰਦਨ ਕੀਨੀ ਸਿਰ ਨਜਾਈ ॥੮॥
-ਚਿਰੰਜੀਵ- ਦੇ ਆਸ਼ਿਖ ਤਬ ਹੀ।
ਗਰ ਸੋਂ ਲਾਇ ਪਾਈ ਸੁਖ ਤਬ ਹੀ।
ਉੱਤਮ ਭ੍ਰਾਂਤ ਮਿਲ੍ਯੋ ਤਬ ਗਰ ਸੋਂ[1]। — [1]ਗਲ ਨਾਲ।
ਪ੍ਰੇਮ ਬਿਸਾਲ ਭਰ੍ਯੋ ਸ਼ੁਭ ਉਰ ਸੋਂ ॥੯॥
ਕਰਨੀ[1] ਪਰ ਚਢਾਇ ਸੁਤ ਦੋਈ। — [1]ਹਥਨੀ।
ਪੁਰਿ ਆਯੋ ਅਤਿ ਉਤਸ਼ਵ ਹੋਈ।
ਭੂਪਤ ਪਠਿ ਨਰ ਉਚਰੇ ਬਚਨਾ।
-ਦਰ ਦਰ ਪ੍ਰਤਿ ਕੀਜੈ ਸੁਠ ਰਚਨਾ- ॥੧੦॥
ਸਭਿਹਿਨਿ ਕਦਲੀ ਖੰਭ[1] ਲਗਾਏ। — [1]ਕੇਲੇ ਦੇ ਖੰਭੇ।
ਮੁਕਤਾ[1] ਤੋਰਨ ਦਰ ਬੰਧਵਾਏ। — [1]ਮੋਤੀਆਂ ਦੀਆਂ
ਕੁੰਕਮ[1] ਲੀਪ ਕੁੰਭ ਭਰਿ ਪਾਨੀ। — [1]ਕੇਸਰ।
ਚੰਦਨ ਗੰਧਿ ਗਰੀ[1] ਛਿਰਕਾਨੀ ॥੧੧॥ — [1]ਗਲੀਆਂ ਵਿਚ।
*ਕੰਚਨ ਥਾਰ ਬਾਰ ਵਿੱਚ ਦੀਪਾ।*
*ਦ੍ਵਾਰ ਦਿਖਾਇ ਖਰੀ ਅਵਨੀਪਾ।*
ਗਾਵਹਿਂ ਗੀਤ ਮਿਲੀ ਪਿਕ ਬੈਨੀ।
ਭਾਂਤ ਭਾਂਤਿ ਕੇ ਖੰਜਨ ਨੈਨੀ ॥੧੨॥
ਸੁਨਤਿ ਉਤਾਨਪਾਦ ਗ੍ਰਿਹ ਗਵਨਾ।
ਕੰਚਨ ਮਨਿ[1] ਜਟਿਤੀ ਜਹਿਂ ਰਵਨਾ[2]। — [1]ਮਣੀਆਂ। [2]ਰਮਣੀਕ (ਥਾਉਂ ਹੈ)।
ਅਟਾ ਫਟਕ[1] ਕੀ, ਹਾਟਕ ਕਲਸਾ[2]। — [1]ਬਿਲੌਰ ਦੀ ਅਟਾਰੀ। [2]ਕਲਸ ਸੋਨੇ ਦੇ।
ਬੀਚ ਬਿਤਾਨ[1] ਤਨ੍ਯੋ ਤਹਿਂ ਭਲ ਸਾ[2] ॥੧੩॥ — [1]ਚੰਦੋਆ। [2]ਸੋਹਣਾ ਜਿਹਾ।

ਤਿਹ ਠਾਂ ਬੈਠਿ ਤਬੈ ਭੂਪਾਲਾ।
ਸੁਤਹਿ ਬਿਲੋਕਜੋ ਸੁਮਤਿ ਬਿਸਾਲਾ।
ਕਰਿ ਉਤਸਾਹ ਦੀਨ ਸਭਿ ਰਾਜੂ।
ਪ੍ਰਜਾ ਮਿਲਾਈ ਸਰਬ ਸਮਾਜੂ ॥੧੪॥
ਅਪਨੀ ਬੈਸ ਬਿੱਧ੍ਰ ਕੋ ਦੇਖੀ।
ਗਮਨਜੋ ਤਪ ਹਿਤ ਬਨਹਿਂ ਬਿਸ਼ੇਖ਼ੀ।
ਪਾਛੇ ਰਾਜ ਕਰਨ ਧ੍ਰੁੱਵ ਲਾਗਾ।
ਜੋ ਸ਼੍ਰੀ ਬਿਸ਼ਨੁ ਭਗਤ ਵਡ ਭਾਗਾ ॥੧੫॥
ਜੋ 'ਸਿਸੁਮਾਰ' ਪ੍ਰਜਾਪਤਿ[1] ਆਹੀ।
'ਭੂਮੀ' ਨਾਮ ਤਿਹ ਸੁਤਾ[1], ਬਯਾਹੀ।
ਤਿਹ ਤੇ ਧ੍ਰੁੱਵ ਦ੍ਵੈ ਸੁਤ ਉਪਜਾਏ।
'ਵਤਸਰ', 'ਕਲਪੰ' ਨਾਮ ਰਖਾਏ ॥੧੬॥
'ਉੱਤਮ' ਨਾਮ ਭ੍ਰਾਤ ਇਕ ਕਾਲਾ[1]।
ਮ੍ਰਿਗਿਯਾ[1] ਹਿਤ ਬਨ ਗਯੋ ਬਿਸਾਲਾ।
ਜੱਛਨ ਸੰਗ[1] ਭਯੋ ਰਣ ਭਾਰੀ।
ਲਗੇ ਸ਼ਸਤ੍ਰ ਉੱਤਮ ਗਜੋ ਮਾਰੀ ॥੧੭॥
ਹਿਤ ਖੋਜਨ ਗਵਨੀ ਤਿਹ ਮਾਈ।
ਜਰੀ ਸੁ ਦਾਵਾਨਲ ਇਕ ਥਾਈਂ।
ਭ੍ਰਾਤਾ ਮਿੱਤ੍ਰ ਸੁਨੀ ਧ੍ਰੁੱਵ ਕਾਨਾ।
ਜਗਜੋ ਰੋਸ ਹਿਰਦੇ ਦੁਖ ਮਾਨਾ ॥੧੮॥
ਜਗਿ ਬਿਜਈ[1] ਰਥ ਚਢਿ ਸਿਧਾਯੋ।
ਉੱਤਰ ਦਿਸ਼ਾ ਬਿਖੈ ਚਲਿ ਆਯੋ।
ਅਲਕਾ ਪੁਰੀ[1] ਸਮੀਪ ਪਯਾਨਾ।
ਨਿਜ ਮੁਖ ਧਰਿ ਕਰਿ ਸੰਖ ਬਜਾਨਾ ॥੧੯॥

[1]ਨਾਮ ਰਾਜਾ, ਬ੍ਰਹਮਾ ਜੀ ਵਲੋਂ ਜਗਤ ਪ੍ਰਬੰਧ ਲਈ ਅਸਥਾਪਨ ਕੀਤਾ ਹੋਇਆ ਇਕ 'ਅਧਿਕਾਰੀ' ਜੈਸੇ ਦਖਛ ਪ੍ਰਜਾਪਤੀ ਸੀ। (ਅ) ਸੂਰਜ।

[1]ਪੁੱਤ੍ਰੀ।

[1]ਇਕ ਸਮੇਂ।

[1]ਸ਼ਿਕਾਰ।

[1]ਯਕਸ਼ਾਂ ਨਾਲ।

[1]ਜਗਤ ਨੂੰ ਫਤੇ ਕਰਨ ਵਾਲੇ।

[1]ਸ਼ਹਿਰ ਦਾ ਨਾਮ, ਕੁਬੇਰ ਦੀ ਨਗਰੀ।

ਸੁਨਤਿ ਜੱਛ ਨਿਕਸੇ ਬਲ ਭਾਰੀ।
ਸ਼ਸਤ੍ਰ ਅਸਤ੍ਰ ਨਿਜ ਸਰਬ ਸੰਭਾਰੀ।
ਭਾ ਸੰਗ੍ਰਾਮ ਦੁਹਨ ਦਿਸ਼ਿ ਘੋਰਾ।
ਛੂਟੇ ਤੀਛਣ ਬਾਨ ਕਠੋਰਾ ॥੨੦॥
ਜੱਛ ਜਬੈ ਘਾਇਲ[1] ਕਰਿ ਡਾਰੇ।
[1]ਜ਼ਖਮੀ।
ਹਟੇ ਸਰਪ ਸਮ ਰਿਸ ਉਰ ਧਾਰੇ।
ਪੌਰਖ[1] ਧ੍ਰੂੱਵ ਕੋ ਸਹਿ ਨ ਸਕਾਈ।
[1]ਬਲ।
ਭਰੇ ਗਰਬ ਭੂਰੰ[1] ਗਰਜਾਈ ॥੨੧॥
[1]ਬੜੇ।
ਏਕ ਬਾਰ ਮਿਲਿ ਕਰਿ ਤਹਿਂ ਸਭਿਹੀ।
ਬਾਨ ਅਨਿਕ ਬਰਖਾਏ ਤਬ ਹੀ।
ਪਰਿਘ[1], ਭਸੁੰਡੀ[2], ਤੋਮਰ[3], ਸ਼ਕਤੀ[4]।
[1]ਕੁਹਾੜਾ, ਗੰਡਾਸਾ। [2]ਗੁਰਜ। [3]ਬਰਛਾ। [4]ਬਰਛੀ।
ਨਾਨਾ ਸ਼ਸਤ੍ਰ ਕਰੈ ਕੋ ਉਕਤੀ ॥੨੨॥
ਛਾਯੋ ਰਥ ਧ੍ਰੂੱਵ ਕੋ ਤਬ ਐਸੇ।
ਮਹਾਂ ਮੇਘ ਘਟ ਸੂਰਜ ਜੈਸੇ।
ਜਿਉਂ ਗਿਰ ਪਰ ਬਰਖੈਂ ਘਨ ਭਾਰੇ।
ਤਿਉਂ ਇਕ ਬਾਰ ਸ਼ਸਤ੍ਰ ਸਭਿ ਡਾਰੇ ॥੨੩॥
ਭਾ ਅਕਾਸ਼ ਮਹਿਂ ਹਾਹਾਕਾਰਾ।
-ਨਸਜੋ[1] ਬੰਸ ਮਨੁ[2]- ਐਸ ਬਿਚਾਰਾ।
[1]ਨਾਸ਼ ਹੋਯਾ ਕਿ ਹੋਯਾ। [2]ਮਨੂੰ ਦਾ ਬੰਸ।
ਤਿਹ ਛਿਨ ਜੱਛ ਸਭੈ ਹਰਖਾਏ।
ਭਰੇ ਗਰਬ ਉਰ ਵਡ ਗਰਜਾਏ ॥੨੪॥
ਧ੍ਰੂੱਵ ਰਥ ਅਵਸਰ ਪਾਇ ਬਹੋਰੀ।
ਰਵਿ ਜਿਉਂ ਨਿਕਸਿ ਨੀਹਾਰਹਿ ਫੋਰੀ[1]।
[1]ਕੋਹੀਰ ਨੂੰ ਤੋੜਕੇ।
ਧੋਰਿ[1] ਧਨੁ[2] ਕਰ ਮਹਿਂ[3] ਸਰ[4] ਬਰਖਾਏ।
[1]ਧਾਰਕੇ। [2]ਧਨੁਖ। [3]ਹੱਥ ਵਿਚ। [4]ਤੀਰ।
ਪੀੜਤ ਹੁਇ ਸਭਿ ਸ਼ੱਤ੍ਰੁ[1] ਪਲਾਏ[2] ॥੨੫॥
[1]ਵੈਰੀ। [2]ਦੌੜ ਗਏ।
ਬਾਨਨ ਸੰਗ ਬਿਧੇ ਤਨ ਤਿਨ ਕੇ।
ਭਾਗੇ, ਵਡੋ ਗਰਬ ਉਰ ਜਿਨ ਕੇ।
ਮਾਥੇ ਭੁਜਾ ਚਰਨ ਕਟਿ ਡਾਰੇ।

ਜੇ ਸਨਮੁਖ ਭੇ ਤਤਛਿਨ ਮਾਰੇ ॥੨੬॥
ਅਨਗਨ ਜੱਛ ਪਰੇ ਕਟ ਧਰਨੀ।
ਬਨ ਕਟਨੇ ਸਮ ਉਪਮਾ ਬਰਨੀ।
ਘਨ ਅਨੀਕ[1] ਜਿਵ ਪੌਨ ਅਗਾਰੀ। [1]ਬੱਦਲਾਂ ਦੀ ਫੌਜ।
ਤਿਉਂ ਭਾਗੇ ਪਾਛੇ ਨ ਨਿਹਾਰੀ ॥੨੭॥
ਮਾਯਾ ਅਪਨੀ ਤਬਹਿ ਪਸਾਰੀ।
ਸ਼ਿਲਾ ਕਬੰਧ[1] ਗਿਰਹਿਂ[2] ਨਭ[3] ਭਾਰੀ[4]। [1]ਪੱਥਰ ਤੇ ਧੜ। [2]ਗਿਰਦੇ ਹਨ। [3]ਅਕਾਸ਼ ਤੋਂ। [4]ਭਾਰੇ, ਬਹੁਤ।
ਬਿਸ਼ਟਾ, ਮੂਤ੍ਰ, ਰੁਧਿਰ[1], ਪੂੰ, ਤਬ ਹੀ। [1]ਲਹੂ।
ਬਰਖੈਂ ਸ਼ੱਤ੍ਰੂ[1] ਗਗਨ[2] ਤੇ ਸਭਿਹੀ ॥੨੮॥ [1]ਵੈਰੀ। [2]ਅਕਾਸ਼।
ਸੂ਼ਕਰ[1], ਸਿੰਘ[2], ਬਜਾਘ੍ਰ[3], ਅਹਿ ਘੋਰਾ। [1]ਸੂਰ। [2]ਸ਼ੇਰ। [3]ਬਘਿਆੜ।
ਪ੍ਰਲੈ ਸਰਸ ਭਾ ਨਾਦ ਕਠੋਰਾ।
ਜਿਉਂ ਧ੍ਰੂ ਕੀ ਧੁਜਨੀ[1] ਹ੍ਵੈ ਹਾਨੀ। [1]ਸੈਨਾ।
ਤਿਉਂ ਸੁ ਆਸੁਰੀ ਮਾਯਾ ਠਾਨੀ[1] ॥੨੯॥ [1]ਕੀਤੀ।
ਧ੍ਰੂੱਵ ਹਰਿ ਭਗਤ ਮਹਾਂਬਲ ਧਾਰਾ।
ਨਾਰਾਯਨਸਰ[1] ਤਬਹਿ ਸੰਭਾਰਾ। [1]ਨਾਰਾਇਣ ਅਸਤ੍ਰ।
ਕਰ[1] ਮਹਿਂ ਲੇ ਧਨੁ ਮਹਿਂ ਜਬ ਜੋਰਾ। [1]ਹਥ।
ਨਾਸ਼ ਭਈ ਮਾਯਾ ਵਡ ਘੋਰਾ ॥੩੦॥
ਜਬ ਵਹੁ ਬਾਨ ਕਟਕ[1] ਮਹਿਂ ਡਾਰਾ। [1]ਵੈਰੀ ਸੈਨਾ।
ਛਿਨਕ ਬਿਖੈ ਸਗਰੋ ਸੰਘਾਰਾ।
ਕਟੇ ਅੰਗ ਬਜਾਕੁਲ ਹ੍ਵੈ ਭਾਗੇ।
ਸਰਪ ਬ੍ਰਿੰਦ ਜਸੋਂ ਖਗਪਤਿ ਆਗੇ ॥੩੧॥
ਧ੍ਰੂੱਵ ਕੋ ਪਿਤਪਿਤ[1] ਨ੍ਰਿਪ ਮਨੁ[2] ਜੋਈ। [1]ਦਾਦਾ। [2]ਮਨੂੰ ਰਾਜਾ।
ਦਯਾ ਭਈ ਆਯੋ ਚਲਿ ਸੋਈ।
ਕਹਿਨ ਲਗਾ ਧ੍ਰੂੱਵ ਕੋ ਅਸ ਬਾਨੀ।
-ਬਿਨ ਅਪਰਾਧ ਨ ਜਛ ਕਰਿ ਹਾਨੀ ॥੩੨॥
ਤੂੰ ਹਰਿ ਭਗਤ ਦਯਾ ਉਰ ਧਾਰਹੁ।

ਰਿਸ ਕਰਿ ਸ਼ਾਂਤਿ[1], ਨ ਜੱਛ ਸੰਘਾਰਹੁ। [1]ਕ੍ਰੋਧ ਨੂੰ ਸ਼ਾਂਤ ਕਰ।
ਏਕ ਭ੍ਰਾਤ ਤੇਰੋ ਇਨ ਮਾਰਾ।
ਤੈਂ ਅਨਗਨ ਬਹੁ ਕਟਕ ਸੰਘਾਰਾ ॥੩੩॥
ਬਾਲ ਬੈਸ ਤੁਮ ਬਿਸ਼ਨੁ ਧਿਆਯੋ।
ਤਹਾਂ ਗਜਾਨ ਪੂਰਨ ਉਰ ਪਾਯੋ।
ਆਤਮ ਸਰਬ ਬਿਖੇ ਹੈ ਏਕੂ।
ਅਸ ਪ੍ਰਕਾਰ ਸੰਭਾਰਿ ਬਿਬੇਕੂ ॥੩੪॥
ਅਹੈ ਅਨੁਚਿਤ ਯਹੈ ਸਭਿ ਬਾਤਾ।
ਬਸ ਸੰਗ੍ਰਾਮ ਨ ਕਰਿ ਅਬ ਤਾਤਾ! -।
ਇਸ ਬਿਧਿ ਦੀਨ ਗਜਾਨ ਮਨੁ ਰਾਊ।
ਜੁੱਧ ਕਰਤਿ ਧ੍ਰੂੱਵ ਕੀਨ ਹਟਾਊ ॥੩੫॥
ਪੁਨ ਮਨੁ[1] ਗਵਨਜੋ ਅਪਨ ਅਵਾਸੂ। [1]ਮਨੂੰ।
ਤਬ ਧਨਪਤਿ[1] ਆਵਾ ਧ੍ਰੂੱਵ ਪਾਸੂ। [1]ਕੁਬੇਰ।
ਬਰਨਨ ਕੀਨੋ ਸੁਜਸ ਬਿਸਾਲਾ।
-ਧੰਨ ਧੰਨ ਹਰਿ ਭਗਤ ਭੁਵਾਲਾ ॥੩੬॥
ਕਹਜੋ ਪਿਤਾਮਾ ਕੋ ਤੁਮ ਮਾਨਾ।
ਉਰ ਤੇ ਕ੍ਰੋਧ ਸਕਲ ਬਿਸਰਾਨਾ[1]। [1]ਵਿਸਾਰ ਦਿੱਤਾ।
ਤੁਮ ਭ੍ਰਾਤਾ ਨਹਿਂ ਜੱਛ ਸੰਘਾਰਾ।
ਏਕ ਨਹੀਂ ਜੱਛ ਤੁਮ ਨੈ ਮਾਰਾ ॥੩੭॥
ਮਾਰਨ ਕੋ ਕਾਰਨ ਇਕ ਕਾਲੂ[1]। [1]ਮੌਤ।
ਲਖਤਿ ਨ ਕੋ ਗਤਿ ਜਾਸ ਬਿਸਾਲੂ।
ਮੈਂ ਅਰ ਮੋਰ ਤੋਰ ਜੇ ਜਾਨਤਿ।
ਤਾਂ ਕੋ ਪੰਡਤ ਅੱਗਜ[1] ਪਛਾਨਤਿ ॥੩੮॥ [1]ਅੱਗਜਾਨੀ।
ਤੂੰ ਮਤਿਵਾਨ ਗਜਾਨ ਗੁਨ ਖਾਨੀ।
ਬਾਲ ਬੈਸ ਹਰਿ ਭਗਤਿ ਕਮਾਨੀ।
ਤੁਝ ਪਰ ਮੈਂ ਸੁ ਪ੍ਰਸੰਨ ਬਿਸਾਲਾ।
ਚਹੋ ਜੁ ਬਰ ਜਾਚਹੁ ਤਤਕਾਲਾ-

॥੩੯॥
ਸੁਨਿ ਬੋਲਯੋ ਧ੍ਰੁੱਵ ਤਬ ਅਸਰੀਤੀ।
-ਸ਼੍ਰੀ ਹਰਿ ਚਰਨ ਅਚਲ ਹ੍ਵੈ ਪ੍ਰੀਤੀ।
ਸਿੰਧੁ ਜਗਤ ਜਾਂ ਤੇ ਤਰਿ ਜਾਊਂ।
ਇਹ ਬਰ ਤੁਮ ਤੇ ਮੈਂ ਸ਼ੁਭ ਪਾਊਂ-
॥੪੦॥
-ਏਵ ਮਸਤ[1]- ਕਹਿ ਬਚਨ ਕੁਮੇਰਾ[2]। [1]ਐਸੇ ਹੀ ਹੋਵੇਗਾ। [2]ਕੁਬੇਰ।
ਗਮਨਯੋ ਤਬਹਿ ਹੁਤੋ ਜਹਿਂ ਡੇਰਾ।
ਧ੍ਰੁੱਵ ਅਪਨੇ ਪੁਰਿ ਕੋ ਚਲਿ ਆਵਾ।
ਜਿਹ ਕੋ ਸੁਰ ਨਰ ਮਹਿਂ ਜਸ ਛਾਵਾ
॥੪੧॥
ਕੀਨ ਪ੍ਰਿਥੀ ਕੋ ਰਾਜ ਘਨੇਰਾ।
ਕਰਿ ਮਖ[1] ਫਲ ਅਰਪਯੋ ਹਰਿ ਪੈਰਾ। [1]ਯੱਗ।
ਪ੍ਰੇਮ ਭਗਤਿ ਮਹਿਂ ਰਹਯੋ ਸਮਾਈ।
ਸਰਬ ਸੁਖਨ ਸੋਂ ਪ੍ਰਜਾ ਬਸਾਈ
॥੪੨॥
ਛੱਤਿਸ ਸਹਸ[1] ਬਰਖ ਕਰਿ ਰਾਜੂ। [1]ਛੱਤੀ ਹਜ਼ਾਰ।
ਧਰਮ ਅਰਥ ਕਾਮਾਦਿਕ ਸਾਜੂ।
ਨੰਸ੍ਵਰ[1] ਲਖਿ ਕਰਿ ਜਗਤ ਬਹੋਰੀ। [1]ਨਾਸ਼ ਹੋਣ ਵਾਲਾ।
ਸੁਪਨ ਸਮਾਨ ਦੀਨਿ ਸਭਿ ਡੋਰੀ
॥੪੩॥
ਸੁਤ ਕੋ ਰਾਜ ਸਮਰਪਨ ਕੀਨਾ।
ਆਪ[1] ਪੰਥ ਕਾਨਨ ਕੋ ਲੀਨਾ। [1]ਧ੍ਰੂਵ ਨੇ।
ਕੀਨ ਸ਼ਨਾਨ ਸੁਰਸਰੀ[1] ਤੀਰਾ। [1]ਗੰਗਾ।
ਬੈਠਿ ਗਯੋ ਪੁਨ ਗੁਨੀ ਗਹੀਰਾ ॥੪੪॥
ਜੋਗ ਸਮਾਧੀ ਕੀਨ ਪ੍ਰਬੀਨੇ।
ਧਯਾਤਾ ਧੇਯ ਏਕ ਕਰਿ ਲੀਨੇ।
ਭਯੋ ਅਭਾਵ ਜਗਤ ਕੋ ਤਬ ਹੀ।
ਮਨ ਸੰਕਲਪ ਫੁਰਯੋ ਨਹਿਂ ਕਬਹੀ
॥੪੫॥
ਇਹ ਬਿਧਿ ਬੀਤ ਗਯੋ ਕੁਛ ਕਾਲੁ।

ਪ੍ਰੇਮ ਭਗਤਿ ਮਹਿਂ ਮਗਨ ਬਿਸਾਲੂ।
ਨਭ ਤੇ ਤਬ ਬਿਵਾਨ ਇਕ ਆਵਾ।
ਚਹੁਂ ਦਿਸ਼ ਪਸਰਯੋ ਜਾਸ ਪ੍ਰਭਾਵਾ ॥੪੬॥
ਕਿੰਕਰ ਜਿਹ ਕੋ ਲਗੇ ਅਨੂਪਾ।
ਚਾਰ ਭੁਜਾ ਸੁਠ[1] ਸ਼ਯਾਮ[2] ਸਰੂਪਾ। [1]ਸੁੰਦਰ। [2]ਸਾਂਵਲਾ।
ਬਯ[1] ਕਿਸ਼ੋਰ[2] ਸ਼ਸ਼ਿ ਬਦਨ ਸੁਹਾਵਤਿ। [1]ਆਯੂ। [2]ਕੁਮਾਰ।
ਕੁੰਡਲ ਮੁਕਟ ਹਾਰ ਛਬਿ ਪਾਵਤਿ ॥੪੭॥
ਨੰਦਾਦਿਕ[1] ਪ੍ਰਭੁ ਕਿੰਕਰ[2] ਜੇਈ[†]। [1]ਨੰਦ ਤੋਂ ਆਦਿ। [2]ਦਾਸ। [†]ਪਾ:-ਤੇਈ।
ਧ੍ਰੂਵ ਕੇ ਪਦ ਬੰਦਤਿ ਭੇ ਸੇਈ।
ਕਹਿਨ ਲਗੇ -ਹੇ ਰਾਜ ਕੁਮਾਰਾ!
ਬਾਲ ਬੈਸ ਕਿਯ ਭਗਤਿ ਅਪਾਰਾ ॥੪੮॥
ਤ੍ਰਿਭਵਣ ਪਤਿ[1] ਤੁਮ ਭਲੇ ਰਿਝਾਏ। [1]ਤਿੰਨਾਂ ਲੋਕਾਂ ਦੇ ਪਤੀ ਨੂੰ।
ਤਾਂਹੀ ਨੈ ਤੁਝ ਪਾਸ ਪਠਾਏ।
ਪ੍ਰਭੁ ਆਗਜਾ ਅਬ ਕਰਹੁ ਪਯਾਨਾ।
ਨਿਰਮਲ ਸੁਖ ਭੋਗਹੁ ਬਿਧਿ ਨਾਨਾ ॥੪੯॥
ਸਪਤ ਰਿਖੀ ਅਭਿਲਾਖਤਿ ਪਦ ਜਿਂਹ।
ਜਤਨ ਕਰਹਿ ਪ੍ਰਾਪਤ ਹ੍ਵੈ ਨਹਿਂ ਤਿਹਂ।
ਭਾਨੁ[1] ਇੰਦ[2] ਗ੍ਰਹ ਆਦਿਕ ਸਾਰੇ। [1]ਸੂਰਜ। [2]ਚੰਦ।
ਕਰਹਿਂ ਪ੍ਰਦੱਛਨ[1] ਨਿਤ ਹਿਤ ਧਾਰੇ ॥੫੦॥ [1]ਪ੍ਰਕਰਮਾਂ।
ਤੋਰ ਪਿਤਾਮਾਦਿਕ[1] ਤਪ ਕਾਰੀ। [1]ਦਾਦਾ ਆਦਿਕ।
ਕੋਇ ਨ ਪਹੁੰਚਯੋ ਤਹਾਂ ਅਗਾਰੀ[1]। [1]ਅਗੇ।
ਇਸ ਬਿਵਾਨ ਪਰ ਚਢੋ ਤੁਰੰਤਾ।
ਭੋਗਹੁ ਸੁਖ ਜੋ ਮਹਿਤ ਅਨੰਤਾ- ॥੫੧॥
ਤਿਨ ਕੇ ਬਚਨ ਸੁਨੇ ਧ੍ਰੁੱਵ ਜਬ ਹੀ।
ਸੁਰਸਰਿ ਮੈਂ ਸ਼ਨਾਨ ਕਿਯ ਤਬ ਹੀ।

ਸਰਬ ਰਿਖਿਨਿ ਕੋ ਬੰਦਨ ਕੀਨੀ।
ਹਰਖਤਿ ਹ੍ਵੈ ਸ਼ੁਭ ਆਸ਼ਿਖ ਲੀਨੀ ॥੫੨॥
ਪੁਨ ਬਿਮਾਨ ਪੂਜਾ ਭਲਿ ਭਾਂਤੀ।
ਤੀਨ ਪ੍ਰਦੱਛਨ ਦੀਨਿ ਸੁਹਾਤੀ।
ਸਰਬ ਗਣਨ ਕੋ ਬੰਦਨ ਕਰਿ ਕੈ।
ਚਢ੍ਯੋ ਬਿਮਾਨ ਹਰਖ ਉਰ ਭਰਿਕੈ ॥੫੩॥
ਦੇਵਨ ਬਾਦਿਤ[1] ਸਰਬ ਬਜਾਏ। [1]ਵਾਜੇ।
ਪੁਸ਼ਪਾਂਜੁਲ[1] ਬਹੁਤੇ ਬਰਖਾਏ। [1]ਫੁੱਲਾਂ ਦੇ ਬੁਕ।
-ਜਯ ਜਯ- ਧੁਨਿ ਚਹੁਂ ਓਰ ਉਚਾਰੀ।
ਚਲ੍ਯੋ ਬਿਮਾਨ ਮਹਾ ਸੁਖਕਾਰੀ ॥੫੪॥
ਸਭਿਹਨਿ ਤੇ ਊਚੇ ਅਸਥਾਨਾ।
ਪਹੁਂਚ੍ਯੋ ਚਲਿ ਕਰਿ ਰੁਚਿਰ ਬਿਮਾਨਾ।'
ਸ੍ਰੀ ਅੰਗਦ ਸੁਨਿਯੇ ਗੁਨਖਾਨੀ!
ਸ਼੍ਰੀ ਗੁਰ ਭਾਖੀ ਸਰਬ ਕਹਾਨੀ ॥੫੫॥
ਸੁਨਿ ਮਰਦਾਨਾ ਕਹਿ ਚਿਤ ਚਾਹੀ।
'ਸ਼੍ਰੀ ਪ੍ਰਭੁ! ਦਰਸ ਕਰਹਿਂ ਅਬ ਤਾਂਹੀ।
ਜਿਹ ਕੋ ਰੁਚਿਰ ਚਰਿਤ ਤੁਮ ਭਾਖਾ।
ਤਿਹ ਕੇ ਦੇਖਿਨ ਕੀ ਅਭਿਲਾਖਾ' ॥੫੬॥
ਸ਼੍ਰੀ ਗੁਰੁ ਭਨੈ 'ਸੁਨਹੁ ਮਰਦਾਨਾ!
ਚਲਹੁ ਦਿਖਾਵੈਂ ਤਿਹ ਇਸਥਾਨਾ।'
ਅਸ ਕਹਿ ਗਮਨ ਕਿਯੋ ਤਤਕਾਲਾ।
ਧ੍ਰੂੱਵ ਮੰਡਲ ਮਹਿਂ ਗਏ ਕ੍ਰਿਪਾਲਾ ॥੫੭॥
ਦੋਹਰਾ:
ਫਿਰਤਿ ਹੁਤੋ ਧ੍ਰੂੱਵ ਥਾਨ ਨਿਜ,
ਦੇਖਿ ਹਮਾਰੀ ਓਰ।
ਉਰ ਬਿਚਾਰ -ਤ੍ਰੈ ਨਰ ਇਹਾਂ,
ਆਏ ਕਿਹ ਕੇ ਜੋਰ- ॥੫੮॥
ਚੌਪਈ:

ਪਹੁੰਚੇ ਤਿਹ ਸਮੀਪ ਜਬ ਜਾਈ।
'ਸ਼੍ਰੀ ਕਰਤਾਰ ਕਰਤਾਰ ਅਲਾਈ।
ਬੂਝਤਿ ਧ੍ਰੁੱਵ 'ਕੌਨ ਤੁਮ ਆਏ?
ਭੂਚਰ ਖੇਚਰ ਕਿਨ ਪਹੁੰਚਾਏ[1]? ॥੫੯॥

[1]ਭੂਚਰ) ਪ੍ਰਿਥਵੀ ਤੇ ਫਿਰਨ ਵਾਲੇ (ਮਨੁੱਖਾਂ) ਨੂੰ (ਖੇਚਰ) ਅਕਾਸ਼ ਵਿੱਚ ਫਿਰਨ ਵਾਲਿਆਂ ਵਿਚ ਕਿਸਨੇ ਪੁਚਾਇਆ ਹੈ?

ਕੈਸੇ ਮਾਰਗ ਲੀਨ ਪਛਾਨਾ?
ਆਗੈ ਕਿਤ ਕੋ ਕੀਨ ਪਯਾਨਾ?
ਬਿਖਮ[1] ਪੰਥ[2] ਵਡ ਕਿਉਂ ਕਰਿ ਆਏ?
ਦੇਵ ਨ ਦਾਨਵ ਕਿਹਨੂੰ ਖਾਏ? ॥੬੦॥

[1]ਟੇਢਾ (ਅ) ਕਠਨ। [2]ਰਾਹ।

ਪੂਰਬ ਭਈ ਨ ਕਬਹੂੰ ਐਸੇ।
ਦੇਹਿ ਸਹਿਤ ਆਏ ਅਬ ਜੈਸੇ।
ਬਿਖਮ ਪਹਾਰ ਉਲੰਘੇ ਸਾਰੇ।
ਯੌਂ ਸੁਨਿ ਸ਼੍ਰੀ ਗੁਰੁ ਬਚਨ ਉਚਾਰੇ ॥੬੧॥

ਦੋਹਰਾ:

'ਸੱਤਿਨਾਮ ਕਰਤਾ ਪੁਰਖੁ,
ਕੀਨ ਭਗਤਿ ਤਿਹ ਜੋਰ।
ਮਾਰਗ ਭਲੇ ਪਛਾਨਿ ਕੈ,
ਆਏ ਤੁਮਰੀ ਓਰ ॥੬੨॥

ਚੌਪਈ:

ਧਰਜੋ ਧਯਾਨ ਜਬ ਸ਼੍ਰੀ ਕਰਤਾਰਾ।
ਸਭਿਹੀ ਮਾਰਗ ਭਯੋ ਸੁਖਾਰਾ।
ਨਿਰੰਕਾਰ ਕੇ ਦਰਸ਼ਨ ਆਏ।
ਦਾਨਵ ਦੇਵ[1] ਚਰਨ ਕੋ ਲਾਏ ॥੬੩॥

[1]ਦੇਉ, ਦੈਂਤ।

ਦਰਸ਼ਨ ਕੀ ਅਭਿਲਾਖ ਹਮਾਰੈ।
ਬਰ ਦੀਜੈ ਜਿਉਂ ਬੇਗ ਨਿਹਾਰੈਂ।
ਬਾਲ ਬੈਸ ਤੇ ਭਗਤ ਸਪੂਰਨ।
ਮਹਿਮਾ ਅਧਿਕ ਤੌਰ ਗੁਨ ਰੂਰਨ[1] ॥੬੪॥

[1]ਸੁੰਦਰ।

ਜਾਨਹੁ ਨਾਨਕ ਨਾਮ ਹਮਾਰਾ।
ਦਰਸ਼ਨ ਭਗਤਨ ਕੋ ਸੁਖਸਾਰਾ।'

ਧ੍ਰੂੱਵ ਨੈ ਸੁਨਜੋ ਨਾਮ ਅਸ ਜਬ ਹੀ।
ਨਮੋ ਦੀਨੀ ਕਰ ਜੋਰੇ ਤਬ ਹੀ ॥੬੫॥
ਕਹਨ ਲਗਜੋ 'ਪੂਰਬ[1] ਸੁਧ ਪਾਈ। [1]ਪਹਿਲੇ ਹੀ।
ਧਰਾਵਤਾਰ ਪ੍ਰਭੁ ਧਰਿ ਜਾਈ।
ਆਨਿ ਨਿਕਟ ਮੁਝ ਦਰਸ਼ਨ ਦੀਨੰ।
ਲੋਚਨ ਗੋਚਰ[1] ਸਫਲੀ ਕੀਨੰ' ॥੬੬॥ [1]ਨੇਤ੍ਰਾਂ ਦੀ ਦ੍ਰਿਸ਼ਟੀ।
ਸ੍ਰੀ ਅੰਗਦ ਜੀ ਸੁਨੁ ਸੁਖ ਰਾਸੂ !
ਯੌਂ ਹਰਖਤਿ ਕਿਯ ਬਚਨ ਬਿਲਾਸੂ।
ਕਿਤਿਕ ਕਾਲ ਬੈਠੇ ਜਗ ਸ੍ਵਾਮੀ।
ਤਿਹ ਪਦ[1] ਕਵੀ[†] ਨਮਾਮਿ ਨਮਾਮੀ[2] ॥੬੭॥ [1]ਚਰਣਾਂ ਤੇ। [2]ਨਮਸਕਾਰ ਹੈ, ਨਮਸਕਾਰ ਹੈ। [†]ਪਾ:-ਕਰੀ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੂੱਵ ਪ੍ਰਸੰਗ' ਬਰਨਨੰ ਨਾਮ ਬਹੱਤ੍ਰਮੋਂ ਅਧਯਾਯ ॥੭੨॥

## ੭੩. [ਸੰਤ ਮੰਗਲ। ਸੱਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ]

੭੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>

ਦੋਹਰਾ:

ਅਦਭੁਤ ਸੰਤ ਸਮਾਜ ਸਰੁ, ਕਰਿ ਸ਼ਨਾਨ ਮਿਲਿ ਤਾਂਹਿ।
ਬਾਇਸ ਤੇ ਪਿਕ ਹੋਤਿ ਹੈ, ਬਕ ਤੇ ਹੰਸ ਕਰਾਹਿ ॥੧॥

ਅਦਭੁਤ=ਅਚਰਜ। ਅਨੋਖਾ। [ਸੰਸ: ਅਦਭੁਤ]
ਬਾਇਸ=ਕਾਂ। [ਸੰਸ. ਵਾਯਸ] ਭਾਵ-ਖੋਟੇ, ਕ੍ਰੂਰ, ਲੋਭੀ। ਪਿਕ=ਕੋਇਲ। ਭਾਵ-ਗੁਣੀ, ਸ਼ੁਭ ਗੁਣਾਂ ਵਾਲੇ। ਬਕ=ਬਗਲਾ, ਭਾਵ-ਦੰਭੀ, ਨੀਚ ਕਰਮਾਂ ਵਾਲੇ। ਹੰਸ=ਹੰਸ ਪੰਛੀ, ਭਾਵ-ਸ੍ਰੇਸ਼ਟ, ਸੁਜਨ, ਸੰਤ, ਪਾਰਗਿਰਾਮੀ ਪੁਰਖ।

ਅਰਥ:

ਸੰਤਾਂ ਦਾ ਸੰਗ ਇਕ ਅਚਰਜ ਸਰੋਵਰ ਹੈ ਕਿ ਜਿਨ੍ਹਾਂ ਨੂੰ ਮਿਲਨੇ (ਰੂਪੀ) ਇਸ਼ਨਾਨ ਕਰਨ ਨਾਲ ਕਾਂ ਤੋਂ ਕੋਇਲ ਹੋ ਜਾਂਦੇ ਹਨ (ਤੇ ਜੋ) ਬਗਲੇ ਤੋਂ ਹੰਸ ਬਣਾ ਲੈਂਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਬਾਲਾ ਕਹਿਤਿ ਰੁਚਿਰ ਇਤਿਹਾਸਾ।
ਸ੍ਰੀ ਅੰਗਦ ਜੀ ਸੁਨਿ ਸੁਖਰਾਸਾ!
ਹਮ ਕੋ ਧ੍ਰੂਵ ਲੋਕ ਮਹਿਂ ਛੋਰਾ।
ਗਮਨੇ ਸੱਚ ਖੰਡ ਕੀ ਓਰਾ ॥੨॥

ਇਸ ਅਧ੍ਯਾਯ ਵਿੱਚ ਕਵਿ ਜੀ ਨੇ ਸਤਿਗੁਰੂ ਜੀ ਦਾ ਸਚ ਖੰਡ ਜਾਣਾ, ਉਸ ਲੋਕ ਦੀ ਸ਼ੋਭਾ, ਵਾਹਿਗੁਰੂ ਜੀ ਦਾ ਰੂਪ, ਗੁਰੂ ਨਾਨਕ ਜੀ ਨਾਲ ਗੱਲ ਬਾਤ ਵਰਣਨ ਕੀਤੀ ਹੈ, ਇਹ ਸਾਰਾ ਵਰਣਨ ਉਨ੍ਹਾਂ ਨੇ ਮਨੁੱਖੀ ਬੋਲੀ ਵਿੱਚ ਮਨੁੱਖੀ ਪਦਾਰਥਾਂ ਦੁਆਰਾ ਐਉਂ ਕੀਤਾ ਹੈ ਜਿਵੇਂ ਕਿ ਓਹ ਕਿਸੇ ਪੰਚ ਭੌਤਕ ਸਰੀਰ ਧਾਰੀ ਲੋਕ ਤੇ ਵ੍ਯਕਤੀਆਂ ਦਾ ਵਰਣਨ ਕਰ ਰਹੇ ਹਨ। ਪਰ ਗੱਲ ਐਉਂ ਨਹੀਂ ਹੈ, ਸਚਖੰਡ ਤੇ ਸਾਈਂ ਆਪ ਜੋ ਕੁਛ ਓਹ ਹਨ ਪੰਚ ਭੌਤਕੀ ਨਹੀਂ, ਸਰਬ ਆਤਮ ਰੰਗ ਚਲੂਲ ਦੇ ਕ੍ਰਿਸ਼ਮੇ ਹਨ ਜੋ ਵਰਣਨ ਨਹੀਂ ਹੋ ਸਕਦੇ। ਉਥੋਂ ਦੇ ਵਰਣਨ ਨੂੰ ਗੁਰੂ ਜੀ ਨੇ ਆਪ ਕਿਹਾ ਹੈ 'ਨਾਨਕ ਕਥਨਾ ਕਰੜਾ ਸਾਰੁ।' ਫਿਰ ਜਦ ਵਰਣਨ ਕਰਨ ਦਾ ਜਤਨ ਕੀਤਾ ਜਾਏਗਾ ਤਾਂ ਸਾਡੀ ਸਮਝ ਗੋਚਰਾ ਕਰਨੇ ਲਈ ਮਨੁੱਖੀ ਸੁੰਦਰਤਾ ਦੇ ਸਾਮਾਨਾਂ ਤੇ ਪਦਾਂ ਵਿੱਚ ਹੀ ਕੀਤਾ ਜਾ ਸਕੇਗਾ। ਜੋ ਪਦਾਰਥ ਤੇ ਸਾਮਾਨ ਤੇ ਹਾਲਤਾਂ ਏਥੇ ਨਹੀਂ ਹਨ ਤੇ ਜਿਨ੍ਹਾਂ ਲਈ ਪਦ ਸਾਡੀ ਬੋਲੀ ਵਿਚ ਨਹੀਂ ਹਨ ਓਹ ਸਾਂਗੋ ਪਾਂਗ ਜੈਸੇ ਕਿ ਓਹ ਹਨ ਕਥੇ ਨਹੀਂ ਜਾ ਸਕਦੇ। ਗਹਿਣੇ ਤੇ ਕੱਪੜੇ ਜੋ ਵਰਣਨ ਕੀਤੇ ਹਨ ਉਹ ਬੀ ਸੁੰਦਰਤਾ ਤੇ ਛਬੀ ਦੱਸਣ ਲਈ ਹਨ, ਆਤਮ ਸੁੰਦਰਤਾ ਦੇ ਭੂਖਣ ਤੇ ਬਸਤ੍ਰ ਕੀ ਹਨ, ਕਿਵੇਂ ਹਨ, ਕੌਣ ਕਹਿ ਤੇ ਸਮਝ ਸਕਦਾ ਹੈ, ਸਾਰੇ ਵਰਣਨ ਦਾ ਮਤਲਬ ਛਬੀ ਤੋਂ ਹੈ ਜੋ ਅਕਹਿ ਹੈ। ਕਵਿ ਜੀ ਨੇ ਆਪ ਇਸੇ ਅਧ੍ਯਾਯ ਵਿੱਚ ਕਿਹਾ ਹੈ:-

ਸੱਚਖੰਡ ਕੀ ਉਪਮਾ ਜੋਈ। ਉਚਰ ਸਕੈ ਅਸ ਕਵਿ ਨਹਿਂ ਕੋਈ।
ਜਹਿਂ ਕੁੰਠਤਿ ਹ੍ਵੈ ਹੈ ਮਨ ਬਾਨੀ। ਕੈਸੇ ਪਰੈ ਤਾਸ ਗਤਿ ਜਾਨੀ ॥੨੨॥
ਮਨ ਠਹਿਰਾਵਨ ਹੇਤ ਸੁਖਾਰੇ। ਕਹਉਂ ਰੁਚਿਰਤਾ ਕਛੁਕ ਸੁਧਾਰੇ।

ਸੋ ਕਵਿ ਜੀ ਸਾਡੀ ਸਮਝ ਗੋਚਰਾ ਕਰਨੇ ਲਈ ਉਸ ਸੁੰਦਰਤਾ ਨੂੰ ਜੋ ਅਗੰਮ ਹੈ, ਸਾਡੀ ਬੋਲੀ ਵਿਚ ਸਾਡੇ ਖਿਆਲਾਂ ਮੂਜਬ ਸੌਖਾ ਕਰਕੇ ਕਹਿੰਦੇ ਹਨ। ਇਸੇ ਪ੍ਰਕਾਰ ਚਾਰ ਮੁਕਤੀਆਂ, ਮੁਕਤੇ ਤੇ ਭਗਤਾਂ ਦੀ ਹਾਲਤ ਸਮਝਣੀ ਚਾਹੀਏ। ਫਿਰ ਜਿਸ ਵੇਲੇ ਵਾਹਿਗੁਰੂ ਦਾ ਰੂਪ ਵਰਣਨ ਕਰਦੇ ਹਨ, ਤਾਂ ਐਉਂ

ਜਾਪਦਾ ਹੈ ਕਿ ਵਿਸ਼ਨੂੰ ਜੀ ਦਾ ਅਲੰਕਾਰ ਬੰਨ੍ਹ ਰਹੇ ਹਨ, ਪਰ ਅੱਗੇ ਜਾਕੇ ਆਪ ਹੀ ਕਹਿੰਦੇ ਹਨ:- ਏਕ ਰੋਮ ਮਹਿ ਬਿਸ਼ਨੁ ਅਨੇਕਾ। ਬਿਧਿ, ਸ਼ਿਵ ਬਹੁ, ਕੋ ਕਰਹਿ ਬਿਬੇਕਾ। ਅਰਥਾਤ ਕ੍ਰੋੜਾਂ ਵਿਸ਼ਨੂੰ ਜਿਸ ਦੇ ਰੋਮ ਵਿਚ ਹਨ, ਬ੍ਰਹਮਾ, ਸ਼ਿਵ ਅਨਗਿਣਤ ਹਨ। ਜਿਸ ਤੋਂ ਸਪੱਸ਼ਟ ਹੋ ਗਿਆ ਕਿ ਸਭ ਤੋਂ ਉੱਚੇ ਤੇ ਸਭ ਦੇ ਸੁਆਮੀ ''ਓਹੁ ਵੇਖੈ ਓਨਾ ਨਦਰਿ ਨ ਆਵੈ'' ਜੀ ਦਾ ਸਰੂਪ ਕਵਿ ਜੀ ਸਾਡੀ ਬੋਲੀ ਵਿਚ ਸਾਡੇ ਖ਼ਯਾਲ ਗੋਚਰਾ ਕਰਨ ਲਈ ਵਰਣਨ ਕਰ ਰਹੇ ਹਨ ਤੇ ਸੁੰਦਰਤਾ ਦੇ ਸਾਰੇ ਸਾਮਾਨ ਕਹਿ ਕਹਿ ਕੇ ਸਾਡੇ ਅਗੇ ਵਿਸਮਾਦੀ ਰੂਪ ਬੰਨ੍ਹਣਾ ਚਾਹੁੰਦੇ ਹਨ, ਜਿਸ ਦਾ ਸਰੂਪ 'ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ਅਸਚਰਜ ਰੂਪੰ ਰਹੰਤ ਜਨਮੰ ਹੈ, ਉਹਨਾਂ ਦੀ ਸੁੰਦਰਤਾ ਦਾ ਰੂਪ ਆਪਣੇ ਖ਼ਯਾਲ ਮੰਡਲ ਵਿਚ ਸਮਾਂ ਬੰਨ੍ਹਕੇ ਸਾਨੂੰ ਉਸ ਛਬੀ ਵਿਚ ਇਕ ਗ਼ੋਤਾ ਲਵਾਉਣ ਦਾ ਜਤਨ ਕਰ ਰਹੇ ਹਨ, ਓਹ ਕਿਸੇ ਮਨੁੱਖੀ ਰੂਪ ਦਾ ਵਰਣਨ ਨਹੀਂ ਕਰ ਰਹੇ, ਜਦ ਕਿ ਓਹ ਆਪ ਕਹਿੰਦੇ ਹਨ:-

ਮਹਿਮਾ ਤਿਹ ਕਹਿ ਕੌਣ ਸਕਾਈ। ਕੋਟ ਸ਼ੇਖ ਸਾਰਦ ਸਕੁਚਾਈ।
ਨੇਤਿ ਨੇਤਿ ਜਿਹ ਬੇਦ ਪੁਕਾਰਾ। ਸਭਿ ਕਵਿ ਕੋਵਿਦ ਲਹਿਤ ਨ ਪਾਰਾ ॥੩੬॥

ਇਹੋ ਗੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਉੱਚੇ ਮਾਲਕਾਂ ਦੇ ਮਾਲਕ ਲਈ ਕਹੀ ਹੈ 'ਨੇਤ ਨੇਤ ਕਥੰਤਿ ਬੇਦਾ ॥ਊਚ ਮੂਚ ਅਪਾਰ ਗੋਬਿੰਦਹ ॥' ਜਿਸ ਸਾਈਂ ਦਾ ਰੂਪ, ਕਵਿ ਜੀ ਨੇ ਆਕਾਰ ਵਾਲਾ ਬੱਧਾ ਹੈ, ਉਸ ਨੂੰ ਆਪ ਹੀ 'ਸਤਿ ਸ੍ਰੀ ਅਕਾਲ' ਤੇ 'ਅਕਾਲ' ਦੱਸਦੇ ਹਨ। ਜੋ ਵਜੂਦ ਕਾਲ ਰਹਤ ਹੈ ਉਹ ਨਿਰਾਕਾਰ ਹੈ। ਸੋ ਕਵਿ ਜੀ ਦਾ ਆਸ਼ਯ ਸਫੁਟ ਹੈ, ਵਾਹਿਗੁਰੂ ਜੀ ਦਾ ਮਿਲਾਪ ਤੇ ਗੁਫਤਗੂ ਬੀ ਸਾਡੇ ਖਿਆਲ ਗੋਚਰਾ ਕਰਨੇ ਲਈ ਸਾਡੇ ਪਿਤਾ ਪੁਤ੍ਰ ਦੇ ਮੇਲੇ ਵਾਂਙੂ ਕਹੇ ਹਨ। ਪੁਰਾਤਨ ਜਨਮ ਸਾਖੀ ਵਿੱਚ ਬੀ ਇਸੇ ਤਰ੍ਹਾਂ ਵਾਹਿਗੁਰੂ ਮਿਲਾਪ ਦਾ ਜ਼ਿਕਰ ਆਇਆ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਆਪ ਵੀ ਵਾਹਿਗੁਰੂ ਜੀ ਦੇ ਆਪਣੇ ਮਿਲਾਪ ਨੂੰ ਐਉਂ ਕਥਨ ਕੀਤਾ ਹੈ:-

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ [ਵਾਰ ਮਾਝ ਮ: ੧

ਮੁਰਾਦ ਸਾਰੇ ਦੀ ਕੇਵਲ ਇਹ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਅਗੰਮ ਵਿੱਚ ਵਾਹਿਗੁਰੂ ਜੀ ਦੇ ਸੰਪੂਰਨ ਮੇਲ ਨੂੰ ਪ੍ਰਾਪਤ ਸੇ। ਖਿਆਲ ਦੀ ਉਡਾਰੀ, ਮਨੋ-ਕਲਪਿਤ ਵਿਚਾਰਾਂ ਵਿਚ ਯਾ ਗਿਆਨ ਦੇ ਸ਼ੁਨ ਅਕਾਸ਼ਾਂ ਦੇ ਭਾਵਾਂ ਵਿਚ ਨਹੀਂ, ਪਰ ਸੱਚ ਮੁੱਚ ਵਾਹਿਗੁਰੂ ਜੀ ਨਾਲ ਪਰਤੱਖ ਮਿਲਾਪ ਪ੍ਰਾਪਤ ਸਭ ਤੋਂ ਉੱਚੇ ਉਸੇ ਸੱਚੇ ਦੇ ਸਰੂਪ ਦੇ ਰੂਪ ਸੇ। ਉਹਨਾਂ ਦੇ ਦੇਹ ਧਾਰ ਕੇ ਬੀ ਵੇਈਂ ਪਰਵੇਸ਼ ਵੇਲੇ ਤੇ ਫੇਰ ਇਸ ਸੱਚੀ ਮੁੱਚੀ ਦੇ ਮਿਲਾਪ ਨੂੰ ਵਰਣਨ ਕਰਨ ਦੇ ਏਹ ਤ੍ਰੀਕੇ ਹਨ, ਜਿਨ੍ਹਾਂ ਮਿਲਾਪਾਂ ਦਾ ਅਸਲ ਹਾਲ, ਰੂਪ, ਰੰਗ; ਸੁਆਦ ਸਤਿਗੁਰੂ ਜੀ ਨੂੰ ਹੀ ਪਤਾ ਹੈਨ, ਯਾ ਜਿਨ੍ਹਾਂ ਨੂੰ ਕ੍ਰਿਪਾ ਕਰਕੇ ਉਹ ਉਸੇ ਮਿਲਾਪ ਦੀ ਛੁਹ ਬਖਸ਼ ਦੇਣ ਉਨ੍ਹਾਂ ਨੂੰ ਸੁਆਦ ਆ ਜਾਂਦਾ ਹੈ। ਬਾਕੀ ਕਵੀ ਆਦਿਕਾਂ ਨੇ ਬੀ ਆਪੋ ਆਪਣੀ ਮਤਿ ਦੀ ਤਾਕਤ ਅਨੁਸਾਰ ਉਸ ਅਕਹਿ ਗੱਲ ਨੂੰ ਸਾਡੇ ਸਮਝਣੇ ਨਮਿੱਤ ਵਰਣਨ ਕਰਨਾ ਹੈ, ਉਹਨਾਂ ਦਾ ਵਰਣਨ ਇਕ ਜਤਨ ਹੈ ਦੱਸਣ ਦਾ ਨਾ ਦੱਸੇ ਜਾ ਸਕਣ ਵਾਲੇ ਹਾਲ ਨੂੰ। ਸਰਬੱਗ ਕੋਈ ਨਹੀਂ ਸਿਵਾਏ ਸਤਿਗੁਰੂ ਜੀ ਦੇ।

ਤਿਹ ਬ੍ਰਿਤੰਤ ਦੇਖਯੋ ਨਹਿਂ ਕੈਸੇ।
ਜਯੋਂ ਮੈਂ ਸੁਨਯੋਂ ਸੁਨਾਵੋਂ ਤੈਸੇ।
ਛਿਨਕ ਬਿਖੈ ਪਹੁੰਚੇ ਸੁਖਦਾਨੀ।
ਜਿਹਂ ਸੁਠ ਰਚਨਾ ਬਨੀ ਮਹਾਨੀ ॥੨॥
ਅਨਿਕ ਬਿਧਿਨਿ ਕੇ ਉਪਬਨ ਰੂਰੇ।
ਸ਼ਾਖਾ ਨਿਵੀਂ ਫਲਨ ਰਸ ਪੂਰੇ।
ਕੁਸਮ ਬਾਟਿਕਾ ਬਨੀ ਸੁਹਾਈ।

ਭੌਂਰ ਗੁੰਜਾਰ ਜਿਨਹਿਂ ਪਰ ਲਾਈ ॥੪॥

ਕਰਹਿਂ ਨਿਰੰਤਰ ਹਰਿ ਜਸ ਗਾਨਾ।

ਹੰਸ, ਕੀਰ[1], ਪਿਕ[2], ਜੇ ਖਗ[3], ਨਾਨਾ। — [1]ਤੋਤੇ। [2]ਕੋਇਲ। [3]ਪੰਛੀ।

ਪੌਰ[1] ਵਡੋ ਸੁੰਦਰ ਉਜਿਆਰਾ[2]। — [1]ਦਰਵੱਜਾ। [2]ਰੌਸ਼ਨ।

ਹੀਰੇ ਮਾਣਿਕ ਲਗੇ ਅਪਾਰਾ ॥੫॥

ਅਹੈਂ ਭਗਤ ਜਿਨ ਮੋਖ ਸ਼ਲੋਕਾ[1]। — [1]ਸਾਲੋਕ ਨਾਮੇ ਮੁਕਤੀ (ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੭੦ ਦੇ ਪਦ ਅਰਥ)।

ਬਿਚਰਤਿ ਹੈਂ ਹਰਖਤਿ ਬਿਨ ਸ਼ੋਕਾ।

ਸੁਪਨੇ ਮਾਤਰ ਜਹਿਂ ਨ ਬਿਕਾਰਾ।

ਰਿਦੈ ਪ੍ਰਕਾਸ਼ਹਿ ਗ੍ਯਾਨ ਅਪਾਰਾ ॥੬॥

ਸੁੰਦਰ ਮੰਦਰ ਕੰਚਨ ਕੇਰੇ।

ਖਚੀ[1] ਮਣਿਨ[2] ਜਗਮਗਤ[3] ਘਨੇਰੇ। — [1]ਜੜੀਆਂ ਹੋਈਆਂ। [2]ਮਣੀਆਂ। [3]ਚਮਕਦੀਆਂ।

ਸਿਲਾ ਫਟਕ ਕੀ ਮਲਯ[1] ਕਪਾਟਾ[2]। — [1]ਚੰਦਨ ਦੇ। [2]ਤਖਤੇ।

ਮੁਕਤਾ[1] ਕੀ ਤੋਰਣ[2] ਦਰ ਠਾਟਾ[3] ॥੭॥ — [1]ਮੋਤੀਆਂ ਦੀਆਂ। [2]ਬੰਦਨਵਾਰਾਂ। [3]ਦਰਾਂ ਤੇ ਸਜਾਈਆਂ ਹਨ।

ਤਹਿਂ ਜਬ ਪਹੁੰਚੇ ਸ੍ਰੀ ਗੁਨ ਖਾਨੀ।

ਭਗਤਨ ਸਭਿਨਿ ਬੰਦਨਾ ਠਾਨੀ।

ਅਨਿਕ ਭਾਂਤਿ ਕੀ ਉਸਤਤਿ ਕਰਿ ਕੈ।

ਪਰਮ ਸੁਖੀ ਭੇ ਰੂਪ ਨਿਹਰਿਕੈ ॥੮॥

ਤਹਿਂ ਤੇ ਗਮਨੇ ਬਹੁਰ ਅਗਾਰੀ।

ਬਨੀ ਮੰਦਿਰਨ ਉਪਮਾ ਭਾਰੀ।

ਅਜਰਨ ਬਿਖੈ[1] ਮਣਿਨ[2] ਗਚਕਾਰੀ। — [1]ਵੇਹੜਿਆਂ ਵਿਚ। [2]ਮਣੀਆਂ ਦੀ।

ਜਿਨਕੇ ਬਰਨ ਅਨੇਕ ਪ੍ਰਕਾਰੀ ॥੯॥

ਬਸਹਿਂ ਭਗਤ ਤਿਨ ਬੀਚ ਅਨੂਪਾ।

ਜਿਨਹੀ ਪਾਈ ਮੋਖ ਸਰੂਪਾ[1]। — [1]ਸਾਰੂਪ ਨਾਮੇ ਮੁਕਤੀ।

ਪੀਤ ਬਸਨ ਤਨ ਸ਼੍ਯਾਮ ਸੁ ਬਰਨਾ।

ਅਤਿ ਸੁੰਦਰ ਛਬਿ ਮਨ ਕੀ ਹਰਨਾ[1] ॥੧੦॥ — [1]ਮਨ ਹਰਨ ਵਾਲੀ।

ਦੋਹਰਾ:

ਨੀਲ ਸ਼ਿਲਾ ਪਰ ਭੋਰ ਜਿਉਂ[1], — [1]ਸਵੇਰ ਵੇਲੇ ਜਿਵੇਂ।

ਆਤਪ[1] ਪਰਜੋ ਸੁਹਾਇ। — [1]ਧੁੱਪ।

ਕੁੰਡਲ ਮੀਨਾਕਾਰ[1] ਜੇ,
[1]ਜੜਾਊ (ਅ) ਮੱਛੀ ਆਕਾਰ ਵਾਲੇ।

ਪਹਿਰੇ ਕਰਨ[1] ਸੁਭਾਇ[2] ॥੧੧॥
[1]ਕੰਨਾਂ ਵਿਚ। [2]ਸ਼ੋਭਦੇ ਹਨ।

ਚੌਪਈ:

ਚਾਰੁ ਭੁਜਾ ਭੂਖਨ ਜਿਨ ਚਾਰੂ।
ਕੰਕਨ[1] ਅੰਗਦ[2] ਮੁੱਦ੍ਰਿਕ[3] ਧਾਰੂ।
[1]ਕੜੇ। [2]ਬੁਹੱਟੇ। [3]ਛੱਲੇ, ਮੁੰਦਰੀਆਂ।

ਸੀਸ ਕਿਰੀਟ ਧਰੇ ਛਬਿ ਪਾਵਤਿ।
ਅਤਿ ਕੁੰਤਲ[1] ਕਚ[2] ਮਨਹਿਂ ਚੁਰਾਵਤਿ ॥੧੨॥
[1]ਕੁੰਡਲਦਾਰ। [2]ਵਾਲ।

ਤਹਾਂ ਪਹੂਚੇ ਜਾਇ ਕ੍ਰਿਪਾਲਾ।
ਮਿਲੇ ਭਗਤ ਉਠਿ ਪ੍ਰੇਮ ਬਿਸਾਲਾ।
ਬੰਦਨ ਕਰਹਿਂ ਬੰਦਿ ਕਰ ਦੋਊ।
ਪਰਮ ਅਨੰਦ ਪਾਇ ਉਰ ਸੋਊ ॥੧੩॥

ਪਰਸੰਸਹਿਂ[1] 'ਤੁਮ ਆਦਿ[2] ਅਨਾਦੂ[3]।
[1]ਭਾਵ ਸਾਰੂਪ ਮੁਕਤੀ ਵਾਲੇ ਭਗਤਾਂ ਨੇ ਗੁਰੂ ਜੀ ਦੀ ਮਹਿੰਮਾ ਕੀਤੀ। [2]ਹੋਰਨਾਂ ਦੀ ਆਦਿ। [3]ਆਦਿ ਰਹਿਤ।

ਸਰਬ ਜਨਨ[1] ਦਾਨੀ ਅਹਿਲਾਦੂ[2]।
[1]ਦਾਸਾਂ ਦੇ। [2]ਅਨੰਦ ਦਾਤਾ।

ਮਹਿਮਾ ਨਾਮ ਜਗਤ ਬਿਸਤਾਰਕ[1]।
[1]ਫੈਲਾਵਣ ਵਾਲੇ।

ਜੁਗ ਜੁਗ ਭਗਤਨ ਕੋ ਰਖਵਾਰਕ[1]' ॥੧੪॥
[1]ਰੱਖਯਾ ਕਰਨ ਵਾਲੇ।

ਮ੍ਰਿਦੁਲ ਮਧੁਰ ਤਿਨ ਸੋਂ ਬਚ ਕਹਿ ਕੈ।
ਗਮਨੇ ਪ੍ਰਭੁ ਦਰਸ਼ਨ ਹਿਤ ਚਹਿ ਕੈ।
ਗੇ ਆਗੇ ਬੇਦੀ ਕੁਲ ਦੀਪਾ।
ਜਹਿਂ ਜਨ ਪਾਈ ਮੋਖ ਸਮੀਪਾ[1] ॥੧੫॥
[1]ਸਾਮੀਪ ਨਾਮੇ ਮੁਕਤੀ।

ਤਿਹ ਕੀ ਮਹਿਮਾ ਕੌਨ ਉਚਰਿਹੀ।
ਜੇ ਸਦੀਵ ਦਰਸ਼ਨ ਅਨੁਸਰਿਹੀ।
ਤਹਿਂ ਜਬ ਪਹੁੰਚੇਂ ਦੀਨਾ ਨਾਥੂ।
ਉਠਿ ਕਰਿ ਸਰਬ ਮਿਲੇ ਹਿਤ ਸਾਥੂ ॥੧੬॥

ਪੁਨ ਆਵਾ ਸ਼੍ਰੀ ਪ੍ਰਭੁ ਦਰਬਾਰਾ।
ਕੋਟ[1] ਸੂਰ[2] ਸਮ ਜਗਮਗਕਾਰਾ[3]।
[1]ਕ੍ਰੋੜਾਂ। [2]ਸੂਰਜਾਂ। [3]ਚਮਕ ਰਿਹਾ ਹੈ।

ਮਰਕਤਿ[1] ਪਦਮਰਾਗ[2] ਛਬਿ ਭਾਰੀ।
[1]ਪੰਨੇ (ਅ) ਨੀਲਮ। [2]ਲਾਲ ਮਣੀਆਂ।

ਮੀਨਾਕਾਰ ਜਹਾਂ ਗਚਕਾਰੀ ॥੧੭॥

ਹਾਟਕ[1] ਫਟਕ[2] ਪ੍ਰਵਾਲਨ[3] ਥੰਭਾ।
[1]ਸੋਨੇ। [2]ਬਿਲੌਰ। [3]ਗੁਲੀਆਂ ਦੇ।

ਜਿਨ ਬਿਲੋਕਿ ਮਨ ਹੋਤਿ ਅਚੰਭਾ।

ਹਰਿਤ ਮਣਿਨ ਮਾਣਿਕ ਬਿਚਿ ਹੀਰੇ।

ਬਿਰਚੇ[1] ਕੋਰ[2] ਕਾਢਿ ਸੁਠ[3] ਚੀਰੇ ॥੧੮॥
[1]ਬਣਾਏ। [2]ਨੋਕਾਂ। [3]ਚੰਗੀ ਤਰ੍ਹਾਂ।

ਮੁਕਤਾ ਮਾਲਨ ਝਾਲਰ ਝਾਈ।

ਦੂਸਰ ਦਿਪਹਿ ਤਿਨਹਿ ਕੀ† ਨਜਾਈਂ[1]।
[1]ਮੋਤੀਆਂ ਦੀ ਲੜੀਆਂ ਦੀ ਝਾਲਰ ਦੀ ਝਮਕ (ਪ੍ਰਤਿਬਿੰਬਤ ਹੋ ਕੇ) ਦਿਪਤ ਹੋ ਰਹੀ ਹੈ ਕਿ ਮਾਨੋਂ ਉਨ੍ਹਾਂ ਵਰਗੀ ਦੂਸਰੀ (ਹੋਰ) ਹੈ। †ਹੋ ਸਕਦਾ ਹੈ ਕਿ ਅਸਲ ਵਿਚ ਪਾਠ-ਤਰਨਿ ਕੀ-ਸੀ, ਭਾਵ ਇਹ ਕਿ ਮੋਤੀ ਮਾਲਾ ਦੀ ਝਾਲਰ ਦੂਸਰੇ ਵਾਂਙੂ ਪ੍ਰਕਾਸ਼ਦੀ ਹੈ।

ਚੀਰ ਪਰੋਜਨ[1] ਰਚੇ ਸਰੋਜਾ[2]।
[1]ਚੀਰਕੇ ਫੀਰੋਜ਼ੇ। [2]ਕਵਲ ਬਣਾਏ।

ਜਿਨਹਿਂ ਬਿਲੋਕਿ ਲਜਾਇ ਮਨੋਜਾ[1] ॥੧੯॥
[1]ਕਾਮਦੇਵ।

ਮੇਚਕ ਮਣਿ ਕੋ[1] ਭ੍ਰਿੰਗੁ[2] ਬਨਾਏ।
[1]ਕਾਲੀਆਂ ਮਣੀਆਂ ਦੇ। [2]ਭੌਰੇ।

ਰਚੇ ਰੁਚਿਰ ਛਬਿ ਕੌਨ ਗਨਾਏ।

ਬੀਚ ਬਚਿੱਤ੍ਰ ਬਿਤਾਨ[1] ਬਨਾਵਾ†।
[1]ਚੰਦੋਆ। †ਪਾ:-ਬਸਾਵਾ।

ਲਗੀ ਡੋਰ ਮਖ਼ਤੂਲ[1] ਸੁਹਾਵਾ ॥੨੦॥
[1]ਵੱਟੀ ਹੋਈ ਰੇਸ਼ਮ ਦੀ।

ਸੱਚਖੰਡ ਕੀ ਉਪਮਾ ਜੋਈ।

ਉਚਰਿ ਸਕੈ ਅਸ ਕਵਿ ਨਹਿਂ ਕੋਈ।

ਜਹਿਂ ਕੁੰਠਤਿ[1] ਹ੍ਵੈ ਹੈ ਮਨ ਬਾਨੀ।
[1]ਸੰਨ, ਸੰਕੁਚਿਤ।

ਕੈਸੇ ਪਰੈ ਤਾਸ ਗਤਿ ਜਾਨੀ ॥੨੧॥

ਮਨ ਠਹਿਰਾਵਨ ਹੇਤੁ ਸੁਖਾਰੇ।

ਕਹੌਂ ਰੁਚਿਰਤਾ ਕਛੁਕ ਸੁਧਾਰੇ।

ਸਬਜ਼ ਸ਼ਜਾਮ ਮਣਿ ਰੰਗ ਅਨੇਕਾ।

ਪਦਮਰਾਗ[੧੩] ਕੋ ਕਰੈ ਬਿਬੇਕਾ[1] ॥੨੨॥
[1]ਕੌਣ ਗਿਣੇ।

ਫਰਸ਼ ਰੁਚਿਰ ਕਿਯ ਅਜਰ[1] ਮਝਾਰੀ।
[1]ਵੇਹੜੇ।

ਅਦਭੁਤ ਦੇਖਤਿ ਹੀ ਮਨੁਹਾਰੀ।

| | |
|---|---|
| ਮੱਧ ਸਿੰਘਾਸਨ ਸੁੰਦਰ ਸੋਹੈ। | |
| ਭਾਨੁ ਅਨਿਕ[1] ਨ ਪਟੰਤਰ[2] ਕੋ ਹੈ ॥੨੩॥ | [1]ਅਨੇਕਾਂ ਸੂਰਜ। [2]ਸਦਰਸ਼। |
| ਸਦਾ ਸੱਚਿਦਾ ਨੰਦ ਕ੍ਰਿਪਾਲਾ। | |
| ਤਿਹ ਪਰ ਬੈਠੇ ਸੁਖਦ[1] ਅਕਾਲਾ। | [1]ਸੁਖਦਾਤੇ। |
| ਬ੍ਰਿੰਦ[1] ਤੜਿਤ[2] ਕੀ ਛਟਾ[3] ਸਮੇਟੀ। | [1]ਸਮੂਹ। [2]ਬਿਜਲੀਆਂ। [3]ਪ੍ਰਕਾਸ਼। |
| ਜਨੁ ਸੋਹੈ ਘਨ[1] ਘਟਾ ਸਹੇਟੀ[2] ॥੨੪॥ | [1]ਬੱਦਲ। [2]ਇਕੱਠੀ ਕੀਤੀ ਹੈ। |
| ਜਨੁ[1] ਰਵਿ[2] ਬਿਧੁ[3] ਬਹੁ ਹ੍ਵੈ ਇਕਠਾਈ। | [1]ਮਾਨੋ। [2]ਸੂਰਜ। [3]ਚੰਦਰਮਾ। |
| ਨੀਲ[1] ਮਣਿਨ[2] ਗਿਰ ਲੀਨ ਉਚਾਈ[3]। | [1]ਨੀਲੀ। [2]ਮਣੀਆਂ ਦਾ। [3]ਪਹਾੜ ਉਠਾ ਲਿਆ ਹੈ। |
| ਪਦ ਅਰਬਿੰਦ ਮ੍ਰਿਦੁਲ ਅਰੁਨਾਰੇ[1]। | [1]ਲਾਲ। |
| ਸ਼ੋਭਾ ਨਖਨ[1] ਸਕਲ ਸਸਿ[2] ਹਾਰੇ ॥੨੫॥ | [1]ਨਹੁੰਆਂ ਦੀ। [2]ਸਾਰੇ ਚੰਦਰਮਾਂ (ਅ) ਚੰਦ ਦੀਆਂ ਟੁਕੜੀਆਂ, ਚੰਦ ਕਲਾ। |
| ਬਸਹਿਂ ਸਦੀਵ ਮੁਨੀ ਮਨ ਜੋਗੀ। | |
| ਧਰਹਿਂ ਸਮਾਧਿ ਧਜਾਨ ਰਸ ਭੋਗੀ[1]। | [1]ਭੋਗਦੇ ਹਨ। |
| ਨੂਪਰ[1] ਮਣਿਮਯ[2] ਬਨੇ ਮਨੋਗਾ[3]। | [1]ਝਾਂਜਰ। [2]ਮਣੀਆਂ ਰੂਪ। [3]ਸੁੰਦਰ। |
| ਜਿਨ ਕੋ ਸ਼ਬਦ ਸੁਖਦ ਤਿਹੁ ਲੋਗਾ ॥੨੬॥ | |
| ਸੁੰਦਰ ਜੰਘ ਸਰਸ ਕਦਲੀ ਕੀ[1]। | [1]ਕੇਲੇ ਵਰਗੀਆਂ। |
| ਚਲਿਤ ਲਲਿਤ ਗਤਿ[1] ਭਾਵਤਿ ਜੀ ਕੀ। | [1]ਸੁੰਦਰ ਚਾਲ ਚਲਦੇ ਹਨ। |
| ਪ੍ਰਿਥੁਲ[1] ਨਿਤੰਬ[2] ਪੀਤ ਕਟ[3] ਧੋਤੀ। | [1]ਚੌੜੇ। [2]ਪੱਟ। [3]ਲੱਕ ਨਾਲ। |
| ਛੁਦ੍ਰ ਘੰਟਕਾ[1] ਮਣਿਮਯ ਜੋਤੀ ॥੨੭॥ | [1]ਤੜਾਗੀ। |
| ਉਦਰ ਰੇਖ ਤ੍ਰੈ[1] ਨਾਭਿ ਗੰਭੀਰਾ। | [1]ਤ੍ਰਿਵਲੀ। |
| ਮਨੁਹ ਭ੍ਰੰਮਰੀ[1] ਜਮੁਨਾ ਨੀਰਾ। | [1]ਘੁਮਣਘੇਰੀ। |
| ਕਿਧੋਂ ਕਾਮ ਕੋ ਕੂਪ[†] ਸੁਹਾਵਾ। | [†]ਪਾ:-ਰੂਪ। |
| ਵੱਖ ਸਥਲ[1] ਆਯੁਤ[2] ਛਬਿ ਪਾਵਾ ॥੨੮॥ | [1]ਵੱਖੀ ਅਸਥਾਨ। [2]ਚੌੜਾ। |
| ਹਾਥੀ ਹਾਥਿ[1] ਸਰਬ ਭੁਜਦੰਡਾ। | [1]ਹਾਥੀ ਦੇ ਸੁੰਡ ਵਰਗੀਆਂ। |
| ਦੁਸ਼ਟਨ ਖੰਡਨ ਕੋ ਬਰਬੰਡਾ[1]। | [1]ਬਲਵਾਨ। |
| ਅੰਗਦ[1] ਕਟਕ[2] ਮੁੱਦ੍ਰਿਕਾ[3] ਜੇਈ। | [1]ਬੁਹੱਟੇ। [2]ਕੜੇ। [3]ਛੱਲੇ। |
| ਪਹਿਰੇ ਪੇਖਤਿ ਮਨ ਹਰਿ ਲੇਈ | |

| | |
|---|---|
| ॥੨੯॥ | |
| ਕਰ ਕਮਲਨ ਮਹਿਂ ਸ਼ਸਤ੍ਰ ਸੁਹਾਏ। | |
| ਜਿਨਹਿਂ ਬਿਲੋਕਤਿ ਸ਼ੱਤ੍ਰ ਪਲਾਏ। | |
| ਚਾਰ ਭੁਜਾ ਸੋਹਿਤਿ ਅਤਿ ਚਾਰੂ। | |
| ਉਨਤ[1] ਸਿਕੰਧ[2] ਬ੍ਰਿਖਭ ਅਨੁਹਾਰੂ[3] ॥੩੦॥ | [1]ਉੱਚੇ। [2]ਮੋਢੇ। [3]ਬੈਲ ਵਰਗੇ। |
| ਪੀਤ ਬਸਨ ਜਿਨ ਪਰ ਅਤਿ ਸੋਹੈਂ। | |
| ਤੜਿਤਾ ਕੀ ਛਬਿ ਕੋ ਜੋ ਮੋਹੈ। | |
| ਉਰ ਪਰ[1] ਬਨੀ ਲਲਿਤ ਬਨਮਾਲਾ[2]। | [1]ਛਾਤੀ ਤੇ। [2]ਬਜੰਤੀ ਮਾਲਾ। |
| ਕੰਬੁ[1] ਗ੍ਰੀਵ[2] ਤ੍ਰੈ ਰੇਖ ਬਿਸਾਲਾ ॥੩੧॥ | [1]ਸੰਖ (ਵਰਗੀ)। [2]ਗਰਦਨ ਵਿਚ। |
| ਚਾਰੁ ਚਿਬੁਕ[1] ਉਪਮਾ ਨ ਬਿਸ਼ੇਸ਼ੀ[2]। | [1]ਸੁਹਣੀ ਠੋਡੀ। [2]ਜਿਸ ਤੋਂ ਵੱਧ ਉਪਮਾਂ ਹੋਰ ਕੋਈ ਨਹੀਂ ਹੈ। |
| ਸੋ ਜਾਨਹਿ ਜਿਨ ਨੈਨਹੁ ਦੇਖੀ। | |
| ਅਤਿ ਸੁੰਦਰ, ਮ੍ਰਿਦੁ, ਬੋਲ ਕਪੋਲਾ[1]। | [1]ਗਲ੍ਹਾਂ। |
| ਮੰਦ ਮੰਦ ਮੁਸ਼ਕਜਾਨ ਅਮੋਲਾ ॥੩੨॥ | |
| ਕੋਟ ਮਯੰਕਨ[1] ਸਮ ਮੁਖਮੰਡਲ। | [1]ਕ੍ਰੋੜਾਂ ਚੰਦ੍ਰਮਾਂ। |
| ਮਕਰਾਕ੍ਰਿਤ[1] ਸੋਹਤਿ ਸ਼੍ਰੁਤ[2] ਕੁੰਡਲ[3]। | [1]ਮੱਛੀ ਆਕਾਰ ਦੇ। [2]ਕੰਨੀਂ। [3]ਵਾਲੇ। |
| ਉਤਪਲ[1] ਦਲ[2] ਪ੍ਰਫੁੱਲਿਤ ਲੋਚਨ[3]। | [1]ਕਵਲ ਦੇ। [2]ਪੱਤੇ (ਵਤ)। [3]ਨੇਤ੍ਰ। |
| ਭਗਤਨ ਕੇਰ ਤਾਪ ਤ੍ਰੈ ਮੋਚਨ[1] ॥੩੩॥ | [1]ਤਿੰਨ ਤਾਪ ਦੂਰ ਕਰਨ ਲਈ। |
| ਕ੍ਰਿਪਾ ਭਰੀ ਬਹੁ ਚਾਰੁ ਚਿਤੌਨੰ[1]। | [1]ਦ੍ਰਿਸ਼ਟੀ। |
| ਬਾਂਕੀ ਕੋਰ[1] ਮਹਾਂ ਸੁਖ ਭੌਨੰ। | [1]ਮਟੱਕਾ। |
| ਮੇਚਕ ਕਚ ਕੁੰਤਲ[1] ਘੁੰਘਰਾਰੇ। | [1]ਕੁੰਡਲ ਵਾਲੇ। |
| ਮਧੁਪਨ[1] ਕੀ ਦੁਤਿ ਜਿਨ ਪਿਖਿ ਹਾਰੇ ॥੩੪॥ | [1]ਭੌਰਿਆਂ। |
| ਭਾਲ ਬਿਸਾਲ ਕਿਰੀਟ[1] ਸੁਹਾਵਾ। | [1]ਮੁਕਟ। |
| ਛਤ੍ਰ ਚੰਦ੍ਰਮਾ ਦੇਖਿ ਲਜਾਵਾ। | |
| ਚੌਰ ਢੁਰਤਿ ਚਹੁੰ ਦਿਸ਼ ਤੇ ਚਾਰੂ। | |
| ਮਨੁਹ ਭਾਨੁ ਕਰ ਪ੍ਰਭਾ ਅਪਾਰੂ[1] ॥੩੫॥ | [1]ਮਾਨੋ ਸੂਰਜ ਦੀਆਂ ਕਿਰਨਾਂ ਨੇ ਇਹ ਅਪਾਰ ਸ਼ੋਭਾ (ਰਚੀ ਹੈ)। |
| ਮਹਿਮਾ ਤਿਹ ਕਹਿ ਕੌਨ ਸਕਾਈ। | |

ਕੋਟ ਸ਼ੇਖ ਸਾਰਦ[1] ਸਕੁਚਾਈ[2]। — [1]ਕ੍ਰੋੜਾਂ ਸ਼ੇਸ਼ਨਾਗ ਤੇ ਸਰਸ੍ਵਤੀਆਂ। [2]ਸੰਕੋਚਦੇ ਹਨ।

-ਨੇਤਿ ਨੇਤਿ- ਜਿਹ ਬੇਦ ਪੁਕਾਰਾ।

ਸਭਿ ਕਵਿ ਕੋਵਿਦ[1] ਲਹਤਿ ਨ ਪਾਰਾ ॥੩੬॥ — [1]ਪੰਡਤ।

ਮੈਂ ਮਤਿ ਮੰਦ ਕਹਾਂ ਲਗ ਬਰਨੌਂ।

ਸਿੰਧ[1] ਪਾਰ ਜਿਵ ਕੀਟੀ ਤਰਨੋ। — [1]ਸਮੁੰਦਰ।

ਮਸ਼ਕ ਮੇਰੁ ਕਿਵ ਸਕਹਿ ਉਠਾਈ।

ਕਿਉਂ ਨਭ[1] ਅੰਤ ਜੰਤੁ[2] ਲਘੁ ਪਾਈ ॥੩੭॥ — [1]ਅਕਾਸ਼ ਦਾ। [2]ਜੀਵ।

ਜਿਹ ਸੱਤਾ ਕੇ[1] ਅਜਾ[2] ਅਲੰਬਾ[3]। — [1]ਜਿਸ ਦੀ ਤਾਕਤ ਤੇ। [2]ਬ੍ਰਹਮਾ (ਅ) ਮਾਯਾ। [3]ਆਸਰੇ ਹੈ।

ਸਿਰਜਤਿ ਹੈ ਬ੍ਰਹਮੰਡ ਕਦੰਬਾ[1]। — [1]ਸਮੂਹ।

ਏਕ ਰੋਮ ਮਹਿਂ ਬਿਸ਼ਨੁ ਅਨੇਕਾ।

ਬਿਧਿ ਸ਼ਿਵ ਬਹੁ ਕੋ ਕਰਹਿ ਬਿਬੇਕਾ ॥੩੮॥

ਬ੍ਰਿੱਖ ਉਦੰਬਰ[1] ਜਸੋਂ ਜਿਹ ਕਾਯਾ। — [1]ਗੁੱਲਰ।

ਲਾਗੇ ਫਲ ਬ੍ਰਹਮੰਡ ਨਿਕਾਯਾ[1]। — [1]ਸਮੂਹ।

ਉਤਪਤਿ ਪਾਲਨ ਅਰੁ ਸੰਹਰਤਾ[1]। — [1]ਨਾਸ਼ਕਰਤਾ।

ਤੀਨ ਦੇਵ ਸਭਿ ਮਹਿਂ ਅਸ ਕਰਤਾ ॥੩੯॥

ਜਿਹ ਸਥਾਨ ਬੈਸੇ ਜਗਰਾਈ[1]। — [1]ਜਗਤ ਦੇ ਸ੍ਵਾਮੀ।

ਤਹਿਂ ਪਹੁਂਚੇ ਸਿੱਖਨ ਸੁਖਦਾਈ।

ਕੀਨ ਡੰਡੌਤ ਜੋਰਿ ਜੁਗ ਹਾਥਾ।

ਠਾਂਢੇ ਪੁਨ ਬੇਦੀ ਕੁਲ ਨਾਥਾ ॥੪੦॥

ਮੰਦ ਮੰਦ ਸ਼੍ਰੀ ਮੁਖ ਮੁਸ਼ਕਾਵਨ।

ਮ੍ਰਿਦੁਲ ਮਧੁਰ ਬੋਲੇ ਬਚ ਪਾਵਨ।

'ਜਗ ਪ੍ਰਗਟੀ ਕਲਿ ਕਾਲ ਕੁਚਾਲੀ।

ਮਨਹੁ ਲਗੀ ਦੌਂ ਜ੍ਵਾਲ[1] ਬਿਸਾਲੀ ॥੪੧॥ — [1]ਬਨ ਅਗਨੀ, ਜੰਗਲ ਦੀ ਅੱਗ।

ਬਿਸ਼ੈ ਬਿਖੈ[1] ਹ੍ਵੈ ਲਪਟ[2] ਅਧੀਰਾ। — [1]ਵਿਸ਼ਿਆਂ ਵਿੱਚ। [2]ਲੰਪਟ।

ਵਡੇ ਬੇਗ ਸੋਂ ਬਹੀ ਸਮੀਰਾ[1]। — [1]ਹਵਾ।

| | |
|---|---|
| ਦੰਭ[1] ਮੋਹ ਤੇ ਆਦਿ ਬਿਕਾਰਾ। | [1]ਪਖੰਡ। |
| ਲਾਟੈਂ ਅਤਿ ਬਿਕਰਾਲ[1] ਅਪਾਰਾ ॥੪੨॥ | [1]ਭਯਾਨਕ। |
| ਮਾਨਵ[1] ਬ੍ਰਿੰਦਹਿਂ[2] ਜਰਤਿ[3] ਪੁਕਾਰਤਿ[4]। | [1]ਪੁਰਸ਼। [2]ਸਾਰੇ। [3]ਸੜਦੇ। [4]ਪੁਕਾਰਦੇ ਹਨ। |
| ਪਾਇ ਤਾਪ ਪੀਰਾ[1] ਨਰ ਆਰਤ[†]। | [1]ਪੀੜਾ। [†]ਪਾ:- ਨਰਕਾਰਤ। |
| ਤੁਮ ਧਾਰਾਧਰਿ[1] ਸਰਸ[2] ਪਠਾਏ। | [1]ਬੱਦਲ। [2]ਵਾਂਙੂ। |
| ਮਧੁਰ ਮਧੁਰ[1] ਧੁਨਿ ਕੀਰਤਿ ਗਾਏ ॥੪੩॥ | [1]ਮਿੱਠੀ ਮਿੱਠੀ। |
| ਨਾਮ ਸੁਜਸ[1] ਜਿਸ ਮਹਿਂ ਬਰ ਬਾਰਾ[2]। | [1]ਚੰਗਾ ਜਸ। [2]ਸ੍ਰੇਸ਼ਟ ਜਲ (ਭਾਵ ਅੰਮ੍ਰਿਤ)। |
| ਅਹੈ ਹੁਤਾਸਨ[1] ਨਾਸ਼ਨਹਾਰਾ[2]। | [1]ਅਗਨੀ ਨੂੰ। [2]ਨਾਸ਼ ਕਰਨ ਵਾਲਾ। |
| ਅਤਿ ਸੀਤਲਤਾ[1] ਭਗਤਿ ਸੁਹਾਈ। | [1]ਠੰਢ। |
| ਨਿਜ ਸਰੂਪ ਸਮਝਨ ਸੁਖ ਪਾਈ ॥੪੪॥ | |
| ਜਰਤਜੋਂ[1] ਨਰਨ[2] ਉਬਾਰਨ[3] ਕਾਰਨ। | [1]ਸੜਦਿਆਂ। [2]ਪੁਰਸ਼ਾਂ ਨੂੰ। [3]ਬਚਾਉਣ। |
| ਜਗ ਪ੍ਰਗਟੇ ਤੁਮ ਦੰਭ[1] ਬਿਦਾਰਨ। | [1]ਪਖੰਡ। |
| ਸੋ ਕਾਰਜ ਸਭਿ ਹੀ ਕਰਿ ਆਏ। | |
| ਕਿਧੋਂ[1] ਰਹਜੋ ਕਰਨੋ ਕਿਤ[2] ਥਾਏ?' ॥੪੫॥ | [1]ਯਾ ਕਿ। [2]ਕਿਸੇ। |
| ਦੋਹਰਾ: | [1]ਵਾਹਿਗੁਰੂ ਜੀ। |
| ਸੁਨਿ -ਸਤਿ ਸ੍ਰੀ ਅਕਾਲ[1]- ਤੇ, ਅਸ ਪ੍ਰਕਾਰ ਕੇ ਬੈਨ। | |
| ਬੋਲੇ ਸ਼੍ਰੀ ਨਾਨਕ ਤਬੈ, ਜੇ ਸਿੱਖਨ ਸੁਖ ਦੈਨ ॥੪੬॥ | |
| ਚੌਪਈ: | [1]ਸਮੁੰਦਰ ਦੇ। [2]ਜਜ਼ੀਰੇ, ਦੀਪ। |
| 'ਹੁਤੇ ਅਠਾਰਹਿਂ ਸਾਗਰ[1] ਟਾਪੂ[2]। | |
| ਪਸਰ ਰਹਜੋ[1] ਤਹਿਂ ਨਾਮ ਪ੍ਰਤਾਪੂ। | [1]ਫੈਲ ਗਿਆ ਹੈ। |
| ਜੰਬੂ ਦੀਪ ਬਿਖੈ ਬਹੁ ਥਾਈਂ। | |
| ਪਸਰੀ[1] ਭਗਤਿ ਮਹਾਂ ਸੁਖਦਾਈ[†] ॥੪੭॥ | [1]ਫੈਲ ਗਈ ਹੈ। [†]ਪਾ:-ਪਸਰੀ ਭਗਤਿ ਕਰਤ ਸੁਖ ਪਾਈ। |
| ਅਬ ਨਵ ਖੰਡਨ ਜਾਇ ਬਹੋਰੀ। | |
| ਦੈ ਉਪਦੇਸ਼ ਕਟੌਂ ਦੁਖ ਘੋਰੀ। | |

ਸਪਤ ਦੀਪ ਮਹਿਂ ਨਾਮ ਪ੍ਰਤਾਪਾ।
ਸੁਨਿ ਕਰਿ ਸ਼ਬਦਿ ਕਰਹਿਂਗੇ ਜਾਪਾ
॥੪੮॥
ਹ੍ਵੈ ਹੈ ਭਗਤਿ ਨਾਮ ਵਡਿਆਈ।
ਧਰਾ ਭਾਰ ਦੁਖ ਸਭਿ ਮਿਟਿ ਜਾਈ।
ਸਿਮਰਹਿਂ ਨਾਮ ਗਾਨ[1] ਪੁਨ ਕਰਿਹੀਂ। [1]ਗਾਉਣਾ।
ਜਨਮ ਜਨਮ ਅਘ ਕੋਟਿਕ ਹਰਿਹੀਂ'
॥੪੯॥
ਘਨਸੁਰ ਸਮ[1] ਗੰਭੀਰ ਸੁ ਬਾਨੀ। [1]ਬੱਦਲ ਦੀ ਅਵਾਜ਼ ਵਾਂਗ।
ਕਰਤਾ ਪੁਰਖ ਕਹਤਿ ਸੁਖ ਸਾਨੀ।
'ਉਚਰਹੁ ਮਹਿਮਾ ਨਾਮ ਮਨੋਗਾ[1]। [1]ਸੁੰਦਰ!
ਜੋ ਮਤਿਮੰਦਨ ਤਾਰਨ ਜੋਗਾ ॥੫੦॥
ਨਿਜ ਮੁਖ ਤੇ ਤੁਮ ਗਾਇ ਸੁਨਾਵਹੁ।
ਬਹੁਤ ਜਾਇ ਉਪਦੇਸ਼ ਦ੍ਰਿੜਾਵਹੁ।'
ਸੁਨਿ ਬੋਲੇ ਸ੍ਰੀ ਨਾਨਕ ਬਾਨੀ।
ਆਸਾ ਰਾਗ ਬਿਖੇ ਸ਼ੁਭ ਸਾਨੀ[†] ॥੫੧॥ [†]ਪਾ:-ਗਤਿ ਦਾਨੀ।

ਸ੍ਰੀ ਮੁਖਵਾਕ ॥
ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥
ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ ॥
ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ੍ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥
ਗਾਵਨਿ੍ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ੍ ਤੁਧਨੋ ਖਾਣੀ ਚਾਰੇ ॥
ਗਾਵਨਿ੍ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ੍ ਜੋ ਤੁਧੁ ਭਾਵਨਿ੍ ਰਤੇ ਤੇਰੇ ਭਗਤ ਰਸਾਲੇ ॥

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥੧॥

ਦੋਹਰਾ:

ਜਨੁ[1] ਮੂਰਤ ਅਨੁਰਾਗ[2] ਹ੍ਵੈ, ਗਾਵਤਿ ਆਸਾ ਰਾਗ।
ਸੋਦਰ ਸ਼ਬਦ ਉਚਾਰਿ ਕੈ, ਬੰਦਤਿ[1] ਹ੍ਵੈ ਅਸ਼ਟਾਂਗ[2] ॥੫੨॥

[1]ਮਾਨੋ। [2]ਪ੍ਰੇਮ।
[1]ਨਮਸਕਾਰ ਕੀਤੀ। [2]ਡੰਡੌਤ ਕਰਕੇ।

ਸੋਰਠਾ:

ਅਖੰਡ[1] ਮੰਡਲਾਕਾਰ[2], ਦਿਪਤ ਤੇਜ ਸ਼ਤ[3] ਕੋਟ[4] ਰਵਿ[5]।
ਅਨਿਕ ਤੜਿਤ ਚਮਕਾਰ, ਕੈਸੇ ਹੋਤਿ ਸਮਾਨ ਤਿਹ[1] ॥੫੩॥

[1]ਇਕ ਰਸ। [2]ਗੋਲਾਕਾਰ। [3]ਸੌ। [4]ਕ੍ਰੋੜ। [5]ਸੂਰਜ।
[1]ਤਿਸਦੇ।

ਚੌਪਈ:

ਮਹਿਮਾ ਸ੍ਰੀ ਅਕਾਲ ਸੁਨਿ ਕਾਨੇ।
ਭੇ ਪਰਸੀਦ[1] ਮੰਦ[2] ਮੁਸਕਾਨੇ[3]।
ਸ੍ਰੀ ਮੁਖ ਤੇ ਪੁਨ ਗਿਰਾ ਉਚਾਰੀ।
'ਅਬ ਤੁਮ ਜਾਵਹੁ ਜਗਤ ਮਝਾਰੀ ॥੫੪॥

[1]ਪ੍ਰਸੰਨ। [2]ਥੋੜਾ। [3]ਮੁਸਕ੍ਰਾਏ।

ਜਿਹ ਕਾਰਨ ਨਿਜ ਧਰਯੋ ਸਰੀਰਾ।
ਕਰਹੁ ਕਾਜ ਭੰਜਹੁ ਭਵ ਪੀਰਾ।
ਸਿੱਖੀ ਰੀਤਿ ਪ੍ਰਕਾਸ਼ਹਿ ਜਬ ਹੀ।
ਆਵਹੁ ਨਿਕਟਿ ਹਮਾਰੇ ਤਬ ਹੀ ॥੫੫॥

ਕਰਤਿ ਕੁਕਰਮ ਸਰਬ ਨਿਰਵਾਰੋ।
ਦੰਭ ਅਨੇਕਨ ਦੂਰ ਬਿਦਾਰੋ।
ਸੱਤਿਨਾਮੁ ਕੋ ਕਰਿ ਉਪਦੇਸ਼ਾ।
ਧਰਨੀ ਕੋ ਸਭਿ ਹਰਹੁ ਕਲੇਸ਼ਾ' ॥੫੬॥

ਸੁਨਿ ਕਰਿ ਸ੍ਰੀ ਅਕਾਲ ਕੇ ਬਚਨਾ।
ਬੰਦੇ ਚਰਨ ਬਿਨੈ ਕਰਿ ਰਚਨਾ।
ਹਟੇ ਜਗਤ ਕੀ ਦਿਸ ਗਤਿਦਾਈ।
ਦੀਨਨ ਬੰਧੁ ਦਿਆਲ ਗੁਸਾਈਂ ॥੫੭॥
ਧਰਜੋ ਦੇਹਿ ਜਿਨ ਦੁਤਿਯ ਨ ਕਾਰਨ।
ਕੇਵਲ ਮਾਨਵ ਦੁਖਿਯਨਿ ਤਾਰਨ[1]।

[1]ਜਿਨ੍ਹਾਂ ਨੇ 'ਦੇਹ' ਕੇਵਲ ਦੁਖੀ ਮਨੁੱਖਾਂ ਦੇ ਤਾਰਨ ਲਈ ਧਾਰੀ ਹੈ, ਹੋਰ ਦੂਜਾ ਕੋਈ ਕਾਰਨ ਦੇਹ ਧਾਰਨ ਦਾ ਨਹੀਂ ਹੈ।

ਜੇ ਨਰ ਤਿਨ ਕੇ ਬਚਨਨ ਮਾਂਹੀ।
ਚਲਤਿ ਸਦਾ, ਤਿਨ ਜਮ ਭੈ ਨਾਂਹੀ ॥੫੮॥
ਜਿਉਂ ਬਾਵਨ[1] ਪਦ[2] ਪੰਕਜ[3] ਬਾਰਾ[4]।
ਜਗਤ ਬਿਥਾਰੀ ਸੁਰਸਰਿ[1] ਧਾਰਾ।

[1]ਬਾਵਨ ਦੇ। [2]ਚਰਣਾ। [3]ਕਵਲਾਂ ਦਾ। [4]ਜਲ।
[1]ਗੰਗਾ।

ਤਿਉਂ ਸ੍ਰੀ ਨਾਨਕ ਉੱਤਮ ਬਾਨੀ।
ਭਵ[1] ਸਭਿ ਬਿਸਤਾਰੀ ਗੁਨ ਖਾਨੀ ॥੫੯॥

[1]ਸੰਸਾਰ ਵਿਖੇ।

ਤਿਹ ਮਹਿਂ ਥੂਲ ਸਰੀਰ ਜੁ ਮੱਜਹਿਂ[1]†।

[1]ਇਸ਼ਨਾਨ ਕਰਦੇ ਹਨ। †ਪਾ:-ਸਥੂਲ ਸਰੀਰ ਨਿਮਜਹਿਂ।

ਪਾਪ ਕਮਾਤੇ ਸਭਿਹੀ ਭੱਜਹਿਂ।
ਇਸ ਮਹਿਂ ਸੂਖਮ ਮਨ ਇਸ਼ਨਾਨਾ।
ਕਰਿਹਂ ਜਿ ਨਰ ਤਿਨ ਕੋ ਗਤਿ[1] ਪਾਨਾ[2] ॥੬੦॥

[1]ਮੁਕਤੀ। [2]ਹੱਥ ਵਿਚ ਹੈ।

ਸੋ ਇਕ ਥਲ ਇਹ ਸਭਿ ਥਲ ਮਾਂਹੀ[1]।
ਸਭਿ ਬਿਧਿ ਸੁਗਮ[1] ਅਗਮ[2] ਕਛੁ ਨਾਂਹੀ।

[1]ਸਭ ਜਗਾ ਵਿੱਚ ਹੈ।
[1]ਸੌਖੀ। [2]ਔਖੀ।

ਪਢਤਿ ਸੁਨਤਿ ਗਤਿ[1] ਦੇਤਿ ਸੁਖਾਰੇ।
ਜੇ ਨ ਕਮਾਵਹਿਂ ਜਗ ਭਵ[1] ਹਾਰੇ ॥੬੧॥

[1]ਮੁਕਤੀ।
[1]ਜਨਮ।

ਦੋਹਰਾ:
ਸਤਿ ਸੰਗਤਿ ਸ਼ੁਭ ਘਾਟ ਤੇ, ਨਿੱਤ ਕਰਉ† ਇਸ਼ਨਾਨ।

†ਲਿਖਤ ਵਿੱਚ ਪਾਠ-ਕਰਉ-ਹੈ। ਛਾਪੇ ਵਿੱਚ ਕਰਾਉ-ਹੈ, ਜੇ-ਕਰਾਉ-ਪਾਠ ਸ਼ੁੱਧ ਮੰਨਣਾ ਹੋਵੇ ਤਾਂ ਫਿਰ-ਇਸ਼ਨਾਨ-ਨੂੰ-ਸ਼ਨਾਨ-ਪੜ੍ਹਨਾ ਚਾਹੀਏ।

ਕਵਿ ਸੰਤੋਖ ਸਿੰਘ ਬੰਦ ਦ੍ਵੈ, ਨਮੋ ਨਮੋ ਗੁਨਖਾਨਿ ॥੬੨॥

ਅਰਥ:

(ਹੇ ਵਾਹਿਗੁਰੂ ਦਾਨ ਦੇਹ ਕਿ ਮੈਂ) ਸਤਿ ਸੰਗਤ (ਰੂਪੀ) ਸ਼ੁਭ ਘਾਟ ਉਤੇ ਸਦਾ ਇਸ਼ਨਾਨ ਕਰਾਂ, ਕਵਿ ਸੰਤੋਖ ਸਿੰਘ (ਐਸੇ) ਗੁਣਾਂ ਦੀ ਖਾਨ (ਸਤਿਸੰਗ) ਅਗੇ ਦੋਵੇਂ ਹੱਥ ਜੋੜ ਕੇ ਬਾਰੰਬਾਰ ਨਮਸਕਾਰ ਕਰਦਾ ਹੈ।

ਭਾਵ:

ਇਸ ਦੋਹੇ ਵਿਚ ਕਵੀ ਜੀ ਆਪਣੇ ਨਾਮ ਦਾਤਾ-ਗੁਰਮੁਖ, ਅਤੇ ਵਿਦਯਾ ਦਾਤਾ ਉਸਤਾਦ ਜੀ- ਦੇ ਪ੍ਰੇਮ ਵਿੱਚ ਉਹਨਾਂ ਦੇ ਨਿਤ ਸਤਿਸੰਗ ਦੀ ਯਾਚਨਾ, ਅਰ ਸਤਿਕਾਰ ਭਰੀ ਯਾਦ ਵਿੱਚ ਨਮੋਂ ਨਮੋਂ ਕਰਦੇ ਹਨ। ਪਹਿਲੇ ਅਧ੍ਯਾਯ ਦੇ ਮੰਗਲਾਂ ਵਿੱਚ ਅੰਕ ੩੩ ਵਿਖੇ ਉਨ੍ਹਾਂ ਦਾ ਮੰਗਲ ਕਰ ਆਏ ਹਨ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼੍ਰੀ ਅਕਾਲ ਪੁਰਖ' ਪ੍ਰਸੰਗ ਬਰਨੰਨ ਨਾਮ ਤ੍ਰਿਹੱਤਰਮੋਂ ਅਧ੍ਯਾਯ ॥੭੩॥

ਪੂਰਬਾਰਧ ਸਮਾਪਤ ਹੋਇਆ।

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਨਾਨਕ ਪ੍ਰਕਾਸ਼

(ਉੱਤਰਾਰਧ)

# Sri Nanak Parkash

Utraradh (Part II)

ਕ੍ਰਿਤ:

## ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

By

## Bhai Santokh Singh

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਵਾਲਿਆਂ ਦੀ ਪਵਿੱਤਰ ਯਾਦ ਵਿੱਚ ਸਮਰਪਿਤ

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made available for all users
In sweet Memory of

His Holiness Sant Kishan Singh ji (Rara Sahib)

by

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

# ਦੋ ਸ਼ਬਦ

(ਵਲੋਂ: ਬਲਜਿੰਦਰ ਸਿੰਘ)

# ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

# ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੁਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਤਤਕਰਾ ਉਤਰਾਰਧ

# ਸੰਖੇਪ ਲਿੰਕ

# ਤਤਕਰਾ ਉਤਰਾਰਧ

# ਸੰਖੇਪ ਅਧਯਾਜ ਲਿੰਕ

(ਵਿਸਥਾਰ ਵਿੱਚ ਤਤਕਰਾ ਦੇਖਣ ਲਈ ਤਤਕਰਾ ਉਤਰਾਰਧ ਉਤੇ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬ ੩੭ ੩੮ ੩੯ ੪੦ ੪੧
੪੨ ੪੩ ੪੪ ੪੫ ੪੬ ੪੭ ੪੮ ੪੯ ੫੦ ੫੧
੫੨ ੫੩ ੫੪ ੫੫ ੫੬ ੫੭

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਅਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਸਾਡੇ ਪਾਸ ਪ੍ਰਾਪਤ ਹਨ, ਉਨ੍ਹਾਂ ਨੂੰ ਹੀ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਇਸਦੀ ਪ੍ਰਮਾਣੀਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਅੱਜ ਦੇ ਤੇਜ਼ ਤਰਾਰ ਕੰਪਿਊਟਰ ਤਕਨਾਲੋਜੀ ਦੇ ਯੁਗ ਵਿੱਚ ਇੰਟਰਨੈੱਟ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਦਾਸ ਦਾ ਇੱਕ ਉਦੇਸ਼ ਹੈ। 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚੋਂ ਸ੍ਰੀ ਨਾਨਕ ਪ੍ਰਕਾਸ਼ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਇੰਟਰਨੈੱਟ ਉੱਪਰ ਉਪਲਬਧ ਕਰਾਉਣਾ, ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਸਿਰਫ ਪਹਿਲਾ ਪੜਾਅ ਹੈ।

ਸ੍ਰੀ ਨਾਨਕ ਪ੍ਰਕਾਸ਼ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਨਾਨਕ ਪ੍ਰਕਾਸ਼ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਤਤਕਰੇ ਵਿੱਚ ਪਾਠਕਾਂ ਦੀ ਸੁਵਿਧਾ ਲਈ ਕੁਝ ਵਾਧਾ ਕੀਤਾ ਗਿਆ ਹੈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ ਹਰ ਕਿਸੇ ਅਧਯਾਯ ਵਿੱਚ ਆਉਣ ਵਾਲੇ ਮਹੱਤਵਪੂਰਨ ਅੰਸ਼ਾਂ ਦੇ ਅੰਕ-ਨੰਬਰ ਨਾਲ ਦਰਜ ਕਰ ਦਿੱਤੇ ਗਏ ਹਨ। ਕਿਸੇ ਵੀ ਅਧਯਾਯ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਵੀ ਦਿੱਤੇ ਗਏ ਹਨ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸ੍ਰੀ ਨਾਨਕ ਪ੍ਰਕਾਸ਼ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੪ ਦਸੰਬਰ ੨੦੦੦

## ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਤਤਕਰਾ ਉਤਰਾਰਧ


੧ ੧. [ਗੁਰਬਾਣੀ ਤੇ ਸ੍ਰੀ ਗੁਰ ਨਾਨਕ ਦੇਵ ਜੀ ਦਾ ਮੰਗਲ। ਧ੍ਰੂਵ ਤੋਂ ਵਿਦਾ, ਸ਼ੀਲਾਗਿਰ ਤੇ ਗਿਰ ਘਿਰਾਣ]

{ਧ੍ਰੂਵ ਤੋਂ ਵਿਦਾ} ॥੧੭॥
{ਸੀਲਾਗਿਰ} ॥੨੭॥
{ਬ੍ਰਿਛਾਂ ਤੋਂ ਸਿੱਖਿਆ} ॥੩੫॥
{ਕਲਜਾਨ ਅਤੇ ਸੀਲਸੈਨ} ॥੫੫..॥
{ਗਿਰ ਘਿਰਾਣ} ॥੬੯..॥
{ਰਿਸ਼ੀ ਨੂੰ ਇਸ਼ਨਾਨ ਦਾ ਮਹਾਤਮ ਦੱਸਣਾ} ॥੭੨.. ॥

੨ ੨. [ਸ਼ਾਰਦਾ ਮੰਗਲ। ਉਲਕਾ ਗਿਰ, ਇਲਾਬ੍ਰਤ ਖੰਡ, ਹਿਰਨ ਖੰਡ, ਕਿੰਪੁਰਖ ਖੰਡ, ਹਰਵਰਖ ਖੰਡ ਤੇ ਕੁਰੁਖੰਡ ਉਪਦੇਸ਼]

{ਉਲਕਾ ਗਿਰ} ॥੨॥
{ਮਰਦਾਨੇ ਦੀ ਸ਼੍ਰਧਾ ਅਤੇ ਸਿਦਕ} ॥੯..॥
{ਨੌਂ ਖੰਡ} ॥੧੩..॥
{ਪਹਿਲਾ ਇਲਾਬ੍ਰਤ ਖੰਡ} ॥੧੫..॥
{ਦੂਜਾ ਹਿਰਨ ਖੰਡ} ॥੩੧..॥
{ਤੀਜਾ ਕਿੰਪੁਰਖ ਖੰਡ} ॥੪੦..॥
{ਧਰਮ ਚੰਦ ਰਾਜੇ ਦਾ ਸਿਦਕ} ॥੪੩-੪੬॥
{ਚੌਥਾ ਹਰਵਰਖ ਖੰਡ} ॥੪੮॥
{ਪੰਜਵਾਂ ਕੁਰਖੰਡ} ॥੫੫ ॥

੩ ੩. [ਸ਼ਾਰਦਾ ਮੰਗਲ। ਕੇਤਮਾਲ, ਰੰਮਕ, ਭੱਦ੍ਰ ਤੇ ਭਰਥ ਖੰਡ ਅਤੇ ਜੰਮੂ ਤੇ ਵਣਜਾਰਿਆਂ ਦੇ ਗ੍ਰਾਮ ਜਾਣਾ]

{ਛੇਵਾਂ ਕੇਤਮਾਲ ਖੰਡ} ॥੨॥
{ਭਾਈ ਬਾਲੇ ਨੂੰ ਬਲੀ ਦੇਣ ਲਈ ਪਕੜਨਾ} ॥੫..॥
{ਦੇਵੀ ਵਲੋਂ ਰਾਜੇ ਨੂੰ ਸਜ਼ਾ} ॥੧੮..॥
{ਧਰਮਜਸ} ॥੩੦॥
{ਸੱਤਵਾਂ ਰੰਮਕ ਖੰਡ} ॥੩੩..॥
{ਕੂਕਰ ਅਤੇ ਸ਼ੇਰ ਦ੍ਰਿਸ਼ਟੀ} ॥੩੫..॥
{ਅੱਠਵਾਂ ਭੱਦ੍ਰ ਖੰਡ} ॥੪੨..॥
{ਕੌਲਨਾਭ ਨੂੰ ਗ੍ਰਿਹਸਥ ਦੀ ਮਹਿਮਾ ਦੱਸਣੀ} ॥੪੫-੫੧॥
{ਨੌਵਾਂ ਭਾਰਤ ਖੰਡ} ॥੫੪॥
{ਜੰਮੂ, ਜਾਮਵੰਤ ਪੌਰਾਣਕ ਕਥਾ} ॥੫੮..॥
{ਬਨਜਾਰਿਆਂ ਦਾ ਪ੍ਰਸੰਗ} ॥੭੫.. ॥

੪ ੪. [ਗੁਰ ਚਰਨ ਮੰਗਲ। ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਔਣਾ]

{ਦੁਨੀ ਚੰਦ} ॥੩..॥

{ਪ੍ਰਾਣੀ ਦੇ ਤਿੰਨ ਮਿਤ੍ਰ} ॥੩੫..॥

{ਰੋੜਾਂ ਦਾ ਕੰਚਨ} ॥੬੨ ॥

੫ ੫. [ਸ਼ਾਰਦਾ ਮੰਗਲ। ਮਾਤਾ ਪਿਤਾ ਉਪਦੇਸ਼ ਪ੍ਰਸੰਗ।]

੬ ੬. [ਸ਼ਾਰਦਾ ਮੰਗਲ। ਮਾਤ ਪਿਤਾ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ]

{ਮੱਤ ਨੌਕਾ ਸਮਾਨ} ॥੮..॥

{ਪਿਤਾ ਪ੍ਰਤਿ ਉਪਦੇਸ਼} ॥੧੪..॥

{ਪ੍ਰਮੇਸ਼ਰ ਕਿਉਂ ਨਹੀਂ ਦਿਸਦਾ?} ॥੧੮..॥

{ਕਾਲੂ ਜੀ ਨੇ ਬੈਕੁੰਠ ਪਹੁੰਚੇ ਪਿਤਰ ਦੇਖਣੇ} ॥੪੫..॥

{ਪਿਤਾ ਕਾਲੂ ਜੀ ਬੈਕੁਠ ਗਮਨ} ॥੫੭॥

{ਮਾਤਾ ਤ੍ਰਿਪਤਾ ਬੈਕੁਠ ਗਮਨ} ॥੫੮॥

{ਤਲਵੰਡੀ ਵਾਸੀਆਂ ਨੂੰ ਉਪਦੇਸ਼} ॥੬੩॥

{ਚਾਚਾ ਲਾਲੂ ਜੀ ਨੂੰ ਉਪਦੇਸ਼} ॥੭੪-੭੫॥

{ਗੁਰੂ ਜੀ ਦੀ ਸ਼ੁਭ ਗੁਣਾਂ ਦੀ ਸੈਨਾ} ॥੭੭-੭੯ ॥

੭ ੭. [ਸੰਤ ਮੰਗਲ। ਕੁਰਖੇਤ੍ਰ ਵਿਖੇ ਨਾਨੂ ਪੰਡਤ ਨਾਲ ਚਰਚਾ]

{ਕੁਰਕਸ਼ੇਤ੍ਰ ਸੂਰਜ ਗ੍ਰਹਿਣ ਦਾ ਮੇਲਾ} ॥੨॥

{ਨਾਨੂੰ ਪੰਡਤ ਨਾਲ ਚਰਚਾ} ॥੨੬..॥

{ਕੁਰਕਸ਼ੇਤ੍ਰ ਮਾਸ ਨਹੀਂ, ਖੀਰ ਰਿੰਨ੍ਹੀ} ॥੭੪ ॥

੮ ੮. [ਚੰਡੀ ਮੰਗਲ। ਗੰਗਾ ਵਿਖੇ ਲਹਿੰਦੇ ਵਲ ਪਾਣੀ ਉਛਾਲਨਾ।]

{ਗੁਰੂ ਜੀ ਹਰਿਦੁਆਰ ਪਹੁੰਚੇ} ॥੨॥

{ਗੰਗਾ ਵਿਖੇ ਲਹਿੰਦੇ ਵੱਲ ਪਾਣੀ ਉਛਾਲਣਾ} ॥੭॥

{ਪੰਡਤਾਂ ਦੇ ਮਨ ਦੀ ਦੌੜ} ॥੩੦..॥

{ਚੌਂਕੇ ਦੀ ਭਿੱਟ} ॥੪੩..॥

{ਗੰਗਾ ਦਾ ਦਰਸ਼ਨਾ ਵਾਸਤੇ ਆਉਣਾ} ॥੫੯..॥

{ਸੰਤ ਲੱਛਣ} ॥੬੫..॥

{ਗੰਗਾ ਨੇ ਭੰਡਾਰਾ ਕਰਨਾ} ॥੭੧.. ॥

੯ ੯. [ਸ਼ਾਰਦਾ ਮੰਗਲ। ਬ੍ਰਿਜ, ਅਯੁੱਧਯਾ, ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼]

{ਗੁਰੂ ਜੀ ਬ੍ਰਿਜ ਪਹੁੰਚੇ} ॥੩..॥
{ਬ੍ਰਿਜ ਪਰਬਤ ਦੀ ਪੌਰਾਣਕ ਕਥਾ} ॥੬..॥
{ਗੁਰੂ ਜੀ ਅਯੁੱਧਯਾ ਵਿੱਚ} ॥੪੭॥
{ਤਿੰਨ ਪ੍ਰਕਾਰ ਦੇ ਗੁਰੂ} ॥੫੬..॥
{ਗੁਰੂ ਜੀ ਕਾਂਸ਼ੀ ਵਿੱਚ} ॥੭੦..॥
{ਕਾਂਸ਼ੀ ਦੇ ਪੰਡਤਾਂ ਨੂੰ ਉਪਦੇਸ਼} ॥੭੫..॥
{ਕਾਂਸ਼ੀ ਦੇ ਲੋਕਾਂ ਨੂੰ ਉਪਦੇਸ਼}
{ਦੋ ਕਿਸਮ ਦਾ ਪੜ੍ਹਨਾ} ॥੭੮.. ॥

੧੦ ੧੦. [ਸ਼ਾਰਦਾ ਮੰਗਲ। ਜਗਨ ਨਾਥ, ਕਲਜੁਗ ਪ੍ਰਸੰਗ]

{ਜਗਨ ਨਾਥ ਪੁਰੀ} ॥੨..॥
{ਆਰਤੀ} ॥੭..॥
{ਬਘਿਆੜ ਦੀ ਕਥਾ} ॥੧੪॥
{ਕਲਜੁਗ ਪ੍ਰਸੰਗ} ॥੨੨..॥
{ਕਲਜੁਗ ਦੀ ਸੈਨਾ} ॥੪੬॥
{ਕਲਜੁਗ ਲੱਛਨ} ॥੬੯.. ॥

੧੧ ੧੧. [ਸ਼ਾਰਦਾ ਮੰਗਲ। ਇਕ ਗ੍ਰਾਮ ਮੁਨਾਫਿਕ ਦੇਸ਼]

{ਮੁਨਾਫਿਕ ਦੇਸ਼}
{ਡੂਮ ਨੂੰ ਅਸ਼ਰਫੀ ਦਿਵਾਉਣੀ} ॥੯॥
{ਮੁਨਾਫਿਕ ਦੇਸ਼} ॥੩੦..॥
{ਕੁਦਰਤ ਦਾ ਖੇਲ} ॥੫੩ ॥

੧੨ ੧੨. [ਪ੍ਰਭੂ ਮੰਗਲ। ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਢਹਿਣ ਵਾਲੇ ਨਗਰ ਤੇ ਹਾਰੂ ਦੇਸ਼ ਦਾ ਪ੍ਰਸੰਗ]

{ਅੱਗ ਨਾਲ ਸੜਨ ਵਾਲਾ ਨਗਰ} ॥੧੦..॥
{ਦੈਂਤ ਦਾ ਉਧਾਰ} ॥੧੯..॥
{ਸਮੁੰਦ੍ਰ ਨਾਲ ਢਹਿਣ ਵਾਲਾ ਨਗਰ} ॥੪੪..॥
{ਗੁਰ ਕੀ ਕਰਨੀ ਕਾਹੇ ਧਾਵਹੁ ?} ॥੫੫..॥
{ਹਾਰੂ ਨਗਰ} ॥੬੦..॥
{ਸਰੇਵੜੇ ਦੀ ਕਲਾ ਖਿੱਚੀ} ॥੬੧..॥
{ਨਾਮ ਸੱਚਾ ਮੋਤੀ} ॥੯੩.. ॥

੧੩ ੧੩. [ਸੰਤ ਮੰਗਲ। ਤਿਖਾਨ ਦੀ ਛੱਪਰੀ ਤੋੜਨੀ, ਭੂਟੰਤ ਦੇਸ਼, ਅੰਨ ਅਗਨਿ ਰਹਿਤ ਦੇਸ਼ ਪ੍ਰਸੰਗ]

{ਤਿਖਾਣ ਦੀ ਛੱਪ੍ਰੀ ਤੋੜੀ} ॥੪॥
{ਭੂਟੰਨ ਦੇਸ਼} ॥੧੪..॥
{ਰਾਜੇ ਨੂੰ ਪਰਤ੍ਰਿਅ ਤਿਆਗਣ ਦਾ ਉਪਦੇਸ਼} ॥੩੨..॥
{ਅੰਨ ਅਗਨ ਰਹਤ ਦੇਸ਼} ॥੫੪..॥
{ਦੁੰਬਾ ਜਿਵਾਇਆ} ॥੬੩ ॥

੧੪ ੧੪. [ਸੰਤ ਮੰਗਲ। ਕਸ਼ਮੀਰ ਵਿਖੇ ਅਯਾਲੀ ਤੇ ਪੰਡਤ ਨੂੰ ਸਿੱਖ ਬਣਾਉਣਾ, ਵਲੀ ਕੰਧਾਰੀ ਤੇ ਕਾਬਲ ਦੀ ਮਸੀਤ ਫਿਰਾਉਣੀ]

{ਗੁਰੂ ਜੀ ਕਸ਼ਮੀਰ ਵਿੱਚ} ॥੩..॥
{ਅਜਾਲੀ ਦੇ ਦੁੰਬੇ} ॥੮..॥
{ਵਿੱਦਿਆ ਅਭਿਮਾਨੀ ਪੰਡਿਤ} ॥੩੭..॥
{ਪੰਡਿਤ ਦੀ ਗੁਰੂ, ਮਾਇਆ} ॥੫੨..॥
{ਵਲੀ ਕੰਧਾਰੀ} ॥੬੮..॥
{ਪੰਜਾ ਸਾਹਿਬ} ॥੯੪..॥
{ਕਾਬਲ ਮਸੀਤ ਦੌੜਾਉਣੀ} ॥੧੧੦..॥
{ਅਉਘੜ ਅਪਨੋ ਨਾਮ ਕਹਾਯੋ} ॥੧੧੪ ॥

੧੫ ੧੫. [ਨਾਮ ਰਸੀਏ ਸਿੱਖ ਦਾ ਮੰਗਲ। ਬਾਲਕ ਨੂੰ ਪਾਤਸ਼ਾਹੀ, ਬਪਾਰੀ ਤੇ ਠੱਗਾਂ ਨੂੰ ਤਾਰਨਾ]

{ਬਾਲਕ ਨੂੰ ਪਾਤਸ਼ਾਹੀ} ॥੨..॥
{ਬਪਾਰੀ ਮਿਲਾਪ, ਨਿਮ੍ਰਤਾ} ॥੧੮..॥
{ਠੱਗਾਂ ਨੂੰ ਤਾਰਨਾ} ॥੪੧.. ॥

੧੬ ੧੬. [ਸ਼ਾਰਦਾ ਮੰਗਲ। ਕਾਰੂੰ ਪ੍ਰਸੰਗ]

{ਕਾਰੂੰ ਪ੍ਰਸੰਗ} ॥੨..॥
{ਨਸੀਹਤ ਨਾਮਾ} ॥੫੧.. ॥

੧੭ ੧੭. [ਸ਼ਾਰਦਾ ਮੰਗਲ। ਹਬਸ਼ ਵਿਲਾਇਤ, ਚੋਲਾ, ਰਾਮਚੰਦ੍ਰ ਦੀ ਕਥਾ]

{ਹਬਸ਼ ਵਿਲਾਇਤ} ॥੨॥
{ਲਾਜਵਰਦ} ॥੨, ੩੪॥
{ਅਰਸ਼ੀ ਖਿਲਕਾ} ॥੫..॥
{ਰਾਮਚੰਦ੍ਰ ਦੀ ਕਥਾ} ॥੩੯.. ॥

੧੮ ੧੮. [ਸ੍ਰੀ ਗੁਰ ਗੋਬਿੰਦ ਸਿੰਘ ਜੀ ਮੰਗਲ। ਲੰਕਾ ਪ੍ਰਸੰਗ, ਬਿਭੀਖਨ, ਹਨੂਮਾਨ ਮਿਲਾਪ]

{ਜਨਕ ਦਾ ਸ੍ਰਾਪਿਆ ਮਗਰਮੱਛ} ॥੫॥
{ਲੰਕਾ ਪ੍ਰਸੰਗ} ॥੨੫..॥
{ਦੇਹਹੰਤਾ ਦਾ ਭੂਤਨਾ} ॥੩੧..॥
{ਬਿਭੀਖਨ ਮਿਲਾਪ} ॥੪੦..॥
{ਹਨੂਮਾਨ ਮਿਲਾਪ} ॥੭੧.. ॥

੧੯ ੧੯. [ਸ਼ਾਰਦਾ ਮੰਗਲ। ਪਲਖ, ਸ਼ਾਲਮਲੀ, ਕੁਸ਼, ਕੌਂਚ, ਸ਼ਾਖ ਤੇ ਪੁਸ਼ਕਰ ਦੀਪ ਗਮਨ]

{ਸੱਤ ਦੀਪ} ॥੩॥
{੧ ਪਲਖ ਦੀਪ} ॥੯..॥
{੨ ਸ਼ਾਲਮਲੀ ਦੀਪ} ॥੨੫..॥
{੩ ਕੁਸ਼ ਦੀਪ} ॥੩੪..॥
{੪ ਕ੍ਰੌਂਚ ਦੀਪ} ॥੪੪..॥
{੫ ਸਾਖ ਦੀਪ} ॥੫੫..॥
{ਵਿਸ਼ੇ, ਭਜਨ ਅਤੇ ਗਜਾਨਾਨੰਦ} ॥੬੧..॥
{ਸਰੀਰ ਕਰਮ ਤਰੋਵਰੁ} ॥੬੪॥
{੬ ਪੁਸ਼ਕਰ ਦੀਪ} ॥੬੮..॥
{੭ ਜੰਬੂ ਦੀਪ} ॥੪, ੭੭ ॥॥ ॥੨੦ ॥

੨੦ ੨੦. [ਗੁਰ ਚਰਣ ਮੰਗਲ। ਸਿੱਧਾਂ ਨਾਲ ਗੋਸ਼ਟ]

{ਸਿੱਧਾਂ ਨੇ ਤਿਲ ਭੇਟਾ ਕਰਨਾ} ॥੩॥
{ਸਿੱਧਾਂ ਨਾਲ ਗੋਸ਼ਟ} ॥੭..॥
{ਮੰਗਲਨਾਥ} ॥੧੦॥
{ਭੰਗਰ} ॥੧੧..॥
{ਗੋਰਖ ਮਤਾ} ॥੧੮॥
{ਧੂਣੀ ਪ੍ਰਸੰਗ} ॥੨੭..॥
{ਗੁਰੂ ਜੀ ਨੇ ਪਿੱਪਲ ਹਰਾ ਕਰਨਾ}
{ਗੋਰਖ ਦੀ ਸ਼ਕਤੀ ਖਿੱਚਣੀ} ॥੪੧॥
{ਸ਼ੰਭੂਨਾਥ} ॥੪੫..॥
{ਫਹੁੜੀ ਗੰਗਾ} ॥੪੭॥
{ਮਛਿੰਦ੍ਰ} ॥੫੫॥
{ਰੀਠੇ ਮਿੱਠੇ ਕਰਨੇ} ॥੫੭..॥
{ਸਿੱਧਾਂ ਦਾ ਛਲ} ॥੬੩॥
{ਗੋਰਖ ਦੀ ਖੜਾਮ ਅਤੇ ਮੁੰਦ੍ਰਾ ਵਾਪਿਸ} ॥੭੨..॥
{ਗੋਰਖ ਮਤਾ ਤੋਂ ਨਾਨਕ ਮਤਾ} ॥੮੦ ॥

੨੧ ੨੧. [ਸ਼ਾਰਦਾ ਮੰਗਲ। ਦਿੱਲੀ ਵਿਖੇ ਹਾਥੀ ਜਿਵਾਲਣਾ ਤੇ ਮਰਦਾਨੇ ਦੀ ਪੂਜਾ ਕਰਵਾਉਣੀ]

{ਗੁਰੂ ਜੀ ਦਿੱਲੀ ਵਿੱਚ} ॥੨..॥
{ਹਾਥੀ ਜਿਵਾਯਾ} ॥੨੨..॥
{ਪੀਰ ਨਜ਼ਾਮੁਦੀਨ} ॥੩੦॥
{ਮਰਦਾਨੇ ਦੀ ਪੂਜਾ ਕਰਵਾਈ} ॥੫੫..॥
{ਅਜੀਬ ਬੇਸ} ॥੭੬.. ॥॥ ॥੨੨ ॥

੨੨ ੨੨. [ਨਿਰਵਿਕਾਰ ਮਨ ਦਾ ਮੰਗਲ। ਲਾਹੌਰ ਨੂੰ ਸ੍ਰਾਪ, ਬ੍ਰਾਹਮਣ ਤੇ ਗ੍ਰਾਮਨ ਪ੍ਰਸੰਗ]

{ਗੁਰੂ ਜੀ ਲਾਹੌਰ ਪਹੁੰਚੇ} ॥੩..॥
{ਲਾਹੌਰ ਨੂੰ ਸ੍ਰਾਪ} ॥੪..॥
{ਪਖੰਡੀ ਬ੍ਰਾਹਮਣ} ॥੭..॥
{ਝੂਠ ਪਾਖੰਡ ਬਿਨਾ ਗੁਜ਼ਾਰਾ ਨਹੀਂ?} ॥੨੬..॥
{ਵਸਦੇ ਰਹੋ!} ॥੫੯॥
{ਉਜੜ ਜਾਉ!} ॥੬੧ ॥

੨੩ ੨੩. [ਸਤਿਗੁਰ ਮੰਗਲ। ਸਤਿੱਘਰਾ ਵਿਖੇ ਦੁਖੀ ਸ਼ਾਹ ਦਾ ਉਧਾਰ]

{ਸਤਿੱਘਰਾ ਦਾ ਦੁਖੀ ਸੇਠ} ॥੨..॥
{ਕਰਮ ਫਿਲਾਸਫੀ ਬਾਬਤ ਸੁੰਦਰ ਵੀਚਾਰ} ॥੨੮-੩੭॥
{ਇੰਦ੍ਰ ਦੀ ਕਥਾ} ॥੪੦-੫੨॥
{ਪਰਸਰਾਮ ਦੀ ਕਥਾ} ॥੫੩-੬੭॥
{ਅਜ, ਰਾਮ, ਰਾਵਣ-ਸੰਖੇਪ} ॥੬੮-੭੨ ॥

੨੪ ੨੪. [ਸ਼ਾਰਦਾ ਮੰਗਲ। ਪਾਂਡਵਾਂ ਦਾ ਪ੍ਰਸੰਗ]

{ਪਾਂਡਵਾਂ ਦਾ ਪ੍ਰਸੰਗ} ॥੨..॥
{ਕ੍ਰੀਚਕ ਪ੍ਰਸੰਗ} ॥੩੩.. ॥॥ ॥੨੫ ॥

੨੫ ੨੫. [ਗਜਾਨੀ ਮੰਗਲ। ਦੁਖੀ ਸ਼ਾਹ। ਕੋਹੜੀ ਫਕੀਰ ਨਿਸਤਾਰਨ]

{ਜਨਮੇਜੇ ਦੀ ਕਥਾ} ॥੨..॥
{ਅਗਲੇ ਪ੍ਰਸੰਗ ਸੰਖੇਪ} ॥੪੨..॥
{ਕੋਹੜੀ ਫਕੀਰ ਨਿਸਤਾਰਾ} ॥੬੩ ॥॥ ॥੨੬ ॥

੨੬ ੨੬. [ਸੰਤ ਮੰਗਲ। ਸੰਤਾਂ ਦਾ ਉਧਾਰ। ਏਮਨਾਵਾਦ ਆਗਮਨ]

{ਸੰਤਾਂ ਨਾਲ ਗਿਆਨ ਚਰਚਾ} ॥੫..॥

{ਬ੍ਰਹਮਾ, ਬਿਸ਼ਨ ਅਤੇ ਸ਼ਿਵ ਦੀ ਉਮਰ} ॥੧੦.. ॥॥ ॥੨੭॥

{ਸੰਤਾਂ ਸਮੇਤ ਏਮਨਾਵਾਦ ਪਹੁੰਚੇ} ॥੭੪ ॥

੨੭ ੨੭. [ਨਿੰਮ੍ਰਤਾ ਨਿਵਾਸ। ਏਮਨਾਵਾਦ। ਬਾਬਰ ਦਾ ਹੱਲਾ]

{ਏਮਨਾਵਾਦ ਪ੍ਰਸੰਗ} ॥੨..॥

{ਏਮਨਾਵਾਦ ਦੇ ਹੰਕਾਰੀ ਪਠਾਨ} ॥੫॥

{ਭਵਿੱਖਤ ਬਚਨ} ॥੨੧..॥

{ਲਾਲੋ ਨੂੰ ਸ਼ਹਿਰ ਛੱਡਣ ਵਾਸਤੇ ਹੁਕਮ} ॥੪੯..॥

{ਬਾਬਰ ਦਾ ਹੱਲਾ} ॥੬੦.. ॥

੨੮ ੨੮. [ਸਤਿਗੁਰ ਮੰਗਲ। ਗੁਰੂ ਜੀ ਨੇ ਕੈਦੀ ਛੁਡਾਏ ਬਾਬਰ ਤੋਂ]

{ਬਾਲੇ ਮਰਦਾਨੇ ਸਮੇਤ ਗ੍ਰਿਫਤਾਰ} ॥੪॥

{ਖੁਰਾਸਾਨ ਖਸਮਾਨਾ ਕੀਆ} ॥੧੦..॥

{ਜੇਲ੍ਹ ਵਿੱਚ ਚੱਕੀ ਪੀਸਣ ਦਾ ਪ੍ਰਸੰਗ} ॥੨੨..॥

{ਬਾਬਰ} ॥੨੪..॥

{ਬਾਬਰ ਨੂੰ ਬਚਨ} ॥੬੦॥

{ਬਾਬਰ ਤੋਂ ਕੈਦੀ ਛੁਡਾਏ} ॥੬੬ ॥

੨੯ ੨੯. [ਚਰਨ ਕਮਲ ਮੰਗਲ, ਸਾਹੁਰੇ ਨੰਗਰ ਫੇਰਾ, ਅਜਿੱਤਾ ਉਧਾਰ]

{ਮਰਦਾਨੇ ਦਾ ਸ਼ੰਕਾ} ॥੨॥

{ਸਾਹੁਰੇ ਨਗਰ ਫੇਰਾ} ॥੧੯..॥

{ਅਜਿੱਤਾ} ॥੨੦॥

{ਅਜਿੱਤਾ ਉਧਾਰ} ॥੩੯..॥

{ਮੂਲੇ ਅਤੇ ਚੰਦੋਰਾਨੀ ਦੇ ਕਠੋਰ ਬਚਨ} ॥੬੯.. ॥॥ ॥੩੦॥

{ਸ੍ਰੀ ਸੁਲਖਣੀ ਜੀ ਦੀ ਬੇਨਤੀ} ॥੮੫.. ॥

੩੦ ੩੦. [ਚਰਨ ਮੰਗਲ। ਕਰਤਾਰ ਪੁਰ ਬਸਨਾ, ਬ੍ਰਹਮਣ ਦੀ ਰਸੋਈ ਦੀ ਸੁਚ]

{ਮੂਲਾ ਚੰਦੋਰਾਨੀ ਪ੍ਰਲੋਕ ਗਮਨ} ॥੧੦॥

{ਕਰਤਾਰਪੁਰ ਬਸਨਾ} ॥੬੧॥

{ਕਰਮਕਾਂਡੀ ਬ੍ਰਾਹਮਣ ਦੀ ਸੁੱਚ} ॥੬੭..॥

{ਕੋੜੀਆ ਖਤ੍ਰੀ} ॥੭੦.. ॥

੩੧ ੩੧. [ਬੇਨਤੀ, ਸਿੱਖੀ ਰਹੁਰੀਤ ਦਾ ਅਰੰਭ। ਸ਼ਹੁ ਸੁਹਾਗਨ, ਮੂਲਾ, ਉੱਚ ਦਾ ਪੀਰ]

{ਸਿੱਖੀ ਰਹੁਰੀਤ ਦਾ ਆਰੰਭ} ॥੨..॥
{ਸਿਆਲਕੋਟ} ॥੭॥
{ਮਰਨਾ ਸੱਚ ਜੀਵਨ ਝੂਠ} ॥੧੧..॥
{ਮੂਲਾ} ॥੧੯॥
{ਸ਼ਹੁ ਸੁਹਾਗਣ} ॥੨੫..॥
{ਉੱਚ ਦਾ ਪੀਰ ਜਲਾਲ} ॥੫੨..॥
{ਗੁਰਮੁਖ ਦੇ ਮਾਇਨੇ} ॥੫੮..॥
{ਮੂਲਾ ਵਾਪਿਸ} ॥੭੮.. ॥

੩੨ ੩੨. [ਗੁਰਸ਼ਰਨ ਮੰਗਲ, ਜਲਾਲ ਨੂੰ ਸੁਮੱਤਿ ਗੁਰਮੁਖ ਦੇ ਅਰਥ]

{ਜਲਾਲ ਦਾ ਪ੍ਰਸੰਗ} ॥੨..॥
{ਗੁਰਮੁਖ ਦੇ ਅਰਥ} ॥੪੬.. ॥

੩੩ ੩੩. [ਨਾਮ ਦੀ ਸ਼ਕਤਿ। ਸ਼ੇਖ ਇਬ੍ਰਾਹੀਮ ਫਰੀਦ ਸਾਨੀ ਨਾਲ ਗੋਸ਼ਟ]

{ਪਾਕਪਟਨ} ॥੨॥
{ਸ਼ੇਖ ਬ੍ਰਹਮ ਨਾਲ ਗੋਸਟ} ॥੩.. ॥

੩੪ ੩੪. [ਗੁਰਮੁਖ ਤੋਂ ਸੁਣਕੇ ਨਾਮ ਜਪਣ ਦਾ ਫਲ। ਬਗ਼ਦਾਦ, ਦਸਤਗੀਰ ਪੀਰ-ਉਧਾਰ] {ਬਗਦਾਦ} ॥੨॥

{ਪੀਰ ਦਸਤਗੀਰ} ॥੩.. ॥

੩੫ ੩੫. [ਗੁਰ ਜਸ ਪ੍ਰਤਾਪ। ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ, ਸ਼ਹਜ਼ਾਦਾ]

{ਮਰਦਾਨੇ ਨੂੰ ਗੁਰੂ ਜੀ ਦੇ ਵਿਅੰਗ ਬਚਨ} ॥੨..॥
{ਖੁਰਮਾ ਸ਼ਹਿਰ} ॥੧੭..॥
{ਭਾਈ ਮਰਦਾਨੇ ਦਾ ਅਕਾਲ ਚਲਾਣਾ} ॥੨੫॥
{ਭਾਈ ਮਰਦਾਨੇ ਦਾ ਦਾਹ ਸੰਸਕਾਰ} ॥੨੭॥
{ਗੋਰਖ ਦਾ ਮਿਲਾਪ} ॥੨੯॥
{ਸਿੱਧ ਗੋਸ਼ਟ} ॥੩੦..॥
{ਸ਼ਾਹਜ਼ਾਦੇ ਨੂੰ ਖੁਰਮੇ ਜਾਣ ਲਈ ਕਹਿਣਾ} ॥੬੦॥
{ਤੁਲੰਬਾ} ॥੬੬॥
{ਸੱਜਣ ਠੱਗ} ॥੬੮.. ॥

ੳ੬ ੩੬. [ਗੁਰਪਗ ਸਿਮਰਨ, ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਨਿਸਤਾਰਾ]

{ਕੰਧਾਰ} ॥੨॥
{ਯਾਰਵਲੀ} ॥੨॥
{ਇੱਕ ਖੱਤ੍ਰੀ} ॥੯..॥
{ਸ਼ਾਹ ਸ਼ਰਫ} ॥੧੫..॥
{ਖਫਨੀ ਦੇ ਅਰਥ} ॥੨੩॥
{ਮਾਨ ਚੰਦ} ॥੪੩-੬੫ ॥

੩੭ ੩੭. [ਸ਼ਰਨ ਸੁਖ। ਮੁਲਤਾਨ ਦੇ ਪੀਰਾਂ ਨਾਲ ਗੋਸ਼ਟ। ਸ਼ਮਸ ਤਬ੍ਰੇਜ਼ ਦੀ ਕਥਾ]

{ਮੁਲਤਾਨ ਦੇ ਪੀਰ} ॥੨..॥
{ਸ਼ਮਸਤਬ੍ਰੇਜ਼} ॥੩-੧੯॥
{ਪੀਰ ਬਹਾਵਲ ਹੱਕ} ॥੨੦॥
{ਮਾਇਆ ਤੋਂ ਬਿਨਾ ਜਗ ਦੀ ਕਾਰ ਨਹੀਂ-ਦ੍ਰਿਸ਼ਟਾਂਤ} ॥੨੦..॥
{ਸੰਤ ਲੱਛਨ} ॥੨੫..॥
{ਹਾਜ਼ਰਨਾਮਾ} ॥੨੯॥
{ਫਕੀਰੀ, ਜਤ, ਸਤ.. ਆਦਿ ਦੀ ਅਵਧੀ} ॥੩੪..॥
{ਸ਼ਮਸਤਬ੍ਰੇਜ਼ ਦੀ ਆਦਿ ਕਥਾ} ॥੪੪.. ॥

੩੮ ੩੮. [ਸ਼ਬਦ ਮਹਿਮਾਂ। ਸ਼ਹੁ ਸੁਹਾਗਨ, ਬਾਲਗੁੰਦਾਈ, ਮੂਲਾ]

{ਸ਼ਹੁ ਸੁਹਾਗਣ ਬਖਸ਼ਿਆ} ॥੩..॥
{ਬਾਲ ਗੁੰਦਾਈ} ॥੩੦-੫੮॥
{ਮੂਲੇ ਦਾ ਅੰਤ} ॥੬੦..॥
{ਮੂਲੇ ਦੇ ਉਧਾਰ ਦਾ ਪ੍ਰਸੰਗ} ॥੯੧.. ॥

੩੯ ੩੯. [ਪੜ੍ਹਨ, ਸੁਣਨ, ਪ੍ਰੇਮ ਮਹਿਮਾ। ਕਰਤਾਰ ਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਪਰ ਸਿੱਧਾਂ ਨਾਲ ਗੋਸ਼ਟ ਆਦਿ।]

{ਕਰਤਾਰਪੁਰ ਨਿਵਾਸ} ॥੨॥
{ਅਚਲ ਵਟਾਲੇ ਸ਼ਿਵਰਾਤ੍ਰੀ ਦਾ ਮੇਲਾ} ॥੧੬..॥
{ਸਿੱਧਾਂ ਨੇ ਲੋਟਾ ਛਿਪਾਉਣਾ} ॥੪੦॥
{ਦੁੱਧ ਵਿੱਚ ਕਾਂਜੀ} ॥੪੪..॥
{ਦਸ ਦਿਸ਼ਾ} ॥੫੪..॥
{ਸਿੱਧਾਂ ਨੇ ਛੁਪਣਾ} ॥੫੪..॥
{ਗੁਰੂ ਜੀ ਨੇ ਮੁੱਛਾਂ ਤੋਂ ਪਕੜਕੇ ਸਿੱਧ ਢੂੰਢਣੇ} ॥੬੧॥
{ਗੁਰੂ ਜੀ ਨੇ ਛਿਪਣਾ} ॥੬੧..॥
{ਸਿੱਧਾਂ ਦੇ ਚੇਟਕ} ॥੭੦..॥
{ਅਜਿੱਤੇ ਨੇ ਵੀ ਕੌਤਕ ਦਿਖਾਉਣੇ} ॥੭੬..॥
{ਗੁਰੂ ਜੀ ਨੇ ਸਿੱਧਾਂ ਦੀ ਸ਼ਕਤੀ ਖਿੱਚਣੀ} ॥੭੯.. ॥

੪੦ ੪੦. [ਨਾਮ ਮਹਾਤਮ। ਸਿੱਧ ਗੋਸ਼ਟ। ਇਕ (ਤਿਖਾਣ ਦਾ) ਸੰਤ ਬਾਲਕਾ। ਮਾਲੋ ਸ਼ੇਖ]

{ਅਜਿੱਤੇ ਦੀ ਸ਼ਕਤੀ ਵੀ ਖਿੱਚਣੀ} ॥੬॥
{ਇਕ ਤ੍ਰਿਖਾਣ ਦਾ ਸੰਤ ਬਾਲਕਾ ਸੰਗਤੀਆ} ॥੯..॥
{ਸੰਗਤੀਆ ਨੇ ਸਭਨਾਂ ਦੀ ਸ਼ਕਤੀ ਵਾਪਿਸ ਦਿਵਾਉਣੀ} ॥੨੨॥
{ਗੁਰੂ ਜੀ ਦੀ ਸ਼ਕਤੀ} ॥੩੩..॥
{ਭੰਗਰਨਾਥ ਦੀ ਖੜਾਵਾਂ ਨਾਲ ਖਾਤਰ} ॥੩੫..॥
{ਕਲਜੁਗ ਦਾ ਵਰਤਾਰਾ} ॥੪੪..॥
{ਮਾਲੋ ਸ਼ੇਖ} ॥੫੫-੭੭ ॥

੪੧ ੪੧. [ਦਸਮ ਗੁਰ ਮੰਗਲ। ਉਬਾਰੇ ਖਾਨ, ਅਵਦਲ ਰਹਮਾਨ]

{ਉਬਾਰੇਖਾਨ} ॥੨..॥
{ਅਦੁਹਮਾਨ} ॥੨੪..॥
{ਜਰਾਹ ਦਾ ਦ੍ਰਿਸ਼ਟਾਂਤ} ॥੭੯.. ॥

੪੨ ੪੨. [ਚਰਨ ਧਯਾਨ ਪ੍ਰਤਾਪ, ਬੱਚੇ ਦਾ ਪ੍ਰਸੰਗ ਮੂਲਾ, ਕੀੜ। ਪ੍ਰਿੱਥਾ, ਖੇਡਾ। ਪ੍ਰਿਥੀ ਮਲ, ਸਹਗਲ, ਰਾਮਾ, ਡਿਡੀ ਪ੍ਰਤਿ ਉਪਦੇਸ਼।]

{ਛੋਟੇ ਬੱਚੇ ਦਾ ਪ੍ਰਸੰਗ, ਤਾਰੂ ਪੋਪਟ} ॥੯-੨੨॥
{ਮੂਲਾ ਕੀੜ} ॥੨੩..॥
{ਮੂਲੇ ਨੇ ਚੋਰ ਦਾ ਪੜਦਾ ਢਕਿਆ} ॥੩੪..॥
{ਮੂਲਾ ਕੀੜ ਨੂੰ ਗੁਰੂ ਜੀ ਦਾ ਵਰ} ॥੪੬॥
{ਪ੍ਰਿਥਾ, ਖੇਡਾ} ॥੪੯..॥
{ਗੁਰੂ ਜੀ ਦੇ ਚਰਨ ਸੰਗਤ} ॥੫੪..॥
{ਪ੍ਰਿਥੀਮਲ, ਰਾਮਾ, ਡਿਡੀ} ॥੫੯..॥
{ਤਿੰਨ ਕਿਸਮ ਦਾ ਤਪ} ॥੬੧.. ॥

੪੩ ੪੩. [ਸ਼ਬਦ ਮਹਾਤਮ। ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂ ਵੰਸੀ, ਸ਼ੀਹਾਂ ਗੱਜਣ। ਫਿਰਣਾ, ਖਹਿਰਾ, ਜੋਧ ਪ੍ਰਤਿ ਉਪਦੇਸ਼।]

{ਮਾਲੋ ਮਾਂਗੋ} ॥੩..॥
{ਤਿੰਨ ਪ੍ਰਕਾਰ ਦਾ ਤਪ} ॥੫..॥
{ਥੋੜੀ ਮਿਹਨਤ ਦਾ ਬਹੁਤਾ ਫਲ ਕਿਵੇਂ} ॥੬..॥
{ਕਾਲੂ ਖੱਤ੍ਰੀ} ॥੨੩..॥
{ਸਨਮੁਖ ਮਨਮੁਖ ਲੱਛਣ} ॥੨੪..॥
{ਮੈਤ੍ਰੀ} ॥੨੭..॥
{ਕਰੁਨਾ} ॥੩੨..॥
{ਮੁਦਤਾ} ॥੩੪..॥
{ਭਗਤਾ ਓਹਰੀ ਜਾਪੂਵੰਸ਼ੀ} ॥੪੧..॥
{ਮਨਮੁਖ ਕਰਮ} ॥੪੩..॥
{ਸੀਹਾਂ, ਗੱਜਣ} ॥੫੫॥
{ਵਾਹਿਗੁਰੂ ਸ਼ਬਦ ਦੇ ਅਰਥ} ॥੬੦..॥
{ਸ਼ੀਹੇਂ ਦੀ ਪੈਜ ਰਹੀ ॥੭੨..॥
{ਫਿਰਣਾ, ਖਹਿਰਾ ਜੋਧ} ॥੮੬.. ॥

੪੪ ੪੪. [ਸ਼ਾਰਦਾ ਮੰਗਲ, ਸਿੱਖਾਂ ਦਾ ਭਾਉ ਦੇਖਿਆ। ਸਾਧੂ ਦਰਸ਼ਨ ਦਾ ਫਲ]

{ਇੱਕ ਤਿਖਾਣ ਸਿੱਖ ਦੀ ਪ੍ਰੀਖਿਆ} ॥੫..॥
{ਮੱਲ ਦੀ ਨਿਮ੍ਰਤਾ} ॥੧੭..॥
{ਲਾਲਾ ਗੋਲਾ ਵਾਲਾ ਪ੍ਰਸੰਗ} ॥੨੫..॥
{ਸੰਤਾਂ ਦੇ ਦਰਸ਼ਨ ਅਤੇ ਸੰਗਤ ਦਾ ਫਲ} ॥੪੮.. ॥

੪੫ ੪੫. [ਗੁਰਬਾਣੀ ਮਹਾਤਮ। ਸੈਦੋ ਘੇਉ, ਸਿੱਖੀ, ਅਤੀਤਤਾਈ, ਗ੍ਰਹਸਤ ਧਰਮ]

{ਸੈਦੋ ਘੇਉ} ॥੫..॥
{ਵਰਣ ਗੁਰੂ ਜੀ ਦੀ ਸੇਵਾ ਵਿੱਚ} ॥੧੧॥
{ਸਿੱਖ, ਵਿਰਕਤ ਤੇ ਗ੍ਰਿਹਿਸਥੀ ਕੈਸਾ ਹੋਵੇ?} ॥੨੨.. ॥

੪੬ ੪੬. [ਗੁਰ ਚਰਨ ਸੇਵਾ, ਉਪਦੇਸ਼। ਭਾਈ ਬੁੱਢਾ, ਬਾਲਾ ਪ੍ਰਲੋਕ ਗਮਨ]

{ਭਾਈ ਬੁੱਢਾ} ॥੩..॥
{ਬੂੜਾ-ਬਾਬਾ ਬੁੱਢਾ ਜੀ ਨਾਲ ਬਚਨ ਬਿਲਾਸ} ॥੬-੪੧॥
{ਭਾਈ ਬਾਲਾ ਪ੍ਰਲੋਕ ਗਮਨ} ॥੪੨..॥
{ਕਥਾ ਮਹਿਮਾ} ॥੬੧.. ॥

੪੭ ੪੭. [ਸ਼ਾਰਦਾ ਮੰਗਲ, ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ]

{ਲਹਿਣਾ ਜੀ ਦਾ ਪਵਿੱਤ੍ਰ ਸਰੀਰ, ਦ੍ਰਿਸ਼ਟਾਂਤ} ॥੩.. ॥॥ ॥੪੮॥
{ਮੱਤੇ ਕੀ ਸਰਾਂ} ॥੧੦..॥
{ਲਹਿਣਾ ਜੀ ਕਰਤਾਰਪੁਰ} ॥੩੨..॥
{ਲਹਿਣਾ ਜੀ ਨੂੰ ਵਰ} ॥੯੨.. ॥

੪੮ ੪੮. [ਸ਼ਾਰਦਾ ਮੰਗਲ। ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ, ਪਜਾਰ, ਮਾਯਾ, ਸੰਗ ਤਾਰਨਾ, ਦੇਵਤਿਆਂ ਦੀ ਨਮਸਕਾਰ, ਅਯਾਲੀ, ਖਡੂਰ]

{ਸੰਗ ਤਾਰਨਾ} ॥੫..॥
{ਦੇਵਤੇ ਗੁਰੂ ਜੀ ਦੇ ਚਰਨ ਪਰਸਣ ਆਉਂਦੇ} ॥੨੭..॥
{ਖਡੂਰ}
{ਮਾਯਾ ੧੨ ਕੋਹ ਦੂਰ} ॥੨੦..॥
{ਅਯਾਲੀ ਪ੍ਰਸੰਗ} ॥੩੬..॥
{ਸੋਹਿਲਾ ਸੌਣ ਵੇਲੇ ਪੜ੍ਹਨ ਦੀ ਤਾਕੀਦ} ॥੪੩॥
{ਤਖਤ ਮੱਲ ਚੌਧਰੀ} ॥੫੧.. ॥

੪੯ ੪੯. [ਸ਼ੁਭ ਗੁਣ ਮਹਾਤਮ। ਬ੍ਰਿਛਾਂ ਤੋਂ ਭੋਜਨ। ਜਲ ਤਪੱਸਜਾ, ਰੋੜਾਂ ਦੀ ਸਿਹਜਾ, ਰੇਤ ਅੱਕ ਅਹਾਰ]

{ਸ੍ਰੀ ਲਹਿਣਾ ਸੇਵਾ}
{ਸ਼ੁਭ ਗੁਣ ਮਹਾਤਮ}
{ਬ੍ਰਿੱਛਾਂ ਤੋਂ ਭੋਜਨ} ॥੧੬..॥
{੨੪੦੦੦ ਸੰਗਤ ਨੂੰ ਦਰੱਖਤ ਤੋਂ ਮਿਠਾਈ} ॥੩੧॥
{ਘਾਲ ਤੇ ਮੇਹਰ}
{ਪਾਣੀ ਵਿੱਚ ਖੜ੍ਹ ਕੇ ਤਪ} ॥੪੧..॥
{ਭਾਰੀ ਕਰੀ ਤਪੱਸਿਆ} ॥੫੩-੭੦ ॥

੫੦ ੫੦. [ਘਾਲ ਤੇ ਮੇਹਰ, ਨਾਨਕ ਰੂਪ ਗੁਰੂ ਸਿੱਖੀ ਵਿਚੋਂ ਪਰਖ ਕੇ ਦੱਸਿਆ]

{ਸਿੱਖੀ ਦੀ ਪਰਖ} ॥੭..॥
{ਧਾਣਕ ਰੂਪ} ॥੨੯..॥
{ਮੁਰਦਾ ਖਾਣ ਦਾ ਹੁਕਮ} ॥੭੧.. ॥

੫੧ ੫੧. [ਗੁਰਯਸ਼ ਕਰਨ ਉਪਦੇਸ਼। ਗਜਾਨ ਉਪਦੇਸ਼। ਭਗਤੀ ਦੀ ਮਿਸਰੀ]

{ਲਹਿਣਾ ਜੀ ਗਜਾਨ ਉਪਦੇਸ਼} ॥੮..॥
{ਅਹੰ ਬ੍ਰਹਮ} ॥੪੭..॥
{ਭਗਤੀ ਦੀ ਮਿਸਰੀ} ॥੫੭.. ॥

੫੨ ੫੨. [ਗੁਰੂ ਜਸ ਮਹਾਤਮ। ਹੋਰ ਪਰਤਾਵੇ। ਤਖਤ ਦੇਣਾ, ਜਪੁਜੀ ਮਹਿਮਾ]

{ਸ੍ਰੀ ਸੁਲਖਣੀ ਜੀ ਦੀ ਚਿੰਤਾ} ॥੮..॥
{ਹੋਰ ਪਰਤਾਵੇ-ਮਰੀ ਚੂਹੀ} ॥੧੬..॥
{ਰਾਤ ਸਮੇਂ ਬਸਤ੍ਰ ਧੋਣ ਦਾ ਹੁਕਮ} ॥੩੦..॥
{ਚਿੱਕੜ ਵਿੱਚ ਲੋਟਾ ਸੁੱਟਣਾ} ॥੩੮..॥
{ਬੁੜਾ - ਬਾਬਾ ਬੁੱਢਾ ਜੀ ਦਾ ਸ਼ੰਕਾ} ॥੫੧..॥
{ਤਖਤ ਦੇਣਾ} ॥੬੬..॥
{ਲਹਿਣੇ ਤੋਂ ਅੰਗਦ} ॥੮੪..॥
{ਜਪੁ ਜੀ ਸੰਕਲਿਤ} ॥੯੫..॥
{ਜਪੁਜੀ ਮਹਿੰਮਾ} ॥੯੬.. ॥

੫੩ ੫੩. [ਸਾਰਦਾ ਮੰਗਲ, ਸਿੱਖਨ ਪ੍ਰਤਿ ਉਪਦੇਸ਼]

{ਗੁਰੂ ਅੰਗਦ ਜੀ ਨੂੰ ਖਡੂਰ ਜਾਣ ਦਾ ਹੁਕਮ} ॥੨..॥
{ਸਿੱਖਾਂ ਪ੍ਰਤਿ ਵੈਰਾਗਮਈ ਉਪਦੇਸ਼} ॥੨੪.. ॥

੫੪ ੫੪. [ਗੁਰਮੰਤ੍ਰ ਮੰਗਲ। ਜੋਤੀ ਜੋਤ ਸਮਾਵਨ ਦੀਆਂ ਤਿਆਰੀਆਂ]

{ਭਾਈ ਕਮਲਾ} ॥੫..॥
{ਭਾਈ ਸਾਧਾਰਣ} ॥੪੦..॥
{ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਦੀ ਉਪਮਾ} ॥੫੫..॥
{ਸਮਾਉਣ ਦੀਆਂ ਤਿਆਰੀਆਂ} ॥੬੪..॥
{ਸਾਧਾਰਣ ਜੀ ਨੂੰ ਪੁਤ੍ਰਾਂ ਪਾਸ ਭੇਜਣਾ} ॥੭੬..॥
{ਸ੍ਰੀ ਸੁਲੱਖਣੀ ਜੀ ਦੀ ਬੇਨਤੀ} ॥੮੫.. ॥

੫੫ ੫੫. [ਗੁਰੁ ਭਜਨ ਮਹਾਤਮ। ਗੁਰੂ ਸਤੋਤ੍ਰ। ਸਮਾਵਣ ਦੀ ਤਿਆਰੀ]

{ਪਿਤਾ ਨਮਿਤ ਸ੍ਰਾਧ} ॥੬..॥
{ਸੁਲੱਖਣੀ ਜੀ ਪਹੁੰਚੇ} ॥੫੨.. ॥

੫੬ ੫੬. [ਗੁਰੂ ਮੇਹਰ ਯਾਚਨਾ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।]

{ਸੰਸਾਰ ਦੀ ਨਾਸ਼ਵਾਨਤਾ ਦਾ ਉਪਦੇਸ਼} ॥੬-੩੦॥
{ਇੱਕ ਬਾਰ ਸਮਾ ਗਏ} ॥੪੦..॥
{ਸ੍ਰੀਚੰਦ ਲਖਮੀਦਾਸ ਜੀ ਪਹੁੰਚੇ} ॥੫੮.. ॥

੫੭ ੫੭. [ਗੁਰ ਸ਼ਬਦ ਮੰਗਲ। ਵਾਹਿਗੁਰੁ ਸਤੋਤਰ। ਜੋਤੀ ਜੋਤ ਸਮਾਵਣਾ]

{ਸ੍ਰੀਚੰਦ ਲਖਮੀਦਾਸ ਜੀ ਦੀ ਅਰਦਾਸ} ॥੨..॥
{ਦੋ ਘੜੀਆਂ ਦਾ ਦਰਸ਼ਨ ਮੰਗਿਆ} ॥੭॥
{ਗੁਰੂ ਜੀ ਵਾਪਿਸ ਸਰੀਰ ਵਿੱਚ ਆਏ} ॥੯..॥
{ਸਾਹਿਬਜ਼ਾਦਿਆਂ ਨੂੰ ਵਰ} ॥੨੨..॥
{ਵਾਹਿਗੁਰੂ ਸਤੋਤ੍ਰ ਅਸ਼ਟਕ} ॥੩੬..॥
{ਗੁਰੂ ਸਤੋਤ੍ਰ ਅਸ਼ਟਕ} ॥੪੮..॥
{ਜੋਤੀ ਜੋਤ ਸਮਾਵਣਾ} ॥੬੧॥
{ਪਠਾਣਾਂ ਦਾ ਆਉਣਾ} ॥੬੪..॥
{ਪਠਾਣਾਂ ਦਾ ਹਠ} ॥੭੦..॥
{ਗੁਰੂ ਜੀ ਦਾ ਸਰੀਰ ਅੰਤਰਧਿਆਨ} ॥੭੪॥
{ਗੁਰੂ ਜੀ ਨੇ ਝਗੜਾ ਨਿਬੇੜਿਆ} ॥੮੯..॥
{ਦਸ ਗੁਰੂ ਮੰਗਲ} ॥੯੮.. ॥

ੴ ਸਤਿਗੁਰ ਪ੍ਰਸਾਦਿ ॥

# ਸ਼੍ਰੀ ਗੁਰ ਨਾਨਕ ਪ੍ਰਕਾਸ਼

# ਅਥ ਉਤਰਾਰ੍ਧ ਲਿਖ੍ਯਤੇ।

ਅਥ=ਦੇਖੋ ਪੂਰਬਾਰਧ, ਪਹਿਲੇ ਅਧ੍ਯਾਯ ਦੇ ਆਦਿ ਵਿਖੇ।
ਉਤਰਾਰ੍ਧ†=ਉਤਰ+ਅਰਧ=ਉਤਰ=ਮਗਰਲਾ, ਅਖੀਰਲਾ। ਅਰਧ=ਅੱਧ
†ਦੇਖੋ ਪੂਰਬਾਰਧ ਪੰਨਾ ੧੨੯ ਸਤਰ ੧੭ ਤੋਂ ਅੱਗੇ।
[ਸੰਸ: ਉਤ੍ਤਰਾਰ੍ਦ੍ਧ]। ਲਿਖ੍ਯਤੇ=ਲਿਖਦੇ ਹਾਂ।

ਅਰਥ:
ਹੁਣ (ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਨਾਮੇ ਗ੍ਰੰਥ ਦਾ) ਅਖੀਰਲਾ ਅੱਧਾ ਹਿੱਸਾ (ਜੋ ਬਾਕੀ ਹੈ) ਲਿਖਦੇ ਹਾਂ।

## ੧. [ਗੁਰਬਾਣੀ ਤੇ ਸ਼੍ਰੀ ਗੁਰ ਨਾਨਕ ਦੇਵ ਜੀ ਦਾ ਮੰਗਲ। ਧ੍ਰੂਵ ਤੋਂ ਵਿਦਾ, ਸ਼ਲਿਗਿਰ ਤੇ ਗਿਰ ਘਿਰਾਣ]

੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨

{ਧ੍ਰੂਵ ਤੋਂ ਵਿਦਾ} ॥੧੭॥
{ਸੀਲਾਗਿਰ} ॥੨੭॥
{ਬ੍ਰਿਛਾਂ ਤੋਂ ਸਿੱਖਿਆ} ॥੩੫॥
{ਕਲਜਾਨ ਅਤੇ ਸੀਲਸੈਨ} ॥੫੫..॥
{ਗਿਰ ਘਿਰਾਣ} ॥੬੯..॥
{ਰਿਸ਼ੀ ਨੂੰ ਇਸ਼ਨਾਨ ਦਾ ਮਹਾਤਮ ਦੱਸਣਾ} ॥੭੭..॥

ਦੋਹਰਾ:

**ਸ਼੍ਰੀ ਗੁਰ ਬਚਨ ਸੁ ਚੂਰਨੰ, ਖਾਇ ਕਮਾਏ ਜਾਂਹਿ।**

ਸ਼੍ਰੀ ਗੁਰ ਬਚਨ=ਗੁਰੂ ਜੀ ਦੇ ਉਚਾਰੇ ਵਾਕ੍ਯ, ਗੁਰਬਾਣੀ। ਸੁ=ਚੰਗਾ, ਸਿੱਧ। ਸੁ ਚੂਰਨੰ=ਉਹ ਚੂਰਨ ਜੋ ਨਿਹਚੇ ਰੋਗ ਦੂਰ ਕਰੇ।

**ਉਦਰ ਰੋਗ ਹਉਮੈਂ ਹਰਜੋ, ਨਮਸਕਾਰ ਮਮ ਤਾਂਹਿ ॥੧॥**

ਉਦਰ ਰੋਗ=ਪੇਟ ਦਾ ਰੋਗ।

ਅਰਥ:
ਸ਼੍ਰੀ ਗੁਰੂ ਜੀ ਦੀ ਬਾਣੀ ਸਿੱਧ ਚੂਰਨ (ਦੇ ਸਮਾਨ) ਹੈ, ਜਿਸ ਨੂੰ ਖਾਣ (ਰੂਪੀ) ਕਮਾਈ (ਕਰਨ ਨਾਲ) ਹਉਮੈਂ (ਰੂਪੀ) ਉਦਰ ਰੋਗ ਹਰਿਆ ਜਾਂਦਾ ਹੈ, ਐਸੀ (ਗੁਰਬਾਣੀ ਨੂੰ) ਮੇਰੀ ਨਮਸਕਾਰ ਹੈ।

ਭਾਵ:
ਜੇ ਕਦੇ 'ਜਾਹਿ' ਪਦ ਨੂੰ 'ਹਰਜੋ' ਨਾਲ ਜੋੜਕੇ 'ਹਰਜੋ ਜਾਹਿ' ਪੜ੍ਹਿਆ ਜਾਵੇ ਤਾਂ ਉੱਪਰਲਾ ਅਰਥ ਠੀਕ ਢੁਕਦਾ ਹੈ ਤੇ ਅੱਗੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਚਲਣੀ ਹੈ, ਸੋ ਪਹਿਲਾਂ ਗੁਰਬਾਣੀ ਜੋ ਅਕਾਲ ਪੁਰਖ ਦੀ ਹੋਣ ਕਰਕੇ ਅਕਾਸ਼ ਬਾਣੀ ਦਾ ਦਰਜਾ ਰਖਦੀ ਹੈ, ਉਸ ਦਾ ਮੰਗਲ ਫਬਦਾ ਬੀ ਸੁਹਣਾ ਹੈ ਤੇ ਜਾਪਦਾ ਹੈ ਕਿ ਕਵੀ ਜੀ ਦੇ ਸਿੱਖ ਮਨ ਨੇ ਏਥੇ ਗੁਰਬਾਣੀ ਦੀ ਅਰਾਧਨਾ ਇੰਵ ਕੀਤੀ ਹੈ ਕਿ ਮਾਨੋਂ 'ਸਿੱਖੀ ਦੀ ਸ਼ਾਰਦਾ' ਬਾਣੀ ਨੂੰ ਮੰਨ ਕੇ ਉਸ ਦਾ ਮੰਗਲ ਰੂਪ ਆਵਾਹਨ ਕੀਤਾ ਨੇ, ਤੇ ਓਸ ਨੂੰ ਸਾਰੇ ਮੰਗਲਾਂ ਤੋਂ ਏਥੇ ਪਹਿਲਾ ਥਾਂ ਦਿੱਤਾ ਨੇ।

ਜੇ ਕਦੇ 'ਜਾਹਿ' ਪਦ ਨੂੰ ਸਰਬ ਨਾਮ ਮੰਨੀਏ ਤੇ ਅਰਥ ਕਰੀਏ ਤਾਂ ਅਰਥ ਐਉਂ ਢੁਕੇਗਾ ਕਿ 'ਜਿਸ ਨੇ ਸ੍ਰੀ ਗੁਰੂ ਬਾਣੀ (ਰੂਪ) ਸਿੱਧ ਚੂਰਨ ਨੂੰ ਖਾਣ ਦੀ ਕਮਾਈ ਕੀਤੀ ਹੈ (ਤੇ ਐਉਂ ਆਪਣਾ) ਹਉਮੈ (ਰੂਪੀ) ਰੋਗ ਦੂਰ ਕਰ ਲਿਆ ਹੈ ਉਸ ਨੂੰ ਮੇਰੀ ਨਮਸਕਾਰ ਹੈ' ਤਾਂ ਭਾਵ ਇਹ ਨਿਕਲੇਗਾ ਕਿ ਆਪ ਆਪਣੇ ਵਿੱਦਯਾ ਦਾਤਾ ਦਾ ਮੰਗਲ ਕਰ ਰਹੇ ਹਨ, ਜਿਸ ਨੂੰ ਅਧਯਾਯ ੩੪ ਦੇ ਮੰਗਲ ਵਿਚ ਆਪ ਅੱਗੇ ਜਾਕੇ ਗੁਰਮੁਖ ਪਦ ਨਾਲ ਯਾਦ ਕਰਦੇ ਹਨ।

ਇਸ ਦੋਹਰੇ ਦਾ ਭਾਵ ਐਉਂ ਭੀ ਦੱਸਦੇ ਹਨ ਕਿ:-ਐਸੇ ਸਤਿਗੁਰੂ ਜੀ ਨੂੰ ਮੈਂ ਨਮਸ਼ਕਾਰ ਕਰਦਾ ਹਾਂ ਜਿਨ੍ਹਾਂ ਦੇ ਬਚਨ ਹਉਮੈਂ ਰੋਗ ਨੂੰ ਕੱਟਦੇ ਹਨ। ਇਹ ਅਰਥ ਕਰਨ ਵਿਚ 'ਜਾਹਿ' ਪਦ ਦਾ ਅਰਥ 'ਜਿਨ੍ਹਾਂ ਦੇ' ਲੱਗੇਗਾ।

ਸੈਯਾ:

**ਸੇਤੁ ਰਚਯੋ ਜਗ ਸਾਗਰ ਕੋ, ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।**

ਸੇਤੁ=ਪੁਲ। ਸੰਸ: ਸੇਤੁ:]। ਸ਼ਰਾਬਾ=ਰੌਲਾ, ਘਮਸਾਨ ਚੌਦੇਂ, ਜੋ ਪਖੰਡੀਆਂ ਨੇ ਪਾ ਰੱਖੀ ਸੀ।

**ਕੀਰਤਿ ਗਾਇ ਸੁਨੈ ਪ੍ਰਭੁ ਕੀ, ਤਨ ਹੰ ਤਜਿਯੇ ਲਖਿ ਰੰਗ ਸ਼ਹਾਬਾ।**

ਕੀਰਤਿ=ਕੀਰਤੀ ਯਸ਼ੁ, ਵਾਹਿਗੁਰੂ ਦਾ ਗੁਣਾਨੁਵਾਦ, ਸਿਫਤ ਸਲਾਹ, ਕੀਰਤਨ, ਵਾਹਿਗੁਰੂ ਦਾ ਜਸ ਗਾਉਣਾ। ਰਾਗ ਵਿਚ ਸਿਫਤ ਸਲਾਹ ਦਾ ਗਾਉਣਾ ਯਾ ਸੁਣਨਾ। ਤਨ ਹੰ=ਤਨ ਦੀ ਅਹੰਗਤਾ, ਤਨ ਨੂੰ ਆਪਣੇ ਆਪ ਨਾਲ ਅਭੇਦ ਸਮਝਣ ਦੀ ਹਉਮੈ। 'ਤਨ ਮੈਂ ਹਾਂ' ਰੂਪੀ ਅਵਿੱਦਯਾ। ਸ਼ਹਾਬਾ=ਕੁਸੰਭਾ, ਕੱਚਾ ਸੂਹਾ ਰੰਗ। ਫਾਰਸੀ, ਸ਼ਹਾਬ=ਲਾਲ ਰੰਗ। ਸ਼ਿਹਾਬ=ਅਸਮਾਨ ਵਿਚੋਂ ਆਤਸ਼ਬਾਜ਼ੀ ਵਾਂਙੂੰ ਛੁਟਦਾ ਹੋਇਆ ਸਤਾਰਾ। ਉਲਕਾਪਾਤ]।

**ਰੰਕ ਧਨੀ ਦੁਖਿ ਪਾਰ ਪਰੈ, ਅਵਲੋਕਤਿ ਹੈ ਨਿਜ ਰੂਪ ਅਜਾਬਾ।**

**ਦੇਵਨ ਦੇਵ ਸਦਾ ਪਦ ਸੇਵਹੁ, ਜ਼ਾਹਰ ਪੀਰ ਗੁਰੂ ਜਗ ਬਾਬਾ† ॥੨॥**

ਅਵਲੋਕਤ=ਦੇਖਦੇ ਹਨ। ਅਜਾਬਾ=ਅਸਚਰਜ, ਵਿਸਮਾਦ। [ਅਰਬੀ, ਅਜੀਬ ਯਾ ਅਜੂਬਹ ਤੋਂ ਅਜਾਬਾ]। ਦੇਵਨ ਦੇਵ=ਦੇਵਾਂ ਦੇ ਦੇਵ। ਪ੍ਰਕਾਸ਼ ਸਰੂਪਾਂ ਦੇ ਪ੍ਰਕਾਸ਼ ਸਰੂਪ। ਗੁਪਤ ਸੰਸਾਰ ਦੀ ਮਹਾਨ ਵਯਕਤੀਆਂ ਤੋਂ ਭੀ ਉੱਚੀ ਵਯਕਤੀ। ਪੀਰ=ਵੱਡੇ, ਮੁਰਾਦ ਹੈ ਕਲਾਧਾਰੀ ਤੋਂ। ਬਾਬਾ=ਸਤਿਕਾਰ ਯੋਗ, ਮੁਰਾਦ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ। [ਤੁਰਕੀ, ਬਾਬਾ=ਪਿਤਾ]।

†ਕਵਿ ਜੀ ਨੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਚੌਵੀਵੀਂ ਵਾਰ ਵਿਖੇ ਤੀਜੀ ਚੌਥੀ ਪੌੜੀ ਦੀ ਅੰਤਲੀ ਤੁਕ 'ਜ਼ਾਹਰ ਪੀਰ ਜਗਤ ਗੁਰ ਬਾਬਾ' ਦੀ ਸਮੱਸਯਾ ਤੇ ਇਹ ਮੰਗਲ ਕੀਤਾ ਹੈ।

ਅਰਥ:

ਦੇਵਾਂ ਦੇ ਦੇਵ, ਜਗਤ ਦੇ ਗੁਰੂ, ਜ਼ਾਹਰਾ ਕਲਾਧਾਰੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣਾਂ ਨੂੰ ਸਦਾ ਸੇਵੋ, (ਜਿਨ੍ਹਾਂ ਨੇ) ਜਗਤ (ਦੇ ਦੁਖ ਰੂਪੀ) ਸਮੁੰਦਰ (ਤੋਂ ਪਾਰ ਕਰਨ ਲਈ ਪ੍ਰਭੂ ਦੀ ਕੀਰਤੀ ਰੂਪ) ਪੁਲ ਰਚ ਦਿੱਤਾ ਹੈ, ਸਾਰੇ ਪਖੰਡਾਂ ਦਾ ਸ਼ੋਰ ਸ਼ਰਾਬਾ ਮੇਟਕੇ। (ਸੋ ਹੁਣ ਅਸੀਂ) ਵਾਹਿਗੁਰੂ ਦੀ ਕੀਰਤੀ ਸੁਣ ਕੇ (ਅਥਵਾ) ਗਾਉਂਕੇ, ਤਨ ਦੀ ਹਉਂ ਨੂੰ ਕੁਸੰਭੇ ਦਾ ਰੰਗ ਸਮਝਕੇ ਤਿਆਗ ਦੇਈਏ (ਕਿਉਂਕਿ ਓਹ ਕੀਰਤਨ ਐਸਾ ਨਿਸ਼ਚੇ ਪਾਰ ਕਰਨੇ ਵਾਲਾ ਪੁਲ ਹੈ ਕਿ ਜਿਸ ਦੁਆਰਾ) ਗਰੀਬ ਅਮੀਰ (ਸੱਭੇ) ਦੁਖ (ਸਾਗਰ) ਤੋਂ ਪਾਰ ਹੋਕੇ ਆਪਣੇ ਵਿਸਮਾਦ ਸਰੂਪ ਨੂੰ ਵੇਖ ਲੈਂਦੇ ਹਨ।

**ਮਤਿ ਮੰਦਿ ਭਏ ਕਲਿ ਮੈਂ ਨਰ, ਰੰਗ ਦਯੋ ਹਰਨਾਮ ਤਿਨੈ ਮਨ ਮਾਨਕ।**

ਮਨ ਮਾਨਕ=ਮਨ ਦਾ ਮਾਣਿਕ, ਹੀਰੇ ਲਾਲ ਪੰਨੇ ਆਦਿ ਤਾਂ ਜਗਤ ਵਿਚ ਮਾਣਿਕ ਹਨ, ਅੱਖਾਂ ਨੂੰ ਪਿਆਰੇ ਲਗਦੇ ਹਨ, ਪਰ ਹਰਨਾਮ 'ਮਨ ਦਾ ਮਾਣਕ' ਹੈ ਜੋ ਹ੍ਰਿਦਯ ਵਿਚ ਜਾ ਕੇ ਉਸ ਨੂੰ ਅਮੋਲਕ ਕਰ ਦੇਂਦਾ ਹੈ। (ਅ) ਮਨ ਵਿਚ ਮਾਣਿਕ ਦਿੱਤਾ-ਐਉਂ ਭੀ ਲਾਉਂਦੇ ਹਨ। (ੲ) ਮਣਿ ਮਾਣਿਕ=ਮਾਣਿਕ ਮਣੀ ਵਾਂਙ।

**ਤਨ ਮਾਨ ਤਜੇ ਸਿਮਰੇ ਜਿ ਸਦਾ, ਪ੍ਰਗਟੇ ਘਟ ਅੰਤਰ ਗਯਾਨ ਅਚਾਨਕ।**

ਤਨ ਮਾਨ=ਤਨ ਦਾ ਮਾਨ। ਆਪਣੇ ਸਰੀਰ ਦੇ ਸੁੰਦਰ, ਬਲਵਾਨ ਹੋਣ ਦਾ ਮਾਣ। (ਅ) ਮਨ ਨੂੰ ਆਤਮਾਂ ਦੇ ਤੁੱਲ ਮਾਪ ਲੈਣ ਦਾ ਅੰਧੇਰਾ ਯਾ ਅਵਿੱਦਯਾ।

ਲਖਿ ਕੂਰ ਪਦਾਰਥ ਕੇ ਤਜਿ ਸ੍ਵਾਰਥ, ਭੇ ਪਰਮਾਰਥ ਮੈਂ ਦੁਖ ਹਾਨਕ।

ਕੂਰ=ਕੂੜੇ, ਝੂਠੇ। ਬ੍ਰਿੰਦ=ਸਮੂਹ।

ਗੁਨ ਬ੍ਰਿੰਦ ਗਹੀਰ ਸਰੀਰ ਧਰਯੋ ਬਰ, ਜਾਹਰ ਪੀਰ ਗੁਰੂ ਜਗ ਨਾਨਕ ॥੩॥

ਗਹੀਰ=ਜੋ ਗਹਿਰਾ ਹੋਵੇ, ਸਮੁੰਦਰ। ਪੀਰ=ਵੇਖੋ ਪਿਛਲੇ ਸ੍ਵਯੇ ਦੇ ਪਦਾਂ ਦੇ ਅਰਥਾਂ ਵਿੱਚ।

ਅਰਥ:

(ਉਸ ਸ਼੍ਰੀ ਗੁਰੂ ਨਾਨਕ ਨੇ) ਕਲਜੁਗ ਵਿਚ ਜੋ ਲੋਕ ਖੋਟੀ ਬੁੱਧੀ ਵਾਲੇ ਹੋਕੇ (ਸ਼ੁਭ ਗੁਣਾਂ ਵਿਚ) ਕੰਗਾਲ ਹੋਏ ਸਨ (ਤਿਨ੍ਹਾਂ ਨੂੰ) ਹਰੀ ਦਾ ਨਾਮ ਮਨ ਦਾ ਮਾਣਕ ਦਾਨ ਕੀਤਾ, ਜਿਨ੍ਹਾਂ ਨੇ (ਇਹ ਪ੍ਰਾਪਤ ਕਰਕੇ) ਸਦਾ ਸਿਮਰਿਆ (ਉਨ੍ਹਾਂ ਨੇ) ਸਰੀਰ ਦੇ ਮਾਨ ਨੂੰ ਦੂਰ ਕਰ ਲਿਆ, (ਉਨ੍ਹਾਂ ਦੇ) ਹਿਰਦੇ ਵਿਚ ਅਚਾਨਕ ਗਿਆਨ ਪ੍ਰਗਟ ਹੋ ਗਿਆ। ਪਦਾਰਥਾਂ ਨੂੰ ਝੂਠਾ ਲਖਕੇ (ਉਨ੍ਹਾਂ ਨੇ) ਸਵਾਰਥ ਛੱਡ ਦਿਤੇ (ਤੇ ਐਉਂ) ਪਰਮਾਰਥ ਵਿਚ ਦੁਖ ਦੂਰ ਕਰਨ ਵਾਲੇ ਹੋ ਗਏ। ਜ਼ਾਹਰਾ ਕਲਾਧਾਰੀ ਜਗਤ ਦੇ ਗੁਰੂ (ਸ਼੍ਰੀ ਗੁਰੂ) ਨਾਨਕ ਨੇ (ਐਸਾ) ਸ੍ਰੇਸ਼ਟ ਤੇ ਸਾਰੇ ਗੁਣਾਂ ਦਾ ਸਮੁੰਦਰ ਸਰੀਰ ਧਾਰਨ ਕੀਤਾ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਕਰਤਾਰ ਪੁਰਖ ਦੁਖ ਗੰਜਨ[1]।
ਭਗਤਨਿ ਕੇਰ ਸਦਾ ਮਨ ਰੰਜਨ[1]।
ਤਿਨ ਤੇ ਬਿਦਾ ਹੋਇ ਹਟਿ[†] ਆਏ।
ਜਗਤ ਗੁਰੂ ਸਿੱਖਨ ਸੁਖਦਾਏ ॥੪॥
ਸ਼੍ਰੀ ਅੰਗਦ ਸੁਨੀਏ ਇਤਿਹਾਸਾ।
ਹਮਰੇ ਢਿਗ ਆਏ ਸੁਖਰਾਸਾ[1]।
ਧ੍ਰੂਵ ਮੰਡਲ ਜੋ ਹੁਤੋ ਸੁਹਾਵਾ।
ਤਹਿਂ ਤੇ ਹਮ ਕੋ ਸੰਗ ਰਲਾਵਾ ॥੫॥
ਧ੍ਰੂ ਅਵਲੋਕੇ ਆਵਤਿ ਜਬ ਹੀ।
ਨਮੋ ਪਰਸਪਰ ਕਿਯ ਮਿਲਿ ਤਬ ਹੀ।
ਬੂਝਨ ਲਗਯੋ ਪਤੇ ਪੁਨ ਸੋਊ।
'ਜਹਾਂ ਨ ਪਹੁੰਚਿ ਸਕਯੋ ਕਬ' ਕੋਊ ॥੬॥
ਸੱਚ ਖੰਡ ਕੀ ਦੇਹੁ ਨਿਸ਼ਾਨੀ।
ਕੈਸਾ ਦੇਖਯੋ ਪ੍ਰਭੁ ਨਿਰਬਾਨੀ[1]?
ਕੌਨੈ ਰੂਪ ਰੰਗ ਹੈ ਤਿਨ ਕੋ?
ਦਰਸ਼ਨ ਜਾਇ ਕੀਨ ਤੁਮ ਜਿਨ ਕੋ ॥੭॥
ਆਗੈ ਭਈ ਨ ਕਬ ਹੀ ਐਸੇ।
ਦੇਹਿ ਸਮੇਤ ਗਏ ਢਿਗ ਜੈਸੇ।'☞

[1]ਦੁਖ ਨਾਸ਼ ਕਰਨ ਵਾਲੇ।

[1]ਮਨ ਪ੍ਰਸੰਨ ਕਰਨ ਵਾਲੇ।

[†]ਪਾ:-'ਕਰ', 'ਤਬ'।

[1]ਸੁਖਾਂ ਦੀ ਰਾਸ ਭਾਵ ਸਤਿਗੁਰੂ ਜੀ।

[1]ਕਦੇ ਬੀ।

[1]ਜੋ ਕਦੇ ਕਲੇਸ਼ ਕਰਮ ਜਨਮ ਵਿਚ ਨਾ ਆਯਾ ਹੋਵੇ, ਸ਼ੁੱਧ।

ਧ੍ਰੂਵ ਜੀ ਬੜੇ ਉੱਚੇ ਦਰਜੇ ਦੇ ਭਗਤ ਹੋਏ ਹਨ, ਉਨ੍ਹਾਂ ਦੀ ਬਾਬਤ ਮੰਨਿਆ ਹੈ ਕਿ ਉਹ ਅਟੱਲ ਪਦਵੀ ਪਾ ਆਪਣੇ ਲੋਕ ਵਿਚ ਗੱਜਦੇ ਹਨ। ਸਚਖੰਡ, ਜੋ ਬ੍ਰਹਮੰਡ ਦਾ ਕੇਂਦ੍ਰ ਹੈ ਜੋ ਸਭ ਤੋਂ ਉੱਚਾ ਨਿਰੋਲ ਪਦ ਹੈ 'ਓਥੇ ਪਹੁੰਚ ਗੁਰੂ ਨਾਨਕ ਜੀ ਦੀ ਹੋਈ' ਧ੍ਰੂ ਨੇ ਆਪ ਮੰਨੀ ਹੈ। ਸਚਖੰਡ 'ਅਦੇਸ਼' ਟਿਕਾਣਾ ਹੈ ਅਰ ਅਦੇਸ਼ ਹੋਣ ਕਰਕੇ ਹੀ ਉਹ ਸਰਬਦੇਸ਼ੀ ਬੀ ਹੈ। 'ਅਗੇ ਓਥੇ ਕੋਈ ਨਹੀਂ ਅਪੜਿਆ' ਧ੍ਰੂ ਜੀ ਕਹਿੰਦੇ ਹਨ ਕਿਉਂਕਿ ਸਾਰੇ ਅਗਲੇ ਕੇਵਲ ਭਗਤ ਹੋਏ ਹਨ, ਗੁਰੂ ਜੀ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹਨ। ਉਸੇ ਸਿਰਜਣਹਾਰ ਦਾ 'ਸਿਖਾਵਨ ਹਾਰ ਸਰੂਪ', ਭਾਵ ਗੁਰੂ ਸ਼ਕਤੀ, ਗੁਰੂ ਨਾਨਕ ਬਣਕੇ ਆਈ ਸੀ, ਜੋ ਸਚਖੰਡ ਉਹਨਾਂ ਦਾ ਸ੍ਵਦੇਸ਼ ਸੀ, ਸ੍ਵਦੇਸ਼ ਦੀ ਗੰਮਤਾ ਉਨ੍ਹਾਂ ਵਿਚ ਸੁਤੇ ਬਾਤ ਸੀ, ਹੋਰ ਮਹਾਂ ਪੁਰਖ ਮਾਤ ਲੋਕਾਂ ਵਿਚੋਂ ਤ੍ਰੁੱਕੀ ਕਰ ਕਰ ਕੇ ਕਰਮ ਖੰਡ ਅੱਪੜਦੇ ਹਨ ਪਰ ਗੁਰੂ ਜੀ, ਸਚਖੰਡ ਉਹਨਾਂ ਦਾ ਸ੍ਵਦੇਸ਼ ਹੋਣ ਕਰਕੇ, ਸਚਖੰਡ ਅੱਪੜੇ। ਇਹ ਬੀ ਇਕ ਤਰ੍ਹਾਂ ਦਾ ਉਸ ਵੇਲੇ ਦਾ ਕਥਨ ਹੈ ਕਿਉਂਕਿ ਓਹ ਸਦਾ ਸਚਖੰਡ ਨਿਵਾਸੀ ਸੇ। 'ਸਚਖੰਡ ਵਿਚ ਦੇਹ ਸਮੇਤ ਅੱਪੜਨ' ਦੀ ਗੱਲ ਨੂੰ ਸਮਝਣਾ ਕਠਨ ਹੈ, ਪਰ ਕੁਝ ਭਾਵ ਇਉਂ ਸਾਡੀ ਮੋਟੀ ਬੁੱਧਿ ਗੋਚਰਾ ਹੋ ਸਕਦਾ ਹੈ। ਸਚਖੰਡ ਦੇਸ਼ਕਾਲ ਤੋਂ ਪਰੇ ਹੈ, ਪਰ ਸਰਬ ਦੇਸ਼ਾਂ ਦੇ ਅੰਤਰ ਭੂਤ ਹੈ, ਜਿਸ ਦਾ ਸ੍ਵਦੇਸ਼ ਸਚਖੰਡ ਹੈ, ਤੇ ਫੇਰ ਓਹ ਸਾਰੇ ਬਯਾਪਕ ਹੈ, ਉਸ ਵਿਚ ਗੁਰੂ ਨਾਨਕ ਦੇਵ ਜੀ ਦੀ ਗੰਮਤਾ ਸੁਤੇ ਸਿੱਧ ਬਾਤ ਹੈ, ਅਦੇਸ਼ ਵਿਚ ਅਦੇਸ਼ ਹੋਕੇ ਜਾਣਾ ਯਾ ਸਰਬ ਦੇਸ਼ੀ ਵਿਚ ਦੇਹ ਸਮੇਤ ਸਦਾ ਰਹਿਣਾ ਯਾ ਚਲੇ ਜਾਣਾ ਕੁਛ ਅਚਰਜ ਬਾਤ ਨਹੀਂ ਹੈ। ਕਠਿਨਤਾ ਹੈ ਤਾਂ ਐਸੀਆਂ ਸੂਖਮ ਬਾਤਾਂ ਨੂੰ ਸਥੂਲ ਲਫਜ਼ਾਂ ਦੇ ਦੇਸ਼ ਕਾਲ ਵਾਲੇ ਖਿਆਲਾਂ ਵਿਚ ਵਰਣਨ ਕਰਨਾ। ਕਵਿ ਜੀ ਆਪ ਉਚਾਰਦੇ ਹਨ:-ਓਰਕ ਕਹੂੰ ਨ ਪਾਯੋ ਕਾਹੂ। ਸਰਬ ਅਨੰਤ ਕਹੈਂ ਮਿਲਿ ਤਾਹੂ। (ਦੇਸ਼ੋ ਇਸੇ ਅਧਯਾਯ ਦਾ ਅੰਕ ੨੩)।

[1]'ਉੱਤਮ ਭਗਤ ਧ੍ਰੂਵ ਤੁਮ ਸੁਨੀਏ। — [1]ਗੁਰੂ ਜੀ ਬੋਲੇ।

ਰੂਪ ਰੰਗ ਤਿਨ ਕੋ ਨਹਿੰ ਗੁਨੀਏ[1†] ॥੮॥ — [1]ਜਾਣਿਆਂ ਜਾਂਦਾ। [†]ਪਾ:-ਨਹਿ ਜਨੀਯੇ।

ਭਗਤਨਿ ਧਯਾਨ ਹੇਤ ਬਿਨ ਜੌਨਾ[1†]। — [1]ਜੋ ਜੂਨ ਵਿਚ ਆਏ ਤੋਂ ਬਿਨਾਂ ਯਾ ਕਿਸੇ ਕਲੇਸ਼ ਕਰਮ ਕਾਰਣ ਤੇ ਸਦਾ ਸੁਤੰਤਰ ਰਹਿਕੇ ਭਗਤਾਂ ਦੇ ਧਯਾਨ ਹਿਤ ਰੂਪ ਹੈ, ਉਹ...। [†]ਪਾ:-ਭਗਤਨ ਧਯਾਨ ਹੇਤ ਮਨ ਜੌਨਾ। ਅਰਥਾਤ-ਜੇਹੜੀ ਭਗਤਾਂ ਦੇ ਮਨ ਦੇ ਧਯਾਨ ਮਾਤ੍ਰ ਲਈ ਹੈ।

ਸੋਹਤਿ ਸ਼ਯਾਮ ਸਰੂਪ ਸਲੋਨਾ[1]। — [1]ਸੁੰਦਰ।

ਸਸਿ[1]ਸਵਿਤਾ[2] ਕੋਟਿਕ[3] ਉਜਿਆਰਾ[4]। — [1]ਚੰਦਰਮਾ। [2]ਸੂਰਜ। [3]ਕ੍ਰੋੜਾਂ ਹੀ। [4]ਪ੍ਰਕਾਸ਼।

ਬ੍ਰਹਮਾਦਿਕ ਜਿਹ ਪਾਇੰ ਨ ਪਾਰਾ ॥੯॥

ਕੋਟਿ ਕਾਮ ਕੀ[1]ਸੁੰਦਰਤਾਈ। — [1]ਕਾਮਦੇਵਾਂ ਦੀ।

ਇਕ ਨਖ ਕੀ ਨ ਕਰੇ ਸਮਤਾਈ[1]। — [1]ਬਰਾਬਰੀ।

ਕੋ ਉਪਮਾ ਮੈਂ ਦੇਵੋਂ ਤਿਨ ਕੀ।

ਸਰਬਰ ਕੋਇ ਨ ਦੇਖੌਂ ਜਿਨ ਕੀ ॥੧੦॥

ਅਨਿਕ ਬ੍ਰਹਮੰਡ ਦੇਹਿ ਮਹਿੰ ਬਨੇ।

ਜਿਉਂ ਤਰੁਵਰ[1]ਬਹੁ ਫਲ ਕੇ ਸਨੇ। — [1]ਬ੍ਰਿੱਛ।

ਕਹਿਨ ਸੁਨਨਿ ਤੇ ਜਾਨਿ ਅਨੰਤਾ[1]। — [1]ਬੇਅੰਤ।

ਨਿਖਲ[1]ਭਵਨ[2] ਕੋ ਰਾਜਤਿ ਕੰਤਾ[3] ॥੧੧॥ — [1]ਸਾਰੇ। [2]ਲੋਕਾਂ। [3]ਸ੍ਵਾਮੀ।

ਸਭਿਨਿ ਬਿਖੈ ਜਿਹ ਜੋਤਿ ਸਮਾਨੀ[1]।
[1]ਸਮਾਈ ਹੋਈ ਹੈ।
ਸਦਾ ਅਲੇਪ ਸਰਬ ਕੋ ਦਾਨੀ।'
ਸੁਨਿ ਕੀਨੋ ਧ੍ਰੂਵ ਹਰਖ ਅਪਾਰਾ।
'ਨਿਰੰਕਾਰ ਕੇ ਤੁਮ ਆਕਾਰਾ[1] ॥੧੨॥
[1]ਸ੍ਵਰੂਪ।
ਨਿਸ਼ਚਾ ਮੋਹਿ ਅਧਿਕ ਅਤਿ ਗਾਢੋ।
ਧੰਨ ਭਾਗ ਦੇਖਜੋ ਢਿਗ ਠਾਂਢੋ[1]।
[1]ਪਾਸ ਖੜਾ ਹੋਕੇ।
ਕਲਿ[1]ਮਹਿਂ ਨਾਮ ਕਰਹਿਂ ਉਪਦੇਸਾ।
[1]ਕਲਯੁਗ।
ਪਾਵਤਿ ਨਰ ਜੇ ਅਧਿਕ ਕਲੇਸ਼ਾ ॥੧੩॥
ਸਹਿ ਨ ਸਕੇ ਤਿਨ ਕੋ ਦੁਖ ਭਾਰੀ।
ਧਰਜੋ ਰੂਪ ਤੁਮ ਪਰਉਪਕਾਰੀ।
ਦੀਨ ਬੰਧ ਹੋ ਦੀਨ ਦਯਾਲਾ।
ਦੀਨਾ ਨਾਥਹਿ ਨਾਮ ਬਿਸਾਲਾ' ॥੧੪॥
ਉਸਤਤਿ ਕੇ ਬਚਿ ਇਉਂ ਕਹਿ ਸੁਨਿ ਕੈ।
ਬੈਸੇ ਕਿਤਿਕ ਕਾਲ ਜਨ ਗੁਨਿ ਕੈ[1]।
[1](ਧ੍ਰੂ ਨੂੰ) ਦਾਸ ਜਾਣਕੇ।
ਬੋਲੇ ਬਹੁਰ 'ਸੁਨੋ ਧ੍ਰੂਵ ਪਜਾਰੇ!
ਅਬ ਚਲਿਨੇ ਕੀ ਚਾਹਿ ਹਮਾਰੇ ॥੧੫॥
ਕਰਨੇ ਕਾਜ ਜਾਇ ਤਲ ਛੋਨੀ[1]।
[1]ਹੇਠਾਂ ਧਰਤੀ ਤੇ।
ਆਇਸੁ ਦਿਹੁ ਤਵ ਕੀਰਤਿ ਨੋਨੀ।'
ਧ੍ਰੂਵ ਸੁਨਿ ਕੈ ਇਵ ਬਚਨ ਉਚਾਰਾ।
'ਆਇਸੁ ਸਦਾ ਤੁਮਹਿਂ ਕਰਤਾਰਾ ॥੧੬॥
ਬਿਚਰਉ ਜਹਿਂ ਇੱਛਾ ਉਰ ਤੇਰੇ।
ਕਲਮਲ ਨਾਸਹਿਂ ਦਰਸ਼ਨ ਹੇਰੇ।'
ਕਰੀ ਪਰਸਪਰ ਤਬ ਹੀ ਬੰਦਨ।
{ਧ੍ਰੂਵ ਤੋਂ ਵਿਦਾ}
ਤਹਿਂ ਤੇ ਗਮਨੇ ਦੋਖ ਨਿਕੰਦਨ ॥੧੭॥
ਕਿਤਿਕ ਦੂਰ ਤਬ ਹੀ ਚਲਿ ਆਏ।
ਮਰਦਾਨੇ ਤਬ ਬੈਨ ਅਲਾਏ।
'ਜੇਤੇ ਨਭਚਰ[1]ਹੈਂ ਨਭਿ ਮਾਂਹੀ।
[1]ਅਕਾਸ਼ ਤੇ ਵਿਚਰਨ ਵਾਲੇ।
ਧ੍ਰੂਵ ਮੰਡਲ ਸਭਿ ਤੇ ਉਰਧਾਹੀ[1] ॥੧੮॥
[1]ਉੱਚਾ ਹੈ।
ਭੂਤਲ[1]ਤੇ ਊਰਧ[2] ਹੈ ਜੇਤੋ।
[1]ਪ੍ਰਿਥਵੀ। [2]ਉਚਾ।
ਮੁਝੈ ਬਤਾਵੋ ਸ਼੍ਰੀ ਪ੍ਰਭੁ ਤੇਤੋ।

ਹਮ ਸੇ ਅਲਪਨ[1]ਕੋ ਇਹ ਥਾਨਾਂ। [1]ਸਾਡੇ ਵਰਗੇ ਤੁੱਛਾਂ।
ਤੁਮ ਬਿਨ ਕੌਨ ਦਿਖਾਇ, ਮਹਾਨਾਂ[1]' ॥੧੯॥ [1]ਹੇ ਸ੍ਰੇਸ਼ਟ ਜੀਓ!
ਸ੍ਰੀ ਗੁਰ ਕਹੈਂ 'ਸੁਨੋ ਮਰਦਾਨੇ।
ਧ੍ਰੂਵ ਮੰਡਲ ਜੇਤੋਕ ਪ੍ਰਮਾਨੇ।
ਉਣਤਾਲੀ ਲਖ ਜੋਜਨ ਊਚਾ[†]। [†]ਏਹ ਹਿਸਾਬ ਵੀ ਹਿੰਦਾਲਿਆਂ ਦੀ ਵਿਗਾੜੀ ਹੋਈ ਜਨਮਸਾਖੀ ਤੋਂ ਹੀ ਲਿਖੇ ਜਾਪਦੇ ਹਨ। 'ਧ੍ਰੂ' ਨਾਮੇ ਸਿਤਾਰਾ ਇਸ ਤੋਂ ਬਹੁਤ ਹੀ ਵਧੀਕ ਦੂਰੀ ਤੇ ਹੈ।
ਇਸਕੀ ਸਰਬਰ[1]ਕੋ ਨ ਪਹੂਚਾ' ॥੨੦॥ [1]ਬਰਾਬਰ।
'ਪ੍ਰਭੁ ਜੀ ਮੁਝ ਇਕ ਅਵਰ ਬਤਾਵਉ।
ਲਖਿ ਅਜਾਨ ਨਹਿਂ ਮਨ ਖੁਨਸਾਵਉ।
ਧ੍ਰੂਵ ਮੰਡਲ ਤੇ ਗਏ ਅਗਾਰੀ[1]। [1]ਅੱਗੇ।
ਕੇਤੀ ਦੂਰ? ਕਹਉ ਸੁਖਕਾਰੀ!' ॥੨੧॥
'ਅੱਪ੍ਰਮਾਨ[1]ਸੋ ਸੁਨਿ ਮਰਦਾਨੇ। [1]ਬੇਅੰਦਾਜ਼ਾ।
ਤਿਹ ਕੀ ਗਿਨਤੀ ਹ੍ਵੈ ਨ ਬਖਾਨੇ।
ਨਾਮ ਅਨੰਤ ਅਲੇਖ ਅਪਾਰਾ।
ਬ੍ਰਹਮਾਦਿਕ ਇਉਂ ਕਰਤਿ ਉਚਾਰਾ[1] ॥੨੨॥ [1]ਪਾਰਾਵਾਰ ਰਹਿਤ।
ਦਯਾ ਧਾਰਿ ਦਿਖਰਾਵਹਿ[1]ਜੇਤੋ[2]। [1]ਦਿਖਾਂਵਦਾ ਹੈ। [2]ਜਿਤਨਾ।
ਕਰਜੋ ਜੰਤੁ[1]ਦੇਖਤਿ ਹੈ ਤੇਤੋ। [1]ਕੀਤਾ ਹੋਯਾ ਜੀਵ।
ਓਰਕ ਕਹੂੰ ਨ ਪਾਯੋ ਕਾਂਹੂ।
ਸਰਬ ਅਨੰਤ[1]ਕਹੈਂ ਮਿਲਿ ਤਾਂਹੂ' ॥੨੩॥ [1]ਬਿਅੰਤ ਹੀ।
'ਧੰਨ! ਧੰਨ!' ਭਾਖੈ ਮਰਦਾਨਾ।
'ਕਹਉ ਸੱਤਿ ਤੁਮ ਮਯਾ ਨਿਧਾਨਾ!
ਨਿਰੰਕਾਰ ਤੁਮ ਮਹਿਂ ਨਹਿਂ ਭੇਦਾ।
ਕਾਰਨ ਕਰਨ[1]ਅਕਾਲ ਅਛੇਦਾ ॥੨੪॥ [1]ਸਬੱਬਾਂ ਦੇ ਕਰਨ ਵਾਲੇ।
ਅਬ ਭੂਤਲ ਕੋ ਆਪ ਪਧਾਰੇ।
ਕੌਨ ਦੇਸ਼ ਆਇ ਪੰਥ ਅਗਾਰੇ?
ਕਿਤਿਕ ਦੇਰ ਮਹਿਂ ਚਲਹਿ ਗੁਸਾਈਂ?'
ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ ॥੨੫॥
ਦੋਹਰਾ:

'ਸੂਰਤ ਬੰਦਰ ਆਵਈ,
ਨਟਕਾ ਚਪਟਾ ਫੇਰ।
ਮਛਲੀ ਬੰਦਰ ਜਾਇਂ ਪੁਨਿ,
ਸ਼ੀਘਰ ਕਰੈਂ ਨ ਦੇਰ' ॥੨੬ ॥[*]

[*]ਇਹ ਜੋ ਟਿਕਾਣੇ ਦੱਸ ਰਹੇ ਹਨ ਏਥੇ ਅਜੇ ਅੱਪੜੇ ਨਹੀਂ। ਇਤੇ ਗ਼ਾਲਬਨ ਏਹ ਦੱਸਿਆ ਹੈ ਕਿ ਚੀਨ ਦਾ ਸੈਲ ਕਰਕੇ ਕਿਸੇ ਜਹਾਜ਼ ਦੇ ਰਸਤੇ ਹਿੰਦੁਸਤਾਨ ਅੱਪੜਨ ਦਾ ਇਸ ਵੇਲੇ ਖਿਆਲ ਹੈ। ਮਛਲੀ ਪਟਮ ਮਦਰਾਸ ਅਹਾਤੇ ਦਾ ਇਕ ਬੰਦਰ ਹੈ ਜੋ ਗੋਦਾਵਰੀ ਸੰਗਮਾਂ ਤੋਂ ਹੇਠਾਂ ਵਾਰ ਹੈ ਤੇ ਸੂਰਤ ਬੰਬਈ ਅਹਾਤੇ ਵਿਚ ਹੈ। ਜੇ ਤਾਂ ਪੂਰਬੀ ਕਿਨਾਰੇ ਉਤਰਨ ਦਾ ਖਿਆਲ ਹੈ ਤਾਂ ਮਛਲੀ ਪਟਮ ਪਹਿਲੇ ਠੀਕ ਹੈ ਤੇ ਜੇ ਪੱਛੋਂ ਜਾ ਉੱਤਰਨ ਦਾ ਖਿਆਲ ਹੈ ਤਾਂ ਸੂਰਤ ਪਹਿਲੇ। ਗੁਰੂ ਜੀ ਅਜੇ ਪਹਾੜਾਂ ਦੇ ਸ਼ੈਲੇ ਕਰ ਰਹੇ ਹਨ, ਸੋ ਅਜੇ ਤਾਂ ਇਹ ਕੇਵਲ ਵਚਨ ਬਿਲਾਸ ਤੇ ਹਾਸ ਹੋ ਰਹੇ ਹਨ।

ਚੌਪਈ:

ਇਸ ਪ੍ਰਕਾਰ ਕੇ ਬਚਨ ਬਿਲਾਸਾ।
ਕਰਤਿ ਚਲਤਿ ਸਿੱਖਨ ਸੁਖ ਰਾਸਾ।
ਸੀਲਾਗਿਰ[1] ਪਰ ਜਬ ਚਲਿ ਆਏ। [1]ਨਾਮ ਹੈ ਪਹਾੜ ਦਾ।
ਮਰਦਾਨੇ ਤਬ ਬੈਨ ਅਲਾਏ ॥੨੭॥

{ਸੀਲਾਗਿਰ}

'ਇਸ ਪਰਬਤ ਸੁੰਦਰ ਕੇ ਮਾਂਹੀ।
ਰਹਤਿ ਸੰਤ ਕੈਧੌਂ ਕੋ ਨਾਂਹੀ?
ਪਸੁ ਪੰਖੀ ਕੋ ਨਜ਼ਰ ਨ ਆਵੈ।
ਸੂਨੋ[1] ਸਭਿ ਇਸਥਾਨ ਦਿਖਾਵੈ' ॥੨੮॥ [1]ਸੁੰਞਾ।
ਸ੍ਰੀ ਗੁਰ ਕਹੈਂ 'ਛੁਧਾ ਤੁਹਿ ਲਾਗੀ।
ਕਿਉਂ ਕਰਿ ਬੂਝਤਿ ਹੈ ਬਡਿਭਾਗੀ?
ਇਸ ਗਿਰਪਰ ਨਰ ਰਹਿਤਿ ਨ ਕੋਊ।
ਅਗਲੋ ਥਲ ਅਵਲੋਕਤਿ ਜੋਊ ॥੨੯॥
ਤਿਹ ਪਰ ਰਹਿਤ ਰਿਖੀਸ਼ੁਰ ਭੂਰੰ[1]। [1]ਬਹੁਤੇ।
ਤਰੁਵਰ[1] ਬਹੁ ਲਾਗੇ ਫਲ ਰੂਰੰ। [1]ਬ੍ਰਿੱਛਾਂ ਨੂੰ।
ਜੇਕਰਿ ਤਵ ਮਨ ਮੈਂ ਹ੍ਵੈ ਚਾਹੀ।
ਚਲਿ ਕਰਿ ਤਹਿਂ ਫਲ ਲੀਜੈ ਖਾਹੀ' ॥੩੦॥
'ਸ੍ਰੀ ਪ੍ਰਭੁ! ਸੁਨੀਏ ਛੁਧਾ ਨ ਕੋਈ।
ਜਬ ਕੇ ਬਰ ਦੇ ਕਰਿ ਤੁਮ ਖੋਈ।
ਰਹੋਂ ਅਨੰਦ ਸਦਾ ਉਰ ਮਾਂਹੀ।
ਖਾਵਨ ਚਾਹਿ ਹੋਤਿ ਕਬਿ ਨਾਂਹੀ' ॥੩੧॥

ਕਹਿਤਿ ਸੁਨਤਿ ਤਿਹ ਗਿਰ ਪਰ ਆਏ।
ਜਹਾਂ ਬਿਟਪ[1] ਫਲ ਸਹਿਤ ਸੁਹਾਏ। — [1]ਬ੍ਰਿੱਛ।
ਅਨਿਕ ਰੰਗ ਕੇ ਸੁਮਨ[1] ਸੁਹਾਵਨ। — [1]ਵੱਲ।
ਜਿਨ ਪਰ ਭੌਰੇ ਕਰਹਿਂ ਭ੍ਰਮਾਵਨ[1] ॥੩੨॥ — [1]ਉਡਣਾ।
ਲਤਾ[1] ਬਹੁਤ ਜਿਨ ਸੋਂ ਉਰਝਾਨੀ। — [1]ਵੇਲਾਂ।
ਸੁੰਦਰ ਅਤਿ ਛਾਇਆ ਸੁਖਦਾਨੀ।
ਅਨਿਕ ਬਿਧਿਨਿ ਲਾਗੇ ਫਲ ਸਰਸੰ[1]। — [1]ਰਸਾਂ ਵਾਲੇ।
ਸ਼ਾਖਾ[1] ਭਾਰ ਭੁਮਿ ਸੋਂ ਪਰਸੰ[2] ॥੩੩॥ — [1]ਟਾਹਣੀਆਂ। [2]ਛੋਂਹਦੀਆਂ ਹਨ।
ਮਨਹੁ ਅਥਿਤ[1] ਜੋ ਆਵਤਿ ਪਾਸਾ। — [1]ਲੋੜਵੰਦ।
ਦੇਨੇ ਹੇਤ ਝੁਕੇ ਫਲ ਰਾਸਾ[1]। — [1]ਸਾਰੇ।
ਬਿਨ ਹੀ ਸ਼੍ਰਮ[1] ਲੇਂ ਤੋਰ ਸੁਖਾਰੇ। — [1]ਬਿਨਾ ਖੇਚਲ ਦੇ।
ਖਾਵਹਿਂ ਸਾਦੁ[1] ਛੁਧਾ ਨਿਰਵਾਰੇ ॥੩੪॥ — [1]ਸਵਾਦ ਨਾਲ।

ਦੋਹਰਾ:
ਉਪਕਾਰੀ ਜੋ ਪੁਰਖ ਹੈਂ,
ਸਿੱਖਜਾ ਤਿਹ ਜਨੁ ਦੇਤਿ।
{ਬ੍ਰਿਛਾਂ ਤੋਂ ਸਿੱਖਿਆ}
-ਕਰਿ ਉਪਕਾਰ ਸੁ ਨਿਵ ਚਲੋ,
ਦੀਨ ਦੁਨੀ ਸੁਖ ਹੇਤ- ॥੩੫॥

ਚੌਪਈ: — [1]ਉੱਜਲ। [2]ਪਰਵਾਹ ਦਾ। [3]ਪਾਣੀ। †ਪਾ:-ਪੀਵੰ।
ਸੀਤਲ ਬਿਮਲੰ[1] ਨੌਰਾ[2]† ਨੀਰੰ[3]।
ਮਾਰਗਸ਼੍ਰਮ ਕੀ[1] ਖੋਵਤਿ ਪੀਰੰ। — [1]ਰਾਹ ਦੀ ਥਕਾਣ ਦੀ।
ਸਘਨ[1] ਸੁਹਾਵਨ ਛਾਯਾ ਜਹਿਂਵਾ। — [1]ਸੰਘਣੀ।
ਬੈਸੇ ਸ਼੍ਰੀ ਨਾਨਕ ਪਿਖਿ ਤਹਿਂਵਾ ॥੩੬॥
ਬਰ ਫਰ[1] ਮਧੁਰ ਤੋਰਿ ਮਰਦਾਨੇ। — [1]ਸ੍ਰੇਸ਼ਟ ਫਲ।
ਗੁਰ ਅੱਗ੍ਰਜ ਰਾਖੇ ਤਬਿ ਆਨੇ।
ਸੁੰਦਰ ਸਰਸ[1] ਦੇਖਿ ਮਨ ਭਾਏ। — [1]ਸਮੇਤ ਰਸ ਦੇ।
ਸ਼੍ਰੀ ਗੁਰ ਕਰ ਮੈਂ ਅਰਧ ਉਠਾਏ ॥੩੭॥
ਸੋ ਮੋ ਕੋ ਦੀਨੇ ਤਿਹ ਕਾਲਾ।
ਰਾਖੇ ਅਰਧੰ ਆਪ ਕ੍ਰਿਪਾਲਾ।
ਮਰਦਾਨਾ ਤੋਰੈ ਸੋ ਖਾਵਤਿ।
ਸਾਦ ਸੁਧਾ ਮਮ, ਅਧਿਕ ਅਘਾਵਤਿ[1] — [1]ਰੱਜ ਰੱਜ ਕੇ ਖਾਂਦਾ ਹੈ।

॥ ੩੮ ॥

ਦੋਹਰਾ:

ਛੋਰਿ ਸਕੈ ਨਹਿਂ ਖਾਇ ਬਹੁ
ਗਰ ਲੌਂ ਉਦਰੰ ਪੂਰ[1]।
[1]ਗਲ ਤਕ ਪੇਟ ਨੂੰ ਭਰਕੇ।
ਤੋਰਿ[1] ਚੀਰ[2] ਮਹਿਂ[3] ਪਾਇ ਕਛੁ
[1]ਤੋੜਕੇ। [2]ਬਸਤਰ। [3]ਵਿਚ।
ਬਾਂਧੇ[1] ਸ੍ਵਾਦੰ[2] ਭੂਰ[3] ॥ ੩੯ ॥
[1]ਬੰਨ੍ਹੇ। [2]ਸਵਾਦ ਵਾਲੇ। [3]ਬਹੁਤੇ।

ਚੌਪਈ:
[1]ਆ ਕਰਕੇ।

ਬੈਸਜੋ ਗੁਰ ਸਮੀਪ ਸੋ ਆਨਾ[1]।
ਬਿਗਸਤਿ ਬੋਲੇ ਮਯਾਨਿਧਾਨਾ।
'ਜੇ ਨ ਅਘਾਯੋ ਔਰਹਿ ਲੀਜੈ।
ਮਨ ਭਾਵਨ ਸੇ ਖਾਵਨ ਕੀਜੈ' ॥ ੪੦ ॥
'ਸ਼੍ਰੀ ਪ੍ਰਭੁ ! ਮੈਂ ਬਹੁ ਰਹਜੋ ਅਘਾਈ[1]।
[1]ਤ੍ਰਿਪਤ ਹੋ ਗਿਆ ਹਾਂ।
ਖਾਵਨ ਤ੍ਰਿਸ਼ਨਾ ਸਕਲ ਮਿਟਾਈ।
ਜੇ ਅਬ ਰਾਵਰ ਕੀ ਰੁਚਿ ਦੇਵਨ।
ਇਕ ਦੁਇ ਦਿਹੁ ਖਾਵਉਂ ਕਰ ਲੇਵਨ[1]' ॥ ੪੧ ॥
[1]ਆਪਦੇ ਹੱਥੋਂ ਲੈਕੇ ਖਾਵਾਂ।
ਨਿਜ ਕਰ ਸੋਂ ਗੁਰ ਫਰ[1] ਜੁਗ ਦੀਨੇ।
[1]ਫਲ।
ਲੇ ਕਰਿ ਤਬ ਹੀ ਖਾਵਨ ਕੀਨੇ।
ਖਾਨੇ ਕੀ ਰੁਚਿ ਉਦਰ ਅਘਾਯੋ।
ਤਿਹ ਛਿਨ ਬਹੁਰੋ ਬੈਨ ਅਲਾਯੋ ॥ ੪੨ ॥

ਦੋਹਰਾ:

'ਸਾਦ ਸੁਧਾ ਸਮ ਫਲ ਮਧੁਰ, ਇਹਾਂ ਕੌਨ
ਇਨ ਖਾਇ।
ਕਿਧੋਂ ਬਾਦ ਏ ਜਾਵਈ, ਮਾਨਵ ਕੋ ਨ
ਦਿਸਾਇ' ॥ ੪੩ ॥

ਚੌਪਈ:
[1]ਖਾਵਨ ਵਾਲਾ।

ਗੁਰ ਕਹਿਂ 'ਜੇ ਨਹਿਂ ਖਾਵਨਵਾਰੋ[1]।
ਕਿਉਂ ਉਪਜਤਿ ਇਹ ਰਿਦੇ ਬਿਚਾਰੋ।
ਨਿਰੰਕਾਰ ਕੇ ਸੰਤ ਜਿ ਈਠੇ[1]।
[1]ਪਿਆਰੇ।
ਤਿਨਕੇ ਹੇਤ ਕਰੇ ਫਲ ਮੀਠੇ ॥ ੪੪ ॥
ਰੁਚਿ ਸੋਂ ਖਾਇਂ ਲਗਾਇਂ ਸਮਾਧਾ।
ਕਰਤਿ ਭਜਨ ਜਿਨ ਮੋਹ ਨ ਬਾਧਾ।'

'ਕਿਤਕ ਕਾਲ ਪ੍ਰਭੁ ਇਹ ਠਾਂ ਰਹੀਏ।
ਮਿਲੇ ਸੰਤ ਬਚ ਸੁਨੀਏ ਕਹੀਏ' ॥੪੫॥
ਬਿਗਸਤਿ ਬੋਲੇ ਕਰੁਨਾ ਡੀਠਾ[1]।

[1]ਮਿਹਰ ਦੀ ਨਜ਼ਰ ਵਾਲੇ (ਅ) ਕ੍ਰਿਪਾ ਦ੍ਰਿਸ਼ਟੀ ਨਾਲ ਹੱਸਕੇ (ਬੋਲੇ)।

'ਤੋ ਕੋ ਲਗਜੋ ਸ੍ਵਾਦ ਫਲ ਮੀਠਾ।
ਕਰਿ ਅਹਾਰ ਕੋ ਲਾਲਚ ਮਨ ਮੈਂ।
ਰਾਖਜੋ ਚਹਿਤ ਅਬੈ ਤੁੰ ਬਨ ਮੈਂ' ॥੪੬॥
ਇਸ ਪ੍ਰਕਾਰ ਕੋ ਹਾਸ ਬਿਲਾਸਾ।
ਕਰਤਿ ਹੁਤੇ ਤਿਹ ਠਾਂ ਸੁਖ ਰਾਸਾ।
ਤਿੰਹ ਛਿਨ ਏਕ ਰਿਖੀ ਚਲਿ ਆਯੋ।
ਹਰਿ ਸਿਮਰਨ ਮਹਿਂ ਜੋ ਲਪਟਾਯੋ ॥੪੭॥
ਹਮਹਿਂ ਬਿਲੋਕਤਿ ਬੋਲਜੋ ਸੋਊ।
'ਇਹਾਂ ਨ ਪਹੁਂਚਜੋ ਕਬਿ ਅਸ ਕੋਊ।
ਕੋ ਤੁਮ, ਕੈਸੇ ਆਨਿ ਪਹੂੰਚੇ?
ਬਿਖਮ[1] ਥਾਨ ਭੁ ਤੇ[2] ਗਿਰ ਊਚੇ ॥੪੮॥

[1]ਔਖਾ। [2]ਪ੍ਰਿਥਵੀ ਤੇ।

ਅਵਲੋਕਤਿ[1] ਅਚਰਜ ਉਰ ਆਯਹਿ।

[1]ਦੇਖਦਿਆਂ।

ਮੁਝੇ ਆਪਨੋ ਨਾਮ ਬਤਾਯਹਿ।'
ਸੁਨਿ ਕਰਿ ਸ਼੍ਰੀ ਗੁਰ ਗਿਰਾ ਉਚਾਰੀ।
'ਨਾਮ ਮੋਰ ਨਾਨਕ ਨਿਰੰਕਾਰੀ ॥੪੯॥
ਸੰਤ ਭਗਤ ਕੇ ਦਰਸ਼ਨ ਹੇਤੇ।
ਬਿਚਰਤਿ ਸਰਬ ਥਾਨ ਸੁਖ ਲੇਤੇ।'
ਸੁਨਿ ਇਉਂ ਰਿਖਿ ਹਿਰਦੇ ਹਰਖਾਵਾ।
ਹੇਤ ਬੂਝਨੇ ਬੈਨ ਅਲਾਵਾ ॥੫੦॥
'ਸ਼੍ਰੀ ਨਾਨਕ ਜੇ ਹੈ ਤੁਮ ਨਾਮੂ।
ਤੌ ਚਰਨਨ ਹੁਇ ਮੋਰ ਪ੍ਰਣਾਮੂ[1]।'

[1]ਨਮਸਕਾਰ।

ਗੁਰ ਬੂਝਜੋ 'ਤੂੰ ਕਿਉਂ ਕਰਿ ਜਾਨਹਿ?
ਕਿਹ ਤੇ ਸੁਨਿ ਕੈ ਹਮੈਂ ਪਛਾਨਹਿ?' ॥੫੧॥
ਮੁਨਿਵਰ ਭਨੈ[1] 'ਮੋਰ ਗੁਰ ਪੂਰਾ।
ਤਿਹ ਇਕ ਸਮੈ ਕਹਜੋ ਬਚ ਰੂਰਾ।
-ਕਲੀ ਕਾਲ ਮੈਂ ਹ੍ਵੈ ਅਵਤਾਰਾ।

[1]ਰਿਖੀ ਨੇ ਕਿਹਾ।

| | |
|---|---|
| ਨਾਮ ਜਪਾਵਨ ਦੰਭ[1] ਬਿਦਾਰਾ[2] ॥੫੨॥ | [1]ਪਖੰਡ। [2]ਦੂਰ ਕਰਨ ਲਈ। |
| ਭਗਤਿ[1] ਜਗਤ ਮਹਿਂ ਸੋ ਪ੍ਰਗਟਾਵੈ। | [1]ਭਗਤੀ। |
| ਜਹਿਂ ਤਹਿਂ ਉੱਤਮ ਧਰਮ ਚਲਾਵੈ-। | |
| ਦਰਸ ਕਰਤਿ ਭੀ[1] ਭਾਵਨ[2] ਮੋਹੀ[3]। | [1]ਹੋਈ। [2]ਕਾਮਨਾ। [3]ਮੇਰੀ। |
| ਸ੍ਰੀ ਨਾਨਕ ਜੀ ਹੋ ਤੁਮ ਓਹੀ' ॥੫੩॥ | |
| ਅਸ ਕਹਿ ਬੰਦਨ ਹੇਤ ਸਮੀਪਾ। | |
| ਗਯੋ ਜਹਾਂ ਬੇਦੀ ਕੁਲ ਦੀਪਾ। | |
| ਨਿਜ ਕਰ ਪਰ ਲੈ ਕੇ ਤਿਹ ਸੀਸੰ। | |
| ਆਦਰ ਕਰਤਿ ਭਏ ਜਗਦੀਸ਼ੰ[1] ॥੫੪॥ | [1]ਜਗਤ ਦੇ ਈਸ਼੍ਵਰ-ਗੁਰੂ ਜੀ। |
| ਬੂਝਨ[1] ਲਗੇ 'ਕੌਨ ਤੁਮ ਨਾਮੂ? | [1]ਪੁੱਛਣ। |
| ਗੁਰ ਕੋ ਨਾਮ ਭਨੋ ਅਭਿਰਾਮੂ।' | |
| 'ਮੋਹਿ[1] ਨਾਮ ਕਲਜਾਨ ਲਖੀਜੈ। | [1]ਮੇਰਾ। |
| {ਕਲਜਾਨ ਅਤੇ ਸੀਲਸੈਨ} | |
| ਸੀਲ ਸੈਨ ਗੁਰ ਨਾਮ ਜਨੀਜੈ ॥੫੫॥ | |
| ਤੁਮਰੇ ਦਰਸ ਮਿਲਯੋ ਦੁਖ ਹੰਤਾ[1]। | [1]ਨਾਸ਼ ਹੋ ਗਏ। |
| ਜਪ ਤਪ ਸਗਲੇ[1] ਸਫਲ ਭਵੰਤਾ[2]†।' | [1]ਸਾਰੇ। [2]ਸਫਲ ਹੋ ਗਏ। †ਪਾ:-ਜਪ ਤਪ ਸਗਲ ਸਫਲ ਭਗਵੰਤਾ! |
| ਇਉਂ ਮਿਲਿ ਗਮਨਯੋ ਆਸ਼੍ਰਮ ਆਪਨ। | |
| ਜਹਿਂ ਬਹੁ ਤਪੀ ਕਰਹਿਂ ਬਡ ਤਾਪਨ[1] ॥੫੬॥ | [1]ਤਪੱਸਿਆ। |
| ਹਿਰਦੇ ਰਹਯੋ ਅਧਿਕ ਹਰਖਾਈ। | |
| ਸਭਿਹਿਨਿ ਕੋ ਸੁਧ ਜਾਇ ਸੁਨਾਈ। | |
| 'ਸ੍ਰੀ ਨਾਨਕ, ਜਿਨ ਕੀ ਸ਼ੁਭ ਬਾਤਾ। | |
| ਕਰਤਿ ਹੁਤੋ ਕਬਿ ਕਬਿ ਮਿਲ ਤਾਤਾ[1] ॥੫੭॥ | [1]ਪਿਆਰਾ, ਭਾਵ ਗੁਰੂ। |
| ਸੋ ਅਬਿ ਚਲਿ ਆਏ ਇਹ ਠਾਂਈ। | |
| ਬੈਸੇ[1] ਬਨ[2] ਕੇ ਬੀਚ ਸੁਹਾਈ। | [1]ਬੈਠੇ ਹਨ। [2]ਜੰਗਲ। |
| ਦ੍ਵੈ ਮਾਨਵ[1] ਹੈਂ ਔਰ ਸੰਗਾਰੇ[2]। | [1]ਦੋ ਪੁਰਸ਼। [2]ਨਾਲ। |
| ਚਲੀਏ ਦਰਸ਼ਨ ਲੇਹੁ ਨਿਹਾਰੇ' ॥੫੮॥ | |
| ਸੀਲਸੈਣ ਆਦਿਕ ਰਿਖਿ ਜੇਤੇ। | |
| ਸੁਨਿ ਸ਼ੀਘਰ ਗੱਛਤਿ ਭੇ ਤੇਤੇ[1]। | [1]ਸਾਰੇ ਹੀ ਗਏ। |
| ਸਿਰ ਪਰ ਜਟਾ ਜੂਟ[1] ਕੋ ਕੀਨੇ। | [1]ਜਟਾਂ ਦਾ ਜੂੜਾ। |

ਕੁਸ਼ ਕੀ[1] ਕਟ[2] ਮਹਿਂ[3] ਪਾਇ ਕੁਪੀਨੇ[4] ॥੫੯॥ — [1]ਦੱਭ ਦੀ। [2]ਲੱਕ। [3]ਵਿੱਚ। [4]ਲੰਗੋਟੀ।

ਬਲਕਲ[1] ਕੇ ਬਸਤਰ ਤਨ ਧਾਰੇ। — [1]ਭੋਜ ਪੱਤ੍ਰ।
ਜੰਞੂ ਕੁਸ਼[1] ਕੇ ਗ੍ਰੀਵ[2] ਮਝਾਰੇ। — [1]ਦੱਭ ਦੇ। [2]ਗਲ।
ਕਰ ਪਗ ਕੇ[1] ਨਖ[2] ਬਧੇ[3] ਬਿਸਾਲਾ[4]। — [1]ਹੱਥਾਂ ਪੈਰਾਂ ਦੇ। [2]ਨਹੁੰ। [3]ਵਧੇ ਹੋਏ। [4]ਬੜੇ।
ਤਪ ਕੋ ਤੇਜ ਦਿਪੈ[1] ਜਿਨ ਭਾਲਾ[2] ॥੬੦॥ — [1]ਪ੍ਰਕਾਸ਼ਦਾ ਹੈ। [2]ਜਿਨ੍ਹਾਂ ਦੇ ਮੱਥੇ ਤੇ।
ਸ਼ਮਸ[1] ਸ੍ਵੇਤ[2] ਤਨ[3] ਚਰਮ[4] ਸੁਕਾਵਾ[5]। — [1]ਦਾੜ੍ਹੀ। [2]ਚਿੱਟੀ। [3]ਸਰੀਰ ਦਾ। [4]ਚੰਮ। [5]ਸੁਕਿਆ ਹੋਇਆ।
ਸੁਰਗਾਦਿਕ ਸੁਖ ਤਨਕ ਨ ਭਾਵਾ।
ਉੱਜਲ ਰਿਦੇ ਗਜਾਨ ਸੋਂ ਜਿਨ ਕੇ।
ਕਲਮਲ[1] ਨਾਸਹਿਂ[2] ਦਰਸ਼ਨ ਤਿਨ ਕੇ ॥੬੧॥ — [1]ਪਾਪ। [2]ਨਾਸ਼ ਹੁੰਦੇ ਹਨ।

ਦੋਹਰਾ:

ਚਲਿ ਸਮੀਪ ਆਏ ਜਬੈ,
ਉਠਤਿ ਭਏ ਗਤਿਦਾਇ[1]। — [1]ਮੁਕਤੀ ਦਾਤੇ।
ਸਭਿਹਿਨਿ ਕੋ ਬੰਦਨ ਕਰੀ,
ਜਿਉਂ ਰਘੁਬਰ[1] ਰਿਖਿਰਾਇ ॥੬੨॥ — [1]ਸ਼੍ਰੀ ਰਾਮ ਚੰਦ੍ਰ ਜੀ ਨੇ।

ਚੌਪਈ:

ਮਿਲੇ ਹਰਖ[1] ਕਰਿ ਸਭਿ ਹੀ ਗੁਰ ਸੋਂ। — [1]ਖੁਸ਼ੀ ਨਾਲ।
ਦਰਸ ਬਿਲੋਕਹਿਂ[1] ਹਿਤ[2] ਕਰਿ ਉਰ ਸੋਂ। — [1]ਦੇਖਦੇ ਹਨ। [2]ਪ੍ਰੇਮ।
ਅਨਿਕ ਬਿਧਿਨ ਕੀ ਉਸਤਤਿ ਕੀਨੀ।
ਚਰਨ ਕਵਲ ਰਤਿ ਮਹਿਂ[1] ਮਤਿ ਭੀਨੀ[2] ॥੬੩॥ — [1]ਪ੍ਰੀਤੀ ਵਿਚ। [2]ਭਿੱਜੀ ਹੋਈ।
'ਨਿਰੰਕਾਰ ਤੁਮ ਬਨੇ ਆਕਾਰਾ[1]। — [1]ਸ੍ਵਰੂਪ।
ਬਹੁ ਨਰ ਤਾਰਹੁਗੇ ਸੰਸਾਰਾ।
ਇਹ ਸਥਾਨ ਨਿਜ ਸੇਵਕ ਜਾਨੇ।
ਆਇ ਦਰਸ ਦਿਯ ਦਯਾ ਨਿਧਾਨੇ! ॥੬੪॥
ਭਏ ਕ੍ਰਿਤਾਰਥ ਹਮ ਸਭਿ ਤਬ ਤੇ।
ਦਰਸ ਬਿਲੋਕਯੋ ਤੁਮਾਰਾ ਜਬ ਤੇ।
ਦੀਨਾ ਨਾਥ, ਦਯਾਲ, ਗੁਸਾਈਂ!
ਭਗਤ ਵਛਲ ਤੁਮ ਬਿਰਦ ਸਦਾਈ

॥ ੬੫ ॥

ਦੋਹਰਾ:

ਜਪ ਤਪ ਸੰਜਮ ਅਧਿਕ ਜੋ, ਕੀਨੇ ਹਮ ਹਿਤ ਲਾਇ।
ਸਫਲ ਭਏ ਹੈਂ ਆਜ ਸੋ, ਤੁਮਰਾ ਦਰਸ਼ਨ ਪਾਇ' ॥ ੬੬ ॥

ਚੌਪਈ:

ਸ੍ਰੀ ਪ੍ਰਭੁ ਭਨੈਂ 'ਧੰਨ ਸਤਿਸੰਗਾ।
ਜਿਸ ਮੈਂ ਚਢੇ ਨਾਮ ਕੋ ਰੰਗਾ।
ਜਨਮ ਮਰਨ ਕੇ† ਦੁਖ ਅਧਿਕਾਏ। †ਪਾ:-ਜੋ।
ਨਾਸਹਿ ਸਤਿਗੁਰ ਨਾਮ ਧਿਆਏ[1] ॥ ੬੭ ॥ [1]ਸਤਿਗੁਰ ਦਾ ਨਾਮ ਸਿਮਰਨ ਨਾਲ।
ਪਰਮੇਸ਼ੁਰ ਗੁਣ ਰਮਣ[1] ਸਪ੍ਰੀਤਾ। [1]ਰਮਣੀਕ, ਸੁਹਣੇ।
ਧੰਨ ਸਿ ਨਰ ਉਰ ਧਾਰੈਂ ਨੀਤਾ।'
ਇਸ ਬਿਧਿ ਕਹਿ ਸੁਨਿ ਤਿਨ ਸੋਂ ਬਾਨੀ।
ਬਿਦਾ ਰਿਖਿਨ ਤੇ ਭੇ[1] ਸੁਖਦਾਨੀ ॥ ੬੮ ॥ [1]ਵਿਦਾ ਹੋਏ।
ਸਭਿਹਿਨਿ ਸੋਂ ਮਿਲਿ ਬੰਦਨ ਕਰੀ।
ਜਾਨੀ ਰਿਖਿਨਿ ਸਫਲ ਸੋ ਘਰੀ।
ਤਿਹ ਤੇ ਗਮਨੇ ਤਤਛਿਨ ਆਏ।
ਗਿਰ ਘਿਰਾਨ[1] ਜਹਿਂ ਬਿਟਪ[2] ਸੁਹਾਏ ॥ ੬੯ ॥ [1]ਇਕ ਪਹਾੜ ਦਾ ਨਾਮ। [2]ਬ੍ਰਿੱਛ।

{ਗਿਰ ਘਿਰਾਣ}

ਇਕ ਸਰ ਸੁੰਦਰ ਤਹਾਂ ਸੁਹਾਵਨ।
ਨਿਰਮਲ ਨੀਰ ਅਧਿਕ ਮਨ ਭਾਵਨ।
ਬੈਠਿ ਗਏ ਤਿਹ ਕੈ ਤਟ ਜਬ ਹੀ।
ਮਰਦਾਨਾ ਬੋਲ੍ਯੋ ਬਚ ਤਬ ਹੀ ॥ ੭੦ ॥
'ਇਹ ਸਥਾਨ ਰਿਖਿ ਰਹਹਿਂ ਕਿ ਨਾਂਹੀ?
ਜੇ ਕੋ ਹੋਇ ਮਿਲੋ ਪ੍ਰਭੁ ਤਾਂਹੀ।
ਸੰਤਨ ਸੰਗ ਮਿਲਨ ਭਲ ਹੋਵਤਿ।
ਜਿਨ ਬਚ ਜਲ ਕਲਮਲ[1] ਮਲ[2] ਧੋਵਤਿ' ॥ ੭੧ ॥ [1]ਪਾਪਾਂ ਦੀ। [2]ਮੈਲ।

ਦੋਹਰਾ:

'ਇਸ ਗਿਰ ਪਰ ਰਿਖਿ ਏਕ ਹੈ

ਮਿਲੈ ਆਪ ਸੋ ਆਇ।'

{ਰਿਸ਼ੀ ਨੂੰ ਇਸ਼ਨਾਨ ਦਾ ਮਹਾਤਮ ਦੱਸਣਾ}

ਅਸ ਕਹਿ ਸ਼੍ਰੀ ਪ੍ਰਭੁ ਦਯਾਨਿਧਿ
ਨ੍ਹਾਨ ਲਗੇ ਤਿਹ ਥਾਇ ॥੭੨॥

ਚੌਪਈ:

ਰਿਖਿ ਤਿਹ ਸਮੈ ਤਹਾਂ ਚਲਿ ਆਯੋ।
ਦੇਖੇ ਮੱਜਤਿ[1] ਬਚਨ ਅਲਾਯੋ। [1]ਇਸ਼ਨਾਨ ਕਰਦੇ।
'ਮਨ ਸੁਮੇਰੁ ਜਿਉਂ[1] ਥਿਰ ਲਿਵ ਲਾਗਾ। [1]ਸੁਮੇਰ ਪਹਾੜ ਵਾਂਙ।
ਨੀਰ ਮੀਨ ਜਿਉਂ ਉਰ ਅਨੁਰਾਗਾ[1] ॥੭੩॥ [1]ਜਲ ਮੱਛੀ ਵਾਂਙੂ ਪ੍ਰੇਮ ਵਾਲਾ ਹੋਯਾ।
ਇਸੀ ਪ੍ਰਕਾਰ ਰੀਤਿ ਜਿਨ ਰਾਖੀ।
ਤਿਹ ਸ਼ਨਾਨ ਕੀ ਰਹਿਤਿ ਨ ਕਾਂਖੀ[1]। [1]ਇੱਛਾ।
ਯਾਂ ਤੇ ਪਰੇ ਨ ਸਾਧਨ ਕੋਈ।
ਭਾਖਉ ਸੰਤ ਨਾਮ ਨਿਜ ਜੋਈ' ॥੭੪॥
ਸੁਨਿ ਕਰਿ ਬੋਲੇ ਮਯਾਨਿਧਾਨਾ।
'ਧੰਨ ਰਿਖੀ ! ਤੁਮ ਪਰਮ ਸੁਜਾਨਾ।
ਏਕੰਕਾਰ ਚਰਨ ਸਰੁ[1] ਜੋ ਹੈ। [1]ਤਾਲ।
ਤਿਹ ਕੋ ਲਖੋ ਮੀਨ ਮਨ ਮੋ[1] ਹੈ ॥੭੫॥ [1]ਮੇਰਾ।

ਦੋਹਰਾ:

ਤਿਹ ਬਿਛੁਰਨ ਤੇ ਤਰਫ ਕੈ, ਨਾਨਕ ਮਰੈ ਪਛਾਨ।
ਤਿਹ ਤਰੰਗ ਮੈਂ[1] ਰੈਨ ਦਿਨ, ਕੇਲ[2] ਕਰੈ ਸੁਖਮਾਨਿ ॥੭੬॥ [1]ਲਹਿਰਾਂ ਵਿਚ। [2]ਰਾਤ ਦਿਨ ਖੇਡਣਾ।
ਨੌ ਦਰ[1] ਸਰਵਹਿਂ[2] ਸਦਾ ਹੀ, ਅਤਿ[3] ਮਲੀਨਤਾ[4] ਜੋਇ॥ [1]ਦੋ ਅਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸ਼ਿਸ਼ਨ, ਗੁਦਾ, ਇਨ੍ਹਾਂ ਨੌ ਗੋਲਕਾਂ ਤੋਂ। [2]ਸਿੰਮਦੀ ਹੈ। [3]ਬੜੀ। [4]ਮੈਲ।
ਸ਼ੁੱਧ ਹੋਤਿ ਜਲ ਕੇ ਮਿਲੇ, ਉਚਿਤ ਸ਼ਨਾਨਹਿ[1] ਹੋਇ' ॥੭੭॥ [1]ਇਸ਼ਨਾਨ ਕਰਨਾ ਉਚਿਤ ਹੈ।

ਚੌਪਈ:

ਨਾਨਕ ਨਾਮ ਸੁਨਜੋ ਰਿਖਿ ਜਬ ਹੀ।
ਬੰਦਨ ਕਰੀ ਬੰਦਿ ਕਰ ਤਬ ਹੀ।
ਕਹਿਨ ਲਗਜੋ 'ਕੀਨੀ ਬਹੁ ਦਯਾ।
ਤੁਮ ਹਰਿ ਰੂਪ ਦਰਸ ਮੁਝ ਦਯਾ[1] [1]ਦਿੱਤਾ।

॥੭੮॥
ਹੌਂ ਅਨਜਾਨ ਨ ਪੂਰਬ ਜਾਨਯੋ।
ਅਬ ਜਾਨਯੋ ਜਬ ਨਾਮ ਬਖਾਨਯੋ।
ਕਲੀ ਕਾਲ ਮਤਿਮੰਦ[1] ਲਖੇ ਨਰ। [1]ਮੰਦ ਬੁੱਧੀ ਵਾਲੇ।
ਯਾਂ ਤੇ ਹਰਿ ਅਵਤਾਰ ਧਰਾ ਧਰ[1] [1]ਧਰਤੀ ਤੇ।
॥੭੯॥
ਪੂਰਬ ਸੁਨੀ ਤੁਮਾਰੀ ਗਾਥਾ।
ਦਰਸ ਦੀਨ ਅਬਿ ਕੀਨ ਸਨਾਥਾ[1]।' [1]ਨਿਹਾਲ।
ਮੁਨਿ ਸਪ੍ਰੇਮ ਹ੍ਵੈ ਗਦ ਗਦ ਬਾਨੀ।
ਜਾਨੀ ਸਫਲੀ ਦੇਹਿ ਮਹਾਨੀ ॥੮੦॥
ਮੁਨਿ ਕੋ ਪ੍ਰੇਮ ਦੇਖਿ ਗਤਿਦਾਨੀ[1]। [1]ਮੁਕਤੀ ਦਾਤੇ ਨੇ।
ਮ੍ਰਿਦੁਲ ਮਧੁਰ ਮੁਖ ਬੋਲੇ ਬਾਨੀ।
'ਜੇ ਨਰ ਤੁਮਰਾ ਕਰਤਿ ਮਿਲਾਪੈ।
ਤਿਨ ਕੋ ਮਾਯਾ ਮੋਹ ਨ ਬਯਾਪੈ ॥੮੧॥
ਸਤਿਸੰਗਤਿ ਹੈ ਸੁਖ ਇਸਥਾਨਾ।
ਅਪਰ ਪਦਾਰਥ ਕੋ ਨ ਸਮਾਨਾ।'
ਇਸ ਪ੍ਰਕਾਰ ਕਹਿ ਪੰਕਜ ਬਦਨਾ।
ਆਨ ਥਾਨ ਗਮਨੇ ਸੁਖਸਦਨਾ ॥੮੨॥
ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਰਿਖੀਅਨ ਪ੍ਰਸੰਗ' ਬਰਨਨੰ ਨਾਮ ਪ੍ਰਥਮੋ ਅਧ੍ਯਾਯ ॥੧॥

## ੨. [ਸ਼ਾਰਦਾ ਮੰਗਲ। ਉਲਕਾ ਗਿਰ, ਇਲਾਬ੍ਰਤ ਖੰਡ, ਹਿਰਨ ਖੰਡ, ਕਿੰਪੁਰਖ ਖੰਡ, ਹਰਵਰਖ ਖੰਡ ਤੇ ਕੁਰੁਖੰਡ ਉਪਦੇਸ਼]

੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩

{ਉਲਕਾ ਗਿਰ} ॥੨॥
{ਮਰਦਾਨੇ ਦੀ ਸ਼੍ਰਧਾ ਅਤੇ ਸਿਦਕ} ॥੯..॥
{ਨੌਂ ਖੰਡ} ॥੧੩..॥
{ਪਹਿਲਾ ਇਲਾਬ੍ਰਤ ਖੰਡ} ॥੧੫..॥
{ਦੂਜਾ ਹਿਰਨ ਖੰਡ} ॥੩੧..॥
{ਤੀਜਾ ਕਿੰਪੁਰਖ ਖੰਡ} ॥੪੦..॥
{ਧਰਮ ਚੰਦ ਰਾਜੇ ਦਾ ਸਿਦਕ} ॥੪੩-੪੬॥
{ਚੌਥਾ ਹਰਵਰਖ ਖੰਡ} ॥੪੮॥
{ਪੰਜਵਾਂ ਕੁਰਖੰਡ} ॥੫੫॥

ਦੋਹਰਾ:

**ਚੰਡਿ ਪ੍ਰਚੰਡ ਅਖੰਡ ਬਡ, ਜਗ ਮੰਡਨਿ ਖਲ ਖੰਡ।**

ਚੰਡਿ=ਦੇਖੋ ਪੂਰਬਾਰਧ ਅਧ੍ਯਾਯ ੧ ਅੰਗ ੨, ਅਧ੍ਯਾਯ ੨ ਅੰਕ ੧ ਤੇ ਅਧ੍ਯਾਯ ੧੨ ਅੰਕ ੧। ਪ੍ਰਚੰਡ=ਤੇਜ। [ਸੰਸ: ਪ੍ਰਚਣ੍ਡ]। ਅਖੰਡ=ਜੋ ਖੰਡਨ ਨਾ ਹੋ ਸਕੇ, ਅਟੁੱਟ। ਮੰਡਨਿ=ਮੰਡਨ ਕਰਨ ਵਾਲੀ, ਸੰਵਾਰਨ ਵਾਲੀ, ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੨। ਖੰਡ=ਖੰਡਨ ਕਰਨ ਵਾਲੀ।

**ਭੁਜ ਦੰਡਨ ਕੋਦੰਡ ਧਰਿ, ਸਦ ਅਦੰਡ ਬਰਬੰਡ ॥੧॥**

ਭੁਜ ਦੰਡਨ=ਭੁਜਾ ਦੰਡ ਦੇਣ ਵਾਲੀਆਂ। ਭੁਜਾਂ ਦੋ ਦੰਡ ਦੇਣ ਵਿਚ ਸਮਰੱਥ ਹਨ। ਕੋਦੰਡ=ਧਨੁਖ। ਕੋਦੰਡਧਰਿ=ਧਨੁਖ਼ ਧਾਰੀ। (ਅ) ਕੋ=ਖੋਟੇ ਪੁਰਖ। ਦੰਡ=ਸਜ਼ਾ। ਧਾਰੀ=ਧਾਰਨ ਕਰਨ ਵਾਲੀ, ਦੇਣ ਵਾਲੀ। ਅਦੰਡ=ਅ+ਦੰਡ-ਜੋ ਆਪ ਦੰਡ (ਸਜ਼ਾ) ਹੇਠ ਕਦੇ ਨ ਆਵੇ। (ਅ) ਜੋ ਸਜ਼ਾ ਦੇ ਲਾਇਕ ਨ ਹੋਵੇ। ਬਰਬੰਡ=ਬਲਬੰਡ (ਬਲਵੰਤ ਤੋਂ ਬਣਿਆਂ ਹੈ) ਬਲਵਾਨ। (ਅ) ਵਰ ਵੰਡਣ ਵਾਲੀ। ਫੇਰ ਤੁਕ ਦਾ ਅਰਥ ਐਉਂ ਬਣੇਗਾ ਕਿ:-ਕੋਦੰਡਧਰ (=ਖੋਟੇ ਪੁਰਸ਼ ਜੋ ਸਜ਼ਾ ਦੇ ਲਾਇਕ ਹਨ ਉਨ੍ਹਾਂ) ਨੂੰ ਸਜ਼ਾ ਦੇਣ ਵਾਲੀ ਹੈ ਤੇ ਅਦੰਡ (=ਜੋ ਸਜ਼ਾ ਦੇ ਲਾਇਕ ਨਹੀਂ ਹਨ ਉਨ੍ਹਾਂ) ਨੂੰ ਵਰ ਵੰਡਣ ਵਾਲੀ ਹੈ।

ਅਰਥ:

ਹੇ ਚੰਡਿ! (ਤੇਰਾ) ਤੇਜ ਬੜਾ ਅਟੁੱਟ ਹੈ। ਤੂੰ (ਦੁਸ਼ਟਾਂ ਦੇ ਵਿਗਾੜੇ) ਜਗਤ ਨੂੰ ਖਲਾਂ ਦਾ ਖੰਡਨ ਕਰਕੇ (ਮੁੜ) ਸੰਵਾਰਨ ਵਾਲੀ ਹੈਂ।

(ਤੇਰੀਆਂ) ਬਲਵਾਨ (ਤੇ) ਧਨੁਖ ਧਾਰੀ ਭੁਜਾਂ (ਆਪ) ਸਦਾ ਅਦੰਡ ਹਨ (ਪਰ ਦੁਸ਼ਟਾਂ ਨੂੰ) ਸਦਾ ਦੰਡ ਦੇਣ (ਵਿਚ) ਸਮਰੱਥ ਹਨ।

ਭਾਵ:

ਇਸ ਵਿਚ ਸ਼ਾਰਦਾ ਦੇ ਤੇਜਮਯ ਰੂਪ ਦਾ ਵਰਣਨ ਹੈ। ਅਗਲੇ ਅਧ੍ਯਾਯ ਦੇ ਮੰਗਲ ਵਿਚ ਉਸ ਦੇ ਸ਼ਾਂਤਮਯ, ਰੂਪ ਦਾ ਕਥਨ ਕਰਕੇ ਬੰਦਨਾ ਕਰਨਗੇ। ਇਸ ਵਿਚ ਬੰਦਨਾ ਨਹੀਂ ਕੀਤੀ, ਜਿਸ ਤੋਂ ਮਾਲੂਮ ਹੁੰਦਾ ਹੈ ਕਿ ਇਸ ਅਧ੍ਯਾਯ ਵਿਚ ਅੱਧਾ ਰੂਪ ਬੱਧਾ ਹੈ, ਤੇ ਅਗਲੇ ਵਿਚ ਪੂਰਨ ਕੀਤਾ ਹੈ। ਏਹ ਗਲ ਫੇਰ ਉਤਰਾਰ੍ਧ ਦੇ ਦਸਵੇਂ ਅਧ੍ਯਾਯ ਦੇ ਮੰਗਲ ਵਿਚ ਸਪਸ਼ਟ ਹੋ ਜਾਂਦੀ ਹੈ। ਜਿੱਥੇ ਇਕੋ ਵਜੂਦ (ਸ਼ਾਰਦਾ) ਵਿਚ ਦੁਇ-ਤੇਜ ਮਯ-ਤੇ ਸ਼ਾਂਤ ਮਯ-ਗੁਣ ਦੱਸਕੇ ਇੱਕੋ ਮੰਗਲ ਕਰਦੇ ਹਨ।

ਵਿਸ਼ੇਸ਼ ਭਾਵ ਲਈ ਦੇਖੋ ਪੂਰਬਾਰਧ ਦੇ ਪਹਿਲੇ ਅਧ੍ਯਾਯ ਦਾ ਅੰਕ ਦੂਜਾ ਅਤੇ ਅਧ੍ਯਾਯ ੨ ਦਾ ਅੰਕ ੧।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਜੀ ਸੁਨਿ ਗੁਨ ਭਵਨੰ !
ਤਹਿਂ ਤੇ ਕੀਨਿ ਗੁਰੂ ਪੁਨ ਗਵਨੰ।
ਤਤਛਿਨ ਉਲਕਾ† ਗਿਰਿ ਪਰ ਆਏ।

{ਉਲਕਾ ਗਿਰ}

†ਸੁਮੇਰ ਤੋਂ ਟੁਰਕੇ ਉਲਕਾ ਆਦਿ ਪਰਬਤ ਤੇ ਇਸ ਤੋਂ ਅੱਗੇ ਆਉਣ ਵਾਲੇ ਨਾਮ ਫਿਰ ਟੁਰਕੇ ਖੋਜ ਦੇ ਮੁਥਾਜ ਹਨ। ਸ਼ੇਰ ਆਸਾਮ ਕੱਛਾਰ ਦੇਸ਼ ਵਿਚ ਹੁੰਦੇ ਹਨ। ਸ਼ੇਰਾਂ ਦੀ ਧਰਤੀ ਸ਼ਾਇਦ ਇਹ ਹੋਵੇ। ਕੁਛ ਥਾਵਾਂ ਦੇ ਨਾਂ ਆਕੇ ਫੇਰ ਕਾਲੀ ਪੂਜਾ ਦਾ ਥਾਂ ਆਉਂਦਾ ਹੈ ਜਿਥੇ ਨਰ ਬਲੀ ਲੋਕੀਂ ਦੇਂਦੇ ਹਨ। ਕਾਲੀ ਦੀ ਪੂਜਾ ਬੰਗਾਲ ਵਿਚ ਹੈ, ਪਰ ਨੈਪਾਲ ਤੇ ਪੰਜਾਬ ਦੇ ਉੱਤਰੀ ਪਹਾੜਾਂ ਵਿਚ ਦੇਵੀ ਪੂਜਾ ਆਮ ਹੈ, ਜ੍ਵਾਲਾ ਜੀ ਬੀ ਬੱਕਰੇ ਚਾੜ੍ਹਦੇ ਹਨ। ਦੇਵੀਆਂ ਅੱਗੇ ਨਰ ਬਲੀ ਬੀ ਅਗਲੇ ਸਮੇਂ ਦੇਂਦੇ ਸਨ। ਸੋ ਏਹ ਟਿਕਾਣਾ ਕਿਤੇ ਉੱਤਰੀ ਪਹਾੜਾਂ ਵਿਚ ਹੀ ਹੈ। ਇਸ ਤੋਂ ਅਗੇ ਗੁਰੂ ਜੀ ਜੰਮੂ ਆਉਂਦੇ ਹਨ, ਤੇ ਫੇਰ ਲਾਹੌਰ। ਸੋ ਜੰਮੂ ਆ ਨਿਕਲਨਾ ਬੀ ਦੱਸਦਾ ਹੈ ਕਿ ਪਿਛਲੇ ਟਿਕਾਣੇ ਸਾਰੇ ਪਰਬਤਾਂ ਵਿਚ ਸਨ। ਕਸ਼ਮੀਰ ਤੋਂ ਪਹਾੜੋ ਪਹਾੜ ਸ਼ਿਮਲੇ ਵਾਲੇ ਰਸਤੇ ਗੜਟੋਕ ਤੇ ਅਗੋਂ ਮਾਨਸਰੋਵਰ ਆਦਿ ਤਿੱਬਤ ਦੇ ਇਲਾਕੇ ਤੇ ਇੱਥੋਂ ਪਿੱਛੇ ਹਟਕੇ ਨੈਪਾਲ, ਸਿਕਮ, ਭੁਟਾਨ, ਤਿੱਬਤ ਵਿਚ ਦੀ ਚੀਨ ਹੁੰਦੇ ਹੋਏ, ਫੇਰ ਲਾਸਾ ਆਏ ਤੇ ਓਥੋਂ ਫੇਰ ਪਹਾੜੋ ਪਹਾੜ ਕਸ਼ਮੀਰ ਤੇ ਉੱਤਰੀ ਪਰਬਤਾਂ ਵਿਚ ਆਏ ਤੇ ਮੈਦਾਨ ਵਿਚ ਜੰਮੂ ਤੋਂ ਆ ਉੱਤਰੇ ਜਾਪਦੇ ਹਨ। ਇਹ ਦੌਰਾ ਇਸ ਉਦਾਸੀ ਦਾ ਸਹੀ ਪਿਆ ਹੁੰਦਾ ਹੈ। ਪੁਰਾਤਨ ਜਨਮ ਸਾਖੀ ਵਿਚ ਤ੍ਰਿਤੀਆ ਉਦਾਸੀ ਕਸ਼ਮੀਰ ਦੀ ਹੈ। ਕਸ਼ਮੀਰ ਤੋਂ ਸਵਾ ਲੱਖ ਪਰਬਤ ਲੰਘਕੇ ਸੁਮੇਰ ਜਾਇ ਚੜ੍ਹਿਆ ਦੱਸਿਆ ਹੈ, ਓਥੇ ਸਿੱਧਾਂ ਨਾਲ ਚਰਚਾ ਹੈ, ਫੇਰ ਪੰਜਾਬ ਆਏ ਤੇ ਅਚਲ ਵਟਾਲੇ ਅੱਪੜੇ।

ਮਰਦਾਨੇ ਤਬ ਵਾਕ ਅਲਾਏ ॥੨॥
'ਜਿਸ ਮਾਰਗ ਮਹਿਂ ਹਮ ਚਲਿ ਜਾਹੀਂ।
ਕੌਨ ਦੇਸ਼ ਆਵਹਿ ਇਸ ਮਾਂਹੀ?
ਕਿਤਿਕ ਦਿਵਸ ਮਹਿਂ ਅਪਨੇ ਦੇਸ਼ਾ?
ਪਹੁੰਚੈਂਗੇ, ਭਨੀਏ ਜਗਤੇਸ਼ਾ!' ॥੩॥
ਸੁਨਿ ਕਰਿ ਸ੍ਰੀ ਪ੍ਰਭੁ ਗਿਰਾ ਉਚਾਰੀ।
'ਬੰਦਰ ਅਹੈ ਘਰਾਟ ਅਗਾਰੀ।
ਤਿਹ ਤੇ ਲਾਹਰ ਬੰਦਰ ਆਵੈ।
ਬਹੁਰੋ ਅਪਨੋ ਦੇਸ਼ ਦਿਸਾਵੈ' ॥੪॥
'ਕਿਤੀ ਦੂਰ ਪ੍ਰਭੁ ਸਦਨ ਹਮਾਰਾ?
ਮੁਝੈ ਪ੍ਰਮਾਨ ਬਤਾਵਹੁ ਸਾਰਾ।
ਬਿਗਸਤਿ ਬੋਲੇ ਬਚਨ ਗੁਸਾਈਂ।
'ਆਯੋ ਸਦਨ ਯਾਦ ਤੁਝ ਤਾਈਂ ॥੫॥
ਭਈ ਲਾਲਸਾ ਮਿਲਿਨੇ ਕੇਰੀ।
ਦੇਹਿਂ ਪੁਚਾਇ ਤੁਝੈ ਬਿਨ ਦੇਰੀ।
ਮਿਲਹੁ ਕੁਟੰਬ ਸੰਗਿ ਹਰਖਾਯਾ।

ਤਿਨ ਬਿਨ ਬਹੁਤੋ ਕਾਲ ਬਿਤਾਯਾ' ॥੬॥
'ਪ੍ਰਭੁ ਤੁਮ ਚਲਹੁ ਕਿ ਨਾਂਹੀ ਭੌਨੰ।
ਕਰਿ ਆਏ ਅਬ ਬਹੁਤਾ ਗੌਨੰ।
ਮਾਤ ਪਿਤਾ ਸੁਤ ਆਦਿਕ ਸਾਰੇ।
ਚਹਿਤਿ ਮਿਲਨ ਕੋ ਅਧਿਕ ਤਿਹਾਰੇ' ॥੭॥
ਸ਼੍ਰੀ ਗੁਰ ਭਨੈਂ 'ਹਮਹਿਂ ਕਰਤਾਰਾ।
ਲੇ ਜਾਵਹਿ ਜਬ, ਜਾਹਿਂ ਅਗਾਰਾ।
ਤੂੰ ਜੁ ਚਹਿਤਿ -ਮੈਂ ਤੂਰਨ ਜਾਊਂ-।
ਜਾਹੁ ਸਦਨ, ਖਿਨ ਮਹਿਂ ਪਹੁਂਚਾਊਂ ॥੮॥
'ਹੇ ਪ੍ਰਭੁ! ਮੈਂ ਤੁਮ ਸੰਗਿ ਸੁਹੇਲਾ।
{ਮਰਦਾਨੇ ਦੀ ਸ਼੍ਰਧਾ ਅਤੇ ਸਿਦਕ}
ਅਬ ਮੁਝ ਦੇਵਨ ਲਗੇ ਧਕੇਲਾ।
ਤੁਮ ਬਿਨ ਕੈਸੇ ਜਾਉਂ ਨ ਸਦਨੰ।
ਰਹੌਂ ਪ੍ਰਸੰਨ ਬਿਲੋਕਤਿ ਬਦਨੰ' ॥੯॥
'ਹਮ ਨ ਧਕੇਲਾ ਕੈਸੇ ਦੇਈਂ।
ਧਾਮ ਆਪ ਤੈਂ ਯਾਦ ਕਰੇਈ।
ਯਾ ਤੇ ਤੁਝੈ ਪੁਚਾਵਨ ਹੇਤਾ।
ਹਮ ਨੈ ਭਾਖਯੋ -ਜਾਹੁ ਨਿਕੇਤਾ-' ॥੧੦॥

ਦੋਹਰਾ:

'ਹੌਂ ਤੁ ਸੁਭਾਇਕ ਬੂਝਿਓ, ਯਾਦ ਨ ਕੀਨੋ ਧਾਮ।
ਮੋਹ ਟੂਟ ਮੋਰਾ ਗਯੋ, ਸ਼੍ਰੀ ਪ੍ਰਭੁ ਤੋ ਪਦ[1] ਸ਼ਾਮ[2] ॥੧੧॥

[1]ਆਪ ਦੇ ਚਰਨਾਂ ਦੀ। [2]ਸ਼ਰਨ ਕਰਕੇ।

ਚੌਪਈ:

ਜਿਤ ਕੋ ਰਾਵਰ ਚਲਹੁ ਅਗਾਰੀ।
ਤਿਸ ਹੀ ਦਿਸ਼ ਮੈਂ ਜਾਉਂ ਪਿਛਾਰੀ।
ਅਬ ਨਹਿਂ ਛੋਡਉ ਸੰਗਿ ਤੁਮਾਰਾ।
ਤੁਮ ਕਰੁਨਾ ਤੇ ਸਰਬ ਨਿਹਾਰਾ ॥੧੨॥
ਸੁਨੇ ਖੰਡ ਨਉਂ ਜੰਬੂ ਦੀਪਾ।
{ਨੌਂ ਖੰਡ}

ਸੋ ਦਿਖਾਉ ਬੇਦੀ ਕੁਲ ਟੀਕਾ† !
ਤਿਨਹਿ ਬਿਲੋਕਨ ਕੀ ਅਭਿਲਾਖਾ।
ਤੁਮ ਸਮਰਥ ਪੂਰਹੁ ਸਭਿ ਕਾਂਖਾ' ॥੧੩॥
ਸੁਨਿ ਯੌਂ ਸ੍ਰੀ ਗੁਰ ਬੈਨ ਅਲਾਯੋ।
'ਕਹ੍ਯੋ ਨ ਤੋਰੋ ਜਾਤਿ ਹਟਾਯੋ।
ਚਲਿ ਨਵਖੰਡ† ਜਿ ਤੁਝੇ ਦਿਖਾਵੈਂ।
ਕਰਹੁ ਸੈਲ ਜੇਤੀ ਮਨ ਭਾਵੈ' ॥੧੪॥
ਅਸ ਕਹਿ ਗਮਨ ਕਿਯੋ ਜਗਨਾਥਾ।
ਮੁਝ ਮਰਦਾਨੇ ਕੋ ਲੇ ਸਾਥਾ।
ਖੰਡ ਇਲਾਬ੍ਰਤ† ਜਿਂਹ ਕੋ ਨਾਮੂ।
{ਪਹਿਲਾ ਇਲਾਬ੍ਰਤ ਖੰਡ}
ਤਿਹ ਮਹਿਂ ਤੂਰਨ ਗੇ ਸੁਖਧਾਮੂ ॥੧੫॥
ਕੋਟਿਕ ਸ਼ੇਰ[1] ਹੁਤੇ ਇਕ ਥਾਈਂ।
ਜਾਇ ਤਹਾਂ ਬੈਠੇ ਗੋਸਾਈਂ।
ਮਰਦਾਨੇ ਤੇ ਸ਼ਬਦ ਪੜ੍ਹਾਯੋ।
ਉਚੇ ਸੁਰ ਸੋਂ ਰਾਗ ਗਵਾਯੋ ॥੧੬॥
ਸੁਨ੍ਯੋ ਸ਼ਬਦ ਸੋ ਸਿੰਘਨ ਜਬ ਹੀ।
ਉਰ ਨਿਰਮਲ ਤਿਨ ਕੇ ਭੇ ਤਬ ਹੀ।
ਮਿਲ ਸਭਿ ਆਏ ਸੀਸ ਝੁਕਾਯੋ।
ਬੈਸੇ ਜਬਿ ਗੁਰ ਬਚਨ ਅਲਾਯੋ ॥੧੭॥
'ਕੋ ਤੁਮ ਹੋ, ਕਿਉਂ ਕਰਿ ਚਲਿ ਆਏ?
ਦੇਹੁ ਆਪਨੋ ਨਾਮ ਬਤਾਏ।'
ਬੋਲਨ ਸ਼ਕਤਿ ਦਰਸ ਤੇ ਹੋਈ।
ਬੋਲੇ ਹਾਥ ਬੰਦਿ ਕਰਿ ਦੋਈ ॥੧੮॥
'ਅਹੈ ਤਾਮਸੀ ਜੂਨਿ ਹਮਾਰੀ।
ਪਾਈ, ਕਰੇ ਜੁ ਪਾਪ ਪਿਛਾਰੀ।
ਤੁਮਰੀ ਸ਼ਰਨ ਪਰੇ ਤੇ ਅਬ ਹੀ।
ਸੋ ਕਲਮਲ ਨਾਸਹਿੰਗੇ ਸਭਿ ਹੀ' ॥੧੯॥
ਹਿਤ ਬੂਝਨ ਗੁਰ ਗਿਰਾ ਉਚਾਰੀ।
'ਕਿਉਂ ਕਰਿ ਹੋਵਤਿ ਗੁਜਰ ਤੁਮਾਰੀ?'
'ਸੁਨਹੁ ਸੰਤ ਬਿਰਤੰਤ ਹਮਾਰਾ।
ਬਹੁ ਦਿਨ ਬੀਤਹਿ ਬਿਨਾ ਅਹਾਰਾ

†ਪਾ:-ਦੀਪਾ।

†ਇਹ ਵੰਡ ਪੌਰਾਣਕ ਭੂਗੋਲ ਦੀ ਹੈ।

†ਇਸ ਟਿਕਾਣੇ ਦੀ ਟੋਹ ਲਈ ਪੜ੍ਹੋ ਪਿਛਲੇ ਪੰਨੇ ਦੀ ਟੂਕ।

[1]ਸ਼ੇਰਾਂ ਦਾ ਇਕ ਕੋਟ (ਅ) ਇਕ ਕ੍ਰੋੜ ਸ਼ੇਰਾਂ (ਦਾ ਟੋਲਾ)

॥੨੦॥
ਸੌ ਜੋਜਨ ਇਸ ਬਨ ਕੇ ਮਾਂਹੀ।
ਖਾਏ ਪਸੂ ਰਹਯੋ ਅਬ ਨਾਂਹੀ।
ਅਬ ਹਮ ਬੀਚ ਜੌਨ ਉਂਘਲਾਵੈ।
ਤਿਹ ਕੋ ਤਤਛਿਨ ਸਭਿ ਮਿਲਿ ਖਾਵੈਂ
॥੨੧॥
ਜਾਗਤਿ ਰਹੈਂ ਸਦਾ ਹਮ ਠਾਂਢੇ।
ਕਰਹਿਂ ਪਰਸਪਰ ਭੈ ਹ੍ਵੈ ਗਾਢੇ।
ਮਨ ਨਿਰਮਲ ਭਾ ਦਰਸ ਤੁਮਾਰੇ।
ਸ਼ੁਭ ਗਤਿ ਕਰੁ ਹ੍ਵੈ ਗੁਰੂ ਹਮਾਰੇ' ॥੨੨॥
ਸੁਨਤਿ ਬਿਨੈ[1] ਕਹਿ ਬਾਨੀ ਨੋਨੀ[2]। [1]ਬੇਨਤੀ। [2]ਸੁੰਦਰ।
'ਤੁਮ ਕੋ ਦੇਵਹਿਂ ਮਾਨੁਖ ਜੋਨੀ।
ਤਬਿ ਸਿੱਖੀ ਗੁਰ ਕੀ ਜਿ ਕਮਾਵਉ।
ਬਿਨ ਸੰਦੇਹ ਕੈਵਲ ਤੁਮ ਪਾਵਹੁ ॥੨੩॥
ਸਿੰਘ ਜੁਨਿ ਤੁਮਰੀ ਛੁਟਿ ਜੈਹੈ।
ਮਾਨੁਖ ਜੋਨੀ ਪ੍ਰਾਪਤਿ ਹ੍ਵੈ ਹੈ।
ਸ਼ਬਦ ਅਭ੍ਯਾਸ ਕਰਹੁਗੇ ਜਬ ਹੀ।
ਤਨ ਹੰਤਾ ਛੁਟਿ, ਹ੍ਵੈ ਗਤਿ[1] ਤਬ ਹੀ' [1]ਮੁਕਤੀ।
॥੨੪॥
ਅਸ ਕਹਿ ਬਿਦਾ ਹੋਇ ਜਗਸਾਈਂ।
ਗਮਨੇ ਨਗਰ ਹੁਤੋ ਜਿਹ ਥਾਈਂ।
ਬੈਸੇ ਵਹਿਰ ਸਮੀਪ ਸੁ ਪੁਰਿ ਕੇ।
ਨਰ ਆਏ ਦਰਸ਼ਨ ਹਿਤ ਗੁਰ ਕੇ
॥੨੫॥
ਕਹਿਨ ਲਗੇ 'ਤੁਮ ਕਿਹ ਬਿਧਿ ਆਏ?
ਕਿਨਹੁਂ ਸਿੰਘ ਨ ਮਗ ਮਹਿਂ ਖਾਏ।
ਸੌ ਜੋਜਨ ਲੌਂ ਪਸੁ ਨਰ ਕੋਊ।
ਛੋਡਯੋ ਕਛੁ ਨ ਖਾਇਗੈ ਸੋਊ ॥੨੬॥
ਹਮ ਨੈ ਨਗਰ ਪਾਇ ਗਿਰ ਊਪਰ।
ਰਹਤਿ ਸੁਜਗ[1] ਹ੍ਵੈ ਤੋਪਨ ਕੋ ਧਰਿ। [1]ਹੁਸ਼ੀਆਰ। ਜਾਗਦੇ।
ਜਬ ਆਵਹਿਂ ਛੋਡਹਿਂ ਇਕ ਬਾਰੇ।
ਤਿਨ ਕੋ ਮੋਰਹਿਂ ਗੋਲਿਨਿ[1] ਮਾਰੇ' [1]ਗੋਲੇ ਗੋਲੀਆਂ ਮਾਰਕੇ।

॥੨੭॥
ਗੁਰੂ ਕਹੈਂ 'ਹਮ ਗੇ ਤਿਨ ਪਾਸਾ।
ਸੋ ਹਿੰਸਾ ਤੇ ਭਏ ਨਿਰਾਸਾ।
ਹਮ ਸਭਿ ਹੀ ਕੋ ਸਿਖ ਕਰਿ ਆਏ।
ਕਿਤਿਕ ਕਾਲ ਮਹਿਂ ਸਭਿ ਮਰਿ ਜਾਏਂ।
੨੮।
ਪੁਰਿ ਕੇ ਨਰ ਸੁਨਿ ਕਰਿ ਇਵ ਗਾਥਾ।
ਗੁਰ ਕੇ ਚਰਨ ਧਰੈਂ ਨਿਜ ਮਾਥਾ।
ਕਹੈਂ 'ਸੁ ਤਿਨ ਕੋ ਦੁਖ ਥੋ ਭਾਰੀ।
ਸੋ ਰਾਵਰ ਕੀਨੋ ਨਿਰਵਾਰੀ ॥੨੯॥
ਪੂਰਨ ਸੰਤ ਕਲਾਧਰਿ ਭੂਰੀ।
ਕਰਜੋ ਹਮਾਰੋ ਭੈ ਬਡ ਦੂਰੀ।'
ਲੇ ਉਪਦੇਸ਼ ਸਿੱਖ ਸਭਿ ਹੋਏ।
ਪਾਹੁਲ ਲਈ ਗੁਰੂ ਪਗ ਧੋਏ ॥੩੦॥
ਕਿਤਿਕ ਕਾਲ ਤਹਿਂ ਕੀਨ ਬਸੇਰਾ।
ਅਪਰ ਥਾਨ ਗਮਨੇ ਬਿਨ ਦੇਰਾ।
{ਦੂਜਾ ਹਿਰਨ ਖੰਡ}
ਪਹੁੰਚੇ ਹਿਰਨ ਖੰਡ ਮੈਂ ਜਾਈਂ।[*]

[*]ਤਵਾਰੀਖ ਖਾਲਸਾ ਨੇ ਇਸ ਥਾਂ ਨੂੰ ਨੈਪਾਲ ਦੇ ਟੋਲੀਆ ਨਦੀ ਤੋਂ ਉਤਰ ਕੇ ਲਲਤਾ ਪਟੀ ਦਾ ਇਲਾਕਾ ਸਹੀ ਕੀਤਾ ਹੈ, ਇਥੇ ਸੁਨਹਿਰੀ ਰੰਗ ਦਾ ਪਥਰੀਲਾ ਪਹਾੜ ਹੈ। ਇਸ ਤੋਂ ਅੱਗੇ ਤ੍ਵਾ: ਖਾ: ਵਾਲੇ ਗੁਰੂ ਜੀ ਦਾ ਸਿਕਮ ਵਲ ਜਾਣਾ ਲਿਖਦੇ ਹਨ।

ਜਹਿਂ ਕੰਚਨ ਧਰਨੀ ਸਭਿ ਥਾਈਂ ॥੩੧॥
ਤਹਿਂ ਕੀ ਰੀਤਿ ਸੁਨਹੁ ਸਭਿ ਭਾਂਤੀ।
ਕਰਹਿਂ ਜੋਗ ਸਾਧਨ ਦਿਨ ਰਾਤੀ।
ਰਹਿਤਿ ਤਰੁਨ[1] ਸੋ ਮਨੁਜ ਸਦਾਈ। [1]ਜੁਵਾਨ।
ਘਰ ਮਹਿਂ ਪ੍ਰਾਣ ਨ ਤਜੈਂ ਕਦਾਈ
॥੩੨॥
ਅੰਤ ਸਮਾਂ ਤਿਨ ਕੋ ਜਿ ਪਹੂੰਚੇ।
ਤਬ ਬੈਠਹਿਂ ਗਿਰ ਪਰ ਚੜ੍ਹਿ ਊਚੇ।
ਬ੍ਰਹਮਰੰਧਰ[1] ਕੋ ਫੋਰਿ ਸੁ ਡਾਰਹਿਂ। [1]ਦਸਮ ਦ੍ਵਾਰ।
ਤਹਿਂ ਤੇ ਅਪਨੇ ਪ੍ਰਾਨ ਨਿਕਾਰਹਿਂ
॥੩੩॥
ਤਿਨ ਪੁਰਿ ਬਿਖੈ ਜਾਇ ਗੁਰ ਬੈਸੇ।

ਮਾਨਹੁ ਭਾਨੁ[1] ਗਜਾਨ ਕੋ ਜੈਸੇ। [1]ਸੂਰਜ।
ਬਹੁ ਨਰ ਬੈਠੇ ਆਨਿ ਸਮੀਪਾ।
ਤਬ ਬੋਲੇ ਬੇਦੀ ਕੁਲ ਦੀਪਾ ॥੩੪॥
'ਕੈਸੋ ਤੁਮ ਉਪਦੇਸ਼ ਕਮਾਵਹੁ?
ਅਪਨੇ ਗੁਰ ਕੋ ਨਾਮ ਬਤਾਵਹੁ।'
ਕਹੈਂ ਸੁ 'ਗੁਰ ਗੋਰਖ ਹਮ ਜਾਨਹੁ।
ਪ੍ਰਾਣਾਯਾਮ ਉਪਦੇਸ਼ ਪਛਾਨਹੁ ॥੩੫॥
ਸਾਧਹਿਂ ਜੋਗ ਸਦੀਵ[1] ਤਦਾਪੀ[2]। [1]ਹਮੇਸ਼। [2]ਤਦ ਬੀ।
ਮਨ ਕੌ ਸ਼ਾਂਤਿ ਨ ਆਵ ਕਦਾਪੀ।
ਅਬ ਉਪਦੇਸ਼ ਆਪ ਦਿਹੁ ਐਸਾ।
ਸ਼ਾਂਤਿ ਹੋਇ ਮਨ ਸਭਿ ਕੋ ਜੈਸਾ' ॥੩੬॥
ਸੁਨਿ ਕਰਿ ਤਿਨ ਕੇ ਬਚ ਜਗਤੇਸ਼ਾ।
ਦੇਨਿ ਲਗੇ ਆਪਨ ਉਪਦੇਸ਼ਾ।
'ਸੱਤਿਨਾਮ ਸਿਮਰਹੁ ਲਿਵ ਲਾਈ।
ਹਉਮੈ ਸਗਰੀ ਦੇਹੁ ਮਿਟਾਈ ॥੩੭॥
ਜਗਤ ਅਸੱਤਿ ਭਲੇ ਦ੍ਰਿੜ ਕੀਜੈ।
ਸੱਤਿ ਆਤਮਾ ਏਕ ਜਨੀਜੈ।
ਅਸ ਅਭਜਾਸ ਜਿ ਕਰਹੁ ਸਦੀਵਾ।
ਹੋਇ ਸ਼ਾਂਤਿ ਮਨ ਕੋ, ਸੁਖਸੀਵਾ[1]' ॥੩੮॥ [1]ਸੁਖਾਂ ਦੀ ਹੱਦ।
ਸੁਨਿ ਕਰਿ ਕਰਨ ਸਭਿਨਿ ਮਨ ਮਾਨਾ।
ਕਰਨ ਲਗੇ ਤਿਹ ਬਿਧਿ ਸੁਖ ਜਾਨਾ।
ਤਿਹ ਠਾਂ ਕਿਤਿਕ ਕਾਲ ਗੁਰ ਰਾਖੇ।
ਬਹੁਰੋ ਕੀਨ ਗਮਨ ਅਭਿਲਾਖੇ ॥੩੯॥
ਤਿਨ ਤੇ ਬਿਦਾ ਹੋਇ ਜਗ ਸਾਈਂ।
ਕਿੰਪੁਰਖ[†] ਖੰਡ ਪਰਵਿਸ਼ੇ ਜਾਈ।

{ਤੀਜਾ ਕਿੰਪੁਰਖ ਖੰਡ}

[†]ਤਵਾ: ਖਾਲਸਾ ਨੇ ਇਹ ਥਾਂ ਸਿਕਮ ਦੇਸ਼ ਦਾ ਤਾਮਲੁੰਗ ਸ਼ਹਿਰ ਸਹੀ ਕੀਤਾ ਹੈ। ਆਪ ਲਿਖਦੇ ਹਨ ਕਿ ਸੰ: ੧੯੪੩ ਬਿ: ਵਿਚ ਏਥੋਂ ਦੇ ਵਪਾਰੀ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਮਿਲੇ ਸਨ ਤਦ ਉਨ੍ਹਾਂ ਨੇ ਗੁਰੂ ਜੀ ਦੇ ਓਥੇ ਜਾਣ ਦੀ ਸਾਖੀ ਸੁਣਾਈ ਸੀ ਤੇ ਦਸਿਆ ਸੀ ਕਿ ਤਦੋਂ ਦਾ ਰਾਜਾ ਗੁਰੂ ਜੀ ਦਾ ਸਿੱਖ ਬਣਿਆ ਸੀ। [ਤ੍ਵਾ: ਖਾ: ਭਾਗ ੨ ਹਿੱਸਾ ੧ ਸਫਾ ੩੫੨]

ਨਗਰ ਸਮੀਪਿ ਜਾਇ ਕੈ ਬੈਸੇ।
ਤਨ ਉਪਕਾਰ ਧਰਜੋ ਧਰ ਜੈਸੇ[1] ॥੪੦॥ [1]ਮਾਨੋਂ ਉਪਕਾਰ ਨੇ ਸਰੀਰ ਧਾਰਿਆ ਹੈ ਧਰਤੀ ਤੇ।

ਧਰਮ ਚੰਦ ਤਹਿਂ ਹੁਤੋ ਨ੍ਰਿਪਾਲਾ।
ਸੰਤਨ ਸੇਵਾ ਕਰਤਿ ਬਿਸਾਲਾ।
ਆਨਿ ਪ੍ਰਨਾਮ ਕੀਨਿ ਪਦ ਤਾਂਹੀ।
ਭਾਉ ਬਿਸਾਲ ਜਾਸ ਮਨ ਮਾਂਹੀ ॥੪੧॥
ਕਹਿਨ ਲਗ੍ਯੋ 'ਮੁਝ ਸੇਵ ਬਤਾਵਉ।
ਕਹੋ ਸੁ ਕਰੋਂ, ਨ ਬਿਲਮ ਲਗਾਵਉਂ।'
ਸੁਨੀਏ ਸ਼੍ਰੀ ਅੰਗਦ! ਤਿਹ ਕਾਲਾ।
ਮੁਝੈ[1] ਬਨਾਯੋ ਸ਼ੇਰ ਬਿਸਾਲਾ ॥੪੨॥

[1]ਭਾਵ ਭਾਈ ਬਾਲੇ ਨੂੰ ਸ਼ੇਰ ਬਣਾਇਆ।

'ਕਰਹੁ ਸੇਵ ਜੇ ਭੂਪ ਉਦਾਰਾ!
ਪ੍ਰਿਥਮੈਂ ਦੀਜੈ ਸ਼ੇਰ ਅਹਾਰਾ।
ਆਮਿਖ ਅਵਰ ਨ ਖਾਵਤਿ ਕੋਊ।
ਭੱਛਤਿ[1] ਰਾਜ ਪੁੱਤ੍ਰ ਹ੍ਵੈ ਜੋਊ' ॥੪੩॥

[1]ਖਾਂਦਾ ਹੈ।

ਤਿਹ ਪਰਖਨ ਅਸ ਗੁਰੂ ਅਲਾਯਾ।
ਸੁਨਿ ਭੂਪਤਿ ਨਹਿਂ ਰਿਦਾ ਡੁਲਾਯਾ।
ਕਹ੍ਯੋ 'ਨਿਕੇਤ ਪੁੱਤ੍ਰ ਹੈ ਮੇਰਾ।

{ਧਰਮ ਚੰਦ ਰਾਜੇ ਦਾ ਸਿਦਕ}

ਆਇਸੁ ਦਿਹੁ ਆਨਹੁਂ ਬਿਨ ਦੇਰਾ' ॥੪੪॥
ਇਉਂ ਕਹਿ ਪੁੱਤ੍ਰ ਬੁਲਾਇ ਪਠਾਯਾ।
ਤਿਹ ਸਥਾਨ ਤਤਛਿਨ ਸੋ ਆਯਾ।
-ਸੰਤ ਸੇਵ ਮਹਿਂ ਲਗੈ ਸਰੀਰਾ-।
ਅਸ ਬਿਚਾਰ ਕਰਿ ਬਾਂਧੀ ਧੀਰਾ ॥੪੫॥
ਠਾਂਢੋ ਕੀਨੋ ਸ਼ੇਰ ਅਗਾਰੀ।
'ਧੰਨ ਭੂਪ' ਗੁਰ ਗਿਰਾ ਉਚਾਰੀ।
'ਸੰਤ ਸੇਵ ਮਹਿਂ ਤਵ ਮਨ ਰਾਤਾ।
ਸੱਤਿਨਾਮ ਜਪ ਅਬ ਸੁਖਦਾਤਾ ॥੪੬॥
ਸਤਿ ਸੰਗਤਿ ਮਹਿਂ ਪ੍ਰੀਤਿ ਤੁਮਾਰੀ।
ਅੰਤ ਸਮੇਂ ਗਤਿ ਪਾਇਂ ਸੁਖਾਰੀ।'
ਕਿਤਿਕ ਦਿਵਸ ਤਹਿਂ ਰਹਿ ਜਗਤੇਸ਼ਾ।
ਹਰਿ ਕੀਰਤਿ ਕੋ ਦਿਯ ਉਪਦੇਸ਼ਾ ॥੪੭॥
ਅਪਰ ਥਾਨ ਕਿਯ ਗਮਨ ਗੁਸਾਈਂ।
ਹਰਵਰ੍ਯਖ† ਖੰਡ ਹੁਤੋ ਜਿਹ ਥਾਈਂ।

{ਚੌਥਾ ਹਰਵਰਖ ਖੰਡ}

[†]ਤਵਾ: ਖਾ: ਨੇ ਇਸ ਟਿਕਾਣੇ ਨੂੰ ਭੂਟਾਨ ਨਾਲ ਸਹੀ ਕੀਤਾ ਹੈ। ਗੁਰੂ ਜੀ ਦਾ ਏਥੇ ਜਾਣਾ ਇਸ ਦੇਸ ਦੀ ਰਾਜਧਾਨੀ ਤਾਸੀ ਸੂਡਨ ਵਿਚ ਲਿਖਿਆ ਹੈ। (ਸਫਾ ੩੫੩)। ਆਪ ਲਿਖਦੇ ਹਨ ਕਿ ਏਸ ਦੇਸ਼ ਦੇ ਅਸਕਰੋ ਦੇ ਨਗਰ ਵਿਚ ਇਕ ਧਰਮਸਾਲ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਹੈ, ਜਿਸ ਅੱਗੇ ਰਾਜਾ ਹੱਥ ਜੋੜੀ ਬੈਠਾ ਹੈ।

ਨਿਕਟ ਨਗਰ ਕੇ ਬੈਠੇ ਜਬ ਹੀ।<br>
ਤਹਿਂ ਕੋ ਭੂਪਤ ਆਯੋ ਤਬ ਹੀ ॥੪੮॥<br>
ਹਾਥ ਬੰਦਿ ਬਹੁ ਬਿਨਤੀ ਕਰਿਕੈ।<br>
ਰਹ੍ਯੋ ਚਰਨ ਪਰਿ ਨਿਜ ਸਿਰ ਧਰਿਕੇ।<br>
ਹ੍ਵੈ ਅਧੀਨ ਜਬ ਰਹ੍ਯੋ ਅਗਾਰੀ।<br>
ਤਬ ਇਉਂ ਸ਼੍ਰੀ ਗੁਰ ਗਿਰਾ ਉਚਾਰੀ ॥੪੯॥<br>
'ਜੋਇ ਪਦਾਰਥ ਮਨ ਅਭਿਲਾਖਹੁ।<br>
ਸੋ ਲੀਜੈ ਨਿਜ ਮੁਖ ਤੇ ਭਾਖਹੁ।<br>
ਸਤਿਗੁਰ ਕੀ ਸਿੱਖੀ ਉਰ ਧਾਰਹੁ।<br>
ਜਨਮ ਮਰਨ ਕੇ ਬੰਧ ਨਿਵਾਰਹੁ' ॥੫੦॥<br>
ਸੁਨਿ ਬਾਨੀ ਅਪਨੇ ਅਨੁਕੂਲਾ।<br>
ਕਹੈ ਭੂਪ 'ਤਮ ਮੰਗਲ ਮੂਲਾ।<br>
ਸੁਨਹੁ ਸੰਤ ਜੀ ! ਸਭਿ ਸੁਖਦਾਈ।<br>
ਹਿਤ ਸੰਤਤਿ[1] ਬਹੁ ਕਿਯੇ ਉਪਾਈ ॥੫੧॥ — [1]ਸੰਤਾਨ।<br>
ਕਿਸ ਪ੍ਰਕਾਰ ਅਭਿਲਾਖ ਨ ਪੂਰੀ।<br>
ਕਰਿ ਉਪਚਾਰ[1] ਰਹੀ ਪੁਨ ਊਰੀ[2]। — [1]ਯਤਨ। [2]ਊਣੀ, ਭਾਵ ਪੂਰੀ ਨਾ ਹੋਈ।<br>
ਜੇ ਅਬ ਤੁਮ ਸੰਤਤਿ ਦਿਹੁ ਮੋਹੀ।<br>
ਲਿਉਂ ਰਾਵਰਿ ਉਪਦੇਸ਼ ਜੁ ਹੋਹੀ' ॥੫੨॥<br>
ਐਸੇ ਬਿਨਤੀ ਸੁਨਿ ਜਗਨਾਥਾ।<br>
ਦਏ ਲੌਂਗ ਦ੍ਵੈ ਤਾਂ ਕੇ ਹਾਥਾ।<br>
ਏਕ ਲਾਇਚੀ ਦੇ ਤਿਹ ਪਾਨੇ[1]। — [1]ਹੱਥ ਵਿਚ।<br>
ਕਹ੍ਯੋ 'ਦੇਹੁ ਰਾਨੀ ਕੋ ਖਾਨੇ ॥੫੩॥<br>
ਹ੍ਵੈ ਹੈ ਸੰਤਤਿ ਸਦਨ ਤੁਮਾਰੇ।<br>
ਸੱਤਿਨਾਮ ਜਪੁ ਸੰਝ ਸਕਾਰੇ।<br>
ਸਤਿਸੰਗਤਿ ਮਹਿਂ ਕੀਰਤਿ ਸੁਨੀਏ।<br>
ਬਿਸ਼ੈ ਬਾਸ਼ਨਾ ਮਨ ਤੇ ਹਨੀਏ[1]' ॥੫੪॥ — [1]ਨਾਸ਼ ਕਰੋ।

ਕਿਤਿਕ ਦਿਵਸ ਤਹਿਂ ਰਾਖ੍ਯੋ ਡੇਰਾ।
ਸਿੱਖੀ ਮਗ ਪ੍ਰਗਟਾਇ ਘਨੇਰਾ।
ਤਿਨ ਤੇ ਹ੍ਵੈ ਕਰਿ ਬਿਦਾ ਬਹੋਰੰ।
ਗੋ ਕੁਰਖੰਡ† ਹੁਤੋ ਜਿਹ ਠੌਰੰ ॥੫੫॥

†ਤਵਾ: ਖਾ: ਨੇ ਏਥੇ ਤਿੱਬਤ ਤੇ ਚੀਨ ਦਾ ਸੈਲਾ ਲਿਖਿਆ ਹੈ।

{ਪੰਜਵਾਂ ਕੁਰਖੰਡ}

ਜੈਸਾ ਤਿਨ ਲੋਕਨ ਬਿਵਹਾਰੰ।
ਸੁਨਿ ਸ਼੍ਰੀ ਅੰਗਦ ਪਰਮ ਉਦਾਰੰ।
ਜਿਹ ਛਿਨ ਤਿਨ ਕੇ ਸੁਤ ਉਪਜਾਈ†।
ਰੋਦਨ[1] ਸਦਨ ਕਰੈਂ ਤਿਹ ਆਈ ॥੫੬॥

†ਪਾ:-ਜਨਮਾਈ।

[1]ਰੋਣਾ।

ਜਬ ਕੋ ਮਨੁਜ ਮ੍ਰਿਤਕ ਹ੍ਵੈ ਜਾਵੈ।
ਹਾਸ ਬਿਲਾਸ ਕਰਤਿ ਮਨ ਭਾਵੈ।
ਤਹਾਂ ਨਗਰ ਕੇ ਜਾਇ ਸਮੀਪਾ।
ਬੈਠਿ ਗਏ ਬੇਦੀ ਕੁਲ ਦੀਪਾ ॥੫੭॥
ਮਰਦਾਨਾ ਸੁਨਿ ਕੈ ਤਿਨ ਗਾਥਾ।
ਬੂਝਨ ਲਗਾ ਪ੍ਰਭੁ ਕੇ ਸਾਥਾ।
'ਬਡੇ ਕੌਤਕੀ ਨਰ ਇਹ ਥਾਈਂ।
ਦ੍ਵੈ ਬਾਤੈਂ ਬਿਪਰੀਤ ਕਰਾਈਂ' ॥੫੮॥
ਸ਼੍ਰੀ ਗੁਰ ਕਹੈਂ 'ਸੁਨੋ ਮਰਦਾਨਾ।
ਇਨ ਕੇ ਰਿਦੈ ਅਧਿਕ ਅਗ੍ਯਾਨਾ।
ਵਾਹਿਗੁਰੂ ਜਬ ਜਗਤ ਪਠਾਵਤਿ।
ਤਬ ਏ ਰੁਦਨ ਕਰਤਿ ਦੁਖ ਪਾਵਤਿ ॥੫੯॥
ਹੁਕਮ ਕਰਤਿ ਜਬ ਬੋਲ ਪਠਾਵਤਿ।
ਤਬ ਮਿਲਿ ਕਰਿ ਉਰ ਮਹਿਂ ਹਰਖਾਵਤਿ।
ਅਗ੍ਯਾਨ ਸਹਿਤ ਇਨ ਕੋ ਵਿਵਹਾਰ।
ਸੁਨੀਏ ਗ੍ਯਾਨੀ ਕੇਰ ਅਚਾਰ ॥੬੦॥
ਭੇਜੇ ਤੇ ਉਰ ਮਹਿਂ ਹਰਖਾਵਤਿ।
ਬੋਲਿ ਪਠੇ ਤੇ ਮਨ ਸੁਖ ਪਾਵਤਿ।
ਸਿਮਰਨ ਕਰਤਿ ਦੁਊ ਬਿਧਿ ਮਾਂਹੀ।
ਹੁਕਮ ਮਾਨਿ ਮਨ ਮਤਿ ਨ ਕਰਾਹੀ' ॥੬੧॥
ਇਸ ਪ੍ਰਕਾਰ ਮਰਦਾਨੇ ਸਾਥਾ।

ਭਨਤਿ ਹੁਤੇ ਤਿੰਹ ਛਿਨ ਜਗਨਾਥਾ।
ਬਹੁਤ ਲੋਕ ਮਿਲਿ ਕਰਿ ਤਬਿ ਆਏ।
ਬੈਸੇ ਪਾਸ ਆਨਿ ਤਿਹ ਥਾਏਂ ॥੬੨॥
ਤਿਨ ਸੋਂ ਬੂਝਤਿ ਭਾ ਮਰਦਾਨਾ।
'ਕਰਹੁ ਅਪਨ ਬਿਰਤੰਤ ਬਖਾਨਾ।
ਮਰਤਿ[1] ਹਸਤਿ[2], ਜਨਮੇ ਤੇ ਰੋਇ। [1]ਮਰਨ ਤੇ। [2]ਹਸਦੇ ਹੋ।
ਜਾਨਾ ਤੁਮੇ ਗਯਾਨ ਹੈ ਕੋਇ?' ॥੬੩॥
ਬੋਲੇ ਤਿਨ ਮਹਿਂ ਹੁਤੇ ਜੁ ਸਯਾਨੇ।
'ਇਸ ਬਿਧਿ ਗਯਾਨ ਰਿਦੈ ਹਮ ਜਾਨੇਂ।
ਈਸ਼੍ਵਰ ਤੇ ਬਿਛੁਰੈ ਜਬ ਜਨਮੈ।
ਮਰੇ ਮਿਲਤਿ ਈਸ਼੍ਵਰ ਕੇ ਤਨ ਮੈਂ ॥੬੪॥
ਜਨਮੈ ਤੇ ਜਗ ਪਾਵਹਿ ਦੁਖ ਕੋ।
ਮਰੇ ਮਿਲੈ ਈਸ਼੍ਵਰ, ਲਹਿ ਸੁਖ ਕੋ।
ਰੋਵੈਂ ਹਸੈਂ ਇਹੀ ਗਤਿ ਜਾਨੈ[1]।' [1]ਇਹੀ ਗਲ ਸਮਝਕੇ ਰੋਂਦੇ ਤੇ ਹਸਦੇ ਹਾਂ।
ਸੁਨਿ ਸ਼੍ਰੀ ਨਾਨਕ ਬੈਨ ਬਖਾਨੈ ॥੬੫॥
ਦੋਹਰਾ:
'ਪਰਮੇਸ਼ੁਰ ਕੋ ਮਿਲਿਨਿ ਜੋ, ਮਹਾ ਬਿਖਮ ਪਹਿਚਾਨ।
ਬਿਨ ਸਤਿਸੰਗਤ ਭਗਤਿ ਤੇ, ਜਾਨ ਉਪਾਵ ਨ ਆਨ ॥੬੬॥
ਚੌਪਈ:
ਪ੍ਰੇਮ ਭਗਤਿ ਕਰਿ ਕੀਰਤਿ ਗਾਵਨ।
ਅਜਪਾ ਜਾਪ ਨਾਮ ਲਿਵ ਲਾਵਨ।
ਬਿਛੁਰਨ ਮਿਲਿਨਿ ਅਪਰ ਕੋ ਨਾਂਹੀ।
ਸਰਬ ਬਾਤ ਇਸ ਤਨ ਕੇ ਮਾਂਹੀ ॥੬੭॥
ਜਬ ਸਤਿਸੰਗਤਿ ਭਯੋ ਨਿਵਾਸਾ।
ਮਨ ਰੋਕਨ ਕੀਨੋ ਅਭਿਆਸਾ।
ਨਾਸ ਬਾਸ਼ਨਾ ਤਬ ਹੀ ਭਈ।
ਦ੍ਵੈਤ ਸਰਬ ਉਰ ਤੇ ਮਿਟਿ ਗਈ ॥੬੮॥
ਪੂਰਨ ਲਖਯੋ ਪ੍ਰਮਾਤਮ ਸਾਰੇ।
ਸਿਖਯਾ ਸਰਬ ਪ੍ਰਪੰਚ ਪਸਾਰੇ।
ਜਬੈ ਆਤਮਾ ਅਸ ਭ੍ਰਮ ਭੰਨਾ[1]। [1]ਤੋੜਿਆ।

ਭਾ ਪ੍ਰਮਾਤਮਾ ਸੁੱਧ ਚਿਤੰਨਾ ॥੬੯॥
ਜਬ ਅਨਾਤਮਾ ਦੇਹਿ ਪਛਾਨੀ।
ਗੇ ਸੰਕਲਪ ਬਿਕਲਪ ਬਿਹਾਨੀ[1]। — [1]ਨਾਸ਼ ਹੋ ਗਏ।
ਤੌ ਮਿਲਿਬੋ ਈਸ਼੍ਵਰ ਕੋ ਹੋਇ।
ਨਾਤੁਰ ਬਿਛੁਰ ਰਹਜੋ ਸਭਿ ਕੋਇ ॥੭੦॥
ਗ੍ਯਾਨ ਪਰਾਪਤਿ ਜਿਨ ਮਨ ਮਾਂਹੀ।
ਬਿਛੁਰਨ ਮਿਲਨ ਸੁ ਜਾਨਤਿ ਨਾਂਹੀ।
ਪਰਮਾਤਮ ਪੂਰਨ ਹੈ ਸਾਰੇ।
ਬਿਛੁਰੈ ਤੌਂ, ਕਤ ਨਾਂਹਿ ਨਿਰਾਰੈ ॥੭੧॥
ਜੇ ਬਿਛੁਰੈ ਤੌਂ ਮਿਲਨਾ ਹੋਇ।
ਨਾਤੁਰ ਮਿਥਿਆ ਕਹਿਨੇ ਦੋਇ।
ਬ੍ਯਾਪਕ ਦੀਸਹਿ ਜ੍ਯੋਂ ਆਕਾਸ਼ਾ।
ਘਟ ਉਪਾਧਿ ਵਤ[1] ਮਾਯਾ ਭਾਸਾ[2] ॥੭੨॥ — [1]ਘੜੇ ਦੀ ਉਪਾਧੀ ਵਤ। [2]ਭਾਵ ਮਾਇਆ (ਕਰਕੇ ਜੀਵ) ਭਾਸ ਰਹੇ ਹਨ (ਜਿਵੇਂ ਅਕਾਸ਼ ਤਾਂ ਇੱਕੋ ਹੈ ਪਰ) ਘੜੇ ਦੀ ਉਪਾਧੀ ਕਰਕੇ (ਘੜੇ ਅੰਦਰਲਾ ਅਕਾਸ਼ ਵੱਖਰਾ ਭਾਸਦਾ ਹੈ)।

ਦੋਹਰਾ:
ਘਟਿ ਫੂਟੇ ਅਕਾਸ਼ ਸਭਿ, ਤਿਉਂ ਮਾਯਾ ਹ੍ਵੈ ਹਾਨਿ।
ਰੋਵਨ ਹਸਨ ਤੁਮਾਰ ਜੋ, ਸਰਬ ਅਕਾਰਥ ਜਾਨਿ ॥੭੩॥

ਚੌਪਈ: — [1]ਕਾਮਨਾ ਦੇ।
ਹੈਂ ਅਧੀਨ ਬਾਸ਼ਨਾ[1] ਨਰ ਸਭਿ।
ਯਾਂ ਤੇ ਜਨਮ ਧਰਤਿ ਪੁਨ ਪੁਨ ਤਬ।
ਜਨਮ ਮਰਨ ਬਹੁਤੋ ਦੁਖ ਪਾਵੈਂ।
ਬਾਰ ਬਾਰ ਆਵੈਂ ਜਗ ਜਾਵੈਂ ॥੭੪॥
ਗੁਰ ਕੇ ਵਾਕ ਸੁਨੇ ਅਸ ਜਬ ਹੀ।
ਰਿਦੈ ਬਿਚਾਰ ਕਿਯੋ ਨਰ ਸਭਿ ਹੀ।
-ਸੱਤਿ ਬਚਨ ਇਨ ਸੰਤ ਬਖਾਨੇ।
ਮਤ ਹਮਾਰ ਮਿਥਿਆ- ਪਹਿਚਾਨੇ ॥੭੫॥
ਬਿਨ ਸੰਦੇਹ ਭਏ ਜਬ ਸੁਨਿ ਕੈ।

ਬੰਦਨ ਕਰਤਿ ਭਏ ਗੁਰ ਗੁਨਿ ਕੈ[1]। [1]ਜਾਣਕੇ।
ਬਿਨੈ ਕਰਤਿ ਭੇ ਬਾਰੰਬਾਰੀ।
'ਹਮਰੀ ਗਤਿ ਕੀਜੈ ਗਤਿਕਾਰੀ[1] ॥੭੬॥ [1]ਹੇ ਮੁਕਤੀ ਕਰਨ ਵਾਲੇ!
ਨਿਜ ਉਪਦੇਸ਼ ਦੀਜੀਏ ਹਮ ਕੋ।
ਸ਼ਰਨ ਪਰੇ ਕੀ ਲੱਜਜਾ ਤੁਮ ਕੋ।'
ਸੁਨਿ ਅਧੀਨਤਾ ਤਿਨ ਜਗਤੇਸ਼ਾ।
ਦੇਤਿ ਭਏ ਆਪਨ ਉਪਦੇਸ਼ਾ ॥੭੭॥
'ਸੱਤਿਨਾਮ ਸਿਮਰਹੁ ਲਿਵ ਲਾਵਹੁ।
ਤਿਹ ਤੇ ਸਗਰੀ ਇੱਛ ਪੁਜਾਵਹ।
ਹੁਕਮ ਸਤਿ ਮਾਨਹੁ ਕਰਤਾਰਾ।
ਮਰਨ ਜਿਯਨ ਜਾਨਹੁ ਇਕ ਸਾਰਾ ॥੭੮॥
ਹਰਖ ਸ਼ੋਕ ਤੇ ਮਨ ਥਿਰ ਕੀਜੈ।
ਬਿਨ ਸੰਸੇ ਤਬ ਮੁਕਤਿ ਹਵੀਜੈ[1]।' [1]ਹੋਵੋਗੇ।
ਅਸ ਉਪਦੇਸ਼ ਸੁਨਜੋ ਸਿਖ ਭਏ।
ਸ੍ਰੀ ਨਾਨਕ ਮਹਿਂ ਨਿਸ਼ਚਾ ਕਏ ॥੭੯॥
ਸਤਿਸੰਗਤਿ ਹੋਵਨ ਤਹਿਂ ਲਾਗੀ।
ਹਰਿ ਕੀਰਤਿ ਗਾਵਹਿਂ ਵਡਭਾਗੀ।
ਸੇਵਾ ਸੰਤਨ ਕੀ ਸਭਿ ਕਰਿਹੀਂ।
ਧਰਿ ਸ਼ਰਧਾ ਹਰਿਨਾਮ ਸਿਮਰਿਹੀਂ ॥੮੦॥

ਦੋਹਰਾ:
ਕਿਤਿਕ ਦਿਵਸ ਸ੍ਰੀ ਗੁਰ ਰਹੇ, ਦੀਨੋ ਧਰਮ ਦ੍ਰਿੜਾਇ।
ਕਰਿ ਸੰਤੋਖ ਸਿੰਘ ਬੰਦਨਾ, ਪੂਰਨ ਹੋਯੋ ਧਜਾਇ ॥੮੧॥

ਇਤਿ ਸ਼੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਖੰਡਨ ਪ੍ਰਸੰਗ' ਬਰਨਨੰ ਨਾਮ ਦੁਤੀਯੋ ਅਧਜਾਯ ॥੨॥

## ੩. [ਸ਼ਾਰਦਾ ਮੰਗਲ। ਕੇਤਮਾਲ, ਰੰਮਕ, ਭੱਦ੍ਰ ਤੇ ਭਰਥ ਖੰਡ ਅਤੇ ਜੰਮੂ ਤੇ ਵਣਜਾਰਿਆਂ ਦੇ ਗ੍ਰਾਮ ਜਾਣਾ]

੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪

{ਛੇਵਾਂ ਕੇਤਮਾਲ ਖੰਡ} ॥੨॥
{ਭਾਈ ਬਾਲੇ ਨੂੰ ਬਲੀ ਦੇਣ ਲਈ ਪਕੜਨਾ} ॥੫..॥
{ਦੇਵੀ ਵਲੋਂ ਰਾਜੇ ਨੂੰ ਸਜ਼ਾ} ॥੧੮..॥
{ਧਰਮਜਸ} ॥੩੦॥
{ਸੱਤਵਾਂ ਰੰਮਕ ਖੰਡ} ॥੩੩..॥
{ਕੂਕਰ ਅਤੇ ਸ਼ੇਰ ਦ੍ਰਿਸ਼ਟੀ} ॥੩੫..॥
{ਅੱਠਵਾਂ ਭੱਦ੍ਰ ਖੰਡ} ॥੪੨..॥
{ਕੌਲਨਾਭ ਨੂੰ ਗ੍ਰਿਹਸਥ ਦੀ ਮਹਿਮਾ ਦੱਸਣੀ} ॥੪੫-੫੧॥
{ਨੌਵਾਂ ਭਾਰਤ ਖੰਡ} ॥੫੪॥
{ਜੰਮੂ, ਜਾਮਵੰਤ ਪੌਰਾਣਕ ਕਥਾ} ॥੫੮..॥
{ਬਨਜਾਰਿਆਂ ਦਾ ਪ੍ਰਸੰਗ} ॥੭੫..॥

ਦੋਹਰਾ:

**ਸਮਤਿ ਸਦਨ ਕੁਮਤਿਹਿ ਕਦਨ, ਇੰਦੁ ਬਦਨ ਜਗ ਮਾਂਹਿ†।**

ਕੁਮਤਿਹਿ=ਕੁ+ਮਤਿ+ਹਿ=ਖੋਟੀ ਬੁੱਧੀ ਨੂੰ। ਇੰਦੁ=ਚੰਦਰਮਾ। ਜਗਮਾਂਹਿ=ਜਗਤ ਵਿਚ।

†ਪਾ:-ਮਾਇ।

**ਬੰਦੋਂ ਪਦ ਅਰਬਿੰਦ ਤਿਹ, ਕਹੋਂ ਕਥਾ ਸੁਖਦਾਇ ॥੧॥**

ਸੂਚਨਾ:

ਜੇ ਪਾਠ-ਜਾਗ ਮਾਇ-ਹੋਵੇ ਤਾਂ ਅਰਥ (ਹੇ ਜਗਤ ਮਾਤਾ!-ਹੋ ਸਕਦਾ ਹੈ। ਤਦੋਂ ਇਹ ਸਨਮੁਖ ਸੰਬੋਧਨ ਹੋਵੇਗਾ। ਫੇਰ ਅਗਲੀ ਤੁਕ ਵਿਚ-ਤਿਹ-ਪਦ ਪਿਆ ਹੈ ਜੋ ਪ੍ਰੋਖ਼ਜ ਦੀ ਸੰਭਾਵਨਾ ਕਰਾਉਂਦਾ ਹੈ, ਇਸ ਕਰਕੇ ਨਾ ਤਾਂ-ਜਗ ਮਾਇ-ਪਾਠ ਢੁਕਦਾ ਹੈ ਤੇ ਨਾ ਹੀ-ਜਗ ਮਾਂਹਿ-ਦਾ ਅਰਥ: ਜਗਤ ਮਾਤਾ-ਠੀਕ ਬੈਠਦਾ ਹੈ)

ਅਰਥ:

(†ਅਤੇ ਜੋ) ਜਗਤ ਵਿਚ ਸ੍ਰੇਸ਼ਟ ਬੁੱਧੀ ਦਾ ਘਰ, ਖੋਟੀ ਬੁੱਧੀ ਨੂੰ ਦੂਰ ਕਰ ਦੇਣ ਵਾਲੀ, ਚੰਦਰਮਾਂ ਵਰਗੇ (ਸੁੰਦਰ) ਮੂੰਹ ਵਾਲੀ ਹੈ, ਉਸ ਦੇ ਚਰਣਾਂ ਕਵਲਾਂ ਪਰ ਮੱਥਾ ਟੇਕਕੇ ਸੁਖਦਾਈ ਕਥਾ (ਅਗੋਂ ਹੋਰ) ਕਹਿੰਦਾ ਹਾਂ।

†ਪਿਛਲੇ ਅਧਜਾਯ ਦੇ ਮੰਗਲ ਦੀ ਇਹ ਪੂਰਤੀ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਸੁਨੀਏ ਸ਼੍ਰੀ ਅੰਗਦ ਇਤਿਹਾਸਾ।**
**ਬਿਦਾ ਹੋਇ ਗਮਨੇ ਸੁਖਰਾਸਾ।**

{ਛੇਵਾਂ ਕੇਤਮਾਲ ਖੰਡ}

**ਕੇਤ ਮਾਲ ਜਹਿਂ ਖੰਡ ਸੁਹਾਵਾ।⚐**

⚐ਕੇਤੁ ਮਾਲ ਦਾ ਪਤਾ ਤੇ ਬਾਲੇ ਦੇ ਬਲੀਦਾਨ ਦੀ ਕਥਾ ਤਵਾ: ਖਾ: ਨੇ ਨਹੀਂ ਦਿਤੀ। ਚੰਡੀ ਦੀ ਪੂਜਾ ਦਾ ਦੇਸ਼ ਅੱਗੇ ਜਾਕੇ ਇਸ ਨੂੰ ਦੱਸਦੇ ਹਨ, ਸੋ ਬੰਗਾਲ ਸਾਰਾ ਚੰਡੀ ਪੂਜ ਹੈ, ਤੇ ਨਿਪਾਲ ਆਦਿ ਦੇ ਬੀ ਕਈ ਲੋਕ ਚੰਡੀ

ਪੂਜਦੇ ਤੇ ਸੰਢਿਆਂ ਦੀ ਬਲੀ ਦੇਂਦੇ ਹਨ, ਕਦੇ ਨਰ ਬਲੀ ਬੀ ਦੇਂਦੇ ਹੁੰਦੇ ਸਨ। ਅੱਗੇ ਰੰਮਕ ਖੰਡ, ਭੱਦ੍ਰ ਖੰਡ ਹੈ ਤੇ ਫੇਰ ਭਰਤ ਖੰਡ। ਭਰਤ ਖੰਡ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ ਪੰਜਾਬ ਆਏ ਹਨ। ਪਹਿਲਾ ਥਾਂ ਜਿਸਦਾ ਪਤਾ ਲਗਦਾ ਹੈ ਜੰਮੂ ਹੈ (ਦੇਖੋ ਅਧਯਾਯ ੩ ਅੰਕ ੫੬) ਇਸ ਤੋਂ ਇਹੋ ਪਤਾ ਲਗਦਾ ਹੈ ਕਿ ਰੰਮਕ ਭੱਦ੍ਰ ਆਦਿ ਖੰਡ ਵਿਚ ਦੱਸੇ ਟਿਕਾਣੇ ਵਧੇਰੇ ਖੋਜ ਕਰਨ ਨਾਲ ਪੰਜਾਬ ਤੇ ਹਿੰਦ ਦੇ ਉੱਤਰੀ ਪਹਾੜਾਂ ਵਿਚ ਹੀ ਮਿਲਣਗੇ। ਦੇਵੀ ਮੰਦਰ, ਸੰਢੇ ਆਦਿ ਭੇਟਾ ਤੇ ਮੇਲਾ ਤਾਂ ਸ਼ਿਮਲੇ ਦੇ ਤਾਰਾ ਦੇਵੀ ਮੰਦਰ ਤਕ ਪਵਿਰਤ ਹਨ।

ਤਹਾਂ ਪਹੂਚੇ ਦੁਖ ਬਨ ਦਾਵਾ[1] ॥੨॥ — [1]ਦੁਖਾਂ ਦੇ ਬਨ ਨੂੰ ਦਾਵਾ ਅਗਨੀ ਵਤ।
ਭੂਪ ਪ੍ਰਜਾ ਤਹਿਂ ਕੇ ਨਰ ਸਾਰੇ।
ਪੂਜਹਿਂ ਸ੍ਰੀ ਚੰਡੀ ਹਿਤ ਧਾਰੇ।
ਮੇਲਾ ਹੁਤੋ ਬਿਸ਼ਾਲ ਸੁ ਤਹਿਂਵਾ[1]। — [1]ਤਿੱਥੇ।
ਭਵਨ[1] ਕਾਲਕਾ ਰਾਜਤਿ[2] ਜਹਿਂਵਾ ॥੩॥ — [1]ਮੰਦਿਰ। [2]ਸਥਿਤ।
ਬੈਸੇ ਸ੍ਰੀ ਗੁਰ ਮਾਰਗ ਮਾਂਹੀ।
ਨਰ ਅਨੇਕ ਆਵਹਿਂ ਇਕ ਜਾਂਹੀ।
ਲੇਲੇ[1] ਬਲਿ ਪਸ਼ੁ[2] ਭੇਟ ਚੜ੍ਹਾਵਹਿਂ। — [1]ਛੋਟੇ ਛੋਟੇ ਭੇਡਾਂ ਬਕਰੀਆਂ ਦੇ ਬੱਚੇ। (ਅ) ਲੈ ਲੈ ਕੇ (ਨਾਲ)। [2]ਬਲੀ ਪਸ਼ੂ ਦੀ। (ਅ) ਬਲੀ (ਲਈ) ਪਸ਼ੂ।
ਬਰ ਪਾਵਹਿਂ ਨਿਜ ਸੀਸ ਝੁਕਾਵਹਿਂ ॥੪॥
ਜਬਹਿ ਨ੍ਰਿਪਤਿ ਲੇ ਆਯੋ ਟੋਲਾ।
ਹਮਹਿਂ ਬਿਲੋਕਤਿ ਮੁਖ ਤੇ ਬੋਲਾ।
'ਅਪਰ ਦੇਸ਼ ਕੇ ਮਨੁਜ ਦਿਸਾਵਹਿਂ[1]। — [1]ਨਜ਼ਰੀਂ ਆਂਵਦੇ ਹਨ।
ਇਕ ਗਹਿ ਲੇਵਹਿਂ ਭੇਟ ਚੜ੍ਹਾਵਹਿਂ' ॥੫॥
ਸੁਨੀਏ ਸ੍ਰੀ ਅੰਗਦ ! ਕਹਿ ਬਾਲਾ।
ਮੁਝ ਕੋ ਗਹਿ ਲੀਨੋ ਤਿਹ ਕਾਲਾ।

{ਭਾਈ ਬਾਲੇ ਨੂੰ ਬਲੀ ਦੇਣ ਲਈ ਪਕੜਨਾ}

ਬਹੁ ਹਰਖਾਇ ਬਜਾਵੈਂ ਢੋਲੁ।
ਮੁਝਹਿ ਚਲਾਯੋ ਅਗ੍ਰਜ ਟੋਲੁ ॥੬॥
ਕਹੈਂ ਕਿ 'ਭੇਟਿ ਭਲੀ ਹਮ ਪਾਈ।
ਹ੍ਵੈ ਪ੍ਰਸੰਨ ਬਰ ਦੇ ਜਗਮਾਈ।'
ਤਿਸ ਛਿਨ ਆਯੋ ਢਿਗ ਮਰਦਾਨਾ।
ਮੁਝ ਸੋਂ ਇਸ ਬਿਧਿ ਬਚਨ ਬਖਾਨਾ ॥੭॥
'ਬਾਲੇ ! ਰਹਯੋ ਜੀਵਨਾ ਤੇਰਾ।
ਮ੍ਰਿਤੁ ਕਾਲ ਨੈ ਤੋ ਕੋ ਘੇਰਾ।

ਸਿਰ ਉਤਾਰਿ ਕੈ ਭੇਟ ਚੜ੍ਹਵਾਹਿਂ।
ਪੂਜ ਗੌਰਜਾਂ[1] ਕੋ ਬਰ ਪਾਵਹਿਂ ॥੮॥ [1]ਦੇਵੀ।
ਮੈਂ ਬੋਲ੍ਯੋ 'ਤੈਂ ਝੂਠ ਉਚਾਰਾ।
ਮਰਨ ਜਿਯਨ ਤਨ ਕੋ ਬਿਵਹਾਰਾ।
ਪੰਚ ਤੱਤ ਮਿਲਿ ਸਿਰਜਿ[1] ਸਰੀਰਾ। [1]ਬਣਿਆ ਹੈ।
ਬਿਨਸਿ ਜਾਤਿ ਜਬ ਹੋਤਿ ਬਖੀਰਾ[1] ॥੯॥ [1]ਵਖੋ ਵੱਖ।
ਆਤਮ ਬਿਖੈ ਨ ਜਨਮ, ਨ ਮਰਨਾ।
ਹਰਖ ਨ ਸ਼ੋਕ ਨ ਕਿਹ ਤੇ ਡਰਨਾ।
ਮਾਰ ਨ ਸਕਹਿ ਤਾਂਹਿ ਕੋ ਕੋਊ।
ਸਤਿ ਚੇਤਨ ਨਿਤ ਆਨੰਦ ਜੋਊ ॥੧੦॥
ਪਾਵਕ ਦਹੈ ਨ ਨੀਰ ਡੁਬੈ ਹੈ।
ਕੋਟ ਸ਼ਸਤ੍ਰ ਸੋਂ ਨਹੀਂ ਛਿਦੈ ਹੈ[1]। [1]ਨਹੀਂ ਚੀਰਿਆ ਜਾਂਦਾ।
ਜੀਵਨ ਮਰਨਾਂ ਮਾਨਹਿਂ ਪ੍ਰਾਨੀ।
ਤਨ ਹੰਕਾਰ ਸੋ ਜੇ ਅੱਗਯਾਨੀ ॥੧੧॥
ਅੰਤ ਸਮਾਂ ਤਨ ਆਨਿ ਲਗਤਿ ਜਬ।
ਕੋਈ ਉਪਾਇ ਨ ਰਾਖਿ ਸਕਤਿ ਤਬ।
ਜੇ ਨ ਸਮਾਂ ਮ੍ਰਿਤੁ ਕੋ ਅਬਿ ਹੋਈ।
ਰੋਮ ਨ ਛੇਦਿ ਸਕੈ ਕਬਿ ਕੋਈ ॥੧੨॥
ਦੇਸ਼, ਕਾਲ, ਪੁਨ[1] ਬਸਤੁ ਬਹੋਰੀ[2]। [1]ਅਰ। [2]ਫਿਰ।
ਤੀਨੋ ਹੋਇ ਜਾਤ ਇਕ ਠੌਰੀ।
ਤਬ ਇਹ ਦੇਹਿ ਬਿਨਸ ਕਰਿ ਜਾਈ।
ਕੋਇ ਨ ਇਸ ਕੋ ਰਾਖਿ ਸਕਾਈ ॥੧੩॥
ਏਕ ਨ ਤੀਨੋ ਮਹਿਂ ਜਿ ਮਿਲਤਿ ਹੈ।
ਤੌ ਤਨ ਰੱਖ੍ਯਾ ਕਾਲ[1] ਕਰਤਿ ਹੈ।' [1]ਸਮਾਂ।
ਇਉਂ ਸੁਨਿ ਤੂਸ਼ਨ ਭਾ ਮਰਦਾਨਾ।
ਮੁਝ ਸੰਗ ਦੇਵੀ ਭਵਨ ਪਯਾਨਾ ॥੧੪॥
ਸ਼੍ਰੀ ਗੁਰ ਆਪ ਤਹਾਂ ਚਲਿ ਆਏ।
ਪਿਖੈਂ[1] ਤਮਾਸ਼ੇ ਕਛੁ ਨ ਅਲਾਏ। [1]ਦੇਖਣ।
ਜਬ ਗੇ ਦੁਰਗਾ ਕੇਰ ਅਗਾਰੀ।
ਤਬ ਅਵਿਨੇਸ਼ੁਰ[1] ਗਿਰਾ ਉਚਾਰੀ ॥੧੫॥ [1]ਰਾਜੇ ਨੇ।
'ਇਸ ਮਾਨਵ ਕੋ ਭੇਟ ਚੜ੍ਹੀਜੈ।

ਬਰਦਾਨੀ[1] ਸੁ ਪ੍ਰਸੰਨ ਕਰੀਜੈ।' — [1]ਦੇਵੀ ਨੂੰ।
ਭੀਰ ਭੂਰ ਭੀ ਭਵਨ ਅਗਾਰੀ।
ਕੌਤਕ ਅਵਲੋਕਤਿ ਨਰ ਨਾਰੀ ॥੧੬॥
ਖੈਂਚਿ ਲਈ ਇਕ ਮਨੁਜ ਕ੍ਰਿਪਾਨਾ।
ਚਮਕੀ ਦੇਖਿ ਡਰਜੋ ਮਰਦਾਨਾ।
'ਸੰਗ ਰਹਿਨ ਵਾਰੋ ਪ੍ਰਭੁ ! ਤੇਰੇ।
ਰੱਖਯਾ ਆਪ ਕਰਹੁ ਇਸ ਬੇਰੇ' ॥੧੭॥
ਤਿਹ ਛਿਨ ਕ੍ਰੋਧ ਕਾਲਕਾ ਕੜਕੀ।
ਭੀਰ ਭੂਰ[1] ਮੇਲੇ ਕੀ ਭੜਕੀ। — [1]ਬੜੀ।
ਪ੍ਰਗਟੀ ਚੰਡੀ ਪ੍ਰਚੰਡ ਭਯਾਨਾ[1]। — [1]ਤੇਜ ਭਿਆਨਕ।

{ਦੇਵੀ ਵਲੋਂ ਰਾਜੇ ਨੂੰ ਸਜ਼ਾ}

ਤਿਹ ਨਰ ਕਰ ਤੇ ਛੀਨ ਕ੍ਰਿਪਾਨਾ ॥੧੮॥
ਹੁਤੋ ਨਰੇਸ਼ ਠਾਂਢਿ ਜਿਹ ਠਾਈਂ।
ਜਾਇ ਤਾਹਿਂ ਕੇ ਕੰਠ ਲਗਾਈ।
ਤਤਛਿਨ ਧਰ ਤੇ ਸਿਰ ਗਿਰ ਪਰਿਆ।
ਜਨੁ ਸ਼ਾਖਾ[1] ਤੇ ਫਲ ਕਿਨ ਹਰਿਆ ॥੧੯॥ — [1]ਟਾਹਣੀ।
ਸ਼੍ਰੋਣਤ[1] ਚਲਜੋ ਗਿਰਜੋ ਨ੍ਰਿਪ ਧਰਨੀ[2]। — [1]ਲਹੂ। [2]ਧਰਤੀ ਤੇ।
ਭਾਗੇ ਲੋਕ ਪਿਖਤਿ ਅਸ ਕਰਨੀ[1]। — [1]ਐਸਾ ਕਰਤੱਵ ਵੇਖਕੇ।
ਰਹਜੋ ਨ ਕੋਊ ਨਰ ਤਿਹ ਥਾਂਨਾ।
ਤੀਨੋਂ -ਮੈਂ[1], ਸ਼੍ਰੀ ਗੁਰ, ਮਰਦਾਨਾ- ॥੨੦॥ — [1]ਭਾਵ ਬਾਲਾ।
ਤਿਹ ਛਿਨ ਸ਼੍ਰੀ ਚੰਡੀ ਕੇ ਸਾਥਾ।
ਬਚਨ ਭਨਜੋ ਇਸ ਬਿਧਿ[1] ਜਗਨਾਥਾ। — [1]ਇਸ ਤਰ੍ਹਾਂ।
'ਭੂਪਤ ਸੇਵਕ ਹੁਤੋ ਤੁਮਾਰਾ।
ਬਾਲੇ ਕੋ ਬਚਾਇ ਸੋ ਮਾਰਾ ॥੨੧॥
ਤਿਨ ਪ੍ਰਸੰਨ ਕੀ ਕੀਨੀ ਰੀਤਾ[1]। — [1]ਢੰਗ।
ਕ੍ਰੋਧ ਭਰੀ ਕਿਉਂ ਕਿਯ ਬਿਪਰੀਤਾ[1] ?' — [1]ਉਲਟ।
ਤਬ ਸ਼੍ਰੀ ਚੰਡੀ ਬਚਨ ਉਚਾਰੇ।
'ਸੁਨਿ ਸ਼੍ਰੀ ਨਾਨਕ ਸ਼੍ਰੋਨ ਮਝਾਰੇ ॥੨੨॥
ਜੇ ਹਰਿ ਜਨ ਪਰਮੇਸ਼ੁਰ ਪਜਾਰੇ।

ਰਛ੍ਯਾ ਕਰਿ ਹੌਂ ਸੰਝ[1] ਸਕਾਰੇ[2†]। [1]ਸ਼ਾਮ। [2]ਸਵੇਰੇ। [†]ਦੇਖੋ ਅਗਲੇ ਪੰਨੇ ਤੇ ਨਿਸ਼ਾਨ।
ਜੇ ਮਤਿਮੰਦ ਤਿਨਹੁ ਦੁਖ ਦੇਹੀਂ।
ਤਿਹ ਮਾਰੌਂ ਮੇਰੀ ਮਤਿ ਏਹੀ ॥੨੩॥
ਇਹ ਭੂਪਤ ਮਤਿਮੰਦ ਕੁਚਾਰੀ[1]। [1]ਪਾਪੀ।
ਮਾਰਨ ਆਨਯੋ ਸੰਤ ਅਗਾਰੀ।
ਕਿਯੋ ਕ੍ਰੋਧ ਯਾਂ ਤੇ ਮੈਂ ਮਾਰਾ।
ਮਰਤਿ ਸੰਤ ਕੋ ਤੁਰਤ ਉਬਾਰਾ' ॥੨੪॥
ਅਸ ਕਹਿ ਲੋਪ ਭਈ ਤਬ ਦੇਵੀ।
ਜਗ ਮਾਤਾ ਈਸ਼੍ਵਰੀ ਅਭੇਵੀ[1]। [1]ਜਿਸ ਦਾ ਕੋਈ ਭੇਦ ਨਹੀਂ ਜਾਣ ਸਕਦਾ।
ਬਢ੍ਯੋ ਨਗਰ ਮਹਿਂ ਸ਼ੋਕ ਅਪਾਰੀ।
ਠੌਰ ਠੌਰ ਰੋਵਹਿਂ ਨਰ ਨਾਰੀ ॥੨੫॥
ਕਿਯ ਬਿਚਾਰ ਜੇ ਹੁਤੇ ਸਿਆਨੇ
-ਗਹੇ ਜੁ ਕਲਾਵਾਨ- ਮਨ ਜਾਨੇ।
ਆਏ ਸਭਿ ਹੀ ਤਬਿ ਧਰਿ ਭਾਉ।
ਸ਼੍ਰੀ ਗੁਰ ਕੋ ਲਖਿ ਲੀਨ ਪ੍ਰਭਾਉ ॥੨੬॥
ਨ੍ਰਿਪ ਸੁਤ ਠਾਂਢੋ ਆਇ ਅਗਾਰੀ।
ਕਰਿਕੈ ਬੰਦਨ ਬਿਨੈ ਉਚਾਰੀ।
'ਕਰਹੁ ਛਿਮਾ ਅਪਰਾਧ ਹਮਾਰਾ।
ਹਮ ਨਹਿਂ ਜਾਨਯੋ ਭੇਦ ਤੁਮਾਰਾ ॥੨੭॥
ਸਿੱਖ ਆਪਨੇ ਹਮਹਿਂ ਕਰੀਜੈ।
ਅਭੈ ਦਾਨ ਸਭਿਹਿਨਿ ਕੋ ਦੀਜੈ।'
ਸੁਨਤਿ ਬਿਨੈ ਹ੍ਵੈ ਗਏ ਕ੍ਰਿਪਾਲਾ।
ਅਪਨ ਦਿਯਾ ਉਪਦੇਸ਼ ਬਿਸਾਲਾ ॥੨੮॥
'ਸਤਿਨਾਮ ਕੋ ਸਿਮਰਨ ਕਰਨੋ।
ਸੰਤ ਸੇਵ ਮਹਿਂ ਹਿਤ ਉਰ ਧਰਿਨੋ।'
ਭੂਪਤਿ ਦਾਹ ਬਹੁਰ ਕਰਿਵਾਯੋ।
ਸਿੰਘਾਸਨ ਨ੍ਰਿਪ ਸੁਤ ਬੈਠਾਯੋ ॥੨੯॥
ਦੋਹਰਾ:
ਨਾਮ ਧਰਮਜਸ ਰਾਖਿਓ, ਰਾਜ ਤਿਲਕ ਕੋ ਦੇਯ।
{ਧਰਮਜਸ}
ਸੁੰਦਰ ਧ੍ਰਮਸਾਲਾ ਰਚੀ, ਕੀਰਤਿ ਤਹਾਂ [1]ਕੀਰਤਨ ਕਰਨ ਲਗੇ।

ਕਰੇਯ[1] ॥੩੦॥

ਸ੍ਵੈਯਾ:

'ਮਨ ਨੀਵ[1] ਸਦੀਵ ਰਖੋ ਅਪਨਾ
ਸਤਿਨਾਮ ਨਿਰੰਤਰ ਹੀ ਲਿਵ ਲਾਵਹੁ।
ਇਸ਼ਨਾਨ ਤੇ ਦਾਨ ਕਰੋ ਸੁਖ ਪਾਵਹੁ
ਪੈ ਚਿਤ ਲਾਵਹੁ ਕੀਰਤਿ ਗਾਵਹੁ।
ਸਤਿਸੰਗਤ ਸੋਂ ਨਿਤ ਭਾਉ ਧਰੋ
ਤਿਨ ਸੰਗਮ ਮੈਂ ਨਿਤ ਕਾਲ ਬਿਤਾਵਹੁ।
ਤਬ ਹੋਇ ਸਿਖੀ ਗੁਰ ਕੀ ਸ਼ੁਭ ਪ੍ਰਾਪਤਿ
ਜੇ ਸਭਿ ਬੈਨ ਸਦੀਵ ਕਮਾਵਹੁ' ॥੩੧॥

[1]ਨੀਵਾਂ।

ਦੋਹਰਾ:

ਕਿਤਿਕ ਦਿਵਸ ਰਹਿ ਕਰਿ ਤਹਾਂ†, ਭਲ
ਉਪਦੇਸ਼ ਦ੍ਰਿੜਾਇ।

†ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਗ੍ਰੰਥ ਤੇ ਪੁਰਾਤਨ ਜਨਮ ਸਾਖੀ ਵਿਚ ਹੈ ਨਹੀਂ, ਭਾਈ ਬਾਲੇ ਵਾਲੀ ਵਿਚ ਬਾਲੇ ਦੀ ਥਾਂ ਭਾ: ਮਰਦਾਨੇ ਨੂੰ ਬਲੀ ਦੇਣ ਲਈ ਲੈ ਜਾਣ ਦੀ ਕਥਾ ਹੈ। ਕਵੀ ਜੀ ਦੀ ਮੁਰਾਦ ਹੈ ਕਿ ਹਰੀ ਜਨਾਂ ਨੂੰ ਦੇਵੀ ਪੂਜਨ ਦੀ ਲੋੜ ਨਹੀਂ, ਦੇਵੀ ਆਪ ਉਨ੍ਹਾਂ ਦੀ ਰਾਖੀ ਰਹਿੰਦੀ ਹੈ। ਨਾਮੀ ਪੁਰਖਾਂ ਦੀ ਇੰਨੀ ਰਖਯਾ ਕਰਦੀ ਹੈ ਕਿ ਅਪਣੇ ਪੂਜਕਾਂ ਨੂੰ ਉਨ੍ਹਾਂ ਤੋਂ ਵਾਰਦੀ ਹੈ। ਸੋ ਨਾਮੀ ਪੁਰਖ ਉਸ ਨੂੰ ਬਹੁਤ ਪਿਆਰੇ ਹਨ।

ਬਿਦਾ ਹੋਇ ਗਮਨੇ ਪ੍ਰਭੂ, ਆਨ ਥਾਨ
ਸਤਿਭਾਇ[1] ॥੩੨॥

[1]ਸੱਚਾ ਪ੍ਰੇਮ ਕਰਕੇ, (ਅ) ਸਹਿਜ ਸੁਭਾਇ।

ਚੌਪਈ:

ਪਹੁੰਚੇ ਰੰਮਕ ਖੰਡ ਗੁਸਾਈਂ।

{ਸੱਤਵਾਂ ਰੰਮਕ ਖੰਡ}

ਪੁਰਿ ਸਮੀਪ ਬੈਸਤਿ ਭੇ ਜਾਈ।
ਕੇਤਿਕ ਮਨੁਜ ਤਹਾਂ ਚਲਿ ਆਏ।
ਜਾਨਿ ਸੰਤ ਨਿਜ ਸੀਸ ਝੁਕਾਏ ॥੩੩॥
ਨਿਕਟਿ ਬਿਲੋਕਿ ਤਿਨਹਿਂ ਜਗਤੇਸ਼ਾ।
ਦੇਤਿ ਭਏ ਸ੍ਰੇਸ਼ਟ ਉਪਦੇਸ਼ਾ।
'ਸੱਤਿਨਾਮ ਸਿਮਰਹੁ ਦਿਨ ਰਾਤੀ।
ਸੰਤ ਸੇਵ ਕਰਿ ਪ੍ਰੀਤ ਸਹਾਤੀ[1], ॥੩੪॥
ਕੂਕਰ[1] ਦ੍ਰਿਸ਼ਟਿ[2] ਨ ਕਬਿ ਮਨ ਧਰਨੀ।
ਸ਼ੇਰ ਦ੍ਰਿਸ਼ਟਿ[1], ਗੁਰਮੁਖ ਹ੍ਵੈ ਕਰਨੀ।

[1]ਸ਼ੋਭਨੀਕ।
[1]ਕੁੱਤੇ ਦੀ। [2]ਨਜ਼ਰ।
[1]ਸ਼ੇਰ ਦ੍ਰਿਸ਼ਟੀ।

{ਕੂਕਰ ਅਤੇ ਸ਼ੇਰ ਦ੍ਰਿਸ਼ਟੀ}

ਹਰਖ ਸੋਗ ਦੁਖ ਸੁਖ ਮਹਿਂ ਤਜਾਗਹੁ।

ਕਰਹੁ ਭਗਤਿ ਨਿਸ ਪਾਛਲ[1] ਜਾਗਹੁ' ॥੩੫॥ — [1]ਪਿਛਲੀ ਰਾਤ।
ਸੁਨਿ ਕਰਿ ਬੂਝਨ ਲਗੇ ਸੁ ਮਾਨਵ।
'ਦ੍ਰਿਸ਼ਟਿ ਜੁ ਕਹੀ ਹਮਹਿਂ ਨਹਿਂ ਜਾਨਵ[1]। — [1]ਨਹੀਂ ਜਾਣੀ।
ਖੋਲਿ ਅਰਥ ਇਹ ਭਨੋ ਗੁਸਾਈਂ !
ਤੁਮ ਹੋ ਸੰਤ ਸਭਿਨਿ ਸੁਖਦਾਈ' ॥੩੬॥
ਕ੍ਰਿਪਾ ਨਿਧਾਨ ਭਨੀ ਤਬ ਬਾਨੀ।
'ਦ੍ਰਿਸ਼ਟਿ ਕੂਕਰੀ[1] ਲੇਹੁ ਪਛਾਨੀ। — [1]ਕੁੱਤੇ ਦੀ ਨਜ਼ਰ।
ਦੁਖ ਸੁਖ ਮੁਝ ਕੋ ਮਾਨਵ ਦੇਹੀ।
ਈਸ਼੍ਵਰ ਕੀ ਗਤਿ ਲਖੇ ਨ[1] ਕੇਹੀ[2] ॥੩੭॥ — [1]ਨਾ ਜਾਣੇ। [2]ਕੋਈ ਬੀ, ਕਿਸੇ ਤਰ੍ਹਾਂ।
ਮਾਰਨਹਾਰ ਨ ਜਾਨਹਿਂ ਸ੍ਵਾਨਾ।
ਲਸ਼ਟਕ[1] ਕੋ ਕਾਟਹਿ ਅਨਜਾਨਾ। — [1]ਸੋਟੀ।
ਇਸ ਪ੍ਰਕਾਰ ਕੋ ਜੋ ਨਰ ਹੋਈ।
ਮਨਮੁਖ ਸ੍ਵਾਨ ਦ੍ਰਿਸ਼ਟਿ[1] ਹੈ ਸੋਈ ॥੩੮॥ — [1]ਕੁੱਤੇ ਦੀ ਨਜ਼ਰ ਵਾਲਾ।
ਕਿਸ ਪ੍ਰਕਾਰ ਦੁਖ ਸੁਖ ਬਨਿ ਆਵੈ।
ਪਰਮੇਸ਼ੁਰ ਤੇ ਸਰਬ ਲਖਾਵੈ[1]। — [1]ਜਾਣੇ।
ਮਾਨੁਖ ਬਪੁਰਾ ਕੌਨ ਬਿਚਾਰਾ।
ਕਰੈ ਕਾਜ ਸਭਿ ਸ਼੍ਰੀ ਕਰਤਾਰਾ ॥੩੯॥
ਜਿਉਂ ਕੇਹਰਿ ਤਜਿ ਸ਼ਸਤ੍ਰਨ ਸਾਰੇ।
ਤੂਰਨ ਤਕਹਿ ਜਿ ਮਾਰਨਹਾਰੇ।
ਤਜੋਂ ਗੁਰਮੁਖ ਪਰਮੇਸ਼ੁਰ ਦਿਸ਼ਿ ਤੇ[1]। — [1]ਵੱਲੋਂ।
ਲਖਹਿ ਸੁ ਦੁਖ ਸੁਖ, ਅਪਰ ਨ ਕਿਸ ਤੇ ॥੪੦॥
ਦੇਣਹਾਰ ਏਕੋ ਕਰਤਾਰਾ।
ਇਉਂ ਤੁਮ ਲਖੋ ਹੋਇ ਨਿਸਤਾਰਾ[1]। — [1]ਮੁਕਤੀ।
ਮਨ ਰੋਕਨ ਕੀਜੈ ਅੱਭਯਾਸਾ।
ਬਿਸ਼ੈ ਬਾਸ਼ਨਾ ਹੁਇ ਸਭਿ ਨਾਸ਼ਾ' ॥੪੧॥
ਕਿਤਿਕ ਦਿਵਸ ਰਹਿ ਕਰਿ ਤਿਹ ਥਾਨਾ।
ਤਿਨ ਸੋਂ ਅਸ ਉਪਦੇਸ਼ ਬਖਾਨਾ।
ਬਿਦਾ ਹੋਇ ਕੀਨੋ ਪੁਨ ਗਵਨੰ।
ਭੱਦ੍ਰ ਖੰਡ ਪਹੁੰਚੇ ਗੁਨ ਭਵਨੰ ॥੪੨॥

{ਅੱਠਵਾਂ ਭੱਦ੍ਰ ਖੰਡ}

ਤਿਹ ਨ੍ਰਿਪ ਸੁਨ੍ਯੋ 'ਸੰਤ ਪਰਿ ਆਏ।'
ਮਿਲ੍ਯੋ ਆਨਿ ਕਰਿ ਸੀਸ ਝੁਕਾਏ।
ਬੰਦਿ ਹਾਥ ਦ੍ਵੈ ਬੈਠਿ ਸਮੀਪਾ।
ਬੋਲ੍ਯੋ ਕੌਲਨਾਭ ਅਵਿਨੀਪਾ[1] ॥੪੩॥ — [1]ਰਾਜਾ।
'ਆਸ਼੍ਰਮ ਚਾਰ ਲਿਖੇ ਜੋ ਆਹੀ।
ਸ੍ਰੇਸ਼ਟ ਕੌਨ ਕਹੋ ਇਮ ਮਾਂਹੀ?
ਪੂਰਨ ਸੰਤ ਜਾਨਿ ਕਰਿ ਪੂਛਾ।
ਕਰਹੁ ਮੁਝੇ ਸੰਸੈ ਤੇ ਛੂਛਾ[1]' ॥੪੪॥ — [1]ਖਾਲੀ। ਨਿਰਸੰਸੇ।
ਸੁਨਿ ਕਰਿ ਬੋਲੇ ਬਚਨ ਕ੍ਰਿਪਾਲਾ।

{ਕੌਲਨਾਭ ਨੂੰ ਗ੍ਰਿਹਸਥ ਦੀ ਮਹਿਮਾ ਦੱਸਣੀ}

'ਸਭਿ ਤੇ ਜਾਨਹੁ ਗ੍ਰਿਹਸ੍ਤ ਬਿਸਾਲਾ।
ਉਤਪਤਿ ਕਰਨਹਾਰ ਸਭਿ ਹੀ ਕੋ।
ਬਹੁਰੋ ਪਾਲਨ ਕਰਿ ਹੈ ਨੀਕੋ ॥੪੫॥
ਜਿਉਂ ਜਲ ਕਮਲਨ ਕੋ ਨਿਪਜਾਈ।
ਬਹੁਰੇ ਪਾਲਨ ਕਰਹਿ ਬਨਾਈ।
ਮੂਲ ਬਿਟਪ ਕੋ ਗ੍ਰਿਹਸ੍ਤ ਪਛਾਨਹੁ[1]। — [1]ਗ੍ਰਿਹਸਤ ਨੂੰ ਮੂਲ ਬ੍ਰਿੱਛ ਸਮਝੋ (ਸਭ ਦਾ)।
ਆਸ਼੍ਰਮ ਅਪਰ ਜਿ ਸ਼ਾਖਾ[1] ਮਾਨਹੁ ॥੪੬॥ — [1]ਟਾਹਣੀਆਂ।
ਯਾਂ ਕੋ ਲਖਹੁ ਸਮੁੰਦ੍ਰ ਸਮਾਨਾ।
ਮੁਕਤਾਦਿਕ[1] ਨਿਕਸਤਿ ਹੈਂ ਨਾਨਾ। — [1]ਮੋਤੀ ਆਦਿਕ।
ਬ੍ਰਹਮਚਰਜ ਪੁਨ ਬਾਨ ਪਰਸਤਾ[1]। — [1]ਜੰਗਲ ਵਿਚ ਰਹਿਣ ਵਾਲਾ ਆਸ਼੍ਰਮ।
ਅਰ ਸੰਨ੍ਯਾਸ ਸਭਿਨਿ ਕੋ ਕਰਤਾ[1] ॥੪੭॥ — [1]ਕਰਨੇ ਹਾਰਾ।
ਵੰਡ ਖਾਇ ਅਰ ਦਾਨ ਕਰੇਈ।
ਛੂਛ[1] ਨ ਫਿਰੈ ਅਭ੍ਯਾਗਤ[2] ਜੇਈ। — [1]ਖਾਲੀ। [2]ਸਾਹਮਣੇ ਆਇਆ ਹੋਇਆ, ਭਾਵ ਅਤਿੱਥਿ, ਲੋੜਵੰਦ।
ਨੀਰ[1] ਕੂਪ ਜੇ ਨਿਕਸਤਿ ਨਾਂਹੀ। — [1]ਖੂਹ ਦਾ ਪਾਣੀ।
ਠਹਿਰਤਿ ਗੰਦਾ ਹ੍ਵੈ ਤਿਸ ਮਾਂਹੀ ॥੪੮॥
ਨਿਕਸਤਿ ਰਹੈ ਨੀਰ ਜੇ ਤਾਹੂੰ।
ਮਧੁਰ ਹੋਇ ਜਾਨਹਿਂ ਸਭਿ ਕਾਹੂੰ।
ਤਿਉਂ ਗ੍ਰਹਸਤੀ ਕੀ ਰੀਤਿ ਸੁਹਾਈ।
ਕਰਹਿਂ ਜਿ ਨਰ ਇਤ ਉਤ ਸੁਖ ਪਾਈ

॥ ੪੯ ॥
ਗ੍ਰਿਹਸਤ ਬਿਖੈ ਆਤਮ ਅੱਭਜਾਸਾ।
ਕਰਤਿ ਰਹੈ, ਸਿਮਰਹਿ ਸੁਖ ਰਾਸਾ।
ਭਾਉ ਭਗਤਿ[1] ਕਰਿ ਕ੍ਰਿਤ ਕੋ[2] ਕਰਿਹੀ। [1]ਪ੍ਰੇਮਾ ਭਗਤੀ। [2]ਕਿਰਤ।
ਤਿਨ ਕੀ ਉਪਮਾ ਕੌਨ ਉਚਰਿਹੀ
॥ ੫੦ ॥
ਬੇਲ ਸੰਗ ਖਰਬੂਜਾ ਜੋਈ।
ਹ੍ਵੈ ਪਰਪਕ ਮਧੁਰੋ ਅਤਿ ਸੋਈ।
ਜੇ ਡਾਲੀ ਤੇ ਤੋਰਿ[1] ਪਕਾਵੈਂ। [1]ਤੋੜਕੇ।
ਮਧੁਰ ਥੋਰ ਪੁਨ ਦਾਗ ਲਗਾਵੈਂ ॥ ੫੧ ॥
ਸੁਨੇ ਬਚਨ ਹਰਖਾਇ ਭੁਵਾਲਾ[1]। [1]ਰਾਜਾ।
ਬੰਦਨ ਕਿਯ ਹ੍ਵੈ ਨੰਮ੍ਰਿ ਬਿਸਾਲਾ।
ਕਿਤਿਕ ਦਿਵਸ ਨਿਜ ਪੁਰਿ ਮਹਿਂ ਡੇਰਾ।
ਰਾਖਯੋ, ਕਰਿਕੈ ਭਾਉ ਘਨੇਰਾ ॥ ੫੨ ॥
ਤਿਹਂ ਉਪਦੇਸ਼ ਦੀਨਿ ਜਗਤੇਸ਼ਾ।
ਸਿਮਰਨ ਲਾਗਯੋ ਕਰਨ ਨਰੇਸ਼ਾ।
ਕਰਨੀ ਭਗਤਿ ਤਬਹਿ ਪ੍ਰਗਟਾਈ।
ਗੁਰ ਸਿੱਖੀ ਕੀ ਰੀਤਿ ਚਲਾਈ ॥ ੫੩ ॥
ਬਿਦਾ ਹੋਇ ਗਮਨੇ ਗੁਨਖਾਨੀ।
ਮਰਦਾਨੇ ਸੋਂ ਬੋਲੇ ਬਾਨੀ।
'ਅਸ਼ਟ ਖੰਡ ਇਹ ਤੁਝੈ ਦਿਖਾਏ।
ਨੌਮੇ ਭਾਰਥ ਖੰਡ ਗਿਨਾਏ ॥ ੫੪ ॥
{ਨੌਵਾਂ ਭਾਰਤ ਖੰਡ}
ਚਲਿ ਕਰਿ ਅਬਹਿ ਦਿਖਾਵਹਿਂ ਓਹੀ।
ਜਹਿਂ ਪਰਵਾਰ ਸਦਨ ਹੈ ਤੋਹੀ।'
ਸੁਨਿ ਮਰਦਾਨੇ ਪੁਨ ਬਚ ਭਾਖਾ।
'ਚਲਹੁ ਪ੍ਰਭੁ ਜਿਤ ਕੋ ਅਭਿਲਾਖਾ ॥ ੫੫ ॥
ਤੁਮ ਕਰੁਨਾ ਤੇ ਪਿਖੇ ਸਥਾਨਾ।
ਨਤੁ ਹਮ ਸੇ ਜੰਤਨ ਕਿਹ ਜਾਨਾ[1]।' [1]ਨਹੀਂ ਤਾਂ ਸਾਡੇ ਜਿਹੇ ਜੀਵਾਂ ਨੇ ਕਿਥੋਂ ਜਾਣਾ ਸੀ (ਯਾ ਜਾਨਣਾ ਸੀ)।
ਇਸ ਪ੍ਰਕਾਰ ਬੋਲਤਿ ਬਿਗਸਾਏ।
ਤਤਛਿਨ ਜੰਮੂ ਪੁਰਿ ਮਹਿਂ ਆਏ ॥ ੫੬ ॥
ਪਿਖਿ ਰਮਣੀਕ[1] ਥਾਨ ਤਹਿਂ ਏਕੂ। [1]ਸੁੰਦਰ।

ਬੈਠਿ ਗਏ ਤਬ ਜਲਧਿ ਬਿਬੇਕੂ।
ਸ੍ਰੀ ਅੰਗਦ ਸੁਨਿ ਕਥਾ ਮਹਾਨੀ।
ਮੁਝ ਸੋਂ ਬੋਲਤਿ ਭੇ ਅਸ ਬਾਨੀ ॥੫੭॥
ਜਾਮਵੰਤ[1] ਭਾਲਕ[2] ਜੋ ਭਾਰੀ। [1]ਨਾਮ ਹੈ। [2]ਰਿੱਛ।
{ਜੰਮੂ, ਜਾਮਵੰਤ ਪੌਰਾਣਕ ਕਥਾ}
ਤਿਹ ਕੇ ਨਾਮ ਸੁ ਨਗਰ ਉਚਾਰੀ।
ਬਡੀ ਗੁਫਾ ਜਿਸ ਮਹਿਂ ਤਿਸ ਬਾਸਾ।
ਚਿਰੰਕਾਲ ਜੀਵਯੋ ਬਲਰਾਸਾ[1] ॥੫੮॥ [1]ਬਲ ਦੀ ਖਾਣ।
ਦੋਹਰਾ:
ਜਬ ਸ੍ਰੀ ਬਾਵਨ ਜੀ ਭਏ, ਬਲਿ ਛਲਨੇ ਕੇ ਹੇਤ।
ਤੀਨ ਲੋਕ ਦ੍ਵੈ ਕਰਮ ਕਰਿ, ਮਾਪੇ[1] ਕ੍ਰਿਪਾ ਨਿਕੇਤ ॥੫੯॥ [1]ਦੋ ਕਰਮਾਂ ਕਰਕੇ ਮਿਣ ਲਏ।
ਚੌਪਈ:
ਇੱਕੀ ਸੁ ਇਨ ਪਰਦੱਛਨ ਦੀਨੀ।
ਏਕ ਮਹੂਰਤ ਮਹਿਂ ਕਰਿ ਲੀਨੀ।
ਮਹਾਂਬਲੀ ਸੁ ਬੇਗ[1] ਬਡ ਜਾ ਮੈਂ। [1]ਵੇਗ, ਤੇਜ਼।
ਏਤੋ ਬਲ ਕਹੀਏ ਕਹੁ ਕਾ ਮੈ[1]? ॥੬੦॥ [1]ਕਿਸ ਵਿਚ ਹੈ।
ਪੁਨ ਸ੍ਰੀ ਰਾਮਚੰਦ ਜਗ ਹੋਏ।
ਜਿਨ ਨਿਜ ਭਗਤਨ ਕੇ ਦੁਖ ਖੋਏ।
ਤਿਨ ਕੇ ਸੰਗ ਲੰਕ ਮਹਿਂ ਗਯੋ।
ਅਧਿਕ ਜੁੱਧ ਤਹਿਂ ਹੋਵਤਿ ਭਯੋ ॥੬੧॥
ਕਰਯੋ ਪ੍ਰਾਕ੍ਰਮ[1] ਰਣ ਮਹਿਂ ਭਾਰੀ। [1]ਬਲ।
ਹਤੇ ਨਿਸ਼ਾਚਰ[1] ਅਤਿ ਬਲਕਾਰੀ। [1]ਦੈਂਤ।
ਦ੍ਵਾਪੁਰ ਭਏ ਕ੍ਰਿਸ਼ਨ ਅਵਤਾਰਾ।
ਧਰਨੀ ਹੇਤੁ ਨਿਵਾਰਨ ਭਾਰਾ ॥੬੨॥
ਮਨਿ[1] ਖੋਜਨ ਹਿਤ ਚਲਿ ਕੈ ਆਏ। [1]ਮਣੀ।
ਜਾਮਵੰਤ ਦੇਖਯੋ ਇਹ ਥਾਏਂ।
ਲਗੇ ਕਰਨ ਮਿਲਿ ਕੈ ਸੰਗ੍ਰਾਮਾ[1]। [1]ਜੁੱਧ।
ਦੁੰਦ ਯੁੱਧ[1] ਅਤਿਸ਼ੈ ਬਲ ਧਾਮਾ ॥੬੩॥ [1]ਦੋ ਜੋਧਿਆਂ ਦਾ ਜੁੱਧ।
ਨਹੀਂ ਪਰਾਜੈ[1] ਕਿਸ ਦਿਸ਼ ਹੋਈ। [1]ਹਾਰ।
ਦਿਵਸ ਅਸ਼ਟ ਬਿੰਸਤ[1] ਭਟ ਦੋਈ[2]। [1]ਅਠਾਈ। [2]ਦੋਵੇਂ ਸੂਰਮੇ।

ਲਰਤਜੋ ਜਬੈ ਬਿਜੈ ਨਹਿਂ ਪਾਵਾ।
ਰਾਮ ਬੇਖ[1] ਸ੍ਰੀ ਕ੍ਰਿਸ਼ਨ ਬਨਾਵਾ ॥੬੪॥ [1]ਸਰੂਪ।

ਦੋਹਰਾ:
ਦੇਖਿ ਰੂਪ ਸ੍ਰੀ ਰਾਮ ਕੋ, ਤਤਛਿਨ ਪਗ ਲਪਟਾਇ।
ਮਨਿ, ਤਨੁਜਾ ਦੇ ਆਪਨੀ, ਭੂਲ ਲਈ ਬਖਸ਼ਾਇ ॥੬੫॥

ਚੌਪਈ:
ਤਬ ਸ੍ਰੀ ਕ੍ਰਿਸ਼ਨ ਦ੍ਵਾਰਕਾ ਗਯੋ।
ਜਾਮਵੰਤ ਤੇ ਜੰਮੂ[†] ਭਯੋ।'

[†]ਜੰਮੂ ਨਗਰ ਪੰਜਾਬ ਵਿਚ ਇਕ ਰਿਆਸਤ ਦੀ ਰਾਜਧਾਨੀ ਸਿਆਲਕੋਟ ਤੋਂ ਉੱਪਰਵਾਰ ਹੈ। ਓਥੇ ਤਵੀ ਨਦੀ ਦੇ ਕਿਨਾਰੇ ਰਾਜ ਮਹਿਲਾਂ ਦੇ ਪਿੱਛੇ ਇਕ ਗੁਫਾ ਹੈ ਜਿਸ ਨੂੰ ਜਾਮਵੰਤ ਦੀ ਗੁਫਾ ਆਖਦੇ ਹਨ, -ਤ੍ਰੇਤਾ ਜੁਗ ਵਿਚ ਰਾਮਚੰਦ੍ਰ ਨੂੰ ਰਾਵਣ ਯੁੱਧ ਵਿੱਚ ਜਾਮਵੰਤ-ਸੁਗ੍ਰੀਵ ਦੇ ਮੰਤ੍ਰੀ ਨੇ ਮਦਦ ਦਿੱਤੀ। ਦ੍ਵਾਪਰ ਵਿਚ ਸ੍ਰੀ ਕ੍ਰਿਸ਼ਨ ਜੀ ਸ੍ਰਮੰਤਕ ਮਣੀ ਦੀ ਖੋਜ ਵਿਚ ਗਏ ਤੇ ਜਾਮਵੰਤ ਨੂੰ ਫਤਹ ਕਰਕੇ ਮਣੀ ਪਾਈ ਤੇ ਉਸ ਦੀ ਕੰਨਜਾ ਜਾਮਾਵੰਤੀ ਵਿਆਹੀ ਸੀ।

ਇਸ ਬਿਧਿ ਕਰਤਜੋ ਬਚਨ ਬਿਲਾਸਾ।
ਦਿਵਸ ਬਿਤਾਏ ਦ੍ਵੈ ਸੁਖ ਰਾਸਾ ॥੬੬॥
ਗੁਰ ਮਿਲਿ ਕੇਤਿਕ ਨਰ ਹਰਖਾਏ।
ਜਾਇ ਭੂਪ ਢਿਗ ਬੈਨ ਸੁਨਾਏ।
'ਵਹਿਰ ਤਪਾ ਸ੍ਰੀ ਨਾਨਕ ਆਵਾ।
ਜਿਸ ਕੋ ਜਸ ਜਗ ਮੈਂ ਬਹੁ ਛਾਵਾ' ॥੬੭॥
ਸੁਨਤਿ ਨਗਨ ਪਗ ਤੂਰਨ ਧਾਯੋ।
ਉੱਤਮ ਬਹੁਤ ਉਪਾਇਨ ਲਜਾਯੋ।
ਦੀਨ ਹੋਇ ਪਦ ਬੰਦਨ ਕੀਨੀ।
ਬਿਨੈ ਭਨੀ ਭੇਟੈਂ ਧਰਿ ਦੀਨੀ ॥੬੮॥

ਦੋਹਰਾ:
'ਪੂਰਨ ਸ੍ਰੀ ਸਤਿਗੁਰ ਤੁਹੀ, ਦੀਜੈ ਨਿਜ ਉਪਦੇਸ਼।
ਗਹੀ ਚਰਨ ਕੀ ਸ਼ਰਨ ਮੈਂ, ਸਿੱਖ ਕਰੋ ਜਗਤੇਸ਼!' ॥੬੯॥

ਚੌਪਈ:
ਸੁਨਤਿ ਬਿਨੈ ਕਰਿ ਦਯਾ ਕ੍ਰਿਪਾਲਾ।
ਸੁਖ ਨਿਧਿ ਬੋਲੇ ਬਚਨ ਰਸਾਲਾ।

'ਕੀਜੈ ਸਦਾ ਧਰਮ ਕੋ ਨਜਾਊਂ।
ਲੋਭ ਧਾਰਿ ਨਹਿਂ ਕਰਿ ਕੁ ਨਿਆਊਂ ॥ ੨੦ ॥
ਜਗਤ ਜਾਨਿਯੈ ਸੁਪਨ ਸਮਾਨਾ।
ਸੱਤਿ ਆਤਮਾ ਏਕ ਪਛਾਨਾ।
ਸੇਵਾ ਸੰਤਨ ਕੀ ਚਿਤ ਦੀਜੈ।
ਨਗਨ[1] ਛੁਧਿਤਿ[2] ਪਰ ਕਰੁਨਾ ਕੀਜੈ ॥ ੨੧ ॥ [1]ਨੰਗੇ। [2]ਭੁੱਖੇ।
ਸੱਤਿਨਾਮ ਜਪੀਏ ਲਿਵ ਲਾਈ।
ਸੁਨੀਏ ਹਰਿ ਕੀਰਤਿ ਗੁਨ ਗਾਈ।
ਸਤਿਸੰਗਤਿ ਮਿਲਿ ਸਮਾਂ ਬਿਤਾਵਹੁ।
ਇਹ ਉਪਦੇਸ਼ ਜਿ ਆਪ ਕਮਾਵਹੁ ॥ ੨੨ ॥
ਤੋਂ ਬਾਈਸ ਧਾਰਨ ਹ੍ਵੈ ਰਾਜਾ।
ਸਭਿ ਇਸ ਲੋਕਹਿਂ ਪੂਜਹਿਂ[1] ਕਾਜਾ। [1]ਪੂਰਨ ਹੋਣਗੇ।
ਹ੍ਵੈ ਪਰਲੋਕ ਬਿਖੈ ਗਤਿ ਆਛੇ[1]। [1]ਚੰਗੀ।
ਬਖਸ਼ੇ ਅਬ ਜੁ ਕਰੇ ਅਘ ਪਾਛੇ' ॥ ੨੩ ॥
ਸੁਨਿ ਗੁਰ ਬਚਨ ਨ੍ਰਿਪਤ ਮਨ ਭਾਏ।
ਜਸ ਭਾਖੇ ਤਸ ਬਹੁਰ ਕਮਾਏ।
ਬਧਜੋ ਰਾਜ ਜੇਤੋ[†] ਗੁਰ ਭਾਖਾ। [†]ਪਾ:-ਤੇ ਜੋ।
ਕਿਤਿਕ ਦਿਵਸ ਸ਼੍ਰੀ ਗੁਰ ਤਿਹ ਰਾਖਾ ॥ ੨੪ ॥
ਧਰਮ ਦ੍ਰਿੜਾਇ ਦੀਨ ਉਪਦੇਸ਼ਾ।
ਬਿਦਾ ਹੋਇ ਗਮਨੇ ਜਗਤੇਸ਼ਾ।
ਏਕ ਗ੍ਰਾਮ ਬਨਜਾਰਨ ਕੇਰਾ।

{ਬਨਜਾਰਿਆਂ ਦਾ ਪ੍ਰਸੰਗ}

ਤਹਾਂ ਆਇ ਨਿਸ ਕੀਨ ਬਸੇਰਾ ॥ ੨੫ ॥
ਤਿਨ ਕੇ ਬਿਖੇ ਹੁਤੋ ਜੋ ਨਾਇਕ[1]। [1]ਮੁਖੀਆ, ਸ੍ਵਾਮੀ।
ਸੁਤ ਜਨਮਜੋ ਤਿਹ ਘਰ ਸੁਖਦਾਇਕ[1]। [1]ਸੁਖ ਦੇਣ ਵਾਲਾ।
ਤਿਹ ਸੰਤਤਿ[1] ਪੂਰਬ[2] ਨਹਿਂ ਕੋਈ। [1]ਉਲਾਦ। [2]ਪਹਿਲੇ।
ਤਾਂ ਦਿਨ ਅਧਿਕ ਬਧਾਈ ਹੋਈ ॥ ੨੬ ॥
ਆਨ ਮੁਮਾਰਖ[1] ਮਾਨਵ ਦੇਵਹਿਂ। [1]ਵਧਾਈ।

| | |
|---|---|
| ਉਰ ਪ੍ਰਸੰਨਤਾ† ਸਭਿ ਕੀ[1] ਲੇਵਹਿ। | [1]ਸਾਰਿਆਂ ਦੀ। †ਪਾ:-ਪ੍ਰਸੰਨ ਭਾ। |
| ਮਿਲਿ ਕਰਿ ਦੇਤਿ ਅਸੀਸ ਬਿਸਾਲਾ। | |
| ਡਾਰਤਿ ਅਲਤਾ[1] ਬਹੁਰ ਗੁਲਾਲਾ ॥੭੭॥ | [1]ਇਕ ਤਰ੍ਹਾਂ ਦਾ ਰੰਗ ਦਾਰ ਧੂੜਾ ਜੋ ਹੋਲੀਆਂ ਵਿਚ ਧੂੜਦੇ ਹਨ। |
| ਤਿਹ ਉਪਬਨ[1] ਮੈਂ ਸ੍ਰੀ ਗੁਰ ਆਏ। | [1]ਬਾਗ। |
| ਬੈਠੇ ਜਹਿਂ ਬਹੁ ਭਨਤਿ ਬਧਾਏ[1]। | [1]ਕਹਿੰਦੇ ਸੀ ਵਧਾਈਆਂ। |
| ਕਰਤਿ ਬਿਲਾਸ ਸੰਝ ਭੀ[1] ਗਵਨੇ। | [1]ਸ਼ਾਮ ਹੋਈ ਤੇ। |
| ਪ੍ਰਾਪਤ ਹੋਤਿ ਭਏ ਨਿਜ ਭਵਨੇ[1] ॥੭੮॥ | [1]ਘਰ। |
| ਨਹਿਂ ਸੁਧ ਸ੍ਰੀ ਨਾਨਕ ਕੀ ਲੀਨੀ। | |
| ਮਿਲਿ ਕਰਿ ਕਿਸੇ ਨ ਬੰਦਨ ਕੀਨੀ। | |
| ਹਰਖ ਭਰੇ ਗਰਬਤਿ[1] ਸੋ ਗਵਨੇ। | [1]ਹੰਕਾਰੀ ਹੋਕੇ। |
| ਨਹਿਂ ਸਨਮਾਨਹਿਂ[1] ਲਖਿ ਗੁਨ ਭਵਨੇ[2] ॥੭੯॥ | [1]ਆਦਰ ਕੀਤਾ। [2]ਗੁਰੂ ਜੀ ਨੂੰ) ਗੁਣਾਂ ਦਾ ਘਰ ਜਾਣਕੇ। |
| ਕਿਤਿਕ ਕਾਲ ਪੀਛੇ ਮਰਦਾਨੇ। | |
| ਸ੍ਰੀ ਗੁਰ ਸੋਂ ਅਸ ਬਚਨ ਬਖਾਨੇ। | |
| 'ਖੁਸ਼ੀ ਭਰੇ ਗਰਬਤਿ[1] ਮਨ ਮੂਢੇ। | [1]ਹੰਕਾਰੀ ਹੋ ਰਹੇ ਹਨ। |
| ਸੁਤ ਜਨਮੇ ਬਹੁ ਮੋਹ ਅਰੂਢੇ[1] ॥੮੦॥ | [1]ਮੋਹ ਫਾਥੇ |
| ਤੁਮਰੋ ਕਛੁ ਸਨਮਾਨ ਨ ਕੀਨਾ। | |
| ਭੇਟ ਨ ਦੀਨਿ ਅਤੀਤ ਨ ਚੀਨਾ। | |
| ਕਰਹਿਂ ਪਰਸਪਰ ਅਧਿਕ ਬਧਾਈ। | |
| ਇਹ ਮਤਿਮੰਦ ਰਹੇ ਗਰਬਾਈ' ॥੮੧॥ | |
| ਗੁਰੂ ਕਹੈਂ 'ਇਹ ਬਾਲ ਜੁ ਜਾਯੋ। | |
| ਸੋ ਅਪਨੋਂ ਰਿਣ[1] ਲੇਣੇ ਆਯੋ। | [1]ਕਰਜ਼ਾ। |
| ਪੂਰਬ ਜਨਮ ਜਿਤੋ ਇਸ ਪਾਹੀ। | |
| ਸੋ ਲੇ ਭੋਰ ਹੋਤਿ ਮਰਿ ਜਾਹੀ ॥੮੨॥ | |
| ਇਸ ਕੋ ਦੈ ਹੈ ਸੰਕਟ ਭਾਰਾ। | |
| ਰੁਦਨ ਕਰਹਿਂ ਕਹਿ ਬਾਲ ਹਮਾਰਾ। | |
| ਮੋਹ ਫਾਸ ਮੈਂ ਫਸਿ ਕਰਿ ਆਪਾ। | |
| ਮਿਲਿ ਕਰਿ ਕਰਹਿਂ ਬਿਲਾਪ[1] ਕਲਾਪਾ[2]' ॥੮੩॥ | [1]ਵਿਰਲਾਪ। [2]ਸਾਰੇ, ਬਹੁਤਾ। |
| ਇਸ ਬਿਧਿ ਕਹਿ ਕਰਿ ਕੈ ਅਨੁਰਾਗਾ[1]। | [1]ਪ੍ਰੇਮੀ ਹੋਏ। |
| ਉਚਰਯੋ ਸ਼ਬਦ ਗਾਇ ਮੁਖ ਰਾਗਾ। | |

ਮਰਦਾਨੇ ਤਬ ਆਇਸੁ ਪਾਈ।
ਲੇ ਰਬਾਬ ਸੁਰ ਤਾਰ ਬਜਾਈ ॥੮੪॥

ਸ੍ਰੀ ਮੁਖਵਾਕ ॥
ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਚੌਪਈ: [1]ਸਵੇਰ ਹੋਈ।

ਜਬ ਨਿਸ ਬੀਤਭਈ ਭੁਨ ਸਾਰਾ[1]।
'ਬਾਲਿਕ ਮਰਿਗਾ' ਪਰੀ ਪੁਕਾਰਾ।
ਰੁਦਨ ਕਰੈਂ ਮਿਲਿ ਕੈ ਬਹੁ ਨਾਰੀ।
ਬਾਰ[1] ਉਖਾਰਿ ਸੀਸ ਕੇ ਡਾਰੀ ॥੮੫॥ [1]ਵਾਲ।
ਨਿਕਸੇ ਵਹਿਰ ਬਾਲ[1] ਕੋ ਲੀਨਾ। [1]ਬਾਲਕ।
ਖਨਿ ਕੈ ਧਰਾ[1] ਦਾਬ ਸੋ ਦੀਨਾ। [1]ਧਰਤੀ ਖੋਦਕੇ।

ਕਰੈਂ ਬ੍ਰਿਲਾਪ ਅਨੇਕ ਪ੍ਰਕਾਰਾ।
ਬਢ੍ਯੋ ਗ੍ਰਾਮ ਮਹਿਂ ਸ਼ੋਕ ਅਪਾਰਾ ॥੯੬॥
ਤਿਨ ਬਿਲੋਕਿ ਬੋਲ੍ਯੋ ਮਰਦਾਨਾ।
'ਪੂਰਬ ਇਨ ਕੇ ਹਰਖ ਮਹਾਨਾ।
ਅਬਿ ਹੋਯੋ ਸੁਤ ਸ਼ੋਕ ਬਿਸਾਲਾ।
ਰੁਦਨ ਕਰਤਿ ਅਚਰਜ ਗਤਿ ਕਾਲਾ[1] ॥੯੭॥ [1]ਕਾਲ ਦੀ ਗਤੀ ਅਸਚਰਜ ਹੈ।
ਮੋਹ ਫਸੇ ਨਰ ਦੁਖ ਸੁਖ ਮਾਨਤਿ।
ਕਰਤਾ ਹਰਤਾ ਨਹਿਂ ਪਹਿਚਾਨਤਿ।'
ਸੁਨਿ ਕਰਿ ਸ਼੍ਰੀ ਗੁਰ ਪਰਮ ਉਦਾਰਾ।
ਤਿਹ ਛਿਨ[1] ਏਕ ਸ਼ਲੋਕ ਉਚਾਰਾ ॥੯੮॥ [1]ਤਿਸ ਵੇਲੇ।

ਸਲੋਕ†

'ਜਿਤ ਮੁਹਿ ਮਿਲੈ ਮੁਮਾਰਖੀ ਲਖ ਲਖ ਮਿਲਨ ਅਸੀਸ ॥
ਸੇ ਮੁਖ ਰੋਂਦੇ ਡਿਠ ਮੈ ਮਿਲਿ ਮਿਲਿ ਪਿਟਨ ਸੀਸ' ॥੧॥

†ਇਹ ਸ਼੍ਰੀ ਮੁਖਵਾਕ ਨਹੀਂ ਹੈ ਤੇ ਇਕ ਲਿਖਤੀ ਨੁਸਖੇ ਵਿਚ ਇਥੇ 'ਸਲੋਕ' ਦੀ ਥਾਂ ਪਦ 'ਦੋਹਰਾ' ਲਿਖ੍ਯਾ ਹੈ ਤੇ ਇਸਦਾ ਅੰਗ ਬੀ ੯੯ ਦਿੱਤਾ ਹੈ।

ਚੌਪਈ:

ਇਸ ਪ੍ਰਕਾਰ ਕਹਿ ਕੈ ਜਗ ਸਾਈਂ।
ਆਨ ਥਾਨ ਗਮਨੇ ਮਨ ਭਾਈ।
ਮਨੁਜ ਅਨੇਕ ਉਧਾਰਨ ਕਾਰਨ।
ਬਿਚਰਤਿ ਭੇ ਜਗਦੰਭ ਬਿਦਾਰਨ ॥੯੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਭਾਰਤ ਖੰਡੇ ਆਵਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅਧ੍ਯਾਯ ॥੩॥

## ੪. [ਗੁਰ ਚਰਨ ਮੰਗਲ। ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਔਣਾ]

੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫

ਦੋਹਰਾ:

ਚਰਨ ਕਮਲ ਸਤਿਗੁਰੂ ਕੇ, ਸੁਖ ਕੋ ਸਦਨ ਪਛਾਨ।

ਸਦਨ=ਘਰ।

ਬਸਹਿਂ ਸਦਾ ਮਨ, ਸਥਿਰ ਹ੍ਵੈ, ਲਹਹਿ ਪਰਮ ਕਲ੍ਯਾਨ ॥੧॥

ਬਸਹਿਂ=ਬਸ ਜਾਂਦੇ ਹਨ। ਸਦਾ=ਨਿੱਤ, ਭਾਵ ਪੱਕੇ ਹੋਕੇ।

ਸੂਚਨਾ:

ਕਿਧਰੇ ਪਾਠ 'ਬਸਹੁ' ਹੈ ਫਿਰ ਅਗੇ 'ਲਹਹਿ' ਦੀ ਥਾਂ ਭੀ ਪਾਠ 'ਲਹਹੁ' ਚਾਹੀਦਾ ਹੈ, ਅਰਥ ਹੋ ਜਾਏਗਾ (ਹੇ ਚਰਨੋ! ਮੇਰੇ) ਮਨ ਵਿਚ ਵਸ ਜਾਓ ਤਾਂ ਜੋ ਏਹ (ਮਨ) ਟਿਕ ਜਾਵੇ ਤੇ ਮੈਨੂੰ ਪਰਮ ਕਲ੍ਯਾਨ ਪ੍ਰਾਪਤਿ ਹੋਵੇ।

ਅਰਥ:

ਸਤਿਗੁਰੂ ਜੀ ਦੇ ਚਰਣ ਕਮਲ ਸੁਖ ਦਾ ਘਰ (ਹਨ, ਇਹ ਗੱਲ) ਪਛਾਣ ਲੈ, (ਜਿਸ) ਮਨ (ਵਿਚ ਏਹ) ਪੱਕੇ ਹੋਕੇ ਬਸ ਜਾਂਦੇ ਹਨ (ਉਹ) ਟਿਕ ਜਾਂਦਾ ਹੈ (ਤੇ ਅੰਤ) ਪਰਮ ਕਲਯਾਣ ਨੂੰ ਪ੍ਰਾਪਤ ਕਰਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ ਸੁਨੀਏ ਗੁਨਭਵਨੰ!
ਤਿਹ ਤੇ ਕੀਨ ਗੁਰੂ ਪੁਨ ਗਵਨੰ।
ਲਵਪੁਰਿ[1] ਕੇ ਜਬ ਗਏ ਸਮੀਪਾ। [1]ਲਾਹੌਰ।
ਕਰੀ ਸਥਿਤ ਬੇਦੀ ਕੁਲਦੀਪਾ ॥੨॥
ਦੁਨੀ ਚੰਦ[†] ਤਹਿਂ ਬਨੀਆ ਭਾਰੀ। [†]ਪੁਰਾਤਣ ਜਨਮ ਸਾਖੀ ਵਿਚ ਬੀ ਇਹ ਸਾਖੀ ਹੈ।

{ਦੁਨੀ ਚੰਦ}

ਗੁਰ ਕੀਰਤਿ ਤਿਸ ਸੁਨੀ ਅਗਾਰੀ।
ਤਿਹ ਦਿਨ ਕੀਨੋ ਸ਼੍ਰਾਧ ਬਿਸਾਲਾ।
ਪਿਤ ਕੀ ਬਰਸੀਣੀ[1] ਲਖਿ ਕਾਲਾ ॥੩॥ [1]ਵਰ੍ਹੇ ਦਾ ਦਿਨ।
ਸੁਨਿ ਕਰਿ ਆਗਮ ਕ੍ਰਿਪਾ ਨਿਕੇਤਾ[1]। [1]ਗੁਰੂ ਜੀ ਦਾ।
ਸੋ ਆਵਾ ਲੇਨੇ ਕੇ ਹੇਤਾ।
ਪਦ ਅਰਬਿੰਦ ਸੁ ਬੰਦਨ ਕੀਨਾ।
ਬਿਨੈ ਭਨੀ ਬਹੁ ਹੋਇਓ ਦੀਨਾ ॥੪॥
'ਪੂਰਨ ਪੁਰਖ ਲਖਹੁ ਹਮ ਪ੍ਰੀਤਾ।
ਚਲਹੁ ਸਦਨ ਕੋ ਕਰਹੁ ਪੁਨੀਤਾ।'
ਤਿਹ ਬਿਲੋਕਿ ਕੈ ਪ੍ਰੇਮ ਬਿਸਾਲਾ।
ਗਮਨ ਕੀਓ ਉਠਿ ਸੰਗ ਕ੍ਰਿਪਾਲਾ ॥੫॥

ਹੁਤੋ ਸਦਨ ਜੋ ਅਧਿਕ ਬਚਿੱਤ੍ਰਾ[1]। [1]ਸੁੰਦਰ।
ਤਹਾਂ ਬਸਾਏ ਪਰਮ ਪਵਿੱਤ੍ਰਾ।
ਆਪ ਸ਼ਰਾਧ ਸਰਬ ਕਰਿਵਾਵਾ।
ਬਹੁ ਬਿੱਪ੍ਰਨ ਕੋ ਭੋਜਨ ਖ੍ਵਾਵਾ ॥੬॥
ਜਬ ਸ੍ਰੀ ਗੁਰ ਕੇ ਗਯੋ ਸਮੀਪਾ।
ਤਬਿ ਬੋਲੇ ਬੇਦੀ ਕੁਲਦੀਪਾ।
'ਕਿਹ ਕਾਰਨ ਤੇ ਕੀਨ ਅਹਾਰਾ?
ਬਹੁਤੇ ਨਰਨ ਬੁਲਾਇ ਖੁਵਾਰਾ ॥੭॥
ਭੀਰ ਭੂਰ ਤੇਰੇ ਘਰ ਮਾਂਹੀ।
ਕਹੋ ਬ੍ਰਿਤੰਤ ਸਭੈ ਹਮ ਪਾਹੀ।'
ਦੁਨੀ ਚੰਦ ਦੋਊ ਕਰ ਬੰਦੇ।
ਬੋਲਯੋ 'ਸੁਨੀਏ ਪ੍ਰਭੁ ਮੁਕੰਦੇ' ॥੮॥
ਦਿਵਸ ਆਜ ਕੇ ਮੇਰੋ ਤਾਤਾ[1]। [1]ਪਿਤਾ।
ਗਾ[1]† ਪਰਲੋਕ ਹੁਤੋ ਬਖਯਾਤਾ[2]। [1]ਗਿਆ। [2]ਪ੍ਰਗਟ ਹੈ। †ਪਾ:-ਭਾ।
ਤਿਹ ਨਮਿੱਤ ਮੈਂ ਕੀਨ ਅਹਾਰਾ।
ਪੁਰਿ ਕੇ ਬਿੱਪ੍ਰਨ ਸਰਬ ਖੁਵਾਰਾ[1]' ॥੯॥ [1]ਖੁਲਾਯਾ ਹੈ।
ਪੁਨ ਬੂਝਯੋ ਸ੍ਰੀ ਨਾਨਕ ਤਾਂਹੀ[1]। [1]ਤਿਸਨੂੰ।
'ਤਵ ਪਿਤ ਪ੍ਰਾਪਤਿ ਭਯੋ ਕਿ ਨਾਂਹੀ?'
ਦੁਨੀ ਚੰਦ ਕਹਿ 'ਲਖੋਂ ਨ ਕੋਊ।
ਪਹੁੰਚਯੋ, ਰਹਯੋ ਕਿ ਭੂਖਾ ਸੋਊ ॥੧੦॥
ਇਸ ਬਿਧਿ ਕੀ ਸੁਧ ਰਾਵਰ[1] ਜਾਨੋ। [1]ਤੁਸੀਂ।
ਜੰਤ ਅਲਪ ਮਤਿ ਮੈਂ ਨ ਪਛਾਨੋਂ।'
ਗੁਰ ਕਹਿ 'ਤਵ ਪਿਤ ਛੁਧਾ ਅਧੀਨਾ।
ਭੂਖੇ ਬਾਸੁਰ ਬੀਤੇ ਤੀਨਾ ॥੧੧॥
ਬੈਠਯੋ ਅਬਹਿ ਛੁਧਾਤੁਰ ਸੋਊ।
ਤਾਂਹਿ ਨ ਪਹੁੰਚਯੋ ਭੋਜਨ ਕੋਊ।'
ਇਸ ਪ੍ਰਕਾਰ ਕੇ ਬਚਨ ਸੁਨੇ ਜਬ।
ਨਿੰਮ੍ਰਿ ਭਯੋ ਬੁਝਤਿ ਭਾ ਪੁਨ ਤਬ ॥੧੨॥
'ਕਿਹ ਸਥਾਨ ਮੈਂ ਭੂਖਾ ਬੈਸਾ?
ਕਹੋ ਕ੍ਰਿਪਾ ਕਰਿ, ਤਿਹ ਤਨ ਕੈਸਾ?'
ਹੇਤੁ ਬਤਾਵਨ ਬੈਨ ਅਲਾਏ।
'ਤਵ ਪਿਤ ਬ੍ਰਿਕ[1] ਦੇਹੀ ਕੋ ਪਾਏ ॥੧੩॥ [1]ਬਘਿਆੜ।

ਪੰਚ ਕੋਸ ਪਰ ਝਾਰਨ[1] ਮਾਂਹੀ। [1]ਝਾੜੀਆਂ।
ਭੁਖੋ ਬੈਠਿ ਰਹਜੋ ਸੋ ਤਾਂਹੀ।
ਲੇ ਅਹਾਰ ਤੁਮ ਤਿਹ ਠਾਂ ਜਾਵਹੁ।
ਦੇਖਿ ਸਰੂਪ ਨ ਮਨ ਡਰਪਾਵਹੁ ॥੧੪॥
ਤੇਰੇ ਦਰਸ਼ਨ ਕੋ ਜਬ ਹੇਰੇ।
ਮਾਨੁਖ ਦੇਹਿ ਧਰੈ ਤਿਸ ਬੇਰੇ।'
ਦੁਨੀ ਚੰਦ ਅਚਰਜ ਉਰ ਧਰਿ ਕੈ।
ਚਲਜੋ ਪਾਤ੍ਰ[1] ਪਾਇਸੁ ਕੋ[2] ਭਰਿਕੈ ॥੧੫॥ [1]ਭਾਂਡਾ। [2]ਖੀਰ ਨਾਲ।
ਜਹਾਂ ਬਤਾਯੋ ਕ੍ਰਿਪਾ ਨਿਧਾਨਾ[1]। [1]ਗੁਰੂ ਜੀ ਨੇ।
ਦੇਖਜੋ ਤਹਾਂ ਜਾਇ ਸੋ ਥਾਨਾ।
ਬ੍ਰਿਕ ਬਿਲੋਕਿ ਝਾਰ ਮਹਿਂ[1] ਜਬ ਹੀ। [1]ਝਾੜਾਂ ਵਿਚ।
ਕਰੀ ਦੂਰ ਤੇ ਬੰਦਨ ਤਬ ਹੀ ॥੧੬॥
ਦੁਨੀ ਚੰਦ ਕੋ ਤਿਨ ਜੁ ਨਿਹਾਰਾ।
ਤਤਛਿਨ ਮਾਨੁਖ ਤਨ ਕੋ ਧਾਰਾ।
ਧਰਿ ਕਰਿ ਪਾਇਸੁ ਪਾਤ੍ਰ ਅਗਾਰੀ।
ਹਿਤ ਬੂਝਨ ਕੇ ਗਿਰਾ ਉਚਾਰੀ[1] ॥੧੭॥ [1](ਦੁਨੀ ਚੰਦ) ਬੋਲਿਆ।
'ਤੁਮ ਧਰਮਾਤਮ ਥੇ ਸਭਿ ਭਾਂਤੀ।
ਸ਼ੁਭ ਕਾਰਜ ਮਹਿਂ ਮਤਿ ਦਿਨ ਰਾਤੀ।
ਕਿਉਂ ਕਰਿ ਦੇਹ ਬ੍ਰਿੱਕ ਕੀ ਪਾਈ?
ਇਹ ਪ੍ਰਸੰਗ ਮੁਝ ਦੇਹੁ ਸੁਨਾਈ ॥੧੮॥
ਅਬਿ ਬ੍ਰਿੱਕ ਦੇਹ ਤਜੀ ਹੈ ਜੈਸੇ।
ਮਾਨੁਖ ਤਨ ਪਾਯੋ, ਕਹੁ ਕੈਸੇ?'
ਬੋਲਜੋ ਤਬ ਸੋ 'ਸੁਨਹੁ ਬ੍ਰਿਤਾਂਤਾ।
ਜਿਉਂ ਬੀਤੀ ਮਮ ਪਾਛਲ[1] ਬਾਤਾ ॥੧੯॥ [1]ਪਿਛਲੀ।

ਦੋਹਰਾ:
ਮ੍ਰਿਤੁ ਸਮਾਂ ਜਬ ਮੁਝ ਭਯੋ, ਤਬ ਇਕ ਨਰ ਤਿਹ ਥਾਂਨ।
ਮੀਨ[1] ਮਾਸ ਰੀਧਤਿ ਹੁਤੋ[2], ਤਿਹ ਧੁਨਿ[3] ਸੁਨਿ ਕਰਿ ਕਾਨ ॥੨੦॥ [1]ਮੱਛੀ ਦਾ। [2]ਰਿੰਨ੍ਹਦਾ ਸੀ। [3]ਅਵਾਜ਼।

ਚੌਪਈ:
ਮਨ ਖਾਵਨ ਕੋ ਮਮ ਲਲਚਾਯੋ।

ਸੋ ਮੇਰੇ ਤਬ ਹਾਥ ਨ ਆਯੋ।
ਭਯੋ ਮ੍ਰਿਤਕ[1] ਇਹ ਦੇਹੀ ਪਾਈ। [1]ਮਰ ਗਿਆ।
ਰਹੀ ਬਾਸ਼ਨਾ ਠਹਿਰ ਜਹਾਂ ਈ ॥੨੧॥
ਪੂਰਨ ਪੁਰਖ ਤੋਹਿ ਘਰ ਆਵਾ।
ਦਰਸ ਪਵਿੱਤ੍ਰ ਤਾਂਹਿ ਤੈਂ ਪਾਵਾ।
ਤੇਰੋ ਦਰਸ਼ਨ ਮੈਂ ਕਰਿ ਲੀਨੋ।
ਇਉਂ ਮਾਨੁਖ ਤਨ ਭਾ ਮਨ ਚੀਨੋ
॥੨੨॥
ਪੂਰਬ ਕਰਮ ਜਗੇ ਅਬ ਮੇਰੇ।
ਉੱਤਮ ਗਤਿ ਪਾਈ ਬਿਨ ਦੇਰੇ।'
ਅਸ ਕਹਿ ਸੁਰਗ ਬਿਖੈ ਚਲਿ ਗਯੋ।

ਇਸੇ ਤੁਕ ਵਿਚ ਅਸਲੀਅਤ ਸਮਝਣੇ ਦੀ ਇਕ ਹੋਰ ਕੁੰਜੀ ਹੈ। ਜੇ ਉਸ ਨੇ ਮਨੁੱਖ ਦੇਹ ਧਾਰੀ ਸੀ ਤਾਂ ਹੱਡ ਚੰਮ ਦਾ ਮਨੁਖੀ ਸਰੀਰ ਲੈਕੇ ਸੁਰਗਾਂ ਨੂੰ ਕੀਕੂੰ ਗਿਆ? ਤਾਤਪਰਜ ਇਹ ਹੈ ਕਿ ਜੈਸੇ ਸਤਿਗੁਰ ਜੀ ਨੇ ਲਿਖਿਆ ਹੈ, 'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ। ' ਓਹ ਸਰੀਰ ਛੋਡਕੇ ਕਿਸੇ ਅਬਿਗਤਿ ਦਸ਼ਾ ਵਿਚ ਸੀ; ਜਿਸ ਵਿਚ ਕਿ ਉਸਦਾ ਪਿੰਜਰ ਤੇ ਸੁਭਾਵ ਬਘਿਆੜਾਂ ਵਾਂਙੂ ਸੀ, ਜੋ ਦੁਨੀ ਚੰਦ ਨੂੰ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਦਿੱਸ ਪਿਆ ਤੇ ਉਨ੍ਹਾਂ ਦੀ ਕ੍ਰਿਪਾ ਨਾਲ ਫੇਰ ਉਸ ਦਾ ਮਨੁੱਖ ਸਰੀਰ ਪਲਟਿਆ ਦਿੱਸਿਆ, ਹੱਡ ਚੰਮ ਵਾਲਾ ਨਹੀਂ, ਪਰ ਲਿੰਗ ਸ਼ਰੀਰ। ਉਹ ਲਿੰਗ ਸ਼ਰੀਰ ਸੁਖੀ ਹੋਕੇ ਉਤਮ ਲੋਕ ਨੂੰ ਚਲਾ ਗਿਆ। ਲਿੰਗ ਸ਼ਰੀਰ ਹੂਬਹੂ ਮਨੁਖੀ ਸਰੀਰ ਵਾਂਙੂ ਦਿੱਸਦਾ ਹੈ, ਪਰ ਉਹ ਹਡ ਚੰਮ ਦਾ ਨਹੀਂ ਹੁੰਦਾ।

ਜੋ ਲੋਕ ਚਿੱਤ ਬ੍ਰਿਤੀ ਏਕਾਗਰ ਕਰਕੇ ਅਗਲੇ ਲੋਕਾਂ ਵਿਚ ਗੰਮਤਾ ਰਖਦੇ ਹਨ, ਓਹ ਦੱਸਦੇ ਹਨ ਕਿ ਪਰਾਣੀ ਦੇ ਅੰਤ ਸਮੇਂ ਜੈਸੀ ਵਾਸ਼ਨਾ ਹੋਵੇ ਉਸ ਪਾਸੇ ਵਲ ਸਰੀਰ ਤੋਂ ਛੁੱਟ ਕੇ ਭੌਰ ਜਾਂਦਾ ਹੈ, ਇਸ ਅਸੂਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਮੰਨਿਆ ਹੈ। ਪਰੰਤੂ ਇਸ ਦੇ ਸੰਬੰਧ ਵਿਚ ਦੋ ਇਕ ਗੱਲਾਂ ਸਮਝਣ ਵਾਲੀਆਂ ਹਨ। ਜੋ ਆਦਮੀ ਸਾਰੀ ਉਮਰ ਦਿਨ ਰਾਤ ਸੋਚਦਾ ਤੇ ਕਰਦਾ ਹੈ, ਅੰਤ ਸਮੇਂ ਰੁਖ ਉਧਰੇ ਹੁੰਦਾ ਹੈ। ਪਰ ਜੇ ਅੰਤ ਸਮੇਂ ਕਿਸੇ ਪ੍ਰਬਲ ਅਸਰ ਨਾਲ ਚਿਤਾਵਨੀ ਹੋਰ ਪਾਸੇ ਚਲੀ ਜਾਏ ਤਾਂ ਮਰਨ ਮਗਰੋਂ ਕੁਛ ਅਰਸਾ ਓਸ ਪਾਸੇ ਰੁਖ ਰਹਿਕੇ ਰੂਹ ਸਾਫ ਹੋ ਆਪਣੇ ਸਾਰੀ ਉਮਰ ਦੇ ਕੀਤੇ ਅਨੁਸਾਰ ਗਤੀ ਪਾ ਲੈਂਦੀ ਹੈ। ਇਸ ਵਾਕਿਆ ਦੀ ਸਿੱਖਯਾ ਇਹ ਹੈ ਕਿ ਪ੍ਰਾਣੀ ਦੇ ਅੰਤ ਸਮੇਂ ਉਸ ਦੇ ਕੋਲ ਸਤਿਸੰਗ ਦਾ ਪ੍ਰਭਾਵ ਚਾਹੀਦਾ ਹੈ। ਦੂਸਰੇ ਸਤਿਗੁਰ ਜੀ ਨੇ ਪ੍ਰਤੱਖਯ ਕਰਕੇ ਦੱਸਿਆ ਹੈ ਕਿ ਸ਼੍ਰਾਧ ਕਿਸੇ ਪਾਸੇ ਹੁੰਦੇ ਹਨ ਤੇ ਪ੍ਰਾਣੀ ਦੁੱਖ ਕਿਧਰੇ ਪਾਂਦੇ ਹਨ, ਇਸ ਲਈ ਜੀਉਂਦੇ ਜੀ ਨਾਮ ਵਿਚ ਲੱਗ ਕੇ ਉਧਾਰ ਪ੍ਰਾਪਤ ਕਰ ਲਓ, ਇਹ ਸਮਾਂ ਆਪਣਾ ਅੱਗਾ ਆਪ ਸੁਆਰਨ ਦਾ ਨਾ ਗੁਆਓ।

ਦੁਨੀ ਚੰਦ ਸੁਨਿ ਅਚਰਜ ਭਯੋ ॥੨੩॥
ਹਟਿ ਕਰਿ ਸਦਨ ਬਿਖੈ ਚਲਿ ਆਵਾ।
ਸ੍ਰੀ ਨਾਨਕ ਬੈਸੇ ਜਿੰਹ ਥਾਵਾ।
ਕਰਿ ਬੰਦਨ ਉਸਤਤਿ ਬਹੁ ਭਾਖੀ।
ਅਤਿ ਸ਼ਰਧਾ ਮੈਂ ਭਾ ਅਭਿਲਾਖੀ[1] [1]ਇੱਛਾ ਵਾਲਾ।
॥੨੪॥
'ਨਾਗਰ[1], ਈਸ਼ੁਰ ਰੁਪ ਉਜਾਗਰ ! [1]ਸੁੰਦਰ, ਚਤੁਰ।

ਤੁਮ ਸਮਰੱਥ, ਸਰਬ ਸੁਖ ਸਾਗਰ !
ਭਗਤ ਵਛਲ, ਕਰੁਨਾਕਰ[1] ਸ੍ਵਾਮੀ ! [1]ਕ੍ਰਿਪਾ ਦੀ ਖਾਣ।
ਦੀਨ ਬੰਧੁ ਪ੍ਰਭੁ ਅੰਤਰਜਾਮੀ ! ॥੨੫॥
ਸੇਵਾ ਕਰਨ ਮੁਝੈ ਫੁਰਮਾਵਹੁ।
ਤੁਮ ਸੰਤਨ ਕੇ ਨਿਤ ਚਿਤ ਭਾਵਹੁ।'
ਸੁਨਿ ਕਰਿ ਤਿਹ ਕੋ, ਕਰਨ ਕ੍ਰਿਤਾਰਥ।
ਬੋਲੇ ਦੇਨਹਾਰ ਪਰਮਾਰਥ[1] ॥੨੬॥ [1]ਮੁਕਤੀ ਦੇ ਦੇਣੇ ਵਾਲੇ (ਗੁਰੂ ਜੀ)।
'ਹਮਰੀ ਸੂਚੀ[1] ਰਖਹੁ ਸੰਭਾਰੀ। [1]ਸੂਈ।
ਲੇਵਹਿੰਗੇ ਪਰਲੋਕ ਅਗਾਰੀ।
ਇਹ ਹਮਰੀ ਸੇਵਾ ਦਿਯ ਤੋਹੀ[1]। [1]ਦਿੱਤੀ ਹੈ ਤੈਨੂੰ।
ਔਰ ਨ ਕਛੁ ਅਭਿਲਾਖਾ ਮੋਹੀ' ॥੨੭॥
ਸੁਨਿ ਕਰਿ ਦੁਨੀ ਚੰਦ ਅਸ ਬੈਨਾ।
ਲੈ ਸੂਚੀ ਗਮਨਜੋ ਨਿਜ ਐਨਾ।
ਕਹੈ ਭਾਰਜਾ[1] ਸੋਂ ਬਚ ਸੋਈ। [1]ਇਸਤ੍ਰੀ।
'ਇਹ ਸੂਚੀ ਰਖਿ, ਜਾਇ ਨ ਖੋਈ[1] ॥੨੮॥ [1]ਗੁਆਚ ਨਾ ਜਾਏ।
ਗੁਰ ਲੇਵਹਿਂ ਪਰਲੋਕ ਕਿ ਮਾਂਹੀ।
ਅਪਰ ਸਥਾਨ ਲੇਤਿ ਸੋ ਨਾਂਹੀ।
ਰਾਖਹੁ ਭਲੀ ਪ੍ਰਕਾਰ ਸੰਭਾਰੀ।
ਤਬ ਦੈਹੈਂ ਜਬਿ ਲੇਹਿਂ ਅਗਾਰੀ।' ੨੯।
ਸੁਨਿ ਤਿਹ ਤੀਯ ਕਹੇ ਬਚ ਐਸੇ।
'ਆਗੇ ਲੇ ਜਾਵਹੁਗੇ ਕੈਸੇ ?
ਨਿਤ ਸੰਗੀ ਜੋ ਦੇਹਿ ਬਿਚਾਰੀ।
ਸੋ ਭੀ ਜਾਇ ਨ ਸਕੈ ਅਗਾਰੀ' ॥੩੦॥
ਸੁਨਿ ਬਿਚਾਰ ਕਰਿ ਸੋ ਲੇ ਆਵਾ।
ਪਾਸ ਬੈਸਿ ਕਰਿ ਬਚਨ ਅਲਾਵਾ।
'ਨਹਿਂ ਆਗੈ ਇਹ ਸੂਚੀ ਜਾਵੈ।
ਇਹ ਬਿਧਿ ਮੋ ਤੇ ਨਹਿਂ ਬਨਿ ਆਵੈ' ॥੩੧॥
ਬੋਲੇ ਬਚਨ ਤਬੈ ਜਗਤੇਸ਼ਾ।
ਪਾਯੋ ਸਮੈ[1] ਦੇਨਿ ਉਪਦੇਸ਼ਾ। [1]ਵੇਲਾ।
'ਸਪਤ ਲਾਖ ਤੈਂ ਸੰਚਜੋ ਦਰਬਾ।

ਸੋ ਕੈਸੇ ਲੇ ਜਾਵਹਿਂ ਸਰਬਾ? ॥੩੨॥
ਧਨ ਕੋ ਸੰਚਿ ਕਰਹਿਂ ਬਹੁ ਕਲਮਲ[1]। [1]ਬੜੇ ਪਾਪਾਂ ਨਾਲ ਮਾਯਾ ਕੱਠੀ ਕਰਦਾ ਹੈਂ।
ਬੋਲਹਿਂ ਕੂੜ ਕਰਤਿ ਹੈਂ ਛਲਬਲ।
ਆਗੇ ਸੰਗ ਨ ਹੋਤਿ ਸਹਾਈ[1]। [1]ਮਦਦਗਾਰ।
ਸੰਚਤਿ ਸੰਚਤਿ ਔਧ[1] ਬਿਹਾਈ ॥੩੩॥ [1]ਆਯੂ।
ਧਰਜੋ ਰਹੈ ਧਨ ਮ੍ਰਿਤੁ ਸੁ ਆਈ।
ਕਰਤਿ ਪਾਪ ਸੋ ਜੀਵ ਭੁੰਚਾਈ[1]। [1]ਜੋ ਪਾਪ ਕੀਤੇ ਸੋ ਜੀਵ ਭੋਗੇਗਾ।
ਸਰਜੋ[1] ਦਰਬ ਤੇ ਕੌਨੇ ਕਾਮਾ? [1]ਸੰਵਰਿਆ।
ਬਿਨਾਂ ਪੁੰਨ ਤੇ ਦੁਖੁ ਕੋ ਧਾਮਾ' ॥੩੪॥
ਦੁਨੀ ਚੰਦ ਸੁਨਿ ਗਿਰਾ ਉਚਾਰੀ।
'ਕਿਸ ਪ੍ਰਕਾਰ ਸੰਗ ਜਾਇ ਅਗਾਰੀ?
ਸੋ ਕਰੁਨਾ ਕਰਿ ਮੁਝੈ ਬਤਾਵਹੁ।
ਦੀਨ ਜਾਨਿ ਉਪਦੇਸ਼ ਦ੍ਰਿੜਾਵਹੁ' ॥੩੫॥
ਗੁਰੂ ਭਨੈ 'ਸੁਨੀਏ ਦੇ ਚੀਤਾ।
ਇਸ ਪ੍ਰਾਨੀ ਕੇ ਤੀਨੋ ਮੀਤਾ[1]। [1]ਮਿੱਤ੍ਰ ਹਨ।
{ਪ੍ਰਾਣੀ ਦੇ ਤਿੰਨ ਮਿਤ੍ਰ}
ਦਰਬ, ਪ੍ਰਵਾਰ, ਕਰਮ, ਲਖਿ ਲੀਜੈ।
ਜਸ ਸੰਗੀ ਤਸ ਦਸ਼ਾ ਸੁਨੀਜੈ ॥੩੬॥
ਜਬ ਲੌਂ ਪ੍ਰਾਨ ਰਹੈਂ ਤਨ ਮਾਂਹੀ।
ਤਬ ਲੌਂ ਧਨ ਮਿਤ, ਬਹੁਰੋ ਨਾਂਹੀ।
ਲੇਤਿ ਸੰਭਾਰ ਅਪਰ ਹੀ ਯਾਂ ਕੋ।
ਕਲਮਲ ਅਨਿਕ ਕਿਯੇ ਹਿਤ ਜਾਂ ਕੋ ॥੩੭॥
ਤਨ ਕੇ ਦਾਹ ਤੀਕ ਪਰਵਾਰਾ।
ਪੁਨ ਤ੍ਰਿਨ ਤੋਰਹਿਂ ਆਇ ਅਗਾਰਾ[1]। [1]ਤ੍ਰਿਣਕਾ ਤੋੜਕੇ ਘਰ ਆ ਜਾਂਦੇ ਹਨ।
ਆਗੇ ਕੋਇ ਨ ਸੰਗਿ ਸਹਾਈ।
ਜਿਨ ਸੋਂ ਹਿਤ ਕਰਿ ਔਧ ਬਿਤਾਈ ॥੩੮॥
ਤੀਜੇ ਕਰਮ ਮੀਤ ਇਸ ਕੇਰੇ।
ਸੋ ਨਿਤ ਸੰਗੀ ਜਾਹਿਂ ਅਗੇਰੇ।
ਬੁਰੇ ਕਿ ਭਲੇ ਕਰੇ ਹੈਂ ਜੈਸੇ।
ਫਲ ਦੇਵੈਂ ਤਸ ਹਟੈਂ ਨ ਕੈਸੇ ॥੩੯॥

ਇਸ ਬਿਧਿ ਰਿਦੈ ਵਿਚਾਰ ਕਰੀਜੈ।
ਦਰਬ ਭਲੇ ਕਰਮਨ ਮੈਂ ਦੀਜੈ।
ਆਗੈ ਹੋਵੈਂ ਤੋਹਿ ਸਹਾਈ।
ਸੱਤਿਨਾਮ ਜਪੀਐ ਲਿਵਲਾਈ ॥੪੦॥
ਸਤਿ ਸੰਗਤ ਕੋ ਕਰੋ ਮਿਲਾਪਾ।
ਤਜਿਯੇ ਅਪਰ ਬਿਕਾਰ ਕਲਾਪਾ[1]।'
ਇਸ ਪ੍ਰਕਾਰ ਸੁਨਿ ਗੁਰ ਕੀ ਬਾਨੀ।
ਦੁਨੀ ਚੰਦ ਮਨ ਮੈਂ ਭਲਿ ਮਾਨੀ ॥੪੧॥
ਅਧਿਕ ਦਰਬ ਇਕਠੋ ਕਿਯ ਜੇਤੋ।
ਸੰਤਨ ਹਿਤ ਖਰਚਜੋ ਸਭਿ ਤੇਤੋ।
ਅਨਿਕ ਪ੍ਰਕਾਰ ਕਰਾਇ ਅਹਾਰਾ।
ਸੰਤਨ ਕਰਜੋ ਪ੍ਰਸੰਨ ਜਿਵਾਰਾ[1] ॥੪੨॥
ਬਹੁਤੇ ਬਸਤ੍ਰ ਸਿਵਾਇ ਪਹਿਰਾਏ।
ਮਿਲਿ ਸਤਿਸੰਗਤਿ ਸਮਾ ਬਿਤਾਏ।
ਸਿਮਰਹਿ ਵਾਹਿਗੁਰੂ ਸਤਿਨਾਮੁ।
ਤਜੇ ਬਿਅਰਥ ਜਿ ਘਰ ਕੇ ਕਾਮੁ ॥੪੩॥
ਭਾ ਨਿਹਾਲ ਤਤਕਾਲ ਬਿਸਾਲਾ।
ਧਰਿ ਉਪਦੇਸ਼ ਜੁ ਦਯੋ ਦਯਾਲਾ।
ਤਿਸ ਤੇ ਬਿਦਾ ਹੋਇ ਬਿਧਿ ਨੀਕੀ।
ਸਿਮਰਤਿ ਸੁਧ ਕੀਨੀ ਭਗਨੀ ਕੀ[1] ॥੪੪॥
ਮਰਦਾਨੇ ਸੋਂ ਗਿਰਾ ਅਲਾਈ।
'ਕਿਯੋ ਯਾਦ ਭਗਨੀ ਮੁਝ ਤਾਈਂ।
ਚਲਿ ਸੁਲਤਾਨ ਪੁਰੇ ਸੁਧ ਲੀਜੈ।
ਬੇਬੇ ਜੀ ਕੀ ਖੁਸ਼ੀ ਕਰੀਜੈ' ॥੪੫॥
ਅਸ ਕਹਿ ਗਮਨੇ ਇਕ ਛਿਨ ਮਾਂਹੀ।
ਪਹੁੰਚਤਿ ਭੇ ਪੁਰਿ ਹੁਤੋ ਜਹਾਂਹੀ।
ਸਦਨ ਸੁਸਾ[1] ਕੇ ਪ੍ਰਵਿਸ਼ੇ[2] ਜਬ ਹੀ।
ਹਰਖ ਭਰੀ ਤੂਰਨ ਉਠਿ ਤਬ ਹੀ ॥੪੬॥
ਕਰਨ ਬੰਦਨਾ ਪਗ ਪਰ ਧਾਈ।
ਲੋਚਨ ਤੇ ਜਲਧਾਰ ਬਹਾਈ।
ਕਰ[1] ਪਰ ਲੇ ਸਿਰ, ਕਹਿ ਹਿਤ ਬੈਨਾ।

[1]ਕਲਾਪ=ਸਮੂਹ, ਸਾਰੇ।

[1]ਖੁਵਾਇ ਕਰਕੇ।

[1]ਯਾਦ ਕਰ ਰਹੀ ਭੈਣ ਦੀ ਸੰਭਾਲ ਕੀਤੀ।

[1]ਭੈਣ ਜੀ ਦੇ। [2]ਵੜੇ।

[1]ਹੱਥ।

ਬੈਸਿ ਗਏ ਮੰਚ ਪਰ ਗੁਨ ਐਨਾ ॥੪੭॥
ਤਿਹ ਛਿਨ ਚਲਿ ਜਰਾਮ ਤਹਿਂ ਆਵਾ।
ਦਰਸ ਬਿਲੋਕਤਿ ਉਰ ਹਰਖਾਵਾ।
ਕਰਿ ਬੰਦਨ ਬੈਸਜੋ ਕਰਿ ਪ੍ਰੇਮਾ।
ਬੂਝ ਪਰਸਪਰ ਕੁਸ਼ਲੰ ਖੇਮਾ[1] ॥੪੮॥ [1]ਸੁਖ ਸਾਂਦ।
'ਬਹੁਤ ਬਰਖ ਬੀਤੇ ਬਿਨ ਦਰਸ਼ਨ।'
ਇਉਂ ਕਹਿ ਭਗਨੀ ਗੇਰਤਿ ਆਂਸੁਨ[1]। [1]ਹੰਝੂ।
'ਹਮੈ ਬਿਸਾਰ ਦਿਜੋ ਨਿਜ ਮਨ ਤੇ।
ਹਰਖ ਹੋਤਿ ਰਾਵਰਿ ਦਰਸ਼ਨ ਤੇ' ॥੪੯॥
ਹਾਥ ਬੰਦਿ ਬੋਲਜੋ ਜੈਰਾਮਾ।
'ਕਰੁਨਾ ਕਰਹੁ ਰਹਹੁ ਅਬ ਧਾਮਾ।
ਬੈਸੇ ਸਿਮਰਹੁ ਸਦਾ ਗੁਬਿੰਦੰ।
ਹਮ ਕੋ ਦੇਵਤਿ ਰਹਹੁ ਅਨੰਦੰ' ॥੫੦॥
ਸਿਰੀ ਚੰਦ ਬਾਹਰ ਤੇ ਆਯੋ।
ਨਮਸਕਾਰ ਕਰਿ ਉਰ ਹਰਖਾਯੋ।
ਬੈਸੇ ਮਿਲਿ ਕੈ ਸਰਬ ਸਮੀਪਾ।
ਬਚਨ ਭਨੇ ਬੇਦੀ ਕੁਲਦੀਪਾ ॥੫੧॥
'ਦੇਸ਼ ਬਿਦੇਸ਼ਨ ਦੇਖਨ ਹੇਤਾ।
ਯਾਂ ਤੇ ਰਹਜੋ ਨ ਜਾਤਿ ਨਿਕੇਤਾ।
ਜਬਿ ਸਿਮਰਨ ਕਰਿ ਹੋ ਤੁਮ ਮੇਰਾ।
ਤਬਿ ਸਮੀਪ ਆਵੋਂ ਬਿਨ ਦੇਰਾ' ॥੫੨॥
ਬਹੁ ਪ੍ਰਕਾਰ ਦੇ ਧੀਰਜ ਸਭਿ ਹੀ।
ਰੈਨ ਬਸੇਰਾ ਕਿਯ ਤਿਹ ਤਬ ਹੀ।
ਭੋਰ ਹੋਤਿ ਮਿਲਿ ਕੈ ਸਭਿ ਸਾਥਾ।
ਗਮਨ ਕਰਜੋ ਬੇਦੀ ਕੁਲ ਨਾਥਾ ॥੫੩॥
ਪੂਰਣ[1] ਮਾਤ ਪਿਤਾ ਕੀ ਚਾਹੂ। [1]ਪੂਰੀ ਕਰਨ ਲਈ।
ਤਿਲਵੰਡੀ ਪਹੁੰਚੇ ਦੁਖਦਾਹੂ[1]। [1]ਦੁਖਾਂ ਨੂੰ ਸਾੜਨ ਵਾਲੇ (ਗੁਰੂ ਜੀ)।
ਦੋਇ ਕੋਸ ਪਰ ਕੂਪ ਜੁ ਨੀਕਾ।
ਛਾਇਆ ਸਘਨ ਜਹਾਂ ਰਮਣੀਕਾ ॥੫੪॥
ਬੈਠਿ ਗਏ ਜਗ ਗੁਰ ਤਿਹ ਥਾਈਂ।
ਦ੍ਵੈ ਘਟਿਕਾ[1] ਜਬ ਦੀਨ ਬਿਤਾਈ। [1]ਦੋ ਘੜੀਆਂ।
ਹਾਥ ਬੰਦਿ ਬੋਲਜੋ ਮਰਦਾਨਾ।

'ਮੁਝ ਕੋ ਆਗਜਾ ਕਰਹੁ ਬਖਾਨਾ ॥੫੫॥
ਨਿਜ ਕੁਟੰਬ ਲਜਾਵਹੁਂ ਸੁਧ ਅਬਹੀ।
ਭਏ ਮ੍ਰਿਤਕ ਕੈ ਜੀਵਤ ਸਭਿਹੀ।
ਬਹੁਤ ਬਰਖ ਮਹਿਂ ਨਿਜ ਪੁਰਿ ਆਏ।
ਨਿਕਸੇ ਬਹੁਰ ਨ ਫੇਰੋ ਪਾਏ' ॥੫੬॥
ਸੁਨਿ ਕਰਿ ਬਿਗਸੇ ਕ੍ਰਿਪਾ ਨਿਕੇਤਾ।
ਬੋਲੇ ਹਰਖ ਦੇਨਿ ਕੇ ਹੇਤਾ।
'ਜੇ ਤੇਰੇ ਸਨਬੰਧੀ ਮਰਿ ਹੈਂ।
ਅਵਰ ਕਾਜ ਹਮ ਜਗ ਕਸ ਕਰਿ ਹੈਂ[1] ॥੫੭॥

[1]ਕਿਸ ਤਰ੍ਹਾਂ ਕਰਾਂਗੇ।

ਹਮ ਹੋਵਤਿ ਨਹਿਂ ਚਿੰਤਾ ਕਰੀਏ।
ਨਿਕਟਿ ਨ ਜਮ ਕੋ ਤ੍ਰਾਸ ਬਿਚਰੀਏ।
ਜੇ ਅਬਿ ਤੋ ਮਨ ਐਸੀ ਆਈ।
ਮਿਲਹੁ ਕੁਟੰਬ ਸਰਬ ਕਉ ਜਾਈ ॥੫੮॥
ਕਾਲੁ ਕੇ ਸਮੀਪ ਜੇ ਜਾਵਹੁ।
ਹਮਰੀ ਸੁਧ ਨਹਿਂ ਤਿਨਹਿਂ ਸੁਨਾਵਹੁ।
ਮਿਲਿ ਪਰਵਾਰ ਬਹੁਰ ਤੁਮ ਆਵਹੁ।
ਕਰਿ ਕੈ ਮੋਹ ਨ ਬਿਲਮ ਲਗਾਵਹੁ' ॥੫੯॥
ਕਹਿ ਮਰਦਾਨਾ ਸੁਨਿ ਬਚ ਗੁਰ ਕੋ।
'ਕਜਾ ਲੇ ਕਰਿ ਜਾਵੋਂ ਮੈਂ ਘਰ ਕੋ।
ਬਹੁਰ ਬਰਖ ਘਰ ਵਹਿਰ ਬਿਤਾਏ।
ਛੂਛਾ ਅਬ ਕਜਾ ਦੇਵੋਂ ਜਾਏ' ॥੬੦॥
ਗੁਰ ਕਹਿ 'ਰੋਰਨ ਮੁਸ਼ਟਿ ਉਚਾਵਹੁ[1]।
ਬਾਂਧਿ ਚੀਰ[1] ਸੰਦੇਹ ਮਿਟਾਵਹੁ।
ਘਰ ਮਹਿਂ ਜਾਹੁ ਖੋਲਿ ਦਿਹੁ ਤਾਂਹੀ।
ਹ੍ਵੈ ਹੈ ਸੋ ਜਿ ਚਹਹੁ ਮਨ ਮਾਂਹੀ' ॥੬੧॥
ਏਕ ਮੁਸ਼ਟਿ ਤਬ ਲੇ ਮਰਦਾਨੇ।
ਬਾਂਧੇ ਅਪਨੇ ਪਟ[1] ਸੰਗਾਨੇ।

[1]ਰੋੜਾਂ ਦੀ ਮੁੱਠ ਉਠਾਵੋ।

[1]ਬੰਨ੍ਹਕੇ ਬਸਤ੍ਰ ਵਿਚ।

[1]ਬਸਤ੍ਰ।

{ਰੋੜਾਂ ਦਾ ਕੰਚਨ}

ਕਰਜੋ ਅਨੰਦ ਨਿਕੇਤ ਸਿਧਾਰਾ।

ਮਿਲ੍ਯੋ ਜਾਇ ਅਪਨੇ ਪਰਵਾਰਾ ॥੬੨॥
ਗੰਢ ਚੀਰ ਕੀ ਖੋਲੀ ਜਬ ਹੀ।
ਕੰਚਨ ਸਰਬ ਬਿਲੋਕ੍ਯੋ ਤਬ ਹੀ।
ਭਾ ਕੁਟੰਬ ਕੋ ਆਨੰਦ ਭਾਰੀ।
ਸੁਨਤਿ ਭਏ ਪੁਰਿ ਮੈਂ ਨਰ ਨਾਰੀ ॥੬੩॥
'ਸ਼੍ਰੀ ਨਾਨਕ ਸੰਗੀ ਮਰਦਾਨਾ।
ਫਿਰਤਿ ਵਹਿਰ ਬਹੁ ਕਾਲ ਬਿਤਾਨਾ।
ਅਬ ਆਵਾ ਅਪਨੇ ਘਰ ਬੀਚੁ।'
ਇਉਂ ਸੁਨਿ ਆਇ ਊਚ ਅਰੁ ਨੀਚੁ
॥੬੪॥
ਭੀਰ ਭੂਰ ਤਿਹ ਕੇ ਘਰ ਹੋਈ।
ਮਿਲਹਿਂ, ਕੁਸ਼ਲ ਬੂਝਹਿਂ ਸਭਿ ਕੋਈ।
ਕਰਹਿਂ ਪਰਸਪਰ ਨਰ ਬਖਜਾਨਾ।
'ਸ਼੍ਰੀ ਨਾਨਕ ਸੰਗਿ ਥਾ ਮਰਦਾਨਾ ॥੬੫॥
ਯਾ ਤੇ ਸ਼ੁਭ ਸੁਭਾਇ ਭਾ ਇਹ ਕੋ।
ਸਭਿ ਨਰ ਤੇ ਨਿਰਮਲ ਉਰ ਜਿਹ ਕੋ।
ਮਧੁਰ ਬਚਨ ਸਭਿ ਸੰਗ ਬਖਾਨਤਿ[1]। [1]ਕਹਿੰਦਾ ਹੈ।
ਭਲੀ ਰੀਤਿ ਕਰਿ ਕੈ ਸਨਮਾਨਤਿ[1]' [1]ਆਦਰ ਕਰਦਾ ਹੈ।
॥੬੬॥
ਏਕ ਮਹੂਰਤ[1] ਸਦਨ ਬਿਤਾਯਾ। [1]ਦੋ ਘੜੀਆਂ।
ਮਿਲਿ ਪਰਵਾਰ ਰਿਦੇ ਹਰਖਾਯਾ।
ਅਪਰ ਜਿ ਲੋਕ ਮਿਲਨਿ ਤਿਸ ਆਏ।
ਮਿਲ੍ਯੋ ਭਾਉ ਧਰਿ ਸੂਬ ਸੁਖ ਪਾਏ
॥੬੭॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦੁਨੀ ਚੰਦ ਮਿਲਨ, ਭਗਨੀ ਮਿਲਨ, ਤਲਵੰਡੀ ਆਵਨ ਪ੍ਰਸੰਗ' ਬਰਨਨੰ ਨਾਮ ਚਤੁਰਥੋ ਅਧ੍ਯਾਯ ॥੪॥

## ੫. [ਸ਼ਾਰਦਾ ਮੰਗਲ। ਮਾਤਾ ਪਿਤਾ ਉਪਦੇਸ਼ ਪ੍ਰਸੰਗ।]

੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੬

ਦੋਹਰਾ:

**ਬਰਨ ਸੇਤ ਹੰਸਬਾਹਨੀ, ਜੋ ਜਗਬਾਨੀ ਰੂਪ।**

ਸੇਤ=ਚਿੱਟਾ। ਸੰਸ: ਸ੍ਵੇਤੀ]। ਹੰਸ ਬਾਹਨੀ=ਹੰਸ ਜਿਸ ਦੀ ਅਸਵਾਰੀ ਹੈ। ਕਵਿ ਸਾਰਦਾ ਨੂੰ ਹੰਸ ਦੀ ਅਸਵਾਰ ਮੰਨਦੇ ਹਨ। (ਅ) ਸਰਸ੍ਵਤੀ ਤੋਂ ਮੁਰਾਦ 'ਵਾਚ' ਸ਼ਕਤੀ ਦੀ ਹੈ, ਤੇ ਵਾਚ ਸ਼ਕਤੀ ਦਾ ਵਾਹਨ 'ਮਨ' ਹੈ ਪਰ ਵਾਚ ਉਸ ਮਨ ਤੇ ਸ੍ਵਾਰ ਹੁੰਦੀ ਹੈ ਜੋ ਉਜਲ ਹੈ ਤੇ ਵਿਵੇਕ ਵਾਲਾ ਹੈ, ਐਸਾ ਮਨ ਲੱਛਣਾਂ ਬ੍ਰਿਤੀ ਦੁਆਰਾ ਹੰਸ ਦਾ ਅਰਥ ਹੈ।

**ਤਿਹ ਪਦ ਬੰਦਨ ਕਰਿ ਭਲੇ, ਬਰਨੋਂ ਕਥਾ ਅਨੂਪ ॥੧॥**

ਬਰਨੋਂ=ਵਰਣਨ ਕਰਦਾ ਹਾਂ। ਅਨੁਪ=ਜਿਸ ਦੀ ਉਪਮਾਂ ਨਾ ਹੋ ਸਕੇ। [ਸੰਸ: ਅਨੁਪਮ]

ਸੂਚਨਾ:

ਸਾਰਦਾ ਦਾ ਤੇਜਮਯ ਰੂਪ ਅਗਲੇ ਅਧ੍ਯਾਯ ਦੇ ਮੰਗਲ ਵਿਚ ਵਰਣਨ ਕਰਨਗੇ।

ਅਰਥ:

(ਜੋ) ਹੰਸ ਦੀ ਅਸਵਾਰੀ ਕਰਦੀ ਹੈ (ਤੇ ਜਿਸ ਦਾ ਆਪਣਾ) ਰੰਗ ਚਿੱਟਾ ਹੈ (ਤੇ) ਜੋ ਜਗਤ ਵਿਚ ਬਾਣੀ ਦੇ ਰੂਪ (ਵਿਚ ਪ੍ਰਕਾਸ਼ਦੀ ਹੈ) ਉਸਦੇ ਚਰਨਾਂ ਤੇ ਭਲੀ ਪ੍ਰਕਾਰ ਬੰਦਨਾ ਕਰਕੇ ਅਨੂਪਮ ਕਥਾ (ਅਗੋਂ ਹੋਰ) ਵਰਣਨ ਕਰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਦ੍ਵੈ ਘਟਿਕਾ ਬੀਤੇ ਤਤਕਾਲੂ[1]।**
**ਚਲ੍ਯੋ ਜਹਾਂ ਥੋ ਆਲਯ ਕਾਲੂ।**
**ਆਗੈ ਸ਼੍ਰੀ ਨਾਨਕ ਕੀ ਮਾਤਾ।**
**ਤ੍ਰਿਪਤਾ ਨਾਮ ਜੁ ਥੀ ਬੱਖਯਾਤਾ ॥੨॥**
**ਜਬ ਆਵਤਿ ਦੇਖ੍ਯੋ ਮਰਦਾਨਾ।**
**ਗਰ ਸੋਂ ਲਾ ਬਿਰਾਗ ਬਹੁ ਠਾਨਾ[1]।**
**ਭਯੋ ਮੋਹ ਸਰਿਤਾ[1] ਸੁ[†] ਪ੍ਰਵਾਹਾ[2]।**
**ਧੀਰਜ ਸਿਕਤਾ ਸੇਤੁ[1] ਨਸਾਹਾ[2] ॥੬॥**
**ਬਾਕ ਜੁ ਤਿਨ[1†] ਸਭਿ ਦੀਯੇ ਰੁੜ੍ਹਾਈ।**
**ਕਹੈ ਬਹੁਤ ਨਹਿਂ ਧੀਰ ਧਰਾਈ।**
**ਸ਼੍ਰੀ ਨਾਨਕ ਕੋ ਭਾ ਅਨੁਰਾਗਾ।**
**ਕੀਨੋ ਜਨਨੀ ਬਹੁ ਬੈਰਾਗਾ। ੪।**
**ਕਿਤਿਕ ਦੇਰਿ ਮਹਿਂ ਧੀਰਜ ਧਰਿ ਕੈ।**
**ਬੂਝਨ ਲਗੀ ਸੁ ਬਚਨ ਉਚਰਿ ਕੈ।**
**'ਸੁਤ ਨਾਨਕ ਕੀ ਖਬਰ ਸੁਨਾਵਹੁ।**
**ਤਜ੍ਯੋ ਥਾਨ ਕਿਹ? ਮੋਹਿ ਬਤਾਵਹੁ**

[1]ਉਸ ਵੇਲੇ।

[1]ਵੈਰਾਗ ਕੀਤਾ।

[1]ਨਦੀ। [2]ਵੇਗ। [†]ਪਾਠ-ਕੋ।

[1]ਧੀਰਜ ਰੂਪੀ ਰੇਤੇ ਦਾ ਪੁਲ। [2]ਟੁੱਟ ਗਿਆ।

[1]ਵਾਕਾਂ (ਰੂਪੀ) ਤਿਣਕੇ। [†]ਪਾਠ-ਜਤਨ।

॥੫॥
ਜਬਿ ਕੇ ਨਿਕਸੇ ਤੁਮ ਘਰ ਮਾਂਹੀ।
ਤਬਿ ਕੀ ਸੁਧਿ ਆਈ ਕਬਿ ਨਾਂਹੀ।
ਮਮ ਸੁਤ ਸਭਿ ਤਜਿ ਕੈ ਘਰਿ ਬਾਰਾ।
ਭਾ ਫਕੀਰ, ਕਜਾ ਰਿਦੈ ਬਿਚਾਰਾ ॥੬॥
ਨਿਸ ਦਿਨ ਕਰਤਜੋ ਰੁਦਨ ਬਿਤਾਊਂ।
ਕਰਿ ਉਰ ਯਾਦ ਬੈਠਿ ਪਛੁਤਾਊਂ।
ਬਿਧਿ[1] ਨੈ ਇਕ ਸੁਤ ਦੀਨੋ ਮੋਹੀ।
ਨਹਿਂ ਸਮੀਪ ਕਬਿ ਰਾਖਜੋ ਓਹੀ' ॥੭॥

[1]ਬਿਧਾਤਾ ਨੇ।

ਦੋਹਰਾ:
ਕਾਲੂ ਕੇ ਤਬ ਅਜਰ[1] ਮਹਿਂ, ਪੁੰਜ[2] ਭਏ ਨਰ ਆਇ।
ਸੁਨਿ ਕਰਿ ਮਾਤਾ ਕੇ ਬਚਨ, ਮਰਦਾਨਾ ਤਬ ਗਾਇ[1] ॥੮॥

[1]ਵੇਹੜੇ। [2]ਇਕੱਠੇ।

[1]ਕਹਿਣ ਲਗਾ।

ਚੌਪਈ:
'ਜਬ ਸੁਲਤਾਨ ਪੁਰੇ ਹਮ ਅਹੇ।
ਤਬਿ ਸ਼੍ਰੀ ਨਾਨਕ ਕੇ ਸੰਗ ਰਹੇ[1]।
ਪੁਨ ਸੁਧ ਨਹਿਂ[†] ਤਿਹ ਤੇ ਪਸ਼ਚਾਤੀ।

[1]ਨਾਲ ਸੀਗੇ।

[†]ਇਸ ਤੋਂ ਅੱਗੇ ਅੰਕ ੧੭ ਵਿਚ ਮਾਤਾ ਜੀ ਫੇਰ ਪੁੱਛਦੇ ਹੈਨ ਕਿ ਮੈਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਕਰਾਓ ਤਾਂ ਮਰਦਾਨਾ ਚੁਪ ਕਰ ਰਿਹਾ। ਇਸ ਤੋਂ ਜਾਪਦਾ ਹੈ ਕਿ ਪਹਿਲੀ ਵੇਰ ਬੀ ਮਰਦਾਨੇ ਚੁੱਪ ਤੋਂ ਕੰਮ ਲਿਆ ਹੋਣਾ ਹੈ, ਟਾਲਵਾਂ ਉੱਤਰ ਮਰਦਾਨੇ ਨੇ ਆਸ ਨਹੀਂ ਕਿ ਮਾਤਾ ਜੀ ਨੂੰ ਦਿੱਤਾ ਹੋਵੇ, ਤੇ ਚੁੱਪ ਰਹਿਣ ਲਈ ਓਹ ਹੁਕਮਨ ਮਜਬੂਰ ਸੀ। ਜਿਸ ਜਨਮਸਾਖੀ ਤੋਂ ਇਹ ਗੱਲ ਲਈ ਗਈ ਹੈ, ਉਸ ਦੇ ਕਿਸੇ ਉਤਾਰਾ ਕਰਨ ਵਾਲੇ ਦੀ ਇਹ ਚਤੁਰਤਾ ਹੈ, ਅਸਲ ਕਰਤਾ ਦੀ ਪੋਥੀ ਵਿਚ ਇਹ ਨਹੀਂ ਹੋਣੀ।

ਕਿਤ ਕੋ ਗਯੋ ਨ ਜਾਨਜੋ ਜਾਤੀ[1]' ॥੯॥
ਸੁਨਿ ਮਾਤਾ ਉਰ ਬਹੁ ਅਕੁਲਾਈ[1]।
ਜਨੁ ਬ੍ਰਿਣ ਪਾਕੇ[1] ਪਾਵਕ[2] ਲਾਈ।
ਬੋਲ ਨ ਆਵ ਬਿਕੁਲ[1] ਤਨ ਹੋਈ।
ਜਨੁ ਸੁਤ ਬ੍ਰਿਹੁ ਮੈਂ[1] ਪਰਿ ਕੈ ਸੋਈ[2] ॥੧੦॥

[1]ਜਾਣਿਆ ਨਹੀਂ ਜਾਂਦਾ।
[1]ਵਿਆਕੁਲ ਹੋਈ।
[1]ਪੱਕੇ ਹੋਏ ਫੋੜੇ ਨੂੰ। [2]ਅਗਨੀ।
[1]ਬਿਹਬਲ, ਬੇਸੁਰਤ।
[1]ਵਿਛੋੜੇ ਵਿਚ। [2]ਸੌਂ ਗਈ ਭਾਵ ਮੂਰਛਿਤ ਹੋ ਗਈ।

ਇਕ ਤੌ ਬਿਰਧ, ਹੀਨ ਬਲ ਦੇਹੀ।
ਪੁਨ ਨ ਪਾਇ ਸੁਧ ਤਾਤ ਸਨੇਹੀ।
ਜਾਨਤਿ ਹੁਤੀ ਸੰਗਿ ਮਰਦਾਨਾ।
ਤਿਨ ਅਸ ਦੁਖਦਾ[1] ਬਚਨ ਬਖਾਨਾ

[1]ਦੁਖ ਦੇਣ ਵਾਲਾ।

॥ ੧੧ ॥
ਜਿਉਂ ਸੁ ਖਤੰਗ[1] ਮਰਮ ਦੇ ਭੇਦਾ[2]। [1]ਤੀਰ। [2]ਵਿੰਨ੍ਹ ਦੇਂਦਾ ਹੈ।
ਪਰੀ ਬਿਬਰਨ[1] ਹੋਇ ਅਤਿ ਖੇਦਾ। [1]ਬੇਰੰਗ ਹੋਕੇ।
ਕਿਤਿਕ ਬਾਰ ਮਹਿਂ ਪੁਨ ਸੁਧ ਆਈ।
ਲੋਚਨ ਤੇ ਆਂਸੁਨ ਜਲ ਜਾਈ ॥ ੧੨ ॥
ਚਤੁਰ ਘਟੀ ਬੈਠਯੋ ਮਰਦਾਨਾ।
ਪੁਨ ਉਠਿ ਚਲ੍ਯੋ ਪ੍ਰਭੂ ਜਿਹ ਥਾਨਾ।
ਤਬਿ ਤ੍ਰਿਪਤਾ ਉਰ ਧੀਰਜ ਧਰਿ ਕੈ।
ਇਸ ਬਿਲੋਕਿ ਉਰ ਰਹੀ ਬਿਚਰਿਕੈ[1] ॥ ੧੩ ॥ [1]ਵਿਚਾਰ ਕੀਤੀ।
-ਵਹਿਰ ਚਲ੍ਯੋ ਉਠਿ ਤੁਰਨ ਜਹਿੰਵਾ।
ਹੋਇ ਆਤਮਜ[1] ਮੇਰੋ ਤਹਿੰਵਾ। [1]ਪੁੱਤ੍ਰ।
ਬਹੁ ਦਿਨ ਬਿਤੇ ਅਯੋ ਘਰ ਮਾਂਹੀ।
ਬਾਸੁਰ ਰਹ੍ਯੋ ਏਕ ਭੀ ਨਾਂਹੀ- ॥ ੧੪ ॥

ਦੋਹਰਾ:

ਇਸ ਬਿਧਿ ਜਨਨੀ ਮਨ ਗੁਨਤਿ, ਮਧੁਰ ਅਸਨ[1] ਲੇ ਓਲ[2]। [1]ਭੋਜਨ। [2]ਝੋਲੀ ਵਿਚ।
ਤੁਰਨ ਗਵਨੀ ਧਾਇ ਕਰਿ, ਲੀਨੇ ਰੁਚਿਰ ਨਿਚੋਲ[1] ॥ ੧੫ ॥ [1]ਚੋਲਾ, ਬਸਤਰ।

ਚੌਪਈ:

ਮਿਲੀ ਗੈਲ ਮੈਂ ਜਹਿਂ ਮਰਦਾਨਾ।
ਆਤੁਰ ਹ੍ਵੈ ਕਰਿ ਬਚਨ ਬਖਾਨਾ।
'ਸੁਤ ਨਾਨਕ ਸੋਂ ਮੇਲਹੁ ਮੋ ਕੋ।
ਸੁਧ ਮਰਦਾਨੇ ਹੈ ਕਹੁ ਤੋ ਕੋ ॥ ੧੬ ॥
ਬਹੁਤ ਬਰਖ ਭੇ ਦੇਖ੍ਯੋ ਨਾਂਹੀ।
ਮੋਹ ਬਢ੍ਯੋ ਅਤਿਸ਼ੈ ਮਨ ਮਾਂਹੀ।'
ਸੁਨਿ ਮਰਦਾਨੇ ਤੂਸ਼ਨ ਕੀਨੰ।
ਗੁਰ ਭੈ ਲਖ੍ਯੋ, ਨ ਉੱਤਰ ਦੀਨੰ ॥ ੧੭ ॥
ਜਨਨੀ ਜਾਨਿ ਗਈ ਤਿੰਹ ਬਾਤਾ।
ਚਲੀ ਤਬਹਿ ਤਿਹ ਕੇ ਪਸ਼ਚਾਤਾ।
ਜਹਿਂ ਬੈਠੇ ਬੇਦੀ ਕੁਲਦੀਪਾ।
ਪਹੁਂਚਤਿ ਭੇ ਤਿਹ ਕੂਪ ਸਮੀਪਾ ॥ ੧੮ ॥

ਦੋਹਰਾ:
ਮਾਤ ਬਿਲੋਕੀ ਦੂਰ ਤੇ, ਤੂਰਨ ਉਠਿ ਸੁਖਦਾਇ।
ਚਰਨ ਬੰਦਨਾ ਸੀਸ ਧਰਿ, ਕੀਨੀ ਆਗੈ ਆਇ ॥੧੯॥

ਚੌਪਈ:
ਕੌਰੀ[1] ਭਰਿ ਨਾਨਕ ਕੋ ਜਨਨੀ[2]।
[1]ਜੱਫੀ। [2]ਮਾਤਾ ਜੀ।
ਰੋਦਨ ਕਰਤਿ ਨ ਜਾਈ ਗਨਨੀ।
ਚਲਯੋ ਬਿਲੋਚਨ ਤੇ[1] ਬਹੁ ਨੀਰੰ।
[1]ਨੇਤ੍ਰਾਂ ਤੋਂ।
ਸੁਤ ਬਿਰਹਾਨਲ[1] ਜਨੁ[2] ਕਰਿ ਸੀਰੰ[3] ॥੨੦॥
[1]ਵਿਛੋੜੇ ਦੀ ਅੱਗ ਨੂੰ। [2]ਮਾਨੋ। [3]ਠੰਢਾ ਕਰ ਰਹੀ ਹੈ।
ਅਸ਼੍ਰੁਪਾਤਿ[1] ਸੋਂ ਬਸਤ੍ਰ ਭਿਗੋਏ।
[1]ਹੰਝੂ ਕੇਰਕੇ।
ਜੋ ਦੇਖਤਿ ਸੋ ਗਦਗਦ ਹੋਏ।
ਕੌਰੀ ਤੇ ਸੁਤ ਕੋ ਨਹਿਂ ਤਜਈ।
ਅਧਿਕ ਬਿਰਹੁ[1] ਤੇ ਮਿਲਤਿ ਨ ਰਜਈ ॥੨੧॥
[1]ਵਿਛੋੜੇ।
ਬਦਨ ਬਿਲੋਕਤਿ ਸੂੰਘਤਿ ਮਾਥਾ।
ਕਰਤਿ ਨੇਹ ਸਿਰ ਫੇਰਤਿ ਹਾਥਾ।
ਹੁਤੀ ਬ੍ਰਿੱਧ ਬਲ ਤੇ ਤਨ ਹੀਨਾ।
ਪੁਨ ਸਮੀਪ ਬੈਸੀ ਸੁਖ ਲੀਨਾ ॥੨੨॥
ਜਬ ਕਾਲੂ ਨੈ ਸੁਧ ਇਉਂ ਪਾਈ।
'ਬੈਸਯੋ ਵਹਿਰ ਤਾਤ ਮਮ ਆਈ।'
ਤਤਛਿਨ ਜ਼ੀਨ ਤੁਰੰਗਨਿ[1] ਪਾਵਾ।
[1]ਘੋੜੀ ਪਰ।
ਹ੍ਵੈ ਅਰੂਢ ਤੂਰਨ ਤਬ ਆਵਾ ॥੨੩॥
ਪਿਤਾ ਬਿਲੋਕਿ ਉਠੇ ਦੁਖਕੰਦਨ।
ਪਦ ਅਰਬਿੰਦ ਕਰਤਿ ਭੇ ਬੰਦਨ।
ਬੜਵਾ ਤੇ ਉਤਰਯੋ ਤਤਕਾਲਾ।
ਗਰ ਸੋਂ[1] ਲਾਯੋ ਪ੍ਰੇਮ ਬਿਸਾਲਾ ॥੨੪॥
[1]ਗਲ ਨਾਲ।
ਜਨ ਬਹੁ ਭੁਖੇ ਮਿਲਯੋ ਅਹਾਰਾ।
ਮਰਤਯੋ ਪਜਾਸੇ ਪਾਯੋ ਬਾਰਾ[1]।
[1]ਜਲ।
ਨੀਰ ਬਿਮੋਚਤਿ ਲੋਚਨ ਦਰ ਤੇ।
ਗਦ ਗਦ ਬੋਲਯੋ ਜਾਇ ਨ ਗਰ ਤੇ

॥੨੫॥
ਅਪਰ ਲੋਕ ਸੁਨਿ ਕਰਿ ਬਹੁ ਆਏ।
ਮਿਲੈਂ ਭਾਉ ਧਰਿ ਹਰਖ ਬਢਾਏ।
ਬੈਠਿ ਗਏ ਸਭਿ ਤਿਸਹੀ ਥਾਈਂ।
ਚਹੁੰਦਿਸ਼ ਮਧ ਬੇਦੀ ਕੁਲਰਾਈ ॥੨੬॥
ਦੇਖਿ ਪ੍ਰੇਮ ਬਹੁ ਕੋਇ ਨ ਬੋਲਾ।
ਇਕ ਘਟਿਕਾ ਲਗ ਰਹੇ ਅਡੋਲਾ।
ਧ੍ਰਿਤ[1] ਧਰਿ ਤ੍ਰਿਪਤਾ ਗਿਰਾ ਉਚਾਰੀ। [1]ਧੀਰਜ।
'ਵਾਰ ਵਾਰ ਸੁਤ ਤੋ ਪਰ ਵਾਰੀ ॥੨੭॥

ਦੋਹਰਾ:

ਦਰਸ਼ਨ ਦੀਨੋ ਆਨਿ ਕੈ, ਮੋਕੋ ਕੀਓ ਨਿਹਾਲ।
ਨਿਸ ਬਾਸੁਰ ਤਵ ਹੇਤ ਤੇ, ਚਿੰਤਾਤੁਰ ਬੇਹਾਲ[†] ॥੨੮॥ [†]ਪਾ:-ਹੇ ਬਾਲ।

ਚੌਪਈ:

ਇਕ ਸੁਤ ਹਮਰੈ ਦੂਜੋ ਨਾਂਹੀ।
ਘਰ ਤਜਿ ਰਲਜੋ ਫਕੀਰਨ ਮਾਂਹੀ।
ਭਏ ਅਧੀਰ ਬਿਸੂਰਤਿ[1] ਸਦਾ। [1]ਧੀਰਜ ਹੀਨ ਹੋਕੇ ਝੁਰਦੇ ਹਾਂ।
ਅਭਿਲਾਖਤਿ[1] ਦਰਸ਼ਨ ਹ੍ਵੈ ਕਦਾ ॥੨੯॥ [1]ਚਾਹੁੰਦੇ ਹਾਂ।
ਬਹੁਤ ਬਰਖ ਬੀਤੇ ਤੁਝ ਗਏ।
ਦੇਸ਼ ਬਿਦੇਸ਼ ਫਿਰੇ ਅਬ ਅਏ।
ਅਵਲੋਕਤਿ ਆਨੰਦ ਬਿਸਾਲਾ।
ਜਯੋਂ ਕੌਸ਼ੱਲਜਾ ਰਾਮ ਕ੍ਰਿਪਾਲਾ ॥੩੦॥
ਮੈਂ ਵਾਰੀ ਸੁਤ ! ਤੋ ਪਰ ਵਾਰੀ।'
ਵਾਰ ਵਾਰ ਕਹਿ ਗੁਰ ਮਹਿਤਾਰੀ[1]। [1]ਗੁਰੂ ਜੀ ਦੇ ਮਾਤਾ ਜੀ।
ਇਸ ਪ੍ਰਕਾਰ ਕੇ ਬਚਨ ਸੁਨੇ ਜਬ।
ਮੁਖ ਤੇ ਸ਼ਬਦ ਉਚਾਰਤਿ ਭੇ ਤਬ ॥੩੧॥

ਸ੍ਰੀ ਮੁਖਵਾਕ ॥
ਰਾਗੁ ਵਡਹੰਸੁ ਮਹਲਾ ੧ ਘਰੁ ੧ ॥
ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥
ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥੧॥ ਰਹਾਉ ॥
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥

ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥੩॥
ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥

ਦੋਹਰਾ:

ਅੱਗ੍ਰਜ ਸ਼੍ਰੀ ਨਾਨਕ ਤਬੈ, ਧਰਿ ਕਰਿ ਮਧੁਰ
ਅਹਾਰ।
'ਖਾਹੁ ਤਾਤ!' ਮਾਤਾ ਕਹੈ, 'ਹ੍ਵੈ ਮੁਝ ਹਰਖ
ਅਪਾਰ' ॥੩੨॥

ਚੌਪਈ:

ਸੁਨਿ ਸ਼੍ਰੀ ਨਾਨਕ ਬਚਨ ਉਚਾਰੇ।
'ਨਿਤ ਤ੍ਰਿਪਤਜੋ ਨਹਿਂ ਭੁਖ ਹਮਾਰੇ।
ਏਕ ਵਾਰ ਅਸ ਭੋਜਨ ਕੀਨਾ।
ਬਹੁਰ ਨ ਛੁਧਾ ਦੇਹਿ ਮਹਿਂ ਚੀਨਾ[1]' [1]ਦੇਖੀ।
॥੩੩॥
ਤਬ ਕਾਲੂ ਨੇ ਬਚਨ ਉਚਾਰੇ।
'ਕਸ ਖਾਯੋ ਨਹਿਂ ਭੁਖ ਤੁਮਾਰੇ?
ਕੋ ਭੋਜਨ ਕਰਿ ਤ੍ਰਿਪਤੀ[1] ਤੁਮੈ? [1]ਰੱਜ।
ਸਰਬ ਸੁਨਾਵਹੁ ਸੋ ਕਹੁ ਹਮੈ ॥੩੪॥
ਹਮ ਅਹਾਰ ਆਨਜੋ[1] ਨਹਿਂ ਖਾਏ। [1]ਲਿਆਂਦਾ।
ਉਚਰ ਸੁਨਾਵਹੁ ਰਹਿ ਤ੍ਰਿਪਤਾਏ।
ਕੋ ਵਿੱਪ੍ਰੀਤ[1] ਰਿਦੇ ਮਹਿਂ ਠਾਨੀ?' [1]ਉਲਟੀ ਰੀਤ।
ਸੁਨਿ ਸ਼੍ਰੀ ਨਾਨਕ ਬੋਲੇ ਬਾਨੀ ॥੩੫॥

ਸ੍ਰੀ ਮੁਖਵਾਕ ॥
ਸਿਰੀਰਾਗੁ ਮਹਲਾ ੧ ॥
ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

ਚੌਪਈ:

ਅਸ ਕਹਿ ਸ਼੍ਰੀ ਗੁਰੁ ਤੂਸ਼ਨ ਠਾਨੀ।
ਪੁਨ ਤ੍ਰਿਪਤਾ ਪਿਖਿ ਬੋਲੀ ਬਾਨੀ।

'ਬੇਖ ਫਕੀਰੀ ਅਬ ਸੁਤ ! ਤਜੀਏ।
ਨੀਕੇ ਬਸਤ੍ਰ ਪਹਿਰ ਤਨ ਸਜੀਏ ॥੩੬॥
ਨਾਂਹੀ ਸੋਹਤਿ ਇਹਿ ਤੁਝ ਤਾਈਂ†।
ਮਾਨਹੁ ਕਹਜੋ ਮਾਤ ਬਲਿ ਜਾਈ[1]।
ਸੰਤ ਸੁਭਾਇ ਤੁਮਾਰ ਸਦੀਵਾ।
ਜਨੁ ਬਡਿਆਈ ਕੇ ਭਲਿ ਸੀਵਾ†' ॥੩੭॥
ਗੁਰੂ ਕਹੈਂ 'ਨੀਕੇ ਪਟ ਧਾਰੇ।
ਜਾਇਂ ਨ ਕਬਹੂੰ ਰਹੈਂ ਸੰਗਾਰੇ।
ਹ੍ਵੈਂ ਨ ਪੁਰਾਤਨ[1] ਸਦਾ ਨਵੀਨੇ।
ਅਪਰ ਨ ਪਹਿਰਨ ਕੋ ਮਨ ਕੀਨੇ' ॥੩੮॥
ਕਾਲੁ ਕਹੈ 'ਕਹਾਂ ਤਨ ਧਾਰੇ ?
ਹਮ ਨੈ ਤੋ ਕਬ ਨਹੀਂ ਨਿਹਾਰੇ।
ਜੇ ਪਹਿਰੋ ਤੋ ਉਪਰ ਹੋਇਂ।
ਜਿਨਹਿਂ ਬਿਲੋਕ ਲੇਯ ਸਭਿ ਕੋਇ' ॥੩੯॥
ਗਿਰਾ ਪਿਤਾ ਕੀ ਸੁਨਿ ਗੁਨ ਐਨਾ।
ਸਮਝਾਵਨ ਹਿਤ ਉਚਰੇ ਬੈਨਾ।
ਪਹਿਰਨ ਕੀ ਸਭਿ ਰੀਤਿ ਬਤਾਈ।
ਜਿਹ ਕਰਿ ਮਨੁਜ ਪਰਮ ਗਤਿ ਪਾਈ ॥੪੦॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

ਦੋਹਰਾ:

'ਬਾਵਰ[1] ਬਾਤੈਂ ਤਜਾਗਿ ਕੈ', ਕਾਲੂ ਬਹੁਰ ਅਲਾਇ।
'ਕਹਜਾ ਮਾਨਿ ਘਰ ਕੋ ਚਲੋ, ਫਿਰ ਆਏ ਬਹੁ ਥਾਂਇਂ ॥੪੧॥

ਚੌਪਈ:

†ਪਾ:-ਭਗਵੇ ਸੋਹਤਿ ਨਹਿਂ ਤੁਝ ਤਾਈਂ।

[1]ਮਾਂ ਸਦਕੇ ਜਾਂਦੀ ਹੈ।

†ਪਾ:-ਜਨੁ ਭਲਿਆਈ ਕੇ ਬਰ ਸੀਵਾ।

[1]ਪੁਰਾਣੇ।

[1]ਕਮਲੀਆਂ।

ਰਹੋ ਧਾਮ ਕੀਜੈ ਬਿਸਰਾਮੂ।
ਜਾਵਨ ਕੋ ਨਹਿਂ ਲੀਜੈ ਨਾਮੂ।
ਬਾਜਨਿ[1] ਪਰ ਆਰੂੜ੍ਹਤ[2] ਹੋਵਹੁ। [1]ਘੋੜੀ। [2]ਅਸਵਾਰ।
ਚਰਨ ਚਲਿਨਿ ਸ਼੍ਰਮ ਸਭਿ ਹੀ ਖੋਵਹੁ' ॥੪੨॥
ਸੁਨਿ ਸ਼੍ਰੀ ਨਾਨਕ ਬੈਨ ਉਚਾਰੇ।
'ਇਹ ਬਾਜਨ ਨਹਿਂ ਕਾਜ ਹਮਾਰੇ।
ਸੁੰਦਰ ਸਦਾ ਰਹਿਤ ਜੋ ਸੰਗਾ।
ਐਸੋ ਹੈ ਮਮ ਪਾਸ ਤੁਰੰਗਾ' ॥੪੩॥
ਕਾਲੂ ਕਹੈ 'ਨ ਦੇਤਿ ਦਿਖਾਈ।
ਅਸ ਤੁਰੰਗ ਬਾਂਧਯੋ ਕਿਹ ਥਾਈਂ?'
ਸੁਨਿ ਪਿਤ ਕੇ ਬਚ ਪੰਕਜ ਬਦਨਾ।
ਤ੍ਰਿਤਿਯ ਸ਼ਬਦ ਪਦ ਕਹਿ ਸੁਖਸਦਨਾ ॥੪੪॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

ਚੌਪਈ:

ਸੁਨਿ ਕਾਲੂ ਤਬ ਤੂਸ਼ਨ ਠਾਨੀ।
ਹਿਤ ਕਰਿ ਤ੍ਰਿਪਤਾ ਬੋਲੀ ਬਾਨੀ।
'ਸੁਨਿ ਸੁਤ! ਰਿਦੇ ਮੋਹ ਤਵ ਨਾਂਹੀ।
ਮਿਲਹੁ ਕੁਟੰਬ ਚਲਹੁ ਘਰ ਮਾਂਹੀ ॥੪੫॥
ਬੇਦੀ ਅਪਰ ਸਨੇਹੀ ਸਭਿ ਹੀ।
ਕਰਤਿ ਉਡੀਕ ਆਇ ਹੈਂ ਕਬ ਹੀ।
ਤਵ ਪਾਛੇ ਘਰ ਰੁਚਿਰ ਬਨਾਵਾ।
ਤਾਂ ਪਰ ਹਮ ਬਹੁ ਦਰਬ ਲਗਾਵਾ ॥੪੬॥
ਚਲਹੁ ਤਾਤ! ਅਬ ਤਾਂ ਕਹੁ[1] ਦੇਖੋ। [1]ਉਸ ਨੂੰ।
ਜਿਹ ਮੈਂ ਬੈਠਤਿ ਹਰਖ ਬਿਸ਼ੇਖੋ।
ਸੋ ਬਨਵਾਏ ਤੁਮਰੇ ਹੇਤਾ।'
ਸੁਨਿ ਬੋਲੇ ਪ੍ਰਭੁ ਕ੍ਰਿਪਾ ਨਿਕੇਤਾ ॥੪੭॥

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥

ਦੋਹਰਾ:

'ਸੁਨਿ ਜਨਨੀ! ਮਮ ਬਚਨ ਕੋ, ਅਬ ਲੌ ਰਿਦਾ ਉਦਾਸ।
ਦੇਸ਼ ਬਿਦੇਸ਼ ਬਿਲੋਕਿ ਕੈ, ਬਹੁਰੋ ਆਇਂ[1] ਅਵਾਸ' ॥੪੮॥

[1]ਆਵਾਂਗੇ।

ਚੌਪਈ:

'ਹੇ ਸੁਤ! ਤੈਂ ਅਸ ਬੈਨ ਉਚਾਰੇ।
ਰਿਦੈ ਸ਼ਾਂਤਿ ਕਿਉਂ ਆਵ ਹਮਾਰੇ?
ਦ੍ਵਾਦਸ਼ ਬਰਖ ਬਿਤੀਤੇ ਆਏ।
ਪ੍ਰਵਿਸ਼ੇ ਸਦਨ ਨ ਪਗ ਇਕ ਪਾਏ ॥੪੯॥

ਵਹਿਰ ਤੇ ਵਹਿਰ ਕਰਹੁ ਤੁਮ ਪਯਾਨਾ।
ਹਮਰੋ ਕਹ੍ਯੋ ਨ ਇਕ ਮਨ ਮਾਨਾ।
ਕਿਹ ਦੁਖ ਤੇ ਮਨ ਕੀਨ ਉਦਾਸੂ।
ਜਿਉਂ ਤੁਮ ਕਹਉ ਕਰੈਂ ਤਿਮ ਆਸੂ[1] ॥੫੦॥

[1]ਛੇਤੀ। (ਅ) ਅਸੀਂ।

ਨਿਜ ਇਸਤ੍ਰੀ ਕਉ ਜੇ ਦੁਖ ਮਾਨਉ।
ਔਰ ਬ੍ਯਾਹ ਕਰਿ ਦੇਹਿਂ, ਬਖਾਨਉ।
ਸਭਿ ਕਿਛੁ ਘਰ ਮਹਿਂ ਦੀਨ ਬਿਧਾਤਾ[1]।
ਜਿਉਂ ਤੁਮ ਚਹਹੁ ਕਰਹਿਂ ਤਿਉਂ ਤਾਤਾ[1]!' ॥੫੧॥

[1]ਪਰਮਾਤਮਾ ਨੇ।

[1]ਹੇ ਪੁੱਤ੍ਰ!

ਸ਼੍ਰੀ ਨਾਨਕ ਸੁਨਿ ਬੈਨ ਉਚਾਰੇ।
'ਜੋ ਸੰਜੋਗ ਲਿਖਾ ਕਰਤਾਰੇ।
ਸੋਈ ਭਲਾ ਨ ਚਾਹੋਂ ਔਰੀ।
ਜਹਿਂ ਰਾਖਹਿ ਰਹਿਹੌਂ ਤਿਹ ਠੌਰੀ ॥੫੨॥

ਰਹਿਨ ਜਾਨ[1] ਹਮਰੇ ਕਰ ਨਾਂਹੀ।
ਸ਼੍ਰੀ ਕਰਤਾਰ ਅਧੀਨੰ ਆਹੀ।
ਜਹਿਂ ਚਾਹਤਿ ਸੋ ਤਹਾਂ ਪਠਾਵੈ।

[1]ਰਹਿਣਾਂ ਤੇ ਜਾਣਾ।

ਜਿਸ ਬਿਨ ਏਕੋ ਬੋਲ ਨ ਆਵੈ[1]' ॥੫੩॥ [1]ਇਕ ਬੋਲ ਬੀ ਨਹੀਂ ਬੋਲ ਸਕੀਦਾ।
ਹਿਤ ਕਰਿ ਕਾਲੂ ਕਹਿ 'ਸੁਨ ਤਾਤਾ!
ਛੱਡ ਅਵਾਈਆਂ ਕਰਹਿਂ ਜੁ ਬਾਤਾਂ।
ਬੇਖ ਫਕੀਰੀ ਤਨ ਤੇ ਤਜਾਗਹੁ।
ਸਦਨ ਕ੍ਰਿੱਤ ਮਹਿਂ ਮਨ ਅਨੁਰਾਗਹੁ ॥੫੪॥
ਜਬ ਕੇ ਬਿਛੁਰੇ ਮਿਲਿਗੇ ਅਬੈ।
ਅਬ ਬਿਛਰਹੁਗੇ ਮਿਲਿਨਾ ਕਬੈ?
ਮੇਲਾ ਹੋਹਿ ਕਿ ਬਹੁਰੋ ਨਾਂਹੀ।
ਬ੍ਰਿੱਧ ਭਏ ਬਲ ਨਹਿਂ ਤਨ ਮਾਂਹੀ ॥੫੫॥
ਬੈਸ ਬਿਤੀਤ ਗਈ ਮਮ ਸਾਰੀ।
ਜਰਾ[1] ਗ੍ਰਾਸ ਲਿਯ ਦੇਹਿ ਹਮਾਰੀ। [1]ਬੁਢੇਪੇ ਨੇ।
ਅੰਤ ਸਮਾ ਅਬ ਭਯੋ ਸਮੀਪਾ।'
ਸੁਨਿ ਬੋਲੇ ਬੇਦੀ ਕੁਲ ਦੀਪਾ ॥੫੬॥

ਸ੍ਰੀ ਮੁਖਵਾਕ ॥
ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ
ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥
ਬਾਬਾ ਮੈ ਕਰਮਹੀਣ ਕੂੜਿਆਰ ॥
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥
ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥
ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥
ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥
ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥੪॥੧॥

ਚੌਪਈ:
ਸੁਨਿ ਕਾਲੂ ਤਬ ਤੂਸ਼ਨਿ ਕੀਨੰ।
ਪੁਨ ਜਨਨੀ ਕਹਿ ਹ੍ਵੈ ਮਨ ਦੀਨੰ।
'ਸੰਤ ਸੁਭਾਇ ਅਹੈ[1] ਸੁਤ! ਤੇਰਾ। [1]ਹੈਂ।
ਅਬਿ ਕੇ ਬਚਨ ਮਾਨਿਯੇ ਮੇਰਾ ॥੫੭॥
ਸਦਨ ਬਿਖੇ ਕੋ[1] ਦਿਨ ਚਲਿ ਰਹਿਯੇ। [1]ਕੋਈਕ।
ਗਮਨ ਕਰਨ ਕੋ ਹਠ ਨਹਿਂ ਗਹਿਯੇ[1]। [1]ਫੜੋ।

ਪੂਰਨ ਕਰਿ ਅਭਿਲਾਖ ਹਮਾਰੀ।
ਸਮਾ ਬਿਤਾਵਹੁ ਦ੍ਰਿਸ਼੍ਰਿ[1] ਅਗਾਰੀ ॥੫੮॥ [1]ਅੱਖਾਂ।
ਤੁਝ ਬਿਲੋਕਿ ਮੈਂ ਨਹੀਂ ਅਘਾਈ[1]। [1]ਰੱਜੀ।
ਬਿਛੁਰੇ ਹੀ ਸਭਿ ਬੈਸ ਬਿਤਾਈ।
ਬ੍ਰਿੱਧ ਭਈ ਮਨ ਬਹੁ ਲਲਚਾਵਾ।
ਅਭਿਲਾਖਤਿ[1] ਨਿਸ ਦਿਵਸ ਬਿਤਾਵਾ' ॥੫੯॥ [1]ਸਿਕਦਿਆਂ।
ਸੁਨਿ ਜਨਨੀ ਕੀ ਇਸ ਬਿਧਿ ਬਾਨੀ।
ਦਯਾਧਾਰਿ ਸ਼੍ਰੀ ਨਾਨਕ ਮਾਨੀ।
ਤਹਿਂ ਤੇ ਉਠਿ ਗਮਨੇ ਤਿਨ ਸੰਗਾ।
ਸਭਿ ਕੇ ਉਰ ਭਾ ਹਰਖ ਉਮੰਗਾ ॥੬੦॥
ਆਨਿ ਸਦਨ ਮਹਿਂ ਪ੍ਰਭੁ ਸੁਹਾਏ।
ਸੁਨਿ ਕੇ ਲੋਕ ਮਿਲਨ ਬਹੁ ਆਏ।
ਬੰਦਨ ਕਰਹਿਂ ਜੋਰ ਦ੍ਵੈ ਪਾਨਾ।
ਯਥਾ ਯੋਗ ਸਭਿ ਕੋ ਸਨਮਾਨਾ ॥੬੧॥

ਦੋਹਰਾ: [1]ਕਿਸੇ ਥਾਂ।
ਲਾਲੂ ਕਿਹ ਠਾਂ[1] ਕਾਮ ਕੋ, ਗਯੋ ਸੁਨ੍ਯੋ ਤਿਹ ਠਾਇ।
ਰਸਾ ਪਾਦ ਤੁਰਨ ਧਰੇ[1], ਮਿਲ੍ਯੋ ਆਨ ਬਹੁ ਭਾਇ ॥੬੨॥ [1]ਧਰਤੀ ਤੇ ਪੈਰ ਛੇਤੀ ਛੇਤੀ ਧਰੇ।

ਚੌਪਈ: [1]ਵੇਹੜੇ।
ਭੀਰ ਭੂਰ ਭੀ ਅਜਰ[1] ਮਝਾਰੀ।
ਦਰਸ਼ਨ ਹਿਤ ਆਵਹਿਂ ਨਰ ਨਾਰੀ।
ਕੁਸ਼ਲ ਪ੍ਰਸ਼ਨ ਕੀਨੋ[1] ਸਭਿ ਤਾਈਂ। [1]ਸੁੱਖ ਸਾਂਦ ਪੁੱਛੀ।
ਬੈਠਾਰੇ ਕਹਿ ਸ਼੍ਰੀ ਜਗ ਸਾਈਂ ॥੬੩॥
'ਪ੍ਰੋਹਤ ਰਾਇ ਜਿ ਆਦਿ ਮੁਲਾਨਾ।
ਤਾਂ[†] ਪਰਲੋਕ[1]' ਸੁ ਨਰਨ ਬਖਾਨਾ। [1]ਤਿਨ੍ਹਾਂ ਦਾ ਚਲਾਣਾ। [†]ਪਾ:-ਭਾ।
ਸੁਨਿ ਸ਼੍ਰੀ ਨਾਨਕ ਬਚਨ ਉਚਾਰਾ।
'ਮਿਥਿਆ ਇਹ ਪਰਪੰਚ ਪਸਾਰਾ ॥੬੪॥
ਬਿਨਸ ਜਾਤ ਇਹ ਬਾਰ ਨ ਲਾਗੈ।
ਯਾ ਤੇ ਸੱਤਿਨਾਮ ਅਨੁਰਾਗੈ[1]। [1]ਪ੍ਰੇਮ ਕਰੋ।
ਸੁਪਨ ਸਮਾਨ ਰਹਿਨ ਜਗ ਮਾਂਹੀ।

ਤਜੈ ਮੋਹ ਇਸਥਿਰ ਕਛੁ ਨਾਂਹੀ ॥੬੫॥
ਭਾਉ ਭਗਤਿ ਜਿਨ ਮਨ ਮਹਿਂ ਧਾਰੀ।
ਸੋ ਗਮਨੈ ਨਿਜ ਕਾਜ ਸਵਾਰੀ।'
ਸਦਨ ਬਿਖੈ ਨਰ ਮਿਲਨ ਜੁ ਆਏ।
'ਧੰਨ ਧੰਨ' ਸੁਨਿ ਬੈਨ ਅਲਾਏ ॥੬੬॥
ਗਏ, ਬਹੁਰ ਉਸਤਤਿ ਸਭਿ ਕਰਿਹੀਂ।
'ਮਹਾਂਪੁਰਖ ਇਹ' ਬਚਨ ਉਚਰਹੀਂ[1]। — [1](ਲੋਕੀ) ਕਹਿੰਦੇ ਹਨ।
ਰਹਿਨ ਲਗੇ ਸ੍ਰੀ ਗੁਰ ਘਰ ਮਾਂਹੀ।
ਜਿਨ ਕੇ ਦਰਸ਼ਨ ਦੋਖ ਨਸਾਹੀਂ ॥੬੭॥
†ਸ੍ਰੀ ਅੰਗਦ ! ਗੁਰ ਮੁਝ ਪ੍ਰਤਿ ਭਾਖਾ। — †ਇਕ ਲਿਖਤੀ ਨੁਸਖੇ ਵਿਚ ਇਸ ਤੋਂ ਅਗਲਾ ਪਾਠ ਹੈ ਨਹੀਂ।
'ਬਾਲੇ ! ਮਿਲਿ ਕੁਟੰਬ ਕਰਿ ਕਾਂਖਾ[1]। — [1]ਹਿਤ ਨਾਲ।
ਮਿਲਿ ਕਰਿ ਤਿਨ ਤੂਰਨ ਚਲਿ ਅਈਓ।
ਮੋਹ ਪੰਕ[1] ਤਿਨ ਜਿਨ[2] ਫਸ ਜਈਓ' ॥੬੮॥ — [1]ਚਿੱਕੜ। [2]ਮਤਾਂ।
ਬੇਦਿਨ[1] ਕਮਲਵੰਸ[2] ਕਰਿ ਹੰਸੁ[3]। — [1]ਬੇਦੀਆਂ ਦੀ। [2]ਕਮਲ (ਰੂਪੀ) ਕੁਲ ਦੇ (ਖਿੜਾਵਣ ਵਾਲੇ)। [3]ਸੂਰਜ (ਗੁਰੂ ਜੀ)।
ਮੈਂ ਚਲਿਗਾ[1] ਤਿਨ ਕਰਿ ਪਰਸੰਸੁ[2]। — [1]ਚਲਾ ਗਿਆ। [2]ਉਸਤਤਿ ਕਰਦਾ।
ਨਿਜ ਕੁਟੰਬ ਮਿਲਿ ਮੋਦ ਬਢਾ ਕਰਿ।
ਆਵਤਿ ਭਾ ਹੌਂ[1] ਢਿਗ ਕਰੁਣਾਕਰ[2] ॥੬੯॥ — [1]ਮੈਂ ਆ ਗਿਆ। [2]ਕ੍ਰਿਪਾ ਦੀ ਖਾਣ ਪਾਸ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮਾਤਾ ਪਿਤਾ ਮਿਲਨ ਪ੍ਰਸੰਗ' ਬਰਨਨੰ ਨਾਮ ਪੰਚਮੋਂ ਅਧਯਾਯ ॥੫॥

## ੬. [ਸ਼ਾਰਦਾ ਮੰਗਲ। ਮਾਤ ਪਿਤਾ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ]

੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੭

{ਮੱਤ ਨੌਕਾ ਸਮਾਨ} ॥੮..॥
{ਪਿਤਾ ਪ੍ਰਤਿ ਉਪਦੇਸ਼} ॥੧੪..॥
{ਪ੍ਰਮੇਸ਼ਰ ਕਿਉਂ ਨਹੀਂ ਦਿਸਦਾ?} ॥੧੯..॥
{ਕਾਲੂ ਜੀ ਨੇ ਬੈਕੁੰਠ ਪਹੁੰਚੇ ਪਿਤਰ ਦੇਖਣੇ} ॥੪੫..॥
{ਪਿਤਾ ਕਾਲੂ ਜੀ ਬੈਕੁਠ ਗਮਨ} ॥੫੭॥
{ਮਾਤਾ ਤ੍ਰਿਪਤਾ ਬੈਕੁਠ ਗਮਨ} ॥੫੮॥
{ਤਲਵੰਡੀ ਵਾਸੀਆਂ ਨੂੰ ਉਪਦੇਸ਼} ॥੬੩॥
{ਚਾਚਾ ਲਾਲੂ ਜੀ ਨੂੰ ਉਪਦੇਸ਼} ॥੭੪-੭੫॥
{ਗੁਰੂ ਜੀ ਦੀ ਸ਼ੁਭ ਗੁਣਾਂ ਦੀ ਸੈਨਾ} ॥੭੭-੭੯॥

ਦੋਹਰਾ:

ਸਿੰਘ ਬਾਹਨੀ, ਮਾਤ ਜਗ, ਅਸ਼ਟਭੁਜੀ ਖਲ ਕਾਲ।
ਸਿੰਘ ਬਾਹਨੀ=ਸ਼ੇਰ ਹੈ ਸਵਾਰੀ ਜਿਸ ਦੀ। ਅਸ਼ਟਭੁਜੀ=ਅੱਠਾਂ ਬਾਹਾਂ ਵਾਲੀ।
ਨਮਸਕਾਰ ਤਿਹ ਚਰਨ ਕੋ, ਉਚਰੋਂ ਕਥਾ ਰਸਾਲ ॥੧॥

ਸੂਚਨਾ:

ਏਥੇ ਰੂਪਕ ਬਦਲਿਆ ਹੈ, ਸ਼ਾਰਦਾ ਚਾਰ ਭੁਜਾਂ ਵਾਲੀ ਹੈ। ਪ੍ਰੰਤੂ ਅਧ੍ਯਾਯ ਦਸਵੇਂ ਵਿਚ ਜਾਕੇ ਸੰਸਾ ਨਹੀਂ ਰਹਿੰਦਾ ਕਿ ਕਵੀ ਜੀ ਇਕੋ ਰੂਪ ਵ੍ਯਕਤੀ ਦੇ ਦੋ ਪ੍ਰਕਾਰ ਦੇ ਰੂਪਕ ਬੰਨ੍ਹਦੇ ਜਾਂਦੇ ਹਨ, ਦੇਖੋ ਉਤਰਾਰ੍ਧ ਅਧ੍ਯਾਯ ੨, ਅੰਕ ੧, ਅਧ੍ਯਾਯ ਦਸਵੇਂ ਵਿਚ ਇਸੇ ਅਸ਼ਟ ਭੁਜੀ ਨੂੰ ਕਾਲਕਾ ਕਹਿੰਦੇ ਹਨ, ਉਸ ਦੀਆਂ ਚਾਰ ਭੁਜਾ ਦੱਸੀਆਂ ਜਾਂਦੀਆਂ ਹਨ ਸੋ ਗ਼ਾਲਬਨ ਕਵਿਜੀ ਨੇ ਚਾਰ ਕਾਲਕਾ ਦੀਆਂ ਤੇਜ ਮਯ, ਚਾਰ ਸਰਸ੍ਵਤੀ ਦੀਆਂ ਸ਼ਾਂਤਿਮਯ ਏਹ ਅੱਠ ਭੁਜਾਂ ਕੱਠੀਆਂ ਕੀਤੀਆਂ ਹਨ।

ਅਰਥ:

(ਜੋ) ਸ਼ੇਰ ਤੇ ਅਸਵਾਰ, ਜਗਤ ਦੀ ਮਾਤਾ, ਅੱਠ ਭੁਜਾਂ ਵਾਲੀ, ਖਲਾਂ ਨੂੰ ਮਾਰਨ ਵਾਲੀ ਹੈ, ਓਸ ਦੇ ਚਰਨਾਂ ਨੂੰ ਨਮਸਕਾਰ ਕਰਕੇ (ਅੱਗੋਂ ਹੋਰ) ਰਸੀਲੀ ਕਥਾ ਉਚਾਰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਹੁ ਕਥਾ ਸ਼੍ਰੀ ਫੇਰੂ ਨੰਦਨ[1] !
ਸ਼੍ਰੋਤਨ ਕੇ ਅਘ ਓਘ ਨਿਕੰਦਨ[1]।
ਤਲਵੰਡੀ ਮਹਿਂ ਦੀਨ ਦਯਾਲਾ।
ਰਹਿਤਯੋ ਕਿਤਿਕ ਬਿਤਾਏ ਕਾਲਾ ॥੨॥
ਏਕ ਦਿਵਸ ਕਾਲੂ ਢਿਗ ਆਵਾ।
ਹਿਤ ਸਮਝਾਵਨ ਬਚਨ ਅਲਾਵਾ।
'ਹੇ ਸੁਤ! ਗ੍ਰਿਹਸਤੀ ਰੀਤਿ ਕਰੀਜੈ।
ਬੇਖ ਫਕੀਰੀ ਅਬ ਤਜਿ ਦੀਜੈ ॥੩॥
ਆਗੇ ਦਰਬ ਜਿਤੋ ਘਰ ਬਾਰਾ।
ਹੋਇ ਬਿਰਕਤ[1] ਲੁਟਾਯੋ ਸਾਰਾ।

[1]ਹੇ ਸ਼੍ਰੀ ਗੁਰੂ ਅੰਗਦ ਦੇਵ ਜੀ।
[1]ਸਾਰੇ ਪਾਪ ਕੱਟਣ ਵਾਲੀ (ਕਥਾ)।
[1]ਤਿਆਗੀ।

ਕੋਊ ਕ੍ਰਿਤ ਅਬ ਲੇਹੁ ਸੰਭਾਰੀ।
ਦਰਬ ਕਮਾਵਹੁ ਸੁਮਤਿ ਬਿਚਾਰੀ ॥੪॥
ਜਰਾ[1] ਗ੍ਰਸੀ ਅਬ ਦੇਹਿ ਹਮਾਰੀ। [1]ਬੁਢੇਪੇ ਨੇ।
ਸੁਖ ਦੇਵਨ ਕੀ ਹੈ ਤਵ ਵਾਰੀ।
ਸਰਬ ਸਦਨ ਕੋ ਕਾਰ ਚਲਾਵਹੁ।
ਨਿਜ ਪੁਰਿ ਬਸਹੁ ਬੈਸਿ ਸੁਖ ਪਾਵਹੁ ॥੫॥
ਰਹਿਯੇ ਹਮਰੀ ਦ੍ਰਿਸ਼ਟਿ ਅਗਾਰੀ।
ਸੁਖੀ ਰਹੈ ਤਵ ਪਿਖਿ ਮਹਿਤਾਰੀ।
ਨਿਜ ਸੁਤ ਇਸਤ੍ਰੀ ਲੇਹੁ ਮੰਗਾਈ।
ਕਰਿ ਪ੍ਰਤਿਪਾਲ[1] ਸਭਿਨਿ ਹਿਤ ਲਾਈ ॥੬॥ [1]ਪਾਲਣਾ।
ਬਿਛੁਰੇ ਹੈਂ ਸੋ ਕਿਤ ਕਿਤ ਥਾਨਾ।
ਤੁਝ ਬਿਹੀਨ ਰਹਿਹੀਂ ਦੁਖਵਾਨਾ।'
ਇਸ ਬਿਧਿ ਕੇ ਸੁਨਿ ਕੇ ਬਚ ਤਾਤਾ[1]। [1]ਪਿਤਾ ਦੇ।
ਬੋਲੇ ਪ੍ਰਭੁ ਗਜਾਨ ਸੁਖਦਾਤਾ ॥੭॥
'ਸੁਨਿ ਪਿਤ ! ਇਹ ਮਤਿ ਨੌਕਾ ਨਜਾਈਂ।
{ਮੱਤ ਨੌਕਾ ਸਮਾਨ}
ਦਰਬ ਮੋਹ[1] ਜਲਿ ਸਰਿਤਾ ਧਾਈ[2]। [1]ਮਾਯਾ ਦਾ ਮੋਹ। [2]ਨਦੀ ਚਲ ਰਹੀ ਹੈ।
ਜੇ ਨੌਕਾ ਮਹਿਂ ਜਲ ਪਰ ਜਾਵੈ।
ਤਤਛਿਨ ਅਪਨੇ ਬੀਚ ਡੁਬਾਵੈ ॥੮॥
ਸਤਿਗੁਰ ਕੇਵਟ[1] ਮਿਲਹਿਂ ਜਿ ਆਈ। [1]ਮਲਾਹ।
ਮਤਿ ਨੌਕਾ ਪਰ ਹ੍ਵੈ ਚੁਕਸਾਈ।
ਮੋਹ ਦਰਬ ਤੇ ਉਰਧ ਚਲਾਵੈ।
ਖੇਵਨ[1] ਕਰਿ ਹੈ ਗਜਾਨ ਸੁਨਾਵੈ[2] ॥੯॥ [1]ਚਲਾਵਣਾ। [2]ਗਜਾਨ ਦਾ ਸੁਨਾਉਣਾ ਇਹ ਚਲਾਵਣਾ ਕਰਦਾ ਹੈ।
ਆਤਮ ਲਖਨੋ[1] ਪਾਰ ਕਿਨਾਰਾ। [1]ਆਤਮਾ ਨੂੰ ਜਾਨਣਾ।
ਪਹੁੰਚੈ ਤਹਿਂ ਤਬ ਹੋਇ ਸੁਖਾਰਾ।
ਨਤੁ ਇਹ ਜਨਮ ਮਰਨ ਦੁਖ ਭਾਰੀ।
ਆਇ ਜਾਇ ਜਗ ਵਾਰੰਵਾਰੀ' ॥੧੦॥
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ।
ਪਿਤ ਕੇ ਉਰ ਤੇ ਮਾਯਾ ਰੋਕੀ।

ਤਤਛਿਨ ਗਤਾਤ[1] ਰਿਦੇ ਮਹਿਂ ਆਈ। [1]ਪਰਮਾਰਥ ਦੀ ਸੂਝ।

ਜਨੁ ਮਦ[1] ਉਤਰ ਗਏ, ਸੁਧ ਪਾਈ ॥੧੧॥ [1]ਨਸ਼ਾ।

ਬੋਲਜੋ ਕਰਿ ਕੈ ਭਾਉ ਘਨੇਰਾ।
'ਮੈਂ ਜਾਨਤਿ ਰਹਿਓ ਸੁਤ ਮੇਰਾ।
ਮਹਾਂ ਪੁਰਖ ਤੁਮ ਦੀਨ ਦਯਾਲਾ।
ਮੁਝ ਉਰ ਦੀਜੈ ਗਤਾਨ ਬਿਸਾਲਾ ॥੧੨॥
ਜਿਹ ਤੇ ਜਨਮ ਮਰਨ ਹ੍ਵੈ ਹਾਨਾ।
ਉਪਜੈ ਅਬਚਲ[1] ਅਨੰਦ ਮਹਾਨਾ। [1]ਅਟੱਲ।
-ਮੈਂ ਹੋਂ ਕੌਨ- ਮੋਹਿ ਸੁਧ ਨਾਂਹੀ।
ਰਹਿ ਹੋਂ ਹਰਖ ਸ਼ੋਕ ਕੇ ਮਾਂਹੀ ॥੧੩॥
ਇਕ ਛਿਨ ਮਨ ਥਿਤ ਹੋਵਤਿ ਨਾਂਹੀ।
ਬਿਚਰਹਿ ਰਾਗ ਦ੍ਵੈਖ ਕੇ ਮਾਂਹੀ।'
ਇਸ ਪ੍ਰਕਾਰ ਲਖਿ ਪਿਤ ਜੱਗਤਾਸਾ[1]। [1]ਜਾਣਨ ਦੀ ਇੱਛਾ।
ਬੋਲੇ ਬਚਨ ਗਤਾਨ ਕੇ ਰਾਸਾ ॥੧੪॥

{ਪਿਤਾ ਪ੍ਰਤਿ ਉਪਦੇਸ਼}

'ਪਰਮੇਸ਼ੁਰ ਤੇ ਬੇਮੁਖ ਜੋਈ।
ਮਨ ਜੋ ਨਾਮ ਲਖੀਜੈ ਸੋਈ।
ਜੋ ਸਰੂਪ ਸਨਮੁਖ[1] ਹ੍ਵੈ ਲਾਗਾ। [1]ਸਾਹਮਣੇ।
ਭਯੋ ਅਮਨ ਸੋ ਲਖਹੁ ਸਭਾਗਾ ॥੧੫॥
ਜਿਉ ਰਵਿ ਬਿਮੁਖ ਬਰਫ ਹ੍ਵੈ ਜਾਵੈ[1]। [1]ਜਲ) ਸੂਰਜ ਦੀ ਧੁੱਪ ਨਾ ਲੱਗਣ ਤੇ ਬਰਫ ਹੋ ਜਾਂਦਾ ਹੈ।
ਸਨਮੁਖ ਤੇ ਸੋ ਜਲ ਪਦ ਪਾਵੈ।
ਤਿਉਂ ਇਸ ਮਨ ਕੀ ਗਤਿ ਲਖਿ ਲੀਜੈ।
ਪਰਮੇਸ਼ੁਰ ਦਿਸ਼ ਦ੍ਰਿੜ ਸੁ ਕਰੀਜੈ[1] ॥੧੬॥

[1]ਜੋ ਪਰਮੇਸ਼ੁਰ ਤੋਂ ਬੇਮੁਖ ਹੈ ਉਸ ਦਾ ਨਾਮ ਹੈ 'ਮਨ'। ਜੋ ਮਨ ਸ੍ਵਰੂਪ ਦੇ ਸਨਮੁਖ ਹੋਇਆ ਉਹ ਮਨ ਨਾ ਰਿਹਾ, ਉਸ ਦਾ ਫਿਰ ਨਾਮ ਹੈ ਅ। +ਮਨ। ਜਿਸ ਤਰ੍ਹਾਂ ਸੂਰਜ ਤੋਂ ਬੇਮੁਖ ਹੋਇਆਂ ਹੀ ਬਰਫ ਬਣਦੀ ਹੈ ਸੂਰਜ ਦੇ ਸਨਮੁਖ ਹੋਇਆਂ ਉਹ ਬਰਫ ਫੇਰ ਅ+ਬਰਫ ਹੈ, ਅਰਥਾਤ ਪਾਣੀ ਹੈ। ਇਸੇ ਤਰ੍ਹਾਂ ਪਰਮੇਸ਼ੁਰ ਦੇ ਸਨਮੁਖ ਹੋਇਆਂ ਮਨ ਫਿਰ ਮਨ ਨਹੀਂ ਉਹ ਆਤਮਾ ਹੈ, ਇਸ ਲਈ ਮਨ ਨੂੰ ਪਰਮੇਸ਼ਰ ਦੇ ਸਨਮੁਖ ਇਸਥਿਤ ਕਰੋ।

ਹਰਖ ਸ਼ੋਕ ਪੁਨ ਰਾਗ ਜੁ ਦ੍ਵੈਖਾ।
ਤਿਨ ਤੇ ਹ੍ਵੈ ਹੈ ਸਥਿਤ ਬਿਸ਼ੇਖਾ[1]। [1]ਤਿਨ੍ਹਾਂ (ਹਰਖ ਸ਼ੋਕ) ਨਾਲ ਮਨ ਬਹੁਤ ਜੰਮ ਜਾਂਦਾ ਹੈ, ਭਾਵ ਈਸ਼੍ਵਰ ਵਿਮੁਖ ਹੋ ਜਾਂਦਾ ਹੈ। (ਅ) ਤਿਨਾਂ

(ਹਰਖ ਸ਼ੋਕ) ਤੋਂ ਮਨ (ਹਟ ਕੇ) ਅਤਿਸ਼ੈ ਟਿਕ ਜਾਂਦਾ ਹੈ।

ਸਰਬ ਥਾਨ ਸਭਿ ਜੀਵਨ ਮਾਂਹੀ।
ਪਰਮੇਸ਼ੁਰ ਬਿਨ ਦੂਜੋ ਨਾਂਹੀ ॥੧੭॥
ਧਰਨੀ ਸਰਬ ਬਿਖੈ ਜਲ ਜੈਸੇ।
ਪਰਮਾਤਮ ਰਹਯੋ ਪੂਰ† ਸੁ ਐਸੇ। †ਪਾ:-ਰਮ ਰਹਯੋ।

{ਪ੍ਰਮੇਸ਼ਰ ਕਿਉਂ ਨਹੀਂ ਦਿਸਦਾ?}

ਤੁਮ ਜਿ ਕਹਉ -ਨਹਿਂ ਦੇਤਿ ਦਿਸਾਈ-।
ਸੋ ਬਿਧਿ ਨੀਕੀ ਦੇਉਂ ਬਿਤਾਈ ॥੧੮॥
ਗਯਾਨੀ ਕੋ ਜੋ ਰਿਦਾ ਬਿਮਲ ਹੈ।
ਤਹਾਂ ਪ੍ਰਗਟ ਜਿਉਂ ਸ਼੍ਰੋਤ[1] ਸੁ ਜਲ ਹੈ। [1]ਪਰਵਾਹ (ਨਦੀ) ਦਾ।
ਜੱਗਯਾਸੀ ਕੋ ਉਰ ਹੈ ਜੋਈ।
ਕੂਪ[1] ਸਮਾਨ ਜਾਨਿਯੇ ਸੋਈ ॥੧੯॥ [1]ਖੂਹ।
ਜਤਨ ਕਰੇ ਜਲ ਕਰ ਮਹਿਂ ਆਵੈ।
ਤਿਉਂ ਪ੍ਰਯਾਸ[1] ਤੇ ਈਸ਼ੁਰ ਪਾਵੈ। [1]ਯਤਨ।
ਅਗਯਾਨੀ ਕੋ ਉਰ ਹੈ ਜੋਊ।
ਪੜਦੇ ਕੋ ਜਲ ਜਾਨਹੁ ਸੋਊ ॥੨੦॥
ਤਹਿਂ ਤਤਕਾਲ ਹਾਥ ਨਹਿਂ ਆਈ।
ਪਰ ਛਿਤ ਮੈਂ[1] ਜਲ ਹੈ ਸਭਿ ਥਾਈਂ। [1]ਪਰੰਤੂ ਧਰਤੀ ਵਿਚ।
ਤਿਉਂ ਪਰਮੇਸ਼ੁਰ ਹੈ ਸਭਿ ਮਾਂਹੀ।
ਪ੍ਰਗਟਨ ਦੁਰਨ ਕਹੀ ਬਿਧਿ ਯਾਹੀ[1] ॥੨੧॥ [1]ਪ੍ਰਗਟਨੇ ਤੇ ਛਪਣੇ ਦੀ ਕਹੀ ਹੈ ਇਹ ਬਿਧਿ।
ਇਹ ਜੋ ਜਗਤਿ ਬਨਾਉ ਬਨਯੋ ਹੈ।
ਪਰਮਾਤਮ ਬਿਨ ਕੌਨ ਗੁਨਯੋ[1] ਹੈ? [1]ਵਿਚਾਰਿਆ।
ਜਿਉਂ ਨਿਜ ਰੂਪ ਬੀਜ ਬਡ ਧਾਰਤਿ।
ਹ੍ਵੈ ਕਰਿ ਬਿਟਪ ਭਲੇ ਬਿਸਤਾਰਤਿ ॥੨੨॥
ਤਿਹ ਬੀਰਜ[1] ਕੋ ਖੋਜੈ ਕੋਊ। [1]ਬੀਜ।
ਕਾਠ[1] ਪੱਤ੍ਰ ਪੁਸ਼ਪਾਦਿਕ[2] ਜੋਊ। [1]ਲਕੜੀ। [2]ਪੱਤੇ ਫੁੱਲ ਆਦਿਕ।
ਤਹਿਂ ਤੇ ਹਾਥ ਨ ਆਵਹਿ ਕਬ ਹੀ।
ਖੋਜਤਿ ਰਹੈ ਆਰਬਲ ਸਭਿ ਹੀ ॥੨੩॥
ਜੇ ਫਲ ਕੋ ਖੋਜਹਿ ਭਲਿ ਭਾਂਤੀ।

ਪਾਇ ਬੀਜ ਹ੍ਵੈ ਸੀਤਲ ਛਾਤੀ।
ਤਿਉਂ ਪਰਮੇਸ਼ੁਰ ਖੋਜਨਵਾਰੇ।
ਕਾਠ ਤਾਮਸੀ ਜੀਉ[1] ਨਿਹਾਰੇ ॥੨੪॥ — [1]ਤਮੋਗੁਣੀ ਲੋਗ ਕਾਠ ਵਰਗੇ ਹਨ।
ਬਚਨ ਕਠੋਰ ਕਹਿਨ ਹੈ ਜੋਊ।
ਲਖਿ ਕਠੋਰਪਨ ਤਾ ਮਹਿਂ ਸੋਊ।
ਤਹਿਂ ਤੇ ਈਸ਼ੁਰ ਹਾਥ ਨ ਆਵੈ।
ਜਿਉਂ ਸਿਕਤਾ[1] ਤੇ ਤੇਲ ਨ ਪਾਵੈ ॥੨੫॥ — [1]ਰੇਤ।
ਅਹੈ ਰਾਜਸੀ ਪੱਤ੍ਰ ਸਮਾਨਾ।
ਛਾਯਾ ਦੇ ਸੁਖ ਬਿਖੈ[1] ਮਹਾਨਾ[2]। — [1]ਵਿਸ਼ਿਆਂ। [2]ਛਾਂ ਵਾਂਙੂ ਵਿਸ਼ੇ ਸੁਖ ਦੇਂਦੇ ਹਨ (ਪੱਤੇ ਜੋ ਰਜੋਗੁਣ ਸਮਾਨ ਹਨ)।
ਤਿਨ ਤੇ ਹਰੀ[1] ਪਾਇ ਨਹਿਂ ਕੈਸੇ। — [1]ਰੱਬ।
ਅੰਧੇ ਕੋ ਮਗ[1] ਮੋਤੀ ਜੈਸੇ ॥੨੬॥ — [1]ਰਾਹ (ਵਿਚ ਪਏ)।
ਪੁਸ਼ਪ ਸਮਾਨ ਸ਼ਾਂਤਕੀ[1] ਜੇਈ। — [1]ਸਤੋ ਗੁਣ ਵਾਲੇ।
ਮਧੁਰ ਬਚਨ ਗਂਧ ਧਾਰਹਿਂ ਤੇਈ।
ਤਿਨ ਤੇ ਕੁਛਕ ਹੋਤਿ ਸੁਧ ਕਾਰਾ[1]। — [1]ਕਾਰਜ ਸ਼ੁੱਧ ਹੋਣਾ=ਕਾਰਜ ਸੰਵਰਨਾ।
ਨਹਿਂ ਪਾਯਤਿ ਹੈ ਪ੍ਰਭੁ ਅਪਾਰਾ ॥੨੭॥
ਗਜਾਨੀ ਹੈ ਫਲ ਕੇਰ ਸਮਾਨਾ।
ਬੀਜ ਰੂਪ ਤਹਿਂ ਪ੍ਰਭੁ ਮਿਲਾਨਾ[1]। — [1]ਬੀਜ ਵਾਂਗੂੰ ਰੱਬ ਉਨ੍ਹਾਂ ਵਿਚ ਮਿਲਿਆ ਹੈ। (ਅ) ਉਨ੍ਹਾਂ ਫਲ ਰੂਪੀ ਗਿਆਨੀਆਂ ਤੋਂ ਬੀਜ ਰੂਪੀ ਪਰਮੇਸ਼ੁਰ ਮਿਲਦਾ ਹੈ।
ਅਪਰ ਸਥਾਨ ਸੁ ਪਾਵਤਿ ਨਾਂਹੀ।
ਬਸਹਿਂ ਸਦਾ ਸਤਿਸੰਗਤਿ ਮਾਂਹੀ ॥੨੮॥
ਹੇ ਪਿਤ! ਇਕ ਪਰਮਾਤਮ ਸਾਰੇ।
ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ।
ਅਪਰ ਕਲਪਨਾ ਤੇ ਮਨ ਰੋਕਹੁ।
ਸਰਬ ਸਥਾਨ ਏਕ ਅਵਲੋਕਹੁ ॥੨੯॥
ਜਗਤ ਮੋਹਨੀ ਜੋ ਇਹ ਮਾਯਾ।
ਇਸ ਬਿਧਿ ਜਾਨਹੁ ਜਿਉਂ ਤਨ ਛਾਯਾ[1]। — [1]ਪਰਛਾਵਾਂ।
ਸ੍ਰੀ ਕਰਤਾਰ ਸੁ ਭਾਨੁ[1] ਸਮਾਨ। — [1]ਸੂਰਜ।
ਜਬ ਇਹ ਨਰ ਸਨਮੁਖ ਤਿਹ ਧਜਾਨਾ ॥੩੦॥
ਛਾਯਾ ਸਮ ਤਿਹਂ ਪੀਛੇ ਲਾਗੀ।

ਪੁਨ ਨ ਆਦਰੈਂ ਹਰਿ ਅਨੁਰਾਗੀ[1]। — [1]ਪਰਮੇਸ਼ੁਰ ਪਿਆਰੇ ਇਸ ਨੂੰ ਫਿਰ ਆਦਰ ਨਹੀਂ ਦੇਂਦੇ, (ਪਰ ਓਹ ਮਗਰ ਲਗੀ ਰਹਿੰਦੀ ਹੈ)।

ਹਰਿ ਤੇ ਪੀਠ ਜੁ ਫੇਰਿ[1] ਪਯਾਨਾ। — [1]ਪਿੱਠ ਫੇਰਕੇ।

ਮਾਯਾ ਗਹਿਨ ਚਹੈ ਨਰ ਇਆਨਾ ॥੩੧॥

ਤਬ ਛਾਯਾ ਸਮ ਆਗੈ ਧਾਈ।
ਕਰੈ ਜਤਨ ਬਹੁ, ਕਰ ਨਹਿਂ ਆਈ।
ਯਾ ਤੇ ਸਭਿ ਕੋ ਜੋ ਹੈ ਮੂਲਾ।
ਸਿਮਰਹੁ ਪ੍ਰਭੁ ਹੋਇ ਅਨੁਕੂਲਾ[1]' ॥੩੨॥ — [1]ਅਨੁਸਾਰੀ ਹੋਕੇ।

ਬਚਨਨ ਕੀ ਰਚਨਾ ਸੁਨਿ ਕਾਲੂ।
ਤਜੇ ਬਾਰ ਇਕ[1] ਜਗਤ ਜੰਜਾਲੂ। — [1]ਇਕ ਬਾਰ ਹੀ।
ਨਿਰਮਲ ਮਨ ਹ੍ਵੈ ਸਿਮਰਨ ਲਾਗਾ।
ਉਪਜਜੋ ਗਜਾਨ ਮੋਹ ਤਮ ਭਾਗਾ ॥੩੩॥

ਨਿਸ ਬਾਸੁਰ ਹਰਿ ਸੋਂ ਲਿਵ ਲਾਗੀ।
ਰਿਦੈ ਦ੍ਵੈਤ ਜੇਤੀ ਸਭਿ ਭਾਗੀ।
ਏਕ ਲਖਜੋ ਪਰਮਾਤਮ ਸਾਰੇ।
ਅਨਿਕ ਕਲਪਨਾ ਕੀਨਿ ਨਿਵਾਰੇ ॥੩੪॥

ਜਿਉਂ ਸਰਾਫ ਭੂਖਨ ਮਤਿ[1] ਤਜਾਗੇ। — [1]ਗਹਿਣਾ ਬੁੱਧੀ।
ਮੋਲ ਲੇਤਿ ਕੰਚਨ ਹਿਤ ਪਾਗੇ[1]। — [1]ਸੋਨੇ ਦੇ ਪ੍ਰੇਮ ਵਿਚ ਲੱਗਕੇ।
ਕਿਤਿਕ ਕਾਲ ਇਸ ਰੀਤਿ ਬਿਤਾਵਾ।
ਸਮਾ ਸ਼ਰਾਧ ਕਰਨ ਕੌ ਆਵਾ ॥੩੫॥

ਸਰਬ ਸੌਜ ਕਾਲੂ ਅਨਵਾਈ।
ਰੀਤਿ ਸ਼੍ਰਾਧ ਕਰਨੇ ਬਨਵਾਈ।
ਭੋਜਨ ਕਰਜੋ ਦਿਜਨ ਕੇ ਹੇਤਾ।
ਭੀਰ ਭੂਰ ਭਰਿ ਰਹੀ ਨਿਕੇਤਾ ॥੩੬॥

ਪੰਡਿਤ ਇਕ ਬੁਲਾਇ ਤਿਹ ਕਾਲਾ।
ਬੈਠਜੋ ਕਰਨ ਸ਼ਰਾਧ ਬਿਸਾਲਾ।
ਤਬ ਚਲਿ ਸਹਿਜ ਸੁਭਾਇਕ ਆਏ।
ਜੇ ਬੇਦੀ ਕੁਲ ਭਾਨੁ ਸੁਹਾਏ ॥੩੭॥

ਪਿਤ ਕੇ ਨਿਕਟ ਬੈਠਿ ਸੁਖਧਾਮਾ।
ਬਚਨ ਭਨੇ ਤਿਹ ਛਿਨ ਅਭਿਰਾਮਾ।

'ਪਰਚੇ[1] ਕੌਨ ਕਾਜ ਮਹਿਂ ਤਾਤਾ?
ਭੀਰ ਅਜਰ ਕਹੀਏ ਬਿਰਤਾਂਤਾ' ॥੩੮॥
ਸੁਨਿ ਕਰਿ ਕਾਲੂ ਬਚਨ ਉਚਾਰੇ।
'ਪਿਤਰਨ ਕੇਰ ਸ਼ਰਾਧ ਹਮਾਰੇ।
ਦਿਵਸ ਆਜ ਕੇ ਕਰਹਿਂ ਸਦਾਈ।
ਇਹ ਸ਼ੁਭ ਰੀਤਿ ਸ਼੍ਰੁਤਿ ਨੈ ਗਾਈ' ॥੩੯॥
'ਹੇ ਪਿਤ! ਸੱਤਿ ਬਚਨ ਤੁਮ ਮਾਨਹੁ।
ਪੁੰਨਵਾਨ ਅਤਿਸ਼ੈ ਨਿਜ ਜਾਨਹੁ।
ਪਿਤਰ ਗਏ ਤੁਮਰੇ ਅਸ ਠੌਰੀ।
ਭੂਖ ਰੁ ਪਜਾਸ ਜਹਾਂ ਨਹਿਂ ਥੋਰੀ[1] ॥੪੦॥
ਨਾਂਹਿ ਸ਼੍ਰਾਧ ਕੀ ਕਰਤਿ ਉਡੀਕਾ।
ਰਹਤਿ ਸਦੀਵ ਤਹਾਂ ਸੁਖ ਨੀਕਾ।
ਜਿਨ ਕੇ ਪਿਤਰ ਅਸਨ ਜਲ ਚਹਿਹੀਂ।
ਕਰਨੋ ਸ਼੍ਰਾਧ ਤਿਨਹਿ ਕੋ ਅਹਿਹੀ ॥੪੧॥
ਜਿਨ ਕੇ ਮਨ ਅਭਿਲਾਖਾ ਨਾਂਹੀ।
ਕਰੈ ਸ਼੍ਰਾਧ ਸੰਤਤਿ[1] ਕਿਉਂ ਤਾਂਹੀ।
ਅਬ ਸਭਿ ਦਿਜ ਕੋ ਦੇਹੁ ਅਹਾਰਾ।
ਕਰਨੋ ਸ਼੍ਰਾਧ ਤਜਹੁ ਬਿਉਹਾਰਾ' ॥੪੨॥
ਕਾਲੂ ਕਹੈ 'ਬਿਨਾਂ ਚਖ[1] ਦੇਖੇ।
ਮੁਝੇ ਪ੍ਰਤੀਤ ਨ ਆਇ ਵਿਸ਼ੇਖੇ।
ਇਸ ਪ੍ਰਕਾਰ ਕੀ ਸੁਧ ਜੁ ਸੁਨਾਵਹੁ।
ਜਹਾਂ ਪਿਤਰ ਸੋ ਠੌਰ ਦਿਖਾਵਹੁ ॥੪੩॥
ਦੇਖਿ ਲੇਉਂ ਮੈਂ ਆਇ ਭਰੋਸੋ।
ਕਹਉ ਜੁ ਤੁਮ ਤਬ ਬਹੁਰ ਕਰੋਂ ਸੋ।'
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ।
'ਜੇ ਤੁਮ ਦੇਖਯੋ ਚਹੋ ਸੁ ਥਾਨਾ ॥੪੪॥
ਦੌਨ ਬਿਲੋਚਨ ਮੂੰਦਹੁ ਅਬ ਹੀ।
ਪਿਤਰ ਬਿਲੋਕਹੁ ਬੈਠੇ ਸਭਿ ਹੀ।'
ਕਰਿ ਨਿਸ਼ਚਾ ਮਾਨਯੋ ਮਨ ਬਚਨਾ।
ਲੋਚਨ ਮੂੰਦਿ ਪਿਖੀ ਸੁਠ ਰਚਨਾ ॥੪੫॥

[1]ਲੱਗ ਰਹੇ ਹੋ।
[1]ਜ਼ਰਾ ਵੀ ਨਹੀਂ ਹੈ ਜਿਥੇ।
[1]ਉਲਾਦ।
[1]ਅੱਖੀਂ।

ਜਹਿਂ ਬੈਕੁੰਠ ਭਗਤ ਬਡ ਬਾਸਾ।
ਕੰਚਨ ਮਣਿਮਯ ਰੁਚਿਰ ਅਵਾਸਾ[1]। — [1]ਮਾਨੋ ਸੋਨੇ ਤੇ ਮਣੀਆਂ ਦੇ ਸੁਹਣੇ ਘਰ ਸਨ।
ਤਹਾਂ ਪਿਤਰ ਦੇਖੇ ਸਭਿ ਜਾਈ।
{ਕਾਲੂ ਜੀ ਨੇ ਬੈਕੁੰਠ ਪਹੁੰਚੇ ਪਿਤਰ ਦੇਖਣੇ}
ਇਸ ਕੋ[1] ਦੇਖਿ ਉਠੇ ਸਮੁਦਾਈ ॥੪੬॥ — [1]ਭਾਵ ਬਾਬਾ ਕਾਲੂ ਜੀ ਨੂੰ।
ਕਰਿ ਕਾਲੂ ਕੋ ਬਹੁ ਸਨਮਾਨਾ।
ਮ੍ਰਿਦੁਲ ਮਧੁਰ ਮੁਖ ਬਚਨ ਬਖਾਨਾ।
'ਧੰਨ ਧੰਨ ਤੁਮਾਰੀ ਕਰਤੂਤਾ[1]। — [1]ਕਰਨੀ।
ਜਿਹ ਤੇ ਉਪਜਯੋ ਸਦਨ ਸਪੂਤਾ ॥੪੭॥
ਸਭਿ ਪਿਤਰਨ[1] ਕੋ ਕੀਨ ਉਧਾਰਾ। — [1]ਵਡਿਆਂ ਦਾ।
ਪਹੁੰਚਾਏ ਪ੍ਰਭੁ ਕੇ ਦਰਬਾਰਾ।'
ਕਾਲੂ ਕਹੈ 'ਕਿਤਿਕ ਭਾ ਕਾਲਾ।
ਤੁਮ ਨੈ ਪਾਯੋ ਅਨੰਦ ਬਿਸਾਲਾ? ॥੪੮॥
ਬਸੇ ਆਨਿ ਸ਼੍ਰੀ ਹਰਿ ਕੇ ਲੋਗਾ।
ਜਹਿਂ ਮਦ ਮਾਨ ਮੋਹ ਨਹਿਂ ਸੋਗਾ।'
[1] 'ਸੁਨਿ ਕਾਲੂ! ਜਬ ਸਦਨ ਤੁਮਾਰੇ। — [1]ਇਥੋਂ ਪਿਤਰ ਬੋਲੇ।
ਅਵਤਰਯੋ ਸ਼੍ਰੀ ਏਕੰਕਾਰੇ ॥੪੯॥
ਤਬਿ ਕੇ ਆਨ ਬਸੇ ਇਹ ਥਾਨਾ।
ਅੱਚੁਤ[1] ਪਦਵੀ ਅਨੰਦ ਮਹਾਨਾ। — [1]ਜਿਥੋਂ ਗਿਰਾਉ ਫੇਰ ਨਾ ਹੋਵੇ।
ਸੁਤ ਕੋ ਸੁਤ ਨ ਜਾਨ ਬਡਭਾਗੀ।
ਹਰਿ ਸੋ ਲਖੋ ਹੋਹੁ ਅਨੁਰਾਗੀ[1]' ॥੫੦॥ — [1]ਪ੍ਰੇਮੀ ਹੋਕੇ।
ਸੁਨਿ ਬਚ, ਸੁਖ ਪਿਖਿ ਕੈ ਸਮੁਦਾਈ[1]। — [1]ਸਾਰੇ (ਪਿਤਰਾਂ ਦਾ)।
ਰਹਯੋ ਸੁ ਕਾਲੂ ਉਰ ਬਿਸਮਾਈ।
ਤਜਿਨੇ ਕੀ ਅਭਿਲਾਖ ਨ ਕਰਈ।
-ਰਹੋ ਇਹਾ ਮੈਂ- ਰਿਦੈ ਬਿਚਰਿਈ[1] ॥੫੧॥ — [1]ਵਿਚਾਰਦਾ ਹੈ।
ਅਨੰਦ ਦਿਖਾਇ ਬਡੋ ਜਗਨਾਥਾ।
ਪਿਤ ਕੋ ਗਹਯੋ ਹਾਥ ਮੈਂ ਹਾਥਾ।
ਤਿਹ ਛਿਨ ਮੈਂ ਲੋਚਨ ਖੁਲਿਵਾਏ।
ਸ਼੍ਰੀ ਮੁਖ ਸੋਂ ਅਸ ਬਚਨ ਅਲਾਏ ॥੫੨॥
'ਦੇਖੇ ਪਿਤਰ ਕਿਧੋਂ ਤੁਮ ਨਾਂਹੀ?
ਕਹੋ ਬ੍ਰਿਤੰਤ ਸਬੈ ਹਮ ਪਾਹੀ।'

ਕਾਲੂ ਕੋ ਸਭਿ ਸੰਸੈ ਭਾਗਾ।
ਜਾਨਿ ਪ੍ਰਭੂ ਕੋ ਮਨ ਅਨੁਰਾਗਾ ॥੫੩॥
ਕਹਿਨ ਲਗ੍ਯੋ 'ਮੈਂ ਸਭਿ ਹੀ ਦੇਖੇ।
ਬਸਹਿਂ ਤਹਾਂ ਜਹਿਂ ਅਨੰਦ ਵਿਸੇਖੇ।
ਅਬਿ ਕਰਿ ਕ੍ਰਿਪਾ ਮੁਝੈ ਤਿਹ ਥਾਨਾ।
ਪਹੁੰਚਾਵਹੁ, ਤੁਮ ਮਯਾ ਨਿਧਾਨਾ!
॥੫੪॥
-ਮਲ ਮੂਤਰ ਕੀ ਤਜਿ ਕਰਿ ਦੇਹਾ।
ਪਹੁੰਚੌਂ ਤਹਾਂ -ਚਾਹਿ ਮਮ ਏਹਾ।'
'ਸੁਨਹੁ ਪਿਤਾ ਤਵ ਬੈਸ ਬਿਹਾਈ।
ਕਿਤਿਕ ਦਿਵਸ ਮੈਂ ਪਹੁੰਚੋ ਜਾਈ
॥੫੫॥
ਅਬ ਉਠਿ ਕੈ ਸਭਿ ਭੋਜਨ ਖ੍ਵਾਵਹੁ।
ਬਹੁਰ ਬੈਠਿ ਹਰਿ ਕੇ ਗੁਨ ਗਾਵਹੁ।'
ਬਚਨ ਮਾਨਿ ਉਠਿ ਦੀਨ[1] ਅਹਾਰਾ। [1]ਦਿੱਤਾ।
ਜੋ ਤਹਿਂ ਆਏ ਸਭਿ ਕੋ ਖ੍ਵਾਰਾ[1] ॥੫੬॥ [1]ਖੁਆਇਆ।

ਗੁਰੂ ਜੀ ਦੇ ਇਸ ਉਪਦੇਸ਼ ਤੇ ਪਿਤਾ ਨੂੰ ਪਰਲੋਕ ਦੇ ਦਰਸ਼ਨ ਕਰਾਉਣ ਦਾ ਅਸਾਂ ਲਈ ਇਹ ਸਾਰ ਉਪਦੇਸ਼ ਹੈ ਕਿ ਅਸੀਂ ਨਾਮ ਜਪੀਏ, ਗੁਰ ਸਿਖ ਤੇ ਗੁਰਮੁਖ ਬਣੀਏ ਜੋ ਪਿਤਰਾਂ ਦਾ ਸੁਤੇ ਸਿੱਧ ਉਧਾਰ ਹੋਵੇ। ਯਥਾ ਵਾਕ:-
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
[ਭੈਰਉ ਮ: ੩
ਹੋਰ ਤੁਕ ਭੀ ਹੈ:-'ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ' ॥ [ਸੋਰਠ ਮ: ੧
ਪਰਲੋਕ ਗਏ ਪਿਆਰਿਆਂ ਲਈ ਕੀਰਤਨ, ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪੁਆਉਣੇ ਗੁਰਮਤ ਵਿਚ ਹੈਨ: ਯਥਾ:
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣ ਜੀਉ ॥ [ਸੱਦ
ਨਾਮ ਜਪਣਾ ਆਪਣਾ ਉਧਾਰ ਬੀ ਹੈ ਤੇ ਆਪਣੇ ਅਗਲੇ ਪਿਛਲਿਆਂ ਦਾ ਬੀ ਉਧਾਰ ਹੈ। ਮੂਰਖ ਲੋਕਾਂ ਦੀਆਂ ਸੰਸਾਰਕ ਦਲੀਲਾਂ ਨਹੀਂ ਸੁਣਨੀਆਂ ਚਾਹੀਏ ਕਿ ਮਰ ਚੁਕੇ ਪਾਪੀ ਲੋਕ ਕਿਵੇਂ ਉਧਰਦੇ ਹਨ, ਓਹ ਹਿਸਾਬ ਜਾਣਦੇ ਹਨ, ਪਰ ਪਿਆਰ ਤੇ ਅਸਲੀਅਤ ਦੇ ਵਾਕਫ ਨਹੀਂ। ਨਾਮ ਇਕ ਆਮਤ ਰੌਸ਼ਨੀ ਹੈ, ਜਿਸ ਦੇ ਹੱਥ ਵਿਚ ਆਈ ਹੈ, ਉਸ ਨੂੰ ਚਾਨਣਾ ਹੋ ਗਿਆ ਹੈ, ਪਰ ਉਸ ਦੇ ਅੱਗੇ ਪਿੱਛੇ ਬੀ ਦੂਰ ਤਕ ਚਾਨਣਾਂ ਪੈਂਦਾ ਹੈ। ਗੁਰਬਾਣੀ ਬੀ ਇਹ ਗਲ ਪ੍ਰਤਿਪਾਦਨ ਕਰਦੀ ਹੈ, ਯਥਾ:-
ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ [ਗੂਜਰੀ ਮ: ੫
ਤਥਾ: 'ਆਪਿ ਤਰੈ ਜਨੁ ਪਿਤਰਾ ਤਾਰੇ ॥' [ਮਾਰੂ ਸੋਲਹੇ ਮ: ੧
ਅਗੇ ਅਧਯਾਯ ੯ ਅੰਕ ੫੪ ਵਿਚ ਬੀ ਲਿਖਿਆ ਹੈ:-
'ਗੁਰਮੁਖਿ ਹੋਵਹੁ ਤਜਹੁ ਬਿਕਾਰਾ ॥ ਆਪ ਤਰਹੁ ਕਰਿ ਪਿਤਰ ਉਧਾਰਾ ॥'

ਕਿਤਿਕ ਦਿਵਸ ਜਬ ਬਹੁਰ ਬਿਤਾਏ।

ਅੰਤ ਸਮਾਂ ਪਹੁੰਚਯੋ ਤਬ ਆਏ।
ਜਿਉਂ ਗਜ ਫੂਲ ਮਾਲ ਕੋ ਡਾਰੇ[1]। [1]ਜਿਵੇਂ ਹਾਥੀ ਫੁਲਾਂ ਦੀ ਮਾਲਾ ਸੁਟਦਾ ਹੈ, ਭਾਵ ਸੌਖੇ ਹੀ।
ਤਿਉਂ ਤਨ ਤਜਿ ਬੈਕੁੰਠ ਪਧਾਰੇ ॥੫੭॥
{ਪਿਤਾ ਕਾਲੂ ਜੀ ਬੈਕੁਠ ਗਮਨ}
ਸ੍ਰੀ ਨਾਨਕ ਉੱਤਮ ਬਿਧਿ ਸੰਗਾ।
ਪਿਤ ਕੋ ਦਾਹ ਕੀਯੋ ਸਰਬੰਗਾ।
ਕਿਤਿਕ ਦਿਵਸ ਤਿਹ ਕੇ ਪਸ਼ਚਾਤੀ।
ਤ੍ਰਿਪਤਾ ਤਜੀ ਦੇਹਿ ਸ਼ੁਭ ਭਾਂਤੀ ॥੫੮॥
{ਮਾਤਾ ਤ੍ਰਿਪਤਾ ਜੀ ਬੈਕੁਠ ਗਮਨ}
ਤਿਹ ਕੋ ਦਾਹ ਕੀਨ ਸ਼ੁਭ ਰੀਤੀ।
ਗੀ[1] ਬਿਕੁੰਠ ਕਰਤਯੋ ਸੁਤ ਪ੍ਰੀਤੀ। [1]ਗਈ।
ਸਰਬ ਦਰਬ ਜੇਤੋ ਘਰ ਬਾਰਾ।
ਦਯੋ ਅਤਿੱਥਿਨ ਕੋ ਸੁਖਕਾਰਾ[1] ॥੫੯॥ [1]ਸੁਖ ਦਾਤੇ ਨੇ।
ਬੇਦੀ ਕੁਲ ਕੇ ਮਨੁਜ ਮਹਾਨਾ।
ਅਨਿਕ ਬਿਧਿਨ ਸਮਝਾਇਂ ਸੁਜਾਨਾ[1]। [1]ਭਾਵ ਗੁਰੂ ਜੀ ਨੂੰ।
'ਰਹਹੁ ਆਪ ਨਿਜ ਪਿਤ ਜਿਉਂ ਪੁਰਿ ਮੈਂ।
ਕਿਉਂ ਬਿਰਕਤ ਹੋਏ ਅਸ ਉਰ ਮੈਂ' ॥੬੦॥
ਸ੍ਰੀ ਗੁਰ ਕਹੈਂ 'ਪ੍ਰਪੰਚ ਪਸਾਰੇ।
ਨੰਸ੍ਵਰ[1] ਝੂਠੋ ਲੇਹੁ ਬਿਚਾਰੇ। [1]ਨਾਸ਼ ਹੋਣ ਵਾਲੇ।
ਯਾ ਤੇ ਤਜਹੁ ਪ੍ਰੀਤਿ ਇਹ ਸੰਗਾ।
ਸੱਤਿਨਾਮ ਸਿਮਰਹੁ ਸ ਉਮੰਗਾ' ॥੬੧॥
ਦਿਵਸ ਬਿਤਾਵਹਿਂ ਵਹਿਰ ਉਜਾਰਾ[1]। [1]ਉਜਾੜ ਵਿਚ।
ਆਵਹਿਂ ਪੁਰਿ ਮੈਂ ਰੈਨ ਉਦਾਰਾ।
ਕਿਤਿਕ ਦਿਵਸ ਬੀਤੇ ਤਲਵੰਡੀ।
ਅਤਿਸ਼ੈ ਕੀਰਤਿ ਜਹਿਂ ਤਹਿਂ ਮੰਡੀ[1] ॥੬੨॥ [1]ਫੈਲੀ।
ਆਵਹਿਂ ਮਨੁਜ ਅਧਿਕ ਧਰਿ ਭਾਊ।
ਸੁਨਹਿਂ ਬਚਨ ਨਿਤ ਚੌਗੁਨ ਚਾਊ।
ਦੇਹਿਂ ਮੁਕਤਿ ਦਾ[1] ਤਿਨ ਉਪਦੇਸ਼ਾ। [1]ਮੁਕਤੀ ਦੇਣ ਵਾਲਾ।
ਪਰਉਪਕਾਰੀ ਸ੍ਰੀ ਜਗਤੇਸ਼ਾ ॥੬੩॥
{ਤਲਵੰਡੀ ਵਾਸੀਆਂ ਨੂੰ ਉਪਦੇਸ਼}

'ਸਤਿ ਸੰਗਤਿ ਮਹਿਂ ਸ਼ਰਧਾ ਧਰਨੰ।
ਸੱਤਿਨਾਮ ਕੋ ਸਿਮਰਨ ਕਰਨੰ।
ਪੂਰਨ ਲਖਹੁ ਪ੍ਰਮਾਤਮ ਏਕੂ-।
ਮਨ ਕੇ ਕਲਪਨ[1] ਹੋਤਿ ਅਨੇਕੂ ॥੬੪॥ [1]ਕਲਪਨਾ, ਫੁਰਨੇ।
ਇਸ ਮਨ ਕੋ ਜੋ ਜੀਤਨ ਕਰਿਹੀਂ।
ਸੋਊ ਪਰਮਪਦ ਕੋ ਅਨੁਸਰਹੀਂ।
ਕਾਰਨ ਅਲਪ ਸੁਖਨ ਕੇ ਸਾਦੂ[1]। [1]ਥੋੜੇ ਸੁਖਾਂ ਦੇ ਸੁਆਦ ਵਾਸਤੇ।
ਜਾਤਿ ਜਨਮ ਖ੍ਵੈ ਆਪਨ ਬਾਦੂ[1] ॥੬੫॥ [1]ਬਿਰਥਾ।
ਜਿਉਂ ਕੋ ਬਨਿਕ ਕਰਨ ਬਿਵਹਾਰੇ।
ਲੈ ਪੂੰਜੀ ਪਰਦੇਸ਼ ਸਿਧਾਰੇ।
ਤਿਉਂ ਮਾਨੁਖ ਤਨ ਲੈ ਸਭਿ ਆਏ।
ਨਾਮ ਬਿਹਾਜਨ, ਜੋ ਸੁਖਦਾਏ ॥੬੬॥
ਇਹ ਤਨ ਲੇ ਕਰਿ ਬਿਸ਼ਿਯਨਿ ਭੋਗਾ।
ਨਿਸ ਦਿਨ ਰਚੈਂ ਸਿ ਮੂਰਖ ਲੋਗਾ।
ਲਾਭ ਨ ਲਯੋ, ਸੁ ਪੂੰਜੀ ਖੋਈ।
ਗਮਨੇ ਅੰਤ ਝਾਰਿ ਕਰ ਦੋਈ[1] ॥੬੭॥ [1]ਦੋਵੇਂ ਹੱਥ ਝਾੜਕੇ।
ਪਾਇਂ ਨਰਕ, ਹ੍ਵੈ ਕਸ਼ਟ ਅਪਾਰੇ।
ਬਹੁਰੋ ਤ੍ਰਿਗਦ ਜੋਨਿ[1] ਜਗ ਧਾਰੇ। [1]ਟੇਢੀਆਂ ਜੂਨਾਂ, ਸੱਪ ਬਿੱਝੂ ਆਦਿ। ਸੰਸ: ਤਿਰ੍ਯਕ]।
ਇਕ ਇਸ ਰੀਤਿ ਗਏ ਜਗ ਹੂੰ ਤੇ।
ਇਕ ਨਿਜ ਪੂੰਜੀ ਰਾਖਿ ਪਹੂਤੇ ॥੬੮॥
ਮਾਨੁਖ ਤਨ ਧਰਿ ਪੁੰਨ ਬਿਸਾਲਾ।
ਕਰਤਿ ਰਹੇ, ਤਪ ਮੈਂ ਤਨ ਘਾਲਾ।
ਸੇ ਸੁਵਰਗ ਸੁਖ ਭੋਗਹਿਂ ਜਾਈ।
ਪੁਨ ਜਗ ਮਾਨੁਖ ਦੇਹੀ ਪਾਈ ॥੬੯॥
ਲਾਭ ਨਹੀਂ ਪਰ ਪੂੰਜੀ ਰਾਖੀ।
ਪੁੰਨਾਤਮ ਜੇ ਤਪਿ ਅਭਿਲਾਖੀ।
ਜਿਨ ਲਿਯ ਲਾਭ ਸੁ ਸੁਨਹੁ ਕਹਾਨੀ।
ਸਿਮਰਹਿਂ ਨਾਮ ਕਰਮ ਮਨ ਬਾਨੀ ॥੭੦॥
ਸੇ ਲਾਹਾ ਲੈ ਗੇ ਦਰਬਾਰਾ।
ਅਬਚਲ ਪਾਯੋ ਅਨੰਦ ਅਪਾਰਾ।

ਤਾਂ ਤੇ ਮਾਨੁਖ ਤਨ ਲਖਿ ਪੂੰਜੀ।
ਭਜਹੁ ਨਾਮ ਤਜਿ ਇੱਛਾ ਦੂਜੀ' ॥੨੧॥
ਸੁਨਿ ਉਪਦੇਸ਼ 'ਧੰਨ ਧੰਨ' ਕਹਿਹੀਂ।
'ਮਹਾਂ ਪੁਰਖ ਪੂਰਨ ਇਹ ਅਹਿਹੀਂ।'
ਜਿਨ ਮਾਨਜੋ ਪੁਨ ਕੀਨ ਕਮਾਵਨ।
ਤਿਨ ਹੀ ਲਹਜੋ ਪਰਮ ਪਦ ਪਾਵਨ ॥੨੨॥
ਬਹੁਰ ਗਵਨ ਕੀ ਕਰਿ ਅਭਿਲਾਖਾ।
ਮੁਝ ਪੁਨ ਮਰਦਾਨੇ ਸੋਂ ਭਾਖਾ।
'ਚਲਹੁ ਅਬੈ ਤਿਰਥਨ ਕੋ[1] ਦੇਖੈਂ।
ਜਹਿਂ ਮਾਨਵ ਹ੍ਵੈ ਜਾਤਿ ਵਿਸ਼ੇਖੈਂ' ॥੨੩॥

[1]ਤੀਰਥਾਂ ਨੂੰ।

ਨਾਰਜ ਪਾਨ ਮੇਲਿ[1] ਕਹਿ ਲਾਲੂ।
'ਤਾਤ! ਚਲੇ ਹਮਰੋ ਕਿਹ ਹਾਲੂ?'
[1] 'ਝੂਠੋ ਜਗਤ ਸਾਚ ਧਰਿ ਆਪੂ[2]।
{ਚਾਚਾ ਲਾਲੂ ਜੀ ਨੂੰ ਉਪਦੇਸ਼}
ਸਿਮਰ ਨਾਮ ਨਹਿਂ ਸੋਗ ਕਦਾਪੂ' ॥੨੪॥

[1]ਨਾਰ=ਜਲ ਤੋਂ। ਜ=ਉਪਜੇ ਜੋ, ਸੋ ਕਵਲ, ਕਵਲਾਂ ਵਰਗੇ ਹੱਥ ਜੋੜਕੇ।

[1]ਗੁਰੂ ਜੀ ਬੋਲੇ। [2]ਆਪਾ ਸੱਚ ਹੈ, ਇਹ ਧਾਰਨਾ ਧਾਰ ਲਓ।

ਦੋਹਰਾ:
ਜਾਫਲ[1] ਸਤਿਗੁਰ ਬਚਨ ਕਰਿ, ਮੋਹ ਸੰਨ[2] ਕਰਿ ਨਾਸ਼।
ਮੋਦ ਕੰਠ ਧਰਿ ਕਹਿਤ ਭਾ, 'ਤਾਤ! ਖੇਲ ਜਹਿਂ ਆਸ[1]' ॥੨੫॥

[1]ਜੈਫਲ। [2]ਮੋਹ ਦੀ ਸੰਨ, ਸੰਨ ਇਕ ਬੇਹੋਸ਼ੀ ਦੀ ਬੀਮਾਰੀ ਹੈ, ਜੈਫਲ ਉਸ ਦੀ ਔਸ਼ਧੀ ਹੈ।

[1]ਇੱਛਾ।

ਚੌਪਈ:
ਸੁਨਿ ਸ਼੍ਰੀ ਅੰਗਦ ਧਾਰਿ ਉਮੰਗਾ।
ਮੁਝ ਮਰਦਾਨੇ ਕੋ ਲਿਯ ਸੰਗਾ।
ਮਿਲ ਸਭਿ ਸੋਂ ਕੀਨੋ ਪ੍ਰਸਥਾਨਾ[1]।
ਜੀਤਨ ਦੰਭੀ ਜੇ ਅੱਗਜਾਨਾ ॥੨੬॥

[1]ਟੁਰਨਾ।

ਕਬਿੱਤ:
ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ[1],
ਚਲੇ ਦੰਭ ਦਲਿਬੇ ਕੋ, ਦਲਨਿ[1] ਬਿਦਾਰਿਆ[2]।
{ਗੁਰੂ ਜੀ ਦੀ ਸ਼ੁਭ ਗੁਣਾਂ ਦੀ ਸੈਨਾ}

[1]ਫੌਜ।

[1]ਆਸੁਰੀ ਸੰਪਦਾ ਦੀ) ਫੌਜ ਨੂੰ। [2]ਨਾਸ਼ ਕਰਨ ਵਾਲੇ (ਗੁਰੂ ਜੀ)।

ਭਗਤਿ ਕੀ ਕੇਤੁ, ਪਟ[1] ਪ੍ਰੇਮ ਕੇ ਸਮੇਤ ਕਰਿ

[1]ਝੰਡੇ ਦਾ ਫਰੈਰਾ।

ਕੀਰਤਿ ਨਿਸ਼ਾਨੋ[1] ਘਹਿਰਾਨੋ[2] ਘਨ[3] ਭਾਰਿਆ।

[1]ਧੌਂਸਾ। [2]ਗੱਜਿਆ। [3]ਬੱਦਲ ਵਾਂਙੂ।

ਗਜਾਨ ਕੋ ਖੜਕ ਧਰਿ, ਜੁਗਤਿ ਕਮਾਨ ਕਰ

ਨਾਨਾ ਦ੍ਰਿਸ਼ਟਾਂਤ ਲੀਨ ਸ਼ਿਲੀਮੁਖ[1] ਧਾਰਿਆ।

[1]ਤੀਰ।

ਜਹਾਂ ਦਿਢ ਕੋਟ ਤਹਾਂ ਕਰਮਾਤ ਤੋਪ ਸੰਗ

ਢਾਹਿ ਕੇ ਮੈਦਾਨ ਕੀਨ ਮਿਲੇ ਅਰਿ ਹਾਰਿਆ[1] ॥੨੨॥

[1]ਵੈਰੀ ਹਾਰਕੇ (ਸ਼ਰਨ) ਆ ਮਿਲੇ।

ਕਬਿੱਤ:

ਸੱਤਿਨਾਮ ਸਿਮਰਨ ਪਹਿਰ ਸਨਾਹ ਤਨ[1]

[1]ਤਨ ਉਤੇ ਸੰਜੋਅ ਪਹਿਰੀ।

ਕੋਟਕ ਤਰਕ ਤਰਵਾਰ ਨ ਕਟਤਿ ਹੈਂ[1]।

[1]ਜਿਸ ਨੂੰ) ਕ੍ਰੋੜਾਂ ਦਲੀਲਾਂ (ਰੂਪੀ) ਤਲਵਾਰਾਂ ਨਹੀਂ ਕੱਟ ਸਕਦੀਆਂ ਹਨ।

ਨੀਵੋਂ ਮਨ ਰਾਖਨੋ ਅਗਾਰੀ ਹੈ ਸਿਪਰ ਦਿਢ[1]

[1]ਪੱਕੀ ਢਾਲ।

ਰੋਸ ਰੂਪ ਤੀਰ[1] ਜਾਂ ਕੋ ਛੁਇ ਨ ਸਕਤਿ ਹੈਂ।

[1]ਗੁੱਸੇ ਰੂਪੀ ਤੀਰ।

ਕਰੁਨਾ ਕੀ ਰਥ, ਉਪਕਾਰ ਕੇ ਤੁਰੰਗ ਜੋਰਿ[1]

[1]ਘੋੜੇ ਜੋੜ ਕੇ।

ਸਤਿ ਕੀਨੋ ਸੂਤ[1], ਬ੍ਰਿਤਿ[†] ਡੋਰਨ[2] ਜਟਤਿ ਹੈਂ।

[1]ਸੱਤ ਨੂੰ ਰਥਵਾਹੀ ਬਣਾਯਾ ਹੈ। [2]ਬ੍ਰਿਤੀ ਨੂੰ ਜੇਹੜਾ (ਸ੍ਵੈ ਸਰੂਪ ਵਿਚ) ਜੋੜਨਾ ਹੈ ਏਹ ਵਾਗਾਂ ਹਨ। [†]ਪਾ:-ਸੁਰ ਬ੍ਰਿਤ।

ਧੀਰਜ ਸੰਤੋਖ ਦਾਨ ਆਦਿ ਜੇ ਬਿਗਜਾਨ ਜੋਧਾ[1]

[1]ਧੀਰਜ, ਸੰਤੋਖ, ਦਾਨ, ਸ੍ਰੇਸ਼ਟ ਗਿਆਨ ਆਦਿ ਜੋਧੇ ਹਨ।

ਚਢੇ ਮੋਹ ਜੀਤਬੇ ਕੋ 'ਮਾਰ ਹੀ'[1] ਰਟਤਿ ਹੈਂ[†] ॥੨੮॥

[1]ਮਾਰ ਲੌ ਮਾਰ ਲੌ। [†]ਪੂਰਬਾਰਧ ਅਧਜਾਯ ੬੦ ਦੇ ਆਦਿ ਵਿਚ ਬੀ ਇਹ ਦੋਵੇਂ ਕਬਿੱਤ ਆਏ ਹਨ। ਪਹਿਲਾਂ ਤਾਂ ਹੂਬਹੂ ਓਹੋ ਹੀ ਹੈ ਪ੍ਰੰਤੂ ਦੂਸਰਾ ਬਹੁਤ ਸਾਰਾ ਬਦਲਿਆ ਹੋਇਆ ਹੈ।

ਦੋਹਰਾ:

ਸ਼ਰਧਾ[1] ਸਮਤਾ[2] ਸੁਮਤਿ[3], ਧ੍ਰਮ, ਭਾਉ[4] ਭਲੇ ਇਸ਼ਨਾਨ।

[1]ਭਰੋਸਾ, ਭਾਵਨਾ। [2]ਸਮਦ੍ਰਿਸ਼ਟੀ। [3]ਸ੍ਰੇਸ਼ਟ ਬੁਧੀ। [4]ਪ੍ਰੇਮ।

ਇੱਤਜਾਦਕ ਦਲ ਲੇ ਗੁਰੂ ਕਰਤਿ ਭਏ

ਪ੍ਰਸਥਾਨ ॥੨੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਕਾਲੂ ਕੋ ਉਪਦੇਸ਼, ਬੈਕੁੰਠ ਪਹੁੰਚਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅਧਯਾਯ ॥੬॥

## ੭. [ਸੰਤ ਮੰਗਲ। ਕੁਰਖੇਤ੍ਰ ਵਿਖੇ ਨਾਨੂ ਪੰਡਤ ਨਾਲ ਚਰਚਾ]

੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੮

{ਕੁਰਕਸ਼ੇਤ੍ਰ ਸੂਰਜ ਗ੍ਰਹਿਣ ਦਾ ਮੇਲਾ} ॥੨॥
{ਨਾਨੂੰ ਪੰਡਤ ਨਾਲ ਚਰਚਾ} ॥੨੬..॥
{ਕੁਰਕਸ਼ੇਤ੍ਰ ਮਾਸ ਨਹੀਂ, ਖੀਰ ਰਿੰਨ੍ਹੀ} ॥੭੪॥

ਦੋਹਰਾ:

ਪੂਰਨ ਦੇਖ੍ਯੋ ਆਤਮਾ, ਦ੍ਵੈਤਹਿਂ ਸਰਬ ਨਿਵਾਰਿ।
ਦ੍ਵੈਤਹਿਂ=ਦ੍ਵੈਤ ਨੂੰ, ਦੁਈ ਦੀ ਬੁੱਧੀ ਨੂੰ। ਸਰਬ=ਸਾਰੀ।
ਭਏ ਸ਼ਾਂਤਿ ਮਨ ਸੰਤ ਜੇ, ਤਿਨ ਪਦ ਨਮੋ ਹਮਾਰਿ ॥੧॥
ਨਿਵਾਰਿ=ਨਿਵਾਰਕੇ, ਦੂਰ ਕਰਕੇ।

ਅਰਥ:
ਜਿਨ੍ਹਾਂ ਸੰਤਾਂ ਨੇ ਸਾਰੀ ਦ੍ਵੈਤ ਨੂੰ ਦੂਰ ਕਰਕੇ (ਇਕ) ਆਤਮਾ ਨੂੰ (ਸਾਰੇ) ਪੂਰਣ ਵੇਖਿਆ ਹੈ (ਤੇ ਐਉਂ ਦੇਖ ਕੇ) ਸ਼ਾਂਤਿਕ ਮਨ (ਵਾਲੇ) ਹੋ ਗਏ ਹਨ ਉਹਨਾਂ ਦੇ ਚਰਣਾਂ ਤੇ ਸਾਡੀ ਨਮਸਕਾਰ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਹਿਤ ਤੀਰਥ ਕੇ ਕੀਨਿ ਉਦਾਸੀ।
ਕਰਨਾ ਨਿਹਾਲ ਨਰਨ ਸੁਖਰਾਸੀ।
ਪ੍ਰਥਮੈ ਕੁਰਖੇਤਰ[1] ਮਹਿਂ ਆਏ।
[1]ਅੰਬਾਲੇ ਤੋਂ ਅਗੇ ਵਾਰ ਇਕ ਪੁਰਾਤਣ ਤੀਰਥ ਹੈ ਜਿਥੇ ਮਹਾਂਭਾਰਤ ਦਾ ਯੁੱਧ ਹੋਇਆ ਸੀ।
ਬੈਸੇ ਏਕ ਥਾਨ ਮਨ ਭਾਏ ॥੨॥
ਸੂਰਜ ਪਰਬ[1] ਹੁਤੋ ਤਿਹ ਕਾਲਾ।
[1]ਸੂਰਜ ਗ੍ਰੈਹਣ ਦਾ ਪੁਰਬ।
{ਕੁਰਕਸ਼ੇਤ੍ਰ ਸੂਰਜ ਗ੍ਰਹਿਣ ਦਾ ਮੇਲਾ}
ਮੇਲਾ ਇਕਠੋ ਭਯੋ ਬਿਸਾਲਾ।
ਦ੍ਵਿਜ ਆਦਿਕ ਜੇ ਚਾਰੋਂ ਬਰਨੇ।
ਆਵਤਿ ਭੇ ਹਿਤ ਮੱਜਨ ਕਰਨੇ ॥੩॥
ਆਸ਼੍ਰਮ ਹੈਂ ਗ੍ਰਿਹਸਤਾਦਿਕ ਜੇਊ।
ਆਵਤਿ ਭੇ ਚਾਰੋਂ ਮਿਲਿ ਤੇਊ।
ਖਟ ਦਰਸ਼ਨ ਤੇ ਆਦਿ ਜਿ ਅਉਰਾ।
ਪੁਰਬ ਕਰਨ ਆਏ ਤਿਹ ਠਉਰਾ ॥੪॥
ਸ਼੍ਰੀ ਨਾਨਕ ਠਾਨੀ ਮਨ ਐਸੇ।
-ਇਨ ਸੋਂ ਚਰਚਾ ਕਰੀਏ ਕੈਸੇ।
ਪੰਡਤ ਬਡੇ ਰਿਦੇ ਜਿਨ ਗਰਬਾ।
ਮਾਨੀ[1] ਸੰਨਜਾਸੀ ਜੇ ਸਰਬਾ- ॥੫॥
[1]ਮਾਨਧਾਰੀ।
ਇਕ ਸਥਾਨ ਮਹਿਂ ਕੀਨੋ ਆਸਨ।
ਬੈਸਿ ਰਹੇ ਮਧ ਦੰਭ ਬਿਨਾਸ਼ਨ[1]।
[1]ਦੰਭ ਨਾਸ਼ਕ।

ਮਰਦਾਨਾ ਤਬਿ ਗਾਵਨ ਲਾਗਾ।
ਮਧੁਰ ਰਾਗ ਸੋਂ ਉਰ ਅਨੁਰਾਗਾ ॥੬॥
ਤਿਹ ਛਿਨ ਇਕ ਰਾਨੀ ਸੁਤ ਲੀਨੇ।
ਆਈ ਨਿਕਟ ਬੰਦਨਾ ਕੀਨੇ।
ਤਿਹ ਕੇ ਸ਼ੱਤ੍ਰੁ ਪ੍ਰਬਲ ਬਹੁ ਬਾਢੇ[1]।
ਦੇਸ਼ ਖੋਸਿ, ਸੇ ਪੁਰਿ ਤੇ ਕਾਢੇ ॥੭॥
ਭਈ ਦੀਨ ਪਿਖਿ ਸੰਤ ਕ੍ਰਿਪਾਲਾ।
ਆਨਿ ਬੇਨਤੀ ਕੀਨਿ ਬਿਸਾਲਾ।
ਤਿਹ ਭੂਪਤਿ ਸੁਤ ਮ੍ਰਿਗ ਕੋ ਮਾਰੀ।
ਧਰੀ ਭੇਟ ਤਿਨ ਗੁਰੂ ਅਗਾਰੀ[†] ॥੮॥

[1]ਵਧੇ ਹੋਏ ਸਨ।

[†]ਤ੍ਵਾ: ਖਾ: ਵਿਚ ਇਸਨੂੰ ਹਾਂਸੀ ਦੇ ਰਾਜੇ ਅੰਮ੍ਰਿਤ ਰਾਇ ਦਾ ਬੇਟਾ ਜਗਤ ਰਾਇ ਦੱਸਿਆ ਹੈ।

ਕਹੈ 'ਸੁ ਰਿਪੁ ਨੈ ਦੀਨ ਨਿਕਾਰੇ।
ਹਮ ਆਏ ਅਬ ਪਾਸ ਤੁਮਾਰੇ।
ਕ੍ਰਿਪਾ ਕਰਹੁ ਬਚ ਭਾਖਹੁ ਐਸੇ।
ਰਾਜ ਹਮੈ ਪ੍ਰਾਪਤਿ ਹ੍ਵੈ ਜੈਸੇ' ॥੯॥
ਸੁਨਿ ਤਿਹ ਸੋਂ ਕਹਿ ਗੁਰੂ ਕ੍ਰਿਪਾਲਾ।
'ਬ੍ਰਹਮਭੋਜ ਤੁਮ ਕਰਹੁ ਬਿਸ਼ਾਲਾ।
ਪ੍ਰਾਪਤਿ ਹ੍ਵੈ ਹੈ ਰਾਜ ਬਹੋਰੀ।'
ਸੋ ਬੋਲੇ ਤਬਿ ਦ੍ਵੈ ਕਰ ਜੋਰੀ ॥੧੦॥
'ਭੋਜਨ ਹਿਤ ਹਮ ਪਾਸ ਨ ਦਰਬਾ।
ਕਰਤਿ ਜੁੱਧ ਤਹਿਂ ਖਰਚਯੋ ਸਰਬਾ।
ਅਬ ਹਮ ਹੋਏ ਰੰਕ ਸਮਾਨਾ।
ਆਏ ਸ਼ਰਨੰ ਸੰਤ ਮਹਾਨਾ!' ॥੧੧॥
ਸ੍ਰੀ ਗੁਰ ਕਹੈਂ 'ਕਰਹੁ ਅਸੁ ਰੀਤੀ।
ਕੋਰੋ ਮਟਿਕਾ ਆਨਿ ਸਪ੍ਰੀਤੀ।
ਇਸ ਮ੍ਰਿਗ ਕੋ ਸਭਿ ਮਾਸ ਸਵਾਰਹੁ।
ਭਲੀ ਪ੍ਰਕਾਰ ਤਾਂਹਿ ਮਹਿਂ ਡਾਰਹੁ ॥੧੨॥
ਮਾਰਣ[1] ਸਰਬ ਪਾਇ ਇਸ ਮਾਂਹੀ।
ਅਗਨਿ ਬਾਰ ਗੰਧਹੁ[1] ਅਬ ਤਾਂਹੀ।'
ਇਸ ਪ੍ਰਕਾਰ ਕੀ ਆਇਸੁ ਸੁਨਿ ਕੈ।
ਕਰਤਿ ਭਏ ਤਸ ਸਭਿ ਬਿਧਿ ਗੁਨਿ ਕੈ

[1]ਮਸਾਲੇ।

[1]ਅਗਨੀ ਬਾਲਕੇ ਰਿੰਨ੍ਹੋਂ।

॥੧੩॥
ਚੁਲ੍ਹੇ ਕੋ ਕਰਿ, ਮਟਕਾ ਧਾਰਯੋ।
ਮਾਸ ਮਿਰਗ ਕੋ ਸਰਬ ਸਵਾਰਯੋ।
ਤਾਂ ਮਹਿਂ ਪਾਇ ਹੁਤਾਸਨ ਬਾਰਾ[1]। [1]ਅੱਗ ਬਾਲੀ।
ਬਹੁਤੇ ਬਿੱਪ੍ਰਨ[1] ਜਬਹਿ ਨਿਹਾਰਾ ॥੧੪॥ [1]ਬ੍ਰਾਹਮਣਾਂ ਨੇ।
ਬਿੱਦਜਾ ਮਹਿਂ ਪੰਡਿਤ ਬਡ ਮਾਨੀ।
ਨਿਕਸਯੋ ਧੂਮ ਦੇਖਿ ਰਿਸ ਠਾਨੀ।
-ਆਜ ਤਰਣਿ ਕੋ ਗ੍ਰਹਣ ਅਕਾਸ਼ਾ[1]। [1]ਸੂਰਜ ਦਾ ਗ੍ਰਹਣ ਹੈ ਅਸਮਾਨਾਂ ਵਿਚ।
ਇਹ ਅਜਾਨ ਗੰਧਨ ਲਗਿ ਮਾਸਾ ॥੧੫॥
ਲੇ ਕਰਿ ਕੁਤਕੇ[1] ਸ਼ਸਤ੍ਰ ਅਪਾਰਾ। [1]ਸੋਟੇ।
ਆਇ ਨਿਕਟ ਕਹਿਂ 'ਕਰਹੁ ਪ੍ਰਹਾਰਾ[1]। [1]ਮਾਰ ਦਿਓ।
ਕੋ ਤੇਰੋ ਹੈ ਬਰਣ? ਅਧਰਮੀ!
ਕੋ ਕੀਨੋ ਤੈਂ ਕਰਮ? ਕੁਕਰਮੀ! ॥੧੬॥
ਦਿਵਸ ਆਜ ਕੇ ਤੁਰਕ ਜਿ ਮਾਨਵ[1]। [1]ਜੋ ਮਨੁਖ ਮੁਸਲਮਾਨ ਬੀ ਹਨ।
ਸੋ ਭੀ ਤ੍ਰਾਸ ਰਿਦੈ ਬਹੁ ਠਾਨਵ[1]। [1]ਭੈ ਬਹੁਤ ਕਰਦੇ ਹਨ।
ਕਰਿ ਇਸ਼ਨਾਨ, ਦੇਨਿ ਪੁਨ ਦਾਨਾ।
ਇਨ ਕਾਜਨ ਕੋ ਕਾਲ ਮਹਾਨਾ' ॥੧੭॥
ਦੋਹਰਾ:
ਸੁਨਿ ਕਰਿ ਤਿਨ ਤੇ ਸ਼੍ਰੀ ਗੁਰੂ,
ਬਚਨ ਕਹੇ ਅਸ ਰੀਤਿ।
'ਛੁਧਾ ਲਗੀ ਮੋਕੋ ਬਡੀ,
ਹਿਤ ਅਹਾਰ ਕਿਛ ਕੀਤ' ॥੧੮॥
ਚੌਪਈ:
ਦਿਜ ਤਬ ਬੋਲੇ ਬਚਨ ਕਠੋਰਾ।
'ਕਯਾ ਰੀਧਯੋ ਤੁਮ ਤ੍ਰਾਸ ਨ ਥੋਰਾ।
ਬਿਨਾ ਬਿਲਮ ਸੋ ਦੇਹੁ ਦਿਖਾਈ।
ਨਾਤੁਰ ਤੁਝ ਮਾਰੈਂ ਇਹ ਥਾਈਂ' ॥੧੯॥
ਤਬ ਜਿਨ ਦੇਖਯੋ ਸੋ ਦ੍ਵਿਜ ਕਹਿਹੀ।
'ਇਸ ਮਟਕੇ ਮਹਿਂ ਆਮਿਖ[1] ਅਹਿਹੀ। [1]ਮਾਸ।
ਹਮਰੇ ਦੇਖਤਿ ਇਨਹਿਂ ਸਵਾਰਾ।
ਪਾਇ ਬੀਚ ਪਾਵਕ ਕੋ ਬਾਰਾ ॥੨੦॥
ਮਾਰਹੁ ਇਸੇ ਨ ਲਾਵਹੁ ਬੇਰਾ।

ਅਸੁ ਕੁਕਾਜ ਕੋ ਕਰੈ ਨ ਫੇਰਾ।
ਧਰਮ ਰੀਤਿ ਇਨ ਦੀਨਿ ਬਿਗਾਰੀ।
ਅਘ ਨ ਹੋਤਿ ਐਸਨ ਕੋ[1] ਮਾਰੀ' ॥੨੧॥

[1]ਐਸਿਆਂ ਨੂੰ।

ਦੋਹਰਾ:

ਗੁਰੂ ਕਹੈਂ 'ਬਲ ਕਰਹੁ ਜੇ,
ਹਤਨ ਬਿਖੈ ਹਿਤ ਹੋਇ[1]।
ਜਿਉਂ ਮਨ ਹੈ ਤਿਉਂ ਕਰੋ ਅਬ,
ਬਰਜਤਿ ਇਹਾਂ ਨ ਕੋਇ ॥੨੨॥

[1]ਬਲ ਨਾਲ ਮਾਰ ਦੇਣ ਵਿਚ ਹੀ ਜੇ ਪ੍ਰੇਮ ਹੈ ਤਾਂ।

ਚੌਪਈ:

ਜੇ ਤੁਮ ਹਮ ਸੋਂ ਚਰਚਾ ਕਰਨੀ।
ਧਰਮ ਅਧਰਮ ਰੀਤਿ ਜਿਉਂ ਬਰਨੀ।
ਤੌ ਪੰਡਤ ਸਭਿ ਮਿਲਿ ਸੰਨਯਾਸੀ।
ਆਇ ਕਰਹੁ ਚਰਚਾ ਹਮ ਪਾਸੀ' ॥੨੩॥
ਸੁਨੇ ਸਧੀਰਜ ਬਚਨਾ ਜਬ ਹੀ।
ਮਿਲਿ ਆਏ ਪੰਡਿਤ ਜੇ ਸਭਿ ਹੀ।
ਬਿੱਦਯਾਵਾਨ ਹੁਤੇ ਸੰਨਯਾਸੀ।
ਅਪਰ ਲੋਕ ਆਏ ਬਹੁ ਪਾਸੀ ॥੨੪॥
ਇਕ ਨਾਨੂੰ ਸੋ ਪੰਡਿਤ ਭਾਰੀ।
ਕੀਨਿ ਦਿਗ ਬਿਜੈ[1] ਜਗਤ ਮਝਾਰੀ।

[1]ਦਿਗਬਿਜੈ=ਵਿਦਯਾ ਵਿਚ ਸਾਰੇ ਫਿਰਕੇ ਫਤੇ ਪਾਉਣੀ।

ਪਢ੍ਯੋ ਭਵਿੱਖਤ ਜੁਊ ਪੁਰਾਨਾ।
ਜਿਹ ਮਹਿਂ ਸ੍ਰੀ ਗੁਰ ਸੁਜਸ ਮਹਾਨਾ[†] ॥੨੫॥

[†]ਪੁਰਾਣਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਕਲਜੁਗ ਵਿਚ ਆਉਣ ਬਾਬਤ ਪੇਸ਼ੀਨਗੋਈ ਕੀਤੀ ਹੋਈ ਹੈ, ਅਰਥਾਤ ਭਵਿੱਖਤ ਵਾਕ ਲਿਖੇ ਹੋਏ ਹਨ, ਦੇਖੋ ਭਵਿੱਖ੍ਯਤ ਪੁਰਾਣੇ ਅਧ੍ਯਾਯ ੩੩, ਸਕੰਧ ਪੁਰਾਣ ਅਧ੍ਯਾਯ ੨੮, ਬ੍ਰਹਮਾ ਖਟਮੁਖ ਸੰਬਾਦੇ।

ਅਪਨ ਆਪ ਕੋ ਸੋ ਲਖਿ ਪਾਵਾ।

{ਨਾਨੂੰ ਪੰਡਤ ਨਾਲ ਚਰਚਾ}

ਨਾਮ ਸੁ 'ਨਾਨਕ ਚੰਦ' ਧਰਾਵਾ।
-ਸ੍ਰੀ ਨਾਨਕ ਕਲਿ ਹ੍ਵੈ ਅਵਤਾਰਾ।
ਬਹੁਤ ਨਰਨ ਕੋ ਕਰਹਿ ਉਧਾਰਾ ॥੨੬॥
ਸਿਮਰਨ ਨਾਮ ਭਗਤਿ ਬਿਸਤਾਰਹਿ।
ਦੰਭ ਕੁਕਰਮ ਸਰਬ ਨਿਰਵਾਰਹਿ-।

ਅਸ ਮਨ ਜਾਨਿ ਨਾਮ ਨਿਜ ਧਰਿ ਕੈ।
ਸੁਜਸ ਬਿਥਾਰਤਿ ਬਚਨ ਉਚਰਿ ਕੈ ॥੨੭॥
ਸੋ ਭੀ ਆਇ ਗਯੋ ਤਿਹ ਕਾਲਾ।
ਭਈ ਭੀਰ ਇਸ ਥਾਨ ਬਿਸਾਲਾ।
ਸ੍ਰੀ ਨਾਨਕ ਤਬ ਬੈਨ ਉਚਾਰੇ।
'ਕੋ ਆਮਿਖ ਹੈ ਮਤੇ ਤੁਮਾਰੇ ॥੨੮॥
ਬ੍ਰਹਮਣ ਕੋ ਇਹ ਧਰਮ ਅਲਾਵੈ।
-ਬੇਦ ਪੜੈ ਅਰ ਯੱਗਯ ਕਰਾਵੈ-।
ਛੱਤ੍ਰੀ ਧਰਮ ਜੁੱਧ ਹਿਤ ਧਰਨਾ।
ਆਮਿਖ ਸੰਗ ਯੱਗਯ ਕੋ ਕਰਨਾ ॥੨੯॥
ਹਮ ਨਿਜ ਧਰਮ ਬਿਖੈ ਹੈਂ ਠਾਂਢੇ।
ਤੁਮਨੈ[1] ਪੇਖਤਿ ਕਿਉ ਰਿਸ ਬਾਢੇ?' — [1]ਤੁਹਾਨੂੰ।
ਸੁਨਿ ਕਰਿ ਬੋਲੇ ਪੰਡਿਤ ਸਭਿ ਹੀ।
'ਖੱਤ੍ਰੀ ਨਿਕਟ ਸ਼ਸਤ੍ਰ ਹ੍ਵੈ ਸਦ ਹੀ ॥੩੦॥
ਤੁਮਨੇ ਬੇਖ ਫਕੀਰੀ ਲੀਨੋ।
ਬਿਨਾ ਸ਼ਸਤ੍ਰ ਕਿਉਂ ਛੱਤ੍ਰੀ ਚੀਨੋ[1]।' — [1]ਜਾਣੀਏ।
ਗੁਰੂ ਕਹੈਂ 'ਆਯੁਧ[1] ਹਮ ਪਾਸੂ। — [1]ਸ਼ਸਤਰ।
ਉਚਰਹਿਂ ਨਾਮ ਸੁਨਹੁ ਮੈਂ ਤਾਸੂ ॥੩੧॥
ਤੀਛਨ ਖੜਗ ਨਾਮ ਕਰਤਾਰਾ[1]। — [1]ਰਬ ਦਾ ਨਾਂ ਤ੍ਰਿੱਖੀ ਤਲਵਾਰ ਹੈ।
ਸਤਿਸੰਗਤਿ ਹਿਤ ਧਨੁਖ[1] ਸੁ ਭਾਰਾ। — [1]ਸਤਸੰਗਤਿ ਵਿਚ ਪਿਆਰ, ਧਨੁਖ ਹੈ।
ਸਮ ਦਮ ਆਦਿਕ ਬਾਣ ਬਿਸਾਲਾ।
ਮ੍ਰਿਗ ਰੂਪੀ ਮਨ ਹਤਿ ਤਤਕਾਲਾ ॥੩੨॥
ਬ੍ਰਹਮ ਅਗਨਿ ਮਹਿਂ ਹੋਮ ਸੋ ਕਰਿ ਹੀਂ।
ਨਿਤਾਪ੍ਰਤਿ ਐਸੇ ਹਿਤ ਧਰਿ ਹੀਂ।'
ਸੁਨਿ ਪੰਡਿਤ ਪੁਨ ਬਚਨ ਉਚਾਰਾ।
'ਤੁਮ ਤੋ ਪ੍ਰਗਟ ਮਿਰਗ ਕੋ ਮਾਰਾ ॥੩੩॥
ਰੀਧਤਿ ਹੋ ਅਬ ਦੇਗ ਚਢਾਏ।
ਹਮ ਕੌ ਔਰਹਿ ਰੀਤਿ ਬਤਾਏ।'
ਕਮਲਬਦਨ ਬੋਲੇ 'ਸੁਨਿ ਕਾਨਾ।
ਚਤੁਰ ਬੇਦ ਇਸ ਭਾਂਤਿ ਬਖਾਨਾ ॥੩੪॥
ਆਖੇਰ ਬ੍ਰਿਤਿ ਖੱਤ੍ਰਿਨ ਕੈ[1] ਕਰਨੀ। — [1]ਖੱਤ੍ਰੀਆਂ ਨੇ ਸ਼ਿਕਾਰ ਕਰਨਾ।

ਕਥਾ ਜੁਗਨ ਚਾਰੋ ਮਹਿਂ ਬਰਨੀ।
ਜੇ ਹੰਕਾਰੀ ਨਰ ਜਗ ਮਾਂਹੀ।
ਹਿੰਸਾ ਕੋ ਅਘ[1] ਲਾਗਹਿ ਤਾਂਹੀ ॥੩੫॥ [1]ਹਿੰਸਾ ਦਾ ਪਾਪ।
ਹੰਤਾ ਖੋਇ ਭਏ ਜੇ ਗਜਾਨੀ।
ਸਰਬ ਦ੍ਵੈਤ ਜੋ ਰਿਦੇ ਮਿਟਾਨੀ।
ਪੂਰਨ ਸੱਤਿ ਆਤਮਾ ਜਾਨਹਿਂ।
ਜਗਤ ਅਸੱਤਿ ਸਦਾ ਪਹਿਚਾਨਹਿਂ ॥੩੬॥
ਤੀਨ ਕਾਲ ਜਿਹ ਜਗਤ ਅਭਾਊ[1]। [1]ਵ ਜਿਨ੍ਹਾਂ ਜਗਤ ਨੂੰ ਤਿੰਨ ਕਾਲ ਅਣਹੋਯਾ ਮੰਨਿਆਂ ਹੈ।
ਤਿਨ ਕੋ ਦੋਸ਼ ਨ ਲਾਗਹਿ ਕਾਊ।
ਜੋ ਅੱਗਜਾਨੀ ਨਰ ਮਤਿ ਮੰਦੇ।
ਵਰਨਾਸ਼੍ਰਮ ਕੇ ਧਰਮਹਿਂ ਫੰਧੇ[1] ॥੩੭॥ [1]ਫਸੇ ਹੋਏ ਹਨ।
ਅੰਤਰ ਮਨ ਚਾਹਤਿ ਰਸ ਖਾਵਨ।
ਵਹਿਰ ਤਜਹਿਂ ਹਿਤ ਲੋਕ ਦਿਖਾਵਨਿ।
ਸੇ ਮਰ ਜਨਮਹਿਂ ਜਗ ਕੇ ਮਾਂਹੀ।
ਕਬਹੁਂ ਹੋਤਿ ਛੁਟਕਾਰਾ ਨਾਂਹੀ' ॥੩੮॥

ਦੋਹਰਾ:

ਇਸ ਪ੍ਰਕਾਰ ਕਹਿ ਸਭਿਨਿ ਸੋਂ,
ਉਚਰਜੋ ਬਹੁਰ ਸ਼ਲੋਕ।
ਮਨ ਬਿਕਾਰ ਤਿਨ ਪ੍ਰਗਟ ਕਿਯ,
ਸੁਨਤਿ ਬ੍ਰਿੰਦ ਤਹਿਂ ਲੋਕ ॥੩੯॥

ਸ੍ਰੀ ਮੁਖਵਾਕ ॥
ਸਲੋਕ ਮਃ ੧ ॥
ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥੧॥

ਦੋਹਰਾ:

'ਜਨਮਾਦਿਕ ਤੇ ਅਪਰ ਜੋ, ਮਾਸਹੁਂ ਸੱਭੇ ਹੋਇ।

ਬਿਨਾ ਮਾਸ ਨਹਿਂ ਹੈ ਕਛੂ, ਹੋਇ ਤ ਉਚਰਹੁ ਕੋਇ ॥੪੦॥

ਗਹਿ ਵਿਰਾਗ[1] ਜੇ ਉਰ ਬਿਖੈ, ਸਤਿਗੁਰ ਕੇ ਢਿਗ ਜਾਇ।

[1]ਵਿਰਾਗ ਧਾਰਨ ਕਰਕੇ।

ਤਾਂ ਕੋ ਦੇ ਉਪਦੇਸ਼ ਜਬਿ, ਭੇਦਹਿਂ ਸਰਬ ਲਖਾਇ[1] ॥੪੧॥

[1]ਸਾਰਾ ਭੇਦ ਲਖਾ ਦੇਂਦੇ ਹਨ।

ਤਨ ਕੋ ਜਾਨਹਿਂ ਭਿੰਨ ਪੁਨਿ, ਚੇਤਨ ਭਿੰਨ[1] ਦਿਖਾਇ।

[1]ਅੰਦਰਲੀ ਚੇਤਨ ਸੱਤਾ ਨੂੰ ਵੱਖਰਾ।

ਸੱਤਿ ਆਤਮਾ ਜਾਨਹੀ, ਦੇਹਿ ਅਨਿੱਤ ਸਦਾਇ ॥੪੨॥

ਸਤਿ ਅਸਤਿ ਸਨਬੰਧ ਜੋ, ਕਛੂ ਨ ਜਾਨਹੁ ਕੋਇ।

ਜੈਸੇ ਸਵਿਤਾ[1] ਤਿਮਰ ਕੋ[2], ਨੇਰ ਨ ਕਬਹੂੰ ਹੋਇ ॥੪੩॥

[1]ਸੂਰਜ ਤੇ। [2]ਹਨ੍ਹੇਰੇ ਦਾ।

ਆਪਹੁ ਕੋਊ ਨ ਜਾਨਈ, ਬਿਨ ਸਤਿਗੁਰ ਉਪਦੇਸ਼।'

ਇਸ ਪ੍ਰਕਾਰ ਕਹਿ ਸਭਿਨਿ ਕੋ, ਤੂਸ਼ਨ ਭੇ ਜਗਤੇਸ਼ ॥੪੪॥

ਪੰਡਿਤ ਸੰਨਜਾਸੀ ਬਹੁਤ, ਉੱਤਰ ਆਇ ਨ ਕੋਇ।

ਪਿਖਹਿਂ ਪਰਸਪਰ ਬਦਨ ਨਿਜ, ਸਨਮੁਖ ਹੋਇ ਨ ਸੋਇ ॥੪੫॥

ਸੰਨਜਾਸੀ ਨਿਜ ਕਹਿਤਿ ਭੇ, ਕੇਤਿਕ ਕਾਲ ਬਿਤਾਇ।

'ਨਾਨਕ ਚੰਦ! ਪੰਡਿਤ ਬਡੋ, ਤੈਂ ਜੀਤਜੋ ਜਗ ਜਾਇ ॥੪੬॥

ਇਸ ਫ਼ਕੀਰ ਕੈ ਸਾਮ੍ਹਨੈ, ਚਰਚਾ ਕਿਉਂ ਨ ਕਰੰਤਿ?

ਬੇਤਾ ਅਗਮਾ ਨਿਗਮ ਕੋ, ਸਭਿਹਿਨਿ ਮੈਂ ਮਤਿਵੰਤ[1]' ॥੪੭॥

[1]ਜਾਨਣ ਵਾਲਾ ਵੇਦ ਸ਼ਾਸਤ੍ਰ ਦਾ ਤੂੰ ਬੁਧੀਵਾਨ ਹੈਂ।

ਚੌਪਈ:

ਸੁਨਿ ਕਰਿ ਨਾਨੂੰ ਪੰਡਿਤ ਤਬਿਹੀ।

ਬੋਲਯੋ ਸਭਿਹਿਨਿ ਪ੍ਰੇਰਯੋ ਜਬ ਹੀ।
ਸ਼੍ਰੀ ਗੁਰ ਕੇਰ ਪ੍ਰਤਾਪ ਦਬਾਵਾ।
ਸਾਬਤ ਕੋਇ ਨ ਉੱਤਰ ਆਵਾ ॥੪੮॥
'ਹੇ ਫਕੀਰ ! ਤੈਂ ਕੀਨ ਕੁਕਰਮਾ।
ਪੂਰਬ ਦਿਵਸ ਪੁਨ ਭਾਖਤਿ ਧਰਮਾ।
ਕਿਸ ਪ੍ਰਕਾਰ ਤੂੰ ਹਮੈਂ ਬਤਾਵੈਂ ?
ਜਿਹ ਸਭਿ ਸ਼ਾਸਤ੍ਰ ਦੋਸ਼ ਲਗਾਵੈਂ ॥੪੯॥
ਦਾਨ ਸ਼ਨਾਨ ਪੂਜਿਬੇ ਕਾਲਾ।
ਆਮਿਖ ਰੀਧਤਿ ਪਾਪ ਬਿਸਾਲਾ।
ਕੈਸੋ ਤੇਰੋ ਅਹੈ ਸਿਧਾਂਤਾ ?
ਉੱਤਰ ਦੇ ਨਤੁ ਹੁਇ ਹੈ ਪਾਤਾ[1] ॥੫੦॥

[1]ਨਹੀਂ ਤਾਂ ਨਾਸ਼ ਹੋਵੇਗਾ (ਤੇਰਾ)

ਦੋਹਰਾ:
ਸਭਿ ਬਿਧਿ ਬੇਤਾ ਸਤਿਗੁਰੂ,
ਬੋਲੇ ਬਚ ਤਤਕਾਲ।
ਦ੍ਵਿਜ ਸੰਨਜਾਸੀ ਅਪਰ ਨਰ,
ਸੁਨਹਿਂ ਭੀਰ ਬਿਸਾਲ ॥੫੧॥

ਸ੍ਰੀ ਮੁਖਵਾਕ:
ਮਃ ੧ ॥
ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥

ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

ਚੌਪਈ:

-ਮਾਸ ਮਾਸ- ਕਰਿ ਕੈ ਅਗਿਆਨੀ।
ਮੂਰਖ ਝਗਰਹਿਂ ਆਨ ਗੁਮਾਨੀ।
ਗਜਾਨ ਬੈਨ ਕੋ ਸਮਝਹਿਂ ਨਾਂਹੀ।
ਰਚੇ ਦੰਭ, ਨਿਜ ਮਾਨ ਬਧਾਹੀਂ[1] ॥੫੨॥ — [1]ਵਧਾਉਂਦੇ ਹਨ।
ਆਤਮ ਰੂਪ ਭੁਲਾਵਣ ਜੋਈ[1]। — [1]ਭਾਵ ਜੋ ਆਤਮ ਰੂਪ ਤੋਂ ਭੁੱਲੇ ਹਨ।
ਲਖਹਿਂ ਸੱਤਿ ਤਨ ਆਮਿਖ ਸੋਈ।
ਆਤਮ ਤੀਨੋ ਕਾਲ ਨਿਰਾਲਾ[1]। — [1](ਪਰੰਤੂ) ਆਤਮਾ ਵੱਖ ਹੈ ਤਿੰਨੋ ਕਾਲ।
ਲਿਪੈ ਨ ਕਿਹ ਤੇ ਰਹਤਿ ਉਜਾਲਾ ॥੫੩॥
ਦੇਹਿ ਅਸੱਤਿ ਦਿਸਹਿ ਬਿਦਤਾਰੀ[1]। — [1]ਪ੍ਰਗਟ।
ਆਇ ਜਿ ਪਰਾਰਬਧ ਅਨੁਸਾਰੀ।
ਲਖਿ ਕੈ ਸ਼ਾਸਤ੍ਰ ਵਿਧਿ ਸੰਜੁਗਤਾ।
ਹ੍ਵੈ ਨਿਰਸ਼ੰਕ ਬਨਹਿ ਸੋ ਭੁਗਤਾ[1] ॥੫੪॥ — [1]ਉਸ ਦਾ ਭੋਗਣਹਾਰ।
ਸੋਊ ਸਾਕ[1] ਲਖੋ ਉਰ ਮਾਂਹੀ। — [1]ਸਾਗ।
ਪਰਾਰਬਧ ਭੋਗਹਿ ਚਿਤ ਚਾਹੀ।
ਅਮਰ[1] ਜਿ ਗਜਾਨੀ ਤਿਨ ਕੇ ਕਾਰਨ। — [1]ਦੇਉਤੇ।
ਗੈਂਡੇ ਅਸੁ[1] ਆਦਿਕ ਪਸੁ ਮਾਰਨ ॥੫੫॥ — [1]ਗੈਂਡੇ ਤੇ ਘੋੜੇ।
ਸੋ ਆਤਮ ਕੋ ਲਖਹਿਂ -ਅਕਰਤੂ[1]। — [1]ਨਾ ਕਰਨੇ ਵਾਲਾ, ਅਭੈ।
ਸਦਾ ਅਭੁਗਤਾ[1]- ਚਿਤ ਇਉਂ ਧਰਤੂ। — [1]ਨਾ ਭੋਗਣ ਵਾਲਾ।
ਭੋਗਨ ਧਰਮ ਪ੍ਰਾਣ ਕੋ ਜਾਨਹੁ।
ਕਰਨੋ ਧਰਮ ਰਿਖੀਕ[1] ਪਛਾਨਹੁ ॥੫੬॥ — [1]ਇੰਦ੍ਰੀਆਂ ਦਾ ਧਰਮ।
ਲਖਨੋ ਧਰਮ ਜੁ ਮਨ ਕੋ ਹੋਈ।

ਇਸ ਪ੍ਰਕਾਰ ਸਮਝਤਿ ਹੈਂ ਸੋਈ।
ਪਰਾਰਬਧ ਲਖਿ ਭੋਗਹਿ ਜੋਊ।
ਪੁੰਨ ਪਾਪ ਮਹਿਂ ਲਿਪੈ ਨ ਸੋਊ ॥੫੭॥
ਅਰ ਜੇ ਹੈਂ ਮੂਰਖ ਅੱਗਜਾਨੀ।
ਦੰਭ ਬੈਸ਼ਨੋ ਜਿਉਂ ਬਿਧਿ ਠਾਨੀ[1]। — [1]ਦੰਭੀ) ਵੈਸ਼ਨੋ ਵਾਂਙੂੰ ਦੰਭ ਦੀ ਬਿਧਿ ਧਾਰੀ ਹੈ।
ਮਾਸ ਪਿਖਹਿਂ ਦਿਨ[1] ਨਾਕ ਦਬਾਵਹਿਂ। — [1]ਦਿਨ ਵੇਲੇ।
ਨਿਸ ਪਰ ਤਿਯ ਸੋਂ ਕੇਲ[1] ਕਮਾਵਹਿਂ ॥੫੮॥ — [1]ਪਰਾਈ ਇਸਤਰੀ ਨਾਲ ਭੋਗ।
ਲੋਚਨ ਸੁਮਤਿ ਰਿਦੈ ਜਿਸ ਨਾਂਹੀ।
ਬਿਸ਼ੈ ਬਾਸ਼ਨਾ ਅੰਧ ਕਮਾਹੀਂ।
ਵਹਿਰ ਮਾਸ ਕੋ ਜਾਨੈਂ ਮੰਦਾ।
ਛਪਿ ਕਰਿ ਭੋਗੈਂ ਹ੍ਵੈ ਦੁਖ ਦੁੰਦਾ[1] ॥੫੯॥ — [1]ਦੁਖ ਤੇ ਕਲੇਸ਼।
ਜਿਨ ਨਰ ਅੱਗਜਾਨੀ ਦੁਖ[†] ਧਾਰਾ[1]। — [1]ਜਿਸ ਅੱਗਜਾਨੀ ਪੁਰਸ਼ ਨੇ ਦੁਖ (ਰੂਪ ਅਗਜਾਨ) ਧਾਰਿਆ ਹੈ। [†]ਪਾ:-ਗੁਰ।
ਪਾਪ ਸਹਿਤ ਸੇ ਕਰਹਿਂ ਅਹਾਰਾ।
ਜੇ ਗਜਾਨੀ ਤਨ ਹੰਤ ਨਸਾਇਕ[1]। — [1]ਤਨ ਦੀ ਅਹੰਤਾ ਦੂਰ ਕੀਤੀ ਹੈ।
ਆਇ ਅਹਾਰ ਜੁ ਸਹਿਜ ਸੁਭਾਇਕ ॥੬੦॥
ਪਰਾਰਬਧ ਲਖਿ ਪਾਵਤਿ ਸੋਊ।
ਤਾਂ ਕੋ ਪਾਪ ਨ ਪੁੰਨਹਿਂ ਕੋਊ।
ਲਿਖ੍ਯੋ ਪੁਰਾਣ ਕਤੇਬ ਨ ਮਾਸਾ।
ਮਾਸ ਸੰਗ ਪੂਜਹਿਂ ਸੁਰ ਰਾਸਾ[1] ॥੬੧॥ — [1]ਮਾਸ ਨਾਲ ਪੂਜਦੇ ਹਨ ਸਾਰੇ ਦੇਵਤਿਆਂ ਨੂੰ।
ਕਾਜ ਵਿਵਾਹਾਦਿਕ ਜੇ ਸਭਿ ਹੀ।
ਬਿਨਾ ਮਾਸ ਤੇ ਸੁਭੈਂ ਨ ਕਬ ਹੀ।
ਪਾਤਿਸ਼ਾਹ ਨ੍ਰਿਪ ਆਮਿਖ ਖਾਵਤਿ।
ਜੇ ਤੁਮ ਲਖਹੁ ਨਰਕ ਸੋ ਜਾਵਤਿ ॥੬੨॥
ਤੌ ਤੁਮ ਕਿਉਂ ਲੇਂ ਤਿਨ ਕੋ ਧਾਨਾ।
ਕਰਹੁ ਅਹਾਰ ਧਾਰਿ ਅੱਗਜਾਨਾ।
ਪੂਰਬ ਗਹਿ ਤੁਮ ਨਰਕਹਿਂ ਪਾਵੈਂ।
ਪੁਨ ਪਾਛੇ ਤੇ ਸੋਇ ਸਿਧਾਵੈਂ ॥੬੩॥
ਆਪ ਨ ਬੂਝਹੁ ਲੋਕ ਬੁਝਾਵਹੁ।
ਪਾਂਡੇ ! ਖਰੇ ਸਿਆਨ ਕਹਾਵਹੁ।

ਮਾਸਾਦਿਕ ਤੇ ਤ੍ਰਿਭਵਣ ਜੋਊ।
ਸਭਿ ਹੀ ਜਲ ਤੇ ਉਤਪਤਿ ਹੋਊ ॥੬੪॥
ਜੋ ਤਜਾਗੇ ਜਲ ਕੇ ਰਸ ਰਾਸੀ[1]।
ਸੋ ਪੰਡਤ ਹ੍ਵੈ ਹੈ ਸੰਨਜਾਸੀ।
ਦੰਭ ਧਾਰਿ ਤੁਮ ਜਗ ਬਿਰਮਾਯਾ[1]।
ਆਗੈ ਪਾਵੋ ਬਹੁਤ ਸਜਾਯਾ' ॥੬੫॥
ਇਉਂ ਜਬ ਭਾਖਜੋ ਸ਼੍ਰੀ ਗੁਣ ਐਨਾ।
ਤੂਸ਼ਨ ਭੇ ਸਭਿ, ਆਇ ਨ ਬੈਨਾ।
ਝੂਠ ਕਿ ਠਹਿਰਹਿ ਸਾਚ ਅਗਾਰੀ?
ਜਿਉਂ ਕਾਇਰ ਪਿਖਿ ਸੂਰ ਉਦਾਰੀ ॥੬੬॥
ਨਾਨੂੰ ਦ੍ਵੈ ਕਰ ਬੰਦਿ ਉਚਾਰਾ।
'ਹੇ ਫ਼ਕੀਰ! ਕਜਾ ਨਾਮ ਤੁਮਾਰਾ?'
ਕਹੈਂ ਗੁਰੂ 'ਹਮ ਨਾਨਕ ਨਾਮੂ।
ਸੇਵਕ ਨਿਰੰਕਾਰ ਸੁਖਧਾਮੂ' ॥੬੭॥
ਸੁਨਿ ਕਰਿ ਨਾਨੂੰ ਸ਼੍ਰੋਨ ਮਝਾਰਾ।
ਨਿਜ ਸੰਗਿਨਿ ਸੋਂ ਬਚਨ ਉਚਾਰਾ।
'ਲਿਖਜੋ ਭਵਿੱਖਤ[1] ਮਹਿਂ ਇਤਿਹਾਸੂ।
ਸ਼੍ਰੀ ਨਾਨਕ ਅਵਤਾਰ ਪ੍ਰਕਾਸ਼ੂ ॥੬੮॥
ਯਾਂ ਤੇ ਮੈਂ ਨਿਜ ਨਾਮ ਧਰਾਵਾ।
ਬਿੱਦਜਾ ਬਲ ਜੀਤੀ ਸਭਿ ਥਾਵਾ।
ਸੋ ਮੈਂ ਨਹਿਂ, ਅਬ ਇਹ ਪ੍ਰਗਟਾਏ।
ਜਗਤ ਉਧਾਰਨ ਕੇ ਹਿਤ ਆਏ ॥੬੯॥
ਜਿਨ ਕੇ ਬਚਨ ਅਤੋਲ ਅਡੋਲਾ।
ਕਉਨ ਸਕੈ ਇਨ ਸਨਮੁਖ ਬੋਲਾ।
ਜੋ ਸੁਨਿ ਹੈਂ ਇਨ ਕੋ ਉਪਦੇਸ਼ਾ।
ਉਧਰਹਿਂ ਸੇ ਤਜਿ ਜਗਤ ਕਲੇਸ਼ਾ' ॥੭੦॥
ਅਸ ਕਹਿ ਸਭਿਨਿ ਬੰਦਨਾ ਕੀਨੀ।
ਚਰਨ ਪ੍ਰੇਮ ਮਹਿਂ ਮਤਿ ਜਿਨ ਭੀਨੀ।
ਬਿਨੈ ਕਰੀ ਬਹੁ ਭਾਂਤਿ ਸੁਹਾਵਨ।

[1]ਸਾਰੇ ਰਸ।

[1]ਭੁਲਾ ਦਿੱਤਾ ਹੈ।

[1]ਮੁਰਾਦ ਭਵਿੱਖਤ ਤੇ ਸਿਕੰਧ ਆਦਿ ਪੁਰਾਣਾਂ ਤੋਂ ਹੈ।

ਅਪਨੀ ਖ਼ਤਾ[1] ਕੇਰਿ ਬਖ਼ਸ਼ਾਵਨ ॥੭੧॥ [1]ਭੁੱਲ।
'ਹੇ ਪ੍ਰਭੁ ! ਹਮਨੈ ਗਤਿ ਨਹਿਂ ਜਾਨੀ।
ਤੂੰ ਅਵਤਰਯੋ ਸੰਤ ਗੁਨਖਾਨੀ।
ਜੋ ਜਗ ਬਡੇ ਅਚਾਰਜ[1] ਹੋਵਹਿਂ। [1]ਆਚਾਰਯ, ਮਹਾਨ ਪੁਰਖ।
ਸੋ ਪੂਰਬਲੀ ਰੀਤਿ ਨ ਖੋਵਹਿਂ ॥੭੨॥
ਪੁਰਬ ਦਿਵਸ ਮਹਿਂ ਮਾਸ ਅਹਾਰਾ।
ਖਾਨਿ[1], ਪੁਰਾਨ ਨ ਕਿਸੇ ਉਚਾਰਾ। [1]ਖਾਣਾ।
ਯਾਂ ਤੇ ਹਮ ਤੁਮਸੋਂ ਕਛੁ ਭਾਖਾ।
ਛਿਮਾ ਕਰਹੁ ਅਬ ਹਮ ਨੈ ਲਾਖਾ' ॥੭੩॥
ਸੁਨਿ ਕਰਿ ਬੋਲੇ ਗੁਨੀ ਗਹੀਰਾ।
'ਹਮ ਤੋ ਧਰੀ ਦੇਗ ਮਹਿਂ ਖੀਰਾ।
{ਕੁਰਕਸ਼ੇਤ੍ਰ ਮਾਸ ਨਹੀਂ, ਖੀਰ ਰਿੰਨ੍ਹੀ}
ਬਹੁਤੀ ਧੇਨੁ ਚੁਆਇ ਮੰਗਾਈ।
ਰੀਧਹਿਂ ਪਾਇਸੁ[1] ਕੋ ਇਹ ਥਾਈਂ ॥੭੪॥ [1]ਖੀਰ।
ਬਿਮਲ ਭਯੋ ਰਵਿ ਲਿਯ ਜੋ ਗ੍ਰਾਹੀ[1]। [1]ਸੂਰਜ ਜੋ ਗ੍ਰਸਿਆ ਗਿਆ ਸੀ ਨਿਰਛਾਇਆ ਹੋ ਗਿਆ ਹੈ।
ਅਬ ਸਭਿ ਭੋਜਨ ਕਰਹੁ ਇਹਾਂ ਹੀ।'
ਢਿਗ[†] ਬਸਾਇ ਪੰਕਤਿ ਕਰਿਵਾਈ।

[†]ਢਿਗ....ਤੋਂ.....ਤ੍ਰਿਪਤਾਏ-ਪਦ ਤੱਕ ਦੇ ਪਾਠ ਦੀ ਥਾਂ ਇਕ ਲਿਖਤੀ ਨੁਸਖੇ ਵਿਚ ਐਉਂ ਪਾਠ ਹੈ:- ਢਿਗ ਬਿਸਾਇ ਸਭਿਹਿਨਿ ਕੋ ਸੁਆਮੀ। ਨ੍ਰਿਪ ਸੁਤ ਕੋ ਕਹਿ ਅੰਤਰਜਾਮੀ। 'ਚਾਵਰ ਆਨਿ ਦੂਧ ਮਹਿ ਪਾਵਹੁ। ਕਰ ਪਾਯਸ ਸਭ ਦਿਜਨ ਖੁਵਾਵਹੁ। 'ਆਯੁਸ ਮਾਨ ਕਰੀ ਬਿਧਿ ਸੋਊ। ਚਾਵਰ ਸਿਤਾ ਆਨਿ ਕਰਿ ਦੋਊ। ਪਾਯਸ ਰੀਧ ਰਿਦੈ ਬਿਸਮਾਏ। ਦਿਜ ਸੰਨਯਾਸੀ ਸਰਬ ਜਿਵਾਏ।
ਇਨ੍ਹਾਂ ਤੁਕਾਂ ਦੇ ਹੁੰਦਿਆਂ ਫਿਰ ੭੪ ਅੰਕ ਦਾ ਅਰਥ ਐਉਂ ਲਗੇਗਾ:-ਅਸੀਂ ਫਿਰ ਧਰ ਦਿੰਦੇ ਹਾਂ ਦੇਗ ਵਿਚ ਦੁਧ, ਬਹੁਤੀਆਂ ਗਊਆਂ ਚੁਆ ਮੰਗਾਉਂਦੇ ਹਾਂ, ਏਥੇ ਖੀਰ ਨੂੰ ਰਿੰਨ੍ਹਦੇ ਹਾਂ। ਖਿਆਲ ਹੁੰਦਾ ਹੈ ਕਿ ਏਹ ਪਾਠ ਦਰੁਸਤ ਹੈ।

ਨ੍ਰਿਪ ਸੁਤ ਸਹਿ ਪਾਇਸੁ ਵਰਤਾਈ ॥੭੫॥
ਹਰਿ ਜਨ ਸੁਖ ਖਲ ਮਾਨ ਬਿਦਾਰੂ[1]। [1]ਹਰੀ ਜਨਾਂ ਨੂੰ ਸੁਖ ਦੇਣ, ਖਲਾਂ ਦਾ ਮਾਨ ਦੂਰ ਕਰਨ ਵਾਲੇ (ਗੁਰੂ ਜੀ)।
ਸ੍ਰੀ ਮੁਖ ਪੂਛਤਿ ਬਾਰ ਸੁ ਬਾਰੂ।
ਰਿਖੀ ਮੁਨੀਸ਼ੁਰ ਔਰ ਦ੍ਵਿਜਿੰਦੂ।
ਸੌਦਾਗਰ ਧਰਿ ਕਹਤਿ 'ਅਨੰਦੂ'[1] ॥੭੬॥ [1]ਰਿਖੀ, ਮੁਨੀ ਬ੍ਰਾਹਮਣ, ਧਰਤੀ ਦੇ ਸੁਦਾਗਰ ਕਹਿੰਦੇ ਹਨ:-'ਆਨੰਦ' (ਅ) ਅਨੰਦ ਧਾਰਨ ਕਰਕੇ

ਕਹਿੰਦੇ ਹਨ।

ਪਾਇਸੁ ਦੇਖਿ ਰਿਦੈ ਬਿਸਮਾਏ।
ਦ੍ਵਿਜ ਸੰਨਜਾਸੀ ਸਭਿ ਤ੍ਰਿਪਤਾਏ*।
'ਦਯੋ ਅਨੇਕਨ ਕੇਰ ਅਹਾਰੇ।
ਭਾ ਅਤੋਟ ਅਚਰਜ ਉਰ ਧਾਰੇ ॥੭੭॥
ਤਿਹ ਛਿਨ ਨਾਨੂੰ ਪੰਡਤ ਜੋਊ।
ਸਭਿਹਿਨਿ ਮਹਿਂ ਅਸ ਬੋਲਜੋ ਸੋਊ।
'ਅਪਨ ਨਾਮ ਤੇ ਏਕ ਕਕਾਰਾ[1]।
ਅਬ ਤੇ ਮੈਂ ਕਰਿ ਦੀਨ ਨਿਵਾਰਾ ॥੭੮॥
ਨਾਨਕ ਤੇ -ਨਾਨੂ- ਮੁਹਿ ਕਹੀਏ।
ਨਾਨਕ ਨਾਮ ਇਨਹਿਂ ਕੋ ਲਹੀਏ।'
ਇਸ ਪ੍ਰਕਾਰ ਕੀ ਮਹਿਮਾ ਗਾਈ।
ਸੁਨਿ ਕਰਿ ਸਭਿਹਿਨਿ ਕੇ ਮਨ ਭਾਈ ॥੭੯॥
ਪਦ ਪਾਹੁਲ ਬਹੁਤਨਿ ਤਬਿ ਲੀਨੀ।
ਗੁਰਮਤਿ ਧਰੀ ਸਗਲ ਬਿਧਿ ਚੀਨੀ।
ਸ਼੍ਰੀ ਮੁਖ ਤੇ ਅਸ ਗਿਰਾ ਉਚਾਰੀ।
'ਰਾਖਹੁ ਧਰਮ ਬਰਨ ਅਨੁਸਾਰੀ† ॥੮੦॥

[1]ਕੱਕਾ-ਅੱਖਰ।

†ਸੂਰਜ ਗ੍ਰਹਣ ਸਮੇਂ ਹਿਰਨ ਦੇ ਮਾਸ ਦਾ ਅੱਗ ਤੇ ਰਖਣਾ ਹਿੰਦੂ ਸਿਧਾਂਤ ਦੇ ਉਲਟ ਹੈ ਐਸਾ ਕੌਤਕ ਵਰਤਾਉਣਾ ਗੁਰੂ ਜੀ ਦੀ ਮਹਾਨ ਚੋਜੀ ਤੇ ਆਤਮ ਬਲ ਵਾਲੇ ਸੁਭਾਵ ਦਾ ਲਖਾਯਕ ਹੈ। ਫਿਰ ਹਿੰਦੂ ਧਰਮ ਦੇ ਮੁੱਖਯ ਤੀਰਥ ਉੱਪਰ ਹਿੰਦੂ ਧਰਮ ਦੇ ਅਸੂਲ ਦਾ ਇਸ ਤਰ੍ਹਾਂ ਖੰਡਨ ਹੁੰਦਾ ਵੇਖਕੇ ਵਿਦ੍ਵਾਨ ਪੰਡਿਤ ਤੇ ਸਾਧੂ ਮਹਾਤਮਾ ਕ੍ਰੋਧਾਤੁਰ ਹੋ ਆਏ, ਗੁਰੂ ਜੀ ਨੇ ਉਨ੍ਹਾਂ ਦਾ ਖੰਡਨ ਕਰਕੇ ਸਿੱਖੀ ਮਾਰਗ ਦੱਸਿਆ, ਸੋ ਇਹ ਕਿੱਕੁਰ ਹੋ ਸਕਦਾ ਹੈ ਕਿ ਗੁਰੂ ਜੀ ਓਸੇ ਥਾਂ ਹੀ ਉਸੇ ਹਿੰਦੂ ਮਤ ਦੇ ਵਰਣਾਸ਼੍ਰਮ ਦੇ ਦੱਸੇ ਧਰਮਾਂ ਦੇ ਧਾਰਨ ਦਾ ਉਪਦੇਸ਼ ਦੇਂਦੇ ? ਇਸੇ ਅਧਯਾਯ ਦੇ ਅੰਕ ੩੭ ਵਿਚ ਆਪ ਹੀ ਕਹਿ ਆਏ ਹਨ:-'ਜੇ ਅੱਗਯਾਨੀ ਨਰ ਮਤਿਮੰਦੇ। ਵਰਣਾਸ਼੍ਰਮ ਕੇ ਧਰਮਹਿਂ ਫੰਦੇ' ਕਵੀ ਜੀ ਵਰਗੇ ਦਾਨੇ ਅਪਣਾ ਖੰਡਨ ਆਪ ਨਹੀਂ ਕਰ ਸਕਦੇ, ਤਾਂਤੇ ਬੜਾ ਸੰਸਾ ਹੈ ਕਿ ਅੰਕ ੮੦ ਦੀ ਇਹ ਤੁਕ ਆਖੇਪਕ ਹੈ।

ਸੱਤਿਨਾਮ ਸਿਮਰਹੁ ਯੁਤਿ ਪ੍ਰੀਤੀ।
ਵੰਡ ਖਾਹੁ ਭੋਜਨ ਸ਼ੁਭ ਰੀਤੀ।
ਸਤਿਗੁਰ ਬਾਨੀ ਕੋ ਅੱਭਜਾਸਾ।
ਕਰਹੁ ਸਦਾ ਹ੍ਵੈ ਗਜਾਨ ਪ੍ਰਕਾਸ਼ਾ' ॥੮੧॥
ਇਸ ਪ੍ਰਕਾਰ ਕੋ ਸੁਨਿ ਉਪਦੇਸ਼ਾ।
ਕਰਿ ਕਰਿ ਬੰਦਨ ਗੇ ਨਿਜ ਦੇਸ਼ਾ।
ਮਹਿਮਾ ਕਰਤਿ ਜਾਤਿ ਮਗ ਮਾਂਹੀ।

'ਇਹ ਅਵਤਾਰ ਪ੍ਰਭੂ ਕੇ ਆਹੀ' ॥੮੨॥
ਪੁਨ ਰਾਨੀ ਸੁਤ ਕੋ ਸੰਗਿ ਲੀਨੇ।
ਆਨਿ ਚਰਨ ਪਰ ਬੰਦਨ ਕੀਨੇ।
ਤਿਨ ਬਿਲੋਕਿ ਬੋਲੇ ਜਗਤੇਸ਼ਾ।
'ਅਬ ਤੁਮ ਜਾਹੁ ਆਪਣੇ ਦੇਸ਼ਾ ॥੮੩॥
ਸਨਮੁਖ ਹ੍ਵੈ ਕਰਿ ਕਰਹੁ ਲਰਾਈ।
ਨਹਿਂ ਠਹਿਰੈ ਅਰਿ ਜਾਹਿ ਪਲਾਈ[1]। — [1]ਭੱਜ ਜਾਏਗਾ।
ਸਰਬ ਰਾਜ ਤੁਮ ਅਪਨਾ ਲੀਜੈ।
ਸੱਤਿਨਾਮ ਕੋ ਜਾਪ ਜਪੀਜੈ' ॥੮੪॥
ਸੁਨਿ ਰਜਾਇ ਨਿਜ ਸਿਰ ਪਰ ਧਰਿ ਕੈ।
ਗਮਨੇ ਛਿੱਪ੍ਰ[1] ਹਰਖ ਉਰ ਭਰਿ ਕੈ। — [1]ਛੇਤੀ। ਸੰਸ: ਕਿਸ਼ਪ੍ਰ]।
ਕਹੂੰ ਕਹੂੰ ਤੇ ਸੈਨ ਬਟੋਰੀ।
ਪਹੁੰਚੇ ਅਪਨੇ ਦੇਸ਼ ਬਹੋਰੀ ॥੮੫॥
ਸੰਗ ਤੁਫੰਗੈਂ[1] ਜੰਗ ਮਚਾਯੋ। — [1]ਬੰਦੂਕਾਂ ਨਾਲ।
ਬਹੁਤ ਸਾਰ ਸੋਂ ਸਾਰ ਬਜਾਯੋ[1]। — [1]ਲੋਹੇ ਨਾਲ ਲੋਹਾ ਖੜਕਾਇਆ।
ਪ੍ਰਬਲ ਲੋਹ ਇਨ ਕੋ ਭਾ ਐਸੇ।
ਆਗੈ ਠਹਿਰ ਸਕੈ ਨਹਿਂ ਕੈਸੇ ॥੮੬॥
ਮਾਰਿ ਮਾਰਿ ਭਟ ਧਰਨ ਗਿਰਾਏ।
ਰਿਪੁ ਦੇਖਹਿਂ ਜਨੁ ਜਮ ਇਹ ਆਏ।
ਸਨਮੁਖ ਜਬ ਅਸ ਕੀਨਿ ਲਰਾਈ।
ਗੁਰ ਬਰ ਤੇ ਸਭਿ ਸ਼ੱਤ੍ਰੁ ਪਲਾਈ ॥੮੭॥
ਲੀਨੋ ਸਰਬ ਜਾਇ ਨਿਜ ਦੇਸ਼ਾ।
ਕਰਤਿ ਭਯੋ ਸੋ ਰਾਜ ਨਰੇਸ਼ਾ।
ਪਟਨੇ ਨਗਰ ਬਿਖੈ ਰਜਧਾਨੀ।
ਰਹਤਿ ਭਯੋ ਗੁਰ ਮਹਿਮਾ ਜਾਨੀ ॥੮੮॥
ਸ਼੍ਰੀ ਅੰਗਦ ਜੀ ਸੁਨੀਏ ਕਾਨਾ।
ਤਹਿਂ ਤੇ ਸ਼੍ਰੀ ਗੁਰੁ ਕੀਨ ਪਯਾਨਾ।
ਅਪਰ ਥਾਨ ਕੋ ਗਮਨੇ ਸ੍ਵਾਮੀ।
ਜਗਤ ਉਧਾਰਨ ਕੇਵਲ ਕਾਮੀ[1] ॥੮੯॥ — [1]ਜਗਤ ਉਧਾਰਨ ਦਾ ਕੇਵਲ ਕੰਮ (ਜਿਨ੍ਹਾਂ ਨੇ ਆਪਣੇ ਜ਼ੁੰਮੇ ਲਿਆ ਹੈ)।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕੁਰਖੇਤ੍ਰ ਪ੍ਰਸੰਗ' ਬਰਨਨੰ ਨਾਮ ਸਪਤਮੋਂ ਅਧ੍ਯਾਯ ॥੭॥

## ੮. [ਚੰਡੀ ਮੰਗਲ। ਗੰਗਾ ਵਿਖੇ ਲਹਿੰਦੇ ਵਲ ਪਾਣੀ ਉਛਾਲਨਾ।]

੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੯

{ਗੁਰੂ ਜੀ ਹਰਿਦੁਆਰ ਪਹੁੰਚੇ} ॥੨॥
{ਗੰਗਾ ਵਿਖੇ ਲਹਿੰਦੇ ਵੱਲ ਪਾਣੀ ਉਛਾਲਣਾ} ॥੭॥
{ਪੰਡਤਾਂ ਦੇ ਮਨ ਦੀ ਦੌੜ} ॥੩੦..॥
{ਚੌਂਕੇ ਦੀ ਭਿੱਟ} ॥੪੩..॥
{ਗੰਗਾ ਦਾ ਦਰਸ਼ਨਾ ਵਾਸਤੇ ਆਉਣਾ} ॥੫੯..॥
{ਸੰਤ ਲੱਛਣ} ॥੬੫..॥
{ਗੰਗਾ ਨੇ ਭੰਡਾਰਾ ਕਰਨਾ} ॥੭੧..॥

ਦੋਹਰਾ:

**ਖਲ ਖੰਡਨ ਜਗ ਮੰਡਨੀ, ਭੁਜ ਦੰਡਨ ਬਰਬੰਡ।**

ਮੰਡਨੀ=ਮੰਡਣ ਵਾਲੀ, ਸੁਆਰਨ ਵਾਲੀ। ਭੁਜ ਦੰਡਨ=ਡੰਡੇ ਵਰਗੀਆਂ ਬਾਹਾਂ ਵਾਲੀ, (ਅ) ਦੰਡ ਦੇਣ ਦੀ ਸਮਰੱਥਾ ਵਾਲੀਆਂ ਭੁਜਾਂ ਵਾਲੀ। ਬਰਬੰਡ=ਬਲਵੰਤ। (ਅ) ਵਰ ਵੰਡਣ ਵਾਲੀ।

**ਰੁੰਡ ਕਰਨ ਅਰ ਮੁੰਡ ਭਖਿ, ਜੈ ਜੈ ਚੰਡਿ ਪ੍ਰਚੰਡ ॥੧॥**

ਰੁੰਡ ਕਰਨ=ਸਿਰ ਤੋਂ ਧੜ ਜੁਦਾ ਕਰਨ ਵਾਲੀ। ਰੁੰਡ=ਧੜ ਜਿਸ ਤੋਂ ਸਿਰ ਲਹਿ ਜਾਵੇ। [ਸੰਸ: ਰੁਣੑ] ਮੁੰਡ=ਧੜ ਤੋਂ ਕੱਟਿਆ ਸਿਰ। (ਅ) ਮੁੰਡ ਇਕ ਦੈਂਤ ਜਿਸ ਨੂੰ ਚੰਡੀ ਨੇ ਮਾਰਿਆ ਸੀ। [ਸੰਸ: ਮੁਣੑ=ਸਿਰ] ਭਖਿ=ਖਾ ਜਾਣ ਵਾਲੀ। (ਅ) ਤਬਾਹ ਕਰਨ ਵਾਲੀ, ਦਲ ਸਿੱਟਣ ਵਾਲੀ। [ਸੰਸ: ਭਕਸ਼੍ਯ, ਧਾਤੂ ਭਕਸ਼੍=੧. ਖਾਣਾ, ੨. ਤਬਾਹ ਕਰਨਾ, ੩. ਵੱਢ ਸੁੱਟਣਾ]

ਅਰਥ:

ਦੁਸ਼ਟਾਂ ਨੂੰ ਖੰਡਨ ਕਰਕੇ ਜਗਤ ਨੂੰ ਸੰਵਾਰਨ ਵਾਲੀ ਡੰਡਿਆਂ ਵਰਗੀਆਂ (ਮਜ਼ਬੂਤ) ਭੁਜਾਂ ਵਾਲੀ ਤੇ ਬਲਵਾਨ, ਧੜ ਸਿਰ ਤੋਂ ਅੱਡ ਕਰਕੇ ਸਿਰ ਦਲ ਸਿੱਟਣ ਵਾਲੀ, ਤੇਜ ਵਾਲੀ ਚੰਡਿ (ਤੈਨੂੰ) ਜੈ ਹੋਵੇ ਜੈ ਹੋਵੇ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਸ਼੍ਰੀ ਅੰਗਦ ਸੁਨੀਏ ਇਤਿਹਾਸਾ।**
**ਮੰਦ ਮੰਦ ਗਮਨੇ ਸੁਖਰਾਸਾ।**
**ਆਯੋ ਸ਼੍ਰੀ ਗੰਗਾ ਕੋ ਮੇਲਾ।**

{ਗੁਰੂ ਜੀ ਹਰਿਦੁਆਰ ਪਹੁੰਚੇ}

**ਭੀਰ ਭੂਰ ਤਹਿਂ ਭਈ ਸਕੇਲਾ[1] ॥੨॥**

[1]ਇਕੱਠੀ।

**ਪੂਰਬ ਪਸ਼ਚਮ ਉੱਤਰ ਕੇਰੇ।**
**ਨਰ ਦੱਖਣ ਕੇ ਆਇ ਘਨੇਰੇ।**
**ਮਹਾਂ ਪੁਰਬ ਲਖਿ ਮੱਜਨ ਕਾਰਨ।**
**ਅਨਗਨ ਨਰ ਭੇ ਕਲੁਖ ਉਤਾਰਨ ॥੩॥**
**ਤਹਾਂ ਜਾਇ ਡੇਰਾ ਕਿਯ ਸ੍ਵਾਮੀ।**
**ਬਡੀ ਭੀਰ ਲਖਿ ਅੰਤਰਯਾਮੀ।**
**ਸਭਿ ਕੇ ਰਿਦੇ ਮਲੀਨ ਬਿਲੋਕੇ।**

ਨਿਰਮਲ ਕਰਿ ਮਨ ਕਿਨਹੁਂ ਨ ਰੋਕੈਂ
॥ ੪ ॥
ਰੈਨ ਬਿਤੀ ਹੋਈ ਜਬਿ ਭੋਰਾ।
ਮੱਜਨ ਕਰਨ ਗਏ ਭਲਿ ਠੌਰਾ।
ਕਈ ਲੱਛ[1] ਮੱਜਨ ਨਰ ਕਰਿਹੀਂ। [1]ਕਈ ਲੱਖ!
ਭਾਉ ਭਗਤਿ ਕੋ ਉਰ ਮਹਿਂ ਧਰਿਹੀਂ
॥ ੫ ॥
ਦੇ ਸੂਰਜ ਕੋ ਨੀਰ ਘਨੇਰਾ।
ਥਿਰ ਨਹਿਂ ਮਨ ਛਿਨ ਚਹੁਂਦਿਸ਼ ਫੇਰਾ।
ਤਿਨ ਕੇ ਬੀਚ ਪਹੂੰਚੇ ਜਬ ਹੀ।
ਨ੍ਹਾਨ[1] ਕੀਨ ਸ਼੍ਰੀ ਸਤਿਗੁਰ ਤਬ ਹੀ ॥ ੬ ॥ [1]ਇਸ਼ਨਾਨ।
ਪਸ਼ਚਮ ਦਿਸ਼ਿ ਮੁਖ ਕਰਿ ਗੁਨਖਾਨੀ[1]। [1]ਗੁਰੂ ਜੀ।
ਕਰ ਅੰਜੁਲ[1] ਸੋਂ ਸੀਂਚਤਿ ਪਾਨੀ। [1]ਬੁੱਕ।
{ਗੰਗਾ ਵਿਖੇ ਲਹਿੰਦੇ ਵੱਲ ਪਾਣੀ ਉਛਾਲਣਾ}
ਕਿਤਿਕ ਕਾਲ ਕਰਿ ਇਸੀ ਪ੍ਰਕਾਰਾ।
ਸੁਰਸਰਿ ਕੇ ਮਧ ਖਰੇ ਉਦਾਰਾ[1] ॥ ੭ ॥ [1]ਭਾਵ, ਸ੍ਰੇਸ਼ਟ ਗੁਰੂ ਜੀ।
ਲੋਕ ਬਿਲੋਕਤਿ ਅਚਰਜ ਮਾਨਹਿਂ।
'ਹੈ ਇਹ ਕੌਨ', ਸਿ ਬਚਨ ਬਖਾਨਹਿਂ।
'ਹਿੰਦੂ ਕਿਧੋਂ ਤੁਰਕ ਹੈ ਕੋਈ!
ਜਾਨੀ ਜਾਇ ਨ ਇਹ ਗਤਿ ਜੋਈ' ॥ ੮ ॥
ਇਸ ਪ੍ਰਕਾਰ ਉਰ ਅਚਰਜ ਧਰਿ ਕੈ।
ਬੂਝਤਿ ਗੁਰ ਸੋਂ ਬਚਨ ਉਚਰਿ ਕੈ।
'ਹਿੰਦੂ ਕਿਧੋਂ ਤੁਰਕ ਤੂੰ ਕੋਈ?
ਕਹੋ ਸਾਚ ਨਹਿਂ ਰਾਖਹੁ ਗੋਈ[1] ॥ ੯ ॥ [1]ਗੁਪਤ।
ਤੁਰਕ ਜਿ ਹੈਂ, ਗੰਗਾ ਕਿਉਂ ਆਯੋ।
ਮਿਲੁ ਹਿੰਦੁਨ ਮੈਂ ਨ੍ਹਾਨ ਰਚਾਯੋ।
ਜੇ ਹਿੰਦੂ, ਪਸ਼ਚਮ ਮੁਖ ਕਰਿ ਕੈ।
ਨ੍ਹਾਇ ਦੇਤਿ ਜਲ ਕਜਾ ਸੁ ਬਿਚਰਿ ਕੈ[1]? [1]ਵਿਚਾਰਕੇ।
॥ ੧੦ ॥
ਇਤ ਦਿਸ਼ ਕਿਸ ਕਉ ਦੇਵਹਿਂ ਪਾਨੀ?
ਕਿਹ ਕੇ ਕਹੇ ਰੀਤਿ ਨਈ ਠਾਨੀ?'
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ।

'ਤੁਮ ਇਤ ਦਿਸ਼ ਜਲ ਦਿਹੁ ਕਜਾ ਜਾਨਾ?
॥ ੧੧ ॥
ਕਿਹ ਤੁਮ ਦੇਹੁ? ਕੌਨ ਤਿਹ ਲੇਈ?
ਪ੍ਰਥਮ ਬਤਾਵਹੁ ਮੁਝ ਕਉ ਸੇਈ।'
ਨਰ ਬੋਲੇ 'ਜੇ ਪਿਤਰ ਹਮਾਰੇ।
ਤਿਨ ਕੋ ਜਲ ਦੇ ਨ੍ਹਾਇਂ ਸਕਾਰੇ[1] ॥ ੧੨ ॥ [1]ਨ੍ਹਾ ਕੇ ਸਵੇਰੇ।
ਜਲ ਲੇ ਕਰਿ ਸੋ ਹ੍ਵੈਂ ਤ੍ਰਿਪਤਾਈ।
ਹਮ ਕੋ ਸਦਾ ਹੋਤਿ ਸੁਖਦਾਈ।'
ਸ੍ਰੀ ਗੁਰ ਤਿਨ ਸੋਂ ਬੈਨ ਉਚਾਰੈ।
'ਕਿਤਕ ਦੂਰ ਹੈਂ ਪਿਤਰ ਤੁਮਾਰੇ?
॥ ੧੩ ॥
ਜਿਨ ਕੋ ਜਲ ਤੁਮ ਦੇਤਿ ਸਦਾਈ।
ਲੇ ਕਰਿ ਜੋ ਹੋਵਤਿ ਤ੍ਰਿਪਤਾਈ।'
ਨਰ ਬੋਲੇ ਮਤਵਾਨਹਿਂ ਜੋਊ।
'ਕਿਤਕ ਸਹੰਸਰ[1] ਜੋਜਨ ਸੋਊ' ॥ ੧੪ ॥ [1]ਹਜ਼ਾਰਾਂ ਹੀ।
ਸ੍ਰੀ ਗੁਰ ਸੁਨਿ ਸ਼੍ਰੋਨਨ ਤਿਨ ਬਾਨੀ।
ਦੇਨਿ ਬਿਸਾਲ ਲਗੇ ਪੁਨ ਪਾਨੀ।
ਪਸ਼ਚਮ ਦਿਸ਼ਾ ਬਦਨ ਕੋ ਕਰਿ ਕੈ।
ਗੇਰਹਿਂ ਜਲ ਬਹੁ ਅੰਜੁਲ ਭਰਿ ਕੈ
॥ ੧੫ ॥
ਬੂਝਨ ਲਗੇ ਬਹੁਰ ਨਰ ਸੋਊ।
'ਤੈਂ ਨਿਜ ਬਾਤ ਬਤਾਇ ਨ ਕੋਊ।
ਹਿੰਦੂ ਤੁਰਕ ਕੌਨ ਹੈ ਜਾਤੀ?
ਇਤ ਦਿਸ਼ ਜਲ ਦੇ ਕਿਹ ਤ੍ਰਿਪਤਾਤੀ?'
॥ ੧੬ ॥

ਦੋਹਰਾ:
ਸੁਨਿ ਕੈ ਬੋਲੇ ਬਚਨ ਕੋ, ਸ੍ਰੀ ਬੇਦੀ ਕੁਲਕੇਤ।
'ਜਬ ਸੁਰਸਰਿ ਨ੍ਹਾਵਨ ਅਯੋ, ਪੁਰਿ[†] ਨਿਜ ਬੋਯੋ ਖੇਤ ॥ ੧੭ ॥

[†]ਕਈ ਖੋਜਕਾਂ ਦਾ ਖਿਆਲ ਹੈ ਕਿ ਕਰਤਾਰ ਪੁਰ ਵਸਾਕੇ ਸ੍ਰੀ ਗੁਰੁ ਜੀ ਗੰਗਾ ਗਏ, ਸੋ ਏਹ ਪ੍ਰਸੰਗ ਤਦੋਂ ਦਾ ਹੈ, ਕਰਤਾਰ ਪੁਰ ਤਦੋਂ ਖੇਤੀਆਂ ਕਰਵਾਉਂਦੇ ਗਏ ਸੇ। ਦੇਖੋ ਸ: ਖ਼ਜ਼ਾਨ ਸਿੰਘ ਕ੍ਰਿਤ ਇਤਿਹਾਸ ਜਿਲਦ ਪਹਿਲੀ ਸਫਾ ੧੦੩। ਇਸ ਯਾਤ੍ਰਾ ਦਾ ਸੰਮਤ ਓਥੇ ੧੫੮੭ ਬਿ: ਦਿਤਾ ਹੈ।

ਚੌਪਈ:

ਨਹਿਂ ਜਲ ਦੇਨ ਹਾਰ ਕੋ[1] ਪਾਛੇ।
ਤਿਹ ਕੋ ਨੀਰ ਦੇਉਂ ਮੈਂ ਆਛੇ।
ਜਾਇ ਨ ਸੂਕ, ਰਹੈ ਹਰਿਆਈ।
ਨਿਤ ਪਾਨੀ ਕੋ ਦੇਤਿ ਪੁਚਾਈ ॥੧੮॥
ਊਚੇ ਥਲ ਬੋਯੋ ਸੁ ਕਿਦਾਰਾ[1]।
ਢਰਿ ਜਾਵਤਿ ਬਰਖਾ ਕੋ ਬਾਰਾ।'
ਸੁਨਿ ਨਰ, ਜਾਨਿ ਬਾਵਰੋ ਕਹੈਂ।
'ਬਾਦ ਨੀਰ ਤੂੰ ਗੇਰਤਿ ਅਹੈਂ ॥੧੯॥
ਖੇਤ ਮਾਂਹਿ ਨਹਿਂ ਜਾਵਹਿ ਕੈਸੇ[1]।
ਖਰੋ ਇਹਾਂ ਪਾਨੀ ਦੇਂ ਜੈਸੇ।
ਕਹਾਂ ਖੇਤ, ਠਾਂਢੋ ਤੂੰ ਕਹਾਂ।
ਕਿਉਂ ਪ੍ਰਾਪਤਿ ਪਾਨੀ ਹ੍ਵੈ ਤਹਾਂ ॥੨੦॥

ਦੋਹਰਾ:

ਹਰੋ ਖੇਤ ਨਹਿਂ ਹੋਵਈ, ਤੂੰ ਹੈਂ ਬਡੋ ਅਜਾਨ।'
ਬਹੁਤ ਲੋਕ ਮਿਲਿ ਤਹਿਂ ਭਏ, ਬੋਲੇ ਕ੍ਰਿਪਾ ਨਿਧਾਨ ॥੨੧॥

ਚੌਪਈ:

'ਸ੍ਰੀ ਪਰਮੇਸ਼ੁਰ ਤੁਮਹਿ ਭੁਲਾਯੋ।
ਭਾਉ ਭਗਤਿ ਬਿਨ ਮਨ ਭਰਮਾਯੋ।
ਮੇਰੋ ਅਹੈ ਸਮੀਪ ਕਿਦਾਰਾ।
ਤਾਂ ਕੋ ਪਹੁੰਚ ਨ ਸਕਈ ਬਾਰਾ ॥੨੨॥
ਤੁਮਰੇ ਪਿਤਰ ਦੂਰ ਅਧਿਕਾਈ।
ਸੋ ਜਲ ਲੈ ਕੈਸੇ ਤ੍ਰਿਪਤਾਈਂ?
ਮੁਝੈ ਅਜਾਨ ਭਨਤਿ ਹੋ ਕੈਸੇ।
ਬਡੇ ਅਜਾਨ ਭਏ ਤੁਮ ਐਸੇ' ॥੨੩॥
ਅਸ ਕਹਿ ਤੂਸ਼ਨ ਭੇ ਜਗ ਸਾਈਂ।
ਬੈਠਿ ਰਹੇ ਤਬ ਤਿਸ ਹੀ ਥਾਈਂ।
ਪੁੰਜ ਮਨੁਜ ਤਹਿਂ ਮੱਜਨ ਕਰਿਹੀਂ।
ਤਟ ਪਰ ਬੈਠਿ ਧ੍ਯਾਨ ਕੋ ਧਰਿਹੀਂ ॥੨੪॥

ਦੋਹਰਾ:

[1]ਕੋਈ।

[1]ਖੇਤ।

[1]ਕਿਸੇ ਤਰ੍ਹਾਂ ਬੀ।

[1]ਪਿਤਰਾਂ ਨੂੰ ਪਾਣੀ ਦੇਣਾ ਉਨ੍ਹਾਂ ਨੂੰ ਤ੍ਰਿਪਤ ਕਰਨ

ਕੋ ਸੰਧਯਾ ਲਾਗੇ ਕਰਨ, ਕੇਤਿਕ ਤਰਪਨ[1] ਕੀਨ।
ਤੂਸ਼ਨ ਹੋ ਬੈਠੇ ਕਿਤਿਕ, ਕਰ ਮਹਿਂ ਮਾਲਾ ਲੀਨਿ ॥੨੫॥

[1]ਵਾਸਤੇ।

ਚੌਪਈ:

ਸ੍ਰੀ ਗੁਰ ਸਭਿ ਕੇ ਮਨ ਕੀ ਜਾਨੈ।
ਤਿਨਹਿਂ ਸੁਨਾਵੈਂ ਬਚਨ ਬਖਾਨੈ।
'ਦੇਖਹੁ ਹਿੰਦੂ ਨਰਕ ਸਿਧਾਰਹਿਂ।
ਜਮ ਗਹਿ ਲੇਹਿ ਮਾਰ ਬਹੁ ਮਾਰਹਿ' ॥੨੬॥
ਨਰ ਸੁਨਿ ਕਹੈਂ 'ਜਪਤਜੋ ਹਰਿ ਨਾਈ[1]।
ਕੈਸੇ ਏਹ ਨਰਕ ਕੋ ਜਾਈਂ।
ਆਗੈ ਤੈਂ ਕੀਨੀ ਵਿਪਰੀਤਾ।
ਅਬਿ ਕਸ ਬੋਲਤਿ ਭਯੋ? ਅਭੀਤਾ[1]!' ॥੨੭॥

[1]ਹਰੀ ਦਾ ਨਾਮ।

[1]ਹੇ ਨਿਡਰ!

ਸੁਧੇ ਮਗ ਕੇ ਪਾਵਨ ਹੇਤਾ।
ਪੁਨ ਬੋਲੇ ਬੇਦੀ ਕੁਲ ਕੇਤਾ।
'ਜੇ ਤੁਮ ਨਾਮ ਬਿਖੈ ਲਿਵ ਲਾਵਹੁ।
ਕਿਉਂ ਤੁਮ ਅੰਤ ਅਧੋਗਤਿ[1] ਜਾਵਹੁ ॥੨੮॥
ਲੇ ਮਾਲਾ ਬੈਠੇ ਕਰ ਮਾਂਹੀ।
ਮਨ ਇਸਥਰ ਇਕ ਛਿਨ ਭੀ ਨਾਂਹੀ।
ਲੋਕ ਦਿਖਾਵਨ ਹਿਤ ਦਿਨ ਰਾਤੀ।
ਕਰਹੁ ਦੰਭ ਬੈਠੇ ਭਲਿ ਭਾਂਤੀ ॥੨੯॥

[1]ਨੀਚ ਗਤੀ ਨੂੰ।

ਦੋਹਰਾ:

ਕੈਸੇ ਜਪਤਾ ਨਾਮ ਤੂੰ, ਮਨ ਪਠਿਯੋ ਮੁਲਤਾਨ।
{ਪੰਡਤਾਂ ਦੇ ਮਨ ਦੀ ਦੌੜ}
ਤੇਰੋ ਕਾਬਲ ਮਹਿਂ ਗਯੋ, ਕਰੀਏ ਸਾਚ ਬਖਾਨ ॥੩੦॥

ਚੌਪਈ:

ਇੰਦ੍ਰਪ੍ਰਸਤ[1] ਮਹਿਂ ਬਿਚਰਤਿ ਤੇਰਾ।
ਤਕੈਂ ਲਾਭ ਹਜਾਂ ਹੋਇ ਘਨੇਰਾ।'

[1]ਦਿੱਲੀ।

ਜਹਿਂ ਜਹਿਂ ਮਨ ਸਭਿਹਿਨਿ ਕੋ ਗਏ।
ਸ਼੍ਰੀ ਗੁਰ ਤਹਾਂ ਬਤਾਵਤਿ ਭਏ ॥੩੧॥
ਸਭਿ ਮਾਨਵ ਨੇ ਸੁਨਿ ਅਸ ਬੈਨੰ।
ਜਾਨਜੋ -ਪਰਮੇਸ਼ੁਰ ਗਤਿ ਦੈਨੰ-।
ਹਾਥ ਬੰਦਿ ਹੋਏ ਮਨ ਦੀਨੰ।
ਚਰਨ ਕਮਲ ਪਰ ਬੰਦਨ ਕੀਨੰ ॥੩੨॥
ਬਿਨੈ ਭਨਤਿ 'ਭੂਲੇ ਹੈਂ ਤੁਮ ਤੇ।
ਬਖਸ਼ਹੁ ਗੁਨਹਿਂ ਭਏ ਜੋ ਹਮ ਤੇ।
ਮਹਿਮਾ ਆਗੈ ਹਮ ਨਹਿਂ ਜਾਨੀ।
ਅਬ ਜਾਨੀ ਤੁਮ ਹੋ ਗਤਿਦਾਨੀ' ॥੩੩॥

ਦੋਹਰਾ:
ਤਰਪਣ ਮਾਲਾ ਤਜਿ ਸਭੈ, ਠਾਕੁਰ ਪੂਜਾ ਛੋਰਿ।
ਆਵਹਿਂ ਗੁਰੂ ਸਮੀਪ ਸਭਿ, ਬੰਦਹਿਂ ਦ੍ਵੈ ਕਰ ਜੋਰਿ ॥੩੪॥

ਚੌਪਈ:
'ਅਬ ਤੁਮ ਸਿੱਖ ਆਪਨੇ ਕਰਿਯੇ।
ਪਦ ਰਜ[1] ਦੇਯ ਪਾਪ ਪਰਹਰਿਯੇ। [1]ਚਰਨਾਂ ਦੀ ਧੂੜੀ।
ਭੂਲੇ ਹਮ, ਮਗ ਦੇਹੁ ਬਤਾਈ।
ਮਹਾਂ ਪੁਰਖ ਤੁਮ ਹੋ ਗਤਿਦਾਈ ॥੩੫॥
ਗੁਰੂ ਹਮਾਰੇ ਭੇ ਤੁਮ ਅਬ ਹੀ।'
ਇਸ ਪ੍ਰਕਾਰ ਕਹਿ ਬੰਦੈਂ ਸਭਿ ਹੀ।
ਸ਼੍ਰੀ ਗੁਰ ਕਹੈਂ 'ਸੁਨਹੁ ਰੇ ਲੋਕੋ!
ਕੈਸੇ ਸਿੱਖ ਕਰੌਂ ਤੁਮਨੋ[1] ਕੋ? ॥੩੬॥ [1]ਤੁਹਾਨੂੰ।
ਮਨ ਮਲੀਨ ਤੁਮ ਕਰੁ ਗੁਰ ਔਰੇ।
ਸਮਝਤਿ ਹੋ ਤੁਮ ਹਮ ਕੋ ਬੌਰੇ।'
ਕਹੈਂ ਸੁ ਨਰ 'ਅਬ ਤਜੈਂ ਨ ਤੁਮ ਕੋ।
ਇਉਂ ਕਹਿ ਬੈਨ ਭੁਲਾਵਤਿ ਹਮ ਕੋ' ॥੩੭॥

ਦੋਹਰਾ:
ਰਹੇ ਚਰਨ ਲਪਟਾਇ ਜਬ, ਗੁਰੂ ਮ੍ਰਿਦੁਲ ਕਹਿ ਬੈਨ।

ਸਭਿ ਕੋ ਦੇ ਸੰਤੋਖ ਤਬਿ, ਬੈਠਿ ਗਏ
ਗੁਨਐਨ ॥੩੮॥

ਚੌਪਈ:

ਤਿਨ ਕੋ ਭੋਜਨ ਭਯੋ ਤਿਆਰੀ।
ਸਭਿ ਨਰ ਗੁਰ ਸੋਂ ਗਿਰਾ ਉਚਾਰੀ।
'ਕਰੁਨਾ ਕਰਿ ਅਹਾਰ ਕੋ ਕੀਜੈ।
ਜਨਮ ਸਫਲਤਾ ਹਮ ਕੋ ਦੀਜੈ' ॥੩੯॥
ਗੁਰੂ ਕਹੈਂ 'ਨਹਿਂ ਭੋਜਨ ਖਾਵੋਂ।
ਤੁਮਰੇ ਸੰਗਿ ਨ ਕਤਹੂੰ ਜਾਵੋਂ।'
ਸੁਨਹੁ ਗੁਰੂ 'ਹਿਤ ਸ੍ਰੀ ਕਰਤਾਰਾ।
ਉਠਿ ਕਰਿ ਅਚਿਯੇ ਆਪ ਅਹਾਰਾ'
॥੪੦॥
ਸੁਨਿ ਇਉਂ ਸੰਗਿ ਚਲੇ ਸੁਖਦਾਈ।
ਜਹਾਂ ਰਸੋਈ ਤਿਨਹਿਂ ਬਨਾਈ।
ਪਹੁੰਚੇ ਜਾਇ ਤਾਂਹਿ ਕੇ ਡੇਰੇ।
ਉਰ ਸ਼ਰਧਾ ਤਿਨ ਵਧੀ ਵਧੇਰੇ ॥੪੧॥

ਦੋਹਰਾ:

ਪਟ ਉਤਾਰ ਖੱਤ੍ਰੀ ਦਿਜਨ, ਚੌਕੇ ਬੈਠੇ
ਜਾਇ।
ਪਦ ਪਖਾਰ ਕਾਰੀ ਕਰੀ[1], ਗੁਰ ਅੰਤਰ
ਬੈਸਾਇ ॥੪੨॥

[1]ਲਕੀਰ ਕੱਢੀ।

ਚੌਪਈ:

ਤਿਨ ਸੋਂ ਸ੍ਰੀ ਗੁਰ ਗਿਰਾ ਅਲਾਈ।
'ਭਿਟਿਓ ਚੌਕਾ ਦਿਯੋ ਗਵਾਈ।

{ਚੌਂਕੇ ਦੀ ਭਿੱਟ}

ਕਿਉਂ ਕਾਢਤਿ ਹੋ ਇਹਠਾਂ ਕਾਰਾ?
ਅੰਤਰ ਚੌਕਾ ਭਯੋ ਖੁਆਰਾ' ॥੪੩॥
ਸੁਨਿ ਕਹਿ ਬਿੱਪ੍ਰਨ ਬੈਨ ਅਲਾਯੋ।
'ਬਹੁ ਸੁਚਿ ਸੋਂ ਭੋਜਨ ਕਰਿਵਾਯੋ।
ਚੌਕਾ ਗੋਬਰ ਕੋ ਕਰਿ ਲੀਨਾ।
ਨਿਕਟਿ ਨ ਕੋਊ ਆਵਨ ਦੀਨਾ ॥੪੪॥
ਸਮਧਾ[1] ਧੋਇ ਅੰਨ ਚੁਨ ਸਭਿ ਹੀ।
ਬੈਠਿ ਹਦੂਰ ਕਰਾਯੋ ਅਬ ਹੀ।

[1]ਲਕੜਾਂ।

ਭਿਟੀ ਰਸੋਈ ਕਿਹ ਤੇ ਦੇਖੀ?
ਸੁਚ ਸੰਜਮ ਹਮ ਕੀਨ ਵਿਸ਼ੇਖੀ' ॥੪੫॥

ਦੋਹਰਾ:

ਬੋਲੇ ਸ੍ਰੀ ਨਾਨਕ ਬਹੁਰ 'ਜਾਵਦ ਤੁਮ ਨਹਿਂ ਆਇ।
ਤਾਵਦ ਚੌਕਾ ਸੁੱਧ ਥੋ, ਅਬ ਤੁਮ ਦਯੋ ਗਵਾਇ ॥੪੬॥

ਚੌਪਈ:

ਤੁਮਰੇ ਸੰਗ ਚੜੇ ਹੈਂ ਨੀਚੁ।
ਭਿਟਿਓ ਚੌਕਾ ਆਏ ਬੀਚੁ।"[1] [1]ਦਿਜ ਬੋਲੇ।
'ਸ੍ਰੀ ਗੁਰ! ਹਮ ਕੋ ਦੀਸਤਿ ਨਾਂਹੀ।
ਕਹਾਂ ਚਢੇ ਹੈਂ ਚੌਕੇ ਮਾਂਹੀ ॥੪੭॥
ਸੁਚ ਸੋਂ ਬਨੀ ਰਸੋਈ ਸਾਰੀ।
ਅਚਹੁ ਅਹਾਰ ਕ੍ਰਿਪਾ ਨਿਜ ਧਾਰੀ।
ਜੇ ਨਹਿਂ ਅਚੋ ਬਤਾਵੋ ਹਮ ਕੋ।
ਦੀਸਹਿਂ ਨੀਚ ਚਢੇ ਜੋ ਤੁਮ ਕੋ ॥੪੮॥
ਬਿਨਾਂ ਬਤਾਏ ਸਾਚ ਨ ਜਾਨਹਿਂ।
ਅਸ ਮਤਿ ਨਹਿਂ, ਜੇ ਆਪ ਪਛਾਨਹਿਂ।'
ਇਉਂ ਸੁਨਿ ਕੈ ਮਨੁਜਨ ਤੇ ਬਾਨੀ।
ਇਕ ਸਲੋਕ ਉਚਰਯੋ ਗੁਨਖਾਨੀ ॥੪੯॥

ਸ੍ਰੀ ਮੁਖਵਾਕ ॥
ਸਲੋਕ ਮਃ ੧ ॥
ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥

ਦੋਹਰਾ:

'ਚੌਕਾ ਇਨ ਕੇ ਚਢੇ ਤੇ ਭਿਟਿਓ ਗਯੋ ਗਵਾਇ।
ਮਨ ਕੇ ਮੁਨਸਬ ਹੋਇ ਕੇ ਗੁਨਹੁ ਜਿ ਬਨਯੋ ਬਨਾਇ' ॥੫੦॥

ਸੋਰਠਾ:

'ਕਿਹ ਬਿਧਿ ਹੋਇ ਪੁਨੀਤ?
ਕਹਹੁ ਗੁਰੂ!' ਬੂਝੈਂ ਸੁ ਨਰ।
ਦੇਖੀ ਤਿਨ ਕੀ ਪ੍ਰੀਤਿ

ਦਯਾ ਸਿੰਧੁ ਬੋਲਤਿ ਭਏ ॥੫੧॥

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

ਚੌਪਈ:

'ਇਉਂ ਪੁਨੀਤ ਜੇ ਚਉਕਾ ਹੋਇ।
ਭਿਟਿਓ ਜਾਇ ਨ ਕਬਹੂੰ ਸੋਇ।
ਇਸ ਪ੍ਰਕਾਰ ਤੁਮ ਉਰ ਮਹਿਂ ਧਾਰਹੁ।
ਮਨ ਮਲੀਨਤਾ ਸਰਬ ਨਿਵਾਰਹੁ' ॥੫੨॥
ਸ਼੍ਰੀ ਨਾਨਕ ਕੇ ਸੁਨਿ ਬਚ ਐਸੇ।
ਉਰ ਮਹਿਂ ਗੁਨਤਿ ਹੁਤੋ ਮਨ ਜੈਸੇ।
ਜਾਨੇ ਅਪਨੇ ਸਰਬ ਬਿਕਾਰਨ।
ਚਹਿਤਿ ਭਏ -ਅਬ ਕਿਉਂ ਹ੍ਵੈ ਟਾਰਨ- ॥੫੩॥
ਅਵਰ ਠੌਰ ਤੇ ਮਨ ਕੋ ਮੋਰਾ[1][†]।
ਸ਼੍ਰੀ ਗੁਰ ਪਗ ਮਹਿਂ ਨਿਸ਼ਚਾ ਜੋਰਾ।
ਬਿਨੈ ਭਨਤਿ 'ਹਮ ਕੋ ਸਿਖ ਕੀਜੈ।
ਸ਼ਰਨ ਪਰੇ ਕੀ ਲਾਜ ਰਖੀਜੈ ॥੫੪॥

[1]ਮੋੜਿਆ। [†]ਪਾ:-ਅਪਨੇ ਗਰ ਮਹਿਂ ਜੰਵ ਤੋਰਾ।

ਦੋਹਰਾ:

ਜਿਉਂ ਜਾਨਹੁ ਤਿਉਂ ਤਾਰੀਏ, ਔਰ ਨ ਹਮ ਕੋ ਥਾਇ॥
ਪਰਮੇਸ਼ੁਰ ਕੋ ਰੂਪ ਹੋ, ਜਪੈਂ ਤਿਹਾਰੋ ਨਾਇ[1]' ॥੫੫॥

[1]ਨਾਮ।

ਚੌਪਈ:

ਲਖੇ ਦੀਨ ਗੁਰ ਬੈਨ ਉਚਾਰੇ।
'ਜਿਤਨੋ ਹੈ ਧਨ ਪਾਸ ਤੁਮਾਰੇ।
ਪਰਮੇਸ਼ੁਰ ਹਿਤ ਸਰਬ ਲੁਟਾਵਹੁ।
ਪੁਨ ਸਿਖ ਹੋਇ ਪਰਮ ਸੁਖ ਪਾਵਹੁ' ॥੫੬॥
ਤਿਹ ਛਿਨ ਜਿਨ ਜਿਨ ਮਾਨੀ ਆਇਸੁ।
ਸਰਬ ਦਰਬ ਕੋ ਦੀਨ ਲੁਟਾਇਸ।
ਤਿਨ ਪਰ ਮਿਹਰ ਦ੍ਰਿਸ਼ਟਿ ਜਗਤੇਸ਼ਾ।
ਸੱਤਿਨਾਮ ਕੋ ਦਿਯ ਉਪਦੇਸ਼ਾ ॥੫੭॥
ਪ੍ਰੇਮ ਨਾਮ ਕੋ ਰੰਗ ਚਢਾਵਾ।

ਮਨ ਕੋ ਸ਼ਾਂਤਿ ਦਈ ਸੁਖ ਪਾਵਾ।
ਅੰਤ ਕਾਲ ਮਹਿਂ ਸ਼ੁਭ ਗਤਿ ਪਾਈ।
ਜੀਵਤਿ ਨਾਮ ਬਿਖੈ ਲਿਵ ਲਾਈ ॥੫੮॥

ਦੋਹਰਾ:
ਇਸ ਪ੍ਰਕਾਰ ਸੋ ਸਿਖ ਕਰੇ
ਰੈਨ ਭਈ ਪੁਨ ਆਇ।
ਸ੍ਰੀ ਗੰਗਾ ਤਨ ਧਾਰਿ ਕੈ
ਚਲਿ ਪਹੁੰਚੀ ਤਿਹ ਥਾਇਂ ॥੫੯॥

{ਗੰਗਾ ਦਾ ਦਰਸ਼ਨਾ ਵਾਸਤੇ ਆਉਣਾ}

ਚੌਪਈ:
ਕੰਚਨ ਥਾਰ[1] ਲਿਯੇ ਨਿਜ ਹਾਥਾ।
ਭਰਯੋ ਨਿਹਕ[1] ਮੁਕਤਾ[2] ਕੇ ਸਾਥਾ।
ਧਰੀ ਭੇਟ ਸ੍ਰੀ ਗੁਰੂ ਅਗਾਰੀ।
ਕਰਿ ਪਦ ਬੰਦਨ ਗਿਰਾ ਉਚਾਰੀ ॥੬੦॥
'ਦੁਸ਼ਤਰ ਅਤਿ ਕਲਿਮਲ ਕਲਿ ਕਾਲਾ।
ਮੋ ਤੇ ਸਹੇ ਨ ਜਾਇਂ ਕ੍ਰਿਪਾਲਾ!
ਕ੍ਰਿਪਾ ਧਾਰਿ ਸੋ ਕਰਹੁ ਉਪਾਈ।
ਜਾਂ ਤੇ ਹ੍ਵੈ ਸੁਖ ਮੋਹਿ ਸਦਾਈ ॥੬੧॥
ਤੁਮ ਉਪਕਾਰ ਕਰਨ ਕੇ ਹੇਤਾ।
ਦੇਹਿ ਧਰੀ ਬੇਦੀ ਕੁਲ ਕੇਤਾ!'
ਸੁਨਿ ਕਰਿ ਸੁਰਸਰਿ ਕੀ ਅਸਬਾਨੀ।
ਕ੍ਰਿਪਾ ਧਾਰਿ ਬੋਲੇ ਗੁਨ ਖਾਨੀ ॥੬੨॥
'ਜੇ ਪਰਮੇਸੁਰ ਪਰਮ ਪਿਆਰੇ।
ਕਰਹੁ ਧਯਾਨ ਤਿਨ ਸੰਝ ਸਕਾਰੇ[1]।
ਤੋ ਮਹਿਂ ਚਰਨ ਆਨਿ ਜਬ ਪਾਵੈਂ।
ਤਤਛਿਨ ਤੁਮਰੇ ਕਲੁਖ ਨਸਾਵੈਂ ॥੬੩॥
ਜਿਉਂ ਆਵਤਿ ਕਾਤਿਕ ਕੋ ਮਾਸਾ।
ਬਿਮਲ ਸੁੱਧ ਹ੍ਵੈ ਜਾਤਿ ਅਕਾਸ਼ਾ।
ਤਿਉਂ ਨਿਰਮਲ ਹੋਵੈਂ ਤਤਕਾਲਾ।
ਸੰਤਨ ਲੱਛਨਾ ਸੁਨਹੁ ਰਸਾਲਾ ॥੬੪॥
ਸਕਤਾ ਰਜਤ ਜਗਤ ਕੋ ਜਾਨਤਿ[1]।

[1]ਥਾਲ।

[1]ਹੀਰੇ। [2]ਮੋਤੀਆਂ।

[1]ਸ਼ਾਮ ਸਵੇਰੇ।

[1]ਸਿੱਪੀ ਵਿੱਚ ਜਿਵੇਂ ਚਾਂਦੀ ਦਾ ਭੁਲੇਖਾ ਹੁੰਦਾ ਹੈ ਤਿਵੇਂ ਓਹ ਜਗਤ ਨੂੰ ਜਾਣਦੇ ਹਨ ਕਿ (ਨਾਸ਼ਮਾਨ ਹੈ) ਭੁਲੇਵਾ ਹੈ।

ਹਰਖ ਸ਼ੋਕ ਮਹਿਂ ਰਹਤਿ ਸਮਾਨਤ[1]। [1]ਇਕੋ ਜਿਹੇ।
ਮ੍ਰਿਦੁਲ ਰਿਦਾ, ਨਿਤ ਪਰਉਪਾਕਰੀ।
ਬਿਖੈ ਬਾਸ਼ਨਾ ਉਰ ਤੇ ਜਾਰੀ[1] ॥੬੫॥ [1]ਸਾੜੀ।
ਪਰ ਦੁਖ ਦੇਖਿ ਦੁਖੀ ਹ੍ਵੈ ਜਾਹੀਂ।
ਪਰ ਸੁਖ ਲਖਿ ਹਰਖੈਂ ਮਨ ਮਾਂਹੀ।
ਹਰਿ ਸਿਮਰਨ ਕੇ ਰੰਗੇ ਰੰਗਾ।
ਦ੍ਰੋਹ[1] ਨ ਮੋਹ ਨ ਮਾਨ ਉਤੰਗਾ[†] ॥੬੬॥ [1]ਵੈਰ। [†]ਪਾ:-ਅਨੰਗਾ।
ਤਿਨਕੇ ਚਰਨ ਸੰਗ ਅਘ ਤੇਰੇ।
ਹੋਹਿਂ ਨਸ਼ਟ ਨਹਿਂ ਲਾਗਹਿ ਦੇਰੇ।'
ਸ਼੍ਰੀ ਗੰਗਾ ਜੀ ਸੁਨਿ ਕੇ ਗਾਥਾ।
ਪਰਸੇ ਹਾਥ[1] ਪੈਰ ਜਗਨਾਥਾ ॥੬੭॥ [1]ਹਥਾਂ ਨਾਲ।

ਦੋਹਰਾ:

ਪਰਸਤਿ ਹੀ ਨਿਰਮਲ ਭਈ, ਜਿਉਂ ਪਟ ਸਾਬਨ ਸਾਥ।
ਕਹਤਿ 'ਉਪਾਇਨ ਲੀਜੀਏ, ਤੁਮ ਹੋ ਦੀਨਾ ਨਾਥ' ॥੬੮॥

ਚੌਪਈ:

ਸੁਨਿ ਕਰਿ ਸ਼੍ਰੀ ਗੁਰ ਬੈਨ ਉਚਾਰੇ।
'ਇਹ ਧਨ ਨਹਿਂ ਕਿਛੁ ਕਾਜ ਹਮਾਰੇ।
ਸਰਬ ਵਸਤੁ ਕੇ ਕਰਹੁ ਭੰਡਾਰਾ।
ਹਿਤ ਪਰਮੇਸ਼ੁਰ ਦੇਉ ਅਹਾਰਾ' ॥੬੯॥
ਗੰਗ ਕਹੈ 'ਧਰਿ ਕ੍ਰਿਪਾ ਗੁਸਾਈਂ!
ਤੁਮ ਭੀ ਅਸਨ ਅਚਹੁ ਤਹਿਂ ਆਈ।'
ਇਸ ਪ੍ਰਕਾਰ ਕਹਿ ਬਹੁਰ ਪਧਾਰੀ।
ਭਈ ਭੋਰ ਉਦਤਯੋ ਤਿਮਰਾਰੀ[1] ॥੭੦॥ [1]ਸੂਰਜ ਚੜ੍ਹਿਆ।
ਤਬ ਹੀ ਸੁਰਸਰਿ ਕੀਨ ਭੰਡਾਰਾ।
{ਗੰਗਾ ਨੇ ਭੰਡਾਰਾ ਕਰਨਾ}
ਨਾਨਾ ਬਿਧਿ ਕੇ ਬਨੇ ਅਹਾਰਾ।
ਸਰਬ ਸੁਰਨ ਕੋ ਕੀਨ ਅਵਾਹਨ[1]। [1]ਸੱਦਿਆ।
ਤਿਹ ਛਿਨ ਆਏ ਜਹਿਂ ਜਲ ਪਾਵਨ[1] ॥੭੧॥ [1]ਪਵਿੱਤ੍ਰ ਜਲ ਵਾਲੀ ਭਾਵ ਗੰਗਾ।
ਨਾਰਦ ਸ਼੍ਰੀ ਬ੍ਰਹਮਾ ਸੰਗ ਅਵਾ।

ਗੌਰੀ ਸੋਂ ਸ਼੍ਰੀ ਸ਼ੰਭੁ ਸੁਹਾਵਾ।
ਸਸਿ[1] ਸਵਿਤਾ[2], ਸਨਿਕਾਦਿਕ, ਪਾਵਕ[3]। — [1]ਚੰਦਰਮਾ। [2]ਸੂਰਜ। [3]ਅਗਨੀ।
ਬਰੁਨ, ਕੁਬੇਰੁ, ਸਮੀਰ[1], ਬਿਨਾਇਕ[2] ॥ ੭੨ ॥ — [1]ਵਾਯੂ। [2]ਗਣੇਸ਼।
ਇੰਦ੍ਰ ਆਦਿ ਜੋ ਹੈਂ ਸੁਰ[1] ਸਾਰੇ। — [1]ਦੇਵਤੇ।
ਸਭਿ ਆਏ ਸੁਰ ਨਦੀ[1] ਹਕਾਰੇ।' — [1]ਭਾਵ ਗੰਗਾ ਦੇ।
ਰਿਖਿ ਮੁਨਿ ਜਤੀ ਸਤੀ ਸੰਨਜਾਸੀ।
ਤਪੀ ਦਿਗੰਬਰ ਆਏ ਰਾਸੀ ॥ ੭੩ ॥
ਸੁਰ ਸਭਿ ਦੁਤਿਯ ਰੂਪ ਕੋ ਧਾਰੇ।
ਸ਼੍ਰੀ ਨਾਨਕ ਪੁਨ ਤਹਾਂ ਪਧਾਰੇ।
ਮਿਲਿ ਕੈ ਸਰਬ ਕਰਹਿਂ ਪਦਬੰਦਨ।
ਮਹਿਮਾ ਜਾਨਹਿਂ ਕਲੁਖ ਨਿਕੰਦਨ[1] ॥ ੭੪ ॥ — [1]ਭਾਵ ਗੁਰੂ ਜੀ ਦੀ
ਔਰ ਸੇਵ ਸੁਰ ਸਰਬ ਸਮ੍ਹਾਰੀ।
ਕਰਨੀ ਜੇ ਅਹਾਰ ਕੀ ਤਯਾਰੀ।
ਸ਼੍ਰੀ ਨਾਨਕ ਕਰ ਮਹਿਂ ਜਲ ਧਾਰਨ।
ਸਾਂਭੀ ਸੇਵਾ ਚਰਨ ਪਖ਼ਾਰਨ† ॥ ੭੫ ॥ — †ਕਵਿ ਜੀ ਦਾ ਅਭਿਪ੍ਰਾਯ ਸਤਿਗੁਰ ਜੀ ਦੀ ਨਿੰਮ੍ਰਤਾ ਦਿਖਾਲਕੇ ਗੁਰੂ ਸਿੱਖਾਂ ਨੂੰ ਇਸ ਸ਼ੁਭ ਗੁਣ ਦਾ ਉਪਦੇਸ਼ ਕਰਨੇ ਤੋਂ ਹੈ, ਦੇਉਤਾ ਪੂਜਣ ਦਾ ਭਾਵ ਨਹੀਂ। ਕ੍ਰਿਸ਼ਨ ਈਸਾ ਆਦਿ ਨੇ ਬੀ ਚਰਨ ਧੋਣ ਦੀ ਸੇਵਾ ਕੀਤੀ ਲਿਖੀ ਹੈ।
ਇਸ ਪ੍ਰਕਾਰ ਸਭਿ ਅਚਕੋ ਅਹਾਰਾ।
ਉਰ ਹਰਖੇ ਗੁਰ ਦਰਸ ਨਿਹਾਰਾ।
ਬਹੁਰੋ ਕਰਿ ਕਰਿ ਚਰਨ ਪ੍ਰਨਾਮੂ।
ਗਮਨ ਕਿਯੋ ਸਭਿ ਅਪਨੇ ਧਾਮੂ ॥ ੭੬ ॥
ਪੁਨ ਸ਼੍ਰੀ ਗੰਗਾ ਬੰਦਨ ਕਰਿ ਕੈ।
ਅਪਨ ਪ੍ਰਵਾਹ ਸਮਾਈ ਬਰਿ ਕੈ।
ਜਿਉਂ ਹਿਮ[1] ਕੀ ਪੁਤਰੀ[2] ਕਿਤ ਹੋਇ। — [1]ਬਰਫ। [2]ਪੁਤਲੀ।
ਲਗੇ ਤੇਜ[1] ਜਲ ਹੋਵਤਿ ਸੋਇ† ॥ ੭੭ ॥ — [1]ਗਰਮੀ ਲੱਗਿਆਂ।

†ਇਸ ਗੰਗਾ ਦੀ ਕਥਾ ਤੋਂ ਕਵਿ ਜੀ ਦੀ ਮੁਰਾਦ ਇਸ ਅਸੂਲ ਦੇ ਪ੍ਰਤੀਪਾਦਨ ਕਰਨ ਦੀ ਜਾਪਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ:-
ਗੰਗਾ ਜਮਨਾ ਗੋਦਾਵਰੀ ਸੁਰਸਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧ ॥
[ਮਲਾਰ ਮ: ੪

ਗੁਰੂ ਨਾਨਕ ਦੇਵ ਗੁਰਮੁਖ ਹੈਨ, ਗੁਰੂ ਹੈਨ, ਗੋਬਿੰਦ ਰੂਪ ਹੈਨ, ਉਹਨਾਂ ਦਾ ਵਜੂਦ ਸਭ ਤੀਰਥਾਂ ਦੇਵਤਿਆਂ ਤੋਂ ਉੱਚਾ ਹੈ, ਸਾਰੇ ਉਨ੍ਹਾਂ ਦੀ ਪੂਜਾ ਕਰਦੇ ਹਨ। ਇਹ ਮੁਰਾਦ ਕਵਿ ਜੀ ਇਥੇ ਅੰਕਿਤ ਕਰਦੇ ਹਨ। ਗੰਗਾ ਪ੍ਰੇਮੀਆਂ ਲਈ ਉਪਦੇਸ਼ ਹੈ ਕਿ ਉਹਨਾਂ ਦਾ ਸਤਿਗੁਰੂ ਗੰਗਾ ਤੋਂ ਬਹੁਤ ਵੱਡਾ ਹੈ ਜਿਹਾ ਕਿ:- ਜਨ ਕੇ ਚਰਨ ਤੀਰਥ ਕੋਟਿ ਗੰਗਾ ॥

ਬਿਹਾ: ਮਃ ੫

ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੇ ਸਦਾ ਵਿਸੇਖੁ ॥ [ਵਾਰ ਮਾਝ ਮਃ ੧

ਦੋਹਰਾ:

ਮਿਲਹਿਂ ਪਰਸਪਰ ਨਰ ਕਹੈਂ, 'ਕਿਨ
ਭੰਡਾਰਾ ਕੀਨ?'
ਸਭਿ ਕੋ ਸੰਸੈ ਹੋਤਿ ਭਾ, ਨਾਮ ਨ ਕਿਨਹੂੰ
ਚੀਨ ॥੨੮॥

ਚੌਪਈ:

ਕਿਤਿਕ ਦਿਵਸ ਗੰਗਾ ਕੇ ਤੀਰਾ।
ਭਗਤਿ ਦ੍ਰਿੜਾਈ ਗੁਨੀ ਗਹੀਰਾ।
ਪੁਨ ਅੱਗ੍ਰਜ ਕੌ ਕੀਨ ਪਯਾਨਾ।
ਜਿਨਕੇ ਨਾਮ ਜਪੇ ਦੁਖ ਹਾਨਾ ॥੨੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਗੰਗਾ ਪ੍ਰਸੰਗ' ਬਰਨਨੰ ਨਾਮ ਅਸ਼ਟਮੋਂ ਅਧਯਾਯ ॥੮॥

## ੯. [ਸ਼ਾਰਦਾ ਮੰਗਲ। ਬ੍ਰਿਜ, ਅਯੁੱਧਯਾ, ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼]

੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੦

{ਗੁਰੂ ਜੀ ਬ੍ਰਿਜ ਪਹੁੰਚੇ} ॥੩..॥
{ਬ੍ਰਿਜ ਪਰਬਤ ਦੀ ਪੌਰਾਣਕ ਕਥਾ} ॥੬..॥
{ਗੁਰੂ ਜੀ ਅਯੁੱਧਯਾ ਵਿੱਚ} ॥੪੭॥
{ਤਿੰਨ ਪ੍ਰਕਾਰ ਦੇ ਗੁਰੂ} ॥੫੬..॥
{ਗੁਰੂ ਜੀ ਕਾਂਸ਼ੀ ਵਿੱਚ} ॥੭੦..॥
{ਕਾਂਸ਼ੀ ਦੇ ਪੰਡਤਾਂ ਨੂੰ ਉਪਦੇਸ਼} ॥੭੫..॥
{ਕਾਂਸ਼ੀ ਦੇ ਲੋਕਾਂ ਨੂੰ ਉਪਦੇਸ਼}
{ਦੋ ਕਿਸਮ ਦਾ ਪੜ੍ਹਨਾ} ॥੭੮..॥

ਦੋਹਰਾ:

**ਜਗਤਿ ਜੋਤਿ ਜਗਮਗਤਿ ਜੁਤ, ਨਿਤ ਅਭਿਮਤ ਚਿਤ ਦੇਤਿ।**

ਜਗਤਿ ਜੋਤਿ=ਜਾਗਦੀ ਹੈ ਜੋਤ ਇਸ ਦੀ, ਇਸ ਦਾ ਪ੍ਰਕਾਸ਼ ਪੈ ਰਿਹਾ ਹੈ, ਜੋ ਜੀ ਰਹੀ ਹੈ। ਜਗਮਗਤਿ=ਚਮਕਣਾ ਜਿਸ ਦਾ ਜਗਮਗਾ ਰਿਹਾ ਹੈ, ਭਾਵ ਤੇਜ ਜਿਸ ਦਾ ਦਮਕ ਰਿਹਾ ਹੈ। ਜੁਤ=ਚਮਕਣਾ। [ਸੰਸ: ਦਯੁਤ=ਚਮਕਣਾ]। ਅਭਿਮਤ=ਚਾਹੀ ਹੋਈ, ਮੰਗੀ ਹੋਈ। ਸੰਸ: ਅਭਿਮਤ]।

**ਸੂਲ ਹਰੀ ਮੰਗਲ ਕਰੀ, ਜੈ ਜੈ ਕ੍ਰਿਪਾ ਨਿਕੇਤ ॥੧॥**

ਅਰਥ:

ਜਾਗਦੀ ਜੋਤ ਤੇ ਜਗਮਗਾਉਂਦਾ ਹੈ ਚਮਕਣਾ (ਜਿਸ ਦਾ, ਜੋ) ਸਦਾ ਚਿਤ ਦੀ ਚਾਹੀ (ਮਨੋ ਕਾਮਨਾ) ਦੇਂਦੀ ਹੈ, (ਜੋ) ਪੀੜਾ ਦੂਰ ਕਰਨ ਵਾਲੀ, ਮੰਗਲ ਕਰਨ ਵਾਲੀ ਤੇ ਕ੍ਰਿਪਾ ਦਾ ਘਰ ਹੈ (ਤੈਨੂੰ) ਜੈ ਜੈ ਕਾਰ ਹੋਵੇ।

ਭਾਵ:

ਪਹਿਲੇ ਚਰਣ ਵਿਚ ਤੇਜ ਦੂਜੇ ਵਿਚ ਸ਼ਾਂਤਿ ਵਾਲੇ ਗੁਣ ਕੱਠੇ ਕੀਤੇ ਹਨ। ਸ਼ਾਰਦਾ ਤੇ ਚੰਡੀ ਇਕੋ ਰੂਪ ਵਿਚ ਵਰਣਨ ਹੋਏ ਹਨ, ਵਿਸ਼ੇਸ਼ ਵੇਖੋ ਅਗਲੇ ਅਧ੍ਯਾਯ ਦਾ ਮੰਗਲ।

ਸ਼੍ਰੀ ਬਾਲਾ ਸੰਧੁਰ ਵਾਚ ॥

ਚੌਪਈ:

**ਸ਼੍ਰੀ ਫੇਰੂ ਸੁਤ ! ਸੁਨੀਏ ਕਥਾ।**
**ਪਿਖੀ ਜਥਾ ਮੈਂ ਕਥਿ ਹੋਂ ਤਥਾ।**
**ਆਗੈ ਗਮਨ ਕੀਨ ਗੁਨਖਾਨੀ।**
**ਨਰਨ ਉਧਾਰਨ ਜਿਨ ਮਨ ਬਾਨੀ ॥੨॥**

ਭੁਜੰਗ ਛੰਦ:

**ਚਲਸੇ ਜਾਤਿ ਮੋ ਸੰਗਿ ਬੋਲੇ ਕ੍ਰਿਪਾਲਾ।**

{ਗੁਰੂ ਜੀ ਬ੍ਰਿਜ ਪਹੁੰਚੇ}

**'ਅਬੈ ਦੇਖੀਏ ਕਾਨ੍ਹ[1] ਕੀ ਬ੍ਰਿੱਜ ਸ਼ਾਲਾ[2]।** — [1]ਕ੍ਰਿਸ਼ਨ। [2]ਬ੍ਰਿਜ ਅਸਥਾਨ।
**ਜਹਾਂ ਆਵਤਾਰੰ ਧਰਯੋ ਕੰਸ਼ ਨਾਸੂ[1]।** — [1]ਕੰਸ ਦੇ ਨਾਸ਼ਕ ਨੇ।
**ਕਿਯੋ ਹੈ ਕਲੋਲੰ ਜਸ਼ੋਧਾ[1] ਅਵਾਸੂ ॥੩॥** — [1]ਕ੍ਰਿਸ਼ਨ ਜੀ ਦੀ ਮਾਤਾ ਦਾ ਨਾਮ।

ਸ੍ਵੈਯਾ: — [1]ਸੂਰਜ ਦੀ ਪੁਤ੍ਰੀ ਭਾਵ ਜਮਨਾ। [2]ਭਾਵ, ਵਗ ਰਹੀ

ਰਵਿ ਕੀ ਤਨਿਯਾ[1] ਜਹਿਂ ਸੁੰਦਰ ਰਾਜਤਿ[2] — ਹੈ।
ਖੇਲਤਿ ਸ਼ਜਾਮ ਮਹਾਂ ਸੁਖ ਪਾਯੋ।
ਗਿਰ ਪੈ ਚਢਿ ਧੇਨੁ ਚਰਾਵਨ ਕੀਨਿ
ਧਰਾ ਬਹੁ ਭਾਰ ਕੋ ਜਾਂਹਿ ਮਿਟਾਯੋ।
ਕੁਲ ਦੈਤਨ ਕੇ ਸਭਿ ਨਾਸ਼ ਕਰੇ
ਮਿਲ ਗ੍ਵਾਰਨ ਸੰਗ ਮੈਂ ਖੇਲ ਮਚਾਯੋ।'
ਹਮ ਸੋਂ ਇਹ ਬੈਨ ਕਹੇ ਜਬ ਲੌਂ
ਤਬ ਲੌਂ ਬ੍ਰਿਜ ਭੂਮ ਸਮੀਪ ਦਿਸਾਯੋ ॥੪॥
ਗਿਰ ਏਕ ਬਿਲੋਕਿ ਕੈ ਬੈਠਿ ਗਏ
ਤਬ ਬੈਨ ਭਨੇ ਗੁਰ ਸੋਂ ਮਰਦਾਨਾ।
'ਜਮਨਾ ਤਟ ਕੂਟ[1] ਪਰਜੋ ਕਿਹ ਭਾਂਤਿ ਸੋ — [1]ਪਰਬਤ।
ਦੂਸਰ ਨਾਂਹਿ ਸਮੀਪ ਦਿਸਾਨਾ[1]। — [1]ਨੇੜੇ ਨਹੀਂ ਦਿੱਸਦਾ।
ਉਰ ਮੇਰੇ ਸੰਦੇਹ ਭਯੋ ਅਤਿਸ਼ੈ'
ਸੁਨਿ ਸ਼੍ਰੀ ਗੁਰ ਨਾਨਕ ਬੈਨ ਬਖਾਨਾ।'
ਜਬ ਰਾਮ ਬੰਧਾਯੋ ਹੈ ਸਾਗਰ[1] ਸੇਤੁ[2] — [1]ਸਮੁੰਦਰ ਤੇ। [2]ਪੁਲ।
ਪਰਾ ਤਬ ਕੋ ਗਿਰ ਹੈ ਇਹ ਥਾਨਾ' ॥੫॥
[1] 'ਸਭਿ ਹੀ ਬਿਰਤਾਂਤ ਕਹੋ ਇਹ ਕੋ' — [1]ਮਰਦਾਨਾ ਬੋਲਿਆ।
ਪ੍ਰਭੁ ਬੈਨ ਭਨੇ 'ਸੁਨੀਯੇ ਮਰਦਾਨਾ!
ਜਬ ਸਾਗਰ ਸੇਤੁ[1] ਸੰਪੂਰਨ ਭਾ — [1]ਸਮੁੰਦਰ ਦਾ ਪੁਲ।
ਰਘੁਬੀਰ ਤਬੈ ਇਹ ਭਾਂਤਿ ਬਖਾਨਾ।

{ਬ੍ਰਿਜ ਪਰਬਤ ਦੀ ਪੌਰਾਣਕ ਕਥਾ}

-ਗਿਰ ਗੇਰ, ਨ ਆਨਹੁ ਔਰ ਅਬੈ-
ਤਿਹ ਕਾਲ ਬਿਖੈ ਇਹ ਠਾਂ ਹਨੁਮਾਨਾ।
ਛਿਤਿ ਪੈ ਧਰਿ[1] ਬੈਸ ਰਹਾ ਗਿਰ ਕੋ — [1]ਧਰਕੇ।
ਰਘੁਬੀਰ ਕੇ ਤੀਰ ਨ ਕੀਨ ਪਯਾਨਾ ॥੬॥
ਆਇਸੁ ਪਾਇ ਤਜੇ ਗਿਰ ਬਾਂਦਰ
ਰਾਮ ਕੇ ਤੀਰ ਗਏ ਸਭਿ ਧਾਈ।
ਸ਼੍ਰੀ ਰਘੁਬੀਰ ਬਿਲੋਕਿ ਕਹੈਂ
-ਹਨੂੰਮਾਨ ਬਲੀ ਨਹਿਂ ਦੇਤਿ ਦਿਖਾਈ-।
ਯੌਂ ਸੁਨਿ ਕੈ ਤਿਹ ਸੰਗ ਹੁਤੌ ਜੁ
ਸਭੈ[1] ਕਹਿ ਕੈ ਤਬ ਗਾਥ ਸੁਨਾਈ-। — [1]ਸਾਰੀ ਗੱਲ।
ਰਾਮ ਕਹੈ -ਤਹਿਂ ਜਾਹੁ ਅਬੈ

ਇਕ ਬਾਂਦਰ ਆਨਹੁ ਬੇਗ ਬੁਲਾਈ-
॥੭॥
ਧਾਇ ਗਯੋ ਹਨੁਮਾਨ ਸਮੀਪ
-ਚਲੌ ਰਘੁਬੀਰ ਨੈ ਬੇਗ ਬੁਲਾਵਾ-।
[1]-ਮੇਰੋ ਨ ਜਾਨ ਬਨੈ ਇਹ ਭਾਂਤਿ- — [1]ਹਨੂੰਮਾਨ ਬੋਲਿਆ।
ਬ੍ਰਿਤੰਤ ਸਭੈ ਕਹਿ ਕੈ ਸਮਝਾਵਾ।
ਸੋ ਸੁਨਿ ਕੈ ਪੁਨ ਰਾਮ ਸਮੀਪ
ਗਯੋ ਸਭਿ ਹੀ ਸੁ ਪ੍ਰਸੰਗ ਸੁਨਾਵਾ।
-ਆਵਤਿ ਹੈ ਨ ਪ੍ਰਭੰ ਜਨਨੰਦਨ[1] — [1]ਪੌਣ ਦਾ ਪੁੱਤ੍ਰ=ਹਨੂਮਾਨ।
ਮੋ ਸੰਗ ਐਸੇ ਹੀ ਬੈਨ ਅਲਾਵਾ ॥੮॥
ਯਾਂਹਿ ਪਹਾਰ ਉਪਾਰਨ ਮੈਂ ਜਬ
ਲਾਗਜੋ[1] ਤਬੈ ਇਵ ਬਾਨੀ ਅਲਾਈ। — [1]ਜਦ ਮੈਂ ਇਹ ਪਹਾੜ ਪੁੱਟਣ ਲੱਗਾ।
-ਮੋਹਿ ਉਚਾਵਹੁ[1] ਨਾਂਹਿ ਅਬੈ — [1]ਚੁਕੋ।
ਜਿ ਉਚਾਵਹੁ ਤਉ ਸੁਨੀਏ ਮਨ ਲਾਈ।
ਸ੍ਰੀ ਰਘੁਬੀਰ ਜਹਾਂ ਪਦ ਪੰਕਜ
ਤਾਂ ਕੇ ਤਰੇ ਮੁਹਿ ਦੇਹੁ ਟਿਕਾਈ।
ਆਨ ਸਥਾਨ ਬਿਖੈ ਜਿ ਧਰੋ
ਤਿਹ ਥਾਨ ਤੇ ਨੀਕੇ ਰਹੋਂ ਇਹ ਥਾਂਈ-
॥੯॥
ਸੌਂਹ ਪਹਾਰ ਕੇ ਸੰਗ ਕਰੀ
-ਰਘੁਬੀਰ ਖਰੇ ਜਹਿਂ ਸਾਰੰਗ ਪਾਨੀ[1]। — [1]ਧਨੁਖ ਨੂੰ ਹੱਥ ਵਿਚ ਰੱਖਣ ਵਾਲੇ।
ਤਾਂ ਪਦ ਪੰਕਜ ਸੁੰਦਰ ਨੀਚੇ ਮੈਂ
ਦੇਉ ਟਿਕਾਇ, ਭਲੇ ਮੰਨਿ ਬਾਨੀ[1]-। — [1]ਤੇਰੀ ਗੱਲ ਚੰਗੀ ਤਰ੍ਹਾਂ ਮੰਨਕੇ।
ਯੌਂ ਕਹਿ ਕੈ ਕਰ ਲੀਨ ਉਚਾਇ
ਚਲਜੋ ਮਗ ਤੂਰਨ ਜੋ ਬਲਖਾਨੀ[1]। — [1]ਭਾਵ ਹਨੂਮਾਨ।
ਸੇਤੁ ਸਪੂਰਨ ਹੋਇ ਗਯੋ ਤਬ
ਆਪ ਨੈ ਆਇਸੁ ਯੌਂ ਫੁਰਮਾਨੀ ॥੧੦॥
-ਜੋ ਜਿਹ ਥਾਨ ਬਿਖੈ ਗਿਰ ਲਜਾਵਤ
ਸੋ ਤਿਹ ਥਾਨ ਮੈਂ ਦੇਹੁ ਟਿਕਾਈ-।
ਆਇਸੁ ਰਾਵਰ ਕੀ ਸੁਨਿ ਕੈ
ਅਸਮੰਜਸ[1] ਜਾਨਿ ਰਿਦੈ ਕਪਿਰਾਈ[2]। — [1]ਕਠਨਤਾ। [2]ਬਾਂਦਰਾਂ ਦਾ ਰਾਜਾ=ਹਨੂਮਾਨ।
-ਜੇ ਨ ਤਜੋਂ ਧ੍ਰਮਦਾਸਨ[1] ਕੋ ਸੋਊ — [1]ਦਾਸ ਧਰਮ ਜੋ ਆਗਜਾ ਪਾਲਨ ਹੈ।

ਨਾਸ਼ਿ ਹ੍ਵੈ ਜਾਤਿ, ਹੈ ਨਾਂਹਿ ਭਲਾਈ[1]।
ਤੇ ਤਜਿ ਜਾਉਂ, ਗਿਰਾ ਮਮ ਝੂਠ ਹ੍ਵੈ-
ਐਸ ਬਿਚਾਰਿ ਰਹ੍ਯੋ ਤਿਹ ਥਾਈਂ ॥੧੧॥

[1]ਚੰਗੀ ਗੱਲ ਨਹੀਂ।

ਸ਼੍ਰੀ ਰਘੁਬੀਰ ਕਹ੍ਯੋ ਸੁਨਿ ਕੈ
-ਜੁਗਿ ਦ੍ਵਾਪਰਿ ਮੈਂ ਧਰਿ ਹੋਂ ਅਵਤਾਰੂ।
ਊਪਰ ਤਾਂ ਕੇ ਬਿਲਾਸ ਕਰੌਂ
ਚਿਰ ਕਾਲ ਲੌ ਮੈਂ ਪਗ ਸੰਗ ਬਿਹਾਰੂੰ[1]-।
ਸੋ ਸੁਨਿ ਕੈ ਹਨੁਮਾਨ ਕੇ ਤੀਰ
ਗਯੋ ਸਭਿ ਹੀ ਬਿਧਿ ਕੀਨਿ ਉਚਾਰੂ।
ਤੌ ਹਨੁਮਾਨ ਪਯਾਨ ਕੀਓ
ਜਹਿਂ ਠਾਂਢੇ ਹੁਤੇ ਰਘੁਬੰਸ ਕੁਮਾਰੂ[1] ॥੧੨॥

[1]ਵਿਚਰਾਂਗਾ।
[1]ਰਾਮਚੰਦ੍ਰ ਜੀ।

ਤਬ ਕੋ ਇਹ ਥਾਨ ਧਰਾ ਸੁ ਧਰਾਧਰ[1]
ਧਾਰਿ[1] ਅਵਤਾਰ ਮੁਰਾਰਿ[2] ਸੁਹਾਏ।
ਸਭਿ ਗੋਪਨ[1] ਮੈਂ ਮਿਲਿ ਕੈ ਮਧੁਸੂਦਨ[2]
ਬਾਲਿਕ ਸੰਗ ਮੈਂ ਖੇਲ ਮਚਾਏ।
ਇਹ ਜਾਨਿ ਪੁਨੀਤ ਪਹਾਰ ਬਡੋ
ਪਦ ਕੇਸ਼ਵ ਨੇ ਬਹੁ ਕਾਲ ਲਗਾਏ।
ਜਿਹ ਨਾਸ਼ ਕਰੇ ਸਭਿ ਦੈਤਨ ਕੇ ਕੁਲ
ਔਰ ਧਰਾ[1] ਬਹੁ ਭਾਰ ਮਿਟਾਏ†' ॥੧੩॥

[1]ਪਰਬਤ ਪਿਆ ਹੈ।
[1]ਧਾਰਕੇ। [2]ਕ੍ਰਿਸ਼ਨ ਜੀ।
[1]ਗੋਪੀਆਂ। [2]ਕ੍ਰਿਸ਼ਨ।
[1]ਧਰਤੀ ਦੇ।

†ਕਵਿ ਜੀ ਨੇ ਇਹ ਕਥਾ ਆਪਣੀ ਵਲੋਂ ਇਤਿਹਾਸਕ ਵਾਕਿਆ ਲੱਭ ਕੇ ਏਥੇ ਨਹੀਂ ਪਾਈ, ਪਰ ਬਾਲੇ ਵਾਲੀ ਹਿੰਦਾਲੀਆਂ ਦੀ ਵਿਗੜੀ ਹੋਈ ਜਨਮ ਸਾਖੀ ਤੋਂ ਜਿਵੇਂ ਓਥੇ ਹੈ ਕਵਿਤਾ ਵਿਚ ਉਲਟਾਇਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਪ੍ਰਸੰਗ ਹੈ ਨਹੀਂ ਤੇ ਨਾਂ ਹੀ ਭਾਈ ਗੁਰਦਾਸ ਵਿਚ ਕੋਈ ਇਸ਼ਾਰਾ ਇਸ ਦਾ ਹੈ।

ਦੋਹਰਾ:

ਕਾਲਿੰਦ੍ਰੀ[1] ਤਟ ਸ਼੍ਰੀ ਗੁਰੂ, ਬੈਠੇ ਸਰਬ ਸੁਨਾਇ।
ਮਰਦਾਨਾ ਹਰਖਤਿ ਭਯੋ, ਗਿਰ ਪ੍ਰਸੰਗ ਕੋ ਪਾਇ ॥੧੪॥

[1]ਜਮਨਾ।

ਚੌਪਈ:

ਤਿਹ ਸਥਾਨ ਮੇਲਾ ਥੋ ਭਾਰੀ।
ਪਰਬ ਲਖ੍ਯੋ ਆਏ ਨਰ ਨਾਰੀ।
ਬ੍ਰਹਮਚਾਰੀ, ਬੈਰਾਗੀ, ਜਤੀ।

ਬਹੁਤ ਬੈਸ਼ਨੋ, ਦਿਸ਼ਪਟ[1], ਸਤੀ[2] ॥੧੫॥
[1]ਦਿਗੰਬਰ। [2]ਸਤ ਵਾਲੇ।

ਤਪੀ ਔਰ ਸੰਨਜਾਸੀ ਆਏ।
ਬ੍ਰਿੱਜ ਬਿਖੈ ਨਰ ਪੁੰਜ ਸੁਹਾਏ।
ਸ਼੍ਰੀ ਗੁਰੂ ਨਾਨਕ ਅੰਤਰਜਾਮੀ।
ਸਭਿ ਘਟ ਕੀ ਜਾਨਤਿ ਭੇ ਸ੍ਵਾਮੀ ॥੧੬॥
ਅੰਧ ਧੁੰਧ ਵਰਤਜਾ ਜਗ ਮਾਂਹੀ।
ਸੁੱਧ ਆਤਮੈ ਨਰ ਕੋ ਨਾਂਹੀ।
ਭਵ ਬੰਧਨ ਕੇ ਬਾਂਧੇ ਸਭਿ ਹੀ।
ਛੂਟਨ ਹੋਇ ਨ ਤਨ ਕੋ ਕਬ ਹੀ ॥੧੭॥
ਕਾਮ ਕਰੋਧ ਲੋਭ ਅਹੰਕਾਰਾ।
ਇਨ ਮਹਿਂ ਵਰਤਜਾ ਮੋਹ ਗੁਬਾਰਾ।
ਬਾਸੁਰ ਮੈਂ ਧਰਿ ਦੰਭ ਅਨੇਕਾ।
ਬਾਤ ਬਨਾਇਂ ਸੁਨਾਇ ਬਿਬੇਕਾ ॥੧੮॥
ਲੋਭ ਲਹਿਰ ਮਹਿਂ ਗੋਤੇ ਖਾਵਤਿ।
ਬਹੁ ਪਖੰਡ ਕਰਿ ਨਰਨ ਦਿਖਾਵਤਿ।
ਜਾਮਨਿ ਮਹਿਂ ਕੁਕਰਮ ਅਸ ਕਰਹੀਂ।
ਕ੍ਰਿਸ਼ਨ ਰਾਧਕਾ ਬੇਖਨ[1] ਧਰਹੀਂ ॥੧੯॥
[1]ਭੇਖਾਂ ਨੂੰ।

ਸਿਸ[1] ਕੁਮਾਰਨਾਰੀ[2] ਧਰਿ ਬੇਖਹਿਂ[3]।
[1]ਮੁੰਡੇ, ਲੜਕੇ। [2]ਜੁਆਨ ਕੁੜੀਆਂ। [3]ਭੇਸ ਧਾਰਕੇ।

ਕਰਹਿਂ ਨ੍ਰਿੱਤਕਾਰੀ, ਨਰ ਦੇਖਹਿਂ।
ਬਾਲਕ[1] ਔਰ ਅੰਗਨਾ[2] ਦੋਊ।
[1]ਲੜਕੇ ਤੇ। [2]ਇਸਤ੍ਰੀਆਂ।

ਰਾਧਾ ਕ੍ਰਿਸ਼ਨ ਸਾਂਗ ਕਰਿ ਸੋਊ ॥੨੦॥
ਨਰ ਮਲੀਨ ਬੁੱਧੀ ਤਿਨ ਦੇਖਹਿਂ।
ਉਪਜਾਵਤਿ ਤਨ ਕਾਮ ਵਿਸ਼ੇਖਹਿਂ।
ਬਾਲਕ ਪੁਨ ਤਿਨ ਅੰਗਨ ਸੰਗਾ।
ਭੋਗ ਕਰਹਿਂ ਨਰ ਹੋਇ ਨਿਸ਼ੰਗਾ ॥੨੧॥

ਦੋਹਰਾ:

ਸ਼੍ਰੀ ਨਾਨਕ ਸਭਿ ਜਾਨਿ ਕੇ, ਤਬ ਰਬਾਬ ਬਜਵਾਇ॥
ਸਬਦ ਉਚਾਰਜੋ ਰਾਗ ਸੋਂ, ਰਾਮਕਲੀ ਮਹਿਂ ਗਾਇ ॥੨੨॥

ਸ੍ਰੀ ਮੁਖਵਾਕ ॥

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ ॥
ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥

ਚੌਪਈ:

ਊਚੇ ਸੁਰ ਸੋਂ ਸ਼ਬਦ ਬਸਾਯੋ।
ਰਾਮਕਲੀ ਸੁ ਰਾਗ ਮਹਿਂ ਗਾਯੋ।
ਸੁਨਿ ਸੁਨਿ ਕਰਿ ਬਹੁ ਮਾਨਵ ਆਏ।
ਪ੍ਰੀਤ ਧਾਰਿ ਬੈਸੇ ਤਿਹ ਥਾਏਂ ॥੨੩॥
ਕੇਤਿਕ ਪੰਡਿਤ ਤਿਨੈ ਮਝਾਰੀ।
ਸਬਦ ਸ਼੍ਰੋਨ ਸੁਨਿ ਗਿਰਾ ਉਚਾਰੀ।
'ਇਸ ਕੇ ਅਰਥ ਸੁਨਾਈਏ ਹਮ ਕੋ।
ਸੰਤ ਰੂਪ ਦੇਖਤਿ ਹੈਂ ਤੁਮਕੋ' ॥੨੪॥
ਸ਼੍ਰੀ ਨਾਨਕ ਸੁਨਿ ਅਰਥ ਬਖਾਨਾ।
'ਇਕ ਮਨ ਹ੍ਵੈ ਕਰਿ ਸੁਨਹੁ ਸੁਜਾਨਾ!
ਸਸਿ ਰਵਿ, ਉਡ[1], ਛਿਤਿ[2], ਬਾਇ[3], ਸੁ ਤੈਸੇ।

[1]ਤਾਰੇ। [2]ਧਰਤੀ। [3]ਵਾਯੂ।

ਤ੍ਰੈ ਜੁਗ ਮਹਿਂ ਵਰਤਹਿ ਥੀ ਜੈਸੇ ॥੨੫॥

ਦੋਹਰਾ:

ਮਾਨਵ ਮਲਿਨ ਬੁਧੀ ਭਏ, ਯਾ ਤੇ ਕਲੀ[1] ਲਖਾਇ[2]।

[1]ਕਲਜੁਗ। [2]ਜਾਣਿਆਂ ਜਾਂਦਾ ਹੈ।

ਪੁਨ ਇਨ ਕੋ ਬਿਸ੍ਰਾਸ ਕਜਾ[1], ਕਲਿ[2] ਜੇ ਨਰ ਜਨਮਾਇ[3] ॥੨੬॥

[1]ਭਾਵ ਉਮਰਾ ਥੋੜੀ ਹੈ। [2]ਕਲਜੁਗ ਵਿਚ। [3]ਜਨਮਦੇ ਹਨ।

ਚੌਪਈ:

ਬਰਖਾ ਬਿਖੈ ਬੁਦਬੁਦਾ ਜੈਸੇ।
ਉਪਜਤਿ ਬਿਨਸਤਿ ਹੈਂ ਇਹ ਤੈਸੇ।
ਜੋ ਕਲਿਜੁਗ, ਕਿਤ ਦੇਸ਼ ਨ ਆਯੋ।
ਬੈਠਯੋ ਕਿਤੇ ਦੁਰਗ[1] ਨਹਿਂ ਪਾਯੋ ॥੨੭॥

[1]ਕਿਲ੍ਹਾ।

ਜੇ ਲੱਖਣ ਅਬ ਮਨੁਜ ਕਰਾਈ।
ਯਾਂ ਤੇ ਕਲਿਜੁਗ ਪਰਤ ਲਖਾਈ[1]।

[1]ਭਾਵ ਮਨੁਖਾਂ ਦੇ ਆਚਰਣ ਤੋਂ ਸਮੇਂ ਨੂੰ ਕਲਜੁਗ ਕਹਿੰਦੇ ਹਨ।

ਜਤ ਸਤ, ਤਪ ਹ੍ਵੈ ਪੂਰਾ ਨਾਂਹੀ।
ਨਾਮ ਜਪੈ ਤਿਹ ਕਹਿਂ[1] ਬਦਰਾਹੀ ॥੨੮॥

[1]ਉਸ ਨੂੰ ਕਹਿੰਦੇ ਹਨ (ਲੋਕੀ।

ਦੋਹਰਾ:

ਸਤਿ ਜੁਗ ਪਾਪੀ ਏਕ ਤੇ, ਦੇਸ਼ ਮਾਰਿਯੇ ਸੋਇ।
ਤ੍ਰੇਤੇ ਨਗਰੀ ਪੀੜੀਯੇ, ਦ੍ਵਾਪੁਰ ਕੁਲ ਅਘ ਹੋਇ ॥੨੯॥

ਚੌਪਈ:

ਕਲਿਜੁਗ ਪਾਪ ਕਰੈ ਸੋ ਪਾਵਤਿ।
ਪੁਨ ਸਤਿਗੁਰ ਜਿਹ ਕੋ ਬਖਸ਼ਾਵਤਿ।
ਨਾਮ ਦਾਨ ਦੇ ਕਰੋ ਉਧਾਰਾ।
ਇਸ ਬਿਨ ਅਪਰ ਨ ਕੋ ਉਪਚਾਰਾ ॥੩੦॥
ਬੇਦ ਅਥਰਬਣ ਮਥਿ ਕਰਿ ਸਭਿ ਹੀ।
ਹਰਿ ਕੀਰਤਿ ਗਤਿ ਦੇਵਤਿ ਅਬ ਹੀ।
ਨਾਵਣ ਧੋਵਣ ਬਿਰਥਾ ਸਾਰੇ।
ਰਾਗ ਦ੍ਵੈਖ ਮਲ ਨਹੀਂ ਉਤਾਰੇ ॥੩੧॥
ਸਚ ਨ ਕਮਾਵਹੁ ਹੋਇ ਨ ਸੋਚੁ।

ਸੱਚ[†] ਨਾਮ ਕਰਿ ਬੰਧਨ ਮੋਚੁ[1]।
[1]ਨਾਸ਼। [†]ਪਾ:-ਸਤਿ।
ਮਨ ਮਲੀਨ ਤਨ ਕਰਹਿ ਪਖੰਡਾ।
ਸੇ ਨਰ ਸਹੈ ਅਧਿਕ ਜਮ ਡੰਡਾ ॥੩੨॥
ਰੁਚਿਰ ਰੰਗ ਜੋ ਹੋਇ ਮਯੂਰਾ[1]।
[1]ਮੋਰ।
ਬੋਲਤਿ ਬਾਨੀ ਅਤਿਸ਼ੈ ਰੂਰਾ।
ਬੀਨ ਬੀਨ[1] ਕਿਰਮਨ[2] ਕੋ ਖਾਹੀ।
[1]ਚੁਣ ਚੁਣਕੇ। [2]ਕੀੜਿਆਂ।
ਤਿਉਂ ਦੰਭੀ ਭੇ ਅਬ ਜਗ ਮਾਂਹੀ ॥੩੩॥
ਕਾਮ ਕ੍ਰੋਧ ਪੁਨ ਲੋਭ ਅਧੀਨਾ।
ਅਹੰਕਾਰ ਅਤਿਸ਼ੈ ਮਨ ਭੀਨਾ।
ਪਾਇਂ ਨਰਕ ਮੈਂ ਕਸ਼ਟ ਬਿਸਾਲਾ।
ਤਬ ਪਛੁਤਾਹਿਂ ਫਸੇ ਜਮ ਜਾਲਾ ॥੩੪॥

ਦੋਹਰਾ:
ਮਿਲਹਿ ਵਡਾਈ ਨਾਮ ਤੇ, ਇਸ ਊਪਰ ਨਹਿਂ ਔਰ।
ਮਲਹਿਂ ਉਲਾਮੇ ਤਾਂਹਿ ਕੋ, ਗੁਰ ਤਜਿ ਜਾਚਹਿਂ ਹੋਰ' ॥੩੫॥

ਚੌਪਈ:
ਜਬ ਸਤਿਗੁਰ ਅਸ ਬਚਨ ਉਚਾਰੇ।
ਦੰਭੀ ਲੱਜਿਤਿ ਸਭਾ ਮਝਾਰੇ।
ਪੰਡਤ ਪ੍ਰਸ਼ਨ ਕਰੈ ਕਹਿ ਬਾਨੀ।
'ਕਿਹ ਉਪਾਸਨਾ ਤੁਮ ਮਨ ਠਾਨੀ? ॥੩੬॥
ਨਿਰਗੁਨ ਕੈ ਸਰਗੁਨ ਕੀ ਸੇਵਾ।
ਕਿਹ ਕੀ ਕਰਹੁ? ਕਹੋ ਨਿਜ ਭੇਵਾ।'
ਸੁਨਿ ਸ਼੍ਰੀ ਨਾਨਕ ਬੈਨ ਉਚਾਰੇ।
'ਪ੍ਰਿਥਕ ਪ੍ਰਿਥਕ[1] ਦ੍ਵੈ ਨਹੀਂ ਬਿਚਾਰੇ ॥੩੭॥
[1]ਵੱਖ-ਵੱਖ।
ਭੇਦ ਹੋਏ ਤੌ ਪ੍ਰਿੱਥਕ[1] ਸੇਵਾ।
[1]ਵੱਖਰੀ।
ਨਿਰਗੁਣ ਸਰਗੁਣ ਲਖਹੁ ਅਭੇਵਾ[1]।
[1]ਭੇਦ ਤੋਂ ਬਿਨਾ।
ਜੋ ਦੋਨੋ ਮੈਂ ਭੇਦ ਪਛਾਨੇ।
ਸੋ ਮਾਨਵ ਜਾਨਹੁ ਅਨਜਾਨੇ ॥੩੮॥

ਦੋਹਰਾ:

ਨਿਰਗੁਣ ਹ੍ਵੈ ਸਭਿ ਦੇਹਿ ਮੈਂ, ਦ੍ਰਿਸ਼ਟਾਵਤਿ
ਹੈ ਸੋਇ।
ਬ੍ਰਿਜ ਮੈਂ ਕਰੈ ਕਲੋਲ ਪੁਨ, ਤਨ ਧਰਿ
ਸਰਗੁਣ ਸੋਇ ॥੩੯॥

ਚੌਪਈ:

ਸ੍ਰੀ ਕ੍ਰਿਸ਼ਨ† ਭੇ ਹਜਾਂ[1] ਅਵਤਾਰਾ।

[1]ਇੱਥੇ।

†ਅੰਕ ੪੩ ਵਿਚ ਦੱਸਦੇ ਹਨ ਕਿ ਸ਼੍ਰੋਤਿਆਂ ਦੇ ਰਿਦੇ ਸੁੱਧ ਹੋ ਗਏ ਤੇ ਸਤਿਗੁਰੂ ਜੀ ਦੇ ਸਿੱਖ ਹੋ ਗਏ। ਏਥੇ ਉਪਦੇਸ਼ ਜੋ ਦਿੱਤਾ ਦੱਸਿਆ ਹੈ ਸੋ ਕ੍ਰਿਸ਼ਨ ਜੀ ਨੂੰ ਸਰਗੁਣ ਸਰੂਪ ਮੰਨਣ ਦਾ ਦੱਸਿਆ ਹੈ। ਇਸ ਉਪਦੇਸ਼ ਦਾ ਅਸਰ ਇਹ ਚਾਹੀਦਾ ਸੀ ਕਿ ਓਹ ਸਾਰੇ ਕ੍ਰਿਸ਼ਨ ਜੀ ਦੇ ਸਰੂਪ ਦੇ ਜੋ ਹੁਣ ਸਰਗੁਣ ਨਹੀਂ ਸੇ, ਉਪਾਸ਼ਕ ਬਣ ਜਾਂਦੇ, ਪਰ ਓਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣਦੇ ਹਨ। ਇਹ ਇਕ ਪ੍ਰਕਾਰ ਦੀ ਅਣਮਿਲਦੀ ਗੱਲ ਹੈ ਤੇ ਇਸ ਕਰਕੇ ਅਸਲੀ ਨਹੀਂ ਭਾਸਦੀ।
ਗੁਰਬਾਣੀ ਵਿਚ ਕਿਸੇ ਮਹਾਂ ਪੁਰਖ ਨੂੰ ਚੰਗਾ ਮੰਨਣੋ ਇਨਕਾਰ ਨਹੀਂ, ਪ੍ਰੰਤੂ ਪਰਮੇਸ਼ੁਰ ਨੂੰ ਜੂਨ ਵਿਚ ਆਇਆ ਮੰਨਕੇ ਕਿਸੇ ਨੂੰ ਅਵਤਾਰ ਮੰਨਣਾ ਮਨ੍ਹੇ ਕੀਤਾ ਹੈ। ਓਹ ਸਦਾ ਅਜੋਨੀ ਹੈ। ਯਥਾ-'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥
[ਭੈਰਉ ਮਃ ੫
ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ॥ ਕਉਨ ਕਾਜ ਕਹਾਹਿਗੇ ਤੇ ਆਨ ਦੇਵਕਿ ਨੰਦ ॥
[ਪਾਤਸ਼ਾਹੀ ੧੦, ਸ਼ਬਦ ਹਜ਼ਾਰੇ

ਜਿਨ ਅਵਨੀ ਕੋ ਭਾਰ ਨਿਵਾਰਾ।
ਤਿਹ ਕੇ ਚਰਿਤ ਰਿਦੈ ਤੁਮ ਧਾਰੋ।
ਸ਼ੁੱਧ ਆਤਮੈ[1] ਕਪਟ ਬਿਸਾਰੋ ॥੪੦॥

[1]ਸ਼ੁੱਧ ਮਨ ਹੋਕੇ।

ਭਵ ਬੰਧਨ ਮੈਂ ਦਿਢ ਜੇ ਬਾਂਧੇ।
ਛੁਟਹਿਂ ਤਿਨਹਿ ਤੇ ਹਰਿ ਆਰਾਧੇ।
ਕਲਮਲ ਕਰਹੁ ਅੰਤ ਦੁਖਦਾਈ।
ਜਪਹੁ ਨਾਮ ਸਭਿ ਹੋਇ ਸਹਾਈ ॥੪੧॥
ਕਲ ਮਹਿਂ ਹਰਿ ਕੀਰਤਿ ਪਰਧਾਨਾ।
ਅਪਰ ਨ ਜਾਨਹੁ ਇਸੇ ਸਮਾਨਾ।
ਭਗਤਿ ਕਰਹੁ ਸਭਿ ਹੀ ਸੁਖ ਪਾਵਹੁ।
ਕਸ਼ਟ ਹੋਇ, ਜੇ ਦੰਭ ਕਮਾਵਹੁ' ॥੪੨॥

ਦੋਹਰਾ:

ਦਯਾ ਸਦਨ ਕੇ ਬਦਨ ਤੇ, ਬਚਨ ਸੁਨੇ
ਗਤਿਦੈਨ।
ਰਿਦੈ ਸ਼ੁੱਧ ਬੰਦਨ ਕਰਤਿ, ਸਿੱਖ ਭਏ ਮਨ
ਚੈਨ ॥੪੩॥

ਚੌਪਈ:

ਜਿਤੇ ਹੁਤੇ ਜਾਤ੍ਰੀ ਤਿਹ ਥਾਈਂ।

ਸੁਨਿ ਸਤਿਗੁਰ ਢਿਗ ਆਵਤਿ ਧਾਈ।
ਬੰਦਨ ਕਰਹਿਂ ਉਪਾਇਨ ਧਰਿ ਕੈ।
ਬਿਨੈਂ ਭਨੈਂ ਮਹਾਂ ਪੁਰਖ ਬਿਚਰਿ ਕੈ
॥੪੪॥
ਸ੍ਰੀ ਗੁਰ ਸਭਿਹਿਨਿ ਦੇ ਉਪਦੇਸ਼ਾ।
'ਸੱਤਿਨਾਮ ਸਿਮਰਹੁ ਜਗਤੇਸ਼ਾ।
ਭਾਉ ਭਗਤਿ ਕਰਿਯੇ ਛਲ ਖੋਇ।
ਅਸ ਜਿ ਕਰਹੁ ਤੁਮਰੀ ਗਤਿ ਹੋਇ'
॥੪੫॥
ਦਿਵਸ ਤੀਨ ਤਹਿਂ ਰਾਖ੍ਯੋ ਡੇਰਾ।
ਕਰਿ ਕੈ ਮਰਦਨ[1] ਦੰਭ ਘਨੇਰਾ।
ਆਗੈ ਗਮਨ ਕੀਨ ਗੁਨਖਾਨੀ।
ਜਾਂਹਿ ਅਨੇਕ ਉਧਾਰੇ ਪ੍ਰਾਨੀ ॥੪੬॥

[1]ਨਾਸ਼।

ਦੋਹਰਾ:
ਕਰਤ੍ਯੋਂ ਬਚਨ ਬਿਲਾਸ ਕੋ
ਦੁਖਨਾਸ਼ਕ ਸੁਖਦਾਇ।
ਨਗਰ ਅਜੁੱਧ੍ਯਾ ਜਹਿਂ ਹੁਤੋ
ਛਿਨ ਮਹਿਂ ਪੁਹਂਚੇ ਆਇ ॥੪੭॥

{ਗੁਰੂ ਜੀ ਅਯੁੱਧ੍ਯਾ ਵਿੱਚ}

ਚੌਪਈ:
ਸਰਿਤਾ ਪਰ ਬੈਠੇ ਗੁਰ ਪੂਰਨ।
ਜਗ ਮਹਿਂ ਦੰਭ ਕੀਨ ਜਿਨ ਚੂਰਨ।
ਸੁਨਿ ਸ੍ਰੀ ਨਾਨਕ ਨਾਮ ਕ੍ਰਿਪਾਲਾ।
ਪੁਰਿ ਤੇ ਨਰ ਆਏ ਤਤਕਾਲਾ ॥੪੮॥
ਹੁਤੇ ਜਹਾਂ ਬੇਦੀ ਕੁਲ ਦੀਪਾ।
ਬੈਠੇ ਪੰਡਤ ਆਨ ਸਮੀਪਾ।
ਬੰਦਨ ਕਰਹਿਂ ਭਾਉ ਉਰ ਧਰਿ ਕੈ।
ਹਰਖਹਿਂ ਸੁੰਦਰ ਰੂਪ ਨਿਹਰਿ ਕੈ ॥੪੯॥
ਭਈ ਸਮੀਪ ਭੂਰ ਜਬ ਭੀਰਾ।
ਬੋਲੇ ਸਭਿ ਸੋਂ ਗੁਨੀ ਗਹੀਰਾ।
'ਰਾਮ ਗਏ ਲੇ ਕਰਿ ਸੰਗਿ ਨਗਰੀ[1]।
ਨੀਚ ਊਚ ਨਰ ਨਾਰੀ ਸਗਰੀ ॥੫੦॥

[1]ਮੁਰਾਦ ਅਜੁੱਧਿਆ ਨਗਰੀ ਤੋਂ ਹੈ।

ਦੋਹਰਾ:

ਇਹ ਆਈ ਕਿਹਤੇ ਅਬਹਿ, ਦੀਸਤਿ
ਊਚੇ ਧਾਮ।'
ਸੁਨਿ ਪੰਡਿਤ ਸਭਿ ਕਹਤਿ ਭੇ, 'ਜੀਅ[1] [1]ਜੀਵ। [2]ਰਾਮਚੰਦ੍ਰ ਜੀ ਨੇ।
ਲਏ ਸੰਗਿ ਰਾਮ[2] ॥੫੧॥

ਚੌਪਈ:

ਮੰਦਰ ਸਭਿ ਧਰਨੀ ਧਰ ਰਹੇ।
ਗਏ ਬਿਕੁੰਠ ਜੀਵ ਜੇ ਅਹੇ[†]।'

[†]ਲੋਕਾਂ ਵਿਚ ਇਕ ਆਮ ਪਰਸਿੱਧ ਗੱਲ ਹੈ ਕਿ ਸ੍ਰੀ ਰਾਮ ਜੀ ਅਜੁੱਧਜਾ ਨਗਰੀ ਬੈਕੁੰਠਾਂ ਨੂੰ ਨਾਲ ਲੈ ਗਏ ਸਨ। ਮੁਰਾਦ ਤਾਂ ਨਿਰੀ ਇਹ ਸੀ ਕਿ ਨਗਰੀ ਦੇ ਲਗ ਪਗ ਸਾਰੇ ਲੋਕ ਵਾਹਿਗੁਰੂ ਜੀ ਦੇ ਭਗਤ ਹੋ ਗਏ ਤੇ ਤਰ ਗਏ ਸਨ; ਪਰ ਲੋਕੋਕਤੀ ਬਣ ਗਈ ਕਿ ਘਰ ਘਾਟ ਕੋਠੇ ਮਹਿਲ, ਟੀਹਾਟੰਬਾ, ਸਾਰੇ ਹੀ ਓਥੇ ਜਾ ਪੁਜੇ। ਇਹ ਗ਼ਲਤੀ ਪੰਡਿਤਾਂ ਦੇ ਮੂੰਹੋਂ ਦਰੁਸਤ ਕਰਵਾਉਣ ਲਈ ਗੁਰੂ ਜੀ ਨੇ ਪ੍ਰਸੰਗ ਸੁਣਿਆਂ ਹੈ ਤੇ ਪੰਡਤਾਂ ਨੂੰ ਕਹਿਣਾ ਪਿਆ ਕਿ ਜੀ ਨਗਰੀ ਨਹੀਂ ਗਈ ਸੀ, ਨਗਰੀ ਦੇ ਲੋਕੀ ਗਏ ਸਨ। ਤਿਸ ਪਰ ਗੁਰੂ ਜੀ ਕਹਿੰਦੇ ਹਨ ਕਿ ਓਹ ਲੋਕ ਤਾਂ ਦਰਸ਼ਨ ਕਰਨ ਕਰਕੇ ਗਏ, ਤੁਸੀਂ ਨਾਮ ਜਪੋ ਤਾਂ ਤਰੋਗੇ। ਦਰਸ਼ਨ ਤੋਂ ਮੁਰਾਦ ਕੇਵਲ-ਮੂੰਹ ਤੱਕਣ ਮਾਤ੍ਰ ਤੋਂ ਨਹੀਂ, ਪਰ ਪ੍ਰੇਮ ਤੇ ਭਗਤੀ ਭਾਵ ਦੇ ਦਰਸ਼ਨ ਪਰਸਨ ਸਤਿਸੰਗ ਤੋਂ ਹੈ, ਕਿਉਂਕਿ ਗੁਰਬਾਣੀ ਦਾ ਅਸੂਲ ਇਹ ਹੈ 'ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ। ' ਸ੍ਰੀ ਰਾਮਚੰਦ੍ਰ ਜੀ ਗੁਰਮੁਖ ਸੇ, (ਯਥਾ:-ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਤਥਾ:- ਗੁਰਮੁਖਿ ਸਾਇਰਿ ਪਾਹਣ ਤਾਰੇ ॥) ਉਨ੍ਹਾਂ ਦੇ ਸਤਿਸੰਗ ਨਾਲ ਲੋਕੀ ਤਰ ਗਏ। ਹੁਣ ਕਵਿ ਜੀ ਉਨ੍ਹਾਂ ਨੂੰ ਗੁਰੂ ਜੀ ਤੋਂ ਇਹ ਉਪਦੇਸ਼ ਸ੍ਰਵਣ ਕਰਵਾਉਂਦੇ ਹਨ ਕਿ ਗੁਰੂ ਤੁਹਾਡੇ ਵਿਚ ਹੈ, ਉਨ੍ਹਾਂ ਦੇ ਸਤਿਸੰਗ ਨਾਲ ਭਗਤੀ ਧਾਰਨ ਕਰੋ। ਸਤਿਗੁਰੂ ਦਾ ਦਰਸ਼ਨ ਸਫਲ ਤੇ ਸੁਖਦਾਈ ਹੈ, ਉਹਨਾਂ ਤੋਂ ਲੈਕੇ ਵਾਹਿਗੁਰੂ ਜੀ ਦਾ ਸਿਮਰਨ ਕਰੋ ਜੋ ਤੁਸੀਂ ਮੁਕਤਿ ਪਦ ਪਾਓ। ਇਸ ਥਾਂ ਐਉਂ ਜਾਪਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ ਹੈ, ਪਰ ਕਵਿ ਜੀ ਅੱਗੇ ਚਲਕੇ ਇਸੇ ਅਧਜਾਯ ਦੇ ਅੰਕ ੬੮ ਵਿਚ ਜਦ ਏਹ ਲੋਕ ਉਪਦੇਸ਼ ਮੰਗਦੇ ਹਨ ਤੇ ਸਿੱਖੀ ਦੀ ਯਾਚਨਾ ਕਰਦੇ ਹਨ, ਤਦ ਆਗਿਆ ਕਰਦੇ ਹਨ:-'ਸੱਤਿਨਾਮ ਸਿਮਰਹੁ ਨਿਤ ਚਿੱਤਾ' ਸੋ ਸਪਸ਼ਟ ਹੋ ਗਿਆ ਕਿ ਗੁਰੂ ਜੀ ਨੇ ਸੱਤਿਨਾਮ ਦਾ ਉਪਦੇਸ਼ ਦੇਕੇ ਉਹਨਾਂ ਨੂੰ ਤਾਰਿਆ।

ਸ੍ਰੀ ਨਾਨਕ ਪੁਨ ਬੈਨ ਉਚਾਰੇ।
'ਗਏ ਬਿਕੁੰਠ ਸੁ, ਦਰਸੁ ਨਿਹਾਰੇ[1] [1]ਜਿਨ੍ਹਾਂ ਦਰਸ਼ਨ ਦੇਖਿਆ।
॥੫੨॥
ਅਬ ਤੁਮ ਤਿਹ ਕੋ ਸਿਮਰਹੁ ਨਾਮੂ।
ਹੋਹਿ ਤੁਮਾਰੋ ਬੈਕੁੰਠ ਧਾਮੂ।
ਗੁਰ ਸੋਂ ਮਿਲਿ ਭਗਤੀ ਉਰ ਧਾਰੋ।
ਧਜਾਨ ਕਰੋ ਬੰਧਨ ਛੁਟਕਾਰੋ ॥੫੩॥
ਸਤਿਗੁਰ ਦਰਸ ਸਫਲ ਸੁਖਦਾਈ।
ਜਪਹੁ ਨਾਮ ਹ੍ਵੈ ਅੰਤ ਸਹਾਈ।
ਗੁਰਮੁਖ ਹੋਵਹੁ ਤਜਹੁ ਬਿਕਾਰਾ।
ਆਪ ਤਰਹੁ ਕਰਿ ਪਿਤਰ ਉਧਾਰਾ'
॥੫੪॥

ਦੋਹਰਾ:

ਸੁਨਿ ਪੰਡਿਤ ਬੂਝਨ ਕਿਯੋ, 'ਗੁਰੂ ਕਿਤਿਕ ਪਰਕਾਰ?'
ਉੱਤਰ ਦੇਨੇ ਹੇਤੁ ਤਬ, ਬੋਲੇ ਗੁਰੂ ਉਦਾਰ ॥ ੫੫ ॥

ਚੌਪਈ:

'ਇਕ ਪੰਡਿਤ ਗੁਰ†, ਇਕ ਅਵਧੂਤਾ[1]।

[1]ਮੁਰਾਦ ਹੈ ਅਨਪੜ੍ਹ ਪਰ ਤਪੱਸ੍ਵੀ ਗੁਰੂ ਤੋਂ।

{ਤਿੰਨ ਪ੍ਰਕਾਰ ਦੇ ਗੁਰੂ}

†ਇਥੇ ਗੁਰੂ ਪਦ ਤੋਂ ਮੁਰਾਦ ਗੁਰਮੁਖ ਦੀ ਹੈ, ਜੋ ਆਪ ਜਪਦਾ ਤੇ ਹੋਰਨਾਂ ਨੂੰ ਜਪਾਉਣ ਦੀ ਸੱਤਯਾ ਰਖਦਾ ਹੈ। ਗੁਰੂ ਅਵਤਾਰ ਜੋ ਦਸੋ ਪਾਤਸ਼ਾਹੀਆਂ ਸਨ, ਉਹ ਇਸ ਪਦਵੀ ਤੋਂ ਬਹੁਤ ਉੱਚੇ ਹਨ, ਤੇ ਉਨ੍ਹਾਂ ਦੀ ਸ਼ਾਨ ਦੇ ਓਹ ਦਸੇ ਆਪ ਹੀ ਸਨ। ਏਹ ਦਸ ਮੂਰਤੀਆਂ ਧੁਰੋਂ ਆਏ ਸਨ। ਇਹ ਰੱਬ ਦੀ ਜ਼ਾਤ ਤੋਂ ਆਏ ਸਨ। ਇਸ ਕਰਕੇ ਪਰਮੇਸ਼ੁਰ ਨੂੰ ਅਜੋਨੀ ਮੰਨਦਿਆਂ ਹੋਇਆਂ ਇਨ੍ਹਾਂ ਨੂੰ 'ਗੋਬਿੰਦ ਰੂਪ' ਤੇ 'ਭਗਵੰਤ ਰੂਪ' ਲਿਖਿਆ ਹੈ। ਹੋਰ ਸਿੱਖ੍ਯਾ ਦਾਤੇ ਤੇ ਮੁਰਸ਼ਦ ਇਕ ਸਾਧੂ ਤੋਂ ਲੈ ਵਡੇ ਤੋਂ ਵਡੇ ਭਗਤਾਂ ਤਕ ਜੋ ਹੋਏ ਹਨ ਓਹ ਜੀਵ ਸ਼੍ਰੇਣੀ ਤੋਂ ਉਠ ਪਰਮ ਪਦਾਂ ਨੂੰ ਅੱਪੜੇ ਹਨ। ਭਾਈ ਸ਼ੰਕਰ ਦਿਆਲ ਫੈਜ਼ਾਬਾਦੀ ਨੇ ਆਪਣੇ ਜਪੁਜੀ ਸਾਹਿਬ ਦੇ ਟੀਕੇ ਦੇ ਦੀਬਾਚੇ ਵਿਚ ਕਬੀਰ ਆਦਿ ਭਗਤਾਂ ਨੂੰ 'ਗੁਰਜ੍ਯੋਤੀ' ਦੇ ਕਾਯਮ ਮੁਕਾਮ ਸਿੱਧ ਕੀਤਾ ਹੈ, ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਗੁਰੂ ਧਾਰਨ ਕਰਨ ਵਾਲੇ ਦੱਸਕੇ, ਗੁਰੂ ਜਯੋਤੀ ਨੂੰ ਉਚੇਰਾ ਤੇ ਗੁਰੂ ਜਯੋਤੀ ਦਾ ਪੂਰਨ 'ਗੁਰ ਅਵਤਾਰ' ਗੁਰੂ ਨਾਨਕ ਦੇਵ ਜੀ ਨੂੰ ਸਿੱਧ ਕੀਤਾ ਹੈ।

ਮਹਾਂਪੁਰਖ ਇਕ ਜੇ ਮਤਿਪੂਤਾ[1]।
ਲੱਖਯਨ ਸੁਨਹੁ ਭਿੰਨ ਮਨ ਮਾਨਹੁ।
ਜੇ ਪੰਡਿਤ ਤਿਨ ਕਉ ਇਉਂ ਜਾਨਹੁ ॥ ੫੬ ॥

[1]ਪਵਿੱਤ੍ਰ।

ਅਨਤਾਰੂ[1] ਜਿਉਂ ਬਚਨ ਅਲਾਇ।
-ਨਦੀ ਪਾਰ ਤਟ[1] ਹੋਤਿ ਲਖਾਇ।
ਤਰਹੁ ਤਾਂਹਿ ਹੋਵਹੁਗੇ ਪਾਰੂ-।
ਤਰ ਨਹਿਂ ਜਾਨਹਿ ਕਰਹਿ ਉਚਾਰੂ ॥ ੫੭ ॥

[1]ਜੋ ਤਰ ਨਾ ਸੱਕੇ।

[1]ਕੰਢਾ।

ਆਪ ਨ ਕਰਹਿ ਦੇਤਿ ਉਪਦੇਸ਼ਾ।
ਪੰਡਿਤ ਗੁਰ ਜਾਨਹੁ ਤੁਮ ਐਸਾ।
ਬੇਦ ਪੁਰਾਨਨ ਕਰਹਿ ਬਖਯਾਨਾ।
ਲੋਭ ਮੋਹ ਮਹਿਂ ਬੈਸ ਬਿਹਾਨਾ[1] ॥ ੫੮ ॥

[1]ਬੀਤਦੀ ਹੈ।

ਦੋਹਰਾ:

ਪੁੰਨ ਮਿਲਨ ਕੋ ਜਾਨੀਏ, ਹੋਤਿ ਨ ਰਿਦੈ ਗਿਆਨ[1]।
ਪੁਨ ਜੋ ਹੈ ਅਵਧੂਤ ਗੁਰ, ਬਿੱਦ੍ਯਾ ਤੇ

[1]ਪੰਡਤ ਤੋਂ ਪੁੰਨ ਪ੍ਰਾਪਤ ਹੁੰਦਾ ਹੈ ਪਰ ਮੁਕਤੀ ਨਹੀਂ।

ਅਨਜਾਨ ॥੫੯॥

ਚੌਪਈ:

ਮਿਲਾ ਸੰਤ ਕੋ ਜੋਗਹਿ[1] ਪਾਯੋ।
ਭਯੋ ਗਜਾਨ ਉਰ ਮੋਹ ਮਿਟਾਯੋ।
ਆਪ ਤਰੈ ਭਵ ਸਾਗਰ ਸੋਇ।
ਔਰ ਉਧਾਰ ਨ ਤਿਹ ਤੇ ਹੋਇ ॥੬੦॥

[1]ਭਾਵ ਕੋਈ ਸੰਤ ਦੈਵ ਜੋਗ ਨਾਲ ਮਿਲ ਗਿਆ।

ਜਿਉਂ ਜਲ ਬਿਖੈ ਲਸ਼ਟਕਾ[1] ਜਾਈ।
ਆਪ ਤਰੈ ਨਹਿਂ ਔਰ ਤਰਾਈ।
ਪੁਨ ਜੇ ਮਹਾਂ ਪੁਰਖ ਗੁਰ ਜਾਨਹੁ।
ਸਭਿ ਵਿੱਦਜਾ ਮਹਿਂ ਨਿਪੁਨ[1] ਪਛਾਨਹੁ ॥੬੧॥

[1]ਲਾਠੀ।

[1]ਪ੍ਰਬੀਨ।

ਤਿਨ ਕੋ ਮਿਲਹਿਂ ਮਨੁਜ ਜੇ ਜਾਈ।
ਹ੍ਵੈ ਉਧਾਰ ਸਹਿਜੇ ਗਤਿ ਪਾਈ।
ਜਿਹ ਉਪਦੇਸ਼ਹਿਂ ਦੇਹਿਂ ਗਿਆਨਾ।
ਐਸੇ ਮਹਾਂ ਪੁਰਖ ਸੁਖਦਾਨਾ ॥੬੨॥

ਦੋਹਰਾ:

ਤਿਨ ਕੇ ਦੇਖਿ ਅਚਾਰ, ਨਰ ਜੇ ਕੋ ਆਪ ਕਮਾਇ।
ਸੁਸਤ[1] ਹੋਤਿ ਤਿਨ ਕੋ ਸਦਾ, ਜਮਪੁਰਿ ਸੋ ਨਹਿਂ ਜਾਇਂ ॥੬੩॥

[1]ਕੱਲਜਾਣ।

ਚੌਪਈ:

ਨਰ ਜਿਹ ਪਾਰ ਲੰਘਾਵਨ ਹੋਇ।
ਪਾਰ ਕਰੈ ਕੇਵਟ[1] ਸਮ ਸੋਇ।
ਕਿਸੀ ਤੁਲਾ ਦੇ, ਕਿਹ ਸਰਨਾਈ[1]।
ਕਿਸਹੂੰ ਨੌਕਾ[1] ਦੇਤਿ ਚਢਾਈ ॥੬੪॥

[1]ਮਲਾਹ।

[1]ਫੂਕ ਭਰੀ ਖੱਲ ਜਿਸ ਨਾਲ ਪਾਣੀ ਤੋਂ ਤਰ ਜਾਂਦੇ ਹਨ।

[1]ਬੇੜੀ।

ਤਿਹ ਕੇ ਦਰਸ਼ਨ[1] ਕਲਮਲ ਜਾਈ।
ਮਹਾਂ ਪੁਰਖ ਗੁਰ ਸਭਿ ਸੁਖਦਾਈ।'
ਗੁਨਖਾਨੀ ਤੇ ਸੁਨਿ ਅਸ ਬਾਨੀ।
ਪਰਮ ਪ੍ਰੇਮ ਮੈਂ ਮਤਿ ਲਪਟਾਨੀ ॥੬੫॥

[1]ਭਾਵ ਗੁਰੂ ਜੀ ਤੋਂ।

ਗਹਿ ਪਦ ਪੰਕਜ ਬਿਨੈ ਬਖਾਨਹਿਂ।
ਮੁਕਤਿ ਦਾਨ ਦਾ ਰੂਪ ਪਛਾਨਹਿਂ।
'ਭਵ ਸਾਗਰ ਮਹਿਂ ਹੈ ਦੁਖ ਭਾਰਾ।

ਨਿਜ ਕਰੁਨਾ ਕਰਿ ਕਰਹੁ ਉਧਾਰਾ
॥੬੬॥

ਦੋਹਰਾ:

ਸਿੱਖ ਆਪਨੇ ਕੀਜੀਏ,
ਸ਼ੁਭ ਉਪਦੇਸ਼ ਦ੍ਰਿੜਾਇ।
ਜਸ ਤੁਮਰਾ ਸ਼੍ਰਵਨਨ ਸੁਨਜੋ,
ਦਰਸ ਦਿਯੋ ਅਬ ਆਇ' ॥੬੭॥

ਚੌਪਈ:

ਤਿਨ ਕੀ ਦੇਖਿ ਦੀਨਤਾ ਦਜਾਲਾ।
ਦੇਤਿ ਭਏ ਉਪਦੇਸ਼ ਰਸਾਲਾ।
'ਜਗਤ ਜਾਨਿਯੇ ਰਿਦੇ ਅਨਿੰਤਾ।
ਸੱਤਿਨਾਮ ਸਿਮਰਹੁ ਨਿਤ ਚਿੱਤਾ ॥੬੮॥
ਮਨ ਰੋਕਨ ਕੋ ਕਰਿ ਅੱਭਜਾਸ।
ਹ੍ਵੈ ਤੁਮ ਕੋ ਪ੍ਰਾਪਤਿ ਸੁਖਰਾਸਾ।
ਜਬ ਹੀ ਜਗਤ ਅਸੱਤਿ ਪਛਾਨੋ।
ਮਨ ਸੰਕਲਪ ਸੁਖੈਨੰ[1] ਹਾਨੋ[2]' ॥੬੯॥

[1]ਸੌਖੇ ਹੀ। [2]ਨਾਸ਼ ਕਰੋਗੇ।

ਇਸ ਪ੍ਰਕਾਰ ਕੋ ਦੇ ਉਪਦੇਸ਼ਾ।
ਆਗੇ ਗਮਨ[†] ਕੀਨ ਜਗਤੇਸ਼ਾ।

[†]ਅਜੁੱਧਜਾ ਵਿਚ ਸਤਿਗੁਰੂ ਜੀ ਦਾ ਗੁਰਦੁਆਰਾ ਹੈ, ਕੁਛ ਬਰਸ ਬੀਤੇ ਹਨ ਕਿ ਸ਼ੱਤ੍ਰੂਜੀਤ ਸਿੰਘ ਜੀ ਨਾਮੇ ਇਕ ਬੜੇ ਚੰਗੇ ਨਿਹੰਗ ਸਿੰਘ ਇਸ ਗੁਰਦੁਆਰੇ ਦੇ ਸੇਵਕ ਹੋਏ ਹਨ।

ਕਾਂਸ਼ੀ ਬਿਖੈ ਜਾਇ ਕਿਯ ਡੇਰਾ।

{ਗੁਰੂ ਜੀ ਕਾਂਸ਼ੀ ਵਿੱਚ}

ਤਟ ਸੁਰਸਰਿ[1] ਜਹਿਂ ਸੁੰਦਰ ਹੇਰਾ
॥੭੦॥

[1]ਗੰਗਾ।

ਅਤਿਸ਼ੈ ਉੱਜਲ ਨੀਰ ਤਰੰਗਾ।
ਸੱਤਿਨਾਮ ਕੋ ਜਸ ਜਨੁ ਚੰਗਾ।
ਹੁਤੇ[1] ਤਹਾਂ ਜੇ ਪੰਡਿਤ ਭਾਰੀ।
ਸੁਨਿ ਕਰਿ ਸੁਧ ਤਿਨ ਸ਼੍ਰੋਨ ਮਝਾਰੀ
॥੭੧॥

[1]ਸਨ।

ਮਿਲਿ ਕਰਿ ਸਭਿਹੀ ਆਪਸ ਮਾਂਹੀ।
ਆਵਨ ਭੇ ਤਿਆਰ ਹਰਖਾਹੀਂ।
'ਪੂਰਨ ਸੰਤ ਸੁਨਤਿ ਥੇ ਜਾਂ ਕੋ।

ਦਰਸ਼ਨ ਕਰੈਂ ਚਲਹੁ ਅਬ ਤਾਂ ਕੋ'
॥੭੨॥
ਨਰ ਬ੍ਰਿੰਦਨ ਸੋਂ ਪੰਡਿਤ ਆਏ।
ਸ਼੍ਰੀ ਗੁਰ ਆਗੈ ਸੀਸ ਨਿਵਾਏ।
ਧਰਿ ਉਰ ਸ਼ਰਧਾ ਕੋ ਢਿਗ ਬੈਸੇ।
ਪ੍ਰਸ਼ਨ ਕੀਨ ਮਿਲਿ ਕੈ ਤਬ ਐਸੇ ॥੭੩॥

ਦੋਹਰਾ:
'ਵੇਦ ਸ਼ਾਸਤ੍ਰ ਨਿਤਪ੍ਰਤਿ ਪਢਤਿ,
ਸੁਨਤਿ ਸਦਾ ਬਿਵਹਾਰ।
ਹਮ ਉਰ ਸ਼ਾਂਤਿ ਨ ਆਵਈ,
ਮਿਟਤ ਨਹੀਂ ਹੰਕਾਰ' ॥੭੪॥

ਚੌਪਈ:
ਸੁਨਿ ਕਰਿ ਬੋਲੇ ਸ਼੍ਰੀ ਗੁਨਖਾਨੀ।
{ਕਾਂਸ਼ੀ ਦੇ ਪੰਡਤਾਂ ਨੂੰ ਉਪਦੇਸ਼}
'ਪੰਡਿਤ ਗੁਨਹੁ[1] ਹਮਾਰੀ ਬਾਨੀ। — [1]ਵਿਚਾਰੋ।
ਅੰਤਰ ਖੋਟ ਨਿਰੰਤਰ ਧਰਿਹੀ।
ਕੈਸੇ ਪਾਹੁ ਬੇਦ ਕੋ ਚਰਿਹੀ[1] ॥੭੫॥ — [1]ਗਿਆਨ ਦੀ ਪਾਹੁ ਕੀਕੂੰ ਚੜੇ (ਅ) ਕੀਕੂੰ ਪਾਵੇ ਉਹ ਆਚਰਨ ਜਿਸ ਨੂੰ ਸ਼ਾਸਤ੍ਰ ਕਹਿੰਦਾ ਹੈ।

ਬਿਖੈ ਬਿਕਾਰ ਲਾਲਸਾ ਬਾਢੀ।
ਸ਼ਾਂਤਿ ਬੁੱਧਿ ਉਰ ਬਾਹਰ ਠਾਂਢੀ[1]†। — [1]ਖੜੀ ਹੈ। †ਪਾ:-ਕਾਢੀ।
ਪਢਹੁ ਸੁਨਹੁ ਸਭਿ ਲੋਕ ਦਿਖਾਵਾ।'
ਅਸ ਕਹਿ ਪੁਨ ਇਕ ਸ਼ਬਦ ਅਲਾਵਾ
॥੭੬॥

ਸ੍ਰੀ ਮੁਖਵਾਕ ॥
ਸਿਰੀਰਾਗੁ ਮਹਲਾ ੧ ॥
ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥
ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥

ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥

ਦੋਹਰਾ:

ਮਨ ਕੇ ਮੁਨਸਬ ਹ੍ਵੈ[1] ਸੁਨਹੁ, ਰਹੇ ਬਿਸ਼ੈ ਲਪਟਾਇ[2]।
ਤਾਂਹੀ ਕੇ ਰਸ ਮਹਿਂ ਫਸੇ, ਨਹੀਂ ਨਾਮ ਰਸ ਆਇ ॥੭੭॥

[1]ਆਪਣੇ ਮਨ ਦੇ ਆਪ ਮੁਨਸਫ ਹੋਕੇ। [2]ਲਪਟ ਰਹੇ ਹੋ।

ਚੌਪਈ:

ਪੜ੍ਹਨ ਪ੍ਰਕਾਰ ਦੋਇ ਕੋ ਜਾਨਹੁ।
{ਦੋ ਕਿਸਮ ਦਾ ਪੜ੍ਹਨਾ}
ਪਟੇ ਬਾਜ[1], ਇਕ ਸੂਰ[2] ਪ੍ਰਮਾਨਹੁ[3]।
[1]ਗੱਤਕੇ ਬਾਜ। [2]ਸੂਰਮਾ। [3]ਜਾਣੋ।
ਇਕ ਕੀ ਨਿਸ਼ਫਲ ਝੂਠੀ ਲਖਨੀ[1]।
[1]ਲੱਖਣਤਾ-ਪ੍ਰਬੀਨਤਾ।
ਹੋਤਿ ਸਫਲ ਦੂਸਰ[1] ਸਿਖ ਸਿਖਨੀ[2] ॥੭੮॥
[1]ਦੂਸਰੇ ਦੀ। [2]ਸਿੱਖੀ ਹੋਈ ਸਿੱਖਜਾ।
ਪਟੇਬਾਜ[੬] ਇਹ ਭਾਂਤਿ ਚਲਾਵਹਿ।
ਜੈਸੇ ਅੰਗ ਛੁਹਨ ਨਹੀਂ ਪਾਵਹਿ।
ਤਿਨ ਕੋ ਤਨ ਰਹਿ ਬਨਜੋ ਬਨਾਯੋ।
ਸ਼ਸਤ੍ਰ ਘਾਵ ਕੋ ਛੁਹਨ ਨ ਪਾਯੋ ॥੭੯॥
ਹੇਤ ਜੀਵਕਾ, ਲੋਕ ਦਿਖਾਵਨ।
ਪਢਤਿ ਸੁ ਇਕ, ਨਹਿਂ ਕਰਹਿਂ ਕਮਾਵਨ।
ਤਿਹ ਕੋ ਨਿਸ਼ਫਲ ਐਸੇ ਜਾਨਹੁ।
ਜੈਸੇ ਘਨ ਜਲ ਹੀਨ ਪਛਾਨਹੁ ॥੮੦॥
ਇਕ ਜੋ ਸੂਰ ਸੰਤ ਇਸ ਰੀਤੀ।
ਪਢਹਿਂ ਸੁਨਹਿਂ ਸਤਿਸੰਗ ਸਪ੍ਰੀਤੀ।
ਜਾਨਹਿਂ ਬਡ ਅੱਗਜਾਨ ਅਰਾਤੀ[1]।
[1]ਵੈਰੀ।
ਤਿਹ ਕੋ ਹਨਨ ਕਰਹਿਂ ਭਲਿ ਭਾਂਤੀ ॥੮੧॥
ਕਾਮ ਕ੍ਰੋਧ ਲੋਭ ਅਹੰਕਾਰਾ।
ਇਹ ਤਿਹ ਅੰਗ ਸੁ ਕਰਹਿਂ ਪ੍ਰਹਾਰਾ।
ਸਤਿਗੁਰ ਸ਼ਬਦ ਸ਼ਸਤ੍ਰ ਜਿਨ ਕੇਰੇ।

ਕਰਹਿਂ ਪ੍ਰਹਾਰ ਨ ਲਾਵਹਿਂ ਦੇਰੇ ॥੯੨॥
ਨਿਤਪ੍ਰਤਿ ਛੇਦਹਿਂ[1] ਸਨਮੁਖ ਹੋਈ। — [1]ਕੱਟਦੇ ਹਨ।
ਸੂਰਨ ਕੀ ਬਿੱਦਜਾ ਹੈ ਸੋਈ।
ਪੁਨ ਇਕ ਔਰ ਸੁਨਹੁ ਦ੍ਰਿਸ਼ਟਾਂਤਾ।
ਜਿਸ ਪ੍ਰਕਾਰ ਤੁਮ ਹੋਇ ਨ ਸ਼ਾਂਤਾ ॥੯੩॥
ਸ਼ਾਸਤ੍ਰ ਜਿਤੇ ਸੁ ਸ਼ਸਤ੍ਰ ਸਮਾਨਾ।
ਮਨ ਰੂਪੀ ਬਡ ਕੇਹਰਿ[1] ਜਾਨਾ। — [1]ਸ਼ੇਰ।
ਜੇ ਮਾਰਹਿਂ ਤਿਨ ਨਿਕਸਹਿ ਨਾਮੂ।
-ਬਡੋ ਸ਼ਸਤ੍ਰਧਾਰੀ ਅਭਿਰਾਮੂ- ॥੯੪॥
ਕਵਿਅਨ[1] ਜੇਤੇ ਸ਼ਾਸਤ੍ਰ ਬਨਾਏ। — [1]ਕਵਿ ਤੋਂ ਮੁਰਾਦ (inspired poets) ਅਨੁਭਵੀ ਕਵੀਆਂ ਤੋਂ ਹੈ।
ਘੜਹਿਂ ਲੁਹਾਰ ਸਮਾਨ ਸਦਾਏ[1]। — [1]ਸਦਾ ਹੀ।
ਜੇ ਪੰਡਿਤ[1] ਤਿਨ ਟੀਕਾ ਕਾਰਾ। — [1]ਪੰਡਿਤ ਤੋਂ ਮੁਰਾਦ ਕੇਵਲ ਵਿਦਜਵਾਨ ਦੀ ਹੈ, ਐਸੇ ਟੀਕਾਕਾਰਾਂ ਤੋਂ ਨਹੀਂ ਜੋ ਅਨੁਭਵੀ ਬੀ ਸਨ ਤੇ ਪੰਡਤ ਬੀ, ਜੈਸੇ ਸ਼ੰਕ੍ਰਾਚਾਰਯ ਜੀ ਅਨੁਭਵੀ ਬੀ ਸਨ ਤੇ ਟੀਕਾਕਾਰ ਬੀ ਸਨ।
ਸਿਕਲੀਗਰ[1] ਸੇ ਲੇਹੁ ਬਿਚਾਰਾ ॥੯੫॥ — [1]ਹਥਿਆਰਾਂ ਨੂੰ ਸਾਫ ਕਰਨ ਵਾਲੇ।
ਜਿਨ ਪਢਿ ਸੁਨਿ ਕਿਯ ਮਨ ਕਾ ਮਾਰਨ।
ਸੇ ਜੋਧਾ ਹਨ ਤੇ ਹੱਥਜਾਰਨ।
ਪਢਹਿਂ ਜੀਵਕਾ ਕਾਰਨ ਜੋਊ।
ਬੇਚਨ ਹਾਰ ਸ਼ਸਤ੍ਰ ਸਮ ਸੋਊ ॥੯੬॥
ਸ਼ੇਰ ਰੂਪ ਮਨ ਜਿਸ ਨੇ ਮਾਰਾ।
ਬਿਥਰੈ ਨਾਮ ਤਾਂਹਿ ਦਿਸ਼ਿ ਚਾਰਾ।
ਸ਼ਸਤ੍ਰ ਧਾਰਿ[1] ਕਹਿਵਾਵਤਿ ਸੋਊ। — [1]ਧਾਰਨ ਵਾਲਾ।
ਕੂਰੇ ਨਾਮ ਅਪਰ ਸਭਿ ਕੋਊ' ॥੯੭॥
ਇਸ ਪ੍ਰਕਾਰ ਸੁਨਿ ਕਰਿ ਬਚ ਰਾਸੀ[1]। — [1]ਸਾਰੇ।
ਬੋਲੇ ਬਹੁਰ ਕੁਸ਼ਲ[1] ਜੇ ਕਾਂਸ਼ੀ। — [1]ਚਤੁਰ (ਪੰਡਤ) ਕਾਂਸ਼ੀ ਦੇ।
'ਇਹ ਸ਼ਿਵਪੁਰਿ ਮਹਿਂ ਜੋ ਮ੍ਰਿਤੁ ਪਾਵਤਿ।
ਮੁਕਤ ਹੋਤਿ ਸਭਿ ਦੋਖ ਮਿਟਾਵਤਿ ॥੯੮॥
ਸ਼ਾਸਤ੍ਰ ਬਿਖੈ ਮਹਾਤਮ ਕਹਾ।
ਮ੍ਰਿੱਤੁ ਹੋਇ, ਜਾਵੈ ਸ਼ਿਵ ਜਹਾਂ।

ਯਾ ਤੇ ਮਹਿਮਾ ਇਹ ਥਲ ਕੇਰੀ।
ਸਭਿਹਿਨਿ ਤੇ ਉਤਮ ਹਮ ਹੇਰੀ' ॥੮੯॥

ਦੋਹਰਾ:

ਜਗ ਗੁਰ ਬੋਲੇ ਬਚਨ ਪੁਨ 'ਮ੍ਰਿੱਤੁ ਸਮਾਂ ਜਬ ਆਇ।
ਰਾਮ ਨਾਮ ਉਪਦੇਸ਼ ਸ਼੍ਰੁਤਿ[1], ਦੇਤਿ ਪਿਨਾਕੀ[2] ਗਾਇ ॥੯੦॥

[1]ਕੰਨੀਂ। [2]ਸ਼ਿਵ।

ਚੌਪਈ:

ਯਾ ਤੇ ਮੋਖ ਹੋਤਿ ਇਹ ਥਾਈਂ।
ਲਖਹੁ ਨਾਮ ਮਹਿਮਾ ਅਧਿਕਾਈ।
ਕਿਤੈ ਦੇਸ਼ ਹੋਵੈ ਥਲ ਕੋਈ।
ਨਾਮ ਰਿਦੈ ਗਤਿ ਪ੍ਰਾਪਤਿ ਹੋਈ[†] ॥੯੧॥

[†]ਉਨ੍ਹਾਂ ਦੇ ਦੱਸੇ ਖਿਆਲ ਦਾ ਉਨ੍ਹਾਂ ਦੇ ਨਿਸ਼ਚੇ ਦਾ ਖਿਆਲ ਦੱਸਕੇ ਇਹ ਅਪਣਾ ਅਸੂਲ ਪ੍ਰਤਿਪਾਦਨ ਕੀਤਾ ਹੈ ਕਿ ਨਾਮ ਨਾਲ ਕਲਜਾਨ ਹੁੰਦੀ ਹੈ, ਕਿਸੇ ਥਾਂਵੇ ਮਰਨ ਨਾਲ ਨਹੀਂ।

ਜਿਉਂ ਕਬੀਰ ਕਾਸ਼ੀ ਥਲ ਤਜਾਗਾ।
ਮਗ[1] ਮੈਂ ਬਸਾ ਨਾਮ ਅਨੁਰਾਗਾ।

[1]ਮਰਾਹਰ।

ਸਤਿ ਸੰਗਤਿ ਹ੍ਵੈ ਰਹੀ ਤਹਾਂ ਹੀ।
ਭਏ ਮੋਖ ਤਜਿ ਦੇਹਿ ਉਹਾਂ ਹੀ[1] ॥੯੨॥

[1]ਓਥੇ ਹੀ।

ਜਾਨਹੁ ਏਕ ਮੋਖ ਕੋ ਦਾਤਾ।
ਸੱਤਿਨਾਮ ਸਭਿ ਜਗ ਬੱਖਜਾਤਾ।
ਔਰ ਕਿਸੂ ਤੇ ਮੋਖ ਨ ਹੋਈ।
ਕੋਟ ਉਪਾਉ ਕਰੇ ਜੇ ਕੋਈ' ॥੯੩॥

ਦੋਹਰਾ:

ਸੁਨਿ ਕਰਿ ਪੰਡਿਤ ਕਹਤਿ ਭੇ, 'ਹੈਂ ਅਨੇਕ ਹਰਿ ਨਾਮ।
ਕੌਨ ਨਾਮ ਹੈ ਮੁਕਤਿ ਦਾ? ਸੋ ਕਹਿਯੇ ਅਭਿਰਾਮ' ॥੯੪॥

ਚੌਪਈ:

ਸ੍ਰੀ ਨਾਨਕ ਪੁਨ ਬੈਨ ਉਚਾਰੇ।
'ਜੋ ਨੌਕਾ ਸਭਿ ਪਾਰ ਉਤਾਰੇ।
ਪੁਨ ਜਿਸ ਨੌਕਾ ਪਰ ਚਢਿ ਕੋਊ।
ਤਿਹ ਕੋ ਪਾਰ ਉਤਾਰੈ ਸੋਊ ॥੯੫॥

ਤਿਸ ਹੀ ਸੰਗ ਤਾਂਹਿ ਕੋ ਕਾਮੂ।
ਉਤਰੈ ਪਾਰ ਪਾਇ ਸੁਖਧਾਮੂ।
ਤੈਸੇ ਗੁਰ ਜੋ ਨਾਮ ਬਤਾਇ।
ਸੋ ਤਿਹ ਕੋ ਹੋਵਤਿ ਗਤਿਦਾਇ ॥੯੬॥
ਗੁਰ ਉਪਦੇਸ਼ ਰਿਦੈ ਜਿਨ ਧਾਰਾ।
ਸੋ ਭਵ ਸਾਗਰ ਉਤਰਾ ਪਾਰਾ†।'

†ਅੰਕ ੯੯ ਵਿਚ ਦੱਸਣਗੇ ਕਿ ਇਨ੍ਹਾਂ ਨੂੰ 'ਸੱਤਿਨਾਮ' ਗੁਰੂ ਜੀ ਨੇ ਦੇਕੇ ਤਾਰਿਆ।

ਇਸ ਪ੍ਰਕਾਰ ਸੁਨਿ ਕੈ ਸ਼ੁਭ ਬਚਨਾ।
ਪੰਡਿਤ ਬਿਨੈ ਭਨੈ ਸੁਠ ਰਚਨਾ ॥੯੭॥
'ਦੀਨ ਜਾਨਿ ਗਤਿ ਕੀਜੈ ਹਮਰੀ।
ਚਰਨ ਸ਼ਰਨ ਗਹਿ ਲੀਨੀ ਤੁਮਰੀ।
ਰਾਵਰਿ ਸਰਸ ਅਪਰ ਨਹਿਂ ਕੋਈ।
ਸਫਲ ਦਰਸ ਨਿਜ ਕਰਿ ਦੁਖ ਖੋਈ' ॥੯੮॥
ਸੁਨੀ ਬਿਨੈ ਜਬ ਕਰੁਨਾ ਐਨਾ।
ਕੈਵਲਦਾ ਉਚਰੇ ਸ਼ੁਭ ਬੈਨਾ।
'ਸੱਤਿਨਾਮ ਕੋ ਕੀਜੈ ਜਾਪੂ।
ਤੁਮਰੇ ਨਾਸਹਿਂ ਤੀਨੋ ਤਾਪੂ' ॥੯੯॥
ਨਾਉਂ ਧਰੀਕ[1] ਭਏ ਸਿਖ ਸੋਇ।
ਗੁਰ ਗੁਰ ਜਾਪ ਜਪਹਿਂ ਭ੍ਰਮ ਖੋਇ।
ਕਿਤਿਕ ਦਿਵਸ ਗੁਰ ਡੇਰਾ ਕਰਿਕੈ।
ਪੁਨ ਗਮਨੇ ਉਪਕਾਰ ਬਿਚਰਿਕੈ ॥੧੦੦॥

[1]ਨਾਮ ਦੇ ਧਾਰਨ ਕਰਨ ਵਾਲੇ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਤੀਰਥ ਬਿਚਰਨ' ਪ੍ਰਸੰਗ ਬਰਨਨੰ ਨਾਮ ਨਵਮੋਂ ਅਧਜਾਯ ॥੯॥

## ੧੦. [ਸ਼ਾਰਦਾ ਮੰਗਲ। ਜਗਨ ਨਾਥ, ਕਲਜੁਗ ਪ੍ਰਸੰਗ]

੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੧

{ਜਗਨ ਨਾਥ ਪੁਰੀ} ॥੨..॥
{ਆਰਤੀ} ॥੭..॥
{ਬਘਿਆੜ ਦੀ ਕਥਾ} ॥੧੪॥
{ਕਲਜੁਗ ਪ੍ਰਸੰਗ} ॥੨੨..॥
{ਕਲਜੁਗ ਦੀ ਸੈਨਾ} ॥੪੬॥
{ਕਲਜੁਗ ਲੱਛਨ} ॥੬੯..॥

ਭੁਜੰਗ ਛੰਦ:

ਨਮੋ ਚੰਡਿਕਾ† ਕਾਲਕਾ ਬਾਕਬਾਨੀ।
ਬਿਘੰਨਾ ਹਰੰਤੀ ਸਦਾ ਬੁੱਧਿ ਦਾਨੀ।
ਕਰੋ ਦਾਤ ਮਾਤਾ ਮੁਝੈ ਦਾਸ ਜਾਨੋਂ।
ਸੁਛੰਦੰ ਗੁਰੂ ਕੀ ਕਥਾ ਹੌਂ ਬਖਾਨੋਂ ॥੧॥

ਚੰਡਿਕਾ=ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੨। ਕਾਲਿਕਾ=ਕਾਲੇ ਰੰਗ ਦੀ ਇਕ ਮੰਨੀ ਹੋਈ ਵ੍ਯਕਤੀ ਜਿਸ ਨੇ ਦੈਂਤਾਂ ਦਾ ਨਾਸ਼ ਕੀਤਾ। ਮੁਰਾਦ ਤੇਜਮਯ ਸ਼ਤ੍ਰੂਆਂ ਤੇ ਭੈ ਵਾਲਾ ਅਸਰ ਪਾਉਣ ਵਾਲੀ ਵ੍ਯਕਤੀ, ਉਸੇ ਨੂੰ ਬਾਕਬਾਨੀ ਪਏ ਕਹਿੰਦੇ ਹਨ। ਆਦਿ ਸ਼ਕਤੀ।

†ਦੇਵੀ ਦੀ ਵਿਸੇਸ਼ ਵ੍ਯਾਖ੍ਯਾ ਲਈ ਪੜ੍ਹੋ ਪੂਰਬਾਰਧ ਅਧ੍ਯਾਯ ੧ ਅੰਕ ੨।

ਸੁ=ਚੰਗੇ। ਸੁਛੰਦੰ=ਸੁਹਣੇ ਗੀਤ, ਸੁੰਦਰ ਕਵਿਤਾ। (ਅ) ਸ੍ਵਛੰਦ=ਸੁਤੰਤ੍ਰ, ਆਪੇ ਟੁਰੀ ਆਉਣ ਵਾਲੀ ਕਵਿਤਾ।

ਅਰਥ:

ਨਮਸਕਾਰ (ਹੈ ਤੈਨੂੰ, ਤੂੰ ਜੋ) ਚੰਡੀ ਹੈਂ, ਕਾਲਿਕਾ ਹੈਂ, ਸਰਸ੍ਵਤੀ ਹੈਂ, ਵਿਘਨਾਂ ਦੇ ਹਰ ਲੈਣ ਵਾਲੀ ਹੈਂ, ਸਦਾ ਬੁੱਧੀ ਦੇਣ ਵਾਲੀ ਹੈਂ। ਹੇ ਮਾਤਾ! ਮੈਨੂੰ ਦਾਸ ਜਾਣੋ (ਤੇ ਇਹ) ਦਾਤ ਬਖਸ਼ੋ ਕਿ ਸੁਹਣੇ ਛੰਦਾਂ ਵਿਚ ਗੁਰੂ ਜੀ ਦੀ ਕਥਾ ਵਰਣਨ ਕਰਾਂ।

ਭਾਵ:

ਇਸ ਮੰਗਲ ਵਿਚ ਸੰਸਾ ਨਹੀਂ ਰਹਿੰਦਾ ਕਿ ਕਵਿ ਜੀ ਬੁੱਧੀ ਦਾਤਾ ਤੇ ਬਾਕਬਾਨੀ ਸਰਸ੍ਵਤੀ ਨੂੰ ਹੀ ਚੰਡਿਕਾ ਤੇ ਕਾਲਿਕਾ ਕਹਿ ਰਹੇ ਸਨ, ਇਹੋ ਵਿਘਨ ਹਰਨ ਵਾਲੀ ਹੈ, ਇਹੋ ਅਕਲ ਦੇਣ ਵਾਲੀ ਹੈ, ਇਹੋ ਕਵਿਤਾ ਦੀ ਦਾਤੀ ਹੈ। ਸੋ ਸਪਸ਼ਟ ਹੈ ਕਿ ਆਪ ਨੇ ਅਪਣੀ ਸ਼ਾਰਦਾ ਵਿਚ ਤੇਜ ਤੇ ਸ਼ਾਂਤ, ਜਲਾਲ ਤੇ ਜਮਾਲ, ਸਗੋਂ ਸ਼ਤ੍ਰੂਆਂ ਨੂੰ ਭੈ ਦਾਤਾ ਹੋਣ ਵਾਲੀ ਵਰਣਨ ਕੀਤਾ ਹੈ, ਕਿਉਂਕਿ ਆਪ ਨੇ ਕਵਿਤਾ ਬੀਰ ਰਸ ਤੇ ਰੌਦ੍ਰ ਰਸ ਦੀ ਬੀ ਕਰਨੀ ਹੈ।

ਇਕ ਹੋਰ ਗੱਲ ਇਥੇ ਹੱਲ ਹੋਈ ਪਈ ਹੈ ਕਿ ਸ਼ਾਰਦਾ ਤੋਂ ਆਪ ਇਕੋ ਪ੍ਰਯੋਜਨ ਰਖਦੇ ਹਨ-ਆਪ ਉਸ ਤੋਂ ਇਹ ਵਰ ਮੰਗਦੇ ਹਨ ਕਿ ਆਪਣੇ ਇਸ਼ਟ ਦੀ ਅਪਣੇ ਸਤਿਗੁਰੂ ਦੀ ਕਥਾ ਮੈਂ ਸੁਤੇ ਸਿੱਧ ਕੁਦਰਤੀ ਵਹਾਉ ਵਾਲੀ ਸੁੰਦਰ ਛੰਦਾਂ ਵਿਚ ਗੁੰਦੀ ਕਵਿਤਾ ਵਿਚ ਵਰਣਨ ਕਰਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਿ ਸ੍ਰੀ ਅੰਗਦ ਕਥਾ ਰਸਾਲਾ।
ਆਗੈ ਗਮਨੇ ਬਹੁਰ ਕ੍ਰਿਪਾਲਾ।
ਜਗੰਨਾਥ ਕੋ ਜਹਿਂ ਅਸਥਾਨਾ।

{ਜਗਨ ਨਾਥ ਪੁਰੀ}

ਤਹਾਂ ਜਾਇ ਪਹੁੰਚੇ ਗਤਿਦਾਨਾ ॥੨॥
ਹਰਿਮੰਦਰ[1] ਕੇ ਦਰ ਪਰ ਜਾਈ। [1]ਜਗਨ ਨਾਥ ਦਾ ਮੰਦਰ।
ਬੈਠੇ ਕਿਤਿਕ ਕਾਲ ਤਿਹ ਥਾਈਂ।
ਸੰਧਜਾ ਕਾਲ ਪਹੁੰਚਜੋ ਜਬ ਹੀ।
ਸਭ ਪੰਡੇ ਮਿਲਿ ਆਏ ਤਬ ਹੀ ॥੩॥
ਕਰਨੇ ਲਗੇ ਆਰਤੀ ਤਹਿੰਵਾ।
ਜਗੰਨਾਥ ਕੋ ਮੰਦਰ ਜਹਿੰਵਾ।
ਸ੍ਰੀ ਗੁਰ ਬੈਠੇ ਰਹੇ ਅਡੋਲਾ।
ਠਾਂਡੇ ਭਏ ਨ ਕੁਛ ਮੁਖ ਬੋਲਾ ॥੪॥
ਤਿਹ ਛਿਨ ਪੰਡੇ ਰਿਸਿ ਉਰ ਧਾਰੀ।
ਆਨਿ ਸਮੀਪੰ ਗਿਰਾ ਉਚਾਰੀ।
'ਕੋ ਹੈਂ ਤੂੰ? ਕਿਹ ਥਲ ਤੇ ਆਯੋ?
ਹੈਂ ਅਨਜਾਨ ਭੇਦ ਨਹਿੰ ਪਾਯੋ ॥੫॥
ਸਭਿਨਿ ਆਰਤੀ ਖਰੇ ਉਤਾਰੀ।
ਤੂੰ ਬੈਠਜੋ ਰਹਿਓ ਇਹ ਬਾਰੀ[1]। [1]ਇਸ ਵੇਲੇ।
ਜਗੰਨਾਥ ਕੋ ਭਾਉ ਨ ਕੀਨੋ।
ਉਠਜੋ ਨ ਤਿਹ ਛਿਨ, ਕਜਾ ਤੈਂ ਚੀਨੋ?' ॥੬॥
ਸੁਨਿ ਕਰਿ ਜਗ ਗੁਰ ਬਚਨ ਬਖਾਨੇ।
'ਸਦਾ ਆਰਤੀ ਹਮ ਪਹਿਚਾਨੇ।

{ਆਰਤੀ}

ਸਰਬ ਸ਼ਿਰੋਮਣਿ ਜਸ ਪ੍ਰਭੁ ਉਚੇ।
ਕਰਹਿੰ ਆਰਤੀ ਤਸ ਮਨ ਸੂਚੇ ॥੭॥
ਅਲਪ ਆਰਤੀ ਕਜਾ ਤੁਮ ਕਰਿਹੋ।
ਤੁੱਛ ਸੌਜ[1] ਜਾ ਮਹਿੰ ਸ਼ੁਭ ਧਰਿਹੋ। [1]ਤੁੱਛ ਸਮੱਗਰੀ।
ਮਨ ਨਿਰਮਲ ਕਰਿ ਨਹੀਂ ਟਿਕਾਵਹੁ।
ਤੋਂ ਅਭਿਮਤਿ[1] ਕਜਾ ਫਲ ਤੁਮ ਪਾਵਹੁ' ॥੮॥ [1]ਵਾਂਛਤ ਫਲ।
ਪੰਡੇ ਕਹੈਂ 'ਆਰਤੀ ਕੈਸੀ?
ਨਿਤਪ੍ਰਤਿ ਕਰਤਿ ਰਹੋ ਕਹੁ ਤੈਸੀ।'
ਤਿਨ ਤੇ ਸੁਨਿ ਕੇ ਕ੍ਰਿਪਾ ਨਿਧਾਨਾ।

ਸ਼ਬਦ ਆਰਤੀ ਰੀਤਿ ਬਖਾਨਾ ॥੯॥

ਸ੍ਰੀ ਮੁਖਵਾਕ ॥
ਧਨਾਸਰੀ ਮਹਲਾ ੧ ਆਰਤੀ
ੴ ਸਤਿਗੁਰ ਪ੍ਰਸਾਦਿ ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

ਦੋਹਰਾ:

'ਇਸ ਪ੍ਰਕਾਰ ਕੀ ਆਰਤੀ, ਨਿਤ ਉਤਾਰਿ ਕਰਤਾਰ।
ਮਨ ਕੋ ਰੋਕਿ ਜੁ ਕਰਤਿ ਇਉਂ, ਫਿਰ ਨ ਪਾਇ ਸੰਸਾਰ' ॥੧੦॥

ਚੌਪਈ:

ਸੁਨਿ ਕਰਿ ਪੰਡੇ ਬੰਦਨ ਕਰਿਹੀਂ।
'ਮਹਾਂ ਪੁਰਖ ਇਹ' ਬਚਨ ਉਚਰਿਹੀਂ।
'ਅਹੈ ਸੱਤਿ ਸਭਿ ਇਨ ਕੌ ਕਹਿਨੋ।
ਮਨ ਇਸਥਿਰ ਇਕ ਛਿਨ ਨਹਿਂ ਰਹਿਨੋ' ॥੧੧॥
ਦੋਇ ਦਿਵਸ ਤਹਿਂ ਰਾਖਯੋ ਡੇਰਾ।
ਬਹੁਰੋ ਗਵਨੇ ਹੋਤਿ ਸਵੇਰਾ।
ਕਿਤਿਕ ਦੂਰ ਗੇ ਸਾਗਰ ਤੀਰਾ।
ਅਤਿ ਤਰੰਗ ਕੋ ਉਛਰਤਿ ਨੀਰਾ ॥੧੨॥
ਪੁਨ ਤਟ ਬੈਠੇ ਕ੍ਰਿਪਾ ਨਿਧਾਨਾ।
ਗਾਵਨ ਲਗਾ ਸ਼ਬਦ ਮਰਦਾਨਾ।
ਉਚੀ ਸੁਰ ਸੋਂ ਉਰ ਹਰਖਾਯੋ।
ਅਧਿਕ ਮਨੋਜ[1] ਰਬਾਬ ਵਜਾਯੋ ॥੧੩॥

[1]ਸੁੰਦਰ, ਮਨੋਹਰ।

ਦੋਹਰਾ:

ਇਕ ਮਿਰਤਕ ਮਾਨਵ ਪਰਾ
ਬ੍ਰਿੱਕ[1] ਖਾਨ ਤਿਹ ਆਇ। [1]ਬਘਿਆੜ।
{ਬਘਿਆੜ ਦੀ ਕਥਾ}
ਅਧਿਕ ਛੁਧਾ ਜਿਹ ਕਉ ਲਗੀ
ਚੂਮਜੋ ਮਸਤਕ ਜਾਇ ॥੧੪॥
ਚੌਪਈ:
ਨਹਿਂ ਖਾਯੋ ਹਟਿ ਕਰਿ ਸੋ ਗਯੋ।
ਦੂਰ ਜਾਇ ਪੁਨ ਆਵਤਿ ਭਯੋ।
ਪਗ, ਕਰ, ਉਰ, ਸੂੰਘਾ ਤਿਹ ਸਾਰਾ।
ਬਿਨ ਖਾਏ ਗਾ ਬਨਹਿਂ ਮਝਾਰਾ ॥੧੫॥
ਸ੍ਰੀ ਪ੍ਰਭੁ ਸੋਂ ਬੂਝਤਿ ਮਰਦਾਨਾ।
'ਮਿਰਤਕ ਕੋ ਬ੍ਰਿਕ ਕੀਨ ਨ ਖਾਨਾ।
ਸੂੰਘ ਹਟਜੋ[1] ਕਿਉਂ? ਕਹਿਯੇ ਸ੍ਵਾਮੀ! [1]ਮੁੜਿਆ।
ਘਟ ਘਟ ਕੇ ਤੁਮ ਅੰਤਰਜਾਮੀ' ॥੧੬॥
'ਸੁਨਿ ਮਰਦਾਨੇ! ਸ਼ਬਦ ਜੁ ਗਾਯੋ।
ਯਾ ਤੇ ਰਿਦਾ ਸੁੱਧ ਹ੍ਵੈ ਆਯੋ।
ਪਾਪ ਪੁੰਨ ਕੋ ਭਯੋ ਬਿਚਾਰਾ।
ਭੱਖ ਅਭੱਖਹਿ ਲਖਜੋ ਅਹਾਰਾ ॥੧੭॥
ਦੋਹਰਾ: [1]ਮੁਰਦਾ।
ਮਿਰਤਕ[1] ਬੇਮੁਖ ਨਾਮ ਤੇ, ਨਹਿਂ ਕੀਨੋ
ਸਤਿਸੰਗ।
ਆਂਖ ਨ ਦਰਸਜੋ ਸੰਤ ਕਬ, ਰਿਦੈ ਨ ਹਰਿ
ਕੋ ਰੰਗ ॥੧੮॥
ਚੌਪਈ: [1]ਹੱਥਾਂ।
ਹਸਤਨ[1] ਸੋਂ ਕਬ ਟਹਿਲ ਨ ਕੀਨੀ।
ਹਰਿ ਜਸੁ ਧੁਨਿ ਸ਼੍ਰਵਨਨ[1] ਨਹਿਂ ਦੀਨੀ। [1]ਕੰਨੀਂ।
ਜਾਨੇ ਸਭੈ ਅੰਗ ਅਪੱਵਿਤ।
ਇਸ ਖਾਵਨ ਤੇ ਹੋਇ ਅਧੋਗਤਿ ॥੧੯॥
ਯਾ ਤੇ ਤਜਜੋ, ਸੁਨੋ ਮਰਦਾਨਾ!
ਬਿਨਾ ਨਾਮ ਕਬ ਨਹਿਂ ਕੱਲਜਾਨਾ।
ਨਿਹਫਲ ਨਰ ਸ਼ਰੀਰ ਹੈ ਸੋਈ।
ਜਿਨ ਕਬਹੂੰ ਸਤਿਸੰਗ ਨ ਜੋਈ ॥੨੦॥
ਨਾਮ ਜਪਨ ਨਰ ਜਗ ਮੈਂ ਆਇਓ।

ਭੂਲਯੋ ਤਾਂਹਿ[1] ਬਿਸ਼ੈ ਲਪਟਾਇਓ।'
ਸੁਨਿ ਕੈ ਨਮੋ ਕੀਨਿ ਮਰਦਾਨੇ।
'ਧੰਨ ਪ੍ਰਭੂ ! ਸਚ ਕਰਤਿ ਬਖਾਨੇ' ॥੨੧॥
ਅਪਰ ਥਾਨ ਪੁਨ ਕੀਨ ਪਯਾਨਾ।
ਆਵਾ ਕਾਨਨ ਅਧਿਕ ਭਯਾਨਾ।
ਤਹਾਂ ਜਾਇ ਬੈਠੇ ਗੁਨਖਾਨੀ।
ਜਿਉਂ ਹੋਈ ਤਿਉਂ ਸੁਨੋ ਕਹਾਨੀ ॥੨੨॥

[1]ਤਿਸ (ਨਾਮ) ਨੂੰ।

{ਕਲਜੁਗ ਪ੍ਰਸੰਗ}

ਤਿਹ ਛਿਨ ਉਠੀ ਬਿਸਾਲ ਅੰਧੇਰੀ।
ਭੈ ਦਾਇਕ ਆਰੁਨ ਰੰਗ ਗੇਰੀ[1]।
ਅਧਿਕ ਪ੍ਰਭੰਜਨ[1] ਜੋਰ ਲਗਾਵਾ।
ਕੰਕਰ ਧੂਰ ਉਡੀ ਨਭ ਛਾਵਾ ॥੨੩॥

[1]ਗੇਰੂ ਵਰਗੀ ਲਾਲ।
[1]ਹਵਾ ਨੇ।

ਦੋਹਰਾ:

ਬਿਰਖ ਚਲੇ ਜਿਹ ਸੰਗ ਉਡ, ਹੋਯੋ ਤਿਮਰ[1] ਗੁਬਾਰ।
ਹਾਥ ਪਸਾਰ ਨ ਸੂਝਈ, ਦੁਖ ਬਹੁ ਦੇਵਨਹਾਰ ॥੨੪॥

[1]ਅੰਧੇਰਾ।

ਚੌਪਈ:

ਜਬ ਮਰਦਾਨੇ ਤਿਹ ਦਿਸ਼ ਦੇਖਾ।
ਰਿਦੈ ਮੱਧ ਭੈ ਕੀਨ ਬਿਸ਼ੇਖਾ।
ਆਨਨ ਪਰ ਅੰਬਰ[1] ਕੋ ਪਾਯੋ।
ਪੌਢਯੋ ਭੂਮਿ ਬਿਖੈ ਅਕੁਲਾਯੋ ॥੨੫॥
ਸ਼੍ਰੀ ਨਾਨਕ ਸੋਂ ਬਚਨ ਉਚਾਰੇ।
'ਬਡ ਉੱਦਜਾਨ ਆਨਿ ਕੈ ਮਾਰੇ।
ਗੋਰ ਕਫਨ ਤੇ ਭੀ ਹੌਂ ਰਹਾ।
ਇਹਾਂ ਆਨਿ ਬਹੁਤੋ ਦੁਖ ਲਹਾ' ॥੨੬॥
ਬਿਗਸਤਿ ਸ਼੍ਰੀ ਮੁਖ ਧੀਰਜ ਦੀਨਾ।
'ਕਿਉਂ ਮਰਦਾਨੇ ਤੈਂ ਭੈ ਕੀਨਾ?
ਨਹੀਂ ਸਮੀਪ ਆਇ ਕਛੁ ਤੇਰੇ।
ਕਿਉਂ ਤੂੰ ਭਯੋ ਅਧੀਰ ਘਨੇਰੇ?' ॥੨੭॥
'ਸੁਨਹੁ ਪ੍ਰਭੂ ! ਮੁਝ ਕੰਪ[1]ਘਨੇਰਾ।
ਐਸਾ ਸੀਤ ਨ ਮੈਂ ਕਬ ਹੇਰਾ।

[1]ਕਪੜਾ।
[1]ਕਾਂਬਾ।

ਜੀਵ ਲੈਨ ਇਹ ਆਇ ਅੰਧੇਰੀ।
ਭਈ ਆਰਬਲ ਪੂਰਨ ਮੇਰੀ' ॥੨੮॥
ਪੁਨ ਸੋ ਦੈਤ ਦੇਹਿ ਧਰਿ ਆਵਾ।
ਸਿਰ ਨਭ[1] ਪਗ ਪਾਤਾਲ ਬਨਾਵਾ। [1]ਅਕਾਸ਼।
ਦੀਰਘ ਦਾਂਤ ਭਿਆਨਕ ਰੂਪਾ।
ਨਾਸਾਂ ਕਰਨ[1] ਬਨੇ ਤਮ ਕੂਪਾ[2] ॥੨੯॥ [1]ਕੰਨ। [2]ਅੰਧੇਰਾ ਖੂਹ।
ਮੁਖ ਉਘਾਰਿ ਮਰਦਾਨੇ ਦੇਖਾ।
ਭਯੋ ਰਿਦੇ ਭੈਭੀਤ ਵਿਸ਼ੇਖਾ।
'ਤਿਹ ਅੰਧੇਰੀ ਤੇ ਬਚਿ ਰਹੇ।
ਅਬ ਇਹ ਦੈਂਤ ਖਾਵਨੋ ਚਹੇ' ॥੩੦॥
ਗੁਰੂ ਭਨੈ 'ਇਹ ਹੈ ਕਿਛੁ ਨਾਂਹੀ।
ਨਿਕਟ ਨ ਆਵੈ ਜਾਇ ਪਰਾਹੀ[1]। [1]ਪਰੇ ਪਰੇ (ਅ) ਦੌੜ ਜਾਏਗਾ।
ਵਾਹਿਗੁਰੂ ਕਹਿ ਧੀਰਜ ਕਰੀਏ।
ਕਿਹ ਤੇ ਤਨਕ ਨ ਤ੍ਰਾਸ ਬਿਚਰੀਏ' ॥੩੧॥
ਕਲਿਜੁਗ ਅਗਨਿ ਬੇਖ, ਤਨ ਧਾਰਾ।
ਧੂਮ ਉਠਯੋ ਚਹੁਂ ਤਰਫ ਅਪਾਰਾ।
ਮੁਖ ਢਪਿ ਪੌਢਿ ਰਹਯੋ ਮਰਦਾਨਾ।
ਅਚਰਜ ਦੇਖਿ ਅਧਿਕ ਭੈ ਮਾਨਾ ॥੩੨॥

ਦੋਹਰਾ:

ਅਗਨਿ ਬੇਖ ਕੋ ਤਯਾਗ ਕੈ, ਘਟਾ ਬਡੀ ਪੁਨ ਹੋਇ।
ਕਰਤਿ ਪਰਖਨਾ ਗੁਰੂ ਕੀ, ਕਲਿਜੁਗ ਆਵਤਿ ਸੋਇ ॥੩੩॥

ਚੌਪਈ:

ਭੀ ਕਾਲੀ ਘਟ ਨਿਸਾ ਸਮਾਨਾ।
ਦਾਮਨਿ[1] ਚਮਕਤਿ ਮਨਹੁ ਕ੍ਰਿਪਾਨਾ। [1]ਬਿਜਲੀ।
ਕਰਿਕਾ[1] ਕੋ ਬਰਖਾਇ ਬਿਸਾਲਾ। [1]ਗੜੇ।
ਪਾਹਨ ਸਮ ਭਾਰੀ ਤਿਹ ਕਾਲਾ ॥੩੪॥
ਧਰਿ ਧੀਰਜ ਗੁਰ ਤਹਾਂ ਸੁਹਾਏ।
ਨਿਕਟ ਕਛੁ ਛੁਹਿਨਾ ਨਹਿਂ ਪਾਏ।
ਤਬਿ ਕਲਿਜੁਗ ਨੈ ਨਿਸ਼ਚੈ ਜਾਨੀ।

-ਹੈ ਅਵਤਾਰ ਰੂਪ ਗੁਨ ਖਾਨੀ- ॥੩੫॥
ਮਾਨੁਖ ਰੂਪ ਧਾਰਿ ਪੁਨ ਆਯੋ।
ਅਧਿਕ ਬਦਨ ਤੇ ਅਗਨਿ ਬਮਾਯੋ[1]। [1]ਕੱਢੀ।
ਦੇਹਿ ਕੰਚਕੀ[1] ਜਾਂਹਿ ਸਵਾਰੀ। [1]ਕੰਚੁਕੀ=ਦ੍ਵਾਰਪਾਲ ਦੀ। (ਅ) ਕੰਚ+ਕੀ=ਸੋਨੇ ਦੀ।
ਏਕ ਹਾਥ ਮੈਂ ਜਿਹਵਾ ਧਾਰੀ ॥੩੬॥
ਗਹਜੋ ਲਿੰਗ[1] ਕੋ ਦੂਸਰ ਹਾਥਾ। [1]ਇੰਦ੍ਰੀ।
ਆਵਾ ਸਨਮੁਖ ਜਹਿਂ ਜਗਨਾਥਾ।
ਬਿਗਸਤਿ ਮੁਖ ਤੇ ਕਹਿ ਸੁਖਰਾਸਾ।
'ਮਰਦਾਨੇ ! ਉਠਿ ਦੇਖਿ ਤਮਾਸ਼ਾ ॥੩੭॥
ਸਾਵਧਾਨ ਹ੍ਵੈ ਧੀਰਜ ਧਰੀਏ।
ਕਾਹੂੰ ਤਨਕ ਨ ਤ੍ਰਾਸ ਬਿਚਰੀਏ।'
ਆਨਿ ਕਲੀ[1] ਤਬ ਬੰਦਨ ਕਰਿ ਕੈ। [1]ਕਲਜੁਗ।
ਬੋਲਜੋ ਨਿਜ ਅਪਰਾਧ ਬਿਚਰਿ ਕੈ ॥੩੮॥
'ਬਖਸ਼ਹੁ ਖਤਾ ਜਿਤੀ ਮੈਂ ਕੀਨੀ।
ਰਾਵਰ ਕੀ ਮਹਿਮਾ ਨਹਿਂ ਚੀਨੀ।
ਅਬ ਇਸ ਸਮੇਂ ਮੋਰ ਸਿਕਦਾਰੀ[1]। [1]ਸਰਦਾਰੀ !
ਦੀਨੀ ਤੁਮ ਨਿਜ ਕਰੁਨਾ ਧਾਰੀ ॥੩੯॥
ਅਬ ਲੱਛਨ ਨਰ ਜੈਸੇ ਕਰਿਹੀਂ।
ਤੈਸੇ ਬੇਖ ਅਯੋ ਮੈਂ ਧਰਿਹੀ।
ਦੈਵ ਸੰਪਦਾ[1] ਤਜਿਕਰਿ ਸਾਰੀ। [1]ਭਾਵ ਸ਼ੁਭ ਗੁਣ।
ਦ੍ਵੈ ਇੰਦ੍ਰੈ ਸ੍ਵਾਦਨ ਬਸਿ ਕਾਰੀ ॥੪੦॥
ਕੈ ਤੋ ਰਸਨਾ ਸ੍ਵਾਦਹਿ ਲਾਈ।
ਲਿੰਗ ਸ੍ਵਾਦ ਕੇ ਬਸਿ ਹੁਇ ਜਾਈ।
ਮਾਤ ਪਿਤਾ ਗੁਰ ਲੱਜਾ ਤਜਾਗੀ।
ਇਨ ਕੇ ਬਸੀ ਹੋਹਿਂ ਅਨੁਰਾਗੀ ॥੪੧॥
ਯਾਂ ਤੇ ਭੀ ਮਮ ਮਤਿ ਬਿਪਰੀਤਾ।
ਕਿਯ ਤੁਮ ਸੋਂ ਛਲ ਹ੍ਵੈ ਨਿਰਭੀਤਾ[1]। [1]ਨਿਡਰ ਹੋਕੇ।
ਛਿਮਾ ਕਰਨ ਕੋ ਬਿਰਦ ਤੁਮਾਰਾ।
ਪਰਮ ਪੁਰਖ ਹੋ ਮਹਾਂ ਉਦਾਰਾ' ॥੪੨॥
ਸੁਨਿ ਕਰਿ ਇਉਂ ਬੋਲੇ ਜਗਤੇਸ਼ਾ।
'ਕੋ ਤਵ ਨਾਮ, ਕੌਨ ਹੈ ਦੇਸ਼ਾ?

ਕੌਨ ਕਾਜ ਹਿਤ ਚਲਿ ਕਰਿ ਆਇਓ?
ਇਸ ਪ੍ਰਕਾਰ ਕਿਉਂ ਕਪਟ ਦਿਖਾਇਓ?'
॥੪੩॥
'ਸੁਨਹੁ ਗੁਰੂ ਜੀ ਕਲਜੁਗ ਨਾਮੂ।
ਦਰਸ਼ਨ ਕਰਿਬੇ ਕੋ ਮਮ ਕਾਮੂ।
ਨਮੋ ਕਰਨ ਰਾਵਰ ਕੋ ਆਇਓ।
ਪਰਖਨ ਹਿਤ ਮੈਂ ਕਪਟ ਦਿਖਾਇਓ'
॥੪੪॥
ਸ੍ਰੀ ਗੁਰ ਕਹੈਂ 'ਭਨੋ ਨਿਜ ਲੱਛਨ।
ਕੋ ਤਵ ਸੈਨ ਸੰਗ ਬਿਚੱਛਨ[1]?
ਕਿਸ ਪ੍ਰਕਾਰ ਕੀ ਤੁਝ ਸਿਕਦਾਰੀ?'
ਸੁਨਿ ਕਲਿਜੁਗ ਪੁਨ ਗਿਰਾ ਉਚਾਰੀ
॥੪੫॥

[1]ਚਤੁਰ।

'ਕੂਰ ਸੂਰ[1] ਸਭਿ ਕੇਰ ਅਗਾਰੀ।

[1]ਝੂਠ (ਰੂਪੀ) ਸੂਰਮਾ।

{ਕਲਜੁਗ ਦੀ ਸੈਨਾ}

ਚਲਤਿ, ਧੁਜਾ ਬਡ ਕਰ ਮਹਿਂ ਧਾਰੀ।
ਮੋਹ ਨਾਮ ਸਭਿ ਕੋ ਭੂਪਾਲਾ।
ਸੈਨਪਤਿ ਹਿੰਸਾ[1] ਜੁ ਬਿਸਾਲਾ ॥੪੬॥

[1]ਹੱਤਿਆ।

ਕਾਮ, ਕ੍ਰੋਧ, ਲੋਭ, ਅਹੰਕਾਰਾ।
ਸਭਿ ਜੋਧਾ ਏ ਗਜ ਅਸਵਾਰਾ[1]।
ਮਤਸਰ ਨਿੰਦਾ ਪੁਨ ਬਟਪਾਰੀ[1]।
ਤ੍ਰਿਸ਼ਨਾ ਤੇ ਸਭਿ ਰਥ ਅਸਵਾਰੀ ॥੪੭॥

[1]ਹਾਥੀ ਸਵਾਰ।

[1]ਧਾੜਾ ਮਾਰਨਾ।

ਆਲਸ, ਜੂਪ[1], ਬਾਰਨੀ ਪਾਨਾ[2]।
ਦੁਰਾਚਾਰ ਸਭਿ ਚਢੇ ਕਿਕਾਨਾ[1]।
ਮਮਤਾ, ਬਿਸ਼ਿਯਨਿ ਆਸ਼ਾ ਜੋਇ।
ਚੋਰੀ, ਪੈਦਲ ਲਖਿਯੇ ਸੋਇ ॥੪੮॥

[1]ਜੂਆ। [2]ਸ਼ਰਾਬ ਪੀਣਾ।

[1]ਘੋੜ ਚੜ੍ਹੇ।

ਦੋਹਰਾ:

ਔਰ ਗਨਨ ਕਹਿ ਲਗ ਕਰੋਂ[1], ਜੋ ਚਤੁਰੰਗਨਿ[2] ਸੈਨ।
ਚਢਿ ਦੌਰਹਿ ਜਿਸ ਦਿਸ਼ਾ ਕੋ, ਮਾਰ ਕਰਹਿ ਬਿਨ ਚੈਨ ॥੪੯॥

[1]ਕਿਥੋਂ ਤਕ ਗਿਣਨਾ ਕਰਾਂ। [2]ਚਾਰ ਪ੍ਰਕਾਰ ਦੀ।

ਚੌਪਈ:

ਇਨ ਆਗੈ ਨਹਿਂ ਥਿਰ ਹ੍ਵੈ ਕੋਊ।
ਕੋਟ ਮਧੇ ਵਿਰਲਾ ਕੋ ਹੋਊ।
ਜਗ ਮਹਿਂ ਕਰੀ ਲਥੇਰ ਪਥੇਰਾ[1]। [1]ਲੇਥੂ ਪੇਥੂ।
ਕਿਸ ਹੂੰ ਮਹਿਂ ਧੀਰਜ ਨਹਿਂ ਹੇਰਾ ॥੫੦॥
ਕੋਟ ਮਵਾਸੀ[1] ਸਭਿ ਚੜਿ ਮਾਰੇ। [1]ਕਿਲ੍ਹਿਆਂ ਆਕੀ।
ਕੋ ਨਹਿਂ ਠਾਂਢਿ ਭਯੋ ਸਭਿ ਹਾਰੇ।
ਦੰਭ ਨਾਮ ਜੋ ਮੇਰੋ ਜੋਧਾ।
ਕਰੀ ਦਿਗ ਬਿਜੈ ਰਿਦ ਧਰਿ ਕ੍ਰੋਧਾ ॥੫੧॥
ਲੇ ਕਰਿ ਸੰਗ ਸਹਾਇਕ ਸੋਊ।
ਜਿਹ ਤੇ ਬਚਜੋ ਥਾਨ ਨਹਿਂ ਕੋਊ।
ਇਸ ਪ੍ਰਕਾਰ ਕੀ ਮਮ ਸਿਕਦਾਰੀ।'
ਸੁਨਿ ਸ਼੍ਰੀ ਨਾਨਕ ਗਿਰਾ ਉਚਾਰੀ ॥੫੨॥

ਸ੍ਰੀ ਮੁਖਵਾਕ ॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥

ਦੋਹਰਾ:
'ਤੂੰ ਜਿ ਭਯਾ ਸਿਕਦਾਰ ਜਗ, ਹਮ ਚਾਕਰ ਕਰਤਾਰ।
ਜਬ ਤੂੰ ਲੇਖਾ ਦੇਯਗੋ, ਹੋਵੈਂ ਬਸੀ ਹਮਾਰ[1] ॥੫੩॥ [1]ਸਾਡੇ ਵੱਸ ਵਿਚ।

ਚੌਪਈ:
ਸੁਨਿ ਕਲਿਜੁਗ ਕਰ ਬੰਦਤਿ ਭਯੋ।
ਦੀਨ ਹੋਇ ਬੋਲਨਿ ਅਸ ਕਯੋ।
'ਇਸੀ ਹੇਤੁ ਮੈਂ ਤੁਮ ਢਿਗ ਆਯੋ।
ਸ਼੍ਰੀ ਨਾਨਕ ਤੁਮ ਨਾਮ ਧਰਾਯੋ ॥੫੪॥
ਤੁਮ ਕਰਤਾਰ ਵਿਖੇ ਨਹਿਂ ਭੇਵਾ।
ਏਕੁੰਕਾਰ ਦੇਵ ਪਤਿ ਦੇਵਾ।
ਭੇਟਾ ਲੇਹੁ ਕ੍ਰਿਤਾਰਥ ਕਰੀਏ।
ਗੁਨਹਿਂ ਕੀਏ ਸਗਰੇ ਪਰਹਰੀਏ[1] ॥੫੫॥ [1]ਗੁਨਾਹ ਕੀਤੇ ਸਾਰੇ ਨਾਸ਼ ਕਰੋ।

ਦੋਹਰਾ:

ਕੰਚਨ ਮੰਦਰ ਸੁੰਦਰੰ, ਰਤਨ ਜੜੇ ਜਿਨ ਮਾਂਹਿ।
ਮੋਤੀ ਕੀ ਤੋਰਨ[1] ਰੁਚਿਰ, ਅਤਿ ਸੁਗੰਧਿ ਹ੍ਵੈ ਜਾਂਹਿ ॥੫੬॥

[1]ਬੰਦਨ ਵਾਰ।

ਚੌਪਈ:

ਕਸਤੂਰੀ ਕੁੰਗੂ[1] ਛਿਰਕਾਵੋਂ।
ਚੰਦਨ ਕੇ ਸ਼ੁਭ[†] ਲੇਪ ਕਰਾਵੋਂ।
ਬੈਸਤਿ ਹੀ ਮਨ ਹੋਤਿ ਹੁਲਾਸਾ।
ਇਸ ਪ੍ਰਕਾਰ ਕੇ ਰੁਚਿਰ ਅਵਾਸਾ ॥੫੭॥
ਚਲਹੁ ਅਬੈ ਤਿਨ ਮੰਦਰ ਮਾਂਹੀ।
ਤੁਮ ਇੱਛਾ ਜੇ ਲਜਾਉਂ ਇਹਾਂ ਹੀ।
ਲੇਹੁ ਉਪਾਇਨ ਇਹ ਗੁਨਖਾਨੀ।'
ਸੁਨਿ ਸ਼੍ਰੀ ਨਾਨਕ ਉਚਰੀ ਬਾਨੀ ॥੫੮॥

[1]ਕੇਸਰ।

[†]ਪਾ:-ਭਲ।

ਸ੍ਰੀ ਮੁਖਵਾਕ ॥
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥

ਕੁੰਡਲੀਆ ਛੰਦ:

ਪੁਨ ਕਲਜੁਗ ਬੋਲਤਿ ਭਯੋ, 'ਜੇ ਤੁਮ ਲਹੋ ਨ ਏਹ।
ਦੇਵਾਂਗਨ[1] ਸ਼ੁਭ ਲੀਜੀਏ, ਜਿਨ ਅਤਿ ਸੁੰਦਰ ਦੇਹਿ।
ਜਿਨ ਅਤਿ ਸੁੰਦਰ ਦੇਹਿ, ਕਰੋ ਰਸ ਰੀਤਿ ਬਿਹਾਰਾ।
ਸੁੰਦਰ ਜਹਿਂ ਪਰਯੰਕ, ਲਾਲ ਜੜਤੀ ਜਿਨ ਚਾਰਾ।
ਕਿਤਿਕ ਕਾਲ ਤਿਨ ਮਹਿਂ ਰਹੋ, ਲੇਹੁ ਭੇਟ ਗੁਣ ਖਾਨ!'
ਸੁਨਿ ਸ਼੍ਰੀ ਨਾਨਕ ਜੀ ਤਬਹਿ, ਕੀਨੇ ਬਚਨ ਬਖਾਨ ॥੫੯॥

[1]ਅਪੱਛਰਾਂ।

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

ਕੁੰਡਲੀਆ ਛੰਦ:

ਕਲੁਜੁਗ ਬਹੁਰੋ ਬੋਲਿਓ 'ਇਨ ਕੀ ਚਾਹ ਜਿ ਨਾਂਹਿ।
ਨਵਨਿੰਧਾਂ† ਤੁਮ ਲੀਜੀਏ, ਸਿੱਧਿ ਅਠਾਰਹਿਂ ਚਾਹਿ।
ਸਿੱਧਿ ਅਠਾਰਹਿਂ ਚਾਹਿ, ਗੁਪਤ ਪਰਗਟ ਸੋ ਕਾਰਨ।
ਜਹਿਂ ਚਾਹੋ ਤਹਿਂ ਫਿਰੋ ਸੁਖੀ, ਤੁਮ ਕੋ ਹਟਕਾਰ ਨ।
ਸਰਬ ਲੋਕ ਤੁਮ ਤੇ ਡਰੈਂ, ਪੂਜਹਿਂ ਪਦ ਚਿਤ ਲਾਇ।
ਭੇਟ ਲੇਹੁ ਮਮ ਦਿਸ਼ਾ ਤੇ', ਸੁਨਿ ਬੋਲੇ ਗਤਿਦਾਇ ॥੬੦॥

†ਨੌ ਨਿੰਧਾਂ ਤੇ ਅਠਾਰਾਂ ਸਿੱਧੀਆਂ ਲਈ ਦੇਖੋ ਪੂਰਬਾਰਧ ਅਧਯਾਯ ੧ ਅੰਕ ੧੭ ਦੇ ਪਦ ਅਰਥ।

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਕੁੰਡਲੀਆ ਛੰਦ:

ਕਲਿਜੁਗ ਬਚਨਾ ਪੁਨ ਭਨੇ, 'ਜਗ ਪਤਿਸ਼ਾਹੀ ਲੇਹੁ।
ਹੁਕਮ ਕਰਉ ਉਰ ਭਾਵਤੇ[1], ਚਰਨ ਤਖਤ ਪਰ ਦੇਹੁ।
ਚਰਨ ਤਖਤ ਪਰ ਦੇਹੁ, ਜਗਤ ਮਾਨਹਿਂ ਸਭਿ ਆਨਾ[1]।
ਸੈਨਾ ਸੰਗ ਅਨੰਤ, ਕਰਹੁ ਪਰਤਾਪ ਮਹਾਨਾ।
ਲੇਹੁ ਉਪਾਇਨ ਇਹ ਅਬੈ, ਕਰਹੁ ਕ੍ਰਿਤਾਰਥ ਨਾਥ!'
ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ ॥੬੧॥

[1]ਮਨ ਭਾਂਵਦੇ।

[1]ਈਨ।

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਚੌਪਈ:

ਪੁਨ ਕਲਿ ਬੋਲਜੋ ਹੁਇ ਕਰਿ ਦੀਨਾ।
'ਸੁਨਹੁ ਗੁਰੂ ! ਸਭਿ ਬਿਖੈ ਪ੍ਰਬੀਨਾ।
ਮੇਰੇ ਸਮੇ ਬਿਖੈ ਅਵਤਾਰਾ।
ਨਰਨ ਉਧਾਰਨ ਕੋ ਤੁਮ ਧਾਰਾ ॥੬੨॥
ਅਬ ਮੈਂ ਮਿਲਜੋ ਆਇ ਪਦ ਪਾਸਾ।
ਮੇਲ ਅਫਲ ਕਿਉਂ ਕਰਿ ਸੁਖ ਰਾਸਾ !
ਕੋਇ ਨ ਭੇਟ ਮੋਹਿ ਤੈਂ ਲੀਨੀ।
ਮਮ ਮਨਸਾ ਨਹਿਂ ਪੂਰਨ ਕੀਨੀ ॥੬੩॥
ਜੇ ਤੁਮ ਭੇਟ ਲੇਯ ਹੋ ਮੋਰੀ।
ਤੌ ਜਾਨੋਂ ਕਿਰਪਾ ਭਈ ਤੋਰੀ।
ਨਾਤੁਰ ਹਰਖ ਨ ਹੁਇ ਉਰ ਮਾਂਹੀ।
ਮਨਿ[1] ਰਾਵਰ ਕੀ ਕਰੁਨਾ ਚਾਹੀ' ॥੬੪॥ [1]ਮੈਂ) ਮਨ ਵਿਚ।
ਅਸ ਆਤੁਰ ਸੁਨਿ ਕੈ ਤਿਹ ਬੈਨਾ।
ਕ੍ਰਿਪਾ ਧਾਰਿ ਬੋਲੈ ਗੁਨ ਐਨਾ।
'ਭੇਟ ਦੇਨਿ ਕੀ ਚਾਹ ਜਿ ਤੋਹੀ।
ਇਸ ਪ੍ਰਕਾਰ ਕੀ ਦੀਜੈ ਮੋਹੀ ॥੬੫॥
ਜੇ ਸਿਖ ਹੈਂ ਮੇਰੇ ਹਿਤਕਾਰੀ[1]। [1]ਪ੍ਰੇਮੀ।
ਤਿਨ ਪਰ ਸੈਨ ਨ ਜਾਇ ਤੁਮਾਰੀ।
ਨਾਮੁ ਦਾਨ ਇਸ਼ਨਾਨ ਜੇ ਸਭਿ ਹੀ।
ਇਨ ਤੇ ਨਹੀਂ ਭੁਲਾਵਹੁ ਕਬ ਹੀ ॥੬੬॥
ਤਵ ਛਾਯਾ ਨਹਿਂ ਬਰਤੈ ਤਿਨ ਕੋ।
ਮੋਰ ਬਚਨ ਮੈਂ ਨਿਸ਼ਚਾ ਜਿਨ ਕੋ।
ਜੇ ਤੁਮ ਦੇਣਾ ਤੌ ਇਹ ਦੀਜੈ।
ਮਮ ਸੰਗਤ ਕੋ ਦੁਖੀ ਨ ਕੀਜੈ' ॥੬੭॥
ਕਲਜੁਗ ਬੋਲਯੋ ਦ੍ਵੈ ਕਰ ਜੋਰੇ।
'ਕਹੋਂ ਪ੍ਰਭੂ ਤਵ ਚਰਨ ਨਿਹੋਰੇ[1]। [1]ਚਰਨ ਪੂਜਕੇ।
ਆਇਸੁ ਮੈਂ ਤੁਮਰੀ ਸਿਰ ਧਰਨੀ।
ਅਸ ਨਹਿਂ ਗਮਤਾ ਮੋਰਨ[1] ਕਰਨੀ ॥੬੮॥ [1]ਮੋੜਨੇ ਦੀ।

ਦੋਹਰਾ: †ਪਾ:-ਧਰਹੁ ਮਨਾਇ।

ਏਕੁੰਕਾਰ ਆਇਸੁ ਮੁਝੈ, ਸੋ ਤੁਮ ਕਹੰਹੁ ਸੁਨਾਇ†।
ਬੁੱਧਿ ਸਭਿਨਿ ਬਿਪਰੀਤ ਕਰਿ, ਦੇਹੁ ਕੁਕਰਮ ਚਲਾਇ ॥੬੯॥

ਚੌਪਈ:

ਚੋਰੀ, ਯਾਰੀ, ਨਿੰਦਾ, ਕੂਰੰ।

{ਕਲਜੁਗ ਲੱਛਨ}

ਲੰਪਟ, ਲੋਭੀ, ਤ੍ਰਿਸ਼ਨਾ ਭੂਰੰ[1]। — [1]ਬਹੁਤ।
ਬਾਟਪਾਰ[1] ਸੋ ਸੂਰ[2] ਕਹਾਵਹਿਂ। — [1]ਲੁਟੇਰੇ। [2]ਸੂਰਮੇ।
ਪਿਸ਼ਨ[1] ਬਡੇ ਆਦਰ ਕੋ ਪਾਵਹਿਂ ॥੭੦॥ — [1]ਚੁਗਲਖੋਰ।
ਬਹੁ ਬੋਲਤਿ ਸੇ ਗੁਣੀ ਕਹਾਵਹਿਂ।
ਸਾਚ ਕਹੈ ਤਿਸ ਸਠ[1] ਠਹਿਰਾਵਹਿਂ। — [1]ਮੂਰਖ।
ਗੁਨੀਅਨ ਕੇਰ ਨਿਰਾਦਰ ਹੋਊ।
ਭੂਪ ਨਿਕਟਿ ਬੈਠਹਿਂ ਸਠ ਜੋਊ ॥੭੧॥

ਦੋਹਰਾ:

ਕਲਮਲ ਆਲਯ[1] ਹੋਇਂ ਨਰ, ਕ੍ਰਿਪਨ[2] ਨ ਕਰਿਹੀਂ ਦਾਨ। — [1]ਪਾਪਾਂ ਦਾ ਘਰ। [2]ਕੰਜੂਸ।
ਧਰਮਹਿਂ ਤੇ† ਵਿਪਰੀਤ[1] ਹੁਇ, ਪਾਵਹਿਂ ਕਸ਼ਟ ਨਿਦਾਨ[2] ॥੭੨॥ — [1]ਉਲਟੇ। [2]ਅੰਤ ਨੂੰ। †ਪਾ:-ਧਰਮ ਹੇਤ।

ਚੌਪਈ:

ਦਿਜ[1] ਬਿਵਹਾਰੀ ਬਹੁਰ ਕਿਸਾਨਾ। — [1]ਬ੍ਰਾਹਮਣ।
ਤਿਨ ਕੋ ਆਦਰ ਹੋਇ ਮਹਾਨਾ।
ਬੇਦ ਪਾਠਕੀ[1] ਤੱਤ ਬਿਚਾਰੀ। — [1]ਭਾਵ ਬ੍ਰਹਮ ਵਿਦਯਾ ਵਾਲੇ ਦੀ।
ਤਿਨਹਿਂ ਕਹਤਿ ਇਹ ਫਿਰਤਿ ਖੁਆਰੀ ॥੭੩॥
ਭੂਪ ਕਹੈਂ ਹਮ ਕੋ ਨਿਤ ਟੋਟੂ।
ਪ੍ਰਜਾ ਕਹੇ ਹਮ ਲੇਹਿਂ ਖਸੋਟੂ[1]। — [1]ਖੋਹ।
ਸੰਨਯਾਸੀ ਸੰਚਹਿਂ ਬਹੁ ਧਨ ਕੋ।
ਅਸਨ ਬਸਨ ਅਲਪ ਗ੍ਰਿਹਸਤਿਨ ਕੋ ॥੭੪॥
ਔਰ ਗਨਨ ਕਰਿ ਕਹਾਂ ਸੁਨਾਊਂ।

ਮੋਰ ਸਮੈਂ ਕੋ ਜੌਨ ਪ੍ਰਭਾਊਂ।
ਜਹਿਂ ਸਤਿ, ਤਪ, ਬ੍ਰਤ, ਧਰਮ ਉਪਾਸਨ।
ਸਭਿ ਇਕਬਾਰਹਿ[1] ਕਰੋਂ ਬਿਨਾਸਨ ॥੭੫॥ [1]ਇਕੋ ਵਾਰੀ।

ਦੋਹਰਾ:
ਆਇਸੁ ਅਸ ਕਰਤਾਰ ਕੀ, ਸੋ ਤੁਮਰੀ ਹੀ ਹੋਇ।
ਅਬ ਜਿਹ ਬਿਧਿ ਉਚਰੋ ਪ੍ਰਭੂ! ਮੈਂ ਮਾਨੋਂਗਾ ਸੋਇ ॥੭੬॥

ਚੌਪਈ:
ਮੈਂ ਆਇਸੁ ਰਾਵਰਿ ਅਨੁਸਾਰੀ।
ਤਦਪਿ ਲੇਹੁ ਕੁਛ ਭੇਟ ਹਮਾਰੀ।
ਕੰਚਨ ਮੰਦਿਰ ਦਰਬ ਮਹਾਨਾ।
ਜਬ ਲੇਵੋ ਹੋਵੌਂ ਹਰਖਾਨਾ[1]' ॥੭੭॥ [1]ਅਨੰਦ।
ਸੁਨਿ ਕਰਿ ਬਿਗਸੇ ਸ਼੍ਰੀ ਗੁਨਖਾਨੀ।
ਹ੍ਵੈ ਪ੍ਰਸੰਨ ਬੋਲੇ ਤਬ ਬਾਨੀ।
'ਸਭਿ ਜੁਗ ਤੇ ਬਡ ਤੇਜ ਤੁਮਾਰਾ।
ਹੋਵਹਿਗੋ ਇਹ ਵਾਕ ਹਮਾਰਾ ॥੭੮॥
ਤੋਰ[1] ਕਾਲ[2] ਕੀਰਤਿ ਕਰਤਾਰਾ। [1]ਤੇਰੇ। [2]ਸਮੇਂ ਵਿਚ।
ਮਹਿਮਾ ਤਾਂ ਕੀ ਬਧੈ[1] ਅਪਾਰਾ। [1]ਵਧੇਗੀ।
ਲਾਖ ਬਰਖ ਸਤਿਜੁਗ ਜੋ ਕਰਿਈ।
ਅਯੁਤ[1] ਬਰਖ ਤ੍ਰੇਤੇ ਚਿਤ ਧਰਿਈ ॥੭੯॥ [1]ਦਸ ਹਜ਼ਾਰ।
ਦ੍ਵਾਪੁਰ ਕਰਤਿ ਜਿ ਬਰਖ ਹਜ਼ਾਰਾ।
ਸੋ ਕਲਿ[1] ਅਲਪ ਕਾਲ ਸੁਖਸਾਰਾ[2]। [1]ਕਲਜੁਗ (ਵਿਚ)। [2]ਸਾਰਾ ਸੁੱਖ ਮਿਲੇਗਾ।
ਪ੍ਰੀਤਿ ਯੁਕਤ ਹਰਿ ਕੀਰਤਿ ਕਰਿਈ।
ਸੋ ਤਤਕਾਲ ਬਿਖੈ ਭਵ ਤਰਿਈ ॥੮੦॥
ਬਹੁਰੋ ਚਹਿ ਤਜਿ ਦੇਨਿ ਉਪਾਇਨ।
ਰਤਨ ਜੜੇ ਕੰਚਨ ਕੇ ਆਇਨ।
ਚਤੁਰਥ ਜਾਮਾ ਜਬ ਹਮ ਧਰਿ ਹੈਂ।
ਮਾਯਾ ਸਹਿਤ[1] ਲੇਨਿ ਤਬਿ ਕਰਿ ਹੈਂ ॥੮੧॥ [1]ਸਮੇਤ (ਮੰਦਰ)।

ਸੁਨਿ ਕਰਿ ਕਲਜੁਗ ਉਰ ਹਰਖਾਨਾ।
ਕਰ ਪਦ ਬੰਦਨ ਬਚਨ ਬਖਾਨਾ।
'ਤੁਮ ਸੰਗਤ ਕੇ ਨਿਕਟ ਨ ਜੈਹੋਂ।
ਆਨ ਜੀਵ ਦੰਭੀ ਦੁਖ ਦੈਹੋਂ ॥੮੨॥
ਤੁਮਰੇ ਬਚਨ ਜਿ ਸਿੱਖ ਕਮਾਵਹਿਂ।
ਤਿਨ ਪਰ ਮੋਰਾ ਕਛੁ ਨ ਬਸਾਵਹਿ[1]।'

[1]ਵਸ ਨਹੀਂ ਚੱਲੇਗਾ।

ਭੇਟ ਦੇਯ, ਬਰ ਗੁਰ ਤੇ ਲੇ ਕਰਿ।
ਬਿਦਾ ਭਯੋ ਚਰਨਨ ਪਰ ਸਿਰ ਧਰਿ ॥੮੩॥
ਪਢਹਿਂ ਸੁਨਹਿਂ ਸ਼ਰਧਾ ਉਰ ਥਾਪੈਂ।
ਤਿਨ ਪਰ ਕਲਜੁਗ ਨਹੀਂ ਬਿਆਪੈ।[*]

[*]ਜਗਤ ਵਿਚ ਪ੍ਰਗਟ ਹੋਏ ਅਵਤਾਰਾਂ ਅਤੇ ਭਗਤੀ ਵਿਚ ਉਚੇ ਲੋਕਾਂ ਦੀ ਪ੍ਰੀਖਯਾ ਮਾਇਆ ਵਲੋਂ, ਕਲਜੁਗ ਵਲੋਂ, ਸ਼ੈਤਾਨ ਵਲੋਂ ਹੋਈ ਲਗ ਪਗ ਸਾਰੇ ਮਤਾਂ ਵਿਚ ਹੈ। ਈਸਾ ਨੂੰ ਸ਼ੈਤਾਨ ਨੇ ਪਰਖਿਆ ਲਿਖਿਆ ਹੈ। ਦੇਖੋ, ਮਤੀ ਦੀ ਅੰਜੀਲ ਬਾਬ ਚੌਥਾ ਆਇਤ ੧ ਤੋਂ ੧੧। ਬਗਦਾਦ ਦੇ ਪੀਰਾਨ ਪੀਰ ਮੁਹੱਯੁਦੀਨ ਦੀ ਪ੍ਰੀਖਜ਼ਾ ਹੋਈ। ਮੁਹੰਮਦ ਸਾਹਿਬ ਦੀ ਮਿਅਰਾਜ ਵਾਲੀ ਰਾਤ ਨੂੰ ਅਤੇ ਕਬੀਰ ਜੀ ਨੇ ਤਾਂ ਆਪਣੀ ਬਾਬਤ ਆਪ ਹੀ ਲਿਖਿਆ ਹੈ:-ਯਥਾ 'ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮ ॥' ਇਸੇ ਤਰ੍ਹਾਂ ਬੁਧ ਜੀ ਆਦਿਕਾਂ ਦੀ ਪ੍ਰੀਖਜ਼ਾ ਦੇ ਜ਼ਿਕਰ ਹਨ। ਸੋ ਜਾਪਦਾ ਹੈ ਕਿ ਅਵਤਾਰਾਂ, ਮਹਾਂ ਪੁਰਖਾਂ, ਗੁਰਮੁਖਾਂ, ਸੰਤਾਂ ਸਭ ਦੀ ਕਿਸੇ ਨ ਕਿਸੇ ਸ਼ਕਲ ਵਿਚ ਬਦੀ ਵਲੋਂ ਪ੍ਰੀਖਜ਼ਾ ਹੁੰਦੀ ਹੈ ਕਿ ਏਹ ਅਡੋਲ ਰਹਿੰਦੇ ਹਨ ਕਿ ਨਹੀਂ। ਇਹ ਕੋਈ ਆਤਮ ਭੁਲੇਵੇ ਪੈਂਦੇ ਹਨ, ਸਾਮਰਤੱਖ ਕੁਛ ਭਾਸਦਾ ਹੈ, ਯਾ ਉਹ ਕੋਈ ਪ੍ਰਭਾਵ ਹੁੰਦਾ ਹੈ ਯਾ ਕਿਸੇ ਮੰਡਲ ਵਿਚ ਪ੍ਰਭਾਵ ਬੀ ਜੀਵਨ ਰਖਦੇ ਹਨ, ਚਾਹੇ ਕੁਛ ਹੋਵੇ ਪਰੰਤੂ ਏਸ ਪ੍ਰਕਾਰ ਦੇ ਪਰਤਾਵੇ ਅਉਂਦੇ ਹਨ ਤੇ ਸਾਈਂ ਪਿਆਰੇ ਉਹਨਾਂ ਦੇ ਅਸਰ ਤੋਂ ਬਚਦੇ ਹਨ। ਕਲਜੁਗ ਏਥੇ ਨਾਕਾਮਯਾਬ ਹੁੰਦਾ ਹੈ ਤੇ ਸਤਿਗੁਰੂ ਜੀ ਨੂੰ ਹਿਲਾ ਨਹੀਂ ਸਕਦਾ।

ਸ਼ੈਤਾਨ ਨੂੰ ਜੀਕੂੰ ਰੱਬ ਦਾ ਸ਼ਰੀਕ ਤੇ ਪੱਕਾ ਵਜੂਦ ਵਾਲਾ ਈਸਾਈਆਂ, ਮੁਸਲਮਾਨਾਂ ਯਹੂਦੀਆਂ ਨੇ ਮੰਨਿਆ ਹੈ, ਇਸ ਤਰ੍ਹਾਂ ਗੁਰਬਾਣੀ ਰੱਬ ਦੇ ਸਿਵਾ ਉਸ ਦੀ ਕੋਈ ਸ਼ਰੀਕ ਯਾ ਮੁਖਾਲਫ ਹਸਤੀ ਦੀ ਕਾਇਲ ਨਹੀਂ। ਜੈਸੇ ਕਲਯੁਗ ਬਾਬਤ ਆਪ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਉਚਾਰਿਆ ਹੈ, ਜੋ ਏਸੇ ਉਤਰਾਰਧ ਦੇ ਨਾਵੇਂ ਅਧਜਾਯ ਵਿਚ ਅੰਕ ੨੨ ਤੋਂ ਅੱਗੇ ਹੈ। ਜਿਸ ਵਿਚ ਇਸ ਨੂੰ ਇਕ ਸਚ ਮੁਚੀ ਦੀ, ਕੋਈ ਸਾਈਂ ਦੀ ਸ਼ਰੀਕ ਹਸਤੀ ਨਹੀਂ ਮੰਨਦੇ ਪਰੰਤੂ ਇਕ ਪ੍ਰਭਾਵ ਯਾ ਭੈੜੇ ਲੱਛਣਾਂ ਭੈੜੀਆਂ ਰੁਚੀਆਂ ਦਾ ਵਰਤਾਰਾ ਦੱਸਦੇ ਹਨ। ਇਸ ਤਰ੍ਹਾਂ ਭੈੜੀਆਂ ਗੱਲਾਂ (ਵਰਤਾਵੇ) ਨੂੰ ਸ਼ੈਤਾਨ ਦੱਸਦੇ ਹਨ। ਯਥਾ: ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ [ਸਾਰ: ਵਾਰ, ਮ: ੧

ਗਮਨ ਸ੍ਰੀ ਗੁਰ ਬਹੁਰ ਅਗਾਰੀ।
ਲੋਕ ਉਧਾਰਨ ਪਰਉਪਕਾਰੀ ॥੮੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਲਜੁਗ ਪ੍ਰਸੰਗ' ਬਰਨਨੰ ਨਾਮ ਦਸਮੋਂ ਅਧਜਾਯ ॥੧੦॥

## ੧੧. [ਸ਼ਾਰਦਾ ਮੰਗਲ। ਇਕ ਗ੍ਰਾਮ ਮੁਨਾਫਿਕ ਦੇਸ਼]

੧੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੨

{ਮੁਨਾਫਿਕ ਦੇਸ਼}
{ਡੂਮ ਨੂੰ ਅਸ਼ਰਫੀ ਦਿਵਾਉਣੀ} ॥੯॥
{ਮੁਨਾਫਿਕ ਦੇਸ਼} ॥੩੦..॥
{ਕੁਦਰਤ ਦਾ ਖੇਲ} ॥੫੩॥

ਦੋਹਰਾ:

ਬਾਨੀ ਬਰਦਾਨੀ ਸੁਮਤਿ, ਗੁਨ ਖਾਨੀ ਸੁਖ ਮੂਰ।

ਬਾਨੀ=ਬਾਣੀ=ਵਾਚ, ਵਾਕ ਯਾ 'ਸਰਸ੍ਵਤੀ', ਸਾਰਦਾ', ਵਿੱਦ੍ਯਾ ਦੀ ਦੇਵੀ। ਬਰਦਾਨੀ=ਵਰ ਦੇਣ ਵਾਲੀ, ਸੰਭਾਵਨਾ ਹੈ ਕਿ ਮੈਨੂੰ ਵਰ ਦੇਣ ਵਾਲੀ ਹੋ। ਮੂਰ=ਮੂਲ, ਸੁਖ ਮੂਰ=ਸੁਖਾਂ ਦਾ ਮੂਲ।

ਕੱਲਜਾਨੀ ਰਾਨੀ ਜਗਤ, ਮਾਨੀ ਕਵਿ ਪਗ ਧੂਰ ॥੧॥

ਕੱਲਜਾਨੀ=(ਕਵਿਤਾ ਦੀ) ਕੁਸ਼ਲਤਾ ਦੇਣ ਵਾਲੀ। ਸਫਲਤਾ ਤੇ ਨਿਰਵਿਘਨਤਾ ਦੀ ਦਾਤੀ। ਰਾਨੀ=ਰਾਜ ਕਰਨ ਵਾਲੀ। (ਅ) ਪ੍ਰਕਾਸ਼ਮਾਨ, ਵਿੱਦ੍ਯਾ ਦੇ ਚਾਨਣੇ ਵਾਲੀ। ਧੂਰ=ਪੈਰਾਂ ਦੀ ਧੂੜ ਨੂੰ ਸਨਮਾਨ ਦੇਣ ਤੋਂ ਮੁਰਾਦ ਹੈ, ਉਸ ਦੇ ਆਉਣ ਦੀ ਅਕਾਂਖ੍ਯਾ ਵਿਚ ਰਹਿਣਾ, ਕਿਉਂਕਿ ਦੇਵ ਸਰੂਪਾਂ ਦੇ ਪੈਰਾਂ ਤੇ ਧੂੜ ਨਹੀਂ ਹੁੰਦੀ।

ਅਰਥ:

ਹੇ ਸਾਰਦਾ! ਸ੍ਰੇਸ਼ਟ ਬੁੱਧੀ (ਤੇ ਹੋਰ ਸਾਰੇ) ਗੁਣਾਂ ਦੀ ਖਾਣ, ਸੁਖਾਂ ਦੀ ਮੂਲ, ਕੁਸ਼ਲਤਾ ਦੇਣ ਵਾਲੀ, ਜਗਤ ਵਿਚ ਪ੍ਰਕਾਸ਼ਮਾਨ, ਜਿਸ ਦੇ ਪੈਰਾਂ ਦੀ ਧੂੜ ਕਵੀਆਂ ਨੇ ਸਨਮਾਨੀ ਹੈ (ਮੈਨੂੰ) ਵਰਦਾਤੀ (ਹੋ)। ਐਉਂ ਬੀ ਅਰਥ ਲਗਦਾ ਹੈ:-ਸ਼ਾਰਦਾ ਸੁਮਤੀ ਦਾ ਵਰ ਦੇਣ ਵਾਲੀ ਹੈ, ਗੁਣਾਂ ਦੀ ਖਾਣ ਹੈ, ਸੁਖਾਂ ਦਾ ਮੂਲ ਹੈ, (ਕਾਵ੍ਯ ਦੀ) ਕੁਸ਼ਲਤਾ ਦੇਣ ਹਾਰੀ ਹੈ, ਜਗਤ ਦੀ ਰਾਨੀ ਹੈ, (ਜਿਸ ਦੇ) ਪੈਰਾਂ ਦੀ ਧੂੜ ਨੂੰ ਕਵੀਆਂ ਨੇ ਸਨਮਾਨਿਆ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਰਸਾਵਲ ਛੰਦ:

ਚਲੇ ਫੇਰ ਆਗੈ। ਪਿਖੇ ਪਾਪ ਭਾਗੈਂ[1]।
ਮਹਾਂ ਦਾਨ ਦਾਤਾ। ਸਭੈ ਲੋਕ ਖ੍ਯਾਤਾ ॥੨॥

[1]ਜਿਸ ਗੁਰੂ ਜੀ ਨੂੰ) ਵੇਖਿਆਂ ਪਾਪ ਦੂਰ ਹੁੰਦੇ ਹਨ।

ਸੁਭੈਂ ਸੰਗਿ[1] ਦੋਊ। ਬਡੇ ਭਾਗ ਜੋਊ।
ਅਯੋ ਏਕ ਗ੍ਰਾਮੰ। ਪਿਖ੍ਯੋ ਗ੍ਯਾਨ ਧਾਮੰ[1] ॥੩॥

[1]ਸ਼ੋਭਦੇ ਹਨ ਨਾਲ।

[1]ਭਾਵ ਗੁਰੂ ਜੀ ਨੇ।

ਤਹਾਂ ਬ੍ਰਿੱਛ ਹੇਰਾ। ਤਹਾਂ ਕੀਨ ਡੇਰਾ।
ਇਕੰ ਡੂਮ ਆਯੋ। ਛੁਧਾ ਤੇ ਦੁਖਾਯੋ ॥੪॥
ਕਹੇ ਬੈਨ ਐਸੇ। 'ਪਿਖੋਂ ਭੂਪ ਜੈਸੇ।
ਕਛੂ ਦੇਹੁ ਭਿੱਛਾ। ਕਰੋ ਪੂਰਿ ਇੱਛਾ ॥੫॥
ਉਦਾਰੀ[1] ਦਿਦਾਰੀ[2]। ਅਸ਼ੋਕੀ ਲਿਲਾਰੀ[3]।'
ਸੁਨ੍ਯੋ ਸ਼੍ਰੋਨ ਬੈਨੰ। ਦਯਾਵਾਨ ਨੈਨੰ ॥੬॥

[1]ਸਖ਼ੀ। [2]ਦੀਦਾਰ ਵਾਲੇ ਹੋ। [3]ਖਿੜੇ ਮੱਥੇ ਵਾਲੇ ਹੋ।

ਦਿਪੈ[1] ਰੂਪ[2] ਸ਼ੋਭਾ। ਕਵੀ ਚਿੱਤ ਲੋਭਾ।
ਭਨੇ ਬੈਨ ਐਸੇ। ਸੁਧਾ ਸਾਨ ਜੈਸੇ[1] ॥੭॥
'ਜੁ ਹੈ ਮੂਲ ਸਾਖੀ[1]। ਤਹਾਂ ਦੇਖਿ ਆਂਖੀ[2]।
ਜੁ ਚਾਹੋ ਸੁ ਪਾਵੈਂ। ਨਿਸੰਸੈ ਦਿਵਾਵੈਂ'
॥੮॥

[1]ਪ੍ਰਕਾਸ਼ਦੀ ਹੈ। [2]ਗੁਰੂ ਜੀ ਦੇ) ਰੂਪ ਦੀ।
[1]ਜਿਵੇਂ ਅੰਮ੍ਰਿਤ ਸਹਿਤ ਹਨ।
[1]ਬ੍ਰਿੱਛ ਦਾ ਮੁੱਢ। [2]ਅੱਖਾਂ ਨਾਲ।

ਗਯੋ ਡੂਮ ਧਾਈ।
ਅਸ਼ਰਫੀ[1] ਸੁ ਪਾਈ।

[1]ਮੋਹਰ।

{ਡੂਮ ਨੂੰ ਅਸ਼ਰਫੀ ਦਿਵਾਉਣੀ}

ਲਈ ਸੁਖ ਪਾਯੋ। ਨਿਜੰ ਗ੍ਰਾਮ ਆਯੋ
॥੯॥
ਸਭੈ ਕੋ ਸੁਨਾਯੋ। 'ਇਕੰ ਸੰਤ ਆਯੋ।
ਜੁ ਚਾਹੈ ਸੁ ਦੇਈ। ਉਦਾਰੰ ਬਡੇਈ'
॥੧੦॥
ਸੁਨਜੋ ਸ਼੍ਰੌਨ ਬੈਨੰ। ਹੁਤੇ ਦੀਨ ਜੈਨੰ[1]।
ਗਏ ਤਾਂਹਿ ਧਾਈ। ਬਿਰਾਜੈਂ ਜਿ ਜਾਂਹੀ[1]
॥੧੧॥

[1]ਜੋ।
[1]ਜਿੱਥੇ (ਗੁਰੂ ਜੀ)।

ਦੋਹਰਾ:

ਜੋ ਜੋ ਜਾਚਹਿਂ ਆਇ ਨਰ,
ਸੋ ਸੋ ਦੇਹਿਂ ਬਤਾਇ।
ਕਿਹ ਸਥਾਨ ਕਿਹ ਤਰੁ ਤਰੇ[1],
ਜਾਇ ਤਹਾਂ ਤੇ ਪਾਇਂ ॥੧੨॥

[1]ਕਿਸੇ ਨੂੰ) ਕਿਸੇ ਅਸਥਾਨ, (ਕਿਸੇ ਨੂੰ) ਕਿਸੇ ਬ੍ਰਿੱਛ ਦੇ ਹੇਠ।

ਰਸਾਵਲ ਛੰਦ:

ਜਸੰ[1] ਦੇਸ਼ ਫੈਲਾ। ਅਘੰ[2] ਕਟੈਲਾ[3]।
'ਮਹਾਂ ਸੰਤ ਰੂਰਾ। ਹੁਵੈ ਬੈਨ ਪੂਰਾ ॥੧੩॥
ਬਡੋ ਦੀਨ ਦਾਨੀ। ਨ ਕੋਊ ਸਮਾਨੀ।'
ਸੁਨੈਂ ਲੋਕ ਜੋਊ। ਪਿਖੈਂ ਧਾਇ ਸੋਊ
॥੧੪॥
ਜਬੈ ਜਾਇ ਹੇਰੈਂ। ਕਰੈਂ ਚਿਤ ਚੇਰੈਂ[1]।
ਭਈ ਭੀਰ ਭਾਰੀ। ਨਮੋ ਕੈ[1] ਨਿਹਾਰੀ[2]
॥੧੫॥
ਕਰੰ ਜੋਰ ਦੋਊ। ਭਨੇ ਬੈਨ ਸੋਊ।
'ਨਿਜੰ ਜੋ ਪਦੇਸ਼ਾ[1]। ਕਰੋ, ਸ਼ਾਂਤਿ ਬੇਸ਼ਾ[2]!'

[1]ਕੀਰਤੀ। [2]ਪਾਪਾਂ ਦੇ। [3]ਕੱਟਣ ਵਾਲੇ ਦਾ।
[1]ਚੇਲਾ ਬਨਾਉਂਦੇ ਹਨ ਚਿੱਤ ਨੂੰ।
[1]ਨਮੋ ਕਰਕੇ। [2]ਦਰਸ਼ਨ ਕਰਦੇ ਹਨ।
[1]ਉਪਦੇਸ਼। [2]ਹੇ ਸ਼ਾਂਤਿ ਸਰੂਪ ਜੀ!

॥੧੬॥

ਦੋਹਰਾ:

ਹੇਰਤਿ ਹੀ ਉਰ ਬਿਮਲ ਹੁਇ, ਗੁਰ ਦਰਸ਼ਨ ਪਰਤਾਪ।
ਨਿੰਮ੍ਰਿ ਭਏ ਉਪਦੇਸ਼ ਲੈ, ਚਹਿਤ ਨਿਕੰਦਨ ਪਾਪ ॥੧੭॥

ਰਸਾਵਲ ਛੰਦ:

ਸੁਨੀ ਦੀਨਤਾਈ। ਦਯਾ ਹੇਰਿ ਆਈ।
ਦਲੰ ਕੰਜ ਨੈਨਾ[1]। ਭਨੇਂ ਸਾਰ[2] ਬੈਨਾ ॥੧੮॥ — [1]ਕਵਲ ਦੇ ਪੱਤਿਆਂ ਵਰਗੇ ਨੇਤ੍ਰਾਂ ਵਾਲੇ ਨੇ। [2]ਸ੍ਰੇਸ਼ਟ।
'ਕਰੋ ਸੰਤ ਸੇਵਾ। ਜਪੋ ਨਾਮ ਦੇਵਾ[1]। — [1]ਪ੍ਰਭੂ ਦਾ।
ਰਿਦੇ ਭਾਉ ਧਾਰੋ। ਵਿਕਾਰੰ ਨਿਵਾਰੋ ॥੧੯॥
ਚਿਤੰ[1] ਕਾਲ[2] ਕੀਜੈ। ਦਿਨ[3] ਦੇਹਿ ਛੀਜੈ[4]।' — [1]ਚੇਤੇ। [2]ਮੌਤ। [3]ਦਿਨ ਦਿਨ। [4]ਦੇਹੀ ਖੀਣ ਹੋ ਰਹੀ ਹੈ।
ਪਦੰ ਕੰ[1] ਪਖਾਰੇ[2]। ਸੁਖੰ ਦੇਨਵਾਰੇ[3] ॥੨੦॥ — [1]ਚਰਨ ਜਲ ਨਾਲ। [2]ਧੋਤੇ। [3]ਸੁਖਦਾਤੇ ਦੇ।
ਲਏ ਹਾਥ ਬਾਲਾ। ਦਏ ਕੈ[1] ਨਿਹਾਲਾ[2]। — [1]ਦੇ ਕਰ। [2]ਨਿਹਾਲ ਕਰ ਦਿੱਤੇ।
ਭਏ ਸਿੱਖ ਸੋਊ। ਬਡੇ ਭਾਗ ਜੋਊ[1] ॥੨੧॥ — [1]ਜਿਨ੍ਹਾਂ ਦੇ।

ਤੋਟਕ ਛੰਦ:

ਤਿਸ ਦੇਸ਼ ਨਰੇਸ਼ ਸੁਨਜੋ ਸ਼੍ਰਵਨੰ।
'ਸਤਿ ਸੰਤ ਸਰੂਪ ਅਯੋ ਰਵਨੰ[1]। — [1]ਸੁੰਦਰ।
ਗਤਿ ਦਾ ਬਲਵਾਨ ਬਿਸਾਲ[1] ਕਲਾ[2]। — [1]ਬੜਾ। [2]ਕਲਾਵਾਨ।
ਅਵਲੋਕਤਿ[1] ਲੋਚਨ ਹੋਤਿ ਭਲਾ' ॥੨੨॥ — [1]ਦੇਖਦਿਆਂ।
ਤਟ ਭੇਟਨ ਕੋ ਪਟ ਭੇਟ ਲਈ[1]। — [1]ਭੇਟਾ ਕਰਨ ਨੂੰ ਨਾਲ ਬਸਤ੍ਰਾਂ ਦੀ ਭੇਟਾ ਲਈ। (ਅ) ਸਮੀਪ ਜਾ ਕੇ ਮਿਲਣ ਲਈ ਬਸਤਰਾਂ ਦੀ ਭੇਟਾ ਲੀਤੀ।
-ਘਟ ਕੋ ਪਟ ਪਾਟਹਿਂ- ਤ੍ਰਿੱਟ ਭਈ[1]। — [1]ਹਿਰਦੇ ਦੇ ਪੜਦੇ ਪਾਟ ਜਾਣ' ਇਹ ਇੱਛਾ ਹੋਈ।
ਭਟ ਭੀਰ ਲਏ ਚਲਿ ਆਇ ਤਹਾਂ।
ਅਰਬਿੰਦ ਬਿਲੋਚਨ ਬੈਸਿ ਜਹਾਂ ॥੨੩॥
ਕਰ ਬੰਦਿ ਕਰੀ ਪਦ ਬੰਦਨਤਾ।
ਚਖ ਸੌਂ ਮੁਖ ਦੇਖਿ ਅਨੰਦਵਤਾ[1]। — [1]ਅਨੰਦ ਵਾਲਾ ਹੋਇਆ।

ਭਨਿ ਆਨਨ ਬੇਨਤਿ ਦੀਨ ਮਨੰ।
'ਉਪਕਾਰ ਕਿ ਹੇਤੁ ਧਰਜੋ ਸੁ ਤਨੰ[1] ॥੨੫॥ — [1]ਧਾਰਿਆ ਹੈ ਸਰੀਰ (ਆਪ ਨੇ)।
ਉਪਦੇਸ਼ ਦਿਜੈ, ਨਿਜ ਸਿੱਖ ਕਰੋ।
ਭਵ ਬੰਧ ਅਮੰਕਨ[1] ਮੈਲ ਹਰੋ। — [1]ਪਾਪਾਂ ਦੀ।
ਸੁਨਿ ਕੀਰਤਿ ਕੋ ਸ਼ਰਧਾ ਧਰਿ ਕੈ।
ਪਗ ਆਨਿ ਗਹੇ ਜਮ ਤੇ ਡਰਿ ਕੈ' ॥੨੫॥
ਸੁਨਿ ਕੇ ਸੁਖਦਾਨ[1] ਭਨੇ ਬਚਨਾ। — [1]ਸੁਖਦਾਤੇ ਨੇ।
ਜਿਨ ਮੈਂ ਗਤਿ ਦੇਵਨ ਕੀ ਰਚਨਾ।
'ਸੁਖ ਮੈਂ ਦੁਖ ਮੈਂ ਨਿਤ ਨਾਮ ਭਜੋ।
ਸਤਿਸੰਗਤ ਪ੍ਰੀਤਿ ਰਿਦੈ ਨ ਤਜੋ ॥੨੬॥
ਤਨ ਮਾਨੁਖ ਲਾਲ[1] ਅਮੋਲ[2] ਭਲਾ। — [1]ਰਤਨ। [2]ਅਮੋਲਕ।
ਤਿਹ† ਕੌਡਨਿ ਕੌ[1] ਨ ਕਰੋ ਬਦਲਾ[2]। — [1]ਤਿਸਨੂੰ ਕੌਡੀਆਂ ਨਾਲ। [2]ਵਟਾਉ। †ਪਾ:-ਹਿਤ।
ਸਤਿਸੰਗਤ ਸੇਵ ਪਦਾਰਥ ਜੋ।
ਤਨ ਦੇਯ[1] ਕਰੋ ਨਿਜ ਸ੍ਵਾਰਥ[2] ਜੋ ॥੨੭॥ — [1]ਸੇਵਾ ਵਿਚ ਤਨ ਦੇਕੇ। [2]ਆਪਣਾ ਭਲਾ, ਮੁਕਤੀ।

ਭੁਜੰਗ ਪ੍ਰਯਾਤ ਛੰਦ:

ਕਰੋ ਸੰਤਸੰਗੰ ਚਿਰੰਕਾਲ ਹੇਤਾ[1]। — [1]ਪ੍ਰੇਮ ਨਾਲ।
ਰਿਦਾ ਸ਼ੁੱਧ ਹੋਵੈ ਭਜੋ ਨਾਮ ਸ੍ਵੇਤਾ[1]।' — [1]ਉੱਜਲ।
ਕਹੇ ਬੈਨ ਐਸੇ ਪਦੰ ਧੋਇ ਦੀਨੀ।
ਕਰੀ ਧਰਮਸਾਲੰ ਭਲੀ ਰੀਤਿ ਚੀਨੀ ॥੨੮॥
ਕਿਤੇ ਦਯੋਸ ਬਾਸੇ ਚਲੇ ਔਰ ਦੇਸ਼ਾ।
ਕਲੀ ਕਾਲ ਕੇ ਤਾਰਿਬੇ ਜਾਂਹਿ ਬੇਸਾ[1]। — [1]ਜਿਨ੍ਹਾਂ ਨੇ) ਸਰੂਪ (ਧਾਰਿਆ) ਹੈ।
ਲਏ ਸੰਗ ਮੋ ਕੋ ਚਲੇ ਜਾਹਿੰ ਤੀਨੋ।
ਅਘੰ[1] ਦੰਭ ਭਾਰੋ ਛਿਤੰ[2] ਹੀਣ ਕੀਨੋ ॥੨੯॥ — [1]ਪਾਪ। [2]ਪ੍ਰਿਥਵੀ ਦੇ।

ਤੋਟਕ ਛੰਦ:

ਜਿਹ ਨਾਮ ਮੁਨਾਫਿਕ ਦੇਸ਼ ਅਹੈ।
{ਮੁਨਾਫਿਕ ਦੇਸ਼}
ਹਰਿ ਨਾਮ ਬਿਹੀਨ ਅਧੀਨ ਰਹੈ।

| | |
|---|---|
| ਸਤਿ ਸੰਗਤਿ ਰੀਤਿ ਨ ਕਾਨ ਸੁਨੀ। | |
| ਸਭਿ ਮੂਰਖ ਮਾਨਵ ਕੋ ਨ ਗੁਨੀ[1] ॥੩੦॥ | [1]ਕੋਈ ਨਹੀਂ (ਜਿੱਥੇ) ਅਕਲ ਵਾਲਾ। |
| ਕਰਤਾਰ ਨ ਜਾਨਹਿਂ ਕੌਨ, ਕਹਾਂ। | |
| ਘਰ ਕਾਜ ਰਚੇ ਤਮ ਮੋਹ ਮਹਾਂ। | |
| ਭਗਤੀ ਬਿਨ ਭੂਲ ਭੁਵਾਰਿ[1] ਪਰੇ। | [1]ਭੁੱਲ ਦੇ ਭਵਰਾਂ ਵਿਚ (ਅ) ਜਨਮ ਮਰਨ ਦੀ ਭੁਵਾਟਣੀ ਵਿੱਚ। |
| ਨਰ ਮੂਰਖ ਚੀਨ ਨ ਨਾਮ ਹਰੇ[1] ॥੩੧॥ | [1]ਪਰਮਾਤਮਾ ਦਾ। |
| ਕਰੁਨਾਕਰ[1] ਹੇਰਿ ਭਈ ਕਰੁਨਾ। | [1]ਕ੍ਰਿਪਾ ਦੀ ਖਾਣ ਨੂੰ। |
| ਇਸ ਦੇਸ਼ ਨ ਕੀਰਤਿ ਆਚਰਨਾ[1]-। | [1]ਸ਼ੁਭ) ਆਚਰਨ। |
| ਪਰਲੋਕਹਿ ਕੀ ਸੁਧ ਏਕ ਨਹੀਂ। | |
| ਸਭ ਨਾਰਕ[1] ਜਾਵਹਿਂ ਦੂਖ ਸਹੀ- ॥੩੨॥ | [1]ਨਰਕ ਨੂੰ। |
| ਪਿਖਿ ਏਕ ਕਿਦਾਰ[1] ਉਦਾਰ[2] ਤਹਾਂ। | [1]ਖੇਤ। [2]ਸ੍ਰੇਸ਼ਟ। |
| ਗੁਰ ਬੈਠਿ ਗਏ ਤਟ ਜਾਂਹਿ ਜਹਾਂ[1]। | [1]ਜਿੱਥੇ ਉਸ ਦਾ ਕੰਢਾ ਸੀ। |
| ਇਕਠਾ ਕਰਿ ਈਂਧਨ ਧੂਮ ਕਿਯੋ[1]। | [1]ਧੂੰਆਂ ਕੀਤਾ। |
| ਦਰਵੇਸ਼ ਸੁ ਬੇਸ਼ ਸਰੀਰ ਲਿਯੋ[1] ॥੩੩॥ | [1]ਭਾਵ ਗੁਰੂ ਜੀ ਨੇ। |
| ਤਿਸ ਦੇਸ਼ ਕੁਰੀਤ ਹੁਤੀ ਜੁ[1] ਸੁਨੋ। | [1]ਖੋਟੀ ਰਸਮ ਜੋ ਸੀ। |
| ਛਿਤਪਾਲਕੁ ਪੂਜਹਿਂ ਰਾਮ[1] ਮਨੋ[2]। | [1]ਪਰਮੇਸ਼ੁਰ। [2]ਮੰਨਕੇ। |
| ਬਰਖਾ ਜਬ ਚਾਹਹਿ ਖੇਤ ਹਿਤੰ। | |
| ਸਭਿ ਜਾਚਹਿਂ ਜਾਇ[1] ਜਹਾਂ ਨ੍ਰਿਪਤੰ ॥੩੪॥ | [1]ਜਾਕੇ। |
| ਮੁਖ ਜਾਪ ਸੁਰੇਸ਼ ਨਰੇਸ਼ ਕਰੈ[1]। | [1]ਰਾਜਾ ਇੰਦਰ ਦਾ ਜਾਪ ਕਰਦਾ ਸੀ। |
| ਜਬ ਮੰਤ੍ਰ ਪਢੈ ਬਰਖਾ ਸੁ ਪਰੈ। | |
| ਕ੍ਰਿਸ਼ਿ[1] ਕਾਰਜ ਹੋਇ ਨਿਬਾਹਿ ਅਸੰ। | [1]ਖੇਤੀ ਦਾ। |
| ਬਿਨ ਭੂਪ ਲਖੈਂ ਨਹਿਂ ਔਰ ਕਿਸੰ[1] ॥੩੫॥ | [1]ਕਿਸੇ ਨੂੰ। |
| ਜਿਸ ਬਾਸੁਰ ਤੇ ਗੁਰ ਬੈਠਿ ਗਏ। | |
| ਤਬ ਤੇ ਜਲ ਮੇਘ[1] ਨ ਫੇਰ ਪਏ। | [1]ਬੱਦਲ। |
| ਕ੍ਰਿਸ਼ਿ[1] ਸੂਕ ਚਲੀ ਬਿਨ ਨੀਰ ਜਬੈ। | [1]ਕ੍ਰਿਖੀ, ਖੇਤੀ। |
| ਸਭਿ ਲੋਕ ਗਏ ਨ੍ਰਿਪ ਪਾਸ ਤਬੈ ॥੩੬॥ | |
| 'ਬਰਖਾ ਬਿਨ ਸੁਕਤਿ ਖੇਤ ਹਰੇ। | |
| ਕਹੁ ਵਾਕ ਧਰਾ ਪਰ ਮੇਂਹੁ ਪਰੇ।' | |

ਸੁਨਿ ਭੂਪ ਉਚਾਰਣ ਮੰਤ੍ਰ ਕਿਯੋ।
ਕਹਿ ਬੈਨ ਰਹਯੋ, ਨਹਿਂ ਮੇਂਹੁ ਪਯੋ ॥੩੭॥
ਨਰ ਤੀਸਰ ਬਾਸੁਰ ਫੇਰ ਗਏ।
'ਸਭਿ ਲੋਕ ਚਹੈਂ ਨਹਿਂ ਮੇਂਹੁ ਪਏ।
ਉਪਚਾਰ ਨ ਕੂਪ ਨਦੀ ਜਲ ਕੋ[1]। — [1]ਪ੍ਰਬੰਧ ਕੋਈ ਨਹੀਂ ਹੈ ਖੂਹ ਯਾ ਨਦੀ ਦਾ।
ਨਿਤ ਆਸ ਅਕਾਸ਼[1] ਮਹੀਤਲ[2] ਕੋ' ॥੩੮॥ — [1]ਭਾਵ ਮੀਂਹ ਦੀ ਆਸ। [2]ਧਰਤੀ ਨੂੰ।
ਸੁਨਿ ਭੂਪ ਕਹੇ 'ਨਹਿ ਚਿੰਤ ਕਰੋ।
ਬਰਖਾ ਬਰਖੈ ਉਰ ਧੀਰ ਧਰੋ।'
ਤਬ ਮਾਨਵ ਜੋ ਨਿਜ ਐਨ[1] ਗਏ। — [1]ਘਰ।
ਪੁਨ ਦਯੋਸ ਛਿ ਸਾਤ[1] ਬਿਤੀਤ ਭਏ ॥੩੯॥ — [1]ਛੇ ਸੱਤ।
ਬਹੁ ਬਾਰ ਅਰਾਧ ਰਹਯੋ ਮਘਵਾ[1]। — [1]ਇੰਦਰ ਨੂੰ।
ਨ੍ਰਿਪ ਤੇ ਨਹਿਂ ਬੂੰਦ ਪਰੈ ਲਘੁਵਾ[1]। — [1]ਥੋੜੀ ਜਿਹੀ ਬੀ।
ਉਰ ਧੀਰ ਟਰਾ[1] ਨਰ ਚਿੰਤ ਗਹੇ[2]। — [1]ਧੀਰਜ ਦੂਰ ਹੋਯਾ। [2]ਚਿੰਤਾ ਨੇ ਫੜ ਲਏ।
ਕ੍ਰਿਸ਼ਿ ਸੂਕ ਚਲੇ ਨ ਉਪਾਵ ਅਹੇ ॥੪੦॥
ਜਿਹ ਖੇਤ ਸਮੀਪ ਗੁਰੂ ਬਰ ਦਾ[1]। — [1]ਵਰ ਦਾਤੇ ਗੁਰੂ ਜੀ (ਬੈਠੇ ਸਨ)।
ਤਿਹ ਮਾਲਿਕ ਆਇ ਬਿਸੂਰਿ[1] ਸਦਾ†। — [1]ਝੂਰਦਾ। †ਪਾ:-ਰਿਦਾ।
ਘਟ ਕੀ ਲਖਿ ਕੈ ਗੁਰ ਬੈਨ ਭਨੰ।
'ਚਿਤ ਮੈਂ ਬਹੁ† ਚਿੰਤ ਭਯੋ ਬਿਮਨੰ[1] ॥੪੧॥ — [1]ਦੁੱਖੀ-ਉਦਾਸ। †ਪਾ:-ਤੁਝ।
ਕਹੁ ਕਾਰਨ ਕੌਨ ਤੁਮੈ ਦੁਖ ਕੋ?
ਦਿਲਗੀਰ੨੧ ਦਿਖੋ, ਨ ਖੁਸ਼ੀ ਮੁਖ ਕੋ[1]।' — [1]ਕੋਈ।
[1] 'ਸੁਨਿ ਸੰਤ! ਕਹੋਂ ਬਿਰਥਾ ਮਨ ਕੀ। — [1]ਰਾਹਕ ਬੋਲਿਆ।
ਸਭਿ ਆਸ ਤਜੀ ਜਗ ਜੀਵਨ ਕੀ ॥੪੨॥
ਬਰਖਾ ਨ ਪਰੈ, ਦੁਰਭਿੱਛ[1] ਪਰਾ। — [1]ਕਾਲ।
ਕ੍ਰਿਖਿ† ਸੂਕ ਚਲੀ ਬਿਨ ਨੀਰ ਧਰਾ। — †ਇਸ ਅਧਯਾਯ ਵਿੱਚ ਕਿੰਨੀ ਥਾਂ ਪਾਠ ਕ੍ਰਿਸ਼ ਯਾ ਕ੍ਰਿਸ਼ਿ ਆਯਾ ਹੈ, ਇਥੇ ਕ੍ਰਿਖਿ ਆਯਾ ਹੈ, ਏਹ ਫਰਕ ਲਿਖਾਰੀਆਂ ਦੀਆਂ ਭੁੱਲਾਂ ਤੋਂ ਹੋਏ ਜਾਪਦੇ ਹਨ। [ਸੰਸ: ਕ੍ਰਿਸ਼ਿ]

ਯੁਤ ਭੂਪ ਪ੍ਰਜਾ ਸਭਿ ਚਿੰਤ ਕਰੈਂ।
ਨਹਿਂ ਪਾਇਂ ਉਪਾਇ ਜਿ ਧੀਰ ਧਰੈਂ' ॥੪੩॥
ਕਹਿਂ ਸ਼੍ਰੀ ਗੁਰ 'ਪੂਰਬ ਕੌਨ ਬਿਧੰ?
ਜਹਿਂ ਤੇ ਬਰਖੇ ਜਲ ਧਾਰ ਅਧੰ[1]।' — [1]ਹੇਠਾਂ।
'ਸੁਨਿ ਸੰਤਹੁ! ਆਦ ਭੁਪਾਲ ਕਹੇ[1]। — [1]ਪਹਿਲੋਂ ਰਾਜੇ ਦੇ ਆਖਿਆਂ।
ਬਰਖਾ ਸੁ ਪਰੈ ਜਬ ਚਾਹ ਅਹੇ ॥੪੪॥
ਬਹੁ ਬਾਰ ਕਹਯੋ ਅਬ ਨਾਂਹਿ ਪਰੈ।
ਬਿਪਰੀਤਿ ਭਈ ਨਹਿਂ ਬੈਨ ਫੁਰੈ।
ਲਖਿ ਰੀਤਿ ਕੁਰੀਤਿ ਬਨੀ ਦੁਚਿਤੀ[1]। — [1]ਚਿੰਤਾ।
ਛਿਤਪਾਲਕ ਨੀ ਆਨਨ ਕਾਂਤਿ ਰਤੀ[1]' ॥੪੫॥ — [1]ਰਾਜਾ ਦੇ ਮੁੱਖ ਤੇ ਬੀ ਸ਼ੋਭਾ ਰਤੀ ਨਹੀਂ (ਰਹੀ)।
ਗੁਰਵਾਕ ਕਹੇ 'ਕਰਤਾਰ ਭਜੋ।
ਛਿਤਿਪਾਕ ਕੀ ਸ਼ਰਧਾ ਸੁ ਤਜੋ।
ਬਹੁ ਬਾਰਿ ਪਰੇ ਧਰ ਮੇਂਹੁ ਮਹਾਂ।
ਅਤਿ ਹੋਵਤਿ ਅੰਨ ਜਿਤੋ ਜਿ ਚਹਾ' ॥੪੬॥
[1] 'ਕਰਤਾਰ ਸੁ ਕੋ[2]? ਤਿਹ ਧਾਮ ਕਹਾਂ? — [1]ਰਾਹਕ ਬੋਲਿਆ। [2]ਕੌਣ ਹੈ।
ਨਹਿਂ ਕਾਨ ਸੁਨਯੋ, ਨਹਿਂ ਨੈਨ ਲਹਾ।
ਇਸ ਦੇਸ਼ ਕਬੈ ਨਹਿਂ ਆਇ ਰਹਾ।
ਨਹਿਂ ਦਾਨ ਕਿਸੁ ਤਿਹ[1] ਦੀਨ[2] ਅਹਾ[3]' ॥੪੭॥ — [1]ਉਸ ਨੇ। [2]ਦਿੱਤਾ। [3]ਹੈ।
ਬਿਕਸੇ ਮੁਖ ਸ਼੍ਰੀ ਪ੍ਰਭੁ ਬੈਨ ਕਹਾ।
'ਸਭਿ ਹੀ ਘਟ ਪੂਰਨ ਬਯਾਪ ਰਹਾ।
ਸਿਮਰੇ ਉਰ ਹਾਜ਼ਰ ਹੋਤਿ ਸਦਾ।
ਭਗਵੰਤ ਅਨੰਤ ਨ ਆਇ[†] ਕਦਾ[1] ॥੪੮॥ — [1]ਕਦੇ ਬੀ। [†]ਪਾ-ਆਦਿ-ਤੇ-ਆਹੁ-।

ਪਾਧੜੀ ਛੰਦ:

ਜੁ ਜੜ ਜੰਗਮ ਕੋ ਦੇਤਿ ਦਾਨ।
ਜਿਹ ਦੇਵ ਦੈਤ ਜਾਚਹਿਂ ਮਹਾਨ।
ਬ੍ਰਹਮੰਡ ਖੰਡ ਜਿਨ ਸਿਰਜਿ ਦੀਨ[1]। — [1]ਬਣਾਇ ਦਿੱਤੇ ਹਨ।
ਤਿਹਂ ਸਿਮਰ ਹੋਇਂ ਸਭਿ ਕਸ਼ਟ ਛੀਨ[1] — [1]ਨਾਸ਼।

| | |
|---|---|
| ॥ ੪੯ ॥ | |
| ਭਜਿ ਨਾਮ ਤਾਂਹਿ[1], ਬਰਖਾ ਸੁਦੇਯ। | [1]ਤਿਸਦਾ। |
| ਅਨਤੋਟ[1] ਅੰਨ[2], ਸੁਖਸਾਰ[3] ਲੇਯ[4]।' | [1]ਅਟੁਟ। [2]ਅਨਾਜ। [3] ਸ੍ਰੇਸ਼ਟ ਸੁਖਾਂ ਨੂੰ। [4]ਲਵੋਗੇ। |
| ਸੁਨਿ ਕ੍ਰਿੱਸ਼ਿਕਾਰ[1] ਤਬ ਕਹਿਤਿ ਬੈਨ। | [1]ਜ਼ਿਮੀਦਾਰ। |
| 'ਤਿਸ ਕੀ ਪਛਾਨ ਇਸ ਦੇਸ਼ ਹੈ ਨ[1] | [1]ਨਹੀਂ ਹੈ। |
| ॥ ੫੦ ॥ | |
| ਅਬਹੀ ਸੁਨਾ ਤੁਮ ਮੁਖ ਦੁਆਰ†। | †ਪਾ:-ਉਦਾਰ। |
| ਨਹਿਂ ਆਗੈ ਹਜਾਂ ਕਿਨਹੂੰ ਉਚਾਰ। | |
| ਤਹਿਂ ਮੁਖ† ਦਿਖਾਉ, ਨਿਜ ਨੈਨ ਦੇਖਿ। | †ਪਾ:-ਮੁਝ। |
| ਸਿਮਰੰਨ ਕਰੋਂ ਨਿਸ ਦਿਨ ਵਿਸ਼ੇਖ' | |
| ॥ ੫੧ ॥ | |
| ਗੁਰ ਕਹੈਂ 'ਨ ਦੇਖਯੋ ਜਾਇ ਸੋਇ। | |
| ਸਿਮਰੰਨ ਕਰੋ ਇਛ ਪੂਰ ਹੋਇ। | |
| ਕੁਦਰਤੀ ਸੰਗ[1] ਜਾਨਯੋ ਸੁ ਜਾਇ। | [1]ਕੁਦਰਤ ਨਾਲ। |
| ਨਹਿਂ ਅਪਨ ਆਪ ਕਿਸਹੂੰ ਲਖਾਇ[1]' | [1]ਆਪਣੇ ਆਪ ਨੂੰ ਓਹ ਕਿਸੇ ਤੇ ਨਹੀਂ ਲਖਾਉਂਦਾ (ਅ) ਆਪਣੇ ਆਪ ਓਹ ਕਿਸੇ ਤੋਂ ਨਹੀਂ ਜਾਣਿਆਂ ਜਾ ਸਕਦਾ। |
| ॥ ੫੨ ॥ | |
| ਨਰ ਕਹੈ 'ਜਿ ਦੇਖਯੋ ਨਿਜ ਨ ਨੈਨ। | |
| ਕਿਸ ਪਾਸ ਕਹੋਂ ਜਾਚਨ[1] ਸੁ ਬੈਨ[2]। | [1]ਮੰਗਣ ਦੇ। [2]ਬਚਨ। |
| ਜਾਨੋਂ ਨ ਕੁਦਰਤੀ ਕੌਨ ਹੋਇ। | |
| {ਕੁਦਰਤ ਦਾ ਖੇਲ} | |
| ਕੁਛ ਪਤਾ ਦੇਹੁ ਹੌਂ ਲਖਿਵ[1] ਸੋਇ' | [1]ਮੈਂ ਜਾਣਾ। |
| ॥ ੫੩ ॥ | |
| [1] 'ਤੂੰ ਜਾਇ ਧਾਮ ਲਾਂਗਲ[2] ਜਿ ਆਨਿ[3]। | [1]ਗੁਰੂ ਜੀ ਬੋਲੇ। [2]ਹੱਲ। [3]ਲਿਆਇ। |
| ਅਬ ਬਾਹੁ[1] ਬੋਵ[2] ਛਿਤ, ਬੈਨ ਮਾਨਿ। | [1]ਵਾਹ। [2]ਬੀਜ। |
| ਜਬ ਉਗੈ ਖੇਤ ਪੁਨ ਪੱਕ ਜਾਇ। | |
| ਤਬ ਲਖਹੁ[1] ਕੁਦਰਤੀ ਹੋਇ ਕਾਇ[2] | [1]ਜਾਣਗੇ। [2]ਕੋਈ ਚੀਜ਼ ਹੈ। |
| ॥ ੫੪ ॥ | |
| ਸੁਨਿ ਗਯੋ ਸਦਨ ਗੁਰ ਬਚਨ ਮਾਨਿ। | |
| ਪੁਨ ਨਰਨ ਨਿਕਟ ਕੀਨੋ ਬਖਾਨ। | |
| 'ਹੈ ਸਾਧ ਵਹਿਰ ਮਮ ਖੇਤ ਪਾਸ। | |
| ਤਿਨ ਕਹੇ ਬਚਨ ਇਹ ਬਿਧਿ ਪ੍ਰਕਾਸ਼ | |

॥੫੫॥
-ਪ੍ਰਿਥਮੇ ਸਿਮਰੋ ਕਰਤਾਰ ਨਾਮ।
ਪੁਨ ਬੋਇ ਖੇਤ ਹੁਇ ਸਿੱਧ ਕਾਮ-।'
ਸੁਨਿ ਨਰਨ ਕਾਨ ਸਭਿ ਹਾਸ ਕੀਨ।
'ਮਨ ਜਾਨ, ਤਾਂਹਿ ਕੋ ਬੁਧਿਹੀਨ ॥੫੬॥
ਬਿਨ ਮੇਂਹੁ[1] ਖੇਤ ਕਿਸ ਰੀਤਿ ਹੋਇ। — [1]ਮੀਂਹ।
ਤੂੰ ਜਾਇ ਬੀਜ ਘਰ ਪੂਰ[1] ਸੋਇ[2]।' — [1]ਘਰ ਭਰ ਲੈ। [2]ਭਾਵ ਦਾਨਿਆਂ ਨਾਲ।
ਸੁਨਿ ਬੈਨ ਤਿਨ੍ਹੋਂ ਕੇ ਯੁਕਤਿ ਹਾਸ[1]। — [1]ਹਾਸੇ ਵਾਲੇ।
ਗੁਰ ਢਿਗ ਆਯੋ ਹੋ ਕਰਿ ਉਦਾਸ
॥੫੭॥
ਬਚ ਕਹੇ 'ਹਸੀ ਮੁਝ ਮਨੁਜ ਕੀਨਿ।
ਸਭਿ ਜਾਨੈ ਮਨ ਮੈਂ ਬੁੱਧਿ ਹੀਨ।
ਬਰਖਾ ਬਿਨ ਕੈਸੇ ਖੇਤ ਹੋਇ।
ਇਹ ਜਾਨਤਿ ਹੈਂ ਸਭਿ ਥਾਨ[1] ਲੋਇ' — [1]ਸਭ ਜਗ੍ਹਾ।
॥੫੮॥
ਸੁਨਿ ਕਹੈਂ ਗੁਰੂ 'ਤੂੰ ਬੀਜ ਆਨਿ।
ਨਹਿਂ ਉਗੈ ਖੇਤ ਹਮ ਹੈਂ ਜਮਾਨ[1]। — [1]ਜਾਮਨ, ਜ਼ੁੱਮੇਵਾਰ।
ਜੇ ਬੀਜ ਬੋਇ ਜਾਵੇ ਅਕਾਥ।
ਹਮ ਦੇਵਹਿਂ ਤੇਤੋ[1] ਤੋਹਿ ਹਾਥ' ॥੫੯॥ — [1]ਤਿਤਨਾ।
ਸੁਨਿ ਭਈ ਧੀਰ ਲਾਂਗਲ[1] ਲਯਾਇ। — [1]ਹੱਲ।
ਪੁਨ ਹਾਥ ਬੰਦਿ ਲੀਨੀ ਰਜਾਇ।
ਕਰਤਾਰਿ ਸਿਮਰਿ ਕੈ ਭੂਮ[1] ਵਾਹਿ[2]। — [1]ਪ੍ਰਿਥਵੀ। [2]ਵਾਹੀ।
ਗੋਧੂਮ[1] ਬੀਜ ਦੀਨੀ ਸੁ ਤਾਂਹਿ[2] ॥੬੦॥ — [1]ਕਣਕ। [2]ਤਿਸ ਵਿਚ।
ਗੁਰ ਚਰਨ ਬੰਦਿ[1] ਕਰਿ ਬੈਸਿ[2] ਆਨਿ। — [1]ਨਮਸਕਾਰ ਕਰਕੇ। [2]ਬੈਠਾ।
ਉਰ ਕੀਨੀ ਸ਼ਰਧਾ, ਨਹਿਂ ਡੁਲਾਨ।
ਨਿਸ ਗਯੋ ਧਾਮ ਪੁਨ ਭਈ ਭੋਰ[1]। — [1]ਸਵੇਰ।
ਚਲਿ ਆਇ ਦੇਖਿਓ ਖੇਤ ਓਰ ॥੬੧॥
ਸਬਜ਼ੀ[1] ਸੁ ਲਖੀ ਤਬ ਨੌ ਬਹਾਰ[2]। — [1]ਹਰਿਆਈ। [2]ਨਵੀਂ ਬਹਾਰ।
ਜਨੁ ਬਹੁਤ ਦਿਵਸ ਕੀ ਇਹ ਸਬਾਰ[1]। — [1]ਮਾਨੋਂ ਜਲ ਨਾਲ (ਸਿੰਜੀ ਹੈ)।
ਕਰਿ ਹਰਖ ਬੰਦਿ ਗੁਰ ਚਰਨ ਰੇਨ।
ਸ਼ਰਧਾ ਸੁ ਬਧੀ ਜੋ ਮੋਖਦੇਨ[1] ॥੬੨॥ — [1]ਮੁਕਤੀ ਦਾਤੇ ਵਿੱਚ।
ਪੁਰਿ ਨਰਨ[1] ਸੁਨੇ ਆਚਰਜ ਮਾਨ[2]। — [1]ਪੁਰਸ਼ਾਂ ਨੇ। [2]ਮੰਨ ਕੇ।

ਸਭਿ ਧਾਏ[1] ਹੇਰਹਿਂ[2] ਸਾਚ ਜਾਨਿ।
[1]ਦੌੜ ਕੇ। [2]ਦੇਖਦੇ ਹਨ।
ਅਸ ਜਾਨ ਅਜ਼ਮਤੀ[1] ਉਰ[2] ਪੁਮਾਨ[3]।
[1]ਕਰਾਮਾਤੀ। [2]ਰਿਦੇ ਵਿੱਚ। [3]ਪੁਰਸ਼, ਲੋਕ।
ਗੁਰ ਤੀਰ ਪਹੁੰਚੇ ਸਿਦਕ ਠਾਨਿ ॥੬੩॥
ਕਰਿ ਬੰਦਨਾ ਸੁ ਧਰਿ ਭੇਟ ਸੋਇ।
ਬਿਧਿ ਬੂਝਹੀ ਜਿਵ[1] ਅੰਨ ਹੋਇ।
[1]ਤਰੀਕਾ ਪੁੱਛਿਆ, ਜਿਸ ਤਰ੍ਹਾਂ।
ਗੁਰ ਕੀਨਿ ਦਯਾ ਦੀਨੀ ਰਜਾਇ[1]।
[1]ਆਗਯਾ।
'ਕਰਤਾਰ ਨਾਮ ਰਸਨਾ[1] ਧਿਆਇ[2] ॥੬੪॥
[1]ਜੀਭ ਨਾਲ। [2]ਸਿਮਰੋ।

ਤੋਟਕ ਛੰਦ:

[1]ਜ਼ਿਮੀਂਦਾਰੀ। [2]ਹੱਥ ਨਾਲ।
ਕ੍ਰਿਸ਼ਿ ਕਾਰਜ[1] ਕੋ ਕਰ[2] ਸੋਂ ਕਰਿਯੇ।
ਹਰਿ ਨਾਮ ਉਚਾਰ ਰਿਦੈ ਧਰਿਯੇ।
ਬਰਖਾ ਹਿਤ ਜਾਚਹੁ ਬੰਦ ਕਰੰ।
ਬਹੁ ਨੀਰ ਪਰੈ[1] ਹੁਇ ਖੇਤ ਧਰੰ[2] ॥੬੫॥
[1]ਪਵੇਗਾ। [2]ਧਰਤੀ ਤੇ।
ਧਰਿ ਆਇਸੁ ਸੀਸ ਚਲੇ ਸਭਿ ਹੀ।
ਬਰ ਬੀਜ ਬੁਯੋ ਹਲ ਤੇ[1] ਤਬ ਹੀ।
[1]ਹਲ ਦੇ ਨਾਲ।
ਭਲ ਖੇਤ ਉਗੇ ਹਰਿਆਵਲ ਸੋਂ।
ਪੁਰਿ ਸ਼ੋਕ ਨਸਜੋ ਸੂਬੁ ਤਾਵਲ[1] ਸੋਂ ॥੬੬॥
[1]ਸਭ ਉਤਾਵਲ=ਛੇਤੀ ਨਾਲ।
'ਸਮਰੱਥ ਬਡੋ' ਕਹਿਂ 'ਸੰਤ ਭਲੋ।
ਇਸ ਆਇਸੁ ਕੇ ਅਨੁਸਾਰਿ ਚਲੋ।'
ਬਰਖਾ ਬਿਧਿ ਬੂਝਨ ਕੀਨਿ ਜਬੈ।
ਗੁਰ ਨਾਨਕ ਵਾਕ ਉਚਾਰਿ[1] ਤਬੈ ॥੬੭॥
[1]ਉਚਾਰੇ।
'ਬਿਧਿ ਸੰਗ ਤਿਹਾਵਲ[1] ਕੋ ਕਰਿਯੇ।
[1]ਕੜਾਹ ਪ੍ਰਸਾਦਿ।
ਸਤਿਨਾਮ ਗੁਰੂ ਹਿਰਦੈ ਧਰਿਯੇ।
ਸਭਿ ਸੰਗਤਿ ਹੋ ਇਕ ਥਾਇਂ ਜਬੈ।
ਕਰ ਬੰਦਿ ਕਰੋ ਅਰਦਾਸ ਤਬੈ ॥੬੮॥
ਬਰਖਾ ਪੁਨ ਜਾਚਹੁ ਦੀਨ ਮਨੰ[1]।
[1]ਗਰੀਬ ਮਨ ਹੋਕੇ।
ਬਹੁ ਨੀਰ ਪਰੈ ਹੁਇ ਖੇਤ ਅਨੰ[1]।'
[1]ਅਨਾਜ।
ਸੁਨਿ ਸੋ ਬਿਧਿ ਕੀਨਿ ਮਿਲੇ ਤਬ ਹੀ।
ਕਰਤਾਰਹਿਂ ਨਾਮ ਜਪੈਂ ਸਭਿ ਹੀ ॥੬੯॥
ਅਰਦਾਸ ਤਿਹਾਵਲ ਕੀ ਕਰਿ ਕੈ।
ਪੁਨ ਸੀਸਨ ਕੋ ਧਰਨੀ ਧਰਿ ਕੈ।

| | |
|---|---|
| ਬਰਖਾ ਬਹੁ ਜਾਚਨ ਕੀਨਿ ਸਭੈ। | |
| ਘਨਘੋਰ ਉਠੇ[1] ਘਨ ਘੋਰ[2] ਤਬੈ[3†] ॥੭੦॥ | [1]ਭਯਾਨਕ ਸ਼ਬਦ ਕਰਦੇ ਹੋਏ ਉਠੇ। [2]ਗਾੜ੍ਹੇ ਬੱਦਲ। [3]ਤਦੋਂ। [†]ਪਾ:-ਘਨਘੋਰ ਉਠੇ ਘਨ ਗੈਨ ਤਬੈ=ਅਕਾਸ਼ ਵਿਚ ਉੱਠੇ ਬੱਦਲ ਭਾਰੀ ਸ਼ਬਦ ਕਰਦੇ ਹੋਏ। |
| ਤਿਹ ਕਾਲ ਸੁ ਬਾਂਛਤ ਨੀਰ ਪਰਯੋ। | |
| ਸਭਿ ਦੇਸ਼ ਦੁਕਾਲ[1] ਅਤੰਕ[2] ਹਰਯੋ[3]। | [1]ਕਾਲ (ਅੰਨ ਆਦ ਦਾ ਤੋਟਾ) ਦਾ। [2]ਡਰ। [3]ਦੂਰ ਹੋ ਗਿਆ। |
| ਸੁਨਿ ਕੈ ਮਹਿਮਾ ਮਹਿਪਾਲਕ ਸੋ[1]। | [1]ਓਹ ਰਾਜਾ। |
| ਕਰਿ ਆਵਨਤਾ[1] ਤਤਕਾਲਕ ਸੋ[2] ॥੭੧॥ | [1]ਆਵਣਾ ਕੀਤਾ। [2]ਤਿਸ (ਰਾਜਾ) ਨੇ ਛੇਤੀ ਹੀ। |
| ਬਹੁ ਭੇਟ ਲਏ ਭਟ ਭੀਰ ਬਡੀ। | |
| ਸ਼ਰਧਾ ਉਰ ਆਨਿ ਵਧੀਕ ਗਡੀ[1]। | [1]ਵਧੀਕ ਗੱਡੀ ਗਈ। |
| ਕਰੁਨਾਕਰ ਰਾਜਤਿ[1] ਥਾਇ ਜਹਾਂ। | [1]ਗੁਰੂ ਜੀ) ਬਿਰਾਜਦੇ ਸਨ। |
| ਪੁਹੰਚਯੋ ਚਿਤ ਚਾਹਿ ਕਰੰਤਿ[1] ਤਹਾਂ[2] ॥੭੨॥ | [1]ਇਛਾ ਕਰਦਾ। [2]ਤਿੱਥੇ। |
| ਮਨ ਦੀਨ ਭਯੋ ਅਸ਼ਟਾਂਗ ਕਰੀ[1]। | [1]ਡੰਡੌਤ ਕੀਤੀ। |
| ਬਹੁ ਬੈਨ ਬਿਨੈ ਭਨਿ[1] ਹੰ ਜੁ ਜਰੀ[2] | [1]ਕਹਿੰਦਾ ਹੈ। [2]ਜਿਨ੍ਹਾਂ ਵਿਚ ਹੰਤਾ ਸੜ ਗਈ ਹੈ, ਭਾਵ ਨਿੰਮ੍ਰਤਾ ਦੇ। |
| 'ਤੁਮ ਸੰਤ ਸੰਪੂਰਨ ਜੋਤਿ ਕਲਾ[1]। | [1]ਕਲਾ ਸੰਯੁਕਤ (ਅ) ਪ੍ਰਤੱਖ ਕਲਾ। |
| ਉਪਦੇਸ਼ ਦਿਜੈ, ਨਿਜ[1] ਹੋਇ ਭਲਾ ॥੭੩॥ | [1]ਮੇਰਾ। |
| ਅਨਜਾਨ ਪਨੇ ਮਹਿਂ ਦੇਸ਼ ਸਭੈ। | |
| ਕਰਤਾਰ ਨ ਜਾਨਹਿਂ ਕੌਨ, ਕਬੈ। | |
| ਬਰਖਾ ਮਘਵਾ[1] ਜਪਤੇ ਜਬ ਹੀ। | [1]ਇੰਦ੍ਰ। |
| ਬਹੁ ਹੋਇ, ਪਕੈ ਕ੍ਰਿਸ਼ਿ[1] ਜੋ ਸਭਿਹੀ ॥੭੪॥ | [1]ਖੇਤੀ। |
| ਇਹ ਰੀਤਿ ਪਰੰਪਰ[1] ਦੇਸ਼ ਬਿਖੈ। | [1]ਆਦਿ ਦੀ। |
| ਤੁਮ ਆਨਿ ਹਟਾਵਨ ਕੀਨਿ, ਲਖੈ[1]। | [1]ਲਖ ਕੇ (ਕਿ ਇਹ ਰੀਤੀ ਮਾੜੀ ਹੈ)। |
| ਅਬ ਜੋ ਬਿਧਿ ਦੇਹੁ ਬਤਾਇ ਹਮੈਂ। | |
| ਮਿਲਿ ਸੋ ਕਰਿਹੀਂ ਅਨੁਸਾਰ ਸੁ ਮੈਂ ॥੭੫॥ | |
| ਜਿਹ ਤੇ ਸੁਖ ਪਾਵਹਿਂ ਲੋਕ ਸਬੈ। | |

ਪਰਲੋਕਹਿਂ ਲੋਕਹਿਂ ਹੋਹਿਂ ਅਭੈ[1]। — [1]ਨਿਡਰ।
ਲਖਿ ਕੈ ਮਹਿਮਾ ਗਰਵੀ[1] ਤੁਮਰੀ। — [1]ਭਾਰੀ।
ਮਤਿ ਹੋਇ ਰਹੀ ਦਿਢਤਾ[1] ਹਮਰੀ' ॥੭੬॥ — [1]ਪਕਿਆਈ।
ਸ਼ਰਧਾ ਭਰਿ[1] ਵਾਕ ਸੁਨੇ ਜਬ ਹੀ। — [1]ਭਰੇ।
ਪਦ ਪਾਹੁਲ ਦੇਤਿ ਭਏ ਤਬਿ ਹੀ।
ਉਪਦੇਸ਼ ਦਿਯੋ 'ਭਜਿਯੇ ਹਰਿ ਕੋ।
ਸਤਿਸੰਗਤਿ ਪ੍ਰੇਮ ਕਰੋ ਉਰ ਕੋ ॥੭੭॥
ਇਸ਼ਨਾਨ ਕਰੋ ਇਕ ਜਾਮ ਨਿਸਾ[1]। — [1]ਪਹਿਰ ਰਾਤ (ਰਹਿੰਦੀ)।
ਮਿਲ ਕੀਰਤਿ ਕੋ ਕਰਿ ਲੇਹੁ ਰਸਾ[1]। — [1]ਸਵਾਦ (ਕੀਰਤਨ ਦਾ) ਲਓ।
ਧ੍ਰਮਸਾਲ ਬਿਸਾਲ ਭਲੀ ਕਰਿਯੇ।
ਇਰਖਾ[1], ਪਰਖਾ[2], ਛਰ[3] ਕੋ ਹਰਿਯੇ[4] ॥੭੮॥ — [1]ਈਰਖਾ। [2]ਕਠੋਰਤਾ। [3]ਛਲ। [4]ਨਾਸ਼ ਕਰੋ।
ਸਤਿ, ਸ਼ੀਲ, ਸੰਤੋਖ, ਛਿਮਾ ਧਰਨੀ।
ਹਰਿ[1] ਲੋਲਪਤਾ[2], ਕਰੁਨਾ[3] ਕਰਨੀ। — [1]ਨਾਸ਼ ਕਰਕੇ। [2]ਲੋਭ। [3]ਕ੍ਰਿਪਾ।
ਚਛ[1] ਹੇਰ[2] ਛੁਧਾਤੁਰ[3] ਦੇ ਅਸਨਾ[4]। — [1]ਅੱਖੀਂ। [2]ਦੇਖ ਕੇ। [3]ਭੁੱਖੇ ਨੂੰ। [4]ਭੋਜਨ ਦਿਓ।
ਨਗਨੰ ਨਰ ਕੋ ਦਿਜਿਯੇ ਬਸਨਾ ॥੭੯॥
ਮਿਲਿ ਸੰਤਨ ਕਾਲ ਬਿਤੀਤ ਕਰੋ।
ਭਵਸਾਗਰ ਕੋ ਨਿਰਸੰਸ ਤਰੋ।'
ਸੁਨਿ ਕੈ ਉਪਦੇਸ਼ ਸੁ ਨਾਮ[1] ਸਭੈ। — [1]ਨਾਮ ਦਾ ਉਪਦੇਸ਼।
ਕਰ ਬੰਦਹਿਂ ਬੰਦਨ ਕੀਨਿ ਤਬੈ ॥੮੦॥
ਧ੍ਰਮਸਾਲ ਰਚੀ ਤਤਕਾਲ ਤਹਾਂ।
ਅਰਬਿੰਦ ਬਿਲੋਚਨ ਬੈਸਿ ਜਹਾਂ।
ਗੁਨਖਾਨੇ ਇਸੋ ਉਪਕਾਰ ਕਰਜੋ।
ਕਰਤਾਰ ਭਜੇ ਸਭਿ ਦੇਸ਼ ਤਰਜੋ ॥੮੧॥
ਦਿਨ ਕੇਤਿਕ ਸ੍ਰੀ ਗੁਰ ਦੇਸ਼ ਤਿਸੀ।
ਨਰ ਕੀਨ ਉਧਾਰ ਰਹੇ ਸੁ ਜਸੀ[1]। — [1]ਜਸ ਵਾਲੇ (ਗੁਰੂ ਜੀ ਨੇ)।
ਛਿਤਪਾਲ ਪ੍ਰਜਾ ਸਭਿ ਆਵਤਿ ਹੈਂ।
ਪਗ ਬੰਦਨ ਕੈ ਸੁਖ ਪਾਵਤਿ ਹੈਂ ॥੮੨॥
ਸੁਨਿ ਸ੍ਰੀ ਮੁਖ ਤੇ ਸੁਖਵੰਤਿ ਗਿਰਾ।
ਸਭਿ ਕੋ ਉਰ ਪ੍ਰੇਮ ਕੇ ਸੰਗ ਭਰਾ।
ਸਿਮਰਹਿਂ ਹਰਿ ਨਾਮਹਿਂ ਪ੍ਰੀਤਿ ਕਰੈਂ।

ਮਿਲਿ ਆਪਸ ਮੈਂ ਬਹੁ ਭਾਉ ਧਰੈਂ
॥੮੩॥

ਦੋਹਰਾ:
ਰਾਹਕ ਪੂਰਬ[1] ਸਿੱਖ ਜੋ, ਬੋਲਜੇ ਦ੍ਵੈ ਕਰ ਬੰਦਿ। — [1]ਪਹਿਲਾ।
'ਕੁਦਰਤ ਕੋ ਕੁਛ ਪਤਾ ਮੁਝ, ਦਰਸਾਵਹੁ ਸੁਖਕੰਦ!' ॥੮੪॥

ਸੰਕਰ ਛੰਦ:
ਸੁਨਿ ਕਰ ਤਿਹ ਕੇ ਬਚ ਗੁਰੁ
ਨਾਨਕ ਗਿਰਾ ਉਚਾਰ।
'ਜਾਹੁ ਖੇਤ ਮਹਿਂ ਬੂਟ ਉਪਾਰਹੁ[1] — [1]ਉਖਾੜੋ।
ਦੇਖਹੁ ਕੁਦਰਤ ਭਾਰਿ[1]। — [1]ਭਾਰੀ।
ਆਚਰਜ ਜਿਹ ਕੋ ਰੂਪ ਲਖਿਯਤ
ਸਕੈ ਕੌਨ ਨ ਚੀਨ[1]। — [1]ਪਛਾਣ।
ਸੁਰ, ਨਰ, ਅਸੁਰ, ਅਹਿ[1] ਤਰਹਿ[2] ਤਾਂ ਕੇ — [1]ਨਾਗ। [2]ਨੀਵੇਂ (ਪਤਾਲ)।
ਉਰਧ[1] ਜਿਨ ਇਹ[2] ਕੀਨ' ॥੮੫॥ — [1]ਉਚੇ ਲੋਕ (ਅਕਾਸ਼)। [2]ਮਾਤ ਲੋਕ।
ਨਿਜ ਕਾਨ ਸੁਨਿ ਮਤਵਾਨ ਮਾਨਵ
ਖੇਤ ਮਹਿਂ ਤਬ ਜਾਇ।
ਗੋਧੂਮ ਬੂਟ[1] ਉਖਾਰ ਦੇਖਯੋ — [1]ਕਣਕ ਦਾ ਬੂਟਾ।
ਰਹਯੋ ਉਰ ਬਿਸਮਾਇ।
ਅੰਗਾਰ ਅਗਨੀ ਅਰੁਨ[1] ਦੀਸਤਿ — [1]ਲਾਲ।
ਤੇਜ ਨਹਿਂ ਸਹਿ ਜਾਇ।
ਸਭਿ ਲੋਕ ਹੇਰਨ ਹੇਤੁ ਦੌਰੇ
ਬਹੁਤ ਜਿਨ ਮਨ ਚਾਇ[†] ॥੮੬॥ — [†]ਪਾ:-ਇਹ ਦੇਖਿਕੈ ਸਭ ਲੋਕ ਡਰਿਗੇ ਮੁਖਹੁ ਕਹੈਂ ਅਲਾਇ।

ਹੇਰਿ ਹੇਰਿ ਆਚਰਜ ਮਾਨਹਿਂ
ਅਗਨਿ ਪਰ ਪਿਖਿ ਖੇਤ।
-ਜਿਹ ਛੁਵਤਿ ਜਰਿਹੀ[1] ਦਾਰ[2] ਦ੍ਰੁਤਿ[3] — [1]ਸੜ ਜਾਵੇ। [2]ਲਕੜੀ। [3]ਛੇਤੀ।
ਸਭਿ[1] ਹਰੀ ਭੀ ਕਿਹ ਹੇਤ[2]। — [1]ਸਾਰੀ (ਖੇਤੀ)। [2]ਹਰੀ ਹੋਈ ਕੀਕੂੰ।
ਕਰਤਾਰ ਕੁਦਰਤਿ ਅਤਿ ਬਲਿ ਸ਼ਟੋਹਿ[1] — [1]ਬਲੀ।
ਕੀਨ ਅਚਰਜ ਬਾਤ।
ਹੈ ਅਗਨਿ ਉਪਰ ਕ੍ਰਿਸ਼ਿ[1] ਬਿੱਧ੍ਰਤ[2] — [1]ਖੇਤੀ। [2]ਵਧਦੀ।

ਹਰੀ ਬਹੁ ਜਿਹ ਪਾਤ[1]- ॥੮੭॥ — [1]ਪੱਤੇ।
ਕਰਤਾਰ ਬਹੁਰ ਲਖਾਇ ਕੁਦਰਤ
ਸੱਤਿ ਨਾਮ ਜਪਾਇ।
ਕਰਿ ਧਰਮਸਾਲਾ ਗ੍ਰਾਮ ਗ੍ਰਾਮਹਿ[1] — [1]ਪਿੰਡ ਪਿੰਡ।
ਨਾਮ ਦਾਨ ਦ੍ਰਿੜਾਇ।
ਤਬ ਕੀਨ ਦੇਸ਼ ਪਵਿੱਤ੍ਰ ਸਗਰੋ
ਲਗੇ ਕੀਰਤਿ ਗਾਨਿ।
ਸ਼ੁਭ ਚਲੀ ਰੀਤਿ ਪੁਨੀਤ ਸਿੱਖੀ
-ਸਤਿਗੁਰੂ ਕੁਰਬਾਨ[1]- ॥੮੮॥ — [1]ਤੋਂ ਸਦਕੇ ਜਾਂਦੇ ਹਾਂ।
ਨਰ ਕਰਹਿਂ ਕੀਰਤਿ ਪ੍ਰੀਤਿ ਯੁਤ
ਉਰ ਧਰੀ ਸ਼ਰਧਾ ਨਾਮ।
ਬਰ ਪਰਮਦਾ ਅਪਵਰਗ ਸਿਮਰਨ
ਧਰਮ ਅਰਥਹਿ ਕਾਮ[1]। — [1]ਜੋ ਨਾਮ ਦਾ ਸਿਮਰਨ, ਧਰਮ ਅਰਥ ਤੇ ਕਾਮ ਤੇ ਮੋਖ ਦੇ ਸ੍ਰੇਸ਼ਟ ਵਰ ਦਾ ਦਾਤਾ ਹੈ।

ਜਿਸ ਨਾਮ ਤੇ ਸੁਖ ਧਾਮ ਪ੍ਰਾਪਤ
ਤਰੇ ਪਤਿਤ ਅਨੇਕ।
ਜੋ ਗੈਨ[1] ਛੋਨੀ[2] ਨਾਗ ਸਦਨਾ[3] — [1]ਅਕਾਸ਼। [2]ਪ੍ਰਿਥਵੀ। [3]ਨਾਗਾਂ ਦਾ ਘਰ (ਪਤਾਲ)।
ਬ੍ਰਹਮ ਅੰਡਹਿ ਟੇਕ[1] ॥੮੯॥ — [1]ਸਾਰੇ ਬ੍ਰਹਮੰਡ ਦਾ ਆਸਰਾ ਹੈ।
ਤਿਹ ਕੋ ਮੁਨਾਫਕ ਨਾਮ† ਪੂਰਬ[1]। — [1]ਪਹਿਲਾ।

†ਪਾ:-ਮੁਨਾਫਕ ਦੇਸ਼ ਕਿਸੇ ਜਗਾ ਦਾ ਨਾਮ ਪ੍ਰਤੀਤ ਨਹੀਂ ਦੇਂਦਾ, ਇਹ ਲੋਕਾਂ ਦੇ ਪਰਮੇਸ਼ੁਰ ਨੂੰ ਨਾ ਜਾਨਣੇ ਕਰਕੇ ਏਸ ਦੇਸ਼ ਦੀ ਅੱਲ ਹੋਣੀ ਹੈ ਤੇ ਇਸ ਨਾਮ ਕਰਕੇ ਸੱਦਿਆ ਗਿਆ ਹੈ। ਜੋ ਦਿਲ ਵਿਚ ਹੋਰ ਹੋਵੇ ਬਾਹਰੋਂ ਹੋਰ ਹੋਵੇ ਓਸ ਨੂੰ ਮੁਨਾਫਿਕ ਆਖਦੇ ਹਨ। ਪਤਾ ਨਹੀਂ ਅਸਲ ਜਨਮ ਸਾਖੀ ਵਿਚ ਕੀਹ ਪਦ ਸੀ, ਪਰ ਰਾਜਾ ਇੰਦਰ ਦਾ ਉਪਾਸ਼ਕ ਹੋਣ ਕਰਕੇ ਜਾਪਦਾ ਹੈ ਹਿੰਦ ਵਿਚ ਹੀ ਕੋਈ ਛੋਟੀ ਹਿੰਦੂ ਰਿਆਸਤ ਹੋਊ। 'ਮੁਨਾਫਿਕ' ਪਦ ਤੋਂ ਮੁਸਲਮਾਨੀ ਧਰਤੀ ਦਾ ਇਲਾਕਾ ਭਾਸਦਾ ਹੈ।

ਫੇਰਿ ਸਤਿਗੁਰ ਦੀਨ[1]। — [1]ਬਦਲ ਦਿੱਤਾ।
ਪੁਨ ਦੇਸ਼ ਸੁਆਲਜੋ ਰਾਖਿਓ
ਕਰਿ ਰੀਤਿ ਰੁਚਿਰ ਨਵੀਨ।
ਇਸ ਭਾਂਤਿ ਕਰਿ ਉਪਕਾਰ ਤਿਨ ਪਰ
ਚਲਿਨ ਮਨਸਾ ਕੀਨਿ।
ਭਵ[1] ਸੇਤੁ[2] ਕੀਰਤਿ[3] ਕਰਨ ਧਰਨੀ[4] — [1]ਸੰਸਾਰ ਤੇ। [2]ਪੁਲ। [3]ਕੀਰਤੀ ਦਾ। [4]ਧਰਤੀ ਤੇ।
ਜਾਹਿਂ[1] ਸਿਖ ਸੁਖ ਦੀਨ ॥੯੦॥ — [1]ਜਿਸਨੇ।
ਕਰਿ ਭੂਪ ਪਰਜਾ ਪਰ[1] ਖੁਸ਼ੀ — [1]ਰਾਜਾ ਤੇ ਪਰਜਾ ਉਤੇ।
ਗੁਰ ਗਏ ਆਨ ਅਸਥਾਨ।

ਪਸ਼ਚਾਤ[1] ਨਰ ਝੂਰਤਿ ਰਿਦੈ
-ਤਬ ਰਹੇ ਹਮ ਅਨਜਾਨ।
ਕਰਿ ਸੇਵ ਤਿਨ ਕੀ ਤ੍ਰਿਪਤਿ ਭੇ ਨਹਿਂ
ਪਾਇ ਦਰਸ ਅਮੋਲ-।
ਭਜਿ ਸ਼ਰਨ ਗੁਰ ਸੰਤੋਖ ਸਿੰਘ
ਨਿਤ ਪਾਇਂ ਅਨੰਦ ਅਡੋਲ ॥੯੧॥

[1]ਪਿਛੋਂ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮੁਨਾਫਿਕ ਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅਧਯਾਯ ॥੧੧॥

## ੧੨. [ਪ੍ਰਭੂ ਮੰਗਲ। ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਢਹਿਣ ਵਾਲੇ ਨਗਰ ਤੇ ਹਾਰੂ ਦੇਸ਼ ਦਾ ਪ੍ਰਸੰਗ]

੧੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੩

{ਅੱਗ ਨਾਲ ਸੜਨ ਵਾਲਾ ਨਗਰ} ॥੧੦..॥
{ਦੈਂਤ ਦਾ ਉਧਾਰ} ॥੧੯..॥
{ਸਮੁੰਦ੍ਰ ਨਾਲ ਢਹਿਣ ਵਾਲਾ ਨਗਰ} ॥੪੪..॥
{ਗੁਰ ਕੀ ਕਰਨੀ ਕਾਹੇ ਧਾਵਹੁ?} ॥੫੫..॥
{ਹਾਰੂ ਨਗਰ} ॥੬੦..॥
{ਸਰੇਵੜੇ ਦੀ ਕਲਾ ਖਿੱਚੀ} ॥੬੧..॥
{ਨਾਮ ਸੱਚਾ ਮੋਤੀ} ॥੯੩..॥

ਦੋਹਰਾ:

ਪਿੰਗਲ ਪਰਬਤ ਪਰ ਚਢੈ, ਗੁੰਗ ਹੋਇ ਬਾਚਾਲ।
ਕਾਇਰ ਹ੍ਵੈ ਭਟ ਜੈ ਧਰੈ, ਕਰੈ ਜਿ ਕ੍ਰਿਪਾ ਕ੍ਰਿਪਾਲ ॥੧॥

ਪਿੰਗਲ=ਪਿੰਗਲਾ (ਲੰਗੜਾ), ਜਿਸ ਦੇ ਪੈਰ ਨਾ ਹੋਣ। ਜਿਸ ਦੇ ਹੱਥ ਪੈਰ ਦੋਇ ਨ ਹੋਣ। [ਸੰਸ: ਪੰਗ। ਪ੍ਰਕ੍ਰਿਤ, ਪੰਗਲੁਅ, ਪੰਜਾ: ਪਿੰਗਲਾ] ਗੁੰਗ=ਗੁੰਗਾ, ਜੋ ਬੋਲ ਨਾ ਸਕੇ। [ਫਾਰਸੀ, ਗੁੰਗ] ਬਾਚਾਲ=ਜੋ ਬੋਲ ਸਕੇ, ਜੋ ਖੁੱਲ੍ਹਾ ਬੇ ਅਟਕ ਬੋਲ ਸਕੇ। ਸੰਸ: ਵਾਚਾਲ]
ਭਟ=ਸੂਰਮਾਂ। ਜੈ ਧਰੈ=ਫਤੇ ਪਾਵੇ। ਕ੍ਰਿਪਾਲ=ਕ੍ਰਿਪਾ ਕਰਨ ਵਾਲਾ, ਮੁਰਾਦ ਵਾਹਿਗੁਰੂ ਤੋਂ ਹੈ।

ਅਰਥ:

ਜੇ ਕ੍ਰਿਪਾਲ (ਵਾਹਿਗੁਰੂ) ਕ੍ਰਿਪਾ ਕਰੇ (ਤਾਂ) ਪਿੰਗਲਾ ਪਹਾੜ ਉਤੇ ਚੜ੍ਹ (ਸਕੇਗਾ), ਗੁੰਗਾ ਬੋਲਣ ਵਾਲਾ ਹੋ ਜਾਏਗਾ, ਕਾਇਰ ਸੂਰਮਾ ਹੋ ਕੇ ਫਤੇ ਪ੍ਰਾਪਤ ਕਰੇਗਾ।

ਭਾਵ:

ਇਸ ਦੋਹੇ ਵਿਚ ਧੁਨੀ ਇਹ ਹੈ ਕਿ ਮੇਰੇ ਪਰ ਵਾਹਿਗੁਰੂ ਦੀ ਕ੍ਰਿਪਾ ਹੋਵੇ ਜੋ ਮੈਂ ਆਪਣੇ ਪਰਬਤ ਸਮਾਨ ਕਠਨ ਕੰਮ ਨੂੰ ਸਿਰੇ ਚਾੜ੍ਹ ਸਕਾਂ, ਮੈਂ ਜੋ ਕਵਿਤਾ ਵਿਚ ਗੁੰਗ ਸਮਾਨ ਹਾਂ ਕਲਾਵਾਨ ਹੋ ਕਰਕੇ ਉੱਤਮ ਕਾਵ੍ਯ ਲਿਖਾਂ, ਵਿਘਨਾਂ ਦੇ ਭੈ ਤੋਂ ਜੋ ਡਰਦਾ ਹਾਂ, ਸੂਰਮਾਂ ਹੋ ਕੇ ਕਾਮਯਾਬੀ ਰੂਪੀ ਫਤਹ ਪ੍ਰਾਪਤ ਕਰਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਅਨਤ ਦੇਸ਼ ਸਤਿਗੁਰੂ ਸਿਧਾਰੇ।
ਸੰਤ ਮੰਦ ਮਤਿ ਜਾਂਹਿ ਉਧਾਰੇ।
ਮੈਂ[1] ਪੁਨ ਦੁਤਿਯ ਸੰਗ ਮਰਦਾਨਾ। — [1]ਬਾਲਾ।
ਅਨੁਸਾਰੀਅਨੁ[1] ਕਰਹਿਂ ਪਿਯਾਨਾ[2] ॥੨॥ — [1]ਅਨੁਸਾਰੀ ਹੋ ਕੇ। [2]ਪਿੱਛੇ ਜਾਂਦੇ ਸਾਂ।
ਮਾਰਗ ਚਲਤਿ ਗ੍ਰਾਮ ਇਕ ਹੇਰਾ।
ਤਹਿਂ ਤਰੁ[1] ਕੇ ਤਰ[2] ਕੀਨ ਬਸੇਰਾ। — [1]ਬ੍ਰਿੱਛਾਂ। [2]ਹੇਠ।
ਸੰਤ ਜਾਨ ਤਹਿਂ ਕੇ ਨਰ ਆਏ।
ਰਿਦੈ ਭਾਉ ਧਰਿ ਸੀਸ ਝੁਕਾਏ ॥੩॥

ਅੰਨ ਆਨਿ ਦੀਨੋ ਹਿਤ ਅਸਨਾ[1]। [1]ਭੋਜਨ ਵਾਸਤੇ।
ਬਿਨੈ ਯੁਕਤ ਬਾਨੀ ਭਨਿ[1] ਰਸਨਾ। [1]ਕਹੀ।
ਤਿਨ ਕੀ ਬਿਨੈ ਸ਼੍ਰੋਨ ਧਰਿ ਭੂਰੀ[1]। [1]ਸਾਰੀ।
ਨੈਨ ਕੋਰ ਕਰੁਨਾ ਜਿਨ ਪੂਰੀ[1] ॥੪॥ [1]ਜਿਨ੍ਹਾਂ ਦੀ ਅੱਖਾਂ ਦੀ ਦ੍ਰਿਸ਼ਟੀ ਵਿਚ ਮੇਹਰ ਪੂਰਨ ਹੈ।

ਦੋਹਰਾ:
ਕਿਤਿਕ ਦਿਵਸ ਕੀਨੋ ਸਿਵਰ[1], ਕਰਨ ਨਰਨ ਕੱਲਜਾਨ। [1]ਡੇਰਾ।
ਰਾਜ ਰਿਖੀ[1], ਸਿੱਖਜਨ ਸੁਖਦ, ਜਿਹ ਦਰਸ਼ਨ ਅਘ ਹਾਨ ॥੫॥ [1]ਰਿਖੀਆਂ ਦੇ ਰਾਜੇ (ਗੁਰੂ ਜੀ)।

ਚੌਪਈ:
ਬਾਸੁਰ ਕਿਤਿਕ ਬਿਤੀਤੇ ਜਬ ਹੀ।
ਸੇਵਹਿਂ ਪ੍ਰੀਤ ਧਾਰਿ ਉਰ ਸਭਹੀ।
ਏਕ ਦਯੋਸ ਮਹਿਂ ਕੀਨ ਤਯਾਰੀ।
ਨਿਜ ਨਿਕੇਤ ਕੀ ਸੌਜ ਸੰਭਾਰੀ ॥੬॥
ਤਿਨ ਕੀ ਰੀਤਿ ਹੇਰਿ ਕਰਿ ਸ੍ਵਾਮੀ।
ਭਨੇ ਬਚਨ ਸ਼ੁਭ ਅੰਤਰਜਾਮੀ।
'ਸਕਟਨ[1] ਬਿਖੈ ਸੌਜ ਤੁਮ ਪਾਈ। [1]ਗੱਡਿਆਂ।
ਗ੍ਰਾਮ ਤਜਾਗ ਗਮਨੇ ਕਿਹ ਥਾਈਂ? ॥੭॥
ਕਿਹ ਦੁਖ ਤੇ ਕਰਿ ਸਦਨ ਉਜਾਰਾ?
ਚਲੇ ਅਨਤ[1] ਯੁਤ ਸਭਿ ਪਰਵਾਰਾ। [1]ਹੋਰ ਜਗਾ।
ਕਿਧੋਂ ਭਯੋ ਭੈ ਭੂਪਤਿ ਕਾਂ ਕੋ[1]। [1]ਕਿਸੇ) ਰਾਜਾ ਦਾ ਡਰ।
ਤੁਮਹਿਂ ਵਿਘਨ ਕੋ? ਕਹਿਯੇ ਤਾਂ ਕੋ' ॥੮॥

ਦੋਹਰਾ:
ਸੁਨਿ ਕਰਿ ਸ਼੍ਰੀ ਗੁਰ ਕੇ ਬਚਨ,
ਮਾਨਵ ਜੁਗ ਕਰ ਬੰਦਿ।
ਨਿਜ ਬਿਰਥਾ ਭਾਖਤਿ ਭਏ,
ਅੱਗ੍ਰਜ ਦੋਖ ਨਿਕੰਦ[1] ॥੯॥ [1]ਗੁਰੂ ਜੀ ਦੇ ਅੱਗੇ।

ਚੌਪਈ:
'ਸੁਨਹੁ ਸੁਖਦ ਜੀ ਸ਼੍ਰੀ ਗੁਰੁ ਨਾਨਕ!
ਲਗਹਿ ਅਗਨਿ ਇਸ ਗ੍ਰਾਮ ਅਚਾਨਕ।
{ਅੱਗ ਨਾਲ ਸੜਨ ਵਾਲਾ ਨਗਰ}

ਇਸ ਦੁਖ ਤੇ ਹਮ ਅਨਤ ਪਧਾਰੇਂ।
ਬਹੁਰ ਆਇ ਕਰ ਹੈਂ ਘਰ ਬਾਰੇ ॥੧੦॥
ਛਠੇ ਮਾਸ[1] ਇਕ ਬਾਸੁਰ ਮਾਂਹੀ।
ਅਗਨਿ ਸੰਗ ਜਾਵਹਿ ਕੋ ਦਾਹੀ[1]।
ਕੇਤਿਕ ਦਿਵਸ ਸਦਨ ਇਹ ਤਜਿ ਕੈ।
ਬਸਿ ਹੈਂ ਅਨਤ ਗ੍ਰਾਮ ਭੈ ਭਜਿ ਕੈ[1] ॥੧੧॥
ਆਪ ਚਲਹੁ ਜੇ ਸੰਗ ਹਮਾਰੇ।
ਸੇਵਹਿਂ ਸਭਿ ਬਿਧਿ ਚਰਨ ਤੁਮਾਰੇ।
ਸੰਤ ਰੂਪ ਤੁਮ ਪਰਉਪਕਾਰੀ।
ਪੁਨ ਇੱਛਾ ਜੋ ਕਰਹੁ ਤੁਮਾਰੀ' ॥੧੨॥

[1]ਛੀਵੇਂ ਮਹੀਨੇ।
[1]ਸਾੜ।
[1]ਪ੍ਰਾਪਤ ਹੋ ਕੇ (ਅ) ਨੱਠ ਕੇ।

ਦੋਹਰਾ:
ਕਰੁਨਾ ਕਰ ਬੋਲੇ ਬਚਨ,
ਸ੍ਰੀ ਬੇਦੀ ਕੁਲਕੇਤ।
'ਧਾਰਹੁ ਸਿੱਖੀ ਗੁਰੂ ਕੀ,
ਪੁਨ ਨਹਿਂ ਜਲਹਿਂ ਨਿਕੇਤ ॥੧੩॥

ਚੌਪਈ:
ਸੱਤਿਨਾਮ ਕੋ ਜਾਪ ਜਪੀਜੈ।
ਉਰ ਤੇ ਡਰ ਕਉ ਦੂਰ ਕਰੀਜੈ।
ਮਨ ਬਾਂਛਤ ਸੁਖ ਪਾਇ ਘਨੇਰੇ।
ਬਸਹੁ ਸ਼ਾਂਤਿ ਸੋਂ ਅਪਨੇ ਡੇਰੇ ॥੧੪॥
ਅਬ ਤੇ ਲਗਹਿ ਨ ਅਗਨਿ ਅਗਾਰੀ।
ਧਰਮਸਾਲ ਸੁਠ ਰਚਹੁ ਸਵਾਰੀ।
ਸੰਤ ਅਤਿਥ ਕੀ ਕੀਜੈ ਸੇਵਾ।
ਮਹਿਮਾ ਕੀਰਤਿ ਕੋ ਲਖਿ ਭੇਵਾ' ॥੧੫॥
ਸੁਨਿ ਕਰਿ ਉਰ ਧਰਿ ਹਰਖ ਬਿਸਾਲਾ।
ਸਿੱਖੀ ਗ੍ਰਹਨ ਕਰੀ ਤਤਕਾਲਾ।
ਗਮਨ ਨ ਕੀਨ ਗ੍ਰਾਮ ਜੇ ਆਨਾ।
ਮਾਨ ਸੁ ਬਚਨ ਵਸੇ ਨਿਜ ਥਾਨਾ ॥੧੬॥

ਦੋਹਰਾ:
ਸਭਿ ਸੰਭਾਰ[1] ਸੰਭਾਰਿਕੈ[2], ਸ੍ਰੀ ਨਾਨਕ ਢਿਗ ਆਨ[3]।

[1]ਸਮੱਗ੍ਰੀ। [2]ਸਮ੍ਹਾਲ ਕੇ। [3]ਲਿਆਕੇ।

ਰਾਖੀ ਡਰ ਕਰਿ ਅਗਨ ਤੇ, ਉਰ ਸੰਦੇਹ ਕੋ
ਮਾਨਿ ॥੧੭॥

ਚੌਪਈ:

ਸਭਿਹਿ ਨਾਰਿ ਨਰ ਗੁਰ ਢਿਗ ਬੈਸੇ।
'ਨਾਮ ਜਪਹੁ' ਐਸੇ ਉਪਦੇਸ਼ੇ।
ਧਾਰਿ ਅਗਨਿ ਡਰ ਤਜਿ ਨਿਜ ਸਦਮਾ[1]। [1]ਘਰ।
ਹੋਹਿ ਨਿਕਟ ਸ੍ਰੀ ਗੁਰ ਪਦ ਪਦਮਾ[1] ॥੧੮॥ [1]ਚਰਨ ਕਵਲਾਂ ਪਾਸ।
ਤਬ ਇਕ ਦੈਤ ਰੂਪ ਬਿਕਰਾਰਾ[1]। [1]ਭਿਆਨਕ।

{ਦੈਂਤ ਦਾ ਉਧਾਰ}

ਆਵਤਿ ਨਰ ਨਾਰੀਨ[1] ਨਿਹਾਰਾ। [1]ਨਰਾਂ ਤੇ ਇਸਤ੍ਰੀਆਂ ਨੇ।
ਪਗ ਪਾਤਾਲ ਸੀਸ ਨਭ[1] ਧਾਰੀ। [1]ਅਕਾਸ਼।
ਲੋਹਿਤ[1] ਸ਼ਮਸ[2] ਭਯੰਕਰ ਭਾਰੀ ॥੧੯॥ [1]ਲਾਖਾ, ਲਾਲ। [2]ਦਾੜ੍ਹਾ।
ਨਰ ਤਬ ਬੈਸੇ ਰਾਖਸ਼ ਹੇਰੇ।
ਅਗਨਿ ਨੈਨ ਕਿਯ ਕ੍ਰੋਧ ਘਨੇਰੇ।
'ਡਰ ਮਮ ਤਯਾਗ ਰਹੇ ਇਹ ਥਾਈਂ।
ਤਜੋਂ ਨ ਅਬ ਇਨ, ਲੇਉਂ ਚਬਾਈ[1]' ॥੨੦॥ [1]ਚਬਾ ਲਵਾਂਗਾ।

ਦੋਹਰਾ:

ਦਾਰੁਨ ਦੀਰਘ ਦਾਂਤ ਖਲ, ਓਸ਼ਟ ਚਾਟਤਿ
ਜੀਹ[1]। [1]ਜੀਭ ਨਾਲ ਚੱਟਦਾ।
ਹਾਥ ਬਿਖੈ ਜ੍ਵਲਤੀ[1] ਅਗਨਿ, ਨਰ
ਦੁਖਦਾਨੀ ਦੀਹ[2] ॥੨੧॥ [1]ਬਲਦੀ ਹੋਈ। [2]ਪੁਰਸ਼ਾਂ ਨੂੰ ਭਾਰੀ ਦੁਖਦਾਈ।

ਚੌਪਈ:

ਡਰੇ ਲੋਕ ਜਾਨੀ ਮ੍ਰਿਤੁ ਆਈ।
ਪੀਤ[1] ਭਏ, ਮੁਖ ਥੁਕ ਸੁਕਾਈ। [1]ਪੀਲੇ।
ਸੁਕਚੇ[1] ਤਨ ਕੰਪਤ ਬਿਨ ਚੈਨਾ। [1]ਸੁੰਗੜ ਗਏ।
ਦੇਖਿ ਨ ਸਕਹਿਂ ਮੁੰਦ ਲਿਯ ਨੈਨਾ ॥੨੨॥
ਕਹਹਿਂ ਪਰਸਪਰ 'ਅਬ ਭਾ ਮਰਨਾ।
ਜਾਵਹਿਂ ਕਿਹ[1] ਚਰਨਨ ਕੀ ਸ਼ਰਨਾ। [1]ਕਿਸ ਦੇ।
ਆਗੈ ਘਰ ਜਲਨੇ ਕੀ ਚਿੰਤਾ।

ਅਬ ਜਾਨੀ ਭਾ ਪ੍ਰਾਨਨ ਅੰਤਾ ॥੨੩॥
ਭਾਗ ਜਾਇ ਥੇ ਹਮ ਇਹ ਕਾਲਾ।
ਕਹਿ ਰਾਖੇ ਇਨ ਸੰਤ ਕ੍ਰਿਪਾਲਾ।
ਕੋ[1] ਜਾਨਹਿ ਅਬ ਕੋ ਬਿਧਿ[2] ਹੋਵਹਿ?
[1]ਕੌਣ। [2]ਕਿਸ ਤਰ੍ਹਾਂ।
ਜੀਵਤ ਬਚੈਂ ਕਿ ਪ੍ਰਾਨਨ ਖੋਵਹਿਂ ॥੨੪॥

ਦੋਹਰਾ:
ਨਰ ਨਾਰਿਨਿ ਕੋ ਦੇਖਿ ਗੁਰ, ਜੇ ਕੰਪਤ ਭੈ ਭੀਤ[1]।
[1]ਡਰੇ ਹੋਏ।
ਕ੍ਰੂਰ ਦ੍ਰਿਸ਼ਟਿ[1] ਤਿਸ ਦੈਤ ਦਿਸ਼, ਕੀਨੀ ਹਰਨ ਅਨੀਤ[2] ॥੨੫॥
[1]ਭਜਾਨਕ ਦ੍ਰਿਸ਼ਟੀ ਕੀਤੀ (ਗੁਰੂ ਜੀ ਨੇ)। [2]ਨਾਸ਼ ਕਰਨ ਨੂੰ (ਉਸ ਦੀ) ਅਨੀਤੀ।

ਚੌਪਈ:
ਤਿਸੀ ਸਮੇ ਮਹਿਂ ਦੈਤ ਬਿਸਾਲਾ।
ਬਿਕੁਲ[1] ਪਰਜੋ ਧਰਨੀ ਮੁਰਛਾਲਾ[2]।
[1]ਬਿਆਕੁਲ। [2]ਬੇਹੋਸ਼ ਹੋ ਕੇ।
ਹੋਤਿ ਪੁਰਾਤਨ ਤਰੁ ਜਿਉਂ ਕੋਊ।
ਪਵਨ ਬੇਗ ਸੋਂ[1] ਉਖਰਤਿ ਸੋਊ ॥੨੬॥
[1]ਹਵਾ ਦੇ ਝੋਕੇ ਨਾਲ।
ਤਸ ਬਿਧਿ ਗਿਰਜੋ ਭਜਾਨਕ ਭਾਰੀ।
ਜਿਹ ਤਨ ਸਰਬ ਚੇਸ਼ਟਾ ਹਾਰੀ।
ਜਹਿਂ ਚਰਣਾਰਬਿੰਦ ਜਗ ਗੁਰ ਕੋ।
ਗਿਰਤ ਸਮੈਂ ਤਹਿਂ ਗੇਰਜੋ ਸਿਰ ਕੋ ॥੨੭॥
ਕਰੁਣਾਨਿਧਿ[1] ਪਿਖਿ ਕਰੁਨਾ[2] ਆਈ।
[1]ਗੁਰੂ ਜੀ ਨੂੰ। [2]ਮਿਹਰ।
ਅੰਤ[1] ਦੀਨਤਾ ਜਾਂਹਿ ਜਨਾਈ।
[1]ਓੜਕ ਦੀ ਯਾ ਅੰਤ ਨੂੰ।
ਸੀਸ ਛੁਹਾਯੋ ਤਿਹ ਪਦ ਪਦਮੰ[1]।
[1]ਤਿਸ ਦੇ ਸਿਰ ਨੂੰ ਚਰਨ ਕਮਲ ਛੁਹਾਏ।
ਜੋ ਸਭਿ ਸਿੱਖਜਨ ਕੋ ਸੁਖਸਦਮੰ[1] ॥੨੮॥
[1]ਸੁਖ ਦਾ ਘਰ। ਸੰਸ: ਸਦਮਨੑ]।

ਦੋਹਰਾ:
ਛੁਵਤਿ ਚਰਨ ਮੁਰਛਾ[1] ਛੁਟੀ, ਭਯੋ ਸਰੀਰ ਸੁਚੇਤ।
[1]ਬੇਹੋਸ਼ੀ।
ਸ਼ਸਤ੍ਰ ਹਨੇ[1] ਸੰਜੀਵਨੀ[2], ਜਿਉਂ ਲਗਾਇ ਤਿਹ ਦੇਤ ॥੨੯॥
[1]ਜ਼ਖਮੀ ਨੂੰ ਜਿਵੇਂ। [2]ਇਕ ਬੂਟੀ ਮੋਏ ਯਾ ਮੁਰਛਿਤ ਨੂੰ ਜਿਵਾਉਣ ਵਾਲੀ।

ਚੌਪਈ:
ਤੇਜ ਪ੍ਰਭਾਵ ਹੇਰਿ ਗੁਰ ਕੇਰੋ।

ਨਿੰਮ੍ਰਿ ਭਯੋ ਮਨ ਦੀਨ ਘਨੇਰੋ।
ਬੋਲਜੋ ਬਚਨ 'ਛਿਮਹੁ ਅਪਰਾਧੂ।
ਪਰਮੇਸ਼ੁਰ ਤੁਮ ਬੇਖ ਸੁ ਸਾਧੂ ॥੩੦॥
ਹੌਂ ਅਨਜਾਨ ਨ ਮਹਿਮਾ ਜਾਨੀ।
ਤੁਮ ਹੋ ਮਹਾਂ ਪੁਰਖੁ ਗੁਨਖਾਨੀ।
ਇਨ ਲੋਕਨ ਤੇ ਆਨ[1] ਮਨਾਊਂ। [1]ਈਨ।
ਯਾਂ ਤੇ ਇਨਕੇ ਧਾਮ ਜਲਾਊਂ ॥੩੧॥
ਅਬ ਤੁਮਰੇ ਪਦ ਪਦਮ ਸੁਹਾਏ।
ਇਨਕੇ ਭਾਗ ਜਗੇ ਜਬ ਆਏ।
ਕਰਹੁ ਸਭਿਨਿ ਕੋ ਅਬ ਕੱਲਜਾਨਾ।
ਉਪਕਾਰੀ ਤੁਮ ਕ੍ਰਿਪਾ ਨਿਧਾਨਾ ॥੩੨॥
ਦੋਹਰਾ:
ਮੈਂ ਤੁਮ ਦਾਸਨ ਦਾਸ ਹੋਂ, ਜਿਹ ਬਿਧਿ ਦੇਹੁ ਰਜਾਇ।
ਸੋ ਕਰਿਹੋਂ ਨਿਸ਼ਚੈ ਸਦਾ, ਜਾਂ ਤੇ ਕਸ਼ਟ ਮਿਟਾਇ' ॥੩੩॥
ਚੌਪਈ:
ਸ਼੍ਰੀ ਨਾਨਕ ਜੀ ਸੁਨਿ ਅਸ ਬਾਨੀ।
ਸ਼ਰਧਾ ਬਹੁਤ ਪ੍ਰੀਤ ਮੈਂ ਸਾਨੀ[1]। [1]ਮਿਲੀ ਹੋਈ।
ਬੋਲੇ ਬਚਨ ਦੀਨ ਕੇ ਦਜਾਲਾ।
'ਗ੍ਰਾਮ ਬਿਖੇ ਰਚਿਜੇ ਧਰਮਸਾਲਾ ॥੩੪॥
ਕਰੋ ਕੀਰਤਨ ਮਿਲਿ ਤਿਹ ਮਾਂਹੀ।
ਸੱਤਿਨਾਮ ਉਚਰਹੁ ਅਘ ਜਾਹੀਂ।
ਭਰਿ ਜਲ ਆਨਹੁ[1] ਤਹਿਂ ਨਿਜ[2] ਸੀਸਾ। [1]ਲਿਆਵੋ। [2]ਅਪਨੇ।
ਭਗਤਿ ਕਰਹਿਂ ਜਹਿਂ ਨਰ ਜਗਦੀਸ਼ਾ ॥੩੫॥
ਸੇਵਾ ਕਰਤਿ ਬਿਮਲ ਮਨ[†] ਹੋਵਹਿ। [†]ਪਾ:-ਬਿਲਮ ਨਹਿ।
ਜਨਮ ਜਨਮ ਕੇ ਕਿਲਬਿਖ ਖੋਵਹਿਂ।
ਸੱਤਿਨਾਮ ਜਪਿ ਹੁਇ ਅਧਿਕਾਰੀ।
ਅੰਤ ਸਮੇਂ ਗਤਿ[1] ਪਾਇਂ ਸੁਖਾਰੀ' ॥੩੬॥ [1]ਮੁਕਤੀ।
ਦੋਹਰਾ:

ਸੁਨਿ ਕਰਿ ਜਗ ਗੁਰ ਕੋ ਬਚਨ ਮਾਨ ਸੀਸ ਪੈ ਲੀਨ।
ਰਚੀ ਧਰਮਸਾਲਾ ਰੁਚਿਰ, ਪੁਨ ਸੇਵਹਿ ਮਨਦੀਨ ॥੩੭॥

ਚੌਪਈ:

ਸ੍ਰੀ ਗੁਰ ਧਰਮਸਾਲ ਮਹਿਂ ਬੈਸੇ।
'ਨਾਮ ਜਪਹੁ' ਮਨੁਜਨ[1] ਉਪਦੇਸ਼ੇ।
ਕਰਨ ਕੀਰਤਨ ਲਗੇ ਬਿਸਾਲਾ।
ਭਗਤਿ ਰੀਤ ਸਿਖਈ ਸੁਖ ਆਲਾ[1] ॥੩੮॥

[1]ਪੁਰਸ਼ਾਂ ਨੂੰ।
[1]ਸਿਖਾਈ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ।

ਗ੍ਰਾਮ ਨਿਕਟਿ[1] ਸੁਨਿ ਕਰਿ ਅਸ ਰੀਤੀ।
ਅਵਹਿਂ ਦਰਸ਼ਨ ਕੀ ਕਰਿ ਪ੍ਰੀਤੀ।
ਹੇਰਿ ਹੇਰਿ ਹਰਖੈਂ ਕਰਿ ਬੰਦਨ।
ਭਗਤਿ ਸਿਖੈਂ ਕਰਿ ਕੁਮਤਿ ਨਿਕੰਦਨ[1] ॥੩੯॥

[1]ਨੇੜੇ ਦੇ ਪਿੰਡ।
[1]ਨਾਸ਼।

ਸਿੱਖੀ ਰੀਤਿ ਬਿਦਤ ਭੀ ਦੇਸ਼ਾ।
ਜਿਸ ਤੇ ਛੁਟਹਿਂ ਜਗਤ ਕਲੇਸ਼ਾ।
ਕਹਹਿਂ ਪਰਸਪਰ ਮਿਲਿ ਨਰ ਨਾਰੀ।
'ਪਰਮੇਸ਼ੁਰ ਤਨ ਇਹ ਉਪਕਾਰੀ' ॥੪੦॥

ਦੋਹਰਾ:

ਚਿਰਿਯਨ[1] ਸੇਵ[2] ਸਿਚਾਨ ਤੇ[3] ਕਰਿਵਾਈ ਕਰਿ ਦੀਨ।
ਅਜਨ[1] ਚਰਨ ਪਰ ਕੇਹਰੀ, ਪਾਇ ਸਵਾਰਨ ਕੀਨ[2] ॥੪੧॥

[1]ਚਿੜੀਆਂ ਦੀ। [2]ਸੇਵਾ। [3]ਬਾਜ ਕੋਲੋਂ।
[1]ਬੱਕਰੀਆਂ। [2]ਭਾਵ ਬਾਜ ਵਾਂਙ ਦੈਤ, ਚਿੜੀਆਂ ਵਾਂਗ ਪੁਰਸ਼; ਸ਼ੇਰ ਵਾਂਗ ਦੈਂਤ, ਬੱਕਰੀਆਂ ਵਾਂਗ ਪੁਰਸ਼।

ਚੌਪਈ:

ਕੇਤਿਕ ਦਿਵਸ ਬਸੇ ਤਿਹ ਥਾਨਾ।
ਸਿੱਖੀ ਮਾਰਗ ਕੋ ਪ੍ਰਗਟਾਨਾ।
ਸੱਤਿਨਾਮ ਕੋ ਜਾਪ ਜਪਾਯੋ।
ਦੇਸ਼ ਕੁਮਗ[1] ਤੇ ਸੁਮਗਹ[2] ਪਾਯੋ ॥੪੨॥

[1]ਖੋਟੇ ਰਾਹ ਤੋਂ। [2]ਚੰਗੇ ਰਾਹ।

ਅਨਤ ਚਲਨ ਕੀ ਮਨਸ਼ਾ ਧਾਰੀ।
ਸ੍ਰੀ ਨਾਨਕ ਜੀ ਪਰ ਉਪਕਾਰੀ।
ਬਿਦਾ ਹੋਇ ਤਿਨ ਤੇ ਪ੍ਰਸਥਾਨੇ[1]।

[1]ਚਲੇ।

ਪਹੁੰਚੇ ਸਿੰਧ[1] ਤੀਰ[2] ਇਕ ਥਾਨੇ ॥੪੩॥ — [1]ਸਮੁੰਦਰ ਦੇ। [2]ਕੰਢੇ।
ਤਹਿਂ ਇਕ ਗ੍ਰਾਮ ਦੇਖ ਜਗ ਸਾਈਂ।
ਤਰੁ ਕੇ ਤਰ[1] ਬੈਠੇ ਸੁਠ ਥਾਈਂ। — [1]ਬ੍ਰਿੱਛ ਦੇ ਹੇਠ।
ਛਠੇ ਮਹੀਨੇ ਸਿੰਧ ਤਰੰਗਾ[1]। — [1]ਜ੍ਵਾਰ ਭਾਟਾ।

{ਸਮੁੰਦ੍ਰ ਨਾਲ ਢਹਿਣ ਵਾਲਾ ਨਗਰ}

ਦੇਤਿ ਰੁੜਾਇ ਗ੍ਰਾਮ ਜਲ ਸੰਗਾ ॥੪੪॥
ਦੋਇ ਦਿਵਸ ਤਬ ਤਹਾਂ ਬਿਤਾਏ।
ਨਰ ਤਬ ਚਲੇ ਅਪਰ ਹੀ ਥਾਏਂ।
ਅਪਨੀ ਸਰਬ ਸੰਭਾਰ ਸੰਭਾਰੀ[1]। — [1]ਸਮੱਗ੍ਰੀ ਸੰਭਾਲੀ।
ਗੁਰੂ ਬਿਲੋਕਤਿ[1] ਗਿਰਾ ਉਚਾਰੀ ॥੪੫॥ — [1]ਗੁਰੂ ਜੀ ਨੇ ਦੇਖ ਕੇ।

ਦੋਹਰਾ:

'ਕਹਾਂ ਤਯਾਰੀ ਤੁਮ ਕਰੀ, ਕਿਉਂ ਤਜਾਗੇ ਨਿਜ ਗ੍ਰਾਉਂ?'
ਸੁਨਿ ਨਰ ਬੋਲੇ 'ਤੁਮ ਚਲੋ, ਰਹੋ ਨ ਅਬ ਇਹ ਥਾਉਂ ॥੪੬॥

ਚੌਪਈ:

ਅਬਿ ਆਵਹਿਗੀ ਸਾਗਰ ਝਾਲੇ[1]। — [1]ਸਮੁੰਦਰ ਦੀ ਛੱਲ।
ਦੇਹਿ ਰੁੜ੍ਹਾਇ ਸਦਨ ਜਲ ਨਾਲੇ।
ਆਇ ਬਹੋਰ ਉਸਾਰੈਂ ਧਾਮੂ।
ਇਹ ਠਾਂ ਰਹਿਨਿ ਨਹੀਂ ਅਬ ਕਾਮੂ' ॥੪੭॥
ਸੁਨਿ ਕੈ ਬੋਲੇ ਬਚਨ ਕ੍ਰਿਪਾਲਾ।
'ਸਿੱਖੀ ਮਾਨਹੁ ਰਿਦੈ ਬਿਸਾਲਾ।
ਸੁਨਿ ਉਪਦੇਸ਼ ਭਨਹੁ ਸਤਿਨਾਮੂ।
ਬਹੁਰ ਨ ਗਿਰਿ ਹੈਂ ਤੁਮਰੇ ਧਾਮੂ ॥੪੮॥
ਜੋ ਤੁਮ ਕੋ ਨਹਿਂ ਅਸ ਪਤਿਯਾਰਾ[1]। — [1]ਯਕੀਨ।
ਅਬ ਕੇ ਜਾਵਹੁ ਛੋਡਿ ਅਗਾਰਾ[1]। — [1]ਘਰ।
ਹਮ ਬੈਠੇ ਹੈਂ ਇਸ ਹੀ ਥਾਏਂ।
ਲੇਹੁ ਸਦਨ ਨਿਜ ਬਨੇ ਬਨਾਏ ॥੪੯॥
ਬਹੁਰ ਆਇ ਲੀਜੈ ਉਪਦੇਸੂ।'
ਅਸ ਕਹਿ ਬੈਸਿ ਰਹੇ ਜਗਤੇਸੂ।
ਅਪਰ ਥਾਨ ਸੋ ਮਾਨਵ ਗਵਨੇ[1]। — [1]ਚਲੇ ਗਏ।

ਸਿੰਧੁ ਨ ਢਾਹਿ ਸਕਯੋ ਤਿਨ ਭਵਨੇ ॥੫੦॥
ਸਮਾਂ ਬਿਤਾਇ ਬਹੁਰਿ ਨਰ ਆਏ।
ਸਦਨ ਬਿਲੋਕੇ ਬਨੇ ਬਨਾਏ।
ਕਲਾਵਾਨ ਜਾਨੇ ਮਨ ਮਾਂਹੀ।
ਸਿੱਖੀ ਲੇਨਿ ਰਿਦੈ ਤਬ ਚਾਹੀ ॥੫੧॥
ਮਿਲਿ ਕਰਿ ਸਭਿਨਿ ਉਪਾਇਨ[1] ਲੀਨੀ। [1]ਭੇਟਾ।
ਆਇ ਗੁਰੂ ਕਉ ਬੰਦਨ ਕੀਨੀ।
ਪਾਹਲ ਪਗ[1] ਕੀ ਲੀਨੀ ਤਬ ਹੀ। [1]ਚਰਨਾਂ ਦੀ ਪਾਹੁਲ।
ਨਿਕਟਿ ਸਿੰਧੁ[1] ਕੈ ਗ੍ਰਾਮ ਜਿ ਸਭਿ ਹੀ ॥੫੨॥ [1]ਸਮੁੰਦਰ।
ਧਰਮਸਾਲ ਸਿੱਖੀ ਪ੍ਰਗਟਾਨੀ।
ਨਾਮ ਦਾਨ ਜਪ ਭੇ ਇਸ਼ਨਾਨੀ।
ਸਤਿਗੁਰ ਕੇ ਸਿਮਰਨ ਮਹਿਂ ਲਾਗੇ।
ਭਗਤਿ ਭਾਉ ਮੈਂ ਮਨ ਅਨੁਰਾਗੇ ॥੫੩॥
ਕਿਤਿਕ ਦਿਵਸ ਰਹਿ ਦੇ ਉਪਦੇਸ਼ਾ।
ਬਿਦਾ ਹੋਇ ਗਮਨੇ ਜਗਤੇਸ਼ਾ।
ਹਾਰੂ ਪੁਰਿ ਇਕ ਟਾਪੂ ਮਾਂਹੀ।
ਤਹਾਂ ਚਲਿਨਿ ਕੀ ਭਾ ਮਨ ਚਾਹੀ ॥੫੪॥
ਮਰਦਾਨੇ ਸੋਂ ਬੋਲੇ ਤਬ ਹੀ।
{ਗੁਰ ਕੀ ਕਰਨੀ ਕਾਹੇ ਧਾਵਹੁ ?}
'ਵਾਹਿਗੁਰੂ ਜਪ ਆਵਹੁ ਸਭਿਹੀ।'
ਊਪਰ ਸਾਗਰ ਕੇਰ ਕ੍ਰਿਪਾਲਾ।
ਹਮ ਕੋ ਲੇ ਗਮਨੇ ਤਤਕਾਲਾ ॥੫੫॥
ਗੁਰੂ ਕਰੈਂ ਸੋਹੰ ਕੋ ਜਾਪੂ।
ਚਲੇ ਜਾਤਿ ਕਿਵ ਛੁਵੈ ਨ ਆਪੂ[1]। [1]ਜਲ।
ਸਾਗਰ ਬੀਚ ਪਹੂੰਚੇ ਜਬ ਹੀ।
ਜਾਪ ਵਾਹਿਗੁਰੂ ਤਜਿ ਕਰਿ ਤਬ ਹੀ ॥੫੬॥
ਸੋਹੰ ਕਰਨ ਲਗਾ ਮਰਦਾਨਾ।
ਸ੍ਰੀ ਗੁਰ ਸਮਤਾ ਚਹਿਤ ਅਯਾਨਾ।
ਬੂਡਨ ਲਗਾ ਸਿੰਧ ਕੇ ਮਾਂਹੀ।

ਬਹੁ ਡੁਬਕੀ[1] ਲੀਨੀ ਜਬ ਤਾਂਹੀ ॥੫੭॥ — [1]ਗੋਤੇ।

ਦੋਹਰਾ:

ਗ੍ਰੀਵ ਫੇਰਿ[1] ਸ੍ਰੀ ਗੁਰ ਪਿਖਾ, ਭੀਗ ਗਏ ਜਿਹ ਚੀਰ[2]। — [1]ਗਰਦਨ ਫੇਰਕੇ। [2]ਬਸਤਰ।

ਬੂਡਤਿ ਤਿਹ ਕੋ ਜਾਨਿ ਕੈ, ਬੋਲੇ ਗੁਨੀ ਗਹੀਰ ॥੫੮॥

ਸ੍ਰੀ ਮੁਖਵਾਕ ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥

ਗੁਰ ਕੀ ਕਰਣੀ ਕਾਹੇ ਧਾਵਹੁ ॥

ਚੌਪਈ:

ਸੁਨਿ ਸਮਝਯੋ ਪੁਨ ਮਨ ਮਰਦਾਨਾ।

ਵਾਹਿਗੁਰੂ ਕੋ ਜਾਪ ਬਖਾਨਾ।

ਅੱਗ੍ਰਜ ਹੀ ਸਮ[1] ਚਲਤਾ ਭਯੋ। — [1]ਅੱਗੇ ਵਾਂਙੂ।

ਸਿੰਧ ਬੂਡਨੇ ਤੇ ਰਹਿ ਗਯੋ ॥੫੯॥

ਇਸ ਪ੍ਰਕਾਰ ਗੇ ਸਾਗਰ[†] ਪਾਰਾ। — [†]ਪਾ:-ਸਭ ਜਲ।

ਪਹੁੰਚੇ ਟਾਪੂ ਕੇਰਿ ਮਝਾਰਾ।[⚐]

[⚐]ਇਸ ਅਧਯਾਯ ਵਿੱਚ ਜੋ ਥਾਂ ਆਏ ਹਨ ਜਾਪਦਾ ਹੈ ਕਿ ਗਿਰਨਾਰ ਆਦਿ ਟਿਕਾਣੇ ਫਿਰਦੇ ਗੁਜਰਾਤ ਤੇ ਇਲਾਕੇ ਗੁਰੂ ਜੀ ਵਿਚਰਦੇ ਰਹੇ ਹਨ, ਬਾਮੀਆਂ ਤੇ ਸਰੇਵੜਿਆਂ ਨੂੰ ਸੁਧਾਰਦੇ ਰਹੇ ਹਨ, ਕਿਨਾਰੇ ਤੋਂ ਸਮੁੰਦਰ ਖੇੜਾ ਲੰਘਕੇ ਕਿਸੇ ਟਾਪੂ ਜਾਣ ਤੋਂ ਖਿਆਲ ਹੁੰਦਾ ਹੈ ਕਿ ਆਪ ਦੁਆਰਕਾ ਤੋਂ ਬੇਟ ਦੁਆਰਕਾ ਗਏ ਹਨ, ਏਸ ਥਾਂ ਸੰਖਤਲਾਈ ਦੇ ਕਿਨਾਰੇ ਗੁਰੂ ਜੀ ਦੀ ਸੰਗਤ ਹੁਣ ਤੱਕ ਹੈ। ਇਹ ਥਾਂ ਨੇੜੇ ਦਾ ਇਕ ਟਾਪੂ ਹੈ ਜੋ ੧੧ ਮੁਰੱਬਾ ਮੀਲ ਪਹਾੜੀ ਟਿਕਾਣਾ ਹੈ। ਨਾਵਾਂ ਦਾ ਠੀਕ ਥਹੁ ਇਸ ਕਰਕੇ ਨਹੀਂ ਚਲਦਾ ਕਿ ਹਿੰਦਾਲੀਆਂ ਨੇ ਪਤਾ ਨਹੀਂ ਕੀਹ ਕੀਹ ਵਧਾਇਆ ਤੇ ਕੀਹ ਕੀਹ ਮਨੋਂ ਪਾਇਆ ਹੈ। ਇਹ ਬੀ ਪਤਾ ਨਹੀਂ ਕਿਸੇ ਗਿਰਾਂ ਦਾ ਹੀ ਨਾਮ ਹੋਵੇ। ਹਾਰੂੰ ਪਹਾੜ ਰੁਮ ਵਿਚ ਹੈ, ਪਰ ਓਥੇ ਸਰੇਵੜੇ ਨਹੀਂ ਹੁੰਦੇ, ਸਰੇਵੜੇ ਹਿੰਦ ਵਿੱਚ ਹਨ ਤੇ ਇਸ ਪਿੱਛੋਂ ਦੇ ਪਾਸੇ ਉਨ੍ਹਾਂ ਦੀ ਵਿਸ਼ੇਸ਼ ਵਸੋਂ ਹੈਸੀ ਤੇ ਹੈ।

ਹਾਰੂ ਨਗਰ ਬਿਖੈ ਜਬ ਗਏ।

{ਹਾਰੂ ਨਗਰ}

ਇਕ ਤਰੁ[1] ਨੀਚੇ ਬੈਠਤ ਭਏ ॥੬੦॥ — [1]ਬ੍ਰਿੱਛ

ਭੂਪ[1] ਪ੍ਰਜਾ ਤਿਹ ਦੇਸ਼ ਮਝਾਰੀ। — [1]ਰਾਜਾ (ਤੇ)।

{ਸਰੇਵੜੇ ਦੀ ਕਲਾ ਖਿੱਚੀ}

ਸਭਿ ਸਰੇਵਰੇ ਕੀ ਅਨੁਸਾਰੀ।

ਤਿਹ ਕੇ ਢਿਗ[1] ਤੇ ਲੈ ਉਪਦੇਸ਼ਾ। — [1]ਪਾਸੋਂ।

ਹੁਤੋ ਸਿੱਖ ਸਗਰੋ ਈ ਦੇਸ਼ਾ[1] ॥੬੧॥ — [1]ਸਰੇਵੜੇ ਦਾ) ਸਿੱਖ ਸੀ ਸਾਰਾ ਹੀ ਦੇਸ਼।

ਜਬ ਬਰਖਾ ਕੀ ਹੋਵਹਿ ਚਾਹੀ।

ਜਾਚਤਿ ਨਰ ਸਭਿ ਤਿਹ ਕੇ ਪਾਹੀ।

ਜੰਤ੍ਰ ਮੰਤ੍ਰ ਕਰਿ ਸੋ ਬਰਖਾਵੈ।
ਸਭਿ ਤੇ ਅਪਨੋ ਮਾਨ ਜਪਾਵੈ ॥੬੨॥
ਦੋਹਰਾ:
ਤਾਤ ਕਾਮਨਾ ਕਰਹਿ ਜੋ, ਸੁਤ ਦੇਵਹਿ ਤਿਹ ਧਾਮ।
ਅਪਰ ਪਦਾਰਥ ਚਾਹਿ ਕੋ, ਪੂਰਹਿ ਸਭਿ ਹੀ ਕਾਮ ॥੬੩॥
ਚੌਪਈ:
ਤਿਹ ਕੋ ਭਜਨ ਕਰੈਂ ਨਰ ਸਭਿ ਹੀ।
ਸੱਤਿਨਾਮ ਸਿਮਰਹਿਂ ਨਹਿਂ ਕਬ ਹੀ।
ਗਾਵਨ ਲਗਾ ਬੈਠਿ ਮਰਦਾਨਾ।
ਉਪਮਾ ਸ਼੍ਰੀ ਕਰਤਾਰ ਮਹਾਨਾ ॥੬੪॥
ਤਿਹਂ ਛਿਨ ਨਰ ਸਮੀਪ ਬਹੁ ਆਏ।
ਸੁਨਹਿਂ ਸ਼ਬਦ ਕੋ ਪ੍ਰੀਤਿ ਬਢਾਏ।
ਪਾਛੇ ਤੇ ਸੋ ਪੂਛਨ ਲਾਗੇ।
'ਇਸ ਕੋ ਅਰਥ ਕਹਹੁ ਹਮ ਆਗੇ' ॥੬੫॥
ਸ਼੍ਰੀ ਗੁਰ ਕਹੈਂ 'ਭਜੋ ਹਰਿ ਨਾਮੂ।
ਅੰਤ ਸਮਹਿ ਜੋ ਆਵਹਿ ਕਾਮੂ।
ਬਿਖੈ ਬਿਕਾਰ ਅਲਪ[1] ਸੁਖ ਤਜਾਗਹੁ।
ਭਾਉ ਭਗਤਿ ਸੋ ਅਰ ਅਨੁਰਾਗਹੁ' ॥੬੬॥
ਦੋਹਰਾ:
ਸੁਨਿ ਕੈ ਨਰ ਬੋਲਤਿ ਭਏ, ਹਮਰੋ ਗੁਰ ਹੈ ਜੋਇ।
ਨਾਮ ਜਪਾਵਤਿ ਆਪਨੋ; ਕਹੈ, ਨ ਕਰਤਾ ਕੋਇ ॥੬੭॥
ਚੌਪਈ:
ਜੈਸੇ ਬ੍ਰਿੱਖ ਬੀਜ ਤੇ ਜਾਮਹਿ।
ਬੀਜ ਬ੍ਰਿੱਖ ਤੇ ਹ੍ਵੈ ਅਭਿਰਾਮਹਿ[1]।
ਤਿਉਂ ਮਾਨੁਖ ਤੇ ਮਾਨੁਖ ਹੋਇ।
ਅਪਰ ਨ ਕਰਤਾ ਲਖੀਏ ਕੋਇ[†] ॥੬੮॥
ਇਸੋ ਹਮਹਿਂ ਉਪਦੇਸ਼ ਦ੍ਰਿੜਾਯੋ।

[1]ਤੁੱਛ।

[1]ਸੁੰਦਰ।

[†]ਜੈਨੀ ਕਰਤਾਰ ਦੇ ਕਾਇਲ ਨਹੀਂ ਹਨ।

ਨਾਨਾ ਜੁਗਤਿ ਸੰਗਿ[1] ਸਮਝਾਯੋ।' [1]ਅਨੇਕ ਦਲੀਲਾਂ ਨਾਲ।
ਅਸ ਸੰਭਾਖਨ[1] ਕਰਿ ਨਰ ਤਬ ਹੀ। [1]ਭਲੀ ਤਰ੍ਹਾਂ ਕਹਿਣਾ।
ਆਪ ਆਪਨੇ ਘਰ ਗੇ ਸਭਿਹੀ ॥੬੯॥

ਦੋਹਰਾ:
ਬਰਖਾ ਤਬ ਤੇ ਹਟਿ ਗਈ, ਜਬ ਕੇ ਬੈਠੇ ਜਾਇ।
ਲਗੇ ਖੇਤ ਸੁਕਨ ਸਰਬ, ਕੋ ਨਹਿੰ ਹੋਤਿ ਉਪਾਇ ॥੭੦॥

ਚੌਪਈ:
ਖਿੰਚੀ ਕਲਾ ਤਾਂਹਿ ਕੀ ਸਗਰੀ।
ਜੋ ਗੁਰ ਬਨਜੋ ਹੋਤਿ ਸਭਿ ਨਗਰੀ।
ਜਬ ਬਰਖਾ ਕੀ ਭੀ ਬਹੁ ਚਾਹੀ।
ਨਰ ਮਿਲਿ ਗੇ ਸਰੇਵਰੋ ਪਾਹੀ[1] ॥੭੧॥ [1]ਪਾਸ।
ਅਪਨ ਮੰਤ੍ਰ ਬਿਧਿ[1] ਸੰਗਿ ਉਚਾਰਜੋ। [1]ਜੁਗਤ ਨਾਲ।
ਮੇਹੁਂ ਨ ਪਰਾ, ਜਤਨ ਕਰਿ ਹਾਰਜੋ।
ਭਏ ਨਿਰਾਸ ਲੋਕ ਘਰਿ ਆਏ।
ਉਰ ਚਿੰਤਾਤੁਰ ਦੁਖ ਕੋ ਪਾਏ ॥੭੨॥
ਕਿਤਿਕ ਜਿ ਬੈਠੇ ਗੁਰ ਢਿਗ ਆਈ।
ਤਿਨ ਸੋਂ ਬੂਝਤਿ ਗਿਰਾ ਅਲਾਈ[1]। [1]ਗੁਰੂ ਜੀ ਨੇ) ਬਾਣੀ ਕਹੀ।
'ਕਿਉਂ ਚਿੰਤਾਤੁਰ ਤੁਮ ਹੋ ਬੈਸੇ?
ਕਹਹੁ ਕੁਕਾਜ ਭਯੋ ਹੈ ਕੈਸੇ' ॥੭੩॥
ਸੁਨਿ ਬੋਲੇ ਜੇ ਮਨੁਜ ਦੁਖਾਰੇ।
'ਜਲ ਬਿਨ ਸੂਕੇ ਸਰਬ ਕਿਦਾਰੇ[1]। [1]ਖੇਤ।
ਮੇਂਹੁ ਦੇਤਿ ਥੋ ਗੁਰੂ ਹਮਾਰਾ।
ਅਬ ਕਹਿ ਰਹਜੋ, ਨ ਬਰਖਜੋ ਬਾਰਾ[1] ॥੭੪॥ [1]ਜਲ।
ਇਸ ਪ੍ਰਕਾਰ ਤੇ ਚਿੰਤਾ ਹੋਈ।
ਕ੍ਰਿਖਿ ਕੋ ਹੋਇ ਉਪਾਇ ਨ ਕੋਈ।'
ਸ਼੍ਰੀ ਗੁਰ ਕਹਿਂ 'ਸਿਮਰਹੁ ਸਤਿਨਾਮੁ।
ਦੁਹੁੰ ਲੋਕ ਮਹਿਂ ਆਵੈ ਕਾਮੁ ॥੭੫॥
ਤਜਿ ਸਰੇਵਰੇ ਕੀ ਅਬ ਸੇਵਾ।
ਜਾਚਹੁ ਏਕੁੰਕਾਰ ਅਭੇਵਾ[1]। [1]ਭੇਦ ਰਹਿਤ।

ਚਹਹੁ ਰਿਦੇ ਜੋ ਪਾਵਹੁ ਸੋਊ।
ਬਹੁਰ ਨ ਚਿੰਤਾ ਬਜਾਪਹਿ ਕੋਊ ॥੭੬॥
ਧਰਹੁ ਅਡੋਲੰ ਸ਼ਰਧਾ ਜੀ ਕੀ।
ਕਰਹੁ ਤਿਹਾਵਲ ਅਬ ਬਿਧਿ ਨੀਕੀ।
ਜਬ ਅਰਦਾਸ ਕਰੋਗੇ ਤਾਂ ਕੀ।
ਬਰਖੈ ਬਰਖਾ ਮਿਤਿ ਨਹਿਂ ਜਾ ਕੀ[1]' ॥੭੭॥

[1]ਜਿਸ ਦਾ ਅੰਦਾਜ਼ਾ ਨਾ ਹੋ ਸਕੇ।

ਇਹ ਬਿਧਿ ਸੁਨਿ ਕੈ ਗੁਰੂ ਸਮੀਪਾ।
ਨਰ ਚਲਿ ਗਏ ਨਿਕਟਿ ਅਵਨੀਪਾ।
ਸਰਬ ਬ੍ਰਿਤਾਂਤ ਤਬਹਿ ਕਹਿ ਦੀਨਾ।
ਹਿਤ ਸੋਂ ਮਿਲੇ ਤਿਹਾਵਲ ਕੀਨਾ ॥੭੮॥
ਕਿਯ ਅਰਦਾਸ ਜਬੈ ਕਰ ਜੋਰੀ।
ਤਬ ਹੀ ਉਠੀ ਘਟਾ ਘਨਘੋਰੀ[1]।

[1]ਗਰਜ ਕੇ।

ਬਾਰ ਧਰਾ ਪਰ ਪਰਜੋ ਬਿਸਾਲਾ।
ਹਰਖ ਭਜੋ ਸਭਿ ਕੋ ਤਿਹ ਕਾਲਾ ॥੭੯॥
ਭੂਪ ਪ੍ਰਜਾ ਯੁਤ ਗੁਰੂ ਅਗਾਰੀ।
ਆਇ ਨਮੋ ਕਿਯ ਬਿਨੈ ਉਚਾਰੀ।
'ਤੁਮ ਅਨੰਦ ਕੇ ਕੰਦ ਮੁਕੰਦਾ।
ਸਭਿ ਜਗ ਬੰਦ[1], ਦੁਤਿਯ ਜਗ ਚੰਦਾ[2] ॥੮੦॥

[1]ਜਗਤ ਦੇ ਬੰਦਨ ਯੋਗ ਹੋ। [2]ਜਗਤ ਵਿਚ ਦੂਜ ਦੇ ਚੰਦ ਹੋ।

ਨਿਜ ਉਪਦੇਸ਼ ਦੀਜੀਏ ਅਬ ਹੀ।
ਕਰਹੁ ਸਿੱਖ ਸੇਵਹਿਂ ਹਮ ਸਭਿ ਹੀ।
ਸਰਬ ਵਿਲਾਇਤ ਮਾਇਆ ਸੰਜਿ[1] ॥੯॥ [1]ਕੱਠੀ ਕਰਕੇ।

ਦੋਹਰਾ: [1]ਇਨਸਾਫ। [2]ਫਰਿਆਦ।
ਦਾਦ[1] ਪੁਕਾਰ[2] ਨ ਸੁਨਹਿਂ ਕਛੁ,
ਲੇਵਹਿ ਧਨੁ ਖੁਸਵਾਇ।
ਦਯਾ ਹੀਨ ਦੁਖ ਦੇਹਿ ਸਭਿ,
ਮਾਨਤਿ ਬਾਤ ਨ ਕਾਇ ॥੧੦॥

ਚੌਪਈ:
ਦੇਸ਼ ਵਿਲਾਇਤ ਸਗਰੇ ਲੋਕਾ।
ਰਹੈਂ ਦੁਖੀ ਨਿਤ ਧਰਿ ਉਰ ਸ਼ੋਕਾ।
ਕਿਤੇ ਗ੍ਰਾਮ ਕਰਿ ਗਏ ਉਜਾਰਾ।
ਕੇਤਿਕ ਮਰਿ ਗੇ ਕਰਤਿ ਪੁਕਾਰਾ' ॥੧੧॥
ਸੁਨਿ ਕਰਿ ਤਿਨ ਤੇ ਕ੍ਰਿਪਾ ਨਿਧਾਨਾ।
ਪੁਨ ਬੂਝੇ ਸੋਊ ਦਰਵਾਨਾ।
'ਕੈਸੇ ਦਰਬ ਕੀਨ ਇਕ ਠਾਈਂ?
ਰਾਖਤਿ ਹੈਂ ਨਰ ਅਧਿਕ ਦੁਰਾਈ ॥੧੨॥
ਹੋਇ ਇਕੇਲੇ ਗਾਡਹਿਂ ਧਰ ਮੈਂ।

ਨਿਸ ਦਿਨ ਬਸਯੋ ਰਹਿਤ ਸੋ ਉਰ ਮੈਂ।
ਕੌਨ ਰੀਤਿ ਕਰ ਇਨਹਿ ਸਕੇਲੀ[1]? — [1]ਕੱਠੀ ਕੀਤੀ।
ਆਵਤਿ ਜਾਤੀ ਹੋਤਿ ਦੁਹੇਲੀ[1]' ॥੧੩॥ — [1]ਦੁਖਦਾਈ।
ਤਬ ਦਰਵਾਨਨ ਬੈਨ ਬਖਾਨਾ।
'ਸੁਨਹੁ ਬਾਤ ਦਰਵੇਸ਼ ਮਹਾਨਾ!
ਏਕ ਸਮੈਂ ਕਾਰੂੰ ਜੋ ਰਾਈ।
ਨਿਜ ਵਜ਼ੀਰ ਸਭਿ ਲੀਨ ਬੁਲਾਈ ॥੧੪॥
ਬੂਝਨ ਕੀਨੇ ਬਚਨ ਕਠੋਰਾ।
-ਹੈ ਕਿ ਨਹੀਂ ਧਨ ਔਰੈ ਠੌਰਾ?
ਮੋਰ ਵਲਾਇਤ ਮੈਂ ਕਿਤ ਬਾਚੋ[1]। — [1]ਬਚਿਆ ਹੋਇਆ।
ਦੇਹੁ ਬਤਾਇ ਬੈਨ ਕਿਹ ਸਾਚੋ- ॥੧੫॥
ਦੋਹਰਾ:
ਸੁਨਿ ਵਜ਼ੀਰ ਡਰ ਅਰਜ਼ ਕਿਯ,
-ਕਹੂੰ ਰਜਤਪਣ ਨਾਂਹਿ।
ਸਰਦ ਮੇਘ[1] ਜਲਹੀਨ ਜਿਉਂ, — [1]ਸਰਦ ਰਿਤੂ ਦਾ ਬੱਦਲ।
ਤਿਉਂ ਲਖਿ ਦੇਸ਼ਨ ਮਾਂਹਿ ॥੧੬॥
ਚੌਪਈ:
ਏਕ ਰਜਤਪਣ ਸਗਰੇ ਦੇਸ਼ਾ।
ਖੋਜਯੋ ਪਾਇ ਨ ਕਹੂੰ ਨਰੇਸ਼ਾ-।
ਸੁਨਿ ਕਾਰੂੰ ਨਿਜ ਸੁਤਾ ਬੁਲਾਈ।
ਕਹਯੋ -ਇਸੇ ਕੋ ਬੇਚੋ ਜਾਈ- ॥੧੭॥
ਏਕ ਰਜਤਪਣ ਜੋ ਨਰ ਦੇਵੈ।
ਸੋ ਪਤਿਸ਼ਾਹ ਸੁਤਾ ਕੋ ਲੇਵੈ-।
ਅਸ ਕਹਿ ਠਾਂਢੀ ਕੀਨ ਬਜਾਰੂ।
ਚੰਦ ਬਦਨ ਜਿਹ ਲੋਚਨ ਚਾਰੂ ॥੧੮॥
ਚੌਦਹਿ ਸਾਲ ਬਾਲ ਇਕ ਆਯੋ।
ਪਿਖਿ ਸਰੂਪ ਮਨ ਰਹਯੋ ਲੁਭਾਯੋ।
ਮਾਤ ਸਮੀਪ ਗਯੋ ਤਬ ਧਾਯੋ।
ਹ੍ਵੈ ਆਤੁਰ ਅਸ ਬਚਨ ਅਲਾਯੋ ॥੧੯॥
-ਜਨਨੀ! ਏਕ ਰਜਤਪਣ ਦੀਜੈ।
ਪਾਤਿਸ਼ਾਹ ਕੀ ਤਨਿਯਾ ਲੀਜੈ।
ਸੁੰਦਰ ਰੂਪ ਅਹੈਂ ਜਿਸ ਕੇਰਾ।

ਇਹ ਸੌਦੇ ਮਹਿਂ ਲਾਭ ਘਨੇਰਾ- ॥੨੦॥
[1]-ਸੁਨਿ ਸੁਤ ! ਏਕ ਰਜਤਪਣ ਨਾਂਹੀ।
ਖੋਜਹੁ ਸਗਰੇ ਦੇਸ਼ ਜਿ ਮਾਂਹੀ।
ਜੇ ਕਰਿ ਮੋਲ ਨ ਪਾਸ ਹਮਾਰੇ।
ਕਿਉਂ ਸੌਦੇ ਕੋ ਲੇਨਿ ਉਚਾਰੇ- ॥੨੧॥
ਤਬ ਹਠ ਗਹਯੋ ਸੁ ਬਾਲ ਬਿਸਾਲਾ।
ਕਹੈ, ਕਿ -ਲੇ ਦੀਜੋ ਤਤਕਾਲਾ।
ਨਾਤੁਰ ਨਹੀਂ ਜੀਵਨਾ ਮੇਰੋ-।
ਗਿਰਯੋ ਧਰਨ ਪਰ ਥਾਇ ਘੁਮੇਰੋ[1] ॥੨੨॥
ਜਨਨੀ ਰੋਇ ਚਿੰਤ ਬਹੁ ਕਰਿ ਹੀ।
ਗਹਿ ਕੈ ਸੁਤ ਕੋ ਹਾਥ, ਉਚਰਿ ਹੀ।
-ਜਬ ਤਵ ਪਿਤਾ ਧਰਨ ਦਫਨਾਯੋ।
ਏਕ ਰਜਤਪਣ ਤਹਿ ਮੁਖ ਪਾਯੋ ॥੨੩॥
ਰਹਿ ਨ ਸਕਤ, ਸੋ ਲੇਹੁ ਨਿਕਾਸੇ-।
ਇਉਂ ਸੁਨਿ ਬਾਲਕ ਭਯੋ ਹੁਲਾਸੇ[1]।
ਜਹਾਂ ਪਿਤਾ ਕੀ ਗੋਰ ਬਤਾਈ।
ਖੋਦਨ ਲਗਯੋ ਜਾਇ ਸੋ ਥਾਈਂ ॥੨੪॥
ਤਹਿਂ ਤੇ ਤਤਛਿਨ ਲੀਨ ਨਿਕਾਸਾ।
ਚਲਯੋ ਬਜਾਰਹਿਂ ਰਿਦੈ ਹੁਲਾਸਾ।
ਦੀਨ ਰਜਤਪਣ ਲੇ ਸੋ ਗਯੋ।
ਸੁਧ ਕਾਰੂੰ ਸੁਨਿ ਬਿਸਮੈ ਭਯੋ ॥੨੫॥
ਗਹਿ ਮੰਗਵਾਯੋ ਤਿਹ ਤਤਕਾਲਾ।
ਆਨ ਸ਼ਾਸਨਾ[1] ਦੀਨਿ ਬਿਸ਼ਾਲਾ।
-ਕਿਹ ਤੇ ਲਜਾਯੋ ਸਾਚ ਬਤਾਵਹੁ?
ਮਾਰਹਿਂ ਤੁਰਤ ਜਿ ਕੂਰ ਅਲਾਵਹੁ- ॥੨੬॥
ਤਬ ਬਾਲਿਕ ਨੇ ਸਾਚ ਉਚਾਰਾ।
-ਮੈਂ ਕਾਢਯੋ ਪਿਤ ਗੋਰ ਮਝਾਰਾ।
ਹਮਰੇ ਘਰ ਮਹਿਂ ਏਕ ਜਿ ਪਾਵਹੁ।
ਤਬ ਮੋ ਕੋ ਜਮ ਧਾਮ ਪਠਾਵਹੁ- ॥੨੭॥
ਜਬ ਐਸੀ ਕਾਰੂੰ ਸੁਧਿ ਪਾਈ।

[1]ਮਾਂ ਬੋਲੀ:-।
[1]ਭੁਵਾਟੜੀ।
[1]ਅਨੰਦ।
[1]ਦੰਡ।

ਸਭਿ ਹੀ ਗੋਰਾਂ ਲੀਨਿ ਖੁਦਾਈ।
ਕਹੂੰ ਕਹੂੰ ਤੇ ਪਾਯੋ ਸੋਈ।
ਇਹ ਸਮ ਜ਼ੁਲਮੀ ਔਰ ਨ ਕੋਈ' ॥੨੮॥
ਦਰਵਾਨਨ ਤੇ ਸੁਨਿ ਗੁਨਖਾਨੀ।
ਪੁਨ ਤਿਨ ਸੰਗ ਕਹੀ ਅਸਬਾਨੀ।
'ਗੁਨਹਿਗਾਰ ਇਹ ਦੋਜ਼ਕ ਜਾਈ।
ਹੈ ਸਦ ਹੈਫ[1] ਜੁ ਕਰੀ ਕਮਾਈ ॥੨੯॥ [1]ਬੜਾ ਅਫਸੋਸ ਹੈ।
ਧ੍ਰਿਗ ਜੀਵਨ ਇਹ ਕੋ ਜਗ ਮਾਂਹੀ।
ਇਹ ਠਾਂ ਅਪਜਸ, ਮਰਿ ਦੁਖ ਪਾਹੀ।
ਪਰਵਦਗਾਰ ਜਹਾਂ ਦਰਗਾਹਾ।
ਅਹੈ ਬਿਸਾਲ ਖਤਾਵੰਦ[1] ਤਾਂਹਾ ॥੩੦॥ [1]ਕਸੂਰ ਵਾਰ।
ਜਬ ਹੋਵਹਿਗੋ ਕਸ਼ਟ ਮਹਾਨਾਂ।
ਤਬ ਪਛੁਤਾਇ ਮੀਜ ਹੈ ਪਾਨਾ[1]। [1]ਮਲੇਗਾ ਹੱਥਾਂ ਨੂੰ।
ਅਬ ਇਕ ਬਾਤ ਸੁਨੋ ਦਰਵਾਨੋਂ!
ਕਾਰੂੰ ਸੋਂ ਇਮ ਜਾਇ ਬਖਾਨੋ ॥੩੧॥
ਇਕ ਫਕੀਰ ਤੁਮਰੇ ਦਰ ਆਯੋ!
ਮੁਲਾਕਾਤ ਕਰਿਬੇ ਫੁਰਮਾਯੋ।
ਜਾਚਨ ਕੀ ਰੰਚਕ ਨਹਿਂ ਚਾਹੀ।
ਮਿਲਨ ਪ੍ਰਯੋਜਨ ਬਿਨ ਕਛੁ ਨਾਂਹੀ ॥੩੨॥
ਵਹਿਰ ਆਨਿ ਕਰਿ ਦਰਸ਼ਨ ਲੀਜੈ[†]। [†]ਪਾ:-ਦੀਜੈ।
ਸੁਨਹੁ ਬਚਨ, ਪੁਨ ਆਪ ਭਨੀਜੈ।'
ਮ੍ਰਿਦੁਲ ਬਚਨ ਸ਼੍ਰੀ ਗੁਰ ਕੇ ਸੁਨਿ ਕੈ।
ਗੇ ਦਰਵਾਨ ਸੰਤ ਭਲ ਗੁਨਿ ਕੈ ॥੩੩॥
ਪਹੁੰਚੇ ਕਾਰੂੰ ਕੇਰ ਅਗਾਰੀ।
ਹਾਥ ਬੰਦਿ ਕੈ ਗਿਰਾ ਉਚਾਰੀ।
'ਇਕ ਦਰਵੇਸ਼ ਅਪੂਰਬ[1] ਆਵਾ। [1]ਨਵਾਂ।
ਅਧਿਕ ਪ੍ਰਤਾਪਵਾਨ ਲਖਿ ਪਾਵਾ ॥੩੪॥
ਮ੍ਰਿਦੁਲ ਬਚਨ ਜਿਹ ਨੀਕ ਸੁਭਾਊ।
ਸੁੰਦਰ ਰੂਪ ਸਭਿਨਿ ਮਨ ਭਾਊ[1]। [1]ਚੰਗਾ ਲਗਣ ਵਾਲਾ।
ਜਾਚਨ ਕੀ ਜਿਹ ਚਾਹ ਨ ਕਾਈ।
ਰਾਵਰ ਕੋ ਮਿਲਨੋ ਫੁਰਮਾਈ' ॥੩੫॥

ਇਉਂ ਸੁਨਿ ਕਾਰੂੰ ਦਰ ਪਰ ਆਯੋ।
ਸ੍ਰੀ ਨਾਨਕ ਕੋ ਦਰਸ਼ਨ ਪਾਯੋ।
ਬੰਦਨ ਕਰਿ ਭਾ ਠਾਂਢ ਅਗਾਰੀ।
ਸੰਗ ਭੀਰ ਮਾਨਵ ਕੀ ਭਾਰੀ[1] ॥੩੬॥ [1]ਚੁਣ ਚੁਣ।

ਦੋਹਰਾ:
ਇਸ ਬਿਧੀ ਸ੍ਰੀ ਨਾਨਕ ਤਬੈ,
ਬੇਠੈ ਕਰਿਹੀ ਤਾਂਹਿ।
ਬੀਨ ਬੀਨ[੬] ਬਹੁ ਠੀਕਰੀ,
ਪਾਵੈਂ ਪਟ[1] ਕੇ ਮਾਂਹਿ ॥੩੭॥ [1]ਬਸਤਰ।

ਚੌਪਈ:
ਦੇਖਤਿ ਕਾਰੂੰ ਗਿਰਾ ਉਚਾਰੀ।
'ਬੀਨ[1] ਠੀਕਰੀ ਕਜਾ ਕਰਿ ਕਾਰੀ। [1]ਬਿਅਰਥ।
ਕਰਹੁ ਬਾਦ[1] ਇਹ ਬੈਠੇ ਕਾਜੂ। [1]ਕਾਰੂੰ ਨੇ ਕਿਹਾ:-।
ਇਨ ਕਉ ਸੰਚਿ ਕਰਹੁ ਕਜਾ ਕਾਜੂ?' ॥੩੮॥
ਸੁਨਿ ਕੈ ਸ੍ਰੀ ਗੁਰ ਬੈਨ ਉਚਾਰੇ।
'ਚਲੈਂ ਠੀਕਰੀ ਸੰਗ ਹਮਾਰੇ।
'ਬੀਨ ਕਰੋਂ ਯਾ ਤੇ ਇਕ ਠਾਈ।
ਪਰਲੋਕਹਿ ਮਹਿਂ ਕਾਜ ਸਿ ਆਈਂ' ॥੩੯॥
'ਹੇ ਦਰਵੇਸ਼ ਨ ਕਰਹੁ ਵਿਚਾਰੀ।
ਕੈਸਿ[1] ਠੀਕਰੀ ਜਾਂਹਿ ਅਗਾਰੀ। [1]ਕੀਕੂੰ।
ਦੇਹਿ ਸੰਗ ਕੀ ਇਹਾਂ ਰਹੈ ਹੈ।
ਤ੍ਰਿਣ ਸਮਾਨ ਕਿਛ ਸੰਗ ਨ ਜੈ ਹੈ' ॥੪੦॥

ਦੋਹਰਾ:
'ਤੈਂ ਜ਼ੁਲਮੀ ਕਰ ਦੇਸ਼ ਮੈਂ, ਕੀਨ ਪੈਂਤਾਲੀ ਗੰਜ।
ਕਜੋਂ ਕਰਿ ਜਾਵਹਿਂ ਸੰਗ ਇਹ, ਕੀਨ ਪਾਪ ਕੋ ਸੰਜਿ[1] ॥੪੧॥ [1]ਇਕੱਤ੍ਰ।

ਚੌਪਈ:
ਤੇਰੋ ਬਡੋ ਭ੍ਰਾਤ ਜੋ ਭਯਾ।

ਚਾਲੀ ਗੰਜ ਸੰਜਿ ਤਜਿ ਮੁਯਾ।
ਤਾਂ ਕੇ ਸੰਗ ਨ ਗਈ ਅਗਾਰੀ।
ਤਿਹ ਤੇ ਤੈਂ ਸੰਚੀ ਅਤਿ ਭਾਰੀ ॥੪੨॥
ਤੇਰੇ ਸੰਗ ਸੁ ਕਿਉਂ ਕਰਿ ਜਾਵਹਿ।
ਦੋਜ਼ਕ ਪਰਹਿਂ ਮਹਾਂ ਦੁਖ ਪਾਵਹਿਂ।
ਔਰ ਆਇ ਸਭਿ ਧਨ ਕੋ ਲੇਈ।
ਇਸ ਕਾਰਨ ਤੁਝ ਦੋਜਕ ਦੇਈਂ ॥੪੩॥
ਕੌਨ ਕਾਜ ਤੇਰੇ ਤਬ ਆਵਹਿ।
ਪਰ ਦੋਜ਼ਕ ਮਹਿਂ ਜਬ ਬਿਲਲਾਵਹਿਂ।
ਜਬ ਤਨ ਤੇ ਹ੍ਵੈਂ ਪ੍ਰਾਨ ਨਿਆਰੇ।
ਪੂਰਬ ਨਰ ਲੇ ਦਰਬ ਸਮ੍ਹਾਰੇਂ ॥੪੪॥
ਦਫਨ ਕਰੈਂ ਤੁਝ ਕੋ ਪਸ਼ਚਾਤੀ।
ਰਿਦੈ ਬਿਚਾਰਿ ਲੇਹੁ ਭਲਭਾਂਤੀ।
ਜਹਿਂ ਕਹਿਂ ਦੇਖਾ ਸੁਨਾ ਰੁਪੱਯਾ।
ਕਰਯੋ ਜੋਰ ਤੈਂ ਲੀਨ ਖੁਸੱਯਾ[1] ॥੪੫॥ [1]ਖੋਹ ਲਿਆ।
ਕਲਮਲ[1] ਪੁੰਜ ਕੀਨ ਸਭਿ ਗੰਜੰ। [1]ਬਹੁਤ ਪਾਪਾਂ ਨਾਲ।
ਸੰਗ ਨ ਚਲਿਹੀ ਰਾਖਤਿ ਸੰਜੰ।
ਜੇ ਕਰਿ ਚਾਹਤਿ ਆਪਨ ਨੀਕਾ।
ਤਜੋ ਖਸੋਟਨ ਨਰ ਸਭਿ ਹੀ ਕਾ ॥੪੬॥
ਮਾਨਿ ਬਚਨ ਜ਼ੁਲਮੀ ਪਰਹਰੀਏ[1]। [1]ਛੱਡੋ।
ਜੇ ਨਹਿਂ ਮਾਨੋ ਦੋਜ਼ਕ ਪਰੀਏ।
ਕਈ ਕੋਸ ਅਗਨੀ ਕੇ ਮਾਂਹੀ।
ਜਹਿਂ ਖੈਂਚਤਿ ਜਮਦੂਤ ਫਿਰਾਹੀਂ ॥੪੭॥

ਦੋਹਰਾ:

ਦਰਸ਼ਨ ਕਰਿ ਪੁਨ ਬਚਨ ਸੁਨਿ, ਭਯੋ ਮੋਮ ਦਿਲ ਸੋਇ।
ਆਗੇ ਸ਼੍ਰੀ ਗੁਰ ਕੇ ਤਬੈ, ਬੋਲਯੋ ਆਜਜ਼ ਹੋਇ ॥੪੮॥

ਚੌਪਈ:

'ਜਯੋਂ ਬੀਤੀ ਬੀਤੀ ਪਸ਼ਚਾਤੀ।
ਅਬ ਉਪਦੇਸ਼ ਦੇਹੁ ਭਲਿ ਭਾਂਤੀ।

ਜਯੋਂ ਨਿਸ਼ਚਾ ਹ੍ਵੈ ਪੰਥ ਖੁਦਾਇ।
ਸੋ ਬਿਧਿ ਦੀਜੈ ਮੁਝੈ ਬਤਾਇ ॥੪੯॥
ਰਹੈ ਸਦੀਵ ਈਰਖਾ ਮਨ ਮੈਂ।
ਯਾਂ ਤੇ ਰਹੌਂ ਮਗਨ ਮੈਂ ਧਨ ਮੈਂ।
ਕਿਸ ਬਿਧਿ ਲੋਭ ਨ ਮਨ ਤੇ ਜਾਇ।
ਕਿਉਂ ਕਰਿ ਜਾਨੋਂ ਗੈਲ ਖੁਦਾਇ ॥੫੦॥
ਕ੍ਰਿਪਾ ਧਾਰਿ ਅਬ ਕਰਹੁ ਉਚਾਰਾ।
ਨਾਸਹਿਂ ਮਨ ਕੇ ਸਰਬ ਬਿਕਾਰਾ।'
ਸੁਨਿ ਸ੍ਰੀ ਨਾਨਕ ਗਿਰਾ ਉਚਾਰੀ।
ਦੇਨਿ ਨਸੀਹਤ ਸਭਿ ਸੁਖਕਾਰੀ ॥੫੧॥

{ਨਸੀਹਤ ਨਾਮਾ}

†ਤਿਲੰਗ ਮਹਲ ੧ ॥
ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ॥
ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਇ ॥
ਦਾਇਮ[1] ਵ ਦੌਲਤ ਕਸੇ ਬੇਸੁਮਾਰ ॥ [1]ਹਮੇਸ਼।
ਨ ਰਹੇਂਗੇ ਕਰੋੜੀ ਨ ਰਹੇਂਗੇ ਹਜਾਰ ॥
ਦਮੜਾ ਤਿਸੀ ਕਾ ਜੁ ਖਰਚੈ ਅਰ ਖਾਇ ॥
ਦੇਵੈ ਦਿਲਾਵੈ ਰਜਾਵੈ ਖ਼ੁਦਾਇ ॥
ਹੋਤਾ ਨ ਰਾਖੈ ਇਕੇਲਾ ਨ ਖਾਇ ॥
ਤਹਿਕੀਕ[1] ਦਿਲ ਦਾਨੀ[2] ਵਹੀ ਭਿਸਤ ਜਾਇ ॥ [1]ਨਿਸ਼ਚੇ। [2]ਤੂੰ ਜਾਣ।
ਕੀਚੈ ਤਵਜਿਆ[1] ਨ ਕੀਚੈ ਗੁਮਾਨ ॥ [1]ਤਵਾਜ਼ਿਆ, ਆਦਰ।
ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ॥
ਹੋਵੈਂਗੇ ਗ਼ਰਕ ਕੁਛ ਲਾਗੈ ਨ ਬਾਰ[1] ॥ [1]ਦਰ।
ਦੁਨੀਆਂ ਕਾ ਦਿਵਾਨਾ ਕਹੈ ਮੁਲਖ ਮੇਰਾ ॥
ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ ॥
ਕੇਤੀ ਗਈ ਦੇਖਿ ਵਾਜੇ ਵਜਾਇ ॥
ਵਹੀ ਏਕ ਰਹਿਸੀ ਜੁ ਸਾਚਾ ਖੁਦਾਇ ॥
ਆਇਆ ਇਕੇਲਾ ਇਕੇਲਾ ਚਲਾਇਆ ॥
ਚਲਤੇ ਵਖਤਿ ਕੋਈ ਕਾਮ ਨ ਆਇਆ ॥
ਲੇਖਾ ਮੰਗੀਜੈ ਕਿਆ ਦੀਜੈ ਜਵਾਬ ॥
ਤੋਬਾ ਪੁਕਾਰੈ ਤੋ ਪਾਵੈ ਅਜ਼ਾਬ[1] ॥ [1]ਦੁੱਖ।
ਦੁਨੀਆਂ ਪਰ ਕੀਆ ਜ਼ੋਰ, ਦਮੜਾ ਕਮਾਇਆ ॥
ਖਾਇਆ ਹੰਢਾਇਆ ਅਜਾਂਈ ਗਵਾਇਆ ॥
ਆਖਰ ਪੱਛੋਤਾਣਾ ਕਰੈ ਹਾਇ ਹਾਇ ॥

ਦਰਗਹਿ ਗਇਆ ਸੋਉ ਪਾਵੈ ਸਜਾਇ ॥
ਲਾਨਤ ਹੈ ਤੈਂ ਕੂੰ ਅਰ ਤੈਂਡੀ ਕਮਾਈ ॥
ਦਗੇਬਾਜ਼ੀ ਕਰ ਕਰ ਦੁਨੀ ਲੂਟ ਖਾਈ ॥
ਪੀਏ ਪਿਆਲੇ ਔ ਖਾਏ ਕਬਾਬ ॥
ਦੇਖੋ ਰੇ ਲੋਕੋ ! ਜੁ ਹੋਤੇ ਖਰਾਬ ॥
ਜਿਸਕਾ ਤੂੰ ਬੰਦਾ ਤਿਸੀ ਕਾ ਸਵਾਰਿਆ ॥
ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ ॥
ਨ ਕੀਤੀ ਇਬਾਦਤ[1] ਨ ਰਾਖਿਓ ਈਮਾਨ ॥ [1]ਬੰਦਗੀ।
ਨ ਕੀਤੀ ਹਕੂਮਤ[1] ਪੁਕਾਰੇ ਜਹਾਨ ॥ [1]ਭਾਵ–ਨਿਆਂ ਦੀ ਹਕੂਮਤ।
ਅੰਦਰ ਮਹਿਲਾਂ ਕੇ ਬੈਠੋਂ ਤੂੰ ਜਾਇ ॥
ਹਰਮਾਂ[1] ਸਿਉਂ ਖੇਲੈਂ ਖੁਸ਼ਬੋਈ ਹਵਾਇ ॥
ਨ ਪੂਛੈ ਨ ਬੂਝੈ ਜੁ ਬਾਹਰ ਕਿਆ ਹੋਇ ॥
ਹਰਾਮੀ ਗ਼ਰੀਬਾਂ ਨੂੰ ਮਾਰੇ ਵਿਗੋਇ ॥
ਬਸਤੀ ਉਜਾੜੇਂ ਫਿਰ ਨ ਬਸਾਵੈਂ ॥
ਕੂਕਹਿਂ ਪੁਕਾਰਹਿਂ ਦਾਦ[1] ਨ ਪਾਵੈਂ ॥ [1]ਇਸਤ੍ਰੀਆਂ।
ਲਖੋੜੀ ਕਰੋੜੀ ਕੀਏ ਬੇਸ਼ੁਮਾਰ ॥
ਨ ਰਹੈਂਗੇ ਕਰੋੜੀ ਨ ਰਹੇਂਗੇ ਹਜ਼ਾਰ[†] ॥ [†]ਪਾ: –ਕਈ ਕਿਰਸਾਣ ਬਪੜੈ ਮਰੀਵੈ ਹਜਾਰ।
ਹਾਕਮ ਕਹਾਵੈਂ ਹਕੂਮਤ ਨ ਹੋਇ ॥
ਦੁਨੀਆ ਕਾ ਦਿਵਾਨਾਂ ਫਿਰੈ ਮਸਤ ਲੋਇ ॥
ਲੂਟੇ ਮੁਲਕ ਬਹੁਤ ਪਹਿਰੇ ਅਰ ਖਾਇ ॥
ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ॥
ਗਰਬ ਸਿਉ ਨ ਦੇਖ ਦੁਨੀਆਂ ਕੇ ਦਿਵਾਨੇ ॥
ਹਮੇਸ਼ਾ ਨ ਰਹੇਗੀ ਤੂੰ ਐਸੀ ਨ ਜਾਨੇ ॥
ਉਠਾਵੇ ਸਫਾ ਉਸਕੋ ਲਾਗੈ ਨ ਬਾਰ[1] ॥ [1]ਇਨਸਾਫ, ਨਿਆਂ।
ਕਿਸ ਕੀ ਦੁਨੀਆਂ ਕਿਸ ਕੇ ਘਰ ਬਾਰ ॥
ਚੰਦ ਰੋਜ ਚਲਨਾ ਕਿਛ ਪਕੜੋ ਕਰਾਰ ॥
ਨ ਕੀਚੈ ਹਿਰਸ[1] ਬਹੁਤ ਦੁਨੀਆਂ ਕੇ ਯਾਰ ॥ [1]ਲਾਲਚ।
ਸ਼ਰਮਿੰਦਾ ਨ ਹੋਇਂ ਕੁਛ ਨੇਕੀ ਕਮਾਇ ॥
ਲਾਨਤ ਕਾ ਜਾਮਾ ਪਹਿਰ ਕੇ ਨ ਜਾਇ ॥
ਗ਼ਫਲਤ ਕਰਹੁਗੇ ਤੋ ਖਾਵੋਗੇ ਮਾਰ ॥
ਬੇਟੀ ਵ ਬੇਟਾ ਕੇ ਲਹੇਗੋ ਨ ਸਾਰ ॥
ਤੋਬਾ ਕਰਹੁ ਬਹੁਰ ਕੀਚੈ ਨ ਜੋਰ ॥
ਦੋਜਕ ਕੀ ਆਤਸ਼ ਜਲਾਵੇਗੀ ਗੋਰ ॥
ਮਸਾਇਕ[1] ਪੈਗ਼ੰਬਰ ਕੇਤੇ ਸ਼ਾਹ[2] ਖਾਨ ॥ [1]ਸ਼ੇਖ। [2]ਪਾਤਸ਼ਾਹ।
ਨ ਦੀਸੈਂ ਜਿਮੀ ਪਰ ਤਿਨ ਕੇ ਨੀਸ਼ਾਨ ॥
ਚਲਤੇ ਕਬੂਤਰ ਜਿਨਾਵਰ ਕੀ ਛਾਉਂ ॥
ਕੇਤੇ ਖਾਕ ਹੁਏ ਕੋ ਪੂਛੇ ਨ ਨਾਉਂ ॥

ਚਾਲੀ ਗੰਜ ਜੋੜੇ ਨ ਰਖਿਓ ਈਮਾਨ ॥
ਦੇਖੋ ਰੇ ਕਾਰੂੰ ਜੁ ਹੋਤੇ ਪਰੇਸ਼ਾਨ ॥
ਨਦਾਨੀ ਨ ਦੁਨੀਆਂ ਵ ਫ਼ਾਨੀ ਮੁਕਾਮ ॥
ਤੂੰ ਖ਼ੁਦ[1] ਚਸ਼ਮ[2] ਬੀਨੀ[3] ਇਹ ਚਲਣਾ ਜਹਾਨ ॥ [1]ਆਪ। [2]ਅਖੀਂ। [3]ਦੇਖਦਿਆਂ।
ਤੋਬਾ ਨ ਕੀਤੀ ਕਰੇਦਿਆ ਗੁਨਾਹ ॥
ਕਰੇ ਅਰਜ਼ ਬੰਦਗੀ ਬਾਬਾ ਨਾਨਕ
ਐਸੇ ਆਲਮ ਸਿਉ ਤੇਰੀ ਪਨਾਹ ॥੧॥

†ਇਹ ਨਸੀਹਤ ਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਤਾਂ ਤੇ ਸ੍ਰੀ ਮੁਖਵਾਕ ਨਹੀਂ।

ਦੋਹਰਾ:

ਕਾਰੂੰ ਸੁਨਿ ਹੈਰਾਨ ਹੁਇ,
ਭਯੋ ਮੋਮ ਦਿਲ ਸੋਇ।
ਆਗੈ ਕੋ ਭੈ ਮਾਨਿਓ,
ਜਹਿਂ ਸਜ਼ਾਇ ਅਤਿ ਹੋਇ ॥੫੨॥

ਚੌਪਈ:

-ਕਜਾ ਹੋਵੈਗੋ ਤਬ ਮੁਝ ਹਾਲਾ।
ਗਹਿ ਜਬ ਬਾਂਧੇਂਗੇ ਜਿਹ ਕਾਲਾ।
ਸਭਿ ਪਰ ਜ਼ੁਲਮੀ ਕੀਨਿ ਬਿਸਾਲਾ।
ਭਲਿਆਈ ਤੇ ਰਹਜੋ ਨਿਰਾਲਾ[1]- ॥੫੩॥ [1]ਵੱਖਰਾ, ਹੀਨ।
ਕਾਰੂੰ ਮਨ ਗੁਨਿ ਬਹੁਰ ਬੁਗੋਯੋ[1]। [1]ਕਹਿਆ।
'ਮੈਂ ਗ਼ਾਫਲ ਹੋਯੋ ਨਿਤ ਸੋਯੋ।
ਨਹਿਂ ਜਾਨਤ ਥੋ ਕਹਾਂ ਖ਼ੁਦਾਇ।
ਤੁਮ ਮਸਾਲ[1]† ਸੁਨਿ ਭੈ ਮੁਹਿ ਆਇ ॥੫੪॥ [1]ਦ੍ਰਿਸ਼ਟਾਂਤ। †ਪਾ:-ਮਸਲਾ।
ਮਿਹਰ ਆਪਨੀ ਮੋ ਪਰ ਕੀਜੈ।
ਪੰਥ ਖੁਦਾਇ ਬਤਾਵਨ ਕੀਜੈ।
ਤ੍ਰਿਸ਼ਨਾ ਦਰਬ ਨਦੀ ਬਡ ਧਾਰਾ।
ਬਰਜੋ ਜਾਤਿ ਹੌਂ ਪਾਇ ਨ ਪਾਰਾ ॥੫੫॥
ਤੁਮ ਕੇਵਟ[1] ਮਮ ਕਰਿ ਕੈ ਦਾਯਾ। [1]ਮਲਾਹ।
ਗਹਹੁ ਹਾਥ ਦੇ ਪਾਰ ਲੰਘਾਯਾ।
ਮੋਹ ਕੁਟੰਬ ਕੂਪ ਅੰਧੇਰਾ।
ਪਰਜੋ ਰਹਜੋ ਕਾਢਹੁ ਮੈਂ ਚੇਰਾ' ॥੫੬॥
ਤਿਹ ਬਿਨਤੀ ਸੁਨਿ ਕੈ ਗੁਨਖਾਨੀ।

ਕ੍ਰਿਪਾ ਧਾਰਿ ਬੋਲੇ ਸ਼ੁਭ ਬਾਨੀ।
'ਜਬ ਲੌ ਰਿਦੇ ਨ ਨਿਸ਼ਚੈ ਆਵਾ।
ਗੱਲੀਂ ਤਬ ਲੌ ਜਾਇ ਨ ਪਾਵਾ ॥੫੭॥
ਰਹੇ ਬੰਦਗੀ ਬੀਚ ਸਦੀਵਾ।
ਕਰਿ ਅਸਥਿਰ ਮਨ ਰਾਖਹਿ ਨੀਵਾਂ।
ਜਾਵਦ ਪ੍ਰੀਤਿ ਕਰੀ ਜਗ ਮਾਂਹੀ।
ਤਾਵਦ ਛੂਟਨ ਇਸ ਕੋ ਨਾਂਹੀ ॥੫੮॥
ਖਲਕ[1] ਬਿਖੈ ਦੇਖਉ ਨਰ ਜੇਤੇ। [1]ਖਲਕਤ, ਦੁਨੀਆਂ।
ਖਾਨ ਪਾਨ ਕੇ ਮੀਤ ਸੁ ਤੇਤੇ।
ਜਬ ਲੌ ਖਾਵਹਿਂ ਤਬ ਲੌ ਮੀਤਾ।
ਪਾਇਂ ਨ ਜਬ, ਹੁਇਂ ਦੁਸ਼ਮਨ ਰੀਤਾ ॥੫੯॥
ਅਪਨਾ ਪਰ ਕਾ[1] ਜਗਤ ਸਬਾਏ। [1]ਪਰਾਇਆ।
ਨਿਰਧਨ ਭਏ ਨ ਦੇਖਹਿਂ ਆਏ।
ਅਸ ਬਿਚਾਰ ਕਰਿ ਕੈ ਉਰ ਮਾਂਹੀ।
ਮੋਹ ਕੁਟੰਬ ਤਜੋ, ਕਛੁ ਨਾਂਹੀ ॥੬੦॥

ਦੋਹਰਾ:

ਧਨ ਲੌ ਇਨ ਕੀ ਮੀਤਤਾ[1], [1]ਮਿੱਤ੍ਰਤਾਈ।
ਦੁਖ ਮੈਂ ਕਾਮ ਨ ਆਇਂ।
ਦੁਖ ਸੁਖ ਕਰੇ ਸਹਾਇਤਾ,
ਐਸਾ ਏਕ ਖੁਦਾਇ ॥੬੧॥

ਚੌਪਈ:

ਜਗ ਕੀ ਪ੍ਰੀਤਿ ਨ ਕਾਹੂੰ ਕਾਜਾ।
ਪਰਹਿ ਆਇ ਦੁਖ, ਜਾਵਹਿਂ ਭਾਜਾ।
ਸ੍ਰੀ ਪ੍ਰਭੁ ਕੀ ਹੈ ਨੀਕੀ ਪ੍ਰੀਤਾ।
ਕਰਹੁ ਸਦੀਵ ਤਾਂਹਿ ਸੋਂ ਹੀਤਾ[1] ॥੬੨॥ [1]ਹਿਤ=ਪ੍ਰੇਮ।
ਅੰਤ ਕਾਲ ਮੈਂ ਲੇਤਿ ਛੁਟਾਇ।
ਇਤ ਉਤ ਜੋ ਸੁਖਦਾ ਸਮੁਦਾਇ।'
ਐਸੇ ਬਚਨ ਸੁਨੇ ਕਾਰੂੰ ਜਬ।
ਦੀਨ ਭਯੋ ਗੁਰ ਚਰਨ ਗਹੇ ਤਬ ॥੬੩॥
'ਤੁਮ ਜੋ ਕਹੋ ਕਰੋਂ ਮੈਂ ਸੋਇ।
ਔਰ ਨ ਮੋ ਤੇ ਅਬ ਕੁਛ ਹੋਇ।

ਸ਼ਰਨ ਪਰਜੋਂ ਮੈਂ ਰਾਵਰ ਕੇਰੀ।
ਸ਼ਰਧਾ ਭੀ ਪਦ ਕੰਜ ਘਨੇਰੀ' ॥੬੪॥

ਦੋਹਰਾ:

ਸ੍ਰੀ ਨਾਨਕ ਬੋਲੇ ਬਹੁਰ, ਅਵਲੋਕਯੋ ਮਨ ਦੀਨ।
'ਬੰਦੀਖਾਨਾਂ ਛੋਡਿ ਤੂੰ, ਮਨੁਜ ਕੈਦ ਜੇ ਕੀਨ' ॥੬੫॥

ਚੌਪਈ:

ਜਹਿਂ ਜਹਿਂ ਨਰ ਤਿਹਂ ਕੈਦ ਕਰਾਏ।
ਪਠੇ ਦੂਤ ਤਤਕਾਲ ਛੁਡਾਏ।
ਦਰਬ ਖਸੋਟਯੋ ਦਿਯੋ ਦਿਵਾਇ।
ਧਾਂਮਨ ਵਿਖੇ ਸਰਬ ਪਹੁੰਚਾਇ ॥੬੬॥
ਗੁਰੂ ਕਹੈਂ 'ਸਿਮਰਹੁ ਸਤਿਨਾਮੁ।
ਸਦਾ ਸਹਾਈ ਸਭਿ ਸੁਖ ਧਾਮੁ।
ਆਗੈ ਆਜਿਜ਼[1] ਰੱਖਯਾ ਕਰਿਯੇ।
ਉਰ ਤੇ ਜ਼ੁਲਮੀ ਸਗਲ ਪ੍ਰਹਰਿਯੇ ॥੬੭॥
ਕਲਮਲ ਕਰਿ ਜੋ ਧਨ ਇਕਠਾਇ।
ਦੇਹੁ ਖਰਾਇਤ ਨਾਇ ਖੁਦਾਇ[1]।
ਕਰਹੁ ਬੰਦਗੀ ਹੋਇ ਅਧੀਨ।
ਅਪਨਾ ਭਲਾ ਰਿਦੈ ਇਉਂ ਚੀਨ' ॥੬੮॥

ਦੋਹਰਾ:

ਮਾਨਿ ਬਚਨ ਗੁਰ ਕੋ ਤਬੈ, ਕਾਰੂੰ ਕਰੀ ਸੁ ਕਾਰ।
ਜਹਿਂ ਜਹਿਂ ਸੂਬੇ ਤਾਂਹਿ ਕੇ, ਦੀਨੀ ਦੇਗ[1] ਅਪਾਰ ॥੬੯॥

ਚੌਪਈ:

ਸ਼ਾਂਤਿ ਭਈ ਤਬ ਰੂਮ ਵਿਲਾਇਤ[1]।
ਜਹਿਂ ਤਹਿਂ ਦੇਵਨ ਲਗੇ ਖ਼ਰਾਇਤ।
ਸ੍ਰੀ ਗੁਰ ਤੇ ਤਿਹ ਜਾਵਨ ਕਰਿ ਕੈ।
ਹੋਤਿ ਜ਼ੁਲਮ ਜੋ ਗਯੋ ਸੁ ਟਰਿ ਕੈ[1] ॥੭੦॥
ਮਾਨਵ ਆਵਨ ਸਗਰੇ ਲਾਗੇ।

[1]ਗਰੀਬਾਂ ਦੀ।
[1]ਰੱਬ ਦੇ ਨਾਮ ਤੇ।
[1]ਲੰਗਰ।
[1]ਦੇਸ਼।
[1]ਟਲ ਗਿਆ।

ਧਰਹਿਂ ਉਪਾਇਨ ਪਾਇਨ ਆਗੇ।
ਬੰਦਹਿਂ ਪਦ ਅਰਬਿੰਦ ਮੁਕੰਦਾ।
ਸ੍ਰੀ ਗੋਬਿੰਦ ਸੱਚਿਦਾ ਨੰਦਾ ॥੨੧॥
ਬੋਲ੍ਯੋ ਕਾਰੂੰ ਦ੍ਵੈ ਕਰ ਜੋਰੀ।
'ਮੋ ਪਰ ਭੀ ਤੁਮ ਮਿਹਰ ਨ ਥੋਰੀ।
ਮਹਾਂ ਗਰਤ ਹੌਂ ਨਿਘਰਤਿ ਜਾਤੋ।
ਗਹਿ ਕਰ ਕਾਢ੍ਯੋ ਕਰਿ ਦੁਖ ਹਾਤੋ[1] ॥੨੨॥

[1]ਦੁਖ ਨਾਸ਼ ਕਰਕੇ।

ਦੋਹਰਾ:
ਭਲਾ ਹੋਇ ਮੇਰੋ ਅਬੈ, ਆਸ ਭਈ ਉਰ ਆਇ।
ਆਪ ਪ੍ਰਛਿੰਨ[1] ਖੁਦਾਇ ਹੋ, ਮਾਰਗ ਦੀਨ ਬਤਾਇ' ॥੨੩॥

[1]ਗੁਪਤ।

ਚੌਪਈ:
ਬਾਰ ਬਾਰ ਬੰਦਹਿ ਪਦ ਗੁਰ ਕੋ।
ਮਨ ਅਧੀਨ ਕਰਿ ਪ੍ਰੇਮਹਿਂ ਉਰ ਕੋ।
ਮਿਹਰ ਧਰੇ ਬੋਲੇ ਸੁਖਦਾਇ।
'ਕਾਰੂੰ ਇਹ ਮਗ ਮਿਲਨ ਖੁਦਾਇ ॥੨੪॥
ਤੁਝ ਪਰ ਕ੍ਰਿਪਾ ਭੀ ਹੈ ਤੂਰਨ।
ਮਹਾਂ ਪਾਪ ਹੋਏ ਸਭਿ ਚੂਰਨ।
ਰਿਦੈ ਬਿਖੈ ਭਾ ਚਿਤ ਕਰਤਾਰਾ।
ਭਵ ਬੰਧਨ ਤੇ ਹੋਇ ਉਧਾਰਾ' ॥੨੫॥
ਕਾਰੂੰ ਕਹੈ 'ਮਿਹਰ ਭੀ ਤੇਰੀ।⚐

⚐ਮਸ਼ਹੂਰ ਕਾਰੂੰ ਈਰਾਨ ਦਾ ਪਾਤਸ਼ਾਹ ਜਿਸ ਨੇ ਰੂਮ ਆਦਿ ਦੇਸ਼ ਜਿੱਤੇ ਸਨ ਬਹੁਤ ਚਿਰ ਸਤਿਗੁਰ ਜੀ ਤੋਂ ਪਹਿਲਾਂ ਹੋ ਚੁੱਕਾ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਬੀ ਲਿਖਿਆ ਹੈ ਕਿ ਅਗੇ ਬੀ ਕਾਰੂੰ ਹੋਇਆ ਹੈਸੀ, ਭਾਈ ਜੀ ਇਸ ਕਾਰੂੰ ਦਾ ਨਾਮ ਜੋ ਸਤਿਗੁਰੂ ਜੀ ਨੂੰ ਮਿਲਿਆ ਹਮੀਦ ਕਾਰੂੰ ਦੱਸਦੇ ਹਨ। ਸੋ ਇਹ ਕੋਈ ਹੋਰ ਕ੍ਰਿਪਣਸ਼ਾਹ ਹੈ ਜਿਸ ਦੇ ਬੁਰੀ ਤਰ੍ਹਾਂ ਦੌਲਤ ਜਮਾਂ ਕਰਨ ਕਰਕੇ ਉਸ ਨੂੰ ਕਾਰੂੰ ਦੀ ਅੱਲ ਨਾਲ ਯਾਦ ਕੀਤਾ ਗਿਆ ਹੈ। ਤਵਾਰੀਖ ਖਾਲਸਾ ਦੇ ਕਰਤਾ ਜੀ ਨੇ ਬੀ ਇਸ ਦਾ ਨਾਉਂ ਸੁਲਤਾਨ ਹਮੀਦ ਕਾਰੂੰ ਲਿਖਿਆ ਹੈ, ਇਸ ਦਾ ਟਿਕਾਣਾ ਕਿਤੇ ਮਿਸਰ ਦੇਸ਼ ਵਿਚ 'ਕੈਕੈ' ਨਾਮ ਕਰਕੇ ਦਸਿਆ ਹੈ, ਇਹ ਬੀ ਦੱਸਦੇ ਹਨ ਕਿ ਸ਼ਹਿਰ ਦੇ ਦੱਖਣ ਦਰਵੱਜੇ ਨਹਿਰ ਕਿਨਾਰੇ ਚੌਤਰਾ ਹੈ ਜੋ ਸਤਿਗੁਰੂ ਜੀ ਦੀ ਯਾਦਗਾਰ ਹੈ, ਤੇ ਦੱਸਦੇ ਹਨ ਕਿ ੧੯੯੬ ਵਿਚ ਜਦੋਂ ਹਮੀਦ ਨਾਲ ਜੰਗ ਕਰਨ ਫੌਜਾਂ ਗਈਆਂ ਸਨ, ਤਦ ਓਥੋਂ ਮੁੜੇ ਸਿੰਘਾਂ ਨੇ ਇਹ ਥਾਂ ਡਿੱਠਾ ਤੇ ਪ੍ਰਸ਼ਾਦ ਕਰਾਇਆ ਸੀ, ਪਰੰਤੂ ਖੋਜ ਦੀ ਹੋਰ ਲੋੜ ਹੈ।

[ਤ੍ਵਾ: ਖਾ: ੪੩੦ ਪੰਨਾ]

ਪਰ ਭਾਈ ਮਨੀ ਸਿੰਘ ਜੀ ਹਮੀਦ ਕਾਰੂ ਨੂੰ ਰੂਮ ਵਿਚ ਲਿਖਦੇ ਹਨ, ਅਸਲ ਨਾਮ ਪਤਾ ਬਾਲੇ ਦੀ ਅਸਲੀ ਸਾਖੀ ਵਿਚ ਪਤਾ ਨਹੀਂ ਕੀਹ ਸੀ। ਵਰਤਮਾਨ ਭਾਈ ਬਾਲੇ ਵਾਲੀ ਸਾਖੀ ਦੇ ੧੩੧ ਸਫੇ ਤੋਂ ਪਤਾ ਲਗਦਾ ਹੈ ਕਿ ਕਾਰੂੰ ਐਵੇਂ ਅੱਲ ਸੀ, ਨਾਮ ਹਮੀਦ ਸੀ ਅਰ ਮਦੀਨੇ ਉਸ ਦਾ ਰਾਜ ਸੀ। ਵਿਸ਼ੇਸ਼ ਖੋਜ ਦੀ ਲੋੜ ਹੈ।

ਕਾਟੀ ਲੋਭ ਰਿਦੈ ਤੇ ਬੇਰੀ[1]।
ਮੁਝ ਕੋ ਪੰਥ ਬਤਾਯੋ ਨੀਕਾ।
ਭਲਾ ਕਰਨ ਆਏ ਸਭਿ ਹੀ ਕਾ' ॥੭੬॥
ਕਿਤਿਕ ਦਿਵਸ ਗੁਰ ਤਹਾਂ ਬਿਤਾਏ।
ਸਰਬ ਲੋਕ ਤਹਿਂ ਸੁਖੀ ਬਸਾਏ।
ਨਾਮ ਦਾਨ ਕੀ ਸਿੱਖਯਾ ਦੀਨੀ।
ਭਯੋ ਨਿਹਾਲ ਰਿਦੇ ਜਿਨਿ ਲੀਨੀ ॥੭੭॥
ਤ੍ਰਾਸ ਦੇਸ਼ ਕੋ ਸਭਿ ਨਿਰਵਾਰਾ।
ਕਾਰੂੰ ਨੀਕੇ ਮਗ ਮਹਿਂ ਡਾਰਾ।
ਬਹੁਰ ਗਮਨ ਕੀ ਕੀਨੀ ਤਯਾਰੀ।
ਤਬ ਕਾਰੂੰ ਅਸ ਗਿਰਾ ਉਚਾਰੀ ॥੭੮॥
'ਕ੍ਰਿਪਾ ਧਾਰਿ ਰਹੀਏ ਮੁਝ ਪਾਸੂ।
ਗਮਨਨ ਤਯਾਰ ਭਏ ਕਿਉਂ ਆਸੂ[1]।
ਮੈਂ ਸੇਵਕ ਸਭਿ ਭਾਂਤਿ ਤੁਮਾਰਾ।
ਸਰਬ ਦੇਸ਼ ਕੀਨੋ ਨਿਸਤਾਰਾ ॥੭੯॥
ਰਹਤਿ ਨਹੀਂ, ਜੇ ਕਰਹੁ ਪਿਆਨਾ।
ਪੁਨ ਦਰਸ਼ਨ ਦੇਵਹੁ ਕਬ ਆਨਾ?'
ਸੁਨਿ ਕੈ ਬੋਲੇ ਕ੍ਰਿਪਾ ਨਿਧਾਨਾਂ।
'ਸਿਮਰਹੁ ਨਾਮ ਹੋਇ ਕਲਿਆਨਾ ॥੮੦॥
ਰਿਦੈ ਧ੍ਯਾਨ ਅਪਨੈ ਤੁਮ ਧਾਰਹੁ।
ਇਹੀ ਹਮਾਰੋ ਮਿਲਨ ਬਿਚਾਰਹੁ।'
ਬਿਦਾ ਭਏ ਕਹਿਕੈ ਬਰਿਆਈ।
ਗਮਨੇ ਆਨ ਸਥਾਨ ਗੁਸਾਈਂ ॥੮੧॥

[1] ਰਿਦੇ ਤੋਂ ਲੋਭ (ਰੂਪੀ) ਬੇੜੀ ਕੱਟ ਦਿੱਤੀ ਹੈ।

[1] ਛੇਤੀ ਹੀ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਾਰੂੰ ਕੋ ਪ੍ਰਸੰਗ' ਬਰਨਨੰ ਨਾਮ ਖੋੜਸਮੋਂ ਅਧ੍ਯਾਯ ॥੧੬॥

## ੧੭. [ਸ਼ਾਰਦਾ ਮੰਗਲ। ਹਬਸ਼ ਵਿਲਾਇਤ, ਚੋਲਾ, ਰਾਮਚੰਦ੍ਰ ਦੀ ਕਥਾ]

੧੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੮

{ਹਬਸ਼ ਵਿਲਾਇਤ} ॥੨॥
{ਲਾਜਵਰਦ} ॥੨, ੩੪॥
{ਅਰਸ਼ੀ ਖਿਲਕਾ} ॥੫..॥
{ਰਾਮਚੰਦ੍ਰ ਦੀ ਕਥਾ} ॥੩੯..॥

ਦੋਹਰਾ:

ਜਗਮਗਾਤਿ ਜਗ ਤਾਰਨੀ, ਜਗਤ ਬਿਖੇ ਜਿਹ ਜੋਤਿ।
ਜੈਯ ਜਾਲਪਾ ਜੈ ਕਰੀ, ਕੀਜੈ ਸੁਮਤਿ ਉਦੋਤਿ† ॥੧॥

ਜਗਮਗਾਤਿ=ਜਗਮਗ ਕਰ ਰਹੀ ਹੈ। (ਅ) ਪਾਠਾਂਤ੍ਰ ਐਉਂ ਭੀ ਹੈ- ਜਗਤ ਮਾਤ ਜਗ ਤਾਰਨੀ=ਤੂੰ ਜਗਤ ਦੀ ਮਾਤਾ ਤੇ ਜਗ ਤਾਰਨੀ ਹੈਂ, ਪਰੰਤੂ ਉਦੋਤ ਵਿਚ ਜੋ ਸੰਭਾਵਨਾ ਹੈ, ਉਹ ਦੱਸਦੀ ਹੈ ਕਿ ਬਾਣੀ ਦੇ ਜਗਮਗ ਕਰਨ ਵਾਲੇ ਗੁਣ ਦੀ ਪ੍ਰਸ਼ੰਸ਼ਾ ਵਧੀਕ ਦਰੁਸਤ ਹੈ। ਫੇਰ-ਬਿਖੇ-ਪਦ ਕਿਸੇ ਕ੍ਰਿਯਾ ਪਦ ਦੀ ਲੋੜ ਰਖਦਾ ਹੈ, ਜੋ-ਜਗਮਗਾਤਿ-ਤਾਂ ਹੈ, ਪਰ ਜਗਤ ਮਾਤ ਕ੍ਰਿਆ ਪਦ ਨਹੀਂ ਹੈ।

ਜੈਯ=ਬਿਜੈ ਮਾਨ, ਜੋ ਆਪ ਜਿੱਤ ਸਕੇ ਯਾ ਜਿੱਤ ਲਵੇ। ਭਾਵ ਵਿਦਯਾ ਮੰਡਲਾਂ ਵਿਚ ਬਿਜੈ ਦਾਤੀ। [ਸੰਸ, ਜਯਯ] ਜਾਲਪਾ=ਹੰਸ ਜਿਸ ਦਾ ਬਾਹਨ ਹੋਵੇ। [ਸੰਸ: ਜਾਲਪਾਦ=ਹੰਸ] ਜੈ ਕਰੀ=ਜੈ ਕਰ ਦੇਣ ਵਾਲੀ, ਬਿਜੈ ਦਾਤੀ।

†ਪਾ:-ਜੈ ਜੈ ਸੁਮਤਿ ਅਦੋਤ।

ਅਰਥ:

ਜਗਤ ਵਿਚ ਜਿਸ ਦੀ ਜੋਤ ਜਗਮਗ ਕਰ ਰਹੀ ਹੈ (ਤੇ ਆਪਣੀ ਸੁਮਤੀ ਪ੍ਰਕਾਸ਼ ਨਾਲ ਜੋ) ਜਗਤ ਨੂੰ (ਅਵਿਦਯਾ ਅੰਧਕਾਰ ਤੋਂ) ਤਾਰ ਰਹੀ ਹੈ, ਜੋ ਹੰਸ (ਉੱਜਲ ਕਵਿ ਮਨਾਂ) ਦੀ ਸਵਾਰੀ ਕਰਦੀ ਹੈ, (ਤੇ ਆਪ) ਬਿਜੈਮਾਨ (ਹੈ ਅਰ ਹੋਰਨਾਂ ਨੂੰ) ਜੈ ਦੇਂਦੀ ਹੈ, (ਮੇਰੀ ਬੀ) ਸ੍ਰੇਸ਼ਟ ਬੁੱਧੀ ਨੂੰ ਜਗਾ ਦਿਓ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਸੁਨੀਏ ਸੁਖ ਦਾਨੀ!
ਆਗੇ ਗਮਨ ਕੀਨ ਗੁਨ ਖਾਨੀ।
ਹਬਸ਼† ਵਿਲਾਇਤ ਗਏ ਦਯਾਲਾ। †ਪਾ:-ਸਰਫ।
{ਹਬਸ਼ ਵਿਲਾਇਤ}
ਪਾਤਿਸ਼ਾਹ ਤਹਿਂ ਦੁਸ਼ਟ ਬਿਸਾਲਾ ॥੨॥
{ਲਾਜਵਰਦ}
ਹਿੰਦੂ ਨਰ ਤਿਸ ਦੇਸ਼ ਜਿ ਆਵੈ†। †ਪਾ:-ਸਿਧਾਵੈ।
ਗਹੈ ਤਾਹਿਂ ਜਮਧਾਮ ਪਠਾਵੈ।
ਤਿਸ ਕੀ ਧੂਮ ਪ੍ਰਗਟ ਭਈ ਸਾਰੇ।
ਜੋ ਹਿੰਦੂ ਪਾਵਹਿ, ਤਿਹ ਮਾਰੇ ॥੩॥
ਪਹੁੰਚੇ ਸਤਿਗੁਰ ਨਾਮ ਜਪਾਵਨ।
ਟੇਢੇ ਚਲਤਿ ਸੁਧ ਮਗ ਪਾਵਨ।
ਕਰਤਿ ਕੁਕਰਮ ਸਿ ਸਰਬ ਹਟਾਵਨ।

ਨੀਕੋ ਧ੍ਰਮ ਉਪਦੇਸ਼ ਦ੍ਰਿੜਾਵਨ ॥੪॥

ਦੋਹਰਾ:

ਤਿਨ ਛਿਨ ਖਿਲਕ[1] ਅਕਾਸ਼ ਤੇ
ਉਤਰਜੋ ਗੁਰ ਢਿਗ ਆਇ।

[1]ਚੋਲਾ।

{ਅਰਸ਼ੀ ਖਿਲਕਾ}

ਰੰਗ ਨ ਜਾਨਜੋ ਜਾਵਹੀ
ਅਚਰਜ ਬਨਜੋ ਬਨਾਇ ॥੫॥

ਚੌਪਈ:

ਸਰਬ ਭਾਂਤਿ ਕੇ ਲਿਖੀਯੇ ਅੱਖਰ।
ਹਿੰਦਵੀ ਬਹੁਰ ਪਾਰਸੀ ਤਾਂ ਪਰ।
ਅਰਬੀ ਔਰ ਤੋਰਕੀ ਜੋਇ।
ਸੰਸਕ੍ਰਿਤੀ ਜੋ ਅੱਖਰ ਸੋਇ ॥੬॥
ਸੋ ਖਿਲਕਾ ਲੇ ਗੁਰ ਗਰ ਪਾਯੋ।
ਰੰਗ ਕੁਦਰਤੀ ਅਧਿਕ ਸੁਹਾਯੋ।
ਜਿਹ ਪੁਰਿ ਵਿਖੇ ਰਹੈ ਅਵਨੀਪਾ।
ਬੈਠੇ ਤਿਹ ਕੇ ਜਾਇ ਸਮੀਪਾ ॥੭॥
ਜਬ ਨਰ ਨਿਕਸ ਵਿਲੋਕਜੋ ਆਈ।
ਰਹੇ ਵਿਸ਼ਾਲ ਰਿਦੇ ਬਿਸਮਾਈ।
ਪ੍ਰਗਟ ਨਗਰ ਮਹਿਂ ਜਬ ਸੁਧ ਹੋਈ।
ਧਾਇ ਧਾਇ ਦੇਖੈਂ ਸਭਿ ਕੋਈ ॥੮॥
ਪਾਤਿਸ਼ਾਹ ਕੇ ਜਾਇ ਅਗਾਰੀ।
ਨਰਨ ਸੁਨਾਇ ਦੀਨਿ ਸੁਧ ਸਾਰੀ।
'ਵਹਿਰ ਏਕ ਆਯੋ ਦਰਵੇਸ਼ਾ।
ਸੁਨਜੋ ਨ ਪਿਖਜੋ ਖਿਲਕ ਗਰ[1] ਐਸਾ ॥੯॥

[1]ਗਲ ਵਿਚ।

ਹੈਂ ਕੁਰਾਨ ਕੇ ਤੀਸ ਸੁਪਾਰੇ।
ਤਾਂ ਪਰ ਲਿਖਿ ਰਾਖੇ ਹੈਂ ਸਾਰੇ।
ਅੱਛਰ ਪੰਜ ਪ੍ਰਕਾਰਹਿਂ ਜੋਊ।
ਲਿਖੇ ਸਰਬ ਨੀਕੀ ਬਿਧਿ ਸੋਊ' ॥੧੦॥ ⚐

⚐ਸ਼੍ਰੀ ਗੁਰੂ ਨਾਨਕ ਸਾਹਿਬ ਜੀ ਬਾਬਤ ਲਿਖੀਆਂ ਜਨਮ ਸਾਖੀਆਂ ਵਿਚੋਂ ਜੋ ਹੁਣ ਤੱਕ ਮਿਲੀਆਂ ਹਨ ਸਭ ਤੋਂ ਪੁਰਾਣੀ ਉਹ ਜਨਮ ਸਾਖੀ ਹੈ ਜਿਸ ਨੂੰ ਵਲਾਇਤ ਵਾਲੀ ਤੇ ਹਾਫਜ਼ਾਬਾਦੀ ਕਿਹਾ ਜਾਂਦਾ ਹੈ। ਇਸ ਵਿਚ ਕਿਸੇ ਚੋਲੇ ਦਾ ਜ਼ਿਕਰ ਨਹੀਂ, ਨਾ ਹੀ ਭਾਈ ਮਨੀ ਸਿੰਘ ਵਾਲੀ ਵਿਚ ਹੈ। ਬਾਬੂ ਮੁਹੰਮਦ ਯੂਸਫ ਨੇ ਥੋੜਾ ਚਿਰ

ਹੋਇਆ ਇਕ ਕਿਤਾਬ ਲਿਖੀ ਹੈ ਜਿਸ ਨੂੰ ਉਸ ਨੇ ਜਨਮ ਸਾਖੀ ਨਾਮ ਦੇਣ ਦੀ ਦੀਦਾ ਦਲੇਰੀ ਕੀਤੀ ਹੈ, ਉਸ ਦੇ ਸਫਾ ੯੨ ਤੇ ਇਕ ਚੋਲਾ ਜਿਸ ਤੇ ਅਰਬੀ ਅੱਖਰ ਲਿਖੇ ਹਨ ਬਗ਼ਦਾਦ ਦੇ ਹਾਕਮ ਵੱਲੋਂ ਗੁਰੂ ਜੀ ਦੇ ਪੇਸ਼ ਕੀਤਾ ਗਿਆ ਲਿਖਿਆ ਹੈ। ਖਾਲਸਾ ਤਵਾਰੀਖ ਰਚਿਤ ਗਿਆਨੀ ਗਿਆਨ ਸਿੰਘ ਦੇ ਸਫਾ ੪੩੯ ਤੇ ੪੪੦ ਅਤੇ 'ਗੁਰਪੁਰ ਪ੍ਰਕਾਸ਼' ਗ੍ਰੰਥ ਦੇ ਵਿਚ ਦੱਸਿਆ ਹੈ ਕਿ ਬਗ਼ਦਾਦ ਦੇ ਹਾਕਮ ਦੇ ਘਰ ਕੋਈ ਸੰਤਾਨ ਨਹੀਂ ਸੀ, ਉਸ ਨੇ ਸਾਰੇ ਇਰਾਕ ਤੇ ਅਰਬ ਦੇ ਮੁਸਲਮਾਨ ਫਕੀਰਾਂ ਤੋਂ ਦੁਆਂ ਕਰਾਈਆਂ, ਆਸ ਪੂਰੀ ਹੋਣ ਤੇ ਉਹਨਾਂ ਨੂੰ ਕੈਦ ਕਰ ਦਿੱਤਾ, ਇਹ ਵਿਥਿਆ ਸੁਣ ਗੁਰੂ ਜੀ ਬਗ਼ਦਾਦ ਪੁੱਜੇ, ਹਾਕਮ ਚਰਨੀ ਡਿਗਾ। ਗੁਰੂ ਜੀ ਦੀ ਮੇਹਰ ਨਾਲ ਓਹਦੇ ਲੜਕਾ ਜਨਮਿਆਂ, ਬੇਗਮ ਨੇ ਇਕ ਚੋਲਾ ਜਿਸ ਤੇ ਅਰਬੀ ਲਿਖੀ ਹੈ ਗੁਰੂ ਜੀ ਦੀ ਭੇਟ ਕੀਤਾ (ਇਹ ਭੇਟਾ ਉਸੇ ਤਰ੍ਹਾਂ ਦੀ ਭੇਟਾ ਹੈ ਜਿਕੁਣ ਜਾਰਜ ਪੰਜਮ ਨੂੰ ਹਿੰਦ ਦੇ ਹਿੰਦੂ ਮੁਸਲਮਾਨਾਂ ਵਲੋਂ ਆਪਣੀਆਂ ਕਈ ਧਾਰਮਕ ਸ਼ੈਆਂ ਭੇਟਾ ਕੀਤੀਆਂ ਗਈਆਂ ਸਨ)। ਇਹ ਚੋਲਾ ਗੁਰੂ ਜੀ ਦੀ ਇਰਾਕ ਤੇ ਅਰਬ ਦੇ ਵਲੀਆਂ ਪੀਰਾਂ ਤੇ ਫਕੀਰਾਂ ਉਤੇ ਦਿਗਬਿਜੈ ਦੀ ਨਿਸ਼ਾਨੀ ਜਾਣ ਹੁਣ ਤਕ ਡੇਹਰਾ ਬਾਬਾ ਨਾਨਕ ਵਿਚ ਰੱਖਿਆ ਹੋਇਆ ਦੱਸੀਦਾ ਹੈ। ਜਿਸ ਚੋਲੇ ਦਾ ਜ਼ਿਕਰ ਇਥੇ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਹੈ, ਇਸ ਪਰ ਪੰਜ ਜ਼ਬਾਨਾਂ ਦੇ ਅੱਖਰ ਲਿਖੇ ਦੱਸੇ ਹਨ ਤੇ ਏਹ ਅਕਾਸ਼ੋਂ ਉਤਰਿਆ ਵਰਣਨ ਕੀਤਾ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਹ ਕਥਾ ਅਰਬ ਦੇ ਪਾਤਸ਼ਾਹ ਨਾਲ ਲਿਖੀ ਹੈ। ਸਤਿਗੁਰ ਜੀ ਦੇ ਬਗ਼ਦਾਦ ਜਾਣ ਤੇ ਓਥੋਂ ਦੇ ਪੀਰਾਂ ਨੂੰ ਸ਼ੁਭ ਮਤ ਦੇਣ ਬਾਬਤ, ਦੇਖੋ ਅਧਯਾਯ ੩੪ ਤੇ ਉਸ ਦੇ ਅੰਕ ੬੮ ਦੀ ਟੂਕ। ਵਿਸ਼ੇਸ਼ ਖੋਜ ਦੀ ਲੋੜ ਹੈ।

ਦੋਹਰਾ:

ਸੁਨਜੋ ਸ਼੍ਰੋਨ ਪਤਿਸ਼ਾਹਿ ਤਬ,
ਲੀਨ ਵਜ਼ੀਰ ਬੁਲਾਇ।
'ਵਹਿਰ ਏਕ ਦਰਵੇਸ਼ ਹੈ,
ਖ਼ਿਲਕ ਉਤਾਰਹੁ ਜਾਇ' ॥੧੧॥

ਚੌਪਈ:

ਆਇਸੁ ਮਾਨੀ ਚਲਜੋ ਵਜ਼ੀਰੰ।
ਆਯੋ ਸ਼੍ਰੀ ਨਾਨਕ ਕੇ ਤੀਰੰ।
ਠਾਂਢੇ ਹ੍ਵੈ ਕਰਿ ਗਿਰਾ ਉਚਾਰੀ।
'ਦਿਹੁ ਖਿਲਕਾ ਦਰਵੇਸ਼ ਉਤਾਰੀ ॥੧੨॥
ਪਾਤਿਸ਼ਾਹਿ ਮੰਗਵਾਵਤਿ ਪਾਸੂ।
ਹੁਕਮ ਨ ਮੋਰੋ ਦੇ ਦੁਖ ਰਾਸੂ।'
ਸੁਨਿ ਕੈ ਸ਼੍ਰੀ ਗੁਰ ਬੈਨ ਉਚਾਰੇ।
'ਜੇ ਉਤਰੈ ਤੌ ਲੇਹੁ ਉਤਾਰੇ' ॥੧੩॥
ਮਿਲਿ ਕਰਿ ਸਭੈ ਉਤਾਰਨ ਆਏ।
ਉਤਰਜੋ ਨਹੀਂ ਜੋਰ ਬਹੁ ਲਾਏ।
ਖੈਂਚਜੋ ਖਿਚੈ ਨ ਪਾਟਜੋ ਪਟਿ ਹੈ[1]।
ਅਚਰਜ ਭਏ ਲੋਕ ਸਭਿ ਲਟਿ ਹੈਂ[1] ॥੧੪॥
ਸ਼ਾਹ ਸੁਨੀ ਇਸ ਬਿਧਿ ਸੁਧ ਜਬ ਹੀ।
ਕਿਯੋ ਕ੍ਰੋਧ ਬੋਲਜੋ ਬਚ ਤਬ ਹੀ।

[1]ਨਾਂ ਹੀ ਪਾਟਿਆ ਫਟਦਾ ਹੈ।

[1]ਹਾਰ ਗਏ (ਅ) ਮੁੜ ਗਏ।

'ਯਾ ਮਹਿਂ ਸਭਿ ਹਿੰਦੂ ਕੇ ਲੱਛਨ।
ਡੋਬਹੁ† ਅਬ ਕੇ ਜਾਇ, ਬਿਚੱਛਨ![1]' ॥੧੫॥

[1]ਹੇ ਚਤੁਰੋ!। †ਪਾ:-ਮਾਰਹੁ।

ਦੋਹਰਾ:
ਸੁਨਿ ਵਜ਼ੀਰ ਗੁਰ ਢਿਗ ਅਯੋ, ਅਤਿਸ਼ੈ ਰਿਸ ਕਰਿ ਸੋਇ।
ਗਹਿ ਗੰਭੀਰ ਸਰਿਤਾ[1] ਬਿਖੈ, ਡਾਰਿ ਦਿਯੋ ਬਹੁ ਲੋਇ[2] ॥੧੬॥

[1]ਡੂੰਘੀ ਨਦੀ। [2]ਬਹੁਤੇ ਲੋਕਾਂ ਨੇ।

ਚੌਪਈ:
ਸੋ ਖਿਲਕਾ ਭੀਜਤਿ ਨਹਿਂ ਭਯੋ।
ਕਨਕੋ ਨੀਰ[1] ਨ ਤਾਂ ਕੋ ਛੁਯੋ।
ਨਿਕਸਿ ਨਦੀ ਤੇ ਗੁਨੀ ਗਹੀਰਾ।
ਬੈਠੇ ਵਹਿਰ ਤਿਸੀ ਕੇ ਤੀਰਾ ॥੧੭॥

[1]ਇਕ ਕਿਣਕਾ ਬੀ ਜਲ ਦਾ।

ਪਿਖੈਂ ਤਮਾਸ਼ੇ ਨਰ ਤਿਹ ਕਾਲਾ।
ਅਚਰਜ ਮਾਨਜੋ ਰਿਦੈ ਬਿਸਾਲਾ।
ਪਾਤਿਸ਼ਾਹ ਕੋ ਖਬਰ ਸੁਨਾਈ।
'ਬੂਡਤਿ ਨਹਿਂ ਬਹੁ ਕੀਨ ਉਪਾਈ' ॥੧੮॥
ਸ਼ਾਹਿ ਕਹੈ 'ਪਾਵਕ ਮਹਿਂ ਜਾਰੋ[1]।
ਲੇ ਕਾਸ਼ਟ ਬਹੁ ਊਪਰ ਡਾਰੋ।'
ਸੁਨਿ ਵਜ਼ੀਰ ਤਬ ਬਹੁਰ ਸਿਧਾਰਾ।
ਕਾਸ਼ਟ ਕੋ ਬਡ ਲਾਇ ਅੰਬਾਰਾ ॥੧੯॥

[1]ਸਾੜੋ।

ਦੋਹਰਾ:
ਬੀਚ ਬਸਾਏ ਸਤਿਗੁਰੂ, ਚਹੁੰ ਦਿਸ਼ਿ ਦੀਨਿ ਲਗਾਇ।
ਆਂਚ[1] ਰੋਮ ਕੋ ਨਹਿਂ ਲਗੀ, ਅਗਨਿ ਗਈ ਸਿਤਲਾਇ[2] ॥੨੦॥

[1]ਸੇਕ, ਅੱਗ। [2]ਠੰਢੀ ਹੋ ਗਈ ਅੱਗ।

ਚੌਪਈ:
ਕਾਸ਼ਟ ਭਸਮ ਭਏ ਤਿਸ ਥਾਈਂ।
ਸਤਿਗੁਰ ਬੈਠੇ ਬੀਚ ਸੁਹਾਈ।
ਸੁਨੀ ਖ਼ਬਰ ਕੋਪਾ ਪਤਿਸ਼ਾਹੂ।
'ਏਹੁ ਫਕੀਰ ਚੇਟਕੀ ਆਹੂ ॥੨੧॥

ਮਮ ਹਦੂਰ ਕਰਿ ਮਾਰਹੁ ਅਬ ਹੀ।
ਅਸ ਕਹਿ ਚਲਿ ਆਯੋ ਢਿਗ ਤਬ ਹੀ।
ਬਹੁ ਪਾਹਨ ਕੇ ਤੇਰੇ ਦਬਾਯੋ।
ਭਾਰ ਸਹਸ ਮਣ[1] ਊਪਰਿ ਪਾਯੋ ॥੨੨॥ [1]ਹਜ਼ਾਰਾਂ ਮਣ।
ਇਉਂ ਦਬਾਇ ਕਰਿ ਸਦਨ ਸਿਧਾਰੇ।
'ਅਬ ਮਰਿ ਜੈ ਹੈ' ਬਚਨ ਉਚਾਰੇ।
ਭੋਰ ਭਈ ਪੁਨ ਤਿਸੀ ਸਥਾਨਾ।
ਆਨਿ ਬਿਰਾਜੇ ਕ੍ਰਿਪਾ ਨਿਧਾਨਾ ॥੨੩॥
ਨਰ ਬਿਲੋਕਿ ਹਿਰਦੇ ਬਿਸਮਾਏ।
-ਇਹ ਫਕੀਰ ਗਤਿ ਜਾਨਿ ਨ ਜਾਏ-।
ਪਾਤਿਸ਼ਾਹਿ ਕੇ ਜਾਇ ਅਗਾਰੀ।
ਸੁਧ ਮਾਨਵ ਨੈ ਤਬੈ ਉਚਾਰੀ ॥੨੪॥
'ਜਹਿਂ ਸਾਥੀ ਜੁਗ[1] ਤਿਹ ਥਾਂ ਬੈਸਾ।' [1]ਦੋ।
ਚੱਕ੍ਰਿਤ ਭਯੋ ਬੈਨ ਸੁਨਿ ਐਸਾ।
'ਯਾ ਖ਼ੁਦਾਇ ਕਜਾ ਭਯੋ ਸਿਰਾਰਾ[1]। [1]ਇਸਰਾਰ=ਭੇਦ।
ਮੰਤ੍ਰਿਨ[1] ਮਿਲ ਕਰਿ ਕੀਨ ਉਚਾਰਾ ॥੨੫॥ [1]ਵਜ਼ੀਰਾਂ ਨਾਲ।
ਜੇ ਬੈਠੇ ਤਿਹ ਢਿਗ ਦਾਨਾਇ।
ਕਹਿਨ ਲਗੇ 'ਇਹ ਰੂਪ ਖ਼ੁਦਾਇ।
ਔਰਨ ਮਹਿਂ ਅਜ਼ਮਤ ਨਹਿਂ ਏਤੀ।
ਤਿਹ ਪਦ ਪੂਜਹੁ ਸ਼ਰਧਾ ਸੇਤੀ ॥੨੬॥
ਕਰਿ ਉਪਾਇ ਤੁਮ ਸਭਿ ਪਚਹਾਰੇ[1]। [1]ਖਪਕੇ ਥੱਕ ਗਏ।
ਮਾਰਜੋ ਮਰਤਿ ਨ ਕਿਸੀ ਪ੍ਰਕਾਰੇ।
ਹੋਇ ਅਧੀਨ ਗਹਉ ਪਦ ਜਾਈ।
ਖਤਾ ਲੇਉ ਅਪਨੀ ਬਖਸ਼ਾਈ' ॥੨੭॥
ਅਜ਼ਮਤ ਦੇਖਿ ਬਚਨ ਕੋ ਸੁਨਿ ਕੈ।
ਕੰਪਜੋ ਪਾਤਿਸ਼ਾਹ ਭੈ ਮਨਿਕੈ।
-ਬਹੁਤ ਅਵੱਗਜਾ ਕੀਨੀ ਮੋਹੀ[1]। [1]ਮੈਂ।
ਸਰਬ ਵਿਲਾਇਤ ਗ਼ਰਕ ਨ ਹੋਹੀ- ॥੨੮॥
ਅਨਿਕ ਉਪਾਇਨ ਕਰ ਮਹਿਂ ਧਾਰੀ।
ਲੇ ਕਰਿ ਗਮਨਜੋ ਗੁਰੂ ਅਗਾਰੀ।

ਮੇਚਕ[1] ਰੰਗ ਮਹਾਂ ਜਿਸ ਕੇਰੋ। [1]ਕਾਲਾ।
ਭੈ ਕਰਿ ਕੈ ਮਨ ਦੀਨ ਘਨੇਰੋ ॥੨੯॥
ਆਇ ਚਰਨ ਪੰਕਜ ਲਪਟਾਯੋ।
ਹਾਥ ਬੰਦਿ ਕੈ ਬਚਨ ਅਲਾਯੋ।
'ਮੈਂ ਬਹੁਤੀ ਕੀਨੀ ਤਕਸੀਰੰ[1]। [1]ਭੁੱਲਾ।
ਬਖਸ਼ੋ ਅਬ ਤੁਮ ਗੁਨੀ ਗਹੀਰੰ ॥੩੦॥
ਪੀਰਨ ਪੀਰ ਕਿ ਆਪ ਖ਼ੁਦਾਇ।
ਹੋ ਪ੍ਰਛਿੰਨ[1] ਨ ਪਰਹੁ ਲਖਾਇ[2]। [1]ਗੁਪਤ। [2]ਜਾਣੇ ਨਹੀਂ ਜਾਂਦੇ।
ਰਾਵਰ ਕੀ ਰਜਾਇ ਉਰ ਧਰਿਊਂ।
ਬਹੁਰ ਅਵੱਗਜਾ ਫੇਰ[†] ਨ ਕਰਿਊਂ ॥੩੧॥ [†]ਪਾ:-ਐਸ।
ਭਾ ਅਨਜਾਨਪਨੇ ਮਹਿਂ ਦੋਸ਼ਾ।
ਕਰਹੁ ਮਿਹਰ ਪਰਹਰਿ ਉਰ ਰੋਸਾ[†]।' [†]ਪਾ:-ਅਬ ਹਰਹੁ ਸੁ ਰੋਸਾ।
ਦੀਨ ਦੇਖਿ ਕਰਿ ਦੀਨ ਦਯਾਲਾ।
ਕਹਜੋ ਕਰਨ ਉਪਕਾਰ ਬਿਸਾਲਾ ॥੩੨॥

ਦੋਹਰਾ:

'ਨਰ ਮਾਰਨ ਜੇ ਪਰਹਰੈਂ, ਤੌ ਤੂੰ ਬਖਸ਼ਜਾ ਜਾਇਂ।
ਨਹਿਂ ਤਜਾਗੇ, ਦੁਖ ਪਾਇ ਹੈਂ; ਦੋਜ਼ਖ ਮਿਲੈ ਸਜ਼ਾਇ' ॥੩੩॥

ਚੌਪਈ:

ਲਾਜਬਰਦ[1] ਸੁਨਿ ਬੈਨ ਅਲਾਯੋ। [1]ਰਾਜੇ ਦਾ ਨਾਉਂ ਹੈ।
{ਲਾਜਵਰਦ}
'ਜਬ ਕੋ ਤੁਮਰੇ ਪਗ ਲਪਟਾਯੋ।
ਤ੍ਰਿਨ[1] ਤੋਰਨ ਕੀ ਸ਼ਕਤਿ ਨ ਰਹੀ। [1]ਤਿਨਕਾ ਤੀਲਾ।
ਔਰ ਕਹਉ ਜੋ ਕਰਿ ਹੌਂ ਸਹੀ' ॥੩੪॥
[1] 'ਜੇ ਤੈਂ ਹਮਰੀ ਆਇਸੁ ਮਾਨੀ। [1]ਗੁਰੂ ਜੀ ਨੇ ਕਿਹਾ:-।
ਸੱਤਿਨਾਮ ਸਿਮਰਹੁ ਸੁਖਦਾਨੀ।
ਕਰਿ ਅਹਾਰ ਕੋ ਹੇਤੁ ਖ਼ੁਦਾਇ।
ਦੇਸ਼ ਆਪਨੇ ਦੇਗ ਚਲਾਇ ॥੩੫॥
ਭੁਖਾ ਰਹਿਨ ਨ ਕੋਊ ਪਾਵੈ।
ਬਸਤ੍ਰ ਸੁ ਦੇਹੁ ਨਗਰ ਜੋ ਆਵੈ।

ਆਜਜ਼ ਕੀ ਪਰਵਰਸ਼ ਕਰੀਜੈ।
ਕਲਮਲ ਕਰਨੇ ਸਭਿ ਤਜਿ ਦੀਜੈ'
॥੩੬॥
ਮਾਨਿ ਬਚਨ ਕੀਨੋ ਸੋ ਕਾਮੂ।
ਸਿਮਰਨ ਕਰਨ ਲਗਾ ਸਤਿਨਾਮੂ।
ਪੀਰ ਕਰਯੋ† ਸ੍ਰੀ ਨਾਨਕ ਤਾਂਹੀ।
ਭਯੋ ਮੁਰੀਦ ਸੇਵ ਚਿਤ ਚਾਹੀ ॥੩੭॥
ਕੇਤਿਕ ਦਿਵਸ ਬਸੇ ਤਿਹ ਪੁਰਿ ਮੈਂ।
ਪਸਰਯੋ ਸੁਜਸੁ ਸਰਬ ਘਰ ਘਰ ਮੈਂ।
ਹੋਵਨ ਲਗੀ ਅਤਿਥਿ ਕੀ ਸੇਵਾ।
ਜਪਹਿਂ ਨਾਮ ਸ੍ਰੀ ਅਲਖ ਅਭੇਵਾ
॥੩੮॥
ਏਕ ਦਿਵਸ ਬੈਠੇ ਜਗ ਸਾਈਂ।
ਸ੍ਰੀ ਅੰਗਦ ! ਮੈਂ ਗਿਰਾ ਅਲਾਈ।
'ਰਾਮ ਚੰਦ੍ਰ ਸ੍ਰੀ ਪ੍ਰਭੁ ਅਵਤਾਰਾ†।
{ਰਾਮਚੰਦ੍ਰ ਦੀ ਕਥਾ}
ਦੈਤਨ ਕੋ ਕੁਲ ਜਾਂਹਿ ਸੰਘਾਰਾ[1] ॥੩੯॥
ਲੰਕਾ† ਹੁਤੀ ਉਦਧਿ[1] ਕੇ ਮਾਂਹੀ।

†ਪਾ:-ਕਹੇ, ਕਰੇ।

†ਇਹ ਪ੍ਰਭੂ ਦਾ ਅਵਤਾਰ ਕਵਿ ਜੀ ਬਾਲੇ ਮੁਖੋਂ ਕਹਾ ਰਹੇ ਹਨ, ਗੁਰਮਿਤ ਵਿਚ ਪ੍ਰਭੂ ਅਜੋਨੀ ਹੈ।

[1]ਜਿਸਨੇ ਦੈਂਤਾਂ ਦਾ ਕੁਲ ਨਾਸ਼ ਕੀਤਾ।

[1]ਸਮੁੰਦਰ।

†ਲੰਕਾ, ਉਸੇ ਟਾਪੂ ਨੂੰ ਦੱਸਦੇ ਹਨ ਜਿਸ ਨੂੰ ਸੰਗਲਾਦੀਪ, ਸੀਲੋਨ, ਸ੍ਰਾਂਦੀਪ ਆਖਦੇ ਹਨ। ਹਕੀਕਤ ਰਾਹ ਮੁਕਾਮ ਵਿਚ ਦੱਸੇ ਨਾਗਾ ਬੰਦਰ ਯਾ ਨਾਗਾ ਪਟਨ ਤੋਂ ਇਸੇ ਟਾਪੂ ਨੂੰ ਜਹਾਜ਼ ਜਾਂਦਾ ਹੈ, ਜਾਪਾਪਟਨ (ਜਾਫਨਾ ਪਟਮ) ਇਸੇ ਟਾਪੂ ਦੇ ਉਤਰ ਵਿਚ ਬੰਦਰਗਾਹ ਹੈ, ਸ਼ਿਵਨਾਭ ਇਸੇ ਟਾਪੂ ਵਿਚ ਹੋਇਆ ਹੈ। ਸ਼ਿਵਨਾਭ ਤੋਂ ਮੁੜਕੇ ਹਿੰਦ ਵਿਚ ਅੱਪੜਕੇ ਤ੍ਰਿਯਾ ਰਾਜ ਆਏ, ਇਹ ਗੱਲ ਪਿੱਛੇ ਅਧ੍ਯਾਯ ੪੯ ਪੂਰਬਾਰਧ ਵਿਚ ਲਿਖ ਆਏ ਹਨ। ਹਕੀਕਤ ਰਾਹ ਮੁਕਾਮ ਵਿਚ ਤ੍ਰਿਯਾ ਰਾਜ ਬੰਦਰ ਤਜਾਵਰ (ਤੰਜੋਰ) ਬੀਜਾਪੁਰ ਆਦਿ ਦੇ ਨੇੜੇ ਦੱਸਿਆ ਹੈ, ਓਹ ਬੀ ਨਾਗਾਪਟਮ ਤੋਂ ਮੁਲਕ ਦੇ ਅੰਦਰ ਵਲ ਨੂੰ ਗਿਆਂ ਤੇ ਹੈ। ਫੇਰ ਸੇਤਬੰਦ ਰਾਮੇਸੁਰ ਜੋ ਲੰਕਾ ਦਾ ਪਤਾ ਬਾਲੇ ਵਾਲੀ ਸਾਖੀ ਵਿਚ ਦਿੱਤਾ ਹੈ, ਓਹ ਪੁਲ ਇਸੇ ਟਾਪੂ ਤੇ ਹਿੰਦ ਦੇ ਦੱਖਣੀ ਸਿਰੇ ਦੇ ਵਿਚਕਾਹੇ ਹੈ। ਇਸ ਟਾਪੂ ਸੰਗਲਾਦੀਪ ਦੇ ਵਿਚਕਾਹੇ ਜਹੇ ਅਨਰੁਧ ਪੁਰ ਨਾਮੇ ਨੱਗਰ ਦੇ ਖੰਡਰਾਤ ਵਿਚ ਹਿੰਦੂ ਲੋਕ ਰਾਵਨ ਦੀ ਰਾਜਧਾਨੀ ਦੱਸਦੇ ਹਨ। ਅੱਜ ਕਲ ਦੀ ਪੱਛਮੀ ਪੜਤਾਲ (ਪੁਰਾਤਨ ਇਤਿਹਾਸ ਦੀ) ਨੂੰ ਕੁਛਕ ਸੁਬਤ ਮਿਲੇ ਹਨ ਕਿ ਮੈਸੋਪੁਟਾਮੀਆਂ ਵਿਚ ਆਰਯ ਕੁਲ ਦਾ ਰਾਜ ੬ ਸਦੀਆਂ ਰਿਹਾ ਹੈ, ਮਿਤਾਨੀ ਤੇ ਕੱਸੀ ਦੋ ਜਾਤੀਆਂ ਸਨ, ਇਹ ਸੂਰਜਬੰਸੀ ਸਨ। ਸਮੁੰਦਰ ਦੇ ਰਸਤੇ ਇਹ ਸਿੰਧ ਤੇ ਸਿੰਧ ਤੋਂ ਪੰਜਾਬ ਆਉਂਦੇ ਰਹੇ ਸਨ, ਇਹਨਾਂ ਵਿਚ ਦਸਰਥ ਰਾਜਾ ਹੋਯਾ ਹੈ ੧੩੬੭ ਵਰਹੇ ਈਸਵੀਂ ਸੰਮਤ ਤੋਂ ਪਹਿਲਾਂ। ਫਿਰ ਆਸਰੀਆਂ (ਅਸੁਰਾਂ) ਤੇ ਹਿਤੀਆਂ (ਦੈਂਤਾਂ) ਨੇ ਇਹ ਰਾਜ ਤਬਾਹ ਕੀਤਾ ਤੇ ਇਨ੍ਹਾਂ ਆਰਯਾਂ ਨੇ ਸਿੰਧ ਵਿਚ ਆਕੇ ਜਾਨ ਬਚਾਈ ਤੇ ਰੋੜ੍ਹੀ ਦੀ ਰਾਜਧਾਨੀ ਬਧੀ। ਮੁਮਕਿਨ ਹੈ ਰਾਮਾਇਣ ਮੈਸੋਪੁਟਾਮੀਆ ਵਿਚ ਹੋਈ ਹੋਵੇ। ਅਜ ਕਲ ਜਾਵਾ ਟਾਪੂ ਵਿਚ ਕਈ ਨਿਸ਼ਾਨ ਮਿਲੇ ਹਨ, ਜਿਥੇ ਹਿੰਦੂ ਸ਼ੱਕ ਕਰਦੇ ਹਨ ਕਿ ਰਾਵਨ ਦੀ ਲੰਕਾ ਏਥੇ ਸੀ। (ਦੇਖੋ ਉਤਰਾਰ੍ਧ ਅਧ੍ਯਾਯ ੧੮ ਅੰਕ ੨੫ ਦੀ ਟੂਕ) ਪਤਾ ਨਹੀਂ ਕਿ ਸ੍ਰੀ ਗੁਰੂ ਸਾਹਿਬ ਜੀ ਏਸ ਟਾਪੂ ਬੀ ਗਏ ਹੋਣ।

ਮਾਰਗ ਜਾਨ ਤਹਾਂ ਕੋ ਨਾਹੀ।
ਗਿਰ ਤਰਾਇ ਤਹਿਂ ਸੇਤੁ ਬੰਧਾਵਾ।
ਸਭਿ ਕਪਿ ਕਟਕ[1] ਪਾਰ ਸੁ ਲੰਘਾਵਾ ॥੪੦॥ [1]ਬੰਦਰਾਂ ਦੀ ਸੈਨਾ।
ਹੈ ਅਵਲੋਕਨ ਲਾਲਸ ਮੋਹੀ।
ਕ੍ਰਿਪਾ ਧਾਰਿ ਦਿਖਰਾਵਹੁ ਓਹੀ' ॥
ਸੁਨਿ ਕੈ ਬੋਲੇ ਪਰਮ ਕ੍ਰਿਪਾਲਾ।
'ਤੁਮਰਾ ਕਹ੍ਯੋ ਕਰੋਂ ਹੌਂ ਬਾਲਾ' ॥੪੧॥
ਬਿਦਾ ਭਏ ਤਿਨ ਤੇ ਬਰਿਆਈ।
ਤਤਛਿਨ ਗਮਨ ਕੀਨ ਗਤਿਦਾਈ।
ਤੂਰਨ ਪਹੁੰਚੇ ਸਾਗਰ ਤੀਰੰ।
ਬੈਠਿ ਗਏ ਤਹਿਂ ਗੁਨੀ ਗਹੀਰੰ ॥੪੨॥
ਜਹਿਂ ਰਘੁਬੀਰ ਸੇਤੁ ਬੰਧਵਾਯੋ।
ਏਕ ਲਿੰਗ ਸ਼ਿਵ ਤਹਾਂ ਸੁਹਾਯੋ।
ਤਿਹ ਬਿਲੋਕਿ ਬੋਲ੍ਯੋ ਮਰਦਾਨਾ।
'ਕਿਸ ਪ੍ਰਕਾਰ ਸ਼ਿਵਲਿੰਗ ਸਥਾਨਾ? ॥੪੩॥
ਕਿਹ ਨੈ ਇਹ ਅਸਥਾਪਨ ਕੀਨੋ?
ਮਹਾਂ ਮਹਾਤਮ ਪੂਜਨ ਦੀਨੋ।
ਸਰਬ ਸੁਨਾਵਹੁ ਮੁਝੈ ਪ੍ਰਸੰਗਾ।
ਭੂਤ[1] ਭਵਿੱਖਜ[2] ਲਖਹੁ ਸਰਬੰਗਾ[3]' ॥੪੪॥ [1]ਪਿਛਲਾ। [2]ਅਗਲਾ। [3]ਸਾਰਾ ਹੀ।

ਦੋਹਰਾ:
ਸ੍ਰੀ ਨਾਨਕ ਬੋਲੇ ਬਚਨ, 'ਸੁਨਿ ਮਰਦਾਨੇ! ਗਾਥ।
ਰਾਮਚੰਦ੍ਰ ਆਏ ਇਹਾਂ, ਬਾਂਦਰ ਦਲ ਲੇ ਸਾਥ ॥੪੫॥

ਚੌਪਈ:
ਉਦਧਿ ਬਿਲੋਕਤਿ ਰਿਦੈ ਬਿਚਾਰਾ।
-ਇਸਕੇ ਜਾਵਹਿਂ ਕਿਹ ਬਿਧਿ ਪਾਰਾ-।
ਸਭਿ ਮਿਲਿ ਕਹ੍ਯੋ -ਬੰਧਾਵਹੁ ਸੇਤਾ-।
ਮਾਨ ਲੀਨ ਅਸ ਰਘੁ ਕੁਲ ਕੇਤਾ ॥੪੬॥

ਪ੍ਰਿਥਮੇ ਸ਼ਿਵ ਕੀ ਪੂਜਾ ਕੀਨੀ।
ਪੁਲ ਬਾਂਧਨ ਪੁਨ ਆਇਸੁ ਦੀਨੀ।
ਕਾਜ ਕਰਨ ਤੇ ਜੌਨ ਅਗਾਰੇ।
ਗੁਰ ਪੂਜਹਿੰ† ਹ੍ਵੈਂ ਪੁਰਖੁ ਸੁਖਾਰੇ‡ ॥੪੭॥

†ਇਥੇ ਆਪਣੇ ਗੁਰੂ ਦੇ ਪੂਜਨ ਤੋਂ ਕਵਿ ਦਾ ਮਤਲਬ ਹੈ, ਸਿੱਖਾਂ ਨੂੰ ਸ਼ਿਵ ਪੂਜਨ ਦਾ ਹੁਕਮ ਨਹੀਂ ਹੈ, ਇਸ ਵਿਸ਼ੇ ਪਰ ਗੁਰਬਾਣੀ ਵਿਚ ਸਰਬ ਪ੍ਰਕਾਰ ਦੇ ਬੁਤਾਂ ਮੂਰਤੀਆਂ ਦੇਵਤਿਆਂ ਦੀ ਪੂਜਾ ਮਨ੍ਹੇਂ ਹੈ ਤੇ ਕਵਿ ਜੀ ਬੀ ਪਿਛੇ ਦੇਵਤਿਆਂ ਦੀ ਪੂਜਾ ਮਨ੍ਹਾਂ ਕਰ ਆਏ ਹਨ। ‡ਪਾ-ਗੁਰੁ ਪੂਜਨ ਹ੍ਵੈ ਪੂਰ ਸੁਖਾਰੇ।

ਤਬ ਕੋ ਇਹ ਸਿਵਲਿੰਗ ਸੁਹਾਵਾ†।
ਰਘੁਬਰ ਕੀਨ ਸਥਾਪਨ ਭਾਵਾ[1]।
ਪਾਹਨ ਪਰ ਲਿਖਿ ਕਰਿ ਨਿਜ ਨਾਮੂ।
ਸੇਤੁ ਬਾਂਧਿ ਲੀਨੋ ਅਭਿਰਾਮੂ' ॥੪੮॥

†ਸ਼ਿਵ ਪੂਜਨ-ਗੁਰਮਤ ਵਿਚ ਮਨ੍ਹੇ ਹੈ।
[1]ਪ੍ਰੇਮ ਸਹਤ।

ਮਰਦਾਨਾ ਕਹਿ 'ਭਾ ਸੰਦੇਹੂ।
ਕਿਉਂ ਰਘੁਬੀਰ ਕੀਨ ਕ੍ਰਿਤ ਏਹੂ?
ਸਰਬ ਭਾਂਤਿ ਸਮਰੱਥ ਗੁਸਾਈਂ।
ਆਪ ਹੁਤੇ ਠਾਂਢੇ ਜਿਹ ਥਾਈਂ ॥੪੯॥
ਕਿਉਂ ਤਹਿਂ ਸ਼ਿਵ ਅਭਿਖੇਕਨ[1] ਕੀਨਾ।
ਇਕ ਸੰਸੈ ਮੁਝ ਏਹੁ ਪ੍ਰਬੀਨਾ!
ਅਪਨੋ ਲਿਖਿ ਕਰਿ ਨਾਮ ਬਹੋਰੀ।
ਤਾਰੇ ਪਾਹਨ ਰਾਖੇ ਜੋਰੀ[1] ॥੫੦॥

[1]ਪੂਜਨ।
[1]ਜੋੜਕੇ।

ਇਸ ਪ੍ਰਕਾਰ ਕਿਉਂ ਕੀਨ ਪ੍ਰਯਾਸਾ[1]।
ਉਰ ਸੰਸੇ ਦ੍ਵੈ[1] ਦੇਹੁ ਬਿਨਾਸਾ।
ਹ੍ਵੈ ਬਲ ਹੀਨੇ ਇਉਂ ਬਨਿ ਆਈ।
ਅਪਰ ਅਲੰਬ ਪਾਇ ਕਰਿ ਜਾਈ[1]' ॥੫੧॥

[1]ਯਤਨ।
[1]ਦੋ।
[1]ਭਾਵ, ਜੋ ਆਪ ਬਲਹੀਨ ਹੋਵੇ ਉਹ ਦੂਜੇ ਦਾ ਆਸਰਾ ਪ੍ਰਾਪਤ ਕਰਦਾ ਹੈ।

ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ।
'ਉੱਤਰ ਸੁਨਹੁ ਕਾਨ ਮਰਦਾਨਾ!
ਭਗਤਿ[1] ਨਾਮ ਕੀ ਬਡ ਬਡਿਆਈ।
ਸੁਰ ਨਰ ਸਭਿ ਮਹਿਂ ਆਪ ਰਖਾਈ ॥੫੨॥

[1]ਭਗਤਾਂ ਦੇ।

ਸਭਿ ਭਗਤਨ ਮਹਿਂ ਸ਼ੰਭੁ ਮਹਾਨਾ।
ਆਠੋਂ ਜਾਂਮ ਧਰਹਿ ਉਰ ਧਜਾਨਾ।

ਬਿਸ਼ਨੁ ਸਤੋ ਗੁਨ ਉੱਜਲ ਰੰਗਾ।
ਕਰਤਿ ਧਯਾਨ, ਸਿਤ[1] ਭਾ ਸਰਬੰਗਾ[2] ॥੫੩॥ [1]ਚਿੱਟਾ। [2]ਸਾਰੇ ਅੰਗਾਂ ਕਰਕੇ।
ਤਮ ਗੁਨ ਸ਼ਯਾਮ ਸੁ ਸ਼ਿਵ ਬੱਖਯਾਤੀ।
ਬਿਸ਼ਨੁ ਧਯਾਨ ਕਰਿ ਹੀ ਦਿਨੁ ਰਾਤੀ।
ਸ਼ਯਾਮ ਰੂਪ ਭਾ ਕਾਰਨ ਏਹੀ।
ਭੇ ਬਿਪਰੀਤ[1] ਰੰਗ ਦੁਊ ਦੇਹੀ ॥੫੪॥ [1]ਉਲਟ।
ਇਨ ਮਹਿਂ ਭੇਦ ਨ ਰੰਚਕ[1] ਜਾਨੋ। [1]ਥੋੜਾ।
ਦ੍ਵੈ ਸਰੂਪ ਇਕ ਜੋਤਿ ਪਛਾਨੋ[1]†। [1]ਭਾਵ ਸ਼ਿਵ ਤੇ ਵਿਸ਼ਨੂੰ ਇਕ ਰੂਪ ਹੋ ਗਏ।

†ਹਿੰਦੂ ਮਤ ਦੇ ਓਹ ਫਿਰਕੇ ਜੋ ਇਸ਼ਟ ਭੇਦ ਤੇ ਆਪੋ ਵਿਚ ਲੜਦੇ ਨਹੀਂ, ਉਨ੍ਹਾਂ ਦਾ ਮੱਤ ਦੱਸਿਆ ਹੈ ਕਵਿ ਜੀ ਨੇ, ਇਹ ਗੁਰੂ ਜੀ ਦਾ ਆਪਣਾ ਸਿਧਾਂਤ ਨਹੀਂ ਵਰਣਨ ਹੋਇਆ।

ਅਬ ਸੁਨਿ ਨਾਮ ਲਿਖਯੋ ਜਿਉਂ ਕਹੋਂ।
ਤੇਰੇ ਉਰ ਕਾ ਸੰਸਾ ਦਹੋਂ ॥੫੫॥
ਰੂਪ[1] ਦੇਖਿ ਉਧਰੇ ਹੈਂ ਥੋਰੇ। [1]ਭਾਵ ਨਾਮੀ ਦਾ ਰੂਪ।
ਜਪਤ ਨਾਮ ਕੋ ਤਰੇ ਕਰੋਰੇ[1]। [1]ਕਰੋੜਾਂ।
ਨਾਮੀ ਤੇ ਹੈ ਨਾਮ ਬਡਾਈ[1]। [1]ਵੱਡਾ ਹੈ।
ਮਹਿਮਾ[1] ਆਪਹਿ ਰਾਮ ਲਖਾਈ[2] ॥੫੬॥ [1]ਏਹ ਮਹਿਮਾ। [2]ਪ੍ਰਗਟ ਕੀਤੀ ਹੈ।
ਬਾਂਧਿ ਸੇਤੁ ਪੁਨ ਕੀਨ ਪਯਾਨਾ।
ਹਨੇ ਦੈਤ ਜਿਨ ਮਨਿ ਅਭਿਮਾਨਾ।'
ਸੁਨਿ ਮਰਦਾਨਾ ਬੂਝਨ ਲਾਗਾ।
'ਰਘੁਬਰ ਕਥਾ ਸੁਨਨ ਅਨੁਰਾਗਾ ॥੫੭॥
ਬਾਂਧਿ ਉਦਧਿ ਕਿਉਂ ਪਾਰ ਪਧਾਰੇ?
ਲੰਕ ਬਿਖੈ ਕਿਉਂ ਦੈਤ ਸੰਘਾਰੇ।
ਸਰਬ ਪ੍ਰਸੰਗ ਸੁਨਾਵਹੁ ਮੋਹੀ।
ਰਾਵਰ ਤੇ ਕੁਛ ਗੁਪਤ ਨ ਹੋਹੀ' ॥੫੮॥
ਸੁਨਿ ਕੈ ਬੋਲੇ ਪਰਮ ਪ੍ਰਬੀਨਾ।
†'ਇਕ ਦਸਰਥ ਨ੍ਰਿਪ ਹੁਤੋ ਕੁਲੀਨਾ।

†ਹੁਣ ਕਵਿ ਜੀ ਰਾਮਾਇਣ ਦਾ ਸਾਰ ਬਿਆਨ ਕਰਨ ਲਗੇ ਹਨ ਤੇ ਰਾਮਾਇਣ ਦੀ ਕਥਾ ਕਵਿ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਮੁਖੋਂ ਦਿੱਤੀ ਹੈ। ਇਸ ਨੂੰ ਗੁਰੂ ਮੁਖੋਂ ਉਚਰੀ ਨਹੀਂ ਸਮਝਣਾ ਚਾਹੀਏ। ਕਵਿ ਜੀ ਆਪ ਬਾਲਮੀਕ ਰਾਮਾਇਣ ਦੇ ਅਨੁਵਾਦ ਕਰਤਾ ਹਨ।

ਤ੍ਰੈ ਰਾਨੀ ਤਿਹ ਲੀਨ ਬਿਵਾਹੀ।
ਕੌਸਲਯਾ, ਕੈਕੇਈ ਆਹੀ ॥੫੯॥

ਬਹੁਰ ਸੁਮਿੱਤ੍ਰਾਂ ਜਾਨਹੁ ਨਾਰੀ।
ਤਿਨ ਤੇ ਜਨਮਤਿ ਭੇ ਸੁਤ ਚਾਰੀ[1]। [1]ਚਾਰ।
ਜੇਸ਼ਟ[1] ਕੌਸ਼ਲਜਾ ਤੇ ਰਾਮੂ। [1]ਵੱਡਾ।
ਕਿਕਈ ਕੇਰ ਭਰਤ ਭਾ ਨਾਮੂ ॥੬੦॥
ਲਛਮਨ ਬਹੁਰ ਸ਼ੱਤ੍ਰੂਘਨ ਜੋਊ।
ਜਨੇ ਸੁਮਿੱਤ੍ਰਾ ਨੰਦਨ[1] ਦੋਊ। [1]ਪੁੱਤ੍ਰ।
ਕਾਮ ਸਮਾਨ ਰੂਪ ਜਿਨ ਕੇਰੇ।
ਖੇਲਤਿ ਹੋਤਿ ਸਰੀਰ ਬਡੇਰੇ ॥੬੧॥
ਬਿਸ੍ਵਾਮਿੱਤ੍ਰ ਹੁਤੋ ਮੁਨਿਰਾਈ[1]। [1]ਵੱਡਾ ਰਿਖੀ।
ਜੱਗ ਕਰਨ ਤਿਨ ਸੌਂਜ ਬਨਾਈ।
ਬਿਘਨ ਕੀਨ ਤਬ ਦੈਂਤਨ ਆਈ।
ਮਖ[1] ਕਰਿਨੇ ਤੇ ਦੀਨ ਹਟਾਈ ॥੬੨॥ [1]ਯੱਗ।
ਬੈਠਿ ਮੁਨੀਸ਼ੁਰ ਕੀਨੋ ਧਯਾਨਾ।
ਜਗਤ ਸਰਬ ਬਿਰਤੰਤ ਪਛਾਨਾ।
ਰਾਵਨ ਤੇ ਦੇਵਨ ਦੁਖ ਪਾਈ।
ਗਏ ਅਕਾਲ ਪੁਰਖੁ ਸ਼ਰਨਾਈ ॥੬੩॥
ਭਾਖਿ ਪ੍ਰਸੰਸਾ ਬਿਨਤੀ ਕੀਨੀ।
ਸ਼੍ਰੀ ਕਰਤਾਰ ਸਰਬ ਜਬ ਚੀਨੀ।
ਤਬ ਸ਼੍ਰੀ ਬਿਸ਼ਨੁ ਧਰਯੋ ਅਵਤਾਰਾ।
ਦੈਂਤ ਸਰਬ ਕੋ ਕਰਹਿ ਸੰਘਾਰਾ ॥੬੪॥
ਕਰਿ ਕੈ ਧਯਾਨ ਲਖਯੋ ਅਸ ਜਬ ਹੀ।
ਅਯੋ ਅਯੁੱਧਯਾ ਮੁਨਿਵਰ ਤਬ ਹੀ।
ਨ੍ਰਿਪ ਨੈ ਸਨਮਾਨਯੋ ਕਰਿ ਬੰਦਨ।
ਕੀਨੋ ਜਾਚਨ ਜੇਸ਼ਟ ਨੰਦਨ ॥੬੫॥
ਲੇ ਨ੍ਰਿਪ ਤੇ ਰਘੁਬਰ ਬਰਿਆਈ।
ਆਸ਼੍ਰਮ ਗਮਨਯੋ ਹਰਖ ਬਢਾਈ।
ਮਾਰਗ ਬਿਖੈ ਤਾਰਕਾ[1] ਮਾਰੀ। [1]ਇਕ ਰਾਖਸ਼ਨੀ।
ਦੋਇ ਦੈਂਤ ਆਏ ਬਲਿ ਭਾਰੀ ॥੬੬॥
ਬਿਨ ਫਰ ਸਰ[1] ਮਰੀਚਕੈ ਮਾਰਾ। [1]ਨੋਕ ਬਿਨਾਂ ਤੀਰ।
ਜਾਇ ਪਰਯੋ ਲੰਕਾ ਕੇ ਦ੍ਵਾਰਾ।
ਹਨਯੋ ਸੁ ਬਾਹੁ[1] ਰਾਮ ਪੁਨ ਤੂਰਨ। [1]ਨਾਮ ਹੈਂ ਦੈਂਤ ਦਾ।
ਰਿਖਿਵਰ ਕੀਨੋ ਮੱਖ ਸੰਪੂਰਨ ॥੬੭॥

ਤਿਹਂ ਛਿਨ ਜਨਕ ਦੂਤ ਚਲਿ ਆਵਾ।
ਸੁਤਾ ਸੁਯੰਬਰ[1] ਜਾਂਹਿ[2] ਰਚਾਵਾ। [1]ਆਪੇ ਪਤੀ ਚੁਣਨ ਦੀ ਰਸਮ। [2]ਜਿਸ ਨੇ।
ਲੀਨ ਮੁਨੀ ਸੰਗਿ ਦੋਨੋ ਭਾਈ।
ਗਯੋ ਬਿਦੇਹਿ ਨਗਰ[1] ਜਿਹ ਥਾਈਂ ॥੬੮॥ [1]ਜਨਕ ਦੇ ਨਗਰ।
ਤਹਿਂ ਬਹੁ ਭੂਪਨ ਭਯੋ ਸਮਾਜਾ।
ਧਨੁ ਤੋਰਨ[1] ਕੋ ਸਰਜੋ ਨ ਕਾਜਾ। [1]ਧਨੁਖ ਤੋੜਨ।
ਮੁਨਿ ਰਜਾਇ ਤੇ ਉਠੇ ਰਘ੍ਵੇਸ਼ਾ[1]। [1]ਰਾਮ ਚੰਦ੍ਰ ਜੀ।
ਭੰਜਯੋ ਚਾਂਪਹਿ ਪਿਖਤਿ ਨਰੇਸ਼ਾ[1] ॥੬੯॥ [1]ਰਾਜਿਆਂ ਦੇ ਦੇਖਦਿਆਂ ਧਨੁਖ ਤੋੜਿਆ।
ਜਨਕ ਸੁਤਾ ਸੀਤਾ ਜਿਹ ਨਾਮੂ।
ਫੂਲ ਮਲ ਡਾਰੀ ਗਰ ਰਾਮੂ[1]। [1]ਗਲ-ਰਾਮ ਚੰਦ੍ਰ ਜੀ ਦੇ।
ਬਹੁਰੋ ਦਸ਼ਰਥ ਲੀਨ ਬੁਲਾਈ।
ਸਜਿ ਬਰਾਤ ਆਏ ਤਿਹ ਥਾਈਂ ॥੭੦॥
ਚਾਰੁ ਪੁੱਤ੍ਰ ਕੋ ਕੀਨ ਬਿਵਾਹਾ।
ਭਾ ਤਿਹ ਛਿਨ ਅਤਿਸ਼ੈ ਉਤਸਾਹਾ।
ਨਗਰ ਅਯੁੱਧਜਾ ਪੁਨਿ ਚਲਿ ਆਏ।
ਕਿਤਿਕ ਦਿਵਸ ਬਸਿ ਜਬੈ ਬਿਤਾਏ ॥੭੧॥
ਭਰਤ ਬਿਦੇਸ਼ ਕੀਨ ਤਬ ਗਵਨੰ।
ਰਘੁਬਰ[1] ਰੁਚਿਰ ਬਿਰਾਜਹਿਂ ਭਵਨੰ[2]। [1]ਰਾਮ ਜੀ। [2]ਘਰ ਵਿਚ।
ਦਸ਼ਰਥ ਅਪਨ ਅਵਸਥਾ ਦੇਖੀ।
-ਦੇਉਂ ਰਾਜ ਸੁਤ[1]- ਚਾਹਿ ਵਿਸ਼ੇਖੀ ॥੭੨॥ [1]ਪੁੱਤ੍ਰ ਨੂੰ।
ਅਭਿਖੇਕਨ[1] ਕੋ ਸਮਾਂ ਬਿਚਾਰੀ। [1]ਰਾਜ ਤਿਲਕ।
ਸਰਬ ਸੌਂਜ ਕੀਨੀ ਜਬ ਤਯਾਰੀ।
ਸੁਨਤਿ ਕੈਕਈ ਕੋ ਮਨ ਛੋਭਾ[1]। [1]ਖੋਭ ਹੋਯਾ।
ਰਾਜ ਲੇਨਿ ਸੁਤ ਕੋ ਭਾ ਲੋਭਾ ॥੭੩॥
ਜਬ ਭੂਪਤਿ ਤਿਹ ਭਵਨ ਪਧਾਰਾ।
ਰਹੀ ਰੂਠਿ ਨਹਿਂ ਬਚਨ ਉਚਾਰਾ।
ਬਿਸਮਾਨਯੋ ਨ੍ਰਿਪ ਲਖਿ ਭੈ ਨਾਰੀ।
-ਚੰਦ ਬਦਨ! ਹੇ ਪ੍ਰਾਨ ਪਿਆਰੀ! ॥੭੪॥

ਚਹਹੁ ਜੁ ਲੇਹੁ ਕਰਹੁ ਕਿਉਂ ਰੋਸੂ।
ਕਿਹ ਨੈ ਕੀਨ ਆਜ ਤਵ ਦੋਸ਼ੂ-।
ਸੁਨਿ ਕੈ ਬੋਲੀ ਲਾਲਸ ਮਨ ਕੀ।
-ਪ੍ਰਤਿਪਾਲਾ ਕਰਿ ਅਪਨ ਬਚਨ ਕੀ ॥੭੫॥
ਦ੍ਵੈ ਬਰ ਦੇਨਿ ਕਹੇ ਜੋ ਮੋਹੂ।
ਸੋ ਨਹਿਂ ਦੇਉਂ[1] ', ਭਯੋ ਮੁਝ ਰੋਹੂ। [1]ਨਹੀਂ ਦਿੰਦੇ ਹੋ।
ਦੇਹੁ ਅਬੈ ਤਉ ਜੀਵਨ ਮੇਰਾ।
ਨਾਤੁਰ ਮਰਨ ਲਖਹੁ ਇਸ ਬੇਰਾ- ॥੭੬॥
ਨ੍ਰਿਪ ਨੈ ਕਹ੍ਯੋ -ਚਾਹਿ ਜੋ ਲੀਜੈ-।
ਬੋਲੀ -ਰਾਜ ਤਾਤ ਮੁਹਿ ਦੀਜੈ[1]-। [1]ਮੇਰੇ ਪੁੱਤ੍ਰ ਨੂੰ ਰਾਜ ਦਿਓ।
ਭੂਪਤਿ ਅਪਨੋ ਬਚਨ ਨ ਹਾਰ੍ਯੋ[1]†। [1]ਨਾ ਹਾਰਿਆ। †ਪਾ:-ਨਿਹਾਰਯੋ।
ਦਿਯੋ ਰਾਜ ਤਿਹ ਬਹੁਤ ਧਿਕਾਰ੍ਯੋ ॥੭੭॥
-ਦੂਸਰ ਬਰ ਰਘੁਬਰ ਬਨਬਾਸਾ-।
ਸੁਨਿ ਨ੍ਰਿਪ ਤਜੀ ਜਿਯਨ ਕੀ ਆਸਾ।
ਰਾਮਚੰਦ ਤਬ ਬਿਪਨ[1] ਪਧਾਰੇ। [1]ਬਨ ਨੂੰ।
ਸੀਤਾ ਲਛਮਨ ਲੀਨ ਸੰਗਾਰੇ[1] ॥੭੮॥ [1]ਨਾਲ ਹੀ।
ਪੁਰਿ ਆਤੁਰ† ਅਤਿ ਉਰ ਨਰ ਨਾਰੀ। †ਪਾ:-ਪੁਰ ਆਰਤ।
ਰਾਮ ਬਿਰਹ[1] ਬ੍ਯਾਪ੍ਯੋ ਦੁਖ ਭਾਰੀ। [1]ਵਿਛੋੜਾ।
ਸੁਤ ਕੇ ਬਿਰਹ[1] ਦਸਰਥ ਤਨ ਛੋਰਾ। [1]ਵਿਛੋੜੇ ਕਰ।
ਪ੍ਰੀਤਮ ਪ੍ਰੰਨ[1] ਨਿਬਾਹ੍ਯੋ ਓਰਾ[2] ॥੭੯॥ [1]ਪ੍ਰੀਤਮ (ਰਾਮ ਨੇ) ਪ੍ਰਣ। [2]ਓੜਕ ਤਕ।
ਰਿਖਿ ਬਸਿਸ਼ਟ ਦੇਖ੍ਯੋ ਅਸ ਹਾਲਾ।
ਭਰਤ ਬੁਲਾਇ ਪਠੇ ਤਤਕਾਲਾ।
ਆਨਿ ਦੀਖ ਜਬ ਸਰਬ ਕੁਚਾਲੀ[1]। [1]ਖੋਟੀ ਚਾਲ (ਭਰਤ ਨੇ) ਦੇਖੀ।
ਬ੍ਯਾਪੀ ਉਰ ਮਹਿਂ ਪੀਰ ਬਿਸਾਲੀ ॥੮੦॥
ਸੁਨਿ ਨਿਜ ਜਨਨੀ ਅਧਿਕ ਧਿਕਾਰੀ[1]। [1]ਲਾਨਤ ਪਾਈ।
ਬਿਧਿ ਸੋਂ[1] ਪਿਤ ਕੀ ਕਾਯਾਂ ਜਾਰੀ। [1]ਮਿਰਯਾਦਾ ਮੂਜਬ।
ਰੁਦਨ ਕਰਤਿ ਪੁਰਿ ਛੋਰਿ ਸਿਧਾਰਾ।
ਜਹਿਂ ਗਮਨੇ ਰਘੁਰਾਇ ਉਦਾਰਾ ॥੮੧॥

ਮਿਲࣿਯੋ ਬਿਪਨ[1] ਮਹਿਂ ਹੋਇ ਬਿਹਾਲਾ[2]। — [1]ਬਨ। [2]ਦੁਖੀ।

ਬੰਦਹਿ ਪਦ ਕੋ ਪ੍ਰੇਮ ਬਿਸਾਲਾ।

-ਛਿਮਹੁ ਨਾਥ ! ਅਪਰਾਧ ਹਮਾਰੇ।

ਕੈ ਘਰਿ ਚਲਹੁ ਕਿ ਲੇਹੁ ਸੰਗਾਰੇ- ॥ ੯੨ ॥

ਸੱਤਿਸੰਧ ਸ੍ਰੀ ਰਾਮ ਬਿਚਾਰਾ।

ਧੀਰਜ ਦੀਨ ਭਰਤ ਕੋ ਭਾਰਾ।

ਦੇਯ ਖਰਾਂਵ ਸਦਨ ਕੋ ਮੋਰਾ।

ਗਮਨੇ ਆਪ ਬਿਪਨ ਕੀ ਓਰਾ ॥ ੯੩ ॥

ਬਿਚਰਤ ਕੇਤਿਕ ਦਿਵਸ ਬਿਤਾਏ।

ਮੁਨਿ ਅਗਸਤ ਕੇ ਆਸ਼੍ਰਮ[†] ਆਏ। — [†]ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧੪ ਅੰਕ ੫੭ ਵਿੱਚ ਇਸੇ ਗੱਲ ਨੂੰ ਇਨ੍ਹਾਂ ਅੱਖਰਾਂ ਵਿਚ ਕਥਨ ਕੀਤਾ ਹੈ:-'ਕੁੰਭਜ ਨਿਕਟ ਰਘੁਤਮ ਜੈਸੇ'।

ਤਹਿਂ ਬਸ ਬਹੁਰੋ ਗਏ ਅਗਾਰੀ।

ਜਹਿਂ ਰਾਵਨ ਬਹਨੀ[1] ਕੀ ਬਾਰੀ[2] ॥ ੯੪ ॥ — [1]ਰਾਵਨ ਦੀ ਭੈਣ। [2]ਵਾੜੀ, ਬਗੀਚੀ।

ਪਰਨ[1] ਕੁਟੀ ਤਹਿਂ ਜਾਇ ਬਨਾਈ। — [1]ਪੱਤ੍ਰਾਂ ਦੀ।

ਲਛਮਨ ਸਹਤ ਰਹੇ ਰਘੁਰਾਈ।

ਸੂਪਨਖਾ ਇਕ ਦਿਨ ਚਲਿ ਆਈ।

ਰੂਪ ਵਿਲੋਕਤਿ ਰਹੀ ਲੁਭਾਈ ॥ ੯੫ ॥

ਕਹੈ, ਕਿ -ਬਰਹੁ ਮੁਝਹਿ ਕਰਿ ਪ੍ਰੀਤੇ[1]। — [1]ਮੈਨੂੰ ਵਰੋ ਪ੍ਰੀਤ ਕਰਕੇ।

ਨਤੁ ਮਾਰੋਂ ਤੁਮ ਕੌ ਮੈਂ ਜੀਤੇ-।

ਸੁਨਿ ਲਛਮਨ ਕਿਯ ਕ੍ਰੋਧ ਘਨੇਰਾ।

ਕਾਟࣿਯੋ ਨਾਕ ਕਾਨ ਤਿਸ ਬੇਰਾ ॥ ੯੬ ॥

ਸੋ ਰਾਵਨ ਢਿਗ ਜਾਇ ਪੁਕਾਰੀ।

ਕਹੈ, ਕਿ -ਤਿਨ ਸੰਗਿ ਸੁੰਦਰ ਨਾਰੀ।

ਸੋ ਲࣿਯਾਵਨ ਗਮਨੀ ਹਿਤ ਤੇਰੇ।

ਨਾਸਾਂ ਕਰਨ ਕਟੇ ਤਿਨ ਮੇਰੇ- ॥ ੯੭ ॥

ਸੁਨਿ ਰਾਵਨ ਮਨ ਕ੍ਰੋਧ ਘਨੇਰਾ।

ਕਿਯ ਮਰੀਚ ਮ੍ਰਿਗ[†] ਕੰਚਨ ਕੇਰਾ[1]। — [1]ਮਰੀਚ ਨੂੰ ਸੋਨੇ ਦਾ ਮ੍ਰਿਗ ਬਣਾਇਆ। [†]ਪਾ:-ਮਨਿ।

ਪਠࣿਯੋ, ਤ੍ਰਿਮੁੰਡੰ[1] ਮਾਰਾ ਸੁਨਾ[2]। — [1]ਦੈਂਤ ਦਾ ਨਾਮ। [2]ਮਾਰਿਆ ਸੁਣਿਆ।

ਚਲࣿਯੋ ਆਪ ਪੁਨ ਜੁਗਿਯਾ[1] ਬਨਾ[2] — [1]ਜੋਗੀ। [2]ਬਣਕੇ।

| | |
|---|---|
| ॥ ੮੮ ॥ | |
| ਕੰਚਨ ਮ੍ਰਿਗ ਜਬ ਦੀਨਿ ਦਿਖਾਈ। | |
| ਸੀਤਾ ਪ੍ਰੇਰੇ ਗੇ ਰਘੁਰਾਈ[1]। | [1]ਮ੍ਰਿਗ ਦੇ ਪਿੱਛੇ ਗਏ ਸੀਤਾ ਦੇ ਪ੍ਰੇਰੇ ਹੋਏ ਰਾਮ ਜੀ। |
| ਪਾਛੇ ਲਛਮਨ ਬਹੁਰ ਪਧਾਰਾ। | |
| ਰਾਵਨ ਅਵਸਰ ਪਾਇ ਸੁਖਾਰਾ ॥ ੮੯ ॥ | |
| ਅਲਖ ਜਗਾਈ -ਤੰਦੁਲ[1] ਜਾਚੌਂ-। | [1]ਚਾਵਲ। |
| ਲਖੀ ਸੀਯ[1] -ਇਹ ਜੁਗਿਯਾ ਸਾਚੋ-। | [1]ਜਾਣਿਆਂ ਸੀਤਾ ਨੇ। |
| ਭਿੱਖਯਾ ਪਾਵਨ ਕੋ ਜਬ ਆਈ। | |
| ਗਹਿ ਕਰਿ ਗਮਨਯੋ ਗੈਨ ਉਡਾਈ[1] ॥ ੯੦ ॥ | [1]ਅਕਾਸ਼ ਵਿਚ ਉਡਾਕੇ। |
| ਰਾਮਚੰਦ੍ਰ ਹਟਿ ਕਰਿ ਪੁਨ ਆਏ। | |
| ਕੁਟੀ ਬਿਲੋਕਿਤ ਸੋਚ ਬਢਾਏ। | |
| ਬਿਚਰਤਿ ਬਿਪਨ[1] ਬਿਖੈ ਬਿਰਲਾਪਤਿ। | [1]ਬਨ। |
| -ਸੀਤਾ ਸੀਤਾ- ਊਚ ਅਲਾਪਤਿ ॥ ੯੧ ॥ | |
| ਖੋਜਤਿ ਪਾਇ ਨ ਕਾਹੂ ਠੌਰਾ। | |
| ਸੁਧ ਭੂਲੀ ਤਨ ਰਘੁਕੁਲ ਮੌਰਾ[1]। | [1]ਭਾਵ ਰਾਮ ਨੂੰ। |
| ਬਨ ਮਹਿਂ ਰਹਤਿ ਕਪਿਸ਼ ਹਨੁਮਾਨਾ[1]। | [1]ਬੰਦਰਾਂ ਦਾ ਰਾਜਾ (ਸੁਗ੍ਰੀਵ) ਅਤੇ ਹਨੂਮਾਨ। |
| ਕੀਨ ਸਖਾਪਨਿ[1] ਦ੍ਵੈ[2] ਦੁਖਵਾਨਾ[3] ॥ ੯੨ ॥ | [1]ਮਿੱਤ੍ਰਤਾ। [2]ਦੋਹਾਂ। [3]ਰਾਮ ਦੀ ਇਸਤ੍ਰੀ ਰਾਵਨ ਲੈ ਗਿਆ ਤੇ ਸੁਗ੍ਰੀਵ ਦੀ ਇਸਤ੍ਰੀ ਬਾਲੀ ਲੈ ਗਿਆ ਭਾਵ ਰਾਮ ਤੇ ਸੁਗ੍ਰੀਵ ਦੋਹਾਂ ਦੁਖੀਆਂ ਨੇ ਮਿੱਤ੍ਰਤਾ ਕੀਤੀ। |
| ਭ੍ਰਾਤ ਸੁਗ੍ਰੀਵਹਿ ਕੋ ਬਲਿ ਬਾਲੀ। | |
| ਰਾਜ ਨਾਰ ਲੇ ਕੀਨਿ ਕੁਚਾਲੀ[1]। | [1]ਖੋਟੀ ਚਾਲ। |
| ਇਕ ਸਰ[1] ਸੋ ਰਘੁਬਰੁ ਤਿਹ[2] ਮਾਰਾ। | [1]ਬਾਨ। [2]ਭਾਵ ਬਾਲੀ ਨੂੰ। |
| ਤਿਹ ਕੋ ਕਾਜ ਪ੍ਰਿਥਮ ਕਿਯ ਸਾਰਾ ॥ ੯੩ ॥ | |
| ਬਹੁਰੋ ਕਟਕ ਕਪਿਨ[1] ਕੋ ਜੇਤਾ। | [1]ਫੌਜ ਬਾਂਦਰਾਂ ਦੀ। |
| ਸੀਤਾ ਖੋਜਨ ਭੇਜਯੋ ਤੇਤਾ। | |
| ਹਨੂੰਮਾਨ ਲੰਕਾ ਕੇ ਮਾਂਹੀ। | |
| ਜਾਇ ਬਿਲੋਕੀ ਬੈਸੀ ਤਾਂਹੀ ॥ ੯੪ ॥ | |
| ਲੰਕਾ ਫੂਕ ਦੈਤ ਬਹੁ ਘਾਈ[1]। | [1]ਬਹੁਤੇ ਨਾਸ਼ ਕਰਕੇ। |
| ਸੁਧ ਸੀਤਾ ਕੀ ਆਨਿ ਸੁਨਾਈ। | |
| ਲੇ ਕਪਿ ਕਟਕ ਚਢੇ ਰਘੁਰਾਈ। | |

ਆਇ ਸੇਤੁ ਬਾਂਧਯੋ ਇਹ ਥਾਈਂ ॥ ੯੫ ॥
ਪਾਰ ਉਤਰਿਗਾ ਅੰਗਦ ਮਾਨੀ।
ਸੀਤਾ ਦੇਨਿ ਕਹੀ[1], ਨਹਿਂ ਮਾਨੀ।
ਰਚਯੋ ਬਹੁਰ ਸੰਗ੍ਰਾਮ ਮਹਾਨਾ।
ਦੁਹਿ ਦਿਸ਼ਿ ਮਾਰੂ ਬਜਯੋ ਨਿਸ਼ਾਨਾ ॥ ੯੬ ॥
ਕੁੰਭ ਕਾਨ ਕੋ ਪ੍ਰਿਥਮੈ ਮਾਰਾ।
ਮੇਘਨਾਦ ਕੋ ਬਹੁਰ ਸੰਘਾਰਾ।
ਰਾਵਨ ਮਾਰਿ, ਲਈ ਪੁਨ ਸੀਤਾ।
ਗਮਨੇ ਨਿਜ ਪੁਰਿ ਮਾਂਹਿ ਪੁਨੀਤਾ ॥ ੯੭ ॥
ਬੈਠਿ ਸਿੰਘਾਸਨ ਰਾਜ ਕਮਾਯੋ।
ਦਸ ਸਹੰਸ੍ਰ[1] ਬਰਖਨ ਬਹੁ ਗਾਯੋ[†]।
ਬਹੁਰ ਆਪ ਬੈਕੁੰਠ ਪਧਾਰੇ।
ਇਸ ਪ੍ਰਕਾਰ ਇਹ ਕਥਾ ਉਦਾਰੇ ॥ ੯੮ ॥
ਮਰਦਾਨੇ ! ਸੁਨਿ ਸੂਛਮ[1] ਬਰਨੀ।
ਹੈ ਬਿਸਾਲ ਬਹੁ ਕਲਮਲ ਹਰਨੀ।
ਅਬ ਚਲਿ ਲੰਕਿ ਦਿਖਾਵਹਿਂ ਸੁੰਦਰ।
ਬਨੇ ਜਹਾਂ ਕੰਚਨ ਕੇ ਮੰਦਿਰ' ॥ ੯੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਹਬਸ਼ ਦੇਸ਼ ਅਰ ਸ੍ਰੀ ਰਾਮ ਚੰਦ੍ਰ ਪ੍ਰਸੰਗ' ਬਰਨਨੰ ਨਾਮ ਸਪਤ ਦਸ਼ਮੋ ਅਧਯਾਯ ॥ ੧੭ ॥

[1]ਰਾਵਨ ਨੂੰ ਕਿਹਾ।

[1]ਹਜ਼ਾਰ। [†]ਦਸ ਹਜ਼ਾਰ ਵਰਹੇ ਬਹੁਤਿਆਂ ਨੇ ਗਾਯਾ ਹੈ। ਕਵਿ ਜੀ ਲੋਕੋਕਤੀ ਦਸ ਰਹੇ ਹਨ। ਰਾਮ ਉਪਾਸ਼ਕਾਂ ਵਿਚ ਐਸਾ ਕਹਿੰਦੇ ਹਨ।

[1]ਸੰਖੇਪ।

## ੧੮. [ਸ੍ਰੀ ਗੁਰ ਗੋਬਿੰਦ ਸਿੰਘ ਜੀ ਮੰਗਲ। ਲੰਕਾ ਪ੍ਰਸੰਗ, ਬਿਭੀਖਨ, ਹਨੂਮਾਨ ਮਿਲਾਪ]

੧੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੧੯

{ਜਨਕ ਦਾ ਸ੍ਰਾਪਿਆ ਮਗਰਮੱਛ} ॥੫॥
{ਲੰਕਾ ਪ੍ਰਸੰਗ} ॥੨੫..॥
{ਦੇਹਹੰਤਾ ਦਾ ਭੂਤਨਾ} ॥੩੧..॥
{ਬਿਭੀਖਨ ਮਿਲਾਪ} ॥੪੦..॥
{ਹਨੂਮਾਨ ਮਿਲਾਪ} ॥੭੧..॥

ਨਰਾਜ ਛੰਦ:

ਗੁਰੂ ਗੁਬਿੰਦ ਸਿੰਘ ਜੀ ਨਿਖੰਗ ਚਾਂਪ ਧਾਰਨੰ।
ਅਨੰਦ ਦਾ ਮੁਕੰਦ ਬ੍ਰਿੰਦ ਬੈਰਨੰ ਬਿਦਾਰਨੰ।
ਰਿਦੇ ਸਦੀਵ ਦਾਸ ਕੇ ਨਿਵਾਸ ਹੰਤ ਤ੍ਰਾਸ ਕੋ।
ਪਦਾਰਬਿੰਦ ਮੰਜੁਲੰ ਨਮੋ ਨਮੋ ਅਨਾਸ਼ ਕੋ ॥੧॥

ਨਿਖੰਗ=ਭੱਥਾ, ਤਰਕਸ਼। ਸੰਸ: ਨਿਖ਼ੰਗ]। ਚਾਪ=ਧਨੁਸ਼। ਕਮਾਨ। ਸੰਸ: ਚਾਪ]।
ਬਿਦਾਰਨੰ=ਨਾਸ਼ ਕਰਨ ਵਾਲੇ।
ਹੰਤ=ਮਾਰਨ ਵਾਲੇ, ਦੂਰ ਕਰਨ ਵਾਲੇ। ਹੰਤ ਤ੍ਰਾਸ ਕੋ=ਡਰ ਨੂੰ ਮਾਰ ਦੇਣ ਵਾਲੇ, ਨਿਰਭੈ ਕਰਨ ਵਾਲੇ।
ਪਦਾਰਬਿੰਦ=ਪਦ+ਅਰਬਿੰਦ=ਚਰਣ ਕਮਲ। ਮੰਜੁਲੰ=ਉੱਜਲ ਸੁੰਦਰ, ਮਨ ਪਿਆਰਾ, [ਸੰਸ:.ਮੰਵਜੁਲ]।
ਅਨਾਸ=ਸੁਖੀ, ਅਰਾਮ, ਸੁਖਦਾਈ। (ਅ) ਅ+ਨਾਸ਼=ਨਾ ਨਾਸ਼ ਹੋਣ ਵਾਲੇ, ਸਦਾ ਜਾਗਤੀ ਜੋਤ। (ੲ) ਨਿਰਯਤਨ। [ਸੰਸ: ਅਨ+ਆਯਾਸ-ਅਨਾਯਾਸ]। ਤੁਕ ਦਾ ਦੂਸਰਾ ਅਰਥ ਐਉਂ ਲਗੇਗਾ ਕਿ ਆਪ ਦੇ ਮਨ ਪਿਆਰੇ ਚਰਨਾਂ ਕਮਲਾਂ ਪਰ ਦਾਸ ਦੀ ਨਿਰਯਤਨ ਨਮਸਕਾਰ ਹੋਵੇ, ਮੁਰਾਦ ਹੈ ਜੋ ਅੰਦਰੋਂ ਆਪੇ ਫੁੱਟ ਕੇ ਨਿਕਲੇ, ਪ੍ਰੇਮ ਮਈ, (ਸ਼) ਅਨਾਸ ਮੰਜੁਲ=ਜੋ ਸੁਤੇ ਸਿਧ ਸੁੰਦਰ ਹਨ। ਕੁਦਰਤੀ ਤੌਰ ਤੇ ਖ਼ੂਬਸੂਰਤ।

ਅਰਥ:
ਹੇ ਕਮਾਨ ਤੇ ਭੱਥਾ ਧਾਰਨ ਵਾਲੇ (ਸ਼੍ਰੀ) ਗੁਰੂ ਗੋਬਿੰਦ ਸਿੰਘ ਜੀ, ਅਨੰਦ ਅਰ ਮੁਕਤੀ ਦੇ ਦਾਤੇ, (ਤੁਸੀਂ ਜੋ ਸਰੀਰਕ ਤੇ ਮਾਨਸਕ) ਵੈਰੀਆਂ ਦੇ ਸਮੂਹ ਨੂੰ ਨਾਸ਼ ਕਰ ਦੇਣ ਵਾਲੇ (ਅਤੇ ਐਉਂ ਸਰਬ ਪ੍ਰਕਾਰ ਦੇ) ਭੈ ਨੂੰ ਦੂਰ ਕਰਨ ਵਾਲੇ ਹੋ (ਅਤੇ) ਸਦਾ ਦਾਸਾਂ ਦੇ ਹਿਰਦੇ (ਵਿਚ) ਨਿਵਾਸ (ਰਖਦੇ ਹੋ) ਆਪਦੇ ਸੁਖ ਦਾਤੇ ਤੇ ਮਨ ਪਿਆਰੇ ਚਰਣਾਂ ਕਮਲਾਂ ਪਰ (ਮੇਰੀ) ਨਮਸਕਾਰ ਹੋਵੇ! ਨਮਸਕਾਰ ਹੋਵੇ!

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ! ਸੁਨਿ ਪਰਮ ਸੁਜਾਨਾ।
ਬੋਲ੍ਯੋ ਬਹੁਰ ਬੈਨ ਮਰਦਾਨਾ।
'ਰਘੁਬਰ ਸੇਤੁ ਜੁ ਬਾਂਧਨ ਕੀਨਾ।
ਤਿਹ ਊਪਰ ਕੋ ਚਲਹੁ ਪ੍ਰਬੀਨਾ!' ॥੨॥
ਗੁਰ ਕਹਿਂ 'ਲੰਕਾ ਤੇ ਕਿਯ ਮੋਰਾ[1]।
ਤਬ ਹੀ ਰਾਮ ਸੇਤੁ ਦਿਯ ਤੋਰਾ।
ਪੰਥ ਗਮਨ ਕੋ ਤਾਂ ਪਰ ਨਾਂਹੀ।
ਰਹੀ ਨਿਸ਼ਾਨੀ ਸਾਗਰ ਮਾਂਹੀ[†] ॥੩॥

[1]ਜਦ ਮੁੜਨਾ ਕੀਤਾ।

[†]ਹਿੰਦ ਤੋਂ ਲੰਕਾ ਤਕ ਜੋ ਸਾਗਰ ਵਿਚ ਚਿਟਾਨ ਖੜੇ ਹਨ ਸਿਲਸਿਲੇ ਵਾਰ ਨਹੀਂ, ਇਨ੍ਹਾਂ ਚਿਟਾਨਾਂ ਪਰ ਹੀ

ਪੁਲ ਬੱਧਾ ਦੱਸੀਦਾ ਹੈ। ਰਾਮ ਉਪਾਸ਼ਕਾਂ ਦਾ ਕਥਨ ਹੈ ਕਿ ਪੁਲ ਤੋੜਨ ਤੇ ਏਹ ਚਿਟਾਨ ਬਾਕੀ ਖੜੇ ਹਨ।

ਨਾਮ ਜੋਰ ਸੋਂ[1] ਰਘੁਕੁਲ ਕੇਤਾ। — [1]ਨਾਮ ਦੇ ਜ਼ੋਰ ਨਾਲ।
ਬਾਂਧਯੋ ਤਬੈ ਉਦਧਿ ਕੋ ਸੇਤਾ।
ਅਬ ਹਮ ਲੇ ਕਰਿ ਨਾਮ ਅਲੰਬੂ।
ਹ੍ਵੈ ਹੈਂ ਪਾਰ ਸਰਬ ਨਿਧਿ ਅੰਬੂ[1] ॥੪॥ — [1]ਸਮੁੰਦਰ।
ਅਸ ਕਹਿ ਗਮਨ ਕੀਨ ਜਗਨਾਥਾ।
ਜਲ ਪਰ ਚਲੇ ਜਾਹਿਂ ਸੁਖਰਾਸਾ।
ਗਏ ਮੱਧ ਇਕ ਮੀਨ[†] ਨਿਹਾਰਾ।

{ਜਨਕ ਦਾ ਸ੍ਰਾਪਿਆ ਮਗਰਮੱਛ}

[†]ਇਹ ਫੇਰ ਜਨਕ ਦੇ ਸ੍ਰਾਪੇ ਹੋਏ ਦੇ ਉਧਾਰ ਕਰਨ ਦਾ ਪ੍ਰਸੰਗ ਹੈ, ਅਬਿਗਤ ਰੂਹਾਂ ਸ੍ਰਾਪ ਦੇ ਸਰੂਪਾਂ ਵਿਚ ਦੁਖ ਭਰ ਰਹੀਆਂ ਦਾ ਨਿਸਤਾਰਾ ਦੱਸਦੇ ਹਨ। ਦੇਖੋ ਪੂਰਬਾਰਧ ਅਧ੍ਯਾਯ ੫੨ ਅੰਕ ੧੯ ਦੀ ਟੂਕ।

ਸਹਸ ਕੋਸ ਕੋ ਜਿਹ ਬਿਸਥਾਰਾ ॥੫॥
ਤਾਂ ਪਰ ਕਿਤਿਕ ਬਾਰ[1] ਕਿਯ ਗਵਨੰ। — [1]ਕੁਝ ਚਿਰ ਤਕ।
ਸਿਰ ਪਰ ਭੇ ਠਾਂਢੇ ਗੁਨ ਭਵਨੰ।
ਬਦਨ ਬਿਲੋਕਿ ਡਰਯੋ ਮਰਦਾਨਾ।
ਅਚਰਜ ਮਾਨਯੋ, ਬਚਨ ਬਖਾਨਾ ॥੬॥
'ਸ਼੍ਰੀ ਪ੍ਰਭੁ ਰਾਵਰ ਕੇਰ ਪ੍ਰਭਾਊ।
ਤਯਾਗਯੋ ਹਮੈ ਨ ਕੀਨੋ ਖਾਊ।
ਨਾਤੁਰ ਨਿਗਲ ਜਾਇ ਇਕ ਬਾਰੀ।
ਮਾਨੁਖ ਮੁਖ ਦਾਨੋ[†] ਅਨੁਹਾਰੀ[1] ॥੭॥ — [1]ਦਾਣੇ ਦੇ ਸਦਰਸ਼ (ਜਿਵੇਂ ਮਨੁਖ ਦੇ ਮੂੰਹ ਦਾਣਾ ਚਲਾ ਜਾਂਦਾ ਹੈ ਤਿਵੇਂ ਅਸੀਂ ਇਸ ਦੇ ਮੂੰਹ ਵਿਚ ਚਲੇ ਜਾਂਦੇ)। [†]ਪਾ:-ਦੀਨੋ।
ਪ੍ਰਿਥਮ ਬਿਲੋਕਯੋ ਮੀਨ ਮਹਾਨਾ।
ਉਸਤੇ ਇਹ ਬਿਸਾਲ ਪਹਿਚਾਨਾ।
ਕੇਤਿਕ ਦੋਨੋ[1] ਕੋਸ ਪ੍ਰਮਾਨਾ। — [1]ਦੋਵੇਂ (ਮੱਛ)।
ਮੁਝਹਿ ਬਤਾਵਹੁ ਕ੍ਰਿਪਾ ਨਿਧਾਨਾ!' ॥੮॥
ਬੋਲੇ ਪ੍ਰਭੁ ਬਿਲੋਕ ਤਮਾਸ਼ੋ।
'ਮਾਯਾ ਮੈਂ ਕਛੁ ਲਖੋ ਨ ਸਾਂਸੋ[1]। — [1]ਸੰਸਾ।
ਪੈਂਤਿਸ ਕੋਸ ਪ੍ਰਿਥਮ ਜੋ ਦੇਖਾ।
ਸਹਸ ਕੋਸ ਕੋ ਏਹੁ ਬਿਸ਼ੇਖਾ[1] ॥੯॥ — [1]ਵੱਡਾ।
ਇਸ ਕੀ ਜਾਤਿ ਨਾਮ ਤਿਮ[1] ਕਹੀਐ। — [1]ਇਸ ਦੀ ਜਾਤ ਦਾ ਨਾਂ 'ਤਿਮ'।

ਇਸ ਨਿਗਲਹਿ ਸੁ ਤਿਮੰਗਲ ਕਹੀਐ।
ਜੋ ਉਸ ਲੀਲ ਜਾਇ ਬਰਿਆਈ[1]।
ਨਾਮ ਤਿਮੰਗਲ ਗਿਲਹਿ ਕਹਾਈ' ॥੧੦॥

[1]ਨਿਗਲ ਜਾਏ ਜੋਰੋ ਜੋਰੀ।

ਇਸ ਬਿਧਿ ਕਰਿਕੇ ਬਚਨ ਬਿਲਾਸਾ।
ਤੁਸ਼ਨਿ ਹੋਤਿ ਭਏ ਸੁਖਰਾਸਾ।
ਚਰਨ ਰੇਨ ਜਬ ਝਖ[1] ਸਿਰ ਪਰਸੀ।
ਬੋਲਨ ਸ਼ਕਤਿ ਭਈ ਤਬ ਸਰਸੀ[1] ॥੧੧॥

[1]ਮੱਛ ਦੇ।
[1]ਬਹੁਤ।

ਬੂਝਨ ਲਗੇ ਪ੍ਰਭੁ ਤਿਹ ਤਾਈਂ।
'ਅਹੈਂ ਕੌਨ, ਝਖ ਕਾਯਾਂ ਪਾਈ?'
ਤਬ ਹੀ ਬੋਲਯੋ ਹੋਇ ਅਧੀਨਾ।
'ਸੁਨੋ ਹੇਤੁ[1] ਜਿਉਂ ਭਾ ਤਨ ਮੀਨਾ ॥੧੨॥

[1]ਕਾਰਨ।

ਹੁਤੋ ਕਾਲ ਜਿਹ ਜਨਕ ਨ੍ਰਿਪਾਲਾ।
ਤਬ ਮੈਂ ਤਪ ਕਿਯ ਕਠਨ ਬਿਸਾਲਾ।
ਬਾਰਿ[1] ਬਿਖੈ ਗਰਲੌਂ[2] ਹ੍ਵੈ ਠਾਂਢੋ।
ਰਹੋਂ ਸਥਿਰ ਕਰਿ ਧੀਰਜ ਗਾਢੋ ॥੧੩॥

[1]ਜਲ। [2]ਗਲ ਤਕ।

ਸਹਿਜ ਸੁਭਾਯ ਜਨਕ ਚਲਿ ਆਯੋ।
ਮੁਝੈ ਬਿਲੋਕਤਿ ਬਚਨ ਅਲਾਯੋ।
-ਤਪ ਤੈਂ ਕਠਨ ਕੀਨ ਭਾ ਪੂਰਾ।
ਅਬ ਤਜਿ, ਬਚਨ ਮਾਨਿ ਮਮ ਰੂਰਾ ॥੧੪॥

ਜਹਿਂ ਸਤਿ ਸੰਗਤਿ ਹੋਤਿ ਸਮਾਜਾ।
ਸੇਵਾ ਕਰਹੁ ਤਹਾਂ ਸ਼ੁਭ ਕਾਜਾ[†]।

[†]ਹਠ ਦੇ ਤਪਾਂ ਦਾ ਫਲ ਸਤਿਸੰਗਤ ਦੀ ਸੇਵਾ ਹੈ। ਹਠੀ ਤਪੀ ਹੰਕਾਰੀ ਹੋ ਜਾਂਦਾ ਹੈ, ਸੇਵਾ ਨਾਲ ਹੰਕਾਰ ਮਰਦਾ ਤੇ ਮਨ ਸ਼ੁੱਧ ਹੁੰਦਾ ਹੈ। ਇਹ ਵਿਸ਼ੇਸ਼ਤਾ ਭਗਤੀ ਮਾਰਗ ਦੇ ਦੱਸਣ ਤੋਂ ਮੁਰਾਦ ਹੈ।

ਮਨ ਕੋ ਪ੍ਰਾਪਤਿ ਗਯਾਨ ਤਹਾਂ ਹੀ।
ਮੁਕਤਿ ਉਚਿਤ ਹ੍ਵੈ ਸੰਸੈ ਨਾਂਹੀ- ॥੧੫॥

ਦੋਹਰਾ:
ਚਰਨ ਬੰਦਨਾ ਮੈਂ ਕਰੀ, ਕਹਯੋ ਬਚਨ ਤਿਨ ਸੰਗ।
-ਏਕ ਬਰਖ ਔਰੈ ਕਰੌਂ ਪੁਨ ਪੂਰਨ[1] ਬਿਨ

[1]ਪੂਰਾ ਹੋਵੇਗਾ (ਤਪ)। [2]ਵਿਘਨ ਤੋਂ ਬਿਨਾਂ।

ਭੰਗ[2]- ॥੧੬॥

ਚੌਪਈ:

ਸੁਨਿ ਕੈ ਬੋਲੵੋ ਬਚਨ ਬਿਦੇਹੁ[1]।
-ਨੀਕੋ[†] ਬਚਨ ਨ ਮਾਨੵੋ ਕੇਹੁ।
ਯਾ ਤੇ ਹ੍ਵੈ ਜਲ ਜੀਵ ਬਿਸਾਲਾ।
ਜਲ ਮੈਂ ਰਹਹੁ ਸਦੀਵ ਬਿਸ਼ਾਲਾ[1†]- ॥੧੭॥

[1]ਜਨਕ।
[†]ਪਾ:-ਕੀਨੋ।
[1]ਬਹੁਤ (ਚਿਰ)। [†]ਜਲ ਆਦਿ ਵਿਚ ਤਪ ਤਾਪਨ ਦਾ ਫਲ ਡੱਡੂ ਮੱਛੀਆਂ ਬਣਨਾ ਦੱਸਿਆ ਨੇ, ਤਾਂਤੇ ਗੁਰ ਸਿੱਖਾਂ ਨੂੰ ਸਤਿਸੰਗ ਦੀ ਸੇਵਾ, ਕੀਰਤਨ, ਨਾਮ, ਸ਼ੁਭ ਆਚਰਨ ਏਹੀ ਸਾਰ ਉਪਦੇਸ਼ ਗੁਰੂ ਸਾਹਿਬਾਂ ਦਾ ਕਾਰੀ ਹੈ।

ਸੁਨਿ ਕੈ ਬਚਨ ਡਰੵੋ ਉਰ ਮਾਂਹੀ।
ਸ੍ਰਾਪ ਅੰਤ ਬੂਝਤਿ ਭਾ ਤਾਂਹੀ।
-ਬਨਿ ਕੈ ਬਨ[1] ਕੋ ਜੀਵ ਬਹੋਰੀ।
ਹੋਇ ਕਿ ਨਹੀਂ ਮੁਕਤਿ ਕਬ ਮੋਰੀ?- ॥੧੮॥

[1]ਜਲ। ਸੰਸ: ਵਨ]। ਪਾ:-ਰਹੁ ਸਦੀਵ ਚਿਰਕਾਲਾ।

ਬੋਲੵੋ ਜਨਕ -ਆਇ ਕਲਿ ਕਾਲਾ।
ਤਬ ਧਰਿ ਹੈ ਅਵਤਾਰ ਕ੍ਰਿਪਾਲਾ।
ਤਿਨ ਕੇ ਚਰਨ ਛੁਹੈਂ ਜਬ ਆਈ।
ਤਬ ਇਹ ਸ੍ਰਾਪ ਨਾਸ਼ ਹ੍ਵੈ ਜਾਈ- ॥੧੯॥
ਬੂਝੵੋ ਜਨਕ[1], -ਲਖੋਂ ਮੈਂ ਕੈਸੇ?
ਭੇਦ ਸਰਬ ਸਮਝਾਵਹੁ ਤੈਸੇ-।
[1]-ਸੁਨਹੁ ਮੁਨੀ! ਜਬ ਮਿਲਿ ਹੈ ਆਈ।
ਚਰਨ ਛੁਵਤਿ ਸੁਧ ਹ੍ਵੈ ਤੁਝ ਤਾਈਂ ॥੨੦॥

[1]ਜਨਕ ਤੋਂ।
[1]ਜਨਕ ਬੋਲਿਆ।

ਮੁਕਤਿ ਕਰਹਿ ਪੁਨ ਜਾਇ ਅਗਾਰੀ-।
ਸੋ ਤੁਮ ਸ਼੍ਰੀ ਨਾਨਕ ਨਿਰੰਕਾਰੀ।
ਅਬ ਉਧਾਰ ਮੇਰਾ ਕਰਿ ਦੀਜੈ।
ਸ਼ਰਨ ਸ਼ਰਨ ਮੈਂ ਸ਼ਰਨ ਰਖੀਜੈ' ॥੨੧॥
ਤਿਹ ਕੇ ਬੈਨ ਸੁਨੇ ਗੁਨਖਾਨੀ।
ਬੋਲੇ ਮਧੁਰ ਮ੍ਰਿਦੁਲ ਮੁਖ ਬਾਨੀ।
'ਅਸ਼ਟੰ ਜਾਮ ਆਰਬਲ ਤੇਰੀ।
ਪੁਨ ਛੁਟਹਿ ਝਖ ਦੇਹਿ ਬਡੇਰੀ ॥੨੨॥
ਵਾਹਿਗੁਰੂ ਸਿਮਰਹੁ ਤਬ ਤਾਈਂ।

ਤੇਰੀ ਗਤਿ ਕਰਿ ਹੈਂ ਹਮ ਜਾਈ।'

ਅਸ਼ਟ ਪਹਿਰ ਤਿਨ ਕਿਯ ਜਬਿ ਜਾਪੁ†।

†ਅੱਠ ਪਹਿਰ ਦੇ ਨਾਮ ਦੀ ਮਹਿਮਾ ਦੱਸੀ ਨੇ ਕਿ ਜਿਸ ਨੇ ਉਹ ਸਰਾਪ ਦਾ ਪਿੰਜਰ ਕੱਟ ਕੇ ਕਲਯਾਨ ਕਰ ਦਿੱਤੀ। ਤਪ ਨੇ ਹਉਮੈ ਦਿੱਤੀ ਸੀ, ਹਉਮੈ ਨੇ ਸ੍ਰਾਪਤ ਕੀਤਾ, ਗੁਰ ਨਾਨਕ ਦਰਸ਼ਨ ਨੇ ਸੁਮਤਿ ਦਿੱਤੀ, ਉਹਨਾਂ ਦੇ ਬਖਸ਼ੇ ਨਾਮ ਨੇ ਕੱਲਯਾਨ ਦਿੱਤੀ। ਇਹ ਸਾਰ ਸਿਧਾਂਤ ਕਵਿ ਜੀ ਸਮਝਾ ਰਹੇ ਹਨ।

ਛੂਟਯੋ ਬਹੁਰ ਦੀਨ ਜੋ ਸ੍ਰਾਪੁ ॥੨੩॥

ਝਖ ਤਨ ਤਜਿ ਕੈ ਸੋ ਤਿਹ ਕਾਲਾ।

ਭਯੋ ਚਤੁਰਭੁਜ ਰੂਪ ਬਿਸਾਲਾ।

ਕੁੰਡਲ ਕਰਨ, ਬਰਨ[1] ਜਿਹ ਸ਼ਯਾਮੂ। — [1]ਰੰਗ।

ਸੁੰਦਰ ਦੇਹਿ ਦੁਤਿਯ ਜਨੁ ਕਾਮੂ[1] ॥੨੪॥ — [1]ਮਾਨੋਂ ਦੂਜਾ ਕਾਮਦੇਵ।

ਉਸਤਤਿ ਕਰਿ ਬੈਕੁੰਠ ਸਿਧਾਰਯੋ।

'ਜੈ ਜੈ ਸਤਿਗੁਰੂ' ਬਚਨ ਉਚਾਰਯੋ[1]। — [1]'ਜੈ ਹੋ, ਜੈ ਹੋ ਸਤਿਗੁਰਾਂ ਦੀ' (ਮੱਛ ਨੇ) ਆਖਿਆ।

ਪੁਨ ਗਮਨੇ ਬੇਦੀ ਕੁਲਦੀਪਾ।

ਪਹੁੰਚੇ ਲੰਕਾ† ਕੇਰ ਸਮੀਪਾ ॥੨੫॥

{ਲੰਕਾ ਪ੍ਰਸੰਗ}

†ਕੁਝਕੁ ਲੋਕਾਂ ਦਾ ਖਿਆਲ ਹੈ, ਕਿ ਰਾਵਣ ਵਾਲੀ ਲੰਕਾ ਓਹ ਜਗ੍ਹਾ ਨਹੀਂ ਜੋ ਸੈਲੂਨ ਜਾਂ ਸੰਗਲਾਦੀਪ ਦੇ ਨਾਮ ਤੋਂ ਪ੍ਰਸਿੱਧ ਹੈ, ਕਿਉਂਕਿ ਇਨ੍ਹਾਂ ਟਾਪੂਆ ਵਿਚ ਰਾਮਚੰਦ੍ਰ ਦੇ ਜਾਣ ਦਾ ਕੋਈ ਚਿੰਨ੍ਹ ਨਹੀਂ ਮਿਲਦਾ। ਇਨ੍ਹਾਂ ਦਾ ਵਿਚਾਰ ਹੈ ਕਿ ਮਲਾਇਆ ਟਾਪੂ ਵਿਚ ਰਾਵਣ ਵਾਲੀ ਲੰਕਾ ਸੀ, ਸਮਾਟਰਾ ਵਿਚ 'ਸੋਨੀ ਲੰਕਸ਼ਾ' (ਸੋਨੇ ਦੀ ਲੰਕਾ) ਨਾਮ ਦਾ ਇਕ ਸ਼ਹਿਰ ਬੀ ਹੈ। ਇਸ ਟਾਪੂ ਵਿਚ ਰਾਮਚੰਦਰ ਤੇ ਲਛਮਣ ਆਦਿਕ ਦੇ ਪ੍ਰਾਚੀਨ ਦੀਵਾਰਾਂ ਤੇ ਅੰਕਤ ਚਿਤ੍ਰ ਵੀ ਮਿਲੇ ਦੱਸੀਦੇ ਹਨ। ਜਾਵਾ ਤੇ ਸਮਾਟਰਾ ਟਾਪੂ ਦੇ ਲਾਗੇ ਫਲੋਰੰਸ ਦੇ ਟਾਪੂ ਵਿਚ 'ਰਕ' ਨਾਮ ਦੀ ਇਕ ਜਾਤੀ ਹੁਣ ਤਕ ਮਿਲਦੀ ਹੈ, ਖਿਆਲ ਕੀਤਾ ਜਾਂਦਾ ਹੈ ਕਿ ਇਹ 'ਰਕ' ਨਾਮ ਰਾਕਸ਼ ਵਿਚੋਂ ਨਿਕਲਿਆ ਹੈ। ਮਾਰਕੰਡੇ ਪੁਰਾਣ ਵਿਚ ਲੰਕਾ ਨੂੰ 'ਮਲਾ ਦੋ ਦੀਪ' (ਜਿਸ ਨੂੰ ਅਜ ਕਲ ਮਲਾਇਆ ਦੀਪ ਕਿਹਾ ਜਾਂਦਾ ਹੈ) ਦਾ ਇਕ ਹਿੱਸਾ ਮੰਨਿਆ ਹੈ। ਇਨ੍ਹਾਂ ਟਾਪੂਆਂ ਵਿਚ ਮਲਯ ਨਾਮ ਦੀ ਜਾਤੀ ਵਸਦੀ ਹੈ, ਤੇ ਇਸ ਇਲਾਕੇ ਵਿਚ ਕਈ ਕਈ ਅਜੇਹੀਆਂ ਨਦੀਆਂ ਨਾਲੇ ਦੱਸੀਦੇ ਹਨ ਕਿ ਜਿਨ੍ਹਾਂ ਦੇ ਨਾਲ ਮਹਾਰਾਜਾ ਰਾਮਚੰਦ੍ਰ ਜੀ ਦੇ ਸੈਨਾਂ ਪਤੀਆਂ ਦੇ ਨਾਮ ਮਿਲਦੇ ਹਨ।

ਫਿਰਤ ਬ੍ਰਿੰਦ ਤਹਿਂ ਦੀਰਘ ਦਾਨੋ[1]। — [1]ਵੱਡੇ ਦੈਂਤ।

ਗਿਰ ਕੱਜਲ[1] ਕੇ ਬਿਚਰਤਿ[2] ਮਾਨੋ। — [1]ਸੁਰਮੇ ਦੇ ਪਹਾੜ। [2]ਫਿਰ ਰਹੇ ਹਨ।

ਤਿਨਹਿਂ ਬਿਲੋਕ ਡਰਯੋ ਮਰਦਾਨਾ।

ਹੋਇ ਅਧੀਰਜ ਬਚਨ ਬਖਾਨਾ ॥੨੬॥

'ਰਾਖਸ਼ ਗਹੈਂ ਆਨਿ ਹਮ ਤਾਈਂ।

ਭੱਖਜਨ[1] ਕਰੈਂ ਨ ਬਿਲਮ ਲਗਾਈਂ। — [1]ਖਾ ਲੈਣਗੇ।

ਇਨ ਸਮੀਪ ਨਹਿਂ ਚਲਹੁ ਗੁਸਾਈਂ!

ਅਪਰ ਸਥਾਨ ਬਿਲੋਕਹੁ ਜਾਈ' ॥੨੭॥

ਸੁਨਿ ਕੈ ਬੋਲੇ ਪਰਮ ਪੁਨੀਤਾ।

'ਪਢਤਿ ਸੁਨਤਿ ਰਹਿਤਾ ਤੂੰ ਨੀਤਾ।
ਰਿਦੈ ਬਿਚਾਰ ਏਕ ਨਹਿਂ ਆਯੋ।
ਮਹਾ ਮੋਹ ਮੈਂ ਮਨ ਬਿਰਮਾਯੋ[1] ॥੨੮॥
[1]ਭੁੱਲ ਰਿਹਾ ਹੈਂ।
ਲਗਾ ਭੂਤ ਤੁਝ ਤਨ ਅਭਿਮਾਨਾ।
ਯਾਂ ਤੇ ਮਨ ਨਹਿਂ ਭਰਮ ਮਿਟਾਨਾ।
ਜਿਹ ਕੋ ਭੂਤ ਲਗਤਿ ਹੈ ਆਇ।
ਸੋ ਸਰੂਪ ਨਿਜ ਦੇਤਿ ਭੁਲਾਇ ॥੨੯॥
ਆਪ ਭੂਤਨਾ ਹੋਵਤਿ ਸੋਊ।
ਮੰਤ੍ਰਨ ਸੋਂ ਝਾਰੈ ਜੋ ਕੋਊ।
ਨਿਕਸਹਿ ਭੂਤ ਵਹਿਰ, ਸੁਧ ਜਾਨਹਿ।
ਨਿਜ ਸਰੂਪ ਕੋ ਤਬਹਿ ਪਛਾਨਹਿ ॥੩੦॥
ਜਬ ਲਗ ਭੂਤ ਲਗੈ, ਦੁਖ ਪਾਵਹਿ।
ਨਿਕਸਹਿ ਵਹਿਰ, ਅਨੰਦ ਸਮਾਵਹਿ।
ਤਨਹੰਤਾ[1] ਤੁਝ ਲਾਗਯੋ ਭੂਤੰ।
[1]ਤਨ ਦੀ ਹਉਮੈਂ।
{ਦੇਹਹੰਤਾ ਦਾ ਭੂਤਨਾ}
ਨਿਜ ਸਰੂਪ ਭੂਲਯੋ ਅਤਿਪੂਤੰ[1] ॥੩੧॥
[1]ਬੜਾ ਪਵਿੱਤ੍ਰ (ਨਿਜ ਸਰੂਪ)।
ਮੰਤਰ ਸਤਿਗੁਰ ਸ਼ਬਦ ਸੁਜਾਨਾ !
ਰਿਦੈ ਬਸੈ ਮਿਟਹਹਿ ਤਨ ਮਾਨਾ[1]।
[1]ਤਨ ਦਾ ਹੰਕਾਰ।
ਤਨ ਹੰਤਾ[1] ਜਬ ਸਰਬ ਗਵਾਈ।
[1]ਤਨ ਦੀ ਹਉਮੈਂ।
ਨਿਜ ਸਰੂਪ ਗਯੋ[†] ਲਖਾਈ[1] ॥੩੨॥
[1]ਪਛਾਣ ਹੋ ਗਿਆ। [†]ਪਾ:-ਕੇ ਭਯੋ।
ਤਬ ਹੀ ਪਾਵਹਿ ਮੁਕਤਿ ਅਨੰਦਾ।
ਬੰਧਨ ਡਾਰਿ ਮਿਟੈ ਜਮ ਫੰਧਾ।
ਜੈਸੇ ਸਾਂਪ ਕੰਚੁਕੀ[1] ਡਾਰੈ।
[1]ਕੁੰਜ।
ਤਿਉਂ ਹਟਿ ਕੈ ਨਹਿਂ ਬਹੁਰ ਸੰਭਾਰੈ ॥੩੩॥
ਤਨ ਕੋ ਮੋਹ ਨ ਕਬ ਹੀ ਲਹਿਹੀ[1]।
[1]ਲੈਂਦਾ।
ਮ੍ਰਿਤੁ[1] ਕਿਧੌਂ[2] ਜੀਵਤ ਬਹੁ ਰਹਿ ਹੀ[3]।
[1]ਮਰ ਜਾਵੇ। [2]ਭਾਵੇਂ। [3]ਜੀਂਵਦਾ ਰਹੇ ਬਹੁਤ।
ਨਾਸ਼ਵੰਤ ਨਿਤ ਲਖਹਿ ਸਰੀਰਾ।
ਨਹੀਂ ਕਦਾਚਿਤ ਮਾਨਹਿਂ ਪੀਰਾ' ॥੩੪॥
ਸੁਨਿ ਮਰਦਾਨੇ ਗਿਰਾ ਬਖਾਨੀ।
'ਸਭਿ ਸ਼ੁਭ ਯੋਗ ਆਪ ਗੁਨ ਖਾਨੀ।

ਮਮ ਪਰ ਕ੍ਰਿਪਾ ਹੋਇ ਤੁਮ ਜਬ ਹੀ।
ਨਿਜ ਸਰੂਪ ਲਖਿ ਸਕ ਹੌਂ ਤਬ ਹੀ'
॥੩੫॥
ਇਸ ਬਿਧਿ ਕਰਤਿ ਪਰਸਪਰ ਜਹਿਂਵਾ।
ਦੋਇ ਦੈਂਤ ਆਏ ਚਲਿ ਤਹਿਂਵਾ।
ਠਾਂਢੇ ਹ੍ਵੈ ਬੂਝਤਿ ਭੇ ਐਸੇ।
'ਕਿਹਤੇ ਆਏ ਕਿਉਂ ਤੁਮ ਬੈਸੇ?'
॥੩੬॥
ਸ਼੍ਰੀ ਗੁਰ ਕਹੈਂ, 'ਦੂਤ! ਹਮ ਰਾਮੂ।
ਮਿਲਨ ਬਿਭੀਖਨ ਕੋ ਹੈ ਕਾਮੂ।[*]

[*]ਇਹ ਫਿਕਰਾ ਕਵਿ ਜੀ ਨੇ ਕਟਾਖਯ ਵਾਲਾ ਦਿੱਤਾ ਹੈ, ਹੇ ਦੂਤ! ਅਸੀਂ ਰਾਮ ਹਾਂ। ਕਈ ਇਥੇ 'ਰਾਮ ਦਾ ਦੂਤ' ਅਰਥ ਲਾਉਂਦੇ ਹਨ। ਰਾਮ ਦੇ ਦੂਤ ਦਾ ਅਰਥ ਹੈ 'ਘੱਲਿਆ ਹੋਇਆ ਰੱਬ ਦਾ', ਜਿਸ ਨੂੰ ਮੁਸਲਮਾਨ ਕਹਿੰਦੇ ਹਨ 'ਰਸੂਲਿ ਅੱਲਾ' ਸ਼ਾਯਦ ਦੈਂਤਾਂ ਨੇ ਸਮਝਿਆ ਕਿ ਰਾਵਣ ਨੂੰ ਮਾਰਨ ਵਾਲੇ ਰਾਮ ਦਾ ਸਫੀਰ ਹੈ ਕੋਈ। ਅੱਗੇ ਚਲਕੇ ਅੰਕ ੬੩, ੬੪, ੬੫ ਵਿਚ ਗੁਰੂ ਜੀ ਬਿਭੀਖਨ ਨੂੰ ਤੇੜੀ ਕਰੋੜ ਦੇਵਤਾ ਨੂੰ ਛੱਡਣ ਦਾ ਤੇ ਇਕ ਆਤਮਾ ਦੀ ਪਛਾਣ ਦਾ ਉਪਦੇਸ਼ ਦਿੰਦੇ ਹਨ। ਬਿਭੀਖਨ ਅਜੇ ਤਕ ਇਕ ਆਤਮਾ ਦੀ ਪਛਾਣ ਤੋਂ ਵਿਰਵਾ ਸੀ, ਇਸੇ ਕਰਕੇ ਕਿਸੇ ਪਾਰਲੋਕਿਕ ਹਾਲਤ ਵਿਚ ਉਸੇ ਰਾਜ ਭਾਗ ਕਾਰ ਕਰਮ ਦੇ ਕਿਸੇ ਸੂਖਮ ਹੰਕਾਰ ਵਿਚ ਸੀ, ਜਿਸ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਦਰਸ਼ਨ ਦਿੱਤੇ, ਇਸੇ ਕਿਸੇ ਉਰਲੀ ਅਵਸਥਾ ਵਿਚ ਹਨੂਮਾਨ ਸੀ, ਜੋ ਅਜੇ ਤਕ ਰਾਵਣ ਦੀ ਚਿਖਾ ਤੇ ਬੈਠਾ ਦੱਸਿਆ ਹੈ। ਉਸ ਨੂੰ ਬੀ ਗੁਰੂ ਜੀ ਨੇ ਇਹ ਉਪਦੇਸ਼ ਦਿੱਤਾ ਹੈ ਦੇਖੋ ਅੰਕ ੭੫ ਇਸੇ ਅਧ੍ਯਾਯ ਦਾ-
ਸਰਬ ਬਿਆਪੀ ਮੋਹਿ ਕੋ ਜਬ ਜਾਨਹਿਂ ਮਨ ਮਾਂਹਿ। ਸਦਾ ਮਿਲ੍ਯੋ ਹਮ ਸੋਂ ਰਹੈਂ ਬਿਛੁਰਨ ਹ੍ਵੈ ਕਬ ਨਾਂਹਿ।
ਹਨੂਮਾਨ ਦੀ ਦ੍ਰਿਸ਼ਟੀ ਵਿਚ ਬੀ ਇਹ ਕਸਰ ਸੀ, ਜਿਹੜੀ ਦੂਰ ਕਰਨੀ ਸੀ।
ਇਨ੍ਹਾਂ ਪ੍ਰਸੰਗਾਂ ਦਾ ਇਹ ਭਾਵ ਨਹੀਂ ਕਿ ਲੰਕਾ ਨਾਮੇ ਧਰਤੀ ਉਤੇ ਹਡ ਚੰਮ ਦੀ ਦੇਹੀ ਵਿਚ ਬਿਭੀਖਨ ਤੇ ਹਨੂਮਾਨ ਬੈਠੇ ਰਾਜ ਕਰਦੇ ਸਨ ਤੇ ਰਾਵਣ ਦੀ ਚਿਖਾ ਫਰੋਲਦੇ ਸਨ, ਪਰ ਇਹ ਕਿ ਦੋਵੇਂ ਸਰੀਰ ਤੋਂ ਮਗਰੋਂ ਪੂਰਨ ਪਦ ਤੇ ਨਹੀਂ ਅੱਪੜੇ, ਕਿਸੇ ਲਿੰਗ ਸ਼ਰੀਰ ਦੀ ਅਵਸਥਾ ਵਿਚ ਚਿਰਜੀਵੀ ਹੋਕੇ ਆਪਣੇ ਪਿਆਰ ਵਾਲੇ ਸੰਕਲਪਾਂ ਦਾ ਸੁਖ ਮਾਣ ਰਹੇ ਸਨ, ਕਸਰ ਸੀ ਸਰਬ ਬ੍ਯਾਪੀ ਦੀ, ਅੰਤਰ ਆਤਮੇ ਲੱਖਤਾ ਦੀ, ਸ਼੍ਰੀ ਗੁਰੂ ਜੀ ਨੇ ਜਿਸ ਹਾਲਤ ਵਿਚ ਖੰਡ ਝਤੋਲਾ, (ਗ਼ਾਲਬਨ ਧਰਮ ਖੰਡ) ਵਿਚ ਉਹ ਸਨ, ਉਨ੍ਹਾਂ ਨੂੰ ਮਿਲਕੇ ਇਹ ਕਸਰ ਕੱਢ ਦਿੱਤੀ। ਪ੍ਰਸੰਗ ਲਿਖਣ ਦਾ ਪ੍ਰਯੋਜਨ ਇਹ ਜਾਪਦਾ ਹੈ ਕਿ ਪਾਠਕ ਜਨ ਅਨਿੰਨ ਭਗਤੀ ਸ਼੍ਰੀ ਵਾਹਿਗੁਰੂ ਜੀ ਦੀ ਕਰਨ ਤੇ ਉਨ੍ਹਾਂ ਦੇ ਤਤਸਰੂਪ ਦੇ ਅਨੁਭਵ ਵਿਚ ਨਿਮਗਨ ਹੋਣ ਤਾਂ ਜੋ ਸਦਗਤੀ ਮਿਲੇ। ਬਾਕੀ ਇਹ ਪ੍ਰਸੰਗ ਅਸਲ ਜਨਮ ਸਾਖੀ ਵਿਚ ਕਿਵੇਂ ਸਨ ਤੇ ਨਕਲੀ ਵਿਚ ਕੀਹ ਰੂਪ ਲੈ ਗਏ, ਇਹ ਬਾਤਾਂ ਵਿਸ਼ੇਸ਼ ਖੋਜ ਦੀਆਂ ਮੁਥਾਜ ਹਨ।

ਵਹਿਰ ਨਿਕਸਿ ਕੈ ਆਵਹਿ ਪਾਸੂ।
ਮਿਲਿ ਹੈਂ ਤਬ, ਨਹਿਂ ਜਾਇਂ ਅਵਾਸੂ[1]' [1]ਘਰ।
॥੩੭॥

ਦੋਹਰਾ: [1]ਦੈਂਤ।

ਅਸੁਰ[1] ਸੁਨਤਿ ਗਮਨੇ ਨਗਰ,
ਨਿਜ ਪਤਿ ਕੋ ਸੁਧ ਦੀਨ।

'ਨੀਕੇ ਉਪਬਨ[1] ਕੇ ਬਿਖੈ,
ਬੈਠੇ ਮਾਨੁਖ ਤੀਨ ॥੩੮॥

ਚੌਪਈ:

-ਹਮ ਹੈਂ ਰਾਮ, ਦੂਤ!- ਇਉਂ ਕਹਿ ਹੀਂ[1]।
ਸੰਗ ਆਪਕੇ ਮਿਲਨੋ ਚਹਿਹੀਂ।'
ਉਠ੍ਯੋ ਬਿਭੀਖਨ ਕਰਿ ਪਗ ਨੰਗੇ।
ਰਾਖਸ਼ ਚਲੇ ਬਹੁਤ ਤਿਹ ਸੰਗੇ ॥੩੯॥
ਬਡ ਅਕਾਰ ਗਿਰ ਬਪੁ ਹੈਂ ਜੈਸੇ[1]।
ਨਾਸਾਂ ਕਰਨ ਕੰਦਰਾ ਤੈਸੇ।
ਦੋਨੋ ਰਾਖਸ਼ ਅੱਗ੍ਰਜ ਕਰਿ ਕੈ।

{ਬਿਭੀਖਨ ਮਿਲਾਪ}

ਆਯੋ ਨਿਕਟ ਭਾਉ ਉਰ ਧਰਿ ਕੈ ॥੪੦॥
ਧਰੀ ਉਪਾਇਨ ਆਗੈ ਨੀਕੀ।
ਬੰਦਨ ਕਿਯ ਸ਼ਰਧਾ ਧਰਿ ਜੀ ਕੀ।
'ਰਾਮ ਨਾਮ' ਕਹਿ ਬੈਠਿ ਸਮੀਪਾ।
ਕੁਸ਼ਲ ਬੂਝਿ ਬੇਦੀ ਕੁਲਦੀਪਾ ॥੪੧॥
ਬੋਲੇ ਬਹੁਰ 'ਸੁਨਹੁ ਲੰਕੇਸ਼ਾ!
ਭਯੋ ਬਿਰਹ ਚਿਰ ਕਾਲ ਰਘੇਸ਼ਾ।
ਮੇਲਿ ਫੇਰ ਕੀਨੋ ਕੈ ਨਾਂਹੀ?
ਮਹਾਂ ਭਗਤ ਤੂੰ ਦੈਂਤਨ ਮਾਂਹੀ' ॥੪੨॥
ਲਖੇ ਬਿਭੀਖਨ ਸੰਤ ਸੁ ਪੂਰੇ।
ਹਾਥ ਬੰਦਿ ਬੋਲ੍ਯੋ ਬਚ ਰੂਰੇ।
'ਸੁਨਹੁ ਸੰਤ! ਜਬ ਕਾ ਮੈਂ ਬਿਛੁਰਾ।
ਤਬ ਕਾ ਰਾਮ ਨਾਮ ਉਰ ਧਰਾ ॥੪੩॥
ਨਹਿਂ ਬਿਛੁਰ੍ਯੋ ਮੈਂ ਜਾਨਹੁਂ ਤਿਨ ਕੋ।
ਚਿਤ ਮਹਿਂ ਨਾਮ ਬਸਤਿ ਨਿਤ ਜਿਨ ਕੋ।
ਹਿਰਦੈ ਧਰਿ ਕੈ ਧ੍ਯਾਨ ਮੁਕੰਦਾ।
ਨਿਤਪ੍ਰਤੀ ਹੌਂ ਮਗਨ ਅਨੰਦਾ ॥੪੪॥

ਦੋਹਰਾ:

ਮੇਲਿ ਸਰੀਰਨ ਕੋ ਬਨ੍ਯੋ,
ਬਿਛੁਰਨ ਹੈ ਇਨ ਅੰਤ।

[1]ਬਾਗ।

[1]ਅਸੀਂ ਹਾਂ ਰਾਮ, ਹੇ ਦੂਤ ਐਉਂ ਕਹਿੰਦੇ ਹਨ (ਅ) ਅਸੀਂ ਹਾਂ ਰਾਮ ਦੂਤ, ਐਉਂ ਕਹਿੰਦੇ ਹਨ।

[1]ਵੱਡੇ ਆਕਾਰ ਦੇ ਸ਼ਰੀਰ ਜਿਵੇਂ ਪਹਾੜ ਹੁੰਦਾ ਹੈ।

ਮਿਲੇ, ਨ ਬਿਛੁਰਹਿਂ ਸੇ ਸਦਾ;
ਜਿਨ ਉਰ ਨਾਮ ਸੁ ਮੰਤ[1] ॥੪੫॥ [1]ਨਾਮ ਰੂਪ ਸ੍ਰੇਸ਼ਟ ਮੰਤ੍ਰ।

ਚੌਪਈ:
ਜਬ ਸ੍ਰੀ ਰਾਮ ਲੰਕ ਚਢਿ ਆਯੋ।
ਦਸ ਸਿਰ ਕੋ ਮੈਂ ਤਬ ਸਮਝਾਯੋ।
-ਸੀਤਾ ਦੇਇ ਮਿਲਹੁ ਰਘੁਨਾਥੰ।
ਰਾਜ ਕਰੋ ਬੈਠੇ ਸੁਖ ਸਾਥੰ- ॥੪੬॥
ਕਰਯੋ ਕ੍ਰੋਧ ਤਿਨ ਲਾਤ ਪ੍ਰਹਾਰੀ।
ਕੀਨ ਅਨਾਦਰ ਸਭਾ ਮਝਾਰੀ।
ਲਾਤ ਪ੍ਰਹਾਰ ਕਸ਼ਟ ਸਹਿ ਤਬ ਹੀ।
ਦਹਿਦਿਸ਼ ਦੀਨ ਭਯੋ ਮੈਂ ਤਬ ਹੀ ॥੪੭॥
ਰਾਮ ਚੰਦ ਕੀ ਤੱਕੀ ਸ਼ਰਨਾ।
ਤਿਹ ਛਿਨ ਭਯੋ ਰਿਦੈ ਅਸ ਫੁਰਨਾ।
-ਗਢ ਲੰਕਾ ਕੋ ਮਾਰਹਿਂ ਜਬ ਹੀ।
ਬਿਜੈ[1] ਹੋਇ ਰਘੁਪਤਿ ਕੀ ਤਬ ਹੀ ॥੪੮॥ [1]ਫਤੇ।
ਮੁਝੈ ਰਾਜ ਦੇਂ ਲੰਕ ਸਮੇਤਾ-।
ਇਉਂ ਬਿਚਾਰ ਕਰਿ ਚਲਯੋ ਨਿਕੇਤਾ।
ਗਮਨਯੋ ਸਨਮੁਖ ਹੋਇ ਅਨਾਥਾ।
ਜਾਇ ਦਰਸ ਦੇਖਯੋ ਰਘੁਨਾਥਾ ॥੪੯॥
ਰਾਜ ਚਾਹਿ[1] ਤਿਹ ਛਿਨ[†] ਮਿਟ ਗਈ। [1]ਰਾਜ ਦੀ ਇੱਛਾ। [†]ਪਾ:-ਘਟ।
ਇਉਂ ਬਿਚਾਰ ਉਰ ਮੈਂ ਸ਼ੁਭ ਭਈ।
ਰਾਜ ਬਡੋ ਦੁਖ ਸਾਗਰ ਹੇਰਾ।
ਜਗਤ ਧੰਧ ਕੋ ਗਰਤ[1] ਬਡੇਰਾ ॥੫੦॥ [1]ਟੋਇਆ।
ਅਵਲੋਕੇ ਹ੍ਵੈ ਕਰਿ ਨਿਹਕਾਮੂ[1]। [1]ਕਾਮਨਾ ਰਹਤ।
ਬੰਦਨ ਕੀਨਿ ਚਰਨ ਸ੍ਰੀ ਰਾਮੂ।
ਕਰੁਨਾਨਿਧਿ ਸ੍ਰੀ ਅੰਤਰਯਾਮੀ[1]। [1]ਭਾਵ ਰਾਮਚੰਦ ਜੀ।
ਪੂਰਬ ਫੁਰਨਾ ਲਖਿ ਕਰਿ ਸ੍ਵਾਮੀ ॥੫੧॥

ਦੋਹਰਾ:
ਬੋਲੇ ਸ੍ਰੀ ਮੁਖ ਤੇ ਬਚਨ -ਆਉ ਬੈਠਿ ਲੰਕੇਸ਼!-।
ਬਿਨੈ ਕਰੀ ਕਰ ਬੰਦਿ ਮੈਂ -ਚਾਹਿ ਨ ਰਾਜ

ਸੁ ਦੇਸ਼- ॥੫੨॥

ਚੌਪਈ:

ਸੁਨਿ ਸ਼੍ਰੀ ਰਘੁਪਤਿ ਬਹੁਰ ਉਚਾਰਾ।
-ਨਿਜ ਘਰ ਤੇ ਤੂੰ ਜਬੈ ਪਧਾਰਾ।
ਤਬੈ ਕਾਮਨਾ ਰਿਦੈ ਉਠਾਈ।
ਲੰਕਾ ਦੇਹਿਂ ਰਾਮ ਮੁਝ ਤਾਈਂ ॥੫੩॥
ਬਿਰਦ[1] ਹਮਾਰਾ ਜਾਨਹੁ ਐਸਾ। — [1]ਧਰਮ।
ਤੋ ਸੋਂ ਕਹੋਂ ਬਿਭੀਖਨ ਤੈਸਾ।
ਧਾਰਿ ਕਾਮਨਾ ਜੋ ਜੱਗਜਾਸੀ।
ਘਰ ਤਜਿ ਆਵਤਿ ਹੈ ਮੁਝ ਪਾਸੀ ॥੫੪॥
ਕਰੋਂ ਕਾਮਨਾ ਪੂਰਬ ਪੂਰੀ।
ਪੁਨ ਦਿਉਂ ਪਦਵੀ ਕੈਵਲ[1] ਰੂਰੀ[2]-। — [1]ਮੁਕਤੀ ਦੀ ਸੁੰਦਰ ਪਦਵੀ। [2]ਮੁਕਤੀ ਦੀ ਸੁੰਦਰ ਪਦਵੀ।
ਹੈਂ ਐਸੇ ਸ਼੍ਰੀ ਰਾਮ ਉਦਾਰਾ।
ਅਸ਼ਟ ਪਹਿਰ ਜਿਨ ਨਾਮ ਅਧਾਰਾ[1]' ॥੫੫॥ — [1]ਜਿਨ੍ਹਾਂ ਦੇ ਨਾਮ ਦਾ ਮੈਨੂੰ ਆਧਾਰ ਹੈ।
ਸੁਨਿ ਸ਼੍ਰੀ ਨਾਨਕ ਕਹਿਂ ਮ੍ਰਿਦੁ ਬਾਨੀ।
'ਧੰਨ ਬਿਭੀਖਨ ਸ਼ੁਭ ਗੁਨਖਾਨੀ।
ਚਿਰੰਜੀਵ ਪਦਵੀ ਤੈਂ ਪਾਈ।
ਮਨ ਕੀ ਨਾਮ ਬਿਖੈ ਲਿਵਲਾਈ ॥੫੬॥
ਡਰਤਿ ਰਹਤਿ ਰਾਖਸ਼ ਭੈ ਤੇਰੇ।
ਆਇਸੁ ਮਾਨਿ ਭਏ ਸਭਿ ਚੇਰੇ।
ਕਾਹੁ ਨ ਕਰੈ ਦੁਖਾਉਨ ਕੋਈ[1]। — [1]ਕਿਸੇ ਨੂੰ ਕੋਈ ਦੁਖਾਉਣਾ ਨਹੀਂ ਕਰਦਾ।
ਭਾਉ ਭਗਤਿ ਮਹਿਂ ਸ਼ਰਧਾ ਹੋਈ' ॥੫੭॥
ਸੁਨਤਿ ਬਿਭੀਖਨ ਬੈਨ ਉਚਾਰੇ।
'ਬੇਮੁਖ ਦੈਤ ਰਾਮ ਸਭਿ ਮਾਰੇ।
ਦੈ ਕੈ ਰਾਜ ਅਜੁੱਧਯਾ ਗਏ।
ਮਮ ਸਮੇਤ ਬਾਂਦਰ ਦਲ ਲਏ ॥੫੮॥

ਦੋਹਰਾ:

ਤਹਾਂ ਜਾਇ ਮੋ ਕੋ ਤਬਹਿ, ਇਹ ਉਪਦੇਸ਼ ਬਤਾਇ।

-ਨਮਿਤ ਮਾਤ੍ਰ ਅਵਤਾਰ ਧਰਿ, ਈਸ਼ੁਰ ਧਰਨੀ[1] ਆਇ ॥੫੯॥ [1]ਧਰਤੀ ਤੇ।

ਚੌਪਈ:

ਕਾਰਜ ਕਰਿ ਬੈਕੁੰਠ ਸੁ ਜਾਵਹਿਂ।
ਤਿਨ ਕੇ ਗੁਨ ਪਢਿ ਸੁਨਿ ਸੁਖ ਪਾਵਹਿਂ।
ਹੈਂ ਅਵਤਾਰ ਸੰਤ ਨਿਤ ਮੇਰੇ।
ਤਿਨ ਮਿਲਾਪ ਅਘ ਜਾਹਿਂ ਘਨੇਰੇ ॥੬੦॥
ਸੰਤ ਮੋਹਿ ਮਹਿਂ ਭੇਦ ਨ ਕੋਊ-।
ਐਸੇ ਰਾਮ ਕਹਾ ਦੁਖ ਖੋਊ।
ਸੋ ਤੁਮ ਸੰਤ ਸਦਾ ਸੁਖਦਾਈ।
ਕਰਿ ਉਪਦੇਸ਼ ਦੇਹੁ ਸਮਝਾਈ ॥੬੧॥
ਰਘੁਬਰ ਤੁਮ ਮਹਿਂ ਭੇਦ ਨ ਜਾਨੌਂ।
ਈਸ਼ੁਰ ਏਕ ਸਮਾਨ ਪਛਾਨੌਂ[†]।'

[†]ਰਾਮ ਜੀ ਦੇ ਦ੍ਰਿੜ ਭਗਤਾਂ-ਬਿਭੀਖਨ ਤੇ ਹਨੂਮਾਨ-ਦਾ ਗੁਰੂ ਜੀ ਨੂੰ ਆਪਣੇ ਇਸ਼ਟ ਦੇਵ ਦੇ ਤੁੱਲ ਮੰਨ ਲੈਣਾ ਭਗਤੀ ਮਾਰਗ ਵਿਚ ਇਕ ਭਾਰੀ ਜਿੱਤ ਸਮਝੀ ਜਾਂਦੀ ਸੀ, ਕਵਿ ਜੀ ਨੇ ਆਪਣੇ ਨੁਕਤਾ ਖਿਆਲ ਤੋਂ ਇਹ ਗੱਲ ਸਿੱਧ ਕੀਤੀ ਹੈ ਕਿ ਰਾਮ ਦੇ ਦ੍ਰਿੜ ਭਗਤਾਂ ਨੇ ਬੀ ਗੁਰੂ ਜੀ ਨੂੰ ਆਪਣੇ ਇਸ਼ਟ ਤੁੱਲ ਤਸਲੀਮ ਕੀਤਾ, ਇਹ ਗੁਰੂ ਜੀ ਦੇ ਮਹਾਂ ਪ੍ਰਬਲ ਸਰੂਪ ਦੀ ਇਸ ਮੰਡਲ ਵਿਚ ਬਿਜੈ ਹੈ ਜੋ ਕਵਿ ਜੀ ਨੇ ਦਰਸਾਈ ਹੈ। ਫਿਰ ਹੋਰ ਵਡਿਆਈ ਅੱਗੇ ਦੱਸਦੇ ਹਨ-ਅੰਕ ੬੫ ਵਿਚ ਗੁਰੂ ਜੀ ਉਸ ਨੂੰ ਆਪਣਾ ਉਪਦੇਸ਼ ਦ੍ਰਿੜ ਕਰਾਉਂਦੇ ਹਨ, ਤੇ ਉਸ ਦੀ ਭਗਤੀ ਨੂੰ ਪਰਾ ਭਗਤੀ ਦੇ ਦਰਜੇ ਵਿਚ ਲੈ ਜਾਂਦੇ ਹਨ।

ਬਿਨੈ ਸਨੀ[1] ਸੁਨਿ ਕੈ ਤਿਹ ਬਾਨੀ। [1]ਬੇਨਤੀ ਵਾਲੀ।
ਬੋਲੇ ਸ਼੍ਰੀ ਨਾਨਕ ਗੁਨਖਾਨੀ ॥੬੨॥

ਸ੍ਰੀ ਮੁਖਵਾਕ ॥
ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥

ਚੌਪਈ:

ਸ਼੍ਰੀ ਗੁਨ ਭਨੈ, 'ਬਿਭੀਖਨ! ਸੁਨੀਏ।
ਆਗੈ ਹੀ ਗੁਰਮੁਖਿ ਮਨ ਗੁਨੀਏ।
ਭੇਦ ਆਇ ਦੀਨੋ ਸ਼੍ਰੀ ਰਾਮੂ।
ਰਾਵਨ ਮਾਰਿ ਕਰੇ ਸਭਿਕਾਮੂ ॥੬੩॥
ਗੁਰ ਕੈ ਸਬਦ ਰਾਮ ਬੀਚਾਰੇ।
ਸਿੰਧ ਬਿਖੈ ਪਾਹਨ ਬਡ ਤਾਰੇ।
ਸਤਿਗੁਰ ਸਬਦ ਸਭਿਨਿ ਤੇ ਵਡੋ।

ਤੇਤੀ ਕੋਟ ਸੁਰਨ ਕੋ[1] ਛਡੋ[2†] ॥੬੪॥

[1]ਦੇਵਤਿਆਂ ਨੂੰ। [2]ਛੁੜਾਇਆ।

[†]ਕਵਿ ਜੀ ਨੇ ਅੰਕ ੬੨ ਤੋਂ ਮਗਰਲੀਆਂ ਤੁਕਾਂ ਦਾ ਟੀਕਾ ਕੀਤਾ ਹੈ, ਸਮੇਂ ਦੇ ਨਾਲ ਫਬਦਾ ਢੁਕਦਾ। ਸਿਧ ਗੋਸਟ ਵਿਚ ਗੁਰੂ ਦੀ ਮਹਿਮਾ ਚਲ ਰਹੀ ਹੈ। ਉਥੇ ਦ੍ਰਿਸ਼ਟਾਂਤ ਮਾਤ੍ਰ ਲਈ ਇਹ ਕੁਛ ਦੱਸਦੇ ਹਨ। ਮੂਲ ਅਰਥ ਗਜਾਨੀ ਇਹ ਕਰਦੇ ਹਨ-

ਗੁਰੂ ਦੇ ਦੁਆਰਾ ਨਾਮ ਰੂਪੀ ਪੁਲ ਬੱਧਾ, ਅਵਿੱਦਜਾ ਅਹੰਤਾ ਰੂਪੀ ਲੰਕਾ ਲੁਟੀ, ਕਾਮ ਕ੍ਰੋਧ ਰੂਪੀ ਦੈਂਤਾਂ ਨੂੰ ਸੰਤਾਪ ਦਿੱਤਾ, ਰਾਮ ਰਾਮ ਕਰਕੇ ਮਾਰਿਆ ਹੰਕਾਰ ਰੂਪੀ ਰਾਵਣ, ਇਹ ਭੇਦ ਸਾਰਾ ਗੁਰੂ ਰੂਪੀ ਬਿਭੀਖਣ ਨੇ ਦਿੱਤਾ। ਗੁਰੂ ਨੇ ਪਾਪਾਂ ਨਾਲ ਪੱਥਰਾਂ ਵਤ ਭਾਰੇ ਜੀਵ ਸੰਸਾਰ ਰੂਪੀ ਸਾਗਰ ਤੋਂ ਤਾਰ ਦਿੱਤੇ। ਤੇਤੀ ਕ੍ਰੋੜ ਦੇਵਤੇ ਭਾਵ ਕਈ ਉਧਾਰ ਦਿੱਤੇ ਯਾ ਕ੍ਰੋੜਾਂ ਤੋਂ (ਤੀਸ) ਅਧਿਕ ਜੀਵ ਤਾਰੇ।

ਸਤਿਗੁਰ ਸ਼ਬਦ ਰਿਦੈ ਬੀਚਾਰੋ।
ਇਹ ਉਪਦੇਸ਼ ਹਮਾਰੋ ਧਾਰੋ।
ਸੁਪਨ ਸਮਾਨ ਜਗਤ ਕੋ ਜਾਨੋ।
ਏਕ ਆਤਮਾ ਸਰਬ ਪਛਾਨੋ ॥੬੫॥

ਦੋਹਰਾ:

ਸੰਤਨ ਕੀ ਸੰਗਤਿ ਕਰੋ, ਸੁਖ ਜਿਸ ਮਹਿਂ ਦਿਨ ਰੈਨ।
ਨੀਕੋ ਇਹ ਉਪਦੇਸ਼ ਹੈ, ਮਹਾਂ ਅਘੀ ਗਤਿ ਦੈਨ[1]' ॥੬੬॥

[1]ਦੇਣ ਵਾਲਾ।

ਚੌਪਈ:

ਤਿਹ ਛਿਨ ਬੋਲਿ ਉਠਯੋ ਮਰਦਾਨਾ।
'ਸੁਨਯੋ ਸੁ ਰਹੈ ਇਹਾਂ ਹਨੁਮਾਨਾ।
ਤਿਸਹਿ ਦਿਖਾਵਹੁ ਸ਼੍ਰੀ ਪ੍ਰਭੁ ! ਅਬ ਹੀ।'
ਸੁਨਤਿ ਬਿਭੀਖਨ ਬੋਲਯੋ ਤਬ ਹੀ ॥੬੭॥
ਰਾਵਨ ਕੋਸਲ[1] ਜਹਾਂ ਮਹਾਨਾਂ।
ਅਬ ਬੈਠਯੋ ਤਿਹ ਠਾਂ ਹਨੁਮਾਨਾ।
ਬਿਨ ਸ਼੍ਰੀ ਰਾਮ ਨ ਬੰਦਨ ਕਰਿਹੀ।
ਆਇਸੁ ਅਪਰ[1] ਨ ਕਿਹ ਸਿਰ ਧਰਿਹੀ' ॥੬੮॥

[1]ਰਾਵਣ ਦੀ ਚਿਖਾ।

[1]ਹੋਰ ਕਿਸੇ ਦੀ।

ਗੁਰੂ ਕਹਯੋ, 'ਹਮ ਰਾਮ ਸਰੂਪਾ[†]।

[†]ਇਹ ਬੀ ਕਵਿ ਜੀ ਦਾ ਉਹੋ ਆਪਣੇ ਇਸ਼ਟ ਨੂੰ ਉੱਚੇ ਦੱਸਣ ਦਾ ਖਿਆਲ ਹੈ, ਕਿ ਹਨੁਮਾਨ ਜੈਸੇ ਦ੍ਰਿੜ ਤੇ ਅਨਿੰਨ ਰਾਮ ਭਗਤ ਤੋਂ ਬੀ ਮੱਥਾ ਟਿਕਵਾਯਾ ਅਰ ਫਿਰ ਉਸ ਦੀ ਭਗਤੀ ਨੂੰ ਪਰਾ ਭਗਤੀ ਬਣਾਕੇ ਉਸ ਨੂੰ ਸਿਰੇ ਚੜ੍ਹਾਇਆ।

ਯੁਤ ਸੀਤਾ ਕੇ ਧਰਹਿਂ ਅਨੂਪਾ।
ਤਿਹ ਬੁਲਾਇ ਕੇ ਦੇਹੁ ਦਿਖਾਈ।

ਪੁਨ ਹਮ ਆਵਨ ਹੋਇ ਕਦਾਈ' ॥੬੯॥
ਤਬ ਇਕ ਰਾਖਸ਼ ਤਹਾਂ ਪਠਾਯੋ।
ਗਇਓ ਨਿਕਟਿ ਇਉਂ ਬੈਨ ਸੁਨਾਯੋ।
'ਵਹਿਰ ਲੰਕ ਸ੍ਰੀ ਰਾਮ ਸੁਹਾਵਤਿ।
ਸੀਤਾ ਯੁਤ ਸੋ ਤੁਝੈ ਬੁਲਾਵਤਿ ॥੭੦॥
ਨਿਕਟ[1] ਬਿਭੀਖਨ ਗਯੋ ਅਗਾਰੀ[2]। — [1]ਰਾਮ ਜੀ) ਪਾਸ। [2]ਅਗੇ ਹੀ।
ਮੈਂ ਆਯੋ ਤੁਮ ਕੋ ਸੁਧ ਕਾਰੀ[1]।' — [1]ਖਬਰ ਦੇਣ।
ਸੁਨਤਿ ਚੌਂਪ ਕਰਿਕੈ ਹਨੁਮਾਨਾਂ।
{ਹਨੂਮਾਨ ਮਿਲਾਪ}
ਚਲ੍ਯੋ ਸੰਗ ਹਿਰਦੈ ਹਰਖਾਨਾ ॥੭੧॥
ਰਘੁਬਰੁ ਕੋ ਸ੍ਰੀ ਗੁਰ ਬਪੁ[1] ਧਰਾ। — [1]ਸਰੀਰ।
ਮੈਂ[1] ਤਿਹ ਛਿਨ ਲਛਮਨ ਤਨ ਕਰਾ। — [1]ਭਾਵ ਬਾਲੇ ਨੇ।
ਸੀਤਾ ਬੇਖ ਕੀਨ ਮਰਦਾਨਾ।
ਚਲਿ ਆਇਓ ਤਿਹ ਠਾਂ ਹਨੁਮਾਨਾ ॥੭੨॥
ਗਿਰ ਕੰਚਨ[1] ਸਮ ਦੇਹਿ ਕਰਾਲਾ[2]। — [1]ਸੋਨੇ ਦਾ ਪਹਾੜ। [2]ਭਯਾਨਕ।
ਕਾਂਧੇ ਧਾਰੀ ਗੁਰਜ ਬਿਸਾਲਾ।
ਕੀਨ ਬੰਦਨਾਂ ਪਦ ਅਰਬਿੰਦਾ।
ਬੈਠਿ ਗਯੋ ਉਰ ਅਧਿਕ ਅਨੰਦਾ ॥੭੩॥
ਰੂਪ ਬਿਲੋਕਤਿ ਲੋਚਨ ਭਰਿ ਕੈ।
ਮਹਾਂ ਪ੍ਰੇਮ ਪੁਲਕਾਵਨ[1] ਕਰਿ ਕੈ। — [1]ਲੂੰ ਖੜੇ ਪ੍ਰੇਮ ਨਾਲ।
ਤਿਹ ਛਿਨ ਬੋਲੇ ਕ੍ਰਿਪਾ ਨਿਧਾਨਾ।
'ਸੁਨੋ ਬੈਨ ਹਮਰੇ ਹਨੁਮਾਨਾ! ॥੭੪॥
ਦੋਹਰਾ:
ਸਰਬ ਬਿਆਪੀ ਮੋਹਿ ਕੋ, ਜਬ ਜਾਨਹਿਂ ਮਨ ਮਾਂਹਿ।
ਸਦਾ ਮਿਲ੍ਯੋ ਹਮ ਸੋਂ ਰਹੈਂ, ਬਿਛੁਰਨ ਹ੍ਵੈ ਕਬ ਨਾਂਹਿ[†]' ॥੭੫॥

[†]ਇਥੇ ਕਵਿ ਜੀ ਗੁਰੂ ਜੀ ਨੂੰ ਸਭ ਤੋਂ ਉੱਚਾ ਦੱਸਦੇ ਹਨ-ਸਰਬ ਬ੍ਯਾਪੀ ਗੁਰੂ ਜੀ ਹਨੂਮਾਨ ਨੂੰ ਅੰਤ੍ਰੀਵ ਬੁੱਧੀ ਖੁਲ੍ਹਣ ਦੀ ਮੱਤ ਦੇਂਦੇ ਹਨ, ਕਿ ਬ੍ਯਾਪਕ ਰਾਮ ਨੂੰ ਸਾਰੇ ਦੇਖ, ਸੀਤਾ ਦੀ ਥਾਵੇਂ ਮਾਇਆ ਨੂੰ ਸਮਝ, ਬਾਂਦਰ ਦੇਵਤੇ ਰਾਖਸ਼ ਸਭ ਸੀਤਾ ਨੇ ਰਚੇ ਹਨ, ਦ੍ਰਿਸ਼ਟਮਾਨ ਸਭ ਮਾਇਆ ਹੈ, ਇਸ ਦੇ ਅੰਤਰ ਬ੍ਯਾਪਕ ਵਾਹਿਗੁਰੂ ਹੈ, ਇਹ ਦ੍ਰਿਸ਼ਟੀ ਕਰ। ਰਾਮ ਸਰੀਰ ਤੋਂ ਉੱਚਾ ਉੱਠਕੇ ਵ੍ਯਾਪਕ ਰਾਮ ਵੇਖ ਜੋ ਸ੍ਰੀ ਗੁਰੂ ਜੀ ਨੇ ਐਉਂ ਦਰਸਾਈ ਹੈ:- ਸਲੋਕ ਮ. ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ

॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥

[ਰਾਮਕਲੀ ਕੀ ਵਾਰ]

ਚੌਪਈ:

ਦੇਖਤਿ ਹੋ ਜਿਤਨੇ ਤਨੁ ਸਾਰੇ।
ਸਭਿ ਜਾਨਹੁ ਸੀਤਾ ਇਹ ਧਾਰੇ।
ਸੋ ਸੀਤਾ[1] ਪੁਨ ਧਰਿ ਰਘੁਬੀਰੂ।
ਸੋ ਲਖਮਨ ਕੋ ਬਨੀ ਸਰੀਰੂ ॥੭੬॥
ਸਭਿ ਬਾਂਦਰ ਦਲ ਸੋਊ ਜਾਨਹੁ।
ਬਾਲੀ ਜਾਮਵੰਤ ਪਹਿਚਾਨਹੁ।
ਅੰਗਦ ਔਰ ਸੁਗ੍ਰੀਵ ਸੁ ਸੀਤਾ।
ਸਭਿ ਰਾਖਸ਼ ਤਨ ਤਿਨ ਹੀ ਕੀਤਾ ॥੭੭॥
ਰਾਵਨ ਆਦਿ ਬਿਭੀਖਨ ਸਭਿ ਹੀ।
ਤਨ ਸੀਤਾ ਧਾਰਤਿ ਲਖਿ ਅਬ ਹੀ।
ਬਿਨ ਸੀਤਾ ਕੇ ਕਹੂੰ ਨ ਔਰਾ।
ਦ੍ਰਿਸ਼ਟਿ ਜੁ ਆਵਤਿ ਸੋ ਸਭਿ ਠੌਰਾ ॥੭੮॥

[1]ਸੀਤਾ ਨੇ ਹੀ (ਸੀਤਾ ਤੋਂ ਮੁਰਾਦ ਮਾਇਆ ਲੈ ਰਹੇ ਹਨ)।

ਦੋਹਰਾ:

ਸੋ ਸੀਤਾ ਸਭਿ ਜਗ ਭਈ, ਸੱਤਜਾ ਲੇ ਕਰਿ ਰਾਮ।
ਉਪਜਾਵਤਿ ਸਭਿ ਜਗਤ ਕੋ, ਪੁਨ ਪਾਲਤਿ ਸੁਖ ਧਾਮ ॥੭੯॥

ਚੌਪਈ:

ਸੋ ਸੀਤਾ ਪੁਨ ਕਰਤਿ ਸੰਘਾਰਾ[1]।
ਸੱਤਜਾ ਪਾਇ ਕਰਹਿ ਸਭਿ ਕਾਰਾ।
ਰਾਮ ਬਿਆਪਕ ਸਭਿ ਕੇ ਮਾਂਹੀ।
ਬਿਨ ਬਜਾਪਕ ਕੋਊ ਘਟ ਨਾਂਹੀ ॥੮੦॥

[1]ਨਾਸ਼।

ਯਾ ਤੇ ਸੀਤਾ ਹੈ ਯਾ ਰਾਮ।
ਨਹਿਂ ਤੀਸਰ ਕੋ ਚੀਨਹੁ ਨਾਮ।'
ਮ੍ਰਿਦੁਲ ਬੈਨ ਸੁਨਿ ਕੈ ਹਨੁਮਾਨਾ।
ਪ੍ਰੇਮ ਮਗਨ ਹਿਰਦੇ ਹਰਖਾਨਾ ॥੯੧॥
'ਸੱਤਜ ਸੱਤਜ[1] ਤੁਮ ਗਿਰਾ ਅਲਾਈ। [1]ਸੱਚੀ।
ਅਪਨੇ ਨਿਕਟਿ ਰਖਹੁ ਰਘੁਰਾਈ[1]।' [1]ਹੇ ਰਾਮਚੰਦ੍ਰ ਜੀ!
ਰਾਮ ਬੇਖ ਸ੍ਰੀ ਨਾਨਕ ਕਹਾ।
'ਕਥਾ ਕੀਰਤਨ ਹੋਵਤਿ ਜਹਾਂ ॥੯੨॥

ਦੋਹਰਾ:

ਤਹਾਂ ਬਸਤਿ ਹੌਂ ਮੈਂ ਸਦਾ, ਸੁਨਹੁ ਪ੍ਰੀਤ ਕਰਿ ਜਾਇ।
ਨਿਕਟਿ ਰਹਿਨ ਫਲ ਹੋਤਿ ਹੈ, ਸਤਿਸੰਗਤਿ ਮਨ ਲਾਇ ॥੯੩॥

ਚੌਪਈ:

ਅਬ ਤੁਮ ਜਾਵਹੁ ਜਹਿਂ ਤੇ ਆਇਓ।'
ਬੰਦਨ ਕਰਿ ਹਨੁਮਾਨੁ ਸਿਧਾਇਓ।
ਜਹਿਂ ਰਾਵਨ ਕੀ ਚਿਖਾ ਬਿਸਾਲਾ।
ਤਹਾਂ ਜਾਇ ਪਹੁਂਚਯੋ ਤਤਕਾਲਾ ॥੯੪॥
ਕਥਾ ਕੀਰਤਨ ਜਹਿਂ ਜਹਿਂ ਹੋਇ।
ਦੂਸਰ ਤਨ ਧਰਿ ਸੁਨਿ ਹੈ ਸੋਇ[†]।

[†]ਹਨੁਮਾਨ ਦਾ ਟਿਕਾਣਾ ਰਾਵਣ ਦੀ ਚਿਖਾ ਦੱਸਿਆ ਹੈ, ਇਹ ਕਿੰਨੀ ਉਦਾਸ ਕਰਨ ਵਾਲੀ ਗੱਲ ਹੈ। ਗੁਰੂ ਜੀ ਨੇ ਉਸ ਨੂੰ ਇਸ ਥਾਉਂ ਤੋਂ ਉਧਾਰ ਬਖਸ਼ ਕੇ ਦੱਸਿਆ ਕਿ ਕਥਾ ਕੀਰਤਨ ਸੁਣਨ ਜਾਇਆ ਕਰ, ਉੱਥੇ ਕੱਲਜਾਨ ਰੂਪ 'ਮੈਂ' ਵਸਦਾ ਹਾਂ। ਗੋਯਾ ਹਨੁਮਾਨ ਨੂੰ ਸਤਿਸੰਗ ਵਿਚ ਜਾਣ ਦਾ ਰਸਤਾ ਖੁਹਲਕੇ ਵਿਆਪਕ ਰਾਮ ਦੇ ਰਸਤੇ ਪਾ ਦਿੱਤਾ।

ਨਿਜ ਸਰੂਪ ਸ਼੍ਰੀ ਨਾਨਕ ਕੀਨੋ।
ਮੈਂ ਮਰਦਾਨਾ ਭੇ ਤਿਉਂ ਤੀਨੋ ॥੯੫॥

ਦੋਹਰਾ:

ਬਿਦਾ ਬਿਭੀਖਨ ਤੇ ਭਏ, ਚਲੇ ਅਪਰ ਅਸਥਾਨ।
ਕਰਿ ਸੰਤੋਖ ਸਿੰਘ ਬੰਦਨਾ, ਪੂਰਨ ਧਜਾਇ ਪਛਾਨ ॥੯੬॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਲੰਕਾ ਪ੍ਰਸੰਗ' ਬਰਨਨੰ ਨਾਮ ਅਸ਼ਟਦਸਮੋਂ ਅਧਜਾਯ ॥੧੮॥

## ੧੯. [ਸ਼ਾਰਦਾ ਮੰਗਲ। ਪਲਖ, ਸ਼ਾਲਮਲੀ, ਕੁਸ਼, ਕੌਂਚ, ਸ਼ਾਖ ਤੇ ਪੁਸ਼ਕਰ ਦੀਪ ਗਮਨ]

੧੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੦

{ਸੱਤ ਦੀਪ} ॥੩॥
{੧ ਪਲਖ ਦੀਪ} ॥੯..॥
{੨ ਸ਼ਾਲਮਲੀ ਦੀਪ} ॥੨੫..॥
{੩ ਕੁਸ਼ ਦੀਪ} ॥੩੪..॥
{੪ ਕ੍ਰੌਂਚ ਦੀਪ} ॥੪੪..॥
{੫ ਸਾਖ ਦੀਪ} ॥੫੫..॥
{ਵਿਸ਼ੇ, ਭਜਨ ਅਤੇ ਗਜ਼ਾਨਾਨੰਦ} ॥੬੧..॥
{ਸਰੀਰ ਕਰਮ ਤਰੋਵਰੁ} ॥੬੪॥
{੬ ਪੁਸ਼ਕਰ ਦੀਪ} ॥੬੮..॥
{੭ ਜੰਬੂ ਦੀਪ} ॥੪, ੭੭॥ ॥ ॥੨੦॥

ਦੋਹਰਾ:

ਤਮ ਅੱਗਜਾਨ ਬਿਨਾਸ਼ਨੀ ਦੇਤਿ ਗਜਾਨ ਉਰ ਨੈਨ।
ਸ੍ਰੀ ਸਰਸ੍ਵਤੀ ਸੁਮਤਿ ਦਾ ਜੈ ਜੈ ਬਸੀਐ ਬੈਨ ॥੧॥

ਦਾ=ਦੈਣ ਵਾਲੀ। ਸੁਮਤਿ ਦਾ=ਸ੍ਰੇਸ਼ਟ ਬੁੱਧੀ ਦੇਣ ਵਾਲੀ।
ਬੈਨ=ਬਚਨ, ਬਾਣੀ, ਕਾਵ੍ਯ-ਰਚਨਾ

ਅਰਥ:

ਹੇ ਸਰਸ੍ਵਤੀ! ਅੱਗਜਾਨ (ਰੂਪੀ) ਹਨੇਰੇ ਨੂੰ ਵਿਨਾਸ਼ ਕਰਨੇ ਵਾਲੀ! (ਜੋ) ਹਿਰਦੇ ਦੇ ਨੈਣਾਂ ਨੂੰ ਗਜਾਨ (ਰੂਪੀ ਪ੍ਰਕਾਸ਼) ਦੇਣ ਹਾਰੀ ਹੈਂ (ਅਤੇ) ਸ੍ਰੇਸ਼ਟ ਬੁੱਧੀ ਦੀ ਦਾਤਾ ਹੈਂ, ਤੇਰੀ ਜੈ ਹੋ ਜੈ ਹੋ (ਮੇਰੀ) ਬਾਣੀ ਵਿਚ ਆਕੇ ਵੱਸ ਜਾਓ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਕਹਿ ਬਾਲਾ ਸ੍ਰੀ ਅੰਗਦ ਪਾਸੀ।
ਰੁਚਿਰ ਕਥਾ ਸੁਣੀਏ ਸੁਖਰਾਸੀ!
ਸ੍ਰੀ ਗੁਰ ਸੋਂ ਬੋਲਜੋ ਮਰਦਾਨਾ।
'ਸਭਿ ਹੀ ਦੀਪ[1] ਦਿਖਾਉ ਮਹਾਨਾ ॥੨॥ [1]ਜਜ਼ੀਰੇ, ਧਰਤੀ ਦੇ ਇਲਾਕੇ ਪੌਰਾਣਕ ਵੰਡ ਮੁਜਬ।
ਇਹ ਲਾਲਸ ਮੇਰੇ ਮਨ ਮਾਂਹੀ।
ਦੇਖੌਂ ਸਪਤ ਦੀਪ ਜੋ ਆਹੀ।

{ਸੱਤ ਦੀਪ}

ਸਰਬ ਪ੍ਰਕਾਰ ਸਮਰੱਥ ਸੁਆਮੀ।
ਜਹਿਂ ਚਾਹਉ ਤਹਿਂ ਕੇ ਤੁਮ ਗਾਮੀ[1]' [1]ਜਾਣ ਵਾਲੇ।
॥੩॥
ਸੁਨਿ ਕੈ ਬੋਲੇ ਕ੍ਰਿਪਾ ਨਿਧਾਨਾ।
'ਉੱਤਮ ਜੰਬੁ ਦੀਪ ਮਹਾਨਾ।
ਲਖ ਜੋਜਨ ਇਸ ਕੋ ਬਿਸਤਾਰੂ[1]। [1]ਫੈਲਾਉ।

ਸਭਿ ਦੀਪਨ ਕੇ ਲਖਹੁ ਮਝਾਰੂ ॥੪॥
ਇਹ ਕੇ ਬੀਚ ਮੇਰੁ[1] ਗਿਰ ਛਾਜੈ। — [1]ਸੁਮੇਰੁ ਪਰਬਤ।
ਕਮਲ ਬਿਖੈ ਜਿਉਂ ਕੋਸ਼[1] ਬਿਰਾਜੈ। — [1]ਡੋਡੀ।
ਜੋਜਨ ਲਾਖ ਜਾਨਿਯੇ ਮੇਰੂ।
ਕਛੁ ਛਿਤ ਮੈਂ ਕਛੁ ਉਪਰ ਹੇਰੂ[1] ॥੫॥ — [1]ਦੇਖ।
ਤਰੁ ਜਾਮਨ ਤੇ ਜੰਬੂ ਗਾਏ।
ਹੈ ਨਵ ਖੰਡ ਜੁ ਤੁਝੈ ਦਿਖਾਏ।
ਤਿਨ ਮਹਿਂ ਭਾਰਥ ਖੰਡ ਹੈ ਜੋਊ।
ਧਰਾ ਬੀਚ ਕੀ ਜਾਨਉ ਸੋਊ[1] ॥੬॥ — [1]ਸੋ ਭਾਰਤ ਖੰਡ ਹੀ ਵਿਚਲੀ ਧਰਤੀ ਜਾਣੋ (ਨਵਾਂ ਖੰਡਾਂ ਦੀ)।

ਦੋਹਰਾ:

ਪੁੰਨਜ ਜੱਗਜ ਤਪ ਕਰਿ ਬਡੇ, ਭਰਥਖੰਡ ਕੇ ਥਾਨ।
ਦੀਪ ਖੰਡ ਅਨ ਜਾਇ ਸੋ, ਭੋਗਹਿਂ ਭੋਗ[1] ਮਹਾਨ ॥੭॥ — [1]ਹੋਰ ਦੀਪਾਂ ਖੰਡਾਂ (ਵਿਚ) ਜਾਕੇ ਸੋ (ਪੁਰਸ਼, ਉਨ੍ਹਾਂ ਦੇ) ਫਲ ਭੋਗਦੇ ਹਨ।

ਚੌਪਈ:

ਤੇਰੋ ਕਹ੍ਯੋ ਨ ਮੋਰੋਂ ਕੈਸੇ।
ਚਲਹੁ ਦਿਖਾਵਹੁਂ, ਹੈਂ ਉਹ ਜੈਸੇ।'
ਅਸ ਕਹਿ ਸ੍ਰੀ ਗੁਰ ਚਲੇ ਅਗਾਰੀ।
ਇਸ ਸਮੁੰਦ੍ਰ ਕੇ ਪਹੁੰਚੇ ਪਾਰੀ ॥੮॥
ਲਖ ਜੋਜਨ ਕੋ ਥੋ ਬਿਸਥਾਰਾ।
ਪਾਰ ਗਏ ਨਹਿਂ ਲਾਗੀ ਵਾਰਾ।
ਪਲਖ[1]† ਦੀਪ ਮਹਿਂ ਬੈਠੇ ਜਾਇ। — [1]ਪ੍ਲਕਸ਼=ਸਤਾਂ ਦੀਪਾਂ ਵਿਚੋਂ ਇਕ ਦਾ ਨਾਮ ਜਿਥੋਂ ਸਰਸ੍ਵਤੀ ਨਿਕਲਦੀ ਹੈ, ਉਸ ਦਾ ਨਾਂ ਬੀ ਪ੍ਲਕਸ਼ ਰਾਜ ਲਿਖਿਆ ਹੈ। †ਪਾ:-ਪਲਾਖ-।
{੧ ਪਲਖ ਦੀਪ}
ਤਰੁ ਪਿਲਖਨ[1] ਤੇ ਨਾਮ ਸਦਾਇ ॥੯॥ — [1]ਪ੍ਲਕਸ਼=ਰਾਮ ਅੰਜੀਰ, ਪਿੱਪਲ, ਪੀਲੂ ਬ੍ਰਿੱਛ।
ਅਧਿਕ ਨਰਨ ਕੋ ਰੁਚਿਰ ਸਰੂਪਾ।
ਸੁਖ ਭੋਗਹਿਂ ਨਿਜ ਮਨ ਅਨਰੂਪਾ[1]। — [1]ਇਛਾ ਅਨੁਸਾਰ।
ਬੈਸ[1] ਸਭਿਨਿ ਕੀ ਬਰਖ ਹਜਾਰੂ। — [1]ਆਯੂ।
ਸਮ ਅਮਰਨ[1] ਕੇ ਤਿਨ ਬਿਵਹਾਰੂ ॥੧੦॥ — [1]ਦੇਵਤਿਆਂ ਵਰਗੇ।

ਦੋਹਰਾ:

ਸਪਤ ਖੰਡ ਤਿਹ ਦੀਪ, ਕੇ ਸਰਿਤਾ — [1]ਸੱਤ ਨਦੀਆਂ।

ਸਪਤ[1] ਪ੍ਰਵਾਹਿ।
ਸਰਬ ਪ੍ਰਕਾਰ ਅਨੰਦ ਬਹੁ, ਕੰਚਨ[1] ਮੰਦਿਰ ਜਾਂਹਿ ॥੧੧॥ [1]ਸੋਨੇ ਦੇ ਸੁਨਹਿਰੀ।

ਚੌਪਈ:

ਜਹਿਂ ਗੁਰ ਬੈਸੇ ਨਰ ਬਹੁ ਆਏ।
ਹਾਥ ਜੋਰਿ ਪਗ ਸੀਸ ਨਿਵਾਏ।
-ਅਪਰ[1] ਦੀਪ ਕੋ ਸੰਤ ਸਰੂਪਾ-। [1]ਹੋਰ।
ਅਸ ਲਖਿ ਆਨਹਿਂ[1] ਭੇਟ ਅਨੂਪਾ ॥੧੨॥ [1]ਲਿਆਂਵਦੇ ਹਨ।
ਮਧੁਰ ਧਰੇ ਫਲ ਰੁਚਿਰ ਅਗਾਰੀ।
ਬੈਠੇ ਚਹੁਂਦਿਸ਼ ਅਚਰਜ ਧਾਰੀ।
ਸ਼੍ਰੀ ਪ੍ਰਭੁ ਤਿਨ ਸਿਉਂ ਬੈਨ ਉਚਾਰੇ।
'ਸਭਿ ਬਿਧਿ ਹੈ ਆਨੰਦ ਤੁਮਾਰੇ? ॥੧੩॥
ਜਿਸ ਪ੍ਰਕਾਰ ਇਸ ਦੀਪ ਮਝਾਰਾ।
ਹਮ ਸੋਂ ਕਹੋ ਸਰਬ ਬਿਵਹਾਰਾ।
ਸੁਖ ਦੁਖ ਜੇਤੋ ਹੈ ਤੁਝ ਤਾਈਂ।
ਸੋਉ ਸੁਨਾਵਹੁ ਕੂਰ ਬਿਹਾਈ[1]' ॥੧੪॥ [1]ਝੂਠ ਛੱਡਕੇ।

ਦੋਹਰਾ:

ਨਰ ਬੋਲੇ ਤਿਸ ਦੀਪ ਕੇ, 'ਹੈ ਸੁਖ ਸਰਬ ਪ੍ਰਕਾਰ।
ਤ੍ਰੈ ਦੁਖ ਹੈਂ ਸਭਿਹਿਨਿ ਬਿਖੈ, ਸੋ ਹਮ ਕਰਹਿਂ ਉਚਾਰ ॥੧੫॥

ਚੌਪਈ:

ਬਡੋ ਆਪ ਤੇ ਜਿਹ ਕੋ ਜਾਨਹਿਂ।
ਤਿਹ ਸੋਂ ਮਨ ਮਹਿਂ ਮਤਸਰ[1] ਠਾਨਹਿਂ। [1]ਈਰਖਾ।
ਲਘੁ ਕੋ ਦੇਖਿ ਗਰਬ ਉਰ ਧਰਿਹੀਂ।
ਜੋ ਸਮ ਹੋਇ ਸਪਰਧਾ[1] ਕਰਿਹੀਂ ॥੧੬॥ [1]ਬਖੀਲੀ।
ਇਨ ਦੁਖ ਤੇ ਹੈਂ ਨਰ ਦੁਖਵੰਤੇ।
ਔਰ ਸਰਬ ਸੁਖ ਸੁਨਹੁ ਬ੍ਰਿਤੰਤੇ।'
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ।
'ਬਚਨ ਹਮਾਰੇ ਕਰਹੁ ਪ੍ਰਮਾਨਾ[1] ॥੧੭॥ [1]ਚੰਗੀ ਤਰ੍ਹਾਂ ਮੰਨਣਾ ਕਰੋ।

ਇਹ ਤੀਨੋ ਦੁਖ ਜਾਇੰ ਪਲਾਈ[1]। [1]ਦੂਰ ਹੋ ਜਾਣਗੇ।
ਸਦਾ ਅਨੰਦ ਰਹੈ ਤੁਮ ਤਾਈਂ।'
ਬੂਝਨ ਲਗੇ ਸਿ ਨਰ ਕਰ ਬੰਦੇ।
'ਦੇਹੁ ਸੀਖ[1] ਜਿਵ ਸਦਾ ਅਨੰਦੇ' ॥੧੮॥ [1]ਸਿੱਖਯਾ।

ਦੋਹਰਾ:
'ਸਰਬ ਬਿਖੈ ਇਕ ਰਾਮ ਹੈ, ਰਾਮ ਬਿਨਾਂ ਨਹਿਂ ਕੋਇ।
ਐਸੇ ਜਬ ਉਰ ਮੈਂ ਲਖੋ, ਦ੍ਵੈਤ ਨ ਕਬਹੂੰ ਹੋਇ ॥੧੯॥

ਚੌਪਈ:
ਦ੍ਰਿੜ੍ਹ ਮਨ ਮਹਿਂ ਇਸ ਬਿਧਿ ਜਬ ਹੋਊ।
ਤਬ ਪੁਨ ਦੂਖ ਨ ਬਯਾਪੈ ਕੋਊ।
ਸੱਤਿਨਾਮ ਕੋ ਜਾਪ ਜਪੀਜੈ।
ਸਤਿਗੁਰ ਸਿਮਰ ਤਿਹਾਵਲ ਕੀਜੈ ॥੨੦॥
ਕਰਿ ਅਰਦਾਸਿ ਸਿਖਨ ਮੁਖ ਪਾਵਹੁ।
ਤਬ ਦੁਬਿਧਾ ਉਰ ਸਕਲ ਨਸਾਵਹੁ।'
ਮ੍ਰਿਦੁਲ ਬਚਨ ਇਸ ਬਿਧਿ ਸੁਨਿ ਗੁਰ ਕੇ†। †ਪਾ:-ਕਰਿਕੇ।
ਭਏ ਸਿ ਨਰ ਸਿਖ ਸ਼ਰਧਾ ਧਰਿ ਕੇ ॥੨੧॥
ਕਿਤਿਕ ਦਿਵਸ ਤਹਿਂ ਡੇਰਾ ਰਾਖਯੋ।
ਅੱਗ੍ਰਜ ਗਮਨ ਬਹੁਰ ਅਭਿਲਾਖਯੋ।
ਦ੍ਵੈ ਲਖ ਜੋਜਨ ਦੀਪ[1] ਬਿਸਾਲਾ। [1]ਭਾਵ ਦੇਸ਼।
ਉਲੰਘ ਗਏ ਸਗਰੋ ਤਤਕਾਲਾ ॥੨੨॥
ਬਹੁਰੋ ਆਵਾ ਉਦਧਿ[1] ਅਗਾਰੀ। [1]ਸਮੁੰਦ੍ਰ।
ਰਸ ਊਖਹਿ[1] ਕੋ ਜੋ ਅਨੁਹਾਰੀ[2]। [1]ਗੰਨੇ ਦੇ ਰਸ। [2]ਵਰਗਾ।
ਦ੍ਵੈ ਲਛ[1] ਜੋਜਨ ਕੇਰ ਪ੍ਰਮਾਨਾ[2]। [1]ਦੋ ਲੱਖ। [2]ਅੰਦਾਜ਼ੇ ਦਾ।
ਤਿਹ ਪਰ ਕੀਨ ਪ੍ਰਭੁ ਪ੍ਰਸਥਾਨਾ ॥੨੩॥
ਪਗ ਅੰਗੁਸ਼ਟ[1] ਨ ਕਿਹ ਠਾਂ ਭੀਨੋ। [1]ਪੈਰ ਦਾ ਅੰਗੂਠਾ।
ਚਲੇ ਸੁਖ ਸੋਂ ਹਮ ਭੀ ਤੀਨੋ†। †ਪਾ:-ਚਲੇ ਗਏ ਸੁਖ ਸੋਂ ਹਮ ਤੀਨੋਂ।
ਪਾਰ ਕਰਾਰ[1] ਹੁਤੋ ਜਿਹ ਥਾਈਂ। [1]ਪਾਰਲਾ ਕਿਨਾਰਾ।

ਤਹਿਂ ਪਹੁੰਚੇ ਜਸਪਦ[1] ਜਗਸਾਈਂ ॥੨੪॥
ਸ਼ਾਲਮਲੀ[1] ਸੋ ਦੀਪ ਸੁਹਾਵਾ।
{੨ ਸ਼ਾਲਮਲੀ ਦੀਪ}
ਸਿੰਮਲ ਬ੍ਰਿੱਖ ਨਾਮ ਤੇ ਪਾਵਾ।
ਬੈਠੇ ਨਗਰ ਬਿਖੈ ਗੁਰ ਜਾਈ।
ਨਰ ਆਏ ਮਿਲਿ ਬਹੁ ਤਿਹ ਥਾਈਂ ॥੨੫॥
ਦੋਹਰਾ:
ਬੰਦਨ ਕਰਿ ਢਿਗ ਬੈਠਿਹੀ, ਪੁਨ ਨਿਜ ਜਾਹਿਂ ਅਵਾਸ।
'ਆਨ ਦੀਪ ਕੋ ਸੰਤ ਹੈ', ਸੁਧ ਹੋਈ ਨ੍ਰਿਪ ਪਾਸ ॥੨੬॥
ਚੌਪਈ:
ਉੱਤਮ ਬਹੁਤ ਉਪਾਇਨ ਲਜਾਯੋ।
ਆਇ ਗੁਰੂ ਪਗ ਸੀਸ ਨਿਵਾਯੋ।
ਬੈਠਜੋ ਜਬ ਪ੍ਰਭੁ ਬਚਨ ਬਖਾਨਾ।
'ਲੇ ਜਾਵਹੁ ਇਹ ਭੇਟ ਰਜਾਨਾ! ॥੨੭॥
ਕਛੁ ਨ ਹਮਾਰੇ ਆਵਹਿ ਕਾਜੂ।
ਨਾਮ ਨ ਜਪਹੁ ਜਨਮ ਕੋ ਲਾਜੂ।'
ਹਾਥ ਜੋਰਿ ਕਰਿ ਭੂਪ ਉਚਾਰੈ।
'ਨਿਜ ਉਪਦੇਸ਼ ਦੇਹੁ ਹਮ ਧਾਰੈਂ ॥੨੮॥
ਤੁਮ ਹੋ ਸੰਤ ਪ੍ਰਮੇਸ਼ੁਰ ਰੂਪਾ।
ਸਭਿ ਤੇ ਮਹਿਮਾ ਅਧਿਕ ਅਨੂਪਾ।'
ਕੀਨਿ ਬਿਨੈ ਬਹੁ ਕਹਿ ਵਡਿਆਈ।
ਤਬ ਸ਼੍ਰੀ ਨਾਨਕ ਗਿਰਾ ਅਲਾਈ ॥੨੯॥
ਦੋਹਰਾ:
'ਸੱਤਿਨਾਮ ਕੋ ਜਾਪ ਮੁਖ, ਕਰਿ ਕੈ ਸਦਾ ਉਚਾਰਿ।
ਪੰਚਾਂਮ੍ਰਿਤ ਗੁਰ ਕੋ ਕਰਹੁ, ਇਤ ਉਤ ਨਿਤ ਸੁਖ ਸਾਰ' ॥੩੦॥
ਚੌਪਈ:
ਮਾਨੇ ਸਤਿਗੁਰ ਕੇ ਬਚ ਜਬ ਹੀ।

[1]ਛੇਤੀ।

[1]ਇਕ ਦੀਪ ਦਾ ਨਾਮ। (ਅ) ਸਿੰਮਲ ਬ੍ਰਿੱਛ।

ਪਾਹੁਲ ਪਗ ਕੀ ਦੀਨੀ ਤਬ ਹੀ।
ਸਿੱਖ ਭਏ ਬਹੁਤੇ ਨਰ ਆਏ।
ਨਾਮ ਦਾਨ ਇਸ਼ਨਾਨ ਦ੍ਰਿੜਾਏ ॥੩੧॥
ਕੇਤਿਕ ਦਿਨ ਗੁਰ ਤਹਾਂ ਗੁਜਾਰੇ।
ਨ੍ਰਿਪ ਕੇ ਸਦਨ ਰਹੇ ਦੁਖਟਾਰੇ।
ਬਿਦਾ ਹੋਇ ਪ੍ਰਭੁ ਕੀਨ ਪਯਾਨਾ।
ਚਤਰ ਲੱਛ ਜੋਜਨ ਪਰਮਾਨਾ ॥੩੨॥

ਦੋਹਰਾ:
ਸਿੰਧੁ ਬਾਰਨੀ[1] ਕੋ ਜਹਾਂ, ਦੀਪ ਸਰਸ ਬਿਸਥਾਰ।
ਲੀਨ ਉਡਾਰੀ ਤਹਾਂ ਕੇ, ਗਏ ਉਦਧਿ[1] ਕੇ ਪਾਰ ॥੩੩॥

[1]ਸਮੁੰਦਰ ਸ਼ਰਾਬ ਦਾ।

[1]ਸਮੁੰਦਰ।

ਚੌਪਈ:
ਪਹੁੰਚੇ ਦੀਪ ਹੁਤੋ ਕੁਸ਼ ਨਾਮੂ।
ਕੁਸ਼ਾ ਬੂਟ ਤਾਂ ਮੈਂ ਅਭਿਰਾਮੂ।
ਯਾਂ ਤੇ ਕੁਸ਼ ਤਿਹ ਨਾਮ ਕਹੀਜੈ।
{੩ ਕੁਸ਼ ਦੀਪ}
ਭੋਗਤਿ ਸੁਖ ਜੇ ਜੰਬੂ[1] ਕੀਜੈ[2] ॥੩੪॥

[1]ਜੋ ਜੰਬੂ ਵਿਚ। [2]ਕਰੀਦੇ ਹਨ (ਪੁੰਨ)।

ਬੈਠੇ ਸ਼੍ਰੀ ਪ੍ਰਭੁ ਪੁਰਿ ਮਹਿਂ ਜਾਇ।
ਨਰ ਸਮੀਪ ਆਏ ਸਮੁਦਾਇ।
ਬਿਸਮਾਏ ਦੇਖੇ ਨਰ ਨਾਰੀ।
ਬੰਦਹਿਂ ਭੇਟਾ ਧਰਹਿਂ ਅਗਾਰੀ ॥੩੫॥

ਦੋਹਰਾ:
-ਅਪਰ ਦੀਪ ਕੋ ਸੰਤ ਇਹੁ, ਸਿੰਧੁ ਲੰਘਿ ਕਰਿ ਆਇ-।
ਅਚਰਜ ਮਨ ਮਹਿਂ ਮਾਨਿ ਕੈ, ਆਨ ਲਗਹਿਂ ਸਭਿ ਪਾਇ ॥੩੬॥

ਚੌਪਈ:
-ਕਲਾਵਾਨ ਸਮਰੱਥ ਮੁਕੰਦਾ।
ਸੰਤ ਰੂਪ ਸਭਿ ਦੋਖ ਨਿਕੰਦਾ-।
ਐਸੇ ਜਾਨਿ ਸੁਨਹਿਂ ਉਪਦੇਸ਼ੁ।
ਕਰਿ ਦਰਸ਼ਨ ਭੀ ਭਗਤਿ ਪ੍ਰਵੇਸ਼ੁ ॥੩੭॥
ਸ਼੍ਰੀ ਗੁਰ ਤਿਨ ਸੋਂ ਬਚਨ ਸੁਨਾਵੈਂ।

'ਸੱਤਿਨਾਮ ਤੇ ਗਤਿ ਹੁਇ ਜਾਵੈ।
ਸੰਤਨ ਸੇਵਾ ਉਰ ਮਹਿਂ ਧਾਰੋ।
ਭੋਗ ਲਾਲਸਾ ਰਿਦੈ ਬਿਸਾਰੋ ॥੩੮॥
ਪੂਰਬ[1] ਪੁੰਨ ਬਾਦ[2] ਨਹਿਂ ਖੋਵਹੁ। — [1]ਪਿਛਲੇ। [2]ਵਿਅਰਥ।
ਪਰਮਪਦੰ[1] ਅਧਿਕਾਰੀ ਹੋਵਹੁ। — [1]ਮੁਕਤੀ।
ਸੁੱਧ ਆਤਮੇ ਨਾਮ ਜਪੀਜੈ।
ਮਨ ਬਿਕਾਰ ਸਭਿ ਨਾਸ਼ ਕਰੀਜੈ' ॥੩੯॥

ਦੋਹਰਾ:
ਸੁਨਿ ਗੁਰ ਤੇ ਸਿਮਰਨ ਲਗੇ, ਸ਼ੁੱਧ ਆਤਮੈ ਨਾਮ।
ਦਰਸ਼ਨ ਕਰਿ ਨਿਰਮਲ ਭਏ, ਭਿਗੇ[1] ਭਗਤਿ ਅਭਿਰਾਮ ॥੪੦॥ — [1]ਭਿੱਜ ਗਏ।

ਚੌਪਈ:
ਸੇਵਕ ਭਏ ਬਹੁਤ ਨਰ ਆਏ।
ਪਾਹੁਲ ਪਗ ਲੇਵਹਿਂ ਸੁਖ ਪਾਏ।
ਨਾਮ ਜਪਾਇ ਭਗਤਿ ਪ੍ਰਗਟਾਈ।
ਚਲੇ ਤਹਾਂ ਤੇ ਲੀਨਿ ਬਿਦਾਈ ॥੪੧॥
ਅਸ਼ਟ ਲੱਛ ਜੋਜਨ ਪਰਮਾਨਾ।
ਉਲੰਘ ਗਏ ਸਭਿ ਮਯਾ ਨਿਧਾਨਾ।
ਆਵਾ ਸਾਗਰ ਘ੍ਰਿੱਤ[1] ਅਗਾਰੇ। — [1]ਘਿਉ ਦਾ।
ਦੀਪ ਸਮਾਨ[1] ਤਾਂਹਿ ਬਿਸਤਾਰੇ ॥੪੨॥ — [1]ਵਾਂਙੂ।
ਤਿਹ ਪਰ ਗਮਨੇ ਦੀਨ ਦਇਆਲਾ।
ਸਗਰੋ ਉਲੰਘ ਗਏ ਤਤਕਾਲਾ।
ਜਾਵਤਿ ਨਗਰ ਬਿਲੋਕਤਿ ਏਕੂ।
ਤਿਹ ਮਹਿਂ ਬੈਠਜੋ ਜਲਧਿ[1] ਬਿਬੇਕੂ[2] ॥੪੩॥ — [1]ਸਮੁੰਦਰ। [2]ਗਜਾਨ ਦੇ ਸਮੁੰਦਰ (ਗੁਰੂ ਜੀ)।

ਦੋਹਰਾ:
ਕ੍ਰੌਂਚ[1] ਨਾਮ ਤਿਹ ਦੀਪ ਕੋ, ਨਰ ਸੁੰਦਰ ਸਮੁਦਾਇ। — [1]ਨਾਮ ਦੀਪ ਦਾ, (ਅ) ਅਸਾਮ ਦੇ ਉਤਰ ਇਕ ਪਹਾੜ ਦਾ ਨਾਮ।
{੪ ਕ੍ਰੌਂਚ ਦੀਪ}
ਸੁਖ ਬਿਲਾਸ† ਭੋਗਹਿਂ ਘਨੋ, ਰਹੇ ਬਿਸ਼ੇ — †ਪਾ:-ਬਿਸਾਲ।

ਲਪਟਾਇ ॥੪੪॥
ਚੌਪਈ:
ਸ਼੍ਰੀ ਗੁਰ ਕੋ ਜਬ ਹੀ ਨਰ ਦੇਖਾ।
ਢਿਗ ਆਏ ਧਰਿ ਭਾਉ ਵਿਸ਼ੇਖ਼ਾ।
ਬੰਦਨ ਕਰਿਹੀਂ ਬੈਨ ਸਮੀਪਾ।
ਸੁਨਿ ਕੈ ਸੁਧ ਆਯੋ ਅਵਨੀਪਾ ॥੪੫॥
ਧਰਿ ਕੈ ਸ਼ਰਧਾ ਦਰਸ਼ਨ ਕਰਿਹੀ।
ਅਤਿ ਮਹਿਮਾ ਕੇ ਬਚਨ ਉਚਰਿਹੀ।
ਦੇਨੇ ਹੇਤੁ ਸੁਮਤਿ ਤਿਨ ਤਾਈਂ।
ਮ੍ਰਿਦੁਲ ਬਚਨ ਬੋਲੇ ਜਗ ਸਾਈਂ ॥੪੬॥
'ਬਲੀ ਕਾਲ ਭਗਵਾਨ[1] ਅਪਾਰਾ[2]। [1]ਮ੍ਰਿਤੂ। [2]ਬੜਾ।
ਭਖਤਿ ਹੈ[1] ਸਗਰੋ ਸੰਸਾਰਾ। [1]ਖਾਂਦਾ ਹੈ।
ਸੁਰ ਬ੍ਰਹਮਾਦਿਕ ਤੇ ਹੈਂ ਜੇਤੇ।
ਪੰਨਗ[1] ਮਾਨਵ ਦਾਨਵ[2] ਕੇਤੇ ॥੪੭॥ [1]ਸੱਪ। [2]ਦੈਂਤ।
ਅਪਰ ਸਮਰਥ ਸਰਬ ਬਿਧਿ ਜੋਊ।
ਤਿਹ ਕੇ ਆਗੇ ਛੁਟੈ ਨ ਕੋਊ।
ਜਿਉ ਦਾਨੇ ਕੋ ਚਾਬਤਿ ਚਾਕੀ[1]। [1]ਚੱਕੀ।
ਤਿਉਂ ਨ ਬਚੈ ਕੁ ਅਗਾਰੀ ਵਾਂ ਕੀ ॥੪੮॥
ਭੈ ਕਰਿ ਸ਼ਰਨ ਗਹੋ ਤੁਮ ਤਾਂ ਕੀ।
ਸਮਤਾ ਕਰਿ ਨ ਸਕੈ ਕੋ ਜਾਂ ਕੀ।
ਜਿਉਂ ਕੀਲੀ ਢਿਗ ਰਹੇ ਜੁ ਦਾਨੋ।
ਉਬਰਹਿ ਸੋ ਉਰ ਲੇਹੁ ਪਛਾਨੋ ॥੪੯॥
ਤਿਉਂ ਤੁਮ ਨਾਮ ਜਪਹੁਗੇ ਜਬ ਹੀ।
ਜਨਮ ਮਰਨ ਤੇ ਛੁਟਿਹੋ ਤਬ ਹੀ।
ਹੁਜੈ ਬਿਖੈ ਬਿਲਾਸ ਨਿਰਾਸੇ।
ਜਪਹੁ ਨਾਮ ਸਤਿਗੁਰ ਭਰਵਾਸੇ' ॥੫੦॥
ਇਸ ਪ੍ਰਕਾਰ ਤਿਨ ਦੇ ਉਪਦੇਸ਼ਾ।
ਕੇਤਿਕ ਦਿਵਸ ਬਸੇ ਜਗਤੇਸ਼ਾ।
ਸਤਿਸੰਗਤਿ ਕੀ ਰੀਤਿ ਚਲਾਈ।
ਭਾਉ ਭਗਤਿ ਨੀਕੇ ਪ੍ਰਗਟਾਈ ॥੫੧॥
ਬਿਦਾ ਹੋਇ ਬਹੁਰੋ ਪ੍ਰਸਥਾਨੇ।

ਖੋੜਸ ਜੋਜਨ ਤਾਂਹਿ ਪ੍ਰਮਾਨੇ।
ਸਗਰੋ ਛੋਡਿ ਗਏ ਗੁਰ ਜਬ ਹੀ।
ਸਿੰਧੁ[3] ਦੂਧ ਕੋ ਆਯੋ ਤਬ ਹੀ ॥੫੨॥
ਦੀਪ ਸਮਾਨ ਹੁਤੋ ਬਿਸਥਾਰਾ।
ਤਿਹ ਪਰ ਗਮਨੇ ਪ੍ਰਭੁ ਉਦਾਰਾ।
ਤੁਰਨ ਪਹੁੰਚੇ ਪਾਰ ਕਰਾਰੇ।
ਗਏ ਅਗਾਰੇ ਦੀਪ ਮਝਾਰੇ ॥੫੩॥

ਦੋਹਰਾ:
ਬਹਿਤਿ ਦੂਧ ਕੀ ਨਦੀ, ਬਹੁ ਮਿਸਰੀ ਕੇ ਗਿਰ ਭੂਰ।
ਜਿੰਹ ਸੁੰਦਰ ਨਾਰੀ ਅਧਿਕ, ਜਜੋਂ ਅਪਸਰ[1] ਤਨ ਰੂਰ[2] ॥੫੪॥

[1]ਪਰੀਆਂ। [2]ਸੁੰਦਰ।

ਚੌਪਈ:
ਜਿਸ ਪੁਰਿ ਮਹਿਂ ਹੋਤੋ ਅਵਨੀਪਾ।
ਬੈਠੇ ਤਹਿਂ ਬੇਦੀ ਕੁਲ ਦੀਪਾ।
ਨਾਮ ਦੀਪ ਕੋ ਸਾਖ[1] ਬਤਾਯੋ।

[1]ਸੰਸ:-ਸ਼ਾਕ ਸਾਗਵਾਨ ਦਾ ਬ੍ਰਿੱਛ।

{੫ ਸਾਖ ਦੀਪ}

ਭੋਗਹਿਂ ਸੁਖ ਬਿਸਾਲ ਮਨ ਭਾਯੋ ॥੫੫॥
ਗੁਰ ਅਵਲੋਕੇ ਜਬ ਨਰ ਨਾਰੀ।
ਕਲਾਵਾਨ ਜਾਨੇ ਤਬ ਭਾਰੀ।
ਆਨਿ ਉਪਾਇਨ ਧਰੈਂ ਅਗਾਰੀ।
ਬੰਦਹਿਂ ਚਰਨ ਕਮਲ ਸੁਖਕਾਰੀ ॥੫੬॥
ਬਚਨ ਸੁਨਨ ਕੀ ਲਾਲਸ ਕਰਿਕੈ।
ਬੈਠੇ ਨਿਕਟ ਭਾਉ ਉਰ ਧਰਿ ਕੈ।
ਤਿਨ ਸੋਂ ਬੋਲੇ ਗਿਰਾ ਗੁਸਾਈਂ।
'ਜਪਹੁ ਨਾਮ ਹੁਇ ਅੰਤ ਸਖਾਈ ॥੫੭॥
ਜਿਹ ਕੀ ਚੇਤਨਾ ਸੱਤਾ ਐਸੇ।
ਹਾਰ ਪਰੇ ਸਭਿ ਲਖਹਿਂ ਨ ਕੈਸੇ।
ਸੂਛਮ ਅਤਿਸ਼ੈ ਗੁਪਤ ਮਹਾਨੇ।
ਮੁਨਿ ਜਨ ਸਭਿਹਿ ਬਿਅੰਤ ਬਖਾਨੇ ॥੫੮॥
ਜਿਹ ਸਮਾਨ ਪੁਨ ਪ੍ਰਗਟ ਨ ਕੋਊ।
ਰੂਪ ਅਚਰਜ ਜਾਨਿਯੇ ਸੋਊ।

| | |
|---|---|
| ਜਿਨ ਬਿਨ ਸਰਬ ਰਿਖੀਕ[1] ਜਿ ਆਹੀਂ। | [1]ਇੰਦ੍ਰੀਆਂ। |
| ਕ੍ਰਿਆ ਏਕ ਕਰਿ ਸਕਹੀਂ ਨਾਂਹੀ ॥੫੯॥ | |
| ਗੁਪਤ ਪ੍ਰਗਟ ਅਤਿ ਸੱਤਜਾ ਜਾਂਹੀ। | |
| ਸਮਤਾ ਕੋ ਨ ਸਕੈ ਕਰਿ ਤਾਂਹੀ। | |
| ਤਿਹ ਕੀ ਸ਼ਰਨ ਪਰਹੁ ਸੁਖ ਪਾਵਹੁ। | |
| ਮਨ ਮਲੀਨਤਾ ਸਰਬ ਮਿਟਾਵਹੁ ॥੬੦॥ | |
| ਬਿਸ਼ੈ ਅਨੰਦ ਅਲਪ ਪਹਿਚਾਨਹੁ। | |
| {ਵਿਸ਼ੇ, ਭਜਨ ਅਤੇ ਗ੍ਯਾਨਾਨੰਦ} | |
| ਨੀਰ[1] ਕਟੋਰੇ ਕੇ ਸਮ ਮਾਨਹੁ। | [1]ਜਲ। |
| ਨਸ਼ਟ, ਜੂਠ, ਸੀਤ, ਉਸ਼ਨਾਦਿਕ[1]। | [1]ਕਟੋਰੇ ਦਾ ਜਲ) ਡੁਲ੍ਹ ਜਾਂਦਾ ਹੈ, ਜੂਠਾ, ਠੰਢਾ ਤੇ ਗਰਮ ਭੀ ਹੋ ਜਾਂਦਾ ਹੈ। |
| ਤਿਸ ਮਹਿਂ ਦੋਖ ਲਖਹੁ ਇਤ੍ਯਾਦਿਕ ॥੬੧॥ | |
| ਬਹੁਰ ਸੁਨੋ ਭਜਨਾਨੰਦ ਜੋਊ। | |
| ਨਦੀ ਨੀਰ ਲਖਿਯੇ ਜਿਉਂ ਸੋਊ। | |
| ਬਢਨ ਘਟਨ ਤਾਂਮਹਿ[1] ਇਹ ਹੋਵਤਿ। | [1]ਨਦੀ ਦੇ ਜਲ ਵਿਚ। |
| ਪਾਛਲ ਦੋਖਨ ਕੋ ਸਭਿ ਖੋਵਤਿ ॥੬੨॥ | |
| ਪੁਨ ਗ੍ਯਾਨਾਨੰਦ ਜਾਨਹੁ ਐਸੇ। | |
| ਸਾਗਰ[1] ਜਲ ਅਪਾਰ[2] ਹੁਇ ਜੈਸੇ। | [1]ਸਮੁੰਦਰ ਦਾ। [2]ਬਿਅੰਤ। |
| ਦੋਖ ਬਿਹੀਨ ਸਦਾ ਇਕ ਸਾਰਾ। | |
| ਜੇ ਪਾਵਹਿਂ ਤੇ ਤਰੈਂ ਸੰਸਾਰਾ ॥੬੩॥ | |
| ਯਾ ਤੇ ਤੁਮ ਜਪ ਕਰਿ ਸ਼੍ਰੀ ਰਾਮੂ। | |
| ਪਾਇ ਗ੍ਯਾਨ ਪਹੁੰਚਹੁ ਸੁਖ ਧਾਂਮੂ। | |
| ਇਹ ਤਨ[1] ਕਰਮ ਤਰੋਵਰੁ[2] ਜਾਨਹੁ। | [1]ਸਰੀਰ। [2]ਕਰਮਾਂ ਦਾ ਬ੍ਰਿੱਛ। |
| {ਸਰੀਰ ਕਰਮ ਤਰੋਵਰੁ} | |
| ਹ੍ਵੈ ਅਰੋਗਤਾ ਸਾਖਾ[1] ਮਾਨਹੁ ॥੬੪॥ | [1]ਅਰੋਗਤਾ ਹੋਣ ਨੂੰ ਟਾਹਣੀਆਂ। |
| ਜਲ ਸਿੰਚਨ ਕਰਨੋ ਧ੍ਰਮ ਹੀ ਕਾ[1]। | [1]ਧਰਮ ਦਾ ਕਰਨਾ ਇਹ ਜਲ ਸਿੰਜਣਾਂ ਹੈ। |
| ਸਿਮਰਨ ਨਾਮ ਪੁਸ਼ਪ[1] ਭਾ ਨੀਕਾ। | [1]ਫੁੱਲ। |
| ਭਯੋ ਗ੍ਯਾਨ ਫਲ ਲਾਗ੍ਯੋ ਰੂਰਾ[1]। | [1]ਸੁੰਦਰ। |
| ਮਗਨ ਅਨੰਦ ਰਹ੍ਯੋ ਰਸ ਪੂਰਾ ॥੬੫॥ | |
| ਅਸ ਬਿਚਾਰਿ ਮਨ ਤਜਹੁ ਬਿਕਾਰਾ। | |
| ਸਿਮਰਹੁ ਸਦਾ ਨਾਮ ਕਰਤਾਰਾ।' | |
| ਇਹ ਉਪਦੇਸ਼ ਦੀਨ ਤਿਨ ਤਾਈਂ। | |

ਕਿਤਿਕ ਦਿਵਸ ਰਹਿ ਕਰਿ ਜਗ ਸਾਈਂ ॥੬੬॥
ਬਹੁਰੋ ਕੀਨੋ ਗਮਨ ਅਗਾਰੀ।
ਧਰਾ ਦੀਪ ਕੀ ਉਲੰਘੇ ਸਾਰੀ।
ਬਤੀਸ ਜੋਜਨ ਥੋ ਬਿਸਥਾਰਾ।
ਮਧੁ ਸਾਗਰ[1] ਕੋ ਆਇ ਕਰਾਰਾ[2] ॥੬੭॥ [1]ਮਧੁ ਸਮੁੰਦਰ। [2]ਕਿਨਾਰਾ।
ਦੀਪ ਸਮਾਨ ਹੁਤੋ ਪਰਮਾਨਾ।
ਪਾਰ ਗਏ ਤਿਹ ਕ੍ਰਿਪਾ ਨਿਧਾਨਾ।
ਆਵਾ ਪੁਸ਼ਕਰ ਦੀਪ ਅਗਾਰੀ।
{੬ ਪੁਸ਼ਕਰ ਦੀਪ}
ਪਹੁੰਚੇ ਤਿਹ ਕੇ ਜਾਇ ਅਗਾਰੀ ॥੬੮॥
ਰੁਚਿਰ ਬਿਲੋਕਿ ਨਗਰ ਤਿਹ ਮਾਂਹੀ।
ਸੱਤਿਨਾਮ ਉਪਦੇਸ਼ ਤਹਾਂਹੀ।
ਕਰਨੀ ਸੰਤਨ ਸੇਵ ਸਿਖਾਈ।
ਭਾਉ ਭਗਤਿ ਅਭਿਰਾਮ ਦ੍ਰਿੜਾਈ ॥੬੯॥
ਤਹਿਂ ਤੇ ਚਲਿ ਪਹੁੰਚੇ ਪ੍ਰਭੁ ਤਹਿੰਵਾ।
ਹੁਤੋ ਸਪਤਵੇਂ ਸਾਗਰ ਜਹਿੰਵਾ।
ਤਟ ਪਰ ਠਾਂਢੇ ਕ੍ਰਿਪਾ ਨਿਧਾਨਾ।
ਮਰਦਾਨੇ ਕੋ ਬਚਨ ਬਖਾਨਾ ॥੭੦॥
'ਇਹੀ ਸਪਤਮੋਂ ਦੀਪ ਜਨੀਜੈ।
ਚੌਸਠ ਲਖ ਜੋਜਨ ਲਖਿ ਲੀਜੈ।
ਇਸ ਸਮਾਨ ਇਹ ਸਾਗਰ ਜਾਨਹੁ।
ਮਿਸ਼ਟ ਨੀਰ[1] ਕੋ ਸਰਬ ਪਛਾਨਹੁ' ॥੭੧॥ [1]ਮਿੱਠੇ ਜਲ ਦਾ।
ਸੁਨਿ ਕੈ ਪ੍ਰਸ਼ਨ ਕੀਨ ਮਰਦਾਨੇ।
'ਇਸ ਤੇ ਪਰ ਕਹਾ[1]? ਕਰਹੁ ਬਖਾਨੇ। [1]ਪਰੇ ਕੀ ਹੈ?
ਰਹੈਂ ਕੌਨ, ਕੈਸੀ ਹੈ ਧਰਨੀ?
ਪਹੁੰਚੇ ਤਹਾਂ ਕੌਨ ਕਰਿ ਕਰਨੀ' ॥੭੨॥
ਅੰਤਰਜਾਮੀ ਗਿਰਾ ਉਚਾਰੀ।
'ਸੁਰ, ਨਰ ਦਾਨਵ ਕੋ ਨ ਅਗਾਰੀ।
ਕੰਚਨ[1] ਕੀ ਛਿਤ[2] ਕੇਤਿਕ ਜਾਨਾ। [1]ਸੋਨੇ। [2]ਧਰਤੀ।

ਤਿੰਹ ਤੇ ਪਰੇ ਪਹਾਰ ਮਹਾਨਾ ॥੨੩॥
ਲੋਕਾਲੋਕ ਨਾਮ ਹੈ ਜਾਂ ਕੋ।
ਬਹੁ ਬਿਸਤਾਰ ਜਾਨੀਅਹਿ ਤਾਂ ਕੋ।
ਚੌਫੇਰੇ ਦੀਪਨ ਕੇ ਸੋਊ।
ਤਿਸ ਤੇ ਪਰੇ ਨ ਅਵਨੀ ਕੋਊ ॥੨੪॥
ਇਸ ਤੇ ਉਰੇ ਪ੍ਰਕਾਸ਼ਹਿਂ ਸਾਰੇ।
ਮਾਰਤੰਡ[1], ਸਾਗਰਸੁਤ[2], ਤਾਰੇ। [1]ਸੂਰਜ। [2]ਚੰਦਰਮਾ।
ਪਰੈ ਨ ਕਾਂ ਕੋ ਹੋਇ ਪ੍ਰਕਾਸ਼ਾ।
ਗਾਢੋ ਬਡੋ ਅੰਧੇਰੋ ਰਾਸਾ[1] ॥੨੫॥ [1]ਸਮੂਹ।

ਦੋਹਰਾ:
ਜੇ ਦ੍ਵਾਦਸ਼ ਸੂਰਜ ਚੜਹਿਂ
ਸਰਬ ਸ਼ਜਾਮ[1] ਹੁਇ ਜਾਇਂ। [1]ਕਾਲੇ।
ਅਬ ਚਲਿ ਜੰਬੂ ਦੀਪ ਕੋ
ਧਰਤਿ ਪੁਨੀਤ ਸੁਹਾਇ' ॥੨੬॥

{੭ ਜੰਬੂ ਦੀਪ}

ਚੌਪਈ:
ਅਸ ਕਹਿ ਸ਼੍ਰੀ ਗੁਰ ਲੀਨਿ ਉਡਾਰੀ।
ਜੰਬੂ ਆਵਨ ਇੱਛਾ ਧਾਰੀ।
ਮਨ ਚਿਤਵਨ ਜਿਉਂ[1] ਤਹਾਂ ਸਿਧਾਏ। [1]ਮਨ ਦੇ ਸੰਕਲਪ ਵਾਂਙੂ।
ਸਰਬ ਦੀਪ ਤਜਿ ਕਰਿ ਸੋ ਆਏ
॥੨੭॥ ⚐

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦੀਪਨ ਪ੍ਰਸੰਗ' ਬਰਨਨੰ ਨਾਮ ਉਨੀਸਵੋਂ ਅਧਯਾਯ ॥੧੯॥

⚐ਸੱਤ ਦੀਪ ਜਿਨ੍ਹਾਂ ਦਾ ਇਸ ਅਧ੍ਯਾਯ ਵਿਚ ਵਰਣਨ ਆਇਆ ਹੈ ਪੌਰਾਣਕ ਵੰਡ ਪ੍ਰਿਥਵੀ ਦੀ ਹੈ, ਹਿੰਦੀ ਕੋਸ਼ਕਾਰਾਂ ਨੇ ਇਸ ਵੰਡ ਨੂੰ ਕਲਪਿਤ ਲਿਖਿਆ ਹੈ। ਕਵਿ ਜੀ ਨੇ ਇਹ ਵੰਡ ਹਿੰਦਾਲੀ ਜਨਮ ਸਾਖੀ ਤੋਂ ਲਈ ਹੈ, ਜਿੱਥੇ ਥੋੜੇ ਜਹੇ ਦੀਪ ਦਿੱਤੇ ਹਨ। ਪਤਾ ਨਹੀਂ ਅਸਲ ਜਨਮ ਸਾਖੀ ਵਿਚ ਕਿਵੇਂ ਸੀ। ਹਿੰਦਾਲੀਏ ਨੇ ਜੋ ਅਸਥਾਨਾਂ ਨੂੰ ਪੌਰਾਣਕ ਰੂਪ ਦਿੱਤਾ ਹੈ ਉਸ ਨੇ ਅਸਲ ਟਿਕਾਣੇ ਭੁਲਾ ਦਿੱਤੇ ਹਨ। ਸ਼ੱਕ ਹੁੰਦਾ ਹੈ ਕਿ ਆਸਾਮ ਬ੍ਰਹਮਾ ਤੋਂ ਅੱਗੇ ਮਲਾਇਆ ਸਮਾਟਰਾ ਜਾਣਾਂ ਆਦਿ ਪੂਰਬ ਦੱਖਣੀ ਦੀਪ-ਸਮੂਹਾਂ ਦੇ ਸੈਲੇ ਦੇ ਹਾਲਾਤ ਇੰਞ ਢਾਲੇ ਗਏ ਹਨ।

ਜੇ ਉਂਞ ਨਾਮਾਂ ਦੇ ਮੇਲ ਲੱਭੀਏ ਤਾਂ ਪੁਸ਼ਕਰ ਤੀਰਥ ਹੈ ਅਜਮੇਰ ਦੇ ਨੇੜੇ। ਕ੍ਰੌਂਚ ਪਰਬਤ ਹੈ ਆਸਾਮ ਦੇ ਉੱਤਰ। ਸ਼ਾਕ ਉਹ ਇਲਾਕਾ ਹੈ ਜੋ ਈਰਾਨ ਤੇ ਤੁਰਕਿਸਤਾਨ ਦੇ ਵਿਚਕਾਰ ਹੈ ਤੇ ਆਕਸ਼ਸ ਨਦੀ ਵਿਚ ਵਹਿੰਦੀ ਹੈ। ਇਥੇ ਕਦੇ ਆਰਯ ਤੇ ਸ਼ਾਕਾ ਲੋਕ ਵਸਦੇ ਸਨ। ਸ਼੍ਰੀ ਕ੍ਰਿਸ਼ਨ ਜੀ ਦੇ ਪੁੱਤ੍ਰ ਨੇ ਯੱਗ ਵਾਸਤੇ ਸ਼ਾਕ ਦੇਸ਼ ਤੋਂ ਹੋਮ ਕਰਨ ਵਾਲੇ ਬ੍ਰਹਮਣ ਮੰਗਵਾਏ ਸਨ, ਇਨ੍ਹਾਂ ਨੂੰ ਹੁਣ ਤੱਕ ਹਿੰਦ ਵਿਚ ਸ਼ਾਕਦ੍ਵੀਪੀਯ ਕਹਿੰਦੇ ਹਨ, ਇਨ੍ਹਾਂ ਦਾ ਦੂਸਰਾ ਨਾਮ 'ਮਗ ਬ੍ਰਹਮਣ' ਬੀ ਹੈ; ਈਰਾਨ ਵਿਚ ਤਦੋਂ ਯੱਗ ਕਰਾਉਣ ਵਾਲੇ ਪ੍ਰੋਹਿਤ ਨੂੰ 'ਮਗ' ਕਹਿੰਦੇ ਸਨ। ਜੰਬੂ ਦੀਪ ਦੇ ਲੱਛਣ ਕੁਛ ਹਿੰਦ ਨਾਲ ਮਿਲਦੇ ਹਨ। ਜਾਮਨੂੰ ਦੇ ਬੂਟੇ ਏਥੇ ਹੁੰਦੇ ਹਨ, ਜੰਬੂ

ਦ੍ਵੀਪ ਦੀ ਵ੍ਯਾਖ੍ਯਾ ਵਿਚ ਭਾਰਤ ਵਰਖ ਤੇ ਹਿਮਾਲਯ ਆਦਿ ਇਸ ਵਿਚ ਮੰਨੇ ਹਨ; ਬੋਧੀ ਲੋਕ ਤਾਂ ਜੰਬੂ ਦੀਪ ਤੋਂ ਕੇਵਲ ਭਾਰਤ ਵਰਖ ਮੁਰਾਦ ਲੈਂਦੇ ਹਨ। ਪਲਕਸ਼੍ ਸਰਸ੍ਵਤੀ ਨਦੀ ਦਾ ਨਾਮ ਹੈ। ਇਕ ਤੀਰਥ ਦਾ ਨਾਮ ਬੀ ਲਿਖਿਆ ਹੈ। ਜਿਥੋਂ ਇਹ ਨਦੀ ਨਿਕਲਦੀ ਹੈ ਉਸ ਨੂੰ ਪਲਕਸ਼੍ ਰਾਜ ਲਿਖਿਆ ਹੈ। ਤਵਾਰੀਖ ਖਾਲਸਾ ਨੇ ਸ਼ਾਲਮਲੀ ਦਾ ਇਲਾਕਾ ਰਿਆਸਤ ਮਨੀ ਪੁਰ ਤੋਂ ਅਗੇਰੇ ਦਾ ਦੇਸ਼ ਮੰਨਿਆਂ ਹੈ, ਉਂਞ ਸ਼ਾਲਮਲੀ ਬ੍ਰਿੱਛਾਂ ਦਾ ਦੇਸ਼ ਗੋਦਾਵਰੀ ਦਾ ਇਲਾਕਾ ਬੀ ਹੈ। ਕੁਸ਼ਪਲਵਨ ਨਾਮੇ ਇਕ ਤੀਰਥ ਦਾ ਜ਼ਿਕਰ ਮਹਾਂ ਭਾਰਤ ਵਿਚ ਬੀ ਆਇਆ ਹੈ।

## ੨੦. [ਗੁਰ ਚਰਣ ਮੰਗਲ। ਸਿੱਧਾਂ ਨਾਲ ਗੋਸ਼ਟ]

੧੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੧

{ਸਿੱਧਾਂ ਨੇ ਤਿਲ ਭੇਟਾ ਕਰਨਾ} ॥੩॥
{ਸਿੱਧਾਂ ਨਾਲ ਗੋਸ਼ਟ} ॥੭..॥
{ਮੰਗਲਨਾਥ} ॥੧੦॥
{ਭੰਗਰ} ॥੧੧..॥
{ਗੋਰਖ ਮਤਾ} ॥੧੮॥
{ਧੂਣੀ ਪ੍ਰਸੰਗ} ॥੨੭..॥
{ਗੁਰੂ ਜੀ ਨੇ ਪਿੱਪਲ ਹਰਾ ਕਰਨਾ}
{ਗੋਰਖ ਦੀ ਸ਼ਕਤੀ ਖਿੱਚਣੀ} ॥੪੧॥
{ਸ਼ੰਭੂਨਾਥ} ॥੪੫..॥
{ਫਹੁੜੀ ਗੰਗਾ} ॥੪੭॥
{ਮਛਿੰਦ੍ਰ} ॥੫੫॥
{ਰੀਠੇ ਮਿੱਠੇ ਕਰਨੇ} ॥੫੭..॥
{ਸਿੱਧਾਂ ਦਾ ਛਲ} ॥੬੩॥
{ਗੋਰਖ ਦੀ ਖੜਾਮ ਅਤੇ ਮੁੰਦ੍ਰਾ ਵਾਪਿਸ} ॥੭੨..॥
{ਗੋਰਖ ਮਤਾ ਤੋਂ ਨਾਨਕ ਮਤਾ} ॥੮੦॥

ਦੋਹਰਾ:

**ਸ੍ਰੀ ਗੁਰ ਚਰਨ ਸਰੋਜ ਕੋ, ਰਿਦੈ ਧ੍ਯਾਨ ਧਰਿ ਰੋਜ।**
{ਰੋਜ=ਹਰ ਦਿਨ, ਨਿੰਤ। ਫਾਰਸੀ:-ਰੋਜ਼]। ਓਜ=ਬਲ, ਪ੍ਰਬੀਨਤਾ}
**ਪਾਇ ਸੁਮਤਿ ਕੋ ਓਜ ਅਤਿ, ਨਿਜ ਸਰੂਪ ਕੋ ਖੋਜਿ ॥੧॥**

ਅਰਥ:

ਸ੍ਰੀ ਗੁਰੂ ਜੀ ਦੇ ਚਰਣਾਂ ਕਮਲਾਂ ਦਾ ਧਿਆਨ ਹਿਰਦੇ (ਵਿਚ) ਨਿੰਤ ਧਾਰਨਾ ਕਰਕੇ ਸ੍ਰੇਸ਼ਟ ਬੁਧੀ ਦਾ (ਮੈਂ) ਬਹੁਤਾ ਬਲ ਪ੍ਰਾਪਤ ਕੀਤਾ ਹੈ (ਜਿਸ ਨਾਲ ਹੁਣ) ਨਿਜ ਸਰੂਪ ਦੀ ਖੋਜ (ਵਿਚ ਲੱਗ ਰਿਹਾ ਹਾਂ)। ਅਥਵਾ-(ਹੇ ਮਨ! ਯਾ ਹੇ ਜਗਯਾਸੂ!) ਸ੍ਰੀ ਗੁਰੂ ਜੀ ਦੇ ਚਰਣਾਂ ਕਮਲਾਂ ਦਾ ਧਿਆਨ ਰਿਦੇ ਵਿਚ ਸਦਾ ਧਰ, (ਜਿਸ ਤੋਂ ਤੂੰ) ਸੁਮਤਿ ਦਾ ਬਹੁਤ ਬਲ (ਪਾ ਕੇ) ਨਿਜ ਸਰੂਪ ਦੇ ਖੋਜ (ਅਥਵਾ ਗ੍ਯਾਨ ਨੂੰ) ਪ੍ਰਾਪਤ ਹੋਵੇਂ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

**ਸ੍ਰੀ ਅੰਗਦ ਸੁਨੀਏ ਗੁਨ ਪੂਰਨ।**
**ਆਏ ਜੰਬੂ ਮਹਿਂ ਪੁਨ ਤੂਰਨ।**
**ਸਹਿਜ ਸੁਭਾਇਕ ਆਇ ਸੁਹੇਲੋ[1]।** [1]ਸੁਖ ਨਾਲ ਆਏ।
**ਹੋਤਿ ਭਯੋ ਸਿੱਧਨ ਸੋਂ ਮੇਲੋ ॥੨॥**
**ਗੋਰਖ ਤਪ ਕੋ ਹੁਤੋ ਸਥਾਨਾ।**
**ਬੈਠਿ ਗਏ ਤਹਿਂ ਕ੍ਰਿਪਾ ਨਿਧਾਨਾ।**
**ਸਭਿ ਸਿੱਧਨ ਮਿਲਿ ਇਕ ਤਿਲ ਲੀਨੋ।**

{ਸਿੱਧਾਂ ਨੇ ਤਿਲ ਭੇਟਾ ਕਰਨਾ}

ਗੁਰ ਆਗੇ ਭੇਟ ਸੁ ਧਰਿ ਦੀਨੋ ॥੩॥
ਕਹਜੋਂ ਕਿ 'ਸਭਿ ਮਹਿਂ ਦਿਹੁ ਬਰਤਾਈ।'
ਨੀਰ ਦੁਰਾਇ ਦੀਨ ਤਿਹ ਥਾਈਂ।
ਸਰਬ ਪ੍ਰਕਾਰ ਜਾਨਿ ਗੁਨਖਾਨੀ।
ਮੇਰੇ ਸੰਗ ਕਹੀ ਅਸ ਬਾਨੀ ॥੪॥
'ਹੇ ਬਾਲੇ ! ਤੁਮ ਘੋਟਹੁ ਨੀਕੇ।
ਬਹੁਰ ਬ੍ਰਤਾਵਹੁ ਮੱਧ ਸਭੀ ਕੇ।'
ਹੁਤੀ ਦੂਰ ਸਰਿਤਾ ਬਹਿ[1] ਬਾਰੀ[2]। [1]ਵਹਿੰਦੀ। [2]ਪਾਣੀ ਦੀ।
ਊਚੇ ਸੁਰ ਸੌਂ ਗੁਰੂ ਗੁਹਾਰੀ[1] ॥੫॥ [1]ਬੁਲਾਈ।
ਸੋ ਆਈ ਤਤਕਾਲ ਅਗਾਰੀ।
ਮਨਹੁ ਬੁਲਾਈ ਕਿਨ ਗੋ ਪਾਰੀ[1]। [1]ਗਊ ਪਾਲੀ ਹੋਈ।
ਤਿਹ ਤੇ ਜਲ ਪਾਤਰ ਭਰਿ ਲੀਨੋ।
ਤਿਲ ਕੋ ਘੋਟ ਮਿਲਾਵਨ ਕੀਨੋ ॥੬॥
ਪੁਨ ਸਭਿ ਸਿੱਧਨ ਮਹਿਂ ਬਰਤਾਵਾ।
ਤਿਨ ਸਮਾਜ ਅਤਿ ਪਿਖਤਿ ਲਜਾਵਾ।
ਬੋਲਜੋ ਮੰਗਲ ਨਾਥ ਸੁਜਾਨਾ।
{ਸਿੱਧਾਂ ਨਾਲ ਗੋਸ਼ਟ}
'ਕਲ ਮਹਿਂ ਤੁਮ ਅਵਤਾਰ ਮਹਾਨਾ ॥੭॥
ਅਲਖ ਨਿਰੰਜਨ ਮੂਰਤਿ ਰੂਰੀ।
ਸਭਿ ਬਿਧਿ ਕੀ ਅਜ਼ਮਤ ਧਰਿ ਭੂਰੀ।
ਤੁਮਰੀ ਸਰਬਰ[1] ਮੂਰਖ ਕਰਿਹੀਂ। [1]ਬਰੱਬਰੀ।
ਬਹੁਰ ਲਜਾਇ ਰਿਦੇ ਦੁਖ ਭਰਹੀਂ ॥੮॥
ਮਨਮੁਖ ਮਹਿਮਾ ਜਾਨਹਿਂ ਨਾਂਹੀ।
ਨਿਜ ਹੰਕਾਰ ਬਿਖੈ ਗਰਬਾਹੀਂ।
ਤੁਮਹਿਂ ਪਛਾਨਹਿਂ ਸੇ ਗੁਨ ਖਾਨੀ।'
ਸੁਨਿ ਸ਼੍ਰੀ ਨਾਨਕ ਉਚਰੀ ਬਾਨੀ ॥੯॥
'ਮੰਗਲ ਨਾਥ ! ਸੁਨਹੁ ਤੁਮ ਐਸੇ।
{ਮੰਗਲਨਾਥ}
ਨਾਮ ਬਿਨਾ ਗਤਿ ਹੋਤਿ ਨ ਕੈਸੇ।
ਨਾਮ ਹੀਨ ਨਰ ਨਰਕ ਸਿਧਾਵਹਿਂ।
ਬੇਮੁਖ ਨਾਮ ਅਧਿਕ ਦੁਖ ਪਾਵਹਿਂ' ॥੧੦॥

ਸੁਨਿ ਕੈ ਬੋਲ੍ਯੋ ਭੰਗਰ ਬੈਨਾ।
{ਭੰਗਰ}
'ਜੋਗ ਗ੍ਯਾਨ ਬਿਨ ਕੈਵਲ[1] ਹੈ ਨਾ। [1]ਮੁਕਤੀ।
ਤੁਮ ਕੈਸੇ ਕੈ ਨਾਮ ਬਖਾਨਹੁ।
ਮਨ ਮਹਿਂ ਮਤ ਨ ਹਮਾਰੋ ਜਾਨਹੁ†' ॥੧੧॥ †ਪਾ:-ਮਾਨਹੁ।

ਦੋਹਰਾ: [1]ਟਿਕਾਉ।
ਗੁਰੂ ਕਹੈਂ -'ਸ੍ਰੀ ਨਾਮ ਮੈ, ਜਬ ਹੀ ਮਨ ਥਿਤ[1] ਪਾਇ।
ਈਸ਼ੁਰ ਕਰੁਣਾ ਤੇ ਤਬੈ, ਗ੍ਯਾਨ ਰਿਦੈ ਹ੍ਵੈ ਜਾਇ ॥੧੨॥
ਨਾਮ ਬਿਨਾ ਨਹਿਂ ਜੋਗ ਹੈ†, ਦੇਖਹੁ ਰਿਦੈ ਬਿਚਾਰਿ।
†ਯੋਗ ਦਰਸ਼ਨ ਵਿਚ ਬੀ ਯੋਗ ਦੀ ਪ੍ਰਾਪਤੀ ਦੇ ਮੁਖ ਸਾਧਨਾਂ ਵਿਚ ਨਾਮ ਦਾ ਅੱਭ੍ਯਾਸ ਦੱਸਿਆ ਹੈ। ਯਥਾ:- ਤਪਾ: ਸ੍ਵਾਧ੍ਯਾਯਸ਼੍ਵੈਰ ਪ੍ਰਨਿਧਾਨਾਨਿ ਕ੍ਰਿਯਾ ਯੋਗ:। ਅਰਥਾਤ-ਕ੍ਰਿਯਾ ਯੋਗ (ਕਿਵੇਂ ਕਰਦੀ ਹੈ? ਉਤਰ) ਤਪ, ਨਾਮ ਦਾ ਜਪ, ਈਸ਼ਵਰ (ਵਿਚ ਚਿੱਤ ਦਾ) ਲਗਾਉ, (ਇਨ੍ਹਾਂ ਤਿੰਨਾਂ ਦ੍ਵਾਰਾ)। ਸ੍ਵਾਧ੍ਯਾਯ ਦਾ ਅਰਥ ਸ਼ਾਸਤ੍ਰ ਦਾ ਪੜ੍ਹਨਾ ਬੀ ਕਰਦੇ ਹਨ।
ਤਾਂ ਤੇ ਸਭਿ ਹੀ ਸਿੱਧ ਮਹਿਂ[1], ਨਾਮ ਲਖੋ ਸੁਖਕਾਰ ॥੧੩॥ [1]ਸਿੱਧੀਆਂ ਵਿੱਚ।

ਸੋਰਠਾ:
ਅਤਿਸ਼ੈ ਸ੍ਰੇਸ਼ਟ ਨਾਮ, ਹੈ ਨੌਕਾ ਕਲਿਕਾਲ ਮਹਿਂ।'
ਸ਼ਬਦ ਭਨ੍ਯੋ ਅਭਿਰਾਮ, ਸਿੱਧਨ ਕੋ ਲੱਜਿਤਿ ਕਰਨ ॥੧੪॥

ਸ੍ਰੀ ਮੁਖਵਾਕ ॥
ਰਾਮਕਲੀ ਮਹਲਾ ੧ ॥
ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥
ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥
ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥
ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥

ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥
ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥
ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥
ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥
ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

ਚੌਪਈ:

'ਦੰਭ ਧਾਰਿ ਕਰਿ ਜਗ ਦਿਖਰਾਵਉ।
ਲੋਕਨ ਮਹਿਂ ਨਿਜ ਮਾਨ ਬਧਾਵਉ।
ਬੇਖ ਕੂਰ, ਨਹਿਂ ਰਿਦੈ ਕਮਾਵਉ।
ਨਾਮ ਜਪੇ ਬਿਨ ਕਿਉਂ ਸਚੁ ਪਾਵਉ ॥੧੫॥
ਜਗਤਿ ਅਸੱਤਿ ਲਖਤਿ ਹੈ ਜੋਊ।
ਮਾਨ ਹੇਤੁ ਦੰਭ ਕਰੈ ਨ ਸੋਊ†।
ਇਕ ਮਨ ਹ੍ਵੈ ਜੋ ਨਾਮ ਜਪਾਹੀ।
ਮਿਲਿ ਹੈ ਸੋ ਨਾਮੀ ਕੇ ਮਾਂਹੀ' ॥੧੬॥
ਸੁਨਤਿ ਸ਼ਬਦ ਸਿਧ ਸਰਬ ਲਜਾਏ।
ਤੂਸ਼ਨ ਭਏ ਨ ਉੱਤਰ ਆਏ।
ਕਰੀ 'ਅਦੇਸ਼ ਅਦੇਸ਼' ਬਹੋਰੀ।
ਗਏ ਸਿੱਧ ਸਭਿ ਔਰੇ ਠੌਰੀ ॥੧੭॥
ਗੋਰਖ ਮਤਾ ਨਾਮ ਇਕ ਥਾਨਾ।

{ਗੋਰਖ ਮਤਾ}

ਤਹਾਂ ਜਾਇ ਕਿਯ ਆਸਨ ਠਾਨਾ।
ਕਿਨਹੁੰ ਤਰ[1] ਮ੍ਰਿਗਛਾਲ ਡਸਾਈ[2]।
ਕਿਨਿ ਬੈਰਾਗਨ ਭੁਜਾ ਉਠਾਈ ॥੧੮॥
ਭਸਮ ਸੰਗ ਅੰਗੈ ਸਿਤ[1] ਰੰਗਾ।
ਤੂਸ਼ਨ ਬੈਠੇ ਮਾਨ ਉਤੰਗਾ[1]।
ਤਿਨ ਪਾਛੈ ਕੇਤਿਕ ਚਿਰਕਾਲਾ।
ਤਹਾਂ ਪਹੁੰਚੇ ਜਾਇ ਕ੍ਰਿਪਾਲਾ ॥੧੯॥
ਸਭਿ ਕੋ ਕੀਨ 'ਅਦੇਸ਼ ਅਦੇਸ਼ਾ।'
ਬੈਠਜੋ ਚਹਿਤ ਬਹੁਰ ਜਗਤੇਸ਼ਾ।

†ਪਾ:-ਕੋਊ।

[1]ਹੇਠ। [2]ਬਿਛਾਈ।

[1]ਚਿੱਟਾ।

[1]ਭਾਰੀ ਹੰਕਾਰ।

ਸੂਕੋ ਬਿਰਖ ਹੁਤੋ ਤਹਿਂ ਏਕੂ।
ਤਿਹ ਤਰ ਬੈਠੇ ਜਲਧਿ ਬਿਬੇਕੂ[1] ॥੨੦॥

[1]ਭਾਵ ਗੁਰੂ ਜੀ।

ਸੋ ਚਲਦਲ[1] ਕੋ ਤਰੁ ਤਤਕਾਲਾ।

[1]ਪਿੱਪਲ।

{ਗੁਰੂ ਜੀ ਨੇ ਪਿੱਪਲ ਹਰਾ ਕਰਨਾ}

ਹਰਜੋ ਹੋਤਿ ਭਾ ਪੱਤ੍ਰ ਬਿਸਾਲਾ।
ਅਵਲੋਕਤਿ ਬਿਸਮੇ ਸਿਧ ਮਾਨੀ[1]।

[1]ਹੰਕਾਰੀ।

ਕਰਹਿਂ ਅਸੂਯਾ[1] ਬੋਲੇ ਬਾਨੀ ॥੨੧॥

[1]ਈਰਖਾ।

'ਸਿੱਖਯਾ ਲੇ ਤੂੰ ਭਾ ਸਿਖ ਕਿਹ ਕੋ?
ਹਮ ਕੋ ਨਾਮ ਬਤਾਵਹੁ ਤਿਹ ਕੋ।
ਕਿਸ ਦੁਖ ਤੇ ਉਰ ਭਯੋ ਉਦਾਸਾ?
ਜਿਹ ਡਰ ਕਰ ਨਹਿਂ ਜਾਹਿਂ ਅਵਾਸਾ ॥੨੨॥
ਬਿਚਰਤਿ ਰਹੈਂ ਨਈ ਨਿਤ ਜਾਈ[1]।

[1]ਨਿੱਤ ਨਵੀਂ ਨਵੀਂ ਜਗਹ।

ਇਸਥਿਤ ਥਾਇ[1] ਨ ਪਾਵਹਿਂ ਕਾਈ।

[1]ਟਿਕਾਉ ਵਾਲੀ ਥਾਂ।

ਤੋ ਮਹਿਂ ਜੋਰ ਸ਼ਕਤਿ ਕਹੁ ਕੇਤਾ?'
ਸੁਨਿ ਬੋਲੇ ਬੇਦੀ ਕੁਲ ਕੇਤਾ ॥੨੩॥

ਦੋਹਰਾ:

'ਮਨ ਬਚ ਕ੍ਰਮ ਸਿਖਿ ਸਾਚ ਕੋ[1], ਜਿਸਤੇ ਬਡਾ ਨ ਕੋਇ।

[1]ਮਨ ਬਚਨ ਕਰਮ ਕਰਕੇ 'ਸੱਚ' ਦਾ ਸਿੱਖ ਹਾਂ।

ਸੱਤਜ ਸ਼ਬਦ ਕੋ ਬੇਖ ਲੇ, ਬੰਧਨ ਭਵ[1] ਕੇ ਖੋਇ ॥੨੪॥

[1]ਜਨਮ (ਅ) ਸੰਸਾਰ।

ਚੌਪਈ:

ਹੌਂ ਗਰੀਬ, ਨਹਿਂ ਸ਼ਕਤੀ ਮੋ ਮਹਿਂ।
ਬਿਚਰਿ ਬਿਲੋਕੋਂ, ਜਗ ਕੋ ਜਹਿਂ ਤਹਿਂ।
ਗਰਬ ਬੈਨ ਸ਼ਕਤੀ, ਬਲ ਗਮ ਕੋ[1]।

[1]ਬਚਨ ਤੇ ਕਰਾਮਾਤ ਦਾ ਹੰਕਾਰ, (ਦੇਸ਼ਾਂ ਵਿਚ) ਗੰਮਤਾ ਦਾ ਬਲ।

ਸ੍ਰੀ ਪਰਮੇਸ਼੍ਵਰ ਬਖਸ਼ਿਸ਼ ਤੁਮ ਕੋ' ॥੨੫॥
ਇਸ ਪ੍ਰਕਾਰ ਕੇ ਬੋਲਤਿ ਬਚਨਾ।
ਭਈ ਆਨਿ ਰਜਨੀ[1] ਕੀ ਰਚਨਾ।

[1]ਰਾਤ।

ਤਬ ਅਪਨੇ ਅਪਨੇ ਥਲ ਜਾਇ।
ਬੈਠਿ ਗਏ ਸਿਧ ਆਸਨ ਲਾਇ ॥੨੬॥
ਸ੍ਰੀ ਗੁਰ ਕਹੈਂ 'ਉਠਹੁ ਅਬ ਬਾਲਾ!
ਧੂੰਨੀ ਆਨਹਿਂ[1] ਸਰਦੀ ਕਾਲਾ[2]।'

[1]ਧੂਣੀ ਲਿਆਈਏ। [2]ਸਮਾਂ ਸਰਦੀ ਦਾ ਹੈ।

{ਧੂਣੀ ਪ੍ਰਸੰਗ}

ਆਇਸੁ ਪਾਇ ਗਯੋ ਇਕ ਥਾਏਂ।
ਪੀਛੇ ਸਿਧ ਆਏ ਤਬ ਧਾਏ ॥੨੭॥

ਦੋਹਰਾ:

ਤਿਹ ਛਿਨ ਜੋ ਧੂੰਨੀ ਲਈ, ਛੀਨੀ ਮੋ ਢਿਗ[1] ਆਇ।
ਮੈਂ ਛੂਛੋ ਫਿਰਿ ਕੈ ਗਯੋ, ਸਭਿ ਬਿਧਿ ਦਈ ਸੁਨਾਇ ॥੨੮॥

[1]ਮੇਰੇ (ਭਾਵ ਬਾਲੇ) ਪਾਸੋਂ।

ਚੌਪਈ:

ਗੁਰੂ ਕਹ੍ਯੋ 'ਨਿਜ ਪਟ[1] ਕੋ ਝਾਰਿ।'
ਝਾਰ੍ਯੋ ਨਿਕਸੀ ਮੇਢਨ ਚਾਰ।
ਮੈਂ ਆਇਸੁ ਲੇ ਕਰਿ ਸੋ ਕੂਟੀ।
ਤਿਨ ਤੇ ਧੂੰਨੀ ਭਈ ਅਖੂਟੀ ॥੨੯॥
ਬਡੋ ਢੇਰ ਪਾਵਕ ਪੁਨ ਬਾਰੀ।
ਦੇਖਿ ਸਿੱਧ ਬਿਸਮੈ ਮਤਿ ਹਾਰੀ।
-ਕਿਹ ਤੇ ਲ੍ਯਾਏ ਧੂੰਨੀ ਪਾਈ-।
ਪੁਨ ਸਿੱਧਨ ਬਹੁ ਪੌਨ ਚਲਾਈ ॥੩੦॥
ਖਰੇ ਤਹਾਂ ਤਰੁਵਰ ਜੋ ਗਾਢੇ।
ਬੇਗ ਉਖਾਰੇ ਰਹੇ ਨ ਠਾਂਢੇ।
ਬਹੁ ਕੰਕਰ ਅਰ ਧੂਰ ਉਡਾਈ।
ਪੌਢੇ ਸਭਿ ਮੁਖ ਪਰ ਪਟ ਪਾਈ ॥੩੧॥

[1]ਬਸਤਰ।

ਦੋਹਰਾ:

ਜਿਸ ਬ੍ਰਿੱਛਹਿ ਕੇ ਤਰ[1] ਗੁਰੂ, ਉਡਨ ਲਗ੍ਯੋ ਜਬ ਸੋਇ।
ਨਿਜ ਕਰ ਸੋਂ ਥੰਮ੍ਹ੍ਯੋ ਤਬਹਿ, ਕਹ੍ਯੋ 'ਰਹੋ ਥਿਰ ਹੋਇ' ॥੩੨॥

[1]ਹੇਠ।

ਚੌਪਈ:

ਸ਼੍ਰੀ ਗੁਰ ਕੋ ਜਬ ਹੀ ਕਰ ਛੁਯੋ।
ਨਹਿਂ ਡੋਲ੍ਯੋ ਥਿਰ ਗਾਢੋ ਭਯੋ।
ਬਹੀ ਸਮੀਰ ਰੈਨ ਸਭਿ ਜਬ ਹੀ।
ਉਡਿ ਗੀ ਸਿੱਧਨ ਧੂੰਨੀ ਤਬ ਹੀ ॥੩੩॥
ਬੀਤੀ ਰੈਨ ਭੋਰ ਭੀ ਆਇ।
ਸ਼੍ਰੀ ਗੁਰ ਪਾਵਕ ਦਈ ਦੁਰਾਇ।

ਧੂੰਨੀ ਦੇਖਨ ਉਠੇ ਸਿੱਧ ਜਬ।
ਪਾਵਕ ਕਹੂੰ ਨ ਪਾਵਤਿ ਹੈਂ ਤਬ ॥੩੪॥
ਇਕ ਸ੍ਰੀ ਨਾਨਕ ਧੂੰਨੀ ਮਾਂਹੀ।
ਔਰ ਹੁਤਾਸਨ[1] ਕਿਤਹੂੰ ਨਾਂਹੀ। [1]ਅਗਨੀ।
ਤਬ ਅਪਨੀ ਸਭਿ ਸ਼ਕਤਿ ਲਗਾਈ।
ਕੈਸਿ ਨ ਅਗਨਿ ਭਈ ਪ੍ਰਗਟਾਈ ॥੩੫॥

ਦੋਹਰਾ:
ਗੋਰਖ ਭਰਥਰਿ ਸੋਂ ਕਹੀ, 'ਸ੍ਰੀ ਨਾਨਕ ਢਿਗ ਜਾਇ।
ਪਾਵਕ ਜਾਚਨ ਕੀਜੀਏ, ਅਵਰ ਨਹੀਂ ਕਿਤ ਥਾਇ' ॥੩੬॥

ਚੌਪਈ:
ਆਇਸੁ ਲੇ ਭਰਥਰਿ ਤਬ ਆਯੋ।
ਸੁਨਿ ਤਿਹ ਕੇ ਬਚ ਪ੍ਰਭੁ ਅਲਾਯੋ।
'ਗੋਰਖ ਕੀ ਇਕ ਮੁੰਦ੍ਰਾ ਲਯਾਉ।
ਬਹੁਰੋ ਤਿਹ ਕੀ ਚਰਨ ਖੜਾਉਂ ॥੩੭॥
ਪ੍ਰਿਥਮੈ ਦੇਹ ਆਨ ਜੇ ਹਮ ਕੋ।
ਪੀਛੇ ਪਾਵਕ ਦੇਵੋਂ ਤੁਮ ਕੋ।'
ਪੁਨ ਭਰਥਰਿ ਗੋਰਖ ਢਿਗ ਆਵਾ।
ਗੁਰ ਕੋ ਕਹਿਨੋ ਸਰਬ ਸੁਨਾਵਾ ॥੩੮॥
ਗੋਰਖ ਗੁਨੀ[1] -ਦੇਉਂ ਤਿਹ[2] ਤਾਈਂ। [1]ਵਿਚਾਰੀ। [2]ਗੁਰੂ ਜੀ ਨੂੰ।
ਲਾਇ ਸ਼ਕਤਿ ਪੁਨ ਲੇਉਂ ਮੰਗਾਈ-।
ਮੁੰਦਾ ਬਹੁਰ ਖਰਾਂਵ ਜੁ ਦੋਊ।
ਦੀਨੀ ਭਰਥਰਿ ਕੇ ਕਰ ਸੋਊ ॥੩੯॥
ਗੁਰੂ ਅਗਾਰੀ ਧਰਿ ਦੀ ਜਬ ਹੀ।
ਪਾਵਕ ਲਈ ਹਾਥ ਪੁਨ ਤਬ ਹੀ।
ਸਿੱਧਨ ਅਪਨੇ ਮਧ ਸੁ ਬਾਰੀ[1]। [1]ਬਾਲੀ।
ਸਰਦੀ ਤਨ ਕੀ ਸਕਲ ਬਿਦਾਰੀ[1] ॥੪੦॥ [1]ਦੂਰ ਕੀਤੀ।

ਦੋਹਰਾ:
ਗੋਰਖ ਛੂਛਾ[1] ਸ਼ਕਤਿ ਤੇ [1]ਖਾਲੀ।

ਬੈਸਾ ਹੋਇ ਅਧੀਰ।

{ਗੁਰੂ ਜੀ ਨੇ ਗੋਰਖ ਦੀ ਸ਼ਕਤੀ ਖਿੱਚਣੀ}

ਚਿੰਤਾ ਸਰਿਤਾ[1] ਮਹਿਂ ਬਹਜੋ
ਪਾਯੋ ਜਾਇ ਨ ਤੀਰ[1] ॥੪੧॥

[1]ਚਿੰਤਾ (ਰੂਪੀ) ਨਦੀ।

[1]ਕੰਢਾ।

ਚੌਪਈ:

ਅਪਨੇ ਗੁਰ ਕੀ ਦਸ਼ਾ ਨਿਹਾਰੀ।
ਭੰਗਰ ਆਯੋ ਕਰਿ ਰਿਸ ਭਾਰੀ।
ਲਾਇ ਸ਼ਕਤਿ ਕੋ ਚਾਹਿਤਿ ਸੋਈ।
ਮੁੰਦਾ ਲੇਉਂ ਖਰਾਊਂ ਦੋਈ ॥੪੨॥
ਸ਼ਕਤਿ ਨ ਚਲੀ ਸਕਲ ਬਿਧਿ ਹਾਰਜੋ।
ਗੁਰ ਢਿਗ ਬੈਠਜੋ ਬੈਨ ਉਚਾਰਜੋ।
'ਮਮ ਤੂੰਬਾ ਪੈ[1] ਸੋਂ ਭਰਿ ਦੀਜੈ।
ਅਬ ਹੀ ਤੂਰਨ ਬਿਲਮ ਨ ਕੀਜੈ' ॥੪੩॥
ਸ੍ਰੀ ਨਾਨਕ ਤਬ ਲੇ ਨਿਜ ਹਾਥਾ।
ਭਰਜੋ ਕੂਪ ਤੇ ਦੂਧਹਿ ਸਾਥਾ।
ਸੋ ਲੈ ਕੇ ਸਿੱਧਨ ਮਹਿਂ ਆਯੋ।
ਸਭਿ ਹੀ ਪੀਯ ਰਹੇ ਤ੍ਰਿਪਤਾਯੋ ॥੪੪॥
ਪੈ[੯] ਤੂੰਬੇ ਤੇ ਨਿਖੁਟਤਿ ਨਾਂਹੀ।
ਅਚਰਜ ਭਏ ਸਭੈ ਮਨ ਮਾਂਹੀ।
ਭਬਕ[†] ਤਮਕ[1] ਕਰਿ ਸ਼ੰਭੁਨਾਥਾ।
ਢਿਗ ਆਯੋ ਬੋਲਜੋ ਗੁਰ ਸਾਥਾ ॥੪੫॥

[1]ਦੁੱਧ।

[1]ਖੁਣਸ ਖਾਕੇ। [†]ਪਾ:-ਕਛੁਕ।

ਦੋਹਰਾ:

'ਪੁਰਬੀ ਕੋ ਹੈ ਕਾਲ ਅਬ, ਸੁਰਸਰਿ ਕੋ ਮੰਗਵਾਇ[1]।
ਸ਼ਕਤਿ ਧਾਰ ਤੂੰ ਹੈਂ ਬਡਾ, ਮਿਲ ਮੱਜਹਿਂ ਇਹ ਥਾਇਂ' ॥੪੬॥

[1]ਗੰਗਾ ਨੂੰ ਸਦਵਾਓ।

ਚੌਪਈ:

ਮਰਦਾਨੇ ਸੋਂ ਸ੍ਰੀ ਗੁਰ ਬੋਲੇ।
'ਉਠਿ ਧਾਵਹੁ ਫਹੁਰੀ ਕਰ ਮੋਂ ਲੇ[1]।
ਗੰਗਾ ਤੀਰ ਘਸੀਟਤਿ ਆਉ।

{ਫਹੁੜੀ ਗੰਗਾ}

ਨਹਿਂ ਮੁਰ ਪਾਛੇ ਕਰਹੁ ਲਖਾਉ[1]' ॥੪੭॥
ਸੁਨਿ ਆਇਸੁ ਮਰਦਾਨਾ ਗਯੋ।

[1]ਹੱਥ ਵਿਚ ਲੈ ਕੇ।

[1]ਪਿੱਛਾ ਭੌਂ ਕੇ ਨਾ ਵੇਖੀਂ।

ਤੁਰੰਤ ਗੰਗ ਤਟ ਦੇਖਤਿ ਭਯੋ।
ਬਹੁਰ ਘਸੀਟਤਿ ਲਜਾਵਤਿ ਧਾਵਾ।
ਫਹੁਰੀ ਪੀਛੇ ਸੁਰਸਰਿ ਆਵਾ ॥੪੮॥
ਰਹੀ ਆਵਨੀ ਕੇਤਿਕ ਸੋਊ।
ਮਰਦਾਨੇ ਮਮ ਸੰਸੈ ਹੋਊ।
-ਆਵਤ, ਨਹੀਂ ਕਿ ਮੋਰਿ ਪਿਛਾਰੀ[1]-।
[1]ਮੇਰੇ ਪਿਛੇ ਆਉਂਦੀ ਹੈ ਕਿ ਨਹੀਂ।
ਅਸ ਗੁਨਿ[1] ਪਾਛੇ ਦ੍ਰਿਸ਼ਟਿ ਨਿਹਾਰੀ ॥੪੯॥
[1]ਇਸ ਤਰ੍ਹਾਂ ਸੋਚ ਕੇ।
ਤਿਹ ਥਲ ਰਹੀ ਸਥਿਤ ਹ੍ਵੈ ਸੋਊ।
ਰਹ੍ਯੋ ਘਸੀਟ ਨ ਆਵਤਿ ਕੋਊ।
ਮਰਦਾਨਾ ਹਿਰਦੈ ਬਿਸਮਾਨ੍ਯੋ।
ਗੁਰ ਢਿਗ ਆਇ ਬ੍ਰਿਤੰਤ ਬਖਾਨ੍ਯੋ ॥੫੦॥
ਬੈਠੇ ਸਿੱਧ ਤਹਾਂ ਹੀ ਸਾਰੇ।
ਸੁਨਿ ਸ੍ਰੀ ਨਾਨਕ ਬੈਨ ਉਚਾਰੇ।
'ਹਟਿ ਕੈ ਜੇ ਨਹਿਂ ਕਰਹੁ ਬਿਲੋਕੀ[1]।
[1]ਜੇ ਮੁੜਕੇ ਨਾ ਤਕਦੋਂ।
ਤੌ ਚਲਿ ਆਵਤਿ ਇਹਾਂ ਅਰੋਕੀ[1] ॥੫੧॥
[1]ਬਿਨਾ ਰੋਕ।
ਕਿਤਕ ਕੋਸ ਮਰਦਾਨੇ ਆਨੀ।
ਰਹ੍ਯੋ ਸਮੀਪ ਸੁਰਸਰੀ ਪਾਨੀ।
ਸੋ ਸਿੱਧਹੁ ! ਅਬ ਤੁਮ ਮੰਗਵਾਵਹੁ।
ਮੱਜਨ ਹਮ ਕੋ ਇਹਾਂ ਕਰਾਵਹੁ' ॥੫੨॥

**ਦੋਹਰਾ:**
ਮਿਲਿ ਕੈ ਸਭਿ ਸਿੱਧਨ ਤਬੈ, ਨਿਜ ਨਿਜ ਓਜ[1] ਲਗਾਇ।
[1]ਬਲ।
ਸਭਿਹੀ ਬਿਧਿ ਸੋਂ ਪਚਿ ਰਹੇ, ਰਹੀ ਸੁ ਤਿਸ ਹੀ ਥਾਇਂ ॥੫੩॥

**ਚੌਪਈ:**
ਲੱਜਿਤਿ ਹ੍ਵੈ ਸਭਿ ਹੀ ਪਚਹਾਰੇ।
ਸ੍ਰੀ ਪ੍ਰਭੁ ਨਿਜ ਤੇ ਬ੍ਰਿੱਧ ਬਿਚਾਰੇ[1]।
[1]ਆਪਣੇ ਤੋਂ (ਗੁਰੂ ਜੀ) ਵੱਡ ਜਾਣੇ।
ਕੇਤਿਕ ਚਰਨਨ ਸੀਸ ਨਿਵਾਯੋ।
ਕੇਤਿਕ ਮਨ ਮੈਂ ਗਰਬ ਬਢਾਯੋ ॥੫੪॥

ਤਬ ਮਛਿੰਦ੍ਰ ਨੈ ਬੈਨ ਉਚਾਰੇ।

{ਮਛਿੰਦ੍ਰ}

'ਹਮ ਕੋ ਫਲ ਦਿਹੁ ਮਧੁਰ ਅਹਾਰੇ[1]।
ਬੈਠੇ ਰਹੋ ਨ ਕਿਤਹੂੰ ਜਾਈ।
ਦੇਖਹਿਂ ਸ਼ਕਤਿ ਜਿ ਦੇਹਿਂ ਖਵਾਈ' ॥ ੫੫ ॥

[1]ਖਾਣ ਲਈ ਮਿੱਠੇ ਫਲ ਦਿਓ।

ਦੋਹਰਾ:

ਫੇਨਲ ਕੋ ਤਰੁ[1] ਤਹਿਂ ਹੁਤੋ ਤਬ ਹੀ ਗੁਰ ਸਿਧ ਮਾਂਹਿ।
ਇਕ ਟਹਿਨੋ ਪ੍ਰਭੁ ਕੀ ਦਿਸ਼ਾ ਇਕ ਸਿੱਧਨ ਦਿਸ਼ ਆਹਿ ॥ ੫੬ ॥

[1]ਰੇਠੜੇ ਦਾ ਬ੍ਰਿੱਛ।

ਚੌਪਈ:

ਟਹਿਨੋ ਅਪਨੀ ਦਿਸ਼ ਕੋ ਜੋਊ।
ਸ਼੍ਰੀ ਗੁਰ ਪਿਖਿ ਮਧੁਰੋ ਕਿਯ ਸੋਊ।
ਟੂਟੇ ਫਲ ਤਜਿ ਕਰਿ ਤਰੁ ਡਾਰੀ[1]।
ਪਰੇ ਮਛਿੰਦਰ ਕੇਰ ਅਗਾਰੀ ॥ ੫੭ ॥

[1]ਬ੍ਰਿੱਛ ਦੀਆਂ ਡਾਲੀਆਂ ਨੂੰ।

ਫਲ ਬਿਲੋਕਿ ਕੈ ਹਾਥ ਉਚਾਏ।
ਸਾਦ ਮਧੁਰ ਅਤਿ ਪਾਯੋ ਖਾਏ।

{ਰੀਠੇ ਮਿੱਠੇ ਕਰਨੇ}

ਤਬ ਸਿੱਧਿਨ ਸੋਂ ਗਿਰਾ ਉਚਾਰੀ।
'ਇਹ ਫਲ ਕੌਰੇ ਹੁਤੇ ਅਗਾਰੀ ॥ ੫੮ ॥
ਅਬ ਅਤਿ ਮਧੁਰ ਸਾਦ ਕੇ ਮਾਂਹੀ।
ਖਾਵਤਿ ਤਜਾਗੇ ਜਾਵਤਿ ਨਾਂਹੀ।'
ਸੁਨਿ ਸਿਧ ਕਿਤਿਕ ਚਢੇ ਤਰੁ ਤਾਂਹੀ।
ਪਰਖਨ ਹੇਤੁ ਫਲਨ ਕਰਿ ਚਾਹੀ[1] ॥ ੫੯ ॥

[1]ਇੱਛਾ।

ਅਪਨੀ ਦਿਸ਼ ਟਹਿਨੀ ਫਲ ਜੋਊ।
ਤੋਰਿ ਤੋਰਿ ਖਾਏ ਜਬ ਸੋਊ।
ਅਤਿ ਕੌਰੇ ਜੋ ਜਾਇਂ ਨ ਖਾਏ।
ਮੁਖ ਮਹਿਂ ਪਾਇ ਰਿਦੈ ਪਛੁਤਾਏ ॥ ੬੦ ॥
ਸ਼੍ਰੀ ਪ੍ਰਭੁ ਬੋਲੇ 'ਹਮ ਦਿਸ਼ ਜੇਤੋ।
ਮਧੁਰ ਦਿਯੋ ਕਰਿ ਸਗਰੋ ਤੇਤੋ।
ਅਪਨੀ ਦਿਸ਼ ਤੁਮ ਸਭਿ ਸਿਧ ਮਿਲਿ ਕੈ।

ਮਧੁਰ ਲੇਹੁ ਕਰਿ[1] ਖਾਹੁ ਸੁ ਛਿਲਕੈ ॥੬੧॥ — [1]ਕਰ ਲਓ।

ਸੁਨਿ ਸਭਿ ਸਿੱਧਨ ਸ਼ਕਤਿ ਲਗਾਈ।

ਮਧੁਰ ਨ ਭਏ ਰਹੇ ਕਰੁਆਈ[1]। — [1]ਕੌੜੇ ਹੀ।

ਅਬ ਲੌ ਤਿਹ ਠਾਂ ਅਹੈ ਨਿਸ਼ਾਨੀ।

ਅਰਧ ਮਧੁਰ[†] ਅਰਧਹਿ ਕਰੁਵਾਨੀ ॥੬੨॥ — [†]ਇਹ ਬ੍ਰਿੱਛ ਹੁਣ ਤੱਕ ਹੈ, ਫਲ ਮਿੱਠੇ ਹਨ, ਯਾਤਰੂਆਂ ਦੇ ਆਂਦੇ ਹੋਏ ਅਸਾਂ ਆਪ ਖਾਕੇ ਵੇਖੇ ਹਨ।

ਗੁਰ ਕੀ ਅਜ਼ਮਤ ਅਧਿਕ ਨਿਹਾਰੀ।

ਜਰੀ ਨ ਜਾਇ, ਜਰੈਂ[1] ਉਰ ਭਾਰੀ। — [1]ਸਹਾਰੀ ਨਹੀਂ ਜਾਂਦੀ ਤੇ ਸੜਦੇ ਹਨ।

ਦਿਨ ਬੀਤਯੋ ਰਜਨੀ ਭੀ ਜਬ ਹੀ।

{ਸਿੱਧਾਂ ਦਾ ਛਲ}

ਮਿਲਿ ਕੈ ਛਲ ਕੀਨੋ ਇਕ ਤਬ ਹੀ ॥੬੩॥

ਖਨਿ[1] ਧਰਨੀ ਬਾਲਕ ਬੈਠਾਯੋ। — [1]ਪੁੱਟਕੇ।

ਊਪਰ ਤੇ ਇਕਸਾਰ ਬਨਾਯੋ[†]।

[†]ਇਸ ਪ੍ਰਕਾਰ ਦੀਆਂ ਠੱਗੀਆਂ ਸਿੱਧ ਲੋਕ ਆਪਣੀਆਂ ਸਿਧੀਆਂ ਦੱਸਣ ਲਈ ਕਰਿਆ ਕਰਦੇ ਸਨ, ਇਸ ਕਰਕੇ ਉਨ੍ਹਾਂ ਦਾ ਧਰਮ ਜਗਤ ਦਾ ਨਿਸਤਾਰਾ ਨਹੀਂ ਸੀ ਰਹਿ ਗਿਆ, ਪਰ ਆਪਣੀ ਪੂਜਾ ਜਗਤ ਤੋਂ ਕਰਵਾਉਣੀ। ਇਹੋ ਪਾਜ ਖੁਹਲ ਕੇ ਸਤਿਗੁਰੂ ਜੀ ਜਗਤ ਨੂੰ ਜਗਤ ਦੇ ਆਪਣੇ ਭਲੇ ਲਈ ਸ਼ੁਭ ਮਾਰਗ ਵਿਚ ਲਾਉਣਾ ਚਾਹੁੰਦੇ ਸਨ।

ਅਸ ਕਰਿ[1] ਪ੍ਰਭੁ ਸੋਂ ਕਹ੍ਯੋ ਬਹੋਰੀ। — [1]ਇਸ ਤਰ੍ਹਾਂ ਕਰਕੇ।

'ਚਹਹੁ ਜਿ ਪੂਜਾ ਨਿਜ ਸਭਿ ਠੌਰੀ ॥੬੪॥

ਧਰਨੀ ਕੋ ਬੁਲਾਇ ਬਿਨ ਦੇਰੀ।

ਬੂਝਿ ਲੇਹੁ ਇਹ ਹੈ ਕਿਸ ਕੇਰੀ?

ਉੱਤਰ ਦੇਯ ਕਿ -ਹੈਂ ਮੈਂ ਤੇਰੀ-।

ਆਪ ਪੁਜਾਵਹੁ, ਕੋਇ ਨ ਫੇਰੀ[1] ॥੬੫॥ — [1]ਕੋਈ ਨਾ ਹਟਾਵੇਗਾ।

ਜੇ ਨਿਜ ਵਿਖੇ ਸ਼ਕਤਿ ਨਹਿਂ ਪਾਵਹਿਂ।

ਕਹੁ ਹਮ ਸੰਗ, ਬੁਲਾਇ ਦਿਖਾਵਹਿਂ।'

ਸੁਨਿ ਮੁਸਕਾਨੇ ਸ਼੍ਰੀ ਗੁਨਖਾਨੀ।

ਤਿਨਕੇ ਸੰਗ ਭਨੀ ਇਮ ਬਾਨੀ ॥੬੬॥

'ਸ਼ਕਤਿਵਾਨ ਏਕੈ ਜਗਤੇਸ਼ਾ।

ਹਮਰੇ ਬਿਖੈ ਨ ਪਾਯਤਿ ਲੇਸ਼ਾ।

ਅਜ਼ਮਤ ਕੋ ਹੰਕਾਰ ਤੁਮਾਰੇ।
ਹਮਹਿਂ ਦਿਖਾਵਹੁ, ਦੇਖਨ ਹਾਰੇ[1]' ॥੬੭॥ — [1]ਅਸੀਂ ਤਾਂ ਦੇਖਣਹਾਰ ਹਾਂ।

ਸੁਨਿ ਕੈ ਸਿੱਧਨ ਗਿਰਾ ਉਚਾਰੀ।
'ਜੇ ਧਰਨੀ ਤੂੰ ਅਹੈਂ ਹਮਾਰੀ।
ਤੌ ਉੱਤਰ ਦੀਜੈ ਤ੍ਰੈਵਾਰੀ।
-ਮੈਂ ਸਿੱਧਨ ਕੀ- ਕਹਉ ਪੁਕਾਰੀ' ॥੬੮॥

ਸੁਨਿ ਸਿਸ[1] ਬੋਲ੍ਯੋ ਧਰਨ ਮਝਾਰੀ[2]। — [1]ਬਾਲਕ। [2]ਵਿਚੋਂ।
'ਮੈਂ ਸਿੱਧਨ ਕੀ ਨਿਤ ਅਨੁਸਾਰੀ।'
ਦੁਤਿਯ ਬਾਰ ਸਿਧ ਬੂਝਨ ਲਾਗੇ।
ਬੋਲ੍ਯੋ ਬਾਲਿਕ ਜਿਉਂ ਕਹਿ[1] ਆਗੈ ॥੬੯॥ — [1]ਕਹਿਆ ਸੀ।

ਤੀਸਰ ਬਾਰ ਉਦਿਤਿ ਭਾ[1] ਜਬ ਹੀ। — [1]ਬੋਲਣ) ਲਈ ਤਿਆਰ ਹੋਯਾ।
ਪੂਰਬ ਸਤਿਗੁਰ ਬੋਲੇ ਤਬ ਹੀ।
'ਅਬ ਲੌ ਬੋਲਨ ਉਚਿਤ ਰਹ੍ਯੋ ਈ[1]?' — [1]ਅਜੇ ਤੱਕ (ਤੂੰ) ਬੋਲਣ ਜੋਗਾ ਹੀ ਰਹਿ ਗਿਆ ਹੈਂ?
ਸੁਨਤਿ ਭਯੋ ਮਿਰਤਕ ਸਿਸ ਸੋਈ ॥੭੦॥

ਉੱਤ੍ਰ ਨ ਆਯੋ ਬਹੁਰ ਬੁਲਾਏ।
ਸਰਬ ਸਿੱਧ ਮਨ ਮਹਿਂ ਬਿਸਮਾਏ।
ਕੇਤਿਕ ਚਿਰ ਮਹਿਂ ਮਰ੍ਯੋ ਨਿਕਾਰ੍ਯੋ।
ਲੱਜਿਤਿ ਹ੍ਵੈ ਸਿੱਧਨ ਬਲ ਹਾਰ੍ਯੋ ॥੭੧॥

ਆਪ ਆਪਨੇ ਆਸਨ ਬੈਸੇ।
ਚੋਰ ਨਾਰਿ ਜਿਉਂ ਤੁਸ਼ਨਿ[1] ਤੈਸੇ। — [1]ਚੋਰ ਦੀ ਤੀਵੀਂ ਵਾਂਙ ਚੁਪ।
ਪ੍ਰਾਨਨਾਥ ਪੁਨਮੰਗਲ ਜੋਊ।

{ਗੋਰਖ ਦੀ ਖੜਾਮ ਅਤੇ ਮੁੰਦ੍ਰਾ ਵਾਪਿਸ}

ਪ੍ਰਭੁ ਸਮੀਪ ਆਏ ਚਲਿ ਦੋਊ ॥੭੨॥

ਬਿਨੈ ਪ੍ਰਸ਼ੰਸਾ ਅਧਿਕ ਉਚਾਰੀ।
'ਆਪ ਨਿਰੰਜਨ ਮੂਰਤਿ ਧਾਰੀ।
ਮੁੰਦ੍ਰਾ ਔਰ ਖਰਾਊਂ ਜੋਊ।
ਸਹਸ ਸ਼ਕਤਿ ਗੋਰਖ ਦਿਹੁ ਦੋਊ ॥੭੩॥

ਬਾਲਿਕ ਕੋ ਜਿਵਾਇ ਪੁਨ ਦੀਜੈ।

ਸ੍ਰੀ ਨਾਨਕ ਜੀ ! ਕਰੁਨਾ ਕੀਜੈ।
ਨਿਜ ਹੰਕਾਰ ਮੈਂ[1] ਜਾਨਤਿ ਨਾਂਹੀ।
ਮੂਰਖ ਬਹੁਰ ਬਹੁਰ ਪਛੁਤਾਹੀਂ ॥੨੪॥

[1]ਹੰਕਾਰ ਵਿਚ।

ਦੋਹਰਾ:
ਜਾਨਿ ਆਪਨੇ ਈਠ ਦੋ[1], ਬਿਨੈ ਸੁਨੀ ਪੁਨ ਕਾਨ।
ਮੁੰਦਾ, ਸ਼ਕਤਿ, ਖਰਾਊਂ ਜੋ, ਤੀਨ ਦੀਨ[1] ਤਿਨ ਪਾਨ[2] ॥੨੫॥
ਬਿਗਸਤਿ ਬੋਲੇ ਬਚਨ ਕੋ, ਬਹੁਰੋ ਕ੍ਰਿਪਾ ਨਿਧਾਨ।
'ਸਾਗਰ ਮਹਿਂ ਇਕ ਬੂੰਦ ਜੋ, ਪਰੀ ਨ ਪਰੀ ਸਮਾਨ[1] ॥੨੬॥

[1]ਦੋਹਾਂ ਨੂੰ ਆਪਣੇ ਪਿਆਰੇ ਜਾਣਕੇ।

[1]ਤਿੰਨੇ ਦੇ ਦਿੱਤੀਆਂ। [2]ਤਿੰਨ੍ਹਾਂ ਦੇ ਹੱਥ (ਵਿਚ)।

[1]ਪਈ ਕਿ ਨਾ ਪਈ ਇਕ ਤੁੱਲ ਹੈ।

ਚੌਪਈ:
ਏਹ ਖਰਾਊਂ ਸਿਸ ਸਿਰ ਲਾਵਹੁ।
ਤਤਛਿਨ ਤਾਂ ਕੋ ਜਾਇ ਜਿਵਾਵਹੁ।'
ਲੈ ਕੇ ਉਭੈ[1] ਪ੍ਰਸ਼ੰਸ਼ਾ ਕਰਿ ਕੈ।
ਗਮਨੇ ਦੋਨਹੁਂ ਹਰਖ ਉਰ ਭਰਿਕੈ ॥੨੭॥
ਲੀਨੀ ਮੁੰਦ੍ਰਾ ਬਹੁਰ ਖਰਾਊਂ।
ਗੋਰਖ ਮੈਂ ਭਾ ਸ਼ਕਤਿ ਪ੍ਰਭਾਊ[1]।
ਸਿਸ ਕੇ ਸੀਸ ਛੁਹਾਇ ਜਿਵਾਯੋ।
ਆਨ ਥਾਨ ਚਲਿਨੋ ਮਨ ਭਾਯੋ ॥੨੮॥
ਸਭਿ ਮਿਲਿ ਕਹੀ 'ਅਦੇਸ਼ ਅਦੇਸ਼ਾ।'
ਇੱਛਾ ਚਾਰੀ[1] ਗਏ ਸੁਦੇਸ਼ਾ[2]।
ਏਕ ਦਿਵਸ ਸ੍ਰੀ ਨਾਨਕ ਰਹੇ।
ਭੋਰ ਭਈ ਚਲਿਨੋ ਮਨ ਚਹੇ ॥੨੯॥
ਗੋਰਖ ਮਤਾ ਹਟਾਯੋ ਨਾਮੂ।

[1]ਦੋਵੇ।

[1]ਪ੍ਰਤਾਪ।

[1]ਇੱਛਾ ਅਨੁਸਾਰ ਵਿਚਰਨ ਵਾਲੇ। [2]ਆਪਣੇ ਦੇਸ਼।

{ਗੋਰਖ ਮਤਾ ਤੋਂ ਨਾਨਕ ਮਤਾ}

ਨਾਨਕ ਮਤਾ ਰਾਖਿ ਅਭਿਰਾਮੂ[†]।

[†]ਬ੍ਰੇਲੀ ਤੋਂ ਬਿਹਾਰੀ ਪੁਰ ਦੀ ਧਰਮਸਾਲ ਦੇ ਮਹੰਤ ਜੀ ਤੋਂ ਹੇਠ ਲਿਖਿਆ ਪਤਾ ਪ੍ਰਾਪਤ ਹੋਇਆ ਹੈ:-ਨਾਨਕ ਮਤਾ ਪੀਲੀ ਭੀਤ ਦੇ ਨੇੜੇ ਹੈ। ਪੀਲੀ ਭੀਤ ਤੋਂ ਤਨਕ ਪੁਰ ਜੋ ਰੇਲ ਜਾਂਦੀ ਹੈ ਉਸ ਤੇ ਖਟੇਮਾ ਸਟੇਸ਼ਨ ਹੈ, ਜਿਥੋਂ ਅੱਠ ਦਸ ਮੀਲ ਤੇ ਨਾਨਕ ਮਤਾ ਹੈ, ਸ੍ਵਾਰੀ ਘੋੜੇ ਦੀ ਹੈ। ਰਸਤਾ ਬਰਸਾਤ ਵਿਚ ਖਰਾਬ ਹੈ। ਜੰਗਲ ਵਿਚ ਬਨ ਪਸ਼ੂਆਂ ਦਾ ਭੈ ਹੈ। ਮਿੱਠੇ ਰੇਠੇ ਦਾ ਟਿਕਾਣਾ ਨਾਨਕ ਮਤੇ ਤੋਂ ਬੀ ਬੀਸ ਕੁ ਮੀਲ ਪਰੇ ਪਹਾੜ ਰੁਖ਼

ਬਨ ਵਿਚ ਹੈ। ਇਸ ਰਸਤੇ ਵਿਚ ਸ਼ੇਰ ਬਘਿਆੜ ਪੈਂਦੇ ਹਨ, ਰਾਹ ਬੜਾ ਖ਼ਰਾਬ ਹੈ। ਸ੍ਰੋਤ ਹੈ ਕਿ ਰੇਠੇ ਦੇ ਉਸ ਪੁਰਾਣੇ ਗੁਰ ਨਾਨਕ ਦੇ ਮਿੱਠੇ ਕੀਤੇ ਦਰਖ਼ਤ ਤੋਂ ਬੀਜ ਡਿਗ ਖਿਲਰਕੇ ਹੋਰ ਦਰਖਤ ਬੀ ਮਿੱਠੇ ਰੇਠੇ ਦੇ ਹੋਏ ਹਨ। ਨਾਨਕ ਮਤੇ ਤੇ ਰੇਠੇ ਦਾ ਜ਼ਿਲਾ ਨੈਨੀਤਾਲ ਹੈ। ਖਟੇਮਾ ਸਟੇਸ਼ਨ ਪੀਲੀਭੀਤ ਦੇ ਜ਼ਿਲੇ ਵਿਚ ਹੈ। ਇਸ ਬ੍ਰਿੱਛ ਬਾਬਤ ਵਿਸ਼ੇਸ਼ ਹਾਲ ਪੜ੍ਹੋ, ਰਾਸ ਪੰਜਵੀਂ ਅੰਸੂ ੨੮ ਅੰਕ ੨੭ ਦੀ ਹੇਠਲੀ ਟੂਕ।

ਬਹੁਰੋ ਸ੍ਰੀ ਗੁਰ ਕੀਨਿ ਪਯਾਨਾ।

ਕਾਰਨ ਇਹੀ ਕਰਨ ਕਲਜਾਨਾ ॥੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਧਨ ਕੋ ਮੇਲ' ਪ੍ਰਸੰਗ ਬਰਨਨੰ ਨਾਮ ਬੀਸਮੋਂ ਅਧਯਾਯ ॥੨੦॥

## ੨੧. [ਸ਼ਾਰਦਾ ਮੰਗਲ। ਦਿੱਲੀ ਵਿਖੇ ਹਾਥੀ ਜਿਵਾਲਣਾ ਤੇ ਮਰਦਾਨੇ ਦੀ ਪੂਜਾ ਕਰਵਾਉਣੀ]

੨੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੨

{ਗੁਰੂ ਜੀ ਦਿੱਲੀ ਵਿੱਚ} ॥੨..॥
{ਹਾਥੀ ਜਿਵਾਯਾ} ॥੨੨..॥
{ਪੀਰ ਨਜ਼ਾਮੁਦੀਨ} ॥੩੦॥
{ਮਰਦਾਨੇ ਦੀ ਪੂਜਾ ਕਰਵਾਈ} ॥੫੫..॥
{ਅਜੀਬ ਬੇਸ} ॥੭੬.. ॥ ॥ ॥੨੨॥

ਭੁਯੰਗ ਪ੍ਰਯਾਤ ਛੰਦ:

ਨਮੋ ਚੰਡਿਕਾ ਮੰਡਿਕਾ ਸਰਬ ਲੋਕਾ। ਪ੍ਰਸੀਦੇ ਸਦਾ ਦਾਸ ਦੇਤੀ ਅਸ਼ੋਕਾ।
ਹਤੇ ਦੈਂਤ ਬ੍ਰਿੰਦੰ ਰਖ੍ਯੋ ਬੱਜ੍ਰਪਾਨੀ। ਕਰੋ ਗ੍ਰੰਥ ਪੂਰੰ ਨਮੋ ਬਾਕਬਾਨੀ ॥੧॥

ਮੰਡਿਕਾ=ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੨।
ਪ੍ਰਸੀਦੇ=ਪਸੀਜਕੇ, ਕ੍ਰਿਪਾਲ ਹੋਕੇ, ਤ੍ਰੁੱਠਕੇ। ਅਸ਼ੋਕਾ=ਅ+ਸ਼ੋਕ=ਸ਼ੋਕ ਰਹਤਤਾ, ਪ੍ਰਸੰਨਤਾ।

ਅਰਥ:

ਸਾਰੇ ਲੋਕਾਂ ਨੂੰ ਸਵਾਰਣ ਵਾਲੀ, ਹੇ ਤੇਜ ਸ੍ਵਰੂਪ! (ਤੈਨੂੰ) ਨਮਸਕਾਰ ਹੋਵੇ, (ਤੂੰ ਜਦ) ਤ੍ਰੁੱਠੇਂ 'ਸ਼ੋਕ ਰਹਿਤ ਹੋ ਜਾਣ' ਦੀ ਦਾਤ ਸਦਾ ਦਾਸ ਨੂੰ ਦੇਂਦੀ ਹੈਂ, (ਤੂੰ) ਇੰਦ੍ਰ ਨੂੰ (ਉਸ ਦੇ ਸ਼ਤ੍ਰੂ) ਦੈਂਤ ਮਾਰਕੇ ਬਚਾ ਲਿਆ, (ਹੇ ਸਰਸ੍ਵਤੀ ਮੇਰੇ ਵਿਘਨਾਂ ਨੂੰ ਹਤਕੇ, ਮੇਰਾ ਬੀ) ਗ੍ਰੰਥ ਸੰਪੂਰਨ ਕਰੋ, ਮੈਂ ਤੈਨੂੰ ਨਮਸਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨਿ ਕਥਾ ਮਹਾਨੀ।
ਤਹਿਂ ਤੇ ਗਮਨ ਕੀਨ ਗੁਨਖਾਨੀ।
ਦਿੱਲੀ ਨਗਰ ਬਿਸਾਲ ਬਸੇਰਾ।
{ਗੁਰੂ ਜੀ ਦਿੱਲੀ ਵਿੱਚ}
ਉਪਬਨ[1] ਬਿਖੈ ਆਨਿ ਕਿਯ ਡੇਰਾ ॥੨॥ [1]ਬਾਗ਼।
ਗਾਵਨ ਲਗਾ ਸ਼ਬਦ ਮਰਦਾਨਾ।
ਸੁਨਹਿਂ ਪ੍ਰੇਮ ਮਹਿਂ ਮਗਨ ਮਹਾਨਾ।
ਰੁਚਿਰ ਰਾਗ ਕਰਿ ਕੈ ਯੁਤ ਪ੍ਰੀਤੇ।
ਤੂਸ਼ਨ ਬਹੁਰ ਮਹੂਰਤ ਬੀਤੇ ॥੩॥
ਪਾਤਿਸ਼ਾਹਿ ਕੋ ਕੁੰਚਰ[1] ਭਾਰੀ। [1]ਹਾਥੀ।
ਮ੍ਰਿਤਕ ਹੁਤੋ ਤਿਹ ਬਾਗ਼ ਮਝਾਰੀ।
ਰੋਇ ਮਹਾਵਤ ਉਚ ਪੁਕਾਰਤਿ।
ਹੇਤੁ ਜੀਵਕਾ ਦੁਖ ਮਹਿਂ ਆਰਤ[1] ॥੪॥ [1]ਦੁਖੀ।
ਦੀਨ ਭਏ ਬਿਰਲਾਪਤਿ ਐਸੇ।
ਕਿਰਪਨ ਦਰਬ ਜਾਇ ਕਿਤ ਜੈਸੇ।
ਅਵਲੋਕ੍ਯੋ ਜਬ ਹੀ ਤਿਨ ਤਾਈਂ।

ਕਰੁਣਾਨਿਧਿ ਉਰ ਕਰੁਣਾ ਛਾਈ ॥੫॥
ਬੂਝਨ ਲਗੇ 'ਕੌਨ ਦੁਖ ਭਾਰੀ?
ਜਿਸਤੇ ਤੁਮ ਰੋਵਹੁ ਧ੍ਰਿਤ ਹਾਰੀ[1]। — [1]ਧੀਰਜ ਹਾਰ ਕੇ।
ਕਿਨ ਮਾਰੇ ਕੈ[†] ਖੋਸਨ ਕੀਨੇ[1]? — [1]ਯਾ (ਕਿਸੇ ਨੇ) ਲੁੱਟ ਲਿਆ ਹੈ। [†]ਪਾ:-ਕਿਨ।
ਨਿਜ ਕਰਮਨ ਗਤਿ ਲੇਹੁ ਨ ਚੀਨੇ[1]' ॥੬॥ — [1]ਆਪਣੇ ਕਰਮਾਂ ਦੀ ਗਤਿ ਨਹੀਂ ਪਛਾਣਦੇ ਹੋ?
ਸੰਤ ਸਰੂਪ ਜਾਨਿ ਮਨ ਸੋਊ।
ਬੰਦਨ ਕਰੀ ਬੰਦਿ ਕਰ ਦੋਊ।
ਬਿਨਤੀ ਉਸਤਤਿ ਕੇ ਮਧ ਸਾਨੀ[1]। — [1]ਵਿੱਚ ਮਿਲੀ ਹੋਈ।
ਬੋਲੇ ਅਤਿਸ਼ੈ ਆਤੁਰ ਬਾਨੀ ॥੭॥

ਦੋਹਰਾ:
'ਸੁਨਹੁ ਬ੍ਰਿਥਾ ਦਰਵੇਸ਼ ਜੀ! ਕੁੰਚਰ ਹੁਤੋ ਮਹਾਨ।
ਰੋਗਿ ਭਯੋ ਅਬ ਮਰਿ ਗਯੋ, ਕੋਇ ਨ ਸਕ੍ਯੋ ਪਛਾਨ ॥੮॥

ਚੌਪਈ:
ਹੁਤੇ ਮਹਾਵਤ ਹਮ ਤਿਸ ਕੇਰੇ।
ਚਲਤਿ ਹੁਤੀ ਗੁਜ਼ਰਾਨ ਘਨੇਰੇ।
ਮ੍ਰਿੱਤੁ ਭਏ ਹਟਿ ਗਾ ਰੁਜ਼ਗਾਰਾ।
ਕਿਉਂ ਪਾਲਨ ਹ੍ਵੈ ਮਮ ਪਰਵਾਰਾ ॥੯॥
ਔਰ ਉਪਾਇ ਨ ਜਾਨੋਂ ਕੋਊ।
ਰੋਜ਼ੀ ਜਿਹ ਤੇ ਪੈਦੇ ਹੋਊ।
ਇਸ ਦੁਖ ਤੇ ਹਮ ਰੋਵਤਿ ਬੈਸੇ।
ਗੁਜ਼ਰ ਹਮਾਰੀ ਚਲਿਹੈ ਕੈਸੇ?' ॥੧੦॥

ਦੋਹਰਾ:
ਸ੍ਰੀ ਗੁਰ ਕਹੈਂ, 'ਨ ਚਿੰਤ ਕਰਿ, ਸਭਿ ਕੋ ਦੈ ਕਰਤਾਰ।
ਜਿਤੇ ਬਹਾਨੇ ਜਗਤ ਕੇ, ਕਰਨ ਹਾਰ ਇਕ ਧਾਰਿ ॥੧੧॥

ਚੌਪਈ:
ਕੁੰਚਰ ਹਿਤ ਰੋਵਹੁ ਤੁਮ ਨਾਂਹੀ।
ਸਿਮਰਹੁ ਨਾਮ ਪ੍ਰਭੂ ਮਨ ਮਾਂਹੀ।
ਜੋ ਜਜਾਵਤਿ ਮਾਰਤਿ ਹੈ ਸੋਊ।

ਵਾਹਿਗੁਰੂ ਇਕ ਅਵਰ ਨ ਕੋਊ ॥੧੨॥
ਸੋ ਦੇਵਤਿ ਸਭਿ ਕੋ ਰੁਜ਼ਗਾਰਾ।
ਔਰ ਬਹਾਨਾ ਕਰਹਿ ਤੁਮਾਰਾ।
ਮਿਸ[1] ਕਰਿਕੈ ਦੇਵਤਿ ਨਿਤ ਰੋਜ਼ੀ।
ਲਖਹਿਂ ਸੰਤ ਸ਼੍ਰੀ ਪ੍ਰਭੁ ਕੇ ਖੋਜੀ' ॥੧੩॥
ਐਸੇ ਸੁਨੇ ਮਹਾਵਤ ਬੈਨਾ।
ਪੂਰਨ ਸੰਤ ਲਖੇ ਸੁਖ ਦੈਨਾ।
ਹਾਥ ਬੰਦਿ ਪੁਨ ਬਚਨ ਉਚਾਰੇ।
'ਕਿਉਂ ਹੋਵੈ ਮਨ ਸ਼ਾਂਤਿ ਹਮਾਰੇ ॥੧੪॥

[1]ਬਹਾਨਾ।

ਦੋਹਰਾ:
ਰੋਜ਼ੀ ਹਮਰੀ ਆਜ ਤੇ, ਭਈ ਬੰਦ ਦਰ ਸ਼ਾਹਿ[1]†।
ਤੁਮ ਤੇ ਸਭਿ ਕੁਛ ਹੋਤਿ ਹੈ, ਸੰਤਹੁ ਬੇਪਰਵਾਹ! ॥੧੫॥

[1]ਪਾਤਸ਼ਾਹ ਦੇ ਘਰੋਂ। †ਜੇ ਪਾਠ-ਦਰਸਾਹਿ-ਹੋਵੇ, ਤਾਂ ਅਰਥ ਹੋਵੇਗਾ-ਦਿੱਸਦੀ ਹੈ।

ਚੌਪਈ:
ਜਿਉਂ ਚਾਕਰ ਹਮ ਹੈਂ ਪਤਿਸ਼ਾਹਿ।
ਤਿਉਂ ਖ਼ੁਦਾਇ ਸੇਵਕ ਤੁਮ ਆਹਿ।
ਹਮਰੋ ਕਾਜ ਅਟਕ ਜੇ ਜਾਈ।
ਬਿਨੈ ਕਰਤਿ ਅੱਗ੍ਰਜ ਨਿਜ ਰਾਈ[1] ॥੧੬॥

[1]ਆਪਣੇ ਰਾਜੇ ਦੇ।

ਕਰ ਜੋਰਹਿਂ ਕਰਿਵਾਵਹਿਂ ਕਾਜਾ।
ਮਾਨਹਿਂ ਸੇਵਕ ਕੀ ਸ਼ੁਭ ਰਾਜਾ।
ਹੈ ਤੁਮਰੋ ਪਤਿਸ਼ਾਹਿ ਖ਼ੁਦਾਇ।
ਤਿਹ ਤੇ ਕਹਿ ਗਜ ਇਹੀ ਜਿਵਾਇ ॥੧੭॥
ਮਾਨਹਿ ਬਚ ਤੁਮਰੋ ਕਰਤਾਰਾ।
ਕਰਹੁ ਸੰਤ ਜੀ! ਇਹ ਉਪਕਾਰਾ।
ਦਰਵੇਸ਼ਨ ਕੀ ਬਾਨ[1] ਦਯਾਲਾ।
ਹਮ ਤੇ ਅਪਰ ਨ ਦੁਖੀ ਬਿਸਾਲਾ' ॥੧੮॥

[1]ਸੁਭਾਵ, ਆਦਤ।

ਦੋਹਰਾ:
ਦੀਨ ਭਯੋ ਬੰਦਨ ਕਰਤਿ, ਬਾਰ ਬਾਰ ਸਿਰ

ਨਾਇ।
ਦੇਖਿ ਮਹਾਵਤ ਕੀ ਦਸ਼ਾ, ਬਿਗਸੇ ਪ੍ਰਭੁ
ਸੁਖਦਾਇ ॥੧੯॥
ਚੌਪਈ:
ਹੁਇ ਕ੍ਰਿਪਾਲ ਕਹਿ ਗੁਨੀ ਗਹੀਰੁ।
'ਆਨਹੁ ਏਕ ਘਟਾ[1] ਭਰਿ ਨੀਰੂ।'
ਗਯੋ ਬੇਗ ਤਿਹ ਭਰਿ ਕਰਿ ਆਨਾਂ।
ਮਰਦਾਨੇ ਸੋ ਬਚਨ ਬਖਾਨਾਂ ॥੨੦॥
'ਸੱਤਿਨਾਮ ਕਹਿ ਇਹ ਘਟ ਲੀਜੈ।
ਮ੍ਰਿਤੁ ਮਤੰਗ ਪਰ ਛਿਰਕਨ ਕੀਜੈ।'
ਆਇਸੁ ਪਾਇ ਘਟਾ ਕਰ ਲਯੋ।
ਕੁੰਚਰ ਕੇ ਸਮੀਪ ਚਲਿ ਗਯੋ ॥੨੧॥
ਵਾਹਿਗੁਰੂ ਕਹਿ ਛਿਰਕਾ ਦੀਨੋ।
ਗਜ ਸਰੀਰ ਕੋ ਭੇਵਨ ਕੀਨੋ।
ਪ੍ਰਾਨ ਪਰੇ ਜੀਵਯੋ ਤਤਕਾਲਾ।
{ਹਾਥੀ ਜਿਵਾਯਾ}
ਭਯੋ ਮਹਾਵਤ ਹਰਖ ਬਿਸ਼ਾਲਾ ॥੨੨॥
ਬਾਰ ਬਾਰ ਪਦ ਬੰਦਨ ਕਰਿਹੀ।
ਉਸਤਤਿ ਕੇ ਮੁਖ ਬਚਨ ਉਚਰਿਹੀ।
ਜਾਇ ਕਹੀ ਪਤਿਸ਼ਾਹਿ ਅਗਾਰੀ।
'ਮਰਯੋ ਸੁ ਜੀਵਯੋ ਕੁੰਚਰ ਭਾਰੀ ॥੨੩॥
ਇਹ ਫਕੀਰ ਹੈ ਆਪ ਖ਼ੁਦਾਇ।
ਬਿਨੈ ਸੁਨੀ ਤਿਨ ਦਿਯੋ ਜਿਵਾਇ।'
ਇਉਂ ਸੁਨਿ ਕੈ ਬਿਸਮਾਦੇ ਸਭਿਹੀ।
ਦਰਸ਼ਨ ਕਰਨ ਉਦਿਤ ਭਾ ਤਬ ਹੀ
॥੨੪॥
ਕਾਜ਼ੀ ਸੰਗ ਲਿਯੇ ਪਤਿਸ਼ਾਹੂ।
ਚਲਿ ਆਏ ਸ਼੍ਰੀ ਨਾਨਕ ਪਾਹੂ।
ਕਰਿ ਪਦ ਬੰਦਨ ਗੁਰ† ਢਿਗ ਬੈਸੇ।
ਕਾਜ਼ੀ ਬਚਨ ਕਹੇ ਤਬ ਐਸੇ ॥੨੫॥
'ਹੇਤ ਮਹਾਵਤ ਹਾਥੀ ਜੋਊ।
ਜੀਵਾਯੋ ਤੁਮ ਨੈ ਹੀ ਸੋਊ?

[1]ਘੜਾ।

†ਪਾ:-ਪੁਨ।

ਸੁਨਿ ਕੈ ਰਾਵਰਿ ਸਿਫਤ ਘਨੇਰੀ।
ਦਰਸ਼ਨ ਹਿਤ ਆਏ ਬਿਨ ਦੇਰੀ' ॥੨੬॥
ਕਾਜ਼ੀ ਕੀ ਦਿਸ਼ ਦੇਖਿ ਗੁਸਾਈਂ।
ਬਾਨੀ ਨਿਰਹੰਕਾਰ ਅਲਾਈ।
'ਹਮ ਹੈਂ ਕੌਣ ਮ੍ਰਿਤਕ ਜੀਵਾਰਹਿਂ।
ਇਕ ਕਰਤਾਰ ਜਿਵਾਵਹਿ ਮਾਰਹਿ ॥੨੭॥
ਤਿਸ ਬਿਨ ਔਰ ਸ਼ਕਤਿ ਕਿਸ ਮਾਂਹੀ।
ਬਜਾਪਕ ਕਲਾ ਦੇਖੀਯਤਿ ਜਾਂ ਹੀ[1]।' [1]ਜਿਸ ਦੀ।
ਕਾਜ਼ੀ ਕਹੇ 'ਸ਼ਕਤਿ ਜੇ ਧਾਰਹੁ।
ਮੁਖ ਤੇ ਕਹਿ ਅਬ ਕੈ ਗਜ ਮਾਰਹੁ ॥੨੮॥
ਜੇ ਤੁਮ ਕਹੈ ਗਯੋ ਮਰਿ ਕੁੰਚਰ।
ਤੌ ਜਾਨੈਂ ਪ੍ਰਤੱਖ ਕਲਾਧਰਿ।'
ਸੁਨਿ ਪ੍ਰਭੁ ਬੋਲੇ ਸਹਿਜ ਸੁਭਾਏ।
'ਜਿਉਂ ਖ਼ੁਦਾਇ ਕੀ ਹੋਇ ਰਜਾਇ' ॥੨੯॥
ਤਤਛਿਨ ਕੁੰਚਰ ਗਿਰਯੋ ਬਹੋਰੀ।
ਪਰਯੋ ਮ੍ਰਿਤਕ ਹੁਇ ਤਿਸਹੀ ਠੌਰੀ।
ਪਾਤਿਸ਼ਾਹਿ ਕੇ ਬੈਠਯੋ ਤੀਰ[1]। [1]ਪਾਸ।
ਹੁਤੋ ਨਜ਼ਾਮਦੀਨ ਇਕ ਪੀਰ ॥੩੦॥
{ਪੀਰ ਨਜ਼ਾਮੁਦੀਨ}
ਤਿਨ ਕਾਜ਼ੀ ਸੋਂ ਬਚਨ ਉਚਾਰੇ।
'ਇਹ ਖੁਦਾਇ ਹੈ ਨਰ ਤਨ ਧਾਰੇ।
ਬਚਨ ਬਿਫਲ[1] ਇਹ ਕੋ ਨਹਿਂ ਹੋਇ। [1]ਬਿਅਰਥ।
ਸ਼ਰਧਾ ਧਰਿ, ਦੁਖ ਲਗੇ ਨ ਕੋਇ' ॥੩੧॥
ਪੁਨ ਕਾਜ਼ੀ ਕਹਿ 'ਦੇਹੁ ਜਿਵਾਇ।
ਤੌ ਜਾਨੋਂ ਮੈਂ ਆਪ ਖ਼ੁਦਾਇ।'
ਸੁਨਿ ਗੁਨ ਐਨ ਸੁ ਬੈਨ ਉਚਾਰੇ।
'ਸੰਤ ਬਚਨ ਕੇ ਜੇਊ ਮਾਰੇ ॥੩੨॥
ਤਿਨ ਕੋ ਕੋਇ ਨ ਸਕੈ ਜਿਵਾਇ।

ਮੇਟੀ ਜਾਇ ਨ ਕਬਹਿ ਰਜਾਇ।
ਈਸ਼ੁਰ ਆਇਸੁ[1] ਸੰਤ ਹਟਾਵੈ।
ਸੰਤ ਕਹੇ ਕੋ ਕੌਨ ਮਿਟਾਵੈ ॥੩੩॥

ਦੋਹਰਾ:
ਜੈਸੇ ਜਗ ਅੰਧਾ ਕਰਜੋ, ਮਾਯਾ ਸੰਗ ਭੁਲਾਇ[†]।
ਸਤਿਗੁਰ ਬਚਨ ਸੁਚੇਤ ਕਰਿ, ਦੇਵਹਿਂ ਨਾਮ ਦ੍ਰਿੜਾਹਿ ॥੩੪॥

ਚੌਪਈ:
ਜਿਸ ਕੋ ਚਾਹੈਂ ਕਰੈਂ ਉਧਾਰਾ।
ਬੰਧਨ ਦੇਹਿਂ ਸਰਬ ਨਿਰਵਾਰਾ।
ਜਿਉਂ ਅੰਬ੍ਰੀਕ ਭਗਤ ਢਿਗ ਆਯੋ[1]।
ਦੁਰਬਾਸ਼ਾ ਉਰ ਕ੍ਰੋਧ ਬਢਾਯੋ ॥੩੫॥
ਤਪਤ ਚੱਕ੍ਰ ਤਿਹ ਪੀਛੇ ਲਾਗਜੋ।
ਜਰਤਿ[1] ਅੰਗ ਉਰ ਡਰ ਕਰਿ ਭਾਗਜੋ।
ਸ਼ਸ਼ਿ[1] ਸਵਿਤਾ[2] ਨਹਿਂ ਰਾਖਜੋ ਜਿਸ਼ਨੂੰ[3]।
ਦ੍ਰੁਹਣ[1] ਗਿਰੀਸ਼[2] ਗਯੋ ਢਿਗ ਬਿਸ਼ਨੂੰ ॥੩੬॥
ਇਕ ਛਿਨ ਰਾਖਿ ਸਕਜੋ ਨਹਿਂ ਕੋਊ।
ਭੂਪ[1] ਸ਼ਰਨ ਆਯੋ ਪੁਨ ਸੋਊ।
ਜਰਤਿ ਚੱਕ੍ਰ ਤੇ ਤਾਂਹਿ ਉਬਾਰਾ।
ਇਉਂ ਸੰਤਨ ਕੀ ਸਿਫਤ ਅਪਾਰਾ[†] ॥੩੭॥

[1]ਈਸ਼ੁਰ (ਦੀ) ਆਗਜਾ।
[†]ਪਾ:-ਲੁਭਾਇ।
[1]ਪਾਸ ਆਯਾ (ਦੁਰਬਾਸ਼ਾ)।
[1]ਸੜਦੇ।
[1]ਚੰਦ੍ਰਮਾ। [2]ਸੂਰਜ। [3]ਇੰਦ੍ਰ।
[1]ਬ੍ਰਹਮਾ। [2]ਸ਼ਿਵ।
[1]ਅੰਮਰੀਕ ਦੀ।

[†]ਇਹ ਭਗਤੀ ਮਾਰਗ ਦਾ ਅਸੂਲ ਦੱਸਿਆ ਨੇ, ਇਹੁ ਅਸੂਲ ਮੁਸਲਮਾਨ ਸੂਫੀ ਫਕੀਰਾਂ ਵਿਚ ਬੀ ਹੈ। ਸ਼ੱਮਸ ਤਬਰੇਜ਼ ਨੇ ਮੋਏ ਲੜਕੇ ਨੂੰ ਜਿਵਾਵਨ ਵਾਸਤੇ 'ਕੁੰਮ ਬਿਜ਼ਨੀ' ਕਿਹਾ ਸੀ, ਅਰਥਾਤ 'ਉਠ ਮੇਰੇ ਹੁਕਮ ਨਾਲ' ਤੇ ਕਾਜ਼ੀਆਂ ਉਸ ਨੂੰ ਕਾਫਰ ਕਰਾਰ ਦਿੱਤਾ ਸੀ ਕਿ ਉਸ ਨੇ 'ਕੁੰਮ ਬਿਜ਼ਨਿਲਾ' 'ਉਠ ਅੱਲਾ ਦੇ ਹੁਕਮ ਨਾਲ' ਕਿਉਂ ਨਹੀਂ ਕਿਹਾ। ਸ਼ਮਸ ਤਬ੍ਰੇਜ਼ ਨੇ ਬੀ ਇਹੋ ਕਾਰਣ ਦੱਸਿਆ ਸੀ, ਕਿ ਅੱਲਾ ਦਾ ਹੁਕਮ ਬਦਲ ਨਹੀਂ ਸਕਦਾ, ਹਾਂ ਫਕੀਰ ਜੋ ਉਸ ਨਾਲ ਜੁੜ ਰਿਹਾ ਹੈ, ਆਪਣੇ ਲਾਡ ਵਿਚ ਜਿਵਾ ਦੇਵੇ ਤਾਂ ਪਿਆਰੇ ਪੁੱਤ੍ਰ ਦੇ ਕੀਤੇ ਵਾਂਙੂ ਪਿਤਾ ਪਰਮੇਸੁਰ ਝੱਲ ਲੈਂਦਾ ਹੈ। ਕਵਿ ਜੀ ਏਥੇ ਭਗਤੀ ਦੇ ਅਸੂਲ ਨੂੰ ਦੱਸਕੇ ਗੁਰੂ ਨਾਨਕ ਦੇਵ ਜੀ ਦੀ ਇਸ ਤੋਂ ਬੀ ਮਹਾਨ ਸ਼ਕਤੀ ਦੱਸਦੇ ਹਨ ਕਿ ਉਹ ਫਕੀਰ ਦੇ ਹੁਕਮ ਨਾਲ ਮਰੇ ਨੂੰ ਬੀ ਜਿਵਾ ਸਕਦੇ ਹਨ। ਉਹਨਾਂ ਨੂੰ ਅਪਾਰ ਸ਼ਕਤੀ ਦਾ ਮਾਲਕ ਗੋਬਿੰਦ ਰੂਪ ਕਵਿ ਜੀ ਦੇਖ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਜੀ ਦੀ ਸ਼ਕਤੀ ਬਾਬਤ ਵਾਕ ਹੈ- ਸਤਿਗੁਰੁ ਮੇਰਾ ਮਾਰਿ ਜੀਵਾਲੇ ॥ [ਭੈਰਉ ਮਹਲਾ ੫

ਫਿਰ ਕਵਿ ਜੀ ਇਹ ਬੀ ਦੱਸਦੇ ਹਨ ਕਿ ਗੁਰੂ ਜੀ ਇਹ ਗੱਲ ਨਹੀਂ ਆਖਦੇ ਕਿ ਮੇਰੇ ਹੁਕਮ ਨਾਲ ਜੀਵਿਆ ਹੈ, ਜਿਵਾਲ ਕੇ ਫਿਰ ਨਿੰਮ੍ਰਤਾ ਵਿਚ ਫੁਰਮਾਉਂਦੇ ਹਨ:- 'ਹਮ ਹੈਂ ਕੌਣ ਮ੍ਰਿਤ ਜੀਵਾਰਹਿਂ। ਇਕ ਕਰਤਾਰ ਜਿਵਾਵਹਿ ਮਾਰਹਿ' ॥੨੭॥

ਦੋਹਰਾ:

ਕਰਨੋ ਏਕੰਕਾਰ[1] ਜੋ, ਸੰਤ ਸੁ ਦੇਤਿ ਹਟਾਇ।
ਸੰਤਨ ਕੇ ਜੋ ਬਚਨ ਹੈਂ, ਕੋਇ ਨ ਸਕਹਿ ਮਿਟਾਇ' ॥੩੮॥

[1]ਪਰਮੇਸ਼੍ਵਰ ਦਾ ਕੀਤਾ ਹੋਇਆ।

ਚੌਪਈ:

ਗੁਨਖਾਨੀ ਕੇ ਬੈਨਨ ਸੁਨਿ ਕੈ।
ਬੰਦਨ ਕਰਹਿਂ ਚਰਨ, ਗੁਰ ਗੁਨਿ ਕੈ।
ਪੀਰ ਨਿਜ਼ਾਮਦੀਨ ਕਰ ਜੋਰੀ।
ਬੋਲ੍ਯੋ ਹ੍ਵੈ ਕਰਿ ਦੀਨ ਬਹੋਰੀ ॥੩੯॥
'ਸਭਿ ਹੀ ਸ਼ਰਨ ਤੁਮਾਰੀ ਆਏ।
ਅਬ ਪੁਨ ਕੁੰਚਰ ਦੇਹੁ ਜਿਵਾਏ।
ਤਵ ਖੁਦਾਇ ਮੈਂ ਭੇਦ ਨ ਕੋਊ।
ਚਰਹੁ ਜੁ ਉਰ ਮਹਿਂ ਕਹਿ ਹੋ ਸੋਊ' ॥੪੦॥
ਬੋਲੇ ਪ੍ਰਭੁ 'ਉਠਹੁ ਮਰਦਾਨਾ।
ਛਿਰਕਹੁ ਜਲ ਤੁਮ ਲੇ ਨਿਜ ਪਾਨਾ।
ਕਹੇ ਪੀਰ ਕੇ ਅਬ ਕੀ ਵਾਰੀ।
ਦੇਹਿਂ ਜਿਵਾਇ ਮਰ੍ਯੋ ਗਜ ਭਾਰੀ' ॥੪੧॥

ਦੋਹਰਾ:

ਉਠਤਿ ਭਯੋ ਤਤਕਾਲ ਪੁਨ, ਜਲ ਲੇ ਕਹਿ 'ਸਤਿਨਾਮ।'

†ਜੋਗੀ ਪੀਰ ਆਦਿ ਆਪ ਕਰਾਮਾਤਾਂ ਕਰਦੇ ਰਹੇ ਹਨ, ਪਰ ਆਖਕੇ ਕਿਸੇ ਤੋਂ ਕਰਵਾ ਦੇਣੀ ਗੁਰੂ ਸਾਹਿਬਾਂ ਦੀ ਸਰਬ ਸ਼ਿਰੋਮਣਤਾ ਦੀ ਸੂਚਕ ਹੈ, ਕਿਉਂਕਿ ਓਹ ਸ਼ਕਤੀਆਂ ਦੇ ਦਾਤੇ ਹਨ। ਗੁਰਵਾਕ ਬੀ ਹੈ:- 'ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ'। [ਵਾਰ ਮਾ. ਸ. ਮਹਲਾ ੧-੧੯

ਛਿਰਕੇ ਤੇ ਜੀਵ੍ਯੋ ਤੁਰਤ†, ਜੋ ਕੁੰਚਰ ਅਭਿਰਾਮ ॥੪੨॥

ਚੌਪਈ:

ਕੌਤਕ ਦੇਖਿ ਬਿਸਮ ਭੇ ਸਭਿ ਹੀ।
ਬਾਰ ਬਾਰ ਬੰਦਹਿਂ ਪਦ ਤਬਿ ਹੀ।

ਕਹਿਨ ਲਗੇ 'ਨਿਜ ਦਿਹੁ ਉਪਦੇਸ਼ਾ।
ਤੁਮ ਖ਼ੁਦਾਇ ਤਨ ਧਰਿ ਦਰਵੇਸ਼ਾ'
॥੪੩॥
ਸ੍ਰੀ ਗੁਰ ਭਨੈਂ 'ਸੁਨਹੁ ਪਤਿਸ਼ਾਹਿ !
ਧਰਮ ਨਜਾਇ ਕੀਜੈ ਚਿਤ ਚਾਹਿ।
ਕਾਜ਼ੀ ! ਨਹਿਂ ਰਿਸ਼ਵਤ ਕਬ ਲੀਜੈ।
ਰਾਖਹੁ ਧਰਮ ਨ ਕਿਹ ਦੁਖ ਦੀਜੈ ॥੪੪॥
ਸਤਿਸੰਗਤਿ ਮਿਲਿ ਸੇਵਾ ਕਰਨੀ।
ਮਨ ਮਲੀਨਤਾ ਸਕਲੀ ਹਰਨੀ[1]। [1]ਨਾਸ਼ ਕਰਨੀ।
ਸੱਤਿਨਾਮ ਸਿਮਰਹੁ ਦਿਨ ਰਾਤੀ।
ਹਿਰਦੇ ਸ਼ਰਧਾ ਧਰਿ ਭਲਿ ਭਾਂਤੀ ॥੪੫॥
ਦੋਹਰਾ:
ਹਿਤ ਖ਼ੁਦਾਇ ਦਸ਼ਵੰਧ ਦੇ, ਕੀਜੈ ਧਰਮ
ਨਿਆਇ।
ਗਤਿ ਪ੍ਰਾਪਤਿ ਹੋਵਹਿ ਤੁਮਹਿਂ, ਇਸ
ਬਿਧਿ ਕਿਰਤ ਕਮਾਇ' ॥੪੬॥
ਚੌਪਈ:
ਅਸ ਉਪਦੇਸ਼ ਦੀਨ ਤਿਨ ਨੀਕਾ।
ਕਰਿ ਸੰਤੋਖ ਤਹਾਂ[†] ਸਭਿ ਹੀਕਾ।

[†]ਜਿਸ ਜਗ੍ਹਾ ਦੀ ਇਹ ਕਥਾ ਹੈ, ਉਹ ਜਗ੍ਹਾ ਦਿੱਲੀ ਤੋਂ ਜਮਨਾਂ ਦੇ ਉੱਪਰ ਰੁਖ ਨੂੰ ਨਦੀ ਕਿਨਾਰੇ ਹੈ, ਓਥੇ ਗੁਰਦੁਆਰਾ ਹੈ। ਛੇਵੇਂ ਪਾਤਸ਼ਾਹ ਬੀ ਇਥੇ ਗਏ ਹਨ, ਚਰਨ ਪਾਦਕਾ ਦਾ ਨਿਸ਼ਾਨ ਕਾਇਮ ਹੈ। ਮਜਨੂੰ ਇਕ ਗੁਰੂ ਜੀ ਦਾ ਚੰਗਾ ਸਿਖ ਇੱਥੇ ਹੋਇਆ ਹੈ, ਇਸ ਕਰਕੇ ਇਸ ਨੂੰ ਮਜਨੂੰ ਦਾ ਟਿੱਲਾ ਕਹਿੰਦੇ ਹਨ। ਲੇਲਾ ਵਾਲਾ ਮਜਨੂੰ ਹੋਰ ਹੈ। ਦੇਖੋ ਰਾਸ ੫ ਅੰਸੂ ੫ ਅੰਕ ੫੧ ਦੀ ਟੂਕ।

ਬਿਦਾ ਭਏ ਤਿਨ ਤੇ ਬਰਿਆਈ।
ਗਮਨ ਕੀਨ ਮਾਰਗ ਜਗ ਸਾਈਂ ॥੪੭॥
ਕੀਨ ਮਨੋਰਥ ਮਨ ਮਰਦਾਨੇ।
-ਮਮ ਮਨਤਾ[1] ਕਿਮ ਹੋਇ ਮਹਾਨੇ। [1]ਮਾਨਤਾ, ਪੂਜਾ।
ਮੁਝ ਕੋ ਬੰਦਹਿਂ ਸਭਿ ਨਰ ਨਾਰੀ।
ਭੇਟਾ ਉੱਤਮ ਧਰਹਿਂ ਅਗਾਰੀ- ॥੪੮॥
ਅੰਤਰਯਾਮੀ ਉਰ ਕੀ ਜਾਨੀ।
ਮੁਸਕਤਿ ਮੰਦ[1] ਕਹੀ ਮ੍ਰਿਦੁ ਬਾਨੀ। [1]ਥੋੜਾ ਮੁਸਕ੍ਰਾਕੇ।
'ਰਿਦੇ ਬਿਚਾਰਤਿ ਜੋ, ਤੁਮ ਆਵਹੁ।
ਅੱਗ੍ਰਜ ਪੁਰਿ[1] ਮਨਭਾਵਤਿ ਪਾਵਹੁ [1]ਅਗਲੇ ਸ਼ਹਿਰ।

॥ ੪੯ ॥

| | |
|---|---|
| ਇਹ ਸਭਿ ਕੂਰ ਕਾਜ ਨਹਿਂ ਸਰਿਈ[1]। | [1]ਇਹ (ਪਦਾਰਥ) ਸਾਰੇ ਝੂਠੇ ਹਨ (ਇਨ੍ਹਾਂ ਤੋਂ ਕੋਈ) ਕੰਮ ਨਹੀਂ ਸੌਰਦਾ। |
| ਮੁਕਤਿ ਪੰਥ ਤੇ ਬਰਜਨ ਕਰਿਈ[1]। | [1]ਰੋਕਣਾ ਕਰਦੇ ਹਨ। |
| ਚਹਿਤ ਰਹੈਂ ਜਗ ਮਹਿਂ ਬਡਿਆਈ। | |
| ਅਲਪ ਕਾਲ ਜਿਸ ਬੀਚ ਰਹਾਈ[1] ॥ ੫੦ ॥ | [1]ਜਿਸ (ਜਗਤ) ਵਿਚ ਥੋੜਾ ਚਿਰ ਰਹਿਣਾ ਹੈ। |
| ਜਹਿਂ ਜਾਵਨ[1] ਲਹਿਨੋ ਸੁਖ ਭਾਰੀ। | [1]ਜਿਸ (ਜਗਤ ਵਿਚ) ਜਾਣਾ ਹੈ। |
| ਤਹਿਂ ਕੀ ਗਤਿ ਨਹਿਂ ਕਰਹਿਂ ਬਿਚਾਰੀ। | |
| ਮਾਨ ਹੀਨ[1] ਰਹਿ ਜਗ ਮਹਿਂ ਜੋਈ। | [1]ਦਿੱਲੀ) ਨਿੰਮ੍ਰਤਾ ਵਿਚ। |
| ਚਹੈ ਮਾਨ ਪਰਲੋਕਹਿਂ ਸੋਈ' ॥ ੫੧ ॥ | |
| ਸੁਨਿ ਕੈ ਸਕੁਚਿ[1] ਕਹ੍ਯੋ ਮਰਦਾਨੇ। | [1]ਸੰਕੋਚ ਕੇ, ਸ਼ਰਮ ਕੇ। |
| 'ਹ੍ਵੈ ਕਰੁਨਾ ਤੁਮ, ਤਬ ਅਸ ਜਾਨੇਂ[1]। | [1]ਤਾਂ ਐਸਾ ਜਾਣਿਆ ਜਾਂਦਾ ਹੈ। |
| ਕਰਤਿ ਬਾਤ ਤਹਿਂ ਪੁਰਿ ਨਿਯਰਾਯਾ[1]। | [1]ਨੇੜੇ ਆ ਗਿਆ। |
| ਪ੍ਰਭੁ ਬੈਠੇ ਪਿਖਿ ਇਕ ਤੁਰ[1] ਛਾਯਾ ॥ ੫੨ ॥ | [1]ਬ੍ਰਿੱਛ ਦੀ। |
| ਦਈ ਨਿਦੇਸ਼[1] 'ਜਾਹੁ ਮਰਦਾਨੇ ! | [1]ਆਗਯਾ। |
| ਨਗਰ ਬਿਲੋਕਹੁ, ਹ੍ਵੈ ਮਨ ਭਾਨੇ।' | |
| ਜਾਇ ਨ[1], ਬਹੁਰ ਪਠ੍ਯੋ ਬਰਿਆਈ[2]। | [1]ਜਾਵੇ ਨਾ (ਮਰਦਾਨਾ)। [2]ਜੋਰੋ ਜੋਰੀ ਭੇਜਿਆ। |
| ਸ੍ਰੀ ਪ੍ਰਭੁ ਤੇ ਬਹੁਤੋ ਸਕੁਚਾਈ ॥ ੫੩ ॥ | |
| ਪੁਰਿ ਕੇ ਦਰ ਮਹਿਂ ਪ੍ਰਵਿਸ਼੍ਯੋ ਜਬ ਹੀ। | |
| ਮਾਨਵ ਦਰਸ ਕਰਹਿਂ ਤਿਹ ਤਬ ਹੀ। | |
| ਆਨਿ ਉਪਾਇਨ ਧਰਹਿਂ ਅਗਾਰੀ। | |
| ਬੂਝਨ ਹੇਤੁ ਨ ਗਿਰਾ ਉਚਾਰੀ ॥ ੫੪ ॥ | |
| ਪਿਖਤਿ ਪਰਸਪਰ ਘਰ ਨਿਜ ਜਾਹੀਂ। | |
| ਨਾਨਾ ਬਿੰਜਨ[1] ਆਨਹਿਂ ਪਾਹੀਂ। | [1]ਭੋਜਨ। |
| ਰੁਚਿਰ ਸਥਲ ਬੈਠ੍ਯੋ ਮਰਦਾਨਾ। | |
| ਹੋਵਨ ਪੂਜਾ ਲਗੀ ਮਹਾਨਾ ॥ ੫੫ ॥ | |

{ਮਰਦਾਨੇ ਦੀ ਪੂਜਾ ਕਰਵਾਈ}

| | |
|---|---|
| ਬਹੁ ਰੰਗਨ ਕੇ ਬਸਤ੍ਰ ਅਮੋਲੇ। | |
| ਆਨ ਸਮਰਪਹਿਂ[1], ਕਛੁ ਨਹਿਂ ਬੋਲੇ। | [1]ਅਰਪਣ ਕਰਦੇ ਹਨ (ਲੋਕੀਂ)। |
| ਕੇਤਿਕ ਦਰਬ ਚਢਾਵਹਿਂ ਆਨੀ। | |

ਹੋਇ ਰਹੇ ਸੇਵਕ ਮਨ ਬਾਨੀ ॥੫੬॥
ਹਿੰਦੂ ਤੁਰਕ ਜਿ ਦੇਖਹਿਂ ਆਈ।
ਮਹਾਂ ਪੁਰਖ ਲਖਿ ਪਰਿ ਹੈਂ ਪਾਈ[1]। [1]ਪੈਰੀਂ ਪੈਂਦੇ ਹਨ।
ਸੁਨਹਿਂ ਅਪਰ ਤੇ ਅਪਰ ਜਿ ਮਾਨਵ।
ਦੌਰਹਿਂ ਦੌਰ ਉਪਾਇਨ ਆਨਵ ॥੫੭॥
ਕਹੈਂ ਕਿ 'ਸੰਤ ਬਡੋ ਹੈ ਕੋਈ।
ਇਸ ਦਰਸ਼ਨ ਤੇ ਹਮ ਗਤਿ ਹੋਈ।
ਜੋ ਇਸ ਪਾਸ ਚਢਾਇਂ ਪਦਾਰਥ।
ਸੋ ਹਮ ਜਾਨਹਿਂ ਹੋਇ ਸਕਾਰਥ' ॥੫੮॥
ਲਾਗਯੋ ਅੰਬਰ ਕੇਰ[1] ਅੰਬਾਰੁ[2]। [1]ਬਸਤਰਾਂ ਦਾ। [2]ਢੇਰ।
ਮਰਦਾਨੇ ਭਾ ਹਰਖ ਅਪਾਰੂ।
ਬੀਤ ਗਏ ਜਬ ਹੀ ਜੁਗ ਜਾਮਾ[1]। [1]ਦੋ ਪਹਿਰ।
ਉਠਯੋ ਤਬਹਿ ਭਾ ਪੂਰਨ ਕਾਮਾ ॥੫੯॥
ਮਾਨਵ ਕੇ ਉਚਵਾਯੋ ਸੀਸਾ।
ਆਯੋ ਜਹਿਂ ਬੈਠੇ ਜਗਦੀਸ਼ਾ।
ਕਹਿਨ ਲਗਯੋ ਕਰਿ ਹਰਖ ਘਨੇਰੋ।
'ਦਾਸ ਭਯੋ ਸਗਰੋ ਪੁਰਿ ਮੇਰੋ ॥੬੦॥
ਸਭਿ ਹੀ ਪੂਜਾ ਕੀਨਿ ਮਹਾਨਾ।
ਬੰਦਹਿਂ ਪਦ ਭੇਟੈਂ ਧਰਿ ਨਾਨਾ।
ਕਿਨਹੁਂ ਨ ਬੂਝਨ ਕੀਨੋਂ ਮੋਹੀ।
ਕਹਹਿਂ ਪਰਸਪਰ -ਸੰਤ ਸੁ ਹੋਹੀ-' ॥੬੧॥
ਅਸ ਕਿਹ ਭੇਟ ਹੁਤੀ ਜੋ ਸਾਰੀ।
ਸੋ ਧਰਿ ਦੀਨੀ ਗੁਰੂ ਅਗਾਰੀ।
ਬਿਗਸਤਿ ਮੁਖ ਤੇ ਬਚਨ ਬਖਾਨੇ।
'ਕੋ ਕੋ ਵਸ਼ੁ ਆਨੀ[1]? ਮਰਦਾਨੇ! ॥੬੨॥ [1]ਕਿਹੜੀ ਕਿਹੜੀ ਚੀਜ਼ ਲਿਆਂਦੀ ਹੈ?
ਹਿਰਦੇ ਤੇਰੋ ਹਰਖ ਵਿਸ਼ੇਖਾ।
ਬਦਨ ਪ੍ਰਫੁੱਲਿਤ ਅਤਿਸ਼ੈ ਦੇਖਾ।'
ਕਰ ਜੋਰੇ ਕਹਿ 'ਸੁਨਿ ਪ੍ਰਭੁ! ਮੋਰੇ।
ਗਮਨਜੋ ਨਗਰ ਅਨੁੱਗ੍ਰਹੁ ਤੋਰੇ[1] ॥੬੩॥ [1]ਤੁਹਾਡੀ ਕ੍ਰਿਪਾ ਨਾਲ।
ਜਿਉਂ ਰਾਵਰ ਨੈ ਬਚਨ ਬਖਾਨਾ।
ਤਿਉਂ ਪੂਰਨ ਭਾ, ਹਰਖ ਮਹਾਨਾ।

ਸੁੰਦਰ ਬਹੁ ਅੰਬਰ[1] ਮੈਂ ਲਜਾਯੋ। [1]ਬਸਤਰ।
ਧਨ ਆਨਜੋ ਨਰ ਜਿਤੋ ਚਢਾਯੋ' ॥੬੪॥
ਹੇਤੁ ਦਿਖਾਵਨ ਗਠੜੀ ਖੋਲੀ।
ਦੇਖਹਿਂ ਪ੍ਰਭੁ ਵਸਤ ਬਹੁ ਮੋਲੀ।
ਦਸ਼ਾ ਦੇਖਿ ਮਰਦਾਨੇ ਕੇਰੀ।
ਲੋਭ ਲਹਿਰ ਮੈਂ ਚਾਹਿ ਘਨੇਰੀ ॥੬੫॥
ਉੱਚ ਹਾਸ[1] ਬਿਗਸੇ ਜਗ ਸਾਈਂ। [1]ਉੱਚੀ ਹੱਸ ਕੇ।
ਕਿਤਿਕ ਬੇਰਿ ਪੁਨ ਗਿਰਾ ਅਲਾਈ।
'ਭਲਾ ਕਿਯੋ ਆਨਜੋ ਮਰਦਾਨੇ।
ਆਵਹਿ ਕਿਤੈ ਨ ਕਾਜ ਅਯਾਨੇ ! ॥੬੬॥
ਮਾਨਿ ਬਚਨ ਅਬ ਇਸ ਬਿਧਿ ਕੀਜੈ।
ਵਸਤੁ ਲੁਟਾਇ ਸਪੂਰਨ ਦੀਜੈ।
ਲੈ ਕੇ ਰੰਕ ਪਰਮ ਸੁਖ ਪਾਵਹਿਂ।
ਤੇਰੋ ਸੀਸ ਅਸੀਸ ਅਲਾਵਹਿਂ ॥੬੭॥
'ਹਸਨੇ ਤੇ ਲੱਜਿਤਿ ਮਰਦਾਨਾ।
ਰਿਦੈ ਗੁਨਤਿ-ਮੈਂ ਭਯੋ ਅਯਾਨਾ।
ਹੇਮ ਧਰਾਦਿਕ[1] ਜੇ ਸਭਿ ਚੀਨੋ[2]। [1]ਸੋਨੇ ਦੀ ਧਰਤੀ ਆਦਿ। [2]ਦੇਖੇ ਸਨ।
ਤਨਕ ਲੋਭ ਤਹਿਂ ਕਰਨ ਨ ਦੀਨੋ ॥੬੮॥
ਇਹ ਕਜਾ ਅਲਪ ਵਸਤੁ ਮੈਂ ਆਨੀ।
ਮਾਨ ਲੋਭ ਮਹਿਂ ਮਤਿ ਬਿਰਮਾਨੀ[1]-। [1]ਭੁੱਲ ਗਈ।
ਖਰੇ ਰੰਕ ਅਵਲੋਕੇ ਪਾਸੂ।
ਸਰਬ ਵਸਤੁ ਲੁਟਵਾਈ ਆਸੂ[1]† ॥੬੯॥ [1]ਛੇਤੀ।

†ਪੁਰਾਤਨ ਜਨਮ ਸਾਖੀ ਵਿਚ ਇਹ ਵਾਰਤਾ ਸੱਜਣ ਠੱਗ ਦੇ ਪਾਸ ਪੁੱਜਣ ਤੋਂ ਪਹਿਲੇ ਦਿੱਤੀ ਹੈ, ਮਾਨੋਂ ਪਹਿਲੀ ਉਦਾਸੀ ਦੀ ਪਹਿਲੀ ਸਾਖੀ ਹੈ।

ਬ੍ਰਿਕਤ[1] ਪਦਾਰਥ ਤੇ ਮਨ ਕਰਿ ਕੈ। [1]ਤਿਆਗੀ।
ਰਹਜੋ ਟੇਕ ਸਤਿਗੁਰ ਕੀ ਧਰਿ ਕੈ।
ਬਹੁਰ ਬਿਕਾਰ ਨ ਚਿਤਵਨ ਕੀਨੋ।
ਸਤਿ ਸੰਤੋਖ ਬਿਖੈ ਮਨ ਦੀਨੋ ॥੭੦॥
ਚਲੇ ਪ੍ਰਭੁ ਪੁਨ ਇਸ ਬਿਧਿ ਕਰਿ ਕੈ।
ਅਦਭੁਤ ਬੇਖ ਤਨ ਬਿਖੈ ਧਰਿ ਕੈ।
ਕੇਸਰ ਤਿਲਕ ਭਾਲ ਮਹਿਂ ਲਾਲਾ।

ਸਿਰ ਪਰ ਊਰਧ ਕੁਲਹਿ[1] ਬਿਸਾਲਾ ॥੨੧॥ [1]ਲੰਬੀ ਟੋਪੀ।

ਭਗਵੋ ਅੰਬਰ ਊਪਰ ਲੀਨਾ।
ਨੀਲੋ ਤੇੜ ਲਪੇਟਨ ਕੀਨਾ।
ਮਾਲ ਬਿਸ਼ਾਲ ਕੰਠ ਮਹਿਂ ਪਾਈ।
ਇਕ ਰੁਮਾਲ ਕਰ ਮਾਂਹਿ ਸੁਹਾਈ ॥੨੨॥

ਦੋਹਰਾ: [1]ਪੈਰ। [2]ਜੁੱਤੀ।

ਇਕ ਪਗ[1] ਪਨਹੀ[2] ਨੋਕ ਬਡ
ਇਕ ਪਗ ਕੌਂਸ[1] ਟਿਕਾਇ[2]। [1]ਖੜਾਉਂ। [2]ਪਹਿਨਕੇ।
ਹਿੰਦੂ ਤੁਰਕ ਨ ਲਖਿ ਪਰੈਂ
ਐਸੋ ਬੇਖ ਬਨਾਇ ॥੨੩॥

{ਅਜੀਬ ਬੇਸ}

ਚੌਪਈ: [1]ਦਾੜ੍ਹਾ। [2]ਚਿੱਟਾ ਤੇ ਕਾਲਾ।

ਸੁੰਦਰ ਸ਼ਮਸ਼[1] ਸਿਤਾਸਿਤ[2] ਸੋਹੈ।
ਬੋਲਤਿ ਗੁਨੀਅਨ ਕੇ ਮਨ ਮੋਹੈਂ।
ਤੁਰਕ ਮਿਲੈ ਕੋ ਸੰਸੈ ਕਰਿਈ।
ਤੁਰਕੀ ਰੀਤ ਜਵਾਬ ਉਚਰਿਈਂ ॥੨੪॥
ਹਿੰਦੂ ਆਇ ਬੂਝਿ ਹੈ ਕੋਊ।
ਉੱਤਰ ਪਾਇ ਹਿੰਦੂ ਕਾ ਸੋਊ।
ਮਨੁਜਨ ਤੇ[1] ਕਛੁ ਜਾਇ ਨ ਜਾਨਾ। [1]ਮਨੁੱਖਾਂ ਤੋਂ।
ਕੀਨ ਬੇਖ ਅਸ ਸ਼੍ਰੀ ਸੁਖਦਾਨਾ ॥੨੫॥
ਮਾਰਗ ਚਲੇ ਜਾਹਿਂ ਜਗਤੇਸ਼ਾ।
'ਸਿਮਰਹੁ ਨਾਮ' ਦੇਹਿਂ ਉਪਦੇਸ਼ਾ।
'ਬਿਖੈ ਬਿਕਾਰਨ ਸਰਬ ਬਿਹਾਈ[1]। [1]ਦੂਰ ਕਰਕੇ।
ਸਤਿ ਸੰਗਤਿ ਸੇਵਹੁ ਮਨ ਲਾਈ' ॥੨੬॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਦਿੱਲੀ ਅਰ ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਇਕੀਸਮੋਂ ਅਧਯਾਯ ॥੨੧॥

## ੨੨. [ਨਿਰਵਿਕਾਰ ਮਨ ਦਾ ਮੰਗਲ। ਲਾਹੌਰ ਨੂੰ ਸ੍ਰਾਪ, ਬ੍ਰਾਹਮਣ ਤੇ ਗ੍ਰਾਮਨ ਪ੍ਰਸੰਗ]

੨੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੩

{ਗੁਰੂ ਜੀ ਲਾਹੌਰ ਪਹੁੰਚੇ} ॥੩..॥
{ਲਾਹੌਰ ਨੂੰ ਸ੍ਰਾਪ} ॥੪..॥
{ਪਖੰਡੀ ਬ੍ਰਾਹਮਣ} ॥੭..॥
{ਝੂਠ ਪਾਖੰਡ ਬਿਨਾ ਗੁਜ਼ਾਰਾ ਨਹੀਂ?} ॥੨੬..॥
{ਵਸਦੇ ਰਹੋ!} ॥੫੯॥
{ਉਜੜ ਜਾਉ!} ॥੬੧॥

ਦੋਹਰਾ:

ਹੇ ਮਨ ਬੰਦਨ ਤੁਹਿ† ਕਰੋਂ, ਤਜਿ ਕੈ ਸਰਬ ਬਿਕਾਰ। †ਪਾ: -ਤਹਿੰ।
ਸ੍ਰੀ ਸਤਿਗੁਰ ਕੀ ਸ਼ਰਨ ਪਰਿ, ਭਵ ਤੇ ਹ੍ਵੈ ਨਿਸਤਾਰ ॥੧॥

ਅਰਥ:

ਹੇ ਮੇਰੇ ਮਨ ਮੈਂ ਤੈਨੂੰ (ਬੀ) ਨਮਸਕਾਰ ਕਰਦਾ ਹਾਂ (ਕਿ ਤੂੰ ਮੇਰੀ ਲਾਜ ਐਉਂ ਰਖ) ਕਿ ਸਾਰੇ ਵਿਕਾਰਾਂ ਨੂੰ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੀ ਸ਼ਰਣ ਪੈ ਜਾਹੁ ਜੋ ਸੰਸਾਰ ਤੋਂ ਨਿਸਤਾਰਾ ਪ੍ਰਾਪਤ ਹੋ ਜਾਵੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਸ੍ਰੇਸ਼ਟ ਗੁਨਖਾਨੀ!
ਸੁੰਦਰ ਕਥਾ ਸੁਨਹੁ ਸੁਖਦਾਨੀ।
ਬਿਚਰਤਿ ਬਹੁਰ ਬੇਖ ਅਸ ਧਰਿ ਕੈ।
ਲੋਕਨ ਕੋ ਕਲਿਆਨ ਬਿਚਰਿ ਕੈ ॥੨॥
ਰਾਮਤਿ[1] ਕਰਤੇ ਸਹਿਜ ਸੁਭਾਏ। [1]ਚਲਣਾ।
ਲਵਪੁਰਿ[1] ਮਾਂਹੀ ਚਲਿ ਕਰਿ ਆਏ। [1]ਲਾਹੌਰ।

{ਗੁਰੂ ਜੀ ਲਾਹੌਰ ਪਹੁੰਚੇ}

ਹੁਤੋ ਕਸਾਬਪੁਰਾ[1] ਜਿਹ ਥਾਨਾ। [1]ਕਸਾਈਆਣਾ।
ਤਹਾਂ ਠਾਂਵਿ ਭੇ ਕ੍ਰਿਪਾ ਨਿਧਾਨਾ ॥੩॥
ਗੋ ਬਧ ਮਹਾਂ ਪਾਪ ਅਵਲੋਕਾ।
ਪੁਰਾ ਤੁਰਕ ਤਪ ਲਖਿ[1] ਰਿਸ ਰੋਕਾ[2]। [1]ਤੁਰਕਾਂ ਦਾ ਪੂਰਬ ਜਨਮ ਦਾ ਤਪ ਲਖਕੇ। [2]ਗੁੱਸਾ ਰੋਕਿਆ।
ਨਾਤੁਰ ਨਾਸ਼ ਕਰਨ ਇਛ ਧਾਰੀ।
ਤਦਪਿ ਕ੍ਰੋਧ ਸੋਂ ਗਿਰਾ ਉਚਾਰੀ ॥੪॥

{ਲਾਹੌਰ ਨੂੰ ਸ੍ਰਾਪ}

ਸ੍ਰੀ ਮੁਖਵਾਕ ॥
ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥
[ਵਾਰਾਂ ਤੇ ਵਧੀਕ

ਚੌਪਈ:

ਅਸ ਕਹਿ ਬੋਲੇ ਬਚਨ ਬਹੋਰੂ।
'ਸੁਨਿ ਬਾਲੇ ! ਅਬ ਤੁਰਕਨ ਜੋਰੂ।
ਦਸਵਾਂ ਜਾਮਾਂ ਪਹਿਰੋਂ ਜਬ ਹੀ।
ਧਰਮ ਪੰਥ ਪ੍ਰਗਟਾਵੋਂ ਤਬ ਹੀ ॥੫॥
ਆਯੁਧ ਧਰਿ ਕੈ ਜੁੱਧ ਮਚਾਵਹਿਂ।
ਤੁਰਕਨ ਕੀ ਸਭਿ ਸਫਾ ਉਠਾਵਹਿਂ।
ਮਹਾਂ ਪਾਪ ਸੋ ਦੇਹਿਂ ਹਟਾਈ।
ਧਰਮ ਨੀਤਿ[1] ਯੁਤ[2] ਰਾਜ ਭੁੰਚਾਈ[3] ॥੬॥

[1]ਧਰਮ ਨਿਆਇ। [2]ਸਹਿਤ। [3]ਭੁਗਾਵਾਂਗੇ।

ਨਹਿਂ ਠਹਿਰੋ ਅਬ, ਚਲਿ ਮਰਦਾਨਾ !'
ਨਿਕਸੇ ਵਹਿਰ ਗਏ ਇਕ ਥਾਨਾ।
ਇਕ ਦਿਜ ਦੰਭੀ ਹੁਤੋ ਅਗਾਰੀ।

{ਪਖੰਡੀ ਬ੍ਰਾਹਮਣ}

ਬਹੁ ਪਖੰਡ ਜਿਨ ਕੀਨ ਸਵਾਰੀ ॥੭॥
ਗੋਬਰ ਸੋਂ ਧਰ ਲੀਪ ਬਨਾਈ।
ਬਹੁਰੋ ਊਪਰ ਕੁਸ਼ਾ[1] ਡਸਾਈ[2]।

[1]ਦੱਭ। [2]ਵਿਛਾਈ।

ਬਸਤ੍ਰ ਉਤਾਰਿ ਕੀਨ ਇਸ਼ਨਾਨੇ।
ਦ੍ਵਾਦਸ਼ ਤਨ ਮਹਿਂ ਤਿਲਕ ਲਗਾਨੇ ॥੮॥
ਰਾਖੇ ਸਾਲਗਰਾਮ[1] ਅਗਾਰੀ।

[1]ਠਾਕਰ (ਸਾਲਗਰਾਮ ਰਖੇ)।

ਪੂਜਨ ਕੀਨ ਸੰਭਾਰ ਸੰਭਾਰੀ[1]।

[1]ਸੰਭਾਲ ਕੇ (ਵਿਉਂਤ ਨਾਲ,) ਤੇ ਪੂਜਾ ਕੀਤੀ ਸੰਭਾਲ ਕੇ (ਚੰਗੀ ਤਰ੍ਹਾਂ) ! (ਅ) ਸਮਗ੍ਰੀ ਨੂੰ ਸੰਭਾਲ ਕੇ ਪੂਜਾ ਕੀਤੀ।

ਲੇ ਕਰਿ ਘੰਟਾ ਹਾਥ ਬਜਾਵਾ।
ਬਾਰ ਬਾਰ ਧਰ ਪਰ ਸਿਰ ਲਾਵਾ ॥੯॥
ਬਹੁਰੋ ਮਾਲਾ ਲੀਨੀ ਪਾਨਾ[1]।

[1]ਹੱਥ ਵਿਚ।

ਨੈਨ ਮੁੰਦ ਬੈਠਜੋ ਬਕ ਧਜਾਨਾ[1]।

[1]ਬਗਲੇ (ਵਤ) ਧਿਆਨ ਕਰਕੇ।

ਦੇਖਿ ਮੰਜਾਰ[1] ਲਜਾਵਹਿ ਜਾਂਹੀ।

[1]ਬਿੱਲਾ।

ਮਾਯਾ ਕੋ ਲਾਲਚ ਮਨ ਮਾਂਹੀ ॥੧੦॥
ਬਹੁ ਨਰ ਆਇ ਬੰਦਨਾ ਕਰਿਹੀਂ।
ਯਥਾ ਸ਼ਕਤਿ ਤਿਹ ਭੇਟਾ ਧਰਿਹੀਂ।
ਸ਼੍ਰੀ ਨਾਨਕ ਤਿਹ ਉਰ ਕੀ ਜਾਨੀ।
ਬੋਲੇ ਦੰਭ ਹਾਨ ਕੀ ਬਾਨੀ ॥੧੧॥
'ਹੇ ਦਿਜ ! ਧਜਾਨ ਕਾਹਿ ਕੋ ਧਾਰੀ।

ਸਾਲਗਰਾਮ ਤੁਮਾਰ ਅਗਾਰੀ।
ਅਪਨੋ ਇਸ਼ਟ ਸਮੀਪ ਨ ਹੋਈ।
ਤੌ ਹਿਤ ਧਜਾਨ ਮੁੰਦੈ ਚਖੁ ਦੋਈ ॥੧੨॥
ਦ੍ਰਿਸ਼ਟਿ ਹਜ਼ੂਰ[1] ਸੁ ਪ੍ਰਤਿਮਾ[2] ਤੇਰੀ। [1]ਨਜ਼ਰ ਦੇ ਸਾਹਮਣੇ। [2]ਮੂਰਤੀ।
ਤੈਂ ਲੋਚਨ ਕਿਉਂ ਮੂੰਦਹਿ ਫੇਰੀ[1]? [1]ਫਿਰ ਤੂੰ ਨੈਣ ਕਿਉਂ ਬੰਦ ਕੀਤੇ ਹਨ।
ਤਬ ਦਿਜ ਬੋਲਜੋ ਪਾਖੰਡ ਰਾਤਾ।
'ਸੁਨਹੁ ਫਕੀਰ! ਤੁਮਹਿਂ ਨਹਿਂ ਗਜਾਤਾ ॥੧੩॥
ਪ੍ਰਤਿਮਾ[2] ਕੀ ਸੇਵਾ ਕਰਿ ਲੀਨੀ।
ਬਾਰ ਬਾਰ ਧਰ ਬੰਦਨ ਦੀਨੀ।
ਨੈਨ ਮੂੰਦ ਜਬ ਹੀ ਬ੍ਰਿਤਿ ਰੋਕੀ।
ਹੋਵਤਿ ਹੈ ਸੁਧ ਮੁਝਹਿ ਤ੍ਰਿਲੋਕੀ' ॥੧੪॥
ਅਸ ਕਹਿ ਬੈਠਜੋ ਲਾਇ ਧਿਆਨਾ।
ਲੋਕ ਦਿਖਾਵਾ ਮਨਿ ਅਤਿ ਮਾਨਾ[1]। [1]ਬੁਹਤ ਹੰਕਾਰ।
ਧਨ ਕੋ ਲਾਲਚ ਬਧੈ ਬਧੇਰਾ।
ਜਿਉਂ ਆਵਹਿ ਤਿਉਂ ਚਹੈ ਘਨੇਰਾ ॥੧੫॥
ਕੁਮਤਿ ਕਦਨ ਕੋ ਸ੍ਰੀ ਜਗ ਸਾਈਂ।
ਠਾਕਰ ਚੌਂਕੀ ਦੀਨ ਉਡਾਈ।
ਏਕ ਮਹੂਰਤ ਬੀਤੇ ਪਾਛੇ।
ਬਿੱਪ੍ਰ ਬਿਲੋਕਨ ਲਾਗਜੋ ਆਛੇ ॥੧੬॥
ਠਾਕੁਰ ਚੌਂਕੀ ਜਬਹਿ ਨ ਪਾਈ।
ਕਰਤਿ ਬ੍ਰਿਲਾਪ ਰਹਜੋ ਘਿਘਿਆਈ[1]। [1]ਤਰਲੇ ਕੱਢਕੇ।
ਚਿੰਤਾਤੁਰ ਹ੍ਵੈ ਲੋਕਨ ਪੂਛਾ।
ਦੀਨੋ ਉੱਤਰ ਸਭਿਨੈ ਛੂਛਾ[1] ॥੧੭॥ [1]ਖਾਲੀ।
ਬੂਝਜੋ[1] ਪ੍ਰਭੂ 'ਕਹੋ ਦਿਜ! ਗਾਥਾ। [1]ਪੁਛਿਆ।
ਅਬ ਤੂੰ ਹੁਤੋ ਹਰਖ ਕੇ ਸਾਥਾ।
ਕਿਉਂ ਬਿਹਬਲ ਬਿਰਲਾਪ ਪੁਕਾਰਾ?
ਕੋ ਕਾਰਜ ਗਾ ਬਿਗਰ ਤੁਮਾਰਾ?' ॥੧੮॥
'ਹੇ ਸੰਤਹੁ! ਜੇ ਸਾਲਗਰਾਮਾ।
ਕਾਹੂੰ ਚੁਰਾਇ ਲੀਨ ਅਭਿਰਾਮਾ।
ਕਿਤਿਕ[1] ਹੁਤੋ ਧਨ ਚੌਂਕੀ ਮਾਂਹੀ। [1]ਕਿੰਨਾ ਹੀ, ਭਾਵ ਬਹੁਤਾ।

ਰਹਜੋ ਬੂਝਿ ਕੋ ਦੇਵਤਿ ਨਾਂਹੀ' ॥੧੯॥
ਗੁਰੂ ਕਹੈਂ 'ਸੁਧਿ ਤੁਝੈ ਤ੍ਰਿਲੋਕੀ।
ਧਰਹੁ ਧਜਾਨ ਕੋ ਲੇਹੁ ਬਿਲੋਕੀ।
ਕਹਾਂ ਦੁਰਾਵਹਿਗੋ ਤਿਹ ਜਾਈ।
ਨੀਕੇ ਦੇਖਿ ਲੇਹੁ ਸਭਿ ਥਾਈਂ' ॥੨੦॥
ਸੁਨਿਕੈ ਬਜੰਗ[1] ਬਚਨ ਦਿਜ ਜਾਨੀ। [1]ਧੂਨੀ ਵਾਲੇ।
-ਇਨਕੀ ਦ੍ਰਿਸ਼ਟਿ ਬਿਖੈ[1] ਕਿਤ ਥਾਨੀ-। [1]ਨਜ਼ਰ ਵਿਚ ਹੈ।
ਝੂਠ ਤਜਾਗਿ ਤਬ ਸਾਚ ਬਖਾਨਾ।
'ਪੇਟ ਕੇ ਹੇਤ ਹੁਤੀ ਗੁਜਰਾਨਾ ॥੨੧॥
ਕਹਿ ਕਹਿ ਕੂਰ ਜੀਵਕਾ ਲੇਊਂ।
ਪਾਲਨ ਨਿਜ ਪਰਵਾਰ ਕਰੇਊਂ।
ਹ੍ਵੈ ਲੋਕਨ ਮਹਿਂ ਮਾਨ ਘਨੇਰਾ।
ਲਖਹੁ ਪਖੰਡ ਸੰਤ ਜੀ ਮੇਰਾ ॥੨੨॥
ਤਿਸ ਮੂਰਤ ਕਰਿ ਰੋਜ਼ੀ ਹਮਰੀ।
ਦੇਉ ਬਤਾਇ ਡੀਠ ਮਹਿਂ ਤੁਮਰੀ।
ਅਵਲੋਕਜੋ ਜੇ ਲੇਵਤਿ ਕੋਈ।
ਮੁਝਹਿ ਜਨਾਇ ਦੀਜੀਏ ਸੋਈ' ॥੨੩॥
ਕ੍ਰਿਪਾ ਧਾਰਿ ਬੋਲੇ ਗੁਨਖਾਨੀ।
'ਤਜਹੁ ਝੂਠ ਬੋਲਨ ਕੀ ਬਾਨੀ।
ਸ਼ੁੱਧ ਆਤਮੈ ਜਪਿ ਹਰਿਨਾਮੂ।
ਤਜਹੁ ਪਖੰਡ ਕੇਰ ਸਭਿ ਕਾਮੂ ॥੨੪॥
ਸਦ ਹੀ ਕਰੀਏ ਸਾਚ ਵਖਾਨਾ।
ਕਰਵਾਵਹਿ ਸ੍ਰੀ ਪ੍ਰਭੁ ਗੁਜਰਾਨਾ।
ਜੋ ਕਰਤਾ ਸਭਿ ਕੀ ਪ੍ਰਤਿਪਾਰਾ।
ਕਜਾ ਤੁਮਕੋ[†] ਨਹਿਂ ਦੇਹਿ ਅਹਾਰਾ' [†]ਪਾ:-ਸੋ।
॥੨੫॥
ਦੋਹਰਾ:
ਦਿਜ ਕਹਿ 'ਕੂਰ ਬਿਹੀਨ ਜਗ
ਚਲੈ ਨ ਕਬਿ ਗੁਜਰਾਨ।
{ਝੂਠ ਪਾਖੰਡ ਬਿਨਾ ਗੁਜ਼ਾਰਾ ਨਹੀਂ?}
ਸਭਿ ਪਖੰਡ ਕੋ ਪੂਜਈਂ
ਸਾਚ ਨ ਸਕਹਿਂ ਪਛਾਨ ॥੨੬॥
ਚੌਪਈ:

ਝੂਠ ਬੋਲ ਬਾਤਹਿਂ ਬਹੁ ਜਾਨਹਿਂ।
ਭੇਖਿ ਦੰਭ ਕੋ ਨਰ ਸਨਮਾਨਹਿਂ।
ਹੇਤੁ ਜੀਵਕਾ ਕੀਨ ਬਨਾਉ।
ਸੋ ਕਿਨ ਲੀਨੋ, ਕਰ ਨਹਿਂ ਪਾਊਂ[1]' ॥੨੭॥

[1]'ਉਹ (ਮਰਜੰਗੀ ਮੇਰੀ) ਕਿਸੇ ਲੈ ਲਈ ਹੈ (ਹੁਣ ਮੁੜ) ਮੇਰੇ ਹੱਥ ਨਹੀਂ ਆਉਂਦੀ।

ਸ਼੍ਰੀ ਗੁਰ ਕਹਿਂ 'ਦਿਜ ਤੂੰ ਬ੍ਰਿਤਿ ਰੋਕਤਿ।
ਧਰਤਿ ਧਜਾਨ ਤ੍ਰੈਲੋਕ ਬਿਲੋਕਤਿ।
ਜਹਿਂ ਬੈਠਯੋ ਤੂੰ, ਧਨ ਤਹਿਂ ਗਾਡਯੋ।
ਹੁਤੀ ਜਿ ਸੁਧ ਤੈਂ ਕਾਹੇ ਛਾਡਯੋ ॥੨੮॥
ਧਰਨੀ ਖੁਨਿਕੈ ਦੇਖਹੁ ਪਾਛੇ।
ਜੇ ਤੇਰੇ ਉਰ ਸੁਧ ਨਹਿਂ ਆਛੇ।'
ਸੁਨਿ ਕੈ ਧਨ ਕੋ ਕਰਿ ਅਨੁਰਾਗਾ[1]।
ਪੀਛੇ ਧਰਾ ਖੁਨਨ ਦਿਜ ਲਾਗਾ ॥੨੯॥

[1]ਪ੍ਰੇਮ।

ਦੋਹਰਾ:

ਦਰਬ ਨਿਕਾਸਿ ਹਰਾਨ ਭਾ, ਅੰਤਰਯਾਮੀ ਚੀਨ।
ਬਿਗਸੇ ਸ਼੍ਰੀ ਗੁਰ ਬਦਨ ਤੇ, ਸ਼ਬਦ ਬਖਾਨਨ ਕੀਨ ॥੩੦॥

ਸ੍ਰੀ ਮੁਖਵਾਕ ॥
ਧਨਾਸਰੀ ਮਹਲਾ ੧ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥

ਚੌਪਈ:

ਸ਼੍ਰੀ ਗੁਰ ਕਹੈਂ 'ਸੁਨਹੁ ਦਿਜ ਕਾਨਾ।
ਦੁਖਦਾ ਲਖਹੁ ਪਖੰਡ ਨਿਦਾਨਾ[1]।

[1]ਅੰਤ ਨੂੰ।

ਜਬਹਿ ਆਨਿ ਜਮ ਪਕੜ ਚਲਾਵਹਿ।
ਡੰਡੇ ਮੂੰਡ[1] ਲਗਹਿਂ ਬਿਲਲਾਵਹਿਂ ॥੩੧॥

[1]ਸੀਸ ਤੇ।

ਬਕ[1] ਜਿਉਂ ਬੈਠਹਿਂ ਲਾਇ ਧਿਆਨਾ।
ਸਭਿ ਮਹਿਂ ਮੁਖ ਤੇ ਕਥਹਿਂ ਗਿਆਨਾ।

[1]ਬਗਲੇ।

ਧਨ ਕਾਰਨ ਸਬਿ ਕੀਨ ਉਪਾਈ[1]। — [1]ਯਤਨ।
ਮਨ ਸਦੀਵ ਲੋਭਹਿਂ ਡਹਿਕਾਈ[1] ॥੩੨॥ — [1]ਭਰਮ ਰਿਹਾ ਹੈ।
ਇਹ ਬਿਡੰਬਨਾ[1] ਤਬ ਗਲ ਪੈ ਹੈ। — [1]ਠੱਗੀ।
ਅੰਤ ਕਾਲ ਮਹਿਂ ਬਹੁ ਦੁਖ ਦੈ ਹੈ।
ਕਲੀ ਕਾਲ ਕੇ ਪਹਿਰੇ ਮਾਂਹੀ[1]। — [1]ਭਾਵ ਸਮੇਂ ਵਿਚ।
ਨਾਮ ਬਿਹੀਨ ਸਾਰ[†] ਕਿਛੁ ਨਾਂਹੀ ॥੩੩॥ — [†]ਪਾ:-ਸੁਖਦ।
ਤਟ ਤੀਰਥ ਦੇਵਾਲੇ ਦੇਵਾ।
ਏਕ ਨਾਮ ਬਿਨ ਬਿਰਥੀ ਸੇਵਾ।
ਅਬ ਕੇ ਸਮੇਂ ਮੁਕਤਿ ਜੇ ਚਾਹੇ।
ਨਾਮ ਵਡਾਈ ਕੋ ਅਵਗਾਹੇ[1] ॥੩੪॥ — [1]ਨਿਮਗਨ ਹੋਵੇ। ਸੰਸ: ਅਵਗਾਹ੍=ਡੂੰਘਾ ਉਤਰਨਾ] (ਅ) ਜਪੇ।
ਦੰਭਹਿ ਕੀ ਪੂਜਾ ਸਭਿ ਤਜੀਏ।
ਹ੍ਵੈ ਨਿਹਕਪਟ ਨਾਮ ਕੋ ਭਜੀਏ।
ਲਿਵਲਾਵਹੁ ਨਿਸ ਦਿਨ ਸ਼੍ਰੀ ਨਾਮੂ।
ਜੇ ਦਿਜ ਤੂੰ ਕਰਿ ਹੈਂ ਅਸਕਾਮੂ ॥੩੫॥
ਦੋਨਹੁ ਲੋਕ ਬਿਖੈ ਸੁਖ ਪਾਂਹੀ[1]। — [1]ਪਾਵੇਂਗਾ।
ਰਿੱਧਿ ਸਿਧਿ ਆਵਹਿਂ ਕਰ ਮਾਂਹੀ।'
ਹਾਥ ਬੰਦਿ ਕੈ ਪੁਨ ਦਿਜ ਭਾਖਾ।
'ਕਹਹੁ ਸੰਤ ਕਿਨ ਯਾਂ ਧਨੁ ਰਾਖਾ ॥੩੬॥
ਕਿਸ ਪ੍ਰਕਾਰ ਤੁਮਨੈ ਇਹੁ ਦੇਖਾ।
ਮੋ ਕੋ ਅਚਰਜ ਹੋਤਿ ਬਿਸ਼ੇਖਾ।
ਮੁਝਹਿ ਬ੍ਰਿਤੰਤ ਬਤਾਵਹੁ ਸਾਰਾ।'
ਸੁਨਤਿ ਸ਼ਬਦ ਪਦ ਦੁਤਿਯ ਉਚਾਰਾ ॥੩੭॥

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥

ਚੌਪਈ: — [1]ਕੰਨੀਂ।
ਸ਼੍ਰੀ ਪ੍ਰਭੁ ਭਨੈ 'ਬਿੱਪ੍ਰ ! ਸ਼੍ਰੁਤ[1] ਸੁਨੀਏ।
ਏਤੋ ਝੂਠ ਨ ਮੁਖ ਤੇ ਭਨੀਏ।
ਮਗਰ ਪਿਛੇ ਕੀ ਸੁਧ ਨਹਿਂ ਜਾਨੀ।
ਪੂਰਬ ਸੁਧ ਤ੍ਰੈਲੋਕ ਬਖਾਨੀ' ॥੩੮॥

ਬਿੱਪ੍ਰ ਕਹੈ 'ਹਮ ਝੂਠ ਉਚਰਿਹੀ।
ਭਗਤਿ ਦੰਭ ਕੀ ਨਿਤਪ੍ਰਤਿ ਕਰਿ ਹੀ।
ਝੂਠੀ ਹੈ ਕਰਤੂਤ ਹਮਾਰੀ।
ਧਨ ਆਸਾ ਕੇ ਇਹ ਬਿਵਹਾਰੀ[1]' ॥੩੯॥

[1]ਵਿਵਹਾਰ ਹੈ (ਮੇਰਾ)।

ਦੋਹਰਾ:

'ਸੁਨੀਏ ਦਿਜ! ਜਿਨ ਰਿਦੇ ਸਚੁ, ਸੇ ਸਭਿ ਜਾਣੀ ਜਾਣ।
ਹਰਿ ਕੇ ਪ੍ਰੀਤਮ ਭਗਤਿ ਜੇ, ਕਰਹਿਂ ਨ ਕਹੂੰ ਵਖਾਨ[1] ॥੪੦॥

[1]ਕਿਸੇ ਨੂੰ ਕਹਿੰਦੇ ਨਹੀਂ, (ਮੰਗਣ ਲਈ ਯਾ ਜੋ ਗੱਲ ਅਗਲੀਆਂ ਤੁਕਾਂ ਵਿਚ ਵਰਣਨ ਕਵੀ ਜੀ ਕਰਦੇ ਹਨ, ਓਹ ਗੱਲ ਹਰਿ ਭਗਤ ਜਾਣਦੇ ਹਨ ਪਰ ਕਹਿੰਦੇ ਨਹੀਂ)।

ਚੌਪਈ:

ਸਭਿ ਜਗ ਬਿਖੈ ਦਰਬ ਹੈ ਜੋਊ।
ਧਰਾ ਮਾਂਹਿ ਪਹਿਚਾਨਹੁ ਸੋਊ।
ਗਾਡ ਗਾਡ ਬਹੁ ਮਰਿ ਮਰਿ ਗਏ।
ਆਗੇ ਕਿਨਹੂੰ ਸੰਗ ਨ ਲਏ ॥੪੧॥
ਖਾਯੋ ਕਿਨੂੰ ਨ ਆਗੈ ਗਯੋ।
ਧਰਨੀ ਬਿਖੈ ਦਫਨ ਸੋ ਭਯੋ[1]।
ਖਾਯੋ ਅੰਨ ਪੀਯੋ ਮੁਖ ਪਾਨੀ।
ਚੀਰ ਹੰਢਾਏ ਔਧ ਬਿਹਾਨੀ ॥੪੨॥
ਸੁਇਨਾ ਖਾਇ ਨ ਚਾਂਦੀ ਖਾਈ।
ਧਰਨੀ ਦਫਨ ਕੀਏ[1] ਤਜਿ ਜਾਈ।
ਜਗ ਕੇ ਕਾਜ ਚਲਾਵਨ ਕਾਰਨ।
ਧਨ ਕਿਯ ਕਰਨ ਸਰਬ ਬਿਵਹਾਰਨ[1] ॥੪੩॥

[1]ਉਹ ਦੱਬਿਆ ਰਿਹਾ।

[1]ਇਕੱਠਾ) ਕਰਕੇ ਧਰਤੀ ਵਿਚ ਦੱਬ ਕੇ।

[1]ਸਾਰੇ ਵਿਹਾਰ (ਸਿੱਧ) ਕਰਨ ਵਾਸਤੇ।

ਸੰਤ ਭਗਤਿ ਜੋ ਉਰ ਸਚਿਆਰੂ।
ਗੁਪਤ ਪ੍ਰਗਟ ਸੇ ਜਾਨਨਹਾਰੂ।
ਕਿਤੇ ਅਸੰਖ ਪਦਮ ਧਨ ਜੋਊ।
ਸਭਿ ਧਰਨੀ ਮਹਿਂ ਗਾਡਯੋ ਸੋਊ ॥੪੪॥
ਜਾਨਹਿਂ ਸੰਤ ਰਾਮ ਕੇ ਪਜਾਰੇ।
ਜਿਹ ਨਿਜ ਰਿਦੈ ਸਮਾਈ ਧਾਰੇ[1]।'

[1]ਸਮਾਈ ਧਾਰੀ ਹੈ-ਭਾਵ ਆਪਣਾ ਆਪ ਜਣਾਇਆ ਨਹੀਂ।

ਬਿੱਪ੍ਰ ਕਹੈ 'ਜੇਤੇ ਨਰ ਅਹੈਂ।
ਸਭੈ ਪ੍ਰੀਤ ਕਰਿ ਧਨ ਕੋ ਚਹੈਂ ॥੪੫॥
ਨਹਿਂ ਜਾਨਹਿਂ ਪਰਮੇਸ਼ੁਰ ਕੋਊ।
ਲੋਭ ਮੋਹ ਮਹਿਂ ਫਸਿਗੇ ਸੋਊ।
ਅਪਨੇ ਧਰਮ ਬਿਖੈ ਕੋ ਨਾਂਹੀ।'
ਸੁਨਿ ਗੁਰ ਤ੍ਰਿਤਿਯਾ ਪੌੜੀ ਪ੍ਰਾਹੀ[1] ॥੪੬॥

[1]ਕਹੀ।

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥

ਚੌਪਈ:

'ਕਲੀਕਾਲਿ ਮਹਿਂ ਛੁਟਿ ਗਯੋ ਧਰਮੁ।
ਖੱਤ੍ਰੀ ਦਿਜ ਸਭਿ ਕਰਤਿ ਕੁਕਰਮ।
ਇਨ ਦੋਨੋਂ[1] ਬਹੁ ਗਹਿ ਲਿਯ[2] ਪਾਪਾ।
ਭ੍ਰਿਸ਼ਟ ਭਏ ਛੋਡਾ ਧ੍ਰਮ ਆਪਾ ॥੪੭॥

[1]ਖੱਤ੍ਰੀ ਬ੍ਰਹਮਣਾਂ ਨੇ। [2]ਗ੍ਰਹਣ ਕਰ ਲੀਤਾ ਹੈ।

ਤਨੁਜਾ ਕੋ ਧਨ[1] ਲੇ ਕਰਿ ਖਾਹੀਂ।
ਪਰਤਿਯ ਸੋਂ ਬਿਭਚਾਰ ਕਮਾਹੀਂ।
ਅਪਨੋ ਪਢਨਾ ਦੀਨੋ ਤਜਾਗੇ।
ਪਢਨ ਮਲੇਛਨ ਭਾਖਾ ਲਾਗੇ[†] ॥੪੮॥

[1]ਧੀ ਦਾ ਧਨ।

[†]ਭਾਵ ਇਹ ਹੈ ਕਿ ਆਪਣੀ (ਹਿੰਦ ਦੀ) ਭਾਸ਼ਾ ਵਿਚ ਧਰਮ ਪਰਧਾਨ ਹੈ ਉਹ ਪੜ੍ਹਦੇ ਨਹੀਂ, ਤੇ ਮਲੇਛ (ਬਦੇਸ਼ੀ ਰਾਜੇ) ਜੋ ਰਾਜ ਕਰ ਰਹੇ ਹਨ ਉਹਨਾਂ ਦੀ ਭਾਸ਼ਾ ਪੜ੍ਹਦੇ ਹਨ। ਉਹਨਾਂ ਦੀ ਭਾਸ਼ਾ ਨੇ ਉਨ੍ਹਾਂ ਨੂੰ ਦੂਸਰੇ ਦਾ ਰਾਜ ਮਾਲ ਖੁਹਣਾ, ਲੁੱਟਣਾ, ਐਸ਼ਾਂ ਤੇ ਪਦਾਰਥਾਂ ਦੇ ਭੋਗ ਸਿਖਾਲੇ ਹਨ। ਦੂਸਰਿਆਂ ਦੀ ਬੋਲੀ ਮਾਤ੍ਰ ਦੇ ਪੜ੍ਹਨ ਤੋਂ ਯਾ ਚੰਗੇ ਪੁਸਤਕ ਪੜ੍ਹਨ ਤੋਂ ਮੁਰਾਦ ਨਹੀਂ, ਕਿਉਂਕਿ ਅਗਲੀ ਤੁਕ ਵਿਚ ਮਲੇਛ ਭਾਖਿਆ ਦਾ ਅਸਰ ਬੇਧਰਮੀ ਹੋਣਾ ਦੱਸ ਰਹੇ ਹਨ।

ਧਨ ਲਾਲਚ ਕਰਿ ਭੇ ਬਿਪਰੀਤੀ।
ਨਿਜ ਬ੍ਰਿਤਿ ਤਜਾਗੀ ਚਲੈਂ ਅਨੀਤੀ।
ਪਰ ਨਿੰਦਾ ਮਿਲਿ ਸਦਾ ਅਲਾਵਹਿ।
ਕਰਤਿ ਹਰਿ ਕਥਾ ਬਾਤ ਚਲਾਵਹਿਂ' ॥੪੯॥
ਸੁਨਿ ਕਰਿ ਪੁਨ ਦਿਜ ਉਚਰੇ ਬੈਨਾ।
'ਸੁਨਹੁ ਸੰਤ ਜੀ ਤੁਮ ਸੁਖ ਦੈਨਾ।
ਕਲਿਜੁਗ ਮਹਿਂ ਅਘ[1] ਕੋ ਬਰਤਾਰਾ।
ਕਰਤਿ ਸਰਬ ਨਰ ਬਿਨਾ ਬਿਚਾਰਾ ॥੫੦॥

[1]ਪਾਪ।

ਬਿਨਾ ਨਾਮ ਤੇ ਆਨ ਉਪਾਇ।
ਜਿਉਂ ਗਤਿ ਹੋਵਹਿ ਦੇਹੁ ਬਤਾਇ।
ਤੁਮ ਸਰਬੱਗਯ ਅਹੋ ਗਤਿਦਾਈ।'
ਸੁਨਿ ਸ੍ਰੀ ਗੁਰ ਪੁਨ ਗਿਰਾ ਅਲਾਈ ॥੫੧॥

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੮॥

ਚੌਪਈ:

ਕਰ ਜੋਰੇ ਦਿਜ ਕੀਨੀ ਬੰਦਨ।
'ਮਮ ਗਤਿ ਕੀਜੈ ਪਾਪ ਨਿਕੰਦਨ!
ਪੂਰਨ ਪੁਰਖ ਸੰਤ ਜਗਦੀਸ਼ੁ!'
ਅਸ ਕਹਿ ਚਰਨ ਕਮਲ ਧਰਿ ਸੀਸੁ ॥੫੨॥
ਗਰਬ ਜਾਤਿ ਕਾ ਦੀਨੋ ਤਯਾਗੀ।
ਗੁਰ ਪਗ ਕੀ ਉਰ ਮਹਿਂ ਲਿਵ ਲਾਗੀ।'
'ਨਿਜ ਉਪਦੇਸ਼ ਮੋਹਿ ਕੋ ਦੀਜੈ।
ਸ਼ਰਨ ਪਰੇ ਕੀ ਸ਼ਰਮ ਰਖੀਜੈ' ॥੫੩॥

ਦੋਹਰਾ:

ਗੁਰ ਕਹਿ 'ਧਨ ਪ੍ਰਾਪਤਿ ਭਯੋ, ਤਜਹੁ ਦੰਭ ਛਲ ਜੋਇ।
ਸ਼ੁੱਧ ਆਤਮੈ ਨਾਮ ਜਪਿ, ਇਸ ਪ੍ਰਕਾਰ ਗਤਿ ਹੋਇ ॥੫੪॥

ਚੌਪਈ:

ਵਾਹਿਗੁਰੂ ਜਪਿ ਵਰਤਹੁ ਦਰਬਾ।
ਪਰਹਰਿ ਰਿਦੇ ਬਿਕਾਰਨ ਸਰਬਾ।
ਪਾਛਲ ਅਘ ਬਖਸ਼ੇ ਤੁਝ ਤਾਈਂ।
ਬਹੁਰ ਨ ਕਰਿ ਸੁ ਅਹੈਂ ਦੁਖਦਾਈ' ॥੫੫॥
ਸਾਲਗਰਾਮ ਦੀਨ ਪੁਨ ਤਾਂਹੀ।
'ਇਨਕੀ ਭੀਸ਼ੇ[1] ਵਾਕ ਰਚਾਹੀ[2†]।'

[1]ਭੀਖੇ=ਭਿਖਯਾ। [2]ਇਨ੍ਹਾਂ ਦੁਆਰਾ ਭਿਖਿਆ ਮੰਗਦਾ ਸੈਂ (ਝੂਠੀ) ਵਾਕ ਰਚਨਾਂ ਕਰਕੇ।

[†]ਇਸ ਤੁਕ ਦਾ ਹੋਰ ਪਾਠ ਤੇ ਅਰਥ ਭੀ ਕਰਦੇ ਹਨ, 'ਇਨ ਕੀ ਭੀ ਸੇਵਾ ਕਰਿ ਚਾਹੀ' ਕਿ 'ਇਨ੍ਹਾਂ ਦੀ ਸੇਵਾ ਬੀ ਚਾਹ ਕਰਕੇ ਕਰ'। ਏਹ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਨਹੀਂ ਹੋ ਸਕਦਾ ਕਿਉਂਕਿ ਬੁਤ ਪ੍ਰਸਤੀ ਦਾ ਉਪਦੇਸ਼ ਉਹਨਾਂ ਦੀ ਉਚਾਰੀ ਬਾਣੀ ਦੇ ਵਿਰੁੱਧ ਹੈ, 'ਪਾਥਰੁ ਲੇ ਪੂਜਹਿ ਮੁਗਧ ਗਵਾਰ ॥ [ਵਾਰ ਬਿਹਾਗੜਾ]'

ਫੇਰ ਅਗਲੀ ਤੁਕ ਵਿਚ ਬ੍ਰਹਮਣ ਸਿੱਖ ਬਣ ਰਿਹਾ ਹੈ ਤੇ ਗੁਰਬਾਣੀ ਲਿਖ ਰਿਹਾ ਦੱਸਿਆ ਹੈ। ਸਿੱਖ ਹੋ ਗਏ ਨੂੰ ਪੱਥਰ ਪੁਜਾ ਗੁਰੁ ਜੀ ਕੀਕੂੰ ਦੱਸ ਸਕਦੇ ਹਨ। ਹਾਂ, ਇਹ ਵਾਕ ਮਖ਼ੌਲ ਨਾਲ ਕਹੇ ਗਏ ਹੋਣ ਤਾਂ ਢੁੱਕ ਸਕਦੇ ਹਨ। ਇਹ ਅਰਥ, -ਕਿ ਉਸ ਦਾ ਸਾਲਗਰਾਮ ਜੋ ਉਸ ਦੀ ਤ੍ਰਿਕਾਲ ਦ੍ਰਿਸ਼ਟੀ ਝੂਠੀ ਸਾਬਤ ਕਰਨ ਲਈ ਲੁਕਾਏ ਸੇ ਦੇਕੇ ਕਹਿਣ ਲਗੇ, ਹੁਣ ਦਸ ਖਾਂ ਪੰਡਤਾ ਐਨ੍ਹਾਂ ਪੱਥਰਾਂ ਦੀ ਚਾਹ ਕਰਕੇ ਸੇਵਾ ਕਰਦਾ ਹੁੰਦਾ ਸੈਂ, ਹੁਣ ਦੇਖ ਖਾਂ, ਜੀ ਕਰਦਾ ਹਈ ਕਰਨ ਨੂੰ? ਤਾਂ ਬ੍ਰਹਮਣ ਨੇ ਸਿੱਖੀ ਕਬੂਲੀ ਤੇ ਗੁਰਬਾਣੀ ਲਿਖ ਲਈ, ਮੁਰਾਦ ਇਹ ਕਿ ਸਾਲਗਰਾਮ ਤਿਆਗ ਦਿੱਤੇ।

ਭਯੋ ਸਿੱਖ ਸਤਿਗੁਰ ਕੋ ਦਿਜਬਰ।
ਹਰਖਜੋ ਅਧਿਕ ਸ਼ਬਦ ਬਹੁ ਲਿਖਿ ਕਰਿ ॥੫੬॥

ਦੋਹਰਾ:
ਇਸ ਬਿਧਿ ਬਿੱਪ੍ਰ ਨਿਹਾਲ ਕਰਿ, ਕੀਨੋ ਗਮਨ ਬਹੋਰ†।
ਇਕ ਗ੍ਰਾਮ ਪਹੁੰਚਤਿ ਭਏ, ਮੰਦਮਤੀ[1] ਤਿਹ ਠੌਰ ॥੫੭॥

†ਅਗਲੀਆਂ ਦੋਏ ਸਾਖੀਆਂ ਪੁਰਾਤਨ ਜਨਮ ਸਾਖੀ ਵਿਚ ਬੀ ਹਨ।

[1]ਮੰਦੀ ਮਤਿ (ਵਾਲੇ ਰਹਿੰਦੇ ਸਨ)।

ਚੌਪਈ:
ਜਿਹ ਸਥਾਨ ਬੈਠੇ ਗੁਰ ਜਾਈ।
ਹਸੀ ਕਰਹਿਂ ਤਹਿਂ ਮਾਨਵ ਆਈ।
ਦੀਨ ਉਠਾਇ ਅਵਰ ਥਲ ਗਏ।
ਕਿਨਹੁਂ ਨ ਬੈਠਨ ਕਿਹਠਾਂ ਦਏ ॥੫੮॥
'ਬਸਦੇ ਰਹਹੁ ਇਸੀ ਥਲ ਮਾਂਹੀ।'
{ਵਸਦੇ ਰਹੋ !}
ਅਸ ਕਹਿ ਗਮਨ ਕੀਨਿ ਦੁਖਦਾਹੀ।
ਆਵਾ ਪੁਨ ਆਗੈ ਇਕ ਗ੍ਰਾਮੁ।
ਬੈਠਿ ਗਏ ਸ਼ੁਭ ਥਲ ਸੁਖਧਾਮੁ ॥੫੯॥
ਸੰਤ ਸਰੂਪ ਲਖਜੋ ਨਰ ਆਏ।
ਚਰਨ ਕਮਲ ਪਰ ਸੀਸ ਟਿਕਾਏ।
ਅਧਿਕ ਭਾਉ ਕਰਿ ਸੇਵਾ ਕੀਨੀ।
ਨਿਸ ਮਹਿਂ ਨੀਕੀ ਜਾਗੈ[1] ਦੀਨੀ ॥੬੦॥

[1]ਸੁਹਣੀ ਥਾਂ।

ਤਬ ਸ੍ਰੀ ਨਾਨਕ ਬੈਨ ਉਚਾਰਾ।
'ਏਹੁ ਗ੍ਰਾਮ ਉਜਰੈਗੋ ਸਾਰਾ।
{ਉਜੜ ਜਾਉ !}
ਜਾਇ ਬਹੁਤ ਗ੍ਰਾਮਨ ਮੈਂ ਬਸਈ।
ਇਹਾਂ ਬਾਸ[1] ਸਭਿ ਹੀ ਕੋ ਨਸਈ[2]' ॥੬੧॥

[1]ਵੱਸਣਾ। [2]ਨਾਸ਼ ਹੋਵੇਗਾ।

ਮਰਦਾਨਾ ਇਸ ਬਿਧਿ ਬਚ ਸੁਨਿ ਕੈ।
ਬੋਲ੍ਯੋ ਤਬ ਸੰਸੈ ਮਨ ਗੁਨਿਕੈ।
'ਜਹਾਂ ਨ ਹਮ ਕੋ ਬੈਠਨਿ ਦੀਨੋ।
-ਬਸਦੇ ਰਹੋ- ਕਹਿਨ ਅਸ ਕੀਨੋ ॥ ੬੨ ॥
ਬਹੁਰੋ ਸੇਵਾ ਕੀਨੀ ਜਹਿੰਵਾ।
ਉਜਰਨ ਕੋ ਸਰਾਪ ਦੇ ਤਹਿੰਵਾ।
ਇਹ ਕਸਾ ਰੀਤਿ ਆਪਨੈ ਕੀਨੀ?
ਮਨ ਮੇਰੇ ਮਹਿਂ ਪਰਹਿ ਨ ਚੀਨੀ[1]' ॥ ੬੩ ॥ [1]ਜਾਣੀ ਨਹੀਂ ਜਾਂਦੀ।

ਦੋਹਰਾ:
ਗੁਰ ਕਹਿਂ 'ਨਰ ਇਸ ਗ੍ਰਾਮ ਕੇ, ਬਸੈਂ ਬਹੁਤ ਜੇ ਗ੍ਰਾਮ।
ਸੁਮਤਿ ਸਿਖਾਵਹਿਂ ਸਭਿਨਿ ਕੋ, ਬਧਹਿ ਧਰਮ ਅਭਿਰਾਮ ॥ ੬੪ ॥

ਚੌਪਈ:
ਤਿਸੀ ਗ੍ਰਾਮ ਕੇ ਨਰ ਜਹਿਂ ਜਾਵਹਿਂ।
ਦੇ ਕੈ ਕੁਮਤਿ ਕੁਕਰਮ ਚਲਾਵਹਿਂ।
ਬਿਗਰੇ ਆਪਹਿਂ[1], ਅਪਰ ਬਿਗਾਰਹਿਂ। [1]ਆਪ ਵਿਗੜੇ ਹਨ।
ਪਰਲੋਕਹਿਂ ਸੁਖ ਮੂਲ[1] ਉਖਾਰਹਿਂ[2] ॥ ੬੫ ॥ [1]ਮੁੱਢ ਤੋਂ। [2]ਪੁੱਟ ਦੇਣਗੇ।
ਲੰਪਟ ਲੋਭ ਕੂਰ ਅਨੁਸਰਈ[1]। [1]ਅਨੁਸਾਰ ਹਨ।
ਸੰਤ ਅਤਿਥਿ[1] ਕੀ ਸੇਵ ਨ ਕਰਈ। [1]ਲੋੜਵੰਦ।
ਨਿਸ ਦਿਨ ਬਿਖਿਯਨਿ ਬਿਖੈ ਬਿਤਾਵਹਿਂ।
ਅੰਤਕ ਤੈ[1] ਅੰਤਹਿ ਦੁਖ ਪਾਵਹਿਂ ॥ ੬੬ ॥ [1]ਯਮ ਤੋਂ।
ਮਰਦਾਨਾ ਕਹਿ 'ਜੇ ਤੁਧ ਭਾਵਹਿ।
ਤਉ ਓਨ੍ਹਾਂ ਕੀ ਮੋਖ ਕਰਾਵਹਿ।'
ਤਿਹ ਛਿਨ ਬਹੁਤ ਨਰਨ ਮਝਾਰਾ।
ਸ੍ਰੀ ਗੁਰ ਉਚਰ੍ਯੋ ਸ਼ਬਦ ਮਲਾਰਾ ॥ ੬੭ ॥

ਸ੍ਰੀ ਮੁਖਵਾਕ ॥
ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥
ਪ੍ਰਾਣੀ ਏਕੋ ਨਾਮੁ ਧਿਆਵਹੁ ॥
ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥
ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥
ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥੨॥
ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥
ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥੩॥
ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥੧॥

ਚੌਪਈ:

ਲੋਕਨਿ ਸਰਬ ਸ਼ਬਦ ਸੁਨਿ ਕਰਿ ਕੈ।
ਸਿੱਖ ਭਏ ਸਤਿਗੁਰੂ ਬਿਚਰਿ ਕੈ।
ਵਾਹਿਗੁਰੂ ਕੋ ਸਿਮਰਨ ਕਰਿਹੀਂ।
ਰਿਦੈ ਬਿਕਾਰਨ ਕੋ ਪਰਹਰਿਹੀਂ ॥੬੮॥

ਦੋਹਰਾ:

ਗਮਨ ਕੀਨ ਤਹਿਂ ਤੇ ਪ੍ਰਭੂ, ਜਾਨਿ ਆਨ ਅਸਥਾਨ।
ਗੰਜਨ[1] ਦੰਭ, ਭੰਜਨ[2] ਕਸ਼ਟ; ਰੰਜਨ[3] ਜਨ[4] ਕੇ ਪ੍ਰਾਨ ॥੬੯॥

[1]ਨਾਸ਼ ਕਰਨ ਨੂੰ। [2]ਤੋੜਨ ਨੂੰ। [3]ਪ੍ਰਸੰਨ ਕਰਨ। [4]ਦਾਸਾਂ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬ੍ਰਾਹਮਨ, ਗ੍ਰਾਮਨ' ਪ੍ਰਸੰਗ ਬਰਨਨੰ ਨਾਮ ਬਾਈਸਮੋਂ ਅਧਯਾਯ ॥੨੨॥

## ੨੩. [ਸਤਿਗੁਰ ਮੰਗਲ। ਸਤਿੱਘਰਾ ਵਿਖੇ ਦੁਖੀ ਸ਼ਾਹ ਦਾ ਉਧਾਰ]

੨੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੪

{ਸਤਿੱਘਰਾ ਦਾ ਦੁਖੀ ਸੇਠ} ॥੨..॥
{ਕਰਮ ਫਿਲਾਸਫੀ ਬਾਬਤ ਸੁੰਦਰ ਵੀਚਾਰ} ॥੨੮-੩੭॥
{ਇੰਦ੍ਰ ਦੀ ਕਥਾ} ॥੪੦-੫੨॥
{ਪਰਸਰਾਮ ਦੀ ਕਥਾ} ॥੫੩-੬੭॥
{ਅਜ, ਰਾਮ, ਰਾਵਣ-ਸੰਖੇਪ} ॥੬੮-੭੨॥

ਦੋਹਰਾ:

ਸੁਖ ਸਾਗਰ ਨਾਗਰ ਗੁਰੂ, ਜਗਤ ਉਜਾਗਰ ਰੂਪ।

ਨਾਗਰ=ਜੋ ਨਗਰ ਵਿਚ ਵੱਸਦਾ ਹੋਵੇ ਸੋ ਨਾਗਰ। (ਅ) ਨਗਰ ਦੇ ਵੱਸਣ ਵਾਲੇ ਪਿੰਡਾਂ ਦੇ ਵੱਸਣ ਵਾਲਿਆਂ ਤੋਂ ਵਧੇਰੇ ਸੱਭ੍ਯ ਹੁੰਦੇ ਹਨ, ਇਸ ਲਈ ਨਾਗਰ ਦਾ ਅਰਥ ਹੋ ਗਿਆ ਹੈ ਚਤੁਰ, ਪ੍ਰਬੀਨ, ਗੁਣਸੰਪੰਨ, ਸਭ੍ਯ, ਸੁਸਿੱਖ੍ਯਤ। (ੲ) ਸ਼ਹਿਰਾਂ ਦੇ ਰਹਿਣ ਵਾਲੇ ਮੁਸ਼ੱਕਤ ਦੇ ਕੰਮ ਨਾ ਕਰਨ ਕਰਕੇ ਸੁਹਲ ਤੇ ਕੁਛ ਸੁਹਣੇ ਹੋ ਜਾਂਦੇ ਹਨ ਇਸ ਕਰਕੇ ਨਾਗਰ ਦਾ ਅਰਥ ਸੁਹਣਾ ਬੀ ਹੈ।

ਬੰਦੋਂ ਪਦ ਅਰਬਿੰਦ ਕੋ, ਉਚਰੋਂ ਕਥਾ ਅਨੂਪ ॥੧॥

ਅਰਥ:

ਗੁਰੂ ਸੁਖਾਂ ਦਾ ਸਮੁੰਦਰ ਹੈ (ਤੇ ਹਰ ਗੁਣ ਵਿਚ) ਨਿਪੁਨ ਹੈ, (ਉਸ ਦਾ) ਸਰੂਪ ਜਗਤ ਪ੍ਰਸਿੱਧ ਹੈ। (ਉਨ੍ਹਾਂ ਦੇ) ਚਰਨਾਂ ਕਮਲਾਂ ਨੂੰ ਨਮਸਕਾਰ ਕਰਕੇ (ਅਗੋਂ ਹੋਰ) ਅਨੁਪਮ ਕਥਾ ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਸ੍ਰੀ ਅੰਗਦ ! ਸੁਨਿ ਕਥਾ ਸੁਹਾਨੀ।
ਗਮਨ ਕੀਨ ਆਗੇ ਗੁਨਖਾਨੀ।
ਹੁਤੋ ਸਤਿੱਘਰਾ† ਏਕ ਸਥਾਨਾ।

{ਸਤਿੱਘਰਾ ਦਾ ਦੁਖੀ ਸੇਠ}

†ਤਵਾ.ਖਾ. ਨੇ ਇਸ ਪਿੰਡ ਦਾ ਨਾਉਂ ਨੁਸ਼ਹਿਰਾ ਦਿੱਤਾ ਹੈ। (ਦੇਖੋ ਸਫਾ ੪੭੮)। ਸਤਿੱਘਰਾ ਮਿੰਟਗੁਮਰੀ ਦੇ ਜ਼ਿਲੇ ਵਿਚ ਹੈ ਤੇ ਸਤਿਗੁਰੂ ਜੀ ਦੀ ਯਾਦਗਾਰ ਵਿਚ ਉਥੇ ਗੁਰਦ੍ਵਾਰਾ ਹੈ, ਤੇ ਇਹ ਕਥਾ ਬੀ ਓਥੇ ਪ੍ਰਸਿੱਧ ਹੈ।

ਤਹਾਂ ਪਹੂਚੇ ਕ੍ਰਿਪਾ ਨਿਧਾਨਾ ॥੨॥
ਗਮਨੇ ਬਹੁਰ ਬਜਾਰ ਮਝਾਰਾ।
ਬੈਠਿ ਗਏ ਇਕ ਹਾਟ ਉਦਾਰਾ।
ਹੁਤੋ ਧਨਾਢ ਸ਼ਾਹ ਇਕ ਭਾਰੀ।
ਕਾਮੇ ਜਿਹ ਕੇ ਬਹੁਤ ਅਗਾਰੀ ॥੩॥
ਜਗ ਕੇ ਧੰਧ ਅਧਿਕ ਸੋ ਕਰਿਈ।
ਰਿਦੇ ਨਾਮ ਹਰਿ ਕਦੇ ਨ ਧਰਿਈ।
ਕਰਤਿ ਬਨਜ ਸਭਿ ਦਿਵਸ ਬਿਤਾਵਤਿ।
ਪਚੀ ਭਯੋ[1] ਕਬਹਿ ਨ ਬਿਸਰਾਵਤਿ[2] ॥੪॥

[1]ਵਿਹਾਰ ਵਿਚ) ਖਚਤ ਹੋਯਾ। [2]ਭੁੱਲਦਾ ਨਹੀਂ (ਵਿਹਾਰਾਂ ਨੂੰ)।

ਦੋਹਰਾ:

ਘਟੀ ਦੋਇ ਦਿਨ ਜਬ ਰਹਾ, ਮਰਦਾਨੇ ਦ੍ਰਿਗ ਲਾਇ[1]। — [1]ਨੇਤ੍ਰ ਲਾਕੇ (ਦੇਖਿਆ)।

ਕਹ੍ਯੋ 'ਸੁਖੀ ਬਹੁ ਸ਼ਾਹ ਇਹੁ, ਸੁਖ ਸੋਂ ਦਿਵਸ ਬਿਤਾਇ ॥੫॥

ਚੌਪਈ:

ਕਬ ਕੇ ਤੁਮ ਬੈਠੇ ਇਸ ਥਾਈਂ।

ਦ੍ਰਿਸ਼ਟਿ ਨ ਇਸ ਕੀ ਹਮ ਦਿਸ਼ਿ ਆਈ।

ਕਰਨ ਦਾਨ ਕੀ[1] ਮਨ ਮਹਿਂ ਨਾਂਹੀ। — [1]ਦਾਨ ਕਰਨੇ ਦੀ (ਇੱਛਾ)।

ਬੇਮੁਖ ਸੰਤਨ ਤੇ ਇਹ ਆਹੀ ॥੬॥

ਕਬਹਿ ਨ ਸੇਵ ਕਿਸੂ ਕੀ ਕਰਿਈ।

ਭਾਉ ਭਗਤਿ ਕੋ ਰਿਦੈ ਨ ਧਰਿਈ।

ਸੁਖੀ ਰਹਿਤ, ਉਲਟੀ ਇਹ ਜਾਨੀ[1]।' — [1]ਫੇਰ ਇਹ ਸੁਖੀ ਰਹਿੰਦਾ ਹੈ, (ਮੈਨੂੰ) ਇਹ ਗੱਲ ਪੁੱਠੀ ਲਗਦੀ ਹੈ।

ਸੁਨਿ ਕੈ ਅਸ ਬੋਲੇ ਗੁਨ ਖਾਨੀ ॥੭॥

'ਰੀਤਿ ਕਲੁਖ ਕੀ ਦੁਖ ਕੋ ਦੇਈ[1]। — [1]ਭਾਵ ਪਾਪ ਤਾਂ (ਸਦਾ) ਦੁੱਖ ਹੀ ਦੇਂਦੇ ਹਨ।

ਜਿਨਹਿਂ ਗ੍ਯਾਨ, ਸੁਖੀਆ ਹੈ ਤੇਈ।

ਬਿਨ ਸੂਰਜ ਕਬ ਨਹਿਂ ਦਿਨ ਆਹੀ।

ਹੀਨ ਗ੍ਯਾਨ ਤਿਉਂ ਸੁਖ ਕਿਹ ਨਾਂਹੀ ॥੮॥

ਜੇਕਰਿ ਤੇਰੇ ਉਰ ਸੰਦੇਹੂ।

ਸ਼ਾਹਿ ਬੁਲਾਇ ਬੂਝ ਕਿਨ ਲੇਹੂ[1]।' — [1]ਪੁੱਛ ਕਿਉਂ ਨਹੀਂ ਲੈਂਦਾ।

ਸੁਨਿ ਕਰਿ ਇਸ ਪ੍ਰਕਾਰ ਮਰਦਾਨੇ।

ਸ਼ਾਹੁ ਸੰਗਿ ਤਬ ਬਚਨ ਬਖਾਨੇ ॥੯॥

'ਸੁਖ ਬਿਸ਼ਾਲ ਮਹਿਂ ਤੁਮ ਕੋ ਜੋਵਾ[1]। — [1]ਦੇਖਿਆ।

ਕੌਨ ਪੁੰਨ ਕਿਯ? ਜਾਂ ਤੇ ਹੋਵਾ[1]। — [1]ਹੋਇਆ ਹੈ (ਸੁਖ)।

ਜਾਂ ਤੇ† ਨਿਸ ਦਿਨ ਜਾਨਤਿ ਨਾਂਹੀ। — †ਪਾ:-ਤਾਂਤੇ।

ਮਗਨ ਰਹੋ ਅਪਨੇ ਸੁਖ ਮਾਂਹੀ' ॥੧੦॥

ਲਖਿ[1] ਦਰਵੇਸ਼ ਬੇਸ਼ ਮਨ ਮਾਂਹੀ। — [1]ਜਾਣਕੇ।

ਬੋਲ੍ਯੋ ਸ਼ਾਹ ਅਧਿਕ ਦੁਖ ਜਾਂਹੀ।

'ਸਰਬ ਜਗਤ ਮਹਿਂ ਮੋਹਿ[1] ਸਮਾਨਾ। — [1]ਮੇਰੇ।

ਔਰ ਨ ਕੋਉ ਦੁਖੀ ਮਹਾਨਾ ॥੧੧॥

ਗੁਹਜ ਬਹੁਤ ਸੋ[1] ਕਹਾ ਨ ਜਾਈ। — [1]ਗੁੱਝਾ ਹੈ ਉਹ (ਦੁਖ) ਬਹੁਤ।
ਕੈਸੇ ਤੁਮ ਢਿਗ ਦੇਉਂ ਬਤਾਈ।'
ਕਹਿ ਮਰਦਾਨਾ 'ਸੰਤ ਮਹਾਨੇ।
ਇਨ ਆਗੈ ਕਹੁ ਹ੍ਵੈ ਦੁਖ ਹਾਨੇ' ॥੧੨॥
ਨਿਕਟਿ ਬੈਠਿ ਗੁਰ, ਸ਼ਾਹ ਅਲਾਈ।
'ਸੁਣਹੁ ਸੰਤ ! ਤੁਮ ਸਭਿ ਸੁਖਦਾਈ।
ਅੰਗਨਾ[1] ਜੋ ਮੇਰੇ ਘਰ ਮਾਂਹੀ। — [1]ਇਸਤ੍ਰੀ।
ਅਧਿਕ ਸਨੇਹ ਸੰਗ ਮਮ ਤਾਂਹੀ ॥੧੩॥
ਰਾਤ ਦਿਵਸ ਤਿਹ ਭੋਗ ਬਿਲਾਸਾ।
ਕਰਤਿ ਰਹਿਤਿ ਨਹਿਂ ਛੋਡੋਂ ਪਾਸਾ।
ਏਕ ਸਮੇਂ ਹੋਯੋ ਤਿਹ ਰੋਗਾ।
ਭੀ ਦੁਰਬਲ, ਮ੍ਰਿਤੁ ਤੇ[1] ਭਾ ਸੋਗਾ ॥੧੪॥ — [1]ਮੌਤ (ਦਾ ਖਿਆਲ) ਕਰਕੇ।
ਅਧਿਕ ਦਾਨ ਦੀਨੋ ਤਿਹ ਕਾਲਾ।
ਕੀਨੋ ਬਹੁਰ ਬ੍ਰਿਲਾਪ ਬਿਸਾਲਾ।
ਰੁਦਨ ਕਰਤਿ ਬੈਠਯੋ ਤਿਹ ਪਾਸਾ।
ਕਹਿਤਿ ਭਈ ਤਿਯ ਦੇਨ ਦਿਲਾਸਾ ॥੧੫॥
-ਹਿਤ ਮੇਰੇ ਕਿਉਂ ਰੋਦਨ ਠਾਨੋ।
ਨਿਜ ਕੋ ਬਡ ਧਨਵੰਤ ਪਛਾਨੋ।
ਮੈਂ ਮਰਿਹੋਂ ਕਰਿ ਬਜਾਹ ਬਹੋਰੀ।
ਭੋਗਹੁ ਆਨਿ[1] ਅੰਗਨਾ ਔਰੀ[2] ॥੧੬॥ — [1]ਲਿਆਕੇ। [2]ਹੋਰ ਇਸਤ੍ਰੀ।
ਬਿਲਸਿ ਬਿਲਾਸਨ ਹ੍ਵੈ ਅਹਿਲਾਦੂ[1]। — [1]ਅਨੰਦ।
ਮੁਝਹਿ ਬਿਸਾਰਹਿਂ ਕਰਹਿਂ ਨ ਯਾਦੂ-।
ਮੈਂ ਭਾਖਯੋ -ਸੁਨੀਐ ਪ੍ਰਿਯ ਮੋਰੀ[1]। — [1]ਮੇਰੀ ਪਿਆਰੀ।
ਤੁਝ ਬਿਨ ਮੋਹਿ ਨ ਭਾਵੈ ਔਰੀ ॥੧੭॥
ਤੂੰ ਜੀਵਹਿਂ ਤੇ ਕਰੌਂ ਬਿਲਾਸਾ।
ਨਤੁ ਮੈਂ ਤਜੋਂ ਜਿਯਨ ਕੀ ਆਸਾ।
ਪ੍ਰਾਨ ਸਮਾਨ ਮੋਹਿ ਕੋ ਪਜਾਰੀ।
ਤੁਝ ਬਿਨ ਕਸ[1] ਬਿਲਸੋਂ ਬਿਬ ਨਾਰੀ[2]- ॥੧੮॥ — [1]ਕੈਸੇ। [2]ਦੂਸਰੀ ਇਸਤ੍ਰੀ।
[1]-ਅਹੋ ਕੰਤ ! ਮੈਂ ਜੀਓਂ ਤ ਸਾਚੀ। — [1]ਇਸਤ੍ਰੀ ਬੋਲੀ।
ਮਰਿ ਜਾਵੌਂ ਇਹ ਕਹਿ[1] ਸਭਿ ਕਾਚੀ। — [1]ਕਹਿਣੀ (ਤੇਰੀ)।

ਅਸ ਕਹਿ ਮੋਹਿ ਸੁਨਾਵਤਿ ਪ੍ਰੀਤੀ।
ਰਿਦੈ ਬਿਖੈ ਠਾਨਤਿ ਬਿਪਰੀਤੀ[1]- ॥੧੯॥ [1]ਉਲਟੀ ਰੀਤ।
ਤਿਯ ਕੀ ਤਰਕ ਸੁਣੀ ਮੈਂ ਜਬ ਹੀ।
ਸਹਿ ਨ ਜਾਇ ਬਹੁ ਦੁਖ ਭਾ ਤਬ ਹੀ।
ਲੇ ਕਰਿ ਤੀਛਨ ਛੁਰੀ ਚਲਾਈ।
ਲਿੰਗ ਕਾਟਿ ਨਿਜ ਦੀਨ ਬਗਾਈ ॥੨੦॥
-ਅਬ ਤੌ ਆਇ ਕਿ ਨਾਂਹਿ ਪ੍ਰਤੀਤੀ।
ਮਾਨਤਿ ਨਹੀਂ ਸਾਚ ਮਮ ਪ੍ਰੀਤੀ-।
ਸ਼ਿਸ਼ੁਨ[1] ਕਟੇ ਤੇ ਪੀਰ ਬਿਸਾਲਾ। [1]ਲਿੰਗ।
ਮੈਂ ਰਹਿਓਂ ਜੀਵਤਿ ਤਿਹਂ ਕਾਲਾ ॥੨੧॥
ਕਿਤਿਕ ਦਿਵਸ ਬੀਤੇ ਤੇ ਨਾਰੀ।
ਭਈ ਅਰੋਗ ਗਯੋ ਦੁਖ ਭਾਰੀ।
ਜਬ ਬਲ ਭਯੋ ਆਨ ਸਰਬੰਗਾ[1]। [1]ਸਾਰੇ ਅੰਗਾਂ ਵਿਚ।
ਬਜਾਪਯੋ ਤਿਹ ਤਨ ਬਹੁਰ ਅਨੰਗਾ[1] ॥੨੨॥ [1]ਕਾਮਦੇਵ।
ਕਿਤਿਕ ਦਿਵਸ ਮੁਹਿ ਸੰਗ ਅਲਾਈ।
-ਬਿਨ ਮੈਥੁਨ ਤੇ ਰਹਯੋ ਨ ਜਾਈ-।
ਹੌਂ ਲੱਜਿਤ ਹੁਇ ਕੁਛ ਨ ਬਤਾਵੋਂ।
ਅਪਨ ਕਰਯੋ ਲਖਿ ਉਰ ਪਛੁਤਾਵੋਂ ॥੨੩॥
ਅਬ ਪਰ ਪੁਰਖਨ ਸੋਂ ਬਿਭਾਚਾਰਤਿ[1]। [1]ਮਾੜਾ ਕਰਮ ਕਰਦੀ ਹੈ।
ਜਿਂਹ ਚਾਹੈ ਤਿਂਹ ਪਾਸ ਹਕਾਰਤਿ।
ਪਰਹਰਿ ਲਾਜ ਸਰਬ ਪਰਵਾਰਾ।
ਬਹੁਤ ਨਰਨ ਸੋਂ ਕਰਤਿ ਬਿਹਾਰਾ ॥੨੪॥
ਅਸ ਕੁਕਰਮ ਨੈਨਨ ਨਿਤ ਦੇਖੋਂ।
ਮੋ ਮਨ ਹੋਵਤਿ ਦਗਧ ਬਿਸ਼ੇਖੋ।
ਚਿੰਤਾਤੁਰ ਦੁਖ ਮਹਿਂ ਦਿਨ ਰੈਨਾ।
ਮੋ ਸੋ ਦੁਖੀ ਅਵਰ ਕੋ ਹੈ ਨਾਂ ॥੨੫॥
ਰਿਦੇ ਬਿਚਾਰਤਿ ਹ੍ਵੈ ਨ ਉਪਾਈ।

ਸਭਿ ਲੋਕਨ ਤੇ ਰਹੌਂ ਲਜਾਈ[1]।'
ਸੁਨਿ ਕੈ ਸ੍ਰੀ ਪ੍ਰਭੁ ਬੈਨ ਅਲਾਏ।
'ਪੂਰਬ ਜਨਮ ਕਰਮ ਕਰਿ ਆਏ ॥੧੬॥

[1]ਸ਼ਰਮਿੰਦਾ।

ਦੋਹਰਾ:
ਤਿਨ ਕੋ ਦੁਖ ਸੁਖ ਭੋਗਈ, ਜੋ ਬੀਜਹਿ ਸੋ ਖਾਇ।
ਪੁੰਨ ਕਰੇ ਸੁਖ ਹੋਤਿ ਹੈਂ, ਕਲਮਲ ਤੇ ਦੁਖ ਪਾਇ ॥੨੭॥

ਚੌਪਈ:
ਬ੍ਰਹਮਾਦਿਕ ਤੇ ਮਸ਼ਕ[1] ਜਿ ਆਹੀ[2]।
ਭੋਗਹਿਂ ਕਰਮ, ਕੀਨ ਜਸ ਜਾਂਹੀ।

[1]ਮੱਛਰ ਤਕ। [2]ਹੋ ਹੈਨ (ਸਾਰੇ)।

{ਕਰਮ ਫਿਲਾਸਫੀ ਬਾਬਤ ਸੁੰਦਰ ਵੀਚਾਰ}

ਜਿਨ ਕਿਨ ਜਸ ਕਸ[1] ਕਰਮੰ ਕੀਨੋ।
ਭੋਗੇ ਬਿਨਾ ਛੁਟਤਿ ਨਹਿਂ, ਚੀਨੋ ॥੨੮॥

[1]ਜੈਸੇ ਜੈਸੇ

ਜੇ ਜਗ ਮਹਿਂ ਗਯਾਨੀ ਹੁਇ ਮਾਨਵ।
ਦੇਹਿ ਅਨਿੱਤ ਸਦੀਵ ਸੁ ਜਾਨਵ[1]।
ਦੁਖ ਸੁਖ ਭੀ ਨੰਸ੍ਵਰ[1] ਉਰ ਜਾਨਹਿ।
ਮਮਤਾ ਇਨ ਮਹਿਂ ਕਬਹਿ ਨ ਆਨਹਿ[1] ॥੨੯॥

[1]ਜਾਣਦਾ ਹੈ (ਗਿਆਨੀ)।
[1]ਨਾਸ਼ ਹੋਣ ਵਾਲੇ।
[1]ਨਹੀਂ। ਲਿਆਂਵਦਾ।

ਸਦਾ ਅਨੰਦ ਏਕ ਰਸ ਰਹਿਹੀ।
ਹਰਖ ਸੋਗ ਦੋਊ ਨਹਿਂ ਲਹਿਹੀ।
ਪੁਨ ਮਾਨਵ ਜੇ ਹੈਂ ਜਗਿਆਸੀ।
ਭਗਤਿ ਕਰਤਿ ਨਿਤ ਪ੍ਰਭੁ ਅਬਿਨਾਸ਼ੀ ॥੩੦॥

ਦੋਹਰਾ:
ਸੋ ਜਾਨਤਿ ਇਸ ਬਿਧਿ ਰਿਦੈ -ਦੁਖ ਸੁਖ ਦੇ[1] ਕਰਤਾਰ।
ਹਮਰੋ ਪਰਮੇਸ਼੍ਵਰ ਮਿਤਰ, ਕਰਤਿ ਭਲੀ ਸਭਿ ਕਾਰ- ॥੩੧॥

[1]ਦਿੰਦਾ ਹੈ।

ਚੌਪਈ:
ਸੰਕਟ ਪਰੈ ਆਨਿ ਜਬ ਤਾਂਹੀ।
-ਭਲਿ ਹ੍ਵੈ- ਲਖੈ ਸੁ ਅਸ ਮਨ ਮਾਂਹੀ।
-ਪਾਪ ਕਿਯੇ[1] ਸੇ ਜਾਇਂ ਬਿਲਾਈ[2]-।

[1]ਕੀਤੇ ਹੋਏ ਪਾਪ। [2]ਦੂਰ ਹੋ ਜਾਣਗੇ?

ਇਉਂ ਮਨ ਜਾਨਿ ਪ੍ਰਸੰਨ ਰਹਾਈ ॥੩੨॥

ਜਿਉਂ ਰੋਗੀ ਢਿਗ ਭੇਖਕ[1] ਆਵੈ। — [1]ਵੈਦ।

ਕਟੁ[1] ਔਖਧਿ[2] ਲੇ ਤਾਂਹਿ ਖੁਵਾਵੈ। — [1]ਕੌੜੀ। [2]ਦਵਾਈ।

ਹ੍ਵੈ ਪ੍ਰਸੰਨ ਸੋ ਭੱਖਨ ਕਰਿਈ[1]। — [1]ਖਾਂਦਾ ਹੈ।

ਜਾਨਹਿ -ਰੋਗ ਸਕਲ ਮਮ ਹਰਿਈ[1]- ॥੩੩॥ — [1]ਨਾਸ਼ ਕਰੇਗੀ।

ਤਿਉਂ ਭੋਗਹਿਂ ਨਿਜ ਕਰਮਨ ਸੋਊ।
ਪ੍ਰਭੁ ਕੀ ਭਗਤਿ ਰਤੇ ਹੈਂ ਜੋਊ।
ਦੁਖ ਹੋਵਹਿ ਤੌ ਪਾਪ ਮਿਟਾਈ।
ਸੁਖ ਭੋਗਹਿਂ ਤੌ ਪੁੰਨ ਬਿਲਾਈ[1] ॥੩੪॥ — [1]ਨਾਸ਼ ਹੁੰਦੇ ਹਨ।

ਦੋਹਰਾ:

ਪੂਰਬਲੇ ਸਭਿ ਜਨਮ ਮਹਿਂ, ਕਰਮ ਕਿਯੇ ਹੈਂ ਜੋਇ।
ਨਿਸ਼ਚੈ ਭੋਗੇ ਚਾਹੀਏ, ਕਿਹ ਬਿਧਿ ਮਿਟਨ ਨ ਹੋਇ ॥੩੫॥

ਚੌਪਈ:

ਸਤਿਸੰਗੀ ਅਸ ਕਰਹਿਂ ਬਿਚਾਰਾ।
ਦੁਖ ਸੁਖ ਮਹਿਂ ਰਹਿਹੀਂ ਇਕ ਸਾਰਾ।
ਲਖੈਂ -ਮੀਤ ਹਮਰਾ ਕਰਤਾਰਾ।
ਜੋ ਕਿਛੁ ਕਰਹਿ ਸੁ ਨੀਕੀ ਕਾਰਾ- ॥੩੬॥
ਪੁਨ ਜਗ ਮਹਿਂ ਜੇ ਨਰ ਅਗਿਆਨੀ।
ਦੁਖ ਮਹਿਂ ਬਹੁ ਮਮਤਾ ਮਨੁ ਮਾਨੀ।
ਖੇਦ ਪਾਇ ਭੋਗਤਿ ਹੈਂ ਸਭਿ ਹੀ।
ਭੋਗੈ ਬਿਨਾ ਨ ਛੂਟਹਿਂ ਕਬ ਹੀ ॥੩੭॥
ਇਕ ਤੋ ਤਨ ਦੁਖ ਭੋਗਹਿਂ ਸੋਈ।
ਦੂਸਰ ਅਧਿਕ ਰਿਦੈ ਦੁਖ ਹੋਈ।'
ਇਸ ਪ੍ਰਕਾਰ ਕਹਿ ਕ੍ਰਿਪਾ ਨਿਧਾਨਾ।
ਸ੍ਰੀ ਮੁਖ ਏਹੁ ਸ਼ਲੋਕ ਬਖਾਨਾ ॥੩੮॥

ਸ੍ਰੀ ਮੁਖਵਾਕ:

ਸਲੋਕੁ ਮ: ੧ ॥

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥ ਅੰਤਿਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥
ਰਾਮਕਲੀ ਕੀ ਵਾਰ

ਦੋਹਰਾ:

ਮਰਦਾਨੇ ਸੁਨਿ ਸ਼੍ਰੋਨ ਮਹਿਂ ਕਹੵੋ, ਬਚਨ ਇਹ ਭਾਇ।
'ਸਰਬ ਸ਼ਬਦ ਕੋ ਅਰਥ ਅਬ, ਦੀਜੈ ਹਮੈ ਸੁਨਾਇ' ॥੩੯॥

ਚੌਪਈ:

ਸ਼੍ਰੀ ਨਾਨਕ ਤਬ ਅਰਥ† ਬਖਾਨੇ।

†ਇਹ ਅਰਥ ਕਵਿ ਜੀ ਆਪ ਕਰਨ ਲੱਗੇ ਹਨ, ਅਰ ਇਸ ਵਿਚ ਓਹ ਕਥਾ ਖੁਹਲਣ ਲਗੇ ਹਨ ਜੋ ਸ਼ਾਸਤ੍ਰਕਾਰਾਂ ਨੇ ਲਿਖੀਆਂ ਹਨ। ਗੁਰੂ ਜੀ ਦਾ ਇਹ ਸ਼੍ਰੀ ਮੁਖਵਾਕ ਸ਼ਬਦ ਅਸੂਲ ਪ੍ਰਤਿਪਾਦਨ ਕਰਦਾ ਹੈ ਕਿ ਸਾਰਾ ਸੰਸਾਰ ਦੁਖੀ ਹੈ, ਦੁਖੀ ਦਾ ਸਰੂਪ ਬੰਨ੍ਹਣ ਲਈ ਮੰਨੇ ਪਰਮੰਨੇ ਵਡਕਿਆਂ ਦੇ ਹਾਲਾਤ ਨਮੂਨੇ ਮਾਤ੍ਰ ਦ੍ਰਿਸ਼ਟਾਂਤ ਦੇ ਢੰਗ ਤੇ ਦੱਸੇ ਹਨ ਕਿ ਇਤਨੇ ਵਡੇ ਕਹਿਲਾਉਣ ਵਾਲੇ ਲੋਕ ਦੁਖ ਤੋਂ ਨਹੀਂ ਬਚ ਸਕੇ। ਫਿਰ ਪ੍ਰਸ਼ਨ ਹੁੰਦਾ ਹੈ ਕਿ ਕੋਈ ਰੋਣ ਦੇ ਦੁਖ ਤੋਂ ਛੁਟੇ ਕੀਕੂੰ? ਤਾਂ ਦੱਸਦੇ ਹਨ ਕਿ ਨਾਮ ਨੂੰ ਜੋ ਧਾਰਨ ਕਰੇ ਸੋ ਜਨਮ ਜਿੱਤ ਜਾਂਦਾ ਹੈ, ਹੋਰ ਕਰਮਾਂ ਨਾਲ ਜਨਮ ਨਹੀਂ ਜਿੱਤਿਆ ਜਾਂਦਾ। ਕਰਮਾਂ ਨਾਲ ਜਿੱਤਣ ਦਾ ਜਤਨ ਵਾਲੇ ਇੰਦ੍ਰ ਆਦੀ (ਉਪਰ ਗਿਣਕੇ ਦੱਸਿਆਂ) ਨੇ ਦੁਖ ਪਾਇਆ ਹੈ। ਇਹ ਨਹੀਂ ਸਮਝਣਾ ਚਾਹੀਏ ਕਿ ਸੌ ਜੱਗ ਕਰਨੇ ਤੇ ਸੁਰਗ ਦਾ ਰਾਜਾ ਬਣਦਾ ਹੈ, ਤੇ ਇਹ ਗੁਰੂ ਜੀ ਦਾ ਸਿਧਾਂਤ ਹੈ। ਗੁਰੂ ਜੀ ਦਾ ਸਿਧਾਂਤ ਇਨ੍ਹਾਂ ਨੂੰ 'ਕਰਮ' ਕਹਿਕੇ ਖੰਡਨ ਵਿਚ ਹੈ 'ਅਉਰੀ ਕਰਮ ਨ ਲੇਖੈ ਪਾਇ', ਕੇਵਲ 'ਮੰਨੇ ਨਾਉ ਸੋਈ ਜਿਣਿ ਜਾਇ' ਗੁਰੂ ਜੀ ਦਾ ਸਿਧਾਂਤ ਹੈ।

ਸਰਬ ਬ੍ਰਿਤੰਤ ਬਧਾਇ ਮਹਾਂਨੇ[1]। [1]ਬਹੁਤ ਵਧਾਕੇ।

{ਇੰਦ੍ਰ ਦੀ ਕਥਾ}

'ਸਤ[1] ਅਸੁਮੇਧ[2] ਕਰਤਿ ਹੈ ਜੋਊ। [1]ਸੌ। [2]ਇਕ ਜੱਗ ਦਾ ਨਾਮ ਹੈ।
ਹੋਤਿ ਸੁਰਗ ਮਹਿਂ ਅਧਿਪਤਿ ਸੋਊ ॥੪੦॥
ਸਚੀ[1] ਹੋਤਿ ਹੈ ਮਹਿਲਾ[2] ਤਾਂ ਕੀ। [1]ਇੰਦਰ ਦੀ ਇਸਤ੍ਰੀ। [2]ਇਸਤ੍ਰੀ।
ਰਤਿ[1] ਨ ਪਟੰਤਰ[2] ਪੂਜਹਿ[3] ਜਾਂ ਕੀ[4]। [1]ਕਾਮ ਦੀ ਇਸਤ੍ਰੀ। [2]ਬਰਾਬਰ। [3]ਨਹੀਂ ਪਹੁੰਚਦੀ।

[4]ਜਿਸ ਦੇ।

ਚੰਦ ਬਦਨ ਅਰਬਿੰਦ ਬਿਲੋਚਨ।
ਚਿਤਵਨ[1] ਬਾਨ ਕਾਮ ਮਦ ਮੋਚਨ[2] ॥੪੧॥

[1]ਨਜ਼ਰ (ਜਿਸ ਦੀ) ਕਾਮ ਦੇ ਬਾਨ ਦੇ ਹੰਕਾਰ ਨੂੰ ਹਟਾਂਵਦੀ ਹੈ। [2]ਨਜ਼ਰ (ਜਿਸ ਦੀ) ਕਾਮ ਦੇ ਬਾਨ ਦੇ ਹੰਕਾਰ ਨੂੰ ਹਟਾਂਵਦੀ ਹੈ।

ਅਪਰ ਅਪਸਰਾ ਸੁੰਦਰ ਸਾਰੀ।
ਸਰਬ ਰਹਹਿਂ ਆਇਸੁ ਅਨੁਸਾਰੀ।
ਤਿਨ[1] ਇਕ ਸਮੇਂ ਪਿਖੀ ਰਿਖਿ ਨਾਰੀ।
ਤਨ ਕੀ ਸੁਧ ਬੁਧਿ ਸਕਲ ਬਿਸਾਰੀ ॥੪੨॥

[1]ਇੰਦ੍ਰ ਨੇ।

ਦੋਹਰਾ:
ਦਿਪਤ[1] ਦੀਪ[2] ਦੁਤਿ[3] ਬਪੁ[4] ਪਿਖੀ

[1]ਪ੍ਰਕਾਸ਼ ਦੇ। [2]ਦੀਵੇ ਵਾਂਙ। [3]ਸੁੰਦਰਤਾ। [4]ਸਰੀਰ (ਰਿਖ ਦੀ ਨਾਰੀ ਦਾ)।

ਬਾਸਵ[1] ਭਯੋ ਪਤੰਗ[2]।

[1]ਇੰਦ੍ਰ। [2]ਭੰਬਟ (ਭਾਵ ਆਸ਼ਕ ਹੋ ਗਿਆ)।

ਕਾਮ ਸਿੰਘ[1] ਗਰਜਨ ਕਰਾ

[1]ਕਾਮ ਰੂਪੀ ਸ਼ੇਰ।

ਧੀਰਜ ਭਯੋ ਕੁਰੰਗ[1] ॥੪੩॥

[1]ਧੀਰਜ ਹਰਨ ਹੋ ਗਿਆ।

ਚੌਪਈ:
ਪਰਮ ਸਰੂਪ ਅਹਿੱਲਯਾ ਨਾਰੀ।
ਮਨਹੁ ਨਿਪੁਨਤਾ[1] ਦ੍ਰੂਹਨ[2] ਦਿਖਾਰੀ।

[1]ਚਤੁਰਤਾ (ਇਸ ਤੀਵੀਂ-ਅਹਿਲਯਾ-ਦੇ ਸਰੀਰ ਦੀ ਰਚਨਾ ਵਿਚ)। [2]ਬ੍ਰਹਮਾ ਨੇ। ਸੰਸ: ਦ੍ਰੁਹਣ]।

ਜਿਹ ਬਿਲੋਕਿ ਸੁਰ ਨਰ ਭਰਮਾਏ।
ਜੋਗਨਿ ਜੋਗ ਰਿਦੈ ਬਿਸਰਾਏ ॥੪੪॥
ਮਘਵਾ[1] ਬਧਯੋ[2] ਨੇਹ ਤਿਹ[3] ਡੋਰੀ[4]।

[1]ਇੰਦ੍ਰ। [2]ਬੰਨ੍ਹਿਆਂ ਗਿਆ। [3]ਤਿਸਦੇ। [4]ਮੋਹ ਦੀ ਰਸੀ ਨਾਲ।

ਕਿਯੋ ਚਹਿਤ ਰਤਿ[1] ਗੋਤਮ ਚੋਰੀ[2]।

[1]ਭੋਗ। [2]ਗੋਤਮ (ਰਿਖੀ ਅਹਿੱਲਯਾ ਦੇ ਪਤੀ) ਤੋਂ ਚੋਰੀ।

ਰਹਯੋ ਦੇਖਿ ਅਵਸਰ ਨਹਿਂ ਪਾਵੈ।
ਚਿਤਹਿ[1] ਉਪਾਇ[2] ਮਿਲਯਾ ਕਿਉਂ ਜਾਵੈ ॥੪੫॥

[1]ਚਿਤਵਦਾ ਹੈ। [2]ਯਤਨ।

ਮਿਲਿ ਮਯੰਕ[1] ਸੰਗ ਘਾਤ[2] ਬਿਚਾਰੀ।

[1]ਚੰਦਰਮਾ। [2]ਦਾਉ।

ਗਮਨੇ ਅਰਧ ਰਾਤ੍ਰਿ ਛਲ ਧਾਰੀ[1]।

[1]ਅੱਧੀ ਰਾਤ ਛਲ ਧਾਰਕੇ।

ਅਰੁਨਚੂੜ[1] ਕੋ ਤਨੁ ਸ਼ਸ਼ਿ ਭਯੋ[2]।

[1]ਕੁਕੜ। [2]ਭਾਵ ਚੰਦਰਮਾਂ ਕੁਕੜ ਬਣ ਗਿਆ।

ਜਾਇ ਸਮੀਪ ਸ਼ਬਦ ਨਿਜ ਕਯੋ ॥੪੬॥
ਗੋਤਮ ਲਖੀ ਭਈ ਅਬ ਪ੍ਰਾਤਾ।
ਮੱਜਨ ਕਰਨ ਚਲਾ ਅਧਿ ਰਾਤਾ[1]।

[1]ਅੱਧੀ ਰਾਤ (ਨੂੰ ਹੀ)।

ਸੁਨਾਸੀਰ[1] ਲਖਿ ਸੂਨ ਨਿਸ਼ੰਕਾ[2]।
ਮਿਲ੍ਯੋ ਅਹਿੱਲ੍ਯਾ ਕੋ ਭਰਿ ਅੰਕਾ ॥੪੭॥

[1]ਇੰਦਰ। [2] ਦੇਖ ਕੇ ਸੁੰਞਾ (ਘਰ) ਨਿਸ਼ੰਕ ਹੋਕੇ।

ਹਰਖ੍ਯੋ ਅਧਿਕ ਕੇਲ[1] ਕਰਿ ਲੀਨੋ।

[1]ਭੋਗ।

ਮਦਅਨੰਗ ਕੋ[1] ਮੋਚਨ ਕੀਨੋ।

[1]ਕਾਮ ਦੇ ਨਸ਼ੇ ਨੂੰ।

ਗੋਤਮ ਕੋ ਸੁਧਿ ਸੁਰਸਰਿ[1] ਦੀਨੀ।

[1]ਗੰਗਾ ਨੇ।

ਹਟ੍ਯੋ[1] ਤਹਾਂ ਤੇ ਰਿਸ ਬਹੁ ਕੀਨੀ ॥੪੮॥

[1]ਮੁੜਿਆ।

ਸਤਿਮੰਨੁ[1] ਅਵਲੋਕ੍ਯੋ ਜਬ ਹੀ।

[1]ਇੰਦ੍ਰ ਨੂੰ। ਸੰ: ਸੁਤ੍ਰਾਮਨੁ]।

ਕੋਪਿਕ ਰਿਖੀ ਸ੍ਰਾਪ ਦਿਯ ਤਬ ਹੀ।
-ਇਕ ਭਗ ਕਾਰਨ ਇਹ ਠਾਂ ਆਯੋ।
ਨਹੀਂ ਰਿਖਨ ਤੇ ਨੈਕੁ[1] ਡਰਾਯੋ ॥੪੯॥

[1]ਥੋੜਾ ਬੀ।

ਭਗ ਸਹੰਸ੍ਰ[1] ਹੋਵਹਿਂ ਤਨ ਤੇਰੇ-।

[1]ਹਜ਼ਾਰਾਂ।

ਭਯੋ ਸ੍ਰਾਪ ਨਹਿਂ ਜਾਵਹਿਂ ਡੇਰੇ।
ਅਤਿ ਕਰੂਪ ਤਿਹ ਬਨਾ ਸਰੀਰਾ।
ਜਸ ਅਘ ਤਸ ਫਲ ਪਾਇ ਅਧੀਰਾ ॥੫੦॥
ਸੁਰਗਾਦਿਕ ਕੀ ਤਜਿ ਰਜਧਾਨੀ।
ਅਨੀ ਸੁਰਨ ਕੀ ਯੁਤ ਸੈਨਾਨੀ[1]।

[1]ਦੇਵਤਿਆਂ ਦੀ ਫੌਜ ਸਮੇਤ ਸੈਨਾਪਤਿ (ਸਾਮ ਕਾਰਤਕ ਦੇ ਛੱਡਕੇ)।

ਗਮਨ੍ਯੋ ਜਹਿਂ ਜਲ ਹੁਤੋ ਬਿਸਾਲਾ।
ਕਮਲ ਨਾਲ ਮਹਿਂ ਦੁਰ[1] ਤਤਕਾਲਾ ॥੫੧॥

[1]ਛੁਪ ਗਿਆ।

ਦੋਹਰਾ:
ਲੱਜਿਤ ਹ੍ਵੈ ਰੋਯੋ ਤਬਹਿ, ਭਗ ਸੰਹਸ੍ਰ† ਤਨ ਪਾਇ।
ਪਰਸਰਾਮ ਕੀ ਅਬ ਕਥਾ, ਦੇਇਂ ਸੁ ਤੁਮਹਿਂ ਸੁਨਾਇ ॥੫੨॥

†ਇਸ ਤੋਂ ਗ਼ਾਲਬਨ ਮੁਰਾਦ ਆਤਸ਼ਕ ਦੇ ਰੋਗ ਦੀ ਹੈ ਜਿਸ ਨਾਲ ਸਰੀਰ ਤੇ ਭੈੜੇ ਚਟਾਕ ਪੈ ਜਾਂਦੇ ਹਨ। ਦੁਰਗਾਮੀਆਂ ਨੂੰ ਅਕਸਰ ਇਹ ਰੋਗ ਹੋ ਜਾਇਆ ਕਰਦਾ ਹੈ।

ਚੌਪਈ:
ਸਹਸ੍ਰ ਬਾਹੁ ਭੂਪਤ ਇਕ ਭਯੋ।
{ਪਰਸਰਾਮ ਦੀ ਕਥਾ}
ਸਰਬ ਦਿਗਬਿਜੈ[1] ਜਿਹ ਛਿਤ[2] ਕਯੋ।

[1]ਹਰ ਪਾਸੇ ਫਤੇ। [2]ਧਰਤੀ।

ਰਿਖਿ ਜਮਦਗਨਾ ਸ਼੍ਰਮ ਇਕ ਕਾਲਾ।

ਸਿਵਰ[1] †ਕੀਨ ਸੰਗਿ ਸੈਨ ਬਿਸਾਲਾ ॥੫੩॥
[1]ਡੇਰਾ। †ਪਾ:-ਗਮਨ

ਰਿਖਿ ਕੀਨੀ ਨ੍ਰਿਪ ਕੀ ਪਹੁਨਾਈ[1]।
[1]ਪ੍ਰਾਹੁਣਚਾਰੀ।

ਕਾਮਧੇਨੁ ਤਬ ਲੀਨਿ ਮੰਗਾਈ।
ਜੋ ਕਛੁ ਚਹਾ ਸੁ ਤਿਹ ਤੇ ਪਾਵਾ।
ਰੁਚਿ ਅਨੁਸਾਰ ਅਸਨ ਸਭਿ ਖਾਵਾ ॥੫੪॥
ਧੇਨੁ ਪ੍ਰਭਾਵ ਦੇਖਿ ਤਿਹਂ ਕਾਲਾ।
ਲੇਨਿ ਕਾਮਨਾ ਕੀਨਿ ਭੁਵਾਲਾ।

ਲਖਿ ਕੁਦ੍ਰਿਸ਼ਟਿ[1] ਤਿਹ ਛਿਨ ਮੁਨਿਰਾਈ।
[1]ਖੋਟੀ ਨਿਗਾਹ ਜਾਣਕੇ।

ਪਠਣ[1] ਸੁਰਗ ਕੋ ਧੇਨੁ ਉਡਾਈ ॥੫੫॥
[1]ਭੇਜਣ (ਲਈ ਗਊ)।

ਨ੍ਰਿਪਤਿ ਕੁਮਤਿ ਮਨ ਮੈਂ ਇਉਂ ਠਾਨਾ।

ਮੁਨਿਵਰ ਕੇ ਕੀਨੇ ਹਤਿ ਪ੍ਰਾਨਾ[1]।
[1]ਭਾਵ ਮਾਰ ਦਿੱਤਾ।

ਪਤਿ ਕੋ ਦੇਖਿ ਰੇਣੁਕਾ[1] ਨਾਰੀ।
[1]ਰਿਖੀ ਦੀ ਇਸਤਰੀ ਦਾ ਨਾਮ ਹੈ।

ਬਹੁਤ ਬ੍ਰਿਲਾਪਤਿ ਊਚ ਪੁਕਾਰੀ ॥੫੬॥
ਸਪਤ ਤਿਹੱਥੜ ਹਨਿ ਕਰਿ ਦੇਹੀ।

ਸੁਤ ਕੋ ਸਿਮਰਿ[1] ਬੁਲਾਯੋ ਤੇਹੀ।
[1]ਯਾਦ ਕਰਕੇ।

ਤਪ ਹਿਤ ਅਪਰ ਜੁ ਥਾਨ ਸਿਧਾਵਾ।
ਤਤਛਿਨ ਮਾਤ ਨਿਕਟਿ ਚਲਿ ਆਵਾ ॥੫੭॥
ਪਿਤ ਕੋ ਮਰਨ ਦੇਖਿ ਅਕੁਲਾਯੋ।
ਹੋਇ ਕ੍ਰੋਧ ਮੈਂ ਬਚਨ ਅਲਾਯੋ।
-ਸੁਨਹੁ ਮਾਤ ਤੈਂ ਇਕੀਸ ਵਾਰੈ।

ਪੀਰਾ ਦੀ ਤਨ ਹਾਥ ਪ੍ਰਹਾਰੇ[1] ॥੫੮॥
[1]ਮਾਰਕੇ।

ਸੱਤਿ ਪਛਾਨ ਅਬਹਿ ਪ੍ਰਨ ਮੋਰਾ।
ਛੱਤ੍ਰੀ ਛੋਡੋਂ ਨਹਿਂ ਕਿਤ ਠੌਰਾ।

ਇਕੀਸ ਬਾਰ ਨਿਛੱਤ੍ਰੀ[1] ਧਰਨੀ[2]।
[1]ਛੱਤ੍ਰੀ ਰਹਤ। [2]ਧਰਤੀ।

ਅਤਿ ਸੰਗ੍ਰਾਮ[1] ਕਰੋਂ ਬਲ ਕਰਨੀ- ॥੫੯॥
[1]ਜੰਗ।

ਅਸ ਕਹਿ ਕਰਿ ਸੰਭਾਰਿ ਕੁਠਾਰਾ[1]।
[1]ਕੁਹਾੜਾ।

ਮਨਹੁ ਬੀਰ ਰਸ ਤਨ ਕੋ ਧਾਰਾ।
ਸ਼ਸਤ੍ਰ ਅਸਤ੍ਰ ਸਭਿ ਹੀ ਕਰ ਲੈ ਕੈ।

ਅਰਜਨ[1] ਕੇ ਤਬ ਸਨਮੁਖ ਹ੍ਵੈ ਕੈ ॥੬੦॥ — [1]ਸਹੰਸਰ ਬਾਹੂ ਰਾਜੇ ਦਾ ਉਪਨਾਮ।
ਦਾਰੁਨ[1] ਬਹੁ ਸੰਗ੍ਰਾਮ ਮਚਾਵਾ। — [1]ਭਿਆਨਕ।
ਮਹਾਂ ਸਾਰ ਸੌਂ ਸਾਰ[1] ਬਜਾਵਾ। — [1]ਲੋਹੇ ਨਾਲ ਲੋਹਾ।
ਹਾਥ ਕੁਠਾਰ ਸੰਭਾਰਿ ਸ ਜੋਰਾ।
ਕ੍ਰੋਧ ਜੁੱਧ ਅਵਿਰੁੱਧਤਿ ਘੋਰਾ[1] ॥੬੧॥ — [1]ਕ੍ਰੋਧ ਕਰਕੇ ਭਿਆਨਕ ਜੁੱਧ ਵਿਖੇ ਜੁੱਟ ਪਿਆ।
ਭੁਜ ਹਜ਼ਾਰ ਤਿਹ ਕਾਟਿ ਉਤਾਰੀ।
ਗਿਰਯੋ ਮ੍ਰਿਤਕ ਹ੍ਵੈ ਭੂਮ ਮਝਾਰੀ।
ਸਰਬ ਧਰਾ ਮਹਿਂ ਤਿਹ ਛਿਨ ਰਾਮੂ[1]। — [1]ਪਰਸਰਾਮ ਨੇ।
ਛੱਤ੍ਰੀ ਕੋ ਨਹਿਂ ਛੋਡਯੋ ਨਾਮੂ ॥੬੨॥
ਬੀਨ ਬੀਨ ਤਿਨ ਕੁਲ ਕਰਿ ਹਰਨੀ[1]। — [1]ਨਾਸ਼।
ਦਈ ਦਿਜਨ ਕੋ ਸਗਰੀ ਧਰਨੀ।
ਗਮਨਯੋ ਆਪ ਬਿਪਨ[1] ਤਪ ਕਾਰਨ। — [1]ਬਨ ਵਿਖੇ।
ਰਹਯੋ ਬੈਠਿ ਕਰਿ ਦੁਸ਼ਟ ਬਿਦਾਰਨ[1] ॥੬੩॥ — [1]ਨਾਸ਼ ਕਰਕੇ।
ਛੱਤ੍ਰੀ ਬਧੇ ਬਹੁਤ ਜਬ ਕੋਟੀ।
ਧਰਾ ਦਿਜਨ ਤੇ ਲੀਨਿ ਖਸੋਟੀ।
ਆਨ ਬਿਪਨ ਤੇ[1] ਜੁੱਧ ਮਚਾਵਾ। — [1]ਬਨ ਤੋਂ।
ਛੱਤ੍ਰੀ ਏਕ ਰਹਿਨ ਨਹਿਂ ਪਾਵਾ ॥੬੪॥
ਜੀਤ ਧਰਾ ਬਿੱਪ੍ਰਨ ਕੋ ਦੀਨੀ।
ਛੱਤ੍ਰੀ ਬਧੇ ਛੀਨ ਪੁਨ ਲੀਨੀ।
ਪਰਸਰਾਮ ਮਾਰੇ ਤਬ ਆਈ।
ਧਰਨੀ ਸਕਲ ਦਿਜਨ ਪੁਨ ਪਾਈ ॥੬੫॥
ਇਸ ਬਿਧਿ ਇੱਕਿਸ ਬਾਰ ਸੰਘਾਰੇ[1]। — [1]ਸਾਰੇ।
ਦੁਈ ਦਿਜਨ ਕੋ ਬਾਰੰਬਾਰੇ।
ਰਘੁਪਤਿ[1] ਸੰਗ ਭਿੜਯੋ ਇਕਿ ਕਾਲਾ। — [1]ਰਾਮਚੰਦਰ।
ਹਰਯੋ ਗਯੋ ਤਿਹ ਓਜ[1] ਬਿਸਾਲਾ ॥੬੬॥ — [1]ਬਲ।
ਲੱਜਿਤਿ ਹੋਇ ਸਦਨ ਮਹਿਂ ਆਯੋ।
ਸੋ ਰੋਵਤਿ ਬਲ ਸਕਲ ਹਰਾਯੋ।
ਜਾਚਤਿ[1] ਦਿਜ ਦੇਖਤਿ ਜਗ ਮਾਂਹੀ। — [1]ਮੰਗਦੇ।
ਰੋਇ ਬਿਸੂਰਤਿ[1] ਸੁਖ ਤਿਹ ਨਾਂਹੀ ॥੬੭॥ — [1]ਝੂਰਦੇ ਹਨ।

ਅਜ ਨ੍ਰਿਪ ਇੰਦਮਤੀ[1] ਬ੍ਰਿਹੁ ਭਾਰੀ[2]।
ਰੋਵਤਿ ਭਿੱਖਯਾ ਖਾਇ ਅਹਾਰੀ।

[1]ਅਜ ਰਾਜੇ ਦੀ ਇਸਤ੍ਰੀ ਜੋ ਵਿਦਰਭ ਦੇ ਰਾਜਾ ਦੀ ਭੈਣ ਸੀ। [2]ਭਾਰੀ ਵਿਛੋੜੇ ਤੋਂ (ਦੁਖੀ ਹੋ ਕੇ)।

{ਅਜ, ਰਾਮ, ਰਾਵਣ-ਸੰਖੇਪ}

ਜਗ ਮਹਿਂ ਗਯਾਨ ਦ੍ਰਿਸ਼ਟਿ ਸੁਖੁ ਹੋਈ।
ਨਾਤੁਰ ਦੁਖੀ ਰਹਿਤ ਸਭਿ ਕੋਈ ॥੬੮॥

ਦੋਹਰਾ:

ਸੀਤਾ ਲਛਮਨ ਬਿਛੁਰਨੇ, ਰੋਏ ਤਬ ਸ਼੍ਰੀ ਰਾਮ।
ਬਿਸ਼ਨੁ ਆਨਿ ਅਵਤਾਰ ਭਾ, ਜਪਤ† ਜਗਤ ਜਿਹ ਨਾਮ ॥੬੯॥

†ਪਾ:-ਭਜੈ।

ਚੌਪਈ:

ਦਹਿਸਿਰ[1] ਤੀਨ ਲੋਕ ਬਸ ਜਾਂ ਕੇ।

[1]ਰਾਵਣ।

ਬੰਦ ਸਾਲ ਮਹਿਂ ਕਾਲ ਸੁ ਤਾਂ ਕੇ[1]।

[1]ਕੈਦ ਖਾਨੇ ਵਿਚ ਉਸ ਦੇ ਸੀ ਕਾਲ।

ਕੰਚਨ[1] ਦੇਸ਼, ਬਹੁਤ ਗ੍ਰਿਹ ਨਾਰੀ।

[1]ਸੋਨੇ ਦਾ।

ਤਿਨ ਚੁਰਾਇ ਲਿਯ ਜਨਕ ਕੁਮਾਰੀ[1] ॥੭੦॥

[1]ਸੀਤਾ।

ਰਾਮਚੰਦ ਤਬ ਤਿਹ ਕੋ ਮਾਰਾ।
ਗਿਰਯੋ ਰੋਇ ਕੈ ਜੁੱਧ ਮਝਾਰਾ।
ਕੰਚਨਪੁਰਿ ਕੋ ਪਤਿ ਅਸ ਰਾਵਨ।
ਰੰਚਕ ਮਿਲ੍ਯੋ ਨ ਮੁਖ ਹਿਤ ਪਾਵਨ ॥੭੧॥
ਬਲੀ ਸਮਰਥ ਸਕਲ ਪਰਕਾਰਾ।
ਉਪਜੇ ਇਸ ਜਗ ਬੀਚ ਅਪਾਰਾ।
ਬਿਨਾ ਗਯਾਨ ਦੁਖ ਪਾਇ ਘਨੇਰਾ।
ਕਰਿਗੇ ਕੂਚ ਨ ਲਾਗੀ ਦੇਰਾ' ॥੭੨॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸ਼ਾਹ ਪ੍ਰਸੰਗ' ਬਰਨਨੰ ਨਾਮ ਤੇਈਸਮੋਂ ਅਧਯਾਯ ॥੨੩॥

## ੨੪. [ਸ਼ਾਰਦਾ ਮੰਗਲ। ਪਾਂਡਵਾਂ ਦਾ ਪ੍ਰਸੰਗ]

੨੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੫

{ਪਾਂਡਵਾਂ ਦਾ ਪ੍ਰਸੰਗ} ॥੨..॥

{ਕ੍ਰੀਚਕ ਪ੍ਰਸੰਗ} ॥੩੩.. ॥ ॥ ॥੨੫॥

ਦੋਹਰਾ:

ਮਹਿਖਾਸੁਰ ਮਦ ਮਰਦਨੀ, ਮਹਾਂ ਮੋਦ ਦਾ ਸ਼ੱਕ੍ਰ।
ਜਗਦੰਬਾ ਜੈ ਜੈ ਕਰੀ, ਬੱਕ੍ਰ ਧਰੇ ਕਰ ਚੱਕ੍ਰ ॥੧॥

ਮੋਦ=ਖੁਸ਼ੀ ਦੇਣ ਵਾਲੀ। ਸ਼ੱਕ੍ਰ=ਇੰਦ੍ਰ। ਸੰਸ: ਸ਼ੱਕ੍ਰ:]
ਜਗਦੰਬਾ=ਜਗਤ ਦੀ ਮਾਂ। [ਸੰਸ: ਜਗਤ+ਅੰਬਾ] ਦੇਸ਼ ਦੇ ਸ਼ੱਤ੍ਰੂਆਂ ਨੂੰ ਨਾਸ਼ ਕਰਨ ਕਰਕੇ ਜਿਸ ਵਿਅਕਤੀ ਨੂੰ ਦੇਵੀ ਕਿਹਾ, ਉਸ ਨੂੰ ਜਗਦੰਬਾ ਬੀ ਆਖਿਆ। ਬੱਕ੍ਰ=ਟੇਢਾ, ਜਿਵੇਂ ਚਲਾਉਣ ਵੇਲੇ ਚੱਕ੍ਰ ਫੜੀਦਾ ਹੈ।

ਅਰਥ:

ਮਹਿਖਾਸੁਰ (ਨਾਮੇ ਦੈਂਤ) ਦਾ ਅਹੰਕਾਰ ਮਲ ਸਿੱਟਣ ਵਾਲੀ (ਤੇ ਐਉਂ) ਇੰਦ੍ਰ ਨੂੰ ਬਹੁਤ ਖੁਸ਼ੀ ਦੇਣ ਵਾਲੀ ਜਗਦੰਬਾ ਹੱਥ ਵਿਚ ਟੇਢਾ ਚੱਕ੍ਰ ਧਾਰਣ ਕਰਕੇ (ਵੈਰੀਆਂ ਤੇ) ਫਤਹ ਪਾਉਣ ਵਾਲੀ (ਤੇਰੀ) ਜੈ ਹੈ! ਭਾਵ: ਮੇਰੇ ਵਿਘਨਾਂ ਦਾ ਭੀ ਨਾਸ਼ ਕਰੋ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਅਬ ਸੁਨ ਪਾਂਡਵ ਕੇਰ ਕਹਾਨੀ।

{ਪਾਂਡਵਾਂ ਦਾ ਪ੍ਰਸੰਗ}

ਜਿਨ ਢਿਗ ਰਹਤਿ ਕ੍ਰਿਸ਼ਨ ਗੁਨਖਾਨੀ।
ਸਰਬ ਦਿਸ਼ਾ ਜੀਤੀ ਇਕ ਬਾਰੀ।
ਰਾਜਸੁਅ ਮਖ[1] ਕੀਨੋ ਭਾਰੀ ॥੨॥ — [1]ਰਾਜਸੁ ਯੱਗ ਇਕ ਯੱਗ ਦਾ ਨਾਮ ਹੈਂ।
ਅਮਿਤ ਪਦਾਰਥ ਘਰ ਮਹਿਂ ਆਏ।
ਸਭਿ ਦਿਸ਼ ਕੇ ਨ੍ਰਿਪ ਪਾਇ[1] ਲਗਾਏ। — [1]ਚਰਨੀਂ।
ਦੁਰਯੋਧਨ ਕੇ ਢਿਗ ਇਕ ਕਾਲਾ।
ਗਏ ਤਹਾਂ ਜਹਿਂ ਸਭਾ ਬਿਸਾਲਾ ॥੩॥
ਬੈਠਿ ਜੂਪ[1] ਤਿਨ ਸੰਗਿ ਮਚਾਵਾ[2]। — [1]ਜੂਆ। [2]ਖੇਡਿਆ।
ਪ੍ਰਿਥਮ ਗਲਾਹ[1] ਦਰਬ ਕੋ ਲਾਵਾ। — [1]ਦਾਉ।
ਬਹੁਰ ਮਤੰਗ, ਤੁਰੰਗ ਹਰਾਏ[1]। — [1]ਹਾਰੇ।
ਸਜੰਦਨ[1] ਭੂਖਨ, ਗ੍ਰਾਮ ਲਗਾਏ[2] ॥੪॥ — [1]ਰਥ। [2]ਦਾਉ ਉਤੇ ਲਾਏ।
ਨਗਰ ਦੇਸ਼ ਸਗਰੋ ਜਿਤਵਾਵਾ[1]। — [1]ਹਾਰਿਆ।
ਬਿਪਨ ਜਾਵਨੋ[1] ਪੁਨ ਠਹਿਰਾਵਾ। — [1]ਬਨ ਨੂੰ ਜਾਣਾ।
ਦ੍ਰੁਪਦਸੁਤਾ[1] ਜਬ ਹੀ ਦਿਯ ਹਾਰੀ[2]। — [1]ਦ੍ਰੋਪਦੀ। [2]ਹਾਰ ਦਿੱਤੀ।
ਮੰਦਮਤੀ[1] ਹਰਖੇ ਉਰ ਭਾਰੀ ॥੫॥ — [1]ਖੋਟੀ ਮਤ ਵਾਲਾ (ਦਰਯੋਧਨ)।
*ਰਿਤੁ ਯੁਤ ਹੁਤੀ ਕੇਸ ਗਹਿ ਆਨੀ[1]।* — [1]ਕੇਸਾਂ ਤੋਂ ਫੜਕੇ ਲਿਆਂਦੀ।

ਕਿਨਹੁ ਛੁਰਾਵਨ ਕੀ ਨ ਬਖਾਨੀ[1]।
[1]ਕਿਸੇ ਨੇ ਦ੍ਰੋਪਦੀ ਛਡ ਦਿਓ' ਦੀ ਗੱਲ ਨਾ ਆਖੀ।

ਠਾਂਢੀ ਕਰਿ ਕੈ ਸਭਾ ਮਝਾਰੀ।
ਕਹਿਨ ਲਗੇ -ਦਿਹੁ ਚੀਰ ਉਤਾਰੀ- ॥੬॥
ਲਗੇ ਉਤਾਰਨ ਰਹਿਗੇ ਹਾਰੀ।
ਲਖਹਿੰਨ ਸਾਰੀ ਕੀ ਜਨੁ ਨਾਰੀ[1]।
[1]ਮਾਨੋ ਇਹ ਧੋਤੀਆਂ ਦੀ ਬਣੀ ਹੋਈ ਤ੍ਰੀਮਤ ਹੈ।

ਸਭਾ ਬਿਖੈ ਅੰਬਰ[1] ਅੰਬਾਰੂ[2]।
[1]ਬਸਤਰਾਂ ਦਾ। [2]ਢੇਰ।

ਲਗਜੋਂ ਮਹਾਂ ਨਹਿਂ ਪਾਯਤਿ ਪਾਰੂ ॥੭॥
ਦੁਤਿਯ ਦਿਸ਼ਾ ਕੇ ਨਰ ਨ ਦਿਸਾਈ[1]।
[1]ਨਹੀਂ ਦਿਸਦੇ ਸਨ (ਇਤਨਾ ਢੇਰ ਲੱਗ ਗਿਆ)।

ਅਸ ਰੱਖਜਾ ਕੀਨੀ ਜਗਸਾਈਂ।
ਬਹੁਰੋ ਗਮਨੇ ਬਿਪਨ ਮਝਾਰਾ।
ਰਹੇ ਤਹਾਂ ਸਹਿ ਕਸ਼ਟ ਅਪਾਰਾ ॥੮॥
ਦ੍ਵਾਦਸ਼[1] ਸੰਮਤ[2] ਫਿਰਤਿ ਬਿਤਾਏ।
[1]ਬਾਰਾਂ। [2]ਸਾਲ।

ਤ੍ਰੌਦਸਵੇਂ ਦੁਰਨੋ[1] ਠਹਿਰਾਏ।
[1]ਛੁਪਣਾ।

ਹੁਤੋ ਬਰਾਠ† ਮੱਦ੍ਰ ਅਵਨੀਪਾ[1]।
[1]ਮਦਰ ਦੇਸ਼ ਦਾ ਰਾਜਾ।

†ਵਿਰਾਟ ਨਾਮ ਰਾਜੇ ਦਾ ਹੈ, ਤੇ ਮੱਦਰ ਨਾਮ ਦੇਸ਼ ਦਾ। ਮਦਰ ਨਾਮ ਪੰਜਾਬ ਦਾ ਹੈ ਯਾ ਪੰਜਾਬ ਦਾ ਬੀ ਵਿਚਲਾ ਹਿੱਸਾ ਜੇਹਲਮ ਰਾਵੀ ਵਿਚਕਾਰਲਾ। ਵਿਰਾਟ ਦੇਸ਼ ਕਈ ਵੇਰ ਬੈਗਰ ਸੂਬੇ ਦਾ ਨਾਮ ਬੀ ਦੱਸਦੇ ਹਨ। ਜੇ ਮਦ੍ਰ ਤੋਂ ਮੁਰਾਦ ਪੰਜਾਬ ਹੋਵੇ ਤੇ ਵਿਰਾਠ ਬੀ ਦੇਸ਼ ਦਾ ਨਾਮ ਹੋਵੇ ਤਾਂ ਹੋਤੀ ਮਰਦਾਨ ਦੇ ਪਾਸ ਤਖਤ ਬਾਹੀ ਦਾ ਇਲਾਕਾ ਵਿਰਾਠ ਹੋ ਸਕਦਾ ਹੈ।

ਪਹੁੰਚੇ ਤਿਹਂ ਕੇ ਜਾਇ ਸਮੀਪਾ ॥੯॥
ਧਰਮਜ[1] ਚੌਪਰ ਕੇਰ ਖਿਡਾਵਾ।
[1]ਯੁਧਿਸ਼ਟਰ।

ਕੰਕ ਨਾਮ ਅਪਨੋ ਧਰਿਵਾਵਾ।
ਭੀਮ ਰਸੋਈਆ ਬੱਲਭ ਨਾਮੂ।
ਭੋਜਨ ਕਰਨ ਕੀਨ ਸਭਿ ਕਾਮੂ ॥੧੦॥
ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿ ਹੀ।
ਭਾ ਬਿਹੰਡੜਾ[1] ਅਰਜਨ ਤਬ ਹੀ।
[1]ਅਰਜਨ ਦਾ ਉਸ ਸਮਯ ਦਾ ਨਾਮ ਜਿਸ ਸਮਯ ਇਸਤ੍ਰੀ ਵੇਸ਼ ਵਿਚ ਛੁਪਕੇ ਵਿਰਾਠ ਪੁੱਤ੍ਰੀ ਨੂੰ ਨ੍ਰਿਤਕਾਰੀ ਸਿਖਾਉਂਦਾ ਸੀ। [ਸੰਸ: बृहन्नला ਬ੍ਰਿਹਨ੍ਨਲਾ]।

ਉੱਤ੍ਰਾਂ ਹੁਤੀ ਬਰਾਠ ਕੁਮਾਰੀ।
ਲਗਜੋ ਸਿਖਾਵਨ ਤਿੰਹ ਨ੍ਰਿਤਕਾਰੀ[1] ॥੧੧॥
[1]ਨਾਚ।

ਬਾਜਪਾਲ[1] ਕੋ ਬੇਖ ਬਨਾਈ।
[1]ਘੋੜੇ ਪਾਲਣ ਵਾਲਾ।

ਰਹਜੋ ਨਕੁਲ ਨ੍ਰਿਪ ਕੇ ਢਿਗ ਜਾਈ।
ਭਾ ਗੋਪਾਲ[1] ਤਬਹਿ ਸਹਿਦੇਵਾ। [1]ਗਊਆਂ ਦੇ ਪਾਲਣ ਵਾਲਾ।
ਦੂਰਿ ਕੈ ਰਹੇ ਨ ਕੋ[1] ਲਖਿ ਭੇਵਾ ॥੧੨॥ [1]ਕੋਈ।

ਦੋਹਰਾ:
ਦ੍ਰੂਪਦਸੁਤਾ[1] ਹੁਇ ਸਜੰਦਰੀ[2], ਨ੍ਰਿਪਤ ਨਾਰਿ ਢਿਗ ਜਾਇ। [1]ਰਾਜਾ ਦਰੋਪਦ ਦੀ ਪੁੱਤ੍ਰੀ (ਦ੍ਰੋਪਤੀ)। [2]ਦਾਸੀ।
ਸੇਵ ਕਰਨ ਪਰ ਸੋ[1] ਰਹੀ, ਜਿਹ ਤਨ ਰੁਚਿਰ ਸੁਹਾਇ ॥੧੩॥ [1]ਉਹ ਭਾਵ ਦ੍ਰੋਪਤੀ।

ਚੌਪਈ:
[†]ਨਾਗਨ ਸਮ ਲਟਕੀ ਲਟ[1] ਜਾਂ ਕੀ। [1]ਕੇਸਾਂ ਦੀਆਂ ਲਟਾਂ।

[†]ਕਿਸੇ ਚੀਜ਼ ਬਾਬਤ ਵਰਣਨ ਕਰਨ ਲਗਿਆਂ ਉਹਦਾ ਹੂਬਹੂ ਚਿੱਤ੍ਰ ਅਖਰਾਂ ਵਿਚ ਖਿੱਚ ਕੇ ਰਖ ਦੇਣਾ ਉਹਨਾਂ ਗੁਣਾਂ ਵਿਚੋਂ ਹੈ ਜੋ ਉਚੇ ਕਵੀਆਂ ਵਿਚ ਹੀ ਹੁੰਦੇ ਹਨ। ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਇਸ ਗੁਣ ਦਾ ਕਿਤੇ ਕਿਤੇ ਕਮਾਲ ਦਰਸਾਇਆ ਹੈ ਤੇ ਕਿਸੇ ਚੀਜ਼ ਨੂੰ ਨਿਰੂਪਣ ਕਰਨ ਲੱਗਿਆਂ ਉਹਨੂੰ ਇੰਜ ਸਾਂਗੋਂ ਪਾਂਗ ਵਰਣਨ ਕੀਤਾ ਹੈ ਕਿ ਓਹਦੀ ਉਦਾਹਰਨ ਉੱਚ ਚੋਟੀ ਦੇ ਕਵੀਆਂ ਵਿਚ ਹੀ ਮਿਲ ਸਕਦੀ ਹੈ ਪਰੰਤੂ ਕਿਤੇ ਕਿਤੇ ਇਹ ਖੂਬੀ ਕੁਛ ਬੇਮੌਕਿਆ ਹੋ ਜਾਂਦੀ ਹੈ, ਜਿਵੇਂ ਏਥੇ, ਕਿ ਭੈਣ ਭਰਾ, ਪਿਤਾ ਪੁੱਤ੍ਰੀ ਸਤਿਗੁਰ ਦਾ ਇਤਿਹਾਸ ਪੜ੍ਹਦੇ ਸੁਣਦੇ ਐਸੇ ਥਾਈਂ ਆ ਕੇ ਕਿਸ ਤਰ੍ਹਾਂ ਇਕ ਦੂਜੇ ਨੂੰ ਸੁਣਾ ਸਕਣਗੇ। ੧੪. ੧੫. ੧੬. ੧੭. ਅੰਕ ਵਾਧੂ ਜੇਹੇ ਜਾਪਦੇ ਹਨ। ਕਵਿ ਜੀ ਦੀ ਸ਼ਿੰਗਾਰ ਰਸ ਦੀ ਸ਼ਾਰਦਾ ਏਥੇ ਆਪਣੇ ਵੇਗ ਵਿਚ ਆਈ ਹੈ ਤੇ ਏਹ ਬੀ ਚੇਤਾ ਭੁੱਲ ਗਿਆ ਹੈ ਕਿ ਕਥਾ ਮੈਂ ਕਹਿ ਰਿਹਾ ਹਾਂ ਕਿ ਗੁਰੂ ਜੀ ਤੋਂ ਕਹਿਵਾ ਰਿਹਾ ਹਾਂ। ਦੇਖੋ ਇਸੇ ਅਧਜਾਯ ਦਾ ਅੰਕ ੩੪ ਤੇ ਟੂਕ, ਅਤੇ ਅੰਕ ੭੭ ਤੇ ਟੂਕ ਜਿਨ੍ਹਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਕਵਿ ਜੀ ਇਹ ਗੱਲ ਭੁੱਲ ਗਏ ਹਨ, ਤੇ ਦ੍ਰੋਪਤੀ ਦੀ ਕਥਾ ਹੁਣ ਇਉਂ ਵਰਣਨ ਕਰ ਰਹੇ ਹਨ ਜਿਵੇਂ ਆਪ ਹੀ ਕਥਾ ਕਰ ਰਹੇ ਹਨ।

ਮਦਨ ਧਨੁਖ ਭ੍ਰਿਕੁਟੀ ਸੁਠ[1] ਬਾਂਕੀ[2]। [1]ਸਹੁਣੀਆਂ। [2]ਟੇਢੀਆਂ।
ਕੁੰਦ ਰਦਨ[1] ਬਦਨ ਸਸਿ ਰਾਂਕਾ[2]। [1]ਮਰਤਬਾਨ ਦੇ ਫੁੱਲ ਵਾਂਙ ਦੰਦ। [2]ਮੁਖ ਪੂਰਨਮਾਸ਼ੀ ਦੇ ਚੰਦਰਮਾਂ ਵਰਗਾ।
ਉਦਰ ਸਤ੍ਰਿਵਲਿ[1] ਮਨੋਹਰ ਜਾਂਕਾ ॥੧੪॥ [1]ਪੇਟ ਤਿੰਨ ਵਲਾਂ ਦੇ ਸਹਤ।
ਰਤਿ[1] ਰਤੀਕ ਹ੍ਵੈ[2] ਜਿਤ ਦੁਤਿ ਦੇਖੀ[3]। [1]ਕਾਮਦੇਵ ਦੀ ਇਸਤ੍ਰੀ। [2]ਤੁੱਛ ਹੋ ਜਾਂਦੀ ਹੈ। [3]ਜਿਸ ਦੀ ਸੁੰਦਰਤਾ ਵੇਖਕੇ।
ਤੀਛਨ ਬਾਨ ਕਟਾਛ ਬਿਸ਼ੇਖੀ[1]। [1]ਅਤਿਸ਼ੈ ਕਰ ਨੇਤ੍ਰਾਂ ਦੀ ਤੱਕਣੀ ਮਾਨੋਂ ਬਾਨ ਹਨ ਤਿੱਖੇ।
ਕੁਚਾ[1] ਬਨੇ ਜੁਗ ਕਾਮ ਨਗਾਰੇ[2]। [1]ਅਸਥਨ। [2]ਦੋਵੇਂ ਕਾਮ ਦੇ ਧੌਂਸੇ।
ਸਭਿ ਜਗ ਜੀਤ ਉਲਟਿ[1] ਜਨੁ ਡਾਰੇ ॥੧੫॥ [1]ਮੂਧੇ ਕਰਕੇ।
ਦੀਪ ਸ਼ਿਖਾ ਸੀ[1] ਕੋਕਲ ਬੈਨੀ। [1]ਦੀਵੇ ਦੀ ਲਾਟ ਵਰਗੀ।
ਗਜ ਗਾਮਨਿ[1] ਮ੍ਰਿਗ ਸ਼ਾਵਕ ਨੈਨੀ[2]। [1]ਹਾਥੀ ਦੀ ਚਾਲ ਵਾਲੀ। [2]ਮਿਰਗ ਦੇ ਬੱਚੇ ਦੇ ਨੇਤ੍ਰਾਂ

ਵਾਲੀ।

ਜਮਨ ਭ੍ਰਮਰੀ[1] ਨਾਭਿ ਗੰਭੀਰਾ।
[1]ਜਮਨਾ ਦੀ ਘੁਮਣਘੇਰੀ ਵਾਂਙ।

ਨਖਨ ਬਿਲੋਕਤਿ[1] ਲਾਜਤਿ[2] ਹੀਰਾ ॥੧੬॥
[1]ਨਹੁੰਆਂ ਨੂੰ ਦੇਖਕੇ। [2]ਸ਼ਰਮਿੰਦਾ ਹੋ ਜਾਂਦਾ ਹੈ।

ਦੋਹਰਾ:

†ਪਾ:-ਬਾਹੁ ਗ੍ਰੀਵ ਕੀ।

ਬਹੁਰ ਗ੍ਰੀਵ ਕੀ† ਰੁਚਿਰਤਾ, ਮਨਹੁ ਉਤਾਈ ਭਾਇ[1]।

[1]ਮਾਨੋਂ ਉਤਾਰ ਲਈ ਹੈ, ਸ਼ੋਭਾ, ਭਾਵ ਗਿਚੀ ਦੀ ਖੁਬਸੂਰਤੀ ਸ਼ੋਭਾ (ਹੀ) ਦੀ ਮਾਨੋਂ (ਤਸਵੀਰ) ਉਤਾਰ ਲਈ ਹੈ। (ਅ) ਮਨਹੁ=ਮਾਨੋ, ਉਤਾਈ=ਉੱਚੀ ਉਠ ਰਹੀ ਭਾਇ=(ਅੱਗ ਦੀ) ਲਾਟ (ਹੈ)। (ੲ) ਮਨਹੁ=ਅੱਗ ਦੀ। ਉਤਾਈ=ਉੱਚੀ ਉੱਠ ਰਹੀ। ਭਾਇ=ਲਾਟ ਹੈ, ਭਾਵ=ਗਿੱਚੀ ਦੀ ਸੁੰਦਰਤਾ ਐਸੀ ਹੈ ਜੈਸੀ ਉੱਚੀ ਉੱਠ ਰਹੀ ਅਗਨੀ ਦੀ ਲਾਟ ਦੀ ਹੁੰਦੀ ਹੈ। [ਸੰਸ:-ਮਨੁ=ਅੱਗ]। (ਸ) ਉਤਾਈ=ਉਤਾਰਾ, ਤਸਵੀਰ। ਭਾਇ=ਵਰਗੀ। ਗਿੱਚੀ ਦੀ ਸੁੰਦਰਤਾ ਮਾਨੋ ਤਸਵੀਰ ਵਰਗੀ ਹੈ। (ਹ) ਉਤਾਈ=ਪਹਾੜ ਦੀ ਉਤਰਾਈ, ਭਾਵ ਜਿਵੇਂ ਉਤਰਾਈ ਦੀ ਸੁੰਦਰਤਾ ਹੁੰਦੀ ਹੈ। (ਕ) ਉਤਾਈ ਜੇ ਅਸਲ ਵਿਚ ਉਡਾਈ ਪਾਠ ਹੋਵੇ ਤਾਂ, ਉਡਾਈ=(ਉਡਾ) ਕੂੰਜ। ਭਾਵ=ਗਿੱਚੀ ਦੀ ਸੁੰਦਰਤਾ ਕੂੰਜ (ਦੀ ਗਿੱਚੀ ਦੀ ਸੁੰਦਰਤਾ) ਦੀ ਕਿਸਮ ਦੀ ਹੈ। (ਖ) ਕਈ ਸੱਜਣ ਸਾਨੂ ਦੇ ਬੰਨ੍ਹ ਦੀ ਉਚਜਾਈ ਵੀ ਅਰਥ ਲਾਉਣ ਦਾ ਯਤਨ ਕਰਦੇ ਹਨ।

ਚਿਬੁਕ ਸਜਾਮਤਾ[1]† ਰਾਹੁ ਜਨ, ਦੁਰਜੋ ਸਸੀ ਮੈਂ ਆਇ[2] ॥੧੭॥

[1]ਠੋਡੀ ਵਿਚ ਕਾਲੀ ਬਿੰਦੀ। [2]ਮਾਨੋਂ ਰਾਹੁ ਛੁਪਿਆ ਹੈ ਚੰਦਰਮਾਂ ਵਿਚ ਆ ਕੇ। †ਸਜਾਮਤਾ ਤੋਂ ਮੁਰਾਦ ਓਹ ਕਾਲੋਂ ਹੈ ਜੋ ਇਸਤ੍ਰੀਆਂ ਆਪਣੀ ਠੋਡੀ ਵਿਚ ਬਿੰਦੀਆਂ ਉਖਣਾਉਂਦੀਆਂ ਹਨ।

ਚੌਪਈ:

ਜਿਹ ਆਗੈ ਦਾਸੀ ਬਹੁ ਹੋਵਤਿ।
ਸੇਵਹਿ ਕਰ[1] ਬੰਦੇ ਮੁਖ ਜੋਵਤਿ।
[1]ਹੱਥ।

ਸੋ ਬਿਰਾਠ ਨ੍ਰਿਪ ਕੀ ਰਜਧਾਨੀ।
ਬਨਿ ਸਯੰਦਰੀ[1] ਬੇਖ ਦੁਰਾਨੀ[2] ॥੧੮॥
[1]ਦਾਸੀ। [2]ਦੇ ਵੇਸ ਵਿਚ ਛੁਪ ਰਹੀ।

ਰਹਤਿ ਦ੍ਰੋਪਤੀ ਬੈਨ ਉਚਾਰੇ-।
ਗੰਧ੍ਰਬ ਮੋਹਿ ਪੰਚ ਰਖਵਾਰੇ।
ਕਾਮ ਦ੍ਰਿਸ਼ਟਿ ਮੋ ਕੋ ਜੋ ਦੇਖੇ।
ਮ੍ਰਿਤਕ ਕਰਤਿ[1] ਸੋ ਬਲੀ ਬਿਸ਼ੇਖੇ- ॥੧੯॥
[1]ਮੁਰਦਾ ਕਰ ਦਿੰਦੇ ਹਨ।

ਸਭਿਨਿ ਸੁਨਾਇ ਦੀਨਿ ਅਸ ਬਾਨੀ।
ਸੇਵ ਕਰਨ ਰਾਨੀ ਕੀ ਠਾਨੀ।
ਕਿਤਿਕ ਦਿਵਸ ਜਬ ਰਹਿਤਿ ਬਿਤਾਏ।
ਛਪੇ ਰਹੇ ਕਿਨ ਜਾਨਿ ਨ ਪਾਏ ॥੨੦॥
ਹੁਤੋ ਭ੍ਰਾਤ ਇਕ ਰਾਨੀ ਕੇਰਾ।

| | |
|---|---|
| ਕ੍ਰੀਚਕ ਆਖ੍ਯ[1] ਬਲੀ ਬਡੇਰਾ। | [1]ਕ੍ਰੀਚਕ (ਉਸ ਦਾ) ਨਾਮ (ਸੀ)। |
| ਸਹਿਜ ਸੁਭਾਇ ਸੁਸਾ[1] ਢਿਗ ਆਵਾ। | [1]ਭੈਣ। |
| ਦ੍ਰੁਪਦਸੁਤਾ ਕੋ ਪਿਖਿ ਬਿਰਮਾਵਾ[1] ॥੨੧॥ | [1]ਭਰਮ ਗਿਆ। |
| ਦਸ ਸਹੰਸ੍ਰ ਗਜ[1] ਬਲ ਜਿਸ ਮਾਂਹੀ†। | [1]ਦਸ ਹਜ਼ਾਰ ਹਾਥੀਆਂ ਦਾ। †ਇਹ ਬਲ ਉਸ ਦੇ ਸਰੀਰ ਦਾ ਅਤਯੋਕ੍ਤੀ ਵਿਚ ਵਰਣਨ ਹੈ, ਸਚਮੁਚ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਉਸ ਦੀ ਹਾਥੀ ਸੈਨਾ ਐਤਨੀ ਹੋਵੇ। |
| ਪ੍ਰਭੁਤਾ ਮਦ ਤੇ ਸੁਧ ਬੁਧਿ ਨਾਂਹੀ। | |
| ਲਖੇ ਬਿਲੋਚਨ ਜਬ ਰਤਨਾਰੇ[1]। | [1]ਜਦ (ਦ੍ਰੋਪਤੀ ਦੇ) ਰਤਨਾਂ ਵਰਗੇ ਯਾ ਲਾਲ ਨੇਤ੍ਰ ਵੇਖੇ। |
| ਮਨਹੁ ਸੁਭਟ ਕਿਨ ਬਾਨ ਪ੍ਰਹਾਰੇ ॥੨੨॥ | |
| ਮਦਨ[1] ਉਦਧਿ[2] ਹ੍ਵੈ ਮਗਨ ਅਧੀਰੂ[3]। | [1]ਕਾਮ ਦੇ। [2]ਸਮੁੰਦਰ ਵਿਚ। [3]ਡੁਬਾ ਧੀਰਜ ਰਹਤ ਹੋਕੇ। |
| ਪਹੁੰਚੇ ਕਯੋਂ[1] ਬਿਬੇਕ ਜੋ ਤੀਰੂ[2]। | [1]ਕਿਵੇਂ। [2]ਗ੍ਯਾਨ (ਰੂਪੀ) ਕਿਨਾਰੇ। |
| ਘਾਇਲ ਜਯੋਂ ਤਿਹ ਛਿਨ ਤਰਫਾਵਾ। | |
| ਕਾਮਾਤੁਰ ਹ੍ਵੈ ਬਚਨ ਅਲਾਵਾ ॥੨੩॥ | |
| -ਹੇ ਦਾਸੀ ! ਤੂੰ ਲਾਗਤਿ ਪਜਾਰੀ। | |
| ਮਿਲਹੁ ਆਨਿ ਮੁਰ ਅੰਗ ਸੰਗਾਰੀ[1]। | [1]ਮੇਰੇ ਅੰਗਾਂ ਨਾਲ। |
| ਬਦਨ ਬਿਲੋਕੇ ਮਦਨ ਬਿਸਾਲਾ। | |
| ਜਾਗਯੋ ਰਿਦੇ, ਕੇਲ ਕਰਿ ਬਾਲਾ[1] !- ॥੨੪॥ | [1]ਹੇ ਇਸਤ੍ਰੀ ! |
| ਦੋਹਰਾ: | |
| ਦ੍ਰੁਪਦਸੁਤਾ ਸੁਨਿ ਕਹਤਿ ਭੀ, -ਗੰਧ੍ਰਬ ਮਮ ਰਖਵਾਰ। | |
| ਕਾਮ ਦ੍ਰਿਸ਼ਟਿ ਜੇ ਦੇਖਿਹੀਂ, ਕਰਹਿਂ ਸਿ ਤੋਰਿ[1] ਸੰਘਾਰ[2]- ॥੨੫॥ | [1]ਤੇਰਾ। [2]ਨਾਸ਼। |
| ਚੌਪਈ: | |
| ਮਦਨੁੰਮਦ ਹੁਇ[1] ਕਛੁ ਨ ਮਾਨਾ। | [1]ਮਦਨ+ਉਨਮੱਤ=ਕਾਮ ਵਿਚ ਮਸਤ। (ਅ) ਕਾਮ ਦੇ ਮਦ ਵਿਚ ਹੋ ਕੇ। |
| ਦੌਰਯੋ ਗਹਿਨ ਪਾਨ ਮਹਿਂ ਪਾਨਾ[1]। | [1]ਹੱਥ ਵਿਚ ਹੱਥ। |
| ਕਰੇ ਤ੍ਰਾਸ[1] ਧਾਈ ਸ਼ਸ਼ਿ ਜੈਸੇ[2]। | [1]ਡਰ। [2]ਚੰਦ ਵਾਂਙੂ। |
| ਰਾਹੁ[1] ਭੀਤ[2] ਬਾਸਵ[3] ਢਿਗ[4], ਤੈਸੇ ॥੨੬॥ | [1]ਰਾਹੂ ਦੇ। [2]ਡਰ ਕਰਕੇ। [3]ਇੰਦ੍ਰ ਦੇ। [4]ਪਾਸ। |

ਜਹਿਂ ਬਰਾਠ ਹੈ ਸਭਾ ਲਗਾਈ।
ਉਚ ਪੁਕਾਰਤਿ ਦੌਰਤਿ ਆਈ।
ਧਰਮਜ, ਭੀਮ, ਨੁਕਲ, ਸਹਿਦੇਵਾ।
ਬੈਠੇ ਕਰਹਿਂ ਨ੍ਰਿਪਤ ਕੀ ਸੇਵਾ ॥੨੭॥
ਦ੍ਰੁਪਦਸੁਤਾ ਚਿਤ ਹ੍ਵੈ ਅਤਿ ਆਰਤ[1]।
[1]ਦੁਖੀ।
ਗਈ ਭੂਪ ਢਿਗ ਦੁਖਤਿ ਪੁਕਾਰਤਿ।
ਸਰਬ ਲੋਕ ਅਵਲੋਕਤਿ ਲੋਚਨ।
ਕਰ ਨ ਸਕ੍ਯੋ ਤਿੰਹ ਕੋ[1] ਕੋ[2] ਮੋਚਨ[3] ॥੨੮॥
[1]ਤਿਸਨੂੰ। [2]ਕੋਈ। [3]ਛੁਡਾਵਣਾ।

ਦੋਹਰਾ:
ਕ੍ਰੀਚਕ ਧਾਯੋ ਸੰਗ ਤਿਹ, ਪਕਰੀ ਸਭਾ ਮਝਾਰ।
ਮਹਾਂ ਬਲੀ ਤਿਹ ਜਾਨਿ ਕੈ, ਨ੍ਰਿਪਤ ਨ ਕਿਯ ਹਟਕਾਰ ॥੨੯॥

ਚੌਪਈ:
[1]ਹਾਥੀ ਨੇ। [2]ਵੇਲ ਨੂੰ। [3]ਖਿੱਚ। [4]ਜਿਵੇਂ।
ਕੁੰਜਰ[1] ਲਤਾ[2] ਕਰਖ[3] ਜਿਉਂ[4] ਲੀਨੀ।
ਗਹਿ ਕੈ ਲਾਤ ਪ੍ਰਹਾਰਨ ਕੀਨੀ[1]।
[1]ਲੱਤ ਮਾਰੀ।
ਭੀਮ ਬਿਲੋਕਤਿ ਰਿਸ[1] ਉਰ ਭਰਾ।
[1]ਗੁੱਸਾ।
ਅਰੁਨ[1] ਬਿਲੋਚਨ ਆਨਨ[2] ਕਰਾ ॥੩੦॥
[1]ਲਾਲ। [2]ਮੁਖ।
ਧਰਮਜ ਬਰਜਜੋ[1] ਨੈਨਨ ਸੈਨਾ[2]।
[1]ਰੋਕਿਆ। [2]ਅੱਖ ਦੇ ਇਸ਼ਾਰੇ ਨਾਲ।
ਪ੍ਰਗਟ ਹੋਨ ਡਰ ਬੋਲਿ[1] ਨ ਬੈਨਾ[2]।
[1]ਬੋਲਿਆ ਨਾਂ। [2]ਬਚਨ।
ਮਹਾਂ ਬਲੀ ਬੈਠੇ ਪਤਿ ਪਾਸੁ[1]।
[1]ਪਤੀ ਪਾਸ ਬੈਠੇ ਹਨ।
ਤਹਿਂ ਤੇ ਗਹਿ ਲੇ ਚਲਾ ਅਵਾਸੁ[1] ॥੩੧॥
[1]ਘਰ ਨੂੰ।
ਰੋਏ ਪਾਂਡਵ ਮਿਲਿ ਤਿਹ ਥਾਈਂ।
ਹੋਨਹਾਰ ਨਹਿਂ ਟਲੇ ਟਲਾਈ।
ਅਧਿਕ ਦੁਖੀ ਹੋਏ ਮਨ ਮਾਂਹੀ।
ਬਿਨਾ ਗਜਾਨ ਕਿਹ ਕਬਿ ਸੁਖ ਨਾਂਹੀ ॥੩੨॥

ਦੋਹਰਾ:
ਇਹ ਪ੍ਰਸੰਗ ਪੂਰਨ ਕਹੋ†
ਸੁਨਹੁ ਸੰਤ ਇਤਿਹਾਸ।

†'ਕਹੋਂ' ਪਦ ਸਾਫ ਦੱਸਦਾ ਹੈ ਕਿ ਕਵਿ ਜੀ ਭੁੱਲ ਚੁੱਕੇ ਹਨ ਕਿ ਓਹ ਇਹ ਕਥਾ ਗੁਰੂ ਜੀ ਤੋਂ ਕਹਿਵਾ ਰਹੇ ਹਨ, ਹੁਣ ਜਿਸ ਕਾਵ੍ਯ ਸੁੰਦਰਤਾ ਦੇ ਵੇਗ ਵਿਚ ਟੁਰ ਰਹੇ ਹਨ ਆਪੂੰ ਕਵਿ ਜੀ ਕਥਾ ਕਰ ਰਹੇ ਹਨ। ਕਵਿ ਜੀ ਇਹ ਬੀ ਭੁੱਲ ਚੁੱਕੇ ਹਨ ਕਿ ਬਾਲਾ ਸੰਧੂ ਬੀ ਦੂਸਰੇ ਥਾਂ ਕਥਾ ਕਰਣ ਵਾਲਾ ਸੀ। ਜੇ ਮਿਥ ਲਈਏ ਕਿ ਨਹੀਂ ਭੁੱਲ ਚੁਕੇ ਤਾਂ ਇਥੋਂ ਹੁਣ ਆਪ ਕਥਾ ਕਹਿਣ ਲੱਗੇ ਹਨ, ਇਹ ਗੱਲ ਫਿਰ ਬੀ ਸਪੱਸ਼ਟ ਹੈ।

ਦ੍ਰੁਪਦ ਸੁਤਾ ਦੁਖ ਆਤੁਰੀ[1] — [1]ਦੁਖ (ਕਰਕੇ) ਦੁਖੀ।
ਕਹਿਤਿ ਨ੍ਰਿਪਤਿ ਕੇ ਪਾਸ ॥੩੩॥

{ਕ੍ਰੀਚਕ ਪ੍ਰਸੰਗ}

ਚੌਪਈ:

-ਧ੍ਰਿਗ ਭੂਪਤ ! ਤੂੰ ਬਡੋ ਕੁਧਰਮੀ।
ਲਖੀ ਸਭਾ ਸਭਿ ਤੋਰਿ ਕੁਕਰਮੀ।
ਬਾਮੀ[1] ਅਘੀ[2] ਦੁਸ਼ਟ ਮਤਿਵਾਰੋ। — [1]ਟੇਢਾ। [2]ਪਾਪੀ।
ਧ੍ਰਿੱਗ ਤੁਮਹਿ ਨਹਿਂ ਕਰਤਿ ਨਿਵਾਰੋ[1] ॥੩੪॥ — [1]ਮਨ੍ਹਾਂ ਨਹੀਂ ਕਰਦਾ (ਕ੍ਰੀਚਕ ਨੂੰ)।
ਸਭਾ ਬਿਖੇ ਬੈਸੇ ਧ੍ਰਿਗ ਤਿਨ ਕੋ।
ਦੇਖੋ ਛੀਨ[1] ਭਯੋ ਬਲ ਜਿਨ ਕੋ-। — [1]ਨਾਸ਼।
ਬਹੁ ਕੁਬੋਲ ਬੋਲਤਿ ਭੀ ਬਿਹਬਲ।
ਚਲ੍ਯੋ ਐਂਚ ਲੇ[1] ਬਲ ਕਰਿ ਨਿਜ ਥਲ ॥੩੫॥ — [1]ਖਿੱਚ ਕੇ ਲੈ ਚਲਿਆ।
ਸਰਬ ਦਿਸ਼ਿਨ ਤੇ ਆਸ ਚੁਕਾਈ।
ਛੁਟਨ ਹੇਤ ਨਿਜ ਕੀਨ ਉਪਾਈ।
ਅਰਧ ਪੰਥ ਪਹੁੰਚੀ ਜਬ ਆਈ।
ਕ੍ਰੀਚਕ ਸੋਂ ਤਬ ਗਿਰਾ ਅਲਾਈ ॥੩੬॥

ਦੋਹਰਾ:

-ਜਬ ਜਾਮਨਿ[1] ਹੋਵਹਿ ਤਿਮਰ[2], ਮਿਲਿਹੌਂ ਤਬ ਤੁਮ ਆਇ। — [1]ਰਾਤ ਨੂੰ। [2]ਅਨ੍ਹੇਰਾ।
ਤਜੀਏ ਅਬ ਮੋ ਕੋ ਦਿਵਸ, ਨਿਜ ਸੰਕੇਤ[1] ਬਤਾਇ- ॥੩੭॥ — [1]ਥਾਂ, ਮਿਲਣ ਦਾ ਟਿਕਾਣਾ।

ਚੌਪਈ:

ਇਸ ਬਿਧਿ ਸੁਨਿ ਕ੍ਰੀਚਕ ਹਰਖਾਨਾ।
ਬਿਗਸਿ ਬਦਨ ਤੇ ਬਚਨ ਬਖਾਨਾ।
-ਨਿਸਾ ਹੋਤਿ ਸੂਨੀ ਚਟਸਾਰੂ[1]। — [1]ਸੱਖਣੀ ਚਟਸਾਲਾ।
ਤਹਾਂ ਆਇ ਮਿਲਿ ਮੋਹਿ ਸੰਗਾਰੂ[1] ॥੩੮॥ — [1]ਮੇਰੇ ਨਾਲ।

| | |
|---|---|
| ਜੇ ਜਾਮਨਿ ਕੋ ਨਹਿਂ ਤੁਮ ਆਈ। | |
| ਭੋਰ[1] ਭਈ ਤੇ ਲੇਉਂ ਗਹਾਈ-। | [1]ਸਵੇਰ। |
| ਛੁਟੀ ਸਿੰਘ[1] ਤੇ ਮਿਰਗੀ[2] ਜੈਸੇ। | [1]ਸ਼ੇਰ। [2]ਹਰਨੀ। |
| ਗਮਨਜੋ ਸਦਨ ਬਿਖੈ ਤਜਿ ਤੈਸੇ ॥੩੯॥ | |
| ਬਿਥਰੇ[1] ਬਾਰ[2] ਬਦਨ ਕੁਮਲਾਨੋ। | [1]ਖਿਲਰੇ। [2]ਵਾਲ। |
| ਘਿਰਜੋ ਤਮੀਪਤਿ ਤਮ ਨੈ ਮਾਨੋਂ[1]। | [1]ਮਾਨੋਂ ਚੰਦ੍ਰਮਾ ਨੂੰ ਅੰਧੇਰੇ ਨੇ (ਭਾਵ ਚਿਹਰੇ ਨੂੰ ਵਾਲਾਂ ਨੇ) ਘੇਰਿਆ ਹੈ |
| ਸੂਕੇ ਅਧਰ[1] ਸਿਥਲ[2] ਸਭਿ ਅੰਗਾ। | [1]ਬੁਲ੍ਹ। [2]ਢਿੱਲੇ। |
| ਲਪਟਿ ਧੂਲ ਤਨ ਭਯੋ ਕੁਰੰਗਾ[1]† ॥੪੦॥ | [1]ਖੋਟੇ ਰੰਗ ਦਾ, ਬੇਰੰਗ। †ਆਤੁਰ ਦਸ਼ਾ ਦੀ ਕੈਸੀ ਤਸਵੀਰ ਹੈ। |
| ਦੋਹਰਾ: | |
| ਭੂਪ ਉਠਾ ਸਭਿ ਸਭਾ ਸੋਂ, ਹੋਤਿ ਭਈ ਜਬ ਰੈਨ। | |
| ਉਰ ਬਿਸੂਰਿ[1] ਪਾਂਡਵ ਗਏ ਜਹਿਂ, ਜਹਿਂ ਤਿਨ ਕੇ ਐਨ ॥੪੧॥ | [1]ਝੂਰਕੇ। |
| ਚੌਪਈ: | |
| ਭੋਜਨ ਕਰਨ ਹੁਤੀ ਜਿਹ ਥਾਈਂ। | |
| ਬੈਠਜੋ ਭੀਮ ਤਹਾਂ† ਪਛੁਤਾਈ। | †ਪਾ:-ਰਹਜੋ। |
| ਹੋਏ ਤਿਮਰ ਦ੍ਰੋਪਤੀ ਆਈ। | |
| ਰੋਇ ਭੀਮ ਕੇ ਗਰ ਲਪਟਾਈ ॥੪੨॥ | |
| ਤਾਰ ਬ੍ਰਿੱਖ[1] ਜਿਉਂ ਲਤਾ[2] ਸੁ ਲਾਗੀ। | [1]ਤਾੜ ਦੇ ਬ੍ਰਿਛ ਨੂੰ। [2]ਵੇਲ। |
| ਰੋਵਤਿ ਜਨੁ ਧੋਵਤਿ ਦੁਖ ਦਾਗੀ[1]। | [1]ਦੁਖਾਂ (ਦੇ) ਦਾਗ਼। |
| ਮੁਖ ਤੇ ਵਾਕ ਨ ਜਾਇ ਬਖਾਨਾ। | |
| ਗਦਗਦ ਗਿਰਾ[1] ਪਰਮ ਡਰ ਮਾਨਾ ॥੪੩॥ | [1]ਗਲਾ ਭਰ ਆਉਣ ਨਾਲ ਬਾਣੀ ਰੁਕਦੀ ਹੈ। |
| ਧਰਿ ਧੀਰਜ ਪੁਨ ਬੈਨ ਉਚਾਰੇ। | |
| -ਪਾਂਚੋ ਪਤਿ ਤੁਮ ਮੋ ਰਖਵਾਰੇ। | |
| ਮਹਾਂ ਸੂਰ ਅਤਿ ਬਲੀ ਧਨੁਰਧਰ[1]। | [1]ਧਨੁਖਧਾਰੀ। |
| ਤੁਮ ਹੋਵਤਿ ਸਤ ਟਾਰਤਿ[1] ਬਲ ਕਰਿ ॥੪੪॥ | [1]ਸਤ ਟਾਲਦਾ ਹੈ (ਕ੍ਰੀਚਕ)। |
| ਦੋਹਰਾ: | |
| ਕਹਾ ਮਿਲਨ ਸੰਕੇਤ ਕੋ, ਜੌ ਨ ਜਾਉਂ ਤਿਹ ਪਾਸ। | |

ਭੋਰ ਭਈ ਲੇ ਜਾਵਈ, ਗਹਿ ਕਰਿ ਅਪਨ
ਅਵਾਸ- ॥੪੫॥

ਸ੍ਵੈਯਾ:

ਸੀਤਲ ਸ੍ਵਾਸ ਭਰੇ ਕਹਿ ਬੈਨ
ਬਿਲੋਚਨ ਤੇ ਜਲ ਨਾ ਠਹਿਰਾਈ।
ਚਿੰਤ ਬਡੀ ਸਰਿਤਾ ਮਹਿਂ ਬੂਡਿ[1]
[1]ਬੜੀ ਚਿੰਤਾ ਨਦੀ ਵਿਚ ਡੁਬ ਰਹੀ।
ਉਪਾਵ ਕਰਾਰ[1] ਕੋਊ ਨਹਿਂ ਪਾਈ।
[1]ਯਤਨ ਰੂਪੀ ਕਿਨਾਰਾ।
ਭੀਮ ਕਹ੍ਯੋ -ਤਹਿਂ ਜਾਵਹੁਂ ਮੈਂ-
ਉਰ ਧੀਰ ਦਈ ਸਭਿ ਪੀਰ ਮਿਟਾਈ।
-ਜਾਂਹਿ ਸੰਕੇਤ[1] ਕਰਾ ਤਿਸ ਨੈ
[1]ਮਿਲਣ ਦੇ ਇਕਰਾਰ ਦਾ ਟਿਕਾਣਾ।
ਸਭਿ ਰੀਤਿ ਸੋਂ ਮੋਹਿ ਕੋ ਦੇਹੁ ਬਤਾਈ-
॥੪੬॥
ਦ੍ਰੋਪਦੀ ਬੈਨ ਭਨੇ ਪਤਿ ਸੋਂ
-ਚਟਸਾਰ ਬਿਖੈ ਮੁਹਿ ਤਾਂਹਿ ਬੁਲਾਈ-।
ਤਾਂ[1] ਸਮਝਾਇ ਭਲੀ ਬਿਧਿ ਸੋਂ
[1]ਭਾਵ ਭੀਮ ਨੂੰ।
ਨਿਜ ਥਾਨ ਬਿਖੈ ਚਲਿ ਕੈ ਪੁਨ ਆਈ।
ਭੋਜਨ ਖਾਇ ਅਘਾਇ ਕੈ ਭੀਮ
ਚਲਾ ਹਿਤ ਮਾਰਣ ਕੇ ਤਿਹ ਤਾਈਂ।
ਕੀ੍ਚਕ ਕੀ ਬਿਰਥਾ ਸੁਨੀਏ
ਦਿਨ ਬੀਤਤ ਨਾਂਹਿ, ਰਹ੍ਯੋ ਅਕੁਲਾਈ[1]
[1]ਵਿਆਕੁਲ ਹੋ ਰਿਹਾ ਹੈ।
॥੪੭॥

ਕਬਿੱਤ:

ਚਿਤ ਬਿਖੈ ਚਿਤਵਤਿ[1] -ਮਿਲੈ ਕਬ ਅੰਗ
ਸੰਗ
[1]ਸੋਚਦਾ ਹੈ।
ਕਰੋਂ ਮਨ ਭਾਯੋ, ਕਬ ਦਿਵਸ ਬਿਹਾਇ
ਹੈ[1]।
[1]ਬੀਤੇਗਾ।
ਮੀਨ[1] ਸਮ ਤਰਫਤਿ, ਕਾਮ ਸੋਂ ਪੀੜਤਿ[2]
ਅਤਿ
[1]ਮੱਛੀ। [2]ਦੁੱਖੀ।
ਮੋ ਕੋ ਸੁਖਦੈਨੀ ਕਬ ਦਰਸ ਦਿਖਾਇ ਹੈ-।
ਚੈਨ ਨ ਪਰਤਿ, ਇਤ, ਉਤ ਹੂੰ ਕੋ
ਬਿਚਰਤਿ
ਬਜੋਗ[1] ਤੇ ਤਪਤ ਮਾਨੋ ਅਬ ਜਰ[2] ਜਾਇ
[1]ਵਿਛੋੜੇ। [2]ਸੜ।

ਹੈ।
ਐਸੀ ਗਤਿ ਭਈ ਮਤਿ[1], ਚਿਤ ਤੇ ਬਿਸਰ ਗਈ
ਹੋਵਤਿ ਪ੍ਰਦੋਖ[1] ਕੇ ਸੁ ਉਠ੍ਯੋ ਹਰਖਾਇ ਹੈ ॥੪੮॥
ਪਾਂਧੇ ਸੰਗ ਚਟੀਆ ਲੇ ਗਏ ਨਿਜ ਧਾਮ ਜਬ
ਆਨਿ ਕੈ ਪ੍ਰਯੰਕ[1] ਸੇਤ ਸੇਜ[2] ਕੋ ਡਸਾਯੋ ਹੈ।
ਅਤਰ ਸੁਗੰਧਿ ਅੰਗ ਸੰਗ ਮੈਂ ਲਗਾਇ ਕਰਿ
ਬੈਠ੍ਯੋ ਤਬ ਆਇ ਧ੍ਯਾਨ ਤਾਂਹਿ ਦਿਸ਼ਿ ਲਾਯੋ ਹੈ।
ਫੂਲ ਮਾਲ ਗਲੇ ਡਾਰਿ, ਰਾਖੈ ਹੈਂ ਸਵਾਰਿ ਔਰ
ਸੁੰਦਰ ਸਮਾਜ ਕਰਿ ਦੇਹ ਲਿਸ਼ਕਾਯੋ[1] ਹੈ।
ਲਾਈ ਬਹੁ ਦੇਰਿ ਕੈਧੋਂ ਮਤਿ ਗਈ ਫੇਰ
ਬੈਠੇ ਝੁਕਿ ਝੁਕਿ ਹੇਰਿ[1], ਬਡੋ ਜਹਾਂ ਤਮ[2] ਛਾਯੋ ਹੈ ॥੪੯॥
ਭੀਮ ਜਬ ਗਯੋ ਪਗ ਖਰਕਾ ਸੁਨੰਤਿ ਭਯੋ
ਜਾਨੀ -ਸੁਖਦੈਨੀ[1] ਅਬ ਮੇਰੇ ਢਿਗ ਆਈ ਹੈ-।
ਰਿਦੈ ਹਰਖਾਇ ਨਿਜ ਅੰਗ ਮੈਂ ਨ ਮਾਇ[1]
-ਅਬ ਕਰੋਂ ਕਾਮ ਕੇਲ ਮਿਲਿ ਭਈ ਮਨ ਭਾਈ ਹੈ-।
ਗਏ ਤੇ ਸਮੀਪ ਹਾਥ ਗਹਿਨ[1] ਚਲਾਯੋ ਹਾਥ
ਤਾਂ ਕੋ ਗਹਿ ਲੀਨੋ, ਖੈਂਚ ਰਹ੍ਯੋ ਨ ਛੁਰਾਈ ਹੈ।
ਉਠ੍ਯੋ ਤਬ ਠਾਂਢਾ ਭਯੋ, ਕੌਰੀ[1] ਬੀਚ ਗਹ੍ਯੋ ਲਯੋ
ਸੂਰ ਪਹਿਚਾਨ੍ਯੋ, ਲਗੇ ਕਰਨ ਲਰਾਈ ਹੈਂ ॥੫੦॥

[1]ਐਉਂ ਮਤ ਮਾਰੀ ਗਈ।
[1]ਸੰਝਾਂ ਵੇਲੇ।
[1]ਪਲੰਘ ਤੇ। [2]ਚਿੱਟੀ ਛੇਜ।
[1]ਚਮਕਾਈ।
[1]ਦੇਖਦਾ ਹੈ। [2]ਅੰਧੇਰਾ।
[1]ਭਾਵ ਦ੍ਰੋਪਤੀ।
[1]ਨਹੀਂ ਮੇਂਵਦਾ।
[1]ਫੜਨ ਲਈ।
[1]ਜੱਫੀ।

| | |
|---|---|
| ਮੁਸ਼ਟਿ[1] ਪ੍ਰਹਾਰ ਕਰੈਂ, ਲਗੈ ਘਰੀਆਰ ਮਾਨੋ | [1]ਮੁੱਕੇ। |
| ਘੜਤ ਲੁਹਾਰ[1], ਜਾਮੈਂ ਬਲ ਹੈ ਸਮਾਨ ਕੋ। | [1]ਘੜਨੇ ਵਾਲਾ ਲੁਹਾਰ ਮਾਨੋਂ (ਲੋਹਾ) ਘੜਨ ਲੱਗਾ ਹੈ, (ਅ) ਲਗਦੇ ਹਨ ਹਥੌੜੇ ਮਾਨੋਂ। |
| ਕੈਧੋਂ ਗਜ ਦੋਊ, ਸਿੰਘ ਸ਼ਾਰਦੂਲ[1] ਸੋਊ ਰਿਦੈ ਕ੍ਰੋਧ ਬਹੁ ਹੋਊ, ਨਹਿਂ ਪਾਇ ਕੋਊ ਹਾਨਕੋ। | [1]ਸ਼ੇਰ। |
| ਲਾਗਤਿ ਚਪੇਟ[1] ਭਈ ਭਿੜਨੇ ਕੀ ਭੇਟ | [1]ਚਪੇੜ। |
| ਲਖਿ ਸੁਭਟ[1] ਸਹੇਟ[2] ਮਨ ਕਰੈਂ ਅਭਿਮਾਨ ਕੋ। | [1]ਸੂਰਮੇ। [2]ਕੱਠੇ ਹੋ ਕੇ। |
| ਲਾਤਨ ਕੋ ਮਾਰੈਂ ਮੁਖ ਬਚਨ ਉਚਾਰੈ ਨਹਿਂ | |
| ਦੁਰੇ ਈ[1] ਲਰਤਿ ਹੈਂ, ਮਰੋਰਤ ਹੈਂ ਪਾਨ ਕੋ[2] ॥੫੧॥ | [1]ਛੁਪ ਕੇ ਹੀ। [2]ਹੱਥਾਂ ਨੂੰ ਮਰੋੜਦੇ ਹਨ। |
| ਸ੍ਵੈਯਾ: | [1]ਪਹਿਰ ਭਰ। |
| ਜਾਮ[1] ਸੰਗ੍ਰਾਮ ਭਯੋ ਜਬ ਹੀ | |
| ਪਗ ਸੋਂ[1] ਅਟਕਾਇ ਕੈ ਭੀਮ ਗਿਰਾਯੋ। | [1]ਪੈਰ ਨਾਲ। |
| ਕ੍ਰੀਚਕ ਊਪਰ ਤਾਂ[1] ਚਢਿ ਕੈ | [1]ਭਾਵ ਭੀਮ ਨੇ। |
| ਬਹੁ ਗੋਡਨ ਮਾਰ ਕੈ ਭੂਮ[1] ਗਿਰਾਯੋ। | [1]ਧਰਤੀ ਤੇ। |
| ਦਾਉ ਬਚਾਇ ਉਭੈ ਪਗ ਭੀਮ ਨੈ | |
| ਤਾਂ ਛਤੀਆਂ ਪਰਹਾਰ[1] ਲਗਾਯੋ। | [1]ਪ੍ਰਹਾਰ=ਸੱਟ ਮਾਰੀ। |
| ਚੋਟ ਲਗੇ ਨ ਸੰਭਾਰ[1] ਰਹੀ | [1]ਹੋਸ਼। |
| ਗਿਰਗਾ[1] ਜਨੁ[2] ਪੌਨ ਨੇ ਰੁਖ ਗਿਰਾਯੋ ॥੫੨॥ | [1]ਡਿਗ ਪਿਆ। [2]ਮਾਨੋਂ। |
| ਭੀਮ ਚਢਾ ਤਿਹਂ ਊਪਰ ਕ੍ਰੋਧ ਕੈ | |
| ਹਾਥ ਗਹ੍ਯੋ ਸੁ ਮਰੋਰਿ ਕੈ ਡਾਰਾ। | |
| ਹੀਨ ਭਯੋ ਬਲ, ਦੇਖਿਤਿ ਹੈ ਭੁਜ | |
| ਦੂਸਰ ਜੋ ਉਰ ਤੇ[1] ਸੁ ਉਖਾਰਾ[2]। | [1]ਛਾਤੀ ਤੋਂ। [2]ਉਖੇੜ ਦਿਤੀ। |
| ਮੁੰਡ ਮਰੋਰ ਲਯੋ ਪੁਨ ਤਾਂਹਿ ਕੋ | |
| ਦੀਨ ਟਿਕਾਇ ਸੁ ਛਾਤੀ ਮਝਾਰਾ। | |
| ਹਾਥ ਦੋਊ ਪਗ ਤੋਰ ਭਲੀ ਬਿਧਿ | |
| ਪੇਟ ਮੈਂ ਪਾਇ ਕੇ ਨੀਕੇ ਸਵਾਰਾ ॥੫੩॥ | |
| ਦੋਹਰਾ: | [1]ਘੁਮਿਆਰ ਦੇ। [2]ਚੱਕ ਵਾਂਙ (ਗੋਲਾਕਾਰ)। |

ਕਰਿ ਕੁਲਾਲ[1] ਕੇ ਚਾਕ[2], ਸਮ ਜੋ ਸ਼ਤੀਰ
ਚਟਸਾਰ।
ਤਿਹ ਕੋ ਸਿਰੋ ਉਠਾਇ ਕੈ, ਦੀਨ ਧਸਾਇ
ਮਝਾਰ ॥੫੪॥

ਸ੍ਵੈਯਾ:
ਚਾਰ ਘੜੀ ਜਬ ਰੈਨ ਰਹੀ
ਤਬ ਭੀਮ ਗਯੋ ਅਪਨੈ ਘਰ ਮਾਂਹੀ।
ਦੇਹਿ ਭਯੋ ਸ਼੍ਰਮ[1] ਸੋਇ ਰਹ੍ਯੋ — [1]ਥਕਾਨ।
ਪੁਰਿ ਬੀਚ ਲਖੀ ਕਿਨਹੂੰ ਸੁਧ ਨਾਂਹੀ।
ਭੋਰ ਭਈ ਸਭਿ ਲੋਕ ਉਠੇ
ਪਿਖਿ ਕ੍ਰੀਚਕ ਪਾਇ ਨ ਧਾਮ ਜਹਾਂ ਹੀ।
ਹੋਇ ਰਿਦੈ ਬਿਸਮੈਂ ਸਭਿਹੀ
ਤਬ ਖੋਜਨ ਕੀਨ ਭਲੀ ਬਿਧਿ ਤਾਂਹੀ
॥੫੫॥
ਰੌਰ ਪਰਾ ਸਗਰੇ ਪੁਰਿ ਮੈਂ
-ਨਹਿਂ ਕ੍ਰੀਚਕ ਪਾਵਤਿ ਹੈਂ ਕਿਹ ਥਾਈਂ-
।
ਦੇਖ੍ਯੋ ਤਬੈ ਚਟਸਾਰ[1] ਮਝਾਰ — [1]ਪਾਠਸ਼ਾਲਾ।
ਕੁਲਾਲ ਕੇ ਚਾਕ ਸਮਾਨ ਬਨਾਈ[1]। — [1]ਬਣਿਆਂ ਪਿਆ।
ਆਨਨ ਦੇਖਿ ਪਛਾਨਤਿ ਭੇ
ਸਿਰ ਤੋਰ ਜੁ ਪੇਟ ਕੇ ਮਾਂਹਿ ਟਿਕਾਈ।
ਹਾਥ ਨ ਪਾਂਵ ਨ ਪਾਵਤਿ ਹੈਂ
ਬਿਸਮਾਦ[1] ਭਏ ਸਭਿ ਜਾਨ੍ਯੋ ਨ ਜਾਈ — [1]ਹੈਰਾਨ।
॥੫੬॥
-ਕੌਨੇ ਹਤ੍ਯੋ ਯਹਿ, ਹੁਤੋ ਬਲੀ ਅਤਿ
ਆਯੁਧ ਕੋ ਛਤ[1] ਲਾਗ੍ਯੋ ਨ ਕੋਊ। — [1]ਸ਼ਸਤ੍ਰ ਦਾ ਜ਼ਖ਼ਮ।
ਫੇਰ ਬਿਚਾਰਿ ਕਿਯੋ ਸਭਿਨੈ
-ਕਹੀ ਸਜੰਦਰੀ ਬਾਨੀ[1] ਭਈ ਸਚ ਸੋਊ। — [1]ਦਾਸੀ ਦੀ ਆਖੀ ਹੋਈ ਗੱਲ।
ਗੰਧ੍ਰਬ ਤਾਂ ਕੇ ਹੁਤੇ ਰਖਵਾਰਿ
ਅਵੱਗਯਾ ਬਿਲੋਕਿ ਕੈ ਮਾਰਿ ਦਯੋਊ।
ਜੋਧ ਲਰੈ ਤ ਲਗੈ ਅੰਗ ਆਯੁਧ
-ਐਸੇ ਬਨਾਇ ਕਹੈਂ ਮਿਲਿ ਸੋਊ

॥ ੫੭ ॥

ਦੋਹਰਾ:

ਭ੍ਰਾਤ ਹੁਤੇ ਸਤ[1] ਤਾਂਹਿ ਕੇ, ਕਰਹਿਂ ਬ੍ਰਿਲਾਪ ਪੁਕਾਰ।

[1]ਸੌ।

ਭੂਖਨ ਯੁਤ ਸ਼ਿੰਗਾਰ ਖ੍ਵੈ, ਪੀਟਤਿ ਕਰ ਮੁਖ ਨਾਰ[1] ॥ ੫੮ ॥

[1]ਇਸਤ੍ਰੀਆਂ ਪਿੱਟਦੀਆਂ ਹਨ ਹੱਥ ਮੂੰਹ ਤੇ (ਮਾਰ ਕੇ)।

ਚੌਪਈ:

ਸ਼ੋਰ ਪਰਾ ਸਗਰੇ ਪੁਰਿ ਬੀਚੁ।
ਸੁਨਿ ਸੁਨਿ ਆਇ ਊਚ ਅਰ ਨੀਚੁ।
ਸੁਸਾ ਬਿਲੋਕਤਿ ਚੱਕ੍ਰਿਤ ਹੋਈ।
ਗੁਨ ਗਨ ਬਰਨਨ ਕਰਿ ਕੈ ਰੋਈ ॥ ੫੯ ॥
ਨ੍ਰਿਪ ਰੋਯੋ ਜਬ ਮਿਰਤਕ ਦੇਖਾ।
ਭਯੋ ਨਾਰਿ ਕੋ ਬ੍ਰਿੰਦ ਬਿਸ਼ੇਖ਼ਾ[1]।

[1]ਬਹੁਤਾ ਇਕੱਠ।

ਭ੍ਰਾਤ ਦੁਸ਼ਟ ਕੇ[1] ਕੁਮਤਿ[2] ਬਿਚਾਰੀ।

[1]ਕੀਚਕ ਦੇ ਭਿਰਾ ਨੇ। [2]ਖੋਟੀ ਮਤੀ।

-ਕਾਰਨ ਮਰਨ ਸੁੰਦਰੀ ਨਾਰੀ ॥ ੬੦ ॥
ਤਿਹ ਕੋ ਜਾਰਹਿਂਗੇ[1] ਇਸ ਸਾਥਾ-।

[1]ਸਾੜਾਂਗੇ।

ਕਹਿ ਅਸ ਗਹ੍ਯੋ ਦ੍ਰੋਪਦੀ ਹਾਥਾ।
ਵਹਿਰ ਨਗਰ ਤੇ ਚਿਖਾ ਬਨਾਈ।
ਬਹੁ ਨਰ ਤਿੰਹ ਕੋ ਲੀਨ ਉਚਾਈ ॥ ੬੧ ॥
ਬਿਨ ਰੱਖਜਕ ਗਹਿ ਕਰਿ ਤਹਿ ਹਾਥਾ।
ਗਮਨੇ ਲੋਕ ਲਿਯੇ ਤਿਹ ਸਾਥਾ।
ਝੀਨ ਚੀਰ[1] ਮੈਂ ਝਲਕੈ[2] ਦੇਹੀ।

[1]ਬਾਰੀਕ ਬਸਤ੍ਰਾਂ। [2]ਚਮਕਦੀ ਹੈ।

ਦੀਪ ਸ਼ਿਖਾ[1] ਮਧ ਦਰਪਨ ਜੇਹੀ[2] ॥ ੬੨ ॥

[1]ਦੀਵੇ ਦੀ ਲਾਟ। [2]ਸ਼ੀਸ਼ੇ ਵਿਚ ਜਿਵੇਂ।

ਨਾਭਿ ਰੁਮਾਵਲਿ[1] ਉਪਮਾ ਭਾਰੀ।

[1]ਵਾਲਾਂ ਦੀ ਪੰਗਤੀ ਦੀ।

ਮਨਹੁ ਮੇਰੁ[1] ਪਰ ਜਮਨਾ ਵਾਰੀ[2]।

[1]ਸੁਮੇਰ। [2]ਦਾ ਜਲ (ਅ) ਵਾਰੀ ਜਾ ਰਹੀ ਹੈ।

ਲੋਕ ਬਿਲੋਕਹਿਂ ਗਿਰਾ ਅਲਾਈ।
-ਬਿਨ ਅਪਰਾਧ ਦੇਹੁ ਛੁਰਿਵਾਈ- ॥ ੬੩ ॥
ਕੋਇ ਨ ਮਾਨਹਿ ਕਿਸ ਕੋ ਕਹਿਨੋ।
ਕ੍ਰੀਚਕ ਮਰਨ ਸ਼ੋਕ ਕਿਯ ਦਹਿਨੋ[1]।

[1]ਸਾੜਨਾ।

ਬਿਲਪਹਿਂ ਬਹੁਤ ਮਿਲੇ ਨਰ ਨਾਰੀ।

ਭਯੋ ਦ੍ਰੋਪਦੀ ਕੋ ਦੁਖ ਭਾਰੀ ॥੬੪॥
ਗਹੇ ਹਾਥ ਤੇ ਬਜਾਕੁਲ ਹੋਈ।
ਰੱਖਜਕ ਦੇਖਜੋ ਨਿਕਟਿ ਨ ਕੋਈ।
ਰੋਦਨ ਕਰਤਿ ਨੈਨ ਝਲਕਾਹੀ[1]। [1]ਨੈਣਾਂ (ਵਿਚ) ਝਲਕਦਾ ਹੈ (ਪਾਣੀ)।
ਮਨਹੁ ਮੀਨ ਦ੍ਵੈ ਜਲ ਕੇ ਮਾਂਹੀ ॥੬੫॥
ਸੂਕੇ ਅਧਰ[1] ਬੋਲ ਨਹਿਂ ਆਵਤਿ। [1]ਬੁੱਲ੍ਹ।
ਬਿਥਰੇ ਕੇਸ ਤ੍ਰਾਸ ਬਹੁ ਪਾਵਤਿ।
ਸੁਧ ਨ ਸੰਭਾਰਨ ਸੀਸ ਪਿਛੋਰੀ[1]। [1]ਗੁਤ ਦੀ।
ਗਮਨੇ ਸਰਬ ਭੀਮ ਗ੍ਰਿਹ ਓਰੀ[1] ॥੬੬॥ [1]ਭੀਮ ਦੇ ਘਰ ਦੀ ਤਰਫ।
ਸੁਨਜੋ ਸ਼੍ਰੋਨ ਮਹਿਂ ਸ਼ੋਰ ਬਿਸਾਲਾ।
ਉਠਜੋ ਨੀਂਦ ਤਜਿ ਕਰਿ ਤਿਹ ਕਾਲਾ।
ਦੇਖ ਪੰਚਾਲੀ[1] ਕੋ ਅਕੁਲਾਵਾ। [1]ਦ੍ਰੋਪਤੀ ਨੂੰ।
ਜਿਹ ਕੋ ਬਦਨ ਕਮਲ ਕੁਮਲਾਵਾ ॥੬੭॥
ਨੈਨ ਸੈਨ[1] ਦੀਨੀ ਸਮੁਝਾਈ। [1]ਇਸ਼ਾਰੇ ਦੇ ਨਾਲ।
-ਮੈਂ ਆਵੋਂ ਤਵ ਕਰੋਂ ਸਹਾਈ-।
ਕੁਛਕ ਦ੍ਰੋਪਤੀ ਧੀਰਜ ਧਰਿਯੋ।
ਬਹਤਿ ਨਦੀ ਜਨੁ ਹਾਥ ਪਕਰਿਯੋ ॥੬੮॥
ਚਿਤਾ[1] ਹੁਤੀ ਜਹਿਂ ਗਮਨੇ ਸਭਿਹੀ। [1]ਚਿਖਾ, ਮਸਾਣ।
ਬਡੋ ਬ੍ਰਿੰਦ[1] ਭਾ ਲੋਕਨ ਤਬ ਹੀ। [1]ਇਕੱਠ।
ਭੀਮਸੈਨ ਕਰਿ ਬੇਖ ਕੁਢਾਲੀ।
ਫਾਂਧਜੋ[1] ਕੋਟ[2] ਮਾਰਿ ਕਰਿ ਛਾਲੀ ॥੬੯॥ [1]ਟੱਪਿਆ। [2]ਕਿਲ੍ਹਾ।
ਗਯੋ ਬਿਸਾਲ ਉਜਾਰ ਮਝਾਰਾ।
ਸ਼ੁਸ਼ਕ[1] ਬਿਰਖ ਇਕ ਹਾਥ ਉਖਾਰਾ। [1]ਸੁੱਕਾ।
ਕ੍ਰੋਧ ਧਾਰਿ ਕਰਿ ਮੁਰਜੋ ਬਹੋਰੀ।
ਆਯੋ ਤੁਰਤ ਹੁਤੇ ਜਿਹ ਠੌਰੀ ॥੭੦॥
ਦਾਰੁਨ ਬੇਖ ਅਰਿਨ ਕੋ[1] ਮਾਰਨ। [1]ਵੈਰੀਆਂ ਨੂੰ।
ਪੰਚਾਲੀ ਕੇ ਪ੍ਰਾਨ ਉਬਾਰਨ।
ਜਾਇ ਸਮੀਪੰ ਦੀਨਿ ਦਿਖਾਈ।
ਦ੍ਰੁਪਦੀ ਉਚੀ ਗਿਰਾ ਅਲਾਈ ॥੭੧॥
-ਗੰਧ੍ਰਬ ਜੋ ਮੇਰੋ ਰਖਵਾਰੀ।

ਸੋ ਆਯੋ ਤੁਮ ਲੇਹੁ ਨਿਹਾਰੀ।
ਭਾਜਿ ਜਾਹੁ ਮੁਝ ਕੋ ਦਿਹੁ ਛੋਰੀ।
ਨਾਤੁਰ ਹਨੈ ਸਭਿਨਿ ਇਹ ਠੌਰੀ- ॥੨੨॥
ਸੁਨਿ ਬਾਨੀ ਕੋ ਦੇਖਨਿ ਲਾਗੇ।
ਦਾਰੁਨ ਬੇਖ ਲਗਯੋ ਸਭਿ ਭਾਗੇ।
ਕੋ ਨਹਿਂ ਕਾਹੂੰ ਸੰਗ ਬੁਲਾਏ।
ਚਾਹਤਿ ਆਪਨੇ ਪ੍ਰਾਨ ਬਚਾਏ ॥੨੩॥
ਧਾਯੋ ਭੀਮਸੈਨ ਰਿਸ ਭਾਰੀ।
ਘੇਰੇ ਸਭਿਹੀ ਜਾਇ ਅਗਾਰੀ।
ਸਹਸ[1] ਭ੍ਰਾਤ ਕੁਛ ਭਟਨ ਸਮੇਤਾ। [1]ਸੌ।
ਤਬ ਸਨਮੁਖ ਆਏ ਰਣ ਹੇਤਾ[1] ॥੨੪॥ [1]ਲੜਨ ਵਾਸਤੇ।
ਹੱਥਜਾਰਨ ਕੇ ਕਰਹਿਂ ਪ੍ਰਹਾਰਾ।
-ਮਾਰਹੁ ਮਾਰਹੁ- ਸਭਿਨਿ ਪੁਕਾਰਾ।
ਰਿਸਯੋ ਬਿਸ਼ਾਲ ਲਾਲ ਕਰਿ ਨੈਨਾ।
ਮਾਰਿ ਬਿਰਖ ਪਠਏ[1] ਜਮ ਐਨਾ[2] ॥੨੫॥ [1]ਭੇਜੇ। [2]ਜਮ ਦੇ ਘਰ ਭਾਵ ਮਾਰ ਦਿਤੇ।
ਕ੍ਰੀਚਕ ਭ੍ਰਾਤ ਸਰਬ ਤਹਿਂ ਮਾਰੇ।
ਕੁਛਕ ਸੁਭਟ ਕੋ ਦੀਨ ਸੰਘਾਰੇ।
ਬਹੁਰੋ ਗਯੋ ਉਜਾਰ ਮਝਾਰਾ।
ਅਪਨੋ ਬੇਖ ਸਰਬ ਤਨ ਧਾਰਾ ॥੨੬॥
ਦਹਿਨ ਗਏ ਇਕ ਕ੍ਰੀਚਕ ਹੇਤਾ[1]। [1]ਸਾੜਨ ਲਈ ਗਏ ਸਨ ਇਕ ਕ੍ਰੀਚਕ ਨੂੰ।
ਜਰਯੋ ਤਹਾਂ ਸਤਪ ਭ੍ਰਾਤ ਸਮੇਤਾ।
ਇਸ ਪ੍ਰਕਾਰ ਇਹ ਹੁਤੋ ਪ੍ਰਸੰਗਾ।
ਸ੍ਰੋਤਾ[†] ਸੁਨਹੁ ਰਿਦੈ ਸ ਉਮੰਗਾ ॥੨੭॥

[†]ਏਥੇ ਫੇਰ ਨਿਰਸੰਸੇ ਸਪਸ਼ਟ ਹੋ ਗਿਆ ਹੈ ਕਿ ਕਵਿ ਜੀ ਆਪ ਕਥਾ ਸ਼੍ਰੋਤਿਆਂ ਨੂੰ ਸੁਣਾ ਰਹੇ ਹਨ, ਕਿਉਂਕਿ ਗੁਰੂ ਸਾਹਿਬ ਤਾਂ ਕੇਵਲ ਮਰਦਾਨੇ ਨੂੰ ਸ਼ਬਦ ਦਾ ਅਰਥ ਸੁਣਾ ਰਹੇ ਸੇ, ਕਿਸੇ ਸਭਾ ਵਿਚ ਸ਼੍ਰੋਤਿਆਂ ਨੂੰ ਕਥਾ ਨਹੀਂ ਸਨ ਸੁਣਾ ਰਹੇ, ਜਿਵੇਂ ਅਧਯਾਯ ੨੩, ਅੰਕ ੩੯ ਤੇ ੪੦ ਵਿਚ ਕਿਹਾ ਸਾਨੇ।

ਹੁਤੇ ਸਮਰਥ ਸਰਬ ਬਿਧਿ ਜੋਈ।
ਗਏ ਕੂਚ ਕਰਿ ਰਹਯੋ ਨ ਕੋਈ।
ਜਿਨ ਕੋ ਗਯਾਨ ਭਯੋ ਉਰ ਮਾਂਹੀ।
ਸਦਾ ਸੁਖੀ ਤਿਨ ਕੋ ਦੁਖ ਨਾਂਹੀ ॥੨੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਪਾਂਡਵਨ ਪ੍ਰਸੰਗ' ਬਰਨਨੰ ਨਾਮ ਚੌਬੀਸਮੋਂ ਅਧ੍ਯਾਯ ॥੨੪॥

## ੨੫. [ਗ੍ਯਾਨੀ ਮੰਗਲ। ਦੁਖੀ ਸ਼ਾਹ। ਕੋਹੜੀ ਫਕੀਰ ਨਿਸਤਾਰਨ]

੨੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੬

{ਜਨਮੇਜੇ ਦੀ ਕਥਾ} ॥੨..॥
{ਅਗਲੇ ਪ੍ਰਸੰਗ ਸੰਖੇਪ} ॥੪੨..॥
{ਕੋਹੜੀ ਫਕੀਰ ਨਿਸਤਾਰਾ} ॥੬੩ ॥ ॥ ॥੨੬॥

ਦੋਹਰਾ:

ਬ੍ਰਹਮ ਗ੍ਯਾਨ ਜਿਨ ਕੇ ਰਿਦੈ, ਜਾਨ੍ਯੋ ਸਹਿਜ ਸਰੂਪ।
ਤਿਨ ਕੇ ਪਦ ਪਰ ਬੰਦਨਾ, ਉਚਰੋਂ ਕਥਾ ਅਨੂਪ ॥੧॥

ਸਹਿਜ=ਅਸਲੀ ਹਾਲਤ। ਓਹ ਦਸ਼ਾ ਜੋ ਕੁਦਰਤਨ ਸੀ, ਜਿਸ ਵਿਚ ਹੋਰ ਕੁਛ ਨਹੀਂ ਰਲਿਆ, ਯਾ ਕੋਈ ਬਦਲੀ ਨਹੀਂ ਹੋਈ। ਸਹਿਜ ਸਰੂਪ=ਅਸਲੀ ਹਾਲਤ ਸਰੂਪ ਦੀ। ਸਰੂਪ ਦੀ ਓਹ ਹਾਲਤ ਜੋ ਮੂਲ ਤੋਂ ਉਸ ਦੀ ਹੈ। ਸਹਿਜ ਸਰੂਪ ਦਾ ਜਾਣਨਾ=ਆਪੇ ਦੀ ਲੱਖਤਾ।

ਅਰਥ:

(ਜਿਨ੍ਹਾਂ ਨੇ ਆਪਣੇ) ਸਹਿਜ ਸਰੂਪ ਨੂੰ ਜਾਣ ਲਿਆ ਹੈ (ਤੇ) ਬ੍ਰਹਮ ਦਾ ਗਿਆਨ ਜਿਨ੍ਹਾਂ ਦੇ ਹਿਰਦੇ (ਵਿਚ ਪ੍ਰਕਾਸ਼ਿਆ ਹੈ) ਉਨ੍ਹਾਂ ਦੇ ਚਰਣਾਂ ਤੇ ਮੱਥਾ ਟੇਕ ਕੇ ਅਨੁਪਮ ਕਥਾ (ਅੱਗੋਂ ਦੀ) ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨਿ ਅਗਲ ਪ੍ਰਸੰਗਾ।
ਗੁਰੂ ਕਹਿਨ ਲਗਿ[1] ਪੁਨ ਤਿਹ ਸੰਗਾ[†]।
'ਜਨਮੇਜੇ ਕੀ ਸੁਨਹੁ ਕਹਾਨੀ।

[1]ਕਹਿਣ ਲਗੇ। [†]ਹੁਣ ਕਵਿ ਜੀ ਫੇਰ ਕਥਾ ਨੂੰ ਗੁਰੂ ਜੀ ਤੋਂ ਕਹਾਵਣ ਲਗੇ ਹਨ।

{ਜਨਮੇਜੇ ਦੀ ਕਥਾ}

ਜਿਉਂ ਦੁਖ ਪਾਯੋ ਤਿਹ ਸਭਿ ਜਾਨੀ[1] ॥੨॥

[1]ਸਭ ਕੁਛ ਜਾਣਦਿਆਂ ਹੋਇਆਂ। (ਅ) ਤਿਸਨੂੰ ਸਾਰੇ ਜਾਣਦੇ ਹਨ। (ੲ) ਉਹ ਸਾਰੀ ਤੂੰ ਜਾਣ ਲੈ।

ਬੇਦ ਬ੍ਯਾਸ ਇਕ ਬਾਸੁਰ ਮਾਂਹੀ।
ਬੈਠ੍ਯੋ ਹੁਤੋ ਨ੍ਰਿਪਤਿ ਕੇ ਪਾਹੀ।
ਅਪਨੇ ਪਿਤਰਨ ਕੀ ਦੁਖ ਗਾਥਾ।
ਬੂਝਨ ਲਗਾ ਤਾਂਹਿ ਕੇ ਸਾਥਾ ॥੩॥
-ਧਰਮਜ[1] ਜਬਹਿ ਜੂਪ[2] ਕੋ ਖੇਲਾ।
ਜਿਹ ਤੇ ਬੀਤ੍ਯੋ ਕਾਲ ਦੁਹੇਲਾ[1]।
ਕਿਨਹੂੰ ਬਰਜ[1] ਨ ਤਿਹ ਕੋ ਕੀਨੋ।
ਗਹ੍ਯੋ ਕੁਕਰਮ ਜੁ ਧਰਮ ਪ੍ਰਬੀਨੋ ॥੪॥
ਸੁਭ ਸੁਭਾਇ ਸਤਿਬਾਦੀ ਸੋਈ।
ਐਸੀ ਬੁੱਧਿ ਕਾਸ ਤੇ[1] ਹੋਈ?-।
ਭਨੈ ਬ੍ਯਾਸ -ਜਨਮੇਜਾ! ਸੁਨੀਏ।
ਈਸ਼ੁਰ ਨੇਤ ਅਵੱਸ਼ਜ ਹ੍ਵੈ ਗੁਨੀਏ[1] ॥੫॥

[1]ਯੁਧਿਸ਼ਟਰ ਨੇ। [2]ਜੂਏ।
[1]ਦੁਖ ਵਾਲਾ।
[1]ਰੋਕਣਾ।
[1]ਕਿਸ ਤਰ੍ਹਾਂ।
[1]ਜ਼ਰੂਰ ਹੋ ਕੇ ਰਹਿੰਦੀ ਹੈ (ਇਹ ਤੂੰ) ਵਿਚਾਰ ਲੈ।

ਦੋਹਰਾ:

ਕੋਟ ਉਪਾਵਨ[1] ਕੋ ਕਰੈ, ਕੈਸੋ ਸਜਾਨਾ ਹੋਇ।
ਟਾਰੀ ਟਰਤਿ ਨ ਕਿਸੁ ਤੇ, ਹੋਨਹਾਰ ਸੋ ਹੋਇ- ॥੬॥

[1]ਯਤਨਾਂ।

ਚੌਪਈ:

ਕਹਿ ਜਨਮੇਜਾ -ਸੁਨਿ ਮੁਨਿ ਰਾਈ !
ਆਗੈ ਸੁਧਿ ਕੋ ਦੇਹਿ ਬਤਾਈ[1]।
ਹੋਨਹਾਰ ਹੋਵਹਿ ਤਬ ਕੈਸੇ।
ਅਨਜਾਨਤ ਹ੍ਵੈ ਜੈਸੇ ਤੈਸੇ- ॥੭॥

[1]ਅਗੇ ਦੀ ਖਬਰ (ਜੇ) ਕੋਈ ਦੱਸ ਦੇਵੇ।

ਬਜਾਸ ਕਹੈ -ਤੁਮਰੀ ਸੁਧਿ ਜੋਊ।
ਪੂਰਬ ਕਹੋਂ ਲੇਹੁ ਸੁਨਿ ਸੋਊ।
ਏਕ ਤੁਰੰਗਨਿ[1] ਤੁਮ ਢਿਗ ਆਵੈ[2]।
ਲੇਹੁ ਮੋਲਿ ਨਿਜ ਧਾਮ ਰਖਾਵੈਂ ॥੮॥

[1]ਘੋੜੀ। [2]ਆਵੇਗੀ।

ਹ੍ਵੈ ਅਰੂਢ ਬਨ ਜਾਹਿਂ ਅਖੇਰਾ[1]।
ਦੱਖਨ ਦਿਸ਼ਾ ਕਰੈਂ ਨਿਜ ਫੇਰਾ।

[1]ਜਾਵੇਂਗਾ (ਤੂੰ) ਸ਼ਿਕਾਰ।

ਅਧਿਕ ਸ਼੍ਰੱਮ[1] ਪਾਵਹਿਂ ਤਿਸ ਬੇਰਾ।
ਤਟਿ ਸਰਵਰ ਤੂੰ ਕਰਿਹੈਂ ਡੇਰਾ ॥੯॥

[1]ਥਾਕਨ।

ਦੋਹਰਾ:

ਇਕਲੋ ਬਨ ਮਹਿਂ ਸੋਵਈ, ਸਰੁਵਰ ਨਿਕਸਿ[1] ਤੁਰੰਗ।

[1]ਸਰੋਵਰ ਤੋਂ ਨਿਕਲਕੇ।

ਤੁਮ ਢਿਗ ਜੋ ਹ੍ਵੈ ਬਾਜਨੀ[1], ਕੇਲ ਕਰੈ ਤਿਹ ਸੰਗਿ ॥੧੦॥

[1]ਘੋੜੀ।

ਚੌਪਈ:

ਗਰਭ ਰਹੈ[1] ਤਿਹ, ਦੇਇ ਬਛੇਰਾ।

[1]ਗਰਭ ਹੋ ਜਾਏਗਾ।

ਸ਼ਜਾਮ ਕਰਨ, ਚੰਦਰ ਦੁਤਿ ਹੇਰਾ[1]।
ਤਿਂਹ ਸੋਂ ਤਬ ਹੀ ਜੱਗ ਰਚਾਵਹਿਂ।
ਬਹੁਤ ਬਿੱਪ੍ਰ ਤੁਮਰੇ ਢਿਗ ਆਵਹਿਂ ॥੧੧॥

[1]ਕਾਲੇ ਕੰਨ ਚੰਦ ਵਰਗੀ ਸੁੰਦਰਤਾ (ਤੂੰ) ਦੇਖੇਂਗਾ।

ਤਹਾਂ ਬਿਘਨ ਕੋ ਹੋਵਹਿ ਐਸਾ।
ਮਹਾਂ ਪਾਪ ਲਾਗਹਿ ਤੁਝ ਜੈਸਾ।
ਹੋਇ ਬਡੋ ਦੁਖ, ਭਾਰਥ ਸੁਨਈ[1]।

[1]ਸਾਰਾ ਭਾਰਥ ਸੁਣੇਂਗਾ।

ਕਿਸੁ ਥਾਵ[1] ਤੂੰ ਬਚਨ ਨ ਮਨਈ[2] ॥੧੨॥
ਦੁਖ ਕੁਛ ਰਹੈ, ਪ੍ਰਾਨ ਹਤਿ ਹੋਈ[1]।
ਅਬ ਮੈਂ ਪ੍ਰਗਟ ਕਹੀ ਸਭਿ ਸੋਈ।
ਪੂਰਬ ਸੁਧ ਤੁਝ ਦੀਨ ਜਨਾਈ।
ਨਹਿਂ ਕਰਿਯੇ ਰਾਖਹੁ ਚੁਕਸਾਈ[1]- ॥੧੩॥

[1]ਥਾਂ ਦਾ। [2]ਨਹੀਂ ਮੰਨੇਂਗਾ।
[1]ਨਾਸ਼ ਹੋਣਗੇ ਪ੍ਰਾਣ (ਤੇਰੇ)।
[1]ਖਬਰਦਾਰੀ।

ਦੋਹਰਾ:
ਸੁਨਿ ਨਰੇਸ਼ ਬਿਸਮੈ ਭਯੋ, ਬਨਜ ਤਜਾਗ ਦਿਯ ਬਾਜ[1]।
-ਕਾਰਨ ਕੇ ਨਿਰਮੂਲ ਤੇ[1], ਕੈਸੇ ਹੋਵਹਿ ਕਾਜ ॥੧੪॥

[1]ਘੋੜਿਆਂ ਦਾ ਖਰੀਦਣਾ ਛੱਡ ਦਿੱਤਾ।
[1]ਕਾਰਨ ਦੇ ਮੁੱਢੋਂ ਨਾ ਹੋਣ ਤੇ।

ਚੌਪਈ:
ਜੇ ਨਹਿਂ ਬੋਵਹਿ ਬੀਜ ਅਗਾਰੀ।
ਕਿਉਂ ਕੰਟਨ[1] ਦੁਖ ਦੇਇ ਕੰਟਾਰੀ[2]-।
ਅਸ ਹਠ ਕਰਿ ਦ੍ਰਿੜ ਕੇਤਿਕ ਕਾਲਾ।
ਕਰਜੋ ਬਿਤੀਤ ਮਹਿਤ[1] ਭੂਪਾਲਾ ॥੧੫॥
ਸੈਨਾ ਬੀਚ ਬਾਜ ਬਿਨਸਾਵਹਿ[1]।
ਪੁਨ ਖਰੀਦ ਨਹਿਂ ਸੰਗ ਰਲਾਵਹਿ।
ਭਈ ਅਲਪਤਾ[1] ਜਬਹਿ ਤੁਰੰਗਾ।
ਸਚਿਵ[1] ਬੰਦਿ ਕਰ[2] ਕਹਿ ਨ੍ਰਿਪ ਸੰਗਾ ॥੧੬॥
-ਇਉਂ ਭੂਪਨ ਕੋ ਸਰੈ ਨ ਕਾਜਾ।
ਜਸ ਪ੍ਰਨ ਧਰਜੋ ਆਪ ਮਹਾਰਾਜਾ!
ਬਿਨ ਤੁਰੰਗ ਤੇ ਸੈਨਾਂ ਕੈਸੀ।
ਪਗ ਬਿਹੀਨ ਸਿੰਘਨਿ[1] ਹ੍ਵੈ ਜੈਸੀ ॥੧੭॥
ਅੱਸ੍ਵ ਖਰੀਦਹੁ ਸੈਨਾ ਹੇਤੁ।
ਆਪ ਨ ਚਢਹੁ ਬਿਨੀਤ ਨਿਕੇਤੁ[1]!
ਦੇਸ਼ਨ ਦੇਸ਼ ਸੁਦਾਗਰ ਆਵਹਿਂ।
ਨਾਮ ਸੁਜਸ ਸੁਨਿ ਤੁਮ ਢਿਗ ਲਜਾਵਹਿਂ ॥੧੮॥
ਸੋ ਸਭਿ ਹੀ ਚਲਿ ਜਾਹਿਂ ਨਿਰਾਸੇ।

[1]ਕੰਡਿਆਂ ਨਾਲ। [2]ਕੰਡਿਆਲੀ।
[1]ਬਹੁਤ (ਸਮਾਂ)।
[1]ਜੇ ਕੋਈ ਘੋੜਾ ਮਰ ਜਾਵੇ।
[1]ਥੁੜ।
[1]ਮੰਤਰੀ। [2]ਜੋੜਕੇ ਹੱਥ।
[1]ਸ਼ੇਰਨੀ।
[1]ਹੇ ਵਿਸ਼ੇਸ਼ ਕਰ ਨੀਤੀ ਦੇ ਘਰ।

ਨਿੰਦਹਿਂ ਮੁਖ ਤੇ ਹੀਨ ਹੁਲਾਸੇ-।
ਸੁਨਿ ਮੰਤ੍ਰੀ ਕੇ ਬਚ ਰਾਜਾਨਾ।
ਰਿਦੇ ਗੁਨੀ -ਇਨ ਸਾਚ ਬਖਾਨਾ ॥੧੯॥
ਹਮ ਸੇ[1] ਭੂਪ ਨ ਲੇਹਿਂ ਤੁਰੰਗਾ।
[1]ਸਾਡੇ ਵਰਗੇ।
ਤੌ ਇਹ ਬਨਜ ਕਰਹਿਂ ਕਿਸ ਸੰਗਾ।
ਕਹ੍ਯੋ ਬਜ਼ਾਸ ਨਹਿਂ ਬੜਵਾ[1] ਲੀਜੈ।
[1]ਘੋੜੀ।
ਤਿਹ ਪਰ ਚਢਿ ਕਿਤ ਗਵਨ ਨ ਕੀਜੈ ॥੨੦॥
ਸੋ ਨਹਿਂ ਲੇਉਂ -ਐਸ ਉਰ ਧਾਰੀ।
ਅਸ੍ਵ ਖਰੀਦਨ ਬੁੱਧਿ ਬਿਚਾਰੀ।
ਬਹੁਰੋ ਲੇਵਨ ਲਗ੍ਯੋ ਤੁਰੰਗਾ।
ਧਨ ਦੇਵਹਿ ਲੇ ਸਰਸ ਕੁਰੰਗਾ[1] ॥੨੧॥
[1]ਹਰਨਾਂ ਵਰਗੇ (ਘੋੜੇ)।
ਏਕ ਸਮੈਂ ਇਕ ਆਇ ਸੁਦਾਗਰੁ।
ਸੰਗਿ[1] ਤੁਰੰਗਨਿ[2] ਚਪਲ[3] ਉਜਾਗਰ।
[1]ਨਾਲ। [2]ਘੋੜੀ। [3]ਚੰਚਲ।
ਜਬ ਭੂਪਤਿ ਕੋ ਆਨਿ ਦਿਖਾਰੀ।
ਰਹੇ ਰੀਝ ਨਰ ਲਖਿ ਗੁਨਵਾਰੀ ॥੨੨॥
ਨ੍ਰਿਪਤਿ ਸਮੀਪ ਕਹਿਤਿ ਅਸ ਬੈਨਾ।
-ਬਾਜਨਿ[2] ਏਹ ਉਚਿਤ ਤੁਮ ਐਨਾ[1]।
[1]ਲਾਇਕ ਹੈ ਆਪਦੇ ਘਰ ਦੇ।
ਲੇ ਢਿਗ ਰਾਖਹੁ ਜਨਹਿ[1] ਬਛੇਰੇ।
[1]ਜਣੇਗੀ।
ਅਤਿ ਸੁੰਦਰ ਗੁਨ ਜਾਸੁ[1] ਘਨੇਰੇ ॥੨੩॥
[1]ਜਿਨ੍ਹਾਂ (ਵਛੇਰਿਆਂ) ਦੇ ਗੁਣ।
ਚਢਨ ਉਚਿਤ ਸੋ ਹੋਹਿਂ ਤੁਮਾਰੇ।
ਬੜਵਾ[2] ਪੈ ਨ ਚਢਹੁ, ਮਨ ਧਾਰੇ[1]-।
[1]ਇਹ ਮਨ ਵਿਚ ਧਾਰ ਲਓ।
ਇਸ ਪ੍ਰਕਾਰ ਸੁਨਿ ਤਿਸ ਕੀ ਬਾਨੀ।
-ਲੇਉਂ ਤੁਰੰਗਨਿ- ਮਨਿ ਠਹਿਰਾਨੀ[†] ॥੨੪॥
[†]ਪਾ:-ਲਏ ਤੁਰੰਗਨਿ ਮਨਿ ਮਹਿ ਠਾਨੀ।
ਸੁੰਦਰ ਦੇਖਿ ਰਿਦਾ ਲੋਭਾਯਾ।
ਦਰਬ ਸੁਦਾਗਰ ਕੋ ਦੇਵਾਯਾ।
ਲੇ ਘਰ ਰਾਖੀ ਹੇਤੁ ਬਧਾਵਨ[1]।
[1]ਵਾਧਾ ਕਰਨ ਲਈ।
ਗੁਨਮੰਦਰ ਸੌਂਦਰਜ[1] ਸੁਹਾਵਨ ॥੨੫॥
[1]ਸੁੰਦਰਤਾ।
ਅੱਸ੍ਵਪਾਲ ਜੋ ਸੇਵਕ ਆਹੀ।
ਚਢਿ ਕਰਿ ਫੇਰਹਿ ਅਤਿ ਜਵਿ[1] ਜਾਹੀ।
[1]ਤਿੱਖੀ ਚਾਲ।

ਕਹਹਿ ਆਨ[1] ਸੋ ਭੂਪਤਿ ਪਾਸੂ। [1]ਆਕੇ।
-ਪੁਰਾ[1] ਨ ਪਿਖ੍ਯੋ ਬੇਗ ਅਸ ਜਾਸੂ[2] ॥੨੬॥ [1]ਪਹਿਲੇ। [2]ਐਸੀ ਜਿਵੇਂ (ਇਸ ਦੀ ਹੈ) ਚਾਲ।
ਚਢਿਨਿ ਉਚਿਤ ਸੋ ਰਾਵਰ ਕੇਰੀ।
ਚੰਚਲਤਾ ਜਿਸ ਬੀਚ ਬਡੇਰੀ-।
ਸੁਨਿ ਗੁਨ ਭੂਪ ਚਢ੍ਯੋ ਇਕ ਬੇਰਾ।
ਦੱਖਨ ਦਿਸ਼ ਕੋ ਗਯੋ ਅਖੇਰਾ[1] ॥੨੭॥ [1]ਸ਼ਿਕਾਰ।
ਨਿਕਸਿ ਚਲ੍ਯੋ ਇਕ ਮਿਰਗ ਅਗਾਰੀ।
ਦੇਖਿ ਤੁਰੰਗਨਿ ਪੀਛੇ ਡਾਰੀ।
ਭਟ ਇਕ ਸੰਗ ਪਹੂੰਚ੍ਯੋ ਨਾਂਹੀ।
ਗਮਨ੍ਯੋ ਬਿਪਨ ਗਹਨ[1] ਕੇ ਮਾਂਹੀ ॥੨੮॥ [1]ਗਾੜ੍ਹੇ।
ਮਾਰਿ ਮਿਰਗ ਕੋ ਸ਼੍ਰਮ[1] ਭਾ ਭਾਰੀ। [1]ਥਕੇਵਾਂ।
ਬਜਾਸ ਬਖਾਨੀ ਦੀਨ ਬਿਸਾਰੀ।
ਸਰ ਤਟ ਸੋਯੋ ਪੀ ਕਰਿ ਪਾਨੀ।
ਨਿਕਟਿ ਤੁਰੰਗਨਿ ਬ੍ਰਿੱਖ ਬੰਧਾਨੀ[1] ॥੨੯॥ [1]ਨੇੜੇ ਬ੍ਰਿੱਛ ਨਾਲ ਬੰਨ੍ਹੀ।
ਸਰਵਰ ਤੇ ਤਬ ਨਿਕਸਿ ਤੁਰੰਗਾ।
ਮੈਥੁਨ ਕੀਨ ਬਾਜਨੀ ਸੰਗਾ।
ਬਹੁਰ ਪ੍ਰਵੇਸ਼੍ਯੋ ਜਲ ਕੇ ਮਾਂਹੀ।
ਭੂਪਤਿ ਸੁਧ ਪਾਈ ਕੋ ਨਾਂਹੀ ॥੩੦॥
ਛੁਟੀ ਨੀਂਦ ਹ੍ਵੈ ਕਰਿ ਅਸਵਾਰਾ।
ਆਨਿ ਪਹੂੰਚ੍ਯੋ ਅਪਨ ਅਗਾਰਾ[1]। [1]ਘਰ।
ਧਾਰਿ ਗਰਭ ਤਿਨ ਦੀਨ ਬਛੇਰਾ।
ਸ਼੍ਯਾਮ ਕਰਨ[1] ਤਨ ਰੁਚਿਰ ਘਨੇਰਾ ॥੩੧॥ [1]ਕਾਲੇ ਕੰਨ।
ਜੱਗਜ ਉਚਿਤ ਅਸੁ ਮੂਰਤ ਕੀਨੀ।
ਸਭਿ ਮਿਲਿ ਨ੍ਰਿਪ ਕੋ ਮਸਲਤ ਦੀਨੀ।
-ਮਖ[1] ਕੀਜੈ ਹ੍ਵੈ ਸੁਜਸ ਬਡੇਰੋ। [1]ਯੱਗਜ।
ਜਾਂਹਿ ਪੁੰਨ ਫਲ ਹੋਤਿ ਘਨੇਰੋ- ॥੩੨॥
ਕਹੇ ਸਭਿਨਿ ਕੇ ਨ੍ਰਿਪ ਬਿਰਮਾਯਾ।
ਬਜਾਸ ਬ੍ਰਿਤੰਤ ਰਿਦੈ ਬਿਸਰਾਯਾ।

ਮਖ ਅਰੰਭ ਕੀਨੋਂ ਤਿਹ ਕਾਲਾ।
ਚਢਿ ਕੈ ਜੀਤੇ ਨ੍ਰਿਪਤਿ ਬਿਸਾਲਾ ॥੩੩॥
ਅਨਿਕ ਪ੍ਰਕਾਰ ਸਵਾਰ[1] ਅਹਾਰਾ[2]। — [1]ਬਣਾਕੇ। [2]ਭੋਜਨ।
ਬ੍ਰਿੱਪ ਬੁਲਾਏ ਬਹੁਤ ਅਗਾਰਾ[1]। — [1]ਘਰ ਵਿਚ।
ਗਮਨਜੋ ਦਾਨ ਦੇਨਿ ਕੇ ਹੇਤਾ।
ਇਕ ਪਟ ਮਹਿਂ[1] ਪਟਿਰਾਨਿ[2] ਸਮੇਤਾ[3] ॥੩੪॥ — [1]ਇਕੋ ਕਪੜੇ ਵਿਚ। [2]ਪਟਰਾਣੀ। [3]ਸਣੇ।
ਬਿੱਪ੍ਰ ਬ੍ਰਿੰਦ ਕੇ ਬੀਚ ਪਹੂਚਾ।
ਭਯੋ ਪੌਨ ਤੇ ਤਿਯ ਪਟ[1] ਊਚਾ। — [1]ਇਸਤਰੀ ਦਾ ਬਸਤ੍ਰ।
ਤਿਹ ਛਿਨ ਬਿਖੈ ਬਿਲੋਕੇ ਅੰਗਾ।
ਸਰਬ ਦਿਜਨ ਕਿਯ ਹਾਸ ਉਤੰਗਾ[1] ॥੩੫॥ — [1]ਉੱਚਾ।
ਦੇਖਿ ਭੂਪ ਕ੍ਰੋਧਯੋ ਉਰ ਭਾਰਾ।
ਉਚਿਤ ਅਨੁਚਿਤ[1] ਕਛੂ ਨ ਬਿਚਾਰਾ। — [1]ਯੋਗ ਅਯੋਗ।
ਪਕਰੇ ਨ੍ਰਿਪਤ ਬਹੁਤ ਬਿਪ ਜਾਰੇ[1]। — [1]ਬ੍ਰਾਹਮਨ ਸਾੜੇ।
ਇਕ ਛਿਨ ਬਿਖੈ ਸਰਬ ਹਨਿ ਡਾਰੇ[1]† ॥੩੬॥ — [1]ਮਾਰ ਦਿੱਤੇ। †ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਦ੍ਰਿਸ਼ਟਾਂਤ ਮਾਤਰ ਹੋਰਥੇ ਬੀ ਵਰਤਿਆ ਹੈ:- ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥ ਤਿਨ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥੪॥ [ਪ੍ਰਭਾਤੀ ਮ: ੧
ਮਹਾਂ ਪਾਪ ਤੇ ਭਾ ਦੁਖ ਭਾਰੀ।
ਬਢਯੋ ਕੁਸ਼ਟ[1] ਤਿਹਂ ਦੇਹਿ ਮਝਾਰੀ। — [1]ਕੋਹੜ।
ਆਨ ਬਜਾਸ ਬਹੁਰੋ ਸਮਝਾਯੋ।
ਭਾਰਥ ਕੋ[1] ਇਤਿਹਾਸ ਸੁਨਾਯੋ ॥੩੭॥ — [1]ਮਹਾਂ ਭਾਰਥ ਦਾ।
ਕਹਯੋ ਭੀਮ ਕੋ ਜਬ ਇਤਿਹਾਸਾ।
-ਕਰੀ[1] ਬਗਾਏ[2] ਬੀਚ ਅਕਾਸ਼ਾ। — [1]ਹਾਥੀ। [2]ਚਲਾਏ।
ਸੋ ਅਬ ਲੌ ਊਪਰ ਭਰਮਾਈ[1]। — [1]ਫਿਰ ਰਹੇ ਹਨ ਉਪਰ।
ਬਹੁਰ ਨ ਪਰੇ ਧਰਾ ਪਰ ਆਈ- ॥੩੮॥
ਸੁਨਿ ਕੈ ਭੂਪ ਨ ਮਾਨੀ ਬਾਣੀ[1]। — [1]ਇਹ ਗੱਲ ਕਿ-ਹਾਥੀ ਅਕਾਸ਼ ਵਿਚ ਸੱਟੇ ਅਜੇ ਫਿਰ ਰਹੇ ਹਨ-ਰਾਜੇ ਨੇ ਨਾ ਮੰਨੀ।
ਨਾਕ ਐਂਠਿ ਬੈਠਯੋ ਬਿਨ ਜਾਨੀ।
ਮੰਤ੍ਰ ਸ਼ਕਤਿ ਤੇ ਬਜਾਸ ਉਤਾਰੇ।

ਸਭਾ ਮਝਾਰੀ ਸਭਿਨਿ ਦਿਖਾਰੇ ॥੩੯॥
ਕੁਸ਼ਟ ਨਾਕ ਮਹਿਂ ਰਹ੍ਯੋ ਤਦਾਈ।
ਰੋਯੋ ਜਨਮੇਜਾ ਦੁਖੁ ਪਾਈ।
ਤਿਸ ਤੇ ਛੂਟਿ ਗਏ ਤਨ ਪ੍ਰਾਨਾ।
ਕੀਨੋ ਤਬੈ ਪ੍ਰਲੋਕ ਪਯਾਨਾ ॥੪੦॥
ਇਸ ਜਗ ਮਹਿਂ ਆਨੰਦਤਿ ਗਜਾਨੀ।
ਅਪਰ ਸ੍ਰਿਸ਼ਟਿ ਸਭਿ ਦੁਖੀ ਮਹਾਨੀ।
ਪੀਰ ਜਿ ਸ਼ੇਖ ਮਸ਼ਾਇਕ ਜੇਤੇ।
ਡਰਤਿ ਕਾਲ ਤੇ ਰੋਵਹਿਂ ਤੇਤੇ ॥੪੧॥

ਦੋਹਰਾ:

ਗੋਪੀਚੰਦ ਨ੍ਰਿਪ ਭਰਥਰੀ, ਰੋਵਹਿਂ ਕੰਨ ਪੜਾਇ।
ਘਰਿ ਤਜਿ ਬਾਹਰਿ ਨਿਕਸਿ ਕੈ, ਪੁਨ ਘਰ ਮੰਗਣ ਜਾਇਂ ॥੪੨॥

ਚੌਪਈ:

ਬਹੁਤ ਜਤਨ ਕਰਿ ਦਰਬ ਕਮਾਯੋ।
ਰੋਵਹਿਂ ਕਿਰਪਨਿ[1] ਜਾਇ ਗੁਵਾਯੋ[2]।
ਪੰਡਿਤ ਉਚਰਹਿਂ ਮੁਖ ਤੇ ਗਜਾਨਾ।
ਨਹੀਂ ਕਮਾਵਹਿਂ ਜਿਉਂ ਅਗਜਾਨਾ ॥੪੩॥
ਅੰਤ ਕਾਲ ਜਮ ਤੇ ਬਸ ਹੋਇ।
ਦੁਖ ਪਾਵਹਿਂ ਰੋਵਹਿਂ ਤਬ ਸੋਇ।
ਭਰਤਾ ਮਿਰਤੁ ਭਏ ਤੇ ਨਾਰੀ।
ਰੋਵਹਿ ਸੇ, ਗੁਨ ਕਰਤਿ ਉਚਾਰੀ' ॥੪੪॥
ਸ਼੍ਰੀ ਗੁਰ ਕਹਿਂ 'ਮਰਦਾਨਾ ! ਸੁਨੀਏ।
ਸਭਿ ਸੰਸਾਰ ਦੁਖੀ ਹੀ ਗੁਨੀਏ।
ਫਸੇ ਮੋਹ ਮਹਿਂ ਰਹਿਤਿ ਦੁਖਾਰੇ।
ਜਗਤ ਉਦਧਿ[1] ਕੋ ਪਾਇਂ ਨ ਪਾਰੇ ॥੪੫॥

ਦੋਹਰਾ:

ਵਾਹਿਗੁਰੂ ਸਤਿਨਾਮ ਜੋ, ਮੰਨੈ ਸੋ ਜਿਣਿ[1]

[1]ਕੰਜੂਸ। [2]ਜੇ ਗੁਆਚ ਜਾਵੇ।

[1]ਸਮੁੰਦਰ।

[1]ਜਿੱਤ।

ਜਾਇ।
ਔਰ ਕਰਮ ਲੇਖੈ ਬਿਖੈ, ਨਹਿਂ ਕੋ ਛੁਟਨ ਉਪਾਇ ॥੪੬॥

ਚੌਪਈ:

ਰਿਦੇ ਸੁੱਧਿ ਸੇਵਹਿਂ ਸ਼੍ਰੀ ਨਾਮੁ।
ਨਹਿਂ ਤਿਨ ਕੋ ਲੇਖੈ ਸੋਂ ਕਾਮੁ।
ਧਰਮਰਾਇ ਕੋ ਕਾਗਦ ਫਾਰੈਂ।
ਜਾਵਤਿ ਪੰਥ[1] ਨ ਕੋ ਅਟਕਾਰੈ' ॥੪੭॥ — [1]ਪਰਲੋਕ ਦੇ ਰਾਹ ਜਾਂਦਿਆਂ।
ਇਸੀ ਪ੍ਰਕਾਰ ਸਾਰ[1] ਸੁਨਿ ਕਰਿ ਕੈ। — [1]ਸਿੱਧਾਂਤ।
ਰਹਜੋ ਸ਼ਾਹੁ ਪਗ ਪਰ ਸਿਰ ਧਰਿ ਕੈ।
'ਤੁਮਰੇ ਬਚ ਸਾਬੁਨ ਸਮਸਰਹੀਂ[1†]। — [1]ਵਰਗੇ ਹਨ। †ਪਾ:-ਸਮ ਧਰਹੀਂ।
ਮਨ ਮਲੀਨ ਪਟ ਉੱਜਲ ਕਰਿਹੀਂ[1] ॥੪੮॥ — [1]ਕਰਦੇ ਹਨ।
ਚਲਹੁ ਅਬੈ ਮਮ ਸਦਨ ਬਚਿੱਤ੍ਰਾ।
ਪਾਇਂ ਪਾਇ ਕੈ ਕਰਹੁ ਪਵਿੱਤ੍ਰਾ[†]। — †ਚਲਹੁ ਅਬੈ.........ਤੋਂ...... ਪਵਿੱਤ੍ਰਾ-ਤਕ ਦੀ ਥਾਂ ਪਾਠਾਂਤ੍ਰ ਇਹ ਹੈ:- ਅਹੋ ਪ੍ਰਭੁ ਤੁਮ ਦੀਨ ਦਯਾਲਾ। ਨਾਮ ਦਾਨ ਦੇ ਕਰਹੁ ਨਿਹਾਲਾ।
ਬਡੇ ਭਾਗ ਜਾਗੇ ਤੁਮ ਆਏ।
ਸਰਬ ਸਾਰ ਕੇ ਬਚਨ ਸੁਨਾਏ' ॥੪੯॥
ਸੁਨਿ ਕਰਿ ਬਿਨੈ ਪ੍ਰਭੁ ਸੁਖ ਕਾਰੀ।
ਗਮਨੇ ਤਾਂ ਕੇ ਸਦਨ ਮਝਾਰੀ।
ਜਹਾਂ ਸਥਲ ਥੋ[†] ਅਧਿਕ ਸੁਹਾਵਨ। — †ਪਾ:-ਮਹਿਲ ਥੋ।
ਤਹਿਂ ਇਕ ਕੀਨ ਪ੍ਰਯੰਕ[1] ਡਸਾਵਨ ॥੫੦॥ — [1]ਪਲੰਘ।
ਬੈਠਾਰੇ ਕਰਿ ਭਾਉ ਬਿਸਾਲਾ।
ਬਹੁਰ ਪਾਇਂ[1] ਪਾਈ ਨਿਜ ਬਾਲਾ[2]। — [1]ਚਰਨੀ। [2]ਅਪਣੀ ਇਸਤ੍ਰੀ।
ਤਿਹ ਕੋ ਸ਼ਾਂਤਿ ਦੇਨਿ ਕੇ ਹੇਤਾ।
ਬੋਲੇ ਸ਼੍ਰੀ ਬੇਦੀ ਕੁਲਕੇਤਾ ॥੫੧॥
'ਅਬਲ[1] ਪਿੰਗ[2] ਕੋਰੀ[3*] ਪਤਿ ਹੋਈ[4]। — [1]ਦੁਬਲਾ। [2]ਪਿੰਗਲਾ। [3]ਕੋੜ੍ਹੀ ਬੀ। [4]ਭਾਵੇਂ) ਪਤੀ ਹੋਵੇ।
ਪ੍ਰਭੁ ਸਮਾਨ ਲਖੈ ਤਿਯ ਜੋਈ।
ਸਰਬ ਭਾਂਤਿ ਕੀ ਸੇਵਾ ਕਰਿਹੀ[1]। — [1]ਕਰੇ।
ਪਰ ਪੁਰਖਨਿ ਰਤਿ[1] ਉਰ ਨਹਿਂ ਧਰਿਹੀ[2] — [1]ਪਰਾਏ ਪੁਰਖ ਨਾਲ ਪਯਾਰ। [2]ਨਾਂ ਧਰੇ।

॥ ੫੨ ॥

ਪਤਿ ਕੇ ਹਤਿ ਹ੍ਵੈ ਤਜਾਗੈ ਪ੍ਰਾਨਾ†।

†ਇਹੋ ਖਯਾਲ ਹੈ ਜੋ ਤੀਸਰੀ ਪਾਤਸ਼ਾਹੀ ਜੀ ਨੇ ਬੀ ਉਚਾਰਿਆ ਹੈ:-ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੋ ਚੋਟ ਮਰੰਨ੍ਹਿ' ॥ ਜਿਸ ਦੇ ਪਤੀ ਦੇ ਮੋਇਆਂ ਆਪੇ ਹੀ ਪ੍ਰਾਣ ਤਿਆਗ ਹੋ ਜਾਣ, ਪਰੰਤੂ ਇਤਨਾ ਪਿਆਰ ਵਿਰਲਾ ਹੁੰਦਾ ਹੈ, ਇਸ ਪਿਆਰ ਦੀ ਅਧੀਨਤਾ ਨਾ ਸਮਝਕੇ ਮਤੇ ਕੋਈ ਆਤਮਘਾਤ ਕਰੇ। ਇਸ ਗੱਲੋਂ ਰੋਕਣ ਲਈ ਸਤੀ ਦੀ ਰਸਮ ਬੰਦ ਕੀਤੀ। ਯਥਾ-'ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ' ॥ ਤੇ ਇਹ ਗੱਲ ਬੀ ਖੋਲ੍ਹ ਦਿਤੀ-'ਭੀ ਸੇ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥ ਸੇਵਨਿ ਸਾਈ ਆਪਣਾ ਨਿੱਤ ਉਠਿ ਸੰਮ੍ਹਾਲੰਨਿ ॥' [ਵਾਰ ਸੂਹੀ ਮ: ੩

ਰੰਚ ਸਮਾਨ ਨ ਤਨ ਪਹਿਚਾਨਾ।

ਜਾਹਿ ਸੁਰਗ ਸੁਖ ਪਾਹਿ ਬਡੇਰੇ†।

†ਇਸ ਦਾ ਫਲ ਸੁਰਗ ਤੇ ਸੁੱਖ ਦੱਸਿਆ ਹੈ ਪਰ ਜੋ ਇਸਤ੍ਰੀ ਪਤਿੱਬ੍ਰਤਾ ਧਰਮ ਧਾਰਨ ਕਰਦੀ ਹੋਈ ਜੀਉਂਦੇ ਕਿ ਮੋਏ, ਰਾਜ਼ੀ ਕਿ ਰੋਗੀ ਪਤੀ ਦੇ ਪਿਆਰ ਤੇ ਸੇਵਾ ਵਿਚ ਰਹਿੰਦੀ ਹੋਈ, ਸੀਲ ਸੰਤੋਖ ਰਖਦੀ ਹੋਈ ਨਾਮ ਵਿਚ ਖਚਿਤ ਰਹਿੰਦੀ ਹੈ ਓਹ ਸਦਗਤੀ ਨੂੰ ਪ੍ਰਾਪਤ ਹੁੰਦੀ ਹੈ, ਮੁਕਤੀ ਦਾ ਫਲ ਪਾਉਂਦੀ ਹੈ।

ਦੰਪਤਿ ਬਿਲਸਹਿਂ ਬਰਖ ਘਨੇਰੇ ॥ ੫੩ ॥
ਅਰ ਨਾਰੀ ਜੇ ਨਿਜ ਪਤਿ ਤਜਾਗੀ।
ਪਰ ਪੁਰਖਨ ਪਿਖਿ ਕੈ ਅਨੁਰਾਗੀ[1]। [1]ਪ੍ਰੇਮ ਕਰੇਗੀ।
ਹ੍ਵੈ ਕੈ ਨਿਡਰ ਤਜੀ ਜਗ ਬ੍ਰੀੜਾ[1]। [1]ਜਗਤ ਲਾਜ।
ਸਾਦ ਹੇਤ ਕਰਿਹੀ ਮਿਲਿ ਕ੍ਰੀੜਾ ॥ ੫੪ ॥
ਤਿਹ ਜਮਦੂਤ ਗਹੈਂ ਜਬ ਆਈ।
ਜਾਹਿਂ ਘਸੀਟਤਿ ਦੇਹਿਂ ਸਜ਼ਾਈ।
ਲੋਹਿ ਥੰਭ ਕੋ ਲਾਲ ਤਪਾਈ।
ਖੈਂਚ ਤਾਂਹਿ ਕੇ ਸੰਗ ਲਗਾਈ† ॥ ੫੫ ॥

†ਦੁਖ ਜੋ ਰੂਹ ਨੂੰ ਮੰਦਿਆਂ ਰਹਿਣ ਕਰਕੇ ਹੁੰਦੇ ਹਨ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਹੈ ਸਾਡੀ ਬੋਲੀ ਤੇ ਸਮਝ ਅਨੁਸਾਰ।

ਇੱਤਜਾਦਿਕ ਦੁਖ ਦੇਹਿਂ ਘਨੇਰਾ।
ਕੌਨ ਪੁਕਾਰ ਸੁਨਹਿਂ ਤਿਸ ਬੇਰਾ।
ਜਗ ਮਹਿਂ ਨਿੰਦਾ, ਕਸ਼ਟ ਅਗਾਰੀ।
ਅਸ ਗਤਿ ਹ੍ਵੈ ਬਿਭਚਾਰਨ ਨਾਰੀ ॥ ੫੬ ॥
ਪਤੀਬ੍ਰਤਾ ਕੋ ਜਸੁ ਜਗ ਮਾਂਹੀ।
ਆਗੈ ਅਨਿਕ ਬਿਧਿਨਿ ਸੁਖ ਪਾਹੀ[1]। [1]ਪਾਏਗੀ।
ਦੀਰਘ ਦ੍ਰਿਸ਼ਟਿ[1] ਦੇਖਿ ਕਰਿ ਐਸੇ। [1]ਲੰਬੀ ਨਜ਼ਰ ਭਾਵ ਦੂਰ ਦੀ ਸੋਚ ਕੇ।
ਨਹਿਂ ਬਿਭਚਾਰ[1] ਕਰਹੁ ਪੁਨ ਤੈਸੇ ॥ ੫੭ ॥ [1]ਮਾੜਾ ਕੰਮ।

ਸ਼ਾਹੁ ਤਿਯਾ ਸੁਨਿ ਕਰਿ ਬਚ ਗੁਰ ਕੇ।
ਪਰੀ ਪਾਇੰ ਪਰ ਜਮ ਡਰ ਕਰਿ ਕੈ।
'ਹੇ ਸੰਤਹੁ ! ਮੈਂ ਅਘ ਕਿਯ ਭਾਰੀ।
ਬਖਸ਼ਹੁ ਆਈ ਸ਼ਰਨਿ ਤੁਮਾਰੀ' ॥੫੮॥
ਗੁਰ ਕਹਿਂ 'ਪਾਛਲ ਬਖਸ਼ੇ† ਸੋਊ।

†ਪਿੱਛੇ ਬੀ ਕਈ ਵਾਰ ਆਯਾ ਹੈ। ਸਤਿਗੁਰ ਦਾ ਇਹ ਕਹਿਣਾ ਕਿ 'ਅਸਾਂ ਤੇਰੇ ਪਾਪ ਬਖਸ਼ੇ' ਉਨ੍ਹਾਂ ਦੇ ਰੱਬੀਅਤ ਵਾਲੇ ਔਜ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹੋਣ ਦਾ ਲਖਾਯਕ ਹੈ।

ਬਹੁਰ ਅਗਾਰੀ ਕਰਹੁ ਨ ਕੋਊ।
ਪਤਿ ਆਇਸੁ ਕੇ ਰਹੁ ਅਨੁਸਾਰੀ।
ਸਿਮਰਹੁ ਸੱਤਿਨਾਮ ਸੁਖਕਾਰੀ' ॥੫੯॥
ਅਸ ਉਪਦੇਸ਼ ਦੀਨ ਤਿਨ ਤਾਈਂ।
ਕਰੀ ਬਿਤੀਤ ਰੈਨ ਜਗ ਸਾਈਂ।
ਦੰਪਤਿ ਕੇ ਉਰ ਦੇ ਕਰਿ ਸ਼ਾਂਤਾ।
ਗਮਨ ਕੀਨਿ ਮਾਰਗ ਸੁਖਦਾਤਾ ॥੬੦॥
ਇਕ ਪੁਰਿ ਆਵਾ ਬਹੁਰ ਅਗਾਰੀ।
ਜਾਇ ਪਹੂੰਚੇ ਤਾਂਹਿ ਮਝਾਰੀ।
ਰੈਨ ਰਹਿਨ ਹਿਤ ਖੋਜਤਿ[1] ਥਾਇਂ।
ਜਿਨ ਕੀਨੇ ਬ੍ਰਹਮੰਡ ਬਨਾਇ ॥੬੧॥

[1]ਭਾਲਣ ਲਗੇ।

ਤਹਾਂ ਬਸੇਰਾ ਦੇਤਿ ਨ ਕੋਊ।
ਬੈਠੇਂ ਜਹਾਂ, ਉਠਾਵਹਿ ਸੋਊ।
ਮੰਦਮਤੀ ਪਿਖਿ ਨਰ ਤਿਹਂ ਥਾਏ।
ਪੁਰਿ ਤੇ ਵਹਿਰ ਪ੍ਰਭੂ ਪੁਨ ਆਏ ॥੬੨॥
ਹੁਤੋ ਕੁਸ਼ਟ ਯੁਤ[1] ਏਕ ਫਕੀਰਾ†।
{ਕੋਹੜੀ ਫਕੀਰ ਨਿਸਤਾਰਾ}

[1]ਕੋੜ੍ਹ ਸਹਿਤ। †ਪੁਰਾਤਨ ਜਨਮ ਸਾਖੀ ਵਿਚ ਇਸ ਕੋਹੜੀ ਦੇ ਟਿਕਾਣੇਂ ਦਾ ਪਤਾ ਐਉਂ ਦਿੱਤਾ ਹੈ, 'ਦਿਪਾਲਪੁਰ ਪਾਸਦੋਂ, ਕੰਙਣਪੁਰ ਵਿਚਦੋਂ, ਕਸੂਰ ਵਿਚਦੋਂ, ਪਟੀ ਵਿਚਦੋਂ ਗੋਇੰਦ ਵਾਲਿ ਆਇ ਰਹਿਣ ਲਾਗਾ, ਤਾਂ ਕੋਈ ਰਹਿਣ ਦੇਵੈ ਨਾਹੀਂ' ਅਗੇ ਫੇਰ ਸਾਖੀ ਹੈ। ਪ੍ਰੰਤੂ ਕੋਹੜੀ ਨਿਸਤਾਰਣ ਦਾ ਟਿਕਾਣਾ ਦੱਸੀਦਾ ਹੈ ਕਿ ਦਿਪਾਲ ਪੁਰ ਲਾਗੇ ਅਜੇ ਹੈ।

ਨਿਸ ਬਾਸੁਰ ਬਹੁ ਪਾਵਤਿ ਪੀਰਾ।
ਦੇਖਿ ਦਯਾਨਿਧਿ ਕਰੁਣਾ ਆਈ।
ਝੁੰਗੀ ਢਿਗ ਬੈਠੇ ਜਗਸਾਈਂ ॥੬੩॥
ਕਹੈ ਫਕੀਰ ਬੰਦਿ ਕਰ ਦੋਊ।

'ਮੋਰ ਸਮੀਪ ਨ ਆਵਤਿ ਕੋਊ।
ਖਗ[1] ਭਾਗੈਂ ਪਿਖਿ[2], ਗਿਨਤੀ ਕਤਾ ਨਰ। [1]ਪੰਛੀ। [2]ਦੇਖਕੇ।
ਤੁਮ ਆਏ, ਮੋ ਪਰ ਕਰੁਣਾ ਕਰਿ[1]' [1]ਕ੍ਰਿਪਾ ਕਰਕੇ। (ਅ) ਹੇ ਕ੍ਰਿਪਾ ਦੀ ਖਾਣ!
॥੬੪॥
ਰੈਨ ਬਸੇਰਾ ਕਰਿ ਤਿਹ ਥਾਨਾ।
ਨਹਿਂ ਪੌਢੇ ਬੈਠੇ ਗਤਿਦਾਨਾ।
ਸਭਿ ਨਿਸਿ ਕੁਸ਼ਟੀ ਸੰਕਟ ਪਾਵੈ।
ਹਾਇ ਹਾਇ ਕਹਿ ਕੈ ਬਿਲਲਾਵੈ ॥੬੫॥

ਦੋਹਰਾ:

ਅਰਧ ਨਿਸਾ ਬੀਤੀ ਜਬਹਿ, ਸ੍ਰੀ ਬੇਦੀ ਕੁਲਕੇਤ।
ਸ਼ਬਦ ਉਚਾਰਨ ਕੀਨ ਤਬ, ਸੰਕਟ ਕਟਨੇ ਹੇਤੁ ॥੬੬॥

ਸ੍ਰੀ ਮੁਖਵਾਕ ॥
ਧਨਾਸਰੀ ਮਹਲਾ ੧ ॥
ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥
ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥
ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥
ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥
ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥੩॥
ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥
ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥

ਚੌਪਈ:

ਸ੍ਰੀ ਗੁਰ ਸਰਬ ਸ਼ਬਦ ਮੁਖ ਭਨਾ[1]। [1]ਕਹਿਆ।
ਤੁਸ਼ਨਿ ਕਰਿ ਕੁਸ਼ਟੀ ਨੈ ਸੁਨਾ।
ਭਈ ਦੇਹਿ ਤਤਕਾਲ ਅਰੋਗੰ।
ਬਿਨਸਿ ਗਏ ਮਨ ਕੇ ਸਭਿ ਸੋਗੰ ॥੬੭॥
ਨਿਰਮਲ ਭਈ ਮਨੀਖਾ[1] ਤਬ ਹੀ। [1]ਬੁੱਧੀ।
ਮਨ ਮਲੀਨਤਾ ਨਾਸੀ ਸਭਿ ਹੀ।
ਭਈ ਭੋਰ ਪਾਹੁਲ ਪਗ[1] ਲੀਨੀ। [1]ਚਰਨ ਪਾਹੁਲ।
ਹਿਰਦੇ ਜਾਗੀ ਭਗਤਿ ਨਵੀਨੀ ॥੬੮॥
ਪ੍ਰਗਟੀ ਨਗਰ ਬਿਖੈ ਸੁਧ ਸੋਊ।

ਪਿਖਨ[1] ਦਰਸ ਆਏ ਸਭਿ ਕੋਊ।
ਆਨਿ ਉਪਾਇਨ ਧਰੈਂ ਅਗਾਰੀ।
'ਸੰਤਹੁ ! ਬਖਸ਼ਹੁ ਭੂਲ ਹਮਾਰੀ ॥੬੯॥
ਸੇਵਕ ਕਰੀਏ, ਸ਼ਰਨ ਤੁਮਾਰੀ।
ਦਰਸ ਅਮੋਘੰ ਪਰਉਪਕਾਰੀ।'
ਸੁਨਿ ਕਰਿ ਤਿਨ ਕੀ ਬਿਨੈ ਬਿਸਾਲਾ।
ਸਭਿ ਕੋ ਪਾਹੁਲ ਦੇ ਤਤਕਾਲਾ ॥੭੦॥
ਸੱਤਿਨਾਮ ਕੋ ਜਾਪ ਸੁਨਾਯੋ।
ਕਰਨੋ ਨਿਤ ਸਤਿਸੰਗ ਬਤਾਯੋ।
ਬਹੁਰੋ ਕੀਨੋ ਗਮਨ ਅਗਾਰੀ।
ਤਿਨ ਚਰਨਨ ਪਰ ਕਵਿ ਬਲਿਹਾਰੀ ॥੭੧॥

[1]ਦੇਖਣ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ਼ਾਹੁ ਕੋ ਅਰੁ ਕੋੜ੍ਹੀ ਫਕੀਰ ਕੋ ਪ੍ਰਸੰਗ' ਬਰਨਨੰ ਨਾਮ ਪੱਚੀਸਮੋਂ ਅਧਯਾਯ ॥੨੫॥

## ੨੬. [ਸੰਤ ਮੰਗਲ। ਸੰਤਾਂ ਦਾ ਉਧਾਰ। ਏਮਨਾਵਾਦ ਆਗਮਨ]

੨੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੭

{ਸੰਤਾਂ ਨਾਲ ਗਿਆਨ ਚਰਚਾ} ॥੫..॥
{ਬ੍ਰਹਮਾ, ਬਿਸ਼ਨ ਅਤੇ ਸ਼ਿਵ ਦੀ ਉਮਰ} ॥੧੦.. ॥ ॥ ॥੨੭॥
{ਸੰਤਾਂ ਸਮੇਤ ਏਮਨਾਵਾਦ ਪਹੁੰਚੇ} ॥੨੪॥

ਦੋਹਰਾ:

ਨਾਮ ਬਿਖੈ ਜਿਨਿ ਲਿਵ ਲਗੀ, ਹਉਂਮੈ ਸਰਬ ਨਸਾਇ।
ਤਿਨ ਸੰਤਨ ਬੰਦੋਂ ਚਰਨ, ਉਚਰੋਂ ਕਥਾ ਬਨਾਇ ॥੧॥

{ਬਨਾਇ=ਬਨਾਕੇ, ਸੰਵਾਰ ਕੇ, ਸੁਹਣੀ ਤਰ੍ਹਾਂ ਨਾਲ।}

ਅਰਥ:

ਜਿਨ੍ਹਾਂ ਸੰਤਾਂ ਦੀ ਸਾਰੀ ਹਉਮੈ ਦੂਰ ਹੋਈ ਹੈ (ਅਤੇ) ਨਾਮ ਵਿਚ ਲਿਵ ਲੱਗੀ ਹੈ ਉਨ੍ਹਾਂ ਦੇ ਚਰਨਾਂ ਉਤੇ ਮੱਥਾ ਟੇਕ ਕੇ (ਅਗੋਂ) ਕਥਾ ਸੁਹਣੀ ਤਰ੍ਹਾਂ ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਕਹਿ ਬਾਲਾ ਸ੍ਰੀ ਅੰਗਦ! ਸੁਨੀਏ।
ਰੁਚਿਰ ਕਥਾ ਗੁਨ ਗਨ ਯੁਤ[1] ਗੁਨੀਏ। [1]ਸਹਿਤ।
ਮਾਰਗ ਚਲੇ ਜਾਹਿਂ ਗਤਿਦਾਈ।
ਗੋਬਿੰਦ ਲੋਕ[1] ਮਿਲੇ ਕਛੁ ਆਈ ॥੨॥ [1]ਸੰਤ ਲੋਕ।
ਸਭਿਨਿ ਪਦਨ ਪਰ ਬੰਦਨ ਠਾਨੀ।
ਬੈਠਿ ਗਏ ਉਚਰੀ ਮੁਖ ਬਾਨੀ।
'ਰਾਵਰਿ ਸੁਜਸੁ ਸੁਨਾ ਸਭਿ ਥਾਈਂ।
ਕੀਰਤਿ ਪਸਰ ਰਹੀ ਅਧਿਕਾਈ ॥੩॥
ਚਹਿਤ ਮਿਲਾਪ ਬਿਤਯੋ ਕਿਤਕਾਲਾ।
ਅਕਸਮਾਤ੍ਰ[1] ਅਬ ਮਿਲੇ ਕ੍ਰਿਪਾਲਾ। [1]ਅਚਾਨਕ
ਕਰਨ ਸੰਭਾਖਣ[1] ਰਾਵਰ ਸਾਥਾ। [1]ਪ੍ਰਸ਼ਨ ਉੱਤਰ।
ਬੂਝਨ ਚਹੈਂ ਪ੍ਰਭੁ ਕੀ ਗਾਥਾ ॥੪॥
ਜੇ ਆਇਸੁ ਤੁਮ ਦੇਹੁ ਗੁਸਾਈਂ!
ਕਰਹਿਂ ਅਪਨੋ ਪ੍ਰਸ਼ਨ ਬਨਾਈ।'

{ਸੰਤਾਂ ਨਾਲ ਗਿਆਨ ਚਰਚਾ}

ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ।
'ਤੁਮ ਬੂਝਨ ਪਰ ਹਉਂ ਬਲਿਹਾਰੀ ॥੫॥
ਜਾਂ ਤੇ ਭਯੋ ਪ੍ਰੇਮ ਅਭਿਰਾਮੂ।
ਹਰਿ ਚਰਚਾ ਭਗਤਨ ਕੋ ਕਾਮੂ।
ਇਸ ਬਿਧਿ ਸਫਲੀ ਘੜੀ ਬਿਹਾਵਹਿ[1]। [1]ਬੀਤੇਗੀ।

ਗਯਾਨ ਕਥਾ ਕੋ ਸੁਨਹਿਂ ਸੁਨਾਵਹਿਂ ॥੬॥

ਦੋਹਰਾ:

ਸੰਤ ਕਹੈ 'ਕਰਤਾਰ ਜੋ, ਕੈਸੇ ਤਾਂਹਿ ਬਨਾਇ[1]। — [1]ਤਿਸਦੀ ਬਨਾਵਟ।

ਰੂਪ ਰੰਗ ਜਸ ਚਿਹਨ ਹੈ, ਸੋ ਤੁਮ ਦੇਹੁ ਸੁਨਾਇ ॥੭॥

ਚੌਪਈ:

ਸਭਿ ਪਰਮਾਨ ਬਤਾਵਹੁ ਤਿਹ ਕੋ।
ਸੁਰ ਨਰ ਖੋਜਤਿ ਫਿਰਿਹੀ ਜਿਹ ਕੋ।
ਕਿਸ ਪ੍ਰਕਾਰ ਸੋ ਉਤਪਤ ਭਯੋ?
ਕਿਧੋਂ ਆਪ ਹੀ ਤੇ ਬਨਿ ਗਯੋ ॥੮॥
ਤੁਮਹੋ ਮਿਲੇ, ਭੇਵ ਸਭਿ ਜਾਨਹੁ।
ਪਰਾ ਉਰਾ ਲਖਿ ਲਿਯਤਿ[1], ਪਛਾਨਹੁ।' — [1]ਪਾਰ ਉਰਾਰ (ਆਦਿ ਅੰਤ ਆਪ ਨੇ ਉਸ ਦਾ) ਲਖ ਲਿਆ ਹੈ (ਇਹ ਅਸੀਂ) ਪਛਾਣਦੇ ਹਾਂ।

ਸੁਨਿ ਗੁਨ ਖਾਨੀ ਉਚਰੀ ਬਾਂਨੀ।
'ਅਹੋ ਸੰਤ! ਤਿਹ ਅੰਤ ਨ ਜਾਨੀ ॥੯॥
ਕਹਿਨ ਬਿਅੰਤ, ਅੰਤ ਇਹ ਆਹੀ।
ਔਰ ਨ ਤਿਹ ਕੋ ਜਾਨਯੋ ਜਾਹੀ।

{ਬ੍ਰਹਮਾ, ਬਿਸ਼ਨ ਅਤੇ ਸ਼ਿਵ ਦੀ ਉਮਰ}

ਦ੍ਵਾਦਸ਼ ਮਾਸ ਬਰਖ ਹੈ ਜੋਈ।
ਨਿਸ ਦਿਨ ਏਕ ਸੁਰਨ ਕੋ ਸੋਈ ॥੧੦॥
ਦ੍ਵੈ ਸਹੰਸ੍ਰ[1] ਜੁਗ ਸੁਰ ਕੋ ਹੋਇ। — [1]ਦੋ ਹਜ਼ਾਰ।
ਬ੍ਰਹਮੇ ਕੋ ਨਿਸ ਦਿਨ[1] ਹੈ ਸੋਇ। — [1]ਇਕ) ਰਾਤ ਦਿਨ।
ਅਸ ਨਿਸ ਦਿਨ ਕੇ ਸੰਮਤ[1] ਸ਼ਤ[2] ਹੈਂ। — [1]ਵਰਖ। [2]ਸੌ।
ਸੋ ਬ੍ਰਹਮੇ ਕੀ ਬੈਸ[1] ਗਿਨਤਿ ਹੈਂ ॥੧੧॥ — [1]ਆਯੂ।
ਅਹੈ ਬਿਸ਼ਨੁ ਕੋ ਨਿਸ ਦਿਨ ਸੋਈ।
ਬਰਖ ਸਹਸ ਅਸ ਜਬ ਤਿਸ ਹੋਈ।
ਤਬ ਤਨ ਤਜਨਹੁ ਬਿਸ਼ਨੁ† ਪ੍ਰਮਾਨਹੁ[1]। — [1]ਸਮਝੋ। †ਇਥੋਂ ਸਪਸ਼ਟ ਹੋ ਗਿਆ ਕਿ ਵਿਸ਼ਨੂੰ ਬੀ ਮ੍ਰਿਤੂ ਨੂੰ ਪ੍ਰਾਪਤ ਹੁੰਦਾ ਹੈ।
ਏਕ ਦਿਵਸ ਸ਼ਿਵ ਕੋ ਸੁ ਪਛਾਨਹੁ ॥੧੨॥
ਐਸੇ ਹੋਇਂ ਬਰਖ ਸ਼ਤ[1] ਜਬ ਹੀ। — [1]ਸੌ।

ਤਨ ਕੋ ਛੋਰਿ ਦੇਹਿ ਸ਼ਿਵ ਤਬ ਹੀ।
ਇਤਨੋ ਕਾਲ ਬੀਤਿਓ ਜੋਈ।
ਏਕ ਨਿਮਖ ਮਾਯਾ ਕੀ ਸੋਈ† ॥੧੩॥

†ਦਿੱਬਯ ਬਰਖ ਆਦਿ ਦਾ ਹਿਸਾਬ ਅਸੀਂ ਪਿੱਛੇ ਪੂਰਬਾਰਧ ਅਧ੍ਯਾਯ ੬੬ ਅੰਕ ੪੭ ਦੀ ਟੂਕ ਵਿਚ ਦੇ ਆਏ ਹਾਂ।

ਤਿਸ ਮਾਯਾ ਕੋ ਨਾਂਹੀ ਅੰਤਾ।
ਤਿਹ ਪਤਿ ਕੋ ਕੋ[1] ਕਹਿ ਬਿਰਤੰਤਾ।'
ਅਸ ਕਹਿ ਸ੍ਰੀ ਗੁਰ ਪਰਮ ਉਦਾਰਾ।
ਸ਼ਬਦ ਗੂਜਰੀ ਬਿਖੈ ਉਚਾਰਾ ॥੧੪॥

[1]ਕੌਣ।

ਸ੍ਰੀ ਮੁਖਵਾਕ ॥
ਗੂਜਰੀ ਮਹਲਾ ੧ ॥
ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥
ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥

ਦੋਹਰਾ:
'ਸ੍ਰੀ ਨਾਰਾਇਣ ਨਾਭਿ ਤੇ, ਉਪਜਯੋ ਕਮਲ ਅਨੂਪ।
ਤਿਸ ਮਾਂਹੀ ਬ੍ਰਹਮਾ ਭਯੋ, ਚਤੁਰ[1] ਬਦਨ[2] ਜਿਸ ਰੂਪ ॥੧੫॥

[1]ਚਾਰ। [2]ਮੂੰਹ ਵਾਲਾ।

ਚੌਪਈ:
ਸੋ ਖੋਜਨ ਲਾਗਯੋ ਕਰਤਾਰਾ।
ਨਹਿਂ ਜਾਨਯੋ ਤਿਹ ਪਾਰਾਵਾਰਾ।
ਖੋਜਤਿ ਖੋਜਤਿ ਰਹਿ ਗਯੋ ਹਾਰੂ[1]।
ਨਰ ਬਪੁਰੇ ਕੀ ਕੌਨ ਬਿਚਾਰੂ' ॥੧੬॥

[1]ਹਾਰਕੇ ਰਹਿ ਗਿਆ।

ਕਹੈਂ ਸੰਤ 'ਸਭਿ ਹਮਹਿਂ ਸੁਨਾਵਹੁ।
ਜਿਉਂ ਖੋਜੀ ਹੈ ਆਦਿ ਬਤਾਵਹੁ।
ਕੋਇ ਨ ਤੁਮ ਤੇ ਦੁਰਯੋ[1] ਬ੍ਰਿਤਾਂਤਾ।
ਕਰ ਪਰ ਬੱਦ੍ਰ ਹ੍ਰਿਦੈ ਅਸ ਗ੍ਯਾਤਾ[1], ॥੧੭॥

[1]ਛੁਪਿਆ।

[1]ਹੱਥ ਉਪਰ ਬੇਰ ਹੁੰਦਾ ਹੈ ਜਿਵੇਂ ਤਿਵੇਂ ਤੁਹਾਡੇ ਰਿਦੇ ਵਿਚ ਗਿਆਨ ਹੈ।

ਸ੍ਰੀ ਗੁਰ ਭਨੈਂ 'ਸੁਨਹੁ ਹਿਤ ਸੰਗਾ।
ਸ੍ਰਿਸ਼ਟਿ ਸ੍ਰਿਜਨ ਤੇ ਪ੍ਰਿਥਮ[1] ਪ੍ਰਸੰਗਾ।
ਬ੍ਰਹਮਾ ਭਯੋ ਕਮਲ ਤੇ ਜਬ ਹੀ।

[1]ਪਹਿਲਾ।

ਉਸਤਤਿ ਠਾਨੀ[1] ਪ੍ਰਭੁ ਕੀ ਤਬ ਹੀ ॥੧੮॥ [1]ਕੀਤੀ।

ਦੋਹਰਾ:

ਤੱਤ ਗਜਾਨ ਕੇ ਜਾਨਿਬੇ, ਜਗੀ ਪ੍ਰੀਤਿ ਮਨ ਮਾਂਹਿ।
-ਕੈਸੋ ਕਰਤਾ ਪੁਰਖੁ ਹੈ, -ਦੇਖਿਨਿ ਉਮਗੀ ਚਾਹਿ ॥੧੯॥

ਚੌਪਈ: [1]ਉਸਤਤ ਦੀਆਂ ਰਿਚਾਂ।

ਰਿਚਾ ਪ੍ਰਸ਼ੰਸ਼ਾ ਕੀ ਬਹੁ[1] ਕਰਿਹੀ।
ਲਾਇ ਪ੍ਰੀਤਿ ਮੁਖ ਬਚਨ ਉਚਰਿਹੀ।
ਮਧੁਰ ਮਧੁਰ ਸੁਰ ਸਿਉਂ ਤਬ ਗਾਵਹਿ।
ਅਧਿਕ ਰੀਝ ਕੈ ਹਰਖ ਬਢਾਵਹਿ ॥੨੦॥
ਬਧੈ ਪ੍ਰੀਤਿ ਪੁਨ ਅਵਰ ਕਰੇਈ।
ਅਰਬ ਬਿਚਾਰ ਬਡੋ ਸੁਖ ਲੇਈ।
ਪ੍ਰੇਮ ਮਗਨ ਮੁਖ ਗਦਗਦ[1] ਬਾਨੀ। [1]ਪ੍ਰਸੰਨ।
ਗਾਵਹਿ ਰੀਝਹਿ ਆਨੰਦ ਮਾਨੀ ॥੨੧॥
ਚਤੁਰ ਬੇਦ[1] ਤਬ ਕਰੇ ਬਿਧਾਤਾ[2]। [1]ਚਾਰ ਵੇਦ। [2]ਬ੍ਰਹਮਾ ਨੇ।
ਜੋ ਜਗ ਬਿਖੈ ਅਹੈਂ ਬੱਖਜਾਤਾ।
ਤਿਨਹਿ ਬਿਲੋਕਤਿ ਰਿਖੀ ਪ੍ਰਬੀਨੇ[1]। [1]ਚਤੁਰ ਰਿਸ਼ੀਆਂ ਨੇ।
ਸਿੰਮ੍ਰਿਤਿ ਸ਼ਾਸਤ੍ਰ ਬਹੁ ਰਚਿ ਦੀਨੇ ॥੨੨॥

ਦੋਹਰਾ:

ਚਤੁਰ ਬੇਦ ਅਸ ਕਰਿ ਬਹੁਰ, ਉਰ ਮਹਿਂ ਕੀਨ ਬਿਚਾਰ।
-ਕਿਸ ਤੇ ਮੈਂ ਉਤਪਤਿ ਭਯੋ, ਕੋ ਉਪਜਾਵਨ ਹਾਰ ॥੨੩॥

ਚੌਪਈ:

ਕਰੀ ਦ੍ਰਿਸ਼ਟਿ ਦੇਖੀ ਦਿਸ਼ ਚਾਰਾ।
ਜਹਿਂ ਤਹਿਂ ਜਲ ਹੈ ਅਪਰ ਅਪਾਰਾ[1]। [1]ਬਿਅੰਤ।
-ਕੈ ਮੈ ਹੋਂ, ਕੈ ਜਲ ਹੈ ਦੂਜੋ।
ਔਰ ਨ ਕਿਹਂ ਥਲ ਦੀਸਤਿ ਤੀਜੋ- ॥੨੪॥

ਉਪਜ੍ਯੋ ਗਰਬ[1] -ਨ ਮੋ ਬਿਨੁ ਆਨਾ[2]। — [1]ਹੰਕਾਰ। [2]ਮੇਰੇ ਬਿਨਾ ਹੋਰ ਦੂਸਰਾ (ਕੋਈ) ਨਹੀਂ।
ਮੈਂ ਕਿਹ[1] ਉਸਤਤਿ ਕਰਉਂ ਬਖਾਨਾ। — [1]ਕਿਸਦੀ।
ਕਰਨ ਕਰਾਵਨ ਮੈਂ ਕਰਤਾਰਾ।
ਅਪਰ ਨ ਹੈ ਕੋ ਸਿਰਜਨਹਾਰਾ[1] ॥੨੫॥ — [1]ਬਨਾਵਣ ਵਾਲਾ।
ਜੇ ਹੋਵਤਿ, ਤੌ ਦੀਸਤਿ ਮੋਹੀ।
ਲਖ੍ਯੋ ਨ ਕੋ, ਯਾਂ ਤੇ ਨਹਿਂ ਹੋਹੀ[1]-। — [1]ਹੋਣਾ ਹੀ ਨਹੀਂ।
ਇਸ ਬਿਧਿ ਰਿਦੈ ਗਰਬ ਜਬ ਭਯੋ।
-ਮੈਂ ਹੋਂ, ਅਪਰ ਨ ਕਰਤਾ ਬਿਯੋ[1]- ॥੨੬॥ — [1]ਦੂਸਰਾ।

ਦੋਹਰਾ:
ਤਬ ਗੰਭੀਰ ਧੁਨਿ ਸੋਂ ਮਧੁਰ, ਬਾਨੀ ਭਈ ਅਕਾਸ਼।
-ਕਿਉਂ ਗਰਬਤ ਬ੍ਰਹਮਾ ਰਿਦੈ? ਮੈਂ ਹੋਂ ਕਰਤਿ[1] ਪ੍ਰਕਾਸ਼ ॥੨੭॥ — [1]ਕਰਨ ਵਾਲਾ।

ਚੌਪਈ:
ਜਿਸ ਤੇ ਹੋਯੋ ਜਨਮ ਤੁਮਾਰਾ।
ਤਿਹ ਕੋ ਖੋਜਹੁ ਆਇ ਬਿਚਾਰਾ-।
ਸੁਨਿ ਕਰਿ ਬ੍ਰਹਮੇ ਬਚਨ ਉਚਾਰਾ।
-ਭਲੀ ਭਾਂਤਿ ਸਭਿ ਸਥਲ ਨਿਹਾਰਾ ॥੨੮॥
ਕੈ ਮੈਂ ਹੋਂ, ਕੈ ਜਲ ਹੈ ਇਹਾਂ।
ਅਪਰ ਨ ਪਿਖ੍ਯੋ, ਪੇਖਿ ਬਹੁ ਰਹਾ।
ਜੇਕਰਿ ਤੀਜੋ ਹੈ ਕਿਹ ਥਾਈਂ।
ਸੋ ਮੋ ਕੋ ਅਬ ਦੇਹੁ ਬਤਾਈ- ॥੨੯॥
ਤਬ ਅਕਾਸ਼ ਬਾਨੀ ਨੈ ਕਹਾ।
-ਜਿਸ ਪਰ ਬੈਠਿ ਪਰਮ ਸੁਖ ਲਹਾ।
ਸੋ ਅਪਨੀ ਤੂੰ ਆਦਿ[1] ਪਛਾਨ। — [1]ਉਤਪਤੀ ਦਾ ਕਾਰਨ।
ਇਸ ਕੋ ਖੋਜ ਗਰਬ ਪੁਨ ਠਾਨਿ- ॥੩੦॥
ਦੇਖਿ ਕਮਲ, ਬਿਧਿ[1] ਗਿਰਾ ਉਚਾਰੀ। — [1]ਬ੍ਰਹਮਾ ਨੇ।
-ਇਹ ਤੋ ਛੋਟੋ ਮੋਹਿ ਅਗਾਰੀ।
ਪਿਖੋਂ ਬਿਸ਼ਾਲ ਆਪਨੀ ਦੇਹੀ।

| | |
|---|---|
| ਅਸਮੰਜਸ[1] ਪੁਨ ਆਇ ਨ ਕੇਹੀ[2] ॥ ੩੧ ॥ | [1]ਸੰਦੇਹ ਵਾਲੀ ਗੱਲ ਹੈ, (ਚਿੱਤ ਵਿਚ) ਨਹੀਂ ਆਂਵਦੀ ਕਿਸੇ ਤਰ੍ਹਾਂ (ਬੀ)। [2]ਸੰਦੇਹ ਵਾਲੀ ਗੱਲ ਹੈ, (ਚਿੱਤ ਵਿਚ) ਨਹੀਂ ਆਂਵਦੀ ਕਿਸੇ ਤਰ੍ਹਾਂ (ਬੀ)। |
| ਅਲਪ[1] ਵਸਤੁ ਕਸ[2] ਜਨਹਿ ਬਿਸਾਲਾ[3]-। | [1]ਛੋਟੀ। [2]ਚੀਜ਼ ਕਿਸ ਤਰ੍ਹਾਂ। [3]ਪੈਦਾ ਕਰ ਸਕਦੀ ਹੈ ਵਡੀ ਨੂੰ। |
| ਨਭ[1] ਮਹਿਂ ਬੋਲੇ ਬਹੁਰ ਅਕਾਲਾ। | [1]ਅਕਾਸ਼। |
| -ਜਬ ਭਲਿ ਭਾਂਤਿ ਖੋਜਨਾ ਠਾਨਹੁ। | |
| ਅਲਪ[1] ਬਿਸਾਲ[2] ਤਬਹਿ ਪਹਿਚਾਨਹੁ- ॥ ੩੨ ॥ | [1]ਛੋਟਾ। [2]ਵੱਡਾ। |
| ਸੁਨਿ ਕੈ ਬ੍ਰਹਮਾ ਚੱਕ੍ਰਿਤ[1] ਹੋਵਾ। | [1]ਹੈਰਾਨ। |
| ਚਿੰਤਾ ਕਰਤਿ ਕਮਲ ਦਿਸ਼ਿ ਜੋਵਾ[1]। | [1]ਵੱਲ ਤੱਕਿਆ। |
| -ਮੈਂ ਬਿਸ਼ਾਲ ਇਹੁ ਅਲਪ ਦਿਸਾਈ। | |
| ਉਤਪਤਿ ਮਮ ਕਿਸ ਬਿਧਿ ਬਨਿਆਈ- ॥ ੩੩ ॥ | |
| ਬਹੁ ਚਿਤਵਤਿ ਅਸ ਰਿਦੈ ਬਿਚਾਰੀ। | |
| -ਹਨੋਂ ਲਾਤ, ਜੇ ਲੇਯ ਸਹਾਰੀ[1]। | [1]ਜੇ ਸਹਾਰ ਲਏਗੀ (ਕਮਲ ਦੀ ਨਾਲ)। |
| ਤੌ ਜਾਨਹੁੰਗੇ ਇਹ ਮਮ ਆਦਿ। | |
| ਟੂਟ ਗਯੋ ਜਬ, ਸਮਝੋਂ ਬਾਦ[1]- ॥ ੩੪ ॥ | [1]ਵਿਅਰਥ ਬਾਤ ਸਮਝਾਂਗਾ। |
| ਕਰਿ ਬਿਚਾਰ ਤਬ ਲਾਤ ਪ੍ਰਹਾਰੀ[1]। | [1]ਲੱਤ ਮਾਰੀ। |
| ਚਲਯੋ ਨ ਕਮਲ ਦੁਤਿਯ ਤਬ ਮਾਰੀ। | |
| ਹਨਤਿ ਪਰਯੋ ਤਿਹਕੇ ਮਧ ਜਾਈ। | |
| ਗਯੋ ਨਾਲ ਮਹਿਂ ਠੌਰ ਨ ਪਾਈ ॥ ੩੫ ॥ | |
| ਦੋਹਰਾ: | [1]ਜਿਵੇਂ ਬੜੇ ਡੂੰਘੇ ਖੂਹ ਵਿਚ ਰੋੜ ਜਾ ਡਿੱਗੇ। |
| ਜਿਉਂ ਬਿਸ਼ਾਲ ਗੰਭੀਰ ਮਹਿ, ਕੂਪ ਰੋਰ ਪਰ ਜਾਇ[1]। | |
| ਤਿਉਂ ਤਿਸ ਮੈਂ ਗਿਰ ਕੈ ਗਯੋ, ਥਾਹਿ ਨ ਕਿਤਹੂੰ ਪਾਇ ॥ ੩੬ ॥ | |
| ਚੌਪਈ: | |
| ਚਲਯੋ ਜਾਤ ਚਿਰਕਾਲ ਬਿਤਾਵਾ। | |
| ਠਹਿਰਨ ਥਾਨ ਕਹੂੰ ਨਹਿਂ ਪਾਵਾ। | |
| ਕਬ ਸਿਰ ਊਪਰ ਕਬ ਹੀ ਨੀਚੇ। | |
| ਚਲਯੋ ਜਾਤਿ ਤਿਸ ਨਾਲੀ ਬੀਚੇ ॥ ੩੭ ॥ | |
| ਬਿਹਬਲ ਹ੍ਵੈ ਅਤਿ ਹੀ ਦੁਖ ਪਾਵਾ। | |

ਉਬਰਨ ਕੋ ਨਹਿਂ ਪਾਇ ਉਪਾਵਾ।
-ਆਦਿ ਮੱਧਿ ਅੰਤ ਹੌਂ ਸਾਰੇ[1]-। [1]ਆਦਿ, ਮੱਧ, ਅੰਤ ਸਾਰੇ ਮੈਂ ਹੀ ਹਾਂ।
ਪ੍ਰਿਥਮ ਗਰਬ ਤੇ ਬਚਨ ਉਚਾਰੇ[1] ॥ ੩੮ ॥ [1](ਇਹ) ਉਚਾਰੇ ਸੀ ਪਹਿਲੇ ਹੰਕਾਰ ਨਾਲ।
ਸੋ ਸਭਿ ਗਰਬ ਗਯੋ ਤਿਹਂ ਉਰ ਤੇ।
ਪਾਇ ਸ਼ਰਮ[1] ਜਬ ਗਿਰਗਾ ਧੁਰ ਤੇ। [1]ਥਕੇਵਾਂ।
ਭਯੋ ਦੁਖਾਤੁਰ[1] ਰੋਦਨ ਕਰਿਹੀ। [1]ਦੁਖ (ਕਰਕੇ) ਦੁਖੀ।
ਉਸਤਤਿ ਪ੍ਰਭੁ ਕੀ ਬਹੁਰ ਉਚਰਿਹੀ ॥ ੩੯ ॥
-ਨਮੋ ਨਮੋ ਅਬਿਨਾਸ਼ੀ ਸ੍ਵਾਮੀ !
ਰੂਪ ਨ ਰੇਖ ਨ ਅੰਤਰਜਾਮੀ।
ਪਾਰਬ੍ਰਹਮ ਪਰਮੇਸ਼ੁਰ ਕਰਤਾ !
ਗੰਜਨ[1] ਗਰਬ ਸਕਲ ਦੁਖ ਹਰਤਾ ! ॥ ੪੦ ॥ [1]ਨਾਸ਼ ਕਰਤਾ।
ਸ਼੍ਰੀ ਅਕਾਲ ਪਿਖਿ ਦੀਨ ਦਯਾਲਾ।
ਕਾਢਿ ਨਾਲਿ ਤੇ ਲਿਯ ਤਤਕਾਲਾ।
ਤਮ ਗੁਬਾਰ ਤੇ ਬਾਹਰ ਆਇਓ।
ਬੈਠਿ ਕਮਲ ਪਰ ਬਹੁ ਸੁਖੁ ਪਾਯੋ ॥ ੪੧ ॥
ਕਰਨ ਪ੍ਰਸ਼ੰਸ਼ਾ ਲਗਯੋ ਬਹੋਰੀ।
ਬੰਦਹਿ ਬਾਰ ਬਾਰ ਕਰ ਜੋਰੀ।
-ਅਗਮ, ਅਗੋਚਰ, ਅਲਖ, ਅਨੰਤਾ।
ਅੱਚੁਤ[1], ਅਬਯ[2] ਸ਼੍ਰੀ ਭਗਵੰਤਾ ॥ ੪੨ ॥ [1]ਅਟਲ। [2]ਅਬਿਨਾਸ਼, ਅਬਦਲ।
ਸੱਤਿ, ਅਰੂਪ, ਅਨੂਪ, ਅਲੇਖਾ।
ਨਿੰਤਜ, ਅਭੁਤ[1] ਅਛੂਤ[2] ਅਭੇਖਾ[3]। [1]ਅਨੋਖਾ। [2]ਪਵਿੱਤ੍ਰ। [3]ਭੇਖ ਰਹਤ।
ਅਕਰਮ[1], ਅਭਰਮ[2], ਅਦ੍ਵੈਤ[†], ਅਨਾਸ਼ਾ[3]। [1]ਕਰਮ ਰਹਤ। [2]ਭਰਮ ਰਹਤ। [3]ਅਬਿਨਾਸ਼ੀ। [†]ਪਾ:-ਅਪਾਰ।
ਅਭੈ ਅਨਾਦੀ[1] ਸੁਤੇ ਪ੍ਰਕਾਸ਼ਾ ॥ ੪੩ ॥ [1]ਭੈ ਰਹਤ ਤੇ ਜਿਸ ਦਾ ਆਦਿ ਨ ਹੋਵੇ।
ਰੇਖ ਨ, ਰੰਗ ਨ, ਮੋਹ ਨ ਮਾਯਾ।
ਅਜੈ[1] ਅਜਨਮਾ[2] ਅਜਰ[3] ਅਜਾਯਾ[4]। [1]ਜੋ ਜਿੱਤਿਆ ਨਾ ਜਾਏ। [2]ਜਨਮ ਰਹਤ। [3]ਜੋ ਬੁੱਢਾ ਨਾ ਹੋਵੇ। [4]ਇਸਤ੍ਰੀ ਰਹਤ।
ਸਭਿ ਤੈ ਦੂਰ ਸਭਿਨਿ ਅਤਿ ਪਾਸਾ।
ਸਦਾ ਅਲੇਪ ਸਰਬ ਮਹਿਂ ਬਾਸਾ[1] ॥ ੪੪ ॥ [1]ਵਾਸ (ਹੈ ਜਿਸ ਦਾ)।

ਨੇਤਿ, ਨੇਤਿ, ਨਿਤ ਅਪਰ ਅਪਾਰਾ-।
ਸਹਸ੍ਰਨਾਮ ਅਸ ਬਦਨ ਉਚਾਰਾ।
ਤਿਹ ਛਿਨ ਨਭ ਬਾਨੀ ਪੁਨ ਹੋਈ।
ਮੇਘ[1] ਗਰਜ ਮਧੁਰੀ ਜਿਉਂ ਸੋਈ ॥੪੫॥ [1]ਬੱਦਲ ਦੀ।

ਦੋਹਰਾ:
-ਤਪ ਕਰਿ, ਤਪ ਕਰਿ, ਤਪ ਕਰਹੁ-,
ਕਹ੍ਯੋ ਬਾਰ ਇਉਂ ਤੀਨ।
-ਜਗ ਰਚਨੇ ਕੀ ਸ਼ਕਤਿ ਹੈ, ਰਚਹੁ
ਬਹੋਰ, ਪ੍ਰਬੀਨ!- ॥੪੬॥

ਚੌਪਈ:
ਬੈਠਿ ਕਿਯੋ ਤਪ ਤਬ ਚਿਰਕਾਲਾ।
ਪਾਇ ਸ਼ਕਤਿ ਜਗ ਰਚ੍ਯੋ ਬਿਸ਼ਾਲਾ।'
ਸ੍ਰੀ ਗੁਰ ਕਹੈਂ 'ਸੁਨਹੁ ਹਰਿ ਸੰਤ!
ਇਸ ਬਿਧਿ ਕੇ ਸ੍ਰੀ ਕਮਲਾ ਕੰਤ[1] [1]ਪਰਮੇਸ਼੍ਵਰ।
॥੪੭॥

ਦੋਹਰਾ:
ਜਿਹ ਕੋ ਅੰਤ ਨ ਜਾਨਿਓ, ਰਹ੍ਯੋ ਬਿਧਾਤਾ
ਦੇਖਿ।
ਹਮ ਕਲਜੁਗ ਕੇ ਮਨੁਜ ਕਜਾ, ਲਖਿ [1]ਜੋ ਲਖਜਾ ਨਾ ਜਾਏ।
ਸਕਈ ਜੁ ਅਲੇਖ[1]† ॥੪੮॥

†ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੫੨ ਅੰਕ ੩੫ ਵਿਚ ਕਵਿ ਜੀ ਕਹਿ ਆਏ ਹਨ ਨਾਰਦ ਦੀ ਜ਼ਬਾਨੀ ਕਿ ਹੇ ਗੁਰੂ ਨਾਨਕ ਜੀ ਤੁਸਾਂ ਬ੍ਰਹਮਾ ਨੂੰ ਆਦਿ ਵਿਚ ਦ੍ਵਾਦਸ਼ ਮਹਾਂ ਵਾਕ ਸੁਣਾ ਕੇ ਅਪਣਾ ਸਰੂਪ ਪਛਾਣਨ ਦੇ ਲਾਇਕ ਕੀਤਾ ਸੀ, ਤਾਂ ਓਹ ਵੇਦ ਰਚਨ ਦੇ ਸਮਰਥ ਹੋਇਆ ਸੀ। ਇਸੇ ਅਧਜਾਯ ਦੇ ਅੰਕ ੬੭ ਵਿਚ ਗੁਰੂ ਜੀ ਨੂੰ ਵਾਹਿਗੁਰੂ ਰੂਪ ਤਸਲੀਮ ਕਰਦੇ ਹਨ; ਸੋ ਗੁਰੂ ਜੀ ਦੇ ਐਸੇ ਵਾਕ 'ਅਸੀਂ ਕਲਜੁਗ ਦੇ ਜੀਵ ਹਾਂ' ਉਨ੍ਹਾਂ ਦੀ ਸੁਭਾਵਕ ਨਿਮ੍ਰਤਾ ਹੈ, ਜਿਵੇਂ ਓਹ ਸਦਾ ਆਪ ਨੂੰ ਨੀਵਾਂ ਹੀ ਕਹਿਕੇ ਖੁਸ਼ ਹੁੰਦੇ ਹਨ। ਅਸਲ ਵਿਚ ਆਪ ਗੁਰ ਅਵਤਾਰ ਤੇ ਜਜੋਤਿ ਸਰੂਪ ਸਨ।

ਚੌਪਈ: [1]ਉਸ (ਪਰਮੇਸ਼ਰ) ਦੇ।
ਤਿਹਂ ਕੇ[1] ਸੰਗ ਲਗੀ ਮਮ ਪ੍ਰੀਤੀ।
ਉਰ ਮਹਿਂ ਬਸ੍ਯੋ ਨਿਰੰਤਰ ਨੀਤੀ।
ਕਰਹਿਂ ਸੇਵ ਜਿਹਂ ਸ਼ਿਵ ਸਨਕਾਦਿਕ।
-ਨੇਤਿ ਨੇਤਿ- ਨਿਤ ਕਹਿਂ ਬ੍ਰਹਮਾਦਿਕ
॥੪੯॥
ਪ੍ਰਾਣ ਅਧਾਰ ਸੁ ਕਿਯ ਮਨ ਮਾਂਹੀ।
ਅਸ਼ਟ ਪਹਿਰ ਮੈ ਬਿਸਰਤਿ ਨਾਂਹੀ।'

ਸੁਨਤਿ ਸੰਤ ਚਿਤ ਬਹੁ ਹਰਖਾਨੇ।
'ਧੰਨ ਧੰਨ' ਪੁਨ 'ਧੰਨ' ਬਖਾਨੇ ॥੫੦॥
'ਮੁਕਤਿ ਦਾਨ ਦਾ ਬਚਨ ਤੁਮਾਰੇ।
ਇਕ ਸੰਸੈ ਉਰ ਔਰ ਹਮਾਰੇ।
ਕੌਨ ਵਸਤੁ ਇਹ ਲੋਚਨ ਆਹੀ[1]। [1]ਅੱਖਾਂ ਹੈਨ।
ਦੇਖੈ ਕੌਨ ਰਹਿਤਿ ਇਨ ਮਾਂਹੀ[1] ॥੫੧॥ [1]ਇਨ੍ਹਾਂ ਵਿਚੋਂ ਕੌਣ ਦੇਖਦਾ ਰਹਿੰਦਾ ਹੈ।
ਕਿਸ ਪ੍ਰਕਾਰ ਜੋ ਸਰਬ ਪਸਾਰਾ।
ਦੇਖਿ ਲੇਹਿ ਜੋ, ਕਹਉ ਬਿਚਾਰਾ।
ਤੁਮ ਸਮ ਗਜਾਤਾ ਮਿਲਹਿ ਨ ਆਨੀ।'
ਸੁਨਿ ਪਦ ਦੁਤਿਜ ਕਹਜੋ ਗੁਨਖਾਨੀ ॥੫੨॥

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥

ਚੌਪਈ:

'ਸੁਨਹੁ ਸੰਤ !' ਸ਼੍ਰੀ ਨਾਨਕ ਕਹਿਹੀਂ।
'ਚੰਦ ਸੂਰਜੁ ਮਹਿਂ ਜੋਤ[1]' ਜੁ ਅਹਿਹੀ। [1]ਪ੍ਰਕਾਸ਼।
ਜਿਹਤੇ ਜਗ ਮਹਿਂ ਹੋਤਿ ਉਜਾਲਾ।
ਸੋ ਈਸ਼ੁਰ ਕੀ ਲਖਹੁ ਬਿਸਾਲਾ ॥੫੩॥
ਦਈ ਜੋਤਿ ਦੀਪਕ ਜਗ ਕੀਨੇ।
ਤਿਹ ਬਿਧਿ ਜੋਤਿ ਸਰਬ ਘਟ ਚੀਨੇ।
ਤਿਸ ਤੇ ਨੈਨਨ ਨਦਰੀ ਆਵੈ।
ਸਭਿ ਘਟਿ ਪ੍ਰਭੁ ਕੀ ਜੋਤਿ ਰਹਾਵੈ ॥੫੪॥
ਹੋਇ ਜਿ ਗੁਰਮੁਖਿ ਜਾਨਹਿ ਤਬ ਹੀ।
ਰਮ ਕਰਿ ਰਹਜੋ ਰਾਮ ਘਟ ਸਭਿ ਹੀ।
ਕਬਹਿ ਨ ਮਨਮੁਖ ਮੁਗਧ ਪਛਾਨਹਿਂ।
ਸੱਤਿਨਾਮ ਜੇ ਨਹੀਂ ਬਖਾਨਹਿਂ ॥੫੫॥
ਮੋਹ ਤਿਮਰ ਮਹਿਂ ਅੰਧੇ ਸੋਈ।
ਪ੍ਰਭੁ ਮਾਰਗ ਨਹਿਂ ਜਾਨਹਿਂ ਓਈ।'
ਸੁਨਿ ਕਰਿ ਸੰਤ ਗਿਰਾ ਪੁਨ ਪ੍ਰਾਹੀ।
'ਅੰਧੇ ਭਏ ਨੈਨ ਜਿਨ ਨਾਂਹੀ ॥੫੬॥
ਚੰਦ ਸੂਰਜ ਨਹਿਂ ਦੇਖਹਿਂ ਸੋਈ।

ਚਖ ਹ੍ਵੈ ਪਿਖਹਿਂ ਭਲੇ ਸਭਿ ਕੋਈ[1]। — [1]ਅੱਖਾਂ ਹੋਣ ਤੇ ਦੇਖਦਾ ਹੈ ਸਭ ਕੋਈ ਭਲੀ ਪ੍ਰਕਾਰ।
ਤਿਨ ਲੋਚਨ ਕੀ[1] ਜੋਤਿ ਜਿ ਆਹੀ। — [1]ਤਿਨ੍ਹਾਂ ਦੀਆਂ ਅੱਖਾਂ ਦੀ।
ਸੋ ਕਹੀਏ' ਸੁਨਿ ਕਰਿ ਗੁਰਪ੍ਰਾਹੀ ॥੫੭॥

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥

ਚੌਪਈ:

'ਆਗੈ ਸਦਾ ਝਗਰ ਇਹੁ ਭਯੋ।
ਸਿੱਧ ਸਾਧ ਸਭਿਹਿਨਿ ਨੈ ਕਿਯੋ।
ਨੇਤ੍ਰਨ ਬਿਖੈ ਚਾਮ[1] ਕੈ[2] ਪਾਨੀ। — [1]ਮਾਸ। [2]ਜਾਂ।
ਸਭਿ ਜਾਨਤਿ ਇਹੁ ਬਾਤ ਨ ਛਾਂਨੀ[1] ॥੫੮॥ — [1]ਛੁਪੀ ਹੋਈ ਨਹੀਂ।
ਇਨ ਮਹਿਂ ਦੇਖਤਿ ਵਸਤੁ ਸੁ ਕਸਾ ਹੈ।
ਆਗੈ ਇਉਂ ਹੀ ਝਗਰ ਕਿਯਾ ਹੈ।
ਨਹਿਂ ਜਾਨਯੋ ਇਹ ਰਿਖਿਨਿ ਮੁਨੀਸ੍ਵਰ।
ਸਿੱਧ ਸਾਧ ਜੇ ਬਹੁਤ ਤਪੀਸ੍ਵਰ ॥੫੯॥
ਸਤਿਗੁਰ ਬਿਨਾਂ ਨ ਜਾਨਤਿ ਕੋਈ।
ਅੰਤਰ ਵਸਤਿ ਪਿਖਤਿ ਹੈ ਜੋਈ।
ਅੰਤਰ ਉਰ ਕੇ ਜਾਗਤਿ ਜੋਤੀ।
ਤਬਿ ਅੰਤਰਿ ਇਸ ਕੇ ਸੁਧ ਹੋਤੀ ॥੬੦॥
ਸਤਿਗੁਰ ਸ਼ਬਦ ਕਮਾਵਨ[1] ਕਰਿਹੀ। — [1]ਸਿਮਰਨ।
ਪੁਨ ਧੁਨਿ ਸੁਨਹਿ ਦਸਵ ਜੋ ਦਰ ਹੀ[1]। — [1]ਦਸਵੇਂ ਦੁਆਰ ਦੀ।
ਸ਼੍ਰੀ ਸਤਿਗੁਰ ਇਹ ਝਗਰ ਨਿਬੇਰੈ[1]। — [1]ਨਿਬੇੜਦੇ ਹਨ।
ਔਰ ਨ ਜਾਨਹਿ ਕੋਊ ਨ ਹੇਰੈ[1] ॥੬੧॥ — [1]ਨਹੀਂ ਦੇਖਦਾ।
ਸਭਿ ਇੰਦ੍ਰੀਆਂ ਕ੍ਰਿਆ ਜੁ ਕਰਿਹੀਂ।
ਪਰਮ ਜੋਤਿ ਕੇ ਹ੍ਵੈ ਅਨੁਸਰਹੀ[†]। — [†]ਪਾ:-ਆਸਰ ਹੀ।
ਸੋ ਤੁਮ ਖੋਜਹੁ ਅੰਤਰ ਦੇਹੀ।
ਪਾਇ ਲੇਹੁਗੇ ਸੁਧ ਹ੍ਵੈ ਜੇਹੀ[1]' ॥੬੨॥ — [1]ਪਾ ਲਓਗੇ ਸੁਧ ਜਿਹੋ ਜੇਹੀ (ਉਹ) ਹੈ।
ਸੁਨਿ ਕੈ ਸੰਤ ਹਰਖ ਉਰ ਧਰਿ ਕੈ।
ਪੁਨ ਬੂਝਨ ਕਿਯ ਬਚਨ ਉਚਰਿ ਕੈ।
'ਏਕੰਕਾਰ ਪ੍ਰਭੂ ਕਰਤਾਰਾ।

ਕਿਹ ਬਿਧਿ ਮਿਲਹਿ? ਜਿ ਹ੍ਵੈ ਨਿਸਤਾਰਾ?
॥੬੩॥
ਕਉਨ ਜਤਨ ਸੋਂ ਪਾਇਆ ਜਾਈ।
ਜੋ ਸੁਧ ਦਿਹੁ ਹਮਕੋ ਸਮਝਾਈ।'
ਸ੍ਰੀ ਨਾਨਕ ਪੁਨ ਕੀਨ ਅਲਾਵਨ[1]।
ਪੂਰਨ ਕੀਨੋ ਸ਼ਬਦ ਸੁਹਾਵਨ ॥੬੪॥

[1]ਕਹਿਣਾ ਕੀਤਾ।

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥
ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥

ਦੋਹਰਾ:
'ਬੇਸ਼ੁਮਾਰ ਸੁਰ ਨਰਨਪਤਿ[1], ਮੰਦਰ ਜਾਂਹਿ ਅਪਾਰ।
ਸਹਿਜ ਭਾਇ ਸੋ ਮਿਲਤਿ ਹੈ, ਤਿਹ ਨਦਰੀ[1] ਨਿਸਤਾਰ[2]' ॥੬੫॥

[1]ਦੇਵਤੇ ਤੇ ਨਰਾਂ ਦਾ ਰਾਜਾ (ਪਰਮੇਸੁਰ) ਹੈ ਬੇਸ਼ੁਮਾਰ।

[1]ਉਸ ਦੀ ਕਿਰਪਾ ਨਾਲ। [2]ਮੁਕਤੀ ਹੁੰਦੀ ਹੈ।

ਚੌਪਈ:
ਸੰਤਨ ਸੁਨਿ ਕਰਿ ਬਚ ਇਸ ਭਾਂਤੀ।
ਨਸਜੋ ਭਰਮ ਉਪਜੀ ਮਨ ਸ਼ਾਂਤੀ।
ਹਾਥ ਜੋਰਿ ਪਦ ਬੰਦਨ ਕਰਿਹੀਂ।
ਬਾਰ ਬਾਰ ਬਹੁ ਬਿਨੈ ਉਚਰਿਹੀਂ ॥੬੬॥
'ਤੁਮ ਪਰਮੇਸ਼ੁਰ ਕੋ ਅਵਤਾਰਾ।
ਨਰਨ ਉਧਰਾਨ ਕੋ ਤਨ ਧਾਰਾ।
ਹਮ ਕੋ ਦੂਜੀ ਨਾਂਹੀ ਥਾਉਂ।
ਕਰਹੁ ਮੁਕਤਿ ਦੇ ਅਪੁਨਾ ਨਾਉਂ ॥੬੭॥
ਬਹੁ ਦਿਨ ਹਮ ਭਰਮਤਿ ਜਗ ਫਿਰੇ।
ਅਬ ਨਿਸ਼ਚੇ ਕਰਿ ਤੁਮ ਗੁਰ ਕਰੇ।
ਸ਼ਰਨ ਪਰੇ ਕੀ ਰਾਖਹੁ ਸ੍ਵਾਮੀ!
ਹਮ ਸਦੀਵ ਤੁਮਰੇ ਅਨੁਗਾਮੀ[1]' ॥੬੮॥

[1]ਅਨੁਸਾਰੀ ਹਾਂ।

ਦੋਹਰਾ:
ਸ੍ਰੀ ਨਾਨਕ ਤਿਨ ਪ੍ਰਤਿ ਕਹਜੋ, 'ਧਰਿ ਸ਼ਰਧਾ ਦਿਨ ਰੈਨ।
ਵਾਹਿਗੁਰੂ ਸਿਮਰਨ ਕਰਹੁ, ਹੋਵਹੁ ਮੋਖ ਸੁਖੈਨ' ॥੬੯॥

ਚੌਪਈ:
ਇਸ ਪ੍ਰਕਾਰ ਤਿਨ ਦੇ ਉਪਦੇਸ਼ਾ।

ਕੀਨ ਗਮਨ ਆਗੇ ਜਗਤੇਸ਼ਾ।
ਤਿਨ ਸੰਤਨ ਕਰਿ ਰਿਦੇ ਉਮੰਗਾ।
ਸ੍ਰੀ ਸਤਿਗੁਰ ਕੇ ਗਮਨੇ ਸੰਗਾ ॥੨੦॥
ਮਾਰਗ ਬਿਖੈ ਜਾਤਿ ਗੁਨਖਾਨੀ।
ਕਹਿਨ ਲਗੇ ਮੁਝ ਸੋਂ ਅਸ ਬਾਨੀ।
'ਲਾਲੋ ਹੈ ਬਹੁ ਮੀਤ ਹਮਾਰਾ।
ਚਲਹੁ ਮਿਲੈਂ ਅਬ ਤਾਂਹਿ ਸੰਗਾਰਾ ॥੨੧॥
ਬਹੁਤ ਦਿਵਸ ਬੀਤੇ ਤਿੰਹ ਦੇਖੇ।
ਨਗਰ ਏਮਨਾਬਾਦ ਬਿਸ਼ੇਖੇ।'
ਕਹਿ ਬਚ ਗਮਨਤਿ ਗੁਰੂ ਅਗਾਰੀ।
ਹਮ, ਫਕੀਰ ਸਭਿ ਚਲਹਿਂ ਪਿਛਾਰੀ[1] ॥੨੨॥
ਮੰਦ ਮੰਦ ਗਤਿ ਸੁੰਦਰ ਭਾਰੀ।
ਬਿਗਸਤਿ ਬੋਲਤਿ ਕਰਤਿ ਬਿਚਾਰੀ।
ਬਿਨ ਸ਼੍ਰਮ[1] ਸਰਬ ਪੰਧ ਕੋ ਛੋਰੀ।
ਦੀਨਾਨਾਥ ਗਏ ਤਿਹ ਠੌਰੀ ॥੨੩॥
ਨਗਰ ਏਮਨਾਬਾਦ ਪਹੂੰਚੇ।
{ਸੰਤਾਂ ਸਮੇਤ ਏਮਨਾਵਾਦ ਪਹੁੰਚੇ}
ਬੈਠੇ ਵਹਿਰ ਸਥਲ ਪਿਖਿ ਊਚੇ।
ਚਹੁਂ ਦਿਸ਼ ਸੋਹਿਤਿ ਭਏ ਫਕੀਰਾ।
ਬੀਚ ਬਿਰਾਜਹਿਂ ਗੁਨੀ ਗਹੀਰਾ ॥੨੪॥
ਰੋੜਨ ਕੋ ਚੌਤਰਾ ਬਨਾਯੋ।
ਊਪਰ ਬੈਠਿ ਗਯੋ ਸੁਖਦਾਯੋ।
ਅਬ ਲੌ ਰੋੜੀ ਨਾਮ ਕਹਾਵਹਿ।
ਮਨ ਬਾਂਛਤਿ ਦਰਸ਼ਨ ਫਲ[1] ਪਾਵਹਿਂ ॥੨੫॥

[1]ਬਾਲਾ ਕਹਿੰਦਾ ਹੈ ਅਸੀਂ ਤੇ ਸਾਰੇ ਫਕੀਰ ਪਿੱਛੇ ਚਲੇ।

[1]ਥਕਾਨ ਤੋਂ ਬਿਨਾ ਹੀ।

[1]ਦਰਸ਼ਨ ਕਰਨ ਨਾਲ ਮਨ ਚਾਹਿਆ ਫਲ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸੰਤਨ ਚਰਚਾ, ਏਮਨਾਵਾਦ ਪਹੁੰਚਨ' ਪ੍ਰਸੰਗ ਬਰਨਨੰ ਨਾਮ ਛੱਬੀਸਮੋਂ ਅਧਜਾਯ ॥੨੬॥

## ੨੭. [ਨਿੰਮ੍ਰਤਾ ਨਿਵਾਸ। ਏਮਨਾਵਾਦ। ਬਾਬਰ ਦਾ ਹੱਲਾ]

੨੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੮

{ਏਮਨਾਵਾਦ ਪ੍ਰਸੰਗ} ॥੨..॥
{ਏਮਨਾਵਾਦ ਦੇ ਹੰਕਾਰੀ ਪਠਾਨ} ॥੫॥
{ਭਵਿੱਖਤ ਬਚਨ} ॥੨੧..॥
{ਲਾਲੋ ਨੂੰ ਸ਼ਹਿਰ ਛੱਡਣ ਵਾਸਤੇ ਹੁਕਮ} ॥੪੯..॥
{ਬਾਬਰ ਦਾ ਹੱਲਾ} ॥੬੦..॥

ਦੋਹਰਾ:

ਗਿਰ ਹੰਕਾਰ ਤੇ ਤਰ ਉਤਰਿ, ਸਰਬ ਰੇਨ ਘਰ ਛਾਇਂ।
ਉਸ਼ਨ ਸੀਤਾਦਿ ਬਿਕਾਰ ਜੇ, ਹੇ ਮਨ ਤਬ ਸੁਖ ਪਾਇਂ ॥੧॥

ਤਰ=ਤਰੇ, ਤਲੇ, ਹੇਠ। ਸਰਬ ਰੇਨ=ਸਾਰਿਆਂ ਦੀ ਰੇਣ ਹੋ ਜਾਣਾ, ਨਿੰਮ੍ਰਤਾ। ਘਰ ਛਾਇਂ=ਘਰ ਪਾ ਲਵੇਂ। ਉਸ਼ਨ ਸੀਤਾਦਿ=ਗਰਮੀ ਸਰਦੀ ਆਦਿਕ, ਮੁਰਾਦ ਹੈ ਦ੍ਵੂੰਦਾਂ ਤੋਂ।

ਅਰਥ:

ਹੇ ਮਨ! ਹੰਕਾਰ (ਰੂਪੀ) ਪਹਾੜ ਤੋਂ ਹੇਠਾਂ ਉਤਰ ਕੇ ਜੇ (ਤੂੰ) ਸਾਰਿਆਂ (ਦੇ ਚਰਣਾਂ ਦੀ) ਰੇਣ (ਹੋ ਜਾਣ ਰੂਪੀ) ਘਰ ਛਾਂ ਲਵੇਂ, ਤਦ ਗਰਮੀ ਸਰਦੀ (ਰਜ, ਤਮ) ਆਦਿ (ਰੂਪੀ) ਵਿਕਾਰਾਂ ਦੇ ਛੁਟ ਜਾਣ (ਨਾਲ ਤੂੰ) ਸੁਖ ਪਾ ਲਵੇਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨੀਏ ਇਤਿਹਾਸਾ।
ਵਹਿਰ ਨਗਰ ਬੈਠੇ ਸੁਖਰਾਸਾ।
{ਏਮਨਾਵਾਦ ਪ੍ਰਸੰਗ}
ਹੁਤੋ ਪਠਾਨ ਤਹਾਂ ਕੋ ਰਾਜਾ।
ਘਰ ਘਰ ਬਹੁਰ ਬਜਾਵਹਿ ਬਾਜਾ ॥੨॥
ਅਧਿਕ ਬਜਾਹ ਤਿਸ ਦਿਨ ਪੁਰਿ ਮਾਂਹੀ।
ਕਰਤਿ ਕੁਲਾਹਲ[1] ਉਰ ਹਰਖਾਹੀਂ। [1]ਖੁਸ਼ੀਆਂ।
ਗਾਵਹਿਂ ਨਾਚਹਿਂ ਮਾਚਹਿਂ ਰੰਗਾ।
ਅਤਿ ਉਤਸਵ ਮਹਿਂ ਰਹੇ ਉਮੰਗਾ ॥੩॥
ਭੂਖਨ ਬਸਤ੍ਰ ਨਵੀਨ ਪਹਿਰਿ ਕੈ।
ਬਨੇ ਛੈਲ ਬਹੁ ਗਰਬ ਗਹਿਰ[1] ਕੈ। [1]ਡੂੰਘੇ ਹੰਕਾਰ ਕਰਕੇ।
ਅਵਲੋਕਤਿ ਹੈਂ ਰੰਗ ਤਮਾਸ਼ੇ।
ਅਨਿਕ ਪ੍ਰਕਾਰਨ ਠਾਨਹਿਂ ਹਾਸੇ ॥੪॥
ਗਰੀਅਨ[1] ਬਿਖੈ ਕੁਦਾਇ ਤੁਰੰਗਾ। [1]ਗਲੀਆਂ।
{ਏਮਨਾਵਾਦ ਦੇ ਹੰਕਾਰੀ ਪਠਾਨ}
ਬੈਠੇ ਮੁਛ ਬਾਮ[1] ਸਰਬੰਗਾ। [1]ਮੁੱਛਾਂ ਕੁੰਢੀਆਂ ਕਰਕੇ।
ਸ੍ਰੀ ਕਰਤਾਰ ਦਿਸ਼ਾ ਤੇ ਭੂਲੇ।

ਬਿਸ਼ੈ ਬਿਕਾਰਨ ਮਹਿਂ ਅਨਕੂਲੇ† ॥੫॥
ਸੰਤ ਅਤਿਥਿ ਕੀ ਸੇਵ ਨ ਜਾਨਹਿਂ।
ਦੇਖਿ ਫਕੀਰਨ ਹਾਸੀ ਠਾਨਹਿਂ।
ਪ੍ਰਭੁਤਾ ਮਦ[1] ਤੇ ਭਏ ਸਿ ਅੰਧੇ।
ਪਰੇ ਗਰਤ[1] ਜਗਬੰਧਨ ਬੰਧੇ ॥੬॥
ਦੇਖਹਿਂ ਦੁਖੀ ਦਯਾ ਨਹਿਂ ਕਰਿਹੀਂ।
ਮਹਾਂ ਮੰਦਮਤਿ ਪਰ ਤਿਯ ਹਰਿਹੀਂ।
ਪਿਯਤਿ ਸ਼ਰਾਬ ਘੂਮਤੇ ਫਿਰਿਹੀਂ।
ਸ਼ਾਸਨ[1] ਦੇਹਿਂ ਗਰੀਬਨ ਧਰਿਹੀਂ[2] ॥੭॥
ਜਹਾਂ ਅੰਗਨਾ ਸੁੰਦਰ ਹੇਰਹਿਂ।
ਬਾਰ ਬਾਰ ਬਾਜੀ ਬਰ[1] ਫੇਰਹਿਂ।
ਬੈਠੇ ਰਹੇ ਵਹਿਰ ਜਗ ਸਾਈਂ।
ਸੇਵਾ ਕਰੀ ਨ ਕਿਨਹੂੰ ਆਈ ॥੮॥
ਹੁਤੇ ਫ਼ਕੀਰ ਸੰਗ ਤਿਹ ਥਾਏਂ।
ਭਏ ਛੁਧਾਤੁਰ[1] ਮੁਖ ਕੁਮਲਾਏ।
ਸਗਰੋ ਦਿਵਸ ਬਿਤੀਤਾ ਜਗ ਹੀ।
ਭਈ ਨਿਸਾ ਬੋਲੇ ਪ੍ਰਭੁ ਤਬ ਹੀ ॥੯॥
'ਹੇ ਸੰਤਹੁ! ਦ੍ਵੈ ਉਠਿ ਕਰਿ ਜਾਵਹੁ।
ਪੁਰਿ ਤੇ ਜਾਚ ਅਸਨ ਕੋ ਖਾਵਹੁ।
ਜੇ ਬੈਠਯੋ ਦੇਵੈ ਕੋ ਨਾਂਹੀ।
ਘਰ ਮਹਿਂ ਜਾਇ ਜਾਚ ਕਿਨ ਖਾਹੀ ॥੧੦॥
ਮਰਦਾਨੇ! ਤੂੰ ਜਾਹਿ ਸੰਗਾਰੇ।
ਆਵਤਿ[1] ਲਾਲੋ ਲੇਹੁ ਹਕਾਰੇ।'
ਸ੍ਰੀ ਗੁਰ ਕੀ ਸੁਨਿ ਕੈ ਅਸ ਆਇਸੁ।
ਮਰਦਾਨਾ ਦ੍ਵੈ ਸੰਤ ਸਿਧਾਇਸ ॥੧੧॥
ਜਹਾਂ ਪਠਾਨ ਮਹਾਨ ਨਿਕੇਤਾ[1]।
ਗਏ ਤਹਾਂ ਅੰਨ ਲੇਨੇ ਹੇਤਾ।
ਜਾਚਨ ਕਰੈਂ ਜਾਇ ਜਿਸ ਪਾਹੀਂ।
ਸੁਨਹਿ, ਬਹੁਰ ਉੱਤਰ ਦੇ ਨਾਂਹੀ ॥੧੨॥
ਮਦ ਪਾਨੀ[1] ਬੋਲੈਂ ਦੁਰ ਬੈਨਾ।
ਜਾਚਤਿ ਫਿਰੇ ਤਹਾਂ ਬਹੁ ਐਨਾ।

†ਪਾ:-ਹਿਂ-ਰ ਝੂਲੇ=ਪ੍ਰਸੰਨ ਰਹਿੰਦੇ ਹਨ।
[1]ਹੰਕਾਰ।
[1]ਟੋਏ (ਵਿਚ)।
[1]ਦੰਡ। [2]ਗ੍ਰੀਬਾਂ ਨੂੰ ਫੜਕੇ।
[1]ਸ੍ਰੇਸ਼ਟ ਘੋੜਾ।
[1]ਭੁਖੇ।
[1]ਆਂਵਦੇ ਹੋਇਆਂ।
[1]ਬਹੁਤੇ ਪਠਾਣਾਂ ਦੇ ਘਰ।
[1]ਸ਼ਰਾਬੀ।

ਪ੍ਰਵਿਸ਼ੇ ਇਕ ਨਿਕੇਤ ਕੇ ਮਾਂਹੀ।
ਜਾਚਯੋ ਅੰਨ ਜਾਇ ਤਿਹ ਪਾਹੀ ॥੧੩॥
ਦਯੋ ਨ ਕਛੁ ਨਹਿਂ ਬੋਲਹਿ ਬਾਨੀ।
ਤਿਹ ਛਿਨ ਆਵਾ ਇਕ ਮਦ ਪਾਨੀ।
ਮਰਦਾਨੇ ਕੋ ਦੀਨ ਧਕੇਲਾ।
ਬਹੁ ਬਲ ਸੋਂ ਧਰਨੀ ਪੁਰ ਮੇਲਾ[1] ॥੧੪॥ [1]ਗਿਰਾ ਦਿੱਤਾ।
ਚੋਟ ਲਗੀ ਪਾਈ ਤਨ ਪੀਰਾ।
ਪੁਰਿ ਤਜਿ ਚਲੇ, ਤੁਰਤ ਪ੍ਰਭੁ ਤੀਰਾ।
ਲਾਲੋ ਕੋ ਬੁਲਾਇ ਨਿਜ ਸਾਥਾ।
ਆਏ ਜਹਿਂ ਬੈਠੇ ਜਗ ਨਾਥਾ ॥੧੫॥
ਭੁਰਜੇ ਦਾਨੇ[1] ਕਛੁਕ ਤਿਆਰੀ। [1]ਭੁੱਜੇ ਹੋਏ।
ਲੇ ਸੋ ਲਾਲੋ ਧਰੇ ਅਗਾਰੀ।
ਪਾਇਨ ਪਾਸ ਉਪਾਇਨ ਕਰਿ ਕੈ।
ਕਹ੍ਯੋ ਜੋਰਿ ਕਰ ਸਿਰ ਧਰ ਧਰਿ ਕੈ[1] ॥੧੬॥ [1]ਧਰਤੀ ਤੇ ਧਰਕੇ।
ਕਹਿਨ ਲਗਾ 'ਬੀਤ੍ਯੋ ਚਿਰ ਕਾਲਾ।
ਰਾਵਰ ਦਰਸ਼ਨ ਦੀਨ ਦਯਾਲਾ।'
ਕੁਸ਼ਲ ਪ੍ਰਸ਼ਨ ਕਰਿਕੈ ਸੰਗ ਤਾਂਹੀ।
ਬੈਠਾਰ੍ਯੋ ਪ੍ਰਭੁ ਆਪਨ ਪਾਹੀ ॥੧੭॥
ਬਹੁਰੋ ਦੋਊ ਸੰਤ ਸੁ ਪੂਛੇ।
'ਕਿਸ ਬਿਧਿ ਹਟਿ ਆਏ ਤੁਮ ਛੂਛੇ?'
ਸੁਨਤਿ ਫਕੀਰਨ ਸਰਬ ਬਤਾਈ।
ਮਰਦਾਨੇ ਕੀ ਚੋਟ ਦਿਖਾਈ ॥੧੮॥
ਪਾਮਰ[1] ਪੁਰਖ ਰਹੈਂ ਪੁਰਿ ਮਾਂਹੀ। [1]ਨੀਚ।
ਹਰਿ ਸੰਤਨ ਜਹਿਂ ਆਦਰ ਨਾਂਹੀ।
ਸੇਵਾ ਕਰਨੀ ਰਹੀ ਸੁ ਰੀਤੀ।
ਬੇਮੁਖ ਦਿਯ ਦੁਖ ਕਿਯ ਬਿਪਰੀਤੀ' ॥੧੯॥
ਸੁਨਤਿ ਅਵੱਗਜਾ ਸੰਤਨ ਕੇਰੀ।
ਰਿਸ ਉਪਜੀ ਮਨ ਮਾਂਹਿ ਘਨੇਰੀ[†]।

[†]ਗੁੱਸਾ ਚੜ੍ਹਨਾ ਤੇ ਸਫਾ ਉਠਾਉਣ ਵਾਸਤੇ ਸ੍ਰਾਪ ਦੇਣਾ ਗੁਰੂ ਨਾਨਕ ਦੇਵ ਜੀ ਦੇ ਸੁਭਾਵ ਦੇ ਵਿਰੁੱਧ ਹੈ, ਤੇ ਅਗਲਾ ਸਬਦ ਜੋ ਉਸ ਵੇਲੇ ਉਚਾਰਿਆ ਹੈ ਸਾਫ ਦੱਸ ਰਿਹਾ ਹੈ ਕਿ ਗੁਰੂ ਜੀ ਸ੍ਰਾਪ ਨਹੀਂ ਦੇ ਰਹੇ, ਪਰ ਹੋਣਹਾਰ ਜੋ ਧੁਰੋਂ ਹੁਕਮ ਵਿਚ ਹੋਣੀ ਕਰਾਰ ਪਾਈ ਹੈ ਉਸ ਦਾ ਗਿਆਨ ਪ੍ਰਭੂ ਤੋਂ ਪਾ ਕੇ ਸਤਿਗੁਰ ਜੀ ਨੇ

ਪੇਸ਼ੀਨ ਗੋਈ ਕੀਤੀ (ਭਵਿਖਜਤ ਵਾਕ ਕਿਹਾ) ਹੈ। ਜੈਸੀ ਬਾਣੀ ਖਸਮ ਕੀ ਆਈ ਹੈ ਵੈਸਾ ਕਹਿ ਰਹੇ ਹਨ। ਕਵਿ ਜੀ ਆਪ ਬੀ ਅਗੇ ਚਲਕੇ ਅੰਕ ੨੩ ਵਿਚ ਕਹਿੰਦੇ ਹਨ, 'ਹੇ ਲਾਲੋ ਮੈਂ ਗੁਸੇ ਵਿਚ ਆਕੇ ਸ੍ਰਾਪ ਨਹੀਂ ਦੇ ਰਿਹਾ'। ਸਦੀਆਂ ਦੇ ਸ੍ਰਾਪ ਤਾਂ ਸਤਿਗੁਰ ਜੀ ਨੇ ਆਕੇ ਬਖਸ਼ੇ ਤੇ ਸ੍ਰਾਪੇ ਹੋਏ ਤਾਰੇ, ਉਨ੍ਹਾਂ ਦਾ ਬਿਰਦ ਤਾਰਨਹਾਰ ਸੀ।

ਤਿਹ ਛਿਨ ਲਾਲੋ ਸਨਮੁਖ ਬੈਸਾ।
ਤਿਹ ਸੋਂ ਕਹਯੋ ਸ਼ਬਦ ਮੁਖ ਐਸਾ ॥੨੦॥

ਜਿਹਤੇ ਦੁਸ਼ਟ ਪਠਾਨ ਕੁਚਾਲੇ।
ਮਰੈਂ ਪਾਇ ਕੈ ਕਸ਼ਟ ਬਿਸਾਲੇ।
ਤਿਨ ਕੀ ਸਫਾ ਉਠਾਵਤ ਹੇਤੁ[1]*।
ਬੋਲੇ ਬਚ ਬੇਦੀ ਕੁਲਕੇਤੁ ॥੨੧॥

[1]ਅੰਤ ਕਰਨ ਵਾਸਤੇ।

{ਭਵਿੱਖਤ ਬਚਨ}

ਸ੍ਰੀ ਮੁਖਵਾਕ ॥
ਤਿਲੰਗ ਮਹਲਾ ੧ ॥
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ †

†ਸ਼੍ਰੀ ਗੁਰੂ ਜੀ ਦੇ ਦਿੱਵਯ ਨੈਣਾਂ ਦੇ ਅੱਗੇ ਭਵਿਖਜਤ ਵਿਚ ਹੋਣਹਾਰ ਦਾ ਨਕਸ਼ਾ ਆਇਆ ਹੈ, ਜੋ ਉਨ੍ਹਾਂ ਦੇ ਸਾਹਮਣੇ ਐਉਂ ਖੁਲਿਆ ਹੈ ਜਿਵੇਂ ਵਰਤ ਰਿਹਾ ਮਾਜਰਾ ਅੰਕਿਤ ਹੋ ਜਾਂਦਾ ਹੈ, ਤੇ ਓਹ ਓਸ ਨੂੰ ਵਰਣਨ ਕਰ ਰਹੇ ਹਨ ਜਿਵੇਂ ਕਿ ਗੁਣ ਹੁੰਦਾ ਦੇਖ ਰਹੇ ਹਨ। ਸੋ ਭਵਿੱਖਜਤ ਨੂੰ ਵਰਤਮਾਨ ਵਾਚ ਕੇ ਜਿਵੇਂ ਤੱਕ ਰਹੇ ਹਨ ਤਿਵੇਂ ਕਹਿ ਰਹੇ ਹਨ। ਕਹਿ ਪਰ ਪਹਿਲੋਂ ਰਹੇ ਹਨ, ਜੈਸਾ ਕਿ ਕਿਹਾ ਹੈ:-'ਜੈਸਾ ਹੁਕਮ ਸਾਈਂ ਵਲੋਂ ਆਇਆ ਹੈ ਉਸ ਦਾ ਗਿਆਨ ਮੈਂ ਹੇ ਲਾਲੋ ਤੇਰੇ ਨਾਲ ਕਰਨ ਲੱਗਾ ਹਾਂ।

ਚੌਪਈ:

ਇਸ ਕੋ ਕਰਿਹੌਂ ਅਰਥ ਬਖਾਨ।
ਸੁਨੀਏ ਸ਼੍ਰੋਤਾ ਦੇ ਕਰਿ ਕਾਂਨ।
ਲਾਲੋ ਸੋਂ ਗੁਰ ਗਿਰਾ ਅਲਾਇਂ।
'ਐਸੇ ਨਹਿਂ ਮਨ ਮਹਿਂ ਤੂੰ ਲਜਾਇ ॥੨੨॥

ਸ੍ਰਾਪ ਦੇਤਿ ਰੋਸ[1] ਮਨ ਕੀਨੋ।
ਸਾਹਿਬ ਕੀ ਆਇਸੁ ਹੀ ਚੀਨੋ।
ਜਯੋਂ ਵਾਹਿਗੁਰੂ ਕਰਤਿ ਰਜਾਈ।

[1]ਕ੍ਰੋਧ।

ਤੈਸੇ ਹੀ ਮੈਂ ਕਹਤਿ ਬਨਾਈ ॥੨੩॥
ਲੋਕਨ ਇਹਾਂ ਪਾਪ ਜੋ ਕੀਨੰ।
ਸੋ ਕਾਬਲ ਮਹਿਂ ਤਨ ਧਰਿ ਲੀਨੰ।
ਅਘ ਕੌ ਫਲ ਦੁਖ ਦੇਹਿ ਘਨੇਰਾ।
ਬਿਨ ਦੀਨੇ ਨਹਿਂ ਹੋਇ ਨਿਬੇਰਾ ॥੨੪॥

ਦੋਹਰਾ:
ਮੁਗ਼ਲ ਰੂਪ ਧਰਿ ਆਵਈ, ਮਾਂਗਹਿ ਬਲ ਸੋਂ ਦਾਨ[1]।
ਸਰਮ ਧਰਮ ਕਲਿ ਕਾਲ ਮਹਿਂ, ਭਈ ਸਰਬ ਕੀ ਹਾਨ ॥੨੫॥

[1]ਭਾਵ ਲੁਟੇਗਾ।

ਚੌਪਈ:
ਮੰਤ੍ਰੀ ਫਿਰਹਿਂ ਕੂਰ ਅਬ ਹੋਈ।
ਪੁਨ ਕਾਜ਼ੀ ਦਿਜਬਰ[1] ਹੈਂ ਜੋਈ।
ਤਿਨ ਕੋ ਕਹ੍ਯੋ ਨ ਮਾਨੈ ਕੋਈ।
ਕਰਹਿਂ ਨਿਕਾਹ ਸ਼ਤਾਨੀ ਸੋਈ ॥੨੬॥
ਅੰਗਨਾ ਸੁੰਦਰ ਦੇਖਿ ਲੁਭਾਈਂ।
ਬਲ ਸੋਂ ਭੋਗਹਿਂ ਲੇਹਿਂ ਮੰਗਾਈ।
ਪਢੇ ਕਤੇਬਾਂ ਮੁੱਸਲਮਾਨੀ।
ਕਹੈਂ ਖੁਦਾਇ ਸਰਬ ਮਹਿਂ ਜਾਨੀ ॥੨੭॥
ਦੇਤਿ ਗ਼ਰੀਬਨ ਕੌਂ ਦੁਖ ਭਾਰੀ।
ਤਿਹਂ ਕੋ ਫਲ ਹੁਇ ਕਸ਼ਟ ਅਪਾਰੀ।
ਜਬਹਿ ਮਾਰ ਪਰਿਹੈ ਤਿਨ ਤਾਈਂ।
-ਹੇ ਖ਼ੁਦਾਇ ਕਜ਼ਾ ਕਰਹਿਂ -ਅਲਾਈ[1] ॥੨੮॥

[1]ਕਾਜ਼ੀ (ਤੇ) ਬ੍ਰਾਹਮਣ।

[1]ਐਉਂ) ਕਹਿਣਗੇ।

ਦੋਹਰਾ:
ਨੀਚ ਜਾਤਿ ਪੁਨ ਹਿੰਦੁਣੀ, ਗਹਿ ਮੰਗਵਾਵਹਿਂ ਸੋਇ।
ਗਾਇਂ ਖ਼ੂਨ ਕੇ ਸੋਹਿਲੇ, ਰਤ ਕਾ ਕੁੰਗੂ ਹੋਇ ॥੨੯॥

ਚੌਪਈ:
ਲਾਲੋ ਬੈਠੋ ਹੁਤੋ ਅਗਾਰੀ।
ਸੁਨਿ ਬੂਝਨ ਹਿਤ ਗਿਰਾ ਉਚਾਰੀ।

'ਮੁਗ਼ਲੇ ਆਵਹਿਂ ਕਰਹਿਂ ਲਰਾਈ।
ਯਾਂ ਕੀ ਬ੍ਰਿਥਾ ਕਹੋ ਜਗਰਾਈ!† ॥੩੦॥

†ਪਾਠਾਂਤ੍ਰ-ਖਾਨਨ ਜੀਤਹਿਂ ਫੇਰ ਦੁਹਾਈ।

ਕਬ ਲੌ ਰਾਜ ਕਰੈਂ ਜਗ ਮਾਂਹੀ।
ਪੁਨ ਧਰਨੀ ਤੇ ਸੋ ਕਬ ਜਾਹੀਂ।
ਖਾਨ[1] ਮਹਾਂ ਮਦ ਅੰਧ ਰਹਾਵਹਿਂ[2]।
ਕਰੀ ਅਵੱਗਯਾ ਤਸ ਫਲ ਪਾਵਹਿਂ ॥੩੧॥

[1]ਪਠਾਨ। [2]ਰਹਿੰਦੇ ਹਨ।

ਦੋਹਰਾ:
ਲਾਲੋ ਤੇ ਸੁਨਿ ਸ਼੍ਰੋਨ ਮਹਿਂ, ਪੁਨ ਭਾਖੇ ਬਚ ਕੂਰ।
ਕਹਿਤਜੋ ਜਿਨ ਕੇ ਖ਼ਾਨਕੀ, ਦਈ ਸਫਾ ਕਰਿ ਦੂਰ ॥੩੨॥

ਸ੍ਰੀ ਮੁਖਵਾਕ ॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਦੋਹਰਾ:
ਸ਼੍ਰੀ ਨਾਨਕ ਪੂਰਨ ਪੁਰਖ, ਸਾਹਿਬ ਕੇ ਗੁਨ ਗਾਇ।
ਦੇਹਿ ਇਨ੍ਹਾਂ ਕੀ ਜੀਅ ਜੋ, ਭਿੰਨ ਭਿੰਨ ਹ੍ਵੈ ਜਾਇ[1]† ॥੩੩॥

[1]ਭਾਵ ਮਰ ਜਾਣਗੇ। †ਪਾਠਾਂਤ੍ਰ ਐਉਂ ਬੀ ਹਨ-ਦੇਹਿਂ ਸਜਾਇ ਇਨ ਕਾਜੀਆਂ ਜੋ ਭਿੰਨ ਭਿੰਨ ਹੁਇ ਜਾਇ' ਵਾ 'ਦੇਹਿ' ਇਨਾਯਤਿ ਕਾਜੀਆਂ ਜੋ ਭਿੰਨ ਭਿੰਨ ਹੁਇ ਜਾਇ'।

ਚੌਪਈ:
ਮਾਸੁ ਪੁਰੀ[1] ਇਹ ਥਲ† ਹੁਇ ਜਾਵਹਿ।

[1]ਇਸ ਪੁਰੀ ਵਿਚ ਮਾਸ ਹੀ ਮਾਸ ਹੋਵੇਗਾ। †ਪਾ:-ਕਾਬਲ

ਇਸ ਬਿਧਿ ਮਸਲਾ[1] ਕਰ ਦਿਖਰਾਵਹਿ[2]।

[1]ਵਾਕ। ਅ: ਮਸਅਲਾ=ਪੁੱਛ, ਗੱਲ, ਵਾਕ, ਧਰਮ ਦੀ ਗੱਲ]। [2]ਪੂਰਾ) ਦਿਖਾਵੇਗਾ।

ਜਿਸਨੇ ਸਰਬ ਜਗਤ ਉਪਜਾਯੋ।
ਅਨਿਕ ਪ੍ਰਕਾਸ਼ ਰੰਗ ਦਿਖਰਾਯੋ ॥੩੪॥
ਤਿਸ ਸਾਹਿਬ ਤੇ ਹੁਇ ਪ੍ਰਤਿਕੂਲੇ।
ਬਿਸ਼ਿਯਨ ਮਹਿਂ ਫਸਿ ਸਭਿ ਸੁਧ ਭੂਲੇ।

ਪਿਖਹਿ ਸੁ ਨਜਾਰੋ ਹੋਇ[1] ਤਮਾਸ਼ੋ।
ਸੱਚਾ ਸਾਹਿਬ ਨਜਾਉਂ ਸਚਾ ਸੋ ॥੩੫॥

[1]ਪ੍ਰਭੂ) ਨਿਆਰਾ ਹੋ ਕੇ ਦੇਖਦਾ ਹੈ।

ਮਸਲੇ ਮੁਜਬ ਕਰਿਹੈ ਸੋਈ।
ਕਾਇਆਂ ਕੱਪੜ ਟੁਕ ਟੁਕ ਹੋਈ।
ਜਸ ਅਘ ਕਿਯ ਤਸ ਹ੍ਵੈ ਦੁਖ ਭਾਰੀ।
ਸ਼੍ਰੋਨਿਤ[1] ਪਸਰਹਿ ਧਰਨਿ ਮਝਾਰੀ ॥੩੬॥

[1]ਲਹੂ।

ਦੋਹਰਾ:
ਹਿੰਦੁਸਤਾਨ ਕੋ ਬੋਲ[1] ਜੋ ਆਨ ਸਮਾਲਹਿ ਸੋਇ।
ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ ॥੩੭॥

[1]ਬੋਲੀ (ਅ) ਰਾਜ।

ਚੌਪਈ:
ਸੱਤ੍ਰਾਂ ਸੈ ਸਤਾਨਵੇ ਮਾਂਹੀ।
ਸਫਾ ਦੂਰ ਤਿਨ ਕੀ ਹ੍ਵੈ ਜਾਹੀ।
ਦੋ ਸੈ ਬਹੁਰੋ ਬਰਖ ਉਨੀਸੰ।
ਕਰਹਿੰ ਰਾਜ ਹੋਵਹਿ ਅਵਨੀਸ਼ੰ[1] ॥੩੮॥

[1]ਹੋਣਗੇ ਰਾਜੇ (ਮੁਗ਼ਲ)

ਨਰ ਅਵਤਾਰ ਹਮਾਰਾ ਹੋਇ।
ਚੇਲਾ ਤਾਂਹਿ ਖਾਲਸਾ ਜੋਇ।
ਦਸ ਪਤਿਸ਼ਾਹੀ ਕਰਿਹੋਂ ਜਬ ਹੀ।
ਪੀਛੈ ਹੋਇ ਖਾਲਸਾ ਤਬ ਹੀ ॥੩੯॥
ਸਨੈ ਸਨੈ ਸੋ ਲੇਵਹਿ ਛੀਨੰ।
ਤਬ ਤੁਰਕਨ ਹੋਵਹਿ ਬਲ ਹੀਨੰ।
ਕਰਹਿੰ ਪਰਸਪਰ[1] ਮੇਲ ਜਿ ਸੋਊ।
ਬਧੈ ਰਾਜ ਦੁਸ਼ਟਨ ਘਰ ਖੋਊ[1] ॥੪੦॥

[1]ਸਿੱਖ) ਆਪਸ ਵਿਚ।
[1]ਦੁਸ਼ਟਾਂ ਦੇ ਘਰ ਨੂੰ ਖੋਹਕੇ।

ਆਪਸ ਮਹਿਂ ਜੇ ਕਰਹਿਂ ਲਰਾਈ।
ਰਿਸਿ ਬਸਿ ਹੁਇ ਕੈ, ਸੋ ਦੁਖ ਪਾਈਂ।
ਨਾਨਕ ਬਾਣੀ ਸੱਚ ਵਖਾਨਹਿ।
ਪਰਗਟ ਹ੍ਵੈ ਨਰ ਤਬ ਹੀ ਜਾਨਹਿਂ ॥੪੧॥
ਸਰਬ ਖਾਨ[1] ਅਬ ਹੋਇ ਨਿਦਾਨਾ[2]।
ਚਲਹਿ ਤੁਫੰਗ ਕਟਾਰ ਕ੍ਰਿਪਾਨਾ।

[1]ਸਾਰੇ ਖਾਨਾਂ ਦਾ। [2]ਅੰਤ।

ਪੁਰਿ[1] ਲੁਟਿ ਜਾਇ ਤ੍ਰਾਸ ਬਹੁ ਹੋਈ। — [1]ਭਾਵ ਏਮਨਾਬਾਦ।
ਨਹੀਂ ਸਬੂਤ ਬਚੈ ਅਬ ਕੋਈ' ॥੪੨॥
ਇਹ ਪ੍ਰਸੰਗ ਸਭਿ ਗੁਰੂ ਬਖਾਨਾ।
ਸੁਨਤਿ ਹੁਤੋ ਇਕ ਦਿਜ ਮਤਿਵਾਨਾ।
ਲਖ੍ਯੋ ਕਿ ਸੰਤ ਸੰਪੂਰਨ ਕੋਈ।
ਉਚਰ੍ਯੋ ਸ਼ਬਦ ਗਜ਼ਬ ਕਾ ਜੋਈ ॥੪੩॥
ਉਰ ਡਰ ਧਰਿ ਕੈ ਸਦਨ ਸਿਧਾਰਾ।
ਆਨ੍ਯੋ ਬਹੁ ਪਕਵਾਨ ਅਹਾਰਾ।
ਹੋਇ ਦੀਨ ਪਰਿ ਦੀਨ ਅਗਾਰੀ।
ਹਾਥਿ ਜੋਰਿ ਕੈ ਗਿਰਾ ਉਚਾਰੀ ॥੪੪॥
'ਇਹੁ ਅਹਾਰੁ ਦਿਹੁ ਸੰਤਨ ਖ੍ਵਾਈ।
ਤ੍ਰਿਪਤੈਂ ਸਰਬ ਛੁਧਾ ਮਿਟਿ ਜਾਈ।
ਰਾਵਰ ਸਬਦੁ ਜੁ ਭਾਖ੍ਯੋ ਕੂਰਾ[1]। — [1]ਕਰੜਾ।
ਲੁਟਨ ਨਗਰ ਖ਼ਾਨਨ ਹਿਤ ਦੂਰਾ[1] ॥੪੫॥ — [1]ਖਾਨਾਂ ਦੇ ਦੂਰ ਹੋਣ ਦਾ।
ਸੋ ਨਿਜ ਬਚਨ ਫੇਰਿ ਕਰਿ ਦੀਜੈ[1]। — [1]ਮੋੜ ਦਿਓ।
ਮਹਾਪੁਰਖ ਤੁਮ ਕਰੁਨਾ ਕੀਜੈ।
ਚਲਿ ਆਯੋ ਮੈਂ ਸ਼ਰਨਿ ਤੁਮਾਰੀ।
ਅਬ ਹਮਰੀ ਕੀਜੈ ਰਖਵਾਰੀ' ॥੪੬॥
ਸ਼੍ਰੀ ਗੁਰ ਕਹੈਂ 'ਸੁਨਹੁ ਦਿਜ[†] ਐਸੇ। — [†]ਪਾ:-ਬਚ।
ਸੰਤ ਬਚਨ ਹੈਂ ਗਜ ਰਦ[1] ਜੈਸੇ। — [1]ਹਾਥੀ ਦੇ ਦੰਦ।
ਏਕ ਬਾਰ ਜੇ ਵਹਿਰ ਨਿਕਾਸੇ।
ਪੁਨ ਪ੍ਰਵਿਸ਼ੈ ਨਹਿਂ ਕਰੇ ਪ੍ਰਯਾਸੇ[1] ॥੪੭॥ — [1]ਯਤਨ ਕੀਤਿਆਂ।

ਦੋਹਰਾ:
ਖਾਨਨ ਸਭਿ ਕੋ ਅੰਤ ਹ੍ਵੈ, ਬਚੈ ਨ ਇਹ ਥਲ ਕੋਇ।
ਬਖਸ਼੍ਯੋ ਤੂੰ ਅਬ ਜਾਵਈ, ਮਿਲ੍ਯੋ ਦੀਨ ਮਨ ਹੋਇ ॥੪੮॥

ਚੌਪਈ:
ਹੇ ਦਿਜ ! ਲਾਲੋ[1] ਮਿਲਿ ਕੈ, ਦੋਊ। — [1]ਲਾਲੋ (ਤੇ ਤੂੰ)।
{ਲਾਲੋ ਨੂੰ ਸ਼ਹਿਰ ਛੱਡਣ ਵਾਸਤੇ ਹੁਕਮ}
ਕਹੈਂ[1] ਜਿ ਬਚਨ ਕਰਹੁ ਅਬ ਸੋਊ। — [1]ਕਹਿੰਦੇ ਹਾਂ।

ਨਿਜ ਪਰਵਾਰ ਲੇਹੁ ਸੰਗਾਰੇ।
ਅਪਨੀ ਸਭਿਹੀ ਵਸਤੁ ਸੰਭਾਰੇ ॥੪੯॥
ਚਤਰ ਕੋਸ ਪਰ ਅਬ ਤੁਮ ਜਾਈ।
ਸ਼ੁਸ਼ਕ ਤੜਾਗ[1] ਪਿਖਹੁ ਤਿਹ ਥਾਈਂ। [1]ਸੁੱਕਾ ਤਾਲਾਬ।
ਬੈਠੇ ਰਹਿਯੋ ਸਹਿਤ ਕੁਟੰਬਾ।
ਪੁਰਿ ਕੋ ਛੋਰਹੁ ਬਿਨਾ ਬਿਲੰਬਾ[1] ॥੫੦॥ [1]ਬਿਨਾ ਡੇਰੀ ਦੇ।
†ਭੋਰ ਹੋਤਿ ਮੁਗ਼ਲਨ ਕੀ ਸੈਨਾ।

†ਜਦ ਗੁਰੂ ਜੀ ਦਾ ਸ਼ਬਦ ਪੜ੍ਹੋ ਤਾਂ ਉਸ ਤੋਂ ਸਮਝ ਸਾਫ ਪੈਂਦੀ ਹੈ ਕਿ ਇਹ ਪੇਸ਼ੀਨ ਗੋਈ (ਭਵਿਖਤ ਵਾਕ) ਹੈ, 'ਟੁਕ ਟੁਕ ਹੋਸੀ' 'ਸੰਭਾਲਸੀ' 'ਉਠਸੀ' ਸਭ ਕ੍ਰਿਯਾ ਭਵਿੱਖਤ ਦੀ ਹੋਣੀ ਦੱਸ ਰਹੀਆਂ ਹਨ, ਫੇਰ ਕਾਬਲੋਂ ਟੁਰੇਗਾ, ਇਹ ਪਤਾ ਪਹਿਲੋਂ ਦੇਂਦੇ ਹਨ। ਸੋ ਇਹ ਸ਼ਬਦ ਦੱਸਦਾ ਹੈ ਕਿ ਬਾਬਰ ਦੇ ਕਾਬਲੋਂ ਟੁਰਨ ਤੋਂ ਪਹਿਲੇ ਦੇ ਏਹ ਵਾਕ ਹਨ। ਤੇ ਕਾਬਲੋਂ ਟੁਰਕੇ ਕੋਈ ਇਕ ਦਿਨ ਵਿਚ ਨਹੀਂ ਅੱਪੜ ਸਕਦਾ। ਤਾਂਤੇ ਏਹ ਵਾਕ ਪਹਿਲੋਂ ਦੇ ਹਨ ਤੇ ਬਾਬਰ ਦੂਏ ਦਿਨ ਨਹੀਂ, ਪਰ ਕੁਛ ਚਿਰ ਮਗਰੋਂ ਏਮਨਾਬਾਦ ਪਹੁੰਚਾ ਹੈ, ਏਮਨਾਬਾਦ ਦਾ ਤਦੋਂ ਨਾਉਂ ਸੈਦ ਪੁਰ ਸੰਡਯਾਲੀ ਯਾ ਸਰਯਾਲੀ ਸੀ। ਤਵਾਰੀਖ ਖਾ: ਵਿਚ ਲਿਖਿਆ ਹੈ ਕਿ ਭਵਿੱਖਤ ਵਾਕ ਸਤਿਗੁਰੂ ਜੀ ਨੇ ੧੫੬੯ ਸੰ: ਬਿ: ਨੂੰ ਉਚਾਰਿਆ ਸੀ ਤੇ ਏਮਨਾਬਾਦ ਦੀ ਕਤਲਾਮ ੧੫੭੮ ਸੰ: ਬਿ: ਵਿਚ ਹੋਈ ਹੈ। ਖੋਜ ਦੀ ਲੋੜ ਹੈ।

ਆਇ ਇਹਾਂ ਲੂਟਹਿ ਸਭਿ ਐਨਾ।
ਸਭਿ ਪਠਾਨ ਕੋ ਪਠਿ ਜਮ ਦ੍ਵਾਰੇ।
ਤਿਯਨ ਬਾਂਧ ਕਰਿ ਲੇਹਿਂ ਸੰਗਾਰੇ'
॥੫੧॥

ਦੋਹਰਾ:
ਸੁਨਿ ਕਰਿ ਲਾਲੋ ਦਿਜ ਦੁਊ, ਸੱਤਯ ਲਖੇ ਸਭਿ ਬੈਨ।
ਦ੍ਰਿੜ ਪ੍ਰਤੀਤ ਹਿਰਦੇ ਕਰੀ, ਗਏ ਤੁਰਤ ਨਿਜ ਐਨ ॥੫੨॥

ਚੌਪਈ:
ਅਪਨੀ ਸਭਿ ਸੰਭਾਰ[1] ਸੰਭਾਰੀ। [1]ਸਮੱਗ੍ਰੀ।
ਲੀਨ ਸੰਗ ਭ੍ਰਾਤਾ ਸੁਤ ਨਾਰੀ।
ਵਹਿਰ ਨਗਰ ਤੇ ਨਿਕਸਿ ਬਹੋਰੀ।
ਪਹੁੰਚੇ ਤਿਸੀ ਠੌਰ ਕੋ ਟੋਰੀ[1] ॥੫੩॥ [1]ਭਾਲਕੇ।
ਸ੍ਰੀ ਅੰਗਦ ਜੀ! ਸੁਨਹੁ ਅਗਾਰੀ।
ਜਸ ਬੀਤੀ ਤਸ ਕਰੌਂ ਉਚਾਰੀ।
ਹੁਤੋ ਪਚਾਸ ਕੋਸ ਪਰ ਡੇਰਾ।
ਦਲ ਬਾਬਰ ਕੇ ਸੰਗ ਘਨੇਰਾ ॥੫੪॥
ਤੁਰਕੀ ਬਲੀ ਤੁਰੰਗ ਬਿਸਾਲਾ।

ਬਹੁਤ ਦੂਰ ਗਮਨੈਂ ਤਤਕਾਲਾ।
ਤਿਹ ਛਿਨ ਬਾਬਰ ਕੋ ਮਨ ਫੇਰਾ।
-ਏਮਨਵਾਦ ਨਗਰ ਲਿਉਂ ਘੇਰਾ ॥੫੫॥
ਅਕਸਮਾਤ੍[1] ਅਬ ਪਰਿਹੋਂ ਜਾਈ। [1]ਅਚਾਨਕ।
ਤੂਰਨ ਤਿਨ ਕੋ ਦਿਉਂ ਬਿਚਲਾਈ[1]। [1]ਚਲ ਬਿਚਲ।
ਮਾਨੀ ਆਨ ਨ ਮਾਨਹਿਂ ਮੋਰੀ[1]। [1]ਹੰਕਾਰੀ ਮੇਰੀ ਈਨ ਨਹੀਂ ਮੰਨਦੇ।
ਅਸ ਪਠਾਨ ਹਨਿਹੋਂ ਕਰਿ ਜੋਰੀ[†]- ॥੫੬॥

[†]ਬਾਬਰ ਨੂੰ ਸੈਦ ਪੁਰ ਦੇ ਖਾਨ ਨੇ ਰਸਤ ਪਾਣੀ ਦੇਣੋਂ ਨਾਂਹ ਕੀਤੀ ਸੀ। ਖਾਨ ਨੂੰ ਮੁਲਾਣਿਆਂ ਕਿਹਾ ਸੀ ਕਿ ਅਸੀਂ ਬਾਬਰ ਦੀਆਂ ਤੋਪਾਂ ਤੁਪਕਾਂ ਦੇ ਮੂੰਹ ਮੰਤ੍ਰਾਂ ਜੰਤਰਾਂ ਨਾਲ ਬੰਨ੍ਹ ਦਿਆਂਗੇ, ਮੁਗਲ ਅੰਨ੍ਹੇ ਕਰ ਦਿਆਂਗੇ। ਇਸੇ ਕਰਕੇ ਸਤਿਗੁਰ ਜੀ ਨੇ ਕਿਹਾ ਹੈ:- ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪ ॥

ਸਰਬ ਸੈਨ ਕੋ ਆਇਸੁ ਦੀਨੀ।
ਅਸੁ ਪਰ ਪਾਇ ਪਾਖਰੈਂ[1] ਲੀਨੀ। [1]ਕਾਠੀਆਂ।
ਜੋਧਾ ਸਨਧਬੱਧ ਹ੍ਵੈ ਸਭਿਹੀ।
ਲੀਨਿ ਤੁਫੰਗੈਂ ਕਸਿ ਕਸਿ ਤਬ ਹੀ ॥੫੭॥
ਘੋਰਨ ਪਰ ਹ੍ਵੈ ਕੈ ਅਸਵਾਰਾ।
ਕਰੀ ਦੌਰ ਨਹਿਂ ਲਗੀ ਅਵਾਰਾ।
ਮਾਰਗ ਬਿਖੈ ਆਪਗਾ[1] ਜੇਤੀ। [1]ਨਦੀਆਂ।
ਪ੍ਰਭੁ ਰੁਖ ਪਿਖੇ ਸ਼ੁਸ਼ਕ ਗਈ ਕੇਤੀ ॥੫੮॥
ਬਡੇ ਬੇਗ ਸੋਂ ਤੁਰੰਗ ਚਲਾਏ।
ਤੂਰਨ ਪਹੁੰਚਿ ਸਰਬ ਬਿਸਮਾਏ।
ਜੋ ਮਾਰਗ ਥੋ ਦੂਰ ਘਨੇਰੀ।
ਕਰਜੋ ਸਮੀਪ ਪ੍ਰਭੁ ਤਿਸ ਬੇਰੀ ॥੫੯॥
ਸਵਾ ਪਹਿਰ ਮਹਿਂ ਪਹੁੰਚੇ ਆਈ।
ਸਰਬ ਨਗਰ ਕੌ ਭੌਰੀ ਪਾਈ[1]। [1]ਘੇਰਾ ਪਾਇਆ।
ਦਿਵਸ ਚੜ੍ਹੇ ਮੰਡਜੋ ਰਣ ਭਾਰੀ।

{ਬਾਬਰ ਦਾ ਹੱਲਾ}

ਛੁਟਤਿ ਤੁਫੰਗ[1] ਮਨਹੁ ਪਿਚਕਾਰੀ ॥੬੦॥ [1]ਬੰਦੂਕਾਂ।
ਸਾਂਗ ਪ੍ਰਹਾਰਹਿਂ ਮੂਠ ਗੁਲਾਲਾ[1]। [1]ਬਰਛੀਆਂ ਮਾਰਦੇ ਹਨ (ਮਾਨੋਂ) ਗੁਲਾਲ ਦੀ ਮੁੱਠ ਸੁੱਟਦੇ ਹਨ।

ਢਾਲੈਂ ਬਨੀ ਮਨਹੁਂ ਡਫ[1] ਮਾਲਾ[2]। — [1]ਕੁਨਾਲੀ ਵਾਂਙੂ ਮੜ੍ਹਿਆ ਹੋਇਆ ਸਾਜ ਜੋ ਪੇਟ ਤੇ ਰਖਕੇ ਦੋ ਪਤਲੀਆਂ ਸੋਟੀਆਂ ਨਾਲ ਵਜਾਉਂਦੇ ਹਨ। [2]ਪੰਗਤੀ।

ਭਕ ਭਕ ਘਾਉ[1] ਸ਼ਬਦ ਤਿਨ ਕੇਰਾ। — [1]ਜ਼ਖਮਾਂ ਦੇ ਫਟਣ ਤੇ ਲਹੂ ਜ਼ੋਰ ਨਾਲ ਚਲਣ ਨਾਲ ਭਕ ਭਕ ਆਵਾਜ਼ ਆਉਂਦੀ ਹੈ।

ਨਿਕਸੀ ਮੀਝ ਅੰਬੀਰੰ ਗੇਰਾ[1] ॥੬੧॥ — [1]ਮਾਨੋਂ) ਅੰਬੀਰ ਸੁਟਿਆ ਹੈ।

ਸ਼੍ਰੋਣਕ ਬਸਤ੍ਰ ਰੰਗ ਭਏ ਲਾਲਾ।

ਮਾਨਹੁ ਰੰਗ ਪਤੰਗੀ[1] ਡਾਲਾ। — [1]ਸਵੇਰ ਦੇ ਸੂਰਜ ਦਾ ਲਾਲ ਰੰਗ (ਅ) ਲਾਲ ਚੰਦਨ। ਸੰਸ: ਪਤ੍ਹੰਗ=ਲਾਲ ਚੰਦਨ]।

ਕਰ ਮਹਿਂ ਚਮਕ ਰਹੀ ਕਰਵਾਰੈਂ[1]। — [1]ਤਲਵਾਰਾਂ।

ਛਟੀ ਮਨਹੁ ਫੂਲਨ[1] ਕੀ ਧਾਰੈਂ ॥੬੨॥ — [1]ਫੁਲ ਛਟੀ।

'ਮਾਰਿ ਮਾਰਿ', ਮੁਖ ਗਾਵਹਿਂ ਗੀਤਾ।

ਖੇਲਤਿ ਫਾਗ[1] ਮਨਹੁ ਕਰਿ ਪ੍ਰੀਤਾ। — [1]ਹੋਲੀ।

ਭਏ ਨਿਸੰਗ ਬੀਰ ਇਕ ਬੇਰਾ।

ਬਜਯੋ ਸਾਰ ਸੋਂ ਸਾਰ[1] ਘਨੇਰਾ ॥੬੩॥ — [1]ਲੋਹੇ ਨਾਲ ਲੋਹਾ।

ਵਹਿਰ ਦੁਰਗ ਤੇ ਨਿਕਸਿ ਪਠਾਨਾ।

ਕੂਦ ਕੁਲਾਂਚਨ[1]† ਹਨਹਿਂ ਕ੍ਰਿਪਾਨਾ। — [1]ਛਾਲਾਂ ਮਾਰਦੇ ਕੁਦ ਕੁਦ ਕੇ। †ਪਾ:-ਕੁਚਾਲਨ=ਖੋਟੇ ਤ੍ਰੀਕੇ ਨਾਲ ਯਾ ਖੋਟਿਆਂ ਨੇ।

ਏਕਹਿ ਬਾਰ ਪਏ ਅਰਰਾਈ[1]। — [1]ਲਲਕਾਰ ਕੇ।

ਤੀਰ ਤੁਫੰਗੈਂ ਬਹੁਤ ਚਲਾਈ ॥੬੪॥

ਸ਼੍ਰੀ ਪ੍ਰਭੁ ਬਚ ਤੇ ਫੇਟੀ ਪਰਿਹੀ[1]। — [1]ਫਿੱਕੀ ਪੈ ਗਈ (ਭਾਵ ਕੁਛ ਮਾਰ ਨ ਕੀਤੀ), (ਅ) ਫੇਟੀ ਪੈਣੀ=ਕੰਮ ਵਿਗੜਨਾ। ਮਰ ਵਗ ਗਈ।

ਕੋਇ ਨ ਸ਼ਸਤ੍ਰ ਕਾਜ ਕਛੁ ਕਰਿਹੀ।

ਰਹੇ ਬਹੁਤ ਚਿਰ ਅਟਕ ਅਗਾਰੀ।

ਰਿਸ ਕਰਿ ਬਾਬਰ ਗਿਰਾ ਉਚਾਰੀ ॥੬੫॥

'ਅਹੋ ਮੁਗਲ! ਲੇ ਧਨ ਮਮ ਪਾਸੂ।

ਨਿਤਪ੍ਰਤਿ ਬਿਲਸਤਿ ਬਹੁਰ ਬਿਲਾਸੂ।

ਜਬਹਿ ਆਵਨੋ ਕਾਜ ਹਮਾਰੈ[1]। — [1]ਜਦ ਮੇਰੇ ਕੰਮ ਆਉਣ ਦਾ ਵੇਲਾ ਹੈ।

ਕਰਿ ਰਾਖੇ ਅਬ ਪ੍ਰਾਨ ਪਿਆਰੇ! ॥੬੬॥

ਕਬ ਕੇ ਅਟਕੇ ਖਾਨ ਅਗਾਰੀ।

ਕਰੋ ਫਤੇ, ਕਯੋਂ ਨ ਇਨ ਕੋ ਮਾਰੀ।'

ਅਸ ਕਹਿ ਭੈਰੋਂ[1]† ਢੋਲ ਬਜਾਏ। — [1]ਭਿਆਨਕ। †ਪਾ:-ਭੇਰੇ।

ਬਹੁਤ ਦਮਾਮੇ[1] ਡੰਕ ਲਗਾਏ ॥੬੭॥ — [1]ਧੌਂਸਿਆਂ ਤੇ।

ਹੇਲਾ ਕਰਜੋ ਪਰੇ ਇਕ ਬੇਰਾ।
ਮਚਜੋ ਤਬੈ ਘਮਸਾਨ ਘਨੇਰਾ।
ਠਹਾਠਹੀ ਚਲਿ ਰਹੀ ਤੁਫੰਗਾਂ।
ਕਿਤਿਕ ਪਰੋਏ ਬਰਛਨ ਸੰਗਾ ॥੬੮॥
ਖਚਾ ਖਚੀ ਕੀਨੀ ਤਲਵਾਰਨ।
ਧੜ ਤੇ ਸਿਰ ਕਿਯ ਜੁਦੇ ਉਤਾਰਨ।
ਮੋਢਨ ਤੇ ਬਾਹੈਂ ਕਟਿ ਡਾਰੀ।
ਲੋਥੈਂ ਬਿਥਰੀ ਧਰਾ ਮਝਾਰੀ ॥੬੯॥
ਮੁਗ਼ਲ ਗਏ ਕੈਸੇ ਇਕ ਬੇਰਾ।
ਜਾਇ ਬਾਸ ਜਸ ਦੇਖਿ ਬਟੇਰਾ।
ਠਾਂਢੇ ਕਟੇ ਥਾਉਂ ਨਹਿਂ ਛੋਰੀ[1]।
[1]ਖੜੇ ਹੋਏ (ਸੂਰਮੇ) ਕੱਟੇ ਗਏ ਪਰ ਥਾਂ ਨਹੀਂ ਛੱਡੀ।
ਕਾਇਰ ਭਗੇ ਲਾਜ ਕੁਲ ਤੋਰੀ ॥੭੦॥
ਮੁਗ਼ਲਨ ਦਨ ਜਨੁ ਘਟਾ ਘਮੰਡੀ[1]।
[1]ਘਟਾ ਉਮਡਕੇ ਆਈ ਹੈ।
ਤਰਵਾਰੈਂ ਸਮ ਬਿੱਜੁ ਪ੍ਰਚੰਡੀ[1]।
[1]ਬਿਜਲੀ ਵਤ ਪ੍ਰਕਾਸ਼ਮਾਨ।
ਬਜਹਿਂ ਦਮਾਮੇ ਜਸ ਘਨਘੋਰੀ।
ਗੁਲਕਾਂ ਬਰਖ ਰਹੀ ਬਹੁ ਓਰੀ[1] ॥੭੧॥
[1]ਸਾਰੀ ਪਾਸੀਂ।
ਕ੍ਰਿਖਿ ਪਾਕ ਸਮ[1] ਖਾਨ ਅਗਾਰੀ।
[1]ਪੱਕੀ ਖੇਤੀ ਵਤ।
ਨਾਸ਼ ਕੀਨਿ ਸਗਰੀ ਇਕ ਬਾਰੀ।
ਤਛਾ ਮੁੱਛ[1] ਤਰਵਾਰਨ ਕਰਿ ਕੈ।
[1]ਕਟਾ ਵਢ।
ਲੂਟਨ ਲਗੇ ਨਗਰ ਮਹਿਂ ਬਰਿ ਕੈ ॥੭੨॥
ਦਰਬ, ਤੁਰੰਗ ਲਿਯੇ ਸਭਿ ਜਾਈ।
ਖਾਨਨ ਸਦਨ ਬਰੇ ਪੁਨ ਧਾਈ।
ਸੁੰਦਰ ਅੰਗਨਾ ਤਬ ਗਹਿ ਲੀਨੀ।
ਭੂਖਨ ਪਟ ਯੁਤ ਬੈਸ ਨਵੀਨੀ ॥੭੩॥
ਦੋਹਰਾ:
ਸਰਬ ਪਠਾਨਨ ਮਾਰਿ ਕੈ, ਲੂਟਜੋ ਨਗਰ ਬਨਾਇ।
ਬਹੁਤ ਕੈਦ ਮਹਿਂ ਕਰਿ ਲਿਯੇ, 'ਹਾਇ ਹਾਇ' ਬਿਲਲਾਇ ॥੭੪॥
ਚੌਪਈ:
ਸ੍ਰੀ ਗੁਰ ਨੈ ਜੋ ਸਬਦ ਉਚਾਰਾ।

ਬਹੁ ਖਾਨਨ ਪਰ ਕੀਨੀ ਮਾਰਾ।
ਤਿਨ ਕੇ ਪੀਰ ਫਕੀਰ ਜਿ ਸਭਿ ਹੀ।
ਗਏ ਦਬਕ ਨਹਿਂ ਉਕਸੇ ਤਬ ਹੀ
॥੨੫॥
ਐਸੋ ਕੋਨ ਸ਼ਕਤਿ ਧਰਿ ਭਾਰੀ।
ਜੋ ਗੁਰ ਬਚ ਕੇ ਟਿਕਹਿ ਅਗਾਰੀ।
ਜੇ ਮਿਲਿ ਕੋਟਕਿ ਹੋਹਿਂ ਟਿਨਾਨੇ।
ਕਿਉਂ ਸੂਰਜ ਕੀ ਪਾਇਂ ਸਮਾਨੇ[1] ॥੨੬॥ [1]ਬਰਾਬਰੀ।
ਫਤੇ ਪਾਇ ਪੁਰਿ ਲੂਟਿ ਘਨੇਰਾ।
ਜਾਇ ਕੋਸ ਦ੍ਵੈ ਕੀਨੋ ਡੇਰਾ।
ਹਰਖਯੋ ਬਾਬਤ ਜੀਤ ਲਰਾਈ।
ਪੁਨ ਫੇਰੀ ਸਭਿ ਥਾਨ ਦੁਹਾਈ ॥੨੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਬਰ ਕੋ ਜੁੱਧ ਪ੍ਰਸੰਗ' ਬਰਨਨੰ ਨਾਮ ਸਤਾਈਸਮੋਂ ਅਧ੍ਯਾਯ ॥੨੭॥

## ੨੮. [ਸਤਿਗੁਰ ਮੰਗਲ। ਗੁਰੂ ਜੀ ਨੇ ਕੈਦੀ ਛੁਡਾਏ ਬਾਬਰ ਤੋਂ]

੨੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੨੯

{ਬਾਲੇ ਮਰਦਾਨੇ ਸਮੇਤ ਗ੍ਰਿਫਤਾਰ} ॥੪॥
{ਖੁਰਾਸਾਨ ਖਸਮਾਨਾ ਕੀਆ} ॥੧੦..॥
{ਜੇਲ੍ਹ ਵਿੱਚ ਚੱਕੀ ਪੀਸਣ ਦਾ ਪ੍ਰਸੰਗ} ॥੨੨..॥
{ਬਾਬਰ} ॥੨੪..॥
{ਬਾਬਰ ਨੂੰ ਬਚਨ} ॥੬੦॥
{ਬਾਬਰ ਤੋਂ ਕੈਦੀ ਛੁਡਾਏ} ॥੬੬॥

ਦੋਹਰਾ:

ਦ੍ਰਿੜ ਹਿਰਦੇ ਅੱਗਜਾਨ ਜੋ, ਬਹੁ ਬਿਧਿ ਜਗਤ ਬਨਾਉ।
ਗਜਾਨ ਭਏ ਤੇ ਨਸ਼ਟ ਹ੍ਵੈ; ਚਹਿਤਿ ਜਿ, ਸਤਿਗੁਰ ਧਜਾਉ ॥੧॥

ਅਰਥ:

ਹਿਰਦੇ ਵਿਚ ਦ੍ਰਿੜ ਅੱਗਜਾਨ (ਦੇ ਕਾਰਨ) ਜੋ ਜਗਤ ਦੀ ਬਹੁਤ ਪ੍ਰਕਾਰ ਦੀ ਬਨਾਵਟ (ਬਣੀ ਦਿਸ ਰਹੀ ਹੈ ਉਹ) ਗਜਾਨ ਹੋਣ ਤੇ ਨਾਸ਼ ਹੁੰਦੀ ਹੈ, (ਹੇ ਮਨ) ਜੇ (ਤੂੰ ਇਸ ਗਜਾਨ ਦੀ ਪ੍ਰਾਪਤੀ) ਚਾਹੁੰਦਾ ਹੈਂ ਤਾਂ ਸਤਿਗੁਰੂ ਜੀ ਦੀ ਆਰਾਧਨਾ ਕਰ। ਭਾਵ ਸਤਿਗੁਰੂ ਜੀ ਧਿਆਉਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ ! ਸੁਨਿ ਕਥਾ ਅਗਾਰੇ।
ਸੈਨ ਦੇਖਿ ਸੇ ਸੰਤ ਸਿਧਾਰੇ[1]। [1]ਓਹ ਸੰਤ (ਤਾਂ) ਚਲੇ ਗਏ।
ਸ਼੍ਰੀ ਗੁਰ ਬੈਸਿ ਰਹੇ ਤਿਹ ਥਾਨਾ।
ਇਕ ਮੈਂ ਸੰਗ ਦੁਤਿਯ ਮਰਦਾਨਾ ॥੨॥
ਤਿਹ ਛਿਨ ਏਕ ਮੁਗਲ ਚਲਿ ਆਯੋ।
ਹਮਹਿਂ ਦੇਖਿ ਨਿਜ ਦਾਸ ਬੁਲਾਯੋ।
ਤਿਹ ਸੋਂ ਕਹਿਨ ਲਗਯੋ ਬਚ ਐਸੇ।
'ਇਹ ਮਾਨਵ ਤੀਨੋਂ ਜੇ ਬੈਸੇ ॥੩॥
ਸਿਰ ਬੋਝੇ ਧਰਿ[1] ਕਰਹੁ ਨ ਦੇਰੇ। [1]ਰਖੋ।
ਗਹਿ ਲੇ ਚਲਿਯੇ ਇਨ ਕੋ ਡੇਰੇ।'

{ਬਾਲੇ ਮਰਦਾਨੇ ਸਮੇਤ ਗ੍ਰਿਫਤਾਰ}

ਤਿਨ ਉਠਾਇ[1] ਕਰਿ ਲੀਨ ਅਗਾਰੀ। [1]ਉਠਾਕੇ (ਸਾਨੂੰ)।
ਧਰੇ ਸੀਸ ਪਰ ਭਾਰ ਜਿ ਭਾਰੀ ॥੪॥
ਮਰਦਾਨੇ ਕੋ ਅਸੁ[1] ਪਕਰਾਵਾ। [1]ਘੋੜਾ।
ਮੈਂ ਇਕ ਬੋਝਾ ਸੀਸ ਉਠਾਵਾ।
ਸ਼੍ਰੀ ਪ੍ਰਭੁ ਕੋ ਸਿਰ ਧਰਨੇ ਲਾਗੇ।
ਮਹਿਮਾ ਲਖਹਿਂ ਨ ਮੂੜ ਕੁਭਾਗੇ ॥੫॥

ਦੋਹਰਾ:

ਏਕ ਹਾਥ ਊਚੀ ਰਹੀ, ਊਪਰ ਸੀਸ ਟਿਕੀ ਨ।
ਚਲੇ ਸੰਗ ਸਹਿਜੇ ਪ੍ਰਭੂ, ਜਹਿਂ ਡੇਰਾ ਤਿਹ ਕੀਨ ॥੬॥

ਚੌਪਈ:

ਜਬ ਹੀ ਗਮਨੇ ਪੰਥ ਮਝਾਰੀ।
ਹਮ ਦੋਨੋਂ ਚਲਿ ਜਾਹਿਂ ਪਿਛਾਰੀ।
ਬੋਲੇ ਬਚਨ 'ਸੁਨਹੁ ਮਰਦਾਨਾ!
ਅਬਹਿ ਰਬਾਬ ਬਜਾਉ ਸੁਹਾਨਾ[1]' ॥੭॥ [1]ਸੁਹਣਾਂ।
[1] 'ਪ੍ਰਭੁ ਜੀ! ਕਿਸ ਬਿਧਿ ਤਾਰ ਬਜਾਵਊਂ। [1]ਮਰਦਾਨਾ ਬੋਲਿਆ।
ਹਾਥ ਬਿਖੈ ਪਕਰੇ ਅਸੁ ਲਜਾਵਊਂ।
ਅਤਿ ਚੰਚਲ ਕੁਦਤਿ ਸੋ ਆਵਤਿ।
ਮਹਾਂਬਲੀ ਕਰਿ ਜੋਰ ਥਮ੍ਹਾਵਤਿ[1] ॥੮॥ [1]ਸੰਭਾਲਿਆ ਹੋਯਾ ਹੈ।
ਜੇ ਛੁਟਿ ਜਾਇ ਧਾਇ ਕਿਤ ਜਾਈ[1]। [1]ਕਿਤੇ ਦੌੜ ਜਾਵੇਗਾ।
ਮੁਗ਼ਲ ਮਾਰਿ ਹੈ ਮੇਰੇ ਤਾਈਂ।'
[1] 'ਵਾਹਿਗੁਰੂ ਮੁਖਿ ਨਾਮ ਉਚਾਰੀ। [1]ਗੁਰੂ ਜੀ ਬੋਲੇ।
ਛੋਡਹੁ ਬਾਜ[੮] ਸੁ ਆਇ ਪਿਛਾਰੀ' ॥੯॥
ਸੁਨਿ ਰਜਾਇ ਕੋ ਛੋਰਯੋ ਬਾਜਾ[1]। [1]ਘੋੜਾ।
ਲਗਯੋ ਬਜਾਵਨ ਆਨੋ ਬਾਜਾ[1]। [1]ਰਬਾਬ।
ਤਿੰਹ ਛਿਨ ਸ਼੍ਰੀ ਪ੍ਰਭੁ ਊਚ ਉਚਾਰੀ।
ਕੀਨੋ ਸ਼ਬਦ ਸੁ ਰਾਗ ਮਝਾਰੀ ॥੧੦॥

{ਖੁਰਾਸਾਨ ਖਸਮਾਨਾ ਕੀਆ}

ਸ੍ਰੀ ਮੁਖਵਾਕ ॥
ਆਸਾ ਮਹਲਾ ੧ ॥
ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੰੀ ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਮੇ ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥ †

†ਇਸ ਸ਼ਬਦ ਵਿਚ ਸਤਿਗੁਰ ਜੀ ਦਾ ਬਾਬਰ ਪ੍ਰਤੀ ਇਹ ਉਲਾਂਭਾ ਹੈ ਕਿ ਫੌਜ ਫੌਜ ਨਾਲ ਲੜੇ, ਫੌਜ ਬੇਹਥਿਆਰ ਸ਼ਹਿਰ ਵਾਸੀਆਂ ਤੇ ਹਮਲਾ ਕਿਉਂ ਕਰੇ। ਅੱਜ ਕਲ ਕੌਮਾਂਤ੍ਰੀ ਕਾਨੂੰਨ ਬੀ ਇਸੇ ਪ੍ਰਕਾਰ ਦੇ ਹਨ ਕਿ ਬੇਹਥਿਆਰ ਸ਼ਹਿਰੀ ਵਸੋਂ ਦੀ ਕਤਲਾਮ ਫੌਜੀਆਂ ਹਥੋਂ ਵਿਹਤ ਨਹੀਂ।

ਚੌਪਈ:

ਇਸ ਬਿਧਿ ਗਾਵਤਿ ਮਾਰਗ ਜਾਂਹੀ।
ਸਦਾ ਏਕ ਰਸ ਆਨੰਦ ਮਾਂਹੀ।
ਲੋਕ ਬਿਲੋਕਤਿ ਬਹੁ ਬਿਸਮਾਏ।
'ਇਹੁ ਅਚਰਜ ਕਛੁ ਲਖਯੋ ਨ ਜਾਏ ॥੧੧॥

ਸਿਰ ਤੇ ਕਰ[1] ਊਚੋ ਹੈ ਭਾਰਾ[2]। — [1]ਹੱਥ (ਭਰ)। [2]ਬੋਝਾ।
ਬਹੁਰੋ ਚਲਿਓ ਜਾਹਿ ਸੰਗਾਰਾ।
ਦੂਸਰ ਕੇ ਹੈ ਤੁਰੰਗ ਪਿਛਾਰੀ।
ਚਲਯੋ ਜਾਤ ਬਿਨ ਗਹੇ ਮੁਹਾਰੀ[1]' ॥੧੨॥ — [1]ਵਾਂਗ।

ਕੇਤਿਕ ਕਹੈਂ 'ਸੰਤ ਇਹੁ ਕੋਈ।
ਕਿਧੋਂ ਖੁਦਾਇ ਆਪ ਹੀ ਹੋਈ।
ਅਤਿ ਸਮਰਥ ਅਜ਼ਮਤ ਮਹਿਂ ਭਾਰੀ।
ਐਸੋ ਕਬ ਨਹਿਂ ਪਿਖਾ ਅਗਾਰੀ' ॥੧੩॥

ਹਾਥ ਬੰਦਿ ਕੈ ਬੰਦਨ ਕਰਿਹੀ।
ਚਰਨ ਕਮਲ ਮਹਿਂ ਸ਼ਰਧਾ ਧਰਿਹੀ।
ਇਸ ਪ੍ਰਕਾਰ ਪਹੁਂਚਯੋ ਜਬ ਡੇਰੇ।
ਆਵਤਿ ਮੁਗ਼ਲ ਤਿਸੀ[1] ਨੈ ਹੇਰੇ ॥੧੪॥ — [1]ਆਂਵਦਿਆਂ, ਤਿਸ ਮੁਗਲ ਨੇ (ਜਿਸ ਨੇ ਸਾਡੇ ਪਕੜਨ ਦਾ ਹੁਕਮ ਦਿੱਤਾ ਸੀ)।

ਇਸ ਬਿਧਿ ਅਚਰਜ ਲਖਯੋ ਤਮਾਸ਼ਾ।
ਗਯੋ ਦੌਰਿ ਬਾਬਰ ਕੇ ਪਾਸਾ।
ਨਿਕਟਿ ਬੈਠਿ ਕੈ ਗਿਰਾ ਉਚਾਰੀ।
'ਇਕ ਦੂਵੇਸ਼ ਹੈ ਬੰਦ ਮਝਾਰੀ ॥੧੫॥

ਦੋਹਰਾ:

ਅਚਰਜ ਸਭਿ ਅਵਲੋਕਿਓ, ਅਤਿ ਅਜ਼ਮਤਿ ਮਹਿਂ ਪੂਰ।
ਬੋਝ ਦਿਯੋ ਸਿਰ ਤਾਂਹਿ ਕੇ, ਰਹਯੋ ਏਕ ਕਰ ਦੂਰ[1] ॥੧੬॥ — [1]ਇਕ ਹਥ ਦੂਰ ਭਾਵ ਉੱਚਾ।

ਚੌਪਈ:

ਏਕ ਡੂਮ ਹੈ ਜਾਂ ਕੇ ਸੰਗਾ।
ਤਿਹਂ ਪੀਛੈ ਚਲਿ ਜਾਹਿ ਤੁਰੰਗਾ।
ਕਰਤਿ ਬੰਦਗੀ ਤਹਾਂ ਖ਼ੁਦਾਇ।
ਆਪ ਬਿਲੋਕਹੁ ਚਲਿ ਤਹਿਂ ਥਾਇਂ ॥੧੭॥
ਇਹੁ ਸੁਨਿ ਬਾਬਰ ਬਚਨ ਬਖਾਨਤਿ।
'ਪੂਰਬ ਜੇ ਮੈਂ ਇਸ ਬਿਧਿ ਜਾਨਤਿ।
ਇਸ ਪੁਰਿ ਕੋ ਨਹਿਂ ਮਾਰਤਿ ਧਾਈ।
ਜਿਸ ਮਹਿਂ ਅਸ ਦਰਵੇਸ਼ ਰਹਾਈ' ॥੧੮॥
ਆਵਨ ਕੋ ਤਯਾਰ ਭਾ ਸੋਈ।
ਗੁਰੂ ਕਥਾ ਸੁਨੀਏ ਜਯੋਂ ਹੋਈ।
ਦਲ ਮਹਿਂ ਬਹੁਤ ਬੰਦ ਨਰ ਨਾਰੀ।
ਬਿਰਲਾਪਤਿ ਪ੍ਰਾਪਤਿ ਦੁਖ ਭਾਰੀ ॥੧੯॥
ਸਰਬ ਜਾਤਿ[1] ਦਿਜਣੀ ਹਿੰਦੁਵਾਣੀ। [1]ਸਾਰੀਆਂ ਜਾਤੀਆਂ ਦੀਆਂ।
ਅਹੈਂ ਤੁਰਕਣੀ ਆਦਿ ਪਠਾਣੀ।
ਸਭਿ ਕੇ ਚਾਕੀ[1] ਧਰੀ ਅਗਾਰੀ। [1]ਚੱਕੀ।
'ਦਾਨਾ ਦਰਿਯੇ[1] ਬਿਨਾ ਅਵਾਰੀ' ॥੨੦॥ [1]ਦਾਣਾ ਦਲੋ।
ਸ੍ਰੀ ਨਾਨਕ ਜਬ ਡੇਰੇ ਆਏ।
ਸਿਰ ਪੁਰ ਤੇ ਬੋਝੇ ਉਤਰਾਏ।
ਬੈਠਾਰੇ ਨਿਜ ਬੰਦ ਮਝਾਰੀ।
ਦ੍ਵੈ ਚਾਕੀ ਤਬ ਆਨੀ ਭਾਰੀ ॥੨੧॥
ਆਗੇ ਮੇਰੇ ਅਰ ਮਰਦਾਨੇ।
{ਜੇਲ੍ਹ ਵਿੱਚ ਚੱਕੀ ਪੀਸਣ ਦਾ ਪ੍ਰਸੰਗ}
ਧਰੀ ਏਕ ਦੀਨੇ ਬਹੁ ਦਾਨੇ।
ਇਕ ਸ੍ਰੀ ਗੁਰੂ ਅਗਾਰੀ ਧਰਿ ਕੈ।
ਕਹਯੋ 'ਦਰਹੁ ਦਾਨਾ ਦ੍ਰੁਤ ਕਰਿਕੈ ॥੨੨॥
ਹਮ ਮਿਲਿ ਦਰਨ ਲਗੇ ਦ੍ਰੁਤ ਦਾਨਾ।
ਜਿਉਂ ਨਰ ਨਾਰਿ ਕਰਤਿ ਤਿਹਂ ਥਾਨਾ।
ਸ੍ਰੀ ਗੁਰ ਚਾਕੀ ਹਾਥ ਨ ਲਾਵਹਿਂ।
ਨਿਜ ਕਰ ਸੋਂ ਦਾਨਾ ਮਧ ਪਾਵਹਿਂ

॥੨੩॥
ਸ਼ੀਘਰ ਫਿਰੈ ਆਪ ਹੀ ਸੋਈ।
ਬਿਸਮ ਬਿਲੋਕਹਿਂ ਤਹਿਂ ਸਭਿ ਕੋਈ।
ਇਤਨੇ ਮਹਿਂ ਬਾਬਰ ਚਲਿ ਆਯੋ।
{ਬਾਬਰ}
ਚਰਨ ਕਮਲ ਪਰ ਸੀਸ ਨਿਵਾਯੋ ॥੨੪॥
ਦੋਹਰਾ:
ਸ੍ਰੀ ਨਾਨਕ ਅਵਲੋਕਿ ਕੈ, ਬੋਲੇ ਸ਼ਬਦ ਉਠਾਇ।
ਸਭਿ ਲੋਕਨ ਕੀ ਜਸ ਦਸ਼ਾ, ਤਸ ਤਬਿ ਦੀਨਿ ਸੁਨਾਇ ॥੨੫॥

ਸ੍ਰੀ ਮੁਖਵਾਕ ॥
ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥
ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥

ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

ਚੌਪਈ:

ਸੁਨਿ ਕਰਿ ਬਾਬਰ ਖਰਾ ਅਗਾਰੀ।
ਹਾਥ ਬੰਦਿ ਕੈ ਗਿਰਾ ਉਚਾਰੀ।
'ਅਰਥ ਸਮੇਤ ਸੁਨਾਵਹੁ ਮੋਹੀ।
ਰਾਵਰ ਕਹਿਨ ਕਾਹਿ ਪਰ ਹੋਹੀ' ॥੨੬॥
[1] 'ਸੁਨਿ ਬਾਬਾਰ ! ਇਹੁ ਹਤੇ[2] ਪਠਾਨਾਂ। — [1]ਗੁਰੂ ਜੀ ਬੋਲੇ। [2]ਮਾਰੇ ਹਨ (ਤੈਨੇ)।
ਲੁਟਯੋ ਸਗਰੋ ਨਗਰ ਮਹਾਨਾ।
ਸਭਿਹਿਨਿ ਕੀ ਨਾਰੀ ਗਹਿ ਲੀਨੀ।
ਦਲ ਮਹਿਂ ਆਨਿ ਕੈਦ ਕਰਿ ਦੀਨੀ ॥੨੭॥
ਕਸ਼ਟ ਸਮਾਂ ਅਬ ਤਿਨ ਪਰ ਆਯੋ।
ਦੇਖਿ ਦਸ਼ਾ ਅਸ ਸ਼ਬਦ ਅਲਾਯੋ।
ਜਿਨ ਕੈ ਸਿਰ ਪਰ ਪਾਟੀ ਸੋਹੈਂ[1]। — [1]ਪੱਟੀਆਂ ਸੋਭਦੀਆਂ ਸਨ।
ਮਾਂਗ[1] ਸੰਧੂਰ ਪਾਇ ਮਨ ਮੋਹੈਂ ॥੨੮॥ — [1]ਚੀਰਨੀ।
ਸੋਹਤਿ ਸਿਰ ਹਿਤ ਭੂਖਨ ਰੂਰਨ[1] ! — [1]ਸੁੰਦਰ ਗਹਣਿਆਂ ਦੇ ਕਾਰਨ।
ਸੰਗ ਕਤਰਨੀ ਕਤਰਹਿਂ[1] ਤੂਰਨ। — [1]ਕੈਂਚੀ ਨਾਲ ਕਤਰਦੇ ਹਨ (ਮੇਢੀਆਂ)।
ਪਾਇ ਬਦਨ ਮਹਿਂ ਭਸਮ ਬਹੋਰੀ।
ਕਹੈਂ -ਬਤਾਵਹੁ ਮਾਯਾ ਔਰੀ- ॥੨੯॥
ਜਿਹ ਮੁਖ ਨਾਨਾ ਬਿੰਜਨ[1] ਖਾਯੋ। — [1]ਭੋਜਨ।
ਸ਼੍ਰੀ ਕਰਤਾਰ ਨ ਨਾਮ ਅਲਾਯੋ।
ਤਿਹ ਮੁਖ ਵਿਸ਼ਟਾ ਬਾਂਧਹਿ ਸੋਊ[1]। — [1]ਸੋ (ਮੁਗਲ)।
ਕਹੈਂ -ਦੇਹੁ ਧਨ ਗਾਂਡਯੋ ਜੋਊ- ॥੩੦॥
ਮੰਦਿਰ ਸੁੰਦਰ ਮਹਿਂ ਦਿਨ ਰੈਨਾ।
ਰਹਿਤਿ ਸਦਾ ਸੰਤ ਪਿਖਹਿਂ ਨ ਨੈਨਾ।
ਬੈਸਨ ਮਿਲੈ ਨ ਸੋ ਅਬ ਪਾਸੀ[1]। — [1]ਤਿਨ੍ਹਾਂ (ਇਸਤ੍ਰੀਆਂ ਨੂੰ) ਹੁਣ (ਮੰਦਰਾਂ ਦੇ) ਨੇੜੇ ਭੀ ਬੈਠਣਾ ਨਹੀਂ ਮਿਲਦਾ।
ਐਸੋ ਪ੍ਰਾਪਤਿ ਭਾ ਦੁਖ ਰਾਸੀ ॥੩੧॥
ਵਾਹਿਗੁਰੂ ਜੋ ਕਰਨੇਹਾਰਾ।
ਤਿਸ ਕੋ ਬੰਦਨ ਬਾਰੰਬਾਰਾ।
ਸਭਿ ਕੀ ਆਦਿ ਪੁਰਖੁ ਅਬਿਨਾਸ਼ੀ।
ਕਿਸ ਬਿਧਿ ਅੰਤ ਨ ਪਾਇਆ ਜਾਸੀ

॥ ੩੨ ॥
ਕਰਿ ਕਰਿ ਵੇਖਹਿ ਚੋਜ ਘਨੇਰੇ।
ਜਿਉਂ ਚਾਹਤਿ ਤਿਉਂ ਕਰਿ[1] ਬਿਨ ਦੇਰੇ। — [1]ਕਰਦਾ ਹੈ (ਪ੍ਰਭੂ)।
ਜਬ ਇਨ ਅੰਗਨਾ ਭਏ ਬਿਆਹ।
ਸੋਹਿਤਿ ਭਰਤਾ ਬੈਠੇ ਪਾਹ ॥ ੩੩ ॥
ਹਿੰਡੋਲਨ[1] ਪਰ ਚੜ੍ਹਿ ਕਰਿ ਆਈ। — [1]ਡੋਲੀਆਂ।
ਪ੍ਰਿਥਮ ਬਦਨ ਮਹਿਂ ਪਾਇ ਮਿਠਾਈ।
ਵਾਰੈ ਵਾਰ ਵਾਰਿ[1] ਵਰ ਵਾਰੀ[2]। — [1]ਬਾਰ ਬਾਰ ਵਾਰਕੇ। [2]ਸ੍ਰੇਸ਼ਟ ਜਲ।
ਪੀਵਹਿਂ, ਹੋਤਿ ਹਰਖ ਉਰ ਭਾਰੀ ॥ ੩੪ ॥
ਦਾਸੀ ਬਿਜਨਾ[1] ਫੇਰਹਿਂ ਤਾਂਹੀ। — [1]ਪੱਖਾ।
ਦਰਪਨ[1] ਬੀਚ ਲਗੇ ਹੈਂ ਜਾਂਹੀ[2]। — [1]ਸ਼ੀਸ਼ੇ। [2]ਜਿਸ ਪੱਖੇ ਦੇ।
ਝਮਕਤਿ ਤੇ ਦੁਤਿ ਹੋਤਿ ਬਿਸ਼ਾਲਾ।
ਬਹੁਤ ਬਿਲੋਕਹਿਂ ਮਿਲਿ ਤਿਹਂ ਕਾਲਾ ॥ ੩੫ ॥

ਦੋਹਰਾ:
ਖਾਵਤਿ ਖਾਰਕ[1] ਗਰੀ ਪੁਨ, ਲੇ ਕਰਿ ਭਰਤੇ ਪਾਸਿ। — [1]ਛੁਹਾਰੇ। ਸੰਸ=ਕਸ਼ਾਰਕ]।
ਸੇਜਾ ਮਾਣਹਿਂ ਭਾਵਤੀ, ਬਿਲਸਤਿ[1] ਬਹੁਤ ਬਿਲਾਸ ॥ ੩੬ ॥ — [1]ਭੋਗਦੀਆਂ ਸਨ।

ਚੌਪਈ:
ਅਬ ਪਾਥਰ ਤਿਨ ਕੇ ਗਰ[1] ਪਾਵਹਿਂ। — [1]ਗਲ ਵਿਚ।
ਮੋਤਿਨਿ ਮਾਲ ਟੂਟਿ ਕਰਿ ਜਾਵਹਿਂ।
ਜੋਬਨ ਦਰਬ ਦੁਊ ਸੁਖਦਾਈ।
ਤਿਨ ਤੇ ਅਬ ਬਹੁਤੇ ਦੁਖ ਪਾਈ ॥ ੩੭ ॥
ਤਰੁਨ ਬੈਸ[1] ਪੁਨ ਜੇ ਧਨਵਾਨਾਂ। — [1]ਜਵਾਨ ਆਯੂ।
ਤਿਨ ਗਹਿ ਦਯੋ ਸਾਸਨਾ ਦਾਨਾ[1]। — [1]ਦੰਡ ਰੂਪੀ ਦਾਨ (ਅ) ਦਾਣੇ (ਦਲਨ) ਦੀ ਸਜ਼ਾ।
ਕਹੈਂ –ਔਰ ਦੇਵਹੁ ਸਭਿ ਮਾਯਾ–।
ਦੂਤਿਨ[1] ਬਾਂਧੀ[2] ਪਤਿ[3] ਗਵਾਯਾ[4] ॥ ੩੮ ॥ — [1]ਸਿਪਾਹੀਆਂ ਨੇ। [2]ਬੰਨ੍ਹੀਆਂ ਤੇ। [3]ਇੱਜ਼ਤ। [4]ਖਰਾਬ ਕੀਤੀ (ਇਸਤ੍ਰੀਆਂ ਦੀ)।
ਜੋ ਬਿਧਿ ਵਾਹਿਗੁਰੂ ਕੋ ਭਾਈ।
ਦੇਇ ਸਜ਼ਾਇ ਕਿਧੌਂ ਵਡਿਆਈ।

ਤੇੜਿ ਪਟੰਬਰ[1] ਸਿਰ ਜ਼ਰਤਾਰੀ[2]। — [1]ਰੇਸ਼ਮ ਦੇ ਬਸਤ੍ਰ। [2]ਜ਼ਰੀਦਾਰ।
ਸੂਛਮ ਉਦਰ ਪਾਨ ਅਨੁਹਾਰੀ[1] ॥੩੯॥ — [1]ਪਾਨ ਦੇ (ਪੱਤੇ) ਸਮਾਨ (ਕੋਮਲ)।
ਮਾਨਵ ਕੀ ਕੋ ਗਿਨਤੀ ਕਰਈ।
ਸੂਰਜ ਚੰਦ੍ਰ ਦ੍ਰਿਸ਼ਟਿ ਨਹਿਂ ਪਰਈ।
ਪਗ ਸੋਂ ਮਾਰਗ ਚਲਤਿ ਨ ਜੋਊ।
ਬਾਂਧਿ ਲਈ ਮੁਗ਼ਲਨ ਅਬ ਸੋਊ ॥੪੦॥
ਭਰਤੇ ਮਾਰੇ ਬੀਚ ਲਰਾਈ।
ਸਾਸਨ ਦੇ ਕੈ ਬਾਂਧਿ ਚਲਾਈ।
ਲੋਚਨ ਬਹੁਤ ਬਿਮੋਚਤਿ ਬਾਰੀ[1]। — [1]ਕੇਰਦੀਆਂ ਹਨ ਹੰਝੂ।
ਅੱਸ੍ਰ[1] ਗਿਰੈਂ ਯੁਤ ਕੱਜਲ ਕਾਰੀ[2] ॥੪੧॥ — [1]ਹੰਝੂ। [2]ਕਾਲੇ ਕੱਜਲ ਸਮੇਤ।
ਕੂਕਤਿ ਹੈਂ ਰੋਵਤਿ ਦੁਖ ਪਾਈ।
ਨਹਿਂ ਕੋ ਸ਼ਕਤਿ, ਨ ਤਿਨਹਿਂ ਛੁਡਾਈ[1]। — [1]ਨਾਂ ਹੀ ਕਿਸੇ ਦੀ ਤਾਕਤ ਪੈਂਦੀ ਹੈ ਤੇ) ਨਾਂ ਹੀ ਕੋਈ ਉਨ੍ਹਾਂ ਨੂੰ ਛੁਡਾਉਂਦਾ ਹੈ। (ਅ) ਨਾ ਕੋਈ ਸ਼ਕਤੀਵਾਨ ਹੈ, ਤੇ ਨਾਂ ਹੀ (ਜੇ ਕੋਈ ਹੈ ਬੀ ਤਾਂ) ਉਹਨਾਂ ਨੂੰ ਛੁਡਾਉਂਦਾ ਹੈ।
ਆਗੈ ਜੇ ਚੇਤਯੋ ਨਹਿਂ ਨਾਮੂ।
ਤੌ ਅਬ ਸਮਾਂ ਭਯੋ ਦੁਖਧਾਮੂ[1] ॥੪੨॥ — [1]ਦੁਖਾਂ ਦਾ ਘਰ।
ਜੋ ਸਿਮਰਹਿਂ ਅੱਗ੍ਰਜ ਕਰਤਾਰਾ।
ਕਿਉਂ ਹੋਵਹਿ ਇਸ ਬਿਧਿ ਦੁਖ ਭਾਰਾ।
ਹ੍ਵੈ ਅਮੀਰ ਉਮਰੇ ਜਿ ਵਜ਼ੀਰੰ।
ਬਿਸਰਿ ਗਏ ਪ੍ਰਭੁ ਗੁਨੀ ਗਹੀਰੰ ॥੪੩॥
ਚਿਤ ਮਹਿਂ ਚਾਹਤਿ ਰੰਗ ਤਮਾਸ਼ੇ।
ਬਿਬਿਧਿ ਬਿਧਿਨਿ ਕੇ ਬਿਲਸ ਬਿਲਾਸੇ[1]। — [1]ਭੋਗਦੇ ਹਨ ਅਨੰਦ, ਭੋਗ।
ਅਬ ਤਿਨ ਕੀ ਗਤਿ ਹੋਈ ਐਸੀ।
ਜਾਇ ਬਿਲੋਕੀ ਨਾਂਹਿ ਨ ਜੈਸੀ ॥੪੪॥
ਬਾਬਰ ਤੇਰੀ ਫਿਰੀ ਦੁਹਾਈ।
ਤੁਰਨ ਪੂਰਬ ਸਫਾ ਉਠਾਈ।
ਤਿਨ ਕੇ[1] ਬਡੇ ਮੁਸਾਹਿਬ ਜੋਇ। — [1]ਤਿਨ੍ਹਾਂ (ਖਾਨਾਂ) ਦੇ।
ਨਹਿਂ ਭੋਜਨ ਅਬ ਪ੍ਰਾਪਤਿ ਹੋਇ ॥੪੫॥
ਪੂਜਾ ਕਰਨ ਨਿਵਾਜ ਸੁ ਜਿਨ ਕੀ।
ਜਾਤ ਸਮਾ ਟਰਿ[1], ਹੋਤਿ ਨ ਤਿਨ ਕੀ। — [1]ਸਮਾਂ ਲੰਘ ਜਾਂਦਾ (ਹੈ ਪਰ) ਉਹਨਾਂ ਦੀ (ਪੂਜਾ ਤੇ ਨਿਮਾਜ਼) ਨਹੀਂ ਹੋ ਸਕਦੀ।
ਹਿੰਦਨੀ ਅੰਗਨਾ ਪਕਰੀ ਸੋਈ।

ਮੱਜਤਿ[1] ਤਿਲਕ ਲਗਾਵਤਿ ਜੋਈ ॥੪੬॥ [1]ਇਸ਼ਨਾਨ ਕਰਕੇ।
ਚੌਂਕੇ ਮਹਿਂ ਭੋਜਨ ਕੋ ਖਾਤੀ।
ਕਰੀ ਕੈਦ ਬੈਸੀ ਇਸ ਭਾਂਤੀ।
ਹਾਥ ਨ ਆਵਤਿ ਅਬਹਿ ਅਹਾਰਾ।
ਰੋਵਤਿ ਊਚੀ ਕਰਹਿਂ ਪੁਕਾਰਾ ॥੪੭॥
ਰਾਮ ਨ ਸਿਮਰਜੋ ਕਬ ਮਨ ਮਾਂਹੀ।
ਕਹਿਨ ਖੁਦਾਇ ਮਿਲਹਿ ਅਬ ਨਾਹੀਂ।
ਆਵਹਿ ਦੁਖ ਸੁਖ ਬੂਝਤਿ ਕੋਈ[1]। [1]ਕੋਈ ਦੁਖ ਸੁਖ ਆਕੇ ਪੁੱਛਦਾ ਹੈ।
ਕੇਤਿਕ ਮ੍ਰਿੱਤੁ ਭਏ ਤਿਨ ਰੋਈ[1] ॥੪੮॥ [1]ਤਿੰਨ੍ਹਾਂ ਨੂੰ ਰੋਂਦੀਆਂ ਹਨ।
ਜੋ ਬਿਧਿ ਵਾਹਿਗੁਰੂ ਕੋ ਭਾਵਹਿ।
ਸੋ ਤਤਛਿਨ ਕਰਤਾਰ ਬਨਾਵਹਿ।
ਨਹਿਂ ਮਾਨੁਖ ਕੇ ਕਛੁ ਕਰ ਮਾਂਹੀ।
ਜਿਵੈਂ ਚਲਾਵੈ ਤਿਵੈਂ ਚਲਾਹੀ[1]' ॥੪੯॥ [1]ਚਲਦੇ ਹਨ।
ਸੁਨਿ ਬਾਬਰ ਸ਼੍ਰੀ ਮੁਖ ਤੇ ਬਾਨੀ।
ਸ਼ਰਧਾ ਅਧਿਕ ਰਿਦੈ ਮਹਿਂ ਠਾਨੀ।
ਕਲਾਵਾਨ ਮਨ ਲਖੇ ਬਿਸਾਲਾ।
ਬੰਦਨ ਕਰਿ ਬੋਲਜੋ ਤਿਹ ਕਾਲਾ ॥੫੦॥
'ਕਰਾਮਾਤ ਮੁਝ ਕੋ ਦਿਖਲਾਵਉ।
ਕਿਤਿਕ ਸ਼ਕਤਿ ਹੈ ਸਰਬ ਬਤਾਵਉ।
ਤੁਮ ਖ਼ੁਦਾਇ ਕੇ ਅਧਿਕ ਪਿਆਰੇ।
ਕਿਧੌਂ ਖ਼ੁਦਾਇ ਆਪ ਤਨ ਧਾਰੇ' ॥੫੧॥
ਸੁਨਿ ਕਰਿ ਬੋਲੇ ਕ੍ਰਿਪਾ ਸਹਿਤ ਹੈਂ।
'ਕਰਾਮਾਤ ਕੋ ਕਹਿਰ ਕਹਿਤਿ ਹੈਂ।
ਜਾਚਿ ਲੇਹੁ ਜੋ ਹ੍ਵੈ ਚਿਤਚਾਹੀ।
ਇਸਥਿਰ ਕਰ ਮਨ ਡੋਲਹੁ ਨਾਂਹੀ' ॥੫੨॥
ਬਾਬਰ ਕੇਰ ਹੁਤੋ ਬਡਭਾਗਾ।
ਸੁਨਿ ਕੈ ਬਚਨੁ ਚਰਨੁ ਅਨੁਰਾਗਾ।
ਪ੍ਰੇਮ ਖ਼ੁਦਾਇ ਮਗਨ ਮਨ ਜਾਂਨੀ[1]। [1]ਮਨ ਵਿਚ ਜਾਣੀ (ਬਾਬਰ) ਨੇ।
ਯਾ ਤੇ ਭੇਟ ਭਾਂਗ[1] ਕੀ ਆਨੀ ॥੫੩॥ [1]ਭੰਗ, ਸੁੱਖਾ।
ਬੇਪਰਵਾਹੁ ਲਖੇ ਦਰਵੇਸ਼ਾ।

ਦਰਬ ਲੋਭ ਜਿਨ ਕੇ ਨਹਿਂ ਲੇਸ਼ਾ।
ਧਰੀ ਗੁਰੂ ਕੇ ਜਬਹਿ ਅਗਾਰੀ।
ਤਿਹ ਬਿਲੋਕਿ ਕੈ ਗਿਰਾ ਉਚਾਰੀ ॥੫੪॥

ਸ੍ਰੀ ਮੁਖਵਾਕ ॥
ਤਿਲੰਗ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥
ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥
ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥
ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥

ਦੋਹਰਾ:
ਇਸ ਬਿਧਿ ਸੁਨਿ ਬਾਬਰ ਤਬੈ, ਬੰਦਨ ਕਿਯ ਕਰ ਬੰਦਿ।
ਬੋਲਯੋ ਦੀਨ ਬਿਸਾਲ ਹ੍ਵੈ, ਅਵਲੋਕਤਿ ਸੁਖਕੰਦ[1] ॥੫੫॥

[1]ਸੁਖਾਂ ਦੇ ਬੱਦਲ (ਗੁਰੂ ਜੀ) ਨੂੰ ਦੇਖ ਕੇ।

ਚੌਪਈ:
'ਮੈ ਜਾਨੇ ਅਬ ਨਿਸ਼ਚੇ ਕਰਿ ਕੈ।
ਤੁਮ ਖ਼ੁਦਾਇ ਬਿਚਰਤਿ ਤਨ ਧਰਿ ਕੈ।
ਦੀਜੈ ਬਰ ਮੋ ਕੋ ਅਬ ਐਸੇ।
ਜਗ ਪਤਿਸ਼ਾਹੁ ਹੁਵੋਂ ਮੈਂ ਜੈਸੇ ॥੫੬॥
ਕੁਰਸੀ ਅਪਰ ਬਕੁਰਸੀ[1] ਤਾਈਂ।
ਭੋਗਹਿਂ[1] ਪਤਿਸ਼ਾਹੀ ਸੁਖ ਪਾਈ।
ਚਾਰ ਪਦਾਰਥ ਤੁਮ ਕਰ ਮਾਂਹੀ।
ਦੇਵਹੁ ਆਪ ਦੇਰਿ ਕੁਛ ਨਾਂਹੀ ॥੫੭॥
ਮਹਾਂਪੁਰਖ ਹੁਇਂ ਅਧਿਕ ਉਦਾਰਾ।
ਕਰਹਿਂ ਰੰਕ ਤੇ ਅਤਿ ਸਿਰਦਾਰਾ।
ਨ੍ਰਿਪ ਤੇ ਰੰਕ ਬਨਾਵਹਿਂ ਤੂਰਨ।
ਇਸ ਪ੍ਰਕਾਰ ਕੇ ਤੁਮ ਪ੍ਰਭੁ ਪੂਰਨ ॥੫੮॥
ਜੇ ਪ੍ਰਸੰਨਤਾ ਰਾਵਰ ਕੇਰੀ।
ਪੂਰਨ ਚਹੋ[1] ਕਾਮਨਾ ਮੇਰੀ।

[1]ਪੁਸ਼ਤ ਦਰ ਪੁਸ਼ਤ।
[1](ਅਸੀਂ) ਭੋਗੀਏ।
[1]ਕਰਨੀ ਚਾਹੁੰਦੇ ਹੋ।

ਜੋ ਜਾਚਹੋ ਸੋਈ ਅਬਿ ਦੀਜੈ।
ਮਹਾਂਪੁਰਖ ਜੀ! ਕਰੁਨਾ ਕੀਜੈ' ॥੫੯॥

ਦੋਹਰਾ:

ਕ੍ਰਿਪਾ ਦ੍ਰਿਸ਼ਟਿ ਅਵਲੋਕਿ ਕੈ,
ਬੋਲਤਿ ਭੇ ਸਤਿਭਾਇ।
'ਜਗ ਪਤਿਸ਼ਾਹੀ ਭੋਗ ਹੋ,
ਜਬ ਲਗ ਕਰੋ ਨਿਆਇ ॥੬੦॥

{ਬਾਬਰ ਨੂੰ ਬਚਨ}

ਚੌਪਈ:

ਜਬ ਤੁਮਰੀ ਕੁਲ ਨਜਾਇ ਨ ਹੋਵਹਿ।
ਪਤਿਸ਼ਾਹਿਤ ਸਗਰੀ ਸੋ ਖੋਵਹਿ।
ਦੇਸ਼ ਬਿਦੇਸ਼ ਜੀਤਿ ਬਹੁ ਧਰਨੀ।
ਭੁੰਚਹੁ[1] ਰਾਜ ਕਰਹੁ ਬਲ ਕਰਨੀ' ॥੬੧॥
ਸੁਨਿ ਬਾਬਰ ਕਰਿ ਹਰਖ ਅਪਾਰਾ।
ਪਦ ਪੰਕਜ ਬੰਦਹਿ ਬਹੁ ਬਾਰਾ।
ਨਿੰਮ੍ਰਿ ਹੋਇਕੈ ਬਿਨੈ ਬਖਾਨੀ।
'ਧੰਨ ਧੰਨ ਪ੍ਰਭੁ! ਸਦ ਗੁਨ ਖਾਨੀ!' ॥੬੨॥
ਤਬ ਸੈਨਾ ਕੇ ਨਰ ਸਭਿ ਆਏ।
ਦਰਸ ਕਰਹਿਂ ਚਰਨਨ ਲਪਟਾਏ।
ਚਹੁੰਦਿਸ਼ਿ ਭੀਰ ਭੂਰ ਤਬ ਹੋਈ।
ਧਾਇ ਧਾਇ ਆਵਹਿ ਸਭਿ ਕੋਈ ॥੬੩॥

[1]ਭੋਗੋਗੇ।

ਦੋਹਰਾ:

ਸ੍ਰੀ ਨਾਨਕ ਕੇ ਬਰ ਦਏ[1],
ਬਾਬਰ ਭਾ ਪਤਿਸ਼ਾਹੁ।
ਦਿੱਲੀ ਆਦਿਕ ਦੇਸ਼ ਲੇ,
ਬਿਲਸੇ[1] ਸੁਖ ਜਗ ਮਾਂਹਿ ॥੬੪॥
ਕਰੁਨਾਨਿਧਿ[1] ਦੇਖੇ ਬਹੁਰ,
ਕੈਦ ਬਿਖੈ ਨਰ ਨਾਰਿ।
ਦੁਖ ਪਾਵਤਿ ਕੁਰਲਾਤਿ ਹੈਂ,
ਜਿਉਂ ਬਨ ਕਮਲ[1] ਤੁਖਾਰ[2] ॥੬੫॥

[1]ਦਿਤਿਆਂ।

[1]ਭੋਗੇ।

[1]ਕ੍ਰਿਪਾ ਦੇ ਖਜ਼ਾਨੇ ਨੇ।

[1]ਮਾਨੋਂ ਕਮਲਾਂ ਦੇ ਬਨ ਪਰ। [2]ਬਰਫ (ਆ ਪਈ) ਹੈ।

ਚੌਪਈ:

ਬਾਬਰ ਸੋਂ ਬੋਲੇ ਤਿਹ ਕਾਲਾ।
{ਬਾਬਰ ਤੋਂ ਕੈਦੀ ਛੁਡਾਏ}
'ਛੋਡਹੁ ਕੈਦ ਜੁ ਗਹੀ ਬਿਸਾਲਾ।
ਸੌਜ ਖਸੋਟੀ[1] ਜੋ ਇਨ ਕੇਰੀ। [1]ਖੋਹੀ ਹੈ।
ਮਾਨਹੁ ਬਚ ਹਮਾਰ, ਦਿਹੁ ਫੇਰੀ' ॥੬੬॥
ਕਮਲ ਬਦਨ ਕੀ ਗਿਰਾ ਸੁਨੀ ਜਬਿ।
ਸਪਦ[1] ਛੁਡਾਏ ਨਰ ਨਾਰੀ ਸਭਿ। [1]ਉਸੇ ਵੇਲੇ, ਤਤਫਟ।
ਅਪਨੀ ਸੌਜ[1] ਪਛਾਨੀ ਜਾਂਹੀ[2]। [1]ਸਮਿੱਗ੍ਰੀ। [2]ਜਿਸ ਨੇ।
ਦਈ ਦਿਵਾਇ ਦੇਰਿ ਕਿਯ ਨਾਂਹੀ ॥੬੭॥
ਆਪੋ ਅਪਨੀ ਸੌਜ ਸੰਭਾਰੀ।
ਨਿਜ ਨਿਕੇਤ ਗਮਨੇ ਨਰ ਨਾਰੀ।
ਸਭਿਹਿਨਿ ਕੋ ਲੇ ਆਪਨੇ ਸਾਥਾ।
ਗਏ ਨਗਰ ਮਹਿਂ ਪੁਨ ਜਗਨਾਥਾ ॥੬੮॥
ਸੋਰਠਾ:
ਦੇਖਜੋ ਨਗਰ ਉਜਾਰ, ਨਰ ਨਾਰੀ ਜਹਿਂ ਕੋ ਨਹੀਂ।
ਆਸਾ ਰਾਗ ਮਝਾਰ, ਸ਼ਬਦ ਉਚਾਰਜੋ ਸ਼੍ਰੀ ਗੁਰੂ ॥੬੯॥

ਸ੍ਰੀ ਮੁਖਵਾਕ ॥
ਆਸਾ ਮਹਲਾ ੧ ॥
ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥
ਇਹੁ ਜਗੁ ਤੇਰਾ ਤੂ ਗੋਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ[1] ॥

[1]ਜਦੋਂ ਬਾਬਰ ਆਯਾ ਸੁਣਿਆ ਤਾਂ ਪੀਰਾਂ ਨੇ ਪਠਾਣ ਕਿਲਿਆਂ ਵਿਚ ਵਰਜ ਬਹਾਏ ਸਨ ਕਿ ਸਾਡੀ ਦੁਆ ਨਾਲ ਮੁਗਲ ਅੰਨ੍ਹੇ ਹੋ ਜਾਣਗੇ।

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ[1] ਚਿੜਾਈ ॥ [1]ਹਾਥੀ ਫੌਜ।
ਜਿਨ੍ਹ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥
ਜਿਨ੍ਹ ਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

ਚੌਪਈ:

ਇਸਿ ਬਿਧਿ ਕਹਿ ਕਰਿ ਕਰੁਨਾ ਸਦਨੰ।
ਬੈਠੇ ਨਿਕਟਿ ਨਗਰ ਦੁਖ ਕਦਨੰ।
ਆਵਨ ਲਗੇ ਨਗਰ ਨਰ ਨਾਰੀ।
ਕਸ਼ਟ ਸਮਾਂ ਜਿਨ ਪਰ ਭਾ ਭਾਰੀ ॥੨੦॥
ਕਟੇ ਖਾਨ ਜਹਿਂ ਮਿਰਤਕ ਪਰੇ।
ਅਰੁਨ ਧਰਨਿ ਸ਼੍ਰੋਣਤ ਬਹੁ ਢਰੇ[1]। [1]ਲਹੂ ਡੁਲ੍ਹ ਰਿਹਾ ਹੈ।
ਆਨਨ ਧੂਰ ਭਰੇ ਜਿਨ ਕੇਰੇ।
ਆਮਿਖ[1] ਖਾਤਿ ਗੀਧ ਰਵ ਟੇਰੇ[2] ॥੨੧॥ [1]ਮਾਸ। [2]ਗਿੱਧਾਂ ਚੀਕਦੀਆਂ ਹਨ।

ਦੋਹਰਾ:

ਦਾਰੁਨ ਰੂਪ ਬਿਰੂਪ ਭਾ, ਦੇਖਤਿ ਹੈਂ ਨਰ ਨਾਰਿ।
ਕਰਤਿ ਚਿਨਾਰੀ ਅਪਨ ਕੀ, ਦਫਨੈਂ ਧਰਨਿ ਮਝਾਰ ॥੨੨॥

ਚੌਪਈ:

ਤੁਰਕ ਹੁਤੇ ਸੇ ਸਭਿ ਦਫਨਾਏ।
ਹਿੰਦੂ ਮਰੇ ਜਿ ਦਾਹੁ ਕਰਾਏ।
ਰੋਵਹਿਂ ਬਹੁਰ ਪਰਜੋ ਬਡ ਰੌਰਾ।
ਪੀਟਤਿ ਨਾਰਿ ਮਿਲੀ ਤਿਹਂ ਠੌਰਾ ॥੨੩॥

ਹਾਇ ਹਾਇ ਓਹੁ ਓਹੁ ਕਰਿਈ।
ਮ੍ਰਿੱਤੁ ਭਏ[1] ਗੁਨ ਤਿਨਹਿਂ ਉਚਰਿਈ। [1]ਜੇਹੜੇ) ਮਰ ਗਏ।
ਮਿਲਿ ਇਕ ਥਲ ਬਹੁ ਰੋਵਹਿਂ ਨਾਰੀ।
ਬਾਰ[1] ਉਖਾਰਿ ਦੇਹਿਂ ਧਰ ਡਾਰੀ[2] ॥੭੪॥ [1]ਵਾਲ। [2]ਧਰਤੀ ਤੇ ਸੁੱਟ ਦੇਂਦੀਆਂ ਹਨ।
ਤਨ ਕੋ ਕਰਹਿਂ ਤਾੜਨਾ ਭਾਰੀ।
ਊਚੀ ਬਾਹੈਂ ਕਰਹਿਂ ਪੁਕਾਰੀ।
ਬਡ ਰੌਰਾ ਸੁਨਿ ਕੈ ਤਿਹ ਥਾਨਾ।
ਬਹੁਰੋ ਸ੍ਰੀ ਪ੍ਰਭੁ ਸ਼ਬਦ ਬਖਾਨਾ ॥੭੫॥

ਸ੍ਰੀ ਮੁਖਵਾਕ ॥
ੴ ਸਤਿਗੁਰ ਪ੍ਰਸਾਦਿ ॥
ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥
ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥

ਦੋਹਰਾ: [1]ਮੁਕਤੀ ਦੇਣ ਵਾਲੇ।
ਇਸ ਬਿਧਿ ਸ਼ਬਦਿ ਉਚਾਰਕੈ, ਬੈਠਿ ਰਹੇ

ਗਤਿਦੈਨ[1]।

ਜਿਸ ਕੀ ਕਰੁਣਾ ਪਾਇ ਕੈ ਮਨ ਧਾਵਨ ਤੇ ਚੈਨ[1] ॥੭੬॥

[1]ਮਨ ਨੱਠਣ ਤੋਂ ਹਟਕੇ ਟਿਕ ਜਾਂਦਾ ਹੈ।

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਬਰ ਕੋ ਪ੍ਰਸੰਗ' ਬਰਨਨੰ ਨਾਮ ਅਠਾਈਸਮੋਂ ਅਧ੍ਯਾਯ ॥੨੮॥

## ੨੯. [ਚਰਨ ਕਮਲ ਮੰਗਲ, ਸਾਹੁਰੇ ਨੰਗਰ ਫੇਰਾ, ਅਜਿੱਤਾ ਉਧਾਰ]

੨੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੦

{ਮਰਦਾਨੇ ਦਾ ਸ਼ੰਕਾ} ॥੨॥
{ਸਾਹੁਰੇ ਨਗਰ ਫੇਰਾ} ॥੧੯..॥
{ਅਜਿੱਤਾ} ॥੨੦॥
{ਅਜਿੱਤਾ ਉਧਾਰ} ॥੩੯..॥
{ਮੂਲੇ ਅਤੇ ਚੰਦੋਰਾਨੀ ਦੇ ਕਠੋਰ ਬਚਨ} ॥੬੯.. ॥ ॥ ॥੩੦॥
{ਸ੍ਰੀ ਸੁਲਖਣੀ ਜੀ ਦੀ ਬੇਨਤੀ} ॥੮੫..॥

ਦੋਹਰਾ:

ਸਰਬ ਬਿਖੈ ਸਿੰਮਲ ਬ੍ਰਿੱਖ†, ਸ਼ੁਕ ਮਨ ਤਜਿ ਅੱਗਜਾਨ।
ਸਤਿਗੁਰ ਚਰਨ ਰਸਾਲ ਕੋ, ਸੇਵਿ ਸਦਾ ਸੁਖ ਮਾਨਿ ॥੧॥

ਬਿਖੈ=ਵਿਸ਼ੇ, ਸ਼ਰੀਰਕ ਭੋਗ। ਸੰਸ: ਵਿਖ਼ਯ]। ਸ਼ੁਕ=ਤੋਤਾ। ਅੱਗਜਾਨ=ਭੁਲੇਵਾ। ਅਗਜਾਨ ਸ਼ੁਕ=ਭੁੱਲੇ ਹੋਏ ਤੋਤੇ। †ਪਾ:-ਬਿਰਖ।

ਸੂਚਨਾ:

ਤੋਤੇ ਦੇ ਭੁਲੇਵੇ ਪਰ ਗੁਰਵਾਕ ਹੈ:-ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ। [ਸੂਹੀ ਮਃ ੧]
ਰਸਾਲ=ਅੰਬ। (ਅ) ਰਸਾਂ ਦਾ ਘਰ। (ੲ) ਕੱਟਹਲ। (ਸ) ਅੰਗੂਰ। (ਹ) ਗੰਨਾਂ।

ਅਰਥ:

ਸਾਰੇ ਵਿਸ਼ੇ ਸਿੰਮਲ ਦੇ ਬ੍ਰਿੱਛ (ਵਾਂਙੂ ਨਿਕੰਮੇ) ਹਨ, ਤੇ ਤੋਤੇ ਰੂਪੀ ਭੁੱਲੇ ਹੋਏ ਮਨ (ਇਨ੍ਹਾਂ ਨੂੰ) ਤਿਆਗ† ਤੇ ਸਤਿਗੁਰ ਜੀ ਦੇ ਚਰਣਾਂ ਨੂੰ ਜੋ ਅੰਬ (ਬ੍ਰਿੱਛ ਤੁਲ ਹਨ) ਸੇਵ (ਤੇ ਐਉਂ) ਸਦੈਵੀ ਸੁਖ ਮਾਣ। ਤੁਕ ਦਾ ਦੂਜਾ ਅਰਥ-ਹੇ ਤੋਤੇ ਮਨ ਸਿੰਮਲ (ਨੂੰ ਰਸਾਲ ਸਮਝਣ ਦਾ) ਅਗਜਾਨ ਦੂਰ ਕਰ।

ਭਾਵ:

ਸਿੰਮਲ ਬਾਬਤ ਗੁਰਵਾਕ ਹੈ:-
ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਜਿਸ ਵਿਚ ਉਸ ਦੇ ਫਲ ਫਿੱਕੇ ਫੁਲ ਬਕਬਕੇ ਦੱਸੇ ਹਨ ਤੇ ਤੋਤਿਆਂ ਦੀ ਭੁੱਲ ਤੇ ਚੱਖਣ ਤੇ ਨਿਰਾਸਤਾ ਪੱਲੇ ਪੈਣੀ ਦੱਸੀ ਹੈ ਜੋ ਫੁਲ ਟੁਕ ਟੁਕ ਸੱਟੀ ਜਾਂਦਾ ਹੈ, ਓਹੋ ਦ੍ਰਿਸ਼ਟਾਂਤ ਲੈ ਕੇ ਮਨ ਨੂੰ ਕਹਿੰਦੇ ਹਨ ਕਿ ਸਤਿਗੁਰਾਂ ਦੇ ਚਰਣਾਂ ਨੂੰ ਸੇਵ ਜੋ ਰਸਾਂ ਦਾ ਘਰ ਹਨ, ਅਥਵਾ ਜੋ ਅੰਬ ਯਾ ਗੰਨੇ ਸਰੀਖੇ ਮਿੱਠੇ ਹਨ ਤੇ ਵਿਸ਼ੇਸ਼ ਰਸ ਤਜਾਗ ਜੋ ਸਿੰਮਲ ਹਨ।
ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਬੈਠੇ ਹੁਤੇ ਪ੍ਰਭੂ ਗੁਨ ਖਾਨੀ।
ਮਰਦਾਨਾ ਤਬ ਬੋਲਯੋ ਬਾਨੀ।

{ਮਰਦਾਨੇ ਦਾ ਸ਼ੰਕਾ}

'ਆਪ ਪੁਰਾ ਪੁਰਿ[1] ਮਹਿਂ ਜਬ ਆਏ।
ਸੰਤ ਸੰਗ ਬੈਠੇ ਇਹ ਥਾਏਂ ॥੨॥
ਹਿਤ ਅਹਾਰ ਕੇ ਜਾਚਨ ਗਵਨੇ।
ਫਿਰੇ ਪਠਾਨਨ ਕੇ ਤਬ ਭਵਨੇ।

[1]ਪਹਿਲੇ ਸ਼ਹਿਰ (ਏਮਨਾਬਾਦ) ਵਿਚ।

ਦੇਖਿ ਛੁਧਾਤੁਰ ਕਿਨਹੁਂ ਨ ਦੀਨੋ।
ਬਹੁਰੋ ਮਿਲ੍ਯੋ ਦੁਖਦ ਮਤਿ ਹੀਨੋ[1] ॥੩॥

[1]ਫੇਰ (ਹੁਣ) ਮਿਲਿਆ ਹੈ ਦੁਖ ਮਤ ਹੀਣਾਂ ਨੂੰ। (ਅ) ਸਰੋਂ ਮਿਲਿਆ ਇਕ ਦੁਖ ਦਾਤਾ ਮਤਿਹੀਨ (ਸਾਨੂੰ)।

ਭਈ ਅਵੱਗ੍ਯਾ ਥੋਰਨ ਪਾਸੂ[1]।
ਮਿਲ੍ਯੋ ਸਰਬ ਪੁਰਿ ਕੋ ਦੁਖ ਰਾਸੂ।
ਅਸਮੰਜਸ ਮੈਂ ਲਖਿ ਮਨ ਮਾਂਹੀ।
ਬੂਝਨ ਕੀਨ ਆਪਕੇ ਪਾਹੀ' ॥੪॥

[1]ਅਵੱਗ੍ਯਾ ਤਾਂ ਹੋਈ ਸੀ ਥੋੜਿਆਂ ਪਾਸੋਂ।

ਦੋਹਰਾ:
[1] 'ਸੁਨਿ ਮਰਦਾਨੇ! ਨਗਰ ਜਿਸ, ਸੰਤ ਅਤਿਥਿ ਚਲਿ ਜਾਹਿ।
ਸੇਵਾ ਹੋਇ ਨ ਤਾਂਹਿ ਕੀ, ਸਭਿਹਿਨਿ ਪਾਪ ਲਗਾਹਿ ॥੫॥

[1]ਗੁਰੂ ਜੀ ਬੋਲੇ।

ਚੌਪਈ:
ਜਾਨਹੁ ਗ੍ਰਿਹਸਤ ਧਰਮ ਸ਼ੁਭ ਏਹੂ।
ਆਇ ਅਤਿਥਿ ਕੀ ਸੇਵ ਕਰੇਹੂ[1]।
ਜਥਾਸ਼ਕਤਿ ਤਿਹ ਆਦਰ ਕਰਿਹੀ।
ਦੇ ਅਹਾਰ ਮ੍ਰਿਦੁ ਬਚਨ ਉਚਰਿਹੀ ॥੬॥

[1]ਕਰੇ।

ਧਰਮ ਹੀਨ ਇਹ ਖ਼ਾਨ ਦੁਸ੍ਰ ਮਤਿ।
ਪ੍ਰਭੁਤਾ ਮਦ ਮਹਿਂ ਭਏ ਅੰਧ ਅਤਿ।
ਕਹਿਰ ਉਚਿਤ ਥੇ ਕਹਿਰ ਪਰ੍ਯੋ ਸਿਰ।
ਸਦਾ ਖ਼ੁਦਾਇ ਬਿਸਾਰਿ ਰਹੇ ਉਰ' ॥੭॥
ਮਰਦਾਨੇ ਕੇ ਮਨ ਸੰਦੇਹੂ।
ਕੁਛਕ ਰਹ੍ਯੋ ਪਰ ਬੋਲ ਨ ਕੇਹੂ[1]।
ਸ਼੍ਰੀ ਨਾਨਕ ਤਿਹ ਉਰ ਕੀ ਜਾਨੀ।
ਬਿਨ ਸੰਸੈ ਕਰਿਬੇ ਬਿਧਿ ਠਾਨੀ ॥੮॥

[1]ਪਰ ਬੋਲਿਆ ਕੁਝ ਨਾਂ।

ਕਿਤਿਕ ਸਮਾਂ ਜਬ ਬੈਠਿ ਬਿਤਾਵਾ।
ਮਰਦਾਨੇ ਤਬ ਆਲਸ ਆਵਾ।
ਸੋਇ ਰਹ੍ਯੋ ਤਬ ਪਿਖਿ ਜਗਸਾਈਂ।
ਮਧੁਰ[1] ਬੂੰਦ ਇਕ ਉਦਰ[2] ਪਵਾਈ ॥੯॥

[1]ਮਿੱਠੇ ਦੀ। [2]ਪੇਟ ਤੇ।

ਤਿਹ ਸੁਗੰਧਿ[1] ਕਰਿ ਕੀਟੀ ਆਈ।
ਭਈ ਬਹੁਤ ਇਕਠੀ ਤਿਹ ਠਾਈਂ।
ਇਕ ਪਪੀਲਕਾ ਕਾਟ੍ਯੋ ਜਬ ਹੀ।
ਜਾਗ ਮਲੀ[1] ਮਰਦਾਨੇ ਸਭਿ ਹੀ ॥੧੦॥

[1]ਖੁਸ਼ਬੂ।

[1]ਜਾਗਕੇ ਮਲ ਸੁੱਟੀਆਂ।

ਮਰੀ ਸਰਬ ਪੁਨ ਲਗਯੋ ਨਿਹਾਰਨ।
ਤਬ ਸ੍ਰੀ ਗੁਰ ਕਿਯ ਬਚਨ ਉਚਾਰਨ।
'ਕਾਟਯੋ ਏਕ, ਬਹੁਤ ਤੈਂ ਮਾਰੀ।
ਮਰਦਾਨੇ ! ਉਰ ਲੇਹੁ ਬਿਚਾਰੀ†' ॥੧੧॥

†ਗੁਰੂ ਜੀ ਨੇ ਮਰਦਾਨੇ ਨੂੰ ਬਿਲਾਸ ਨਾਲ ਮਨੁੱਖ ਦੀ ਇਕ ਭੁੱਲ ਦੱਸੀ ਹੈ ਜੋ (ਬੇਖਿਆਲੀ) ਵਿਚ ਸਭ ਕੋਈ ਕਰਦਾ ਹੈ, ਕਿ ਆਪਣੇ ਮਨ ਨੂੰ ਨਿਆਉਂ ਬ੍ਰਿਤੀ ਵਿਚ ਹਰ ਕੋਈ ਸਦਾ ਨਹੀਂ ਰਖਦਾ, ਸਭ ਵਿਚ ਪਸੂ ਬ੍ਰਿਤੀ ਪ੍ਰਧਾਨ ਹੈ। ਇਹ ਨਹੀਂ ਗੁਰੂ ਜੀ ਦਾ ਭਾਵ ਕਿ ਬਾਬਰ ਦਾ ਸੈਦ ਪੁਰ ਦੀ ਕਤਲਾਮ ਯਾ ਤੇਰਾ ਬਹੁਤੀਆਂ ਕੀੜੀਆਂ ਨੂੰ ਮਾਰ ਦੇਣਾ ਵਿਹਤ ਕਰਮ ਹਨ। ਬਾਬਰ ਨੂੰ ਰੰਜ ਤਾਂ ਹਾਕਮ ਨਾਲ ਸੀ ਪਰ ਕਸ਼ਟ ਦਿੱਤਾ ਸਾਰੇ ਨਗਰ ਨੂੰ। ਨਾ ਇਹ ਭਾਵ ਹੈ ਕਿ ਇਕ ਦੇ ਰੋਟੀ ਨਾ ਦੇਣ ਨਾਲ ਸਾਰੀ ਨਗਰੀ ਦੰਡ ਯੋਗ ਸੀ, ਪਰ ਸਾਰੀ ਨਗਰੀ ਆਪਣੇ ਅਨੇਕ ਕਰਮਾਂ ਕਰਕੇ ਦੁਖ ਵਿਚ ਆਈ। ਇਹ ਗੱਲ ਗੁਰੂ ਜੀ ਪਿਛੇ ਦੱਸ ਆਏ ਹਨ ਕਿ ਪਾਪਾਂ ਕਰਕੇ, ਕੁਕਰਮਾਂ ਕਰਕੇ ਨਗਰੀ ਦੰਡ ਯੋਗ ਹੋ ਰਹੀ ਸੀ।

ਦੋਹਰਾ:

ਸਮਝਯੋ ਤਬ ਹਿਰਦੇ ਬਿਖੈ, ਜੋਰਿ ਹਾਥ ਹ੍ਵੈ ਦੀਨ।
'ਮਨ ਕੀ ਬੂਝਹੁ ਸਰਬ ਗਤਿ, ਕ੍ਰਿਪਾਨਿਧਾਨ ਪ੍ਰਬੀਨ !' ॥੧੨॥

ਚੌਪਈ:

ਇਸ ਬਿਧਿ ਬੈਸੇ ਕਰਤਿ ਬਿਲਾਸੂ।
ਸੱਤਿਸੰਧ ਜਗ ਭਗਤਿ ਪ੍ਰਕਾਸੂ[1]।

[1]ਸੰਤ ਦੇ ਮੇਲ ਵਾਲੇ ਤੇ (ਕੌਲ ਦੇ ਪੂਰੇ) ਜਗਤ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਲੇ (ਗੁਰੂ ਜੀ)।

ਲਾਲੋ ਦ੍ਵਿਜ ਪੁਰਿ ਮਹਿਂ ਤਬ ਆਏ।
ਨਿਜ ਪਰਵਾਰ ਨਿਕੇਤ ਬਸਾਏ ॥੧੩॥
ਸਰਬ ਬ੍ਰਿਤਾਂਤ ਦੇਖਿ ਪੁਰਿ ਕੇਰਾ।
ਮਹਾਂ ਭਿਆਨ ਲਗਹਿ ਚਹੁੰਫੇਰਾ।
ਪੁਨ ਦੋਨੋ ਪ੍ਰਭੁ ਢਿਗ ਚਲਿ ਆਏ।
ਪਦ ਪੰਕਜ ਪਰ[1] ਪਰਿ[2] ਲਪਟਾਏ ॥੧੪॥

[1]ਤੇ। [2]ਪੈਕੇ।

ਭਾਨੁ[1] ਸਮਾਨ ਸਰੂਪ ਨਿਹਾਰਾ।

[1]ਸੂਰਜ।

ਅੰਬਕ ਅੰਬੁਜ ਬਿਕਸੇ ਚਾਰਾ[1]।

[1]ਨੇਤ੍ਰ ਕਵਲ ਖਿੜੇ ਸੁੰਦਰ।

ਅਨਿਕ ਭਾਂਤਿ ਕੀ ਉਸਤਤਿ ਠਾਂਨੀ।
ਪਰਮ ਪ੍ਰਸੀਦਤਿ ਭੇ[1] ਗੁਨਖਾਨੀ ॥੧੫॥

[1]ਪ੍ਰਸੰਨ ਹੋਏ।

ਦੋਨੋਂ ਨਗਰ ਬਿਖੈ ਪੁਨ ਜਾਈ।
ਅਨਿਕ ਪ੍ਰਕਾਰਨ ਮਹਿਮਾ ਗਾਈ।
ਹਿੰਦੂ ਤੁਰਕ ਹੁਤੇ ਸਭਿ ਜੇਈ।

ਆਨਿ ਚਰਨ ਲਪਟਾਏ ਤੇਈ ॥੧੬॥
ਭੀਰ ਭਈ ਚਹੁਂ ਦਿਸ਼ਿ ਜਗਤੇਸ਼ਾ।
ਸੱਤਿਨਾਮ ਦੀਨੋ ਉਪਦੇਸ਼ਾ।
ਸੰਤ ਅਤਿਥਿ ਕੀ ਸੇਵਾ ਕਰਨੀ।
ਤਿਹਂ ਕੀ ਮਹਿਮਾ ਬਹੁ ਬਿਧਿ ਬਰਨੀ[1] ॥੧੭॥ — [1]ਕਹੀ।
ਦ੍ਵੈ ਦਿਨ ਪੁਨ ਪ੍ਰਭੁ ਤਹਾਂ ਬਿਤਾਏ।
ਗਮਨੇ ਅਪਰ ਥਾਨ ਮਨ ਭਾਏ।
ਸੰਤਨ† ਚੀਰ ਸਰੀਰਹਿ ਸਾਜਹਿਂ। — †ਪਾ:-ਭਗਵੇ।
ਸੁਭਗ[1] ਸਿਤਾਸਿਤ ਸ਼ਮਸੁ[2] ਬਿਰਾਜਹਿ ॥੧੮॥ — [1]ਸ੍ਰੇਸ਼ਟ। [2]ਚਿੱਟਾ ਤੇ ਕਾਲਾ ਦਾਹੜਾ।
ਤੀਨ ਲੋਕ ਕੋ ਕਰਤਾ ਜੋਊ।
ਬੇਖ ਫਕੀਰੀ ਬਿਚਰਤਿ ਸੋਊ।
ਮੰਦ ਮੰਦ ਮਗ ਬਿਖੈ ਸੁਹਾਏ।

{ਸਾਹੁਰੇ ਨਗਰ ਫੇਰਾ}

ਸਸੁਰੇ ਨਗਰ ਨਿਕਟਿ ਚਲਿ ਆਏ ॥੧੯॥
ਵਹਿਰ ਅਜਿੱਤੇ ਕੂਪ[1] ਸੁਹਾਯਾ। — [1]ਅਜਿੱਤੇ ਦਾ ਖੂਹ।

{ਅਜਿੱਤਾ}

ਹੁਤੀ ਸਘਨ ਸੁੰਦਰ ਤਿਹ ਛਾਯਾ।
ਦੇਖਿ ਥਾਨਿ ਰਮਣੀਕ ਗੁਸਾਈਂ।
ਬੈਠਿ ਗਏ ਹਮ ਸੋਂ ਬਿਗਸਾਈ ॥੨੦॥
'ਸੈਲ ਬਿਸਾਲ ਕੀਨ ਸਭਿ ਦੇਸ਼ਾ।
ਹੁਤੀ ਨਿਦੇਸ਼[1] ਐਸ ਜਗਤੇਸ਼ਾ। — [1]ਆਗਿਆ, ਹੁਕਮ।
ਕਿਤਿਕ ਕਾਲ ਅਬ ਬੈਸ ਬਿਤਾਵਉਂ।
ਮਗਨ ਅਨੰਦ ਪ੍ਰਭੁ ਗੁਨ ਗਾਵਉਂ' ॥੨੧॥
ਮਾਨੁਖ ਏਕ ਬਿਲੋਕਤਿ ਦੌਰਾ।
ਸੁਧ ਕੀਨੀ ਮੂਲਾ ਜਿਸ ਠੌਰਾ।
'ਵਹਿਰ ਜਮਾਤਾ ਆਯੋ ਤੇਰੋ।
ਨਿਕਸੇ ਜਿਹ ਭਾ ਕਾਲ ਘਨੇਰੋ' ॥੨੨॥
ਸੁਧਿ ਸੁਨਿ ਕੈ ਤੂਰਨ ਉਠਿ ਧਾਯੋ।
ਸੰਗ ਅਜਿੱਤੇ ਕੋ ਲੇ ਆਯੋ।

ਕਬਿ ਕੋ ਰਹਯੋ ਕ੍ਰੋਧ ਉਰ ਪੂਰੀ।
ਬੇਖ ਫਕੀਰੀ ਦੇਖਯੋ ਧੂਰੀ ॥੨੩॥
ਅਧਿਕ ਕ੍ਰੋਧ ਹਿਰਦੇ ਮਹਿਂ ਹੋਵਾ।
ਗਯੋ ਸਮੀਪ ਠਾਂਢਿ ਹ੍ਵੈ ਜੋਵਾ।
ਬਹੁ ਕਠੋਰ ਮੁਖ ਬਚਨ ਅਲਾਵਾ[1]। — [1](ਮੂਲੇ ਨੇ) ਕਿਹਾ।
'ਛਾਤੀ ਦਾਹ ਕਰਨ ਤੁਮ ਆਵਾ ॥੨੪॥
ਪਿਖਹਿਂ ਸਹੋਦਰ[1] ਜਬ ਇਸ ਚਾਲਾ। — [1]ਦੇਖਦੇ ਹਨ (ਮੇਰੇ) ਭਰਾ।
ਪੀੜਾ ਬਜਾਪਹਿ ਮੁਝਹਿ ਬਿਸਾਲਾ।
ਨਿਜ ਇਸਤ੍ਰੀ ਤਜਿ ਕਰਿ ਸੁਤ ਦੋਊ।
ਨਹੀਂ ਆਇ ਸੁਧ ਲੀਨੀ ਕੋਊ ॥੨੫॥

ਦੋਹਰਾ:
ਸਿਰੀ ਚੰਦ ਜੈ ਰਾਮ ਘਰ, ਕੀਨੇ ਅਨੰਦ ਬਿਲਾਸ।
ਜਬ ਕੋ ਤਿਨ[1] ਪਰਲੋਕ ਭਾ, ਆਯੋ ਮੋਰ ਅਵਾਸ[2] ॥੨੬॥ — [1]ਭਾਈ ਜੈ ਰਾਮ ਜੀ ਤੇ ਬੀਬੀ ਨਾਨਕੀ ਜੀ ਦਾ। [2]ਘਰ।

ਚੌਪਈ:
ਸਭਿ ਕੀ ਮੈਂ ਪ੍ਰਿਤਪਾਰਨ ਕੀਨੀ।
ਨਹੀਂ ਆਇ ਇਨ ਕਬਿ ਸੁਧ ਲੀਨੀ।
ਹੋਨੋ ਹੁਤੋ ਫਕੀਰ ਜਿ ਐਸੇ।
ਨਿਜ ਪਰਵਾਰ ਸਹੇਰਯੋ ਕੈਸੇ' ॥੨੭॥
ਸ਼੍ਰੀ ਨਾਨਕ ਸੁਨਤੇ ਸਭਿ ਰਹੇ।
ਕੋਊ ਵਾਕ ਨ ਮੁਖ ਤੇ ਕਹੇ।
ਤਬਹਿ ਅਜਿੱਤੇ ਨੇ ਸਮਝਾਯੋ।
'ਕਹਿਨਿ ਕਠੋਰ ਨ ਤੁਮ ਬਨਿ ਆਯੋ' ॥੨੮॥
ਇਸ ਬਿਧਿ ਕਹਿ ਨਿਜ ਸਦਨ ਸਿਧਾਯੋ।
ਬਹੁ ਉੱਤਮ ਭੋਜਨ ਬਨਿਵਾਯੋ।
ਚਾਰੁ ਚੀਰ ਲੇ ਕਰਿ ਨਿਜ ਹਾਥਾ।
ਗਮਨਯੋ ਬਹੁਰ ਨਿਕਟਿ ਜਗਨਾਥਾ[1] ॥੨੯॥ — [1]ਗੁਰੂ ਜੀ ਦੇ ਪਾਸ।
ਰਿਸ ਸੋਂ ਜਰਤਿ ਜਾਸ ਕੀ ਛਾਤੀ।
ਬ੍ਰਿਕਤਿ[1] ਰੀਤਿ ਹਿਰਦੇ ਨ ਸੁਹਾਤੀ। — [1]ਤਿਆਗੀ ਦੀ।

ਭੋਜਨ ਧਰਿ ਕੈ ਗਿਰਾ ਅਲਾਈ।
'ਖਾਵਹੁ ਤੂੰ ਨਿਤ ਕੋ ਦੁਖਦਾਈ ॥੩੦॥
ਦੋਹਰਾ:
ਬੇਖ ਫਕੀਰੀ ਤਜਹੁ ਅਬ, ਪਹਿਰਹੁ ਬਸਨ ਜਿ ਚਾਰੁ।
ਹਮਰੇ ਸੋਦਰ[1] ਬੰਧੁ ਜੇ, ਤਿਨ ਮਹਿਂ ਨਹਿਂ ਕਰਿ ਖ੍ਵਾਰ' ॥੩੧॥ [1]ਭਰਾ।
ਚੌਪਈ:
ਪਹਿਰਹਿਂ ਚੀਰ ਨ ਭੋਜਨ ਖਾਂਹੀ।
ਸ਼੍ਰੀ ਪ੍ਰਭੁ ਮੁਖ ਤੇ ਬੋਲਤਿ ਨਾਂਹੀ।
ਸਿਰੀ ਚੰਦ ਤਬ ਲਖਮੀ ਦਾਸਾ।
ਬੰਦਨ ਕੀਨਿ ਆਨਿ ਪਿਤ ਪਾਸਾ ॥੩੨॥
ਬੈਠਯੋ ਪਹਿਰ ਬਿਤੀਤਯੋ ਜਬ ਹੀ।
ਪਹਿਰਯੋ ਖਾਯੋ ਨਹਿਂ ਕਿਛੁ ਤਬ ਹੀ।
ਬਸ ਨ ਬਸਾਵਹਿ ਰਿਸਯੋ ਬਿਸਾਲਾ[1]। [1]ਵੱਸ ਨਹੀਂ ਚਲਦਾ ਬੜਾ ਕ੍ਰੋਧਵਾਨ ਹੋਯਾ।
ਉਠਿ ਆਯੋ ਮੂਲਾ ਤਿਹ ਕਾਲਾ ॥੩੩॥
ਸ਼੍ਰੀ ਪ੍ਰਭੁ ਰਹੇ ਬਿਰਾਜਤਿ ਤਾਂਹੀ।
ਜਿਨ ਕੇ ਦੇਖਤਿ ਦੋਖ ਨਸਾਹੀਂ।
ਜੇ ਮਹਿਮਾ ਜਾਨਹਿਂ ਗੁਰ ਕੇਰੀ।
ਸੇ ਆਵਹਿਂ ਤਹਿਂ ਦਰਸ਼ਨ ਹੇਰੀ ॥੩੪॥
ਬੰਦਨ ਕਰਹਿਂ ਜਨਮ ਫਲ ਪਾਵਹਿਂ।
ਰਹਹਿਂ ਨਿਕਟ ਪੁਨ ਸਦਨ ਸਿਧਾਵਹਿਂ।
ਕੋ ਆਵੈ ਕੋ ਕਰਹਿ ਪਿਆਨਾ।
ਭੀਰ ਭੂਰ ਹੋਈ ਤਿਹ ਥਾਨਾ ॥੩੫॥
ਲੇ ਉਪਦੇਸ਼ ਸਿੱਖ ਕੋ ਹੋਵਹਿ।
ਸਿਮਰਹਿ ਨਾਮ ਸਕਲ ਅਘ ਖੋਵਹਿ।
ਇਕ ਤੇ ਦੂਸਰ ਮਹਿਮਾ ਸੁਨਿ ਕੈ।
ਆਇ ਪਰਹਿ ਚਰਨਨ ਗੁਰ ਗੁਨਿ ਕੈ ॥੩੬॥
ਕਿਤਿਕ ਕਾਮਨਾ ਧਰਿ ਕਰਿ ਸੇਵਹਿਂ।
ਜੋ ਇੱਛੈਂ ਬਿਨ ਸੰਸੈ ਲੇਵਹਿਂ।
ਨਿਰਮਲ ਮਨ ਕਰਨੇ ਕੇ ਹੇਤਾ।

ਰਹਹਿਂ ਕਿਤਿਕ ਢਿਗ ਪ੍ਰੀਤ ਸਮੇਤਾ ॥੩੭॥
ਸਤਿਸੰਗਤ ਹੋਵਨ ਬਹੁ ਲਾਗੀ।
ਕਰਹਿਂ ਕੀਰਤਨ ਸ਼ਰਧਾ ਜਾਗੀ।
ਦਰਸ਼ਨ ਕੇਰ ਪ੍ਰਤਾਪ ਬਿਸ਼ਾਲਾ।
ਕਿਉਂ ਨ ਚਲਹਿਂ ਨੀਕੀ ਨਰ ਚਾਲਾ ॥੩੮॥

ਦੋਹਰਾ:

ਹੁਤੋ ਨਗਰ ਕੋ ਚੌਧਰੀ, ਨਾਮ ਅਜਿੱਤਾ ਜਾਂਹਿ।

{ਅਜਿੱਤਾ ਉਧਾਰ}

ਮਹਿਮਾ ਪ੍ਰਭੁ ਅਵਲੋਕਿ ਕੈ, ਸਮਝ੍ਯੋ ਨਿਜ ਮਨ ਮਾਂਹਿ ॥੩੯॥

ਚੌਪਈ:

ਜਹਿਂ ਸੋਹਿਤਿ ਬੇਦੀ ਕੁਲਦੀਪਾ।
ਗਮਨ੍ਯੋ ਤਿਨ ਕੇ ਤਬਹਿ ਸਮੀਪਾ।
ਹ੍ਵੈ ਕਰਿ ਦੀਨ ਪ੍ਰੇਮ ਉਰ ਭਰਿ ਕੈ।
ਰਹ੍ਯੋ ਚਰਨ ਕਵਲਨ ਸਿਰ ਧਰਿ ਕੈ ॥੪੦॥
ਬਹੁਰ ਨ ਊਪਰ ਸੀਸ ਉਠਾਵਾ।
ਸ੍ਰੀ ਨਾਨਕ ਜੀ ਕਛੁ ਨ ਅਲਾਵਾ।
ਬੈਠਿ ਰਹੇ ਤੂਸ਼ਨਿ ਕੋ ਧਾਰੀ।
ਜੋ ਨਿਜ ਸੇਵਕ ਮੋਖ ਉਦਾਰੀ ॥੪੧॥
ਨਹੀਂ ਅਜਿੱਤੇ ਸੀਸ ਉਚਾਯੋ।
ਇਸ ਪ੍ਰਕਾਰ ਇਕ[1] ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ[1]।
ਮ੍ਰਿਦੁਲ ਮਧੁਰ[1] ਮੁਖ ਗਿਰਾ ਅਲਾਈ ॥੪੨॥
'ਅਬ ਉਠਿਯੇ ਕਰਤਾਰ ਪਿਆਰੇ।
ਅਪਨ ਮਨੋਰਥ ਕਰਹੁ ਉਚਾਰੇ।'
ਨਿਜ ਹਾਥਨ ਸੋਂ ਤਬ ਜਗਨਾਥਾ।
ਬੈਠਾਰ੍ਯੋ ਉਠਾਇ ਤਿਹ ਮਾਥਾ ॥੪੩॥
ਹਾਥ ਜੋਰਿ ਕੈ ਬਿਨਤੀ ਭਾਖੀ।

[1]ਇਕ ਪਹਿਰ।
[1]ਮੇਹਰ ਦੀ ਨਿਗਾਹ ਨਾਲ ਦੇਖ ਕੇ ਗੁਰੂ ਜੀ ਨੇ।
[1]ਮਿੱਠੀ ਤੇ ਪਿਆਰੀ।

'ਰਾਵਰ ਹੋ ਸਭਿ ਘਟ ਕੇ ਸਾਖੀ[1]।
ਤੁਮ ਸਭਿ ਜਾਨਹੁ ਅੰਤਰਜਾਮੀ !
ਕਜੋਂ ਬਨਿ ਹੈ ਮਮ ਕਹਿਨੋਂ ਸ੍ਵਾਮੀ ॥ ੪੪ ॥

[1]ਸਭ ਹਿਰਦਿਆਂ ਦੇ ਜਾਣਨੇ ਵਾਲੇ ਹੋ ਆਪ।

ਜੋ ਨਹਿਂ ਜਾਨਹਿਂ ਤਾਂਹਿ ਅਗਾਰੀ।
ਕਰੈ ਆਪਨੀ ਬ੍ਰਿਥਾ[1] ਉਚਾਰੀ।

[1]ਹਾਲਤ, ਪੀੜਾ।

ਸਰਬੱਗਨ ਢਿਗ ਤੁਸ਼ਨਿ ਨੀਕੀ।
ਕਰਹਿਂ ਭਲੇਰੀ ਭਾਵਤਿ ਜੀਕੀ[1]' ॥ ੪੫ ॥

[1]ਸਰਬੱਗਜ) ਚੰਗੀ ਤੇ ਮਨ ਭਾਂਵਦੀ ਹੀ (ਗੱਲ) ਕਰਦੇ ਹਨ।

ਸੁਨਤਿ ਪ੍ਰਸੀਦੇ ਰਿਦੇ ਗੁਸਾਈਂ।
ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰਿ ਕਰਤਾਰ ਅਗਾਰੀ।
ਪੂਜਹਿ ਮਨਕਾਮਨਾ ਤੁਮਾਰੀ' ॥ ੪੬ ॥
ਸੁਨਿ ਕੈ ਬਹੁਰ ਚਰਨ ਲਪਟਾਯੋ।
ਤਤਛਿਨ ਗਜਾਨ ਰਿਦੈ ਹੁਇ ਆਯੋ।
ਸ਼ਕਤਿ ਬਿਸ਼ਾਲ ਭਈ ਸਭਿ ਭਾਂਤੀ।
ਪਾਈ ਏਕ ਬਾਰ ਜਨੁ ਥਾਤੀ[1] ॥ ੪੭ ॥

[1]ਥੈਲੀ।

ਸੇਵਾ ਕਰਨ ਲਗਜੋ ਯੁਤ ਪ੍ਰੀਤੀ।
ਬੇਮੁਖਤਾ ਸਗਰੀ ਉਰ ਬੀਤੀ।
ਕਿਤਿਕ ਦਿਵਸ ਇਸ ਭਾਂਤਿ ਬਿਤਾਏ।
ਸਿੱਖੀ ਮਗ ਮਹਿਂ ਬਹੁ ਨਰ ਪਾਏ ॥ ੪੮ ॥
ਇਕ ਦਿਨ ਸਾਸੁ ਸਸੁਰ ਗੁਰ ਕੇਰੇ।
ਆਏ ਨਿਕਟਿ ਕ੍ਰੋਧ ਕੇ ਪ੍ਰੇਰੇ।
ਸੰਗ ਸੁਲਖਣੀ ਚਲਿ ਕਰਿ ਆਈ।
ਪਾਸ ਬੈਠਿ ਕਰਿ ਸਾਸੁ ਅਲਾਈ ॥ ੪੯ ॥
'ਸੁਨਤੋ ਵੇ ! ਤੂੰ ਰਹਜੋ ਕੁਰਾਹੀ।
ਸਦਾ ਹਮਾਰੀ ਛਾਤੀ ਦਾਹੀ।
ਪੁੱਤ੍ਰਨਿ, ਬਨਿਤਾ[1], ਤਜਿ ਪਰਵਾਰਾ।
ਫਿਰਜੋ ਪ੍ਰਦੇਸ਼ਨ ਦ੍ਵਾਰਨ ਦ੍ਵਾਰਾ[1] ॥ ੫੦ ॥

[1]ਇਸਤ੍ਰੀ।

[1]ਦਰਬਦਰ।

ਕੋ ਕਾਰਜ ਤੈਂ ਹਾਸਲ ਕੀਨਾ?
ਅਪਨੋ ਦਰਬ ਲੁਟਾਇ ਸੁ ਦੀਨਾ।
ਜਗ ਕੀ ਲਾਜ ਤਜੀ ਇਕ ਬਾਰੀ।

ਹਮ ਕੋ ਸਭਿ ਮਹਿਂ ਕੀਨ ਖੁਆਰੀ ॥੫੧॥
ਨਰ ਕਹਿਂ -ਅਮੁਕੇ ਕੋ ਜੁ ਜਮਾਤਾ।
ਭਯੋ ਫਕੀਰ ਤਜੇ ਤਿਯ ਤਾਤਾ[1]-।' [1]ਇਸਤ੍ਰੀ ਪੁੱਤ੍ਰ।
ਸ਼੍ਰੀ ਨਾਨਕ ਤੁਸ਼ਨਿ ਹ੍ਵੈ ਬੈਸੇ।
ਸਨਮੁਖ ਬਚਨ ਭਨੋ ਨਹਿਂ ਕੈਸੇ ॥੫੨॥
ਸੁਨੀ ਅਜਿੱਤੇ ਜਬ ਅਸ ਗਾਥਾ।
-ਮੂਲਾ ਲਰਤਿ ਗੁਰੂ ਕੇ ਸਾਥਾ-।
ਦੌਰਜੋ ਘਰ ਤੇ ਤੂਰਨ ਆਵਾ।
ਤਿਨ ਸੋਂ ਅਸ ਬਿਧਿ ਬਚਨ ਅਲਾਵਾ ॥੫੩॥
'ਊਚੇ ਕਹਿ ਕਿਉਂ ਸੀਸ ਖਪਾਵਤਿ।
ਕਿਉਂ ਤੁਮ ਦੁਖੀ ਹੋਇ ਪਛੁਤਾਵਤਿ।
ਮਹਾਂ ਪੁਰਖ ਉਰ ਮਤੋ ਉਚੇਰਾ।
ਭੇਦ ਨ ਜਾਨਿ ਸਕਹੁ ਇਨ ਕੇਰਾ ॥੫੪॥
ਬਿਨਾ ਹੇਤੁ[1] ਤੇ ਆਨ ਅਕਾਵਤਿ। [1]ਬਿਨਾਂ ਕਾਰਨ।
ਇਹ ਨਹਿਂ ਤੁਮ ਕੋ ਕਛੂ ਦੁਖਾਵਤਿ।
ਨਹੀਂ ਬਿਗਾਰਤਿ ਕਾਰਜ ਰਾਈ।
ਕਛੂ ਨ ਜਾਚਤਿ ਤੁਮ ਢਿਗ ਜਾਈ ॥੫੫॥
ਕਹਹੁ ਕਠੋਰ ਗਿਰਾ ਦੁਖ ਦਾਈ।
ਨਾਹਕ[1] ਰੋਸੁ ਕਰਹੁ ਅਕੁਲਾਈ[2]। [1]ਐਵੇਂ। [2]ਵਜਾਕੁਲ ਹੋ ਕੇ।
ਭਯੋ ਫਕੀਰ ਬ੍ਰਿਕਤਿ[1] ਮਨ ਮਾਂਹੀ। [1]ਤਿਆਗੀ।
ਅਬ ਤੁਮ ਕਾਜ ਰਹਜੋ ਕੋ ਨਾਂਹੀ ॥੫੬॥
ਕਰਿ ਸੰਤੋਖ ਸਦਨ ਨਿਜ ਬੈਸਹੁ।
ਮੁਖ ਤੇ ਬਚਨ ਕਹੋ ਨਹਿਂ ਕੈਸਹੁ।'
ਬੋਲਜੋ ਮੂਲਾ 'ਤੁਮ ਹੋ ਸਜਾਨੇ।
ਸੁਨਹੁ ਚੌਧਰੀ! ਸਭਿ ਬਿਧਿ ਜਾਨੇ[1] [1]ਜਾਣਦੇ ਹੋ।
॥੫੭॥
ਪ੍ਰਿਥਮੈ ਇਸ ਢਿਗ ਦਰਬ ਘਨੇਰਾ।
ਦਯੋ ਲੁਟਾਇ ਸਰਬ ਬਿਨ ਦੇਰਾ।

ਇਤਨੀ ਗੁਨੀ ਨ[1] ਨਿਜ ਮਨ ਮਾਂਹੀ।
-ਸੁਤ ਬਨਿਤਾ ਕਿਹ ਥਲ ਤੇ ਖਾਹੀਂ-
॥ ੫੮ ॥
ਸਭਿ ਬਿਵਹਾਰ ਦਰਬ ਤੇ ਹੋਈ।
ਸੋ ਇਨ ਦੀਨ ਅਕਾਰਥ ਖੋਈ।
ਬਹੁਰੋ ਤਜੀ ਜਗਤ ਕੀ ਲਾਜਾ।
ਬੇਖ ਫਕੀਰੀ ਤਨ ਮੈਂ ਸਾਜਾ ॥ ੫੯ ॥
ਪਰਦੇਸ਼ਨਿ ਗਮਨਯੋ ਬਹੁ ਕਾਲਾ।
ਅਬਿ ਆਯੋ ਨਿਜ ਤਜਤਿ ਨ[1] ਚਾਲਾ।
ਬੈਠਿ ਸਮੀਪ ਦਹਤਿ ਨਿਤ ਛਾਤੀ।
ਇਸ ਕੀ ਚਿੰਤ ਹਮਹਿਂ ਦਿਨ ਰਾਤੀ
॥ ੬੦ ॥
ਜੇ ਸ਼ਰੀਕ ਸਭਿ ਹਂਸੀ ਉਚਾਰੈਂ।
ਇਹ ਨਹਿਂ ਕਿਹ ਕੀ ਸ਼ੰਕ ਬਿਚਾਰੈ।'
ਬਹੁਰ ਅਜਿੱਤਾ ਬੋਲਯੋ ਬਾਨੀ।
'ਸੁਨੋ ਚਚਾ! ਤੁਮ ਕਹਤਿ ਸਿਆਨੀ[1]
॥ ੬੧ ॥
ਜੋ ਪਰੰਤੁ[1] ਹੋਵੈ ਸੰਸਾਰੀ।
ਤਿਸ ਕੋ ਚਹਤਿ ਸੁ ਅਸ ਬਿਵਹਾਰੀ।
ਇਨ ਕੋ ਸੁਪਨੇ ਮੋਹ ਨ ਆਵੈ।
ਰਹਿਤਿ ਆਪ ਤਸ ਜਸ[1] ਮਨ ਭਾਵੈ
॥ ੬੨ ॥
ਇਨ ਕੇ ਆਗੈ ਤੂਸ਼ਨ ਠਾਨਹੁ।
ਇਸ ਬਿਧਿ ਅਪਨਾ ਭਲਾ ਪਛਾਨਹੁ।'
ਮੂਲਾ ਕਹੈ 'ਨ ਹੌਂ ਅਬ ਕਹੌਂ।
-ਨਿਜ ਪਰਵਾਰ ਸਮ੍ਰਾਰੈ- ਚਹੋਂ ॥ ੬੩ ॥
ਸਭਿ ਕੋ ਖਰਚ ਪਰਜੋ ਗਰ ਮੇਰੇ।
ਇਨ ਸੁਧ ਲਈ ਨ ਕਬ ਮੁਰਿ ਹੇਰੇ[1]।
ਸੂਧਾ ਹੋਇ ਨ ਇਹ ਮਮ ਭਾਖੇ[1]।
ਨਿਤ ਟੇਢੇ ਮਾਰਗ ਪਗ ਰਾਖੇ' ॥ ੬੪ ॥

ਦੋਹਰਾ:
[1] 'ਸੁਨਿ ਮਹਿਤਾ[2]! ਸ਼੍ਰੀ ਚੰਦ ਪੁਨ, ਦੂਜੋ

[1]ਇੰਨੀ ਨਾ ਸੋਚੀ।
[1]ਛਡਦਾ ਨਹੀਂ।
[1]ਤੁਸੀਂ ਸਿਆਣੀ ਗੱਲ ਆਖਦੇ ਹੋ।
[1]ਪਰ ਜੇੜ੍ਹਾ ਤਾਂ।
[1]ਜਿਵੇਂ।
[1]ਮੇਰੇ ਦੇਖਦਿਆਂ। (ਅ) ਮੁੜਕੇ (ਨਾ ਆ ਕੇ) ਡਿੱਠਾ।
[1]ਮੇਰੇ ਆਖੇ ਸਿੱਧਾ ਨਹੀਂ ਹੁੰਦਾ।
[1]ਅਜਿੱਤਾ ਚੌਧਰੀ ਬੋਲਿਆ। [2]ਹੇ ਮਹਿਤਾ (ਮੂਲ ਚੰਦ ਜੀ)।

ਲਖਮੀ ਦਾਸ।
ਤਰੁਨ ਬੈਸ ਤਿਨ ਕੀ ਭਈ, ਖਾਟਹਿਂ ਅਬ ਧਨ ਰਾਸ ॥੬੫॥

ਚੌਪਈ:
ਤਿਨ ਕੀ ਮਾਤ ਸੁਸਾ[1] ਸਮ ਹੇਰੀ।
ਹੌਂ ਕਰਿਹੌਂ ਤਿਹ ਸੇਵ ਘਨੇਰੀ।
ਪਠਹੁ ਸਦਨ ਮਮ ਬਿਲਮ ਨ ਲਾਵਹੁ।
ਕਛੁ ਨਹਿਂ ਰਿਦੇ ਸੰਦੇਹ ਉਠਾਵਹੁ' ॥੬੬॥

[1](ਅਪਨੀ) ਭੈਣ।

ਮੂਲਾ ਕਹੈ 'ਨ ਇਉਂ ਬਨਿ ਆਵੈ।
ਹਮਰੀ ਨਿੰਦਾ ਜਗਤ ਅਲਾਵੈ।
-ਅਪਨੀ ਤਨੁਯਾ ਹੇਤੁ ਅਹਾਰਾ[1]।
ਪਰ ਘਰ ਪਠੀ- ਕਹੈ ਸੰਸਾਰਾ' ॥੬੭॥

[1]ਰੋਟੀ ਵਾਸਤੇ।

ਕਹੈ ਅਜਿੱਤਾ 'ਜੇ ਅਸ ਜਾਨਹੁ।
ਨਿਜ ਮੁਖ ਤੇ ਤੁਸ਼ਨਿ ਇਮ ਠਾਨਹੁ।
ਕਜਾ ਇਨ[1] ਆਗੈ ਜਾਇ ਬਖਾਨਜੋ।
ਜਿਨ ਕੋ ਭੇਦ ਸੁ ਜਾਇ ਨ ਜਾਨਜੋ ॥੬੮॥

[1]ਗੁਰੂ ਜੀ ਦੇ।

ਦੁਖ ਸੁਖ ਮਹਿਂ ਸਮਤਾ ਇਨ ਕੇਰੀ।
ਸਾਧੁ ਰੂਪ ਹੈ ਬ੍ਰਿਕਤਿ ਘਨੇਰੀ।'
ਮੂਲਾ ਭਨਤਿ 'ਕਹੈਂ ਜਿਹ ਸਾਧੂ[1]।

[1]ਜਿਸ ਨੂੰ (ਤੂੰ) ਸਾਧੂ ਕਹਿੰਦਾ ਹੈਂ।

{ਮੂਲੇ ਅਤੇ ਚੰਦੋਰਾਨੀ ਦੇ ਕਠੋਰ ਬਚਨ}

ਇਹ ਸਮ ਕੋ ਨ ਕਰੈ ਅਪਰਾਧੂ ॥੬੯॥

ਦੋਹਰਾ:
ਇਸ ਜੈਸਾ ਖੋਟਾ ਨ ਕੋ, ਨਿਤ ਛਾਤੀ ਕਿਯ ਦਾਹ।
ਕੌਨ ਸੁ ਲੱਛਨ ਸਾਧ ਕੋ, ਨਾਮ ਪਰਜੋ ਜਗ ਮਾਂਹਿ' ॥੭੦॥

ਚੌਪਈ:
ਚੰਦੋਰਾਨੀ ਕਰਕੀ[1] ਫੇਰ।

[1]ਕੜਕ ਕੇ ਬੋਲੀ।

'ਤਪਾ ਰਖਾਯੋ ਆਖਯ ਟੇਰਿ[1]।

[1]ਆਪਣਾ ਤਾਂ ਨਾਮ ਤਪਾ ਰਖਾ ਲਿਆ ਹੈ (ਲੋਕਾਂ ਨੂੰ) ਕਹਿਕੇ।

ਕੀਨੋ ਵਹਿਰ ਫਕੀਰੀ ਬੇਸਾ।

ਤਿਯ ਸੁਤਿ ਤਜਿ ਕੈ ਫਿਰਯੋ ਬਿਦੇਸ਼ਾ ॥੨੧॥

ਕਰਿ ਅਨਾਥ ਤਿਨ ਗਯੋ ਪਲਾਈ।
ਤਨਕ ਨ ਮਨ ਮਹਿਂ ਕਰੁਨਾ ਆਈ।
ਹੌਂ ਪਰਮੇਸ਼ੁਰ ਕੋ ਭੈ ਕਰਿ ਕੈ।
ਇਸ ਕੋ ਕਹਿਤਿ ਨ ਕਛੁ ਬਿਚਰਿ ਕੈ ॥੨੨॥

ਨਾਤੁਰ ਮੈਂ ਅਬ ਕਰੋਂ ਖੁਆਰੁ[1]। — [1]ਖੁਆਰ ਕਰ ਦਿੰਦੀ। (ਅ) ਕਰਾਂਗੀ।
ਪ੍ਰਗਟਾਵੋਂ ਇਹ ਸ੍ਵਾਂਗ ਕੁਚਾਰੁ[1†]। — [1]ਇਸ ਦਾ ਸ੍ਵਾਂਗ ਖੋਟੀ ਚਾਲ ਵਾਲਾ। [†]ਪਾ:-ਸਾਗਰ ਚਾਰੁ।
ਸੁਨਿ ਸ੍ਰੀ ਗੁਰ ਤੂਸ਼ਨਿ ਹ੍ਵੈ ਰਹੇ।
ਤਨਕ[1] ਬਦਨ ਤੇ ਬਚਨ ਨ ਕਹੇ ॥੨੩॥ — [1]ਥੋੜਾ ਬੀ।

ਦੋਹਰਾ:
ਬੋਲੀ ਬਹੁਰ ਸੁਲੱਖਣੀ, 'ਤੁਮ ਸੰਗ ਬੋਲਨਿ ਕਾਜ[1]। — [1]ਮੇਰਾ) ਕੰਮ ਹੈ।
ਏਕ ਬਾਰ ਜਗ ਲਾਜ ਤਜਿ, ਕਿਉਂ ਕਰਿ ਭਯੋ ਨਿਲਾਜ[†] ॥੨੪॥

[†]ਐਸੇ ਵਾਕ ਜਗਤ ਰੀਤਿ ਦੇ ਜਗਤ ਦੇ ਮੋਹ ਮਾਇਆ ਵਿਚ ਕਹੇ ਗਏ ਹਨ, ਕਾਰਣ, ਗੁਰੂ ਜੀ ਦੀ ਆਤਮਕ ਉੱਚਤਾ, ਪਰਉਪਕਾਰ, ਤਜਾਗ, ਵੈਰਾਗ, ਅਬਚਲੀ ਜੋਤ ਹੋਣ ਤੋਂ ਅਜੇ ਨੈਣ ਮੁੰਦੇ ਹਨ। ਦੂਸਰੇ ਪੇਕੇ ਘਰ ਦਾ ਅਪਮਾਨ ਤੇ ਦੁਖ (ਦੇਖੋ ਅੰਕ ੨੯) ਬੇਬਸ ਕਰ ਰਿਹਾ ਹੈ ਤੇ ਬੇਅਦਬੀ ਦੇ ਵਾਕ ਉਸ ਉੱਖੜੀ ਚਿਤ ਬ੍ਰਿਤੀ ਤੋਂ ਬੇਤੋਲੇ ਨਿਕਲਦੇ ਹਨ। ਇਨ੍ਹਾਂ ਸਾਰੇ ਵਾਕਾਂ ਦੇ ਸਹਾਰਨ ਤੋਂ ਗੁਰੂ ਜੀ ਦੀ ਸਹਿਨਸ਼ੀਲਤਾ ਦਾ ਕਮਾਲ ਸਫੁਟ ਹੁੰਦਾ ਹੈ।

ਚੌਪਈ:
ਕਿਉਂ ਤੁਮ ਫਿਰੇ ਮੋਹਿ ਸੰਗ ਲਾਵਨ[1]। — [1]ਲਾਵਾਂ।
ਜੇ ਤਨ ਭਗਵੋ ਭੇਖ[†] ਬਨਾਵਨ। — [†]ਪਾ:-ਭੇਖ ਫਕੀਰ।
ਮੁਝ ਕੋ ਕਰਿ ਅਨਾਥ ਇਕ ਬਾਰੀ।
ਆਇ ਨ ਕਬਹੂੰ ਸੁਰਤਿ ਸੰਭਾਰੀ' ॥੨੫॥

ਕਹਿਤ ਅਜਿੱਤਾ 'ਭਗਨੀ! ਸੁਨੀਏ।
ਭਲਾ ਆਪਨਾ ਤੂਸ਼ਨਿ ਗੁਨੀਏ[1]। — [1]ਚੁਪ ਵਿਚ ਜਾਣੋ।
ਅਸਨ ਬਸਨ ਕੀ ਜੇ ਹ੍ਵੈ ਚਾਹੀ।
ਸੇਵਾ ਕਰੌਂ, ਕਹੋ ਮੁਝ ਪਾਹੀ ॥੨੬॥

ਦੋਹਰਾ:
ਮਾਤ ਪਿਤਾ ਤੇਰੇ ਕਹੈਂ, ਕਹਿਨ ਉਚਿਤ

ਤੁਝ ਨਾਂਹਿ।
ਮੁਖ ਤੇ ਭਨਤਿ ਕੁਬੋਲ ਕੋ, ਹ੍ਵੈ ਬਿਰੋਧ ਤੁਮ ਮਾਂਹਿ ॥੭੭॥

ਚੌਪਈ:

ਹੈ ਇਨ ਕੇ ਸੰਗ ਤੁਮਰੋ ਕਾਜਾ।
ਇਨ ਹੀ ਸੋਂ ਸਭਿ ਬਿਧਿ ਸੁਖਸਾਜਾ।'
ਕਹੈ ਸੁਲਖਨੀ 'ਸੁਨਿ ਮਮ ਭਾਈ!
ਹੌਂ ਕਿਹ ਕੇ ਅਵਲੰਬ ਰਹਾਈਂ ॥੭੮॥
ਮਾਤ ਪਿਤਾ ਦੇਵਤਿ ਹੈਂ ਗਾਰੀ[1]।
ਅਪਨ ਗਰੇ ਤੇ ਚਹਿਤ ਉਤਾਰੀ।
ਬੋਲ ਕੁਬੋਲ ਦੇਤਿ ਹੈਂ ਤਾਨੇ[1]।
-ਤੂੰ ਭੀ ਕਰਹੁ ਫਕੀਰੀ ਬਾਨੇ ॥੭੯॥
ਜਾਇ ਬੈਠਿ ਨਿਜ ਪਤਿ ਕੇ ਪਾਸੂ।
ਸਾਧੂ[†] ਭੇਖ ਕਰਹੁ ਜਸ ਤਾਸੂ[1]।
ਪਰੀ ਗਰੇ ਤੂੰ ਸਦਾ ਹਮਾਰੇ-।
ਸੋ ਸਭਿ ਸਾਚੀ ਕਰਤਿ ਉਚਾਰੇ ॥੮੦॥

[1]ਗਾਲੀਆਂ।

[1]ਮੇਹਣੇ।

[1]ਜੈਸਾ ਤਿਸ (ਪਤੀ) ਦਾ ਹੈ (ਅ) ਤੈਸਾ ਕਰ। [†]ਪਾ:- ਭਗਵਾ।

ਦੋਹਰਾ:

ਮੁਰ[1] ਨਿਣਾਨ ਜੋ ਨਾਨਕੀ, ਜਬ ਜੀਵਤਿ ਸੁਖਦਾਇ।
ਸਿਰੀ ਚੰਦ ਤਿਹ ਸਦਨ ਮਹਿਂ, ਸਭਿ ਕੁਛ ਪਹਿਰਤਿ ਖਾਇ ॥੮੧॥

[1]ਮੇਰੀ।

ਚੌਪਈ:

ਮਨ ਭਾਵਤਿ ਜੋ ਕਰਤਿ ਬਿਲਾਸੂ।
ਨਹਿਂ ਚਿੰਤਾ ਕਾਂਹੂ ਕੀ ਤਾਸੂ।
ਜਬ ਕਾ ਭਾ ਤਿਨ ਕੋ ਪਰਲੋਕੂ।
ਹਮ ਕੋ ਭਯੋ ਸਭੈ ਬਿਧਿ ਸ਼ੋਕੂ ॥੮੨॥
ਦਸ ਦਿਸ਼ਿ ਤੇ ਮੁਝ ਬਨਯੋ ਕੁਫੇਰਾ[1]।
ਕਿਸ ਪ੍ਰਕਾਰ ਹ੍ਵੈ ਜੀਵਨ ਮੇਰਾ?'
ਅਸ ਕਹਿ ਆਂਖਨ ਆਂਸੂ ਗੇਰਤਿ।
ਉਚ ਸ੍ਵਾਸ ਲੈ ਧਰਨੀ ਹੇਰਤਿ ॥੮੩॥
ਸ਼੍ਰੀ ਨਾਨਕ ਪਿਖਿ ਸੁਨਿ ਕੈ ਬਾਨੀ।
ਰਿਦੈ ਬਿਖੈ ਕਰੁਨਾ ਬਹੁ ਠਾਨੀ।

[1]ਖੋਟਾ ਫੇਰ, ਘਾਟਾ।

ਕਹਿਤਿ ਭਏ 'ਸੁਨ ਚੋਣੀ[1] ! ਕਾਨਾ।
ਦੁਖ ਪੁਨ ਭੁਖ ਜਿ ਕਰਹੁ ਪ੍ਰਵਾਨਾ
॥੮੪॥
ਰਹੁਹ ਨਿਕਟਿ ਹਠ ਕਰਹੁ ਘਨੇਰਾ।
ਜੋ ਹਮ ਹਾਲ ਸੁ ਹੋਵਹਿ ਤੇਰਾ।'
ਭਨੈਂ ਸੁਲਖਨੀ 'ਸੁਨਿ ਬਚ ਮੋਰੇ।
{ਸ੍ਰੀ ਸੁਲਖਣੀ ਜੀ ਦੀ ਬੇਨਤੀ}
ਨਹਿਂ ਭੂਖਨ ਜਾਚੋਂ ਢਿਗ ਤੋਰੇ ॥੮੫॥
ਰਿਦੈ ਬਿਖੈ ਚਾਹੋਂ ਨਿਤ ਐਸੇ।
ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੁਖ ਸਹਿ ਕੈ ਅਪਨ ਸਰੀਰਾ।
ਰਹੋਂ ਸਦੀਵ ਤੁਮਾਰੇ ਤੀਰਾ' ॥੮੬॥
ਪ੍ਰਭੁ ਬੋਲੇ 'ਜੇ ਅਸ ਮਨ ਤੇਰੇ।
ਆਨਹੁ ਸੁਤ ਅਬ ਕਰਹੁ ਨ ਦੇਰੇ।
ਸਭਿ ਕਰਤਾਰ ਕਰਹਿਗੋ ਨੀਕੀ।
ਜੇ ਸ਼ਰਧਾ ਐਸੀ ਦਿਢ ਜੀ ਕੀ' ॥੮੭॥
ਸੁਨੇ ਸੁਲਖਨੀ ਅਸ ਬਚ ਜਬ ਹੀ।
ਤੂਰਨ ਗਈ ਸਦਨ ਕੋ ਤਬ ਹੀ।
ਦੋਨੋ ਸੁਤ ਲੇ ਕਰਿ ਨਿਜ ਸੰਗਾ।
ਹਰਖਤਿ ਆਈ ਕਰਤਿ ਉਮੰਗਾ ॥੮੮॥
ਮੂਲ ਚੰਦ ਪੁਨ ਚੰਦੋਰਾਣੀ।
ਘਰ ਗਮਨੀ ਮਨ ਬਹੁ ਮੁਰਝਾਣੀ।
ਬਹੁਰੋ ਬੋਲ ਨ ਕੋਊ ਆਵਤਿ।
ਹ੍ਵੈ ਤੂਸ਼ਨਿ ਹਿਰਦੇ ਪਛੁਤਾਵਤਿ ॥੮੯॥
ਦੋਹਰਾ:
ਸਿਰੀਚੰਦ ਕੋ ਸੰਗ ਲੇ, ਦੂਸਰ ਲਖਮੀ ਦਾਸ।
ਆਇ ਸੁਲਖਨੀ ਬੈਠਿਗੀ, ਪਾਇ ਹਰਖ ਸੁਖਰਾਸ ॥੯੦॥
ਚੌਪਈ:
ਜਹਿਂ ਬੈਠੇ ਅਘ ਓਘ ਨਿਕੰਦਨ[1]।
ਦ੍ਵੈ ਸੁਤ ਕੀਨ ਚਰਨ ਪਰ ਬੰਦਨ।
ਰਹਿਨ ਲਗੇ ਨਿਜ ਪਿਤ ਕੇ ਪਾਸੂ।

[1]ਬੇਬੇ ਸੁਲੱਖਣੀ ਜੀ ਦੀ ਪੇਕੀ ਜਾਤ ਚੋਣੀ ਸੀ।

[1]ਸਾਰੇ ਪਾਪਾਂ ਦੇ ਕੱਟਣ ਵਾਲੇ।

ਚਿੰਤਾ ਸਗਰੀ ਕੀਨ ਬਿਨਾਸੂ ॥੯੧॥
ਸਰਬ ਪ੍ਰਕਾਰਨ ਸੇਵਾ ਜੋਊ।
ਕਰਹਿ ਅਜਿੱਤਾ ਹਿਤ[1] ਧਰਿ ਸੋਊ।
ਅਤਿ ਅਜ਼ਮਤ ਮਹਿਂ ਪੂਰਨ ਹੋਯੋ[1]।
ਜਨਮ ਮਰਨ ਕੋ ਸੰਸਾ ਖੋਯੋ ॥੯੨॥

[1]ਪ੍ਰੇਮ।
[1]ਭਾਵ ਅਜਿੱਤਾ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਉਣੱਤੀਸਮੋਂ ਅਧ੍ਯਾਯ ॥੨੯॥

## ੩੦. [ਚਰਨ ਮੰਗਲ। ਕਰਤਾਰ ਪੁਰ ਬਸਨਾ, ਬ੍ਰਹਮਣ ਦੀ ਰਸੋਈ ਦੀ ਸੁਚ]

੨੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੧

{ਮੂਲਾ ਚੰਦੋਰਾਨੀ ਪ੍ਰਲੋਕ ਗਮਨ} ॥੧੦॥
{ਕਰਤਾਰਪੁਰ ਬਸਨਾ} ॥੬੧॥
{ਕਰਮਕਾਂਡੀ ਬ੍ਰਾਹਮਣ ਦੀ ਸੁੱਚ} ॥੬੭..॥
{ਕ੍ਰੋੜੀਆ ਖੜ੍ਰੀ} ॥੨੦..॥

ਦੋਹਰਾ:

ਬਿਸ਼ਿਯਨ ਤੇ ਬੈਰਾਗਿ ਹ੍ਵੈ, ਕਰਿ ਗੁਰ ਪਗ ਅਨੁਰਾਗ।
ਲਿਵ ਲਗਾਇ ਜਾਗਤਿ ਰਹਹੁ, ਸਿਮਰ ਨਾਮ ਵਡਭਾਗ ॥੧॥

ਅਰਥ:

(ਹੇ ਮਨ!) ਵਿਸ਼ਿਆਂ ਤੋਂ ਵੈਰਾਗੀ ਹੋ ਕੇ ਗੁਰੂ ਜੀ ਦੇ ਚਰਣਾਂ (ਨਾਲ) ਪ੍ਰੇਮ ਕਰ, (ਤੇ ਵਾਹਿਗੁਰੂ ਜੀ ਦਾ) ਨਾਮ ਸਿਮਰ, (ਸਿਮਰ੍ਣ ਵਿਚ) ਲਿਵ ਲਾਈ ਰੱਖਕੇ (ਅੰਤਰ ਮੁਖ) ਜਾਗਦਾ ਰਹੁ (ਤਾਂ ਤੂੰਹੋਂ) ਵਡਭਾਗੀ ਹੈਂ।

ਭਾਵ:

ਪਿੱਛੇ ਅਭਾਗੀ ਮਨ ਦਾ ਲੱਛਣ ਕਿਹਾ ਸਾਨੇ ਜੋ ਤੋਤੇ ਵਾਂਙੂ ਭੁਲੇਵੇ ਵਿਚ ਆ ਕੇ ਵਿਸ਼ਿਆਂ ਦੇ ਭੈੜੇ ਨਤੀਜੇ ਪਾਕੇ ਨਿਸ਼ਫਲਤਾ ਨੂੰ ਪ੍ਰਾਪਤ ਹੁੰਦਾ ਹੈ, ਇਥੇ ਉਸੇ ਮਨ ਨੂੰ ਵਡਭਾਗੀ ਹੋਣ ਦੀ ਜੁਗਤਿ ਦੱਸਦੇ ਹਨ ਤੇ ਰਸਾਲ ਬ੍ਰਿੱਛ ਦਾ ਪਤਾ ਦੇਂਦੇ ਹਨ ਜੋ ਐਉਂ ਹੈ:-ਵਿਸ਼ਿਆਂ ਤੋਂ ਵੈਰਾਗ, ਗੁਰ ਚਰਨਾਂ ਦਾ ਪ੍ਰੇਮ, ਨਾਮ ਦਾ ਸਿਮਰ੍ਣ, ਲਿਵ ਤੇ ਆਤਮ-ਜਾਗ੍ਰਤ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਕਿਤਿਕ ਦਿਵਸ ਜਬ ਰਹਿਤ ਬਿਤਾਏ।
ਦਿਨ ਪ੍ਰਤਿ ਮਹਿਮਾ ਹੁਇ ਅਧਿਕਾਏ।
ਅਵਲੋਕਤ ਸਮਝ੍ਯੋ ਤਬ ਮੂਲਾ।
-ਭਾ ਸ੍ਰੀ ਨਾਨਕ ਜਸ ਅਨਕੂਲਾ- ॥੨॥
ਆਯੋ ਅਪਰ ਤਜੀ ਸਭਿ ਗਿਨਤੀ।
ਹਾਥ ਜੋਰਿ ਕੈ ਕੀਨੀ ਬਿਨਤੀ।
'ਤੁਮ ਤੋ ਮਹਾਂ ਪੁਰਖ ਹੋ ਪੂਰੇ।
ਹਮ ਨਹਿਂ ਚਲਤਿ[1] ਲਖੇ ਜੋ ਰੂਰੇ ॥੩॥
ਨਿਸ ਦਿਨ ਨਿੰਦਤਿ ਰਹੇ ਬਿਸਾਲਾ।
ਪਚੀ ਭਏ[1] ਨਿਤ ਜਗਤ ਜੰਜਾਲਾ।
ਅਵਗੁਨ ਕਰੇ ਬਖ਼ਸ਼ੀਏ ਮੋਹੀ।
ਅਹੈ ਹਮਾਰੀ ਲੱਜਜਾ ਤੋਹੀ' ॥੪॥
ਦੀਨ ਭਏ ਕੋ ਦੇਖਿ ਦਯਾਲਾ।
ਕਹੇ ਬਚਨ ਕਰਿ ਕ੍ਰਿਪਾ ਬਿਸਾਲਾ।
'ਸਿਮਰਹੁ ਸੱਤਿਨਾਮ ਗਤਿਦਾਈ।

[1]ਚਰਿੱਤ੍ਰ।

[1]ਖਚਤ ਹੋਏ ਹੋਏ ਰਹੇ।

ਸਤਿਸੰਗਤ ਮਹਿਂ ਮਿਲਿ ਸੁਖ ਪਾਈ ॥੫॥
ਕਰਿ ਬੰਦਨ ਕਰਤਾਰ ਅਗਾਰੀ।
ਪਾਵਹੁ ਗੇ ਅਪਵਰਗ[1] ਸੁਖਾਰੀ।' — [1]ਮੁਕਤੀ।
ਇਸ ਬਿਧਿ ਸੁਨਿ ਕੈ ਸੀਸ ਨਿਵਾਯੋ।
ਮੋਹ ਪਟਲ[1] ਤਤਛਿਨ ਬਿਲਗਾਯੋ[2] ॥੬॥ — [1]ਮੋਹ ਦਾ ਪੜਦਾ। [2]ਦੂਰ ਹੋ ਗਿਆ।
ਸਿਮਰਨ ਮਹਿਂ ਲਿਵ ਲਗੀ ਸੁਹੇਲੀ।
ਤਜੀ ਪਹਿਲ ਕੀ ਦ੍ਵੈਤ ਦੁਹੇਲੀ[1]। — [1]ਦੁਖਦਾਈ।
ਆਨਿ ਸਦਨ ਨਿਜ ਤਿਯ ਸਮਝਾਈ।
ਪਾਛਲ ਬਾਤਨ ਤੇ ਪਛੁਤਾਈ ॥੭॥
ਕਿਤਿਕ ਕਾਲ ਕੀਨੋ ਸਤਿਸੰਗਾ।
ਹਰਿ ਚਰਨਨ ਮਹਿਂ ਪ੍ਰੇਮ ਉਮੰਗਾ†। — †ਪਾਠਾਂਤ੍ਰ:-ਹਰ ਕੇ ਚਰਨ ਪ੍ਰੇਮ ਉਰ ਮੰਗਾ। ਵਾ-ਹਾਰ ਕੇ ਚਰਨਨ ਪ੍ਰੇਮ ਉਮੰਗਾ।
ਭਏ ਬਿਬੇਕੀ ਥੋਰਨ ਦਿਨ ਮੈਂ।
ਸੱਤਿ ਅਸੱਤਿ ਲਖ੍ਯੋ ਸਭਿ ਮਨ ਮੈਂ ॥੮॥
ਆਰਬਲਾ ਪੂਰਨ ਪੁਨ ਹੋਈ।
ਸੁਖ ਸੋਂ ਤਨ ਤਜਿਗੇ ਤਬ ਦੋਈ।
ਗਵਨੇ ਪ੍ਰਭੁ ਕੇ ਭਵਨ[1] ਸੁਹਾਵਨ। — [1]ਵੈਕੁੰਠ।
{ਮੂਲਾ ਚੰਦੋਰਾਨੀ ਪ੍ਰਲੋਕ ਗਮਨ}
ਪਹੁੰਚੇ ਜਹਾਂ ਭਗਤ ਮਨ ਪਾਵਨ[1] ॥੯॥ — [1]ਪਵਿੱਤ੍ਰ ਮਨ ਵਾਲੇ।
ਸ੍ਰੀ ਨਾਨਕ ਤਿਨ ਕੀ ਗਤਿ ਕਰਿ ਕੈ।
ਰਹੇ ਤਹਾਂ ਸਿਖ ਪ੍ਰੇਮ ਬਿਚਰਿ ਕੈ।
ਕਿਤਿਕ ਦਿਨਨ ਪੁਨ ਕੀਨ ਤਿਆਰੀ।
ਸਭਿ ਕੋ ਦਈ ਧੀਰ ਕਹਿ ਭਾਰੀ† ॥੧੦॥ — †ਇਹ ਟਿਕਾਣਾ ਉਹ ਸੀ ਜਿਥੇ ਹੁਣ ਗੁਰਦੁਆਰਾ ਹੈ, ਵਟਾਲੇ ਨਗਰ।
ਰਾਵੀ ਤਟ ਪਰ ਕੀਨ ਪਯਾਨਾ[1]। — [1]ਚੱਲਣਾ ਕੀਤਾ (ਗੁਰੂ ਜੀ ਨੇ)।
ਪਾਛੇ ਗਮਨਤਿ ਮੈਂ ਮਰਦਾਨਾ।
ਸੁੰਦਰ ਤੀਰ ਦੇਖਿ ਇਕ ਥਾਈਂ।
ਬੈਠਿ ਗਏ ਤਹਿਂ ਸ੍ਰੀ ਜਗਸਾਈਂ ॥੧੧॥
ਹੋਇ ਰਹੇ ਤਬ ਪੌਨ ਅਹਾਰੀ।
ਜਿਉਂ ਤਪੀਸ਼ ਤਪ ਤਾਪਹਿਂ ਭਾਰੀ।

ਸੁਨਿ ਸੁਨਿ ਲੋਕ ਤਹਾਂ ਚਲਿ ਆਏ।
ਹਿਤ ਕਰਿ ਪਦ ਪੰਕਜ ਲਪਟਾਏ ॥੧੨॥
ਲੇ ਉਪਦੇਸ਼ ਸਿੱਖ ਬਹੁ ਹੋਵਹਿਂ।
ਸੇਵਹਿਂ ਸਗਰੇ ਦੋਖਨ ਖੋਵਹਿਂ।
ਇਕ ਤੇ ਜਸ ਦੂਸਰ ਸੁਨਿ ਕਾਨਾਂ।
ਆਵਹਿ ਦਰਸ਼ਨ ਹਿਤ ਤਿਹਂ ਥਾਨਾ ॥੧੩॥
ਗ੍ਰਾਮ ਨਗਰ ਤਹਿਂ ਨਿਕਟਿ ਜੁ ਅਹਿਹੀਂ।
ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ।
ਜਿਸ ਦਰਸ਼ਨ ਨਾਸਹਿਂ ਅਪਰਾਧੂ ॥੧੪॥
ਕਲਾਵਾਨ ਗੁਨਵਾਨ ਮਹਾਨਾ।
ਹੋਵਤਿ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ[1] ਮੈਂ ਜਿਸ ਕੀ ਪ੍ਰੀਤਾ। [1]ਪ੍ਰਮਾਤਮਾ।
ਸ਼ਾਂਤਿ ਰੂਪ ਨਹਿਂ ਡੋਲੈ ਚੀਤਾ ॥੧੫॥
ਇਹ ਦਰਵੇਸ਼ ਖ਼ੁਦਾਇ ਪਿਆਰਾ।
ਕਿਧੌਂ ਖ਼ੁਦਾਇ ਆਪ ਤਨ ਧਾਰਾ।'
ਬਹੁ ਨਰ ਆਨਿ ਬੂਝਨਾ ਕਰਿਹੀਂ।
ਤੁਰਨ ਸਭਿ ਕੋ ਪ੍ਰਸ਼ਨ ਉਚਰਿਹੀਂ[1] ॥੧੬॥ [1]ਪ੍ਰਸ਼ਨਾਂ (ਦਾ ਉੱਤਰ) ਉਚਰਦੇ ਹਨ।
ਸੰਨਜਾਸੀ, ਬ੍ਰਹਮਚਾਰੀ, ਗ੍ਰਿਹਸਤੀ।
ਤਪੀ, ਬੈਰਾਗੀ, ਬਾਨ ਜਿ ਪ੍ਰਸਤੀ[1]। [1]ਬਾਨ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ।
ਹਿੰਦੂ, ਮੁਸਲਮਾਨ ਸਭਿ ਕੋਊ ॥੧੭॥
ਆਇ ਜਿ ਸੰਸੈ ਕੋਊ ਕਰਿਹੀ।
ਤਤਛਿਨ ਉੱਤਰ ਪ੍ਰਭੁ ਉਚਰਿਹੀਂ।
ਸੁਨਿ ਸੁਨਿ, ਸ਼ਰਧਾ ਉਰ ਮਹਿਂ ਧਰਿਹੀਂ।
ਸ਼ਬਦ ਲਿਖਹਿਂ ਪੁਨ ਬਹੁਰ ਬਿਚਰਿਹੀਂ[1] ॥੧੮॥ [1]ਵਿਚਾਰਦੇ ਹਨ।

ਦੋਹਰਾ:
ਪੁਰਿ ਲਹੌਰ ਕੇ ਮਨੁਜ ਬਹੁ, ਹੋਏ ਸੇਵਕ ਆਇ।

ਨਾਮ ਦਾਨ ਇਸ਼ਨਾਨ ਦਿਢ, ਸਿਖਹਿਂ[1] ਕੀਰਤਨ ਗਾਇ ॥੧੯॥ — [1]ਸਿੱਖਦੇ ਹਨ।

ਚੌਪਈ:

ਇਕ ਕਰੋੜੀਆ ਖੱਤ੍ਰੀ ਪੁਰਿ ਮੈਂ।
{ਕ੍ਰੋੜੀਆ ਖਤ੍ਰੀ}
ਉਸਤਤਿ ਸੁਨਤਿ ਰਿਸਤ[1] ਅਤਿ ਉਰ ਮੈਂ। — [1]ਕ੍ਰੋਧ ਕਰਦਾ ਹੈ।
ਕਰਿ ਕੈ ਡਰ ਕੋ[1] ਤਾਂਹਿ ਅਗਾਰੀ। — [1]ਕੋਈ (ਬੀ)।
ਗੁਰ ਕੋ ਸੁਜਸੁ ਨ ਕਰਤਿ ਉਚਾਰੀ ॥੨੦॥
ਰਘੁਬਰ ਸੁਤ ਪੁਰਿ[1] ਕੀ ਰਜਧਾਨੀ। — [1]ਰਾਮਚੰਦ੍ਰ ਦੇ (ਪਹਿਲੇ) ਪੁੱਤ੍ਰ (ਲਉ) ਦੀ ਰਾਜਧਾਨੀ (ਭਾਵ ਲਾਹੌਰ)।
ਬਹੁ ਲੋਕਨ ਮੇਂ ਥਾ ਪਰਧਾਨੀ[†]। — [†]ਪਾ:-ਬਹੁ ਤਲਕਨ ਬਾਲ ਪਟਰਾਨੀ, ਜੋ ਜਾਪਦਾ ਹੈ ਕਿ 'ਬਹੁ ਤਲਕਨ ਕੋ ਥਾ ਪਰਧਾਨੀ' ਹੋਣਾ ਹੈ। ਤਲਕਨ=ਤਅੱਲਕਿਆਂ ਦਾ। ਵੱਡੇ ਇਲਾਕਿਆਂ ਦਾ। 'ਲੋਕ' ਦਾ ਅਰਥ ਪਿੰਡ ਬੀ ਹੈ।
ਕਰਤਿ ਹਕੂਮਤ ਸਠ ਤਿਨ ਬੀਚੁ[1]। — [1]ਮੂਰਖ (ਕਰੋੜੀਆ) ਉਹਨਾਂ ਵਿਚ।
ਜਗਤੇਸ਼ੁਰ ਉਪ ਉਰ ਨ ਸਹੀਚੁ[1†] ॥੨੧॥ — [1]ਜਗਤ ਈਸ਼ਵਰ ਭਾਵ) ਗੁਰੂ ਜੀ ਦੀ ਉਪਮਾ ਰਿਦੇ ਸਹਾਰਦਾ ਨਹੀਂ ਸੀ। [†]ਇਕੀਹਵੀਂ ਚੌਪਈ ਦੋ ਲਿਖਤੀ ਨੁਸਖਿਆਂ ਵਿਚ ਹੈ ਨਹੀਂ ਸੀ।
ਇਕ ਦਿਨ ਜੋਗੀ ਜਾਚਤਿ ਫਿਰਤੇ।
ਗੁਰੁ ਸ਼ਬਦ ਕੋ ਗਾਵਨ ਕਰਿਤੇ।
ਹਾਥ ਬਿਖੈ ਕਿੰਗੁਰੀ[1] ਕੋ ਲੀਨੇ। — [1]ਕਿੰਗ।
ਰੀਝ ਬਜਾਵਹਿਂ ਪ੍ਰੇਮਹਿਂ ਭੀਨੇ ॥੨੨॥
ਫਿਰਤਿ ਫਿਰਤਿ ਪਹੁਂਚੇ ਤਿਹਂ ਥਾਨੀ।
ਬੈਠਜੋ ਜਹਾਂ ਮੰਦਮਤਿ ਮਾਨੀ[1]। — [1]ਹੰਕਾਰੀ।
ਸ਼ਬਦ ਸੁਨਤ ਮਤਸਰ[1] ਬਹੁ ਧਾਰੀ। — [1]ਈਰਖਾ।
ਜਨੁ ਬਿਖੁ ਦੇਤਿ[1] ਹੋਤਿ ਦੁਖ ਭਾਰੀ ॥੨੩॥ — [1]ਵਿਹੁ ਦਿੱਤਿਆਂ।
ਪ੍ਰਭੁਤਾ ਮਦ[1] ਅੰਧਾ ਅੱਗਜਾਨੀ। — [1]ਵਡਿਆਈ ਦੇ ਹੰਕਾਰ ਵਿਚ।
ਸੰਤਨ ਤੇ ਬੇਮੁਖ ਸੁਖ ਹਾਨੀ।
ਛਾਤੀ ਜਰਤਿ ਮਹਾਂ ਦੁਖ ਪਾਵਤਿ।
ਤਬ ਜੋਗੀ ਇਹ ਤੁਕ ਥੇ ਗਾਵਤਿ ॥੨੪॥

ਸ੍ਰੀ ਮੁਖਵਾਕ ॥

ਮਃ ੧ ॥

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

ਦੋਹਰਾ:

ਸੁਨਿ ਕੈ ਰਿਸ ਭਰਿ ਕਹਿਤ ਭਾ, 'ਹਿੰਦੂ ਕਿਏ ਖੁਆਰ।
ਤੁਰਕਨ ਕੇਰ ਈਮਾਨ ਗਾ, ਉਸਤਤਿ ਕਰਤਿ ਉਚਾਰ[1] ! ॥੨੫॥

[1]ਤੁਰਕਾਂ ਦਾ ਭੀ ਈਮਾਨ ਗਿਆ, (ਇਹ ਵੇਖੋ ਅਚਰਜ) ਕਿ ਉਸਤਤਿ ਉਚਾਰਨ ਕਰਦੇ ਹਨ (ਉਸ ਦੀ)।

ਚੌਪਈ:

ਕੋ ਨਾਨਕ? ਮੈਂ ਪਿਖ੍ਯੋ ਨ ਜਾਨਾ।
ਜਿਸ ਜਸ ਕਹਿਂ ਹਿੰਦੂ ਤੁਰਕਾਨਾ।
ਜਹਿਂ ਤਹਿਂ ਕੀਰਤਿ ਹੋਤਿ ਘਨੇਰੀ।
ਸਮਝ ਬਿਖੈ ਕੁਛ ਆਇ ਨ ਮੇਰੀ ॥੨੬॥
ਕੋ ਐਸਾ ਕਲਿ ਕਾਲ ਮਝਾਰੀ।
ਸਰਬ ਭਏ ਜਿਨ ਕੇ ਅਨੁਸਾਰੀ।
ਮੈਂ ਕੀਨੀ ਇਹ ਰੀਤਿ ਪਰੇਖੀ[1]।
ਭੇ ਸੇਵਕ ਸਭਿ ਦੇਖਾ ਦੇਖੀ ॥੨੭॥
ਚਲੇ ਕੁਚਾਲ ਚਾਲ ਨਿਜ ਤ੍ਯਾਗੀ।
ਇਹ ਬਿਧਿ ਮੋਹਿ ਭਲੀ ਨਹਿਂ ਲਾਗੀ।
ਔਰਨ ਕੋ ਕ੍ਯਾ ਦੋਸ਼ ਅਲਾਵੋਂ।
ਜਿਨਹਿ ਚਲਾਏ, ਤਿਨ ਗਹਿ ਲ੍ਯਾਵੋਂ ॥੨੮॥
ਕਰਿ ਕੈ ਕੈਦ ਸੀਖ ਸ਼ੁਭ ਦੇਊਂ।
ਤਿਹਂ ਮਨ ਮਤੋ ਸਰਬ ਬਰਜੇਊਂ[1]।'
ਅਸ ਕਹਿ ਅਪਨੀ ਸਭਾ ਮਝਾਰੀ।
ਨਿਜ ਸੇਵਕ ਤਬ ਲੀਨ ਹਕਾਰੀ ॥੨੯॥
ਕਹ੍ਯੋ 'ਤੁਰੰਗਨ ਪਰ, ਅਬ ਜਾਈ।
ਪਾਇ ਜ਼ੀਨ[1], ਆਨਹੁ ਇਹ ਥਾਈਂ।'
ਸੁਨਤਿ ਦਾਸ ਲ੍ਯਾਯੋ ਤਤਕਾਲਾ।
ਲਗ੍ਯੋ ਚੜ੍ਹਨ ਜਿਸ ਦਰਪ[1] ਬਿਸਾਲਾ

[1]ਪਰਖਣਾ।

[1]ਰੋਕੂੰ।

[1]ਕਾਠੀ।

[1]ਹੰਕਾਰ। ਸੰਸ: ਦਰ੍ਪ]।

॥ ੩੦ ॥
ਦਿਯੋ ਰਕਾਬ ਬਿਖੈ ਪਗ ਜਬ ਹੀ।
ਸਬਲ[1] ਤੁਰੰਗਨਿ ਫਰਕੀ ਤਬ ਹੀ। [1]ਤਕੜੀ।
ਨਹੀਂ ਸਮਾਰਜੋ ਤਿਹ ਛਿਨ ਖੱਤਰੀ।
ਗਿਰਜੋ ਧਰਨਿ ਪਰ ਪਗਿਯਾ ਉਤਰੀ[1] [1]ਪੱਗ ਢੈ ਪਈ।
॥ ੩੧ ॥
ਲਖਜੋ ਕੁਸੌਂਨ[1] ਰਿਦੇ ਮਹਿਂ ਤਾਂਹੂ। [1]ਕੁਸ਼ਗਨ।
ਬਹੁਰ ਨ ਚਢਜੋ ਰਹਜੋ ਘਰ ਮਾਂਹੂ।
ਨਿਕਟਿ ਜਿ ਨਰ ਸਮਝਾਵਨ ਕੀਨੋ।
'ਮਹਾਂ ਪੁਰਖੁ ਸ੍ਰੀ ਨਾਨਕ ਚੀਨੋ ॥ ੩੨ ॥
ਕਰਜੋ ਨਿਰਾਦਰ' ਸੁਨਤਿ ਨ ਕਾਈ[1]। [1]ਪਰ) ਕੋਈ ਗਲ (ਕਰੋੜੀਆ) ਨਹੀ ਸੁਣਦਾ।
ਕਹੈ 'ਕਿ ਗਹੋਂ ਭੋਰ ਕੋ ਜਾਈ।'
ਰਜਨੀ ਕਰਿ ਬਿਤੀਤ ਸੋ ਮੂਢਾ।
ਅਗਲੇ ਦਿਨ ਮਹਿਂ ਭਯੋ ਅਰੂਢਾ ॥ ੩੩ ॥
ਗਮਨੇ ਬ੍ਰਿੰਦ ਸੰਗਿ ਨਰ ਤਾਂਹੀ।
ਆਵਤਿ ਭਏ ਸਰਬ ਮਗ ਮਾਂਹੀ।
ਸ੍ਰੀ ਪ੍ਰਭੁ ਰਹੇ ਕਿਤਿਕ ਜਬ ਦੂਰੀ।
ਭਯੋ ਅੰਧ ਨਹਿਂ ਪਿਖਤਿ ਹਦੂਰੀ ॥ ੩੪ ॥
ਗਰਬ ਹਾਨਿ ਭਾ, ਪੀੜਾ ਬਜਾਪੀ।
ਬੋਲਿ ਨ ਸਕਹਿ ਨਿੰਦ ਕਰਿ ਪਾਪੀ।
ਤਬ ਸਮਝਜੋ ਮਨ ਮੂਰਖ ਮਾਨੀ[1]। [1]ਹੰਕਾਰੀ।
-ਦੀਰਘ ਕਲਾਵਾਨ ਗੁਨਖਾਨੀ ॥ ੩੫ ॥
ਲੋਕ ਬਹੋਰਿ[1] ਰਹੇ ਮੁਝ ਤਾਈਂ। [1]ਮੋੜ ਰਹੇ ਸਨ।
ਮਾਨੀ ਮੈਂ ਨ ਕਰੀ ਦੁਸ਼ਟਾਈ।
ਬਹੁ ਨਰ ਕੋ ਜਿਹਂ[1] ਕਹਜੋ ਨ ਭਾਵਤਿ[2]। [1]ਜਿਸ ਨੂੰ। [2]ਚੰਗਾ ਨਹੀਂ ਲਗਦਾ।
ਮਮ ਸਮਾਨ ਦੁਖਿ ਹ੍ਵੈ[1] ਪਛੁਤਾਵਤਿ- [1]ਦੁਖੀ ਹੋ ਕੇ।
॥ ੩੬ ॥
ਗੁਨਤਿ ਬਿਸੂਰਤਿ[1] ਗਮਨਤਿ ਜਬ ਹੀ। [1]ਸੋਚਦਾ ਤੇ ਝੂਰਦਾ।
ਨਿਰਖੀ[1] ਨਰਨ ਨੈਨ ਗਤਿ ਤਬ ਹੀ। [1]ਦੇਖੀ।
ਭਯੋ ਦੀਨ ਬੋਲਜੋ ਪਛੁਤਾਈ।
'ਅਬ ਤਿਨ ਕੀ ਮੈਂ ਮਹਿਮਾ ਪਾਈ
॥ ੩੭ ॥

ਜਸ ਤੁਮ ਕਹਤਿ ਹੁਤੇ ਤਸ ਦੇਖਾ।
ਭਯੋ ਅੰਧ ਮੈਂ ਕੀਨ ਪਰੇਖਾ[1]। [1]ਪਰਖਣਾ ਕੀਤਾ ਹੈ।
ਮਹਾਂ ਪੁਰਖ ਸੋਂ ਮਤਸਰ ਧਾਰੀ।
ਤਿਹ ਕੋ ਫਲ ਪ੍ਰਾਪਤਿ ਦੁਖ ਭਾਰੀ ॥੩੮॥
ਚਲਿ ਸਮੀਪ ਅਬ ਮੁਝ ਬਖ਼ਸ਼ਾਵਹੁ।
ਕਹੇ ਕੁਬੋਲ ਸੁ ਛਿਮਾ ਕਰਾਵਹੁ।
ਮੈਂ ਅਬ ਦਾਸ, ਪਰੋਂ ਤਿਨ ਪਾਈ।
ਹੋਵੌਂ ਸਿੱਖ, ਰਖੈਂ ਸ਼ਰਣਾਈ' ॥੩੯॥
ਸੁਨਿ ਕੈ ਨਰਨ ਸਰਬ ਸਮਝਾਯੋ।
'ਅਬ ਤੋ ਪਤਾ[1] ਆਪ ਨੈ ਪਾਯੋ। [1]ਪਤੀਆ, ਤਸੱਲੀ ਕਰ ਦੇਣ ਵਾਲਾ ਪਰਤਾਵਾ।
ਉਤਰਿ ਤੁਰੰਗਨ ਤੇ ਇਹ ਥਾਈਂ।
ਬੰਦਨ ਕਰਹੁ ਧਰਨਿ ਸਿਰ ਲਾਈ ॥੪੦॥
ਧਰਿ ਸ਼ਰਧਾ ਤੁਮ ਚਲਹੁ ਅਗਾਰੀ।
ਪਰਹੁ ਜਾਇ ਕੈ ਚਰਨ ਮਝਾਰੀ।
ਬਖਸ਼ਹਿੰਗੇ ਤੁਝ ਦੀਨ ਦਯਾਲਾ।
ਭਗਤਿ ਵਛਲ ਜਿਨਿ ਬਿਰਦ ਬਿਸਾਲਾ' ॥੪੧॥
ਤਿਨ ਕੀ ਭਨੀ ਮਾਨਿ ਹਰਿ ਮਾਨਾ[1]। [1]ਉਹਨਾਂ ਦੀ ਕਹੀ ਮੰਨਕੇ ਤੇ ਨਾਸ਼ ਕਰਕੇ ਹੰਕਾਰ ਨੂੰ।
ਉਤਰਜੋ, ਮਾਰਗ ਚਰਨ ਚਲਾਨਾ[1]। [1]ਪੈਦਲ ਟੁਰਿਆ।
ਨਮੋ ਕਰਹਿ ਪਗ ਪਗ, ਹ੍ਵੈ ਦੀਨਾ[1]। [1]ਪੈਰ ਪੈਰ ਤੇ ਦੀਨ ਹੋਕੇ।
ਅਨਿਕ ਭਾਂਤਿ ਜਸੁ ਬਰਨਨ ਕੀਨਾ ॥੪੨॥
ਕਿਤਿਕ ਦੂਰ ਤੇ ਊਚ ਪੁਕਾਰਾ।
'ਛਿਮਹੁ ਛਿਮਹੁ ਮੈਂ ਦਾਸ ਤੁਮਾਰਾ।
ਮਸ਼ਕ[1] ਗਰਬ ਖਗਪਤਿ[2] ਸੋਂ ਧਰਿਈ। [1]ਮੱਛਰ। [2]ਗਰੁੜ।
ਰੰਚ ਮੇਰੁ ਕੀ ਸਮਤਾ[1] ਕਰਿਈ ॥੪੩॥ [1]ਕਿਣਕਾ ਜਿਵੇਂ ਸੁਮੇਰੁ ਦੀ ਬਰਾਬਰੀ ਕਰੇ।
ਅਪਨੋ ਤੇਜ ਦਿਖਾਇ ਟਨਾਨੋ[1]। [1]ਟਟੈਣਾ।
ਰਵਿ[1] ਕੀ ਪ੍ਰਭੁਤਾ[2] ਕਰਹਿ ਪਛਾਨੋਂ। [1]ਸੂਰਜ। [2]ਵਡਿਆਈ।
ਤਿਉਂ ਮਤਿਮੰਦ ਲਾਲਸਾ ਮੇਰੀ।
ਮੁਖ ਤੇ ਨਿੰਦਾ ਕੀਨਿ ਘਨੇਰੀ ॥੪੪॥

ਅਪਰਾਧੀ ਮੈਂ ਪ੍ਰਭੁ ! ਤੁਮਾਰਾ।
ਬਖਸ਼ ਲੇਹੁ ਅਬ ਦੀਨ ਦਯਾਰਾ !'
ਰਿਦੇ ਬਿਸੂਰਤਿ ਅਸ ਮੁਖ ਬੋਲਹਿ।
ਡਗਮਗ[1] ਪਗ, ਮਗ ਚਲਤਯੋ ਡੋਲਹਿ ॥੪੫॥ [1]ਲੜਖੜਾਂਦਾ।
ਇਕ ਨਰ ਗਹਿ ਕਰਿ ਤਿਹ ਕੋ ਹਾਥਾ।
ਲੇ ਡਾਰਯੋ ਪਗ ਪਰ ਜਗਨਾਥਾ।
'ਸ਼ਰਨ ਸ਼ਰਨ ਮੈਂ' ਗਿਰਾ ਉਚਾਰੀ।
ਪਰਯੋ ਰਹਯੋ ਸਮ ਦੰਡ[1] ਅਗਾਰੀ ॥੪੬॥ [1]ਡੰਡੇਵਤ ਭਾਵ ਚੁਫਾਲ।
ਕਰਿ ਬਿਨਤੀ ਬਹੁਤੋ ਘਿਘਿਆਯੋ[1]। [1]ਤਰਲੇ ਕੱਢੇ।
ਬਹੁਰ ਨ ਊਪਰ ਸੀਸ ਉਠਾਯੋ।
ਕ੍ਰਿਪਾ ਨਿਧਾਨ ਤਾਸ ਗਤਿ[1] ਦੇਖੀ। [1]ਤਿਸਦੀ ਹਾਲਤ।
ਕਰੁਨਾ ਉਪਜੀ ਰਿਦੇ ਬਿਸ਼ੇਖੀ ॥੪੭॥
ਕਹਯੋ 'ਉਠਹੁ ਖੋਲਹੁ ਨਿਜ ਲੋਚਨ।
ਮਨ ਸੋਚਨ ਸਭਿ ਕਰਹੁ ਬਿਮੋਚਨ[1]।' [1]ਦੂਰ ਕਰੋ।
ਕ੍ਰਿਪਾ ਯੁਕਤਿ ਬਾਨੀ ਕੋ ਸੁਨਿ ਕੈ।
ਉਠਿ ਬੈਠਯੋ ਬਖ਼ਸ਼ਯੋ ਨਿਜ ਗੁਨਿ ਕੈ ॥੪੮॥
ਨੀਕੇ ਲਗਯੋ ਬਿਲੋਕਨ ਤੈਸੇ।
ਹੁਤੀ ਅਗਾਰੀ ਦ੍ਰਿਸ਼ਟਿ ਸੁ ਜੈਸੇ[1]। [1]ਜੇਹੀ ਨਜ਼ਰ ਪਹਿਲਾਂ ਸੀ।
ਹਾਥ ਬੰਦਿ ਦ੍ਵੈ ਹ੍ਵੈ ਕਰਿ ਠਾਂਢੋ।
ਬੋਲਯੋ ਰਿਦੇ ਪ੍ਰੇਮ ਬਹੁ ਬਾਢੋ ॥੪੯॥
'ਕ੍ਰਿਪਾ ਧਾਰਿ ਢਿਗ ਅਪਨੇ ਪਾਇਨ।
ਪ੍ਰਭੁ ਜੀ ਲੀਜੈ ਮੋਰ ਉਪਾਇਨ।
ਜਹਿਂ ਬੈਠੇ ਇਹੁ ਸੁੰਦਰ ਅਵਨੀ।
ਲੇ ਧ੍ਰਮਸਾਲਾ ਕੀਜੈ ਰਵਨੀ ॥੫੦॥
ਅਪਨੋ ਗ੍ਰਾਮ ਬਸਾਇ ਨਿਰਾਰਾ।
ਸਿਖ ਸੰਤਨ ਕੋ ਦੇਹੁ ਅਹਾਰਾ।
ਅਪਨ ਨਾਮ ਪਰ ਨਾਮ ਧਰੀਜੈ।
ਭੇਟ ਲੇਹੁ ਕਿਰਤਾਰਥ ਕੀਜੈ' ॥੫੧॥
ਗੁਰ ਕਹਿ 'ਜੇ ਤਵ ਅਸ ਮਨ ਮਾਂਹੀ।
ਕਰਹੁ ਸੇਵ ਬਰਜਤਿ ਕੋ ਨਾਂਹੀ।

ਸਤਿਸੰਗਤਿ ਕੋ ਹ੍ਵੈ ਬਿਸਰਾਮਾ।
ਮਿਲਿ ਕਰਿ ਸਿਮਰਹਿੰਗੇ ਹਰਿ ਨਾਮਾ' ॥੫੨॥
ਤਬ ਖੱਤ੍ਰੀ ਨਿਜ ਮਨੁਜ ਪਠਾਏ।
ਘਰ ਕੇ ਕਰਨਹਾਰ[1] ਬੁਲਵਾਏ। — [1]ਘਰ ਬਣਾਵਣ ਵਾਲੇ (ਰਾਜ, ਮਿਸਤਰੀ ਆਦਿ)।
ਤਿਹ ਠਾਂ ਤੂਰਨ ਕੀਨਿ ਤਯਾਰੀ।
ਆਨਿ ਬਸਾਏ ਬਹੁ ਨਰ ਨਾਰੀ ॥੫੩॥
ਸ੍ਰੀ 'ਕਰਤਾਰਪੁਰਾ' ਧਰਿ ਨਾਮੂ।
ਧਰਮਸਾਲ ਇਕਿ ਰਚਿ ਅਭਿਰਾਮੂ।
ਕਰਿ ਬਿਨਤੀ ਸਤਿਗੁਰੂ ਅਗਾਰੀ।
ਲੇ ਕਰਿ ਗਮਨਜੋ ਤਾਂਹਿ ਮਝਾਰੀ ॥੫੪॥
ਬਹੁ ਸੁੰਦਰ ਪਰਯੰਕ ਡਸਾਯੋ।
ਊਪਰ ਰੁਚਿਰ ਬਿਛੌਨਾ ਛਾਯੋ।
ਤਹਾਂ ਬਿਠਾਇ ਭਾਉ ਕਰਿ ਭਾਰੀ।
ਦੀਪ ਜਗਾਇ ਆਰਤੀ ਉਤਾਰੀ ॥੫੫॥
'ਜੈ ਜੈ ਗੁਰ ! ਭਗਤਨ ਸੁਖਕਾਰੀ।
ਅਸੁਰ ਸੰਘਾਰਨ, ਬੇਦ ਉਬਾਰੀ[1]। — [1]ਦੈਂਤ ਨਾਸ਼ਕ ਤੇ ਬੇਦਾਂ ਦੇ ਬਚਾਵਨਹਾਰ।
ਰਾਵਨ ਮਰਦਨ[1] ਕੰਸ ਕੁ ਛੇਦਨ[2]। — [1]ਭਾਵ ਰਾਮ। [2]ਭਾਵ ਕ੍ਰਿਸ਼ਨ।
ਤੂੰ ਨਰ ਸਿੰਘ, ਬਾਲੀ ਉਰ ਭੇਦਨ[1]† ॥੫੬॥ — [1]ਬਾਲੀ ਦੀ ਛਾਤੀ ਵਿੰਨ੍ਹਣ ਵਾਲੇ ਭਾਵ, ਰਾਮ।

†ਕਰੋੜੀਆ ਗੁਰੂ ਜੀ ਨੂੰ ਸਾਰੇ ਜੁਗਾਂ ਵਿਚ ਅਵਤਾਰ ਧਾਰਨ ਵਾਲਾ ਮਹਾਂ ਜਯੋਤੀ ਕਹਿ ਰਿਹਾ ਹੈ, ਜਿਸ ਤੋਂ ਮੁਰਾਦ ਇਹ ਹੈ ਕਿ ਓਹ ਉਹਨਾਂ ਨੂੰ ਗੋਬਿੰਦ ਦਾ ਰੂਪ ਤੱਕ ਰਿਹਾ ਹੈ। ਹਿੰਦੂ ਮਤ ਵਿਚ ਸਭ ਤੋਂ ਸ੍ਰੇਸ਼ਟ ਦਰਜਾ ਅਵਿਤਾਰ ਦਾ ਹੈ, ਸੋ ਓਹ ਸਭ ਅਵਤਾਰਾਂ ਤੋਂ ਵੱਡੇ ਆਪ ਜੀ ਨੂੰ ਕਹਿ ਰਿਹਾ ਹੈ।

ਮੈਂ ਖਲ[1] ਬਹੁਤ ਖਤਾ ਤੁਮ ਕੀਨੀ। — [1]ਮੂਰਖ।
ਤ੍ਰਾਹਿ ਤ੍ਰਾਹਿ[1] ਬਖਸ਼ਹੁ ਵਰ ਦੀਨੀ[2]। — [1]ਰੱਖਯਾ ਕਰੋ। [2]ਦੇਕੇ ਵਰ।
*ਅਘ ਤਮ ਹਰਨ ਭਾਨੁ[1], ਗੁਰ ਜਨ ਲਖਿ[2]।* — [1]ਪਾਪਾਂ ਰੂਪੀ ਅੰਧੇਰਾ ਦੂਰ ਕਰਨ ਵਾਲਾ ਸੂਰਜ। [2]ਗੁਰੂ ਜੀ ਨੂੰ ਭਗਤਾਂ ਨੇ ਜਾਣਿਆ ਹੈ।
*ਨਾਮ ਸਲਲ ਤਿਨ ਕਹਿ ਕਰਿ ਮਨ ਝਖ[1]' ॥੫੭॥* — [1]ਤਿਨਕਹਿ=ਉਨ੍ਹਾਂ ਨੇ। ਉਨ੍ਹਾਂ ਨੇ ਨਾਮਰੂਪ ਜਲ ਵਿਚ ਮਨ ਨੂੰ ਮੱਛ ਬਣਾਇਆ ਹੈ। (ਅ) ਤਿਨ ਕਹਿ ਉਨ੍ਹਾਂ ਨੇ ਆਖਕੇ।
ਜਗ ਗੁਰ ਬਚਨ ਸੁਨੇ ਜਬ ਐਸੇ।
ਗਏ ਕਪਾਟ ਖੁਲ ਦਰ ਜੈਸੇ[1]। — [1]ਜਿਵੇਂ ਦਰਵੱਜਾ (ਖੁਲ੍ਹਦਾ ਹੈ)।
ਭਗਤਿ ਦਾਨ ਕਹਿ ਦੇ ਗੁਰ ਦੀਨੀ[1]। — [1]ਭਗਤੀ ਦਾਨ ਦਾ (ਵਰ) ਆਖਕੇ ਗੁਰੂ ਜੀ ਨੇ ਦਿੱਤਾ।

ਲੈ ਵਰ ਉਮਗਿ[1] ਸੇਵ ਬਹੁ ਕੀਨੀ ॥੫੮॥

[1]ਖੁਸ਼ ਹੋ ਕੇ।

ਇਸ ਪ੍ਰਕਾਰ ਕੀ ਸੇਵਾ ਕਰਿ ਕੈ।
ਰਹਜੋ ਕਿਤਿਕ ਦਿਨ ਪ੍ਰੇਮ ਸੁ ਧਰਿ ਕੈ।
ਲੇ ਰਜਾਇ ਪੁਨ ਗਯੋ ਲਹੌਰਾ।
ਪਸਰਜੋ ਜਸੁ ਬਿਸਾਲ ਚਹੁੰ ਓਰਾ ॥੫੯॥
ਜਹਿਂ ਜਹਿਂ ਸੁਨਹਿਂ ਸਿੱਖ ਸਭਿ ਆਵਹਿਂ।
ਰਹਹਿਂ ਨਿਕਟ ਸੇਵਹਿਂ ਸੁਖ ਪਾਵਹਿਂ।
ਬਹੁਰ ਸੁਲਖਣੀ ਸਭਿ ਸੁਖ ਸਾਨੀ[1]।
ਆਇਸੁ ਪਤਿ ਕੀ ਪਾਇ ਸਯਾਨੀ ॥੬੦॥

[1]ਸੁੱਖਾਂ ਨਾਲ ਮਿਲੀ।

ਦੋਨੋ ਸੁਤ ਲੇ ਕਰਿ ਜਿਨ ਸਾਥਾ।
ਆਈ ਚਲਿ ਸਮੀਪ ਜਗਨਾਥਾ।
ਸੁੰਦਰ ਸਦਨ ਤਹਾਂ ਬਨਿਵਾਏ।

{ਕਰਤਾਰਪੁਰ ਬਸਨਾ}

ਰਹਿਨ ਲਗੇ ਸੁਖ ਭੇ ਮਨ ਭਾਏ ॥੬੧॥
ਬਨੀ ਬਹੁਤ ਨੀਕੀ ਧ੍ਰਮਸਾਲਾ।
ਬੈਠਹਿਂ ਤਿਹ ਕੇ ਬੀਚ ਕ੍ਰਿਪਾਲਾ।
ਨਿਸ ਬਾਸੁਰ ਹ੍ਵੈ ਕਿਰਤਨ ਭਾਰੀ।
ਪਢਹਿਂ ਸ਼ਬਦ ਪੁਨ ਕਰਹਿਂ ਬਿਚਾਰੀ ॥੬੨॥
ਬੋਵਹਿਂ ਬਹੁਤ ਅੰਨ ਕ੍ਰਿਸ਼ਿ ਕਾਰੀ[1]।
ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ।
ਦੇਗ ਚਲਾਵਹਿਂ ਤਿਹ ਠਾਂ ਭਾਰੀ ॥੬੩॥

[1]ਖੇਤੀ ਕਰਨ ਵਾਲੇ, ਜ਼ਿਮੀਦਾਰ।

ਭੂਖਾ ਰਹਿਨ ਨ ਪਾਵੈ ਕੋਈ।
ਸਰਬ ਕਾਲ ਮਹਿਂ ਭੋਜਨ ਹੋਈ।
ਇਕਠੇ ਭਏ ਲੋਗ ਬਹੁ ਆਈ।
ਦਰਸ਼ਨ ਕਰਹਿਂ ਜਨਮ ਫਲ ਪਾਈ ॥੬੪॥
ਹੁਤੋ ਕਰਮ ਕਾਂਡੀ ਇਕ ਦਿਜਬਰ।
ਸਤਿਗੁਰ ਢਿਗ ਆਯੋ ਤਬ ਚਲਿ ਕਰਿ।

ਆਨਿ ਅਸ਼ੀਰਬਾਦ ਕੋ ਕੀਨੋ।
ਭੂਖ ਬਿਖੈ ਸੋ ਹੁਤੋ ਅਧੀਨੋ ॥੬੫॥
ਤਿਹ ਛਿਨ ਦੇਖਿ ਰਸੋਈ ਤਜਾਰੀ।
ਦਿਜ ਸੋਂ ਸ਼੍ਰੀ ਗੁਰ ਗਿਰਾ ਉਚਾਰੀ।
'ਛੁਧਾ ਅਹੈ ਜੇ ਉਦਰ ਮਝਾਰਾ।
ਅਚੋ[1] ਅਹਾਰ ਬਨਜੋ ਅਬ ਤਜਾਰਾ' ॥੬੬॥ — [1]ਖਾਵੋ।
ਦਿਜ ਬੋਲਜੋ 'ਹੌਂ[1] ਖਾਤ ਨ ਐਸੇ। — [1]ਮੈਂ।
ਬਿਨ ਸੰਜਮ[1] ਭਾ ਭੋਜਨ ਜੈਸੇ। — [1]ਬੇਮਿਰਯਾਦਾ।
ਕਰਮ ਕਾਂਡ ਕੇ ਮੈਂ ਅਨੁਸਾਰਾ[1]। — [1]ਅਧੀਨ।

{ਕਰਮਕਾਂਡੀ ਬ੍ਰਾਹਮਣ ਦੀ ਸੁੱਚ}

ਅਤਿ ਸੁਚ ਸੋਂ ਨਿਤ ਕਰੋਂ ਅਹਾਰਾ ॥੬੭॥
ਧਰਨੀ ਕਉ ਖੁਨਿ ਕੈ ਇਕ ਹਾਥਾ।
ਚੌਂਕਾ ਦੇਵਉਂ ਗੋਬਰ ਸਾਥਾ।
ਆਨੋਂ ਅਪਨੇ ਕਰ ਸੋਂ ਬਾਰੀ[1]। — [1]ਜਲ।
ਸਭਿ ਸਮਧਾ[1] ਸੋ ਲੇਉਂ ਪਖਾਰੀ[2] ॥੬੮॥ — [1]ਬਾਲਣ। [2]ਧੋਇ।
ਸਰਬ ਅੰਨ ਚੁਨਿ ਕਰੋਂ ਸਵਾਰੀ[1]। — [1]ਸੁਆਰ ਕੇ, ਸਫਾ ਕਰਕੇ।
ਨਿਜ ਕਰ ਸੰਗਿ ਅਹਾਰ ਤਯਾਰੀ[1]। — [1]ਤਿਆਰ (ਕਰਦਾ ਹਾਂ)।
ਉਚਿਤ ਅਚਨ ਕੇ ਹੋਵਹਿ ਤਬ ਹੀ।
ਕਰੀ ਜਿ ਬਿਧਿ ਬਨ ਆਵਹਿ ਸਭਿ ਹੀ ॥੬੯॥
ਤੁਮਰੀ ਕਰੀ ਨ ਹਮਰੇ ਕਾਜੂ।'
ਸੁਨਿ ਕਰਿ ਭਨਜੋ ਗਰੀਬ ਨਿਵਾਜੂ।
'ਸ਼ੁਸ਼ਕ[1] ਅੰਨ ਅਬ ਹੇ ਦਿਜ! ਲੀਜੈ। — [1]ਸੁੱਕਾ।
ਨਿਜ ਕਰ ਸੋਂ ਕਰਿ ਅਚਵਨ ਕੀਜੈ' ॥੭੦॥
ਲੀਨੋ ਸੀਧਾ ਤਬ ਦਿਜਬਰ ਸੋ[1]। — [1]ਓਸ ਬ੍ਰਹਮਣ ਨੇ ਰਸਦ ਲੀਤੀ।
ਖੋਦਨ ਲਗਾ ਧਰਨਿ ਨਿਜ ਕਰ ਸੋਂ।
ਨਿਕਸੇ ਅਸਤਿ[1] ਛੋਰਿ ਤਿਸ ਥਾਈਂ[2]। — [1]ਹੱਡੀਆਂ। [2]ਤਿਸ ਥਾਂ ਨੂੰ ਛੱਡਕੇ।
ਖੋਦਨ ਲਗਜੋ ਅਪਰ ਥਲ ਜਾਈ ॥੭੧॥
ਨਿਕਸੇ ਅਸਤਿ, ਸੁ ਜਾਨ ਅਪਾਵਨ[1]। — [1]ਉਹ (ਥਾਂ ਵੀ) ਜਾਣਕੇ ਅਪਵਿੱਤ੍ਰ।

ਤਿਹ ਤਜਿ ਗਯੋ ਔਰ ਹੀ ਥਾਵਨ[1]।
ਜਹਾਂ ਖੁਨਹਿ ਤਹਿਂ ਅਸਤੀ ਨਿਕਸੈਂ।
ਹੇਰਿ ਹੇਰਿ ਨਰ ਤਿਹ ਕੋ ਬਿਕਸੈਂ ॥੭੨॥
ਸਰਬ ਦਿਵਸ ਸੋ ਖੋਦਤਿ ਰਹਜੋ।
ਏਕ ਛੁਧਾ ਦੂਜੋ ਸ਼੍ਰਮ ਲਹਜੋ।
ਭਯੋ ਬਿਕੁਲ ਆਯੋ ਪ੍ਰਭੁ ਪਾਸਾ।
ਬੰਦਿ ਹਾਥ ਕੀਨੀ ਅਰਦਾਸਾ ॥੭੩॥
'ਜਹਾਂ ਅਹਾਰ ਤੁਮਾਰੋ ਹੋਇ।
ਦੀਜੈ ਮੋਹਿ ਖਾਇ ਹੌਂ ਸੋਇ।
ਰਾਵਰ ਮਹਾਂ ਪੁਰਖ ਗੁਨਖਾਨੀ।
ਮੈਂ ਤੁਮਰੀ ਆਇਸੁ ਨਹਿਂ ਮਾਨੀ ॥੭੪॥
ਯਾਂ ਤੇ ਖੇਦ ਭਯੋ ਤਨ ਭਾਰੀ।
ਅਬ ਮੈਂ ਹੌਂ ਤੁਮਰੇ ਅਨੁਸਾਰੀ।'
ਸੁਨਿ ਕੈ ਬੋਲੇ ਬਚਨ ਕ੍ਰਿਪਾਲਾ।
'ਦਿਜ ਜੁ! ਬੀਤ ਗਯੋ ਸੋ ਕਾਲਾ ॥੭੫॥
ਅਬ ਮੁਖ ਵਾਹਿਗੁਰੂ ਕਹਿ ਲੀਜੈ।
ਅਵਨੀ ਕੋ ਪਾਵਨ ਇਉਂ ਕੀਜੈ।
ਸਾਜਿ ਰਸੋਈ ਭੋਜਨ ਕਰੀਏ।
ਸਭਿ ਹੀ ਰਿਦੇ ਭਰਮ ਪਰਹਰੀਏ' ॥੭੬॥
ਤਬ ਹੀ ਦਿਜ ਨੈ ਆਇਸੁ ਮਾਨੀ।
ਕੀਨ ਰਸੋਈ ਭ੍ਰਮ ਕਰਿ ਹਾਨੀ।
ਕਰਿ ਭੋਜਨ ਕੋ ਜਬ ਢਿਗ ਆਯੋ।
ਸ਼੍ਰੀ ਗੁਰ ਤਬ ਇਕ ਸ਼ਬਦ ਅਲਾਯੋ ॥੭੭॥

[1]ਹੋਰ ਹੀ ਥਾਂ ਤੇ।

ਸ੍ਰੀ ਮੁਖਵਾਕ ॥
ਬਸੰਤੁ ਮਹਲਾ ੧ ॥
ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥
ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥

ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥
ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

ਦੋਹਰਾ:

ਸੁਨਿ ਕਰਿ ਦਿਜਬਰ ਬੰਦਿ ਕਰ, ਧਰਜੋ
ਚਰਨ ਪੁਰ ਸੀਸ।
ਭਯੋ ਸਿੱਖ ਸਤਿਗੁਰੂ ਕੋ, ਨਾਮ ਜਪਤਿ
ਜਗਦੀਸ਼ ॥੨੮॥

ਚੌਪਈ:

ਭਾਉ ਭਗਤਿ ਕੀ ਉਰ ਲਿਵ ਲਾਗੀ।
ਸੱਤਿਨਾਮ ਸਿਮਰਨ ਰਤਿ[1] ਜਾਗੀ। [1]ਪ੍ਰੀਤੀ।
ਗੁਰ ਕਰੁਨਾ ਕੋ ਪਾਇ ਬਿਸਾਲਾ।
ਭਰਮ ਸਰਬ ਨਾਸ਼ਜੋ ਤਤਕਾਲਾ ॥੨੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਰਤਾਰ ਪੁਰ ਬਸਾਵਨ, ਦਿਜ ਪ੍ਰਸੰਗ' ਬਰਨਨੰ ਨਾਮ ਤੀਸਮੋਂ ਅਧਜਾਯ ॥੩੦॥

## ੩੧. [ਬੇਨਤੀ, ਸਿੱਖੀ ਰਹੁਰੀਤ ਦਾ ਅਰੰਭ। ਸ਼ਹੁ ਸੁਹਾਗਨ, ਮੂਲਾ, ਉੱਚ ਦਾ ਪੀਰ]

੩੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੨

{ਸਿੱਖੀ ਰਹੁਰੀਤ ਦਾ ਆਰੰਭ} ॥੨..॥
{ਸਿਆਲਕੋਟ} ॥੭॥
{ਮਰਨਾ ਸੱਚ ਜੀਵਨ ਝੂਠ} ॥੧੧..॥
{ਮੂਲਾ} ॥੧੯॥
{ਸ਼ਹੁ ਸੁਹਾਗਣ} ॥੨੫..॥
{ਉੱਚ ਦਾ ਪੀਰ ਜਲਾਲ} ॥੫੨..॥
{ਗੁਰਮੁਖ ਦੇ ਮਾਇਨੇ} ॥੫੯..॥
{ਮੂਲਾ ਵਾਪਿਸ} ॥੭੮..॥

ਦੋਹਰਾ:

ਕਰਮਹੀਣ ਕੁੜਿਆਰ ਮੈਂ; ਲੋਭੀ, ਕਾਮੀ, ਬਾਮ।
ਲਾਜ ਰਖਹੁ ਨਿਜ ਬਿਰਦ ਕੀ, ਜਗਤ ਕਹੈ 'ਸਿਖ' ਨਾਮ ॥੧॥

ਕਰਮਹੀਣ=ਪਿਛਲੇ ਯਾ ਹੁਣ ਦੇ ਕਰਮ ਮੇਰੇ ਸ਼ੁਭ ਨਹੀਂ, ਮੇਰੇ ਪਾਸ ਸ਼ੁਭ ਕਰਮਾਂ ਦੀ ਰਾਸ ਨਹੀਂ। ਕੁੜਿਆਰ=ਝੂਠਾ, ਪਰ ਇਸ ਦੀ ਮੁਰਾਦ ਨਿਰੇ-ਝੂਠ ਬੋਲਣ ਵਾਲੇ-ਦੀ ਨਹੀਂ, ਪਰ ਓਹ ਕਿ ਜੋ ਮਨ ਬਚ ਕਰਮ ਤੋਂ ਝੂਠ ਵਿਚ ਪ੍ਰਵਿਰਤ ਹੋਵੇ।

ਅਰਥ:

ਮੈਂ ਕਰਮਾਂ ਦਾ ਹੀਣਾ ਤੇ ਕੁੜਿਆਰ ਹਾਂ, ਲੋਭੀ ਕਾਮੀ (ਤੇ ਹਰ ਤਰ੍ਹਾਂ) ਮੰਦਾ ਹਾਂ, (ਹੇ ਗੁਰੋ!) ਆਪਣੇ ਬਿਰਦ ਦੀ ਲੱਜਾ ਰੱਖੋ (ਕਿਉਂਕਿ) ਜਗਤ ਮੇਰਾ ਨਾਮ 'ਸਿਖ' ਕਰਕੇ ਲੈਂਦਾ ਹੈ।

ਭਾਵ:

ਮੁਰਾਦ ਹੈ ਇਹ ਕਿ ਮੇਰੇ ਪਾਸ ਗੁਣਾਂ ਦੀ ਤੇ ਸ਼ੁਭ ਕਰਮਾਂ ਦੀ ਰਾਸ ਨਹੀਂ, ਵਰਤਾਉ ਤੇ ਜੀਵਨ ਝੂਠ ਦਾ ਹੈ, ਲੋਭ ਕਾਮ ਤੇ ਮੰਦਿਆਈ ਦਾ ਸੁਭਾਵ ਹੈ, ਮੇਰੀ ਕੱਲਜਾਨ ਮੇਰੇ ਕਰਮਾਂ ਕਰਕੇ ਤੇ ਗੁਣਾਂ ਕਰਕੇ ਨਹੀਂ ਹੋ ਸਕਦੀ, ਮੈਨੂੰ ਲੋਕੀਂ ਸਿਖ ਆਖਦੇ ਹਨ ਗੁਰੂ ਦਾ, ਇਸ ਗੱਲ ਦੀ ਲੱਜਾ ਗੁਰੂ ਪਾਲੇ ਤਾਂ ਮੇਰੀ ਕੱਲਜਾਨ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨਿ ਸ੍ਰੀ ਅੰਗਦ! ਸੁਜਸ ਸੁਹਾਵਨ।
ਆਗੈ ਕਥਾ ਭਈ ਜਿਮ ਪਾਵਨ।
ਕਰੀ ਕੀਰਤਨ ਕੀ ਸ਼ੁਭ ਰੀਤਾ।

{ਸਿੱਖੀ ਰਹੁਰੀਤ ਦਾ ਆਰੰਭ}

ਸਵਾ ਜਾਮ ਨਿਸ ਤੇ ਹੈ ਨੀਤਾ[1] ॥੨॥
ਸੇਵਕ ਸਿੱਖ ਅਨਿਕ ਚਲਿ ਆਵਹਿਂ।
ਦਰਸ਼ਨ ਕਰਿ ਅਭਿਮਤ ਫਲ[1] ਪਾਵਹਿਂ।
ਕਿਤਿਕ ਰਹਹਿਂ ਸੇਵਾ ਉਰ ਧਾਰਹਿਂ।
ਕਿਤਿਕ ਬਚਨ ਸੁਨਿ ਸਦਨ ਸਿਧਾਰਹਿਂ ॥੩॥

[1]ਸਵਾ ਪਹਿਰ ਰਾਤ ਰਹਿੰਦੀ ਤੇ ਹਮੇਸ਼।

[1]ਵਾਂਛਤ ਫਲ।

ਦੇਗ ਚਲਹਿ ਸਭਿ ਕਾਲ ਬਿਸ਼ਾਲਾ।
ਐਸੀ ਬਾਂਧੀ ਰੀਤਿ ਕ੍ਰਿਪਾਲਾ।
ਪੁਨ ਪਸ਼ਚਮ ਦਿਸ਼ ਜਾਵਨ ਹੇਤੂ।
ਭੇ ਤਿਆਰ ਬੇਦੀ ਕੁਲਕੇਤੂ ॥੪॥
ਧਰਮਸਾਲ ਜੋ ਅਧਿਕ ਸੁਹਾਵਨ।
ਤਿਸ ਮਹਿਂ ਕਿਯ ਸਤਿਸੰਗ ਟਿਕਾਵਨ।
ਇਕ ਮੋ ਕੋ ਦੂਸਰ ਮਰਦਾਨਾ।
ਸੰਗ ਲਏ ਕੀਨੋ ਪ੍ਰਸਥਾਨਾ ॥੫॥
ਪ੍ਰੇਮ ਕਿਯੋ ਮਿਲਿ ਸੰਗਤਿ ਸਭਿ ਹੀ।
ਸਤਿਗੁਰ ਦਈ ਧੀਰ ਕਹਿ ਤਬਿ ਹੀ।
'ਕਿਤਿਕ ਦਿਵਸ ਮਹਿਂ ਮਿਲਹਿਂ ਬਹੋਰੀ।
ਕਰਹੁ ਕੀਰਤਨ ਸਭਿ ਇਸ ਠੌਰੀ' ॥੬॥
ਮੰਦ ਮੰਦ ਗਮਨੇ ਜਗਸਾਈਂ।
ਮੈਂ ਮਰਦਾਨਾ ਪਾਛੇ ਜਾਈਂ।
ਪੁਰਿ ਸਲਕੋਟ† ਨਾਮ ਜਿਸ ਕੇਰਾ।
{ਸਿਆਲਕੋਟ}

†ਕਰਤਾਰ ਪੁਰ ਤੋਂ ਸਿਆਲਕੋਟ ਨੇੜੇ ਹੀ ਹੈ, ਮੂਲੇ ਦਾ ਪ੍ਰਸੰਗ ਹੋਰਨਾਂ ਲੇਖਕਾਂ ਨੇ ਸਿਆਲਕੋਟ ਹੋਇਆ ਹੀ ਲਿਖਿਆ ਹੈ, ਸੋ ਸਲਕੋਟ ਤੋਂ ਮੁਰਾਦ ਸਿਆਲਕੋਟ ਦੀ ਹੀ ਹੈ।

ਜਾਇ ਵਹਿਰ ਤਹਿਂ ਕੀਨੋ ਡੇਰਾ ॥੭॥
ਕਿਤਿਕ ਕਾਲ ਜਬ ਬੈਸਿ ਬਿਤਾਯੋ।
ਮਰਦਾਨੇ ਸੋਂ ਬਚਨ ਅਲਾਯੋ।
'ਹੇਮ ਟਕਾ[1] ਪੁਰਿ ਮਹਿਂ ਲੇ ਜਾਵਹੁ।
ਸਾਚ ਝੂਠ ਮੁਲ ਤਹਿਂ ਤੇ ਲਜਾਵਹੁ' ॥੮॥
ਆਇਸੁ ਮਾਨਿ ਲੀਨਿ ਮਰਦਾਨੇ।
ਗਮਨਜੋ ਪੁਰਿ ਬਜਾਰ ਜਿਹ ਥਾਨੇ।
ਬੂਝਨ ਲਗਾ ਹਾਟ ਪਰ ਸੋਈ।
'ਤੁਮ ਢਿਗ ਸਾਚ ਝੂਠ ਜੇ ਹੋਈ ॥੯॥
ਏਕ ਟਕਾ ਕੰਚਨ ਕੋ ਲੀਜੈ।
ਤਿਸ ਕੋ ਸਾਚ ਝੂਠ ਮੁਝ ਦੀਜੈ।'
ਸਭਿ ਬਜਾਰ ਬੂਝਜੋ ਫਿਰਿ ਸੋਊ।
ਸੁਨਿ ਬਿਸਮਹਿਂ[1] ਨਹਿਂ ਮਾਨਹਿਂ ਕੋਊ ॥੧੦॥
ਇਕ ਬਨੀਯਾ ਪੁਨ ਬੂਝਜੋ ਜਬ ਹੀ।

[1]ਸੋਨੇ ਦਾ ਟਕਾ।

[1]ਅਚਰਜ ਹੋਣ।

ਤਿਸਨੇ ਟਕਾ ਲੀਨ ਕਰ ਤਬ ਹੀ।
ਕਾਗਦ ਪਰ ਲਿਖਿ ਦੀਨੋ ਤਾਂਹੀ।
{ਮਰਨਾ ਸੱਚ ਜੀਵਨ ਝੂਠ}
'ਜੀਵਨ ਝੂਠ, ਮਰਨ ਸਚੁ ਆਹੀ' ॥੧੧॥
ਲੇ ਮਰਦਾਨਾ ਮੁਰਯੋ ਬਹੋਰੀ।
ਆਯੋ ਹੁਤੇ ਪ੍ਰਭੁ ਜਿਹ ਠੌਰੀ।
ਕਹਿਨ ਲਗਯੋ 'ਮੈਂ ਫਿਰਯੋ ਘਨੇਰਾ।
ਕਿਸ ਕੇ ਪਾਸ ਨ ਸੌਦਾ ਹੇਰਾ ॥੧੨॥
ਸੁਨਿ ਇਕ ਬਨੀਏ ਮੁਝ ਕੋ ਦੀਨੋ।
ਇਹ ਕਾਗਜ਼ ਪਢਿ ਕੈ ਲਿਹੁ ਚੀਨੋ।'
ਪਿਖਿ ਬੋਲੇ ਬੇਦੀ ਕੁਲ ਟੀਕਾ।
'ਨਿਸ਼ਚੈ ਆਨਯੋ ਸੌਦਾ ਨੀਕਾ[1] ॥੧੩॥ [1]ਚੰਗਾ।
ਜੋ ਪਰੰਤੁ ਹੈ ਬੇਚਨਹਾਰੋ।
ਤਿਹ ਕੋ ਹਮਰੇ ਨਿਕਟਿ ਹਕਾਰੋ।'
ਗਮਨਯੋ ਤਹਾਂ ਬਹੁਰ ਮਰਦਾਨਾ।
ਜਾਇ ਬਨਕ[1] ਸੋਂ ਬਚਨ ਬਖਾਨਾ ॥੧੪॥ [1]ਬਾਣੀਏਂ।
'ਸੌਦਾ ਤੁਮ ਨੈ ਦੀਨੋ ਜਾਂਹੁ[1]। [1]ਜਿਸ ਨੂੰ।
ਪਰਖਯੋ ਖਰਾ ਸਰਾਹਯੋ ਤਾਂਹੁ[1]। [1]ਤਿਸਨੇ।
ਵਹਿਰ ਨਗਰ ਬੈਠਯੋ ਇਕ ਥਾਵਾ।
ਤੁਝ ਕੋ ਅਪਨੇ ਨਿਕਟਿ ਬੁਲਾਵਾ ॥੧੫॥
ਏਕ ਬਾਰ ਚਲਿ ਕੈ ਮਿਲਿ ਲੀਜੈ।
ਪੁਨ ਨਿਜ ਹਾਟ ਆਵਨੋਂ ਕੀਜੈ।'
ਸੁਨਿ ਕੈ ਸ਼੍ਰੋਨ ਚਲਯੋ ਤਿਹ ਥਾਈਂ।
ਜਹਾਂ ਬਿਰਾਜਹਿਂ ਸ਼੍ਰੀ ਜਗਸਾਈਂ ॥੧੬॥
ਦੇਖਿ ਫਕੀਰ ਬੇਖ ਦੁਖ ਕੰਦਨ[1]। [1]ਭਾਵ ਗੁਰੂ ਜੀ ਦਾ ਦਰਸ਼ਨ ਕਰਕੇ।
ਕਰੀ ਚਰਨ ਕਮਲਨ ਪਰ ਬੰਦਨ।
ਭਾਉ ਧਰੇ ਗਾ ਬੈਠਿ[1] ਸਮੀਪਾ। [1]ਬੈਠ ਗਿਆ।
ਪਿਖਿ ਬੋਲੇ ਬੇਦੀ ਕੁਲਦੀਪਾ ॥੧੭॥
'ਕਹਹੁ ਸ਼ਾਹੁ ! ਕੋ ਨਾਮ ਤੁਮਾਰਾ?
ਕਿਹ ਉਪਦੇਸ਼ ਰਿਦੇ ਮਹਿਂ ਧਾਰਾ?
ਜੀਵਣ ਝੂਠ ਮਰਣ ਸਚੁ ਜਾਤਾ।
ਕਿਧੌਂ ਬਨਾਇ[1] ਲਿਖੀ ਇਹ ਬਾਤਾ' [1]ਐਵੇਂ) ਬਣਾ ਕੇ।

॥੧੮॥
ਬੋਲਯੋ ਬਨੀਯੋ[1] ਦ੍ਵੈ ਕਰ ਬੰਦੇ। [1]ਬਣੀਆਂ।
'ਕਹੋਂ ਸਾਚ ਸੁਨਿ ਸੰਤ ਮੁਕੰਦੇ !
ਮੇਰੋ ਨਾਮ ਭਨੈ ਜਗ ਮੂਲਾ।
{ਮੂਲਾ ਖੱਤ੍ਰੀ}
ਗਜਾਨ ਜੁ ਅਸ ਰਾਵਰਿ ਅਨਕੂਲਾ[1] ॥੧੯॥ [1]ਆਪ ਦੇ ਅਨੁਸਾਰ ਹੈ।
ਜਿਸ ਕੋ ਚਾਹਹੁ ਤਿਸੈ ਜਨਾਵਹੁ।
ਸਾਚ ਝੂਠ ਸਭਿ ਰਿਦੈ ਦ੍ਰਿੜਾਵਹੁ।
ਦਰਬ ਲੋਭ ਹਿਰਦੇ ਮੁਝ ਭਾਰੀ।
ਕਾਗਦ ਪੁਰ ਲਿਖ ਦੀਨ ਸਵਾਰੀ ॥੨੦॥
ਰਿਦੈ ਸਦਾ ਚਾਹਤਿ ਹੌਂ ਐਸੇ।
ਕਾਗਦ ਪਰ ਲਿਖਿ ਭੇਜੀ ਜੈਸੇ।
ਦ੍ਰਿੜ ਅੱਭਯਾਸ ਨ ਮਨ ਮੈਂ ਹੋਊ।
ਜਬ ਲੌ ਮਿਲੇ ਸੰਤ ਨਹਿਂ ਕੋਊ' ॥੨੧॥
ਸੁਨਿ ਕੈ ਸ਼੍ਰੀ ਗੁਰ ਤਿਹ ਸੋਂ ਭਾਖਾ।
'ਉਰ ਮਹਿਂ ਲਖਹੁ ਜਿ ਅਸ ਅਭਿਲਾਖਾ।
ਤੌ ਤੁਮ ਰਹਹੁ ਹਮਾਰੇ ਸਾਥਾ।
ਇੱਛਾ ਪੂਰਹਿਂ ਸ਼੍ਰੀ ਜਗਨਾਥਾ[1]' ॥੨੨॥ [1]ਸ਼੍ਰੀ ਪਰਮੇਸ਼ੁਰ।
ਬਚਨ ਮਾਨਿ ਕੈ ਤਬ ਹੀ ਮੂਲਾ।
ਚਲਯੋ ਸੰਗਿ ਲਖਿ ਗੁਰ ਅਨਕੂਲਾ।
ਗਮਨੇ ਆਨ ਥਾਨ ਜਗ ਸਾਈਂ।
ਸਿੱਛਯਾ ਦੇਨਿ[1] ਜਿ ਨਰ ਦੁਖ ਪਾਈ[2] ॥੨੩॥ [1]ਦੇਣ ਲਈ। [2]ਜੋ ਨਰ ਦੁਖ ਪਾ ਰਹੇ ਸਨ।
ਏਕ ਨਗਰ[†] ਮਹਿਂ ਬੈਸੇ ਜਾਈ।

[†]ਐਉਂ ਜਾਪਦਾ ਹੈ ਕਿ ਸਿਆਲਕੋਟ ਤੋਂ ਹੇਠ ਨੂੰ ਵਿਚਰਦੇ ਲਾਹੌਰ ਲਾਗਦੀ ਦੱਖਣੀ ਪੰਜਾਬ ਨੂੰ ਟੁਰੇ ਹੈਨ। ਤਵਾ: ਖਾ: ਵਿਚ ਲਿਖਿਆ ਹੈ ਕਿ ਗੁਰੂ ਜੀ ਕਰਤਾਰ ਪੁਰੋਂ ਨੁਸ਼ਹਿਰੇ, ਨੁਸ਼ਹਿਰੇ ਤੋਂ ਜਾਜਣ, ਏਥੋਂ ਹਜਰਾ ਸ਼ੁਹ ਮੁਕੀਮ, ਪਾਕਪਟਣ, ਮੁਲਤਾਨ ਤੇ ਏਥੋਂ ਉੱਚ ਅੱਪੜੇ, ਸੋ ਸ਼ਹੁ ਸੁਹਾਗਣ ਦਾ ਥਾਂ ਇਹਨਾਂ ਟਿਕਾਣਿਆਂ ਵਿਚੋਂ ਕਿਤੇ ਸੀ, ਸ਼ਹੁ ਸੁਹਾਗਣ ਦਾ ਪ੍ਰਸੰਗ ਤਵਾਰੀਖ ਖਾਲਸਾ ਨੇ ਨਹੀਂ ਦਿੱਤਾ।

ਜਹਾਂ ਘਨੇਰੇ ਤੁਰਕ ਰਹਾਈਂ।
ਚੰਦਰਾਤ ਥੀ ਤਿਸ ਦਿਨ ਮਾਂਹੀ।
ਬਹੁ ਨਰ ਕੋ ਭਾ ਮੇਲ ਤਹਾਂ ਹੀ ॥੨੪॥
ਭੀਰ ਬਿਸ਼ਾਲ ਭਈ ਇਕ ਥਾਈਂ।

ਲੇਯ ਸ਼ੀਰਨੀ[1] ਮਨੁਜ ਚਢਾਈ। [1]ਮਿਠਾਈ।
ਇਕ ਫਕੀਰ ਦੰਭੀ ਤਹਿਂ ਰਹਿਹੀ।
{ਸ਼ਹੁ ਸੁਹਾਗਣ}
ਸਭਿ ਲੋਕਨ ਸੋਂ ਇਸ ਬਿਧਿ ਕਹਿਹੀ ॥੨੫॥

ਦੋਹਰਾ: [1]ਪ੍ਰਭੂ।
'ਦੂਜ ਚਾਂਦ ਕੀ ਰਾਤਿ ਕੋ ਸ਼ਹੁ[1] ਆਵੈ ਮੁਝ ਪਾਸ।'
ਤਿਹ ਦਰ ਦੁੰਦਭਿ ਨੌਬਤਾਂ ਬਾਜਤਿ ਹੋਤਿ ਹੁਲਾਸ[1] ॥੨੬॥ [1]ਅਨੰਦ।

ਚੌਪਈ:
ਰੁਚਿਰ ਪੁਸ਼ਪ ਕੀ ਸੇਜ ਬਿਛਾਵੈ।
ਨਿਜ ਅਵਾਸ ਬਹੁ ਦੀਪ ਜਗਾਵੈ।
ਸ਼ਹੁ ਸੋਹਾਗਣਿ ਨਾਮ ਧਰਾਯੋ।
ਸਭਿ ਲੋਕਨ ਮਹਿਂ ਮਾਨ[1] ਬਧਾਯੋ ॥੨੭॥ [1]ਪ੍ਰਤਿਸ਼ਠਾ।
ਮਨੁਜ ਸ਼ੀਰਨੀ ਤਿਸ ਦਿਨ ਲਯਾਵੈਂ।
ਹੋਇ ਦੀਨ ਮਨ ਸੀਸ ਨਿਵਾਵੈਂ।
ਅੰਤਰ ਜਾਨਿ ਦੇਯ ਨਹਿਂ ਕਿਸ ਕੋ।
ਦਰ ਪਰ ਬੰਦਨ ਕਰਿਹੀਂ ਤਿਸ ਕੋ ॥੨੮॥
ਬਡੇ ਨਿਸ਼ਾਨ ਗਡੇ ਦਰ ਨੇਰੇ[1]। [1]ਦਰਵੱਜੇ ਪਾਸ।
ਜਹਿਂ ਕਹਿਂ ਹੋਤਿ ਉਛਾਹ[1] ਬਧੇਰੇ। [1]ਉਤਸਾਹ।
ਅੰਗਨਾ ਕੇ ਸ਼ਿੰਗਾਰ ਕਰਿ ਸਾਰੇ।
ਬੈਠਹਿ ਦੁਰਿ ਕੈ[1] ਤੂਸ਼ਨਿ ਧਾਰੇ ॥੨੯॥ [1]ਲੁਕਕੇ।

ਦੋਹਰਾ: [1]ਬਹੁਤੇ।
ਪੁੰਜ[1] ਮਨੁਜ ਹੋਏ ਤਹਾਂ, ਬਾਜੇ ਬਜਹਿਂ ਅਪਾਰ।
ਡੇਰਾ ਕੀਨਾ ਪ੍ਰਭੁ ਤਬ, ਇਕ ਤਿਯ ਬ੍ਰਿੱਧ ਅਗਾਰ[1] ॥੩੦॥ [1]ਇਕ ਬ੍ਰਿੱਧ ਇਸਤ੍ਰੀ ਦੇ ਘਰ।

ਚੌਪਈ:
ਅੰਤਰਜਾਮੀ ਸਭਿ ਬਿਧਿ ਜਾਨੀ।
ਤਿਹਂ ਤਿਯ ਸੋਂ ਬੋਲੇ ਅਸ ਬਾਨੀ।

'ਪੁਰਿ ਕੇ ਬਿਖੈ ਹੋਤਿ ਕਸ ਸ਼ੋਰਾ?
ਬ੍ਰਿੰਦ ਮਨੁਜ ਹੋਏ ਇਕ ਠੌਰਾ' ॥੩੧॥
ਕਹੈ ਤੀਯ 'ਇਕ ਰਹੈ ਫਕੀਰ।
ਤਿਹ ਦਰ ਮਾਨਵ ਕੀ ਬਹੁ ਭੀਰ।
ਆਜ ਅਨੰਦ ਅਧਿਕ ਤਿਹ ਧਾਮੂ।
ਸ਼ਹੁ ਸੋਹਾਗਣਿ ਜਿਸ ਕੋ ਨਾਮੂ' ॥੩੨॥
ਸ਼੍ਰੀ ਨਾਨਕ ਸੁਨਿ ਕੈ ਮੁਸ਼ਕਾਨੇ।
ਕਹੈਂ 'ਚਲਹੁ ਦੇਖਹਿਂ ਮਰਦਾਨੇ।'
ਹਮ ਕੋ ਸੰਗਿ ਲੀਨ ਜਗਸਾਈਂ।
ਪਹੁੰਚਤਿ ਭਏ ਜਾਇ ਤਿਹਂ ਥਾਈਂ ॥੩੩॥

ਦੋਹਰਾ:
ਦਰ ਆਗੈ ਹ੍ਵੈ ਠਾਂਢਿ ਤਬ, ਦੇਖੀ ਭੀਰ ਅਪਾਰ।
ਅੰਤਰ ਪ੍ਰਵਿਸ਼ੈ ਕੋ ਨਹੀਂ, ਕਰੈਂ ਤਹਾਂ ਨਮਸਕਾਰ ॥੩੪॥

ਚੌਪਈ:
ਅੰਤਰ ਜਾਨਿ ਲਗੇ ਸ਼੍ਰੀ ਪ੍ਰਭੁ ਜਬਿ।
ਜੇ ਦਰਵਾਨ ਕਹੇ ਬਚ ਤਿਨ ਤਬਿ।
'ਅੰਤਰ ਹੁਕਮ ਜਾਨਿ ਕੌ ਨਾਂਹੀ।
ਦਰ ਪੁਰ[1] ਜ਼ਾਰਤ[2] ਕਰਿ ਮੁਰਿ ਜਾਹੀਂ[3]' ॥੩੫॥
ਗੁਰੂ ਕਹੈਂ 'ਤਿਹ ਕੋ ਸੁਧਿ ਦੀਜੈ।
ਦਰ ਠਾਂਢੇ ਦਰਵੇਸ਼ ਲਖੀਜੈ।
ਤੁਮ ਦਰਸ਼ਨ ਕੀ ਹੈ ਚਿਤ ਚਾਹੀ।
ਆਇਸੁ ਹੋਇ ਤ ਆਵਹਿਂ ਪਾਹੀ' ॥੩੬॥
ਠਾਂਢੇ ਹੋਇ ਦੂਰ ਦਰਵਾਨਾਂ।
ਜਾਇ ਤਾਂਹਿ ਸੋਂ ਬਚਨ ਬਖਾਨਾ।
'ਦਰ ਦਰਵੇਸ਼ ਤੁਮਾਰੇ ਆਏ।
ਮਿਲਨ ਚਾਹਿ ਰਾਵਰਿ ਅਧਿਕਾਏ ॥੩੭॥

[1]ਦਰਵੱਜੇ ਤੇ ਹੀ। [2]ਯਾਤ੍ਰਾ ਕਰਕੇ। [3]ਮੁੜ ਜਾਂਦੇ ਹਨ (ਲੋਕ)।

ਜੌ ਅਬ ਆਇਸੁ ਹੋਇ ਤੁਮਾਰੀ।
ਕਰਿ ਹੈਂ ਜਾਰਤ ਆਇ ਅਗਾਰੀ।'
ਉੱਤਰ ਦੀਨ ਪਖੰਡੀ ਗਾਵੇ[1]। — [1]ਤਕੜੇ ਦੰਭੀ ਨੇ।
'ਬਰਜਹੁ ਦਰ ਪਰ ਰਾਖਹੁ ਠਾਂਵੇ ॥੩੮॥
ਆਜ ਹੋਤਿ ਮੁਝ ਸ਼ਹੁ ਕੋ ਦਰਸ਼ਨ।
ਨਹਿਂ ਅਵਲੋਕੌਂ ਕਿਸ[1], ਇਕ ਤਿਸ ਬਿਨ[2]।' — [1]ਕਿਸੇ ਨੂੰ। [2]ਇਕ ਤਿਸ (ਸ਼ਹੁ) ਤੋਂ ਬਿਨਾ।
ਸੁਨਿ ਦਰਵਾਨ ਸੁ ਆਇ ਬਖਾਨੀ।
ਬਿਗਸੇ ਪ੍ਰਭੁ ਤਬ ਦੰਭਨ ਹਾਨੀ ॥੩੯॥
'ਕਛੁ ਨ ਇਹਾਂ, ਚਲਹੁ ਮਰਦਾਨਾ!
ਕੂਰ ਅਡੰਬਰ[1] ਸਭਿ ਪਹਿਚਾਨਾ। — [1]ਬਣਾਉ।
ਹੋਇ ਨਸ਼ਟ ਇਨ ਕਪਟ ਜੁ ਕੀਨੋ।'
ਕਹਿ ਇਉਂ ਗਮਨੇ ਪਾਛਾ ਦੀਨੋ ॥੪੦॥
ਤਿਹਂ ਛਿਨ ਮੇਲੇ ਬੀਚ ਬਿਸਾਲਾ।
ਪਰੀ ਲਰਾਈ ਮਹਾਂ ਕਰਾਲਾ।
ਚਹੁੰਦਿਸ਼ਿ ਮਹਿਂ ਚਮਕਹਿਂ ਸ਼ਮਸ਼ੇਰਾ।
ਧਰ ਪਰਸ਼੍ਰੌਣਤ ਗਿਰੇ ਘਨੇਰਾ ॥੪੧॥
ਕਟੇ ਕਿਤਿਕ ਹ੍ਵੈ ਮਿਰਤਕ ਪਰਿਹੀਂ।
ਕੇਤਿਕ ਘਾਇਲ ਘੂਮਤ ਫਿਰਿਹੀਂ।
ਬਹੁਰੋ ਲੂਟਿ ਪਰੀ ਤਿਹ ਥਾਈਂ।
ਬਲੀ ਖਸੋਟਹਿਂ ਵਸਤੁ ਪਰਾਈ ॥੪੨॥
ਜਹਿਂ ਦੰਭੀ ਕੋ ਸਦਨ ਸੁਹਾਵਨ[1]। — [1]ਸੁਹਣਾ ਘਰ ਸੀ।
ਨਰ ਪਹੁੰਚੇ ਤਹਿਂ ਵਸਤੁ ਲਿਆਵਨ।
ਸਰਬ ਸਮਾਜ ਹੁਤੋ ਤਿਸ ਕੇਰਾ।
ਲੂਟਿ ਲੀਨ ਤਬ ਹੀ ਬਿਨ ਦੇਰਾ ॥੪੩॥
ਧਕਤਿ ਧਸੇ ਨਰ ਪੌਰ ਅੰਦਾਰੀ[1]। — [1]ਧੱਕੇ ਮਾਰਕੇ ਦਰਵੱਜੇ ਤੋਂ ਆਦਮੀ ਅੰਦਰ ਜਾ ਧਸੇ।
ਮੰਚ ਪਰ ਬਾਲਾ ਏਕ ਸੁੰਦਾਰੀ[1]। — [1]ਇਕ ਸੁੰਦਰ ਇਸਤ੍ਰੀ।
ਸਠ ਤਿਹ ਸਾਥ ਕੇਲ ਕਰਿ ਐਸੇ।
ਬਹੁ ਕਾਮੀ ਨਰ ਕਰਤਿ ਸੁ ਜੈਸੇ ॥੪੪॥
ਨਰ ਦੇਖਤਿ ਤਹਿਂ ਕੁਪਿਤ[1] ਬਿਸ਼ੇਖਾ। — [1]ਕ੍ਰੋਧਵਾਨ ਹੋਏ।
'ਮਾਰੋ ਮਾਰ ਪਾਜ ਇਸ ਭੇਖਾ[1]।' — [1]ਝੂਠਾ ਇਸ ਦਾ ਭੇਖ ਹੈ।
ਲਸ਼ਟਕ ਮਾਰ ਗਲੰਥ[1] ਨਿਕਾਰਾ। — [1]ਗਲੇ ਤੋਂ (ਫੜ ਕੇ)।

'ਲੂਟ ਲੇਹੁ' ਕਹਿਂ 'ਜਿਤਿਕ ਪਸਾਰਾ'
॥ ੪੫ ॥

ਦੋਹਰਾ:

ਜੜ੍ਹ ਚੇਤਨ ਜਗ ਈਸ਼ ਕੀ[1], ਕਰੀ ਅਵੱਗਜਾ ਜਾਂਹਿ।
ਹਾਲ ਬੁਰਾ ਤਿਹਂ ਹੋਤਿ ਭਾ, ਅਚਰਜ ਮਾਨੋ ਨਾਂਹਿ[†] ॥ ੪੬ ॥

[1]ਜੜ੍ਹ ਚੇਤਨ ਰੂਪ ਜਗਤ ਦੇ ਮਾਲਕ (ਗੁਰੂ ਜੀ ਦੀ)।

[†]ਛੰਦ ੪੪, ੪੫ ਤੇ ੪੬ ਦਾ ਪਾਠ ਕਿਸੇ ਕਿਸੇ ਲਿਖਤੀ ਨੁਸਖ਼ੇ ਵਿਚ ਨਹੀਂ ਹੈ।

ਚੌਪਈ:

ਝੰਡੇ ਕੋ ਨਿਸ਼ਾਨ ਲੈ ਗਯੋ।
ਕੋਊ ਚੜ੍ਹਾਵਾ[1] ਲੂਟਤਿ ਭਯੋ।
ਤਿਹ ਕੋ ਕਿਨਹੂੰ ਲੀਨ ਪ੍ਰਯੰਕਾ।
ਨਰ[1] ਭਾਜੇ ਮਨ ਮਾਨਿ ਅਤੰਕਾ[2] ॥ ੪੭ ॥

[1]ਪੂਜਾ।

[1]ਫਕੀਰ ਦੇ ਆਪਣੇ) ਆਦਮੀ। [2]ਡਰ।

ਭੂਖਨ ਬਸਤ੍ਰਾਦਿਕ ਥੇ ਜੋਊ।
ਤਿਹ ਛਿਨ ਸਰਬ ਖਸੋਟੇ ਸੋਊ।
ਕਹਿਨ ਲਗੇ 'ਇਹੁ ਹੁਤੋ ਪਖੰਡੀ।
ਨਾਉਂ ਸੁਹਾਗਣ, ਹੈ ਇਹੁ ਰੰਡੀ ॥ ੪੮ ॥
ਕਰਜੋ ਕੂਰ ਕੋ ਸਰਬ ਸਮਾਜਾ।
ਉਘਰ ਗਯੋ ਅਬ ਜਾਂ ਕੋ ਪਾਜਾ[1]।
ਕਰਹਿਂ ਨਿਰਾਦਰ ਸਭਿ ਨਰ ਤਿਹਂ ਕੋ।
ਬੰਦਨ ਕਰਤਿ ਪ੍ਰੀਤਿ ਕਰਿ ਜਿਹ ਕੋ
॥ ੪੯ ॥

[1]ਖੋਟ।

ਮੰਦਮਤੀ ਤਬ ਮਨ ਮਹਿਂ ਜਾਨੇ।
-ਵਹਿਰ ਹੁਤੇ ਕੋ ਸੰਤ ਮਹਾਨੇ।
ਕੀਨ ਨਿਰਾਦਰ ਮੈਂ ਤਿਨ ਕੇਰਾ।
ਆਦਰ ਸਰਬ ਗਯੋ ਤਬ ਮੇਰਾ- ॥ ੫੦ ॥
ਲੱਜਿਤ ਹੋਯੋ ਫਿਰਤਿ ਨਗਰ ਮੈਂ।
ਕੋ ਨਹਿਂ ਜਾਵਨ ਦੇ ਨਿਜ ਘਰ ਮੈਂ।
ਏਕ ਨਿਸਾ ਬਸਿ ਕਰਿ ਤਿਹਂ ਥਾਈਂ।
ਅੱਗ੍ਰਜ ਕੀਨੋ ਗਮਨ ਗੁਸਾਈਂ ॥ ੫੧ ॥
ਮੂਲਾ ਮਰਦਾਨਾ ਮੈਂ ਸੰਗਾ।
ਪੀਛੇ ਪ੍ਰਸਥਾਨੇ ਸ ਉਮੰਗਾ।
ਉੱਚ ਜਹਾਂ[†] ਸੱਯਦ ਬਹੁ ਬਾਸੀ[1]।

[1]ਉੱਚ (ਜਾਤ) ਦੇ ਸੱਯਦ ਵਸਦੇ ਸੀ। [†]ਇਹ ਟਿਕਾਣਾ ਬਹਾਵਲ ਪੁਰ ਦੀ ਰਿਆਸਤ ਵਿਚ ਹੈ,

{ਉੱਚ ਦਾ ਪੀਰ ਜਲਾਲ}

ਫਕੀਰਾਂ ਦੀ ਗੱਦੀ ਹੈ। ਹੁਣ ਤਕ ਗੁਰੂ ਘਰ ਦਾ ਸਤਿਕਾਰ ਕਰਦੇ ਹਨ। ਵਿਸ਼ੇਸ਼ ਹਾਲ ਵਿਚ ਦੇਖੋ ਸ਼੍ਰੀ ਗੁ: ਨਾ: ਪ੍ਰ: ਪੂਰਬਾਰਧ ਅਧਜਾਯ ੫੯ ਅੰਕ ੩੬ ਵਿਚ 'ਕੌਸ' ਦੀ ਟੂਕ।

ਤਹਿਂ ਪਹੁਂਚੇ ਸਤਿਗੁਰ ਅਬਿਨਾਸ਼ੀ ॥੫੨॥
ਵਹਿਰ ਨਗਰ ਤੇ ਆਸ਼੍ਰਮ[1] ਲਾਈ।
ਬੈਠਿ ਗਏ ਪੁਨ ਨਿਸ ਹ੍ਵੈ ਆਈ।
ਬਡੀ ਭੋਰ ਤੇ ਕਰਿ ਇਸ਼ਨਾਨਾ।
ਭਨੈਂ ਗਿਰਾ ਊਚੀ ਧੁਨਿ ਕਾਨਾ ॥੫੩॥
ਤਬ ਇਕ ਸਿੰਧੀ ਤਿਹ ਥਲ ਆਯੋ।
ਸੁਨਿਨਿ ਹੇਤੁ ਠਹਿਰਯੋ ਹਿਤ ਲਾਯੋ।
ਬਚਨ ਸੁਨਤਿ ਸਮਝਤਿ ਭਲਿ ਰੀਤੀ।
ਰਹਯੋ ਠਾਂਢਿ ਹ੍ਵੈ ਉਰ ਧਰਿ ਪ੍ਰੀਤੀ ॥੫੪॥
-ਗੁਰਮੁਖਿ ਨਾਦੰ ਗੁਰਮੁਖਿ ਵੇਦੰ-।
ਜਬ ਇਹੁ ਉਚਰਯੋ ਪ੍ਰਭੁ ਅਭੇਦੰ[1]।
ਅਰਥ ਨ ਸਮਝ ਸਕਯੋ ਕਛੁ ਤਾਂਹੀ।
ਰਹਯੋ ਬਿਚਾਰਿ ਬਹੁਤ ਮਨ ਮਾਂਹੀ ॥੫੫॥
ਸੁਨਿ ਸਭਿ ਬਾਨੀ ਗਯੋ ਬਹੋਰੀ।
ਤਾਂ ਕੋ ਪੀਰ ਹੁਤੋ ਜਿਸ ਠੌਰੀ।
ਤਿਸ ਪਦ ਕੋ ਕਰਿ ਕੰਠ ਬਿਚਾਰਤਿ।
ਸੰਸੈ ਬਿਖੈ ਹੋਤਿ ਅਤਿ ਆਰਤ ॥੫੬॥
ਬੂਝਤਿ ਪੀਰ[1] 'ਬਿਲਮ ਕਿਉਂ ਲਾਈ?
ਕੌਨ ਮਿਲਯੋ ਕਹਿਂ ਬੈਸਾ ਜਾਈ[1]।'
ਸਿੰਧੀ ਭਾਖੈ ਤਿਹਕੇ ਤੀਰ।
'ਦੇਖਯੋ ਹਿੰਦੂ ਏਕ ਫਕੀਰ ॥੫੭॥
ਤਿਹ ਕੀ ਸੁਨਤਿ ਰਹਯੋਂ ਮੈਂ ਬਾਨੀ।
ਮੁਕਤਿ ਦੇਨਹਾਰੀ ਗੁਨ ਖਾਨੀ।

{ਗੁਰਮੁਖ ਦੇ ਮਾਇਨੇ}

ਇਕ ਪਦ ਕੋ ਨ ਮਾਇਨਾ[1] ਆਯੋ।
ਭਲੇ ਬਿਚਾਰਯੋ ਭੇਦ ਨ ਪਾਯੋ' ॥੫੮॥
ਅਸ ਕਹਿ ਪੁਨ ਤੁਕ ਦੀਨਿ ਬਤਾਈ।

[1]ਡੇਰਾ।

[1]ਭੇਦ ਤੋਂ ਰਹਿਤ ਗੁਰੂ ਜੀ ਨੇ।

[1]ਪੁੱਛਿਆ ਪੀਰ ਨੇ।

[1]ਕਿਥੇ (ਤੂੰ) ਜਾ ਕੇ ਬੈਠਾ ਰਿਹਾ।

[1]ਅਰਥ।

ਸੁਨਤਿ ਪੀਰ ਨੈ ਗਿਰਾ ਅਲਾਈ।
'ਬਿਨਯ ਕਰਹੁ ਇਕ ਬਾਰ ਲਿਆਵਹੁ।
ਤਿਹ ਕੋ ਦਰਸ਼ਨ ਮੋਹਿ ਕਰਾਵਹੁ' ॥ ੫੯ ॥
ਸੁਨਿ ਕੈ ਸਿੰਧੀ ਗਯੋ ਬਹੋਰੀ।
ਨਮੋ ਕਰੀ ਪ੍ਰਭੁ ਕੋ ਕਰ ਜੋਰੀ।
ਠਾਂਢੇ ਭਯੋ ਦੀਨ ਮਨ ਹੋਯੋ।
ਇਸ ਪ੍ਰਕਾਰ ਕੋ ਬਚਨ ਬੁਗੋਯੋ[1] ॥ ੬੦ ॥ [1]ਕਹਿਆ।
'ਮੈਂਡਾ ਪੀਰ ਸਦੇਂਦਾ ਤੋ ਕੋ।
ਬਾਤ ਬੁਝੇਂਦਾ[1] ਭੇਜਾ ਮੋ ਕੋ। [1]ਪੁੱਛਦਾ।
ਵਤ ਘਿੰਨਣ ਮੈਂ ਆਯੋ ਧਾਈ[1]। [1]ਮੁੜ ਲੈ ਜਾਣ ਲਈ (ਆਪ ਨੂੰ) ਦੌੜ ਕੇ ਮੈਂ ਆਇਆ ਹਾਂ।
ਜੁਲ[1] ਦਰਵੇਸ਼! ਪੀਰ ਜਿਹਂ ਥਾਈਂ' ॥ ੬੧ ॥ [1]ਚਲੋ।
ਸੁਨਿ ਕੈ ਗਮਨ ਕੀਨ ਤਿਨ ਸਾਥਾ।
ਪਹੁੰਚੇ ਤਹਾਂ ਜਾਇ ਜਗਨਾਥਾ।
ਲਈ ਦਸਤਬੋਸੀ[1] ਉਠਿ ਪੀਰ। [1]ਹੱਥ ਚੁੰਮਣਾ।
'ਲੇਹੁ ਸਲਾਮਾਲੇਕ ਫਕੀਰ!' ॥ ੬੨ ॥
ਸਾਦਰ ਸੋ ਮਿਲਿ ਕੈ ਦਿਸ ਦੁਓ[1]। [1]ਦੋਹੀਂ ਤਰਫੀਂ।
ਬੈਠੇ ਬਹੁਰ ਰਿਦੈ ਹਿਤ ਹੁਓ[1]। [1]ਹੋਇਆ।
ਨਿਜ ਸੰਸਾ ਖੋਵਨ ਕੇ ਕਾਰਨ।
ਕਰੇ ਪੀਰ ਨੇ ਬਚਨ ਉਚਾਰਨ ॥ ੬੩ ॥
ਸਾਚ ਚਵੋ[1] ਤੁਮ ਬਰਾ ਖੁਦਾਈ[2]। [1]ਸੱਚ ਉਚਾਰੋ। [2]ਖੁਦਾ ਦੇ ਵਾਸਤੇ।
ਦਰਗਹਿ[1] ਮਹਿਂ ਕਸ[2] ਹਾਲ ਬਿਹਾਈ[3]। [1]ਪਰਲੋਕ। [2]ਕੈਸੇ। [3]ਬੀਤਦਾ ਹੈ।
ਜਗਤ ਪ੍ਰਵਾਹਿ ਜਹਾਂ ਸਭਿ ਜਾਵਹਿ।
ਨਹੀ ਸਥਿਰ ਕੋ ਹੋਵਨ ਪਾਵਹਿ' ॥ ੬੪ ॥
ਸਤਿਗੁਰ ਭਨਜੋ 'ਪੀਰ ਸੁਨਿ ਲੀਜੈ।
ਨਿਸ਼ਚੈ ਯਹੀ ਰਿਦੈ ਦ੍ਰਿੜ ਕੀਜੈ।
ਤਨ ਮਨ ਸੰਗ ਰਹਤਿ ਜੋ ਸਾਚੈ[1]। [1]ਤਨੋਂ ਮਨੋਂ ਜੋ ਸੱਚੇ (ਵਾਹਿਗੁਰੂ ਦੇ) ਨਾਲ ਰਹਿੰਦੇ ਹਨ।
ਜਗਤ ਗਰਤ[1] ਤੇ ਸੇਊ ਬਾਚੇ ॥ ੬੫ ॥ [1]ਟੋਏ।
ਸਾਚੇ ਸੰਗਿ ਰਤੇ ਚਿਤ ਜਾਂਹੀ।
ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।

ਸ਼ੋਭਾ ਕੇ ਸਮੇਤ ਸੋ ਜਾਈਂ।
ਦਰਗਹਿ ਮਹਿਂ ਬਹੁ ਆਦਰ ਪਾਈਂ ॥੬੬॥
ਤਨ ਮਹਿਂ ਪਹਿਰ ਬੇਖ ਧਰਿ ਕੂੜੇ।
ਮਨ ਕੇ ਮੂੜ ਮੰਦ ਮਤਿ ਮੂੜੇ।
ਕਾਮ, ਕ੍ਰੋਧ, ਲਬੁ, ਮੋਹੁ, ਹੰਕਾਰਾ।
ਪੰਚ ਦੁਸ਼ਟ ਕੇ ਨਿਤ ਅਨੁਸਾਰਾ ॥੬੭॥
ਤਿਨ ਕੋ ਦਰਗਹਿ ਥਾਉਂ ਨ ਕਾਈ।
ਆਵਾਗੌਨ ਬਿਖ਼ੈ ਭਰਮਾਈਂ।
ਲਖਿ ਚਉਰਾਸੀਹ ਜੋਨਿ ਮਝਾਰੀ।
ਆਇ ਜਾਇ ਦੁਖ ਪਾਵਹਿਂ ਭਾਰੀ' ॥੬੮॥
ਤਬ ਸਿੰਧੀ ਬੋਲਯੋ ਯੁਤ ਪ੍ਰੀਤੀ।
'ਤੁਮ ਪਰਚੇ ਮਿਲਿ ਕੈ ਭਲਿ ਰੀਤੀ।
ਮਖਸਦ ਮੋਰ[1] ਨ ਹਾਸਲ ਹੋਯਾ। — [1]ਮੇਰਾ ਮਤਲਬ।
ਆਇ ਪ੍ਰਿਥਮ ਜੋ ਬਚਨ ਬੁਗੋਯਾ[1]' ॥੬੯॥ — [1]ਜੋ ਕਹਿਆ ਸੀ।
ਸੁਨਤਿ ਪੀਰ ਨੈ ਗਿਰਾ ਬਖਾਨੀ।
'ਤੁਮ ਜਾਨੇ[1] ਮੈਂ ਸਭਿ ਗੁਨ ਖਾਨੀ। — [1]ਹੇ ਗੁਰੋ) ਆਪਨੂੰ ਮੈਂ ਜਾਣਿਆ ਹੈ।
ਸਿੰਧੀ ਏਕ ਮਾਇਨੈ[1] ਹੇਤੁ। — [1]ਅਰਥ।
ਬਾਰ ਬਾਰ ਪੁਛਿ ਪ੍ਰੀਤਿ ਸਮੇਤੁ ॥੭੦॥
ਸੋ ਬਤਾਇ ਇਸ ਨਾਸਹੁ ਸੰਸਾ।
ਰਾਵਰ ਕੀ ਇਨ ਕੀਨ ਪ੍ਰਸ਼ੰਸ਼ਾ।
ਜਾਂ ਤੇ ਦਰਸ਼ਨ ਭਯੋ ਤੁਮਾਰਾ।
ਸਫਲ ਜਨਮ ਹੋਯੋ ਸੁਖ ਭਾਰਾ' ॥੭੧॥
ਮ੍ਰਿਦੁਲ ਮਧੁਰ ਮੁਖ ਗਿਰਾ ਉਚਾਰੀ।
'ਸੁਨਿ ਜਲਾਲ ! ਇਕ ਰੀਤਿ ਸੁਖਾਰੀ।
ਜਾਂਹਿ ਕੁਲਫ ਕੀ ਜੋ ਹੈ ਕੂੰਜੀ[1]। — [1]ਜਿਸ ਜੰਦਰੇ ਦੀ ਜੋ ਕੁੰਜੀ ਹੈ।
ਤਿਸ ਬਿਨੁ ਖੋਲ ਸਕਹਿ ਨਹਿਂ ਦੂਜੀ[1] ॥੭੨॥ — [1]ਦੂਜੀ ਕੁੰਜੀ ਉਸ ਨੂੰ ਨਹੀਂ ਖੋਲ੍ਹ ਸਕਦੀ।
ਤੁਮ ਤੇ ਸੁਨਹਿ ਮਾਇਨਾ ਜਬ ਹੀ।
ਖਾਤਰਜਮਾ[1] ਹੋਇ ਉਰ ਤਬ ਹੀ। — [1]ਤਸੱਲੀ।

ਜੇ ਤੁਮ ਕਹਉ ਨ ਹਮ ਤੇ ਆਵਹਿ।
ਕਰਹੁ ਰੀਤਿ ਅਸ ਜੈਸ ਬਤਾਵਹਿਂ[1]- ॥੨੩॥
ਚਲਿ ਕੇ ਮੱਕੇ ਪਹੁੰਚਹੁ ਜਬਿ ਹੀ।
ਤੁਮਰੀ ਨਿਸ਼ਾ ਹੋਇ ਹੈ ਤਬਿ ਹੀ।
ਲਖਨ ਮਾਇਨੇ[1] ਜੇ ਚਿਤ ਚਾਹੀ।
ਗਮਨਹੁ ਅਬ ਬਿਲੰਬ ਕਰਿ ਨਾਂਹੀ' ॥੨੪॥
ਸੁਨਿ ਜਲਾਲ ਬੋਲਯੋ ਧਰਿ ਭਾਊ।
'ਆਪ ਰਹੋ ਤਬ ਲੌ ਇਸ ਥਾਊਂ।
ਤਬ ਮੈਂ ਜਾਇ ਮਾਯਨਾ ਪੂਰਨ।
ਸੁਨਿ ਕਰਿ ਬਹੁਰ ਆਇ ਹੌਂ ਤੂਰਨ' ॥੨੫॥
ਗੁਰੂ ਕਹੈਂ 'ਹਮ ਇਹ ਥਲ ਬੈਸੇ।
ਆਵਹੁ ਬੂਝ, ਨ ਬਿਲਮਹੁ[1] ਕੈਸੇ।'
ਤਬ ਜਲਾਲ ਨੈ ਆਇਸੁ ਮਾਨੀ।
ਨਿਜ ਮੁਰੀਦ ਬੁਲਵਾਇ ਬਖਾਨੀ ॥੨੬॥
'ਇਨ ਦਰਵੇਸ਼ਨ ਸੋਂ ਧਰਿ ਭਾਊ।
ਸੇਵ ਕਰੋ, ਜਬ ਲੌਂ ਨਹਿਂ ਆਊਂ।'
ਚਰਨਬੰਦਿ ਕੈ ਗਯੋ ਬਹੋਰੀ।
ਪ੍ਰਭੁ ਜੀ ਰਹੇ ਆਪੁ ਤਿਸੁ ਠੌਰੀ ॥੨੭॥
ਕਿਤਿਕ ਦਿਵਸ ਜਬ ਰਹਤਿ ਬਿਤਾਏ।
ਮੂਲੇ ਸੋਂ ਗੁਰ ਬਚਨ ਅਲਾਏ।
{ਮੂਲਾ ਵਾਪਿਸ}
'ਕਰੈ[1] ਬਿਰੋਧ ਜੁ ਤਵ ਸੰਗ ਇਕ ਨਰ।
ਆਜ ਗਯੋ ਸੋ ਚਲਿ ਤੁਮਰੇ ਘਰ ॥੨੮॥
ਕਰਤਿ ਈਰਖਾ ਕੂਰ ਬਖਾਨਾ।
-ਇਕ ਨਰ ਤੇ ਮੈਂ ਸੁਨਈ ਕਾਨਾ।
ਮੂਲਾ ਗਯੋ ਜੁ ਸੰਗ ਫਕੀਰੰ।
ਜਾਤਿ ਅਚਾਨਕ ਤਜਯੋ ਸਰੀਰੰ- ॥੨੯॥
ਇਵ ਸੁਨਿ ਕੈ ਤਵ ਤ੍ਰਿਯ ਤਿਹ ਠੌਰਾ।
ਜਰਨ ਹੇਤੁ ਕਰ ਲੀਨ ਸਿਧਉਰਾ[1]।

[1]ਜਿਸ ਤਰ੍ਹਾਂ ਅਸੀਂ ਦੱਸੀਏ ਉਸ ਤਰ੍ਹਾਂ ਕਰੋ (ਫਿਰ)।

[1]ਅਰਥ ਜਾਨਣ ਦੀ।

[1]ਡੇਰ ਨ ਲਾਓ।

[1]ਕਰਦਾ ਸੀ।

[1]ਸੜਨ ਵਾਸਤੇ ਹੱਥ ਤੇ ਨਾਲੀਏਰ (ਜੋ ਸਤੀ ਹਥ ਵਿਚ ਲੈ ਕੇ ਸਤੀ ਹੁੰਦੀ ਹੈ) ਧਰ ਲਿਆ ਹੈ।

ਸਭਿ ਸਮਾਜ ਕੋ ਕੀਨਿ ਤਯਾਰੀ।
ਸਤੀ ਹੋਨ ਲਾਗੀ ਹਿਤਕਾਰੀ ॥੯੦॥
ਅਬ ਸਮੀਪ ਜੇ ਪਹੁੰਚਹਿਂ ਜਾਈ।
ਬਚਹਿ ਤੀਯ, ਤਵ ਸਦਨ ਬਸਾਈ[1]। — [1]ਤੇਰਾ ਘਰ ਵਸਦਾ ਰਹੇਗਾ।
ਨਾਤੁਰ ਜੇ ਬਿਰਾਗ ਦ੍ਰਿਢ ਧਾਰਾ।
ਤਜਹੁ ਮੋਹ ਕੋ ਕਰਹੁ ਸੰਗਾਰਾ[1]' ॥੯੧॥ — [1](ਸਾਡਾ) ਸਾਥ।
ਸੁਨਿ ਤਿਹਂ ਭਯੋ ਛੋਭ ਮਨ ਮਾਂਹੀ।
ਬਹਯੋ ਮੋਹ ਮਹਿਂ ਧੀਰਜ ਨਾਂਹੀ।
ਕਹਿਨ ਲਗਯੋ 'ਮਮ ਦੂਰ ਅਵਾਸਾ।
ਕਿਸ ਪ੍ਰਕਾਰ ਪਹੁੰਚੋਂ ਤਿਸ ਪਾਸਾ ॥੯੨॥
ਬਹੁਤ ਦਿਵਸ ਕੋ ਪੰਥ ਮਝਾਰਾ।
ਸੋ ਜਾਮਿਕ ਮੈਂ ਜਰਿ ਹ੍ਵੈ ਛਾਰਾ[1]। — [1]ਇਕ ਪਹਿਰ ਭਰ ਵਿਚ ਸੜਕੇ ਸਵਾਹ ਹੋ ਜਾਵੇਗੀ।
ਕੈਸੇ ਉਬਰੈ ਅਬ ਮਮ ਨਾਰੀ।
ਸ਼ਰਮ ਰਖਹੁ ਮੈਂ ਸ਼ਰਨਿ ਤੁਮਾਰੀ ॥੯੩॥
ਤੁਮ ਜੇ ਕਰਹੁ ਪੁਚਾਵਨ ਮੋਹੀ[1]। — [1]ਮੈਨੂੰ।
ਤ੍ਰਿਯ ਤਨ ਤਬਹਿ ਬਚਾਵਨ ਹੋਹੀ।
ਆਪ ਸਮ੍ਰੱਥ ਸਰਬ ਪਰਕਾਰਾ।
ਤੁਮ ਬਿਨ ਮੋਰ ਨ ਅਨਤ ਅਧਾਰਾ' ॥੯੪॥
ਮੁਸਕਾਨੇ ਸੁਨਿ ਕੈ ਗੁਨ ਖਾਨੀ।
ਕਹਯੋ 'ਕਿ ਜੇ ਤੈਂ ਅਸ ਮਨ ਮਾਨੀ।
ਦੋਨਹੁ[1] ਅਪੁਨੇ ਮੂੰਦਹੁ ਲੋਚਨ। — [1]ਦੋਵੇਂ (ਅੱਖਾਂ)।
ਜਾਇ ਮਿਲਹੁ ਕਰਿ ਸੋਚ ਬਿਮੋਚਨ[1]' ॥੯੫॥ — [1]ਸੋਚਾਂ ਤਿਆਗ ਕੇ।
ਆਇਸੁ ਮਾਨਿ ਕੀਨ ਜਬ ਐਸੋ।
ਖੋਲਿ ਬਿਲੋਕਯੋ ਨਿਜ ਘਰ ਬੈਸੋ।
ਜਰਤਿ ਆਪਨੀ ਤੀਯ ਉਬਾਰੀ[1]। — [1]ਬਚਾਈ।
ਲਾਗਯੋ ਕਰਨ ਪੂਰਬ ਸਮ ਕਾਰੀ ॥੯੬॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮੂਲੇ ਕੋ, ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਇਕਤੀਸਮੋਂ ਅਧ੍ਯਾਯ ॥੩੧॥

## ੩੨. [ਗੁਰਸ਼ਰਨ ਮੰਗਲ, ਜਲਾਲ ਨੂੰ ਸੁਮੱਤਿ ਗੁਰਮੁਖ ਦੇ ਅਰਥ]

੩੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੩

{ਜਲਾਲ ਦਾ ਪ੍ਰਸੰਗ} ॥੨..॥
{ਗੁਰਮੁਖ ਦੇ ਅਰਥ} ॥੪੬..॥

ਦੋਹਰਾ:

ਕੂਰ ਆਸਰੇ ਅਪਰ ਤਜਿ, ਗਹੁ ਸਤਿਗੁਰ ਕੀ ਸ਼ਰਨ।
ਮਲ ਉਤਾਰਿ ਬਹੁ ਬਿਸ਼ਯ ਕੀ, ਹਰਹੁ ਜਨਮ ਪੁਨ ਮਰਨ ॥੧॥

ਅਰਥ:

ਹੋਰ ਝੂਠੇ ਆਸਰੇ ਤਿਆਗ ਕੇ ਸਤਿਗੁਰ ਦੀ ਸ਼ਰਨ ਫੜ, ਵਿਸ਼ਿਆਂ ਦੀ ਬਹੁਤੀ ਮੈਲ (ਜੋ ਸਹੇੜ ਬੈਠਾ ਹੈਂ ਉਸ ਨੂੰ) ਉਤਾਰ, (ਐਉਂ ਆਪਣਾ) ਜਨਮ ਮਰਨ ਦੂਰ ਕਰ ਲੈ, (ਭਾਵ ਐਉਂ ਮੁਕਤੀ ਨੂੰ ਪ੍ਰਾਪਤ ਹੋ)।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਅਬ ਜਲਾਲ ਕੋ ਸੁਨਹੁ ਬ੍ਰਿਤੰਤੇ।

{ਜਲਾਲ ਦਾ ਪ੍ਰਸੰਗ}

ਸ੍ਰੀ ਅੰਗਦ ਜੀ! ਗੁਨ ਗਨਵੰਤੇ।
ਸ੍ਰੀ ਗੁਰ ਕੋ ਬਸਾਇ ਨਿਜ ਥਾਈਂ।
ਤੂਰਨ ਮਾਰਗ ਆਯੋ ਧਾਈ ॥੨॥

ਦੋਹਰਾ:

ਗਯੋ ਤਹਾਂ ਬਿਨ ਬਿਲਮ ਤੇ, ਜਹਿਂ ਸਾਗਰ ਕੋ ਤੀਰ।
ਇਕ ਜਹਾਜ ਆਯੋ ਤਬਹਿ, ਚਢਿ ਬੈਠਯੋ ਪਿਖਿ ਪੀਰ ॥੩॥

ਚੌਪਈ:

ਚਲ੍ਯੋ ਜਹਾਜ ਸੁ ਉਦਧਿ[1] ਮਝਾਰੇ।
ਲਗ੍ਯੋ ਜਾਇ ਗਿਰ ਏਕ ਕਿਨਾਰੇ।
ਉਤਰ੍ਯੋ ਤਬ ਜਹਾਜ ਤੇ ਗਯੋ।
ਗਿਰ ਦੇਖਿਨ ਕੇ ਹਿਤ ਹੁਲਸਯੋ ॥੪॥
ਅਤਿ ਸੁੰਦਰ ਮੰਦਿਰ ਬਹੁ ਦੇਖੇ।
ਜਿਨ ਮਹਿਂ ਸਿਹਜਾ ਰੁਚਿਰ ਬਿਸ਼ੇਖੇ।
ਮਾਨਵ ਕੋ[1] ਨਹਿਂ ਦੇਖ੍ਯੋ ਤਹਿਂਵਾ।
ਚਿਤ ਮਹਿਂ ਅਤਿ ਚੱਕ੍ਰਿਤ ਹ੍ਵੈ ਰਹਿਵਾ ॥੫॥
ਕਰੈ ਬਿਚਾਰ, ਪਿਖੌਂ ਪਰਦੋਖੁ[1]।

[1]ਸਮੁੰਦਰ।

[1]ਕੋਈ।

[1]ਦੇਖਾਂਗਾ ਸ਼ਾਮ ਨੂੰ।

ਨਿਸ ਰਹਿ ਅੰਨ ਉਦਰ ਨਿਜ ਪੋਖੂ[1]।
ਸਿੰਧੁ ਕਿਨਾਰ ਆਇ ਸੋ ਬੈਸਾ।
ਕੌਤਕ ਤਹਾਂ ਬਿਲੋਕਯੋ ਐਸਾ ॥੬॥

[1]ਰਾਤ ਰਹਿਕੇ ਅੰਨ ਨਾਲ ਪੇਟ ਆਪਣਾ ਭਰਾਂਗਾ।

ਦੋਹਰਾ:
ਇਕ ਜਹਾਜ ਬੂਡਨ ਲਗਾ, ਰੌਰ ਪਰਯੋ ਤਿਸੁ ਮਾਂਹਿ।
ਪੀਰ ਤੀਰ ਬੈਸਯੋ ਸੁਨਯੋ, ਬਹੁਤ ਲੋਕ ਬਿਲਲਾਹਿਂ ॥੭॥

ਚੌਪਈ:
ਤਬਹਿ ਜਲਾਲ ਖ਼ੁਦਾਇ ਅਗਾਰੀ।
ਹਾਥ ਬੰਦਿ ਕੈ ਬਿਨੈ ਉਚਾਰੀ।
'ਦੇਸ਼ ਬਿਦੇਸ਼ ਲੋਕ ਇਸ ਮਾਂਹੀ।
ਸੁਤ ਬਨਿਤਾ ਤਜਿ ਬਨਜ ਕਰਾਹੀਂ ॥੮॥
ਯਾ ਖ਼ੁਦਾਇ! ਕਿਉਂ ਇਨਹਿਂ ਡੁਬਾਵੈਂ।
ਸਨਬੰਧੀ ਸੰਗਿ ਸਭਿ ਮਰਿ ਜਾਵੈਂ।'
ਐਸੇ ਜਬੈ ਪੀਰ ਨੈ ਕਹਯੋ।
ਡੂਬਨ ਤੇ ਜਹਾਜ ਬਚ ਰਹਯੋ ॥੯॥
ਦਿਵਸ ਬਿਤੀਤੇ ਪੀਰ ਬਿਚਾਰੀ।
-ਚਲੌਂ ਅਬਹਿ ਜਹਿਂ ਸਿਹਜਾ ਚਾਰੀ[1]।
ਸੋਵਨ ਹਾਰ ਸੁ ਕਿਤ ਤੇ ਆਵਹਿਂ।
ਸੁਭ ਸਿਹਜਾ ਪਰ ਰੈਨ ਬਿਤਾਵਹਿਂ- ॥੧੦॥

[1]ਸੁੰਦਰ ਸਿਹਜਾ।

ਦੋਹਰਾ:
ਗਯੋ ਪੀਰ ਦੇਖੈ ਕਹਾਂ[1], ਅੱਗ੍ਰਜ ਬੈਠੇ ਸੋਇ[2]।
ਏਕ ਸੰਤ ਕੇ ਨਿਕਟਿ ਤਬ, ਬੈਠਯੋ ਦੀਨ ਸੁ ਹੋਇ ॥੧੧॥

[1]ਕੀ ਦੇਖੇ ਕਿ। [2]ਓਹ (ਸੰਤ)।

ਚੌਪਈ:
ਕੁਦਰਤ ਕੋ ਅਹਾਰ[†1] ਤਿਨ ਆਯੋ।

[1]ਕੁਦਰਤ ਨਾਲ (ਪ੍ਰਾਪਤ ਹੋ ਗਿਆ) ਭੋਜਨ।

[†]ਉਹ ਭੋਜਨ ਜੋ ਉਨ੍ਹਾਂ ਨੂੰ ਨਿਰਇੱਛਤ ਨਿਰਯਤਨ ਕੁਦਰਤ ਵਲੋਂ ਆਉਂਦਾ ਸੀ, ਅੰਕ ੨੫ ਵਿਚ ਇਸੇ ਨੂੰ ਭੋਜਨ ਉਤਰਦਾ ਦੱਸਿਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਭੋਜਨ ਅਰਸ਼ ਤੋਂ ਉੱਤਰਦਾ ਦੱਸਿਆ ਹੈ। ਬਾਲੇ ਵਾਲੀ ਜਨਮ ਸਾਖੀ ਵਿਚ ਬੀ ਭੋਜਨ ਉਤਰਿਆ ਲਿਖਿਆ ਹੈ।

ਮਧੁਰ ਸਾਦੁ ਮਧੁ[1] ਸਮ ਮਨ ਭਾਯੋ।

[1]ਸ਼ਹਿਦ।

ਬਿਨ ਭੋਜਨ ਇਹ ਬੈਸੋ ਜਹਾਂ।
ਤਹਿਂ ਜੁ ਸੰਤ ਤਿਹ ਐਸੋ ਕਹਾ ॥੧੨॥
'ਤੁਮ ਕੋ ਭੋਜਨ ਕਿਉਂ ਨਹਿਂ ਆਯੋ?'
ਇਉਂ ਕਹਿ ਢਿਗ ਸੁ ਮਹੰਤ ਸਿਧਾਯੋ।
ਕਹਯੋ ਜਾਇ ਤਿਨ 'ਹਮਰੇ ਤੀਰ।
ਬੈਠਯੋ ਆਇ ਸੁ ਏਕ ਫਕੀਰ ॥੧੩॥
ਤਿਹ ਅਹਾਰ ਨਹਿਂ ਆਯੋ ਸ੍ਵਾਮੀ।
ਤਿਸ ਬਿਨ ਹਮ ਕੋ ਖਾਵਨ ਖਾਮੀ[1]।
ਨਿਜ ਆਇਸੁ ਕੋ ਅਬ ਫੁਰਮਾਵਉ।
ਖਾਨ ਹੇਤੁ ਤਿਹਂ ਅਸਨ ਪੁਚਾਵਉ' ॥੧੪॥

[1]ਕੱਚਾ ਹੈ (ਭਾਵ ਚੰਗਾ ਨਹੀਂ)।

ਦੋਹਰਾ:
ਸੁਨਿ ਮਹੰਤ ਬੋਲਯੋ ਤਬੈ, 'ਜੀਵ ਚਰਾਚਰ ਝਾਰ[1]।
ਸਭਿ ਕੋ ਪਤਿ[1] ਕਰਤਾਰ ਹੈ, ਦੇਤਿ ਸਗਲ ਆਹਾਰ ॥੧੫॥

[1]ਸਾਰੇ।

[1]ਮਾਲਕ।

ਚੌਪਈ:
ਸਦਾ ਅਭੁਲ ਜਾਨਿਯੇ ਸੋਊ।
ਇਸਕੇ ਬਿਖੇ ਅਵੱਗਯਾ[1] ਕੋਊ।
ਕਿਉਂ ਚਿੰਤਾ ਤੂੰ ਮਨ ਮਹਿਂ ਠਾਨੇ।
ਦੇਨਹਾਰ ਤੇ ਨਹਿਂ ਅਨਜਾਨੇ ॥੧੬॥
ਤੁਮ ਢਿਗ ਆਯੋ, ਖੱਧੈ ਜਾਇ।
ਤਿਹ ਪਹਿ ਆਵਹਿ ਅਸਨ ਸੁ ਖਾਇ।'
ਸੁਨਿ ਮਹੰਤ ਤੇ ਚਲਿ ਪੁਨ ਆਯੋ।
ਬੈਠਯੋ ਨਿਜ ਭੋਜਨ ਕੋ ਖਾਯੋ ॥੧੭॥

[1]ਪਾਪ, ਭੁੱਲ।

ਦੋਹਰਾ:
ਨਿਸ ਜਲਾਲ ਭੁਖਾ ਰਹਯੋ, ਮਨ ਮਹਿਂ ਕਰਤਿ ਬਿਚਾਰ।
-ਆਵਤਿ ਏ ਦੇਖੇ ਨਹੀਂ, ਜੀਵਤਿ ਲੇਉਂ ਨਿਹਾਰ ॥੧੮॥
ਚੌਪਈ:
ਕਿਹ ਮਗ ਜਾਵਹਿਂ?- ਕਰਤਿ ਬਿਚਾਰੇ।

ਜਾਗਯੋ ਜਾਮਨਿ ਨੈਨ ਪਸਾਰੇ[1]। [1]ਅੱਖਾਂ ਖੋਲ੍ਹਕੇ।
ਹੋਵਨ ਲਗੀ ਜਬਹਿ ਪੁਨ ਭੋਰ।
ਕੀਨੋ ਆਨ ਗੁੜਾਕਾ[1] ਜੋਰ ॥੧੯॥ [1]ਨੀਂਦ ਨੇ।
ਗਏ ਸੰਤ ਸੁਧ ਭਈ ਨ ਕੋਊ।
ਪਾਛੇ ਤੇ ਬਿਸਮਾਦਯੋ ਸੋਊ।
ਦਿਵਸ ਚਢੇ ਸਾਗਰ ਕੇ ਤੀਰ।
ਬੈਠਯੋ ਪਿਖੈ ਤਮਾਸ਼ੋ ਪੀਰ ॥੨੦॥
ਹੋਵਤਿ ਬਰਖਾ ਸਾਗਰ ਮਾਂਹੀ।
ਅਨਤ ਥਾਨ ਦੇਖੈ ਤਬ ਨਾਂਹੀ।
ਸੱਯਦ ਗੁਨਿ ਕੈ ਗਿਰਾ ਉਚਾਰੀ।
'ਜਹਾਂ ਨ ਚਹਿਯਤਿ ਬਰਖਤਿ ਬਾਰੀ[1] ॥੨੧॥ [1]ਜਲ ਵੱਸਦਾ ਹੈ।
ਜਾਚਤਿ ਹੈਂ ਨਰ ਜਹਿਂ ਯੁਤ ਪ੍ਰੀਤੀ।
ਤਹਾਂ ਨ ਬਰਖਤਿ, ਕਜਾ ਇਹ ਰੀਤੀ।'
ਅਸ ਕਹਿਤਯੋ ਬਰਖਾ ਹਟਿ ਗਈ।
ਮਨ ਮਹਿਂ ਗੁਨਹਿ -ਭਈ ਜਿਉਂ ਠਈ[1]- ॥੨੨॥ [1]ਜਿਵੇਂ ਸੋਚੀ ਸੀ (ਤਿਵੇਂ) ਹੋ ਗਈ ਹੈ।
ਸੰਝ ਭਈ ਤਬ ਰਿਦੇ ਬਿਚਾਰੇ।
-ਆਵਤਿ ਸੰਤਨ ਲੇਉਂ ਨਿਹਾਰੇ।
ਜਾਤੇ ਤੋ ਦੇਖੇ ਨਹਿਂ ਭੋਰਾ[1]-। [1]ਸਵੇਰੇ।
ਸਮੋਂ ਜਾਨਿ ਗਮਨਯੋ ਤਿਹ ਠੌਰਾ ॥੨੩॥
ਜਬਹਿ ਜਾਇ ਕੈ ਮੰਦਰ ਦੇਖੇ।
ਆਗੇ ਆਏ ਸੰਤ ਬਿਸ਼ੇਖੇ।
ਤੇਜ ਤਿਨਹਿਂ ਕੋ ਸਹਿ ਨ ਸਕਾਈ।
ਬੈਠਿ ਗਯੋ ਪਿਖਿ ਪੂਰਬ ਥਾਈਂ ॥੨੪॥
ਤਿਨ ਕੋ ਉਤਰਯੋ ਤਬਹਿ ਅਹਾਰੇ।
ਇਹ ਭੂਖੋ ਬਹੁ, ਬਦਨ ਨਿਹਾਰੇ।
ਜਿਹ ਢਿਗ ਬੈਠਯੋ ਹ੍ਵੈ ਛੁਧਿਵੰਤਾ।
ਤਿਸ ਕੋ ਪਿਖਿ ਬਯਾਪੀ ਤਿਹ ਚਿੰਤਾ ॥੨੫॥
'ਅਹੈ ਕਾਲ ਕੋ[1] ਭੂਖਾ ਏਹੀ। [1]ਕੱਲ ਦਾ।
ਅਸਨ ਨ ਆਯੋ, ਭੀ[1] ਗਤਿ ਕੇਹੀ।' [1]ਹੋਈ।

ਨਿਜ ਮਹੰਤ ਢਿਗ ਚਲਿ ਕਰਿ ਗਯੋ।
ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੨੬॥
ਰਿਖੀਕੇਸ਼[1] ਤਬ ਬਚਨ ਉਚਾਰੇ।
'ਮੋ ਢਿਗ ਤਾਂ ਕੋ ਆਨਿ ਹਕਾਰੇ[1]।'
ਸੰਤ ਜਲਾਲ ਪਾਸ ਚਲਿ ਆਯੋ।
ਨਿਜ ਮਹੰਤ ਆਗੇ ਪਹੁੰਚਾਯੋ ॥੨੭॥
ਢਿਗ ਬਿਠਾਇ ਕੈ ਗਿਰਾ ਅਲਾਈ।
'ਕਿਤ ਤੇ ਆਯੋ ਕਿਤ ਤੂੰ ਜਾਈ?
ਕੋ ਅਪਰਾਧ ਕੀਨ ਤੈਂ ਭਾਰਾ?
ਬੀਤੇ ਦ੍ਵੈ ਦਿਨ ਬਿਨਾ ਅਹਾਰਾ' ॥੨੮॥
ਦੋਹਰਾ:
ਸੁਨਿ ਜਲਾਲ ਬੋਲਯੋ, ਤਬੈ 'ਦੂਰ ਦੇਸ਼ ਤੇ ਆਇ।
ਕਛੁ ਖਤਾ ਨਹਿਂ ਮੈਂ ਕਰੀ; ਕਰਤਿ ਜਿ, ਦੇਤਿ ਬਤਾਇ' ॥੨੯॥
ਚੌਪਈ:
ਕਹਯੋ ਮਹੰਤ 'ਸੁ ਬਡ ਕਰਤਾਰਾ।
ਤਾਂ ਕੋ ਦੋਸ਼ ਨ ਬਨਹਿਂ ਉਚਾਰਾ।
ਭਾ ਅਪਰਾਧ ਤੋਹਿ ਮੈਂ ਕੋਈ।
ਭੋਜਨ ਬਿਨ ਬੀਤੇ ਦਿਨ ਦੋਈ ॥੩੦॥
ਆਗੇ ਭੂਖਾ ਰਹਯੋ ਕਿ ਨਾਂਹੀ?
ਪਾਛਲ ਬਿਤੀ ਬੈਸ ਕੇ ਮਾਂਹੀ?'
ਸੁਨਿ ਜਲਾਲ ਬੋਲਯੋ 'ਹੌਂ ਕੈਸੇ।
ਭੂਖਾ ਰਹਯੋ ਨ ਮੈਂ ਕਬਿ ਐਸੇ ॥੩੧॥
ਕਾਲ ਤੀਰ ਸਾਗਰ ਕੇ ਬੈਸਾ।
ਕੌਤਕ ਤਹਾਂ ਬਿਲੋਕਯੋ ਐਸਾ।
ਇਕ ਜਹਾਜ ਬੂਡਨ ਲਗ ਭਾਰਾ।
ਨਰਨ ਕਰੀ ਬਹੁ ਬੀਚ ਪੁਕਾਰਾ ॥੩੨॥
ਦੋਹਰਾ:
ਮੈਂ ਬਿਲੋਕਿ ਕੈ ਅਸ ਕਹੀ, -ਕਜਾ ਤੁਮ ਕਰਤਿ ਖ਼ੁਦਾਇ!
ਸਨਬੰਧੀ ਯੁਤ ਸਭਿ ਮਰਹਿਂ, ਲੇਵਹੁ

[1]ਰਿਖੀਆਂ ਦੇ ਸੁਾਮੀ ਭਾਵ ਮਹੰਤ ਨੇ।
[1]ਲਿਆਓ ਬੁਲਾਕੇ।

ਇਨਹਿਂ ਬਚਾਇ- ॥੩੩॥

ਚੌਪਈ:

ਤਬ ਨਹਿ ਬੂਡਯੋ ਕਲ ਅਸ ਭਈ।
ਆਜ ਬਿਲੋਕੀ ਬਿਧਿ ਮੈਂ ਨਈ।
ਸਿੰਧੁ ਬਿਖੈ ਬਰਖਾ ਬਹੁ ਹੋਈ।
ਛਿਤ ਪਰ ਪਰੈ ਬਾਰਿ[1] ਨਹਿਂ ਕੋਈ ॥੩੪॥ [1]ਮੀਂਹ।
ਤਿਹਂ ਬਿਲੋਕ ਕੈ ਮੈਂ ਅਸ ਭਾਖਾ।
-ਤਹਾਂ ਨ ਬਰਖੈ ਜਹਿਂ ਅਭਿਲਾਖਾ[1]। [1]ਜਿੱਥੇ ਲੋੜ ਹੈ।
ਬਿਨਾਂ ਚਾਹਿ ਸਾਗਰ ਕੇ ਮਾਂਹੀ।
ਬਰਖੈ ਬਾਦ ਚਾਹਿ[1] ਕਛੁ ਨਾਂਹੀ ॥੩੫॥ [1]ਲੋੜ।
ਕਜਾ ਖ਼ੁਦਾਇ! ਇਹ ਰੀਤਿ ਸੁ ਕਈ-।
ਅਸ ਕਹਿਤਯੋ ਬਰਖਾ ਹਟਿ ਗਈ।
ਅਸਮੰਜਸ[1] ਮੈਂ ਦ੍ਵੈ ਬਿਧਿ[2] ਜਾਨੀ। [1]ਅਯੋਗ। [2]ਜਹਾਜ ਦਾ ਡੁਬਣਾ ਤੇ ਬਰਖਾ ਦਾ ਸਮੁੰਦ੍ਰ ਵਿਚ ਹੋਣਾ) ਦੋਨੋਂ ਬਿਧੀਆਂ।
ਸੋ ਨਿਰਵਾਰ ਦੀਨਿ[1] ਕਹਿ ਬਾਨੀ' ॥੩੬॥ [1]ਹਟਾ ਦਿੱਤੀਆਂ।
ਸੁਨਿ ਮਹੰਤ ਬੋਲਯੋ ਤਿਹਕਾਲਾ।
'ਤੂੰ ਤੋ ਬੇਮੁਖ ਅਹੈਂ ਬਿਸਾਲਾ।
ਇਹਾਂ ਨ ਥਾਨ ਰਹਿਨ ਕੋ ਤੇਰਾ।
ਅਬ ਚਲਿ ਜਾਹੁ ਨਿਕਲ ਬਿਨ ਦੇਰਾ ॥੩੭॥
ਦੁਰਮਤਿ ਬਿਖੈ ਤੋਹਿ ਮਨ ਭੀਨਾ।
ਅਪਨੋ ਜਨਮ ਅਕਾਰਥ ਕੀਨਾ।'
ਕੰਪ ਉਠਯੋ ਸੁਨਿ ਤਬਹਿ ਜਲਾਲ।
ਬੋਲਯੋ ਹਾਥ ਬੰਦਿ ਤਿਹ ਕਾਲ ॥੩੮॥
'ਕੌਨ ਅਵੱਗਜਾ ਮੋ ਤੇ ਹੋਈ?
ਦੇਉ ਬਤਾਇ ਸੰਤ ਜੀ! ਸੋਈ।'
ਤਬ ਮਹੰਤ ਅਸ ਵਾਕ ਉਚਰਿਈ।
'ਪਰਮੇਸ਼ੁਰ ਨਿਜ ਭਾਣਾ ਕਰਿਈ ॥੩੯॥

ਦੋਹਰਾ:

ਤੈਂ ਜੁ ਹਟਾਯੋ ਤਾਂਹਿ ਕੋ, ਪੁਨ ਮਨ ਮਹਿਂ ਹਰਖਾਇ।

-ਕਹਜੋ ਹਮਾਰੋ ਅਬ ਚਲੈ-, ਰਿਦੈ ਰਹਜੋ
ਗਰਬਾਇ ॥੪੦॥

ਚੌਪਈ:

ਤਿਹਂ ਕੋ ਕਰਜੋ[1] ਮਿਟਾਵਨ ਲਾਗਾ। — [1]ਰੱਬ ਦਾ) ਕੀਤਾ।
ਭਾ ਸ਼ਰੀਕ ਤੂੰ ਤਾਂਹਿ[1] ਕੁਭਾਗਾ ! — [1]ਉਸ (ਰੱਬ ਦਾ)।
ਕੇਤਿਕ ਜੀਵਨ ਪਾਪ ਜਿ ਕੀਨੇ।
ਤਿਨ ਕੋ ਦੁਖ ਤੈਂ ਦੇਨਿ ਨ ਦੀਨੇ ॥੪੧॥
ਕਿਤਿਕ ਸਿੰਧੁ ਮਹਿਂ ਜੀਵ ਜਿ ਜੀਵਤਿ।
ਸੋ ਸਾਗਰ ਜਲ ਖਾਰ[1] ਨ ਪੀਵਤਿ। — [1]ਖਾਰਾ ਜਲ।
ਤਿਨਕੇ ਹੇਤੁ ਪਰਤਿ ਜੋ ਬਾਰਾ।
ਸੋ ਕਹਿ ਤੈਂ ਦੀਨੋ ਨਿਰਵਾਰਾ[1] ॥੪੨॥ — [1]ਹਟਾਇ।
ਤਿਨ ਕੇ ਪਾਪਨ ਦੁਖ ਫਲ ਜੋਊ।
ਪੁਨ ਜੇ ਤਿਖਤ[1] ਜੀਵ ਹ੍ਵੈਂ ਸੋਊ। — [1]ਤ੍ਰਿਹਾਏ।
ਸਭਿ ਕੋ ਭਾਰ ਪਰਜੋ ਗਰ[1] ਤੇਰੇ। — [1]ਗੱਲ।
ਭੋਗਹੁ ਗੇ ਦੁਖ ਨਰਕ ਘਨੇਰੇ ॥੪੩॥
ਪਰਮੇਸ਼ੁਰ ਕੋ ਲਖਜੋ ਅਯਾਨਾ।
ਆਪਨ[1] ਜਾਨਜੋ ਪਰਮ ਸਿਯਾਨਾਂ। — [1]ਅਪਣੇ ਆਪਨੂੰ।
ਬੇਮੁਖ ! ਅਬ ਤੁਰਨ ਉਠ ਜੱਯੈ।
ਇਹਾਂ ਰਹਿਨ ਤਵ ਥਾਨ ਨ ਹੱਯੈ' ॥੪੪॥
ਸੁਨਜੋ ਜਲਾਲ ਸਮਝ ਤਬ ਆਈ।
ਬੋਲਜੋ ਬਹੁਰ ਰਿਦੈ ਪਛੁਤਾਈ।
'ਜੇ ਭਾਣਾ ਮਾਨਹਿਂ ਸੇ ਕੈਸੇ?
ਉੱਤਰ ਮੋਹਿ ਬਤਾਵਹੁ ਐਸੇ' ॥੪੫॥
ਕਹੈ ਮਹੰਤ 'ਜਿ ਭਾਣਾ ਮਾਨੈਂ।
ਸੇ ਗਰੁਮੁਖ ਹੈਂ ਮਨੁਜ ਸੁਜਾਨੈ।

{ਗੁਰਮੁਖ ਦੇ ਅਰਥ}

ਜੋ ਭਾਣਾ ਮੇਟਹਿ ਕਰਤਾਰਾ।
ਸੋ ਬੇਮੁਖ ਦੁਖ ਪਾਵਹਿ ਭਾਰਾ' ॥੪੬॥

ਦੋਹਰਾ:

ਤਬ ਜਲਾਲ ਬੋਲਜੋ ਬਚਨ, 'ਭਲੇ ਮਾਇਨਾ
ਪਾਇ।
ਮੱਕੇ ਜਾਵਨ ਤੇ ਬਚਜੋ, ਨਿਸ਼ਾ[1] ਭਈ ਮਨ — [1]ਤਸੱਲੀ।

ਆਇ ॥੪੭॥

ਚੌਪਈ:

ਇਕ ਦਰਵੇਸ਼ ਮਿਲ੍ਯੋ ਮੁਝ ਆਈ।
ਗੁਰਮੁਖ ਕੀ ਤਿਨ ਗਿਰਾ ਅਲਾਈ।
ਲੇਨਿ ਮਾਯਨਾ ਮੈਂ ਚਲਿ ਆਯੋ।
ਸੋ ਤੁਮ ਤੇ ਨੀਕੀ ਬਿਧਿ ਪਾਯੋ' ॥੪੮॥
ਕਹੈ ਮਹੰਤ 'ਸੋ ਜੁ ਦਰਵੇਸ਼ਾ।
ਪੂਰਨ ਪੁਰਖੁ ਲਖਹੁ ਜਗਤੇਸ਼ਾ।
ਹੈ ਸਰਬੱਗ ਲਖਹੁ ਗੁਨਖਾਨੀ।
ਜਾਇ ਸ਼ਰਨ ਗਹੀਏ ਮਨ ਬਾਨੀ' ॥੪੯॥
ਸੁਨ੍ਯੋ ਜਲਾਲ ਭੇਦ ਭਲ ਪਾਇ।
ਸ਼੍ਰੀ ਨਾਨਕ ਕੋ ਲਖ੍ਯੋ ਖੁਦਾਇ।
ਤਬ ਅਹਾਰ ਉਤਰ੍ਯੋ ਲਿਯ ਖਾਈ।
ਸੁਖ ਸੋਂ ਸਗਰੀ ਰੈਨ ਬਿਤਾਈ ॥੫੦॥

ਦੋਹਰਾ:

ਭੋਰ ਭਈ ਇੱਛਾ ਕਰੀ -ਜਾਉਂ ਸਿੰਧੁ ਕੇ
ਪਾਰ-।
ਆਯੋ ਤਬਹਿ ਜਹਾਜ ਢਿਗ, ਚਢ੍ਯੋ ਚਲਨ
ਹਿਤ ਧਾਰਿ ॥੫੧॥

ਚੌਪਈ:

ਸਿੰਧੁ ਉਰਾਰ ਆਇ ਕਰਿ ਤੂਰਨ।
ਪਹੁੰਚ੍ਯੋ ਜਹਿਂ ਸ਼੍ਰੀ ਨਾਨਕ ਪੂਰਨ।
ਪਦ ਪੰਕਜ ਲਪਟ੍ਯੋ ਹ੍ਵੈ ਦੀਨਾ।
'ਤੁਮ ਖ਼ੁਦਾਇ ਹੋ ਸਰਬ ਪ੍ਰਬੀਨਾ' ॥੫੨॥
ਕਰਿ ਉਸਤਤਿ ਬਹੁ ਬੈਠ੍ਯੋ ਪਾਸੂ।
ਬੋਲੇ ਬਚਨ ਸਕਲ ਸੁਖਰਾਸੂ।
'ਜੋ ਕਛੁ ਅਰਥ ਸੁਨ੍ਯੋ ਤੈਂ ਜਾਈ।
ਸੋ ਜਲਾਲ ! ਤੁਮ ਦੇਹੁ ਬਤਾਈ' ॥੫੩॥
ਤਬ ਹੀ ਪੀਰ ਜੋਰਿ ਕਰ ਕਹਿਹੀ।
'ਤੁਮ ਕਉ ਸਭਿ ਕਿਛੁ ਰੌਸ਼ਨ[1] ਅਹਿਹੀ।
ਨਹਿਂ ਜਾਨਹੁ ਤੌ ਬੂਝਹੁ ਮੋ ਕੋ।
ਸਭਿ ਘਟਿ ਘਟਿ ਕੀ ਸੁਧ ਹੈ ਤੋ ਕੋ'
॥੫੪॥

[1]ਪ੍ਰਗਟ ਹੈ।

ਦੋਹਰਾ:

ਸ੍ਰੀ ਗੁਰ ਉਚਰਜੋ 'ਕਹੋ ਅਬ, ਜਿਸ ਬਿਧਿ
ਭਯੋ ਬ੍ਰਿਤਾਂਤ।'
ਤਬ ਜਲਾਲ ਬਚ ਮਾਨਿ ਕੈ, ਭਨੀ ਸਰਬ
ਨਿਜ ਬਾਤ ॥੫੫॥

ਚੌਪਈ:

'ਭਾਣਾ ਮਾਨਹਿ ਗੁਰਮੁਖ ਸੋਈ।
ਆਇਸੁ ਮੇਟਹਿ ਬੇਮੁਖ† ਹੋਈ। †ਪਾ:-ਮਨਮੁਖ
ਪ੍ਰਿਥਮੇ ਇਸ ਬਿਧਿ ਥੋ ਅੱਗਜਾਤਾ।
ਤੁਮ ਮਿਲਨੇ ਤੇ ਭਾ ਸੱਗਜਾਤਾ[1]' ॥੫੬॥ [1]ਗਜਾਨ ਵਾਲਾ।
ਇਸ ਪ੍ਰਕਾਰ ਤਿਹਂ ਦੇ ਉਪਦੇਸ਼ਾ।⚐

⚐ਮਖ਼ਦੂਮ ਰੁਕਨੁਲਦੀਨ ਅੱਬੁਲਫਤਹ ਸਯਦ ਜਲਾਲ ਸਾਨੀ ਉੱਚ ਦੇ ਪੀਰਾਂ ਵਿਚ ਹੋਏ ਹਨ। ਪਹਿਲੇ ਜਲਾਲ ੬੯੦ ਹਿ: ਵਿਚ ਹੋਏ ਸਨ। ਉਨ੍ਹਾਂ ਤੋਂ ਛੇਵੇਂ ਸਤਵੇਂ ਥਾਂ ਏਹ ਸਨ, ਜਿਨ੍ਹਾਂ ਦਾ ਸਮਾਂ ਗੁਰੂ ਜੀ ਦੇ ਵੇਲੇ ਆ ਢੁੱਕਦਾ ਹੈ।

ਪੁਰਾਤਨ ਜਨਮ ਸਾਖੀ ਵਿਚ ਇਹ ਸਾਖੀ ਮਖ਼ਦੂਮ ਬਹਾਵਦੀਨ ਕੁਰੇਸ਼ੀ ਨਾਲ ਹੋਈ ਦੱਸੀ ਹੈ। ਫਿਰ ਦੂਜੀ ਵੇਰੀ ਮਖ਼ਦੂਮ ਬਹਾਵਦੀਨ ਦਾ ਜ਼ਿਕਰ ਆਯਾ ਹੈ ਤਾਂ ਉਸ ਦੇ ਚਲਾਣੇ ਵੇਲੇ ਉਸ ਨੇ ਗੁਰੂ ਜੀ ਨੂੰ ਲਿਖਿਆ ਹੈ ਕਿ ਤੁਸੀਂ ਸੰਸਾਰ ਤੋਂ ਜਦੋਂ ਚਲੋ ਤਦੋਂ ਅਸੀਂ ਨਾਲ ਚਲੀਏ, ਇਕੱਠੇ ਰਬ ਦੀ ਦਰਗਾਹੇ ਚੱਲੀਏ, ਤੇ ਗੁਰੂ ਬਾਬੇ ਉੱਤਰ ਘੱਲਿਆ ਕਿ ਤੁਸੀਂ ਚੱਲੋ ਅਸੀਂ ਚਾਲੀ ਦਿਨ ਪਿਛੋਂ ਆਵਾਂਗੇ ਤਾਂ ਪੀਰ ਰੋਇਆ 'ਜੋ ਚਾਲੀਹ ਦਿਨ ਅਨੇਰੇ ਰਹਿਣਾ ਹੋਵੇਗਾ। ਏ ਯਾਰੋ! ਉਨ੍ਹਾਂ ਦਿਨਾਂ ਨੂੰ ਰੋਂਦਾ ਹਾਂ ਜੋ ਕਿਉਂਕਰਿ ਗੁਦਰਾਨ ਹੋਵਨਿਗੇ। ਜੇ ਓਹ ਚਲਦੇ, ਤਾਂ ਸੁਖਾਲੇ ਚਾਨਣੇ ਨਾਲਿ ਜਾਂਦੇ।' ਏਥੇ ਮਖ਼ਦੂਮ ਸਤਿਗੁਰਾਂ ਨੂੰ ਮਿਲਿਆ ਹੈ ਤਾਂ ਗ਼ਲਾਬਨ ਉਹ ਬਹਾਉਦੀਨ ਦਾ ਗੱਦੀ ਨਸ਼ੀਨ ਪੀਰ ਸੀ। ਭਾਈ ਸੰਗਤ ਸਿੰਘ ਜੀ ਨੂੰ ਭਾ: ਲਖਮੀ ਚੰਦ ਜੀ ਨੇ, ਜੋ ੫੦ ਸਾਲ ਉੱਚ ਦੇ ਪੀਰਾਂ ਪਾਸ ਰਹੇ ਹਨ ਤੇ ਉਨ੍ਹਾਂ ਦੇ ਇਤਿਹਾਸ ਦੇ ਪਾਠਕ ਹਨ, ਦੱਸਿਆ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਗਏ ਹਨ ਤਾਂ ਮਖ਼ਦੂਮ ਰੁਕਨ ਦੀਨ, ਬਹਾਵਲ ਹਕ ਦਾ ਬਾਲਕਾ ਬਹਾਉਦੀਨ, ਸ਼ਾਹਬਾਜ ਦਾ ਬਾਲਕਾ ਜਤੀ ਲਾਲ ਤੇ ਸ਼ੇਖ ਬ੍ਰਾਹਮ ਏਹ ਚਾਰੇ ਫਕਰ ਬੀ ਓਥੇ ਸਨ ਤੇ ਗੁਰੂ ਜੀ ਨਾਲ ਓਥੇ ਦੀ ਗੋਸ਼ਟ ਹੋਈ ਸੀ। ਉੱਚ ਵਿਚ ਬੀ ਇਕ ਪੀਰ ਬਹਾਉਦੀਨ ਹਕਾਨੀ ਹੋਏ ਸਨ। ਸੋ ਇਹ ਗੱਲਾਂ ਹੋਰ ਖੋਜ ਦੀਆਂ ਮੁਥਾਜ ਹਨ।

ਗੁਰਮੁਖਾਂ ਵਾਲੀ ਸਾਖੀ ਸਮੁੰਦਰ ਦੇ ਕੰਢੇ ਤੇ ਸਮੁੰਦਰ ਵਿਚ ਲਿਖੀ ਹੈ। ਕਵਿ ਜੀ ਨੇ ਬੀ ਸਿੰਧ ਪਦ ਵਰਤਿਆ ਹੈ। ਜੇ ਕਦੇ ਮਖ਼ਦੂਮ ਜੀ ਕੋਈ ਉੱਚ ਵਾਲੇ ਪੀਰਾਂ ਵਿਚੋਂ ਸਨ, ਤਾਂ ਉੱਚ ਸ਼ਹਿਰ ਸਿੰਧ ਦਰਯਾ ਦੇ ਨੇੜੇ ਹੈ। ਅਗੇ ਉਹ ਮੁਸੱਲੇ ਤੇ ਚੜ੍ਹਕੇ ਸਿੰਧ ਵਿਚ ਜਾਂਦੇ ਹਨ ਜਿੱਥੇ ਗੁਰਮੁਖਾਂ ਦੇ ਦਰਸ਼ਨ ਹੁੰਦੇ ਹਨ। ਤਅੱਜਬ ਨਹੀਂ ਇਹ ਟਿਕਾਣਾ ਸੱਖਰ ਪਾਸ ਦਾ ਦਰਯਾ ਦੇ ਵਿਚਕਾਰ ਖਲਾ ਸਾਧ ਬਲੇ ਦਾ ਟਿਕਾਣਾ ਹੋਵੇ। ਪਰ ਆਮ ਸਿੰਧ ਤੋਂ ਮੁਰਾਦ ਸਮੁੰਦਰ ਦੀ ਹੈ ਜਿਸ ਵਿਚ ਜਹਾਜ਼ ਆਯਾ ਦੱਸਿਆ ਹੈ ਤਾਂ ਇਹ ਫਿਰ ਅਗੇਰੇ ਸਮੁੰਦਰ ਦੀ ਸਾਖੀ ਹੈ। ਪਰ ਉਥੇ ਜੋ ਗੁਰਮੁਖ ਸਨ ਓਹ ਸਿਖ ਸਨ ਗੁਰੂ ਕੇ ਕਿਉਂਕਿ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਮਖ਼ਦੂਮ ਗੁਰਮੁਖਾਂ ਤੋਂ ਵਾਪਸ ਮੁੜਿਆ ਹੈ ਤਾਂ ਓਹਦਾ ਮੁਸੱਲਾ ਸਮੁੰਦਰ ਉੱਤੇ ਤੁਰਦਾ ਨਹੀਂ ਸੀ, ਅੱਗੇ ਲਿਖਿਆ ਹੈ 'ਤਬ ਓਹਨਾਂ ਸਿੱਖਾਂ ਆਖਿਆ, ਸਤਿਗੁਰੁ ਨਾਨਕ ਨਾਉ ਲਿਖੁ ਜੋ ਤੇਰਾ ਮੁਸੱਲਾ ਚਾਲੇ। ਤਬ ਸਤਿਗੁਰੁ ਨਾਨਕੁ ਲਿਖਿਆ; ਤਬ ਮਖ਼ਦੂਮ ਬਹਾਵਦੀ ਕਾ ਮੁਸੱਲਾ ਚਲਿਆ। ਤਬ ਬਾਬੇ ਪਾਸਿ ਆਇਆ, ਸਲਾਮੁ ਕਰਿਕੈ ਬੈਠਿ ਗਿਆ। ਤਬ ਬਾਬੇ ਪੁਛਿਆ ਕਿਆ ਡਿਠੋ ਮਖ਼ਦੂਮ ਬਹਾਵਦੀ? ਤਬ ਮਖ਼ਦੂਮ ਬਹਾਵਦੀ ਆਖਿਆ ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆਂ ਹਾਂ। '

ਇਸ ਤੋਂ ਸਿੱਧ ਹੁੰਦਾ ਹੈ ਕਿ ਓਹ ਲੋਕ, ਜਿਨਾਂ ਪਾਸ ਫਕੀਰ ਗਿਆ ਸੀ, ਗੁਰੂ ਨਾਨਕ ਦੇਵ ਜੀ ਦੇ ਸਿੱਖ ਸਨ ਤੇ ਇਸ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਿਸ ਉੱਚੇ ਦਰਜੇ ਦੇ ਗੁਰਮੁਖ ਗੁਰੂ ਜੀ ਨੇ ਪੈਦਾ ਕਰ ਦਿੱਤੇ ਸੇ, ਜੋ ਕਰਾਮਾਤੀ ਫਕੀਰਾਂ ਨੂੰ ਬੀ ਸੁਮਤਿ ਦੇਂਦੇ ਸਨ।

ਚਲਨੇ ਤਯਾਰ ਭਏ ਜਗਤੇਸ਼ਾ।
ਕਰਿ ਕੈ ਬੰਦਨ ਬਿਨੈਂ ਬਖਾਨੀ।
'ਸੇਵਕ ਭਯੋ ਕਰਮ ਮਨ ਬਾਨੀ[1]' ॥੫੭॥ [1]ਮਨ, ਬਾਣੀ, ਕਰਮ (ਭਾਵ ਸਰੀਰ) ਕਰਕੇ।
ਸ਼੍ਰੀ ਗੁਰ ਤਿਹ ਕੋ ਧੀਰਜ ਦੀਨਾ।
ਬਹੁਰੋ ਆਪ ਪਯਾਨਾ ਕੀਨਾ।
ਕੇਵਲ ਕਾਰਜ ਨਰਨ ਉਧਾਰਨ।
ਭਗਤਿ, ਗਯਾਨ ਕੀ ਸੁਮਤਿ ਸਿਖਾਰਨ
॥੫੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਬੱਤੀਸਮੋਂ ਅਧਯਾਯ ॥੩੨॥

## ੩੩. [ਨਾਮ ਦੀ ਸ਼ਕਤਿ। ਸ਼ੇਖ ਇਬ੍ਰਾਹੀਮ ਫਰੀਦ ਸਾਨੀ ਨਾਲ ਗੋਸ਼ਟ]

੩੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੪

{ਪਾਕਪਟਨ} ॥੨॥

{ਸ਼ੇਖ ਬ੍ਰਹਮ ਨਾਲ ਗੋਸਟ} ॥੩..॥

ਦੋਹਰਾ:

**ਸਿਮਰਿ ਨਾਮ ਸਭਿ ਕਾਮ ਹ੍ਵੈਂ, ਪੁਨ ਨ ਜਾਇਂ ਜਮ ਧਾਮ।**

ਪੁਨ=ਫੇਰ, ਭਾਵ ਮਰ ਕੇ। ਧਾਮ=ਘਰ।

**ਅਪਨ ਸਰੂਪ ਅਨੂਪ ਕੋ, ਜਾਨਿ ਲੇਤਿ ਅਭਿਰਾਮ ॥੧॥**

ਅਨੂਪ=ਜਿਸ ਦੀ ਉਪਮਾਂ ਨਹੀਂ ਹੋ ਸਕਦੀ। ਅਭਿਰਾਮ=ਸੁੰਦਰ।

ਅਰਥ:

(ਵਾਹਿਗੁਰੂ ਦਾ) ਨਾਮ ਸਿਮਰ (ਜੋ ਤੇਰੇ) ਸਾਰੇ ਕੰਮ (ਪੂਰੇ) ਹੋ ਜਾਣ (ਤੇ) ਫਿਰ (ਤੂੰ) ਜਮ ਦੇ ਘਰ ਨੂੰ (ਭੀ) ਨਾ ਜਾਵੇਂ (ਅਤੇ) ਅਪਨੇ ਸੁੰਦਰ ਸਰੂਪ ਨੂੰ ਜਿਸ ਦੀ ਉਪਮਾਂ ਨਹੀਂ ਹੋ ਸਕਦੀ (ਬੀ) ਪਛਾਣ ਲਵੇਂ।

ਭਾਵ:

ਕਾਮ ਹ੍ਵੈ-ਤੋਂ ਮੁਰਾਦ ਹੈ ਇਸ ਲੋਕ ਦੀਆਂ ਕਾਮਨਾ ਪੂਰਨ ਹੋਣ। ਜਮ ਧਾਮ ਨਾ ਜਾਣ ਤੋਂ ਮੁਰਾਦ ਹੈ ਕਿ ਨਰਕ ਨਾ ਜਾਵੇਂ, ਅਥਵਾ ਜਮ ਦੀ ਕਚਹਿਰੀ ਹੀ ਨਾ ਜਾਣਾ ਪਵੇ। ਮੁਰਾਦ ਹੈ ਪਾਰਲੌਕਿਕ ਦੁਖ ਕੋਈ ਨਾ ਹੋਵੇਗਾ ਤੇ ਤੀਸਰੀ ਗੱਲ ਹੈ ਕਿ ਗਿਆਨ ਹੋ ਜਾਏਗਾ, ਅਪਨੇ ਸਰੂਪ ਦੀ ਲੱਖਯਤਾ ਹੋ ਆਵੇਗੀ। ਭਾਵ ਨਾਮ ਨਾਲ, ਲੋਕ ਪ੍ਰਲੋਕ ਦੇ ਸੁਖ ਤੇ ਗਿਆਨ ਪ੍ਰਾਪਤ ਹੁੰਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

**ਸ੍ਰੀ ਅੰਗਦ! ਸੁਨੀਏ ਇਤਿਹਾਸਾ।**

**ਆਗੇ ਗਮਨ ਕੀਨ ਸੁਖਰਾਸਾ।**

**ਸ਼ੇਖ ਫਰੀਦ ਪਟਣ† ਹੈ ਜਹਿਂਵਾ।**

{ਪਾਕਪਟਨ}

†ਇਹ ਇਕ ਬੜਾ ਪੁਰਾਤਨ ਹਿੰਦੂ ਰਾਜ ਸਮੇਂ ਦਾ ਨੱਗਰ ਹੈ, ਇਸ ਦਾ ਅਸਲੀ ਨਾਮ ਅਜੋਧਨ ਸੀ। 'ਪਟਨ' ਨਾਮ ਹੈ ਸ਼ਹਿਰ ਦਾ, ਤੇ ਪੱਤਣ ਦਾ। ਖਿਆਲ ਹੈ ਕਿ ਕਦੇ ਦਰਯਾ ਇਥੇ ਤੱਕ ਵਹਿੰਦਾ ਸੀ ਤੇ ਇਥੇ ਪੱਤਣ ਸੀ। ਪਾਕਪਟਨ ਨਾਮ ਮੁਸਲਮਾਨਾਂ ਧਰਿਆ ਹੈ, ਬਾਬੇ ਫਰੀਦ ਦੇ ਰਹਿਣ ਕਰਕੇ, ਪਾਕਪਟਣ ਅਰਥਾਤ ਪਵਿਤ੍ਰ ਸ਼ਹਿਰ। ਸ਼ੇਖ ਬ੍ਰਹਮ ਬਾਬੇ ਫਰੀਦ ਦਾ ਗੱਦੀ ਨਸ਼ੀਨ ਸੀ, ਇਸ ਨੂੰ ਫਰੀਦ ਸਾਨੀ ਬੀ ਕਹਿੰਦੇ ਹਨ। ਇਹ ਬੀ ਬੜਾ ਤਪੱਸ੍ਵੀ ਪੁਰਸ਼ ਹੋਇਆ ਹੈ, ਗੁਰੂ ਜੀ ਨੂੰ ਮਿਲਕੇ ਇਸ ਨੂੰ ਠੰਢ ਪਈ ਸੀ। ਫਰੀਦ ਦੀ ਬਾਣੀ ਫਰੀਦ ਸਾਨੀ ਅਰਥਾਤ ਸ਼ੇਖ ਬ੍ਰਹਮ ਦੀ ਰਚੀ ਹੋਈ ਸੰਭਾਵਿਤ ਹੁੰਦੀ ਹੈ।

**ਸ਼ੇਖ ਬ੍ਰਹਮ ਤਬਿ ਬਸਿਈ ਤਹਿਂਵਾ ॥੨॥**

{ਸ਼ੇਖ ਬ੍ਰਹਮ ਨਾਲ ਗੋਸਟ}

**ਤਿਹ ਕੇ ਮਿਲਿਨਿ ਹੇਤਿ ਗਤਿਦਾਈ।**

**ਦੋਇ ਕੋਸ ਪਰ ਬੈਠੇ ਜਾਈ।**

**ਸ਼ੇਖਬ੍ਰਹਮ ਕਾ ਇਕ ਮੁਰੀਦ† ਤਹਿਂ।**

†ਪੁ: ਜ: ਸਾਖੀ ਵਿਚ ਇਸਦਾ ਨਾਮ 'ਕਮਾਲ' ਦਿੱਤਾ ਹੈ।

ਆਯੋ ਈਂਧਨ[1] ਚੁਨਿਨਿ, ਗੁਰੁ ਜਹਿਂ ॥੩॥ — [1]ਬਾਲਣ।

ਸੋ ਦਰਵੇਸ਼ ਖੁਦਾਇ ਪਿਆਰਾ।
ਰਿਦੇ ਬੰਦਗੀ ਕੇਰ[1] ਅਧਾਰਾ। — [1]ਦਾ।
ਇਕ ਸ਼ਲੋਕ ਤਬ ਪ੍ਰਭੁ ਬਖਾਨਾ।
ਊਚੀ ਧੁਨਿ ਸੋਂ ਕੀਨੋ ਗਾਨਾ ॥੪॥

ਸ੍ਰੀ ਮੁਖਵਾਕ ॥
ਮਃ ੧ ॥
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥

ਚੌਪਈ:

ਸੁਨਤਿ ਮੁਰੀਦ ਗੁਰੂ ਢਿਗ ਆਯੋ।
ਕਰਿ ਸਲਾਮ ਅਸ ਬਚਨ ਅਲਾਯੋ।
'ਏਹ ਬੈਤ ਵਤ[1] ਮੋਹਿ ਸੁਨਾਇ। — [1]ਫਿਰ।
ਤੁਮ ਦਰਵੇਸ਼ ਭਿ ਲਖ੍ਯੋ ਖੁਦਾਇ[1]' ॥੫॥ — [1]ਆਪ ਦਰਵੇਸ਼ ਹੋ ਪੁਨਾ ਜਾਣਿਆ ਹੈ ਖੁਦਾ (ਮੈਨੇ ਤੁਸਾਂ ਨੂੰ)।

ਸ਼੍ਰੀ ਨਾਨਕ ਤਬ ਬੈਨ ਅਲਾਏ।
ਤਿਹ ਸ਼ਲੋਕ ਕੇ ਅਰਥ ਸੁਨਾਏ।
'ਆਪੇ ਪੱਟੀ ਕਲਮ ਸੁ ਆਪੇ।
ਲਿਖਣਹਾਰ ਸੋ ਦੁਤੀ[1] ਨ ਜਾਪੇ ॥੬॥ — [1]ਦੂਜਾ।
ਸਭਿ ਮਹਿਂ ਰਵਿਓ ਏਕ ਖ਼ੁਦਾਇ।
ਛੂਛੀ ਕਹੂੰ ਨ ਤਿਸ ਬਿਨ ਥਾਇ।
ਦੂਜਾ ਦੇਖ੍ਯੋ ਸੁਨ੍ਯੋ ਨ ਕੋਈ।
ਜਪਹਿ ਜਿ ਏਕ ਤਰਹਿ ਭਵ ਸੋਈ' ॥੭॥

ਦੋਹਰਾ: — [1]ਭਾਵ ਮੁਰੀਦ ਤੋਂ ਹੈ।

ਸੁਨਤਿ ਸ਼ੇਖ[1] ਹਰਖਾਇ ਉਰ, ਗਯੋ ਨਿਕਟਿ ਨਿਜ ਪੀਰ।
ਕਹ੍ਯੋ ਜਾਇ 'ਮੈਂ ਦੇਖਿਓ, ਆਜ ਖ਼ੁਦਾਇ ਸਰੀਰ ॥੮॥

ਚੌਪਈ:

ਹਿੰਦੁ ਜਨਮ ਸ਼੍ਰੀ ਨਾਨਕ ਵੇਦੀ।
ਦੇਤਿ ਅਲਹ ਸੁਧ ਦ੍ਵੈਤਹਿਂ ਛੇਦੀ[1]।' — [1]ਅੱਲਾ ਦੀ ਖਬਰ ਦ੍ਵੈਤ ਨੂੰ ਨਾਸ਼ ਕਰਨੇ ਵਾਲੀ।

ਸੁਨਤਿ ਪੀਰ ਨੈ ਬਚਨ ਉਚਾਰੇ।
'ਹਿੰਦੂ, ਬਹੁਰ ਖੁਦਾਇ ਕਿਆ ਰੇ![†] ॥੯॥
ਫੇਰ ਮੁਰੀਦ ਜੋਰਿ ਕਰ ਕਹਿਈ।
'ਸੋ ਖੁਦਾਇ ਕੀ ਸੂਰਤ ਅਹਿਈ।
ਕਹੋਂ ਕੂਰ ਨਹਿਂ, ਸਾਚ ਪਛਾਨੋਂ।
ਦੇਖਹੁਗੇ ਤੁਮ ਤਬਿ ਹੀ ਮਾਨੋਂ ॥੧੦॥
ਬਿਨ ਦੇਖੇ ਨਹਿਂ ਆਇ ਪ੍ਰਤੀਤੀ।
ਮਿਲਿਨੇ ਤੇ ਬਿਸਾਲ ਹ੍ਵੈ ਪ੍ਰੀਤੀ।'
ਸੁਨਿ ਪੁਨ ਬਾਨੀ ਪੀਰ ਅਲਾਈ।
'ਮੈਂਡਾ ਬੈਂਤ ਲਿਜਾਇ ਸੁਨਾਈ ॥੧੧॥

[†]ਪਾ:-ਪਿਆਰੇ।

ਦੋਹਰਾ:
ਘਿੰਨਹੁ, ਵੱਤ ਗਲਾਈਏ[1] ਜੋ ਮੈਂ ਤੋਕੋ ਬੱਦ[2]।
-ਇਕ ਸਾਹਿਬ ਦੋ ਹੱਦ ਹੈਂ, ਕੋ ਸੇਵੀ[1] ਕੋ ਰੱਦ?' ॥੧੨॥

[1]ਲੈ ਜਾ, (ਤੇ) ਮੁੜ ਸੁਣਾ ਉਸ ਨੂੰ। [2]ਜੋ ਮੈਂ ਤੈਨੂੰ ਕਹਿੰਦਾ ਹਾਂ।
[1]ਕਿਹੜਾ ਮੰਨਣ ਯੋਗ ਹੈ।

ਚੌਪਈ:
ਸੁਨਿ ਮੁਰੀਦ ਤਬ, ਸ਼੍ਰੀ ਗੁਰ ਪਾਸਾ।
ਜੁਲ ਕਰਿ[1] ਆਇ ਕਰੀ ਅਰਦਾਸਾ।
'ਜਬ ਹੀ ਪਢਯੋ ਬੈਂਤ ਮੈਂ ਤੈਂਡਾ।
ਬੈਂਤ ਕਹ੍ਯੋ ਤਬ ਪੀਰ ਇਕ ਮੈਂਡਾ ॥੧੩॥
ਤਹਿ ਕੋ ਉੱਤਰ ਦੀਜਹੁ ਮੋਕੋ।
ਸੁਨਹੁ, ਸੁਨਾਵਤਿ ਹੌਂ ਮੈਂ ਤੋ ਕੋ।
-ਸਾਹਿਬ ਏਕੋ ਦੋ ਕਿਯ ਹੱਦ।
ਕਿਹ ਕੋ ਸੇਵੀ ਕਿਹਕੋ ਰੱਦ?- ॥੧੪॥
ਜੋ ਤੁਮਰੇ ਮਤ ਮਾਂਹੀ ਸਾਚੋ।
ਕ੍ਰਿਪਾ ਧਾਰਿ ਮੁਝ ਸੰਗਿ ਉਬਾਚੋ[1]।'
ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ।
ਕਹ੍ਯੋ ਸ਼ਲੋਕ ਸਰਬ ਸੁਖ ਦੈਨਾਂ ॥੧੫॥

[1]ਪਹੁੰਚਕੇ।
[1]ਕਹੋ।

ਸਲੋਕੁ ॥
ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ ॥੨॥[†]

†ਇਹ ਸਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। ਗੂਜਰੀ ਦੀ ਵਾਰ ਵਿਚ ਤੀਸਰੇ ਸਾਹਿਬਾਂ ਦਾ ਸਲੋਕ ਇਕ ਇਸ ਪ੍ਰਕਾਰ ਦਾ ਹੈ:-'ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰ ਜਾਇ ॥'

ਦੋਹਰਾ:

'ਸੁਨਹੁ ! ਤੁਮਰੋ ਪੀਰ ਜੋ, ਅਬ ਲਗ ਦੂਜੋ ਚੀਨ[1]।
ਨਹੀਂ ਖ਼ੁਦਾਇ ਪਛਾਨ ਤਿਹਂ, ਮਾਰਗ ਮਿਲਿਨਿ ਨ ਲੀਨ[1] ॥੧੬॥

[1]ਦੂਜਾ ਹੀ ਜਾਣਿਆ ਹੈ।

[1]ਪ੍ਰਭੂ) ਮਿਲਣ ਦਾ ਰਾਹ ਨਹੀਂ ਲੀਤਾ।

ਚੌਪਈ:

ਸੇਵਹੁ ਏਕ ਹਦ ਦ੍ਵੈ ਖੋਇ[1]।
ਸਭਿ ਕੋ ਕਰਨਹਾਰ ਹੈ ਜੋਇ।
ਏਕ ਖ਼ੁਦਾਇ ਰਵਜੋ ਸਭਿ ਮਾਂਹੀ।
ਇਉਂ ਜਾਨੇ ਬਿਨ ਮਿਲਨ ਦੁਰਾਹੀ[1] ॥੧੭॥

[1]ਦੂਜੀ ਹੱਦ ਨਾਸ਼ ਕਰਕੇ।

[1]ਕਠਨ ਹੈ।

ਮੁੱਸਲਮਾਨ ਨ ਹਿੰਦੂ ਕੋਊ।
ਕਰਨਹਾਰ ਸਭਿ ਕੋ ਇਕ ਹੋਊ।
ਪੱਖਜਬਾਦ ਮੈਂ ਉਰਝੇ ਜੋਈ।
ਹੱਦਾਂ ਦੋਇ ਜਾਨਿ ਹੈਂ ਸੋਈ' ॥੧੮॥

ਐਸੇ ਬਚਨ ਸੁਨੇ ਗੁਰ ਤੀਰ[1]।
ਗਮਨਜੋ ਤਬ ਸਮੀਪ ਨਿਜ ਪੀਰ।
ਸਰਬ ਜਵਾਬ ਸੁਨਾਯੋ ਜਬ ਹੀ।
ਬੋਲਜੋ ਪੀਰ ਤਾਂਹਿ ਸੋਂ ਤਬ ਹੀ ॥੧੯॥

[1]ਪਾਸੋਂ।

ਦੋਹਰਾ:

'ਤਾਤ[1] ! ਬਾਤ ਕੋ ਮਰਮ ਜੋ, ਤੈਂ ਜਾਨਜੋਂ ਕੈ ਨਾਂਹਿ।
ਅਜ਼ਮਤ ਇਸ ਮਹਿਂ ਅਧਿਕ ਹੈਂ, ਸੁਨਹੁ ਸਮਝ ਮਨ ਮਾਂਹਿ ॥੨੦॥

[1]ਪਿਆਰੇ ਪੁੱਤ੍ਰ।

ਚੌਪਈ:

-ਦ੍ਵੈਤ ਖੋਇ ਜਿਨਿ ਏਕ ਪਛਾਨਾ।
ਮਿਲਿਹਿ ਖ਼ੁਦਾਇ ਸਿ ਮਨੁਜ ਸੁਜਾਨਾ-।
ਮੈਕੂੰ ਘਿੰਨਉ ਵੰਞ ਉਥਾਊਂ[1]।
ਤਿਹ ਦਿਦਾਰ ਕਰਿ ਉਰ ਸੁਖ ਪਾਊਂ ॥੨੧॥

[1]ਮੈਨੂੰ ਲੈਕੇ ਚੱਲ ਉਥੇ।

ਕਰਿ ਮੁਰੀਦ ਆਗੈ ਤਿਹਕਾਲਾ।
ਚਢਯੋ ਪੀਰ ਸਿਵਕਾ[1] ਪਰ ਚਾਲਾ। [1]ਪਾਲਕੀ।
ਸ੍ਰੀ ਗੁਰ ਨਦਰ ਪਰੇ ਤਿਹ ਜਬ ਹੀ।
ਉਤਰ ਚਲਯੋ ਪੈਰਨ ਸੋਂ ਤਬਿ ਹੀ ॥੨੨॥
ਆਇ 'ਸਲਾਮਾਲੇਕਮ' ਕਰਿ ਕੈ।
ਬੈਠਯੋ ਨਿਕਟਿ ਭਾਉ ਉਰ ਧਰਿ ਕੈ।
ਬੂਝਨ ਲਾਗਯੋ 'ਦੇਹੁ ਬਤਾਈ।
ਆਗੈ ਕੈਸੋ ਹਾਲ ਬਿਹਾਈ[1]?' ॥੨੩॥ [1]ਬੀਤਦਾ ਹੈ।

ਦੋਹਰਾ:
ਗੁਰੂ ਭਨੈਂ 'ਦਰਗਾਹ ਮਹਿਂ, ਸਾਚੇ ਪਾਵਹਿਂ ਮਾਨ।
ਕੂੜੀ ਕੂੜੈ ਬੇਖ ਕੀ, ਤਿਨ ਕੋ ਤਹਿਂ ਨਹਿਂ ਥਾਨ ॥੨੪॥

ਚੌਪਈ:
ਜਨਮਤਿ ਮਰਤਿ ਪਵਹਿਂ ਚਉਰਾਸੀ।
ਸਦਾ ਰਹਤਿ ਤਿਨ ਗਰ[1] ਜਮ ਫਾਸੀ।' [1]ਉਨ੍ਹਾਂ ਦੇ ਗਲ।
ਸਨਮੁਖ ਬੈਠੇ ਸ੍ਰੀ ਗੁਨਖਾਨੀ।
ਪੀਰ ਰਿਦੇ ਕੀ ਸਭਿ ਬਿਧਿ ਜਾਨੀ ॥੨੫॥
ਕਾਬੇ ਦਿਸ਼ਾ ਹੁਤੋ ਤਿਹ ਬਦਨਾ।
ਪ੍ਰਾਚੀ ਦਿਸ਼[1] ਮੁਖ ਸ੍ਰੀ ਸੁਖ ਸਦਨਾ। [1]ਪੂਰਬ ਦੀ ਤਰਫ।
ਸ਼ੁਭ ਉਪਦੇਸ਼ ਦੇਨਿ ਤਿਹ ਤਾਈਂ।
ਬਚਨ ਬਖਾਨੇ ਪੁਨ ਜਗ ਸਾਈਂ ॥੨੬॥
'ਜਾਨਯੋ ਕਾਬੇ ਬੀਚ ਖੁਦਾਇ।
ਤੁਮ ਜਾਨਤਿ ਹੋ ਔਰ ਨ ਜਾਇ[1]। [1]ਹੋਰ ਜਗਾ ਨਹੀਂ।
ਇਸ ਪ੍ਰਕਾਰ ਤੁਮ ਖੋਜਤਿ ਤਾਂਹੀ।
ਜਿਉਂ ਕੋ ਵਸਤੁ ਹੋਇ ਜਲ ਮਾਂਹੀ ॥੨੭॥
ਇਉਂ ਨਹਿਂ ਪਾਇ ਸਕਹੁ ਗੇ ਕਬ ਹੀ।
ਕੋਟ ਜਨਮ ਧਰਿ ਖੋਜਹੁ ਜਬ ਹੀ।'
ਪਰਿ ਕਹੈ: 'ਸੁਨਿ ਨਾਨਕ ਤਪਾ!

ਤੁਰਕ ਦੀਨ ਕੋ ਕਾਬਾ ਥਪਾ[1] ॥੨੮॥
ਤਾਂਹੀ ਮੈਂ ਸ਼ਰਧਾ ਧਰਿ ਭੂਰੀ।
ਮੈਂ ਖੁਦਾਇ ਕੋ ਪਾਉਂ ਹਦੂਰੀ।'
ਗੁਰੁ ਭਨੈਂ 'ਜੇ ਅਸ ਮਨ ਜਾਨੋ।
ਸੋ ਖੁਦਾਇ ਤੇ ਭੁਲਵਨ ਮਾਨੋ ॥੨੯॥
ਕਰ ਕੇ ਬੀਚ ਨ ਆਵਹਿ ਐਸੇ।
ਹੋਇ ਬਿਅਰਥ, ਮਥਨ[1] ਜਲ ਜੈਸੇ।'
ਕਹੈ ਪੀਰ 'ਸੁਨਿ ਨਾਨਕ, ਤੈਂਡਾ।
ਬੈਤ ਸੁਨਜੋ, ਹਰਖਜੋ ਮਨ ਮੈਂਡਾ ॥੩੦॥

[1]ਤੁਰਕ ਮਜ਼ਹਬ ਦਾ ਕਾਬਾ ਥਾਪਿਆ ਹੋਇਆ ਹੈ।

[1]ਰਿੜਕਣਾ।

ਦੋਹਰਾ:

ਉਰ ਬਿਚਾਰਿ ਮੈਂ ਤਬ ਕਰਜੋ, -ਜਿਨ ਅਸ ਬੈਤ ਬਨਾਇ।
ਤਿਨ ਕੋ ਦਰਸ਼ਨ ਕੀਜਿਯੇ-, ਆਯੋ ਤੁਰਤ ਇਥਾਇ ॥੩੧॥

ਚੌਪਈ:

ਦੋ ਹੱਦਨ ਮਹਿਂ ਏਕ ਬਤਾਯੋ।
ਤਾਂ ਕੋ ਸੇਵਨ ਹੈ ਫੁਰਮਾਯੋ।
ਤੁਮ ਤੇ ਨਿਸ਼ਾ[1] ਹਮਾਰੀ ਹੋਵਹਿ।
ਸਭਿ ਸੰਦੇਹ ਰਿਦੇ ਤੇ ਖੋਵਹਿ ॥੩੨॥
ਜਿਉਂ ਜਿਉਂ ਬਚਨ ਸੁਨੌਂ ਨਿਜ ਕਾਨੇ।
ਤਿਉਂ ਤਿਉਂ ਸ਼ਾਂਤਿ ਹੋਤਿ ਭ੍ਰਮ ਹਾਨੇ।
ਸੇਤੁ ਉਦਧਿ ਭਵ ਬਚਨ ਤੁਮਾਰੇ[1]।
ਜਿਸ ਤੇ ਦ੍ਵੈਤਹਿ[1] ਮਿਟਤਿ ਹਮਾਰੇ ॥੩੩॥
ਬਾਨ ਸਮਾਨ[1] ਅਗਜਾਨ ਨਿਸ਼ਾਨਾ[2]।
ਨੀਕੇ ਹਨਹਿਂ[1] ਕਰਤਿ ਸਭਿ ਹਾਨਾ।
ਬੂਝਹੁਂ ਇਕ ਸੁਆਲ ਸੋ ਕਹੀਏ।
ਮੇਰੋ ਭਰਮ ਸਰਬ ਅਬ ਦਹੀਏ[1] ॥੩੪॥

[1]ਤਸੱਲੀ। ਫਾ-ਖ਼ਾਤਿਰ ਨਿਸ਼ਾਂ]।

[1]ਸੰਸਾਰ (ਰੂਪੀ) ਸਮੁੰਦਰ ਤੇ (ਤਰਨ ਲਈ) ਪੁਲ ਵਤ ਆਪ ਜੀ ਦੇ ਬਚਨ ਹਨ।

[1]ਦੂਈ (ਵਿਚ ਭਰੋਸਾ)।

[1]ਆਪ ਦੇ ਬਚਨ) ਤੀਰ ਵਤ। [2]ਅੱਗਜਾਨ ਨਿਸ਼ਾਨਾ ਹੈ ਭਾਵ ਲੱਛ ਹੈ।

[1]ਚੰਗੀ ਤਰ੍ਹਾਂ ਮਾਰਕੇ।

[1]ਨਾਸ਼ ਕਰੀਏ।

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੑੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥

ਦੋਹਰਾ:

ਇਕ ਖੁਦਾਇ ਜੋ ਤੁਮ ਕਹਜੋ, ਕੈਸੇ ਪਾਵਉਂ ਸੋਇ।
ਪਟ ਉਤਾਰ ਬਨ[1] ਜਾਇ ਹੌਂ, ਮੋਹ ਕੁਟੰਬ ਕੋ ਖੋਇ ॥੩੫॥

[1]ਜੰਗਲ ਵਿਖੇ।

ਚੌਪਈ:

ਖਿੰਥਾ ਕਮਰੀ ਕੀ[1] ਗਰ ਪਾਵੌਂ।
ਸੁਤ ਬਨਿਤਾ ਕੋ ਮੁਖ ਨ ਦਿਖਾਵੌਂ।
ਜਿਸ ਬਿਧਿ ਪਯਾਰੇ ਕੋ ਹੁਇ ਮੇਲਾ।
ਸੋਈ ਕਹਉ ਅਨਤ ਕਉ ਪੇਲਾ[1] ॥੩੬॥

[1]ਕੰਬਲੀ ਦੀ ਗੋਦੜੀ।

[1]ਹੋਰ (ਬਿਧੀ ਯਾ ਸਾਧਨ) ਛੱਡ ਕੇ।

ਕਿਸ ਬਿਧਿ ਕਰੌਂ ਸੇਵ ਮੈਂ ਤਾਂ ਕੀ[1]।
ਜਿਸ ਤੇ ਛੁਟਤਿ ਜਮ ਕੀ ਬਾਕੀ।'
ਬਚਨ ਪੀਰ ਕੇ ਸੁਨਿ ਸੁਖ ਸਦਨੰ।
ਕਹਜੋ ਸ਼ਲੋਕ ਆਪ ਸ੍ਰੀ ਬਦਨੰ ॥੩੭॥

[1]ਪਿਆਰੇ ਦੀ।

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ[1] ਕਰੇ ॥੧॥

[1]ਸਿੱਧੀ (ਠੀਕ)।

ਦੋਹਰਾ:

'ਕਿਹ ਕਾਰਨ ਪਟ ਛੋਡ ਹੀ, ਕਾਹੇ ਤਜਹੁ ਅਵਾਸ।
ਮਿਲਹਿ ਆਨਿ ਘਰ ਕੇ ਬਿਖੈ, ਹੋਇ ਸਿਦਕ ਜੇ ਰਾਸ ॥੩੮॥

ਚੌਪਈ:

ਸੁਨਹੁ ਸ਼ੇਖ ਅਉਰਤ ਘਰ ਹੋਇ।
ਗਯੋ ਬਿਦੇਸ਼ ਕੰਤ ਹੈ ਜੋਇ।
ਭੈ ਨਿਤ ਕਰਤਿ ਕੰਤ ਚਿਤ ਚਾਹੀ।
ਰਾਖਹਿ ਸਿਦਕ ਜਿ ਡੋਲਹਿ ਨਾਂਹੀ ॥੩੯॥
ਆਨਿ ਮਿਲਹਿ ਤਿਹ ਕੰਤ ਅਵਾਸਾ।
ਪ੍ਰੀਤ ਕਰਤਿ ਨਿਤ ਰਹਿ ਹੈ ਪਾਸਾ।
ਜੇ ਅਉਰਤ ਹੋਵੈ ਬਦਰਾਹ[1]।
ਗ਼ਾਫਲ ਭਈ ਅਵਰ ਚਿਤ ਚਾਹਿ ॥੪੦॥

[1]ਮਾੜੇ ਰਸਤੇ ਟੁਰਨ ਵਾਲੀ।

ਤਿਹ ਕੋ ਕੰਤ ਭੁਲਾਵਹਿ ਮਨ ਤੇ।
ਦੁਖੀ ਦੁਹਾਗਣ ਫਿਰਹਿ ਜੁ ਅਨ ਤੇ[1]।' [1]ਹੋਰਨੀ ਥਾਂਈ।
ਸੁਨਿ ਅਸ ਬਚਨ ਸ਼ੇਖ ਸੁਖ ਪਾਇ।
ਬੂਝੀ ਬਹੁਰੋ ਖ਼ਬਰ ਖ਼ੁਦਾਇ ॥੪੧॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
Dn kUkyxdI gor myx qY sh nw imlIawsu ]54]

ਚੌਪਈ: [1]ਜਵਾਨ ਆਯੂ ਵਿਚ। [2]ਯਾਦ।
'ਤਰੁਨ ਬੈਸ[1] ਨਹਿਂ ਚੇਤਨ[2] ਕੀਨੋ।
ਬ੍ਰਿੱਧ ਭਯੋ ਇੰਦ੍ਰੀ ਬਲ ਖੀਨੋ[1]। [1]ਨਾਸ਼ ਹੋ ਗਿਆ।
ਗੋਰ ਬਿਖੈ ਹੈ ਚਲਨ ਤਿਆਰੀ।
ਅਬ ਸਾਹਿਬ ਸੋਂ ਮਿਲਨਾ ਭਾਰੀ[1] ॥੪੨॥ [1]ਵਡਾ (ਔਖਾ) ਹੈ।
ਪੂਰਬ ਖਿਜਮਤਿ[1] ਕੰਤ ਨ ਹੋਈ। [1]ਸੇਵਾ। ਫਾ: ਖ਼ਿਦਮਤ]।
ਕਿਉਂ ਅਬ ਨਾਰਿ ਮਿਲੈ ਹੈ ਸੋਈ।'
ਸ਼ੇਖ ਬਚਨ ਸੁਨਿ ਗਯਾਨ ਉਦਾਰਾ[1]। [1]ਭਾਵ ਗੁਰੂ ਜੀ ਨੇ।
ਤਿਹ ਸੋਂ ਬਹੁਰ ਸ਼ਲੋਕ ਉਚਾਰਾ ॥੪੩॥

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥

ਦੋਹਰਾ: [1]ਇਸਤਰੀ। [2]ਵਿਸ਼ਿਆਂ ਵਿਚ ਪ੍ਰੀਤ ਵਾਲੀ।
'ਮਹਿਲ[1] ਕੁਚੱਜੀ, ਬਿਸ਼ੈ ਰਤਿ[2]
ਕਾਲੀ, ਕਲਿਮਲ[1] ਸੰਗ। [1]ਪਾਪਾਂ।
ਦ੍ਵੈਤ ਰਿਦੈ ਬਦਬੋਇ[1] ਅਤਿ [1]ਮੰਦੀ ਵਾਸ਼ਨਾ।
ਕਿਉਂ ਮਾਣੈ ਪਿਰੁ ਰੰਗ ॥੪੪॥

ਚੌਪਈ: [1]ਪਰਮੇਸ਼ੁਰ) ਪਤੀ। [2]ਬਾਂਕਾ। [3]ਸੁੰਦਰ।
ਕੰਤ[1] ਸੁਘੜ ਉਸ਼ਨਾਕ[2] ਮਨੋਗ[3]।
ਜਾਨਤਿ ਧਨ ਨਹਿਂ ਰਾਵਣ ਜੋਗ[1]। [1]ਜਿਸ) ਇਸਤਰੀ ਨੂੰ ਰਾਵਣ ਯੋਗ ਨਹੀਂ ਜਾਣਦਾ।
ਤਜਿ ਤਿਹ ਨਾਰ, ਸੁਚੱਜੀ ਜੋਊ।
ਸਤਿ ਸ਼ਿੰਗਾਰ ਜਿਹਂ, ਰਵਿ ਹੈ ਸੋਊ[1] ॥੪੫॥ [1]ਸਤ (ਆਦਿ) ਜਿਸ ਦੇ ਸ਼ਿੰਗਾਰ ਹਨ ਉਸੇ ਨੂੰ ਰਾਂਵਦਾ ਹੈ।
ਕਾਮ, ਕ੍ਰੋਧ, ਲੋਭ, ਅਹੰ, ਕੂਰ[1]। [1]ਹੰਕਾਰ, ਝੂਠ।
ਮਲ ਕੁਚਾਲ ਕੀ ਕੀਨਿ ਜਿ ਦੂਰ।
ਤਿਹ ਸੋਂ ਰਾਵਹਿ ਕਰਿ ਹੀ ਪਯਾਰਾ।

ਬਿਨ ਸ਼ਿੰਗਾਰ ਧਨ[1] ਸਦਾ ਖੁਆਰਾ ॥੪੬॥ — [1]ਇਸਤ੍ਰੀ।

ਕੰਤ[1] ਬਿਖੈ ਲਖਿ ਦੋਸ਼ ਨ ਕੋਊ। — [1]ਪਰਮੇਸ਼ੁਰ) ਪਤੀ।

ਕਰਤਿ ਅਵੱਗਜਾ ਧਨ ਹਿਤ ਖੋਊ।

ਤਿਹ ਕੋ ਤਜਾਗਿ ਬਿਖੈ ਸੰਗ ਰਾਚੀ[1]।' — [1]ਤਿਸ (ਕੰਤ) ਨੂੰ ਛਡਕੇ ਵਿਸ਼ਿਆਂ ਨਾਲ (ਜੋ) ਰਚੀ ਹੈ ਸੋ ਇਸਤ੍ਰੀ ਪਿਆਰ ਨੂੰ ਗੁਆਕੇ ਅਵੱਗਜਾ ਕਰ ਰਹੀ ਹੈ।

ਸੁਨਤਿ ਸ਼ੇਖ ਪੁਨ ਗਿਰਾ ਉਬਾਚੀ ॥੪੭॥

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥

ਚੌਪਈ:

'ਸੁਣਹੁ ਸ਼ੇਖ ਨਿਵਣਾ ਸਭਿ ਆਗੇ।

ਅੱਖਰ ਇਹ, ਸ਼ੁਭ ਮਾਰਗ ਲਾਗੇ[1]। — [1]ਜਿਨ੍ਹਾਂ ਕਰ) ਚੰਗੇ ਮਾਰਗ ਲਗਦਾ ਹੈ (ਜੀਵ)।

ਪਰਮੇਸ਼ੁਰ ਦੁਖ ਸੁਖ ਜੋ ਦੇਵੈ।

ਇਹ ਗੁਣ ਲਖਹੁ ਦੁਊ ਸਮ ਖੇਵੈ[1] ॥੪੮॥ — [1]ਦੋਵੇਂ (ਦੁਖ ਤੇ ਸੁਖ) ਇਕੋ ਜੇਹੇ (ਜਾਣਕੇ) ਸਹਾਰੇ।

ਰਸਨਾ ਸਿਫਤ ਬਿਖੈ ਕਰਤਾਰਾ।

ਮਣੀਆਂ ਮੰਤ[1] ਜਾਨੀਏ ਚਾਰਾ। — [1]ਸ਼ਿਰੋਮਣ ਮੰਤਰ।

ਇਸ ਬਿਧਿ ਕਰੈ, ਹੋਇ ਵਸਿ ਕੰਤਾ।

ਬਹੁਰੋ ਨਦਰ ਧਰੈ ਭਗਵੰਤਾ' ॥੪੯॥

ਕਹੈ ਸ਼ੇਖ 'ਕਰਿ ਕੈ ਸੁ ਨਿਬੇਰਾ।

ਬਹੁਰ ਰਲਾਯੋ ਸਗਰੋ ਝੇਰਾ[1]। — [1]ਝੇਰਾ ਅੱਗੇ ਦੱਸਦਾ ਹੈ।

ਸੇਵਾ ਤੇ ਹੈ ਨਦਰਿ ਅਭੇਵਾ[1]? — [1]ਸੇਵਾ ਨਾਲ ਹੁੰਦੀ ਹੈ ਭੇਵ ਰਹਤ (ਪ੍ਰਭੂ ਦੀ) ਨਦਰ?

ਕਿਧੌਂ ਨਦਰ ਤੇ ਹੋਵੈ ਸੇਵਾ[1]? ॥੫੦॥ — [1]ਯਾ ਕਿ ਨਦਰ ਨਾਲ ਸੇਵਾ ਹੁੰਦੀ ਹੈ।

ਇਹ ਨਿਰਨੈ ਕਰਿ ਮੋਹਿ ਬਤਾਵਹੁ।

ਹਿਰਦੇ ਤੇ ਸਭਿ ਭਰਮ ਮਿਟਾਵਹੁ।'

ਸ਼ੇਖ ਬਚਨ ਕੋ ਸੁਨਿ ਜਗਨਾਥਾ।

ਕਹਯੋ ਸ਼ਲੋਕ ਬਹੁਰ ਤਿਨ ਸਾਥਾ ॥੫੧॥

ਸਲੋਕ ॥
ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ ॥
ਗਰਬੀ ਕੰਤ ਨ ਪਾਈਐ[1] ਭਾਵੇਂ ਖਰੀ ਸੁਆਲਿਉ[2] ਹੋਇ[†] ॥੯॥

[1]ਪਾਂਵਦੀ। [2]ਸੁੰਦਰ। [†]ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ।

ਚੌਪਈ:

'ਸੁਨਹੁ ਸ਼ੇਖ ਨਿਸ਼ਚੈ ਮਨ ਜਾਨਹੁ।
ਸੇਵਾ ਮੂਲ ਸਭਿਨਿ ਕੀ[1] ਮਾਨਹੁ।
[1]ਸਾਰੇ (ਸਾਧਨਾਂ) ਦਾ ਮੁੰਢ।
ਘਾਲਹਿ ਘਾਲ ਹਾਨਿ ਕਰਿ ਗਰਬਾ।
ਤਨ ਮਨ ਕਰਹਿ ਨਿਵੇਦਨ[1] ਸਰਬਾ ॥੫੨॥
[1]ਸੌਂਪੇ।
ਤਬ ਹੀ ਨਦਰਿ ਪ੍ਰਮੇਸ਼੍ਵਰ ਹੋਇ।
ਮਹਿਲ ਹਦੂਰ ਬੁਲਾਈਐ ਸੋਇ।
ਗਰਬ ਕਰਹਿ ਜੋ, ਸੇਵਹਿ ਨਾਂਹੀ।
ਸੁੰਦਰ ਬਹੁ ਸਰੂਪ ਤਨ ਆਹੀ ॥੫੩॥
ਤਿਹ ਸਮੀਪ ਕੰਤ ਨਹੀਂ ਆਵਹਿ।
ਗਰਬ ਯੁਕਤ[1] ਨਹਿੰ ਤਿਹੰ ਕੋ[2] ਭਾਵਹਿ।
[1]ਹੰਕਾਰ ਵਾਲੀ। [2]ਉਸ (ਰਬ) ਨੂੰ।
ਛੁੱਟੜਿ ਮਹਲਾ[1] ਹ੍ਵੈ ਸੁ ਦੁਹਾਗਣਿ।
[1]ਛੁੱਟੜ ਇਸਤ੍ਰੀ।
ਨਿਰਹੰਕਾਰ ਸਦੀਵ ਸੁਹਾਗਣਿ ॥੫੪॥

ਦੋਹਰਾ:

ਸੇਵਾ ਤੇ ਸਾਹਿਬ ਬਸੀ[1],
[1]ਵਸ ਹੁੰਦਾ ਹੈ।
ਦੇਖਹਿ ਕਰੁਨਾ ਡੀਠ[1]।
[1]ਕ੍ਰਿਪਾ ਦੀ ਨਜ਼ਰ ਨਾਲ।
ਸੁਖ ਸੁਹਾਗ[1] ਮਾਣਹਿ ਸਦਾ,
[1]ਪਤੀ ਦੇ ਸੁਖ।
ਮਿਲਤਿ ਆਪਨੇ ਈਠ[1]' ॥੫੫॥
[1]ਪਯਾਰੇ (ਪਤੀ) ਨੂੰ।

ਚੌਪਈ:

ਸੁਨੇ ਬਚਨ ਸ੍ਰੀ ਗੁਰ ਕੇ ਜਬਿ ਹੀ।
ਕਰ ਦ੍ਵੈ ਪਦ ਪਰ ਲਾਏ ਤਬ ਹੀ।
ਪੁਨ ਸਿਰ ਮਸਤਕ ਮੁਖ ਪਰ ਫੇਰੇ।
ਧੰਨ ਭਾਗ ਅਪਨੇ ਬਡ ਹੇਰੇ ॥੫੬॥
ਮਿਲਜੋ ਖ਼ੁਦਾਇ ਨ ਸੰਸਾ ਕੋਈ।
ਬੋਲਜੋ 'ਬਹੁਤ ਖ਼ਤਾ ਮੁਰ[1] ਹੋਈ।
[1]ਭੁੱਲ ਮੇਰੀ।
ਬਖ਼ਸ਼ਹੁ ਅਬ ਕਰੁਨਾ ਕਰਿ ਸੋਊ।
ਤੁਮ ਕੇ ਊਪਰ ਅਪਰ ਨ ਕੋਊ' ॥੫੭॥
ਸਨਮੁਖ ਉਚਰੇ ਬਚਨ ਘਨੇਰੇ।
'ਅਬ ਮੁਝ ਜਾਨਹੁ ਸਮ ਨਿਜ ਚੇਰੇ।'
ਸ਼ੇਖ ਨਿਕਟਿ ਤੇ ਸੁਨਿ ਕਰਿ ਬਾਨੀ।
ਇਕ ਸ਼ਲੋਕ ਉਚਰਜੋ ਗੁਨ ਖਾਂਨੀ

॥ ੫੮ ॥

ਸ੍ਰੀ ਮੁਖਵਾਕ ॥
ਸਲੋਕ ਮਃ ੧ ॥
ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥
ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥

ਦੋਹਰਾ:
'ਰੂਪ ਕਾਮਿ, ਲਬਿ ਮਾਲ ਕੀ;
ਰਤਿ, ਜਿਉਂ ਨੀਂਦਿ ਪਲੰਘ[1]।
ਤਿਉਂ ਭਗਤਨ ਕੀ ਹੈ ਸਦਾ,
ਹਰਿ ਚਰਚਾ ਕੇ ਸੰਗਿ ॥ ੫੯ ॥

[1]ਭਾਵ, ਕਾਮੀ ਦੀ ਰੂਪ ਨਾਲ, (ਭੁੱਖੇ ਦੀ ਸਵਾਦ ਨਾਲ) ਲਬੀ ਦੀ ਮਾਲ ਨਾਲ, ਨਿੰਦਰਾਵਲੇ ਦੀ ਪਲੰਘ ਨਾਲ ਜੀਕੂੰ ਲਗਨ ਹੈ।

ਚੌਪਈ:
ਤੁਮਰੇ ਬਚਨ ਮੋਹਿ ਮਨ ਭਾਵਹਿਂ।
ਚਾਹਿ ਸੁ ਬੂਝਹੁ ਬਹੁਰ ਬਤਾਵਹਿਂ।'
ਸੁਨਿ ਇਉਂ ਸ਼ੇਖ ਬਹੁਰ ਹਰਿ ਗਾਥਾ[1]।
ਕਰਤਿ ਭਯੋ ਸ਼੍ਰੀ ਨਾਨਕ ਸਾਥਾ ॥ ੬੦ ॥

[1]ਪ੍ਰਭੂ ਦੀ ਕਥਾ।

ਅਹੈਂ ਸ਼ਲੋਕੁ ਗ੍ਰੰਥ ਜੀ ਮਾਂਹੀ।
ਕਥਾ ਬਦਨ ਤੇ ਬਰਨੇ ਨਾਂਹੀ।
ਆਸਾ ਵਾਰੁ ਕਛੁਕ† ਤਹਿਂ ਕੀਨੀ।
ਅਤਿ ਉੱਤਮ ਪਦਵੀ[1] ਤਿਹ ਦੀਨੀ ॥ ੬੧ ॥

†ਪੁ: ਜ: ਸਾਖੀ ਵਿਚ ਲਿਖਿਆ ਹੈ ਕਿ ਆਸਾ ਵਾਰ ਦੀਆਂ 'ਪਉੜੀਆਂ ਨਉਂ ਹੋਇਆਂ ਏਤੁ ਪਰਥਾਇ'।

[1]ਮਰਤਬਾ।

ਭਯੋ ਮੁਰੀਦ ਸ਼ੇਖ ਤਬ ਗੁਰ ਕੋ।
ਬੰਦੇ ਚਰਨ ਪ੍ਰੇਮ ਕਰਿ ਉਰਕੋ।
ਕਿਤਿਕ ਦਿਵਸ ਤਿਨ ਰਾਖ੍ਯੋ ਡੇਰਾ।
ਨਿਤ ਪ੍ਰਤਿ ਕਰਿਹੀ ਭਾਉ[1] ਘਨੇਰਾ ॥ ੬੨ ॥

[1]ਪ੍ਰੇਮ।

ਬਹੁਰੋ ਬਿਦਾ ਹੋਇ ਬਰਿਆਈ[1]।
ਕੀਨ ਪਯਾਨ ਸ਼੍ਰੀ ਜਗ ਸਾਈਂ।
ਅਬ ਜੋ ਹੋਵਹਿ ਕਥਾ ਅਗਾਰੀ।
ਭਾਖੋਂ ਅਗਲੇ ਧ੍ਯਾਉ ਮਝਾਰੀ ॥ ੬੩ ॥

[1]ਜ਼ੋਰੋ ਜ਼ੋਰੀ।

ਇਤਿ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ਼ੇਖ ਬ੍ਰਹਮ ਕੋ ਪ੍ਰਸੰਗ' ਬਰਨਨੰ ਨਾਮ ਤੇਤੀਸਮੋਂ ਅਧਜਾਯ ॥ ੩੩ ॥

## ੩੪. [ਗੁਰਮੁਖ ਤੋਂ ਸੁਣਕੇ ਨਾਮ ਜਪਣ ਦਾ ਫਲ। ਬ਼ਗਦਾਦ, ਦਸਤਗੀਰ ਪੀਰ-ਉਧਾਰ]

੩੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੫

{ਪੀਰ ਦਸਤਗੀਰ} ॥੩..॥

ਦੋਹਰਾ:

ਸਰਬ ਰਸਨ ਤੇ ਰਸ ਭਲਾ, ਸਾਦ ਲੇਇ ਜੋ ਕੋਇ ॥
ਸ਼੍ਰੀ ਗੁਰਮੁਖ ਤੇ ਨਾਮ ਸੁਨਿ, ਜਪਹਿ ਸਦਾ ਸੁਖ ਹੋਇ ॥੧॥

ਰਸਨ ਤੇ=ਰਸਾਂ ਤੋਂ। ਸਾਦ=ਸੁਆਦ।
ਗੁਰਮੁਖ=ਉਹ ਗੁਰ ਸਿੱਖ ਜੋ ਆਪ ਨਾਮ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ ਤੇ ਰਜ਼ਾ ਪੁਰ ਖੜੋ ਗਿਆ ਹੈ। ਓਹ ਸਤਿਕਾਰ ਯੋਗ ਗੁਰਮੁਖ ਹੈ। (ਅ) ਗੁਰੂ ਜੀ ਦੇ ਮੁਖ ਤੋਂ।

ਅਰਥ:

ਜੇ ਕਿਸੇ ਨੂੰ ਸੁਆਦ ਲੈਣ (ਦਾ ਚਸਕਾ ਹੋਵੇ ਤਾਂ) ਸਾਰਿਆਂ ਰਸਾਂ ਤੋਂ ਭਲਾ ਰਸ (ਇਹ ਹੈ:-ਕਿ) ਸ਼੍ਰੀ ਗੁਰ ਮੁਖ ਤੋਂ (ਵਾਹਿਗੁਰੂ ਜੀ ਦਾ) ਨਾਮ ਸੁਣ ਕੇ ਸਦਾ ਜਪੇ (ਤਾਂ ਸੁਆਦ ਦੇ ਨਾਲ) ਸੁਖ (ਬੀ) ਪ੍ਰਾਪਤ ਹੁੰਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ ਸੁਨਿ ਕਥਾ ਰਸਾਲਾ[1]।
ਜਿਸ ਮਹਿਂ ਮਾਰਗ ਮੁਕਤਿ ਬਿਸਾਲਾ।
ਦੀਨ ਬੰਧੁ ਕੀਨੋ ਪ੍ਰਸਥਾਨਾ।
ਜਹਾਂ ਦੇਸ਼ ਬ਼ਗਦਾਦ ਮਹਾਨਾ[†] ॥੨॥

[1]ਸੁੰਦਰ, ਰਸੀਲੀ।

[†]ਦੇਖੋ ਇਸੇ ਅਧ੍ਯਾਯ ਦੇ ਅੰਕ ੬੮ ਦੀ ਹੇਠਲੀ ਟੂਕ।

{ਬਗਦਾਦ}

ਦਸਤਗੀਰ ਤਹਿਂ ਪੀਰ ਰਹੇਹੀ।

{ਪੀਰ ਦਸਤਗੀਰ}

ਸਭਿ ਨਰ ਤਿਹ ਕੀ ਸੇਵ ਕਰੇਹੀਂ।
ਆਇਸੁ ਬਿਖੈ ਰਹਿਤਿ ਦਿਨ ਰਾਤੀ।
ਤਿਸ ਮਹਿਂ ਅਜ਼ਮਤ ਬਡ ਬੱਖਯਾਤੀ
॥੩॥
ਜਸ ਉਪਦੇਸ਼ ਦੇਤਿ ਤਿਸ ਦੇਸ਼ਾ।
ਤਸ ਕਰਿਹੀ ਸਭਿ ਸਹਿਤ ਨਰੇਸ਼ਾ।
ਜਾਂ ਕੇ ਬਹੁਤ ਮੁਰੀਦ ਅਗਾਰੀ।
ਸੇਵਹਿਂ ਸਦ ਆਇਸੁ ਅਨੁਸਾਰੀ ॥੪॥
ਤਿਹ ਕੋ ਮਾਨ ਹਰਨ[1] ਗੁਨ ਖਾਂਨੀ।
ਪ੍ਰਾਪਤ ਭਏ ਜਹਾਂ ਰਜਧਾਨੀ।
ਪੁਰਿ ਤੇ ਵਹਿਰ ਰੁਚਿਰ ਜਲ ਹੇਰਾ।
ਬੈਠਿ ਗਏ ਤਹਿਂ ਕਰਿਕੈ ਡੇਰਾ ॥੫॥

[1]ਹੰਕਾਰ ਨਾਸ਼ ਕਰਨ ਲਈ।

ਜਬ ਇਕ ਰਜਨੀ ਸਕਲ ਬਿਤਾਈ।
ਜਾਗੇ ਪ੍ਰਭੁ ਭੋਰ ਹ੍ਵੈ ਆਈ।
ਕਰਿ ਇਸ਼ਨਾਨ ਪਢੀ ਮੁਖ ਬਾਨੀ।
ਸ੍ਰੀ ਕਰਤਾਰ ਸਿਫਤ ਮਹਿਂ ਸਾਂਨੀ[1] ॥੬॥ [1]ਮਿਲੀ ਹੋਈ।
-ਲਖ ਪਾਤਾਲ ਲੱਖ ਆਕਾਸ਼-।
ਇਹ ਜਬ ਸ਼ਬਦ ਪਢਯੋ ਸੁਖਰਾਸ।
ਏਕ ਮੁਰੀਦ ਪੀਰ ਕੋ ਆਯੰ।
ਹਿਤ ਮੱਜਨ ਕੇ ਜਲ ਜਿਹ ਥਾਯੰ ॥੭॥
ਸੁਨਯੋ ਸ਼੍ਰੋਨ ਮਹਿਂ ਇਹ ਪਦ ਤਾਂਹੀ।
ਬਿਸਮ ਰਹਯੋ ਅਪਨੇ ਮਨ ਮਾਂਹੀ[†]।

[†]ਇਸ ਗੱਲ ਤੇ ਅਸਚਰਜ ਕਰਨਾ ਨਹੀਂ ਚਾਹੀਦਾ ਕਿ ਪੰਜਾਬੀ ਦੀਆਂ ਇਹ ਤੁਕਾਂ ਬਗ਼ਦਾਦ ਦੇ ਆਦਮੀ ਨੇ ਕੀਕੂੰ ਸਮਝ ਲਈਆਂ। ਬਗ਼ਦਾਦੀ ਫਕੀਰਾਂ ਦੇ ਚੇਲੇ ਹਿੰਦ ਵਿਚ ਅਨੇਕਾਂ ਸਨ ਤੇ ਹਨ, ਤੇ ਓਹ ਜ਼ਯਾਰਤ ਨੂੰ ਜਾਂਦੇ ਸਨ, ਤਾਂਤੇ ਪੀਰ ਜੀ ਦਾ ਹਿੰਦੀ ਜਾਣਨਾ ਮੁਸ਼ਕਲ ਗੱਲ ਨਹੀਂ ਹੈ, ਤੇ ਯਾ ਕਿਸੇ ਹਿੰਦੀ ਮੁਰੀਦ ਨੇ ਸੁਣ ਸਮਝ ਕੇ ਪੀਰ ਨੂੰ ਜਾ ਦੱਸੀਆਂ ਹਨ।

-ਇਹੁ ਕਜਾ ਕੁਫਰ ਬਕਤਿ ਹੈ[1] ਕੋਈ। [1]ਕਹਿੰਦਾ ਹੈ।
ਕਹਯੋ ਕੁਰਾਨ ਕਿਤਾਬ ਨ ਸੋਈ- ॥੮॥
ਤਰਕ ਕਰਤਿ ਅਸ ਗਯੋ ਸਮੀਪਾ।
ਜਹਿਂ ਬੈਠੇ ਬੇਦੀ ਕੁਲਦੀਪਾ।
ਤਿਹ ਛਿਨ ਗਾਨ ਲਗਯੋ ਮਰਦਾਨਾ।
ਵਾਇ[1] ਰਬਾਬ, ਸਿਫਤ ਭਗਵਾਨਾ ॥੯॥ [1]ਵਜਾਇਕੇ।
ਖਰੋ ਹੋਇ ਸੁਨਿ ਕੈ ਚਿਰ ਤਾਈਂ।
ਗਮਨਯੋ ਬਹੁਰ ਪੀਰ ਨਿਜ ਥਾਈਂ।
ਅਵਸਰ ਪਾਇ ਸੁ ਬੂਝਨ ਕੀਨਾ।
'ਹਜ਼ਰਤ! ਸੁਨਹੁ ਕੁਫਰ ਇਕ ਪੀਨਾ[1] ॥੧੦॥ [1]ਭਾਰੀ।
ਹਿੰਦੁ ਫਕੀਰ ਵਹਿਰ ਹੈ ਬੈਸਾ।
ਬਕਯੋ ਬਕਾਉ[1] ਕੁਫਰ ਤਿਨ ਐਸਾ। [1]ਕਹਿਆ ਹੈ ਬੋਲ।
ਚੌਦਾਂ ਤਬਕ ਕੁਰਾਨ ਬਤਾਏ।
ਏਤੇ ਹੀ ਤੁਮ ਆਪ ਸੁਨਾਏ ॥੧੧॥
ਤਿਸ ਨੈ ਲੱਖ ਅਕਾਸ਼ ਪਤਾਲੇ।
ਬਹੁਰ[1] ਨ ਓਰਕ ਥਕ ਰਹਿ ਭਾਲੇ। [1]ਫਿਰ।
ਸੁਨਿ ਕੈ ਅਚਰਜ ਮੁਝ ਮਨ ਆਵਾ।
ਸਹਯੋ ਨ ਜਾਇ ਜੁ ਤਾਂਹਿ ਸੁਨਾਵਾ

॥੧੨॥
ਲਿਖ੍ਯੋ ਖ਼ਿਲਾਫ[1] ਕੁਰਾਨ ਦਰ੍ਮਜਾਨ[2]।
ਕੂਰੋ ਕਿਧੌਂ ਫਕੀਰ ਅਜਾਨ।
ਇਕ ਤੋ ਇਹ ਤਿਨ ਕਹ੍ਯੋ ਅਚੰਭਾ।
ਦੂਸਰ ਕੀਨ ਰਾਗ ਪ੍ਰਾਰੰਭਾ[1] ॥੧੩॥
ਤੁਮਨੇ ਸਗਰੇ ਦੇਸ਼ ਮਝਾਰੀ।
ਕਰਨ ਸਰੋਦ ਕੀਨ ਹਟਕਾਰੀ।
ਜੇ ਸਮੀਪ ਹੁਇ ਆਇਸੁ ਭੰਗਾ।
ਅਹੈਂ ਦੂਰ, ਸੋ ਕਰੈਂ ਨਿਸ਼ੰਗਾ ॥੧੪॥
ਦਿਨਪ੍ਰਤਿ ਤੇਜ ਹੋਇ ਲਘੁ ਜਾਈ।
ਜੇ ਨ ਤਿਦਾਰਕ[1] ਦਿਹੁ ਤਿਸਤਾਈਂ[†]।
ਇਸ ਫਕੀਰ ਨੇ ਕੁਫਰ ਉਚਾਰਾ।
ਲਾਇਕ ਹੈ ਸਜ਼ਾਇ ਇਹੁ ਭਾਰਾ ॥੧੫॥
ਜੌਂ ਇਸ ਕੋ ਬਰਜਹੁ[1] ਨਹਿਂ ਅਬ ਹੀ।
ਮੁਸਲਮਾਨ ਕਾਫਰ ਹ੍ਵੈਂ ਸਭਿ ਹੀ।'
ਦਸਤਗੀਰ ਸੁਨਿ ਕੈ ਅਸ ਝੇਰਾ।
ਮਨ ਮੈਂ ਕੀਨੋ ਕ੍ਰੋਧ ਘਨੇਰਾ ॥੧੬॥
ਆਇਸੁ ਸਗਰੇ ਨਗਰ ਪਠਾਈ।
'ਸੰਗਸਾਰ[1] ਤਿਸ ਕਰੀਏ ਜਾਈ।
ਸਭਿ ਚਲਿ ਜਾਹੁ ਨ ਲਾਵਹੁ ਦੇਰਾ।
ਹੁਕਮ ਭੰਗ ਕੀਨੋ ਤਿਨ ਮੇਰਾ ॥੧੭॥
ਹ੍ਵੈ ਹਦੂਰ ਜਿਨਿ ਕੀਨ ਢਿਠਾਈ[1]।
ਦੂਰ ਭਏ ਤੇ ਕਸ ਡਰਪਾਈ।
ਇਹ ਬਗ਼ਦਾਦ ਜੁ ਥਾਨ ਮਹਾਨਾ।
ਤੁਰਕਾਨੇ ਕੋ ਬਡੋ ਟਿਕਾਨਾ ॥੧੮॥
ਜੇਕਰਿ ਇਹਾਂ ਅਵੱਗਜਾ ਹੋਈ।
ਪੁਨ ਮਿਰਯਾਦ ਰਖੈ ਨਹਿਂ ਕੋਈ।'
ਦਸਤਗੀਰ ਕੀ ਆਇਸੁ ਪਾਏ।

[1]ਉਲਟ। [2]ਕੁਰਾਨ ਦੇ ਵਿਚ।

[1]ਅਰੰਭ ਕੀਤਾ ਹੈ।

[1]ਪਰਬੰਧ, ਸਜ਼ਾ ਦੇਣੀ, ਰੋਕ ਕਰਨੀ। [†]ਤੁਮਨੇ......ਤੋਂ......ਤਿਸ ਤਾਂਈ-ਤਕ ਦੀ ਥਾਂ ਕੇਵਲ ਦੋ ਤੁਕਾਂ ਵਿਚ ਪਾਠਾਂਤਰ ਇਉਂ ਹੈ:-ਤੁਮਨੇ ਸਭੀ ਤੌਰ ਸਮਝਾਈ। ਕਰਨ ਸਰੋਦ ਦੀਨ ਹਮ ਨਾਹੀਂ।

[1]ਰੋਕੋਗੇ।

[1]ਵੱਟੇ ਮਾਰ ਮਾਰ ਕੇ ਜਾਨੋਂ ਮਾਰ ਦੇਣਾ, ਅਰਬੀ ਰੁਮੀ ਦੇਸਾਂ ਦੀ ਇਕ ਸਜ਼ਾ ਸੀ।

[1]ਢੀਠਤਾ।

ਬਾਲਕ ਬੂਢੇ ਤਰੁਨੇ[1] ਧਾਏ ॥੧੯॥ — [1]ਜੁਵਾਨ।
ਇਕ ਇਕ ਪਾਹਨ ਸਭਿ ਕਰ ਲੀਨਾ।
ਚਲਿਨ ਲਗੇ ਬਡ ਰੌਰਾ ਕੀਨਾ।
ਸ੍ਰੀ ਨਾਨਕ ਸੁਨਿ ਕੈ ਤਿਹ ਕਾਲਾ।
ਊਚੀ ਦੀਨੀ ਬਾਂਗ ਬਿਸਾਲਾ ॥੨੦॥
'ਨਿਰੰਕਾਰ ਸਤਿ ਸ੍ਰੀ ਅਕਾਲਾ।
ਗੁਰਬਰ ਏਕੰਕਾਰ ਕ੍ਰਿਪਾਲਾ।'
ਸੁਨਿ ਕਰਿ ਬਾਂਗ ਸਰਬ ਨਰ ਨਾਰੀ।
ਸੁੰਨ ਮੁੰਨ[1] ਹੋਏ ਇਕ ਵਾਰੀ ॥੨੧॥ — [1]ਮੂਰਛਿਤ।
ਜਬਹਿ ਬਿਲੋਕੀ ਅਜ਼ਮਤ ਪੀਨਾ[1]। — [1]ਤਕੜੀ।
ਆਪਹਿ ਪੀਰ ਪਯਾਨੋ ਕੀਨਾ।
ਮਾਨਵ ਬ੍ਰਿੰਦ ਲਿਏ ਨਿਜ ਸੰਗਾ।
ਜੀਤਨ ਆਯੋ ਰਿਦੈ ਉਮੰਗਾ ॥੨੨॥
ਨਿਜ ਅਜ਼ਮਤ ਜੜਤਾ ਸਭਿ ਕੇਰੀ[1]। — [1]ਆਪਣੀ ਕਰਾਮਾਤ ਨਾਲ ਮੂਰਛਾ ਸਾਰਿਆਂ ਦੀ।
ਦਸਤਗੀਰ ਹਰਿ ਦੀ[1] ਬਿਨ ਦੇਰੀ। — [1]ਦੂਰ ਕਰ ਦਿੱਤੀ।
ਗਰਬ ਚਲਾ ਜਹਿਂ ਸੁਮਤਿ ਨਿਕੇਤੂ[1]। — [1]ਭਾਵ ਗੁਰੂ ਜੀ।
ਭਾਨੁ ਤੇਜ ਹਰਿ ਚਹਿ ਖੱਦਯੋਤੂ[1] ॥੨੩॥ — [1]ਦੂਰ ਕਰਨਾ ਚਾਹੇ ਟਟੈਣਾ।
ਸਭਿ ਇਕ ਬਾਰ ਅਏ ਚਉਫੇਰੇ।
ਹਿਤ ਮਾਰਨ ਕਿਯ ਭੁਜਾ ਉਚੇਰੇ।
ਇਕ ਇਕ ਪਾਹਨ ਸਭਿ ਕਰ ਮਾਂਹੀ।
ਅਨ ਗਨ ਮਾਨਵ ਗਿਨਤੀ ਨਾਂਹੀ ॥੨੪॥
ਜਬ ਮਨ ਬਿਖੈ ਚਹਿਤ ਸਭਿ ਮਾਰਾ।
ਤਿਹ ਛਿਨ ਸ੍ਰੀ ਪ੍ਰਭੁ ਕੀਨ ਹੰਕਾਰਾ[1]। — [1]ਹੁੰਕਾਰਾ ਮਾਰਿਆ।
ਠਾਂਢੀ ਰਹੀ ਉਚੇਰੀ ਬਾਹੈਂ।
ਉਤਰਹਿਂ ਤਰ ਨ, ਉਤਾਰਯੋਂ ਚਾਹੈਂ[1] ॥੨੫॥ — [1]ਹੇਠ ਨਹੀਂ ਉਤਰਦੀਆਂ, ਉਤਾਰੀਆਂ ਚਾਹੁੰਦੇ ਹਨ।
ਕਾਸ਼ਟ[1] ਕੇ ਸਮਾਨ ਸੋ ਗਾਢੀ[2]। — [1]ਲਕੜੀ। [2]ਤਕੜੀ (ਅ) ਗਾਡੀ=ਗਡੀ ਗਈ।
ਬਿਸਮ ਰਹੇ ਸਭਿ, ਪੀਰਾ ਬਾਢੀ[1]। — [1]ਪੀੜ ਵਧੀ।
ਦਸਤਗੀਰ ਅਪਨੀ ਤਿਹ ਕਾਲਾ।
ਕਰਾਮਾਤ ਕਰਿ ਰਹਯੋ ਬਿਸਾਲਾ ॥੨੬॥
ਕਛੂ ਨ ਲਗੀ ਰਹਯੋ ਪਚਿਹਾਰੀ[1]। — [1]ਥੱਕ ਕੇ ਹਾਰ ਗਿਆ।
ਮਨ ਜਾਨੇ ਅਪਨੇ ਤੇ ਭਾਰੀ।

ਜਿਉਂ ਉਡ[1] ਅਲਪ[2] ਸੁ ਕਰੈ ਮਜੇਜਾ[3]।
[1]ਤਾਰਾ। [2]ਤੁੱਛ। [3]ਅਹੰਕਾਰ। ਨਿਜ਼ਾਜ]।

ਸਵਿਤਾ[1] ਕੋ ਦਬਾਇ ਦਿਉਂ ਤੇਜਾ ॥੨੭॥
[1]ਸੂਰਜ ਦੇ ਤੇਜ ਨੂੰ।

ਤਨਕ ਬਘੂਰਾ[1] ਉਰ ਗਰਬਾਯੋ।
[1]ਛੋਟਾ ਜਿਹਾ ਵਾਵਰੋਲਾ।

ਸਬਲ[1] ਅੰਧੇਰੀ ਸਨਮੁਖ ਜਾਯੋ।
[1]ਬਲਵਾਨ।

ਤਿਉਂ ਕਰਿ ਗੁਨਹਿ[1] -ਨ ਜੀਤਯੋ ਜਾਈ[2]।
[1]ਸੋਚਦਾ ਹੈ। [2]ਗੁਰੂ) ਨਹੀਂ ਜਿਤਿਆ ਜਾਂਦਾ।

ਅਬ ਬੋਲਨ ਮਹਿਂ ਦੇਉਂ ਹਰਾਈ- ॥੨੮॥

ਅਸ ਬਿਚਾਰਿ ਕੈ ਗਯੋ ਸਮੀਪਾ।
ਬੈਠਯੋ ਜਹਿਂ ਬੇਦੀ ਕੁਲਦੀਪਾ।
ਕਹਿਤਿ ਭਯੋ 'ਤੂੰ ਕੁਫਰ ਅਲਾਵਾ।
ਕੋ ਹੈਂ ਤੂੰ ਕਿਹ ਤੇ ਚਲਿ ਆਵਾ? ॥੨੯॥
ਕਰਾਮਾਤ ਕਰਿ ਬਡੀ ਦਿਖਾਈ।

ਲਖ ਪਤਾਲ ਨਭ[1] ਖ਼ਬਰ ਸੁਨਾਈ।
[1]ਲੱਖ) ਅਕਾਸ਼।

ਪੁਨ ਸਰੋਦ[1] ਮਨ ਚੰਚਲ ਕਰਈ।
[1]ਰਾਗ। ਫਾ: ਸਰੋਦ]। (ਅ)। ਸੰਸ: ਸ੍ਵਰੋਦਯ=ਇਕ ਪ੍ਰਕਾਰ ਦਾ ਸਾਜ਼ ਜੋ ਸਤਾਰ ਵਾਂਕੂ ਟੁਨਕਾਰ ਦੇਕੇ ਵਜਦਾ ਹੈ]।

ਸੋ ਗਾਵਨ ਕੇ ਕਿਉਂ ਅਨੁਸਰਈ? ॥੩੦॥
ਬੇ ਮਿਰਜਾਦ ਦੁਊ ਤੈ ਕੀਨਾ।
ਯਾਂ ਤੇ ਹਮ ਦਰਵੇਸ਼ ਨ ਚੀਨਾ।
ਇਨ ਕੇ ਉੱਤਰ ਆਪ ਉਚਾਰਹੁ।

ਨਤੁਰ[1] ਦੇਸ਼ ਤੇ ਵਹਿਰ ਸਿਧਾਰਹੁ' ॥੩੧॥
[1]ਨਹੀਂ ਤਾਂ।

ਗੰਜਨ ਗਰਬ[1] ਗੁਰੂ ਗੁਨਖਾਨੀ।
[1]ਨਾਸ਼ ਕਰਨ ਵਾਲੇ ਹੰਕਾਰ ਦੇ।

ਦਸਤਗੀਰ ਸੰਗ ਭਾਖੀ ਬਾਨੀ।
'ਜਿਹ ਸਰੋਦ ਕੀ ਨਿੰਦ ਉਚਾਰੀ।
ਤਿਹ ਕੀ ਰੀਤਿ ਸੁਨੋ ਸੁਖਕਾਰੀ ॥੩੨॥
ਸ਼੍ਰੀ ਕਰਤਾਰ ਸਿਫਤ ਮਹਿਂ ਗਾਵੈਂ।
ਬਸ ਜੈਹੈ ਮਨ ਬਹੁਰ ਕਮਾਵੈਂ।
ਸੁਨਹਿਂ ਰਾਗ ਰਸ ਲੇਵਨ ਕਾਰਨ।
ਹ੍ਵੈ ਤਿਸ ਮਹਿਂ ਹਰਿ ਨਾਮ ਉਚਾਰਨ

॥੩੩॥
ਹਿਰਦੇ ਹੁਲਸਾਵਹਿਂ ਜੱਗਜਾਸੀ।
ਰਚਹਿਂ ਸੰਗ ਸ਼੍ਰੀ ਪ੍ਰਭੁ ਅਬਿਨਾਸ਼ੀ।
ਕਲਿ ਮਹਿਂ ਹੋਤਿ ਉਪਾਇ ਨ ਔਰੇ।
ਕੀਰਤਿ[1] ਕਰਿ ਇਉਂ ਤਰਹਿਂ ਕਰੋਰੇ[2] ॥੩੪॥ — [1]ਕੀਰਤਨ। [2]ਤਰਦੇ ਹਨ ਕਰੋੜਾਂ ਹੀ।
ਯਾਂ ਤੇ ਰਾਗ ਰੀਤਿ ਹਮ ਕੀਨੀ।
ਰਸ ਨਿਤ, ਸਿਫਤ ਜਾਇ ਮਤਿ ਭੀਨੀ[1]। — [1]ਰਸ ਲਈ (ਪਰਮੇਸ਼ੁਰ ਦੀ) ਸਿਫਤ ਵਿਚ ਜਾਂਦੀ ਹੈ ਬੁੱਧੀ ਭਿੱਜ।
ਕਹਜੋ ਜੁ ਤੁਮ -ਚੰਚਲ ਮਤਿ ਕਰਿਹੀ।
ਬਿਸ਼ੈ ਬਿਖੈ ਮਨ ਕੋ ਸੰਚਰਿਹੀ[1]- ॥੩੫॥ — [1]ਲਗਾਉਂਦਾ ਹੈ।
ਸੋ ਤੋ ਕਾਮਚੇਸ਼ਟਾ ਮਾਂਹੀ।
ਕਰਹਿਂ ਸਰੋਦ[1] ਸਿ ਨਰਕ ਸਿਧਾਹੀਂ। — [1]ਰਾਗ।
ਅਬ ਦੂਸਰ ਉੱਤਰ ਸੁਨਿ ਕਾਨੇ।
ਚੌਦਹਿਂ ਤਬਕ ਕੁਰਾਨ ਬਖਾਨੇ[1] ॥੩੬॥ — [1]ਕੁਰਾਨ (ਨੇ) ਕਹੇ ਹਨ।
ਤਿਸ ਕੋ ਕਰਨਹਾਰ ਹੈ ਜੋਊ[1]। — [1]ਭਾਵ ਕੁਰਾਨ ਦਾ ਕਰਤਾ ਜੋ ਹੈ।
ਤਾਂ ਕੋ ਚੌਦਹਿਂ ਕੀ ਸੁਧ ਹੋਊ।
ਲਾਖਨ ਕੀ ਸੁਧ ਜਿਨ ਕਉ ਹੋਈ।
ਤੇਤੀ ਭਨੈਂ[†], ਨ ਝੂਠ ਬਗੋਈ[1] ॥੩੭॥ — [1]ਝੂਠ ਨਹੀਂ ਕਹਿੰਦੇ। [†]ਪਾ:-ਤੇਤੀ ਭਨੀ।
ਲਾਖਨ ਪਰੈ[1], ਨ ਓਰਕ[2] ਕੋਈ। — [1]ਲੱਖਾਂ ਤੋਂ ਬੀ ਪਰੇ ਹੈ। [2]ਅੰਤ।
ਬੇਸ਼ੁਮਾਰ ਸਾਹਿਬ ਹੈ ਸੋਈ।'
ਦਸਤਗੀਰ ਸੁਨਿ ਸਾਚ ਨ ਮਾਨੀ।
ਹੇਤੁ ਬਿਲੋਕਨ ਬੋਲਜੋ ਬਾਨੀ ॥੩੮॥
'ਕਹੇ ਪ੍ਰਤੀਤ ਨ ਆਵਹਿ ਮੋ ਕਉ।
ਦਿਹੁ ਦਿਖਾਇ ਜੇ ਹੈ ਸੁਧ ਤੋ ਕਉ।
ਸੁਤ ਮੇਰੇ ਕੋ ਸੰਗ ਲਿਜਾਵਹੁ।
ਜਿਤੀ ਪਹੁੰਚ ਹੈ ਤਿਤੇ ਦਿਖਾਵਹੁ' ॥੩੯॥
ਸੁਨਿ ਕੈ ਤਿਹ ਛਿਨ ਸ਼੍ਰੀ ਜਗਨਾਥਾ।
ਤਿਹ ਕੋ ਗਹਜੋ ਹਾਥ ਮਹਿਂ ਹਾਥਾ।
ਕਹਜੋ ਕਿ 'ਲੋਚਨ ਮੂੰਦਹੁ ਦੋਈ।
ਚਹਉ ਜੁ ਦੇਖਿ ਲੇਉ ਅਬ ਸੋਈ' ॥੪੦॥

ਮੁੰਦ੍ਰਿਤ[1] ਨੈਨ ਕਿਯੇ ਤਿਨ ਜਬ ਹੀ। [1]ਬੰਦ।
ਅਪਰ ਅਕਾਸ਼ ਦਿਖਾਯੋ ਤਬ ਹੀ।
ਕਿਤਿਕ ਦਿਵਸ ਤਿਹ ਬੀਚ ਬਿਹਾਰੇ[1]। [1]ਬਿਚਰੇ।
ਬਹੁਰ ਔਰ ਨਭ ਮਾਂਹਿ ਪਧਾਰੇ ॥੪੧॥
ਤਿਹ ਕੋ ਦੇਖਿ ਕਿਤਿਕ ਦਿਨ ਮਾਂਹੀ।
ਆਨਿ ਅਕਾਸ਼ ਪਿਖਾ ਪੁਨ ਜਾਹੀ[1]। [1]ਜਾਕੇ।
ਇਸ ਬਿਧਿ ਸੋਂ ਬਹੁ ਬਰਖ ਬਿਤਾਏ।
ਲਾਖ ਅਕਾਸ਼ ਤਾਂਹਿ ਦਿਖਰਾਏ ॥੪੨॥
ਬਹੁਰੋ ਗਏ ਪਤਾਲਨ ਮਾਂਹੀ।
ਪ੍ਰਿਥਮੇ ਏਕ ਦਿਖਾਵਾ ਤਾਂਹੀ।
ਕਿਤਿਕ ਦਿਨਨ ਲੌ ਫਿਰ ਕਰਿ ਸਾਰੇ।
ਬਹੁਰੋ ਦੁਤਿਯ ਪਤਾਲ ਪਧਾਰੇ ॥੪੩॥
ਸੋ ਨੀਕੀ ਬਿਧਿ ਦੀਨ ਦਿਖਾਈ।
ਪੁਨ ਤੀਜੇ ਮਹਿਂ ਗੇ ਜਗ ਸਾਈਂ।
ਇਸ ਬਿਧਿ ਸੋਂ ਜੇ ਲਾਖ ਪਤਾਲਾ।
ਸਰਬ ਦਿਖਾਏ ਤਾਂਹਿ ਕ੍ਰਿਪਾਲਾ ॥੪੪॥
ਬਹੁਤ ਬਰਖ ਲਗ ਕਾਲ ਬਿਤਾਯੋ।
ਬਿਚਰਤਿ ਪੀਰ ਤਾਤ ਅਕੁਲਾਯੋ[1]। [1]ਪੀਰ ਦਾ ਪੁੱਤ੍ਰ) ਵਿਆਕੁਲ ਹੋ ਗਿਆ।
ਹਾਥ ਬੰਦਿ ਕੈ ਗੁਰੂ ਅਗਾਰੀ।
ਹੁਇ ਅਧੀਨ ਬਹੁ ਬਿਨੈ ਉਚਾਰੀ ॥੪੫॥
'ਅੰਤ ਨ ਆਵਤਿ ਗੈਨ[1] ਪਤਾਲਾ। [1]ਅਕਾਸ਼ਾਂ ਤੇ।
ਬਿਚਰਤਿ ਬੀਤ ਗਯੋ ਚਿਰਕਾਲਾ।
ਚਲਉ ਆਪਨੇ ਅਬ ਅਸਥਾਨਾ।
ਤੁਮ ਖੁਦਾਇ, ਹੌਂ ਲਖਹੁਂ ਨ ਆਨਾ' ॥੪੬॥
ਸੁਨਿ ਕੈ ਸ਼੍ਰੀ ਗੁਰ ਗਿਰਾ ਉਚਾਰੀ।
'ਜਿ ਕਿਛੁ ਚਾਹੁ ਹੈ ਰਿਦੈ ਮਝਾਰੀ।
ਦੇਖਹੁ ਔਰ ਅਕਾਸ਼ ਪਤਾਲਾ।
ਅੰਤ ਨਹੀਂ ਕਛੁ, ਰਹੇ ਬਿਸ਼ਾਲਾ ॥੪੭॥
ਜੇਕਰਿ ਅਕੁਲਾਵਾ ਚਿਤ ਤੋਰਾ।
ਚਲਜੋ ਚਹਤਿ ਹੈਂ ਅਪਨੇ ਠੌਰਾ।
ਤਵ ਪਿਤ ਨਿਸ਼ਚਾ ਆਵਹਿ ਜੈਸੇ।

ਕਾਰਜ ਕਰਹੁ ਆਪ ਤਬ ਤੈਸੇ ॥੪੮॥
ਸੰਗਤ ਮਹਿਂ ਪੰਚਾਂਮਿਤ[1] ਹੋਈ। [1]ਕੜਾਹ ਪ੍ਰਸ਼ਾਦਿ।
ਤਹਿਂ ਤੇ ਲੇ ਕਰਿ ਚਲੀਏ ਸੋਈ।'
ਅਸ ਕਹਿ ਗਏ ਜਹਾਂ ਸਤਿ ਸੰਗਤਿ।
ਬੈਠੀ ਸੰਤਨ ਕੀ ਸ਼ੁਭ ਪੰਗਤਿ ॥੪੯॥
ਸ਼੍ਰੀ ਗੁਰ ਕੋ ਅਵਲੋਕਾ ਜਬਿ ਹੀ।
ਉਰ ਭਰਿ ਹਰਖ ਉਠੇ ਸਭਿ ਤਬ ਹੀ।
ਪਦ ਪੰਕਜ ਪਰ ਬੰਦਨ ਧਾਰੀ।
ਬੈਠਾਰੇ ਪੁਨ ਸਭਾ ਮਝਾਰੀ ॥੫੦॥
ਦੀਪ ਬਾਰਿ[1] ਆਰਤੀ ਉਤਾਰੀ। [1]ਦੀਵੇ ਬਾਲਕੇ।
ਪੂਜਨ ਕੀਨ ਪ੍ਰਸ਼ੰਸ਼[1] ਉਚਾਰੀ। [1]ਉਸਤਤਿ।
ਕਰਿ ਪੰਚਾਂਮ੍ਰਿਤ ਕੋ ਭਲਿ ਰੀਤੀ।
ਕਿਯ ਅਰਦਾਸ ਖਰੇ ਯੁਤ ਪ੍ਰੀਤੀ ॥੫੧॥
ਬਹੁਰੋ ਬਾਂਟਿ ਦੀਨ ਸਭਿ ਤਾਈਂ।
ਲੀਨ ਪੀਰ ਸੁਤ, ਹਰਖ ਬਢਾਈ।
ਇਸ ਬਿਧਿ ਬਹੁ ਸੰਗਤਿ ਕੇ ਮਾਂਹੀ।
ਫਿਰੇ ਪ੍ਰਭੂ ਦਿਖਰਾਈ ਤਾਂਹੀ ॥੫੨॥
ਜਬ ਕਚਕੌਲ[1] ਪੂਰ ਤਿਹ ਲੀਨਾ। [1]ਠੂਠਾ।
ਸ਼੍ਰੀ ਗੁਰ ਬਹੁਰ ਪਯਾਨੋ ਕੀਨਾ।
ਤਬ ਬਗ਼ਦਾਦ ਦੇਸ਼ ਮਹਿਂ ਆਏ।
ਹੁਤੋ ਪੀਰ ਬੈਠਯੋ ਜਿਹ ਥਾਏਂ ॥੫੩॥
ਬੂਝਨ ਕੀਨ ਪੀਰ ਸੁਤ ਤਾਈਂ।
'ਲਖ ਪਤਾਲ ਨਭ ਦੇਖੇ ਜਾਈ?
ਕੈ ਫਕੀਰ ਨੈ ਝੂਠ ਅਲਾਏ।
ਹਟਿ ਕੈ ਤੂਰਨ ਤੁਮ ਚਲਿ ਆਏ' ॥੫੪॥
ਬਿਸਮਯੋ ਦਸਤਗੀਰ ਸੁਤ ਸੁਨਿ ਕੈ।
ਅਤਿਸ਼ੈ ਅਚਰਜ ਕੋ ਮਨ ਗੁਨਿ ਕੈ।
ਕਹਿਨ ਲਗਯੋ 'ਹੇ ਪਿਤਾ! ਸੁਨੀਜੈ।
ਇਹੁ ਦਰਵੇਸ਼ ਖ਼ੁਦਾਇ ਲਖੀਜੈ ॥੫੫॥
ਤੁਮ ਤੋ ਕਹਯੋ ਕਿ ਤੂਰਨ ਆਏ।
ਕਿਤੇ ਸਹਸ[1] ਹਮ ਬਰਖ ਬਿਤਾਏ। [1]ਕਈ ਹਜ਼ਾਰ (ਅ) ਕਈ ਸਦੀਆਂ।
ਲੱਖ ਪਤਾਲ ਅਕਾਸ਼ ਦਿਖਾਏ।

ਬਹੁਰੋ ਓਰਕ ਹਾਥ ਨ ਆਏ ॥੫੬॥
ਗਯੋ ਹਾਰ ਅਵਲੋਕਯੋ ਜਬ ਹੀ[1]। [1]ਜਦ ਦੇਖੇ।
ਕਹਿ ਕਰਿ ਮੈਂ ਹਟਿ ਆਵਾ ਤਬ ਹੀ।
ਜਹਿਂ ਕਹਿਂ ਸੰਗਤਿ ਇਨ ਕੀ ਦੇਖੀ।
ਪਦ ਪੂਜਹਿਂ ਕਰਿ ਪ੍ਰੀਤਿ ਵਿਸ਼ੇਖੀ' ॥੫੭॥
ਦਸਤਗੀਰ ਸੁਨਿ ਅਦਭੁਤ ਬਾਨੀ।
ਬਿਸਮ ਰਹਯੋ -ਕਛੁ ਜਾਤਿ ਨ ਜਾਨੀ।
ਇਹ ਠਾਂ ਘਟਿਕਾ[1] ਬੀਤੀ ਦੋਊ। [1]ਘੜੀਆਂ।
ਬੈਠੇ ਰਹੇ ਉਠੇ ਨਹਿਂ ਕੋਊ ॥੫੮॥
ਬਰਖ ਅਗਨ[1]† ਇਹ ਕਹਿਤਿ ਬਿਤਾਏ। [1]ਅਨਗਿਣਤ।

†ਇਹ ਕਿਨਾਯਾ ਦੱਸਦਾ ਹੈ ਕਿ ਕਵਿ ਜੀ ਕਾਲ ਨੂੰ ਸਦਾ, ਅਟੱਲ (Absolute) ਨਹੀਂ ਮੰਨ ਰਹੇ, ਜੋ ਕਿਸੇ ਹਾਲਤ ਕਿਸੇ ਦੇ ਅੰਤਹਕਰਣ ਨੂੰ ਬਰਸਾਂ ਜਾਪਦਾ ਹੈ ਸੋ ਕਿਸੇ ਨੂੰ ਕਿਸੇ ਹਾਲਤ ਘੜੀਆਂ ਜਾਪਦਾ ਹੈ। ਜਿੱਥੇ ਪੀਰ ਦਾ ਪੁੱਤ੍ਰ ਗਿਆ ਸੀ ਓਥੇ ਭੂਤ ਭਵਿੱਖਤ ਵਰਤਮਾਨ ਤ੍ਰੈ ਰੰਗਾਂ ਵਿਚ ਛਿੰਨ ਹੋਇਆ ਕਾਲ ਨਹੀਂ ਸੀ, ਪੀਰ ਚਿਤ ਬ੍ਰਿਤੀ ਪਰ ਪੁੱਤ੍ਰ ਦੀ ਅਪਣੇ ਏਥੋਂ ਦੇ ਤਜਰਬੇ ਮੂਜਬ ਓਥੇ ਬਰਸਾਂ ਬੀਤਦੇ ਗਿਣ ਰਹੀ ਸੀ। ਪਰ ਪੀਰ ਦੀ ਚਿੱਤ ਬ੍ਰਿਤੀ ਨੂੰ ਜੋ ਤ੍ਰੈਕਾਲ ਦੇ ਦੇਸ਼ ਬੈਠਾ ਸੀ ਦੋ ਘੜੀਆਂ ਜਾਪੀਆਂ। ਕਾਲ (ਐਬਸੋਲਯੂਟ) ਸਦਾ, ਅਟੱਲ ਨਹੀਂ ਹੈ। ਇਕ ਉੱਚੀ ਗਣਿਤ ਵਿੱਦਯਾ ਨਾਲ ਹੁਣ ਜਰਮਨ ਦੇ ਇਕ ਪੰਡਿਤ ਆਇਨਸਟੈਨ ਨੇ ਸਾਬਤ ਕਰ ਦਿੱਤਾ ਹੈ ਕਿ ਦੇਸ਼ (Space) ਦੀ ਚੌਥੀ ਲਾਂਭ ਹੀ ਆਪਣੇ ਆਪ ਨੂੰ ਏਥੇ 'ਕਾਲ' (Time) ਵਿਚ ਦਿਖਾ ਰਹੀ ਹੈ।

ਲਾਖ ਪਤਾਲ ਅਕਾਸ਼ ਦਿਖਾਏ-।
ਸਭਿ ਬਿਧਿ ਲਖਿ ਕੈ ਬਾਤ ਅਸੰਭਾ[1]-। [1]ਅਸੰਭਵ।
ਮਾਨਿ ਰਹਯੋ ਮਨ ਪੀਰ ਅਚੰਭਾ ॥੫੯॥
ਰਿਦੈ ਬਿਚਾਰ ਕੀਨ ਚਿਰ ਤਾਈਂ।
-ਸਭਿ ਪੀਰਨ ਮਹਿਂ ਮੋਰ ਬਡਾਈ।
ਅਜ਼ਮਤ[1] ਮਾਂਹੀ ਮੋਹਿ ਸਮਾਨਾ। [1]ਕਰਾਮਾਤ।
ਜਗਤ ਬਿਖੇ ਕੋ ਪਿਖੋਂ ਨ ਆਨਾ ॥੬੦॥
ਸਭਿ ਹੀ ਆਨ[1] ਮਾਨਿਹੈਂ ਮੋਰੀ। [1]ਈਨ।
ਦੇਸ਼ ਨਿਵਾਏ ਪਗ ਕਰਿ ਜੋਰੀ।
ਮਮ ਅਜ਼ਮਤ[8] ਲੇਸ਼[1] ਨ ਇਸ ਆਗੈ। [1]ਰਤੀ ਬੀ।
ਮੇਰੁ[1] ਨਿਕਟਿ ਜਿਉਂ ਰੰਚਕ ਲਾਗੇ ॥੬੧॥ [1]ਸੁਮੇਰੁ ਪਰਬਤ।
ਇਹੁ ਤੋ ਮਾਨੁਖ ਤਨੁ ਨਹਿਂ ਹੋਈ।
ਅਹੈ ਖ਼ੁਦਾਇ ਧਰਯੋ ਤਨ ਸੋਈ।

ਇਸ ਕੀ ਸਰਬਰ ਹੋਇ ਨ ਕੋਊ।
ਬੰਦਨ[1] ਬਨੈ ਬੰਦਿ ਕਰ ਦੋਊ[2]- ॥੬੨॥

[1]ਕਿਣਕਾ ਰੇਤ ਦਾ। [2]ਨਸਮਕਾਰ ਕਰਨੀ ਬਣਦੀ ਹੈ ਜੋੜਕੇ ਹਥ ਦੋਵੇਂ।

ਅਸ ਬਿਚਾਰਿ ਕੈ ਪਾਇਨ ਪਰਿਓ।
ਉਰਕੋ ਸਕਲ ਗਰਬ ਪਰਹਰਿਓ।
ਸਭਿ ਮੁਰੀਦ ਕੋ ਗਿਰਾ ਅਲਾਈ।
'ਪਗ ਲਗ, ਲੇਹੁ ਖ਼ਤਾ ਬਖ਼ਸ਼ਾਈ ॥੬੩॥
ਇਸ ਕੋ ਮਾਨੁਖ ਤਨ ਨਹਿਂ ਜਾਨੋ।
ਅਲਹਿ ਖ਼ੁਦਾਇ ਸਰੂਪ ਪਛਾਨੋ।'
ਲੋਗਨ ਸੁਨਿ ਨਿਯੋਗ[1] ਨਿਜ ਪੀਰਾ।

[1]ਆਗਯਾ।

ਨਿਸ਼ਚੈ ਜਾਨਜੋ ਗੁਨੀ ਗਹੀਰਾ[1] ॥੬੪॥

[1]ਗੁਣਾਂ ਦਾ ਸਮੁੰਦਰ।

ਪਾਇਨ ਆਇ ਉਤਾਇਲ ਪਰੇ।
ਨਾਨਾ ਬਿਧਿਨਿ ਉਪਾਇਨ[1] ਧਰੇ।

[1]ਕਈ ਤਰ੍ਹਾਂ ਦੀ ਭੇਟਾ।

ਉਤਰੀ ਅਧੋ[1] ਭੁਜਾ ਸਭਿ ਹੀ ਕੀ।

[1]ਹੇਠ।

ਭਈ ਅਗਾਰੀ ਬਿਧਿ ਜਿਉਂ ਨੀਕੀ ॥੬੫॥
ਤਿਹ ਛਿਨ ਸ਼ਰਧਾ ਬਧੀ ਮਹਾਨਾ।
ਪੂਜਨ ਲਗਜੋ ਸਰਬ ਤੁਰਕਾਨਾ।
ਪ੍ਰਭੁ ਸਭਿ ਕੋ ਦੀਨੋ ਉਪਦੇਸ਼ਾ।
'ਸਤਿਨਾਮ ਸਿਮਰਹੁ ਜਗਤੇਸ਼ਾ ॥੬੬॥
ਪੱਖ ਬਾਦ ਕੋ ਭੂਲ ਨ ਕਰੀਏ।
ਇਕ ਖ਼ੁਦਾਇ ਸਭਿ ਬਿਖੈ ਨਿਹਰੀਏ।
ਕਰਹੁ ਜਿ ਦਿਢ ਅਸ ਬਿਧਿ ਅਭਜਾਸਾ।
ਪ੍ਰਾਪਤਿ ਹੋਇ ਮੁਕਤਿ ਸੁਖ ਰਾਸਾ' ॥੬੭॥
ਕਿਤਿਕ ਦਿਵਸ ਗੁਰ ਤਹਾਂ ਗੁਜ਼ਾਰੇ।⚐
ਦੇ ਉਪਦੇਸ਼ ਅਧਿਕ ਨਰ ਤਾਰੇ।
ਬਹੁਰ ਗਵਨ ਕੀ ਕੀਨੀ ਤਜਾਰੀ।
ਨਮਸਕਾਰ ਤਿਹ ਚਰਨ ਹਮਾਰੀ ॥੬੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਗ਼ਦਾਦ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋਂ ਅਧਜਾਯ ॥੩੪॥

⚐ਸਭ ਤੋਂ ਪੁਰਾਣਾ ਪਤਾ ਬਗ਼ਦਾਦ ਸਤਿਗੁਰੂ ਜੀ ਦੇ ਜਾਣ ਦਾ ਭਾਈ ਗੁਰਦਾਸ ਜੀ ਨੇ ਵਾਰ ੧ ਪੌੜੀ ੩੫, ੩੬ ਵਿਚ ਦੱਸਿਆ ਹੈ, ਸਤਿਗੁਰੂ ਜੀ ਨੇ ਬਾਂਗ ਦੇਕੇ ਸਾਰੀ ਨਗਰੀ ਨੂੰ ਸੁੰਨ ਕਰ ਦਿੱਤਾ, ਜਿਸ ਤੋਂ ਹੈਰਾਨਗੀ ਹੋਈ

ਤੇ ਪੀਰਾਂ ਨੇ ਆ ਤਕਰਾਰ ਕੀਤੇ। ਹੈਰਾਨੀ ਤੇ ਤਕਰਾਰ ਦੱਸਦੇ ਹਨ ਕਿ ਬਾਂਗ ਸਤਿਗੁਰੂ ਜੀ ਨੇ ਮੁਸਲਮਾਨਾਂ ਵਾਲੀ ਨਹੀਂ ਪਰ ਆਪਣੀ ਦਿੱਤੀ, ਮੁਸਲਮਾਨੀ ਦੇ ਘਰ ਵਿਚ ਤੇ ਮੁਸਲਮਾਨੀ ਪੱਖ ਦੇ ਕੇਂਦਰ ਵਿਚ ਇਹ ਕੁਛ ਕਰਨਾ ਬੜਾ ਅਚਰਜ ਹੈ। ਫਿਰ ਪੀਰ ਨੇ ਆਕੇ ਬਹਿਸ ਕੀਤੀ, ਲੱਖਾਂ ਅਕਾਸ਼ ਪਤਾਲ ਦੇ ਵਿਸ਼ੇ ਉੱਤੇ ਬਹਿਸ ਹੋ ਕੇ ਪ੍ਰਤੱਖ ਨਜ਼ਾਰੇ ਦਿਖਾ ਕੇ ਬਾਬੇ ਨੇ ਫਤੇ ਪਾਈ। ਇਸੇ ਪੀਰ ਦਾ, ਜਿਸ ਨਾਲ ਬਹਿਸ ਹੋਈ, ਦਸਤਗੀਰ ਪਤਾ ਦਿੱਤਾ ਹੈ। ਦਸਤਗੀਰ ਖ਼ਿਤਾਬ ਸੀ ਅਬਦੁਲ ਕਾਦਰ ਜੀਲਾਨੀ ਦਾ। ਇਸ ਦੇ, ਕਹਿੰਦੇ ਹਨ, ਇਕ ਸੌ ਦੇ ਲਗ ਪਗ ਨਾਮ ਸਨ। ਭਾਈ ਗੁਰਦਾਸ ਜੀ ਦਸਤਗੀਰ ਕਹਿਕੇ ਉਸ ਗਦੀ ਦੇ ਤਿਸ ਵੇਲੇ ਦੇ ਪੀਰ ਵੱਲ ਇਸ਼ਾਰਾ ਕਰ ਰਹੇ ਹਨ। ਇਹ ਗੱਦੀ ਹੁਣ ਤਕ ਬਗ਼ਦਾਦ ਵਿਚ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਇਸ ਬਾਂਗ ਦੀ, ਜੋ ਗੁਰੂ ਬਾਬੇ ਨੇ ਦਿੱਤੀ ਸੀ, ਇਹ ਇਬਾਰਤ ਦੱਸੀ ਹੈ:- 'ਗੁਰਬਰ ਅਕਾਲ, ਸਤਿ ਸ੍ਰੀ ਅਕਾਲ, ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ, ਪ੍ਰਭ ਕ੍ਰਿਪਾਲ ਜੋ ਸਰਬ ਜੀਵਾਲ ॥'

ਸ੍ਵੀਡਨ ਨਾਰਵੇ ਵਿਚ ਵੱਸਦੇ ਸੰਨਜਾਸੀ ਸ੍ਰੀ ਆਨੰਦਾ ਚਾਰਯਾ ਨੇ ਆਪਣੀ ਕਿਤਾਬ 'ਸਨੋ ਬਰਡਜ਼' (Snow Birds) ਵਿਚ ਇਕ ਕਵਿਤਾ ਲਿਖੀ ਹੈ, ਜੋ ਉਹ ਲਿਖਦੇ ਹਨ ਕਿ ਬਗ਼ਦਾਦ ਸ਼ਹਿਰ ਦੇ ਬਾਹਰ ਵਾਰ ਇਕ ਮੰਦਰ ਵਿਚ ੯੧੨ ਹਿਜਰੀ ਦੇ ਇਕ ਅਰਬੀ ਦੇ ਖੁਤਬੇ (Inscription) ਨੂੰ ਪੜ੍ਹਕੇ ਅਸਾਂ ਲਿਖੀ ਹੈ। ਉਸ ਖੁਤਬੇ ਦੀ ਇਬਾਰਤ ਆਪ ਨੇ ਐਉਂ ਦੱਸੀ ਹੈ:-

'ਏਥੇ ਬਚਨ ਕੀਤੇ ਹਿੰਦੂ ਫਕੀਰ ਗੁਰੂ ਨਾਨਕ ਨੇ ਫਕੀਰ ਬੈਲੋਲ ਨਾਲ, ਅਤੇ ਏਹ ਸੱਠ ਸਿਆਲੇ, ਜਦ ਤੋਂ ਕਿ ਗੁਰੂ ਜੀ ਈਰਾਨ (ਇਰਾਕ) ਤੋਂ ਵਾਪਸ ਚਲੇ ਗਏ, ਬੈਲੋਲ ਦੀ ਰੂਹ ਮਾਲਿਕ (ਭਾਵ ਗੁਰੂ ਨਾਨਕ) ਦੇ ਵਚਨਾਂ ਤੇ ਟਿਕੀ ਰਹੀ ਜਿਵੇਂ ਮਧੂ ਭਰੇ ਪਹੁ ਪ੍ਰਕਾਸ਼ ਨਾਲ ਚਮਕੇ ਗੁਲਾਬ ਉਤੇ ਸ਼ਹਿਦ ਦੀ ਮੱਖੀ ਟਿਕੀ ਹੁੰਦੀ ਹੈ।'

ਉਸ ਦੇ ਆਪਣੇ ਅੰਗ੍ਰੇਜ਼ੀ ਲਫਜ਼ ਐਉਂ ਹਨ:-

On reading an Arabic Inscription in a Shrine outside the town of Baghdad, dated 912 Hajira.

And ere he left this House of Ignorance he wrote these words upon the stone:

“Here spake the Hindu Guru Nanak to Fakir Balol, and for these sixty winters, since the Guru left Iran, the soul of Balol, has rested on the Master's word like a been poised on a dawn-lit honey-rose.”

ਬੈਲੋਲ ਗ਼ਾਲਬਨ ਬੈਲੋਲ ਦਾਨਾ ਦੀ ਗੱਦੀ ਦਾ ਜਾਨਸ਼ੀਨ ਸੀ, ਪਰ ਇਹ ਕੋਈ ਹੋਰ ਬੈਲੋਲ ਹੋਣਾ ਵਧੇਰੇ ਅਗ਼ਲਬ ਹੈ। ਪਰ ਇਸ ਵਿਸ਼ੇ ਪਰ ਖੋਜ ਦੀ ਲੋੜ ਹੈ ਤੇ ਉਸ ਥਾਂ ਦੀ ਬੀ ਖੋਜ ਦੀ ਲੋੜ ਹੈ ਜਿੱਥੇ ਬੈਠਕੇ ਏਸ ਨਾਲ ਬਚਨ ਹੋਏ ਤੇ ਏਹ ਖ਼ੁਤਬਾ ਲਗਾ।

ਖਾਲਸਾ ਸਮਾਚਾਰ ੪ ਜੁਲਾਈ ੧੯੧੮ ਵਿਚ ਲਿਖਿਆ ਹੈ ਕਿ 'ਭਾਈ ਕਰਮ ਸਿੰਘ ਜੀ (ਹਿਸਟੋਰੀਅਨ) ਨੇ ਲੜਾਈ ਤੋਂ ਪਹਿਲਾਂ ਬਗ਼ਦਾਦ ਨੂੰ ਦੇਖਿਆ ਸੀ, ਉਨ੍ਹਾਂ ਨੇ ਅਬਦੁਲ ਕਾਦਰ ਜੀਲਾਨੀ ਦੇ ਦਰਵਾਜ਼ੇ ਤੋਂ ਬਾਹਰ, ਜੋ ਸ਼ਹਿਰ ਤੋਂ ਪੂਰਬੋਤਰ ਵੱਲ ਹੈ-ਇੱਥੇ ਗੁਰੂ ਨਾਨਕ ਸਾਹਿਬ ਜੀ ਨੇ ਰਿਹਾਇਸ਼ ਰੱਖੀ ਸੀ:-ਦਾ ਪਤਾ ਦਿੱਤਾ ਸੀ।'

ਹੁਣ ਬਗ਼ਦਾਦ ਤੋਂ ਪਤਾ ਕਰਨ ਤੇ ਸਾਨੂੰ ਇਕ ਹੋਰ ਸੁੱਧ ਆਈ ਹੈ ਕਿ ਸ਼ਹਿਰੋਂ ਪੱਛੋਂ ਨੂੰ ਮੀਲ ਕੁ ਦੀ ਵਿੱਥ ਤੇ ਰੇਲਵੇ ਲਾਈਨ 'ਬਗ਼ਦਾਦ ਸਾਮੱਰਾ ਰੇਲਵੇ' ਦੇ ਲਾਗੇ ਇਕ ਨਿਸ਼ਾਨ ਅਜੇ ਤਕ ਕਾਇਮ ਹੈ, ਉਥੇ ਇਕ ਚਾਰ ਦੀਵਾਰੀ ਹੈ ਜਿਸ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਥੜ੍ਹਾ ਹੈ। ਜਿਸ ਥੜ੍ਹੇ ਦੇ ਉਪਰ ਇਕ ਬਾਰੀ ਹੈ ਤੇ ਉਸ ਬਾਰੀ ਵਿਚ ਪੱਥਰ ਪਰ ਉਕਰਿਆ ਇਕ ਖ਼ੁਤਬਾ ਲਗਾ ਹੋਇਆ ਹੈ। ਉਸ ਚਾਰ ਦੀਵਾਰੀ ਦੀ ਸ਼ਕਲ ਇਸ ਤਰ੍ਹਾਂ ਦੀ ਹੈ:

ਨਕਸ਼ਾ ਚਾਰ ਦੀਵਾਰੀ

ਸ੍ਰੀ ਗੁਰ ਨਾਨਕ ਅਸਥਾਨ ਬਗ਼ਦਾਦ

ਇਸ ਵਿਚ ਲਗੇ ਖ਼ੁਤਬੇ ਦੀਆਂ ਫੋਟੋ ਕਈ ਸੱਜਣ ਲਿਆਏ ਹਨ ਜੋ ਠੀਕ ਪੜ੍ਹੀਆਂ ਨਹੀਂ ਜਾਂਦੀਆਂ, ਅਸਾਂ ਨੇ ਇਸ ਦੀ ਤਾਜ਼ੀ ਫੋਟੋ ਤੇ ਨਕਲ ਬਗ਼ਦਾਦ ਤੋਂ ਮੰਗਾਈ ਹੈ। ਇਹ ਖ਼ੁਤਬਾ ਰਲੀ ਹੋਈ ਤੁਰਕੀ ਤੇ ਅਰਬੀ ਜ਼ਬਾਨ ਵਿਚ ਹੈ, ਇਸ ਖ਼ੁਤਬੇ ਦੀ ਇਬਾਰਤ ਦਾ ਉਰਦੂ ਤਰਜਮਾ ਇਹ ਹੈ:-

(ਜਬ) ਮੁਰਾਦ ਨੇ ਦੇਖੀ ਗਿਰੀ ਹੁਈ ਹਜ਼ਰਤ ਰੱਬਿ ਮਜੀਦ 'ਬਾਬਾ ਨਾਨਕ ਔਲੀਆ ਅੱਲਾ' ਕੀ ਇਮਾਰਤ ਤੋ ਨਈ ਅਪਨੇ ਹਾਥੋਂ ਕੀ ਮਦਦ ਸੇ ਬਨਾਈ ਤਾਕਿ ਤਾਰੀਖ ਕੇ ਤੌਰ ਪਰ ਪੁਸ਼ਤ ਦਰ ਪੁਸ਼ਤ ਕਾਇਮ ਰਹੇ ਔਰ ਉਸ ਕੇ ਨੇਕ ਬਖ਼ਤ ਮੁਰੀਦ ਕਾ ਸ੍ਵਾਬ ਜਾਰੀ ਰਹੇ। ਸੰਨ ੯੧੭ ਹਿ:।

ਸੰਨ ਜੋ ਖੁਤਬੇ ਵਿਚ ਹੈ, ਉਹ ੯੧੭ ਹਿ: ਪੜ੍ਹਿਆ ਜਾਂਦਾ ਹੈ, ਏਕੇ ਵਿਚ ਰਤਾ ਟੇਢ ਹੋਣ ਕਰਕੇ ਉਹ ੯੨੭ ਹਿ: ਬੀ ਖਿਆਲ ਪੈ ਜਾਂਦਾ ਹੈ। ਸ੍ਵਾਮੀ ਆਨੰਦਾ ਚਾਰਯਾ ਨੇ ਜੋ ਖ਼ੁਤਬਾ ਪੜ੍ਹਿਆ ਉਹ ਅਰਬੀ ਦਾ ਦੱਸਦੇ ਹਨ, ਤੇ ਉਸ ਵਿਚ ਉਹਨਾਂ ਸੰਨ ੯੧੨ ਹਿਜਰੀ ਪੜ੍ਹਿਆ ਹੈ। ਅਜੇ ਤਕ ਪਤਾ ਨਹੀਂ ਲੱਗਾ ਕਿ ਓਹ ਖ਼ੁਤਬਾ ਕਿੱਥੇ ਹੈ, ਹੈ ਯਾ ਕਿਤੇ ਢੈ ਡਿਗ ਪਿਆ ਹੈ। ਯਾ ਉਹਨਾਂ ਨੇ ਇਹੋ ਖ਼ੁਤਬਾ ਦੇਖਿਆ ਸੀ ਤੇ ਹਿਜਰੀ ਸੰਮਤ ੯੧੭ ਦਾ ੯੧੨ ਉਹਨਾਂ ਨੇ ਪੜ੍ਹ ਲਿਆ ਸੀ। ਹਰ ਹਾਲ ਗੁਰ ਨਾਨਕ ਦੇਵ ਜੀ ਦੀ ਉਮਰ ੯੧੨ ਹਿਜਰੀ ਵਿਚ ੩੬, ੯੧੭ ਹਿ: ਵਿਚ ੪੧, ੯੨੭ ਹਿ: ਵਿਚ ੫੧ ਸਾਲ ਦੀ ਸੀ। ਸੰਭਵ ਹੈ ਕਿ ਗੁਰੂ ਜੀ ੯੧੩ ਤੋਂ ੯੧੭ ਤਕ ਪੰਜ ਬਰਸ ਬਗ਼ਦਾਦ ਤੇ ਮੱਕੇ ਦੇ ਸੈਲੇ ਵਿਚ ਰਹੇ ਹੋਣ। ੯੧੨ ਵਿਚ ਬੈਲੋਲ ਨੂੰ ਤੇ ੯੧੭ ਵਿਚ ਦਸਤਗੀਰ ਨੂੰ ਕ੍ਰਿਤਾਰਥ ਕੀਤਾ ਹੋਵੇ। ਖੋਜ ਦੀ ਲੋੜ ਹੈ।

ਇਸ ਖ਼ੁਤਬੇ ਦਾ ਚਾਹੋ ਅਰਥ ਕੋਈ ਠੀਕ ਹੋਵੇ ਤੇ ਕਿਵੇਂ ਹੋਵੇ ਪਰ ਇਸ ਤੋਂ ਇਕ ਹੋਰ ਬਾਹਰਲੀ ਉਗਾਹੀ ਮਿਲ ਗਈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਓਥੇ ਜ਼ਰੂਰ ਗਏ ਹਨ ਅਰ ਓਥੇ ਮੁਸਲਮਾਨੀ ਕੇਂਦ੍ਰ ਵਿਚ ਜਿੱਥੇ ਹਿੰਦੂ ਦਾ ਨਾਮ ਲੈਣਾ ਗਰਦਨ ਜ਼ਦਨੀ ਹੁੰਦਾ ਸੀ, ਓਥੇ ਆਪ ਨੇ ਏਤਨੀ ਕਦਰ ਪਾਈ ਕਿ ਓਹਨਾਂ ਲਈ ਯਾਦਗਾਰ ਬਣਾਈ ਗਈ। ਫਿਰ ਓਥੇ ਉਹਨਾਂ ਦਾ ਸਤਿਕਾਰ ਐਤਨਾ ਸੀ ਕਿ ਉਸ ਇਮਾਰਤ ਦੇ ਕਿਸੇ ਕਾਰਣ ਮਿਸਮਾਰ ਹੋ ਜਾਣ ਤੇ ਮੁਰਾਦ (ਗ਼ਾਲਬਾਨ ਸੁਲਤਾਨ ਮੁਰਾਦ ੩) ਨੇ ਦੁਬਾਰਾ ਯਾਦਗਾਰ ਖੜੀ ਕੀਤੀ ਅਰ ਐਸਾ ਕਰਨ ਨੂੰ ਉਸ ਨੇ ਪੁੰਨ ਮੰਨਿਆਂ ਤੇ ਪੁਸ਼ਤ ਦਰ ਪੁਸ਼ਤ ਇਸ ਯਾਦਗਾਰ ਦੀ ਕਾਇਮੀ ਨੂੰ ਉਸ ਨੇ ਆਪਣੇ ਧੰਨ ਭਾਗ ਸਮਝੇ। ਮੁਸਲਮਾਨੀ ਦੀਨ ਦੇ ਮਰਕਿਜ਼ ਵਿਚ ਪੰਜ ਸਦੀਆਂ ਇਸ ਯਾਦਗਾਰ ਦਾ ਕਾਇਮ ਰਹਿਣਾ ਉਹ ਗਗਨੀ ਸਿਤਾਰਾ ਹੈ ਜੋ ਸਤਿਗੁਰ ਜੀ ਦੇ ਓਥੇ ਜਾਣ, ਦਿਗ ਬਿਜੈ ਕਰਨ, ਅਰ ਅਲੌਕਿਕ ਸਤਿਕਾਰ ਪ੍ਰਾਪਤ ਕਰਨ ਦੀ ਉਗਾਹੀ ਭਰ ਰਿਹਾ ਹੈ। ਸਾਡੇ ਲਈ ਤਾਂ ਭਾਈ ਗੁਰਦਾਸ ਜੀ ਦੀ ਉਗਾਹੀ ਹੀ ਕਾਫੀ ਹੈ, ਏਹ ਅਸਾਂ ਬਾਹਰਲੇ ਸਬੂਤ ਦਿਖਾਏ ਹਨ ਜੋ ਮਿਲੇ ਹਨ।

## ੩੫. [ਗੁਰ ਜਸ ਪ੍ਰਤਾਪ। ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ, ਸ਼ਹਜ਼ਾਦਾ]

੩੪<< ਪਿਛਲਾ ਅਧਿਆਇ ਤਤਕਰਾ – ਸੰਖੇਪ ਲਿੰਕ ਅਗਲਾ ਅਧਿਆਇ >>੩੬

{ਮਰਦਾਨੇ ਨੂੰ ਗੁਰੂ ਜੀ ਦੇ ਵਿਅੰਗ ਬਚਨ} ॥੨..॥
{ਖੁਰਮਾ ਸ਼ਹਿਰ} ॥੧੭..॥
{ਭਾਈ ਮਰਦਾਨੇ ਦਾ ਅਕਾਲ ਚਲਾਣਾ} ॥੨੫॥
{ਭਾਈ ਮਰਦਾਨੇ ਦਾ ਦਾਹ ਸੰਸਕਾਰ} ॥੨੭॥
{ਗੋਰਖ ਦਾ ਮਿਲਾਪ} ॥੨੯॥
{ਸਿੱਧ ਗੋਸ਼ਟ} ॥੩੦..॥
{ਸ਼ਾਹਜ਼ਾਦੇ ਨੂੰ ਖੁਰਮੇ ਜਾਣ ਲਈ ਕਹਿਣਾ} ॥੬੦॥
{ਤੁਲੰਬਾ} ॥੬੬॥
{ਸੱਜਣ ਠੱਗ} ॥੬੮..॥

ਦੋਹਰਾ:

ਸ੍ਰੀ ਗੁਰ ਜਸ ਕਮਲਨ ਬਨੀ, ਮਨ ਕਰਿ ਭੌਰ ਲੁਭਾਇ।
ਨਿਸ ਦਿਨ ਬਿਚਰਹੁ ਤਾਸ ਮਹਿਂ, ਗਤਿ ਸੁਗੰਧਿ ਸ਼ੁਭ ਪਾਇ ॥੧॥

ਬਨੀ=ਬਨ ਵਰਗੀ, ਬਨ ਦਾ ਹਿੱਸਾ, ਬਾਗ਼, ਬਗ਼ੀਚੀ। ਗਤਿ=ਮੁਕਤੀ।

ਅਰਥ:

ਸ੍ਰੀ ਗੁਰੂ ਜੀ ਦਾ ਜਸ ਕਮਲਾਂ ਦੀ ਵਾੜੀ ਹੈ (ਇਸ ਉੱਤੇ) ਮਨ ਨੂੰ ਭੌਰੇ ਵਾਂਙੂ ਲੁਭਾਇਮਾਨ ਕਰਕੇ ਦਿਨ ਰਾਤ ਉਸ (ਵਾੜੀ) ਵਿਚ ਵਿਚਰੋ, ਤਾਂ ਮੁਕਤੀ ਰੂਪੀ ਸੁਹਣੀ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨਿ ਕਥਾ ਮਹਾਨਾਂ।
ਸ੍ਰੀ ਗੁਰ ਸੋਂ ਬੋਲ੍ਯੋ ਮਰਦਾਨਾ।
'ਅਬ ਤੋ ਕੀਨੀ ਸੈਲ ਘਨੇਰੀ।

{ਮਰਦਾਨੇ ਨੂੰ ਗੁਰੂ ਜੀ ਦੇ ਵਿਅੰਗ ਬਚਨ}

ਫਿਰੇ ਜਹਾਂ ਤਹਿਂ ਛਿਤ ਬਹੁ ਹੇਰੀ ॥੨॥
ਗਮਨ ਕਰਹੁ ਅਬਿ ਅਪਨਿ ਨਿਕੇਤਾ।'
ਸੁਨਿ ਬੋਲੇ ਬੇਦੀ ਕੁਲਕੇਤਾ।
'ਮਰਦਾਨੇ! ਘਰ ਯਾਦ ਤੁਮਾਰੇ।
ਰਹਿਤਿ ਸਦਾ, ਨਹਿਂ ਕਰਹੁ ਬਿਸਾਰੇ
॥੩॥
ਜਾਵਨ ਕੀ ਅਤਿ ਚਾਹਿ ਜਿ ਹੋਹੀ।
ਦੇਹਿਂ ਪੁਚਾਇ ਬਿਲਮ ਬਿਨੁ ਤੋਹੀ।
ਜਾਇ ਮਿਲਹੁ ਅਪਨੇ ਪਰਵਾਰਾ।
ਬਨਿਤਾ ਸੁਤ ਸੋਂ ਕਰਹੁ ਪਯਾਰਾ' ॥੪॥
ਕਹਿ ਮਰਦਾਨਾ, 'ਸਹਿਜ ਸੁਭਾਇਕ।

ਮੈਂ ਬੂਝੇ, ਸੁਨੀਏ ਸੁਖਦਾਇਕ!
ਪ੍ਰਥਮੇ ਜਾਉਂ ਨ ਸਦਨ ਮਝਾਰੇ।
ਆਪ ਚਲਹੁ ਤੌ ਜਾਇਂ ਸੰਗਾਰੇ' ॥੫॥
ਸ੍ਰੀ ਗੁਰ ਬੋਲੇ ਸਹਿਜ ਸੁਭਾਇ।
'ਤੂੰ ਹਮ ਤੇ ਪਹਿਲੇ ਹੀ ਜਾਇਂ[1]। [1]ਜਾਏਂਗਾ।
ਇਸਥਿਰ ਆਲਯ[1] ਲੇਹਿਂ ਸੰਭਾਰੂ। [1]ਭਾਵ ਪਰਲੋਕ।
ਭਵ ਬੰਧਨ ਤੇ ਹ੍ਵੈ ਛੁਟਕਾਰੂ ॥੬॥
ਜਗ ਮਹਿਂ ਹੋਵਹਿ ਫੇਰ ਨ ਫੇਰਾ।
ਜਨਮ ਮਰਨ ਦੁਖ ਮਿਟਿਗਾ ਤੇਰਾ।'
ਜਾਨਜੋ -ਸਾਚ ਬਚਨ ਪ੍ਰਭੁ ਹੋਹਿਂ[1]-। [1]ਹੁੰਦਾ ਹੈ।
ਬੋਲਜੋ ਮਰਦਾਨਾ ਹਨਿ ਮੋਹਿਂ[1] ॥੭॥ [1]ਨਾਸ਼ ਕਰਕੇ ਮੋਹ ਨੂੰ।
'ਜਹਿਂ ਤਨ ਛੁਟੈ ਕੌਨ ਥਲ ਹੋਹੀ।
ਰਹੀ ਆਰਬਲ ਕਿਤਨਿ ਕੁ ਮੋਹੀ?
ਰਾਵਰ ਕੇ ਹਿਰਦੇ ਸਭਿ ਗਜਾਤਾ।
ਇਹੁ ਬਿਤਾਇ ਦੀਜੈ, ਸੁਖਦਾਤਾ!' ॥੮॥
'ਭਲੋ ਸਥਲ ਜਾਨਹੁ, ਮਰਦਾਨਾ!
ਜਹਾਂ ਹੋਇਗੇ ਤੋਰ ਚਲਾਨਾ।
ਪੰਚ ਦਿਵਸ ਲੌ ਆਯੁਰ[1] ਤੇਰੀ। [1]ਉਮਰਾ।
ਤੀਨ ਘਟੀ ਦਿਨ ਰਹਿ ਤਿਹ ਬੇਰੀ ॥੯॥
ਪੰਚ ਭੂਤਕ ਤਨ ਕੋ ਤਬ ਛੋਰਿ।
ਪਹੁੰਚੋ ਜਾਇ ਅਚਲ ਜਹਿਂ ਠੌਰ।'
ਬੂਝਨ ਲਗਾ ਬਹੁਰ ਮਰਦਾਨਾ।
'ਹੋਵਹਿ ਜਬ ਹੀ ਮੋਰ ਚਲਾਨਾ ॥੧੦॥
ਆਪ ਨਿਕਟ ਤੁਮ ਹੋਹੁ ਕਿ ਨਾਂਹੀ?
ਇਹ ਜਾਨਨਿ ਕੀ ਮਮ ਚਿਤ ਚਾਹੀ!'
ਸੁਨਿ ਬੋਲੇ ਬੇਦੀ ਕੁਲ ਦੀਪਾ।
'ਹਮ ਤਬ ਤੇਰੇ ਰਹੈਂ ਸਮੀਪਾ ॥੧੧॥
ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ।
ਅਪਰ ਥਾਨ ਗਮਨੈਂ ਤਬ ਪਾਛੇ।'
ਸਭਿ ਬਿਧਿ ਸੋਂ ਕਹਿ ਕੈ ਜਗਸਾਈਂ।
ਬਿਦਾ ਪੀਰ ਤੇ ਹ੍ਵੈ ਬਰਿਆਈ[1] ॥੧੨॥ [1]ਮਲੋ ਮੱਲੀ।
ਮੰਦ ਮੰਦ ਮਗ ਮੈਂ ਪ੍ਰਸਥਾਨੇ।

ਚਾਰ ਦਿਵਸ ਬੀਤੇ ਜਬ ਜਾਨੇ।
ਸੁਪਨਾ ਇਕ ਬਿਲੋਕਿ ਮਰਦਾਨਾ।
ਗਤਿਦਾਨੀ ਸੋਂ ਬਚਨ ਬਖਾਨਾ ॥੧੩॥
'ਮੋਕਉ ਪ੍ਰਗਟ ਸੁਪਨ ਹੈ ਆਯੋ।
ਜਾਰਹਿਂ ਪੁਨ ਜੋ ਧਰਨਿ ਦਬਾਯੋ[1]। — [1]ਸਾੜਦੇ ਹਨ ਮੁੜਕੇ ਉਨ੍ਹਾਂ ਨੂੰ ਜੋ ਦੱਬੇ ਜਾਂਦੇ ਹਨ ਧਰਤੀ ਵਿੱਚ।
ਆਗੇ ਜਾਰਨ[1] ਤੇ ਇਹ ਥਾਈਂ। — [1]ਸਾੜਨ ਤੋਂ।
ਮੁਝ ਦਿਹੁ ਦਾਹੁ ਅਗਨਿ[1] ਜਗਸਾਈਂ ॥੧੪॥ — [1]ਅਗਨੀ ਦਾ ਦਾਹ।
ਧਰਨਿ ਬਿਖੈ ਦਫਨਾਵਹੁ ਨਾਂਹੀ।
ਰਹਿਤਿ ਨਪਾਕ[1] ਲਖਯੋ ਮਨ ਮਾਂਹੀ।' — [1]ਅਪਵਿੱਤ੍ਰ।
ਗੁਰੂ ਭਨਯੋ 'ਹਮਰੇ ਸਿਰ ਭਾਰੰ[1]। — [1]ਭਾਵ, ਸਾਡਾ ਜ਼ਿੰਮਾ ਰਿਹਾ।
ਨਹਿਂ ਦਫਨੈਂ, ਦੇਵਹਿਂ ਤੁਹਿ ਜਾਰੰ ॥੧੫॥
ਤੇਰੇ ਕਹਯੋ ਕਰੈਂ ਬਿਧਿ ਨੀਕੀ।
ਭਈ ਭਾਵਨੀ[1] ਜਿਉਂ ਤੁਝ ਜੀਕੀ। — [1]ਇੱਛਾ।
ਅਬ ਚਲਿ ਖੁਰਮੇ ਨਗਰ ਮਝਾਰਾ।
ਤਹਿਂ ਤਵ ਖਾਨੋ ਰਹਯੋ ਅਹਾਰਾ ॥੧੬॥
ਤਜਹੁ ਸਰੀਰ ਜਹਾਂ ਮਰਦਾਨੇ।
ਸੰਤਤਿ ਤੋਰ ਰਹੈ ਤਿਹ ਥਾਨੇ।'
ਅਸ ਕਹਿ ਖੁਰਮੇ ਪੁਰਿ ਮੈਂ ਗਏ।
ਸੁੰਦਰ ਰਚਨਾ ਦੇਖਤਿ ਭਏ ॥੧੭॥
ਬੀਚ ਬਜਾਰ ਗਏ ਜਗ ਸਾਈਂ।
ਮਰਦਾਨੇ ਸੋਂ ਗਿਰਾ ਅਲਾਈ।
'ਤੇਰੋ ਬਾਕੀ ਰਹਯੋ ਅਹਾਰਾ।
ਖਾਵਨ ਕਰਹੁ ਅੰਤ ਕੀ ਬਾਰਾ' ॥੧੮॥
ਮਾਨਿ ਬਚਨ ਤਿਨ ਕੇ ਕਰਿ ਖਾਯੋ।
ਤ੍ਰੈ ਘਟਿਕਾ ਦਿਨ ਸਮਾਂ ਸੁ ਆਯੋ।
ਪੁਰਿ ਤੇ ਵਹਿਰ ਰੁਚਿਰ ਥਲ ਪਿਖਿ ਕੈ।
ਬੈਠੇ ਜਾਇ ਤਹਾਂ ਜਨ ਲਖਿ ਕੈ[1] ॥੧੯॥ — [1]ਮਰਦਾਨੇ ਨੂੰ ਆਪਣਾ) ਭਗਤ ਜਾਣਕੇ।
ਗੁਰ ਬੂਝਯੋ 'ਕਯਾ ਸੁਧ ਮਰਦਾਨਾ?'
'ਭੀ ਤਯਾਰੀ' ਤਿਨ ਬਚਨ ਬਖਾਨਾ।

[1] 'ਕਛੁ ਨ ਬਿਲੰਬ ਰਹੀ ਅਬ ਮੋਰੀ।'
ਅਸ ਕਹਿ ਪੁਨ ਦੋਊ ਕਰ ਜੋਰੀ ॥੨੦॥
ਗੁਰ ਕੇ ਪਦ ਪੰਕਜ ਸਿਰ ਧਰਿ ਕੈ।
ਭਯੋ ਅਮੋਹ ਸਥਿਤ ਮਨ ਕਰਿ ਕੈ।
ਬੂਝਨ ਲਗੇ 'ਚਲਨ ਸੁਧ ਤੋਹੀ।
ਕਿਸ ਪ੍ਰਕਾਰ ਹਿਰਦੇ ਮਹਿਂ ਹੋਹੀ?'
॥੨੧॥

ਦੋਹਰਾ:

'ਸੁਧ ਮੋਕੋ ਤੁਮ ਸੰਗ ਤੇ, ਪ੍ਰਾਪਤਿ ਸੁਨਹੁ ਕ੍ਰਿਪਾਲ!
ਨਾਭੀ ਮਹਿਂ ਜੋ ਪੌਨ ਕੀ, ਗੰਠ ਖੁਲੀ ਇਹ ਕਾਲ ॥੨੨॥

ਚੌਪਈ:

ਨੌ ਅਬ ਸ੍ਵਾਸ ਆਵਨੇ ਰਹੇ।
ਗਿਨ ਦੇਖਹੁ ਮੈਂ ਕੂਰ ਨ ਕਹੇ।'
ਸ੍ਰੀ ਅੰਗਦ ਸੁਨਿ! ਤਬਹਿ ਕ੍ਰਿਪਾਲਾ।
ਮੁਝ ਸੋਂ ਕਹ੍ਯੋ ਕਿ 'ਗਿਨਿਏ ਬਾਲਾ!'
॥੨੩॥
ਲਾਗ੍ਯੋਂ ਗਿਨਨੇ ਮੈਂ ਜਬ ਤਾਂ ਕੇ।
ਨੌ ਸੁਆਸ ਆਏ ਤਬ ਜਾਂ ਕੇ।
ਬਹੁਰੋ ਮੈਂ ਤਨ ਸੋਂ ਕਰ ਲਾਯੋ।
ਤਿਹ ਕੇ ਪਾਛੇ ਸ੍ਵਾਸ ਨ ਆਯੋ ॥੨੪॥
'ਭਾ ਪੂਰਾ' ਪ੍ਰਭੁ ਸੰਗ ਬਖਾਨਾ।

{ਭਾਈ ਮਰਦਾਨੇ ਦਾ ਅਕਾਲ ਚਲਾਣਾ}

'ਰਾਵਰਿ ਬਿਖੈ ਲੀਨ ਮੈਂ ਜਾਨਾ।
ਸੁਗਮ[1] ਮ੍ਰਿੱਤੁ ਉੱਤਮ ਗਤਿ ਪਾਯੰ।
ਜਯੋਂ ਹੁਇ ਜੋਗੀ ਜੋਗ ਕਮਾਯੰ ॥੨੫॥
ਹੋਇ ਆਪ ਕੀ ਕਰੁਨਾ ਜਾਂਹੀ।
ਪ੍ਰਾਪਤਿ ਮ੍ਰਿੱਤੁ ਸੁ ਅਸ ਨਰ ਤਾਂਹੀ।
ਜਿਉਂ ਗਜ ਫੂਲ ਮਾਲ ਕੋ ਡਾਰਹਿ।
ਤਿਉਂ ਕਛੁ ਖੇਦ ਨ ਮਨ ਮਹਿਂ ਧਾਰਹਿ'
॥੨੬॥
ਸ਼੍ਰੀ ਗੁਰ ਕਹ੍ਯੋ 'ਸੁਨਹੁ ਅਬ ਬਾਲਾ!

[1]ਮਰਦਾਨਾ ਕਹਿੰਦਾ ਹੈ।

[1]ਸੁਖੈਨ।

ਇਹ ਕੋ ਜਾਰਿ ਦੇਹੁ ਤਤਕਾਲਾ।'

{ਭਾਈ ਮਰਦਾਨੇ ਦਾ ਦਾਹ ਸੰਸਕਾਰ}

ਨਿਜ ਪਰ ਤੇ ਪਟ[1] ਇਕ ਗੁਰ ਦੀਨੋ।

[1]ਆਪਣੇ ਉਪਰੋਂ ਬਸਤ੍ਰ।

ਤਬ ਮੈਂ ਏਕ ਆਪਨੋ ਲੀਨੋ ॥੨੭॥

ਦੋਨੋ ਨੀਕੀ ਬਿਧਿ ਸੋਂ ਪਾਇ।

ਬਹੁ ਕਾਸ਼ਟ ਕੀਨੋ ਇਕ ਥਾਇਂ।

ਤਾਂ ਪਰ ਧਰਿ ਕੈ ਪਾਵਕ ਜਾਰੀ।

ਤਤਛਿਨ ਦੇਹ ਭਸਮ ਕਰਿ ਡਾਰੀ ॥੨੮॥

ਏਕ ਨਿਸ਼ਾ ਖ਼ੁਰਮੇ ਪੁਰਿ ਮਾਂਹੀ।[*]

[*]ਭਾਈ ਮਨੀ ਸਿੰਘ ਜੀ ਮਰਦਾਨੇ ਦਾ ਚਲਾਣਾ ਰਾਵੀ ਕੰਢੇ ਕਰਤਾਰ ਪੁਰ ਵਿਚ ਹੋਇਆ ਲਿਖਦੇ ਹਨ, ਤਵਾਰੀਖ ਖਾਲਸਾ ਵਾਲੇ ਅਫਗਾਨਿਸਤਾਨ ਦੇ ਦਰੇ ਕੁਰਮ ਨਦੀ ਦੇ ਕਿਨਾਰੇ ਕੁਰਮ ਗਿਰਾਂ ਦਾ ਪਤਾ ਦਿੰਦੇ ਹਨ। ਕਵਿ ਜੀ ਖੁਰਮੇ ਨੂੰ ਅਚੱਲ ਵਟਾਲੇ ਤੋਂ ਛੇ ਸੌ ਮੀਲ ਤੇ ਕਠਨ ਪੈਂਡਾ ਦੱਸਦੇ ਹਨ (ਦੇਖੋ ਇਸੇ ਅਧ੍ਯਾਯ ਦਾ ਅੰਕ ੩੯) ਤੇ ਜਦ ਗੁਰੂ ਜੀ ਦੂਜੀ ਵੇਰ ਖੁਰਮੇਂ ਜਾਂਦੇ ਹਨ ਤਾਂ ਰਸਤੇ ਵਿਚ ਤਲੁੰਬਾ ਨਗਰ ਆਇਆ ਦਸਦੇ ਹਨ। (ਦੇਖੋ ਅੰਕ ੬੬) ਗੋਯਾ ਮੁਲਤਾਨ ਦੇ ਰਾਹ ਖੁਰਮੇ ਪੁੱਜੀ ਦਾ ਹੈ। ਜੇ ਕਵਿ ਜੀ ਦੀ ਮੁਰਾਦ ਕੁਰਮ ਤੋਂ ਹੁੰਦੀ ਤਾਂ ਰਸਤਾ ਮੁਲਤਾਨ ਵਲੋਂ ਬਹੁਤ ਹੀ ਦੂਰ ਹੈ, ਪਰ ਕਾਲਾ ਬਾਗ ਕੁਹਾਟ ਯਾ ਪਸ਼ੌਰ ਵਲੋਂ ਨੇੜੇ ਪੈਂਦਾ ਹੈ। ਜੇ ਕਰਤਾਰਪੁਰ ਤੋਂ ਮੁਲਤਾਨ ਤੇ ਇਸਤੋਂ ਅਗੇ ਕੋਈ ਥਾਂ ਲੱਭੀਏ ਤਾਂ ਬਿਲੋਚਸਤਾਨ ਵਿਚ ਖੁਰਮਾਗਈ ਜਗ੍ਹਾ ਹੈ, ਜੋ ਲਗਪਗ ੬੦੦ ਮੀਲ ਪੈਂਦੀ ਹੈ। ਬਾਲੇ ਵਾਲੀ ਜਨਮਸਾਖੀ ਵਿਚ ਖੁਰਮੇਂ ਦੇ ਕੋਲ ਦਰਬੇਲਾ ਲਿਖਿਆ ਹੈ ਤੇ ਖੁਰਮੇ ਤੋਂ ਮੁਲਤਾਨ ਆਏ ਹਨ। ਫੇਰ ਜਦ ਖੁਰਮੇਂ ਗਏ ਹਨ ਤਾਂ ਓਥੋਂ ਅਗੇ ਕੰਧਾਰ ਗਏ ਲਿਖਿਆ ਹੈ। ਇਹ ਟੋਹਾਂ ਬੀ ਕੁਰਮ ਯਾ ਖੁਰਮਾ ਗਈ ਦਾ ਪਤਾ ਦੇਂਦੀਆਂ ਹਨ। ਖੁਰਮਾ ਨਾਮ ਖਜੂਰ ਦਾ ਹੈ ਤੇ ਮਰਦਾਨੇ ਨੇ ਖੁਰਮੇ ਖਾਧੇ ਲਿਖਿਆ ਹੈ, ਇਹ ਟੋਹ ਬੀ ਖੁਰਮਾ ਗਈ ਵੱਲ ਲਿਜਾਂਦੀ ਹੈ। ਪਰ ਵਿਸ਼ੇਸ਼ ਖੋਜ ਦੀ ਲੋੜ ਹੈ।

ਰਹੇ ਪ੍ਰਭੂ, ਜਿਹ ਪਿਖਿ ਦੁਖ ਜਾਹੀਂ।

ਭਯੇ ਤਯਾਰ ਚਲਿਨੇ ਕੋ ਜਬ ਹੀ।

ਗੋਰਖ ਦਈ ਦਿਖਾਈ ਤਬ ਹੀ ॥੨੯॥

{ਗੋਰਖ ਦਾ ਮਿਲਾਪ}

ਦੋਹਰਾ:

ਕਛੁਕ ਸਿੱਧ ਜਿਹ ਸੰਗ ਹੈਂ, ਕਹੀ 'ਅਦੇਸ਼ ਅਦੇਸ਼।'

'ਏਕੰਕਾਰ ਅਦੇਸ਼ ਹੈ', ਬੋਲੇ ਸ੍ਰੀ ਜਗਤੇਸ਼ ॥੩੦॥

ਚੌਪਈ:

ਸਿਧ ਸਭਿ ਬੈਠੇ ਬਚਨ ਅਲਾਏ।

{ਸਿੱਧ ਗੋਸ਼ਟ}

'ਕੈਸੇ ਦੁਰਮਤਿ ਤਯਾਗੀ ਜਾਏ?

ਕਿਹ ਬਿਧਿ ਦੁਨੀਆਂ ਦੁੱਤਰ[1] ਤਰੈ?
ਕਿਉਂ ਕਰਿ ਜੀਵਤਿ ਜਗ ਮਹਿਂ ਮਰੈ?
॥੩੧॥
ਕੈਸੇ ਸਚ ਸੋਂ ਹੋਇ ਪਛਾਨੇ?
ਕਿਸ ਪ੍ਰਕਾਰ ਮਗ ਲੇਵਹਿ ਜਾਨੇ?
ਹੋਤਿ ਰਿਖੀਕ[1] ਬਸੀ ਕਿਹ ਭਾਂਤੀ?
ਕਿਹ ਤੇ ਮਨ ਮਾਨਹਿ ਹ੍ਵੈ ਸ਼ਾਂਤੀ?
॥੩੨॥
ਕੈਸੇ ਰੂਪ ਕਿਤੋ ਬਿਸਤਾਰੂ?
ਕਰਿਬੇ ਜੋਗ ਸੁ ਕੌਨ ਅਚਾਰੂ[1]।
ਕਿਹ ਤੇ ਆਵਹਿ ਕਿਸ ਮਹਿਂ ਜਾਈ?
ਕਹਾਂ ਸਮਾਵਹਿ, ਦੇਹੁ ਬਤਾਈ?'
॥੩੩॥
ਸੁਨਿ ਕਰਿ ਸਿੱਧਨ ਕੀ ਅਸ ਬਾਨੀ।
ਉੱਤਰ ਕਹਯੋ ਤੁਰਤ ਗੁਨਖਾਨੀ।
'ਗੁਰਮਤਿ ਲੇ ਦੁਰਮਤਿ ਤਬ ਦੀਨੀ।
ਦੁਸ਼ਤਰ[੧] ਤਰੇ ਨਾਮ ਮਤਿ ਭੀਨੀ ॥੩੪॥
ਗੁਰ ਕਾ ਸ਼ਬਦ ਰਿਦੇ ਮਹਿਂ ਧਰਿਆ।
ਜੀਵਤ ਮ੍ਰਿਤਕ ਬਹੁਰ ਨ ਮਰਿਆ।
ਗੁਰਮੁਖ ਲੇਵਹਿ ਸਾਚ ਪਛਾਨੇ।
ਗੁਰਮੁਖ ਖੋਜਤਿ ਮਗ ਕੋ ਜਾਨੇ ॥੩੫॥
ਮਨ ਮਾਰੇ ਇੰਦ੍ਰੀ ਬਸਿ ਹੋਈ।
ਮਨ ਤੇ ਮਨ ਮਾਨਤਿ ਹੈ ਸੋਈ।
ਕਥਨੇ ਤੇ ਅਕੱਥ ਤਿਹ ਰੂਪਾ।
ਨਿਰੰਕਾਰ ਜਿਹ ਚਰਿਤ ਅਨੂਪਾ ॥੩੬॥
ਦੋਹਰਾ:
ਨਿਸਦਿਨ ਜਪ ਨਿਰੰਕਾਰ[†], ਕੋ ਇਸ ਤੇ ਪਰੇ ਨ ਕਾਰ।
ਹੁਕਮੇ ਆਵਹਿ ਜਾਵਈ, ਹੁਕਮ ਸਮਾਇ ਵਿਚਾਰ' ॥੩੭॥
ਚੌਪਈ:
ਸੁਨਿ ਗੋਰਖ ਪੁਨ ਬਚਨ ਉਚਾਰੇ।

[1]ਕਠਨ ਹੈ ਜਿਸ ਦਾ ਤਰਨਾ।
[1]ਇੰਦ੍ਰੀਆਂ।
[1]ਕਰਤੱਵ੍ਯ।
[†]ਪਾ:-ਸਤਿਨਾਮ।

'ਮੇਲੇ[†] ਅੱਚਲ[‡] ਚਲਹੁ ਸੰਗਾਰੇ।'

[†]ਪਾ:-ਮੇਰੇ। [‡]ਵਟਾਲਾ ਰੇਲ ਦੇ ਸਟੇਸ਼ਨ ਤੋਂ ਗਿਰਜੇ ਦੇ ਕੋਲ ਦੀ ਇਕ ਸੜਕ ਕਾਦੀਆਂ ਤੋਂ ਲੰਘਦੀ ਪੱਤਣ ਤੱਕ ਜਾਂਦੀ ਹੈ, ਇਹ ਸੜਕ ਸਟੇਸ਼ਨ ਤੋਂ ਦੋ ਕੁ ਮੀਲ ਤਕ ਪੱਕੀ ਹੈ ਤੇ ਪੱਕੀ ਮੁੱਕਣ ਤੋਂ ਸਵਾ ਕੁ ਮੀਲ ਜਾਕੇ ਖੱਬੇ ਹੱਥ ਪਹਿਆ ਹੈ, ਇਸ ਪਹੇ ਤੇ ਅੱਧ ਪੌਣ ਮੀਲ ਜਾਕੇ ਅਚਲ ਦਾ ਮੰਦਰ ਤੇ ਤਲਾ ਹੈ, ਕਿਨਾਰੇ ਤੇ ਪੁਰਾਣਾ ਟਿਕਾਣਾ ਹੈ, ਤਲਾ ਵਿਚ ਨਵਾਂ ਮੰਦਰ ਹੈ ਜੋ ਰਾਮ ਦਿਆਲ ਭੰਡਾਰੀ ਨੇ ੧੯੧੭ ਵਿਚ ਬਣਵਾਇਆ ਹੈ। ਤਲਾ ਤੋਂ ਥੋੜੀ ਹੀ ਵਿਥ ਤੇ ਗੁਰਦਵਾਰਾ ਹੈ, ਜਿਥੇ ਗੁਰ ਨਾਨਕ ਦੇਵ ਜੀ ਬੈਠੇ ਸਨ ਤੇ ਸਿੱਧਾਂ ਨੇ ਆਕੇ ਚਰਚਾ ਕੀਤੀ ਸੀ। ਗੁਰਦਵਾਰੇ ਦੇ ਅੰਦਰ ਗੁਰੂ ਜੀ ਦੇ ਬੈਠਣ ਦੀ ਥਾਵੇਂ ਥੜਾ ਯਾਦਗੀਰੀ ਅਜੇ ਤੱਕ ਹੈ, ਪ੍ਰਕਾਸ਼ ਹੁੰਦਾ ਹੈ। ਵਿਸ਼ੇਸ਼ ਹਾਲ ਲਈ ਦੇਖੋ ਸਿਧ ਗੋਸ਼ਟ ਸਟੀਕ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ।

ਬੂਝਯੋ ਗੁਰੂ 'ਕਿਤਿਕ ਸੋ ਦੂਰੰ।
ਕਬਕੋ ਮੇਲਾ ਹੋਵਹਿ ਪੂਰੰ?' ॥੩੮॥

[1] 'ਖਸ਼ਟ ਸਹਸ[2] ਹੈ ਪੰਥ ਦੁਹੇਲਾ। — [1]ਗੋਰਖ ਬੋਲਿਆ। [2]ਛੇ ਸੌ।
ਕਲ ਕੋ ਮੇਲਾ ਹੋਇ ਸਕੇਲਾ[1]।' — [1]ਇਕੱਠਾ।
'ਸੁਨਿ ਗੋਰਖ ਤੁਮ ਅਜ਼ਮਤਵਾਨਾ।
ਉਡਿ ਕਰਿ ਜਾਹਿਂ ਬੇਗ ਤਹਿਂ ਥਾਨਾ ॥੩੯॥
ਹਮ ਤੋ ਮੰਦ ਮੰਦ ਤਹਿਂ ਆਵੈਂ।
ਜਾਇ ਕਾਲ[1] ਸੋ ਉਡਿ ਕੈ ਜਾਵੈ। — [1]ਜੋ ਕੱਲ ਜਾਣਾ ਚਾਹੇ।
ਹਮਰੋ ਤੁਮਰੋ ਸੰਗ ਨ ਹੋਈ।
ਸ਼ਕਤਿ[1] ਅਸ਼ਕਤਿ[2] ਮੇਲ ਨਹਿਂ ਕੋਈ' ॥੪੦॥ — [1]ਸ਼ਕਤੀ ਵਾਲੇ ਨਾਲ। [2]ਨਾ ਸ਼ਕਤੀ ਵਾਲੇ ਦਾ।

ਦੋਹਰਾ:

'ਤੁਮ ਜਬ ਗਏ ਸੁਮੇਰੁ ਪਰ, ਕੌਂਸ ਉਡਾਈ ਜ਼ੋਰ।
ਸ਼ਕਤਿ ਦਿਖਾਈ ਸਭਿਨਿ ਕੋ, ਕਹਾਂ ਗਯੋ ਬਲ ਤੋਰ? ॥੪੧॥

ਚੌਪਈ:

ਹਰੀ ਗਈ ਕਿਉਂ ਸ਼ਕਤਿ ਤੁਮਾਰੀ?
ਕਰਿ ਕੈ ਬਾਦ[1] ਕਾਹਿ ਵਿਗ ਹਾਰੀ?' — [1]ਚਰਚਾ।
ਸ਼੍ਰੀ ਗੁਰ ਕਹੈਂ 'ਨ ਮੋਹਿ ਉਡਾਈ।
ਸ਼੍ਰੀ ਪਰਮੇਸੁਰ ਤਬਹਿ ਚਲਾਈ ॥੪੨॥
ਨਰ ਮਹਿਂ ਸ਼ਕਤਿ ਨ ਕੈਸੇ ਹੋਈ।
ਏਕ ਨਿਰੰਜਨ ਸਭਿ ਕੋ ਜੋਈ[1]। — [1]ਜੋ ਹੈ।
ਸੋਈ ਹਮ ਕੋ ਜਬੈ ਉਡਾਵੈ।

ਚਲੀਏ ਤੁਮ, ਪੀਛੇ ਹਮ ਆਵੈਂ ॥੪੩॥
ਸੁਨਿ ਸਿੱਧਨ ਸਭਿ ਲੀਨਿ ਉਡਾਰੀ।
ਗਮਨੇ ਤੂਰਨ ਇੱਛਾਚਾਰੀ।
ਕਿਤਿਕ ਕਾਲ ਪੀਛੇ ਜਗਸਾਈਂ।
ਪਹੁੰਚੇ ਪੁਰਾ[1] ਜਾਇ ਤਿਸ ਥਾਈਂ ॥੪੪॥

[1]ਪਹਿਲੋਂ।

ਊਚੇ ਥਲ ਇਕ ਅਚਲ ਮਝਾਰੀ।
ਤਿਹ ਪਰ ਬੈਠਿ ਸੁਹਾਵਤਿ ਭਾਰੀ।
ਪੀਛੇ ਸਿੱਧ ਤਹਾਂ ਸਭਿ ਆਏ।
ਦੇਖਿ 'ਅਦੇਸ਼ ਅਦੇਸ਼' ਅਲਾਏ ॥੪੫॥

ਦੋਹਰਾ:
ਕਹਜੋ ਕਿ 'ਇਸ਼ਟੀ[1] ਤੂੰ ਬਡਾ, ਟਾਮਨ[2] ਕਰਤਿ ਬਨਾਇ।

[1]ਵਜਾਕਰਣ ਵਿਚ ਸੂਤ੍ਰਕਾਰ ਜੋ ਗਲ ਨਾ ਖੋਲੇ ਤੇ ਟੀਕਾਕਾਰ ਉਹ ਨਿਯਮ ਦੱਸੇ। ਭਾਵ ਤੁਸੀਂ ਬੜੇ ਗੁੜ੍ਹੇ ਅਰਥਾਂ ਵਾਲੇ ਜੁਗਤੀਏ ਹੋ। (ਅ) ਚੇਟਕੀ ਜਿਸ ਨੂੰ 'ਈਸ਼ਿਤਾ' ਨਾਮੇ ਸਿੱਧੀ ਪ੍ਰਾਪਤ ਹੋਵੇ। ਚਰ ਅਚਰ ਪਰ ਹਕੂਮਤ ਦੀ ਪ੍ਰਾਪਤੀ ਹੈ 'ਈਸ਼ਿਤਾ'। ਭਾਵ ਹੈ ਚੇਟਕੀ।
[2]ਟੂਣੇਂ।

ਹੁਤੋ ਪਿਛੇਰੇ ਸਭਿਨਿ ਤੇ, ਪੂਰਬ ਪਹੁੰਚੇ ਧਾਇ' ॥੪੬॥

ਚੌਪਈ:
'ਇਸ਼ਟ[1] ਹਮਾਰਾ ਏਕੰਕਾਰਾ।

[1]ਪਜਾਰਾ ਤੇ ਪੂਜਜ ਦੇਵ (ਗੁਰੂ ਜੀ ਸਿਧਾਂ ਦੇ ਪਦ ਇਸ਼ਟੀ ਪਰ ਹੀ ਕਟਾਖਜ ਕਰਦੇ ਹਨ, ਇਸਨੂੰ ਇਸ਼ਟ-ਇਖ੍ਰ-ਮੰਨਕੇ ਆਪ ਆਪਣਾ ਤਾਤਪਰਜ ਕਹਿੰਦੇ ਹਨ)।

ਗੁਰ ਕੇ ਸ਼ਬਦ ਕਰਜੋ ਨਿਸਤਾਰਾ।
ਸ਼ੰਭੁ ਨਾਥ ਹੈ ਦੁਰਮਤਿ ਭੀਨਾ।
ਬਿਨ ਕਰਤਾਰ ਆਨ ਮਤਿ ਲੀਨਾ' ॥੪੭॥
ਸਭਿ ਸਿੱਧਨ ਨਿਜ ਆਸਨ ਲਾਏ।
ਲੋਕਨ ਤੇ ਬਹੁ ਪੂਜ ਕਰਾਏ।
ਸ਼੍ਰੀ ਗੁਰ ਕੀ ਮਨਤਾ ਬਹੁ ਹੋਈ।
ਸਿੱਧ ਬਿਲੋਕਿ ਗਏ ਜਰਿ ਸੋਈ ॥੪੮॥
ਮੇਲਾ ਬਿਛੁਰਿ ਗਯੋ[1] ਜਿਸ ਬੇਰੇ।
ਸਿੱਧ ਗਏ ਸਭਿ ਅਪਨੇ ਡੇਰੇ।

[1]ਉੱਜੜ ਗਿਆ।

ਪੁਰਤਾਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਸੁਮੇਰ ਤੋਂ ਅਚੱਲ ਵਟਾਲੇ ਆਏ, ਭਾਈ ਗੁਰਦਾਸ ਜੀ ਜੋ ਸਭ ਤੋਂ ਪੁਰਾਣੇ ਸਿੱਖ ਲੇਖਕ ਹਨ, ਲਿਖਦੇ ਹਨ ਕਿ ਗੁਰੂ ਜੀ ਕਰਤਾਰ ਪੁਰੋਂ ਸ਼ਿਵਰਾਤ੍ਰੀ ਦਾ ਮੇਲਾ ਸੁਣਕੇ ਅਚਲ ਗਏ। ਇਸ ਥਾਵੇਂ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਅਚਲ ਦੀ ਸਾਖੀ ਬਹੁਤ ਨਿੱਕੀ ਹੈ, ਅੱਗੇ ਜਾਕੇ ਕਵੀ ਜੀ

ਅਧਯਾਯ ੩੯ ਦੇ ਅੰਕ ੧੬ ਤੋਂ ਅਗੋਂ ਗੋਸ਼ਟ ਖੋਲ੍ਹਕੇ ਲਿਖਦੇ ਹਨ ਜੋ ਭਾਈ ਗੁਰਦਾਸ ਜੀ ਨੇ ਐਉਂ ਦਿੱਤੀ ਹੈ:–

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ। ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ। ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ। ਪੁਤੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ। ਬਾਣੀ ਮੁਖਹੁ ਉਚਾਰੀਐ ਹੋਇ ਰੁਸਨਾਈ ਮਿਟੈ ਅੰਧਾਰਾ। ਗਿਆਨ ਗੋਸ ਚਰਚਾ ਸਦਾ ਅਨਹਦ ਸਬਦ ਉਠੇ ਧੁਨਕਾਰਾ। ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ। ਗੁਰਮੁਖ ਭਾਰ ਅਥਰਬਣ ਧਾਰਾ ॥੩੮॥

ਮੇਲਾ ਸੁਣ ਸਿਵਰਾਤ ਦਾ ਬਾਬਾ ਅਚਲ ਵਟਾਲੇ ਆਈ। ਦਰਸਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ। ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ। ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ। ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ। ਭਗਤੀਆਂ ਗਈ ਭਗਤ ਭੂਲ ਲੋਟੇ ਅੰਦਰ ਸੁਰਤ ਭੁਲਾਈ। ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ। ਵੇਖ ਚਲਿਤ੍ਰ ਜੋਗੀ ਖੁਣਸਾਈ ॥੩੯॥

ਖਾਧੀ ਖੁਣਸ ਜੋਗੀਸਰਾਂ ਗੋਸਟ ਕਰਨ ਸਭੇ ਉਠ ਆਈ। ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ। ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ। ਭੇਖ ਉਤਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ। ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ। ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ। ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰਕੇ ਘਰ ਮੰਗਨ ਜਾਈ। ਬਿਨ ਦਿਤੇ ਕਿਛ ਹਥ ਨ ਆਈ ॥੪੦॥

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ। ਖਟ ਦਰਸਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ। ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ। ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ। ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ। ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ। ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ। ਸਿਧਾਂ ਅਗਨ ਨ ਬੁਝੇ ਬੁਝਾਈ ॥੪੧॥

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ। ਕੁਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ। ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ। ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ। ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤ ਚਲਾਈ। ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸਬਦ ਗੁਰੂ ਕੈ ਕਲਾ ਛਪਾਈ। ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ। ਸੋ ਦੀਨ ਨਾਨਕ ਸਤਿਗੁਰ ਸਰਣਾਈ ॥੪੨॥

ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਹੁ ਅਲਾਈ। ਬਾਜਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ। ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ। ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ। ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ। ਤੋਲੀਂ ਧਰਤਿ ਆਕਾਸ ਦੁਇ ਪਿਛੇ ਛਾਬੇ ਟੰਕ ਚੜ੍ਹਾਈ। ਏਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ। ਸਤਿਨਾਮ ਬਿਨ ਬਾਦਰ ਛਾਈ ॥੪੩॥

ਬਾਬੇ ਕੀਤੀ ਸਿਧ ਗੋਸਟ ਸਬਦ ਸਾਂਤਿ ਸਿਧਾਂ ਵਿਚ ਆਈ। ਜਿਣ ਮੇਲਾ ਸਿਵਰਾਤ ਦਾ ਖਟ ਦਰਸਨ ਆਦੇਸ ਕਰਾਈ। ਸਿਧ ਬੋਲਨ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ। ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ। ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜਿਆਰਤ ਜਾਈ। ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ। ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ। ਜਿਉਂ ਸਾਗਰ ਵਿਚ ਗੰਗ ਸਮਾਈ ॥੪੪॥

**ਮੁਝ ਬੂਝਜੋ ਗੁਰ ਚਲਿਣੇ ਹਿਤ ਕੋ।**
**ਲੇਨੋ ਸੰਗ ਮਰਦਾਨੇ ਸੁਤ ਕੋ ॥੪੯॥**

'ਚਲਹੁ ਅਬੈ ਤਲਵੰਡੀ ਮਾਂਹੀ।
ਖੁਰਮੇ ਨਗਰ ਪੁਚਾਵਹਿਂ ਤਾਂਹੀ।
ਦੈ ਸਿਰੁਪਾਉ ਬਿਠਾਇਂ ਭਲੇਰੇ।
ਇਸ ਬਿਧਿ ਕਰਨ ਭਾਰ ਸਿਰ ਮੇਰੇ' ॥੫੦॥
ਅਸ ਕਹਿ ਕੀਨ ਪਯਾਨੋ ਤੂਰਨ।
ਪਹੁੰਚੇ ਤਲਵੰਡੀ ਗੁਰ ਪੂਰਨ।
ਏਕ ਕੂਪ ਊਪਰ ਤਹਿਂ ਜਾਈ।
ਬੈਠਿ ਗਏ ਪੁਨ ਗਿਰਾ ਅਲਾਈ ॥੫੧॥
'ਹਿਤੂ ਮਾਤ ਪਿਤ ਰਾਇ ਪਛਾਨੋ।
ਭਾ ਪਰਲੋਕ ਸਭਿਨਿ ਕੋ ਜਾਨੋ।
ਚਾਚਾ ਲਾਲੂ ਜੀਵਤਿ ਅਬਹੀ।
ਸੋ ਹਮ ਕੋ ਦੇਖਹਿਗੋ ਜਬ ਹੀ ॥੫੨॥
ਬਹੁ ਹਿਤ ਕਰੈ ਨ ਜਾਵਨ ਦੇਹੀ।
ਗਰ ਲਗਾਇ ਕੈ ਰੁਦਨ ਕਰੇਹੀ।
ਤਿਮਰ ਭਏ ਜਾਵਹੁ ਪੁਰਿ ਮਾਂਹੀ।
ਤੂਸ਼ਨਿ ਧਾਰਿ[1] ਆਨੀਏ ਤਾਂਹੀ ॥੫੩॥
ਹਮ ਨਹਿਂ ਨਗਰ ਮਝਾਰ ਪਧਾਰੈਂ।
ਲੇਇ ਵਹਿਰ ਤੇ ਤਹਾਂ ਸਿਧਾਰੈਂ।'
ਆਇਸੁ ਪਾਇ ਤਬਹਿ ਮੈਂ ਗਯੋ।
ਕੋਇ ਨ ਪੁਰਿ ਮਹਿਂ ਜਾਨਤਿ ਭਯੋ ॥੫੪॥
ਦਰ ਠਾਂਢੇ ਹ੍ਵੈ ਸਹਿਜ ਬੁਲਾਯੋ।
ਸੁਨਿ ਸ਼ਹਿਜ਼ਾਦਾ ਬਾਹਰ ਆਯੋ।
ਮੋ ਕੋ ਦੇਖਤਿ ਹਰਖ੍ਯੋ ਤਬ ਹੀ।
ਲਖ੍ਯੋ ਕਿ -ਮਮ ਪਿਤ ਆਵਹਿ ਅਬ ਹੀ- ॥੫੫॥
ਹਿਤ ਕਰਿ ਉਰ ਮਹਿਂ ਪਗ ਲਪਟਾਵਾ।
ਦੇ ਅਸੀਸ ਮੈਂ ਬਚਨ ਅਲਾਵਾ।
'ਸ਼੍ਰੀ ਗੁਰ ਵਹਿਰ ਹਕਾਰਤਿ ਤੋਹੀ।
ਲੇਨੇ ਹੇਤੁ ਪਠਾਯੋ ਮੋਹੀ' ॥੫੬॥

ਦੋਹਰਾ:

[1]ਚੁਪ ਕੀਤੇ।

'ਮਮ ਪਿਤ ਕੋ ਛੋਡਯੋ ਕਹਾਂ, ਕਯੋਂ ਨਹਿਂ ਆਯੋ ਧਾਮ।
ਪ੍ਰਭੁ ਕਿਉਂ ਬੈਠੇ ਵਹਿਰ ਤਹਿਂ, ਤਜਿ ਤਲਵੰਡੀ ਗ੍ਰਾਮ?' ॥੫੭॥

ਚੌਪਈ:

'ਗੁਰ ਢਿਗ ਚਲਹੁ ਅਵਾਰ ਨ ਲਾਵਉ।
ਸਭਿ ਹੀ ਉੱਤਰ ਤਿਨ ਤੇ ਪਾਵਉ।'
ਸ਼ਹਿਜ਼ਾਦੇ ਕੇ ਭਾਗ ਬਡੇਰੇ।
ਚਲ੍ਯੋ ਸੰਗ ਨਹਿਂ ਲਾਈ ਦੇਰੇ ॥੫੮॥
ਜਾਇ ਜਬਹਿ ਦਰਸ਼ਨ ਕੋ ਕੀਨੋ।
ਚਰਨਾਂਬੁਜ[1] ਮਹਿਂ ਸਿਰ ਧਰਿ ਦੀਨੋ।
ਸ੍ਰੀ ਗੁਰ ਤਿਹ ਸੋਂ ਗਿਰਾ ਅਲਾਈ।
'ਤੋਹਿ ਤਾਤ ਕੀ ਬੈਸ ਬਿਹਾਈ[1] ॥੫੯॥
ਭਯੋ ਕਾਲ ਬਸਿ[1] ਤਿਹ ਕੋ ਜਾਨਿ।
ਜਹਿਂ ਖੁਰਮਾਪੁਰਿ ਅਹੈ ਮਹਾਨ।

{ਸ਼ਾਹਜ਼ਾਦੇ ਨੂੰ ਖੁਰਮੇ ਜਾਣ ਲਈ ਕਹਿਣਾ}

ਤਹਿਂ ਲੇ ਚਲਨੋ ਅਬ ਤੁਝ ਤਾਈਂ।
ਸੰਗ ਲੇਨਿ ਕੋ ਲੀਨ ਬੁਲਾਈ ॥੬੦॥

ਦੋਹਰਾ:

ਦੇਨੋ ਹਮਕੋ ਉਚਿਤ ਹੈ, ਤੋ ਕੋ ਅਬ ਸਿਰਪਾਉ।
ਲੇਨੋ ਤੈਂ ਕਿਸ ਰੀਤਿ ਕੋ, ਤੈਸੋ ਬਚਨ ਬਤਾਉ' ॥੬੧॥

ਚੌਪਈ:

ਸੁਨਿ ਸ਼ਹਿਜਾਦੇ ਰਿਦੇ ਬਿਚਾਰੀ।
ਸ੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।
'ਪਿਤ ਮੇਰੇ ਕੋ ਦੀਨੋ ਜੈਸੇ।
ਕ੍ਰਿਪਾ ਧਾਰਿ ਦੀਜੈ ਮੁਝ ਤੈਸੇ' ॥੬੨॥
'ਤੇਰੇ ਪਿਤਾ ਜਾਚਿ ਕੈ ਲੀਨੋ।
ਅਗਨਿ ਦਾਹ ਤਿਹ ਕੋ ਹਮ ਦੀਨੋ।

[1]ਚਰਨ ਕਵਲਾਂ।

[1]ਆਯੁ ਬੀਤ ਗਈ।

[1]ਕਾਲ ਵੱਸ ਹੋਣਾ ਤੋਂ ਭਾਵ ਹੈ ਸਰੀਰ ਤਿਆਗਣਾਂ। ਅੱਖਰੀ ਅਰਥ ਨਹੀਂ ਲੈਣੇ, ਮਰਦਾਨਾ ਤਾਂ ਕਾਲ ਤੇ ਫਤਹ ਪਾਕੇ ਗਿਆ ਹੈ, ਉਸ ਨੂੰ ਕਾਲ ਨੇ ਕੀਹ ਵੱਸ ਕਰਨਾ ਸੀ।

ਤੂੰ ਅਬ ਚਲਿ ਰਹਿਯੇ ਤਿਹ ਥਾਨਾਂ।
ਮਰਦਾਨੇ ਕੇ ਹੋਇ ਸਮਾਨਾ ॥੬੩॥
ਹੋਵਹਿ ਤਹਾਂ ਮਹਾਨ ਪ੍ਰਕਾਸ਼ਾ।
ਬਸਹੁ ਸਦਾ ਕਰਿ ਅਪਨ ਅਵਾਸਾ।
ਪੁਨ ਜਸੋਂ ਮਨ ਹ੍ਵੈ ਕਰੀਅਹੁ ਤੈਸੇ।
ਹਮਰੇ ਰਿਦੇ ਬਿਖੈ ਹੈ ਐਸੇ' ॥੬੪॥
ਹਾਥ ਜੋਰਿ ਤਿਨ ਬਿਨੈ ਉਚਾਰੀ।
'ਮੈਂ ਰਾਵਰ ਕੇ ਨਿਤ ਅਨੁਸਾਰੀ।
ਜੈਸੋ ਪਿਤਾ ਤੁਮਾਰੋ ਦਾਸੂ।
ਤੈਸੇ ਮੁਝ ਜਾਨਹੁ ਸੁਖਰਾਸੂ!' ॥੬੫॥
ਤਬ ਪ੍ਰਭੁ ਚਲੇ ਸੰਗ ਲੇ ਤਾਂਹੀ।
ਪਹੁੰਚੇ ਨਗਰ ਤੁਲੰਬੇ[†] ਮਾਂਹੀ।

{ਤੁਲੰਬਾ}

ਰਹੈ ਤਹਾਂ ਇਕ ਸੱਜਨ ਬੰਚਕ[1]।
ਬੇਖ ਬੈਸਨੋ ਦਯਾ ਨ ਰੰਚਕ ॥੬੬॥
ਬਹੁਮੋਲੇ ਤਨੁ ਚੀਰ[1] ਹੰਢਾਈ।
ਪੁਰਿ ਢਿਗ ਬੈਠਿ ਗਏ ਜਗ ਸਾਈਂ।
ਸ਼ਹਿਜ਼ਾਦਾ ਲੇ ਆਇਸੁ ਪੁਰਿ ਮੈਂ।
ਗਮਨਜੋ ਲਾਗੀ ਛੁਧਾ ਉਦਰ ਮੈ ॥੬੭॥
ਜਾਇ ਤਹਾਂ ਧ੍ਰਮਸਾਲਾ[†] ਦੇਖੀ।
ਸੱਜਣ ਜਿਸ ਮਹਿਂ ਅਘੀ[1] ਵਿਸ਼ੇਖੀ।

{ਸੱਜਣ ਠੱਗ}

ਨੀਕੀ ਬਿਧਿ ਸੋਂ ਕੀਨ ਦੁਆਇ।
ਸ਼ਹਿਜ਼ਾਦਾ ਬੈਠਜੋ ਢਿਗ ਜਾਇ ॥੬੮॥
ਸਾਦਰ ਸੋਂ ਸੱਜਣ ਬਚ ਕਹਿਈ।
'ਆਵਹੁ ਭਾਈ! ਕਹਿਂ[1] ਤੈਂ ਰਹਿਈ?
ਕੋ ਹੈ ਤੇਰੋ ਬਰਨ[1] ਬਤਾਵਹੁ?
ਕਿਤ ਤੇ ਆਯੋ ਕਿਤ ਕੋ ਜਾਵਹੁ?' ॥੬੯॥
'ਜਾਤਿ ਮਿਰਾਸੀ ਜਾਨਹੁਂ ਮੇਰੀ।
ਸਦਨ ਹਮਾਰੇ ਦੂਰ ਘਨੇਰੀ।

[†]ਤੁਲੰਭਾ ਮੁਲਤਾਨ ਦੇ ਜ਼ਿਲੇ ਵਿਚ ਨਗਰ ਹੈ।

[1]ਠੱਗ।

[1]ਬਸਤ੍ਰ।

[†]ਏਥੇ ਮਸੀਤ ਤੇ ਠਾਕਰ ਦੁਆਰਾ ਸੀ। ਧਰਮਸਾਲ ਗੁਰੂ ਜੀ ਨੇ ਬਣਵਾਈ ਸੀ ਜਦੋਂ ਸਜਣ ਸੁਧਰ ਗਿਆ ਸੀ। ਦੇਖੋ ਪੁਰਾਤਨ ਜ: ਸਾਖੀ ਦੀ ਸਾਖੀ ੧੩।

[1]ਪਾਪੀ।

[1]ਕਿੱਥੇ।

[1]ਜ਼ਾਤ।

ਜਾਉਂ ਅਗਾਰੀ ਕਾਰਜ ਕੋਈ।
ਤੁਮ ਢਿਗ ਆਯੋ ਛੁਧਾ ਜਿ ਹੋਈ' ॥੨੦॥
ਸੱਜਣ ਕਹੈ 'ਅਹਾਰ ਘਨੇਰਾ।
ਕੋ ਜਜਮਾਨ ਵਡਾਹੁ ਤੇਰਾ।
ਜਾਂ ਕੋ ਅਹੈਂ ਮਿਰਾਸੀ ਐਸੋ।
ਮੁਝ ਤੇ ਵਡਾ ਕਿ ਲਘੁ? ਕਹੁ ਤੈਸੋ'
॥੨੧॥
ਸ਼ਹਿਜ਼ਾਦੇ ਸੁਨਿ ਬਚਨ ਬਖਾਨਾ।
'ਹਮ ਤੁਮ ਤੇ ਮਮ ਪ੍ਰਭੁ ਮਹਾਨਾ।
ਜੋ ਜਾਚਹਿਂ ਪੂਰਹਿ ਤਿਹ ਕਾਮਾ।
ਛੱਤ੍ਰੀ ਕੁਲ ਸ੍ਰੀ ਨਾਨਕ ਨਾਮਾ' ॥੨੨॥
ਸੱਜਣ ਅਪਨੇ ਨਰ ਸੋਂ ਕਹਿਹੀ।
'ਬਡ ਪ੍ਰਭੁ ਕੋ ਸੁ ਮਿਰਾਸੀ ਅਹਿਹੀ।
ਸੇਵਾ ਕੀਜੈ ਅਧਿਕ ਬਨਾਈ।
ਜਿਸ ਪ੍ਰਕਾਰ ਇਹ ਉਰ ਹਰਖਾਈ'
॥੨੩॥
ਤਿਹ ਛਿਨ ਇਕ ਨਰ ਅਯੋ ਬੁਲਾਵਨ।
'ਚਲਹੁ ਮਿਰਾਸੀ ਭੋਜਨ ਖਾਵਨ।'
ਅੰਤਰਿ ਸਦਨ ਤਾਂਹਿ ਲੇ ਗਏ।
ਤ੍ਰੈ ਮਾਨਵ ਤਹਿਂ ਇਕ ਠਾਂ ਭਏ ॥੨੪॥

ਦੋਹਰਾ:
ਗਹਿ ਸ਼ਹਿਜ਼ਾਦੇ ਕੇ ਤਬੈ, ਮੁਸ਼ਕੈਂ ਲਈ ਚਢਾਇ।
ਬਹੁ ਮੋਲੇ ਤਨ ਚੀਰ ਜੇ, ਸਭਿ ਖਸੋਟ[1] ਦੁਖਦਾਇ ॥੨੫॥

ਚੌਪਈ:
ਬਹੁਰੋ ਦੇਇ ਸ਼ਾਸਨਾ[1] ਕਹਿਹੀਂ।
'ਤੁਮ ਢਿਗ ਔਰ ਵਸਤੁ ਜੋ ਅਹਿਹੀ।
ਸੋ ਅਬਿ ਦੀਜੈ ਸਰਬ ਬਤਾਇ।
ਨਾਤੁਰ ਤੁਝ ਮਾਰਹਿਂ ਇਹ ਥਾਇ'
॥੨੬॥
ਪੀੜ ਭਈ ਸ਼ਹਿਜ਼ਾਦੇ ਜਬ ਹੀ।

[1]ਖੋਹ ਲਏ।

[1]ਤਾੜਨਾ।

ਸ੍ਰੀ ਨਾਨਕ ਚਿਤ ਕੀਨੇ ਤਬ ਹੀ।
'ਭਲੇ ਤਪਾ ਜੀ ਮੋਕਉ ਭੇਜਾ।
ਹੋਤਿ ਬਡੋ ਦੁਖ ਫਟਤਿ ਕਰੇਜਾ ॥੭੭॥
ਭੂਲਜੋ ਰਿਦੇ ਬੈਸ਼ਨੋ ਦੇਖਾ।
ਨਹਿਂ ਜਾਨਤਿ ਹੈ ਅਘੀ ਬਿਸ਼ੇਖ਼ਾ।'
ਸ਼ਹਿਜ਼ਾਦੇ ਕੀ ਸਭਿ ਬਿਧਿ ਜਾਨੀ।
ਤੂਰਨ ਗਮਨ ਕੀਨ ਗੁਨਖਾਨੀ ॥੭੮॥
ਬੈਸਜੋ ਜਹਾਂ ਬੈਸ਼ਨੋ ਬਨਿ ਕੈ।
ਦ੍ਵਾਦਸ਼ ਤਿਲਕ ਲਗਾਏ ਗਨਿ ਕੈ।
ਜਾਇ ਨਿਕਟ ਬੇਦੀ ਕੁਲਰਾਈ।
'ਸ੍ਰੀ ਕਰਤਾਰ ਕਰਤਾਰ' ਅਲਾਈ ॥੭੯॥
'ਸੱਜਣ ! ਹਮਰੋ ਏਕ ਮਿਰਾਸੀ।
ਸੋ ਚਲਿ ਆਯੋ ਤੁਮਰੇ ਪਾਸੀ।
ਹਟਿ ਕੈ[1] ਪੁਨ ਹਮ ਪਾਸ ਨ ਗਯੋ। [1]ਮੁੜਕੇ।
ਕੋ ਜਾਨੈ, ਤਿਹ ਕੋ ਕਸਾ ਭਯੋ?' ॥੮੦॥
ਸੱਜਨ ਕਹੈ 'ਨ ਆਯੋ ਕੋਈ।
ਜੇ ਆਵਤਿ ਹਮ ਢਿਗ ਹ੍ਵੈ ਸੋਈ।'
ਸ੍ਰੀ ਗੁਰ ਕਹਿਂ 'ਘਰ ਆਯੋ ਤੋਹੀ[1]। [1]ਤੇਰੇ ਹੀ।
ਕੂਰ ਨ ਕਹਉ ਇਹਾਂ ਸੋ ਹੋਹੀ' ॥੮੧॥
ਸੁਨਿ ਸੱਜਣ ਪੁਨ ਬਚਨ ਬਖਾਨਾ।
'ਤੁਮ ਪਿਖਿਯਤਿ ਹੋ ਸੰਤ ਮਹਾਨਾ।
ਝੂਠ ਨ ਤੁਮ ਸੋਂ ਕਰੋਂ ਉਚਾਰੀ।
ਨਹਿਂ ਪ੍ਰਤੀਤ ਤੋ ਲੇਹੁ ਨਿਹਾਰੀ' ॥੮੨॥
ਗੁਰ ਮੁਝ ਸੋ ਕਹਿਂ 'ਜਾਵਹੁ ਬਾਲਾ !
ਕਰਹੁ ਬੈਸ਼ਨੋ ਕੋ ਮੁਖ ਕਾਲਾ।
ਅੰਤਰ ਤੇ ਸ਼ਹਿਜ਼ਾਦਾ ਲਜਾਇ।
ਕਾਲਖ ਯਾਂ ਕੇ ਬਦਨ ਲਗਾਇ' ॥੮੩॥
ਸੁਨਤਿ ਸ਼੍ਰੌਨ ਮਹਿਂ ਤੂਰਨ ਗਯੋ।
ਬੰਧਨ ਯੁਕਤ ਬਿਲੋਕਤਿ ਭਯੋ।
ਮੁਕਤਿ ਕਰਜੋ[1] ਸੋ ਲੀਨ ਉਠਾਈ। [1]ਛੁਡਾ ਲਿਆ।
ਸ਼ਹਿਜਾਦੇ ਤਬ ਗਿਰਾ ਅਲਾਈ ॥੮੪॥
'ਭਲੇ ਥਾਨ ਭੇਜਜੋ ਮੁਝ ਨਾਥਾ !

ਚੀਰ ਉਤਾਰੇ ਬੰਧੇ ਹਾਥਾ।
ਇਨ ਤੇ ਪਟ ਅਬ ਦੇਹੁ ਦਿਵਾਏ।
ਬੜੇ ਦੁਸ਼ਟ ਪਾਪੀ ਦੁਖਦਾਏ' ॥੮੫॥
ਮਨੁਜ ਕਹੈਂ 'ਇਹੁ ਐਸੇ ਆਯੋ।
ਨਹਿਂ ਦੁਕੂਲ[1] ਕੋਊ ਪਟ ਲਜਾਯੋ।' [1]ਦੁਪੱਟਾ।
ਤਬ ਮੈਂ ਨਗਨ ਲੀਨ ਨਿਜ ਸਾਥਾ।
ਆਯੋ ਜਹਿਂ ਠਾਂਢੇ ਜਗ ਨਾਥਾ ॥੮੬॥

ਦੋਹਰਾ:

ਗੁਰ ਬੂਝਯੋ 'ਕਿਉਂ ਨਗਨ ਭਾ,
ਕਿਨਹਿ ਉਤਾਰੇ ਚੀਰ?'
ਸੁਨਿ ਕੈ ਸ਼ਹਿਜ਼ਾਦਾ ਕਹਿਤਿ,
'ਸੁਨਹੁ ਹਰਨ ਪਰ ਪੀਰ[1]! ॥੮੭॥ [1]ਪਰਾਈ ਪੀੜਾ ਹਰਨ ਵਾਲੇ।

ਚੌਪਈ:

ਇਹ ਤੋ ਭਲੋ ਬੈਸ਼ਨੋ ਬੈਸਾ।
ਬੰਚਕ[1] ਅਘੀ ਨ ਕੋ ਇਸ ਜੈਸਾ। [1]ਠੱਗ।
ਮੋ ਕੋ ਅੰਤਰ ਲੇ ਕਰਿ ਧਾਮਾ[1]। [1]ਘਰ ਦੇ।
ਮੁਸ਼ਕੈਂ ਬਾਂਧਿ ਲੀਨਿ ਸੰਗਿ ਦਾਮਾ[1] ॥੮੮॥ [1]ਰੱਸੀਆਂ ਨਾਲ।
ਚੀਰ ਉਤਾਰਿ ਸ਼ਾਸਨਾ ਦੀਨੀ।
ਐਸੋ ਤੀਬ੍ਰ[†] ਪਾਪ ਮਤਿ ਭੀਨੀ[1]।' [1]ਪਾਪਾਂ ਵਿਚ ਮਤ ਅਤਿਸ਼ੈ ਕਰਕੇ ਭਿੱਜੀ ਹੋਈ ਸੁ। [†]ਪਾ:-ਭਗਤ।
ਜਿਉਂ ਜਿਉਂ ਕਹਿਤਿ ਬਚਨ ਢਿਗ ਸੋਇ।
ਤਿਉਂ ਤਿਉਂ ਸੱਜਣ ਲੱਜਤਿ ਹੋਇ ॥੮੯॥
ਨੀਚ ਗ੍ਰੀਵ ਜਿਹ ਬੋਲ ਨ ਆਵੈ।
ਕੈਸੋ ਦੁਰੈ[1] ਨ ਮਿਸ[2] ਕੋ ਪਾਵੈ। [1]ਛੁਪੇ। [2]ਬਹਾਨਾਂ।
ਲੱਜਤਿ ਹੋਯੋ ਦੇਖਿ ਮਹਾਨਾ।
ਤਿਹ ਛਿਨ ਸ਼੍ਰੀ ਗੁਰ ਸ਼ਬਦ ਬਖਾਨਾ ॥੯੦॥

ਸ੍ਰੀ ਮੁਖਵਾਕ ॥
ਸੂਹੀ ਮਹਲਾ ੧ ਘਰੁ ੬
ੴ ਸਤਿਗੁਰ ਪ੍ਰਸਾਦਿ ॥
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥

ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

ਚੌਪਈ:

'ਦੁਰਮਤਿ[1] ! ਤੂੰ ਕਲਿਮਲ[2] ਕੀ ਖਾਨਿ।
ਬਨਜੋ ਬੈਸ਼ਨੋ ਬੇਖ ਮਹਾਨ।
ਬਾਹਰ ਸੁਧਾ[1] ਬੀਚ ਬਿਖ ਪੂਰੀ।
ਗਹਿ ਕੈ ਜਮ ਦੇਵਹਿਂ ਦੁਖ ਭੂਰੀ[1] ॥੯੧॥

[1]ਹੇ ਦੁਰਮਤੀਏ !। [2] ਪਾਪਾਂ।
[1]ਅੰਮ੍ਰਿਤ।
[1]ਬਹੁਤਾ।

ਜਬ ਜੰਜੀਰ ਤੋਹਿ ਗਰ ਪਾਵਹਿਂ।
ਹੋਇ ਸ਼ਾਸਨਾ ਕੌਨ ਛੁਟਾਵਹਿ।
ਦੁਸ਼ਟ ! ਕਰਤਿ ਧਨ ਜੋ ਇਕ ਥਾਇਂ।
ਕਾਜ ਨ ਆਵਹਿ ਜਬ ਬਿਲਲਾਇ[1] ॥੯੨॥

[1]ਵਿਰਲਾਪ ਕਰੇਂਗਾ ਤੂੰ।

ਸੁਤ ਬਨਿਤਾ[1] ਸਨਬੰਧੀ ਜੋਇ।
ਕੋਇ ਨ ਤੋਹਿ ਸਹਾਈ ਹੋਇ।
ਪਾਵਹਿਂ ਪੀਰ ਪਰਜੋ ਚਿਰ ਕਾਲਾ।
ਫਲ ਪਾਪਨ ਕੋ ਹੋਇ ਬਿਸਾਲਾ' ॥੯੩॥

[1]ਇਸਤਰੀ।

ਦਰਸ਼ਨ ਕਰਿ ਸੁਨਿ ਬਚਨ ਭਯਾਨੇ[1]।
ਮਨ ਸੱਜਣ ਭੈ ਭਯੋ ਮਹਾਨੇ।
ਹ੍ਵੈ ਅਧੀਨ ਪਾਇਨ[1] ਲਪਟਾਯੋ।
ਹਾਥ ਜੋਰਿ ਕਰਿ ਬਚਨ ਅਲਾਯੋ ॥੯੪॥

[1]ਭੈ ਵਾਲੇ।
[1]ਚਰਨੀ।

'ਕਲਿਮਲਿ ਕੀਨੇ ਮੈਂ ਅਤਿ ਭਾਰੀ।
ਅਬ ਰਾਖਹੁ ਹੌਂ ਸ਼ਰਨ ਤੁਮਾਰੀ।

ਸੰਤ ਬਿਰਦ ਸਦ ਹੀ ਉਪਕਾਰੀ।
ਰਾਵਰਿ ਮਿਲਤਿ ਭਈ ਸੁਧ ਸਾਰੀ'
॥ ੯੫ ॥
ਗੁਰ ਕਹਿਂ 'ਪਾਪ ਕਰਨ ਤਜਿ ਦੇਈ।
ਤੌ ਕਰੁਨਾ[1] ਕਰਤਾਰ ਕਰੇਈ।
ਸੱਤਿਨਾਮ ਸਿਮਰਹੁ ਲਿਵਲਾਈ।
ਭਲੋ ਜੀਅ ਕੋ ਹੁਇ ਸੁਖ ਪਾਈ' ॥ ੯੬ ॥

[1]ਮੇਹਰ।

ਦੋਹਰਾ:
'ਕਬ ਨ ਅਗਾਰੀ ਹੌਂ ਕਰੌਂ, ਪਿਛਲੇ ਬਖਸ਼ਹੁ ਪਾਪ।
ਉਪਦੇਸ਼ਹੁ ਸਿਖ ਕੀਜੀਏ, ਦੇਹੁ ਨਾਮ ਕੋ ਜਾਪ ॥ ੯੭ ॥

ਚੌਪਈ:
ਮੋਰ ਕਰਮ ਕਰਿ ਇਤ ਤੁਮ ਆਏ।'
ਕਹਿ ਇਉਂ ਰਹਯੋ ਚਰਨ ਲਪਟਾਏ।
ਕ੍ਰਿਪਾ ਧਾਰਿ ਗੁਰ ਬਚਨ ਉਚਾਰਾ।
'ਏਹੁ ਮਿਰਾਸੀ ਗੁਰੂ ਤੁਮਾਰਾ ॥ ੯੮ ॥
ਇਸਕੇ ਮਾਨੇ[1] ਭਲਾ ਜਨੀਜੈ।
ਕਰਨੇ ਪਾਪ ਸਰਬ ਤਜਿ ਦੀਜੈ।'
ਸ਼ਹਿਜ਼ਾਦੇ ਕੋ ਬੰਦਨ ਕਰੀ।
ਸੱਜਣ ਭਾ ਨਿਹਾਲ ਤਿਹ ਘਰੀ ॥ ੯੯ ॥

[1]ਮੰਨਿਆਂ, ਸਤਿਕਾਰ ਕੀਤਿਆਂ।

ਗੁਰ ਕਹਿਂ 'ਸਦਨ ਪਾਪ ਧਨ ਜੋਉ[1]।
ਅਬ ਲੁਟਾਇ ਦੀਜੈ ਸਭਿ ਸੋਊ।'
ਮਾਨਯੋ ਬਚਨ, ਨਿਕਟਿ ਜੋ ਦਰਬਾ।
ਰੰਕ[1] ਬੁਲਾਇ ਲੁਟਾਯੋ ਸਰਬਾ ॥ ੧੦੦ ॥

[1]ਘਰ (ਵਿਚ) ਪਾਪ (ਨਾਲ ਕੱਠਾ ਕੀਤਾ) ਧਨ (ਹੈ) ਜੇਹੜਾ।

[1]ਕੰਗਾਲਾਂ ਨੂੰ।

ਬਖਸ਼ਯੋ ਇਸ ਪ੍ਰਕਾਰ ਤਿਸ ਤਾਈਂ[†]।

[†]ਸੱਜਣ ਦਾ ਪ੍ਰਸੰਗ ਪੁਰਾਤਨ ਜਨਮਸਾਖੀ ਵਿਚ ਹੈ, ਪਰ ਪਹਿਲੀ ਉਦਾਸੀ ਦਾ ਪਹਿਲਾ ਟਿਕਾਣਾ ਇਹ ਲਿਖਿਆ ਹੈ ਤਦੋਂ ਨਾਲ ਮਰਦਾਨਾ ਸੀ। ਸੱਜਣ ਦਾ ਠੱਗ ਗੜ੍ਹ ਢੁਹਾਕੇ ਗੁਰੂ ਜੀ ਨੇ ਧਰਮਸਾਲ ਬਣਵਾਈ ਜੋ ਪਹਿਲੀ ਧਰਮਸਾਲ ਹੋਈ। ਸਜਣ ਦੀ ਸਮਾਧ ਅਜੇ ਹੈ ਤੇ ਇਸ ਧਰਮਸਾਲ ਦੇ ਨੇੜੇ ਹੈ।

ਆਗੈ ਕੀਨੋ ਗਮਨ ਗੁਸਾਈਂ।
ਖੁਰਮੇਪੁਰਿ[†] ਮਹਿਂ ਪਹੁੰਚੇ ਜਾਈ।

[†]ਖੁਰਮੇ ਬਾਬਤ ਪਿੱਛੇ ਲਿਖ ਆਏ ਹਾਂ, ਵਿਸ਼ੇਸ਼ ਖੋਜ

ਦੀ ਲੋੜ ਹੈ।

ਸ਼ਹਿਜ਼ਾਦੇ ਸੋਂ ਗਿਰਾ ਅਲਾਈ ॥੧੦੧॥
'ਨਗਰ ਮਹਾਨ ਰੁਚਿਰ ਇਸਥਾਨਾ।
ਕੀਨੋ ਦਾਹੁ[1] ਇਹਾਂ ਮਰਦਾਨਾ।'
ਸੁਨਿ ਕੈ ਸ਼੍ਰੋਨ ਦੇਖਿ ਥਲ ਤਾਈਂ।
ਬੰਦਨ ਕੀਨੀ ਸੀਸ ਝੁਕਾਈ ॥੧੦੨॥
ਗੁਰ ਕਹਿਂ 'ਬਚਨ ਹਮਾਰਾ ਮਾਨਹੁ।
ਇਹ ਥਲ ਰਹਹੁ ਕੁਟੰਬ ਨਿਜ ਆਨਹੁ।
ਮਰਦਾਨੇ ਕੇ ਸਮ ਤੁ ਹੋਇਂ।
ਪੂਜਹਿ ਪਗ ਸਗਰੋ ਪੁਰਿ[1] ਜੋਇ' ॥੧੦੩॥

[1]ਸਸਕਾਰ।

[1]ਸਾਰਾ ਸ਼ਹਿਰ।

ਦੋਹਰਾ:
ਸ਼ਹਿਜ਼ਾਦੇ ਕਰ ਬੰਦਿ ਕੈ, ਪੁਨ ਬੂਝੇ ਜਗਤੇਸ਼।
'ਹਮਰਾ ਕੋ ਅਵਿਲੰਬ[1] ਹ੍ਵੈ, ਤੁਮ ਗਵਨਹੁ ਪਰਦੇਸ਼' ॥੧੦੪॥

[1]ਆਸਰਾ।

ਚੌਪਈ:
ਸ਼੍ਰੀ ਗੁਰ ਭਨਤੇ 'ਨਿਕੇਤ[1] ਤੁਮਾਰੇ।
ਸਰਬ ਪਦਾਰਥ ਹੋਹਿਂ ਸੁਖਾਰੇ।
ਬੰਸ ਬ੍ਰਿੱਧ ਹੋਵਹਿਗੋ ਤੁਮਰਾ।
ਮਾਨਹੁ ਸਾਚ ਬਚਨ ਇਉਂ ਹਮਰਾ ॥੧੦੫॥

[1]ਘਰ।

ਚਿੰਤ[1] ਕਰਉ ਜਬ ਹੀ ਮਨ ਮਾਂਹੀ।
ਆਵੈਂ ਨਿਕਟਿ ਦੇਰ ਕੁਛ ਨਾਂਹੀ।
ਇਸ ਬਿਧਿ ਕਰਹੁ ਸੱਤਜ ਪਰਤੀਤਾ।
ਡੋਲਹੁ ਨਹੀਂ ਰਾਖਿ ਥਿਰ ਚੀਤਾ' ॥੧੦੬॥
ਸ਼ਹਿਜ਼ਾਦੇ ਤਬ ਜੋਰੇ ਹਾਥਾ।
ਕਹੈ 'ਪ੍ਰਤੀਤ ਮੁਝੇ ਪ੍ਰਭੁ ਨਾਥਾ!'
ਤਬ ਸ਼੍ਰੀ ਗੁਰ ਮੰਜੀ ਤਿਹਂ ਦੀਨੀ।
ਆਪ ਚਲਿਨ ਕੀ ਮਨਸ਼ਾ ਕੀਨੀ ॥੧੦੭॥

[1]ਯਾਦ।

ਸ਼ਹਿਜ਼ਾਦਾ ਨਿਜ ਸਦਨ ਸਿਧਾਰਾ।
ਲੇਨੇ ਹੇਤੁ ਸਰਬ ਪਰਵਾਰਾ।
ਤਬ ਕੋ ਬਸਜੋ ਜਾਇ ਤਿਹ ਥਾਨਾ।
ਬਧੀ ਮੰਨਤਾ ਬੰਸ਼ ਮਹਾਨਾ ॥੧੦੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਮਰਦਾਨਾ ਮਰਨ, ਸ਼ਹਿਜ਼ਾਦੇ ਕੋ ਪ੍ਰਸੰਗ' ਬਰਨਨੰ ਨਾਮ ਪੈਂਤੀਸਮੋਂ ਅਧਜਾਯ ॥੩੫॥

## ੩੬. [ਗੁਰਪਗ ਸਿਮਰਨ, ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਨਿਸਤਾਰਾ]

੩੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੭

{ਕੰਧਾਰ} ॥੨॥
{ਯਾਰਵਲੀ} ॥੨॥
{ਇੱਕ ਖੱਤ੍ਰੀ} ॥੯..॥
{ਸ਼ਾਹ ਸ਼ਰਫ} ॥੧੫..॥
{ਖਫਨੀ ਦੇ ਅਰਥ} ॥੨੩॥
{ਮਾਨ ਚੰਦ} ॥੪੩-੬੫॥

ਦੋਹਰਾ:

ਸ੍ਰੀ ਗੁਰ ਪਗ ਕੋ ਸਿਮਰ ਉਰ ਰੋਜ ਖੋਜਿ ਨਿਜ ਰੂਪ।

ਰੋਜ=ਹਰ ਦਿਨ, ਸਦਾ। [ਫਾ:-ਰੋਜ਼]।

ਪਾਇਂ ਸਹਿਜ ਸੁਖ ਕੋ ਤਬੈ ਉਧਰ ਅੰਧੇਰੇ ਕੂਪ ॥੧॥

ਸਹਿਜ ਸੁਖ=ਉਹ ਸੁਖ ਜੋ ਪੂਰਣ ਪਦ ਦੀ ਪ੍ਰਾਪਤੀ ਤੇ ਹੁੰਦਾ ਹੈ, ਪਰਮਾਤਮਾ ਦੇ ਨਿਰੰਤਰ ਮੇਲ ਦਾ ਸੁਖ।ਉਧਰ=ਉੱਚੇ ਉੱਠਣਾ। ਕਿਸੇ ਨੀਵੇਂ ਥਾਓਂ ਯਾ ਦਸ਼ਾ ਤੋਂ ਉਪਰ ਆਉਣਾ। ਤਰ ਜਾਣਾ। [ਸੰਸ: ਉਦ੍ਧਾਰਣੰ]।

ਅਰਥ:

ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਰਿਦੇ (ਵਿਖੇ) ਸਦਾ ਸਿਮਰ (ਤੇ) ਨਿਜ ਸਰੂਪ ਦੀ ਖੋਜ ਕਰ ਤਦ (ਸੰਸਾਰ ਰੂਪੀ) ਅੰਨ੍ਹੇ ਖੂਹ ਤੋਂ ਉਧਾਰ (ਹੋਵੇ) ਤੇ ਸਹਿਜ ਸੁਖ ਪਾ ਲਵੇਂ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ! ਸੁਨਿ ਕਥਾ ਰਸਾਲਾ।
ਗਏ ਕੰਧਾਰ ਮਝਾਰ ਕ੍ਰਿਪਾਲਾ।

{ਕੰਧਾਰ}

ਯਾਰਵਲੀ ਇਕ ਮੁਗ਼ਲ ਰਹੰਤਾ।

{ਯਾਰਵਲੀ}

ਤਿਹ ਸੋਂ ਕੀਨ ਮਿਲਨ ਭਗਵੰਤਾ ॥੨॥
ਬੂਝਨ ਹਿਤ ਤਿਹ ਬਚਨ ਉਚਾਰਾ।
'ਗੁਫਤੋ ਅਪਨੋ ਨਾਮ ਚਿ ਧਾਰਾ[1]?' — [1]'ਕਹੋ ਕੀ ਰੱਖਦੇ ਹੋ ਅਪਨਾ ਨਾਮ ?
[1] 'ਮਾ[2] ਨਾਮ ਨਾਨਕ ਨਿਰੰਕਾਰੀ।' — 'ਗੁਰੂ ਜੀ ਬੋਲੇ?। [2] ਸਾਡਾ।
ਕਹੈ 'ਮਾਯਨਾ[1] ਕਰੋ ਉਚਾਰੀ' ॥੩॥ — [1]ਅਰਥ।
'ਬੰਦਾ ਹਉਂ ਖੁਦਾਇ ਕਾ ਜਾਨਹੁਂ।'
ਪੁਨ ਬੂਝਤਿ 'ਨਿਜ ਪੀਰ ਬਖਾਨਹੁਂ।'
'ਯਕ ਖੁਦਾਇ ਹੈ ਦਿਗਰ[1] ਨ ਕੋਈ। — [1]ਦੂਸਰਾ।
ਜਗਤ ਮੁਰੀਦ ਪੀਰ ਬਡ ਸੋਈ' ॥੪॥
ਬਚਨ ਸੁਨਤਿ ਭਾ ਦੇਖਿ ਨਿਹਾਲਾ।

ਧਰਯੋ ਚਰਨ ਪੁਰ ਸਿਰ ਤਤਕਾਲਾ।
'ਤੁਮ ਖੁਦਾਇ ਹੋ ਧਰਯੋ ਸਰੀਰਾ।
ਭੰਜਹੁ[1] ਜਨਮੁ ਮਰਨ ਕੀ ਪੀਰਾ[2] ॥੫॥ [1]ਭੰਨਦੇ ਹੋ। [2]ਪੀੜਾ।
ਮੈਂ ਜਾਨੋਂ ਨਿਜ ਪੀਰ ਬਿਸ਼ਾਲਾ।
ਤੁਮਰੋ ਭਾ ਮੁਰੀਦ ਇਹ ਕਾਲਾ।'
ਬੂਝਯੋ ਗੁਰੂ 'ਨਾਮ ਕੋ ਤੇਰਾ?
ਕਿਉਂ ਮੁਰੀਦ ਹੋਵਤਿ ਹੈਂ ਮੇਰਾ' ॥੬॥
'ਯਾਰਵਲੀ ਜਾਨਹੁ ਮਮ ਨਾਮੂ।
ਬਨਉਂ ਮੁਰੀਦ ਮੁਕਤਿ ਕੇ ਕਾਮੂ[1]।' [1]ਮੁਕਤੀ ਵਾਸਤੇ।
ਤਿਹ ਕੀ ਸ਼ਰਧਾ ਦੇਖਿ ਬਿਸ਼ਾਲਾ।
ਉਪਦੇਸ਼ਯੋ ਕਰਿ ਦੀਨ[1] ਨਿਹਾਲਾ ॥੭॥ [1]ਕਰ ਦਿੱਤਾ।
ਏਕ ਨਿਸਾ ਬਸਿ ਕੈ ਤਿਹ ਸਦਨਾ।
ਚਲਿਨ ਤਜਾਰ ਭੇ ਪੰਕਜ ਬਦਨਾ।
ਯਾਰਵਲੀ ਬੰਦੈ ਸਿਰ ਨਜਾਇ।
ਭਈ ਮਸਤ ਮਤ ਨਾਮ ਖੁਦਾਇ ॥੮॥
ਤਿਹ ਕੋ ਧੀਰਜ ਦੇ ਪੁਨ ਗਏ।
ਇਕ ਖੱਤ੍ਰੀ ਕੋ ਦੇਖਤਿ ਭਏ।
{ਇੱਕ ਖੱਤ੍ਰੀ}
ਜਮੀ ਬਰਫ ਬਹੁ ਤਿਸ ਨੈ ਫੋਰੀ।
ਲਾਗਯੋ ਮੱਜਨ ਕਰਨੇ ਭੋਰੀ ॥੯॥
ਕਰਨ ਕ੍ਰਿਤਾਰਥ ਤਾਂਹਿ ਸਮੀਪਾ।
ਬੂਝਤਿ ਭੇ ਬੇਦੀ ਕੁਲਦੀਪਾ।
'ਕੋ ਹੈ ਬਰਨ, ਨਾਮ ਕੋ ਤੇਰਾ?
ਨ੍ਹਾਨ ਚਹਤਿ ਹੈ ਸੀਤ ਘਨੇਰਾ' ॥੧੦॥
ਕਰਿ ਸ਼ਨਾਨ ਜਬ ਬਾਹਰ ਆਵਾ।
ਦਰਸ਼ਨ ਦੇਖਤਿ ਭਰਮ ਨਸਾਵਾ।
ਬਿਮਲ[1] ਰਿਦਾ ਹ੍ਵੈ ਬੰਦਨ ਕੀਨੀ। [1]ਉੱਜਲ।
ਸੰਤ ਰੂਪ ਲਖਿ ਮਹਿਮਾ ਚੀਨੀ ॥੧੧॥
ਹਾਥ ਬੰਦਿ ਕੈ ਬਿਨੈ ਬਖਾਨੀ।
'ਸੰਤ ਮਿਲਨ ਮਮ ਚਾਹਿ ਮਹਾਨੀ।
ਅਬ ਰਾਵਰ ਪਰ ਭਈ ਪ੍ਰਤੀਤੀ।
ਦਰਸ ਦੇਖਿ ਭਾ ਮਨ ਯੁਤ ਪ੍ਰੀਤੀ[1] [1]ਪ੍ਰੀਤ ਵਾਲਾ ਹੋ ਗਿਆ ਹੈ ਮਨ।

॥੧੨॥
ਪੂਰਬ ਕਰਮਨ ਕੇ ਫਲ ਪਾਏ।
ਪੂਰਨ ਸੰਤ ਮਿਲੇ ਤੁਮ ਆਏ।'
ਤਿਹ ਕੀ ਪ੍ਰੀਤਿ ਦੇਖਿ ਗੁਨਖਾਨੀ।
ਉਪਦੇਸ਼ੀ ਉਰ ਭਗਤਿ ਮਹਾਨੀ ॥੧੩॥
ਸਗਰੀ ਘਾਲ ਸੰਪੂਰਨ ਕੀਨੀ।
ਪ੍ਰਭੁ ਸਿਮਰਨ ਭੀ ਪ੍ਰੀਤ ਨਵੀਨੀ।
ਕਰਿ ਬਿਨਤੀ ਲੇ ਸਦਨ ਸਿਧਾਰਾ।
ਅਧਿਕ ਭਾਉ ਕਰਿ ਭੋਜਨ ਖੁਆਰਾ[1] ॥੧੪॥ [1]ਖੁਆਲਿਆ।
ਤੀਨ ਦਿਵਸ ਰਾਖੇ ਹਿਤ ਸੰਗਾ।
ਯਾਰਵਲੀ ਕੋ ਸੁਨਹੁ ਪ੍ਰਸੰਗਾ।
ਸ਼ੇਖ ਸ਼ਰਫ ਇਕ ਤਿਹ ਕੋ ਮੀਤਾ।
{ਸ਼ਾਹ ਸ਼ਰਫ}
ਪਰਚਤਿ ਹੁਤੇ ਕਰਤਿ ਹਿਤ ਚੀਤਾ[1] ॥੧੫॥ [1]ਦਿਲੀ ਪਿਆਰ ਨਾਲ।
ਦੋਹਰਾ:
ਜਬ ਸ਼੍ਰੀ ਗੁਰ ਮਿਲਿ ਕੈ ਗਏ, ਪੀਛੇ ਆਯੋ ਸੋਇ॥
ਹੋਯੋ ਮਗਨ ਬਿਲੋਕਿ ਕੈ, ਬੂਝਯੋ ਬਚਨ ਬੁਗੋਇ[1] ॥੧੬॥ [1]ਕਹਿਕੇ।
ਚੌਪਈ:
'ਕੌਨ ਹਾਲ ਤੁਮ ਭਏ ਦਿਵਾਨੇ?
ਜਗ ਬਿਵਹਾਰ ਸਰਬ ਬਿਸਰਾਨੇ।
ਕਾਲ ਔਰ ਬਿਧਿ ਔਰੈ ਆਜਾ।
ਕੋ ਤੁਹਿ ਮਿਲ੍ਯੋ? ਭਯੋ ਅਸ ਕਾਜਾ' ॥੧੭॥
ਯਾਰਵਲੀ ਤਿਹ ਸੰਗ ਬੁਗੋਵਾ[1]। [1]ਕਿਹਾ।
'ਯਕ ਕੋ ਮੈਂ ਮੁਰੀਦ ਲਖਿ ਹੋਵਾ।
ਅਹੈ ਫਕੀਰ ਪੀਰ ਜੋ ਮੇਰੋ।
ਹਾਲ ਭਯੋ ਅਸ ਦਰਸ਼ਨ ਹੇਰੋ[1] ॥੧੮॥ [1]ਡਿਠਿਆਂ।
ਕਰੁਨਾ ਦ੍ਰਿਸ਼ਟਿ[1] ਧਾਰਿ ਕੈ ਮੋ ਪਰ। [1]ਮੇਹਰ ਦੀ ਨਜ਼ਰ।

ਦੀਨੋ ਗਯਾਨ ਮੋਹ ਮਨ ਕੋ ਹਰਿ[1]।'
[1]ਮੇਰੇ) ਮਨ ਦਾ ਮੋਹ ਨਾਸ਼ ਕਰਕੇ।
ਬੂਝੈ ਸ਼ੇਖ 'ਸੁ ਕੁਜਾ[1] ਸਿਧਾਯੋ।
[1]ਕਿੱਥੇ ?
ਦਿਖਰਾਵਹੁ, ਅਸ ਜਾਂਹਿ ਬਨਾਯੋ' ॥੧੯॥
ਯਾਰਵਲੀ ਕਹਿ 'ਭਾਉ[1] ਧਰੀਜੈ।
[1]ਪ੍ਰੇਮ।
ਮਿਲਹਿ ਆਇ ਸੋ ਆਪ, ਲਖੀਜੈ।'
ਸੁਨਤਿ ਬਚਨ ਦੇ ਧਰਨਾ ਬੈਸਾ।
ਕਹੈ 'ਉਠਉਂ ਪਿਖਿ ਕੈ ਉਹ ਕੈਸਾ' ॥੨੦॥
ਆਗੈ ਮਿਲਿ ਕੈ ਜਾਵਤਿ ਧਾਮੂ।
ਬੈਠਿ ਰਹ੍ਯੋ ਤਹਿਂ ਦੇਖਨ ਕਾਮੂ।
ਜਬ ਹੀ ਦਿਵਸ ਬਿਤੀਤੇ ਚਾਰ।
ਆਏ ਸ਼੍ਰੀ ਗੁਰ ਕਰੁਨਾਧਾਰਿ ॥੨੧॥
ਦੇਖ੍ਯੋ ਯਾਰਵਲੀ ਤਬ ਗੁਰ ਕੋ।
ਤੂਰਨ ਉਠ੍ਯੋ ਪ੍ਰੇਮ ਕਰਿ ਉਰ ਕੋ।
ਕਿਯ ਬੰਦਨ ਜੁਗ ਪਦ ਅਰਬਿੰਦਾ।
ਬੈਸਾਰੇ ਪੁਨ ਆਨੰਦਕੰਦਾ[1] ॥੨੨॥
[1]ਅਨੰਦ ਦੇ ਮੂਲ।
ਸ਼ੇਖ ਸ਼ਰਫ ਪੁਨ ਬਾਨੀ ਭਾਖੀ।
'ਖਫਨੀ ਕਰਦ ਚਿਕਾਰ[†] ਜੁ ਰਾਖੀ[1] ?'
[1]ਜੋ ਕਰ ਰੱਖੀ ਹੈ ਖਫਨੀ ਇਹ ਕਿਸ ਲਈ ਹੈ ?। [†]ਪਾ:-ਕਰ ਦਰਿਕਾਰ।
ਗੁਰੂ ਮਾਯਨਾ ਤਾਂਹਿ ਬਤਾਇ[1]।
[1]ਗੁਰੂ ਜੀ ਨੇ ਮਤਲਬ ਤਿਸਦਾ ਦੱਸਿਆ।
{ਖਫਨੀ ਦੇ ਅਰਥ}
'ਖਫਨੀ ਹੁਇ ਗਰ[1] ਖਉਫ ਖ਼ੁਦਾਇ ॥੨੩॥
[1]ਗਲ ਵਿਚ।
ਜੀਵਤਿ ਮ੍ਰਿਤਕ[1] ਜਗਤ ਹ੍ਵੈ ਰਹੀਏ।
[1]ਜੀਉਂਦਿਆਂ ਹੀ ਮੁਰਦਾ।
ਹੱਕ[1] ਪਛਾਨਿ ਸਰਬ ਸੁਖ ਲਹੀਏ।
[1]ਰੱਬ ਨੂੰ।
ਜਲ ਕੇ ਬਿਖੈ ਡੂਬ ਜੋ ਤਰਿਹੀ[1]।
[1]ਡੁੱਬਕੇ ਜੋ ਤੁਰਦਾ ਹੈ।
ਬਹੁਰ ਨ ਡੂਬਨ ਕੋ ਡਰ ਕਰਿਹੀ[1] ॥੨੪॥
[1]ਕਰਦਾ।
ਨਦੀ ਸਰਬ ਅਰ ਸਾਗਰ ਮਾਂਹੀ।
ਤਰਤਿ ਸਰਬ ਪਰ ਕਬਿ ਨ ਡੁਬਾਹੀ।
ਤੈਸੇ ਮ੍ਰਿਤਕ ਭਏ ਜੋ ਜੀਵਤਿ।

ਪੁਨ ਤਿਨ ਨਹਿਂ ਮ੍ਰਿਤ ਕੋ ਦੁਖ ਥੀਵਤਿ[1] ॥੨੫॥ — [1]ਹੁੰਦਾ।
ਆਪਾ[1] ਕਬਿ ਨ ਜਨਾਵਹੁ ਕਾਂ ਕੋ। — [1]ਆਪਣਾ ਆਪ।
ਹੋਇ ਰਹੋ ਸਭਿ ਕੀ ਪਗ ਖ਼ਾਕੋ[1]।' — [1]ਪੈਰਾਂ ਦੀ ਧੂੜੀ।
ਬੂਝੇ ਸ਼ਰਫ 'ਗੋਦੜੀ ਕੌਨ?
ਕਹੋ ਕਰਮ ਬੈਰਾਗੀ ਜੌਨ?' ॥੨੬॥

ਦੋਹਰਾ:

ਗੁਰੂ ਭਨਯੋ 'ਅਸ ਗੋਦੜੀ, ਸੂਈ ਸਬੂਰੀ[1] ਤੇਹੁ। — [1]ਸੰਤੋਖ।
ਬੁਜਰਕ ਸੰਗਤਿ ਤੰਤ[1] ਲੇ, ਸੀਵਨ ਮਨਨ[2] ਕਰੇਹੁ ॥੨੭॥ — [1]ਮਹਾਂ ਪੁਰਖਾਂ ਦੀ ਸੰਗਤ ਦਾ ਤਾਗਾ। [2]ਮੰਨਣ ਨੂੰ।

ਚੌਪਈ:

ਮਾਨ ਖੋਇ ਗਰ ਪਾਵਹੁ ਤਾਂਹੀ।
ਜਮ ਸਰਦੀ[1] ਡਰ ਹੋਵਤਿ ਨਾਂਹੀ। — [1]ਮੌਤ ਰੂਪੀ ਸਰਦੀ।
ਹੋਇ ਬਿਐਬ ਬਿਰਾਗੀ ਸੋਇ।
ਮਾਯਾ ਮੋਹ ਲਗੈ ਨਹਿਂ ਕੋਇ ॥੨੮॥
ਏਕ ਖ਼ੁਦਾਇ ਸਭਿਨਿ ਮਹਿਂ ਜਾਨਹਿ।
ਰਿਦੈ ਬਿਕਾਰ ਨ ਕਬਹੂੰ ਆਨਹਿ।
ਬੰਧਨ ਤਜਿ ਅਬੰਧ[1] ਜੋ ਰਹੈ। — [1]ਬੰਧਨ ਰਹਤ।
ਤਿਹ ਕੋ ਸੰਤ ਬਿਰਾਗੀ ਕਹੈ। ' ॥੨੯॥
ਸੁਨਿ ਕੈ ਸ਼ਰਫ ਭਯੋ ਮਨ ਦੀਨ।
ਪਗ[1] ਸਿਰ ਧਰਿ ਨ ਉਠਾਵਨ ਕੀਨ। — [1]ਚਰਣਾਂ ਤੇ।
ਕਹੈ ਕਿ 'ਭਯੋ ਮੁਰੀਦ ਤੁਮਾਰਾ।
ਹੁਇ ਪੀਰਨ ਸਿਰ ਪੀਰ ਉਦਾਰਾ ॥੩੦॥
ਤੁਮ ਮਮ ਸਾਹਿਬ ਔਰ ਨ ਪਾਵਹਿਂ।
ਜਗਤ ਸਰਬ ਜੇ ਖੋਜਨ ਜਾਵਹਿਂ।'
ਗੁਰ ਨਿਜ ਕਰ ਸੋਂ ਸੀਸ ਉਠਾਵਾ।
ਕਹਯੋ 'ਰਿਦੇ ਤੇ ਤਜਿਯੇ ਦਾਵਾ ॥੩੧॥
ਸੱਤਿਨਾਮ ਸਿਮਰਹੁ ਲਿਵ ਲਾਇ।
ਦੇਖਹਿ ਕਰੁਨਾ ਦ੍ਰਿਸ਼ਟਿ ਖ਼ੁਦਾਇ।'
ਛੁਯੋ ਗੁਰੂ ਕਰ ਸੋਂ ਸਿਰ ਜਬਿ ਹੀ।

ਜਗੀ ਨਾਮ ਲਿਵ ਮਨ ਮਹਿਂ ਤਬ ਹੀ
॥ ੩੨ ॥
ਗੁਰ ਕਹਿਂ 'ਤੁਮ ਅਬ ਸਦਨ ਸਿਧਾਰਹੁ।
ਰਿਦੇ ਖ਼ੁਦਾਇ ਸਦੀਵ ਸਮਾਰਹੁ[1]।' [1]ਸਿਮਰੋ।
ਸ਼ੇਖ ਜੋਰਿ ਕਰ ਬਚਨ ਉਚਾਰਾ।
'ਬਹੁਰ ਦੇਹੁਗੇ ਕਬਹਿ ਦਿਦਾਰਾ?'
॥ ੩੩ ॥
[1] 'ਰਿਦੇ ਯਾਦ ਰਾਖਹੁ ਯੁਤ ਪ੍ਰੀਤੀ। [1]ਗੁਰੂ ਜੀ ਬੋਲੇ।
ਅਬ ਦੀਦਾਰ ਸਮਝਹੁ ਇਸ ਰੀਤੀ।
ਜੋ ਤੇਰੇ ਚਿਤ ਹ੍ਵੈ ਬਹੁ ਚਾਹੀ।
ਸ਼ਹਿਜ਼ਾਦਾ ਹੈ ਖੁਰਮੇ ਮਾਂਹੀ ॥ ੩੪ ॥
ਮਰਦਾਨੇ ਕੋ ਸੁਤ ਯੁਤ ਗਜਾਨਾ।
ਤਿਹ ਕੋ ਦਰਸਹੁ ਜਾਇ ਸੁਜਾਨਾ।
ਜੈਸੋ ਦਰਸ ਹਮਾਰੋ ਕੀਨੋ।
ਤੈਸੇ ਫਲ ਤਿਹ ਕੋ ਤੁਮ ਚੀਨੋ' ॥ ੩੫ ॥
ਸੁਨਿ ਆਇਸੁ ਗੁਰ ਕੀ ਸਿਰ ਧਰਿ ਕੈ।
ਗਮਨਜੋ ਸਦਨ ਭਾਉ ਬਹੁ ਕਰਿ ਕੈ।
ਚਲਨਿ ਤਯਾਰ ਆਪ ਭੇ ਜਬ ਹੀ।
ਯਾਰਵਲੀ ਬੰਦੇ ਪਦ ਤਬਿ ਹੀ ॥ ੩੬ ॥
ਦੋਹਰਾ:
'ਮੋ ਕੋ ਮਿਲਿਹੋ ਆਨਿ ਕਬ,
ਕਰੁਨਾਨਿਧਿ[1] ਸੁਖਦਾਇ! [1]ਹੇ ਮੇਹਰ ਦੇ ਖ਼ਜ਼ਾਨੇ।
ਕਿਧੋਂ ਚਲਹੁ ਲੇ ਸੰਗਿ ਨਿਜ,
ਬਿਰਹ[1] ਨ ਹ੍ਵੈ ਜਿਸੁ ਭਾਇ[2]' ॥ ੩੭ ॥ [1]ਵਿਛੋੜਾ। [2]ਜਿਵੇਂ ਨਾਂ ਹੋਵੇ।
ਚੌਪਈ:
ਸ਼੍ਰੀ ਗੁਰ ਕਹਜੋ 'ਮਿਲਿਨ ਇਹੁ ਜਾਨਾ।
ਦਾਵੇ ਕੋ ਕਰਿ ਦੂਰ ਗੁਮਾਨਾ।
ਰਹਿਨੋ ਇਹਾਂ ਆਪਨੋ ਜਾਨਹੁ।
ਰਿਦੇ ਹਮਾਰੀ ਆਇਸੁ ਮਾਨਹੁ' ॥ ੩੮ ॥
ਅਸ ਕਹਿ ਗਮਨ ਕੀਨ ਤਿਹ ਕਾਲਾ।
ਤਜਿ ਕੰਧਾਰ ਗੇ ਗ੍ਰਾਮ ਕ੍ਰਿਪਾਲਾ।
ਏਕ ਪਠਾਨ ਮਿਲਜੋ ਤਹਿਂ ਆਈ।

ਪ੍ਰਭੁ ਕੋ ਦੇਖਤਿ ਗਿਰਾ ਅਲਾਈ ॥੩੯॥

ਦੋਹਰਾ:

'ਕਿਹ ਤੇ ਆਏ, ਕੌਨ ਹੋ, ਕਿਉਂ ਬੈਸੇ ਇਸ ਥਾਨ?
ਕਿਸ ਸਿਉਂ ਤੁਮਰੋ ਕਾਮ ਹੈ? ਮੁਖ ਤੇ ਸਾਚ ਬਖਾਨ' ॥੪੦॥

ਚੌਪਈ:

ਤਿਹ ਸੋਂ ਬਚਨ ਕਹ੍ਯੋ ਸੁਖਦਾਇ।
'ਹਮ ਹੈਂ ਬੰਦੇ ਲਖਹੁ ਖ਼ੁਦਾਇ।
ਇਕ ਮਾਨਵ ਸੋਂ ਹਮਰੋ ਕਾਜਾ।
ਮਿਲੋਂ ਤਾਂਹਿ ਸੋਂ, ਕਹੋਂ ਨ ਪਾਜਾ' ॥੪੧॥
ਬੂਝੈ ਖਾਨ 'ਕੌਨ ਨਰ ਸੋਇ?
ਜਿਹ ਸੋਂ ਮਿਲਨ ਤੁਮਾਰਾ ਹੋਇ।'
ਗੁਰੂ ਭਨੈ 'ਖੱਤ੍ਰੀ ਤਿਹ ਜਾਤਿ।
ਅਹੈ ਸੁ ਖਾਨਚੰਦ ਕੋ ਤਾਤ[1] ॥੪੨॥ [1]ਪੁਤਰ।
ਮਾਨਚੰਦ ਹੈ ਜਾਂ ਕੋ ਨਾਮੁ।
{ਮਾਨ ਚੰਦ}
ਤਿਹ ਕੇ ਸੰਗ ਹਮਾਰੋ ਕਾਮੁ।'
ਖਾਨ ਭਨੈ 'ਹ੍ਵੈ ਗ੍ਰਾਮ ਮਝਾਰਾ।
ਮਿਲਹੁ ਜਾਇ ਕੈ ਤਾਂਹਿ ਅਗਾਰਾ[1] ॥੪੩॥ [1]ਘਰ।
ਬੈਠੇ ਕਿਉਂ ਹੋ ਬੀਚ ਉਜਾਰਾ।
ਸ਼ੁਭ ਸੁਭਾਇ ਮੈਂ ਲਖੋਂ ਤੁਮਾਰਾ।'
ਸ਼੍ਰੀ ਗੁਰ ਕਹੈਂ 'ਨ ਹਮ ਤਹਿਂ ਜਾਇਂ।
ਆਨਿ ਮਿਲੈਗਾ ਸੋ ਇਹ ਥਾਇਂ' ॥੪੪॥
ਸੁਨਿ ਕੈ ਖ਼ਾਨ ਗ੍ਰਾਮ ਮਹਿਂ ਗਯੋ।
ਖੱਤ੍ਰੀ ਕੋ ਸੁਧ ਦੇਵਤਿ ਭਯੋ।
'ਬਾਹਰ ਦ੍ਵੈ ਫਕੀਰ ਹੈਂ ਬੈਸੇ।
ਮੈਂ ਬੂਝ੍ਯੋ ਸੋ ਭਾਖਤਿ ਐਸੇ ॥੪੫॥
-ਮਾਨਚੰਦ ਖੱਤ੍ਰੀ ਜੋ ਰਹਿਈ।
ਤਿਹ ਸੰਗ ਹਮਰੋ ਕਾਰਜ ਅਹਿਈ-।
ਰਹ੍ਯੋ ਬੁਲਾਇ ਸੁ ਆਵਤਿ ਨਾਂਹੀ।
ਤੁਮ ਦੇਖਹੁ ਤਿਨ ਕੋ ਤਹਿਂ ਜਾਹੀ' ॥੪੬॥

ਦੋਹਰਾ:

ਮਾਨਚੰਦ ਬੋਲਜੋ ਬਹੁਰ, 'ਮੇਰੀ ਨਹੀਂ ਪਛਾਨ।
ਕੋ ਫਕੀਰ ਜਾਨੋਂ ਨਹੀਂ, ਆਗੇ ਕਬਿ ਨ ਮਿਲਾਨ' ॥੪੭॥

ਚੌਪਈ:

ਕਹੈ ਖਾਨ 'ਦੇਖਹੁ ਤੁਮ ਜਾਈ।
ਮਿਲੇ ਸਾਧ ਨਹਿਂ ਦੋਖ ਲਗਾਈ।'
ਇਉਂ ਸੁਨਿ ਕੈ ਉਰ ਕੀਨ ਬਿਚਾਰਾ।
ਉਭੈ ਸੇਰ ਮੇਵਾ ਕਰ ਧਾਰਾ[1] ॥੪੮॥
ਸ਼੍ਰੀ ਗੁਨ ਖਾਨੀ ਬੈਠੇ ਜਹਿਂਵਾ।
ਬਡ ਭਾਗੀ ਚਲਿ ਆਯੋ ਤਹਿਂਵਾ।
ਦ੍ਵੈ ਕਰ ਜੋਰਿ ਬੰਦਨਾ ਕਰਿ ਕੈ।
ਬੈਠਜੋ ਅੱਗ੍ਰਜ ਮੇਵਾ ਧਰਿ ਕੈ ॥੪੯॥
ਸ਼੍ਰੀ ਗੁਰ ਕੋਮਲ ਬਚਨ ਉਚਾਰੇ।
'ਮਾਨਚੰਦ! ਸਭਿ ਕੁਸ਼ਲ[1] ਤੁਮਾਰੇ?'
ਬੂਝਨ ਲਗਜੋ ਸੁ 'ਕਬ ਕੇ ਜਾਨਹੁ?
ਆਗੇ ਮਿਲੇ ਨ, ਕਸ ਪਹਿਚਾਨਹੁ? ॥੫੦॥
ਕੌਨ ਦੇਸ਼ ਕੋ ਬੇਸ ਤੁਮਾਰਾ?
ਕੋ ਕਾਰਜ ਹੈ? ਕਹੁ ਨਿਰਧਾਰਾ[1]।'
ਗੁਰੂ ਕਹੈਂ 'ਬੇਗਮ ਪੁਰ ਦੇਸ਼ਾ।
ਏਕੰਕਾਰ ਰੂਪ ਤਨ ਬੇਸਾ ॥੫੧॥
ਨਾਨਕ ਨਿਰੰਕਾਰੀ ਮਮ ਨਾਇ।
ਇਸ ਕੋ ਬਾਲਾ ਸਰਬ ਅਲਾਇਂ।'
ਮਾਨਚੰਦ ਸੁਨਿ ਬਚਨ ਉਚਾਰੇ।
'ਐਸੀ ਬਾਤ ਨ ਬੀਚ ਸੰਸਾਰੇ ॥੫੨॥

ਦੋਹਰਾ:

ਔਰ ਔਰ ਬਾਤੈਂ ਕਰੋ, ਜਾਨੀ ਜਾਇਂ ਨ ਜੋਇ।
ਕੌਨ ਬੇਖ, ਨਹਿਂ ਲਖਿ ਸਕੌਂ, ਮੁਝ ਅਚਰਜ ਮਨ ਹੋਇ' ॥੫੩॥

ਚੌਪਈ:

[1]ਦੋ ਸੇਰ ਮੇਵਾ।

[1]ਸੁੱਖ।

[1]ਨਿਰਨੇ ਕਰਕੇ, ਖੁਹਲ ਕੇ।

ਗੁਰ ਕਹਿਂ 'ਅਸ ਬਚ ਮਹਿਂ ਸੁਖ ਸਾਰਾ।
ਭਲੀ ਬਾਤ, ਨਹਿਂ ਲਖਹੁ ਸਂਸਾਰਾ।
ਮਿੱਥਯਾ ਸੋ[1], ਨਹਿਂ ਆਵਹਿ ਕਾਜਾ।
ਨਰ ਲਪਟਾਇ ਰਹੇ ਸਭਿ ਪਾਜਾ ॥੫੪॥
ਉੱਤਮ ਜਾਨਹੁ ਮਨ ਮਹਿਂ ਸੋਇ।
ਜਿਨ ਕੋ ਲਖੇ ਸਰਬ ਸੁਖ ਹੋਇ।
ਸੁਨਤਜੋ ਮਾਯਾ ਮੋਹ ਨਸਾਇ।
ਹ੍ਵੈ ਪ੍ਰਲੋਕ ਕੇ ਬਿਖੈ ਸਹਾਇ ॥੫੫॥
ਜੁਊ ਕਮਾਵੈ ਸੋ ਹੈ ਸਜਾਨਾ।'
ਅਸ ਕਹਿ ਸ੍ਰੀ ਗੁਰ ਸ਼ਬਦ ਬਖਾਨਾ।
ਜਿਹਿ ਕੇ ਸੁਨਤਜੋ ਤਿਹਂ ਸੁਧ ਆਈ।
ਲੇ ਉਪਦੇਸ਼ ਪਰਮਗਤਿ[1] ਪਾਈ ॥੫੬॥

[1]ਝੂਠਾ ਹੈ ਉਹ (ਸੰਸਾਰ)।

[1]ਉੱਚੀ ਦਸ਼ਾ, ਕੱਲਜਾਣ।

ਸ੍ਰੀ ਮੁਖਵਾਕ ॥
ਤਿਲੰਗ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥
ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥
ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥
ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥
ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥੫॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥
ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥
ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥੮॥
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥
ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥

ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥

ਦੋਹਰਾ:

ਮਾਨਚੰਦ ਸੁਨਿ ਸਬਦ ਕੋ, ਬੋਲ੍ਯੋ ਕਛੁ ਸੁਧ ਪਾਇ।
'ਜਗਤ ਬਿਖੈ ਇਹ ਜੀਵ ਕੋ, ਭਲਾ ਹੋਤਿ ਕਿਹ ਭਾਇ?' ॥੫੭॥

ਚੌਪਈ:

ਤਿਹ ਛਿਨ ਸ਼੍ਰੀ ਗੁਰ ਬੈਨ ਬਖਾਨੇ।
'ਇਸ ਬਿਧਿ ਭਲਾ ਜੀਵ ਨਿਜ ਜਾਨੇ।
ਸ੍ਵਾਸ ਸ੍ਵਾਸ ਯਾਦੰ ਕਰਤਾਰਾ।
ਬਿਨਾ ਨਾਮ ਨਹਿਂ ਹ੍ਵੈ ਨਿਸਤਾਰਾ' ॥੫੮॥
ਬੂਝਤਿ ਮਾਨਚੰਦ ਯੁਤ ਪ੍ਰੀਤੀ।
'ਪ੍ਰਭੂ! ਬਤਾਵਹੁ ਅਬ ਇਸ ਰੀਤੀ।
ਜਾਂ ਤੇ ਸਿਮਰਹੁਂ ਨਾਮ ਸਦਾਈ।
ਰਿਦੇ ਨ ਬਿਸਰਹਿ ਪ੍ਰਭੂ ਕਦਾਈ ॥੫੯॥

ਦੋਹਰਾ:

ਗੁਰ ਕਹਿਂ 'ਸੰਸਾ ਨਹਿਂ ਕਰੋ, ਛੁਧਾ ਨਗਨ ਕੋ ਕੋਇ[1]।
ਇਕ ਸੰਸਾ ਮਨਿ ਰਾਖੀਏ, ਬਿਸਰੇ ਨਹਿਂ ਪ੍ਰਭੁ ਸੋਇ' ॥੬੦॥

[1]ਭੁੱਖ ਨੰਗ ਦਾ ਕੋਈ ਸੰਸਾ ਨਾ ਕਰੋ।

ਚੌਪਈ:

ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ।
ਪਰਯੋ ਚਰਨ ਪਰ ਬਿਨੈ ਬਖਾਨੀ।
ਤਿਹ ਛਿਨ ਇਕ ਡੰਡਾ ਕਰ ਮਾਂਹੀ।
ਬਖਸ਼ਯੋ ਜਾਨਿ ਦਾਸ ਗੁਰ ਤਾਂਹੀ[1] ॥੬੧॥
ਮਾਨਚੰਦ ਲੇ ਸਿਰ ਪਰ ਧਰਯੋ[1]।
ਜਨਮ ਮਰਨ ਕੇ ਦੁਖ ਸਭਿ ਹਰਯੋ।
ਪ੍ਰੇਮ ਬਿਸ਼ਾਲ ਬਨ੍ਯੋ ਮਸਤਾਨਾ।
ਮਹਾਂ ਪੁਰਖ ਭਾ ਪੂਰਨ ਗਜਾਨਾ ॥੬੨॥
ਸੰਪੁਟ ਮਾਨਚੰਦ ਕਹਿ ਪਾਨਾ[1]।
'ਜਗਤੇਸ਼੍ਵਰ! ਯਹਿ ਦੰਡ ਮਹਾਨਾ[1]।
ਸੇਮੁਖਿ[1] ਜਿਨ ਕਰਿਦੀ ਮਮ ਪੂਤਾ[2]।
ਸ੍ਵਪਨ ਅਤੰਕਾ ਜਾਗਤਿ ਸੂਤਾ[1]' ॥੬੩॥

[1]ਉਸਨੂੰ ਦਾਸ ਜਾਣਕੇ ਗੁਰੂ ਜੀ ਨੇ।

[1]ਉਹ ਡੰਡਾ।

[1]ਹਥ ਜੋੜਕੇ ਮਾਨਚੰਦ ਨੇ ਕਿਹਾ।

[1]ਡੰਡਾ ਬੜਾ (ਸ਼੍ਰੇਸ਼ਟ) ਹੈ।

[1]ਬੁੱਧੀ। [2]ਮੇਰੀ ਪਵਿੱਤ੍ਰ।

[1]ਸੁਤੇ ਹੋਏ ਸੁਪਨੇ ਦਾ ਡਰ ਜਿਸ ਨੇ ਨਾਸ਼ ਕੀਤਾ ਹੈ

(ਅ) ਸੁਪਨੇ ਦਾ ਡਰ (ਉਸ ਡੰਡੇ ਨੇ ਜਾਗਤ ਸੁਤਾ) ਜਾਗ ਖੁਹਲਕੇ ਸੁਤ ਦਿੱਤਾ ਹੈ (ਸੂਤ ਦੇਣਾ ਮੁਹਾਵਰਾ ਹੈ=ਠੀਕ ਕਰ ਦੇਣਾ। ਵਿੰਗੇ ਨੂੰ ਸਿੱਧਾ ਕਰ ਦੇਣਾ)।

ਦੋਹਰਾ:

'ਜੌਨ ਕਸ਼ਟ[1]' ਗੁਰ ਕਹਿਤਿ 'ਜਹਿਂ[2],
ਮਾਨਚੰਦ ਸੁਨ ਮੀਤ!
ਛੁਵਤ ਪਲਾਵਤਿ ਖਿਨਕ ਮਹਿਂ[1],
ਮੁਕਤਿ ਰਾਮ ਕਰਿ ਚੀਤ[1]' ॥੬੪॥

[1]ਜੇਹੜਾ ਕਸ਼ਟ। [2]ਜਿਸ ਨੂੰ।

[1]ਇਸ ਡੰਡੇ ਦੇ ਛੁਹਿਆਂ ਦੂਰ ਹੋ ਜਾਵੇਗਾ ਥੋੜੇ ਚਿਰ ਵਿਚ।

[1]ਰਾਮ ਚੇਤੇ ਕਰਾਕੇ ਮੁਕਤ ਕਰ ਦੇਵੇਗਾ।

ਚੌਪਈ:

ਜਨਮ ਮਰਨ ਕੇ ਸਾਧਨ ਜੋਊ।
ਸਿੱਧ ਭਏ ਇਕ ਛਿਨ ਮਹਿਂ ਸੋਊ।
ਇਸ ਪ੍ਰਕਾਰ ਤਿਹ ਕਰਜੋ ਨਿਹਾਲਾ।
ਆਨ ਥਾਨ ਗਮਨੇ ਪੁਨ ਦਜਾਲਾ ॥੬੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿਖਨ ਕੋ ਉਧਾਰ' ਪ੍ਰਸੰਗ ਬਰਨਨੰ ਨਾਮ ਛੱਤੀਸਮੋਂ ਅਧ੍ਯਾਯ ॥੩੬॥

## ੩੭. [ਸ਼ਰਨ ਸੁਖ। ਮੁਲਤਾਨ ਦੇ ਪੀਰਾਂ ਨਾਲ ਗੋਸ਼ਟ। ਸ਼ਮਸ ਤਬ੍ਰੇਜ਼ ਦੀ ਕਥਾ]

੩੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੮

{ਮੁਲਤਾਨ ਦੇ ਪੀਰ} ॥੨..॥
{ਸ਼ਮਸਤਬ੍ਰੇਜ਼} ॥੩-੧੮॥
{ਪੀਰ ਬਹਾਵਲ ਹੱਕ} ॥੨੦॥
{ਮਾਇਆ ਤੋਂ ਬਿਨਾ ਜਗ ਦੀ ਕਾਰ ਨਹੀਂ-ਦ੍ਰਿਸ਼ਟਾਂਤ} ॥੨੦..॥
{ਸੰਤ ਲੱਛਨ} ॥੨੫..॥
{ਹਾਜ਼ਰਨਾਮਾ} ॥੨੯॥
{ਫਕੀਰੀ, ਜਤ, ਸਤ.. ਆਦਿ ਦੀ ਅਵਧੀ} ॥੩੪..॥
{ਸ਼ਮਸਤਬ੍ਰੇਜ਼ ਦੀ ਆਦਿ ਕਥਾ} ॥੪੪..॥

ਦੋਹਰਾ:

ਮਨ! ਤਜਿ ਬਿਸ਼ਿਯਨ ਬਾਸ਼ਨਾ, ਭਰਮਜੋਂ ਜਨਮ ਅਨੇਕ।
ਅਬਿ ਸਤਿਗੁਰ ਕੀ ਸ਼ਰਨ ਗਹੁ, ਪਾਵਹਿਂ ਅਨਦ ਬਿਬੇਕ ॥੧॥

ਭਰਮਜੋ=ਕਿਸੇ ਗੋਲ ਸ਼ੈ ਵਿਚ ਚੱਕ੍ਰ ਲੱਗਣੇ। ਆਵਾਰਾ ਫਿਰਨਾ, ਗੁਆਚ ਕੇ ਫਿਰਨਾ, ਭਟਕਣਾ।

ਅਰਥ:

ਹੇ ਮਨ! ਵਿਸ਼ਯਾਂ ਦੀ ਵਾਸ਼ਨਾ ਛੱਡ (ਜਿਸ ਕਰਕੇ ਤੂੰ) ਅਨੇਕਾਂ ਜਨਮ ਭਟਕਦਾ ਫਿਰਿਆ ਹੈਂ ਹੁਣ ਸਤਿਗੁਰ ਦੀ ਸ਼ਰਣ ਫੜ ਜੋ ਗਯਾਨ ਦਾ ਆਨੰਦ ਪਾਵੇਂ।

ਭਾਵ:

ਇਸ ਦੋਹੇ ਵਿਚ ਮਨ ਨੂੰ ਸਾਫ ਸੰਬੋਧਨ ਕਰਕੇ ਸਮੋਧ ਕੀਤਾ ਨੇ ਜਿਸ ਤੋਂ ਪਤਾ ਲਗਦਾ ਹੈ ਕਿ ਲਗ ਪਗ ਸਾਰਿਆਂ ਮੰਗਲਾਂ ਵਿਚ ਨਿਜ ਮਨ ਨੂੰ ਹੀ ਸਮੋਧ ਕਰ ਰਹੇ ਹਨ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ ਸੁਨਿ ਪਰਮ ਪਵਿੱਤ੍ਰਾ!
ਜਥੋਂ ਪੁਨ ਹੋਈ ਕਥਾ ਬਚਿੱਤ੍ਰਾ[1]। [1]ਮਨੋਹਰ।
ਤਹਿਂ ਤੇ ਜਬ ਕੀਨੋ ਪ੍ਰਸਥਾਨਾ।
ਪਹੁੰਚੇ ਨਗਰ ਜਾਇ ਮੁਲਤਾਨਾ ॥੨॥

{ਮੁਲਤਾਨ ਦੇ ਪੀਰ}

ਪੀਰ ਬ੍ਰਿੰਦ ਜਹਿਂ ਸ਼ਮਸ[1] ਸਮੇਤਾ। [1]ਨਾਮ ਹੈ ਫਕੀਰ ਦਾ।
ਮਿਲਨਿ ਚਹਯੋ ਬੇਦੀ ਕੁਲਕੇਤਾ।
ਦੇਨਿ ਉਪਦੇਸ਼ ਆਪਨੋ ਨੀਕਾ।
ਜਿਸ ਬਿਧਿ ਹ੍ਵੈ ਉਧਾਰ ਇਸ ਜੀ ਕਾ ॥੩॥
ਸ਼ਮਸ ਤਬਰੇਜ਼† ਰਹਤਿ ਜਿਹ ਥਾਈਂ।

{ਸ਼ਮਸਤਬ੍ਰੇਜ਼}

†ਸ਼ਮਸ ਤਬ੍ਰੇਜ਼ ਦੀ ਖਾਨਕਾਹ ਮੁਲਤਾਨ ਵਿਚ ਹੈ ਜਿੱਥੇ ਸਤਿਗੁਰੁ ਜੀ ਜਾਕੇ ਇਸ ਖਾਨਕਾਹ ਵਿਚ ਬੈਠੇ ਸਨ ਓਥੇ ਯਾਦਗੀਰੀ ਵਿਚ ਮੰਜੀ ਸਾਹਿਬ ਸੀ, ਸ੍ਰੀ ਮਾਨ ਸੰਤ ਬਸੰਤ ਸਿੰਘ ਜੀ ਤੇ ਕਈ ਪ੍ਰੇਮੀਆਂ ਨੇ ਆਪ ਡਿੱਠੀ

ਦੀ ਸਾਖ ਭਰੀ ਹੈ ਕਿ ਮੰਜੀ ਸਾਹਿਬ ਸੀ, ਇਕ ਗ੍ਰੰਥੀ ਵੀ ਰਹਿੰਦਾ ਸੀ; ਪਰ ਉਸ ਦਾ ਗੁਜ਼ਾਰਾ ਨਾ ਹੋਣ ਕਰਕੇ ਉਹ ਟੁਰ ਗਿਆ। ਸਮਾਂ ਪਾਕੇ ਮੁਸਲਮਾਨਾਂ ਮੰਜੀ ਚਾ ਦਿੱਤੀ ਪਰ ਇਕ ਕੰਧ ਉੱਤੇ ਪੰਜੇ ਦਾ ਨਿਸ਼ਾਨ ਸਤਿਗੁਰ ਦਾ ਮੁਜਾਵਰ ਦਿਖਲਾਯਾ ਕਰਦੇ ਸਨ। ਅਕਾਲੀ ਲਹਿਰ ਦੇ ਭੈ ਵਿਚ ਮੁਜਾਵਰਾਂ ਨੇ ਇਸ ਨੂੰ ਬੀ ਮੇਟ ਦਿੱਤਾ ਹੈ। ਨਿਸ਼ਾਨ ਚਾਹੀਦਾ ਹੈ ਕਿ ਫਿਰ ਕਾਯਮ ਕੀਤਾ ਜਾਵੇ ਤੇ ਪਤਾ ਲਿਖ ਲਿਆ ਜਾਵੇ।

ਤਹਾਂ ਜਾਇ ਬੈਠੇ ਜਗ ਸਾਈਂ।
ਸਭਿ ਪੀਰਨ ਕੋ ਸੁਧ ਜਬ ਹੋਈ।
ਮਿਲਿ ਕੈ ਮਤੋ[1] ਕਰਤਿ ਭੇ ਸੋਈ ॥੪॥ [1]ਸਲਾਹ।
'ਇਨ ਜੀਤੇ ਸਭਿ ਥਾਨ ਮਹਾਨਾ।
ਕਾਬਾ ਚਰਨਨ ਸੰਗਿ ਫਿਰਾਨਾ।
ਚਰਚਾ ਅਜ਼ਮਤ ਮਹਿਂ ਇਹ ਭਾਰੀ।
ਸਕਜੋ ਨ ਕੋਊ ਅਟਕ[1] ਅਗਾਰੀ ॥੫॥ [1]ਠਹਿਰ।
ਸਰਬਰ ਬਾਦ[1] ਨਹੀਂ ਬਨਿ ਆਈ। [1]ਚਰਚਾ ਵਿਚ ਬਰਾਬਰੀ।
ਬਿਨਤੀ ਕਰਿ ਕੈ ਕਰਹੁ ਬਿਦਾਈ[1]।' [1]ਵਿਦਾ ਕਰੋ।
ਅਸ ਬਿਚਾਰ ਕਰਿ ਦੂਧ ਕਟੋਰਾ।
ਭਰਿ ਕਰਿ ਲੇ ਆਏ ਗੁਰ ਓਰਾ ॥੬॥
ਏਹੁ ਜਨਾਵਨ ਤਿਨ ਨੈ ਕੀਨੋ।
-ਪੀਰੀ ਪੁਰਿ ਮੁਲਤਾਨ[1] ਸੁ ਚੀਨੋ। [1]ਮੁਲਤਾਨ ਪੀਰਾਂ ਨਾਲ ਭਰਪੂਰ ਹੈ।
ਨਹੀਂ ਸਮਾਈ ਰਾਵਰ ਕੇਰੀ।
ਗਮਨਹੁ ਅਪਰ ਥਾਨ ਪੁਰਿ ਹੇਰੀ- ॥੭॥
ਨਿਕਟਿ ਆਨਿ ਜਬ ਧਰਜੋ ਅਗਾਰੀ।
ਸ੍ਰੀ ਨਾਨਕ ਜਾਨੀ ਬਿਧਿ ਸਾਰੀ।
ਫੂਲ ਚੰਬੇਲੀ ਕੋ ਇਕ ਲੀਨਾ।
ਤਿਹ ਪਰ ਕਰ ਤੇ ਛੋਡਨ ਕੀਨਾ ॥੮॥
ਤਰਜੋ ਦੂਧ ਪਰ ਭਲੇ ਸਮਾਯੋ।
ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਯੋ।
-ਫੂਲ ਸਮਾਯੋ ਭਰੇ ਕਟੋਰੇ।
ਤਿਉਂ ਹਮ ਕੋ ਜਾਨਹੁ ਇਸ ਠੌਰੇ- ॥੯॥
ਇਹ ਸਭਿ ਰੀਤਿ ਲਖੀ ਜਬ ਪੀਰਾਂ।
ਜਾਨਜੋ ਮਨ ਮੈਂ ਗੁਨੀ ਗਹੀਰਾ ॥
ਪ੍ਰਾਕ[1] ਸ਼ਮਸ ਨੇ ਗਿਰਾ ਉਚਾਰੀ। [1]ਪਹਿਲੋਂ।
ਜੱਗਜਾਸੀ ਇੱਛਾ ਉਰ ਧਾਰੀ[1] ॥੧੦॥ [1]ਜੱਗਜਾਸੀ ਵਾਂਙ ਦਿਲ ਵਿੱਚ ਸ਼ਰਧਾ ਧਾਰੀ।

ਦੋਹਰਾ: [1]ਸੁੱਕਿਆ।

'ਕਠਨ ਕ੍ਰੂਰ ਤਪ ਹੌਂ ਕਰਾ, ਸ਼ੁਸ਼ਕ[1] ਸਰੀਰ

ਬਿਸਾਲ।
ਨਾਸ਼ਨ[1] ਮਨ ਕੀ ਬਾਸ਼ਨਾ, ਜਤਨ ਕੀਨ ਚਿਰ ਕਾਲ ॥੧੧॥

[1]ਨਾਸ਼ ਕਰਨ ਲਈ।

ਚੌਪਈ:

ਇਕ ਛਿਨ ਮਨ ਨਹਿਂ ਹੋਵਤਿ ਇਸਥਿਰ।
ਚੰਚਲ ਅਤਿ ਹੀ ਦੀਪ ਸਿਖਾਸਰ[1]।
ਮਨ ਕੋ ਨਾਸ਼ ਹੋਇ ਜਿਸ ਰੀਤੀ।
ਸੋ ਉਪਦੇਸ਼ ਦੇਹੁ ਯੁਤ ਪ੍ਰੀਤੀ' ॥੧੨॥

[1]ਦੀਵੇ ਦੀ ਲਾਟ ਵਾਂਙੂੰ।

ਸੁਨਿ ਸ਼੍ਰੀ ਨਾਨਕ ਬਚਨ ਉਚਾਰੇ।
'ਮਰੈ ਨ ਅਹਿ[1] ਬਰਮੀ ਕੇ ਮਾਰੇ।
ਮੰਤ੍ਰਨ ਸੋਂ ਬਸਿ ਹੋਵਤਿ ਸੋਊ।
ਔਰ ਉਪਾਉ ਨ ਤਾਂ ਕੋ ਕੋਊ ॥੧੩॥

[1]ਸਰਪ।

ਤਪ ਸਾਧੇ ਮਨ ਬਸਿ ਨਹਿਂ ਆਵਹਿ।
ਮਨ ਚੰਚਲ ਦਸਹੂੰ ਦਿਸ਼ਿ ਧਾਵਹਿ।
ਤਿਉਂ ਤਿਉਂ ਚਾਹਤਿ ਮਾਨ ਬਡਾਈ।
ਜਿਉਂ ਜਿਉਂ ਤਪ ਕਰਿ ਹ੍ਵੈ ਹਿਤ ਲਾਈ ॥੧੪॥

ਦੋਹਰਾ:

ਸਤਿਗੁਰ ਸ਼ਬਦ ਬਿਚਾਰਨੋ, ਮੰਤ੍ਰ ਪਛਾਨਹੁ ਸੋਇ।
ਤਿਹ ਸੋਂ ਇਹ ਬਸਿ ਹੋਤਿ ਹੈ, ਔਰ ਉਪਾਵ ਨ ਕੋਇ' ॥੧੫॥

ਚੌਪਈ:

ਬੂਝੈ ਸ਼ੱਮਸ 'ਸ਼ਬਦ ਕੁ ਕੌਨ?'
ਸੁਨਿ ਬੋਲੇ ਗੁਰ ਕਰੁਨਾ ਭੌਨ।
'ਜਗ ਝੂਠੋ, ਐਸੋ ਦਿਢ ਜਾਨਾ।
ਮ੍ਰਿਗ ਤ੍ਰਿਸ਼ਨਾ ਕੇ ਨੀਰ ਸਮਾਨਾ ॥੧੬॥
ਤਿਹ ਸੋਂ ਕਛੁ ਸੰਕਲਪ ਨ ਕਰੀਏ।
ਝੂਠ ਜਾਨਿ ਮਨ ਤੇ ਪਰਹਰੀਏ।
ਸਸੇ ਸੀਂਗ ਧਨੁ[1] ਲੇ ਕਰਿ ਮਾਂਹੀ[†]।

[1]ਸਹੇ ਦੇ ਸਿੰਗਾਂ (ਰੂਪੀ) ਧਨੁਖ ਨੂੰ। [†]ਸਹੇ ਦੇ ਸਿੰਗ, ਅਕਾਸ਼ ਵਿੱਚ ਉੱਗੀ ਵੇਲ, ਹਰ ਚੰਦਉਰੀ ਨਗਰੀ ਤ੍ਰੈਏ ਵਸਤਾਂ ਹੈਨ ਹੀ ਨਹੀਂ, ਇਸ ਤਰ੍ਹਾਂ ਜਗਤ ਦਾ ਪ੍ਰਪੱਚ ਅਸੱਤਿ ਹੈ।

ਤਿਸ ਕੇ ਪੁਸ਼ਪ ਕੋ ਨ ਕਰਾਹੀ ॥੧੭॥
ਹਰੀ ਲਤਾ[1] ਭੀ ਬੀਚ ਅਕਾਸ਼ਾ*।
ਤਿਸ ਕੇ ਪੁਸ਼ਕ ਕੌਨ ਕਰਿ ਆਸ਼ਾ।
ਹਰਿ ਚੰਦਉਰੀ ਕੇਰ ਬਜਾਰਾ*।
ਫੁਰੇ ਨ ਕਿਹ ਕਰਨੋ ਬਿਵਹਾਰਾ ॥੧੮॥
ਤਿਉਂ ਅਸੱਤਿ ਲਖਿ ਜਗ ਪਰਪੰਚਾ।
ਕਿਉਂ ਸੰਕਲਪ ਉਠਾਵਹਿ ਰੰਚਾ[1]।'
ਸਤਿਗੁਰ ਬਚਨ ਰਿਦੇ ਦ੍ਰਿਢ ਧਾਰਾ।
ਸ਼ੁੱਧ ਆਤਮੈ ਜਗਤ ਬਿਸਾਰਾ ॥੧੯॥
ਮਨ ਰਿਪੁ ਜੀਤਨ ਕੀ ਇਹ ਰੀਤਾ।
ਪਾਵਹਿ ਸੁਖ ਜੁ ਕਰਹਿ ਧਰਿ ਚੀਤਾ।
ਪੀਰ ਬਹਾਵਲ ਹੱਕ ਇਕ ਅਹਿ ਹੀ।
{ਪੀਰ ਬਹਾਵਲ ਹੱਕ}
ਸੁਨਿ ਕੈ ਬਚਨ ਬਹੁਰ ਸੋ ਕਹਿਹੀ ॥੨੦॥

ਦੋਹਰਾ:
'ਸ੍ਰੀ ਨਾਨਕ! ਉਪਦੇਸ਼ ਮਹਿਂ, ਮਾਯਾ ਕਹਉ ਜਿ ਕੂਰ।
ਪੁਨ ਤਿਸ ਬਿਨ ਬਿਵਹਾਰ ਜੇ, ਹੋਤਿ ਨਹੀਂ ਕੋ ਪੂਰ' ॥੨੧॥

ਚੌਪਈ:
ਉੱਤਰ ਸ਼੍ਰੀ ਗੁਰ ਸੁਨਤਿ ਅਲਾਯਾ।
'ਨਿਸ਼ਚੈ ਜਾਨਹੁ ਝੂਠੀ ਮਾਯਾ।
ਤੈਸੇ ਝੂਠੇ ਤਿਹ ਬਿਵਹਾਰਾ।
ਲਖਉ ਸੱਤਿ ਜਿਉਂ ਦਾਮ ਬਿਹਾਰਾ[1] ॥੨੨॥
ਸੁਪਨ ਬਿਖੈ ਜਿਉਂ ਸਰਿਤਾ ਬਾਰਾ[1]।
ਚਹਿਤਿ ਨਾਉ[1] ਚਢਿ ਉਤਰਜੋ ਪਾਰਾ।
ਸੁਪਨ ਟਕਾ ਦੇ ਸੋ ਲੰਘ ਜਾਈ।
ਇਸੀ ਰੀਤਿ ਤਿਹ ਲੇਉ ਲਖਾਈ† ॥੨੩॥

[1]ਵੇਲ।

[1]ਥੋੜਾ ਬੀ।

[1]ਰੱਸੀ ਵਿੱਚ (ਸੱਪ ਦਾ) ਭਰਮ ਹੁੰਦਾ ਹੈ।

[1]ਜਲ ਦੀ ਨਦੀ।

[1]ਬੇੜੀ ਤੇ।

†ਰੱਸੀ ਸੱਪ ਨਹੀਂ ਹੁੰਦੀ, ਪਰ ਭਰਮ ਨਾਲ ਸਰਪ ਭਾਸਦੀ ਹੈ ਤਿਵੇਂ ਸੁਪਨੇ ਦੀ ਨਦੀ ਤੋਂ ਸੁਪਨੇ ਦਾ ਟਕਾ ਦੇਕੇ ਪਾਰ ਹੋਣਾ। ਸੁਪਨੇ ਦੀ ਨਦੀ ਇਕ ਭਰਮ ਹੁੰਦਾ ਹੈ, ਟਕਾ ਬੀ ਭਰਮ ਦਾ ਹੀ ਬਣ ਜਾਂਦਾ ਹੈ। ਏਹ

ਵੇਦਾਂਤ ਦੇ ਉਪਦੇਸ਼ ਕਵਿ ਜੀ ਦੱਸ ਰਹੇ ਹਨ।

ਪਰਮੇਸ਼ੁਰ ਨਿਤ ਸੱਤਿ ਪਛਾਨਹੁ।
ਤਾਂ ਕੋ ਨਾਮ ਸਤਿ ਮਨ ਮਾਨਹੁ।'
ਰੁਕਨ ਦੀਨ ਪੁਨ ਬੈਨ ਅਲਾਏ।
'ਸੰਤ ਜੁ ਲੱਛਨ ਦੇਉ ਬਤਾਏ ॥੨੪॥
ਕੈਸੋ ਤਿਨ ਅਚਾਰ ਬਿਵਹਾਰਾ?
ਤਿਹ ਮਿਸ[1] ਦੇ ਉਪਦੇਸ਼ ਸੁਖਾਰਾ।'
ਸ੍ਰੀ ਗੁਰ ਭਨਯੋ 'ਸੁਨਹੁ ਦੇ ਕਾਨਾ।

[1]ਬਹਾਨੇ।

{ਸੰਤ ਲੱਛਨ}

ਬੁਜਰਕ ਸੁਹਬਤ ਅੱਬਲ[1] ਜਾਨਾ ॥੨੫॥

[1]ਸੰਤਾਂ ਦੀ ਸੰਗਤ ਪਹਿਲੀ (ਗੱਲ)।

ਦੋਹਰਾ:

ਪਰਗੁਨ ਸੁਨਤਿ ਪ੍ਰਸੰਨ ਹ੍ਵੈ, ਪੁਨਿ ਸੇਵਹਿ ਗੁਨਵਾਨ।
ਆਤਮ ਗਯਾਨ ਬਿਚਾਰਨਾ ਨਿਤ ਪ੍ਰਤਿ, ਸੋ ਬੁਧਿਵਾਨ ॥੨੬॥

ਚੌਪਈ:

[1]ਸ੍ਰੇਸ਼ਟ ਬੁਧਿ।

ਮਨ ਦਿਆਲ ਨਿਤ ਸੁਮਤਿ[1] ਬਿਚਾਰਹਿ।
ਪਰ ਤਿਯ ਦੇਖਿਨਿ ਚਖ ਹਟਕਾਰਹਿ[1]।
ਨਰ ਕੁਕਰਮ[1] ਭਵ ਮੈਂ ਜੋ ਰਚੇ।
ਤਿਨ ਕੋ ਸੰਗ ਕਰਨ ਤੇ ਬਚੇ ॥੨੭॥
ਨਿਜ ਬਲ ਪਰ ਕੋ ਕਬਿ ਨ ਜਨਾਈ।
ਸ਼ੱਤ੍ਰੂ ਮੀਤ ਬਿਖੈ ਸਮਤਾਈ[1]।
ਸ਼ੋਕ ਹਰਖ ਪੁਨ ਮਾਨ ਅਮਾਨੂ[1]।
ਦੁਖ ਸੁਖ ਇਨ ਮਹਿਂ ਰਹਿਤਿ ਸਮਾਨੂ[1] ॥੨੮॥

[1]ਪਰਾਈ ਇਸਤਰੀ ਦੇਖਣ ਤੋਂ ਨੇਤ੍ਰ ਰੋਕੇ, ਮੋੜੇ।
[1]ਖੋਟੇ ਕੰਮ।
[1]ਬਰਾਬਰੀ।
[1]ਆਦਰ ਨਿਰਾਦਰ।
[1]ਇਕੋ ਜਿਹਾ।

ਸਿਫਤ ਪ੍ਰਮੇਸ਼ੁਰ ਨਿਸ ਦਿਨ ਗਾਵਹਿ।
ਨਾਮ ਸੰਗਿ ਨਿਜ ਬੇਸ ਬਿਤਾਵਹਿ।'
ਅਸ ਕਹਿ ਸ੍ਰੀ ਗੁਰ ਕ੍ਰਿਪਾ ਨਿਧਾਨਾ।
ਹਾਜ਼ਰਨਾਮਾ ਕੀਨ ਬਖਾਨਾ ॥੨੯॥

{ਹਾਜ਼ਰਨਾਮਾ}

ਤਿਲੰਗ ਮਹਲਾ ੧ ॥
ਹਾਜ਼ਰਾ ਕਉ ਮਿਹਰ ਹੈ ॥ ਬਿਹਾਜਰਾਂ ਕਉ ਬਿਮਿਹਰ ਹੈ ॥
ਈਮਾਨ ਦੋਸਤ ਹੈ ॥ ਬੇਈਮਾਨ ਕਾਫਰ ਹੈ ॥

ਤਕੱਬਰ[1] ਕਹਰ ਹੈ ॥ ਗੁੱਸਾ ਹਰਾਮ ਹੈ ॥ [1]ਹੰਕਾਰ।
ਨਫ਼ਸ ਸ਼ੈਤਾਨ ਹੈ ॥ ਗੁਮਾਨ ਲਾਨਤੀ ਹੈ ॥
ਪਸਗ਼ੈਬਤ[1] ਕਾ ਮੂੰਹ ਕਾਲਾ ਹੈ ॥ [1]ਨਿੰਦਕਾਂ।
ਦਿਆਨਤ ਦਾਰ ਸੁਰਖਰੋਇ ਹੈ ॥
ਬੇਦਿਆਨਤ ਸਿਆਹ ਹੋਇ ਹੈ ॥ ਅਕਿਰਤਘਣ ਜ਼ਰਦ-ਰੂਇ ਹੈ ॥
ਬਦਨੀਅਤ ਨਾਪਾਕ ਹੈ ॥ ਮੋਮ ਦਿਲ ਪਾਕ ਹੈ ॥
ਬੇਹਿਰਸ ਅਉਲੀਆ ਹੈ ॥ ਹਿਰਸਮੰਦ ਫਾਜਰਨ ਹੈ[1] ॥ [1]ਲਾਲਚੀ ਪਾਪੀ ਹੈ।
ਦਰੋਗ਼[1] ਦੋਜ਼ਕ ਹੈ ॥ ਸੱਚੁ ਭਿਸਤੁ ਹੈ ॥ [1]ਝੂਠ।
ਬਦ ਜ਼ੁਬਾਨ ਫਿੱਕਾ ਹੈ ॥ ਦਰਦਵੰਦ ਦਰਵੇਸ਼ ਹੈ ॥
ਬੇਦਰਦ ਕਮਾਈ ਹੈ ॥ ਰੋਜ਼ੀਬਖਸ ਰਹੀਮ ਹੈ ॥
ਇਲਮ ਹਲੀਮੀ ਹੈ ॥ ਤਵੱਜਾ ਬੁਲੰਦੀ ਹੈ ॥
ਖੈਰਵੰਦ ਸਤੀ ਹੈ ॥ ਬੇਖ਼ੈਰ ਬਖੀਲ ਹੈ ॥
ਜ਼ੋਰ ਜ਼ੁਲਮ ਹੈ ॥ ਬੇਜ਼ੋਰ ਪਾਕ ਹੈ ॥
ਮੁਸਾਫਾ ਸਿਫਤ ਹੈ ॥ ਹਿਕਮਤ ਕਤੇਬ ਹੈ ॥
ਦੁਆਇ ਦੌਲਤ ਹੈ ॥ ਬਦਦੁਆਇ ਕਹਿਰ ਹੈ ॥
ਇਨਸਾਫ ਸਾਫ ਹੈ ॥ ਚੋਰੀ ਲਾਲਚ ਹੈ ॥
ਯਾਰੀ ਪਲੀਤੀ ਹੈ ॥ ਸਿਫਤ ਉਜੂ ਹੈ ॥
ਬਾਂਗ ਬਲੇਲਿ[1] ਹੈ ॥ ਕਰਾਮਾਤ ਕੁਦਰਤਿ ਹੈ ॥ [1]ਬਾਂਗ (ਐਵੇਂ) ਆਵਾਜ਼ ਮਾਤ੍ਰ ਹੈ।
ਫਕੀਰੀ ਸਬੂਰੀ ਹੈ ॥ ਨਾਸਬੂਰੀ ਮਕਰ ਹੈ ॥
ਰਾਹੁ ਪੀਰਾਂ ਹੈ ॥ ਬੇਰਾਹੁ ਬੇਪੀਰਾਂ ਹੈ ॥
ਤੇਗ ਮਰਦਾਂ ਹੈ ॥ ਦੇਗ ਖਰਾਇਤ ਹੈ ॥ ਅਦਲ ਬਾਦਸ਼ਾਹ ਹੈ ॥
ਏਤੇ ਟੋਲਿ ਜਿ ਜਾਣ ਜਣਾਵੈ ॥ ਤਉ ਨਾਨਕ ਦਾਨਸ਼ਵੰਦ ਕਹਾਵੈ† ॥੧॥

†ਇਹ ਹਾਜ਼ਰਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਇਸ ਵਾਸਤੇ ਸ੍ਰੀ ਮੁਖਵਾਕ ਨਹੀਂ।

ਦੋਹਰਾ:

ਇਸ ਪ੍ਰਕਾਰ ਸੁਨਿ ਪੀਰ ਸਭਿ, ਬੰਦੇ ਪਦ ਅਰਬਿੰਦ।
ਕਰਤਿ ਪ੍ਰਸ਼ੰਸਾ ਅਧਿਕ ਮੁਖ, ਭਰਿ ਕੈ ਰਿਦੈ ਅਨੰਦ ॥੩੦॥

ਸੋਰਠਾ:

ਸ੍ਰੀ ਗੁਰੁ ਗਿਰਾ ਅਲਾਇ 'ਸੁਣ ਹੋ ਪੀਰ ਬਹਾਵਲੀ!
ਲੋਭ ਰਿਦੈ ਡਹਿਕਾਇ[1], ਰਾਹ ਚਲਾਏ ਜਗਤ ਬਹੁ' ॥੩੧॥ [1]ਭਰਮਾਕੇ।

ਚੌਪਈ:

ਬੰਦਿਹ ਹਾਥ ਪੀਰ ਪੁਨ ਕਹਿਹੀ।

'ਧੰਨ ਧੰਨ ਸ੍ਰੀ ਨਾਨਕ ਅਹਿਹੀ।
ਬੈਨ ਸੁਧਾ ਸਮ ਮ੍ਰਿਤੁ ਦੁਖ ਟਾਰੇ[1]। [1]ਦੂਰ ਕਰਨ ਵਾਲੇ।
ਰਾਵਰ ਕੋ ਅਮੋਘ[1] ਦਰਸਾਰੇ[2] ॥੩੨॥ [1]ਜੋ ਖਾਲੀ ਨਾ ਜਾਏ, ਸਫਲ। [2]ਦਰਸ਼ਨ।
ਧੰਨ ਫਕੀਰੀ ਤੁਮ ਜੁ ਕਮਾਈ।
ਹੈ ਜਿਸ ਕੀ ਏਵਡ ਵਡਿਆਈ।
ਸਰਬ ਜਗਤ ਕੀ ਜੋ ਗੁਰਿਆਈ।
ਸੋ ਤੁਮਰੀ ਲਾਇਕ ਬਨਿਆਈ ॥੩੩॥
ਕਲੀ ਕਾਲ ਨਰ ਦੇ ਉਪਦੇਸ਼ਾ।
ਕੋਟ[1] ਉਧਾਰੇ ਸ੍ਰੀ ਜਗਤੇਸ਼ਾ। [1]ਕਰੋੜਾਂ ਹੀਂ।

{ਫਕੀਰੀ, ਜਤ, ਸਤ.. ਆਦਿ ਦੀ ਅਵਧੀ}

ਅਹੈ -ਫਕੀਰੀ- ਯਾਂ ਕੋ ਨਾਮਾ।
ਜੋ ਕੀਨੀ ਤੁਮ ਕਰੁਨਾਧਾਮਾ! ॥੩੪॥

ਦੋਹਰਾ:

ਕੀਨੋ ਸ਼ੇਖ ਫਰੀਦ ਜੋ -ਜ਼ੁਹਦ[1]- ਨਾਮ ਹੈ ਤਾਂਹਿ। [1]ਤਪੱਸਯਾ। ਫਾ-ਜ਼ੁਹਦ]।
-ਸਤਿ- ਸੋਈ ਸੀਤਾ ਕੀਓ, -ਜਤ- ਲਛਮਨ ਕੋ ਪ੍ਰਾਹਿ[†1] ॥੩੫॥ [1]ਕਹੀਦਾ ਹੈ। [†]ਪਾ:-ਪਾਹ=ਪਾਸ।

ਚੌਪਈ:

ਹੈ ਸੋ -ਭਗਤਿ- ਜੁ ਕਰੀ ਕਬੀਰਾ।
ਸੋ -ਹਠ- ਜੋ ਭਾ ਧ੍ਰੂਅ ਸਰੀਰਾ।
ਸੋ -ਗ੍ਰਹਸਤ- ਜੋ ਆਦਮ ਕੀਆ।[⚐]
-ਜੋਗ- ਸੋਈ ਜੋ ਗੋਰਖ ਲੀਆ ॥੩੬॥

[⚐]ਆਦਮ ਦਾ ਅਰਥ ਸ਼ਿਵਜੀ ਕਰ ਲੈਂਦੇ ਹਨ, ਜੇ ਆਦਮ ਤੋਂ ਮੁਰਾਦ ਤੌਰੇਤ ਵਾਲਾ ਆਦਮ ਹੈ ਤਾਂ ਫਬਦਾ ਨਹੀਂ, ਉਸ ਨੇ ਇਸਤ੍ਰੀ ਦੇ ਆਖੇ ਲਗ ਕੇ ਰੱਬ ਦੀ ਨਾਫੁਰਮਾਨੀ ਕੀਤੀ ਸੀ, ਇਹ ਗ੍ਰਹਿਸਤ ਸ਼ੋਭਾ ਯੋਗ ਨਹੀਂ, ਜੇ ਸ਼ਿਵ ਅਰਥ ਕਰੋ ਤਾਂ ਕਹਿਣ ਵਾਲਾ ਮੁਸਲਮਾਨ ਹੈ, ਇਸ ਲਈ ਜਾਪਦਾ ਹੈ ਕਿ ਆਦਮ ਤੋਂ ਮੁਰਾਦ ਅਦਹਮ ਦੀ ਹੈ।

ਇਬ੍ਰਾਹੀਮ ਅਦਹਮ ਮੁਸਲਮਾਨਾਂ ਵਿਚ ਇਕ ਖ਼ੁਦਾ ਨੂੰ ਪੁੱਜੇ ਹੋਏ ਵਲੀ ਮੰਨੇ ਗਏ ਹਨ, ਆਪ ਬਾਦਸ਼ਾਹ ਸਨ, ਖ਼ੁਦਾ ਦੀ ਭਾਲ ਵਿਚ ਫਕੀਰਾਂ ਦੀ ਸੰਗਤ ਵਿਚ ਆ ਮਿਲੇ, ਆਪਣੀ ਹਥੀਂ ਕਿਰਤ ਕਰਕੇ ਨਿਰਬਾਹ ਕਰਦੇ ਸਨ, ਜੰਗਲ ਵਿਚੋਂ ਲਕੜੀਆਂ ਲਿਆਕੇ ਵੇਚਦੇ ਤੇ ਆਪਣਾ ਨਿਰਬਾਹ ਕਰਦੇ ਸਨ, ਆਪ ਦਾ ਲੜਕਾ ਤੇ ਤੀਵੀਂ ਕਈ ਹਜ਼ਾਰ ਆਦਮੀਆਂ ਨੂੰ ਆਪਣੇ ਖਰਚ ਦੇ ਨਾਲ ਲੈਕੇ ਮਿਲਣ ਵਾਸਤੇ ਆਇਆ, ਜਦ ਆਪ ਦੇ ਦਰਸ਼ਨ ਕੀਤੇ ਤਦ ਇਬਰਾਹੀਮ ਅਦਹਮ ਨੇ ਆਪਣੇ ਲੜਕੇ ਨੂੰ ਗਲ ਨਾਲ ਲਾਕੇ ਗਲਵਕੜੀ ਪਾ ਲਈ, ਅਕਾਸ਼ ਬਾਣੀ ਹੋਈ ਕਿ 'ਹੇ ਅਦਹਮ! ਤੂੰ ਮੇਰੇ ਨਾਲ ਵੀ ਪਯਾਰ ਕਰਦਾ ਹੈਂ ਤੇ ਕਿਸੇ ਹੋਰ ਨਾਲ ਵੀ।' ਉੱਤਰ ਵਿਚ ਅਦਹਮ ਨੇ ਕਿਹਾ ਕਿ ਐ ਪ੍ਰਮਾਤਮਾਂ! ਜੇ ਮੇਰੇ ਲੜਕੇ ਦਾ ਪਯਾਰ ਮੈਨੂੰ ਤੈਥੋਂ ਵਿਛੋੜੇ ਤਦ ਉਹਦੀ ਜਾਨ ਲੈ ਲੈ। (ਦੇਖੋ ਤਜ਼ਕਰਾਤੁਲ ਔਲੀਆ ਸਫਾ ੯੨ ਤੋਂ ੯੪ ਤਕ) ਮਲੂਮ ਹੁੰਦਾ ਹੈ ਕਿ ਇਥੇ ਕਵੀ ਜੀ ਨੇ ਅਦਹਮ ਇਬਰਾਹੀਮ ਜੀ ਦੇ ਇਸ ਗ੍ਰਿਹਸਤ ਦਾ ਜ਼ਿਕਰ ਕੀਤਾ ਹੈ।

-ਤਜਾਗਨ- ਸੋਇ ਜੁ ਭਰਥਰਿ ਕੀਨੋ।
ਸੋ -ਤਪ- ਜਨਕ ਜਾਹਿਂ ਮਨ ਭੀਨੋ।
ਹੈ -ਸੰਗ੍ਰਾਮ- ਜੁ ਦਹਿਸਿਰ ਲਰਿਓ।
ਸੋ -ਬਿਯੋਗ[1]- ਜੋ ਰਘੁਪਤਿ[2] ਕਰਿਓ ॥੩੭॥ — [1]ਵਿਛੋੜਾ। [2]ਰਾਮਚੰਦ੍ਰ।
ਸੋ -ਸੰਨਜਾਸ- ਦੱਤ ਉਰ ਧਾਰਾ।'
ਅਸ ਕਬਿ ਬੰਦਤਿ ਬਾਰੰਬਾਰਾ।
ਬਹੁ ਪ੍ਰਕਾਰ ਕੀ ਉਸਤਤਿ ਕਰਿਕੈ।
ਸੇਵਕ ਭਏ ਹਰਖ ਉਰ ਭਰਿਕੈ ॥੩੮॥

ਦੋਹਰਾ:
ਕਰੁਨਾਨਿਧ ਬੋਲੇ ਬਹੁਰ,
'ਚੇਤਹੁ[1] ਨਾਮ ਖ਼ੁਦਾਇ। — [1]ਸਿਮਰੋ।
ਬੁਜਰਕ[1] ਕੀ ਸੰਗਤ ਕਰਹੁ, — [1]ਸੰਤਾਂ।
ਲਹਹੁ ਸਰਬ ਸੁਖ ਪਾਇ† ॥੩੯॥ — †ਪਾ:-ਲਖਹੁ ਸਰਬ ਸੁਖਦਾਇ।

ਚੌਪਈ:
ਸਾਹਿਬ ਭੈ ਰਾਖਹੁ ਮਨ ਮਾਂਹੀ।
ਬਿਸ਼ਯ ਬਾਸ਼ਨਾ ਮਨ ਹ੍ਵੈ ਨਾਂਹੀ।
ਸਤਿ ਸੰਗਤ ਨਰ ਕਰਿ ਹੈਂ ਜਬਿਹੀ।
ਗਤਿ ਸੁਖੈਨ ਹ੍ਵੈ ਪ੍ਰਾਪਤ ਤਬਿ ਹੀ' ॥੪੦॥
ਸੁਨਿ ਕੈ ਸਰਬ ਪੀਰ ਭੇ ਠਾਂਢੇ।
ਬੰਦਨ ਕਰਹਿਂ ਪ੍ਰੇਮ ਬਹੁ ਬਾਢੇ।
ਮਿਲਿ ਕੈ ਭੇ ਅਧਿਕਾਇ ਪ੍ਰਸੰਨ।
ਕਹੈਂ 'ਗੁਰੂ ਨਾਨਕ! ਤੁਮ ਧੰਨ' ॥੪੧॥
ਤਿਨ ਤੇ ਬਿਦਾ ਹੋਇ ਸੁਖਦਾਈ।
ਗਮਨੇ ਮੰਦ ਮੰਦ ਪਗ ਜਾਈਂ।
ਸ਼੍ਰੀ ਅਗੰਦਿ ਸੁਨੀਏ ਤਿਹ ਕਾਲਾ।
ਮੈਂ ਬੂਝੇ ਤਬ ਦੀਨ ਦਯਾਲਾ ॥੪੨॥
'ਇਨ ਕੇ ਬਿਖੈ ਪੀਰ ਕੋ ਨੀਕਾ?'
ਸੁਨਿ ਬੋਲੇ ਬੇਦੀ ਕੁਲਟੀਕਾ।
ਸ਼ਮਸਤਬ੍ਰੇਜ਼ ਨਾਮ ਹੈ ਜਿਹ ਕੋ।
ਸਭਿ ਤੇ ਊਚੋ ਪਦ ਹੈ ਤਿਹ ਕੋ ॥੪੩॥

ਇਸ ਕੋ ਸੁਨੋ ਸਰਬ ਪਰਸੰਗਾ।
{ਸ਼ਮਸਤਬ੍ਰੇਜ਼ ਦੀ ਆਦਿ ਕਥਾ}
ਜਿਸ ਪ੍ਰਕਾਰ ਭਾ ਮਤੋ ਉਤੰਗਾ[1]।
[1]ਉੱਚੀ ਮਤੀ ਵਾਲਾ।
ਰੂਮ ਵਿਲਾਇਤ ਜਹਾਂ ਸੁ ਅਹਿਹੀ।
ਪੇਂਜਾ ਤਹਿਂ ਮਨਸੂਰ ਸੁ ਰਹਿਹੀ ॥੪੪॥
ਮਿਲ੍ਯੋ ਸੰਤ ਕੋ ਤਾਂਹਿ ਮਹਾਨਾ।
ਸਗਰੋ ਜੀਵ ਭਾਵ ਕਿਯ ਹਾਨਾ।
ਅਨਲਹਕ ਬੋਲ੍ਯੋ ਬੱਖਜਾਤਾ[1]।
[1]ਪ੍ਰਗਟ ਹੀ ਬੋਲਿਆ-ਅਨਲਹੱਕ=ਭਾਵ ਲੈਂਦੇ ਹਨ- ਮੈਂ ਖ਼ੁਦਾ ਹਾਂ।
ਜਿਹ ਉਰ ਤੇ ਭੀ ਦ੍ਵੈਤ ਨਿਪਾਤਾ[1] ॥੪੫॥
[1]ਨੂਰ, ਨਾਸ਼।
ਤਿਹ ਪੁਰਿ ਰਹਤਿ ਏਕ ਮਉਲਾਨਾ।
ਤੁਰਕ ਸ਼ਰਾ ਮਤ ਚਲਿਨ ਮਹਾਨਾ।
ਅਨਲਹੱਕ ਬੋਲਤਿ ਤਿਹ ਸੁਨ੍ਯੋ।
ਰਹ੍ਯੋ ਹਟਾਇ ਅਧਿਕ ਡਰ ਭਨ੍ਯੋ ॥੪੬॥
ਜਾਂ ਕੋ ਵਿਹ ਵਥੁ ਪ੍ਰਾਪਤਿ ਹੋਈ।
ਡਰ ਕਿਹ ਕੋ ਨਹਿਂ ਮਾਨਤਿ ਸੋਈ।
ਕਰ੍ਯੋ ਮੁਲਾਨੇ ਬਾਦ ਘਨੇਰਾ।
ਨਹਿਂ ਮਾਨ੍ਯੋ ਗਹਿ ਲਿਯ ਬਿਨ ਦੇਰਾ ॥੪੭॥
ਸੂਰੀ[1] ਪਰ ਸੋ ਦੀਨ ਚਢਾਈ।
[1]ਸੂਲੀ।
ਅਨਲਹੱਕ ਬੋਲ੍ਯੋ ਤਿਹ ਥਾਈਂ।
ਸਰਬ ਸਰੀਰ ਭੇਦਗੀ[1] ਸੂਰੀ।
[1]ਵਿੰਨ੍ਹ ਗਈ।
ਤਦਪਿ[1] ਨ ਡੁਲ੍ਯੋ ਟਿਕੀ ਬ੍ਰਿਤਿ ਰੂਰੀ ॥੪੮॥
[1]ਤਾਂ ਬੀ।
ਸ਼੍ਰੋਣਤ[1] ਕੀ ਬੂੰਦੈਂ ਧਰ[2] ਪਰਈਂ।
[1]ਲਹੂ। [2]ਧਰਤੀ ਤੇ।
ਅਨਲਹੱਕ ਕੋ ਸ਼ਬਦ ਉਚਰਿਈਂ।
ਦੇਖਿ ਮੁਲਾਨੇ ਮਾਨਿ ਅਚੰਭਾ।
ਸੋ ਜਰਾਇ[1] ਦੀ ਲਖੈ ਅਸੰਭਾ ॥੪੯॥
[1]ਸਾੜ।
ਜਿਤੀ ਭਸਮ ਹੋਈ ਤਨ ਕੇਰੀ।
ਅਨਲਹੱਕ ਪੁਨਿ ਪੁਨਿ ਸੋ ਟੇਰੀ[1]।
[1]ਕਹਿੰਦੀ ਸੀ।
ਕਚ ਸ਼ੀਸ਼ੇ ਮਹਿਂ ਸੋ ਤਿਨ ਪਾਈ।

ਕਰਿਕੈ ਖਾਮ[1] ਧਰੇ ਘਰ ਜਾਈ ॥੫੦॥
[1]ਬੰਦ ਕਰਕੇ।
ਕਰਯੋ ਕੈਦ ਐਸੇ ਮਨ ਜਾਨੀ।
ਅਨਲਹੱਕ ਨਹਿਂ ਬੋਲਹਿ ਬਾਨੀ।
ਕਿਤਿਕ ਕਾਲ ਜਬ ਬਿਤਯੋ ਮਝਾਰੀ।
ਤਿਹ ਕੇ ਤਨੁਯਾ[1] ਹੁਤੀ ਕੁਆਰੀ ॥੫੧॥
[1]ਪੁੱਤ੍ਰੀ।
ਲੇ ਸ਼ੀਸ਼ਾ[1] ਮੁਖ ਖੋਲਨ ਕੀਨਾ।
[1]ਸ਼ੀਸ਼ੀ।
ਸੁੰਘਯੋ ਲਖਯੋ ਸੁਗੰਧਿ ਬਿਹੀਨਾ।
ਕਾਢਿ ਬੀਚ ਤੇ ਮੁਖ ਮਹਿਂ ਪਾਈ।
ਕਛੂ ਨ ਸਾਦ ਤਾਂਹਿ ਕੋ ਆਈ ॥੫੨॥
ਰਿਦੇ ਬਿਚਾਰਤਿ -ਇਹ ਕਯਾ ਹੋਈ?
ਸਾਦ ਸੁਗੰਧਿ ਨ ਜਿਸ ਮਹਿਂ ਕੋਈ।
ਪਿਤ ਨੈ ਆਨਿ[1] ਧਰੀ ਘਰ ਮਾਂਹੀ।
[1]ਲਿਆਕੇ।
ਕਿਸੂ ਕਾਜ ਕੀ ਦੀਸਤਿ ਨਾਂਹੀ- ॥੫੩॥
ਤਬ ਤੇ ਹਮਲ[1] ਰਹਯੋ ਤਿਸ ਤਾਂਈ।
[1]ਗਰਭ।
ਕੇਤਿਕ ਦਿਨ ਭੇ ਚਿਹਨ ਲਖਾਈ।
ਮਾਦਰ[1] ਪਿਦਰ[2] ਪਿਖਤਿ ਬਿਸਮਾਨੇ।
[1]ਮਾਂ। [2]ਬਾਪ।
ਦੁਖ਼ਤਰ[1] ਕੋ ਕੁਕਰਮਿ[2] ਪਹਿਚਾਨੇ ॥੫੪॥
[1]ਪੁਤਰੀ। [2]ਕੁਕਰਮੀ, ਖੋਟਾ ਕੰਮ ਕਰਨ ਵਾਲੀ।
ਚਿਤ ਮਹਿਂ ਚਿੰਤਾ ਬਧੀ ਬਿਸ਼ਾਲਾ।
ਇਉਂ ਬਿਚਾਰ ਕੀਨੋ ਤਿਹ ਕਾਲਾ।
-ਇਸ ਕੋ ਮਾਰਨ ਹੈ ਸ਼ੁਭ ਕਾਜਾ।
ਸਭਿ ਜਗ ਮਹਿਂ ਰਹਿ ਆਵਤਿ ਲਾਜਾ[1]- ॥੫੫॥
[1](ਤਦ) ਪਤ ਰਹਿ ਆਂਵਦੀ ਹੈ।
ਨਿਸਾ ਬਿਖੈ ਜਬ ਪਰ ਕੈ ਸੋਯੋ।
ਇਸ ਪ੍ਰਕਾਰ ਕੋ ਸੁਪਨੋ ਹੋਯੋ।
-ਦੁਖ਼ਤਰ[1] ਮਾਰਨ ਜੋ ਮਨ ਠਾਨੀ।
[1]ਧੀ।
ਇਹ ਬਿਧਿ ਤੋਹਿ ਹੋਹਿ ਦੁਖਦਾਨੀ ॥੫੬॥
ਨਾਸ਼ ਹੋਇਗੋ ਤੋਰ ਤਦਾਈਂ।
ਨਾਂਹਿ ਤ ਤਜਿ ਦਿਹੁ ਇਸ ਮਤ ਤਾਈਂ-।
ਰਿਦੇ ਮੁਲਾਨੇ ਭੈ ਤਬ ਖਾਈ।
ਰਾਖੀ ਦੁਖ਼ਤਰ ਸਦਨ ਦੁਰਾਈ[1] ॥੫੭॥
[1]ਛੁਪਾਕੇ।

| | |
|---|---|
| ਭਯੋ ਮਾਸ ਨੌਂ[†] ਜਨਮਯੋ ਬਾਲਕ। | [†]ਪਾ:-ਦਸ। |
| ਲਯੋ ਮੁਲਾਨੇ ਕਰ[1] ਤਤਕਾਲਕ। | [1]ਹੱਥ ਵਿੱਚ। |
| ਇਕ ਮਟਕੇ ਕੇ ਭੀਤਰ ਡਾਰਾ। | |
| ਮੂੰਦ ਬਹਾਯੋ[1] ਨਦੀ ਮਝਾਰਾ ॥੫੮॥ | [1]ਰੋੜ੍ਹ ਦਿੱਤਾ। |
| ਗਾਜ਼ਰ[1] ਹੁਤੋ ਤੀਰ[2] ਪਰ ਬਾਰੀ[3]। | [1]ਧੋਬੀ। [2]ਕੰਢੇ। [3]ਜਲ ਦੇ। |
| ਲਿਯ ਨਿਕਾਸ ਤਿਹ ਖੋਲਿ ਨਿਹਾਰੀ[1]। | [1]ਦੇਖੀ (ਮਟਕੀ) ਖੋਲ੍ਹਕੇ। |
| ਜਬਹਿ ਬਿਲੋਕਯੋ ਅੰਤਰ ਕੋਦਕ[1]। | [1]ਬੱਚਾ। |
| ਲੀਨ ਉਚਾਇ ਤਾਂਹਿ ਉਰ ਮੋਦਕ[1] ॥੫੯॥ | [1]ਪ੍ਰਸੰਨ ਹੋਕੇ। |
| ਖਾਨਹਿ ਆਨਿ ਪਾਰਨਾ ਕੀਨੋ[1]। | [1]ਘਰ ਵਿਚ ਲਿਆਕੇ ਪਾਲਿਆ। |
| ਸ਼ਮਸ ਤਬ੍ਰੇਜ਼ ਨਾਮ ਧਰਿ ਲੀਨੋ। | |
| ਕਿਤਿਕ ਬਰਖ ਮਹਿਂ ਭਯੋ ਬਡੇਰੋ। | |
| ਜਿਹ ਮਸਤਾਨੋ ਤੌਰ ਘਨੇਰੋ ॥੬੦॥ | |
| ਤਿਹ ਮੁੱਲਾਂ ਕੀ ਮਕਤਬ[1] ਜੋਈ। | [1]ਮਦਰੱਸਾ। |
| ਇਕ ਦਿਨ ਮਹਿਂ ਪਹੁੰਚਯੋ ਚਲਿ ਸੋਈ। | |
| ਬਾਲਕ ਮਿਲੇ ਬ੍ਰਿੰਦ ਤਿਹ ਥਾਨਾ। | |
| ਪਢਿ ਹੈਂ ਸਬਕ ਕਿਤਾਬ ਕੁਰਾਨਾ ॥੬੧॥ | |
| ਤਿਹਛਿਨ ਤਹਾਂ ਮੁਲਾਨਾ ਨਾਂਹੀ। | |
| ਗਯੋ ਹੁਤੋ ਅਪਨੇ ਘਰ ਮਾਂਹੀ। | |
| ਲੈ ਕਿਤਾਬ ਸਭਿਕੀ ਬਰਿਆਈ[1]। | [1]ਜੋਰੋ ਜੋਰੀ। |
| ਆਇ ਹੌਜ਼[1] ਮਹਿ ਦੀਨ ਬਗਾਈ[2] ॥੬੨॥ | [1]ਚੁਬੱਚਾ। [2]ਸੁੱਟੀਆਂ। |
| ਤਬ ਹੀ ਭਯੋ ਸ਼ਿਸ਼ਨ[1] ਮਹਿਂ ਰੌਰਾ। | [1]ਬਾਲਕਾਂ ਵਿਚ। |
| ਅਯੋ ਮੁਲਾਨਾ ਘਰ ਤੇ ਦੌਰਾ। | |
| ਗਹਿਨ ਹੇਤੁ ਪਾਛੇ ਤਿਹ ਧਾਈ[1][†]। | [1]ਦੌੜਿਆ। [†]ਪਾ:-ਤਿਹ ਥਾਈਂ=ਉਸੇ ਥਾਵੇਂ। |
| ਗਹਯੋ ਨ ਜਾਤ ਰਹੇ ਪਛੁਤਾਈ ॥੬੩॥ | |
| ਹੌਜ਼ ਸਮੀਪ ਗਯੋ ਚਲਿ ਤਬ ਹੀ। | |
| ਲਈ ਨਿਕਾਸ ਕਿਤਾਬੈਂ ਸਭਿ ਹੀ। | |
| ਕਰ ਸੋਂ ਝਾਰਤਿ ਗਰਦ ਉਡਾਈ[1]। | [1]ਘੱਟਾ ਉਡਿਆ। |
| ਇਹ ਅਜ਼ਮਤ[1] ਤਿਹ ਦੀਨ ਦਿਖਾਈ ॥੩੪॥ | [1]ਕਰਾਮਾਤ। |
| ਇਉਂ ਬਿਲੋਕਿ ਮੁੱਲਾਂ ਬਿਸਮਾਨਾਂ। | |

ਅਜ਼ਮਤਵਾਨ ਮਹਾਨ ਪਛਾਨਾ।
ਆਬ[1] ਕਿਤਾਬੈਂ ਪਰਸਜੋ[2] ਨਾਂਹੀ। — [1]ਪਾਣੀ। [2]ਛੁਹਿਆ ਨਹੀਂ।
ਬਹੁਰ ਧੂਰ ਝਾਰਨ ਤਿਨ ਮਾਂਹੀ ॥੬੫॥
ਮੁਰਸ਼ਿਦ[1] ਜਾਨਿ ਪਰਜੋ ਤਬ ਪਾਈਂ। — [1]ਗੁਰਮੁਖ।
ਕਹਿ 'ਖੁਦਾਇ ਮਗ ਦਿਹੁ ਬਤਲਾਈ।'
ਕਹਜੋ ਸ਼ਮਸ 'ਜੇ ਅਸ ਮਨ ਤੇਰੇ।
ਆਇਸੁ ਮੁਰਿ ਮਾਨਹੁ ਬਿਨ ਦੇਰੇ ॥੬੬॥
ਆਨਿ ਸ਼ਰਾਬ ਪਜਾਉ ਮੁਝ ਤਾਈਂ।
ਨਿਜ ਦੁਖ਼ਤਰ[1] ਦੇਵਹੁ ਸੰਗ ਪਾਈ।' — [1]ਪੁੱਤਰੀ।
ਸੁਨਤਿ ਮੁਲਾਨਾ ਡੋਲਜੋ ਨਾਂਹੀ।
ਲੇ ਗਮਨਜੋ ਅਪਨੇ ਘਰ ਮਾਂਹੀ ॥੬੭॥
ਮੰਚ[1] ਡਸਾਇ ਬਿਠਾਇ ਸਪ੍ਰੀਤੀ। — [1]ਪਲੰਘ।
ਆਪਹਿ ਆਨ ਸੁਰਾ[1] ਤਬ ਦੀਤੀ। — [1]ਸ਼ਰਾਬ।
ਨਿਜ ਦੁਖ਼ਤਰ ਤਿਹ ਨਿਕਟ ਪਠਾਈ।
ਘਰ ਕਪਾਟ[1] ਦੇ ਕੁਲਫ[2] ਲਗਾਈ ॥੬੮॥ — [1]ਦਰਵਾਜੇ। [2]ਜੰਦਰਾ।
ਤਬਹਿ ਸ਼ਮਸ ਨਿਜ ਮਾਤ ਸੰਗਾਰੇ।
ਆਪਨ ਸਰਬ ਪ੍ਰਸੰਗ ਉਚਾਰੇ।
'ਤੋਰ ਗਰਭ ਤੇ ਜਨਮ ਹਮਾਰਾ।
ਅਸਥਨ ਮੈਂ ਨ ਪਿਯੋ ਤਿਸ ਬਾਰਾ[1] ॥੬੯॥ — [1]ਓਸ ਵੇਲੇ (ਬਚਪਨ ਵਿਚ)।
ਅਬ ਮੈਂ ਪਿਵੌਂ ਦੇਹੁ, ਹੇ ਮਾਤਾ!'
ਜਾਨਿ ਗਈ ਸੋ ਸਗਰੀ ਬਾਤਾ।
-ਲੇ ਜੁ ਗਯੋ ਬਾਲਕ ਪਿਤ ਮੇਰਾ।
ਸਰਿਤਾ ਬਿਖੈ ਜਾਇ ਤਿਨ ਗੇਰਾ ॥੭੦॥
ਸੋ ਕਿਨ ਪਾਰਜੋ ਕੀਨ ਬਡੇਰਾ-।
ਅਸ ਕਹਿ ਅਸਥਨ ਛੀਰ ਬਧੇਰਾ[1]। — [1]ਦੁੱਧ ਉੱਤਰ ਆਇਆ।
ਸ਼ਮਸ ਕਹਜੋ 'ਮੈਂ ਜਾਵੌਂ ਅਬ ਹੀ।
ਤਬ ਪਿਤ ਬੂਝਨ ਲਾਗਹਿ ਜਬ ਹੀ ॥੭੧॥
ਤਿਹ ਕੋ ਇਸ ਬਿਧਿ ਦੇਹੁ ਬਤਾਏ[1]। — [1]ਦੱਸ ਦੇਵੀਂ।
-ਗਯੋ ਅਬੈ ਸੋ ਅਮਕੀ ਥਾਏਂ।

ਤੂੰ ਬੂਝ਼ਯੋ ਕੁਛ ਚਹਿਤ ਜਿ ਤਾਹੂ।
ਮਿਲਹੁ ਜਾਇ ਤਿਹ ਥਲ ਕੇ ਮਾਂਹੂ-'
॥੭੨॥
ਨਿਕਸਿ ਗਯੋ ਤਬਿ ਵਹਿਰ ਪਧਾਰਾ।
ਕੁਲਫ ਰਹਯੋ ਲਾਗਯੋ ਤਿਸ ਬਾਰਾ।
ਦਿਨ ਚਢਿ ਆਨਿ ਮੁਲਾਨੇ ਖੋਲਾ।
ਨਿਜ ਦੁਖ਼ਤਰ ਕੋ ਦੇਖਤਿ ਬੋਲਾ ॥੭੩॥
'ਕਹਾਂ ਗਯੋ ਜੁ ਹੁਤੋ ਨਿਸ ਮਾਂਹੀ।
ਭਿਰੇ ਕਪਾਟ ਖੁਲੇ ਇਹੁ ਨਾਂਹੀ।'
ਤਿਸ ਨੈ ਸਰਬ ਬਾਤ ਸਮਝਾਈ।
'ਜਾਇ ਮਿਲਹੁ ਹੋਵਹਿ ਤਿਸ ਥਾਈਂ'
॥੭੪॥
ਸੁਨਿ ਕੈ ਤੁਰਨ ਵਹਿਰ ਪਯਾਨਾ।
ਮਿਲਯੋ ਜਾਇ ਬੈਸੇ ਤਿਹ ਥਾਨਾ।
ਦੀਨ ਭਯੋ ਪਰਿਓ ਜਬ ਪਾਈਂ।
ਸ਼ਮਸ ਦੀਨ ਉਪਦੇਸ਼ ਬਤਾਈ ॥੭੫॥
ਮਿਲਨ ਖ਼ੁਦਾਇ ਭੇਦ ਸਮਝਾਯੋ।
ਅਪਰ ਥਾਨ ਤਬ ਆਪ ਸਿਧਾਯੋ।
ਬੀਤਯੋ ਜਬ ਪੁਨ ਕੇਤਿਕ ਕਾਲਾ।
ਤਹਿਂ ਇਕ ਭੂਪਤ ਹੁਤੋ ਬਿਸਾਲਾ ॥੭੬॥
ਕਿਸ ਕਾਰਨ ਤਿਹ ਸੁਤ ਮਰਿ ਗਯੋ।
ਬਹੁਤ ਸ਼ੋਕ ਮੈਂ ਬਿਹਬਲ ਭਯੋ।
ਤਿਨ ਗਹਿ ਲੀਨ ਫ਼ਕੀਰ ਮੁਲਾਨੇ।
ਬਹੁਤ ਆਨਿ ਕਰਿ ਕੈਦ ਕਰਾਨੇ ॥੭੭॥
ਸਭਿ ਸੋਂ ਇਸ ਬਿਧਿ ਬਾਕ ਬੁਗੋਵਾ[1]। [1]ਕਹਿਆ।
'ਪੁਰਾ[1] ਪਿਕੰਬਰ ਈਸਾ[†] ਹੋਵਾ। [1]ਪਹਿਲੇ।

[†]ਈਸਾ ਇਕ ਇਬ੍ਰਾਨੀ ਪਿਕੰਬਰ ਦਾ ਨਾਮ ਹੈ, ਜਿਸ ਨੂੰ ਈਸਾਈ ਆਪਣਾ ਇਸ਼ਟ ਤੇ ਰੱਬ ਦਾ ਪੁੱਤ੍ਰ ਮੰਨਦੇ ਹਨ, ਤੇ ਮੁਸਲਮਾਨ ਪੈਕੰਬਰ ਮੰਨਦੇ ਹਨ। ਕੁਰਾਨ ਸ਼ਰੀਫ ਵਿਚ ਹਜ਼ਰਤ ਈਸਾ ਦੀ ਬੜੀ ਉਪਮਾਂ ਕੀਤੀ ਗਈ ਹੈ ਤੇ ਸਾਹਿਬ ਕਰਾਮਾਤ ਮੰਨਿਆ ਹੈ। ਮੁਸਲਮਾਨਾਂ ਵਿਚ ਬੀਮਾਰ ਰਾਜ਼ੀ ਕਰਨ ਤੇ ਮੁਰਦੇ ਜੀਵਾਉਣ ਲਈ ਈਸਾ ਦਾ ਦ੍ਰਿਸ਼ਟਾਂਤ ਕਵਿਤਾ ਵਿਚ ਆਮ ਵਰਤਿਆ ਜਾਂਦਾ ਹੈ। ਇਥੇ ਭੂਪਤ ਕਹਿੰਦਾ ਹੈ ਕਿ ਈਸਾ ਆਪ ਮੁਰਦੇ ਜਿਵਾਉਂਦਾ ਸੀ ਤੇ ਕਹਿ ਗਿਆ ਸੀ ਕਿ ਮੇਰੇ ਤੇ ਈਮਾਨ ਰੱਖਣ ਵਾਲੇ ਐਸੀਆਂ ਕਰਾਮਾਤਾਂ ਕਰਿਆ ਕਰਨਗੇ, (ਵੇਖੋ ਅੰਜੀਲ ਮਤੀ ਬਾਬ ੧੭ ਆਇਤ ੨੦, ੨੧। ਮਰਕਸ ਬਾਬ ੧੬ ਆਇਤ ੧੭, ੧੮) ਸੋ ਤੁਸੀਂ ਹੁਣ ਪਿਗੰਬਰਾਂ ਦੇ ਈਮਾਨ ਰੱਖਣ ਵਾਲੇ ਲੋਕ ਹੋ, ਯਾ ਤਾਂ ਪੁੱਤ੍ਰ ਮੇਰਾ ਜੀਉਂਦਾ ਕਰੋ, ਨਹੀਂ ਤਾਂ ਆਪਣੇ ਪਿਗੰਬਰਾਂ ਦੀਆਂ ਗੱਲਾਂ ਆਖੋ ਝੂਠੀਆਂ ਹਨ ਤੇ ਅਸੀਂ ਕਪਟੀ ਹਾਂ।

ਤਿਨ ਕਿਤਾਬ ਮੈਂ ਲਿਖ੍ਯੋ ਬਨਾਈ।
ਸੋ ਮੈਂ ਤੁਮ ਸੋਂ ਦੇਉਂ ਸੁਨਾਈ ॥੭੮॥

ਦੋਹਰਾ:

-ਮੈਂ ਮੁਰਦਾ ਜ਼ਿੰਦਾ ਕਰੋਂ,
ਹੁਕਮ ਖ਼ੁਦਾ ਕੇ ਸਾਥ।
ਹੋਇਂ ਅਗਾਰੀ ਜਗਤ ਮਹਿਂ,
ਐਸੇ ਸੁਨਿ ਤਿਨ ਗਾਥ[1] ॥੭੯॥

[1]ਭਾਵ-ਅਗੇ ਹੋਣ ਵਾਲਿਆਂ ਦੀ ਗੱਲ ਸੁਣ।

ਚੌਪਈ:

ਅਪਨੋ ਜਬ ਹੀ ਹੁਕਮ ਉਚਰਿਹੀਂ।
ਮੁਰਦੇ ਕਉ ਜ਼ਿੰਦਾ ਸੋ ਕਰਿਹੀਂ-।
ਇਉਂ ਲਿਖਿ ਗਯੋ ਪਿਕੰਬਰ ਥਾਰੋ।
ਨੀਕੇ ਹਿਰਦੇ ਬਿਖੈ ਬਿਚਾਰੋ ॥੮੦॥
ਮੇਰੋ ਸੁਤ ਮਰਿਗ੍ਯੋ ਦੁਖ ਪਾਇ।
ਤਾਂ ਕੋ ਅਬ ਤੁਮ ਦੇਹੁ ਜਿਵਾਇ।
ਨਤੁ ਭਾਖੋ ਮਿਲ ਕੈ ਸਭਿ ਲੋਗਾ।
-ਲਿਖ੍ਯੋ ਪਿਕੰਬਰ ਇਹੈ ਦਰੋਗਾ[1]-' ॥੮੧॥

[1]ਝੂਠ।

ਇਸ ਬਿਧਿ ਭੂਪਤ ਕੀ ਸੁਨਿ ਬਾਨੀ।
ਚਿੰਤਮਾਨ ਭੇ ਕਿਨਹੁਂ ਨ ਮਾਨੀ।
ਬੈਠੇ ਸਭਿ ਹੀ ਕੈਦ ਮਝਾਰੀ।
ਛੁਟਨ ਉਪਾਇ ਨ ਪਾਇਂ ਬਿਚਾਰੀ ॥੮੨॥
ਤਿਹ ਠਾਂ ਆਪ ਸ਼ਮਸ ਚਲਿ ਗਯੋ।
ਕੈਦਿਨਿ ਕੋ ਬੂਝਤਿ ਅਸ ਭਯੋ।
'ਬੈਠੇ ਕਿਉਂ ਚਿੰਤਾਤੁਰ ਹੋਈ?
ਬਿਗਰ੍ਯੋ ਤੁਮਰੋ ਕਾਰਜ ਕੋਈ?' ॥੮੩॥
ਸਭਿ ਨੈ ਸੁਨਿ ਅਸ ਗਿਰਾ ਉਚਾਰੀ।
'ਨ੍ਰਿਪ ਕਹਿ, -ਮੁਰਦਾ ਦੇਹੁ ਜਿਵਾਰੀ-।
ਗਹਿ ਕੇ ਰਾਖੇ ਕੈਦ ਮਝਾਰੀ।
ਐਸੀ ਸ਼ਕਤਿ ਨ ਕਿਸ ਮਹਿਂ ਭਾਰੀ' ॥੮੪॥
ਸ਼ਮਸ† ਕਹੈ 'ਮੈਂ ਦੇਉਂ ਜਿਵਾਇ।

†ਸ਼ਮਸ ਤਬ੍ਰੇਜ਼ ਦੇ ਅਲੋਪ ਜਾਂ ਕਤਲ ਦਾ ਸੰ: ੬੪੪-੬੪੫ ਹਿਜਰੀ ਹੈ। ਇਹ ਸਮਾਂ ਸ੍ਰੀ ਗੁਰੂ ਜੀ ਦੇ ਪ੍ਰਗਟ ਹੋਣ ਤੋਂ ਢਾਈ ਕੁ ਸਦੀਆਂ ਪਹਿਲੋਂ ਦਾ ਹੈ। ਯਾ ਤਾਂ ਇਥੇ ਹਿੰਦਾਲੀਆਂ ਨੇ ਨਾਮ ਗ਼ਲਤ ਠੋਕਿਆ ਹੈ ਜੋ ਕਵਿ ਜੀ ਨੇ ਬਿਨਾ ਸੋਧੇ ਲਿਖ ਦਿੱਤਾ ਹੈ, ਯਾ ਚਰਚਾ ਹੋਰ ਫਕੀਰ ਨਾਲ ਹੋਈ ਹੈ ਜੋ 'ਸ਼ਮਸ' ਨਾਮ ਵਾਲਾ ਸੀ ਤੇ ਉਸ ਨਾਲ ਸਾਖੀ ਵਾਲੇ ਨੇ ਸ਼ਮਸ ਤਬ੍ਰੇਜ਼ ਦੀ ਕਥਾ ਜੋੜ ਦਿੱਤੀ ਹੈ।

ਤੁਮ ਮੁਝ ਕੋ ਹੋਵਹੁ ਦੁਖਦਾਇ।'
ਕਰ ਜੋਰੇ ਸੁਨਿ ਕੈ ਯੌਂ ਸਭਿ ਹੀ।
'ਤੁਮ ਕੋ ਹਮ ਦੁਖ ਦੇਹਿਂ ਨ ਕਬਿਹੀ ॥੯੫॥
ਇਸੇ ਜਿਵਾਇ ਛੁਟਾਵਹੁ ਸਾਰੇ।
ਮਿਲਿ ਕੈ ਬੰਦਹਿਂ ਪਾਇ ਤੁਮਾਰੇ।'
ਤਬ ਚਲਿ ਸ਼ਮਸ ਗਯੋ ਤਿਹ ਥਾਈਂ।
ਜਾਇ ਠਾਂਢਿ ਹੁਇ ਗਿਰਾ ਅਲਾਈ ॥੯੬॥
'ਮੇਰੇ ਹੁਕਮ ਸਾਥ ਉਠ ਜੀਵਹੁ†।

†ਕੁੰਮ ਬਿਜ਼ਨੀ=ਮੇਰੇ ਹੁਕਮ ਨਾਲ ਉੱਠ, ਅਰਬੀ ਦਾ ਫਿਕਰਾ ਹੈ, ਮੁੱਲਾਂ ਕਹਿੰਦੇ ਸਨ ਇਸਨੂੰ ਕਹਿਣਾ ਚਾਹੀਦਾ ਸੀ, ਕੁੰਮ ਬਿਜ਼ਿਨਿੱਲਾ=ਉੱਠ ਅੱਲਾ ਦੇ ਹੁਕਮ ਨਾਲ।

ਬਿਚਰਹੁ ਪੂਰਬ ਜਸੋਂ[1] ਅਬ ਥੀਵਹੁ।'

[1]ਪਹਿਲੇ ਵਾਂਙੂ।

ਤਿਹ ਛਿਨ ਤਹਾਂ ਜੁ ਮਿਰਤਕ ਪਰਿਓ।
ਉਠਿ ਬੈਠਯੋ, ਨ੍ਰਿਪ ਦੁਖ ਪਰਿਹਰਿਓ ॥੯੭॥
ਹਿਰਦੇ ਭਾ ਅਨੰਦ ਸਭਿ ਤਾਈਂ।
ਕਰੇ ਕੈਦ ਜੇ ਦੀਨ ਛੁਡਾਈ।
ਭਏ ਮੁਲਾਨੇ ਸਭਿ ਇਕ ਥਾਈਂ।
ਕਹਿਨ ਲਗੇ 'ਇਨ ਕੀਨਿ ਖੁਟਾਈ ॥੯੮॥
ਸ਼ਰਾ ਬਿਖੈ ਰਖ਼ਨਾ ਇਨ ਗੇਰਾ[1]।

[1]ਸ਼ਰਾ ਵਿਚ ਇਸ ਨੇ ਇਕ ਕਸਰ ਪਾ ਦਿੱਤੀ ਹੈ, ਭਾਵ ਸ਼ਰਾ ਵਿਰੁੱਧ ਬੋਲਿਆ ਹੈ।

ਕਹਯੋ -ਜੀਵ ਭਾ ਹੁਕਮ ਜੁ ਮੇਰਾ[1]-।

[1]ਜੀਉ ਪਉ ਮੇਰੇ ਹੁਕਮ ਦੇ (ਨਾਲ)।

ਨਹੀਂ ਖ਼ੁਦਾਇ ਨਾਮ ਕੋ ਲੀਨੋ।
ਇਸੀ ਬਾਤ ਇਨ ਕੀਨ ਮਲੀਨੋ ॥੯੯॥
ਨਹੀਂ ਮਜ਼੍ਹਬ ਹਮਰੇ ਮੈਂ ਭਾਈ[1]।

[1]ਚੰਗੀ ਲਗਦੀ ਨਹੀਂ।

ਯਾਂ ਤੇ ਚਹੀਅਤ ਦਈ ਸਜ਼ਾਈ।'
ਸਭਿ ਮਿਲਿ ਸ਼ਮਸ ਲੀਨ ਗਹਿ ਤਬ ਹੀ।

ਕਹਿਤਿ ਜੁ ਥੇ -ਦੁਖ ਦੇਹਿਂ ਨ ਕਬ ਹੀ-
॥ ੯੦ ॥
ਤਬਹ ਸ਼ਮਸ ਨੇ ਗਿਰਾ ਅਲਾਈ।
'ਕਜਾ ਸਜ਼ਾਇ ਤੁਮ ਦਿਹੁ ਮੁਝ ਤਾਈਂ।
ਜੋ ਹੈ ਮਨ ਮੈਂ ਸੋ ਕਰਿ ਲੀਜੈ।
ਹੋ ਝੂਠੇ ਨਿਜ ਰਿਦੇ ਲਖੀਜੈ' ॥ ੯੧ ॥
ਕਹਿਤਿ ਮੁਲਾਨੇ 'ਸ਼ਰਾ ਮਝਾਰੀ।
ਖਾਲ ਉਤਾਰਨ ਉਚਿਤ[1] ਤੁਮਾਰੀ। [1]ਯੋਗ ਹੈ।
ਅਪਨ ਹੁਕਮ ਸੋਂ ਮੁਰਦਾ ਜ਼ਿੰਦਾ।
ਕਰਿਓ ਤੈਂ ਤਾਤੇ ਤੁਝ ਨਿੰਦਾ' ॥ ੯੨ ॥
ਅਸ ਕਹਿ ਲੀਨੀ ਖਾਲ ਉਤਾਰੀ।
ਦਯੋ ਛੋਰਿ ਬਹਿ ਸ਼੍ਰੋਣਾ ਧਾਰੀ।
ਭਯੋ ਕੁਰੂਪ ਭਯਾਨਕ ਭਾਰੀ।
ਪੂੰ ਪਰਿਗੀ ਸਭਿ ਅੰਗ ਮਝਾਰੀ ॥ ੯੩ ॥
ਭਿਨਕਹਿਂ ਮਾਖੀ ਚਹੁਂਦਿਸ਼ ਮਾਂਹੀ।
ਕੋ ਸਮੀਪ ਆਵਨ ਦੇ ਨਾਂਹੀ।
ਤਾਂਹਿ ਦੇਸ਼ ਕੋ ਛੋਰਿ ਸਿਧਾਰਾ।
ਆਵਤਿ ਭਾ ਮੁਲਤਾਨ ਮਝਾਰਾ ॥ ੯੪ ॥
ਛੁਧਾ ਬਿਖੈ ਆਤੁਰ[1] ਹ੍ਵੈ ਸੋਊ। [1]ਦੁਖੀ।
ਜਾਚਹਿ[1] ਅੰਨ ਦੇਤਿ ਨਹਿਂ ਕੋਊ। [1]ਮੰਗਦਾ ਹੈ।
ਤਬ ਇਕ ਮੀਨ[1] ਮਾਂਗਤੇ[2] ਪਾਈ। [1]ਮੱਛੀ। [2]ਮੰਗਦਿਆਂ।
ਨਹਿਂ ਭੁਰਜਨ[1] ਦੇਵੇਂ ਕਿਸ ਥਾਈਂ [1]ਭੁੰਨਣ।
॥ ੯੫ ॥
ਆਇ ਸ਼ਹਿਰ ਬੈਠਯੋ ਇਕ ਥਾਨਾ।
ਇਉਂ ਸੂਰਜ ਸੋਂ ਬਚਨ ਬਖਾਨਾ।
'ਸ਼ਮਸ[1] ਨਾਮ ਹੈ ਇਕ ਮਮ ਤੋਰਾ[2]। [1]ਸ਼ਮਸ ਦਾ ਅਰਥ ਹੈ ਸੂਰਜ। [2]ਮੇਰਾ ਤੇ ਤੇਰਾ।
ਯਾ ਤੇ ਕਾਜ ਕਰਹੁ ਤੁਮ ਮੋਰਾ ॥ ੯੬ ॥
ਨੀਚੇ ਆਨਿ ਭੁਰਜੀਏ ਮੀਨਾ।
ਪੁਨ ਖਾਵੋਂ ਮੈਂ ਛੁਧਾ ਅਧੀਨਾ।'
ਤਬ ਸਵਿਤਾ[1] ਨੀਚੇ ਕੋ ਆਯਾ। [1]ਸੂਰਜ।
ਤਪਯੋ, ਤੇਜ ਜਿਹ ਅਧਿਕ ਬਧਾਯਾ
॥ ੯੭ ॥

ਤਪਤ ਲੋਕ ਅਤਿਸ਼ੈ ਅਕੁਲਾਏ।
ਮਹਿਮਾ ਲਖੀ ਪਰੇ ਤਬ ਪਾਏ।
ਸਭਿ ਪ੍ਰਕਾਰ ਕੀ ਸੇਵਾ ਠਾਨੀ।
ਸੇਵਕ ਭਏ ਕਰਮ ਮਨ ਬਾਨੀ[1] ॥੯੮॥

[1]ਮਨ ਬਾਣੀ ਸ਼ਰੀਰ ਕਰਕੇ।

ਤਬ ਤੇ ਸ਼ਮਸ ਰਹ੍ਯੋ ਤਿਹ ਥਾਨਾ।
ਸਭਿ ਤੇ ਅਜ਼ਮਤ ਜਾਂਹਿ ਮਹਾਨਾ।
ਇਸ ਪ੍ਰਕਾਰ ਕੋ ਹੁਤੋ ਪ੍ਰਸੰਗਾ।
ਜੋ ਭਾਖ੍ਯੋ[†] ਬਾਲੇ! ਤੁਝ ਸੰਗਾ ॥੯੯॥

[†]ਇਹ ਕਥਾਵਾਂ ਮਨਸੂਰ ਤੇ ਸ਼ਮਸ ਤਬ੍ਰੇਜ਼ ਦੀਆਂ ਹਿੰਦ ਤੇ ਸੂਫੀ ਖ੍ਯਾਲ ਦੇ ਲੋਕਾਂ ਤੇ ਹਿੰਦੂ ਵੇਦਾਂਤੀਆਂ ਵਿਚ ਆਮ ਪ੍ਰਸਿੱਧ ਹਨ, ਜੋ ਕਵੀ ਜੀ ਨੇ ਜੈਸੇ ਸੁਣੀਆਂ, ਲਿਖੀਆਂ ਹਨ, ਚੰਗਾ ਹੁੰਦਾ ਕਿ ਐਸੀਆਂ ਕਥਾਵਾਂ ਕਵੀ ਜੀ ਕਵ੍ਯੋਕਤੀ ਵਿਚ ਦੱਸਦੇ ਤੇ ਸਤਿਗੁਰਾਂ ਦੇ ਮੁਖਾਰਵਿੰਦ ਵਿਚ ਨਾ ਧਰਦੇ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਮੁਲਤਾਨ ਸ਼ੰਮਸ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋਂ ਅਧ੍ਯਾਯ ॥੩੭॥

## ੩੮. [ਸ਼ਬਦ ਮਹਿਮਾਂ। ਸ਼ਹੁ ਸੁਹਾਗਨ, ਬਾਲਗੁੰਦਾਈ, ਮੂਲਾ]

੩੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੩੯

{ਸ਼ਹੁ ਸੁਹਾਗਣ ਬਖਸ਼ਿਆ} ॥੩..॥
{ਬਾਲ ਗੁੰਦਾਈ} ॥੩੦-੫੮॥
{ਮੂਲੇ ਦਾ ਅੰਤ} ॥੬੦..॥
{ਮੂਲੇ ਦੇ ਉਧਾਰ ਦਾ ਪ੍ਰਸੰਗ} ॥੯੧..॥

ਦੋਹਰਾ:

ਸਤਿਗੁਰ ਸ਼ਬਦ ਸਹਾਇ ਲੇ, ਨਾਮ ਜਪਨ ਹਥਿਆਰ।
ਮਨ ਰਿਪੁ ਜੀਤੈਂ ਮਨੁਜ ਜੇ, ਦ੍ਵੈ ਲੋਕਨ ਸੁਖ ਸਾਰ ॥੧॥

ਸ਼ਬਦ=ਇਥੇ ਅਰਥ 'ਉਪਦੇਸ਼' ਹੈ (ਦੇਖੋ ਸ਼੍ਰੀ ਗੁਰੁ ਗ੍ਰੰਥ ਕੋਸ਼ ਖਾ: ਟ੍ਰੈ: ਸੁਸਾਇਟੀ ਦਾ)।
ਰਿਪੁ=ਵੈਰੀ, ਸ਼ੱਤ੍ਰੂ। ਮਨੁਜ=ਆਦਮੀ, ਮਾਨੁਖ, ਇਨਸਾਨ। ਸੁਖਸਾਰ=ਸਾਰ ਸੁਖ ਤੱਤ ਸੁਖ, ਜੋ ਸਾਰੇ ਸੁਖਾਂ ਦਾ ਤੱਤ ਹੋਵੇ ਜਾਂ ਸਾਰੇ ਸੁਖਾਂ ਤੋਂ ਸ੍ਰੇਸ਼ਟ ਹੋਵੇ, ਕੱਲਜਾਨ, ਮੁਕਤੀ, ਪਰਮ ਪਦ।

ਅਰਥ:

ਜੋ ਮਨੁਖ ਸਤਿਗੁਰਾਂ ਦੇ ਉਪਦੇਸ਼ ਦੀ ਸਹਾਇਤਾ ਲੈਕੇ 'ਨਾਮ ਜਪਣ' (ਰੂਪੀ) ਹਥਿਆਰ (ਨਾਲ) ਮਨ (ਰੂਪੀ) ਵੈਰੀ ਨੂੰ ਜਿੱਤ ਲੈਂਦੇ ਹਨ, (ਓਹ) ਦੋਹਾਂ ਲੋਕਾਂ ਦੇ ਸਾਰ ਸੁਖ (ਨੂੰ ਪ੍ਰਾਪਤ ਕਰ ਲੈਂਦੇ ਹਨ)।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨੋ ਕਥਾ ਪੁਨ ਫੇਰੂ ਨੰਦਨ[1] !
ਮਾਰਗ ਚਲਤਜੋ ਕਲੁਖ ਨਿਕੰਦਨ।
ਸ਼ਮਸ ਕਹਾਣੀ ਸਰਬ ਸੁਨਾਈ।
ਗਮਨਤਿ ਪਹੁੰਚਤਿ ਭੇ ਇਕ ਜਾਈ ॥੨॥
ਜਹਿਂ ਫਕੀਰ ਕੋ ਲੁਟ ਗਜੋ ਮੇਲਾ।

[1]ਹੇ ਸ਼੍ਰੀ ਗੁਰੂ ਅੰਗਦ ਜੀ।

{ਸ਼ਹੁ ਸੁਹਾਗਣ ਬਖਸ਼ਿਆ}

ਨਿੰਦਾ ਪ੍ਰਗਟੀ ਭਯੋ ਦੁਹੇਲਾ[1]।
ਗਯੋ ਪਖੰਡ ਉਘਰ ਸਭਿ ਪਾਜਾ।
ਲੋਕਨ ਬਿਖੈ ਅਧਿਕ ਸੋ ਲਾਜਾ[1] ॥੩॥
ਤਿਹ ਕੋ ਕਰਨ ਕ੍ਰਿਤਾਰਥ ਫੇਰਾ[1]।
ਗਏ ਗੁਰੂ ਸੋ ਦੁਖੀਆ ਹੇਰਾ।
ਤਿਸੀ ਤੀਅ ਕੈ ਕੀਨੋ ਡੇਰਾ।
ਜਾਵਤਿ ਕੀਨੋ ਜਹਾਂ ਬਸੇਰਾ ॥੪॥
ਚੰਦਰਾਤਿ ਪੁਨ ਤਾਂ ਦਿਨ ਸੋਈ।
ਮੇਲਾ ਤਾਂ ਕੇ ਭਯੋ ਨ ਕੋਈ।
ਅਸ ਪਿਖਿ ਉਪਜੀ ਕਰੁਨਾ ਭਾਰੀ।
ਬੂਝਨ ਕੀਨ ਬ੍ਰਿਥਾ[1] ਸੋ ਨਾਰੀ ॥੫॥

[1]ਦੁਖੀ।
[1]ਸ਼ਰਮਿੰਦਾ ਹੋਇਆ।
[1]ਮੁੜਕੇ।
[1]ਹਾਲ।

ਦੋਹਰਾ:

'ਸ਼ਹੁ ਸੋਹਾਗਣ ਜਹਿਂ ਹੁਤੋ, ਮੇਲਾ ਭਯੋ ਨ ਤਾਂਹਿ।
ਰਹਤਿ ਇਹਾਂ ਕੈਧੋਂ ਨਹੀਂ? ਮਾਨਵ ਮਾਨਹਿਂ ਜਾਂਹਿ' ॥੬॥

ਚੌਪਈ:

ਤੀਯ ਕਹੈ 'ਤਿਹ ਝੂਠ ਸਮਾਜਾ।
ਉਘਰ ਗਯੋ ਜੋ ਕੀਨੋ ਪਾਜਾ।
ਸੇਮਰ ਫਲ ਜਿਮ ਤਾਂਹਿ ਬਨਾਉ[1]।
ਪਾਕੇ ਤੇ ਸੋ ਤੂਲ ਉਡਾਉ[1]' ॥੭॥
ਅਸ ਸੁਨਿ ਕੈ ਬੇਦੀ ਕੁਲਕੇਤਾ।
ਬੈਠੇ ਤਹਿਂ ਤਿਯ ਵਹਿਰ ਨਿਕੇਤਾ[1]।
ਲੂਲਾ ਕਰ[1] ਪਗ ਤੇ[2] ਤਿਹ ਕਾਲਾ।
ਆਯੋ ਇਕ ਅਵਲੋਕ ਦਯਾਲਾ[1] ॥੮॥
ਦਰਸ਼ਨ ਦਰਸੇ ਭੇ ਪਦ ਪਾਨਾ[1]।
ਅਤਿ ਸੁੰਦਰ ਹੋਯੋ ਸਵਧਾਨਾ।
ਹਾਥ ਬੰਦਿ ਸੋ ਖਰਾ ਅਗਾਰੀ।
ਹੋਇ ਦੀਨ ਮੁਖ ਗਿਰਾ ਉਚਾਰੀ ॥੯॥
'ਰਾਵਰ ਕੇ ਦਰਸ਼ਨ ਤਨ ਮੇਰਾ।
ਭਾ ਅਰੋਗ ਦੁਖ ਕਟਜੋ ਘਨੇਰਾ।
ਮੋ ਤੇ ਸੰਗ ਨ ਛੋਡਜੋ ਜਾਈ।
ਰਾਖਹੁ ਅਬਿ ਅਪਨੀ ਸ਼ਰਨਾਈ' ॥੧੦॥
ਸੁਨਿ ਮੁਸਕਾਨੈ ਕ੍ਰਿਪਾ ਨਿਧਾਨਾ।
ਤਿਹ ਸੋਂ ਇਸ ਬਿਧਿ ਬਚਨ ਬਖਾਨਾ।
'ਨਗਰ ਬਿਖੈ ਬੂਝੇ ਜੇ ਕੋਊ।
-ਕਿਸ ਬਿਧਿ ਤੇਰੇ ਕਰ ਪਗ ਹੋਊ?- ॥੧੧॥
ਕਹੀਐ -ਸ਼ਹੁ ਸੋਹਾਗਣ ਦੀਨਾ।
ਲੂਲੇ ਤੇ ਕਰ ਪਗ ਸ਼ੁਭ ਕੀਨਾ[†]-।'

[1] ਸਿੰਬਲ ਦੇ ਫਲ ਵਾਂਙੂ ਤਿਸਦੀ ਬਨਾਵਟ ਸੀ।

[1] ਰੂੰ ਉੱਡ ਗਈ।

[1] ਘਰ ਦੇ ਬਾਹਰ।

[1] ਹੱਥਾਂ। [2] ਪੈਰਾਂ ਤੋਂ।

[1] ਇਕ (ਕੋਈ) ਆਇਆ ਦੇਖਕੇ ਗੁਰੂ ਜੀ ਨੂੰ।

[1] ਹੋ ਗਏ ਪੈਰ ਹੱਥ।

[†] ਇਸ ਕਹਿਣ ਵਿਚ ਜੋ ਪਰਮ ਤਿਆਗ ਤੇ ਮੇਹਰ ਹੈ ਉਹ ਤਾਂ ਸਤਿਗੁਰੂ ਜੀ ਦਾ ਸੁਭਾਵ ਹੈ, ਪਰ ਇੰਝ ਦਾ ਕਹਿਣਾ ਉਨ੍ਹਾਂ ਦੇ ਸੁਭਾਵ ਵਿਰੁੱਧ ਹੈ, ਕਵਿ ਜੀ ਨੇ ਇਹ ਲਿਖਣ ਵਿਚ ਉਪਕਾਰ ਦੀ ਮੁੱਖਤਾ ਰੱਖ ਲਈ ਹੈ। ਪੁਰਾਤਣ ਜਨਮ ਸਾਖੀ ਵਿਚ ਇਹ ਕਥਾ ਨਹੀਂ ਹੈ।

ਆਇਸੁ ਮਾਨਿ ਗੁਰੂ ਕੀ ਸੋਊ।
ਗਯੋ ਨਗਰ, ਬੂਝੈ ਜੇ ਕੋਊ ॥੧੨॥
'ਲੂਲੇ ਤੈਂ ਕਰ ਪਗ ਕਿਤ ਪਾਏ?
'ਸੋ ਸੁਨਿ ਤਾਂ ਕੋ ਦੇਤਿ ਬਤਾਏ।
'ਸ਼ਹੁ ਸੋਹਾਗਣਿ ਕਰੁਣਾ ਕੀਨੀ।
ਦੇਹਿ ਅਰੋਗ ਤੁਰਤ ਕਰਿ ਦੀਨੀ' ॥੧੩॥
ਸੁਨਿ ਕੈ ਲੋਕਨ ਅਚਰਜ ਮਾਨਾ।
ਸਗਲੇ ਪੁਰਿ ਤਿਨ[1] ਕੀਨ ਪਯਾਨਾ। [1]ਭਾਵ ਲੂਲੇ ਨੇ।
ਕਹਿਤਿ ਕਹਿਤਿ ਤਿਹ ਕੇ ਢਿਗ ਆਯੋ।
ਸ਼ਹੁ ਸੋਹਾਗਣਿ ਜੌਨ ਕਹਾਯੋ[1] ॥੧੪॥ [1]ਜੋ ਕਹਾਂਵਦਾ ਸੀ।
ਸੁਨਿ ਕਰਿ ਬੂਝਤਿ 'ਕਿਹ ਥਲ ਸੋਊ?
ਜਾਂਹਿ ਤੋਰ ਦੁਖ ਦੀਨੋ ਖੋਊ।'
ਕਹੈ ਸੁ 'ਚਲੋ ਮੋਰ ਤੁਮ ਸੰਗਾ।
ਦਰਸਾਵੋਂ ਜਿਹ ਕਿਯ ਦੁਖ ਭੰਗਾ' ॥੧੫॥
ਸ਼ਹੁ ਸੋਹਾਗਣ ਅਚਰਜ ਮਾਨਜੋ।
ਦਰਸ਼ਨ ਕਰਨੇ ਹੇਤ ਲੁਭਾਨਜੋ।
ਸੰਗਿ ਚਲਜੋ ਸ੍ਰੀ ਗੁਰ ਢਿਗ ਆਏ।
ਦ੍ਵੈ ਲੋਚਨ ਮਹਿਂ ਕਰੁਣਾ ਛਾਏ ॥੧੬॥

ਦੋਹਰਾ:

ਸ਼ਹੁ ਸੋਹਾਗਣਿ ਦਰਸ ਕਰਿ, ਜਾਨੇ ਸੋ ਦਰਵੇਸ਼।
ਦਰ ਪਰ ਮੇਰੇ ਜੋ ਮੁਰੇ, ਸੋ ਖ਼ੁਦਾਇ ਜਗਤੇਸ਼ ॥੧੭॥

ਚੌਪਈ:

ਮੋਰ ਪਖੰਡ ਤਜਾਵਨ ਆਯੋ-।
ਇਸ ਬਿਧਿ ਜਾਨਿ ਚਰਨ ਲਪਟਾਯੋ।
ਦੀਨ ਭਯੋ ਨ ਉਠਾਵਤਿ ਸੀਸਾ।
ਕਰਤਿ ਬਿਨੈ 'ਤੁਮ ਹੋ ਜਗਦੀਸ਼ਾ ॥੧੮॥
ਅਫਵਲ[1] ਗੁਨਹਿ ਕਰੋ ਅਬ ਮੇਰਾ। [1]ਮਾਫ। ਅ਼: ਅਫਵ]।
ਹੇ ਸਾਹਿਬ, ਮੈਂ ਰਾਵਰਿ ਚੇਰਾ।
ਹੌਂ ਅਧਮੰ ਤੂੰ ਅਧਮ ਉਧਾਰਨ[1]। [1]ਨੀਚਾਂ ਦਾ ਤਾਰਕ।
ਭਾ ਅਵਤਾਰ ਜਗਤ ਕੇ ਤਾਰਨ ॥੧੯॥

ਆਪ ਛਪਾਇ ਮੁਝੈ ਬਡਿਆਈ।
ਤੁਮ ਦੇਵਤਿ ਇਹ ਬਿਰਦ ਸਦਾਈ।'
ਗੁਰੂ ਕਹੈਂ 'ਐਸੇ ਅਬਿ ਜਾਨਹੁ।
ਸ਼ਹੁ ਰਵਿਆ ਸਭਿ ਮਾਂਹਿ ਪਛਾਨਹ ॥੨੦॥

ਦੋਹਰਾ:
ਸਭਿ ਕੌ ਦਰਸ਼ਨ ਦੀਜੀਏ, ਸਭਿ ਕੌ ਦਰਸ਼ਨ ਲੇਹੁ।
ਸਦਾ ਬੰਦਗੀ ਕੀਜੀਏ, ਮਨ ਖ਼ੁਦਾਇ ਮੈਂ ਦੇਹੁ' ॥੨੧॥

ਚੌਪਈ:
ਮਾਨੇ ਹਿਤ ਸੋਂ ਗੁਰ ਕੇ ਬੈਨਾ।
ਸੋ ਬਖ਼ਸ਼ਾਇ ਗਯੋ ਨਿਜ ਐਨਾ।
ਭਯੋ ਮੁਰੀਦ ਗੁਰੂ ਕਾ ਸੋਈ।
ਨਗਰ ਬਿਖੈ ਮਨਤਾ ਪੁਨ ਹੋਈ ॥੨੨॥
ਲੂਲਾ ਕਹਿਤਿ ਭਯੋ ਸਭਿ ਥਾਏਂ।
'ਸ਼ਹੁ ਸੋਹਾਗਣ ਤੇ ਪਗ ਪਾਏ।'
ਸਰਬ ਲੋਕ ਤਬ ਨਿਸ਼ਚਾ ਕੀਨੋ।
-ਸ਼ਹੁ ਆਵਤਿ ਇਸ ਢਿਗ- ਮਨ ਚੀਨੋ ॥੨੩॥
ਪੁਨ ਝੰਡੇ ਰਾਖੇ ਨਿਜ ਥਾਨਾ।
ਨੌਬਤ ਬਾਜਨ ਲਗੇ ਨਿਸ਼ਾਨਾ।
ਲਗਨੇ ਲਗਜੋ ਬਡੋ ਤਹਿਂ ਮੇਲਾ।
ਚਹੁੰਦਿਸ਼ ਤੇ ਤਬ ਹੋਇ ਸਕੇਲਾ[1] ॥੨੪॥

[1]ਇਕੱਤ੍ਰ ਹੋਇਕੇ।

ਦੋਹਰਾ:
ਲੋਕ ਪਰਸਪਰ ਸਭਿ ਕਹੈਂ, 'ਭੂਲੇ ਨਿੰਦ ਉਚਾਰਿ।
ਪੂਰਨ ਹੈ ਇਹ ਸੰਤ ਸ਼ੁਭ, ਸ਼ਹੁ ਆਵੈ ਜਿਸ ਦ੍ਵਾਰ ॥੨੫॥

ਚੌਪਈ:
ਜਿਹ ਕੇ ਬਰ ਲੂਲੇ ਪਗ ਪਾਏ।'
ਇਸ ਬਿਧਿ ਕਹਿ ਬਹੁ ਭੇਟ ਚਢਾਏ।
ਦੂਰ ਦੂਰ ਤੇ ਨਰ ਤਹਿਂ ਆਏ।

ਮਾਨਹਿਂ ਅੱਗ੍ਰਜ ਤੇ ਅਧਿਕਾਏ[1] ॥੨੬॥
ਸ੍ਰੀ ਗੁਰ ਨਾਮ ਜਪਤਿ ਭਾ ਸੋਈ।
ਯਾਂ ਤੇ ਪੂਜਾ ਬਹੁ ਜਗ ਹੋਈ।
ਅਪਨੋ ਪੰਥ ਕਿਯੋ ਇਕ ਤਾਂਹੀ।
ਬਾਂਧਤਿ ਜੇ ਘੁੰਗਰੂ ਪਗ ਮਾਂਹੀ ॥੨੭॥

[1]ਪਹਿਲਾਂ ਨਾਲੋਂ ਬਹੁਤਾ।

ਗਰ ਮਹਿਂ ਮੌਰੀ[1] ਪਾਵਹਿਂ ਸੋਇ।
ਬੇਖ ਚਲੵੋ ਜਗ ਪਰਗਟ ਹੋਇ।
ਇਸ ਬਿਧਿ ਕੀਨ ਕ੍ਰਿਤਾਰਥ ਤਾਂਹੀ।
ਨਾਮ ਪਤਿਤ ਪਾਵਨ ਹੈ ਜਾਂਹੀ ॥੨੮॥

[1]ਮੌਲੀ।

ਦੋਹਰਾ:
ਸ੍ਰੀ ਗੁਰ ਨਾਨਕ ਤੇ ਬਿਨਾ, ਕਰੈ ਕੌਨ ਅਸ ਕਾਜ।
ਤਾਰੇ ਨਰ ਕਲਿਕਾਲਿ ਮੈਂ[1], ਬਡੋ ਗਰੀਬ ਨਿਵਾਜ ॥੨੯॥

[1]ਕਲਜੁਗ ਦੇ ਸਮੇਂ ਵਿਖੇ।

ਚੌਪਈ:
ਤਹਿਂ ਤੇ ਗਮਨੇ ਗੁਰੂ ਅਗਾਰੀ।
ਨਰਨ ਉਧਾਰਨ ਪਰਉਪਕਾਰੀ।
ਜਹਿਂ ਟਿੱਲਾ ਹੈ ਬਾਲਗੁੰਦਾਈ†।
{ਬਾਲ ਗੁੰਦਾਈ}
ਜੋਗੀ ਬਹੁਤ ਰਹਤਿ ਤਿਹ ਥਾਈਂ ॥੩੦॥

†ਬਾਲ ਗੁੰਦਾਈ ਦਾ ਟਿੱਲਾ ਜ਼ਿਲਾ ਜੇਹਲਮ ਵਿਚ ਹੈ, ਜੇਹਲਮ ਤੋਂ ਸ਼ਾਇਦ ੧੫ ਕੁ ਮੀਲ ਹੈ, ਇਸੇ ਬਾਲ ਗੁੰਦਾਈ ਦੀ ਗੱਦੀ ਤੇ 'ਸਿੱਧ ਬਗਾਈ' ਸੀ ਜਿਸ ਤੋਂ ਰਾਂਝੇ ਨੇ ਜੋਗ ਲਿਆ ਸੀ।

ਦੋਹਰਾ:
ਬਾਲਗੁੰਦਾਈ ਸਦਨ ਮਹਿਂ, ਬਾਜਸਾਲ[1] ਮਹਿਂ ਬਾਜ[2]।

[1]ਤਬੇਲੇ ਵਿਚ ਹੈਨ। [2]ਘੋੜੇ।

ਏਕ ਖਜ਼ਾਨਾ ਚੀਰ ਕੋ[1], ਪਰਉਪਕਾਰ ਕਿ ਕਾਜ[2] ॥੩੧॥

[1]ਕਪੜਿਆਂ ਦਾ ਖਜ਼ਾਨਾ ਹੈ। [2]ਪਰਉਪਕਾਰ ਦੇ ਵਾਸਤੇ।

ਚੌਪਈ:
ਉੱਤਮ ਭੋਜਨ ਸੋ ਬਨਿਵਾਵਹਿ।
ਜੋ ਤਹਿਂ ਜਾਇ ਸਭਿਨਿ ਕੋ ਖ੍ਵਾਵਹਿ।
ਸੁੰਦਰ ਮੰਦਿਰ ਮਹਿਂ ਬਿਸਰਾਮਾ।
ਨਗਨ ਦੇਖਿ ਪਟ ਦੇ ਅਭਿਰਾਮਾ ॥੩੨॥
ਪੰਥ ਚਲਤਿ ਸ਼੍ਰਮ ਜੋ ਹੁਇ ਜਾਵਹਿ।

ਭੇਜਿ ਤੁਰੰਗ ਤਾਂਹਿ ਚਢਿਵਾਵਹਿ।
ਨਿਤ ਉਪਕਾਰ ਕਰਨ ਅਭਿਲਾਖੀ।
ਜਿਉਂ ਅਵਨੀ ਪਰ ਸਫਲਜੋ ਸਾਖੀ[1] [1]ਫਲਾਂ ਸਹਿਤ ਬ੍ਰਿੱਛ।
॥੩੩॥
ਤਿਹ ਡੇਰੇ ਕੇ ਜਾਇ ਸਮੀਪਾ।
ਬੈਠਿ ਰਹੇ ਬੇਦੀ ਕੁਲ ਦੀਪਾ।
ਬਾਲਗੁੰਦਾਈ ਜਬਿ ਸੁਧਿ ਹੋਈ।
-ਵਹਿਰ ਅਤੀਤ ਬੈਠਿ ਰਹਿ ਦੋਈ
॥੩੪॥
ਨਹੀਂ ਅਗਾਰੀ ਆਵਤਿ ਸੋਊ-।
ਜੋਗੀ ਤਬਹਿ ਬੁਲਾਏ ਦੋਊ।
ਕਹਯੋ ਤਿਨਹਿਂ ਕੋ 'ਆਨਹੁ ਜਾਈ।'
ਪਹੁੰਚੇ ਸੋ ਸ੍ਰੀ ਗੁਰ ਜਿਹ ਥਾਈਂ ॥੩੫॥

ਦੋਹਰਾ:

'ਚਲਹੁ ਅਤੀਤੋ! ਉਠਿ ਅਬੈ, ਬਾਲਗੁੰਦਾਈ ਥਾਨ।
ਬੈਠਿਨ ਕੋ ਮੰਦਿਰ ਭਲੇ, ਸੁਖ ਸੋਂ ਹ੍ਵੈ ਗੁਜ਼ਰਾਨ' ॥੩੬॥

ਚੌਪਈ:

ਸ੍ਰੀ ਪ੍ਰਭੁ ਕਹਯੋ 'ਨ ਹਮ ਚਲਿ ਜਾਵਹਿਂ।
ਜਹਿਂ ਬੈਠਹਿਂ ਤਹਿਂ ਰੈਨ ਬਿਤਾਵਹਿਂ।
ਚਹੀਏ ਨਿਤ ਅਤੀਤ ਕੋ ਐਸੀ।
ਆਇ ਜੁ ਬਨਹਿ ਬਿਤਾਵਹਿ ਤੈਸੀ'
॥੩੭॥
ਬਾਲਗੁੰਦਾਈ ਢਿਗ ਪੁਨ ਜਾਏ।
ਜਾਇ ਬਤਾਯੋ 'ਨਹਿਂ ਸੋ ਆਏ।'
ਇਉਂ ਸੁਨਿ ਆਪ ਤਹਾਂ ਚਲਿ ਆਯੋ।
ਜਿਹ ਥਲ ਬੈਠਯੋ ਪ੍ਰਭੁ ਸੁਹਾਯੋ ॥੩੮॥
ਆਦਰ ਯੁਤ ਮੁਖ ਬਚਨ ਉਚਾਰੇ।
'ਚਲਹੁ ਅਤੀਤਹੁ! ਸੰਗ ਹਮਾਰੇ।
ਆਵਤਿ ਮੇਘ ਘਟਾ ਬਰਖਾਵਹਿ।
ਮੰਦਰ ਮਹਿਂ ਸੁਖ ਨਿਸਾ ਬਿਹਾਵਹਿ'

॥ ੩੯ ॥

ਦੋਹਰਾ:

ਸ਼੍ਰੀ ਗੁਰ ਕਹੈਂ 'ਅਤੀਤ ਹਮ, ਜੈਸੇ ਬਨਿ ਹੈ ਆਇ।
ਦੁਖ ਸੁਖ ਸਮ ਉਰ ਜਾਨਿ ਕੈ, ਸਮਾਂ ਦੇਤਿ ਗੁਜ਼ਰਾਇ ॥ ੪੦ ॥

ਚੌਪਈ:

ਕਹਿਂ ਕਹਿਂ[1] ਮੰਦਰ ਖੋਜਤਿ ਫਿਰਿਹੀਂ।
ਦੇਸ਼ ਬਿਦੇਸ਼ ਗਮਨ ਹਮ ਕਰਿਹੀਂ।
ਜਹਿਂ ਬੈਸਹਿਂ ਤਹਿਂ ਦੇਤਿ ਬਿਤਾਇ।
ਹਮਰੋ ਮਤਾ ਸਦਾ ਇਹ ਭਾਇ[1]' ॥ ੪੧ ॥
ਬਾਲਗੁੰਦਾਈ ਬਚਨ ਅਲਾਯਾ।
'ਪੁਰਖ ਅਲੇਖ ਕਰਹਿ ਜੋ ਦਾਯਾ।
ਦੇਵਹਿ ਜਬਿ ਸਮਾਜ ਸੁਖਦਾਇ।
ਨਹੀਂ ਨਿਰਾਦਰ ਤਿਨ ਬਨਿ ਆਇ ॥ ੪੨ ॥
ਸਰਬ ਨਿਰੰਜਨ ਕੇਰ ਪਦਾਰਥ।
ਭਲੀ ਬਾਤ ਕਰਨਾ ਪਰਸ੍ਵਾਰਥ।'
ਇਸ ਪ੍ਰਕਾਰ ਕਹਿ ਬਾਲਗੁੰਦਾਈ।
ਲੇ ਕਰਿ ਸੰਗਿ ਚਲ੍ਯੋ ਸੁਖਦਾਈ ॥ ੪੩ ॥

ਦੋਹਰਾ:

ਨੀਕੇ ਘਰ ਮਹਿਂ ਜਾਇ ਕੈ, ਕੀਨੋ ਬਚਨ ਬਖਾਨ।
'ਦੇਖਹੁ ਸੁਭ ਇਸਥਾਨ ਇਹ, ਭਲੋ ਹੋਇ ਗੁਜ਼ਰਾਨ' ॥ ੪੪ ॥

ਚੌਪਈ:

ਸ਼੍ਰੀ ਗੁਰ ਕਹ੍ਯੋ ਤਾਂਹਿ ਕੇ ਸੰਗਾ।
'ਕਜਾ ਦੇਖਉਂ ਨ੍ਰਿਪ ਲੀਲਾ ਰੰਗਾ[1]।'
ਬਸਤ੍ਰ ਕੋਸ਼[1] ਕੋ ਜਬੈ ਦਿਖਾਯੋ।
ਭਾਂਤਿ ਭਾਂਤਿ ਕੋ ਰੰਗ ਸੁਹਾਯੋ ॥ ੪੫ ॥
ਬਹੁਰੋ ਬਚਨ ਭਨ੍ਯੋ ਗੁਨਖਾਨੀ।
'ਸਰਬ ਰਾਜ ਲੀਲਾ ਹਮ ਜਾਨੀ।'

[1]ਕਿੱਥੇ ਕਿੱਥੇ।

[1]ਇਸ ਤਰ੍ਹਾਂ ਦਾ।

[1]ਪਾਤਸ਼ਾਹੀ ਲੀਲ੍ਹਾ ਦੇ ਰੰਗ ਹਨ।

[1]ਕਪੜਿਆਂ ਦਾ ਖਜ਼ਾਨਾ।

ਬਾਜਸ਼ਾਲ[1] ਮਹਿਂ ਜਬ ਲੇ ਗਯੋ।
[1]ਤਬੇਲੇ।
ਭਲੇ ਤੁਰੰਗ ਦਿਖਾਵਤਿ ਭਯੋ ॥੪੬॥
ਗੁਰੂ ਕਹੈਂ 'ਸੁਨਿ ਬਾਲਗੁੰਦਾਈ।
ਏਹ ਲੀਲਾ ਰਾਜਨ ਬਨਿ ਆਈ।
ਹ੍ਵੈ ਅਤੀਤ[1] ਸਭਿ ਤਜੈ ਸਮਾਜਾ।
[1]ਤਿਆਗੀ ਹੋਕੇ।
ਇਨਹਿਂ ਬਿਲੋਕਨ ਕਜਾ ਹਮ ਕਾਜਾ ॥੪੭॥
ਆਤਮ ਗਜਾਨ ਮਾਨ ਬਿਨ ਹੋਨਾ।
ਸਿਮਰਨ ਨਾਮ ਸੰਤ ਧਨ ਭੌਨਾ[1]।
[1]ਸੰਤਾਂ ਦੇ ਘਰ ਨਾਮ ਸਿਮਰਨ (ਰੂਪੀ) ਧਨ ਹੈ। (ਅ) ਸੰਤਾਂ ਦਾ ਧਨ (ਜਿਸ ਨੂੰ) ਡਰ ਨਹੀਂ।
ਹਮ ਤੁਮ ਕੋ ਸੋ ਦੇਖਨ ਚਹੀਏ।
ਜਿਹ ਕੋ ਪਾਇ ਪਰਮ ਸੁਖ ਲਹੀਏ ॥੪੮॥
ਚਹਿਨ ਪਦਾਰਥ[1] ਕੋ ਜੋ ਹੋਊ।
[1]ਇੱਛਾ ਪਦਾਰਥਾਂ ਦੀ।
ਇਨ ਤੇ ਲਖਹੁ ਬਿਰੋਧੀ ਸੋਊ।'
ਸੁਨਿ ਕੈ ਅਚਰਜ ਮਨ ਮਹਿਂ ਮਾਨਾ।
ਬਾਲਗੁੰਦਾਈ ਬਚਨ ਬਖਾਨਾ ॥੪੯॥
ਦੋਹਰਾ:
'ਕਹਹੁ ਅਤੀਤਉ! ਨਾਮ ਨਿਜ, ਕਿਤ ਆਏ ਕਿਤ ਜਾਇ?
ਉਤਮ ਬੇਖ ਸਰੀਰ ਮਹਿਂ, ਹੈ ਸ਼ੁਭ ਤੌਰ ਸੁਭਾਇ' ॥੫੦॥
ਚੌਪਈ:
'ਨਾਨਕ ਨਿਰੰਕਾਰੀ ਮਮ ਨਾਇ।
ਇਹ ਕੋ ਬਾਲਾ ਲੋਕ ਅਲਾਇਂ।'
ਸੁਨਜੋ ਨਾਮ ਜਬ ਬਾਲਗੁੰਦਾਈ।
ਬੰਦਨ ਕੀਨਿ ਭਾਉ ਅਧਿਕਾਈ ॥੫੧॥
'ਅਬਿ ਜਾਨੇ ਸ੍ਰੀ ਨਾਨਕ ਸੋਈ।
ਚਰਚਾ ਸਿੱਧਨ ਸੋਂ ਜਿਹ ਹੋਈ।
ਤੁਮ ਤੇ ਕਲਾਵਾਨ ਮਤਿਵਾਨਾ।
ਇਕ ਉੱਤਰ ਮੁਝ ਦੇਹੁ ਸੁਜਾਨਾ ॥੫੨॥
ਬੈਠੇ ਆਪ ਵਹਿਰ ਜਿਹ ਥਾਈਂ।
ਸੁਖ ਸੋਂ ਬਿਤੈ ਕਿ ਦੁਖ ਤਹਿਂ ਪਾਈਂ।

ਅਬ ਸ਼ੁਭ ਮੰਦਰ ਮਾਂਹੀ ਆਏ।
ਜਹਿਂ ਸਗਰੋ ਸ਼੍ਰਮ ਜਾਇ ਬਿਲਾਏ[1]' ॥੫੩॥

[1]ਦੂਰ ਹੋ ਜਾਏਗਾ।

ਦੋਹਰਾ:
ਗੁਰੂ ਭਨਜੋ 'ਬੈਠੇ ਜਹਾਂ, ਹੋਤਿ ਜਾਤਿ ਗੁਜਰਾਨ।
ਜੇ ਫਕੀਰ, ਖੋਜੈਂ ਕਹਾਂ? ਮੰਦਰ ਨੀਕੇ ਥਾਨ' ॥੫੪॥

ਚੌਪਈ:
ਪੁਨ ਕਹਿ 'ਮੁਝ ਕੋ ਕਿਉਂ ਨ ਬਤਾਵਤਿ?
ਸੁਖ ਗੁਜਰਤਿ ਕੈ ਕਸ਼ਟ ਬਿਹਾਵਤਿ?
ਗੁਰੂ ਕਹੈਂ 'ਗੁਜਰਤਿ ਦੁਖ ਸੰਗ।
ਆਇ ਹੁਤੀ ਤਬ ਘਟਾ ਉਮੰਗ' ॥੫੫॥
ਪੁਨ ਆਪਨ ਕਰ ਮੈਂ ਲੇ ਸਾਕ[1]।
ਭਖਰੇ ਕੀ ਰੋਟੀ, ਕਹਿ ਵਾਕ।
'ਇਸ ਪ੍ਰਕਾਰ ਕੋ ਮੋਰ ਅਹਾਰਾ।
ਲਖਹੁ ਪਦਾਰਥ ਪਰਉਪਕਾਰਾ[1] ॥੫੬॥

[1]ਸਾਗ।

[1]ਪਰਉਪਕਾਰ ਵਾਸਤੇ ਹੈਨ ਪਦਾਰਥ ਜੋ ਆਪ ਵੇਖਦੇ ਹੋ।

ਕਬਿ ਹੌਂ ਕਰੋਂ ਨ ਅੰਗੀਕਾਰਾ।
ਸਭਿ ਰਾਖੇ ਮੈਂ ਹਿਤ[1] ਉਪਕਾਰਾ।
ਅਨਿਕ ਲੋਕ ਸੁਖ ਪਾਵਹਿਂ ਆਈ।
ਮਾਰਗ ਸ਼੍ਰਮ ਕੋ ਦੇਹਿਂ ਬਿਲਾਈ' ॥੫੭॥
ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ।
ਅਧਿਕ ਪ੍ਰਸ਼ੰਸ਼ਾ ਗੁਰੂ ਬਖਾਨੀ।
'ਸਰਬ ਜੋਗੀਯਨ ਕੇਰ ਮਝਾਰੀ।
ਉੱਤਮ ਤੁਮ ਚਿਤ ਮਤਿ ਉਪਕਾਰੀ[†]' ॥੫੮॥

[1]ਵਾਸਤੇ।

[†]ਇਥੇ ਗੁਰਮਤ ਸਿੱਧਾਂਤ ਖੁਲ੍ਹਾ ਨਹੀਂ। ਬਾਲਗੁੰਦਾਈ ਦਾ ਉਪਕਾਰ ਤੇ ਤਿਆਗ ਸਤਿਗੁਰੂ ਦੇ ਆਦਰਸ਼ ਵਿਚ ਕੀਮਤੀ ਤਾਂ ਹੈ ਜੋ ਉਹ ਨਾਮ ਬੀ ਜਪੇ।

ਏਕ ਨਿਸਾ ਬਸਿ ਕਰਿ ਤਿਹ ਥਾਨਾ।
ਭੋਰ ਹੋਤਿ ਗੁਰ ਕੀਨ ਪਯਾਨਾ।
ਪੁਨ ਸਲਕੋਟ[1] ਬਿਖੈ ਚਲਿ ਆਏ।
ਮੁਝ ਸੋਂ ਐਸੇ ਬਚਨ ਅਲਾਏ ॥੫੯॥
'ਹੇ ਬਾਲਾ! ਇਸ ਨਗਰ ਮਝਾਰਾ।

[1]ਸਿਆਲਕੋਟ।

ਸੰਸਾਰੀ ਇਕ ਮੀਤ ਹਮਾਰਾ।
{ਮੂਲੇ ਦਾ ਅੰਤ}
ਪੂਰਬ ਗਮਨਜੋ ਜੋ ਸੰਗਾਰਾ।
ਮੂਲਾ ਨਾਮ ਸੁ ਇਹਾਂ ਅਗਾਰਾ[1] ॥੬੦॥ — [1]ਇਥੇ ਹੈ ਘਰ (ਉਸ ਦਾ)।
ਤਿਹ ਸੋਂ ਮਿਲਿਨ ਚਹੈ ਮਨ ਮੇਰਾ।
ਚਲਹੁ ਅਬੈ ਜਿਤ ਦਿਸ਼ਿ ਹ੍ਵੈ ਡੇਰਾ।'
ਅਸ ਕਹਿ ਚਲਿ ਮੂਲੇ ਕੇ ਪੌਰ।
ਆਇ ਖਰੇ ਬੇਦੀ ਸਿਰਮੌਰ ॥੬੧॥
ਘਰਨੀ ਸਨਮੁਖ[1] ਜਬਹਿ ਨਿਹਾਰੇ। — [1]ਇਸਤ੍ਰੀ ਨੇ ਸਾਹਮਣੇ।
ਨਿਜ ਪਤਿ ਸੋਂ ਅਸ ਬਚਨ ਉਚਾਰੇ।
'ਪੂਰਬ ਗਮਨਜੋ ਜਾਂਹਿ ਸੰਗਾਰੇ।
ਸੋ ਅਬਿ ਸਾਧੁ ਆਇ ਤਵ ਦ੍ਵਾਰੈ ॥੬੨॥
ਘਰ ਮਹਿਂ ਤੂਰਨ ਦੁਰਿਯੇ ਜਾਈ[1]। — [1]ਲੁਕ ਜਾਓ।
ਨਾਂਹਿ ਤ ਤੁਝ ਕੋ ਲੇਹਿਂ ਬੁਲਾਈ।'
ਜੱਦਪਿ ਮੂਲਾ ਪ੍ਰਭੁ ਕੋ ਜਾਨਤਿ।
ਮਹਿਮਾ ਨੀਕੀ ਰੀਤਿ ਪਛਾਨਤਿ ॥੬੩॥
-ਕਰਾਮਾਤ ਯੁਤ ਅੰਤਰਜਾਮੀ।
ਕਰੈਂ ਜੁ ਚਾਹੈਂ ਸਭਿ ਘਟ ਸੁਾਮੀ-।
ਤੱਦਪਿ ਤਿਯ ਨੈ ਮਤਿ ਬਿਚਲਾਈ[1]। — [1]ਮੱਤ ਮਾਰ ਦਿੱਤੀ।
ਤੂਰਨ ਬਰਜੋ ਸਦਨ ਮਹਿਂ ਜਾਈ ॥੬੪॥
ਗੋਮੈਂ[1] ਸ਼ੁਸ਼ਕ[2] ਪਰੇ ਜਿਹ ਥਾਈਂ। — [1]ਗੋਹੇ। [2]ਸੁੱਕੇ ਹੋਏ। ਭਾਵ ਥਾਪੀਆਂ।
ਬਡੋ ਤਿਮਰ[1], ਤਹਿਂ ਦੇਹਿ ਦੁਰਾਈ[2]। — [1]ਅੰਧੇਰਾ ਸੀ। [2]ਆਪਣੀ) ਦੇਹੀ ਲੁਕਾਈ।
ਸ਼੍ਰੀ ਨਾਨਕ ਜਾਨੀ ਬਿਧਿ ਸਾਈ[1]। — [1]ਉਸਦੀ।
'ਮੂਲੇ, ਮੂਲੇ' ਊਚ ਅਲਾਈ ॥੬੫॥
ਸੁਨਿ ਗੁਹਾਰ[1] ਨਾਰਿ ਨਿਜ ਕਾਨਾ। — [1]ਅਵਾਜ਼।
ਪ੍ਰਭੁ ਕੇ ਸਨਮੁਖ ਬਚਨ ਬਖਾਨਾ।
'ਜਿਸਹਿ ਪੁਕਾਰੇ ਸੋ ਨਹਿਂ ਧਾਮੂ।
ਕਾਜ ਕਰਨ ਗਮਨਜੋ ਕਿਤ ਗ੍ਰਾਮੂ[1]' ॥੬੬॥ — [1]ਕਿਸੇ ਪਿੰਡ।

ਦੋਹਰਾ:
ਸੁਨਿ ਕੈ ਸ਼੍ਰੀ ਗੁਰ ਬਚ ਕਹਜੋ, 'ਬੇਮੁਖ ਕਰਮ ਬਿਹੀਨ।

ਹਮ ਆਏ ਤੁਝ ਮਿਲਨ ਕੋ, ਛਪਨ ਸਦਨ
ਮਹਿਂ ਕੀਨ ॥੬੭॥

ਚੌਪਈ:

-ਜੀਵਣ ਝੂਠ ਮਰਣ ਸਚੁ ਕਹਿਈ-।
ਮੂਢ ਮਤੀ ਪਰ ਭੇਦ ਨ ਲਹਿਈ।
ਕਹੇ ਨਾਰਿ ਕੇ ਦੁਰਜੋ ਅਗਾਰਾ[1]।'
ਅਸ ਕਹਿ ਬਹੁਰ ਸ਼ਲੋਕ ਉਚਾਰਾ
॥੬੮॥

[1]ਘਰ ਵਿਚ।

ਸ੍ਰੀ ਮੁਖਵਾਕ ॥
ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥

ਚੌਪਈ:

ਇਸ ਬਿਧਿ ਕਹਿ ਮਕਰੰਦੀ ਬਦਨਾ[1]।
ਚਲੇ ਪੀਠ ਦੇ ਕਰਿ ਨਿਜ[†] ਸਦਨਾ[1]।
ਤਿਸ ਖਿਨ ਸ਼ਜਾਮ ਨਾਮ ਤਹਿਂ ਨਿਕਸਾ।
ਤਿਮਰ ਬਿਖੈ ਮੂਲੇ ਕੋ ਡਸਾ ॥੬੯॥

[1]ਕਵਲ ਮੁਖ ਤੋਂ।

[1]ਅਪਨੀ ਪਿੱਠ ਉਸ ਘਰ ਨੂੰ ਦੇਕੇ। [†]ਪਾ:-ਤਿਹ।

'ਹਾਇ ਹਾਇ' ਕਰਿ ਬਾਹਿਰ ਆਯੋ।
ਨਿਜ ਨਾਰੀ ਸੋਂ ਬੈਨ ਅਲਾਯੋ।
'ਕਰਮਹੀਨ ਤੈਂ ਮੈ ਕੋ ਮਾਰਜੋ।
ਚਢੀ ਸੀਸ ਮਮ ਜੀਵ ਬਿਦਾਰਜੋ[1]
॥੭੦॥

[1](ੳ) ਸਿਰੇ ਚੜ੍ਹੀ ਹੋਈ (ਤ੍ਰੀਮਤ ਸੈਂ, ਤੂੰ ਹੀ) ਮੇਰੀ ਜਿੰਦ ਮਾਰੀ, (ਅ) ਮੇਰੇ ਜੀਵ ਦਾ ਮਾਰਿਆ ਜਾਣਾ ਤੇਰੇ ਸਿਰ ਚੜ੍ਹਿਆ।

ਕਿਤ ਦਿਸ਼ ਗਮਨੇ ਦੇਹੁ ਬਤਾਈ?
ਅਪੁਨੇ ਗੁਨਹਿਂ ਲੇਉਂ ਬਖਸ਼ਾਈ।'
ਤਿਹ ਖਿਨ ਭਈ ਮੁਰਛਾ ਦੇਹੀ।
ਬੋਲਨ ਕੀ ਸੁਧਿ ਰਹੀ ਨ ਕੇਹੀ ॥੭੧॥
ਨਗਰ ਬਿਖੈ ਪ੍ਰਗਟਜੋ ਸੁ ਬ੍ਰਿਤੰਤਾ।
'ਮੂਲੇ ਘਰ ਗੇ ਪੂਰਨ ਸੰਤਾ।
ਸੋ ਦੁਰਿ ਗਯੋ ਨਾਰਿ ਕੇ ਭਾਖੇ।
ਤਿਨ ਕੋਂ ਮਿਲਜੋ ਨ ਕਰਿ ਅਭਿਲਾਖੇ[1]
॥੭੨॥

[1]ਚਾਹ ਨਾਲ ਨਹੀਂ ਮਿਲਿਆ।

ਕਰੀ ਅਵੱਗਜਾ ਸਰਪ ਚਬਾਯੋ।
ਬੋਲਤਿ ਨਹੀਂ ਗਿਰਜੋ ਮੁਰਛਾਯੋ।'

ਇਸ ਬਿਧਿ ਸੁਨਿ ਕੈ ਪੁਰਿ ਨਰ ਨਾਰੀ।
ਆਵਹਿਂ ਧਾਇ ਨਿਕੇਤ ਮਝਾਰੀ ॥੭੩॥
ਸ਼੍ਰੀ ਗੁਰ ਵਹਿਰ ਨਗਰ ਤੇ ਆਇ।
ਬੈਠੇ ਦੇਖਿ ਰੁਚਿਰ ਇਕ ਥਾਇਂ।
ਬ੍ਰਿੰਦ ਲੋਕ ਤਿਹ ਸਦਨ ਸਿਧਾਰੇ।
ਮਿਲੇ ਪਰਸਪਰ ਬਚਨ ਉਚਾਰੇ ॥੭੪॥
'ਸ਼੍ਰੀ ਨਾਨਕ ਬੈਠੇ ਜਹਿਂ ਜਾਈ।
ਤੂਰਨ ਲੇ ਚਲਿਯੈ ਤਿਹ ਥਾਈਂ।
ਮਹਾਂ ਪੁਰਖ ਪੂਰਨ ਹੈ ਸੋਈ।
ਬਖ਼ਸ਼ਹਿਂ ਖ਼ਤਾ[1] ਕਰੀ ਤਿਨ ਜੋਈ' ॥੭੫॥

[1]ਭੁੱਲ। ਅ: ਖ਼ਤਾ]।

ਅਸ ਕਹਿ ਤਾਂਹਿ ਮੰਚ ਪਰ ਪਾਇ।
ਚਤੁਰ ਲੋਕ[1] ਸਿਰ ਲੀਨ ਉਚਾਇ।
ਗਮਨ ਕੀਨ ਤਿਤ ਦਿਸ਼ ਨਰ ਬ੍ਰਿੰਦਾ।
ਜਿਤ ਦਿਸ਼ ਸੁਨੇ ਸ਼ਰੋਨ ਸੁਖਕੰਦਾ ॥੭੬॥

[1]ਚਾਰ ਪੁਰਸ਼ਾਂ ਨੇ।

ਨਿੰਦਾ ਮੂਲੇ ਕੀ ਸਭਿ ਕਰਿਹੀਂ।
ਸ਼੍ਰੀ ਨਾਨਕ ਕੌ ਸੁਜਸ ਉਚਰਿਹੀਂ।
ਰੰਕ ਰਾਇ ਜਿਨ ਸੁਧ ਸੁਨਿ ਪਾਈ।
ਮਾਰਗ ਬਿਖੈ ਮਿਲੈਂ ਸਭਿ ਧਾਈ ॥੭੭॥
ਮੂਲੇ ਸਹਿਤਿ ਭੀਰ ਬਡ ਭਾਰੀ।
ਸਭਿ ਚਲਿ ਆਏ ਗੁਰੂ ਅਗਾਰੀ।
ਪਦ ਅਰਬਿੰਦ ਬੰਦਨਾ ਕਰਿਹੀਂ।
ਬਿਨਤੀ ਕਰੈਂ ਭਾਉ ਉਰ ਧਰਿਹੀਂ ॥੭੮॥
ਮਚ[1] ਪਰ ਤੇ ਉਤਾਰ ਤਿਹ ਤਾਈਂ।
ਗੁਰ ਆਗੇ ਸੋ ਦਿਯ ਪੌਢਾਈ।
ਹਾਥ ਬੰਦਿ ਠਾਂਢੇ ਹ੍ਵੈ ਸਭਿਹੀ।
ਬਿਨਤੀ ਕਹੈਂ ਭਾਉ ਉਰ ਧਰਿਹੀ ॥੭੯॥

[1]ਮੰਜੇ।

'ਗੁਨਹਿਵੰਦ[1] ਲਖਿ ਤੁਮਨੈ ਮਾਰਾ[†]।
ਕ੍ਰਿਪਾ ਧਾਰਿ ਅਬ ਦੇਹੁ ਜਿਵਾਰਾ।
ਜਾਨਿ ਬੂਝ ਇਹ ਭਯੋ ਅਜਾਨਾ।

[1]ਕਸੂਰਵਾਰ, ਪਾਪੀ। [†]ਇਹ ਲੋਕਾਂ ਦਾ ਖ਼ਯਾਲ ਸੀ।

ਪ੍ਰੇਰਯੋ ਤੀਯ ਕੁਮਤਿ ਉਰਝਾਨਾ' ॥੮੦॥
ਇਸ ਪ੍ਰਕਾਰ ਸੁਨਿ ਕੈ ਜਗਨਾਥਾ।
ਬੋਲੇ ਬਚਨ ਸਭਿਨਿ ਕੇ ਸਾਥਾ।
ਰਹਯੋ ਜੀਵਨਾ ਇਸ ਮ੍ਰਿਤੁ ਆਈ।
ਨਹਿਂ ਕੈਸੇ ਹੂੰ ਹੋਤਿ ਬਚਾਈ ॥੮੧॥
ਇਸ ਕੋ ਮਾਰਿ ਗਾਢਿ ਬਹੁ ਹੋਈ†।

†ਗੁਰੁ ਜੀ ਦੱਸਦੇ ਹਨ ਕਿ ਇਸ ਨੂੰ ਕਰੜੀ ਮਾਰ ਹੋਈ ਹੈ, ਇਹ ਨਹੀਂ ਕਹਿੰਦੇ ਕਿ ਅਸਾਂ ਸ੍ਰਾਪ ਦਿਤਾ ਹੈ; ਮਾਰ ਉਪਰੋਂ ਹੋਈ ਹੈ, ਗੁਰੂ ਜੀ ਦੀ ਬੇਅਦਬੀ ਉੱਪਰਲੀ ਸ਼ਕਤੀ ਨੇ ਨਹੀਂ ਸਹਾਰੀ, ਮਾਰ ਉਸ ਸ਼ਕਤੀ ਵੱਲੋਂ ਹੈ। ਸਤਿਗੁਰੂ ਜੀ ਤਾਂ ਪ੍ਰੇਮ ਅਵਤਾਰ ਜਗਤ ਦੇ ਸ੍ਰਾਪੇ ਤਾਰ ਰਹੇ ਹਨ, ਆਪ ਕਦ ਸ੍ਰਾਪ ਦੇਂਦੇ ਹਨ। ਧੁਰਾਂ ਦੀ ਮਾਰ ਹੋਣ ਕਰਕੇ ਕਹਿੰਦੇ ਹਨ-'ਨਹੀਂ ਉਬਾਰ ਸਕੈ ਅਬ ਕੋਈ'। ਅਪਣੇ ਮ੍ਰਿਦੁਲ ਸੁਭਾਵ ਮੂਜਬ ਤਾਂ ਫੇਰ ਵਰ ਅਗੇ ਹੀ ਦੇਂਦੇ ਹਨ ਕਿ ਦਸਮੇਂ ਜਾਮੇਂ ਪਾਰ ਉਤਾਰਾ ਹੋ ਜਾਵੇਗਾ।

ਨਹੀਂ ਉਬਾਰਿ ਸਕੈ ਅਬ ਕੋਈ।
ਅੰਤ ਸਮੈਂ ਜੋ ਦਰਸ਼ਨ ਪਾਵਾ।
ਯਾਂ ਕੋ ਫਲ ਇਸ ਹੋਇ ਸਹਾਵਾ[1] ॥੮੨॥ [1]ਸਹਾਈ।
ਦਸਵਾਂ ਜਾਮਾ ਪਹਿਰਹਿਂ ਜਬਿ ਹੀ।
ਜਨਮ ਮਰਨ ਤੇ ਗਤਿ ਦੈਂ ਤਬਿ ਹੀ।
ਤਬ ਲੌ ਜਨਮ ਧਰਹਿਗੋ ਏਹੀ।
ਸੂਕਰ ਸ਼ਸ਼ਾ ਮਿਰਗ ਕੀ ਦੇਹੀ' ॥੮੩॥
ਅਸ ਕਹਿ ਤੂਸ਼ਨਿ ਭੇ ਗੁਨਖਾਨੀ।
ਬਹੁਰ ਨ ਕੈਸੇ ਬੋਲੇ ਬਾਨੀ।
ਲੇ ਮੂਲੇ ਕੋ ਸਦਨ ਸਿਧਾਰੇ।
ਬ੍ਰਿੰਦ ਲੋਕ ਗਮਨੇ ਸੰਗਾਰੇ ॥੮੪॥
ਜਬ ਘਰ ਬਿਖੈ ਉਤਾਰਾ ਜਾਏ।
ਭਯੇ ਮ੍ਰਿੱਤੁ ਪੁਨ ਸ੍ਵਾਸ ਨ ਆਏ।
ਮਿਲਿ ਨਾਰੀ ਬਹੁ ਰੋਦਨ ਕੀਨੋ।
ਕਾਸ਼ਟ ਮੇਂ ਧਰਿ ਫੂਕ ਸੁ ਕੀਨੋ ॥੮੫॥
ਏਕ ਨਿਸਾ ਬਸਿ ਕੈ ਤਿਹ ਥਾਈਂ।
ਬਹੁਰੋ ਕੀਨੋ ਗਮਨ ਗੁਸਾਈਂ।
'ਚਲਿਗੇ' ਬਾਤ ਸੁਨੀ ਪੁਰਿ ਲੋਕਨ[1]। [1]'ਚਲੇ ਗਏ' (ਇਹ) ਬਾਤ ਸੁਣੀ ਸ਼ਹਿਰ ਦੇ ਲੋਕਾਂ ਨੇ।
ਦੌਰ ਮਿਲਤਿ ਭੇ ਸੋਚ ਬਿਮੋਚਨ[1] ॥੮੬॥ [1]ਭਾਵ ਗੁਰੂ ਜੀ ਨੂੰ।
ਚਰਨ ਕਮਲ ਗਿਰ, ਗਹਿ ਗੁਰ ਕਹੀਏ[1]। [1]ਡਿੱਗਕੇ ਤੇ ਚਰਨ ਕਮਲ ਫੜਕੇ ਗੁਰੂ ਜੀ ਨੂੰ ਕਹਿਆ।
'ਹਮਨ ਉਧਾਰਨ ਤੁਮ ਕੋ ਚਹੀਏ।'

[1] 'ਧਰਮਸਾਲ ਇਹ ਥਲ ਬਨਿਵਾਵਹੁ। — [1]ਗੁਰੂ ਜੀ ਬੋਲੇ।
ਪੰਚਾਮ੍ਰਿਤ ਕਰਿ ਨੁਤਿ, ਫਲ ਪਾਵਹੁ[1]' ॥੮੭॥ — [1]ਕੜਾਹ ਪ੍ਰਸ਼ਾਦ (ਤੇ) ਕੀਰਤਨ ਕਰੋ (ਤਾਂ) ਫਲ ਪਾਵੋ। ਸੰਸ: ਨੁਤਿ=ਸਤੁਤੀ, ਪੂਜਾ, ਭਾਵ ਕੀਰਤਨ]।
ਪਗ ਪਾਹੁਲ ਦੇ ਕਰਿ ਵਿਦ ਗਮਨੇ[1]। — [1]ਵਿਦਾ ਹੋਕੇ ਗਏ।
ਅਬ ਗੁਰਦ੍ਵਾਰ ਬਨਾ ਤਿਹ ਭਵਨੇ[1]। — [1]ਤਿਸ ਥਾਵੇਂ।
ਹੁਕਮ ਮਾਨਿ ਦਰਬਾਰ ਬਨਾਯੋ।
ਅਬ ਲਗ ਜ਼ਾਹਰ ਜਗਤ ਸੁਹਾਯੋ ॥੮੮॥
ਪੂਜਨ ਕਰਿ ਫਲ ਪਾਵਤਿ ਲੋਕੀ।
ਅਬ ਲਗ ਪ੍ਰਗਟ ਬੇਰ ਪਤਿ ਲੋਕੀ[1]†। — [1](ਤ੍ਰੈ) ਲੋਕ ਪਤੀ (ਗੁਰੂ ਜੀ ਦੀ) ਬੇਰ।

†ਸਿਆਲਕੋਟ ਸ਼ਹਿਰ ਤੋਂ ਥੋੜੀ ਹੀ ਦੂਰ ਇਹ ਬੇਰ ਸਾਹਿਬ ਤੇ ਗੁਰਦੁਆਰਾ ਮੌਜੂਦ ਹੈ, ਸਤਿਸੰਗ ਹੁੰਦਾ ਹੈ, ਹਮਜ਼ਾ ਗੌਸ ਦਾ ਗੁੰਬਦ ਬੀ ਗੁਰਦੁਆਰੇ ਤੋਂ ਦੱਖਣ ਵੱਲ ਹੈ, ਜਿਸ ਫਕੀਰ ਦੀ ਭੁੱਲ ਸਤਿਗੁਰਾਂ ਨੇ ਦੂਰ ਕੀਤੀ ਸੀ।

ਸੁਨਿ ਕੈ ਸ਼੍ਰੋਤਨ ਪ੍ਰਸ਼ਨ ਸੁ ਕੀਨਾ।
'ਮੂਲਾ ਕਿਸ ਬਿਧਿ ਬੰਧਨ ਹੀਨਾ[1] ॥੮੯॥ — [1]ਮੁਕਤ ਹੋਇਆ ਸੀ।
ਜਿਸ ਪ੍ਰਕਾਰ ਪਾਈ ਗਤਿ ਤਾਂਹੀ।
ਸਭਿ ਪਰਸੰਗ ਕਹਉ ਹਮ ਪਾਹੀ।'
ਕਵਿ ਭਾਖਤੇ, ਸੁਨੀਐ ਮਤਿਵੰਤੇ!
ਮੂਲੇ ਕੋ ਆਗਲ ਬਿਰਤੰਤੇ ॥੯੦॥

ਦੋਹਰਾ:

ਪਾਤਿਸ਼ਾਹਿ ਦਸਵੇਂ ਗੁਰੂ
ਸਿੱਖਨ ਕੋ ਸੁਖਦਾਇ।

{ਮੂਲੇ ਦੇ ਉਧਾਰ ਦਾ ਪ੍ਰਸੰਗ}

ਦੇਗ਼ ਤੇਗ਼ ਕੇ ਬਡ ਧਨੀ
ਮਹਿਮਾ ਕਹੀ ਨ ਜਾਇ ॥੯੧॥

ਚੌਪਈ:

ਸ਼੍ਰੀ ਗੋਬਿੰਦ ਸਿੰਘ ਰੁਚਿਰ ਬਿਸ਼ਾਲਾ।
ਜਬ ਹੀ ਬੈਠੇ ਤਖ਼ਤ ਕ੍ਰਿਪਾਲਾ।
ਸੰਗਤਿ ਕੋ ਉਧਾਰ ਬਹੁ ਕਰਿਹੀਂ।
ਪ੍ਰਬਲ ਤੇਜ ਦੁਸ਼ਟਨ ਕੋ ਹਰਿਹੀਂ ॥੯੨॥
ਏਕ ਬੈਸ਼ਨੋ ਸੁਨੀ ਪ੍ਰਸ਼ੰਸਾ[1]। — [1]ਉਸਤਤੀ।
'ਗੁਰੂ ਬਡੋ ਸੋਢਿਨ[1] ਅਵਤੰਸ਼ਾ[2]। — [1]ਸੋਢੀਆਂ (ਦੀ ਕੁਲ) ਦੇ। [2]ਭੂਸ਼ਣ।

ਸ੍ਰੀ ਨਾਨਕ ਸਥਾਨ ਸੋ ਬੈਸਾ।
ਕਰਤਿ ਉਧਾਰ ਦੇਤਿ ਉਪਦੇਸ਼ਾ ॥੯੩॥
ਬਹੁ ਬਿਬੇਕ ਨਿਧਿ ਸੰਤ ਸਰੂਪਾ।'
ਅਸ ਜਬ ਮਹਿਮਾ ਸੁਨੀ ਅਨੂਪਾ।
ਦਰਸ ਹੇਤ ਚਲਿ ਕਰਿ ਸੋ ਆਵਾ।
ਅਵਲੋਕਨ ਅਚਾਰ[1] ਲਲਚਾਵਾ ॥੯੪॥ — [1]ਕਰਤੱਵਜ।
ਗਏ ਅਖੇਰ[1] ਗੁਰੂ ਤਿਹ ਕਾਲਾ। — [1]ਸ਼ਿਕਾਰ।
ਸ਼ਸਤ੍ਰ ਸਜਾਇ ਸੁ ਬਾਹੁ ਬਿਸਾਲਾ।
ਬੂਝੈ ਮਨੁਜ[1] ਬੈਸ਼ਨੋ ਜਾਈ। — [1]ਮਨੁੱਖਾਂ ਨੂੰ।
'ਸ੍ਰੀ ਬਿਬੇਕਨਿਧਿ ਹੈਂ ਕਿਹ ਥਾਈਂ? ॥੯੫॥
ਦਰਸ਼ਨ ਕਰਨ ਮੋਰਿ ਅਭਿਲਾਖਾ।'
ਸੁਨਿ ਕੈ ਇਕ ਸਿਖ ਤਿਹ ਸੋਂ ਭਾਖਾ।
'ਸ੍ਰੀ ਗੁਰ ਅਬ ਹੀ ਤੋਹਿ ਅਗਾਰੀ।
ਗਏ ਸ਼ਿਕਾਰ ਉਜਾਰ ਮਝਾਰੀ' ॥੯੬॥
ਇਉਂ ਸੁਨਿ ਤਰਕਤਿ ਭਾ ਮਨ ਮਾਂਹੀ।
-ਕਰਨ ਉਧਾਰ ਉਚਿਤ ਇਹ ਨਾਂਹੀ[1]। — [1]ਮੁਕਤੀ ਦੇਣ ਦੀ ਸਮਰੱਥਾ ਵਾਲੇ ਇਹ ਨਹੀਂ ਹੋ ਸਕਦੇ।
ਦਯਾ ਹੀਨ ਜੋ ਜੀਵਨ[1] ਮਾਰੈ। — [1]ਜੀਵਾਂ ਨੂੰ।
ਸੋ ਕੈਸੇ ਕੈ ਜਗਤ ਉਧਾਰੈ? ॥੯੭॥
ਤੱਦਜਪਿ ਮੈਂ ਆਯੋ ਅਬ ਚਲਿ ਕੈ।
ਜਾਉਂ ਸਦਨ ਇਕ ਵਾਰੀ ਮਿਲਿ ਕੈ-।
ਅਸ ਵਿਚਾਰ ਕਰਿ ਵਹਿਰ ਪਧਾਰਾ।
ਜਿਹ ਮਗ ਗਮਨੇ ਮੋਖ ਉਦਾਰਾ ॥੯੮॥
ਕਰਤਿ ਅਖੇਰ ਬ੍ਰਿੱਤਿ ਤਿਹ ਕਾਲਾ।
ਜਾਇ ਬਿਲੋਕੇ ਦੀਨ ਦਿਆਲਾ।
ਨਿਕਸਿ ਸਸਾ[1] ਇਕ ਚਲਯੋ ਅਗਾਰੀ। — [1]ਸਹਿਆ।
ਛੋਡਯੋ ਤਾਂ ਕੇ ਬਾਜ ਪਿਛਾਰੀ ॥੯੯॥
ਚੁੰਚ ਚਪੇਟ[1] ਸਾਥ ਤਿਹ ਗੇਰਾ। — [1]ਚੁੰਝ ਦੀ ਮਾਰ।
ਬਿਗਸੇ ਪ੍ਰਭੁ ਤਮਾਸ਼ੋ ਹੇਰਾ।
ਦੇਖਿ ਬੈਸ਼ਨੋ ਬਹੁ ਪਛੁਤਾਵਾ।
-ਮੈਂ ਕਾਹੇ ਇਨ ਢਿਗ ਚਲਿ ਆਵਾ

॥੧੦੦॥

ਤਰਫਤਿ[1†] ਜੀਵ ਕੁ ਹੇਰਿ ਬਿਕਾਸ਼ੇ[2]।
ਕਹਾਂ ਮੁਕਤਿ ਹੋਵੈ ਇਨ ਪਾਸੇ।
ਤਿਹ ਮਨ ਕੀ ਲਖਿ ਕੈ ਜਗਨਾਥਾ।
ਸਸੇ ਸੰਗਿ ਛ੍ਵਾਯੋ ਨਿਜ ਹਾਥਾ ॥੧੦੧॥
ਤਤਛਿਨ ਭਯੋ ਸੁ ਦੇਵ ਸਰੂਪਾ।
ਭੂਖਨ ਅੰਗਨ ਬੀਚ ਅਨੂਪਾ।
ਬਨੀ ਰੁਚਿਰਤਾ ਕਾਮ ਲਜਾਵਾ।
ਉਸਤਤਿ ਕਰਿਕੈ ਉਰਧ[1] ਸਿਧਾਵਾ ॥੧੦੨॥

[1]ਤੜਫਦੇ। [2]ਪ੍ਰਸੰਨ ਹੋ ਰਹੇ ਹਨ। [†]ਪਾ:- ਤਰਸਤ=ਤ੍ਰਸਦੇ, ਦੁਖੀ ਹੁੰਦੇ।

[1]ਉੱਪਰ ਨੂੰ।

ਜਬ ਇਹ ਚਰਿਤ ਬੈਸ਼ਨਵ ਦੇਖਾ।
ਉਰ ਮਹਿਂ ਸ਼ਰਧਾ ਬਧੀ ਵਿਸ਼ੇਸ਼ਾ।
ਪਦ ਅਰਬਿੰਦ ਦੌਰਿ ਲਪਟਾਵਾ।
ਅਧਿਕ ਪ੍ਰੇਮ ਸੋਂ ਹਿਰਦਾ ਛਾਵਾ ॥੧੦੩॥
ਡੇਰੇ ਜਾਇ ਬੂਝਨੋ ਕੀਨਾ।
'ਕੌਨ ਹੁਤੋ ਜੁ ਕਿਯੋ ਬੰਧ ਹੀਨਾ?'
ਤਿਹ ਛਿਨ ਮੂਲੇ ਕੌ ਜੁ ਪ੍ਰਸੰਗਾ।
ਗੁਰੂ ਸੁਨਾਇ ਦੀਨ ਤਿਹ ਸੰਗਾ ॥੧੦੪॥
ਇਸ ਪ੍ਰਕਾਰ ਸੁਨਿ ਪਿਖਿ ਸ਼ੁਭ ਰੀਤੀ।
ਭਯੋ ਸਿੱਖ ਗੁਰ ਕੋ ਯੁਤ ਪ੍ਰੀਤੀ।
ਇਉਂ ਮੂਲੇ ਨੇ ਸ਼ੁਭ ਗਤਿ ਪਾਈ।
ਕਵਿ ਬਰਨਨਿ ਕਰਿ ਸਰਬ ਸੁਨਾਈ ॥੧੦੫॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਲਗੁੰਦਾਈ, ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਅਠੱਤੀਸਮੋਂ ਅਧ੍ਯਾਯ ॥੩੮॥

## ੩੯. [ਪੜ੍ਹਨ, ਸੁਣਨ, ਪ੍ਰੇਮ ਮਹਿਮਾ। ਕਰਤਾਰ ਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਪਰ ਸਿੱਧਾਂ ਨਾਲ ਗੋਸ਼ਟ ਆਦਿ।]

੩੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੦

{ਕਰਤਾਰਪੁਰ ਨਿਵਾਸ} ॥੨॥
{ਅਚਲ ਵਟਾਲੇ ਸ਼ਿਵਰਾਤ੍ਰੀ ਦਾ ਮੇਲਾ} ॥੧੬..॥
{ਸਿੱਧਾਂ ਨੇ ਲੋਟਾ ਛਿਪਾਉਣਾ} ॥੪੦॥
{ਦੁੱਧ ਵਿੱਚ ਕਾਂਜੀ} ॥੪੪..॥
{ਦਸ ਦਿਸ਼ਾ} ॥੫੪..॥
{ਸਿੱਧਾਂ ਨੇ ਛੁਪਣਾ} ॥੫੪..॥
{ਗੁਰੂ ਜੀ ਨੇ ਮੁੱਛਾਂ ਤੋਂ ਪਕੜਕੇ ਸਿੱਧ ਢੂੰਢਣੇ} ॥੬੧॥
{ਗੁਰੂ ਜੀ ਨੇ ਛਿਪਣਾ} ॥੬੧..॥
{ਸਿੱਧਾਂ ਦੇ ਚੇਟਕ} ॥੭੦..॥
{ਅਜਿੱਤੇ ਨੇ ਵੀ ਕੌਤਕ ਦਿਖਾਉਣੇ} ॥੭੬..॥
{ਗੁਰੂ ਜੀ ਨੇ ਸਿੱਧਾਂ ਦੀ ਸ਼ਕਤੀ ਖਿੱਚਣੀ} ॥੭੯..॥

ਦੋਹਰਾ:

ਪੜਨ ਸੁਨਨਿ ਕਰਿ ਛੀਰ ਸਮ, ਪ੍ਰੇਮ ਸਮਾਇਨ ਪਾਇ।
ਲਖਨੋ ਸਹਿਜ ਸਰੂਪ ਕੋ, ਚਖ ਮਾਖਨ ਸੁਖਦਾਇ ॥੧॥

ਛਰਿ=ਦੁੱਧ। ਸੰਸ: ਕਸ਼ੀਰ] ਸਮਾਇਨ=ਜਾਗ।
ਲਖਨੋ=ਲਖ ਲੈਣਾ, ਲਖਤਾ, ਪਹਿਚਾਣ, ਸਿਆਣ। [ਸੰਸ: ਲਕਸ਼੍]

ਅਰਥ:

ਪੜ੍ਹਨ (ਤੇ) ਸੁਣਨ ਨੂੰ ਦੁੱਧ ਦੇ ਬਰਾਬਰ (ਸਮਝ) ਲੈ (ਉਸ ਵਿਚ) ਪ੍ਰੇਮ ਰੂਪੀ ਜਾਗ ਲਗਾ ਦੇ, (ਨਾਮ ਦਾ ਰਿੜਕਨਾ ਕਰਕੇ) ਸਹਿਜ ਸਰੂਪ ਦੀ ਲੱਖਤਾ (ਰੂਪੀ) ਸੁਖਦਾਈ ਮੱਖਣ ਨੂੰ (ਫੇਰ) ਚੱਖ।

ਸ਼੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਸ਼੍ਰੀ ਅੰਗਦ ਸੁਨਿ ਕਥਾ ਮਹਾਨੀ।
ਕੀਨ ਪਯਾਨੋ ਪੁਨ ਗੁਨਖਾਨੀ।
ਸ਼੍ਰੀ ਕਰਤਾਰਪੁਰੇ ਚਲਿ ਆਏ।
{ਕਰਤਾਰਪੁਰ ਨਿਵਾਸ}
ਬੰਦਨ ਕਰਹਿਂ ਸਿੱਖ ਹਰਖਾਏ ॥੨॥
ਦੋਨੋ ਸੁਤ ਪਾਇਨ ਪਰ ਪਰੇ।
ਦੇਖਿ ਪਿਤਾ ਸੋ ਆਨੰਦ ਭਰੇ।
ਸਭਿਨਿ ਕੀਨਿ ਉਤਸਾਹੁ ਬਿਸ਼ਾਲਾ।
ਪੰਚਾਮ੍ਰਿਤ ਬਹੁ ਕਿਯ ਤਤਕਾਲਾ ॥੩॥
ਕਰਿ ਅਰਦਾਸ ਬਾਂਟਿ ਸਭਿ ਤਾਈ।
ਕਿਰਤਨ ਕੀ ਘਨਘੋਰ[1] ਲਗਾਈ।

[1]ਉੱਚੀ ਤੇ ਮਸਤ ਅਵਾਜ਼ ਬਦਲਾਂ ਦੀ ਅਵਾਜ਼ ਵਰਗੀ।

ਜਹਿਂ ਜਹਿਂ ਸਿੱਖ ਹੁਤੇ ਸੁਨਿ ਆਏ।
ਦਰਸ਼ਨ ਕਰਿ ਬਾਂਛਤਿ ਫਲ ਪਾਏ ॥੪॥
ਰਹਿਨ ਲਗੇ ਪੁਨਿ ਪੁਰਿ ਕਰਤਾਰਾ।
ਸਿਮਰਨ ਨਾਮ ਜਗਤ ਬਿਸਤਾਰਾ।
ਦਿਨ ਪ੍ਰਤਿ ਦੂਨ ਚਊਨ[†] ਬਿਸ਼ਾਲਾ।   [†]ਪਾ:-ਦੂਨੋ ਚਉਨ।
ਪਸਰੀ ਕੀਰਤਿ ਕਰਤਿ ਉਜਾਲਾ ॥੫॥
ਦਸ ਦਿਸ਼ ਜੀਤੀ, ਤੇਜ ਸਵਾਇਆ।
ਸੱਤਿਨਾਮ ਕਾ ਚੱਕ੍ਰ ਫਿਰਾਇਆ।
ਪੀਰ ਅਮੀਰ ਜਗਤ ਮਹਿਂ ਜੇਈ।
ਪਦ ਅਰਬਿੰਦ ਨਿਵਾਏ ਤੇਈ ॥੬॥
ਪੰਡਿਤ ਔਰ ਪਖੰਡੀ ਗਜਾਨੀ।
ਬਿੱਦਜਾ ਬੇਤੇ[1] ਜੇ ਅਭਿਮਾਨੀ।   [1]ਪੜ੍ਹੇ ਹੋਏ।
ਕਰਾਮਾਤ ਯੁਤ ਆਪ ਜਣਾਇਆ[1]।   [1]ਜਿਨ੍ਹਾਂ ਨੇ ਕਰਾਮਾਤ ਨਾਲ ਆਪਾ ਜਣਾ ਲਿਆ ਸੀ।
ਤਿਨ ਸਭਿ ਊਪਰ ਪ੍ਰਭੁ ਜਸੁ ਛਾਇਆ ॥੭॥
ਜੇਊ ਸਿੱਧ ਗੋਰਖ ਸੰਗਾਰੇ[1]।   [1]ਸਣੇ।
ਚਰਚਾ ਕਰਤਿ ਸਰਬ ਤੇ[1] ਹਾਰੇ।   [1]ਉਹ ਸਾਰੇ।
ਕਲਾ ਦਿਖਾਇ ਰਹੇ ਪਚਿਹਾਰੀ[1]।   [1]ਥੱਕ ਰਹੇ।
ਚਲੀ ਨ ਕੁਛ ਭੇ ਲੱਜਿਤਿ ਭਾਰੀ ॥੮॥
ਤਦਪਿ ਹੰਕਾਰ ਨ ਛੋਡਜੋ ਮਨ ਕੋ।
ਜਗ ਮਨਤਾ ਬਡ ਗਰਬ ਸੁਂ ਜਿਨ ਕੋ।
ਤਿਨ ਪੁਨ ਮਾਨ ਭੰਜਨੇ ਹੇਤਾ[1]।   [1]ਤੋੜਨ ਵਾਸਤੇ।
ਚਹਤਿ ਰਹਤਿ ਬੇਦੀ ਕੁਲਕੇਤਾ ॥੯॥
ਬੇਖ ਫਕੀਰੀ ਤਜਜੋ ਸਰੀਰਾ।
ਸੰਸਾਰੀ ਪਹਿਰੇ ਪੁਨਿ ਚੀਰਾ[†]।

[†]ਇਹ ਗੁਰੂ ਜੀ ਦੇ ਜੀਵਨ ਦਾ ਜੋ ਸਚ ਨਾਲ ਪਿਆਰ ਸੀ ਅਰ ਕਿਸੇ ਹੀ ਬਨਾਵਟ ਨਾਲ ਨਹੀਂ ਬੱਝਦੇ ਸਨ ਉਸ ਦੀ ਮਹਾਨ ਸ਼ਾਨਦਾਰ ਮਿਸਾਲ ਹੈ, ਇੰਨਾਂ ਚਿਰ ਫਕੀਰੀ ਲਿਬਾਸ ਨਾਨਾ ਤਰ੍ਹਾਂ ਦੇ ਪਹਿਨਕੇ ਦਿਲੀ ਸ਼ਰਮ ਹੀ ਆਦਮੀ ਨੂੰ ਖਾ ਜਾਂਦੀ ਹੈ ਕਿ ਮੁੜ ਕਿਵੇਂ ਸੰਸਾਰੀ ਕਪੜੇ ਪਹਿਨੇ, ਪਰ ਸੱਚ ਦਾ ਅਵਤਾਰ ਸੂਰਜ ਹੈ ਸੋ ਨਿੱਤ ਹੀ ਪ੍ਰਕਾਸ਼ਮਾਨ ਹੈ। ਜਿਵੇਂ ਨਾਨਾ ਤਰ੍ਹਾਂ ਦੇ ਭੇਖ ਬਦਲਦੇ ਦੇਰ ਨਹੀਂ ਸੀ ਲਗਦੀ ਤਿਵੇਂ ਮੁੜ ਸੰਸਾਰੀ ਬਾਣਾ ਕਰਦੇ ਕੋਈ ਸੰਕੋਚ, ਲੋਕ ਲਾਜ ਨਹੀਂ ਪਈ। ਜਗਤ ਨੂੰ ਗ੍ਰਿਹਿਸਤ ਵਿਚ ਉਦਾਸ ਦਾ ਸਬਕ ਦੇਣਾ ਹੈ ਇਸ ਵਾਸਤੇ ਪਹਿਲੇ ਆਪ 'ਗ੍ਰਿਹਸਤ ਉਦਾਸ' ਰੂਪ ਲੀਤਾ ਹੈ। ਫਿਰ ਕਿਰਤ ਕਰਕੇ ਖਾਣਾ ਸਿਖਾ ਲਿਆ ਹੈ, ਸੋ ਖੇਤੀ ਆਪ ਸ਼ੁਰੂ ਕਰਾ ਦਿੱਤੀ, ਫਿਰ ਨਾਮ ਤੇ ਕੀਰਤਨ ਦੀ ਜਾਚ ਸਿਖਾਈ।

ਕ੍ਰਿਖੀ[1] ਕਰਾਵਨ ਲਗੇ ਬਿਸ਼ਾਲਾ।   [1]ਖੇਤੀ।

ਦੇਗ[1] ਚਲਾਵਹਿਂ ਪਰਮ ਕ੍ਰਿਪਾਲਾ ॥੧੦॥
[1]ਲੰਗਰ।

ਦਰਸ਼ਨ ਕਰਨ ਹੇਤ ਸਿਖ ਆਵਹਿਂ।
ਕਿਤਿਕ ਰਹਹਿਂ, ਘਰਿ ਕਿਤਿਕ ਸਿਧਾਵਹਿਂ।
ਸਵਾ ਜਾਮ[1] ਨਿਸ ਰਹੇ ਸਦਾਈ।
[1]ਸਵਾ ਪਹਿਰ।

ਹੋਤਿ ਕੀਰਤਨ ਸਭਿ ਸੁਖਦਾਈ ॥੧੧॥
'ਸੱਤਿਨਾਮ ਕੋ ਸਿਮਰਨ ਕਰਨਾ।'
ਇਹ ਉਪਦੇਸ਼ ਸਰਬ ਪ੍ਰਤਿ ਬਰਨਾ[1]।
[1]ਕਹਿਆ।

'ਨੀਚ ਕਿ ਊਚ ਰਾਇ ਕੈ ਰੰਕਾ[1]।
[1]ਰਾਜਾ ਭਾਵੇਂ ਕੰਗਾਲ।

ਸਿਮਰੇ ਤੇ ਜਮ ਜਾਇ ਅਤੰਕਾ[1]' ॥੧੨॥
[1]ਜਮ ਦਾ ਡਰ ਜਾਂਦਾ ਰਹਿੰਦਾ ਹੈ।

ਸ਼ੁੱਧ ਅਸ਼ੁੱਧ[1] ਜਪੈ ਜੇ ਕੋਈ।
[1]ਸ਼ੁੱਧ (ਸਰੀਰ ਅਥਵਾ ਮਨ ਨਾਲ, ਚਾਹੇ) ਅਸ਼ੁਧ ਨਾਲ।

ਮਨ ਬਿਕਾਰ ਤੇ ਨਿਰਮਲ ਹੋਈ।
ਪ੍ਰਾਪਤਿ ਗ੍ਯਾਨ ਬੰਧ ਸਭਿ ਖੋਇ।
ਇਹ ਸਮ ਨਹਿਂ ਸੁਖੈਨ ਕਲਿ[1] ਕੋਇ' ॥੧੩॥
[1]ਕਲਜੁਗ ਵਿਚ।

ਸੁਨਿ ਉਪਦੇਸ਼ ਸਿੱਖ ਵਡਭਾਗੀ।
ਭਗਤਿ ਪ੍ਰੇਮ ਰੰਗੇ ਲਿਵ ਲਾਗੀ।
ਮੁਕਤਿ ਉਚਿਤ ਭੇ ਮਨੁਜ ਅਨੇਕਾ।
ਰਹੇ ਅਲੇਪ ਸੁ ਪਾਇ ਬਿਬੇਕਾ[1] ॥੧੪॥
[1]ਗ੍ਯਾਨ।

ਦੋਹਰਾ:

ਨਿਜ ਪੁਰਿ ਸੁਨਿ[1] ਝਟ ਆਤਿ ਭਾ[2], ਨਾਮ ਅਜਿੱਤਾ ਜਾਸ।
[1]ਆਪਣੇ ਪਿੰਡ (ਵਿਚ ਆਏ) ਸੁਣਕੇ। [2]ਆਇਆ।

ਜਗਤੇਸ਼੍ਵਰ ਪਦ ਕਮਲ ਕੋ, ਭ੍ਰਮਰ[1] ਕੀਨ ਮਨ ਜਾਸ ॥੧੫॥
[1]ਭੌਰਾ।

ਚੌਪਈ:

ਕਿਤਿਕ ਦਿਵਸ ਤਹਿਂ ਰਹਤਿ ਗੁਜ਼ਾਰੇ।
ਬੰਧ ਅਨੇਕਨ ਕੇ ਨਿਰਵਾਰੇ।
ਬਹੁਰ ਸਮਾਂ ਆਯੋ ਸ਼ਿਵਰਾਤੀ।
{ਅਚਲ ਵਟਾਲੇ ਸ਼ਿਵਰਾਤ੍ਰੀ ਦਾ ਮੇਲਾ}
ਮੇਲਾ ਅਚਲ ਹੋਤਿ ਭਲਿ ਭਾਂਤੀ ॥੧੬॥
ਸਰਬ ਸਿੱਧ ਤਹਿਂ ਆਸਨ ਲਾਏ।

ਬੈਠਹਿਂ ਜਬ, ਪੂਜਹਿਂ ਨਰ ਆਏ।
ਤਿਹ ਦਿਨ ਮਨਤਾ[1] ਹੋਤਿ ਬਧੇਰੀ। [1]ਪੂਜਾ।
ਭੇਟ ਚਢਾਵਹਿਂ ਆਨਿ ਘਨੇਰੀ ॥੧੭॥
ਸਿੱਧਨ ਮੇਲਾ ਲਖਿ ਜਗਨਾਥਾ।
ਗਮਨ ਕੀਨ ਕਛੁ ਸਿਖ ਲੇ ਸਾਥਾ।
ਤਿਹ ਛਿਨ ਹੋਤਿ ਅਜਿੱਤਾ ਪਾਸੂ।
ਸੋ ਭੀ ਗਯੋ ਸੰਗ ਸੁਖਰਾਸੂ ॥੧੮॥
ਪਹੁੰਚੇ ਤਹਾਂ ਜਾਇ ਕਿਯ ਡੇਰਾ।
ਭੀ ਰਜਨੀ ਅਤਿ ਅਧਿਕ ਅੰਧੇਰਾ।
ਤਿਹ ਛਿਨਿ ਬਡੀ ਅੰਧੇਰੀ ਆਈ।
ਜਿਹ ਬਹੁ ਕੰਕਰ ਧੂੜ ਉਡਾਈ ॥੧੯॥
ਕਰਕਾ[1] ਕੀ ਬਹੁ ਬਰਖਾ ਬਰਖੀ। [1]ਗੜਿਆਂ।
ਕਰਕੀ ਤੜਿਤ[1] ਨਰਨ ਧ੍ਰਿਤ ਧਰਖੀ[2]। [1]ਕੜਕੀ ਬਿਜਲੀ। [2]ਧੀਰਜ ਡੋਲਿਆ।
ਪੱਤ੍ਰੀ ਪਰ ਪੱਤ੍ਰੀ ਜੇ ਵਾਸਾ[1]। [1]ਬ੍ਰਿੱਛਾਂ ਉੱਪਰ ਪੰਛੀ ਜੋ ਵਸਦੇ ਸਨ। [ਸੰਸ: ਪਤ੍ਰੀ=ਪੰਛੀ, ਬ੍ਰਿਛ]
ਭਯੋ ਸਮੈਂ ਤਿਹ ਸਭਿ ਕੋ ਨਾਸ਼ਾ ॥੨੦॥
ਬਹੁਰੋ ਭੋਰ ਜਬੈ ਹੁਇ ਆਈ।
ਮੇਲਾ ਬਹੁਤ ਭਯੋ ਇਕਠਾਈ।
ਉਚੇ ਇਕ ਬਿਲੋਕਿ ਸ਼ੁਭਥਾਨਾ।
ਤਹਾਂ ਬੈਠਿਗੇ ਕ੍ਰਿਪਾ ਨਿਧਾਨਾ ॥੨੧॥
ਗੁਰ ਆਗਮਨ ਸੁਨਹਿ ਨਰ ਜੋਈ।
ਦੌਰਿ ਦੌਰਿ ਦਰਸਹਿ ਸਭਿ ਕੋਈ।
ਜਿਤੀ ਭੇਟ ਸਿੱਧਨ ਕੀ ਆਨੀ[1]। [1]ਜਿੰਨੀ ਭੇਟਾ ਸਿੱਧਾਂ ਵਾਸਤੇ ਲਿਆਂਦੀ ਸਾਨੇ।
ਸਰਬ ਸਮਰਪਹਿਂ ਸ਼੍ਰੀ ਗੁਨਖਾਨੀ ॥੨੨॥
ਅਤਿਸ਼ੈ ਭੀਰ ਭਈ ਪ੍ਰਭੁ ਪਾਸੂ।
ਫਲ ਕੋ ਬੰਛਿ[1] ਕਰਹਿਂ ਅਰਦਾਸੂ। [1]ਮਨ ਦੀ ਮੁਰਾਦ ਸਿਰੇ ਚੜ੍ਹਨ ਰੂਪੀ) ਫਲ ਦੀ ਚਾਹਨਾ ਕਰਕੇ।
ਖਰੋ ਹੋਨਿ ਕੋ ਥਾਇਂ ਨ ਪਾਵਹਿਂ।
ਬਦਨ ਬਿਲੋਕਹਿਂ ਉਰ ਹਰਖਾਵਹਿਂ ॥੨੩॥
ਨਰ ਨਾਰੀ ਬਹੁ ਭੇਟ ਚੜ੍ਹਾਇਂ।
ਬੰਦਹਿਂ ਦੂਰਹਿ ਤੇ ਸਿਰ ਨਜਾਇ।
ਦਰਸ਼ਨ ਕਰਤਿ ਨ ਤ੍ਰਿਪਤਹਿਂ ਕੈਸੇ।

ਬ੍ਰਿੰਦ ਚਕੋਰ ਚੰਦ੍ਰਮਾ ਜੈਸੇ ॥੨੪॥
ਪਾਇਨ ਪਾਸ[1] ਉਪਾਇਨ ਭੂਰੀ। [1]ਗੁਰੂ ਜੀ ਦੇ ਚਰਨਾਂ ਕੋਲ।
ਭਈ ਅਨੇਕ ਬਿਧਿਨਿ ਕੀ ਰੂਰੀ।
ਕੋਇ ਨ ਗਮਨਜੋ ਸਿੱਧਨ ਪਾਸੂ।
ਬੈਠੇ ਦੇਖਤਿ ਮਿਟਜੋ ਹੁਲਾਸੂ ॥੨੫॥
ਮਨਤਾ ਤੇ ਨਿਰਾਸ ਮਨ ਮਾਂਹੀ।
ਏਕ ਉਪਾਇਨ ਪਹੁੰਚੀ ਨਾਂਹੀ।
ਮਨ ਖੁਨਸਾਇ ਸੋਗ ਬਹੁ ਧਾਰਾ।
ਹੋਇ ਏਕ ਠਾਂ ਮਤੋ[1] ਬਿਚਾਰਾ ॥੨੬॥ [1]ਸਲਾਹ।
'ਅਬ ਤੋ ਪੂਜਾ ਹਟੀ ਹਮਾਰੀ।
ਜੇ ਨ ਕਰਹੁ ਇਸ ਕੋ ਉਪਚਾਰੀ[1]। [1]ਯਤਨ।
ਲੋਕ ਨ ਮਾਨਹਿੰਗੇ ਕਿਸ ਤੌਰਾ।
ਜੇ ਨ ਕਰਹਿੰ ਮਿਲਿ ਕੈ ਇਸ ਹੌਰਾ ॥੨੭॥
ਅਬ ਮੇਲਾ ਹੈ ਪੂਰਨ ਭਾਰੀ।
ਇਸ ਲਜਾਵਹੁ[1] ਕਿਸੂ ਪ੍ਰਕਾਰੀ। [1]ਸ਼ਰਮਿੰਦਾ ਕਰੋ।
ਸ਼ਕਤਿ ਦਿਖਾਵਹੁ ਚਰਚਾ ਕਰੀਏ।
ਨਰਨ ਹਜ਼ੂਰ ਗਰਬ ਪਰਹਰੀਏ ॥੨੮॥
ਇਸ ਪ੍ਰਕਾਰ ਜਬਿ ਹੀ ਤੁਮ ਕਰਿਹੋ।
ਤੌ ਮਨਤਾ ਇੱਛਾ[1] ਉਰ ਧਰਿ ਹੋ। [1]ਪੂਜਾ ਦੀ ਇੱਛਾ।
ਨਤੁਰ[1] ਨਿਰਾਸ ਹੋਇ ਅਬ ਜਾਵਹੁ। [1]ਨਹੀ ਤਾਂ।
ਆਇ ਨ ਬਹੁਰੋ ਆਸਨ ਲਾਵਹੁ[1]' ॥੨੯॥ [1]ਫੇਰ ਆਕੇ ਆਸਨ ਨਾ ਲਾਓ।
ਮਤੋ ਸੁਨਤਿ ਅਸ ਮੰਗਲਨਾਥਾ।
ਸੀਖ ਦੇਨਿ ਬੋਲਜੋ ਸਭਿ ਸਾਥਾ।
'ਪੂਰਬ ਤੁਮ ਚਰਚਾ ਕਰਿ ਹਾਰੇ।
ਅਨਿਕ ਭਾਂਤਿ ਕੀ ਸ਼ਕਤਿ ਦਿਖਾਰੇ ॥੩੦॥
ਜਿਸੁ ਜਿਸੁ ਬਿਖੇ ਹੁਤੋ ਬਲ ਜੇਤਾ।
ਨਿਜ ਨਿਜ ਸਭਿਨਿ ਲਗਾਯੋ ਤੇਤਾ।
ਹਾਰ ਪਰੇ ਮੁਖ ਬੋਲੇ ਨਾਂਹੀ।
ਅਬ ਤੁਮ ਗਰਬਤਿ ਹੋ ਮਨ ਮਾਂਹੀ

॥ ੩੧ ॥
ਹਠ ਕੋ ਕਰਹੁ ਲਾਜ ਕੋ ਖੋਈ।
ਤੁਮ ਤੇ ਹੌਰਾ[1] ਹੋਇ ਨ ਸੋਈ। [1]ਹਲਕਾ, ਲੱਜਿਤ।
ਸੋ ਲੱਜਿਤਿ ਹੋਵਹਿ ਨਹਿਂ ਕੈਸੇ।
ਤੁਮ ਕੋ ਜੀਤਹਿਗੋ ਬਿਧਿ ਤੈਸੇ ॥ ੩੨ ॥
ਤੁਮ ਨਿਜ ਮਨਤਾ ਚਹਉ ਜਿ ਪਾਈ।
ਸਰਬ ਗਰਬ ਨਿਜ ਦੇਹੁ ਨਸਾਈ।
ਹ੍ਵੈ ਅਨੁਸਾਰਿ ਮਿਲਹੁ ਅਬ ਤਾਂਹੀ।
ਪਾਵਉ ਜੇ ਕਿਛੁ ਚਹੁ ਮਨ ਮਾਂਹੀ ॥ ੩੩ ॥
ਸੁਨਿ ਕੈ ਭੰਗਰਨਾਥ ਖਿਝਾਵਾ।
ਛੂਛੇ ਘਟ[1] ਜਿਉਂ ਬਚਨ ਅਲਾਵਾ। [1]ਖਾਲੀ ਘੜੇ।
'ਪੂਰਬ ਹੀ ਪੱਖੀ ਤਿਸ ਕੇਰਾ।
ਕਰਤੋ ਰਹਯੋ ਵਿਪਰਜੈ[1] ਝੇਰਾ ॥ ੩੪ ॥ [1]ਉਲਟਾ।
ਅਪਨੋ ਪੰਥ ਛੋਡਿ ਤੈਂ ਦੀਨਾ।
ਤਿਹ ਕੋ ਮਤੋ ਗ੍ਰਹਨ ਕਰਿ ਲੀਨਾ।
ਕਿਸ ਬਿਧਿ ਤੇਰੋ ਕਹਯੋ ਨ ਮਾਨੈਂ।
ਹਮ ਚਰਚਾ ਤਿਹ ਸੰਗ ਬਖਾਨੈਂ ॥ ੩੫ ॥
ਤੁਝ ਦੇਖਤਿ ਹਮ ਲੇਵਹਿਂ ਜੀਤੀ।
ਤੌ ਨਿਸ਼ਚੈ ਉਰ ਆਇ ਪ੍ਰਤੀਤੀ।'
ਅਸ ਕਹਿ ਕਰਿ ਗਮਨੇ ਦਿਸ਼ਿ ਤਾਂਹੀ[1]। [1]ਓਸ ਦਿਸ਼ਾ ਵਲ।
ਪ੍ਰਭੁ ਢਿਗ ਭੀਰ ਹੁਤੀ ਬਹੁ ਜਾਂਹੀ ॥ ੩੬ ॥
ਕਰਤਿ ਭਗਤੀਏ[1] ਭਗਤ[2] ਪ੍ਰਕਾਰਾ। [1]ਰਾਸ ਧਾਰੀਏ। [2]ਰਾਸ।
ਰਾਧਾ ਕਿਸ਼ਨ ਬੇਖ ਤਨ ਧਾਰਾ।
ਕੌਤਕ ਹੋਵਤਿ ਗੁਰੂ ਅਗਾਰੀ।⚐

⚐ਇਹ ਰਾਸਧਾਰੀਆਂ ਦੇ ਮੇਲਿਆਂ ਤੇ ਜਾ ਕੇ ਰਾਸ ਪਾਉਣਾ ਇਕ ਸੁਭਾਵਕ ਬਾਤ ਹੈਸੀ, ਜੋ ਸੁਤੰਤਰ ਅਪਨੀ ਮੌਜ ਨਾਲ ਪਾਉਂਦੇ ਸੇ, ਸਤਿਗੁਰੂ ਜੀ ਰਾਸ ਪ੍ਰੇਮੀ ਨਹੀਂ ਸੇ। ਰਾਸਾਂ ਬਾਬਤ ਗੁਰੂ ਜੀ ਦੇ ਆਪਣੇ ਸ਼੍ਰੀ ਮੁਖ ਵਾਕ ਵਚਨ ਆਸਾ ਦੀ ਵਾਰ ਵਿਚ ਐਉਂ ਹੈਨ:

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥ ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥ ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥ ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਨਾਨਕ ਭਉਦਿਆ ਗਣਤ ਨ

ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥ ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥ ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥

ਪਿਖੈਂ ਤਮਾਸ਼ੋ ਬਹੁ ਨਰ ਨਾਰੀ ॥੩੭॥
ਅਧਿਕ ਭੀਰ ਭਰਿ ਰਹੀ ਚੁਫੇਰੇ।
ਖਰੇ ਹੋਨਿ ਕੋ ਥਾਉਂ ਨ ਹੇਰੇ।
ਲਛਮੀ ਬਰਖ ਰਹੀ ਤਹਿਂ ਭਾਰੀ।
ਸਰਬ ਦੇਤਿ ਕਰਿ ਚਿੱਤ ਉਦਾਰੀ ॥੩੮॥
ਅਸ ਮਹਿਮਾ ਕੋ ਪਿਖਿ ਖੁਨਸਾਏ।
ਜਰੀ ਨ ਜਾਇ[1], ਜਰੇ[2] ਪਛੁਤਾਏ। — [1]ਸਹਾਰੀ ਨਹੀਂ ਜਾਂਦੀ ਮਹਿਮਾ। [2]ਸੜੇ।
ਪਾਵਕ[1] ਜਿਸ ਪ੍ਰਕਾਰ ਘ੍ਰਿਤ ਪਰਸੇ। — [1]ਅਗਨੀ।
ਸਿੱਧਨ ਰਿਸ ਬ੍ਰਿੱਧੀ ਤਬ ਸਰਸੇ[1]† ॥੩੯॥ — [1]ਸਿੱਧਾਂ ਦਾ ਕ੍ਰੋਧ ਹੋਰ ਵਧਿਆ। †ਪਾ:-ਬ੍ਰਿੱਧ ਤਹਿਂ ਸਰਸੇ=ਉਸ ਅੱਗ ਦੇ ਵਾਂਙੂ ਵਧਿਆ ਕ੍ਰੋਧ ਜਿਸ ਨੇ ਘਿਉ ਸਪਰਸ਼ ਕੀਤਾ ਹੋਵੇ।
ਨਿਰਤਕ ਨਿਕਟ[1] ਜੁ ਲੋਟਾ ਹੋਈ। — [1]ਨੱਚਣ ਵਾਲਿਆਂ ਦੇ ਕੋਲ।
ਹੁਤੋ ਦਰਬ ਸੋਂ ਪੂਰਨ ਸੋਈ।
ਭੰਗਰ ਨਾਥ ਗੁਪਤਿ ਤਬ ਹ੍ਵੈ ਕੈ।
ਕਹੂੰ ਦੁਰਾਯੋ[1] ਲੋਟਾ ਲੈ ਕੈ ॥੪੦॥ — [1]ਛੁਪਾ ਦਿੱਤਾ।

{ਸਿੱਧਾਂ ਨੇ ਲੋਟਾ ਛਿਪਾਉਣਾ}

ਨ੍ਰਿਤਕ ਨਿਕਟਿ ਪਿਖਿਓ ਸੋ ਨਾਂਹੀ।
ਬਿਸਰੀ ਭਗਤਿ[1] ਝੁਰਤਿ ਉਰ ਮਾਂਹੀ। — [1]ਰਾਸ।
ਕਹਿਨ ਲਗੇ 'ਲੋਟਾ ਕਿਨ ਲੀਨਾ?'
ਖੋਜਤਿ ਭਏ ਰੌਰ ਬਡ ਕੀਨਾ ॥੪੧॥
ਸਿੱਧਨ ਮਤਸਰ[1] ਧਰਿ ਕਿਯ ਖਾਮੀ[2]। — [1]ਈਰਖਾ। [2]ਖੋਟ ਕੀਤਾ।
ਸਰਬ ਜਾਨਿ ਕਰਿ ਅੰਤਰਯਾਮੀ[1]। — [1]ਗੁਰੂ ਜੀ ਜਾਣ ਗਏ (ਕਿ ਸਿੱਧਾਂ ਨੇ-)।
-ਲੋਟਾ ਦ੍ਵੈ ਸਤ[1] ਕੋਸ ਪੁਚਾਯੋ। — [1]ਦੋ ਸੌ।
ਨਭ ਮੈਂ ਕਰਿ ਕੈ ਸ਼ਕਤਿ ਟਿਕਾਯੋ[1]- ॥੪੨॥ — [1]ਭਾਵ ਸਿੱਧਾਂ ਨੇ।
ਸ੍ਰੀ ਗੁਰ ਬਿਨਾ ਬਿਲਮ[1] ਤਹਿਂ ਜਾਈ। — [1]ਬਿਨਾ ਡੇਰ ਦੇ।
ਹਾਥ ਉਠਾਇ ਦੀਨ ਤਿਹ[1] ਤਾਈਂ†। — [1]ਉਨ੍ਹਾਂ ਨੂੰ। †ਪਾ:-ਤੁਰਨ ਆਨ ਦੀਨ ਤਿਨ ਤਾਈਂ।
ਪਿਖਿ ਅਜ਼ਮਤ ਪੁਨ ਸਿੱਧਿ ਰਿਸਾਏ[1]। — [1]ਕ੍ਰੋਧੀ ਹੋਏ।
ਚਰਚਾ ਹੇਤ ਨਿਕਟ ਚਲਿ ਆਏ ॥੪੩॥
ਭੰਗਰਨਾਥ ਭਨੈ ਅਤਿ ਮਾਨੀ।

{ਦੁੱਧ ਵਿੱਚ ਕਾਂਜੀ}

'ਰੀਤਿ ਗਜਾਨ ਤੈਂ ਏਕ ਨ ਜਾਨੀ।
ਬਿਮਲ[1] ਦੂਧ ਮਹਿਂ ਕਾਂਜੀ ਪਾਈ। — [1]ਉੱਜਲ।
ਸਗਰੋ ਫਿਟ ਗਜੋ ਦੂਧ[†] ਗਵਾਈ ॥੪੪॥ — [†]ਪਾ:-ਦੀਨ।
ਬਹੁਰੋ ਮਥਨ[1] ਕਰੈ ਜੋ ਤਾਂਹੀ। — [1]ਰਿੜਕਣਾ।
ਮਾਖਨ ਕਿਤ ਬਿਧਿ ਪਾਵੈ ਨਾਂਹੀ।
ਪੂਰਬ ਹੋਇ ਉਦਾਸੀ ਫਿਰਿਯੋ।
ਭੇਖ ਫਕੀਰੀ ਤਨਮੈਂ[†] ਕਰਿਯੋ ॥੪੫॥ — [†]ਪਾ:-ਭਗਵੇ ਭੇਖ ਤਨ ਬਿਖੈ।
ਦੇਸ਼ ਬਿਦੇਸ਼ਨ ਰਟਨੋ ਕੀਨੋ।
ਨਿਜ ਉਪਦੇਸ਼ਨਰਨ ਕੋ ਦੀਨੋ।
ਬ੍ਰਿਕਤਿ[1] ਭਯੋ ਤਜਿ ਸਰਬ ਪ੍ਰਵਾਰਾ। — [1]ਤਿਆਗੀ।
ਕੀਨਿ ਫਕੀਰੀ ਜਗਤ ਮਝਾਰਾ ॥੪੬॥
ਅਬ ਤੈਂ ਪਹਿਰੇ ਚੀਰ ਸੰਸਾਰੀ।
ਹ੍ਵੈ ਕਰਿ ਬੈਠਜੋ ਬਡ ਪਰਵਾਰੀ।
ਤੱਤ ਰੂਪ ਪਹਿਚਾਨਜੋ ਨਾਂਹੀ।
ਬਹੁਰੋ ਫਸਜੋ ਗ੍ਰਿਹਸਤ ਕੇ ਮਾਂਹੀ ॥੪੭॥
ਜਿਸ ਮਹਿਂ ਪ੍ਰਵਿਸ਼ੇ ਹ੍ਵੈ ਨ ਉਧਾਰਾ।
ਅਨਿਕ ਭਾਂਤਿ ਕੇ ਬਧੈਂ ਜੰਜਾਰਾ।'
ਸੁਨਿ ਕੈ ਸ਼੍ਰੀ ਗੁਰ ਬਚਨ ਬਖਾਨੇ।
'ਭੰਗਰ ! ਤੱਤ ਨ ਲਖਜੋ ਅਜਾਨੇ ॥੪੮॥
ਤੇਰੀ ਮਾਤ ਕੁਚੱਜੀ ਆਹੀ।
ਭਾਂਡਾ ਧੋਵਨ ਜਾਨਜੋ ਨਾਂਹੀ।
ਯਾਂ ਤੇ ਮਾਖਨ ਹਾਥ ਨ ਆਵਾ।
ਜਮਜੋ ਨ ਦੂਧ, ਨ ਮਾਨ[1] ਗਵਾਵਾ ॥੪੯॥ — [1]ਹੰਕਾਰ।
ਛੋਡ ਗ੍ਰਿਹਸਤ ਕੋ ਭਯੋ ਅਤੀਤਾ।
ਬਹੁਰੋ ਰਹੀ ਪ੍ਰੀਤਿ ਚਿਤ ਨੀਤਾ।
ਭੋਜਨ ਹਿਤ ਮੰਗਨ ਤਿਹ[1] ਜਾਈ। — [1]ਭਾਵ ਗ੍ਰਿਹਸਤੀਆਂ ਦੇ।
ਘਰ ਘਰ ਬਿਚਰਤਿ ਲਾਜ ਗੁਵਾਈ ॥੫੦॥
ਬਿਨ ਦਿੱਤੇ ਕੁਛ ਹੱਥ ਨ ਆਵੈ।
ਤ੍ਰਿਸ਼ਨਾਧੀਨ[1] ਸਦੀਵ ਭ੍ਰਮਾਵੈ।' — [1]ਤ੍ਰਿਸ਼ਨਾਂ ਅਧੀਨ ਹੋ ਕਰਕੇ।

ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ।
ਸ਼ੰਭੂਨਾਥ ਭਨੇ ਬਡ ਮਾਨੀ ॥੫੧॥
'ਕਜਾ ਤੈਂ ਜਗ ਕੋ ਸ਼ਕਤਿ ਦਿਖਾਈ।
ਹਮੈਂ ਦਿਖਾਇ ਬਿਲਮ ਕਿਉਂ ਲਾਈ।
ਕੈ ਤੁਮ ਦੁਰਹੁ ਖੋਜ ਹਮ ਲਜਾਵਹਿਂ।
ਨਤੁ ਹਮ ਦੁਰਹਿਂ ਹਾਥ ਨਹਿਂ ਆਵਹਿਂ[1], ॥੫੨॥

[1]ਭਾਵ ਤੁਹਾਨੂੰ ਲਭੀਵਾਂਗੇ ਨਹੀਂ।

ਦੋਹਰਾ:
ਗੁਰੂ ਕਹੈ 'ਤੁਮ ਮਹਿਂ ਸ਼ਕਤਿ, ਹੋ ਦਿਖਰਾਵਨਹਾਰ।
ਦੁਰਉ ਜਾਂਹਿ ਉਰ ਚਾਹਿ ਜੇ, ਨਿਜ ਨਿਜ ਬਲ ਸਭਿ ਧਾਰਿ' ॥੫੩॥

ਚੌਪਈ:
ਸੁਨਿ ਕੈ ਸਿੱਧਨ ਮਤੇ ਮਤਾਈ।
'ਪ੍ਰਿਥਕ[1] ਦਸੋ ਦਿਸ਼ ਦੁਰੀਏ ਜਾਈ।'

[1]ਵੱਖਰੇ ਵੱਖਰੇ।

{ਦਸ ਦਿਸ਼ਾ}

ਸ਼ੰਭੁਨਾਥ ਪ੍ਰਾਚੀ[1] ਦਿਸ਼ ਗਯੋ।

[1]ਪੂਰਬ ਦਿਸ਼ਾ।

{ਸਿੱਧਾਂ ਨੇ ਛੁਪਣਾ}

ਭੰਗਰ ਪਸ਼ਚਮ ਦੁਰਤਾ ਭਯੋ[1] ॥੫੪॥
ਉਰਮ ਧੁਰਮ ਉੱਤਰ ਮਾਂਹੀ।
ਦੱਛਨ[2] ਬੀਚ ਮਛੰਦਰ ਜਾਹੀਂ।
ਪਾਵਕ ਕੋਨ[3] ਕਨਕ ਸਿੱਧ ਗਯੋ।
ਲੰਗਰ ਬਾਇਵ[4] ਬਿਖੈ ਸਿਧਯੋ ॥੫੫॥
ਨੈਰਤ[5] ਮਾਂਹੀ ਝੰਗਰ ਪਯਾਨਾ।
ਗੌਨ ਗੁਆਲ ਪਹੁੰਚਯੋ ਈਸ਼ਾਨਾ[6]।
ਕਿਤਿਕ ਪਤਾਲ ਦੁਰੇ[7] ਹੈਂ ਜਾਈ।
ਕੇਤਿਕ ਬੀਚ ਅਕਾਸ਼ ਉਡਾਈ ॥੫੬॥

[1]ਛੁਪ ਗਿਆ।
[2]ਦੱਖਣ ਦਿਸ਼ਾ।
[3]ਪੂਰਬ ਦੱਖਣ।
[4]ਪੱਛਮੋਤ੍ਰ।
[5]ਦੱਖਣ ਪੱਛਮ।
[6]ਪੂਰਬੋਤਰ।
[7]ਛੁਪੇ।

ਦੋਹਰਾ:
ਗਮਨ ਕੀਨ ਦਸ ਦਿਸ਼ਾ ਮਹਿਂ, ਤਿਨ ਕੀ ਗਤਿ ਪ੍ਰਭੁ ਜਾਨਿ।
ਤਬ ਸਰੂਪ ਤੇਤੇ ਧਰੇ, ਜੇਤੇ ਸਿੱਧ ਦੁਰਾਨ[1] ॥੫੭॥

[1]ਛੁਪੇ ਸਨ।

ਚੌਪਈ:

ਮੰਗਲਨਾਥ ਆਦਿ ਸ਼ੁਭ ਜੇਤੇ।
ਠਾਂਢੇ ਕੌਤਕ ਦੇਖਹਿਂ ਤੇਤੇ।
ਜਹਿਂ ਜਹਿਂ ਛਪਨ ਕੀਨ ਤਿਨ ਧਾਇ।
ਮੁਛਨ ਗਹੀ ਸਭਿਨਿ ਕੀ ਜਾਇ ॥੫੮॥
ਭੰਗਰ ਲਖ਼ਯੋ -ਮੋਹਿ ਪਸ਼ਚਾਤ[1]-।
ਸ਼ੰਭੁ ਜਾਨਹਿਂ -ਮੁਝੇ ਗਹਾਤਿ[1]-।
ਝੰਗਰ ਲੰਗਰ ਇਸ ਬਿਧਿ ਜਾਨੀ।
-ਮਮ ਢਿਗ ਹੈਂ, ਮਮ ਢਿਗ ਹੈਂ- ਮਾਨੀ ॥੫੯॥
ਹੁਤੇ ਸਿੱਧ ਜੇ ਦੁਰਨੇਹਾਰੇ।
ਸਭਿ ਨੇ ਅਪਨੇ ਨਿਕਟ ਨਿਹਾਰੇ।
ਤਨ ਅਨੇਕ ਧਰਿ, ਤਿਨ ਕੋ ਤੂਰਨ[†]।
ਪਕਰੇ ਜਾਇ ਪ੍ਰਭੁ ਗੁਨ ਪੂਰਨ[†] ॥੬੦॥

[1]ਮੇਰੇ ਪਿੱਛੇ (ਆਏ ਹਨ)।

[1]ਫੜਦੇ ਹਨ।

[†]ਯੋਗ ਸਿੱਧ ਪੁਰਖ ਦਾ ਕਈ ਰੂਪ ਧਾਰਨ ਕਰ ਸਕਣਾ ਬੀ ਯੋਗ ਸ਼ਾਸਤ੍ਰਾਂ ਨੇ ਯੋਗੀ ਦੇ ਵੱਸ ਦੀ ਗੱਲ ਲਿਖੀ ਹੈ।

[†]ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਯੋਗ ਸਿੱਧ ਪੁਰਖ ਅਕਾਸ਼ ਵਿਚ ਭ੍ਰਮਣ ਕਰ ਸਕਦੇ ਹਨ, ਦੇਖੋ ਤੀਸਰਾ ਪਾਦ ਸੂਤ੍ਰ ੪੧। ਅੱਖੋਂ ਉਹਲੇ ਹੋ ਜਾਣ ਲਈ ਦੇਖੋ ਪਾਦ ੩ ਸੂਤ੍ਰ ੨੦, ਸਰੀਰ ਛੋਡਕੇ ਬਾਹਰ ਨਿਕਲਕੇ ਕੰਮ ਕਰਨੇ ਦੇਖੋ ਪਾਦ ੩, ਸੂਤ੍ਰ ੪੨।

ਦੋਹਰਾ:

ਮੁਛਨ ਤੇ ਗਹਿ ਕਰਿ ਸਰਬ
ਕੀਨੇ ਇਕ ਥਲਿ ਸੋਇ।

{ਗੁਰੂ ਜੀ ਨੇ ਮੁੱਛਾਂ ਤੋਂ ਪਕੜਕੇ ਸਿੱਧ ਢੂੰਢਣੇ}

ਨਿਰਬਲ ਹ੍ਵੈ ਤੂਸ਼ਨ ਭਏ
ਤਿਸ਼ਟੇ[1] ਲੱਜਤਿ ਹੋਇ ॥੬੧॥

[1]ਬੈਠੇ।

ਚੌਪਈ:

ਸ਼੍ਰੀ ਪ੍ਰਭੁ ਤਿਨ ਸੋਂ ਬਚਨ ਅਲਾਏ।
'ਤੁਮ ਖੋਜਉ ਮੈਂ ਦੁਰਹੋਂ ਜਾਏ।

{ਗੁਰੂ ਜੀ ਨੇ ਛਿਪਣਾ}

ਜੇ ਨਹਿਂ ਪਾਵਉ ਇਸ ਬਿਧਿ ਕਰੀਏ।
ਲੇਯ ਟਕਾ ਅਰਦਾਸ ਉਚਰੀਏ ॥੬੨॥
ਜਬ ਸਿਰ ਲਾਵਉਗੇ ਧਰ ਨਾਲ।
ਦੇਉਂ ਦਰਸ ਤੁਮ ਕੋ ਤਤਕਾਲ।'
ਅਸ ਕਹਿ ਪੰਚ ਤੱਤ ਕੇ ਮਾਂਹੀ।
ਦੇਹਿ ਮਿਲਾਇ ਦੀਨ ਛਿਨਿ ਤਾਂਹੀ

॥ ੬੩ ॥

ਅੰਸ਼ ਲੀਨ ਹੋਯੋ ਕਰਤਾਰਾ[1]। — [1]ਕਰਤਾਰ ਦੀ) ਅੰਸ਼ ਕਰਤਾਰ ਵਿਚ ਲੀਨ ਹੋ ਗਈ।
ਜੇ ਸੇਵਕ[1] ਗਤਿ ਦੇਵਨ ਹਾਰਾ। — [1]ਜੋ ਸੇਵਕਾਂ ਨੂੰ।
ਸਿੱਧ ਲਗੇ ਖੋਜਨ ਸਮੁਦਾਈ।
ਦਸਹੂੰ ਦਿਸ਼ ਮਹਿਂ ਗਮਨੇ ਧਾਈ ॥ ੬੪ ॥
ਬੈਠੇ ਕਿਤ ਕੋ ਪਾਵਹਿਂ ਨਾਂਹੀ।
ਖੋਜਤਿ ਫਿਰੇ ਕਠਨ ਥਲ ਮਾਂਹੀ।
ਕਾਨਨ[1] ਸਰਿਤਾ[2] ਸਿੰਧੁ[3] ਪਹਾਰ। — [1]ਬਨ। [2]ਨਦੀਆਂ। [3]ਸਮੁੰਦਰ।
ਬੀਚ ਗੁਫ਼ਾ[1] ਜਹਿਂ ਬਡੋ ਅੰਧਾਰ ॥ ੬੫ ॥ — [1]ਕੰਦਰਾਂ।
ਭਏ ਸ਼੍ਰਮਿਤ[1] ਤਿਨ ਕਹੂੰ ਨ ਪਾਯੋ। — [1]ਥਕ ਗਏ।
ਫਿਰਤਜੋ ਸਭਿ ਕੋ ਮਨ ਅਕੁਲਾਯੋ।
ਇਕ ਥਲ ਹੁਇ ਅਰਦਾਸ ਅਲਾਈ।
ਨਮਸਕਾਰ ਹਿਤ ਗ੍ਰੀਵ ਨਿਵਾਈ ॥ ੬੬ ॥
ਤਿਹ ਛਿਨ ਪ੍ਰਗਟੇ ਤੁਰਤ ਗੁਸਾਈਂ।
ਦੇਖਿ ਸਿੱਧ ਉਰ ਗੇ ਬਿਸਮਾਈ[1]। — [1]ਅਚਰਜ ਹੋ ਗਏ।
ਚਲੇ ਨ ਬਲ ਲੱਜਿਤ ਹੁਇ ਰਹੇ।
ਤੁਸ਼ਨਿ ਭਏ ਨ ਕਛੁ ਬਚ ਕਹੇ ॥ ੬੭ ॥
ਚਪੇ ਚੋਰ ਜਿਉਂ[1] ਓਜ ਦਿਖਾਵਨ[2]। — [1]ਗੁੱਸਾ ਚੜ੍ਹੇ (ਖਿਝੇ) ਚੋਰ ਵਾਂਙੂ। [2]ਬਲ ਦਾ ਦੱਸਣਾ।
ਕਰਜੋ ਚਹਿਤਿ, ਜਿਨ ਕੇ ਉਰ ਭਾਵ ਨ[1]। — [1]ਪ੍ਰੇਮ ਨਹੀਂ (ਅ) ਭਾਉਂਦੀ ਹੈ ਜਿਨ੍ਹਾਂ ਦੇ ਦਿਲ ਨੂੰ (ਇਹੋ ਗੱਲ)।
ਪਗ ਨਹਿਂ ਪਰਿਹੀਂ[1] ਗਰਬ ਡੁਬਾਏ। — [1]ਗੁਰੂ ਜੀ ਦੇ) ਪੈਰੀਂ ਨਹੀਂ ਪੈ ਜਾਂਦੇ।
ਸਮਤਾ ਹਿਤ ਕੋ ਰਿਦੇ ਰਿਸਾਏ ॥ ੬੮ ॥

ਭੁਜੰਗ ਪ੍ਰਯਾਤ ਛੰਦ:

ਸਭੈ ਸਿੱਧ ਜੋ, ਈਰਖਾ ਕੋ ਕਰੇ ਹੈਂ।
ਨਹੀਂ ਭਾਉ ਕੈਸੋ, ਰਿਦੇ ਮੋਂ ਧਰੇ ਹੈਂ।
ਬੁਝੈ ਨ ਬੁਝਾਈ, ਬਰੀ ਹੈ ਅਪਾਰਾ[1]। — [1]ਬਲ ਰਹੀ ਹੈ ਬੇਅੰਤ (ਈਰਖਾ ਦੀ ਅੱਗ)।
ਤਬੈ ਰੂਪ ਧਾਰੇ, ਅਨੇਕੰ ਪ੍ਰਕਾਰਾ ॥ ੬੯ ॥
ਭਏ ਸਿੰਘ ਕੋਊ, ਬਘੇਲਾ ਬਨੇ ਹੈਂ।

{ਸਿੱਧਾਂ ਦੇ ਚੇਟਕ}

ਕਿਤੇ ਬੰਨ੍ਹਿ ਭੱਖੈਂ, ਕੁਬੈਨਾ ਭਨੇ ਹੈਂ[1]। — [1]ਅਗਨੀ ਭੱਖਦੇ ਖੋਟੇ ਬਚਨ ਕਹਿੰਦੇ ਹਨ।
ਕਿਤੇ ਕੰਧ ਆਰੂਢ, ਹ੍ਵੈ ਕੈ ਭਗਾਵੈਂ।
ਮ੍ਰਿਗਾਨੀ ਲਈ ਕੋ, ਅਕਾਸ਼ੈ ਉਡਾਵੈਂ

॥੨੦॥

ਭਏ ਪੰਨਗਾਂ[1], ਬੇਖ ਦੇਖੈਂ ਭਯਾਨਾ[2]। — [1]ਸਰਪ। [2]ਭਿਆਨਕ।

ਧਰੂਕੈਂ[1] ਫਰੂਕੈਂ[2], ਕਿ ਸ਼ੂਕੈਂ[3] ਮਹਾਨਾਂ। — [1]ਧ੍ਰੀਕਦੇ ਹਨ (ਅ) ਟੱਪਦੇ ਹਨ। [2]ਫੁੰਕਾਰੇ ਮਾਰਦੇ ਹਨ। [3]ਸ਼ੂਕਦੇ ਹਨ।

ਕਿਨੈ ਤੁੰਡ[1] ਦੇਹੀ, ਕਰੀ ਹੈ ਬਿਸ਼ਾਲਾ। — [1]ਮੁਖ।

ਉਡੈ ਕੋ ਅਕਾਸ਼ੰ, ਲਏ ਹਾਥ ਜ੍ਵਾਲਾ[1] ॥੨੧॥ — [1]ਅਗਨੀ।

ਤੋਟਕ ਛੰਦ:

ਕਿਲਕਾਰਤਿ[1] ਕੇਤਿਕ ਰੋਖ ਦਹੇ[2]। — [1]ਚੀਕਾਂ ਮਾਰਦੇ ਹਨ। [2]ਗੁੱਸੇ ਦੇ ਸੜੇ ਹੋਏ।

ਨਭ ਬੀਚ ਕਿਤੇ ਥਿਰ ਹੋਇ ਰਹੇ।

ਬਰਖਾਵਤਿ ਪਾਵਕ ਕੋ ਧਰਨੀ।

ਜਲ ਬੀਚ ਤਰੈਂ ਜਿਮ ਹ੍ਵੈ ਤਰਨੀ[1] ॥੨੨॥ — [1]ਬੇੜੀ।

ਲਘੁ ਰੂਪ ਕਿਤੇ ਦਰਸਾਇਂ ਨਹੀਂ।

ਨਿਜ ਮੰਤ੍ਰਨ ਜੰਤ੍ਰ ਕਰੰਤਿ ਸਹੀ।

ਬਹੁ ਲੋਕ ਬਿਖੈ ਬਡ ਭੀਰ ਜਹਾਂ।

ਸਭਿ ਕੋ ਡਰਪਾਵਹਿਂ ਦੇਖਿ ਤਹਾਂ ॥੨੩॥

ਦੋਹਰਾ:

ਦੇਖਿ ਸਰੂਪ ਭਯਾਨਕੰ, ਡਰਪੇ ਲੋਗ ਬਿਸ਼ਾਲ।

ਇਤ ਉਤ ਤਕੈਂ ਪਲਾਇਨੰ[1]†, ਧੀਰਜ ਦਈ ਕ੍ਰਿਪਾਲ ॥੨੪॥ — [1]ਇਧਰ ਉਧਰ ਤੱਕਦੇ ਹਨ (ਰਸਤਾ) ਨੱਸਣ ਵਾਸਤੇ। †ਪਾ:-ਇਨਕੋ ਦੇਖ ਪਲਾਇਨੇ।

ਗੁਰੂ ਅਜਿੱਤੇ ਸੋਂ ਕਹਜੋ,

'ਸਭਿ ਨਰ ਕੇ ਚਹੁੰ ਫੇਰ।

ਉਠਿ ਕੇ ਕਰਦੇ ਕਾਰ ਤੂੰ,

ਵਾਹਿਗੁਰੂ ਮੁਖ ਟੇਰਿ[1]' ॥੨੫॥ — [1]ਮੁਖੋਂ ਕਹਿਕੇ।

ਦੁਵੱਯਾ ਛੰਦ:

ਉਠਜੋ ਅਜਿੱਤਾ ਕੀਨੀ ਕਾਰਾ

ਆਪ ਗਯੋ ਸਰ ਮਾਂਹੀ।

{ਅਜਿੱਤੇ ਨੇ ਵੀ ਕੌਤਕ ਦਿਖਾਉਣੇ}

ਤਿਹ ਪਰ[1] ਲੇ ਨਿਜ ਚੀਰ ਡਸਾਯੋ[2] — [1]ਉਸ) ਸਰੋਵਰ ਉੱਤੇ। [2]ਵਿਛਾਇਆ।

ਭੀਜਜੋ ਤਾਰਿਕ[1] ਨਾਂਹੀ। — [1]ਇਕ ਤਾਰ (ਧਾਗਾ) ਬੀ।

ਤਾਂਹਿ[1] ਅਰੂਢ ਹੋਇ ਕੈ ਬੈਠਾ — [1]ਉਸ (ਕਪੜੇ) ਤੇ।

ਕਾਰ ਕਰੈ ਇਮ ਸੋਈ।

ਮਰੇ ਬਿਹੰਗ ਸਰੋਵਰ ਮਹਿਂ ਬਹੁ
ਗਹਤਿ ਭਯੋ ਕਰ ਦੋਈ[1] ॥੭੬॥

[1]ਦੋਹਾਂ ਹੱਥਾਂ ਵਿਚ ਫੜ ਫੜ ਕੇ।

ਸ੍ਵੈਯਾ:
ਗਹਿ ਹਾਥ, ਜਿਵਾਇ ਉਡਾਵਤਿ ਜਾਤਿ
ਪਿਖੈਂ ਬਹੁਤੇ ਨਰ ਤਾਂਹਿ ਤਮਾਸ਼ਾ।
ਇਤ ਸ੍ਰੀ ਗੁਰ ਜੋ ਢਿਗ ਕਾਰ ਕਰੀ[1]

[1]ਲੀਕ ਕੱਢੀ ਸੀ।

ਸਿੱਧ ਆਇ ਸਕਹਿਂ ਨਹਿਂ ਤਾਂਹਿ ਕੇ ਪਾਸਾ।
ਬਲ ਬਾਹਰ ਹੀ ਦਿਖਰਾਵਤਿ ਹੈਂ
ਧਰਿ ਦਾਰੁਨ ਰੂਪ ਫਿਰੈਂ ਚਹੁਂ ਪਾਸਾ[1]।

[1]ਚੁਫੇਰੇ।

ਪਛੁਤਾਇ ਬਿਸੂਰਤਿ ਹੈਂ ਉਰ ਮੈਂ
ਜਬ ਨਾਂਹਿ ਚਲ੍ਯੋ ਬਲ ਕੋ ਬਸ ਮਾਸਾ[†] ॥੭੭॥

[†]ਪਾ:-ਜਲ ਮਾਹਿ ਭਯੋ ਯਹਿ ਅਜਬ ਤਮਾਸ਼ਾ।

ਦੋਹਰਾ:
ਤੱਤ ਤੱਤ ਮੈਂ ਮਿਲਿ ਰਹੇ[†],

[†]ਪਾ:-ਦੋ ਘਟਕਾ ਤੂਸ਼ਨ ਰਹੇ-, -ਕੋ ਇਕ ਘਟ ਤੂਸ਼ਨ ਭਏ-।

ਸ੍ਰੀ ਨਾਨਕ ਤਿਹ ਥਾਇਂ।
ਪਚਿਹਾਰੇ[1] ਕਛੁ ਨਹਿਂ ਲਖੈਂ,

[1]ਥੱਕ ਕੇ ਹਫ ਗਏ।

ਸ਼ਕਤਿ ਰਹੇ ਸਭਿ ਲਾਇ ॥੭੮॥

ਚੌਪਈ:
ਤਿਨ ਕੀ ਦਿਸ਼ ਦੇਖ੍ਯੋ ਗੁਰ ਜਬਿ ਹੀ[†]।

[†]ਪਾ:-ਤਿਹਕੋ ਦ੍ਰਿਸ਼ਟਾਯੋ ਗੁਰ ਜਬਹੀ।

ਸਗਲੀ ਸ਼ਕਤਿ ਕਰਖ[1] ਲਿਯ ਤਬਿ ਹੀ।

[1]ਖਿੱਚ।

ਜਿਉਂ ਕੋ[†] ਨਿੰਬੂ ਲੇਹਿ ਨਿਚੋਰੀ।

[†]ਪਾ:-ਜਿਉਂ ਕੋਊ।

{ਗੁਰੂ ਜੀ ਨੇ ਸਿੱਧਾਂ ਦੀ ਸ਼ਕਤੀ ਖਿੱਚਣੀ}

ਜੈਸੇ ਊਖ ਦੇਇ ਕਰਿ ਖੋਰੀ[1] ॥੭੯॥

[1]ਜਿਵੇਂ ਗੰਨਾ (ਵੇਲਣੇ ਵਿਚ) ਦੇਕੇ ਪੱਛੀ ਕਰ ਦੇਈ ਦੀ ਹੈ।

ਆਤੁਰ ਹਾਰਿ ਗਏ ਜਿਸ ਕਾਲਾ[1]।

[1]ਜਦੋਂ ਹਾਰਕੇ ਆਤੁਰ ਹੋ ਗਏ।

ਬੈਠੈ ਹ੍ਵੈ ਕੈ ਦੀਨ ਬਿਸਾਲਾ।
ਲੱਜਿਤ ਭਏ ਨ ਬੋਲ੍ਯੋ ਜਾਈ।
ਬਾਂਧੇ ਜਿਉਂ ਸ਼ੱਤ੍ਰੂ ਕਿਸ ਰਾਈ[1] ॥੮੦॥

[1]ਕਿਸੇ ਰਾਜੇ ਨੇ।

ਦੋਹਰਾ:
ਰੰਚ ਗਰਬ ਉਰ ਨਹਿਂ ਰਹ੍ਯੋ, ਨ੍ਰਿਪ ਜਿਉਂ ਛੀਨੇ ਦੇਸ਼[1]।

[1]ਜਿਵੇਂ ਦੇਸ਼ ਖੁਹਾ ਬੈਠੇ ਰਾਜੇ ਦਾ ਹੁੰਦਾ ਹੈ।

ਲੱਜਿਤ[†] ਹੋਏ ਨਰਨ ਮੈਂ, ਸਿੱਧਨ ਸੋਂ

[1]ਸਿੱਧਾਂ ਸਣੇ ਸਿੱਧਾਂ ਦੇ ਈਸ਼ਰ (ਗੋਰਖ ਜੀ)। [†]ਪਾ:-

ਸਿੱਧੇਸ਼[1] ॥੮੧॥

ਛੂਛੇ।

ਚੌਪਈ:

ਮੰਗਲ ਪ੍ਰਾਨਨਾਥ ਤੇ ਆਦਿ।
ਸਭਿ ਕੇ ਰਿਦੇ ਭਯੋ ਅਹਿਲਾਦ।
'ਕਹਜੋ ਹਮਾਰੋ ਮਾਨਜੋ ਨਾਂਹੀ।
ਅਤਿ ਲੱਜਿਤਿ ਹੋਏ ਮਨ ਮਾਂਹੀ' ॥੮੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿੱਧਨ ਚਰਚਾ' ਬਰਨਨੰ ਨਾਮ ਉਨਤਾਲੀਸਮੋਂ ਅਧ੍ਯਾਯ ॥੩੯॥

## ੪੦. [ਨਾਮ ਮਹਾਤਮ। ਸਿੱਧ ਗੋਸ਼ਟ। ਇਕ (ਤਿਖਾਣ ਦਾ) ਸੰਤ ਬਾਲਕਾ। ਮਾਲੋ ਸ਼ੇਖ]

੩੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੧

{ਅਜਿੱਤੇ ਦੀ ਸ਼ਕਤੀ ਵੀ ਖਿੱਚਣੀ} ॥੬॥
{ਇਕ ਤ੍ਰਿਖਾਣ ਦਾ ਸੰਤ ਬਾਲਕਾ ਸੰਗਤੀਆ} ॥੯..॥
{ਸੰਗਤੀਆ ਨੇ ਸਭਨਾਂ ਦੀ ਸ਼ਕਤੀ ਵਾਪਿਸ ਦਿਵਾਉਣੀ} ॥੨੨॥
{ਗੁਰੂ ਜੀ ਦੀ ਸ਼ਕਤੀ} ॥੩੩..॥
{ਭੰਗਰਨਾਥ ਦੀ ਖੜਾਵਾਂ ਨਾਲ ਖਾਤਰ} ॥੩੫..॥
{ਕਲਜੁਗ ਦਾ ਵਰਤਾਰਾ} ॥੪੪..॥
{ਮਾਲੋ ਸ਼ੇਖ} ॥੫੫-੭੭॥

ਦੋਹਰਾ:

ਰੇ ਮਨ ਤਜਿ ਆਲਸ ਸਰਬ, ਗਹੁ ਉੱਦਮ ਹਰਿਨਾਮ।
ਲੋਕ ਪ੍ਰਲੋਕ ਸਹਾਇ ਹ੍ਵੈ, ਪੂਰਹਿ ਸਗਰੇ ਕਾਮ ॥੧॥

ਸਹਾਇ=ਸਹਾਈ। ਪੂਰਹਿ=ਪੂਰੇ ਕਰੇਗਾ, ਸਿਰੇ ਚਾੜ੍ਹੇਗਾ।

ਅਰਥ:

ਹੇ ਮਨ! ਸਾਰੇ ਆਲਸਾਂ ਦਾ ਤਿਆਗ ਕਰ, ਵਾਹਿਗੁਰੂ ਦੇ ਨਾਮ (ਸਿਮਰ੍ਣ ਦਾ) ਉੱਦਮ ਧਾਰਨ ਕਰ, (ਏਹ) ਲੋਕ ਤੇ ਪ੍ਰਲੋਕ ਦਾ ਸਹਾਈ ਹੋਵੇਗਾ (ਅਰ ਦੋਹਾਂ ਲੋਕਾਂ ਦੇ ਤੇਰੇ) ਕੰਮ ਸਿਰੇ ਚਾੜ੍ਹੇਗਾ।

ਸ਼੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਸੁਨੀਏ ਸ੍ਰੀ ਤੇਹਣ ਕੁਲਦੀਪਾ!
ਸਿਧ ਬੈਠੇ ਸਭਿ ਗੁਰੂ ਸਮੀਪਾ।
ਜਹਾਂ ਅਜਿੱਤਾ ਕਲਾ ਦਿਖਾਵਤਿ।
ਮ੍ਰਿਤਕ ਬਿਹੰਗਨ ਕੋ ਜੀਵਾਵਤਿ ॥੨॥
ਬ੍ਰਿੰਦ ਲੋਕ ਤਹਿਂ ਪਿਖੈਂ ਤਮਾਸ਼ਾ।
ਤਾਂ ਕੀ ਦਿਸ਼ਿ ਦੇਖ੍ਯੋ ਸੁਖਰਾਸਾ।
ਬੂਝਨ ਹਿਤ ਪ੍ਰਭੁ ਬਚਨ ਉਚਾਰੇ।
'ਕੋ ਹੈ ਇਹ ਜੋ ਮ੍ਰਿਤਕ ਜਿਵਾਰੇ? ॥੩॥
ਨੌਕਾ ਸਮਸਰ ਚੀਰ ਡਸਾਯੋ।
ਤਿਹ ਧਰ ਬੈਠਿ ਨ ਨੀਰ ਛੁਵਾਯੋ।
ਕਰਾਮਾਤ ਕਰਿ ਕੈ ਦਿਖਰਾਵੈ।
ਲੋਕਨ ਮਹਿਂ ਨਿਜ ਮਾਨ ਬਧਾਵੈਂ ॥੪॥
ਸਿੱਧ ਕਹ੍ਯੋ 'ਇਹੁ ਚੇਲਾ ਤੇਰਾ।
ਅਬ ਕੇ ਸਮੈਂ[1] ਨ ਕੋ ਅਨ ਹੇਰਾ[2]।
ਕਰਾਮਾਤ ਇਕ ਸਦਨ ਤੁਮਾਰੇ।
ਜਿਉਂ ਚਾਹਤਿ ਤਿਉਂ ਦੇਹੁ ਦਿਖਾਰੇ' ॥੫॥

[1]ਹੁਣ ਦੇ ਸਮੇਂ ਵਿਚ। [2]ਹੋਰ ਕੋਈ ਨਹੀਂ ਦੇਖਿਆ।

ਦੋਹਰਾ:

ਪਠ੍ਯੋ ਮਨੁਜ ਬੁਲਿਵਾਇਓ
ਦੇਖ੍ਯੋ ਤਿਹ ਕੀ ਓਰ।
ਕਰਖ[1] ਲਈ ਸਭਿ ਸ਼ਕਤਿ ਜੋ
[1]ਖਿੱਚ।
ਰਹਿ ਗਯੋ ਪਾਛੈ ਖੋਰ[1] ॥੬॥
[1]ਖਾਲੀ। ਅ: ਖ਼ੋਲ] (ਅ) ਫੋਗ।

{ਅਜਿੱਤੇ ਦੀ ਸ਼ਕਤੀ ਵੀ ਖਿੱਚਣੀ}

ਚੌਪਈ:

ਭਯੋ ਦੀਨ ਮਨ ਬੈਠ੍ਯੋ ਸੋਇ।
ਮਨ ਮੁਰਝਾਨੇ ਸ਼ਕਤਿਹਿਂ ਖੋਇ।
ਜਿਉਂ ਬਨੀਏ ਕੀ ਪੂੰਜੀ[1] ਜਾਏ।
[1]ਰਾਸ।
ਹੋਇ ਕ੍ਰਿਪਨ[1] ਬਹੁ ਪੁਨ ਪਛੁਤਾਏ ॥੭॥
[1]ਕੰਗਾਲ।
ਕਿਤਿਕ ਕਾਲ ਪੁਨ ਸ਼੍ਰੀ ਗੁਨਖਾਨੀ।
ਬੈਠਿ ਰਹੇ, ਕੋ ਕਹਿਤਿ ਨ ਬਾਨੀ।
ਦਰਸ਼ਹਿਂ ਨਰ ਨਾਰੀ ਚਹੁੰਫੇਰੇ।
ਇਕ ਤਿਖਾਨ ਆਯੋ ਤਿਸ ਬੇਰੇ ॥੮॥
ਦ੍ਵਾਦਸ਼ ਬਰਖਨ ਕੋ ਸੁਤ ਸਾਥਾ।

{ਇਕ ਤ੍ਰਿਖਾਣ ਦਾ ਸੰਤ ਬਾਲਕਾ, ਸੰਗਤੀਆ}

ਬੰਦੇ ਚਰਨ ਕਮਲ ਜਗਨਾਥਾ।
ਬਿਨੈ ਯੁਕਤ ਪੁਨ ਬਚਨ ਉਚਾਰੇ।
'ਏਕ ਤਾਤ[1] ਭਾ ਸਦਨ ਹਮਾਰੇ ॥੯॥
[1]ਪੁੱਤ੍ਰ।
ਸਤਿਸੰਗਤਿ ਪਰਤਾਪ ਉਚੇਰਾ।
ਜਿਯਤਿ ਰਹ੍ਯੋ ਯਾਂ ਤੇ ਸੁਤ ਮੇਰਾ।
ਅਬ ਰਾਵਰ ਕੇ ਚਰਨ ਚਢਾਵਾ।
ਤੁਮਨੈ ਦੀਨੋ ਬਹੁਰ ਜਿਵਾਵਾ ॥੧੦॥
ਗੁਰ ਕਹਿਂ 'ਹਮਨਿ[1] ਜਿਵਾਯੋ ਕੈਸੇ?'
[1]ਅਸਾਂ ਨੇ।
ਕਹਿ ਬਾਢੀ 'ਸੁਨੀਏ ਪ੍ਰਭ ਜੈਸੇ।
ਹਮ ਗ੍ਰਿਹ ਤਾਤ ਹੋਤਿ ਮਰਿ ਜਾਵੈ।
ਸਿੱਧ ਪੀਰ ਬਹੁਤੇਰ ਮਨਾਵੈਂ ॥੧੧॥
ਰਾਵਰਿ ਕੀਰਤਿ ਸੁਨਿ, ਸੁਖ[1] ਮਨ ਮੈਂ।
[1]ਸੁੱਖਣਾ ਸੁੱਖੀ।
ਸੁਵਨ[1] ਜੀਅ ਸੌਂਪ੍ਯੋ ਪ੍ਰਭੁ ਗੁਨ ਮੈਂ[2]।
[1]ਪੁਤ੍ਰ। ਸੰਸ: ਸੁਨੁ=ਪੁੱਤ੍ਰ]। [2]ਪੁੱਤ੍ਰ ਜੀਉਂਦਾ ਰਹੇ' ਮੈਂ (ਆਪ ਨੂੰ) ਸੌਂਪਿਆ ਹੋਇਆ ਸੀ (ਮਨ ਵਿੱਚ) ਵਿਚਾਰਕੇ।
ਜੀਵਤਿ ਰਹ੍ਯੋ[1], ਲਓ ਅਬ ਗੁਰ ਜੀ[2]!
[1]ਸੋ ਇਹ) ਜੀਉਂਦਾ ਰਿਹਾ ਹੈ। [2]ਹੇ ਗੁਰੂ ਜੀ ਹੁਣ ਲੈ

ਲਓ।

ਕਾਲ ਅੰਤ ਕਾ† ਇਸ ਤੁਮ ਮਰਜ਼ੀ[1]' ॥੧੨॥

[1]'ਅੰਤ ਕਾ ਕਾਲ=ਇਸ ਦੇ ਅੰਤ ਦਾ ਸਮਾਂ (ਹੁਣ) ਤੁਹਾਡੀ ਰਜ਼ਾ ਤੇ ਹੈ। (ਅ) ਕਾਲ ਅੰਤਕਾ=ਜਮਕਾਲਾ। †ਪਾ:-ਕਾਲ ਅੰਤਕਾ ਇਸ ਤੁਮ ਮਰਜੀ=ਇਸ ਦੀ ਮੌਤ ਦਾ ਭੈ (ਹੁਣ ਮੈਨੂੰ ਨਹੀਂ, ਆਪ ਦੀ) ਮਰਜ਼ੀ ਵਿੱਚ ਛੋੜਦਾ ਹਾਂ।

ਤਿਹ ਕੇ ਬਚਨ ਸੁਨੇ ਜਗਸਾਈਂ।
ਕਰਿਵਾਏ ਕਾਸ਼ਟ ਇਕ ਥਾਈਂ।
ਪਾਵਕ ਫੂਕੀ ਬਚਨ ਉਚਾਰਾ।
'ਬਾਰਿਕ! ਜਾਵਹੁ ਅਗਨਿ ਮਝਾਰਾ' ॥੧੩॥

ਸੋਰਠਾ:
ਤਿਹ ਬਾਰਿਕ ਕੋ ਨਾਇਂ, 'ਸੰਗਤੀਆ' ਪਿਤ ਨੈ ਧਰਯੋ।
ਨਰ ਨਾਰੀ ਬਿਸਮਾਇਂ -ਲਖੀ ਨ ਗੁਰ ਗਤਿ ਜਾਵਈ ॥੧੪॥

ਦੋਹਰਾ:
ਇਕ ਤਿਖਾਨ ਕੋ ਤਾਤ ਹੈ, ਆਨਿ ਚਢਾਯੋ ਸੋਇ।
ਪਾਵਕ ਮਹਿਂ ਤਿਹ ਪਾਵਈਂ, ਅਤਿ ਅਚਰਜ ਇਹ ਹੋਇ- ॥੧੫॥

ਚੌਪਈ:
ਸਿਸ ਕੋ ਆਇਸੁ ਦੀਨੀ ਜਬਿ ਹੀ।
ਸਿੱਧ ਨਾਰਿ ਨਰ ਦੇਖੈਂ ਸਭਿ ਹੀ।
ਰਿਦੈ ਨ ਡੋਲਯੋ ਰਾਖੀ ਧੀਰ।
ਪਾਵਕ ਕੀ ਕੁਛ ਗਨੀ ਨ ਪੀਰ ॥੧੬॥
ਦ੍ਵਾਦਸ਼ ਬਰਖਨ ਬੈਸ ਕੁਮਾਰਾ।
ਮਾਰਿ ਛਾਰ ਗਾ ਅਗਨਿ ਮਝਾਰਾ।
ਬੈਠਿ ਨ ਨਿਕਸਯੋ ਧਰਿ ਉਰ ਧੀਰਾ।
ਪਾਵਕ ਤੇਜ ਨ ਛੁਹਯੋ ਸਰੀਰਾ ॥੧੭॥
ਸਵਾ ਜਾਮ ਬੈਠਯੋ ਜਬਿ ਰਹਯੋ।
ਸਭਿਨਿ ਦੇਖਿ ਅਚਰਜ ਉਰ ਲਹਯੋ।
ਪਰਮ ਪ੍ਰਸੀਦ ਭਏ[1] ਗੁਨਖਾਨੀ।
ਕਰਨ ਕ੍ਰਿਤਾਰਥ ਉਚਰੀ ਬਾਨੀ ॥੧੮॥

[1]ਬੜੇ ਪ੍ਰਸੰਨ ਹੋਏ।

ਦੋਹਰਾ:

'ਜਨਮ ਮਰਨ ਤੇ ਰਹਿਤ ਭਾ, ਟੂਟ ਗਏ ਜਮ ਜਾਲ।
ਨਿਕਸਹੁ ਆਵਹੁ ਵਹਿਰ ਕੋ, ਅਬਿ ਤੇ ਸਦਾ ਨਿਹਾਲ' ॥੧੯॥

ਚੌਪਈ:

ਸੁਨਤਜੋ ਸਿਸ ਕੇ ਖੁਲੇ ਕਪਾਟਾ।
ਦ੍ਵੈਤ ਭਰਮ ਕੇ ਸਾਂਕੁਰ[1] ਕਾਟਾ। — [1]ਸੰਗਲ।
ਦਿੱਬ ਦ੍ਰਿਸ਼ਟਿ[1] ਹੋਈ ਤ੍ਰੈਲੋਕੰ। — [1]ਗੁਪਤ ਤੇ ਉਹਲੇ ਪਦਾਰਥਾਂ ਆਦਿਕ ਨੂੰ ਵੇਖਣ ਵਾਲੀ ਨਜ਼ਰ।
ਜਨਮ ਮਰਨ ਕੇ ਚੁਕੇ ਸ਼ੋਕੰ ॥੨੦॥
ਸ੍ਰੀ ਗੁਰ ਕਹੈਂ 'ਜਾਚ ਜੋ ਚਾਹੀ[1]। — [1]ਜੋ ਚਾਹ ਹਈ।
ਦੇਵੋਂ ਸੋ ਅਬ[1]† ਬਿਲਮੰ[2] ਨਾਂਹੀ।' — [1]ਹੁਣੇ ਹੀ। [2]ਡੇਰੀ। †ਪਾ:-ਅਸੁ=ਛੇਤੀ। ਸੰਸ: ਆਸ਼ੁ]।
ਹਾਥ ਬੰਦਿ ਬੋਲਜੋ ਸਿਸੁ ਤਬ ਹੀ।
'ਤੁਮਰੇ ਨਿਕਟਿ ਸਿੱਧਿ ਜੇ ਸਭਿ ਹੀ ॥੨੧॥

ਦੋਹਰਾ:

ਇਨ ਕੋ ਇਨ ਕੀ ਸ਼ਕਤਿ ਜੋ
ਦੀਜੈ ਕ੍ਰਿਪਾ ਅਵਾਸ[1] ! ॥ — [1]ਹੇ ਕ੍ਰਿਪਾ ਦੇ ਘਰ।

{ਸੰਗਤੀਆ ਨੇ ਸਭਨਾਂ ਦੀ ਸ਼ਕਤੀ ਵਾਪਿਸ ਦਿਵਾਉਣੀ}

ਔਰ ਅਜਿੱਤਾ ਦੀਨ ਹ੍ਵੈਂ
ਛੂਛੇ ਭਏ ਉਦਾਸ[1] ॥੨੨॥ — [1]ਖਾਲੀ ਹੋ ਜਾ ਕੇ ਉਦਾਸ ਹੈਨ।

ਚੌਪਈ:

ਚਿੰਤਾਤੁਰ ਹ੍ਵੈ ਕੈ ਸਭਿ ਬੈਸੇ।
ਕਿਰਪਨ[1] ਖੋਇ ਦਰਬ ਕੋ ਜੈਸੇ।' — [1]ਕੰਜੂਸ।
ਸ੍ਰੀ ਗੁਰ ਕਹਜੋ 'ਸ਼ਕਤਿ ਦਿਖਰਾਵਤਿ।
ਦੰਭ ਕਰੈ ਨਿਜ ਮਾਨ ਬਧਾਵਤਿ[1] ॥੨੩॥ — [1]ਭਾਵ ਸਿੱਧ ਲੋਕ ਐਸਾ ਕਰਦੇ ਹਨ।
ਦੇਨੀ ਉਚਿਤ ਅਬੈ ਨਹਿਂ ਇਨ ਕੋ।
ਮਾਨ ਬਿਖੈ ਮਨ ਬੂਡਜੋ ਜਿਨ ਕੋ।
ਤੇਰੋ ਕਹਜੋ ਨ ਮੋਰਹਿਂ ਕੈਸੇ।
ਹੁਤੇ ਅਗਾਰੀ, ਹ੍ਵੈ ਅਬ ਤੈਸੇ' ॥੨੪॥
ਸਿੱਧਨ ਯੁਤ ਅਚਰਜ ਨਰ ਨਾਰੀ।

'ਇਹ ਬਾਰਿਕ ਬਹੁ ਪਰਉਪਕਾਰੀ।
ਬੈਸ ਅਲਪ ਮਹਿਮਾ ਅਧਿਕਾਇ।
ਸਿੱਧਿ ਸਰਬ ਲੀਨੇ ਬਖ਼ਸ਼ਾਇ' ॥੨੫॥

ਬੱਚੇ ਦਾ ਅੱਗ ਵਿਚ ਨਾ ਸੜਨਾ ਤੇ ਹੋਰ ਕਰਾਮਾਤਾਂ ਜੋ ਗੁਰੂ ਜੀ ਦੀਆਂ ਇਸ ਅਧ੍ਯਾਯ ਵਿਚ ਹਨ ਇਹ ਸਿੱਧਾਂ ਵਾਂਙੂ ਮਾਨ ਵਧਾਉਣ ਲਈ ਨਹੀਂ ਦਿਖਲਾਈਆਂ ਗਈਆਂ, ਪਰ ਸਿੱਧਾਂ ਦੀ ਕਰਾਮਾਤ ਦੀ ਸ਼ਕਤੀ ਜਿਸਨੂੰ ਓਹ ਧਰਮ ਪਰਮਾਰਥ ਸਮਝੀ ਬੈਠੇ ਸਨ ਅਰ ਅਪਣੇ ਮਾਨ ਲਈ ਵਰਤਦੇ ਸਨ, ਉਸ ਮਾਨ ਤੇ ਅਵਿੱਦ੍ਯਾ ਨੂੰ ਤੋੜਨ ਵਾਸਤੇ ਸਨ। ਜੇ ਕਿਹਾ ਜਾਏ ਕਿ ਗੁਰੂ ਜੀ ਐਵੇਂ ਆਖ ਹੀ ਦਿੰਦੇ ਕਿ ਕਰਾਮਾਤ ਕੁਛ ਚੀਜ਼ ਨਹੀਂ, ਤਦ ਜੋ ਯੋਗ ਸਾਧਨ ਕਰਕੇ ਮਨ ਏਕਾਗਰ ਤੇ ਸੰਯਮ ਕਰ ਕਰਕੇ ਕੁਛ ਚੇਟਕਾਂ ਹਾਸਲ ਕਰ ਚੁਕੇ ਹਨ, ਉਹ ਗੱਲਾਂ ਨਾਲ ਕਦ ਮੰਨਦੇ ਹਨ। ਜਦੋਂ ਇਹ ਦੇਖ ਲੈਣ ਕਿ ਸਾਨੂੰ ਰਾਹ ਪਾਉਣ ਵਾਲਾ ਸਾਡੇ ਨਾਲੋਂ ਵੱਡੀ ਸ਼ਕਤੀ ਰਖਦਾ ਹੈ, ਤੇ ਸ਼ਕਤੀ ਰਖਕੇ ਸਿੱਧੀਆਂ ਕਰਾਮਾਤਾਂ ਨੂੰ ਤੁੱਛ ਸਮਝਦਾ ਹੈ, ਉਸਦਾ ਕਹਿਣਾ ਮੁੱਲ ਵਾਲਾ ਕਹਿਣਾ ਉਹ ਮੰਨ ਸਕਦੇ ਸਨ। ਉਹ ਇਹ ਹੈ ਕਿ ਮੇਰੇ ਪਾਸ ਸ਼ਕਤੀ ਹੈ, ਪਰ ਮੈਂ ਇਸਨੂੰ ਤੁੱਛ ਸਮਝਦਾ ਹਾਂ, ਸਭ ਤੋਂ ਕੀਮਤੀ ਸ਼ੈ ਨਾਮ ਹੈ। ਬਚੇ ਦੀ ਮਿਸਾਲ ਇਹ ਦਿਖਾਈ ਕਿ ਕਿਸ ਤਰ੍ਹਾਂ ਦਾ ਆਗ੍ਯਾਕਾਰੀ ਹੈ ਜੋ ਅੱਗ ਵਿਚ ਜਾਣੋਂ ਨਹੀਂ ਝਿਜਕਦਾ, ਇਹ ਵਡੇਰੀ ਕਰਾਮਾਤ ਹੈ, ਅੱਗ ਵਿਚ ਨਾ ਸੜਨਾ ਇਹ ਅਚਰਜ ਕਰਨੇ ਵਾਲੀ ਕਰਾਮਾਤ ਹੈ, ਫਿਰ ਬੱਚੇ ਦਾ ਸਿੱਧਾਂ ਨੂੰ ਬਖਸ਼ਾਉਣਾਂ ਇਹ ਸੱਭ ਤੋਂ ਉੱਚੀ ਕਰਾਮਾਤ ਹੈ, ਸਿੱਧਾਂ ਦਾ ਅਹੰਕਾਰ ਤੋੜਨ ਵਾਸਤੇ ਇਹ ਸਾਰੇ ਸ਼ੁਭ ਗੁਣ ਬਾਰਾਂ ਬਰਸ ਦੇ ਬੱਚੇ ਤੋਂ ਦਿਖਲਵਾਏ ਕਿ ਪਰਾਏ ਦੀ ਹਾਨੀ ਹੁੰਦੀ ਨਾ ਦੇਖ ਸਕਣੀ, ਨੀਵੇਂ ਹੋਕੇ ਰਹਿਣਾ, ਰਜ਼ਾ ਵਿਚ ਰਹਿਣਾ ਤੇ ਨਾਮ ਸਿਮਰਣਾ, ਇਹ ਅਸਲ ਸਿੱਧ ਅਵਸਥਾ ਹੈ।

ਦੋਹਰਾ:

ਭਈ ਸਭਿਨਿ ਮਹਿਂ ਸ਼ਕਤਿ ਪੁਨ, ਰਹੇ ਰਿਦੇ ਹਰਖਾਇ।
'ਧੰਨ ਧੰਨ ਸ਼੍ਰੀ ਗੁਰ ਤੁਹੀਂ, ਮਹਿਮਾ ਕਹੀ ਨ ਜਾਇ ॥੨੬॥

ਚੌਪਈ:

ਸਿੱਖੀ ਧੰਨ, ਧੰਨ ਸਿਖ ਤੇਰੇ।
ਪਰਉਪਕਾਰ ਕਰਹਿਂ ਦੁਖ ਹੇਰੇ।'
ਅਸ ਕਹਿ ਸਿੱਧਨ ਗਰਬ ਗਵਾਯੋ।
ਬਹੁਰ ਨ ਸ਼੍ਰੀ ਗੁਰ ਨਿਕਟਿ ਜਨਾਯੋ ॥੨੭॥
ਭਈ ਸ਼ਾਂਤਿ ਦੁਰਮਤਿ ਸਭਿ ਨਾਸ਼ੀ[†]।

[†]ਗੁਰੂ ਜੀ ਦਾ ਇਸ ਮੌਕੇ ਪਰ ਅਪਣਾ ਸ਼੍ਰੀ ਮੁਖਵਾਕ ਹੈ:- ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਧਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੇ ॥ [ਸਿ: ਗੋ:-੨੩ ਅਰਥਾਤ: ਸਿਧ ਤੇ ਸਾਧਨਾ ਵਾਲੇ ਗੁਰੂ ਵੀ ਤੇ ਚੇਲੇ ਵੀ (ਹੁਣ ਹੇ ਸਾਈਂ) ਤੇਰੇ ਹੁਕਮ ਨੂੰ ਖੋਜਦੇ ਫਿਰਦੇ ਹਨ, (ਤੇਰਾ) ਨਾਮ ਮੰਗਦੇ ਹਨ ਤੇ ਕਹਿੰਦੇ ਹਨ ਕਿ ਇਹ ਖੈਰ (ਸਾਨੂੰ) ਪਾ, (ਹੇ ਨਾਨਕ ਤੇਰੇ) ਦਰਸ਼ਨ (ਆਤਮ ਵਿੱਦਯਾ ਯਾ ਦੀਦਾਰ) ਤੋਂ ਅਸੀਂ ਸਦਕੇ ਹਾਂ। ਫਿਰ ਗੁਰੂ ਜੀ ਅਪਣੇ ਨਿੰਮ੍ਰਤਾ ਦੇ ਤ੍ਰੀਕੇ ਤੋਂ ਦਸਦੇ ਹਨ ਕਿ ਵਾਹਿਗੁਰੂ ਨੇ ਆਪ ਖੇਲ ਰਚਾਇਆ (ਤੇ ਉਨ੍ਹਾਂ ਨੂੰ) ਗੁਰਮੁਖਤਾ ਦੀ ਸੋਝੀ ਹੋ ਗਈ। ਭਾਈ ਗੁਰਦਾਸ ਜੀ ਲਿਖਦੇ ਹਨ:- ਬਾਬੇ ਕੀਤੀ ਸਿੱਧ ਗੋਸ਼ਟ ਸਬਦ ਸਾਂਤਿ ਸਿੱਧਾਂ ਵਿਚਿ ਆਈ ॥ ਕਿ ਬਾਬਾ ਜੀ ਦੀ ਸਿੱਧ

ਗੋਸ਼ਟ ਕਰਨ ਨਾਲ ਸਿੱਧਾਂ ਵਿਚ ਸ਼ਾਂਤੀ ਆਈ, ਕਿਹੜੀ ਸ਼ਾਂਤੀ ਜਿਹੜੀ ਸ਼ਬਦ=ਨਾਮ ਵਿਚ ਨਿਸ਼ਚਾ ਤੇ ਅੱਭਯਾਸ ਕਰਨ ਨਾਲ ਆਉਂਦੀ ਹੈ।

ਕਹੈਂ 'ਪੁਰਖੁ ਤੁਮ ਹੋ ਅਵਿਨਾਸ਼ੀ।'
ਉਸਤਤਿ ਕਰਿ ਕੈ ਅਨਿਕ ਪ੍ਰਕਾਰਾ।
ਪੁਨ ਬੂਝਨ ਹਿਤ ਬਚਨ ਉਚਾਰਾ ॥੨੮॥
'ਕੇਤਿਕ ਸ਼ਕਤਿ ਤੁਮਾਰੇ ਮਾਹੀ?
ਕਹਉ ਤਪਾ ਜੀ! ਹਮਰੇ ਪਾਹੀ।
ਅਪਰ ਨ ਤੁਮਰੇ ਸਮਸਰ ਦੇਖਾ।
ਸਭਿ ਤੇ ਤੁਮ ਹੋ ਪੁਰਖੁ ਬਿਸ਼ੇਖਾ' ॥੨੯॥

ਦੋਹਰਾ:
ਗੁਰੂ ਭਨਜੋ 'ਸਤਿਨਾਮ ਕੀ, ਬਡਿਆਈ ਬਡ ਜਾਨਿ।
ਏਕੰਕਾਰ ਅਕਾਰ ਪ੍ਰਭੁ, ਪੂਰਨ ਕ੍ਰਿਪਾ ਨਿਧਾਨ ॥੩੦॥

ਚੌਪਈ:
ਜੇਵਡ[1] ਸਾਹਿਬ ਤੇਵਡ[2] ਦਾਤਿ।
ਕਬਹੁੰ ਪਾਰ[1] ਨ ਪਾਇਓ ਜਾਤ।
ਕਰੁਨਾਮੈ ਨਿਤ ਜੋਤਿ ਸਰੂਪੰ।
ਸਭਿ ਬਿਧਿ ਸ੍ਰੀ ਕਰਤਾਰ ਅਨੂਪੰ ॥੩੧॥
ਕ੍ਰਿਪਾ ਦ੍ਰਿਸ਼ਟਿ ਦੇਖਤਿ ਹੈ ਜਾਂ ਕੋ।
ਦਾਨ ਨਾਮ ਕੋ ਦੇਵਤਿ ਤਾਂ ਕੋ।
ਮਾਨ ਅਮਾਨ ਸੁਤੇ ਛੁਟਿ ਜਾਹੀਂ।
ਸੁਖ ਕੇ ਸਹਿਤ ਪਰਮਪਦ ਪਾਹੀਂ ॥੩੨॥
ਸਤਿਗੁਰ ਕੀ ਵੱਡੀ ਵਡਿਆਈ।
ਭੇਦ ਪਾਰ ਨਹਿਂ ਪਾਯੋ ਜਾਈ।'
ਇਸ ਬਿਧਿ ਕਹਿ ਕਰਿ ਕ੍ਰਿਪਾ ਨਿਧਾਨਾ।
ਤਿਨ ਸੋਂ ਏਕ ਸ਼ਲੋਕ ਬਖਾਨਾ ॥੩੩॥

[1]ਜਿੱਡਾ ਵੱਡਾ। [2]ਤਿਤਨੀ ਵੱਡੀ।

[1]ਅੰਤ।

{ਗੁਰੂ ਜੀ ਦੀ ਸ਼ਕਤੀ}

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥

ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥

[ਮਾਝ ਵਾਰ

ਦੋਹਰਾ:

ਇਹ ਸ਼ਲੋਕ ਸੁਨਿ ਕੈ ਸਭੈ, ਸਿੱਧਨ ਸਤਿ ਕਰਿ ਮਾਨ।
ਗੋਰਖਾਦਿ ਤੇ ਦੀਨ ਹ੍ਵੈ, ਬੰਦੇ ਜੋਰਤਿ ਪਾਨ[1] ॥੩੪॥ — [1]ਜੋੜਕੇ ਹੱਥ।

ਚੌਪਈ:

ਅਪਰ ਸਿੱਧ ਸਭਿ ਬਿਨੈ ਅਲਾਵੈਂ।
ਭੰਗਰਨਾਥ ਨ ਸੀਸ ਨਿਵਾਵੈ।

{ਭੰਗਰਨਾਥ ਦੀ ਖੜਾਵਾਂ ਨਾਲ ਖਾਤਰ}

ਇਸ ਬਿਧਿ ਬਚਨ ਕਹਤਿ ਭਾ ਤਬ ਹੀ।
'ਪਸ਼ਚਮ[1] ਸੁਰਸੁਰਿ[2] ਬਹੀ ਨ ਕਬ ਹੀ ॥੩੫॥ — [1]ਪੱਛੋਂ ਵਲ। [2]ਗੰਗਾ।
ਅਸਤ ਨ ਪ੍ਰਾਚੀ ਸਵਿਤਾ ਭਯੋ[1]। — [1]ਡੁਬਾ ਨਹੀਂ ਪੂਰਬ ਦਿਸ਼ਾ ਵਲ ਸੂਰਜ (ਕਦੀ)।
ਧਾਰਿ ਪੰਖ[1] ਨਹਿੰ ਮੇਰੁ ਉਡਯੋ। — [1]ਖੰਭ ਲਾਕੇ।
ਹਮ ਹੈਂ ਸਿੱਧ ਜਿ ਗ੍ਰਿਹਸਤਿ ਅਗਾਰੀ।
ਨਮੋਂ ਕਰੈਂ ਅਸਮੰਜਸ[1] ਭਾਰੀ' ॥੩੬॥ — [1]ਅਯੋਗ।
ਉਡਜੋ ਅਕਾਸ਼ ਬਿਖੈ ਕਹਿ ਐਸੇ।
ਜਾਤ ਬਿਹੰਗ ਯੁਤਿ ਬਲ ਕੇ ਜੈਸੇ।
ਸ੍ਰੀ ਨਾਨਕ ਲਖਿ ਗਰਬ ਸਮੇਤਾ।
ਕੌਂਸ[1] ਉਡਾਈ ਖੋਵਨ ਹੇਤਾ[2] ॥੩੭॥ — [1]ਖੜਾਉਂ। [2]ਗਰਬ) ਖੋਵਨ ਲਈ।
ਲਗੀ ਜਾਇ ਕੈ ਸੀਸ ਮਝਾਰੀ।
ਉਡਜੋ ਬਹੁਰ ਪੀਰਾ ਭੀ ਭਾਰੀ।
ਤਿਹ ਤੇ ਊਚੀ ਗਈ ਖਰਾਇ੧੦।
ਸਿਰ ਮੈਂ ਲਾਗੀ ਰਹਜੋ ਬਚਾਇ ॥੩੮॥
ਜਬ ਥਿਰ ਹੋਵੈ ਪੁਨ ਸਿਰ ਲਾਗੈ।
ਹਟੈ ਨ ਕਸ[1] ਜਿ ਅਪਰ ਦਿਸ਼ਿ ਭਾਗੈ। — [1]ਕਿਸੇ ਤਰ੍ਹਾਂ ਬੀ।
ਸ੍ਰੀ ਨਾਨਕ ਕੀ ਦਿਸ਼ਿ ਜਬ ਆਵੈ।
ਸਿਰ ਤੇ ਕੌਂਸ ਲਗਨ ਹਟਿ ਜਾਵੈ ॥੩੯॥
ਜਾਨਜੋ ਰਿਦੈ ਨ ਹਟਜੋ[1] ਖਰਾਊ[2]। — [1]ਨਹੀਂ ਹਟਦੀ। [2]ਖੜਾਉਂ।

ਕਰ ਬਹੁ ਰਹਜੋ ਨ ਚਲਤਿ ਉਪਾਊ।
ਪੀਰ ਪਾਇ ਹਿਰਦੇ ਪਛੁਤਾਨਾ।
ਮਿਟਜੋ ਗਰਬ ਬਹੁ ਭਯੋ ਲਜਾਨਾ ॥੪੦॥

ਦੋਹਰਾ:
ਹੋਇ ਦੀਨ ਆਵਤਿ ਭਯੋ, ਜਹਿਂ ਬੇਦੀ ਕੁਲ ਦੀਪ।
ਚਰਨ ਕਮਲ ਬੰਦਨ ਕਰੀ, ਬੈਠਜੋ ਹੋਇ ਸਮੀਪ ॥੪੧॥

ਚੌਪਈ:
ਗੋਰਖ ਦੇਖਿ ਬਚਨ ਕੋ ਕਹੈ।
'ਇਉਂ ਕਰਿਵਾਏ ਬਿਨਾਂ ਨਾ ਰਹੈ।
ਕਲੀਕਾਲ ਮੈਂ ਸ੍ਰੀ ਕਰਤਾਰਾ।
ਨਾਮ ਜਪਾਵਨ ਹਿਤ ਤਨ ਧਾਰਾ ॥੪੨॥
ਇਸਕੀ ਸਮਤਾ ਹੋਇ ਨ ਕੈਸੇ।
ਬੰਦਨ ਕਰਹੁ ਭਲਾ ਹੁਇ ਜੈਸੇ।
ਨੀਕੇ ਬਚਨ ਸੁਨੋ ਪੁਨ ਕਹੋ।
ਤੱਤ ਗਜਾਨ ਕੋ ਉਰ ਮਹਿਂ ਲਹੋ' ॥੪੩॥
ਪੁਨ ਗੋਰਖ ਗੁਰ ਸੰਗਿ ਉਚਾਰਾ।
'ਕਲੀ ਕਾਲ ਮਹਿਂ ਕਜਾ ਵਰਤਾਰਾ?'
ਬੈਠੇ ਸਭਿ ਹੀ ਸਿੱਧ ਸਮੀਪਾ।
ਤਬ ਬੋਲੇ ਬੇਦੀ ਕੁਲ ਦੀਪਾ ॥੪੪॥

{ਕਲਜੁਗ ਦਾ ਵਰਤਾਰਾ}

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥

[ਵਾਰ ਆਸਾ

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥
[ਮਾਝ ਵਾਰ

ਸ੍ਰੀ ਮੁਖਵਾਕ ॥
ਸਲੋਕੁ ਮਃ ੧ ॥
ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥
ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥
ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥
ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥
ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥
ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥
[ਰਾਮ: ਵਾਰ ਮ: ੧

ਚੌਪਈ:

ਪੁਨ ਗੁਰ ਸਿੱਧਿ ਗੋਸ਼ਟਿ ਕਰੀ।
ਸਿੱਧਿਨ ਕੀ ਦੁਬਿਧਾ ਸਭਿ ਹਰੀ।
ਪਦ ਪੰਕਜ ਪਰ ਬੰਦਨ ਕਰਿਹੀਂ।
ਉਸਤਤਿ ਉਚਰਿ ਹਰਖ ਉਰ ਧਰਿਹੀਂ[1] ॥੪੫॥

[1]ਭਾਵ ਸਿੱਧ ਲੋਕ।

ਲਖਜੋ -ਕਲੀ ਮਹਿਂ ਭਾ ਅਵਤਾਰਾ।
ਧਰਨ ਕੀਨ ਤਨ ਸ਼੍ਰੀ ਕਰਤਾਰਾ।
ਨਾਮ ਜਪਾਇ ਪ੍ਰਮਾਨ ਉਧਾਰੈਂ[1]।
ਜਹਿਂ ਤਹਿਂ ਕੀਰਤਿ ਧਰਮ ਬਿਥਾਰੈਂ ॥੪੬॥

[1]ਪੁਰਸ਼ਾਂ ਨੂੰ ਤਾਰਨਗੇ।

ਹੋਤਿ ਸਮਾਨ ਨ ਯਾਂ ਕੇ ਕੋਊ।
ਗਤਿਦਾਯਕ ਸ਼ਰਧਾ ਧਰਿ ਜੋਊ।
ਬਿਨੁ ਪ੍ਰਭੁ ਹਮੈਂ ਨ ਜੀਤ ਸਕਾਈ-।
ਯਾਂ ਤੇ ਸਤਿ ਜਾਨਜੋ ਜਗਰਾਈ ॥੪੭॥

ਦੋਹਰਾ:

ਇਸਿ ਬਿਧਿ ਧਰੀ ਪ੍ਰਤੀਤ ਉਰ, ਕਰਿ

ਬੰਦਨ ਜਗਤੇਸ਼।
ਬਿਦਾ ਸਿੱਧਿ ਹੋਏ ਸਰਬ, ਕਹਿ 'ਆਦੇਸ਼ ਅਦੇਸ਼' ॥੪੮॥

ਚੌਪਈ:

ਸਭਿ ਚਰਚਾ† ਜੇ ਬਰਨਨ ਕਰਿਹੌਂ।

†ਭਾਈ ਗੁਰਦਾਸ ਜੀ ਨੇ ਬੀ ਇਸ ਗੋਸ਼ਟ ਦਾ ਸੰਖੇਪ ਆਪਣੀ ਪਹਿਲੀ ਵਾਰ ਵਿਚ ਦਿੱਤਾ ਹੈ। ਦੇਖੋ ਇਸ ਪੁਸਤਕ ਦਾ ਪੰਨਾ ੧੦੫੯ ਜਿਥੇ ਇਸ ਗੋਸ਼ਟ ਸੰਬੰਧੀ ਭਾਈ ਸਾਹਿਬ ਦੀਆਂ ਪਉੜੀਆਂ ਟੂਕ ਵਿਚ ਦਿਖਾਈਆਂ ਗਈਆਂ ਹਨ।

ਗ੍ਰੰਥ ਬਢਨ ਤੇ ਉਰ ਮਹਿਂ ਡਰਿਹੌਂ।
ਬਹੁਰ ਨ ਪਾਰ ਸੁ ਪਾਯੋ ਜਾਈ।
ਸ਼੍ਰੀ ਗੁਰ ਜੇਤਿਕ[1] ਚਰਚਾ ਗਾਈ ॥੪੯॥

[1]ਜਿਤਨੀ ਕੁ।

ਮੇਲਾ ਬਿਛੁਰਨ[1] ਲਗ੍ਯੋ ਬਹੋਰੀ।

[1]ਉੱਜੜਨ।

ਗਮਨੇ ਮਾਨਵ ਨਿਜ ਨਿਜ ਠੌਰੀ।
ਬਾਢੀ[1] ਬਾਲਕ ਪਗ ਲਪਟਾਯੋ।

[1]ਤਿਖਾਣ ਦਾ।

ਆਰਣਸੁਤ ਕਰ[1] ਪ੍ਰਭੁ ਸਿਰ ਲਾਯੋ।

[1]ਹੱਥ ਕਮਲ।

'ਮਿਲਿ ਜੋ ਤੁਮ ਗਤਿ ਪਾਵਹਿ[1] ਕਹਿ ਮੁਖ[2]।

[1]ਮਿਲੇਗਾ ਜੋ ਤੈਨੂੰ (ਸੋ) ਮੁਕਤੀ ਪਾਵੇਗਾ। [2]ਤੇਰੇ) ਮੁਖੋਂ ਕਹਣ ਮਾਤ੍ਰ ਨਾਲ (ਅ) ਮੂੰਹੋਂ ਕਿਹਾ ਗੁਰੂ ਜੀ ਨੇ।

ਸੱਤਿਨਾਮ ਤੁਮ ਕਹੁ ਸਭਿ ਮੈ ਲਖਿ[1] ॥੫੦॥

[1]ਸਭ ਵਿਚ ਲਖ ਕੇ (ਵਜਾਪਕ ਵਾਹਿਗੁਰੂ) (ਅ) ਸਭਨਾਂ ਨੂੰ (ਪਰ) ਵੇਖਕੇ।

ਦੋਹਰਾ:

ਬਸਹੁ ਤਾਤ[1] ਨਿਜ ਤਾਤਨੀ[2], ਪਾਸ ਜਾਇ ਤੁਮ ਤਾਤ[3]!

[1]ਪਿਤਾ (ਤੇ)। [2]ਆਪਣੀ ਮਾਤਾ (ਦੇ ਪਾਸ)। [3]ਹੇ ਪੁੱਤ੍ਰ!

ਬਹੁ ਨਰ ਕੋ ਭਵ[1] ਤਾਰਿ ਹੋ, ਪੁਨਿ ਗਤਿ ਹ੍ਵੈ ਬੱਖਜਾਤ[2]' ॥੫੧॥

[1]ਸੰਸਾਰ ਤੋਂ। [2]ਪ੍ਰਗਟ ਹੀ ਮੁਕਤ ਹੋਇਗੀ।

ਚੌਪਈ:

ਮਾਨਿ ਬਚਨ ਸ੍ਰੀ ਜਗਤੇਸ਼੍ਵਰ ਕੋ।
ਗਦ ਗਦ ਹ੍ਵੈ ਤੁਰਿ ਪਾ[1] ਨਿਜ ਘਰ ਕੋ।

[1]ਚੱਲ ਪਿਆ।

ਕੇਤਿਕ ਸੇਵਕ ਸੰਗ ਸਿਧਾਰੇ।
ਜਗ ਗੁਰ ਪ੍ਰਵਿਸ਼ੇ ਪੁਰਿ ਕਰਤਾਰੇ ॥੫੨॥
ਕਿਤਿਕ ਕਾਲ ਪ੍ਰਭੁ ਦੀਨ ਦਯਾਲਾ।
ਰਹੇ ਤਹਾਂ, ਬੈਠਹਿਂ ਧ੍ਰਮਸਾਲਾ।
ਹੋਤਿ ਕੀਰਤਨ ਨਿਸ ਦਿਨ ਪਾਸੂ।

ਦਰਸਹਿ ਸੰਗਤਿ ਕਰਿ ਅਰਦਾਸੁ
॥ ੫੩ ॥
ਧਾਰਿ ਕਾਮਨਾ ਜੋ ਉਰ ਆਵਹਿ।
ਦਰਸ਼ਨ ਕਰਤਜੋਂ ਸੇ ਸਭਿ ਪਾਵਹਿ।
ਗ੍ਰਾਮ ਨਗਰ ਸਗਰੇ ਪੁਰਿ ਮਾਂਹੀ।
ਲੇ ਸ਼੍ਰੀ ਨਾਨਕ ਨਾਮ ਸਰਾਹੀਂ[1] ॥ ੫੪ ॥ [1]ਸਲਾਹੁੰਦੇ ਹਨ।
ਸੁਨਿ ਕਰਿ ਮਾਲੋ ਸ਼ੇਖ ਪ੍ਰਸ਼ੰਸਾ।
{ਮਾਲੋ ਸ਼ੇਖ}
ਗਯੋ ਨਿਕਟਿ ਬੇਦਿਨ ਅਵਤੰਸ਼ਾ[1]। [1]ਬੇਦੀ ਕੁਲ ਦੇ ਭੂਖਣ।
ਕਰਿ ਸਲਾਮ ਬੈਸਜੋ ਤਵ[1] ਪਾਸੁ। [1]ਤਦੋਂ।
ਬੂਝਨ ਲਾਗਜੋ ਮਤਸਰ ਜਾਸੁ[1] ॥ ੫੫ ॥ [1]ਈਰਖਾ ਸੀ ਜਿਸ ਨੂੰ।
'ਹਿੰਦੂ ਬਡੇ ਕਿ ਤੁਰਕ ਬਤਾਵਉ।
ਉੱਤਮ ਕਿਹ ਕੋ ਮਤੋ? ਸੁਨਾਵਉ।
ਸ਼ੁਭ ਗਤਿ ਕੈਸੇ ਪ੍ਰਾਪਤਿ ਹੋਇ?
ਤੁਮਰੀ ਉਸਤਤਿ ਕਹਿ ਸਭਿ ਕੋਇ'
॥ ੫੬ ॥
ਸੁਨਿ ਕੈ ਸ਼੍ਰੀ ਗੁਰ ਬਚਨ ਬਖਾਨੇ।
'ਇਸ ਬਿਧਿ ਬੂਝਹਿਂ ਜੇ ਅਨਜਾਨੇ।
ਉਰ ਮਹਿਂ ਭਰਮ ਸੁਮਤਿ ਨਹਿਂ ਪਾਈ।
ਦ੍ਵੈ ਪਖ ਹਿੰਦੂ ਤੁਰਕ ਦ੍ਰਿੜਾਈਂ ॥ ੫੭ ॥
ਤੱਤੁ ਵਸਤੁ ਕੋ ਜਾਨਹਿਂ ਨਾਂਹੀਂ।
ਝਗਰੇ ਬਾਂਧੈ[1] ਦਾਵੇ ਮਾਂਹੀ। [1]ਬੰਨ੍ਹਦੇ ਹਨ।
ਇਨ ਕੋ ਗਤਿ ਨਹਿਂ ਪ੍ਰਾਪਤਿ ਹੋਇ।
ਜਮ ਕੇ ਡੰਡ ਸਹੈਂ ਨਿਤ ਸੋਇ' ॥ ੫੮ ॥
ਸੁਨਿਤ ਗਯੋ ਜਰਿ[1] ਮਾਲੋ ਸ਼ੇਖਾ। [1]ਸੜ।
ਬੋਲਜੋ ਜਿਹ ਕੋ ਅਨਖ[1] ਵਿਸ਼ੇਖਾ। [1]ਗੁੱਸਾ।
'ਹਿੰਦੂ ਤੁਰਕ ਨਹੀਂ ਜੇ ਕੋਈ।
ਕਿਉਂ ਖ਼ੁਦਾਇ ਸਿਰਜੇ ਇਹ ਦੋਈ?
॥ ੫੯ ॥
ਇਕ ਖ਼ੁਦਾਇ, ਇਕ ਸਿਮਰਹਿਂ ਰਾਮ†। †ਪਾ:-ਨਾਮ।
ਪ੍ਰਿਥਕ[1] ਰਹਤਿ ਨਿਜ ਨਿਜ ਦ੍ਵੈ ਧਾਮ। [1]ਵੱਖਰੇ ਵੱਖਰੇ।
ਪਸ਼ਚਮ ਮੁਖ ਇਕ ਪ੍ਰਾਚੀ ਕਰਿਹੀਂ।

ਨਿਜ ਮਤ ਦੋਊ ਭਲੋ ਉਚਰਿਹੀਂ ॥੯੦॥
ਸ੍ਰੀ ਨਾਨਕ ਪੁਨ ਬੈਨ ਬਖਾਨੇ।
'ਉੱਤਮ ਭਗਤਿ ਕਬੀਰ ਮਹਾਨੇ।
ਸਭਿ ਤੇ ਮਹਿਮਾਂ ਤਿਨਿ ਅਧਿਕਾਈ।
ਰਾਮ ਕਬੀਰ ਭੇਦ ਨਹਿਂ ਰਾਈ† ॥੯੧॥

†ਇਹ ਗਲ ਹਿੰਦਾਲੀਏ ਵਲੋਂ ਹੈ ਯਾ ਜੇ ਉਸ ਨਾਲ ਕੋਈ ਕਬੀਰ ਪੰਥੀ ਸੀ ਤਾਂ ਉਸ ਵਲੋਂ ਹੈ। ਸ੍ਰੀ ਗੁਰੂ ਜੀ ਦੇ ਮੂੰਹੋਂ ਕਬੀਰ ਜੀ ਨੂੰ ਵੱਡਾ ਅਖਵਾਣ ਦਾ ਜਤਨ ਹੈ, ਪਰ ਏਥੇ ਸਮਝ ਕਰ ਲੈਣੀ ਚਾਹੀਏ ਕਿ ਭਗਤਾਂ ਵਿਚੋਂ ਵੱਡਾ ਕਹਿ ਰਹੇ ਹਨ। ਆਪ ਗੁਰੂ ਜੀ 'ਗਬਿੰਦ ਰੂਪ' ਸਨ।

ਤਿਸਨੈ ਦੋਨੋ ਕੋ ਸਮਝਾਵਾ।
ਭਲੀ ਭਾਂਤਿ ਸੋਂ ਭਰਮ ਮਿਟਾਵਾ।
ਜਗ ਮੈਂ ਜਨਮ ਤੁਰਕ ਘਰ ਭਯੋ।
ਸੁਨਿ ਤੂੰ ਜਿਉਂ ਤਿਨਿ ਬਰਨਨ ਕਿਯੋ ॥੯੨॥

ਦੋਹਰਾ:
-ਇਕ ਮਾਟੀ ਇਕ ਨੈ ਕਰੇ,
ਏਕ ਜੋਤਿ ਸਭਿ ਮਾਂਹਿ।
ਇਕ ਸੋ ਬਨਜੋ ਬਨਾਉ ਤਹਿਂ,
ਭਰਮਹੁ ਉਰ ਮਹਿਂ ਨਾਂਹਿ ॥੯੩॥
ਏਕੰਕਾਰ ਖੁਦਾਇ ਸੋ, ਰਾਮ ਰਹੀਮ ਨ ਦੋਇ।
ਭੂਲੇ ਬਾਂਧੈ ਪਾਖ ਜੋ,
ਜਨਮ ਮਰਨ ਮਹਿਂ ਸੋਇ ॥੯੪॥

ਚੌਪਈ:
ਦੇਹਿ ਕੂਰ, ਕੂਰੇ[1] ਇਹੁ ਦਾਵੇ।
ਹਿੰਦੂ ਤੁਰਕ ਮਨੈ ਜਿ ਮਨਾਵੇ।
ਘਟ ਫੂਟੇ[1] ਕਜਾ ਨਾਮ ਕਹੋਗੇ।
ਤਨ ਦਾਵੇ ਬਿਨੁ ਜਬੈ ਰਹੋਗੇ ॥੯੫॥
ਅਲਹਿ ਅਕਾਲ ਏਕ ਸ੍ਰੀ ਨਾਮੂ।
ਦਾਵੇ ਕਰਹਿਂ ਪਖੰਡਨ ਧਾਮੂ[1]।
ਜਗਤ ਝੂਠ ਮਹਿਂ ਝੂਠੇ ਦਾਵੇ।
ਦ੍ਰਿਸ਼ਟਿਮਾਨ ਸਭਿ ਹੀ ਬਿਨਸਾਵੇ[1]-

[1]ਝੂਠੇ।
[1]ਮਰਣ ਤੇ।
[1]ਭਾਵ ਪਖੰਡੀ, ਮੂਰਖ।
[1]ਨਾਸ਼ ਹੋ ਜਾਣਗੇ।

॥ ੬੬ ॥
ਅਸ ਬਿਚਾਰ ਮਾਲੋ ! ਉਰ ਕਰੀਏ।
ਚਹਿਂ ਜਿ ਭਲਾ, ਭ੍ਰਮ ਕੋ ਪਰਹਰੀਏ[1]।' — [1]ਨਾਸ਼ ਕਰੋ।
ਕੁਮਤਿ ਬਿਦਾਰਨ[1] ਦਿਯ ਉਪਦੇਸ਼ਾ। — [1]ਖੋਟੀ ਮਤਿ ਦੂਰ ਕਰਨ ਹਿਤ।
ਕ੍ਰਿਪਾ ਦ੍ਰਿਸ਼ਟਿ ਦੇਖੀ ਜਗਤੇਸ਼ਾ ॥ ੬੭ ॥

ਦੋਹਰਾ:
ਦੰਭ ਕਦਨ[1] ਕੇ ਬਚਨ ਤੇ, — [1]ਦੰਭ ਕੱਟਨਹਾਰ।
ਅਨਦ ਸਦਨ[1] ਸੁਨਿ ਬੈਨ। — [1]ਅਨੰਦ ਦੇ ਘਰ-ਬਚਨਾਂ ਦਾ ਵਿਸ਼ੇਸ਼ਣ ਹੈ। (ਅ) ਬਚਨ ਸੁਣਕੇ ਅਨੰਦ ਦਾ ਘਰ ਬਣ ਗਿਆ।
ਪਦ ਪੰਕਜ ਪਰ ਪਰਿ ਰਹ੍ਯੋ,
ਹਰਖਤਿ ਉਰ ਭੀ ਚੈਨ ॥ ੬੮ ॥

ਚੌਪਈ:
ਹੋਇ ਦੀਨ ਮਨ ਬਿਨੈ ਬਖਾਨੀ।
'ਅਬ ਜਾਨੇ ਤੁਮ ਸ਼੍ਰੀ ਗੁਨਖਾਨੀ।
ਭਯੋ ਮੁਰੀਦੰ[1] ਰਾਵਰ ਕੇਰਾ। — [1]ਸਿੱਖ।
ਬਚਨ ਸੁਨਤਿ ਭ੍ਰਮ ਮਿਟਿ ਗਯੋ ਮੇਰਾ ॥ ੬੯ ॥
ਹੋ ਖੁਦਾਇ ਮੂਰਤਿ ਧਰਿ ਆਏ।
ਦਾਵੇ ਦ੍ਵੈਤ ਪਖੰਡ ਮਿਟਾਏ।
ਅਬ ਤੁਮ ਪੀਰ ਭਏ ਹੋ ਮੇਰੇ।
ਉਪਜੀ ਸ਼ਾਂਤਿ ਦਰਸ ਕੋ ਹੇਰੇ ॥ ੭੦ ॥
ਮੁਰ ਉਰ ਨਭ[1] ਰਵਿ ਰੂਪ ਤੁਮਾਰਾ[2]। — [1]ਮੇਰੇ ਹਿਰਦੇ ਰੂਪੀ ਅਕਾਸ਼ ਵਿਖੇ। [2]ਸੂਰਜ ਰੂਪੀ ਆਪ ਦਾ ਰੂਪ ਹੈ।
ਬਚਨ ਕਿਰਨ[1] ਯੁਤ[2] ਕਰਹੁ ਬਸਾਰਾ[3]। — [1]ਬਚਨਾਂ ਰੂਪੀ ਕਿਰਨਾਂ ਹਨ। [2]ਸਹਤ। [3]ਵਾਸਾ ਕਰੋ।
ਦਿਪੈ ਸਦੀਵ, ਮੋਹ ਤਮ ਨਾਸ਼ੂ[1]। — [1]ਮੋਹ ਰੂਪੀ ਅਨ੍ਹੇਰੇ ਨੂੰ ਨਾਸ਼ ਕਰਨ ਵਾਲਾ।
ਕਲਿਮਲ ਉਡ ਕੋ[1] ਮਿਟਹਿ ਪ੍ਰਕਾਸ਼ੂ ॥ ੭੧ ॥ — [1]ਪਾਪਾਂ ਰੂਪੀ ਤਾਰਿਆਂ ਦਾ।

ਦੋਹਰਾ:
ਪ੍ਰਸ਼ਨ ਕਹਉਂ ਇਕ ਔਰ ਮੁਝ, ਜੋ ਖੁਦਾਇ ਦਰਗਾਹ।
ਕੋ ਆਦਰ ਤਹਿਂ ਪਾਵਈ, ਜਿਹ ਨਕਾਰ[1] ਕਿਤ ਨਾਂਹਿ ॥ ੭੨ ॥ — [1]ਨਿਰਾਦਰ, ਨਾਂਹ।

ਚੌਪਈ:

ਤਿਹ ਕੇ ਲੱਛਨ ਮੁਝਹਿ ਸੁਨੰਈਏ।
ਜਿਹਤੇ ਦਰਗਹਿ ਠਾਕ ਨ ਪੱਈਏ।'
ਬਹੁਰੋ ਸ੍ਰੀ ਪ੍ਰਭੁ ਬਚਨ ਉਚਾਰੇ।
'ਦ੍ਵੈਤੀ ਦਾਵੇ ਜਿਹ ਮਨ ਟਾਰੇ[1] ॥੭੩॥
ਭਾਣਾ ਵਾਹਿਗੁਰੂ ਕੋ ਮਾਨਜੋ।
ਕਲਿ ਮਹਿਂ ਕੀਰਤਿ ਨਾਮ ਬਖਾਨਜੋ।
ਤਿਨ ਕੋ ਆਦਰ ਸਰਬ ਸਥਾਨਾਂ।
ਹਰਖ਼ ਸ਼ੋਕ ਸਮ ਮਾਨ ਅਮਾਨਾ[1] ॥੭੪॥
ਨਹਿਂ ਨਕਾਰ[14] ਤਿਹ ਕੋ ਕਤ ਹੋਵਹਿ।
ਸਾਚਿ ਰਤੇ ਸੋ ਸਾਚ ਬੁਗੋਵਹਿਂ[1]।
ਕੋਮਲ ਹਿਰਦੇ ਪਰਉਪਕਾਰੀ।
ਦੁਖ ਸੁਖ ਮਹਿਂ ਸਮ ਕਰਤਿ ਬਿਚਾਰੀ' ॥੭੫॥

[1]ਜਿਨ੍ਹੇ ਮਨ ਤੋਂ ਦੂਰ ਕੀਤੇ ਹਨ।

[1]ਆਦਰ ਨਿਰਾਦਰ।

[1]ਕਹਿੰਦੇ ਹਨ।

ਦੋਹਰਾ:
ਸ੍ਰੀ ਗੁਰ ਕੋ ਉਪਦੇਸ਼ ਸੁਨਿ, ਪੀਰ ਥਾਪਿ ਨਿਜ ਸੋਇ।
ਭਯੋ ਮੁਰੀਦ ਅਧੀਨ ਹ੍ਵੈ, ਰਿਦੇ ਪ੍ਰੇਮ ਮੈਂ ਹੋਇ ॥੭੬॥

ਚੌਪਈ:
ਕੇਤਿਕ ਦਜੋਸ ਰਹਜੋ ਪ੍ਰਭੁ ਪਾਸੂ।
ਗਯੋ ਸ਼ੇਖ਼ ਪੁਨ ਅਪਨ ਅਵਾਸੂ।
ਰਿਦੇ ਧਰੇ ਸ੍ਰੀ ਨਾਨਕ ਧਜਾਨਾ।
ਬੈਠੇ ਜਹਿਂ ਨੁਤਿ[1] ਕਰਹਿ ਬਖਾਨਾ ॥੭੭॥

[1]ਉਸਤਤੀ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮਾਲੋ ਸ਼ੇਖ ਪ੍ਰਸੰਗ' ਬਰਨਨੰ ਨਾਮ ਚਾਲੀਸਮੋਂ ਅਧਜਾਯ ॥੪੦॥

## ੪੧. [ਦਸਮ ਗੁਰ ਮੰਗਲ। ਉਬਾਰੇ ਖਾਨ, ਅਵਦਲ ਰਹਮਾਨ]

੪੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੨

{ਉਬਾਰੇਖਾਨ} ॥੨..॥
{ਅਦੂਹਮਾਨ} ॥੨੪..॥
{ਜਰਾਹ ਦਾ ਦ੍ਰਿਸ਼ਟਾਂਤ} ॥੨੯..॥

ਦੋਹਰਾ:

ਗੁਰੁ ਗੋਬਿੰਦ ਸਿੰਘ ਸਿਮਰ ਨਿਤ, ਅਪਰ ਨ ਜਾਂਹਿ ਸਮਾਨ।
ਜਿਯਤਿ ਰਾਜ ਸੁਖ ਸਰਬਦਾ, ਮਰਤਿ ਮੁਕਤਿ ਦੇਂ ਦਾਨ ॥੧॥

ਅਪਰ=ਹੋਰ। ਜਿਯਤਿ=ਜੀਉਂਦਿਆਂ। ਰਾਜ ਸੁਖ=ਐਸ਼੍ਵਰਜ ਦਾ ਸੁਖ, (ਅ) ਸਿਰ ਸੁਖਾਂ ਦੇ ਸੁਖ, ਵੱਡਾ ਸੁਖ। ਸਰਬਦਾ=ਸਦਾ, ਹਮੇਸ਼ਾਂ।

ਅਰਥ:

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਸਿਮਰ ਜਿਨ੍ਹਾਂ ਦੇ ਤੁੱਲ ਹੋਰ ਕੋਈ ਨਹੀਂ, ਜੋ ਜੀਉਂਦਿਆਂ ਸਰਬਦਾ ਐਸ਼੍ਵਰਜ ਦਾ ਸੁਖ (ਦੇਂਦੇ) ਤੇ ਮਰਿਆਂ ਮੁਕਤੀ ਦਾ ਦਾਨ ਦਿੰਦੇ ਹਨ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ ਸੁਨਿ ਕਥਾ ਮਹਾਨਾ।
ਮਾਲੋ ਮੀਤ ਹੁਤੋ ਇਕ ਖਾਨਾ।

{ਉਬਾਰੇਖਾਨ}

ਸੋ ਜਬਿ ਮਿਲਿਨ ਹੇਤ ਢਿਗ ਆਵਾ।
ਕਰਿ ਕੈ ਹਰਖ 'ਸਲਾਮ' ਅਲਾਵਾ ॥੨॥
ਬੈਠ੍ਯੋ ਨਿਕਟ ਧਰੈ ਅਨੁਰਾਗਾ।
ਤਬਿ ਗੁਰ ਕੇ ਗੁਨ ਗਾਵਨ ਲਾਗਾ।
'ਸੁਨਹੁ ਉਬਾਰੇ ਖ਼ਾਂ ਜੁ ਖ਼ੁਦਾਇ।
ਨਾਨਕ ਨਾਮ ਕਹਾਯੋ ਆਇ ॥੩॥
ਜਿਹ[1] ਗੁਨ ਨਾਗਰਾਜ[2] ਨਿਤ ਗਾਵਤਿ। [1]ਜਿਸ ਦੇ। [2]ਸ਼ੇਸ਼ਨਾਗ।
ਤੱਦਪਿ ਨਹੀਂ ਪਾਰ ਕੋ ਪਾਵਤਿ।
ਸੋ ਕੈਸੇ ਮੈਂ ਸੁਖ ਤੇ ਭਾਖੋਂ।
ਸਦਾ ਨਾਮ ਕੋ ਉਰ ਮਹਿਂ ਰਾਖੋਂ ॥੪॥
ਤੁਮ ਅਬ ਜਾਹੁ ਦਰਸ ਕੋ ਕਰੀਏ।
ਉਰ ਕੋ ਸਰਬ ਭਰਮ ਪਰਹਰੀਏ।'
ਅਸ ਸੁਨਿ ਸ਼੍ਰੀ ਗੁਰ ਕੇਰ ਪ੍ਰਸ਼ੰਸੁ।
ਤੁਰਨ ਚਲ੍ਯੋ, ਖਾਨ ਜਿਸ ਬੰਸੁ[1] ॥੫॥ [1]ਪਠਾਨ ਜਿਸ ਦੀ ਜਾਤ ਸੀ।
ਆਇ 'ਸਲਾਮਾਲੇਕਮ' ਕਰਿ ਕੈ।
ਬੈਠ੍ਯੋ ਨਿਕਟਿ ਹਰਖ ਉਰ ਭਰਿ ਕੈ।

ਕਹਜੋ 'ਬਡੋ ਮਤਿ ਹਿੰਦੂ ਤੁਰਕਾ।
ਉਚਰਹੁ ਤਪਾ ਭੇਦ ਨਿਜ† ਉਰ ਕਾ' ॥੬॥
ਸ੍ਰੀ ਗੁਰ ਭਨਿਓ 'ਪਖ ਜੇ ਦੋਊ।
ਚਾਰ ਦਿਵਸ ਕੇ ਜਾਨਹੁ ਸੋਊ।
ਦੇਹਿ ਮ੍ਰਿਤਕ ਮਾਟੀ ਰਲਿ ਜਾਹਿ।
ਮੂਰਖ ਬਾਦਹਿਂ[1] ਜਨਮ ਗਵਾਹਿਂ ॥੭॥

ਦੋਹਰਾ:
ਭੂਲੇ ਮਗ ਪਾਵਹਿਂ ਨਹੀਂ, ਜਾਇਂ ਨਿਰੇਪਦ[1] ਸੋਇ।
ਸੁਖ ਪ੍ਰਾਪਤਿ ਤਿਨ ਹੋਤਿ ਹੈ, ਮਾਨਤਿ ਆਇਸੁ[1] ਜੋਇ ॥੮॥

ਚੌਪਈ:
ਪ੍ਰੇਮ ਭਗਤਿ ਕੀਰਤਿ ਗੁਨ ਗਾਵਤਿ।
ਸੋ ਜਗ ਮਹਿਂ ਨਹਿਂ ਆਵਤਿ ਜਾਵਤਿ।
ਬੰਦਾ ਹੋਇ ਬੰਦਗੀ ਕਰੈ।
ਭੂਖਨ ਨਾਮ ਕੰਠ ਮਹਿਂ ਧਰੈ ॥੯॥
ਬੁਜਰਕ[1] ਸੰਗਤਿ ਸਮਾਂ ਬਿਤਾਵੈ।
ਦਿਲ ਤੇ ਦਾਵਾ ਦੂਰਿ ਗਵਾਵੈ।
ਸਿਰਜੇ ਇਕ ਸਮ ਸਿਰਜਨਹਾਰੂ।
ਬਾਂਧਹਿਂ ਦਾਵੇ ਕੂਰ ਗਵਾਰੂ[1] ॥੧੦॥
ਕਰਤਿ ਬਾਦ[1] ਦੋਊ ਖਪਿ ਜਾਇਂ।
ਬਿਨ ਮਗ ਪਾਏ ਨਰਕ ਸਿਧਾਇਂ।
ਭਰਮੇ ਭੂਲੇ ਆਵਹਿਂ ਜਾਈ।
ਸਤਿਗੁਰ ਮਿਲੈ ਤ ਦੇਹਿਂ ਬਤਾਈ' ॥੧੧॥

ਦੋਹਰਾ:
ਸੁਨਤਿ ਉਬਾਰੇ ਖਾਂਨ ਕੋ, ਪ੍ਰੇਮ ਭਯੋ ਮਨ ਆਇ।
ਕਹੈ 'ਤਪਾ ਜੀ' ਚਰਨ ਨਿਜ, ਮੋ ਕੋ ਦਰਸ ਦਿਖਾਇ ॥੧੨॥

ਚੌਪਈ:

†ਪਾ:-ਸਭ।
[1]ਬਿਅਰਥ।
[1]ਨਰਕ ਨੂੰ।
[1]ਆਗਿਆ (ਰੱਬ ਦੀ)।
[1]ਸੰਤਾਂ ਦੀ।
[1]ਮੂਰਖ ਲੋਕ।
[1]ਝਗੜਾ।

ਜੈਸਾ ਸ਼੍ਰਵਨ ਸੁਨ੍ਯੋ ਮੈਂ ਤੁਮ ਕੋ।
ਤੈਸੇ ਦਰਸ ਭਯੋ ਬਿਨ ਗ਼ਮ ਕੋ[1]।
ਮੋਰ ਮਨੋਰਥ ਪੂਰਹੁ ਸ੍ਵਾਮੀ।
ਕਰਹੁ ਕ੍ਰਿਤਾਰਥ ਅੰਤਰਜਾਮੀ!' ॥੧੩॥

[1]ਆਨੰਦ ਸਰੂਪ।

ਆਸਨ ਕਰ ਅਸੀਨ[1] ਸ਼੍ਰੀ ਨਾਨਕ।
ਸਭਿ ਸਰੀਰ ਪਰ ਬਸਤ੍ਰ ਸੁ ਤਾਨਕ[1]।
ਸੁਨੀ ਬਿਨੈ ਕਰੁਨਾ ਨਿਧਿ ਜਬਿ ਹੀ।
ਨਿਜ ਪਗ ਬਹਿਰ ਨਿਕਾਸੇ ਤਬਿਹੀ ॥੧੪॥

[1]ਬੈਠੇ ਸਨ।

[1]ਤਾਣਕੇ ਭਾਵ ਬੁੱਕਲ ਮਾਰਕੇ।

ਜਿਨ ਕੋ ਮੁਨਿ ਜਨਿ ਧ੍ਯਾਨ ਧਰਤਿ ਹੈਂ।
ਸੁਰ ਸੁਰਿੰਦ ਜਿਂਹ[1] ਨਮੋ ਕਰਤਿ ਹੈਂ।
ਸਿਖ ਸੇਵਕ ਜਿਹ[1] ਅਨਿਕ ਉਧਾਰੇ।
ਕਵਿ ਤਿਨ ਪਰ ਜਾਵਤਿ ਬਲਿਹਾਰੇ ॥੧੫॥

[1]ਦੇਵਤੇ ਤੇ ਇੰਦ੍ਰ (ਜਿਨ੍ਹਾਂ ਨੂੰ)।

[1]ਜਿਨ੍ਹਾਂ ਨੇ।

ਦੋਹਰਾ:

ਮਗਨ ਪ੍ਰੇਮ ਮੈਂ ਹੋਇ ਕਰਿ, ਤਬੈ ਉਚਾਰੇ ਖ਼ਾਨ।
ਸਿਰ ਧਰਿ ਜਾਨ੍ਯੋ ਸਫਲ ਨਿਜ, ਚਰਨ ਗਹੇ ਨਿਜ ਪਾਨ ॥੧੬॥

ਚੌਪਈ:

ਲੋਚਨ ਮੁਖ ਪਰ ਨਿਜ ਕਰ ਦੋਊ।
ਫੇਰਤਿ ਭਾ ਹਰਖਤਿ ਉਰ ਸੋਊ।
ਬਾਰ ਬਾਰ ਜੁਗ ਚੁਮਨ ਕਰਿਹੀ।
ਮਾਨਹੁ ਮਹਾਂ ਮੋਹ ਕੋ ਦਰਿਹੀ[1] ॥੧੭॥

[1]ਦਲ ਰਿਹਾ ਹੈ। ਇਸ ਵਿਚ ਕਟਾਖ੍ਯ ਹੈ ਕਿ ਚਰਨਾਂ ਦਾ ਪ੍ਰੇਮ ਮੋਹ ਨੂੰ ਕੱਟਦਾ ਹੈ, ਤ੍ਯਾਗ ਤੇ ਤਪੱਸ੍ਯਾ ਮੋਹ ਨੂੰ ਨਹੀਂ ਕੱਟਦੇ।

ਨਿਜ ਸਰੂਪ ਕੀ ਲਖਤਾ ਹੋਈ।
ਨਾਸ੍ਯੋ ਹੁਤੋ ਭਰਮ ਉਰ ਜੋਈ।
ਧਰਿ ਕੈ ਸ਼ਰਧਾ ਭਯੋ ਨਿਹਾਲਾ।
ਭਵ ਬੰਧਨ ਛੁਟੇ ਜਮਜਾਲਾ ॥੧੮॥

ਭੁਜੰਗ ਛੰਦ:

ਘਟੀ ਚਾਰ ਬੈਸ੍ਯੋ ਕਹੈ ਯੌਂ ਉਬਾਰਾ।
'ਭਯੋ ਆਜ ਮੋ ਕੋ, ਮੁਕੰਦੰ[1] ਦਿਦਾਰਾ।

[1]ਮੁਕਤੀ ਦਾਤੇ ਦਾ।

ਰਿਦੇ ਸ਼ਾਂਤਿ ਪਾਈ, ਗਯੋ ਮੋਹ ਦੂਰੰ।
ਦੁਖੰ ਨਾਸ਼ ਕਾਰੀ, ਤੁਹੀ ਰੂਪ ਰੂਰੰ ॥੧੯॥

ਸ੍ਵੈਯਾ:
ਆਇਸੁ ਦੇਹੁ ਅਬੈ ਮੁਝ ਕੋ
ਨਿਜ ਧਾਮ ਕੋ ਜਾਇ ਬਹੋਰ[1] ਸੁ ਆਊਂ। [1]ਫਿਰ।
ਦੀਨ ਦਇਆਲ ਕਰੋ ਕਰੁਨਾ
ਉਰ ਰਾਵਰਿ ਧ੍ਯਾਨ ਨਹੀਂ ਬਿਸਰਾਊਂ।
ਹੇ ਜਗ ਕੇ ਕਰਤਾ ਹਰਤਾ[1] [1]ਰਚਨ ਵਾਲੇ ਤੇ ਨਾਸ਼ ਕਰਨ ਵਾਲੇ।
ਨਿਜ ਨਾਮ ਦਿਜੈ ਗਰ ਭੂਖਨ ਪਾਊਂ।
ਦੇਖਿ ਦਿਦਾਰ ਨਿਹਾਲ ਭਯੋ
ਅਬ ਲੀਏ ਰਜਾਇ ਬਿਨਾ ਨ ਸਿਧਾਊਂ'
॥੨੦॥

ਭੁਜੰਗ ਪ੍ਰਯਾਤ ਛੰਦ:
ਗੁਰੂ ਜੀ ਕਹ੍ਯੋ 'ਤ੍ਯਾਰ ਹੋਯੋ ਅਹਾਰਾ।
ਕਰੋ ਖਾਵਨੋ ਫੇਰ ਜੱਯੈ ਉਬਾਰਾ!
ਨਿਰੰਕਾਰ ਕੀਨੀ ਦਯਾ ਤੋਰ ਹੂੰ ਪੈ।
ਬੰਧ੍ਯੋ ਬੰਧ ਛੁਟ੍ਯੋ ਤਰ੍ਯੋ ਮੋਹ ਹੂੰ ਪੈਂ[1]' [1]ਮੋਹ ਹੀ ਨੂੰ (ਤੂੰ) ਤਰ ਲਿਆ ਹੈ।
॥੨੧॥

ਦੋਹਰਾ:
ਕਹੇ ਉਬਾਰਾ, 'ਤਪਾ ਜੀ! ਜਹਿਂ ਤਹਿਂ
ਸਰਬ ਅਹਾਰ।
ਜਾਚਕ ਜਗ ਜਾਚੈ[1] ਸਰਬ, ਏਕ ਤੁਹੀ [1]ਮੰਗਦਾ ਹੈ।
ਦਾਤਾਰ ॥੨੨॥

ਤੋਟਕ ਛੰਦ:
ਅਬ ਆਇਸੁ ਦੇਹੁ, ਚਲੈਂ ਸਦਨਾ।
ਪੁਨਿ ਤੂਰਨ ਆਨ ਪਿਖੌਂ ਬਦਨਾ।'
ਕਹਿ ਲੀਨ ਖੁਸ਼ੀ, ਨਿਜ ਧਾਮ ਗਯੋ।
ਉਰ ਸ਼੍ਰੀ ਗੁਰ ਕੋ ਜਸੁ ਧਾਰਿ ਲਯੋ ॥੨੩॥

ਸ੍ਵੈਯਾ: [†]ਪੂਰਾ ਨਾਮ ਹੈ-ਅਬਦੁਲ ਰਹਿਮਾਨ।
ਏਕ ਫਕੀਰ ਸੁ ਅੱਦ੍ਰਹਮਾਨ[†]।
{ਅਦ੍ਰਹਮਾਨ-ਅਬਦੁਲ ਰਹਿਮਾਨ}
ਮਿਲ੍ਯੋ ਤਿਹ ਕੋ ਤਬ ਜਾਇ ਉਬਾਰਾ।
ਹੈ ਜਿਸ ਕੀ ਜਗ ਮੈਂ ਮਨਤਾ ਬਹੁ

ਜਾਇ ਸਮੀਪ 'ਸਲਾਮ' ਉਚਾਰਾ।
ਸ਼੍ਰੀ ਗੁਰ ਕੇ ਗੁਨ ਭਾਖਤਿ ਭਾ
ਪੁਨਿ 'ਬੀਚ ਕਲੀ ਪ੍ਰਗਟ੍ਯੋ ਅਵਤਾਰਾ।
ਜਾਹਿੰ ਦਿਦਾਰ[1] ਅਘੀ ਗਤਿ ਪਾਵਹਿੰ — [1]ਜਿਸਦਾ ਦੀਦਾਰ ਪਾ ਕੇ।
ਜੈਸੋ ਸੁਨ੍ਯੋ ਹਮ ਤੈਸੋ ਨਿਹਾਰਾ' ॥੨੪॥

ਤੋਟਕ ਛੰਦ:

ਸੁਨਿ ਕੈ ਗੁਨ ਸ਼ੇਖ਼, ਸੁ ਕ੍ਰੋਧ ਭਯੋ।
ਜਸ ਸ਼੍ਰੀ ਗੁਰ ਬੰਨ੍ਹਿ† ਤਪਾਇ[1] ਦਯੋ। — [1]ਗੁਰੂ ਜੀ ਦੇ ਜਸ (ਰੂਪੀ) ਅਗਨਿ ਨੇ ਤਪਾ ਦਿੱਤਾ। ਸੰਸ: ਵੰਨ੍ਹਿ]। †ਪਾ:-ਮੰਨ=ਮਨ ਨੂੰ।
ਬਿਰਹੀ[1] ਜਿਵ ਜੌਨ੍ਹ ਦੁਖਾਤੁਰ ਕੋ[2]। — [1]ਬਿਰਹਣੀ। [2]ਦੁਖਾਤਰ ਬਿਰਹਣੀ ਨੂੰ ਜਿਵੇਂ ਚਾਂਦਨੀ (ਤਪਾਉਂਦੀ ਹੈ)।
ਧਰਿ ਈਰਖ ਕੋ ਬਚ ਬੋਲਤਿ ਸੋ ॥੨੫॥

ਸੋਰਠਾ:

'ਕੋ ਹੈ ਹਿੰਦੁ ਪਲੀਤ[1], ਜਿਸ ਕੇ ਗੁਨ ਤੂੰ ਕਹਿਤਿ ਹੈਂ। — [1]ਅਪਵਿੱਤ੍ਰ।
ਭਯੋ ਜਾਂਹਿ ਕੋ ਮੀਤ, ਹੌਂ ਸੁ ਉਠਾਵੋਂ ਦੂਰ ਕਰਿ' ॥੨੬॥

ਭੁਜੰਗ ਪ੍ਰਯਾਤ ਛੰਦ:

ਉਬਾਰਾ ਕਹੈ 'ਕਾਹਿ ਦੇਵੋ ਉਠਾਈ।
ਧਰੀ ਦੇਹਿ ਅੱਲਾਹ ਪਾਕੰ[1] ਬਨਾਈ। — [1]ਪਵਿੱਤ੍ਰ।
ਬਿਲੋਕੌਂ ਨ[1] ਕੋਊ ਜੁ ਤਾਂ ਕੇ ਸਮਾਨੰ। — [1]ਮੈਂ ਨਹੀਂ ਵੇਖਦਾ।
ਤਿਸੈ ਤੂੰ ਉਠਾਵੈਂ ਨ ਜਾਨੈਂ ਅਜਾਨੰ[1]' ॥੨੭॥ — [1]ਹੇ ਅਵਾਣ।

ਨਰਾਜ ਛੰਦ:

ਜੁ ਸ਼ਾਹ ਅਦ੍ਰਮਾਨ, ਫੇਰ ਬੈਨ ਕੋ ਬਖਾਨਿਆ।
'ਅਜਾਨ ਮੂਢ ਮੱਤਿ ਤੂੰ, ਜਿ ਹਿੰਦੁ ਕੋ ਪ੍ਰਮਾਨਿਆ[1]। — [1]ਮੰਨਦਾ ਹੈਂ।
ਖ਼ੁਦਾਇ ਸੋ ਬਨਾਇ ਕੈ, ਸੁਨਾਇੰ ਪਾਸ ਮੋਰਿਆ।
ਸੁਨੇ ਸੁ ਹਾਸ ਆਵਈ, ਅਮਾਨ[1] ਵਾਕ ਤੋਰਿਆ ॥੨੮॥ — [1]ਨਾ ਮੰਨਣ ਜੋਗ।
ਉਠਾਇ ਦੂਰ ਮੈਂ ਕਰੋਂ, ਬਿਲੋਕਿ ਆਪ

ਲੀਜੀਏ।
ਇਤੀ ਤਰੀਫ ਹਿੰਦੁ, ਕੀ ਬਹੋਰ ਨਾ ਭਨੀਜੀਏ।
ਇਮਾਨ ਤਜਾਗ ਆਪਨੋ, ਕੁਬੋਲ ਬੋਲ ਤੈਂ ਕਹੇ।
ਨ ਔਰ ਪਾਸ ਭਾਖਿਯੇ, ਰਜ਼ਾਇ ਮਾਨ ਮੋ ਅਹੇ[1]" ॥੨੯॥

[1]ਹੁਕਮ ਮੰਨ ਮੇਰਾ (ਇਹ) ਹੈ।

ਦੋਹਰਾ:
ਬੈਨ ਉਬਾਰੇ ਖਾਂ ਕਹਜੋ,
'ਹਿੰਦੂ ਤੁਰਕ ਨ ਸੋਇ।
ਕਿਸਹਿ ਉਠਾਵਹੁ ਸ਼ੇਖ ਜੀ!
ਆਪ ਖ਼ੁਦਾਇ ਜਿ ਹੋਇ ॥੩੦॥

ਚੌਪਈ:
ਕਰਿ ਕੈ ਸਮਝ ਆਪ ਮਨ ਮਾਂਹੀ।
ਬੋਲਹੁ ਬਚਨ ਅਪਰ ਜਿਉਂ ਨਾਂਹੀ[1]।
ਲੱਜਿਤ ਹੋਵਹੁਗੇ ਪਸ਼ਚਾਤੀ।
ਮਿਲਹਿਂ ਜਬਹਿ, ਨਹਿਂ ਆਵਹਿ ਬਾਤੀ ॥੩੧॥

[1]ਹੋਰਨਾਂ ਵਰਗਾ (ਗੁਰੂ) ਨਹੀਂ ਹੈ।

ਨਿਜ ਸਮ ਹੋਇ ਜਿ, ਮਤਸਰ[1] ਕੀਜੈ।
ਬਡਾ ਹੋਇ, ਤੌ ਬਿਨੈ ਭਨੀਜੈ।
ਭਾਲੀ ਬਾਤ ਇਸ ਬਿਧਿ ਮਨ ਜਾਨਿ।'
ਅਸ ਕਹਿ ਤੂਸ਼ਨਿ ਕੀਨੀ ਖ਼ਾਨ[1] ॥੩੨॥

[1]ਈਰਖਾ।

[1]ਖਾਂਨ ਨੇ।

ਦੋਹਰਾ:
ਰਿਸ ਸੋਂ ਰਿਦਾ ਜਰਾਵਈ[1],
ਚਲੈ ਨ ਤਿਹ ਬਸ ਕੋਇ।
ਸ੍ਰੀ ਗੁਰ ਕੀ ਉਸਤਤਿ ਅਧਿਕ,
ਜਰੀ[1] ਜਾਇ ਨਹਿਂ ਸੋਇ[2] ॥੩੩॥

[1]ਸਾੜਦਾ ਹੈ।

[1]ਸਹਾਰੀ। [2]ਉਸ ਤੋਂ।

ਚੌਪਈ:
ਨਿਜ ਘਰ ਰਹਜੋ ਉਬਾਰੇ ਖ਼ਾਨਾ।
ਅੰਨ ਖਾਇ ਨਿਸ ਕਿਯ ਗੁਜ਼ਰਾਨਾ।
ਭੋਰ ਭਈ ਤੇ ਭਯੋ ਤਯਾਰੂ।
ਖੋੜਸ[1] ਗਜ ਲੇ ਅੰਬਰਚਾਰੂ[2] ॥੩੪॥

[1]ਸੋਲਾਂ। [2]ਬਸਤ੍ਰ ਸੁਹਣਾ।

ਅਹੈ ਬਾਫਤਾ ਜੋ ਬਹੁ ਮੋਲਾ।
ਗਮਨਜੋ ਗੁਰ ਢਿਗ ਰਿਦੇ ਅਮੋਲਾ†। †ਪਾ:-ਅਡੋਲਾ।
ਜਾਇ ਅਗਾਰੀ ਧਰਿ ਕੈ ਸੋਊ।
ਹਾਥਨ ਬਿਖੈ ਗਹੇ ਪਗ ਦੋਊ ॥੩੫॥
ਦੀਨ ਹੋਇ ਕਰਿ ਗ੍ਰੀਵ ਨਿਵਾਈ।
ਪਦ ਕੀ ਰਜ[1] ਨਿਜ ਮਸਤਕ ਲਾਈ। [1]ਧੂੜ।
ਸਰਬ ਬਦਨ ਪਰ ਪੁਨ ਕਰ ਫੇਰਤਿ।
ਸਨਮੁਖਿ ਬੈਠਿ ਦਰਸ ਕੋ ਹੇਰਤਿ ॥੩੬॥

ਦੋਹਰਾ:
ਸ੍ਰੀ ਗੁਰ ਬੋਲੇ 'ਖਾਨ ਜੀ', ਕਰਿਹੀ ਭਲਾ ਖ਼ੁਦਾਇ।
ਨਾਮ ਦਾਨ ਬਖਸ਼ਹਿ ਤੁਮਹਿਂ, ਮੋਹ ਮਨੋਜ[1] ਮਿਟਾਇ ॥੩੭॥ [1]ਮੋਹ ਤੇ ਕਾਮ ਭਾਵ ਮਾੜੇ ਕਰਮ।

ਚੌਪਈ:
ਹਮ ਕੋ ਉਚਿਤ ਨ ਐਸੇ ਚੀਰਾ।
ਨ੍ਰਿਪ ਪਹਿਰੈਂ, ਹਮ ਅਹੈਂ ਫਕੀਰਾ।
ਪਹੁੰਚਜੋ ਹਮੈਂ ਜੁ ਆਨਜੋ[1] ਤੋਹੀ। [1]ਲਿਆਂਦਾ।
ਅਸ ਪੋਸ਼ਿਸ਼ ਭੂਪਤਿ ਕੋ ਸੋਹੀ ॥੩੮॥
ਭਯੋ ਸੰਪੂਰਨ ਤੁਮ ਕੋ ਭਾਇ[1]। [1]ਤੇਰਾ ਪ੍ਰੇਮ।
ਬਖ਼ਸ਼ ਲਏ ਹੋ ਆਪ ਖ਼ੁਦਾਇ[1]।' [1]ਖ਼ੁਦਾ ਨੇ ਆਪ।
ਇਉਂ ਸੁਨਿ ਬੋਲਜੋ ਤਬੈ ਉਬਾਰਾ।
'ਬਖ਼ਸ਼ੋ ਕਿਧੌਂ ਚਹੋ ਤੁਮ ਮਾਰਾ ॥੩੯॥
ਜੇ ਬਖ਼ਸ਼ਹੁ ਤੋ ਤਨ ਪਰ ਲੀਜੈ।
ਮਾਰਤਿ ਮੋਹਿ ਜਿ ਫੇਰਨ[1] ਕੀਜੈ।' [1]ਮੋੜਨਾ।
ਦੇਖਜੋ ਜਬੈ ਪ੍ਰੇਮ ਅਧਿਕਾਯਾ[1]। [1]ਬਹੁਤਾ,
ਕਰਿ ਆਇਸੁ ਇਕ ਦਾਸ ਪਠਾਯਾ[1] ॥੪੦॥ [1]ਭੇਜਿਆ।
'ਆਨਹੁ ਸੀਵਨਹਾਰ[1] ਬੁਲਾਈ। [1]ਦਰਜੀ।
ਜਿਸ ਬਿਧਿ ਹੋਇ ਖ਼ਾਨ ਹਰਖਾਈ[1]। [1]ਅਨੰਦ ਪ੍ਰਸੰਨ ਹੋਵੇ।
ਕਰਨ ਉਚਿਤ ਹੈ ਭਾਉ ਸੰਪੂਰਨ।'
ਗਯੋ ਸਿਖ ਸੋ ਆਨਜੋ ਤੁਰਨ ॥੪੧॥
ਦੀਨ ਸੁ ਬਸਤਰ ਤਾਂ ਕੇ ਆਗੂ।

ਸੀਵਨਹਾਰ ਮਿਨਨ ਤਬ ਲਾਗੁ।
ਬਹੁ ਸੂਖਮ ਜਿਹ ਸੂਤ ਸੁਹਾਵਹਿ।
ਸੈ ਮੈਂ ਸੋਲਾਸਯਾ[1] ਕਹਾਵਹਿ ॥੪੨॥

[1]ਸੇ ਮੈਂ ਸੋਲਾਂ ਸੱਯਾ ਕਹਾਵਹਿ-ਸੋਲਾਂ ਸਯਾ-ਓਹ ਕਪੜਾ ਹੈ ਜਿਸ ਦੇ ਤਾਣੇਂ ਵਿਚ ਸੋਲਾਂ ਸੈ ਤਾਰ ਪਈ ਹੋਵੇ। ਇਨ੍ਹਾਂ ਕਪੜਿਆਂ ਦਾ ਬਰ ਛੇ ਗਿਰਾਂ ਦੇ ਕਰੀਬ ਹੁੰਦਾ ਹੈ, ਛੇ ਗਿਰਾਂ ਵਿਚ ਸੋਲਾਂ ਸੈ ਤਾਰ ਦੇ ਅਰਥ ਹਨ, ਕਿ ਸੂਤਰ ਬੜਾ ਹੀ ਬਰੀਕ ਸੀ। ਸੈ ਮੈਂ-ਦਾ ਅਰਥ ਹੈ ਸੈਂਕੜਿਆਂ ਵਿਚ, ਭਾਵ ਹੈ ਕਿ ਜਦੋਂ ਪੁੱਛ ਕਰੋ ਕਿ ਸੈਂਕੜਿਆਂ ਵਿਚ ਅਰਥਾਤ ਉਣਨ ਵਾਲਿਆਂ ਦੇ ਹਿਸਾਬ ਵਿਚ ਕਪੜੇ ਦਾ ਕੀ ਨਾਮ ਹੈ। (ਅ) ਸੇਮੈ ਸੋਲਾਸਯਾ ਕਹਾਵੈ। -ਫਾਰਸੀ ਵਿਚ ਸੇਮ ਨਾਮ ਹੈ ਚਾਂਦੀ ਦੀਆਂ ਤਾਰਾਂ ਦਾ, ਜਿਨ੍ਹਾਂ ਪਰ ਸੋਨੇ ਦੀ ਝਾਲ ਹੁੰਦੀ ਹੈ, ਜਿਸ ਤੋਂ ਕਨਾਰੀ ਤਿੱਲਾ ਬਣਦਾ ਹੈ, ਸੇਮੈ ਸੇ-ਤਿੱਲੇ ਤੋਂ। ਲਾਸਯਾ=ਲਾਚਾ, ਤਿੱਲੇ ਵਾਲਾ ਲਾਚਾ। ਲਾਚਾ ਇਕ ਰੇਸ਼ਮੀ ਕਪੜਾ ਹੈ ਜੋ ਅਜੇ ਬੀ ਪਿਸ਼ਾਵਰ ਵਿਚ ਵਿਕਦਾ ਹੈ, ਤਦੋਂ ਸ਼ਾਯਦ ਤਿੱਲੇ ਵਾਲਾ ਬੀ ਬਣਦਾ ਹੋਵੇ। ਡਫਾਛ-ਸੇਮ=ਚਾਂਦੀ।

ਦੋਹਰਾ:
'ਜੋ ਤੁਮ ਭਾਖੋ ਤਪਾ ਜੀ†! ਤੈਸੋ ਰੁਚਿਰ ਬਨਾਇਂ।'
'ਦੋਇ ਬਨੈ ਸੰਬਜਾਨ[1] ਇਸ', ਸ੍ਰੀ ਗੁਰ ਦਏ ਬਤਾਇ ॥੪੩॥

†ਪਾ:-ਭਾਯੋ ਖਾਨ ਜੀ।
[1]ਚਾਦਰਾਂ।

ਚੌਪਈ:
ਮਾਨ ਬਚਨ ਤਬ ਸੀਵਨਹਾਰਾ।
ਦ੍ਵੈ ਸੰਬਜਾਨ[2] ਬਨਾਏ ਚਾਰਾ[1]।
ਤਨ ਪਰ ਪੁਨ ਸ੍ਰੀ ਨਾਨਕ ਲੀਨੋ।
ਜਿਨ ਬਹੁ ਦਾਸਨ ਕੋ ਗਤਿ ਦੀਨੋ ॥੪੪॥

[1]ਸੁਹਣੇ।

ਦੇਖਿ ਰੁਚਿਰ[1] ਛਬਿ ਤਬੈ ਉਬਾਰਾ।
ਉਰ ਹਰਖਤਿ ਹ੍ਵੈ ਬਚਨ ਉਚਾਰਾ।
'ਨਿਜ ਸਮਾਨ ਕੋ ਲਖੋਂ ਨ ਆਨਾ।
ਜਾਨਿ ਆਪਣੇ ਭਾਗ ਮਹਾਨਾ ॥੪੫॥

[1]ਮਨੋਹਰ।

ਸਰਬ ਜਗਤਪਤਿ ਮਹਤ ਉਦਾਰਾ[1]।
ਜੋ ਜੜ੍ਹ ਜੰਗਮ ਕੇਰਿ ਦਤਾਰਾ।
ਤਾਂ ਕੀ ਸੇਵ ਭਈ ਮੁਝ ਹਾਥਾ।
ਕ੍ਰਿੱਤ ਕ੍ਰਿੱਤ[1] ਮੈਂ ਭਯੋ ਸਨਾਥਾ[2]' ॥੪੬॥

[1]ਬੜਾ ਦਾਤਾ।
[1]ਨਿਹਾਲ। [2]ਮਾਲਕ ਵਾਲਾ।

ਦੋਹਰਾ:
ਅੰਤਰਜਾਮੀ ਬਚ ਕਹੇ, 'ਸੁਧਿ ਦਿਹੁ ਅਦ੍ਹਮਾਨ।
ਹਮ ਸੋਂ ਕੈਸੇ ਰੋਸ ਕਰਿ, ਕੀਨੇ ਬਚਨ ਬਖਾਨ' ॥੪੭॥

ਚੌਪਈ:

ਅਚਰਜ ਹ੍ਵੈ ਕਰਿ ਤਬੈ ਉਬਾਰਾ।
-ਬਿਨਾ ਕਹੇ ਜਾਨੈਂ ਸਭਿ ਸਾਰਾ[1]-। [1]ਖਬਰ।
'ਸਰਬ ਹਕੀਕਤ ਜਾਨਹੁ ਸ੍ਵਾਮੀ!
ਕਜਾ ਬੂਝਹੁ ਮੁਝ, ਅੰਤਰਜਾਮੀ! ॥੪੮॥
ਪੁਨ ਜਿਸ ਬਿਧਿ ਤਿਨ ਬੈਨ ਅਲਾਏ।
ਸੋ ਬਿਧਿ ਮੋ ਤੇ ਕਹਜੋ ਨ ਜਾਏ।
ਬੇਖ ਫਕੀਰ ਕਹਾਇ ਫਕੀਰਾ।
ਨਹੀਂ ਫਕੀਰੀ ਮਗ ਕੇ ਤੀਰਾ[1] ॥੪੯॥ [1]ਫਕੀਰੀ ਰਸਤੇ ਦੇ ਨੇੜੇ ਬੀ ਨਹੀਂ ਢੁੱਕਾ (ਓਹ)।
ਮਨ ਮਹਿਂ ਮਤਸਰ ਅਤਿ ਅਧਿਕਾਇ।
ਪਰ ਜਸ ਪਾਵਕ ਬੀਚ ਜਰਾਇ[1]। [1]ਸੜਦਾ ਹੈ।
ਤੁਮਰੀ ਮਹਿਮਾ ਜੌਨ੍ਹ[1] ਸਮਾਨਾ। [1]ਚਾਂਦਨੀ।
ਤਿਨ ਚਕਵੇ ਨਜਾਈਂ ਦੁਖ ਮਾਨਾ' ॥੫੦॥

ਦੋਹਰਾ:

ਗੁਰ ਭਾਖਜੋ 'ਤਿਸਿ ਬਿਧਿ ਕਹੋ,
ਜਿਹ ਬਿਧਿ ਬੋਲਜੋ ਸੋਇ।
ਨਹਿਂ ਦੁਰਾਉ[1] ਕਛੁ ਕੀਜੀਏ, [1]ਛੁਪਾਉ।
ਤੁਝ ਕੋ ਦੋਸ਼ ਨ ਕੋਇ' ॥੫੧॥

ਚੌਪਈ:

ਬੋਲਜੋ ਤਬੈ ਉਬਾਰੇ ਖਾਨ।
'ਅਹੈ ਦੁਰਮਤੀ ਜਿਹ ਮਨ ਮਾਨ।
ਮੈਂ ਤੁਮਰੇ ਗੁਨ ਬਰਨਨ ਕਰੇ।
ਖੁਨਸਜੋ[1] ਗਰਬਹਿ[2] ਉਰ ਨਹਿਂ ਜਰੇ ॥੫੨॥ [1]ਗੁੱਸੇ ਹੋਇਆ। [2]ਹੰਕਾਰ ਵਿਚ।
ਭਾਖੈ -ਹਿੰਦੂ ਅਹੈ ਪਲੀਤ।
ਕਰਜੋ ਜਾਇ ਕੈ ਤੈਂ ਜੋ ਮੀਤ।
ਕਜਾ ਤਰੀਫ ਤਿਹਂ ਕਰਹਿ ਉਚਾਰੂ।
ਦੇਉਂ ਉਠਾਇ ਦੂਰ ਕਰਿ ਡਾਰੂ- ॥੫੩॥
ਹੌਂ ਤੱਦਪਿ ਬਹੁ ਬਿਧਿ ਸਮਝਾਯੋ।
-ਜੋ ਖ਼ੁਦਾਇ, ਸੋ ਤਨ ਧਰਿ ਆਯੋ-।
ਏਕ ਨ ਬਾਤ ਸਿਫਤ ਕੀ ਮਾਂਨੀ।

ਰਹ੍ਯੋ ਅਫਰ[1] ਉਰ ਅਤਿ ਅਭਿਮਾਨੀ ॥੫੪॥ — [1]ਆਕੜ ਰਿਹਾ ਹੈ।

ਦੋਹਰਾ:

ਬਸ ਮੋਰੇ ਪਰ ਨਹਿਂ ਚਲੈ, ਭਯੋ ਤੁਸ਼ਨੀ ਸੋਇ।

ਇਸ ਬਿਧਿ ਗਰਬਤਿ ਸ਼ੇਖ਼ ਉਰ, ਮਿਲਉ ਤ ਲੱਜਿਤਿ ਹੋਇ[1]' ॥੫੫॥ — [1]ਆਪ ਜੇ ਮਿਲੇ ਤਾਂ ਸ਼ਰਮਿੰਦਾ ਹੋ ਜਾਵੇਗਾ।

ਚੌਪਈ:

ਸ੍ਰੀ ਅੰਗਦ ! ਸੁਨਿ ਤਿਹ ਉਪਰੰਤਾ।

ਮੁਝ ਸੋਂ ਬੋਲੇ ਗੁਰ ਭਗਵੰਤਾ।

'ਚਲਿ ਬਾਲੇ ਅਬ ਤਿਹ ਕੋ ਦੇਖੀ[1]। — [1]ਦੇਖੀਏ।

ਸ਼ੇਖ ਫੁਕਣੀ ਹਰੈਂ[1] ਬਿਸ਼ੇਖ਼ੀ' ॥੫੬॥ — [1]ਸ਼ੇਖ ਦਾ ਹੰਕਾਰ ਦੂਰ ਕਰੀਏ।

ਕਹਿ ਕਰਿ ਗਮਨੇ ਕ੍ਰਿਪਾ ਨਿਕੇਤਾ[1]। — [1]ਕ੍ਰਿਪਾ ਦੇ ਘਰ।

ਕਰਨ ਸ਼ੇਖ਼ ਕੇ ਲਜਿਤਿ[1] ਹੇਤਾ[2]। — [1]ਸ਼ਰਮਿੰਦਾ ਕਰਨ ਵਾਸਤੇ। [2]ਸ਼ਰਮਿੰਦਾ ਕਰਨ ਵਾਸਤੇ।

'ਚਲਹੁ ਅਗਾਰੀ ਆਪ ਉਬਾਰਾ !

ਦੇਰਿ ਕੁਛਕ, ਆਗਮਨ ਹਮਾਰਾ[1]' ॥੫੭॥ — [1]ਸਾਡੇ ਆਉਣ ਵਿਚ।

ਗਯੋ ਉਬਾਰਾ ਢਿਗ ਤਿਹਕਾਲਾ।

ਗਮਨੇ ਮੰਦ ਮੰਦ ਕਿਰਪਾਲਾ[†]। — [†]ਪਾ:-ਸੁ ਕ੍ਰਿਪਾਲਾ।

ਆਗੇ ਸੋ ਸ਼ਿਵਕਾ[1] ਆਰੂਢਾ। — [1]ਪਾਲਕੀ।

ਜਾਤਿ ਕਿਤੇ ਅਭਿਮਾਨੀ ਗੂਢਾ ॥੫੮॥

ਮਾਨਵ ਜਿਹ ਕੇ ਬ੍ਰਿੰਦ ਸੰਗਾਰੇ।

ਸ੍ਰੀ ਗੁਰ ਆਵਨ[1] ਸਭਿਹਿ ਨਿਹਾਰੇ। — [1]ਆਉਂਦੇ।

ਸ਼ੇਖ ਸੰਗ ਤਬ ਬਚਨ ਅਲਾਵਤਿ[1]। — [1]ਕਹੇ (ਉਨ੍ਹਾਂ ਮਨੁੱਖਾਂ ਨੇ ਅਥਵਾ ਉਬਾਰੇ ਨੇ)।

'ਸੁਨਹੁ ਸ਼ਾਹ ਜੀ ! ਤਪਾ ਸੁ ਆਵਤਿ' ॥੫੯॥

ਦੋਹਰਾ:

ਅੱਦ੍ਰਮਾਨ ਸੁਨਿ ਕਾਨ ਇਹ,

ਆਦਰ ਕਰਨੇ ਹੇਤ।

ਉਤਰ੍ਯੋ ਸ਼ਿਵਕਾ੧੨ ਤੇ ਤਰੇ,

ਪਿਖਿ ਬੇਦੀ ਕੁਲ ਕੇਤ ॥੬੦॥

ਚੌਪਈ:

ਅਵਲੋਕਤਿ ਸਨਮੁਖਿ ਹੁਇ ਠਾਂਢੋ।
ਲਖ੍ਯੋ ਆਜ ਕਸ ਹੈ ਚਉ ਬਾਢੋ[1]।
[1]ਪ੍ਰਤੀਤ ਕੀਤੋਸੁ ਕਿ ਅੱਜ ਕਿਹਾ ਚਾ ਚੜ੍ਹਿਆ ਹੈ।
ਸ੍ਰੀ ਗੁਰ ਨਿਕਟਿ ਮਿਲੇ ਜਬ ਆਇ।
ਬੋਸੀ ਦਸਤ ਲਈ[1] ਹਰਖਾਇ ॥੬੧॥
[1]ਹੱਥ ਚੁੰਮਣਾ ਕੀਤੋਸੁ।
ਅੱਦ੍ਰਮਾਨ ਪੁਨ ਬੈਨ ਉਚਾਰੇ।
'ਕਹੋ ਤਪਾ ਜੀ! ਖ਼ੈਰ[1] ਤੁਮਾਰੇ?'
[1]ਸੁੱਖ।
ਗੁਰੂ ਕਹ੍ਯੋ 'ਸੁਨ ਅੱਦ੍ਰਹਮਾਨ।
ਅਹੈ ਖੈਰ ਪਰ ਖ਼ੈਰ ਨ ਜਾਨਿ' ॥੬੨॥

ਦੋਹਰਾ:

[1]ਗੁਰੂ ਜੀ ਦਾ ਉੱਤਰ।
ਬਹੁਰੋ ਬੂਝ੍ਯੋ 'ਖੈਰ ਹੈ?'[1]
'ਖ਼ੈਰ ਸੁ ਖ਼ੈਰ ਨ ਜਾਨਿ।'
ਤੀਨ ਬਾਰ ਪੁਨ ਇਹ ਕਹ੍ਯੋ,
ਪੁਨਿ ਕਹਿ ਅਦ੍ਰਹਮਾਨ ॥੬੩॥

ਚੌਪਈ:

ਸੁਨੋ ਤਪਾ ਜੀ! ਅਚਰਜ ਮੋਰੇ।
ਕੈਸੇ ਬਚਨ ਬਿਚਾਰੋਂ ਤੋਰੇ।
ਕਹਿਹੋ -ਖੈਰ, ਖ਼ੈਰ ਪੁਨਿ ਨਾਂਹੀ-।
ਦੇਹੁ ਮਾਯਨਾ[1] ਮੁਝ ਸਮਝਾਹੀ' ॥੬੪॥
[1]ਅਰਥ।
ਸ੍ਰੀ ਗੁਰ ਭਨ੍ਯੋ 'ਸ਼ੇਖ ਜੀ' ਸੁਣੀਏ।
ਖ਼ੈਰ ਭਲੀ ਸਭਿ ਬਿਧਿ ਹੀ ਗੁਨੀਏ।
ਨਹੀਂ ਖੈਰ ਹਿਤ ਤਾਂ ਕੋ ਐਸੇ[1]।
[1]ਤਿਸਦਾ ਕਾਰਨ ਐਉਂ ਹੈ:-।
-ਦੇਉਂ ਉਠਾਇ- ਕਹ੍ਯੋ ਤੁਮਜੈਸੇ ॥੬੫॥
ਕੌਨ ਦੇਸ਼ ਤੁਮਰਾ ਹਮ ਛੀਨੋ।
ਕੈਧੋਂ ਦਰਬ ਖੇਪ[1] ਕੋ ਲੀਨੋ।
[1]ਮਾਲ।
ਕੌਨ ਸ਼ੱਤ੍ਰੁਤਾ ਕਰਿ[1] ਹਮ ਸੰਗਾ?
[1]ਵੈਰ ਕਰਕੇ।
ਕਹੋ, ਕਿ -ਦੇਉਂ ਉਠਾਇ- ਨਿਸੰਗਾ ॥੬੬॥

ਦੋਹਰਾ:

ਸੋ ਸਥਾਨ ਅਬ ਲੀਜੀਏ,
ਜਿਸਤੇ ਦੇਤਿ ਉਠਾਇ।'
ਅਦ੍ਰਮਾਨ† ਬੋਲਤਿ ਸੁਨਤਿ,

†ਅਬਦੁਲ ਰਹਿਮਾਨ ਰੱਤੜ ਛੱਤੜ ਪਿੰਡ ਦਾ ਗਦੀ ਨਸ਼ੀਨ ਫਕੀਰ ਸੁਣੀ ਦਾ ਹੈ, ਜਿਥੇ ਇਸ ਦੀ ਗੱਦੀ

ਚਲੀ ਆ ਰਹੀ ਸੀ।

'ਤੁਮ ਢਿਗ ਕੌਨ ਬਤਾਇ? ॥੬੭॥

ਚੌਪਈ:

ਕੂਰ ਕਹੈ ਮਾਰਤਿ ਝਖ ਸੋਊ।
ਇਸ ਪ੍ਰਕਾਰ ਹਮ ਕਹ੍ਯੋ ਨ ਕੋਊ।'
ਸੁਨਿ ਕਰਿ ਚਮਕ੍ਯੋ ਤਬੈ ਉਬਾਰਾ।
'ਇਸ ਬਿਧਿ ਮੇਰੇ ਪਾਸ ਉਚਾਰਾ ॥੬੮॥
-ਹਿੰਦੁ ਕੀ ਤਰੀਫ਼ ਕਜ਼ਾ ਗਾਵੈਂ।
ਬਿਨਾ ਬਿਲਮ ਹਮ ਤਾਂਹਿ ਉਠਾਵੈਂ-।
ਕਿਉਂ ਮੁਕਰਤਿ ਲੱਜਿਤਿ ਅਬ ਹੋਏ।
ਪੂਰਬ ਜੈਸੇ ਬਚਨ ਬੁਗੋਏ' ॥੬੯॥
ਅੱਦੁਮਾਨ ਤਬ ਬੈਨ ਬਖਾਨੇ।
'ਤੁਮ ਬੈਠਹੁ ਨਿਜ ਖ਼ਾਨ! ਠਿਕਾਨੇ।
ਹਮਰੀ ਤੁਮਰੀ ਸਮਤਾ ਨਾਂਹੀ।
ਤੁਸ਼ਨਿ ਸਮਝ ਰਹਉ ਉਰ ਮਾਂਹੀ ॥੭੦॥

ਦੋਹਰਾ:

ਹਮ ਅਰ ਤਪਾ ਬਿਚਾਰਿ ਹੈਂ,
ਸਮਝੈਂ ਆਪਸ ਮਾਂਹਿ।
ਬੋਲਨ ਤੁਮਰੋ ਨਹਿਂ ਬਨੈ,
ਕਾਰਨ ਕੋਊ ਨਾਂਹਿ†' ॥੭੧॥

†ਪਾ:-ਕਵਨੇ ਆਹਿ।

ਚੌਪਈ:

ਸੁਨਤਿ ਉਬਾਰੇ ਬਚਨ ਬਖਾਨਾ।
'ਸੰਗ ਤਪੇ ਕੇ ਮੋਰ ਠਿਕਾਨਾ।
ਪੀਰਨ ਪੀਰ ਭਯੋ ਇਹ ਮੇਰਾ।
ਹੌਂ ਮੁਰੀਦ ਭਾ ਚੇਰਨ ਚੇਰਾ ॥੭੨॥
ਕਰਤਿ ਹੁਤੋ ਨਿੰਦਾ ਪਸ਼ਚਾਤੀ[1]।
ਲਾਗਹਿ ਪਾਪ, ਨ ਨੀਕੀ ਬਾਤੀ।
ਕਹਉ ਪ੍ਰਿਥਮ ਜਿਉਂ, ਮੁਖ ਪਰ ਅਬਿ ਹੀ।
ਪਾਛਨ ਦੋਖ ਨਸੈ ਗੋ ਤਬਿ ਹੀ' ॥੭੩॥

[1]ਪਿੱਛੋਂ ਕੰਡੀ।

ਸੋਰਠਾ:

ਮੁਸਕਾਨੇ ਗੁਨ ਖਾਂਨਿ, ਦੇਖਿ ਉਬਾਰੇ ਕੀ ਦਸ਼ਾ।

ਲੱਜਿਤਿ ਅੱਦ੍ਰਹਮਾਨ, ਅਧਿਕ ਰਿਦੈ ਜਰਬਰ[1] ਗਯੋ ॥੨੪॥ — [1]ਸੜ ਬਲ।

ਚੌਪਈ:

ਰਿਦੇ ਰਿਸਾਯੋ ਬੋਲਯੋ ਬਾਨੀ।

ਅਜਹੁ ਨ ਸਮਝਤਿ ਮਨ ਅਭਿਮਾਨੀ।

'ਹਿੰਦੂ ਅਹੈ ਕਿ ਮੁਸਲਮਨੋਊ[†]। — [†]ਪਾ:-ਹਿੰਦੂ ਤੁਰਕ ਕਿ ਹੈਂ ਪਖ ਦੋਊ।

ਦੁਹ ਮੈਂ ਅਹੈ ਬਡੇਰੋ ਕੋਊ? ॥੨੫॥

ਮਤੋ[1] ਕੌਨ ਸੋ ਤੁਮ ਨੇ ਧਾਰਾ? — [1]ਧਰਮ। ਆਸ਼ਾ।

ਸਰਬ ਬਤਾਵਹੁ ਕਰਿ ਨਿਰਧਾਰਾ।'

ਸ੍ਰੀ ਗੁਰ ਸੁਨਿ ਕੈ ਬਚਨ ਉਚਾਰੇ।

'ਹਮ ਨੇ ਦੋਨੋ ਪੱਖ ਬਿਦਾਰੇ ॥੨੬॥

ਹਿੰਦੂ ਤੁਰਕ ਬਾਦ[1] ਕੇ ਮਾਂਹੀ। — [1]ਝਗੜੇ।

ਬਸੈ ਸ਼ਤਾਨ ਸ਼ਾਂਤਿ ਹ੍ਵੈ ਨਾਂਹੀ।

ਨਿਜ ਨਿਜ ਮਾਨ ਬਧਾਵਨ ਹੇਤਾ।

ਸਗਰੇ ਝਗਰਹਿਂ ਮੂਢ ਅਚੇਤਾ[1] ॥੨੭॥ — [1]ਅਨਜਾਨ।

ਤਿਨ ਕੇ ਸਿਰ ਜਮ ਡੰਡ ਲਗਾਈ।

ਦ੍ਵੈਤ ਬਿਖੇ ਉਰ ਜੇ ਦੁਖ ਪਾਈਂ।

ਸੱਤਿਨਾਮ ਉਰ ਤੇ ਬਿਸਰਾਈ।

ਸਤਿਗੁਰ ਮਿਲਯੋ ਨ ਸੋਝੀ ਆਈ ॥੨੮॥

ਏਕ ਜਰਾਹ[1] ਹੋਤਿ ਹੈਂ ਸਜਾਨੇ। — [1]ਚੀਰ ਫਾੜ ਕਰਨ ਵਾਲੇ ਹਕੀਮ।

{ਜਰਾਹ ਦਾ ਦ੍ਰਿਸ਼ਟਾਂਤ}

ਅਸਤ ਘਾਵ ਕੇ ਭਗਨ[1] ਜੁ ਜਾਨੇ। — [1]ਟੁੱਟੀ ਹੱਡੀ ਦੇ ਜ਼ਖਮ ਨੂੰ (ਅ) ਹੱਡੀ ਦੇ ਜ਼ਖਮ ਦੂਰ ਕਰਨੇ।

ਪੂਰਬ ਵਹਿਰ ਨਿਕਾਸਹਿਂ ਤਾਂਹੀ[1]। — [1]ਭਾਵ ਜ਼ਖਮੀ ਹਡੀ ਨੂੰ।

ਚਰਮ ਘਾਵ ਕੋ ਬਹੁਰ ਮਿਲਾਹੀਂ[1] ॥੨੯॥ — [1]ਮਾਸ ਦੇ ਜ਼ਖਮ ਨੂੰ ਪਿੱਛੋਂ ਮੇਲਦੇ ਹਨ।

ਇਕ ਕੱਚੇ ਹਿਕਮਤ ਲਘੁ ਜਾਨਤਿ।

ਭਗਨ ਅਸਤ ਕੋ ਨਹੀਂ ਪਛਾਨਤਿ।

ਆਮਿਖ ਘਾਉ[1] ਸੁ ਦੇਹਿਂ ਮਿਲਾਈ। — [1]ਮਾਸ ਦਾ ਜ਼ਖਮ।

ਰਹੈ ਬਿਕਾਰ ਨਸੂਰ[1][†] ਸਦਾਈ ॥੩੦॥ — [1]ਉਹ ਜ਼ਖਮ ਜੋ ਸਦਾ ਵਗਦਾ ਰਹੇ ਤੇ ਕਦੇ ਭਰੇ ਨਾਂ। [†]ਪਾ:-ਨਸੂਰ।

ਤਿਉਂ ਇਕ ਸਤਿਗੁਰ ਮੋਹ ਹੰਕਾਰਾ[1]। — [1]ਮੋਹ ਹੰਕਾਰ (ਆਦਿ ਸਾਰੇ ਵਿਕਾਰਾਂ ਨੂੰ)।

ਪ੍ਰਿਥਮੇ ਖੋਵਹਿਂ ਸਰਬ ਬਿਕਾਰਾ।
ਬਹੁਰੋ ਦੇਂ ਆਤਮ ਉਪਦੇਸ਼ਾ।
ਤਿਨਹਿਂ ਨ ਹ੍ਵੈ ਭਵ ਪੀਰਾ ਲੇਸ਼ਾ ॥੮੧॥
ਇਕ ਕਾਚੇ ਗੁਰ ਹ੍ਵੈਂ ਜਗ ਮਾਂਹੀ।
ਮਨ ਬਿਕਾਰ ਸੇ ਨਾਸਹਿਂ ਨਾਂਹੀ[1]। — [1]ਦੂਰ ਨਹੀਂ ਕਰਦੇ।
ਦੇਂ ਉਪਦੇਸ਼ ਚਹੈਂ ਗਤਿ ਦੇਈ।
ਮਾਨਾਦਿਕ ਤੇ ਦੁਖਿ ਹ੍ਵੈ ਤੇਈ ॥੮੨॥
ਤੁਮ ਕੋ ਮਿਲ੍ਯੋ ਗੁਰੂ ਕੋ[1] ਕਾਚਾ। — [1]ਕੋਈ।
ਨਹੀਂ ਲਖਾਯੋ ਰੂਪ ਸੁ ਸਾਚਾ।
ਫਸੇ ਮਾਨ ਮਹਿਂ ਪੱਖਜ ਕਰੇਹੀ[1]। — [1]ਕਰਦਾ ਹੈਂ (ਤੂੰ)।
ਅਪਨੋ ਰੂਪ ਪਛਾਨੈਂ ਦੇਹੀ[1] ॥੮੩॥ — [1]ਦੇਹ ਨੂੰ।

ਦੋਹਰਾ:
ਸ਼ੇਖ ਕਹੈ 'ਨਾਨਕ ਤਪਾ',
ਕੇਤਿਕ ਤੂੰ ਅਧਿਕਾਇ[1]। — [1]ਕਿਤਨਾ ਕੁ ਵਡਾ ਹੈ ਤੂੰ।
ਨਦਰ ਤਰੇ ਆਨਤਿ ਨਹੀਂ,
ਦੋਨੋ ਪੱਖ ਗਵਾਇੰ ॥੮੪॥

ਚੌਪਈ:
ਸ੍ਰੀ ਗੁਰ ਬੋਲੇ 'ਨਦਰ ਸੁ ਦੂਰ[1]। — [1]ਸਾਡੀ) ਨਜ਼ਰ ਦੂਰ ਗਈ ਹੈ (ਭਾਵ ਅਹੰ ਭਾਵ ਨਹੀਂ ਰਿਹਾ, ਨਜ਼ਰ ਸਾਈਂ ਸਰੂਪ ਵਿਚ ਮਗਨ ਰਹਿੰਦੀ ਹੈ)।
ਇਕ ਅਕਾਲ ਕੇ ਰਹੇ ਹਦੂਰ।
ਸੁਨਹੁ ਸ਼ੇਖ਼! ਇਹ ਨੀਕੀ ਬਾਤ।
ਆਪਾ[1] ਖੋਇ ਕੀਯੋ ਮਨ ਸ਼ਾਂਤਿ ॥੮੫॥ — [1]ਹੰਗਤਾ।
ਤਿਨਹੀ ਏਕ ਨਿਰੰਜਨ ਪਾਇਆ।
ਨਾਮ ਜਪਤਿ ਜਿਨਿ ਆਪ ਗਵਾਇਆ।
ਖ਼ਾਲਕ ਏਕੈ ਖ਼ਲਕ ਬਨਾਈ।
ਭਲਾ ਜੁ ਬੁਰਾ ਨੀਚ ਉਚ ਤਾਈਂ ॥੮੬॥
ਨਹੀਂ ਆਪ ਤੇ ਕੋਊ ਭਯੋ।
ਤਿਉਂ ਸਭਿ ਹੋਏ ਜਿਉਂ ਨਿਰਮਯੋ†[1]।' — [1]ਉਸ ਨੇ) ਉਤਪਤ ਕੀਤੇ। †ਪਾ:-ਕਰਦਯੋ।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਕੋ ਦੇਖੀ।
ਕੀਨੋ ਦੂਰ ਹੰਕਾਰ ਬਿਸ਼ੇਖ਼ੀ ॥੮੭॥

ਦੋਹਰਾ:
ਅੱਦ੍ਰਮਾਨ ਸੁਨਿ ਕਾਨ ਇਵ, ਘਨੋ ਦੀਨ ਮਨ ਹੋਇ[1]। — [1]ਨੀਵਾਂ ਮਨ ਵਿਚ।

ਚਰਨ ਗਹੇ ਦ੍ਵੈ ਹਾਥ ਸੋਂ, ਬਿਨਤੀ ਬਹੁਰ
ਬੁਗੋਇ ॥੮੮॥

ਚੌਪਈ:

'ਤਪਾ! ਬਖਸ਼ਿਯੇ ਖ਼ਤਾ ਹਮਾਰੀ।
ਨਿੰਦਾ ਹਮ ਨੈ ਭੂਲ ਉਚਾਰੀ।
ਪੂਰਬ ਭੇਦ ਨ ਜਾਨਯੋ ਤੇਰਾ।
ਅਫਵਲ[1] ਗੁਨਹਿੰ[2] ਕਰੋ ਅਬ ਮੇਰਾ' ॥੮੯॥

[1]ਬਖਸ਼ਨਾ ਕਰੋ। [2]ਅਵੱਗਜਾ।

ਸੁਨਿ ਕੈ ਬੋਲਯੋ ਤਬਹਿ ਉਬਾਰਾ।
-'ਤਪਾ ਉਠਾਵੇਂ- ਤੂੰ ਜਿ ਉਚਾਰਾ॥
ਅਬ ਕਿਉਂ ਨਹਿਂ ਤੁਮ ਦੇਤਿ ਉਠਾਈ।
ਮਿਲਿ ਜਿਹ ਕੋ ਹੈ ਗ੍ਰੀਵ ਨਿਵਾਈ ॥੯੦॥
ਬਾਤ ਸਮਝ ਕਰਿ ਕਹਿਨੀ ਭਲੀ।
ਕਿਸਿ ਬਿਧਿ ਕੀਟੀ ਗਿਰ ਕੋ ਲਿਲੀ[1]।
ਰਵਿ[1] ਸਮਾਨ ਕਿਉਂ ਹੋਇ ਟਿਟਾਨੋ।
ਇਤੋ ਭੇਦ ਨਿਜ ਮਾਂਹਿ ਪਛਾਨੋ ॥੯੧॥

[1]ਪਹਾੜ ਨੂੰ ਕਿਵੇਂ ਕੀੜੀ ਨਿਗਲ ਸਕਦੀ ਹੈ।

[1]ਸੂਰਜ।

ਦੋਹਰਾ:

ਅੱਦ੍ਰਮਾਨ ਕਹਿ 'ਪ੍ਰਿਥਮ ਮੈਂ,
ਅਸ ਜਾਨਯੋ ਮਨ ਮਾਂਹਿ।
ਬੁਤ ਪ੍ਰਸਤ ਕੋ[1] ਹਿੰਦੁ ਹੈ,
ਤਿਨ ਕੇ ਸਮ ਇਹ ਨਾਂਹਿ ॥੯੨॥

[1]ਕੋਈ।

ਚੌਪਈ:

ਹਿੰਦੁ ਤੁਰਕ ਤੇ ਅਹੈ ਨਿਰਾਲਾ।
ਸ੍ਰੀ ਨਾਨਕ ਇਸ ਮਤੋ ਬਿਸਾਲਾ।
ਇਨ ਕੀ ਕੌਨ ਕਰੇ ਸਮਤਾਈ।
ਮਿਲੇ ਜਬੈ ਤਬ ਹੀ ਸੁਧਿ ਪਾਈ ॥੯੩॥
ਤਿਹ ਢਿਗ ਬ੍ਰਿੰਦ ਹੁਤੇ ਨਰ ਜੇਊ।
ਚਰਨ ਕਮਲ ਬੰਦਤਿ ਭੇ ਤੇਊ।
ਸ਼ਰੀ ਗੁਰ ਭਨਯੋ 'ਖ਼ੁਦਾਇ ਜਿ ਪਜਾਰੇ।
ਖ਼ੌਫ ਖੁਦਾਇ ਸੁ ਉਰ ਮੈਂ ਧਾਰੇਂ ॥੯੪॥
ਕਬਹਿ ਗ਼ਾਫਲੀ ਭੂਲ ਨ ਕਰਿਹੈਂ।

ਨਿਸ ਦਿਨ ਉਰ ਮਹਿਂ ਡਰ ਕੋ ਧਰਿਹੈਂ।
ਸਿਮਰਨ ਪ੍ਰੇਮ ਭਗਤਿ ਮਹਿਂ ਰਾਤੇ[1]। [1]ਰੰਗੇ ਹੋਏ।
ਉਚਿਤਾ ਪਾਇ ਨੀਚ ਹ੍ਵੈ ਜਾਤੇ' ॥੯੫॥

ਦੋਹਰਾ:
ਇਉਂ ਮਿਲਿ ਕੈ ਹਰਖਾਇ ਉਰ ਗਾ ਤਬ ਅੱਦੁਹਮਾਨ।
ਸ੍ਰੀ ਗੁਰ ਕੇਰ ਸਮੀਪ ਹ੍ਵੈ ਕਹਜੋ ਉਬਾਰੇ ਖਾਂਨ ॥੯੬॥

ਚੌਪਈ:
'ਕ੍ਰਿਪਾ ਨਿਧਾਨ ਭਾਉ ਕੇ ਪਜਾਰੇ!
ਗੰਜਨ ਗਰਬ ਸੁ ਮੁਕਤਿ ਉਦਾਰੇ।
ਪਾਇਨ ਸੋਂ ਪਾਵਨ[1] ਮਮ ਧਾਮੂ। [1]ਚਰਨਾਂ ਨਾਲ ਪਵਿੱਤ੍ਰ ਕਰੋ।
ਕਰਹੁ ਆਪ ਨਿਸ ਭੀ ਬਿਸਰਾਮੂ[1]' ॥੯੭॥ [1]ਰਾਤ ਪੈ ਗਈ ਹੈ ਬਿਸਰਾਮ (ਏਥੇ ਹੀ) ਕਰੋ।
ਸੁਨਿ ਕੈ ਬਿਨਤੀ ਡੇਰਾ ਕੀਨਾ।
ਸ਼ੁਭ ਸਥਾਨ ਪ੍ਰਭੁ ਕੋ ਆਸੀਨਾ[1]। [1]ਨਿਵਾਸ ਦਿਤਾ।
ਦਿਜ ਬੁਲਿਵਾਇ ਬਨਾਇ ਅਹਾਰਾ।
ਕਰਿ ਸੋਂ ਪਕਰਿ ਸੁ ਪੈਰ ਪਖਾਰਾ ॥੯੮॥
ਦ੍ਵੈ ਦਿਉਸਨ ਲੌ ਸਦਨ ਰਹੇ ਤਿਹਂ।
ਜਾਗੇ ਮਸਤਕ ਭਾਗ ਬਡੇ ਜਿਹਂ।
ਪੁਨ ਕਰਤਾਰਪੁਰੇ ਚਲਿ ਆਏ।
ਜਿਨ ਹੰਕਾਰੀ ਪੈਰੀਂ ਪਾਏ ॥੯੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਅੱਦੁਮਨ ਕੋ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋਂ ਅਧਜਾਯ ॥੪੧॥

## ੪੨. [ਚਰਨ ਧ੍ਯਾਨ ਪ੍ਰਤਾਪ, ਬੱਚੇ ਦਾ ਪ੍ਰਸੰਗ ਮੂਲਾ, ਕੀੜ। ਪ੍ਰਿੱਥਾ, ਖੇਡਾ। ਪ੍ਰਿਥੀ ਮਲ, ਸਹਗਲ, ਰਾਮਾ, ਡਿਡੀ ਪ੍ਰਤਿ ਉਪਦੇਸ਼।]

੪੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੩

{ਛੋਟੇ ਬੱਚੇ ਦਾ ਪ੍ਰਸੰਗ, ਤਾਰੂ ਪੋਪਟ} ॥੯-੨੨॥
{ਮੂਲਾ ਕੀੜ} ॥੨੩..॥
{ਮੂਲੇ ਨੇ ਚੋਰ ਦਾ ਪੜਦਾ ਢਕਿਆ} ॥੩੪..॥
{ਮੂਲਾ ਕੀੜ ਨੂੰ ਗੁਰੂ ਜੀ ਦਾ ਵਰ} ॥੪੬॥
{ਪ੍ਰਿਥਾ, ਖੇਡਾ} ॥੪੯..॥
{ਗੁਰੂ ਜੀ ਦੇ ਚਰਨ ਸੰਗਤ} ॥੫੪..॥
{ਪ੍ਰਿਥੀਮਲ, ਰਾਮਾ, ਡਿਡੀ} ॥੫੯..॥
{ਤਿੰਨ ਕਿਸਮ ਦਾ ਤਪ} ॥੬੧..॥

ਦੋਹਰਾ:

ਸ੍ਰੀ ਗੁਰ ਪਦ ਅਰਬਿੰਦ ਕੋ, ਧ੍ਯਾਨ ਚਢਾਵੋਂ ਭੰਗ।
ਤਜਹੁਂ ਸਿਆਨਪ ਸਰਬ ਕੋ, ਰਪਹੁਂ ਏਕ ਪ੍ਰਭੁ ਰੰਗ ॥੧॥

ਰਪਹੁਂ=ਰੰਗਿਆ ਜਾਵਾਂ, ਰੰਗ ਵਿਚ ਰੰਗਿਆ ਜਾਣਾ ਤੋਂ ਮੁਰਾਦ ਹੈ ਪ੍ਰੇਮ ਵਿਚ ਮਗਨ ਹੋ ਜਾਣਾਂ। (ਅ) ਚਢਾਵੋਂ ਤਜਹੁਂ ਤੇ ਰਪਹੁਂ ਦੇ ਉੱਤੇ ਜੇ ਬਿੰਦੀ ਨਾ ਹੋਵੇ ਤਾਂ ਸਾਰੇ ਦੋਹੇ ਦਾ ਅਰਥ ਮੱਧਮ ਪੁਰਖ ਵਿਚ ਹੋ ਜਾਏਗਾ, ਅਰਥਾਤ ਤੁਸੀਂ ਚੜ੍ਹਾਵੋ, ਤੁਸੀਂ ਤਜੋ, ਤੁਸੀਂ ਰੰਗੇ ਜਾਵੋ।

ਅਰਥ:

ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੇ ਧਿਆਨ ਦੀ ਭੰਗ (ਆਪਣੇ ਮਨ ਨੂੰ) ਚੜ੍ਹਾ ਕੇ ਸਾਰੀਆਂ ਸਿਆਣਪਾਂ ਦਾ ਤਿਆਗ ਕਰ ਦਿਆਂ ਤੇ ਇਕ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਵਾਂ।

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ:

ਸ੍ਰੀ ਅੰਗਦ ਜੀ! ਸੁਨਹੁ ਕਹਾਨੀ।
ਰਹੇ ਗ੍ਰਾਮ ਨਿਜ ਸ੍ਰੀ ਗੁਨਖਾਨੀ।
ਬੀਤਤਿ ਭਯੋ ਕਿਤਿਕ ਤਹਿਂ ਕਾਲਾ।
ਮਹਿਮਾ ਜਹਿਂ ਤਹਿਂ ਬਢੀ ਬਿਸਾਲਾ ॥੨॥

ਦਰਸ਼ਨ ਕਰਨ ਹੇਤ ਨਰ ਆਵਹਿਂ।
ਧਰੈਂ ਕਾਮਨਾ ਫਲ ਕੋ ਪਾਵਹਿਂ।
ਮਨਹੁ ਪ੍ਰਕਾਸ਼ੀ ਕੀਰਤਿ ਜੌਨ੍ਹਾ[1]। — [1]ਜਸ ਰੂਪੀ ਚਾਂਦਨੀ।
ਪਸਰੀ ਭਲੀ ਚੌਦ ਹੂੰ ਭੌਨਾ[1] ॥੩॥ — [1]ਚੌਦਾਂ ਹੀ ਭਵਨਾਂ ਵਿਚ (ਸਾਰੇ।

ਸੰਤ ਚਕੋਰ ਰਿਦੇ ਹਰਖਾਏ[1]। — [1]ਅਨੰਦ ਹੋਏ।
ਦੰਭ ਦੁਹਾਗਨਿ[1] ਕੋ ਦੁਖਦਾਏ। — [1]ਦੰਭੀ ਰੂਪ ਦੁਹਾਗਣਾਂ।
ਨਿੰਦਕ ਚਕਵੇ ਪੀਰਾ ਪਾਈ।
ਉਡਗਨ ਸਿੱਖਨ ਸਹਤ ਸੁਹਾਈ[1] ॥੪॥ — [1]ਤਾਰਿਆਂ ਰੂਪੀ ਸਿਖਾਂ ਸਮੇਤ ਸੁਹਾਈ (ਓਹ ਚਾਂਦਨੀ)।

ਹਿੰਦੂ ਤੁਰਕ ਅਧਿਕ ਚਲਿ ਆਵਹਿਂ।
ਸ਼੍ਰੀ ਨਾਨਕ ਕੇ ਚਰਨ ਮਨਾਵਹਿਂ।
ਏਕ ਮੁਰੀਦ, ਸਿੱਖ ਇਕ ਹੋਵਹਿਂ।
ਦਰਸ਼ਨ ਪਰਸਤਿ ਕਲਮਲ ਖੋਵਹਿਂ ॥੫॥
ਗ੍ਰਾਮ ਨਗਰ ਰਹਿਹੀਂ ਨਰ ਜੇਤੇ।
ਸ਼੍ਰੀ ਗੁਰ ਕੀਰਤਿ ਕਰਿਹੀਂ ਤੇਤੇ।
ਬ੍ਰਹਮਚਾਰੀ ਬੈਰਾਗੀ ਜੋਊ।
ਜੋਗੀ ਸੰਨਯਾਸੀ ਹ੍ਵੈ ਕੋਊ ॥੬॥
ਨੀਚ ਕਿ ਊਚ ਰਾਇ ਕੈ ਰੰਕਾ।
ਸੁਜਸ ਉਚਾਰਹਿਂ ਸਭਿ ਅਕਲੰਕਾ[1]।
ਪੰਡਤ ਅਪਰ ਅਪੰਡਤ[1] ਜਹਿਂ ਤਹਿਂ।
ਸ਼੍ਰੀ ਗੁਰ ਕੀਰਤਿ ਕਰਿਹੀਂ ਮਹਿ ਮਹਿਂ[1] ॥੭॥
ਪੁਰਿ ਕਰਤਾਰ ਵਿਖੇ ਨਰ ਨਾਰੀ।
ਰਹੈਂ ਸਦੀਵ ਭੀਰ ਭਰਿ ਭਾਰੀ[1]।
ਸਵਾਜਾਮ ਨਿਸਿ ਰਹੇ ਸਦਾਈ।
ਹੋਤਿ ਕੀਰਤਨ ਸਭਿ ਸੁਖਦਾਈ ॥੮॥
ਪਹਿਰ ਨਿਸਾ[1] ਸੋਂ ਸੰਗਤ ਮੇਲਾ।
ਸਬਦਿ ਬਿਚਾਰਨ ਹੋਤਿ ਸੁਹੇਲਾ।
ਏਕ ਬਾਲ ਕੋ[†], ਕਿਰਤਨ ਕਾਲਾ[1]।
{ਛੋਟੇ ਬੱਚੇ ਦਾ ਪ੍ਰਸੰਗ, ਤਾਰੂ ਪੋਪਟ}
ਸੁਨਤਿ ਰਹੈ ਕਰ ਪ੍ਰੇਮ ਬਿਸ਼ਾਲਾ ॥੯॥
ਪ੍ਰਭੁ ਪੀਛੇ ਠਾਢੇ[1] ਹ੍ਵੈ ਸੋਇ।
ਭੋਗ ਕੀਰਤਨ ਕੋ ਜਬ ਹੋਇ।
ਬੰਦਨ ਕਰਿ ਕੈ ਸਦਨ ਸਿਧਾਵੈ।
ਇਸ ਬਿਧਿ ਨਿਤਾਪ੍ਰੱਤਿ ਸੋ ਆਵੈ ॥੧੦॥
ਇਕ ਦਿਨ ਸ਼੍ਰੀ ਗੁਰ ਬੈਨ ਬਖਾਨੇ।
'ਬਾਰਿਕ ਕੋ ਘਰੁ ਦੇਹੁ ਨ ਜਾਨੇ।'
ਸਿਖਨ ਗਹਿ ਕੈ ਤਿਹ ਤਤਕਾਲਾ।
ਠਾਂਢੋ ਕੀਨ ਹਦੂਰ ਕ੍ਰਿਪਾਲਾ ॥੧੧॥

[1]ਕਲੰਕ ਰਹਤ (ਗੁਰੂ ਜੀ ਦਾ)। (ਅ) ਉੱਜਲ (ਜਸ)।

[1]ਅਨਪੜ੍ਹੇ ਲੋਕ।

[1]ਪ੍ਰਿਥਵੀ ਤੇ।

[1]ਭਾਰੀ ਭੀੜ ਭਰੀ ਰਹਿੰਦੀ ਹੈ।

[1]ਪਹਿਰ ਰਾਤ (ਰਹਿੰਦੀ)।

[1]ਕੋਈ ਇਕ ਬਾਲਕ। ਕੀਰਤਨ ਵੇਲੇ। [†]ਇਸ ਬੱਚੇ ਦਾ ਨਾਉਂ ਭਾਈ ਮਨੀ ਸਿੰਘ ਜੀ ਕ੍ਰਿਤ 'ਸਿਖਾਂ ਦੀ ਭਗਤ ਮਾਲਾ' ਵਿਚ ਤਾਰੂ ਪੋਪਟ ਦਿਤਾ ਹੈ।

[1]ਖੜੋਕੇ।

ਦੋਹਰਾ:
ਬਾਲਿਕ ਕੋ ਬੂਝਨ ਕਿਯੋ, 'ਕਿਉਂ ਨਿੰਦ੍ਰਾ ਕੋ ਤਜਾਗਿ।
ਸਵਾਜਾਮ ਨਿਸ ਰਹੇ ਤੇ, ਕਰਿ ਆਵਤਿ ਅਨੁਰਾਗ? ॥੧੨॥

ਚੌਪਈ:
ਹਾਸ ਖੇਲ ਪੁਨ ਸਵਣ ਸੁਖਾਰੇ।
ਬਾਲ ਬੈਸ ਮਹਿਂ ਇਨ ਸੋਂ ਪਜਾਰੇ।
ਸੋ ਤਜਿ ਕੇ ਸਤਿਸੰਗਤਿ ਮਾਂਹੀ।
ਆਵਤਿ, ਵਖਤਿ[1] ਘੁਸਾਵਤ ਨਾਂਹੀ' ॥੧੩॥ [1]ਵੇਲਾ।
ਬਾਲਕ ਤਬ ਹੀ ਦ੍ਵੈ ਕਰ ਜੋਰੇ।
ਕਹਿਨ ਲਗਜੋ 'ਸੁਨੀਏ ਪ੍ਰਭੁ ਮੋਰੇ!
ਇਕ ਦਿਨ ਮਾਤਾ ਮੋਹਿ ਪਠਾਯਾ।
ਹਿਤ ਅਹਾਰ ਪਾਵਕ[1] ਮੰਗਵਾਯਾ ॥੧੪॥ [1]ਅਗਨੀ।
ਬਹੁਰੋ ਮੁਝ ਤੇ ਜਾਇ ਨ ਬਾਰੀ[1]। [1]ਬਾਲੀ।
ਤਬ ਮਾਤਾ ਅਸ ਗਿਰਾ ਉਚਾਰੀ।
-ਛੋਟੀ ਸਮਧਾ[1] ਊਪਰ ਪਾਇ। [1]ਛੋਟੀਆਂ ਲਕੜੀਆਂ।
ਤਿਨ ਪਰ ਦੀਰਘ[1] ਦੀਜੈ ਲਾਇ- ॥੧੫॥ [1]ਵੱਡੀਆਂ।
ਸੁਨਿ ਕੈ ਸੀਖ[1]† ਬਾਰ[2] ਮੈਂ ਦੀਨੀ। [1]ਸਿੱਖਜਾ। [2]ਬਾਲ। †ਪਿਛਲੇ ਸਮੇਂ ਲੰਮੇ ਤੀਲੇ ਨੂੰ ਗੰਧਕ ਲਾਕੇ ਅੰਗਾਰੇ ਤੋਂ ਅਗ ਬਾਲਿਆ ਕਰਦੇ ਸਨ, ਉਸ ਨੂੰ ਸੀਖ ਕਿਹਾ ਕਰਦੇ ਸਨ।
ਪਿਖਿ ਗਿਨਤੀ ਉਰ ਭਈ ਨਵੀਨੀ।
-ਅਗਨਿ ਕਾਲ[1] ਕੌ ਏਕ ਸੁਭਾਊ। [1]ਅਗਨਿ (ਤੇ) ਮੌਤ।
ਛੋਟਾ ਬਡਾ ਨ ਜਾਨਤਿ ਕਾਊ ॥੧੬॥
ਇਕ ਸਮ ਸਭਿ ਕੋ ਖਾਇ ਸੁ ਜਾਈ।
ਨਹਿਂ ਕੈਸੇ ਹੂੰ ਹੋਤਿ ਬਚਾਈ-।
ਤੁਮਰੇ ਦਰਸ਼ਨ ਕੇਰ ਪ੍ਰਭਾਵਾ[1]। [1]ਪ੍ਰਤਾਪ ਤੇ।
ਅਸ ਬਿਚਾਰ ਮੇਰੇ ਮਨ ਆਵਾ ॥੧੭॥
ਸੰਗ ਮਾਤ ਕੇ ਅਸ ਮੈਂ ਪ੍ਰਾਹੀ[1]। [1]ਕਹੀ।
-ਤਰੁਨ[1] ਬੈਸ ਹੋਵੌਂ ਕੈ ਨਾਂਹੀ। [1]ਜਵਾਨ।
ਕੋ ਜਾਨੈ, ਲਘੁ ਹੀ ਮਰਿ ਜਾਵੌਂ।

ਤਾਂ ਤੇ ਸ਼੍ਰੀ ਪ੍ਰਭੁ ਕੇ ਗੁਨ ਗਾਵੌਂ ॥੧੮॥
ਜਾਨਿ ਕਾਲ ਕੋ ਡਰ ਸਿਰ ਭਾਰੀ।
ਪਰਯੋ ਰਹੋਂ ਮੈਂ ਸ਼ਰਨ ਤੁਮਾਰੀ।
ਤਜਿ ਕੈ ਨੀਂਦ ਸੁਨੋਂ ਪ੍ਰਭੁ ਗਾਥਾ।'
ਅਸ ਕਹਿ ਪੁਨ ਬੰਦੇ ਜਗਨਾਥਾ ॥੧੯॥
ਤਿਹ ਛਿਨ ਸੰਗਤਿ ਸੁਨਿ ਸਿਸ[1] ਬਾਨੀ। [1]ਬਾਲਕ ਦੀ।
ਸਰਬ ਰਹੀ ਹਿਰਦੇ ਬਿਸਮਾਨੀ।
-ਅਲਪ ਬੈਸਿ ਸਤਿਸੰਗ ਮਝਾਰੀ।
ਨਿਰਮਲ ਕੀਨੀ ਸੁਮਤਿ ਬਿਚਾਰੀ- ॥੨੦॥
ਦੇਖਿ ਜਗਤ ਧੰਧੈ ਲਪਟਾਯੋ।
ਮਾਯਾ ਮੋਹ ਸਰਬ ਬਿਰਮਾਯੋ।
ਦੇਨੇ ਹੇਤ ਭਲੋ ਉਪਦੇਸ਼ਾ।
ਭਨਯੋ ਸ਼ਬਦ ਤਬ ਸ਼੍ਰੀ ਜਗਤੇਸ਼ਾ ॥੨੧॥

ਸ੍ਰੀ ਮੁਖਵਾਕ ॥
ਮਃ ੧ ॥
ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ ॥
ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ ॥
ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ ॥
ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ ॥੨॥ †

†ਰਾਮਕਲੀ ਦੀ ਵਾਰ ਮਃ ੩ ॥

ਦੋਹਰਾ: [1]ਪ੍ਰੀਤ ਕਰਨ ਵਾਲੇ। †ਪਾ:-ਗਤਿ।
ਸੁਨਿ ਸਭਿ ਨਰ ਗੁਰ ਕੇ ਬਚਨ, ਭਏ ਭਜਨ ਰਤਿ[1]† ਸੋਇ।
ਆਤਮ ਗਯਾਨ ਬਿਚਾਰਹੀ, ਜਿਸ ਤੇ ਸਭਿ ਸੁਖ ਹੋਇ ॥੨੨॥
ਚੌਪਈ:
ਕ੍ਰਿਪਾ ਦ੍ਰਿਸ਼ਟਿ ਕਰਿ ਇਉਂ ਜਗ ਸਾਈਂ।
ਮਨੁਜ ਅਨੇਕਨ[1] ਭਗਤਿ ਦ੍ਰਿੜਾਈ। [1]ਅਨੇਕਾਂ ਪੁਰਸ਼ਾਂ ਨੂੰ।
ਇਕ ਦਿਨ ਬੈਠੇ ਜਲਧਿ ਬਿਬੇਕੁ[1]। [1]ਗਯਾਨ ਦੇ ਸਮੁੰਦਰ।
ਮੂਲਾ ਕੀੜ ਨਾਮ ਨਰ ਏਕੁ ॥੨੩॥
{ਮੂਲਾ ਕੀੜ}
ਗੁਰ ਸਮੀਪ ਚਲਿ ਕੈ ਸੋ ਆਯੋ।

ਸ਼ਾਂਤਿ ਭਈ ਮਨ ਦਰਸ਼ਨ ਪਾਯੋ।
ਉਰ ਬਿਕਾਰ ਸਭਿ ਨਾਸੇ ਐਸੇ।
ਪਾਵਸ[1] ਹੋਤਿ ਜਵਾਸੋ ਜੈਸੇ[2] ॥੨੪॥

[1]ਬਰਸਾਤ ਵਿਚ। [2]ਜਵਾਹਾਂ (ਦਾ ਨਾਸ਼) ਹੁੰਦਾ ਹੈ ਜੈਸੇ।

ਬੰਦਿ ਹਾਥ ਬੋਲਯੋ 'ਇਹ ਅਰਥਾ।
ਮੋਹਿ ਬਤਾਵਹੁ ਪ੍ਰਭੁ ਸਮਰਥਾ।
-ਚੰਚਲ ਚੀਤ ਨ ਜਾਇ ਤਮਾਸ਼ੇ।
ਜੂਏ ਜਾਇ ਨ ਖੇਲੇ ਪਾਸੇ-' ॥੨੫॥
ਪਾਰਬ੍ਰਹਮ ਸੁਨਿ ਕੈ ਗੁਨ ਖਾਨੀ।
ਕ੍ਰਿਪਾ ਦ੍ਰਿਸ਼ਟਿ ਪਿਖਿ ਬੋਲੇ ਬਾਨੀ।
'ਪੂਰਬ ਜੁਗ ਜੋ ਬੀਤ ਗਏ ਹੈਂ।
ਤਿਨ ਮਹਿਂ ਭੂਪ ਅਨੇਕ ਭਏ ਹੈਂ ॥੨੬॥
ਮਨ ਚੰਚਲ ਵੇਸ੍ਵਾ[1] ਜਬ ਪੇਖੀ।

[1]ਕੰਜਰੀ। ਸੰਸ: ਵੇਸ਼ਯਾ]।

ਕਾਮ ਕੇਲ ਹ੍ਵੈ ਚਾਇ ਬਿਸ਼ੇਖੀ।
ਰੋਕਯੋ ਰੁਕਤਿ ਨ ਕਿਸੁ ਪ੍ਰਕਾਰਾ।
ਮਿਲਿ ਤਿਹ ਅਪਨ ਜਨਮ ਜਗ ਹਾਰਾ ॥੨੭॥
ਧਰਮ ਛੀਨ[1] ਹ੍ਵੈ ਪਾਇ ਸਜਾਈ।

[1]ਨਾਸ਼।

ਪਰਯੋ ਨਰਕ ਮਹਿਂ ਬਹੁ ਬਿਲਲਾਈ[1]।

[1]ਵਿਲਾਪ ਕਰਦੇ ਹਨ।

ਯਾ ਤੇ ਤਿਹ ਕੋ ਦੇਖਹਿ ਨਾਂਹੀ†।

†ਏਥੇ ਕਵਿ ਜੀ ਸਤਿਗੁਰ ਜੀ ਦਾ ਵਾਕ ਦੱਸ ਰਹੇ ਹਨ ਕਿ ਵੇਸ਼ਯਾ ਨੂੰ ਕਦੀ ਅੱਖਾਂ ਨਾਲ ਨਾ ਤੱਕੋ, ਇਥੋਂ ਬੀ ਇਹੀ ਸਿੱਧ ਹੁੰਦਾ ਹੈ ਕਿ ਜੋ ਕੁਝ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧ੍ਯਾਯ ੨੧ ਅੰਕ ੨੩ ਤੇ ਅਧ੍ਯਾਯ ੨੨ ਅੰਕ ੧੫ ਵਿਚ ਵਰਣਨ ਹੋਇਆ ਹੈ ਉਹ ਸਾਰਾ ਗ਼ਲਤ ਹੈ, ਕਿਉਂਕਿ ਵੇਸ਼ਯਾ ਦਾ ਦਰਸ਼ਨ ਕਰਨੋਂ ਬੀ ਏਥੇ ਮਨ੍ਹਾ ਕਰ ਰਹੇ ਹਨ।

ਸਮਾਂ ਬਿਤਾਵਹਿਂ ਸਤਿਸੰਗ ਮਾਂਹੀ ॥੨੮॥
ਖੇਲੇ ਜੂਪ[1] ਭੂਪ ਜੇ ਹੋਏ।

[1]ਜੂਆ।

ਪਰੀ ਆਪਦਾ ਦਾਰੁਨ[1] ਰੋਏ।

[1]ਭਯਾਨਕ ਸੰਕਟ।

ਇਨ ਕੋ ਤਯਾਗੇ ਜੋ ਸਿਖ ਹੋਇ।
ਸੁਖ ਪਾਵਹਿ ਮਾਨਹਿ ਬਚ ਜੋਇ ॥੨੯॥
ਅਬ ਆਯੋ ਕਲਿਜੁਗ ਕੋ ਕਾਲਾ।
ਗੁਰ ਸਿਖੀ ਪ੍ਰਗਟਾਈ ਚਾਲਾ[1]।

[1]ਭਾਵ ਗੁਰ ਸਿੱਖਾਂ ਦੇ ਵਰਤੋਂ ਦੇ ਕਰਮਾਂ ਦਾ ਤ੍ਰੀਕਾ।

ਸ਼ਬਦ ਪ੍ਰੇਮ ਕਰਿ ਕੈ ਮੁਖ ਗਾਵੈਂ।

ਧਰਮ ਕ੍ਰਿੱਤ[1] ਕਰਿ ਕੈ ਵੰਡ ਖਾਵੈਂ ॥੩੦॥ — [1]ਧਰਮ ਦੀ ਕਿਰਤ।

ਗੁਰ ਸਿੱਖਨ ਕੀ ਸੇਵਾ ਕਰਿਹੀਂ।

ਭਾਉ ਧਾਰਿ ਉਰ ਚਰਨ ਪਖਰਿਹੀਂ[1]। — [1]ਧੋਵਣ।

ਨਗਨ[1] ਬਸਤ੍ਰ ਦੇ ਭੋਜਨ ਭੁਖਾ। — [1]ਨੰਗੇ ਨੂੰ।

ਸ਼ਬਦ ਬਿਚਾਰਿ ਲਹੈ ਉਰ ਸੁਖਾ' ॥੩੧॥

ਦੋਹਰਾ:

ਸੁਨਿ ਸ੍ਰੀ ਗੁਰ ਉਪਦੇਸ਼ ਅਸ, ਰਿਦੇ ਧਾਰਿ ਦ੍ਰਿੜ ਸੋਇ।

ਤਿਸ ਪ੍ਰਕਾਰ ਕਰਨੇ ਲਗਯੋ, ਮਹਾਂ ਪ੍ਰੇਮ ਮੈਂ ਹੋਇ ॥੩੨॥

ਚੌਪਈ:

ਜੋ ਭੁਖਾ ਭੋਜਨ ਤਿਹ ਦੇਈ।

ਨਗਨ ਦੇਖਿ ਕਰਿ ਬਸਤ੍ਰ ਉਢੇਈ।

ਸਿੱਧ ਸਾਧ ਤਿੰਹ ਘਰ ਬਹੁ ਆਵਹਿਂ।

ਰੈਨ ਬਸੇਰਾ ਕਰਿ ਪੁਨ ਜਾਵਹਿਂ ॥੩੩॥

ਏਕ ਦਿਵਸ ਇਕ ਬੰਚਕ[1] ਆਯੋ। — [1]ਠੱਗ।

{ਮੂਲੇ ਨੇ ਚੋਰ ਦਾ ਪੜਦਾ ਢਕਿਆ}

ਤਨ ਮੈਂ ਸਿਖ ਕੋ ਬੇਖ ਬਨਾਯੋ।

ਬਾਨੀ ਕੰਠ ਪਢੈ ਕਰਿ ਪ੍ਰੀਤਾ।

ਮਨ ਲੋਭੀ ਜਿਹ ਮਤਿ ਵਿੱਪ੍ਰੀਤਾ[1] ॥੩੪॥ — [1]ਉਲਟੀ।

ਦੋਹਰਾ:

ਸੇਵਾ ਕਰੀ ਬਿਭਾਵਰੀ[1], ਪੁਨ ਮੂਲੇ ਕੀ ਨਾਰਿ। — [1]ਰਾਤ ਨੂੰ।

ਭੂਖਨ ਰਖੇ ਉਤਾਰਿ ਕੈ, ਬੰਚਕ ਲਏ ਨਿਹਾਰ[1] ॥੩੫॥ — [1]ਦੇਖ ਲਏ।

ਚੌਪਈ:

ਸੋਇ ਰਹੇ ਜਬਿ ਸਭਿ ਪਹਿਚਾਨੇ[1]। — [1]ਠੱਗ ਨੇ) ਸਮਝੇ।

ਸੋ ਭੂਖਨ ਲੀਨੇ ਨਿਜ ਪਾਨੇ[1]। — [1]ਆਪਣੇ ਹੱਥ।

ਨਿਕਸਨ ਲਗਯੋ ਬਹਿਰ ਕੋ ਧਾਏ।

ਤਾਰੋ ਪੌਰ[1] ਪਿਖਯੋ, ਹਟਿ ਆਏ ॥੩੬॥ — [1]ਜੰਦਰਾ ਵੱਜਾ ਦਰਵੱਜੇ ਨੂੰ।

ਮੂਲੇ ਕੋ ਕਰ ਸੰਗ[1] ਜਗਾਵਾ। — [1]ਹੱਥ ਨਾਲ ਹਿਲਾਕੇ।

ਕਪਟ ਧਾਰਿ ਕੈ ਬਚਨ ਅਲਾਵਾ।
'ਜਾਵੌਂ ਵਹਿਰ, ਦੀਜੀਐ ਤਾਰੀ[1]। — [1]ਕੁੰਜੀ।
ਹੋਵਤਿ ਸੂਰ[1] ਉਦਰ[2] ਮੁਝ ਭਾਰੀ' ॥੩੭॥ — [1]ਸੂਲ। [2]ਪੇਟ ਵਿਚ।

ਦੋਹਰਾ:
ਮੂਲਾ ਬੋਲਯੋ 'ਸੰਤ ਜੀ! ਵਹਿਰ ਤਿਮਰ ਕਿਉਂ ਜਾਤਿ।
ਰਮਨੇ ਬੈਠੋ[1] ਅਜਰ ਮਹਿਂ[2], ਹੌਂ ਉਚਾਇ ਹੌਂ ਪ੍ਰਾਤ[3]' ॥੩੮॥ — [1]ਆਨੰਦ ਨਾਲ ਬੈਠੋ ਭਾਵ ਜੰਗਲ ਹੋ ਲਓ। [2]ਵਿਹੜੇ ਵਿੱਚ। [3]ਚੁਕਵਾਇ ਦਿਆਂਗਾ ਸਵੇਰ ਨੂੰ।

ਚੌਪਈ:
ਬੋਲਯੋ ਬੰਚਕ 'ਬਾਹਿਰ ਜਾਊਂ।
ਸਦਨ ਵਿਖੈ ਬੈਠਤਿ ਸ਼ਰਮਾਊਂ।'
ਉਠਿ ਕੈ ਮੂਲਾ ਲੈਕਰਿ ਤਾਰੀ।
ਆਯੋ ਜਬਿ ਹੀ ਅਜਰ ਮਝਾਰੀ ॥੩੯॥
ਬੰਚਕ ਕਾਂਖ ਬਿਖੈ[1] ਤੇ ਗਿਰੇ। — [1]ਚੋਰ ਦੀ ਕੱਛ ਵਿਚੋਂ।
ਭੂਖਨ, ਪੁਨ ਨ ਉਠਾਇ, ਸੁ ਡਰੇ[†]। — [†]ਪਾ:-ਬੰਚਕ ਕਾਖ ਬਿਖੈ ਤੇ ਗਿਰਾ। ਭੂਖਨ ਡੱਬਾ, ਦੇਖਿ ਸੁ ਡਰਾ।
ਮੂਲੇ ਤਬ ਉਠਾਇ ਨਿਜ ਹਾਥਾ।
ਦਏ ਤਾਂਹਿ ਕੋ ਤਬਿ ਹਿਤ ਸਾਥਾ ॥੪੦॥

ਦੋਹਰਾ:
ਤਿਹ ਕੋ ਵਹਿਰ ਨਿਕਾਸਿ ਕੈ, ਸੋਇ ਰਹਯੋ ਬਿਚ ਧਾਮ।
ਭੀ ਪ੍ਰਭਾਤਿ ਤਿਹ ਥਾਨ ਕੋ, ਦੇਖਤਿ ਮੂਲੇ ਬਾਮ ॥੪੧॥

ਚੌਪਈ:
'ਭੂਖਨ ਧਰੇ ਨਹੀਂ ਕਿਹ ਥਾਈਂ।
ਕਹਾਂ ਗਏ ਕਿਹ ਲੀਨ ਚੁਰਾਈ?'
ਮੂਲਾ ਕਹੈ ਰੈਨ ਘਰ ਮਾਂਹੀ।
ਤਸਕਰ ਲਗੇ, ਨ ਜਾਨੇ ਜਾਈ[1] ॥੪੨॥ — [1]ਚੋਰ ਲਗੇ ਹਨ (ਪਰ ਸਾਨੂੰ) ਮਲੂਮ ਨਹੀਂ ਪਏ।
ਲੈ ਗਮਨੇ ਭੂਖਨ ਕੋ ਸੋਈ[1] ॥ — [1]ਓਹ ਚੋਰ) ਗਹਿਣੇ ਲੈ ਗਏ ਹਨ।
ਬਿਨ ਜਾਗੇ ਤੇ ਅਸ ਗਤਿ ਹੋਈ।
ਨਿਸਾ ਹਮਾਰੇ ਘਰ ਸਿਖ ਜੋਊ।
ਉਠਿ ਕਰਿ ਗਯੋ ਸੁ ਲੱਜਿਤਿ ਹੋਊ

॥੪੩॥

ਦੋਹਰਾ:

-ਸਭਿ ਦੇਵਹਿੰਗੇ ਦੋਸ਼ ਮੁਝ, ਅਸ ਜਾਨੀਂ ਮਨ ਮਾਂਹਿ।
ਗਯੋ ਬਡੀ ਭੁਨਸਾਰ ਤੇ, ਸਿੱਖ ਦੋਸ਼ ਕਛੁ ਨਾਂਹਿਂ[1]' ॥੪੪॥

[1]ਭਾਵ-ਰਾਤ ਜੋ ਸਿਖ ਸਾਡੇ ਘਰ ਸੀ, ਉਹ ਸ਼ਰਿਮੰਦਾ ਹੁੰਦਾ ਟੁਰ ਗਿਆ ਹੈ, ਇਉਂ ਆਪਣੇ ਮਨ ਵਿਚ ਜਾਣਕੇ ਕਿ ਸਾਰੇ ਮੈਨੂੰ ਦੋਸ਼ ਦੇਣਗੇ, ਤਾਹੀਓਂ ਬੜੀ ਤੜਕੇ ਟੁਰ ਗਿਆ ਹੈ, ਤਾਂਤੇ ਸਿੱਖ ਦਾ ਦੋਸ਼ ਕੁਛ ਨਹੀਂ ਹੈ।

ਚੌਪਈ:

ਨਿਜ ਤਿਯ ਕੋ ਭੂਖਨ ਘਰਿਵਾਏ।
ਔਰ ਹਰਖ ਹਿਤ ਤਤਛਿਨ ਪਾਏ।
ਕਿਤਿਕ ਦਿਵਸ ਮਹਿਂ ਪ੍ਰਭੁ ਢਿਗ ਆਯੋ।
ਨਮਸਕਾਰ ਕਰਿ ਦਰਸ਼ਨ ਪਾਯੋ ॥੪੫॥
ਕ੍ਰਿਪਾ ਨਿਧਾਨ ਕਹਜੋ 'ਸੁਨਿ ਮੂਲਾ!
ਰਿਦਾ ਤੋਰ ਸਿੱਖੀ ਅਨਕੂਲਾ[1]।
ਮਮ ਪਰਦਾ ਤੈਂ ਢਕਯੋ ਬਨਾਈ†।

[1]ਅਨੁਸਾਰ।

{ਮੂਲਾ ਕੀੜ ਨੂੰ ਗੁਰੂ ਜੀ ਦਾ ਵਰ}

†ਗੁਰੂ ਜੀ ਦਾ ਦੇਖਕੇ ਅਣਡਿੱਠ ਕਰਨ ਦੇ ਅਸੂਲ ਦੀ ਕਦਰਦਾਨੀ ਦਾ ਕਿੰਨਾ ਕਮਾਲ ਹੈ। ਠੱਗ ਨੇ ਸਿੱਖੀ ਬਾਣਾ ਧਾਰਿਆ ਸੀ, ਤੇ ਉਸ ਦਾ ਕੇਵਲ ਸਿੱਖ ਕਹਿਲਾਉਣ ਕਰਕੇ ਮੂਲੇ ਨੇ ਪੜਦਾ ਨਹੀਂ ਪਾੜਿਆ, ਮਾਇਆ ਸਤਿਗੁਰੂ ਜੀ ਦੀ ਸਮਝ ਕੇ ਹਰਖ ਸ਼ੋਕ ਨਹੀਂ ਕੀਤਾ। ਮੂਲੇ ਦੇ ਇਸ ਕਮਾਲ ਦੇ ਇਨਸਾਨੀ ਪਿਆਰ ਅਰ ਦੇਖਕੇ ਅਣਡਿੱਠ ਕਰਨ ਦੇ ਸ਼ੁਭ ਗੁਣ ਦਾ ਗੁਰੂ ਜੀ ਨੇ ਇਹ ਕਦਰ ਪਾਇਆ ਕਿ ਮੂਲੇ ਦੀ ਸਿੱਖੀ ਭਾਵਨਾਂ ਨੂੰ 'ਆਪਣਾ ਪਰਦਾ ਕਜੀਣਾ' ਆਖਕੇ ਸਨਮਾਨਿਆ। ਮਾਦਾ ਪ੍ਰਸਤ ਪੱਛਮੀ ਮੁਲਕਾਂ ਤੋਂ ਆਈ ਇਕ ਦੂਜੇ ਦੀ ਨਿੰਦਾ ਤੇ ਖੇਦ ਦਾਇਕ ਨੁਕਤਾਚੀਨੀ ਦੀ ਰਵਸ਼ ਸਿੱਖੀ ਦੇ ਕਿਤਨੀ ਉਲਟ ਹੈ।

ਤੇਰੋ ਢਕਿ ਹੈ ਗੁਰੂ ਸਦਾਈ ॥੪੬॥

ਦੋਹਰਾ:

ਸ਼ਬਦ ਗੁਰੂ ਕੋ ਰਿਦਾ ਹੈ, ਸ਼੍ਰਵਨ, ਮਨਨ, ਨਿੰਧਜਾਸ[1]।
ਕਰਹੁ ਸਦਾ ਉਰ ਗਜਾਨ ਹ੍ਵੈ, ਬੰਧਨ ਜਗਤ ਬਿਨਾਸ਼[1]' ॥੪੭॥

[1]ਇਸ ਦਾ (ਭਾਵ ਸ਼ਬਦ ਦਾ) ਮੁੜ ਮੁੜ ਧਜਾਨ ਵਿਚ ਟਿਕਾਉਣਾ, ਫਿਰ ਫਿਰ ਸਿਮਰਨਾ।

[1]ਨਾਸ਼ ਹੋ ਜਾਣਗੇ।

ਚੌਪਈ:

ਤ੍ਰਿਕਾਲੱਗ ਦਰਸ਼ੀ[1] ਤਿਹ ਕਾਲਾ।
ਪ੍ਰਭੁ ਕ੍ਰਿਪਾ ਤੇ ਭਯੋ ਨਿਹਾਲਾ।
ਸਦਨ ਗਯੋ ਹ੍ਵੈ ਮੋਹ ਬਿਨਾਹੀ[1]।
ਹੰਤਾ ਤਜਿ ਬਰਤਯੋ ਜਗ ਮਾਂਹੀ ॥੪੮॥

[1]ਤਿੰਨ ਕਾਲਾਂ ਦਾ ਗਿਆਤਾ (ਹੋ ਗਿਆ)।

[1]ਮੋਹ ਤੋਂ ਖਾਲੀ (ਹੋਕੇ) (ਅ) ਮੋਹ ਹਰਕੇ।

ਇਕ ਦਿਨ ਸੰਗਤ ਕੇਰ ਮਝਾਰਾ।
ਬੈਠੇ ਪ੍ਰਭੁ ਹੈਂ ਸ਼ਬਦ ਵਿਚਾਰਾ।
ਪ੍ਰਿੱਥਾ, ਖੇਡਾ ਦਰਸ਼ਨ ਆਸੂ[1]।
{ਪ੍ਰਿਥਾ, ਖੇਡਾ}
ਚਲਿ ਆਏ ਸ਼੍ਰੀ ਨਾਨਕ ਪਾਸੂ ॥੪੯॥
ਚਰਨ ਬੰਦਨਾ ਕਰਿ ਕੈ ਦੋਊ।
ਬੈਠੇ ਸ਼ਬਦ ਸੁਨਤਿ ਭੇ ਸੋਊ।
ਚਤਰ ਘਟੀ ਬੀਤੀ ਪਸ਼ਚਾਤੀ।
ਤਿਨ ਸੋਂ ਬੋਲੇ ਪ੍ਰਭੁ ਇਸ ਭਾਂਤੀ ॥੫੦॥
'ਜੁ ਕਛੁ ਕਾਮਨਾ ਰਿਦੇ ਤੁਮਾਰੇ।
ਜਾਚਹੁ, ਪੂਰਹਿ ਸ਼੍ਰੀ ਕਰਤਾਰੇ।'
ਸ਼ਬਦ ਬਿਚਾਰਿ ਸੁਨਯੋ ਜਬ ਦੋਈ।
ਰਿਦੇ ਸ਼ਾਂਤਿ ਪ੍ਰਾਪਤਿ ਤਬਿ ਹੋਈ ॥੫੧॥
ਹਾਥ ਬੰਦਿ ਅਤਿ ਨਿੰਮ੍ਰ ਹੋਇ।
ਬੋਲੇ ਲੋਭ ਲਹਿਰ ਮਨ ਖੋਇ।
'ਸ਼੍ਰੀ ਗੁਰ ! ਸੁਨਹੁ ਕਰਹੁ ਜੇ ਕਰੁਨਾ।
ਚਰਨ ਸ਼ਰਨ ਨਿਜ ਦੀਜੈ ਪਰਨਾ[1] ॥੫੨॥
ਜਾਨਹਿਂ ਸਗਰੋ ਜਗਤ ਅਸਾਰੇ[1]।
ਸੁਪਨ ਪਦਾਰਥ ਜਿਉਂ ਨਿਰਧਾਰੇ[1]।
ਮਾਨਿ ਹੁਕਮ ਪ੍ਰਭੁ ਹਰਖ ਹੁਵੀਜੈ[1]।
ਨਾਂਹਿ ਚਾਹਿ ਕਛੁ, ਇਹ ਬਰ ਦੀਜੈ' ॥੫੩॥
ਬੋਲੇ ਸ਼੍ਰੀ ਪ੍ਰਭੁ 'ਹਮ ਪਗ ਤਹਿਂਵਾ[1]।
{ਗੁਰੂ ਜੀ ਦੇ ਚਰਨ, ਸੰਗਤ}
ਬਸਹਿਂ[1] ਸਦਾ, ਸਤਿਸੰਗਤ ਜਹਿਂਵਾ।
ਸੰਤ ਸਭਿਨਿ[†] ਕੀ ਸੇਵ ਕਰੀਜੈ।

[1]ਦਰਸ਼ਨ ਵਾਸਤੇ ਛੇਤੀ। ਸੰਸ: ਆਸ਼ੁ] (ਅ) ਦਰਸ਼ਨ ਦੀ ਆਸਾ ਧਾਰਨ

[1]ਆਸਰਾ।

[1]ਮਿੱਥਯਾ।

[1]ਵਾਂਙੂ ਪ੍ਰਪੱਕ ਕਰੀਏ।

[1]ਅਨੰਦ ਹੋਵੀਏ।

[1]ਓਥੇ।

[1]ਵਸਦੇ ਹਨ।

[†]ਇਹ ਉਪਦੇਸ਼ ਗੁਰੂ ਘਰ ਦੇ 'ਨਾਮ ਦੇ ਪ੍ਰੇਮੀ ਸੰਤਾਂ' ਵਾਸਤੇ ਹੋ ਰਿਹਾ ਹੈ। ਅਜ ਕਲ ਸਾਰੇ ਸੰਤਾਂ ਦੀ ਸੇਵਾ ਹਾਨੀਕਾਰਕ ਹੈ, ਬਾਹਲੇ ਲੋਕ ਕੇਵਲ ਭੇਖ ਧਾਰਕੇ ਫਿਰ ਰਹੇ ਹਨ। ਕੋਈ ਛਿਪਿਆ ਰਾਧਾ ਸੁਾਮੀ ਹੁੰਦਾ ਹੈ, ਕੋਈ ਖਰੜ ਵੇਦਾਂਤੀ ਕਰਨੀ ਹੀਨ, ਕੋਈ ਸੂਫੀ ਰੰਗਤ ਦਾ ਗੱਪੀ, ਕੋਈ ਪੌਰਾਣਕੀ ਕੇਵਲ ਬੁਲੇਰਾ, ਕੋਈ ਕੁੱਛ। ਕੋਈ ਕੁੱਛ, ਅਨੇਕ ਮਤਾਂ ਦੇ ਸੰਤਾਂ ਨੂੰ ਮਿਲ ਮਿਲਕੇ ਮਤ ਵਿਚਲ ਜਾਂਦੀ ਹੈ, ਸੰਤ ਓਹ ਜੋ ਇਕ ਨਾਮ ਦਾ ਉਪਾਸਕ ਤੇ ਪ੍ਰੇਮੀ ਹੋਵੇ, ਗੁਰੂ ਨਾਨਕ ਦੇਵ ਦੇ ਚਰਨਾਂ ਦਾ ਭੌਰਾ, ਭਗਤੀ ਭਾਵ ਵਿਚ ਇਸਥਿਤ ਤੇ ਉਚੀ ਮਤ ਵਾਲਾ, ਆਚਰਨ ਦਾ ਉੱਚਾ ਹੋਵੇ; ਐਸੇ ਸੰਤਾਂ ਦੀ ਸੰਗਤ ਤਾਰਦੀ ਹੈ। ਯਥਾ ਸ੍ਰੀ ਮੁਖਵਾਕ:-ਜਿਨ੍ਹਾਂ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥

[ਗਉ ਵਾਰ ਮਃ ੫
ਤਥਾ:-ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥
[ਸੋਰਃ ਵਾਰ ਮਃ ੪

ਤਿਨ ਮੈਂ ਮਿਲਿ ਕਰਿ ਸਮਾਂ ਬਿਤੀਜੈ ॥੫੪॥
ਸੰਤ ਕਰਤਾਰ ਭੇਦ ਕਛੁ ਨਾਂਹੀ।
ਦ੍ਰਿੜ ਨਿਸ਼ਚੈ ਧਾਰਹੁ ਮਨ ਮਾਂਹੀ।
ਧਰਮ ਕ੍ਰਿੱਤ ਕਰਿ ਵੰਡ ਸੁ ਖਾਓ।
ਚਰਣ ਸ਼ਰਣ ਨਿਤ ਇਉਂ ਜਿ ਕਮਾਓ ॥੫੫॥
ਸਰਗੁਣ ਰੂਪ ਸਰੀਰ ਪਛਾਨੋ।
ਸ਼ਬਦ ਰਿਦਾ ਮਮ[1], ਨਿਰਗੁਣ ਮਾਨੋ[2]।

[1]ਮੇਰਾ ਹਿਰਦਾ ਹੈ। [2]ਇਸ ਨੂੰ ਮੇਰਾ) ਨਿਰਗੁਣ (ਰੂਪ) ਮੰਨੋ।

ਮਿਲੇ ਸਰੀਰ[1] ਬਿਛੁਰ ਸੇ ਜਾਵਹਿਂ।
ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ ॥੫੬॥

[1]ਜੋ ਸਰੀਰ ਨੂੰ ਮਿਲਦੇ ਹਨ।

ਤਿਨ[1] ਸੁਨਿ ਕੈ ਸ੍ਰੀ ਨਾਨਕ ਬਾਂਨੀ।
ਤਿਸ ਬਿਧਿ ਕੀਨਿ ਨੀਕ ਮਨਮਾਨੀ।
ਜੀਵਨ ਮੁਕਤਿ ਰੁਚਿਰ ਪਦ ਪਾਵਾ।
ਸਤਿਗੁਰ ਬਚਨ ਰਿਦੈ ਠਹਿਰਾਵਾ ॥੫੭॥

[1]ਉਹਨਾਂ ਨੇ।

ਜਾਨਜੋ ਸਗਰੋ ਜਗਤ ਅਸਾਰਾ।
ਬਹੁਰ ਨ ਪ੍ਰਾਪਤਿ ਭਾ ਸੰਸਾਰਾ।
ਕਿਤਿਕ ਸਮਾਂ ਜਬਿ ਤਹਾਂ ਗੁਜ਼ਾਰਾ।
ਇਕ ਦਿਨ ਬੈਠੇ ਮੋਖ ਉਦਾਰਾ ॥੫੮॥

ਦੋਹਰਾ:
ਪ੍ਰਿਥੀਮਲ ਸਹਿਗਲ ਉਭੈ
ਰਾਮਾ ਡਿਡੀ ਤੀਨ[1]।
{ਪ੍ਰਿਥੀਮਲ, ਰਾਮਾ, ਡਿਡੀ}

[1]ਪ੍ਰਿਥੀਮਲ ਇਕ, ਸਹਗਲ ਦੋ, ਤੇ ਰਾਮਾ ਡਿਡੀ ਤਿੰਨੇ, ਪਰੰਤੂ ਇਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤ ਮਾਲ ਵਿਚ ਦੋ ਗਿਣਿਆਂ ਹੈਛ-ਪ੍ਰਿਤੀਮਲ (ਜਾਤ ਦਾ) ਸਹਗਲ, ਤੇ ਰਾਮਾ (ਜਾਤ ਦਾ) ਡਿਡੀ।

ਆਏ ਸ੍ਰੀ ਗੁਰ ਦਰਸ ਕੋ
ਜੱਗਜਾਸਾ ਮਨ ਲੀਨ ॥੫੯॥

ਚੌਪਈ:
ਬੰਦਿ ਪਦਾਰ ਬਿੰਦ ਕੋ ਬੈਸੇ।
ਕਿਤਿਕ ਕਾਲ ਮਹਿਂ ਬੋਲੇ ਐਸੇ।
'ਹਮਕੋ ਇਸ ਬਿਧਿ ਪੰਥ ਬਤੱਯੈ।
ਬਿਸ਼ਨ ਰੂਪ ਮੈਂ ਇਕ ਹ੍ਵੈ ਜੱਯੈ ॥੬੦॥
ਸਹਿਜ ਸੁਖੇਨ ਮੋਖ ਸੋ ਪਾਵੈਂ।
ਕਠਨ ਕਰਮ ਜੇ, ਕੌਨ† ਕਮਾਵੈ।'
ਸੁਨਿ ਕਰਿ ਸਤਿਗੁਰ ਬਚਨ ਬਖਾਨੇ।
{ਤਿੰਨ ਕਿਸਮ ਦਾ ਤਪ}
'ਤ੍ਰੈ ਬਿਧਿ ਤਪ ਤਪਸੀ ਸਭਿ ਠਾਂਨੇ ॥੬੧॥

†ਪਾ:-ਲੋਕ।

ਦੋਹਰਾ:
ਨਗਨ, ਛੁਧਾ[1], ਜਲ, ਅਗਨ ਸੋਂ, ਤਨ ਤਾਪਹਿਂ ਨਰ ਜੋਇ।
ਕਹੈਂ -ਤਾਮਸੀ ਤਪ- ਇਹੈ, ਕਰਨ ਕਠਨ ਹੈ ਸੋਇ ॥੬੨॥

[1]ਨਗਨਤਾ ਤੇ ਭੁੱਖ।

ਚੌਪਈ:
ਜੇ ਯੁਤ ਕਾਮਿ, ਸਿ[1] ਰਿਧਿ ਸਿਧਿ ਪਾਵਹਿਂ।
ਨਿਹਕਾਮੀ[1], ਮਨ ਸੁਧ ਹ੍ਵੈ ਜਾਵਹਿ।
ਬਹੁਰੋ ਇਸ ਤਪ ਕਾ ਹੰਕਾਰਾ।
ਫੁਰਿ ਆਵਤਿ ਹੈ ਕੇਤਿਕ ਬਾਰਾ ॥੬੩॥
ਤਾਂ ਤੇ ਰਜ ਸਤਿ ਤੁਮ ਤਪ ਕੀਜੈ!
ਹੋਇ ਕੱਲਜਾਨ ਤਾਪ ਤ੍ਰੈ ਛੀਜੈ।'
ਕਹੈਂ ਸੁ 'ਰਜ ਸਤ ਲਖੈਂ ਨ ਕੋਊਂ।
ਭੇਦ ਬਤਾਵਹੁ ਜਾਨਹਿਂ ਸੋਊ ॥੬੪॥

[1]ਕਾਮਨਾ ਸਹਤ ਹਨ, ਸੋ।

[1]ਜੋ ਕਾਮਨਾ ਰਹਤ ਹਨ, ਤਿਨ੍ਹਾਂ ਦਾ।

ਦੋਹਰਾ:
ਰਜੋਗੁਨੀ ਤਪ ਸ਼ਾਂਤਕੀ, ਭਗਤਿ ਕਹਤਿ ਹੈ ਕਾਹਿ[1]?
ਕਰੁਣਾਕਰ ਇਹ ਭੇਦ ਜੇ, ਸਰਬ ਕਹਉ ਹਮ ਪਾਹਿ' ॥੬੫॥

[1]ਕਿਸ ਨੂੰ।

ਚੌਪਈ:
ਸੁਨਿ ਸ਼੍ਰੀ ਮੁਖ ਸੋਂ ਬਚਨ ਉਚਾਰੇ।

| | |
|---|---|
| ਪਰਤਿਯ[1] ਪਿਖਨ ਨੈਨ ਹਟਕਾਰੇ[2]। | [1]ਪਰਾਈ ਇਸਤਰੀ। [2]ਮੋੜੇ। |
| ਨਿੰਦਾ, ਨੁਤਿ[1] ਨਹਿਂ ਸ਼੍ਰਵਨ ਸੁਨਾਵਹੁ[2]। | [1]ਉਸਤਤੀ। [2]ਕੰਨਾਂ ਨੂੰ ਨਾ ਸੁਣਾਓ। |
| ਕਰ ਚੋਰੀ ਜਾਰੀ ਨ ਲਗਾਵਹੁ ॥੬੬॥ | |
| ਕਬਿ ਨ ਕੁਸੰਗਤਿ ਪਗ ਸੋਂ[1] ਜੱਯੈ। | [1]ਕੁਸੰਗਤ ਵਿਚ ਪੈਰਾਂ ਨਾਲ। |
| ਕਰਨ ਕੁਕਰਮਨ ਮਨ ਨ ਚਲੱਯੈ। | |
| ਸੰਤ ਦਰਸ ਮਸਤਕ ਚਖ[1] ਲਾਵਹਿ। | [1]ਨੇਤਰ। |
| ਜਸ ਗੁਬਿੰਦ ਨਿਤ ਕਰਣ ਸੁਨਾਵਹਿ[1] ॥੬੭॥ | [1]ਕੰਨਾਂ ਨਾਲ ਸੁਣੇ। |
| ਰਸਨਾ ਅਸਤਿ[1] ਨ ਬਕੇ ਬਹੋਰੋ। | [1]ਝੂਠ। |
| ਸਿਫਤ ਪ੍ਰਮੇਸ਼ੁਰ ਮਹਿਂ ਨਿਤ ਜੋਰੋ[1]। | [1]ਰਸਨਾ ਨੂੰ ਜੋੜੋ। |
| ਸੇਵ ਦਾਨ[1] ਨਿਜ ਕਰ ਸੋਂ ਕਰਨਾ। | [1]ਸੇਵਾ ਤੇ ਦਾਨ। |
| ਸਤਿ ਸੰਗਤ ਗਮਨੈ ਸਦ ਚਰਨਾ ॥੬੮॥ | |
| ਕਰਨ -ਰਾਜਸੀ ਤਪ- ਇਹ ਜਾਨੋ। | |
| ਸੁਨਹੁ -ਸ਼ਾਂਤਿਕੀ ਤਪ- ਜੁ ਬਖਾਨੋਂ। | |
| ਨਾਮ ਗੁਰੂ ਬਾਣੀ ਜਿਸ ਕਾਲ। | |
| ਸੁਨਤਿ ਪਢਤਿ ਨਰ ਆਲਸ ਟਾਲਿ ॥੬੯॥ | |
| ਮਨ ਤਿਹ ਸਮੈ ਨਿਕਸਿ ਕਤਿ ਜਾਈ। | |
| ਬਾਰ ਬਾਰ ਰੋਕਹਿ ਬਰਿਆਈ[1]। | [1]ਜੋਰੋ ਜੋਰੀ। |
| ਮਨ ਰੋਕਤਿ ਨਹਿਂ ਆਲਸ ਕਰਿਹੀ। | |
| ਮਨ ਕਰਿ ਸ਼੍ਰਮਤਿ, ਸ਼ਬਦ ਮਹਿਂ ਧਰਿਹੀ[1] ॥੭੦॥ | [1]ਐਉਂ) ਮਨ ਨੂੰ ਥਕਾ ਕੇ ਲਗਾਵੇ ਨਾਮ ਵਿਚ। |
| ਦੋਹਰਾ: | [1]ਜਿਵੇਂ ਘੋੜੇ ਨੂੰ ਮਸਾਲਾ ਦਿਓ ਤਾਂ। |
| ਬਾਜ ਮਸਾਲਾ ਦੇਵਹੀ[1], ਜਿਉਂ ਖਾਵੈ ਨਹਿਂ ਸੋਇ। | |
| ਤਿਉਂ ਮਨ ਭਰਮਤਿ ਦਸ ਦਿਸ਼ਾ, ਸ਼ਬਦ ਨ ਪ੍ਰੇਮੀ ਹੋਇ ॥੭੧॥ | |
| ਚੌਪਈ: | |
| ਪੁਨ ਜੇ ਤਾਂਹਿ ਖੁਦਾਵਨ ਹਾਰਾ। | |
| ਕਰ ਰਾਖਤਿ ਅਸ੍ਵ ਬਦਨ ਮਝਾਰਾ[1]। | [1]ਘੋੜੇ ਦੇ ਮੁਖ ਵਿਚ ਹਥ ਰਖਦਾ ਹੈ। |
| ਹੋਇ ਥਕਤਿ ਸੋ ਖਾਇ ਮਸਾਲਾ। | |
| ਰੋਗ ਦੇਹਿ ਮਿਟ ਜਾਤਿ ਬਿਸਾਲਾ ॥੭੨॥ | |

ਜੇ ਆਲਸ ਕਰਿ ਨਹੀਂ ਖੁਆਵਹਿ।
ਤੌ ਲਗ ਰੋਗ ਨ ਅਸੁ ਕੋ ਜਾਵਹਿ।
ਹਯ ਮੁਖ ਮੈਂ ਜੋ ਦੀਨ ਮਸਾਲਾ।
ਸੋ ਭੀ ਡਾਰ ਦੇਤਿ[1] ਤਤਕਾਲਾ ॥੭੩॥

[1]ਸੁਟ ਦੇਂਦਾ ਹੈ।

ਦੋਹਰਾ:

ਮਨ ਤੁਰੰਗ ਦੁਰ ਵਾਸ਼ਨਾ, ਦੀਰਘ ਰੋਗ ਸੁ ਜਾਨਿ[1]।

[1]ਮਨ ਰੂਪੀ ਘੋੜੇ ਨੂੰ ਮੰਦੀ ਵਾਸ਼ਨਾ ਰੂਪੀ ਬੜਾ ਰੋਗ ਜਾਣ।

ਸ਼ਬਦ ਧਯਾਨ ਮਹਿਂ ਜੋਰਨੋ, ਭੇਖਜ ਤਾਂ ਪਹਿਚਾਨ[1] ॥੭੪॥

[1]ਸ਼ਬਦ ਦੇ ਧਿਆਨ ਵਿਚ ਜੋੜਨਾ ਤਿਸਦੀ ਦਵਾਈ ਪਛਾਣ।

ਚੌਪਈ:

ਜਬਹਿ ਸ਼ਬਦ ਨੈ ਮਨ ਸਮਝਾਯੋ।
ਕਾਜੈ ਕਰਨ ਬਾਜ ਸਮ ਭਾਯੋ[1]।

[1]ਜਦੋਂ ਕਿ ਮਨ ਨੂੰ ਸ਼ਬਦ ਨੇ ਸਮਝਾ ਲਿਆ ਭਾਵ-ਜਦੋਂ ਸ਼ਬਦ ਅਭ੍ਯਾਸ ਕਰਦਿਆਂ ਮਨ ਦੁਰਵਾਸ਼ਨਾ ਵਿਚ ਜਾਣੋਂ ਰੁਕਕੇ ਸ਼ਬਦ ਧਿਆਨ ਵਿਚ ਲਗ ਪਿਆ ਤਦੋਂ ਕਾਜੈ ਹੋਏ ਘੋੜੇ ਨੂੰ ਮਸਾਲੇ ਦੇ ਮੁਆਫਕ ਪੈਣ ਵਾਂਙੂ (ਸ਼ਬਦ ਅਭ੍ਯਾਸ ਉਸਨੂੰ) ਸੁਖਾ ਜਾਵੇਗਾ। ਘੋੜੇ ਨੂੰ ਮਸਾਲਾ ਖੁਆਕੇ ਫੇਰ ਕਜਈ ਯਾ ਦਹਾਨਾਂ ਮੂੰਹ ਵਿਚ ਦੇਕੇ ਇਸਨੂੰ ਪਿਛਲੇ ਪਾਸੇ ਕੱਸ ਦੇਂਦੇ ਹਨ, ਜਿਸ ਨਾਲ ਘੋੜੇ ਦੇ ਮੂੰਹ ਵਿਚੋਂ ਲਾਲਾਂ ਵਗ ਜਾਂਦੀਆਂ ਹਨ ਤੇ ਘੰਟਾ ਕੁ ਭਰ ਦਾਣਾ ਪੱਠਾ ਪਾਣੀ ਪੀਣੋਂ ਰੁਕ ਜਾਂਦਾ ਹੈ, ਇਨੇਂ ਚਿਰ ਵਿਚ ਮਸਾਲਾ ਹਜ਼ਮ ਹੋ ਜਾਂਦਾ ਹੈ ਜਿਸ ਨੂੰ ਕਾਜਾ ਕਰਨਾ ਕਹਿੰਦੇ ਹਨ। ਮੁਰਾਦ ਇਹ ਹੈ ਕਿ ਸ਼ਬਦ ਵਿਚ ਮਨ ਦਾ ਜੋੜਨਾ ਘੋੜੇ ਨੂੰ ਮਾਨੋ ਮਸਾਲਾ ਦੇਣਾ ਹੈ ਤੇ ਮਨ ਨੂੰ ਦੁਰਵਾਸ਼ਨਾ ਤੋਂ ਹੋੜਕੇ ਵਾਰੰਵਾਰ ਸ਼ਬਦ ਦੇ ਧਿਆਨ ਵਿਚ ਲਾਉਂਦੇ ਰਹਿਣਾ ਇਹ ਮਾਨੋ ਕਾਜੈ ਕਰਨਾ ਹੈ।

ਜਨਮ ਮਰਨ ਕੋ ਰੋਗ ਬਿਦਾਰਾ।
ਏਹੁ -ਸ਼ਾਂਤਿਕੀ ਤਪੁ- ਜੁ ਸੁਖਾਰਾ' ॥੭੫॥
ਸੁਨਿ ਕੈ ਸ਼੍ਰੀ ਨਾਨਕ ਕੇ ਬਚਨਾ।
ਇਨ ਤੀਨੋ ਕੀਨੋ ਮਨ ਖਚਨਾ।
ਜਹਿਂ ਸਤਿਸੰਗਤਿ ਸੁਨਹਿਂ ਸਿਧਾਵਹਿਂ।
ਸੇਵਾ ਕਰਹਿਂ ਸ਼ਬਦ ਮੁਖ ਗਾਵਹਿਂ ॥੭੬॥
ਇਸ ਬਿਧਿ ਕੀਨ ਸ਼ਬਦ ਅੱਭ੍ਯਾਸਾ।
ਨਿਜ ਸਰੂਪ ਭਾ ਗ੍ਯਾਨ ਪ੍ਰਕਾਸ਼ਾ।
ਯੁਤਿ ਪਰਵਾਰ ਤਰੇ ਸੰਸਾਰਾ।
ਗੁਰ ਉਪਦੇਸ਼ ਜੁ ਦ੍ਰਿੜ ਉਰਧਾਰਾ ॥੭੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਉਪਦੇਸ਼ ਦੇ ਕਰਿ ਉਧਾਰ' ਬਰਨਨੰ ਨਾਮ ਬਿਤਾਲੀਸਮੋਂ ਅਧਜਾਸ ॥੪੨॥

## ੪੩. [ਸ਼ਬਦ ਮਹਾਤਮ। ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂ ਵੰਸੀ, ਸ਼ੀਹਾਂ ਗੱਜਣ। ਫਿਰਣਾ, ਖਹਿਰਾ, ਜੋਧ ਪ੍ਰਤਿ ਉਪਦੇਸ਼।]

੪੨<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੪

{ਮਾਲੋ ਮਾਂਗੋ} ॥੩..॥
{ਤਿੰਨ ਪ੍ਰਕਾਰ ਦਾ ਤਪ} ॥੫..॥
{ਥੋੜੀ ਮਿਹਨਤ ਦਾ ਬਹੁਤਾ ਫਲ ਕਿਵੇਂ} ॥੬..॥
{ਕਾਲੂ ਖੱਤ੍ਰੀ} ॥੨੩..॥
{ਸਨਮੁਖ ਮਨਮੁਖ ਲੱਛਣ} ॥੨੪..॥
{ਮੈਤ੍ਰੀ} ॥੨੭..॥
{ਕਰੁਨਾ} ॥੩੨..॥
{ਮੁਦਤਾ} ॥੩੪..॥
{ਭਗਤਾ ਓਹਰੀ ਜਾਪੂਵੰਸ਼ੀ} ॥੪੧..॥
{ਮਨਮੁਖ ਕਰਮ} ॥੪੩..॥
{ਸੀਹਾਂ, ਗੱਜਣ} ॥੫੫॥
{ਵਾਹਿਗੁਰੁ ਸ਼ਬਦ ਦੇ ਅਰਥ} ॥੬੦..॥
{ਸ਼ੀਹੇਂ ਦੀ ਪੈਜ ਰਹੀ ॥੭੨..॥
{ਫਿਰਣਾ, ਖਹਿਰਾ ਜੋਧ} ॥੮੬..॥

ਦੋਹਰਾ:

ਸਤਿਗੁਰ ਕੋ ਸੁਨਿ ਕੈ ਸ਼ਬਦ, ਕੀਨ ਕਮਾਵਨ ਜਾਂਹਿ।
ਦੁਸ਼ਤਰ ਮਾਯਾ ਤੇ ਤਰੇ, ਨਮਸਕਾਰ ਮਮ ਤਾਂਹਿ ॥੧॥

[ਦੁਸ਼ਤਰ=ਜੋ ਤਰਨੀ ਕਠਨ ਹੋਵੇ, ਉਹ ਨਦੀ, ਸਮੁੰਦ੍ਰ, ਝੀਲ ਸਰ ਆਦਿ ਜਿਸ ਤੋਂ ਪਾਰ ਹੋਣਾ ਔਖਾ ਹੋਵੇ। [ਸੰਸ: ਦੁਸ੍ਤਰ]

ਅਰਥ:

ਜਿਨ੍ਹਾਂ ਨੇ ਸਤਿਗੁਰ ਦਾ ਉਪਦੇਸ਼ (ਅਥਵਾ ਨਾਮ ਮੰਤ੍ਰ) ਸੁਣਕੇ ਉਸ ਦੀ ਕਮਾਈ ਕੀਤੀ ਹੈ ਓਹ ਉਖਿਆਈ ਨਾਲ ਤਰੀ ਜਾਣ ਵਾਲੀ ਮਾਯਾ ਨੂੰ ਤਰ ਗਏ, ਓਹਨਾਂ ਜੋਗ ਮੇਰੀ ਨਮਸਕਾਰ ਹੋਵੇ।

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ੍ਰੀ ਅੰਗਦ! ਸੁਨਿ ਕਥਾ ਅਗਾਰੀ।
ਬੈਠਹਿਂ ਪ੍ਰਭੁ ਧ੍ਰਮਸਾਲ ਮਝਾਰੀ।
ਨਰ ਅਨੇਕ ਦਰਸ਼ਨ ਹਿਤ ਆਵਹਿਂ।
ਸ਼ਬਦ ਸੁਨਹਿਂ, ਰਹਿ, ਬਹੁਰ ਸਿਧਾਵਹਿਂ ॥੨॥
ਮਾਲੋ, ਮਾਂਗੋ† ਦ੍ਵੈ ਸਿਖ ਆਏ।

†ਪਾ:-ਭਾਗੋ-ਬੀ ਹੈ।

{ਮਾਲੋ, ਮਾਂਗੋ}

ਚਰਨ ਕਮਲ ਪਰ ਸੀਸ ਨਿਵਾਏ।
ਹਾਥ ਬੰਦਿ ਅਰਦਾਸ ਬਕਾਨੀ।
'ਕਰਹੁ ਕ੍ਰਿਪਾ ਸ਼੍ਰੀ ਗੁਰ ਗੁਨ ਖਾਨੀ ॥੩॥

ਨਿਜ ਸੁਖ ਸੋਂ ਉਪਦੇਸ਼ ਕਰੀਜੈ।
ਜਿਹ ਤੇ ਜਨਮ ਮਰਨ ਕਟਿ ਦੀਜੈ।'
ਇਉਂ ਸੁਨਿ ਜਿਨ ਕਰੁਨਾ ਰਸ ਨੈਨਾ।
ਭਗਤਿ ਪ੍ਰਕਾਸ਼ਨ ਹਿਤ ਕਹਿ ਬੈਨਾ ॥੪॥
'ਅਗਨਿ ਤਾਪਨਾ ਜਲ ਮਹਿ ਰਹਿਨੋ।
ਬ੍ਰਤ ਕਰਨੋ ਸੀਤੋਸ਼ਨ[1] ਸਹਿਨੋ। — [1]ਸੀਤ+ਉਸ਼ਨ=ਸਰਦੀ ਗਰਮੀ।

{ਤਿੰਨ ਪ੍ਰਕਾਰ ਦਾ ਤਪ}

ਊਰਧ ਬਾਹੁ[1], ਅਧੋ ਸਿਰ ਕਰਨਾ[2]। — [1]ਉੱਪਰ ਬਾਹਾਂ (ਕਰਕੇ ਸੁਕਾ ਦੇਣੀਆਂ)। [2]ਭਾਵ ਪੁੱਠਾ ਲਟਕਣਾ।
ਖਰੇ ਹੋਨਿ ਚਿਰ ਲੌਂ, ਇਕ ਚਰਨਾ[1] ॥੫॥ — [1]ਇਕ ਪੈਰ ਦੇ ਭਾਰ।

ਦੋਹਰਾ:
ਕੰਦ ਮੂਲ ਚੁਨਿ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭਰਮ[1], ਚੰਦ੍ਰਾਇਣੀ[2], ਤਮ ਗੁਣ ਏ ਤਪ ਰਾਸ[3] ॥੬॥ — [1]ਫਿਰਨਾ। [2]ਇਕ ਪ੍ਰਕਾਰ ਦਾ ਬ੍ਰੱਤ, ਜਿਸ ਵਿਚ ਚੰਦ੍ਰਮਾ ਦੇ ਘਟਣ ਵਧਣ ਮੂਜਬ ਇਕ ਗ੍ਰਾਹੀ ਮੋਰ ਦੇ ਅੰਡੇ ਜਿੰਨੀ ਤੋਂ ਸ਼ੁਰੂ ਕਰਕੇ ਵਧਾਂਦੇ ਘਟਾਂਦੇ ਹਨ, ਇਸ ਵਰਤ ਦੇ ਮਤ ਭੇਦ ਅਨੁਸਾਰ ਹੋਰ ਤਰੀਕੇ ਬੀ ਹਨ। [3]ਸਾਰੇ।

ਚੌਪਈ:
ਗੋ ਤੇ ਮਨ[1] ਜੁ ਇਕਾਗਰ ਕਰਨੋ। — [1]ਇੰਦ੍ਰੀਆਂ ਤੋਂ ਲੈ ਮਨ (ਤਕ ਸਭ) ਨੂੰ।
ਕਥਾ ਕੀਰਤਨ ਮਹਿਂ ਪੁਨ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੋ[1]। — [1]ਗੁਣ ਗਾਉਣੇ ਤੇ ਸੁਣਨੇ (ਪ੍ਰਭੂ ਦੇ)।
ਮਿਲਕੇ ਸਤਿਸੰਗਤਿ ਨਿਤ ਗੁਣਨੋ[1] ॥੭॥ — [1]ਵਿਚਾਰ ਕਰਨੀ (ਪਰਮਾਰਥ ਦੀ)।
ਕਰਮ ਤਾਮਸੀ ਕਰਨ ਦੁਖਾਰੇ[1]। — [1]ਔਖੇ।
ਇਹ ਜੁ ਰਾਜਸੀ[1] ਲਖਹੁ ਸੁਖਾਰੇ। — [1]ਇਹ ਰਾਜਸੀ ਤਪ ਕਰਨੇ ਸੌਖੇ ਹਨ ਜਾਣ ਲਓ। ਅਗੋਂ ਅੰਕ ੧੬-੧੭ ਵਿਚ ਸ਼ਾਂਤਕੀ ਤਪ ਦੇ ਲੱਛਣ ਕਹਿੰਦੇ ਹਨ। ਪਿਛਲੇ ਅਧਜਾਯ ਦੇ ਅੰਕ ੬੯ ਤੋਂ ੭੫ ਵਿਚ ਬੀ ਸ਼ਾਂਤਕੀ ਤਪ ਵਰਨਨ ਕੀਤਾ ਨੇ।
ਫਲ ਬਿਸ਼ਾਲ, ਹ੍ਵੈ ਥੋਰ ਕਮਾਈ।
ਤਿਨ[1] ਮਿਹਨਤ ਬਡ, ਲਘੁ ਫਲ ਪਾਈ' ॥੮॥ — [1]ਭਾਵ ਤਾਮਸੀ ਤਪਾਂ ਦੀ।

ਦੋਹਰਾ:
ਸੁਨਤਿ ਪ੍ਰਸ਼ਨ ਮਾਲੋ ਕਹਜੋ

'ਫਲ ਮਿਹਨਤ ਅਨੁਸਾਰ।
{ਥੋੜੀ ਮਿਹਨਤ ਦਾ ਬਹੁਤਾ ਫਲ ਕਿਵੇਂ}
ਕਰਤਿ ਅਲਪ ਫਲ ਅਲਪ ਹ੍ਵੈ
ਬਹੁ ਕੋ ਬਹੁ ਸੁਖ ਸਾਰ ॥੯॥
ਚੌਪਈ:
ਮਿਲਿ ਹੈ ਫਲ ਮਿਹਨਤ ਅਨੁਸਾਰੀ।
ਪੁਨ ਤੁਮ ਭਾਖੋ ਰੀਤਿ ਨਿਆਰੀ।
ਯਹਿ ਸੰਸਾ ਮੇਰੇ ਮਨ ਪਰੋ।
ਕ੍ਰਿਪਾ ਧਾਰਿ ਯਾਂ ਕੋ ਪਰਹਰੋ ॥੧੦॥
ਸਗਰੇ ਜਗਤ ਵਿਖੇ ਅਸ ਰੀਤਾ।
ਤਿਸ ਤੇ ਕਹੀ ਆਪ ਬਿੱਪ੍ਰੀਤਾ।
ਜਿਸ ਪ੍ਰਕਾਰ ਹ੍ਵੈ ਨਿਸ਼ਾ ਹਮਾਰੀ।
ਸੋ ਸਮਝਾਵਹੁ ਰੀਤਿ ਸੁਖਾਰੀ' ॥੧੧॥
ਸ਼੍ਰੀ ਮੁਖ ਭਨਜੋ 'ਨ ਸੰਸੈ ਕੀਜੈ।
ਜਗ ਮਹਿਂ ਪ੍ਰਗਟ ਸੁ ਬਿਧਿ ਸੁਨਿ ਲੀਜੈ।
ਇਕ ਨਰ ਬਨ ਤੇ ਸਮਧਾ[1] ਆਨਹਿ।
ਬੇਚਿ ਬਜਾਰ ਕਰਤ ਗੁਜ਼ਰਾਨਹਿਂ ॥੧੨॥
ਕਰਤਿ ਮਜੂਰੀ ਬਹੁ ਸ਼੍ਰਮ ਪਾਵਹਿ।
ਤਿਨ ਕੋ ਮੋਲ ਥੋਰ ਕਰ ਆਵਹਿ।
ਪੁਨ ਜੇ ਬਨਜ ਕਰਹਿ ਹਟਵਾਨਾ।
ਲਵਣ ਤੇਲ ਅੰਨ ਜੇ ਬਿਧਿ ਨਾਨਾ[1] ॥੧੩॥
ਤਿਨ ਤੇ ਇਨ ਕੋ ਲਾਭ ਘਨੇਰੋ।
ਸ਼੍ਰਮ ਥੋਰੋ ਹ੍ਵੈ ਪ੍ਰਗਟ ਸੁ ਹੇਰੋ।
ਅਪਰ ਰੁਪੱਯਨ ਕੇ ਬਿਵਹਾਰੇ।
ਲਾਭ ਬਹੁਤ ਲੇ ਰਹੈਂ ਸੁਖਾਰੇ ॥੧੪॥
ਇਕ ਜਵਾਹਰੀ ਸੁਖ ਸੋਂ ਬੈਸੇ।
ਤਨ ਕੋ ਖੇਦ ਦੇਤਿ ਨਹਿਂ ਕੈਸੇ[1]।
ਮੁਕਤਾ ਹੀਰੇ ਬਣਜਹਿਂ ਸੋਈ।
ਲਾਭ ਬਿਸ਼ਾਲ ਸਭਿਨਿ ਤੇ ਹੋਈ ॥੧੫॥
ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ[1]।
ਗਜਾਨ ਪ੍ਰਾਪਤਿ ਹੋਇ ਨ ਕੇਹੀ।

[1]ਲੱਕੜੀਆਂ।
[1]ਕਈ ਤਰ੍ਹਾਂ ਦੇ ਅਨਾਜ।
[1]ਸਰੀਰ ਨੂੰ ਖੇਦ ਓਹ ਕਿਸੇ ਤਰ੍ਹਾਂ ਨਹੀਂ ਦਿੰਦੇ।
[1]ਸਰੀਰ ਨੂੰ। (ਅ) ਦਿੰਦੇ ਹਨ।

ਕਥਾ ਕੀਰਤਨ ਪਢਿਨਿ ਸੁਨਿਨਿ ਤੇ।
ਦ੍ਰਿੜ ਉਪਾਸਨਾ ਹੋਤਿ ਗੁਨਨ ਤੇ ॥੧੬॥

ਦੋਹਰਾ:
ਦ੍ਰਿੜ ਉਪਾਸਨਾ ਜਬਿ ਭਈ, ਹੁਇ ਆਵਤਿ ਤਬਿ ਗਜਾਨ।
ਤਾਂਤੇ ਤਪ ਇਹ ਸ਼ਾਂਤਕੀ, ਲਾਭ ਬਹੁਤ ਪਹਿਚਾਨ' ॥੧੭॥

ਚੌਪਈ:
ਇਸ ਬਿਧਿ ਸੁਨਿ ਮਾਂਗੋ ਗੁਰ ਬਚਨਾ।
ਬਾਣੀ ਪਢਨ ਕੀਨ ਮਨ ਖਚਨਾ।
ਸਨਮੁਖ ਮਾਲੋ ਸੁਨਿ ਹੈ ਤਬਿ ਹੀ।
ਬੈਠਿ ਰਿਖੀਕ ਸੰਕੋਚੈ ਸਭਿਹੀ[1] ॥੧੮॥

[1]ਗੁਰੂ ਬਚਨ ਸੁਣਕੇ ਮਾਂਗੋ ਨੇ ਬਾਣੀ ਪੜ੍ਹਨ ਵਿਚ ਮਨ ਖਚਤ ਕੀਤਾ (ਭਾਵ ਉਹ ਪਢੇ ਤੇ) ਮਾਲੋ ਸਨਮੁਖ ਬੈਠਕੇ ਸਭ ਇੰਦ੍ਰੀਆਂ ਨੂੰ ਸੰਕੋਚਕੇ ਸੁਣੇਂ।

ਮਿਲਿ ਕੈ ਕਿਰਤਨ ਬਹੁਰ ਉਚਰਿਹੀ।
ਕਰਿ ਏਕਾਗਰਤਾ ਮਨ ਧਰਿਹੀ।
ਤਿਨਿ ਕੀ ਰਸਨਾ ਸਾਦ ਬਿਸਾਲਾ।
ਸੁਨਤਿ ਪ੍ਰੇਮ ਜਾਗੈ ਤਤਕਾਲਾ ॥੧੯॥

ਦੋਹਰਾ:
ਜੋ ਜੋ ਸਿਖ ਤਿਨ ਤੇ ਸੁਨਤਿ, ਤਜਾਗਹਿ ਬ੍ਰਿੰਦ ਬਿਕਾਰ।
ਧਰਮ ਕ੍ਰਿੱਤ ਕਰਿ ਵੰਡਿ ਕੈ, ਅਚਵਹਿ ਬਹੁਰ[1] ਅਹਾਰ ॥੨੦॥

[1]ਪਿੱਛੋਂ ਖਾਵੇ।

ਚੌਪਈ:
ਸਿਖ ਸੰਤ ਜਾਇ ਜੁ ਤਿਨ ਕੇ ਡੇਰੇ।
ਸੇਵਾ ਕਰਿਹੀਂ ਭਾਉ ਘਨੇਰੇ।
ਤਿਨ ਕੇ ਸਦਨ ਦੇਸ਼ ਜਿਸ ਮਾਂਹੀ।
ਭਾ ਉਧਾਰ ਬਹੁ ਨਰਨ ਤਹਾਂਹੀ[†] ॥੨੧॥

[†]ਪਾ:-ਬਹੁ ਉਧਾਰ ਭਾ ਨਰਨ ਤਹਾਂ ਹੀ।

ਜਬਿ ਜਬਿ ਆਵਹਿਂ ਦਰਸ਼ਨ ਹੇਤਾ।
ਸ਼ਬਦ ਪਢਤਿ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਰਾਰੇ।
ਸੰਗੀ ਅਪਰ ਅਨੇਕ ਉਧਾਰੇ ॥੨੨॥
ਇਕ ਕਾਲੂ ਖੱਤਰੀ ਧਰਿ ਆਸਾ।

{ਕਾਲੂ ਖੱਤ੍ਰੀ}

ਮਿਲ੍ਯੋ ਆਇ ਸ਼੍ਰੀ ਨਾਨਕ ਪਾਸਾ।
ਦ੍ਵੈ ਕਰ ਜੋਰਿ ਬੰਦਨਾ ਠਾਨੀ।
ਬੈਠਿ ਸਮੀਪ ਭਨੀ ਪੁਨ ਬਾਨੀ ॥੨੩॥
'ਸਨਮੁਖ ਮਨਮੁਖ ਲੱਛਨ ਜੇਈ।

{ਸਨਮੁਖ ਮਨਮੁਖ ਲੱਛਣ}

ਕਰੁਨਾ ਕਰਹੁ ਉਚਾਰਹੁ ਤੇਈ[1]।'
[1]ਓਹ।

ਸੁਨਿ ਕੈ ਸ਼੍ਰੀ ਗੁਰ ਗਿਰਾ ਅਲਾਈ।
'ਕਲਮਲ ਤੇ ਜਿਨ ਕੰਡ ਫਿਰਾਈ ॥੨੪॥
ਸੁੱਕ੍ਰਿਤ ਸਾਮੁਹਿ, ਸਾਖੀ ਬ੍ਰਿਤਿ ਕੋ[1]।
[1]ਸੁਕ੍ਰਿੱਤੀ (ਸ਼ੁਭ ਕਰਮਾਂ) ਦੇ ਸਾਹਮਣੇ ਹੋਵੇ (ਤੇ ਆਪਣੇ ਮਨ ਦੀ) ਬ੍ਰਿਤੀ ਦਾ ਸਾਖੀ ਹੋਵੇ ਭਾਵ ਪੁੰਨ ਕਰਮਾਂ ਨੂੰ ਪਿੱਠ ਨਾ ਦੇਵੇ ਤੇ ਆਪਣੇ ਮਨ ਦਾ ਜਾਣਕਾਰ ਰਹੇ।

ਸੁਨਹਿ ਸ਼ਬਦ ਗੁਰ ਥਿਤ ਕਰਿ ਚਿਤ ਕੋ।
ਲੱਛਨ ਚਤਰ[1] ਅਪਰ ਹੈਂ ਜੋਇ।
[1]ਚਾਰ।

ਸੁਨਹੁ ਪ੍ਰੀਤ ਕਰਿ ਉਚਰੈਂ ਸੋਇ ॥੨੫॥

ਦੋਹਰਾ:

ਮੈਤ੍ਰਿਯ[1], ਕਰੁਨਾ[2] ਦ੍ਵੈ ਲਖੋ,
[1]ਮੈਤ੍ਰੀ=ਮਿੱਤ੍ਰਤਾ। ਸਭ ਨਾਲ ਸ਼ੁਭ ਭਾਵ। [2]ਕਰੁਣਾ=ਕ੍ਰਿਪਾਲਤਾ, ਦੂਸਰੇ ਦਾ ਦੁਖ ਦੇਖਕੇ ਦਰਦ ਉਪਜਣਾ ਤੇ ਦੁਖ ਦੂਰ ਕਰਨ ਦਾ ਉੱਦਮ ਕਰਨਾ।

ਮੁਦਤਾ[1] ਤੀਜੀ ਜਾਨ।
[1]ਮੁਦਿਤਾ=ਖੁਸ਼ੀ। ਪੁੰਨਯਾਤਮਾਂ ਨੂੰ ਦੇਖਕੇ ਪ੍ਰਸੰਨ ਹੋਣਾ।

ਚਤੁਰ ਉਪੇਖਯਾ[1] ਜਿਸ ਬਿਖੈ,
[1]ਉਪੇਕਸ਼ਾ=ਚਿਤ ਦਾ ਪਰੇ ਹਟਣਾ, ਚਿਤ ਦਾ ਰਾਗ ਦ੍ਵੈਖ ਤੋਂ ਪਰੇ ਹੋਣਾ।

ਸਨਮੁਖ ਸੋ ਪਹਿਚਾਨ' ॥੨੬॥

ਚੌਪਈ:

ਕਾਲੂ ਕਹ੍ਯੋ 'ਨ ਜਾਨ੍ਯੋ ਜਾਈ।
ਅਰਥ ਖੋਲ੍ਹਿ ਦੀਜੈ ਸਮੁਝਾਈ।'
ਸੁਨਿ ਸ਼੍ਰੀ ਮੁਖ ਸੋਂ ਬਚਨ ਅਲਾਯਾ।
'ਮੈਤ੍ਰੀ ਅਰਥ, ਮੀਤ ਸਮੁਦਾਯਾ[1] ॥੨੭॥
[1]ਮਿੱਤ੍ਰ (ਜਾਨਣਾ) ਸਾਰਿਆਂ ਨੂੰ।

{ਮੈਤ੍ਰੀ}

ਪਿਖੈ ਸੁਖੀ ਕਿਹ ਨਿਜ ਸੁਖ ਜਾਨੈ।
ਪਰ ਸੁਖ ਦੇਖਿ ਨ ਇਰਖਾ ਠਾਨਹਿ।
ਬਿੱਦ੍ਯਾ ਕਿਧੋਂ ਦਰਬ ਨਿਜ ਪਾਸਾ।
ਤਿਹ ਸੋਂ ਪਰ ਕੋ ਦੇ ਸੁਖ ਰਾਸਾ ॥੨੮॥

ਦੋਹਰਾ:

ਕਰਤਿ ਭਲਾਈ ਮੀਤ ਸੋਂ,
ਤਿਉਂ ਕੀਜੈ ਸਭਿ ਸੰਗ†। †ਪਾ:-ਸਰਬੰਗ।
ਮੈਤ੍ਰੀ ਕੈ ਲੱਛਨ ਇਹੈ,
ਕਰੈ ਨ ਕਿਹ ਮਨ ਭੰਗ ॥੨੯॥

ਚੌਪਈ:
ਨਿਜ ਤੇ ਬਿੱਦਜਾ ਕੈ ਧਨ ਮਾਂਹੀ।
ਕੈ[1] ਬਲ ਬਿਖੈ ਕਿ ਮਤਿ ਲਘੁ ਆਹੀ। [1]ਅਥਵਾ।
ਤਿਨ ਕੋ ਅਨੁਜ ਆਤਮ ਜਨਜਾਈ[1]। [1]ਛੋਟੇ ਭਰਾ ਯਾ ਪੁੱਤ੍ਰ ਵਾਂਙੂੰ।
ਕਰਿ ਸਹਾਇਤਾ ਦੇਇ ਬਧਾਈ ॥੩੦॥
ਲਘੁ ਕੋ ਦੇਖਿ ਗਰਬ ਨਹਿਂ ਕਰਿਹੀਂ।
ਇਸ ਕੋ ਕਰੁਨਾ ਸੰਤ ਉਚਰਿਹੀਂ।
{ਕਰੁਨਾ}
ਜੇ ਉਰ ਧਰਹਿਂ ਤਰਹਿਂ ਭਵ ਸੇਈ।
ਸਨਮੁਖ ਨਾਮ ਲਖਹੁ ਤੁਮ ਤੇਈ ॥੩੧॥
ਨਿਜ ਤੇ ਬਿੱਦਜਾ ਕੈ ਗੁਣ ਮਾਂਹੀ।
ਦੀਰਘ ਦੇਖਿ ਦੁਖੈ ਨਹਿਂ ਕਾਹੀਂ[1]। [1]ਕਿਸੇ ਨੂੰ ਬੀ ਆਪਣੇ ਤੋਂ ਵਡਾ ਦੇਖਕੇ ਨਾ ਦੁਖੇ।
ਤਿਨ ਕੀ ਸੁਨਹਿ ਪ੍ਰਸੰਸਾ ਕਾਨ।
ਹਰਖਮਾਨ ਹੁਇਂ, ਸੇ ਮਤਿਵਾਨ ॥੩੨॥

ਦੋਹਰਾ:
ਜੈਸੇ ਪਿਤ ਗੁਰਦੇਵ ਕੋ,
ਸੁਨਿ ਜਸ ਹੋਤਿ ਪ੍ਰਸੰਨ।
ਤਿਉਂ ਹਰਖੈ ਮੁਖ ਸੇ ਕਹੈ,
-ਵਾਹਿਗੁਰੂ ਨਿਤ ਧੰਨ ॥੩੩॥

ਚੌਪਈ:
ਜਿਨ ਇਸ ਬਿਧਿ ਕੇ ਮਨੁਜ ਉਪਾਏ।
ਧੰਨ ਪ੍ਰਭੁ- ਕਹਿ ਉਰ ਹਰਖਾਏ।
ਅਸ ਲਖਿ ਕੈ ਨਿੰਦਾ ਨਹਿਂ ਚਹੈ।
ਮੁਦਤਾ ਨਾਮ ਇਸੀ ਕੋ ਅਹੈ ॥੩੪॥
{ਮੁਦਤਾ}
ਅਪੁਨੀ ਮਤਿ ਗੁਰ ਬਚ ਅਨੁਸਾਰ।
ਦੇ ਉਪਦੇਸ਼ ਸਭਿਨਿ ਸੁਖਕਾਰ।
ਜੋ ਮੰਨੈ ਤਿਹ ਕੋ ਪੁਨ ਦੇਹਿ।
ਅਨ ਮੰਨੇ[1] ਸੋਂ ਹਠ ਨ ਕਰੇਹਿ ॥੩੫॥ [1]ਜੋ ਨਾ ਮੰਨੈ।

ਦੋਹਰਾ:

-ਪਰਾਲਬਧ ਇਸ ਕੀ ਨਹੀਂ-
ਅਸ ਜਾਨਹਿ ਮਨ ਮਾਂਹਿ।
ਤੂਸ਼ਨਿ ਤਿਹ ਸੋਂ ਹੁਇ ਰਹੈ
ਨਾਮ ਉਪੇਖਜਾ ਤਾਂਹਿ ॥੩੬॥

{ਉਪੇਖਜਾ}

ਚੌਪਈ:

ਮਨ ਕੋ ਕਹ੍ਯੋ ਕਰਤਿ ਹੈ ਜੋਈ।
ਹ੍ਵੈ ਮਨਮੁਖਿ ਪਹਿਚਾਨਹੁ ਸੋਈ।
ਤਾਂਤੇ ਤੁਮ ਸਨਮੁਖ ਨਿਤ ਰਹੀਏ।
ਨਾਮ ਚਿਤਾਰਿ ਉਚ ਪਦ ਲਹੀਏ ॥੩੭॥

ਇਸ ਬਿਧਿ ਸ੍ਰੀ ਗੁਰ ਬਚ ਸੋ† ਸੁਨਿ ਕੈ। †ਪਾ:-ਬਚਨ ਸੁ।
ਬਰਤ੍ਯੋ ਤਿਸ ਪ੍ਰਕਾਰ ਮਨ ਗੁਨਿ ਕੈ।
ਇਉਂ ਕਾਲੁ ਕੋ ਭਾ ਨਿਸਤਾਰੇ।
ਮਿਲੇ ਜੁ ਨਰ ਤਿਹ ਸੋਂਪਿ[1] ਉਧਾਰੇ ॥੩੮॥ [1]ਉਹ ਬੀ।

ਭਾਉ ਧਾਰਿ ਜਿਹ ਨਰ ਗੁਰ ਦਰਸੇ[1]। [1]ਜਿਨ੍ਹਾਂ ਨਰਾਂ ਨੇ ਗੁਰ ਵੇਖੇ।
ਬਚਨ ਸੁਣੇ, ਪਦ ਪੰਕਜ ਪਰਸੇ।
ਸੇ ਉਧਰੇ, ਸੰਗ ਬ੍ਰਿੰਦ ਉਧਾਰੇ[1]। [1]ਨਾਲ ਬਹੁਤੇ ਤਾਰੇ (ਉਹਨਾਂ ਨੇ)।
ਤਿਨ ਪਰ ਕਵਿ ਸਦੀਵ ਬਲਿਹਾਰੇ ॥੩੯॥

ਪੁਨ ਇਕ ਦਿਨ ਧ੍ਰਮਸਾਲਾ ਮਾਂਹੀ।
ਬੈਠੇ ਪ੍ਰਭੁ ਸਿੱਖ ਬਹੁ ਜਾਂਹੀ।
ਮ੍ਰਿਦੁਲ ਮਧੁਰ ਕਿਰਤਨ ਧੁਨਿ ਹੋਤੀ।
ਸੁਨਤਿ ਸ਼੍ਰੋਤਿ[1] ਹ੍ਵੈ ਸੁਮਤਿ ਉਦੋਤੀ[2] ॥੪੦॥ [1]ਕੰਨਾਂ ਨਾਲ। [2]ਉਦੈ ਹੁੰਦੀ ਹੈ।

ਦੋਹਰਾ:

ਖੱਤ੍ਰੀ ਭਗਤਾ ਓਹਰੀ, ਜਾਪੂ ਵੰਸੀ ਦੋਇ।

{ਭਗਤਾ ਓਹਰੀ ਜਾਪੂਵੰਸ਼ੀ}

ਬੰਦਨ ਕਰਿ ਹਰਖੇ[1] ਰਿਦੇ, ਮਗਨ ਪ੍ਰੇਮ ਮੈਂ ਹੋਇ ॥੪੧॥ [1]ਪ੍ਰਸੰਨ ਹੋਏ।

ਚੌਪਈ:

ਠਾਂਢੇ ਹੋਇ ਕੀਨਿ ਅਰਦਾਸ।
'ਤੁਮਰੋ ਦਰਸ਼ਨ ਗਜਾਨ ਪ੍ਰਕਾਸ਼।
ਬਿੱਦਜਾ ਬਿਖੈ ਨਿਪੁਨ[1] ਜੋ ਨਰ ਹੈਂ। — [1]ਚਤੁਰ।
ਸਦਾ ਬਿਚਾਰ ਕਰਤਿ ਤੇ ਤਰਿ ਹੈਂ ॥੪੨॥
ਹਮਕੋ ਬਿੱਦਜਾਹੀਨ ਪਛਾਨੋ।
ਜਿਉਂ ਉਧਾਰ ਹ੍ਵੈ ਤਿਉਂ ਸੁ ਬਖਾਨੋ।'
ਸੁਨਿ ਕੈ ਬੋਲੇ ਸ੍ਰੀ ਗੁਰ ਤਬਿਹੀ।
{ਮਨਮੁਖ ਕਰਮ}
'ਮਨਮੁਖ ਕਰਮ ਤਜਹੁ ਜੇ ਸਭਿਹੀ ॥੪੩॥
ਤਬਿ ਹੋਵਹਿ ਕੱਲਜਾਨ ਤੁਮਾਰਾ।
ਬਹੁਰ ਨ ਪਾਵਹੁਗੇ ਸੰਸਾਰਾ।'
ਪ੍ਰਸ਼ਨ ਕੀਨ ਤਿਨ ਦ੍ਵੈ ਕਰ ਜੋਰੈ।
'ਮਨਮੁਖ ਕਰਮ ਕਹਉ ਜੋ ਛੋਰੈਂ' ॥੪੪॥
ਤਬਿ ਸ੍ਰੀ ਗੁਰ ਸਗਰੀ ਬਿਧਿ ਬਰਨੀ।
'ਰਿਦੇ ਈਰਖਾ ਸਭਿ ਸੋਂ ਕਰਨੀ।
-ਜਗਤ ਪਦਾਰਥ ਸੁਖ ਜੇ ਸਾਰੇ।
ਸਭਿ ਕੇ ਮਿਟਿ ਕਰਿ ਹੋਹਿਂ ਹਮਾਰੇ[1]- ॥੪੫॥ — [1]ਸਭ ਖੁੱਸਕੇ ਸਾਡੇ ਹੋ ਜਾਣ ਜਗਤ ਦੇ ਪਦਾਰਥ ਤੇ ਸਾਰੇ ਸੁਖ।
ਸਦਨ ਬਿਭੂਤਿ ਅਪਰ ਕੋ ਦੇਖੀ[1]। — [1]ਦੂਸਰੇ ਦੇ ਘਰ ਦੀ ਦੌਲਤ ਦੇਖਕੇ।
ਪੀਰਾ ਪਾਵਹਿ ਰਿਦੇ ਵਿਸੇਖੀ।
ਸਰਬ ਨਰਨ ਕੋ ਸ਼ੱਤ੍ਰੂ ਜਾਨਹਿ।
ਸੰਗ ਨ ਕਿਸੇ ਭਲਾਈ ਠਾਨਹਿ ॥੪੬॥
ਦੋਹਰਾ: — [1]ਇਕ ਤਾਂ।
ਇਕ[1] ਮਨਮੁਖ ਕੋ ਕਰਮ ਇਹ,
ਤਜਾਗਹੁ ਉਰ ਤੇ ਸੋਇ।
ਦੂਸਰ[1] ਹਉਮੈਂ ਮਨ ਕਰੈ[2], — [1]ਦੂਸਰਾ (ਮਨਮੁਖ ਦਾ ਕਰਮ ਹੈ) ਹਉਮੈਂ ਮਨ ਨਾਲ ਕਰਨੀ ਤੇ। [2]ਦੂਸਰਾ (ਮਨਮੁਖ ਦਾ ਕਰਮ ਹੈ) ਹਉਮੈਂ ਮਨ ਨਾਲ ਕਰਨੀ ਤੇ।
ਸਭਿ ਸੋਂ[1] ਨਿਰਦਯ ਹੋਇ[2] ॥੪੭॥ — [1]ਸਭ ਨਾਲ। [2]ਦਇਆ ਰਹਿਤ ਹੋ ਜਾਣਾ।
ਚੌਪਈ:
ਜੇ ਨਿਜ ਤੇ ਘਟ ਦੇਖਹਿਂ ਤੇਈ।

ਤਿਹ ਕੋ ਮਤਿ ਨਹਿਂ ਕੈਸੇ[1] ਦੇਈ।
ਹਾਸੀ ਕਰੈਂ ਧਰੈਂ ਹੰਕਾਰਾ।
-ਇਹੁ ਨਹਿਂ ਸਮ ਮਮ, ਬੁਧਿ ਉਦਾਰਾ[1]- ॥੪੮॥

[1]ਕਿਸੇ ਤਰ੍ਹਾਂ ਬੀ।
[1]ਵਿਸ਼ਾਲ ਬੁੱਧੀ ਵਾਲਾ।

ਪੁਨ ਤੀਜੀ ਨਿੰਦਾ ਪਹਿਚਾਨ।
ਤਜਾਗਿ ਦੀਜੀਏ, ਕਬਿ ਨ ਬਖਾਨ।
ਜੋ ਬਿਸ਼ੇਖ ਅਪਨੇ ਤੇ ਹੋਇ।
ਤਿਹ ਕੀ ਉਸਤਤਿ ਕਰਿ ਹੈ ਕੋਇ[1] ॥੪੯॥

[1]ਜੇ ਕੋਈ ਕਰੇ ਤਾਂ।

ਦੋਹਰਾ:
ਸੁਨਿ ਕਰਿ ਨਹੀਂ ਸਹਾਰਨੀ, ਜਰ ਬਰ ਤਿਹ ਤੇ ਜਾਇ[1]।
-ਦੇਖਜੋ ਸੋ ਮੇਰੋ ਅਹੈ[1]- ਇਸ ਬਿਧਿ ਨਿੰਦ ਅਲਾਇ ॥੫੦॥

[1]ਉਸ ਨਾਲ ਸੜ ਬਲ ਜਾਣਾ।
[1]ਉਹ ਮੇਰਾ ਡਿੱਠਾ ਹੋਇਆ ਹੈ। ਜਿਸ ਤਰ੍ਹਾਂ ਬੋਲ ਚਾਲ ਵਿਚ ਕਹੀਦਾ ਹੈ, ਤੂੰ ਫੁਲਾਣੇ ਨੂੰ ਚੰਗਾ ਕਿਹਾ ਹੈ, ਸਾਥੋਂ ਭੁੱਲਾ ਹੋਇਆ ਹੈ? ਭਾਵ ਇਹ ਕਿ ਉਹ ਚੰਗਾ ਨਹੀਂ ਭੈੜਾ ਹੈ।

ਚੌਪਈ:
ਸਮ ਸੋ[1]† ਗਰਬ, ਅਸੂਯਾ ਧਰਿਹੀਂ[2]।
-ਉਹ ਨਰ ਕਜਾ? ਹੌਂ ਗੁਣ ਭਰਪੁਰਿ ਹੀਂ[1]-।
ਚੌਥੀ ਹਠ ਬਿਰਤੀ ਅਸ ਜੋਇ[1]।
ਦੇ ਉਪਦੇਸ਼ ਨ ਮੰਨੇ ਕੋਇ ॥੫੧॥
ਤੱਦਪਿ ਹਠ ਕਰਿ ਕਰਿ ਪੁਨ ਕਹਿਹੀ।
ਚਤੁਰ ਕਰਮ ਮਨਮੁਖਿ ਕੇ ਅਹਿਹੀਂ।
ਤਿਨ ਕੋ ਤਜਾਗ ਕਰਹੁ ਤੁਮ ਐਸੇ।
ਸਿਸਰ ਬਿਖੈ[1] ਤਰੁ ਪੱਤ੍ਰਨ ਜੈਸੇ[2] ॥੫੨॥

[1]ਆਪਣੇ) ਬਰਾਬਰ ਦੇ ਨਾਲ। [2]ਤੇ ਈਰਖਾ ਧਰਨੀ।
†ਪਾ:-ਸ੍ਰਮ ਸੋਂ=ਜ਼ੋਰ ਨਾਲ।
[1]ਮੈਂ ਗੁਣਾਂ ਨਾਲ ਭਰਪੂਰ ਹਾਂ।
[1]ਐਸੀ ਜੋ ਹੈ।
[1]ਪਤਝੜੀ ਰੁਤ ਵਿਚ। [2]ਬ੍ਰਿੱਛ ਜਿਵੇਂ ਪੱਤਿਆਂ ਨੂੰ (ਤਿਆਗਦੇ ਹਨ)।

ਦੋਹਰਾ:
ਸਿੱਖਨ ਕੋ ਗੁਰਦੇਵ ਸਮ, ਜਾਨਹਿ ਮਨ ਕਰਿ ਨੀਵ[1]।
ਧਰਮ ਕ੍ਰਿੱਤ ਕਰਿ ਜਗਤ ਮਹਿਂ, ਖਾਵਹਿ ਵੰਡ ਸਦੀਵ' ॥੫੩॥

[1]ਨੀਵਾਂ।

ਚੌਪਈ:

ਅਸ ਉਪਦੇਸ਼ ਗੁਰੂ ਕੋ ਸੁਨਿ ਕੈ।
ਮੰਨਜੋ, ਮਨ ਕੀਨੋ ਸ਼ੁਭ ਗੁਨਿ ਕੈ[1]। [1]ਵਿਚਾਰਕੇ।
ਬਰਤਨ ਲਗੇ ਜਗਤ ਮਹਿਂ ਐਸੇ।
ਕੈਵਲ[1] ਹੋਵਹਿ ਪ੍ਰਾਪਤਿ ਜੈਸੇ ॥੫੪॥ [1]ਮੁਕਤੀ।
ਸ਼ੀਹਾਂ ਗੱਜਨ ਦੋਨੋਂ ਭਾਈ।
{ਸ਼ੀਹਾਂ, ਗੱਜਣ}
ਸੋ ਆਏ ਸਤਿਗੁਰ ਸ਼ਰਣਾਈ।
ਦਰਸ਼ਨ ਦੇਖਜੋ ਸ਼੍ਰੀ ਸੁਖਕੰਦਾ।
ਕਰੀ ਬੰਦਨਾ ਪਦ ਅਰਬਿੰਦਾ ॥੫੫॥

ਦੋਹਰਾ:

ਕਰ ਜੋਰੇ ਠਾਂਢੇ ਭਏ, ਅਸ ਕੀਨੀ ਅਰਦਾਸ।
'ਚਤੁਰ ਪਦਾਰਥ ਦੇਹੁ ਪ੍ਰਭੁ! ਜਨਮ ਮਰਨ ਕਟਿ ਫਾਂਸ ॥੫੬॥

ਚੌਪਈ:

[1]ਬਰੱਬਰ।
ਤੁਮਰੇ ਸਰਸ[1] ਨ ਅਪਰ ਉਦਾਰਾ।
ਜੋ ਜਾਚਹਿਂ ਸੋ ਦੇਹੁ ਦਤਾਰਾ!
ਆਸਾ ਧਰਿ ਅਰਦਾਸ ਬਖਾਨੀ[1]। [1]ਅਸਾਂ) ਕਹੀ ਹੈ ਅਰਦਾਸ।
ਪੂਰਨ ਕੀਜੈ ਸ਼੍ਰੀ ਗੁਨਖਾਨੀ!' ॥੫੭॥
ਸੁਨਿ ਕੈ ਸ਼੍ਰੀ ਗੁਰ ਗਿਰਾ ਅਲਾਈ।
ਲੋਚਨ ਕੋਰਨ ਕਰੁਨਾ[1] ਛਾਈ। [1]ਕ੍ਰਿਪਾ।
'ਸਿਮਰਹੁ ਵਾਹਿਗੁਰੂ ਲਿਵ ਲਾਈ।
ਦੇਇ ਪਦਾਰਥ ਸੋ[1] ਤੁਮ ਤਾਈਂ[†]' ॥੫੮॥ [1]ਧਰਮ ਅਰਥ, ਕਾਮ ਮੋਖ ਚਾਰੇ) ਪਦਾਰਥ ਓਹ (ਵਾਹਿਗੁਰੂ ਨਾਮ) ਦੇਵੇਗਾ। [†]ਪਾ-ਪਈ।

ਕਹੈਂ ਸੁ 'ਯਾਂ ਕਉ ਅਰਥ ਬਤਾਵਉ।
ਦੇ ਉਪਦੇਸ਼ ਭਲੇ ਸਮਝਾਵਉ।'
ਤਬਿ ਸ਼੍ਰੀ ਨਾਨਕ ਅਰਥ ਬਖਾਨਾਂ।
'ਜੇ ਸਿਮਰਹਿਂ ਸੇ ਨਰ ਮਤਿਵਾਨਾ ॥੫੯॥

ਦੋਹਰਾ:

ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।
ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ

॥੬੦॥

ਚੌਪਈ:

ਏਕ ਨਾਮ ਤੇ ਚਤਰ ਸੁ ਜਾਪੂ।
ਯਾਂ ਤੇ ਹੈ ਇਹ ਅਧਿਕ ਪ੍ਰਤਾਪੂ।
ਦੂਸਰ ਅਰਥ ਔਰ ਸੁਨਿ ਲੀਜੈ।
ਜਾਪ ਕਰੇ ਸਭਿ ਸੰਕਟ ਛੀਜੈ[1] ॥੬੧॥

[1]ਨਾਸ਼ ਹੁੰਦੇ ਹਨ।

'ਵਾਹਿ' ਨਾਮ ਅਚਰਜ ਪਹਿਚਾਨੋ।
ਜਿਹ ਕੀ ਸੱਤਯਾ ਜਗ ਪ੍ਰਗਟਾਨੋਂ।
ਜਿਹ ਸੱਤਯਾ ਕਰਿ ਲਖਿਯਤਿ ਭਵ ਹੈ[1]।

[1]ਜਗਤ ਜਾਣਿਆਂ ਜਾਂਦਾ ਹੈ।

ਸੋ ਨਹਿਂ ਲਖੀ ਜਾਇ ਅਨੁਭਵ ਹੈ[1] ॥੬੨॥

[1]ਉਹ ਨਹੀਂ ਜਾਣੀ ਜਾਂਦੀ (ਪਰ) ਅਨੁਭਵ (ਦ੍ਵਾਰਾ ਉਹ ਸਤਯ) ਲਖੀ ਜਾਂਦੀ ਹੈ। (ਅਨੁਭਵ-ਸਿਮ੍ਰਤੀ ਤੋਂ ਸੁਤੰਤ੍ਰ ਗਯਾਨ) ਉਹ ਗਯਾਨ ਜੋ ਸਾਖਯਾਤਕਾਰ ਦਵਾਰਾ ਹੋਵੇ। ਫਾਇਲੀ ਤੌਰ ਦੇ ਜਾਣਿਆਂ ਜਾਣ ਵਾਲਾ, Subjective ਤਰੀਕੇ ਨਾਲ ਲਖ੍ਯਾ ਜਾਣ ਵਾਲਾ।

ਦੋਹਰਾ:

ਯਾ ਤੇ ਸੋ ਅਚਰਜ ਭਯੋ, ਗੁਰੂ ਅਰਥ ਸੁਨਿ ਕਾਨ।
ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ ॥੬੩॥

ਚੌਪਈ:

ਅੰਧਕਾਰ ਵਤ ਦੇਹਿ ਅਨਿੰਤਾ।
ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ[1]।

[1]ਚੈਤਨ।

ਤਾਂ ਕੋ 'ਵਾਹਿਗੁਰੂ' ਇਮ ਨਾਮੰ।
ਜਪੁ ਹ੍ਵੈ ਚਤਰ ਪਦਾਰਥ ਧਾਮੰ†' ॥੬੪॥

†ਇਥੋਂ ਦਾ ਭਾਵ ਸਮਝਣ ਲਈ ਪੜ੍ਹੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ, ਅਧ੍ਯਾਯ ੧ ਅੰਕ ੬੧ ਤੋਂ ੬੫ ਦੀ ਟੀਕਾ ਤੇ ਭਾਵ।

ਬੂਝਹਿਂ ਪੁਨਿ 'ਜਿ ਵਾਹਿਗੁਰੂ ਗਾਵਹਿਂ[1]।

[1]ਸਿਮਰਾਂਗੇ ਤਾਂ।

ਕਿਸ ਬਿਧਿ ਚਾਰ ਪਦਾਰਥ ਪਾਵਹਿਂ।'
ਗੁਰੂ ਭਨੋ 'ਸਤਿਸੰਗਤਿ ਜਾਤੇ[1]।

[1]ਸਤਿਸੰਗ ਵਿਚ ਜਾਂਦਿਆਂ।

ਡਗ ਡਗ ਅਸ੍ਵ ਮਖ ਹ੍ਵੈ ਫਲ ਤਾਂ ਤੇ[1] ॥੬੫॥

[1]ਕਦਮ ਕਦਮ ਤੇ ਅਸ੍ਵਮੇਧ ਜੱਗ ਦਾ ਫਲ ਲਗਦਾ ਹੈ। (ਇਹ ਧਰਮ ਦੀ ਪ੍ਰਾਪਤੀ ਹੈ)।

ਦੋਹਰਾ:

ਜਿਹ ਧਨ ਕਾਰਨ ਜਤਨ ਜੋ, ਕਰਿ ਹੈਂ ਲੋਕ

ਅਪਾਰ।
ਸੋ ਧਨ ਹਰਿ ਕੇ ਭਗਤਿ ਕੋ, ਮਾਨਵ ਦੇਹਿਂ ਹਜ਼ਾਰ ॥੬੬॥

ਚੌਪਈ:

ਬੰਦਨ ਕਰਹਿਂ ਦੇਹਿਂ ਧਨ ਆਈ।
ਜਨ ਤੇ ਜਾਚਹਿਂ[1] ਅਪੁਨਿ ਭਲਾਈ[2]।

[1]ਪਰਮੇਸ਼ਰ ਦੇ) ਦਾਸ ਤੋਂ ਮੰਗਦੇ ਹਨ। [2]ਇਹ ਅਰਥ ਦੀ ਪ੍ਰਾਪਤੀ ਹੈ।

ਰਿਦੇ ਕਾਮਨਾ ਭਗਤਨਿ ਜੋਈ[1]।

[1]ਭਗਤਾਂ ਦੇ ਰਿਦੇ ਵਿਚ ਜੋ ਕਾਮਨਾ ਹੋਣ।

ਸ੍ਰੀ ਕਰਤਾਰ ਪੂਰਿ ਹੈ ਸੋਈ[1] ॥੬੭॥

[1]ਇਹ ਕਾਮਨਾ ਦੀ ਪ੍ਰਾਪਤੀ ਹੈ।

ਅਰਥ ਵਾਹਿਗੁਰੂ ਸਮਝਨ ਕਰਿ ਕੈ।
ਹੁਇ ਹੈ ਗਯਾਨ ਜਾਇ ਤਮ ਟਰਿ ਕੈ[1]।

[1]ਅੱਗਯਾਨ ਰੂਪੀ ਅਨ੍ਹੇਰਾ ਨਾਸ਼ ਹੋ ਜਾਏਗਾ (ਇਹ ਮੋਖ ਪ੍ਰਾਪਤੀ ਹੈ)।

ਚਤੁਰ ਪਦਾਰਥ ਨਾਮੁ ਅਧੀਨਾ।
ਸਿਮਰਨ ਕਰਹੁ ਹੋਇ ਦੁਖ ਛੀਨਾ' ॥੬੮॥

ਦੋਹਰਾ:

ਸ੍ਰੀ ਗੁਰੁ ਕੋ ਉਪਦੇਸ਼ ਸੁਨਿ, ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ, ਪਢਹਿਂ ਸ਼ਬਦ ਹਿਤ ਧਾਰਿ ॥੬੯॥

ਚੌਪਈ:

ਦਿਨ ਸਗਰੋ ਨਿਜ ਕ੍ਰਿੱਤ ਕਮਾਵਹਿਂ।
ਅੱਭਜਾਗਤ[1] ਸੋਂ ਵੰਡਹਿਂ[2] ਖਾਵਹਿਂ।

[1]ਅਤਿੱਥੀ। [2]ਵੰਡ ਕੇ।

ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ।
ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ ॥੭੦॥
ਇਸ ਬਿਧਿ ਅਪਨੋ ਸਮਾਂ ਬਿਤਾਵਹਿਂ।
ਸੁਭ ਤਿਥਿ[1] ਪੰਚਾਂਮ੍ਰਿਤ ਕਰਿਵਾਵਹਿਂ।

[1]ਭਾਵ ਸੰਗ੍ਰਾਂਦ ਮੱਸਿਆ ਤੇ ਵਿਸਾਖੀ ਦੀਪਮਾਲਾ (ਦੇਖੋ ਸਿੱਖਾਂ ਦੀ ਭਗਤਮਾਲਾ ਪੰਨਾ ੪੪)।

ਕੇਤਜੋਂ ਸਮਾ ਬਿਤੀਤਜੋ ਤਿਨ ਕੋ।
ਭਲੇ ਕਰਮ ਕੀ ਰੁਚਿ ਜਿਨ ਮਨਕੋ ॥੭੧॥

ਦੋਹਰਾ:

ਸ਼ੀਹੇਂ ਕੀ ਇਕ ਸੁਤਾ ਥੀ, ਕਰਨ ਲਗਜੋ

ਤਿਸ ਬਜਾਹ।
ਅਸਨ ਕਰਾਯੋ ਅਨਿਕ ਬਿਧਿ, ਨਿਕਟਿ ਰਹੇ ਦਿਨ ਤਾਂਹਿ[1] ॥੨੨॥

[1]ਭਾਵ ਵਿਆਹ ਦੇ।

ਚੌਪਈ:
ਮਧੁਰ[1] ਸਨਿਘਧ[2] ਕਰਾਇ ਅਹਾਰਾ।
ਰਾਖਜੋ ਬਹੁਤ ਅਗਾਰ ਮਝਾਰਾ।

[1]ਮਿੱਠੇ। [2]ਘਿਉ ਵਾਲੇ।

ਸਿੱਖ ਗੁਰੂ ਕੇ ਦਰਸ਼ਨ ਜਾਇਂ[1]।
ਘਰ ਸ਼ੀਹੇਂ ਕੇ ਉਤਰੇ ਆਇ ॥੨੩॥

[1]ਜਾਂਦੇ ਹੋਏ।

ਹਿਤ ਬਰਾਤ ਕੇ ਜੋ ਪਕਵਾਨੇ[1]।

[1]ਮਠਿਆਈ ਆਦਿ।

ਸ਼ੀਹੇਂ ਦੀਨੇ ਸੋ ਤਿਨ ਖਾਨੇ[1]।

[1]ਖਾਣ ਨੂੰ।

ਸੰਗਤਿ ਬਹੁਤ ਸਦਨ ਮਹਿਂ ਜੋਊ।
ਸਭਿ ਪਕਵਾਨ ਖਾਇਗੇ ਸੋਊ ॥੨੪॥

ਦੋਹਰਾ:
ਅਗਲੇ ਦਿਨ ਮਹਿਂ ਜੰਞ ਨੈ, ਹੁਤੋ ਆਵਨੋ ਧਾਮ।
ਸੰਗਤਿ ਬਡ ਭੁਨਸਾਰ ਤੇ, ਗਵਨੀ ਲੇ ਗੁਰ ਨਾਮ ॥੨੫॥

ਚੌਪਈ:
ਚਿੰਤ ਕਰੈ ਸ਼ੀਹੇਂ ਕੀ ਨਾਰਿ।
-ਤਨਕ[1] ਨਿਕੇਤ ਨ ਰਹਜੋ ਅਹਾਰ।

[1]ਥੋੜਾ ਬੀ।

ਆਵਹਿ ਅਬਿ ਬਰਾਤ ਕਜਾ ਖਾਹੀ।
ਤੁਰਨ ਤਯਾਰ ਹੋਤਿ ਕਸ ਨਾਂਹੀ ॥੨੬॥
ਕਿਸ ਪਰਕਾਰ ਲਾਜ ਰਹਿ ਆਵਹਿ।
ਸਗਰੇ ਜਗਤ ਨਿੰਦ ਪ੍ਰਗਟਾਵਹਿ-।
ਪਿਖ ਸਚਿੰਤ[1] ਸ਼ੀਹੇਂ ਨਿਜ ਨਾਰੀ।

[1]ਚਿੰਤਾਵਾਨ।

ਤਾਂ ਕੋ ਦੀਨ ਦਿਲਾਸੋ ਭਾਰੀ ॥੨੭॥
'ਸਤਿਗੁਰ ਆਸ ਧਰੋ ਮਨ ਮਾਂਹੀ।
ਅਪਰ ਬਿਚਾਰ ਕਰਹੁ ਕੋ ਨਾਂਹੀ।
ਰਾਖਹਿੰਗੇ ਪ੍ਰਭੁ ਪੈਜ ਹਮਾਰੀ।
ਦਾਸ ਜਾਨਿ ਹੈ ਹੈਂ ਹਿਤਕਾਰੀ' ॥੨੮॥
ਅਸ ਬਿਚਾਰ ਕਰਿਤਜੋ ਤਿਹ ਕਾਲਾ।
ਪਹੁੰਚੀ ਆਇ ਬਰਾਤ ਬਿਸਾਲਾ[1]।

[1]ਵਡੀ।

ਕਰਿ ਢੁਕਾਉ ਭਲਿ ਡੇਰਾ ਕੀਨੋ।
ਦੇਖਿ ਨਾਰਿ ਭੀ ਹਰਖ ਬਿਹੀਨੋ[1] ॥੭੯॥ [1]ਉਦਾਸ।
ਕਹਿਨ ਲਗੀ 'ਕਜ਼ਾ ਦੇਹਿਂ ਖੁਆਏ?
ਨਰ ਬਰਾਤ ਮਹਿਂ ਬਹੁਤੇ ਆਏ।'
ਸ਼ੀਹੇਂ ਉਠਿ ਕੀਨੀ ਅਰਦਾਸ।
ਸਤਿਗੁਰ ਚਰਨ ਧਯਾਨ ਕਰਿ ਤਾਸ ॥੮੦॥
'ਰਾਖੀ ਸਿੱਖਨ ਪੈਜ ਅਗਾਰੀ।
ਚਰਨ ਕਮਲ ਹਮ ਸ਼ਰਨ ਤੁਮਾਰੀ।'
ਅਸ ਕਹਿ ਤਿਸ ਕੋਠੇ ਕੋ ਤਾਰਾ[1]। [1]ਜੰਦਰਾ।
ਖੋਲਿ ਬਿਲੋਕਿ[1] ਅਹਾਰ ਅਪਾਰਾ ॥੮੧॥ [1]ਦੇਖਿਆ।
ਦੋਹਰਾ:
ਪਾਂਤਿ[1] ਬਰਾਤ ਬਿਠਾਇ ਕੈ, ਭੋਜਨ ਭਲੇ ਖੁਆਇ। [1]ਪੰਗਤ।
ਅਤਿ ਸੁੰਦਰ ਬਹੁ ਸ੍ਵਾਦ ਜਿਹਂ, ਹਰਖਤਿ ਰਹੇ ਅਘਾਇ[1] ॥੮੨॥ [1]ਰੱਜ ਗਏ।
ਚੌਪਈ:
ਪੰਚ ਦਿਵਸ ਘਰ ਰਾਖੀ ਸੋਈ।
ਤੋਟ ਅਸਨ ਕੀ ਹੋਇ ਨ ਕੋਈ।
ਬਹੁ ਬਿਧਿ ਕੇ ਪਕਵਾਨ ਜਿਮਾਏ[1]। [1]ਖੁਲਾਏ।
ਖਾਇ ਜਨੇਤੀ ਉਰ ਹਰਖਾਏ ॥੮੩॥
ਬਿਦਾ ਕਰੀ ਦੇ ਦਾਤ ਬਿਸਾਲਾ।
ਅਚਰਜ ਭੇ ਨਰ ਤਿਯ[1] ਤਿੰਹ ਕਾਲਾ। [1]ਨਰ ਨਾਰੀਆਂ।
ਸਭਿ ਮਿਲਿ ਕੈ ਤਬਿ ਇਸ ਬਿਧਿ ਭਾਖੀ।
'ਗੁਰੂ ਪੈਜ ਨਿਜਿ ਸਿੱਖਨ ਰਾਖੀ' ॥੮੪॥
ਅਧਿਕ ਨਰਨ ਕੋ ਸ਼ਰਧਾ ਭਈ।
ਭਾਉ ਭਗਤਿ[1] ਜਗ ਮਹਿਂ ਪ੍ਰਗਟਈ। [1]ਪ੍ਰੇਮਾ ਭਗਤੀ।
ਪੁਨ ਇਕ ਦਿਨ ਬੈਠੇ ਗੁਨਖਾਨੀ।
ਕਰੁਨਾ ਲੋਚਨ ਬਿਖੈ ਮਹਾਨੀ ॥੮੫॥
ਦੋਹਰਾ:
ਫਿਰਣਾ ਖਹਿਰਾ ਜੋਧ ਦੁਇ,
ਜੱਗਜਾਸਾ ਧਰਿ ਆਸ।

{ਫਿਰਣਾ, ਖਹਿਰਾ ਜੋਧ}

ਆਇ ਪਰੇ ਪਾਇਨ ਪਦਮ[1],
ਪੁਨ ਬੈਠੇ ਪ੍ਰਭੁ ਪਾਸ ॥੮੬॥

[1]ਚਰਨਾਂ ਕਵਲਾਂ ਤੇ।

ਚੌਪਈ:

ਹਾਥ ਬੰਦਿ ਅਰਦਾਸ ਉਚਾਰੀ।
'ਹਮ ਆਏ ਅਬਿ ਸ਼ਰਨਿ ਤੁਮਾਰੀ।
ਨਿਜ ਉਪਦੇਸ਼ ਕਰਹੁ ਬੱਖਜਾਨਾ।
ਜਿਸ ਪ੍ਰਕਾਰ ਹ੍ਵੈ ਹਮ ਕੱਲਜਾਨਾ ॥੮੭॥
ਸਿੱਖੀ ਪ੍ਰਾਪਤਿ ਮਨ ਮਹਿਂ ਹੋਵਹਿ।
ਬਹੁਰ ਨ ਕਬਹੂੰ ਕਾਲ ਬਿਗੋਵਹਿ[1]।'
ਪ੍ਰਭੁ ਭਾਖ੍ਯੋ 'ਮਨ ਨੀਵੇਂ ਜੋਇ।
ਤਿਨ ਕੋ ਸਿੱਖੀ ਪ੍ਰਾਪਤਿ ਹੋਇ ॥੮੮॥

[1]ਖੁਆਰ ਕਰੇ (ਸਾਨੂੰ)।

ਦੋਹਰਾ:

ਸੇਵਾ ਜੋ ਤੁਮ ਪਾਸ ਤੇ, ਸਿੱਖਨ ਕੀ ਹੁਇ ਆਇ।
ਤੌ ਕਰੀਏ ਹਿਤ ਕਰਿ ਰਿਦੇ, ਪਗ ਪਖਾਰਿ[1], ਮੁਖ ਪਾਇ[2] ॥੮੯॥

[1]ਚਰਨ ਧੋਵੋ। [2]ਅੰਨ) ਛਕਾਵੋ।

ਚੌਪਈ:

ਪਿਛਲੀ ਨਿਸਾ ਕਰਹੁ ਇਸ਼ਨਾਨਾ।
ਸਦਾ ਸ਼ਬਦ ਅੱਭਜਾਸ ਪ੍ਰਮਾਨਾ[1]।
ਮਨ ਨੀਵੇਂ ਸਤਿਸੰਗਤਿ ਜਾਇ।
ਗੁਰ ਕੋ ਸ਼ਬਦ ਸੁਨਹੁ ਹਿਤ ਲਾਇ ॥੯੦॥

[1]ਅੱਭਜਾਸ ਕਰਨਾ ਚੰਗਾ ਜਾਣੋ।

ਜਾਨਹੁ ਵਾਹਿਗੁਰੂ ਕੋ ਸ੍ਵਾਮੀ।
ਦਾਸ ਆਪ ਨੂੰ ਲਖੌ ਸਖਾਮੀ[1]।
ਗੁਰਬਾਣੀ ਕੋ ਮਨਨ ਸੁ ਕਰਨਾ।
ਜੇ ਚਾਹਤਿ ਹੋ ਭਵ[1] ਤੇ ਤਰਨਾ' ॥੯੧॥

[1]ਕਚਿਆਈ ਵਾਲੇ ਭਾਵ ਔਗੁਣ ਹਾਰੇ। ਫ਼ਾਰਸੀ, ਖ਼ਾਮ=ਕੱਚਾ]।

[1]ਸੰਸਾਰ।

ਦੋਹਰਾ:

ਸੀਖੀ ਸਿਖ ਸਤਿਗੁਰੂ ਤੇ ਤੈਸੀ ਕੀਨੀ ਕਾਰ।
ਜਨਮ ਮਰਨ ਛੁਟਿ ਕਸ਼ਟ ਤੇ, ਤਿਨ ਕੋ ਭਯੋ ਉਧਾਰ ॥੯੨॥

ਚੌਪਈ:

ਇਸ ਪ੍ਰਕਾਰ ਸੋਂ ਨਰਨ ਅਨੇਕੰ[1]।
ਕਰਿ ਉਪਦੇਸ਼ ਦਿਯੋ ਸੁ ਬਿਬੇਕੰ[1]।
ਗ੍ਰੰਥ ਬਢਨ ਤੇ ਬਰਨੇ ਨਾਂਹੀ।
ਮਤਿ ਅਨੁਸਾਰ ਕਛੁਕ ਮੈਂ ਪ੍ਰਾਹੀ ॥੯੩॥

[1]ਬਿਅੰਤ ਨੂੰ।

[1]ਗਿਆਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿਖਨ ਉਪਦੇਸ਼' ਬਰਨਨੰ ਨਾਮ ਤ੍ਰਿਤਾਲੀਸਮੋਂ ਅਧ੍ਯਾਯ ॥੪੩॥

## ੪੪. [ਸ਼ਾਰਦਾ ਮੰਗਲ, ਸਿੱਖਾਂ ਦਾ ਭਾਉ ਦੇਖਿਆ। ਸਾਧੂ ਦਰਸ਼ਨ ਦਾ ਫਲ]

੪੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੫

{ਇੱਕ ਤਿਖਾਣ ਸਿੱਖ ਦੀ ਪ੍ਰੀਖਿਆ} ॥੫..॥
{ਮੱਲ ਦੀ ਨਿਮ੍ਰਤਾ} ॥੧੭..॥
{ਲਾਲਾ ਗੋਲਾ ਵਾਲਾ ਪ੍ਰਸੰਗ} ॥੨੫..॥
{ਸੰਤਾਂ ਦੇ ਦਰਸ਼ਨ ਅਤੇ ਸੰਗਤ ਦਾ ਫਲ} ॥੪੮..॥

ਦੋਹਰਾ:

ਨਮੋ ਸਾਰਦਾ ਕੋ ਸਦਾ, ਸੁਮਤਿ ਰਿਦੇ ਪਰਕਾਸ਼।
ਕ੍ਰਿਪਾ ਧਾਰਿ ਪੂਰਨ ਕਰੋ, ਸ਼੍ਰੀ ਗੁਰ ਕੋ ਇਤਿਹਾਸ ॥੧॥

ਸ਼ਾਰਦਾ=ਸਰਸ੍ਵਤੀ। ਵਿਸ਼ੇਸ਼ ਗਿਆਨ ਲਈ ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੨ ਦੀ ਟੀਕਾ ਤੇ ਭਾਵ।

ਅਰਥ:

(ਹੇ) ਰਿਦੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰਨੇ ਵਾਲੀ ਸ਼ਾਰਦਾ (ਤੈਂ) ਨੂੰ ਸਦਾ ਨਮਸਕਾਰ ਹੋਵੇ। ਕ੍ਰਿਪਾ ਕਰਕੇ ਸ਼੍ਰੀ ਗੁਰੂ ਜੀ ਦਾ ਇਤਿਹਾਸ (ਮੇਰੇ ਤੋਂ) ਪੂਰਨ ਕਰਵਾਵੋ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸੁਨੀਏ ਸ਼੍ਰੀ ਤ੍ਰੇਹਣ ਕੁਲ ਮੌਰੰ!
ਪ੍ਰਭੁ ਕੀ ਕਥਾ ਅਗਾਰੀ ਔਰੰ।
ਸਿੱਖੀ ਕੀ ਸਰਿਤਾ[1] ਬਿਸਤਾਰੀ। — [1]ਨਦੀ।
ਜਹਿਂ ਕਹਿਂ ਸਗਰੇ ਜਗਤ ਮਝਾਰੀ ॥੨॥
ਸਿੱਖਨ ਕੇ ਮਨ ਮੀਨ ਸਮਾਨਾਂ।
ਚਹੈਂ ਨ ਬਿਰਹਿ, ਹੋਹਿਂ ਹਤਿ ਪ੍ਰਾਨਾ[1]। — [1]ਚਾਹੁੰਦੇ ਨਹੀਂ ਵਿਛੋੜਾ (ਨਦੀ ਤੋਂ), ਭਾਵੇਂ ਪ੍ਰਾਣ ਨਾਸ਼ ਹੋ ਜਾਣ।
ਲਾਗੇ ਕਰਨ ਸ਼ਬਦ ਅੱਭਯਾਸਾ।
ਸਿਮਰਨ ਸੱਤਿਨਾਮ ਪਰਕਾਸ਼ਾ ॥੩॥
ਸਿੱਖੀ ਭਾਉ ਦੇਖਿਬੇ ਹੇਤਾ।
ਗਮਨ ਕੀਨ ਬੇਦੀ ਕੁਲਕੇਤਾ।
ਮੁਝ ਕੋ ਅਪਨੇ ਲੀਨ ਸੰਗਾਰੇ।
ਪਹੁੰਚੇ ਇਕ ਪੁਰਿ ਜਾਇ ਮਝਾਰੇ ॥੪॥
ਸਿੱਖ ਤਿਖਾਣ ਬਸਹਿ ਤਿਹ ਥਾਨਾ।

{ਇੱਕ ਤਿਖਾਣ ਸਿੱਖ ਦੀ ਪ੍ਰੀਖਿਆ}

ਜਿਹ ਕੀ ਅਲਪ[1] ਚਲਹਿ ਗੁਜ਼ਰਾਨਾ। — [1]ਥੋੜੀ।
ਕਰੈ ਸੇਵ ਸਿੱਖਨ ਕੀ ਸੋਇ।
ਅਸਨ ਅਚਾਵਹਿ ਜੋ ਘਰ ਹੋਇ ॥੫॥
ਸੰਝ ਜਿ ਹੋਇ, ਨ ਪ੍ਰਾਪਤਿ ਪ੍ਰਾਤ[1]। — [1]ਤਾਂ) ਸਵੇਰੇ ਨਾ ਪ੍ਰਾਪਤ ਹੋਵੇ।
ਹਾਥ ਨ ਆਇ ਅਹਾਰ ਅਘਾਤਿ[1]। — [1]ਰੱਜਵਾਂ।

ਜੋ ਘਰ ਹੋਵਹਿ ਸਿੱਖਨ ਖ੍ਵਾਵਹਿ।
ਨਹਿਂ ਜਿ ਹੋਇ, ਤਬਿ ਜਾਚਿ ਸੁ ਲ੍ਯਾਵਹਿ
॥ ੬ ॥
ਦੋਹਰਾ:
ਜਾਵਹਿ ਜਾਚਨ ਸਿੱਖ ਹਿਤ, ਨਿਜ ਹਿਤ
ਜਾਤਿ ਨ ਸੋਇ।
ਜਯੋਂ ਤਯੋਂ ਅਸਨ ਕਰਾਵਈ, ਸਿੱਖ ਆਇ
ਜੇ ਕੋਇ ॥ ੭ ॥
ਚੌਪਈ:
ਪੁਹੰਚੇ ਤਿਹਂ ਨਿਕੇਤ ਪ੍ਰਭੁ ਜਾਏ।
ਬੰਦਨ ਕਰਿਹੀ ਸਿਖ ਤਬਿ ਧਾਏ।
ਨਿਜ ਨਾਰੀ ਸੋਂ ਗਿਰਾ ਉਚਾਰੀ।
'ਤੂਰਨ ਕਰਹੁ ਅਹਾਰ ਤਯਾਰੀ' ॥ ੮ ॥
ਕਹਯੋ ਤੀਯ 'ਤੂੰ ਸਭਿ ਕਿਛੁ ਜਾਨਹਿਂ।
ਭੋਜਨ ਹੋਵੇ ਜੇ ਅੰਨ ਆਨਹਿਂ[1]।'
ਇਉਂ ਸੁਨਿ ਕੈ ਗਮਨਯੋ ਪੁਰਿ ਮਾਂਹੀ।
ਜਿਹ ਕੋ ਜਾਚਹਿ ਦੇਇ ਸੁ ਨਾਂਹੀ ॥ ੯ ॥
ਦੋਹਰਾ:
'ਸਿੱਖਨ ਮਿਸ[1] ਇਹ ਮਾਂਗਿ ਕੈ, ਕਰਤਿ
ਅਪਨ ਗੁਜ਼ਰਾਨ।'
ਅਸ ਕਹਿ ਦਿਯੋ ਨ ਕਿਛੁ ਤਿਸੁ, ਬੈਠਯੋ
ਛੂਛਾ ਆਨਿ ॥ ੧੦ ॥
ਚੌਪਈ:
ਤਿਸ ਦਿਨ ਰਾਜੇ ਛਿੰਝ ਪਵਾਈ।
ਇਸ ਕੇ ਚਿਤ ਚਿੰਤਾ ਅਤਿ ਆਈ।
ਕਹੈਂ 'ਕਹਾਂ ਤੇ ਅੰਨ ਖੁਵਾਰੋਂ[1]।
ਧਿਕ ਮੁਹਿ[1], ਰਹੈਂ ਜਿ ਬਿਨਾ ਅਹਾਰੋ'
॥ ੧੧ ॥
ਦੇਖਿਨਿ ਚਲੇ ਅਨੇਕ ਤਮਾਸ਼ਾ।
ਬੂਝਤਿ ਭਯੋ ਸੁ ਨਰ ਇਕ ਪਾਸਾ।
'ਕਹਾਂ ਜਾਹੁ?' ਤਿਨ ਦੀਨ ਬਤਾਈ।
'ਭੂਪ ਵਹਿਰ ਹੈ ਛਿੰਝ ਪਵਾਈ ॥ ੧੨ ॥

[1]ਜੇ ਤੂੰ ਅੰਨ ਲਿਆਵੇਂ ਤਾਂ।

[1]ਸਿੱਖਾਂ ਦੇ ਬਹਾਨੇ।

[1]ਖੁਆਵਾਂ।

[1]ਧਿਰਕਾਰ ਹੈ ਮੈਨੂੰ।

ਸਹਸ[1] ਰੁਪੱਯੇ ਜੀਤਹਿ ਲੇਵਹਿ। [1]ਹਜ਼ਾਰ।
ਹਾਰਹਿ ਅਰਧ ਤਾਂਹਿ[1] ਤੇ ਦੇਵਹਿ।' [1]ਤਿਸਤੇ।
ਸੁਨਿ ਕੈ ਹਰਖ ਚਲ੍ਯੋ ਤਿਹ ਥਾਈਂ।
ਯੁਕਤਿ ਮੱਲ[1] ਬਹੁ ਨਰ ਇਕ ਠਾਈਂ ॥੧੩॥ [1]ਪਹਿਲਵਾਨ ਦੇ ਸਹਤ।
ਭਯੋ ਮੱਲ ਕੇ ਸਨਮੁਖਿ ਜਬਿ ਹੀ।
ਤਿਹ ਕੋ ਦੇਖਿ ਹਸੇ ਨਰ ਸਭਿ ਹੀ।
'ਮੱਲ ਭੂਪ ਕੋ[1] ਬਲੀ ਬਡੇਰਾ। [1]ਰਾਜੇ ਦਾ।
ਚੂਰਨ ਕਰੈ ਸਰਬ ਤਨ ਤੇਰਾ ॥੧੪॥
ਉਰ ਮਹਿਂ ਧਰਿ ਕੈ ਗਰਬ ਕੁਰੰਗਾ[1]। [1]ਹਰਨ।
ਚਾਹ੍ਯੋ ਲਰੈ ਕੇਹਰੀ ਸੰਗਾ[1]। [1]ਸ਼ੇਰ ਨਾਲ।
ਤਿਸਿ ਬਿਧਿ ਤੈਂ ਕਜਾ ਮਨ ਮਹਿਂ ਧਾਰੀ।
ਚਹਿਤਿ ਮ੍ਰਿੱਤੁ ਕੋ ਮੱਲ ਅਗਾਰੀ?' ॥੧੫॥

ਦੋਹਰਾ:
ਬਰਜ੍ਯੋ ਤਿਸ ਕੋ ਨਹਿਂ ਰਹ੍ਯੋ, ਕਹ੍ਯੋ 'ਜਾਇ ਜੇ ਪ੍ਰਾਨ।
ਇਸਤੇ ਸ਼ੁਭ ਨਹਿਂ ਕਾਜ ਕੋ, ਪਰ ਹਿਤ[†] ਹੋਵਹਿਂ ਹਾਨ' ॥੧੬॥

[†]ਇਹ ਆਦਮੀ ਸਿਖ ਸੀ ਤੇ ਗੁਰ ਸਿਖਾਂ ਦੀ ਸੇਵਾ ਕਰਦਾ ਸੀ, ਇਸ ਕਰਕੇ ਏਥੇ ਪਾਠ-ਪਰ ਹਿਤ-ਦੀ ਥਾਂ-ਗੁਰ ਹਿਤ-ਵਧੇਰੇ ਚੰਗਾ ਲਗਦਾ ਹੈ। -ਪਰ ਹਿਤ-ਲਿਖਾਰੀ ਦੀ ਭੁੱਲ ਜਾਪਦੀ ਹੈ।

ਚੌਪਈ:
ਨਿਕਟ ਮੱਲ ਕੇ ਜਬਿ ਹੀ ਆਯੋ।
{ਮੱਲ ਦੀ ਨਿਮ੍ਰਤਾ}
ਅਵਲੋਕ੍ਯੋ ਅਸ ਬਚਨ ਅਲਾਯੋ।
'ਤੂੰ ਕਿਉਂ ਮੌਤ ਚਹਿਤ ਬਿਨ ਆਈ?'
ਸੁਨਤਿ ਸਿੱਖ ਨੇ ਸਰਬ ਬਤਾਈ ॥੧੭॥
'ਆਏ ਸੰਤ ਨਿਕੇਤ ਹਮਾਰੇ।
ਨਹੀਂ ਅੰਨ ਜੋ ਦੇਉਂ ਅਹਾਰੇ।
ਤਿਨਕੇ ਹਿਤ ਹੌਂ ਲਰਨੈ ਆਯੋ।
ਮ੍ਰਿੱਤੁ ਹੋਇ ਤੇ ਸੁਖ ਅਧਿਕਾਯੋ' ॥੧੮॥
'ਸਾਧ ਸਾਧ[1]' ਸੁਨਿ ਕਾਨ, ਬਖਾਨਾ। [1]ਸ਼ਾਬਾਸ਼ ਸ਼ਾਬਾਸ਼।
'ਉੱਤਮ ਮਤ ਤੁਮ ਸੰਤ ਮਹਾਨਾ।

ਪਰਸ੍ਵਾਰਥ ਹਿਤ ਪ੍ਰਾਨ ਨ ਪਜਾਰੇ।
ਲਰਹੁ ਨਿਸੰਗ ਮੋਰ ਸੰਗਾਰੇ' ॥੧੯॥

ਦੋਹਰਾ:
ਭਿਰੇ ਪਰਸਪਰ ਮਿਲਿ ਤਬੈ, ਗਿਰਜੋ ਮੱਲ ਤਰ[1] ਤਾਂਹਿ।
ਪਰਸ੍ਵਾਰਥ ਕੋ ਜਾਨਿ ਕੈ, ਓਜ[1] ਲਗਾਯੋ ਨਾਂਹਿ ॥੨੦॥

[1]ਹੇਠ।
[1]ਬਲ।

ਚੌਪਈ:
ਮੱਲ ਬਲੀ ਤਰ ਗਿਰਜੋ ਲਖਾਏ।
ਨਰ ਸਭਿਹੀ ਉਰ ਮਹਿਂ ਬਿਸਮਾਏ।
ਉੱਤਮ ਬਸਤ੍ਰ ਨ੍ਰਿਪਤ ਪਹਿਰਾਏ।
ਗਿਨਿ ਕੈ ਸਹਿਸ[1] ਅਨਾਮ ਦਿਵਾਏ ॥੨੧॥

[1]ਹਜ਼ਾਰ (ਰੁਪੱਯੇ)।

ਭਯੋ ਮੱਲ ਕੇ ਹਿਰਦੇ ਗਜਾਨਾ।
ਨਾਸਜੋ ਮੋਹ ਮਨੋਜ[1] ਮਹਾਨਾ।
ਲੈ ਕੇ ਸਿੱਖ ਸਦਨ ਮਹਿਂ ਆਯੋ।
ਨਾਨਾ ਬਿਧਿਨ ਅਹਾਰ ਕਰਾਯੋ ॥੨੨॥

[1]ਮੋਹ ਜੋ ਮਨ ਵਿਚ ਬੈਠਾ ਸੀ। (ਅ) ਮੋਹ ਤੇ ਕਾਮ।

ਉੱਤਮ ਥਲ ਬਿਠਾਇ ਗੁਰ ਪੂਰੇ।
ਪੰਕਜ ਪਾਇ ਪਖਾਰੇ ਰੂਰੇ।
ਚਰਣਾਂਮ੍ਰਿਤ ਮੁਖ ਪਾਯੋ ਜਬਿ ਹੀ।
ਭਈ ਤ੍ਰਿਲੋਕੀ ਕੀ ਸੁਧ ਤਬਿ ਹੀ ॥੨੩॥
ਕ੍ਰਿਪਾ ਦ੍ਰਿਸ਼ਟਿ ਕਰਿ ਮੋਖ ਉਦਾਰਾ।
ਤਿਹਂ ਕੋ ਸਗਰੋ ਬੰਸ ਉਧਾਰਾ।
ਭਾਉ[1] ਬਿਲੋਕੇ ਭੋਜਨ ਪਾਯੋ।
ਜਿਸ ਪ੍ਰਭੁ ਕੋ ਜਸੁ ਦਸ ਦਿਸ਼ਿ ਛਾਯੋ ॥੨੪॥

[1]ਪ੍ਰੇਮ।

ਸੋ ਰਜਨੀ ਬਸਿ ਕਰਿ ਤਿਹ ਧਾਮੂ।
ਕੀਨ ਗਮਨ ਪਹੁੰਚੇ ਇਕ ਗ੍ਰਾਮੂ।

{ਲਾਲਾ ਗੋਲਾ ਵਾਲਾ ਪ੍ਰਸੰਗ}

ਤਿਸ ਮਹਿਂ ਰਹੈ ਸਿੱਖ ਧਨ ਹੀਨਾ।
ਆਇ ਤਬੈ ਤਿਨ ਦਰਸ਼ਨ ਕੀਨਾ ॥੨੫॥
ਬੰਦਨ ਕਰਿ ਕੈ ਬਿਨੈ ਉਚਾਰੀ।

'ਉਠਿ ਕਰਿ ਚਲੀਏ ਸਦਨ ਮਝਾਰੀ।
ਚਰਨ ਪਰੇ ਤੇ ਪਾਵਨ ਹ੍ਵੈ ਹੈ।
ਬਚਨ ਸੁਨੇ ਤੇ ਕਲੁਖ[1] ਕਟੈ ਹੈਂ' ॥੨੬॥ [1]ਪਾਪ।
ਭਾਉ ਬਿਲੋਕਿ ਕਰਮ ਮਨ ਬਾਨੀ[1]। [1]ਕਰਨੀ ਮਨ ਤੇ ਬਾਣੀ ਤੋਂ।
ਗਮਨੇ ਤਿਹ ਨਿਕੇਤ ਗੁਨਖਾਨੀ।
ਸਿਖ ਕੇ ਇਕ ਸੁਤ ਇਕ ਘਰ ਨਾਰੀ।
ਗ੍ਰਸਜੋ ਹੁਤੋ[1] ਦਾਰਿਦ ਮਹਿਂ[2] ਭਾਰੀ ॥੨੭॥ [1]ਫਸਿਆ ਹੋਇਆ ਸੀ। [2]ਗ਼ੀਬੀ ਵਿਚ।
ਏਕ ਸਮੇਂ ਭੋਜਨ ਕਰਿ ਆਵਹਿ।
ਦੁਤਿਯ ਕਾਲ ਯੁਤਿ ਭੂਖ[1] ਬਿਤਾਵਹਿ। [1]ਭੁਖ ਸਹਤ।
ਏਕ ਬਾਰ ਭੋਜਨ ਕਰਿ ਖ੍ਵਾਯੋ।
ਦਿਵਸ ਦੂਸਰੇ ਹਾਥ ਨ ਆਯੋ ॥੨੮॥

ਦੋਹਰਾ:
ਸੌਂਜ ਅਲਪ ਸੀ[1] ਘਰ ਹੁਤੀ, ਬੇਚੀ ਜਾਇ ਬਜਾਰ। [1]ਥੋੜੀ ਜਿਹੀ।
ਆਨਿ[1] ਅੰਨ ਭੋਜਨ ਕਰਜੋ, ਬਹੁਰ[2] ਨ ਕਛੂ ਅਹਾਰ[3] ॥੨੯॥ [1]ਲਿਆਕੇ। [2]ਫਿਰ। [3]ਭੋਜਨ (ਵਾਸਤੇ) ਕੁਛ ਨਹੀਂ ਸੀ।

ਚੌਪਈ:
ਅਗਲੇ ਦਿਵਸ ਸੀਸ ਕੇ ਬਾਰਾ[1]†। [1]ਵਾਲ।

†ਇਹ ਸਾਖੀ ਬਾ: ਵਾ: ਸਾਖੀ ਵਿਚੋਂ ਹੈ, ਓਥੇ ਲਿਖਿਆ ਹੈ-ਇਸ ਸਿਖ ਨੇ ਅਜੇ ਪਾਹੁਲ ਨਹੀਂ ਸੀ ਲਈ। ਪੁਰਾਤਨ ਜਨਮਸਾਖੀ, ਮਹਿਮਾ ਪ੍ਰਕਾਸ਼ ਵਿਚ ਇਹ ਸਾਖੀ ਨਹੀਂ ਹੈ। ਜਾਪਦਾ ਹੈ ਕਿ ਵਿਗਾੜਨ ਵਾਲੇ ਸਾਖੀਕਾਰ ਦੀਆਂ ਸਾਖੀਆਂ ਵਿਚੋਂ ਹੈ, ਇਸ ਸਾਖੀ ਦਾ ਆਧਾਰ ਇਕ ਸ਼ਬਦ ਤੇ ਰਖਿਆ ਹੈ, ਜੋ ਅੱਗੇ ਹੈ।

ਸੋ ਉਤਰਾਇ ਦਾਮ[1] ਕਰਿ ਤਜਾਰਾ। [1]ਰਸੀ।
ਬੇਚਿ ਸੁ ਅੰਨ ਆਨਿ ਦਿਯ ਨਾਰੀ।
ਕਹਿ ਅਹਾਰ ਕਰਿ ਤੂਰਨ ਤਜਾਰੀ ॥੩੦॥
ਜਲ ਸੁਚ ਆਨ ਲੀਪ ਕਰਿ ਥਾਈਂ।
ਪੁਨ ਸਮਧਾ[1] ਲੇ ਅਗਨਿ ਜਰਾਈ। [1]ਬਾਲਣ।
ਕਾਰਜ ਕਿਸ ਕੋ ਉਠਿ ਕਰਿ ਗਈ।
ਬਾਰਿਕ ਤਹਾਂ ਬਿਠਾਵਤ ਭਈ ॥੩੧॥
ਪੀਛੇ ਤੇ ਸੋ ਸਿਸ ਗਿਰ ਪਰਾ।
ਅਗਨਿ ਬਿਖੈ ਸਾਰੋ ਤਨ ਜਰਾ।
ਆਨਿ ਅੰਗਨਾ ਪਿਖਜੋ ਕੁਸੁਤਾ।

ਜਰਿ ਕੈ ਪਰਜੋ ਮ੍ਰਿਤਕ ਹ੍ਵੈ ਪੂਤਾ ॥੩੨॥
ਤੂਸ਼ਨਿ ਰਹੀ ਰਿਦੈ ਅਸ ਜਾਨਾ।
-ਸੁਨੈ ਨ ਸੰਤ ਬਾਤ ਇਹ ਕਾਨਾ।
ਜਾਇਂ ਖੁਧਿਤ[1] ਸੋ ਬਿਨਾ ਅਹਾਰਾ। — [1]ਭੁੱਖੇ।
ਦੋਸ਼ ਲਗਹਿ ਹਮਰੇ ਸਿਰ ਭਾਰਾ- ॥੩੩॥
ਸੁਤ ਸੋ ਬਸਤ੍ਰ ਲਪੇਟ ਬਨਾਇ।
ਘਰ ਅੰਦਰ ਆਈ ਪੌਢਾਇ[1]। — [1]ਲੰਮਾ ਪਾਇ ਆਈ।
ਨਿਜ ਪਤਿ ਪਾਸ ਨ ਬਾਤ ਬਖਾਨੀ।
ਭੋਜਨ ਕੀਨੋ ਪਰਮ ਸਿਆਨੀ ॥੩੪॥
ਸ਼੍ਰੀ ਨਾਨਕ ਕੋ ਬਹੁਰ ਬੁਲਾਇ।
ਬੈਠਾਰੇ ਜੁ ਹੁਤੀ ਸੁਚਿ[1] ਥਾਇ। — [1]ਪਵਿੱਤ੍ਰ।
ਜਬਿ ਹੀ ਧਰਾ ਅਹਾਰ ਅਗਾਰੀ।
ਤਬਿ ਹੀ ਸ਼੍ਰੀ ਗੁਰ ਗਿਰਾ ਉਚਾਰੀ ॥੩੫॥
'ਸੁੰਦਰ ਬਾਰਿਕ ਹੁਤੋ ਤੁਮਾਰੋ।
ਅਬ ਨਹਿਂ ਪਿਖਿਯਤਿ ਸਦਨ ਮਝਾਰੋ।'
ਕਹੈ ਤੀਯ 'ਸੋਯੋ ਘਰ ਮਾਂਹੀ।
ਖਿਲਿਤਿ ਅਲਸ[1] ਭਾ ਜਾਗਤਿ ਨਾਂਹੀ' ॥੩੬॥ — [1]ਖੇਡਦਾ ਹੋਇਆ ਆਲਸ ਵਿਚ ਆ ਗਿਆ ਹੈ ਭਾਵ ਸੌਂ ਗਿਆ ਹੈ।
'ਸੁਨਿ ਸੁਮਤੇ[1]! ਸ਼ਿਸ਼ੁ ਲੇਹੁ ਜਗਾਈ। — [1]ਸੁਣ ਹੇ ਸ੍ਰੇਸ਼ਟ ਬੁਧੀ ਵਾਲੀ।
ਆਨਹਿਂ ਨਿਕਟ ਤ ਭੋਜਨ ਖਾਈ।'
ਤਬਿ ਨਾਰੀ ਤੂਸ਼ਨਿ ਹ੍ਵੈ ਰਹੀ।
ਤਿਹ ਪ੍ਰਤਿ ਬਹੁਰੋ ਸਤਿਗੁਰ ਕਹੀ ॥੩੭॥
'ਬਾਰਿਕ ਨਾਮ ਕਹੋ ਕਸਾ ਰਾਖਾ?'
'ਲਾਲਾ ਅਹੈ' ਸਿੱਖ ਨੈ ਭਾਖਾ।
ਸੁਨਿ ਕੈ[1] ਸ਼੍ਰੀ ਪ੍ਰਭੁ ਤਿਸਹਿ ਹਕਾਰਾ[2]। — [1]ਨਾਮ ਬੱਚੇ ਦਾ) ਸੁਣਕੇ। [2]ਬੱਚੇ ਨੂੰ) ਬੁਲਾਇਆ।
'ਆਵਹੁ ਲਾਲਾ! ਕਰਹੁ ਅਹਾਰਾ' ॥੩੮॥
ਜੀਵਜੋ ਸਿਸ ਸੋ ਗੁਰੁ ਅਲਾਵਾ[1]। — [1]ਜਦੋਂ) ਗੁਰੂ ਜੀ ਬੁਲਾਇਆ (ਤਦੋਂ) ਓਹ ਬਾਲਕ ਜੀਉ ਪਿਆ।
ਪਗ ਸੋਂ ਚਲਤਿ ਸਮੀਪ ਸੁ ਆਵਾ।

ਨਿਜ ਕਰ ਸੋਂ ਗੁਰ ਦੀਨ ਅਹਾਰਾ।
ਖਾਤ, ਮਾਤ[1] ਭਾ ਹਰਖ ਅਪਾਰਾ ॥੩੯॥ [1]ਭੋਜਨ) ਖਾਂਦਾ (ਦੇਖ ਕੇ) ਮਾਂ ਨੂੰ।
ਨਿਜ ਪਤਿ ਸੋਂ ਸੁਨਾਇ ਤਿਹ ਕਾਲਾ।
ਹਿਰਦੇ ਸ਼ਰਧਾ ਬਧੀ ਬਿਸਾਲਾ।
ਦੰਪਤਿ ਮਿਲਿ ਤਬਿ ਬੰਦਨ ਕੀਨੋ।
-ਮਹਾਂ ਪੁਰਖੁ ਪੂਰਨ- ਮਨ ਚੀਨੋ
॥੪੦॥
ਅਗਲੇ ਦਿਵਸ ਅੰਨ ਘਰ ਨਾਂਹੀ।
ਭੀ ਚਿੰਤਾ ਅਤਿਸ਼ੈ ਮਨ ਮਾਂਹੀ।
ਸੋ ਸਿਸ ਬੇਚਨ ਚਲੇ ਬਜ਼ਾਰੇ।
ਬੂਝਜੋ ਪ੍ਰਭੁ ਸੋ ਜਾਤਿ ਨਿਹਾਰੇ ॥੪੧॥
'ਕਹਾਂ ਚਲੇ ਬਾਰਿਕ ਸੰਗ ਲੀਨਾ?
ਕੋ ਕਾਰਜ ਹੈ ਏਸ ਅਧੀਨਾ?'
ਸਿੱਖ ਭਨਜੋ 'ਤੁਮ ਅੰਤਰਜਾਮੀ।
ਹਮ ਕੋ ਕਜਾ ਬੂਝਤਿ ਹੈ ਸ੍ਵਾਮੀ!' ॥੪੨॥
ਸੋ ਬਾਰਿਕ ਪ੍ਰਭੁ ਨਿਕਟਿ ਹਕਾਰਾ।
ਬਾਂਹਿ ਪਕਰਿ ਕੈ ਬਚਨ ਉਚਾਰਾ।
'ਮਾਤ ਪਿਤਾ ਲੇ ਅਬਿ ਤੁਝ ਜਾਂਹੀ।
ਬੇਚਹਿੰਗੇ ਬਜਾਰ ਕੇ ਮਾਂਹੀ ॥੪੩॥
ਨਿਜ ਖ਼ਾਵੰਦ ਕੀ ਸੇਵਾ ਕਰਿ ਹੈਂ।
ਚੱਕੀ ਪੀਸੈਂ ਪਾਨੀ ਭਰਿ ਹੈਂ।
ਬਿੰਜਨ[1] ਫੇਰਹਿ ਕਰ ਪਗ ਚਾਂਪੀ[2]। [1]ਪੱਖਾ। [2]ਮੁੱਠੀ ਭਰਨੀ।
ਆਇਸੁ ਮੋਰਹਿਂ ਨਹੀਂ ਕਦਾਪੀ[1]' ॥੪੪॥ [1]ਕਦੇ ਬੀ।
ਹਾਥ ਬੰਦਿ ਸਿਸ ਗਿਰਾ ਉਚਾਰੀ।
'ਰਹੋਂ ਖਸਮ ਆਇਸੁ ਅਨੁਸਾਰੀ।'
ਤਿਹ ਛਿਨ ਸੁਨਿ ਕੈ ਕ੍ਰਿਪਾ ਨਿਧਾਨਾ।
ਸ਼੍ਰੀ ਮੁਖ ਤੇ ਇਕ ਸ਼ਬਦ ਬਖਾਨਾ ॥੪੫॥

ਸ੍ਰੀ ਮੁਖਵਾਕ ॥
ਮਾਰੂ ਮਹਲਾ ੧ ॥
ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥

ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥

ਚੌਪਈ:

ਅਸ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਦੇਖੀ।
ਭਵ ਅਪਦਾ ਸਭਿ ਹਰੀ[1] ਬਿਸ਼ੇਖੀ।
ਅਪਨੇ ਅੰਗ ਸੰਗ ਤਿਹ ਲਾਇ।
ਨਉ ਨਿਧਿ ਦਈ ਸਦਨ ਮਹਿਂ ਪਾਇ ॥੪੬॥
ਚਤਰ ਪਦਾਰਥ ਛਿਨ ਮਹਿਂ ਦੀਨੇ।
ਜੀਵਨ ਮੁਕਤਿ ਸੁ ਤੀਨੋ ਕੀਨੇ।
ਇਸ ਪ੍ਰਕਾਰ ਕਰਿ ਤਿਨਹਿਂ ਨਿਹਾਲਾ।
ਬਹੁਰੋ ਗਮਨੇ ਪ੍ਰਭੁ ਕ੍ਰਿਪਾਲਾ ॥੪੭॥
ਅਪਰ ਗ੍ਰਾਮ ਮਹਿਂ ਬੈਠੇ ਜਾਈ।
ਹੁਤੋ ਸਿੱਖ ਇਕ ਤਹਾਂ ਬਸਾਈ।

{ਸੰਤਾਂ ਦੇ ਦਰਸ਼ਨ ਅਤੇ ਸੰਗਤ ਦਾ ਫਲ}

ਜਾਇ ਜੁ ਸੰਤ ਤਾਂਹਿ ਘਰਿ ਕੋਈ।
ਹਿਤ ਧਰਿ ਸੇਵਾ ਕਰਿ ਹੈ ਸੋਈ ॥੪੮॥
ਪੁਨ ਸੋ ਕਰਿ ਹੈ ਪ੍ਰਸ਼ਨ ਬਨਾਈ।
'ਸਾਧ ਮਿਲੇ ਫਲ ਦੇਹੁ ਬਤਾਈ।'
ਤਿਸ ਕੀ ਮਨਸ਼ਾ ਪੂਰਨ ਕਾਜਾ।
ਗਮਨੇ ਸਦਨ ਗਰੀਬ ਨਿਵਾਜਾ ॥੪੯॥
ਸਾਦਰ ਬੰਦੇ ਪਰ ਅਰਬਿੰਦਾ।
ਬੈਠਾਰੇ ਕਰਿ ਰਿਦੇ ਅਨੰਦਾ।
ਅਧਿਕ ਭਾਉ ਸੋਂ ਸੇਵਾ ਕੀਨੀ।
ਪ੍ਰੇਮ ਭਗਤਿ ਮਹਿਂ ਮਤਿ ਜਿਹ ਭੀਨੀ ॥੫੦॥
ਪੁਨ ਬੂਝਨ ਲਾਗਯੋ ਤਿਸੁ ਭਾਇ[1]।
'ਸਾਧ ਮਿਲੇ ਫਲ ਦੇਹੁ ਬਤਾਇ।
ਬਹੁਤਨ ਸੰਗ ਪ੍ਰਸ਼ਨ ਮੈਂ ਕੀਨੋ।

[1]ਸੰਸਾਰ ਦੇ ਸੰਕਟ ਸਭ ਨਾਸ਼ ਕਰ ਦਿੱਤੇ।

[1]ਤਿਸ ਤਰ੍ਹਾਂ, ਉਸੇ ਤਰ੍ਹਾਂ।

ਮੋ ਕੋ ਕਿਨਹੁਂ ਨ ਉੱਤਰ ਦੀਨੋ ॥੫੧॥

ਦੋਹਰਾ:

ਕਹੈਂ ਬਨਾਇ ਅਨੇਕ ਬਿਧਿ,
ਮੇਰੀ ਨਿਸ਼ਾ[1] ਨ ਹੋਇ। [1]ਤਸੱਲੀ।
ਪੂਰਨ ਸਤਿਗੁਰ ਆਪ ਹੋ,
ਉੱਤਰ ਦੀਜੈ ਸੋਇ[1†]' ॥੫੨॥ [1]ਸੋ ਦਾ ਭਾਵ ਹੈ-ਪੂਰਾ ਉੱਤਰ, ਜਿਹੇ ਤੁਸੀਂ ਪੂਰਨ ਹੋ ਉਜੇਹਾ ਪੂਰਾ ਉੱਤਰ ਦਿਓ। [†]ਪਾ:-ਕੋਇ।

ਚੌਪਈ:

ਕਰੁਨਾ ਨਿਧਿ ਇਉਂ ਬਚਨਿ ਉਚਾਰਾ।
'ਜਾਵਹੁ ਬਡੀ ਉਜਾਰ ਮਝਾਰਾ।
ਤਹਾਂ ਤਰੋਵਰ ਏਕ ਸੁਹਾਇ।
ਵਾਹਿਗੁਰ ਕਹਿ ਬੈਠਹੁ ਜਾਇ ॥੫੩॥
ਤਿਹਿ ਤੇ ਨਿਸ਼ਾ ਹੋਇ ਹੈ ਤੇਰੀ।'
ਸੁਨਿ ਕੈ ਗਯੋ ਉਜਾਰ ਸੁ ਹੇਰੀ।
ਪਾਯੋ ਬਿਰਖ ਬਤਾਯੋ ਜਹਿਂਵਾ।
'ਵਾਹਿਗੁਰੂ' ਕਹਿ ਬੈਠਯੋ ਤਹਿਂਵਾ ॥੫੪॥
ਤਰੁ ਪਰ[1] ਦੇਖੇ ਬਾਇਸ[2] ਦੋਊ। [1]ਬ੍ਰਿੱਛ ਉੱਪਰ। [2]ਕਾਂ।
ਦਰਸ਼ਨ ਕਰਿ ਇਸੁ ਭੇ ਬਕ[1] ਸੋਊ। [1]ਬਗਲੇ ਹੋ ਗਏ।
ਕਿਤਿਕ ਬੇਰਿ ਬੈਠਯੋ ਹਟਿ[1] ਆਯੋ। [1]ਮੁੜ।
ਸ੍ਰੀ ਗੁਰ ਸੋਂ ਅਸ ਬੈਨ ਅਲਾਯੋ ॥੫੫॥
'ਜਹਿਂ ਤੁਮ ਭੇਜਯੋ ਤਹਾਂ ਸਿਧਾਯੋ।
ਕੋਇ ਨ ਮਿਲਯੋ ਨ ਉੱਤਰ ਪਾਯੋ।'
ਪ੍ਰਭੁ ਭਾਖਯੋ 'ਪਰਭਾਤ ਬਹੋਰੀ।
ਉੱਤਰ ਲੇਹੁ ਜਾਇ ਤਿਸ ਠੌਰੀ' ॥੫੬॥
ਆਇਸੁ ਪਾਇ ਗਯੋ ਤਿਹ ਕਾਲਾ।
ਬਕ[1] ਦਰਸ਼ਨ ਕਰਿ ਭਏ ਮਰਾਲਾ[2]। [1]ਬਗਲੇ। [2]ਹੰਸ ਹੋ ਗਏ।
ਦੇਖਿ ਤਹਾਂ ਹਟਿ ਕਰਿ ਪੁਨ ਆਵਾ।
ਬੈਠਿ ਸਮੀਪ ਬ੍ਰਿਤੰਤ ਸੁਨਾਵਾ ॥੫੭॥
'ਪੂਰਬ ਦਿਨ ਬਾਇਸ ਬਕ ਹੋਏ।
ਆਜ ਮਰਾਲ ਪਿਖੇ ਮੈ ਦੋਏ।
ਕਿਨ ਉੱਤਰ ਦੇ ਨਿਸ਼ਾ ਨ ਕੀਨੀ।
ਸੰਸੇ ਮਹਿਂ ਮਮ ਮਤਿ ਰਹਿ ਭੀਨੀ[1]' ॥੫੮॥ [1]ਭਾਵ ਸੰਸਾ ਦੂਰ ਨਹੀਂ ਹੋਇਆ।

ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ।
'ਪੁਨ ਇਸ ਬਾਰ ਜਾਹੁ ਤਿਂਹ ਥਾਈਂ।
ਉੱਤਰ ਪਾਇਂ, ਜਾਇ ਤਵ ਸੰਸਾ।
ਜਹਾਂ ਬਰਾਜਤਿ ਹੈਂ ਸੇ ਹੰਸਾ' ॥੫੯॥
ਗਮਨਜੋ ਉਠਿ ਪਰਭਾਤ ਬਹੋਰੀ।
ਹੰਸਨ ਦੇਖਜੋ ਜਬਿ ਇਸ ਓਰੀ।
ਸੋ ਮਾਨੁਖ ਤਨ ਤੂਰਨ ਹੋਏ।
ਬੈਠੇ ਤਰੁਵਰ ਕੇ ਤਰ ਦੋਏ ॥੬੦॥
ਜਾਇ ਨਿਕਟਿ ਕਹਿ 'ਪੈਰੀ ਪਾਨਾ[1]।' — [1]ਪੈਰੀ ਪੈਣਾਂ।
ਬੈਠਜੋ ਤਿਹਂ ਸੋਂ ਬਚਨ ਬਖਾਨਾ।
'ਸਾਧ ਮਿਲੇ ਕੋ ਫਲ ਕਜਾ ਹੋਈ?
ਮੋਹਿ ਬਤਾਇ ਦੀਜੀਐ ਸੋਈ' ॥੬੧॥
ਸੁਨਤਿ ਸ਼੍ਰੋਨ ਤਿਨ ਬਚਨ ਉਚਾਰੇ।
'ਅਬ ਲੌਂ ਮਨ ਨਹਿਂ ਨਿਸ਼ਾ ਤੁਮਾਰੇ।
ਪੂਰਬ ਬਾਇਸ ਦੇਹ ਹਮਾਰਾ।
ਬਕ ਹੋਏ ਤਵ ਦਰਸ ਨਿਹਾਰਾ ॥੬੨॥
ਤੁਮ ਕਰੁਣਾ ਪੁਨ ਭਏ ਮਰਾਲਾ[1]। — [1]ਹੰਸ।
ਦੇਇ ਦਰਸ ਤੁਮ ਕਰੇ ਨਿਹਾਲਾ।
ਪੁਨ ਆਯੋ ਹੋਏ ਨਰੁ ਨਾਰੀ[1]। — [1]ਫੇਰ ਤੂੰ ਆਇਆ ਹੈਂ ਤਾਂ ਹੋਏ ਹਾਂ ਮਰਦ ਤ੍ਰੀਮਤ।
ਸਾਧ ਮਿਲੇ ਫਲ ਲੇਹੁ ਬਿਚਾਰੀ[1] ॥੬੩॥ — [1](ਇਹ) ਸਾਧ ਮਿਲੇ ਦਾ ਹੀ ਫਲ ਹੈ ਵਿਚਾਰ ਲਓ।
ਧੰਨ ਧੰਨ ਹੈ ਸਤਿਗੁਰ ਤੇਰੇ।
ਹੋਇਂ ਪਤਿਤ ਪਾਵਨ ਜਿਨ ਹੇਰੇ[1]। — [1]ਹੁੰਦੇ ਹਨ ਪਾਪੀ ਪਵਿੱਤਰ ਜਿਨਾਂ ਨੂੰ ਦੇਖ ਕੇ।
ਤਿਨ ਕੋ ਦਰਸ਼ਨ ਹਮਹਿਂ ਕਰਾਵਹੁ।
ਮਹਾਂ ਮੋਹ ਕੋ ਭਰਮ ਮਿਟਾਵਹੁ' ॥੬੪॥

ਦੋਹਰਾ:

ਹਰਖਤਿ ਹ੍ਵੈ ਤਿਨ ਸੰਗਿ ਲੇ, ਚਲਿ ਆਏ ਗੁਰ ਪਾਸ।
ਹੁਇ ਅਧੀਨ ਬੰਦਨ ਕਰੈਂ, ਕਟੀ ਮੋਹ ਕੀ ਫਾਸ ॥੬੫॥

ਚੌਪਈ:

ਸ਼੍ਰੀ ਗੁਰ ਭਨਜੋ 'ਨਿਸ਼ਾ ਤਵ ਹੋਈ?'
ਕੀਨ ਬਿਨੈ ਬੰਦੇ ਕਰ ਦੋਈ।

'ਕਰਤਾ ਪੁਰਖ ਮਿਲੈ ਜਬਿ ਆਇ।
ਕਿਉਂ ਨ ਨਿਸ਼ਾ ਹੋਵਹਿ ਮਨ ਭਾਇ[1]' [1]ਮਨ ਇੱਛਤ।
॥੬੬॥
ਸੁਨਿ ਕੈ ਪ੍ਰਭੁ ਕ੍ਰਿਪਾਲ ਤਿਹ ਕਾਲਾ।
ਬੋਲੇ ਬਚਨ ਪ੍ਰਸੀਦ ਬਿਸਾਲਾ।
'ਜਨਮ ਮਰਨ ਕੇ ਬੰਧਨ ਤੇਰੇ।
ਸੰਤ ਸੇਵ ਨਾਸ਼ੇ ਇਕ ਬੇਰੇ ॥੬੭॥
ਪਰਾਲਬਧ ਸੋਂ ਭੋਗਨ ਭੋਗ।
ਬਹੁਰੋ ਪ੍ਰਾਪਤਿ ਹ੍ਵੈ ਹਰਿ ਲੋਗ।'
ਅਸ ਬਰ ਦੇ ਕਰਿ ਕੀਨ ਪਯਾਨਾ।
ਕਲੁਖ[1] ਮਿਟਹਿਂ ਜਿਹ ਕਰਤਿ ਧਿਆਨਾ [1]ਪਾਪ।
॥੬੮॥
ਸ਼੍ਰੀ ਕਰਤਾਰਪੁਰੇ ਪੁਨ ਆਏ।
ਮਿਲਿ ਕੈ ਸਭਿ ਸੇਵਕ ਹਰਖਾਏ।
ਰਹੇ ਤਹਾਂ ਪੁਨ ਗਮਨੇ ਨਾਂਹੀ।
ਕਰਹਿਂ ਦਰਸੁ ਨਰੁ ਕਲੁਖ ਨਸਾਹੀਂ
॥੬੯॥
ਇਤਿ ਸ਼੍ਰੀ ਗੁਰ ਨਾਨਕ ਗ੍ਰੰਥੇ ਉਤਰਾਰ੍ਧੇ 'ਸਿੱਖਨ ਭਾਉ ਦੇਖਨ' ਪ੍ਰਸੰਗ ਬਰਨਨੰ ਨਾਮ ਚੁਤਾਲੀਸਮੋਂ ਅਧਯਾਯ ॥੪੪॥

## ੪੫. [ਗੁਰਬਾਣੀ ਮਹਾਤਮ। ਸੈਦੋ ਘੇਉ, ਸਿੱਖੀ, ਅਤੀਤਤਾਈ, ਗ੍ਰਹਸਤ ਧਰਮ]

੪੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੬

{ਸੈਦੋ ਘੇਉ} ॥੫..॥
{ਵਰਣ ਗੁਰੂ ਜੀ ਦੀ ਸੇਵਾ ਵਿੱਚ} ॥੧੧॥
{ਸਿੱਖ, ਵਿਰਕਤ ਤੇ ਗ੍ਰਿਹਿਸਥੀ ਕੈਸਾ ਹੋਵੇ?} ॥੨੨..॥

ਦੋਹਰਾ:

ਨਮਹਿਂ ਨਮਹਿਂ ਪੁਨਿ ਪੁਨਿ ਨਮਹਿਂ, ਸਤਿਗੁਰ ਬਚਨ ਅਨੂਪ।
ਜਿਨ ਕੇ ਸੁਨਿਤਜੋ ਤਜਿ ਕਸ਼ਟ, ਜਾਨਹਿਂ ਸਹਿਜ ਸਰੂਪ ॥੧॥

ਅਰਥ:

ਸ਼੍ਰੀ ਸਤਿਗੁਰੂ ਜੀ ਦੇ ਅਨੁਪਮ ਬਚਨਾਂ ਨੂੰ ਮੇਰੀ ਨਮਸਕਾਰ ਹੋਵੇ, ਨਮਸਕਾਰ ਹੋਵੇ, ਫਿਰ ਫਿਰ ਨਮਸਕਾਰ ਹੋਵੇ ਕਿ ਜਿਨ੍ਹਾਂ ਦੇ ਸੁਣਦਿਆਂ ਸਾਰੇ ਕਸ਼ਟ ਛਡ ਜਾਂਦੇ ਹਨ ਤੇ ਸਹਿਜ ਸਰੂਪ ਜਾਣਿਆਂ ਜਾਂਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ:

ਸ਼੍ਰੀ ਅੰਗਦ! ਸੁਨਿ ਕਥਾ ਅਗਾਰੀ।
ਜੋ ਸਭਿ ਸ਼੍ਰੋਤਨ ਕੋ ਸੁਖਕਾਰੀ।
ਪੁਰਿ ਕਰਤਾਰ ਵਿਖੈ ਤਬ ਆਏ।
ਬਹੁਰ ਨ ਕਿਤ ਦਿਸ਼ ਵਹਿਰ ਸਿਧਾਏ ॥੨॥
ਸਵਾਜਾਮ ਨਿਸ ਰਹੇ ਸਦਾਈ।
ਜਾਗਹਿਂ ਵਹੁਰ ਵਹਿਰ ਕੋ ਜਾਈਂ।
ਐਰਾਵਤੀ[1] ਬਿਖੈ ਇਸ਼ਨਾਨਾ। [1]ਰਾਵੀ।
ਕਰਿ ਬੈਠਹਿਂ ਤਟ[1] ਲਾਇ ਧਿਆਨਾ ॥੩॥ [1]ਕੰਢੇ।
ਚਤੁਰ ਘਟੀ ਨਿਸ ਤੇ ਪੁਨ ਆਈ।
ਬੈਠਹਿਂ ਧਰਮਸਾਲ ਸੁਖਦਾਈ।
ਹੋਤਿ ਕੀਰਤਨ ਸ਼੍ਰੀ ਸਤਿਨਾਮੁ।
ਸੁਨਤਿ ਪ੍ਰੇਮ ਉਪਜੈ ਅਭਿਰਾਮੁ ॥੪॥
ਸੈਦੋ ਘਿਉ ਇਕ ਸੰਗਤਿ ਮਾਂਹੀ।
{ਸੈਦੋ ਘੇਉ}
ਦਿਢ ਸ਼ਰਧਾ ਜਿਹਕੇ ਉਰ ਮਾਂਹੀ।
ਪਿਖਿ ਬ੍ਰਿਤੰਤ ਗੁਰ ਕੋ ਸੋ ਭਰਮਾ।
ਲਖਿ ਨਹਿਂ ਸਕਜੋ ਗੂਢ ਜੋ ਮਰਮਾ[1] ॥੫॥ [1]ਗੁੱਝੇ ਭੇਦ ਨੂੰ।

ਇਸ ਬਿਧਿ ਜਾਨੀ ਤਿਨ ਮਨ ਮਾਂਹੀ।
-ਨਿਸ ਮਹਿਂ ਸ਼੍ਰੀ ਗੁਰ ਸਰਿਤਾ[1] ਜਾਂਹੀ। [1]ਨਦੀ ਤੇ।
ਤਹਾਂ ਬੈਠਿ ਜਲਪਤਿ[1] ਕੋ ਸੇਵਹਿਂ। [1]ਵਰਣ ਦੇਵਤਾ।
ਮਨ ਬਾਂਛਤ ਜਾਚਹਿਂ[1] ਸੋ ਲੇਵਹਿਂ ॥੬॥ [1]ਜੋ ਮੰਗਦੇ ਹਨ।
ਕਰੀ ਬਰੁਨ[1] ਕੀ ਸੇਵ ਘਨੇਰੀ। [1]ਵਰਣ ਦੇਵਤਾ।
ਯਾਂ ਤੇ ਅਜ਼ਮਤ ਬਧੀ ਬਧੇਰੀ।
ਕਲਾ ਬਿਸ਼ਾਲ ਤਾਂਹਿ ਤੇ ਪਾਈ।
ਸਭਿ ਜਗ ਕੀ ਲੀਨੀ ਗੁਰਿਆਈ ॥੭॥
ਮੈਂ ਅਬਿ ਸੇਵ ਕਰੋਂ ਬਹੁ ਤਾਂਹੀ[1]। [1]ਉਸ (ਵਰਣ) ਦੀ।
ਪ੍ਰਾਪਤਿ ਹੋਇ[1] ਕਲਾ ਮੁਝ ਮਾਂਹੀ-। [1]ਤਾਂ ਜੋ) ਪ੍ਰਾਪਤ ਹੋਵੇ।
ਇਸ ਪ੍ਰਕਾਰ ਉਰ ਮੈਂ ਠਹਿਰਾਈ।
ਬੀਤੀ ਨਿਸ ਜਬ ਪਹਿਰ ਅਢਾਈ ॥੮॥
ਤਬਿ ਸੋ ਗਮਨਜੋ ਸਰਿਤਾ ਤੀਰੰ।
ਮਿਲਜੋ ਪੰਥ[1] ਇਕ ਮਨੁਖ ਸਰੀਰੰ। [1]ਰਾਹ ਵਿਚ।
ਤਿਸਕੇ ਹਾਥ ਬਿਖੈ ਇਕ ਮੀਨਾ।
ਦੇਖਤਿ ਸੈਦੋ ਬੂਝਨ ਕੀਨਾ ॥੯॥
'ਕੌਨ ਅਹੈਂ, ਤੂੰ ਕਿਤ ਕੋ ਜਾਹੀਂ?
ਨਿਸ ਮਹਿਂ, ਤਸਕਰ[1] ਕੈ ਸਿਖ ਆਹੀ[2]?' [1]ਚੋਰ। [2]ਹੈਂ।
ਸੁਨਿ ਕੈ ਉੱਤਰ ਦੀਨੋ ਤਾਂਹੀ।
'ਮੁਝ ਕੋ ਤਸਕਰ ਲਖਿਯੋ ਨਾਂਹੀ ॥੧੦॥
ਸਗਰੀ ਸਰਿਤਾ ਕੋ ਪਤਿ ਜਾਨਹੁ।
ਨਾਮ ਬਰੁਨ ਮੇਰੋ ਪਹਿਚਾਨਹੁ।
{ਵਰਣ ਗੁਰੂ ਜੀ ਦੀ ਸੇਵਾ ਵਿੱਚ}
ਸ਼੍ਰੀ ਗੁਰ ਕੋ ਹਉਂ ਪੂਜਨ ਜਾਵਉਂ।
ਦਰਸ਼ਨ ਨਿਤਾਪ੍ਰੱਤਿ ਕਰਿ ਆਵਉਂ' ॥੧੧॥
ਸੁਨਿ ਕੈ ਸੈਦੋ ਗਿਰਾ ਉਚਾਰੀ।
'ਮੈਂ ਤੋ ਉਰ ਕਛੁ ਅਉਰ ਬਿਚਾਰੀ।
ਸ਼੍ਰੀ ਗੁਰ ਸੇਵਾ ਕਰਹਿਂ ਤੁਮਾਰੀ।
ਯਾ ਤੇ ਅਜ਼ਮਤ ਭੀ ਤਿਨ ਭਾਰੀ ॥੧੨॥
ਰਿੱਧਿ ਸਿੱਧਿ ਤੁਮ ਤੇ ਸਭਿ ਪਾਈ।
ਇਸ ਬਿਧਿ ਕੀ ਗਤਿ ਚਿਤ ਠਹਿਰਾਈ।

ਚਲਯੋ ਹੁਤੋ ਤਵ ਸੇਵਾ ਕਾਰਨ।
ਮਿਲਿ ਕੈ ਤੁਮ ਸਭਿ ਕੀਨ ਉਚਾਰਨ ॥੧੩॥
ਤੁਮ ਜੋ ਤਿਨ ਕੋ ਪੂਜਨ ਜਾਵਉ।
ਹੌਂ ਨਿਜ ਮਨ ਕੋ ਕਿਉਂ ਭਰਮਾਵਉਂ।'
ਸੁਣਿ ਕੈ ਬਰੁਨ ਭਨੀ ਪੁਨ ਬਾਨੀ[1]।
'ਸ੍ਰੀ ਨਾਨਕ ਲਖਿ ਗਨ ਗੁਨਖਾਨੀ ॥੧੪॥
ਨਰਨ ਉਧਾਰਨ ਹਿਤ ਅਵਤਾਰਾ।
ਧਰਯੋ ਦੇਹਿ ਨਿਜ ਸ੍ਰੀ ਕਰਤਾਰਾ।
ਦ੍ਰਿਢ ਸ਼ਰਧਾ ਧਰਿ ਭਰਮਹੁ ਨਾਂਹੀ।
ਚਰਨ ਕਮਲ ਸੇਵਹੁ ਤੁਮ ਤਾਂਹੀ' ॥੧੫॥
ਸੁਨਿ ਕਰਿ ਸੈਦੋ ਘਿਉ ਤਿਹ ਕਾਲਾ।
ਆਯੋ ਜਹਿਂ ਬੈਠਯੋ ਪ੍ਰਭੁ ਦਯਾਲਾ।
ਅਭਿਬੰਦਨ ਕਰਿ ਬੈਠਿ ਸਮੀਪਾ।
ਪਿਖਿ ਬੋਲੇ ਬੇਦੀ ਕੁਲਦੀਪਾ ॥੧੬॥
'ਤੂੰ ਕਿਉਂ ਆਯੋ ਨਿਸਾ ਮਝਾਰੀ।
ਆਵਤਿ ਹੁਤੋ ਹੋਤਿ ਭੁਨਸਾਰੀ[1]।'
ਨਿਜ ਬ੍ਰਿਤਾਂਤ ਤਿਨ ਸਰਬ ਬਖਾਨਾ।
'ਪ੍ਰਭੁ ਜੀ ਤੁਮਰੋ ਭੇਦ ਨ ਜਾਨਾ ॥੧੭॥
ਯਾਂ ਤੇ ਮੈ ਭਰਮਯੋ ਮਤਿ ਮੂਢਾ।
ਅਬਿ ਮੈਂ ਲਖਯੋ ਪ੍ਰਤਾਪ ਜੁ ਗੂਢਾ।'
ਸਭਿ ਬਿਧਿ ਸੁਨਿ ਕੈ ਸ੍ਰੀ ਗੁਨਖਾਨੀ।
ਉਚਰਯੋ ਸ਼ਬਦ ਮ੍ਰਿਦੁਲ ਮੁਖ ਬਾਨੀ ॥੧੮॥

[1]ਵਰਨ ਨੇ ਕਿਹਾ।

[1]ਅਗੇ) ਸਵੇਰੇ ਆਉਂਦਾ ਹੁੰਦਾ ਸੈਂ।

ਸ੍ਰੀ ਮੁਖਵਾਕ ॥
ਸਲੋਕ ਮਃ ੨ ॥
ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥ †

†ਇਹ ਸ਼ਬਦ ਦੂਸਰੇ ਪਾਤਸ਼ਾਹ ਜੀ ਦਾ ਹੈ ਏਥੇ ਪਹਿਲੀ ਪਾਤਸ਼ਾਹੀ ਜੀ ਦੇ ਮੁਖਾਰਬਿੰਦ ਤੋਂ ਆਉਣਾ ਅਸਲੀ ਨੁਸਖੇ ਦੀ ਯਾ ਕਿਸੇ ਉਤਾਰੇ ਵਾਲੇ ਦੀ ਭੁੱਲ ਪਈ ਹੈ।

ਚੌਪਈ:

ਸੁਨਿ ਬਾਨੀ ਕੋ ਸ਼ਰਧਾ ਹੋਈ।
ਸੇਵਾ ਕਰਨ ਲਗਾ ਪੁਨ ਸੋਈ।
ਗੁਰ ਕੇ ਸ਼ਬਦ ਲਿਖਹਿ ਬੀਚਾਰਹਿ।
ਸੁਨਹਿ ਪ੍ਰੇਮ ਸੋਂ ਬਹੁਰ ਉਚਾਰਹਿ† ॥੧੯॥

†ਇਹ ਸਾਖੀ ਪੁਰਾਤਣ ਜਨਮ ਸਾਖੀ ਵਿਚ ਬੀ ਹੈ। ਓਥੇ ਸੈਦੋ ਜ਼ਾਤ ਦਾ ਘਿਓ ਇਕ ਨਹੀਂ ਲਿਖਿਆ, ਪਰ 'ਸੈਦੋ ਅਤੇ ਸੀਂਹੋ ਜਾਤਿ ਘੇਹੋ ਦੋਵੇਂ ਦਰੀਆਇ ਜਾਵਨਿ' ਲਿਖਿਆ ਹੈ। ਫੇਰ ਵਰੁਣ ਦੀ ਥਾਂ ਖੋਆਜਾ ਲਿਖਿਆ ਹੈ, ਓਥੇ ਖੁਆਜੇ ਨੇ ਆਖਿਆ ਹੈ-ਮੈਂ ਖੋਆਜਾ ਹਾਂ, ਗੁਰੂ ਪਾਸਿ ਜਾਂਦਾ ਹਾਂ ਨਿਤਪ੍ਰੀਤਿ, ਇਤੁ ਸਮੈਂ ਜਾਂਦਾ ਹਾਂ ਸੇਵਾ ਕਰਣਿ। ਅਜੁ ਮਛਲੀ ਭੇਟਿ ਲੈ ਚਲਿਆ ਹਾਂ'। ਸੋ ਸਪਸ਼ਟ ਹੈ ਕਿ ਪੁਰਾਤਣ ਲਿਖਤ ਖੁਆਜੇ ਅਥਵਾ ਵਰੁਣ ਨੂੰ ਜੀ ਦਾ ਸੇਵਕ ਦੱਸਦੀ ਹੈ। ਸਿੱਖਾਂ ਨੂੰ ਖੁਆਜੇ ਯਾ ਵਰੁਣ ਦੀ ਪੂਜਾ ਕਰਨੀ ਵਿਹਤ ਨਹੀਂ ਹੈ।

ਬੈਠਹਿਂ ਨਿਤ ਸ੍ਰੀ ਗੁਰ ਧ੍ਰਮਸਾਲਾ।
ਹੋਤਿ ਕੀਰਤਨ ਪ੍ਰੇਮ ਬਿਸਾਲਾ।
ਦੇਸ਼ ਦੇਸ਼ ਤੇ ਸੁਨਿ ਜਸ ਗੁਰ ਕੋ।
ਮਾਨਵ ਅਏ ਪ੍ਰੇਮ ਕਰਿ ਉਰ ਕੋ ॥੨੦॥
ਆਇ ਸਕਾਮ[1], ਸੁ ਪੂਰਨ ਹੋਵਹਿਂ।
ਜੇ ਨਿਸ਼ਕਾਮ[1] ਗਜਾਨ ਸੁਖ ਜੋਵਹਿਂ।
ਭੀਰ ਭੂਰ ਨਿਤ ਪੁਰਿ ਕਰਤਾਰਾ।
ਹੋਵਹਿ ਦੇਗ ਬਿਸ਼ਾਲ ਅਹਾਰਾ ॥੨੧॥
ਬੈਠੇ ਹੁਤੇ ਏਕ ਨਰ ਆਯੋ।
ਬੰਦਨ ਕਰਿ ਕੈ ਬੈਨ ਅਲਾਯੋ।
'ਸਿੱਖੀ ਕਿਯੋਂ ਫਕੀਰੀ ਕਰੌਂ?

{ਸਿੱਖ, ਵਿਰਕਤ ਤੇ ਗ੍ਰਿਹਿਸਥੀ ਕੈਸਾ ਹੋਵੇ?}

ਧਰਮ ਗ੍ਰਿਹਸਤ ਕੋ ਕੈ ਉਰ ਧਰੌਂ? ॥੨੨॥
ਜਿਉਂ ਰਾਵਰ ਕੀ ਹੋਇ ਰਜਾਇ।

[1]ਸਹਤ ਕਾਮਨਾ ਦੇ।
[1]ਕਾਮਨਾ ਰਹਤ।

ਤਿਉਂ ਕਰਿ ਹੌਂ ਸ਼ੁਭ ਦੇਹੁ ਬਤਾਇ।
ਸੁਨਜੋ ਆਪ ਕੋ ਜਸ ਮੈਂ ਭਾਰੀ।
ਚਲਿ ਆਯੋ ਹਿਤ ਬੂਝਨ ਕਾਰੀ' ॥੨੩॥
ਦੋਹਰਾ:
ਬੋਲੇ ਕ੍ਰਿਪਾ ਨਿਧਾਨ ਤਬਿ,
'ਪ੍ਰਿਥਮ ਕਰਹੁ ਅਸ ਕਾਜ।
ਹਮਰੀ ਲੇ ਅਰਦਾਸ ਤੁਮ,
ਗਮਨਹੁ ਤੂਰਨ ਆਜ ॥੨੪॥
ਚੌਪਈ:
ਬਸੈ ਸਿੱਖ ਅਮਕੇ ਜੋ ਗ੍ਰਾਮੁ।
ਬੂਝਿ ਨਾਮ ਜਾਵਹੁ ਤਿਹ ਧਾਮੁ।
ਦੋ ਸੈ ਪ੍ਰਿਥਮ ਰੁਪੱਯੇ ਲੇ ਕਰਿ।
ਪਾਛੇ ਭੋਜਨ ਅਚਿਯੋ ਤਿਹ ਘਰ ॥੨੫॥
ਬਹੁਰੋ ਜਬਿ ਤੂੰ ਹਟਿ ਕਰਿ ਆਵਹਿਂ।
ਇਹ ਉੱਤਰ ਹਮ ਤਬਹਿਂ ਬਤਾਵਹਿਂ।'
ਹੁਕਮਨਾਮ ਲੇ ਕਰਿ ਵਹੁ ਆਸੁ[1]†। — [1]ਛੇਤੀ। ਸੰਸ: ਆਸ਼ੁ]। †ਪਾ:-ਅਰਦਾਸੁ।
ਸ਼ੀਘਰ ਗਯੋ ਤਾਂਹਿ ਸਿਖ ਪਾਸੁ ॥੨੬॥
ਅਤਿਸ਼ੈ ਘਰ ਤੇ ਨਿਰਧਨ[1] ਸੋਈ। — [1]ਗਰੀਬ।
ਕਬਿ ਕਬਿ ਭੋਜਨ ਪ੍ਰਾਪਤਿ ਹੋਈ।
ਏਕ ਸਿੱਖਯ, ਤਿਯ ਦੁਤਿਯ ਭਲੇਰੀ।
ਤੀਜੀ ਤਨੁਜਾ[1] ਹੈ ਤਿਨ ਕੇਰੀ ॥੨੭॥ — [1]ਧੀ।
ਹੁਕਮ ਸੁ ਨਾਮਾ ਦਿਯ ਗੁਰ ਜਬਿ ਹੀ।
ਅਧਿਕ ਪ੍ਰੇਮ ਕਰਿ ਬੰਦਹਿ[1] ਤਬਿ ਹੀ। — [1]ਸੀਸ ਨਿਵਾਇਆ।
ਸਾਦਰ ਸੋਂ ਤਿਹ[1] ਮੰਚ ਬਿਸਾਇ। — [1]ਉਸ (ਹੁਕਮਨਾਮੀਏ ਨੂੰ)।
ਚਰਨ ਪਖਾਰੇ[1] ਕਰਿ ਬਹੁ ਭਾਇ[2] ॥੨੮॥ — [1]ਚਰਨ ਧੋਤੇ। [2]ਪ੍ਰੇਮ ਨਾਲ।
ਬਹੁਰ ਕਹਜੋ 'ਭੋਜਨ ਕਰਿ ਲੀਜੈ।
ਦੂਰ ਸੁ ਸ਼੍ਰਮ ਮਾਰਗ ਕੋ ਕੀਜੈ।'
ਸਿਖ ਸੋਂ ਤਿਸ ਨੇ ਬਚਨ ਅਲਾਏ।
'ਗੁਰ ਕੋ ਹੁਕਮ ਨ ਭੋਜਨ ਖਾਏ ॥੨੯॥
ਪੂਰਬ ਸਰਬ ਦਰਬ ਕੋ ਲੇਈ।
ਪਾਛੇ ਤੇ ਘਰ ਅਸਨ ਅਚੇਈ।'

ਸੁਨਿ ਕੈ ਸਿੱਖ ਸੁ ਤੂਸ਼ਨਿ ਰਹਜੋ।
ਬਧੀ ਚਿੰਤ ਸਰਿਤਾ[1] ਮਨ ਬਹਜੋ ॥੩੦॥ — [1]ਚਿੰਤਾ ਰੂਪੀ ਨਦੀ ਵਿਚ।
-ਕਿਹ[1] ਤੇ ਦੇਉਂ ਕਰੋਂ ਕਜਾ ਕਾਜਾ? — [1]ਕਿਥੋਂ।
ਸਿੱਖੀ ਪਰਣ ਰਹੇ ਕਿਵ[1] ਆਜਾ। — [1]ਕਿਵੇਂ।
ਘਰ ਮਹਿ ਸੌਜ[1] ਨਹੀਂ ਅਸ ਕੋਈ। — [1]ਸਮੱਗਰੀ, ਸਮਾਨ।
ਬੇਚਿ ਬਜਾਰ ਦੇਉਂ ਧਨ ਜੋਈ- ॥੩੧॥

ਦੋਹਰਾ:

ਤਿਹ ਤਨੁਜਾ[1] ਕੋ ਪੰਚ ਸੈ, — [1]ਉਸ ਸਿਖ ਦੀ ਪੁੱਤ੍ਰੀ ਦੇ।
ਹੁਤੋ ਸ਼ਾਹੁ ਇਕ ਦੇਤਿ।
ਅਘ ਕੋ ਦਰਬ ਪਛਾਨਿ ਕੈ[1], — [1]ਇਸ ਮਾਇਆ (ਪੈਸੇ ਬਦਲੇ ਧੀ ਵਿਆਹੁਣ ਦੀ ਮਾਇਆ) ਨੂੰ ਪਾਪ ਦੀ ਸਮਝ ਕੇ।
ਸਿੱਖ ਨ ਪੂਰਬ ਲੇਤਿ[1] ॥੩੨॥ — [1]ਪਹਿਲੋਂ ਨਹੀਂ ਸੀ ਲੈਂਦਾ।

ਚੌਪਈ:

ਦ੍ਵੈ ਘਟਿਕਾ ਬੀਤੀ ਜਬਿ ਬੈਸੇ।
ਤਿਹ ਅੰਗਨਾ[1] ਬੋਲੀ ਤਬਿ ਐਸੇ। — [1]ਇਸਤਰੀ।
'ਕਿਉਂ ਚਿੰਤਾ ਚਿਤ ਮੈਂ ਤਵ ਕੀਨਂ[1]? — [1]ਤੂੰ ਕੀਤੀ ਹੈ।
ਜੋ ਹਮ ਢਿਗ ਸੋ ਸਤਿਗੁਰ ਦੀਨਂ ॥੩੩॥
ਲੇਹੁ ਸੁਤਾ ਕੋ ਦ੍ਵੈ ਸੌ ਅਬਿ ਹੀ।
ਸਤਿਗੁਰ ਹੇਤ ਦੇਹੁ ਸੋ ਤਬਿ ਹੀ।
ਜੇ ਨਿਜ ਹਿਤ ਲੇਵੈਂ ਅਘ ਹੋਇ।
ਪਰਉਪਕਾਰ ਦੋਸ਼ ਨਹਿਂ ਕੋਇ ॥੩੪॥
ਤੂਰਨ ਕੀਜੈ ਉਠਿ ਕਰਿ ਕਾਜਾ।
ਰਾਖਹੁ ਸਿੱਖੀ ਕੋ ਪ੍ਰਨ ਆਜਾ।'
ਸੁਨਿ ਸਲਾਹ ਐਸੀ ਨਿਜ ਤਿਯ ਕੀ।
ਮਾਨੀ ਮਨ ਕਰਿ ਭਾਵਤਿ ਨੀਕੀ ॥੩੫॥

ਦੋਹਰਾ:

ਗਮਨਜੋ ਢਿਗ ਤਬਿ ਸ਼ਾਹ ਕੇ,
ਬੈਠਜੋ ਬਚਨ ਅਲਾਇ।
'ਸਹਸ ਅਢਾਈ[1] ਦਰਬ ਦੇ, — [1]ਢਾਈ ਸੌ।
ਸੁਤਾ ਬਜਾਹ ਲੈ ਜਾਇ[†]' ॥੩੬॥

[†]ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ, ਸਿਖਾਂ ਦੀ ਭਗਤਮਾਲ, ਮਹਿਮਾ ਪ੍ਰਕਾਸ਼ ਕਿਸੇ ਵਿਚ ਇਹ ਸਾਖੀ ਨਹੀਂ ਹੈ। ਉਸੇ ਬਨਾਵਟੀ ਬਾਲੇ ਵਾਲੀ ਤੋਂ ਲਈ ਜਾਪਦੀ ਹੈ।

ਚੌਪਈ:

ਕਹੈ ਸ਼ਾਹੁ 'ਤੁਮ ਲੇਹੁ ਬਧੇਰੈ।
ਦਰਬ ਬਿਸਾਲ ਸਦਨ ਮਹਿਂ ਮੇਰੇ।
ਦਾਰਿਦ[1] ਏਕ ਬਾਰ ਨਿਜ ਖੋਈ। [1]ਗਰੀਬੀ।
ਸੁਖ ਪਾਵਹੁ, ਕਰਿ ਸ਼ੰਕ ਨ ਕੋਈ' ॥੩੭॥
'ਸੁਨਹੁ, ਚਾਹਿ ਮੁਝ ਅਵਰ ਨ ਕੋਈ।
ਜਾਚੇ[1] ਜਿਤੇ ਦੀਜਿਯੇ ਸੋਈ।' [1]ਮੰਗੇ ਹਨ।
ਅਸ ਕਹਿ ਲੇ ਤਬਿ ਸਹਸ ਅਢਾਈ।
ਆਨਿ[1] ਸਿੱਖ ਕੀ ਭੇਟ ਚਢਾਈ ॥੩੮॥ [1]ਲਿਆਕੇ।

ਦੋਹਰਾ:

ਦੋ ਸੈ ਸਤਿਗੁਰ ਕੋ ਦਿਯੋ,
ਸਿਖ ਕੀ ਭੇਟ ਪਚਾਸ।
ਕਰਿ ਭੋਜਨ ਬਿਸਮੈ ਭਯੋ[1], [1]ਹੁਕਮ ਨਾਮੀਆਂ) ਹੈਰਾਨ ਹੋਯਾ।
ਚਲ੍ਯੋ ਗੁਰੂ ਕੇ ਪਾਸ ॥੩੯॥

ਚੌਪਈ:

ਮਗ ਮਹਿਂ ਭਈ ਦੁਪਹਿਰੀ ਜਬਿ ਹੀ।
ਪਿਖਿ ਇਕ ਸਾਧੁ ਬੈਠਿ ਗਯੋ ਤਬਿ ਹੀ।
ਥਕਤਿ ਭਯੋ ਪਹੁੰਚ੍ਯੋ ਤਿਹ ਕਾਲਾ।
ਤਬਿ ਇਕ ਆਯੋ ਸ਼ਾਹ ਬਿਸਾਲਾ ॥੪੦॥
ਸੰਤ ਸਰੂਪ ਬਿਲੋਕਿ ਕ੍ਰਿਪਾਲਾ।
ਭੇਟ ਚਢਾਯੋ ਏਕ ਦੁਸ਼ਾਲਾ।
ਕੁਛ ਧਰਿ ਮਧੁਰ ਅਹਾਰ ਅਗਾਰੀ।
ਬੰਦਨ ਕੀਨਿ ਭਾਉ ਧਰਿ ਭਾਰੀ ॥੪੧॥
ਦੇ ਕਰਿ ਭੇਟ ਸ਼ਾਹੁ ਸੋ ਗਯੋ।
ਇਕ ਪੰਥੀ ਤਬ ਆਵਤਿ ਭਯੋ।
ਤਹਿਂ ਤੇ ਲੀਨ ਉਚਾਇ ਦੁਸ਼ਾਲਾ।
ਗਮਨ ਕੀਨ ਆਗੇ ਤਤਕਾਲਾ ॥੪੨॥

ਦੋਹਰਾ:

ਸੰਤ ਨ ਬੋਲ੍ਯੋ ਕੁਛ ਤਬੈ,
ਜਾਨੇ ਉਭੈ ਸਮਾਨ[1]। [1]ਦੋਵੇਂ (ਸ਼ਾਹ ਤੇ ਚੋਰ) ਬਰੱਬਰ ਜਾਣੇ।
ਦੀਨ[1] ਭਲਾ ਨਹਿਂ ਭਾਖਿਓ, [1]ਦੇਣ ਵਾਲੇ ਨੂੰ।

ਲੀਨ[1] ਬੁਰਾ ਨ ਬਖਾਨ ॥੪੩॥

[1]ਲੈਣ ਵਾਲੇ ਨੂੰ।

ਚੌਪਈ:

ਆਯੋ[1] ਹਰਖ ਨ ਮਨ ਮੈਂ ਕੀਨੋ।

[1]ਆਏ (ਪਦਾਰਥ ਦਾ)।

ਗਯੋ ਜਬੈ ਉਰ ਸ਼ੋਕ ਨ ਚੀਨੋ।
ਸਿਖ ਬੈਠਯੋ ਸਭਿ ਦੇਖਿ ਤਮਾਸ਼ਾ।
ਪੁਨ ਉਠਿ ਚਲਯੋ ਹੇਤ[1] ਪ੍ਰਭੁ ਪਾਸਾ ॥੪੪॥

[1]ਹਿਤ ਨਾਲ।

ਪੰਥ ਚਲਤਿ ਭਾ ਸੰਧਯਾ ਕਾਲਾ।
ਨਿਕਟਿ ਨ ਗ੍ਰਾਮ ਉਜਾੜ ਬਿਸਾਲਾ।
ਤਰੇ ਬਿਰਖ ਕੈ ਕੀਨੋ ਡੇਰਾ।
ਖਗ[1] ਨਰ ਨਾਰੀ ਤਹਾਂ ਬਸੇਰਾ ॥੪੫॥

[1]ਪੰਛੀ।

ਚਾਰ ਘਟੀ ਬੀਤੀ ਜਬਿ ਰੈਨਾ।
ਪੰਖਨਿ ਪੰਖੀ ਸੋਂ ਕਹਿ ਬੈਨਾ।
'ਆਯੋ ਅਥਿਤ ਹਮਾਰ ਅਗਾਰਾ[1]।

[1]ਸਾਡੇ ਘਰ।

ਇਸ ਕੋ ਦੇਨੋ ਬਨੈ ਅਹਾਰਾ' ॥੪੬॥
ਅਸ ਕਹਿ ਪੁਰਿ ਕੋ ਲੀਨ ਉਡਾਰੀ।
ਆਨੀ ਅਗਨੀ ਚੁੰਚ ਮਝਾਰੀ।
ਦਈ ਸਿੱਖ ਕੋ ਤਤਛਿਨ ਲਯਾਇ।
ਤ੍ਰਿਣ ਚੁਣ ਪੰਖੀ ਕਰਿ ਇਕ ਠਾਇੰ ॥੪੭॥
ਅਗਨਿ ਜਗਾਈ ਸਿਖ ਨੈ ਜਬਿ ਹੀ।
ਗਿਰਿ ਕੈ ਪਰੀ ਬਿਹੰਗਨਿ[1] ਤਬ ਹੀ।

[1]ਪੰਛੀ ਦੀ ਨਾਰੀ।

ਤਿਸ ਪਸ਼ਚਾਤ ਬਿਹੰਗ[੯] ਗਿਰ ਪਰਯੋ।
ਹੁਤੋ ਭੁਖ ਯੁਤ ਭੋਜਨ ਕਰਯੋ ॥੪੮॥
ਪੂਰਬ ਜਨਮ ਪੰਖਿ ਧਰਿ ਜੋਇ।
ਗੁਰ ਕੇ ਸਿੱਖ ਸਿੱਖਣੀ ਸੋਇ[1]।

[1]ਜਿਨ੍ਹਾਂ ਹੁਣ) ਪੰਛੀ (ਜਨਮ ਯਾ ਖੰਭ) ਧਾਰਨ ਕੀਤੇ ਹੋਏ ਸਨ, ਪਿਛਲੇ ਜਨਮ ਓਹ ਸਿੱਖ ਸਿੱਖਣੀ ਸਨ।

ਕਿਸੁ ਦੋਸ਼ ਤੇ ਖਗ[1] ਤਨ ਪਾਯੋ।

[1]ਪੰਛੀ ਦਾ।

ਪਰ ਉਪਕਾਰ ਹੇਤ ਛੁਟਕਾਯੋ ॥੪੯॥

ਦੋਹਰਾ:

ਸ਼੍ਰੀ ਪ੍ਰਭੁ ਤਿਨ ਕੋ ਗਤਿ ਦਈ,
ਭੋਰ ਭਈ ਜਬਿ ਆਇ।

ਸਭਿ ਬਿਧਿ ਅਚਰਜ ਦੇਖਿ ਕੈ,
ਚਲ੍ਯੋ ਪੰਥ ਤਬਿ ਧਾਇ ॥੫੦॥

ਚੌਪਈ:
ਪਹੁੰਚ੍ਯੋ ਪੁਰਿ ਕਰਤਾਰ ਮਝਾਰੀ।
ਸਰਬ ਦਰਬ ਧਰਿ ਗੁਰੂ ਅਗਾਰੀ।
ਹਾਥ ਜੋਰਿ ਕੈ ਬੰਦਨ ਕੀਨੀ।
ਲੇਨ ਉਪਦੇਸ਼ ਜਾਸ ਮਤਿ ਭੀਨੀ ॥੫੧॥
ਬੋਲੇ ਪ੍ਰਭੁ 'ਨਿਸ਼ਾ[1] ਤਵ ਹੋਈ। [1]ਤਸੱਲੀ। ਫਾ: ਖ਼ਾਤ੍ਰਿਰ ਨਿਸ਼ਾ]।
ਪ੍ਰਥਮ ਆਇ ਕੈ ਬੂਝ੍ਯੋ ਜੋਈ।'
ਕਹੇ ਸਿਖ 'ਮੈਂ ਕਛੂ ਨ ਜਾਨੌਂ।
ਸਮਝਾਵਹੁ ਅਬਿ ਕਰੋ ਬਖਾਨੋ' ॥੫੨॥

ਦੋਹਰਾ:
ਸ਼੍ਰੀ ਪ੍ਰਭੁ ਬੋਲੇ 'ਸਿੱਖ ਤੈਂ,
ਜੈਸੇ ਦੇਖ੍ਯੋ ਜਾਇ।
ਗੁਰ ਕੋ ਸਰਬਸ ਜਾਨਿ ਕੈ[1], [1]ਸਰਵੰਸ ਗੁਰੂ ਦਾ ਜਾਣਕੇ।
ਸੁਤਾ ਬੇਚਿ ਧਨ ਲ੍ਯਾਇ ॥੫੩॥

ਚੌਪਈ:
ਸਿੱਖ ਹੋਨ ਜੇ ਮਨ ਲਲਚਾਵੈਂ।
ਤਿਸ ਸਮ ਬਨਹੁ ਪਰਮਗਤਿ ਪਾਵੈਂ।
ਜੇ ਤੂੰ ਚਾਹਤਿ ਕਰਨ ਫਕੀਰੀ।
ਉਰ ਤੇ ਤਜਹੁ ਹਰਖ ਦਿਲਗੀਰੀ[1] ॥੫੪॥ [1]ਖੁਸ਼ੀ ਤੇ ਗ਼ਮੀ।
ਪੰਥ ਬਿਖੈ ਦੇਖ੍ਯੋ ਸੰਤ ਜੈਸਾ।
ਕਰਿ ਸਮਾਨ ਬਿਰਤੀ ਹ੍ਵੈ ਤੈਸਾ[1]। [1]ਤੈਸੀ ਬ੍ਰਿਤੀ (ਸਦਾ ਰੱਖਣ ਦਾ) ਸਾਮਾਨ ਕਰ।
ਪਾਇ ਪਦਾਰਥ ਹਰਖ ਨ ਕੀਨਾ।
ਗਯੋ ਪਾਸ ਤੇ ਸ਼ੋਕ ਨ ਕੀਨਾ ॥੫੫॥
ਗ੍ਰਿਹਸਤ ਧਰਮ ਚਾਹਤਿ ਜੇ ਕਰਨਾ।
ਤਉ ਪੰਖੀ ਜਿਉਂ ਕਰਹੁ ਅਚਰਨਾ।
ਹੇਤ ਅਤਿਥਿ ਕੇ ਦੁਖ ਨ ਬਿਚਰਿਓ[1]। [1]ਨਾਂ ਵਿਚਾਰਿਆ (ਭਾਵ ਪ੍ਰਵਾਹ ਨ ਕੀਤੀ)।
ਖਿਨ ਮਹਿਂ ਨਿਜ ਸਰੀਰ ਪਰਹਰਿਓ ॥੫੬॥
ਤੀਨੋ ਇਹ ਬਿਚਾਰਿਯੇ ਨੀਕੀ।

ਕਰਹੁ ਆਪ ਜਿਉਂ ਸ਼ਰਧਾ ਜੀਕੀ।'
ਸੁਣਿ ਕੈ ਸਿੱਖ ਅਧੀਰਜ ਧਰਨੇ[1]। — [1]ਭਾਵ ਘਬਰਾ ਗਿਆ।
ਕਿਹ ਕੋ ਭਯੋ ਸਮਰਥ ਨ ਕਰਨੇ[1] ॥੫੭॥ — [1]ਕਰਨ ਨੂੰ।
ਹਾਥ ਜੋਰਿ ਕੈ ਬਚਨ ਬਖਾਨੇ।
'ਇਹ ਤੀਨੌਂ ਦੁਸ਼ਤਰ[1] ਮੈਂ ਜਾਨੇ। — [1]ਕਠਨ।
ਹੁਇ ਆਵਤਿ ਇਕ ਪਾਸ ਨ ਮੇਰੇ।
ਕਰਹਿਂ ਜਿ ਨਰ ਸੇ ਧੰਨ ਬਡੇਰੇ ॥੫੮॥
ਜੱਦਪਿ ਮੋ ਤੇ ਹੋਇ ਨ ਆਇ।
ਤੱਦਪਿ ਮੈਂ ਰਾਵਰਿ[1] ਸ਼ਰਨਾਇ। — [1]ਆਪ ਦੀ।
ਅਧਮ ਉਧਾਰਨ[1] ਬਿਰਦ ਤੁਮਾਰਾ। — [1]ਪਾਪੀਆਂ ਨੂੰ ਤਾਰਨਾ।
ਪਤਿਤਨ ਪਾਵਨ[1] ਕਹਿ ਜਗ ਸਾਰਾ ॥੫੯॥ — [1]ਅਪਵਿੱਤ੍ਰਾਂ ਨੂੰ ਪਵਿੱਤ੍ਰ ਕਰਨ ਵਾਲਾ।
ਕ੍ਰਿਪਾ ਧਾਰਿ ਮੇਰੀ ਗਤਿ ਕੀਜੈ।
ਹੌਂ ਅਸਮਰਥ ਬਡੋ ਲਖਿ ਲੀਜੈ।'
ਤਿੰਹ ਕੀ ਬਿਨੈ ਸੁਨੀ ਜਬਿ ਕਾਨਾ।
ਸ਼੍ਰੀ ਮੁਖ ਤੇ ਪੁਨ ਬਚਨ ਬਖਾਨਾ[†] ॥੬੦॥

[†]ਕਵਿ ਜੀ ਦਾ ਉਪਦੇਸ਼ ਇਸ ਸਾਖੀ ਵਿਚ ਇਹ ਜਾਪਦਾ ਹੈ ਕਿ ਕਈ ਜੱਗਯਾਸੂ ਪਹਿਲੋਂ ਹੀ ਉੱਚੀ ਅਵਸਥਾ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਨੀਵੇਂ ਪਦ ਤੋਂ ਸ਼ੁਰੂ ਕਰਨ ਦੀ ਮਤ ਦੇਣੀ ਚਾਹੀਏ। ਇਸ ਵਿਚ ਆਦਰਸ਼ਕ ਸਿੱਖ, ਫਕੀਰ ਤੇ ਗ੍ਰਿਹਸਤੀ ਦਾ ਨਮੂਨਾ ਦੱਸ ਕੇ ਜੱਗਯਾਸੂ ਦਾ ਦਿਲ ਹਿਲਾਯਾ ਹੈ, ਉਹ ਫੇਰ ਅਪਣੀ ਅਧਮਗਤੀ ਦਾ ਜਾਣੂ ਹੋ ਕੇ ਮੁਢਲੀ ਅਵਸਥਾ ਮੰਗਦਾ ਹੈ, ਜਿਥੋਂ ਉਹ ਪਰਮਾਰਥ ਵਿਚ ਟੋਰਿਆ ਜਾਂਦਾ ਹੈ।

'ਹ੍ਵੈ ਨਿਸ਼ਕਪਟ ਧਰਮ ਕ੍ਰਿਤ ਕਰੀਏ।
ਗਰਬ ਰਿਦੇ ਕੋ ਸਭਿ ਪਰਹਰੀਏ।
ਸਿੱਖਨ ਸੇਵ ਕਰਹੁ ਮਨ ਨੀਵੇਂ।
ਸਨੈ ਸਨੈ[1] ਤੇਰੀ ਗਤਿ ਥੀਵੇ' ॥੬੧॥ — [1]ਹੌਲੀ ਹੌਲੀ।
ਸੁਨਿ ਉਪਦੇਸ਼ ਕਰਨ ਸੋ ਲਾਗਾ।
ਸੇਵਾ ਬਿਖੈ ਬਡੋ ਅਨੁਰਾਗਾ[1]। — [1]ਪ੍ਰੇਮੀ ਹੋਯਾ।
ਸਮਾ ਪਾਇ ਸਿਮਰਨ ਸਤਿਨਾਮੂ।
ਲਿਵ ਲਾਗੀ ਮਤ ਭੀ ਅਭਿਰਾਮੂ ॥੬੨॥
ਮੁਕਤਿ ਉਚਿਤ ਭਾ ਸ਼੍ਰੀ ਗੁਰ ਕਰੁਨਾ[1]। — [1]ਮੇਹਰ ਨਾਲ।
ਛੁਟਜੋ ਕਸ਼ਟ ਜਗ ਜਨਮ ਰੁ ਮਰਨਾ।
ਇਸ ਪ੍ਰਕਾਰ ਕੋ ਦੇ ਉਪਦੇਸ਼ਾ।
ਮਨੁਜ ਉਧਾਰੇ ਸ਼੍ਰੀ ਜਗਤੇਸ਼ਾ ॥੬੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੈਤਾਲੀਸਮੋਂ ਅਧ੍ਯਾਯ ॥੪੫॥

## ੪੬. [ਗੁਰ ਚਰਨ ਸੇਵਾ, ਉਪਦੇਸ਼। ਭਾਈ ਬੁੱਢਾ, ਬਾਲਾ ਪ੍ਰਲੋਕ ਗਮਨ]

੪੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੭

{ਭਾਈ ਬੁੱਢਾ} ॥੩..॥
{ਬੂੜਾ-ਬਾਬਾ ਬੁੱਢਾ ਜੀ ਨਾਲ ਬਚਨ ਬਿਲਾਸ} ॥੬-੪੧॥
{ਭਾਈ ਬਾਲਾ ਪ੍ਰਲੋਕ ਗਮਨ} ॥੪੨..॥
{ਕਥਾ ਮਹਿਮਾ} ॥੬੧..॥

ਦੋਹਰਾ:

ਕਿਉਂ ਜੰਜਾਰ ਉਰਝ੍ਯੋ ਮਨਾ! ਕਾਜ ਨ ਤੇਰੇ ਕੋਇ।
ਸਤਿਗੁਰ ਚਰਣ ਸਰੋਜ ਕੋ, ਸੇਵਿ ਸਦਾ ਸੁਖ ਹੋਇ ॥੧॥

{ਜੰਜਾਰ=ਜੰਜਾਲ, ਜਗਤ ਰੂਪੀ ਜਾਲ, ਬੰਧਨ, ਝਗੜਾ, ਬਖੇੜਾ।}

ਅਰਥ:

ਹੇ (ਮੇਰੇ) ਮਨ! ਕਿਉਂ ਤੂੰ ਬਖੇੜਿਆਂ ਵਿਚ ਫਸ ਰਿਹਾ ਹੈਂ ਤੇਰੇ ਕੰਮ ਕਿਸੇ ਨਹੀਂ (ਆਉਣਾ)। (ਸ਼੍ਰੀ) ਸਤਿਗੁਰੂ ਜੀ ਦੇ ਚਰਣਾਂ ਕਵਲਾਂ ਨੂੰ ਸੇਵ ਜੋ ਸਦੈਵੀ ਸੁਖ (ਤੈਨੂੰ ਪ੍ਰਾਪਤ) ਹੋਵੇ।

ਸ਼੍ਰੀ ਬਾਲਾ ਸੰਧੁਰੁ ਵਾਚ ॥

ਚੌਪਈ: [1]ਚਾਨਣ।

ਸੁਨਿ ਸ਼੍ਰੀ ਤੇਹਣ ਕੁਲ ਉਜਿਯਾਰਾ[1]!
ਪ੍ਰਭੁ ਬਿਰਾਜਹਿਂ ਪੁਰਿ ਕਰਤਾਰਾ।
ਇਕ ਦਿਨ ਬਹਿਰ[1] ਬਿਰਛ ਕੀ ਛਾਯਾ[2]। [1]ਬਾਹਰ। [2]ਛਾਵੇਂ।
ਬੈਠਿ ਰਹੇ ਗੁਰ ਸਹਿਜ ਸੁਭਾਯਾ ॥੨॥
ਬਾਰਿਕ ਅਜਾ[1] ਚਰਾਵਤਿ ਆਵਾ। [1]ਬੱਕਰੀਆਂ।

{ਭਾਈ ਬੁੱਢਾ}

ਜਗਨ ਲਗ੍ਯੋ[1] ਜਿਹ ਭਾਗ ਸੁਹਾਵਾ। [1]ਜਾਗਣ ਲਗੇ।
ਤਿਹ ਬਿਲੋਕਿ ਬੋਲੇ ਗਤਿਦਾਈ।
'ਆਨਹੁ ਬਾਲੇ! ਬਾਲ ਬੁਲਾਈ' ॥੩॥
ਮੈਂ ਗਮਨ੍ਯੋ ਜਹਿਂ ਅਜਾ ਚਰਾਵਤਿ।
ਕਹ੍ਯੋ 'ਬਾਲ! ਤੁਝ ਤਪਾ ਬੁਲਾਵਤਿ।
ਕਿਛੁਕ ਕਹਤਿ ਸੁਨੀਏ ਢਿਗ ਆਈ।
ਬਹੁਰੋ ਅਜਾ ਚਰਾਵਹੁ ਜਾਈ' ॥੪॥
ਸੁਨਿ ਬਾਲਿਕ ਆਵਾ ਸੰਗ ਮੇਰੇ।
ਹਰਖ੍ਯੋ ਪ੍ਰਭੁ ਕੋ ਦਰਸ਼ਨ ਹੇਰੇ।
ਚਰਨ ਕਮਲ ਪਰ ਬੰਦਨ ਧਾਰੀ।
ਬਹੁਰੋ ਠਾਂਢੋ[1] ਰਹ੍ਯੋ ਅਗਾਰੀ ॥੫॥ [1]ਖੜਾ।
ਕ੍ਰਿਪਾ ਦ੍ਰਿਸ਼ਟਿ ਅਵਲੋਕਿ ਗੁਸਾਈਂ।
ਸ਼੍ਰੀ ਮੁਖ ਕੋਮਲ ਗਿਰਾ ਅਲਾਈ।

{ਬੂੜਾ-ਬਾਬਾ ਬੁੱਢਾ ਜੀ ਨਾਲ ਬਚਨ ਬਿਲਾਸ}

'ਕਹੁ ਬਾਲਿਕ ਕੋ ਹੈ ਤਵ ਨਾਮੂ?
ਕੌਨ ਗ੍ਰਾਮ ਮੈਂ ਤੇਰੋ ਧਾਮੂ? ॥੬॥
ਕਿਹ ਕੋ ਤਾਤ ਸੁ ਦੇਹੁ ਬਤਾਈ?
ਅਜਾ ਚਰਾਇੰ ਕਿ ਅਪਨ ਪਰਾਈ[1]?' — [1]ਆਪਣੀਆਂ ਕਿ ਪਰਾਈਆਂ?
ਸੁਨਿ ਕੈ ਸਿਸ ਨੇ ਬਚਨ ਉਚਾਰੇ।
'ਘਰ ਹੈ ਨਿਕਟ ਜੁ ਗ੍ਰਾਮ ਤੁਮਾਰੇ ॥੭॥
ਬੂੜਾ ਆਖਯ[1] ਮੇਰੋ ਜਾਨਹੁ। — [1]ਨਾਮ।
ਬਰਨ ਜਟੇਟਾ[1] ਰਿਦੇ ਪਛਾਨਹੁ। — [1]ਜੱਟ।
ਮਾਤ ਪਿਤਾ ਕੀ ਆਇਸੁ ਪਾਈ।
ਅਜਾ ਚਰਾਵਤਿ ਅਪਨ ਪਰਾਈ[1]' ॥੮॥ — [1]ਆਪਣੀਆਂ ਬੀ ਤੇ ਪਰਾਈਆਂ ਬੀ।
ਗੁਰੂ ਭਨਯੋ 'ਕਰੀਏ ਨਿਜ ਕਾਰੀ।
ਜਾਇ ਲੇਹੁ ਨਿਜ ਅਜਾ ਸੰਭਾਰੀ।'
ਸਿਸ ਕਹਿ 'ਸੰਸਾ ਭਾ ਮਨ ਮਾਂਹੀ।
ਪ੍ਰਥਮ ਬੁਲਾਯੋ ਅਪਨੇ ਪਾਹੀ ॥੯॥
ਬਹੁਰ ਨ ਕਾਰਜ ਕਛੂ ਬਤਾਯੋ।
-ਜਾਹੁ ਅਬੈ- ਮੁਖ ਤੇ ਫੁਰਮਾਯੋ।
ਜੋ ਰਾਵਰ ਕੋ ਕਾਜ ਨ ਕੋਈ।
ਕਿਉਂ ਹਕਾਰਨੇ[1] ਆਇਸੁ ਹੋਈ' ॥੧੦॥ — [1]ਬੁਲਾਵਣ ਦੀ।
ਸ੍ਰੀ ਗੁਰ ਕਹਯੋ 'ਜੁ ਨਿਕਟ ਹਕਾਰਾ।
ਕੌਨ ਦੋਸ਼ ਇਸ ਬਿਖੈ ਨਿਹਾਰਾ[1]। — [1](ਤੂੰ) ਦੇਖਿਆ ਹੈ।
ਮਿਲਨੇ ਬੋਲਨ ਅਪਨ ਪਰਾਈ।
ਬੁਧ ਸੁਧ ਸਗਰੀ ਪਰੈ ਲਖਾਈ' ॥੧੧॥
ਬੂੜਾ ਸੁਨਿ ਗਾ[1] ਬੰਦਨ ਕਰਿ ਕੈ। — [1]ਸੁਣਕੇ ਚਲਾ ਗਿਆ।
ਬਧਯੋ ਪ੍ਰੇਮ ਉਰ ਰਹਯੋ ਬਿਚਰਿ ਕੈ।
ਸੰਧਯਾ ਲੌ ਨਿਜ ਅਜਾ ਚਰਾਈ।
ਜਾਇ ਸਦਨ ਪੁਨ ਰੈਨਿ ਬਿਤਾਈ ॥੧੨॥
ਸ੍ਰੀ ਅੰਗਦ ਸੁਨੀਏ! ਕਹਿ ਬਾਲਾ।
ਮੈਂ ਤਬ ਬੂਝਨ ਕਰੇ ਕ੍ਰਿਪਾਲਾ।
'ਇਹ ਬਾਲਿਕ ਜੋ ਨਿਕਟ ਬੁਲਾਵਾ।
ਤਿਹ ਸੋਂ ਬਚਨ ਬਿਲਾਸ ਅਲਾਵਾ

॥੧੩॥
ਕੌਨ ਅਹੈ, ਕਿਉਂ ਨਿਕਟਿ ਹਕਾਰਾ?
ਮੁਝੇ ਬ੍ਰਿਤੰਤ ਸੁਨਾਵਹੁ ਸਾਰਾ।'
ਭਨਜੋ ਪ੍ਰਭੁ 'ਏਹੁ ਹੈ ਮਤਿਵੰਤਾ।
ਕਿਤਿਕ ਦਿਵਸ ਮਹਿਂ ਪੂਰਨ ਸੰਤਾ
॥੧੪॥
ਹੈ ਸਿੱਖੀ ਕੋ ਸਦਨ ਬਿਸਾਲਾ।
ਛ੍ਵੈ ਨ ਸਕੈ ਮਨ ਬਿਸ਼ੈ ਜੰਜਾਲਾ।
ਜੀਵਨ ਮੁਕਤਿ ਅਵਸਥਾ ਪਾਵਹਿ।
ਅਪਨੇ ਬਚ ਸੋਂ ਅਵਰ[1] ਤਰਾਵਹਿ' [1]ਬਚਨਾਂ ਨਾਲ ਹੋਰਨਾਂ ਨੂੰ।
॥੧੫॥
ਮੈ ਬੋਲਜੋ 'ਜੇ ਹੈ ਹੈ ਐਸੋ।
ਕਿਉਂ ਸਸ਼ੰਕ ਪੁਛ ਕਾਰਜ ਕੈਸੋ[1]?' [1]ਕਿਉਂ ਸ਼ੰਕਾ ਨਾਲ ਪੁੱਛਦਾ ਸੀ (ਆਪਨੂੰ ਕਿ) ਕੀਹ ਕੰਮ ਹੈ।
ਸੁਨਿ ਪੁਨ ਭਾਖਜੋ ਦਯਾ ਅਵਾਸਾ।
'ਅਬਿ ਲੌਂ ਭਯੋ ਨ ਰਿਦੈ ਪ੍ਰਕਾਸ਼ਾ ॥੧੬॥
ਬਿਗਸੇ ਕਮਲ[1] ਤਬਹਿ ਲਿਹੁ ਪੇਖੀ। [1]ਖਿੜੇਗਾ (ਜਦੋਂ ਹ੍ਰਿਦੇ ਰੂਪੀ) ਕਮਲ।
ਦਿੱਬ ਦ੍ਰਿਸ਼ਟਿ ਜਿਹ ਹੋਇ ਵਿਸ਼ੇਖੀ।'
'ਕਬਿ ਲੌਂ ਇਸ ਮਹਿਂ ਹੋਇ ਪ੍ਰਕਾਸ਼ਾ?
ਮੋਹਿ ਬਤਾਇ ਦੇਹੁ ਸੁਖਰਾਸਾ!' ॥੧੭॥
ਗੁਰ ਕਹਿ 'ਇਤੀ ਹੁਤੀ ਅਬ ਦੇਰਾ।
ਬੋਲਨ ਮਿਲਨ ਦਰਸ ਕੋ ਹੇਰਾ।
ਭਲਕ ਬਿਲੋਕਹੁ ਕਸ ਹੈ ਠਾਟਾ[1]। [1]ਕੱਲ ਦੇਖਣਾ ਕੈਸਾ ਠਾਠ ਹੋਵੇਗਾ।
ਖੁਲਹਿਂ ਮੋਹ ਕੇ ਬਿਕਟ ਕਪਾਟਾ[1]' [1]ਕਰੜੇ ਤਖਤੇ।
॥੧੮॥
ਬਹੁਰੋ ਭੋਰ ਜਬੈ ਹੁਇ ਆਈ।
ਮਾਖਨ ਬਾਸਨ ਲੀਨ ਉਚਾਈ।
ਮਾਤ ਪਿਤਾ ਤੇ ਕਰਿ ਕੈ ਚੋਰੀ।
ਸਟਕਜੋ[1] ਘਰ ਤੇ ਪ੍ਰਭੁ ਜਿਸ ਠੌਰੀ [1]ਖਿਸਕ ਆਯਾ।
॥੧੯॥
ਤੁਰਨ ਬੂੜਾ ਪੁਰਿ ਕਰਤਾਰਾ।
ਆਇ ਬਿਲੋਕੇ ਮੋਖ ਉਦਾਰਾ।

ਮਾਖਨ ਬਾਸਨ ਅੱਗ੍ਰਜ ਧਰਿ ਕੈ।
ਬੈਠਯੋ ਨਿਕਟ ਬੰਦਨਾ ਕਰਿ ਕੈ ॥੨੦॥
ਮੁਸਕਾਨੇ ਪ੍ਰਭੁ ਬਚਨ ਅਲਾਯੋ।
'ਮਾਖਨ ਬਾਸਨ ਕਹਿਂ ਤੇ ਲ੍ਯਾਯੋ?'
'ਸੁਨਹੁ ਤਪਾ ਜੀ! ਰਾਵਰਿ ਹੇਤਾ।
ਘ੍ਰਿਤ ਆਨ੍ਯੋ ਮੈਂ ਅਪਨ ਨਿਕੇਤਾ ॥੨੧॥
-ਦਰਸ ਸੰਤ ਗੁਰ ਛੂਛ ਨ ਜਾਨਾ[1]-। [1]ਸੰਤ ਤੇ ਗੁਰੂ ਦੇ ਦਰਸ਼ਨ ਨੂੰ ਖਾਲੀ ਹੱਥ ਨਹੀਂ ਜਾਈਦਾ।
ਅਸ ਬਿਚਾਰ ਉਰ ਬਿਖੈ ਉਠਾਨਾ।'
'ਭੋ ਬਾਲਿਕ ਹੈ ਲਘੁ ਤਨ ਤੇਰਾ।
ਨਿਸ਼ਚੈ ਕਰਿ ਕੋ[1] ਘਰ ਨਿਜ ਹੇਰਾ[2] ॥੨੨॥ [1]ਕੇਹੜਾ। [2]ਅਪਨਾ ਘਰ ਵੇਖਿਆ ਹਈ।
ਜਿਸ ਮਹਿਂ ਫਸਿ ਕੈ ਨਿਕਸਨ† ਭਾਰੀ। †ਪਾ:-ਨਿਸ਼ਚੈ।
ਜਾਲ ਮੀਨ ਕੀ ਰੀਤਿ ਬਿਚਾਰੀ[1]।' [1]ਜਾਲ ਵਿਚ ਫਸੀ ਮੱਛੀ ਦੀ ਰੀਤ (ਭਾਵ ਵਾਙੂ) ਜਿਸ ਵਿਚ ਫਸਕੇ ਨਿਕਲਨਾ ਭਾਰੀ (ਕਠਨ) ਹੈ, ਵਿਚਾਰ ਕਰ ਲੈ।
ਸਿਸੁ ਕਹਿ 'ਮਾਤ ਪਿਤਾ ਘਰ ਜੋਊ।
ਮੈਂ ਪਹਿਚਾਨ੍ਯੋ ਅਪਨੋ ਸੋਊ ॥੨੩॥
ਤਹਿਂ ਤੇ ਮਾਖ਼ਨ ਬਾਸਨ ਲੀਨੋ।
ਆਨ ਉਪਾਇਨ ਤੁਮਰੀ ਕੀਨੋ।
ਭੋਰ ਉਠਤਿ ਭੀ ਚੌਂਪ[1] ਨਵੀਨੀ। [1]ਸ਼ੌਂਕ।
ਆਵਨ ਲਗੇ ਨ ਸੁਧ ਕਿਸ ਦੀਨੀ[1]' ॥੨੪॥ [1](ਮੈਂ) ਕਿਸੇ ਨੂੰ ਖਬਰ ਨਹੀਂ ਦਿੱਤੀ।

ਦੋਹਰਾ:
'ਭੋ ਬਾਲਿਕ! ਪਿਤ ਮਾਤ ਤੇ,
ਆਨ੍ਯੋ ਘ੍ਰਿੱਤ ਚੁਰਾਇ।
ਬਹੁਰੋ ਜੇ ਘਰ ਜਾਵਈਂ,
ਮਾਰਹਿਂ ਤੋਹਿ ਰਿਸਾਇ॥

ਚੌਪਈ:
ਇਹ ਮਾਖਨ ਹਮ ਲੇਵਹਿਂ ਨਾਂਹੀ।
ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚ੍ਯੋ ਹਮ ਕੋ ਤੈਂ ਜੋ ਲ੍ਯਾਇ।

ਹ੍ਵੈ ਪ੍ਰਸੰਨ ਦੇਖਯੋ ਉਰ ਭਾਇ' ॥੨੬॥
ਸੁਨਿ ਕੈ ਬੂੜਾ ਰੋਵਨ ਲਾਗਾ।
ਪ੍ਰੇਮ ਬਿਰਹ ਉਰ ਅੰਤਰ ਜਾਗਾ।
'ਮਾਰਹਿਂ ਮਾਤ ਪਿਤਾ ਮੁਝ ਕਬਿ ਹੀ[1]।
ਤੁਮ ਮਾਰਤਿ ਹੋ ਮੋ ਕੋ ਅਬਿ ਹੀ' ॥੨੭॥
ਸ਼੍ਰੀ ਗੁਰ ਭਨੈ 'ਕੁਵਾਕ ਨ ਕਹਯੋ[1]।
ਹਮ ਨੈ ਤੋਰ ਭਲਾ ਹੀ ਚਹਯੋ।
ਕੌਨ ਮਾਰ ਕੀਨੀ ਤੁਝ ਤਾਈਂ।
ਜਾਂ ਤੇ ਰੁਦਨ ਕਰੈਂ ਬਿਲਲਾਈ' ॥੨੮॥
'ਸੁਨਹੁ ਪ੍ਰਭੂ ਜਸ[1] ਮਾਰਯੋ ਮੋਹੀ।
ਇਸ ਤੇ ਵਡੀ ਮਾਰ ਨਹਿਂ ਹੋਹੀ।
ਬਾਰਯੋ ਦੀਪਕ, ਦਿਪਤਿ ਪ੍ਰਕਾਸ਼ਾ[1]।
ਪੁਨ ਬੁਝਾਇ ਕੈ ਕਰਹੁ ਨਿਰਾਸਾ ॥੨੯॥
ਤੁਮਹਿ ਉਚਿਤ ਅਧਿਕਾਇ ਜਰਾਵਉ[1]।
ਪਾਇ ਸਨੇਹ ਗੁਨਹਿ ਉਕਸਾਵਉ[1]।
ਤਮ ਕੋ ਟਾਰਿ ਵਸਤੁ ਦਿਖਰਾਵਉ।
ਪੂਰਿ ਆਸ ਅਸ ਕਸ਼ਟ ਮਿਟਾਵਉ' ॥੩੦॥

ਸੋਰਠਾ:
ਮੁਸਕਾਨੇ ਗੁਨਖਾਨ,
ਬਾਣੀ ਤਿਹ ਸੋਂ ਪੁਨ ਭਨੀ।
'ਬੁਢੇ ਬਡੇ ਸਮਾਨ,
ਬਾਤੈਂ ਤੂੰ ਮੁਖ ਤੇ ਕਹੈਂ' ॥੩੧॥
ਤਬਿ ਹੀ ਤੇ ਇਹ ਨਾਮ
-ਭਾਈ ਬੁੱਢਾ- ਕਹਤਿ ਹੈਂ।
ਸ਼ਰਨ ਗਹਯੋ ਸੁਖਧਾਮ,
ਕਰੁਨਾ ਕੀਨੀ ਜਗਤ ਗੁਰ ॥੩੨॥

ਚੌਪਈ:
'ਹੇ ਸਿਸੁ ਕਰਿ ਕੈ ਭਾਉਨਿ[1] ਭਾਰੀ।
ਬੰਦਨ ਕਰਿ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ।
ਪ੍ਰਾਪਤਿ ਭਲੋ ਗਯਾਨ ਸੁਖ ਰਾਸਾ' ॥੩੩॥

[1]ਤਾਂ ਕਦੇ ਮਾਰਨਗੇ।

[1]ਮਾੜੀ ਗਲ ਤਾਂ ਨਹੀਂ ਆਖੀ।

[1]ਜਿਵੇਂ।

[1]ਜਗਾ ਕੇ ਪ੍ਰਕਾਸ਼ਿਆ।

[1]ਵਧੀਕ ਜਗਾਵੋ।

[1]ਤੇਲ ਪਾਕੇ ਵੱਟੀ ਸੀਖੋ (ਭਾਵ ਉੱਚੀ ਕਰੋ)।

[1]ਭਾਵਨੀ।

ਸੁਨਿ ਕੈ ਦ੍ਵੈ ਕਰ ਜੋਰਨ ਕੀਨੇ।
ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਯਾਨ ਤਿਹ ਛਿਨ ਸੁਖਰਾਸੀ।
ਸਗਰੀ ਉਰ ਤੇ ਦ੍ਵੈਤ ਬਿਨਾਸ਼ੀ ॥੩੪॥
ਕ੍ਰਿਪਾ ਨਿਧਾਨ ਬਹੁਰ ਬਚ ਕਹੇ।
'ਸਵਾ ਜਾਮ ਜਾਮਨਿ ਜਬਿ ਰਹੇ।
ਨਿਤ ਉਠ ਤਬਿ ਹੀ ਕਰਹੁ ਸ਼ਨਾਨਾ।
ਸਿਮਰਹੁ ਨਾਮ ਮਾਨਿ ਮਨ ਭਾਨਾ' ॥੩੫॥
ਹਾਥ ਜੋਰਿ ਸਿਸ ਬਚਨ ਬਖਾਨਾ।
'ਅਬਿ ਲੌ ਰਾਖ੍ਯੋ ਉਚਿਤ ਸ਼ਨਾਨਾ[1]।
ਮੈਂ ਮਲ ਨਾਸ਼ ਕਰੀ ਇਕ ਬਾਰਾ।
ਰਾਵਰਿ ਦਰਸ਼ਨ ਪਰ ਬਲਿਹਾਰਾ ॥੩੬॥
ਬਹੁਰ ਨ ਕਬਿ ਲਾਗਹਿ ਮਲ ਲੇਸ਼ਾ।
ਜਨਮ ਮਰਨ ਕੇ ਮਿਟੇ ਕਲੇਸ਼ਾ।
ਪਾਯੋ ਨਿਰਮਲ ਸਹਿਜ ਸਰੂਪਾ।
ਜਿਹ ਜਾਨਤਿ ਭਾ ਅਨੰਦ ਅਨੂਪਾ' ॥੩੭॥
ਗੁਰੂ ਭਨ੍ਯੋ 'ਤੁਹਿ ਮਨੁਜ ਅਨੇਕਾ।
ਮਿਲਿ ਹੈਂ ਪਾਵਨ ਹੇਤੁ ਬਿਬੇਕਾ।
ਤੁਝ ਕੋ ਦੇਖਿ ਅਚਾਰ ਕਰੰਤਾ[1]।
ਤਿਨ ਰੁਚਿ ਜਾਗਹਿ, ਹੋਵਹਿਂ ਸੰਤਾ' ॥੩੮॥
ਇਸ ਬਿਧਿ ਹੋਇ ਕ੍ਰਿਤਾਰਥ ਸੋਊ।
ਬੈਠਿ ਰਹ੍ਯੋ, ਘਰ ਗਯੋ ਨ ਸੋਊ।
ਖੋਜਤਿ ਮਾਤ ਪਿਤਾ ਤਿਸ ਕੇਰੇ।
ਚਲਿ ਆਏ ਸ੍ਰੀ ਨਾਨਕ ਡੇਰੇ ॥੩੯॥
ਦੇਖ੍ਯੋ ਨਿਜ ਬਾਲਿਕ ਕੋ ਜਬਿ ਹੀ।
ਗੁਰ ਬੈਨਨ ਤੇ ਭਾ ਬ੍ਰਿਧ[1] ਤਬ ਹੀ।
ਇਸ ਪ੍ਰਕਾਰ ਸੋ ਦੇਖਿ ਸਿਧਾਰੇ।
ਰਹ੍ਯੋ ਸੁ ਬੂੜਾ ਸ੍ਰੀ ਪ੍ਰਭੁ ਦ੍ਵਾਰੇ ॥੪੦॥
ਪਦ ਪੰਕਜ ਸੇਵਹਿ ਧਰਿ ਭਾਉ।

[1]ਅਜੇ ਨ੍ਹਾਉਣ ਜੋਗਾ ਛੱਡ ਲਿਆ ਨੇ।

[1]ਸ਼ੁਭ ਕੰਮ ਕਰਦਾ ਦੇਖ ਕੇ।

[1]ਬੁੱਢਾ ਹੋ ਗਿਆ। (ਅ) ਬਜ਼ੁਰਗ ਹੋ ਗਿਆ।

ਬਿਖੇ ਬਾਸ਼ਨਾ ਫੁਰਤਿ ਨ ਕਾਊ।
ਮਨ ਥਿਤ ਕਰਿ ਸਤਿਸੰਗ ਸਮਾਵਾ।
ਪੁਨ ਜਬਿ ਕੇਤਿਕ ਸਮਾਂ ਬਿਤਾਵਾ
॥੪੧॥
ਸੁਨੀਏ ਸ਼੍ਰੀ ਅੰਗਦ! ਇਤਿਹਾਸਾ।
{ਭਾਈ ਬਾਲਾ ਪ੍ਰਲੋਕ ਗਮਨ}
ਮੈਂ ਇਕ ਦਿਵਸ ਸੁਲਖਣੀ ਪਾਸਾ।
ਸਹਿਜ ਸੁਭਾਇ ਸੁ ਬੈਠਯੋ ਜਾਈ।
ਇਸ ਬਿਧਿ ਮੁਝ ਕੋ ਗਿਰਾ ਅਲਾਈ
॥੪੨॥
ਦੋਹਰਾ:
'ਟਿਕਨ ਦੇਹੁ ਅਬ ਤਪੇ ਕੋ,
ਬਿਚਰਣ ਕੀਨ ਬਿਸ਼ਾਲ।
ਦੇਸ਼ ਬਿਦੇਸ਼ਨ ਕੇ ਬਿਖੈ,
ਰਹਯੋ ਸੰਗ ਚਿਰਕਾਲ ॥੪੩॥
ਚੌਪਈ:
ਲੇ ਤੁਝ ਕੋ ਨਿਜ ਸੰਗ ਸਿਧਾਰੈਂ।
ਬਾਹਰ ਕਾਲ ਬਿਸਾਲ ਗੁਜ਼ਾਰੈਂ।
ਹਮਰੇ ਪਾਸ ਰਹਿਨ ਦਿਹੁ ਅਬ ਹੀ।
ਤੁਝ ਬਿਨ ਜਾਇਂ ਵਹਿਰ ਨਹਿਂ ਕਬਿ ਹੀ'
॥੪੪॥
ਮੈਂ ਸੁਨਿ ਕੈ ਮਨ ਮਾਂਹਿ ਬਿਚਾਰਾ।
-ਨਿਜ ਹਿਤ ਇਨ ਬਚ ਸਾਚ ਉਚਾਰਾ।
ਚਿਰੰਕਾਲ ਲਗ ਕੀਨਿ ਉਦਾਸੀ।
ਅਬ ਇਉਂ ਉਚਿਤ ਰਹੈਂ ਇਨ ਪਾਸੀ-
॥੪੫॥
ਮਾਨਿ ਬਚਨ ਮੈਂ ਪ੍ਰਭੁ ਢਿਗ ਆਵਾ।
ਹਾਥ ਜੋਰਿ ਕੈ ਤਬੈ ਅਲਾਵਾ।
'ਕਿਸੇ ਬਿਸਾਵਹੁ ਨਿਜ ਪਸ਼ਚਾਤੀ[1]।
ਗੁਰਤਾ ਦੇਹੁ ਕਰਹੁ ਬੱਖਜਾਤੀ[1] ॥੪੬॥
ਸਿਰੀ ਚੰਦ ਕੈ ਲਖਮੀ ਦਾਸ।
ਕਿਧੋਂ ਅਪਰ ਕੋ? ਹੇ ਸੁਖਰਾਸ!
ਸ਼੍ਰੀ ਮੁਖ ਤੇ ਮੁਝ ਦੇਹੁ ਬਤਾਈ।

[1]ਕਿਸ ਨੂੰ ਬਿਠਾਓਗੇ ਗੱਦੀ ਤੇ ਆਪਣੇ ਪਿਛੋਂ।
[1]ਗੁਰਿਆਈ ਦੇ ਕੇ ਕਰੋਗੇ ਪ੍ਰਗਟ।

ਜੋ ਪਾਵਹਿ ਸਭਿ ਜਗ ਗੁਰਿਆਈ†' ॥੪੭॥

†ਪਾ:-ਜੋ ਪਾਵਹਿ ਜਗ ਗੁਰਤਾ ਆਈ।

ਕਹਿਤਿ ਭਏ 'ਹਮਰੇ ਪਸ਼ਚਾਤੀ।
ਤ੍ਰਿਹਣ ਗੋਤ ਛੱਤ੍ਰੀ ਜਿਹ ਜਾਤੀ।
ਪ੍ਰਥਮੇ ਲਹਿਣਾ ਤਾਂ ਕੋ ਨਾਮ।
ਪੁਨ ਅੰਗਦ ਹ੍ਵੈ ਹੈ ਅਭਿਰਾਮ ॥੪੮॥
ਅਪਨੋ ਸੋ ਸਰੂਪ ਮੈਂ ਧਾਰੋਂ।
ਭਗਤਿ ਭਾਵਨਾ ਭਲੀ ਬਿਥਾਰੋਂ।
ਭੇਦ ਨ ਲਖਿ ਸਕਹੀ ਕੋ ਜੈਸਾ।
ਦੂਸਰ ਬੇਖ ਧਰਵ ਮੈਂ ਐਸਾ' ॥੪੯॥
ਇਉਂ ਸੁਨਿ ਕੈ ਮੈਂ ਦ੍ਵੈ ਕਰ ਬੰਦੇ।
ਬੰਦਨ ਕੀਨਿ ਚਰਨ ਅਰਬਿੰਦੇ।
'ਪ੍ਰਭੁ ਜੀ! ਅਬ ਮੁਝ ਦੇਹੁ ਰਜਾਈ।
ਤਲਵੰਡੀ ਮਹਿਂ ਰਹਿਹੌਂ ਜਾਈ ॥੫੦॥
ਬਹੁਰ ਕ੍ਰਿਪਾ ਕਰਿ ਮੇਲਹੁ ਜਬਿ ਹੀ।
ਦਰਸ਼ਨ ਪ੍ਰਾਪਤਿ ਹ੍ਵੈ ਹੈ ਤਬਿ ਹੀ।
ਦਾਸ ਜਾਨਿ ਚਿਤ ਚੇਤੈ ਕਰੀਏ।
ਭੂਲ ਕਹਜੋ, ਕਛੁ ਰਿਦੈ ਨ ਧਰੀਏ' ॥੫੧॥
ਸੁਨਿ ਕੇ ਸ੍ਰੀ ਗੁਰ ਬਚਨ ਉਚਾਰੇ।
'ਤੂੰ ਹਮ ਸੇ ਨਿਤ ਮਿਲਜੋ ਪਿਆਰੇ।
ਸੰਗੀ ਲੋਕ ਪ੍ਰਲੋਕ ਮਝਾਰੀ।
ਕਰਤਜੋ ਹਮਰੇ ਨਿਤ ਅਨੁਸਾਰੀ ॥੫੨॥
ਤਨ ਮਿਲਿਓ ਪੁਨ ਬਿਛੁਰਨ ਹੋਈ।
ਜਿਨ ਮਨ ਮਿਲੇ ਨ ਬਿਛੁਰੇ ਕੋਈ।
ਸਦਾ ਯਾਦ ਤੂੰ ਰਿਦੇ ਹਮਾਰੇ।
ਪਰਮ ਮੀਤ ਕਿਉਂ ਦੇਹਿਂ ਬਿਸਾਰੇ' ॥੫੩॥
ਸੁਨਿ ਕੈ ਪੁਨ ਬੰਦਨ ਮੈਂ ਕੀਨੀ।
ਗਮਨ ਕੀਨ ਜਬਿ ਆਇਸੁ ਦੀਨੀ।
ਰੈਨ ਦਿਵਸ ਤਿਨ ਮੂਰਤ ਧਜਾਨਾ।
ਕਰੋਂ ਰਿਦੇ ਹ੍ਵੈ ਅਨੰਦ ਮਹਾਨਾ ॥੫੪॥

ਸ੍ਰੀ ਅੰਗਦ ਸੁਨਿ ਪਰਮ ਬਡੇਰੇ!
ਹੁਤੀ ਜਿਤੀਕ ਰਿਦੇ ਸੁਧ ਮੇਰੇ।
ਤਿਤੀ ਕਥਾ ਇਹੁ ਦੀਨ ਸੁਨਾਈ।
ਰਾਵਰ ਕੀ ਮੈਂ ਪਾਇ ਰਜਾਈ ॥੫੫॥
ਤਲਵੰਡੀ ਮਹਿਂ ਰਹਜੋ ਬਹੋਰੀ।
ਧ੍ਯਾਨ ਕਰੋਂ ਬੰਦੋਂ ਤਿਹ ਠੌਰੀ।
ਜਬਿ ਮੈਂ ਸੁਨਜੋ ਦੁਤਿਯ ਕਿਯ ਬੇਖਾ[1]।
ਦਰਸ ਹੇਤ ਭੀ ਚਾਹਿ ਵਿਸ਼ੇਖਾ ॥੫੬॥
ਤਤਛਿਨ ਤੁਮਰੇ ਆਇ ਸਮੀਪਾ।
ਦਰਸੇ ਤੁਮ ਤੇਹਣ ਕੁਲਦੀਪਾ।
ਸੋ ਸ੍ਰੀ ਨਾਨਕ ਹੋ ਤੁਮ ਓਹੀ।
ਹੈ ਪ੍ਰਤੀਤ ਅਤਿਸ਼ੈ ਦ੍ਰਿੜ ਮੋਹੀ ॥੫੭॥
ਅਪਨੀ ਕਥਾ ਆਪ ਲਿਖਿਵਾਈ।
ਦਾਸ ਜਾਨਿ ਮੁਝ ਦੀਨ ਬਡਾਈ।
ਸਭਿ ਬਿਧਿ ਅੰਤਰਜਾਮੀ ਜਾਨਹੁ।
ਤੀਨ ਕਾਲ ਕੀ ਬਾਤ ਬਖਾਨਹੁ ॥੫੮॥
ਸੁਨੀ ਕਥਾ ਸ੍ਰੀ ਅੰਗਦ ਜਬਿ ਹੀ।
ਹਰਖਤਿ ਉਰ ਮੁਖ ਬੋਲੇ ਤਬਿ ਹੀ।
'ਸੁਨਿ ਬਾਲੇ ਸ੍ਰੀ ਗੁਰ ਸਮ[†] ਤੁਮ ਹੋ[‡]।

[†]ਇਹ ਵਾਕ ਨਾ ਗੁਰੂ ਅੰਗਦ ਜੀ ਉਚਾਰ ਸਕਦੇ ਹਨ, ਨਾ ਬਾਲਾ ਸੁਣ ਸਕਦਾ ਹੈ, ਨਾ ਕਵਿ ਜੀ ਇਹ ਲਿਖ ਸਕਦੇ ਹਨ। ਨਾ ਗੁਰੂ ਅੰਗਦ ਜੀ ਸੱਚੀ ਮੁਚੀ ਯਾ ਵਡਿਆਈ ਲਈ ਕਦੇ ਆਪਣੇ ਅਰਸ਼ੀ ਪ੍ਰੀਤਮ ਦੇ ਤੁੱਲ ਕਿਸੇ ਨੂੰ ਕਹਿ ਸਕਦੇ ਹਨ? ਇਹ ਬੀ ਕਿਸੇ ਆਦਿ ਲਿਖਾਰੀ ਦੀ ਭੁੱਲ ਹੈ। ਗ਼ਾਲਬਨ ਏਥੇ ਇਸ ਪ੍ਰਕਾਰ ਦਾ ਪਾਠ ਹੋਣਾ ਹੈ:-ਸੁਣ ਬਾਲੇ ਸ੍ਰੀ ਗੁਰ ਪ੍ਰਿਯ ਤੁਮ ਹੋ। [‡]ਪਾ:-ਕੋ।

ਧੰਨ ਧੰਨ ਪੁਨ ਧੰਨ ਜਨਮ ਹੋ ॥੫੯॥

ਦੋਹਰਾ:
ਤੁਮਰੋ ਮੁਖ ਰਾਂਕਾ ਸ਼ਸ਼ੀ, ਸੁਧਾ ਗਿਰਾ ਸਮ ਭਾਇ[1]।
ਸਿਖ ਬਿੰਦਾਰਕ ਪੀਵਹੀਂ[1], ਨਿਤਪ੍ਰਤਿ ਨਹੀਂ ਅਘਾਇਂ[2] ॥੬੦॥

ਚੌਪਈ:
ਇਸ ਕੀ ਮਹਿਮਾ ਕਹੀ ਨ ਜਾਇ।
{ਕਥਾ ਮਹਿਮਾ}
ਸੁਨਿ ਕੈ ਚਾਰ ਪਦਾਰਥ ਪਾਇ।

[1]ਭਾਵ ਗੁਰੂ ਨਾਨਕ ਜੀ ਨੇ ਦੂਸਰਾ ਭੇਸ ਲੀਤਾ ਹੈ।

[1]ਮੂੰਹ ਪੂਰਨਮਾਸ਼ੀ ਦਾ ਚੰਦਰਮਾਂ ਹੈ ਬਾਣੀ ਅੰਮ੍ਰਿਤ ਰੂਪ ਹੈ (ਪ੍ਰੇਮ ਵਾਲੀ)।

[1]ਸਿਖ ਰੂਪੀ ਦੇਵਤੇ ਪੀਣਗੇ। [2]ਰੱਜਣਗੇ ਨਹੀਂ।

ਨਹੀ ਅਲਭ ਵਸਤੁ ਹ੍ਵੈ ਕੋਈ।
ਜਿਉਂ ਪਾਰਸ[1] ਧਨ ਤੋਟ ਨ ਹੋਈ ॥੬੧॥ [1]ਪਾਰਸ (ਦੇ ਕੋਲ ਹੁੰਦਿਆਂ)।
ਪਰ ਉਪਕਾਰ ਕੀਓ ਜਗ ਪਰ ਤੁਮ।
ਮਹਿਮਾ ਅਪਰ ਨ ਕੋ ਇਸ ਕੇ ਸਮ।
ਸੁਨਹਿ ਪਢਹਿਂ ਹਿਤ ਕਰਿ ਪੁਨ ਸੁਨਹਿਂ।
ਪ੍ਰੀਤ ਕਰਹਿਂ ਸ੍ਰੀ ਗੁਰ ਗੁਨ ਗੁਨਹਿ[1] ॥੬੨॥ [1]ਵਿਚਾਰਨਗੇ।
ਕਲੁਖ ਬਿਪੁਲ ਬਿਕਲਾਹਿ ਪਰਾਹੀਂ[1]। [1]ਪਾਪ ਸਾਰੇ ਹੀ ਘਬਰਾ ਕੇ ਨੱਸ ਜਾਣਗੇ।
ਨਿਸ਼ਚਾ ਧਰੇ, ਸ਼ਾਂਤਿ ਹ੍ਵੈ ਆਹੀ।
ਸ੍ਰੀ ਨਾਨਕ ਪਦਪੰਕਜ ਮਾਂਹੀ।
ਸ਼ਰਧਾ ਵਧੈ ਮੁਕਤਿ ਫਲ ਤਾਂਹੀ' ॥੬੩॥
ਪੁਨਿ ਬਾਲੇ ਬੰਦੇ ਦ੍ਵੈ ਹਾਥਾ।
ਬੋਲਜੋ ਬਚਨ 'ਸੁਣਹੁ ਮਮ ਨਾਥਾ !
ਭਯੋ ਹਦੂਰ[1] ਜਿਤੋ ਇਤਿਹਾਸਾ। [1]ਮੇਰੇ ਸਾਹਮਣੇ।
ਸੋ ਬਰਨਨ ਕੀਨੋ ਤੁਧ ਪਾਸਾ ॥੬੪॥
ਇਸ ਆਗੇ ਸੁਧ ਮੋਹਿ ਨ ਕੋਊ।
ਰਾਵਰ ਸਰਬ ਜਾਨਿ ਹੋ ਸੋਊ।
ਜਰਾ ਗ੍ਰਸੀ[1] ਅਬ ਕਾਯਾ ਮੇਰੀ। [1]ਬੁਢੇਪੇ ਨੇ।
ਲਖਹੁ ਆਰਬਲ ਭਈ ਬਡੇਰੀ ॥੬੫॥
ਇਹ ਅਬ ਛੁਟਹਿ ਬਚਨ ਨਿਜ ਕਰੀਏ।
ਜਗ ਸਾਗਰ ਤੇ ਮੋਹਿ ਉਧਰੀਏ।'
ਸ੍ਰੀ ਅੰਗਦ ਸੁਨਿ ਕੈ ਮੁਸਕਾਨੇ।
'ਕਿਉਂ ਅਸ ਆਪ ਉਤਾਇਲ[1] ਠਾਨੇ ॥੬੬॥ [1]ਛੇਤੀ, ਕਾਹਲ।
ਅਬ ਦ੍ਵੈ ਮਾਸ ਬੈਸ ਹੈ ਤੇਰੀ।
ਪੁਨ ਸਰੀਰ ਹੈ ਭਸਮ ਸੁ ਢੇਰੀ।
ਤਬਿ ਲਗ ਹਮ ਢਿਗ ਰਹੁ ਹਿਤ ਸਾਥਾ।
ਪਰਚਹੁ ਸੁਨਹੁ ਕਰਹੁ ਗੁਰ ਗਾਥਾ' ॥੬੭॥
ਸੁਨਿ ਕੈ ਹਰਖਤਿ ਹ੍ਵੈ ਕਰਿ ਬਾਲਾ।
ਰਹਜੋ ਸਮੀਪ ਸੁਖਦ ਤਿਹ ਕਾਲਾ[1]। [1]ਸੁਖਦਾਤੇ ਦੇ ਕੋਲ ਰਿਹਾ ਉਸ ਵੇਲੇ।
ਕਹੈ ਸੁਨੈ ਗੁਰ ਕੇ ਗੁਨ ਔਰੀ।

ਦੋਇ ਮਾਸ ਜਬਿ ਬਿਤੇ ਬਹੋਰੀ ॥੬੮॥
ਪਰਾਲਬਧ ਭੋਗੀ ਨਿਜ ਜਬਿ ਹੀ।
ਅਯੋ ਸਮਾਂ ਤਨ ਬਿਨਸਨ ਤਬਿ ਹੀ।
ਸ੍ਰੀ ਅੰਗਦ ਕੋ ਕਰਿ ਕੈ ਬੰਦਨ।
ਬਹੁਰ ਧਯਾਨ ਧਰਿ ਦੋਖ ਨਿਕੰਦਨ ॥੬੯॥
ਧਰਨੀ ਕੋ ਪੁਨੀਤ ਕਰਿਵਾਏ।
ਪੌਢਯੋ[1] ਸ੍ਰੀ ਨਾਨਕ ਉਰ ਧਯਾਏ।
ਤਨਕ ਬਿਖੈ ਨਿਜ ਤਨ ਕੌ ਤਯਾਗੀ[1]।
ਪਹੁੰਚਯੋ ਪਰਮ ਪਦੰ ਬਡ ਭਾਗੀ ॥੭੦॥
ਸ੍ਰੀ ਅੰਗਦ ਮਹਿਂ ਜੋਤਿ ਸਮਾਨੀ।
ਜਿਉਂ ਪਾਨੀ ਮਹਿਂ ਮਿਲਿ ਹੈ ਪਾਨੀ।
ਤਿਹ ਛਿਨ ਸ੍ਰੀ ਤੇਹਣ ਕੁਲਰਾਈ।
ਕਹਿ ਕੈ ਭਲੀ ਚਿਤਾ[1] ਕਰਿਵਾਈ ॥੭੧॥
ਸਿੱਖਨ ਤੇ ਤਨ ਕੋ ਉਚਵਾਇ।
ਰਾਖਯੋ ਊਪਰ ਤਾਂਹਿ ਬਨਾਇ।
ਬਹੁਰੋ ਆਪ ਨਿਕਟਿ ਚਲਿ ਆਏ।
ਤ੍ਰਿਣ ਅਗਨੀ ਕੋ ਹਾਥ ਉਚਾਏ[1] ॥੭੨॥
ਤਬ ਸਿਖ ਬਰਜ[1] ਰਹੇ ਬਹੁ ਬਾਰੀ।
ਨਿਜ ਕਰ ਸੰਗਿ ਦਾਹੁ ਦੇ ਜਾਰੀ[1]।
ਜਿਹ ਸਤਿਗੁਰ ਕੋ ਸੇਵਕ ਪਯਾਰੇ।
ਅਪਰ ਨ ਕਿਛੁ ਗਿਣਤੀ ਉਰਧਾਰੇ ॥੭੩॥
ਬੈਸੇ ਬਹੁਰ ਸਰਬ ਸਿਖ ਮਾਂਹੀ।
ਬਾਲੇ ਕੀ ਉਸਤਤਿ ਬਹੁ ਪ੍ਰਾਹੀ[1]।
'ਧੰਨ ਧੰਨ' ਸਭਿ ਹੀ ਨਰ ਕਹਿਹੀਂ।
'ਸ੍ਰੀ ਨਾਨਕ ਹਿਤਕਾਰੀ ਅਹਿਹੀ' ॥੭੪॥

ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਭਾਈ ਬਾਲੇ ਕੋ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋਂ ਅਧਯਾਯ ॥੪੬॥

[1]ਲੇਟ ਗਿਆ।

[1]ਭੇਦ ਖੇਦ ਕੋਈ ਨਹੀਂ ਹੋਇਆ, ਜਿਵੇਂ ਪੱਕਾ ਫਲ ਹੱਥ ਲਾਂਦਿਆਂ ਡਾਲੀ ਤੋਂ ਟੁੱਟ ਪੈਂਦਾ ਹੈ ਤਿਵੇਂ ਛਿਨ ਵਿਚ ਸਰੀਰ ਤੋਂ ਆਤਮਾ ਉਡਾਰੀ ਮਾਰ ਗਈ।

[1]ਚਿਖਾ।

[1]ਹੱਥ ਵਿਚ ਚੁੱਕ ਕੇ।

[1]ਰੋਕ।

[1]ਤਾਂ ਬੀ) ਅਪਨੇ ਹੱਥਾਂ ਨਾਲ ਹੀ ਦਾਹ ਦੇ ਕੇ (ਦੇਹ) ਸਾੜੀ।

[1]ਕਹਿੰਦੇ ਹਨ।

## ੪੭. [ਸ਼ਾਰਦਾ ਮੰਗਲ, ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ]

੪੬<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੮

{ਲਹਿਣਾ ਜੀ ਦਾ ਪਵਿੱਤ੍ਰ ਸਰੀਰ, ਦ੍ਰਿਸ਼ਟਾਂਤ} ॥੩.. ॥ ॥ ॥੪੮॥
{ਮੱਤੇ ਕੀ ਸਰਾਂ} ॥੧੦..॥
{ਲਹਿਣਾ ਜੀ ਕਰਤਾਰਪੁਰ} ॥੩੨..॥
{ਲਹਿਣਾ ਜੀ ਨੂੰ ਵਰ} ॥੯੨..॥

ਦੋਹਰਾ:

ਸਾਰੁਸਤੀ ਸਿਮਰਨ ਉਦਧਿ, ਕਵਿਤਾ ਪ੍ਰਦ ਜਿਉਂ ਇੰਦ।
ਬਿਗਸਤਿ ਸ਼੍ਰੋਤਾ ਕੁਮਦ ਸੁਨਿ, ਕੋਕ ਬਿਮੁਖ ਦੁਖ ਦੁੰਦ ॥੧॥

ਉਦਧਿ=ਸਮੁੰਦ੍ਰ। ਪ੍ਰਦ=ਦਾਤਾ। ਸੰਸ: ਪ੍ਰਦ] ਕੋਕ=ਚਕਵੀ ਚਕਵਾ।

ਅਰਥ:

ਸਮੁੰਦਰ (ਰੂਪੀ) ਸਾਰਦਾ ਦਾ ਸਿਮਰਨ ਮਾਨੋਂ ਕਵਿਤਾ (ਰੂਪੀ) ਚੰਦ੍ਰਮਾ ਦਾ ਦਾਤਾ ਹੈ (ਜਿਸ ਨੂੰ) ਸੁਣਕੇ ਕੁਮਦਨੀ ਵਾਂਕੂੰ (ਪ੍ਰੇਮੀ) ਸ਼੍ਰੋਤੇ ਤਾਂ ਖਿੜ ਜਾਂਦੇ ਹਨ (ਪਰ ਛੁੱਟੜ) ਚਕਵੀ ਵਾਂਕੂੰ ਬੇਮੁਖ (ਲੋਕ) ਬੜੇ ਦੁਖੀ ਹੁੰਦੇ ਹਨ।

ਚੌਪਈ:

ਅਬਿ ਸ਼੍ਰੀ ਅੰਗਦ ਕੀ ਸੁਨਿ ਕਥਾ।
ਭਈ ਜਥਾ ਉਚਰੋਂ ਮੈਂ ਤਥਾ†। †ਹੁਣ ਕਥਾ ਕਵਿ ਜੀ ਆਪ ਕਹਿਣ ਲੱਗੇ ਹਨ।

{ਲਹਿਣਾ ਜੀ ਦਾ ਪਵਿੱਤ੍ਰ ਸਰੀਰ, ਦ੍ਰਿਸ਼ਟਾਂਤ}

ਜੰਗਲ ਮਤੇ ਜੁ ਹੁਤੀ ਸਰਾਇ†। †ਮੱਤੇ ਦੀ ਸਰਾਇੰ ਜੋ ਜੰਗਲ ਭਾਵ ਮਾਲਵੇ ਵਿਚ ਸੀ, ਇਹ ਥਾਂ ਮੁਕਤਸਰ ਤੋਂ ੩ ਮੀਲ ਹੈ ਤੇ ਹੁਣ ਨਾਂਗੇ ਦੀ ਸਰਾਂ ਕਹਾਉਂਦੀ ਹੈ।
ਮਨ ਪੁਨੀਤ -ਫੇਰੁ- ਤਾਂਹਿ ਥਾਇ ॥੨॥
ਤੇਹਿਣ ਗੋਤ, ਛੱਤ੍ਰੀ ਜਿਹ ਜਾਤੀ।
ਕਰਮ ਧਰਮ ਮਹਿਂ ਸਭ ਬੱਖ੍ਯਾਤੀ[1]। [1]ਪ੍ਰਗਟ ਸੀ।
ਤਿਹ ਘਰ ਜਨਮ੍ਯੋ† ਸੁਤ ਸੁਖਦਾਈ। †ਆਪ ਦਾ ਅਵਤਾਰ ਵੈਸਾਖ ਸੁਦੀ ੧ ਸੰ: ੧੫੬੧ ਬਿ: ਵਿਚ ਲਿਖਿਆ ਹੈ।
ਲਹਿਣਾ ਨਾਮ ਧਰ੍ਯੋ ਹਿਤ ਲਾਈ ॥੩॥
ਜਨਮਤਿ ਭਗਤਿ ਸੰਗਿ ਜਿਸ ਆਈ।
ਕਿਧੋਂ ਤਾਂਹਿ ਨਿਜ ਦੇਹਿ ਬਨਾਈ।
ਧੀਰਜ ਖਿਮਾਂ ਭੁਜਾ[1] ਜਿਹ ਸੋਹੈ। [1]ਧੀਰਜ ਤੇ ਖਿਮਾਂ ਦੋ ਬਾਹਾਂ।
ਅਜਰ ਜਰਨ[1] ਸ਼ੁਭ ਰਿਦਾ ਭਯੋ ਹੈ ॥੪॥ [1]ਨਾ ਜਰੀ ਜਾਣ ਵਾਲੀ ਸ਼ਕਤੀ ਨੂੰ ਜਰ ਲੈਣਾ।
ਮੈਤ੍ਰੀ, ਮੁਦਿਤਾ[1], ਜਾਂਘ[2] ਸੁਹਾਈ। [1]ਮ੍ਰਿੱਤਤਾ ਤੇ ਅਨੰਦਤਾ। [2]ਲੱਤਾਂ।
ਕਟ[1] ਕਰੁਨਾ ਕੀ ਅਤਿ ਛਬਿ ਪਾਈ। [1]ਲੱਕ।
ਭਾਉ[1] ਬਦਨ, ਮਨ ਪ੍ਰੇਮ ਬਨਾਏ। [1]ਸ਼੍ਰਧਾ, ਸਤਿਕਾਰ।
ਸਮ ਦਮ[1] ਜਾਂ ਕੇ ਕਰਨ ਸੁਹਾਏ ॥੫॥ [1]ਸਮ=ਅੰਤ੍ਰੀਵ ਇੰਦ੍ਰਿਆਂ ਨੂੰ ਵੱਸ ਕਰਨਾ।

ਦਮ=ਬਾਹਰਲੇ ਇੰਦ੍ਰਯ ਵਸ ਕਰਨੇ।

ਧ੍ਯਾਨ ਕਰਨ ਲਿਵ ਲਾਗਨ ਜੋਊ[1]। — [1]ਧਿਆਨ ਕਰਨਾ ਤੇ ਲਿਵ ਲਗਨਾ ਜੋ ਹੈ।
ਦ੍ਵੈ ਲੋਚਨ ਸ਼ੋਭਤਿ ਸ਼ੁਭ ਸੋਊ।
ਗ੍ਯਾਨ ਸੀਸ[1] ਜਿਹ ਕੇਰ ਬਿਰਾਜਤਿ। — [1]ਗ੍ਯਾਨ ਰੂਪੀ ਸੀਸ।
ਸਤਿਸੰਗਤ ਸ਼ਿੰਗਾਰ ਸ਼ੁਭ ਛਾਜਤਿ[1] ॥੬॥ — [1]ਫਬ ਰਿਹਾ ਹੈ।
ਇਸ ਪ੍ਰਕਾਰ ਧਰਿ ਜਨਮ ਸੁਹਾਵਾ।
ਬ੍ਰਿਧੈ ਦੇਹਿ ਜਿਉਂ ਕਾਲ ਬਿਤਾਵਾ।
ਚੌਦਹਿ ਬਰਖ ਆਰਬਲ[1] ਹੋਈ। — [1]ਆਯੂ।
ਜਿਨਹਿ ਬਿਕਾਰ ਨ ਪਰਸ੍ਯੋ ਕੋਈ ॥੭॥
ਖੱਤ੍ਰੀ ਇਕ ਖਡੂਰ ਮਹਿਂ ਰਹਿਹੀ।
ਸੁਤਾ ਨਿਕੇਤ ਤਾਂਹਿ ਕੇ ਅਹਿਹੀ।
ਭੇਜ ਮਨੁਜ ਤਿਨ ਕੀਨਿ ਸਗਾਈ।
ਕਿਤਿਕ ਸਮਾਂ ਪੁਨ ਦੀਨ ਬਿਤਾਈ ॥੮॥
ਕਰਿਓ ਬ੍ਯਾਹ ਦਾਜ ਬਹੁ ਦੀਨਾ।
ਦੇਖਿ ਜਮਾਤਾ[1] ਆਨੰਦ ਭੀਨਾ। — [1]ਜਵਾਈ।
ਗਏ ਗ੍ਰਾਮ ਨਿਜ ਰਹੇ ਬਹੋਰੀ।
ਕਿਤਿਕ ਕਾਲ ਬਿਤਿਓ ਤਿਸ ਠੌਰੀ ॥੯॥
ਇਕ ਦਿਨ ਚਢੀ ਬਲੋਚਨ ਧਾਰੀ[1]। — [1]ਬਲੋਚਾਂ ਦੀ ਧਾੜ (ਡਾਕੂ)।
ਜੰਗਲ ਮਤੇ ਸਰਾਇਂ ਸੁ ਮਾਰੀ।
{ਮੱਤੇ ਕੀ ਸਰਾਂ}
ਢਾਹਿ ਨਿਕੇਤ ਥੇਹ ਸੋ ਕੀਨਾ।
ਬਹੁਰ ਨ ਕੋਊ ਬਸਨੇ ਦੀਨਾ ॥੧੦॥
ਸ਼੍ਰੀ ਲਹਿਣਾ ਤਬਿ ਤੇ ਤਜਿ ਗ੍ਰਾਮੂ।
ਆਨਿ ਖਡੂਰ ਬਿਖੈ ਕਿਯ ਧਾਮੂ।
ਰਹੇ ਤਹਾਂ ਪੁਨ, ਗਏ ਕਿ ਥਾਂਵ ਨ[1]। — [1]ਕਿਥੇ ਥਾਂ ਨਾ।
ਬਹੁਤੋ ਕੀਨੋ ਸਮਾਂ ਬਿਤਾਵਨ ॥੧੧॥
ਗ੍ਰਾਮ ਖਡੂਰ ਨਾਰਿ ਨਰ ਜੋਊ।
ਸੇਵਕ ਦੁਰਗਾ ਕੇ ਸਭਿ ਸੋਊ।
ਜਾਹਿ[1] ਬਰਖ ਦਿਨ ਮਹਿ ਸ਼੍ਰੀ ਜ੍ਵਾਲਾ[†]। — [1]ਜਾਂਦੇ ਹੁੰਦੇ ਸਨ।

†ਜਵਾਲਾ ਜੀ ਨਾਮੇ ਟਿਕਾਣਾ ਕਾਂਗੜੇ ਦੇ ਜ਼ਿਲੇ ਵਿਚ ਹੈ, ਜਿਥੋਂ ਕੁਦਰਤੀ ਲਾਟ ਨਿਕਲਕੇ ਬਲਦੀ ਹੈ ਤੇ ਹਿੰਦੂ ਦੇਵੀ ਸਮਝਕੇ ਪੂਜਦੇ ਹਨ। ਮਹਾਰਾਜਾ ਰਣਜੀਤ ਸਿੰਘ ਦਾ ਬਣਵਾਇਆ ਗੁਰਦੁਆਰਾ ਦੇਵੀ ਦੇ ਭੌਣ ਦੇ ਨਾਲ ਵਾਰ ਏਥੇ ਹੈ, ਜੋ ਸਿੱਖੀ ਪ੍ਰਚਾਰ ਨਮਿੱਤ ਰਚਿਆ ਗਿਆ ਸੀ, ਪਰ ਹੁਣ ਪ੍ਰਚਾਰ ਕੋਈ ਨਹੀਂ ਹੋ ਰਿਹਾ।

ਪਰਸਿ ਕਾਂਗੜੇ ਹਰਖ ਬਿਸ਼ਾਲਾ ॥੧੨॥
ਲਹਿਣਾ ਸਭਿ ਮਹਿਂ ਮੁਖਿ ਹ੍ਵੈ ਜਾਈ।
ਇਸ ਬਿਧਿ ਕਰਿਹੈ ਨੇਮ ਸਦਾਈ।
ਏਕ ਸਿੱਖ ਸ਼੍ਰੀ ਨਾਨਕ ਕੇਰਾ।
ਰਹ ਖਡੂਰ ਜਿਸ ਪ੍ਰੇਮ ਘਨੇਰਾ ॥੧੩॥
ਪਢੈ ਸਦੀਵ ਗੁਰੂ ਕੀ ਬਾਨੀ।
ਸੇਵ ਆਨ[1] ਕੀ ਰਿਦੇ ਨ ਆਨੀ[2]। — [1]ਹੋਰ। [2]ਨਹੀਂ ਸੀ ਲਿਆਂਵਦਾ।
ਸ਼ਰਧਾ ਸ਼੍ਰੀ ਨਾਨਕ ਪਗ ਮਾਂਹੀ।
ਪ੍ਰੇਮਾਨੰਦ ਰਹੇ ਨਿਤ ਤਾਂਹੀ ॥੧੪॥
ਏਕ ਦਿਵਸ ਮਹਿਂ ਇਕ ਮਨ ਹੋਈ।
ਬਾਨੀ ਪਢੈ ਪ੍ਰੇਮ ਯੁਤ ਸੋਈ।
ਸੁਨੇ ਸ਼ਬਦ ਸ਼੍ਰੀ ਲਹਿਣੇ ਜਬਿ ਹੀ।
ਜਾਗਜੋ ਰਿਦੇ ਪ੍ਰੇਮ ਬਹੁ ਤਬਿ ਹੀ ॥੧੫॥
ਸਿੱਖ ਹਕਾਰਜੋ ਬੂਝਜੋ[1] ਤਾਂ ਕੋ। — [1]ਬੁਲਾਇਆ ਤੇ ਪੁੱਛਿਆ।
'ਤੁਮ ਜੋ ਪਢਤਿ ਸ਼ਬਦ ਕਹੁ ਕਾਂ ਕੋ[1]।' — [1]ਕਿਸ ਦਾ ਹੈ।
ਸਿੱਖ ਕਹਜੋ 'ਗੁਰ ਨਾਨਕ ਮੇਰਾ।
ਪੜ੍ਹੋਂ ਸ਼ਬਦ ਤਿਨ ਕੋ ਮੈਂ ਚੇਰਾ' ॥੧੬॥

ਦੋਹਰਾ:

ਤਬ ਲਹਿਣੇ ਮਨ ਮੈਂ ਗਿਣੀ -ਜਿਸ ਕੇ ਐਸੇ ਬੈਨ।
ਗੁਰੂ ਕਰੋਂ ਤਾਂ ਕੋ ਅਬੈ, ਸੁਨਤਿ ਹੋਤਿ ਮਨ ਚੈਨ ॥੧੭॥

ਚੌਪਈ:

ਸੁਨਜੋ ਸ਼੍ਰਵਨ ਮਹਿਂ ਸੁਜਸੁ ਅਗਾਰੇ।
ਸ਼੍ਰੀ ਨਾਨਕ ਹੈਂ ਗਜਾਨ ਉਦਾਰੇ।
ਹਮਰੇ ਗ੍ਰਾਮ ਪ੍ਰਵਿਰਤ ਨ ਆਹੀ।
ਦਰਸ਼ਨ ਪਰਸ ਨ ਕੋ ਤਿਨ ਜਾਹੀ ॥੧੮॥
ਔਰ ਨ ਕਿਸ ਕੀ ਸੰਗਤਿ ਹੋਈ।
ਜਾਂ ਤੇ ਪਿਖਉਂ ਜਾਇ ਗੁਰ ਸੋਈ।

ਸੁਨਜੋ ਸ਼ਬਦ, ਇਨ ਸਿਖ ਜੁ ਬਖਾਨਜੋ।
ਦਰਸ ਕਰੋਂ ਮਨ ਬਹੁਰ ਲੁਭਾਨਜੋ ॥੧੯॥

ਦੋਹਰਾ:

ਜ੍ਵਾਲਾ ਪਰਸਨ ਕੋ ਸਮੈਂ, ਆਯੋ ਅਬਹੀ ਨੇਰ।
ਤਿਹ ਮਗ ਸਭਿ ਨਰ ਲੈ ਚਲੋਂ, ਲੇਵੌਂ ਦਰਸ਼ਨ ਹੇਰਿ- ॥੨੦॥
ਤਬਿ ਤਿੰਹ ਸਿਖ ਕੇ ਪਾਸ ਤੇ[1], ਸ਼ਬਦ ਕੰਠ ਕਰਿ ਲੀਨ। — [1]ਕੋਲੋਂ।
ਨਿਤਪ੍ਰਤਿ ਪਢਿਹੀ ਪ੍ਰੇਮ ਕਰਿ, ਉਪਜੇ ਭਾਉ[1] ਨਵੀਨ ॥੨੧॥ — [1]ਪ੍ਰੇਮ।

ਚੌਪਈ:

ਮਿਲਿਨੇ ਕੀ ਅਭਿਲਾਖਾ ਐਸੇ।
ਮਧੁਕਰ[1] ਖੋਜਤਿ ਪੁਸ਼ਕਰ[2] ਜੈਸੇ। — [1]ਭੌਰਾ। [2]ਫੁੱਲ।
ਜਿਉਂ ਮ੍ਰਿਗ ਪਜਾਸੋ ਜਲ ਕੋ ਚਾਹੈ।
ਜਿਉਂ ਚਾਤ੍ਰਿਕ[1] ਇਕ ਬੂੰਦ ਬਿਨਾਹੈ[2] ॥੨੨॥ — [1]ਪਪੀਹਾ। [2]ਇਕ ਬੂੰਦ ਲਈ ਬੇਨਤੀ ਕਰਦਾ ਹੈ, (ਅ) (ਜਿਵੇਂ) ਇਕ ਬੂੰਦ ਬਿਨਾ ਹੋਵੇ (ਭਾਵ ਵਜਾਕੁਲ)।
ਦੇਵੀ ਪਰਸਨ ਦਿਨ ਪੁਨ ਆਯੋ।
ਸਭਿਨਿ ਲਿਜਾਵਨ ਮਨ ਠਹਿਰਾਯੋ।
ਅਧਿਕ ਭਏ ਨਰ ਲਹਿਣੇ ਸੰਗਾ।
ਗਮਨੇ ਜ੍ਵਾਲਾ ਸਹਿਤ ਉਮੰਗਾ ॥੨੩॥
ਸਰਬ ਸੰਗ ਸੋਂ ਕਹਜੋ ਸੁਨਾਈ।
'ਅਪਰ ਪੰਥ[1] ਚਲਿ ਕੈ ਅਬ ਜਾਈਂ। — [1]ਹੋਰ ਰਾਹ।
ਸ੍ਰੀ ਗੁਰ ਨਾਨਕ ਪੁਰਖ ਮਹਾਨਾ।
ਤਿਹ ਕੋ ਦਰਸ਼ ਕਰਹੁ ਮਤਿਵਾਨਾ[1]! ॥੨੪॥ — [1]ਹੇ ਮਤਿਵਾਨੋ!
ਇਹ ਮਗ ਜਾਵਨ ਫਲ ਸੁ ਬਿਸ਼ਾਲੇ।
ਦ੍ਵੈ ਕੋ ਦਰਸ਼ਨ ਹੋਇਂ ਸੁਖਾਲੇ।'
ਇਉਂ ਸੁਨਿ ਨਰ ਬਹੁ ਸੰਗ ਸਿਧਾਰੇ।
ਕਹੈਂ ਕਿ 'ਚਲਹੁ ਸੁ ਲੇਹੁ ਨਿਹਾਰੇ' ॥੨੫॥
ਬਹੁਰ ਭੀਰ ਨਿਜ ਲੇ ਕਰਿ ਸੰਗਾ।

ਗਮਨਜੋ ਲਹਿਣਾ ਭਾਗ ਉਤੰਗਾ[1]।
ਕ੍ਰਮ ਕ੍ਰਮ ਸਗਰੋ ਮਾਰਗ ਛੋਰੀ[1]।
ਪਹੁੰਚੇ ਪੁਰਿ ਕਰਤਾਰਹਿਂ ਠੌਰੀ ॥੨੬॥
ਵਹਿਰ ਤਿਸ਼ਟ ਇਕ ਮਨੁਜ ਬੁਝੇਰਾ[1]।
ਇਹ ਜੋ ਗ੍ਰਾਮ ਅਹੈ ਕਿਸ ਕੇਰਾ?'
ਕਹੈ ਸੁ ਨਰ 'ਜਗ ਗੁਰ ਗਤਿਦਾਈ।
ਸ਼੍ਰੀ ਨਾਨਕ ਜੋ ਤਪਾ ਕਹਾਈ ॥੨੭॥
ਬਹੁ ਨਰ ਦੂਰ ਦੇਸ਼ ਤੇ ਆਵਹਿਂ।
ਦਰਸ ਕਰਹਿਂ ਨਿਜ ਇੱਛ ਪੁਜਾਵਹਿਂ।
ਨਿਜ ਉਪਦੇਸ਼ਜੋ ਜਗ ਮਹਿਂ ਨਾਮੂ।
ਤਿਨ ਕੋ ਜਾਨਿ ਲੇਹੁ ਇਹੁ ਗ੍ਰਾਮੂ' ॥੨੮॥
ਸੁਨਿ ਲਹਿਣੇ ਕੈ ਸੰਗੀ ਕਹਿਹੀਂ।
'ਜਿਸ ਕੇ ਸ਼ਬਦ ਪਢਤਿ ਤੁੰ ਰਹਿਹੀਂ।
ਦਰਸ਼ਨ ਨਿਤਪ੍ਰਤਿ ਰਿਦੇ ਚਹਿਤ ਹੈਂ।
ਸੋ ਸ਼੍ਰੀ ਨਾਨਕ ਇਹਾਂ ਬਸਤਿ ਹੈਂ' ॥੨੯॥
ਸੁਨਿ ਹਰਖਜੋ ਨਹਿਂ ਅੰਗ ਸਮਾਵਹਿ।
ਜਿਉਂ ਕਿਰਪਨ ਕੋ[1] ਧਨ ਬਹੁ ਪਾਵਹਿ।
ਭਯੋ ਠਾਂਢਿ ਨਿਜ ਸਾਥ ਅਗਾਰੀ।
ਸਭਿਹਿਨਿ ਸੋਂ ਅਸ ਗਿਰਾ ਉਚਾਰੀ ॥੩੦॥

ਦੋਹਰਾ:
'ਠਹਿਰੋ ਇਹ ਠਾਂ ਤੁਮ ਸਭੈ, ਹੌਂ ਦਰਸ਼ਨ ਕਰਿ ਆਇ।
ਬਹੁਰੋ ਡੇਰਾ ਕਰੈਂ ਮਿਲਿ, ਕਿਧੌਂ ਅਗਾਰੀ ਜਾਇਂ' ॥੩੧॥

ਚੌਪਈ:
ਅਸ ਕਹਿ ਗ੍ਰਾਮ ਸਾਮੁਹੇ ਗਮਨੰ[1]।
ਮਨ ਮੈਂ ਗੁਨੀ ਗੁਰੁ ਗੁਨ ਭਵਨੰ[1]।
{ਲਹਿਣਾ ਜੀ ਕਰਤਾਰਪੁਰ}
-ਸੇਵਕ ਹਮਰਾ ਆਵਤਿ ਸੋਈ।
ਮੋਹਿ ਰਾਜ ਕਾ ਧਨੀ ਜੁ ਹੋਈ[1]- ॥੩੨॥
ਨਿਜ ਆਸਨ ਤਜਿ ਕਰਿ ਤਬਿ ਆਏ।

[1]ਉੱਚੇ ਭਾਗਾਂ ਵਾਲਾ।
[1]ਲੰਘੇ।
[1]ਖੜੋਕੇ ਇਕ ਮਨੁਸ਼ਜ ਤੋਂ ਪੁਛਿਆ।
[1]ਕੋਈ।
[1]ਪਿੰਡ ਵਲ ਮੁਖ ਕਰਕੇ ਚਲੇ (ਸ੍ਰੀ ਲਹਿਣਾ ਜੀ)।
[1]ਓਧਰ) ਗੁਣਾਂ ਦੇ ਘਰ (ਗੁਰੂ ਨਾਨਕ ਜੀ) ਨੇ ਮਨ ਵਿਚ ਵਿਚਾਰਿਆ।
[1]ਮਾਲਕ ਜੋ ਹੋਵੇਗਾ।

ਵਹਿਰ ਗ੍ਰਾਮ ਠਾਂਢੇ ਇਕ ਥਾਂਏ।
ਮਿਲੇ ਸਰਬ ਤੇ ਹੋਇ ਨਿਆਰੇ†। — †ਪਾ:-ਮਿਲੇ ਸਰਬ ਨਰ ਤੇ ਹੁਇ ਨਜਾਰੇ।
ਸ੍ਰੀ ਨਾਨਕ ਲਹਿਣੇ ਨਿਜ ਪਜਾਰੇ[1] ॥੩੩॥ — [1]ਗੁਰੂ ਨਾਨਕ ਜੀ ਆਪਣੇ ਪਿਆਰੇ ਲਹਿਣੇ ਜੀ ਨੂੰ (ਮਿਲੇ)।

ਦੋਹਰਾ:
ਅਵਲੋਕਤਿ ਬੋਲਜੋ ਤਬੈ, 'ਸ੍ਰੀ ਨਾਨਕ ਗੁਨ ਖਾਨਿ।
ਤਿਨ ਦਰਸ਼ਨ ਕੀ ਚਾਹਿ ਮੁਝ, ਅਹੈਂ ਸੁ ਕੌਨੇ ਥਾਨ?' ॥੩੪॥

ਚੌਪਈ:
ਸ੍ਰੀ ਪ੍ਰਭੁ[1] ਸੁਨਿ ਕੈ ਬੈਨ ਉਚਾਰੇ। — [1]ਭਾਵ ਗੁਰੂ ਨਾਨਕ ਜੀ ਨੇ।
'ਆਵਹੁ ਤੁਮ ਹਮਰੇ ਸੰਗਾਰੇ।
ਸ੍ਰੀ ਨਾਨਕ ਕੋ ਦੇਉਂ ਦਿਖਾਏ।
ਜਿਹ ਕੋ ਤੂੰ ਬੂਝਤਿ ਹਿਤ ਲਾਏ[1]' ॥੩੫॥ — [1]ਪੁਛਦਾ ਹੈਂ ਪ੍ਰੇਮ ਕਰਕੇ।
ਅਸ ਕਹਿ ਸ੍ਰੀ ਗੁਰ ਚਲੇ ਅਗਾਰੀ।
ਇਹ ਬਾਜਨਿ[1] ਪਰ ਜਾਇ ਪਿਛਾਰੀ। — [1]ਘੋੜੀ।
ਪਹੁੰਚੇ ਜਬਿ ਸਮੀਪ ਧ੍ਰਮਸਾਲਾ।
ਬੋਲੇ ਠਾਂਢੇ ਹੋਇ ਕ੍ਰਿਪਾਲਾ ॥੩੬॥
'ਬੜਵਾ[2] ਪਰ ਤੇ ਅਬ ਉਤਰੀਜੈ।
ਇਸ ਕਾਸ਼ਟ ਕੇ ਸੰਗ[1] ਬੰਧੀਜੈ। — [1]ਲੱਕੜੀ ਨਾਲ।
ਤੁਮਰੇ ਸਨਮੁਖ ਹੈ ਦਰ[1] ਜੋਊ। — [1]ਦਰਵੱਜਾ।
ਪ੍ਰਵਿਸ਼ਹੁ ਤਿਸ ਮਹਿਂ ਦਰਸ਼ਹੁ ਸੋਊ' ॥੩੭॥

ਦੋਹਰਾ:
ਇਸ ਪ੍ਰਕਾਰ ਮ੍ਰਿਦੁ ਬਚਨ ਕਹਿ, ਤਹਿਂ ਤੇ ਆਗੇ ਜਾਇ।
ਲਘੁ ਦਰ[1] ਧ੍ਰਮਸਾਲਾ ਦੁਤਿਯ, ਪ੍ਰਵਿਸ਼ੇ ਗੁਰ ਗਤਿਦਾਇ ॥੩੮॥ — [1]ਛੋਟਾ ਦਰਵੱਜਾ।

ਚੌਪਈ:
ਅੰਤਰ ਜਾਇ ਸਿੰਘਾਸਨ[1] ਬੈਸੇ। — [1]ਗੱਦੀ ਉੱਤੇ।
ਧਰਜੋ ਸ਼ਰੀਰ ਸ਼ਾਂਤਿ ਰਸ ਜੈਸੇ।
ਬਾਂਧਿ ਤੁਰੰਗਨਿ ਲਹਿਣਾ ਗਯੋ।

ਸ਼੍ਰੀ ਨਾਨਕ ਕੋ ਦੇਖਤਿ ਭਯੋ ॥੩੯॥
'ਸ਼ਰਨ ਸ਼ਰਨ' ਕਹਿ ਬੰਦਨ ਕੀਨੀ।
ਅਤਿ ਸ਼ਰਧਾ ਮਹਿਂ ਮਤਿ ਜਿਹ ਭੀਨੀ।
ਬੈਠਿ ਪਛਾਨਯੋ -ਹੈ ਇਹ ਸੋਈ।
ਪੰਥ[1] ਬਤਾਵਤਿ ਆਵਤਿ ਜੋਈ- ॥੪੦॥ [1]ਰਾਹ।
ਅਚਰਜ ਗੁਨਿ ਕੈ[1] ਭਯੋ ਹਰਾਨਾ। [1]ਸਮਝਕੇ।
ਔਗੁਨ ਬਡੋ ਆਪ ਤੇ ਜਾਨਾ।
ਰਿਦੇ ਬਿਸੂਰਤਿ[1] -ਜੇ ਹਉਂ ਜਾਨਤਿ। [1]ਝੂਰਦਾ ਹੈ।
ਉਤਰ ਤੁਰੰਗਨਿ ਬੰਦਨ ਠਾਨਤਿ[1]- ॥੪੧॥ [1]ਮੱਥਾ ਟੇਕਦਾ।
ਦੋਹਰਾ: [1]ਡਰ ਗਿਆ (ਅ) ਕੰਧ (ਭਾਵ ਬੁੱਤ) ਹੋ ਗਿਆ।
ਭੀਤ ਭਯੋ[1], ਬਿਸਮਾਦਿਓ, ਨਹਿਂ ਬੋਲੈ ਕਛੁ ਬੈਨ।
-ਬਡੀ ਭੂਲ ਮੋ ਤੇ ਭਈ- ਰਹਯੋ ਨੀਚ[1] ਕਰਿ ਨੈਨ ॥੪੨॥ [1]ਨੀਵੇਂ।
ਚੌਪਈ:
-ਹੌਂ ਬਾਜਨਿ ਪਰ ਚਢਯੋ ਕੁਭਾਗਾ।
ਪਗ ਸੋਂ ਚਲਿ ਆਏ[1] ਮੁਰਿ ਆਗਾ। [1]ਭਾਵ ਗੁਰੂ ਜੀ) ਟੁਰਦੇ ਆਏ।
ਇਹ ਬਡ ਗੁਨਹਿਂ[1] ਛਿਮਹਿਂ ਕਿਵ[2] ਮੇਰਾ-। [1]ਪਾਪ। [2]ਕਿਵੇਂ।
ਇਸ ਬਿਧਿ ਸੋਚਤਿ ਭਯੋ ਘਨੇਰਾ ॥੪੩॥
ਸ਼੍ਰੀ ਨਾਨਕ ਸਭਿ ਮਨ ਕੀ ਜਾਨੀ।
ਕ੍ਰਿਪਾ ਨਿਧਾਨ ਕਹੀ ਮ੍ਰਿਦੁ ਬਾਨੀ।
'ਪੁਰਖਾ! ਕੁਸ਼ਲ[1] ਤੁਮਾਰੈ ਅਹੇ?' [1]ਸੁਖਸਾਂਦ।
ਸੁਨਤਿ ਸ਼੍ਰੋਨ ਲਹਿਣੇ ਬਚਕਹੇ ॥੪੪॥
'ਤੁਮ ਦਰਸ਼ਨ ਤੇ ਪਰਮ ਅਨੰਦਾ।
ਪ੍ਰਾਪਤਿ ਭਯੋ ਮੋਹਿ ਸੁਖਕੰਦਾ!'
ਬੇਖ ਭਗਤ ਦੇਵੀ ਕੋ ਸਭਿ ਹੀ।
ਕਰਿ ਬਿਚਾਰ ਕੋ ਤਜਾਗਯੋ ਤਬਿ ਹੀ ॥੪੫॥
ਪਗ ਸੋਂ ਘੁੰਗਰੂ ਬਾਂਧੇ ਜੋਊ।

ਤੋਰਿ ਦਿਯੇ ਤੁਰਨ ਤਬਿ ਸੋਊ।
ਉਰ ਤੇ ਆਸ਼ਾ ਅਪਰ ਬਿਡਾਰੀ[1]। [1]ਦੂਰ ਕੀਤੀ।
ਹੋਇ ਰਹ੍ਯੋ ਗੁਰ ਚਰਨ ਅਧਾਰੀ[1] ॥੪੬॥ [1]ਆਸਰੇ।
ਦੋਹਰਾ: [1]ਜੇ ਕਦੇ।
ਉਰ ਮਹਿਂ ਕਰਤਿ ਬਿਚਾਰ ਪੁਨ - ਅੰਤਰਜਾਮੀ ਜੇਯ[1]।
ਬਿਦਾ ਕਰਹਿਂ ਮੁਝ ਸਦਨ ਕੋ, ਆਪੇ ਆਇਸੁ ਦੇਯ[1] ॥੪੭॥ [1]ਆਪੇ ਆਗਯਾ ਦੇਕੇ।
ਚੌਪਈ:
ਉਰ ਮਹਿਂ ਧਰਿ ਕੈ ਭਾਉ ਘਨੇਰੋ।
ਪੁਨ ਆਵੋਂ ਮੈ ਦਰਸ਼ਨ ਹੇਰੋਂ-।
ਰਿਦੈ ਮਨੋਰਥ ਜਬਹਿ ਉਠਾਨਾ।
ਗੁਨਖਾਨੀ ਤਬਿ ਬਚਨ ਬਖਾਨਾ ॥੪੮॥
'ਪੁਰਖਾ! ਜਾਨੋ ਜਿਹ ਥਲ ਮਾਂਹੀ।
ਬੇਖ ਉਤਾਰ੍ਯੋ, ਜਾਹੁ ਕਿ ਨਾਂਹੀ[1]? [1]ਕਿਉਂ ਨਹੀਂ ਜਾਂਦੇ।
'ਸੁਨਹੁ ਪ੍ਰਭੁ ਮਧੁ[1] ਟੋਰਨ[2] ਹੋਤਾ। [1]ਸ਼ਹਤ। [2]ਟੋਲਣ।
ਕੋਇ ਜਿ ਗਮਨ੍ਯੋ ਛੋਰਿ ਨਿਕੇਤਾ[1] ॥੪੯॥ [1]ਘਰ ਛੱਡਕੇ।
ਤਿਹ ਕੋ ਮਗ ਮਹਿਂ ਅੰਮ੍ਰਿਤ ਪਾਈ।
ਸੋ ਨਰ ਕਿਉਂ ਮਧੁ ਟੋਰਨ[†] ਜਾਈ।' [†]ਪਾ:-ਮਗ ਛੋਰਨ, ਮਗ ਟੋਰਨ।
ਮੁਸਕਤਿ[1] ਬੂਝ੍ਯੋ ਪ੍ਰਭੁ ਬਹੋਰੀ। [1]ਮੁਸਕ੍ਰਾਕੇ।
'ਪੁਰਖਾ ਸਦਨ ਅਹੈਂ ਕਿਸ ਠੌਰੀ? ॥੫੦॥
ਕਉਨ ਨਾਮ ਨਿਜ ਦੇਹਿ ਬਤਾਈ?'
ਸੁਨਿ ਬੋਲ੍ਯੋ ਲਹਿਣਾ ਸੁਖ ਪਾਈ।
'ਹੇ ਸਤਿਗੁਰ! ਤੁਮ ਬਖ਼ਸ਼ਨ ਹਾਰੇ।
ਗ੍ਰਾਮ ਖਡੂਰ ਨਿਕੇਤ ਹਮਾਰੇ ॥੫੧॥
ਲਹਿਣਾ ਨਾਮ ਕਹਿਤ ਹੈਂ ਮੇਰਾ।
ਸੁਨ੍ਯੋ ਸੁਜਸ ਮੈਂ ਰਾਵਰ ਕੇਰਾ।
ਬਹੁਤ ਦਿਵਸ ਕੀ ਦਰਸ਼ਨ ਚਾਹੀ।
ਮਨ ਅਬਿ ਕਰਖ ਬੋਲਿ ਲਿਯ ਪਾਹੀ[1] [1]ਖਿੱਚਕੇ ਸੱਦ ਲਿਆ ਜੇ ਕੋਲ।

॥ ੫੨ ॥

ਅਹੈ ਸੁਗੰਧਿ ਕੀਰਤੀ ਪਾਵਨ[1]।

ਹ੍ਵੈ ਆਯੋ ਮੈਂ ਭੌਰ ਲੁਭਾਵਨ।'

ਸ੍ਰੀ ਗੁਰ ਕਹਿਂ 'ਲਹਿਣੇ ! ਤੈਂ ਲਹਿਣਾ।

ਸੁਨਿ ਪੁਰਖਾ ! ਹਮ ਨੇ ਹੈ ਦੇਣਾ ॥ ੫੩ ॥

[1]ਆਪ ਦਾ ਪਵਿੱਤ੍ਰ ਯਸ਼ ਸੁਗੰਧੀ ਹੈ।

ਦੋਹਰਾ:

ਅਬਿ ਜਾਵਹੁ, ਪੁਨ ਆਈਐ, ਹ੍ਵੈ ਕੈ ਅਪਨੇ ਧਾਂਮ।'

ਸੁਨਿ ਲਹਿਣਾ ਹਰਖ਼ਯੋ ਰਿਦੇ ਜਿਉਂ ਆਮੀ ਖ੍ਵੈ ਆਮ[1] ॥ ੫੪ ॥

[1]ਜਿਵੇਂ ਅੰਬ ਦੇ ਪ੍ਰੇਮੀ ਨੂੰ ਅੰਬ ਖਾਣ ਨੂੰ ਮਿਲ ਜਾਵੇ। (ਅ) ਸੰਸਕ੍ਰਿਤ ਆਮਜ=ਰੋਗ। ਜਿਵੇਂ ਰੋਗੀ ਦਾ ਰੋਗ ਦੂਰ ਹੋ ਜਾਵੇ। ਚਾਹੋ ਇਹ ਦ੍ਰਿਸ਼ਟਾਂਤ ਮਾਤ੍ਰ ਹੋਵੇ ਪਰ ਤਦ ਬੀ ਪ੍ਰੇਮੀ ਹਿਰਦੇ ਨੂੰ ਇਹ ਅਰਥ ਕਰਨਾ ਯੋਗ ਨਹੀਂ ਜਾਪਦਾ, ਗੁਰੂ ਅੰਗਦ ਜਿਸ ਦਾ 'ਦੇਣਾ' ਗੁਰੂ ਨਾਨਕ ਦੇਵ ਜੀ ਦਸਦੇ ਹਨ, ਕਦੇ ਰੋਗੀ ਨਹੀਂ ਕਹੇ ਜਾ ਸਕਦੇ। ਓਹ ਪੂਰਨ ਅਵਤਾਰ, ਦਰਗਾਹਾਂ ਦੇ ਉੱਚੇ ਸੁੱਚੇ ਰਤਨ, ਰੋਗਾਂ ਦੇ ਨਾਸ਼ ਕਰਨ ਵਾਲੇ, ਪੂਰਨ ਅਵਤਾਰ ਦੀ ਸ਼ਾਨ ਵਿਚ ਐਸਾ ਵਾਕ ਕੌਣ ਕਹਿ ਸਕਦਾ ਹੈ। ਗੁਰੂ ਨਾਨਕ ਗੁਰੂ ਅੰਗਦ ਪੂਰਨ ਗੁਰ ਅਵਤਾਰ ਹਨ। ਗੁਰੂ ਨਾਨਕ ਦੇਵ ਜੀ ਨੇ 'ਪੂਰਨ ਗੁਰੂ ਦਾ ਆਦਰਸ਼' ਜਗਤ ਨੂੰ ਦੱਸਣਾ ਹੈ, ਗੁਰੂ ਅੰਗਦ ਜੀ ਨੇ 'ਪੂਰਨ ਸਿੱਖ ਦਾ ਆਦਰਸ਼' ਜਗਤ ਨੂੰ ਦੱਸਕੇ ਫੇਰ ਗੁਰੂ ਆਦਰਸ਼ ਦੱਸਣਾ ਹੈ ਇਸ ਲਈ ਗੁਰੂ ਅੰਗਦ ਜੀ ਨੂੰ ਵਿਛੋੜੇ ਵਿਚ ਰੱਖਿਆ ਗਿਆ ਸੀ ਕਿ ਸਿੱਖ ਦਾ ਪੂਰਾ ਨਾਟ ਤਾਂ ਹੀ ਹੋ ਸਕਦਾ ਹੈ ਜੇ ਉਹ ਦੇਖਣ ਵਾਲਿਆਂ ਦੇ ਦੁਆਲੇ ਹਨੇਰੇ ਛਾਏ ਦੇ ਸਾਹਮਣੇ ਸਿਖੀ ਦਾ ਕਰਤੱਵ ਕਰਨ। ਹਨੇਰਾ ਉਹਨਾਂ ਪਰ ਨਹੀਂ ਸੀ, ਜਿਵੇਂ ਕਿਸੇ ਮਨੁੱਖ ਦੀ ਤਸਵੀਰ ਦੇ ਪਿਛੇ ਜ਼ਮੀਨ ਅਸਮਾਨ ਜੰਗਲ ਦੀ ਪਿੱਠ (back ground) ਹੁੰਦੀ ਹੈ, ਤਿਵੇਂ। ਜਿਵੇਂ ਸਿਨੇਮਾ (Cinema) ਦੀਆਂ ਮੂਰਤਾਂ ਲਈ ਦੇਖਣ ਵਾਲਿਆਂ ਦੇ ਉਦਾਲੇ ਹਨੇਰੇ ਦੀ ਲੋੜ ਹੈ। ਹੋਰ ਗੁਰੂ ਅੰਗਦ ਓਹੋ ਗੁਰੂ ਨਾਨਕ ਹੈ, ਸਦਾ ਤੋਂ ਅਰੋਗ, ਹਰ ਹਾਲ ਅਰੋਗ, ਸਦਾ ਤੋਂ ਪ੍ਰਕਾਸ਼ ਸਰੂਪ, ਸਦਾ ਤੋਂ ਗੋਬਿੰਦ ਰੂਪ।

ਚੌਪਈ:

-ਹੈਂ ਸ੍ਰੀ ਨਾਨਕ ਅੰਤਰਜਾਮੀ।

ਮੈਂ ਚਿਤਵੀ ਚਿਤ ਜਾਨੀ ਸ੍ਵਾਮੀ-।

ਆਇਸੁ ਸਿਰ ਧਰਿ ਕਲੁਖ ਨਿਕੰਦਨ[1]।

ਹਾਥ ਬੰਦਿ ਪਦ ਕੀਨੀ ਬੰਦਨ ॥ ੫੫ ॥

[1]ਪਾਪਾਂ ਦੇ ਨਾਸ਼ ਕਰਤਾ ਜੀ ਦੀ।

ਹੋਇ ਬਿਦਾ ਸ੍ਰੀ ਗੁਰ ਤੇ ਆਵਾ।

ਮਿਲ ਸੰਗਤ ਸੋਂ ਵਾਕ ਅਲਾਵਾ।

'ਸਭਿ ਸੋਂ ਰਾਮ ਰਾਮ ਹੈ ਮੇਰੀ।

ਮਮ ਇੱਛਾ ਘਰ ਮੁਰਨੇ ਕੇਰੀ' ॥ ੫੬ ॥

ਬਿਸਮਾਏ ਸਾਥੀ ਸੁਨਿ ਬੈਨਾ।

ਕਹਿਨ ਲਗੇ 'ਕਿਉਂ ਜਾਵਉ ਐਨਾ?

ਨਹੀਂ ਚਲਤਿ ਅਬ ਜ੍ਵਾਲਾ ਭੌਨਾ?

ਅਹੈ ਸੰਗ ਕੋ ਮਾਲਕ ਕੌਨਾ?' ॥ ੫੭ ॥

ਦੋਹਰਾ:
ਸੁਨਿ ਲਹਿਣਾ ਪੁਨ ਬੋਲਿਓ, 'ਜਿਸ ਹਿਤ ਜ੍ਵਾਲਾ ਜਾਇਂ।
ਸੋ ਕਾਰਜ ਪੂਰਨ ਭਯੋ, ਸ਼ਾਂਤਿ ਭਈ ਚਿਤ ਆਇ' ॥੫੮॥

ਚੌਪਈ:
ਪੁਨ ਸੰਗੀ ਬੂਝਤਿ ਹਿਤ ਪਾਏ।
'ਤੁਮ ਕੋ ਸ਼ਾਂਤਿ ਭਈ ਇਹ ਥਾਏ।
ਮਾਨਵ ਸਰਬ ਸੰਗ ਜੋ ਆਏ।
ਕੌਨ ਹਾਲ ਇਨ ਦੇਹੁ ਬਤਾਏ?' ॥੫੯॥
ਲਹਿਣਾ ਕਹਿ 'ਅਬ ਜ੍ਵਾਲਾ ਜਾਵਹੁ।
ਭੌਨ ਪਰਸ ਕਰਿ ਇਹ ਥਲ ਆਵਹੁ।
ਮਨੋ ਕਾਮਨਾਂ ਨਿਜ ਨਿਜ ਧਾਰੀ।
ਦਰਸਹੁ ਸਤਿਗੁਰ ਦਰਸ ਦੁਖਾਰੀ[1]† ॥੬੦॥
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਤਬਿ ਹੀ।
ਆਸਾ ਤੁਮਾਰੀ ਪੂਰਹਿਂ ਸਭਿ ਹੀ।'
ਇਉਂ ਕਹਿ ਬਿਦਾ ਕੀਨਿ ਤਿਨ ਸੰਗਾ।
ਗਯੋ ਸੰਗ[1] ਜ੍ਵਾਲਾ ਸ ਉਮੰਗਾ ॥੬੧॥

ਦੋਹਰਾ:
ਆਯੋ ਆਪ ਖਡੂਰ ਮਹਿਂ, ਕਿਹ ਸੋਂ ਬੋਲਿ ਨ ਬੈਨ।
ਲਿਵ ਲਾਗੀ ਗੁਰ ਚਰਨ ਕੀ, ਬਧੀ ਚਾਹਿ ਦਿਨ ਰੈਨ ॥੬੨॥

ਚੌਪਈ:
ਆਇ ਲੋਕ ਸਭਿ ਬੂਝਤਿ ਭਏ।
'ਤੁਮ ਤਉ ਜ੍ਵਾਲਾ ਪਰਸਨ ਗਏ।
ਕਿਉਂ ਮਾਰਗ ਤੇ ਹਟਿ ਕਰਿ ਆਏ?
ਨਿਜ ਬਿਰਥਾ ਸਭਿ ਦੇਹੁ ਬਤਾਏ?' ॥੬੩॥
ਲਹਿਣੇ ਕਹਯੋ 'ਨ ਅਬਿ ਕੇ ਗਯੋ।
ਸੰਗ ਬਿਦਾ ਕਰਿ ਮੈਂ ਘਰ ਅਯੋ।'
ਸੁਨਿ ਲੋਕਿਨ ਇਉਂ ਤੁਸ਼ਨਿ ਕੀਨਂ।

[1]ਦੁਖਾਂ ਦੇ ਵੈਰੀ ਦਾ। †ਪਾ:-ਦਿਖਾਰੀ=ਦੇਖਣਾ।

[1]ਭਾਵ ਸੰਗ ਦੇ ਸਾਰੇ ਆਦਮੀ।

ਅਉਰ ਭੇਦ ਕੋਊ ਨਹਿਂ ਚੀਨੰ ॥੬੪॥
ਨਿਜ ਨਿਕੇਤ ਮਹਿਂ ਬੈਠ੍ਯੋ ਜਾਈ।
ਕਿਸ ਕੇ ਸੰਗ ਨ ਕਛੂ ਅਲਾਈ।
ਅਤਿਸ਼ੈ ਹਿਰਦੇ ਬਿਖ਼ੈ ਉਦਾਸੀ।
ਏਕ ਨਿਸਾ ਨਿਜ ਬਸ੍ਯੋ ਅਵਾਸੀ ॥੬੫॥

ਦੋਹਰਾ:

ਤਰਫਤਿ ਭੀ ਭੁਨਸਾਰ ਪੁਨ, ਉਠਿ ਕੀਨੋ ਅਸ ਕਾਮ।
ਭਾਰ ਸਵਾ ਮਨ ਲੌਨ ਕੋ, ਕਾਢਿ ਲੀਨ ਨਿਜ ਧਾਮ ॥੬੬॥

ਚੌਪਈ:

ਭਗਨੀ ਸੁਤ[1] ਆਵਾ ਛਿਨ ਤਾਂਹੀ।
ਮਿਲ੍ਯੋ ਸੁ ਹੇਤ[1] ਕੀਨ ਮਨ ਮਾਂਹੀ।
ਹਿਤ ਸੋਂ ਕਹ੍ਯੋ, 'ਕਾਜ ਅਸ ਕੀਜੈ।
ਮੁਰ ਸਿਰ† ਭਾਰ ਉਠਾਇ ਸੁ ਦੀਜੈ' ॥੬੭॥
ਸੋ ਬੋਲ੍ਯੋ 'ਮਾਤੁਲ ਜੀ, ਸੁਨੀਏ!
ਬਹੁ ਮਾਨਵ ਤੁਮ ਆਇਸੁ ਮਨੀਏ[1]†।
ਤਿਨ ਕੇ ਸਿਰ ਉਚਵਾਵਹੁ[1] ਭਾਰਾ।
ਦੇਂ ਪਹੁਂਚਾਇ ਕਰਹੁ ਨਿਜ ਕਾਰਾ ॥੬੮॥
ਇਉਂ ਨ ਕਰਹੁ ਜੇ[1], ਮੁਝ ਸਿਰ ਦੀਜੈ।
ਜਹਿਂ ਲੇ ਚਲੋ ਤਾਂਹਿ ਗਮਨੀਜੈ।
ਨਿਜ ਸਿਰ ਪਰ ਨਹਿਂ ਭਾਰ ਉਚਾਵਹੁ।
ਇਹ ਤੁਮ ਉਚਿਤ ਨਹੀਂ ਦੁਤਿ ਪਾਵਹੁ[1]' ॥੬੯॥

ਦੋਹਰਾ:

ਕਹਿ ਲਹਿਣਾ 'ਸੁਨਿ ਸ਼੍ਰੋਨ ਮਹਿਂ, ਜਿ ਕੁਛ ਪਦਾਰਥ ਪਾਇਂ।
ਸੋ ਲੇਵਹਿਂ ਤੂੰ ਕੈ ਨਹੀਂ, ਕਿਧੌਂ ਦੇਇ ਕਿਸੁ ਜਾਇ ॥੭੦॥

ਚੌਪਈ:

[1]ਭੈਣ ਦਾ ਪੁੱਤ੍ਰ, ਭਣੇਵਾਂ।

[1]ਹਿਤ, ਪ੍ਰੇਮ।

†ਪਾ:-ਮੁਰਸੰਗ।

[1]ਆਗਜਾ ਮੰਨਦੇ ਹਨ। †ਸ੍ਰੀ ਜਗਤਾਰਕ ਲਹਿਣਾ ਜੀ ਖਡੂਰ ਵਿੱਚ ਚੰਗੇ ਸਰਦੇ ਪੁਜਦੇ ਵਾਲੇ ਸਨ, ਸਹੁਰਾ ਘਰ ਬੀ ਚੰਗੇ ਪਦਾਰਥ ਵਾਲਾ ਸੀ।

[1]ਚੁਕਵਾਵੋ।

[1]ਜੇ ਐਉਂ ਨਹੀਂ ਕਰਨਾ ਤਾਂ।

[1]ਸ਼ੋਭਾ ਨਹੀਂ ਪਾਉਂਦਾ।

ਸਮਝਹੁ ਇਸ ਬਿਧਿ ਰਿਦੇ ਮਝਾਰਾ।
ਤੂਰਨ ਉਚਵਾਵਹੁ[1] ਸਿਰ ਭਾਰਾ।' [1]ਚੁਕਾਵੋ।
ਇਉਂ ਕਹਿ ਲੀਨੋ ਸੀਸ ਉਠਾਈ।
ਨਿਕਸ੍ਯੋ ਵਹਿਰ ਪਾਇ ਮਗ ਪਾਈ[1] ॥੨੧॥ [1]ਪੈਰ ਰਾਸਤੇ ਪਾਯਾ।
ਅਪਰ ਨ ਕਿਸ ਢਿਗ ਭੇਦ ਬਖਾਨਾ।
ਜਸਪਦ[1] ਪੁਰਿ ਕਰਤਾਰ ਪਯਾਨਾ[2]। [1]ਛੇਤੀ। [2]ਗਿਆ।
ਕ੍ਰਮ ਕਰਿ ਤਹਾਂ ਪਹੂੰਚ੍ਯੋ ਜਾਈ।
ਸ਼੍ਰੀ ਨਾਨਕ ਜਹਿਂ ਭੌਨ ਸੁਹਾਈ ॥੨੨॥
ਵਹਿਰ ਕਿਦਾਰ ਦੇਖਨੇ ਹੇਤਾ।
ਗਏ ਹੁਤੇ ਬੇਦੀ ਕੁਲਕੇਤਾ।
ਸਦਨ ਸੁਲਖਨੀ ਕੇ ਢਿਗ ਜਾਈ[1]। [1]ਲਹਿਣਾ ਜੀ ਨੇ) ਜਾਕੇ।
ਭਾਰ ਉਤਾਰ੍ਯੋ ਦੀਨ ਟਿਕਾਈ ॥੨੩॥
ਬੂਝਨ ਲਗ੍ਯੋ 'ਗੁਰੂ ਗੋਸਾਈਂ।
ਕਿਤ ਦਿਸ਼ ਗਮਨੇ ਦੇਹੁ ਬਤਾਈ।'
ਕਹੈ ਸੁਲਖਣੀ 'ਕੋ ਤੂੰ ਅਹਿਈ?
ਕਿਉਂ ਬੂਝਤਿ, ਕਿਸ ਪੁਰ ਮਹਿਂ ਰਹਿਈ? ॥੨੪॥
ਭਾਰ ਬਿਖੈ ਕਯਾ ਆਨ੍ਯੋ ਤੋਹੀ[1]? [1]ਤੈਨੇ।
ਦੇਹੁ ਬਤਾਇ ਕਾਜ ਜੋ ਹੋਹੀ।'
ਸੁਨਿ ਕੈ ਲਹਿਣੇ ਗਿਰਾ ਅਲਾਈ।
'ਭਾਰ ਲਵਣ ਕੋ ਹੈ ਇਹ ਮਾਈ! ॥੨੫॥
ਆਨ੍ਯੋ ਭੇਟ ਦੇਨਿ ਕੇ ਕਾਜੇ।
ਕਰਿਹੋਂ[1] ਗੁਰੂ ਗਰੀਬ ਨਿਵਾਜੇ। [1]ਭੇਟਾ) ਕਰਾਂਗਾ (ਉਨ੍ਹਾਂ ਦੀ)।
ਰਾਖਹੁ ਇਹੁ ਨਿਕੇਤ ਕੇ ਮਾਂਹੀ।
ਤਿਨਹਿਂ ਬਤਾਵੋ[1] ਜਾਵੋਂ ਪਾਹੀ[2]' ॥੨੬॥ [1]ਦਾ (ਪਤਾ ਦਸੋ)। [2]ਪਾਸ ਜਾਵਾਂ।
ਸੁਨਿ ਕੈ ਬਚਨ ਲਵਣ ਕੋ ਭਾਰਾ।
ਰਖਿਵਾਯੋ ਨਿਜ ਸਦਨ ਮਝਾਰਾ।
ਕਹ੍ਯੋ 'ਕਿਦਾਰ ਧਾਨ ਕੇ ਜਹਿਂਵਾ[1]। [1]ਖੇਤ ਚਾਵਲਾਂ ਦਾ ਜਿੱਥੇ ਹੈ।
ਕਰਿਵਾਵਹਿਂ ਕ੍ਰਿਤ ਬੈਠੇ ਤਹਿਂਵਾ' ॥੨੭॥
ਤਬਿ ਗਮਨ੍ਯੋ ਜਿਤ ਦਿਸ਼ਾ ਬਤਾਏ।

ਪਿਖਤਿ ਦੂਰ ਤੇ ਰਹਿ ਹੁਲਸਾਏ[1]।
ਪਰਮ ਪ੍ਰੇਮ ਕਰਿ ਕੈ ਤਤਕਾਲਾ।
ਪਰਜੋ ਪਾਇੰ ਪੰਕਜ ਧਰਿ ਭਾਲਾ ॥੭੮॥
'ਨਿਤ ਆਵਹਿ ਚਿਤ ਸ੍ਰੀ ਜਗਨਾਥਾ।'
ਅਸ ਕਹਿ ਧਰਜੋ ਸੀਸ ਪਰ ਹਾਥਾ।
ਕ੍ਰਿਪਾ ਦ੍ਰਿਸ਼ਟਿ ਕੋ ਤਿਹ ਛਿਨ ਦੇਖੀ।
ਸ਼ਰਧਾ ਉਪਜੀ ਰਿਦੈ ਬਿਸ਼ੇਖੀ ॥੭੯॥
ਅਪਨੋ ਤਨ ਮਨ ਜੋ ਸਰਬੰਸ਼ੇ।
ਅਰਪਜੋ ਤ੍ਰੇਹਣ ਕੁਲ ਅਵਤੰਸ਼ੇ।
ਇਨ ਸੋਂ ਕਾਰਜ ਨਿਜ ਨਹਿੰ ਰਾਖਾ।
ਗੁਰ ਅਨੁਸਾਰਿ ਬਧੀ ਅਭਿਲਾਖਾ ॥੮੦॥
ਕਾਮ ਨ ਕ੍ਰੋਧ ਹੰਕਾਰ ਨ ਧਰਿਹੀ[1]।
ਅਪਨੇ ਮਾਨਹਿੰ ਤਉ ਕਿਛੁ ਕਰਿਹੀਂ।
ਜਾਨਜੋ ਸਭਿ ਕੁਛ ਸ੍ਰੀ ਗੁਰ ਕੇਰਾ।
ਚਰਨ ਧਜਾਨ ਉਰ ਪ੍ਰੇਮ ਘਨੇਰਾ ॥੮੧॥
ਸਭਿ ਸੇਵਕ ਤਹਿੰ ਕ੍ਰਿਤ ਕੋ ਕਰਿਹੀਂ।
ਧਾਨ ਬਿਖੈ ਤੇ ਤ੍ਰਿਣਨ[1] ਨਿਕਰਿਹੀਂ।
ਤਿਨਹਿੰ ਬਿਲੋਕਤਿ ਬੋਲਜੋ ਬੈਨਾ।
'ਇਕ ਰੰਬੀ ਮੁਝ ਦਿਹੁ ਗੁਨਐਨਾ! ॥੮੨॥
ਦਾਸਨ ਸਾਥ ਕਰੋਂ ਕ੍ਰਿਤ ਏਹੀ।
ਸਫਲੀ ਹ੍ਵੈ ਹੈ ਸਗਰੀ ਦੇਹੀ।'
ਅਸ ਕਹਿ ਲਾਗਜੋ ਕਰਨ ਨਿੰਦਾਈ[1]।
ਕਰਤਿ ਹੁਤੇ ਸੇਵਕ ਜਿਹ ਥਾਈਂ ॥੮੩॥
ਇਕ ਘਟਿਕਾ ਲਗ ਕੀਨੀ ਕਾਰਾ।
ਪ੍ਰਭੁ ਬਿਲੋਕਿ ਕੈ ਬਚਨ ਉਚਾਰਾ।
'ਇਹ ਕ੍ਰਿਤ ਤੁਝ ਤੇ ਹੋਇ ਨ ਆਛੇ।
ਧਾਨ ਉਖਾਰੈਂ[1] ਪਿਖਿ ਨਿਜ ਪਾਛੇ ॥੮੪॥
ਉਠਿ ਆਵਹੁ ਤੁਮ ਵਹਿਰ ਕਿਦਾਰਾ।
ਅਪਰ ਬਤਾਵਹਿੰ ਕਰੀਏ ਕਾਰਾ।
ਇਹ ਨਦੀਨ[1] ਕੇ ਬਾਂਧਹੁ ਭਾਰਾ।

[1]ਪ੍ਰਸੰਨ ਹੋ ਰਹੇ।

[1]ਕਾਮ ਕ੍ਰੋਧ ਹੰਕਾਰ ਤਾਂ ਧਾਰਦੇ ਹੀ ਨਹੀਂ ਸਨ।

[1]ਡੀਲਾ, ਵਾਧੂ ਘਾਹ।

[1]ਗੋਡੀ, ਨਦੀਣਾ।

[1]ਘਾਹ ਪੁੱਟਣ ਦੀ ਥਾਂ ਤੁਸਾਂ) ਧਾਨ ਪੁੱਟ ਘੱਤੇ ਹਨ।

[1]ਪੁੱਟਿਆ ਹੋਯਾ ਘਾਹ।

ਲੇ ਜਾਵਹੁ ਹਿਤ ਪਸੁਨਿ ਅਗਾਰਾ[1]' ॥੮੫॥ [1]ਪਸੂਆਂ ਵਾਸਤੇ ਘਰ ਨੂੰ।

ਲਹਿਣੇ ਆਇ ਵਹਿਰ ਤਤਕਾਲਾ।
ਤ੍ਰਿਣ ਕੋ ਬਾਂਧਯੋ ਭਾਰ ਬਿਸਾਲਾ।
ਪੰਕ ਨੀਰ[1] ਨੁਚਰਤਿ ਜਿਹ ਮਾਂਹੀ। [1]ਚਿੱਕੜ ਵਾਲਾ ਪਾਣੀ।
ਲੀਨ ਉਠਾਇ ਸੀਸ ਪਰ ਤਾਂਹੀ ॥੮੬॥

ਜਾਮਾਂ ਗਰ ਬਹੁ ਮੋਲਾ ਪਹਿਰਯੋ।
ਪੰਕ ਸੰਗ ਸਗਰੋ ਤਿਹ ਭਰਿਯੋ।
ਨਹਿਂ ਸ਼ੰਕਾ ਕੁਝ ਰਿਦੇ ਬਿਚਾਰੀ।
ਗਮਨਯੋ ਭੌਨ ਭਾਰ ਸਿਰ ਭਾਰੀ ॥੮੭॥

ਠਾਂਢੇ ਹੁਤੇ ਪਸੂ ਜਿਹਂ ਥਾਈਂ।
ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖਿ ਸੁਲਖਨੀ ਮਨ ਬਿਸਮਾਨੀ।
ਅਦਭੁਤ ਗਤਿ ਕਿਛੁ ਜਾਇ ਨ ਜਾਨੀ ॥੮੮॥

ਸੀਸ, ਬਦਨ, ਕਰ, ਪਗ, ਪਟ ਸਾਰੇ[1]। [1]ਸੀਸ, ਮੁੱਖ, ਹੱਥਾਂ, ਪੈਰਾਂ, ਬਸਤ੍ਰਾਂ ਉਤੇ ਸਾਰੇ ਹੀ।
ਰਹਯੋ ਪੰਕ ਲਗ[1] ਦੇਖਿ ਬਿਚਾਰੇ। [1]ਚਿੱਕੜ ਲੱਗਾ ਹੋਯਾ।
-ਇਸ ਕੋ ਭਯੋ ਅਨਾਦਰ ਭੂਰੀ।
ਹਿਤ ਕਰਿ ਆਯੋ ਹੁਤੋ ਸੁ ਦੂਰੀ- ॥੮੯॥

ਭਈ ਸੰਝ ਬੇਦੀ ਕੁਲ ਕੇਤਾ।
ਆਏ ਦਾਸਨ ਯੁਕਤ ਨਿਕੇਤਾ।
ਦੇਖਿ ਸੁਲਖਣੀ ਬਚਨ ਬਖਾਨੇ।
'ਕਰਹੁ ਨਿਰਾਦਰ ਮਨੁਜ ਮਹਾਨੇ ॥੯੦॥

ਉੱਤਮ ਪੁਰਖ ਆਜ ਜੋ ਆਯੋ।
ਗਰ ਜਾਮਾ ਬਹੁ ਮੋਲ ਸੁਹਾਯੋ।
ਤਿਹ ਸਿਰ ਪੰਕ ਭਰਯੋ ਬਹੁ ਭਾਰੂ।
ਸੋ ਉਚਵਾਇ ਚੀਰ ਕਰਿ ਖ੍ਵਾਰੂ[1]' ॥੯੧॥ [1]ਨਾਸ਼ ਕਰ ਦਿੱਤੇ ਕੱਪੜੇ।

ਗੁਨਖਾਨੀ ਸੁਨਿ ਬੈਨ ਉਚਾਰੇ।

{ਲਹਿਣਾ ਜੀ ਨੂੰ ਵਰ}

'ਨਹੀਂ ਪੰਕ ਸੰਗ ਭਰਿਓ ਭਾਰੇ।
ਦੀਨ ਦੁਨੀ ਕਾ ਛਤ੍ਰ ਸੁ ਦੀਓ।

ਅਪਰ ਨ ਇਹ ਸਮ ਜਗ ਮਹਿਂ ਬੀਓ
॥ ੯੨ ॥
ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ।
ਕੇਸਰ ਕੋ ਹਮਨੈ ਛਿਰਕਾਵਾ।
ਅਬਿ ਤੁਮ ਦੇਖਿ, ਖਰੋ ਤੁਮਨੇਰੇ[1]।
ਦੇਖੋ ਤੋ, ਕੇਸਰ ਛਿਰਕੇਰੇ[1]' ॥ ੯੩ ॥
ਗੁਰ ਕਹਿਂ 'ਦੇਖਜੋ?' ਕਹਿ[1] 'ਪ੍ਰਭੁ ਦੇਖਾ।
ਤੁਮਰੀ ਗਤਿ ਤੁਮ ਲਖਹੁ ਅਲੇਖਾ।'
'ਭਵ ਸਾਗਰ ਦਾਰੁਨ[1] ਕੇ ਮਾਂਹੀ।'
ਗੁਰ ਕਹਿਂ 'ਨਰ ਬਹ ਬੂਡਤਿ[1] ਜਾਂਹੀ
॥ ੯੪ ॥
ਬਹੁ ਨਰ ਕੋ[†] ਮਲਾਹ ਇਹ ਹੋਈ।
ਪਾਰ ਕਰਹਿ ਭਵਸਾਗਰ ਜੋਈ।'
ਤੁਸ਼ਨਿ ਭਈ ਸੁਲਖਣੀ ਸੁਨਿ ਕੈ।
ਲਹਿਣਾ ਹਰਖਜੋ ਕਰੁਣਾ[1] ਗੁਨਿ ਕੈ
॥ ੯੫ ॥

[1]ਤੁਸੀਂ ਦੇਖੋ ਤੁਹਾਡੇ ਪਾਸ (ਹੀ) ਖੜਾ ਹੈ।
[1]ਛਿੜਕਿਆ ਹੈ।
[1](ਸ੍ਰੀ ਸੁਲੱਖਣੀ ਜੀ ਨੇ) ਕਿਹਾ।
[1]ਭਿਆਨਕ।
[1]ਡੁਬਦੇ।
[†]ਪਾ:-ਬਹੁਤਨ ਕੋ।
[1]ਮੇਹਰ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਅੰਗਦ ਜੀ ਮਿਲਾਪ' ਪ੍ਰਸੰਗ ਬਰਨੰਨ ਨਾਮ ਸੈਂਤਾਲੀਸਮੋਂ ਅਧਜਾਯ ॥ ੪੭ ॥

## ੪੮. [ਸ਼ਾਰਦਾ ਮੰਗਲ। ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ, ਪਜਾਰ, ਮਾਯਾ, ਸੰਗ ਤਾਰਨਾ, ਦੇਵਤਿਆਂ ਦੀ ਨਮਸਕਾਰ, ਅਯਾਲੀ, ਖਡੂਰ]

੪੭<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੪੯

{ਸੰਗ ਤਾਰਨਾ} ॥੫..॥
{ਦੇਵਤੇ ਗੁਰੂ ਜੀ ਦੇ ਚਰਨ ਪਰਸਣ ਆਉਂਦੇ} ॥੨੭..॥
{ਖਡੂਰ}
{ਮਾਯਾ ੧੨ ਕੋਹ ਦੂਰ} ॥੨੦..॥
{ਅਯਾਲੀ ਪ੍ਰਸੰਗ} ॥੩੬..॥
{ਸੋਹਿਲਾ ਸੌਣ ਵੇਲੇ ਪੜ੍ਹਨ ਦੀ ਤਾਕੀਦ} ॥੪੩॥
{ਤਖਤ ਮੱਲ ਚੌਧਰੀ} ॥੫੧..॥

ਦੋਹਰਾ:

**ਸ੍ਰੀ ਸਰਸ੍ਵਤੀ ਨਾਮ ਸ਼ੁਭ, ਮੂਲ ਸੁ ਕਵਿਤਾ ਬੇਲ।**
**ਫੂਲਨ ਫਲਨੋ ਲਲਿਤ ਬਹੁ, ਉਕਤਿ ਜੁਗਤਿ ਲਖ ਮੇਲ ॥੧॥**

ਮੂਲ=ਜੜ੍ਹ। ਲਲਿਤ=ਸੁੰਦਰ, ਮਨਮੋਹਨ, ਮਨਵਾਂਛਤ। [ਸੰਸ: ਲਲਿਤ]।
ਉਕਤਿ=ਉਹ ਜੋ ਕਿਹਾ ਜਾਏ। ਕਵਿਤਾ ਵਿੱਚ ਕੋਈ ਹਾਲ ਜੋ ਕਿਸੇ ਲਾਵੰਨਤਾ ਨਾਲ ਕਿਹਾ ਜਾਏ। [ਸੰਸ: ਉਕ੍ਤਿ]। ਯੁਕਤ=ਜੁਗਤਿ, ਤਰਕੀਬ, ਤ੍ਰੀਕਾ (ਅ) ਹੰਸੀ, ਦਿਲ ਲਗੀ, ਮਖ਼ੌਲ। (ੲ) ਦਲੀਲ। ਸੰਸ: ਯੁਕ੍ਤਿ] ਕਾਵ੍ਯ ਵਿਚ-ਕੋਈ ਗੱਲ ਜੋ ਕਿਸੇ ਕਟਾਖ੍ਯ ਨਾਲ ਕਹੀ ਜਾਏ ਜੁਗਤ ਹੈ। ਵ੍ਯੰਗ ਯਾ ਧ੍ਵਨੀ ਨਾਲ ਕਹੀ ਜਾਣ ਵਾਲੀ ਗੱਲ। ੨. ਇਕ ਅਲੰਕਾਰ ਦਾ ਨਾਮ ਹੈ ਜਿਸ ਵਿਚ ਆਪਣੇ ਮਰਮ ਨੂੰ ਛਿਪਾਉਣ ਵਾਸਤੇ ਕਿਸੇ ਕ੍ਰਿਯਾ ਯਾ ਬਚਨ ਆਦਿ ਯੁਕਤੀ ਨਾਲ ਦੂਸਰੇ ਨੂੰ ਕਿਸੇ ਹੋਰ ਗੱਲ ਤੋਂ ਟਾਲਕੇ ਠੱਗ ਲੈਂਦੇ ਹਨ।

ਅਰਥ:

ਸ਼ੁਭ ਨਾਮ ਵਾਲੀ ਸ੍ਰੀ ਸਾਰਦਾ (ਮਾਨੋ ਇਕ) ਜੜ੍ਹ ਹੈ (ਜਿਸ ਤੋਂ) ਕਵਿਤਾ (ਰੂਪੀ) ਵੇਲ (ਫੁੱਟੀ ਹੈ, ਇਹ ਵੇਲ) ਉਕਤੀਆਂ ਤੇ ਜੁਗਤੀਆਂ ਦੇ ਲੱਖਾਂ ਮੇਲਾਂ (ਨਾਲ ਮਾਨੋਂ) ਬੜੀ ਸੁੰਦਰਤਾ ਨਾਲ ਫਲ ਤੇ ਫੁੱਲ ਰਹੀ ਹੈ।

ਭਾਵ:

ਸਰਸ੍ਵਤੀ ਕਵਿ ਜੀ ਨੇ ਇਥੇ ਕਵਿਤਾ ਦੀ ਜੜ੍ਹ ਦੱਸੀ ਹੈ। ਅੰਦਰਲੇ ਵਲਵਲੇ ਯਾ ਭਾਵ ਦਾ ਵਾਕ੍ਯ ਵਿਚ ਯਾ ਲਿਖਤ ਵਿਚ ਉਚਾਰਨ ਪਾ ਜਾਣ ਦਾ ਨਾਮ ਕਵਿਤਾ ਹੈ। ਇਸ ਦਾ ਮੂਲ ਦਾ ਅੰਦਰਲਾ ਭਾਵ ਯਾ ਵਲਵਲਾ ਜੋ ਆਪਣੇ ਆਪ ਵਿਚ ਸੁੰਦਰਤਾ ਦਾ ਲਹਿਰਾਉ ਲਈ ਉਠਦਾ ਹੈ, ਉਸ ਦੇ ਪ੍ਰਕਾਸ਼ ਹੋਣ ਤੇ ਉਸ ਭਾਵ ਦੀ ਛਿਪੀ ਸੁੰਦਰਤਾ ਪ੍ਰਕਾਸ਼ ਪਾ ਜਾਂਦੀ ਹੈ, ਸੋ ਕਵਿ ਜੀ ਸਰਸ੍ਵਤੀ ਯਾ ਸਾਰਦਾ ਨੂੰ ਏਥੇ ਕੇਵਲ ਕਵੀਆਂ ਦੇ ਸੁੰਦਰ ਮਨੋ ਭਾਵ ਨੂੰ ਯਾ ਕਵਿ-ਮਨ-ਹੁਲਾਸ ਨੂੰ ਆਖ ਰਹੇ ਹਨ, ਉਹਨਾਂ ਦੇ ਮਨ ਦਾ ਅਸਲ ਆਸ਼ਯ ਇੱਥੇ ਬੀ ਸਪਸ਼ਟ ਹੋ ਗਿਆ ਹੈ, ਸਾਰਦਾ ਕੋਈ ਉਹਨਾਂ ਦੀ ਇਸ਼ਟ ਯਾ ਧਰਮ ਦੀ ਭਾਵਨਾ ਵਾਲੀ ਪਾਖਾਣ ਮੂਰਤੀ ਨਹੀਂ, ਪਰ ਕੇਵਲ ਕਵਿਤਾ ਦੀ ਜੜ੍ਹ, ਜਿਸ ਨੂੰ ਓਹ ਮਨ ਦਾ ਭਾਵ ਸਮਝਦੇ ਹਨ। ਪਰ ਕਈ ਥਾਂ ਐਉਂ ਬੀ ਆਵਾਹਨ ਕਰਦੇ ਹਨ ਜਿਵੇਂ ਓਹ ਕੋਈ ਵ੍ਯਕਤੀ ਹੈ, ਜਿਵੇਂ ਜਗਤ ਦੀ ਹੋਰ ਸਾਰੀ ਕਵੀ ਸੰਪ੍ਰਦਾ ਕਰਦੀ ਆਈ ਹੈ। (ਵਿਸ਼ੇਸ਼ ਲਈ ਵੇਖੋ ਪੂਰਬਾਰਧ, ਅਧ੍ਯਾਯ ੧ ਅੰਕ ੨)।

'ਉਕਤਿ ਜੁਕਤਿ' ਤੋਂ ਇਸ ਛੰਦ ਵਿਚ ਕਵੀ ਜੀ ਦੀ ਮੁਰਾਦ ਸਾਰੇ ਅਲੰਕਾਰ ਵ੍ਯੰਗ ਧ੍ਵਨੀ ਅਰ ਹੋਰ ਖੂਬਸੂਰਤੀਆਂ ਤੋਂ ਹੈ ਜੋ ਕਵਿਤਾ ਵਿਚ ਹੁੰਦੀਆਂ ਹਨ।

ਚੌਪਈ:

ਕਿਤਿਕ ਦਿਵਸ ਜਬਿ ਰਹਤਿ ਬਿਤਾਏ।
ਸੇਵਾ ਕਰਿਹੀ ਪ੍ਰੀਤਿ ਬਧਾਏ।
ਜ੍ਵਾਲਾ ਪਰਸਨ ਗਯੋ ਜੁ ਸੰਗਾ।
ਸੋ ਆਯੋ ਪੁਨਿ ਸਹਿਤ ਉਮੰਗਾ ॥੨॥
ਲਹਿਣਾ ਵਹਿਰ ਬੁਲਾਇ ਬੁਝੇਰਾ[1]। [1]ਪੁੱਛਿਆ।
'ਦੇਹੁ ਦਿਖਾਇ ਦਰਸ ਗੁਰ ਕੇਰਾ।'
ਸਭਿ ਕੋ ਲੇ ਨਿਜ ਸੰਗ ਅਗਾਰੀ।
ਆਵਤਿ ਭਾ ਧ੍ਰਮਸਾਲ ਮਝਾਰੀ ॥੩॥
ਹਾਥ ਬੰਦਿ ਕੈ ਗਿਰਾ ਬਖਾਨੀ।
'ਸੁਨੀਏ ਬਿਨਤੀ ਸ਼੍ਰੀ ਗੁਨਖਾਨੀ!
ਗ੍ਰਾਮ ਖ਼ਡੂਰ ਮਨੁਜ ਬਹੁ ਆਏ।
ਚਾਹਤਿ ਤੁਮਰੋ ਦਰਸ਼ਨ ਪਾਏ' ॥੪॥
ਕ੍ਰਿਪਾ ਦ੍ਰਿਸ਼ਟਿ ਸੋ ਦੇਖਿ ਗੁਸਾਈਂ।
ਬੋਲੇ 'ਸੰਗੀ ਲੇਹੁ ਬੁਲਾਈ।'
{ਸੰਗ ਤਾਰਨਾ}
ਆਇਸੁ ਪਾਇ ਬ੍ਰਿੰਦ ਨਰ ਨਾਰੀ।
ਲੇ ਪਹੁੰਚਯੋ ਧ੍ਰਮਸਾਲ ਮਝਾਰੀ ॥੫॥
'ਕਰੀ[1] ਕਾਮਨਾ ਜਿਹ ਨਰ ਜੋਈ। [1]ਕੀਤੀ ਹੈ।
ਹ੍ਵੈ ਹੈ ਪੂਰਨ'' ਭਾਖੀ[2] 'ਸੋਈ।' [1]ਹੋਵੇਗੀ ਪੂਰਨ। [2]ਸ੍ਰੀ ਲਹਿਣਾ ਜੀ ਨੇ ਕਿਹਾ ਸੀ ਅਗੇ ਇਹ ਕਿ:-
ਸਿੰਘਾਸਣ ਬੈਠੇ ਗੁਨ ਖਾਨੀ।
ਦਰਸਹਿਂ ਕਰਿ ਬੰਦਨ ਮਨ ਬਾਨੀ ॥੬॥
ਫਲ ਅਰ ਫੂਲ ਉਪਾਇਨ ਧਰਿਹੀਂ।
'ਧੰਨ ਧੰਨ ਗੁਰੁ' ਬਚਨ ਉਚਰਿਹੀਂ।
ਬਿਨਤੀ ਭਾਖੈਂ ਖਰੇ ਅਗਾਰੀ।
'ਸਫਲ ਜਨਮ ਹੋਯੋ ਇਸ ਬਾਰੀ' ॥੭॥
ਜਿਹ ਜਿਹ ਕਰੀ ਕਾਮਨਾ ਜੋਈ।
ਪੂਰਨ ਕਰਤਿ ਭਏ ਗੁਰ ਸੋਈ।
ਏਕ ਨਿਸਾ ਬਸਿ ਪੁਰਿ ਕਰਤਾਰਾ।
ਸਰਬ ਸੰਗ ਨਿਜ ਗ੍ਰਾਮ ਪਧਾਰਾ ॥੮॥
ਲਹਿਣਾ ਰਹ੍ਯੋ ਪ੍ਰੇਮ ਕਰਿ ਪਾਸਾ[1]। [1]ਕੋਲ।
ਸੇਵਾ ਕਰਹਿ ਜੁ ਹੋਇ ਅਵਾਸਾ।
ਜੂਠੇ ਭਾਂਙਨ[1] ਮਾਂਙਨ ਕਰਿਹੀ। [1]ਭਾਂਡੇ।

ਚਰਨ ਪਖਾਰਿ ਹਰਖ ਉਰ ਧਰਿਹੀ ॥੯॥

ਬਿੰਜਨ ਲਏ ਹਾਂਕਹੀ[1] ਪੌਨਾ।

[1]ਪੱਖਾ ਲੈਕੇ ਝਲਦਾ ਹੈ।

ਬਢਨੀ[1] ਫੇਰਹਿ ਸਗਰੇ ਭੌਨਾ।

[1]ਬੁਹਾਰੀ।

ਸਤਿਗੁਰ ਪਰ[1] ਕੇ ਬਸਤ੍ਰ ਪਖਾਰਹਿ।

[1]ਦੇ ਉਪਰਦੇ।

ਨਿਸ ਦਿਨ ਸੇਵਾ ਕਰਤਿ ਗੁਜ਼ਾਰਹਿ ॥੧੦॥

ਮੁਖ ਦਿਸ਼ ਦੇਖਤਿ ਰਹੈ ਸਦਾਈ।

ਜਬ ਗੁਨਖਾਨੀ[1] ਦੇਹਿਂ ਰਜਾਈ[2]।

[1]ਭਾਵ ਗੁਰੂ ਜੀ। [2]ਹੁਕਮ, ਆਗਿਆ।

ਤਤਛਿਨ ਕਰਹਿ ਪ੍ਰੀਤ ਉਰਧਾਰੀ।

ਸਰਲ ਰਿਦੇ ਥਾ, ਮਤਾ ਉਦਾਰੀ[1][†] ॥੧੧॥

[1]ਮਨ ਦਾ ਮਤਾ ਵਿਸ਼ਾਲ ਸੀ। [†]ਪਾ-ਬਾਮਤਾ ਬਿਦਾਰੀ=ਵਿੰਗਾਪਨ ਰਿਦੇ ਨੇ ਦੂਰ ਕੀਤਾ ਹੋਇਆ ਸੀ।

ਨਿਤਾਪ੍ਰਤੀ ਸ਼ਰਧਾ ਮਨ ਭੀਨੋ।

ਨਿਜ ਜੀ ਚਰਨ[1] ਸਮਰਪਨ ਕੀਨੋ।

[1]ਹਿਰਦਾ (ਗੁਰੂ ਜੀ ਦੇ) ਚਰਨਾਂ ਤੇ।

ਭਈ ਪ੍ਰੀਤਿ ਨਹਿਂ ਜਾਇ ਬਖਾਨੀ।

ਕੋ ਉਪਮਾ ਦਿਉਂ ਕਛੁ ਨ ਸਮਾਨੀ[1] ॥੧੨॥

[1]ਕੋਈ ਬਰੱਬਰ ਨਹੀਂ (ਉਸ ਉਪਮਾ ਦੇ)।

ਅਲਪ ਪਤੰਗ[1] ਮ੍ਰਿੱਗ ਕੀ ਜਾਨੀ[2]।

[1]ਪਤੰਗੇ (ਦੀ ਦੀਵੇ ਨਾਲ)। [2]ਮ੍ਰਿਗ (ਦੀ ਘੰਡੇ ਹੇੜੇ ਸੰਗੀਤ ਨਾਲ ਜੋ ਪ੍ਰੀਤ ਹੈ) ਸੋ ਤੁੱਛ ਜਾਣੀਦੀ ਹੈ (ਇਸ ਪ੍ਰੀਤ ਅੱਗੇ)।

ਤਿਨ ਤੇ ਤੂਰਨਤਾ ਪਹਿਚਾਨੀ[1]।

[1]ਭਾਵ ਪਤੰਗਾ ਤੇ ਮ੍ਰਿਗ ਜਾਨ ਦੇਣ ਵਿਚ ਕੁਛ ਦੇਰ ਭਾਵੇਂ ਕਰਨ ਪਰ ਸ੍ਰੀ ਪਾਵਨ ਲਹਿਣਾ ਜੀ ਦੀ (ਇਸ ਗੱਲ ਵਿਚ) ਉਹਨਾਂ ਨਾਲੋਂ ਕਾਹਲੀ (ਅਸਾਂ) ਪਛਾਤੀ ਹੈ।

ਸੀਸ ਦੇਨ ਕੀ ਹੁਇ ਜਿ ਰਜਾਈ।

ਪਲਕ ਮਾਤ੍ਰ ਕਬਹਿ ਨ ਬਿਲਮਾਈ[1] ॥੧੩॥

[1]ਕਦੇ ਨਾ ਡੇਰ ਕਰਨ (ਸ੍ਰੀ ਅੰਗਦ ਜੀ)।

ਏਕ ਦਿਵਸ ਬੇਦੀ ਕੁਲ ਰਾਈ।

ਪੌਢੇ ਸਿਹਜਾ ਪਰ ਸੁਖਦਾਈ।

ਮਾਯਾ ਧਾਰਿ ਆਪਨੋ ਬੇਖਾ।

ਕਮਲ ਬਿਲੋਚਨ ਰੂਪ ਬਿਸ਼ੇਖਾ[†] ॥੧੪॥

[†]ਮਾਇਆ ਦਾ ਰੂਪ ਧਾਰਕੇ ਆਉਣਾ ਉਸੇ ਤਰ੍ਹਾਂ ਦਾ ਪਰਤਾਵੇ ਕਰਨ ਆਉਣਾ ਹੈ, ਜਿਵੇਂ ਕਲਜੁਗ ਆਇਆ ਸੀ (ਦੇਖੋ ਉੱਤਰਾਰ੍ਧ ਅਧਯਾਯ ੧੦ ਅੰਕ ੮੫ ਦੀ ਹੇਠਲੀ ਟੂਕ) ਏਥੇ ਮੁਰਾਦ ਹੈ ਕਿ ਮਾਇਆ ਚਾਹੁੰਦੀ ਸੀ ਕਿ ਗੁਰੂ ਜੀ ਦੌਲਤ ਪਦਾਰਥ ਵਿਚ ਮੋਹ ਕਰਕੇ ਦੁਨੀਆਂਦਾਰ ਹੋ ਜਾਣ, ਪਰ ਉਹ ਭੁਲੇਵੇ ਵਿਚ ਨਹੀਂ ਆਏ।

ਕਬੀਰ ਜੀ ਨੇ ਬੀ ਕਿਹਾ ਹੈ-'ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮ ॥' ਮਾਇਆ ਦਾ ਅਰਥ ਹੀ ਭੁਲੇਵਾ ਹੈ, ਤੇ ਵੇਦਾਂਤ ਮੂਜਬ ਇਹ ਭ੍ਰਾਂਤੀ ਮਾਤ੍ਰ ਹੈ, ਉਂਵ ਸਾਰਾ ਪਸਾਰਾ ਇਸੇ ਦਾ ਮੰਨਦੇ ਹਨ। ਸਾਂਖ ਨੇ ਇਸੇ ਨੂੰ ਪ੍ਰਕ੍ਰਿਤੀ ਕਹਿਕੇ ਜੜ੍ਹ ਮੰਨਿਆਂ ਹੈ, ਲੱਛਣਾਂ ਵਿਚ ਰਤਾ ਫਰਕ ਹੈ।

ਮਣਿਮਯ ਭੂਖਣ[1] ਝਲਕਤਿ ਅੰਗਾ। — [1]ਰਤਨਾਂ ਵਾਲੇ ਗਹਿਣੇ।
ਬਸਤ੍ਰ ਕਸੁੰਭੀ[1] ਬਨੇ ਸੁ ਰੰਗਾ। — [1]ਲਾਲ।
ਚਾਂਪਤਿ[1] ਪਦ ਪੰਕਜ ਗੁਰ ਕੇਰੇ। — [1]ਮੁੱਠੀਆਂ ਭਰਦੀ।
ਸੇਵਾ ਕੀਨੀ ਭਾਉ ਘਨੇਰੇ ॥੧੫॥
ਲਹਿਣੇ ਤਤਛਿਨ ਬਿਜਨਾ ਲੀਨੇ।
ਪੌਨ ਕਰਨ ਆਯੋ ਰਸ ਭੀਨੇ।
ਪਿਖਿ ਸਰੂਪ ਕੋ ਮਨ ਬਿਸਮਾਯੋ।
ਕਛੁ ਨ ਜਾਨਯੋ ਗਯੋ ਲਜਾਯੋ ॥੧੬॥
ਨਿਕਸਿ ਗਈ ਕਰਿ ਸੇਵਾ ਜਬਿ ਹੀ।
ਹਾਥ ਜੋਰਿ ਕੈ ਬੂਝਯੋ ਤਬਿ ਹੀ।
'ਕੋ ਅੰਗਨਾ[1] ਇਹ ਦਿੱਬਯ ਸਰੂਪਾ[2]? — [1]ਕੌਣ ਇਸਤਰੀ। [2]ਦੇਵਤਿਆਂ ਦੇ ਸਰੂਪ ਵਾਲੀ।
ਅਲੰਕਾਰ[1] ਬਰ ਬੇਖ ਅਨੂਪਾ ॥੧੭॥ — [1]ਗਹਿਣੇ।
ਪਦ ਪੰਕਜ ਸੇਵਹਿ ਧਰਿ ਭਾਊ[1]। — [1]ਸ਼ਰਧਾ ਨਾਲ।
ਬੰਦਨ ਕਰਿ ਗਮਨੈ ਦਿਸ਼ ਕਾਊ[1]। — [1]ਕਿਸੇ ਤਰਫ।
ਮੈਂ ਇਕ ਪਿਖੀ, ਔਰ ਨਹਿਂ ਦੇਖੀ[1]। — [1]ਇਕ ਮੈਂ ਉਹ ਦੇਖੀ ਹੈ ਹੋਰ ਕਿਸੇ ਨੇ ਨਹੀਂ ਵੇਖੀ।
ਉਰ ਮਹਿਂ ਅਚਰਜ ਭਯੋ ਵਿਸ਼ੇਖੀ' ॥੧੮॥
ਸੁਨਿ ਕੈ ਸ਼੍ਰੀ ਬੇਦੀ ਕੁਲ ਕੇਤੂ।
ਬੋਲੇ ਭੇਦ ਬਤਾਵਨ ਹੇਤੂ।
'ਤੁਝ ਪਰ ਸ਼੍ਰੀ ਕਰਤਾਰ ਕ੍ਰਿਪਾਲਾ।
ਤਬਹਿ ਬਿਲੋਕਯੋ ਰੂਪ ਬਿਸਾਲਾ ॥੧੯॥
ਔਰ ਕਿਸੂ ਕੋ ਨਦਰ ਨ ਆਵੈ।
ਤਾਂ ਕੋ[1] ਪਾਰ ਨ ਪਾਯੋ ਜਾਵੈ। — [1]ਉਸ (ਮਾਇਆ) ਦਾ।
ਮਾਯਾ ਰੂਪ ਜਗਤ ਨਰ ਜੋਊ[1]। — [1]ਉਹ) ਮਾਇਆ ਸਰੂਪ (ਧਾਰ ਕੇ ਆਈ ਸੀ) ਜਿਸ ਨੇ ਜਗਤ ਦੇ ਨਰ।
ਸਭਿ ਭਰਮਾਏ ਬਚਯੋ ਨ ਕੋਊ ॥੨੦॥

{ਮਾਯਾ ੧੨ ਕੋਹ ਦੂਰ}

ਦੋਹਰਾ: — [1]ਬਾਰਾਂ ਕੋਹ।
ਸੋ ਆਵਤਿ ਇਸ ਹੇਤ ਤੇ, ਦ੍ਵਾਦਸ਼ ਕੋਸਨ[1]

ਦੂਰ।
ਰਹਤਿ ਹਮਾਰੇ ਪਾਸ ਤੇ, ਛਲ ਬਲ ਹ੍ਵੈ ਨ ਹਜ਼ੂਰ[1] ॥੨੧॥

[1]ਸਾਡੇ ਸਾਹਮਣੇ ਛਲ ਵਲ ਉਸ ਦੇ ਚਲ ਨਹੀਂ ਸਕਦੇ।

ਚੌਪਈ:
ਰਹਜੋ ਚਹਤਿ ਹੈ ਨਿਕਟ ਕੁਚਾਲੀ।
ਪਾਇ ਜਾਂਹਿ ਨਰ ਹੋਤਿ ਕੁਢਾਲੀ[1]।

[1]ਜਿਸ ਨੂੰ ਪ੍ਰਾਪਤ ਕਰਕੇ ਨਰ ਕੁਚਾਲ ਵਾਲੇ ਹੋ ਜਾਂਦੇ ਹਨ।

ਯਾਂ ਤੇ ਸੇਵ ਕਰਤਿ ਸੋ ਆਈ।
ਇਸਥਿਰ ਹੋਨ ਸਮੀਪ ਸਦਾਈ ॥੨੨॥
ਦੁਤਿਯ ਸਰੂਪ ਧਰੈਂ ਹਮ ਜਬਿ ਹੀ।
ਖਸ਼ਟ ਕੋਸ ਪਰ ਥਿਤ ਹ੍ਵੈ ਤਬਿ ਹੀ।
ਤ੍ਰਿਤੀਏ ਤਨ ਦਰ ਪਰ ਚਲਿ ਆਵਹਿ।
ਸੇਵ ਕਰਹਿ ਸਭਿ ਭਾਂਤਿ ਰਿਝਾਵਹਿ ॥੨੩॥
ਧਰੈਂ ਚਤੁਰਥੀ ਜਬਿ ਹਮ ਦੇਹੀ।
ਚਹੁਂ ਦਰ ਪ੍ਰਵਿਸ਼ੈ ਆਵੇ ਏਹੀ।'
ਇਸ ਪ੍ਰਕਾਰ ਸਭਿ ਭੇਦ ਬਤਾਵਾ।
ਸੁਨਿ ਲਹਿਣਾ ਹਿਰਦੇ ਹਰਖਾਵਾ[†] ॥੨੪॥

[†]ਇਹ ਕਵਿ ਜੀ ਨੇ ਇਕ ਗੱਲ ਅਲੰਕਾਰਕ ਵਰਣਨ ਕੀਤੀ, ਮਾਇਆ ਦਿਬਯ (ਅਸਮਾਨੀ) ਰੂਪ ਧਾਰਕੇ ਆਈ ਸੀ। ਉਹ ਬੀ ਐਸਾ ਸੀ ਜੋ ਸ੍ਰੀ ਪਰਮ ਪਵਿੱਤਰ ਲਹਿਣਾ ਜੀ ਨੂੰ ਦਿਸ ਸੱਕਿਆ, ਉਹ ਰੂਪ ਸਰੀਰ ਧਾਰੀ ਨਹੀਂ ਸੀ।

ਭਰਯੋ ਪ੍ਰੇਮ ਉਰ ਸੇਵਾ ਕਰਿਹੀ।
ਨਹੀ ਅਹੰਤਾ ਰੰਚਕ ਧਰਿਹੀ।
ਇਸ ਬਿਧਿ ਦਿਵਸ ਬਿਤੀਤੇ ਕੇਤੇ।
ਕਰਹਿ ਸਦਨ ਹ੍ਵੈ ਕਾਰਜ ਤੇਤੇ ॥੨੫॥
ਏਕ ਸਮੈ ਧ੍ਰਮਸਾਲਾ ਮਾਂਹੀ।
ਰੁਚਿਰ ਪ੍ਰਯੰਕ ਡਸਾਵਾ ਤਾਂਹੀ।
ਤਿਹ ਪਰ ਪੌਢੇ ਹੁਤੇ ਗੁਸਾਈਂ।
ਲਹਿਣਾ ਸੀਤਲ ਪੌਣ ਝੁਲਾਈ ॥੨੬॥
ਹਲਤ ਹੁਤੇ ਪਦ ਪੰਕਜ ਦੋਊ।
{ਦੇਵਤੇ ਗੁਰੂ ਜੀ ਦੇ ਚਰਨ ਪਰਸਣ ਆਉਂਦੇ}
ਜਿਨ ਕੋ ਅਹੈ ਸਮੀਪ ਨ ਕੋਊ।
ਇਹ ਬਿਲੋਕ ਲਹਿਣਾ ਬਿਸਮਾਨਜੋ।

ਦ੍ਵੈ ਕਰ ਜੋਰੇ ਬਚਨ ਬਖਾਨਯੋ ॥੨੭॥
'ਕਿਹ ਕਾਰਨ ਪਦ ਪੰਕਜ ਦੋਈ।
ਚੰਚਲ ਹੋਤਿ ਆਪ ਤੇ ਸੋਈ।
ਕੋਇ ਨ ਪਿਖਿਯਤਿ ਜਿਨਹਿ ਸਮੀਪਾ।'
ਸੁਨਿ ਬੋਲੇ ਬੇਦੀ ਕੁਲਦੀਪਾ ॥੨੮॥
'ਤੂੰ ਹੈਂ ਮੇਰੋ ਪਰਮ ਪਿਆਰੋ।
ਯਾਂ ਤੇ ਸਭਿ ਹੀ ਭੇਦ ਉਚਾਰੋਂ।
ਆਮਰ ਬ੍ਰਿੰਦ ਛ੍ਵੈ ਛ੍ਵੈ ਜੁਗ ਪਾਈ[1]। — [1]ਦੇਵਤੇ ਸਾਰੇ ਛੂਹ ਛੂਹ ਕੇ ਦੋਵੇਂ ਚਰਣ।
ਬੰਦਨ ਕਰਿ ਕਰਿ ਸਦਨ ਸਿਧਾਈਂ[1] ॥੨੯॥ — [1]ਘਰਾਂ ਨੂੰ ਮੁੜੇ ਜਾਂਦੇ ਹਨ।
ਆਵਹਿਂ ਮਿਲਿ ਕਰਿ ਕਬਿ ਕਬਿ ਸਾਰੇ।
ਗੁਪਤ ਰੂਪ ਨਰ ਨਾਂਹਿ ਨਿਹਾਰੇ[1]।' — [1]ਗੁਪਤ ਰੂਪ ਵਿਚ ਆਉਂਦੇ ਹਨ ਤਾਂਕਿ ਲੋਕੀਂ ਦੇਖ ਨਾ ਲੈਣ।
ਸੁਨਿ ਕਹਿ 'ਸੱਤਿ ਸੱਤਿ ਪ੍ਰਭੁ ਸੋਊ।'
ਬੰਦਤਿ ਭਾ ਪਦ ਪੰਕਜ ਦੋਊ ॥੩੦॥
ਪਰਮ ਪ੍ਰੇਮ ਜਾਗਯੋ ਉਰ ਮਾਂਹੀ।
ਰੰਗਯੋ ਰੰਗ ਭਗਤਿ ਮਨ ਜਾਂਹੀ।
ਇਕ ਮਨ ਹ੍ਵੈ ਪਢਿਹੈ ਗੁਰਬਾਣੀ।
ਸੁਨਹਿ ਗੁਨਹਿ ਕੀਰਤਿ ਚਿਤ ਮਾਨੀ ॥੩੧॥
ਵਾਹਿਗੁਰੂ ਕੋ ਸਿਮਰਨ ਕਰਿਹੀ।
ਉਮਗ ਉਮਗ ਮੁਖ ਸੁਜਸੁ ਉਚਰਿਹੀ।
ਚੀਤ ਪ੍ਰੀਤਿ ਕੀ ਰੀਤਿ ਨਿਆਰੀ।
ਲਿਵ ਲਾਗੀ ਨਿਸ ਦਿਨ ਸੁਖਕਾਰੀ ॥੩੨॥
ਕਰਿਤਯੋ ਸੇਵਾ ਸਮਾਂ ਬਿਤਾਵਹਿ।
ਜਗ ਕਾਰਜ ਕੋ ਰਿਦੇ ਨ ਆਵਹਿ।
ਇਸ ਬਿਧਿ ਬਾਸੁਰ ਕਿਤੇ ਬਿਤਾਏ।
ਚਰਨ ਕਮਲ ਮਨ ਭੌਰ ਲੁਭਾਏ ॥੩੩॥
ਬੈਠੇ ਹੁਤੇ ਬੇਦੀ ਕੁਲਦੀਪਾ।
ਪਾਉਂ ਪਲੋਸਤਿ[1] ਹੋਈ ਸਮੀਪਾ। — [1]ਘੁਟਦੇ ਸਨ ਚਰਨ।
ਕਰ ਪਰਸਯੋ ਪਿੰਡਰੀ[1] ਜਬਿ ਦੇਖੀ। — [1]ਪਿੰਜਣੀ

ਜਿਨ ਕੋ ਲਗੀ ਝਰੀਟ ਵਿਸ਼ੇਖੀ† ॥੩੪॥

†ਧਿਆਨ ਧਾਰਨ ਵਾਲਾ ਜਦੋਂ ਆਪਣੇ ਅੰਦਰਲੇ ਭਾਵ ਵਿਚ ਆਪਣੇ ਧਿਆਨ ਨਾਲ ਅਭੇਦ ਤੇ ਉਹੋ ਰੂਪ ਹੋ ਜਾਂਦਾ ਹੈ ਤਾਂ ਉਸ ਦਾ ਦੁਖ ਸੁਖ ਜਿਸ ਦਾ ਧਿਆਨ ਧਾਰਿਆ ਜਾਵੇ ਉਸ ਪਰ ਅਸਰ ਕਰਦਾ ਹੈ ਤੇ ਉਸ ਅਗੇ ਸਾਮਰਤੱਖ ਹੋ ਜਾਂਦਾ ਹੈ, ਉਹ ਦਾਤਾ ਉਸ ਦੀ ਰੱਖਯਾ ਕਰਦਾ ਹੈ ਇਹ ਆਤਮ ਵਿਦ੍ਯਾ ਦਾ ਇਕ ਨਿਯਮ ਹੈ। ਯਥਾ:-ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੈ ॥
[ਮਾਰੂ ਸੋਹਲੇ ਮਃ ੧-੯-੩-੧੧

ਬੂਝਜੋ ਲਹਿਣੇ ਦ੍ਵੈ ਕਰ ਬੰਦੇ।
'ਕਿਸ ਬਿਧਿ ਕੰਟਕ[1] ਲਗੇ ਮੁਕੰਦੇ ! — [1]ਕੰਡੇ।
ਵਹਿਰ ਕਹੂੰ ਅਸ ਠੌਰਨ ਮਾਂਹੀ[1]। — [1]ਐਸੀਆਂ ਥਾਵਾਂ ਵਿਚ।
ਗਮਨੇ ਪ੍ਰਭੁ ! ਆਪ ਕਬਿ ਨਾਂਹੀ ॥੩੫॥
ਅਬਿ ਲਾਗੀ ਹੈਂ ਪਰਹਿਂ ਲਖਾਈ[1]। — [1]ਪ੍ਰਤੀਤ ਹੁੰਦੀਆਂ ਹਨ।
ਇਹ ਕਾਰਨ ਮੁਝ ਦੇਹੁ ਬਤਾਈ।'
ਸੁਨਿ ਕੈ ਸ਼੍ਰੀ ਗੁਰ ਗਿਰਾ ਅਲਾਈ।
'ਏਕ ਅਯਾਲੀ ਅਜਾ ਚਰਾਈ[1] ॥੩੬॥ — [1]ਬੱਕਰੀਆਂ ਚਰਾ ਰਿਹਾ ਹੈ।

{ਅਯਾਲੀ ਪ੍ਰਸੰਗ}

ਦੋਹਰਾ:

ਮਨ ਇਕਾਂਤਿ ਹ੍ਵੈ ਪ੍ਰੀਤਿ ਯੁਤ, ਪਢਹਿ ਸੋਹਿਲਾ[1] ਸੋਇ। — [1]ਕੀਰਤਨ ਸੋਹਿਲਾ।
ਕੰਟਕ ਝਾਰ ਅਪਾਰ ਜਹਿ[1], ਫਿਰਤਿ ਪ੍ਰੇਮ ਮਹਿਂ ਹੋਇ ॥੩੭॥ — [1]ਕੰਡਿਆਂ ਦੀਆਂ ਝਾੜੀਆਂ ਬਹੁਤੀਆਂ ਹਨ ਜਿਥੇ।

ਚੌਪਈ:

ਹ੍ਵੈ ਸਮੀਪ ਬਿਚਰੋਂ ਤਿਹ ਸੰਗਾ।
ਲਗਨੇ ਦੇਉਂ ਨ ਕੰਟਕ ਅੰਗਾ।
ਤਹਾਂ ਝਰੀਟ ਲਗੀ ਇਹੁ ਜਾਨਹੁ।
ਲਹਿਣੇ ! ਸਾਚ ਬਚਨ ਮਮ ਮਾਨਹੁ ॥੩੮॥
ਪਢਹਿ ਸੋਹਿਲਾ ਜੋ ਕਿਤ ਕੋਊ[1]। — [1]ਕੋਈ ਕਿਧਰੇ।
ਤਿਹ ਸਮੀਪ ਨਿਸ਼ਚੈ ਮੈਂ ਹੋਊਂ।'
ਅਸ ਕਹਿ ਪੁਨ ਇਕ ਸਿੱਖ ਹਕਾਰਾ।
ਤਿਹ ਸੋਂ ਬੋਲੇ ਮੋਖ ਉਦਾਰਾ ॥੩੯॥
'ਅਮਕਾ ਜੋ ਥਲ ਤਹਾਂ ਅਯਾਲਾ।
ਅਜਾ ਚਰਾਵਤਿ ਪ੍ਰੇਮ ਬਿਸ਼ਾਲਾ।
ਜਾਵਹੁ ਤੁਮ ਤਿਹ ਨਿਕਟ ਨਿਹਾਰੀ।

ਆਦਰ ਯੁਕਤ ਸੁ ਆਇ ਹਕਾਰੀ[1]' ॥੪੦॥ — [1]ਲਿਆਓ ਬੁਲਾਇਕੇ।

ਆਇਸੁ ਪਾਇ ਗਯੋ ਸਿਖ ਤਹਿੰਵਾ।
ਅਜਾ ਚਰਾਇ ਅਯਾਲੀ ਜਹਿੰਵਾ।
ਤਿਹ ਬਿਲੋਕਿ ਬੋਲਯੋ ਮ੍ਰਿਦੁ ਬਾਨੀ।
'ਤੁਝਹਿ ਹਕਾਰਤਿ ਗੁਰ ਗੁਨਖਾਨੀ' ॥੪੧॥

ਸੁਨਿ ਕਰਿ ਚਲਯੋ ਸਿੱਖ ਕੇ ਸਾਥਾ।
ਆਇ ਨਿਵਾਯੋ ਜੁਗ ਪਗ[1] ਮਾਥਾ। — [1]ਦੋਹਾਂ ਚਰਨਾਂ ਤੇ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ।
ਤਿਹ ਅਯਾਲਿ ਸੋਂ ਗਿਰਾ ਅਲਾਈ ॥੪੨॥

ਦੋਹਰਾ:

'ਸੋਵਨ ਸਮੈਂ ਬਖਾਨਿਯੇ
ਕੰਠ ਸੋਹਿਲਾ ਜੋਇ[1]।' — [1]ਸੌਣ ਵੇਲੇ ਪੜ੍ਹਿਆ ਕਰੋ ਸੋਹਿਲਾ ਜੋ ਤੇਰੇ ਕੰਠ ਹੈ।

{ਸੋਹਿਲਾ ਸੌਣ ਵੇਲੇ ਪੜ੍ਹਨ ਦੀ ਤਾਕੀਦ}

ਅਧਿਕ ਖ਼ੁਸ਼ੀ ਬਹੁਰੋ ਕਰੀ
ਦ੍ਵੈਤ ਰਿਦੈ ਤੇ ਖੋਇ ॥੪੩॥

ਚੌਪਈ:

ਸੁਨਿ ਅਯਾਲਿ ਨੈ ਬਿਨੈ ਉਚਾਰੀ।
'ਅਬ ਜਿਉਂ ਹੋਇ ਰਜਾਇ ਤੁਮਾਰੀ।
ਤਿਉਂ ਮੈਂ ਕਰਿਹੌਂ ਧਰਿ ਉਰ ਪ੍ਰੀਤੀ।
ਸੋਈ ਲਖੋਂ ਸ਼ਾਂਤਿਦਾ[1] ਰੀਤੀ' ॥੪੪॥ — [1]ਸ਼ਾਂਤੀ ਦਾਇਕ।

ਨਿਕਟਿ ਜਿ ਨਰ ਭੇ ਬਿਸਮੇ[1] ਤਬਿ ਹੀ। — [1]ਅਚਰਜ ਹੋਏ।
ਧਰਹਿਂ ਗੁਰੂ ਪਰ ਸ਼ਰਧਾ ਸਭਿ ਹੀ।
ਪਿਖਿਓ ਲੋਚਨ[1] ਕਾਰਨ ਜੋਈ[2]। — [1]ਅੱਖੀਂ ਡਿੱਠਾ। [2]ਜੋ ਕਾਰਨ ਸੀ (ਝਰੀਟਾਂ ਦਾ)।
ਦ੍ਰਿਢ ਪਰਤੀਤ ਰਿਦੈ ਮਹਿਂ ਹੋਈ[1] ॥੪੫॥ — [1]ਭਾਵ ਸਾਰੇ ਨਿਕਟ ਵਰਤੀਆਂ ਦੇ ਹਿਰਦੇ ਵਿਚ।

ਪਢਹਿਂ ਸੋਹਿਲਾ ਸੋਵਨ ਕਾਲਾ।
ਹਿਰਦੈ ਧਰਿ ਕੈ ਧਯਾਨ ਬਿਸਾਲਾ।
ਤਿਨ ਕਾ ਹ੍ਵੈ ਸਤਿਗੁਰ ਰਖਵਾਰਾ।
ਬਿਘਨ ਸਰਬ ਦੇ ਦੂਖ ਨਿਵਾਰਾ ॥੪੬॥

ਤੀਨ ਬਰਖ ਜਬਿ ਇਸ ਬਿਧਿ ਬੀਤੀ।
ਲਹਿਣਾ ਸੇਵ ਕਰੇ ਯੁਤ ਪ੍ਰੀਤੀ।
ਪੁਨ ਨਿਕੇਤ ਸੁਧ[1] ਲੇਨੇ ਕਾਰਨ।
[1]ਘਰ ਦੀ ਖਬਰ ਸਾਰ।
ਆਇਸੁ ਦੀਨੀ ਦੰਭ ਬਿਦਾਰਨ[1] ॥੪੭॥
[1]ਭਾਵ ਗੁਰੂ ਜੀ ਨੇ।
ਸੁਨਿ ਨਿਦੇਸ਼ ਪ੍ਰਭੁ[1] ਜਾਇ ਨ ਮੋਰੀ[2]।
[1]ਭਾਵ ਗੁਰੂ ਜੀ ਦੀ ਆਗਿਆ। [2]ਮੋੜੀ ਨਹੀਂ ਜਾਂਦੀਂ।
ਬੰਦੇ ਪਦ ਪੰਕਜ ਕਰ ਜੋਰੀ।
ਗਮਨਜੋ ਪੰਥ ਰਿਦੇ ਧਰਿ ਧਜਾਨਾ।
ਮਨ ਥਿਰ, ਕਿੰਚਿਤ[1] ਨਾਂਹਿਂ ਡੁਲਾਨਾ ॥੪੮॥
[1]ਰਤਾ ਬੀ।
ਕ੍ਰਮ ਕਰਿ ਪਹੁੰਚਿ ਖਡੂਰ ਮਝਾਰਾ।
ਪ੍ਰਵਿਸ਼ਜੋ ਸਦਨ ਮਿਲਜੋ ਪਰਵਾਰਾ।
ਤਬਿ ਸਭਿ ਨਰਨ ਕਾਨ ਸੁਨਿ ਪਾਯੋ।
'ਕਾਲ ਬਿਤੇ ਬਹੁ ਲਹਿਣਾ ਆਯੋ' ॥੪੯॥
ਮਿਲਨ ਹੇਤ ਮਿਲਿ ਕਰਿ ਕੈ ਸਭਿ ਹੀ।
ਸੁਜਸੁ ਕਹਤਿ ਚਲਿ ਆਏ ਤਬਿ ਹੀ।
ਆਦਰ ਕਰਨ ਨਰਨ ਸਭਿ ਤਾਈਂ।
ਉਠਜੋ ਸੁ ਮੰਚ ਪਰ ਤੇ ਅਗੁਵਾਈ ॥੫੦॥
ਗਰ ਸੋਂ ਲਾਇ ਮਿਲਜੋ ਸਭਿ ਸੰਗਾ।
ਪੇਖਜੋ ਨਰਨ ਸੁਭਾਉ ਉਤੰਗਾ[1]।
[1]ਉੱਚਾ।
ਹੁਤੋ ਸੁਸ਼ੀਲ ਚੌਧਰੀ ਗ੍ਰਾਮੁ।
ਉੱਤਮ ਅਹੈ ਤਖਤਮਲ ਨਾਮੁ ॥੫੧॥

{ਤਖਤ ਮੱਲ ਚੌਧਰੀ}

ਤਿਨ ਤਬਿ ਆਇ ਬੰਦਨਾ ਕੀਨੀ।
ਸੇਵ ਨਿੰਮ੍ਰਤਾ ਮਹਿਂ ਮਤਿ ਭੀਨੀ।
ਤਿਹ ਬਿਲੋਕਿ ਲਹਿਣਾ ਕਹਿ ਬਚਨਾ।
ਮਾਧੁਰਤਾ ਮਿਰਦੁਲ ਜਿਨ ਰਚਨਾ ॥੫੨॥
'ਮਤਿ ਬਿਸਾਲ[1]! ਗਲ ਮਿਲੀਏ ਆਈ।
[1]ਹੇ ਵਡੀ ਮੱਤ ਵਾਲੇ।
ਬੰਦਨ ਕਰਿ ਕਿਉਂ ਬੈਸਜੋ ਜਾਈ?
ਸਭਿ ਨਰ ਮਹਿਂ ਤੁਮ ਅਧਿਕ ਬਡੇਰੇ।
ਮਨੁਜ ਗ੍ਰਾਮ ਅਨੁਸਾਰਿ ਸੁ ਤੇਰੇ[1] ॥੫੩॥
[1]ਤੇਰੇ ਅਧੀਨ ਹਨ।

ਊਚੈ ਪਦ ਕੋ ਪਾਇ ਨਿਮਾਈ[1]।
ਉੱਤਮ ਸੋ ਜਗ ਬਿਖੈ ਗਿਨਾਈਂ[1]।
ਫਲ ਕੋ ਪਾਇ ਤਰੋਵਰੁ ਜੋਈ।
ਸ਼ਾਖ਼ਾ ਝੁਕੈਂ ਧਰਨਿ ਪਰ ਸੋਈ' ॥੫੪॥
ਕਹੈ ਚੌਧਰੀ ਦ੍ਵੈ ਕਰ ਜੋਰੇ।
'ਤੁਮ ਸੁਸ਼ੀਲ ਅਤਿਸ਼ੈ ਪ੍ਰਿਯ ਮੋਰੇ।
ਮਹਾਂ ਪੁਰਖ ਕੇ ਭਏ ਸਮਾਨਾ।
ਤੁਮ ਕੋ ਪੂਜਨ ਮੈਂ ਭਲ ਜਾਨਾ।
ਗਰ ਸੋਂ ਮਿਲਿਨ ਯੋਗ ਅਬਿ ਨਾਂਹੀ।
ਸੇਵਾ ਕਰਨ ਠਟੋਂ ਮਨ ਮਾਂਹੀ' ॥੫੬॥
ਸੁਨਿ ਸ੍ਰੀ ਲਹਿਣਾ ਹਰਖਜੋ ਭਾਰੀ।
ਖ਼ੁਸ਼ੀ ਅਧਿਕ ਤਿਹ ਊਪਰ ਧਾਰੀ।
ਕਹਜੋ ਬਚਨ 'ਤੂੰ ਅਤਿ ਬ੍ਰਿਧ ਹੋਵਹਿਂ।
ਸਤਿਗੁਰ ਭਾਵੈ ਸਭਿ ਦੁਖ ਖੋਵਹਿਂ ॥੫੭॥
ਪਾਇਂ ਸਦਨ ਮਹਿਂ ਸਰਬ ਪਦਾਰਥ।
ਜਾਇਂ ਪ੍ਰਲੋਕ ਹੋਇ ਕਿਰਤਾਰਥ[1]।'
ਤਬਿ ਤੇ ਤਿਹ ਨਿਕੇਤ ਕੇ ਮਾਂਹੀ।
ਕਿਸੂ ਵਸਤੁ ਕੀ ਕਮਤੀ ਨਾਂਹੀ ॥੫੮॥
ਕਰਨੀ ਭਗਤਿ ਰਿਦੇ ਮਹਿਂ ਜਾਗੀ।
ਸਤਿਗੁਰ ਨਾਮ ਸੰਗ ਲਿਵ ਲਾਗੀ।
ਬਹੁਰੋ ਕਰਤਿ ਭਏ ਸਤਿ ਭਾਉ।
ਉਸਤਤਿ ਕਰਹਿਂ ਲੇਤਿ ਮੁਖ ਨਾਉਂ ॥੫੯॥

ਦੋਹਰਾ:
ਤਿਹ ਛਿਨ ਬੈਠਜੋ ਤਖ਼ਤਮਲ, ਮਾਨਵ ਅਪਰ ਸੁ ਬ੍ਰਿੰਦ।
ਸ਼ਬਦ ਉਚਾਰਜੋ ਸਤਿਗੁਰੂ, ਸ਼ਰਧਾ ਹਿਤ ਸੁਖਕੰਦ ॥੬੦॥

[1]ਜੋ ਨੀਉਂਦੇ ਹਨ।
[1]ਗਿਣੇ ਜਾਂਦੇ ਹਨ।
[1]ਨਿਹਾਲ ਹੋ ਕੇ ਅਥਵਾ ਮੁਕਤ ਹੋਕੇ।

ਸ੍ਰੀ ਮੁਖਵਾਕ ॥
ਸੂਹੀ ਮਹਲਾ ੧ ॥
ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥
ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥

ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥
ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥
ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥
ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥੩॥
ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥
ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥੪॥੩॥੫॥

ਚੌਪਈ:

ਤਿਹ ਛਿਨ ਸੁਨਿ ਕੈ ਬੰਦਨ ਕੀਨੀ।
ਭਾਉ ਬਿਖੈ ਮਤਿ ਸਭਿ ਕੀ ਭੀਨੀ।
ਇਸ ਪ੍ਰਕਾਰ ਮਿਲਿ ਕੀਨੋ ਗਵਨੰ।
ਲਹਿਣਾ ਰਹਜੋ ਕਿਤਿਕ ਦਿਨ ਭਵਨੰ ॥੬੧॥
ਕਬਿ ਇਕ ਛਿਨ ਚਿਤ ਪਰਚਤਿ ਨਾਂਹੀ।
ਕਬਿ ਆਂਙਨ[1] ਕਬਿ ਬਾਹਰ ਜਾਂਹੀ। [1]ਵੇਹੜੇ ਵਿਚ।
ਗੁਰ ਪਦਪੰਕਜ ਢਿਗ ਮਨ ਛੋਰਾ।
ਤਨ ਆਯੋ ਨਿਕੇਤ ਕੀ ਓਰਾ ॥੬੨॥
ਕੈਸੇ ਹੋਇ ਚੈਨ ਮਨ ਮਾਂਹੀ।
ਚੰਦ ਚਕੋਰ ਚੀਤ ਚਿਤ ਚਾਹੀ।
ਲੋਚਨ ਕਮਲ ਰਹੈਂ ਅਲਸਾਏ।
ਬਿਨ ਅਪਨੋ ਪ੍ਰੀਤਮ ਰਵਿ[1] ਪਾਏ ॥੬੩॥ [1]ਪ੍ਰੀਤਮ ਰੂਪੀ ਸੂਰਜ।
ਕਿਹ ਸੋਂ ਕਹੈਂ ਨ, ਰਹੈਂ ਉਦਾਸਾ।
ਕਰਤਿ ਨ ਸੁਧ ਉਰ ਕਾਜ ਅਵਾਸਾ[1]। [1]ਘਰ ਦੇ ਕੰਮਾਂ ਦੀ।
ਰਹੇ ਅਲਪ ਦਿਨ ਬੀਚ ਖਡੂਰੇ।
ਪੁਨ ਚਹਿੰ ਚਲਜੋ ਨਿਕਟ ਗੁਰ ਪੂਰੇ ॥੬੪॥
ਸਭਿਹਿਨਿ ਸੋਂ ਮਿਲਿ ਕਰਿ ਹਿਤ ਸੰਗਾ।
ਗਮਨਜੋ ਪੰਥ ਰਿਦੇ ਸੁ ਉਮੰਗਾ।
ਨਰ ਕਹਿ ਰਹੇ 'ਰਹਉ ਕੁਛ ਔਰੀ।
ਬਹੁ ਦਿਨ ਮਹਿੰ ਆਯੋ ਨਿਜ ਠੌਰੀ'

॥ ੬੫ ॥
ਯਥਾ ਯੋਗ ਸਭਿ ਸੋਂ ਕਹਿ ਨੀਕੇ।
ਪਹੁੰਚਯੋ ਪੁਰਿ ਕਰਤਾਰ ਨਜੀਕੇ।
ਜਾਇ ਦਰਸ ਦੇਖ੍ਯੋ ਸੁਖਦਾਈ।
ਮਨਿ ਬਿਨ ਫਨੀ ਮਨੋ ਮਨਿ ਪਾਈ[1] ॥ ੬੬ ॥

[1]ਭਾਵ ਗੁਵਾਚੀ ਮਣੀ ਵਾਲੇ ਨਾਗ ਨੇ ਮਾਨੋਂ ਮਣੀ ਫੇਰ ਲੱਭ ਲਈ ਹੈ।

'ਸ਼ਰਨ ਸ਼ਰਨ' ਕਹਿ ਚਰਨ ਗਹਾਨੇ।
ਨਮੋ ਕੀਨ ਪਰਿ ਦੰਡ ਸਮਾਨੇ[1]।

[1]ਪੈ ਕੇ ਡੰਡਵਤ।

'ਪੁਰਖਾ ! ਭਲਾ ਕਰਹਿ ਕਰਤਾਰਾ।'
ਅਸ ਕਹਿ ਢਿਗ ਬਿਠਾਇ ਸਤਿਕਾਰਾ ॥ ੬੭ ॥
'ਲਹਿਣੇ ! ਤੂਰਨ ਹੀ ਚਲਿ ਆਯੋ।
ਰਹਨਿ ਨਿਕੇਤ ਨ ਕਿਉਂ ਮਨ ਭਾਯੋ।'
[1] 'ਤੁਮ ਸਭਿ ਜਾਨਹੁ ਸ੍ਰੀ ਜਗਨਾਥਾ !
ਆਵਨ ਰਹਨਿ ਨਹੀਂ ਮੁਝ ਹਾਥਾ ॥ ੬੮ ॥

[1]ਸ੍ਰੀ ਲਹਿਣੇ ਜੀ ਦਾ ਉੱਤਰ।

ਜਿਉਂ ਪਤੰਗ ਹ੍ਵੈ ਡੋਰ ਅਧੀਨਾ।
ਚਹੈ ਖਿਡਾਰਿ[1] ਕਰਖ ਤਬਿ ਲੀਨਾ।'

[1]ਖਿਡਾਰੀ।

ਅਸ ਕਹਿ ਸੇਵ ਬਿਖੈ ਮਨ ਲਾਵਾ।
ਦੇਖਤਿ ਦਰਸ ਰਹਤਿ ਹੁਲਸਾਵਾ ॥ ੬੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਅੰਗਦ ਪ੍ਰਸੰਗ' ਬਰਨਨੰ ਨਾਮ ਅਠਤਾਲੀਸਵੋਂ ਅਧ੍ਯਾਯ ॥ ੪੮ ॥

## ੪੯. [ਸ਼ੁਭ ਗੁਣ ਮਹਾਤਮ। ਬ੍ਰਿਛਾਂ ਤੋਂ ਭੋਜਨ। ਜਲ ਤਪੱਸਜਾ, ਰੋੜਾਂ ਦੀ ਸਿਹਜਾ, ਰੇਤ ਅੱਕ ਅਹਾਰ]

੪੮<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੦

{ਸ੍ਰੀ ਲਹਿਣਾ ਸੇਵਾ}
{ਸ਼ੁਭ ਗੁਣ ਮਹਾਤਮ}
{ਬ੍ਰਿੱਛਾਂ ਤੋਂ ਭੋਜਨ} ॥੧੬..॥
{੨੪੦੦੦ ਸੰਗਤ ਨੂੰ ਦਰੱਖਤ ਤੋਂ ਮਿਠਾਈ} ॥੩੧॥
{ਘਾਲ ਤੇ ਮੇਹਰ}
{ਪਾਣੀ ਵਿੱਚ ਖੜ੍ਹ ਕੇ ਤਪ} ॥੪੧..॥
{ਭਾਰੀ ਕਰੀ ਤਪੱਸਿਆ} ॥੫੩-੭੦॥

ਦੋਹਰਾ:

**ਸਮ, ਦਮ, ਨੇਮ, ਵਿਰਾਗ, ਯਮ; ਕਰੁਨਾ, ਸਤਿ, ਸੰਤੋਖ।**
**ਸਤਿਗੁਰ ਕੇ ਪਰਸਾਦਿ ਤੇ, ਹ੍ਵੈ ਮਨ ਮਾਲੀ ਪੋਖ ॥੧॥**

ਸਮ=ਅੰਦਰਲੇ ਇੰਦ੍ਰਿਆਂ ਨੂੰ ਵਸ ਵਿਚ ਕਰਨਾ। [ਸੰਸ: ਸ਼ਮ]
ਦਮ=ਬਾਹਰਲੇ ਇੰਦ੍ਰਿਆਂ ਨੂੰ ਵਸ ਵਿਚ ਰੱਖਣਾ।
ਨੇਮ=ਕੋਈ ਬੰਨ੍ਹੀ ਹੋਇ ਰੀਤ। ਕਿਸੇ ਮੁਕਰਰ ਕੀਤੇ ਤਰੀਕੇ ਨਾਲ ਜੋ ਕੁਛ ਕੀਤਾ ਜਾਏ। [ਸੰਸ: ਨਿਯਮ]। ਯੋਗ ਵਿਚ ਪੰਜ ਨਿਯਮ ਗਿਣੇ ਹਨ:-
ਸੌਚ=ਬਾਹਰਲੀ ਅੰਦਰਲੀ ਪਵਿੱਤ੍ਰਤਾ।
ਸੰਤੋਖ=ਜੋ ਆਪਣੇ ਪਾਸ ਹੈ ਉਸ ਵਿਚ ਨਿਰਬਾਹ ਕਰਨਾ।
ਤਪ=ਸਰਦੀ ਗਰਮੀ ਭੁਖ ਤ੍ਰੇਹ ਆਦਿ ਦਾ ਸਹਾਰਨਾ।
ਸ੍ਵਾਧ੍ਯਾਯ=ਨਾਮ ਦਾ ਜਪਣਾ। ਮੁਕਤੀ ਦਾਤਾ ਗ੍ਰੰਥਾਂ ਦਾ ਪੜ੍ਹਨਾ।
ਈਸ਼੍ਵਰ ਪ੍ਰਣਿਧਾਨ=ਸਾਰੇ ਸ਼ੁਭ ਕਰਮ ਕਰਕੇ ਵਾਹਿਗੁਰੂ ਨੂੰ ਅਰਪਣ ਕਰਨੇ, ਵਾਹਿਗੁਰੂ ਦੇ ਪਰਨੇ ਰਹਿਣਾ।
ਵਿਰਾਗ=ਪ੍ਰੀਤ ਦਾ ਨਾ ਹੋਣਾ। ਉਦਾਸੀਨਤਾ।
ਯਮ=ਧਰਮ ਵਿਚ ਪੱਕਿਆਂ ਰੱਖਣ ਵਾਲੇ ਕਰਮਾਂ ਦਾ ਸਾਧਨ। ਉਹ ਸ਼ੁਭ ਗੁਣ ਜਿਨ੍ਹਾਂ ਦੇ ਧਾਰਨ ਨਾਲ ਮਨ ਦੇ ਸ਼ੁੱਧ ਹੋਣ ਵਿਚ ਸਹਾਇਤਾ ਹੁੰਦੀ ਹੈ। ਯਮ ਪੰਜ ਹਨ:-ਅਹਿੰਸਾ=ਪੀੜ ਨਾ ਦੇਣੀ, ਮਾਰਨਾ ਨਾ। ਸਤ੍ਯ=ਸੱਚ। ਝੂਠ ਨਾ ਬੋਲਣ ਤੇ ਕੁਦਰਤ। ਅਸ੍ਤੇਯ=ਨਾ ਲੈਣਾ। ਜਿਸ ਚੀਜ਼ ਪਰ ਆਪਣਾ ਹੱਕ ਨਹੀਂ ਉਸ ਦਾ ਨਾ ਲੈਣਾ।
ਬ੍ਰਹਮ ਚਰ੍ਯ=ਇੰਦ੍ਰੈ ਜਿੱਤ, ਕਾਮ ਵਾਸ਼ਨਾਂ ਤੇ ਬਲਵਾਨ ਹੋਣਾ।
ਅਪਰਿਗ੍ਰਹ=ਕਬਜ਼ੇ ਜਮਾਉਣ ਦੇ ਭਾਵ ਦਾ ਨਾ ਹੋਣਾ।
ਕਰੁਨਾ=ਕ੍ਰਿਪਾਲਤਾ, ਦ੍ਰਵਣਾ।
ਸਤਿ=ਸਚ। ਇਹ ਯਮ ਵਿਚ ਆ ਜਾਂਦਾ ਹੈ।
ਸੰਤੋਖ=ਜੋ ਪ੍ਰਾਪਤ ਹੋਵੇ ਉਸ ਵਿਚ ਰਾਜ਼ੀ। (ਇਹ) ਨੇਮ ਵਿਚ ਆ ਜਾਂਦਾ ਹੈ।

ਅਰਥ:

ਹੇ ਮਨ ਮਾਲੀ ਬਣ ਕੇ ਸਤਿਗੁਰੂ ਦੀ ਕ੍ਰਿਪਾ ਨਾਲ ਸਮ, ਦਮ, ਨੇਮ ਵਿਰਾਗ ਯਮ, ਕਰੁਨਾ, ਸਤ, ਸੰਤੋਖ (ਆਦਿ ਸ਼ੁਭ ਗੁਣਾਂ ਦੀ ਆਪਣੀ ਸਰੀਰ ਰੁਪੀ ਧਰਤੀ ਵਿਚ) ਪਾਲਣਾ ਕਰ।

ਭਾਵ:

ਇਹ ਭਾਵ ਕਵਿ ਜੀ ਦੇ ਹਿਰਦੇ ਵਿਚ ਸਿਰੀ ਰਾਗ ਵਿਚ ਕਹੇ ਸ਼ਬਦ 'ਅਮਲ ਕਰਿ ਧਰਤੀ' ਤੋਂ ਆਇਆ ਜਾਪਦਾ ਹੈ। ਸ਼ੁਭ ਗੁਣਾਂ ਦੀ ਸਰੀਰ ਵਿਚ ਪਾਲਣਾ ਕਰਨੀ ਹੈ ਤਾਂ ਕਿ ਇਸ ਵਿਚ ਨਾਮ ਰੂਪ ਬੀਜ ਬੀਜਿਆ ਜਾ ਸਕੇ। 'ਵਿਣੁ ਗੁਣ ਕੀਤੇ ਭਗਤਿ ਨ ਹੋਇ' ਸਤਿਗੁਰ ਦਾ ਵਾਕ ਹੈ।

ਅਗਲੇ ਅਧਜਾਯ ਦੇ ਮੰਗਲ ਵਿਚ ਭਗਤੀ ਰੂਪੀ ਖੇਤੀ ਦਾ ਜ਼ਿਕਰ ਕਰਨਗੇ। ਦੋਹਾਂ ਦੋਹਰਿਆਂ ਦਾ ਭਾਵ ਸਾਂਝਾ ਰਲਕੇ ਸੰਪੂਰਨ ਹੁੰਦਾ ਹੈ।

ਚੌਪਈ:

ਸ੍ਰੀ ਗੁਰ ਕਿਰਖੀ[1] ਕਾਜ ਕਰਾਵਹਿਂ। — [1]ਖੇਤੀ ਦਾ।
ਅਨਿਕ ਸਿੱਖ ਮਿਲਿ ਕਾਰ ਕਮਾਵਹਿਂ।
ਹੋਵਹਿ ਅੰਨ ਅਤੋਟ ਕਿਦਾਰਾ[1]। — [1]ਖੇਤੀ ਤੋਂ।
ਖਲਵਾਰੇ ਬਹੁ ਲਗਹਿਂ ਅਪਾਰਾ ॥੨॥
ਦਰ ਲੌਂ[1] ਕੋਠੇ ਭਰਿ ਕਰਿ ਸਾਰੇ। — [1]ਦਰਵਾਜੇ ਤਕ।
ਦੇਗ ਚਲਾਵਹਿਂ ਸਦਾ ਉਦਾਰੇ।
ਦੇਨਿ ਲਗਹਿਂ ਹੋਵਤਿ ਭੁਨਸਾਰਾ।
ਜਾਮ ਨਿਸਾ ਲੌਂ[1] ਅਖੁਟ ਅਹਾਰਾ ॥੩॥ — [1]ਪਹਿਰ ਰਾਤ ਬੀਤੀ ਤਕ।
ਦੂਰ ਦੇਸ਼ ਤੇ ਨਰ ਮਿਲਿ ਬ੍ਰਿੰਦਾ।
ਆਵਹਿਂ ਦਰਸ ਕਰਹਿਂ ਸੁਖਕੰਦਾ।
ਬ੍ਰਹਮਚਾਰੀ, ਜਿ ਬਿਰਾਗੀ, ਗਜਾਨੀ।
ਤਪੀ, ਅਤੀਤ, ਦਿਗੰਬਰਿ[1], ਧਜਾਨੀ ॥੪॥ — [1]ਨਾਂਗੇ।
ਜੋਗੀ, ਪੰਡਤ ਬਹੁ ਸੰਨਜਾਸੀ।
ਹਿੰਦੁ, ਤੁਰਕ ਆਵਹਿਂ ਗੁਰ ਪਾਸੀ।
ਰਾਇ ਰੰਕ[1] ਜੋ ਧਰਿ ਅਭਿਲਾਖਾ। — [1]ਰਾਜੇ ਤੇ ਕੰਗਾਲ।
ਦਰਸ਼ਨ ਕਰਹਿਂ ਸੁ ਪੂਰਹਿਂ[1] ਕਾਂਖਾ[2] ॥੫॥ — [1]ਪੂਰੀ ਕਰਦੇ ਹਨ ਗੁਰੂ ਜੀ। [2]ਮੁਰਾਦ।
ਦੇਹਿਂ ਉਪਾਇਨ ਲੇਹਿਂ ਸੁ ਨਾਂਹੀ[1]। — [1]ਲੋਕੀ ਭੇਟਾ ਜੋ ਦੇਣ ਗੁਰੂ ਜੀ ਨਹੀਂ ਲੈਂਦੇ।
ਕੀਰਤਿ ਪਸਰੀ ਸਭਿ ਭਵ ਮਾਂਹੀ।
ਫਿਰਹਿ ਕਿ ਪਾਂਤਿ ਮਰਾਲਨ ਭੂਲੀ[1]। — [1](ਇਹ ਕੀਰਤੀ) ਮਾਨੋਂ ਹੰਸਾਂ ਦੀ ਡਾਰ ਭੁੱਲੀ ਫਿਰਦੀ ਹੈ।
ਸਭਿ ਜਗ ਕਿਧੋਂ ਚੰਬੇਲੀ ਫੂਲੀ ॥੬॥
ਚੰਦ ਚੰਦ੍ਰਿਕਾ[1] ਘਰ ਘਰ ਛਾਈ[2]। — [1]ਅਥਵਾ ਚੰਦ ਦੀ ਚਾਂਦਨੀ। [2]ਘਰ ਘਰ (ਚਾਂਦਨੀ) ਛਾ ਰਹੀ ਹੈ, ਭਾਵ ਕੀਰਤੀ ਨੂੰ ਇਹ ਉਪਮਾਂ ਦਿੱਤੀ ਹੈ ਕਿ ਮਾਨੋਂ ਇਕ ਹੰਸਾਂ ਦੀ ਡਾਰ ਭੁੱਲੀ ਹੋਈ ਫਿਰ ਰਹੀ ਹੈ। ਜਾਂ ਸਾਰੇ ਜਗ ਵਿਚ ਚੰਬੇਲੀ ਫੂਲ ਪਈ ਹੈ, ਜਾਂ ਘਰ ਘਰ ਚਾਂਦਨੀ ਛਾ ਰਹੀ ਹੈ। ਹੰਸਾਂ ਦੀ ਡਾਰ ਦਾ ਭੁੱਲੇ ਫਿਰਨਾ ਕਵਿਤਾ ਦੇ ਇਕ ਭਾਰੇ ਕਮਾਲ ਦਾ ਫੁਰਨਾ ਹੈ।
ਜਹਿਂ ਕਹਿਂ ਪਾਰ ਨ ਪਾਯੋ ਜਾਈ।

ਸੁਨਿ ਕੈ ਸੁਜਸ ਹੋਤਿ ਮਨ ਚਾਊ।
ਆਇ ਬਿਲੋਕੈਂ ਧਰਿ ਕੈ ਭਾਊ ॥੭॥
ਦੂਰ ਹੁਤੇ ਸਭਿ ਬਧਿ ਬਧਿ ਟੋਲਾ[1]। — [1]ਟੋਲੇ ਬੰਨ੍ਹ ਬੰਨ੍ਹਕੇ।
ਹ੍ਵੈ ਸਮੀਪ ਸੁਖ ਲਹਹਿਂ ਅਮੋਲਾ।
'ਸ਼੍ਰੀ ਨਾਨਕ ! ਸ਼੍ਰੀ ਨਾਨਕ !' ਸਾਰੇ।
ਉਪਮਾ ਕੇ ਜੁਤਿ ਸਰਬ ਉਚਾਰੇਂ ॥੮॥
ਏਕ ਸਮੈਂ ਸੰਗਤਿ ਬਹੁ ਆਈ।
ਚਹੁੰਦਿਸ਼ਿ ਤੇ, ਕਛੁ ਗਨੀ ਨ ਜਾਈ।
ਕਈ ਹਜ਼ਾਰ, ਨਗਰ ਕਰਤਾਰਾ[1]। — [1]ਕਰਤਾਰ ਪੁਰ ਵਿਚ।
ਮਾਨਵ ਮਿਲੇ ਨ ਪਾਯਤਿ ਪਾਰਾ ॥੯॥
ਧਰਹਿਂ ਕਾਮਨਾ ਦਰਸ਼ਨ ਕਰਿਹੀਂ।
ਬਿਨ ਸੰਸੇ ਮਨ ਬਾਂਛਤ ਪੁਰਿ ਹੀਂ[1]। — [1]ਮਨੋ ਕਾਮਨਾਂ ਨਿਰਸੰਸੇ ਪੁਰੀਆਂ ਹੁੰਦੀਆਂ ਹਨ।
ਭਈ ਬਿਭਾਵਰਿ[1] ਕੀਨ ਬਸੇਰਾ। — [1]ਰਾਤ।
ਪੁਰਿਕੇ ਚਹੁੰਦਿਸ਼ ਪਸਰਯੋ ਡੇਰਾ ॥੧੦॥
ਤਬ ਹੀ ਘਟਿ ਘੁਮਰ[†] ਘਿਰ ਆਈ। — [†]ਪਾ:-ਘਟਾ ਘੁਮੰਡ।
ਬਰਖਤਿ ਜਲ ਕੀ ਛਹਿਬਰ ਲਾਈ।
ਬੀਤੀ ਨਿਸ ਪੁਨ ਭਾ ਭੁਨਸਾਰਾ[1]। — [1]ਸਵੇਰਾ।
ਸਗਰੋ ਦਿਵਸ ਪਰਤਿ ਰਹਯੋ ਬਾਰਾ[1] ॥੧੧॥ — [1]ਜਲ ਭਾਵ ਮੀਂਹ ਪੈਂਦਾ ਰਿਹਾ।
ਬਹੁਰ ਨ ਹਟੀ ਬਿਤੇ ਦਿਨ ਦੋਊ।
ਬਿਨ ਅਹਾਰ ਆਤੁਰ[1] ਸਭਿ ਕੋਊ। — [1]ਦੁਖੀ।
ਭੋਜਨ ਕਰਨ ਨਹੀਂ ਬਿਧਿ ਹੋਈ।
ਭੂਖੀ ਬਹੁਤ ਭਈ ਸਭਿ ਲੋਈ[1] ॥੧੨॥ — [1]ਲੋਕ।
ਅਵਸਰ[1] ਕਰਨ ਨ ਪਾਇ ਅਹਾਰਾ[2]। — [1]ਸਮਾਂ। [2]ਰੋਟੀ ਕਰਨ ਦਾ।
ਜਹਿਂ ਜਹਿਂ ਪਸਰ[1] ਰਹਯੋ ਬਹੁ ਬਾਰਾ। — [1]ਫੈਲ।
ਸ਼੍ਰੀ ਗੁਰ ਤਬ ਧ੍ਰਮਸਾਲ ਮਝਾਰੀ।
ਬੈਠੇ ਹੁਤੇ ਭੀਰ ਤਹਿਂ ਭਾਰੀ ॥੧੩॥

ਦੋਹਰਾ:
ਸ੍ਰੀ ਚੰਦ, ਲਖਮੀ ਚੰਦ, ਭ੍ਰਿਤ, ਲਹਿਣਾ[1] ਅਰ ਨਰ ਬ੍ਰਿੰਦ। — [1]ਸ੍ਰੀ ਚੰਦ, ਲਖਮੀ ਦਾਸੁ (ਹੋਰ) ਦਾਸ ਤੇ ਲਹਿਣਾ ਜੀ।
ਬੈਠੇ ਸਰਬ ਸਮੀਪ ਹੀ, ਮਧ ਬੇਦੀ ਕੁਲਚੰਦ ॥੧੪॥

ਚੌਪਈ:

ਸਭਿ ਸੰਗਤ ਕੋ ਭੂਖ ਬਿਸਾਲਾ।
ਬਯਾਪੀ ਪੀਰਾ ਲਖੀ ਕ੍ਰਿਪਾਲਾ।
ਸ੍ਰੀ ਚੰਦਹਿ ਕੋ ਆਇਸੁ ਕੀਨੰ।
'ਬਰਖਾ ਹੋਤਿ ਬਿਤੇ ਦਿਨ ਤੀਨੰ ॥੧੫॥
ਭਈ ਛੁਧਾਤੁਰ[1] ਸੰਗਤ ਭੂਰੀ। [1]ਭੁੱਖੀ।

{ਬ੍ਰਿੱਛਾਂ ਤੋਂ ਭੋਜਨ}

ਉਠਹੁ ਤਾਤ! ਕੀਜੈ ਕ੍ਰਿਤ ਰੂਰੀ।
ਤਰੁ ਕਿੱਕਰ ਕੇ ਵਹਿਰ ਜੁ ਠਾਂਢੇ[1]। [1]ਖੜੇ ਹਨ।
ਚਢਿ ਊਪਰ ਝੂਣਹੁ ਗਹਿ ਗਾਢੇ[1] ॥੧੬॥ [1]ਚੰਗੀ ਤਰ੍ਹਾਂ ਫੜਕੇ।
ਅਨਿਕ ਪ੍ਰਕਾਰ ਅਹਾਰ ਸੁ ਗਿਰਹੀ[1]। [1]ਡਿੱਗੇਗਾ।
ਸੰਗਤਿ ਖਾਇ ਛੁਧਾ ਕੋ ਹਰਿਹੀ[1]। [1]ਭੁੱਖ ਦੂਰ ਕਰੇਗੀ।
ਬਹੁਰ ਜਬੈ ਬਰਖਾ ਹਟਿ ਜੈ ਹੈ।
ਹੋਇ ਸੁਖੀ ਤਬਿ ਸਦਨ ਸਿਧੈ ਹੈ' ॥੧੭॥
ਸ੍ਰੀ ਚੰਦ ਬਾਣੀ ਸੁਣਿ ਤਬ ਪ੍ਰਾਹੀ[†]। [†]ਪਾ:-ਸਿਰੀਚੰਦ ਬਾਣੀ ਤਬ ਪ੍ਰਾਹੀ।
ਪਿਤ ਕੇ ਬਚ ਪ੍ਰਤੀਤਿ ਜਿਸ ਨਾਂਹੀ।
'ਬਿਟਪਨ[1] ਸੰਗ ਅਸਨ ਕਿਨ ਲਾਯੋ। [1]ਬ੍ਰਿੱਛਾਂ।
ਅਵਲੋਕਯੋ[1] ਨਹਿਂ ਕਿਸੁ ਸੁਨਾਯੋ ॥੧੮॥ [1]ਨਾ ਕਿਸੇ (ਕਦੀ) ਦੇਖਿਆ ਤੇ ਨਾ ਸੁਣਾਇਆ।
ਪੂਰਬ ਕਬਹਿ ਨ ਹੋਈ ਐਸੇ।
ਆਪ ਬਚਨ ਭਾਖਤਿ ਹੋ ਜੈਸੇ।
ਸਿੱਧ ਮੁਨੀ ਅਰ ਜੇ ਅਵਤਾਰਾ।
ਕਿਨਹੁਂ ਅਸ ਨਹਿਂ ਬਚਨ ਉਚਾਰਾ ॥੧੯॥
ਜਿਉਂ ਬਿੱਪ੍ਰੀਤ[1] ਆਪ ਫੁਰਮਾਵੋ। [1]ਪੁੱਠੀ ਭਾਵ ਅਣਹੋਈ ਗੱਲ।
ਹੌਂ ਨ ਕਰੋਂ ਨਰ ਬੀਚ ਲਜਾਵੋਂ[1]।' [1]ਸ਼ਰਮਿੰਦਾ ਹੋਵਾਂਗਾ।
ਜਾਨਯੋ ਤਾਤ ਪ੍ਰਤੀਤ ਬਿਹੀਨਾ।
ਪ੍ਰਭੁ ਤਬ ਦੁਤਿਯ ਸੰਗ ਬਚ ਕੀਨਾ ॥੨੦॥
'ਲਖਮੀ ਦਾਸ! ਸੁਨਹੁ ਸੁਤ ਆਇਸੁ।
ਕਰਹੁ ਕਿਰਤ ਇਹ ਬਿਲਮ ਗਵਾਇਸ[1]। [1]ਦੇਰ ਗੁਆਕੇ (ਭਾਵ ਛੇਤੀ)।
ਵਹਿਰ ਮਹੀਰੁਹ[1] ਝੂਣਹੁ ਜਾਈ। [1]ਬ੍ਰਿੱਛ ਨੂੰ।
ਸੰਗਤਿ ਸਗਰੀ ਲੇਹੁ ਬੁਲਾਈ ॥੨੧॥

ਬਹੁ ਭੂਖੇ ਤ੍ਰਿਪਤਾਵਹੁ ਆਛੇ।
ਕਰਹਿਂ ਨਹੀਂ[1], ਤਬ ਆਵਹੁ ਪਾਛੇ।' — [1]ਜਦੋਂ ਰੱਜਕੇ) ਨਾਂਹ ਨਾਂਹ ਕਰਨ ਲਗ ਜਾਣ।
ਤਿਸ ਬਿਧਿ ਉੱਤਰ ਦੀਨੋ ਤਾਂਹੀ।
ਪਿਤ ਰਜਾਇ ਚਿਤ ਮਾਨਤਿ ਨਾਂਹੀ ॥੨੨॥
ਦ੍ਵੈ ਸੁਤ ਲਖੇ ਪ੍ਰਤੀਤ ਨ ਆਈ[1]। — [1]ਦੇਖੇ (ਕਿ ਕਿਸੇ ਨੂੰ) ਭਰੋਸਾ ਨਹੀਂ ਆਇਆ।
ਉਚਿਤ ਨ[1] ਇਹੁ ਬਿਸ਼ਾਲ ਬਡਿਆਈ। — [1]ਲਾਇਕ ਨਹੀਂ ਹਨ।
ਉੱਤਮ ਹੁਤੋ ਜੁ ਦਾਸਨਾ ਮਾਂਹੀ।
ਲਹਿਣੇ ਸੰਗ ਗਿਰਾ ਪੁਨ ਪ੍ਰਾਹੀ[1] ॥੨੩॥ — [1]ਕਹੀ।
'ਲਹਿਣੇ ! ਉਠੋ ਸੁ ਲਹਿਣਾ ਤੋਹੀ।
ਤੂਰਨ ਕਰਹੁ ਜੁ ਆਇਸੁ ਮੋਹੀ।
ਸੰਗਤਿ ਸਗਰੀ ਲੇਹੁ ਪਿਛਾਰੀ।
ਹ੍ਵੈ ਤੁਮ ਜਾਵਹੁ ਸਭਿਨਿ ਅਗਾਰੀ ॥੨੪॥
ਵਹਿਰ ਜਿ ਸਾਖੀ[1] ਝੂਣਹੁ ਨੀਕੇ। — [1]ਬ੍ਰਿੱਛ।
ਦੇਹੁ ਅਹਾਰ ਭਾਵਤੇ ਜੀ ਕੇ।'
ਸੁਨਿ ਕਰਿ ਤਨ ਪਰ ਪਟ ਨ ਸੰਭਾਰਾ।
ਉਠਿ ਕੈ ਤੂਰਨ ਨਿਕਸ੍ਯੋ ਦ੍ਵਾਰਾ ॥੨੫॥
ਸਗਰੀ ਸੰਗਤਿ ਸੰਗ ਬੁਲਾਈ।
ਬਿਟਪ ਬਿਲੋਕਿ ਚਢ੍ਯੋ ਤਬਿ ਧਾਈ।
ਗਹੇ ਪ੍ਰਕਾਂਡ[1] ਸਜੋਰ ਹਿਲਾਏ। — [1]ਟਾਹਣੇ।
ਗਿਰਤਿ ਪਿਖੇ ਭੋਜਨ ਬਹੁ ਭਾਏ ॥੨੬॥
ਮੋਦਕ[1] ਸਸਕੁਲਿ[2†] ਪਰਪਾ[3] ਪੂਰੀ[4]। — [1]ਲਡੂ। [2]ਜਲੇਬੀ। ਸੰਸ: ਸ਼ਖ਼ੁਲੀ=ਪਕਵਾਨ]। [3]ਪ੍ਰਾਕੜੀ, ਪੂੜਾ (ਅ) ਕਰਾਰੀ, ਪੂਰੀ ਦਾ ਵਿਸ਼ੇਸ਼ਨ ਹੈ। ਸੰਸ: ਪਰਿਪਾਕ=ਚੰਗੀ ਤਰ੍ਹਾਂ ਪੱਕੀ ਹੋਈ]। [4]ਪੂੜੀਆਂ। †ਪਾ:-ਸ਼ਕੁਲੀ। ਸੰਸ: ਸ਼ਖ਼ੁਲੀ]
ਪਿਖਤਿ ਸਰਬ ਭਾ ਅਚਰਜ ਭੂਰੀ।
ਅਧਿਕ ਛੁਧਾ ਮਹਿਂ ਹੁਤੇ ਬਿਹਾਲਾ।
ਅਚਵਨ[1] ਲਾਗੇ ਸ੍ਵਾਦ ਬਿਸ਼ਾਲਾ ॥੨੭॥ — [1]ਖਾਣ।
ਜਿਉਂ ਜਿਉਂ ਝੂਣਹਿਂ ਬਿਟਪਨ ਸੋਊ।
ਤਿਉਂ ਤਿਉਂ ਗਿਰਹਿਂ, ਖਾਇ ਸਭਿ ਕੋਊ।
ਨਾਨਾ ਭਾਂਤਿ ਪਰਹਿਂ ਧਰ ਆਈ।
ਲਗੇ ਨ ਦੀਸਹਿਂ ਪਰਤਿ ਦਿਸਾਈ[1] ॥੨੮॥ — [1]ਪਰ ਡਿਗਦੇ ਦਿਸਦੇ ਸਨ।

ਅਚਰਜ ਭੇ ਗਤਿ ਜਾਇ ਨ ਜਾਨੀ।
'ਧੰਨ ! ਧੰਨ !' ਕਹਿਂ 'ਗੁਰ ਗੁਨਖਾਨੀ।'
ਇਕ ਤੇ ਭੂਖੇ ਬਾਸੁਰ ਤੀਨੰ[1]।
[1]ਤਿੰਨਾਂ ਦਿਨਾਂ ਦੇ।
ਮਿਲ੍ਯੋ ਨ ਅਵਸਰ[1] ਅਸਨ ਨ ਕੀਨੰ ॥੨੯॥
[1]ਸਮਾਂ।
ਦੁਤਿਯ ਸਾਦਮੈ[1] ਮਿਲ੍ਯੋ ਅਹਾਰਾ।
[1]ਸ੍ਵਾਦੀਕ।
ਖਾਇ ਅਧਿਕ ਸੁਖ ਰਿਦੇ ਉਦਾਰਾ[1]।
[1]ਵਧਿਆ।
ਚਿਰੰਕਾਲ ਲੌਂ ਅਚਵ ਅਘਾਏ[1]।
[1]ਖਾ ਕੇ ਰੱਜ ਗਏ।
'ਭਏ ਤ੍ਰਿਪਤ' ਇਵ ਮੁਖਹਿਂ ਅਲਾਏ ॥੩੦॥
ਹਟਿ ਜਬ ਰਹੇ[1] ਬਿਲੋਕੇ ਲਹਿਣੇ।
[1]ਖਾਣੋਂ) ਹਟ ਗਏ।
ਉਤਰ੍ਯੋ ਤਰੇ ਛੋਰਿ ਕਰਿ ਟਹਿਣੇ।
ਬਿੰਸਤ ਚਤੁਰ ਹਜ਼ਾਰ[1] ਹੁਤੇ ਨਰ[†]।
{੨੪੦੦੦ ਸੰਗਤ ਨੂੰ ਦਰੱਖਤ ਤੋਂ ਮਿਠਾਈ}
[1]ਚੱਵੀ ਹਜ਼ਾਰ। [†]ਜਿਨ੍ਹਾਂ ਨੇ ਬਾਬਾ ਖੇਮ ਸਿੰਘ, ਸੰਤ ਅਤਰ ਸਿੰਘ ਆਦਿ ਸੰਤਾਂ ਦੇ ਦੁਆਰੇ ਸੰਗਤਾਂ ਦੇ ਇਕੱਠ ਡਿੱਠੇ ਹਨ ਓਹ ਸੋਚ ਸਕਦੇ ਹਨ ਕਿ ਸਤਿਗੁਰੂ ਜੀ ਦੇ ਆਪਣੇ ਦੁਆਰੇ ਐਨੀ ਸੰਗਤ ਦਾ ਜੁੜਨਾ ਇਕ ਮਾਮੂਲੀ ਗੱਲ ਹੈ।
ਸਭਿ ਤ੍ਰਿਪਤਾਏ ਰਹ੍ਯੋ ਹਰਖ ਭਰਿ ॥੩੧॥
ਹ੍ਵੈ ਕੈ ਸੰਗਤਿ ਕੇਰ ਅਗਾਰੀ।
ਚਲਿ ਆਯੋ ਧ੍ਰਮਸਾਲ ਮਝਾਰੀ।
ਪਾਇਨ ਪਾਸ ਲਕੁਟ ਕੀ ਨਜਾਈਂ[1]।
[1]ਲਕੜੀ ਵਾਂਙੂ ਭਾਵ ਸਿੱਧਾ।
ਪਰ੍ਯੋ ਦੀਨ ਹ੍ਵੈ ਪ੍ਰੇਮਹਿ ਛਾਈ ॥੩੨॥
ਤਿਹ ਛਿਨ ਕਛੁਕ ਸ਼ਕਤਿ ਹ੍ਵੈ ਆਈ।
ਭਾਨੁ ਉਗਤਿ ਜੈਸੇ ਅਰੁਨਾਈ[1]।
[1]ਸੂਰਜ ਚੜ੍ਹੇ ਜਿਵੇਂ ਲਾਲੀ ਹੋ ਜਾਂਦੀ ਹੈ।
ਸੰਗਤਿ ਪਾਇਨਿ ਪਰੀ ਪਿਛਾਰੀ।
ਸ਼ਰਧਾ ਜਗੀ ਪਰਮ ਸੁਖਕਾਰੀ ॥੩੩॥
ਬੈਠਹਿਂ ਬਿਸਮਹਿਂ ਬਚਨ ਬਖਾਨਹਿਂ।
'ਅਤਿਸ਼ੈ ਅਚਰਜ ਕੋ ਨਹਿਂ ਜਾਨਹਿਂ।
ਪੂਰਬ ਭਈ ਨ ਕਬਹੂੰ ਐਸੇ।
ਤਰੁ ਤੇ ਅਸਨ ਅਚਾਯੋ ਜੈਸੇ ॥੩੪॥
ਪੂਰਨ ਕਲਾਵਾਨ ਪਹਿਚਾਨੈ।
ਮਾਨਵ ਆਨਿ ਅਨੇਕ ਮਿਲਾਨੇ।

ਜਿਤ ਦਿਸ਼ ਸ੍ਰੀ ਗੁਰ ਜਾਇਂ ਅਗਾਰੀ।
ਤਿਤ ਦਿਸ਼ਿ ਗਵੈਂ[1] ਹਜ਼ਾਰ ਪਿਛਾਰੀ ॥੩੫॥ — [1]ਜਾਂਦੇ ਹਨ।

'ਸ੍ਰੀ ਨਾਨਕ ਸ੍ਰੀ ਨਾਨਕ' ਨਾਮੂ।
ਜਹਿਂ ਤਹਿਂ ਹ੍ਵੈ ਉਚਾਰਿ ਸੁਖਧਾਮੂ।
ਗਾਵਹਿਂ ਸ਼ਬਦ ਪਢੈਂ ਦ੍ਰਿਢ ਪ੍ਰੇਮਾ।
ਕਰਿ ਬਿਚਾਰ ਹੁਇ ਚਿੱਤ ਸੁ ਖੇਮਾ[1] ॥੩੬॥ — [1]ਚਿਤ ਕਲਯਾਨ (ਦੇ ਸੁਖ ਵਾਲਾ) ਹੋ ਜਾਂਦਾ ਹੈ।

ਸਤਿਜੁਗ ਬਿਖੈ ਬੇਣ[†] ਭੂਪਾਲਾ। — [†]ਸਤਿਜੁਗ ਵਿਚ ਇਕ ਰਾਜ ਰਿਸ਼ੀ ਹੋਇਆ ਹੈ ਜੋ ਪ੍ਰਿਥੁ ਦਾ ਪਿਤਾ ਸੀ। ਕਥਾ ਇਹ ਹੈ ਕਿ ਇਹ ਬ੍ਰਾਹਮਣਾਂ ਦੇ ਉਲਟ ਟੁਰਿਆ, ਇਸ ਨੇ ਵਰਣ ਸ਼ੰਕਰ ਫੈਲਾਇਆ, ਨਿਸ਼ਾਧਾਂ ਤੇ ਝੀਵਰਾਂ ਦੀ ਕੁਲ ਇਸ ਨੇ ਅਰੰਭ ਕੀਤੀ ਤੇ ਸਰਬ ਪ੍ਰਕਾਰ ਅਧਰਮ ਦਾ ਪ੍ਰਚਾਰ ਕੀਤਾ।

ਕਲੀ ਕਾਲ ਬਰਤਾਇ ਬਿਸਾਲਾ[1]। — [1]ਸਤਿਜੁਗ ਵਿਚ ਇਸ ਨੇ) ਕਲਜੁਗ ਵਰਤਾ ਦਿੱਤਾ ਸੀ।

ਚੋਰ ਦੁਸ਼ਟ ਅਘ ਕਰਤਿ ਅਨੇਕਾ।
ਨਹਿਂ ਸਤਿਸੰਗਤ ਹ੍ਵੈ ਨ ਬਿਬੇਕਾ ॥੩੭॥
ਸੋ ਸਤਿਜੁਗ ਕਲਿ ਕਾਲ ਮਝਾਰਾ।
ਪ੍ਰਗਟ ਕੀਨ ਤਬ ਪ੍ਰਭੁ ਉਦਾਰਾ[1]। — [1]ਭਾਵ, ਤਿਵੇਂ ਕਲਜੁਗ ਵਿਚ ਸ੍ਰੀ ਗੁਰੂ ਜੀ ਨੇ ਸਤਿਜੁਗ ਵਰਤਾ ਦਿੱਤਾ।

ਜਹਿਂ ਤਹਿਂ ਹੋਇ ਰਹਯੋ ਸਤਿਸੰਗਾ।
ਸੱਤਿਨਾਮ ਸਿਮਰਹਿਂ ਦੁਖ ਭੰਗਾ ॥੩੮॥
ਮਿਲਹਿਂ ਬਿਚਾਰਹਿਂ ਗਾਵਹਿਂ ਕੀਰਤਿ।
ਸ਼ੋਭਾ ਸਗਲ ਜਗਤ ਬਿਸਤੀਰਤਿ।
ਜੈ ਜੈ ਕਾਰ ਹੋਤਿ ਚਹੁਂ ਫੇਰਾ।
ਉਮਗਤਿ ਸਭਿ ਕੈ ਪ੍ਰੇਮ ਘਨੇਰਾ ॥੩੯॥
ਮਾਨਵ ਮਿਲੇ ਅਨੇਕ ਹਜ਼ਾਰਾ।
ਸਰਬ ਦੇਗ ਤੇ ਖਾਇਂ ਅਹਾਰਾ।
ਦਰਬ ਉਪਾਇਨ ਆਨਹਿਂ ਕੋਈ।
ਕਿਹ ਤੇ ਲੇਹਿਂ ਨ, ਫੇਰਹਿਂ ਸੋਈ ॥੪੦॥
ਸਵਾ ਜਾਮ ਨਿਸ ਜਾਹਿਂ ਸ਼ਨਾਨਾ।
ਜਲ ਮਹਿਂ ਤਿਸ਼ਟੈਂ[1] ਕ੍ਰਿਪਾ ਨਿਧਾਨਾ। — [1]ਖੜੇ ਰਹਿਣ।
ਭੋਰ ਹੋਤਿ ਲੌ ਠਾਂਢੇ[1] ਰਹਿਹੀਂ। — [1]ਖੜੇ।

{ਪਾਣੀ ਵਿੱਚ ਖੜ੍ਹ ਕੇ ਤਪ}

ਕੰਠ ਸਮਾਨ ਜਾਂਹਿ ਜਲ ਅਹਿਹੀ ॥੪੧॥
ਲਹਿਣਾ ਜਾਇ ਸੰਗ ਤਿਹ ਕਾਲਾ।
ਸੇਵਹਿ ਸਤਿਗੁਰ ਚਰਨ ਰਸਾਲਾ।
ਹਿਮ ਰੁਤ[1] ਹੁਤੀ ਸੀਤ ਅਧਿਕਾਈ। — [1]ਸਿਆਲੇ ਦੀ ਰੁੱਤ, ਸਰਦੀ।
ਇਕ ਦਿਨ ਪੁਨ ਬਰਖਾ ਬਰਖਾਈ ॥੪੨॥
ਜਲ ਮਹਿਂ ਪੈਠੇ ਗੁਨੀ ਗਹੀਰੰ।
ਲਹਿਣਾ ਬੈਠਯੋ ਸਰਿਤਾ ਤੀਰੰ।
ਭਯੋ ਸ਼ੀਤ[1] ਤਿਹ ਕਾਲ ਬਿਸਾਲਾ। — [1]ਠੰਢ।
ਭੀਗੇ ਚੀਰ ਨੀਰ ਕੇ ਨਾਲਾ ॥੪੩॥
ਸਰਦੀ ਤਬ ਲਹਿਣੇ ਕੌ ਬਯਾਪੀ।
ਥਰ ਥਰ ਸੀਤ ਸੰਗ ਦੇਹਿ ਕਾਂਪੀ।
ਦੰਤ ਜੁਟੇ ਮੁਖ ਜਾਇ ਨ ਬੋਲਾ।
ਪਰਯੋ ਧਰਾ ਪੁਨ ਹੋਇ ਅਡੋਲਾ ॥੪੪॥
ਨਹਿਂ ਸੁਧ ਈਖਦ[1] ਰਹੀ ਸਰੀਰਾ। — [1]ਥੋੜੀ ਬੀ।
ਕਰ ਤੇ ਗਿਰੇ ਜੁ ਗੁਰ ਕੇ ਚੀਰਾ।
ਤਿਹ ਛਿਨ ਨਿਕਸੇ ਵਹਿਰ ਗੁਸਾਈਂ।
ਪਿਖਯੋ ਦਾਸ ਸੁਧ ਜਾਂਹਿ ਨ ਕਾਈ ॥੪੫॥
ਭੀਗ ਸਰੀਰ ਚੀਰ ਗੇ ਜਾਂ ਕੇ।
ਪਰੇ ਅਚੇਤ ਅੰਗ ਛਿਤ[1] ਤਾਂ ਕੇ। — [1]ਧਰਤੀ ਤੇ।
ਪਦ ਪੰਕਜ ਤਨ ਸੋਂ ਪਰਸਾਯੋ।
ਸਰਬ ਅੰਗ ਤੇ ਸ਼ੀਤ ਨਸਾਯੋ ॥੪੬॥
ਭਈ ਉਸ਼ਨਤਾ[1] ਸੁਧ ਹ੍ਵੈ ਆਈ। — [1]ਗਰਮੀ।
ਦੇਖਿ ਪਰਯੋ ਪਾਇਨ ਲਪਟਾਈ।
ਬੂਝਯੋ ਦਾਸ ਤਬਹਿ ਜਗਨਾਥਾ।
'ਕੌਨ ਹਾਲ ਬੀਤਯੋ ਤੁਝ ਸਾਥਾ?' ॥੪੭॥
ਬੋਲਯੋ ਲਹਿਣਾ ਦ੍ਵੈ ਕਰ ਜੋਰੀ।
'ਸੁਨੀਏ ਪ੍ਰਭੁ ਦਸ਼ਾ ਜਸ ਮੋਰੀ।
ਬਸਤ੍ਰ ਭੀਜਿ, ਭਾ ਸ਼ੀਤ ਘਨੇਰਾ।
ਜੁਟੇ ਦੰਤ ਤਨ ਗਿਰ ਗਯੋ ਮੇਰਾ ॥੪੮॥

ਚਰਨ ਕਮਲ ਤੁਮ ਆਨਿ ਛੁਹਾਵਾ।
ਤਤਖਿਨ ਸਗਰੋ ਸ਼ੀਤ ਨਸਾਵਾ।
ਅਬ ਸੁਚੇਤ ਭਾ ਮੋਰ ਸਰੀਰਾ।
ਰਾਵਰ ਭੰਜਤਿ[1] ਹੋ ਸਭਿ ਪੀਰਾ' ॥੪੯॥ [1]ਨਾਸ਼ ਕਰਦੇ ਹੋ।
ਸੁਨਿ ਬੋਲੇ ਸ਼੍ਰੀ ਪ੍ਰਭੁ ਕ੍ਰਿਪਾਲਾ।
'ਹੌਂ ਘਾਲਤਿ ਜੋ ਘਾਲ ਬਿਸਾਲਾ।
ਅਨਿਕ ਪ੍ਰਕਾਰਨ ਜੇ ਤਪ ਕਰਨਾ।
ਸਭਿ ਸਿੱਖਨ ਹਿਤ[1] ਲਖਹੁ ਅਚਰਨਾ[2] ॥੫੦॥ [1]ਸਿੱਖਾਂ ਵਾਸਤੇ। [2]ਕੰਮ।
ਜੋ ਮੇਰੇ ਮਹਿਂ ਸ਼ਰਧਾ ਧਰਿਹੀਂ।
ਮਨ ਕਰਿ ਸ਼ਬਦ ਕਮਾਵਨ ਕਰਿਹੀਂ।
ਨਾਨਕ ਪੰਥੀ ਜਿਨ ਕੋ ਨਾਮ।
ਵਾਹਿਗੁਰੂ ਜਪ ਰਹਿਤਿ ਅਕਾਮ[1] ॥੫੧॥ [1]ਕਾਮਨਾਂ ਰਹਿਤ।
ਸੋ ਜਮ ਕੋ ਨਹਿਂ ਦੇਖਨ ਪੈ ਹੈਂ।
ਸੁਖ ਸੋਂ ਗਤਿ[1] ਪ੍ਰਾਪਤਿ ਤਿਨ ਹ੍ਵੈ ਹੈ।' [1]ਮੋਖ।
ਕਮਲ ਬਦਨ ਤੇ ਕਹਿ ਅਸ ਬਾਨੀ।
ਪੁਨ ਪੁਰਿ ਮਹਿਂ ਆਏ ਗੁਨਖਾਨੀ ॥੫੨॥
ਬੈਠਤਿ ਭੇ ਧ੍ਰਮਸਾਲ ਮਝਾਰੀ।
ਸੰਗਤ ਆਵਹਿ ਕਰਹਿ ਜੁਹਾਰੀ।
ਕਰਨ ਲਗੇ ਤਪ ਕ੍ਰੂਰ[1] ਬਡੇਰਾ। [1]ਕਰੜਾ ਤਪ।
{ਭਾਰੀ ਕਰੀ ਤਪੱਸਿਆ}
ਪੁਰਿ ਕੇ ਨਿਕਟ ਨੀਕ ਥਲ ਹੇਰਾ ॥੫੩॥
ਤਹਾਂ ਕੀਨ ਇਕ ਕੁਟੀ ਨਿਰਾਲੀ।
ਰੋੜਨ ਸੇਜ ਡਸਾਇ ਦੁਖਾਲੀ[1]। [1]ਦੁਖਾਂ ਵਾਲੀ।
ਨਿਜ ਸਰੀਰ ਕੇ ਸਮ ਬਨਵਾਈ।
ਥਾਇਂ ਸ਼ੇਸ਼ ਨਹਿਂ ਜਹਾਂ ਰਹਾਈ[1] ॥੫੪॥ [1]ਜਿਸ ਪਰ ਵਾਧੂ ਥਾਂ ਨਹੀਂ ਸੀ ਰਹੀ, ਯਾ ਰਖੀ।
ਪੌਢਹਿਂ ਬੈਠਹਿਂ ਰਹਿਂ ਤਿਂਹ ਮਾਂਹੀ।
ਕਰਨ ਸ਼ਨਾਨ ਸਮੈਂ ਦੁਇ ਜਾਹੀਂ।
ਚਹੁੰਦਿਸ਼ਿ ਤੇ ਨਰ ਆਇ ਬਿਸ਼ਾਲਾ।
ਦਰਸ ਬਿਲੋਕ ਧਰਹਿਂ ਪਦ ਭਾਲਾ[1] ॥੫੫॥ [1]ਚਰਨਾਂ ਤੇ ਮੱਥਾ।

ਕਰਹਿਂ ਕਾਮਨਾ ਹਿਰਦੇ ਜੋਈ।
ਪੂਰਨ ਹੋਇ ਸਰਬ ਕੀ ਸੋਈ।
ਜੁਗਲ ਕਾਲ[1] ਭਲ ਬਨਹਿ ਅਹਾਰਾ। [1]ਦੋਨੋਂ ਵੇਲੇ।
ਅਚਵੈਂ ਰੁਚਿ ਅਨੁਸਾਰ ਅਪਾਰਾ[1] ॥੫੬॥ [1]ਜੋ ਪਾਰ ਰਹਤ ਹਨ (ਅ) ਬੇਗਿਣਤ (ਲੋਕੀਂ)।
ਬਹੁਤ ਰਸੋਈਏ ਦੇਗ ਕਰੇਈਂ।
ਜਿਤਿਕ ਅੰਨ ਚਹਿਂ ਤੇਤਿਕ ਲੇਈਂ।
ਨੀਕੀ ਰੀਤ ਸੁਧਾਰਿ ਬਨਾਵਹਿ।
ਜਿਨ ਤੇ ਸ੍ਵਾਦ ਮਹਾਂ ਸ਼ੁਭ ਆਵਹਿ ॥੫੭॥
ਸਰਬ ਤਯਾਰ ਹ੍ਵੈ ਭੋਜਨ ਜਬਿ ਹੀ।
ਜਾਇ ਰਸੋਈਆ ਗੁਰ ਢਿਗ ਤਬਿ ਹੀ।
ਹਾਥ ਬੰਦਿ ਹ੍ਵੈ ਠਾਂਢੇ ਰਹਿਹੀ।
ਨਿਜ ਮੁਖ ਤੇ ਕੋ ਬਚਨ ਨ ਕਹਿਹੀ ॥੫੮॥
ਬੀਤਹਿ ਕਿਤਿਕ ਕਾਲ ਅਸ ਤਾਂਹੀ।
ਜਬ ਲੌਂ ਪ੍ਰਭੁ ਬਿਲੋਕੈਂ ਨਾਂਹੀ।
ਸਹਿਜ ਸੁਭਾਇ ਦ੍ਰਿਸ਼ਟਿ[1] ਗੁਰ ਪਰਿਹੀ। [1]ਨਜ਼ਰ।
ਬਿੱਪ੍ਰ ਸੰਗ[1] ਅਸ ਬਚਨ ਉਚਰਿਹੀਂ ॥੫੯॥ [1]ਭਾਵ, ਰਸੋਈਏ ਨੂੰ।
'ਹੇ ਦਿਜ! ਭੋਜਨ ਭਯੋ ਤਯਾਰੀ?
ਆਇ ਹਕਾਰਨ? ਕਹਹੁ ਉਚਾਰੀ।'
ਸ੍ਰੀ ਪ੍ਰਭੁ ਤੁਮਰੀ ਕਰੁਨਾ ਕਰਿ ਕੈ।
ਭਯੋ ਅਹਾਰ ਤਿਯਾਰ ਸੁਧਰਿ ਕੈ' ॥੬੦॥
ਤਬਿ ਤਿਹ ਸੰਗ ਜਾਇ ਜਗ ਸਾਈਂ।
ਰੁਚਿ ਅਨੁਸਾਰ ਸੁ ਭੋਜਨ ਖਾਈਂ।
ਬਹੁਰ ਦੇਗ ਵਰਤੈ ਪਸ਼ਚਾਤੀ।
ਸਰਬ ਸੰਗਤੀ ਹੋਇ ਅਘਾਤੀ[1] ॥੬੧॥ [1]ਤ੍ਰਿਪਤ।
ਦੋਨੋ ਸਮੈ ਭਾਂਤਿ ਇਸ ਹੋਇ।
ਆਵਹਿਂ ਖਾਇਂ, ਨ ਹਟਿਕੈ ਕੋਇ।
ਦਰਸ਼ਨ ਦੇਖਹਿਂ ਪੂਰੈਂ ਆਸਾ।
ਪਢਹਿਂ ਸ਼ਬਦ ਕਰਿ ਪ੍ਰੇਮ ਹੁਲਾਸਾ ॥੬੨॥

ਕਿਤਿਕ ਸਮੀਪ ਰਹੈਂ ਸੁਖ ਪਾਈਂ।
ਕਿਤਿਕ ਦਰਸ ਕਰਿ ਸਦਨ ਸਿਧਾਈਂ।
ਇਸ ਪ੍ਰਕਾਰ ਬੀਤਯੋ ਕਿਤ ਕਾਲਾ।
ਬਹੁਰ ਤਪਹਿਂ ਤਪ[1] ਕਠਨ ਕ੍ਰਿਪਾਲਾ ॥੬੩॥

[1]ਤਪ ਤਪਿਆ (ਭਾਵ ਕੀਤਾ)।

ਭੋਜਨ ਤਜਯੋ, ਨ ਅਚੈਂ ਕਦਾਈਂ[1]।
ਏਕ ਅਰਕ[1] ਫੁਲ[†] ਖਾਇਂ ਮੰਗਾਈ।
ਤਿਸ ਪ੍ਰਕਾਰ ਨਿਸ ਦਯੋਸ ਬਿਤਾਵਹਿਂ।
ਪੁਨ ਜਲ ਆਦਿ ਨ ਕੰਠ ਪੁਚਾਵਹਿਂ ॥੬੪॥

[1]ਕਦੇ ਬੀ।
[1]ਅੱਕ ਦਾ। [†]ਪਾ:-ਫਲ।

ਦੋਇ ਕੋਸ ਲਗ ਕੀਨ ਨਿਸ਼ਾਨੀ।
ਤਿਨਕੇ ਬਿਚ ਬਿਚਰਤਿ ਗੁਨਖਾਨੀ।
ਸ੍ਰੀ ਮੁਖ ਤੇ ਸ਼ੁਭ ਸ਼ਬਦ ਉਚਾਰਹਿਂ।
ਠਾਂਢੇ ਸਗਰੋ ਦਯੋਸ ਗੁਜ਼ਾਰਹਿਂ ॥੬੫॥

ਦੋਹਰਾ:

ਇਤ ਤੇ ਉਤ, ਉਤ ਤੇ ਸੁ ਇਤ; ਬਾਸੁਰ ਕਰੈਂ ਬਿਹਾਇ।
ਕਰਿ ਕੁਪੀਨ ਕਟ ਤਾਂਬ੍ਰ ਕੀ[1], ਸਿਰ ਦੋਕੂਲ[2†] ਸੁਹਾਇ ॥੬੬॥

[1]ਤਾਂਬੇ ਰੰਗੀ। ਸੰਸ: ਤਾਮ੍ਰ:] (ਅ) ਲਾਲ ਰੰਗ ਦਾ ਚੰਦਨ। ਸੰਸ: ਤਾਮ੍ਰੰ] ਭਾਵ ਰਕਤ ਚੰਦਨ ਦੇ ਰੰਗ ਦੀ। [2]ਸਾਫਾ, ਛੋਟੀ ਪੱਗ। [†]ਪਾ:-ਪਰ ਕੁਲਹ।

ਚੌਪਈ:

ਸਗਰੇ ਤਜਾਗੇ ਅਪਰ ਜਿ ਚੀਰਾ।
ਫਿਰੈਂ ਪ੍ਰਭੁ ਹ੍ਵੈ ਨਗਨ ਸਰੀਰਾ[1]।
ਬਹੁਰੋ ਆਇ ਬਿਭਾਵਰਿ[1] ਜਬਿ ਹੀ।
ਇਸਥਿਤ ਹੋਇਂ ਕੁਟੀ ਮਹਿਂ ਤਬਿ ਹੀ ॥੬੭॥

[1]ਹੋਰ) ਸਰੀਰ ਨੰਗਾ।
[1]ਰਾਤ।

ਸਿਹਜਾ ਰੋਰਨ ਕੀ ਜੁ ਬਨਾਈ।
ਤਿਹ ਪਰ ਪੌਢ ਰਹੈਂ ਗਤਿਦਾਈ।
ਬਡੀ ਭੋਰ ਉਠਿ ਸਰਿਤਾ ਤੀਰਾ।
ਜਾਇ ਸੁ ਮੱਜਹਿਂ ਗੁਨੀ ਗਹੀਰਾ ॥੬੮॥
ਕਰੀ ਨਿਸ਼ਾਨੀ ਤਿਨ ਕੇ ਮਾਂਹੀ[1]।
ਬਿਚਰਹਿਂ ਪੁਨ ਬੈਠਹਿਂ ਪ੍ਰਭੁ ਨਾਂਹੀ।
ਕਿਤਿਕ ਕਾਲ ਇਉਂ ਬਿਤਵਨ ਕੀਨਾ।

[1]ਭਾਵ ਦੋ ਕੋਹਾਂ ਵਿਚ ਦੇਖੋ ਅੰਕ ੬੫।

ਬਹੁਰ ਅਰਕ ਫੂਲ ਸੋ ਤਜਿ ਦੀਨਾ
॥੬੯॥

ਸਿਕਤਾ[1] ਇਕ ਮਾਸਾ ਮੁਖ ਪਾਵਹਿਂ। [1]ਰੇਤ।

ਕੁਛ ਨਾਂ ਖਾਣਾ ਯਾਂ ਅਤਿ ਥੋੜਾ ਖਾਣਾ ਇਕ ਹਠ ਕਰਕੇ ਹੁੰਦਾ ਹੈ, ਜਿਸ ਨੂੰ ਬ੍ਰੱਤਿ ਧਾਰਨਾ ਕਹਿੰਦੇ ਹਨ। ਇਕ ਆਤਮ ਆਰੂਢ ਅਵਸਥਾ ਮਹਾਂਨ ਪੁਰਖ ਦੀ ਸਤਿਗੁਰ ਜੀ ਨੇ ਆਪ ਦੱਸੀ ਹੈ, ਉਸ ਵਿਚ ਨੀਂਦ ਤੇ ਭੁੱਖ ਸੁਤੇ ਤਾਬੇ ਹੁੰਦੀ ਹੈ, ਹਠ ਰਤੀ ਨਹੀਂ ਹੁੰਦਾ, ਸਹਿਜ ਅਵਸਥਾ ਹੁੰਦੀ ਹੈ, ਸਰੀਰ ਦੀ ਪਾਲਣਾ ਦਿੱਬਯ ਤ੍ਰੀਕੇ ਤੇ ਆਪ ਹੁੰਦੀ ਹੈ। ਯਥਾ: ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖਵਾਸੁ ॥ [ਸਲੋਕ ਮ: ੩] ਤਥਾ: ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥ [ਆਸਾ ਛੰਤ ਮ: ੪] ਪੁਨਾ: ਜਾਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ ਖੁਧਿਆ ਤਾਕੈ ਚਿਤਿ ਨ ਬਸਾ ॥ [ਧਨਾਸਰੀ ਮ: ੫] ਕਈ ਸਾਧੂ ਲੋਕ ਅਪਣੀ ਇਹ ਅਵਸਥਾ ਦੱਸਣ ਲਈ ਹਠ ਦੇ ਫਾਕੇ ਕਟਦੇ ਹਨ, ਓਹ ਭੁਲੇਖਾ ਹੈ, ਕਈ ਗੁਪਤ ਖਾਕੇ ਜ਼ਾਹਿਰਾ ਬਿਨ ਖਾਧੇ ਤ੍ਰਿਪਤ ਦਸ਼ਾ ਦਿਖਾਲਦੇ ਹਨ, ਇਹ ਸਭ ਛਲ ਹਨ। ਇਹ ਬੀ ਜ਼ਰੂਰੀ ਨਹੀਂ ਕਿ ਮਹਾਂ ਪੁਰਖ ਜ਼ਰੂਰ ਇਸ ਅਵਸਥਾ ਨੂੰ ਲੱਭਣ ਯਾ ਇਸ ਬਿਨਾ ਪੂਰਨ ਪਦ ਦੀ ਪ੍ਰਾਪਤੀ ਨਾ ਸਮਝਣ, ਇਹ ਇਕ ਆਤਮ ਆਰੂਢਾ ਤੇ ਅਵਸਥਾ ਆਪੇ ਆਉਂਦੀ ਹੈ, ਢੂੰਡਣ ਲੱਭਣ ਦੀ ਨਹੀਂ, ਅਰ ਇਹ ਆਉਂਦੀ ਜਾਂਦੀ ਬਦਲਦੀ ਬੀ ਰਹਿੰਦੀ ਹੈ।

ਤਜਾਗਜੋ ਔਰ, ਨਹੀਂ ਕੁਛ ਖਾਵਹਿਂ।

ਸ਼੍ਰੀ ਮੁਖ ਪੰਕਜ ਬਚਨ ਅਲਾਵਾ।

'ਨਾਉਂ ਸੁਹਾਵਾ ਵਖਤ ਸੁਹਾਵਾ' ॥੭੦॥

ਭਾਵ ਦੋ ਚੀਜ਼ਾਂ ਸੁੰਦਰ ਹਨ, ਇਕ ਰੱਬ ਦਾ ਨਾਮ, ਇਕ ਅੰਮ੍ਰਿਤ ਵੇਲਾ। ਇਸ ਭਾਵ ਦੀ ਇਕ ਪਉੜੀ ਵਡਹੰਸ ਮਃ ੧ ਛੰਤ ਵਿਚ ਬੀ ਹੈ, ਮਾਲੂਮ ਹੁੰਦਾ ਹੈ ਕਿ ਕਵਿ ਜੀ ਦੀ ਮੁਰਾਦ ਇਸੇ ਸ੍ਰੀ ਮੁਖਵਾਕ ਤੋਂ ਹੈ ਜੋ ਐਉਂ ਹੈ:

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥ ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥ ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥ ਨਾਮ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥ ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥ ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥

ਬਿਚਰਹਿਂ ਉਚਰਤਿ ਇਸੀ ਪ੍ਰਕਾਰਾ।
ਮਸਤਕ ਦਿਪੈ ਤੇਜ ਅਤਿ ਭਾਰਾ।
ਸੁਨਿ ਸੁਨਿ ਸਿਫਤ ਆਇਂ ਨਰ ਭੂਰੰ।
ਦਰਸ਼ਨ ਦੇਖਹਿਂ ਰਹੈਂ ਹਦੂਰੰ ॥੭੧॥
ਜੋ ਨਰ ਆਇ ਚਰਨ ਲਪਟਾਵੈਂ।
ਤਿਨ ਸੋਂ ਅਸ ਪ੍ਰਭੁ ਬਚਨ ਅਲਾਵੈਂ।
'ਬਸਿ ਕਰਿ ਪੁਰਖਾ! ਭਲਾ ਸੁ ਹੋਈ।
ਸਿਮਰਹੁ ਨਾਮ ਸਕਲ ਦੁਖ ਖੋਈ'
॥੭੨॥
ਕੇਤਿਕ ਦਿਨ ਇਉਂ ਗੁਰੂ ਗੁਜ਼ਾਰੇ।
ਕਲਿ ਮੈਂ ਨਾਮ ਦੇਯ ਨਰ ਤਾਰੇ।
ਦਰਸ਼ਨ ਦੇਖਤਿ ਸ਼ਬਦ ਸੁਨੰਤੇ।

ਮਹਾਂ ਪਤਿਤ ਸੇ ਜਗਤ ਤਰੰਤੇ ॥੭੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਤਪ ਕਰਨ' ਪ੍ਰਸੰਗ ਬਰਨਨੰ ਨਾਮ ਉਣੰਜਮੋਂ ਅਧਜਾਯ ॥੪੯॥

## ੫੦. [ਘਾਲ ਤੇ ਮੇਹਰ, ਨਾਨਕ ਰੂਪ ਗੁਰੂ ਸਿੱਖੀ ਵਿਚੋਂ ਪਰਖ ਕੇ ਦੱਸਿਆ]

੪੯<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੧

{ਸਿੱਖੀ ਦੀ ਪਰਖ} ॥੭..॥
{ਧਾਣਕ ਰੂਪ} ॥੨੯..॥
{ਮੁਰਦਾ ਖਾਣ ਦਾ ਹੁਕਮ} ॥੭੧..॥

ਦੋਹਰਾ:

ਰਿਦਾ ਕਿਦਾਰ ਸੁਧਾਰਨੋ, ਤਜਿਨੋ ਸਰਬ ਬਿਕਾਰ।
ਸਤਿਗੁਰ ਕਰੁਨਾ ਜਲ ਪਰੈ, ਭਗਤਿ ਕ੍ਰਿਖੀ ਹ੍ਵੈ ਸਾਰ ॥੧॥

ਕਿਦਾਰ=ਖੇਤ, ਮਲਗੁਜ਼ਾਰ, ਕਿਆਰਾ। ਸੰਸ: ਕੇਦਾਰ] ਸੁਧਾਰਨੋ=ਸੁਆਰਨਾ, ਸਾਫ ਕਰਨਾ। ਖੇਤ ਦਾ ਸੁਧਾਰਨਾ=ਗੋਡੀ ਕਰਨੀ, ਘਾਹ ਬੂਟ ਖੋਤ ਵਿਚੋਂ ਕੱਢਣੇ, ਨਦੀਣਾ ਕਰਨਾ।

ਕ੍ਰਿਖੀ=ਖੇਤੀ। ਸੰਸ: ਕ੍ਰਿਸ਼ਿ]। ਸਾਰ=ਸ੍ਰੇਸ਼ਟ। 'ਹ੍ਵੈ ਸਾਰ' ਦਾ ਭਾਵ ਹੈ ਕਿ ਸੁਹਣੀ ਖੇਤੀ ਹੋਵੇ। ਉਹ ਜਿਸ ਵਿਚ ਸਭ ਤੋਂ ਵਧੀਕ ਕਾਮਯਾਬੀ ਹੋਵੇ।

ਅਰਥ:

ਸਾਰੇ ਵਿਕਾਰਾਂ ਦਾ ਤਿਆਗ ਕਰਨਾ (ਮਾਨੋਂ) ਹਿਰਦੇ ਰੂਪੀ ਖੇਤ ਨੂੰ ਸੁਧਾਰਨਾ ਹੈ, (ਇਸ ਸੁਧਰੇ ਖੇਤ ਪਰ) ਸਤਿਗੁਰੂ ਜੀ ਦੀ ਮੇਹਰ ਦਾ ਪਾਣੀ ਪੈ ਜਾਵੇ ਤਾਂ ਭਗਤੀ ਰੂਪੀ ਖੇਤੀ ਸ੍ਰੇਸ਼ਟ (ਰੂਪ ਵਿਚ) ਹੋਵੇਗੀ†।

†ਪਿਛਲੇ ਅਧ੍ਯਾਯ ਦੇ ਮੰਗਲ ਦੇ ਦੋਹਰੇ ਨਾਲ ਮਿਲ ਕੇ ਅਰਥ ਪੂਰਨ ਹੁੰਦਾ ਹੈ।

ਚੌਪਈ:

ਅਸ ਸ਼੍ਰੀ ਪ੍ਰਭੁ ਨੈ ਤਪ ਬਹੁ ਠਾਨਾ।
ਜਹਿਂ ਤਹਿਂ ਪਸਰਜ ਸੁਜਸੁ ਮਹਾਨਾ।
ਦੇਸ਼ ਬਿਦੇਸ਼ਨ ਘਰ ਘਰ ਮਾਂਹੀ।
'ਸ਼੍ਰੀ ਨਾਨਕ ਸ਼੍ਰੀ ਨਾਨਕ' ਪ੍ਰਾਹੀਂ ॥੨॥
ਮਿਲਿਹਿਂ ਪਰਸਪਰ ਮਾਨਵ ਬ੍ਰਿੰਦਾ।
ਆਵਹਿਂ ਦਰਸ਼ਨ ਹੇਤੁ ਮੁਕੰਦਾ।
ਕੇਤਿਕ ਦਰਸ ਕਰਹਿਂ ਘਰ ਜਾਹੀਂ।
ਕੇਤਿਕ ਰਹੈਂ ਪ੍ਰਭੁ ਕੇ ਪਾਹੀਂ[1] ॥੩॥ [1]ਪਾਸ।
ਭੀਰ ਭੂਰ ਕੀ ਪੁਰਿ ਕਰਤਾਰਾ।
ਖਾਇਂ ਸਮੇਂ ਦੁਇ ਰੁਚਿਰ ਅਹਾਰਾ।
ਹੋਇ ਅੰਨ ਕੀ ਤੋਟ ਨ ਕੋਈ।
ਰਹੈ ਜੁ, ਦੇਗ[1] ਅਚੈ ਸਭਿ ਕੋਈ ॥੪॥ [1]ਲੰਗਰ ਤੋਂ।

ਦੋਹਰਾ:

ਦੇਸ਼ ਬਿਦੇਸ਼ਨ ਤੇ ਤਹਾਂ, ਬਹੁ ਸੰਗਤਿ ਭੀ ਆਇ।
ਅੱਪ੍ਰਮਾਨ ਗਿਨਤੀ ਨ ਕੋ, ਦਰਸ਼ਨ ਕਰਿ ਹਰਖਾਇ ॥੫॥

ਚੌਪਈ:

ਇਸ ਬਿਧਿ ਕੇਤਿਕ ਬਰਖ ਬਿਤਾਏ।
ਨਾਮ ਦਾਨ ਇਸ਼ਨਾਨ ਦ੍ਰਿੜਾਏ।
ਜਹਿਂ ਤਹਿਂ ਕਿਰਤਨ ਕੀ ਧੁਨਿ ਹੋਤੀ।
ਸੁਮਤਿ ਭਗਤਿ ਮੈਂ ਅਧਿਕ ਉਦੋਤੀ[1] ॥੬॥
ਜੈ ਜੈ ਕਾਰ ਕਰਹਿਂ ਚਹੁਂ ਫੇਰੇ।
ਹੋਇ ਸ਼ਬਦ ਅੱਭਯਾਸ ਘਨੇਰੇ।
ਪੁਨ ਸਿੱਖੀ ਪਰਖਨ ਮਨ ਠਾਨੀ।

{ਸਿੱਖੀ ਦੀ ਪਰਖ}

ਸੁਨਹੁ ਕਥਾ ਜਿਉਂ ਕਿਯ ਗੁਨਖਾਨੀ ॥੭॥
ਬਰਜਿ ਦੀਨ ਕਹਿ[1] ਕਰਿ ਨਰ ਸੋਈ।
ਏਕ ਸਮੇਂ[1] ਨਿਸ ਦਿਨ ਮਹਿਂ ਹੋਈ।
ਸਭਿ ਸਿੱਖਨ ਸੋਂ ਬਚਨ ਉਚਾਰਾ।
'ਅਬ ਲਾਂਗਲ[1] ਬਾਹੋ ਸੁਖਕਾਰਾ ॥੮॥
ਕ੍ਰਿਖੀ ਕਾਰ ਕਰੀਏ ਮਨ ਲਾਈ।
ਨਿਤ ਉੱਜਲ ਹ੍ਵੈ ਬੁਧਿ ਸਵਾਈ।'
ਅਸ ਕਹਿ ਸਭਿ ਕੋ ਲੀਨ ਸੰਗਾਰੇ।
ਸਵ ਕਰਾਵਹਿਂ ਬਾਸੁਰ ਸਾਰੇ ॥੯॥
ਜਬਿ ਦੇਖੀ ਸਿੱਖਨ ਅਸ ਚਾਲੇ।
ਚਲੇ ਤਬੈ ਨਿਜ ਸਦਨ ਸੰਭਾਲੇ।
ਕੇਤਿਕ ਚਤਰ ਪੰਚ ਦਿਨ ਰਹੇ।
ਕਰੀ ਕ੍ਰਿੱਤ ਕਛੁ ਭੁਖਹਿਂ ਦਹੇ[1] ॥੧੦॥
ਲਾਂਗਲ[8] ਤਜਾਗੇ ਲੀਨ ਬਿਦਾਈ।
ਗਏ ਧਾਮ ਨਿਜ ਕਾਰ ਕਮਾਈ।
ਅਰਧਕ[1] ਗਏ ਅਰਧ ਜਬਿ ਰਹੇ।
ਸਭਿਨਿ ਸੁਨਾਇ ਪ੍ਰਭੁ ਬਚ ਕਹੇ ॥੧੧॥
'ਦੁਤੀਏ ਦਿਵਸ ਅਸਨ ਕੋ ਕਰੀਏ।
ਬਾਹੁ ਖੇਤ ਸੰਕਟ ਪਰਹਰੀਏ।'
ਦਿਵਸ ਦਸਨ ਲੌ ਐਸ ਬਿਤਾਏ।
ਛੁਧਾ ਕ੍ਰਿੱਤ ਤੇ ਉਰ ਅਕੁਲਾਏ ॥੧੨॥

[1]ਭਗਤੀ ਵਿਚ ਸ੍ਰੇਸ਼ਟ ਬੁਧੀ ਬਹੁਤ ਪ੍ਰਕਾਸ਼ਮਾਨ ਹੋਈ।
[1]ਆਖਕੇ।
[1]ਇਕ ਵੇਲੇ (ਲੰਗਰ)।
[1]ਹਲ।
[1]ਭੁਖ ਨਾਲ ਸੜੇ।
[1]ਅੱਧੇ ਕੁ।

ਦੋਹਰਾ:
ਗਏ ਸਦਨ ਕੋ ਸਿੱਖ ਬਹੁ, ਰਹੇ ਅਲਪ ਤਿਹ ਥਾਇਂ।
ਚਤਰ ਪਹਿਰ ਲਾਂਗਲ[੪] ਲੀਏ, ਕ੍ਰਿੱਤ ਸੁ ਵਹਿਰ ਕਮਾਇ ॥੧੩॥

ਚੌਪਈ:
ਮਰਨ ਧਾਰਿ ਉਰ ਬੈਠੇ ਸੋਇ[1]।
-ਜਾਇਂ ਨ ਕਬਹੂੰ ਕੈਸੇ ਹੋਇ-।
ਅਤਿ ਛੁਧਿਤਾ ਪੁਨ ਕ੍ਰਿਤ ਕਮਾਵਹਿਂ।
ਦੁਰਬਲ ਭਏ ਨ ਸਦਨ ਸਿਧਾਵਹਿਂ ॥੧੪॥

[1]ਭਾਵ ਜੋ ਮਰਨਾ ਮੰਡ ਬੈਠੇ।

ਪ੍ਰਭੁ ਤਬਿ ਭਨਜੋ 'ਅਸਨ ਨਿਤ ਕੀਜੈ।
ਜਾਂ ਤੇ ਸਿਖ ਤ੍ਰਿਪਤੈਂ ਸੁਖ ਦੀਜੈ।'
ਹੋਨਿ ਲਗਜੋ ਨਿਤ ਬਹੁਰ ਅਹਾਰਾ[1]।
ਤ੍ਰਿਪਤੈਂ ਖਾਇ ਸੁ ਰੁਚਿ ਅਨੁਸਾਰਾ ॥੧੫॥

[1]ਭੋਜਨ।

ਸਗਰੇ ਦਿਵਸ ਕਰੈਂ ਕ੍ਰਿਖਕਾਰੀ[1]।
ਭਏ ਖੇਤ ਹਰਿਆਵਲ ਭਾਰੀ।
ਕਰਿ ਮਿਹਨਤ ਸਭਿ ਅੰਨ ਪਕਾਏ।
ਗੁਰ ਸਮੀਪ ਅਸ ਬਚਨ ਅਲਾਏ ॥੧੬॥

[1]ਖੇਤੀ ਦੀ ਕਾਰ।

'ਕ੍ਰਿਪਾ ਤੁਮਾਰੀ ਤੇ ਕ੍ਰਿਖਿ ਪਾਕੀ।
ਅਬਿ ਕੈਸੇ ਹੈ ਆਇਸ[1] ਤਾ ਕੀ[2]।'
ਸਤਿਗੁਰ ਕਹਜੋ ਬਾਢ ਸਭਿ ਲੀਜੈ।
ਨਹਿਂ ਗਾਹੋ ਖਲਵਾਰੇ ਕੀਜੈ[1]' ॥੧੭॥

[1]ਆਗਜਾ। [2]ਭਾਵ ਪੱਕੀ ਖੇਤੀ ਵਾਸਤੇ।
[1]ਭਾਵ ਦਾਣੇ ਨਾ ਕਢੋ ਭਰੀਆਂ ਦੇ ਖਲਵਾੜੇ ਲਾਦਿਓ।

ਪਾਇ ਰਜਾਇ ਦਾਤਿ[1] ਲੇ ਦਾਸਾ।
ਲਾਗੇ ਲੁਨਹਿ[1] ਜਹਾਂ ਕ੍ਰਿਖ ਰਾਸਾ।
ਬਾਢਿ ਬਾਢਿ ਕੈ ਖੇਤਨ ਸਾਰੇ।
ਲਾਏ ਅਧਿਕ ਉਚ ਖਲਵਾਰੇ ॥੧੮॥

[1]ਦਾਤ੍ਰੀਆਂ।
[1]ਵੱਢਣ।

ਬਹੁਰ ਗਏ ਸਿਖ ਗੁਰੂ ਅਗਾਰੀ।
ਕਹਜੋ 'ਕਰੀ ਇਕਠੀ ਕ੍ਰਿਖਿ ਸਾਰੀ।
ਲਾਗੇ ਅਧਿਕ ਉਚ ਅੰਬਾਰੇ।
ਜਬਿ ਰਜਾਇ ਰਾਵਰਿ ਅਨੁਸਾਰੇ' ॥੧੯॥

ਤਿਹ ਛਿਨ ਸੁਨਿ ਕੈ ਪ੍ਰਭੁ ਉਤੰਗੇ।
ਚਲੇ ਬਿਲੋਕਨ ਕੋ ਤਿਨ ਸੰਗੇ।
ਊਚੇ ਜਹਾਂ ਅੰਬਾਰ ਲਗਾਏ।
ਠਾਂਢੇ ਆਨਿ ਭਏ ਤਿਹ ਥਾਏਂ ॥੨੦॥
ਹਰਖੇ ਦੇਖਿ ਤਿਨਹਿਂ ਸੁਖ ਸਦਨੰ।
'ਸਾਧ! ਸਾਧ[1]!!' ਉਚਰਯੋ ਸ਼੍ਰੀ ਬਦਨੰ[2]। [1]ਸ਼ਾਬਾਸ਼ ਸ਼ਾਬਾਸ਼'। [2]ਸ਼੍ਰੀ ਮੁਖ ਤੋਂ।
'ਤੁਮਰੀ ਘਾਲ[1] ਪਈ ਸਭਿ ਥਾਈਂ। [1]ਕਮਾਈ।
ਜੋ ਗੁਰ ਕੇ ਹਿਤ ਕ੍ਰਿੱਤ ਕਮਾਈ ॥੨੧॥
ਅਬ ਤੁਮ ਬਚਨ ਮਾਨਿਯੇ ਐਸੇ।
ਰਿਦੇ ਤੁਮਾਰੇ ਲਾਗਹਿਂ ਜੈਸੇ।'
ਸਿੱਖ ਕਹਯੋ 'ਕਜ਼ਾ ਹਮਰੇ ਹਾਥਾ।
ਚਲੈਂ ਆਪ ਕੇ ਬਚਨਨ ਸਾਥਾ' ॥੨੨॥
ਦੋਹਰਾ:
ਸ਼੍ਰੀ ਨਾਨਕ ਭਾਖੀ ਤਬੈ, 'ਸੁਨਹੁ ਬਚਨ ਦੇ ਕਾਨ।
ਇਹ ਲਾਲਚ ਕੇ ਕਰੇ ਤੇ, ਨਹਿਂ ਆਵੈ ਕਛੁ ਪਾਨ[1] ॥੨੩॥ [1]ਹੱਥ ਵਿਚ।
ਚੌਪਈ:
ਲੀਜੈ ਪਾਵਕ ਫੂਕਹੁ ਸਾਰੀ।
ਉਰ ਲਾਲਚ ਕੋ ਦੇਹੁ ਬਿਦਾਰੀ।'
ਸੁਨਿ ਕੈ ਬਿਸਮਾਦੇ ਮਨ ਮਾਂਹੀ।
-ਅੰਨ ਰਾਸ ਕਿਉਂ ਸਰਬ ਫੁਕਾਹੀਂ ॥੧੪॥
ਬਡੇ ਜ਼ੋਰ ਸੋਂ ਕੀਨ ਕਮਾਈ।
ਪ੍ਰਤਿਪਾਰੀ ਬਹੁ ਸੰਕਟ ਪਾਈ-।
'ਹਮਤੇ ਫੂਕੀ ਜਾਇ ਨ ਕੇਹੀ[1]।' [1]ਕਿਸੇ ਤਰ੍ਹਾਂ ਭੀ।
ਹਟਕ ਰਹੇ[1] ਕੇਤਿਕ ਕਹਿ ਏਹੀ ॥੨੫॥ [1]ਇਹ ਕਹਿਕੇ ਕਿਤਨੇ ਤਾਂ ਅੱਗ ਲਗਾਉਣੋਂ ਹਟ ਖਲੋਤੇ।
ਕਿਤਿਕ ਬਿਚਾਰਯੋ ਰਿਦੇ ਮਝਾਰਾ।
-ਹਮ ਤੋ ਸ਼੍ਰੀ ਗੁਰ ਬਚ ਅਨੁਸਾਰਾ।
ਹਾਨ ਲਾਭ ਚਹੀਏ ਨਹਿਂ ਦੇਖਾ।
ਆਇਸੁ ਮਾਨਹਿਂ ਇਹੀ ਵਿਸ਼ੇਖਾ- ॥੨੬॥

ਲੈ ਪਾਵਕ ਤਿਨ ਤੁਰਤ ਲਗਾਈ।
ਸੂਕੀ ਹੁਤੀ, ਭਈ ਜਰ ਛਾਈ[1]। — [1]ਸੜਕੇ ਸੁਆਹ ਹੋ ਗਈ।
ਇਸ ਬਿਧਿ ਪਿਖਿ ਕੈ ਸਭਿ ਬਿਸਮਾਨੇ।
-ਗੁਰ ਕੀ ਗਤਿ ਕਛੁ ਜਾਇ ਨ ਜਾਨੇ- ॥੨੭॥

ਪਦ ਪੰਕਜ ਕੋ ਬੰਦਨ ਕਰਿਹੀਂ।
ਮੁਖ ਤੇ 'ਜੈ ਜੈ' ਸ਼ਬਦ ਉਚਰਿਹੀਂ।
ਚਲਿ ਆਏ ਪੁਨਿ ਪੁਰਿ ਕਰਤਾਰਾ।
ਜਹਿਂ ਤਹਿਂ ਹੋਵਹਿ ਸ਼ਬਦ ਬਿਚਾਰਾ ॥੨੮॥

ਕਿਤਿਕ ਕਾਲ ਜਬਿ ਬਿਤਯੋ ਬਹੋਰੀ।
ਕੀਨ ਅਰੰਭਨ ਸਾਂਗ ਸੁ ਔਰੀ।
ਇਕ ਦਿਨ ਛੁਰਾ ਬਾਂਧਿ ਕਟਿ ਸੰਗਾ[1]। — [1]ਲੱਕ ਨਾਲ।
ਧਾਨਕ[1] ਰੂਪ ਧਰਯੋ ਸਰਬੰਗਾ ॥੨੯॥ — [1][ਸੰਸ: ਧਾਨੁਖ=ਧਨੁਖਧਾਰੀ, ਸ਼ਿਕਾਰੀ]। ਇਕ ਨੀਵੀਂ ਜਾਤ ਦਾ ਨਾਮ ਹੈ, ਜਿਨ੍ਹਾਂ ਦਾ ਵੇਸ ਮੈਲਾ ਹੁੰਦਾ ਹੈ। ਕੁੱਤੇ ਰੱਖਣੇ, ਮੰਗਣਾ, ਤੁਰੀਆਂ ਵਜਾਉਣਾ, ਆਦਿ ਕੰਮ ਬੀ ਕਰਦੇ ਹਨ, ਕਦੇ ਸ਼ਿਕਾਰੀ ਹੀ ਹੁੰਦੇ ਸੇ।
{ਧਾਣਕ ਰੂਪ}

ਅਨਿਕ ਸ਼ੂਕਰੀ[1] ਆਗੇ ਕੀਨੇ। — [1]ਸੂਰੀਆਂ।
ਕੂਕਰ[1] ਕਿਤਿਕ ਪਿਛਾਰੀ ਲੀਨੇ। — [1]ਕੁੱਤੇ।
ਪੁਰਿ ਤੇ ਨਿਕਸ ਵਹਿਰ ਭੇ ਠਾਂਢੇ।
ਸਿੱਖਨ ਦੇਖਿ ਬਿਸਮਤਾ[1] ਬਾਢੇ ॥੩੦॥ — [1]ਹੈਰਾਨੀ।

ਰਹੀ ਨ ਸ਼ਰਧਾ ਅਧਿਕ ਡੁਲਾਏ।
ਪੌਨ ਜ਼ੋਰ[1] ਜਿਉਂ ਬਿਟਪ[2] ਹਿਲਾਏ[3]। — [1]ਜ਼ੋਰ ਦੀ ਪੌਣ। [2]ਬ੍ਰਿੱਛਾਂ ਨੂੰ। [3]ਹਿਲਾ ਦੇਂਦੀ ਹੈ।
ਤਜਯੋ ਸੰਗ ਪੁਰਿ ਬੈਠੇ ਆਈ।
ਮਿਲਹਿਂ ਪਰਸਪਰ ਗਿਰਾ ਅਲਾਈ ॥੩੧॥

'ਸ਼੍ਰੀ ਗੁਰ ਤੋ ਅਬ ਭਏ ਦਿਵਾਨੇ।
ਕਰਨ ਕੁਕਰਮ[1] ਜਿ ਅਸ ਮਨ ਠਾਂਨੇ। — [1]ਕਠਨ ਕਰਤੱਵਜ।
ਰਹਿਨ ਸੰਗਿ ਕਿਉਂ ਹੂੰ ਨਹਿਂ ਬਨਿਹੀ।
ਅਟਪਟ ਬਚਨ ਬਦਨ ਤੇ ਭਨਿਹੀਂ ॥੩੨॥

ਕੂਰ ਸਰੂਪ ਨ ਦੇਖਯੋ ਜਾਈ।

ਸੂਕਰ ਕੂਕਰ ਨਿਜ ਸੰਗਿ ਲਾਈ।'
ਇਕ ਲਹਿਣੇ ਨਹਿਂ ਤਜਾਗਜੋ ਸਾਥਾ।
ਨਿਕਟਿ ਠਾਂਢਿ ਭਾ ਜੋਰੇ ਹਾਥਾ ॥੩੩॥
ਤਨ ਮਨ ਧਨ ਨਿਰਮਾਇਲ[1] ਕੀਨਾ।
ਕੈਸੇ ਹਟੇ, ਸਮਰਪ ਜਿ ਦੀਨਾ[1]।
ਸ਼੍ਰੀ ਸਤਿਗੁਰ ਮੁਖਿ ਤਿਹ ਛਿਨ ਮਾਂਹੀ।
ਸ਼ਬਦ ਉਚਾਰਨ ਕੀਨ ਤਹਾਂਹੀ ॥੩੪॥

[1]ਭੇਟਾ ਹੋ ਚੁਕਾ ਪਦਾਰਥ। ਸੰ: ਨਿਰ੍ਮਾਲ੍ਯ]।
[1]ਜੋ ਭੇਟ ਕਰ ਦਿੱਤਾ ਹੈ।

ਸ੍ਰੀ ਮੁਖਵਾਕ ॥
ਸਿਰੀਰਾਗੁ ਮਹਲਾ ੧ ਘਰੁ ੪ ॥
ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥
ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥
ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥
ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥
ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥
ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੪॥੨੯॥

ਚੌਪਈ:

ਰਾਗ ਅਲਾਪ ਉਚ ਸੁਰ ਸਾਥਾ।
ਪਢਤਿ ਸਬਦ ਫਿਰਿਹੀਂ ਜਗ ਨਾਥਾ।
ਗਮਨੇ ਜਹਾਂ ਉਜਾਰ ਮਹਾਨਾ।
ਅੱਪ੍ਰਮਾਨ[1] ਮੁਖ ਤੇਜ ਦਿਪਾਨਾ[2] ॥੩੫॥
ਉੱਗ੍ਰ[1] ਸਰੂਪ ਨ ਜਾਇ ਬਿਲੋਕੇ।
ਸਨਮੁਖ ਰਵਿ ਜਿਉਂ ਦ੍ਰਿਸ਼ਟੀ ਰੋਕੇ[1]†।

[1]ਬਹੁਤਾ। [2]ਪ੍ਰਕਾਸ਼ਿਆ।
[1]ਗੁੱਸੇ ਵਾਲਾ, ਭੈਦਾਇਕ ਭਾਵ ਅਝੱਲ ਤੇਜ ਵਾਲਾ।
[1]ਜਿਵੇਂ ਸੂਰਜ ਦੇ ਸਾਹਮਣੇ ਨਜ਼ਰ ਰੁਕ ਜਾਂਦੀ ਹੈ।
†ਇਹ ਉਪਮਾ ਬੜੀ ਹੀ ਮਨੋਹਰ ਹੈ।

ਇਸ ਬਿਧਿ ਕੇਤਿਕ ਕਾਲ ਬਿਤਾਜੋ।
ਬਚ ਲਹਿਣੇ ਕਰ ਜੋਰਿ ਅਲਾਯੋ ॥੩੬॥
'ਸੁਨਹੁ ਪ੍ਰਭੂ! ਜੋ ਸਾਂਗ ਅਰੰਭਾ।
ਸਰਬ ਬਿਲੋਕਤਿ ਭਏ ਅਚੰਭਾ।
ਹੋਇ ਅਧੀਰਜ ਤਜਾਗਜੋ ਸਾਥਾ।
ਅਬਿ ਕੋ ਨਹੀ ਸੰਗ, ਹੇ ਨਾਥਾ! ॥੩੭॥
ਇਕ ਮੈਂ ਰਹਜੋ, ਸੁ ਜਾਉਂ ਨ ਕਬਿ ਹੀ।

ਦੇਹੁ ਕਸੌਟੀ ਸਹਿ ਹੌਂ ਸਭਿ ਹੀ।
ਤਨ ਮਨ ਬੇਚਿ ਪ੍ਰੇਮ ਲਿਯ ਮੋਲਾ।
ਤਜਹੁ ਕਿ ਹਨਹੁ[1], ਮੋਲ ਕੋ ਗੋਲਾ ॥੩੮॥
ਮਾਰਯੋ ਚਹੁ ਮੁਰਿ ਦੀਜੈ ਮਾਰੀ।
ਉਰ ਭਾਵੈ ਤਉ ਰਾਖਿ ਜਿਵਾਰੀ।
ਤੁਮਰੇ ਹਿਤ ਬਿਨਸੈ ਤਨ ਮੇਰੋ।
ਬਡੇ ਭਾਗ ਅਪਨੇ ਤਬਿ ਹੇਰੋਂ ॥੩੯॥
ਇਹ ਲਾਲਸ ਉਰ ਰਹੈ ਸਦਾਈ।
ਹੇਤੁ ਤੁਮਾਰੇ ਤਨ ਬਿਨਸਾਈ।
ਰਿਦੇ ਨ ਭਰਮੋਂ ਪਿਖ ਕਬਿ ਕੇਹੀ[1]।
ਅਬਿ ਕਿਉਂ ਸਾਂਗ ਅਰੰਭਯੋ ਏਹੀ?' ॥੪੦॥
ਸੁਨਤਿ ਸ਼੍ਰੌਨ ਇਸ ਦਿਸ਼ਿ ਕਰਿ ਨੈਨਾ।
ਨਰਕ ਨਿਵਾਰਨ[1] ਬੋਲੇ ਬੈਨਾ।
'ਇਉਂ ਹੀ ਅਬਿ ਹਮਰੇ ਜਿਯ ਆਈ।
ਮਾਨਵ ਪਾਸ ਨ ਮੋਹਿ ਸੁਹਾਈ ॥੪੧॥
ਤੈਂ ਕਿਉਂ ਅਬਹਿ ਬਿਲੰਬ ਲਗਾਈ।
ਹਟਹੁ ਸੰਗ ਤੇ ਜਾਹੁ ਪਲਾਈ।
ਬਚਨ ਮਾਨਿ, ਨਹਿਂ ਨਿਕਟਿ ਰਹੀਜੈ।
ਸਾਥ ਛੋਰਿ ਕੈ ਗਮਨ ਕਰੀਜੈ' ॥੪੨॥
ਸੁਨਿ ਲਹਿਣੇ ਬਿਚਾਰ ਕਰ ਜੋਰੇ।
'ਗੁਰੁ ਰਜਾਇ ਅਮੋਰ[1] ਸੁ ਮੋਰੇ।
ਸਿਰ ਪਰ ਧਰੋਂ ਸਦਾ ਮੈਂ ਆਛੇ।'
ਅਸ ਕਹਿ ਗਮਨਯੋ ਲਹਿਣਾ ਪਾਛੇ ॥੪੩॥
ਪ੍ਰਭੁ ਬਿਲੋਕਿ ਤਾਂਹਿ ਕੀ ਓਰੀ।
ਕਹਯੋ ਕਿ 'ਉਚਰੈਂ ਬਚਨ ਬਹੋਰੀ।
ਹਟਿ ਜੇ ਪਿਖੈਂ ਨੈਨ ਇਤ ਲਾਵੈਂ।
ਤੌ ਤੂੰ ਅਪਨਾ ਕੀਤਾ ਪਾਵੈਂ ॥੪੪॥
ਠਾਂਢਿ ਨ ਹੁੱਯੈ ਹਮਰੇ ਨੇਰੇ।
ਭਾਜੇ ਜਾਹੁ ਨ ਆਵਹੁ ਫੇਰੇ।'

[1]ਛੱਡੋ ਯਾ ਮਾਰੋ।
[1]ਕਿਸੇ ਤਰ੍ਹਾਂ।
[1]ਭਾਵ ਗੁਰੂ ਜੀ।
[1]ਨਾ ਮੋੜਨ ਵਾਲੀ।

ਬਚਨ ਸੁਨਤਿ ਲਹਿਣਾ ਤਬਿ ਧਾਯੋ।
ਪਾਛੇ ਕੌ ਨਹਿਂ ਨੈਕ ਲਖਾਯੋ[1] ॥੪੫॥ — [1]ਤੱਕਿਆ।
ਰਾਹ ਮਾਹਿਂ[1] ਜਿਉਂ ਭਾਜੀ ਸੈਨੰ। — [1]ਜਿਵੇਂ) ਜੰਗ ਵਿਚੋਂ।
ਸਭਿ ਕਟਿ ਗਈ ਅਯੋ ਸੁਧ ਦੈਨੰ।
ਤਿਉਂ ਲਹਿਣਾ ਦੌਰੇ ਪੁਰਿ ਆਵਾ।
ਮਗ ਮਹਿਂ ਠਾਂਢਿ ਨ ਕਹੂੰ ਰਹਾਵਾ ॥੪੬॥
ਕਿਤਿਕ ਸਿੱਖ ਬੈਠੇ ਪੁਰਿ ਮਾਂਹੀ।
ਜਿਨ ਕੋ ਮੋਹ ਸਦਨ ਧਨ ਨਾਂਹੀ।
ਸੋ ਲਹਿਣੇ ਕੇ ਢਿਗ ਚਲਿ ਆਏ।
ਪੂਛਤਿ 'ਕਸ ਤਵ ਹਾਲ ਬਿਹਾਏ ॥੪੭॥
ਸ਼੍ਰਮ ਸ਼ੀਕਰ ਆਨਨ ਪਰ ਆਏ[1]। — [1]ਥਕਾਨ ਨਾਲ (ਪਸੀਨੇ ਦੀਆਂ) ਬੂੰਦਾਂ ਚੇਹਰੇ ਉਤੇ ਆਈਆਂ ਹਨ। (ਅ) ਸਿੱਕਰੀ ਬੁਲਾਂ ਤੇ ਆਈ ਹੋਈ ਹੈ। [ਸੀਕਰ=ਪਸੀਨਾ, ਸਿੱਕਰੀ]।
ਚਢ੍ਯੋ ਸ੍ਵਾਸ ਕਿਉਂ ਐਸੇ ਧਾਏ।
ਦੀਜੈ ਸੁਧ ਸ੍ਰੀ ਗੁਰ ਕੀ ਜੈਸੀ।
ਤੁਝ ਸੋਂ ਵਰਤੀ ਕਹੀਅਹਿ ਕੈਸੀ?' ॥੪੮॥
ਸੁਨਿ ਲਹਿਣੇ ਸਭਿ ਸਿੱਖ ਬਿਠਾਰੇ।
ਹਿਤ ਸੋਂ ਤਿਨ ਕੇ ਚਰਨ ਪਖਾਰੇ।
ਲਗ੍ਯੋ ਸਮੋਧ ਕਰਨ ਗਤਿਵਾਨੀ।
ਮ੍ਰਿਦੁਲ ਮਧੁਰ ਕਹਿ ਸੀਤਲ ਬਾਨੀ ॥੪੯॥

ਦੋਹਰਾ:
'ਕਲੀਕਾਲ ਨਰ ਤਾਰਿਬੇ, ਰੂਪ ਧਰਾ ਕਰਤਾਰ।
ਨਹਿਂ ਮਾਨੁਖ ਸਮ ਜਾਨਿ ਕੈ, ਭਰਮਹੁ ਰਿਦੇ ਮਝਾਰ ॥੫੦॥

ਚੌਪਈ:
ਸ਼੍ਰੀ ਪਰਮੇਸ਼ੁਰ ਕੋ ਅਵਤਾਰਾ[1]। — [1]ਅਵਤਾਰ ਹੈਨ।
ਅਪਰ ਨ ਲਖਹੁ ਸੁ ਮੋਖ ਉਦਾਰਾ[1]। — [1]ਓਹ ਮੁਕਤੀ ਦਾਤੇ ਹਨ।
ਸਰਬ ਨਰਨ ਕੇ ਪਰਖਨ ਹੇਤਾ।
ਠਟ੍ਯੋ[1] ਸਾਂਗ ਬੇਦੀ ਕੁਲਕੇਤਾ ॥੫੧॥ — [1]ਬਣਾਇਆ ਹੈ।

ਹਮ ਤੁਮ ਬੇਚਯੋ ਜੀਵ ਅਗਾਰੀ।
ਚਾਹੈਂ ਰਾਖੈਂ ਭਾਵੈਂ ਮਾਰੀਂ[1]। [1]ਮਾਰਨ।
ਜਿਨ ਕੋ ਦੇਇ ਚੁਕੇ ਸਰਬੰਸਾ।
ਪੁਨ ਤਿਨ ਕੇ ਕ੍ਰਿਤ ਮੈਂ ਕਯਾ ਸੰਸਾ ॥੫੨॥
ਅਬ ਜੇ ਸ੍ਰੀ ਗੁਰ ਇਤ ਦਿਸ਼ ਆਵੈਂ।
ਔਰ ਸਾਂਗ ਕਰਿ ਕੈ ਦਿਖਰਾਵੈਂ।
ਭਰਮਹੁ ਨਹਿਂ ਕੈਸੀ ਬਿਧਿ ਹੋਇ।
ਸੀਸ ਜਾਇ ਜਾਵਨ ਦਿਹੁ ਸੋਇ ॥੫੩॥
ਭਈ ਆਦਿ ਤੇ ਪਰਖਨ ਰੀਤੀ।
ਸ੍ਰੀ ਗੁਰ ਇਹ ਕਛੁ ਨਈ ਨ ਕੀਤੀ।
ਗਾਧਿ ਤਨੈ[1] ਪਰਖ੍ਯੋ ਹਰਿ ਚੰਦਾ[2]। [1]ਗਾਂਧਿ ਦੇ ਪੁੱਤ੍ਰ (ਵਿਸ਼ਵਾ ਮਿੱਤ੍ਰ) ਨੇ। [2]ਰਾਜਾ ਹਰੀ ਚੰਦ ਨੂੰ।
ਸਤਿ ਨ ਡਿਗਯੋ ਪਰਮ ਅਨੰਦਾ[†] ॥੫੪॥ [†]ਪਾ:-ਪਦ ਆਨੰਦਾ-ਹੈ।
ਹੇਤ ਕਪੋਤ[1] ਮਾਸ ਨਿਜ ਦੀਨਾ। [1]ਸ਼ਿਵੀ ਰਾਜਾ ਨੇ) ਕਬੂਤਰ ਵਾਸਤੇ।
ਧ੍ਰਿਤ ਧਰਿ[1], ਤਬ ਨ੍ਰਿਪ ਪਦ ਸੁਖ ਲੀਨਾ। [1]ਧੀਰਜ ਧਾਰਕੇ।
ਮੋਰਧੁਜ ਨ੍ਰਿਪ ਭਗਤਿ ਮਤਿ ਭੀਨੀ[1]। [1]ਜਿਸ ਦੀ ਮਤ ਭਗਤੀ ਵਿਚ ਭਿੱਜੀ ਹੋਈ ਸੀ।
ਸਹੀ ਕਸੌਟੀ ਜੋ ਪ੍ਰਭੁ ਦੀਨੀ' ॥੫੫॥[⚐]

[⚐]ਸ੍ਰੀ ਲਹਿਣਾ ਜੀ ਦਾ ਇਸ ਵੇਲੇ ਪੁਰਾਣੇ ਦ੍ਰਿਸ਼ਟਾਤਾਂ ਪ੍ਰਮਾਣਾਂ ਅਨੁਸਾਰ ਵਿਚਾਰ ਮੰਡਲ ਵਿਚ ਖਲੋਕੇ ਸਥਿਤੀ ਰੱਖਣੀ ਤੇ ਹੋਰਨਾਂ ਨੂੰ ਸ਼ਾਸਤ੍ਰ ਤੇ ਭਗਤਮਾਲ ਦੀਆਂ ਕਥਾ ਸੁਣਾ ਕੇ ਧੀਰਜ ਦੇਣਾ ਕਵਿ ਜੀ ਨੇ ਬਹੁਤ ਉੱਤਮ ਵਰਣਨ ਕੀਤਾ ਹੈ। ਪਰ ਸ੍ਰੀ ਗੁਰੂ ਜੀ ਦਾ ਆਪਣਾ ਜੀਵਨ ਤੇ ਥੋੜੀ ਜੇਹੀ ਰਚੀ ਬਾਣੀ ਦੱਸਦੀ ਹੈ ਕਿ ਆਪ ਗੁਰ ਨਾਨਕ ਜੀ ਤੋਂ ਡੁਲ੍ਹ ਡੁਲ੍ਹ ਪੈ ਰਹੇ ਪ੍ਰੇਮ ਦੀ ਧਾਰਾ ਵਿਚ ਨਿਮਗਨ ਚਲੇ ਜਾ ਰਹੇ ਸਨ, ਕਥਾ ਵਾਰਤਾ, ਦ੍ਰਿਸ਼ਟਾਂਤ, ਪ੍ਰਮਾਣ, ਸੋਚ ਦੇ ਮੰਡਲ ਦੇ ਕੰਮ ਹਨ ਤੇ ਸੋਚ ਵਾਲੇ ਲਿਖਾਰੀਆਂ ਨੂੰ ਸੁਝਦੇ ਹਨ। ਪ੍ਰੇਮ ਆਰੂਢ ਸੁਰਤਾਂ ਤਾਂ ਪ੍ਰੇਮ ਰੰਗ ਵਿਚ ਮਗਨਤਾ ਦੇ ਦਰਜੇ ਤੇ ਹੁੰਦੀਆਂ ਹਨ, ਮਨ ਤੇ ਬੁੱਧੀ ਜਿੱਥੇ ਹੱਥ ਜੋੜਕੇ ਹੇਠਾਂ ਖੜੋਤੇ ਪਏ ਤਕਦੇ ਹਨ ਕਿ ਹੁਣ ਇਹ ਸੁਰਤ ਕਿਨ੍ਹਾਂ ਉੱਚੀਆਂ ਤੇ ਨਜ਼ਰ ਨੂੰ ਅਨਜ਼ਰ ਕਰ ਦੇਣ ਵਾਲੀਆਂ ਉਚਿਆਈਆਂ ਵਿਚ ਉਡ ਰਹੀ ਹੈ। ਸ੍ਰੀ ਪਾਵਨ ਲਹਿਣਾ ਜੀ ਏਸ ਰੰਗ ਵਿਚ ਮਗਨ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰੀਖਿਆ ਦਾ ਮਨੋਰਥ ਇਹ ਨਹੀਂ ਸੀ ਕਿ ਕੌਣ ਵਧੇਰੇ ਵਿਚਾਰਵਾਨ ਹੈ, ਜੋ ਆਪਣੇ ਜਾਣੇ ਤੇ ਸਮਝੇ ਸ਼ੁਭ ਗੁਣਾਂ ਤੇ ਵਿਚਾਰਾਂ ਦੇ ਆਸਰੇ ਇਸ ਵੇਲੇ ਤਰ ਨਿਕਲਦਾ ਹੈ, ਪਰ ਇਹ ਸੀ ਕਿ ਉੱਚੇ ਤੋਂ ਉੱਚੇ ਸੁੱਚੇ ਤੋਂ ਸੁੱਚੇ ਸਿਖਾਂ ਦੇ ਮੁਕਾਬਲੇ ਤੇ ਓਹ ਜੋ ਧੁਰੋਂ ਆਯਾ ਹੈ ਤੇ ਹੁਣ ਤਕ ਆਮ ਸਿੱਖਾਂ ਵਿਚ ਇਕ ਜੀਵ ਸ਼੍ਰੇਣੀ ਦਾ ਉੱਚਾ ਸਿੱਖ ਸਮਝਿਆ ਜਾਂਦਾ ਹੈ ਓਹ ਸਭ ਨੂੰ ਦਿੱਸ ਪਵੇ ਕਿ ਇਹ ਈਸ਼ਵਰ ਕੋਟੀ ਦਾ ਵਜੂਦ ਹੈ, ਇਹ ਕਾਰਕ ਹੈ, ਇਹ ਧੁਰੋਂ 'ਗੁਰੂ' ਹੋ ਕੇ ਆਇਆ ਹੈ, ਜਗਤ ਨੂੰ ਉੱਚੇ ਤੋਂ ਉੱਚਾ ਸਿੱਖੀ ਦਾ ਆਦਰਸ਼ ਦਿਖਾ ਕੇ 'ਸਿੱਖ' ਦਾ ਨਾਟ ਪੂਰਾ ਕਰਕੇ 'ਗੁਰੂ' ਆਦਰਸ਼ ਵਿਚ ਜਾ ਬੈਠੇਗਾ। ਹਾਂ, ਜਗਤ ਨੂੰ, ਸਿੱਖਾਂ ਨੂੰ, ਪਰਵਾਰ ਨੂੰ, ਪੁੱਤ੍ਰਾਂ ਨੂੰ ਦਿਸ ਪਵੇ ਕਿ ਲਹਿਣਾ ਧੁਰੋਂ ਆਇਆ ਹੈ, ਗੁਰੂ ਨਾਨਕ ਜੀ ਦੀ ਗੱਦੀ ਦਾ ਪਟਾ ਲੈ ਕੇ ਆਇਆ ਹੈ, 'ਗੁਰ ਅਵਤਾਰ' ਹੈ, ਹੋਰ ਸਾਰੇ ਚੰਗੇ ਚੰਗੇਰੇ ਇਸ ਚੰਗੇ ਦੇ ਅੱਗੇ ਨੀਵੇਂ ਹਨ। ਭਾਈ ਬੁੱਢਾ ਪਰਮ ਉਚਾ ਸਿੱਖ ਹੈ, ਜਿਸ ਦੇ ਤਿਲਕ ਦੇਣ ਨਾਲ ਗੁਰੂ ਨੇ ਗੁਰੂ ਸਦੀਣਾ ਹੈ, ਪਰ ਉਹ ਬੀ ਸ੍ਰੀ ਪਰਮ ਜੋਤੀਮਯ ਪਾਵਨ ਲਹਿਣਾ ਜੀ ਦੇ ਅਗੇ ਨੀਵਾਂ ਹੈ। ਇਹ ਗੱਲ ਸਿੱਧ ਕਰ ਦੇਣਾ ਅਮਲੀ ਤਰੀਕੇ ਨਾਲ,

ਪ੍ਰਯੋਜਨ ਸੀ ਪ੍ਰੀਖਿਆ ਦਾ, ਤਾਂ ਤੇ ਸ੍ਰੀ ਸੁਹਣੇ ਸੁਹਣੇ ਲਹਿਣਾ ਜੀ ਦਾ ਸਿਦਕ ਨਾ ਡੋਲਣਾ ਉੱਚੇ ਤੋਂ ਉੱਚੇ ਪ੍ਰੇਮ ਦੀ ਮਗਨਤਾ ਦਾ ਚਮਤਕਾਰ ਹੈ, ਸੋਚ ਮੰਡਲ ਦੀ ਖੇਡ ਨਹੀਂ ਹੈ।

ਅਉਰ ਕਥਾ ਕਹਿ ਬਹੁ ਸਮਝਾਏ।
ਤੀਨ ਮਹੂਰਤ ਜਬੈ ਬਿਤਾਏ।
ਤਿਹ ਛਿਨ ਚਲਿ ਆਏ ਸ੍ਰੀ ਨਾਨਕ।
ਉਠੇ ਸਿੱਖ ਅਵਲੋਕ ਅਚਾਨਕ ॥੫੬॥
ਬੰਦਹਿਂ ਹਾਥ ਬੰਦਨਾ ਕਰਿਹੀਂ।
ਭੈ ਅਚਰਜ ਯੁਤ ਬਚ ਨ ਉਚਰਿਹੀਂ।
ਗੁਰ ਕੇ ਕਟ ਮਹਿਂ ਤਾਂਬ੍ਰ ਕੁਪੀਨੰ।
ਕੁਲਹ ਸੀਸ ਪਰ ਕੁਤਕਾ[1] ਲੀਨੰ ॥੫੭॥ [1]ਸੋਟਾ।
ਔਰ ਦੁਕੂਲ[1] ਨ ਊਪਰ ਕੋਈ। [1]ਕਪੜਾ।
ਜਿਨ ਬਹੁ ਨਰ ਕੀ ਦੁਰਮਤਿ ਖੋਈ।
ਜਬਿ ਸਿਖ ਚਰਨਨ ਪਰ ਸਿਰ ਧਾਰਹਿਂ।
ਕੁਤਕਾ ਏਕ ਪੀਠ ਮਹਿਂ ਮਾਰਹਿਂ ॥੫੮॥
ਅਚਰਜ ਭਏ ਤੂਸ਼ਨੀ ਠਾਨੀ।
ਅਲਖ ਗਤੀ ਕੁਛ ਜਾਇ ਨ ਜਾਨੀ।
ਸਭਿ ਕੇ ਇਸੀ ਪ੍ਰਕਾਰ ਪ੍ਰਹਾਰੇ।
ਬਹੁਰੋ ਸ੍ਰੀ ਮੁਖ ਬਚਨ ਉਚਾਰੇ ॥੫੯॥

ਦੋਹਰਾ:
'ਕਿਉਂ ਬੈਠੇ, ਤੁਮ ਕੌਨ ਹੋ?
ਗਮਨਹੁ ਨਿਜ ਨਿਜ ਥਾਇਂ।
ਕਾਜ ਤੁਮਾਰੋ ਨਹਿਂ ਕਛੂ,
ਤੂਰਨ ਨਿਕਸਹੁ ਧਾਇ' ॥੬੦॥

ਚੌਪਈ:
ਡਰਤਿ ਜੋਰ ਕਰ[1] ਸਿੱਖਨ ਭਾਖਾ। [1]ਜੋੜ ਕੇ ਹੱਥ।
'ਹਮ ਤੁਮਰੇ ਸਿੱਖ ਭੇ ਗਤਿ ਕਾਂਖਾ[1]।' [1]ਮੁਕਤੀ ਦੇ ਚਾਹਵਾਨ।
ਜਬਹਿ ਸਿੱਖ ਕੋ ਨਾਮ ਸੁ ਲੇਈਂ।
ਕੁਤਕਾ ਏਕ ਪੀਠ ਮਹਿਂ ਦੇਈਂ ॥੬੧॥
ਅਸ ਗਤਿ ਸ੍ਰੀ ਗੁਰ ਕੀ ਸਭਿ ਦੇਖਾ।
ਭਾਗੇ ਮਨੁ ਭੈ ਭਯੋ ਵਿਸ਼ੇਖਾ।
ਈਖਦ ਹੀ ਬੈਠੇ ਰਹਿ ਗਏ।
ਤਿਨ ਸੋਂ ਪੁਨ ਪੂਛਤਿ ਪ੍ਰਭੁ ਭਏ ॥੬੨॥

'ਕਬਿ ਕੇ ਸਿੱਖ ਬਨੇ ਹੋ ਮੇਰੇ?
ਦੇਹੁ ਬਤਾਇ, ਨ ਲਾਵਹੁ ਦੇਰੇ।'
ਸੁਨਿ ਕੈ ਸਿੱਖਨ ਬੈਨ ਅਲਾਏ।
'ਹੈਂ ਤਬਿ ਕੇ ਜਬਿ ਆਪ ਬਨਾਏ ॥੬੩॥
ਰਾਵਰ ਕੋ ਪਰਵਾਹ ਨ ਕੋਈ।
ਸ਼ਰਨ ਪਰੇ ਹਮ ਚਹਿਂ ਦੁਖ ਖੋਈ।
ਕਹਿਤੇ ਕੰਪੈਂ[1] ਬਚਨ ਨ ਆਵੈ। [1]ਕੰਬਦੇ ਹੋਏ ਕਹਿੰਦੇ ਹਾਂ।
ਤੇਜ ਦਿਪਤਿ[1] ਸੋ ਸਹਜੋ ਨ ਜਾਵੈ' ॥੬੪॥ [1]ਪ੍ਰਕਾਸ਼ ਦਾ ਹੈ।
ਸੁਨਹਿਂ ਪ੍ਰਭੁ, ਪੁਨ ਕੁਤਕਾ ਮਾਰੈਂ।
ਭਾਗੇ ਸਿੱਖ ਨ ਧੀਰ ਸੰਭਾਰੈ।
ਕੁਤਕਾ ਲਗੈ ਹੋਇ ਤਨ ਪੀਰ।
ਢਿਗ ਤੇ ਭਾਗੈਂ ਹੋਇ ਅਧੀਰ ॥੬੫॥
ਥੋਰੇ ਹੀ ਬੈਠੇ ਜਬਿ ਰਹੇ।
ਤਿਨ ਪ੍ਰਤਿ ਸ੍ਰੀ ਗੁਰੁ ਅਸ ਬਚ ਕਹੇ।
'ਜੇ ਤੁਮ ਸਿੱਖ ਬਨੇ ਹੋ ਮੇਰੇ।
ਆਇਸੁ ਮਾਨਹੁ ਕਰਹੁ ਨ ਦੇਰੇ ॥੬੬॥
ਉਠਿ ਆਵਹੁ ਸਭਿ ਮੋਰ ਪਿਛੇਰੇ।'
ਕਹਿ ਇਉਂ ਗਮਨੇ ਗੁਰੂ ਅਗੇਰੇ।
ਜੇਤਿਕ ਰਹੇ ਸਿੱਖ ਤਿਹ ਥਾਈਂ।
ਚਕਿਤ ਜਕਿਤ[1] ਸੋ ਪੀਛੈ ਜਾਹੀਂ ॥੬੭॥ [1]ਹੈਰਾਨ ਹੋ ਕੇ ਤੇ ਝਕ-ਝਕ ਕੇ।

ਦੋਹਰਾ:
ਪਰਖਨ ਹਿਤ ਸਿੱਖੀ ਤਬੈ, ਸਾਂਗ ਅਰੰਭਯੋ ਭੂਰ।
ਸੋਈ ਸਾਬਤ ਰਹਿ ਸਕੈ, ਜਿਸ ਪਰ ਕਰੁਨਾ ਤੂਰ[1]† ॥੬੮॥ [1]ਤੇਰੀ (ਅ) ਤੁਰੰਤ। †ਪਾ:-ਭੂਰ, ਪੂਰ।

ਚੌਪਈ:
ਹੁਤੀ ਜੁ ਦੂਰ ਉਜਾੜ ਬਿਸਾਲਾ।
ਪਹੁੰਚੇ ਲੇ ਸਿਖ ਸੰਗ ਕ੍ਰਿਪਾਲਾ।
ਤਹਾਂ ਸਿੜ੍ਹੀ[1] ਪਰ ਸ਼ਵ[2] ਇਕ ਦੇਖਾ। [1]ਉਹ ਤਖਤਾ ਜਿਹਾ ਜਿਸ ਪੁਰ ਮੁਰਦਾ (ਕੱਪੜੇ ਵਿਚ ਲਪੇਟਕੇ) ਰੱਖਕੇ ਮਸਾਣਾਂ ਨੂੰ ਲੈ ਜਾਂਦੇ ਹਨ। ਚਿਖਾ (ਅ)। [2]ਮੁਰਦਾ।
ਉਪਰ ਅੰਬਰ ਸੇਤ ਵਿਸ਼ੇਖ਼ਾ ॥੬੯॥
ਕੇਤਿਕ ਕਾਸ਼ਟ ਪਰੇ ਸਮੀਪਾ।

ਭਏ ਠਾਂਢਿ ਬੇਦੀ ਕੁਲਦੀਪਾ।
ਸਰਬ ਸਿੱਖ ਤਬ ਆਨਿ ਪਹੂੰਚੇ।
ਤਿਨਹਿ ਸੁਨਾਇ ਭਨੇ ਬਚ ਊਚੇ ॥੨੦॥
'ਜੇ ਤੁਮ ਹਮਰੇ ਸਿੱਖ ਕਹਾਵਹੁ।
ਮਾਨਉ ਬਚਨ ਨ ਸਦਨ[1] ਸਿਧਾਵਹੁ। [1]ਘਰ ਨੂੰ।
ਪਰਜੋ ਸਿੜ੍ਹੀ ਪਰ ਸ਼ਵ ਇਹ ਖਾਵਉ।
{ਮੁਰਦਾ ਖਾਣ ਦਾ ਹੁਕਮ}
ਜੇ ਨਹਿਂ ਖਾਵਹੁ ਤਉ ਪਛੁਤਾਵਉ' ॥੨੧॥
ਸੁਨਿ ਬਿਸਮਾਦ ਭਏ ਮਨ ਮਾਂਹੀ।
ਧੀਰਜ ਰਹਜੋ ਰਿਦੇ ਕਿਸ ਨਾਂਹੀ।
ਕਿਤਿਕ ਸੰਗ ਤਜਿ ਪੁਰੀ ਸਿਧਾਰੇ।
ਕਿਤਿਕ ਦੁਰੇ ਭਜਿ ਝਾਰ ਮਝਾਰੇ[1] ॥੨੨॥ [1]ਝਾੜੀਆਂ ਵਿਚ।
ਕਿਤਿਕ ਧਾਰਿ ਹਠ ਰਹੇ ਸਮੀਪਾ।
ਤਿਨ ਪਿਖਿ ਕਹਿਂ ਬੇਦੀ ਕੁਲਦੀਪਾ।
'ਜੇ ਤੁਮ ਠਾਂਢੇ ਰਹੁ ਇਹ ਥਾਨਾ।
ਸ਼ਵ ਕੋ[1] ਖਾਹੁ ਬਿਲਮ ਕਰਿ ਹਾਨਾ[2] ॥੨੩॥ [1]ਮੁਰਦੇ ਨੂੰ। [2]ਛੇਤੀ।
ਨਾਂਹਿ ਤ ਜਾਹੁ ਸਦਨ ਕੋ ਧਾਈ।
ਦੋ ਮੈਂ ਕਰਹੁ ਜਿ ਇਕ ਮਨ ਭਾਈ।'
ਡਰਤਿ ਰਿਦੇ ਕੰਪਤਿ ਤਨ ਸਾਰੇ।
ਹਾਥ ਬੰਦਿ ਕੈ ਬਚਨ ਉਚਾਰੇਂ ॥੨੪॥
'ਹਮ ਹੈਂ ਸਿੱਖ ਨ ਗਮਨੈਂ ਧਾਮੂ।'
ਮਾਰਜੋ ਕੁਤਕਾ[1] ਸੁਨਿ 'ਸਿਖ' ਨਾਮੂ। [1]ਡੰਡਾ।
'ਕੁੱਟਣ[1] ! ਹਮਰੇ ਸਿੱਖ ਕਹਾਵਉ ! [1]ਚੁਗਲ। ਸੰਸ: ਕੁਟਿਨੑ=ਕੱਟ ਸੁੱਟਣ ਵਾਲਾ] ਦੁਫੇੜ ਪਾਉਣ ਵਾਲਾ (ਅ) ਦੁਭੇਖੀਏ, ਕਹਿਣਾ ਹੋਰ ਤੇ ਕਰਨਾ ਹੋਰ, ਇਹ ਅਰਥ ਨਾਲ ਦੀ ਤੁਕ ਤੋਂ ਸਪਸ਼ਟ ਹੈ।
ਬਚਨ ਕਰਜੋ ਗੁਰ, ਸੋ ਨ ਕਮਾਵਉ !' ॥੨੫॥

ਦੋਹਰਾ:
ਪੁਨ ਮਾਰਨ ਕੁਤਕੇ ਲਗੇ,

ਭਾਗੇ ਸਭਿ ਕਰਿ ਤ੍ਰਾਸ।
ਰਹਯੋ ਨ ਕੋਊ ਸੰਗ ਤਬ,
ਇਕ ਲਹਿਣਾ ਰਹਿ ਪਾਸ† ॥੭੬॥

†ਨੇੜੇ ਨਹੀਂ ਰਹੇ। ਵਿੱਥ ਤੇ ਜਾ ਖਲੋਤੇ, ਨਜ਼ਰੋਂ ਸੁਣਨੋ ਉਹਲੇ ਨਹੀਂ ਹੋਏ, ਕਿਉਂਕਿ ਫਿਰ ਪ੍ਰਯੋਜਨ ਸਫਲ ਨਹੀਂ ਰਹਿੰਦਾ।

ਚੌਪਈ:
ਤਿਸਹਿ ਬਿਲੋਕਤਿ ਬਚਨ ਉਚਾਰਾ।
'ਕਿਉਂ ਠਾਂਢੋ ਤੂੰ ਨਹੀਂ ਸਿਧਾਰਾ।
ਅਹੈਂ ਜਿ ਸਿੱਖ ਬਚਨ ਮਾਨਹੁ ਮੁਰ।
ਸ਼ਵ ਕੋ ਖਾਹੁ ਬਿਲੰਬ ਨਹੀਂ ਕਰਿ' ॥੭੭॥
ਸੁਨਿ ਕੈ ਲਹਿਣੇ ਦ੍ਵੈ ਕਰ ਜੋਰੇ।
'ਨਹਿਂ ਰਜਾਇ ਮੋਰਹੁਂ ਪ੍ਰਣ ਮੋਰੇ।
ਰਾਵਰ ਕੋ ਪਰਵਾਹੁ ਨ ਕੋਈ।
ਹਮ ਹੈਂ ਸਿਖ ਸ਼ਰਨਾਗਤਿ ਹੋਈ ॥੭੮॥
ਚਹੈ ਤ ਰਾਖਹ ਭਾਵੈਂ ਮਾਰੀ।
ਹੌਂ ਨਹਿਂ ਤਜਿ ਹੌਂ ਸ਼ਰਣਿ ਤੁਮਾਰੀ†।'

†ਸ੍ਰੀ ਪਾਵਨ ਲਹਿਣਾ ਜੀ ਦਾ ਪ੍ਰੇਮ ਨਿਮਗਨ ਮਨ ਏਹ ਵਾਰਤਾਲਾਪ ਨਹੀਂ ਕਰ ਸਕਦਾ, ਉਹ ਤਾਂ ਹੁਕਮ ਹੋਯਾ ਤੇ ਕਮਾਵਣ ਨੂੰ ਜਾ ਖਲੋਤੇ।

'ਸ੍ਰੀ ਗੁਰ ਕਹੈਂ ਜਿ ਸੰਗ ਨ ਤਜਾਗਹੁ।
ਮ੍ਰਿਤਕ ਪਰੇ ਕੋ ਖਾਵਨ ਲਾਗਹੁ' ॥੭੯॥
ਲਹਿਣਾ ਸੁਨਤਿ ਫਿਰਯੋ ਚਹੁੰਫੇਰੇ।
ਗੁਰੂ ਕਹਯੋ 'ਕਿਉਂ ਲਾਈ ਡੇਰੇ?'
[1] 'ਜਿਤ ਦਿਸ਼ ਹੁਕਮ ਕਰੋ ਤਿਹ ਖਾਵੋਂ।
ਇਸ ਰਜਾਇ ਹਿਤ ਬਿਲਮ ਲਗਾਵਉਂ' ॥੮੦॥

[1]ਸ੍ਰੀ ਅੰਗਦ ਜੀ ਨੇ ਉੱਤਰ ਦਿੱਤਾ।

ਗੁਰੂ ਕਹਯੋ 'ਪਗ ਤੇ[1] ਲਗ ਖਾਨੇ।
ਸਿਰ ਲੌਂ ਖਾਹੁ ਬਚਨ ਕੋ ਮਾਨੇ।'
ਤਿਹ ਛਿਨ ਲਹਿਣੇ ਤੁਰਨ ਕੀਨੀ।
ਅਇਸੁ ਅਨੁਸਾਰੀ ਮਤਿ ਭੀਨੀ ॥੮੧॥

[1]ਪੈਰਾਂ ਤੋਂ।

ਸੇਤ[1] ਸੁ ਬਸਤ੍ਰ ਉਤਾਰਾ ਜਬਿ ਹੀ।
ਦੇਖਯੋ ਸਰਬ ਤਿਹਾਵਲ ਤਬਿ ਹੀ।
ਤਿਹਤੇ ਨਰ ਸਮ ਲੋਥ ਬਨਾਈ।

[1]ਚਿੱਟਾ।

ਲਖਿ ਅਸਚਰਜ ਰਹਜੋ ਬਿਸਮਾਈ
॥੯੨॥
ਪ੍ਰਭੁ ਕੇ ਪਦ ਪੰਕਜ ਪਰ ਪਰਜੋ।
ਹਾਥ ਬੰਦਿ ਕੈ ਬਚਨ ਉਚਰਜੋ।
'ਪਾਰਬ੍ਰਹਮ ਕਰਤਾਰ ਅਪਾਰੀ† ! — †ਪਾ:-ਅਗਾਰੀ।
ਏਕੰਕਾਰ ਸਰਬ ਜਗ ਕਾਰੀ ! ॥੯੩॥
ਕਲਿ ਕੇ ਨਰਨ ਉਧਾਰਨ ਕਾਰਨ।
ਧਰਜੋ ਦੇਹਿ ਕੀਰਤਿ ਬਿਸਤਾਰਨ।
ਤੁਮਰੀ ਕੁਦਰਤਿ ਤੁਮ ਬਨਿ ਆਈ।
ਨਹਿਂ ਔਰਨ ਤੇ ਜਾਨੀ ਜਾਈ' ॥੯੪॥
ਸੁਨਿ ਕੇ ਪਰਮ ਪ੍ਰਸੀਦੇ ਦਜਾਲਾ।
ਦੇਖੀ ਕਰੁਨਾਂ ਦ੍ਰਿਸ਼ਟਿ[1] ਬਿਸਾਲਾ। — [1]ਮੇਹਰ ਦੀ ਨਿਗਾਹ।
ਕਹਜੋ 'ਜੁ ਮੇਰੋ ਅਹੈ ਸਰੂਪਾ।
ਸੋ ਤੁਮ ਹ੍ਵੈ ਹੈ ਪਰਮ ਅਨੂਪਾ ॥੯੫॥
ਤੇਰੋ ਰੂਪ ਹੋਹਿ ਗੋ ਮੋਹੀ।
ਐਸੀ ਅਬ ਅਭੇਦਤਾ ਹੋਹੀ।
ਬਖ਼ਸ਼ਜੋ ਸਬਿ ਜਗ ਤਵ, ਪਸ਼ਚਾਤੀ[1]। — [1]ਸਾਰਾ ਜਗਤ ਤੈਨੂੰ ਦਿੱਤਾ, ਆਪਣੇ ਪਿਛੋਂ (ਅ) ਤੇਰੇ ਪਿਛੇ ਸਾਰਾ ਜਗ ਬਖਸ਼ਿਆ।
ਭਲੀ ਭਾਂਤਿ ਹ੍ਵੈ ਹੈਂ ਬੱਖਜਾਤੀ ॥੯੬॥
ਸਭਿ ਸਿੱਖਨ ਕੀ ਰਾਖੀ ਟੇਕਾ।
ਹਿਰਦੇ ਪੂਰਨ ਹੋਇ ਬਿਬੇਕਾ।
ਭਾ ਜਗ ਗੁਰ ਲੈ ਹੈਂ ਗੁਰਿਆਈ।
ਸਿੱਖ ਹੋਹਿਂ ਤੁਮਰੇ ਅਧਿਕਾਈ ॥੯੭॥
ਭਾ ਅਵਲੰਬ[1] ਭਲੇ ਜਗ ਤਾਰਨ। — [1]ਆਸਰਾ।
ਸਭਿ ਸਿਖਨ ਜਮਜਾਲ ਨਿਵਾਰਨ[1]। — [1]ਜਮ ਦੀਆਂ ਫਾਹੀਆਂ ਦੂਰ ਕਰਨ ਨੂੰ।
ਤੁਝ ਸਮਾਨ ਭਵ ਅਪਰ ਨ ਲਖਿਓ।
ਨੀਕੇ ਸਿੱਖੀ ਬੀਰਜ[1] ਰਖਿਓ' ॥੯੮॥ — [1]ਬੀਜ।
ਇਸ ਪ੍ਰਕਾਰ ਕਹਿ ਸੁਖਦਾ ਬਾਨੀ।
ਗਮਨ ਕੀਨ ਪੁਰਿ ਕੋ ਗੁਨ ਖਾਨੀ।
ਧਰਮਸਾਲ ਮਹਿਂ ਆਇ ਬਿਰਾਜੇ।
ਜਿਨ ਕੇ ਦਰਸ਼ਨ ਤੇ ਦੁਖ ਭਾਜੇ ॥੯੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿੱਖੀ ਪਰਖਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅਧਜਾਯ ॥੫੦॥

ਸਿੱਖੀ ਪਰਖਣ ਤੇ ਗੁਰੂ ਅੰਗਦ ਜੀ ਦੇ ਸਾਬਤ ਨਿਕਲਣ ਦਾ ਪ੍ਰਸੰਗ ਗੁਰ ਪ੍ਰਤਾਪ ਸੂਰਜ ਰਾਜ ਦੂਸਰੀ ਅੰਸੂ ੫੭ ਵਿਚ ਬੀ ਕਵੀ ਜੀ ਨੇ ਫੇਰ ਦਿੱਤਾ ਹੈ। ਏਥੇ ਕੁਤਕੇ ਮਾਰਨ ਦਾ ਜ਼ਿਕਰ ਹੈ, ਜੋ ਪੁਰਾਤਨ ਜਨਮ ਸਾਖੀ ਵਿਚ ਨਹੀਂ ਹੈ ਤੇ ਅੰਸੂ ੫੭ ਰਾਸ ਦੂਸਰੀ ਗੁਰ ਪ੍ਰਤਾਪ ਸੂਰਜ ਵਿਚ ਕਵੀ ਜੀ ਨੇ ਆਪ ਹੀ ਪੈਸੇ ਰੁਪੱਯੇ ਮੁਹਰਾਂ ਦੇ ਲਾਲਚ ਵਿਚ ਲੋਕਾਂ ਦਾ ਪੈ ਜਾਣਾ ਦੱਸਿਆ ਹੈ, ਕੁਤਕੇ ਮਾਰਨੇ ਨਹੀਂ ਦੱਸੇ। ਫਿਰ ਉਸ ਅਧਜਾਯ ਵਿਚ ਕਵੀ ਜੀ ਨੇ ਨਦੀ ਕਿਨਾਰੇ ਸਰਦੀ ਚੜ੍ਹਨ ਦਾ ਪ੍ਰਸੰਗ ਬੀ ਦਿੱਤਾ ਹੈ ਤੇ ਨਾਲੇ ਗੁਰੂ ਨਾਨਕ ਦੇਵ ਜੀ ਦੇ ਖਡੂਰ ਜਾ ਕੇ ਮਿਲਨ ਤੇ ਗੁਰੂ ਅੰਗਦ ਜੀ ਦੇ ਤਪਜਾਣੇ ਤਪ ਵਿਚ ਬੈਠਣ ਤੇ ਫੇਰ ਗੁਰੂ ਨਾਨਕ ਦੇਵ ਜੀ ਦਾ ਖਡੂਰ ਜਾ ਕੇ ਮਿਹਰਾਂ ਕਰਨ ਦਾ ਪ੍ਰਸੰਗ ਬੀ ਦਿੱਤਾ ਹੈ, ਜੋ ਏਥੇ ਨਹੀਂ ਦਿੱਤਾ ਹੋਇਆ।

## ੫੧. [ਗੁਰਯਸ਼ ਕਰਨ ਉਪਦੇਸ਼। ਗਯਾਨ ਉਪਦੇਸ਼। ਭਗਤੀ ਦੀ ਮਿਸਰੀ]

੫੦<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੨

{ਲਹਿਣਾ ਜੀ ਗਯਾਨ ਉਪਦੇਸ਼} ॥੮..॥
{ਅਹੰ ਬ੍ਰਹਮ} ॥੪੭..॥
{ਭਗਤੀ ਦੀ ਮਿਸਰੀ} ॥੫੭..॥

ਦੋਹਰਾ:

ਸ਼੍ਰੀ ਗੁਰ ਗੁਨ ਮਾਨਸ ਸਰਸ, ਜੀਹ ਮਰਾਲਨਿ ਜਾਂਹਿ।
ਕਰਤ ਪ੍ਰੀਤ ਨਹਿਂ ਤਜ ਸਕੈ, ਨਮਸਕਾਰ ਮੁਰ ਤਾਂਹਿ ॥੧॥

[ਸਰਸ=ਸ੍ਵਾਦੀਕ, ਸੁੰਦਰ, ਰਮਣੀਕ]

ਅਰਥ:

(ਮੇਰੀ) ਉਸ ਰਸਨਾ ਨੂੰ ਨਸਮਕਾਰ ਹੈ ਕਿ ਜੋ ਸ਼੍ਰੀ ਗੁਰੂ ਜੀ ਦੇ ਗੁਣਾਂ (ਦੇ ਜਸ ਰੂਪੀ) ਸੁੰਦਰ ਮਾਨ ਸ੍ਰੋਵਰ ਨੂੰ ਹੰਸਣੀ (ਵਾਙੂ) ਪ੍ਰੀਤ ਕਰਦੀ ਹੋਈ (ਕਦੇ) ਛਡ ਨਹੀਂ ਸਕਦੀ।

ਚੌਪਈ:

ਇਕ ਦਿਨ ਬਹੁਰ ਬਿਤਾਇ ਕ੍ਰਿਪਾਲਾ।
ਬੈਠੇ ਹੁਤੇ ਰੁਚਿਰ ਧ੍ਰਮਸਾਲਾ।
ਆਤਮ ਕੇ ਉਪਦੇਸ਼ਨ ਹੇਤਾ[1]। — [1]ਆਤਮ ਉਪਦੇਸ਼ਾਂ ਦੇ (ਦੇਣ) ਵਾਸਤੇ।
ਬੈਠਾਰਜੋ ਤ੍ਰੇਹਣ ਕੁਲਕੇਤਾ ॥੨॥
[1] 'ਲਹਿਣੇ ਸੇਵ ਅਧਿਕ ਤੈਂ ਕੀਨੀ। — [1]ਗੁਰੂ ਜੀ ਬੋਲੇ।
ਬੂਝਹੁ ਤੱਤ ਚਹਹੁ ਜੋ ਚੀਨੀ[1]। — [1]ਜੋ ਜਾਣਿਆਂ ਚਾਹੁੰਦੇ ਹੋ।
ਐਸੀ ਘਾਲ[1] ਜੁ ਘਾਲੀ[2] ਤੋਹੀ। — [1]ਕਮਾਈ। [2]ਕਮਾਈ ਹੈ।
ਕੋ ਨਹਿਂ ਵਸਤੁ ਅਦੇਯ ਸੁ ਮੋਹੀ[1]' ॥੩॥ — [1]ਜੋ ਮੈਂ ਤੈਨੂੰ ਨਾ ਦਿਆਂ।
ਕ੍ਰਿਪਾ ਭਰੀ ਸੁਨਿ ਕੈ ਸੁਠ ਬਾਨੀ।
ਬੈਠਜੋ ਸਨਮੁਖ ਸੀਖ ਸੁਖਾਨੀ।
ਦ੍ਵੈ ਕਰ ਜੋਰ ਨਿਵਾਯੋ ਸੀਸਾ।
ਬੰਦੇ ਪਦ ਪੰਕਜ ਜਗਦੀਸ਼ਾ ॥੪॥
'ਨਿਜ ਸਰੂਪ ਲਖਿਨੋ ਅਭਿਲਾਖਾ।'
ਹ੍ਵੈ ਕੈ ਦੀਨ ਬਚਨ ਅਸਭਾਖਾ।
'ਜੋ ਮੈਂ ਹੋ, ਕਛੁ ਜਾਇ ਨ ਜਾਨਾ।
ਹਰਖ ਸ਼ੋਕ ਮਹਿਂ ਫਸਜੋ ਮਹਾਨਾ ॥੫॥
ਰਾਗ ਦ੍ਵੈਖ ਨਿਸ ਦਿਨ ਬਹੁ ਮੋਹੀ[1]। — [1]ਮੈਨੂੰ ਹੈ।
ਅਤਿਸ਼ਯਤਾ[1] ਦੁਖ ਸੁਖ ਮਹਿਂ ਹੋਹੀ। — [1]ਬਹੁਤ ਹੋਣਾ।
ਸਰਬ ਭੇਦ ਮੁਹਿ ਦੇਹੁ ਜਨਾਈ।
ਤਿਹ ਕੋ ਸਮਝ ਰਹੌਂ ਸੁਖ ਪਾਈ ॥੬॥

**ਮੁਰ ਉਰ ਤਮ ਅੱਗਜਾਨ ਮਹਾਨਾਂ।**[ਟਿੱਪਣੀ]
**ਤੁਮਰੇ ਹ੍ਵੈਂ ਬਚ ਭਾਨੁ ਸਮਾਨਾ।**

[ਟਿੱਪਣੀ] ਕਵੀ ਜੀ ਆਪ ਪੌਰਾਣਕ ਵਿਦਯਾ ਦੇ ਮੰਡਲਾਂ ਵਿਚ ਵਿਦਯਾ ਪ੍ਰਾਪਤ ਹੋਏ ਸਨ ਤੇ ਆਤਮ ਪੁਰਾਣ ਦੇ ਪੰਡਤ ਸਨ। ਉਨ੍ਹਾਂ ਨੂੰ ਦਿਮਾਗ਼ੀ ਨੁਕਤੇ ਤੋਂ ਦਿਮਾਗ਼ੀ ਘੋਟਾ ਘਾਟੀ ਵਾਲਾ ਵੇਦਾਂਤ ਕੋਈ ਬਹੁਤ ਚੰਗੀ ਚੀਜ਼ ਲਗਦੀ ਸੀ, ਇਸ ਕਰਕੇ ਏਥੇ ਉਨ੍ਹਾਂ ਨੂੰ ਵੇਦਾਂਤ ਦਾ ਹਿਸਾਬ ਲਿਖਣਾ ਸੁਹਣਾ ਲੱਗਾ ਹੈ। ਪਰੰਤੂ ਵਿਦਯਾ ਦੇ ਘਮੰਡੀ ਪੰਡਤਾਂ ਨਾਲ ਝੀਵਰਾਂ ਤੋਂ ਮੁਬਾਹਸੇ ਕਰਾਕੇ ਸ਼ਾਸਤ੍ਰਾਰਥਾਂ ਵਿਚ ਹਰਾ ਦੇਣ ਵਾਲੇ ਸਤਿਗੁਰਾਂ ਦੇ ਅੱਗੇ ਇਹ ਲੇਖੇ ਤੇ ਹਿਸਾਬ ਦੀ ਗਿਣਤੀ ਬਹੁਤ ਵੱਡਾ ਮੁੱਲ ਨਹੀਂ ਸੀ ਰਖਦੀ। ਉਹ ਅਮਲੀ ਅਸਲੀ ਰੂਹਾਨੀ ਜੀਵਨ, ਉਹ ਉੱਚਾ ਹੁਲਾਰਾ ਰਸ ਰੰਗ ਵਾਲਾ, ਜਿਸ ਨੂੰ ਹਰਿਧਨ ਤੇ ਜੀਅਦਾਨ ਕਹਿੰਦੇ ਸਨ, ਓਹ ਆਪਣੀ ਮੇਹਰ ਮਾਤ੍ਰ ਨਾਲ, ਕ੍ਰਿਪਾ ਕਟਾਖਯ ਨਾਲ, ਦਿਨ ਰਾਤ ਦੀ ਆਪਣੀ ਛੁਹ ਨਾਲ, ਹਰ ਸਮੇਂ ਆਪਣੇ ਮਨੋਹਰ ਬਚਨ ਨਾਦ ਨਾਲ ਸ੍ਰੀ ਲਹਿਣਾ ਜੀ ਵਿਚ ਭਰ ਚੁਕੇ ਸਨ ਤੇ ਸ੍ਰੀ ਪਾਵਨ ਲਹਿਣਾ ਜੀ ਹੁਣ ਤਕ ਹੋਈਆਂ ਸਾਰੀਆਂ ਅਜ਼ਮਾਯਸ਼ਾਂ ਵਿਚ ਕਾਮਯਾਬ ਨਿਕਲ ਚੁਕੇ ਸਨ, ਮਹਾਨ ਪਰਤਾਵਿਆਂ ਵਿਚ ਹਰਖ ਸ਼ੋਕ ਅਤੀਤ ਰਹਿਕੇ, ਪ੍ਰੇਮ ਦੀ ਪੂਰਨ ਅਵਸਥਾ ਦਿਖਾ ਚੁਕੇ ਸਨ। ਇਸ ਪੂਰਨ ਆਪਾ ਸਮਰਪਨ ਨਾਲ ਉਨ੍ਹਾਂ ਦੀ ਅੰਤ੍ਰੀਵ ਗਤੀ ਦ੍ਵੰਦਾਂ ਤੋਂ ਉੱਚੀ ਉੱਠਕੇ ਪਰਮ ਉੱਚੀ ਦਸ਼ਾ ਵਿਚ ਪੁੱਜ ਚੁਕੀ ਸੀ। ਸ੍ਰੀ ਪਾਵਨ ਲਹਿਣਾ ਜੀ ਨੂੰ ਅਜੇ ਹਰਖ, ਸ਼ੋਕ, ਰਾਗ, ਦ੍ਵੈਖ ਵਿਚ ਵੇੜ੍ਹੇ ਤੇ 'ਤਮ ਮਹਾਨ ਅੱਗਜਾਨ' ਵਿਚ ਫਸੇ ਸਮਝਣਾ ਫਬਦਾ ਨਹੀਂ। ਗੁਰੂ ਨਾਨਕ ਦੇਵ ਜੀ ਦਾ ਆਗਮ ਕਰਨੀ ਸ਼ੁਨਯ ਵੇਦਾਂਤ ਦੇ ਫੋਕੇ ਪੰਡਿਤ ਪੈਦਾ ਕਰਨ ਲਈ ਨਹੀਂ ਸੀ। ਐਸੇ ਪੰਡਿਤ ਬਥੇਰੇ ਸਨ ਜਿਨ੍ਹਾਂ ਦੀ ਸ਼ਾਨ ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਪੁਕਾਰਕੇ ਕਹਿੰਦੇ ਹਨ।
ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥ [ਰਾਮਃ ਕੀ ਵਾਰ ਮਃ੫]
ਏਕੁ ਸਬਦੁ ਤੂੰ ਚੀਨ੍ਹਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥ [ਆ: ਮਃ ੩ ਪੱਟੀ]
ਸਤਿਗੁਰੂ ਨਾਨਕ ਦੇਵ ਗੋਬਿੰਦ ਰੂਪ ਸਨ। ਰੂਹਾਨੀ ਜੀਵਨ ਜਗਤ ਨੂੰ ਦੇਣ ਆਏ ਸਨ। ਜਗਤ ਵਿਚ ਗਿਲਾਨ ਫੈਲ ਰਹੀ ਸੀ, ਜੈਸਾ ਕਿ ਭਾਈ ਗੁਰਦਾਸ ਜੀ ਨੇ ਕਿਹਾ ਹੈ 'ਭਈ ਗਿਲਾਨ ਜਗੱਤ ਵਿਚ' ਆਦਿ। ਓਹ ਮੁਰਦੇ ਜੀਵਾਣ, ਜ਼ਿੰਦਗੀ ਦਾ ਹੁਲਾਰਾ ਭਰਨ ਆਏ ਸਨ। ਜੋ ਸ਼ੈ ਕਿ ਪੰਡਿਤਾਂ ਪਾਸ ਨਹੀਂ ਹੁੰਦੀ ਅਰ ਵੇਰਵੇ ਗੇਣਤੀਆਂ ਤੇ ਸ਼ਾਸਤ੍ਰਾਂ ਵਿਚ ਦੱਸੇ ਹਿਸਾਬਾਂ ਮਾਤ੍ਰ ਦੇ ਪੜ੍ਹਿਆਂ ਨਹੀਂ ਆਉਂਦੀ। ਦਾਰਸ਼ਨਿਕ ਨੁਕਤੇ ਤੋਂ ਬੀ ਗੁਰੂ ਜੀ ਸਭ ਦਰਸ਼ਨਾਂ ਤੋਂ ਅਗੇ ਗਏ ਹਨ, ਦੇਖੋ ਪੰਨਾ ੧੧੯੪ ਦੀ ਟੂਕ। ਗੁਰਮਤਿ ਦੀ ਦਾਤ 'ਜੀਵਨ' ਹੈ ਤੇ 'ਜੀਅ ਦਾਨ' ਹੈ, ਰੂਹ ਦਾ ਹੁਲਾਰਾ ਹੈ, ਜੀਵਨ ਚਮਕਾਰਾ ਹੈ। ਉਹ ਸਤਿਗੁਰੂ ਨੇ ਸ੍ਰੀ ਲਹਿਣਾ ਜੀ ਨੂੰ ਆਪਣੇ ਮੇਹਰ ਦੇ ਕਟਾਖਯ ਨਾਲ ਲਗਾਯਾ ਸੀ। ਆਪ ਸ੍ਰੀ ਗੁਰੂ ਜੀ ਦੇ ਕੀਤੇ ਪਰਤਾਵਿਆਂ ਵਿਚੋਂ ਕਾਮਯਾਬ ਨਿਕਲੇ, ਇਹ ਉਨ੍ਹਾਂ ਦੇ ਕਾਮਲ ਹੋ ਜਾਣ ਦਾ ਸਬੂਤ ਹੈ। ਉਨ੍ਹਾਂ ਪਰਤਾਵਿਆਂ ਦੀ ਕਾਮਯਾਬੀ (ਜੋ ਕਿਸੇ ਮੁੱਲ ਨਾਲ ਨਹੀਂ ਤੁਲ ਸਕਦੀ) ਦਾ ਇਵਜ਼ ਗੁਰੂ ਜੀ ਕੇਵਲ ਉੱਨੀ ਸਿਖ੍ਯਾ ਦੇਣ ਵਿਚ ਹੀ ਕਾਫੀ ਨਹੀਂ ਸਮਝ ਸਕਦੇ ਸਨ, ਜਿੰਨੀ ਕਿ ਵੇਦਾਂਤ ਦੀ ਕੋਈ ਮਾਮੂਲੀ ਕਿਤਾਬ ਪੜ੍ਹਕੇ ਆਦਮੀ ਆਪ ਪੈਦਾ ਕਰ ਸਕਦਾ ਹੈ, ਸੋ ਸ੍ਰੀ ਲਹਿਣਾ ਜੀ ਨੂੰ ਜੋ ਗੁਰ ਨਾਨਕ ਪਿਆਰੇ ਹੋ ਚੁੱਕੇ ਸਨ, ਅਜੇ ਅੰਧਕਾਰ ਵਿਚ ਸਮਝਣਾ ਤੇ ਹੁਣ ਦੋ ਗੱਲਾਂ ਨਾਲ ਅਧਕਾਰ ਰਹਿਤ ਹੋ ਗਏ ਸਮਝਣਾ ਯਥਾਰਥ ਨਹੀਂ ਭਾਸਦਾ। ਇਸੇ ਅਧ੍ਯਾਯ ਦੇ ਅੰਕ ੩੧, ੩੨, ਤੇ ੪੫ ਵਿਚ ਕਵੀ ਜੀ ਆਪ ਇਸੇ ਗੱਲ ਦਾ ਸਬੂਤ ਆਮੁਹਾਰੇ ਦੇ ਰਹੇ ਹਨ ਕਿ ਗੁਰ ਨਾਨਕ ਦੀ ਮੇਹਰ ਦੀ ਨਜ਼ਰ ਨਾਲ ਸ੍ਰੀ ਪਾਵਨ ਲਹਿਣਾ ਜੀ ਨਿਹਾਲ ਹੋਏ। ਯਥਾ:-ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਦਾਸ ਅਵਿੱਦਯਾ ਸਗਰੀ ਰੋਕੀ, ਆਦਿ। ਕ੍ਰਿਪਾ ਦ੍ਰਿਸ਼ਟੀ ਅੱਗੇ ਬੀ ਕਈ ਵਾਰ ਹੋ ਚੁਕੀ ਸੀ। ਸ੍ਰੀ ਲਹਿਣਾ ਜੀ ਸੇ ਹੀ ਗੁਰ ਅਵਤਾਰ ਧੁਰੋਂ ਆਏ, ਇਹੋ ਗੱਲ ਕਵੀ ਜੀ ਨੇ ਪਹਿਲਾਂ ਦਰਸ਼ਨਾਂ ਵੇਲੇ ਤੇ ਕਈ ਥਾਂ ਹੋਰਥੇ ਬੀ ਦਰਸਾਈ ਹੈ। ਵਰ ਦਾਨ ਬੀ ਹੋਏ ਕਵੀ ਜੀ ਦੱਸ ਚੁੱਕੇ ਹਨ:-ਗੁਰ ਨਾਨਕ ਵਾਕ:- 'ਤੇਰੋ ਰੂਪ ਹੋਹਿਗੇ ਮੋਹੀ। ਐਸੀ ਅਬ ਅਭੇਦਤਾ ਹੋਹੀ। ' ਤਾਂਤੇ 'ਮੁਰ ਉਰ ਤਮ ਅਗਜਾਨ ਮਹਾਨਾ' ਦਾ ਭਾਵ ਅਖੱਰੀ ਨਹੀਂ ਲੈਣਾ ਚਾਹੀਏ। ਐਨੀ ਘਾਲ ਤੇ ਆਪਾ ਸਮਰਪਨ ਤਮ ਤੇ ਅਗਜਾਨ ਨੂੰ ਖਾ ਜਾਂਦਾ ਹੈ।

**ਕਬਿ ਪ੍ਰਕਾਸ਼ ਦਿਹੁ ਰੂਪ ਦਿਖਾਈ।'**
**ਸੁਨਿ ਕੈ ਸ੍ਰੀ ਪ੍ਰਭੁ ਗਿਰਾ ਅਲਾਈ ॥੭॥**

'ਭੋ ਸੁਨਿ ਮਹਿਤ ਭਾਗ[1] ! ਇਹ ਭੇਦਾ। — [1]ਹੇ ਵੱਡੇ ਭਾਗਾਂ ਵਾਲੇ।

{ਲਹਿਣਾ ਜੀ ਗਜਾਨ ਉਪਦੇਸ਼}

ਜਿਹ ਤੇ ਮਿਟੈ ਝੂਠ ਜਗ ਖੇਦਾ।
ਆਤਮ ਸ੍ਵਯੰ ਸੁ ਜੋਤਿ ਪ੍ਰਕਾਸ਼ਾ[1]। — [1]ਆਤਮਾ ਸ੍ਵਯੰ ਜੋਤੀ ਸਰੂਪ ਤੇ ਪ੍ਰਕਾਸ ਰੂਪ ਹੈ, ਅਤੇ।
ਰਾਗ ਦ੍ਵੈਖ ਤੇ ਬਿਨ, ਅਬਿਨਾਸ਼ਾ[1] ॥ ੮ ॥ — [1]ਨਾਸ਼ ਰਹਿਤ ਹੈ।
ਹਰਖ ਸ਼ੋਕ ਜਿਸ ਮਾਂਹਿ ਨ ਲੇਸ਼ਾ।
ਜਨਮ ਮਰਨ ਕੌ ਨਹੀਂ ਕਲੇਸ਼ਾ।
ਘਨਾਨੰਦ ਪੂਰਨ ਇਕਸਾਰ।
ਇਸ ਪ੍ਰਕਾਰ ਆਤਮ ਨਿਰਧਾਰਿ ॥ ੯ ॥
ਜਾਗ੍ਰਤ ਸੁਪਨ ਸਖੋਪਤਿ ਤੀਨੋ।
ਇਨ ਕੋ ਨੀਕੇ ਸਾਖੀ ਚੀਨੋ[1]। — [1]ਆਤਮਾ ਨੂੰ) ਇਨ੍ਹਾਂ ਦਾ ਦੇਖਣ ਹਾਰਾ ਯਾ ਦ੍ਰਿਸ਼ਟਾ ਜਾਣੋ।
ਸਦਾ ਅਲੇਪਾ ਸਭਿ ਤੇ ਨਜਾਰੋ।
ਐਸੋ ਅਪਨੋ ਰੂਪ ਨਿਹਾਰੋ ॥ ੧੦ ॥

ਦੋਹਰਾ:

ਕਲਪਤਿ ਸੰਗ ਉਪਾਧਿ[1] ਸੋ, ਭਯੋ ਸੁ ਅਸ ਬਿਧਿ ਜਾਨ। — [1]ਉਹ ਉਪਾਧੀ ਜੋ ਕਲਪਨਾ ਮਾਤ੍ਰ ਹੈ, ਜਿਸ ਨਾਲ ਕੋਈ ਸ਼ੈ ਹੋਰ ਦੀ ਹੋਰ ਭਾਸੇ। ਵੇਦਾਂਤ ਵਿਚ 'ਮਾਯਾ' ਜਿਸਦੇ ਸੰਬੰਧ ਨਾਲ ਬ੍ਰਹਮ ਜੀਵ ਹੋ ਭਾਸਦਾ ਹੈ।
ਜਪਾ[1][†] ਪ੍ਰਸੂਨ ਸੁ ਫਟਕ ਕੋ, ਅਰੁਣ ਹੋਤਿ ਤਿਉਂ ਮਾਨਿ[2] ॥ ੧੧ ॥ — [1]ਜਪਾ=ਲਾਲ ਰੰਗ ਦਾ ਫੁਲ ਜਿਸ ਨੂੰ ਗੁੜਹਲ ਬੀ ਕਹਿੰਦੇ ਹਨ। [2]ਜਿਵੇਂ) ਜਪਾ ਫੁੱਲ ਦੇ (ਪ੍ਰਤੀਬਿੰਬ ਨਾਲ) ਬਿਲੌਰ ਦਾ (ਰੰਗ) ਲਾਲ ਹੋ ਜਾਂਦਾ ਹੈ, ਉਸੇ ਤਰ੍ਹਾਂ ਸਮਝੋ। [†]ਪਾ-ਜਥਾ।

ਚੌਪਈ:

ਪੰਚੀ ਕਰਣ ਪੰਚ ਤਤ ਜੋਈ[†]।

[†]ਵੇਦਾਂਤ ਸਾਰ ਅਨੁਸਾਰ ਪੰਚ ਭੂਤਾਂ ਦੀ ਇਕ ਵੰਡ, ਜੋ ਐਉਂ ਹੈ- ਪੰਜ ਭੂਤਾਂ ਨੂੰ ਪਹਿਲੇ ਦੋ ਬਰੱਬਰ ਹਿੱਸਿਆਂ ਵਿਚ ਵੰਡਿਆ, ਫੇਰ ਹਰੇਕ ਦੇ ਪਹਿਲੇ ਅੰਸ਼ ਨੂੰ ਚਾਰ ਚਾਰ ਹਿੱਸਿਆਂ ਵਿਚ ਵੰਡਿਆ, ਫਿਰ ਇਨ੍ਹਾਂ ਸਾਰੇ ਵੀਹਾਂ ਭਾਗਾਂ ਨੂੰ ਵੱਖ ਰਖ ਲਿਆ। ਅੰਤ ਵਿਚ ਇਕ ਇਕ ਭੂਤ ਦੇ ਦੂਜੇ ਅੱਧ ਵਿਚ ਇਨ੍ਹਾਂ ਵੀਹਾਂ ਭਾਗਾਂ ਵਿਚੋਂ ਚਾਰ ਚਾਰ ਭਾਗ ਫਿਰਾਕੇ ਇਸ ਪ੍ਰਕਾਰ ਰੱਖੇ ਕਿ ਜਿਸ ਭੂਤ ਦਾ ਦੂਜਾ ਅੱਧ ਹੋਵੇ ਉਸ ਤੋਂ ਵੱਖਰਾ ਬਾਕੀ ਚਾਰ ਭੂਤਾਂ ਦਾ ਇਕ ਇਕ ਭਾਗ ਉਸ ਵਿਚ ਆ ਜਾਏ। ਇਸ ਤਰ੍ਹਾਂ ਹਰੇਕ ਸਥੂਲ ਭੂਤ ਵਿਚ ਬਾਕੀ ਚਾਰ ਭੂਤਾਂ ਦੇ ਅੰਸ਼ ਬੀ ਵਰਤਮਾਨ ਰਹਿੰਦੇ ਹਨ।

ਅੰਤਹਕਰਣ ਉਪਾਏ ਸੋਈ[†]। — [†]ਉਹਨਾਂ ਸੂਖਮ ਭੂਤਾਂ ਨੇ ਆਪਣੀ ਸਤੋਗੁਣ ਅੰਸ਼ ਤੋਂ ਅੰਤਹਕਰਣ ਉਤਪਤ ਕੀਤਾ।
ਚਤੁਰ ਬ੍ਰਿੱਤਿ ਹੈ ਤਾਂਹਿ ਮਝਾਰਾ[1]। — [1]ਉਸ (ਅੰਤਹਕਰਣ) ਵਿਚ।
ਤਾਂਤੇ ਹੋਇ ਸੁ ਚਾਰ ਪ੍ਰਕਾਰਾ ॥ ੧੨ ॥
੧ਮਨ ੨ਬੁਧਿ ੩ਚਿਤ ੪ਹੰਕਾਰ ਤਿਹਿ

ਨਾਮਾ।
ਤਿਨ ਤੇ ਪਰ ਲਖਿ[1] ਆਤਮਰਾਮਾ। [1]ਪਰੇ ਸਮਝੋ।
ਸਤੁ ਗੁਣ[1] ਅੰਤਹਕਰਣ ਜੁ ਮਾਂਹੀ। [1]ਸਤ੍ਵਗੁਣ।
ਚੇਤਨ ਕੋ ਪ੍ਰਤਿਬਿੰਬ ਤਹਾਂ ਹੀ[1] ॥੧੩॥ [1]ਉਥੇ ਹੈ।
ਜਿਨਕੇ ਸ਼ੁੱਧ ਹੋਤਿ[1] ਸੋ ਦੇਖੈਂ। [1]ਜਿਨ੍ਹਾਂ ਦੇ ਅੰਤਹਕਰਣ ਸ਼ੁੱਧ ਹੋਣ।
ਪਿਖਤਿ ਨ ਸੇ, ਜਿਨ ਮਲਿਨ ਵਿਸ਼ੇਖੈਂ।
ਸੋ ਨਿਜ ਰੂਪ ਭੂਲ ਨਰ ਸਾਰੇ।
ਜੀਵ ਅਲਪੱਗ ਆਪ ਨਿਰਧਾਰੇ[1] ॥੧੪॥ [1]ਆਪਣੇ ਆਪ ਨੂੰ ਜੀਵ ਤੇ ਅਲਪੱਗ ਸਮਝੀ ਬੈਠੇ ਹਨ।
ਯਾਂ ਤੇ ਤੀਨ ਤਨਹਿ[1] ਕੋ ਪਾਏ। [1]ਤਿੰਨ ਸਰੀਰਾਂ ਨੂੰ।
ਵਾਰ ਵਾਰ ਜਗ ਆਵਹਿ ਜਾਏ।
ਇਕ ਸਥੂਲ ਜੋ ਵਹਿਰ ਸਰੀਰਾ[1]। [1]ਬਾਹਰਲਾ ਸਰੀਰ ਹੈ (ਹੱਡ ਚੰਮ ਦਾ)।
ਜਿਹ ਮਹਿਂ ਹੰ ਧਰਿ ਪਾਵਹਿ ਪੀਰਾ[1] ॥੧੫॥ [1]ਹੰਗਤਾ ਧਾਰਕੇ ਪੀੜਾ ਪਾਉਂਦਾ ਹੈ।
ਲਿੰਗ ਸ਼ਰੀਰ† ਦੂਸਰਾ ਜੋਈ।

†ਇਕ ਸੂਖਮ ਸਰੀਰ ਜੋ ਇਸ ਦੇਹ ਦੇ ਅੰਦਰ ਦੇਹ ਵਰਗਾ ਹੀ ਹੈ, ਪਰ ਜੋ ਇਸ ਬਾਹਰਲੀ ਦੇਹ ਦੇ ਮਾਰਿਆਂ ਜੀਵਾਤਮਾ ਦੇ ਉਦਾਲੇ ਸੰਸਕਾਰਾਂ ਦੇ ਕਾਰਣ ਰਹਿੰਦਾ ਹੈ, ਇਹ ੧੭ ਤੱਤਾਂ ਦਾ ਮੰਨਿਆਂ ਹੈ:-੫ ਤਨ ਮਾਤ੍ਰਾਂ, ੫ ਗਜਾਨੇਂਦ੍ਰੈ, ੫ ਕਰਮੇਂਦ੍ਰੈ, ੧ ਮਨ, ੧ ਬੁੱਧੀ। ਕੋਈ ਵੇਦਾਂਤ ਮਤ ਵਾਲੇ ਪੰਜ ਤਨ-ਮਾਤ੍ਰਾਂ ਦੀ ਥਾਂ ਪੰਜ ਪ੍ਰਾਣ ਕਹਿੰਦੇ ਹਨ। ਅੱਜ ਕਲ ਦੀ ਮੈਸਮੇਰਿਜ਼ਮ ਤੇ ਸਪਿਰਚੁਲਿਜ਼ਮ ਵਾਲੇ ਜਿਸ ਨੂੰ ਰੂਹਾਂ ਕਰਕੇ ਕਹਿੰਦੇ ਹਨ ਬਲਕੇ ਹਾਲਾਤ ਪੁੱਛਦੇ ਹਨ ਕਿ ਕੰਧਾਂ ਸ਼ੀਸ਼ਿਆਂ ਦੇ ਵਿਚ ਦੀ ਲੰਘ ਜਾਂਦਾ ਹੇ, ਓਹ ਇੱਸੇ ਲਿੰਗ ਸ਼ਰੀਰ ਵਿਚ ਨਿਵੇਸ਼ਿਤ (ਜੀਵਾਤਮਾ) ਦਾ ਹੀ ਕਥਨ ਕਰਦੇ ਹਨ।

ਤਿਹ ਸਰੂਪ ਬਰਨੋ ਸੁਨਿ ਸੋਈ।
ਦਸ ਇੰਦ੍ਰਯ ਹੈ ਕਰਮ[1] ਜਿ ਗਜਾਨਾ[2]। [1]ਪੰਜ ਕਰਮ ਇੰਦ੍ਰੇ। [2]ਪੰਜ ਗਜਾਨ ਇੰਦ੍ਰੇ।
ਪੰਚ ਭੂਤ ਤਨ ਮਾਤ੍ਰਾ[1] ਜਾਨਾ ॥੧੬॥ [1]ਸ਼ਬਦ, ਸਪਰਸ਼, ਰੂਪ, ਰਸ, ਗੰਧ।
ਮਨ, ਬੁਧਿ, ਸਤਰਾ ਤੱਤ ਜੁ ਏਹੀ।
ਇਨ ਕੀ ਹੋਤਿ ਭਈ ਲਿੰਗ ਦੇਹੀ।
ਕਰਮ ਸ਼ੁਭਾਸ਼ੁਭ[1] ਫਲ ਕੋ ਪਾਇ। [1]ਚੰਗੇ ਮੰਦੇ।
ਲੋਕ ਪ੍ਰਲੋਕਹਿਂ ਆਵਹਿ ਜਾਇ ॥੧੭॥
ਇਨ ਕੋ ਕਰਤਾ ਔਰ ਪ੍ਰਮਾਨਹੁ।
ਕਾਰਣ ਤਨ† ਤਿਹ ਨਾਮ ਪਛਾਨਹੁ।

†ਕਾਰਣ ਸ਼ਰੀਰ, ਇਹ ਲਿੰਗ ਸ਼ਰੀਰ ਤੋਂ ਬੀ ਸੂਖਮ ਸਰੀਰ ਹੈ, ਜਿਸ ਵਿਚ ਇੰਦ੍ਰਿਆਂ ਦੇ ਵਿਸ਼ੇ ਤੇ ਵਯਾਪਾਰ ਦਾ ਅਭਾਵ ਹੁੰਦਾ ਹੈ, ਪਰ ਅਹੰਕਾਰ ਦਾ ਸੰਸਕਾਰ ਮਾਤ੍ਰ ਹੁੰਦਾ ਹੈ, ਜਿਸ ਵਿਚ ਜੀਵਾਤਮਾ ਸੁਖ ਹੀ ਸੁਖ ਅਨੁਭਵ ਕਰਦਾ ਹੈ। ਆਨੰਦਮਯ ਕੋਸ਼ ਬੀ ਇਹੋ ਹੀ ਹੈ (ਇਹ ਵੇਦਾਂਤ ਦੀ ਵੰਡ ਹੈ)। ਤ੍ਰੈਆਂ ਸ਼ਰੀਰਾਂ ਨੂੰ ਸਮਝਣ ਲਈ ਦ੍ਰਿਸ਼ਟਾਂਤ ਇਹ ਹੈ:-ਸੰਗਤਰੇ ਦਾ ਰਸ ਜੀਵਾਤਮਾ ਮਿਥ ਲਓ, ਸੰਤਰੇ ਵਿਚ ਤੁਰੀਆਂ ਹਨ, ਸੋ

ਤੁਰੀ ਦਾ ਪਰਦਾ ਕਾਰਣ ਸ਼ਰੀਰ ਹੈ, ਤੇ ਫਾੜੀ ਦਾ ਪਰਦਾ ਲਿੰਗ ਸ਼ਰੀਰ ਹੈ ਤੇ ਬਾਹਰਲਾ ਪੀਲਾ ਖੋਲ ਸਥੂਲ ਸ਼ਰੀਰ ਹੈ।

ਅਤਿ ਸੂਖਮ ਤਿਹ ਲਖਹੁ ਸਰੂਪਾ।
ਜਿਹ ਧਰਿ ਪਰਜੋ ਅੰਧ ਭਵ ਕੂਪਾ[1] ॥੧੮॥

[1]ਜਿਸ ਨੂੰ ਧਾਰਣ ਕਰਕੇ (ਜੀਵਾਤਮਾ) ਪਿਆ ਹੈ (ਸੰਸਾਰ) ਅੰਨੇ ਖੂਹ ਵਿਚ।

ਆਤਮਰਾਮ ਸਭਿਨਿ ਤੇ ਨਜਾਰੋ।
ਹਰਖ ਸੋਗ ਤੇ ਰਹਤਿ ਬਿਚਾਰੋ।
ਨੇਤਿ ਨੇਤਿ ਕਰਿ ਹ੍ਵੈ ਸੱਖਜਾਤਾ[1]।
ਨਿਜਾਨੰਦ ਮੈਂ ਜਾਇ ਸਮਾਤਾ' ॥੧੯॥

[1](ਉਹ ਆਤਮਾ) ਨੇਤਿ ਨੇਤਿ ਕਰਨ ਨਾਲ ਸਾਖਜਾਤਕਾਰ (ਪ੍ਰਗਟ) ਹੁੰਦਾ ਹੈ।

ਦੋਹਰਾ:

ਇਉਂ ਸੁਨਿ ਲਹਿਣੇ ਬੰਦਿ ਕਰ, ਬਹੁਰੋ ਬੂਝਨ ਕੀਨ।
'ਨੇਤਿ ਨੇਤਿ ਕਰਿ ਪ੍ਰਾਪਤੀ ਕਹਹੁ ਪ੍ਰਭੂ ਪਰਬੀਨ' ॥੨੦॥

ਚੌਪਈ:

ਪਰਮ ਕ੍ਰਿਪਾਲ ਗਜਾਨ ਘਨ ਪੂਰੇ।
ਬੋਲੇ ਬਚਨ ਮਧੁਰ ਮ੍ਰਿਦੁ ਰੂਰੇ।
'ਮਹਾ ਭਾਗ[1] ! ਸੁਨੀਏ ਮਨ ਲਾਈ।
ਜਿਸ ਬਿਧਿ ਨਿਜਾਨੰਦ ਕੋ ਪਾਈ ॥੨੧॥

[1]ਹੇ ਵਡ ਭਾਗੇ !

ਪੰਚ ਕੋਸ਼† ਪ੍ਰਥਮੇ ਨਿਰ ਧਾਰਹੁ[1]।

[1]ਸਮਝੋ।

†ਵੇਦਾਂਤ ਮਤ ਨੇ ਪੰਜ ਕੋਸ਼ ਕਲਪੇ ਹਨ। ਜਾਗ੍ਰਤ {ਅੰਨਮਯ-ਜੋ ਅੰਨ ਤੋਂ ਉਪਜਦਾ ਤੇ ਅੰਨ ਆਸ਼੍ਰੇ ਰਹਿੰਦਾ ਹੈ। ਪ੍ਰਾਣਮਯ-ਪੰਜ ਪ੍ਰਾਣ ਪੰਜ ਕਰਮ ਇੰਦ੍ਰਿਆਂ ਸਣੇ। ਇਸ ਦੇ ਨਾਲ ਮਿਲ ਕੇ ਦੇਹ ਸਾਰੇ ਕਰਮ ਕਰਦੀ ਹੈ। ਮਨੋਮਯ-ਅੱਖਾਂ ਆਦਿ ਪੰਜ ਗਜਾਨੇਂਦ੍ਰਿਆਂ ਸਣੇ ਹਨ। ਇਹ ਅਵਿੱਦਜਾ ਰੂਪ ਸੁਪਨ ਹੈ। ਇਸੇ ਨਾਲ ਸੰਸਾਰਿਕ ਵਿਸ਼ਿਆਂ ਦੀ ਪ੍ਰਤੀਤੀ ਹੁੰਦੀ ਹੈ। ਵਿੱਗਜਾਨਮਯ-ਪੰਚ ਗਜਾਨੇਂਦ੍ਰਿਆਂ ਸਮੇਤ ਬੁੱਧੀ। ਕਰਤੱਤ੍ਵ, ਸ੍ਵੈਸਤ੍ਵ ਸੁਖ, ਦੁਖ, ਆਦਿ ਅੰਹਕਾਰ ਨਾਲ ਮਿਲਿਆ ਪੁਰਖ ਦੇ ਸੰਸਾਰ ਦਾ ਕਾਰਣ ਹੈ। ਸਖੋਪਤੀ {ਆਨੰਦਮਯ-ਸਤੋਗੁਣ ਨਾਲ ਮਿਲਿਆ ਅੱਗਜਾਨ ਪਰਮਾਤਮਾ ਦਾ ਪਰਦਾ ਮਾਤ੍ਰ ਹੈ। ਤੁਰੀਆ {ਆਤਮਾ-

ਤਿਨ ਤੇ ਹੰਤਾ[1] ਬੁੱਧਿ ਉਠਾਰਹੁ[2]।

[1]ਮੈਂ ਬੁੱਧੀ। [2]ਹਟਾ ਦਿਓ।

ਕੋਸ਼ ਅੰਨਮਯ ਵਹਿਰ ਸੁ ਦੇਹਾ[1]।

[1]ਬਾਹਰਲੀ ਦੇਹ (ਹੱਡ ਚੰਮ ਦੀ)।

ਜਾਗ੍ਰਤ[1] ਮਹਿਂ ਵਰਤਤਿ ਹੈ ਏਹਾ ॥੨੨॥

[1]ਜਾਗਦਿਆਂ।

ਲਖਹੁ ਅਨਾਤਮ[1] ਯਾਂ ਕੋ ਰੂਪਾ।

[1]ਆਤਮਾ ਨਹੀਂ ਹੈ।

ਨਿਰਾਵਯਵ[1] ਆਤਮ ਆਨੂਪਾ[2]।

[1]ਜਿਸ ਦੀ ਵੰਡ ਨਾ ਹੋ ਸਕੇ, ਜਿਸ ਦੇ ਅੰਗ ਨਾ ਹੋਣ। [2]ਉਹ) ਆਤਮਾ ਅਨੂਪਮ ਹੈ ਤੇ ਸਥੂਲ ਸ਼ਰੀਰ ਵਾਂਗ ਅੰਗਾਂ ਵਾਲਾ ਨਹੀਂ।

ਕੋਸ਼ ਪ੍ਰਾਣਮਯ ਤਿਸ ਤੇ ਅੰਤਰ।
ਨਾਂਹਿ ਨ ਆਤਮ, ਜਾਨਿ ਨਿਰੰਤਰ[1] ॥੨੩॥
[1]ਉਹ (ਪ੍ਰਾਣਮਯ ਕੋਸ਼ ਹੈ) ਆਤਮਾ ਨਹੀਂ ਹੈ, (ਆਤਮਾ) ਇਕ ਰਸ ਜਾਣ।

ਬਹੁਰ ਮਨੋ ਮਯ ਕੋਸ਼ ਸੁਨੀਜੈ।
ਸੋਪਿ ਅਨਾਤਮ[1] ਰਿਦੇ ਲਖੀਜੈ।
[1]ਉਹ ਬੀ ਆਤਮਾ ਨਹੀਂ ਹੈ।

ਕੋਸ਼ ਬਿਗਯਾਨ ਮਈ ਤਿਹ ਪਰੈ।
ਤੀਨ ਕੋਸ਼, ਬਿਨ ਤਨ ਜੇ ਰਰੈ[1] ॥੨੪॥
[1]ਸਥੂਲ) ਸਰੀਰ ਤੋਂ ਬਿਨਾ ਜੋ ਤਿੰਨ ਕੋਸ਼ (ਪਿਛੇ) ਕਹੇ ਹਨ-ਪ੍ਰਾਣਮਯ, ਮਨੋਮਯ, ਵਿੱਗਯਾਨਮਯ।

ਸੁਪਨ ਅਵਸਥਾ ਇਸ ਕੇ ਮਾਂਹੀ।
ਬਿਚਰਤਿ ਆਤਮ ਰੂਪ ਤਹਾਂ ਹੀ।
ਲਖਹੁ ਨ ਇਤ ਸਰੂਪ ਨਿਜ ਕੇਰੋ।
ਇਨ ਤੇ ਨਯਾਰੋ ਨੀਕੇ ਹੇਰੋ ॥੨੫॥
ਚਹੁੰਅਨ ਤੇ ਜੋ ਪਰੇ ਪਛਾਨਹੁ।
ਕੋਸ਼ ਅਨੰਦ ਮਯਾਖਯ ਜਾਨੋ[1]।
[1]ਆਨੰਦ ਮਯ ਕੋਸ਼' ਉਸ ਦਾ ਨਾਮ ਜਾਣੋ।

ਤਿਹ ਕੋ ਵਰਤਤਿ ਸੁਖਪਤਿ ਮਾਂਹੀ[1]।
[1]ਉਹ ਸਖੋਪਤੀ ਇਸ ਵਿਚ ਵਰਤਦੀ ਹੈ।

ਰੂਪ ਆਪਨੋ ਲਖਹੁ ਸੁ ਨਾਂਹੀ ॥੨੬॥
ਇਨ ਤੇ ਪਰੇ ਨਿਰੰਜਨ[1] ਰੂਪ।
[1]ਮਾਯਾ ਰਹਤ।

ਨਿਰਾਵਯਵ[1] ਆਤਮਾ ਅਨੂਪ।
[1]ਵਿਭਾਗਯ ਨਾ ਹੋ ਸਕਣ ਵਾਲੇ, ਇਕ ਰੰਗ, ਇਕ ਰਸ, ਇਕ ਰੂਪ।

ਤਿਹ ਕੋ ਹੋਤਿ ਜਨਮ ਨਹਿੰ ਮਰਨਾ।
ਹਰਖ ਸ਼ੋਕ ਰੰਚਕ ਨਹਿੰ ਬਰਨਾ[1] ॥੨੭॥
[1]ਨਹੀਂ ਵਰਣਨ ਹੋਇਆ।

ਰਾਗ ਨ ਦ੍ਵੈਖ ਨ ਮੋਹ ਨ ਮਾਯਾ।
ਰੋਗ ਬਿਓਗ ਨ ਭੋਗ ਅਜਾਯਾ[1]।
[1]ਅਜਨਮ।

ਸਤਿ ਚੇਤਨ ਆਨੰਦ ਮਹਾਨਾ।
ਐਸੋ ਰੂਪ ਆਪਨੋ ਜਾਨਾ ॥੨੮॥
ਤਾਤੁਕ[1] ਤਾਂਹਿ ਬਿਕਾਰ ਨ ਕੋਈ।
[1]ਯਥਾਰਥ ਵਿਚ, [ਸੰਸ: ਤਾਤ੍ਵਿਕ] (ਅ) ਪੰਜ ਤੱਤਾਂ ਕ੍ਰਿਤ ਵਿਕਾਰ ਉਸ ਆਤਮਾ ਵਿਖੇ ਨਹੀਂ ਹਨ।

ਕਲਪਤਿ ਸਭਿ ਉਪਾਧਿ ਸੋ ਹੋਈ।
ਜਿਉਂ ਰੱਜੁ[1] ਮੈਂ ਹੈ ਅੱਗਯਾਨਾ।
[1]ਰੱਸੀ।

ਕਲਪੇ[1] ਸਰਪ ਹੋਇ ਭਯਮਾਨਾ[2] ॥੨੯॥
[1]ਕਲਪਨਾਂ ਨਾਲ। [2]ਭਯਾਨਕ।

ਫੂਲ ਮਾਲ ਕੋ ਤਾਂ ਕੋ ਮਾਨੇ[1]।
[1]ਕੋਈ ਉਸ ਨੂੰ ਮੰਨਦਾ ਹੈ।

ਭੂਮ ਦਰਾਰ ਕੋਇ ਪਹਿਚਾਨੇ[1]।
[1]ਕੋਈ ਉਸ ਨੂੰ ਪ੍ਰਿਥਵੀ ਦੀ ਦਰਜ (ਵਾਂਙੂ) ਸਮਝਦਾ ਹੈ।

ਹੋਇ ਜਿ ਗਜਾਨ ਜਥਾਰਥ ਤਾਂਹੀ।
ਰੱਜੂ ਬਿਨਾਂ ਔਰ ਕਛੁ ਨਾਂਹੀ ॥੩੦॥
ਤਿਉਂ ਅੱਗਜਾਨ ਹੇਤ ਜਗ ਕੇਰੋ[1]। [1]ਕਾਰਣ ਹੈ ਜਗਤ ਦਾ।
ਨਸ਼ਟ ਭਏ[1] ਚੇਤਨ ਇਕ ਹੇਰੋ।' [1]ਅੱਗਜਾਨ ਦੇ ਨਾਸ਼ ਹੋਇਆਂ।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ।
ਦਾਸ ਅਵਿੱਦਜਾ[†] ਸਗਰੀ ਰੋਕੀ ॥੩੧॥

[†]ਉਹ ਅਵਿੱਦਜਾ ਜੋ ਹੋਰ ਜੀਵਾਂ ਵਾਂਙੂੰ ਅਸਲੀ ਨਹੀਂ ਸੀ, ਆਰਜ਼ੀ ਕਿਸੇ ਪ੍ਰਯੋਜਨ ਲਈ ਸੀ। ਸ੍ਰੀ ਪਾਵਨ ਲਹਿਣਾ ਜੀ ਗੁਰ ਅਵਤਾਰ ਸੇ। ਗੁਰ ਨਾਨਕ ਦੇ ਦਰ ਸੇਵਾ ਪ੍ਰੇਮ ਕਰਕੇ ਭਗਤੀ ਭਾਵ ਤੇ ਸਿਖੀ ਭਾਵ ਦਾ ਆਦਰਸ਼ ਦੱਸਣੇ ਲਈ ਸਧਾਰਣ ਅਵਸਥਾ ਵਿਚ ਸੇ। ਜੈਸੇ ਕਿਸੇ ਨਾਟਕ ਵਿਚ ਰਾਜੇ ਦਾ ਬੇਟਾ ਦਾਸ ਵੇਸ ਵਿਚ ਨਾਟ ਕਰ ਰਿਹਾ ਹੋਵੇ ਪਰ ਉਸ ਦਾ ਅਸਲਾ ਉਹੀ ਰਾਜਸੀ ਹੀ ਹੁੰਦਾ ਹੈ।

ਇਕ ਸਰੂਪ ਕਾ ਦਰਸ ਦਿਖਾਯੋ।
ਉਦਧਿ ਅਨੰਦ ਮਝਾਰ ਸਮਾਯੋ।
ਲਹਿਣੇ ਕੀ ਸਮਾਧਿ ਤਿਹਕਾਲਾ।
ਲਗੀ ਅਖੰਡ ਨਿਮਗਨ ਬਿਸਾਲਾ ॥੩੨॥
ਜਨੁ ਦਿਨਕਰ ਕੋਟਿਕ[1] ਚਢਿ ਗਏ। [1]ਮਾਨੋਂ ਸੂਰਜ ਕ੍ਰੋੜਾਂ ਹੀ।
ਕ੍ਰਿਪਾ ਸੁ ਅਸ ਪ੍ਰਕਾਸ਼[†] ਨਿਰਮਏ[1]। [1]ਕ੍ਰਿਪਾ ਨਾਲ ਐਸਾ ਪ੍ਰਕਾਸ਼ ਪ੍ਰਗਟ ਹੋਇਆ। [†]ਪਾ:- ਪ੍ਰਕਾਰ।
ਸਗਰੋ ਤਿਮਰ ਅਗਜਾਨ ਨ ਸਾਯੋ।
ਲੇਸ਼ ਅਵਿੱਦਜਾ ਕੋ[1] ਨ ਰਹਾਯੋ ॥੩੩॥ [1]ਅੱਗਜਾਨ ਦਾ ਲੇਸ਼ ਮਾਤ੍ਰ।
ਕਿਤਿਕ ਕਾਲ ਪੁਨ ਛੁਟੀ ਸਮਾਧਾ।
ਪਿਖੇ ਅਗਾਰੀ ਗੁਰੂ ਅਗਾਧਾ।
ਪਰਿਓ ਪਦ ਪੰਕਜ ਤਤਕਾਲਾ।
ਲਗਯੋ ਪ੍ਰਸ਼ੰਸ਼ਨ ਪ੍ਰੇਮ ਬਿਸ਼ਾਲਾ[1] ॥੩੪॥ [1]ਬੜੇ ਪ੍ਰੇਮ ਨਾਲ।

ਭੁਜੰਗ ਪ੍ਰਯਾਤ ਛੰਦ: [1]ਚਰਨਾਂ ਕਮਲਾਂ ਉਤੇ।

'ਨਮੋ ਪਾਦਕੰਜੰ[1] ਗੁਰੂ ਗਜਾਨ ਗਜਾਤਾ!
ਮਹਾਂ ਮੋਹ ਹੰਤਾ, ਘਨਾਨੰਦ ਦਾਤਾ[1]! [1]ਗੂੜ੍ਹੇ ਅਨੰਦ ਦੇ ਦਾਤਾ।
ਨਮੋ ਲੋਕ ਲੋਕੇਸ਼੍ਵਰੰ[1], ਲੋਕ ਕਰਤਾ! [1]ਲੋਕਾਂ ਦੇ ਈਸ਼੍ਵਰ।
ਸਦਾ ਸਰਬ ਥਾਨੰ ਸਦਾ ਸਰਬ ਭਰਤਾ[1] ॥੩੫॥ [1]ਪਾਲਨੇ ਵਾਲੇ।
ਪ੍ਰਲੈਕਾਲ ਕਾਰੀ[1] ਨਮੋ ਸਰਬ ਥਾਨੰ! [1]ਕਰਨੇ ਵਾਲੇ।
ਮੁਕੰਦੰ, ਪਖੰਡੰ ਨਿਕੰਦੰ ਪ੍ਰਥਾਮੰ[1]! [1]ਪਖੰਡਾਂ ਨੂੰ ਨਾਸ਼ ਕਰਨ ਤੇ ਮਥ ਸੁਟਣ ਵਾਲੇ।
ਧਰਯੋ ਦੇਹਿ ਹੇਤੰ[1] ਦੁਖੀ ਦੇਖਿ ਜੰਤੰ। [1]ਇਸ ਲਈ।
ਕ੍ਰਿਪਾਲੰ ਬਿਸਾਲੰ, ਅਕਾਲੰ ਅਨੰਤੰ!

॥੩੬॥

ਕਈ ਕੋਟ ਤਾਰੇ ਅਘੰ ਓਘ ਕਾਰੀ[1]।
[1]ਸਾਰੇ ਪਾਪਾਂ ਦੇ ਕਰਨ ਵਾਲੇ।

ਮਹਾਂ ਦੂਖ ਦਾਹੇ[1], ਦਤਾਰੰ ਉਦਾਰੀ!
[1]ਸਾੜੇ।

ਪ੍ਰਮੰ ਪਰਮਈਸ਼ੰ, ਪ੍ਰਮੰ ਪਰਮ ਬੇਤਾ[1]!
[1]ਬੜਿਆਂ ਤੋਂ ਬੜੇ ਈਸ਼੍ਵਰ ਤੇ ਬੜਿਆਂ ਤੋਂ ਬੜੇ ਗਿਆਤਾ।

ਪ੍ਰਮੰ ਪਰਮ ਆਸ਼ੋ, ਪ੍ਰਮੰ ਪਰਮ ਜੇਤਾ ॥੩੭॥

ਪ੍ਰਮਾਨੰਦ ਮਾਧੋ, ਪ੍ਰਮੰ ਪ੍ਰੇਮਿ ਪਾਸੰ[†1]!
[1]ਪ੍ਰੇਮੀਆਂ ਦੇ ਅਤੀ ਨਿਕਟ ਹੋ। [†]ਪਾ:-ਬਾਸੰ-ਪ੍ਰੇਮੀ ਪਾਸ ਵਸਦੇ ਹੋ।

ਪ੍ਰਭੂ ਪਰਮਪੂਰੰ, ਪ੍ਰਮੰ ਪਜਾਰ ਦਾਸੰ[1]!
[1]ਦਾਸ ਨਾਲ।

ਅਪ੍ਰੋਖੰ ਸੁ ਪ੍ਰੋਖੰ ਪ੍ਰਮੰ ਰਪ ਤੇਰੋ[1]!
[1]ਛੁਪੇ ਹੋਏ ਰੂਪ ਤੋਂ ਪ੍ਰਗਟ ਹੋਏ ਹੋ ਇਹ (ਗੁਰੂ) ਰੂਪ ਆਪ ਦਾ ਬੜਾ ਹੈ।

ਤੁਹੀ ਏਕ ਨਜੰਤਾ[1] ਸਦਾ ਮਾਯ ਕੇਰੋ ॥੩੮॥
[1]ਪ੍ਰੇਰਕ।

ਸਮਾਨੰ[1] ਨ ਆਨੰ, ਬਖਾਨੰ ਕਿ ਕੀਜੈ[2]।
[1]ਆਪ ਦੇ) ਬਰੱਬਰ। [2]ਕੀ ਵਰਣਨ ਕਰੀਏ।

ਨਿਧਾਨੰ ਮਹਾਨੰ ਸੁ ਜਾਨੰ ਭਨੀਜੈ।

ਪੁਰਾਨੰ ਸੁਭਾਨੰ[1], ਪ੍ਰੇਮੰ, ਪਵਿੱਤ੍ਰੰ!
[1]ਪੁਰਾਣਿ=ਪੁਰਾਣੇ ਭਾਵ ਆਦਿ। ਸੁਭਾਨੰ=ਸੁਤੇ ਪ੍ਰਕਾਸ਼ (ਅ) ਅਸਚਰਜ ਰੂਪ। ਫਾ: ਸੁਬ੍ਹਾਨ]।

ਨਿਰਾਲੰਬ ਨਾਥੰ[1] ਨਿਰਾਲੰਬ ਚਿੱਤ੍ਰੰ[2] ॥੩੯॥
[1]ਨਿਆਸਰਿਆਂ ਦੇ ਮਾਲਕ ਹੋ। [2]ਆਪ ਦਾ ਚਿਤ੍ਰ (ਸ੍ਵਰੂਪ) ਨਿਰਆਸਰੇ ਹੈ।

ਨਿਰਾਕਾਰ[1] ਸਾਕਾਰ[2] ਏਕੋ ਤੁਹੀ ਹੈ।
[1]ਰੂਪ ਰਹਿਤ। [2]ਰੂਪ ਵਾਲਾ।

ਅਜਾ[1] ਤੇ ਪਰੇ ਰੂਪ ਤੇਰੋ ਸਹੀ ਹੈ।
[1]ਮਾਯਾ।

ਅਲੱਖੰ[1], ਅਭੱਖੰ[2], ਅਕੱਥੰ, ਅਲੇਖੰ[3]!
[1]ਨਾ ਜਾਣਿਆ ਜਾ ਸਕੇ। [2]ਭਾਵ ਖਾਣੇ ਦੀ ਲੋੜ ਨਾ ਰਖਣ ਵਾਲੇ। [3]ਜੋ ਕਿਸੇ ਲੇਖ ਹੇਠ ਨਾ ਹੋਵੇ।

ਅਮੋਹੰ[1] ਅਦ੍ਰੋਹੰ[2], ਅਜੋਹੰ[3], ਅਭੇਖੰ ॥੪੦॥
[1]ਮੋਹ ਰਹਿਤ। [2]ਜੋ ਛਲਿਆ ਨਾ ਜਾ ਸਕੇ। [3]ਜੋ ਦਿੱਸੇ ਨਾ ਅੱਖਾਂ ਨਾਲ।

ਨ ਮਿੱਤਜੰ[1] ਅਕਿੱਤਜੰ[2] ਸੁ ਨਿੱਤਜੰ[3] ਅਜਿੱਤਜੰ[4]।
[1]ਮਿਤਿ ਰਹਿਤ ਅਪ੍ਰਮਾਣ। ਬੇਹੱਦ। [2]ਅੱਕ੍ਰੈ। [3]ਸਦਾ ਰਹੇ ਜੋ। [4]ਜੋ ਜਿੱਤਿਆ ਨਾ ਜਾ ਸਕੇ।

ਅਮਾਯੰ ਸੁ ਦਾਸੰ ਸਹਾਯੰ ਤ ਚਿੱਤਜੰ[1]।
[1]ਦਾਸਾਂ ਨੂੰ ਮਾਇਆ ਰਹਿਤ ਕਰਦੇ ਹੋ ਸਹਾਇਤਾ ਕਰਕੇ ਚਿਤ ਤੋਂ, (ਅ) ਮਾਯਾ ਰਹਿਤ ਹੋ, ਦਾਸਾਂ ਦੇ ਸਹਾਇਕ ਹੋ ਚਿਤਾਰਨੇ (ਯਾਦ ਕਰਨੇ) ਯੋਗ ਹੈ।

ਮਨੰ ਕਾਨਨੰ ਕਾਮ ਕ੍ਰੋਧਾਦਿ ਗੈ ਸੇ[1]।
[1]ਮਨ ਰੂਪੀ ਬਨ ਵਿਚ ਕਾਮ ਕ੍ਰੋਧ ਆਦਿਕ ਹਾਥੀ ਵਰਗੇ ਹਨ।

ਤੁਮਾਰੇ ਸੁ ਬੈਨੰ ਅਹੈਂ ਸਿੰਘ ਜੈਸੇ ॥੪੧॥

ਅੰਧੇਰੇ ਮਹਾਂ ਮੋਹ ਕੋ ਮਾਰਤੰਡੰ[1]।

[1]ਮਹਾਂ ਮੋਹ ਰੂਪੀ ਅਨ੍ਹੇਰੇ ਨੂੰ ਸੂਰਜ ਵਤ ਹੋ।

ਨਿਰੀਹੰ[1], ਨ੍ਰਿਬਾਣੰ, ਸਦਾ ਜੈ ਅਖੰਡੰ[2]!

[1]ਇੱਛਾ ਰਹਿਤ ਹੋ। [2]ਤੁਹਾਡੀ) ਜੈ ਹੋ, ਹੇ ਖੰਡਨ ਰਹਿਤ!

ਦੁਖੰ ਦੁੰਦ ਸਿੰਧੰ ਅਗਸਤੰ[1] ਅਨੂਪੰ।

[1]ਦ੍ਵੰਦ ਦੁਖਾਂ ਰੂਪੀ ਸਮੁੰਦਰ ਨੂੰ ਅਗਸਤ ਹੋ (ਅਗਸਤ ਸਮੁੰਦਰ ਪੀ ਗਿਆ ਸੀ)।

ਨਮਸਤੰ ਨਮਸਤੰ ਨਮਸਤੰ ਸਰੂਪੰ' ॥੪੨॥

ਦੋਹਰਾ:

ਇਸ ਬਿਧਿ ਉਸਤਤਿ ਕਰਿ ਬਹੁਰ,
ਰਹ੍ਯੋ ਚਰਨ ਲਪਟਾਇ।
ਪਠੈ ਸੁਨੈ ਇਸ ਕੋ ਜੁ ਨਰ,
ਸਰਬ ਫਲੰ ਸੁਖ ਪਾਇ ॥੪੩॥

ਚੌਪਈ:

[1]ਚੋਜ।

'ਧੰਨ ਗੁਰੂ ਤੁਮਰੀ ਗਤਿ[1] ਨ੍ਯਾਰੀ।
ਅਚਰਜ ਰੂਪ ਸੁ ਦੀਨ ਦਿਖਾਰੀ।
ਭਰਮ ਕਪਾਟ ਸੁ ਕਾਟਿ ਹਟਾਏ।
ਪਰਮਾਨੰਦ ਮਝਾਰ ਮਿਲਾਏ' ॥੪੪॥
ਸੁਨਤਿ ਗ੍ਯਾਨਘਨ ਪਰਮ ਕ੍ਰਿਪਾਲਾ[1]।

[1]ਗੁਰੂ ਜੀ।

ਪਰਸੀਦੇ ਤਿਹ ਕਾਲ ਬਿਸਾਲਾ।
ਸਰਬ ਸਿੱਧਿ ਸ਼ਕਤੀ ਹੈਂ ਜੇਤੀ।
ਖਰੀ ਅਗਾਰੀ ਕਰਿ ਦਿਯ ਤੇਤੀ ॥੪੫॥
'ਸੁਨਿ ਪੁਰਖਾ! ਤੁਝ ਭਾ ਅਬ ਗ੍ਯਾਨਾ।
ਦ੍ਵੈਤ ਭਾਉ ਉਰ ਤੇ ਬਿਸਰਾਨਾ।
ਸਰਬ ਜਿ ਸ਼ਕਤੀ ਪ੍ਰਾਪਤਿ ਹੋਈ।
ਚਹਹੁ ਸੁ ਕਰਹੁ ਬਿਲੰਬ ਨ ਕੋਈ ॥੪੬॥
ਤੱਦਪਿ ਸੁਨਿ ਮੋਰੀ ਮਤਿ ਜੋਊ।
ਨੀਕੇ ਦ੍ਰਿਢ ਕੀਜੈ ਉਰ ਸੋਊ।
ਪ੍ਰਬਲ ਬਡੋ ਕਲਿਕਾਲ ਅਗਾਰੀ[1]।

[1]ਅਗੇ ਹੈ।

ਉਪਜੈਂ ਮੰਦਮਤੀ ਨਰ ਭਾਰੀ ॥੪੭॥
-ਅਹੰ ਬ੍ਰਹਮ- ਜੋ ਗ੍ਯਾਨ ਮੁਕੰਦਾ।

{ਅਹੰ ਬ੍ਰਹਮ}

ਜਿਸ ਤੇ ਪ੍ਰਾਪਤਿ ਨਿੰਤ ਅਨੰਦਾ।
ਸੋ ਤੌ ਨੀਕੇ[1] ਹਿਰਦੇ ਮਾਂਹੀ।

[1]ਚੰਗਾ ਹੈ।

ਮੁਖ ਤੇ ਕਹਿਨ ਭਲੋ ਅਬ ਨਾਂਹੀ ॥੪੮॥
ਬੋਲਨ ਭਾਉ ਭਗਤਿ ਕੀ ਰੀਤੀ[1]।
[1]ਬੋਲਨ ਵਿਚ ਪ੍ਰੇਮਾ ਭਗਤੀ ਦੀ ਰੀਤੀ (ਚਾਹੀਏ) ਅਤੇ।
ਸਤਿ ਸੰਗਤਿ ਕਰਨੋਂ ਯੁਤ ਪ੍ਰੀਤੀ।
ਅਪਨ ਆਪ ਕੋ ਕਬਿ ਨ ਜਨਾਵਨ[1]।
[1]ਜਣਾਵਨਾ ਨਹੀਂ ਚਾਹੀਏ।
ਗੁਰ ਸੇਵਨ ਦਿਨ ਰੈਨ ਬਿਤਾਵਨ[1] ॥੪੯॥
[1]ਬਿਤਾਵਨਾ ਚਾਹੀਏ।
ਜਿਸ ਅਚਾਰ ਕੋ ਨਰ ਸਭਿ ਦੇਖਾ।
ਲਗਹਿਂ ਕਰਨ[1], ਹ੍ਵੈ ਭਲਾ ਵਿਸ਼ੇਖਾ।
[1]ਜਿਸ (ਪਿਛੇ ਕਰੇ) ਆਚਾਰ ਨੂੰ ਸਾਰੇ ਨਰ ਦੇਖਕੇ ਕਰਨ ਲੱਗ ਪੈਣ।
ਸਭਿ ਤੇ ਨੀਚ ਆਪਕੋ ਮਾਨੈਂ।
ਰਿਦੇ ਹੰਕਾਰ ਨ ਕਬਹੂੰ ਠਾਨੈਂ ॥੫੦॥
ਦੋਹਰਾ:
ਬ੍ਰਹਮ ਗਿਆਨੀ ਹੋਇ ਜੇ[1], ਅਹੰ ਬ੍ਰਹਮ ਕਹਿ ਜੋਇ।
[1]ਜੋ (ਸੱਚੀ ਮੁੱਚੀ) ਬ੍ਰਹਮ ਗਯਾਨੀ ਕੋਈ ਹੋਵੇ।
ਸੋ ਤੌ ਸਦ ਹੀ ਮੁਕਤ ਹੈ, ਤਾਂਹਿ ਬਿਕਾਰ ਨ ਕੋਇ ॥੫੧॥
ਚੌਪਈ:
ਪਰ ਕਲਿ ਕੇ ਨਰ ਹ੍ਵੈਂ ਸਿੱਖ ਤਾਂਹੀ[1]।
[1]ਤਿਸ (ਬ੍ਰਹਮ ਗਿਆਨੀ) ਦੇ।
ਜਿਨ ਕੇ ਰਿਦੇ ਸੁੱਧ ਭਲ ਨਾਂਹੀ।
ਸੁਨਿ ਕੇ ਕਹਿਨ ਲਗੈ[1] ਪੁਨ ਤੈਸੇ।
[1]ਕਹਿਣ ਲੱਗ ਪੈਣਗੇ।
ਗੁਰੂ ਬਦਨ ਤੇ ਭਾਖੈ ਜੈਸੇ ॥੫੨॥
ਤਿਨ ਕੀ ਜਿਉਂ ਹੈ ਰੀਤਿ ਕੁਚਾਲੀ[1]।
[1]ਮਾੜੀ।
ਸੋ ਸੁਨਿ ਲੇਹੁ ਕਹੌਂ ਬਿਧਿ ਨਾਲੀ।
ਗਯਾਨ ਸਮਾਨ ਘ੍ਰਿੱਤ ਕੇ ਜਾਨਹੁ।
ਉਤਮ, ਗਰਵ ਵਿਸ਼ੇਸ਼ ਪ੍ਰਮਾਨਹੁ[1] ॥੫੩॥
[1]ਚੰਗਾ ਹੈ (ਪਰ) ਭਾਰੀ (ਦੁਸ਼ਪਚ) ਜਾਣੋਂ।
ਕਫ ਸੁਭਾਵ ਜਿਨ ਕੇਰ ਮਹਾਨਾ।
ਤੇ ਨਰ ਘ੍ਰਿਤ ਕਰਿਹੀ ਜੇ ਪਾਨਾ।
ਪਚੇ ਨਹੀਂ ਸੋ ਕਰਤਿ ਬਿਕਾਰਾ[1]।
[1]ਨੁਕਸਾਨ।
ਛਾਤੀ ਬੋਝ ਹੋਤਿ ਦੁਖ ਭਾਰਾ ॥੫੪॥
ਹੋਤਿ ਰੋਗ ਕੋ ਕਾਰਣ ਸੋਈ।
ਤਹਿਂ ਤੇ ਸੁਖੀ ਸ਼ਰੀਰ ਨ ਹੋਈ।

ਅਚਜੋ ਹੇਤ ਸੁਖ, ਹ੍ਵੈ ਬਿੱਪ੍ਰੀਤਾ।
ਗੁਨ ਤੇ ਰਹਜੋ, ਸੁ ਔਗੁਨ ਕੀਤਾ ॥੫੫॥
ਪਿੱਤੀ[1] ਕੋ ਜਿਨ ਕੇਰ ਸੁਭਾਉ। — [1]ਸੁਫਰਾਵੀ।
ਤੇ ਘ੍ਰਿਤ ਪੀ ਕਰਿ ਚਹੈਂ ਪਚਾਉ।
ਤਿਨ ਕੋ ਅਤੀਸਾਰ[1] ਦੁਖ ਹੋਈ। — [1]ਦਸਤ।
ਮਿਟਤਿ ਨ ਕਰੇ ਉਪਾਇ ਜਿ ਕੋਈ ॥੫੬॥
ਅਹੈਂ ਬਿਚੱਛਨ ਮਾਨਵ ਜੇਈ।
ਠਟੇ ਅਮੇਜ਼[1] ਤਾਂਹਿ ਕੋ ਸੋਈ। — [1]ਰਲਾਕੇ। ਅਮੇਜ਼=ਕੋਈ ਮਿਲਵੀਂ ਚੀਜ਼ ਭਾਵ ਅਨੁਪਾਨ ਰਲਾਕੇ ਵਰਤਦੇ ਹਨ। [ਫਾ: ਆਮੇਜ਼]।
ਮਿਸਰੀ ਕੀ ਕਰਿ ਸੰਗ ਮਿਲੌਨੀ।
{ਭਗਤੀ ਦੀ ਮਿਸਰੀ}
ਖਾਇਂ ਸਾਦ ਸੋਂ ਪੁਨ ਗੁਨ ਲੌਨੀ[1] ॥੫੭॥ — [1]ਫੇਰ ਗੁਣ (ਉਸ ਦਾ) ਸੁਹਣਾ ਹੋ ਜਾਂਦਾ ਹੈ।
ਤੈਸੇ ਸੁਨਹੁ ਗਜਾਨ ਕੀ ਚਾਲੀ।
ਪਾਇ ਰੀਤਿ ਜਿਸ ਹੋਤਿ ਕੁਢਾਲੀ।
ਜਿਨ ਕੋ ਕਫ ਹੰਕਾਰ ਘਨੇਰਾ।
ਸੁਨਤਿ ਗਜਾਨ ਤਿਨ ਵਧੇ ਵਧੇਰਾ ॥੫੮॥
ਸਭਿ ਤੈ ਉਚ ਆਪ ਕੋ ਜਾਨੈਂ।
ਅਨਿਕ ਪਖੰਡਨ ਕੀ ਬਿਧਿ ਠਾਨੈਂ।
ਭਗਤਿ ਭਾਉ ਤਜਿ ਨਿਵੈਂ ਨ ਕਾਹੂ।
ਛਾਤੀ ਰੋਗ ਬੋਝ ਹੁਇ ਤਾਂਹੂ ॥੫੯॥
ਜਨਮ ਮਰਨ ਕੀ ਪੀਰਾ ਪਾਈ।
ਸੁਖ ਤੇ ਰਹਜੋ, ਭਯੋ ਦੁਖਦਾਈ।
ਪਿੱਤੀ ਬਿਸ਼ੈ ਬਾਸ਼ਨਾ ਜਾਂਹੀ।
ਤੇ ਸੁਨਿ ਕੈ ਨਿਸ਼ੰਕ ਹੁਇ ਜਾਹੀਂ ॥੬੦॥
ਬੀਚ ਬਿਸ਼ੈ ਕੇ ਫਸ ਕੇ ਸੋਈ।
ਓੜਕ ਨਰਕ ਗਮਨ ਤਿਨ ਹੋਈ।
ਬਿਸ਼ਿਯਨ ਬਿਖੇ ਪ੍ਰਵਿਰਤਨ ਜੋਈ[1]। — [1]ਵਰਤਣਾ ਜੋ ਹੈ।
ਅਤੀਸਾਰ ਇਹ ਖਰੋ ਦੁਖੋਈ[1] ॥੬੧॥ — [1]ਖਰਾ ਦੁੱਖ ਹੈ।
ਤਾਂਤੇ ਮਿਸਰੀ ਭਗਤਿ ਸੰਜੁਤੀ[1]। — [1]ਭਗਤੀ ਰੂਪੀ ਮਿਸਰੀ ਸਮੇਤ।
ਲਖਹਿਂ ਗਜਾਨ ਤਿਨ ਕੀ ਮਤਿ ਪੂਤੀ[1]। — [1]ਪਵਿੱਤ੍ਰ।

ਨਿਸ਼ਚਾ ਰਿਦੇ ਗ੍ਯਾਨ ਕੋ ਧਰਿਹੀਂ।
ਭਾਉ ਭਗਤਿ ਬਾਹਰ ਸ਼ੁਭ ਕਰਿਹੀਂ ॥੬੨॥
ਤਿਨ ਕੋ ਦੁਖ ਨਹਿਂ ਲਾਗੇ ਕੋਈ।
ਸੁਖ ਭਾ, ਪਹੁੰਚ ਪਰਮਪਦ ਹੋਈ[1]।

[1]ਸੁਖ ਹੋਯਾ, ਤੇ ਪੂਰਨ ਪਦ ਤੇ ਪਹੁੰਚ ਹੋ ਜਾਂਦੀ ਹੈ।

ਇਹ ਸਿੱਧਾਂਤ ਸਭਨਿ ਤੇ ਨੀਕਾ।
ਹੁਇ ਉਧਾਰ ਜਗ ਤੇ ਜਿਉਂ ਜੀ ਕਾ ॥੬੩॥
ਕਲਿ ਮੈਂ ਔਰ ਉਪਾਇ ਨ ਕੋਈ।
ਭਗਤਿ ਗ੍ਯਾਨ ਤੇ ਕੈਵਲ[1] ਹੋਈ।

[1]ਮੁਕਤੀ। ਕੈਵਲ-ਜੋਗ ਦਰਸ਼ਨ ਦੀ ਮੁਕਤੀ ਹੈ, ਜਿਥੇ ਪੁਰਖ ਆਪਣੇ ਆਪ ਵਿਚ ਟਿਕ ਕੇ ਸੁਤੰਤਰ ਹੋ ਜਾਂਦਾ ਹੈ। ਗੁਰੂ ਘਰ ਦੀ ਮੁਕਤੀ ਹੈ ਪ੍ਰੇਮ ਦੁਆਰਾ ਵਾਹਿਗੁਰੂ ਜੀ ਵਿਚ ਜੁੜ ਜਾਣਾ।

ਤਿਨ ਕੀ ਪ੍ਰਾਪਤਿ[1] ਜੇ ਨਰ ਚਹਿਈਂ।

[1]ਭਾਵ ਭਗਤੀ ਤੇ ਗ੍ਯਾਨ ਦੀ ਪ੍ਰਾਪਤੀ।

ਸੋ ਸਤਿਸੰਗ ਖੋਜ ਜਗ ਲਹਿਈਂ ॥੬੪॥
ਕਰਹਿਂ ਭਾਉ ਸੇਵਾ ਤਹਿਂ ਠਾਨੈ।
ਬਚਨ ਸੁਨੈ ਤਿਨ, ਦੈ ਮਨ ਕਾਨੈ।
ਕਾਮ ਕ੍ਰੋਧ, ਲੋਭਾਦਿਕ, ਬਨ ਕੋ।
ਹੈ ਸਤਿਸੰਗ ਕੁਠਾਰ ਕਦਨ ਕੋ[1] ॥੬੫॥

[1]ਕੱਟਣ ਨੂੰ ਕੁਹਾੜਾ ਹੈ।

ਤਮ ਅੱਗ੍ਯਾਨਹਿਂ ਭਾਨੁ[1] ਸਮਾਨਾ।

[1]ਸੂਰਜ।

ਬਿਸ਼ਯ ਤਪਤ ਕੋ[1] ਛਾਇ ਮਹਾਨਾ।

[1]ਵਿਸ਼ੈ ਰੂਪੀ ਤੱਪਸ਼ ਨੂੰ।

ਪੁਨ ਸਤਿਸੰਗ ਅਹੈ ਸਮ ਸਾਗਰ।
ਜਿਸ ਮਹਿਂ ਅਸ[1] ਸੁਠ ਰਤਨ ਉਜਾਗਰ ॥੬੬॥

[1]ਐਸੇ (ਅ) ਹੈਨ।

ਮੈਤ੍ਰੀ, ਮੁਦਿਤਾ, ਸਤਿ, ਸੋਤੋਖੰ।
ਕਰੁਨਾ, ਛਿਮਾ, ਖਾਰ ਨਹਿਂ ਦੋਖੰ[1]।

[1]ਭਾਵ ਸਮੁੰਦਰ ਖਾਰਾ ਹੁੰਦਾ ਹੈ, ਸਤਿਸੰਗ ਰੂਪੀ ਸਮੁੰਦਰ ਵਿਚ ਖਾਰੇ ਪਨ ਦਾ ਦੂਸ਼ਨ ਨਹੀਂ ਹੈ। (ਅ) ਸਤਿਸੰਗ ਰੂਪੀ ਸਮੁੰਦਰ ਵਿਚ ਜੋ ਮਹਾਂ ਪੁਰਖਾਂ ਦੀ ਮਤ ਦੇਣੀ ਤੇ ਬਦੀ ਤੋਂ ਵਰਜਣਾ ਕੁਛ ਖਾਰੇ ਲੱਗਣ ਵਾਲੇ ਸਾਮਾਨ ਹਨ ਸੋ ਦੁਖ ਦਾਤੇ ਨਹੀਂ ਸੁਖ ਦਾਤੇ ਹਨ।

ਧੀਰਜ, ਗ੍ਯਾਨ, ਵਿਰਾਗ, ਵਿਚਾਰਾ।
ਭਾਉ, ਭਗਤਿ, ਭਲ ਮੋਖ ਦੁਵਾਰਾ ॥੬੭॥

ਸਮ ਦਮ ਜੋਗ ਆਦਿ ਜੇ ਸਭਿ ਹੀ।
ਉਪਜੈਂ ਸਦਾ ਨ ਨਿਖੁਟੈਂ ਕਬਿ ਹੀ।
ਜੋ ਇਸ ਸਾਗਰ ਬੀਚ ਸਮਾਵੈ।
ਕਹੋ ਕਿਉਂ ਨ ਆਨੰਦ ਪਦ ਪਾਵੈ ॥੬੮॥
ਸਭਿ ਸਾਧਨ ਮੁਖ ਸਤਿਸੰਗ ਜੋਈ।
ਇਸ ਮਿਲਨੇ ਸਭਿ ਪ੍ਰਾਪਤਿ ਹੋਈ।
ਜਿਨ ਪਾਛੇ ਕੀਨੋ ਸਤਿਸੰਗਾ।
ਮੁਕਤਿ ਭਏ ਸੇ, ਤਿਨ ਭ੍ਰਮ ਭੰਗਾ ॥੬੯॥
ਜੇ ਅਬਿ ਪ੍ਰੀਤ ਧਾਰਿ ਉਰ ਕਰਿ ਹੈਂ।
ਨਿਹਸੰਸੈ ਭਵਸਾਗਰ ਤਰਿ ਹੈਂ।
ਬਹੁਰ ਜਿ ਕਰਿਹੈਂ ਔਰ ਅਗਾਰੀ।
ਤਿਨ ਕੀ ਹੋਵਹਿ ਮੋਖ ਸੁਖਾਰੀ ॥੭੦॥
ਮਹਾਂ ਭਾਗ ਲਹਿਣੈ ! ਸੁਨਿ ਲੀਜੈ।
ਤਾਂਤੇ ਸਤਿਸੰਗ ਰੀਤਿ ਕਰੀਜੈ।
ਭਾਉ ਭਗਤਿ ਕਰਨੀ ਬਿਧਿ ਨੀਕੀ।
ਰਿਦੈ ਗ੍ਯਾਨ ਗਤਿ ਹੈ ਇਸ ਜੀਕੀ ॥੭੧॥*

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਲਹਿਣੇ ਜੀ ਕੋ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋਂ ਅਧ੍ਯਾਯ ॥੫੧॥

*ਇਸ ਅਧ੍ਯਾਯ ਵਿਚ ਵੇਦਾਂਤਕ ਗ੍ਯਾਨ ਦਾ ਉਪਦੇਸ਼ ਤੇ ਉਸ ਨੂੰ ਪ੍ਰੇਮਾ ਭਗਤੀ ਨਾਲ ਪਚਾਉਣਾ ਕਵਿ ਜੀ ਨੇ ਅੰਗ ਪ੍ਰਤਿ ਅੰਗ ਦੱਸਕੇ ਚੰਗੀ ਤਰ੍ਹਾਂ ਵਰਣਨ ਕੀਤਾ ਹੈ। ਸਿਖ ਗ੍ਯਾਨੀ ਅਕਸਰ ਇਹ ਉਪਦੇਸ਼ ਦਿਆ ਕਰਦੇ ਸਨ-ਮੁਖ ਭਗਤੀ, ਵਰਤਣ ਵੈਰਾਗ, ਹਿਰਦੇ ਗਿਆਨ। ਗਿਆਨ ਦੇ ਵੇਰਵੇ ਤੇ ਗਿਆਨ ਦੀ ਵਿਆਖਿਆ ਹੁਣ ਬੀ ਹੈ ਤੇ ਓਦੋਂ ਬੀ ਹੈਗੀ ਸੀ, ਇਹ ਗੱਲਾਂ ਪੰਡਤ ਲੋਕ ਦੱਸਦੇ ਸਨ, ਜੋਗੀ ਲੋਕ ਜੋਗ ਦੱਸਦੇ ਸਨ, ਸੰਨ੍ਯਾਸੀ ਤ੍ਯਾਗ ਸਿਖਾਲਦੇ ਸਨ, ਸਮਝਾਂ ਵਾਲੇ ਵਿਚਾਰਾਂ ਕੂਕਦੇ ਸਨ, ਭਗਤੀ ਬੀ ਹੈਗੀ ਸੀ, ਪਰ ਸ੍ਰਿਸ਼ਟੀ ਦੁਖੀ ਸੀ, ਜਗਤ ਕਸ਼ਟ ਵਿਚ ਸੀ, ਜਿਸ ਦਾ ਨਿਰੂਪਣ ਭਾਈ ਗੁਰਦਾਸ ਜੀ ਨੇ ਚੰਗੀ ਤਰ੍ਹਾਂ ਪਹਿਲੀ ਵਾਰ ਵਿਚ ਕੀਤਾ ਹੈ। ਉਹ ਕੋਈ ਹੋਰ ਕ੍ਰਿਸ਼ਮਾ ਸੀ, ਜਿਸ ਖੁਣੋ ਜਗਤ ਦੁਖੀ ਸੀ ਤੇ ਜੋ ਗੁਰੂ ਜੀ ਲੈ ਕੇ ਆਏ ਸੇ, ਉਹ ਸਤਿਗੁਰ ਨੇ ਦਿੱਤਾ ਤੇ ਜੀਵਨ ਦਾ ਪ੍ਰਯੋਜਨ ਇਸ ਵੱਖਰ ਦਾ ਵਣਜ ਦੱਸਿਆ। ਵਣਜਾਰੇ ਵਿਚ ਸਿਆਣ ਕਮਾਲ ਤੇ ਅੱਪੜਦੀ ਹੈ, ਵਣਜਾਰੇ ਵਿਚ ਕਰਤੱਵ ਕਮਾਲ ਤੇ ਜਾਂਦਾ ਹੈ। ਵਣਜਾਰੇ ਦੀ ਲਗਨ ਕਮਾਲ ਦੀ ਹੁੰਦੀ ਹੈ, ਵਣਜਾਰਾ ਹਿਸਾਬ ਵਿਚ ਬੀ ਕਾਮਲ ਹੋ ਜਾਂਦਾ ਹੈ, ਪਰ ਸੱਚ ਧਨ ਦਾ ਵਪਾਰੀ ਹੋਣ ਕਰਕੇ ਜਦੋਂ ਸ਼ਾਹ ਬਣਦਾ ਹੈ ਤਦੋਂ ਹੱਦ ਤੋਂ ਪਰੇ, ਕਥਨ ਤੋਂ ਪਰੇ, ਗੇਣਤੀ ਤੋਂ ਪਰੇ ਅਕਹਿ ਅਕੱਥ ਪਾਤਸ਼ਾਹੀ ਦੇ ਘਰ ਅੱਪੜਦਾ ਹੈ। 'ਜਿਸਨੋ ਬਖਸੇ ਸਿਫਤਿ ਸਾਲਾਹ ॥ਨਾਨਕ ਪਾਤਿਸਾਹੀ ਪਾਤਿਸਾਹੁ ॥' ਇਹ ਹਰਿ ਧਨ ਦਾ ਵਪਾਰੀ 'ਸਤਿ ਸੁਹਾਣੁ ਸਦਾ ਮਨਿ ਚਾਉ' ਵਿਚ ਵਸਦਾ ਹੈ। ਇਸ ਦਾ ਮਾਰਗ ਹੈ-ਸਿਫਤ ਸਲਾਹ। ਵਪਾਰੀ ਨੂੰ ਹੁਕਮ ਹੈ, 'ਸਾਲਾਹੀ ਸਾਲਾਹਿ' ਇਸ ਦਾ ਜਪ ਮੰਤ੍ਰ ਹੈ-ਵਾਹਿ+ਗੁਰੂ। (ਵਾਹਿਗੁਰੂ) ਜਿਸ ਦਾ ਅਰਥ ਹੈ ਸਿਫਤ

ਸਾਲਾਹ। ਧੰਨ ਹੈ, ਅਚਰਜ ਹੈ, ਵਿਸਮਾਦ ਹੈ 'ਗੁਰ ਗੁਰ ਏਕੋ।' ਤੇ ਇਸ ਭਾਵ ਵਿਚ ਉਠਦਾ ਵਪਾਰੀ ਵਿਸਮਾਦ ਦੇ ਘਰ ਅੱਪੜਦਾ ਹੈ। ਵਿਸਮਾਦ ਵਿਡਾਣ ਹੈ, ਮਹਾਂ ਅਚਰਜ ਹੈ, ਅਚਰਜ ਕਥਨ ਕਹਿਣ ਤੋਂ ਪਰੇ ਹੈ। ਕਵੀ ਜੀ ਬੀ ਆਖਦੇ ਹਨ 'ਅਚਰਜ ਤੇ ਪਰ ਉਕਤਿ ਨ ਕੋਈ।'

## ੫੨. [ਗੁਰੂ ਜਸ ਮਹਾਤਮ। ਹੋਰ ਪਰਤਾਵੇ। ਤਖਤ ਦੇਣਾ, ਜਪੁਜੀ ਮਹਿਮਾ]

੫੧<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੩

{ਸ੍ਰੀ ਸੁਲਖਣੀ ਜੀ ਦੀ ਚਿੰਤਾ} ॥੮..॥
{ਹੋਰ ਪਰਤਾਵੇ-ਮਰੀ ਚੂਹੀ} ॥੧੬..॥
{ਰਾਤ ਸਮੇਂ ਬਸਤ੍ਰ ਧੋਣ ਦਾ ਹੁਕਮ} ॥੩੦..॥
{ਚਿੱਕੜ ਵਿੱਚ ਲੋਟਾ ਸੁੱਟਣਾ} ॥੩੮..॥
{ਬੂੜਾ – ਬਾਬਾ ਬੁੱਢਾ ਜੀ ਦਾ ਸ਼ੰਕਾ} ॥੫੧..॥
{ਤਖਤ ਦੇਣਾ} ॥੬੬..॥
{ਲਹਿਣੇ ਤੋਂ ਅੰਗਦ} ॥੮੪..॥
{ਜਪੁ ਜੀ ਸੰਕਲਿਤ} ॥੯੫..॥
{ਜਪੁਜੀ ਮਹਿੰਮਾ} ॥੯੬..॥

ਦੋਹਰਾ:

ਕਰਿ ਕਾਗਜ ਨਿਜ ਰਿਦੇ ਕੋ ਮਸੁ ਸੁਮੱਤਿ ਬਨਾਇ।

ਕਾਗਜ=ਕਾਗਤ, ਜਿਸ ਪਰ ਲਿਖਿਆ ਜਾਵੇ। ਫਾਰਸੀ, ਕਾਗ਼ਜ਼] ਮਸੁ-ਸ਼ਾਹੀ।

ਸ੍ਰੀ ਸਤਿਗੁਰ ਕੋ ਜਸੁ ਲਿਖਹਿ ਤਬਹਿਂ ਪਰਮਗਤਿ ਪਾਇਂ ॥੧॥

ਪਰਮਗਤਿ=ਪੂਰਨ ਗਤੀ, ਓਹ ਹਾਲਤ ਜੋ ਸਭ ਤੋਂ ਉੱਚੀ ਤੇ ਕਿਸੇ ਗਲੇ ਊਣੀ ਨਹੀਂ, ਮੁਕਤੀ।

ਅਰਥ:

(ਜਦੋਂ ਤੂੰ) ਆਪਣੇ ਮਨ ਨੂੰ ਕਾਗਤ ਬਣਾਵੇਂ ਤੇ ਸ੍ਰੇਸ਼ਟ ਬੁੱਧੀ ਨੂੰ ਸ਼ਾਹੀ ਬਣਾਵੇਂ (ਇਸ ਨਾਲ ਉਸ ਉੱਤੇ) ਸ੍ਰੀ ਸਤਿਗੁਰੂ ਜੀ ਦਾ ਜਸ ਲਿਖੇਂ ਤਦੋਂ ਹੀ ਤੂੰ ਪਰਮਗਤੀ ਨੂੰ ਪਾਵੇਂਗਾ।

ਚੌਪਈ:

ਸ੍ਰੀ ਗੁਰ ਨਾਨਕ ਕ੍ਰਿਪਾ ਨਿਧਾਨਾ।
ਇਉਂ ਉਪਦੇਸ਼ਯੋ ਤੱਤ ਗਯਾਨਾ।
ਕੇਤਿਕ ਬਹੁਰ ਬਿਤਾਯੋ ਕਾਲਾ।
ਸੇਵਹਿ ਲਹਿਣਾ ਭਾਉ ਬਿਸਾਲਾ ॥੨॥
ਜਿਉਂ ਤਰੁ ਸ਼ਾਖ[1] ਨਿਵੈ ਫਲ ਪਾਈ[2]। [1]ਬ੍ਰਿੱਛ ਦੀ ਟਹਿਣੀ। [2]ਫਲ ਪਾਕੇ।
ਤੈਸੀ ਗਤਿ ਲਹਿਣੇਂ ਠਹਿਰਾਈ।
ਦੇਖਿ ਨਿੰਮਰਤਾ ਪਰਮ ਘਨੇਰੀ।
ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ[1] ॥੩॥ [1]ਸਵਾਈ ਵਧੀ।
ਅਜਰ ਜਰਨ ਲੱਛਨ ਪਹਿਚਾਨਾ।
ਅਧਿਕ ਪ੍ਰਸੀਦੇ ਸ੍ਰੀ ਗਤਿਦਾਨਾ।
ਇਸ ਬਿਧਿ ਕੋ ਰੁਖ਼ ਜੋ ਗੁਰ ਕੇਰਾ।
ਦਿਨ ਪ੍ਰਤਿ ਬਧੈ ਸਰਬ ਨੈ ਹੇਰਾ ॥੪॥
ਮਿਲਿਹਿਂ ਪਰਸਪਰ ਕਹੈਂ ਬਨਾਈ।
'ਸ੍ਰੀ ਲਹਿਣੇ ਪਰ ਕ੍ਰਿਪਾ ਸਵਾਈ[1]। [1]ਵਧੇਰੀ ਹੈ।

ਅਨੁਮਾਨਹਿ ਤੇ ਪਰੈ ਲਖਾਈ[1]।
[1]ਅੰਦਾਜ਼ੇ ਤੋਂ ਜਾਣਿਆਂ ਜਾਂਦਾ ਹੈ।
ਅਪਨੋ ਤਖਤ ਦੇਹਿਂ ਤਿਹਂ ਤਾਈਂ ॥੫॥
ਸਿਰੀਚੰਦ ਸੁਤ ਲਖਮੀ ਦਾਸੰ।
ਇਨਹਿ ਦੇਂਯ, ਕਛੁ ਨਹਿਂ ਭਰਵਾਸੰ।'
ਇਸ ਪ੍ਰਕਾਰ ਸ਼ੁਹਰਤ[1] ਭਈ ਸਾਰੇ।
[1]ਪ੍ਰਸਿੱਧੀ, ਮਸ਼ਹੂਰੀ।
ਬੈਠੇਂ ਆਪਹਿ ਬੀਚ ਉਚਾਰੇਂ ॥੬॥
'ਸਿੱਖੀ ਪਰਖੀ ਜਬਹਿ ਕ੍ਰਿਪਾਲਾ।
ਨਿਸਚਲ ਰਹਜੋ ਸਰਬ ਹੀ ਕਾਲਾ।
ਯਾਂ ਤੇ ਦੇਨਿ ਨਜਾਇ ਹੈ ਤਾਂਹੀ।
ਅਚਰਜ ਕਿਛੁ ਨ ਲਖਹੁ ਮਨ ਮਾਂਹੀ' ॥੭॥
ਸੁਣੀ ਸੁਲਖਣੀ ਸੁਧ ਅਸ ਕਾਨਾ।
ਹਿਰਦੇ ਉਪਜਯੋ ਖੋਭ ਮਹਾਨਾ।
ਚਿੰਤਾਤੁਰ ਹੋਇ ਤੂਰਨ ਆਈ।

{ਸ੍ਰੀ ਸੁਲਖਣੀ ਜੀ ਦੀ ਚਿੰਤਾ}

ਜਹਿਂ ਧ੍ਰਮਸਾਲ ਹੁਤੇ ਜਗ ਸਾਈਂ ॥੮॥
ਦ੍ਵੈ ਸੁਤ ਬੈਠੇ ਤਹਾਂ ਸਮੀਪਾ।
ਸੇਵਹਿ ਪਦ ਤੇਹਣ ਕੁਲ ਦੀਪਾ।
ਔਰ ਸਿੱਖ ਕੇਤਿਕ ਨਿਜਕਾਨੇ[1]।
[1]ਹੋਰ ਭੀ ਕੁਝਕੁ ਸਿਖ ਨੇੜੇ ਸਨ ਭਾਵ ਕੋਲ ਬੈਠੇ ਸਨ। ਡਨਿਜਕਾਨੇ=ਨਜ਼ਦੀਕ, ਨੇੜੇ।
ਤਹਿਂ ਚਲਿ ਆਈ[†] ਮਨ ਮੁਰਝਾਨੇ ॥੯॥
[†]ਪਾ:-ਆਏ।
ਬੈਠਿ ਸਮੀਪ ਕਹੀ ਅਸ ਬਾਨੀ।
'ਸੁਨਿ ਸ੍ਰੀਚੰਦ ਪਿਤਾ[1], ਗੁਨ ਖਾਨੀ!
[1]ਹੇ ਸ੍ਰੀ ਚੰਦ ਜੀ ਦੇ ਪਿਤਾ ਜੀਓ!
ਕਿਉਂ ਵਿੱਪ੍ਰੀਤਿ ਆਪ ਮਨ ਠਾਨੀ।
ਕਰਹੁ ਰੀਤਿ ਜਗ ਪਰਮ ਸੁਹਾਨੀ ॥੧੦॥
ਸਭਿ ਬਿਧਿ ਲਾਇਕ ਤਾਤ ਤੁਮਾਰੇ।
ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ।
ਜਗ ਮੈਂ ਜਿਨ ਤੇ ਬੰਸ ਬਧੇਰਾ[1]।
[1]ਜਿਨ੍ਹਾਂ ਤੋਂ ਵੰਸ਼ ਵਧੇਗਾ।
ਸੁਜਸੁ ਹੋਇ ਸਭਿ ਵਿਖੈ ਘਨੇਰਾ ॥੧੧॥
ਰਹੇ ਨਾਮ ਜਿਨ ਤੇ ਬੱਖਜਾਤੀ[1]।
[1]ਪ੍ਰਗਟ ਰਹੇਗਾ ਨਾਮ।
-ਅਮੁਕੇ ਕੀ ਕੁਲ ਜਗਤ ਸੁਹਾਤੀ-।

ਅਸ ਗੁਨਕਾਰਿ[1] ਸੁਤਨ ਕੋ ਤਜਾਗਾ।
ਕਰਹੁ ਦਾਸ ਪਰ ਬਹੁ ਅਨੁਰਾਗਾ ॥੧੨॥

[1]ਐਸੇ ਗੁਣ ਕਰਨ ਵਾਲੇ।

ਦੋਹਰਾ:
ਬਹੁਰ ਕਲਾ[1] ਨਿਜ ਵਸਤੁ ਜੋ, ਦਈ ਚਹਤਿ ਹੋ ਤਾਂਹਿ।

[1]ਸ਼ਕਤੀ।

ਤਾਤਨ ਤੇ ਅਧਿਕਾਇ ਕਰਿ[1], ਬੈਠਾਰਹੁ ਜਗ ਮਾਂਹਿ ॥੧੩॥

[1]ਵਡਿਆਕੇ।

ਚੌਪਈ:
ਅਵਤਾਰਾਦਿਕ ਭਏ ਅਗਾਰੀ।
ਕਿਨਹੁਂ ਨ ਕਬਿ ਐਸੀ ਮਤਿ ਧਾਰੀ।
-ਹੋਤਿ ਸੁਤਨ ਕੇ ਦਾਸ ਬਧਾਵਾ।
ਨਿਜ ਅਸਥਾਨਹਿਂ ਤਾਂਹਿ ਬਿਠਾਵਾ[1]- ॥੧੪॥

[1]ਭਾਵ, ਪੁੱਤ੍ਰਾਂ ਦੇ ਹੁੰਦਿਆਂ ਦਾਸ ਨੂੰ ਵਧਾ ਕੇ ਆਪਣੀ ਥਾਂ ਬਿਠਾਇਆ ਹੋਵੇ।

ਬਾਤ ਨ ਨੀਕੀ ਲੇਹੁ ਬਿਚਾਰੀ।
ਜੌ ਹਿਰਦੇ ਇਉਂ ਚਾਹਿ ਤੁਮਾਰੀ।
ਸੰਤਤਿ[1] ਚਿਤ ਮੈਂ ਤਪਿ[†] ਹੈ ਨੀਤੀ[2]।
ਸੁਖ ਨਹਿਂ ਪਾਵਹਿ ਪਿਖਹਿ ਅਨੀਤੀ' ॥੧੫॥

[1]ਉਲਾਦ। [2]ਤਪੇਗੀ ਸਦਾ। [†]ਪਾ:-ਜੋ।

ਭਗਤਿ ਵਛਲ ਸੁਨਿ ਕੈ ਅਸ ਬਾਨੀ।
ਕਿਤਿਕ ਕਾਲ ਲੌਂ ਤੂਸ਼ਨਿ ਠਾਨੀ।
ਤਿਹ ਛਿਨ ਲੇ ਮੂਖਕ[1] ਮੰਜਾਰੀ[2]।
{ਹੋਰ ਪਰਤਾਵੇ-ਮਰੀ ਚੂਹੀ}
ਅਰਧ ਚਰਬ ਕਰਿ[1] ਗੇਰਿ ਅਗਾਰੀ ॥੧੬॥

[1]ਚੂਹੀ। [2]ਬਿੱਲੀ।

[1]ਅੱਧਾ ਚੱਬ ਕੇ।

ਸਿਖਨ ਡਰਾਈ ਭੈ ਕਰਿ ਭਾਗੀ।
ਮੂਖਕ ਪਰੀ ਰਹੀ ਤਹਿਂ ਆਗੀ।
ਕ੍ਰਿਪਾ ਨਿਧਾਨ ਜਬਹਿ ਚਖੁ[1] ਦੇਖੀ।
ਕਰਨ ਸੁਲਖਣੀ ਨਿਸ਼ਾ ਵਿਸ਼ੇਖੀ ॥੧੭॥

[1]ਅੱਖਾਂ ਨਾਲ।

ਸਿਰੀਚੰਦ ਸੋਂ ਗਿਰਾ ਅਲਈ।
'ਮੂਖਕ ਪਰੀ ਨ ਭਲਿ ਇਹ ਥਾਈਂ।
ਨਿਜ ਕਰ ਸੰਗ ਉਚਾਇ[1] ਲਿਜਾਵਹੁ।
ਬਾਹਿਰ ਦਰ ਗੇਰਹੁ ਪੁਨਿ ਆਵਹੁ'

[1]ਉਠਾ ਕੇ।

॥ ੧੮ ॥
ਸਿਰੀ ਚੰਦ ਸੁਨਿ ਬੈਨ ਅਲਾਏ।
'ਦੇਖੇ ਮੈਂ ਇਸ਼ਟੀ[1] ਬਹੁ ਥਾਏ। — [1]ਚੇਟਕੀ, ਮਦਾਰੀ।
ਖਾਲਨ[1] ਕੀ ਮੰਜਾਰ ਬਨਾਵਤਿ। — [1]ਖੱਲਾਂ।
ਪੰਖ ਕਬੂਤਰ ਕਰਹਿਂ ਉਡਾਵਤਿ ॥ ੧੯ ॥
ਕਰਹੁ ਰੀਤਿ ਕਛੁ ਤਿਨਹਿਂ ਸਮਾਨਾ।
ਠਟਯੋ ਕਪਟ ਤੁਮ ਮੈਂ ਮਨ ਜਾਨਾ।
ਸੂਕਰ ਕੂਕਰ[1] ਨਿਜ ਸੰਗ ਲਾਏ। — [1]ਸੂਰ ਤੇ ਕੁੱਤੇ।
ਵਹਿਰ ਫਿਰੇ ਸ਼ਵ[1] ਕੋ ਦਿਖਰਾਏ ॥ ੨੦ ॥ — [1]ਮੁਰਦਾ।
ਕਰਿ ਕੈ ਦਯੋ ਤਿਹਾਵਲ ਸੋਈ।
ਕੋ ਐਸੋ ਛਲ ਬਹੁਰੋ ਹੋਈ।
ਮੁਝ ਬਿਲੋਕਨੇ ਚਾਹਿ ਨ ਕੋਈ।
ਹੌਂ ਨ ਉਚਾਵੋਂ ਮਿਰਤਕ ਜੋਈ[1]' ॥ ੨੧ ॥ — [1]ਜੋ ਹੈ ਮਰੀ (ਭਾਵ ਚੂਹੀ)।
ਅਸ ਕਹਿ ਤੂਸ਼ਨਿ ਮੁਖ ਤੇ ਠਾਨੀ।
ਦੁਤਿਯ ਤਾਤ ਸੋਂ ਕਹਿਂ ਗੁਰਬਾਨੀ।
'ਲਖਮੀ ਦਾਸ ! ਸੁਨਹੁ ਸੁ ਉਠਾਵਹੁ।
ਨਿਕਟ ਨ ਨੀਕੇ[1], ਵਹਿਰ ਬਗਾਵਹੁ[2]' ॥ ੨੨ ॥ — [1]ਕੋਲ ਪਈ ਚੰਗੀ ਨਹੀਂ ਲਗਦੀ। [2]ਬਾਹਰ ਸੁਟ ਪਾਓ।
ਤਬ ਬੋਲਯੋ ਸੋ 'ਸੁਨੀਏ ਤਾਤਾ !
ਹਮ ਕੋ ਉਚਿਤ ਨ ਐਸੀ ਬਾਤਾ।
ਮ੍ਰਿਤਕ ਮੂਖਕੀ ਹਾਥ ਨ ਲਾਵੋਂ।
ਕਹਉ ਤ ਅਉਰ ਪਾਸ ਉਚਵਾਵਉ[1]' ॥ ੨੩ ॥ — [1]ਚੁਕਵਾਵਾਂ।
ਅਸ ਕਹਿ ਤੂਸ਼ਨਿ[1] ਮਾਨ ਵਿਸ਼ੇਖ਼ਾ[2] ! — [1]ਚੁੱਪ ਹੋ ਗਿਆ। [2]ਬਹੁਤੇ ਮਾਨ ਵਿਚ।
ਤਬਿ ਲਹਿਣੇ ਦਿਸ਼ ਸ੍ਰੀ ਗੁਰ ਦੇਖਾ।
'ਉਠਹੁ ਤੁਹੀ ਕਰਤਾਰ ਪਿਆਰੇ !
ਮੂਖਕ ਚਾਇ ਵਹਿਰ ਦਿਹੁ ਡਾਰੇ' ॥ ੨੪ ॥
ਆਯੋ ਬਚਨ ਸੁਨਤਿ ਤਤਕਾਲਾ।
ਉਠਯੋ ਉਠਾਈ ਤੁਰਤ ਬਿਸ਼ਾਲਾ।
ਕੇਤਿਕ ਦੂਰ ਜਾਇ ਸੋ ਡਾਰੀ।
ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ ॥ ੨੫ ॥

'ਮੂਲੇਸੁਤਾ ! ਪਿਖਹੁ ਮਨ ਗੁਨੀਏ।
ਏ ਨਿਜ ਸੁਤ, ਸੋ ਪਰਸੁਤ ਜਨੀਏ[1]। — [1]ਏਹ (ਦੇਖ ਲਖਮੀ ਚੰਦ, ਸ੍ਰੀ ਚੰਦ) ਆਪਣੇ ਪੁੱਤ੍ਰ (ਦਾ ਹਾਲ ਹੈ ਤੇ) ਓਹ ਜਾਣ ਲੈ ਪਰਾਏ ਪੁਤਰ (ਸ੍ਰੀ ਲਹਿਣਾ ਜੀ ਦੀ ਕਰਨੀ)।
ਮਾਨਹਿਂ ਕਹਜੋ ਨ ਬਚਨ ਕਦਾਈ[1]। — [1]ਆਪਣੇ ਪੁਤ੍ਰਾਂ) ਕਿਹਾ ਨਹੀਂ ਮੰਨਦੇ ਕਦੇ ਬੀ।
ਸੋ[1], ਆਇਸੁ ਅਨੁਸਾਰਿ ਸਦਾਈ ॥੨੬॥ — [1]ਉਹ (ਭਾਵ ਲਹਿਣਾ ਜੀ)।

ਦੋਹਰਾ:
ਨਹਿਂ ਕਿਸਹੂੰ ਕੇ ਕਰ ਬਿਖੈ, ਸਭਿ ਕਰਤਾਰ ਅਧੀਨ।
ਜਿਸ ਪਰ ਕਰੁਨਾ ਦ੍ਰਿਸ਼ਟਿ ਹ੍ਵੈ, ਤਿਨਹਿ ਬਸਤੁ ਇਹ ਲੀਨਿ ॥੨੭॥

ਚੌਪਈ:
ਜਿਸ ਧਰਨੀ ਮਹਿਂ ਹੋਇ ਨਿਵਾਨਾ[1]। — [1]ਨਿਵਾਣ।
ਤਹਿਂ ਜਲ ਜਾਵਹਿ ਟਿਕਹਿ ਮਹਾਨਾ।
ਟਿੱਬਾ ਜਹਾਂ ਉਚੇਰਾ ਹੋਈ।
ਤਹਿਂ ਜਲ ਬੂੰਦ ਟਿਕੈ ਨਹਿਂ ਕੋਈ' ॥੨੮॥
ਸੁਨਿ ਕੈ ਬਚਨ ਦੇਖਿ ਨਿਜ ਨੈਨਾ।
ਗਈ ਸੁਲਖਨੀ ਉਠਿ ਨਿਜ ਐਨਾ।
ਕਿਤਿਕ ਦਿਵਸ ਜਬਿ ਬਿਤੇ ਬਹੋਰੀ।
ਪਰਖਨ ਕੀ ਠਾਨੀ ਬਿਧਿ ਔਰੀ ॥੨੯॥
ਭਵ ਅੰਬੁਧਿ ਤਾਰਨ ਗੁਰ ਪੋਤਾ[1]। — [1]ਸੰਸਾਰ ਸਾਗਰ ਦੇ ਤਾਰਨ ਨੂੰ ਜਹਾਜ਼ ਰੂਪੀ ਗੁਰੂ ਜੀ।

{ਰਾਤ ਸਮੇਂ ਬਸਤ੍ਰ ਧੋਣ ਦਾ ਹੁਕਮ}

ਜਾਮਨਿ ਏਕ ਭਾਉ ਨਿਜ ਸੋਤਾ[1]। — [1]ਆਪਣੇ ਰੰਗ ਵਿਚ ਸੁਤੇ ਪਏ ਸਨ।
ਉਭਯ ਤਾਤ[1] ਤਿਹ ਕਾਲ ਸਮੀਪਾ[2]। — [1]ਦੋਨੋਂ ਪੁਤ੍ਰ। [2]ਪਾਸ ਸਨ।
ਸ਼੍ਰੀ ਸਸਿ ਪ੍ਰਤਿ ਤਬ ਨਿਕਟ ਬੁਲੀਪਾ[1] ॥੩੦॥ — [1]ਸ੍ਰੀ ਚੰਦ ਜੀ ਨੂੰ ਤਦ ਕੋਲ ਸੱਦਿਆ।
'ਤਾਤ ! ਸੰਬਜਾਨ[1] ਧੋਨਿ ਸਰ ਜਈਏ। — [1]ਚਾਦਰਾ।
ਸੋਖਤਿ ਕਰਿ[1] ਤੁਰਨ ਢਿਗ ਲਜਈਏ।' — [1]ਸੁਕਾ ਕੇ।
ਤਾਤ ਕਹਤਿ 'ਹਮ ਸ਼੍ਰਮਤ ਕਰੰਤੇ[1]। — [1]ਥੱਕੇ ਹੋਏ (ਅਰਾਮ) ਕਰਦੇ ਹਾਂ। (ਅ) ਸਾਥੋਂ ਖੇਚਲ ਕਰਾਂਦੇ ਹੋ।
ਕੋਮਲ ਕਰ ਹਮ ਨਿਸਾ[1] ਠਰੰਤੇ ॥੩੧॥ — [1]ਰਾਤ ਵੇਲੇ।

ਬਾਸੁਰ ਹ੍ਵੈ, ਭ੍ਰਿਤ[1] ਧੋ ਕਰਿ ਲਜਾਵੈ।
ਹਮ ਤੇ ਯਹਿ ਕ੍ਰਿਤ ਹੋਇ ਨ ਆਵੈ।'
ਲਘੁ ਸੁਤ ਪ੍ਰਤਿ ਜਬਿ ਕਹਿਂ ਗੁਰ ਐਸੇ।
ਪ੍ਰਤਿ ਉੱਤਰ ਸੋ ਕਹਤਿਹੁ 'ਕੈਸੇ[1]' ॥੩੨॥

[1]ਦਾਸ।

[1]ਮੁੜਵਾਂ ਉਤਰ ਉਸ ਨੇ ਬੀ ਆਖਿਆ, (ਮੈਂ) ਕਿਸ ਤਰ੍ਹਾਂ (ਧੋਵਾਂ)।

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ।
'ਹਮ ਚਾਦਰ ਪੁਰਖਾ! ਧੋ ਲਾ ਖਾ[1]।'
ਤਬਹਿ ਉਠ੍ਯੋ ਲਹਿਣਾ ਬਡਭਾਗਾ।
ਸਰਿ ਮਹਿਂ ਜਾ ਪਟ ਧੋਵਨ ਲਾਗਾ ॥੩੩॥

[1]ਧੋ ਲਿਆ ਖਾਂ।

ਬਾਸੁਰ ਅਰਧ ਭਾਨੁ ਖਜਨ ਪਰਤੂ[1]।
ਲਖਿ ਲਹਿਣੇ ਮਨ ਅਚਰਜ ਸਮਤੂ।
ਧੋਇ ਸੁਕਾਇ ਚੈਲ[1] ਲੈ ਆਵਾ।
ਧਰਿ ਸਤਿਗੁਰ ਢਿਗ ਭਾਲ ਨਿਵਾਵਾ ॥੩੪॥

[1]ਦਿਨ ਅੱਧਾ, (ਭਾਵ ਦੁਪਹਿਰ ਹੋ ਗਿਆ) ਤੇ ਧੁੱਪ ਪੈਣ ਲਗ ਪਈ।

[1]ਕੱਪੜਾ।

ਜਗਤੇਸ਼੍ਵਰ ਨਿਜ ਪਾਨ ਉਠਾਯੋ।
ਕਹਿ 'ਸੁਮਤੇ! ਜਗ ਅਪਰ ਨ ਜਾਯੋ[1]।
ਕਿਤਿਕ ਨਿਸਾ ਥੀ ਪਟ ਧੋ ਆਨੇ?'
'ਤੇਰੀ ਗਤਿ ਤੂੰ ਜਾਨਿ' ਬਖਾਨੇ[1] ॥੩੫॥

[1]ਹੇ ਸ੍ਰੇਸ਼ਟ ਬੁਧੀ ਵਾਲੇ ਤੇਰੇ ਜਿਹਾ ਜਗ ਵਿਚ ਹੋਰ ਨਹੀਂ ਕੋਈ ਜੰਮਿਆ।

[1]ਕਿਹਾ ਸ੍ਰੀ ਲਹਿਣਾ ਜੀ ਨੇ।

ਦੋਹਰਾ:

ਸਤਿਗੁਰ ਕਹਿਂ 'ਜੋ ਵਸਤੁ ਹੈ
ਭਾਗ ਜਿਸੇ, ਸੋ ਪਾਇ।
ਬਿਨਾ ਭਾਗਾਂ ਨਹਿਂ ਮਿਲਤਿ ਹੈ
ਕੋਟਿਕ ਜਤਨ ਕਮਾਇ' ॥੩੬॥
ਅਪਰ ਪਰੀਖ੍ਯਾ ਲੈਨ ਕੀ
ਸਤਿਗੁਰ ਕੇ ਮਨ ਚਾਹਿ।
ਇਕ ਦਿਨ ਸਿੱਖਨ ਕਰਿ ਬਲਤਿ[1]
ਉਭਯ[1] ਤਾਤ ਢਿਗ ਆਹਿ ॥੩੭॥

[1]ਸਿਖਾਂ ਨਾਲ ਘਿਰੇ ਹੋਏ ਬੈਠੇ ਸਨ।

[1]ਦੋਨੋਂ।

ਚੌਪਈ:

ਹੁਤੀ ਸੁਲਖਣੀ ਢਿਗ ਤਿਤ ਕਾਲਾ।
ਕੈਹਾਂ ਬਾਸਨ[1] ਲੀਨ ਕ੍ਰਿਪਾਲਾ।

[1]ਕਾਂਸੀ ਦਾ ਬਰਤਨ।

{ਚਿੱਕੜ ਵਿੱਚ ਲੋਟਾ ਸੁੱਟਣਾ}

ਜੂਠ[1] ਨੀਰ ਕਰਦਮ ਗੰਭੀਰਾ।
ਤਿਹ ਮਹਿਂ ਡਾਰਯੋ ਗੁਨੀ ਗਹੀਰਾ ॥੩੮॥

[1]ਜੂਠਾ, ਗੰਦਾ।

ਸਿਰੀਚੰਦ ਸੋਂ ਆਇਸੁ ਪ੍ਰਾਹੀ।
'ਬਾਸਨ ਗਿਰਯੋ ਪੰਕ[1] ਕੇ ਮਾਂਹੀ।
ਸੋ ਨਿਕਾਸਿ ਆਨਹੁ ਮਮ ਪਾਹੀ।
ਜਲਹਿ ਪਖਾਰਿ ਸੂੱਛ ਕਰਿ[1] ਤਾਂਹੀ' ॥੩੯॥

[1]ਚਿੱਕੜ।

[1]ਪਾਣੀ ਨਾਲ ਧੋ ਕੇ ਪਵਿੱਤ੍ਰ ਸਾਫ ਕਰਕੇ।

ਦੋਹਰਾ:

ਸੋ ਸੁਨਿ ਕੈ ਬੋਲ੍ਯੋ ਬਚਨ, 'ਗਰ ਬਹੁ ਮੋਲੇ ਚੀਰ।
ਹਿਤ ਬਾਸਨ ਕੇ ਨਹਿਂ ਬਰੋਂ, ਮਲਿਨ, ਜੂਠ[1] ਯਹਿ ਨੀਰ[†] ॥੪੦॥

[1]ਗੰਦਾ ਤੇ ਜੂਠਾ ਹੈ। [†]ਪਾ:-ਕਰੌਂ ਨਹਿ ਮਲਿਨ, ਜੂਠ ਯਹਿ ਨੀਰ।

ਚੌਪਈ:

ਦਾਸ ਸਿੱਖ ਆਗੇ ਬਹੁ ਮੇਰੇ।
ਮਾਨਹਿਂ ਬਚਨ ਨ ਕਰਿਹੀਂ ਦੇਰੇ।
ਆਇਸੁ ਦੇਹੁ ਨਿਕਾਸੈਂ ਸੋਈ।
ਮੈਂ ਕਾਢੇਂ ਮਹਿਮਾ ਘਟ ਹੋਈ' ॥੪੧॥
ਇਸ ਪ੍ਰਕਾਰ ਸੁਨਿ ਕੈ ਜਗਨਾਥਾ।
ਬੋਲੇ ਪੁਨ ਦੂਸਰ ਸੁਤ ਸਾਥਾ।
'ਲਖਮੀ ਦਾਸ ਨਿਕਾਸਹੁ ਜਾਈ।
ਮਾਂਜਹੁ ਸੁਚਿ ਕਰਿਯੇ ਤਿਹ ਤਾਈਂ' ॥੪੨॥
ਸੁਨਤਿ ਸ਼੍ਰੌਨ ਤਿਨ ਬੈਨ ਬਖਾਨੇ।
'ਪਿਤ ਜੀ ! ਤੁਮ ਹੋ ਅਧਿਕ ਸਿਆਨੇ।
ਮੰਦ[1] ਕਾਮ ਹਮ ਪੈ ਕਰਿਵਾਵਉ।
ਸਭਿ ਲੋਕਨ ਮਹਿਂ ਮਾਨ ਘਟਾਵਉ ॥੪੩॥

[1]ਮੈਲਾ।

ਇਸੀ ਪ੍ਰਕਾਰ ਤੁਮਾਰ ਸੁਭਾਉ।
ਕਹਉ ਆਪ, ਹਮ ਕਰੈਂ ਨ ਕਾਉ[1]।'
ਤਬਿ ਲਹਿਣੇ ਦਿਸ਼ ਕ੍ਰਿਪਾ ਨਿਧਾਨਾ।

[1]ਤੁਸੀਂ (ਪਏ) ਆਖੋ ਅਸਾਂ ਕਰਨਾਂ ਕੋਈ ਨਹੀਂ।

ਅਵਲੋਕਯੋ ਅਸ ਬਚਨ ਬਖਾਨਾ ॥੪੪॥
'ਮਹਾਂ ਭਾਗ ! ਕਰਦਮ[1] ਕੈ ਮਾਂਹੀ। [1]ਚਿੱਕੜ।
ਜਾਇ ਨਿਕਾਸਿ ਸ੍ਵੱਛ ਕਰਿ[1] ਤਾਂਹੀ।' [1]ਪਵਿੱਤ੍ਰ ਕਰ।
ਗਰ ਬਹੁ ਮੋਲੇ ਚੀਰ ਸੁਹਾਈ।
ਸੁਨਿ ਆਇਸੁ ਨਹਿਂ ਦੇਰਿ ਲਗਾਈ ॥੪੫॥
ਕੂਦ ਪਰਯੋ ਕਰਦਮ ਕੇ ਮਾਂਹੀ।
ਆਇਸੁ ਅਨੁਸਾਰੀ ਪ੍ਰਨ ਜਾਂਹੀ[1]। [1]ਜਿਸਦਾ ਪ੍ਰਣ ਸੀ।
ਬਾਸਨ ਕੋ ਨਿਕਾਸਿ ਲੈ ਆਵਾ।
ਮਾਂਝ ਪਖਾਰਯੋ ਭਲੋ ਬਨਾਵਾ ॥੪੬॥
ਪੰਕ ਸੰਗ ਪਟ ਭਏ ਮਲੀਨਾ।
ਅੰਗਨ ਲਗਯੋ, ਜਾਤ ਨਹਿਂ ਚੀਨਾ[1]। [1]ਪਰ) ਅੰਗਾਂ ਨੂੰ (ਚਿੱਕੜ) ਲੱਗਾ ਨਹੀਂ ਦਿਸਦਾ (ਅ) ਐਸੇ ਅੰਗ ਚਿੱਕੜ ਨਾਲ ਲਿਬੜ ਗਏ ਕਿ ਸ੍ਰੀ ਲਹਿਣਾ ਜੀ ਪਛਾਣੇ ਹੀ ਨਾ ਜਾਣ।
ਸਰਬ ਬਿਲੋਕਿ ਬਿਸਮਤਾ ਠਾਨੀ।
'ਧੰਨ ਧੰਨ' ਕਹਿਂ ਕੇਤਿਕ ਬਾਨੀ ॥੪੭॥
ਗੁਰ ਸਿੱਖੀ ਤਿੱਖੀ ਅਸਿ ਹੂੰ ਤੇ[1]। [1]ਤਲਵਾਰ ਨਾਲੋਂ।
ਧੰਨ ਸਿ ਨਰ ਜੇ ਜਾਇ ਪਹੂੰਚੇ।
ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ।
ਮ੍ਰਿਦੁਲ ਸੁਮਤਿ[1] ਸੋਂ ਬਚਨ ਬਖਾਨਾ ॥੪੮॥ [1]ਭਾਵ ਸ੍ਰੀ ਲਹਿਣਾ ਜੀ।

ਦੋਹਰਾ:

'ਕਰ ਜੋਰੇ ਕਰਤਾਰ ਕੋ, ਬੰਦਨ ਕਰਿ ਸਿਰ ਨਯਾਇ।
ਤਵ ਸਮਤਾ ਨਹਿਂ ਅਪਰ ਮਹਿਂ, ਅਤਿ ਉਤੰਗ ਪਦ ਪਾਇਂ[1]' ॥੪੯॥ [1]ਉੱਚਾ ਮਰਤਬਾ ਪਾਵੇਂਗਾ।

ਚੌਪਈ:

ਸੁਨਿ ਲਹਿਣੇ ਗਹਿ ਪਦ ਅਰਬਿੰਦਾ।
ਧਰਯੋ ਸੀਸ ਲਹਿ ਰਿਦੇ ਅਨੰਦਾ।
ਬਹੁਰੋ ਕਿਤਿਕ ਬਿਤਾਯੋ ਕਾਲਾ।
ਸੇਵਹਿ ਸ੍ਰੀ ਗੁਰ ਚਰਨ ਰਸਾਲਾ ॥੫੦॥
ਇਕ ਦਿਨ ਬੁੜੇ ਕੇ ਮਨ ਆਈ।

{ਬੂੜਾ - ਬਾਬਾ ਬੁੱਢਾ ਜੀ ਦਾ ਸ਼ੰਕਾ}

-ਹੌਂ ਭੀ ਸੇਵ ਕਰਉਂ ਅਧਿਕਾਈ[1†]। — [1]ਕਰਦਾ ਹਾਂ ਬਹੁਤੀ। [†]ਪਾ-ਮਨ ਲਾਈ।

ਸਦਾ ਰਹਉਂ ਆਇਸੁ ਅਨੁਸਾਰੀ।

ਤਦਪਿ ਕ੍ਰਿਪਾ ਲਹਿਣੇ ਪਰ ਭਾਰੀ-

॥੫੧॥[⚐]

[⚐]ਹੋਰਨਾਂ ਦੀ ਸੇਵਾ ਤੇ ਸ੍ਰੀ ਪਰਮ ਪਵਿੱਤ੍ਰ ਲਹਿਣਾ ਜੀ ਦੀ ਸੇਵਾ ਵਿਚ ਇਹ ਫਰਕ ਹੈ, ਕਿ ਆਪ ਸ੍ਰੀ ਗੁਰੂ ਜੀ ਦੇ ਪ੍ਰੇਮ ਵਿੱਚ ਖਿੱਚੇ ਹੋਏ, ਕਿਸੇ ਚਾਉ ਪਜਾਰ ਤੇ ਬੇਵਸ ਖਿੱਚ ਵਿੱਚ ਸੇਵਾ ਕਰਦੇ ਹਨ। ਉਨ੍ਹਾਂ ਨੂੰ ਇਹ ਖ਼ਜਾਲ ਨਹੀਂ ਕਿ ਸੇਵਾ ਕੋਈ ਵਸੀਲਾ ਹੈ ਕਿਸੇ ਪ੍ਰਾਪਤੀ ਦਾ ਓਹ ਸਤਿਗੁਰ ਕਮਲ ਦੇ ਭਵਰੇ ਹਨ ਤੇ ਗ਼ੈਰ ਹਜ਼ੂਰੀ ਝੱਲ ਨਹੀਂ ਸਕਦੇ, ਜੋ ਆਗਜਾ ਹੁੰਦੀ ਹੈ ਉਸ ਦੀ ਪਾਲਣਾ ਉਨ੍ਹਾਂ ਤੋਂ ਬੇਵੱਸੇ ਕਿਸੇ ਰੰਗ ਰੱਤੜੀ ਬੇਖ਼ੁਦੀ ਵਿਚ ਹੁੰਦੀ ਹੈ, ਸਤਿਗੁਰੂ ਦਾ ਪ੍ਰਸੰਨ ਬਦਨ ਉਨ੍ਹਾਂ ਦੀ ਜੀਵਨ ਆਧਾਰ ਹੈ, ਉਸ ਸਦਾ ਖਿੜੇ ਚੇਹਰੇ ਦੀ ਸਦਾ ਪ੍ਰਸੰਨਤਾ ਉਨ੍ਹਾਂ ਦੇ ਕਰਨ ਦਾ ਕਾਰਣ ਤੇ ਪ੍ਰਯੋਜਨ ਹੈ।

ਦੂਸਰੇ ਬੀ ਸਿੱਖ ਹਨ, ਸੇਵਾ ਕਰਦੇ ਹਨ, ਉਨ੍ਹਾਂ ਦੇ ਅੰਦਰ ਬੀ ਭਾਵਨਾ ਹੈ, ਸ਼੍ਰਧਾ ਹੈ, ਪਰ ਓਹ ਜਾਣਦੇ ਹਨ ਕਿ ਸੇਵਾ ਨਾਲ ਰੀਝਦੇ ਹਨ ਤੇ ਰੀਝ ਕੇ ਕੁਛ ਦਾਨ ਕਰਦੇ ਹਨ। ਭਾਵੇਂ ਸਥੂਲ ਭਾਵੇਂ ਸੂਖਮ ਤੋਂ ਸੂਖਮ ਉਨ੍ਹਾਂ ਨੂੰ ਸੇਵਾ ਤੋਂ ਫਲ ਦੀ ਅਕਾਂਖਜਾ ਰਹਿੰਦੀ ਹੈ।

ਹੁਣ ਸਿੱਖਾਂ ਦੇ ਸਿਰਮੌਰ ਪਰਮ ਸਤਿਕਾਰ ਯੋਗ ਭਾਈ ਬੁੱਢਾ ਜੀ ਨੂੰ ਬੀ ਇਹ ਸੰਕਲਪ ਲੰਘਿਆ ਹੈ ਕਿ ਲਹਿਣਾ ਜੀ ਪਰ ਕ੍ਰਿਪਾ ਵਿਸ਼ੇਸ਼ ਹੈ, ਭਾਵੇਂ ਮੈਂ ਬੀ ਸੇਵਾ ਕਰਦਾ ਹਾਂ। ਇਹੋ ਜੇਹੀ ਕੋਈ ਗੇਣਤੀ ਸ੍ਰੀ ਸੁਹਣੇ ਲਹਿਣਾ ਜੀ ਦੇ ਅੰਦਰ ਨਹੀ ਹੈਸੀ।

ਗੁਰ ਨਾਨਕ ਦੇਵ ਜੀ ਨੂੰ ਪਰਖਣ ਦੀ ਲੋੜ ਬੀ ਨਹੀਂ, ਓਹ ਬਿਨਾ ਪਰਖੇ ਜਾਣ ਰਹੇ ਹਨ, ਪਰ ਸੰਗਤ ਪਰ ਵਿਦਤ ਕਰਨਾ ਚਾਹੁੰਦੇ ਹਨ ਕਿ ਸ੍ਰੀ ਲਹਿਣਾ ਜੀ ਸਭ ਤੋਂ ਉੱਚੇ ਹਨ। ਇਹ ਬੀ ਸਮਝਣਾ ਭੁੱਲ ਹੈ ਕਿ ਆਪ ਸੇਵਾ ਦੇ ਲੋੜਕੂ ਸਨ, ਤੇ ਸੇਵਾ ਦੇ ਬਦਲੇ ਗੁਰਿਆਈ ਦੇਂਦੇ ਹਨ, ਜੋ ਅਪਣੇ ਸ਼ਰੀਰਕ ਬੁਢੇਪੇ ਵਿਚ ਪਿਛਲੀ ਰਾਤ ਜਲ ਵਿਚ ਜਾ ਖੜੋਂਦੇ, ਰੋੜਾਂ ਤੇ ਸੌਂਦੇ ਹਨ ਉਨ੍ਹਾਂ ਨੂੰ ਸੇਵਾ ਦੀ ਕੋਈ ਲੋੜ ਨਹੀਂ ਸੀ।

ਅੰਤਰਜਾਮੀ ਸ੍ਰੀ ਗੁਰਜਾਨੀ।

ਤਿਸ ਕੇ ਪਰਖਨ ਕੀ ਬਿਧਿ ਠਾਨੀ।

ਹੁਤੇ ਨਿਸਾ ਇਕ ਏ ਦ੍ਵੈ ਪਾਸਾ।

ਬੋਲੇ ਬਚਨ ਤਬਹਿ ਸੁਖਰਾਸਾ ॥੫੨॥

'ਬੁੜੇ ਵਹਿਰ ਨਿਕਸਿ ਕੈ ਦੇਖਿ[1]। — [1]ਦੇਖੀਂ।

ਕਿਤਿਕ ਜਾਮਨੀ ਹੈ ਅਬਿ ਸ਼ੇਖ਼[1]। — [1]ਬਾਕੀ।

ਜੇਤੀ ਰਹੀ, ਬਤਾਵਉ ਸੋਊ।

ਕਾਲ ਸ਼ਨਾਨ ਭਯੋ ਕਿ ਨ ਹੋਊ[1]' ॥੫੩॥ — [1]ਇਸ਼ਨਾਨ ਦਾ ਵੇਲਾ ਹੋਇਆ ਕਿ ਨਹੀਂ ਹੋਇਆ।

ਨਿਕਸਜੋ ਬੂੜਾ ਦੇਖਿ ਬਤਾਈ।

'ਅਰਧ ਨਿਸਾ ਅਬਿ ਹੈ ਗਤਿਦਾਈ!'

ਗੁਰੂ ਕਹਜੋ 'ਏਤੀ ਅਬ ਨਾਂਹੀ।

ਏਕੈ ਜਾਮ ਜਾਮਨੀ ਆਹੀ ॥੫੪॥

ਭਲੀ ਪ੍ਰਕਾਰ ਬਿਲੋਕਿ ਬਹੋਰੀ।

ਦੇਹੁ ਬਤਾਇ ਖੋਇ ਮਤਿ ਭੋਰੀ[1]।' — [1]ਭੋਲੀ ਮਤ ਗੁਆਕੇ ਭਾਵ ਖਬਰਦਾਰੀ ਨਾਲ (ਵੇਖਕੇ)।

ਤਬ ਬੂੜੇ ਪਿਖਿ ਨੀਕੀ ਭਾਂਤੀ।
ਕਹ੍ਯੋ 'ਪ੍ਰਭੁ ਜੀ! ਆਧੀ ਰਾਤੀ ॥੫੫॥
ਜਾਮ ਨਹੀਂ[1] ਮੈਂ ਦੇਖੀ ਨੀਕੇ।' — [1]ਪਹਿਰ (ਬਾਕੀ) ਨਹੀਂ।
ਸੁਨਿ ਬੋਲੇ ਪ੍ਰਿਯ ਸਿੱਖਨ ਜੀਕੇ।
'ਏਕੈ ਜਾਮ ਜਾਮਨੀ ਹੋਈ।
ਤੈਂ ਨਹਿਂ ਪਿਖੀ ਭਲੀ ਬਿਧਿ ਸੋਈ' ॥੫੬॥
ਬਹੁਰੋ ਬੂੜੇ ਦੇਖਿ ਅਕਾਸ਼ਾ[1]। — [1]ਅਕਾਸ਼ ਦੇਖ ਕੇ (ਕਿਹਾ)।
'ਅਰਧ ਰਾਤ੍ਰਿ ਅਬ ਹੈ ਸੁਖਰਾਸਾ!'
ਤੀਨ ਬਾਰ ਯੌਂ ਬਚਨ ਹਟਾਏ।
ਸ਼੍ਰੀ ਗੁਰ ਕੋ ਆਸ਼ੈ ਨਹਿਂ ਪਾਏ ॥੫੭॥
ਲਹਿਣੇ ਸੋਂ ਬੋਲੇ ਗਤਿਦਾਈ।
'ਤੂੰ ਅਵਲੋਕ ਵਹਿਰ ਅਬ ਜਾਈ।
ਜੇਤੀ ਨਿਸ ਹੈ ਦੇਹੁ ਬਤਾਈ।'
ਨਿਕਸ੍ਯੋ ਤੂਰਨ ਦੇਰਿ ਨ ਲਾਈ ॥੫੮॥
ਉਡਗਨ[1] ਕੋ ਬਿਲੋਕਿ ਕਹਿ ਬਾਨੀ। — [1]ਤਾਰਿਆਂ।
'ਅਰਧ ਨਿਸਾ ਅਬ ਸ਼੍ਰੀ ਗੁਨ ਖਾਨੀ!'
ਗੁਰ ਬੋਲੇ 'ਦੇਖਹੁ ਤੁਮ ਨੀਕੇ।
ਜਾਮ[1] ਜਾਮਨੀ[2] ਹੈ ਅਬ ਠੀਕੇ' ॥੫੯॥ — [1]ਪਹਿਰ। [2]ਰਾਤ।

ਦੋਹਰਾ:
ਲਹਿਣਾ ਰਿਦੈ ਬਿਚਾਰਈ -ਹੈ ਆਧੀ ਹੀ ਰਾਤਿ।
ਤੱਦਜਪ ਗੁਰੁ ਸੁਹਾਵ† ਜੋ, ਸੋ ਨਹਿਂ ਜਾਨ੍ਯੋ ਜਾਤਿ[1]- ॥੬੦॥ — [1]ਭਾਵ ਸੁੰਦਰਤਾ, ਉਹਨਾਂ ਦੇ ਕੇਹੜੇ ਬਚਨ ਵਿਚੋਂ ਕੇਹੜੀ ਸੁੰਦਰਤਾ ਨਿਕਲ ਪੈਂਦੀ ਹੈ (ਓਸ ਅਸੀਂ ਦਾਸ) ਸਮਝ ਨਹੀਂ ਸਕਦੇ। †ਪਾ:-ਸੁਭਾਵ।

ਚੌਪਈ:
ਇਉਂ ਮਨ ਗੁਨਿ ਕੈ ਬੈਨ ਅਲਾਏ।
'ਪ੍ਰਭੁ ਮਮ ਨੈਨ ਹੁਤੇ ਅਲਸਾਏ।
ਭੂਲ ਕਹ੍ਯੋ ਮੈਂ ਆਧੀ ਰਾਤੀ।
ਜਾਮ ਏਕ ਹੀ ਅਬਿ ਸੁਧ ਜਾਤੀ ॥੬੧॥
ਜਿਤਨੀ ਨਿਸਾ ਬਿਤਾਈ ਰਾਉਰ[1]। — [1]ਆਪ ਨੇ।
ਤਿਤਨੀ ਬਿਤੀ, ਨ ਮੈਂ ਲਖਿ ਬਾਉਰ।
ਅਬ ਜਿਤਨੀ ਰਾਖੀ ਸੋ ਰਹੀ।

**ਸਰਬ ਕਾਲ ਕੋ ਕਰਤਾ ਤੁਹੀ ॥੬੨॥**
**ਭਈ ਅਵੱਗਜਾ ਛਿਮਾ ਕਰੀਜੈ।**
**ਅਉਗਣਹਾਰ ਸਦਾ ਬਖਸ਼ੀਜੈ।**
**ਮੰਦ ਮਤੀ ਮੈਂ ਪਿਖ੍ਯੋ ਨ ਨੀਕੇ।**
**ਬੋਲ੍ਯੋ ਕੂਰ ਤੁਮਾਰ ਨਜੀਕੇ' ॥੬੩॥**

ਸ੍ਰੀ ਲਹਿਣਾ ਜੀ ਨੇ ਇਸ ਵੇਲੇ ਬੀ ਝੂਠ ਨਹੀਂ ਬੋਲਿਆ, ਨਾ ਸੱਚ ਨੂੰ ਕੂੜ ਕਹਿਣ ਦੀ ਲੋੜ ਪਈ ਸੀ। ਅਸਲ ਸਾਖੀ ਜਿਵੇਂ ਬੀਤੀ ਮਹਿਮਾ ਪ੍ਰਕਾਸ਼ ਵਿਚ ਜੋ ਸ੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਪੁਰਾਤਣ ਗ੍ਰੰਥ ਹੈ ਇਸ ਪ੍ਰਕਾਰ ਹੋਈ ਲਿਖੀ ਹੈ:-
ਸੋਰਠਾ: ਦਿਵਸ ਏਕ ਪ੍ਰਭੁ ਦਿਆਲ ਨਿਸ ਸੈਨ ਕਰਿਓ ਆਨੰਦ ਜੁਤ। ਭਈ ਅਰਧ ਰੈਨ ਜਬ ਕਾਲ ਜਗੇ ਦਿਆਲ ਪੂਛਨ ਕੀਆ ॥੧॥
ਚੌਪਈ:
ਬਾਬਾ ਜੀ ਪੂਛੀ ਬਿਰਤ ਬਿਨਾਨੀ। ਹੇ ਬੁਢਾ ਨਿਸ ਕੇਤਿਕ ਬੀਤਾਨੀ।
ਬੁਢੇ ਸਮਝ ਮਨ ਬਾਤ ਬਖਾਨੀ। ਪ੍ਰਭੁ ਅਰਧ ਰੈਨ ਊਪਰ ਬੀਤਾਨੀ ॥੨॥
ਪੁਨ ਭਗੀਰਥ ਸੋਂ ਪ੍ਰਭੁ ਕਹਾ। ਤੁਮ ਬੂਝ ਕਹੋ ਨਿਸ ਕੇਤਿਕ ਰਹਾ।
ਕਹੀ ਭਗੀਰਥ ਬੂਝ ਸੁਜਾਨੀ। ਅਰਧ ਰੈਨ ਬੀਤੀ ਪ੍ਰਭੁ ਗਿਆਨੀ ॥੩॥
ਪੁਨ ਸਾਧਾਰਨ ਸੋਂ ਪ੍ਰਭੁ ਕਹੀ। ਕਹੋ ਮੀਤ ਨਿਸ ਕੇਤਿਕ ਰਹੀ॥
ਕਹੀ ਸਮਝ ਸਾਧਾਰਨ ਆਧੀ ਰਾਤ। ਬੀਤ ਗਈ ਪ੍ਰਭੁ ਸੋਂ ਕਹੀ ਬਾਤ ॥੪॥
ਸੁਨ ਬਚਨ ਬਿਸਾਲ ਬਾਬਾ ਜੀ ਹਸੇ। ਪੁਨ ਪੂਛਾ ਸਾਹਿਬ ਹਰ ਰੰਗ ਰਸੇ॥
ਤੁਮ ਤੋਂ ਪੜੇ ਗੁੜੇ ਕਛੁ ਨਾਹੀ। ਰਾਤ ਕੀ ਬੂਝ ਕੈਸੇ ਤੁਮ ਆਹੀ ॥੫॥
ਦੋਹਰਾ:
ਸਭਹਨ ਬਾਤ ਬਿਚਾਰ ਕੇ ਕਰ ਜੋੜ ਕਰੀ ਅਰਦਾਸ।
ਹਮ ਖੇਤੀ ਰਾਖੇ ਨਿਸ ਜਗੇਂ ਦੇਖ ਤਾਰੇ ਭਇਓ ਅਭਿਆਸ ॥੬॥
ਚੌਪਈ:
ਪੁਨ ਬਾਬਾ ਲਹਨਾ ਜੀ ਸੋਂ ਬੋਲੇ। ਅੰਮ੍ਰਿਤ ਬਚਨ ਪ੍ਰੇਮ ਝਕਝੋਲੇ।
ਹੈ ਪੁਰਖਾ ਨਿਸ ਕੇਤਿਕ ਗਈ। ਬਾਕੀ ਕੇਤਿਕ ਹੈ ਅਬ ਰਹੀ ॥੭॥
ਕਰ ਜੋੜ ਲਹਨਾ ਜੀ ਬਿਨਤੀ ਕੀਨਾ। ਤੁਮ ਸਭ ਕਿਛੁ ਜਾਨੋ ਦਿਆਲ ਪ੍ਰਬੀਨਾ।
ਰਾਤ ਦਿਵਸ ਤੁਮਰੋ ਹੈ ਕੀਆ। ਤੁਮ ਬਿਨ ਅਵਰ ਨ ਜਾਨਤ ਬੀਆ ॥੮॥
ਲਗੀ ਲਗਨ ਮਨ ਚਰਨ ਸਰੋਜਨ। ਨਿਸ ਦਿਨ ਸੋਂ ਕਛੁ ਨਹੀਂ ਪਰੋਜਨ।
ਚਾਤ੍ਰਿਕ ਬੂੰਦ ਕਿਰਖੀ ਕੋ ਮੇਂਹੁ। ਹਮਰੋ ਪ੍ਰਭੁ ਚਰਨ ਕਮਲ ਸੋਂ ਨੇਹੁ ॥੯॥
ਪ੍ਰਭੁ ਅੰਤਰਜਾਮੀ ਜਾਨੀ ਜਾਨ। ਸਰਧਾ ਰਾਖਨ ਪਰਮ ਸੁਜਾਨ।
ਰਾਤ ਦਿਵਸ ਜਾਨਤ ਹਮ ਨਾਹੀ ॥੧੦॥
ਦੋਹਰਾ:
ਸੁਨਤ ਬਚਨ ਬਾਬਾ ਬਿਗਸਾਨੇ ਬੂਝਾ ਪਰਮ ਸਨੇਹ।
ਪ੍ਰੇਮ ਬਾਰੀ ਬੋਈ ਇਨੈ ਸਿੰਚਤ ਸਦ ਜਲ ਨੇਹ ॥੧੧॥ [ਸਾਖੀ ੫੬।
ਇਸ ਤੋਂ ਸਫੁਟ ਹੈ ਕਿ ਬਾਕੀ ਸਿਖ ਗੇਣਤੀ ਦੇ ਘਰ ਹਨ। ਸ੍ਰੀ ਲਹਿਣਾ ਜੀ ਗੇਣਤੀ ਤੋਂ ਪਾਰ ਦੇਸ਼ ਕਾਲ ਤੋਂ ਦੂਰ, ਕਿਸੇ ਵਿਸਮਾਦ ਦੇ ਘਰ ਵਸਦੇ ਹੋਏ ਬੋਲੇ ਹਨ, ਜਿਥੇ ਗੁਰੂ ਜੀ ਉਨ੍ਹਾਂ ਨੂੰ ਕਾਲ ਦੇ ਬੀ ਕਰਤਾ ਦਿੱਸ ਰਹੇ ਹਨ।

**ਸੁਨਿ ਕੈ ਪਰਮ ਪ੍ਰਸੀਦੇ ਦਯਾਲਾ।**

ਲਖ੍ਯੋ -ਸਰਬ ਤੇ ਦਾਸ ਬਿਸਾਲਾ।
ਤਾਉ ਕਸੌਟੀ ਉਤਰ੍ਯੋ ਪੂਰਾ।
ਬਾਰਹਿਬੰਨੀ[1] ਭਯੋ ਸੁ ਰੂਰਾ ॥੬੪॥ — [1]ਬਾਰਾਂ ਅੱਗਾਂ ਦਾ ਤਾਉ ਸਹਿ ਚੁਕਾ ਸੋਨਾ, ਭਾਵ ਸ਼ੁਧ।
ਪਰਖ੍ਯੋ ਸੇਵਕ ਸਭਿ ਹੀ ਭਾਂਤੀ।
ਕਮਤੀ ਰਹੀ[†] ਨ ਜਾਨੀ ਜਾਤੀ। — [†]ਪਾ:-ਗਹੀ। ਗਠੀ।
ਉਚਿਤ ਖ਼ਜ਼ਾਨੇ ਪਾਵਨ- ਦੇਖਾ।
ਕਰੀ ਕ੍ਰਿਪਾ ਪਰਸੀਦ ਬਿਸ਼ੇਖ਼ਾ ॥੬੫॥
ਤਖਤ ਦੇਨ ਕੀ ਮਨ ਬਿਧਿ ਆਨੀ।
-ਪਲਟੋਂ ਬੇਖ[1]- ਭਲੇ ਉਰ ਠਾਨੀ। — [1]ਜਾਮਾਂ ਪਲਟਾਂ।
{ਤਖਤ ਦੇਣਾ}
ਸੁਖ ਸਾਗਰ ਪੂਰਨ ਅਬਿਨਾਸ਼ੀ।
ਜੋ ਕਾਟਤਿ ਸੇਵਕ ਜਮ ਫਾਸੀ ॥੬੬॥
ਸ੍ਵੈਯਾ:
ਰੂਪ ਨ, ਰੇਖ ਨ, ਰੰਗ ਨ, ਰਾਗ ਨ
ਰੋਗ ਨ ਸੋਗ ਅਕਾਲ ਸਦਾਏ।
ਪੂਰਨ ਸ਼੍ਰੀ ਪਰਮੇਸ਼ੁਰ ਜੋ
ਪੁਰਸ਼ੋਤਮ ਪਾਰ ਨਹੀਂ ਕਿਹ[1] ਪਾਏ। — [1]ਕਿਸੇ ਨੇ।
ਪਾਤ[1] ਨ, ਜਾਤ ਨ, ਮਾਤ ਨ, ਤਾਤ ਨ — [1]ਪੰਗਤੀ, ਸ਼੍ਰੇਣੀ।
ਭ੍ਰਾਤ ਨ, ਬੇਦ ਅਨੰਤ ਅਲਾਏ।
ਸੋ ਕਰਤਾਰ ਧਰਾ[1] ਅਵਤਾਰ — [1]ਧਰਿਆ।
ਧਰਾ ਪਹਿ[1] ਨਾਨਕ ਰੂਪ ਸੁਹਾਏ ॥੬੭॥ — [1]ਧਰਤੀ ਉੱਤੇ।
ਜੰਗਮ ਔ ਜੜ੍ਹ ਜਾਹਿਂ ਰਚੇ
ਨਰ ਨਾਰਿਨ ਕੇ ਜਿਹ ਚਿੰਨ੍ਹ ਬਨਾਏ।
ਜੋਤਿ ਸਰੂਪ ਅਨੂਪਮ ਰੂਪ ਹੈ
ਭੂਪਨ ਭੂਪ ਜੁ ਰਾਵਨ ਰਾਏ[1]। — [1]ਰਾਜਿਆਂ ਦੇ ਰਾਜੇ।
ਆਦਿ[1], ਅਨਾਦਿ[2], ਅਗਾਧਿ[3] ਅਬਾਧ[4] — [1]ਮੁੱਢਲਾ। [2]ਜਿਸ ਦਾ ਆਦਿ ਨਹੀਂ। [3]ਡੂੰਘਾ, ਅਥਾਹ। [4]ਪੀੜਾ ਰਹਿਤ, ਨਿਰਵਿਘਨ, ਅਪਾਰ।
ਅਰਾਧਤਿ[1] ਸਾਧ ਸਦਾ ਚਿਤਲਾਏ[2]। — [1]ਸਿਮਰਦੇ ਹਨ। [2]ਜਿਸ ਨੂੰ) ਸੰਤ ਸਦਾ ਚਿਤ ਲਾ ਕੇ।
ਸੋ ਗੁਰ ਨਾਨਕ ਠਾਂਨਿ ਲਈ ਮਨ
-ਅੰਗਦ ਦੇਹਿ ਮੈਂ ਜਾਉਂ ਸਮਾਏ-
॥੬੮॥
ਸ਼੍ਰੀ ਪਰਮਾਤਮਾ ਬਜਾਪਕ, ਥਾਪਕ[1] — [1]ਥਾਪਣ ਵਾਲਾ।

ਖਾਪਕ[1] ਹੈ, ਭਵ ਤਾਪ ਮਿਟਾਏ।
ਪਾਪ ਕਲਾਪ[1] ਨਸੈਂ ਜਿਹ ਜਾਪ ਤੇ
ਆਪ ਹੀ ਆਪ ਅਮਾਪ[1] ਰਹਾਏ।
ਸ੍ਰੀ ਜਗ ਕਾਰਣ, ਦੰਭ ਬਿਦਾਰਣ[1]
ਦਾਸ ਉਧਾਰਨ ਜਾਂ ਬਿਰਦਾਏ[1]।
ਸੋ ਗੁਰ ਨਾਨਕ ਜੀਅ ਠਟੀ
-ਲਹਿਣੇ ਤਨ ਬੀਚ ਬਿਰਾਜਹੁਂ ਜਾਏ- ॥੬੯॥

[1]ਖੈ ਕਰਤਾ।
[1]ਸਮੂਹ।
[1]ਮਾਪ ਰਹਿਤ।
[1]ਜਗਤ (ਦਾ) ਮੂਲ ਤੇ ਦੰਭ ਨਾਸ਼ ਕਰਤਾ।
[1]ਜਿਸ ਦਾ ਬਿਰਦ ਹੈ।

ਦੋਹਰਾ:
ਕਰਿ ਸ਼ਨਾਨ ਐਰਾਵਤੀ[1], ਗਮਨੇ ਉਠਿ ਭੁਨ ਸਾਰ।
ਸੇਵਾ ਹਿਤ ਲਹਿਣਾ ਚਲ੍ਯੋ, ਜਾਂ ਕੌ ਚਰਨ ਅਧਾਰ[1] ॥੭੦॥

[1]ਇਸ਼ਨਾਨ ਕਰਨ ਨੂੰ ਰਾਵੀ ਵਿਚ।
[1]ਜਿਸ (ਲਹਿਣੇ ਨੂੰ ਕੇਵਲ ਸ੍ਰੀ ਗੁਰ ਨਾਨਕ ਦੇਵ ਜੀ ਦੇ) ਚਰਨਾਂ ਦਾ ਹੀ ਆਸਰਾ ਹੈ।

ਚੌਪਈ:
ਜਾਇ ਤੀਰ ਪਰ ਬਸਤ੍ਰ ਉਤਾਰੇ।
ਸ੍ਰੀ ਗੁਰ ਪ੍ਰਵਿਸ਼ੇ ਨੀਰ ਮਝਾਰੇ।
ਕਰਿ ਸ਼ਨਾਨ ਮਧ ਠਾਂਢੇ ਰਹੇ।
ਜਿਨ ਬਹੁ ਦਾਸਨ ਕੇ ਦੁਖ ਦਹੇ ॥੭੧॥
ਤਿਹ ਛਿਨ ਲਹਿਣੇ ਕੀਨ ਸ਼ਨਾਨਾ।
ਬੈਠ੍ਯੋ ਤਟ ਪਰ ਲਾਇ ਧਿਆਨਾ।
ਦਸਵੇਂ ਦ੍ਵਾਰੇ ਸ੍ਵਾਸ ਟਿਕਾਯੋ।
ਪ੍ਰੇਮ ਨਿਮਗਨ ਧ੍ਯਾਨ ਰਸ ਆਯੋ ॥੭੨॥
ਜੋ ਸਰੂਪ ਸ੍ਰੀ ਨਾਨਕ ਸੁੰਦਰ।
ਸੋ ਠਹਿਰਇ ਰਿਦੇ ਕੇ ਅੰਦਰ।
ਭਯੋ ਬਿਦੇਹਿ ਦੇਹਿ ਸੁਧ[1] ਨਾਂਹੀ।
ਸੁਖ ਅਮੋਲ ਪਾਇਓ ਉਰ ਮਾਂਹੀ ॥੭੩॥
ਨਿਸ਼ਚਲ ਬੈਠ੍ਯੋ ਧ੍ਯਾਨ ਨਿਮਗਨਾ।
ਗੁਰ ਸਰੂਪ ਕੀ ਇਕ ਲਿਵ ਲਗਨਾ।
ਸ੍ਰੀ ਗੁਰ ਬੰਧੇ ਪ੍ਰੇਮ ਕੀ ਡੋਰੀ।
ਨਿਜ ਤਪ ਕਰਨ ਦੀਨ ਤਬ ਛੋਰੀ ॥੭੪॥

[1]ਦੇਹ ਦੀ ਹੋਸ਼।

ਤਟ ਪਰ ਆਇ ਦਾਸ ਕੋ ਹੇਰਾ।
ਜਿੰਹ ਸੁਧ ਨਹਿਂ ਤਨ ਕੀ ਤਿਸ ਬੇਰਾ।
ਵਹਿਰ ਰੂਪ ਨਹਿਂ ਪਿਖੇ ਅਨੂਪਾ[1]।
ਅੰਤਰ ਧ੍ਯਾਨ ਰੂਪ ਅਨੁਰੂਪਾ[1] ॥੭੫॥

[1]ਭਾਵ ਸ਼੍ਰੀ ਪਾਵਨ ਲਹਿਣਾ ਜੀ) ਬਾਹਰ ਦਾ ਸੁਹਣਾ ਰੂਪ ਨਹੀਂ ਦੇਖ ਰਹੇ।
[1]ਅੰਤਰ (ਮੁਖੀ ਹੋਏ) ਧਿਆਨ ਦੇ ਰੂਪ ਦੇ ਅਨਕੂਲ ਹੋ ਰਹੇ ਹਨ ਭਾਵ ਉਸ ਵਿਚ ਮਗਨ ਹਨ।

[1]ਤਿਹ ਛਿਨ ਰੂਪ ਧ੍ਯਾਨ ਮਹਿਂ ਜੋਊ।
ਲਹਿਣੇ ਤੇ ਛਿਪਾਇ ਲਿਯ ਸੋਊ।
ਤਬਿ ਸੰਭ੍ਰਮ[1] ਹੋਇ ਖੁਲੇ ਬਿਲੋਚਨ।
ਦੇਖੇ ਆਗੇ ਸੋਚ ਬਿਮੋਚਨ ॥੭੬॥

[1]ਗੁਰੂ ਨਾਨਕ ਦੇਵ ਜੀ ਨੇ)।
[1]ਛੇਤੀ (ਅ) ਡਰ, (ਏ) ਸਤਿਕਾਰ, (ਸ) ਅਕੁਲਾ ਕੇ। ਸੰਸ: ਸੰਭ੍ਰਮ]।

ਹਾਥ ਬੰਦਿ ਕੈ ਕੀਨ ਪ੍ਰਣਾਮਾ।
ਲੇ ਨਿਜ ਸੰਗ ਚਲੇ ਸੁਖਧਾਮਾ।
ਧਰਮਸਾਲ ਮਹਿਂ ਆਨਿ ਬਿਰਾਜੇ।
ਜੋ ਸਿੱਖਨ ਕੇ ਸਭਿ ਸੁਖ ਛਾਜੇ[1]† ॥੭੭॥

[1]ਮੁਖਾਂ ਨਾਲ ਸੁਸ਼ੋਭਤ ਕਰਦੇ ਹਨ। †ਪਾ:-ਸਾਜੈ।

ਲਹਿਣੇ ਕੌ ਬਿਠਾਇ ਤਿਹ ਕਾਲਾ।
ਸੰਗਤਿ ਸਰਬ ਬੁਲਾਇ ਬਿਸਾਲਾ।
ਦੋਨੋ ਸੁਤ ਕੋ ਨਿਕਟ ਹਕਾਰਾ।
ਆਇ ਤਬੈ ਧ੍ਰਮਸਾਲ ਮਝਾਰਾ ॥੭੮॥
ਲਹਿਣੇ ਕੋ ਕਰੁਣਾ ਯੁਤ ਹੇਰਾ।
ਲਿਯ ਪੰਚ ਪੈਸੇ ਇਕ ਨਲਿਯੇਰਾ।
ਕੀਨ ਪ੍ਰਦੱਛਨ ਤੀਨ ਚੁਫੇਰੇ।
ਕਰ ਤੇ ਧਰਿ ਕੈ ਭੇਟ ਅਗੇਰੇ ॥੭੯॥
ਹਾਥ ਜੋਰਿ ਕੈ ਸੀਸ ਨਿਵਾਯੋ।
ਲਹਿਣਾ ਪਿਖਿ ਡਰਿਓ ਬਿਸਮਾਯੋ†।
ਉਰ ਬਿਚਾਰਿ ਬਿੱਪ੍ਰੀਤ ਮਹਾਨਾ।
ਤਿਹ ਛਿਨ ਇਹ ਬਿਧਿ ਬਚਨ ਬਖਾਨਾ ॥੮੦॥

†ਪਾ:-ਪਿਖਤ ਰਹ੍ਯੋ ਬਿਸਮਾਯੋ।

'ਤੁਮ ਕਰਤਾਰ ਸਰਬ ਸਿਰਤਾਜਾ।
ਪਰਮ ਪ੍ਰਮੇਸ਼ੁਰ ਸ਼੍ਰੀ ਮਹਾਰਾਜਾ†।
ਜਿਸ ਤਨ ਕੋ ਤੁਮ ਨੈ ਸਿਰ ਨ੍ਯਾਯੋ।
ਉਚਿਤ ਬਡੇ ਦੁਖ, ਮੈਂ ਲਖਿ ਪਾਯੋ' ॥੮੧॥

†ਪਾ:-ਪਰਮੇਸ਼ੁਰ ਹੇ ਗਰੀਬ ਨਿਵਾਜਾ।

ਦੋਹਰਾ:
ਸੁਨਿ ਕੈ ਸ਼੍ਰੀ ਗੁਰ ਤਬ ਕਹ੍ਯੋ, ਕ੍ਰਿਪਾ
ਰਸੀਲੇ ਨੈਨ।
'ਪੁਰਖਾ! ਬਸ ਤੁਸ਼ਨਿ ਕਰਹੁ, ਬਹੁਰ ਨ
ਬੋਲਹੁ ਬੈਨ ॥੯੨॥
ਚੌਪਈ:
ਜੋ ਉਚਰਹੁ ਸੋ ਹੋਵੈ ਸਾਚੀ।
ਪੁਨ ਅਸ ਕਰਹੁ ਨ ਗਿਰਾ ਉਬਾਚੀ।
ਆਇਸੁ ਮੰਨਹੁ ਅਸ ਮਤ ਮੇਰੋ।
ਭਾ ਸਭਿ ਕੋ ਗੁਰ, ਹੈ ਜਗ ਚੇਰੋ ॥੯੩॥
ਅੰਗਦ ਨਾਮ ਆਜ ਤੇ ਹੋਹੀ।
{ਲਹਿਣੇ ਤੋਂ ਅੰਗਦ}
ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸੱਤਿਨਾਮ ਪ੍ਰਗਟਾਵੋ।
ਜਹਿਂ ਤਹਿਂ ਸਿੱਖੀ ਰੀਤਿ ਚਲਾਵੋ'
॥੯੪॥
ਅਸ ਕਹਿ ਪ੍ਰਭੁ ਦ੍ਵੈ† ਰੂਪ ਸੁਹਾਯੋ।
ਜਨੁ ਸ੍ਰੀ ਗੰਗ ਤਰੰਗ ਉਠਾਯੋ।
ਨੀਕੇ ਦਿਪਜੋ ਪ੍ਰਕਾਸ਼ ਬਿਸਾਲਾ।
ਜਿਉਂ ਮਸਾਲ ਤੇ ਜਗੇ ਮਸਾਲਾ ॥੯੫॥
ਜਗ ਮਹਿਂ ਉਲਟੀ ਗੰਗ ਵਹਾਈ।
ਸਿਖ ਕੋ ਕਰਿ ਗੁਰ ਦੀ ਗੁਰਿਆਈ।
ਇਸ ਪ੍ਰਕਾਰ ਤਿਹ ਤਖਤ ਬਿਠਾਯੋ।
ਬਹੁਰੋ ਸਭਿ ਸੋਂ ਬਚਨ ਅਲਾਯੋ ॥੯੬॥
'ਜੇ ਕੋ ਹੈ ਮੇਰੋ ਅਨੁਸਾਰੀ।
ਨਮੋ ਕਰਹਿ ਪਦ ਪਰ ਸਿਰ ਧਾਰੀ[1]।
ਮਮ ਸਰੂਪ ਕੋ ਜੈਸਾ ਜਾਨੈਂ।
ਤਿਸੀ ਪ੍ਰਕਾਰ ਇਸੈ ਮਨ ਮਾਨੈ' ॥੯੭॥
ਸੁਨਿ ਰਜਾਇ ਸਤਿਗੁਰ ਕੀ ਤਬਿ ਹੀ।
ਬੁੱਢੇ ਤੇ ਆਦਿਕ ਸਿੱਖ ਸਭਿ ਹੀ।
ਰੁਖ਼ ਬਿਲੋਕਿ ਕੈ ਦੋਖ ਨਿਕੰਦਨ।
ਉਠਿ ਤਤਕਾਲ ਕੀਨਿ ਸਭਿ ਬੰਦਨ
॥੯੮॥

†ਪਾ:-ਤਹਿਂ।

[1]ਸਿਰ ਰੱਖਕੇ (ਗੁਰੂ ਅੰਗਦ ਜੀ ਦੇ) ਚਰਨਾਂ ਤੇ।

ਜੁਗਲ ਆਤਮਜ[1] ਉਠੇ ਨ ਕੋਈ।
ਬੈਠੇ ਰਹੇ ਮਾਨ ਭਰਿ ਸੋਈ।
ਸ੍ਰੀ ਗੁਰ ਤਿਨ ਕੋ ਗਿਰਾ ਅਲਾਈ।
'ਤੁਮ ਭੀ ਉਠਿ ਬੰਦੋ ਸਿਰ ਨਜਾਈ[1]' ॥੮੯॥

[1]ਦੋਵੇ ਪੁੱਤ੍ਰ।
[1]ਸਿਰ ਨਿਵਾਕੇ।

ਕਹਤਿ ਭਏ ਇਹ 'ਇਹ ਦਾਸ ਤਿਹਾਰਾ।
ਹਮ ਸੁਤ ਊਰਧ ਪਦ ਅਧਿਕਾਰਾ[1]।
ਕੈਸੇ ਬਨੈ ਬੰਦਨਾ ਕਰਨੀ।
ਹਮ ਤੇ ਕਰੀ ਨ ਜਾਇ, ਅਕਰਨੀ[1]' ॥੯੦॥

[1]ਉੱਚੇ ਪਦ ਦੇ ਹੱਕਦਾਰ ਹਾਂ।
[1]ਜੋ ਕਰਨੇ ਜੋਗ ਨਹੀਂ।

ਕਹਤਿ ਭਏ ਅਪਨੇ ਸਦਨ ਸਿਧਾਰੇ।
ਪਿਤ ਕਰਤਬ ਕੁਛ ਰਿਦੇ ਨ ਧਾਰੇ।
ਮਹਿਮਾ ਲਖਿ ਕੈ ਕਹਜੋ ਨ ਮਾਨਜੋ।
ਤਿਹਛਿਨ ਸ੍ਰੀ ਗੁਰੁ ਕਛੁ ਨ ਬਖਾਨਜੋ ॥੯੧॥

ਬੈਠਿ ਕਹੇ ਅੰਗਦ ਸੰਗ ਬਚਨਾ।
ਪਰਉਪਕਾਰ ਜਿਨਹਿਂ ਮਨ ਰਚਨਾ।
'ਅਬ ਤੁਮ ਜਗਤ ਉਧਾਰਨ ਕਾਰਨ।
ਮੂਲ ਮੰਤ੍ਰ ਸ਼ੁਭ ਕਰਹੁ ਸੁਧਾਰਨ ॥੯੨॥

ਮਮ ਬਾਨੀ ਗੁਨਖਾਨੀ ![1] ਦੇਖਾ।
ਲੀਜੈ ਬੀਨੈ ਬੀਨ ਵਿਸ਼ੇਖਾ।
ਹਮਹਿਂ ਸੁਨਾਵਤਿ ਜਾਉ ਉਚਾਰਾ।
ਬੰਧ ਮ੍ਰਿਜਾਦ ਕਰਹੁ ਉਪਕਾਰਾ ॥੯੩॥

[1]ਹੇ ਗੁਨਖਾਣ।

ਹਮ ਤੇ ਜੋ ਜਨਮੈਂ ਪਸ਼ਚਾਤਾ।
ਤਿਨ ਸਭਿ ਕੌ ਹੋਵੇ, ਗਤਿ ਦਾਤਾ[†]।
ਜਿਉਂ ਜਹਾਜ ਚੜ ਸਾਗਰ ਤਰਿਹੀਂ।
ਤਿਉਂ ਤਿਹ ਪਢਿ ਸੰਸਾਰ ਉਧਰਿਹੀਂ' ॥੯੪॥

[†]ਪਾ:-ਗਤਿ ਹੋਵੈ, ਤਾਤਾ !

ਸੁਨਿ ਸ੍ਰੀ ਅੰਗਦ ਬੰਦਨ ਠਾਨੀ।
ਬੀਨ ਬੀਨ ਨੀਕੇ ਗੁਰਬਾਨੀ।
{ਜਪੁ ਜੀ ਸੰਕਲਿਤ}
ਆਨਿ ਸੁਨਾਵਨ ਕੀਨਿ ਸੁਹਾਨੀ।

ਤਬਿ 'ਜਪੁ' ਨਾਮ ਧਰਜੋ ਗੁਨਖਾਨੀ
॥੯੫॥

ਜਪੁ ਸਾਹਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਪਰ ਇਥੋਂ ਜਾਪਦਾ ਹੈ ਕਿ ਸਾਰੀਆਂ ਪੌੜੀਆਂ ਇਕ ਸਮੇਂ ਦੀਆਂ ਉਚਾਰਿਤ ਨਹੀਂ, ਇਸ ਵੇਲੇ ਸਾਰੀਆਂ ਨੂੰ ਸੰਕਲਤ ਕੀਤਾ ਹੈ। ਪਿਛੇ ਆਏ ਜਪੁਜੀ ਸੰਬੰਧੀ ਪ੍ਰਸੰਗਾਂ ਤੋਂ ਪਤਾ ਲਗਦਾ ਹੈ ਕਿ ਤਰਤੀਬ ਬੀ ਇਸ ਦੀ ਕੁਛ ਪਹਿਲਾਂ ਦਿੱਤੀ ਹੋਈ ਹੈਸੀ, ਇਸ ਵੇਲੇ ਉਸ ਨੂੰ ਮੁਕੰਮਲ ਕੀਤਾ ਹੈ ਅਰ ਇਕ ਸ਼ਲੋਕ ਇਸ ਦੇ ਅਖੀਰ ਪਰ ਗੁਰੂ ਅੰਗਦ ਦੇਵ ਜੀ ਦਾ ਰਖਿਆ ਜਾਪਦਾ ਹੈ। 'ਪਵਣੁ ਗੁਰੂ ਪਾਣੀ ਪਿਤਾ' ਵਾਲਾ ਸਲੋਕ ਦੂਸਰੀ ਪਾਤਸ਼ਾਹੀ ਦਾ ਹੈ। ਮਾਝ ਦੀ ਵਾਰ ਵਿਚ ਇਹ ਸ਼ਲੋਕ ਸਪਸ਼ਟ 'ਸਲੋਕ ਮਹਲਾ ੨' ਕਰਕੇ ਆਇਆ ਹੈ, ਓਥੋਂ ਤੇ ਇਥੋਂ ਦੇ ਪਾਠ ਦਾ ਫਰਕ ਕੇਵਲ ਇਹ ਹੈ ਕਿ 'ਕੇਤੀ ਛੁਟੀ ਨਾਲਿ' ਦੇ ਪਹਿਲਾਂ ਓਥੇ 'ਹੋਰ' ਦਾ ਲਫਜ਼ ਵਧ ਹੈ ਅਤੇ ਇਥੇ ਪਾਠ 'ਦਿਵਸ' ਹੈ ਤੇ ਓਥੇ 'ਦਿਨਸ' ਹੈ। ਤੇ 'ਪਵਣੁ' ਦੀ ਥਾਂ 'ਪਉਣੁ' 'ਵਾਚੈ' ਦੀ ਥਾਂ 'ਵਾਚੇ' ਹੈ। ਇਹ ਫਰਕ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਦੇ ਜਪੁਜੀ ਸਾਹਿਬ ਦੇ ਸੋਦਰ ਰਹਿਰਾਸ ਤੇ ਸੋਦਰ ਆਸਾ ਰਾਗ ਵਿਚ ਆਏ ਸੋਦਰ, ਵਿਚ ਹਨ। ਕਈ ਗਜਾਨੀ ਇਹ ਬੀ ਦੱਸਦੇ ਹਨ ਕਿ ਜਪੁਜੀ ਵਾਲਾ ਸਲੋਕ ਮਃ੧ ਦਾ ਹੈ ਤੇ ਮਾਝ ਦੀ ਵਾਰ ਵਾਲਾ ਸ਼ਲੋਕ ਦੂਸਰੀ ਪਾਤਸ਼ਾਹੀ ਦਾ ਉਚਾਰਿਤ ਹੈ। ਪਰ ਆਪਣੀ ਬਾਣੀ ਦੇ ਅਖੀਰ ਗੁਰੂ ਅੰਗਦ ਦੇਵ ਜੀ ਦਾ ਸਲੋਕ ਰਖਵਾਣਾ ਅਮਲੀ ਤੌਰ ਤੇ ਉਹਨਾਂ ਨੂੰ ਆਪਣੇ ਤੁੱਲ ਗੁਰਤਾ ਦੀ ਪਦਵੀ ਦੇਣ ਦਾ ਲਖਾਯਕ ਹੈ।

ਸ਼੍ਰੀ ਮੁਖ ਤੇ ਮਹਿਮਾ ਪੁਨ ਭਾਖੀ।

{ਜਪੁਜੀ ਮਹਿੰਮਾ}

'ਜੋ ਨਰ ਹ੍ਵੈ ਸਿੱਖੀ ਅਭਿਲਾਖੀ[1]। — [1]ਚਾਹ ਵਾਲਾ।
ਨਿਸ ਮਹਿਂ ਉਠੇ ਸਿ ਕਰਹਿ ਸ਼ਨਾਨਾ।
-ਜਪੁ- ਪੜਿ ਹੈ ਇਕ ਚਿਤ ਸਵਧਾਨਾ
॥੯੬॥
ਅਰਥ ਬਿਚਾਰਿ ਕਰਹਿ ਉਰ ਮਾਂਹੀ।
ਮੁਕਤਿ ਹੋਇ ਸੋ ਸੰਸੇ ਨਾਂਹੀ।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ[1]। — [1]ਜਿਸ ਨੂੰ ਪ੍ਰੀਤ (ਹੋਵੇਗੀ) ਜਪੁਜੀ ਸੇਵਨ ਦੀ।
ਮਮ ਸਮੀਪ ਪ੍ਰਾਪਤਿ ਹੁਇ ਤਾਂਹੀ[1] — [1]ਓਹ।
॥੯੭॥
ਧਰਹਿ ਕਾਮਨਾ ਪਢਿ ਹੈ ਇਕ ਮਨ।
ਹੋਹਿ ਸਪੂਰਨ ਤਿਹ ਕੀ ਤਤਛਿਨ।
ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।
ਭੂਤ ਜਿ ਪ੍ਰੇਤ ਦੈਤ ਬਲਵਾਨਾ ॥੯੮॥
ਤਿਹ ਸਮੀਪ ਨਹਿਂ ਆਵੈ ਕੋਈ।
ਪਠਨ[1] ਪ੍ਰੀਤਿ ਨਿਤ ਨਰ ਜਿਹ ਹੋਈ। — [1]ਪੜ੍ਹਨ ਦੀ।
ਮਾਨੁਖ ਦੇਹਿ ਜੀਵ ਜਿਨ ਪਾਈ।
-ਜਪੁ- ਬਿਹੀਨ ਹ੍ਵੈ ਬਾਦ ਗਵਾਈ[1]' — [1]ਵਿਅਰਥ ਗੁਆਈ।
॥੯੯॥

[1]ਸਿੱਖਨ ਯੋਗ ਮੰਤ੍ਰ ਗੁਰ ਕੇਰਾ।
ਇਕ ਉਤ ਨਿਤ ਸੁਖ ਦੇਤਿ ਘਨੇਰਾ।
ਹੋਇ ਸਿੱਖ -ਜਪੁ- ਕੰਠ ਨ ਕੀਨੋ।
ਨਾਉਂ ਧਰੀਕ ਬੇਖ ਧਰਿ ਲੀਨੋ ॥੧੦੦॥
ਇਸਤੇ ਔਰ ਨ ਕੋ ਬਿਧਿ ਊਚੀ।
ਜਪੁ ਸੇਵਨ ਇਕ ਮਨ ਹੁਇ ਸੂਚੀ।
ਕਾਮਧੇਨੁ, ਚਿੰਤਾਮਨਿ, ਸੁਰਤਰੁ[1†]।
ਕਰਿ ਨਹਿਂ ਸਕੇ ਆਧਤਿਲ ਸਮਸਰ[1] ॥੧੦੧॥

[1]ਇੱਥੋਂ ਅੱਗੇ ਕਵਿ ਜੀ ਆਪ ਮਹਿਮਾ ਕਹਿੰਦੇ ਹਨ।

[1]ਕਲਪ ਬ੍ਰਿੱਛ। [†]ਪਾ:-ਸੁਰਸਰਿ=ਗੰਗਾ।

[1]ਜਪੁਜੀ ਦੀ) ਬਰੋਬਰੀ ਅੱਧਾ ਤਿਲ ਮਾਤ੍ਰ ਨਹੀਂ ਕਰ ਸਕਦੇ।

ਦੋਹਰਾ:
ਮਹਿਮਾ ਬਰਨੀ ਅਲਪ ਮੈਂ, ਕਹਿ ਨ ਜਾਇ ਮਤਿ ਮੰਦ।
ਊਚ ਅਗਾਧ ਅਕੱਥ ਹੈ, ਜੋ ਜਪੁਜੀ ਸੁਖਕੰਦ ॥੧੦੨॥

ਚੌਪਈ:
ਮਨ ਮੂਰਖ! ਨਿਤ ਪ੍ਰਤਿ -ਜਪੁ- ਸੇਵ।
ਜਿਹ ਕੋ ਚਾਹੈਂ ਮੁਨਿ ਜਨ ਦੇਵ।
-ਕਿਤ ਬਿਧਿ ਹੋਵਹਿ ਮਾਨੁਖ ਦੇਹੀ।
ਸ੍ਰੀ ਨਾਨਕ ਸਿੱਖੀ ਮਗ ਲੇਹੀਂ ॥੧੦੩॥
ਜਪੁਜੀ ਸੇਵ ਕਟਹਿ ਜਮ ਫਾਸੀ।
ਬਹੁਰ ਮਿਲਹਿ ਪਦਵੀ ਅਬਿਨਾਸ਼ੀ[†]-।

[†]ਭਾਵ ਮੁਨੀ ਜਨ ਤੇ ਦੇਵਤੇ ਇਹ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਮਾਨੁਖ ਦੇਹ ਮਿਲੇ, ਫੇਰ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਕੇ ਸ੍ਰੀ ਜਪੁ ਸਾਹਿਬ ਜੀ ਪੜ੍ਹੀਏ ਜਿਸ ਕਰਕੇ ਜਮਾਂ ਦੀ ਫਾਹੀ ਕੱਟੀ ਜਾਏ ਤੇ ਅਬਿਨਾਸ਼ੀ ਪਦ ਪਾਈਏ।

ਅਸ ਸੰਜੋਗ ਚਹਿਤ ਹੈ ਸੋਈ।
ਤੁਮ[1] ਕਉ ਤਉ ਸਭਿ ਪ੍ਰਾਪਤਿ ਹੋਈ ॥੧੦੪॥
ਬਾਰਬਾਰ ਕਹਾ ਕਹੌਂ ਬਨਾਈ।
ਹੈ ਅਬ ਅੰਤ ਸਮਾਂ ਦੁਖਦਾਈ।
ਤਿਹ ਛਿਨ ਪਛੁਤਾਵਹਿਂ ਮਲਿ ਹਾਥਾ।
-ਹਮ ਕਿਉਂ ਖੋਯੋ ਜਨਮ ਅਕਾਥਾ- ॥੧੦੫॥

[1]ਕਵਿ ਜੀ ਆਪਣੇ ਆਪ ਨੂੰ ਆਖਦੇ ਜਾਪਦੇ ਹਨ।

ਨਰ ਤਨ ਦੁਰਲਭ ਇਕ ਇਹ ਪਾਯੋ।
ਪੁਨ ਸਤਿਗੁਰ ਸਿਖ ਬੇਖ ਬਨਾਯੋ।
ਤੀਜੋ ਕਲਜੁਗ ਕੋ ਹੈ ਕਾਲਾ।
ਥੋਰੀ ਸੇਵਾ ਮਹਿਂ ਹੁਇ ਦਜਾਲਾ ॥੧੦੬॥
ਐਸ ਸਮੈ ਤੇ ਜੋ ਚੁਕ[1] ਜਾਈ।
ਚੜ੍ਹਿ ਕਰਿ ਮੇਰੁ[1] ਰਸਾਤਲ[2] ਪਾਈ।
ਜਪੁਜੀ ਕੰਠ ਨਿਤਾਪ੍ਰਤਿ ਰਟੈ।
ਜਨਮ ਜਨਮ ਕੇ ਕਲਮਲ ਕਟੈ ॥੧੦੭॥
ਸਨੈ ਸਨੈ ਮਨ ਨਿਰਮਲ ਹੋਇ।
ਗਤਿ ਪਾਵਹਿ ਭਵ ਬੰਧਨ ਖੋਇ।
ਸ਼ਬਦ ਅੱਭਜਾਸ ਕਿਯੋ ਨਰ ਜਾਂਹੀ।
ਰਹਜੋ ਨ ਕਰਨੋ ਕ੍ਰਿਤ ਕਛੁ ਤਾਂਹੀ[†] ॥੧੦੮॥

[1]ਭੁੱਲ।

[1]ਸੁਮੇਰ ਤੇ ਚੜ੍ਹਕੇ। [2]ਪਤਾਲ।

[†]ਗੁਰਬਾਣੀ ਦਾ ਪਾਠ ਤੇ (ਸ਼ਬਦ) ਨਾਮੁ ਦਾ ਅੱਭਜਾਸ ਇਹ ਗੁਰਮਤਿ ਦਾ ਨਿਰੋਲ ਰਹਸਜ ਇਥੇ ਭਾਈ ਸਾਹਿਬ ਜੀ ਨੇ ਪ੍ਰਗਟ ਕੀਤਾ ਹੈ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਅੰਗਦ ਜੀ ਕੇ ਤਖਤ ਦੇਨ ਪ੍ਰਸੰਗ' ਬਰਨਨੰ ਨਾਮ ਬਵੰਜਵੋਂ ਅਧਜਾਯ ॥੫੨॥

## ੫੩. [ਸਾਰਦਾ ਮੰਗਲ, ਸਿੱਖਨ ਪ੍ਰਤਿ ਉਪਦੇਸ਼]

੫੨<< ਪਿਛਲਾ ਅਧਿਆਇ ਤਤਕਰਾ – ਸੰਖੇਪ ਲਿੰਕ ਅਗਲਾ ਅਧਿਆਇ >>੫੪

{ਗੁਰੂ ਅੰਗਦ ਜੀ ਨੂੰ ਖਡੂਰ ਜਾਣ ਦਾ ਹੁਕਮ} ॥੨..॥
{ਸਿੱਖਾਂ ਪ੍ਰਤਿ ਵੈਰਾਗਮਈ ਉਪਦੇਸ਼} ॥੨੪..॥

ਦੋਹਰਾ:

ਸ੍ਰੀ ਸਰਸ੍ਵਤੀ ਸਿਮਰਨੋ, ਤੀਛਨ ਮਹਾਂ ਕੁਠਾਰ।
ਬਿਘਨ ਬ੍ਰਿੱਛ ਕੇ ਬਿਪਨ† ਕੋ, ਕਰਤਿ ਸੰਘਾਰ ਸੁਧਾਰਿ ॥੧॥

ਕੁਠਾਰ=ਕੁਹਾੜਾ। ਬਿਪਨ=ਜੰਗਲ। ਸੰਸ, ਵਿਪਿਨ]।
ਸੰਘਾਰ=ਮਾਰ ਦੇਣਾ, ਨਾਸ਼ ਕਰਨਾ। [ਸੰਸ, ਸੰਹਾਰ]। ਸੁਧਾਰ=ਚੰਗੀ ਤਰ੍ਹਾਂ।
†ਪਾ:-ਬਨਨ।

ਅਰਥ:

(ਕਵੀਆਂ ਦਾ ਕਵਿਤਾ ਕਰਨ ਸਮੇਂ) ਸ੍ਰੀ ਸਰਸ੍ਵਤੀ ਨੂੰ ਯਾਦ ਕਰਨਾ ਇਕ ਮਾਨੋਂ ਤਿੱਖਾ ਕੁਹਾੜਾ ਹੈ (ਜੋ) ਬਿਘਨਾਂ (ਰੂਪੀ) ਬ੍ਰਿੱਛਾਂ ਦੇ ਬਨਾਂ ਨੂੰ ਚੰਗੀ ਤਰ੍ਹਾਂ ਨਾਸ਼ ਕਰਦਾ ਹੈ।

ਚੌਪਈ:

ਬਹੁਰੋ ਕਿਤਿਕ ਬਿਤਾਯੋ ਕਾਲਾ।
ਸ੍ਰੀ ਨਾਨਕ ਜੀ ਪਰਮ ਕ੍ਰਿਪਾਲਾ।
ਇਕ ਦਿਨ ਅੰਗਦ ਸੰਗ ਬਖਾਨਾ।
{ਗੁਰੂ ਅੰਗਦ ਜੀ ਨੂੰ ਖਡੂਰ ਜਾਣ ਦਾ ਹੁਕਮ}
'ਤੁਮ ਅਬ ਗਮਨਹੁ ਅਪਨ ਸਥਾਨਾ
॥੨॥
ਇਹਾਂ ਨ ਰਹੀਏ ਆਇਸੁ ਏਹੀ।
ਸਮਾਂ ਸਮੀਪ ਤਜੋਂ ਨਿਜ ਦੇਹੀ।
ਦਿਨ ਥੋਰੇ ਹੀ ਰਿਦੇ ਲਖੀਜੈ।
ਗ੍ਰਾਮ ਖਡੂਰ ਪਯਾਨੋ ਕੀਜੈ ॥੩॥
ਸੁਨਿ ਅੰਗਦ ਬੰਦੇ ਦ੍ਵੈ ਹਾਥਾ।
ਬੋਲਯੋ ਬਚਨ ਲਾਇ ਪਦ ਮਾਥਾ।
'ਰਾਵਰ ਕੀ ਰਜਾਇ ਮਮ ਸੀਸਾ।
ਏਕ ਅਵਰ ਬੂਝੋਂ ਜਗਦੀਸ਼ਾ ॥੪॥
ਤਯਾਗਨ ਤਨ ਕੋ ਸਮਾ ਜਿ ਆਹੀ।
ਤਬਿ ਦਰਸੋਂ ਮੈਂ ਆਇ ਕਿ ਨਾਂਹੀ?
ਆਇਸੁ ਦਿਹੁ ਤਉ ਆਉਂ ਸਮੀਪਾ।'
ਸੁਨਿ ਬੋਲੇ ਬੇਦੀ ਕੁਲਦੀਪਾ ॥੫॥
'ਤੁਮ ਨਹਿਂ ਆਵੋ ਤਬ ਇਤ ਆਸਾ[1]।
ਹਮ ਆਵਹਿੰਗੇ ਤੁਮਰੇ ਪਾਸਾ।

[1]ਇਸ ਪਾਸੇ।

ਜਿਸ ਬਿਧ ਕੋ ਨਹਿਂ ਸਕਹਿ ਲਖਾਈ।
ਤਿਉਂ ਤਬਿ ਆਇ ਮਿਲੈਂ ਤੁਝ ਤਾਈਂ ॥੬॥
ਸੁਨਿ ਕੈ ਸ਼੍ਰੌਨ ਬਚਨ ਜਗ ਗੁਰ ਕੇ।
ਚਲਜੋ ਨ ਚਹਿਤ ਨਿਕੇਤ ਬਿਛੁਰਿ ਕੇ।
ਤਦਪਿ ਰਜਾਇ ਅਮੋਰ ਸੁ ਪ੍ਰਨ ਜਿਹ।
ਭਯੋ ਤਯਾਰ ਚਲਨ ਕੋ ਛਿਨ ਤਿਹ ॥੭॥
ਹ੍ਵੈ ਅਧੀਨ ਕਰਿ ਹੀ ਅਸ਼ਟਾਂਗੰ[1]।
ਬੰਦਹਿ ਚਰਨ ਕਵਲ ਅਨੁਰਾਗੰ।
ਮਨ ਸੌਂਪਜੋ ਗੁਨਖਾਨੀ ਪਾਸੂ।
ਤਨ ਗਮਨਜੋ ਜਿਤ ਦਿਸ਼ਾ ਅਵਾਸੂ ॥੮॥

[1]ਡੰਡੌਤ।

ਦੋਹਰਾ:
ਬਿਦਾ ਹੋਇ ਜਗ ਗੁਰੂ ਤੇ, ਸ੍ਰੀ ਅੰਗਦ ਸੁਖਰਾਸ।
ਸਨੇ ਸਨੇ ਆਵਤਿ ਭਏ, ਗ੍ਰਾਮ ਖਡੂਰ ਅਵਾਸ ॥੯॥

ਚੌਪਈ:
ਮਿਲਹਿਂ ਤਬਹਿ ਸਗਰੇ ਨਰ ਆਈ।
ਬੰਦਹਿਂ, ਕੁਸ਼ਲ[†] ਬੂਝ ਹਰਖਾਈ।
ਜਥਾ ਜੋਗ ਆਦਰ ਸਭਿਹੀ ਕਾ।
ਕਰਤਿ ਭਏ ਤੇਹਣ ਕੁਲ ਟੀਕਾ ॥੧੦॥
ਸਗਰੀ ਕਲਾ ਬਿਸਾਲ ਦੁਰਾਈ।
ਨਹਿਂ ਕਿਸ ਤੇ ਸੰਗ ਕਬਹਿ ਜਨਾਈ।
ਜੋ ਹਿਰਦੇ ਕਰਿ ਬਹੁ ਜੱਗਜਾਸਾ।
ਆਇ ਕਰਂਹਿਂ ਸੇਵਾ ਤਿਨ ਪਾਸਾ ॥੧੧॥
ਤਬਿ ਉਪਦੇਸ਼ਹਿਂ ਹਿਤ ਕੱਲਜਾਨਾ।
ਪਰੇ ਕੁਬੰਧਨ ਕਰਿਹੈਂ ਹਾਨਾ[1]।
ਨਿਜ ਪ੍ਰਤਾਪ ਜੋ ਸਰਬ ਛਿਪਾਵਾ।
ਸੂਰਜ ਮਨਹੁ ਬੀਚ ਘਟ[1] ਪਾਵਾ ॥੧੨॥
ਕਿਨਹੁ ਨ ਅਜਰ ਜਰਜੋ ਇਨ ਜੈਸੇ।
ਤੀਨ ਕਾਲ ਮਹਿ ਭਯੋ ਨ ਐਸੇ।
ਉਤਪਤਿ, ਪਾਲਨ ਸ਼ਕਤਿ ਤਿਲੋਕੰ।

[†]ਤਾ:-ਸਕਲ।

[1]ਪਏ ਹੋਏ ਖੋਟੇ ਬੰਧਨ ਦੂਰ ਕਰਦੇ ਹਨ।

[1]ਘੜੇ ਵਿੱਚ। (ਅ) ਬੱਦਲਾਂ ਹੇਠ।

ਸਿੰਧ ਸੁਕਤ ਮਹਿਂ ਸਭਿ ਜਨੁ ਰੋਕੰ[1] ॥੧੩॥
[1]ਮਾਨੋਂ ਸਾਰੇ ਸਮੁੰਦ੍ਰ ਨੂੰ ਸਿਪੀ ਵਿਚ ਪਾਇਆ ਹੈ।

ਮੁਸ਼ਟ[1] ਬਿਖੈ ਨਭ ਸਭਿ ਲਿਯ ਜੈਸੇ।
[1]ਮੁਠ।

ਇਸ ਬਿਧਿ ਰਹੇ ਸਦਨ ਨਿਜ ਬੈਸੇ।
ਤਿਨ ਕੇ ਸ਼੍ਰੀ ਪਦ ਪੰਕਜ ਤਾਈਂ।
ਕਵਿ ਸੰਤੋਖ ਸਿੰਘ ਬੰਦਨ ਗਾਈ ॥੧੪॥
ਤਿਹ ਪਸ਼ਚਾਤ ਜੁ ਭਯੋ ਪ੍ਰਸੰਗਾ।
ਸੁਨਹੁ ਸੁ ਸ਼੍ਰੋਤਾ ਸੰਗ ਉਮੰਗਾ।
ਸ਼੍ਰੀ ਨਾਨਕ ਜਸ ਤੇ[1] ਨ ਉਚਾਟਉਂ[2]।
[1]ਜਸ ਸੁਣਨ ਤੋਂ। [2]ਉਦਾਸ ਨ ਹੋਵੇ।

ਸੁਨਿ ਸੁਨਿ ਸਦਾ ਬੰਧ ਨਿਜ ਕਾਟਉ ॥੧੫॥
ਸ਼੍ਰੀ ਜਗ ਗੁਰ ਕੋ ਜਹਿਂ ਦਰਬਾਰਾ।
ਹੁਤੋ ਅਗਾਰੀ ਚਲਦਲ[1] ਭਾਰਾ।
[1]ਪਿੱਪਲ।

ਸਘਨ ਛਾਉਂ ਸ਼ੋਭਤਿ ਰਮਣੀਕਾ[1]।
[1]ਸੁੰਦਰ।

ਤਹਿਂ ਬੈਠਹਿਂ ਬੇਦੀ ਕੁਲਟਾਕਾ ॥੧੬॥
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ।
ਕਲੁਖ ਨਿਕੰਦਨ[1] ਦੇਖਿ ਛਬੀਲੇ।
[1]ਪਾਪਾਂ ਦੇ ਨਾਸ਼ ਕਰਤਾ।

ਤੱਤ ਗਜਾਨਮੈ[1] ਕੋਮਲ ਬੋਲਾ।
[1]ਤੱਤ ਗਜਾਨ ਮਯ, ਤੱਤ੍ਵ ਗਜਾਨ ਵਾਲੇ।

ਸ਼੍ਰੋਨ ਸੁਨਾਵਹਿਂ ਮਧੁਰ ਅਮੋਲਾ ॥੧੭॥
ਸਾਂਗ ਅਰੰਭੇ ਸਿਖ ਜਿ ਪਲਾਏ[1]।
[1]ਸਾਂਗ ਅਰੰਭਣ ਤੇ ਸਿਖ ਜੋ ਦੌੜ ਗਏ ਸਨ।

ਸੋ ਸੁਨਿ ਪਰਖਨ ਬਿਧਿ ਪਛੁਤਾਏ।
ਬਹੁਰੋ ਆਇ ਹਜ਼ੂਰ ਅਗਾਰੀ।
ਨਿਜ ਔਗਨ ਸੰਗ ਬਿਨੈ ਉਚਾਰੀ ॥੧੮॥
ਬਖ਼ਸ਼ਾਵਹਿਂ ਅਰ ਪਾਸ ਰਹੇਹੀਂ।
ਸੇਵਹਿਂ ਚਰਨ ਕਮਲ ਸੁਖ ਲੇਹੀਂ।
ਸ਼ਬਦ ਅਭਜਾਸ ਹੋਤਿ ਨਿਤ ਭਾਰੀ।
ਗਾਇਂ ਸਪ੍ਰੇਮਹਿਂ ਅਰਥ ਬਿਚਾਰੀ ॥੧੯॥
ਤੁਰਕਨ ਮਹਿਂ ਮਹਿਮਾ ਬਹੁ ਜਾਗੀ।
ਆਵਹਿਂ ਦਰਸ ਕਰਹਿਂ ਬਡਭਾਗੀ।
ਸੁਨਹਿਂ ਸ਼ਬਦ ਕਰਿ ਪ੍ਰੇਮ ਬਿਸ਼ਾਲਾ।
ਤਿਨ ਕੀ ਕਰਹਿਂ ਕਲਜਾਨ ਕ੍ਰਿਪਾਲਾ

॥੨੦॥
ਦੇਸ਼ ਬਿਦੇਸ਼ਨ ਤੇ ਚਲਿ ਆਵਹਿਂ।
ਪਦ ਪੰਕਜ ਪਰ ਸੀਸ ਝੁਕਾਵਹਿਂ।
ਦਰਸ਼ਨ ਕਰਹਿਂ ਥਪਹਿਂ ਨਿਜ ਪੀਰ।
'ਇਹ ਖੁਦਾਇ ਕੋ' ਕਹੈਂ 'ਸਰੀਰ' ॥੨੧॥
ਆਇਂ ਮੁਰੀਦ ਹੋਇਂ ਬਹੁ ਤੁਰਕਾ।
ਸੁਨਿ ਸੁਨਿ ਬਚਨ ਹਨੈਂ[1] ਭ੍ਰਮ ਉਰ ਕਾ। [1]ਨਾਸ਼ ਕਰਨ।
ਦਿਜ, ਬਾਹਿਜ, ਅਰ ਬੈਸ਼ ਘਨੇਰੇ।
ਆਵਹਿਂ ਸ਼ੂਦ੍ਰ ਲਗਹਿਂ ਗੁਰ ਪੈਰੇ ॥੨੨॥
-ਪਰਮ ਗਜਾਨਘਨ- ਲਖਿ ਮਨ ਮਾਂਹੀ।
ਸੇਵਹਿਂ ਚਰਨ ਸ਼ਬਦ ਅਵਗਾਹੀਂ[1]। [1]ਵਿਚਾਰਦੇ ਹਨ।
ਸੁਨਹਿਂ ਬਚਨ ਬੈਠਹਿਂ ਚਹੁੰ ਓਰੀ।
'ਧੰਨ ਧੰਨ' ਭਨਿਹੀਂ ਕਰ ਜੋਰੀ ॥੨੩॥
ਸਤਿਗੁਰ ਬੀਚ ਬਿਰਾਜਹਿਂ ਐਸੇ।
ਉਡਗਨ[1] ਬਿਖੈ ਚੰਦ੍ਰਮਾ ਜੈਸੇ। [1]ਤਾਰਿਆਂ।
ਸਭਿਹਿਨਿ ਕੋ ਉਪਦੇਸ਼ ਬਤਾਵਾ।
{ਸਿੱਖਾਂ ਪ੍ਰਤਿ ਵੈਰਾਗਮਈ ਉਪਦੇਸ਼}
'ਸੁਨਹੁ ਸਿੱਖ! ਮਾਨੁਖ ਤਨੁ ਪਾਵਾ ॥੨੪॥
ਦੁਰਲਭ ਅਹੈ ਅਮੋਲ ਪਦਾਰਥ।
ਨਿਜ ਸਰੂਪ ਲਖਿ ਕਰਹੁ ਸਕਾਰਥ।
ਬਿਸ਼ਿਯਨ ਸੁਖ ਸਭਿ ਜੋਨਿਨਿ ਮਾਂਹੀ।
ਇਕ ਬਿਚਾਰ ਨਰ ਤਨ ਬਿਨ ਨਾਂਹੀ ॥੨੫॥
ਉਰ ਮਹਿਂ ਇਸ ਬਿਧਿ ਕਰਹੁ ਬਿਚਾਰਨ।
-ਕੋ ਮੈ ਹੌਂ? ਕੋ ਜਗ ਕੋ ਕਾਰਨ[1]? [1]ਜਗਤ ਦਾ ਮੂਲ।
ਨਿਰਨੈ ਸੱਤਜ ਅਸੱਤਜ[1] ਕਰੀਜੈ। [1]ਸੱਚ ਝੂਠ।
ਤਜਹੁ ਅਸੱਤਜ, ਸੱਤਜ ਗਹਿ ਲੀਜੈ ॥੨੬॥
ਦੇਹਾਦਿਕ ਪਰਪੰਚ ਪਸਾਰਾ।
ਲਖਹੁ ਅਸੱਤਜ, ਸੱਤਿ ਆਧਾਰਾ[1]। [1]ਪਰ) ਆਸਰੇ ਨੂੰ ਸੱਚ ਲਖੋ।
ਸਾਚੀ ਹੋਤਿ ਜੇਵਰੀ ਜੈਸੇ।

ਅਹਿ ਅਧੇਯ ਝੂਠੋ ਲਖਿ[1] ਤੈਸੇ ॥੨੭॥

[1]ਸੱਪ ਆਧੇਯ ਹੈ (ਉਸ ਨੂੰ) ਅਸੱਤਿ ਜਾਣੋ। ਆਧੇਯ=ਜੋ ਕਿਸੇ ਆਧਾਰ ਦੇ ਆਸ਼ਰੇ ਹੋਵੇ।

ਹੰਤਾ ਮਮਤਾ ਇਉਂ ਲਖਿ ਤਜਾਗਹੁ।
ਨਿਜ ਸਰੂਪ ਸਨਮੁਖ ਅਨੁਰਾਗਹੁ।
ਭ੍ਰਮਾਵਰਤ[1] ਤੇ ਨਿਕਸਿ ਉਤੰਗਾ[2]।
ਜਨਮ ਸਫਲ ਕਰਿ ਮਿਲਿ ਸਤਿਸੰਗਾ ॥੨੮॥

[1]ਘੁੰਮਣ ਘੇਰੀ। [2]ਉੱਚੇ ਉਠਕੇ।

ਬਿਨ ਬਿਚਾਰ ਨਰ ਦੇਹਿ ਅਕਾਰਥ[1]।
ਨਾਮ ਸਿਮਰ ਜੇ ਲਹਿ ਨ ਪ੍ਰਮਾਰਥ[1]।

[1]ਮਨੁੱਖਾ ਦੇਹੀ ਵਿਅਰਥ ਹੈ।

[1]ਨਹੀਂ ਲੈਂਦੇ ਪਰਮਾਰਥ ਭਾਵ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਪਾਸਾ, ਮਨੁਖ ਜਨਮ ਦਾ ਪ੍ਰਯੋਜਨ।

ਨਿਫਲ ਹੋਤਿ, ਦੁਖ ਕੋ ਅਧਿਕਾਰੀ।
ਤੀਨ ਅਵਸਥਾ[1] ਰਹਿ ਅਬਿਚਾਰੀ[2] ॥੨੯॥

[1]ਬਾਲ ਜੁਆਨੀ ਤੇ ਬਿਰਧ। [2]ਵਿਚਾਰ ਰਹਿਤ।

ਨਿਕਸਤਿ ਜੋਨਿ[1] ਅਧਿਕ ਦੁਖ ਪਾਵਾ[2]।
ਵਹਿਰ ਤਨਕ ਤਨ ਧਰਿ ਪੁਨ ਆਵਾ[1]।

[1]ਭਾਵ ਜੰਮਣ ਸਮੇਂ। [2]ਪਾਇਆ।

[1]ਮਾਤ-ਗਰਭ ਤੋਂ) ਬਾਹਰ ਨਿੱਕਾ ਜਿਹਾ ਸਰੀਰ ਧਾਰ ਕੇ ਆਯਾ।

ਬਲ ਬਿਹੀਨ ਮੂਰਖਤਾ ਭਾਰੀ[1]।
ਗ੍ਰਿਹ ਕ੍ਰਿਤ ਕਰਤਿ ਗੇਰ ਮਹਿਤਾਰੀ[1] ॥੩੦॥

[1]ਬਚਪਨ ਵਿਚ।

[1]ਮਾਂ (ਬੱਚੇ ਨੂੰ) ਸੁੱਟਕੇ ਘਰ ਦੇ ਕੰਮ ਕਰਦੀ ਹੈ।

ਦੋਹਰਾ:
ਬਾਲ ਅਵਸਥਾ ਕੇ ਬਿਖੈ, ਏਤੇ ਹੋਤਿ ਬਿਕਾਰ[1]।
ਭ੍ਰਾਂਤਿ[1], ਜਲਨਤਾ[2], ਚਪਲਤਾ[3], ਇੱਛ[4], ਦੀਨਤਾਧਾਰ[5] ॥੩੧॥

[1]ਭਾਵ ਦੁੱਖ।

[1]ਭਰਮ, ਭੁਲੇਵਾ, ਮੂਰਖਤਾ। [2]ਸੜਨਾ। [3]ਚੰਚਲਤਾ। [4]ਲਾਲਚ। [5]ਭਾਵ ਪਰਵਸ ਹੋਣਾ।

ਚੌਪਈ:
ਪ੍ਰਥਮ -ਅਸ਼ਕਤਿ- ਜਾਨਿਯੇ ਐਸੇ।
ਕਛੂ ਨ ਕ੍ਰਿੱਤ ਹੋਤਿ ਹੈ ਜੈਸੇ।
ਪੁਨਿ -ਮੂਰਖ- ਕਛ ਸਮਝ ਨ ਸੱਕਈ।
ਭਰਮ ਭਰਜੋ ਅਨ ਅਨ ਕੋ ਤੱਕਈ ॥੩੨॥
ਬਹੁਰ -ਜਲਨਤਾ- ਜੋ ਕੁਛ ਚਾਹੀ।
ਜਲਤਿ ਰਹਿਤਿ ਸੋ ਪਾਵਤਿ ਨਾਂਹੀ।
ਕਪਿ[1] ਇਕ ਥਲ ਥਿਰ ਰਹਿ ਨ ਸਕਤਿ

[1]ਬਾਂਦਰ।

ਜਸ।
ਤਿਉਂ ਨਹਿਂ ਠਹਿਰੈ -ਚੰਚਲਤਾ- ਅਸ
॥੩੩॥
-ਇੱਛਾ- ਸਦਾ ਪਦਾਰਥ ਕੇਰੀ।
ਹੋਤਿ -ਦੀਨਤਾ- ਸਭਿਨਿ ਅਗੇਰੀ।
ਮੂੜ, ਗੁੰਗ, ਅਪਵਿੱਤ੍ਰ ਰਹਾਈ।
ਬਾਂਛਤ ਵਸਤੁ ਨ ਉਚਰ ਸਕਾਈ ॥੩੪॥
ਮਾਤ ਪਿਤਾ ਕੋ ਭੈ ਨਿਤ ਰਹਿਈ।
ਖਿਨ ਖਿਨ ਬਿਖੈ ਅਨਾਦਰ ਲਹਿਈ।
ਜਿਉਂ ਕੂਕਰ ਦ੍ਵਾਰਨ ਕੋ ਜਾਈ।
ਬਾਰ ਬਾਰ ਅਪਮਾਨਹਿ ਪਾਈ† ॥੩੫॥ †ਪਾ:-ਅਪਮਾਨ ਰਿਸਾਈ।
ਬਾਲ ਅਵਸਥਾ ਅਸ ਦੁਖ ਖਾਨੀ।
ਜਿਸ ਮਹਿਂ ਸੁਖ ਕੀ ਰੰਚ[1] ਨ ਜਾਨੀ। [1]ਰਤੀ ਬੀ ਨਹੀਂ।
ਤਾਂ ਤੇ ਸਿਮਰਨ ਸ੍ਰੀ ਕਰਤਾਰਾ।
ਨਰ ਤਨ ਧਰਿ ਕੈ ਕਰਹੁ ਉਧਾਰਾ ॥੩੬॥
ਬਹੁਰੋ ਜੁਬਾ ਅਵਸਥਾ ਪਾਈ।
ਕਾਮ ਪਿਸ਼ਾਚ[1] ਲਗਹਿ ਤਬਿ ਧਾਈ। [1]ਭੂਤ।
ਖਿਰਯੋ ਸਰੋਜ[1] ਚਿੱਤ ਬਹੁ ਭਾਂਤੀ। [1]ਕਮਲ।
ਇੱਛ ਪੰਖਰੀ ਜਿਹ ਬਿਗਸਾਤੀ ॥੩੭॥
ਜਿਉਂ ਨਿਰਧਨੀ ਧਨੀ ਕੇ ਪਾਸਾ।
ਕਰਹਿ ਸਥਿਤੀ[1] ਧਾਰਿ ਉਰ ਆਸਾ। [1]ਟਿਕਾਉਣਾ।
ਤਿਉਂ ਪਿਖ ਜੁਵਾ ਜੁ ਸਰਬ ਵਿਕਾਰਾ।
ਆਇ ਸਥਿਤ ਹ੍ਵੈ ਨਰਨ ਮਝਾਰਾ ॥੩੮॥
ਕਾਮ ਪਿਸ਼ਾਚ ਲਗਯੋ ਇਸ ਤਾਈਂ।
ਨਾਰਿ ਗਰਤਿ ਮਹਿਂ[1] ਦੇਯ ਡਿਗਾਈ। [1]ਤੀਵੀਂ ਰੂਪੀ ਟੋਏ ਵਿਚ।
ਤਿਸ ਮਹਿਂ ਪਰਯੋ ਮਹਾਂ ਦੁਖ ਪਾਵੈ।
ਨਿਕਸਯੋ ਜਾਇ ਨ, ਜਨਮ ਗੁਵਾਵੈ
॥੩੯॥
ਜਿਨ ਭੋਗਉਂ ਕਉ ਸੁਖ ਲਖਿ ਭੋਗੇ।
ਸੋ ਸਭਿ ਦੁਖ ਕੋ ਕਾਰਣ ਸੋਗੇ[1]। [1]ਸੋਗ ਤੇ ਦੁਖ ਦੇ ਕਾਰਨ ਹਨ।
ਜਿਉਂ ਕੰਚਨ ਘਟ ਬਿਖ ਕੋ ਪੂਰਾ।
ਕਰੈ ਪਾਨ ਪਿਖਿ ਕੈ ਤਿਹਂ ਰੂਰਾ[1] ॥੪੦॥ [1]ਜਿਵੇਂ ਸੋਨੇ ਦਾ ਘੜਾ ਜ਼ਹਿਰ ਭਰਿਆ ਸੁਹਣਾ ਵੇਖਕੇ

ਕੋਈ ਪੀ ਲਵੇ।

ਤਿਉਂ ਬਿਚਾਰਿ ਬਿਨ, ਸੁੰਦਰ ਨਾਰੀ।
ਭੋਗੇ, ਹ੍ਵੈ ਅਧੀਨ ਦੁਖਕਾਰੀ[1]। [1]ਦੁਖਦਾਤੀ ਦੇ ਵੱਸ ਹੋ ਕੇ।
ਜੁਵਾ ਆਵਈ ਨਿਸਾ ਪ੍ਰਘੋਰਾ[1]। [1]ਭਿਆਨਕ ਰਾਤ ਵਾਂਙੂ।
ਪੰਚ ਚੋਰ ਕਰਿਹੀਂ ਬਡ ਜੋਰਾ ॥੪੧॥
ਸਤ, ਸੰਤੋਖ, ਵਿਰਾਗ, ਵਿਚਾਰਾ।
ਸ਼ਾਂਤਿ ਆਤਮਾ, ਧਨ ਇਹ ਭਾਰਾ।
ਸਰਬ ਸੁ ਚੋਰ ਖਸੋਟਿ ਲਿਜਾਈਂ।
ਜਨਮ ਮਰਨ ਦਾਰਿਦ ਦੁਖ ਪਾਈ ॥੪੨॥
ਇਨ ਤਸਕਰ ਤੇ[1] ਹ੍ਵੈ ਜਿ ਸੁਚੇਤੂ[2]। [1]ਇਨ੍ਹਾਂ ਚੋਰਾਂ ਤੋਂ। [2]ਹੁਸ਼ਿਆਰ।
ਦਰਬ ਆਤਮਾ ਰਖਹਿ ਨਿਕੇਤੂ[1]। [1]ਘਰ ਵਿਖੇ।
ਧੰਨ ਸਿ ਨਰ ਪਾਵਹਿ ਪਦ ਭੂਰੀ।
ਅਨੰਦ ਬਿਖੈ ਥਿਤਿ ਤਿਹ ਬਿਧਿ ਰੂਰੀ ॥੪੩॥
ਪਰਮ ਸ਼ੱਤ੍ਰ ਇਹ ਜੋਬਨ ਜਾਨਹੁ।
ਕਾਮ, ਕ੍ਰੋਧ ਇਹ ਸ਼ੱਤ੍ਰ ਪਛਾਨਹੁ।
ਬਾਰ ਬਾਰ ਇਹ ਕਰਹਿੰ ਪ੍ਰਹਾਰਾ[1]। [1]ਮਾਰਦੇ ਹਨ।
ਖੰਡ ਖੰਡ[1] ਮਨ ਕੋ ਕਰਿ ਡਾਰਾ ॥੪੪॥ [1]ਟੁਕੜੇ ਟੁਕੜੇ।
ਜਿਉਂ ਸਾਵਨ ਹ੍ਵੈ ਬਰਖਾ ਭਾਰੀ।
ਸਰਿਤਾ[1] ਕੋ ਪ੍ਰਵਾਹਿ ਬਲਕਾਰੀ। [1]ਨਦੀ।
ਤਿਉਂ ਜੋਬਨ ਕੇ ਆਵਨ ਕਰਿ ਕੈ।
ਤ੍ਰਿਸ਼ਨਾ ਹੋਤਿ ਅਧਿਕ ਬਲ ਧਰਿ ਕੈ ॥੪੫॥
ਜਿਉਂ ਸਾਗਰ ਗੰਭੀਰ ਅਪਾਰੇ।
ਮੱਛ ਕੱਛ ਹੈਂ ਨੰਕ੍ਰ[1] ਮਝਾਰੇ। [1]ਮਗਰਮਛ ਦੀ ਜਾਤ ਦਾ ਜਲ ਜੰਤੂ। ਸੰਸ: ਨਕ੍ਰ]।
ਤਰਨੋ ਕਠਨ ਤਾਂਹਿ ਕੋ ਹੋਈ।
ਚਢੈ ਜਹਾਜ, ਪਾਇ ਤਟ ਸੋਈ ॥੪੬॥
ਤਿਉਂ ਜੋਬਨ ਹੈ ਸਹਿਤ ਬਿਕਾਰਾ।
ਤਰਨੋ ਕਠਨ ਨ ਪਾਵਹਿ ਪਾਰਾ।
ਲਖਿ ਸਤਿਸੰਗਤ ਪੋਤ[1] ਮਹਾਨਾ। [1]ਜਹਾਜ਼।
ਸਿਮਰਨ ਨਾਮ ਜਹਾਂ ਬਰਦ੍ਵਾਨਾ[1] ॥੪੭॥ [1]ਹਵਾ ਨਾਲ ਟੁਰਨ ਵਾਲੇ ਜਹਾਜ਼ ਦੇ ਕਪੜੇ ਦੇ ਪਰਦੇ।

ਬਾਦਬਾਨ, ਡਫਾਛ ਬਾਦਬਾਨ੍ਹ।

ਤਿਹ ਕੋ ਪਾਵਹੁ ਤਰਹੁ ਸੁਖਾਰੇ।
ਆਨੰਦ ਪ੍ਰਾਪਤਿ ਪਾਰ ਕਰਾਰੇ[1]। — [1]ਕਿਨਾਰੇ।
ਇਸ ਜਹਾਜ ਬਿਨ ਪਾਰ ਨ ਪਾਵਹੁ।
ਨਿੰਮ੍ਰਿ ਭਾਵ ਹ੍ਵੈ ਸੇਵ ਕਮਾਵਹੁ ॥੪੮॥

ਦੋਹਰਾ:
ਬਾਲ ਬੈਸ ਕੋ ਜੁਵਾ ਜਿਉਂ,
ਗ੍ਰਾਸ ਲੇਤਿ ਤਤਕਾਲ।
ਤੈਸੇ ਹੀ ਇਸ ਜੁਵਾ ਕੋ,
ਗ੍ਰਸ ਹੀ ਜਰਾ[1] ਬਿਸਾਲ ॥੪੯॥ — [1]ਬ੍ਰਿੱਧ ਅਵਸਥਾ।

ਚੌਪਈ:
ਜਰਜਰਿ[1] ਭੂਤ ਦੇਹਿ ਹ੍ਵੈ ਜਾਹੀ। — [1]ਕਮਜ਼ੋਰ।
ਬੁੱਧਿ ਖੀਣ[1], ਨਹਿਂ ਨੈਨ ਦਿਸਾਹੀਂ। — [1]ਨਾਸ਼।
ਕਰਨ ਨ ਸੁਨਿਹੀ, ਸਿਰ ਤਬਿ ਕਾਂਪਾ।
ਤ੍ਰਿਸ਼ਨਾ ਅਧਿਕ ਹੋਤਿ ਪਰਤਾਪਾ ॥੫੦॥
ਢੀਲੋ ਮਾਸ ਸੁੰਦਰਤਾ ਹਰਿਹੀ।
ਜਿਉਂ ਤਰੁ[1] ਕੌ ਘੁਣ ਸੁਕਹਿ† ਕਰਿਹੀ। — [1]ਬ੍ਰਿੱਛ। †ਪਾ:-ਸੁਸ਼ਕਹਿਂ।
ਇਸਤ੍ਰੀ ਤਾਤ, ਅਪਰ ਪਰਵਾਰਾ।
ਸਭਿ ਤਜਿ ਦੇਹਿਂ, ਨ ਲਾਗਹਿ ਪਜਾਰਾ ॥੫੧॥
ਜਰਾ ਨਿਸ਼ਾ ਮਹਿਂ[1] ਖਾਂਸੀ ਸਜਾਰੀ[2]। — [1]ਬੁਢੇਪੇ ਰੂਪੀ ਰਾਤ ਵਿਚ। [2]ਗਿਦੜੀ ਖੰਘ।
ਆਇ ਸ਼ਬਦ ਕਰਿਹੀ ਦੁਖਕਾਰੀ[1]। — [1]ਦੁਖਦਾਤੀ।
ਹ੍ਵੈ ਅਸ਼ਕਤਿ, ਇਕ ਰੋਸ ਨ ਜਾਈ[1]। — [1]ਕਮਜ਼ੋਰ ਹੋ ਜਾਂਦਾ ਹੈ (ਪਰ) ਗੁੱਸਾ ਨਹੀਂ ਹਟਦਾ।
ਜਿਉਂ ਤਰੁ ਬਡੇ ਉਲੂਕ[1] ਰਹਾਈ ॥੫੨॥ — [1]ਉੱਲੂ।
ਆਇ ਜਰਾ ਜੈਸੇ† ਬਘਿਯਾਰੀ। — †ਪਾ:-ਬੈਸੇ।
ਮ੍ਰਿਗ ਬਲ[1] ਕੇ ਮ੍ਰਿਤੁ ਕਰਨੇ ਹਾਰੀ। — [1]ਬਲ ਰੂਪੀ ਮ੍ਰਿਗ।
ਸਭਿ ਬਿਧਿ ਦੀਨ ਕਰਤਿ ਹੈ ਸੋਈ।
ਦੇਖਿ ਹਂਸੀ ਠਾਂਨੈ ਸਭਿ ਕੋਈ ॥੫੩॥
ਰੋਗਨ ਕੀ ਜਰ[1] ਜਰਾ ਪਛਾਨਹੁ। — [1]ਜੜ।
ਸਰਬ ਦੁਖਨ ਕਾ ਸਦਨ ਪ੍ਰਮਾਨਹੁ।
ਸੇਤ[1] ਕੇਸ ਹੋਵਹਿਂ ਸਭਿ ਠੌਰਾ। — [1]ਚਿੱਟੇ।

ਮਨਹੁ ਜਰਾ ਪਰ ਝੂਲਤਿ ਚੌਰਾ ॥੫੪॥
ਕਿਧੋਂ ਜਰਾ ਕੇ ਦੂਤ ਅਗਾਰੀ।
ਨਿਜ ਬਸ ਦੇਹਿ ਕਰਯੋ ਚਹਿਂ ਸਾਰੀ[1]। — [1]ਸਾਰੀ ਦੇਹ ਆਪਣੇ ਵੱਸ ਵਿਚ ਕਰਨੀ ਚਾਹੁੰਦੇ ਹਨ।
ਮਨਹੁ ਕਾਲ ਕੋ ਆਇ ਸੰਦੇਸ਼ਾ[1]। — [1]ਸੰਦੇਸ਼ਾ ਆਇਆ ਹੈ ਮੌਤ ਦਾ (ਚਿੱਟੇ ਵਾਲ)।
ਰੂਪ ਬਿਦਾਰਨ ਭੇ ਸਿਤ ਕੇਸ਼ਾ[1] ॥੫੫॥ — [1]ਰੂਪ ਨਾਸ਼ ਕਰਨ ਨੂੰ ਹੋਏ ਹਨ ਚਿੱਟੇ ਵਾਲ।
ਪੁਨ ਤਤਕਾਲ ਗ੍ਰਸੈ ਮ੍ਰਿਤੁ ਆਈ।
ਮਹਾਂ ਕਸ਼ਟ ਤਿਹ ਛਿਨ ਨਰ ਪਾਈ।
ਤਿਸ ਤੇ ਉਬਰਿ ਸਕੈ ਨਹਿਂ ਕੋਈ।
ਖਾਏ, ਮਹਾਂ ਬਲੀ ਥੇ ਜੋਈ ॥੫੬॥
ਅੰਜੁਲ ਕੇ ਜਲ ਸਮ ਬਯ ਏਹੀ[1]। — [1]ਬੁੱਕ ਦੇ ਪਾਣੀ ਵਾਂਙੂ ਇਹ ਉਮਰਾ ਹੈ।
ਠਹਿਰਤ ਨਹਿਂ ਛਿਨਭੰਗਰ[1] ਦੇਹੀ। — [1]ਥੋੜੇ ਚਿਰ ਵਿਚ ਨਾਸ਼ ਹੋ ਜਾਣ ਵਾਲੀ।
ਯੁਕਤਿ ਬਿਕਾਰ[1] ਅਵਸਥਾ ਤੀਨੋਂ। — [1]ਭਾਵ) ਦੁੱਖਾਂ ਵੇੜ੍ਹੀਆਂ ਹਨ।
ਬਿਤਹਿਂ ਜਿ ਹਰਿ ਕੇ ਸਿਮਰਨ ਹੀਨੋ ॥੫੭॥
ਨਿਜ ਕੱਲਜਾਨ ਚਹਿਤਿ ਹੈਂ ਜੇਈ।
ਸਤਿ ਸੰਗਤਿ ਮਹਿਂ ਮਿਲਿ ਹੈਂ ਤੇਈ।
ਤਿਨ ਕੇ ਬਚਨ ਸੁਨਹਿਂ ਉਰ ਮਾਨਹਿਂ।
ਕਰ ਨਿੰਧਜਾਸਨ ਅਨੰਦ ਸੁ ਠਾਨਹਿਂ ॥੫੮॥
ਦਿਢ ਅੱਭਜਾਸ ਹੋਇ ਹੈ ਜਬਿ ਹੀ।
ਨਿਜ ਸਰੂਪ ਸੱਖਜਾਤ[1] ਸੁ ਤਬਿ ਹੀ। — [1]ਪ੍ਰਗਟ ਹੁੰਦਾ ਹੈ।
ਏਕ ਰੂਪ ਸਭਿ ਸ੍ਰੀ ਨਿਰੰਕਾਰਾ।
ਮਨ ਕਲਪਨ ਤੇ ਜਗਤ ਅਪਾਰਾ ॥੫੯॥
ਜਿਤ ਤਿਤ ਦੇਖਯੋ ਏਕ ਗੁਸਾਈਂ।
ਰਾਗ ਦ੍ਵੈਖ ਸਹਿਜੇ ਮਿਟ ਜਾਈ।
ਤੇ ਨਰ ਪਾਰ ਪਰੇ ਦੁਖ ਸਾਗਰ।
ਸਭਿ ਸਿਰਤਾਜ ਸਿ ਹੋਹਿਂ ਉਜਾਗਰ[1] ॥੬੦॥ — [1]ਪ੍ਰਸਿੱਧ।
ਜੇ ਤਨ ਧਨ ਹੰਕਾਰ ਫਸੰਤੇ।
ਸੇ ਕਬਿ ਰੰਚਕ ਸੁਖ ਨ ਲਹੰਤੇ।
ਦੇਹਿ ਦਸ਼ਾ[1] ਵਿਕਾਰ ਯੁਤਿ ਜੈਸੀ। — [1]ਸਰੀਰ ਦੀ ਹਾਲਤ।
ਪਾਛੈ ਬਰਨਨ ਕੀਨੀ ਤੈਸੀ ॥੬੧॥

ਧਨ ਮਹਿਂ ਸੁਖ ਨਹਿਂ ਸੋ ਸੁਨਿ ਲੀਜੈ।
ਅਧਿਕ ਹੋਇ ਤਿਉਂ ਅਧਿਕ ਤਪੀਜੈ।
ਜਾਤਿ ਤ ਪ੍ਰਾਨਨ ਕਸ਼ਟ[1] ਮਹਾਨਾ। [1]ਦੁਖ ਹੁੰਦਾ ਹੈ।
ਰੱਖਜਾ ਬਿਖੈ ਨੀਤ ਦੁਖ ਨਾਨਾ ॥੬੨॥
ਭੂਪਤਿ, ਤਸਕਰ ਕੋ ਭੈ ਕਰਿ ਕੈ।
ਰਾਖਤਿ ਹੈ ਦੁਰਾਇ[1] ਬਿਚ ਘਰ ਕੈ। [1]ਛੁਪਾਕੇ।
ਮ੍ਰਿਤੁ ਭਏ ਕਾਜ ਨ ਕਿਸ ਆਈ।
ਸਰਪ ਦੇਹਿ ਤਿਹ ਹਿਤ ਤੇ ਪਾਈ ॥੬੩॥
ਤਾਂ ਤੇ ਸਰਬ ਅਸਾਰੁ ਲਖੀਜੈ।
ਸਿਮਰਨ ਸਾਰ ਏਕ ਪ੍ਰਭੁ ਕੀਜੈ।
ਜੀਵਤਿ ਮ੍ਰਿਤਕ ਮਰੈਂ ਨਹਿਂ ਸੇਈ[1]। [1]ਜੋ) ਜੀਉਂਦੇ ਮੋਏ ਹਨ ਉਹ ਨਹੀਂ ਮਰਦੇ।
ਆਨंद ਮਗਨ ਹੋਤਿ ਹੈਂ ਤੇਈ ॥੬੪॥
ਜਿਉਂ ਜਲ ਬਿਖੈ ਡੂਬ ਕੇ ਤਰਿਹੀ।
ਬਹੁਰ ਨ ਡੂਬਨ ਸੰਸਾ ਕਰਿਹੀ।
ਸਾਗਰ ਆਦਿਕ ਜਲ ਜਹਿਂ ਤਾਈਂ[1]। [1]ਜਿੱਥੇ ਤੱਕ ਸਮੁੰਦਰ ਤੇ ਜਲ ਆਦਿਕ ਹੈ।
ਰਹੈਂ ਤਰਤਿ ਤਿਉਂ ਜਾਨਹੁ ਭਾਈ ॥੬੫॥
ਹਉਮੈਂ ਖੋਇ ਨਾਮ ਲਿਵ ਲਾਵਹੁ।
ਮਨ ਤੇ ਤ੍ਰਿਸ਼ਨਾ ਦ੍ਵੈਤ ਮਿਟਾਵਹੁ।
ਆਤਮ ਰਾਮ ਲਖਹੁ ਭਲਿ ਭਾਂਤਾ।
ਪਾਵਹੁ ਅਨੰਦ ਹੋਇ ਸੱਖਜਾਤਾ ॥੬੬॥
ਜੇ ਪ੍ਰਵਾਰ ਕੇ ਮੋਹ ਬੰਧਾਨੇ।
ਤਿਨ ਕਉ ਲਖਹੁ ਮਹਾਂ ਅੱਗਜਾਨੇ।
ਅਪਨੇ ਸੁਤ ਬਨਿਤਾ, ਪਿਤ, ਮਾਤਾ।
ਜਾਨਤਿ ਹਿਤਕਾਰੀ ਬਿਨ ਗਜਾਤਾ ॥੬੭॥
ਬਾਰ ਬਾਰ ਜਨਮਹਿਂ ਜਗ ਮਾਂਹੀ।
ਸਭਿ ਹੀ ਜਨਮ ਕੁਟੰਬ ਅਸ ਆਹੀ।
ਕਰੇ ਅਨਿਕ ਬਨਿਤਾ, ਸੁਤ, ਤਾਤਾ।
ਨਾਨਕ, ਦਾਦਿਕ ਅਨਿਕ ਸੁ ਮਾਤਾ ॥੬੮॥
ਸਭਿ ਕੋ ਛੋਰਿ ਛੋਰਿ ਚਲਿ ਜਾਈ।
ਕਿਤ ਹੂੰ ਮਰੈ ਨ ਕਿਤਹੂੰ ਜਾਈ।

ਬਹੁਰ ਨ ਕਬਹੂੰ ਆਨਿ ਸਮ੍ਹਾਰੇ।
ਚਹਿਤਿ ਨ ਬਿਛਰਜੋ ਹੁਤੇ ਜਿ ਪਜਾਰੇ[1] ॥੬੯॥

[1]ਜਿਨ੍ਹਾਂ ਪਜਾਰਿਆਂ ਤੋਂ ਕਦੇ ਵਿਛੁੜਨਾ ਨਹੀਂ ਸੀ ਚਾਹੁੰਦਾ।

ਸਨਬੰਧਨ ਨੌਕਾ ਸਮ ਮੇਲਾ।
ਕਰੈ ਮੋਹ ਬਹੁ ਹੋਇ ਦੁਹੇਲਾ।
ਹ੍ਵੈ ਨਿਰਮੋਹ ਰਹਹੁ ਸਭਿ ਮਾਂਹੀ।
ਅੰਤ ਨ ਕੋਇ ਸੰਗ ਨਿਰਬਾਹੀ ॥੭੦॥
ਜੇ ਸਤਿਸੰਗਤ ਕਰਹੁ ਸਪ੍ਰੀਤੀ।
ਇਤ ਉਤ ਸੋ ਨਿਰਬਹਿ ਹੈ ਨੀਤੀ।
ਤਨ ਹੰਤਾ ਕੋ ਸਰਬ ਮਿਟਾਏ।
ਨਿਜ ਸਰੂਪ ਲਖਿ ਸ਼ੁਭ ਗਤਿ ਪਾਏ' ॥੭੧॥
ਨਿਤ ਪ੍ਰਤਿ ਇਸ ਪ੍ਰਕਾਰ ਗੁਨ ਖਾਨੀ।
ਉਪਦੇਸ਼ਹਿਂ ਸਿੱਖਨ ਸੁਖ ਸਾਨੀ।
ਆਤਮ ਮਿਲਜੋ ਅਨਾਤਮ ਮਾਂਹੀ।
ਤਿਨ ਕੋ ਭਿੰਨ ਭਿੰਨ ਦਿਖਲਾਹੀਂ ॥੭੨॥[⚐]

[⚐]ਸ਼ਾਸਤ੍ਰਕਾਰਾਂ: ਕਿਆ ਸਾਂਖ, ਕਿਆ ਯੋਗ, ਕਿਆ ਵੇਦਾਂਤ ਨੇ ਜਗਤ ਨੂੰ ਕਿਸੇ ਭੁਲੇਖੇ ਵਿਚ ਯਾ ਉਪਾਧੀ ਨਾਲ ਬਣ ਗਿਆ ਮੰਨਿਆ ਹੈ, ਤੇ ਏਸ ਨੂੰ ਦੁਖ ਰੂਪ ਦੱਸਿਆ ਹੈ ਤੇ ਇਸ ਦਾ ਇਲਾਜ ਇਸ ਦੇ ਨਖੇੜਨ ਵਿਚ ਦੱਸਿਆ ਹੈ, ਸਾਂਖ ਤੇ ਯੋਗ ਕਹਿੰਦੇ ਹਨ ਪੁਰਖ ਤੇ ਪ੍ਰਕ੍ਰਿਤੀ ਨੂੰ ਨਿਖੇੜ ਦਿਓ, ਵੇਦਾਂਤ ਕਹਿੰਦਾ ਹੈ ਮਾਇਆ ਤੇ ਬ੍ਰਹਮ ਨੂੰ ਨਿਖੇੜ ਦਿਓ।

ਗੁਰ ਨਾਨਕ ਦੇਵ ਜੀ ਜਗਤ ਨੂੰ ਸਾਈਂ ਦਾ ਖੇਲ ਦੱਸਦੇ ਹਨ। ਗੁਰੂ ਸਾਹਿਬ ਇਸ ਨੂੰ ਦੁਖ ਰੂਪ ਉਸ ਹਾਲਤ ਵਿਚ ਕਹਿੰਦੇ ਹਨ ਜਿਸ ਵੇਲੇ ਇਹ ਆਪਣੇ ਰਚਨਹਾਰ ਤੋਂ (ਸਾਕਤ) ਟੁੱਟ ਜਾਂਦਾ ਹੈ। ਜਿਵੇਂ ਸਰੋਵਰ ਦਾ ਪਾਣੀ ਗੰਦਾ ਨਹੀਂ, ਪਰ ਜਦ ਜਿਸ ਚਸ਼ਮੇ ਤੋਂ ਨਹਿਰ ਲਿਆਕੇ ਸਰੋਵਰ ਭਰਿਆ ਸੀ ਉਸ ਚਸ਼ਮੇ ਨਾਲ ਸੰਬੰਧ ਟੁੱਟ ਜਾਵੇ ਤਦ ਪਾਣੀ ਤ੍ਰੱਕਦਾ ਹੈ। ਤਿਵੇਂ ਸਾਈਂ ਤੋਂ ਵਿਛੁੜਕੇ ਇਹ ਦੁੱਖ ਰੂਪ ਹੈ, ਜਿਵੇਂ ਕਿਸੇ ਬਾਲਕ ਲਈ ਜਿਸ ਨੇ ਮਾਂ ਦੀ ਉਂਗਲ ਫੜੀ ਹੋਈ ਹੈ ਕੋਈ ਮੇਲਾ ਦੁਖ ਰੂਪ ਨਹੀਂ, ਪਰ ਜਦ ਮਾਂ ਤੋਂ ਘੁੱਸ ਜਾਵੇ ਫਿਰ ਓਹ ਮੇਲਾ ਤੇ ਮੇਲੇ ਦੇ ਤਮਾਸ਼ੇ ਉਸ ਨੂੰ ਦੁਖ ਰੂਪ ਹਨ।

ਫਿਰ ਸਾਂਖ ਨੇ ਪਰਮੇਸ਼ੁਰ ਨੂੰ ਮੰਨਿਆਂ ਹੀ ਨਹੀਂ, ਓਹ ਮਾਦਾ ਤੇ ਰੂਪ, ਯਾ ਪ੍ਰਕ੍ਰਿਤੀ ਤੇ ਪੁਰਖ ਮੰਨਦਾ ਹੈ। ਯੋਗ ਪਰਮੇਸ਼ੁਰ ਨੂੰ ਮੰਨਦਾ ਹੈ, ਪਰ ਉਸ ਨੂੰ ਕਰਤਾ ਤੇ ਕਾਦਰ ਨਹੀਂ ਮੰਨਦਾ, ਗੁਰੂ ਮਾਤ੍ਰ ਮੰਨ ਲੈਂਦਾ ਹੈ। ਵੇਦਾਂਤ ਪਰਮੇਸ਼ੁਰ ਨੂੰ ਕਰਤਾ ਕਾਦਰ ਨਹੀਂ ਮੰਨਦਾ, ਉਸ ਵਿਚ ਉਪਾਧੀ ਆਕੇ ਅਸੀਂ ਰਚੇ ਗਏ ਹਾਂ ਇਸ ਨੂੰ ਦੂਰ ਕੀਤਿਆਂ ਬ੍ਰਹਮ ਅੰਸ਼ ਉਪਾਧੀ ਤੋਂ ਮੁਕਤ ਹੋ ਜਾਵੇਗੀ, ਯਾ ਐਉਂ ਕਿ ਇਹ ਰਚਨਾ ਹੈ ਹੀ ਨਹੀਂ, ਇਕ ਭਰਮ ਮਾਤ੍ਰ ਹੈ ਜੋ ਰੱਸੀ ਨੂੰ ਸੱਪ ਦਿਖਾ ਰਿਹਾ ਹੈ, ਸੋ ਰੱਬ ਨਾਂ ਕਰਤਾ ਹੈ ਨਾਂ ਕਾਦਰ। ਪਰ ਸ਼੍ਰੀ ਗੁਰੂ ਸਾਹਿਬਾਂ ਨੇ ਵਾਹਿਗੁਰੂ ਨੂੰ:-

'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ' ਦੱਸਕੇ ਫੇਰ ਉਸ ਨੂੰ
'ਪਾਕੀ ਨਾਈ ਪਾਕੁ' ਆਖਿਆ ਹੈ।

ਏਹ ਸਾਰੇ ਸ਼ਾਸਤ੍ਰਕਾਰ ਨਿਖੇੜਨ ਵਿਚ ਮੁਕਤੀ ਦੱਸਦੇ ਹਨ, ਕਿ ਜੀਵਾਤਮਾ ਦਾ ਪ੍ਰਕ੍ਰਿਤਿ (ਮਾਦੇ ਤੋਂ) ਯਾਂ ਆਤਮ ਅੰਸ਼ ਦਾ ਮਾਇਆ ਤੋਂ ਨਿੱਖੜਨਾ ਸਾਧਨ ਹੈ, ਕਿਉਂਕਿ ਇਨ੍ਹਾਂ ਦਾ ਮਿਲਨਾ ਹੀ ਦੁਖ ਦਾ ਹੇਤੂ ਹੈ, ਗੋਯਾ ਮਿਲਨਾ ਗ਼ਲਤੀ ਸੀ। ਸਤਿਗੁਰ ਜੀ ਇਹ ਸਾਰਾ ਹੁਕਮ ਵਿਚ ਹੋਇਆ ਦੱਸਦੇ ਹਨ। ਸ਼ਾਸਤ੍ਰਕਾਰ ਇਸ ਕਿਸਮ ਦੀ ਗੱਲ ਨੂੰ ਵਿਕਾਰ ਕਹਿ ਕੇ ਆਪਣੇ ਪੱਖ ਨੂੰ ਸਿੱਧ ਕਰਦੇ ਹਨ, ਕਿਉਂਕਿ ਵਾਹਿਗੁਰੂ ਨੂੰ ਅੱਕ੍ਰੈ ਤੇ ਨਿਰਵਿਕਾਰ ਦੱਸਦੇ ਹਨ, ਜੇਕਰ ਉਸ ਨੂੰ ਕੁਛ ਫੁਰੇ ਯਾ ਉਹ ਕੁਛ ਕਰੇ ਤਾਂ ਵਿਕਾਰੀ ਹੋਕੇ ਅਨਿੱਤ, ਅਨਾਦਿ ਅਨੰਤ ਨਹੀਂ ਰਹਿ ਸਕਦਾ। ਇਸ ਭੁਲੇਵੇ ਦਾ ਉੱਤਰ ਸਤਿਗੁਰੂ ਨੇ ਇਕ ਤੁਕ ਵਿਚ ਦਿੱਤਾ ਹੈ 'ਹੁਕਮੁ ਨ ਕਹਿਆ ਜਾਈ।' ਪਹਿਲੇ ਦੱਸਿਆ ਨੇ ਰਚਨਾ ਭੁੱਲ ਨਾਲ ਨਹੀਂ ਹੋਈ 'ਹੁਕਮੀ ਹੋਵਨਿ ਆਕਾਰ', ਫੇਰ ਅੱਗੇ ਸਮਝੋ ਕਿਸੇ ਸ਼ਾਸਤ੍ਰਕਾਰ ਨੇ ਇਤ੍ਰਾਜ਼ ਕੀਤਾ ਹੈ ਕਿ ਜੀ ਜੋ ਹੁਕਮ ਕਰੇਗਾ ਉਸ ਵਿਚ ਫੁਰਨਾ ਤੇ ਕ੍ਰਿਯਾ ਆਵੇਗੀ ਸੋ ਅਨਾਦ, ਅਨੰਤ, ਨਿਰਵਕਾਰ, ਨਿਰੰਜਨ, ਅੱਕ੍ਰੈ ਅਬਿਨਾਸ਼ੀ ਨਹੀਂ ਰਹੇਗਾ, ਤਾਂ ਸਤਿਗੁਰ ਫਰਮਾਉਂਦੇ ਹਨ 'ਹੁਕਮੁ ਨ ਕਹਿਆ ਜਾਈ' ਅਰਥਾਤ ਤੁਸੀਂ ਜਿਸ ਨੂੰ ਫੁਰਨਾ ਤੇ ਕ੍ਰਿਯਾ ਕਹਿੰਦੇ ਹੋ ਉਹ ਤੁਹਾਡਾ ਹੈ, ਅਪਨੇ ਫੁਰਨੇ ਤੇ ਕਰਨੇ ਦੀ ਤੁਸੀਂ ਸਾਈਂ ਵਿੱਚ ਸੰਭਾਵਨਾ ਕਰਕੇ ਟਪਲਾ ਖਾਂਦੇ ਹੋ, ਜਿਵੇਂ ਸਾਈਂ ਅਕੱਥ ਹੈ, ਮਨ ਬਾਣੀ ਤੋਂ ਪਰੇ ਹੈ, ਤਿਵੇਂ ਉਸ ਦਾ ਹੁਕਮ ਜੋ ਉਸਦੀ ਅਪਣੀ ਜ਼ਾਤ ਹੈ, ਕਥਨ ਤੋਂ ਪਰੇ ਹੈ। ਉਸ ਦੇ ਸਰੂਪ ਵਾਂਙੂ ਦੇਸ਼ ਕਾਲ, ਨਮਿੱਤ, ਵਸਤੂ ਤੋਂ ਪਰੇ ਹੈ। ਉਸ ਨੂੰ ਤੁਸੀਂ ਅਪਣੀ ਜਾਣ। ਕ੍ਰਿਯਾ ਤੇ ਫੁਰਨੇ ਦੀ ਸਦਰਸ਼ਤਾ ਦੇ ਕੇ ਦਲੀਲ ਕਰਦੇ ਹੋ ਇਹ ਗ਼ਲਤ ਹੈ, ਕਿਉਂਕਿ ਵਾਹਿਗੁਰੂ ਸਤਿ ਹੈ, ਪ੍ਰਕ੍ਰਿਤੀ ਵਾਂਙੂੰ ਨਹੀਂ ਜੋ ਜੜ ਹੈ, ਪਰ ਚੇਤਨ ਹੈ, ਚੇਤਨ ਪੁਰਖ (ਜੀਵ) ਵਾਂਙੂੰ ਨਹੀਂ ਜੋ ਕਲੇਸ਼ ਵਿਚ ਹੈ, ਪਰ ਆਨੰਦ ਹੈ। ਸੋ ਜੋ ਚੇਤਨ ਹੈ, ਉਹ ਜੇ ਸਾਡੇ ਵਾਂਙੂੰ ਕਿਰਿਆ ਕਰਦਾ ਹੈ ਤਾਂ ਜੀਵ ਹੈ, ਜੇ ਉਸ ਦੀ ਚੇਤਨਤਾ ਕਿਸੇ ਅਦੇਸ਼ ਅਕਾਲ ਅਕੱਥਨੀਯ ਰੰਗ ਵਿਚ ਹੈ, ਤਾਂ ਜੋ ਕੁਛ ਉਹ ਓਥੇ ਕਰਦੀ ਹੈ ਓਹ ਉਥੋਂ ਦਾ ਕੌਤਕ ਹੈ, ਜਿਸ ਦਾ ਗਜਾਨ ਸਾਨੂੰ ਨਹੀਂ, ਜਿਸ ਦੀ ਸਦਰਸ਼ਤਾ ਸਾਡੇ ਪਾਸ ਨਹੀਂ। ਦ੍ਰਿਸ਼ਟਾਂਤ ਲਈ ਜ਼ਿਮੀ ਤੇ ਰਹਿਣ ਵਾਲੇ ਜ਼ਿਮੀ ਦੇ ਦਰਯਾਵਾਂ ਦੇ ਜਾਣੂ ਹਨ, ਸਮਝਦੇ ਹਨ ਕਿ ਦਰਯਾ ਉਹ ਹੈ ਜਿਸਦੇ ਦੋ ਪਾਸੇ ਖੁਸ਼ਕੀ ਹੈ, ਵਿਚਕਾਰ ਪਾਣੀ ਦੀ ਰੌ ਚਲਦੀ ਹੈ, ਹੁਣ ਜੇ ਧਰਤੀ ਵਾਲੇ ਨੂੰ ਕਹੋ ਕਿ ਸਮੁੰਦਰ ਵਿਚ ਬੀ ਦਰਯਾ ਹਨ ਤਾਂ ਓਹ ਮਖ਼ੌਲ ਕਰੇਗਾ। ਕਿਉਂਕਿ ਸਮੁੰਦਰ ਵਿਚ ਖੁਸ਼ਕੀ ਦੀ (ਥਲ ਦੀ) ਸੰਭਾਵਨਾ ਹੋ ਨਹੀਂ ਸਕਦੀ, ਪਰ ਸਮੁੰਦਰ ਵਿਚ ਜਾਓ ਤਾਂ ਦਰਯਾ ਚੱਲ ਰਹੇ ਹਨ, ਆਸੇ ਪਾਸੇ ਪਾਣੀ ਠੰਢਾ ਹੈ ਵਿਚ ਇਕ ਗਰਮ ਰੌ ਹਜ਼ਾਰਾਂ ਮੀਲਾਂ ਤਕ ਟੁਰੀ ਜਾਂਦੀ ਹੈ, ਤੇ ਪ੍ਰਤੱਖ ਦਿਸਦੀ ਹੈ। ਤਿਵੇਂ ਅਕਾਲ, ਅਦੇਸ਼ ਨਮਿੱਤ ਤੇ ਵਸਤੂ ਰਹਤ (Absolute) ਪਰਮਾਤਮਾਂ ਵਿਚ ਓਹ ਕੁਛ ਨਹੀਂ ਜੋ ਸਾਡੇ ਮਨ ਬੁੱਧੀ ਤੇ ਵਿਚਾਰ ਵਿਚ ਹੈ, ਪਰ ਓਹ ਕੁਛ ਹੈ ਜੋ ਸਾਡੇ ਲਈ ਅਗੰਮ ਤੇ ਇਸ ਲਈ ਅਕੱਥ ਹੈ। ਪਰਮੇਸ਼ੁਰ ਜੀ ਦੇ ਉਸ ਚੇਤਨ ਤੇ ਅਨੰਦੀ ਖੇਲ ਨੂੰ ਸਤਿਗੁਰ ਹੁਕਮ ਕਹਿਕੇ, ਹੁਕਮ ਨੂੰ ਹੁਕਮੀ ਵਾਂਙੂ 'ਹੁਕਮੁ ਨ ਕਹਿਆ ਜਾਈ' ਦੱਸਦੇ ਹਨ।

ਕੀਤੇ ਨੁਕਤੇ ਨੂੰ ਕੁਦਰਤ ਦੇ ਪ੍ਰਕਾਸ਼ ਵਿਚ ਪ੍ਰਗਟ ਤੇ ਅਮਲੀ ਰੂਪ ਵਿਚ ਦਰਸ਼ਨ ਕਰਨ ਤੇ ਉਸ ਨਾਲ ਇਕਸੂਰ ਹੋਣ ਦਾ ਰਾਹ ਦੱਸਦੇ ਹਨ। ਇਸ ਤਰ੍ਹਾਂ ਦੇ ਇਲਹਾਮੀ ਤੇ ਅਮਲੀ ਜੀਵਨ ਦੇ ਸਾਹਮਣੇ ਨਿਰੇ ਸੋਚ ਮੰਡਲਾਂ ਵਿਚ ਘੋਟ ਘੋਟ ਕੇ ਸੋਚ ਵਿਚ ਰਖੇ ਹੋਏ ਖਯਾਲ ਮਾਤ੍ਰ ਕੋਈ ਕੀਮਤ ਨਹੀਂ ਰਖਦੇ। 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ। ' ਕਵਿ ਜੀ ਜਗ੍ਹਾ ਜਗ੍ਹਾ ਗੁਰਸਿੱਖੀ ਦੀ ਪ੍ਰੌਢਤਾ ਬੀ ਕਰਦੇ ਜਾਂਦੇ ਹਨ, ਪਰ ਕਵਿਤਾ ਦੇ ਸੰਖੇਪ ਹੋਣ ਕਰਕੇ ਪਾਠਕ ਉਥੇ ਅਟਕਦੇ ਨਹੀਂ, ਯਥਾ ਦੇਖੋ ਇਸੇ ਉੱਤਰਾਰ੍ਧ ਦਾ ਅਧ੍ਯਾਯ ੫੫ ਅੰਕ ੪੪ 'ਪੂਰਬ ਸਾਧਨ ਮੁਕਤਿ ਕਰਤ ਔਰੇ ਬਿਧਿ ਚੀਨੀ। ਤਿਨ ਤੇ ਤੁਮਹਿ ਸੁਖੇਨ ਕੀਨ ਇਹੁ ਰੀਤ ਨਵੀਨੀ' ਸੋ ਅਜਾਣ ਪਾਠਕ ਗ਼ਲਤੀ ਨਾਲ ਮੁੜ ਉਦਾਸੀ ਦੀ ਨੀਂਹ ਤੇ ਉਸਰੇ ਕਿਸੇ ਗ਼ਲਤੀ ਨਾਲ ਬਣ ਗਏ ਸੰਸਾਰ ਤੋਂ ਭੱਜ ਜਾਣ ਲਈ ਨਿਖੇੜੇ ਵਾਲੇ ਪੁਰਾਣੇ ਆਦਰਸ਼ਾਂ ਵਿਚ ਜਾ ਕੇ ਸ਼ਾਸਤ੍ਰਾਂ ਦੇ ਬਣਾਂ ਵਿਚ ਗੁਆਚ ਜਾਂਦੇ ਹਨ, ਗੁਰਸਿੱਖਾਂ ਨੂੰ ਇਸ ਭੁੱਲ ਤੋਂ ਬਚਾਉਣ ਲਈ ਸੰਖੇਪ ਮਾਤ੍ਰ ਫਰਕ ਉੱਤੇ ਦਿਖਲਾਏ ਹਨ, ਗੁਰੂ ਜੀ ਦੀ ਦਰਸ਼ਨ ਵਿਦਯਾ ਬੀ ਸਭ ਤੋਂ ਅਗੇਰੇ ਹੈ। ਇੱਥੇ ਥਾਂ ਨਹੀਂ ਕਿ ਇਨ੍ਹਾਂ ਤੇ ਬਹੁੰ ਵਡੀ ਵ੍ਯਾਖ੍ਯਾ ਕੀਤੀ ਜਾਵੇ, ਕੁਛ ਵਧੇਰੇ ਸਮਝਣ ਲਈ, ਪ੍ਰੀਤਮ ਜੀ, ਬਖਸ਼ੰਦ ਮਹਰਮ, ਸਭ ਤੋਂ ਵੱਡਾ ਸਤਿਗੁਰ ਨਾਨਕ ਆਦਿ ਲੇਖ, 'ਕਲਗ਼ੀਧਰ ਚਮਤਕਾਰ' ਤੇ 'ਗੁਰ ਨਾਨਕ ਚਮਤਕਾਰ' ਵਿਚੋਂ ਪੜ੍ਹਨੇ ਸੁਖਦਾਈ ਹੋ ਸਕਦੇ ਹਨ।

ਨਿਰਨੈ ਸੱਤਿ ਅਸਤਿ ਕੋ ਕਰਿਹੀ।

ਹੰਤਾ ਮਮਤਾ[1]† ਸਭਿ ਪਰਹਰਿਹੀਂ[2]।

[1]ਹਉਮੈ ਤੇ ਮੇਰਾ ਪਨ। [2]ਦੂਰ ਕਰਦੇ ਹਨ। †ਪਾ:- ਮਨਤਾ।

ਸੁਨਿ ਉਪਦੇਸ਼ ਰਿਦੇ ਜਿਨ ਧਾਰਾ।
ਮੁਕਤਿ ਉਚਿਤ ਨਰ ਭਏ ਹਜ਼ਾਰਾਂ ॥੨੩॥
ਕ੍ਰਿਪਾ ਦ੍ਰਿਸ਼ਟਿ ਦੇਖੇਂ ਜਗ ਸਾਈਂ।
ਕਹੈਂ ਸ਼ਬਦ ਜਸੋਂ ਦ੍ਵੈਤ ਮਿਟਾਈ।
ਦਿਢ ਅੱਭਯਾਸ ਸਿੱਖ ਮਨ ਹੋਵਾ।
ਜਨਮ ਮਰਨ ਬੰਧਨ ਕੋ ਖੋਵਾ ॥੨੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਮੋਂ ਅਧਯਾਯ ॥੫੩॥

## ੫੪. [ਗੁਰਮੰਤ੍ਰ ਮੰਗਲ। ਜੋਤੀ ਜੋਤ ਸਮਾਵਨ ਦੀਆਂ ਤਿਆਰੀਆਂ]

੫੩<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੫

{ਭਾਈ ਕਮਲਾ} ॥੫..॥
{ਭਾਈ ਸਾਧਾਰਣ} ॥੪੦..॥
{ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਦੀ ਉਪਮਾ} ॥੫੫..॥
{ਸਮਾਉਣ ਦੀਆਂ ਤਿਆਰੀਆਂ} ॥੬੪..॥
{ਸਾਧਾਰਣ ਜੀ ਨੂੰ ਪੁਤ੍ਰਾਂ ਪਾਸ ਭੇਜਣਾ} ॥੭੬..॥
{ਸ੍ਰੀ ਸੁਲੱਖਣੀ ਜੀ ਦੀ ਬੇਨਤੀ} ॥੮੫..॥

ਦੋਹਰਾ:

ਮੋਹ ਭੂਤਨਾ ਮਨ ਲਗਯੋ, ਕਿਤੇ ਉਪਾਇ ਨ ਜਾਇ।
ਮੰਤਰ ਸਤਿਗੁਰ ਸ਼ਬਦ ਤੇ, ਕਰਿ ਅੱਭ੍ਯਾਸ ਨਸਾਇ ॥੧॥

ਲਗਯੋ=ਲੱਗਿਆ ਹੈ, ਚੰਬੜਿਆ ਹੈ।
ਮੰਤਰ=ਓਹ ਵਾਕ ਜਿਸ ਦੇ ਪੜ੍ਹਿਆਂ ਭੂਤ ਪ੍ਰੇਤ ਨੱਸਦੇ ਹਨ, ਮਰਾਦ ਸਤਿਗੁਰ ਦੇ ਦੱਸੇ ਨਾਮ ਮੰਤ੍ਰ ਤੋਂ ਹੈ ਜਿਸ ਤੋਂ ਮੋਹ ਰੂਪੀ ਭੂਤਨਾਂ ਦੂਰ ਹੁੰਦਾ ਹੈ। ਸਬਦ ਅੱਭ੍ਯਾਸ=ਸਬਦ ਦੇ ਅਭ੍ਯਾਸ ਤੋਂ ਮੁਰਾਦ ਨਾਮ ਜਪਣ ਦੀ ਹੈ।

ਅਰਥ:

ਮੋਹ (ਰੂਪੀ) ਭੂਤਨਾ ਮਨ ਨੂੰ ਚੰਬੜਿਆ ਹੈ ਕਿਸੇ ਉਪਾਇ ਨਾਲ ਲਹਿੰਦਾ ਨਹੀਂ, (ਇਹ ਭੂਤਨਾ) ਸਤਿਗੁਰ ਦੇ ਮੰਤ੍ਰ ਤੋਂ ਨੱਸਦਾ ਹੈ (ਸੋ ਤੂੰ ਸਤਿਗੁਰੂ ਜੀ ਦੇ ਬਖਸ਼ੇ) ਸ਼ਬਦ ਦਾ ਅਭ੍ਯਾਸ ਕਰ।

ਚੌਪਈ:

ਸ੍ਰੀ ਗੁਰ ਕਥਾ ਥੋਰ ਹੀ ਗਾਈ।
ਨਹਿਂ ਮੋ ਤੇ ਸਭਿ ਜਾਇ ਬਨਾਈ।
ਪ੍ਰਭੁ ਕੀ ਮਹਿਮਾ ਊਚਹੁਂ ਊਚੀ[1]। — [1]ਉੱਚਿਆਂ ਤੋਂ ਉੱਚੀ ਹੈ।
ਮੇਰੀ ਮਤ ਹੈ ਨੀਚਹੁਂ ਨੀਚੀ[1] ॥੨॥ — [1]ਨੀਵੀਂ।
ਕੈਸੇ ਸਮਤਾ ਤਿਸ ਕੀ ਹੋਇ।
ਰੰਚਕ ਮੇਰੁ[1] ਸਮਝਿਯੇ ਸੋਇ। — [1]ਸੁਮੇਰੁ ਪਰਬਤ ਤੋਂ ਕਿਣਕਾ ਭਰ।
ਕੀਟੀ ਚਹੈ ਜਿ ਸਾਗਰ ਤਰਨੋ।
ਕਿਸ ਪ੍ਰਕਾਰ ਹ੍ਵੈ ਪਾਰਨ ਪਰਨੋ[1] ॥੩॥ — [1]ਪਾਰ ਪੈਣਾ।
ਅਬ ਜਿਹ ਬਿਧਿ ਬੈਕੁੰਠ ਸਿਧਾਰੇ।
ਤਿਉਂ ਮੈਂ ਕਹੌਂ ਸੁਨਹੁ ਹਿਤ ਧਾਰੇ।
ਏਕ ਦਿਵਸ ਚਲਦਲ[1] ਕੀ ਛਾਈ। — [1]ਪਿੱਪਲ।
ਬੈਠੇ ਹੁਤੇ ਭੋਰ[1] ਜਗ ਸਾਈਂ ॥੪॥ — [1]ਸਵੇਰੇ।
ਮਹਿਖੀ ਬੜਵਾ ਛੁਧਾ ਵਿਸ਼ੇਖੀ[1]। — [1]ਮਝੀਆਂ ਘੋੜੀਆਂ ਭੁਖੀਆਂ ਬਹੁਤ।
ਤ੍ਰਿਣ ਬਿਹੀਨ[1] ਜਬਿ ਸਗਰੀ ਦੇਖੀ। — [1]ਘਾਹ ਬਿਨਾ।
ਕਮਲਾ ਨਾਮ ਦਾਸ ਇਹ ਅਹਾ।

{ਭਾਈ ਕਮਲਾ}

ਤਿਹ ਬੁਲਾਇ ਕੈ ਸ੍ਰੀ ਪ੍ਰਭੁ ਕਹਾ ॥੫॥

'ਭਏ ਛੁਧਾਤੁਰ ਪਸੂ ਸਮੂਹਾ।
ਆਨਹੁ ਤ੍ਰਿਣੰ ਜਾਇ ਨਿਜ ਜੂਹਾ[1]।' — [1]ਮਲਗੁਜ਼ਾਰ ਵਿਚੋਂ।
ਸੁਨਿ ਤਿਨ ਬਚਨ ਪਿਆਨਾ ਕੀਨਾ।
ਜਹਾਂ ਬਿਸਾਲ ਘਾਸ ਕੋ ਚੀਨਾ ॥੬॥
ਤਿਹ ਛਿਨ ਆਇਸੁ[1] ਕੋ ਧਰਿ ਬੇਸਾ। — [1]ਜੋਗੀ ਦਾ (ਦੇਖੋ ਅੱਗੇ ਅੰਕ ੧੭)।
ਆਏ ਤ੍ਰੈ ਬਿਧਿ[1], ਸ਼ੁਭੁੰ[2], ਸੁਰੇਸ਼ਾ[3]। — [1]ਬ੍ਰਹਮਾ। [2]ਸ਼ਿਵ। [3]ਵਿਸ਼ਨੂੰ (ਅ) ਇੰਦ੍ਰ।
ਕਮਲਾ ਜਾਤਿ ਵਹਿਰ ਕੋ ਹੇਰਾ।
ਨਾਮ ਲੇਯ ਤਬ ਉਚੋ ਟੇਰਾ ॥੭॥
ਨਿਕਟਿ ਬੁਲਾਯੋ ਬਚਨ ਉਚਾਰਾ।
'ਇਕ ਕਾਰਜ ਤੁਮ ਕਰਹੁ ਹਮਾਰਾ।
ਇਹ ਬਿਭੂਤਿ ਲੈ ਕੈ ਕਰ ਮਾਂਹੀ।
ਜਾਵਹੁ ਸ੍ਰੀ ਨਾਨਕ ਕੇ ਪਾਹੀ ॥੮॥
ਜਾਇ ਦਿਖਾਵਹਿੰਗੋ ਤੂੰ ਜਬਿ ਹੀ।
ਉੱਤਰ ਕਛੁ ਦੇਹਿਂ ਪ੍ਰਭੁ ਤਬਿ ਹੀ।
ਸੋ ਸੁਨਿ ਕੈ ਹਮ ਪਾਸ ਕਹੀਜੈ।
ਜਾਹੁ ਅਬੈ ਨਹਿਂ ਬਿਲਮ ਕਰੀਜੈ' ॥੯॥
ਕਮਲੇ ਪਿਖਿ ਸਰੂਪ ਤਿਨ ਕੇਰਾ।
ਕ੍ਰਾਂਤਿਮਾਨ ਅਤਿ ਸ਼ੁਭਤਿ ਘਨੇਰਾ[1]। — [1]ਸ਼ੋਭਾਵਾਨ, ਬੜਾ ਸ਼ੋਭ ਰਿਹਾ ਹੈ (ਰੂਪ)।
ਅਚਰਜ ਭਯੋ ਤਬੈ ਮਨ ਮਾਂਹੀ।
ਲਖੇ ਨ ਜਾਹਿਂ ਕਿ ਸੁਰ ਨਰ[1] ਆਹੀਂ ॥੧੦॥ — [1]ਦੇਵਤੇ ਯਾ ਪੁਰਸ਼।
ਹਟਨ ਲਗਯੋ ਉਰ ਭਈ ਬਿਚਾਰਾ।
ਗੁਨਿ ਕੈ ਤਿਨਸੋਂ ਬਚਨ ਉਚਾਰਾ।
'ਸਤਿਗੁਰ ਕੀ ਆਇਸੁ ਅਸ ਮੋਹੀ।
ਪੁਨ ਜਾਵੋਂ ਤ੍ਰਿਣ ਭਾਰ ਜਿ ਹੋਹੀ[1] ॥੧੧॥ — [1]ਫਿਰ ਜਾਵਾਂ ਜੇ ਘਾਹ ਦੀ ਪੰਡ ਹੋਵੇ।
ਦੋਇ ਮਹੂਰਤ ਮਹਿਂ ਕਰਿ ਲੈਹੌਂ।
ਪੁਨ ਤੁਮ ਜਾਇ ਸੰਦੇਸਾ ਦੈਹੌਂ।'
ਤਬਿ ਸੁਰੇਸ਼ ਉਠ ਐਸੋ ਕੀਨਾ।
ਭਾਰ ਤ੍ਰਿਣਨ ਮੁਸ਼ਕ[1] ਕਰਿ ਦੀਨਾ ॥੧੨॥ — [1]ਮੁੱਠੀਕੁ ਤੋਂ
ਸਿਰ ਉਚਵਾਇ ਸੁ ਪੁਰੀ ਪਠਾਵਾ।
ਕਮਲੇ ਹਿਰਦੈ ਅਚਰਜ ਪਾਵਾ।

-ਅਜ਼ਮਤਿ ਯੁਕਤ ਤੇਜ ਦਿਪਤਾਈ।
ਭੇਵ ਨ ਇਨ ਕੋ ਜਾਨਯੋ ਜਾਈ- ॥੧੩॥
ਪੁਰਿ ਮਹਿਂ ਤੂਰਨ ਜਬਿ ਹੀ ਆਵਾ।
ਪਿਖਤਿ ਹੁਤੇ ਪ੍ਰਭ ਬਚਨ ਅਲਾਵਾ।
'ਕਮਲੇ ਜਸਪਦ[1] ਤ੍ਰਿਣ ਲੈ ਆਯੋ। — [1]ਛੇਤੀ।
ਕਿਧੋਂ ਕਿਸੁ ਕੋ ਜਾਇ ਚੁਰਾਯੋ ॥੧੪॥
ਬਲ ਛਲ ਕਰਿ ਜੇ ਲੀਨੇ ਪਰ ਕੋ[1]। — [1]ਪਰਾਏ ਦੇ।
ਤੌਂ ਨਹਿਂ ਜਾਹੁ ਅਗਾਰੀ ਘਰ ਕੋ।
ਹਮਰੀ ਮਹਿਖਨ ਨਾਂਹਿ ਖੁਆਇ।
ਬਹੁਰ ਧਰੁਹ ਜਹਿਂ ਤੇ ਤੂੰ ਲਜਾਇ[†]' ॥੧੫॥ — [†]ਏਹ ਬਿਲਾਸ ਦੇ ਬਚਨ ਹਨ।

ਦੋਹਰਾ:
ਕਮਲਾ ਬੋਲਯੋ ਬੰਦਿ ਕਰ, 'ਨਹੀਂ ਚੁਰਾਯੋ ਜਾਇ।
ਜਿਉਂ ਆਨੇ ਤੂਰਨ ਤ੍ਰਿਣਨ, ਤਿਉਂ ਸੁਣੀਏ ਸੁਖਦਾਇ!- ॥੧੬॥

ਚੌਪਈ:
ਤ੍ਰੈ ਜੋਗੀ ਬਾਹਰ ਹੈਂ ਬੈਸੇ।
ਦੇਖੇ ਮੈਂ ਸੁ ਅਜ਼ਮਤੀ[1] ਜੈਸੇ। — [1]ਕਰਾਮਾਤੀ।
ਏਕ ਮੁਸ਼ਟ ਮਹਿਂ ਤ੍ਰਿਣ ਤਿਨ ਲੇ ਕਰਿ।
ਭਾਰ ਬੰਧਾਇ ਉਚਾਇ ਦਯੋ ਸਿਰ ॥੧੭॥
ਤੁਮਕੋ[†] ਏਕ ਸੰਦੇਸ਼ਾ ਦੀਨੋ।' — [†]ਪਾ:-ਤੁਮਰੋ।
ਕਹਿ, ਪਟ ਗਾਂਠੀ[1] ਖੋਲਨ ਕੀਨੋ। — [1]ਬਸਤ੍ਰ ਦੀ ਗੰਢ।
ਦਈ ਬਿਭੂਤ ਗੁਰੂ ਕਰ ਮਹਿਂ ਜਬਿ।
ਸ਼ੰਕਰ ਪਰ ਕੀ[1] ਜਾਨਿ ਲਈ ਤਬਿ ॥੧੮॥ — [1]ਸ਼ਿਵ ਦੇ ਹੱਥਾਂ ਦੀ।
'ਕਮਲਾ! ਹਮਰੋ ਲਜਾਇਂ[†] ਸੰਦੇਸ਼ਾ।' — [†]ਪਾ:-ਲਜਓਂ।
ਤੀਨ ਬੇਰ ਇਉਂ ਕਹਿ ਜਗਤੇਸ਼ਾ।
ਬਹੁਰ ਬਚਨ ਉਚਰੇ ਸ਼੍ਰੀ ਬਦਨਾ।
'ਕਮਲੇ! ਜਾਹੁ ਸਧਾਰਣ ਸਦਨਾ[1] ॥੧੯॥ — [1]ਨਾਮ ਹੈ ਸਿੱਖ ਦਾ ਸਧਾਰਣ, ਤਿਸ (ਸਿੱਖ) ਦੇ ਘਰ।
ਆਨਹੁ ਹਮਰੇ ਨਿਕਟਿ ਬੁਲਾਈ।'

ਗਮਨਜੋ ਕਮਲਾ ਆਇਸੁ ਪਾਈ।
ਸ੍ਰੀ ਅੰਗਦ ਤੇ ਸੋ ਪਸ਼ਚਾਤੀ।
ਕਰਤਿ ਰਹਤਿ ਸੇਵਾ ਦਿਨ ਰਾਤੀ ॥੨੦॥

ਸਗਰੇ ਬਸਤਰ ਸੂੱਛ ਸੁ ਕਰਿਹੀ[1]।
ਚਰਨ ਪਖਾਰਿ ਹਰਖ ਉਰ ਭਰਿ ਹੀ।
ਇੱਤਯਾਦਿਕ ਜੋ ਸੇਵਾ ਸਾਰੀ।
ਕਰਤਿ ਸਦਾ ਪ੍ਰੀਤੀ ਉਰਧਾਰੀ ॥੨੧॥

[1]ਭਾਵ ਧੋਂਦਾ ਹੁੰਦਾ ਸੀ।

ਸੋ ਬੁਲਵਾਇ ਲੀਨ ਨਿਜ ਸੰਗਾ।
ਗਮਨੇ ਬਾਹਿਰ ਗੁਰੂ ਉਤੰਗਾ।
ਔਰ ਦਾਸ ਸਭਿ ਦੀਨ ਹਟਾਈ।
ਪਹੁੰਚਤਿ ਭਏ ਜਾਇ ਤਿਹ ਥਾਈਂ ॥੨੨॥

ਕਿਤਿਕ ਦੂਰ ਬੈਠਾਇ ਸਧਾਰਣ।
ਮਿਲੇ ਜਾਇ ਤਿਨ[1] ਨਰਕ ਨਿਵਾਰਣ[2]।
'ਜਯਤ ਸੱਚਦਾਨੰਦ ਸੰਦੋਹੰ[1]†।'
ਕਹਿ ਅਸ ਉਠੇ[1] ਪਰਮ ਸੁਖ ਹੋਹੰ ॥੨੩॥

[1]ਤਿਨ੍ਹਾਂ (ਸ਼ਿਵ ਆਦਿਕਾਂ) ਨੂੰ। [2]ਭਾਵ ਸ੍ਰੀ ਗੁਰੂ ਜੀ।

[1]'ਜੈ ਸਤਚਿਤ ਆਨੰਦ ਹੋਵੇ' ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ। †ਇਸੇ ਤਰ੍ਹਾਂ ਦਾ ਫਿਕਰਾ ਸ਼ਿਵ ਜੀ ਨੇ ਰਾਮਚੰਦ੍ਰ ਜੀ ਨੂੰ (ਬਾਲ ਕਾਂਡ ਵਿਚ) ਕਿਹਾ ਹੈ:- 'ਜੈਯ ਸੱਚਿਦਾਨੰਦ ਜਗਪਾਵਨ, ਇਉਂ ਕਹਿ ਚਲੇ ਮਨੋਜ ਸੁਹਾਵਨ। '

[1](ਜੋਗੀ) ਉਠੇ।

ਦੇਖਿ ਸਰੂਪ ਰਿਦੇ ਹਰਖਾਏ।
ਲੋਚਨ ਕਮਲ ਪ੍ਰਫੁੱਲ ਸੁਹਾਏ।
ਬਹੁਰ ਪ੍ਰੇਮ ਯੁਤਿ ਉਸਤਤਿ ਠਾਨੀ।
ਪਰਮ ਮਨੋਹਰ ਕ੍ਰਮ ਮਨ ਬਾਨੀ[1] ॥੨੪॥

[1]ਮਨ ਬਾਣੀ ਕਰਮ ਕਰਕੇ (ਉਨ੍ਹਾਂ ਸ਼ਿਵ ਆਦਿਕਾਂ ਨੇ) ਉਸਤਤਿ ਕੀਤੀ।

ਤੋਟਕ ਛੰਦ:

'ਅਭਿਰਾਮ ਸਦਾ ਸੁਖਧਾਮ[1] ਪ੍ਰਭੋ।
ਗਤਿਦਾਯਕ ਨਾਯਕ ਲੋਕ ਸਭੋ[1] !
ਦੁਖ ਘਾਯਕ[1] ਸਾਯਕ[2] ਬੈਨ ਤੁਯੰ[3]।
ਭਵ[1] ਪਾਲਿਕ[2], ਕਾਲਿਕ[3], ਨਿੰਤ ਜਯੰ[4] ॥੨੫॥

[1]ਸੁਖਾਂ ਦੇ ਘਰ ਹੋ।

[1]ਸਵਾਮੀ ਸਾਰਿਆਂ ਲੋਕਾਂ ਦੇ।

[1]ਨਾਸ਼ਕ। [2]ਤੀਰ (ਅ) ਤਲਵਾਰ। [3]ਤੇਰੇ ਬਚਨ ਹਨ।

[1](ਸੰਸਾਰ ਨੂੰ) ਜਨਮ ਦੇਣ ਵਾਲੇ ਹੋ। [2]ਪਾਲਣ ਵਾਲੇ ਹੋ। [3]ਨਾਸ਼ ਕਰਤਾ ਹੋ। [4]ਸਦਾ ਜੈ ਹੋਵੇ।

ਤੁਮ ਬਾਵਨ ਪੂਰਬ ਰੂਪ ਧਰਜੋ।
ਹੁਇ ਰਾਘਵ[1] ਰਾਵਨ ਦੈਤ ਹਰਜੋ। — [1]ਰਾਮਚੰਦ।
ਪੁਨ ਜਾਦਵ ਬੰਸ਼ਹਿ ਕੰਸ ਮਰਜੋ[1]। — [1]ਭਾਵ ਕ੍ਰਿਸ਼ਨ ਹੋ ਕੇ ਕੰਸ ਮਾਰਿਆ।
ਕਲਿਕਾਲ ਸੁ ਨਾਨਕ ਨਾਮ ਪਰਜੋ ॥੨੬॥

ਤਵ ਸੀਸ ਸਹੰਸ੍ਰ, ਨ ਏਕ ਸਿਰੰ।
ਕਰ ਪਾਦ[1] ਅਨੇਕ, ਨ ਏਕ ਕਰੰ। — [1]ਹੱਥ ਪੈਰ।
ਬਿਨ ਅੰਤ ਬਿਲੋਚਨ[1] ਕੋਇ ਨ ਹੈ। — [1]ਭਾਵ ਬਹੁਤੀਆਂ ਅੱਖਾਂ।
ਬਹੁ ਮੂਰਤਿ ਹੋ, ਅਨਮੂਰਤਿ ਹੈ ॥੨੭॥

ਜਗ ਨਾਮ ਸਹੰਸ੍ਰ, ਅਨਾਮ ਅਹੋ[1]। — [1]ਕੋਈ ਨਾਮ ਨਹੀਂ ਤੁਸਾਡਾ।
ਬਹੁ ਸ਼੍ਰੋਨਨ ਤੇ, ਬਿਨ ਸ਼੍ਰੌਨ ਰਹੋ।
ਬ੍ਰਹਮੰਡ ਬਰਾਠ ਸਰੂਪ ਤੁਯੰ[1]। — [1]ਤੇਰਾ ਹੈ।
ਹਹਿਂ ਲੋਚਨ ਭਾਨੁ ਮਯੰਕ ਦੁਯੰ[1] ॥੨੮॥ — [1]ਹੈਨਗੇ ਨੇਤ੍ਰ ਸੂਰਜ ਚੰਦ੍ਰਮਾ ਦੋਵੇਂ।

ਅਸ਼ਟਾਦਸ ਭਾਰ ਰੁਮਾਵਲਿਯੰ[1]। — [1]ਅਠਾਰਾਂ ਭਾਰ (ਬਨਸਪਤੀ ਜੋ ਹੈ, ਸੋ ਆਪ ਦੀ) ਰੋਮਾਵਲੀ ਹੈ।
ਉਦਰੋਦਿਧ ਹੈ[1], ਸਰਿਤਾ ਨਸਿਯੰ[2]। — [1]ਸਮੁੰਦਰ ਪੇਟ ਹੈ। [2]ਨਦੀਆਂ ਨਾੜਾਂ ਹਨ।
ਮੁਖ ਪਾਵਕ ਦਾੜ ਜਮੰ ਜਨਿਯੇ[1]। — [1]ਅਗਨੀ ਮੂੰਹ ਹੈ, ਜਮ ਦਾੜਾਂ ਜਾਣੀਏ।
ਭੁਜ ਲੋਕ ਪਤੀ[1] ਤੁਮਰੀ ਗਨਿਯੇ ॥੨੯॥ — [1]ਲੋਕ ਪਤੀ ਭੁਜਾ ਹਨ। ਲੋਕ ਨਾਥ, ਲੋਕ ਪਤਿ, ਲੋਕਪਾਲ, ਦਿਸ਼ਾਂ ਦੇ ਦੇਵਤੇ ਹਨ-ਇੰਦਰ, ਅਗਨੀ, ਯਮ, ਸੂਰਯ, ਵਰਣ, ਵਾਯੂ, ਕੁਬੇਰ, ਚੰਦ।

ਸਤਿ ਲੋਕ ਸਿਰੰ, ਸੁ ਪਤਾਲ ਪਦੰ[1]। — [1]ਸਤ ਲੋਕ ਸਿਰ ਹੈ, ਪਤਾਲ ਪੈਰ ਹਨ।
ਮਧਿ ਦੇਸ਼ ਛਿਤੰ[1], ਬਚ ਬੇਦ ਬਦੰ[2]। — [1]ਵਿਚਲਾ ਅੰਗ ਭਾਵ ਲੱਕ, ਸੋ ਧਰਤੀ ਹੈ। [2]ਗਿਆਨ ਦਾ ਕਥਨ ਬਚਨ ਹਨ।
ਧ੍ਰਮ ਪੂਰਬ ਭਾਗ, ਅਧਰਮ ਪਿਠੰ[1]। — [1]ਸਰੀਰ ਦਾ ਸਾਹਮਣਾ ਪਾਸਾ ਧਰਮ ਹੈ, ਪਿਛਲਾ ਪਾਸਾ ਅਧਰਮ ਹੈ।
ਭ੍ਰੁਵ ਕਾਲ[1], ਪ੍ਰਭੰਜਨ ਸ੍ਵਾਸ[2] ਨਿਠੰ[3] ॥੩੦॥ — [1]ਭਰਵੱਟੇ ਕਾਲ ਹੈ। [2]ਸਵਾਸ ਵਾਯੂ ਹੈ। [3]ਠੀਕ।

ਤਵ ਰੂਪ ਚਰਾਚਰ ਸਰਬ ਹਰੇ[1]। — [1]ਹੇ ਹਰੀ! ਤੇਰਾ ਰੂਪ ਚਰ ਤੇ ਅਚਰ ਸਾਰੇ ਹਨ।
ਉਰ ਮਾਂਹਿ ਗੁਰੰ ਅਸ ਧ੍ਯਾਨ ਧਰੇ।
ਨਰ ਤੇ ਭਵ ਸਿੰਧੁ ਨ ਬੀਚ ਪਰੇ[1]। — [1]ਹੇ ਗੁਰੋ ਜੋ ਐਸਾ ਧਿਆਨ ਦਿਲ ਵਿਚ (ਆਪ ਦਾ) ਧਰਦੇ ਹਨ ਸੋ ਨਰ ਸੰਸਾਰ ਸਾਗਰ ਵਿਚ ਨਹੀਂ ਪੈਂਦੇ।
ਹੁਇ ਮੋਖ, ਕੁਬੰਧਨਿ ਨਾਸ਼ ਕਰੇ[1] ॥੩੧॥ — [1]ਖੋਟੇ ਬੰਧਨ ਨਾਸ਼ ਕਰ ਲਏ ਹਨ (ਉਨ੍ਹਾਂ ਨੇ)।

ਸਭਿ ਠੌਰ ਤੁਹੀ, ਨਿਰਲੇਪ ਰਹੋ।
ਨਿਜ ਦਾਸਨ ਕੋ ਅੱਗਜਾਨ ਦਹੋ।

ਹਮਰੀ ਤੁਮਕੋ ਪਦ ਬੰਦਨ ਹੋ।
ਘਨ ਗਜਾਨ[1], ਪਖੰਡ ਨਿਕੰਦਨ[2] ਹੋ' ॥੩੨॥

[1]ਇਕ ਰਸ ਗਿਆਨ। [2]ਕੱਟਣਹਾਰ।

ਚੌਪਈ:

ਇਸ ਪ੍ਰਕਾਰ ਕਰਿ ਰੁਚਿਰ ਬਡਾਈ†।

†ਇਹ ਸਤੋਤ੍ਰ ਬ੍ਰਹਮਾ, ਵਿਸ਼ਨੂੰ, ਸ਼ਿਵ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਾਇਆ ਹੈ, ਇਸ ਤੋਂ ਕਵਿ ਜੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਓਹ ਗੁਰੂ ਜੀ ਨੂੰ ਸਭ ਤੋਂ ਉੱਚਾ ਮੰਨਦੇ ਹਨ। ਸ੍ਰੀ ਗੁ: ਨਾ: ਪ੍ਰ: ਪੂਰਬਾਰਧ ਦੇ ਅਧ੍ਯਾਯ ੧ ਅੰਗ ੫ ਵਿਚ ਜੋ ਸ਼੍ਰੀ ਗੁਰ ਨਾਨਕ ਜੀ ਨੂੰ ਆਪ ਨੇ ਪਰਾਵਰਾਂ ਦਾ ਨਾਥ ਕਿਹਾ ਸੀ, ਸੋ ਏਥੇ ਆ ਕੇ ਉਸ ਦਾ ਅਰਥ ਖੁਹਲ ਦਿੱਤਾ ਹੈ ਕਿ ਸ਼ਿਵ ਵਿਸ਼ਨੂੰ ਬ੍ਰਹਮਾਂ ਆਦਿ ਜੋ ਪਰਾਵਰ ਕਹਿਲਾਉਂਦੇ ਹਨ ਉਨ੍ਹਾਂ ਨੇ ਗੁਰੂ ਜੀ ਦਾ ਸਤੋਤਰ ਗਾਵਿਆਂ ਹੈ। ਚਾਹੋ ਗਾਵਿਆਂ ਉਨ੍ਹਾਂ ਨੇ ਆਪਣੇ ਹੀ ਨੁਕਤਾ ਖਿਆਲ ਤੋਂ ਹੈ।

ਪੁਨ ਬਿਰੰਚ[1] ਅਸ ਗਿਰਾ ਅਲਾਈ।
'ਨਿਜ ਤਨ ਅੰਗਦ ਕਰਿ ਪਲਟਾਯੋ।
ਕੀਨ ਸਥਾਪ ਨੀਕ ਮਨ ਭਾਯੋ ॥੩੩॥
ਸੱਤਿਨਾਮ ਪ੍ਰਗਟਜੋ ਜਗ ਜਾਪੂ।
ਸੱਚਖੰਡ ਗਮਨਹੁ ਅਬਿ ਆਪੂ।'
ਸੁਨਿ ਕੈ ਬਚ ਸ਼੍ਰੀ ਨਾਨਕ ਮਾਨੇ।
ਨਿਜ ਸਥਾਨ ਸੋ ਤੀਨ ਸਿਧਾਨੇ ॥੩੪॥

[1]ਬ੍ਰਹਮਾ ਨੇ।

ਹਟਿ ਤਬਿ ਆਇ ਸਧਾਰਣ ਮਿਲੇ।
ਤਿਹ ਕੌ ਠੌਰ ਦਿਖਾਵਨ ਚਲੇ।
ਅਸ਼ਟ ਵਿਘੇ ਕੋ ਏਕ ਕਿਦਾਰਾ[1]।
ਤਹਾਂ ਠਾਂਢਿ ਹ੍ਵੈ ਬਚਨ ਉਚਾਰਾ ॥੩੫॥
'ਸੁਨਹੁ ਸਧਾਰਣ ! ਇਹ ਅਸਥਾਨਾ।
ਕਾਸ਼ਟ ਹਮਰੇ ਡਾਰਹੁ ਆਨਾ।
ਜੇ ਕੋ ਬਰਜਹਿ ਕਹਿ ਥਲ ਔਰੀ।
ਨਹਿਂ ਮਾਨਹੁਂ ਆਨਹੁਂ ਇਸ ਠੌਰੀ' ॥੩੬॥
ਨੀਕੀ ਵਿਧਿ ਸਮਝਾਯੋ ਤਾਂਹੀ।
ਆਇ ਪ੍ਰਵੇਸ਼ੇ ਪੁਨ ਪੁਰਿ ਮਾਂਹੀ।
ਚਲਦਲ ਤਰੇ ਬਿਰਾਜੇ ਆਈ।
ਸਰਬ ਸਿੱਖ ਤਹਿਂ ਦਰਸ ਕਰਾਈਂ ॥੩੭॥

[1]ਖੇਤ।

ਦੋਹਰਾ:

ਚਤੁਰ[1] ਚਾਦਰੇ ਰੁਚਿਰ[2] ਗੁਰ, ਰਾਖਤਿ

[1]ਚਾਰ। [2]ਮਨੋਹਰ।

ਅਪਨੇ ਪਾਸ।
ਬਿਮਲ ਜੁਗਲ ਕੋ ਕਰਿ ਭਲੇ, ਧਰੈਂ ਸੁ ਰਹੈਂ
ਅਵਾਸ ॥੩੮॥

ਚੌਪਈ:

ਦ੍ਵੈ ਸਰੀਰ ਪਰ ਪਹਿਰੈਂ ਦਜਾਲਾ।
ਜਿਨ ਕੇ ਨਾਮ ਤੁਟੈ ਜਮਜਾਲਾ।
ਤਿਹ ਛਿਨ ਭਨਜੋ ਸਧਾਰਣ ਤਾਈਂ।
{ਭਾਈ ਸਾਧਾਰਣ}
'ਬਸਤ੍ਰ ਪਖਾਰਹੁ ਜਲ ਮਹਿਂ ਜਾਈ'
॥੩੯॥
ਸੁਨਿ ਰਜਾਇ ਲੈ ਪਟ ਸੰਗ ਹਾਥਾ।
ਵਹਿਰ ਪਖਾਰੇ ਜਲ ਕੇ ਸਾਥਾ।
ਨੀਕੇ ਬਿਮਲ ਪ੍ਰੇਮ ਉਰਧਾਰੇ।
ਆਤਪ[1] ਸੰਗ ਸੁਕਾਇ ਸਵਾਰੇ ॥੪੦॥ [1]ਧੁੱਪ।
ਲੇ ਕਰਿ ਆਯੋ ਜਬੈ ਸਮੀਪਾ।
ਪਿਖਿ ਬੋਲੇ ਬੇਦੀ ਕੁਲਦੀਪਾ।
'ਇਨ ਕੋ ਰਾਖੋ ਅੰਤਰ ਠੌਰੀ।
ਸਰਬ ਸਦਨ ਕੋ ਲਿੰਬ[1] ਬਹੋਰੀ ॥੪੧॥ [1]ਲੇਪਣ ਦਿਓ।
ਊਪਰ ਤਰੇ ਸੂੱਛ ਕੋ ਕਰੀਏ।
ਦਿਨ ਰਹਿ ਥੋਰ[†], ਬਿਲਮ[1] ਪਰਹਰੀਏ।' [1]ਦੇਰ। [†]ਪਾ:-ਤੂਸ਼ਨ ਹੋਇ=ਭਾਵ ਕਿਸੇ ਨੂੰ ਦੱਸੋ ਨਾ।
ਸੁਨਿ ਆਇਸੁ ਗਮਨਜੋ ਤਿਹ ਥਾਈਂ।
ਨਿਸ ਮਹਿਂ ਟਿਕਹੀਂ ਜਹਾਂ ਗੁਸਾਈਂ
॥੪੨॥
ਅਧਿਕ ਪ੍ਰੀਤ ਉਰ ਬਹੁਕਰ[1] ਦੀਨਾ। [1]ਝਾੜੂ।
ਸਰਬ ਸਦਨ ਪੁਨ ਲੀਪਨ ਕੀਨਾ।
ਊਰਧ ਤਰੈ[1] ਸੂੱਛ ਕਰਿ ਸਾਰੇ। [1]ਉੱਪਰ ਹੇਠ।
ਗਯੋ ਬਹੁਰ ਜਹਿਂ ਮੋਖ ਉਦਾਰੇ ॥੪੩॥
ਹਾਥ ਜੋਰਿ ਕੈ ਬਚਨ ਬਖਾਨਾ।
'ਘਰ ਬਿਲੋਕਿ ਲਿਹੁ ਕ੍ਰਿਪਾ ਨਿਧਾਨਾ!
ਹ੍ਵੈ ਜਿ ਨੂਨਤਾ[1] ਤਿਹ ਮਹਿਂ ਕਹਿਂਵਾ[2]। [1]ਕਸਰ। [2]ਕਿਤੇ।
ਦੇਹੁ ਬਤਾਇ, ਸੁਧਾਰੌਂ ਤਹਿਂਵਾ' ॥੪੪॥
ਸੁਨਿ ਕਰਿ ਉਠੇ ਕ੍ਰਿਪਾਲ ਬਿਸਾਲਾ।

ਰੁਚਿਰ ਬਨਾਈ ਪਿਖਿ ਧ੍ਰਮਸਾਲਾ।
ਖ਼ੁਸ਼ੀ ਸਧਾਰਣ ਪਰ ਬਹੁ ਕਰਿ ਕੈ।
ਆਤਮ ਗਜਾਨ ਦੀਨ ਭ੍ਰਮ ਹਰਿ ਕੈ ॥ ੪੫ ॥
ਆਏ ਪੁਨ ਚਲਦਲ ਕੀ ਛਾਈਂ।
ਬੈਠੇ ਸਿੱਖਨ ਸਭਾ ਸੁਹਾਈ।
ਹੋਤਿ ਕੀਰਤਨ ਨਾਮ ਪ੍ਰਤਾਪਾ।
ਜਿਹ ਸੁਨਿ ਮਿਟਹੀਂ ਤੀਨੋ ਤਾਪਾ ॥ ੪੬ ॥

ਦੋਹਰਾ:

ਨਿਤ ਪ੍ਰਤਿ ਜਿਵ ਵਿਵਹਾਰ ਹੈ, ਤੈਸੇ ਚਲਜੋ ਸੁ ਜਾਇ।
ਸਵਾ ਜਾਮ ਨਿਸ਼ ਰਹੇ ਤੇ, ਬੈਠਹਿਂ ਸ੍ਰੀ ਗੁਰ ਨ੍ਹਾਇ ॥ ੪੭ ॥

ਚੌਪਈ:

ਤਬਿ ਤੇ ਹੋਤਿ ਕੀਰਤਨ ਭਾਰੀ।
ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ।
ਪੁਨਿ ਜਪੁ ਤਪੁ[1] ਹ੍ਵੈ ਗਜਾਨ ਸੁ ਧਜਾਨਾ।
ਬੈਠਹਿਂ ਸਿੱਖ ਕਰਹਿਂ ਭਲ ਗਾਨਾ ॥ ੪੮ ॥

[1]ਭਾਵ ਬਾਣੀ ਨਾਮੁ ਦਾ ਜਾਪ ਤੇ ਸੇਵਾ।

ਬਾਦਿਤ ਤਾਰ[1] ਬਜਾਵਹਿਂ ਪਾਨਾ[2]।
ਹ੍ਵੈ ਅਨੰਦ ਉਤਸਵ ਬਿਧਿ ਨਾਨਾ।
ਏਕੰਕਾਰ ਪ੍ਰੀਤਿ ਰਸ ਪਾਗੇ[1]।
ਨਿਸ ਬਾਸੁਰ ਹਿਰਦੇ ਅਨੁਰਾਗੇ ॥ ੪੯ ॥

[1]ਤਾਰਾਂ ਵਾਲਾ ਸਾਜ਼। [2]ਹੱਥਾਂ ਨਾਲ।

[1]ਰਪੇ ਹੋਏ, ਸਰਸ਼ਾਰ।

ਦਰਸ਼ਨ ਕਰਹਿਂ ਮਲਿਨਤਾ ਭਾਗੀ।
ਨਉਧਾ ਭਗਤਿ[1]† ਰਿਦੇ ਅਤਿ ਜਾਗੀ।

[1]ਨੌ ਪ੍ਰਕਾਰ ਦੀ ਭਗਤੀ। †ਨੌਂ ਪ੍ਰਕਾਰ ਦੀ ਭਗਤੀ ਪਿੱਛੇ ਕਵੀ ਜੀ ਲਿਖ ਆਏ ਹਨ ਦੇਖੋ ਪੂਰਬਾਰਧ ਅਧਜਾਯ ੩੮ ਅੰਕ ੧੭ ਤੋਂ ਅੱਗੇ।

ਏਕ ਰੰਗ ਮਹਿਂ ਰੰਗੇ ਸਭਿ ਹੀ।
ਦ੍ਵੈਤ ਭਾਵ ਉਰ ਆਇ ਨ ਕਬਿ ਹੀ ॥ ੫੦ ॥
†ਭਏ ਬ੍ਰਿੱਖ ਜਿਉਂ ਸਿਖ ਉਪਕਾਰੀ।
ਮੀਨ ਨੀਰ ਜਿਉਂ ਪ੍ਰੀਤ ਅਧਾਰੀ।

†ਕਵਿਤਾ ਦੇ ਅਦਭੁਤ ਕਟਾਖਾਂ ਸਮੇਤ ਗੁਰ ਸਿੱਖਾਂ ਦਾ ਦੈਵੀ ਜੀਵਨ ਕਵੀ ਜੀ ਪ੍ਰਗਟ ਕਰਨ ਲਗੇ ਹਨ।

ਨਾਮ ਜਪਤਿ ਚਾਤ੍ਰਿਕ ਕੀ ਭਾਂਤੀ।
ਲੇਖਾ ਬਨਕ ਗਯਾਨ ਦਿਨ ਰਾਤੀ[1] ॥੫੧॥ — [1]ਬਾਣੀਆਂ ਜਿਵੇਂ ਲੇਖੇ ਵਿਚ ਦਿਨ ਰਾਤ ਹੈ ਤਿਵੇਂ ਗਿਆਨ ਵਿਚ ਸਿੱਖ।

ਉਰਮਹਿਂ ਧਯਾਨ ਚਕੋਰਹਿ ਚੰਦੂ।
ਲੋਚਨ ਅਲ ਗੁਰ ਪਦ ਅਰਬਿੰਦੂ[1†]। — [1]ਅੱਖਾਂ ਭੌਰੇ ਹਨ ਚਰਨ ਕੌਲ ਫੁਲ ਹਨ। [†]ਪਾ:- ਲੋਚਨ ਅਗਰ ਰਕਤ ਅਰਬਿੰਦੂ।

ਸ੍ਵੱਛ ਰਿਦੇ ਜਿਉਂ ਗੰਗਾ ਨੀਰੂ।
ਹਰਤਿ ਸਹੋਦਰ ਜਿਉਂ ਪਰ ਪੀਰੂ[1] ॥੫੨॥ — [1]ਪਰਾਈ ਪੀੜਾ ਭਰਾਵਾਂ ਵਾਂਙੂੰ ਦੂਰ ਕਰਦੇ ਹਨ।

ਰਾਗ ਕਰਤਿ ਪੁਲਕਤਿ ਤਨ ਐਸੇ[1]। — [1]ਤਨ ਪੁਲਕਾਵਲੀ ਵਿਚ ਐਉਂ ਆਉਂਦਾ ਹੈ।
ਪ੍ਰਮਾਨੰਦ ਮਹਿਂ ਜੋਗੀ ਜੈਸੇ।
ਸੇਵਾ ਕਰਹਿਂ ਧਰਹਿਂ ਉਰ ਭਾਉ।
ਪਾਇ ਪਰਮਪਦ ਪ੍ਰਭੁ ਪਸਾਉ[1] ॥੫੩॥ — [1]ਪ੍ਰਭੂ ਦੀ ਕ੍ਰਿਪਾ ਨਾਲ।

ਦੋਹਰਾ:

ਤਿਨ ਕੀ ਮਹਿਮਾ ਕਯਾ ਕਰਉਂ, ਜੋ ਸਿਖ ਗੁਰੂ ਹਦੂਰ।
ਮਮ ਮਤਿ ਮਸ਼ਕ[1] ਸਮਾਨ ਹੈ, ਕਸ ਚਾਵਹਿ[2] ਗਿਰ ਭੂਰ[3] ॥੫੪॥ — [1]ਮੱਛਰ। [2]ਕਿਵੇਂ ਚੁੱਕੇ। [3]ਬੜਾ ਪਹਾੜ।

ਚੌਪਈ:

ਤ੍ਰਿਸ਼ਨਾ ਆਸਾ ਨਾਸ਼ੀ ਐਸੇ।

{ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਦੀ ਉਪਮਾ}

ਬੈਨਤੇਯ ਹਨਿ ਉਰਗਨ ਜੈਸੇ[1]। — [1]ਗਰੜ ਮਾਰਦਾ ਹੈ ਸੱਪਾਂ ਨੂੰ ਜਿਵੇਂ।
ਕਾਮ ਕਰੋਧ ਲੋਭ ਹੰਕਾਰੂ।
ਸਹਿਤ ਅਵਿੱਦਯਾ ਮੋਹ ਨ੍ਰਿਪਾਰੂ[1] ॥੫੫॥ — [1]ਸਮੇਤ ਅਵਿੱਦਯਾ ਤੇ ਮੋਹ ਰੂਪ ਰਾਜੇ ਦੇ।
ਹਿੰਸਾ ਕੂਰ, ਪਿਸ਼ਨਤਾ[1] ਨਿੰਦਾ। — [1]ਚੁਗਲੀ।
ਸਿੱਖੀ ਮਗ ਪਿਖਿ ਇਨ ਕੋ ਚਿੰਦਾ[1]। — [1]ਚਿੰਤਾ ਹੋ ਗਈ ਹੈ।
ਕੇਹਰਿ ਗਰਜਨ ਤੇ ਜਿਉਂ ਕਰੀ[1]। — [1]ਹਾਥੀ
ਹੋਇ ਪੁੰਜ ਤੱਦਯਪ ਖਰਭਰੀ[1] ॥੫੬॥ — [1]ਭਾਵੇਂ ਹਾਥੀਆਂ ਦੀ ਡਾਰ ਹੋਵੇ ਤਾਂ ਬੀ ਸ਼ੇਰ ਗਰਜਣ ਨਾਲ ਘਬਰਾ ਜਾਂਦੇ ਹਨ।
ਗੁਰ ਪ੍ਰਤਾਪ ਪਿਖਿ ਕਰਿ ਕਲਿਕਾਲਾ[1]। — [1]ਕਲਜੁਗ ਨਿਰਬਲ (ਪੁਰਖ ਵਾਂਙੂ) ਦੁਰਬਲ ਹੋ ਕੇ ਬੁਰੇ ਹਾਲ ਵਾਲਾ ਹੋ ਗਿਆ ਹੈ।
ਦੁਰਬਲ ਹੁਇ ਨਿਰਬਲਹਿ ਬਿਹਾਲਾ[1]। — [1]ਕਲਜੁਗ ਨਿਰਬਲ (ਪੁਰਖ ਵਾਂਙੂ) ਦੁਰਬਲ ਹੋ ਕੇ ਬੁਰੇ ਹਾਲ ਵਾਲਾ ਹੋ ਗਿਆ ਹੈ।
ਗਯਾਨ ਬਿਰੋਧੀ ਜੇ ਜਗ ਮਾਂਹੀ।

ਸਭਹਿਨਿ ਕੋ ਚਿੰਤਾ ਅਵਗਾਹੀ[1] ॥੫੭॥

[1]ਪੈ ਗਈ ਹੈ।

ਦੋਹਰਾ:

ਸ੍ਰੀ ਨਾਨਕ ਦਰਸ਼ਨ ਉਦਧਿ[1], ਭਗਤਿ ਤਰੰਗ ਗੰਭੀਰ।

[1]ਗੁਰ ਨਾਨਕ ਦਰਸ਼ਨ ਹੈ ਸਮੁੰਦਰ, ਭਗਤੀ ਹੈਨ ਲਹਿਰਾਂ, (ਇਹ ਸਮੁੰਦਰ) ਦੇਂਦਾ ਹੈ ਹਿਰਦੇ ਵਿਚ ਗ੍ਯਾਨ ਰੂਪੀ ਚੰਦਰਮਾਂ, (ਜਿਸ ਤੋਂ) ਦੂਰ ਹੁੰਦੀ ਹੈ ਮੋਹ ਰੂਪੀ ਧੁੱਪ ਦੀ ਪੀੜਾ। ਭਾਵ-ਗੁਰੂ ਨਾਨਕ ਦਾ ਦਰਸ਼ਨ (ਮਤ) ਸਮੁੰਦਰ ਹੈ, ਭਗਤੀ ਦੀਆਂ (ਯਾਂ ਭਗਤਾਂ ਰੂਪੀ) ਉਸ ਵਿਚ ਲਹਿਰਾਂ ਹਨ, ਗ੍ਯਾਨ (ਉਸ ਦਰਸ਼ਨ ਵਿਚ) ਚੰਦਰਮਾਂ ਹੈ, (ਚੰਦਰਮਾਂ ਦੀ ਖਿੱਚ ਨਾਲ ਸਮੁੰਦਰ ਉੱਛਲਦਾ ਹੈ ਜਿਸ ਨਾਲ ਠੰਢ ਵਰਤਦੀ ਹੈ, ਤਿਵੇਂ ਦਰਸ਼ਨ ਕਰਨ ਵਾਲਿਆਂ ਦੇ ਦਿਲਾਂ ਵਿਚ (ਇਸ ਦਰਸ਼ਨ ਨਾਲ) ਮੋਹ ਰੂਪੀ ਧੁੱਪ ਦੀ ਪੀੜਾ ਨਾਸ਼ ਹੁੰਦੀ ਹੈ। ਵਿਸ਼ੇਸ਼-ਸਿੰਧੂ ਰਤਨ ਮਥਨ ਸਮੇਂ ਸਮੁੰਦਰ ਤੋਂ ਚੰਦਰਮਾਂ ਪ੍ਰਗਟਿਆ ਸੀ, ਇਸ ਲਈ ਗੁਰੂ ਨਾਨਕ ਦਰਸ਼ਨ ਰੂਪੀ ਸਾਗਰ, ਗਿਆਨ ਰੂਪੀ ਚੰਦਰਮਾਂ ਨੂੰ ਪ੍ਰਗਟ ਕਰਦਾ ਹੈ।

ਗ੍ਯਾਨ ਇੰਦੁ ਪ੍ਰਦ ਰਿਦ ਬਿਖੈ, ਘਾਮ ਮੋਹ ਗਤਿ ਪੀਰ[1] ॥੫੮॥

[1]ਗੁਰ ਨਾਨਕ ਦਰਸ਼ਨ ਹੈ ਸਮੁੰਦਰ, ਭਗਤੀ ਹੈਨ ਲਹਿਰਾਂ, (ਇਹ ਸਮੁੰਦਰ) ਦੇਂਦਾ ਹੈ ਹਿਰਦੇ ਵਿਚ ਗ੍ਯਾਨ ਰੂਪੀ ਚੰਦਰਮਾਂ, (ਜਿਸ ਤੋਂ) ਦੂਰ ਹੁੰਦੀ ਹੈ ਮੋਹ ਰੂਪੀ ਧੁੱਪ ਦੀ ਪੀੜਾ। ਭਾਵ-ਗੁਰੂ ਨਾਨਕ ਦਾ ਦਰਸ਼ਨ (ਮਤ) ਸਮੁੰਦਰ ਹੈ, ਭਗਤੀ ਦੀਆਂ (ਯਾਂ ਭਗਤਾਂ ਰੂਪੀ) ਉਸ ਵਿਚ ਲਹਿਰਾਂ ਹਨ, ਗ੍ਯਾਨ (ਉਸ ਦਰਸ਼ਨ ਵਿਚ) ਚੰਦਰਮਾਂ ਹੈ, (ਚੰਦਰਮਾਂ ਦੀ ਖਿੱਚ ਨਾਲ ਸਮੁੰਦਰ ਉੱਛਲਦਾ ਹੈ ਜਿਸ ਨਾਲ ਠੰਢ ਵਰਤਦੀ ਹੈ, ਤਿਵੇਂ ਦਰਸ਼ਨ ਕਰਨ ਵਾਲਿਆਂ ਦੇ ਦਿਲਾਂ ਵਿਚ (ਇਸ ਦਰਸ਼ਨ ਨਾਲ) ਮੋਹ ਰੂਪੀ ਧੁੱਪ ਦੀ ਪੀੜਾ ਨਾਸ਼ ਹੁੰਦੀ ਹੈ। ਵਿਸ਼ੇਸ਼-ਸਿੰਧੂ ਰਤਨ ਮਥਨ ਸਮੇਂ ਸਮੁੰਦਰ ਤੋਂ ਚੰਦਰਮਾਂ ਪ੍ਰਗਟਿਆ ਸੀ, ਇਸ ਲਈ ਗੁਰੂ ਨਾਨਕ ਦਰਸ਼ਨ ਰੂਪੀ ਸਾਗਰ, ਗਿਆਨ ਰੂਪੀ ਚੰਦਰਮਾਂ ਨੂੰ ਪ੍ਰਗਟ ਕਰਦਾ ਹੈ।

ਚੌਪਈ:

ਚਿਤ ਚਕੋਰ ਚਿਤਵਤਿ ਚਖੁ ਸਾਰੇ[1]।
[1]ਸਾਰੇ (ਸਿੱਖਾਂ ਦੇ) ਚਿੱਤ ਚਕੋਰ ਵਾਂਙੂ ਦੇਖਦੇ ਹਨ।

ਬਿਖੈ ਮਨੋਰਥ ਕੋਕ ਦੁਖਾਰੇ[1]।
[1]ਵਿਸ਼ਿਆਂ ਦੇ ਮਨੋਰਥ ਚਕਵੇ ਵਾਂਙੂ ਦੁਖੀ ਹਨ (ਉਸ ਚੰਦਰਮਾਂ ਕਰਕੇ)।

ਦੁਖ ਸੁਖ ਸਮਤਾ ਜੌਨ੍ਹ[1], ਸੁਹਾਈ।
[1]ਚਾਂਦਨੀ ਵਾਂਙੂ।

ਦ੍ਵੈਤ ਦੁਹਾਗਨਿ ਕੋ[1] ਦੁਖਦਾਈ ॥੫੯॥
[1]ਦ੍ਵੈਤ ਰੂਪੀ ਦੁਹਾਗਣ ਨੂੰ।

ਸੁਮਤਿ ਸੁਹਾਗਨਿ ਕੋ[1] ਸੁਖਕਾਰੀ।
[1]ਚੰਗੀ ਬੁੱਧੀ ਰੂਪੀ ਸੁਹਾਗਣ ਨੂੰ।

ਸੁਭ ਗੁਣ ਖਿਰੀ ਕੁਮੁਦਨੀ ਬਾਰੀ[1]।
[1]ਕੰਮੀਆਂ ਦੀ ਵਾੜੀ।

ਇਸ ਬਿਧਿ ਸਤਿਜੁਗ ਪੁਰਿ ਕਰਤਾਰਾ।
ਬਰਤਾਯੋ ਤਿਹ ਕਾਲ ਉਦਾਰਾ ॥੬੦॥
ਤਿਸ ਨਿਸ ਗੁਰ ਜਾਗੇ ਕਿਯ ਮੱਜਨ।
ਮਿਲੇ ਆਨ ਸਭਿਹੀ ਤਬਿ ਸੱਜਨ।
ਹੋਤਿ ਕੀਰਤਨ ਕੀ ਧੁਨਿ ਭੂਰੀ।
ਭਾਉ ਸੁ ਭਗਤਿ ਗ੍ਯਾਨ ਕੀ ਪੂਰੀ ॥੬੧॥
ਭਰੇ ਪ੍ਰੇਮ ਉਰ ਮੋਦ[1] ਬਢਾਈ।
[1]ਅਨੰਦ।

ਕੇਤਿਕ ਸੁਨਹਿਂ ਕਿਤਿਕ ਮੁਖ ਗਾਈ।
ਤਿਹ ਛਿਨ ਬੈਠੇ ਸੋਚ ਬਿਮੋਚਨ।
ਸੁਨਿਤ ਜੋਂ ਮੁੰਦੇ[1] ਕਮਲ ਦਲ ਲੋਚਨ ॥੬੨॥ — [1]ਮੀਟੇ।
ਲਗੀ ਸਮਾਧਿ ਅਖੰਡ ਸਰੂਪਾ।
ਜਿਹ ਤੇ ਜਾਨੇ ਅਨੰਦ ਅਨੂਪਾ।
ਸਗਰੇ ਅੰਗ ਅਡੋਲ ਰਹਾਏ।
ਚਤੁਰ ਮਹੂਰਤ ਜਬੈ ਬਿਤਾਏ ॥੬੩॥
ਬਿਕਸੇ ਤਬੈ ਰੁਚਿਰ ਜੁਗ ਲੋਚਨ।
ਬੋਲੇ ਬਾਨੀ ਬੰਧ ਬਿਮੋਚਨ[1]। — [1]ਬੰਧਨਾਂ ਦੇ ਨਾਸ਼ ਕਰਤਾ।

{ਸਮਾਉਣ ਦੀਆਂ ਤਿਆਰੀਆਂ}

'ਆਜ ਸਮਾਵਨ ਭਯਾ ਸੁਭਾਏ[1]। — [1]ਅੱਜ ਸਾਡੇ ਸਮਾਵਨ ਦਾ ਸੁਹਣਾ ਦਿਨ ਆਯਾ ਹੈ।
ਆਨਹੁ ਸੌਜ[1], ਬਿਲੰਬ ਗਵਾਏ ॥੬੪॥ — [1]ਸਮੱਗਰੀ।
ਪੁਸ਼ਪ, ਕਪੂਰ, ਪਟੀਰ[1] ਘਨੇਰਾ। — [1]ਚੰਦਨ।
ਕੁਸ਼ਾ[1], ਗੁਲਾਬ ਸੁਗੰਧਿ[2] ਬਧੇਰਾ। — [1]ਦੱਭ। [2]ਖੁਸ਼ਬੂਦਾਰ।
ਇੱਤਯਾਦਿਕ ਪਾਵਨ ਸਭਿ ਆਨਹੁ।
ਕਰਹੁ ਹਰਖ ਕਛੁ ਸ਼ੋਕ ਨ ਠਾਨਹੁ' ॥੬੫॥
ਸੁਨਿ ਅਸ ਬਚਨ ਮ੍ਰਿਦੁਲ ਜਗ ਗੁਰ ਕੇ।
ਸਿੱਖਨ ਕੇ ਲੋਚਨ ਜਲ ਢਰਕੇ[†]। — [†]ਪਾ:-ਫਰਕੇ।
ਸਗਰੇ ਪੁਰਿ ਮਹਿਂ ਪਰਯੋ ਸੁ ਰੌਰਾ।
ਰੁਦਨ ਕਰਤਿ ਭੇ ਜਿਤ ਕਿਤ ਠੌਰਾ ॥੬੬॥
ਅੱਸੂ ਬਦੀ ਸਪਤਮੀ ਬਾਸੁਰ।
ਤਾਂਹੀ ਸਮੇ ਪ੍ਰਭੂ ਜੀ ਜਗ ਗਰ।
ਤਜਨ ਸਰੀਰਹਿ ਕੀ ਬਿਧਿ ਠਾਨੀ।
ਪ੍ਰਗਟੀ ਬਾਤ ਗ੍ਰਾਮ ਬਹੁ ਜਾਨੀ ॥੬੭॥
ਸੁਨਿ ਸੁਨਿ ਮਾਨਵ ਆਵਹਿਂ ਧਾਈ।
ਦਰਸ਼ਨ ਕਰਹਿਂ ਜਨਮੁ ਫਲ ਪਾਈ।
ਕੇਤਿਕ ਅਸੁ ਪਰ[1] ਹ੍ਵੈ ਅਸਵਾਰਾ। — [1]ਘੋੜਿਆਂ ਪਰ।
ਆਇਂ ਧਵਾਇ[1] ਬਿਹੀਨ ਅਵਾਰਾ[2] ॥੬੮॥ — [1]ਦੌੜਾਂਵਦੇ। [2]ਬਿਨਾਂ ਦੇਰ ਦੇ।

ਚਾਰ ਬਰਨ ਹਿੰਦੂ ਅਰ ਤੁਰਕਾ।
ਆਵਹਿਂ ਚਲੇ ਕਰਤਿ ਜਸ ਗੁਰ ਕਾ।
ਧਾਇ ਧਾਇ ਪਹੁੰਚੈਂ ਨਰ ਨਾਰੀ।
ਕਹੈਂ 'ਦਰਸ ਤੇ ਰਹਿਂ ਨ ਪਿਛਾਰੀ[1] ॥੬੯॥
ਦੁਰਲਭ ਦਰਸ਼ਨ ਹ੍ਵੈ ਇਕ ਬਾਰਾ।
ਜਿਹ ਦਰਸੇ ਅਘ ਮਿਟੈਂ ਅਪਾਰਾ।'
ਜਹਾਂ ਜਹਾਂ ਲਗ ਸੁਧ ਤਬ ਹੋਈ।
ਕਾਜ ਬਿਸਾਰਿ ਚਲੇ ਸਭਿ ਕੋਈ ॥੭੦॥

ਦੋਹਰਾ:
ਬ੍ਰਹਮਚਾਰੀ, ਜੋਗੀ, ਜਤੀ, ਤਪੀ, ਬਖਾਨਸਿ[1] ਕੋਇ।
ਜਿਹ ਜਿਹ ਸੁਧ ਪਾਈ ਜਬਹਿ, ਧਾਵਤਿ ਆਵਤਿ ਸੋਇ ॥੭੧॥

ਚੌਪਈ:
ਧਰਮਸਾਲ ਬੈਠੇ ਗੁਰ ਪੂਰਨ।
ਭਵ ਜੁ ਆਮ ਕੋ, ਨਾਮ ਸੁ ਚੂਰਨ[1]।
ਭਈ ਆਨਿ ਕਰਿ ਭੀਰ ਅਪਾਰਹਿ।
ਧੰਨ ਧੰਨ ਸਭਿ ਬੈਨ ਉਚਾਰਹਿਂ ॥੭੨॥
ਗੁਰ ਆਨਨ ਆਰੁਨਤਾ[1] ਆਈ।
ਜਿਉ ਅਰਣੋਦਯ ਰੁਚਿਰ ਸੁਹਾਈ[1]।
ਸਿਖ ਸੇਵਕ ਚਹੁਂ ਦਿਸ਼ਿ ਪਰਵਾਰਾ।
ਬਦਨ ਕਮਲ ਜਿਨ ਕੇਰ ਅਧਾਰਾ ॥੭੩॥
ਬੇਮੁਖਤਾ ਰਜਨੀ[1] ਜਹਿਂ ਨਾਸ਼ੀ।
ਛਪਿਗੇ ਉਡਗਨ ਕਲਮਲ[1] ਰਾਸੀ।
ਇਸ ਬਿਧਿ ਵਹਿਰ ਨਰਨ ਕੀ ਕਥਾ।
ਅਬਿ ਸੁਨੀਏ ਘਰ ਕੀ ਭੀ ਜਥਾ ॥੭੪॥

ਦੋਹਰਾ:
ਬੈਠੇ ਪ੍ਰਭੂ ਬਿਰਾਜਹੀਂ, ਜਿਉਂ ਰਸ ਸ਼ਾਂਤਿ ਸਧੀਰ[1]।
ਸਿਖ ਸੇਵਕ ਕਰੁਨਾ ਮਨੋ, ਧਾਰੇ ਪੁੰਜ

[1]ਪਿੱਛੇ ਨਾ ਰਹਿ ਜਾਈਏ।
[1]ਬਾਨ ਪ੍ਰਸਤੀ। ਸੰਸ: ਵੈਖਾਨਸ:]।
[1]ਸੰਸਾਰਕ ਰੋਗਾਂ ਨੂੰ ਜਿਨ੍ਹਾਂ ਦਾ ਨਾਮ ਚੂਰਨ ਵਤ ਹੈ।
[1]ਮੁੱਖ ਤੇ ਲਾਲੀ।
[1]ਜਿਵੇਂ ਸੂਰਜ ਉਦੇ ਪਰ ਮਨੋਹਰ ਸ਼ੋਭਦੀ ਹੈ।
[1]ਰਾਤ।
[1]ਤਾਰਿਆਂ ਰੂਪੀ ਪਾਪ।
[1]ਧੀਰਜ ਸਣੇ।
[1]ਕਰੁਨਾ ਰਸ (ਵਿਰਾਗ) ਨੇ ਮਾਨੋ ਧਾਰਨ ਕੀਤੇ ਹਨ ਬਹੁਤ ਸਰੀਰ।

ਸ਼ਰੀਰ[1] ॥੭੫॥

ਚੌਪਈ:

ਕ੍ਰਿਪਾਨਿਧਾਨ ਕਹ੍ਯੋ ਤਿਹ ਕਾਲੇ।
'ਉਠਹੁ ਸਧਾਰਣ ਜਾਇ ਉਤਾਲੇ।

{ਸਾਧਾਰਣ ਜੀ ਨੂੰ ਪੁਤ੍ਰਾਂ ਪਾਸ ਭੇਜਣਾ}

ਸਿਰੀ ਚੰਦ ਅਰ ਲਖਮੀ ਦਾਸ।
ਤਾਂਹਿ ਹਕਾਰਿ ਆਨਿਯੇ[1] ਪਾਸ' ॥੭੬॥ — [1]ਬੁਲਾਇ ਲਿਆਈਏ।
ਸੁਨਤਿ ਰਜਾਇ ਸਧਾਰਣ ਗਇਓ।
ਗੁਰੁ ਸੁਤਨ ਆਗੇ ਤਿਸ਼ਟਇਓ[1]। — [1]ਖੜਾ ਹੋਇਆ।
ਹਾਥ ਬੰਦਿ ਕੈ ਗਿਰਾ ਉਚਾਰੀ।
'ਸ਼੍ਰੀ ਪ੍ਰਭੁ ਕੀ ਭੀ ਆਜ ਤਿਆਰੀ ॥੭੭॥
ਤੁਮ ਕੋ ਅਪਨੇ ਨਿਕਟ ਹਕਾਰਾ।
ਚਲਹੁ ਹਦੂਰ ਨ ਕਰਹੁ ਅਵਾਰਾ।'
ਗਿਰਾ ਸਧਾਰਨ ਜਲ ਕੀ ਨਜਾਈ।
ਮੈਨ ਸਮਾਨ[1] ਨ ਤਿਨਹਿਂ ਛੁਆਈ[2] ॥੭੮॥ — [1](ਉਨ੍ਹਾਂ ਦੇ) ਮੋਮ ਵਰਗੇ (ਦਿਲਾਂ ਤੇ)। [2]ਨਾ ਪੋਹੀ।
ਰਿਦੇ ਅਸ਼ਰਧਾ ਜਿਨ ਕੇ ਭਾਰੀ।
ਇਸ ਪ੍ਰਕਾਰ ਮਖ ਗਿਰਾ ਉਚਾਰੀ।
'ਕੈਸੇ ਹੋਤਿ ਅਚਾਨਕ ਐਸੇ।
ਸੁਖ ਅਨੰਦ ਮੈਂ ਬੈਸੇ ਜੈਸੇ ॥੭੯॥
ਹਮ ਕੋ ਆਵਤਿ ਨਹਿਂ ਪਰਤੀਤੰ।
ਗੈਨ ਪ੍ਰਸੂਨ ਗੰਧਿ ਇਹ ਰੀਤੰ[1]।' — [1]ਅਕਾਸ਼ ਦੇ ਫੁੱਲਾਂ ਦੀ ਸੁਗੰਧੀ ਵਾਂਙੂ ਇਹ ਗੱਲ (ਨਾ ਮੰਨਣ ਯੋਗ) ਹੈ।
ਸੁਨਤਿਓਂ ਤਬੈ ਸਧਾਰਨ ਆਯੋ।
ਜਿਉਂ ਤਿਨ ਕਹ੍ਯੋ ਸੁ ਗੁਰੂ ਸੁਨਾਯੋ ॥੮੦॥
ਸੇਵਕ ਸਿੱਖ ਬਿਲੋਚਨ[1] ਬਾਰੀ[2]। — [1]ਨੇਤ੍ਰਾਂ ਵਿਚੋਂ। [2]ਜਲ।
ਬਹ੍ਯੋ ਜਾਤਿ ਪ੍ਰਭੁ ਦਰਸ ਨਿਹਾਰੀ।
ਧੁਨਿ ਸੁ ਕੀਰਤਨ ਕੀ ਤਿਹ ਕਾਲਾ।
ਸੁਨਿ ਪਵਿ[†] ਦ੍ਰਵਤ ਕਠੋਰ ਬਿਸਾਲਾ[1] ॥੮੧॥ — [1]ਡਾਢਾ ਕਰੜਾ ਪੱਥਰ ਬੀ ਪੰਘਰਦਾ ਹੈ। [†]ਪਾ:-ਪਬ, ਧਵ।

ਦੋਹਰਾ:

ਤਬੈ ਸਥਲ ਲਿਪਵਾਇ ਕੈ, ਬਹੁਰੋ ਕੁਸ਼ਾ — [1]ਦੱਭ ਵਿਛਾਕੇ। [†]ਐਸੇ ਵਹਿਮ ਰੱਬ ਦੇ ਘਰ ਸੰਭਵ ਨਹੀਂ।

ਡਸਾਇ[1]†।
ਜੈ ਜੈ ਕਾਰ ਚੁਫ਼ੇਰ ਹ੍ਵੈ, ਕਹੈਂ 'ਧੰਨ' ਬਿਸਮਾਇ ॥੮੨॥

ਚੌਪਈ:

ਗਈ ਸੁਲਖਣੀ ਢਿਗ ਸੁਧ ਸੋਊ।
'ਬਚਨ ਨ ਮਾਨਯੋ ਪੁੱਤ੍ਰਨ ਦੋਊ।
ਨਿਸ ਕੇ ਲਗੇ ਸਮਾਵਨ ਸਾਈਂ।
ਥਾਇਂ ਲਿਪਾਇ ਕੁਸ਼ਾ ਬਿਛਵਾਈ' ॥੮੩॥
ਉਠੀ ਗਮਨ ਕੀਨੋ ਤਿਨ ਤੂਰਨ।
ਆਈ ਜਹਿਂ ਬੈਠੇ ਪ੍ਰਭੁ ਪੂਰਨ।
ਭੀਰ ਬਿਲੋਕਤਿ ਬਿਸਮੈਂ ਹੋਈ।
ਬਾਰਿ ਬਿਲੋਚਨ ਭਰਿ ਕਰਿ ਰੋਈ ॥੮੪॥
ਸ਼ਰਧਾ ਉਪਜੀ ਰਿਦੇ ਬਿਸ਼ਾਲਾ।

{ਸ੍ਰੀ ਸੁਲੱਖਣੀ ਜੀ ਦੀ ਬੇਨਤੀ}

ਮਸਤਕ ਟੇਕਨ ਕਿਯ ਤਿਹ ਕਾਲਾ।
ਸ੍ਰੀ ਗੁਰ ਅਵਲੋਕਤਿ ਜਬਿ ਆਈ।
ਬੋਲੇ ਗਿਰਾ ਸਰਲ ਸੁਖਦਾਈ ॥੮੫॥

ਦੋਹਰਾ:

'ਜੇ ਤੁਝ ਉਰ ਅਭਿਲਾਖ ਹੈ, ਕਰਿ ਲੀਜੈ ਸੋ ਬਾਤ।
-ਮਿਲਿ ਕਰਿ ਹੌਂ ਬੋਲੀ ਨਹੀਂ[1]-, ਬਹੁਰ ਨ ਕਹਿਂ ਪਸ਼ਚਾਤ[2]' ॥੮੬॥

[1]ਅੰਤ ਵੇਲੇ) ਮਿਲ ਕਰਕੇ ਗੱਲ ਬਾਤ ਨਹੀਂ ਕੀਤੀ। [2]ਪਿੱਛੋਂ ਇਹ ਗੱਲ ਨਾ ਕਹਿਣੀ।

ਚੌਪਈ:

ਸੁਨਿ ਕਰਿ ਦੀਨ ਭਈ ਇਹ ਬਾਨੀ।
ਲਤਾ[1] ਵਾਤ[2] ਤੇ ਜਿਉਂ ਕੁਮਲਾਨੀ।
ਹਾਥ ਬੰਦਿ ਹੁਇ ਨਿੰਮ੍ਰਿ[1] ਬਿਸ਼ਾਲਾ।
ਬੋਲੀ ਬਚਨ 'ਸੁਨਹੁ ਪ੍ਰਭੁ ਦਯਾਲਾ! ॥੮੭॥
ਭਲਕੇ ਹੈ ਸ਼ਰਾਧ ਤੁਹਿ ਤਾਤਾ[1]।
ਜਿਉਂ ਭਾਵਹਿ ਤਿਉਂ ਕਰਿ ਸੁਖਦਾਤਾ।

[1]ਵੇਲ। [2]ਹਵਾ।

[1]ਨਿੰਮ੍ਰਤਾ ਵਾਲੀ ਹੋ ਕੇ।

[1]ਆਪ ਜੀ ਦੇ ਪਿਤਾ ਜੀ ਦਾ।

ਨਾਨਕ ਪ੍ਰਕਾਸ਼ ਉੱਤਰਾਰ੍ਧ ਅਧ੍ਯਾਯ ੬ ਅੰਕ ੪੦ ਤੋਂ ੫੨ ਤੱਕ ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਦਿਖਾਇਆ ਸੀ ਕਿ ਸਾਰੇ ਪਿਤਰ ਮੁਕਤ ਹੋ ਚੁੱਕੇ ਹਨ। ਫਿਰ ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਆਤਮ ਦਾਨ ਦੇਕੇ ਮੁਕਤ ਕੀਤਾ ਤੇ ਦੱਸਿਆ ਸੀ ਕਿ ਮੁਕਤ ਪੁਰਖ ਨੂੰ ਸ਼੍ਰਾਧ ਦੀ ਲੋੜ ਨਹੀਂ। ਫਿਰ ਇਹ ਲਿਖਣਾ ਕਿ ਸ਼੍ਰਾਧ ਲਈ ਸ੍ਰੀ ਮਾਤਾ ਜੀ ਦੀ ਬਿਨੈ ਕਰਨ ਤੇ ਆਪ ਸਚਖੰਡ ਜਾਣ ਤੋਂ ਰੁਕ ਗਏ ਕੇਵਲ ਹਿੰਦਾਲੀਏ ਦਾ ਆਖੇਪ ਹੈ, ਜਿਸ ਨੂੰ ਕਵਿ ਜੀ ਨੇ ਬੀ ਦੂਰ ਨਹੀਂ ਕੀਤਾ। ਸਾਖੀਆਂ ਲਿਖਣ ਵਾਲੇ ਲਿਖਦੇ ਲਿਖਦੇ ਗੁਰੂ ਜੀ ਨੂੰ ਐਉਂ ਵਰਣਨ ਕਰਨ ਲਗ ਜਾਂਦੇ ਹਨ ਜਿਵੇਂ ਓਹ ਆਪ ਅਲਪੱਗ ਹੁੰਦੇ ਹਨ। ਸਰਬੱਗ ਦੀ ਗਤੀ, ਸਰਬੱਗ ਦੇ ਅਟੱਲ ਵਾਕ, ਸਰਬੱਗ ਦੀ ਪੂਰਨ ਦ੍ਰਿਸ਼ਟੀ ਤੇ ਅਟੱਲ ਵੇਗ ਉਹਨਾਂ ਨੂੰ ਯਾਦ ਨਹੀਂ ਰਹਿੰਦੇ। ਪੁਰਾਤਨ ਜਨਮ ਸਾਖੀ ਵਿਖੇ ਸ਼ਰਾਧਾਂ ਦੀ ਖਾਤਰ ਤਿੱਥ ਚਲਾਣੇ ਦੇ ਬਦਲਣ ਦਾ ਕੋਈ ਜ਼ਿਕਰ ਨਹੀਂ ਹੈ, ਨਾ ਮਹਿਮਾ ਪ੍ਰਕਾਸ਼ ਵਿਚ ਤੇ ਨਾਂ ਹੀ ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਇਹ ਪ੍ਰਸੰਗ ਹੈ।

ਭਲੀ ਬਾਤ ਜੋ ਕਰਹੁ ਸ਼ਰਾਧੂ।
ਬਹੁਰ ਸਮਾਵਹੁ ਬਾਧਾ ਬਾਧੂ[1] ! ॥੮੮॥ [1]ਹੇ ਪੀੜ ਨਾਸ਼ਕ !
ਕਰੁਨਾਨਿਧ ! ਤੁਮਰੇ ਕਰ ਮਾਂਹੀ।
ਮੇਟਨ ਰਚਨ ਤ੍ਰਿਲੋਕ ਜਿ ਆਹੀ।
ਦੇਹਿ ਤਜਨ ਅਰ ਜੀਵਨ ਸੋਈ।
ਰਾਵਰਿ ਕੇ ਅਨੁਸਾਰੀ ਹੋਈ[1]" ॥੮੯॥ [1]ਹੈ।

ਦੋਹਰਾ:

ਦੇਖਿ ਦੀਨਤਾ ਤਾਂਹਿ ਕੀ, ਬੈਨ ਸੁਨੇ ਸ਼ੁਭ ਰੀਤਿ।
ਬੋਲੇ ਗਿਰਾ ਸੁਹਾਵਨੀ, ਸਿਖ ਸੇਵਕ ਕੇ ਮੀਤ ॥੯੦॥

ਚੌਪਈ:

'ਚੋਣੀ ! ਬਚਨ ਰੁਚਿਰ ਤੈਂ ਕਹੇ।
ਸੌਂਜ ਤਿਆਰ ਕਰਹੁ ਹਮ ਰਹੇ।
ਕਰਹਿਂ ਸ਼ਰਾਧ ਅਸ਼ਟਮੀ ਬਾਸੁਰ।
ਪੁਨ ਨੌਮੀ ਦਿਨ ਸਗਰੋ ਰਹਿ ਕਰਿ ॥੯੧॥
ਦਸਮੀ ਕੇ ਦਿਨ ਹੋਇ ਤਯਾਰੀ।
ਰਾਖਹੁ ਸੌਂਜ ਉਠਾਵਹੁ ਸਾਰੀ।'
ਕੁਸ਼ਾ ਗੁਲਾਬ ਪਟੀਰ[1] ਉਚਾਏ। [1]ਚੰਦਨ।
ਰਖਵਾਏ ਸਭਿ ਹੀ ਇਕ ਥਾਏਂ ॥੯੨॥
ਇਸ ਬਿਧਿ ਸੁਨਿ ਕੈ ਸਭਿ ਨਰ ਨਾਰੀ।
ਹਰਖੇ ਰਿਦੇ ਭਯੋ ਸੁਖ ਭਾਰੀ।
ਧੰਨ ਧੰਨ ਅਰ ਜੈ ਜੈ ਕਾਰਾ।
ਹੋਤਿ ਭਯੋ ਤਿਹਕਾਲ ਅਪਾਰਾ ॥੯੩॥

ਦੋਹਰਾ:

ਸੋਖ ਬਾਰਿ ਬਾਰਜ ਦੁਖੀ, ਬਰਖਯੋ ਮਾਨਹੁ ਬਾਰਿ[1]।
ਕਹਹਿਂ ਪਰਸਪਰ ਮਿਲਿ ਤਬਹਿ, 'ਦਰਸ ਕਰਹਿਂ ਦਿਨ ਚਾਰ' ॥੯੪॥

[1]ਜਲ ਸੁੱਕ ਜਾਣ ਤੇ ਦੁਖੀ ਕਮਲ ਪਰ ਜਿਵੇਂ ਮੀਂਹ ਵੱਸ ਪਵੇ।

ਚੌਪਈ:

ਰਹਤਿ ਭਏ ਸਭਿ ਪੁਰਿ ਕਰਤਾਰਾ।
ਸ਼ਬਦ ਪਢਹਿਂ ਪੁਨ ਕਰਤਿ ਬਿਚਾਰਾ।
ਦੇਖਤਿ ਸਫਲ ਕਰਹਿਂ ਨਿਜ ਲੋਚਨ।
ਪਾਵਹਿਂ ਸੁਖ ਭੇ ਸੰਕਟ ਮੋਚਨ[1] ॥੯੫॥

[1]ਦੁਖ ਨਾਸ ਹੋਏ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਮੋਂ ਅਧ੍ਯਾਯ ॥੫੪॥

## ੫੫. [ਗੁਰੁ ਭਜਨ ਮਹਾਤਮ। ਗੁਰੂ ਸਤੋਤ੍ਰ। ਸਮਾਵਣ ਦੀ ਤਿਆਰੀ]

੫੪<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੬

{ਪਿਤਾ ਨਮਿਤ ਸ਼੍ਰਾਧ} ॥੬..॥
{ਸੁਲੱਖਣੀ ਜੀ ਪਹੁੰਚੇ} ॥੫੨..॥

ਦੋਹਰਾ:

ਅਹੰ ਬੀਜ ਮਮਤਾ ਸ਼ਿਫਾ, ਰਾਗ ਦ੍ਵੈਖ ਬਡ ਟਾਸ।
ਜਗ ਦਲ ਦੁਖ ਸੁਖ ਫਲ ਲਗੇ, ਗੁਰ ਭਜਿ ਹੋਇ ਬਿਨਾਸ਼ ॥੧॥

ਅਹੰ=ਮੈਂ, ਮੈਂ ਪੁਨਾ, ਅਹੰਤਾ। ਮਮਤਾ=ਮੇਰਾ ਪਨਾ, ਮੱਮਤ੍ਵ। ਸ਼ਿਫਾ=ਜੜ੍ਹ, ਜੜ੍ਹ ਜੋ ਜਾਲੇ ਵਾਂਙੂ ਫੈਲਾਈ ਹੈ। ਸੰਸ: ਸ਼ਿਫਾ] (ਅ) ਜੇ ਇਸ ਦਾ ਮੂਲ ਸੰਸਕ੍ਰਿਤ ਪਦ 'ਸ਼ਿੰਬਾ' ਹੋਵੇ ਤਾਂ ਅਰਥ ਹੈ ਫਲੀ (ੲ) ਪਾਠਾਂਤ੍ਰ ਲਿਖਤ ਵਿਚ ਕਿਤੇ ਕਿਤੇ 'ਸਿਟੇ' ਭੀ ਹੈ, ਸਿੱਟੇ ਜੋ ਕਣਕ ਆਦ ਨੂੰ ਫਲ ਪੈਂਦੇ ਹਨ। ਰਾਗ=ਪਿਆਰ। ਦ੍ਵੈਖ=ਵੈਰ। ਟਾਸ=ਟਾਹਣ। ਦਲ=ਪੱਤੇ।

ਅਰਥ:

ਅਹੰਤਾ (ਰੂਪੀ) ਬੀਜ ਹੈ, ਮਮਤਾ (ਰੂਪੀ) ਜੜ੍ਹ ਹੈ, ਰਾਗ ਦ੍ਵੈਖ ਵਡੇ ਟਾਹਣ ਹਨ, ਜਗਤ (ਵਿਚ ਦਿੱਸ ਰਹੇ ਜੀਵ) ਪੱਤੇ ਹਨ, ਦੁਖ ਸੁਖ (ਇਨ੍ਹਾਂ ਪਤਿਆਂ ਦੇ ਵਿਚ) ਫਲ ਲੱਗੇ ਹਨ (ਜਿਸ ਅੱਗਜਾਨ ਰੂਪੀ ਬ੍ਰਿੱਛ ਨੂੰ, ਹੇ ਮਨ) ਗੁਰੂ ਨੂੰ ਭਜ (ਜੋ ਇਸ ਦਾ) ਨਾਸ਼ ਹੋਵੇ।

ਚੌਪਈ:

ਸਪਤਮਿ ਬਾਸੁਰ[1] ਸਗਰੋ ਐਸੇ।
ਬੀਤ ਗਯੋ ਬਰਨਨ ਕਿਯ ਜੈਸੇ।
ਗ੍ਰਾਮਨ ਕੇ ਨਰ ਜੋ ਤਹਿਂ ਗਏ।
ਪੁਰਿ ਕਰਤਾਰ ਰਹਤਿ ਸੋ ਭਏ ॥੨॥
ਰੈਨ ਬਿਖੇ ਡੇਰਾ ਕਰਿ ਸੋਏ।
ਜਿਨ ਮਨ ਦਰਸ਼ਨ ਪ੍ਰੇਮ ਭਿਗੋਏ।
ਸਵਾ ਜਾਮ ਜਾਮਨਿ ਰਹਿ ਜਬਿ ਹੀ।
ਸਭਿਨਿ ਸ਼ਨਾਨ ਕਿਯੋ ਉਠਿ ਤਬਿ ਹੀ ॥੩॥
ਬਹੁਰ ਬਿਲੋਕਹਿਂ ਸਤਿਗੁਰ ਤਾਈਂ।
ਪਦ ਪੰਕਜ ਪਰ ਸੀਸ ਝੁਕਾਈ।
ਕਿਰਤਨ ਸੁਣਹਿਂ ਏਕ ਮਨ ਹੋਈ।
ਰਿਦੇ ਬਿਕਾਰ ਨ ਬਜਾਪੇ ਕੋਈ ॥੪॥
ਅਸ਼ਟਮਿ ਦਿਵਸ[1] ਪ੍ਰਕਾਸ਼ਜੋ ਭਾਨਾ[2]।
ਭੋਜਨ ਭੇ ਤਯਾਰ ਬਿਧਿ ਨਾਨਾ।
ਧਰਮਸਾਲ ਤੇ ਉਠਿ ਸੁਖਰਾਸਾ।
ਗਏ ਸੁਲਖਣੀ ਕੇਰ ਅਵਾਸਾ ॥੫॥

[1]ਸਪਤਮੀ ਦਾ ਦਿਨ।

[1]ਅਸ਼ਟਮੀ ਵਾਲੇ ਦਿਨ। [2]ਸੂਰਜ ਚੜ੍ਹਿਆ।

†ਪਿਛਲੇ ਪੰਨੇ ਤੇ ਦੱਸ ਆਏ ਹਾਂ ਕਿ ਇਹ ਪ੍ਰਸੰਗ ਹਿੰਦਾਲੀਆਂ ਦੀ ਕ੍ਰਿਪਾ ਹੈ। ਅਸਲੀ ਨਹੀਂ, ਕਵਿ ਜੀ ਦੇ ਜੀ ਵਿਚ ਬੀ ਖਟਕ ਰਹੀ ਹੈ ਕਿ ਇਹ ਗੱਲ ਦਰੁਸਤ ਨਹੀਂ, ਜੋ ਉਹਨਾਂ ਦੀ ਇਸ ਤੁਕ ਤੋਂ ਸਪੱਸ਼ਟ ਹੈ:-ਲੀਲ੍ਹਾ ਕਰਹੀਂ ਨਰਕ ਨਿਵਾਰਨ। (ਅੰਕ ੭) ਆਪ ਮੰਨ ਰਹੇ ਹਨ ਕਿ-ਪ੍ਰਾਪਤਿ ਮੁਕਤਿ ਲੇਇ ਜਨ ਨਾਮੂ। ਤਾਹਿੰ ਸ਼੍ਰਾਧ ਕਜਾ ਕਰਿਬੇ ਕਾਮੂ। (ਅੰਕ ੬)। ਸਭ ਤੇ ਵਡੀ ਉਗਾਹੀ ਸ੍ਰੀ ਗੁਰੂ ਜੀ ਦੀ ਆਪਣੀ ਬਾਣੀ ਹੈ ਜੋ ਐਉਂ ਫੈਸਲਾ ਕਰਦੀ ਹੈ-ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥

ਬਿਧਿ ਸੋਂ ਲਗੇ ਕਰਾਵਨ ਸ਼੍ਰਾਧੂ†।

{ਪਿਤਾ ਨਮਿਤ ਸ਼੍ਰਾਧ}

ਭਜਹਿਂ ਸਾਧੁ ਜਿਹ† ਪਰਮ ਅਗਾਧੂ। †ਪਾ:-ਜਿਹ ਮਧ ਰਾਜਹਿਂ।
ਪ੍ਰਾਪਤਿ ਮੁਕਤਿ ਲੇਇ ਜਿਨ ਨਾਮੂ।
ਤਾਂਹਿ ਸ਼੍ਰਾਧ ਕਜਾ ਕਰਿਬੇ ਕਾਮੂ ॥੬॥
ਤੱਦਜਪਿ ਨਰ ਮਿਰਯਾਦਾ ਪਾਰਨ[1]। [1]ਪਾਲਣ ਲਈ।
ਲੀਲ੍ਹਾ ਕਰਿਹੀਂ ਨਰਕ ਨਿਵਾਰਨ।
ਹੁਤੀ ਸ਼੍ਰਾਧ ਕੀ ਬਿਧਿ ਜੋ ਸਾਰੀ।
ਭਲੀ ਪ੍ਰਕਾਰ ਕੀਨਿ ਅਘਹਾਰੀ[1] ॥੭॥ [1]ਪਾਪ ਨਾਸ਼ਕ ਗੁਰੂ ਜੀ ਨੇ।
ਉਠਿ ਪੁਨ ਗਮਨੇ ਦੇਗ਼ ਸਥਾਨਾ।
ਸਰਬ ਬਿਲੋਕੇ ਭੋਜਨ ਨਾਨਾ†। †ਪਾ:-ਚਉਂਕਾ ਠਾਨ ਸੁੰਦਰ ਅਸਥਾਨਾ। ਸਰਬ ਬੋਲ ਕੈ ਦਿਜਨ ਬਖਾਨਾ।
ਠੌਰ ਠੌਰ ਨਰ ਭੇਜਿ ਬੁਲਾਏ।
ਸੁਨਿ ਆਇਸੁ ਸਭਿ ਹੀ ਚਲਿ ਆਏ ॥੮॥
ਪੰਡਿਤ ਸੰਨਯਾਸੀ ਬੈਰਾਗੀ।
ਜੋਗੀ ਪੁਨ ਆਏ ਬਡਭਾਗੀ।
ਅਵਰ ਭੇਖ ਕੇਤਿਕ ਤਹਿਂ ਆਏ†। †ਕਵਿ ਜੀ ਕਰਤਾਰ ਪੁਰ ਨੂੰ ਮਾਨੋ ਕਾਂਸ਼ੀ ਵਰਣਨ ਕਰ ਰਹੇ ਹਨ, ਜੋ ਅਜੇ ਨਿੱਕੀ ਜੇਹੀ ਬਸਤੀ ਸੀ, ਰੌਣਕ ਅਪਾਰ ਸੀ ਪਰ ਆਣ ਜਾਣ ਵਾਲੀਆਂ ਸੰਗਤਾਂ ਦੀ।
ਸਭਿ ਗੁਰ ਪਾਂਤਹਿ ਪਾਂਤਿ[1] ਬਸਾਏ ॥੯॥ [1]ਪੰਗਤੀਆਂ ਲੁਆ ਕੇ।
ਚਾਰ ਬਰਨ ਹਿੰਦੂ ਤਿਹ ਥਾਈਂ।
ਭਿੰਨ ਭਿੰਨ ਸਭਿ ਦੀਨ ਬਿਠਾਈ।
ਮਿਲੇ ਬਹੁਤ ਸਿੱਖ ਸੇਵਕ ਬ੍ਰਿੰਦਾ।
ਪਾਂਤਿ ਬਸਾਈ[1] ਸ਼੍ਰੀ ਸੁਖਕੰਦਾ ॥੧੦॥ [1]ਪੰਗਤਾਂ ਬਿਠਾਈਆਂ।
ਆਇਸੁ ਦੀਨ ਅਰਾਲਕ[1] ਤਾਈਂ। [1]ਰਸੋਈਏ।
'ਪ੍ਰਥਮੇ ਸੱਤਿਨਾਮ ਮੁਖ ਗਾਈ।

ਸਭਿ ਕੋ ਦਿਹੁ ਅਹਾਰ ਬਰਤਾਈ।
ਜੇ ਕੋ ਚਹੈ ਸੁ ਦਿਹੁ ਪਹੁਂਚਾਈ' ॥੧੧॥
ਉਚੇ ਥਲ ਪਰ ਬੈਠੇ ਸ੍ਵਾਮੀ।
ਸਭਿਨਿ ਬਿਲੋਕਤਿ ਅੰਤਰਜਾਮੀ!
ਪ੍ਰੋਸਨ ਲਗੇ[1] ਅਹਾਰ ਘਨੇਰਾ। [1]ਪਰੋਸਨ ਲਗੇ।
ਬਹੁਤ ਰਸੋਈਏ ਹ੍ਵੈ ਬਿਨ ਦੇਰਾ ॥੧੨॥
ਏਕ ਬਾਰ ਦੇ ਆਵਹਿਂ ਜਾਂਹੀ।
ਬਹੁਰ ਨ ਜਾਚਨ ਕੀ ਰਹਿ ਚਾਹੀ।
ਜਹਿਂ ਮਾਨਵ ਕੀ ਗਿਨਤੀ ਨਾਂਹੀ।
ਸਭਿਨਿ ਦੀਨ, ਕੋ ਛੂਛ ਨ ਆਹੀ ॥੧੩॥
ਪੰਚਾਂਮ੍ਰਿਤ[1] ਕਚੌਰੀ ਪੂਰੀ। [1]ਕੜਾਹ।
ਪਾਇਸ[1] ਪੂਪ[2] ਸਾਦ ਜਿਨ ਭੂਰੀ[3]। [1]ਖੀਰ। [2]ਪੂੜੇ। [3]ਬੜੇ ਸੁਆਦ ਵਾਲੇ।
ਸਿਤਾ[1] ਘ੍ਰਿੱਤ ਬਹੁ ਊਪਰ ਪਾਏ। [1]ਖੰਡ।
ਦਧਿ[1] ਸਲਵਨ[2] ਨੀਕੇ ਮਨ ਭਾਏ ॥੧੪॥ [1]ਦਹੀਂ। [2]ਸਲੂਣੇ।
ਸੂਖਮ ਚਾਵਰ ਪਹਿਤ[1] ਜੁ ਚਾਹੀ। [1]ਦਾਲ।
ਤੁਰਤ ਪੁਚਾਵਹਿਂ ਸਭਿ ਕੇ ਪਾਹੀ।
ਭਜੋ ਅਹਾਰ ਅਖੁਟ ਸਭਿ ਭਾਂਤੀ।
ਬਿਸਮ ਭਏ ਗਤਿ ਕਿਨੈ ਨ ਜਾਤੀ ॥੧੫॥
ਸਰਬ ਅਘਾਇ ਉਠੇ ਜਿਹ ਕਾਲਾ।
ਕਹਜੋ ਅਰਾਲਕ[1] ਸੰਗ ਕ੍ਰਿਪਾਲਾ। [1]ਰਸੋਈਆ
'ਲੇਹੁ ਅਚਵ ਅਬਿ ਆਪ ਅਹਾਰਾ।
ਬਹੁਰ ਦੇਗ ਕੀ ਕੀਜੈ ਕਾਰਾ ॥੧੬॥
ਜਾਮ ਜਾਮਨੀ ਲੌਂ[1] ਜੋ ਕੋਈ। [1]ਪਹਿਰ ਰਾਤ ਬੀਤੀ ਤਕ।
ਆਵਹਿ ਜੇ, ਅਚਵਾਉ[1] ਰਸੋਈ।' [1]ਛਕਾਓ।
ਅਸ ਕਹਿ ਧਰਮਸਾਲ ਪ੍ਰਭੁ ਆਏ।
ਬੈਠੇ ਨਰ ਦਰਸਹਿਂ ਸੁਖ ਪਾਏ ॥੧੭॥
ਦੂਰ ਦੂਰ ਲੌਂ ਸੁਧ ਅਸ ਹੋਈ।
'ਲਗੇ ਸਮਾਵਨ ਜਗ ਗੁਰ ਜੋਈ।'
ਸੁਨਿ ਸੁਨਿ ਧਨੀ ਸ਼ਾਹ ਜੇ ਰਾਜਾ।
ਤੂਰਨ ਆਵਹਿਂ ਤਜਿ ਤਜਿ ਕਾਜਾ ॥੧੮॥

ਹਿੰਦੂ ਤੁਰਕ ਸੁਨਹਿ ਜੇ ਕੋਈ।
ਆਵਹਿ ਧਾਇ ਦੇਖਿ ਹੈ ਸੋਈ।
ਪਾਰਸ ਲੇਨਿ ਰੰਕ[1] ਜਿਮ ਦੌਰੇ।
ਆਵਹਿਂ ਮਗ ਗੁਰ ਕੇ ਚੌਫੇਰੇ ॥੧੯॥

[1]ਕੰਗਾਲ।

ਨਰ ਨਾਰੀ ਉਰ ਧਾਰਿ ਹੁਲਾਸੁ।
ਭੇ ਬਿਰਕਤ ਸਮ ਤਜੇ ਅਵਾਸੁ[1]।
ਗ੍ਰਾਮ ਨਗਰ ਜਹਿਂ ਤਹਿਂ ਸੁਧ ਹੋਈ।
ਟੋਨਾ ਕਰਿ ਮੋਹੇ ਜਨੁ ਸੋਈ[1] ॥੨੦॥

[1]ਵਿਰਕਤਾਂ ਵਾਂਙੂੰ ਛੱਡਕੇ ਘਰਾਂ ਨੂੰ।

[1]ਮਾਨੋਂ ਟੂਣੇ ਨਾਲ ਮੋਹਿਤ ਹੋਏ ਹੋਏ ਹਨ (ਦਰਸ਼ਨਾਂ ਵਾਸਤੇ), ਭਾਵ ਅਧਿਕਤਾ ਤੋਂ ਹੈ।

ਬਰਜੇ ਰਹੈਂ ਨ ਕਿਸੂ ਪ੍ਰਕਾਰਾ।
ਆਵਹਿਂ ਗਮਨੇ ਪੁਰਿ ਕਰਤਾਰਾ।
ਜਿਨ ਕੋ ਸ਼ਕਤਿ ਚਲਨ ਮਗ ਨਾਂਹੀ।
ਦੁਰਬਲ[1] ਅੰਗਹੀਨ ਜੋ ਆਹੀਂ ॥੨੧॥

[1]ਕਮਜ਼ੋਰ।

ਦੋਹਰਾ:
ਬਾਤ ਸੁਨਹਿਂ ਜਿਸ ਨਿਕਟ ਤੇ, ਸ਼੍ਰਵਨ ਦੁਆਰਾ ਸੋਇ।
ਪਾਵਤਿ ਬਲ ਜਨੁ[1] ਤਨ ਬਿਖੈ, ਚਲਨ ਹਰਖ ਮਨ ਹੋਇ ॥੨੨॥

[1]ਜਾਣ ਲਓ, (ਅ) ਮਾਨੋਂ।

ਚੌਪਈ:
ਬਿਦਤ ਭਈ ਸੁਧ ਜਹਿਂ ਤਹਿਂ ਸਾਰੇ।
-ਲਗੇ ਤਜਿਨਿ ਤਨ ਪ੍ਰਥਮ ਉਚਾਰੇ[1]-।
ਜਿਹ ਜਿਹ ਸੁਨੀ, ਸ਼ਕਤਿ ਜਿਹ ਆਵਨ।
ਧਾਏ ਨਿਰ ਨਿਜ ਦੋਖ ਨਸਾਵਨ ॥੨੩॥

[1]ਭਾਵ ਪਹਿਲਾਂ ਕਹਿ ਦਿੱਤਾ ਨੇ ਕਿ ਅਸਾਂ ਹੁਣ ਸਰੀਰ ਛੱਡ ਦੇਣਾ ਹੈ।

ਸ਼੍ਰੀ ਮੁਖਿ ਸੋਂ ਅਸ ਆਇਸੁ ਹੋਈ।
'ਦੇਗ ਅਹਾਰ ਅਚੈ ਸਭਿ ਕੋਈ।
ਨੀਚ ਕਿ ਊਚ ਰਾਇ[1] ਕੈ ਰਾਨਾ।
ਭੋਜਨ ਖਾਇਂ ਦੇਗ ਤੇ ਨਾਨਾ ॥੨੪॥

[1]ਰਾਜਾ।

ਅਪਨਾ[1] ਕੋ ਨ ਕਰਹਿ ਪੁਰਿ ਆਏ[2]।'
ਸੁਨਿ ਸਿੱਖਨ ਸਭਿਹੂੰਨ ਸੁਨਾਏ[1]।
ਅਸ਼ਟਮਿ ਦਿਵਸ ਬਿਤੀਤਯੋ ਸੋਈ।
ਸ਼੍ਰੀ ਗੁਰ ਨਿਕਟਿ ਭੀਰ ਬਹੁ ਹੋਈ ॥੨੫॥

[1]ਭਾਵ ਆਪਣਾ ਭੋਜਨ। [2]ਭਾਵ ਕਰਤਾਰ ਪੁਰ ਆਕੇ।

[1]ਸਿੱਖਾਂ ਸੁਣ ਕੇ ਸਭਨਾਂ ਨੂੰ ਸੁਣਾਈ ਇਹ ਗੱਲ।

ਏਕ ਸਹਸ ਦੋ ਸਹਸ ਕੇ ਟੋਲਾ।
ਆਇ ਹਟਹਿਂ ਕਰਿ ਦਰਸ ਅਮੋਲਾ।
ਮਿਲਹਿਂ ਪਰਸਪਰ ਸੁਜਸ ਸੁਨਾਵਹਿਂ।
'ਸ਼੍ਰੀ ਨਾਨਕ! ਸ਼੍ਰੀ ਨਾਨਕ!!' ਗਾਵਹਿਂ ॥੨੬॥
ਜੈ ਜੈਕਾਰ ਜਹਾਂ ਤਹਿਂ ਹੋਵਤਿ।
ਮਾਨਹੁ ਕੁਕਰਮਨਿ ਕੀ ਮਲ ਧੋਵਤਿ।
ਦੇਖਹਿਂ ਕਰੁਨਾ ਦ੍ਰਿਸ਼ਟਿ ਕ੍ਰਿਪਾਲਾ।
ਜਸ ਇੱਛਾ ਤਸ ਪੂਰਹਿਂ ਦਯਾਲਾ ॥੨੭॥
ਬਿੱਪ੍ਰ ਬੈਸ ਖੱਤ੍ਰੀ ਬਹੁ ਆਏ।
ਸ਼ੂਦਰ ਤੁਰਕ ਭੀਰ ਧਰਿ ਭਾਏ।
ਜੇ ਮੁਲਤਾਨ ਮਦੀਨੇ ਮਾਂਹੀ।
ਮੱਕੇ ਪੀਰ ਸ਼ਕਤਿ ਧਰਿ ਆਹੀਂ ॥੨੮॥
ਗੁਰ ਸੁਧ ਸੁਨਤਿ ਬੇਗ ਸੋ ਆਏ।
ਦਰਸ਼ਨ ਕਰਹਿਂ ਜਨਮ ਫਲ ਪਾਏ।
ਅੰਬੀਏ[1] ਬਹੁਰ ਔਲੀਏ[2] ਜੇਈ।
ਹੁਤੇ ਪਿਕੰਬਰ, ਆਏ ਤੇਈ ॥੨੯॥
ਸਭਿ ਕੋ ਆਇਸੁ ਖਾਨ ਅਹਾਰਾ।
ਬਰਤੈ ਦੇਗ ਸੁ ਪ੍ਰਥਮ ਪ੍ਰਕਾਰਾ।
ਜੱਦਪਿ ਅਨਗਨ ਮਾਨਵ ਭੀਰੰ।
ਤੋਟ ਨ ਆਵਤਿ ਭਈ ਗਹੀਰੰ[1] ॥੩੦॥
ਦੇਖਤਿ ਬਿਸਮੈਂ ਹ੍ਵੈ ਨਰ ਜਾਂਹੀ[†]।
ਇਤੋ ਅਹਾਰ ਆਇ ਕਿਸ ਥਾਈ[†]।
ਲਖਿ ਨ ਸਕੈਂ, ! ਸਭਿ ਕੀ ਮਤਿ ਹਾਰੀ।
'ਧੰਨ ਧੰਨ ਸ਼੍ਰੀ ਗੁਰੂ!' ਉਚਾਰੀ ॥੩੧॥
ਭੀਰ ਪ੍ਰਭੂ ਕੇ ਭਈ ਚੁਫੇਰੇ।
ਬੰਦਹਿਂ, ਜਾਨਹਿਂ -ਭਾਗ ਬਡੇਰੇ।
ਜਨਮ ਹਮਾਰੋ ਸਫਲੋ ਹੋਵਾ।
ਜਗ ਗੁਰੁ ਕੋ ਇਸ ਛਿਨ ਮੁਖ ਜੋਵਾ- ॥੩੨॥

ਛਪਯ ਛੰਦ:

[1]ਨਬੀ ਭਾਵ ਉਚੇ ਫਕੀਰਾਂ ਤੋਂ ਹੈ। [2]ਵਲੀ।

[1]ਦੇਗ) ਅਤੁਟ ਹੋ ਗਈ।

[†]ਪਾ:-ਹ੍ਵੈਂ ਨਰ ਨਾਰੀ।

[†]ਪਾ:-ਤਜਾਰੀ।

ਚਉਰਾਸੀ ਜੇ ਸਿੱਧ ਨਾਥ
ਨਉਂ ਜਤੀ ਮਿਲੇ ਤਬਿ।
ਸੁਧ ਸੁਨਿ ਸ਼੍ਰੋਨਨ ਬਿਖੈ
ਸੰਗ ਗੋਰਖ ਲੈ ਕੇ ਸਭਿ।
ਗਮਨ ਕੀਨ ਤਤਕਾਲ
ਆਇਗੇ ਪੁਰਿ ਕਰਤਾਰਾ।
ਦਰਸ਼ਨ ਕਰਿ ਹਰਖਾਏ
ਬਦਨ 'ਆਦੇਸ਼' ਉਚਾਰਾ।
ਪ੍ਰਭੁ ਜਥਾ ਜੋਗ ਸਨਮਾਨ ਕਰਿ
ਮ੍ਰਿਦੁਲ ਬਚਨ ਕਰਿ ਪਰਸਪਰ।
ਪੁਨ ਤਟ ਡੇਰਾ ਐਰਾਵਤੀ
ਕਰਜੋ ਰਿਦੇ ਆਨੰਦ ਭਰਿ ॥੩੩॥
ਤਿਹ ਅਨਮਿਖ† ਮੁਖ ਭਈ

†ਪਾ:-ਤਿਹ ਨਿਮਿਖ=ਓਹ ਹੀ ਵਕਤ (ਗੁਰੂ ਜੀ ਦੇ ਮੁਖੜੇ ਤੇ)।

ਅਰੁਨਤਾ ਜੋਤਿ ਪ੍ਰਕਾਸ਼ੀ[1]।

[1]ਅਨ ਮਿਖ। ਸੰਸ: ਅਨਿ ਮਿਖ=ਬਿਨਾਂ ਝਮਕੇ] ਇਕ ਟਕ ਬੰਨ੍ਹ ਕੇ (ਭਾਵ ਸਿੱਖ ਮੁਖ ਨੂੰ ਇਕ ਟਕ ਬੰਨ੍ਹਕੇ ਵੇਖਦੇ ਹਨ), ਗੁਰੂ ਜੀ ਦੇ ਮੁਖੜੇ ਤੇ ਲਾਲੀ ਵਾਲੀ ਜੋਤ ਪ੍ਰਕਾਸ਼ੀ, (ਜੈਸੇ ਕਿ) ਪ੍ਰਭਾਤ ਦਾ ਸੂਰਜ (ਲਾਲੀ) ਨਾਲ ਪ੍ਰਕਾਸ਼ਦਾ ਹੈ।

ਸਵਿਤਾ ਦਿਪਤ ਪ੍ਰਭਾਤਿ[1]

[1]ਅਨ ਮਿਖ। ਸੰਸ: ਅਨਿ ਮਿਖ=ਬਿਨਾਂ ਝਮਕੇ] ਇਕ ਟਕ ਬੰਨ੍ਹ ਕੇ (ਭਾਵ ਸਿੱਖ ਮੁਖ ਨੂੰ ਇਕ ਟਕ ਬੰਨ੍ਹਕੇ ਵੇਖਦੇ ਹਨ), ਗੁਰੂ ਜੀ ਦੇ ਮੁਖੜੇ ਤੇ ਲਾਲੀ ਵਾਲੀ ਜੋਤ ਪ੍ਰਕਾਸ਼ੀ, (ਜੈਸੇ ਕਿ) ਪ੍ਰਭਾਤ ਦਾ ਸੂਰਜ (ਲਾਲੀ) ਨਾਲ ਪ੍ਰਕਾਸ਼ਦਾ ਹੈ।

ਸਿੱਖ ਮੁਖ ਅਪਜ ਬਿਗਾਸੀ[1]।

[1]ਸਿੱਖਾਂ ਦੇ ਮੂੰਹ ਕਵਲ ਵਾਂਙੂ ਖਿੜੇ। ਅਪ+ਜ=ਕਵਲ]।

ਚਖ ਚਕੋਰ ਚਿਤਵੰਤਿ
ਚੰਦ੍ਰਮਾ ਚਾਰੁ ਬਦਨ ਛਬਿ[1]।

[1]ਸਿੱਖਾਂ ਦੇ) ਨੇਤ੍ਰ ਚਕੋਰ ਵਾਂਙੂ ਦੇਖਦੇ ਹਨ (ਗੁਰੂ ਜੀ ਦੇ) ਸੁਹਣੇ ਮੂੰਹ ਦੀ ਚੰਦ੍ਰਮਾਂ (ਵਰਗੀ) ਛਬੀ ਨੂੰ।

ਦਰਸ਼ਨ ਕਰਿ ਸੁਖ ਪਾਇ ਰਹੇ
ਬਿਸਮਾਇ ਰਿਦੇ ਸਭਿ।
ਇਸ ਬਿਧਿ ਪ੍ਰਤਾਪ ਅਦਭੁਤ ਭਯੋ
ਕਹਿ ਨ ਜਾਇ ਕਵਿ ਅਲਪ ਮਤਿ।
ਸਭਿ ਅਹਿਪਤ[1], ਗਣਪਤਿ[2], ਸਾਰਦਾ[3]
ਲਖਿ ਨ ਸਕਹਿਂ ਜਿਹ ਅਲੁਖ ਗਤਿ

[1]ਸ਼ੇਸ਼ਨਾਗ। [2]ਗਣੇਸ਼। [3]ਸਰਸ੍ਵਤੀ।

॥ ੩੪ ॥

ਨੌਮੀ ਕੇ ਦਿਨ ਅਮਰ
ਧਰੇ ਮਾਨੁਖ ਤਨ[1] ਆਏ। — [1]ਮਾਨੁਖ ਤਨ ਧਾਰਕੇ।
ਇੰਦ੍ਰ, ਚੰਦ੍ਰ, ਦਿਨਿੰਦ
ਪੌਨ ਅਲਕਿੰਦ੍ਰ[1] ਸੁਹਾਏ। — [1]ਅਲਕਾ ਪੁਰੀ ਦਾ ਮਾਲਕ ਭਾਵ) ਕੁਬੇਰ।
ਬ੍ਰਿਹਸਪਤਿ, ਜਲਪਤਿ[1], ਜਯੰਤ[2] ਅਪਰ — [1]ਵਰੁਣ। [2]ਇੰਦਰ ਦਾ ਪੁਤ੍ਰ ਉਪੇਂਦ੍ਰ। (ਅ) ਰੁਦ੍ਰ।
ਇਤਿਆਦਿਕ ਸਭਿ ਹੀ।
ਤੇਤਿਸ ਕੋਟ ਸਮੂਹ ਆਨ
ਪਹੁੰਚਤਿ ਭੇ ਤਬਿ ਹੀ।
ਪੁਨਿ ਚਤੁਰ ਬੇਦ ਨਿਜ ਰੂਪ ਧਰਿ
ਪ੍ਰਗਟ ਭਏ ਕਰਤਾਰਪੁਰਿ।
ਮਿਲਿ ਅਨਿਕ ਭਾਂਤਿ ਉਸਤਤਿ ਭਨਹਿਂ
ਅਤਿ ਉਤਸਵ ਕਰ ਹਰਖ ਉਰ† ॥ ੩੫ ॥

†ਇਥੇ ਕਵਿ ਜੀ ਦੀ ਇਸ਼ਟਪਤੀ ਯਾਦ ਰਖਣ ਵਾਲੀ ਹੈ, ਪਹਿਲੇ ਦੱਸ ਆਏ ਹਨ ਕਿ ਸਾਰੇ ਨਬੀ, ਵਲੀ, ਫਕੀਰ, ਪੀਰ; ਹੁਣ ਦੱਸਦੇ ਹਨ, ਸ਼ੇਸ਼ ਨਾਗ, ਗਣੇਸ਼, ਸਰਸ੍ਵਤੀ, ਇੰਦਰ, ਚੰਦ, ਸੁਰਜ, ਪੌਣ, ਕੁਬੇਰ, ਬ੍ਰਹਸਪਤ, ਵਰੁਣ, ਉਪੇਂਦ੍ਰ, ਤੇਤੀ ਕਰੋੜ ਦੇਵਤੇ, ਤੇ ਚਾਰੋਂ ਵੇਦ (ਮਨੁਖ ਰੂਪ ਧਾਰਨ ਕਰਕੇ) ਸਾਰੇ ਆਏ ਤੇ ਸਤਿਗੁਰ ਦਾ ਸਤੋਤ੍ਰ ਗਾਉਣ ਲੱਗੇ ਜੋ ਅਗੇ ਦੇਂਦੇ ਹਨ। ਇਥੇ ਆਪ ਨੇ ਸਫੁਟ ਦਸ ਦਿੱਤਾ ਹੈ ਕਿ ਸਭਨਾਂ ਦੇਵੀ ਦੇਵਤਾ, ਵਲੀ, ਫਕੀਰ, ਵੇਦ ਆਦਿ ਨੂੰ ਸਤਿਗੁਰਾਂ ਦਾ ਯਸ਼ ਕਰਨ ਵਾਲੇ ਸ਼ਰਧਾਲੂ ਦੀ ਪਦਵੀ ਆਪ ਦੇਂਦੇ ਹਨ, ਗੁਰੂ ਜੀ ਸਭਨਾਂ ਤੋਂ ਉੱਚੇ ਹਨ।

ਨਰਾਜ ਛੰਦ: — [1]ਨਮਸਕਾਰ ਹੈ।

'ਨਮਸਤ[1] ਆਦਿ ਰੂਪਣੰ
ਸਮਸਤ ਮੈਂ[1] ਬਿਰਾਜਿ ਹੀ। — [1]ਆਦਿ ਰੂਪ ਨੂੰ ਜੋ ਸਭਨਾਂ ਵਿਚ।
ਮਯੰਕ ਮਾਂਹਿ ਕ੍ਰਾਂਤਿ
ਮਾਰਤੰਡ ਦੀਪ ਛਾਜਿਹੀ[1]। — [1]ਚੰਦ ਵਿਚ ਕ੍ਰਾਂਤੀ (ਸੁੰਦਰਤਾ ਤੁਸੀਂ ਹੋ) ਸੂਰਜ ਵਿਚ ਪ੍ਰਕਾਸ਼ (ਹੋ ਕੇ ਤੁਸੀਂ) ਫਬ ਰਹੇ ਹੋ।

ਸੰਪਦ ਮੈਂ ਪ੍ਰਭੰ ਜਨੰ
ਜਲੰ ਦ੍ਰਵੰਤਿ ਰੂਪ ਹੋ[1]। — [1]ਪ੍ਰਭੰਜਨ) ਵਾਯੂ ਵਿਚ (ਆਪ) ਵੇਗ (ਰੂਪ ਹੋ), ਜਲ ਵਿਚ (ਆਪ) ਦ੍ਰਵਣ (ਵਹਿਣ) ਰੂਪ ਹੋ।

ਅਕਾਸ਼ ਮੈਂ ਵਿਕਾਸ਼ ਤੂੰ
ਧਰਾ ਧ੍ਰਿਤੀ ਅਨੂਪ ਹੋ[1] ॥ ੩੬ ॥ — [1]ਅਕਾਸ਼ ਵਿਚ (ਤੁਸੀਂ) ਫੈਲਾਵ ਰੂਪ ਹੋ, ਧਰਤੀ ਵਿਚ ਅਚਰਜ ਧੀਰਜ (ਯਾ ਟਿਕਾਉ) ਰੂਪ ਹੋ।

ਸੁ ਤੇਜ ਮੈਂ ਹੁਤਾਸਨੰ
ਸਮੁੰਦ੍ਰ ਮੈ ਗੰਭੀਰਤਾ[1]। — [1]ਅਗਨੀ ਵਿਚ ਤੇਜ (ਰੂਪ ਹੋ) ਸਮੁੰਦਰ ਵਿਚ ਗੰਭੀਰਤਾ (ਰੂਪ ਹੋ)।

ਸੰਤੋਖ ਬਿੱਪ੍ਰ ਬ੍ਰਿੰਦ

| | |
|---|---|
| ਜੇ ਛੱਤ੍ਰੀਨ ਬੀਚ ਬੀਰਤਾ[1]। | [1]ਸਾਰੇ ਬ੍ਰਹਮਣਾਂ ਵਿਚ ਸੰਤੋਖ (ਰੂਪ ਹੋ) ਤੇ ਛੱਤ੍ਰੀਆਂ ਵਿਚ ਬੀਰਤਾ (ਰੂਪ ਹੋ)। |
| ਮਝਾਰ ਬੈਸ਼ ਬਾਨਜੰ<br>ਸੁ ਸੇਵ ਸ਼ੂਦ੍ਰ ਵਾਨਯੰ[1]। | [1]ਵੈਸ਼ਾਂ ਵਿਚ ਵਣਜ ਰੂਪ ਹੋ, ਸ਼ੂਦਰਾਂ ਵਿਚ (ਸੇਵ ਵਾਣਯੰ) ਸੇਵਾ ਰੂਪ ਹੋ। |
| ਭਿਖਾਰਿ ਮਾਹਿ ਜਾਚਨਾ<br>ਦਤਾਰ ਮਾਂਹਿ ਦਾਨਯੰ[1] ॥੩੭॥ | [1]ਭਿਖਾਰੀਆਂ ਵਿਚ ਮੰਗ (ਤੇ) ਦਾਤਿਆਂ ਵਿਚ ਦਾਨ ਰੂਪ ਹੋ। |
| ਨਰੇਸ਼ ਮੈਂ ਨਰੇਸ਼ਤਾ<br>ਸੁ ਰੰਕ ਮਾਂਹਿ ਰੰਕਤਾ[1]। | [1]ਰਾਜਿਆਂ ਵਿਚ ਰਾਜ (ਰੂਪ ਹੋ) ਕੰਗਾਲਾਂ ਵਿਚ ਗ਼ੀਬੀ (ਰੂਪ ਹੋ)। |
| ਸਥਾਵਰੋ ਸਥਿਰਤਤਾ<br>ਚਰੀ ਬਿਖੈ ਚਰੰਤਤਾ[1]। | [1]ਸਥਾਵਰ (=ਨਾ ਟੁਰਨ ਵਾਲੇ, ਪੱਥਰ ਬ੍ਰਿੱਛ ਆਦਿ) ਵਿਚ ਟਿਕਾਉ (ਤੇ) ਚੱਲਣ ਵਾਲਿਆਂ ਵਿਚ ਚਾਲ (ਰੂਪ ਹੋ)। |
| ਕ੍ਰਿਪਾਲ ਮੈਂ ਦਯਾ ਸਰੂਪ<br>ਕ੍ਰੂਰਮੈ ਸੁ ਕ੍ਰੂਰਤਾ[1]। | [1]ਕ੍ਰਿਪਾਲੂ ਵਿਚ ਕ੍ਰਿਪਾ, ਤੇ ਕਠੋਰ ਵਿਚ ਕਰੜਾਈ ਰੂਪ ਹੋ। |
| ਕਿ ਊਨ ਮਾਹਿ ਊਨਤਾ<br>ਸੰਪੂਰਨੰ ਸਪੂਰਤਾ[1] ॥੩੮॥ | [1]ਊਣਿਆਂ ਵਿਚ ਊਣਤਾ, ਸੰਪੂਰਨ ਵਿਚ ਪੂਰਨਤਾ (ਰੂਪ ਹੋ)। |
| ਸਮੂਹ ਮੈ ਸਮੂਹ ਰੂਪ<br>ਬੀਜ ਬੀਚ ਬੀਜਤਾ[1]। | [1]ਸਮੂਹ ਵਿਚ ਤੁਸੀਂ ਸਾਰਾਪਨ, (ਤੇ) ਬੀਜ ਵਿਚ ਬੀਜਤਾਈ (ਪੁੰਗਰਣ) ਰੂਪ ਹੋ। |
| ਸਰੋਸ ਮਾਂਹਿ ਰੋਸਤਾ<br>ਪ੍ਰਸੀਜ ਮੈਂ ਪ੍ਰਸੀਜਤਾ[1]। | [1]ਗੁਸੈਲਾਂ ਵਿਚ ਗੁੱਸਾ ਰੂਪ ਹੋ (ਤੇ) ਪ੍ਰਸੰਨਾਂ ਵਿਚ ਪ੍ਰਸੰਨਤਾ ਰੂਪ ਹੋ। |
| ਤਪੀ ਬਿਖੈ ਤਪੰਤਤਾ<br>ਪ੍ਰਕਾਸ਼ ਮੈਂ ਪ੍ਰਕਾਸ਼ਤਾ[1]। | [1]ਤਪੀਆਂ ਵਿਚ ਤਪੱਸਯਾ (ਤੇ) ਪ੍ਰਕਾਸ਼ ਵਾਲਿਆਂ ਵਿਚ ਪ੍ਰਕਾਸ਼ਤਾ (ਰੂਪ ਹੋ)। |
| ਜਿ ਤੱਤ ਗਯਾਤ ਮਾਨਵੰ<br>ਸੁ ਤਾਂਹਿ ਐਸ ਭਾਸਤਾ[1] ॥੩੯॥ | [1]ਜੋ ਤੱਤ ਗਿਆਨ ਵਾਲੇ ਮਨੁੱਖ ਹਨ ਉਹਨਾਂ ਨੂੰ ਐਉਂ ਭਾਸਦਾ ਹੈ- |
| ਪ੍ਰਭੂ ਸਮਸਤ ਲੋਕ ਕੇ<br>ਸਮਸਤ ਕੇਰ ਕਾਰਣੰ[1]। | [1](ਕਿ ਤੁਸੀਂ) ਸਾਰੇ ਲੋਕ ਦੇ ਮਾਲਕ ਹੋ, ਤੇ ਸਾਰਿਆਂ ਦਾ ਕਾਰਣ ਹੋ। |

| | |
|---|---|
| ਸਮਸਤ ਕੋ ਸਮ੍ਹਾਰਿ ਕੈ[1] | [1]ਸੰਭਾਲਕੇ। |
| ਕਰੰਤਿ ਪ੍ਰੱਤਿਪਾਰਣੰ[1]। | [1]ਪਾਲਣਾ ਕਰਦੇ ਹੋ। |
| ਸਮਸਤ ਕੇ ਸੰਘਾਰਕੰ | |
| ਸਮਾਨ ਕੋਇ ਔਰ ਨਾ[1]। | [1]ਸਰਬ ਦੇ ਨਾਸ਼ ਕਰਤਾ ਹੋ, ਆਪ ਦੇ ਤੁੱਲ ਹੋਰ ਕੋਈ (ਬਲੀ) ਨਹੀਂ। |
| ਜਹਾਂ ਤਹਾਂ ਬਿਰਾਜਤੇ† | †ਪਾ:-ਬਿਰਾਜਹੀ। |
| ਕਹੂੰਕ ਊਣ ਠੌਰ ਨਾ[1] ॥੪੦॥ | [1]ਕੋਈ ਊਣੀ ਥਾਂ ਨਹੀਂ। |
| ਸਮਸਤ ਬੀਚ ਤੂੰ ਬਸੈਂ | |
| ਸਮਸਤ ਮਾਂਹਿ ਤੋਹਿ ਹੈਂ[1]। | [1]ਸਾਰੇ ਤੇਰੇ ਵਿਚ ਹਨ। |
| ਮਿਲੋ ਨਿਰਾਲਮਾ ਰਹੈਂ | |
| ਅਲੇਪ ਹੈਂ ਅਮੋਹ ਹੈਂ[1]। | [1]ਮਿਲੇ ਹੋਏ ਹੋ, ਫਿਰ ਵੱਖਰੇ ਹੋ, ਅਲੇਪ ਹੋ, ਮੋਹ ਰਹਿਤ ਹੋ। |
| ਅਨਾਦਿ ਤੂੰ, ਅਜਾਦਿ[1] ਤੂੰ | [1]ਬ੍ਰਹਮਾ ਦੀ ਆਦਿ ਬੀ ਤੂੰ ਹੈਂ। |
| ਸਕੈਵਲੰ[1], ਅਕਾਰਣੰ। | [1]ਸਦਾ ਮੁਕਤ। ਸਕੈਵਲ ਉਹ ਹੈ ਜੋ ਕਦੇ ਕਲੇਸ਼ ਕਰਮ, ਜਨਮ ਵਿਚ ਨਹੀਂ ਆਇਆ। |
| ਅਸੰਗ ਹੋ, ਅਭੰਗ ਹੋ | |
| ਅਨੰਗ ਦੋਖ ਹਾਰਣੰ[1] ॥੪੧॥ | [1]ਕਾਮ ਦਾ ਦੁਖ ਦੂਰ ਕਰਨ ਵਾਲੇ ਹੋ। (ਅ) ਅਸ਼ਰੀਰ ਹੋ, ਦੁਖ ਹਰਤਾ ਹੋ। |
| ਅਨੰਤ, ਸ਼੍ਰੀ ਮਹੰਤ | |
| ਸਰਬ ਕੰਤ[1], ਮੋਹ ਭੰਜਨੰ। | [1]ਬੇਅੰਤ ਹੋ, ਸ਼੍ਰੀ ਦੇ ਵਡੇ ਹੋ, ਸਾਰੀ (ਸਿਸ਼੍ਟਿ) ਦੇ ਮਾਲਕ ਹੋ। |
| ਅਧਾਰ ਲੋਕ ਚਉਦਹੂੰ | |
| ਅਪਾਰ ਰੂਪ, ਰੰਜਨੰ[1]। | [1]ਪ੍ਰਸੰਨ ਕਰਨ ਵਾਲੇ ਹੋ। |
| ਨਿਰੰਜਨੰ[1] ਅਗੰਜਨੰ[2] | [1]ਮਾਇਆ ਰਹਿਤ ਹੋ। [2]ਨਾ ਗੰਜੇ ਜਾਣ ਵਾਲੇ ਹੋ। |
| ਅਸ੍ਰਿਜਨੰ[1] ਸੁਜਾਨਿਯੰ[2]। | [1]ਉਤਪਤੀ ਰਹਿਤ ਹੋ। [2]ਸਰਬ ਜਾਨਣ ਵਾਲੇ ਹੋ। |
| ਸਦੀਵ ਨੇਤਿ ਨੇਤਿ | |
| ਭੂਤ ਭਬਿਯੰ ਬਖਾਨਿਯੰ[1] ॥੪੨॥ | [1]ਪਿਛਲੇ (ਹੁਣ ਦੇ ਤੇ) ਆਉਣ ਵਾਲੇ ਸਮੇਂ ਦੇ ਲੋਕਾਂ ਨੇ 'ਨੇਤਿ ਨੇਤਿ' ਕਿਹਾ ਹੈ। |
| ਗੁਰੂ ਸਰੂਪ ਧਾਰਿ | |
| ਸੱਤਿਨਾਮ ਕੋ ਪਦੈਸਿਯੰ[1]। | [1]ਸਤਿਨਾਮ ਦਾ ਉਪਦੇਸ਼ ਦਿੱਤਾ ਹੈ। (ਆਪ ਨੇ)। |
| ਪਖੰਡ ਕੋ ਨਿਕੰਦਿ ਕੈ | |
| ਨ ਮਾਨ ਛੋਰਿ ਲੇਸਯੰ[1]। | [1]ਰਤਾ ਬੀ। |
| ਅਨੰਦ[1], ਹੀਨ ਦੁੰਦ ਕੈ[2] | [1]ਅਨੰਦ ਰੂਪ ਹੋ। [2]ਦ੍ਵੰਦਾਂ ਤੋਂ ਰਹਿਤ ਹੋ। |
| ਮੁਕੰਦ[1], ਸਰਬ ਬੰਦ ਜੂ[2]। | [1]ਮੁਕਤੀ ਦਾਤਾ ਹੋ। [2]ਸਭ ਦੇ ਬੰਦਨਾਂ ਜੋਗ ਜੀ। |

ਨਮਸਤਯੰ[1], ਨਮਸਤਯੰ
ਨਮਸਤਯੰ, ਗੁਬਿੰਦ ਜੂ ॥੪੩॥

[1]ਨਮਸਕਾਰ ਹੋਵੇ।

ਛਪਯ ਛੰਦ:

ਭਾਉ ਭਗਤਿ ਬਿਸਤਾਰ
ਗੁਰੂ ਸਿੱਖੀ ਜਗ ਕੀਨੀ।
ਪੂਰਬ ਸਾਧਨ ਮੁਕਤਿ
ਕਰਤਿ ਔਰੇ ਬਿਧਿ ਚੀਨੀ।
ਤਿਨ ਤੇ ਤੁਮਹਿਂ ਸੁਖੇਨ
ਕੀਨ ਇਹੁ ਰੀਤਿ ਨਵੀਨੀ।
ਗਾਡੀ ਰਾਹੁ ਚਲਾਇ
ਨਰਨ ਕੋ ਸ਼ੁਭ ਮਤਿ ਦੀਨੀ।
ਪ੍ਰਭੁ ! ਨਮਹਿ ਨਮਹਿ ਪੁਨ ਪੁਨ ਨਮਹਿ
ਚਰਨ ਸ਼ਰਨ ਤਾਰਨ ਤਰਨ।
ਦੁਖ ਦਰਦ, ਕਰਨ ਸੁਖ, ਹਰਨ ਅਘ
ਸ੍ਰੀ ਨਾਨਕ ਕਾਰਨ ਕਰਨ' ॥੪੪॥

ਦੋਹਰਾ:

ਕਰਿ ਉਸਤਤਿ ਇਸ ਭਾਂਤਿ ਕੀ, ਰਹੇ ਨਗਰ ਕਰਤਾਰ।
ਅਨਿਕ ਲੋਕ ਜਹਿਂ ਆਵਈਂ, ਹੋਵਤਿ ਜੈ ਜੈ ਕਾਰ ॥੪੫॥

ਚੌਪਈ:

ਦਸੋ ਦਿਸ਼ਾ ਤੇ ਪੰਥਿ[1] ਬਧੇਰੇ।
ਦਰਸ ਕਰਨ ਚਿਤ ਚੌਂਪ ਘਨੇਰੇ।
ਆਵਹਿਂ ਚਲੇ, ਭੀਰ ਬਡ ਹੋਈ।
ਜਿਨ ਕੀ ਸੰਖ੍ਯਾ[1] ਆਇ ਨ ਕੋਈ ॥੪੬॥

[1]ਪੰਥੀ, ਰਾਹੀ।

[1]ਗੇਣਤੀ।

ਪੁਰਿ ਕਰਤਾਰ ਕੋਸ ਚਉਫੇਰੇ।
ਆਇ ਨਰਨ ਕੀਨੇ ਬਹੁ ਡੇਰੇ।
ਸਰਬ ਰਹੇ ਨਿਸ ਮਹਿਂ ਤਿਹ ਥਾਈਂ।
ਜਾਗ੍ਰਣ ਕੀਨੋ ਮਹਿਮਾ ਗਾਈ ॥੪੭॥
ਅਰਧ ਬਿਭਾਵਰਿ[1] ਹੋਈ ਜਬਿ ਹੀ।
ਸ੍ਰੀ ਮੁਖ ਸੋਂ ਆਇਸੁ ਦੀ ਤਬਿ ਹੀ।

[1]ਅੱਧੀ ਰਾਤ।

'ਚੰਦਨਯੁਤ ਘਨਸਾਰ[1] ਗੁਲਾਬਾ। [1]ਕਪੂਰ।

ਮ੍ਰਿਗਮਦ[1] ਘਸਿ ਕਰਿ ਸਰਬ ਸ਼ਿਤਾਬਾ[2] ॥੪੮॥ [1]ਕਸਤੂਰੀ। [2]ਛੇਤੀ।

ਅਪਰ ਸੁਗੰਧਿ ਸਰਬ ਮਹਿਕਾਵਹੁ।
ਸਗਰੇ ਸਦਨ ਬਿਖੈ ਛਿਰਕਾਵਹੁ।
ਨੀਕੀ ਆਨਹੁ ਕੁਸ਼ਾ ਬਿਛਾਵਹੁ।
ਸੱਤਿਨਾਮ ਕੋ ਕੀਰਤਨ ਗਾਵਹੁ ॥੪੯॥

ਜਿਤੇ ਬੇਦ ਪਾਠੀ ਦਿਜ[1] ਅਹਿਹੀਂ। [1]ਬ੍ਰਾਹਮਣ।

ਕਰਹਿਂ ਬੇਦ ਧੁਨਿ ਬਿਲਮ ਨ ਗਹਿਹੀ†।

†ਵੇਦ ਤਾਂ ਪਿਛੇ ਕਹਿ ਆਏ ਹਨ ਕਿ ਸ਼੍ਰੀ ਗੁਰੂ ਜੀ ਦੀ ਉਸਤਤੀ ਵਿਚ ਸਤੋਤਰ ਉਚਾਰਨ ਕਰਦੇ ਰਹੇ ਹਨ, ਹੁਣ ਵੇਦ ਧੁਨਿ ਹੋਣ ਦਾ ਮਤਲਬ ਇਹ ਨਹੀਂ ਕਿ ਵੇਦ ਗੁਰੂ ਜੀ ਤੋਂ ਵੱਡੇ ਹਨ। ਵੇਦ ਦਾ ਸ਼ੁੱਧ ਪਾਠ ਕਰਨ ਵਾਲੇ ਵੇਦ ਪਾਠੀ ਅੱਜ ਪੰਜਾਬ ਵਿਚ ਦੁਰਲੱਭ ਹਨ ਤੇ ਉਸ ਸਮੇਂ ਕਿੱਥੇ ਸਨ, ਤੇ ਕਰਤਾਰ ਪੁਰ ਪਸਿੱਤੇ ਪਾਸੇ ਦਾ ਟਿਕਾਣਾ ਸੀ, ਗਿਰਾਵਾਂ ਵਿਚ ਵੇਦ ਪਾਠੀ ਕਿੱਥੇ? ਤੇ ਜੇ ਵੇਦਾਂ ਵਾਂਙੂ ਵੇਦ ਪਾਠੀ ਸ਼ਰਧਾ ਧਾਰ ਦੱਖਣ ਤੋਂ ਕਿ ਕਾਂਸ਼ੀ ਤੋਂ ਆ ਗਏ ਤੇ ਉਹਨਾਂ ਵੇਦ ਗਾਵੇਂ ਤਾਂ ਉਹਨਾਂ ਦੀ ਸ਼ਰਧਾ ਦੀ ਸੂਚਨਾ ਹੈ, ਸਤਿਗੁਰ ਜੀ ਤਾਂ ਵੇਦਾਂ ਤੋਂ ਉੱਚੇ ਕਵਿ ਜੀ ਨੇ ਪਿੱਛੇ ਕਹਿ ਦਿੱਤੇ ਹਨ।

ਸਰਬ ਜਿ ਨਰ ਸਤਿਨਾਮ ਉਚਾਰਹੁ।
ਜਨਮ ਜਨਮ ਕੇ ਕਿਲਬਿਖ ਟਾਰਹੁ' ॥੫੦॥

ਛਪਯ ਛੰਦ:

ਸੁਨਿ ਰਜਾਇ ਤਿਹ ਸਮੈਂ
ਭਯੋ ਜੈਕਾਰ ਮੁਖਰ ਬਰ[1]।

[1]ਮੁਖਰ+ਬਰ=) ਸ੍ਰੇਸ਼ਟ ਮੂੰਹਾਂ ਤੋਂ। (ਅ) ਮੁਖਰ=ਸੰਖ। ਸੰਖ ਦੀ ਧੁਨਿ ਜੈ ਜੈਕਾਰ ਦੇ ਨਾਲ। (ੲ) ਮੁਖਰ ਦਾ ਅਰਥ ਸ਼ਬਦ ਬੀ ਕਰਦੇ ਹਨ, ਭਾਵ ਉੱਚੀ ਧੁਨੀ ਨਾਲ ਪਰ ਮਖਰ ਕੜਵੇ ਸ਼ਬਦ ਨੂੰ ਕਹਿੰਦੇ ਹਨ।

ਗਾਵਤਿ ਗੁਨ ਕਰਤਾਰ
ਪ੍ਰੇਮ ਸੋਂ ਰਿਦੇ ਰਹੇ ਭਰਿ।
ਦਰਸ਼ਨ ਪਰਸਤਿ ਸਕਲ
ਅਧਿਕ ਕਰੁਨਾ ਰਸ ਹੋਵਹਿਂ।
ਚਿੱਤ੍ਰ ਲਿਖੇ ਜੇ ਭੀਤ
ਭਾਉ ਧਰਿ ਠਾਂਢੇ ਜੋਵਹਿਂ[1]।

[1]ਕੰਧਾਂ ਤੇ ਲਿਖੀਆਂ ਮੂਰਤਾਂ ਵਾਂਙੂ (ਬੁੱਤ ਬਣੇ) ਖੜੋਤੇ ਦੇਖਦੇ ਹਨ।

ਤਬ ਭੀਰ ਭਈ ਧੂਮਸਾਲ ਮਹਿਂ
ਸ਼ਬਦ ਰਾਗ ਧੁਨਿ ਪੂਰਿਆ।

ਤਹਿਂ ਗਏ ਜੁ ਨਰ ਤਿਹ ਸਮੈਂ
ਪਿਖਿ ਦੋਖ ਕਰੇ ਸਭਿ ਦੂਰਿਆ ॥੫੧॥
ਬਹੁਰ ਸੁਲਖਣੀ ਆਇ
ਬੰਦ ਕਰ ਬੰਦਨ ਕੀਨੀ।
{ਸੁਲੱਖਣੀ ਜੀ ਪਹੁੰਚੇ}
ਮਨ ਅਧੀਨ ਹ੍ਵੈ ਦੀਨ
ਤੀਨ ਪਰਦੱਛਨ ਦੀਨੀ।
ਲੋਚਨ ਤੇ ਜਲ ਜਾਤਿ
ਬੈਠਿਗੀ ਤਬੀ ਸਮੀਪਾ।
ਮੁਰਝਾਨੀ ਕੋ ਦੇਖਿ
ਭਨਜੋ ਬੇਦੀ ਕੁਲਦੀਪਾ।
'ਇਕ ਸਿਖ ਜਾਹੁ ਸ੍ਰੀਚੰਦ ਢਿਗ
ਲਖਮੀ ਦਾਸ ਸੰਯੁਕਤ ਜਹਿਂ।
ਜਸਪਦ[1] ਲਜਾਉ ਬੁਲਾਇ ਤਿਨ
ਬਹੁਰ ਦਰਸ ਪਾਵਹਿਂ ਸੁ ਨਹਿਂ' ॥੫੨॥

[1]ਛੇਤੀ। ਸੰਸ: ਸਪਦਿ]।

ਦੋਹਰਾ:
ਸੁਨਿ ਸੇਵਕ ਗਮਨਜੋ ਤੁਰਤ, ਜਾਇ ਕੀਨ ਅਰਦਾਸ।
'ਤੁਮਹਿਂ ਬੁਲਾਵਤਿ ਸਤਿਗੁਰੂ, ਉਠਿ ਚਲੀਏ ਤਿਨ ਪਾਸ ॥੫੩॥
ਸਮਾਂ ਸਮਾਵਨ ਕੋ ਅਬੈ, ਮਿਲਿ ਲੀਜੈ ਤਿਨ ਸਾਥ।
ਚਹਉ ਜੁ ਕੁਛ ਬੋਲਹੁ ਸੁਨਹੁ, ਧਰਹੁ ਚਰਨ ਪਰ ਮਾਥ' ॥੫੪॥

ਦੋਹਰਾ:
ਬਦਨ ਬਿਹਸ ਕੈ[1] ਬਚ ਕਹੇ 'ਦਿਵਸ ਸਪਤਮੀ ਜੈਸ।
ਹਮਹਿ ਬੁਲਾਵਤਿ ਹੈਂ ਅਬੈ ਆਜ ਸਮਾਵਹਿਂ ਤੈਸ' ॥੫੫॥

[1]ਹੱਸਕੇ।

ਸੋਰਠਾ:
ਨਹਿਂ ਆਏ ਤਿਹ ਕਾਲ, ਜਾਨਹਿਂ ਮਾਨਵ ਆਨ ਜਿਉਂ[1]।
-ਏਕੰਕਾਰ ਕ੍ਰਿਪਾਲ, ਰੂਪ ਧਰਜੋ- ਨਹਿਂ

[1]ਹੋਰਨਾਂ ਪੁਰਸ਼ਾਂ ਵਾਂਙੂੰ।

ਜਾਨਈਂ ॥੫੬॥

ਦੋਹਰਾ:

ਸੁਨਿ ਕੈ ਤਿਨ ਕੇ ਬਚਨ ਕੋ, ਸਿੱਖ ਅਯੋ
ਗੁਰ ਪਾਸ।
ਜਿਹ ਬਿਧਿ ਤਿਨ ਉੱਤਰ ਦਯੋ, ਕਰਤਿ
ਭਯੋ ਅਰਦਾਸ ॥੫੭॥
ਸ਼੍ਰੀ ਗੁਰ ਸੁਨਿ ਤੂਸ਼ਨਿ ਰਹੇ, ਬੈਠੇ ਸਭਾ
ਮਝਾਰ।
ਬੇਦ ਸ਼ਬਦ ਧੁਨਿ ਹ੍ਵੈ ਰਹੀ, ਦਰਸਹਿਂ ਲੋਕ
ਹਜ਼ਾਰ ॥੫੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਮੋਂ ਅਧ੍ਯਾਯ ॥੫੫॥

## ੫੬. [ਗੁਰੂ ਮੇਹਰ ਯਾਚਨਾ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।]

੫੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>੫੭

{ਸੰਸਾਰ ਦੀ ਨਾਸ਼ਵਾਨਤਾ ਦਾ ਉਪਦੇਸ਼} ॥੬-੩੦॥
{ਇੱਕ ਬਾਰ ਸਮਾ ਗਏ} ॥੪੦..॥
{ਸ੍ਰੀਚੰਦ ਲਖਮੀਦਾਸ ਜੀ ਪਹੁੰਚੇ} ॥੫੮..॥

ਸ੍ਵੈਯਾ:

ਕਰੁਨਾ ਗੁਰ ਜਾਚਿ ਸਦਾ ਸੁਖਦਾ, ਮਨ ਕੇਰ ਬਿਕਾਰ ਕਰੋ ਹਰਨਾ।

ਕਰੁਨਾ=ਮੇਹਰ। ਜਾਚਿ=ਮੰਗੋ। ਕਰੋ ਹਰਨਾ=ਦੂਰ ਕਰੋ।

ਹਰਿ ਨਾ ਭਜਨੋ ਭਵ ਕੋ ਕਰਤਾ, ਮਹਿਮਾ ਗੁਨਿ ਕੈ ਪਰਿਹੋ ਸ਼ਰਨਾ।

ਹਰਿ ਨਾ=ਹਰਿ+ਨਾ=ਹਰੀ ਨੂੰ (ਅ) ਪਾਠਾਂਤ੍ਰ ਹੈ-ਹਰਿਨਾ ਭਜਨਾਂ ਭਵ ਕੋ ਤਰਨਾ, ਤਾਂ ਅਰਥ ਬਣੇਗਾ=ਹਰਿ ਨੂੰ ਭਜਨਾ ਸੰਸਾਰ ਨੂੰ ਤਰਨਾ ਹੈ। ਭਵ=ਸੰਸਾਰ। ਗੁਨਿਕੈ=ਗੁਣਕੇ, ਸਿਮਰਕੇ। ਸ਼ਰਨਾ=ਸ਼ਰਣ। (ਅ) ਸਰਣਾਮਨ=ਤਿਲਕ ਜਾਣ ਵਾਲਾ ਮਨ (ਆਨਿ=) ਵੱਸ ਕਰਕੇ।

ਸ਼ਰਨਾ ਮਨ ਆਨਿ ਹੰਕਾਰ ਤਜੋ, ਥਿਰ ਹੋਤਿ ਨਹੀਂ ਤਨ ਮੈਂ ਤਰੁਨਾ।

ਤਰੁਨਾ=ਚੰਚਲ (ਅ) ਜੁਆਨੀ, ਫਿਰ ਤੁਕ ਦਾ ਅਰਥ ਇਹ ਬਣੇਗਾ-ਇਸ ਸਰੀਰ ਦੀ ਜੁਆਨੀ ਨਹੀਂ ਰਹਿੰਦੀ (ਇਸ ਕਰਕੇ) ਮਨ ਨੂੰ ਸ਼ਰਨੀ ਪਾ ਕੇ (ਜੁਆਨੀ ਦਾ) ਹੰਕਾਰ ਤਿਆਗੋ।

ਤਰਨਾ ਜਗਸਿੰਧੁ ਸੁਖੈਨ ਚਹੋ, ਕਹਿਨਾ† ਲਖਿ ਬਾਦ, ਗਹੋ ਕਰਨਾ ॥੧॥

ਤਰਨਾ=ਤਰਕੇ ਪਾਰ ਹੋਣਾ। (ਅ) ਪਾਠਾਂਤ੍ਰ ਹੈ-ਤਰਨਾ ਜਗ ਸਿੰਧੁ ਸੁਖੈਨ ਹੀ ਹੋ ਕਰਨਾ ਲਖ ਬਾਦ ਗਹੋ ਕਰੁਨਾ। ਫਿਰ ਅਰਥ ਇਸ ਤੁਕ ਦਾ ਇਹ ਹੋਊ-ਜਗਤ ਰੂਪੀ ਸਮੁੰਦਰ ਦਾ ਤਰਨਾ ਸੁਖੈਨ ਹੀ ਹੋ ਜਾਵੇ ਜੇ (ਸਾਈਂ) ਦੀ (ਕਰੁਨਾ=) ਮੇਹਰ ਨੂੰ ਪਕੜ ਲਓ ਤੇ ਅਪਣੀ (ਕਰਨਾ=) ਕਰਨੀ ਨੂੰ ਬਿਰਥਾ ਜਾਣ ਲਓ। ਇਸ ਪਾਠ ਵਿਚ: 'ਕਰਨਾ' ਦੀ ਮੁਰਾਦ ਹੈ, ਅਪਨਾ ਕਰਨਾ ਤੇ 'ਕਰੁਨਾ' ਤੋਂ ਮਤਲਬ ਹੈ ਸਾਈਂ ਦੀ ਮੇਹਰ। ਠੀਕ ਬੀ ਇਹੀ ਜਾਪਦਾ ਹੈ, ਕਿਉਂਕਿ ਆਰੰਭਕ ਪਦ ਇਸ ਸਿੰਘਾ ਵਿਲੋਕਨ ਸ੍ਵੈਯੇ ਦਾ 'ਕਰੁਨਾ' ਹੈ ਤੇ ਅੰਤ ਬੀ ਕਰੁਨਾ ਹੀ ਚਾਹੀਏ। †ਪਾ:-ਕਰਨਾ।

ਅਰਥ:

ਮਨ ਦੇ ਵਿਕਾਰਾਂ ਨੂੰ ਦੂਰ ਕਰੋ (ਅਤੇ) ਗੁਰੂ ਜੀ ਦੀ ਮੇਹਰ (ਸਦਾ) ਮੰਗੋ, (ਕਿਉਂਕਿ ਇਹੀ) ਸਦਾ ਸੁਖਦਾਤੀ ਹੈ, ਹਰਿ ਨੂੰ ਸਿਮਰਨ ਨਾ ਕਰਨਾ ਸੰਸਾਰ ਨੂੰ (ਸੱਤ) ਕਰ (ਦਿਖਾਉਂਦਾ ਹੈ, ਤਾਂਤੇ ਗੁਰੂ ਜੀ ਦਾ) ਜਸ ਕਰਕੇ ਸ਼ਰਨ ਜਾ ਪਓ, (ਇਉਂ) ਮਨ ਨੂੰ ਸ਼ਰਣ ਵਿਚ ਲਿਆਕੇ ਹੰਕਾਰ ਨੂੰ ਦੂਰ ਕਰੋ (ਇਸ ਬਿਨਾ ਇਹ) ਚੰਚਲ ਤਨ ਵਿਚ ਥਿਰ ਨਹੀਂ ਹੁੰਦਾ (ਟਿਕਕੇ ਨਹੀਂ ਬਹਿੰਦਾ) (ਜੇ ਤੁਸੀਂ) ਜਗਤ ਰੂਪੀ ਸਮੁੰਦਰ ਨੂੰ ਸੌਖਾ ਤਰਨਾ ਚਾਹੁੰਦੇ ਹੋ ਤਾਂ 'ਕਹਿਣੇ' ਨੂੰ ਬ੍ਰਿਥਾ ਜਾਣੋ ਤੇ 'ਕਰਨੇ' ਨੂੰ ਪਕੜ ਲਓ।

ਦੋਹਰਾ:

ਸ੍ਰੀ ਗੁਰ ਦਰਸ਼ਨ ਦੇਵਹੀਂ†, ਸ਼ਾਂਤਿ ਰੂਪ ਘਨ ਗਜਾਨ।
ਤਿਹ ਛਿਨ ਆਇ ਸਧਾਰਨਾ, ਬੋਲਜੋ ਬੰਦੇ ਪਾਨ ॥੨॥

†ਪਾ:-ਸ੍ਰੀ ਗੁਰਕੋ ਦਰਸ਼ਨ ਵਹੀ।

ਚੌਪਈ:

'ਚੰਦਨ, ਮ੍ਰਿਗਮਦ[1] ਸਕਲ ਘਸਾਏ।
ਭਲੀ ਭਾਂਤਿ ਘਰ ਕੋ ਛਿਰਕਾਏ।

[1]ਕਸਤੂਰੀ।

ਸਗਰੋ ਅਜਰ[1] ਸੁ ਲੀਪ ਬਨਾਯੋ। [1]ਵੇਹੜਾ।
ਸਭਿ ਸੁਗੰਧਿ ਨੀਕੇ[1] ਮਹਿਕਾਯੋ ॥ ੩ ॥ [1]ਭਲੀ ਤਰ੍ਹਾਂ।
ਰਾਵਰ ਕੀ ਰਜਾਇ ਜਿਹ ਥਾਈਂ।
ਤਹਾਂ ਮ੍ਰਿਦੁਲ ਬਹੁ ਕੁਸ਼ਾ ਡਸਾਈ।'
ਅਸ ਕਹਿਤਜੋ ਗਦਗਦ ਭੀ ਬਾਨੀ।
ਲੋਚਨ ਤੇ ਜਲਧਾਰਿ ਚਲਾਨੀ ॥ ੪ ॥
ਕਿਤਿਕ ਸਿੱਖ ਤਬਿ ਠਾਂਢੇ ਦਰਸੈਂ।
ਬੈਠੇ ਕੇਤਿਕ ਦਰਸ਼ਨ ਪਰਸੈਂ।
ਸੁਨਿ ਕੈ ਸਭਿਹਿਨ ਕਰੁਨਾ[1] ਠਾਨੀ। [1]ਵੈਰਾਗ।
ਛੁਟਤਿ ਭਯੋ ਦ੍ਰਿਗ ਤੇ ਬਹੁ ਪਾਨੀ ॥ ੫ ॥
ਜਨੁ ਕਰਨਾ ਰਸ ਬਹੁਤ ਸਰੀਰਾ।
ਧਰੇ ਬਿਸੂਰਤ[1] ਹੋਇ ਅਧੀਰਾ। [1]ਝੂਰਦਾ।
ਗੁਰੂ ਗਜਾਨ ਘਨ ਪਿਖਿ ਸਭਿ ਤਾਈਂ।
ਸ਼੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ ॥ ੬ ॥
'ਤਨ ਸਨੇਹ ਸਭਿ ਝੂਠੋ ਜਾਨਹੁ।
{ਸੰਸਾਰ ਦੀ ਨਾਸ਼ਵਾਨਤਾ ਦਾ ਉਪਦੇਸ਼}
ਕਿਉਂ ਬਿਖਾਦ ਏਤੋ ਮਨ ਠਾਨਹੁ।
ਦੇਹਿ ਮਿਲਨਿ ਬਿਛਰਨਿ ਇਸ ਭਾਂਤੀ।
ਹੋਤਿ ਦਿਵਸ ਪੁਨ ਆਵਹਿ ਰਾਤੀ ॥ ੭ ॥
ਜੇ ਨਰ ਮਿਲੇ ਸ਼ਬਦ ਕੇ ਸੰਗਾ।
ਰਹੇ ਸਦੀਵ ਰਾਚਿ ਤਿਹ[1] ਰੰਗਾ। [1]ਉਸੇ (ਸ਼ਬਦ ਦੇ)।
ਤੇ ਨਹਿਂ ਬਿਛੁਰਹਿਂ ਬਹੁਰ ਕਦਾਈਂ।
ਜਿਉਂ ਨੀਰਹਿ ਮੈਂ ਨੀਰ ਸਮਾਈ ॥ ੮ ॥
ਮੁਝ ਸੋਂ ਮਿਲਨੇ ਕੀ ਜਿਹ ਚਾਹੀ।
ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿਂ ਅੱਭਜਾਸੇ।
ਸ੍ਰਵਨ ਮਨਨਿ, ਨਿਤ ਪ੍ਰਤਿ ਨਿੰਧਜਾਸੇ[1] ॥ ੯ ॥ [1]ਨਾਮ ਦਾ ਸੁਣਨਾ, ਮੰਨਣਾ, ਸਿਮਰਣ ਕਰਕੇ ਉਸ ਵਿਚ ਟਿਕਾਣਾ।
ਨਿਰਸੰਦੇਹ ਮਿਲੈਂ ਮੁਝ ਸੰਗਾ।
ਬਹੁਰ ਨ ਬਿਛੁਰੈਂ ਹ੍ਵੈ ਇਕ ਰੰਗਾ[†]। [†]ਇਹ ਵਾਕ ਸਤਿਗੁਰ ਨਾਨਕ ਦੇਵ ਜੀ ਨੇ ਆਪਣੇ ਸਮੇਂ ਤੋਂ ਮਗਰੋਂ ਦੇ ਆਉਣ ਵਾਲੇ ਪ੍ਰੇਮੀਆਂ ਲਈ ਬੀ ਕਿਹਾ ਹੈ, ਇਹ ਸਰਬ ਕਾਲੀ ਸੱਚ ਹੈ। ਜਿਸ ਸਮੇਂ ਜੋ ਨਾਮ ਜਪੇ ਗੁਰੂ ਨੂੰ ਮਿਲੇਗਾ।

ਤਾਂ ਤੇ ਤੁਮ ਅਬਿ ਤਜਹੁ ਬਿਖਾਦਾ।
ਗਾਵਹੁ ਸ਼ਬਦ ਕਰਹੁ ਅਹਿਲਾਦਾ[1] ॥੧੦॥
[1]ਅਨੰਦ।

ਦ੍ਰਿਸ਼ਟਮਾਨ ਜੋ ਸਰਬ ਪਸਾਰਾ।
ਨਾਸ਼ਵੰਤ ਸੋ ਲੇਹੁ ਬਿਚਾਰਾ।
ਹੋਤ ਵਿਪਰਜੈ ਥਿਰ ਨ ਰਹਾਈ।
ਜਿਹ[1] ਧ੍ਰੁਵ[2] ਕਹਤਿ[3] ਅਧ੍ਰੁਵ ਹ੍ਵੈ ਜਾਈਂ[4] ॥੧੧॥
[1]ਜਿਸ ਨੂੰ। [2]ਅਟੱਲ। [3]ਕਹਿੰਦੇ ਹਨ। [4]ਉਹ ਨਾਸ਼ ਹੋ ਜਾਂਦੇ ਹਨ।

ਸਸਿ[1] ਸੂਰਜ ਪਰਕਾਸ਼ ਕਰਾਊ।
[1]ਚੰਦਰਮਾਂ।
ਕਾਲ ਪਾਇ ਤਿਨ ਹੋਇ ਅਭਾਊ[1]।
[1]ਨਾਸ਼ ਹੋਏਗਾ।
ਜੋ ਸੁਮੇਰੁ ਸਭਿ ਸੁਰਨ ਅਧਾਰਾ[1]।
[1]ਦੇਵਤਿਆਂ ਦਾ ਆਸਰਾ।
ਛੈ ਹੋਵਤਿ ਤਿਨ ਲਗੈ ਨ ਬਾਰਾ ॥੧੨॥

ਧਰਨੀ, ਜਲ, ਸਾਗਰ ਗੰਭੀਰਾ।
ਅੱਗ੍ਰ ਕਾਲ[1] ਸੋ ਧਰੈਂ ਨ ਧੀਰਾ।
[1]ਮੌਤ ਦੇ ਸਾਹਮਣੇ।
ਪਾਵਕ, ਪੌਨ, ਪਰਾਕ੍ਰਮ ਯੁਕਤਾ[1]।
[1]ਬਲ ਸਹਿਤ।
ਕਾਲ ਪਾਇ ਸੋ ਹੋਇਂ ਅਸ਼ਕਤਾ[1] ॥੧੩॥
[1]ਨਿਰਬਲ।

ਮਹਾਂਬਲੀ ਰਾਕਸ਼ ਜੇ ਰਾਜਾ।
ਕਾਲ ਡੰਕ ਸਭਿ ਕੇ ਸਿਰ ਗਾਜਾ।
ਭੇ ਅਵਤਾਰ ਜਿਤੇ ਰਣ ਧੀਰਾ।
ਕਾਲ ਪਾਇ ਕਿਯ ਤਜਨ ਸਰੀਰਾ ॥੧੪॥

ਮਹਾਂ ਸਿੱਧ ਸੁਰ ਗੰਧ੍ਰਬ ਕਿੰਨਰ।
ਯੱਖਯ ਆਦਿ ਸਭਿ ਹ੍ਵੈਂ ਛਿਨਭੰਗਰ[1]।
[1]ਛਿਨ ਵਿਚ ਨਾਸ਼।
ਜਮ, ਉਡਗਨ[1], ਪੁਰਹੂਤ[2], ਕੁਮੇਰਾ[3]।
[1]ਤਾਰੇ। [2]ਇੰਦ੍ਰ। [3]ਕੁਬੇਰ।
ਹੋਇਂ ਵਿਪਰਜੈ ਲਗੈ ਨ ਦੇਰਾ ॥੧੫॥

ਜੋ ਬ੍ਰਹਮਾ ਜਗ ਕਾਰਣ ਕੇਰੋ।
ਤਿਹ† ਅਭਾਵ ਕਰਿ ਕਾਲ ਕਰੇਰੋ[1]‡।
[1]ਕਰੜਾ। †ਇਨ੍ਹਾਂ ਤੁਕਾਂ ਵਿਚ ਕਵੀ ਜੀ ਨੇ ਸਪੱਸ਼ਟ ਕਿਹਾ ਹੈ ਕਿ ਵਿਸ਼ਨੂੰ, ਬ੍ਰਹਮਾ, ਸ਼ਿਵ, ਕਾਲ ਦੇ ਵੱਸ ਹਨ, ਤਾਂਤੇ ਏਹ ਸਤਿਗੁਰਾਂ ਦੇ ਪੂਜ ਨਹੀਂ ਹਨ। ‡ਪਾ:-ਕਾਲ ਕਰੇ, ਹੇਰੋ।
ਹਰੀ ਬਿਸ਼ਨੁ ਜਿਹ ਜਗਤ ਅਲਾਇਂ।
ਹਰੀ[1] ਹਰਿਤੁਤਾ[2] ਤਿਹ ਕੀ ਜਾਇ
[1]ਨਾਸ਼ ਹੋ ਜਾਏਗਾ। [2]ਹਰੀਪੁਣਾ।

॥੧੬॥

ਰੁਦ੍ਰਹਿ[1] ਬੇਖ ਭਯਾਨਕ ਜਾਂਹੀ। — [1]ਸ਼ਿਵ।
ਕਾਲ ਪਾਇ ਸੇ ਹੋਵਹਿ ਨਾਂਹੀ[1]। — [1]ਭਾਵ ਨਹੀਂ ਰਹੇਗਾ।
ਸਭਿ ਕੋ ਜੋ ਅਧਾਰ ਆਕਾਸ਼ਾ।
ਕਾਲ ਅਗਾਰੀ ਹੋਇ ਸੁ ਨਾਸ਼ਾ ॥੧੭॥
ਇਨ ਜੀਵਨ ਕਜਾ ਗਿਨਤੀ ਹੋਈ।
ਗ੍ਰਸਜੋ ਕਾਲ ਕੋ ਹੈ ਸਭਿ ਕੋਈ।
ਰਹਿਨੋ ਇਸਥਿਰ ਕਿਨਹੂੰ ਨਾਂਹੀ।
ਪਾਇ ਸਮਾਂ ਸਭਿ ਹੀ ਬਿਨਸਾਹੀਂ[1] ॥੧੮॥ — [1]ਨਾਸ਼ ਹੋਣਗੇ।
ਅਤਿ ਸੂਖ਼ਮ ਤੇ ਸੂਖ਼ਮ ਕਾਲੂ[1]। — [1]ਕਾਲ ਹੈ।
ਅਤਿ ਬਿਸ਼ਾਲ ਤੇ ਮਹਾਂ ਬਿਸ਼ਾਲੂ[1]। — [1]ਵੱਡਿਆਂ ਤੋਂ ਵੱਡਾ ਹੈ।
ਕਰਹਿ ਊਚ ਤੇ ਜੋ ਅਤਿ ਨੀਚੂ।
ਨੀਚਹਿ ਥਪਹਿ ਊਚ ਖਿਨ ਬੀਚੂ ॥੧੯॥
ਰਾਈ ਮੇਰੁ, ਮੇਰੁ ਤੇ ਰਾਈ।
ਬਸੇ ਉਜਾਰਹਿ, ਉਜਰਿ ਬਸਾਈ।
ਮਹਾਂ ਬਲੀ ਚਾਹੈ ਸੋ ਕਰਿਹੀ।
ਇਸ ਆਗੈ ਕੋ ਧੀਰ ਨ ਧਰਿਹੀ ॥੨੦॥
ਧਨੁਖ ਅਭਾਵ[1] ਹਾਥ ਹੈ ਜਾਂ ਕੇ। — [1]ਅਨ ਹੋਇਆ ਕਰਨ' ਰੂਪੀ ਧਨੁਖ।
ਰਾਗ ਰੁ ਦ੍ਵੈਖ ਬਾਣ ਬਡ ਤਾਂ ਕੇ।
ਛੈ ਕਰਿ ਜਗ ਉਪਜਾਵਹਿ ਸੋਊ।
ਸਿਸਿ ਲੀਲ੍ਹਾ[1] ਜਿਉਂ ਦੇਖਿ ਨ ਕੋਊ ॥੨੧॥ — [1]ਬਾਲਕ ਲੀਲ੍ਹਾ।
ਸੂਰਜ ਚੰਦ ਗੋਇ[1] ਕਰਿ ਹਾਥੇ। — [1]ਗੇਂਦ ਵਾਂਙੂ।
ਖੇਲਹਿ ਨਿਤ ਉਛਾਰਿ ਤਿਨ ਸਾਥੇ।
ਬ੍ਰਹਮ ਉਦੰਬਰ[1] ਬਿਰਖ ਸਮਾਨਾ। — [1]ਗੁੱਲਰ ਦੇ ਬ੍ਰਿੱਛ ਵਾਂਙੂ ਹੈ।
ਫਲ ਅਨੇਕ ਬ੍ਰਹਮੰਡ ਪ੍ਰਮਾਨਾ[1] ॥੨੨॥ — [1]ਗੁਲਰ ਦੇ ਫਲ ਵਾਂਙੂ ਬ੍ਰਹਮ ਨੂੰ) ਅਨੇਕਾਂ ਬ੍ਰਹਮੰਡ ਲਗੇ ਹਨ।
ਭੱਖਜਤ[1] ਕਾਲ ਨ ਤ੍ਰਿਪਤੈ ਕੈਸੇ। — [1]ਬ੍ਰਹਮੰਡਾਂ ਨੂੰ) ਭਖਦਿਆਂ।
ਘ੍ਰਿੱਤ ਅਹੂਤੀ ਪਾਵਕ ਜੈਸੇ।
ਮੂਰਤ ਬਿਦਤਿ ਨ ਪਰਹਿ ਪਛਾਨੀ[1]। — [1]ਕਾਲ ਦੀ) ਮੂਰਤ ਪ੍ਰਗਟ ਨਹੀਂ ਪਛਾਣੀ ਜਾਂਦੀ।
ਘਟੀ, ਮਾਸ, ਬਰਖਹਿਂ ਤੇ ਜਾਨੀ

॥੨੩॥
ਝੀਵਰ ਕਾਲ ਕ੍ਰਿਆ ਜਿਹ ਜਾਲਾ।
ਫਸੇ ਜੀਵ ਤਿਸ ਮਾਂਹਿ ਬਿਸਾਲਾ।
ਛੂਟਨ ਹੋਇ ਨ ਸੇ[1] ਕਿਹ ਭਾਂਤੀ। — [1]ਉਸ ਤੋਂ।
ਦੁਖ ਮਹਿਂ ਪਚਹਿਂ ਨ ਪਾਵਹਿਂ ਸ਼ਾਂਤੀ[1] ॥੨੪॥ — [1](ਜੀਵ) ਸ਼ਾਂਤੀ ਨਹੀਂ ਪਾਉਂਦੇ।
ਜੇਤਿਕ ਹੈ ਪਰਪੰਚ ਪਸਾਰਾ।
ਕਈ ਬਾਰ ਕਿਯ ਕਾਲ ਅਹਾਰਾ।
ਬਹੁਰੋ ਰਚੈ ਸੁਖੇਨ ਸੰਵਰਿ ਕੈ।
ਦ੍ਰੂਹਨ[1], ਬਿਸ਼ਨੁ ਸ਼ਿਵ ਨਿਜ ਤਨ ਧਰਿ ਕੈ ॥੨੫॥ — [1]ਬ੍ਰਹਮਾ।
ਅੰਤਰ ਧ੍ਯਾਨ ਕਰੈ ਪੁਨ ਤਾਂਹੀ[1]। — [1]ਤਿਨ੍ਹਾਂ ਨੂੰ।
ਗ੍ਰਸੈ ਸਕਲ ਕੋ ਤਜੈ ਨ ਕਾਹੀਂ।
ਬਿਨ ਕਰੁਨਾ ਤੇ ਕ੍ਰੂਰ[1] ਬਿਸਾਲਾ। — [1]ਕਰੜਾ।
ਮ੍ਰਿਗ ਬ੍ਰਹਮੰਡ ਕੇਹਰੀ ਕਾਲਾ[1] ॥੨੬॥ — [1]ਹਰਨ ਵਾਂਙੂ ਬ੍ਰਹਮੰਡ ਹੈ ਤੇ ਸ਼ੇਰ ਵਤ ਕਾਲ ਹੈ।

ਦੋਹਰਾ:
ਕਮਲ ਫੂਲ ਅਦਭੁਤ ਅਹੈ, ਬਚ੍ਯੋ ਤਾਂਹਿ ਤੇ ਸੋਇ[1]। — [1](ਪਰ ਵਾਹਿਗੁਰੂ) ਅਚਰਜ ਕਮਲ ਫੁੱਲ ਹੈ ਉਸ (ਕਾਲ) ਤੋਂ ਉਹ (ਬ੍ਰਹਮ) ਬਚਿਆ ਹੈ।
ਨਹਿਂ ਸਮੀਪ ਤਹਿਂ ਜਾਵਈ[1], ਰਹ੍ਯੋ ਬਿਨਾ ਬਲ ਹੋਇ ॥੨੭॥ — [1](ਕਾਲ) ਨਹੀਂ ਜਾਂਦਾ ਉਸ (ਬ੍ਰਹਮ) ਦੇ ਨੇੜੇ।

ਚੌਪਈ:
ਸ਼ਾਂਤਿ ਮੈਤਰੀ ਅੰਕੁਰ[1] ਤਾਸੂ। — [1]ਅੰਗੂਰ।
ਚੈਤੰਨਤਾ ਮਾਤ੍ਰ ਪਰਕਾਸ਼ੂ[1]। — [1](ਉਹ) ਚੇਤਨ ਪ੍ਰਕਾਸ਼ ਮਾਤ੍ਰ ਹੈ।
ਇਸ ਮਹਿਂ ਕਾਲ ਲੀਨ ਹੁਇ ਜਾਵਹਿ।
ਤਿਹ[1] ਤਜਿ ਅਪਰ ਸਰਬ ਕੋ ਖਾਵਹਿ ॥੨੮॥ — [1]ਭਾਵ ਬ੍ਰਹਮ ਨੂੰ ਛਡਕੇ।
ਤਾਂਤੇ ਸ਼ਬਦ ਕਰਹੁ ਅੱਭ੍ਯਾਸਾ।
ਸਗਰੋ ਭੇਦ ਹੋਇ ਪਰਕਾਸ਼ਾ।
ਸੁਨਿ ਸਿੱਖਹੁ! ਸਭਿ ਤਜਹੁ ਬਿਖਾਦਾ।
ਖ੍ਵੈ ਤਨ ਅਹੰ ਸਮਾਰਹੁ ਆਦਾ[1] ॥੨੯॥ — [1]ਤਨ ਦੀ ਅਹੰਤਾ ਗੁਆਕੇ ਸੰਭਾਲੋ ਆਦਿ (ਰੂਪ ਵਾਹਿਗੁਰੂ) ਨੂੰ।
ਜਗਤ ਅਸਾਰ ਜਾਨਿ ਕਰਿ ਸਾਰੋ।

ਸਾਰ ਬਿਚਾਰਿ ਭਲੇ ਉਰ ਧਾਰੋ[1]। [1]ਜੋ ਸਾਰ ਹੈ ਉਸ ਨੂੰ ਵਿਚਾਰਕੇ ਦਿਲ ਵਿਚ ਧਾਰੋ।
ਮੋਖ ਸਦਨ ਕੀ ਇਹ ਤਨ ਸ਼੍ਰੇਨੀ[1]। [1]ਮੁਕਤੀ ਰੂਪੀ ਘਰ ਦੀ ਪੌੜੀ ਹੈ।
ਸਿਮਰਹੁ ਸੱਤਿਨਾਮ ਦਿਨ ਰੈਨੀ' ॥ ੩੦ ॥
ਇਸ ਪ੍ਰਕਾਰ ਉਪਦੇਸ਼ ਘਨੇਰਾ।
ਦੇ ਕਰਿ ਗੁਰ ਅੱਗਜਾਨ ਕਟੇਰਾ[1]। [1]ਕੱਟਿਆ।
ਹੋਤਿ ਭਯੋ ਅਰਣੋਦਯ ਕਾਲਾ[1]। [1]ਸੂਰਜ ਉਦਯ ਹੋਣ ਦਾ ਸਮਾਂ।
ਨਿਕਸੇ ਤਿਹ ਛਿਨ ਵਹਿਰ ਕ੍ਰਿਪਾਲਾ ॥ ੩੧ ॥
ਜੈ ਜੈ ਕਾਰ ਹੋਇ ਚੌਫੇਰੇ।
ਪਢਹਿਂ ਬੇਦ ਧੁਨਿ ਸ਼ਬਦ ਘਨੇਰੇ।
ਕੁਸ਼ਾ ਮ੍ਰਿਦੁਲ ਜਹਿਂ ਰੁਚਿਰ ਬਿਛੌਨਾਂ।
ਤਹਾਂ ਜਾਇ ਪੌਢੇ ਗੁਨ ਭੌਨਾ ॥ ੩੨ ॥
ਗੁਨਤਿ ਸੁਲਖਣੀ ਉਰ ਇਸ ਭਾਂਤੀ।
-ਮਮ ਸੁਤ ਝੁਰਹਿਂਗੇ ਪਸ਼ਚਾਤੀ।
ਮਿਲੇ ਨ ਆਨਿ ਜਨਕ[1] ਕੇ ਤਾਈਂ। [1]ਪਿਤਾ।
ਤਨਕ ਪ੍ਰਤੀਤ ਨ ਤਿਨ ਕੋ ਆਈ- ॥ ੩੩ ॥
ਤਬਿ ਠਾਂਢੀ ਹ੍ਵੈ ਪ੍ਰਭੁ ਅਗਾਰੀ।
ਹਾਥ ਬੰਦਿ ਅਸ ਗਿਰਾ ਉਚਾਰੀ।
'ਅਬ ਕੇ ਪੁਨ ਨਿਜ ਤਾਤਨਿ ਤਾਈਂ।
ਪਠਹੁ ਬੁਲਾਇ[1] ਪਾਸ, ਗੋਸਾਈਂ! ॥ ੩੪ ॥ [1]ਬੁਲਾ ਘੱਲੋ।
ਆਵਹਿਂਗੇ ਅਬਿ ਮਾਨਹਿਂ ਬੈਨਾ।
ਛਿਮਾ ਛੇਤ੍ਰ ਤੁਮ ਸ਼੍ਰੀ ਗੁਨ ਐਨਾ!
ਨੀਕੀ ਬਾਤ ਮਿਲਹਿਂ ਇਸ ਕਾਲਾ।
ਬਿਨੈ ਮਾਨੀਏ ਮੇਰਾ ਦਜਾਲਾ!' ॥ ੩੫ ॥
ਦੇਖਿ ਦੀਨ ਬੇਦੀ ਕੁਲ ਮੌਰੰ[1]। [1]ਭਾਵ, ਸ਼੍ਰੀ ਗੁਰੂ ਜੀ ਨੇ (ਸੁਲਖਣੀ ਜੀ ਨੂੰ) ਨਿੰਮ੍ਰਤਾ ਵਿਚ ਦੇਖਕੇ।
ਆਇਸੁ ਦੇ ਸਿੱਖ ਪਠਯੋ ਬਹੋਰੰ।
ਕਹਯੋ ਜਾਇ ਕੇ ਤਿਨ ਦੁਇ ਆਗੇ।
'ਨਿਸ਼ਚੇ ਗੁਰੁ ਸਮਾਵਨ ਲਾਗੇ ॥ ੩੬ ॥
ਮਾਤਾ ਬਿਨਤੀ ਕੀਨਿ ਘਨੇਰੀ।

ਮੁਝ ਤੁਮ ਪਾਸ ਪਠਾਯੋ ਫੇਰੀ।
ਰੰਚਕ ਔਰ ਬਿਲੰਬ ਨ ਕੋਈ।
ਚਹਉ ਤ ਮਿਲਉ ਭਲੇ ਬਿਧਿ ਹੋਈ' ॥੩੭॥
ਸਿਰੀ ਚੰਦ ਪੁਨ ਲਖਮੀ ਦਾਸਾ।
ਮਾਤ ਬਾਤ ਸੁਨਿ ਭਏ ਉਦਾਸਾ।
ਤਤਛਿਨ ਉਠੇ ਤਜੇ ਅਨ ਮਤਾ[1]। — [1]ਦੂਜੀ ਸਲਾਹ।
ਕਹ੍ਯੋ 'ਸਮਾਇੰ ਨ ਸਾਚੇ ਪਿਤਾ' ॥੩੮॥
ਗਮਨੇ ਮਿਲਿਨ ਭਈ ਇਤ ਐਸੇ।
ਉਤ ਕੀ ਸੁਨਹੁ ਕੀਨਿ ਗੁਰ ਜੈਸੇ।
ਅੰਬਰ ਪਾਇ ਬਦਨ ਪਰ ਤਬਿ ਹੀ।
ਪੌਢਿ ਗਏ ਦੇਖਹਿਂ ਨਰ ਸਭਿ ਹੀ ॥੩੯॥
ਗੇ ਸਮਾਇ ਤਨ ਰਹੇ ਨ ਪ੍ਰਾਨਾ।
{ਇੱਕ ਬਾਰ ਸਮਾ ਗਏ}
ਭਾ ਕਹਾਇ ਕੋ ਸਬਦਿ ਮਹਾਨਾ[1]। — [1]ਕੋਲ ਦਿਆਂ ਤੋਂ) ਹਾਹਾਕਾਰ ਸ਼ਬਦ ਹੋਇਆ।
ਕਰਿਹੀਂ ਲੋਕ ਬਿਲਾਪ[1] ਕਲਾਪਾ[2]। — [1]ਵਿਰਲਾਪ। [2]ਸਾਰੇ (ਲੋਕ)।
ਭਯੋ ਪ੍ਰਭੂ ਕੋ ਬਿਰਹੁ ਪ੍ਰਤਾਪਾ[1]† ॥੪੦॥ — [1]ਪ੍ਰਭੂ (ਦੇ) ਵਿਛੋੜੇ ਦਾ ਦੁਖ। †ਪਾ:-ਪ੍ਰਲਾਪਾ।
ਨਰਨ ਬਿਖੈ ਭਾ ਰੁਦਨ ਘਨੇਰਾ।
ਸੁਰਨ[1] ਮਝਾਰ ਅਨੰਦ ਬਧੇਰਾ। — [1]ਦੇਵਤਿਆਂ।
ਅਤਿ ਉਤਸਵ ਕੇ ਗੀਤਨਿ ਗਾਵਹਿਂ।
ਬਾਦਿਤ[1] ਤਾਲ ਮਿਲਾਇ ਬਜਾਵਹਿਂ ॥੪੧॥ — [1]ਵਾਜੇ।

ਸੈਯਾ:
ਨੰਦੀ ਸੁ ਬ੍ਰਿਖਭ[1] ਚਢੇ ਸ਼ਿਵ ਜੁ — [1]ਨੰਦੀ ਨਾਮੇ ਬੈਲ ਉੱਤੇ।
ਤਨ ਉੱਜਲ ਇੰਦੂ ਸ਼ਸ਼ਾਂਕ ਸੁਹਾਏ[1]। — [1]ਇੰਦੂ=ਚੰਦਰਮਾ। ਸ਼ਸ਼ਾਂਕ=(ਜਿਸ ਵਿਚ ਸਹੇ ਦਾ ਨਿਸ਼ਾਨ ਹੈ ਸੋ) ਚੰਦਰਮਾ। ਸ਼ਿਵਜੀ ਨੰਦੀ ਨਾਮੇ ਬੈਲ ਤੇ ਚੜ੍ਹੇ ਹੋਏ ਜਿਨ੍ਹਾਂ ਦਾ ਤਨ ਚੰਦਰਮਾਂ ਵਰਗਾ ਉੱਜਲ ਹੈ (ਮੱਥੇ ਤੇ) ਚੰਦਰਮਾਂ ਸ਼ੋਭਨੀਕ ਵਾਲੇ। (ਅ) ਜੇ ਪਾਠ ਐਉਂ-ਇੰਦੁ ਸੁਸ਼ੇਖ੍ਰ ਸਹਾਏ-ਹੋਵੇ ਤਾਂ ਅਰਥ ਬਣੂੰ=ਮੱਥੇ ਤੇ ਚੰਦਰਮਾਂ ਸ਼ੋਭਦਾ ਹੈ ਜਿਸ ਦੇ।
ਬਜਾਲ ਕਰਾਲ ਅਲੰਕ੍ਰਿਤ ਹੈ[1] — [1]ਸੱਪਾਂ ਭਿਆਨਕਾਂ ਨਾਲ ਭੂਸ਼ਿਤ ਹੈ।
ਹਰਿਖਾਲ[1] ਬਿਸਾਲ ਸਿਕੰਧਨ[2] ਪਾਏ। — [1]ਸ਼ੇਰ ਦੀ ਖੱਲ। [2]ਮੋਢਿਆਂ ਤੇ।

| | |
|---|---|
| ਗੰਗ ਤਰੰਗ ਅਮੰਕਨ ਭੰਗ[1] | [1]ਪਾਪਾਂ ਨੂੰ ਭੰਨਣ ਵਾਲੇ। |
| ਜਟਾ ਮਹਿਂ, ਪਾਰਬਤੀ ਅੰਗ ਲਾਏ[1]। | [1]ਖਬੇ) ਅੰਗ ਨਾਲ ਲਾਈ ਹੈ। |
| ਸੂਲ ਧਰੇ ਕਰ[1], ਮੁੰਡ ਪਰੇ ਗਰ[2] | [1]ਤ੍ਰਿਸ਼ੂਲ ਧਾਰੀ ਹੈ ਹੱਥ ਵਿਚ। [2]ਖੋਪਰੀਆਂ ਹਨ ਗਲੇ। |
| ਪ੍ਰੇਮ ਕਰੇ ਉਰ ਸੌਂ[1] ਚਲਿ ਆਏ ॥੪੨॥ | [1]ਗੁਰੂ ਜੀ ਨਾਲ) ਦਿਲੋਂ ਪ੍ਰੇਮ ਕਰਕੇ। |
| ਸੰਗ ਪੰਚਾਨਨ[1] ਤਾਤ ਖੜਾਨਨ ਹੈ[2] | [1]ਪੰਚ+ਆਨਨ=) ਸ਼ਿਵਾਂ ਦੇ ਨਾਲ। [2]ਪੁੱਤਰ ਹੈ ਛੇ ਮੂੰਹਾਂ ਵਾਲਾ (ਸ੍ਵਾਮਿ ਕਾਰਤਕ)। |
| ਦੁਰਦਾਨਨ[1] ਸ਼ੋਭ ਬਢਾਏ। | [1]ਗਣੇਸ਼ (ਦ੍ਵਿਰਦ+ਆਨਨ=ਹਾਥੀ ਦੇ ਮੂੰਹ ਵਾਲਾ)। |
| ਬ੍ਰਿੰਦ ਬਡੇ ਗਣ ਸਾਥ ਬਿਰਾਜਤਿ | |
| ਦੇਖਿ ਸਰੂਪ[1] ਸਭੈ ਹਰਖਾਏ[2]। | [1]ਗੁਰੂ ਜੀ ਦਾ) ਸਰੂਪ ਦੇਖਕੇ। [2]ਸਾਰੇ ਖੁਸ਼ ਹੋਏ। |
| 'ਜੈ ਸੁਖ ਦਾਇਕ ! ਜੈ ਸੁਰ ਨਾਇਕ[1] ! | [1]ਜੈ ਦੇਵਤਿਆਂ ਦੇ ਸ੍ਵਾਮੀ। |
| ਜੈ ਇਠ ਪਾਯਕ ![1]' ਵਾਕ ਅਲਾਏ। | [1]ਜੈ ਦਾਸਾਂ ਦੇ ਪਿਆਰੇ। |
| ਬੰਦ ਉਭੈ ਕਰ ਬੰਦਤਿ ਹੈਂ | |
| ਬਹੁ ਫੂਲਨ ਕੀ ਬਰਖਾ ਬਰਖਾਏ ॥੪੩॥ | |
| ਹੰਸ ਚਢੇ ਚਤੁਰਾਨਨ[1], ਨਾਰਦ | [1]ਬ੍ਰਹਮਾ, ਨਾਰਦ, ਸਰਸ੍ਵਤੀ (ਤ੍ਰੈਏ) ਬੁੱਧੀ ਦੇ ਚਤੁਰ (ਲੋਕ) ਆਏ। (ਅ) ਬੁੱਧ ਵਿਸ਼ਾਰਦ=ਚਤੁਰ ਬੁੱਧ (ਰਿਸ਼ੀ ਜੀ)। |
| ਸਾਰਦ[1], ਬੁੱਧਿ ਬਿਸ਼ਾਰਦ[2] ਆਏ। | [1]ਬ੍ਰਹਮਾ, ਨਾਰਦ, ਸਰਸ੍ਵਤੀ (ਤ੍ਰੈਏ) ਬੁੱਧੀ ਦੇ ਚਤੁਰ (ਲੋਕ) ਆਏ। (ਅ) ਬੁੱਧ ਵਿਸ਼ਾਰਦ=ਚਤੁਰ ਬੁੱਧ (ਰਿਸ਼ੀ ਜੀ)। [2]ਬ੍ਰਹਮਾ, ਨਾਰਦ, ਸਰਸ੍ਵਤੀ (ਤ੍ਰੈਏ) ਬੁੱਧੀ ਦੇ ਚਤੁਰ (ਲੋਕ) ਆਏ। (ਅ) ਬੁੱਧ ਵਿਸ਼ਾਰਦ=ਚਤੁਰ ਬੁੱਧ (ਰਿਸ਼ੀ ਜੀ)। |
| ਪ੍ਰੇਮ ਭਰੇ ਉਰ, ਬੇਨ ਬਜਾਵਤਿ | |
| ਸਨਕ ਸਨੰਦ[1] ਰਿਦੈ ਹਰਖਾਏ। | [1]ਬ੍ਰਹਮਾ, ਨਾਰਦ, ਸਰਸ੍ਵਤੀ (ਤ੍ਰੈਏ) ਬੁੱਧੀ ਦੇ ਚਤੁਰ (ਲੋਕ) ਆਏ। (ਅ) ਬੁੱਧ ਵਿਸ਼ਾਰਦ=ਚਤੁਰ ਬੁੱਧ (ਰਿਸ਼ੀ ਜੀ)। |
| ਕੌਸਕ[1], ਭ੍ਰਿੰਗ[2], ਬਸ਼ਿਸ਼ਟ ਮੁਨੀ | [1]ਬ੍ਰਹਮਾ ਦੇ ਪੁੱਤ੍ਰ। [2]ਵਿਸ਼੍ਵਾਮਿੱਤ੍ਰ। |
| ਅੰਗਰਾ[1] ਸੁ ਪੁਲਸਤ[2] ਮਹਾਂ ਸੁਖ ਪਾਏ। | [1]ਇਕ ਰਿਖੀ। [2]ਨਾਮ ਹੈ। |
| ਅੱਤ੍ਰ, ਅਗਸਤ, ਪਰਾਸੁਰ, ਬਜਾਸ | |
| ਸਭੈ ਦਰਸ਼ੰਨ ਗੁਰੂ ਸੁਖ ਪਾਏ ॥੪੪॥ | |

ਦੋਹਰਾ:

ਬਾਲਮੀਕ ਅਰ ਰੋਮ ਰਿਖਿ,
ਕਾਕ ਭਸੁੰਡ ਸੁਜਾਨ।
ਬਕਦਾਲਭ ਤੇ ਆਦਿ ਸਭਿ,
ਆਏ ਰਿਖੀ ਮਹਾਨ ॥੪੫॥

ਨਾਮਦੇਵ, ਜੈ ਦੇਵ, ਜਨ;
ਧੰਨਾ, ਸੈਨ, ਕਬੀਰ।
ਹਿਤ ਦਰਸ਼ਨ ਕੇ ਭਗਤ ਸਭਿ,
ਆਏ ਗੁਰ ਕੇ ਤੀਰ ॥੪੬॥

ਸ੍ਵੈਯਾ:

ਸ਼ੇਸ਼[1], ਸੁਰੇਸ਼[2], ਜਲੇਸ਼[3], ਦਿਨੇਸ਼[4]
ਨਿਸੇਸ਼[1], ਧਨੇਸ਼[2] ਪਿਖੈਂ ਸੁਖ ਪਾਵੈਂ।
ਕਿੰਨਰ ਗੰਧਰਬ, ਪਾਵਕ ਪੌਨ
ਅਨੰਦ ਭਰੇ ਉਰ ਮੰਗਲ ਗਾਵੈਂ।
ਦੇਵ ਤਰੋਵਰ[1] ਕੀ ਪੁਸ਼ਪਾਂਜਲ[2]
'ਜੈ' ਮੁਖ ਤੇ ਕਹਿ ਕੈ ਬਰਖਾਵੈਂ।
ਸ਼੍ਰੀ ਸੁਖਕੰਦ ਗੁਬਿੰਦ ਮੁਕੰਦ
ਪਦੰ ਅਰਬਿੰਦ ਪੁਜੈਂ ਮਨ ਭਾਵੈਂ[1]† ॥੪੭॥

[1]ਸ਼ੇਸ਼ਨਾਗ। [2]ਇੰਦਰ। [3]ਵਰੁਣ। [4]ਸੂਰਜ।

[1]ਚੰਦ। [2]ਕੁਬੇਰ।

[1]ਕਲਪ ਬ੍ਰਿਛ। [2]ਫੁੱਲਾਂ ਦੇ ਬੁੱਕ।

[1]ਗੁਰੂ ਜੀ ਦੇ ਚਰਨਾਂ ਨੂੰ ਪੂਜਦੇ ਹਨ ਮਨ ਦੇ ਪ੍ਰੇਮ ਨਾਲ।

†ਸ਼ਿਵ ਬ੍ਰਹਮਾ, ਆਦਿ ਮੁੱਖ ਦੇਵਤੇ ਪੁੱਤਰਾਂ ਆਦਿ ਸਣੇ, ਫਿਰ ਉੱਚੇ ਤੇ ਉੱਚੇ ਮੁਨੀ ਤੇ ਰਿਖੀ, ਫਿਰ ਕਬੀਰ ਆਦਿ ਵਡੇ ਭਗਤ, ਫਿਰ ਦੂਸਰੇ ਦੇਵਤਿਆਂ ਦੇ ਵਡੇ, ਫਿਰ ਕਿੰਨਰ ਤੇ ਗੰਧਰਬ ਆਦਿ ਸਾਰੇ ਗਿਣਕੇ ਆਪ ਨੇ ਦੱਸਿਆ ਹੈ ਕਿ ਗੁਰੂ ਜੀ ਦੇ ਆਦਰ ਕਰਨ ਨੂੰ ਆਏ, ਫੁੱਲਾਂ ਦੀ ਬਰਖਾ ਕਰਦੇ ਹਨ, 'ਜੈ ਜੈ' ਆਖਦੇ ਹਨ, ਚਰਨਾਂ ਦੀ ਪੂਜਾ ਕਰਦੇ ਹਨ, ਇਸ ਸਾਰੇ ਕਥਨ ਦਾ ਭਾਵ ਕੇਵਲ ਇਹ ਹੈ ਕਿ ਸ਼੍ਰੀ ਗੁਰੂ ਜੀ ਸਭ ਉੱਚੀਆਂ ਤੋਂ ਉੱਚੀਆਂ ਵਜਕਤੀਆਂ ਦੇ ਪੂਜ ਹਨ। ਗੁਪਤ ਲੋਕਾਂ ਦੇ ਕਿਸੇ ਵਡੇ ਦਾ ਨਾਮ ਸ਼ਿਵ ਹੈ ਕਿ ਜਬਰਾਈਲ, ਸੰਸਕ੍ਰਿਤ ਪੜ੍ਹਿਆ ਕੁਛ ਕਹੇ ਤੇ ਅਰਬੀ ਪੜ੍ਹਿਆ ਕੁਛ, ਇਨ੍ਹਾਂ ਵਿਸਥਾਰਾਂ ਨਾਲ ਪ੍ਰਯੋਜਨ ਨਹੀਂ, ਕੇਵਲ ਮੁਰਾਦ ਇਹ ਹੈ ਕਿ ਇਸ ਜਗਤ ਤੋਂ ਪਯਾਨਾ ਕਰਨ ਵੇਲੇ ਅਗਲੇ ਜਗਤ ਦੇ ਮਹਾਂ ਮੁਖੀਆਂ ਨੇ ਆਪ ਦਾ ਸੁਆਗਤ ਕੀਤਾ, ਕਿਉਂਕਿ ਆਪ 'ਗੁਰ ਅਵਤਾਰ' ਸਭ ਤੋਂ ਸ਼ਿਰੋਮਣੀ ਹਨ। ਕਵੀ ਜੀ ਇਸ ਸਮੇਂ ਦੇ ਵਰਣਨ ਵਿਚ ਕਵਿਤਾ ਦਾ ਬੀ ਕਮਾਲ ਕਰ ਰਹੇ ਹਨ।

ਦੋਹਰਾ:

ਇਕ ਬਿਵਾਨ† ਮਨੁਹਰ ਮਹਾਂ, ਪੁੰਜ ਮਣੀ
ਜਿਸ ਮਾਂਹਿ।

†ਇਸ ਬਿਬਾਨ ਦੀ ਸੁੰਦਰਤਾ ਕਵੀ ਜੀ ਮਨੁੱਖੀ ਪਦਾਰਥਾਂ ਵਿਚ ਹੀ ਕਹਿ ਸਕਦੇ ਹਨ, ਜੋ ਕੁਛ ਆਤਮ ਮੰਡਲ ਵਿਚ ਹੈ, ਉਸ ਲਈ ਸਾਡੀ ਬੋਲੀ ਵਿਚ ਲਫਜ਼ ਨਹੀਂ, ਇਸ ਕਰਕੇ ਜਿਵੇਂ ਓਥੇ ਹਨ ਤਿਵੇਂ ਕਹੇ ਹੀ ਨਹੀਂ ਜਾ ਸਕਦੇ, ਜੇ ਅੱਖਰੀਂ ਅਰਥਾਂ ਵੱਲ ਜਾਓ ਤਾਂ ਸੂਖਮ ਸੰਸਾਰ ਵਿਚ ਸਥੂਲ ਮਣੀਆਂ ਕਿਵੇਂ ਹੋ ਸਕਦੀਆਂ ਹਨ।

ਅਤਿ ਪ੍ਰਕਾਸ਼ ਸੰਯੁਕਤਿ ਸੋ, ਕੌਨ ਕਹੈ
ਛਬਿ ਤਾਂਹਿ ॥੪੮॥

ਚੌਪਈ:

ਪਾਰਖਦੀ ਜਿਸ ਆਇ ਅਗਾਰੀ।
ਚਵਰ ਢੁਰਤਿ ਹੈ ਵਾਰੰਵਾਰੀ।
ਜਹਾਂ ਹੁਤੇ ਬੇਦੀ ਕੁਲਦੀਪਾ।

ਇਸਥਿਰ ਭਯੋ ਸੁ ਤਾਂਹਿ ਸਮੀਪਾ ॥੪੯॥

ਨਿਜ ਸਰੂਪ ਤਬਿ ਸ਼੍ਰੀ ਪ੍ਰਭੁ ਧਾਰਾ।
ਚਰਨ ਕੋਕਨਦ[1] ਸ਼ੁਭਤਿ ਅਪਾਰਾ। — [1]ਲਾਲ ਕਵਲਾਂ ਵਰਗੇ ਚਰਨ।
ਨੂਪਰਿ ਮਣਿਮਯ[1] ਰੁਚਿਰ ਸੁਹਾਏ। — [1]ਮਣੀਆਂ ਖਚਤ ਝਾਂਜਰ।
ਦ੍ਵੈ ਜੰਘਾਂ ਕਦਲੀ ਛਬਿ ਪਾਏ ॥੫੦॥

ਛੁਦ੍ਰ ਘੰਟਕਾ[1] ਬੰਧੀ ਸੁਹਾਵਤਿ। — [1]ਤੜਾਗੀ।
ਉਦਰ ਸ ਤ੍ਰਿਵਲੀ† ਸ਼ੋਭ ਬਢਾਵਤਿ[1]। — [1]ਪੇਟ ਤੇ ਤਿੰਨ ਵਲ ਸ਼ੋਭਾ ਵਧਾਉਂਦੇ ਹਨ। †ਪਾ:- ਉਦਰ ਤ੍ਰੈਵਲੀ।
ਕਾਲਿੰਦ੍ਰੀ ਆਵਰਤਿ ਸੁ ਨਾਭਾ[1]। — [1]ਜਮਨਾ ਦੇ ਘੁੰਮਣ ਘੇਰ ਵਤ ਨਾਭੀ ਹੈ।
ਭੁਜਾ ਚਾਰਯੁਤਿ ਭੂਖਨ ਆਭਾ[1] ॥੫੧॥ — [1]ਗਹਿਣਿਆਂ ਦੀ ਸ਼ੋਭਾ।

ਸੰਖ ਚੱਕ੍ਰ ਕਰ ਕਮਲਨ ਮਾਂਹੀ।
ਗਦਾ ਪਦਮ ਅਤਿ ਸੁੰਦਰ ਆਹੀ।
ਕੰਕਨ ਅੰਗਦ ਮਣਿ ਗਚਿਕਾਰੀ[1]। — [1]ਜੜੇ ਹੋਏ।
ਬ੍ਰਿਖਭ[1] ਸਮਾਨ ਕੰਧ[2] ਦ੍ਵੈ ਭਾਰੀ ॥੫੨॥ — [1]ਬੈਲ। [2]ਮੋਢੇ।

ਉਰ ਆਯੁਤ ਬਨ ਮਾਲ[1] ਸੁਹਾਵਾ। — [1]ਛਾਤੀ ਚੌੜੀ (ਉੱਪਰ) ਬਾਜੰਤੀ ਮਾਲਾ।
ਅਧਿਕ ਕੌਸ੍ਤੁਭ[1] ਮਣਿ ਛਬਿ ਪਾਵਾ। — [1]ਇਕ ਮਣੀ ਜੋ ਸਮੁੰਦਰ ਮਥਨ ਤੇ ਮਿਲੀ ਤੇ ਵਿਸ਼ਨੂੰ ਜੀ ਛਾਤੀ ਤੇ ਪਹਿਨਦੇ ਹਨ। ਸੰਸ: ਕੌਸ੍ਤੁਭ]।
ਕੰਬੁ[1] ਗ੍ਰੀਵ ਤ੍ਰੈ ਰੇਖ ਬਿਰਾਜਤਿ। — [1]ਸੰਖ।
ਬਦਨ ਬਿਲੋਕਿ ਚੰਦ੍ਰਮਾ ਲਾਜਤਿ ॥੫੩॥

ਚਿਬੁਕ[1] ਚਾਰੁ, ਮੁਸਕਯਾਨ ਕਪੋਲਾ[2]। — [1]ਠੋਡੀ। [2]ਗੱਲ੍ਹਾਂ।
ਹਾਸ ਮ੍ਰਿਦੁਲ ਛਬਿ ਹੋਤਿ ਅਮੋਲਾ।
ਚਮਕ ਦਸਨ ਕੀ ਰੁਚਿਰ ਬਿਰਾਜੀ।
ਸੰਪਟ ਬਿੱਦ੍ਰਮ ਹੀਰਨ ਰਾਜੀ[1] ॥੫੪॥ — [1]ਦੰਦ (ਮਾਨੋਂ) ਗੁਲੀਆਂ ਦੇ ਡੱਬੇ ਵਿਚ ਹੀਰੇ ਚਮਕਦੇ ਹਨ।

ਉਨਤ[1] ਨਾਸਕਾ, ਕਾਨਨ[2], ਕੁੰਡਲ। — [1]ਉੱਚੀਆਂ। [2]ਕੰਨਾਂ ਵਿਚ।
ਸ਼ੋਭਾ ਸੁਖਦਾ ਅਤਿ ਸੁਖ ਮੰਡਲ।
ਮਨਹੁਂ ਕਮਲ ਦਲ ਸੁੰਦਰ ਲੋਚਨ।
ਕ੍ਰਿਪਾ ਭਰੀ ਚਿਤਵਨ ਦੁਖ ਮੋਚਨ ॥੫੫॥

ਧਨੁਖ ਭ੍ਰਿਕੁਟੀ ਮਸਤਕ ਚਾਰੂ।
ਸਿਰ ਕਰੀਟ[1] ਜਿਹ ਪ੍ਰਭਾ[2] ਅਪਾਰੂ। — [1]ਮੁਕਟ। [2]ਸ਼ੋਭਾ।
ਸ਼ਯਾਮ ਬਰਨ[1], ਜਲਧਰ[2] ਕੀ ਨਯਾਈਂ। — [1]ਸਾਂਵਲਾ ਰੰਗ। [2]ਬੱਦਲ।

**ਬਸਨ ਪੀਤ ਜਨ ਛਟਾ[1] ਸੁਹਾਈ ॥੫੬॥**

[1]ਬਸਤਰ ਪੀਲੇ ਮਾਨੋ ਬਿਜਲੀ।

**ਅਪਨੋ ਪਲਟ ਸਰੂਪ ਕ੍ਰਿਪਾਲਾ।**[*]

[*]ਇਹ ਸਾਰਾ ਰੂਪਕ ਵਿਸ਼ਨੂੰ ਯਾ ਮਹਾਂ ਵਿਸ਼ਨੂੰ ਦਾ ਵਰਣਨ ਕੀਤਾ ਹੈ। ਪਰਮੇਸ਼ੁਰ ਨੂੰ ਜਦੋਂ ਜਗਤ ਦਾ ਮਾਲਕ ਪਾਲਕ ਵਰਣਨ ਕਰਦੇ ਹਨ ਤਾਂ ਹਿੰਦੂ ਖਿਆਲ ਨੇ ਉਸ ਨੂੰ ਦੋ ਰੂਪ ਦਿੱਤੇ ਹਨ। ਜਿਸ ਨੂੰ ਨਿਰਾਕਾਰ ਬ੍ਰਹਮ ਤੋਂ ਹੇਠਾਂ ਉਸ ਨਾਲ ਅਭੇਦ ਬੀ ਤੇ ਸ੍ਰਿਸ਼ਟੀ ਦਾ ਪਰਬੰਧ ਕਰਤਾ ਬੀ ਇਕ ਵੱਖਰੀ ਵਜਕਤੀ ਵਾਲਾ ਮੰਨਿਆ ਹੈ, ਉਸ ਨੂੰ ਈਸ਼ਵਰ ਆਦਿ ਕਹਿ ਲਿਆ, ਯਾ ਭਗਤਾਂ ਨੇ ਉਸੇ ਤਰ੍ਹਾਂ ਦੇ ਇਕ ਵਜੂਦ ਦਾ ਨਾਮ 'ਵਿਸ਼ਨੂੰ' ਧਰਿਆ ਹੈ। ਇਹੋ ਦਰਜਾ ਸ਼ਿਵ ਤੇ ਭਵਾਨੀ ਨੂੰ ਦਿੱਤਾ ਜਾਂਦਾ ਹੈ। ਅਸਲ ਵਿਚ ਹਿੰਦੂ ਫਿਲਾਸਫਰਾਂ ਨੇ ਜਦ ਨਿਰਾਕਾਰ ਨੂੰ ਕਰਤਾ ਤੇ ਕਾਦਰ ਕਹਿਣੋਂ ਸੰਕੋਚ ਖਾਧਾ ਕਿ ਇਸ ਤਰ੍ਹਾਂ ਉਹ ਵਿਕਾਰ ਵਾਲਾ ਹੋ ਜਾਏਗਾ ਤਾਂ ਵਿਚਕਾਰੇ ਏਹ ਸਾਕਾਰ ਮੂਰਤੀ (Personal God) ਮਿਥਕੇ ਕੰਮ ਟੋਰਲਿਆ ਵਾਂਙੂ ਜਾਪਦਾ ਹੈ। ਭਗਤੀ ਪੱਖ ਵਾਲਿਆਂ ਨੇ ਮੁਰਸ਼ਿਦ (ਗੁਰਮੁਖ) ਤੋਂ ਉਪਰ ਧਿਆਨ ਲਈ ਇਕ ਸੂਖਮ ਮੂਰਤੀ ਸਗੁਣ ਬ੍ਰਹਮ ਦੀ 'ਵਿਸ਼ਨੂੰ' ਕਲਪ ਲਈ, ਇਹ ਸਾਰੇ ਤਰਲੇ ਹਨ ਪਰਮਾਤਮਾ ਦੀ ਨਿਰਵਿਕਾਰਤਾ ਤੇ ਫੇਰ ਉਸ ਦੇ ਮਾਲਕ, ਪਾਲਕ ਤੇ ਸਰਬ ਸੁੰਦਰਤਾਈਆਂ ਦੇ ਸੋਮੇ ਹੋਣ ਨੂੰ ਇਸ ਨਿਕੀ ਜਿਹੀ-ਹਦ ਬੰਦੀ ਵਾਲੀ-ਅਕਲ ਨਾਲ ਸਮਝਣ ਦੀਆਂ। ਪਰ ਸਤਿਗੁਰੂ ਜੀ ਨੇ ਉਸੇ ਅਕਾਲ ਪੁਰਖ ਨੂੰ 'ਕੁਦਰਤਿ ਵਸਿਆ' ਦਸਿਆ ਹੈ, ਉਸੇ ਨੂੰ ਨਿਰੰਕਾਰ ਕਿਹਾ ਹੈ, ਉਸੇ ਨੂੰ 'ਪਾਕੀ ਨਾਈ ਪਾਕੁ' ਕਿਹਾ ਹੈ, ਉਸੇ ਨੂੰ 'ਕਾਦਿਰ ਕਰਤਾ' ਕਿਹਾ ਹੈ। ਇਸ ਦਾ ਭੇਤ, 'ਹੁਕਮੁ ਨ ਕਹਿਆ ਜਾਈ' ਵਿਚ ਦਸਿਆ ਹੈ। ਅਰਥਾਤ ਜਿਵੇਂ ਅਕਾਲ ਪੁਰਖ ਆਪ ਅਗੰਮ ਤੇ ਅਲੱਖ ਤੇ ਅਕੱਥ ਹੈ, ਉਸ ਦਾ ਹੁਕਮ ਬੀ ਉਸੇ ਤਰ੍ਹਾਂ ਅਕੱਥ, ਅਗੰਮ ਤੇ ਅਲੱਖ ਹੈ। ਅਸੀਂ ਜਦ ਉਸ ਨੂੰ ਕਰਤਾ ਮੰਨਕੇ ਵਿਕਾਰੀ ਕਹਿੰਦੇ ਹਾਂ ਤਾਂ ਆਪਣੇ ਕਰਤਾਪਨ ਨੂੰ ਉਸ ਪਾਰਬ੍ਰਹਮ ਦੇਸ਼ ਕਾਲ ਪਾਰ, ਅਕਹਿ ਵਿਚ ਜਾ ਕਲਪਦੇ ਹਾਂ। 'ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜੀਨਿ ਸਗਰੀ ਮੋਹੀ। ' ਦੇਖੋ ਉੱਤਰਾਰ੍ਧ ਅਧਜਾਯ ੫੩ ਅੰਕ ੭੨ ਦੀ ਹੇਠਲੀ ਟੂਕ।

ਕਵੀ ਜੀ ਸੰਸਕ੍ਰਿਤ ਵਿੱਦਯਾ ਤੇ ਸਭਯਤਾ ਦੇ ਜਾਣੂ ਸਨ, ਇਸ ਕਰਕੇ ਉਨ੍ਹਾਂ ਨੇ ਸਤਿਗੁਰੂ ਦੀ ਮਹਾਨਤਾ, ਆਤਮ ਪ੍ਰਬਲਤਾ, ਰੂਹਾਨੀ ਔਜ, ਉਚੇ ਤੋਂ ਉਚੇ ਵਰਣਨ ਕਰਦਿਆਂ ਉਸੇ ਬੋਲੀ ਤੇ ਉਸੇ ਖਿਆਲ ਮੰਡਲ ਦੇ ਖਿਆਲ ਤਸਵੀਰਾਂ ਵਿਚ ਅੰਕਿਤ ਕਰਨੇ ਸਨ ਜਿਸ ਦੇ ਓਹ ਬਹੁਤੇ ਜਾਣੂ ਸਨ। ਵਿਸ਼ਨੂੰ ਇਕ ਵੇਦਾਂ ਦੇ ਸਮੇਂ ਦਾ ਦੇਵਤਾ ਹੈ, ਇਹ ਸਮਝਣਾ ਕਿ ਗੁਰੂ ਜੀ ਓਹ ਸਨ, ਭੁੱਲ ਹੈ। ਐਸੇ ਸੰਸੇ ਤੇ ਭੈ ਅਯੋਗ ਤੇ ਅਵਿਦਯਾ ਸੂਚਕ ਹਨ, ਐਸੇ ਦੇਵਤਾ ਪ੍ਰਸਤੀ ਦੇ ਖਿਆਲਾਂ ਪਰ ਤਾਂ ਆਪ ਗੁਰੂ ਜੀ ਨੇ ਕਿਹਾ ਹੈ 'ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥' ਪਿਛੇ ਆਪ ਕਵਿ ਜੀ ਵਿਸ਼ਨੂੰ ਬਾਬਤ ਕਹਿ ਆਏ ਹਨ-(ਵੇਖੋ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਉੱਤਰਾਰ੍ਧੇ ਅਧਜਾਯ ੫੬ ਅੰਕ ੧੬,) 'ਹਰੀ ਬਿਸ਼ਨੁ ਜਿਹ ਜਗਤ ਅਲਾਇ। ਹਰੀ ਹਰਿਤੁਤਾ ਤਿਹ ਕੀ ਜਾਇ।' ਸੋ ਮੁਰਾਦ ਕੇਵਲ ਇਹ ਲੈਣੀ ਚਾਹੀਏ ਜੋ ਕਵਿ ਜੀ ਨੇ ਪਹਿਲੇ ਅਧਜਾਯ ਦੇ ਅੰਕ ੫ ਵਿਚ ਕਿਹਾ ਹੈ ਕਿ 'ਸਭ ਤੋਂ ਵਡਾ ਸਤਿਗੁਰ ਨਾਨਕ' ਹੈ। ਅਰਥਾਤ ਗੁਰੂ ਜੀ ਪੁਰਸ਼ੋਤਮਾਂ (ਜਗਤ ਵਿਚ ਆਏ ਮਹਾਂ ਪੁਰਖਾਂ ਤੋਂ) ਪਰਮ (ਸ੍ਰੇਸ਼ਟ) ਹਨ ਤੇ (ਪਰਾਵਰਾਂ) ਅਵਜਕਤ ਮਹਾਂ ਪੁਰਖਾਂ ਦੇ ਨਾਥ ਹਨ। ਸੋ ਕਵਿ ਜੀ ਕਿਸੇ ਰੂਪਕ ਵਿਚ ਗੁਰੂ ਜੀ ਨੂੰ ਬੰਨ੍ਹ ਦੇਣ, ਉਹਨਾਂ ਦੀ ਮੁਰਾਦ ਕੇਵਲ ਇਹ ਜਾਪਦੀ ਹੈ, ਕਿ ਮੇਰੇ ਇਸ਼ਟ ਦੇਵ ਸ਼੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਉੱਚੇ, ਸੁੱਚੇ, ਸੁਹਣੇ ਤੇ ਵਡੇ ਹਨ। ਜੋ ਲੋਕ ਗੁਰੂ ਨਾਨਕ ਦੇਵ ਜੀ ਨੂੰ ਮਾਮੂਲੀ ਇਨਸਾਨ ਯਾ ਇਨਸਾਨ ਤੋਂ ਕਰਮ ਕਰਕੇ ਉਚੇ ਹੋਏ ਆਖਦੇ ਹਨ, ਉਨ੍ਹਾਂ ਨੂੰ ਕਵਿ ਜੀ ਅਜਾਣ ਕਹਿੰਦੇ ਹਨ। ਓਹ ਸਤਿਗੁਰੂ ਨੂੰ ਗੁਰੂ ਅਰਜਨ ਦੇਵ ਜੀ ਦੇ ਵਾਕ ਅਨੁਸਾਰ 'ਗੁਰੁ ਨਾਨਕ ਦੇਵ ਗੋਵਿੰਦ ਰੂਪ' ਮੰਨਦੇ ਹਨ ਤੇ ਸਾਰੇ ਰੂਪਕਾਂ ਤੋਂ ਇਹੀ ਮੁਰਾਦ ਜਣਾਉਂਦੇ ਹਨ। ਇਸੇ ਅਧਜਾਯ ਦੇ ਅੰਕ ੫੭.੫੮ ਵਿਚ ਦੇਵਤੇ ਪਿਛੇ ਰਹਿ ਗਏ ਤੇ ਗੁਰੂ ਜੀ ਸਚਖੰਡ ਗਏ ਦੱਸੇ ਹਨ। 'ਸਚਖੰਡਿ ਵਸੈ ਨਿਰੰਕਾਰੁ'॥

**ਚਢੇ ਬਿਵਾਨ ਊਪਰ ਤਤਕਾਲਾ।**

**ਤਿਹ ਛਿਨ ਦੋਨੋ ਸੁਤ ਚਲਿ ਆਏ।**

{ਸ੍ਰੀਚੰਦ ਲਖਮੀਦਾਸ ਜੀ ਪਹੁੰਚੇ}

ਸੁਨਤਿ ਰੌਰ ਹਿਰਦੇ ਬਿਸਮਾਏ ॥੫੭॥
ਭੀਰ ਅਧਿਕ ਜਾਵਨ ਜਗ ਨਾਂਹੀ।
ਦੁਸ਼ਤਰ ਹ੍ਵੈ[1] ਪਹੁੰਚੇ ਪ੍ਰਭੁ ਪਾਂਹੀ।
ਦੇਖਿ ਸੁਲਖਣੀ ਸੁਤ ਸੋਂ ਭਾਖੀ।
'ਪੂਰਬ ਕਿਉਂ ਨ ਅਏ ਅਸ ਕਾਂਖੀ?
॥੫੮॥
ਰਹੇ ਬੁਲਾਇ ਪਠੇ ਦ੍ਵੈ ਬਾਰੀ।
ਆਏ ਨਹੀਂ ਨ ਨੀਕ ਬਿਚਾਰੀ।
ਪੀਛੇ ਆਇ, ਰਹੋ ਪਛੁਤਾਈ।
ਅਬਿ ਤੌਂ ਗਏ ਸਮਾਇ ਗੁਸਾਈਂ' ॥੫੯॥
ਸਿਰੀਚੰਦ ਸੁਨਿ ਲਖਮੀਦਾਸ।
ਬਿਸਮੈਂ ਹ੍ਵੈ ਭਏ ਦਰਸ ਨਿਰਾਸ।
ਅਪਨੋ ਦੋਸ਼ ਜਾਨਿ ਪਛੁਤਾਏ।
ਕਵਿ ਸੰਤੋਖ ਸਿੰਘ ਸ਼ਰਧਾ ਪਾਏ ॥੬੦॥

[1]ਬੜੀ ਔਖਿਆਈ ਨਾਲ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ ॥੫੬॥

## ੫੭. [ਗੁਰ ਸ਼ਬਦ ਮੰਗਲ। ਵਾਹਿਗੁਰੂ ਸਤੋਤਰ। ਜੋਤੀ ਜੋਤ ਸਮਾਵਣਾ]

੫੫<< ਪਿਛਲਾ ਅਧਿਆਇ ਤਤਕਰਾ - ਸੰਖੇਪ ਲਿੰਕ ਅਗਲਾ ਅਧਿਆਇ >>

{ਸ੍ਰੀਚੰਦ ਲਖਮੀਦਾਸ ਜੀ ਦੀ ਅਰਦਾਸ} ॥੨..॥
{ਦੋ ਘੜੀਆਂ ਦਾ ਦਰਸ਼ਨ ਮੰਗਿਆ} ॥੭॥
{ਗੁਰੂ ਜੀ ਵਾਪਿਸ ਸਰੀਰ ਵਿੱਚ ਆਏ} ॥੯..॥
{ਸਾਹਿਬਜ਼ਾਦਿਆਂ ਨੂੰ ਵਰ} ॥੨੨..॥
{ਵਾਹਿਗੁਰੂ ਸਤੋਤ੍ਰ ਅਸ਼ਟਕ} ॥੩੬..॥
{ਗੁਰੂ ਸਤੋਤ੍ਰ ਅਸ਼ਟਕ} ॥੪੮..॥
{ਜੋਤੀ ਜੋਤ ਸਮਾਵਣਾ} ॥੬੧॥
{ਪਠਾਣਾਂ ਦਾ ਆਉਣਾ} ॥੬੪..॥
{ਪਠਾਣਾਂ ਦਾ ਹਠ} ॥੭੦..॥
{ਗੁਰੂ ਜੀ ਦਾ ਸਰੀਰ ਅੰਤਰਧਿਆਨ} ॥੭੪॥
{ਗੁਰੂ ਜੀ ਨੇ ਝਗੜਾ ਨਿਬੇੜਿਆ} ॥੮੬..॥
{ਦਸ ਗੁਰੂ ਮੰਗਲ} ॥੯੮..॥

ਦੋਹਰਾ:

ਦੀਪਕ ਸਤਿਗੁਰ ਸ਼ਬਦ ਕਰਿ, ਸਦਨ ਰਿਦੇ ਮਹਿਂ ਬਾਰ।

ਸਦਨ=ਘਰ। ਬਾਰ=ਬਾਲ, ਜਗਾ।

ਤਮ ਅਗਜਾਨ ਨਿਵਾਰਿ ਕੈ, ਸਾਰ ਅਸਾਰ ਬਿਚਾਰਿ ॥੧॥

ਨਿਵਾਰਿ ਕੈ=ਦੂਰ ਕਰਕੇ। ਸਾਰ=ਤੱਤੂ। ਅਸਾਰ=ਤੱਤੂ ਤੋਂ ਖਾਲੀ। ਇਹ ਵਿਚਾਰ ਕਰ ਕਿ ਕਿਹੜੀ ਗਲ ਕੀਮਤੀ ਹੈ, ਕਿਹੜੀ ਤੁੱਛ ਹੈ, ਕਿਹੜੀ ਰਹਿਣ ਵਾਲੀ ਕਿਹੜੀ ਨਾ ਰਹਿਣ ਵਾਲੀ ਹੈ, ਅਸੱਤ ਕਿਹੜੀ ਹੈ ਤੇ ਸੱਤ ਕਿਹੜੀ ਹੈ।

ਅਰਥ:

ਸਤਿਗੁਰੂ ਦੇ ਸ਼ਬਦ ਨੂੰ ਦੀਵਾ ਬਣਾਕੇ ਹਿਰਦੇ (ਰੂਪੀ) ਘਰ ਵਿਖੇ ਬਾਲ। ਅੱਗਜਾਨ (ਰੂਪੀ) ਹਨੇਰੇ ਨੂੰ (ਇਸ ਦੇ ਚਾਨਣੇ ਨਾਲ) ਦੂਰ ਕਰਕੇ ਸਾਰ ਤੇ ਅਸਾਰ ਦੀ ਵਿਚਾਰ ਕਰ।

ਚੌਪਈ:

ਸਿਰੀਚੰਦ ਤਬਿ ਲਖਮੀ ਦਾਸ।
ਪਿਤ ਆਗੈ ਕੀਨੀ ਅਰਦਾਸਿ।

{ਸ੍ਰੀਚੰਦ ਲਖਮੀਦਾਸ ਜੀ ਦੀ ਅਰਦਾਸ}

ਹਾਥ ਬੰਦਿ ਦੇਨੋ ਹ੍ਵੈ ਠਾਂਢੇ।
ਹਿਰਦੇ ਮਹਿਂ ਸ਼ਰਧਾ ਅਤਿ ਬਾਢੇ ॥੨॥
'ਹੇ ਜਗਤੇਸ਼ ਸਰਬ ਸੁਖਦਾਨੀ!
ਹੇ ਸਰਬੱਗਜ ਸਰਬ ਗੁਨਖਾਨੀ!
ਸਭਿ ਬਿਧਿ ਪੂਰਨ ਹੋ ਸਮਰੱਥਾ।
ਰਾਉਰ ਕੇ ਗੁਨ ਅਹੈਂ ਅਕੱਥਾ ॥੩॥
ਅਪਰ ਨਰਨ ਸੇ ਤੁਮ ਕੋ ਮਾਨਤਿ[1]।
-ਜਗ ਕਰਤਾ[1]-ਇਹ ਭੇਦ ਨ ਜਾਨਤਿ।

[1](ਅਸੀਂ) ਤੁਹਾਨੂੰ ਹੋਰਨਾਂ ਮਨੁਖਾਂ ਵਰਗਾ ਮੰਨਦੇ ਸੀ।

[1]ਤੁਸੀਂ ਜਗਤ ਦੇ ਕਰਤਾਰ ਹੋ।

ਅਬੈ ਪ੍ਰਤੀਤ ਤੁਮਾਰੀ ਆਈ।
ਤ੍ਰੈਲੋਕੀ ਪਤਿ ਸ਼ੰਕ ਨ ਰਾਈ ॥੪॥
ਬਿਨਾ ਮਿਲੈ ਅਬਿ ਆਪ ਸਮਾਏ।
ਹਮ ਰਹਿਗੇ ਹਿਰਦੇ ਪਛੁਤਾਏ।
ਅਬੈ ਬਧੀ ਅਭਿਲਾਖ ਬਿਸਾਲਾ।
ਦਰਸ ਆਪਕਾ ਕਰਨ ਕ੍ਰਿਪਾਲਾ ॥੫॥
ਸੁਨਿ ਕੈ ਬਿਨੈ ਪ੍ਰਸੀਦਹੁ ਤਾਤਾ[1] !
ਛਿਮਾ ਕਰਹੁ ਭੁਲੇ ਪਸ਼ਚਾਤਾ।
ਤੁਮ ਕੋ ਸ੍ਰੀ ਕਰਤਾਰ ਦੁਹਾਈ।
ਬੋਲੇ ਮਿਲੇ ਬਿਨਾ ਜੇ ਜਾਈ ॥੬॥
ਪੂਰਬ ਜਿਉਂ, ਦ੍ਵੈ ਘਟਿਕਾ ਔਰੀ[1]।
{ਦੋ ਘੜੀਆਂ ਦਾ ਦਰਸ਼ਨ ਮੰਗਿਆ}
ਹਮ ਸੋਂ ਬੋਲਹੁ ਮਿਲਹੁ ਬਹੋਰੀ।'
ਅਸ ਅਰਦਾਸ ਕੀਨਿ ਜਬਿ ਦੋਈ।
ਚਹੁੰ ਦਿਸ਼ ਭੀਰ ਅਧਿਕ ਤਬਿ ਹੋਈ ॥੭॥
ਅਹੈ ਸੁਲਖਣੀ ਚਰਨਨ ਪਾਸੂ।
ਲੋਚਨ ਤੇ ਗੇਰਤਿ ਬਹੁ ਆਂਸੂ।
ਭੂਪਤਿ, ਸ਼ਾਹਿ, ਬਿੱਪ੍ਰ, ਸਿਖ ਬ੍ਰਿੰਦਾ।
'ਸੱਤਿਨਾਮ' ਸਿਮਰੈਂ ਸੁਖਕੰਦਾ ॥੮॥
ਠਾਂਢੇ ਬੰਦੇ ਹਾਥ ਸਮੀਪਾ।
ਸੁਨੀ ਬਿਨੈ ਬੇਦੀ ਕੁਲਦੀਪਾ।
ਤਾਤਨ ਸੋਂ ਬੋਲਨ ਕੇ ਕਾਰਨ।
{ਗੁਰੂ ਜੀ ਵਾਪਿਸ ਸਰੀਰ ਵਿੱਚ ਆਏ}
ਉਠਿ ਬੈਠੇ ਤਬਿ ਨਰਕ ਨਿਵਾਰਨ ॥੯॥
ਅਰੁਨ[1] ਪ੍ਰਫੁੱਲਜਤ ਕਮਲ ਬਿਸਾਲਾ।
ਬਦਨ ਸੁਹਾਵਤਿ ਅਸ ਤਿਹ ਤਾਲਾ।
ਦੇਖਿ ਅਚੰਭ ਭਏ ਨਰ ਨਾਰੀ।
ਚਹੁੰਦਿਸ਼ 'ਜੈ ਜੈ ਕਾਰ' ਉਚਾਰੀ ॥੧੦॥
ਠਾਂਢੇ ਦ੍ਵੈ ਤਾਤਨ[1] ਕੋ ਦੇਖਾ।
ਬੋਲੇ ਗੁਰ ਕਰਿ ਕ੍ਰਿਪਾ ਬਿਸ਼ੇਖਾ।
'ਜਾਚਤਿ ਜੇ ਜੀਵਨ ਬਹੁ ਮੇਰਾ।

[1]ਪ੍ਰਸੰਨ ਹੋਵੋ ਹੇ ਪਿਤਾ ਜੀਓ !

[1]ਪਹਿਲੇ ਵਤ ਦੋ ਘੜੀਆਂ ਹੋਰ।

[1]ਲਾਲ।

[1]ਪੁੱਤ੍ਰਾਂ।

ਸੋ ਪਾਵਤਿ ਅਬਿ ਹੁਤੀ ਨ ਦੇਰਾ ॥੧੧॥
ਦ੍ਵੈ ਘਟਿਕਾ ਜਾਚੀ[1] ਤੁਮ ਜੋਈ। — [1]ਦੋ ਘੜੀਆਂ ਮੰਗੀਆਂ।
ਨਹਿਂ ਅਧੀਨ ਤੁਮਰੇ ਕਛੁ ਸੋਈ।
ਨਿਰੰਕਾਰ ਭਾਵੀ ਜੋ ਆਹੀ।
ਸੋਈ ਹੋਤਿ ਮਿਟੈ ਕਬਿ ਨਾਂਹੀ ॥੧੨॥
ਅਬਿ ਜੋ ਹੈ ਤੁਮਰੇ ਮਨ ਮਾਂਹੀ।
ਕਰਉ ਪ੍ਰਤੱਖ ਹਮਾਰੇ ਪਾਹੀ।
ਪੂਰਬ ਰਹੇ ਬੁਲਾਇ ਨ ਆਏ।
ਕਰੀ ਬਾਤ ਆਪਨ ਮਨ ਭਾਏ' ॥੧੩॥
ਤਿਹ ਛਿਨ ਸਿਰੀਚੰਦ ਕਰ ਬੰਦੇ।
ਬੋਲਜੋ ਬਚਨ 'ਸੁਨਹੁ ਸੁਖਕੰਦੇ !
ਤੁਮ ਅੰਤਰਜਾਮੀ ਸਭਿ ਜਾਨਹੁ।
ਬਿਨਾ ਕਹੇ ਤੇ ਭੇਵ ਪਛਾਨਹੁ ॥੧੪॥
ਪੂਛਹੁ ਤੱਦਜਪਿ ਕਰਹੁਂ ਉਚਾਰੀ।
ਪਿਤਾ ਵਸਤੁ ਕੇ ਸੁਤ ਅਧਿਕਾਰੀ[1]। — [1]ਪੁੱਤ੍ਰ ਹੱਕਦਾਰ (ਹੁੰਦੇ ਹਨ)।
ਹਮ ਕੋ ਛੂਛਾ ਛੋਰਿ ਪਯਾਨੇ।
ਥਾਪਜੋ ਲਹਿਣਾ ਅਪਨ ਸਥਾਨੇ ॥੧੫॥
ਕਲਾ ਬਿਸਾਲਹਿ ਤੇ ਤਜਿ ਖਾਲੀ[1]। — [1]ਸਾਨੂੰ) ਖਾਲੀ ਛਡਕੇ।
ਕਰੀ ਆਪ ਅਸਮੰਜਸ[1] ਚਾਲੀ। — [1]ਅਯੋਗ।
ਦਈ ਅਪਰ ਕੋ ਸਰਬ ਬਡਾਈ।
ਤੁਮਰੇ ਸੁਤ ਕਯਾ ਜਗ ਮਹਿਂ ਪਾਈ[1][†]?' ॥੧੬॥ — [1]ਕੀਹ ਪ੍ਰਾਪਤ ਕਰਨਗੇ। [†]ਪਾ-ਹਮ ਸੁਤ ਕਿਆ ਕਿਛ ਜਗ ਮਹਿਂ ਪਾਈਂ।

ਦੋਹਰਾ:
ਬਚਨ ਸੁਨੇ ਨਿਜ ਸੁਤਨ ਕੇ,
ਸ਼੍ਰੀ ਨਾਨਕ ਗਤਿ ਦਾਇ।
ਸਭਿ ਕੇ ਸੁਨਤਿ ਸ਼ਲੋਕ ਇਕ,
ਉਚਰਜੋ ਬਦਨ[1] ਬਨਾਇ ॥੧੭॥ — [1]ਮੁਖੋਂ।

ਸ੍ਰੀ ਮੁਖਵਾਕ ॥
ਮਃ ੧ ॥
ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥

ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥

ਚੌਪਈ:

'ਮਨ ਕੀ ਮੱਤਿ ਕਰਹਿ ਜੇ ਕੋਈ।
ਏਕ ਸਿਧਿ ਨਹਿਂ ਕੈਸੇ ਹੋਈ।
ਬਿਨਾ ਆਪਨੇ ਕਰਮ† ਬਡਾਈ।

†ਏਥੇ ਕਰਮ ਦਾ ਭਾਵ 'ਮੇਹਰ' ਹੈ, ਕ੍ਰਿਯਾ ਯਾ ਫੇਅਲ ਨਹੀਂ ਹੈ। ਗੁਰੂ ਜੀ ਨੇ ਉਪਰਲੇ ਸਲੋਕ ਵਿਚ ਇਹੋ ਤਾਂ ਭੇਤ ਦੱਸਿਆ ਹੈ ਕਿ ਲਹਿਣਾ ਜੀ ਧੁਰੋਂ 'ਮੇਹਰ' ਲੈ ਕੇ ਆਏ ਹਨ। ਇਸ ਦੇ ਸਾਹਮਣੇ ਨੇਕੀਆਂ ਤਪ, ਗੁਣ ਕੁਛ ਮੁੱਲ ਨਹੀਂ ਰਖਦੇ, ਭਾਵ ਏਹ ਕਿ ਓਹ ਧੁਰੋਂ ਇਸ ਪਦਵੀ ਦੀ ਕਮਾਲਤਾ, ਪ੍ਰਬੀਨਤਾ, ਯੋਗਤਾ, ਅਲ੍ਹੂਹੀਅਤ ਲੈ ਕੇ ਆਏ ਹਨ। ਤੁਸੀਂ ਕੇਵਲ ਯਤਨ ਕਰਨਹਾਰੇ ਹੋ, ਕਰਤਾਰ ਦੀ ਆਗਿਆ ਮੁਜਬ ਸ੍ਰੀ ਲਹਿਣਾ ਜੀ ਨੇ ਗੱਦੀ ਪਾਈ ਹੈ।

ਕਿਨਹੂੰ ਪਾਈ ਖਬਰ ਨ ਰਾਈ ॥੧੮॥
ਸ਼੍ਰੀ ਕਰਤਾਰ ਭਾਵਈ ਜੋਈ।
ਹੋਤਿ ਪ੍ਰਤੱਖ ਬਾਤ ਹੈ ਸੋਈ।
ਲੇਨਿ ਦੇਨਿ ਸਭਿ ਤਾਂਹਿ ਅਧੀਨਾ।
ਔਰ ਨ ਕਿਸਹੂੰ ਕੇ ਕਰ ਕੀਨਾ' ॥੧੯॥
ਸੁਨਿ ਕੈ ਸੁਤ ਦੋਨੋ ਮੁਰਝਾਨੇ।
ਹ੍ਵੈ ਅਧੀਨ ਪੁਨ ਬਚਨ ਬਖਾਨੇ।
'ਨਹੀਂ ਹਮਾਰੋ ਚਾਰੋ ਕੋਊ।
ਜਿਉਂ ਭਾਵੈ ਤਿਉਂ ਕਰੀਏ ਸੋਊ ॥੨੦॥
ਜਗ ਮਹਿਂ ਮਨਤਾ ਹ੍ਵੈ ਨ ਹਮਾਰੀ।
ਕੋਇ ਨ ਦੇਵਹਿ ਭੇਟ ਅਗਾਰੀ।
ਨਾਮ ਲਾਜ ਤੁਮ ਹੀ ਕੋ ਸਾਰੀ।'
ਇਉਂ ਕਹਿ ਮੁਖ ਤੇ ਤੂਸ਼ਨ ਧਾਰੀ ॥੨੧॥
ਗੁਨਖਾਨੀ ਸੁਨਿ ਕਰੁਨਾ ਠਾਨੀ[1]। — [1]ਕ੍ਰਿਪਾ ਕੀਤੀ।
ਬੋਲੇ ਸੁਤਨ ਸੰਗ ਪੁਨ ਬਾਨੀ।

{ਸਾਹਿਬਜ਼ਾਦਿਆਂ ਨੂੰ ਵਰ}

'ਰਿੱਧਿ ਸਿੱਧਿ ਸਭਿ ਹ੍ਵੈ ਕੁਲ ਮਾਂਹੀ।
ਪਟ, ਧਨ, ਧਾਮ, ਤੋਟ ਕਬਿ ਨਾਂਹੀ ॥੨੨॥
ਗੁਰੂ ਪੀਰ ਕੇ ਜੋ ਹੈਂ ਸ੍ਵਾਨਾ[1]। — [1]ਗੁਰੂ ਪੀਰਾਂ ਦੇ ਜੋ ਕੁੱਤੇ ਹੁੰਦੇ ਹਨ।
ਤਿਨ ਕੋ ਮਾਨਹਿਂ ਜਗਤ ਮਹਾਨਾ।
ਤੁਮ ਤੇ ਤਾਤ ਭਏ ਮੁਝ ਤਨ ਤੇ।
ਭੇਟਾ ਕਿਉਂ ਨ ਦੇਹਿਂ ਹਿਤ ਮਨ ਤੇ

॥੨੩॥
ਕਰਾਮਾਤ ਹ੍ਵੈ ਹੈ ਤੁਮ ਮਾਂਹੀ।
ਸਿੱਖ ਹਮਾਰੇ ਸਰਬ ਪੁਜਾਹੀਂ।

ਇਹ ਖਿਆਲ ਸਤਿਗੁਰ ਜੀ ਦੇ ਤ੍ਰੀਕਏ ਖਿਆਲ ਨਾਲ ਨਹੀਂ ਮਿਲਦੇ। 'ਗੁਰਿਆਈ' ਜਗਤ ਤੇ ਤਾਰਨ ਲਈ ਇਕ ਦਾਤਾ ਪਦ ਹੈ, ਨਾ ਕਿ ਕੇਵਲ ਭੇਟਾ ਲੈਣ ਲਈ। ਐਸੇ ਖਯਾਲ ਪੁੱਤ੍ਰਾਂ ਨੂੰ ਤਾਂ ਹੋ ਸਕਦੇ ਹਨ, ਪਰ ਸਤਿਗੁਰਾਂ ਨੂੰ ਕਦੇ ਨਹੀਂ ਛੁਹ ਸਕਦੇ। ਉਪਰਲੇ ਸ਼ਲੋਕ ਵਿਚ ਸਤਿਗੁਰਾਂ ਨੇ ਕਾਰਣ ਆਪ ਦੱਸ ਦਿੱਤਾ ਹੈ। ਬਾਕੀ ਪੁੱਤ੍ਰਾਂ ਦੇ ਆਪਣਾ ਨਿਰਬਾਹ ਮੰਗਣ ਤੇ ਦਾਤੇ ਦਾ ਇਹ ਕਹਿ ਦੇਣਾ ਕਿ 'ਤੁਹਾਨੂੰ ਧਨ ਧਾਨ ਬਥੇਰਾ ਮਿਲੇਗਾ, ਸਤਿਕਾਰ ਬੜਾ ਹੋਵੇਗਾ ਇਸ ਦਾ ਫਿਕਰ ਨਾ ਕਰੋ' ਮਾਮੂਲੀ ਬਾਤ ਹੈ।

ਜਗਤ ਬਿਰਾਜਹੁ ਸਭਿ ਤੇ ਊਚੇ।
ਤੁਮਰੀ ਸਮਤਾ ਕੋ ਨ ਪਹੂੰਚੇ ॥੨੪॥
ਸੁਨਹੁ, ਪਰੰਤੁ ਜੁ ਸ਼ਬਦ ਬਡਾਈ।
ਸੋ ਅੰਗਦ ਨੈ ਨੀਕੇ ਪਾਈ।
ਰਿਦੇ ਬਿਚਾਰਿ ਲੇਹੁ ਤੁਮ ਦੇਖੀ।
ਜਿਉਂ ਲੀਨੀ ਕਿਯ ਘਾਲ ਵਿਸ਼ੇਖੀ[1] ॥੨੫॥

[1]ਬਹੁਤੀ ਕਮਾਈ।

ਨਿਰਹੰਕਾਰ ਰਹ੍ਯੋ ਅਨੁਸਾਰੀ।
ਰਿਦੇ ਸਦੀਵ ਸੇਵ ਜਿਸ ਪਜਾਰੀ।
ਆਇਸੁ ਬਿਖੇ ਬਿਲਮ ਨਹਿਂ ਕੀਤੀ।
ਸੂਧੀ ਹੁਇ ਅਥਵਾ ਬਿਪਰੀਤੀ[1]' ॥੨੬॥

[1]ਉਲਟੀ।

ਅਵਰ ਕਹੇ ਗੁਨ ਅੰਗਦ ਕੇਰੇ।
ਪੁਨ ਤੂਸ਼ਨ ਕਿਯ ਪ੍ਰਭੁ ਬਡੇਰੇ।
ਦੋਇ ਘਟੀ ਦਿਯ ਦਰਸ਼ਨ ਔਰੀ।
ਨਰ ਹਜ਼ਾਰ ਬੰਦਹਿਂ ਕਰ ਜੋਰੀ ॥੨੭॥

ਦੋਹਰਾ:
ਸ਼੍ਰੀ ਸਤਿਗੁਰ ਸਮਚਿਤ[1] ਪ੍ਰਭੂ, ਬੈਠੇ ਬੀਚ ਸੁਹਾਇਂ।
ਮੁਖ ਪ੍ਰਸੰਨ ਸਮ ਚੰਦ੍ਰ ਕੋ, ਉਡਗਨ ਸਿਖ ਸਮੁਦਾਇ ॥੨੮॥

[1]ਸਮਤਾ (ਭਰੇ) ਚਿਤ ਵਾਲੇ।

ਚੌਪਈ:
ਦਿਪਤ[1] ਤੇਜ ਮੁਖ ਕਾਂਤਿ[2] ਬਿਸਾਲੀ।
ਬਾਲ ਅੰਸ਼ਮਾਲੀ ਯੁਤ ਲਾਲੀ[1]।
ਗ੍ਯਾਨ ਕਿਰਨ ਤੇ ਰਹ੍ਯੋ ਪ੍ਰਕਾਸ਼ੇ।

[1]ਪ੍ਰਕਾਸ਼ ਰਿਹਾ ਹੈ। [2]ਸੁੰਦਰਤਾ।

[1]ਬਾਲ ਅਵਸਥਾ (ਭਾਵ) ਚੜ੍ਹਦੇ ਸੂਰਜ ਦੀ ਲਾਲੀ ਵਾਲੀ। ਸੰਸ: ਅੰਸ਼ੁਮਾਲਿਨ੍=ਸੂਰਜ]।

ਸੇਵਕ ਰਿਦ ਅਰਬਿੰਦ ਬਿਕਾਸੇ ॥੨੯॥
ਭਰੇ ਕ੍ਰਿਪਾ ਰਸ ਨਯਨ ਰਸੀਲੇ।
ਹਿਤ ਉਪਕਾਰ ਸੁਸ਼ੀਲ ਛਬੀਲੇ।
ਸਭਿ ਦਿਸ਼ ਦੇਖਤਿ ਕਰਤਿ ਕ੍ਰਿਤਾਰਥ।
ਦਰਸਹਿਂ ਬ੍ਰਿੰਦ ਪਾਇ ਪਰਮਾਰਥ ॥੩੦॥
ਤਿਸ ਖਿਨ ਬੁੱਢੇ ਦ੍ਵੈ ਕਰ ਜੋਰੇ।
ਦ੍ਰਿਸ਼ਟਿ ਲਾਇ ਪਦ ਪੰਕਜ ਓਰੇ।
'ਗੁਰ ਜੀ! ਬਚ ਸੁਨਿਬੇ[1] ਕਹਿ ਅਰਜੀ[2]।
ਸ਼੍ਰੀ ਗੁਰ ਜੀ! ਸਭਿ ਸਿੱਖਨ ਮਰਜੀ ॥੩੧॥
ਉੱਤਮ ਵਾਹਿਗੁਰੂ ਸਤਿਨਾਮ।
ਉਪਦੇਸ਼ਯੋ ਸੰਗਤਿ ਨਰ ਬਾਮ[1]।
ਸਿਮਰਨ ਨਾਮ ਕਰਹਿਂ ਅਠ ਜਾਮ।
ਪਦ ਅਭਿਰਾਮ ਦੇਤਿ ਸੁਖ ਧਾਮ ॥੩੨॥
ਸ਼੍ਰੀ ਮੁਖ ਤੇ ਇਸ ਅਰਥ ਜਥਾਰਥ।
ਸੇਵਕ ਸੁਨਹਿਂ ਸੁ ਹੋਹਿਂ ਕ੍ਰਿਤਾਰਥ।
ਅੰਤ ਸਮੇਂ ਕੋ ਦਰਸ ਤੁਮਾਰਾ।
ਤਥਾ ਬਚਨ ਕੋ ਅਬਹਿ ਬਿਚਾਰਾ ॥੩੩॥
ਯਾਂ ਤੇ ਸਭਿਹਿਨਿ ਕੇ ਮਨ ਚਾਹੂ।
ਸੁਨਿਬੇ ਕਹੁ ਬਿਸਾਲ ਉਤਸ਼ਾਹੂ।
ਕ੍ਰਿਪਾ ਕਰੋ ਸਭਿ ਪਰ ਸ਼੍ਰੀ ਗੁਰ ਜੀ!
ਪੂਰਹੁ ਸਰਬ ਲਾਲਸਾ ਉਰ ਜੀ' ॥੩੪॥
ਇਸ ਪ੍ਰਕਾਰ ਸੁਨਿ ਕੈ ਸ਼ੁਭ ਬਾਨੀ।
ਅਰ ਸਿੱਖਨ ਮਨ ਕੀ ਗਤਿ ਜਾਨੀ।
ਸਮ ਅੰਮ੍ਰਿਤ ਕੇ ਗਿਰਾ ਰਸਾਲਾ।
ਕਹਿ ਸ਼੍ਰੀ ਨਾਨਕ ਪਰਮ ਕ੍ਰਿਪਾਲਾ ॥੩੫॥

ਦੋਹਰਾ:
'ਸੱਤਿਨਾਮ ਸ਼੍ਰੀ ਵਾਹਿਗੁਰੂ
ਸੁਨਹੁ ਅਰਥ ਇਸ ਕੇਰ।
{ਵਾਹਿਗੁਰੂ ਸਤੋਤ੍ਰ ਅਸ਼ਟਕ}

[1]ਸੁਣਨੇ (ਲਈ)। [2]ਕਹਿੰਦਾ ਹਾਂ ਬੇਨਤੀ।

[1]ਪੁਰਸ਼ ਇਸਤਰੀ ਨੂੰ।

ਜਿਸ ਕੇ ਸਿਮਰਨ ਅਧਿਕ ਫਲ
ਮਿਟਹਿ ਚਰਾਸੀ ਫੇਰ ॥੩੬॥

ਸ੍ਵੈਯਾ:

-ਗੋ- ਤਮ ਨਾਮ ਅੱਗਜਾਨ ਮਹਾਨ ਕੌ
ਪਾਇ ਬੰਧਨ ਸਦੀਵ ਝੁਰੁ[1]।

[1]ਵਾਹਿ-ਗੁ-ਰੁ ਪਦ ਦੀ ਵਿਤਪਤੀ- ਗੋ ਨਾਮ ਹੈ ਅੰਧੇਰੇ ਦਾ, (ਤਿਸ ਤੇ) ਅੱਗਜਾਨ ਕੋ ਅਰਥ (ਦੇਖੋ ਪੂ. ਅਧਜਾਯ ੧, ਸਫਾ ੯੯ ਸਤਰ ੮), (ਇਸ) ਮਹਾਨ (ਅੱਗਜਾਨ ਦਾ) ਬੰਧਨ ਪਾਕੇ (ਜੀਵ) ਸਦਾ ਝੁਰਦਾ ਹੈ (ਕਿਉਂਕਿ ਇਸ ਅਗਜਾਨ ਨਾਲ) ਅਨੇਕ ਦੇਹਾਂ ਧਾਰਨ, ਜੰਮਣ, ਮਰਨ ਦਾ ਬਹੁਤ ਸੰਕਟ ਸ਼ੁਰੂ ਹੋ ਜਾਂਦਾ ਹੈ, [ਅਰਬੀ:-ਸ਼ੁਰੂ=ਆਰੰਭ]।

ਦੇਹਿ ਅਨੇਕ ਧਰੇ, ਜਨਮੇ
ਮ੍ਰਿਤੁ ਸੰਕਟ ਹੋਤਿ ਬਿਸ਼ਾਲ ਸ਼ੁਰੂ[1]।

[1]ਗੋ ਨਾਮ ਹੈ ਅੰਧੇਰੇ ਦਾ, (ਤਿਸ ਤੇ) ਅੱਗਜਾਨ ਕੋ ਅਰਥ (ਦੇਖੋ ਪੂ. ਅਧਜਾਯ ੧, ਸਫਾ ੯੯ ਸਤਰ ੮), (ਇਸ) ਮਹਾਨ (ਅੱਗਜਾਨ ਦਾ) ਬੰਧਨ ਪਾਕੇ (ਜੀਵ) ਸਦਾ ਝੁਰਦਾ ਹੈ (ਕਿਉਂਕਿ ਇਸ ਅਗਜਾਨ ਨਾਲ) ਅਨੇਕ ਦੇਹਾਂ ਧਾਰਨ, ਜੰਮਣ, ਮਰਨ ਦਾ ਬਹੁਤ ਸੰਕਟ ਸ਼ੁਰੂ ਹੋ ਜਾਂਦਾ ਹੈ, [ਅਰਬੀ:-ਸ਼ੁਰੂ=ਆਰੰਭ]।

ਸੋ ਤਤਕਾਲ ਬਿਲੀਨ[1] ਕਰੈ
ਹੁਇ ਜਾਤਿ ਪ੍ਰਕਾਸ਼ ਕਹੈਂ ਇਸ -ਰੁ-[1]।

[1]ਨਾਸ਼।

[1]ਇਸ-ਰੁ-(ਪਦ) ਨੂੰ ਪ੍ਰਕਾਸ਼ ਕਹੀਦਾ ਹੈ, (ਭਾਵ-ਰੁ-ਦਾ ਅਰਥ ਹੈ ਪ੍ਰਕਾਸ਼, ਇਹ ਪ੍ਰਕਾਸ਼) ਉਸ (ਅੱਗਜਾਨ ਨੂੰ) ਝਟ ਨਾਸ਼ ਕਰ ਦੇਂਦਾ ਹੈ (ਤੇ) ਪ੍ਰਕਾਸ਼ ਹੋ ਜਾਂਦਾ ਹੈ।

ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1] ॥੩੭॥

[1]ਜੋ (-ਵਾਹਿ-ਪਦ ਹੈ, ਉਸ ਦਾ ਅਰਥ ਹੈ) ਅਸਚਰਜ (ਤੇ) ਮਹਾਨ ਬਿਸਮੈਂ ਰੂਪ, (ਸੋ ਉਸ ਮਹਾਨ ਅਸਚਰਜ ਤੇ ਬਿਸਮੈ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਹੈ ਇਹ ਪਦ-ਵਾਹਿਗੁਰੂ,) ਤਾਂਤੇ (ਸਦਾ) ਮੂੰਹੋਂ ਕਹੋ-ਵਾਹਿਗੁਰੂ। (ਅ) ਜੋ 'ਵਾਹਿਗੁਰੂ' (ਇਸ ਮੰਤਰ ਨੂੰ) ਮੂੰਹੋਂ ਕਹਿੰਦੇ ਹਨ, ਸੋ ਅਸਚਰਜ ਬਿਸਮੈਂ ਰੂਪ ਨੂੰ (ਪਾਉਂਦੇ ਹਨ)।

ਜੋ ਜੜ ਜਾਤ ਬਿਥਾਰ ਮਹਾਂ
ਦ੍ਰਿਸ਼ਮਾਨ ਬਚਿੱਤ੍ਰ ਅਨੇਕ ਫੁਰੂ[1]।
ਤਾਰ ਤਮੈ[1] ਜਨਮੈ ਬਿਨਸੈ
ਜਿਸ ਆਸ਼੍ਰਿਤ ਭਾ ਸਤਿ ਬੀਚ ਪੁਰੂ !
ਜੋ ਤਿਨਕੇ ਬਿਵਹਾਰ ਕਰਾਵਤਿ
ਨਾਮ ਕਹੈਂ ਇਸ ਚੇਤਨ -ਰੁ-।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1] ॥੩੮॥

[1]ਸ਼ਾਖਾਂ। ਅਰਬੀ, ਫਰੂਅ਼] (ਅ) ਸਫੁਰਨ।

[1]ਨਜ਼ੂਨ ਅਧਿਕ।

[1]ਗੋ ਨਾਮ ਹੈ ਜੜ੍ਹ ਦਾ, ਦੇਖੋ ਪੂਰਬਾਰਧ, ਸਫਾ ੯੮, ਸਤਰ ੧੫, ਸੋ) ਉਹ ਜੜ ਜਨਮ ਦਿੰਦਾ ਹੈ ਦ੍ਰਿਸ਼ਟਮਾਨ ਰੂਪੀ ਬੜੇ ਵਿਸਥਾਰ ਨੂੰ ਜੋ ਵਚਿੱਤਰ ਹੈ ਤੇ ਅਨੇਕ ਜਿਸ ਦੀਆਂ ਸ਼ਾਖਾਂ ਹਨ, (ਭਾਵ ਨਾਨੱਤ੍ਵ ਦਾ ਜਨਕ ਜੜ੍ਹ ਹੈ), (ਉਹ ਦ੍ਰਿਸ਼ਮਾਨ) ਨਜ਼ੂਨ ਅਧਿਕ ਹੁੰਦਾ ਹੈ, ਜਨਮਦਾ ਹੈ, ਬਿਨਸਦਾ ਹੈ, ਜਿਸ ਦੇ ਆਸਰੇ (ਸਾਰਾ ਜਗਤ

ਹੈ। ਪ੍ਰਸ਼ਨ ਹੁੰਦਾ ਹੈ ਕਿ ਜੜ ਆਪੇ ਕੀਕੂੰ ਫੈਲਾਉ, ਨਾਨੱਤ੍ਵ, ਜਨਮ ਮਰਨ ਵਾਲਾ ਹੋ ਗਿਆ, ਉੱਤਰ ਦਿੰਦੇ ਹਨ ਕਿ ਇਸ ਵਿਚ) ਸੱਤ (ਸਰੂਪ ਪਰਮਾਤਮਾ ਜੋ) ਪੂਰਨ ਹੈ, ਅਥਵਾ-ਭਾਸਤ ਬੀਚ ਪੁਰੂ=ਵਿਚ ਭਾਸਦਾ ਹੈ ਪੂਰਨ (ਪਰਮੇਸੁਰ), (ਉਹ ਸਤ ਸਰੂਪ ਚੇਤਨ ਹੈ ਜੋ) ਉਨ੍ਹਾਂ (ਜਗਤ ਦੇ ਜੀਵਾਂ ਦਾ) ਬਿਵਹਾਰ ਕਰਾਉਂਦਾ ਹੈ, ਰੁ-ਕਹਿੰਦੇ ਹਨ (ਕਿ) ਇਸ (ਸੱਤਾ ਸਫੁਰਤੀ ਦੇਣ ਵਾਲੇ) ਚੇਤਨ ਦਾ ਨਾਮ ਹੈ। (ਚੌਥੀ ਤੁਕ ਲਈ ਦੇਖੋ ਉਪਰਲਾ ਅੰਕ ੫ ਵਾਲਾ ਅਰਥ।

ਜੋ ਸਭਿ ਦੇਹਿਨ ਅੰਨ ਪਚਾਵਤਿ
ਪਾਵਤ ਪ੍ਰਾਨ ਅਧਾਰ† ਧੁਰੂ।
ਬ੍ਰਿੰਦ ਰਿਖੀਕ ਅਚੇਤਨ ਜੇ
ਤਿਨ ਕੇ ਬਿਵਹਾਰ ਕਰੇ ਜਿ ਸ਼ੁਰੂ।
ਅੰਤਰ ਜੇ ਮਤਿ ਆਦਿਕ ਹੈਂ ਜੜ
ਤੇ ਚਿਤ ਕੈ ਫੁਰਨਾ ਸੁ ਫੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1] ॥੩੯॥

†ਪਾ:-ਅਪਾਨ। ਵਾਹਿਗੁਰ ਜੀ ਦਾ ਰੂਪ ਵਰਣਨ-

[1]ਜੋ (ਚੇਤਨ ਕਿ) ਸਾਰੀਆਂ ਦੇਹਾਂ (ਦੇ ਅੰਦਰ ਬੈਠਾ) ਅੰਨ ਪਚਾਉਂਦਾ ਹੈ, ਜੋ ਅਗਨੀ (ਜਠਰ ਅਗਨੀ=ਪਾਚਨ ਸ਼ਕਤੀ) ਤੇ (ਅਪਾਨ ਆਦਿ) ਪ੍ਰਾਣਾਂ ਦਾ ਧੁਰ ਆਧਾਰ ਹੈ, (ਜੋ) ਸਾਰੀਆਂ ਇੰਦਰੀਆਂ, ਜੋ ਅਚੇਤਨ (ਜੜ੍ਹ) ਹਨ ਉਹਨਾਂ ਦੇ ਬਿਵਹਾਰ (ਕੰਮ) ਆਰੰਭ ਕਰਾਉਂਦਾ ਹੈ (ਭਾਵ ਜੜ੍ਹ ਵਿਚ ਪਰਵੇਸ਼ ਕਰਕੇ ਉਹਨਾਂ ਨੂੰ ਸੱਤਾ ਸਫੁਰਤੀ ਦਿੰਦਾ ਹੈ); ਅੰਦਰ ਜੋ ਬੁੱਧੀ ਆਦਿਕ ਹਨ ਜੜ੍ਹ ਹੈਨ, (ਇਸ) ਚੇਤਨ ਦੀ (ਸੱਤਾ) ਸਫੁਰਤੀ ਨਾਲ ਸਫੁਰਨ ਹੁੰਦੇ ਹਨ। (ਚੌਥੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਸਤਰ ਪਰ ਦਿੱਤਾ ਅੰਕ ੫ ਵਾਲਾ ਅਰਥ)।

ਸੀਸ ਸਹੰਸ, ਅਸੀਸ ਅਨੈਨ
ਸਨੈਨ, ਸਹੰਸ੍ਰ ਹੀ ਰੂਪ ਧਰੂ।
ਘ੍ਰਾਣ ਸਹੰਸ੍ਰ, ਅਘ੍ਰਾਣ; ਅਸ਼੍ਰੋਣ
ਸਸ਼੍ਰੋਣ ਸਹੰਸ੍ਰ ਤੇ ਸ਼੍ਰੋਣ ਕੁਰੂ।
ਪਾਣਿ ਸਹੰਸ, ਅਪਾਣਿ; ਅਪਾਦ
ਸਪਾਦ ਸਹੰਸ੍ਰ; ਅਨੁਰੂ, ਉਰੂ।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ ॥੪੦॥
ਤ੍ਰਾਸਤਿ ਹੈ ਜਿਸ ਤੇ ਮ੍ਰਿਤੁ ਦੌਰਤਿ
ਲੋਰਤਿ ਜੀਵਨ ਅੰਤਕੁਰੂ†।
ਤ੍ਰਾਸ ਧਰਾਧਰ ਕੋ ਧ੍ਰਿਤ ਧਾਰਤਿ
ਤ੍ਰਾਸਤਿ ਪੌਨ ਤ੍ਰਿਲੋਕ ਤੁਰੂ।
ਤ੍ਰਾਸ ਧਰੇ ਨਭ ਸੂਰਜ ਗੌਨ
ਪ੍ਰਕਾਸ਼ਤਿ ਪਾਵਕ ਤ੍ਰਾਸ ਪੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ

†ਪਾ:-ਔਰ ਕੁਰੂ।

ਤਾਂਹਿ ਕਹੋ ਮੁਖ ਵਾਹਿਗੁਰੂ[1] ॥੪੧॥

[1]ਵਾਹਿਗੁਰੂ ਉਸ ਦਾ ਨਾਮ ਹੈ) ਜਿਸ ਤੋਂ ਡਰਦੀ ਹੋਈ ਮੌਤ ਦੌੜਦੀ ਫਿਰਦੀ ਲੋੜਦੀ ਹੈ। ਜੀਵਾਂ ਦਾ ਅੰਤ (ਜਿਸ ਦੇ) ਭੈ ਕਰਕੇ ਪਰਬਤਾਂ ਨੂੰ ਧਰਤੀ ਧਾਰਦੀ ਹੈ, (ਜਿਸ ਤੋਂ) ਡਰਦੀ ਪੌਣ ਤ੍ਰਿਲੋਕਾਂ ਵਿਚ ਤੁਰਦੀ ਹੈ। (ਜਿਸ ਦਾ) ਭੈ ਧਾਰਨ ਕਰਕੇ ਅਕਾਸ਼ ਵਿਚ ਸੂਰਜ ਚਲਦਾ ਹੈ ਤੇ ਪ੍ਰਕਾਸ਼ ਦੇਂਦਾ ਹੈ, (ਪ੍ਰਕਾਸ਼ਦੀ ਹੈ, ਭਾਵ ਬਲਦੀ ਹੈ) ਅਗਨੀ (ਜਿਸ ਦੇ) ਭੈ ਨਾਲ ਭਰੀ ਹੋਈ (ਛੇਕੜਲੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਤੁਕ ਦਾ ਅਰਥ)

ਸਾਂਖ ਨੇ ਬੁੱਧਿ ਨੂੰ ਪ੍ਰਕ੍ਰਿਤਿ ਦੀ ਗਿਣਤੀ ਵਿਚ ਰਖਿਆ ਹੈ। ਆਸਾ ਦੀ ਵਾਰ ਪੌੜੀ ੪ ਦਾ ਇਹੋ ਭਾਵ ਹੈ। ਇਸੇ ਕਿਸਮ ਦਾ ਇਕ ਸ਼ਲੋਕ ਕਠਉਪ ਨਿਸ਼ਧ, ਮੰਤਰ ੩ ਛੇਵੀਂ ਵਲੀ ਵਿਚ ਆਇਆ ਹੈ।

ਜੋ ਸਗਰੇ ਜਗ ਕੋ ਡਰਦਾਇਕ
ਕ੍ਰੂਰ ਮਹਾਂ ਅਤਿ ਓਜ ਧੁਰੂ।
ਜੋ ਸਭਿ ਕੋ ਉਪਜਾਵਤਿ ਹੈ
ਪਰਿਪਾਰਤਿ ਫੇਰ ਬਿਨਾਸ਼ਕੁਰੂ।
ਜੋ ਅਸ ਕਾਲ ਮਹਾਂ ਬਿਦਤੈ
ਤਿਸ ਕਾਲ ਕੋ ਕਾਲ ਕਰੈ ਤੁ ਤੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1] ॥੪੨॥

[1]ਜੋ (ਕਾਲ ਕਿ) ਸਾਰੇ ਜਗਤ ਨੂੰ ਭੈ ਦਾਤਾ ਹੈ, ਬੜਾ ਕਠੋਰ ਤੇ ਅਤਜੰਤ ਬਲ ਰੱਖਣ ਵਾਲਾ ਹੈ। ਜੋ ਸਾਰਿਆਂ ਨੂੰ ਉਪਜਾਉਂਦਾ ਹੈ, ਪਾਲਦਾ ਹੈ ਤੇ ਫਿਰ ਬਿਨਾਸ਼ ਕਰਦਾ ਹੈ। ਜੋ ਐਸਾ ਕਾਲ ਬੜਾ ਪ੍ਰਗਟ ਹੈ ਜੋ ਇਸ ਕਾਲ ਨੂੰ ਬੀ ਤੁਰਤ ਹੀ ਕਾਲ ਕਰ ਦਿੰਦਾ ਹੈ (ਇਹ ਮਹਾਂ ਕਾਲ ਦਾ ਅਰਥ ਹੈ ਭਾਵ ਅਕਾਲ ਪੁਰਖ ਹੈ। (ਚੌਥੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਤੁਕ ਦਾ ਅਰਥ)।

ਬੇਦ ਅਬੇਦ†, ਨਿਰੰਤਰ, ਅੰਤਰ
ਅੰਤਰੇ ਸੋ, ਅਚਰਾਨ ਚਰੂ।
ਬਿੰਬ ਸੋਂ ਏਕ ਅਨੇਕ, ਅਬਿੰਬ
ਅਲੰਬ ਬਿਨਾ ਸੁ ਅਲੰਬ ਕਰੂ।
ਸੰਖ ਬਿਖੈ ਜੁ ਅਸੰਖ, ਬਿਸ਼ੇਸ਼†
ਅਸ਼ੇਸ਼† ਹ੍ਵੈ; ਸ਼ੇਸ਼ ਨਿਦੇਸ਼ ਧੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1] ॥੪੩॥

†ਪਾ-ਅਭੇਦ।

†ਵਿਸ਼ੇਖ ਤੋਂ ਮੁਰਾਦ ਹੈ ਕਿਸੇ ਦਾ ਨਾਂ ਲਓ ਓਹ ਸਭ ਤੋਂ ਵਿਸ਼ੇਖ ਹੈ (ਅ) ਜਗਤ ਵਿਚ ਜੋ ਦਿੱਸਦੇ ਪਦਾਰਥ ਹਨ ਇਨ੍ਹਾਂ ਦੀ ਭਿੰਨਤਾ ਦੀ ਸਮਝ, ਹੇ! ਪ੍ਰਭੂ ਤੇਰੇ ਗਜਾਨ ਤੋਂ ਹੈ।

†ਅਸ਼ੇਸ਼-ਜਿਸ ਵਿਚ ਸ਼ੇਖ਼ ਨਾ ਹੋਵੇ, ਸੰਪੂਰਨ, ਸਾਰਾ, ਅਨੰਤ, ਅਪਾਰ, ਪੂਰਾ।

[1]ਜੋ ਜਾਣਦਾ ਹੈ (ਸਭ ਨੂੰ, ਪਰ ਜਿਸ ਨੂੰ ਕੋਈ) ਨਹੀਂ ਜਾਣਦਾ, (ਅ) ਜੋ ਬੇਦ ਤੋਂ ਬੀ ਨਹੀਂ ਜਾਣਿਆਂ ਜਾ ਸਕਦਾ, (ਜੋ ਅੰਤਰ ਤੋਂ ਬਿਨਾਂ) ਨਿਰੰਤਰ (ਇਕ ਰਸ ਅਖੰਡਾਕਾਰ) ਹੈ, ਅੰਤਰ ਤੋਂ ਬੀ ਅੰਤਰ ਹੈ, ਓਹ (ਸਭ ਦੇ ਅੰਦਰ ਹੋਕੇ) ਅਚਰਾਂ (ਜੜ੍ਹਾਂ) ਨੂੰ ਚਲਾ ਰਿਹਾ ਹੈ, (ਅ) ਪ੍ਰਗਟ ਹੈ, (ਫਿਰ) ਛਿਪਿਆ ਹੈ, ਚਰ ਅਚਰ (ਸਭ) ਦੇ ਅੰਦਰ ਉਹੋ ਹੈ। ਜੋ ਪ੍ਰਤਿਬਿੰਬ (ਦੁਆਰਾ) ਇਕ ਤੋਂ ਅਨੇਕ ਹੋ ਰਿਹਾ ਹੈ, ਪਰ ਆਪ ਬਿੰਬ

ਤੋਂ ਬਿਨਾਂ ਹੈ, (ਆਪ) ਆਸ੍ਰੇ ਤੋਂ ਬਿਨਾ ਹੈ (ਪਰ) ਉਹ (ਸਾਰਿਆਂ) ਨੂੰ ਆਸ਼੍ਰਾ ਦੇਣ ਵਾਲਾ (ਆਪ ਹੈ)। ਗਿਣਤੀ ਵਿਚ ਜੋ ਅਣਗਿਣਤ (ਹੈ), (ਜੋ ਸਭ ਤੋਂ) ਅਧਿਕ ਹੈ, (ਜੋ) ਅਨੰਤ ਹੈ, ਸ਼ੇਸ਼ਨਾਗ ਜਿਸ ਦੀ ਆਗਜਾ ਧਾਰਨ ਕਰਦਾ ਹੈ (ਚੌਥੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਤੁਕ ਦਾ ਅਰਥ)।

ਹੁਣ ਪੱਛਮੀ ਲੋਕਾਂ ਬੀ ਮੰਨ ਲਿਆ ਹੈ ਕਿ ਸੂਰਜ ਬੀ ਕਿਸੇ ਹੋਰ ਮਹਾਨ ਸੂਰਜ ਦੇ ਉਦਾਲੇ ਭੌਂਦਾ ਹੈ।

ਏਕਮ ਏਕ ਕਲਾ ਸਸਿ ਕੀ
ਗੁਲ ਮੈਂ ਜਿਸ ਗੰਧ ਭਨੈ ਸਗਰੂ।
ਪੈ ਮਧ ਜਯੋਂ ਸਨ ਹੋਤਿ ਸਦੀਵ ਹੈ
ਅੰਬ ਮੈਂ ਮਾਧੁਰਤਾ ਜੁ ਭਰੂ।
ਹੈ ਅਤਿ ਤੇਜ ਹਲਾਹਲ ਮੈਂ
ਇਮ ਬੀਚ ਬਿਰਾਜਤਿ ਹੈ ਸਫੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ
ਤਾਂਹਿ ਕਹੋ ਮੁਖ ਵਾਹਿਗੁਰੂ[1][†]' ॥੪੪॥

[1]ਏਕਮ ਦੇ ਚੰਦ੍ਰਮਾਂ ਦੀ ਇਕ ਕਲਾ ਵਿਚ (ਜਿਵੇਂ ਬਾਕੀ ੧੫ ਕਲਾ ਸਮਾਈਆਂ ਹੁੰਦੀਆਂ ਹਨ ਅਤੇ) ਫੁਲ ਵਿਚ ਜਿਵੇਂ ਸੁਗੰਧੀ (ਸਮਾਈ ਹੋਈ) ਸਾਰੇ ਆਖਦੇ ਹਨ, ਦੁੱਧ ਵਿਚ ਜਿਵੇਂ ਥਿੰਧਾਈ ਸਦਾ (ਸਮਾਈ) ਹੁੰਦੀ ਹੈ, ਅੰਬ ਵਿਚ ਜਿਵੇਂ ਮਿਠਾਸ ਭਰੀ ਹੁੰਦੀ ਹੈ। ਜ਼ਹਿਰ ਵਿਚ ਜੀਕੂੰ ਤੇਜ (ਸਮਾਯਾ) ਹੁੰਦਾ ਹੈ, ਇਸ ਤਰ੍ਹਾਂ (ਸਭ ਦੇ) ਵਿਚ ਸਫੁਰਣਤਾ ਵਾਲਾ (ਭਾਵ ਚੇਤਨ) ਬਿਰਾਜ ਰਿਹਾ ਹੈ (ਚੌਥੀ ਸਤਰ ਲਈ ਦੇਖੋ ਛੰਦ ੩੭ ਦੀ ਅੰਤਲੀ ਤੁਕ ਦਾ ਅਰਥ)। [†] ਵਾਹਿਗੁਰੂ ਪਦ ਦੇ ਅਰਥ ਭਾਵ ਵਿਸਥਾਰ ਨਾਲ ਸਮਝਣ ਲਈ ਪੜ੍ਹੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧, ਅੰਕ ੬੨, ੬੩, ੬੪ ਦਾ ਭਾਵ।

ਦੋਹਰਾ:

ਸਭਿ ਸੰਗਤਿ ਕੋ ਸਤਿਗੁਰੂ,
ਅਰਥ ਦਿਯੋ ਸਮਝਾਇ।
'ਨਿਸਬਾਸੁਰ ਸਿਮਰਹੁ ਇਸੇ,
ਉੱਤਮ ਪਦ ਲਿਹੁ ਪਾਇ' ॥੪੫॥
ਬ੍ਯਾਯੋ ਅਸ਼ਟਕ[1] ਅਰਥ ਕੋ,
ਵਾਹਿਗੁਰੂ ਸਤਿਨਾਮ।
ਨਿਤ ਪ੍ਰਤਿ ਪਢਹਿ ਜੁ ਪ੍ਰੇਮ[†] ਕਰਿ,
ਠਾਨਹਿ ਗੁਰੂ ਪ੍ਰਣਾਮ ॥੪੬॥
ਸੁਤ ਬਿਤ ਅਦਿਕ ਕਾਮਨਾ,
ਸਤਿਗੁਰ ਤੇ ਸਭਿ ਪਾਇ।
ਪ੍ਰਤਿ ਦਿਨ ਦੋਨੋ ਲੋਕ ਮੈਂ,
ਹੋਵੈਂ ਗੁਰੂ ਸਹਾਇ[†] ॥੪੭॥

[1]ਅੱਠ ਛੰਦ ਜਿਸ ਵਿਚ ਹੋਣ।

[†]ਪਾ:-ਨੇਮ।

[†]ਪਾ:-ਕੀਨੋ ਅਰਥ ਸਮਾਪਤਾ ਸ੍ਰੀ ਨਾਨਕ ਸੁਖਦਾਇ।

ਚੌਪਈ:

ਅਧਿਕ ਪ੍ਰਸੰਨ ਭਈ ਤਬਿ ਸੰਗਤਿ।

ਮੁਖ ਬਿਕਸੇ ਜਨੁ ਪੰਕਜ ਪੰਗਤਿ[1]। — [1]ਕਵਲਾਂ ਦੀਆਂ ਪੰਕਤੀਆਂ ਦੇ।
ਤਬ ਹ੍ਵੈ ਖਰੋ ਬ੍ਰਿੱਧ ਤਤਕਾਲਾ।

{ਗੁਰੂ ਸਤੋਤ੍ਰ ਅਸ਼ਟਕ}

ਸੁਜਸ ਗੁਰੂ ਕੋ ਕਹਤਿ ਰਸਾਲਾ ॥੪੮॥

ਭੁਯੰਗ ਪ੍ਰਯਾਤ ਛੰਦ:

ਨਮੋ ਸੱਚਿਦਾਨੰਦ[1], ਗੋਬਿੰਦ, ਜੋਗੀ। — [1]ਨਮਸਕਾਰ ਹੈ ਤੁਹਾਨੂੰ ਜੋ ਸਤਚਿਤ ਆਨੰਦ ਹੈ।
ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ।
ਨਿਰਾਕਾਰ ਕੋ ਰੂਪ ਸਾਕਾਰ ਹੋਯੋ।
ਜਪੈ[1] ਸੱਤਿਨਾਮੰ ਸਿਖੀ ਬੀਜ ਬੋਯੋ ॥੪੯॥ — [1]ਜਪਾਕੇ (ਸ੍ਰਿਸ਼ਟੀ ਨੂੰ)।

ਚਹੂੰ ਚੱਕ ਮੈਂ ਦੇਸ਼ ਦੇਸ਼ੰ ਬਿਥਾਰੀ[1]। — [1]ਫੈਲਾਈ (ਸਿੱਖੀ)।
ਗੁਰੂ ਆਪ ਹ੍ਵੈ ਸਿੱਖ ਕੀਨੰ ਅਪਾਰੀ[1]। — [1]ਗੁਰੂ ਹੋ ਕੇ ਬਨਾਏ ਬਹੁਤ ਸਿੱਖ।
ਦਯੋ ਗਜਾਨ ਕੌ ਦਾਨ ਦਾਸੰ ਬਿਸਾਲਾ[1]। — [1]ਦਾਸਾਂ ਬਹੁਤਿਆਂ ਨੂੰ।
ਕਲੀ ਮੈਂ ਦੁਖੀ ਦੇਖਿ ਜੀਵੰ ਕ੍ਰਿਪਾਲਾ! ॥੫੦॥

ਮਹਾਂ ਮੰਦ ਕੋ ਬ੍ਰਿੰਦ ਕੀਨੰ ਉਧਾਰੰ।
ਸਮਾਨੰ ਨ ਆਨੰ, ਮਹਾਨੋਪਕਾਰੰ[1]। — [1]ਬਰੱਬਰ ਨਹੀਂ ਹੈ ਹੋਰ ਕੋਈ, ਮਹਾਂ ਉਪਕਾਰੀ ਹੋ।
ਅਹੋ ਰੂਪ ਸਾਖੀ ਬਸੋ ਦੇਹਿ ਸਾਰੇ।
ਅਕਰਤਾ, ਅਭੁਗਤਾ, ਸੰਯੁਕਤਾ ਬਿਚਾਰੇ[1] ॥੫੧॥ — [1]ਮਿਲੇ ਹੋਏ ਅਸਾਂ ਵਿਚਾਰਿਆ ਹੈ।

ਦੀਨਬੰਧੁ ਸ਼ਰੰਨਜੰ ਮਹਾਨੇ[1]! — [1]ਅਸੀਂ ਆਪਦੀ ਸ਼ਰਨ ਹਾਂ, ਹੇ ਵਡੇ (ਗੁਰੂ ਜੀ!)।
ਜਪੇ ਨਾਮ ਜੋ ਆਪ ਕੋ ਪ੍ਰੇਮ ਠਾਨੇ।
ਤਿਸੇ ਹਾਥ ਦੇ ਅੰਤ ਲੇਵੋ ਬਚਾਈਂ।
ਨਿਜੰ ਦਾਸ ਕੇ ਆਪ ਹੋਵੇ ਸਹਾਈ ॥੫੨॥

ਧਰਜੋ ਬੰਸ ਬੇਦੀਨ[1] ਮੈਂ ਰੂਪ ਜੋਈ। — [1]ਬੇਦੀਆਂ।
ਭਜੇ, ਧਜਾਨ ਠਾਨੇ ਪਰੇ ਸ਼ਰਨ ਕੋਈ।
ਨਿਸੰਸੇ ਗਤੀਪਰਮ[1] ਪਾਵੈ ਅਨੰਦੰ। — [1]ਪੂਰਨ ਮੁਕਤੀ।
ਨਮੋ ਪਾਦਕੰਜੰ ਬਿਲੰਦੇ ਮੁਕੰਦੰ[1] ॥੫੩॥ — [1]ਹੇ ਉੱਚੇ, ਹੇ ਮੁਕਤੀ ਦਾਤਾ!

ਮਹਾਂ ਮਾਨ ਮੋਹਾਦਿ ਮਾਤੇ ਮਤੰਗੰ[1]। — [1]ਮਸਤ ਹਾਥੀ।
ਰਿਦੇ ਕਾਨਨੰ ਦਾਸ ਕੇ ਸਿੰਘ ਅੰਗੰ[1]। — [1]ਸਿੱਖਾਂ ਦੇ ਰਿਦੇ ਰੂਪੀ ਬਨ ਵਿਚ ਆਪ ਸ਼ੇਰ ਰੂਪ ਹੋ।
ਰਹੋ ਸਿੱਖ ਕੇ ਅੰਗ ਸੰਗੰ ਸਦਾਈ।

ਨਹੀਂ ਰੋਮ ਬਾਂਕੋ[1] ਕਰੈ ਕੋਇ ਜਾਈ ॥੫੪॥
[1]ਵਾਲ ਵਿੰਗਾ।

ਗਿਨੈ ਕੋ ਗੁਨੰ ਪਾਰ ਪਾਵੈ ਨ ਕੋਈ।
ਮਹਾਨੰ ਮਹੀਯਾਨ[1] ਰੂਪੰ ਜਿ ਹੋਈ।
[1]ਬੜਿਆਂ ਤੋਂ ਬੜੇ।

ਨਿਜੰ ਸ਼੍ਰੇਯ ਹੇਤੰ[1] ਭਜੇ ਜੌਨ ਕੌਨੰ[2]।
[1]ਆਪਣੀ ਮੁਕਤੀ ਵਾਸਤੇ। [2]ਜਿਹੜਾ ਕਿਹੜਾ।

ਦਯਾ ਧਾਰਿ ਦੇਵੋ ਮਹਾਂ ਮੋਦ ਤੌਨੰ[1] ॥੫੫॥
[1]ਅਨੰਦ ਉਸਨੂੰ।

ਮਹਾਂ ਦੁੱਖ ਸਿੰਧੰ[1] ਪ੍ਰਭੂ ! ਹੋ ਅਗਸਤੰ[2]।
[1]ਦੁੱਖ ਰੂਪੀ ਸਮੁੰਦਰ। [2]ਸਮੁੰਦਰ ਨੂੰ ਪੀਣ ਵਾਲਾ ਅਗਸਤ ਮੁਨੀ, ਭਾਵ ਦੁੱਖਾਂ ਦੇ ਨਾਸ਼ ਕਰਤਾ ਹੋ।

ਸਮਸਤੰ ਨਿਵਾਸੋ, ਬਿਲਾਸੋ ਸਮਸਤੰ[1]।
[1]ਸਭ ਵਿਚ ਵਸਦੇ ਹੋ, ਖੇਲ ਕਰਦੇ ਹੋ ਸਭ ਵਿਚ।

ਦਈ ਮੋਖ ਕੋਟਾਨ ਜੇ ਮੋਹ ਗ੍ਰਸਤੰ।
ਸਦਾ ਜੈ, ਸਦਾ ਜੈ, ਨਮਸਤੰ ਨਮਸਤੰ' ॥੫੬॥

ਦੋਹਰਾ:

ਸ੍ਰੀ ਬੁੱਢੇ ਅਸ਼ਟਕ ਕਰਜੋ, ਸੁਨਿ ਸਤਿਗੁਰ ਸੁਖਦਾਇ।
ਭਾਈ ਪਦ ਬਖਸ਼ਨ ਕਰਜੋ, ਸੁਨਤਿ ਸਿੱਖ ਸਮੁਦਾਇ ॥੫੭॥

ਚੌਪਈ:

ਪਢਹਿਂ ਸੁਨਹਿਂ ਅਸ਼ਟਕ ਮਨ ਲਾਵਹਿਂ।
ਸੋ ਜਨ ਸਕਲ ਪਦਾਰਥ ਪਾਵਹਿਂ।
ਤਿਨ ਕੇ ਨਾਨਾ ਰੋਗ ਨਿਵਾਰੈ[1]।
[1]ਇਹ ਅਸ਼ਟਕ) ਦੂਰ ਕਰੇਗਾ।

ਮਨ ਤੇ ਕਾਮ ਰੁ ਕ੍ਰੋਧ ਬਿਦਾਰੈ[1] ॥੫੮॥
[1]ਕਾਮ ਅਤੇ ਕ੍ਰੋਧ ਦੂਰ ਕਰੇਗਾ।

ਸੁਨਿ ਕਰਿ ਸਗਰੀ ਸੰਗਤਿ ਮੋਦਾ[1]।
[1]ਪ੍ਰਸੰਨ ਹੋਈ।

ਜੈ ਜੈ ਸ਼ਬਦ ਬਦਤਿ ਚਹੁੰ ਕੋਦਾ[1]।
[1]ਕਹਿੰਦੀ ਹੈ ਸੰਗਤ ਚਾਰੋਂ ਕੋਨਿਆਂ ਤੋਂ, ਚਾਰੋਂ ਪਾਸਿਆਂ ਤੋਂ।

ਮਹਾਂ ਮਹਾਤਮ ਸਤਿਗੁਰ ਕੇਰਾ।
ਦਰਸ਼ਨ ਕੋ ਦਰਸਤਿ ਚਹੁੰ ਫੇਰਾ[†] ॥੫੯॥

[†]ਵਿਸ਼ੇਸ਼ ਖੋਜ–ਅੰਕ ੨੭ ਤੋਂ ੫੯ ਤੱਕ ਦਾ ਪਾਠ ਲਿਖਤੀ ਕਈ ਨੁਸਖਿਆਂ ਵਿਚ ਨਹੀਂ ਹੈ ਤੇ ਕਈਆਂ ਵਿਚ ਹੈ। ਛਾਪੇ ਦੇ ਪੰਨਾ ੨੯੪ ਪਰ ਗਿਆਨੀ ਸਰਦੂਲ ਸਿੰਘ ਜੀ ਨੇ ਇਸ ਪਾਠ ਨੂੰ ਆਖੇਪਕ ਲਿਖਿਆ ਹੈ।

ਬਹੁਰੋ ਕਹਜੋ 'ਕਨਾਤ ਤਨੀਜੈ।
ਚਹੁੰ ਦਿਸ਼ ਮਹਿਂ ਘੇਰਾ ਕਰਿ ਲੀਜੈ।

ਸਰਬ ਨਿਕਸਿ ਕੈ ਬਾਹਰ ਜਾਵਹੁ।
ਸੱਤਿਨਾਮ ਸਿਮਰਹੁ ਗੁਨ ਗਾਵਹੁ†' ॥੬੦॥ †ਪਾ-ਸੱਤਿਨਾਮ ਸ੍ਰੀ ਵਾਹਿਗੁਰੂ ਗਾਵਹੁ।
ਸੁਨਿ ਤਿਹ ਛਿਨ ਦਾਸਨਿ ਤਤਕਾਲਾ।
ਘੇਰੀ ਤਹਾਂ ਕਨਾਤ ਬਿਸਾਲਾ।
ਅੰਬਰ ਪਾਇ ਬਦਨ ਪਰ ਸ੍ਵੇਤਾ।
ਪੌਢੇ ਪੁਨ ਬੇਦੀ ਕੁਲਕੇਤਾ ॥੬੧॥

{ਜੋਤੀ ਜੋਤ ਸਮਾਵਣਾ}

ਰੌਰ ਪਰਾ ਸਗਰੇ ਨਰ ਮਾਂਹੀ।
ਲੋਚਨ ਤੇ ਜਲ ਧਾਰ ਚੁਆਹੀਂ।
ਹੋਨਿ ਲਗੀ ਸਭਿ ਸੌਜ ਤਯਾਰੇ।
ਸੰਦਲ ਧਰਜੋ ਆਨਿ ਬਹੁ ਭਾਰੇ ॥੬੨॥
ਪੁਸ਼ਪ ਸੁਗੰਧਿ ਘ੍ਰਿੱਤ ਬਹੁ ਆਨਾ।
ਤਿਲ ਆਦਿਕ ਸਭਿ ਕੀਨ ਮਹਾਨਾ।
ਰੁਦਨ ਕਰਹਿਂ ਸਭਿਹੀ ਨਰ ਨਾਰੀ।
ਸ਼੍ਰੀ ਨਾਨਕ ਗੁਨ ਨਾਮ ਉਚਾਰੀ ॥੬੩॥
ਇਤਨੇ ਮਹਿਂ ਪਠਾਨ ਤਹਿਂ ਆਏ।

{ਪਠਾਣਾਂ ਦਾ ਆਉਣਾ}

ਦਰਸ ਕਰਨ ਹਿਰਦੇ ਲਲਚਾਏ।
ਸ਼ਸਤ੍ਰਨ ਯੁਕਤ ਸੁ ਮਨੁਜ[1] ਘਨੇਰੇ। [1]ਓਹ ਪੁਰਸ਼।
ਹੁਤੇ ਮੁਰੀਦ ਗੁਰੂ ਪਗ ਕੇਰੇ ॥੬੪॥
ਚਹੁਂਦਿਸ਼ ਤਨੀ ਕਨਾਤ ਬਿਸ਼ਾਲਾ।
ਕਿਸਹੁਂ ਨ ਦਰਸ ਹੋਤਿ ਤਿਹ ਕਾਲਾ।
ਦੇਖਿ ਪਠਾਨ ਰਿਦੈ ਬਿਸਮਾਏ।
ਦਰਸ ਨਿਰਾਸ ਰਿਦੇ ਅਕੁਲਾਏ ॥੬੫॥
ਖਰੇ ਲੋਕ ਚਹੁਂਦਿਸ਼ ਰਖਵਾਰੀ।
ਤਿਨ ਸੋਂ ਖ਼ਾਨਨ ਗਿਰਾ ਉਚਾਰੀ।
'ਤੁਮ ਹੋ ਸਿੱਖ ਗੁਰੂ ਗੁਨ ਖਾਨੀ।
ਹਮ ਮੁਰੀਦ ਹੈਂ ਸਭ ਜਗ ਜਾਨੀ ॥੬੬॥
ਆਖ਼ਰ ਕੌ ਦਰਸ਼ਨ ਇਹ ਕਾਲਾ।
ਹਮ ਕੋ ਕਰਨੇ ਦੇਹੁ ਕ੍ਰਿਪਾਲਾ[1]। [1]ਕ੍ਰਿਪਾਲ (ਗੁਰੂ ਜੀ ਦਾ)।
ਹੁਤੇ ਦੂਰ ਸੁਧਿ ਸੁਨਿ ਕਰਿ ਆਏ।

ਅਬ ਨਿਰਾਸ ਹਮ ਕਿਉਂ ਕਰਿ ਜਾਏਂ' ॥੬੭॥
ਭਨ੍ਯੋ ਸਿੱਖ 'ਅਸ ਹਠ ਨਹਿਂ ਕਰੀਏ।
ਦਰਸ਼ਨ ਕਰਨ ਸਮਾਂ ਨ ਬਿਚਰੀਏ।
ਤੁਮ ਜਿ ਅਗੇਰੇ ਆਵਤਿ ਤੂਰਨ।
ਕਰਿ ਲੇਤੇ ਦਰਸ਼ਨ ਗੁਰ ਪੂਰਨ ॥੬੮॥
ਅਬਿ ਬੰਦਨ ਕਰ ਲਿਹੁ ਇਸ ਥਾਈਂ।
ਦੋਖ ਨਿਕੰਦਨ ਹੈਂ ਸਭਿ ਜਾਈਂ।
ਹਮਰੋ ਬਚਨ ਮਾਨਿ ਤੁਮ ਲੀਜੈ।
ਨੀਕੇ ਰਿਦੇ ਬਿਚਾਰ ਕਰੀਜੈ' ॥੬੯॥
ਖਾਨ ਕਹੈਂ 'ਹਮ ਮਾਨਹਿਂ ਨਾਂਹੀ।
{ਪਠਾਣਾਂ ਦਾ ਹਠ}
ਏਤੀ ਬਾਤ ਬਨਾਵਹੁ ਕਾਹੀਂ।
ਹੋ ਢਿਗ ਦਰਸਹੁ ਜਿਉਂ ਤੁਮ ਨੀਕੇ।
ਤਿਉਂ ਹਮ ਜਾਵਹਿਂ ਪੀਰ ਨਜੀਕੇ ॥੭੦॥
ਸਾਂਝੇ[1] ਹਿੰਦੂ ਤੁਰਕਨ ਕੇਰੇ। — [1]ਗੁਰੂ ਜੀ) ਸਾਂਝੇ ਹਨ।
ਸਿੱਖ ਸਮਾਨ ਮੁਰੀਦ ਘਨੇਰੇ[1]। — [1]ਉਨ੍ਹਾਂ ਦੇ ਸਿੱਖਾਂ ਵਾਂਙੂ ਮੁਰੀਦ ਬੀ (ਸਾਡੇ ਵਰਗ) ਬਹੁਤ ਹਨ।
ਅਹੈਂ ਪੱਖਜ ਜੇ ਹਿੰਦੁਨ ਤੁਰਕਾ।
-ਦੋਨੋਂ ਕੋ ਖੋਵਨ- ਮਤ ਗੁਰ ਕਾ' ॥੭੧॥
ਇਕ ਤੋ ਖਾਨਨ ਕੋ ਬਲ ਭਾਰੀ।
ਦੂਜੇ ਸਾਚੀ ਗਿਰਾ ਉਚਾਰੀ।
ਹਟਤਿ ਨਹੀਂ ਬਹੁ ਰਹੇ ਹਟਾਈ।
ਸ਼ਸਤ੍ਰ ਗਹੇ ਤਬ ਹਿੰਦੁਨ[1] ਜਾਈ ॥੭੨॥ — [1]ਹਿੰਦੂਆਂ ਨੇ।
ਪਰ੍ਯੋ ਸਭਿਨਿ ਮਹਿਂ ਰੌਰਾ ਭਾਰੀ।
ਕੋਇ ਨ ਕਿਸ ਕੀ ਸੁਨੈ ਪੁਕਾਰੀ।
ਸ੍ਰੀ ਗੁਰ ਤਨ ਕੇ ਪਾਸ ਜਿ ਦਾਸਾ।
ਸ਼੍ਰੌਨ ਕੁਲਾਹਨ[1] ਸੁਨਿ ਚਹੁਂ ਆਸਾ[2] ॥੭੩॥ — [1]ਰੌਲਾ। [2]ਚਹੁੰ ਪਾਸਿਆਂ ਤੋਂ।
ਨਿਕਸੇ ਤੁਰਤ ਬਿਲੋਕਨ ਤਾਈਂ।
ਰਹੀ ਇਕਾਂਕੀ[1] ਦੇਹਿ ਗੁਸਾਈਂ[2]। — [1]ਇਕੱਲੀ। [2]ਗੁਰੂ ਜੀ ਦੀ ਦੇਹੀ।
ਅੰਤਰਧਯਾਨ ਭਈ ਤਿਹ ਕਾਲਾ।

{ਗੁਰੂ ਜੀ ਦਾ ਸਰੀਰ ਅੰਤਰਧਿਆਨ}

ਸਰਬ ਚੁਕਾਵਨ ਝਗਰ ਬਿਸਾਲਾ ॥੨੪॥
ਵਹਿਰ ਦੁਹੂੰ ਮਹਿਂ ਬਾਦ ਮਹਾਨਾ।
ਚਢਿ ਬਿਵਾਨ ਪਰ ਕ੍ਰਿਪਾ ਨਿਧਾਨਾ।
ਗਮਨ ਕੀਨ ਊਰਧ ਕੀ ਓਰਾ[1]। — [1]ਉਪਰ ਦੀ ਤਰਫ।
ਜੈ ਜੈ ਸ਼ਬਦ ਸੁਰਨ ਮਹਿਂ ਸ਼ੋਰਾ ॥੨੫॥
ਸੁਰਤਰੁ ਪੁਸ਼ਪਾਂਜੁਲ[1] ਬਰਖਾਵਹਿਂ। — [1]ਕਲਪ ਬ੍ਰਿੱਛ ਦੇ ਫੁਲਾਂ ਦੇ ਬੁਕ।
ਚਾਰੁ ਚਮਰੁ ਚਹੁਦਿਸ਼ਨ ਢੁਰਾਵਹਿਂ[1]। — [1]ਝੁਲਾਂਵਦੇ ਹਨ।
ਬ੍ਰਹਮਾਦਿਕ ਚੰਦਨ ਚਰਚਾਹੀਂ[1]। — [1]ਛਿੜਕਦੇ ਹਨ।
ਕਰਹਿਂ ਆਰਤੀ, ਸੰਖ ਬਜਾਹੀਂ ॥੨੬॥
ਅਪਸਰ ਕਰਿਹੀਂ ਨਿਰਤ ਅਗਾਰੀ।
ਗੰਧ੍ਰਬ ਗਾਵਹਿਂ ਧੁਨਿ ਸੁਖਕਾਰੀ।
ਚਲੇ ਅਕਾਸ਼ ਪੰਥ ਅਸ ਜਾਵਹਿਂ।
ਅਤਿ ਉਤਸਵ ਕਰਿ ਅਨੰਦ ਬਢਾਵਹਿਂ ॥੨੭॥

ਦੋਹਰਾ:

ਹੁਤੀ ਸ਼ਕਤਿ ਜਿਹ ਲਗ ਜਿਸਹਿ, ਸ੍ਰੀ ਨਾਨਕ ਪਹੁੰਚਾਇ।
ਹਟੇ ਸੰਗ ਤੇ ਦੇਵ ਸਭਿ, ਚਰਨਨ ਸੀਸ ਨਿਵਾਇ† ॥੨੮॥

†ਦੇਵਤੇ ਜਿੰਨੀ ਜਿੰਨੀ ਉਚਿਆਈ ਆਤਮ ਮੰਡਲਾਂ ਦੇ ਵਿਚ ਜਾਣ ਦੀ ਤਾਕਤ ਰੱਖਦੇ ਸਨ, ਓਥੋਂ ਓਥੋਂ ਤੱਕ ਗਏ, ਆਪਣੀ ਆਪਣੀ ਸ਼ਕਤੀ ਦੇ ਅਗੇਰੇ ਮੰਡਲਾਂ ਤੋਂ ਉਰੇ ਮੁੜ ਪੈਂਦੇ ਰਹੇ। ਇਸ ਦੀ ਮੁਰਾਦ ਹੈ ਕਿ ਨੀਵੇਂ ਤੋਂ ਨੀਵੇਂ ਟਿਕਾਣੇ ਦੇ ਪਾਰਲੌਕਿਕ ਲੋਕਾਂ ਤੋਂ ਲੈ ਉੱਚੇ ਤੋਂ ਉੱਚੇ ਲੋਕੀਂ ਆਏ ਸਨ, ਏਸੇ ਕਰਕੇ ਹੀ ਅਕਾਸ਼ੀ ਗਵੱਯੇ ਵਜੱਯੇ ਬੀ ਗਿਣੇ ਹਨ। ਦੇਵਤਾ ਪਦ ਹਿੰਦੂਆਂ ਦੇ ਪੁਰਾਣਾਂ ਵਿਚ ਲੜਨ ਝਗੜਨ ਵਾਲੀਆਂ ਵ੍ਯਕਤੀਆਂ ਲਈ ਵਰਤਿਆ ਜਾਣ ਕਰਕੇ ਕਈ ਕੰਨਾਂ ਨੂੰ ਭਾਉਂਦਾ ਨਹੀਂ, ਇਸ ਦੀ ਮੁਰਾਦ ਭਾਈ ਸਾਹਿਬ ਦੇ ਏਥੇ ਪਾਰਲੌਕਿਕ ਵ੍ਯਕਤੀਆਂ ਤੋਂ ਹੈ, ਜੋ ਪ੍ਰਕਾਸ਼ ਦੇ ਬਣੇ ਹੋਏ ਹੁੰਦੇ ਹਨ। [ਦੇਵ, ਦਿਵ੍=ਚਮਕਣਾ] ਜਿਨ੍ਹਾਂ ਦਾ ਪਤਾ ਸ੍ਰੀ ਗੁਰੂ ਜੀ ਨੇ ਗਿਆਨ ਖੰਡ (ਜਪੁਜੀ ਸਾਹਿਬ ਪੌੜੀ ੩੫) ਵਿਚ ਆਪ ਵੀ ਦਿੱਤਾ ਹੈ। ਕਵਿ ਜੀ ਸਾਰੇ ਦੇਵਤੇ ਪਿਛੇ ਰਹਿ ਗਏ ਦੱਸਦੇ ਹਨ, ਸ੍ਰੀ ਗੁਰੂ ਜੀ ਸਚਖੰਡ ਵਿਚ ਗਏ।

ਸੱਚ ਖੰਡ ਸ੍ਰੀ ਗੁਰ ਗਏ, ਕੀਨਿ ਤਹਾਂ ਬਿਸਰਾਮ।
ਭੂਤਲ ਮਹਿਂ ਜੈਸੇ ਭਈ, ਸੁਨਹੁ ਕਥਾ ਸੁਖ ਧਾਮ ॥੨੯॥

ਚੌਪਈ:

ਕਰੇ ਜੋਰ ਅਸ ਖਾਨ ਅਲਾਵੈਂ।

'ਹੈਂ ਹਮ[1] ਪੀਰ ਸੁ ਮਜਲ ਪੁਚਾਵੈਂ।
ਦੇਤਿ ਮੁਰਾਦ ਮੁਰੀਦਨ ਕੇਰੀ।
ਬਰਜੇ ਰਹੈਂ ਨ[1], ਜਾਵਹਿਂ ਨੇਰੀ' ॥੮੦॥
ਇਮ ਹਠ ਕਰਿ ਕੇ ਭੇ ਤਹਿਂ ਠਾਂਢੇ।
ਡਰੇ ਨ ਰਾਰ ਕਰਨ ਤੇ ਗਾਢੇ।
ਸਨਧਬੱਧ ਹਿੰਦੂ ਹੁਇ ਆਏ।
ਬਲ ਕਰਿ ਤਿਨ ਕੋ ਚਹਤਿ ਹਟਾਏ ॥੮੧॥
ਸਜਾਨੇ ਸਿੱਖ ਹੁਤੇ ਤਹਿਂ ਜੇਈ।
ਕਰਯੋ ਬਿਚਾਰ ਮਿਲਤਿ ਭੇ ਤੇਈ।
-ਤੁਰਕਨ ਕੋ ਅਬਿ ਹੈ ਬਲ ਭਾਰੇ-।
ਬਹੁਰ ਰੀਤਿ ਸੋਂ ਬਚਨ ਉਚਾਰੇ ॥੮੨॥
'ਤਾਂ ਤੇ ਔਰ ਨ ਕਰੀਏ ਕਾਜਾ।
ਸ੍ਰੀ ਸਤਿਗੁਰ ਕੋ ਲੇਹੁ ਅਵਾਜਾ[1]।
ਤਿਨ ਮਰਜੀ ਕੇ ਹ੍ਵੈ ਅਨੁਸਾਰੀ।
ਕਰਿਯੈ ਕ੍ਰਿੱਤ ਮਿਟਾਵਹੁ ਰਾਰੀ[1]' ॥੮੩॥
ਖ਼ਾਨਨ ਸੰਗ ਭਨੀ ਅਸ ਬਾਨੀ।
ਭਲੀ ਭਾਂਤਿ ਨੀਕੇ ਤਿਨ ਮਾਨੀ।
ਦ੍ਵੈ ਸਿਖ ਹੁਤੇ ਸਮੀਪੀ ਜੇਈ।
ਅੰਤਰ ਗੇ ਕਨਾਤ ਕੇ ਤੇਈ ॥੮੪॥
ਬਸਤ੍ਰ ਸੰਯੁਕਤ ਸੇਜ ਤਹਿਂ ਦੇਖੀ।
ਦੇਹ ਨ[1] ਭਏ ਅਚਰਜ ਬਿਸ਼ੇਖੀ।
ਅੰਬਰ ਕੋ ਉਘਾਰਿ ਭਲ ਜੋਵਾ।
ਨਿਕਸੇ ਕਹਤਿ 'ਅਚੰਭਾ ਹੋਵਾ ॥੮੫॥
ਕਿਉਂ ਤੁਮ ਕੀਨੋ ਇਤਨਾ ਝਗਰਾ।
ਸਤਿਗੁਰ ਆਪ ਨਿਬੇਰਯੋ ਸਗਰਾ।
ਅੰਤ੍ਰ ਧਜਾਨ ਭੀ[1], ਰਹੀ ਨ ਦੇਹੀ।
ਕੁਸ਼ਾ ਸੇਜ ਪਰ ਬਸਤ੍ਰ ਪਰੇਹੀ ॥੮੬॥

ਦੋਹਰਾ:

ਰਾਰ ਨ ਕਰਿਯੇ ਪਰਸਪਰ, ਦਿਹੁ ਕਨਾਤ ਖੁਲਵਾਇ।

[1]ਸਾਡੇ ਪੀਰ ਹਨ।
[1]ਰੋਕੇ ਨਹੀਂ ਰਹਾਂਗੇ।
[1]ਹੋਰ ਕੋਈ ਗਲ ਨਾ ਕਰੋ, ਗੁਰਾਂ ਦੀ ਆਪਣੀ ਆਵਾਜ਼ ਲੈ ਲਵੋ।
[1]ਝਗੜਾ।
[1]ਦੇਹੀ ਨਹੀਂ ਹੈ।
[1]ਅਲੋਪ ਹੋ ਗਈ ਹੈ।

ਦੇਖਹਿਂ ਨਰ ਨਾਰੀ ਸਰਬ, ਕੌਤਕ ਮਤਿ ਬਿਸਮਾਇ[1] ॥੮੭॥

[1]ਬੁੱਧੀ ਨੂੰ ਹੈਰਾਨ ਕਰਨ ਵਾਲਾ ਕੌਤਕ।

ਸ੍ਵੈਯਾ:

ਲੀਨ ਉਤਰ ਕਨਾਤ ਸ਼ਿਤਾਬ
ਗਏ ਢਿਗ ਹ੍ਵੈ ਦਰਸੈਂ ਨਰ ਨਾਰੀ।
ਹੈ ਸਿਹਜਾ ਪਰ ਚੀਰ ਪਰਜੋ ਪਿਖਿ
'ਜੈ ਗੁਰ, ਜੈ ਗੁਰ' ਊਚ ਉਚਾਰੀ।
'ਸ੍ਰੀ ਸੁਖਕੰਦ, ਗੁਬਿੰਦ, ਮੁਕੰਦ'
ਸੁ ਨਾਮ ਕੋ ਲੇ ਕਰਿ ਬੰਦਨ ਕਾਰੀ।
ਹੋਇ ਅਚੰਭ ਰਹੇ ਹਿਰਦੇ
ਤਿਹ ਠਾਂ ਨਰ ਜੇ ਸਭਿ ਕੀ ਮਤਿ ਹਾਰੀ ॥੮੮॥

ਛਪਯ ਛੰਦ:

ਤੁਰਕਨ ਅੰਬਰ ਅਰਧ[1]
ਅਰਧ ਹਿੰਦੁਨ ਤਬਿ ਲੀਯਾ।

[1]ਅੱਧਾ ਕਪੜਾ ਤੁਰਕਾਂ ਨੇ।

{ਗੁਰੂ ਜੀ ਨੇ ਝਗੜਾ ਨਿਬੇੜਿਆ}

ਸਗਰ ਝਗਰ ਗਜਾ ਨਿਬਰ[1]
ਹਰਖ ਉਰ ਦੁਂਹ ਦਿਸ਼ ਥੀਆ।
ਸਿੱਖਨ ਲੇ ਕਰਿ ਚੀਰ
ਚਿਤਾ ਚੰਦਨ ਕੀ ਰਚਿ ਕਰਿ।
ਨਿਜ ਮੁਖ ਜਹਿਂ ਗੁਰ ਕਹਯੋ
ਤਹਾਂ ਦਿਯ ਦਾਹ ਭਲੇ ਧਰਿ।
ਪੁਨ ਹੁਤੇ ਮੁਰੀਦ ਸੁ ਅਰਧ ਲੇ
ਨੀਕੇ ਤਹਿਂ ਦਫਨਾਇ ਦਿਯ।
ਇਉਂ ਬਾਦ ਬਿਖਾਦ ਮਿਟਾਇ ਸਭਿ
ਦੁਹੂੰ ਦਿਸ਼ਨ ਅਹਿਲਾਦ ਕਿਯ ॥੮੯॥

[1]ਨਿੱਬੜ।

ਸੋਰਠਾ:

ਸੰਮਤ ਸੱਤ੍ਰ[1] ਪਛਾਨ, ਪੰਚ ਮਾਸ ਬੀਤੇ ਬਹੁਰ।
ਸਪਤ ਦਿਨਨ ਪਰਵਾਨ, ਪਤਿਸ਼ਾਹੀ ਸ੍ਰੀ ਪ੍ਰਭੁ ਕਰੀ[†] ॥੯੦॥

[1]ਸੱਤਰ ਵਰਹੇ।

[†]ਵਿਸ਼ੇਸ਼ ਖੋਜ-ਇਹ ਸੋਰਠਾ ਕਿਸੇ ਲਿਖਤੀ ਨੁਸਖੇ ਵਿਚ ਹੈ ਕਿਸੇ ਵਿਚ ਨਹੀਂ ਹੈ। ਇਹ ਹਿਸਾਬ ਮਹਿਮਾ ਪ੍ਰਕਾਸ਼ ਵਾਰਤਿਕ ਵਿਚ ਦਿੱਤਾ ਹੈ। ਇਸ ਹਿਸਾਬ ਆਪ ਦਾ ਅਵਤਾਰ ਦਿਨ ਵਿਸਾਖ ਦੀ ਤ੍ਰਿਤੀਆ ੧੫੨੬

ਬਿ. ਤੇ ਜਾ ਪੈਂਦਾ ਹੈ। ਜੇ ਕੱਤਕ ਪੁੰਨਯਾਂ ੧੫੨੬ ਬਿ. ਗਿਣੀਏ ਤਾਂ ਆਯੂ ੭੦ ਵਰਹੇ ੧ ਮਹੀਨਾ ਘੱਟ ਦੇ ਲਗ ਪਗ ਬਣਦੀ ਹੈ।

ਦੋਹਰਾ:

ਸੰਮਤ ਪੰਦਰਾਂ ਸੈ ਲਖੋ, ਅਧਿਕ ਛਯਾਨਵਾ ਜਾਨਿ।
ਅਸਜੁ[1] ਵਦੀ ਦਸਮੀ ਵਿਖੈ, ਸੱਚਖੰਡ[†] ਪ੍ਰਸਥਾਨ[2] ॥੯੧॥

[1]ਅੱਸੂ। [2]ਸੱਚਖੰਡ ਚਲੇ ਗਏ। [†]ਪਾ:-ਸ੍ਰੀ ਗੁਰ ਕਿਯ।

ਚੌਪਈ:

ਸ੍ਰੀ ਗੁਰ ਕਥਾ ਕਹੀ ਕਛੁ[†] ਥੋਰੀ।
ਸਰਬ ਕਹਿਨ ਕੀ ਸ਼ਕਤਿ ਨ ਮੋਰੀ।
ਅਹੈ ਜਥਾਪਤਿ ਤਥਾ ਸੁ ਬਰਨੀ।
ਸ਼੍ਰੋਤਨ ਕੇ ਬਿਕਾਰ ਕੋ ਹਰਨੀ ॥੯੨॥

[†]ਪਾ:-ਮੈਂ।

ਚੌਪਈ:

ਜੋਗ, ਵਿਰਾਗ, ਭਗਤਿ ਪੁਨ ਗਯਾਨਾ।
ਏ ਚਾਰੋਂ ਵਰਨੇ ਬਿਧਿ ਨਾਨਾ।
ਦੈਵ ਸੰਪਦਾ ਗੁਨ[1] ਜੇ ਬ੍ਰਿੰਦਾ।
ਯਾ ਮੈਂ ਭਨੇ, ਹਨੈਂ ਦੁਖ ਦੁੰਦਾ[1] ॥੯੩॥

[1]ਦੈਵੀ ਸੰਪਦਾ ਦੇ ਗੁਣ।

[1]ਸਮੂਹ।

ਪਢਹਿਂ ਸੁਨੈਂ ਗੁਣ ਹਿਰਦੇ ਧਾਰਹਿਂ।
ਪੁਨ ਪੁਨ ਕਰਿ ਅੱਭਯਾਸ ਬਿਚਾਰਹਿਂ।
ਲਖਹਿਂ ਅਸੱਤਿ ਸੱਤਿ ਸੋ ਨਿਰਨੋ।
ਹਰਖ ਨ ਸ਼ੋਕ ਨ ਜਨਮ ਨ ਮਰਨੋ ॥੯੪॥
ਸਤਿਗੁਰ ਸਿਫਤ ਮਹਾਤਮ ਜੋਈ।
ਜਗ ਮਹਿਂ ਪ੍ਰਗਟ, ਦੁਰਯੋ ਨਹਿਂ ਸੋਈ।
ਸੁਮਤਿਵਾਨ ਜਾਨਹਿਂ ਬਿਧਿ ਨੀਕੇ।
ਰਾਖਤਿ ਹੈਂ ਪਰੋਇ ਬਿਚ ਹੀ ਕੇ[1] ॥੯੫॥

[1]ਹਿਰਦੇ ਦੇ।

ਬਿਛਰਯੋ ਚਹਤਿ ਨਹੀਂ ਕਿਹ ਕਾਲਾ।
ਦ੍ਵੈ ਲੋਚਨ ਸੁਖ ਦੇ ਜੁ ਬਿਸਾਲਾ।
ਹੁਤੀ ਨ ਸ਼ਕਤੀ ਮੋਹਿ ਮਹਿਂ ਐਸੇ।
ਗ੍ਰੰਥ ਸੰਪੂਰਨ ਭਾ ਅਬਿ ਜੈਸੇ ॥੯੬॥
ਕ੍ਰਿਪਾ ਧਾਰਿ ਸਤਿਗੁਰ ਮੁਝ ਤਾਈਂ।
ਜਿਉਂ ਜਿਉਂ ਮੁਹਿ ਮਤਿ ਦੇ ਬਨਿਵਾਈ।
ਤਿਉਂ ਮੈਂ ਕਹੀ ਕਥਾ ਅਤਿ ਰੂਰੀ।

ਜੋ ਸਾਧਨ ਅਪਵਰਗਹਿ ਪੂਰੀ[1] ॥੯੭॥

[1]ਜੋ ਮੁਕਤੀ ਦੇ ਸਾਧਨਾਂ (ਦੀ ਵਯਾਖਯਾ) ਨਾਲ ਪੂਰਨ ਹੈ।

ਸ੍ਰੀ ਨਾਨਕ ਪਦ ਪੰਕਜ ਬੰਦਨ[1]।

[1]ਮੈਂ ਮੱਥਾ ਟੇਕਦਾ ਹਾਂ।

{ਦਸ ਗੁਰੂ ਮੰਗਲ}

ਸਿਮਰੋਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਯਾਵੌਂ।
ਸ੍ਰੀ ਗੁਰ ਰਾਮਦਾਸ ਗੁਨ ਗਾਵੌਂ ॥੯੮॥
ਸ੍ਰੀ ਅਰਜਨ ਬਿਘਨਨਿ ਕੇ ਨਾਸ਼ਕ।
ਹਰਿਗੁਬਿੰਦ ਸ਼ੁਭ ਸੁਮਤਿ ਪ੍ਰਕਾਸ਼ਕ।
ਸ੍ਰੀ ਹਰਿਰਾਇ ਨਮੋ ਕਰ ਜੋਰੀ।
ਗੁਰ ਹਰਿਕ੍ਰਿਸ਼ਨ ਮਨਾਇ ਬਹੋਰੀ ॥੯੯॥
ਤੇਗ ਬਹਾਦਰ ਪਰਮ ਕ੍ਰਿਪਾਲਾ।
ਸ੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੌਂ ਧਰਾ ਪਰ ਪੁਨ ਪੁਨ ਸੀਸਾ।
ਬੰਦੋਂ ਬਾਰ ਬਾਰ ਜਗਦੀਸ਼ਾ ॥੧੦੦॥

ਦੋਹਰਾ:

ਸ੍ਰੀ ਮਤਿ[1], ਸਿਮਰਨ ਰਤਿ ਗੁਰੂ[2], † ਸੰਤ ਸਿੰਘ ਸ਼ੁਭ ਨਾਮ।

[1]ਸ਼ੋਭਾ ਵਾਲੇ। [2]ਗੁਰੂ ਦੀ ਪ੍ਰੀਤੀ ਤੇ ਸਿਮਰਨ ਵਾਲੇ।
†ਪਾ:-ਰਤਿ ਪ੍ਰਭੂ, ਸਤਿਗੁਰੂ।

ਬਿੱਦਯਾ ਜਿਨ ਤੇ ਮੈਂ ਪਠੀ[1], ਤਿਨ ਪਦ ਕਰੋਂ ਪ੍ਰਣਾਮ ॥੧੦੧॥

[1]ਪੜ੍ਹੀ ਹੈ।

ਕਬਿੱਤ:

ਸੁਤਾ ਸਵਿਤਾਸ ਕੀ[1], ਨਸੱਯਾ ਪਾਪ ਰਾਸ ਕੀ

[1]ਪੁੱਤ੍ਰੀ ਸੂਰਜ ਦੀ (ਜਮਨਾ ਨਦੀ)।

ਦਿੱਵਯਾ ਮੋਖ ਦਾਸ ਕੀ, ਲਖੈ ਜੁ ਨੇਮ ਜਮੁਨਾ।
ਏਕਬਾਰ ਬਾਰਿ[1] ਛੁਏ, ਪਾਵਨਤਾ[2] ਪਾਵਨ ਕੈ[3]

[1]ਪਾਣੀ। [2]ਪਵਿੱਤ੍ਰਤਾ ਨਾਲ। [3]ਪਵਿੱਤ੍ਰ ਕਰਦੀ ਹੈ।

ਪਾਨ ਤੈ ਸ਼ਨਾਨ ਤੈ[1] ਦੁਖਦ ਤਿਨ ਜਮ ਨਾ[2]।

[1]ਪੀਂਦੇ ਤੇ (ਜੋ) ਅਸ਼ਨਾਨ ਕਰਦੇ ਹਨ। [2]ਤਿਨ੍ਹਾਂ ਨੂੰ ਜਮ ਦੁਖਦਾਈ ਨਹੀਂ।

ਸ਼ਯਾਮ ਜਲ, ਜਲਜ ਬਿਲੋਚਨੀ ਕੋ, ਸ਼ਯਾਮ ਪਤਿ
ਚੰਚਲ, ਅਛਲ, ਜਿਨ ਛਲਯੋ

ਕਾਲਜਮੁਨਾ[1]।

[1]ਜਿਸ ਦਾ ਕਾਲਾ ਪਾਣੀ, ਨੈਨ ਕਮਲ ਵਰਗੇ ਹਨ, ਪਤੀ ਜਿਸ ਦਾ ਕਾਲਾ (ਕ੍ਰਿਸ਼ਨ) ਹੈ (ਤਰੰਗ) ਜਿਸ ਦੇ ਚੰਚਲ ਹਨ, (ਆਛਲ=) ਵਡੀਆਂ ਛੱਲਾਂ (ਜਿਸ ਵਿਚ ਉਠਦੀਆਂ ਹਨ) ਜਿਸ ਨੇ ਛਲਿਆ ਹੈ ਕਾਲ (ਮੌਤ ਕਰਨ ਵਾਲੇ) ਜਮ (ਯਮ) ਨੂੰ। ਭਾਵ ਜਮਨਾ ਨ੍ਹਾਵੇ ਤਾਂ ਜਮ ਦੇ ਰਾਹ ਨਹੀਂ ਪੈਂਦਾ (ਦੇਖੋ ਅਗਲਾ ਅੰਕ ੧੦੩- ਤ੍ਰਾਸ ਜਮਦੂਤ ਨਿਵਰਿਨੀ)। (ਅ) ਜਿਸ ਦਾ ਪਤੀ ਕਾਲ ਯਮਨ ਨੂੰ ਛਲਨੇ ਵਾਲਾ (ਪਰ ਆਪ) ਅਛਲ ਤੇ ਚੰਚਲ ਕ੍ਰਿਸ਼ਨ ਹੈ। ਕ੍ਰਿਸ਼ਨ ਜੀ ਦੇ ਓਸ ਛਲ ਵਲ ਇਸ਼ਾਰਾ ਹੈ ਜੋ ਮੁਚਕੰਦ ਰਿਖੀ ਪੁਰ ਆਪਣਾ ਕਪੜਾ ਪਾਕੇ ਲੁਕ ਗਏ ਤੇ 'ਕਾਲ-ਯਮੁਨ' ਰਾਜੇ ਨੂੰ ਛਲ ਲਿਆ ਸੀ।

ਜਾਂ ਕੇ ਅਨ ਸਮ ਨਾ ਬਿਘਨ ਗੁਨ ਸਮਨਾ[1]

[1]ਬੱਰਬਰ ਹੈਨ ਭਾਵ ਡੋਬ ਦੇਣ ਦਾ ਵਿਘਨ ਤੇ ਤਾਰ ਦੇਣ ਦਾ ਗੁਣ ਜਮਨਾਂ ਵਿਚ ਸਮ ਹਨ। (ਅ) ਪਾਠਾਂਤ੍ਰ-ਬਿਘਨ ਗਨ ਸ਼ਮਨਾ=ਵਿਘਨਾਂ ਦੇ ਗੁਣਾਂ ਨੂੰ ਸ਼ਮਨ (ਨਾਸ਼) ਕਰਨੇ ਵਾਲੀ ਹੈ।

ਸਦੀਵ ਸਿੰਧੁ ਗਮਨਾ[1] ਸੁਹਾਇ ਸ਼ੁਭ ਜਮਨਾ† ॥੧੦੨॥

[1]ਸਦਾ ਹੀ ਸਮੁੰਦਰ ਨੂੰ ਜਾਣ ਵਾਲੀ। †ਇਹ ਕਬਿਤ ਅੱਗੇ ਗੁਰ ਪ੍ਰਤਾਪ ਸੂਰਜ ਗ੍ਰੰਥ ਰੁੱਤ ੧ ਅੰਸੂ ੪੬ ਅੰਕ ੧੧ ਵਿਚ ਵੀ ਆਵੇਗਾ।

ਛਪਯ:

ਸ੍ਰੀ ਜਮਨਾ ਸੁਖ ਕਰਨ
ਹਰਨ ਦੁਖ, ਦਰਨੀ ਕਲਮਲ[1]। — [1]ਪਾਪਾਂ ਨੂੰ।
ਸੁਮਤਿ ਸਦਨ, ਬਿਧੁ ਬਦਨ[1] — [1]ਚੰਦ ਮੁਖ ਵਾਲੀ।
ਕੁਮਤਿ ਕਦਨੀ, ਸ਼ਜਾਮਲ ਜਲ।
ਮਨਮੋਹਨ ਕੀ ਪ੍ਰਿਯ
ਪ੍ਰਵਾਹਿ ਪਾਵਨ ਬਹਿ[1] ਧਰਨੀ[2]। — [1]ਵਹਿੰਦਾ ਹੈ। [2]ਜ਼ਿਮੀਂ ਤੇ।
ਸਵਿਤਾ ਸੁਤਾ[1], ਸੁਜਾਨ — [1]ਸੂਰਜ ਦੀ ਧੀ।
ਤ੍ਰਾਸ ਜਮਦੂਤ ਨਿਵਰਿਨੀ[1]। — [1]ਜਮ ਦਾ ਡਰ ਹਰਨ ਵਾਲੀ।
ਤਿਹ ਤੀਰ ਬੁਰੀਆ ਨਗਰ ਇਕ
ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤਿ ਕੋ ਭਲੇ
ਗੁਰ ਜਸ ਜਿਸ ਮਹਿਂ ਸੁਠ[1] ਮਹਾਂ ॥੧੦੩॥ — [1]ਸੁੰਦਰ।

ਚੌਪਈ:

ਆਦਿ ਸੁਧਾਸਰ[1] ਜੇ ਇਸਥਾਨਾ। — [1]ਅੰਮ੍ਰਿਤਸਰ।
ਖੋਜਿ ਖੋਜਿ[1] ਨੀਕੇ ਬਿਧਿ ਨਾਨਾ। — [1]ਭਾਲ ਭਾਲ।
ਲਿਖੀ ਦੇਖਿ ਕੇਤੀ ਬਹੁ ਥਾਈਂ।
ਕੇਤੀ ਸੁਣੀ ਜੁ ਮਨ ਮਹਿਂ ਭਾਈ ॥੧੦੪॥

ਬੀਨ ਬੀਨ[1] ਗੁਰ ਮਹਿਮਾ ਆਛੀ। [1]ਚੁਣ ਚੁਣ।
ਮਾਖਨ ਜਿਉਂ ਲੀਨੀ, ਤਜਿ ਛਾਛੀ[1]। [1]ਲੱਸੀ।
ਕਵਿਤਾ ਤਾਂ ਕੀ ਰੁਚਿਰ ਬਨਾਈ।
ਸਤਿਗੁਰ ਸਿੱਖਨ ਕੇ ਮਨ ਭਾਈ ॥੧੦੫॥
ਜਹਾਂ ਭੂਲ ਮੁਝ ਤੇ[†] ਕੁਛ ਹੋਈ। [†]ਪਾ:-ਮੋ ਤੇ।
ਸੁਨਿ ਪਠਿ ਕਰੈ ਰੋਸ ਨਹਿਂ ਕੋਈ।
ਕ੍ਰਿਪਾ ਧਾਰਿ ਸੋ ਲੇਹੁ ਬਨਾਏ।
ਜਿਉਂ ਸਤਿਗੁਰ ਸਿੱਖਨ ਮਨ ਭਾਏ ॥੧੦੬॥
ਬਡੇ ਬਿਲੋਕਹਿਂ ਬਾਲਕ ਲੀਲ੍ਹਾ।
ਅਸਤ ਬਿਅਸਤ ਸੁ ਹੁਇ ਮੀਲਾ[1]। [1]ਅਣਮਿਲਵੀਂ।
ਬਚਨ ਸਪਸ਼ਟ ਨ ਆਵਹਿ ਤਾਂਹੀ।
ਹਰਖੈਂ ਸੁਨਤਿ ਬ੍ਰਿੱਧ[1], ਰਿਸ ਨਾਂਹੀ ॥੧੦੭॥ [1]ਪਰਸੰਨ ਹੁੰਦੇ ਹਨ ਵੱਡੇ ਪੁਰਖ।
ਛੋਟੋ ਲਖੈਂ ਕ੍ਰਿਪਾ ਕੋ ਕਰਿਹੀਂ[1]। [1]ਛੋਟਿਆਂ ਨੂੰ) ਛੋਟੇ ਜਾਣਕੇ ਕ੍ਰਿਪਾ ਕਰਦੇ ਹਨ (ਸਦਾ)।
ਬਡੇ ਜੁ ਹੈਂ ਲੱਛਨ ਅਸ ਧਰਿਹੀਂ[1]। [1]ਐਸੇ ਲੱਛਣ ਧਾਰਦੇ ਹਨ।
ਮੰਦਮਤੀ ਚਹਿਂ ਬਾਦ ਘਨੇਰਾ।
ਤਿਹ ਸੋਂ ਕੈਸੋ ਹ੍ਵੈ ਨ ਨਿਬੇਰਾ ॥੧੦੮॥
ਗੁਰ ਸਿੱਖੀ ਜਾਚਉਂ ਹਉਂ ਦਾਨਾ।
ਜਿਸ ਤੇ ਹੋਇ, ਪਰਮ ਕੱਲਜਾਨਾ।
ਮਨਸਾ[1†] ਸਗਰੀ ਮਨਹਿਂ ਸਮਾਵਹਿਂ। [1]ਵਾਸ਼ਨਾ। [†]ਪਾ:-ਸੰਸਾ।
ਸ਼ਾਂਤਿ ਹੋਇ, ਨੀਕੋ ਪਦ ਪਾਵਹਿਂ ॥੧੦੯॥

ਚੌਪਈ:

ਏਕ ਆਂਕ ਅਰ ਅਸ਼ਟ ਕਰਿ, ਬਹੁਰ ਅਸ਼ਟ ਪਰ ਸੂਨ[1]। [1]ਸੰਮਤ ੧੮੮੦।
ਕਾਤਿਕ ਪੂਰਨਮਾ ਬਿਖੇ, ਭਯੋ ਗ੍ਰੰਥ ਬਿਨਊਨ[1] ॥੧੧੦॥ [1]ਪੂਰਾ।
ਦੇਵਾ ਸਿੰਘ ਪਿਤ ਤੇ ਜਨਮ, ਕਵਿ ਸੰਤੋਖ ਸਿੰਘ ਨਾਮ।

ਬਰ ਮਾਂਗੋਂ ਸਤਿਸੰਗ ਕੋ, ਕਰਿ ਸਤਿਗੁਰੂ
ਪ੍ਰਣਾਮ ॥੧੧੧॥

[ਸਮਾਪਤੀ ਦਾ ਮੰਗਲ]

ਕਬਿੱਤ:

ਸਭੈ ਗੁਣ ਊਰ, ਭਰਪੂਰ ਹੋਯੋ ਔਗੁਨਨਿ ਊਰ=ਊਣਾਂ, ਖਾਲੀ।
ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿੱਧਤਾ ਫਰਦ ਕੀ।
ਬ੍ਰਿੱਧਤਾ=ਬਹੁੱਲਤਾ। ਫਰਦ=ਫਹਿਰਿਸਤ। ਕਿਸੇ ਹਿਸਾਬ ਦੇ ਵੇਰਵੇ ਦਾ ਪੱਤਰਾ।
ਹੋਯੋ ਮਨ ਚੂਰ ਚੂਰ, ਰਹੀ ਮਤਿ ਝੂਰ ਝੂਰ
ਦੇਖਿ ਰਹ੍ਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰ ਪੂਰਨ ਸੰਤੋਖ ਸਿੰਘ ਤੂਰਨ
ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ। ਭੂਰ=ਸਾਰੇ।
ਨਾਮ ਹੈ ਸ਼ਰਨ ਸੂਰ, ਪਾਵਨ ਪਤਿਤ ਰੂਰ
ਸ਼ਰਨ ਸੂਰ=ਸ਼ਰਨ ਦਾ ਸੂਰਮਾ, (ਭਾਵ=ਸ਼ਰਨਾਗਤ ਦਾ ਰੱਖਜਕ)। ਪਾਵਨ=ਪਤਿਤ ਰੂਰ=ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲਾ ਸੁਹਣਾ।
ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ‡ ॥੧੧੨॥
ਬਿਰਦ ਕੀ=ਧਰਮ ਦੀ, ਨਾਮ ਦੀ।

‡ਇਹ ਛੰਦ ਅਗੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਦਸਵੀਂ ਅੰਸੂ ੧ ਦੇ ਅੰਕ ੧੩ ਵਿਚ ਬੀ ਆਵੇਗਾ। ਛੰਦ ੧੧੨ ਤੇ ੧੧੩, ਦੋਵੇਂ ਕੁਝਕ ਲਿਖਤੀ ਨੁਸਖਿਆਂ ਵਿਚ ਇਸ ਟਿਕਾਣੇ ਤੇ ਨਹੀਂ ਮਿਲਦੇ, ਕੀ ਜਾਣੀਏ ਲਿਖਾਰੀਆਂ ਤੋਂ ਰਹਿ ਗਏ ਯਾ ਜਿਨ੍ਹਾਂ ਵਿਚ ਹੈਨ ਕਿਸੇ ਪ੍ਰੇਮੀ ਨੇ ਮਗਰੋਂ ਏਥੇ ਬੀ ਉਤਾਰ ਦਿੱਤੇ। ਮਨ (ਇਸ ਦੁਖ ਕਰਕੇ) ਚੂਰ ਚੂਰ ਹੋਇਆ ਹੋਇਆ ਹੈ, ਬੁੱਧੀ (ਮੇਰੀ) ਬੜੀ ਝੂਰ ਰਹੀ ਹੈ (ਮੈਂ) ਦੂਰ ਦੂਰ ਦੇਖ ਚੁਕਾ ਹਾਂ (ਪਰ ਇਸ) ਦਰਦ ਦੀ ਦਾਰੂ ਨਹੀਂ ਮਿਲੀ। (ਕਵਿ) ਸੰਤੋਖ ਸਿੰਘ (ਜੀ ਕਹਿੰਦੇ ਹਨ, ਚਉਪੜ ਵਿਛੇ ਪਰ) ਇਕੱਲੀ (ਰਹਿ ਗਈ) ਨਰਦ ਦੀ ਹਾਲਤ (ਵਾਂਙੂ) ਮੇਰਾ ਬਹੁਤਾ ਦੁਖ ਦੇਖਕੇ ਪੂਰਨ ਗੁਰੂ ਛੇਤੀ ਆ ਮਿਲੇ, (ਜਿਨ੍ਹਾਂ ਦਾ) ਨਾਮ ਸ਼ਰਨਾਗਤਾਂ ਦਾ ਰੱਖਜਕ ਤੇ ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲਾ ਸੁਹਣਾ ਹੈ (ਓਹ) ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ।

ਅਰਥ:

(ਮੈਂ) ਸਾਰੇ (ਸ਼ੁਭ) ਗੁਣਾਂ ਤੋਂ ਖਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ (ਤੇ) ਕਾਮ, ਕ੍ਰੋਧ, ਝੂਠ ਦੀ ਮੇਰੀ ਫਹਿਰਿਸਤ ਵਧੀ ਹੋਈ ਹੈ। (ਮੇਰਾ)

ਕਬਿੱਤ:

ਬੰਦਨਾ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਜਨ‡
ਬੰਦਨਾ=ਨਮਸਕਾਰ, ਮੱਥਾ ਟੇਕਣਾ। ਅਬੰਦਤਾ=ਬੰਦਨ ਰਹਿਤ ਅਵਸਥਾ, ਖਲਾਸੀ, ਮੁਕਤੀ।
‡ਪਾ: ਤਿਹ।
ਪ੍ਰੀਤ ਲੇਤਿ ਦੇਤਿ ਹੈਂ ਪ੍ਰਤੀਤ, ਸੁਖ ਸੇਤੁ ਹੈਂ।
ਸੁਖ ਸੇਤ=ਸੁੱਖਾਂ ਦਾ ਪੁਲ। ਪ੍ਰਤੀਤ=ਸਿਦਕ। (ਅ) ਪੱਤਿ।
ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪ
ਭਾਉ ਉਰ=ਦਿਲ ਦਾ ਪ੍ਰੇਮ। ਪ੍ਰਭਾਉ=ਤੇਜ, ਪ੍ਰਤਾਪ। (ਅ) ਆਤਮ ਬਲ।
ਨਿਰਗੁਣ ਪਦ ਦੇਤਿ, ਗੁਨ ਦੇਖ ਲੇਤਿ ਹੈਂ‡।

ਨਿਰਗੁਣ ਪਦ=ਗੁਣਾਂ ਤੋਂ ਅਤੀਤ ਅਵਸਥਾ, ਮੋਖ ਪਦਵੀ।
‡ਪਾ:-ਗੁਣ ਦੇਖ ਲੇਤ ਨਿਰਗੁਣ ਪਦ ਦੇਤ ਹੈ।

**ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ**

ਅਭੇਟ=ਨਾ ਮਿਲਨਾ, ਬਚਾਉ।

**ਸਤਿਗੁਰੂ ਨਾਨਕ ਜੀ ਕਰੁਨਾ ਨਿਕੇਤ ਹੈਂ।**

ਕਰੁਨਾ ਨਿਕੇਤ=ਮੇਹਰ ਦਾ ਘਰ। ਹੰਤਾ=ਹੰਕਾਰ।

**ਹੰਤਾ ਲੇਤਿ ਦਾਸਨ ਕੀ, ਅਹੰ ਬ੍ਰਹਮ ਦੇਤਿ ਉਰ‡**

ਅਹੰ ਬ੍ਰਹਮ=ਭਾਵ ਬ੍ਰਹਮ ਗਿਆਨ।
‡ਪਾ:-ਤਿਹ।

**ਮਨ ਲੇਤਿ ਚਰਨ ਮੈਂ, ਮੁਕਤਿ ਕੋ ਦੇਤਿ ਹੈਂ‡ ॥੧੧੩॥**

‡ਇਹ ਛੰਦ ਬੀ ਅਗੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਛੇਵੀਂ ਅੰਕ ੩ ਵਿਚ ਆਵੇਗਾ, ਪਰ ਓਥੇ ਤੀਸਰੀ ਤੁਕ ਦਾ ਅੰਤਲਾ ਪਾਠ ਐਉਂ ਹੈ-ਸਤਿਗੁਰੂ ਨਾਨਕ ਸੰਤੋਖ ਸਿੰਘ ਚੇਤ ਹੈ।

ਅਰਥ:

(ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ) ਨਮਸਕਾਰ ਨੂੰ ਲੈ ਕੇ (ਆਪਣੇ) ਦਾਸਾਂ ਨੂੰ ਮੁਕਤੀ ਦਿੰਦੇ ਹਨ, (ਫਿਰ) ਪ੍ਰੀਤੀ ਲੈ ਕੇ (ਆਪਣਾ) ਸਿਦਕ ਬਖਸ਼ਦੇ ਹਨ (ਐਸੇ) ਸੁਖਾਂ ਦਾ ਪੁਲ (ਗੁਰੂ ਜੀ) ਹੈਨ। (ਤੇ ਫਿਰ ਆਪਣੇ ਦਾਸਾਂ ਦੇ) ਦਿਲ ਦਾ ਪ੍ਰੇਮ ਲੈ ਕੇ ਆਪ (ਗੁਰੂ ਜੀ ਦਾਸਾਂ ਨੂੰ) ਆਤਮ ਬਲ ਦਿੰਦੇ ਹਨ ਤੇ ਸ਼ੁਭ ਗੁਣ ਦੇਖ ਕੇ, ਗੁਣਾਂ ਤੋਂ ਅਤੀਤ ਅਵਸਥਾ ਦਾਨ ਦਿੰਦੇ ਹਨ, (ਫਿਰ) ਥੋੜੀ ਜਿਹੀ ਭੇਟਾ ਲੈਂਦੇ ਹਨ, (ਤੇ) ਦਿੰਦੇ ਹਨ ਜਮ ਤੋਂ ਬਚਾਉ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਐਸੇ ਕ੍ਰਿਪਾ ਦੇ ਘਰ ਹਨ-ਦਾਸਾਂ ਦੀ ਹੰਗਤਾ ਲੈ ਕੇ (ਭਾਵ ਨਾਸ਼ ਕਰਕੇ) ਬ੍ਰਹਮ ਗਿਆਨ ਦਿੰਦੇ ਹਨ ਹਿਰਦੇ ਵਿਚ, ਤੇ ਦਾਸਾਂ ਦਾ ਮਨ ਲੈ ਕੇ ਚਰਨਾਂ ਵਿਚ ਮੁਕਤੀ ਦਾ (ਦਾਨ) ਦਿੰਦੇ ਹਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਗੁਰੂ ਨਾਨਕ ਜੀ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋਂ ਅਧਯਾਯ‡ ॥੫੭॥

‡ਇਕ ਲਿਖਤੀ ਨੁਸਖੇ ਵਿਚ ਇੱਥੇ ਇਹ ਪਾਠ ਹੈ: ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥੇ ਨਾਨਕ ਪ੍ਰਕਾਸ਼ੇ ਉਤਰਾਰ੍ਧ ਸਕੰਧੇ ਕਵਿ ਸੰਤੋਖ ਸਿੰਘ ਵਿਰਚਤਾਯਾਂ ਸ੍ਰੀ ਜਗਤ ਗੁਰ ਨਾਨਕ ਜੀ ਕੋ ਸਚਖੰਡ ਪ੍ਰਸਥਾਨ ਵਰਨਨੰ ਨਾਮ ਸਤਵੰਜਵੋਂ ਅਧਯਾਯ ॥ ਸ਼ੁਭਮੁ ॥੫੭॥

## ਸਮਾਪਤ ਮਸਤ ਸ਼ੁਭ ਮਸਤੁ ॥

-o-

## ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਸਾਰਾ ਸਮਾਪਤ ਹੋਇਆ।

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਪਹਿਲੀ Raas 1

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: *www.ik13.com* Email *rarasahib@yahoo.com*
Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

# ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

# ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

# ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

# ਤਤਕਰਾ ਰਾਸਿ ਪਹਿਲੀ

# ਰਾਸਿ ਪਹਿਲੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੁਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫ — ਸੰਤ ਹਰੀ ਸਿੰਘ ਰੰਧਾਵਾ
ਰੰਧਾਵਾ — ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਪਹਿਲੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਪਹਿਲੀ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | ੬੦ | ੬੧ |

੬੨ ੬੩ ੬੪ ੬੫ ੬੬ ੬੭ ੬੮

# ਤਤਕਰਾ ਰਾਸਿ ਪਹਿਲੀ

## ਰਾਸਿ ਪਹਿਲੀ


੧ ੧. [ਅੰਸੂ ਮੰਗਲਾ ਚਰਣ]

੧. ਆਪਣੇ ਇਸ਼੍ਰ ਦੇਵ-ਅਕਾਲ ਪੁਰਖ ਦਾ-ਮੰਗਲ।

ਪਿਛਲੇ ਪੰਜਾਂ ਦੋਹਿਆਂ ਦਾ ਮਿਲਵਾਂ ਭਾਵ-

੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦੇਵ ਜੀ-ਮੰਗਲ।

੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ-ਮੰਗਲ।

੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

੧੩. ਇਸ਼੍ਰ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

੧੪. ਗੁਣ ਸ਼ੀਲ ਵਜਕਤੀਆਂ ਦਾ ਮੰਗਲ।

(ਅੱਗੇ ਹੁਣ ਮਿਲਵੇਂ ਮੰਗਲ ਚਲਦੇ ਹਨ)

੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ।

[ਗੁਰਯਸ਼ ਕਥਨ ਲਈ ਅਪਣੀ ਅਸਮ੍ਰੱਥਤਾ ਪਰੰਤੂ ਤੀਬ੍ਰ ਇੱਛਾ]

[ਅਪਣੀ ਅਸਮ੍ਰੱਥਤਾ ਦਾ ਉਪਾਉ, ਗੁਰੂ ਦੀ ਟੇਕ, ਖਾਲਸਾ ਤੇ ਸਤਿਗੁਰਾਂ ਜੋਗ ਬੰਦਨਾ]

[ਖ਼ਾਲਸਾ ਦਾ ਰੂਪਕ]

** [ਕਲਗ਼ੀਧਰ ਨਮਸਕਾਰ]

** [ਦਸਮ ਗੁਰ ਰੂਪਕ]

** [ਚਰਿੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ]

** [ਸਤਿਗੁਰਾਂ ਦੀ ਕਥਾ]

** [ਖਾਲਸਾ-ਕਲਪ ਬ੍ਰਿੱਛ ਦੇ ਰੂਪਕ ਵਿਚ]

** [ਖਾਲਿਸੇ ਦੇ ਤੇਜ ਦਾ ਰੂਪਕ]

** [ਪੰਥ ਸ਼ਿਰੋਮਣਤਾ]

** [ਪੰਥ ਜੋਗ ਨਮਸਕਾਰਾਂ]

੨ ੨. [ਕਵਿ ਜੀ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ।]

| | |
|---|---|
| ੩ | ੩. [ਭਾਈ ਰਾਮਕੁਇਰ ਪ੍ਰਸੰਗ] |
| ੪ | ੪. [ਭਾਈ ਰਾਮਕੁਇਰ ਜੀ ਪ੍ਰਸੰਗ] |
| ੫ | ੫. [ਗੁਰ ਪ੍ਰਤਾਪ ਸੂਰਜ ਦਾ ਮੁੱਢ ਕਿਵੇਂ ਬੱਝਾ] |
| ੬ | ੬. [ਬਾਬਾ ਸ੍ਰੀ ਚੰਦ, ਲਖਮੀ ਚੰਦ, ਵੇਦੀ ਵੰਸ, ਤੇ ਉਦਾਸੀਆਂ ਦਾ ਪ੍ਰਸੰਗ] |
| ੭ | ੭. [ਗੁਰ ਪਰਨਾਲੀ] |
| ੮ | ੮. [ਗੁਰ ਪਰਨਾਲੀ] |
| ੯ | ੯. [ਗੁਰੂ ਅੰਗਦ ਜੀ ਦੀ ਕਥਾ। ਖਡੂਰ ਵਿਚ ਛੁਪਣਾ ਤੇ ਪ੍ਰਗਟ ਹੋਣਾ] |
| ੧੦ | ੧੦. [ਗੁਰੂ ਜੀ ਦੀ ਨਿੱਤ ਕ੍ਰਿਯਾ। ਸਿੱਧਾਂ ਦਾ ਮੇਲ ਤੇ ਹੁਮਾਯੂ ਦਾ ਆਉਣਾ] |
| ੧੧ | ੧੧. [ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ, ਪਾਰੋ ਜੁਲਕਾ ਪ੍ਰਸੰਗ] |
| ੧੨ | ੧੨. [ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰਾਇਣ ਦਾਸ, ਬੂਲਾ ਪ੍ਰਸੰਗ] |
| ੧੩ | ੧੩. [ਹਰੀਕੇ ਦਾ ਚੌਧਰੀ, ਖਡੂਰ ਦਾ ਮਦ ਪਾਨੀ ਚੌਧਰੀ ਤੇ ਸਿਖ ਚੋਰ ਪ੍ਰਸੰਗ] |
| ੧੪ | ੧੪. [ਸ੍ਰੀ ਗੁਰ ਅਮਰ ਦਾਸ ਜੀ ਦੀ ਮੁੱਢਲੀ ਕਥਾ] |
| ੧੫ | ੧੫. [ਸ੍ਰੀ ਅਮਰਦਾਸ ਜੀ ਦਾ ਗੁਰ ਅੰਗਦ ਜੀ ਨਾਲ ਮਿਲਾਪ] |
| ੧੬ | ੧੬. [ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ] |
| ੧੭ | ੧੭. [ਸ਼੍ਰੀ ਅਮਰ ਦੇਵ ਜੀ ਨੂੰ ਵਰ ਦੀ ਬਖਸ਼ੀਸ਼] |
| ੧੮ | ੧੮. [ਸ਼੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ] |
| ੧੯ | ੧੯. [ਗੋਇੰਦਵਾਲ ਵਸਾਵਣਾ] |
| ੨੦ | ੨੦. [ਗੁਰੂ ਜੀ ਨੂੰ ਵਰੁਣ ਦਾ ਮਿਲਣਾ। ਤੇ ਸ਼੍ਰੀ ਗੁਰੂ ਅੰਗਦ ਜੀ ਦੇ ਗੁਣ] |
| ੨੧ | ੨੧. [ਖਡੂਰ ਦੇ ਤਪੇ ਦਾ ਪ੍ਰਸੰਗ] |
| ੨੨ | ੨੨. [ਤਪੇ ਦਾ ਪ੍ਰਸੰਗ-ਜਾਰੀ।] |
| ੨੩ | ੨੩. [ਤਪੇ ਦੀ ਮੌਤ।] |
| ੨੪ | ੨੪. [ਭੈਰੋ ਪੁਰ ਖੀਓ ਭੱਲੇ ਨੂੰ ਮਿਲਕੇ ਗੁਰੂ ਜੀ ਨੇ ਵਾਪਸ ਖਡੂਰ ਆਉਣਾ] |
| ੨੫ | ੨੫. [ਸ੍ਰੀ ਅਮਰ ਜੀ ਦੀ ਗੁਰ ਦਰਸ਼ਨ ਲਈ ਸਿੱਕ ਤੇ ਗੁਰੂ ਜੀ ਦਾ ਮਿਲਾਪ] |
| ੨੬ | ੨੬. [ਸ਼ੀਹਾਂ ਉੱਪਲ। ਗੁਰੂ ਅੰਗਦ ਜੀ ਦੇ ਸਮਾਵਣ ਦੀਆਂ ਤਿਆਰੀਆਂ] |
| ੨੭ | ੨੭. [ਸ਼੍ਰੀ ਅਮਰ ਜੀ ਨੂੰ ਗੁਰਿਆਈ ਦੇਣੀ, ਤੇ ਸਮਾਵਣ ਦੀਆਂ ਤਿਆਰੀਆਂ] |
| ੨੮ | ੨੮. [ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ] |
| ੨੯ | ੨੯. [ਸ੍ਰੀ ਗੁਰ ਅਮਰ ਜੀ ਦੀ ਕਥਾ ਦਾ ਆਰੰਭ, ਚੁਬਾਰਾ ਸਾਹਿਬ।] |
| ੩੦ | ੩੦. [ਸ਼੍ਰੀ ਗੁਰ ਅਮਰ ਦੇਵ ਜੀ ਦਾ ਨਿੱਤ ਬਿਵਹਾਰ] |
| ੩੧ | ੩੧. [ਸਾਵਣ ਮੱਲ ਨੂੰ ਹਰੀ ਪੁਰ ਭੇਜਣਾ। ਰਾਜੇ ਦਾ ਪੁੱਤ੍ਰ ਜਿਵਾਉਣਾ] |
| ੩੨ | ੩੨. [ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਨੀਆਂ, ਸਾਵਣ ਮੱਲ ਦਾ ਮਨ ਦਾ |

ਮਾਨ ਹਰਨਾ]
੩੩ ੩੩. [ਰਾਜੇ ਨੇ ਵਿਦਾ ਹੋਕੇ ਹਰੀ ਪੁਰ ਜਾਣਾ ਤੇ ਸੱਚਨ ਸੱਚ ਦਾ ਪ੍ਰਸੰਗ]
੩੪ ੩੪. [ਦਾਤੂ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਲਤ ਮਾਰਨੀ]
੩੫ ੩੫. [ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ]
੩੬ ੩੬. [ਬਾਬਾ ਬੁੱਢਾ ਜੀ ਸਮੇਤ ਸੰਗਤਿ ਦਾ ਸੰਨ੍ਹ ਸਾਹਿਬ ਜਾਣਾ, ਗੁਰੂ ਜੀ ਦਾ ਪ੍ਰਗਟ ਹੋਣਾ]
੩੭ ੩੭. [ਪਾਰੋ ਜੁਲਕਾ। ਲਾਲੂ ਨੂੰ ਬਖਸ਼ੀਸ਼ਾਂ]
੩੮ ੩੮. [ਖਾਨ ਛੁਰਾ ਆਦਿ ਬਹੱਤਰ ਸਿੱਖ। ਮਹੇਸ਼ਾ। ਸ਼ੇਖਾਂ ਦੇ ਘਰ ਉੱਜੜਨੇ]
੩੯ ੩੯. [ਲਾਲੂ, ਦੁਰਗਾ, ਜੀਵੰਧਾ, ਜੱਗਾ, ਖਾਨੁ, ਮਾਈਆ, ਗੋਵਿੰਦ]
੪੦ ੪੦. [ਜੋਧ ਰਸੋਈਆ। ਪ੍ਰਿਥੀ ਮਲ। ਤੁਲਸਾ। ਮੱਲਣ। ਉੱਗਰ ਸੈਨ। ਰਾਮੂ। ਦੀਪਾ। ਗੋਪੀ। ਰਾਮੂ ਮਹਿਤਾ। ਮੋਹਣ ਮਲ। ਅਮਰੂ। ਗੰਗੂ। ਸਹਾਰੂ। ਖਾਨ ਛੁਰਾ। ਬੇਗਾ ਪਾਸੀ। ਨੰਦੂ ਸੂਦਨਾ। ਉਗਰੂ। ਤਾਰੂ। ਝੰਡਾ। ਪੂਰੋ। ਮਲਜਾਰ। ਸਹਾਰੂ ਛੀਂਬਾ। ਬੂਲਾ ਪਾਂਧਾ। ਤੇ ਡੱਲੇ ਵਾਸੀ ਸਿੱਖਾਂ ਨੂੰ ਉਪਦੇਸ਼।]
੪੧ ੪੧. [ਸ੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ]
੪੨ ੪੨. [ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੇਈਆ ਤਾਪ ਦਾ ਪ੍ਰਸੰਗ]
੪੩ ੪੩. [ਮੇਲੇ ਦੀ ਰੀਤਿ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਤੇ ਪੁਕਾਰ ਕਰਨੀ]
੪੪ ੪੪. [ਸ੍ਰੀ ਰਾਮਦਾਸ ਜੀ ਦਾ ਅਦਾਲਤ ਵਿਚ ਜਾਣਾ ਤੇ ਮੁੜਦੀ ਵਾਰੀ ਸ਼ਰਧਾ ਦੇ ਬਸਤ੍ਰ ਤੇ ਕੁਰੁੱਤਾ ਅੰਬ ਭੇਟਾ ਕਰਨਾ]
੪੫ ੪੫. [ਸਤਿਗੁਰੂ ਦੀ ਦਾ ਤੀਰਥ ਪਵਿੱਤ੍ਰ ਕਰਨ ਜਾਣਾ। ਪਹੋਆ]
੪੬ ੪੬. [ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ]
੪੭ ੪੭. [ਮੇਦਨੀ ਦੀ ਆਦ ਕਥਾ, ਮਧੁ ਕੈਟਭ ਦਾ ਯੁੱਧ]।
੪੮ ੪੮. [ਜਮਨਾ ਦੀ ਆਦਿ ਕਥਾ]
੪੯ ੪੯. [ਮਾਰਤੰਡ ਦੀ ਕਥਾ, ਤੁਰਕ ਜਗਾਤੀ, ਕੰਨਖਲ, ਤੇ ਗੋਇੰਦਵਾਲ ਨੂੰ ਮੁੜਨਾ]
੫੦ ੫੦. [ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼ ਤੇ ਗੋਇੰਦਵਾਲ ਪੁੱਜਣਾ]
੫੧ ੫੧. [ਬਾਵਲੀ ਰਚਣੀ। ਸ੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ]
੫੨ ੫੨. [ਮਾਈਦਾਸ ਵੈਸ਼ਨੋ]
੫੩ ੫੩. [ਮਾਈ ਦਾਸ ਵੈਸ਼ਨੋ। ਮਾਣਕਚੰਦ।]
੫੪ ੫੪. [ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ। ਗੰਗੋਸ਼ਾਹ ਬੱਸੀ ਖੱਤ੍ਰੀ]
੫੫ ੫੫. [ਕਾਬਲ ਵਾਲੀ ਪਤਿਬ੍ਰਤ ਮਾਈ]
੫੬ ੫੬. [ਸਿੱਖਾਂ ਦਾ ਪ੍ਰਸ਼ਨ ਕਿ ਗੱਦੀ ਤੇ ਸ੍ਰੀ ਰਾਮਦਾਸ ਜੀ ਜਾਂ ਕਿ ਰਾਮਾ ਜੀ

ਬੈਠਣਗੇ]
੫੭ ੫੭. [ਸਿੱਖਾਂ ਦੇ ਪ੍ਰਸ਼ਨ ਦਾ ਉੱਤਰ, ਰਾਮੇ ਤੇ ਸ਼੍ਰੀ ਰਾਮਦਾਸ ਜੀ ਦੀ ਪ੍ਰੀਖਯਾ]
੫੮ ੫੮. [ਬਾਵਲੀ ਮਹਾਤਮ। ਸੰਤ ਸਾਧਾਰਣ। ਗੰਗਾ ਸ੍ਰੋਤ ਬਾਉਲੀ ਵਿਚ। ਇਕ ਜੋਗੀ]
੫੯ ੫੯. [ਜੋਗੀ ਦੂਜੇ ਜਨਮ ਵਿਚ ਅਨੰਦ ਜੀ ਹੋਕੇ ਜਨਮੇ। ਸੰਸਰਾਮ ਜੀ ਦਾ ਜਨਮ]
੬੦ ੬੦. [ਦੋਖੀ ਤਪਾ। ਮਥੋ ਮੁਰਾਰੀ]
੬੧ ੬੧. [ਖੇਡਾ ਸੋਇਨੀ ਬ੍ਰਹਮਣ ਪ੍ਰਸੰਗ। ਗੋਂਦੇ ਦੇ ਪੁੱਤ੍ਰਾਂ ਨੂੰ ਕੀਤੀ ਦਾ ਫਲ]
੬੨ ੬੨. [ਵਿੱਦਯਾਭਿਮਾਨੀ ਬੇਨੀ ਪੰਡਤ ਨਿਸਤਾਰਾ। ਫਿਰਯਾ, ਕਟਾਰਾ ਪ੍ਰਤਿ ਆਗਯਾ]
੬੩ ੬੩. [ਬਾਲਕ ਜਿਵਾਉਣਾ। ਯਮ ਨੂੰ ਗੋਇੰਦਵਾਲੋਂ ਰੋਕਣਾ। ਅਕਬਰ ਨੇ ਆਉਣਾ]
੬੪ ੬੪. [ਬੀਬੀ ਜੀ ਨੂੰ ਸੋਨੇ ਦੀ ਇਟ। ਲੰਗੜੇ ਦੀ ਲਤ। ਸਿਖੀ ਦੀ ਰਹਿਣੀ]
੬੫ ੬੫. [ਭੋਜਨਾਂ ਦੀ ਅੰਸ ਚੁਲੇ ਵਿਚ। ਨਿੱਤ੍ਰਕ੍ਰਿਆ। ਬੀਬੀ ਭਾਨੀ ਤੇ ਸ਼੍ਰੀ ਅਰਜਨ ਜੀ ਨੂੰ ਵਰ]
੬੬ ੬੬. [ਭਾਈ ਪਾਰੋ ਪ੍ਰਲੋਕ ਗਮਨ। ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ]
੬੭ ੬੭. [ਸ੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ ਬਖਸ਼ਣੀ]
੬੮ ੬੮. [ਸ਼੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ]

# ਰਾਸ਼ਿ ਪਹਿਲੀ ਚੱਲੀ

ੴ ਸਤਿਗੁਰ ਪ੍ਰਸਾਦਿ ॥

# ਅਥ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰਿੰਥ*

# ਪ੍ਰਿਥਮ ਰਾਸਿ ਲਿੱਖਜਤੇ

## ੧. [ਅੰਸੂ ਮੰਗਲਾ ਚਰਣ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

ਅਥ = ਹੁਣ। ਦੇਖੋ ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਅਧਯਾਯ ਪਹਿਲੇ ਦਾ ਆਦਿ। ਲਿੱਖਜਤੇ = ਲਿਖਦੇ ਹਾਂ।

ਅਰਥ:

ਹੁਣ (ਅਰਥਾਤ ਸ੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਉਪ੍ਰਾਂਤ) ਸ੍ਰੀ ਗੁਰ ਪ੍ਰਤਾਪ ਸੂਰਜ (ਨਾਮੇ) ਗ੍ਰੰਥ ਲਿਖਦੇ ਹਾਂ (ਤੇ ਉਸ ਦੀ) ਪਹਿਲੀ ਰਾਸਿ (ਤੋਂ ਆਰੰਭ ਕਰਦੇ ਹਾਂ)।

ਦੋਹਰਾ:

ਤੀਨੋ ਕਾਲ ਸੁ ਅਚਲ ਰਹਿ, ਅਲੰਬ ਸਕਲ ਜਗ ਜਾਲਿ।
ਜਾਲ ਕਾਲ ਲਖਿ ਮੁਚਤਿ ਜਿਸਿ, ਕਰਤਾ ਪੁਰਖ ਅਕਾਲ ॥੧॥

ਤੀਨੋਕਾਲ = ਬੀਤ ਚੁਕਾ, ਬੀਤ ਰਿਹਾ ਤੇ ਆਉਣ ਵਾਲਾ। ਭੂਤ ਭਵਿੱਖਜਤ, ਵਰਤਮਾਨ ਤਿੰਨੇ ਸਮੇਂ, ਭਾਵ ਸਦਾ, ਹਮੇਸ਼ਾਂ।

ਅਚਲ-ਅ+ਚਲ = ਜੋ ਨਾ ਚਲੇ, ਜੋ ਸਦਾ ਇਕ ਰਸ ਰਹੇ, (ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧਯਾ: ੧, ਅੰਕ ੩, 'ਨਿਤਨਯੋ' ਪਦ, ਉਸ ਦਾ ਭਾਵ ਤੇ 'ਤੀਨੋਕਾਲ ਸੁ ਅਚਲ ਰਹਿ' ਦਾ ਭਾਵ ਇਕੋ ਹੈ।

ਅਲੰਬ = ਆਸ਼੍ਰਾ, ਟੇਕ, [ਸੰਸ: ਆਲੰਬ]++ ।

ਜਗਜਾਲਿ = ਜਗਤ ਰੂਪੀ ਫਾਹੀ। ਜਾਲ ਫੈਲਾ ਕੇ ਤਾਣੀਂਦਾ ਹੈ, ਇਸ ਕਰਕੇ ਜਗਜਾਲ ਦੀ ਮੁਰਾਦ ਹੈ:- ਜਗਤ ਦਾ ਫੈਲਾਉ ਯਾ ਪਸਾਰਾ। (ਅ) ਉਹ ਭੁਲੇਵਾ ਜੋ ਪ੍ਰਾਣੀਆਂ ਨੂੰ ਮੋਹ ਵਿਚ ਭ੍ਰਮਾ ਰਿਹਾ ਹੈ, ਮਾਯਾ। (ੲ) ਟਿਕਾਵ, ਠਹਿਰਾਵ।

ਜਾਲਕਾਲ = ਕਾਲ ਦੀ ਫਾਹੀ। ਕਿਉਂਕਿ ਜਾਲ ਵਿਚ ਪੰਛੀ ਫਾਹੀ ਦੇ ਹਨ। (ਅ) ਕਾਲ ਦਾ ਜਾਲ, ਕਾਲ ਦਾ ਪਸਾਰਾ। ਇਹ ਜਗਤ ਕਾਲ ਦਾ ਪਸਾਰਾ ਹੈ, ਇਸ ਕਰਕੇ ਜਾਲਕਾਲ। (ੲ) ਕਲਿਜੁਗ ਦੀ ਫਾਹੀ। ਕਾਲ ਦਾ ਅਰਥ ਕਾਲ ਬੀ ਹੈ, ਕਲਜੁਕ ਬੀ ਕਾਲਾ ਹੈ।

ਲਖਿ = ਜਾਣ ਲਿਆਂ।

ਮੁਚਤਿ = ਛੁਟਦੇ ਹਨ। [ਸੰਸ: ਮੁਚ = ਛੁਟਣਾਂ, ਮੁਚ੍ ਤੋਂ ਮੁੰਚਤਿ]।

ਅਰਥ:

ਜੋ ਸਦਾ ਇਕਰਸ ਰਹਿੰਦਾ ਹੈ, (ਪਰ ਸਦਾ ਇਕ ਰਸ ਨਾ ਰਹਿਣ ਵਾਲੇ) ਜਗਤ ਦੇ ਪਸਾਰੇ ਦਾ ਆਸਰਾ ਹੈ, (ਫਿਰ) ਜਿਸਨੂੰ ਜਾਣ ਲਿਆਂ ਕਾਲ ਦੀ ਫਾਹੀ ਛੁਟ ਜਾਂਦੀ ਹੈ, (ਉਸਦਾ ਨਾਮ ਹੈ) 'ਕਰਤਾ ਪੁਰਖ ਅਕਾਲ।'

ਭਾਵ:

++ ਜਿਸ ਤੋਂ ਕੋਈ ਸ਼ੈ ਟੁਰੇ, ਜੋ ਕਿਸੇ ਸ਼ੈ ਦੇ ਪ੍ਰਕਾਸ਼ ਯਾ ਪ੍ਰਗਟਤਾਈ ਦਾ ਮੂਲ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮੇਸ਼ਰ ਜੀ ਨੂੰ 'ਕਰਤਾ ਪੁਰਖੁ' ਲਿਖਿਆ ਹੈ ਅਰ ਦਸਮ ਸਤਿਗੁਰਾਂ ਨੇ ਉਸਨੂੰ 'ਅਕਾਲ ਪੁਰਖ' ਆਖਿਆ ਹੈ 'ਸੋ ਕਰਤਾ ਪੁਰਖ ਅਕਾਲ' ਦੋਹਾਂ ਦਾ ਸੰਖੇਪ ਹੈ। ਅਰਥਾਤ ਕਿ ਉਹ ਜੋ ਆਪ ਕਾਲ ਤੋਂ ਰਹਿਤ ਹੈ, ਤੇ ਸਾਰੇ ਜਗਤ ਦਾ ਕਰਤਾ ਹੈ, ਫਿਰ ਸਾਰੇ ਪਸਾਰੇ ਦਾ ਆਸ਼ਰਾ ਹੋਕੇ ਉਸ ਵਿਚ-ਪੁਰਖ-ਵਿਆਪਕ ਹੋ ਰਿਹਾ ਹੈ, ਉਹ ਕਵੀ ਜੀ ਦੇ ਵਾਕ ਵਿਚ ਐਉਂ ਵਰਣਿਤ ਹੈ:- ਉਹ ਤਿੰਨੇ ਕਾਲਾਂ ਵਿਚ ਇਕ ਰਸ ਰਹਿੰਦਾ ਹੈ, ਭਾਵ ਕਾਲ ਉਸ ਉੱਤੇ ਹਾਵੀ ਨਹੀਂ ਹੈ। ਪਰ ਸਾਰੇ ਦਿੱਸਦੇ ਪਸਾਰੇ ਦਾ ਆਸਰਾ ਉਹੋ ਅਕਾਲ ਹੈ। ਜਗਤ ਕਿਸੇ ਪਲੰਘ ਵਾਂਝੂ ਕਿਸੇ ਵੱਖਰੀ ਓਟ ਤੇ ਨਹੀਂ ਟਿਕ ਰਿਹਾ, ਸਗੋਂ ਉਹੋ ਮੂਲ ਤੇ ਉਹੋ ਆਸਰਾ ਹੈ, ਆਲੰਬ ਉਹ ਆਸਰਾ ਹੈ ਕਿ 'ਜਿਸ ਤੋਂ ਕੋਈ ਸ਼ੈ ਟੁਰੇ' ਫਿਰ ਉਸੇ ਦੇ ਆਸ਼੍ਰਿਤ ਉਹ ਰਹੇ। ਫਿਰ ਦੱਸਦੇ ਹਨ ਕਿ ਇਕ ਪਾਸੇ ਤਾਂ ਜਗਤ ਉਸ ਦੇ ਆਸਰੇ ਹੈ, ਦੂਏ ਪਾਸੇ ਜਗਤ ਕਾਲ ਦਾ ਪਸਾਰਾ ਹੈ, ਸੋ ਉਸ ਜਗਤ ਦੀ ਮੋਹ ਮਾਯਾ, ਅਥਵਾ ਕਾਲ ਦਾ ਪਸਾਰਾ ਯਾ ਕਾਲ ਦੀ ਫਾਹੀ ਦੂਰ ਬੀ ਉਸੇ ਦੇ ਜਾਣਨ ਤੋਂ ਹੀ ਹੁੰਦੀ ਹੈ।

ਕਵਿ ਜੀ ਨੇ ਮਾਨੋਂ ਕਰਤਾ ਪੁਰਖ ਅਕਾਲ ਦੀ ਟੀਕਾ ਕੀਤੀ ਹੈ। ਯਥਾ-

ਅਕਾਲ = ਤੀਨੋਂ ਕਾਲ ਸੁ ਅਚਲ ਰਹਿ।

ਕਰਤਾ ਪੁਰਖ-ਅਲੰਭ ਸਕਲ ਜਗਜਾਲਿ। ਅਰਥਾਤ-ਓਹ ਅਕਾਲ ਸਾਰੇ ਜਗਤ ਦਾ ਅਲੰਬ ਹੈ (ਭਾਵ ਆਰੰਬ ਕਰਤਾ ਤੇ ਆਸ਼ਰਾ ਹੈ, ਅਰ ਸਾਰੇ ਜਗਤ ਵਿਖੇ ਜਾਲ = ਫੈਲ ਰਿਹਾ ਹੈ, ਭਾਵ ਵਜਾਪ ਰਹਿਆ ਹੈ, ਯਥਾ:- ਹੁਇ ਫੈਲਿਓ ਅਨੁਰਾਗੁ। [ਦਸਮ ਗ੍ਰੰਥ]

ਇਹ ਕਹਿਕੇ ਅਪਣੇ ਮਨ ਦੀ ਅਕਹਿ ਸੰਭਾਵਨਾਂ 'ਜਾਲ ਕਾਲ ਲਖਿ ਮੁਚਤਿ ਜਿਸਿ' ਵਿਚ ਦਰਸਾਈ ਹੈ ਕਿ ਜਿਸਦੇ ਗਿਆਨ ਨਾਲ ਸੰਸਾਰ ਤੇ ਕਾਲ ਦੀ ਫਾਹੀ ਤੋਂ ਮੁਕਤ ਹੋਈਦਾ ਹੈ ਉਸ ਦਾ ਗਿਆਨ ਮੇਰੇ ਅੰਦਰ ਪ੍ਰਕਾਸ਼ ਕਰੇ। ਇਹ ਉਨ੍ਹਾਂ ਦੀ ਸੰਭਾਵਨਾਂ ਅਗਲੇ ਦੋਹੇ ਵਿਚ ਪ੍ਰਗਟ ਹੁੰਦੀ ਹੈ।

ਦੋਹਰਾ:

ਛੋਨੀ, ਸੂਰਜ, ਅਗਨਿ, ਜਮ, ਬਾਯੁ ਤ੍ਰਾਸ ਜਿਸਿ ਪਾਇ।
ਨਿਜ ਸੁਭਾਵ ਮਹਿਂ ਥਿਤਿ ਰਹਤਿ, ਅਸ ਬ੍ਰਹਮ ਰਿਦ ਬਿਦਤਾਇ ॥੨॥

ਛੋਨੀ = ਪ੍ਰਿਥਵੀ, [ਸੰਸ: ਕਸ਼ੋਣੀ]।

ਅਸ = ਇਸ ਪ੍ਰਕਾਰ ਦਾ, ਐਸਾ [ਸੰਸ: ਏਕ਼]।

ਅਰਥ:

ਜਿਸ (ਬ੍ਰਹਮ) ਦਾ ਭੈ ਪਾ ਕੇ ਜ਼ਮੀਨ, ਸੂਰਜ, ਅੱਗ, ਯਮ ਤੇ ਪੌਣ ਅਪਨੇ (ਅਪਨੇ) ਸੁਭਾਵ ਵਿਚ ਦ੍ਰਿੜ੍ਹ ਰਹਿੰਦੇ ਹਨ, ਐਸਾ ਬ੍ਰਹਮ (ਮੇਰੇ) ਹਿਰਦੇ ਵਿਚ ਪ੍ਰਗਟ ਹੋਵੇ।

ਭਾਵ:

ਪਹਿਲੇ ਦੋਹੇ ਵਿੱਚ ਕਹੇ ਗੁਣਾਂ ਅਥਵਾ ਲੱਛਣਾਂ ਵਾਲਾ ਬ੍ਰਹਮ ਤੇ ਇਸ ਦੋਹੇ ਵਿਚ ਕਹੇ ਗੁਣ ਵਾਲਾ ਬ੍ਰਹਮ, ਐਸੀ ਮੇਹਰ ਹੋਵੇ ਕਿ ਮੇਰੇ ਹਿਰਦੇ ਵਿਚ ਪ੍ਰਕਾਸ਼ ਪਾਵੇ। ਕਵਿ ਜੀ ਦੀ ਸੰਭਾਵਨਾਂ ਇਸ ਗਲ ਲਈ ਹੈ ਕਿ ਉਸਦੇ ਪ੍ਰਕਾਸ਼ ਪਾਉਣ ਨਾਲ ਮੇਰਾ ਕਾਲ ਜਾਲ ਛੁਟ ਜਾਏਗਾ। ਦੂਸਰੇ ਇਸ ਦੋਹੇ ਵਿਚ ਇਸ਼ਾਰਾ ਹੈ ਕਿ ਮੇਰੀ ਨਿਜ ਸਰੂਪ ਵਿਚ ਇਸਥਿਤੀ ਹੋ ਜਾਏਗੀ, ਕਿਉਂਕਿ ਦੱਸਦੇ ਹਨ ਕਿ ਅੱਗ ਸੂਰਜ ਆਦਿ ਜਿਸਦੇ ਭੈ ਕਰਕੇ ਨਿਜ ਸੁਭਾਵ ਵਿਚ ਦ੍ਰਿੜ੍ਹ ਹਨ ਜੇ ਓਹ ਮੇਰੇ ਅੰਦਰ ਪ੍ਰਕਾਸ਼ ਪਾਵੇ ਤਾਂ ਸੁਤੇ ਹੀ ਨਿਜ ਸੁਭਾਵ ਵਿਚ ਮੈਂ ਦ੍ਰਿੜ੍ਹ ਹੋਵਾਂਗਾ।

ਅੱਗ, ਸੂਰਜ, ਧਰਤੀ ਆਦਿ ਭੈ ਵਿਚ ਟੁਰਦੇ ਹਨ, ਬ੍ਰਹਮ ਦੀ ਇਹ ਕਥਾ ਆਪ ਨੇ ਆਸਾ ਦੀ ਵਾਰ ਵਿਚ ਕਹੀ 'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ' ਵਾਲੀ ਪਉੜੀ ਦੇ ਆਸ਼ਯ ਤੇ ਕਥਨ ਕੀਤੀ ਜਾਪਦੀ ਹੈ*।

ਦੋਹਰਾ:

ਮਰਮ+ ਨ ਜਾਨਯੋ ਜਾਇ ਜਿਸਿ, ਭਰਮ ਮਿਟੇ ਮਿਲਿ ਜਾਇ।
ਕਰਮ ਧਰਮ ਅਰੁ ਭਗਤਿ ਫਲ, ਅਸ ਅਭੇਦ ਕੋ ਪਾਇ ॥੩॥

ਮਰਮ = ਛਿਪੇ ਹੋਏ ਅਰਥ, ਭੇਦ ਯਾ ਭੇਤ, ਭੇਤ ਦੀ ਗੱਲ। (ਅ) ਤੱਤ੍ਵ ਸਰੂਪ, ਸੱਤ। [ਸੰਸ: ਮਰਮਨ੍]
ਭਰਮ = ਹੋਰ ਸ਼ੈ ਵਿਚ ਹੋਰ ਦੀ ਪ੍ਰਤੀਤੀ।
ਕਰਮ ਧਰਮ = ਧਰਮ ਸ੍ਵਰੂਪੀ ਕਰਮ, ਜੋ ਕਿਸੇ ਕਾਮਨਾ ਲਈ ਨਹੀਂ ਪਰ ਨਿਰੇ ਧਰਮ ਲਈ ਕੀਤੇ ਜਾਣ, ਨਿਸ਼ਕਾਮ ਕਰਮ।
ਅਭੇਦ = ਅਭੇਦਤਾ। ਭੇਦ ਰਹਿਤ ਮੇਲ। ਆਤਮ ਮੇਲ। (ਅ) ਜਿਸ ਦਾ ਭੇਦ ਨਾ ਪਾ ਸਕੀਏ। ਅਸ = ਐਸੇ।

ਅਰਥ:

ਜਿਸ (ਬ੍ਰਹਮ) ਦਾ ਭੇਤ (ਮਨ ਦੇ ਗਿਆਨ ਨਾਲ) ਜਾਣਿਆਂ ਨਹੀਂ ਜਾ ਸਕਦਾ, (ਪਰੰਤੂ ਜਿਸਦੇ) ਮਿਲਣ ਨਾਲ ਭਰਮ ਮਿਟ ਜਾਂਦਾ ਹੈ। ਕਰਮ ਧਰਮ ਨਿਸ਼ਕਾਮ ਸ਼ੁਭ ਕਰਮ*) ਅਰ ਭਗਤੀ (ਉਪਾਸਨਾ ਦਾ ਇਹ) ਫਲ ਹੈ ਕਿ ਐਸਾ ਅਭੇਦ (ਆਤਮ ਮੇਲ = ਯਥਾਰਥ ਗ੍ਯਾਨ) ਪ੍ਰਾਪਤ ਹੋਵੇ।

ਭਾਵ:

'ਮਰਮ ਨ ਜਾਨਯੋ ਜਾਇ ਜਿਸ' ਦਾ ਭਾਵ ਹੈ ਵਾਹਿਗੁਰੂ ਦਾ ਤੱਤ ਸ੍ਵਰੂਪ ਉਸਦੀ ਅਸਲੀਅਤ ਦਾ ਭੇਤ ਸਾਡੇ ਗਿਆਨ ਦਾ ਵਿਸ਼ਾ ਨਹੀਂ ਹੈ, ਜੈਸੇ ਕਵਿ ਜੀ ਨੇ ਰੁਤ ੫, ਅੰਸੂ ੪੧, ਅੰਕ ੩੭ ਵਿਚ ਕਿਹਾ ਹੈ:- ਤੈਸੇ ਮਨ ਕੋ ਬਿਸ਼ੈ ਨ ਆਤਮ। ਜਾਨਿ ਸਕੈ ਨਹਿ, ਅਹੈ ਅਨਾਤਮ। ਅਰਥਾਤ ਆਤਮਾ ਮਨ ਦਾ ਵਿਸ਼ਾ ਨਹੀਂ ਹੈ, ਮਨ ਉਸਨੂੰ ਜਾਣ ਨਹੀਂ ਸਕਦਾ।

ਫਿਰ ਭਰਮ ਕਿਵੇਂ ਮਿਟੇ ? ਕਹਿੰਦੇ ਹਨ:- (ਪਰੰਤ ਮਨ ਤੋਂ ਅਵਿਸ਼ੇ ਬ੍ਰਹਮ) ਮਿਲ ਜਾਏ ਤਾਂ ਭਰਮ ਮਿਟ ਜਾਂਦਾ ਹੈ। ਭਰਮ ਕਹਿੰਦੇ ਹਨ ਹੋਰ ਚੀਜ਼ਾਂ ਵਿਚ ਹੋਰ ਦੀ ਪ੍ਰਤੀਤੀ। ਅਸਲ ਵਸਤੂ ਵਾਹਿਗੁਰੂ ਹੈ, ਉਸਦੇ ਅਗ੍ਯਾਨ ਤੋਂ ਭਰਮ ਪਿਆ ਹੈ ਤੇ ਉਸਦੇ ਮਿਲਾਪ ਤੋਂ ਭਰਮ ਨੇ ਦੂਰ ਹੋਣਾ ਹੈ।

ਐਉਂ ਬੀ ਭਾਵ ਕੱਢਦੇ ਹਨ:- ਭਰਮ ਮਿਟੇ ਮਿਲ ਜਾਇ-ਭਾਵ ਹੈ, ਭਰਮ ਮਿਟੇ ਤਾਂ ਉਹ ਮਿਲ ਜਾਂਦਾ ਹੈ। ਇਸ ਪਰ ਇਹ ਵਿਚਾਰ ਹੈ ਕਿ ਅਨ੍ਹੇਰੇ ਨੂੰ ਚਾਨਣੇ ਨੇ ਦੂਰ ਕਰਨਾ ਹੈ, ਇਸ ਅਸੂਲ ਮੂਜਬ ਭਰਮ ਨੇ ਤਾਂ ਯਥਾਰਥ ਗਿਆਨ ਨਾਲ ਮਿਟਣਾ ਹੈ, ਸੋ ਸਾਮਾਨ ਭਰਮ ਤਾਂ ਉਪਾਸਨਾ ਨਾਲ ਦੂਰ ਹੋਣਾ ਹੈ ਪਰ ਵਿਸ਼ੇਸ਼ ਭਰਮ ਦਰਸ਼ਨ ਦੇਖਕੇ ਮਿਟਣਾ ਹੈ, ਭਾਵ ਪ੍ਰਤੱਖ ਗਿਆਨ ਨਾਲ ਦੂਰ ਹੋਣਾ ਹੈ। ਇਸ ਕਰਕੇ ਉਸਦੇ ਮਿਲਨ (ਸਾਖ੍ਯਾਤਕਾਰ) ਤੋਂ ਭਰਮ ਦੂਰ ਹੁੰਦਾ ਹੈ, ਇਹ ਅਰਥ ਕਵਿ ਅਭਿਪ੍ਰਾਯ ਦੇ ਨੇੜੇ ਜਾਪਦਾ ਹੈ।

ਦੋਹਰਾ:

ਭਾਨ ਹੋਤਿ ਜਗ ਜਾਸ ਤੇ, ਰਜੁ ਭੁਜੰਗ ਸਮਾਨ।
ਮਾਨ ਹਾਨਿ ਕਰਿ ਜਾਨਿ ਤਿਹ, ਤਮ ਅਨਾਦਿ ਕਹੁ ਭਾਨੁ ॥੪॥

ਭਾਨਹੋਤਿ = ਪ੍ਰਤੀਤ ਹੁੰਦਾ ਹੈ। ਜਾਸਤੇ = ਜਿਸਤੋਂ, ਮੁਰਾਦ ਹੈ ਜਿਸ ਬ੍ਰਹਮ ਤੋਂ। (ਅ) ਜਾ+ਸਤੈ = ਜਿਸ (ਬ੍ਰਹਮ) ਦੀ ਸੱਤ੍ਯਾ ਤੋਂ। ਰਜੁ = ਰੱਸੀ। ਭੁਜੰਗ = ਸੱਪ। ਮਾਨ = ਅਹੰਕਾਰ। (ਅ) ਮਨੌਤ। ਹਾਨ ਕਰਿ = ਦੂਰ ਕਰ। ਤਮ = ਅੰਧੇਰਾ।

ਅਨਾਦਿ* = ਆਦਿ ਰਹਿਤ। ਪੁਰਾਣਾਂ।
ਭਾਨੁ = ਸੂਰਜ (ਅ) ਭੰਨ, ਦੂਰ ਕਰ।

ਅਰਥ:

ਜਿਵੇਂ ਰੱਸੀ ਵਿਚ ਸੱਪ (ਪ੍ਰਤੀਤ ਦੇਂਦਾ ਹੈ, ਤਿਵੇਂ) ਜਿਸ (ਬ੍ਰਹਮ) ਤੋਂ ਜਗਤ ਪ੍ਰਤੀਤ ਦੇ ਰਿਹਾ ਹੈ, ਉਸ (ਬ੍ਰਹਮ) ਨੂੰ ਜਾਣ, (ਜੋ) ਅਹੰਕਾਰ+ ਦੂਰ ਕਰਨ ਨਾਲ (ਜਾਣਿਆਂ ਜਾ ਸਕਦਾ ਹੈ, ਤੇ ਜਿਸ ਦਾ ਜਾਣਨਾ = ਗਜਾਨ) ਅਨਾਦਿ ਅੰਧਕਾਰ (ਅੱਗਜਾਨ) ਦਾ (ਨਾਸ਼ ਕਰਨੇ ਵਾਲਾ) ਸੂਰਜ ਹੈ++।

ਭਾਵ:

'ਭਾਨ ਹੋਤਿ ਜਗ ਜਾਸਤੇ' ਦਾ ਜੋ ਭਾਵ ਹੈ ਉਹੋ ਗਲ ਪਹਿਲੇ ਦੋਹੇ ਵਿਚ ਕਹੀ ਹੈ 'ਅਲੰਬ ਸਕਲ ਜਗ ਜਾਲ।' ਜਾਲ ਦਾ ਦੂਜਾ ਅਰਥ ਭੁਲੇਵਾ ਹੈ ਅਰ ਤੀਜੇ ਦੋਹੇ ਵਿਚ ਕਿਹਾ ਹੈ 'ਭਰਮ ਮਿਟੇ ਮਿਲ ਜਾਇ।' ਹੁਣ ਇਸ ਦੋਹੇ ਵਿਚ ਭਰਮ ਦਾ ਸਰੂਪ ਕੀ ਹੈ, ਰਜੂ ਵਿਚ ਸਰਪ ਪ੍ਰਤੀਤੀ ਤੇ ਓਹ ਸਰਪ ਰੱਜੂ ਦੇ ਅਗਜਾਨ ਕਰਕੇ ਪ੍ਰਤੀਤ ਹੋਇਆ ਤੇ ਰੱਜੂ ਦੇ ਗਜਾਨ ਕਰਕੇ ਨਿਵਿਰਤ ਹੋ ਜਾਂਦਾ ਹੈ। ਇਵੇਂ ਹੀ ਜਿਸਦੇ ਨਾ ਜਾਨਣ ਕਰਕੇ ਜਗਤ ਪ੍ਰਤੀਤ ਹੋ ਰਿਹਾ ਹੈ ਉਸਦੇ ਜਾਣਨੇ ਕਰਕੇ ਜਗਤ ਨਿਵਿਰਤ ਹੋ ਜਾਂਦਾ ਹੈ, ਇਸੇ ਲਈ ਅਗਲੇ ਦੋਹੇ ਵਿਚ 'ਪੰਚ' ਅੰਸ਼ੁ ਰੂਪ ਜਗਤ ਕਹਿਕੇ ਮੰਗਲ ਪੂਰਨ ਕੀਤਾ ਹੈ। ਨਾਲੇ ਅੱਗਜਾਨ ਤੱਤ ਕਾਰਜ 'ਸ੍ਰਕਾਲੇ ਸੱਤਜਵਦ ਭਾਤੀ ਪ੍ਰਬੋਧੇ ਅਸਤਵਦ ਭਵੇਤ' ਇਸ ਸ਼ੰਕਰ ਜੀ ਦੇ ਵਚਨ ਤੋਂ ਸਿੱਧ ਹੈ ਕਿ ਬ੍ਰਹਮ ਗਜਾਨ ਤੋਂ ਪਹਿਲਾਂ ਅੱਗਜਾਨ ਤੱਤਕਾਰਯ ਸੱਤਯ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ ਤੇ ਵਾਹਿਗੁਰੂ ਗਜਾਨ ਤੋਂ ਪਿੱਛੋਂ ਅਸੱਤਜ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ, ਸੋ ਰੱਸੀ ਵਿਚ ਸੱਪ ਨਹੀਂ ਹੈ ਇਹ ਰੱਸੀ ਦੇ ਗਜਾਨ ਤੋਂ ਸੱਪ ਨਿਵਿਰਤੀ ਹੈ, ਇਸੇ ਤਰ੍ਹਾਂ ਬ੍ਰਹਮ ਗਜਾਨ ਤੋਂ ਮਿਥਜਾ ਜਗਤ ਦੀ ਨਿਵਿਰਤੀ ਹੈ। ਇਸ ਦੋਹੇ ਦੇ ਅਰਥ ਨੂੰ ਤ੍ਰੈ ਹੋਰ ਤਰ੍ਹਾਂ ਨਾਲ ਬੀ ਅਦਾ ਕੀਤਾ ਜਾ ਸਕਦਾ ਹੈ-

(ੳ) ਜਿਸ (ਬ੍ਰਹਮ) ਨੂੰ (ਨਾ ਜਾਣਨੇ ਕਰਕੇ) ਜਗਤ (ਸੱਤਜ) ਪ੍ਰਤੀਤ ਹੋ ਰਿਹਾ ਹੈ, ਜਿਵੇਂ (ਰੱਸੀ ਦੇ ਨਾ ਜਾਣਨ ਕਰਕੇ) ਰੱਸੀ ਵਿਚ ਸੱਪ (ਸੱਤ ਪ੍ਰਤੀਤ ਹੁੰਦਾ ਹੈ) ਉਸਨੂੰ ਮਾਨ ਹਾਨ ਕਰ ਜਾਣ (ਕਿਉਂਕਿ ਉਸਦਾ ਜਾਣਨਾ) ਅਨਾਦਿ (ਅੱਗਜਾਨ) ਦੇ ਹਨੇਰੇ ਨੂੰ (ਦੂਰ ਕਰਨ ਵਾਲਾ) ਸੂਰਜ ਹੈ।

(ਅ) ਜਿਸਦੇ ਗਜਾਨ ਹੋਣ ਨਾਲ ਰੱਸੀ (ਵਿਚ) ਸੱਪ ਵਾਂਙੂ ਜਗਤ (ਮਿਥਜਾ ਭਾਸਦਾ) ਹੈ, ਅਹੰਕਾਰ ਨੂੰ ਦੂਰ ਕਰਕੇ ਉਸਨੂੰ ਜਾਣ, ਸੋ ਅਨਾਦਿ ਹਨੇਰੇ ਨੂੰ (ਦੂਰ ਕਰਨੇ ਵਾਲਾ) ਸੂਰਜ ਹੈ।

(ੲ) ਅਨਾਦਿ ਹਨੇਰੇ ਦੀ ਪ੍ਰਤੀਤੀ ਨੂੰ (ਕਿ) ਜਿਸਦੇ ਕਾਰਣ ਜਗਤ ਦੀ ਮਨੌਤ-ਰੱਸੀ ਵਿਚ ਸਪ ਵਾਂਙੂ-ਭਾਨ ਹੁੰਦੀ ਹੈ, ਉਸਨੂੰ (ਰੱਸੀ ਵਿਚ ਸੱਪ ਨਹੀਂ ਹੈ ਵਾਂਙੂ ਮਿਥਜਾ) ਜਾਣਕੇ (ਭੰਨ ਦੇਹ =) ਦੂਰ ਕਰ।

ਕਵਿ ਜੀ ਇਨ੍ਹਾਂ ਚੌਹਾਂ ਦੋਹਿਆਂ ਵਿਚ ਇਕ ਪਦ ਸੰਗਿਆ ਵਾਚੀ ਵਰਤਦੇ ਹਨ, ਓਹ ਹੈ ਦੂਸਰੇ ਦੋਹੇ ਦਾ ਪਦ-ਬ੍ਰਹਮ-ਇਸ ਪਦ ਹੀ ਵਾਸਤੇ ਚੌਹਾਂ ਦੋਹਿਆਂ ਵਿਚ ੫ ਸਰਬ ਨਾਮ (Pronoun) ਪਦ ਵਰਤਦੇ ਹਨ:-

ਪਹਿਲੇ ਵਿਚ-ਜਿਸਿ
ਦੂਜੇ ਵਿਚ-ਜਿਸਿ
ਤੀਜੇ ਵਿਚ-ਜਿਸਿ
ਚੌਥੇ ਵਿਚ-ਜਾਸ, ਤਿਹ।

ਇਹ ਪੰਜੇ ਸਰਬ ਨਾਮ-ਬ੍ਰਹਮ ਪਦ ਦੇ, ਜੋ ਸੰਗਯਾ ਪਦ ਹੈ ਵਾਚਕ ਹਨ, ਸੋ ਚੌਥੇ ਦੋਹੇ ਵਿਚ 'ਜਾਸ' ਪਦ ਤੋਂ ਮੁਰਾਦ-ਬ੍ਰਹਮ-ਹੀ ਹੈ। ਹੁਣ ਸ਼ੁੱਧ ਅਰਥ ਇਹ ਹੋਵੇਗਾ ਕਿ ਬ੍ਰਹਮ ਤੋਂ ਜਗਤ ਭਾਨ ਹੋ ਰਿਹਾ ਹੈ, ਜਿਵੇਂ ਰੱਸੀ ਤੋਂ ਸੱਪ ਦਾ ਭਾਨ ਹੁੰਦਾ ਹੈ, ਭਾਵੇਂ ਕਿ ਬ੍ਰਹਮ ਦੀ ਸਤਯਾ ਤੋਂ। ਹੁਣ ਇਸ ਭਾਨ ਦਾ ਕਾਰਣ ਅੱਗਯਾਨ* ਹੈ, ਉਸ ਅਗਯਾਨ ਦਾ ਇਲਾਜ ਗਯਾਨ ਹੈ, ਗਯਾਨ ਦਾ ਪ੍ਰਤਿਬੰਧਕ ਅਹੰ ਹੈ, ਇਸ ਅਹੰ ਨੂੰ ਨਾਸ਼ ਕਰ ਤਾਂ ਗਯਾਨ ਹੋਵੇ, ਗਯਾਨ ਹੋਏ ਤੋਂ ਜਿਵੇਂ ਸੱਪ ਨਹੀਂ ਦਿਸਦਾ ਪਰ ਰੱਸੀ ਦੀਹਦੀ ਹੈ ਤਿਵੇਂ ਜਗਤ ਨਹੀਂ ਪਰ ਇਕ ਬ੍ਰਹਮ ਨਜ਼ਰ ਪਏਗਾ+।

ਉਪਰਲੀ ਵਿਚਾਲ ਮੂਜਬ (ੳ) ਅਰਥ ਨਹੀਂ ਢੁੱਕਦਾ, ਕਿਉਂਕਿ ਜਗਤ ਦੀ ਪ੍ਰਤੀਤੀ ਦਾ ਮੂਲ ਕਾਰਣ ਬ੍ਰਹਮ ਹੈ, ਬ੍ਰਹਮ ਨਾ ਹੋਵੇ ਤਾਂ ਪ੍ਰਤੀਤੀ ਕਿਥੇ ਹੋਵੇ, ਜਿਵੇਂ ਰੱਸੀ ਨਾ ਹੋਵੇ ਤਾਂ ਸੱਪ ਦਾ ਭੁਲੇਵਾ ਕਿਵੇਂ ਪਵੇਂ। ਦੂਸਰੇ-ਜਾਸ-ਪਦ ਦਾ ਸੰਗਯਾ ਵਾਚੀ ਪਦ ਹੈ- 'ਬ੍ਰਹਮ', ਨਾ ਕਿ ਨਾ ਜਾਣਨਾ, ਅੱਗਯਾਨ। ਫਿਰ ਅਰਥ (ਅ) ਬੀ ਨਹੀਂ ਢੁਕਦਾ। ਕਿਉਂ ਜੋ ਸਰਬ ਨਾਮ ਪਦ 'ਜਾਸ' ਦਾ ਸੰਗਯਾਵਾਚੀ ਪਦ 'ਬ੍ਰਹਮ' ਹੈ, 'ਗਯਾਨ' ਨਹੀਂ ਹੈ।

ਅਰਥ (ੲ) ਬੀ ਨਹੀਂ ਢੁਕਦਾ-ਕਿਉਂਕਿ ਮੰਗਲ ਤਾਂ 'ਬ੍ਰਹਮ' ਦਾ ਹੋ ਰਿਹਾ ਹੈ, ਤੇ ਪ੍ਰਧਾਨ ਗੱਲ ਇਸ ਅਰਥ ਵਿਚ ਆ ਗਿਆ 'ਅੱਗਯਾਨ ਨੂੰ ਦੂਰ ਕਰਨ ਦਾ ਉਪਦੇਸ਼।'

ਦੋਹਰਾ:

ਸਤਿ ਚੇਤਨ ਆਨੰਦ ਯੁਤ, ਨਾਮ ਰੂਪ ਜਗ ਪੰਚ।
ਸੰਤ ਦੁਹਨਿ ਉਰ ਪਰਹਰੈਂ, ਤਿਨ ਤੀਨਹੁ ਕੋ ਸੰਚ ॥੫॥

ਸਤਿ ਚੇਤਨ ਆਨੰਦ ਯੁਤ = ਸਤਿ, ਆਨੰਦ ਸਮੇਤ। ਯੁਤ-ਯੁਕ੍ਤ = ਜੁੜਿਆ, ਜੋ ਅਲੱਗ ਨਾ ਹੋ ਸਕੇ। ਭਾਵ ਸਤ ਚਿਤ ਆਨੰਦ ਜੋ ਤ੍ਰੈਏ ਆਪੋ ਵਿਚ ਅਲੱਗ ਨਾ ਹੋ ਸੱਕਣ।

ਮੁਰਾਦ ਹੈ ਸਚਿਦਾਨੰਦ ਤੋਂ ਜੋ ਸਤਿ = ਹੈ, ਐਸਾ ਹੈ ਕਿ ਤ੍ਰੈ ਕਾਲ ਅਬਾਧ ਹੈ, ਸਦਾ ਤੋਂ ਹੈ, ਸਦਾ ਹੋਊ, ਇਕ ਥਾਂ ਹੈ, ਸਾਰੇ ਹੈ, ਜਿਸਨੂੰ 'ਹੈ' ਮਾਤ੍ਰ ਕਹਿ ਸਕਦੇ ਹਾਂ, ਕਿਉਂਕਿ ਉਹ ਮਾਯਾ ਤੋਂ, ਪ੍ਰਕ੍ਰਿਤੀ ਤੋਂ ਪਰੇ ਹੈ। ਦੇਸ਼, ਕਾਲ, ਪ੍ਰਕ੍ਰਿਤੀ, ਕਾਰਣ ਆਦਿ ਉਸ ਉਤੇ ਹਾਵੀ ਨਹੀਂ ਹਨ, ਫਿਰ ਓਹ 'ਨਹੀਂ', ਪਰ 'ਹੈ' ਹੈ।

ਚਿਤ-ਉਹ 'ਹੈ' ਪਰ ਚੇਤਨ ਹੈ। ਜੇ ਚੇਤਨ ਨਹੀਂ ਤਾਂ ਉਹ 'ਹੈ' ਜੇ ਹੈ ਤਾਂ ਪ੍ਰਕ੍ਰਿਤੀ ਯਾ ਇਸ ਵਰਗੀ ਕੋਈ ਜੜ੍ਹ ਸ਼ੈ ਹੈ, ਪਰ ਇਹ 'ਹੈ' 'ਚੇਤਨ' ਹੈ।

ਆਨੰਦ-ਫਿਰ ਇਹ 'ਹੈ', ਜੋ ਚੇਤਨ ਹੈ, ਅਪਣੇ ਆਪ ਵਿਚ ਅਪਣੇ ਆਪ ਤੋਂ ਦੂਈ ਦੀ ਕਿਸੇ ਲੋੜ ਸਹਾਇਤਾ ਤੋਂ ਬਿਨਾਂ 'ਅਨੰਦ' ਹੈ।

ਇਹ ਤ੍ਰੈ ਸਿਫਤਾਂ ਯਾ ਸਰੂਪ ਲੱਛਣ ਬ੍ਰਹਮ ਦੇ ਕਰਦੇ ਹਨ ਜੋ ਅਵਿਨਾਸ਼ ਹਨ। ਇਨ੍ਹਾਂ ਤ੍ਰੈਆਂ ਨੂੰ ਹੀ ਕਦੇ ਅਸਤੀ, ਭਾਂਤੀ, ਪ੍ਰੇਯ ਆਖਦੇ ਹਨ।

ਹੁਣ ਦੋ ਸਿਫਤਾਂ ਯਾ ਲੱਛਣ ਐਸੇ ਹਨ ਕਿ ਉਨ੍ਹਾਂ ਦੇ ਹੇਠ ਗਿਣੇ ਜਾਣ ਵਾਲੇ ਵਜੂਦ ਅਸੱਤ, ਨਾਸ਼ਮਾਨ ਯਾ ਬਦਲਣ ਵਾਲੇ ਹਨ, ਦੇਸ਼ ਵਿਚ ਹਨ, ਕਾਲ ਓਹਨਾਂ ਤੇ ਹਾਵੀ ਹੈ, ਨਮਿੱਤ ਨਾਲ ਬਣਦੇ ਹਨ, ਅਰ ਸਥੂਲ ਸੂਖਮ ਕਿਸੇ ਪ੍ਰਕ੍ਰਿਤੀ ਯਾ ਉਪਾਧੀ ਦੇ ਆਸਰੇ ਤੇ ਹਨ। ਓਹ 'ਨਾਮ' ਤੇ 'ਰੂਪ' ਹਨ। ਜੋ ਸ਼ੈ 'ਨਾਮ' ਤੇ 'ਰੂਪ' ਰੱਖਦੀ ਹੈ ਉਹ ਨਾਸ਼ਮਾਨ ਹੈ। ਇਸ ਤੋਂ ਚਿਤ ਬ੍ਰਿਥੀ ਨੂੰ ਉਠਾਣਾ ਤਰੀਕਾ ਹੈ ਨਾਸ਼ ਰਹਿਤ ਵਲ ਚਿਤ ਬ੍ਰਿਤੀ ਨੂੰ ਜੋੜਨ ਦਾ। (ਅ) ਯੁਤ-ਪਦ ਐਉਂ ਬੀ ਸੁਹਣਾ ਲੱਗਦਾ ਹੈ, ਸਤ ਚੇਤਨ ਆਨੰਦ ਨਾਮ ਰੂਪ ਸਮੇਤ।

ਅਰਥ:

ਜਗਤ (ਵਿਚ) ਪੰਜ (ਸਿਫਤਾਂ ਹਨ):- ਸੱਤ ਚੇਤਨ ਆਨੰਦ ਸਮੇਤ ਨਾਮ ਰੂਪ (ਦੇ), ਸੰਤ ਦੁਹਾਂ (ਨਾਮ ਤੇ ਰੂਪ) ਦਾ ਦਿਲੋਂ ਤਿਆਗ ਕਰਦੇ ਹਨ ਤੇ ਉਨ੍ਹਾਂ (ਸਤ, ਚੇਤਨ ਆਨੰਦ) ਤਿੰਨਾਂ ਦਾ ਸੰਚਨ ਕਰਦੇ ਹਨ।

(ਪਿਛਲੇ ਪੰਜਾਂ ਦੋਹਿਆਂ ਦਾ ਮਿਲਵਾਂ ਭਾਵ)

ਪੰਜੇ ਦੋਹੇ ਕਵਿ ਜੀ ਦੇਹਾਂਤ ਦੀ ਫਿਲਾਸਫੀ ਨਾਲ ਮੰਝੇ ਦਿਮਾਗ ਤੋਂ ਉਸ ਫਿਲਸਫੇ ਮੂਜਬ ਨਿਕਲੇ ਹਨ, ਇਨ੍ਹਾਂ ਦਾ ਇਹ ਭਾਵ ਅਨੇਕ ਥਾਈਂ ਇਨ੍ਹਾਂ ਦੇ ਇਸ ਗ੍ਰੰਥ ਵਿਚ ਆਯਾ ਹੈ, ਪਰ ਵਿਸਤਾਰ ਪੂਰਬਕ ਜ਼ਿਕਰ ਪੰਜਵੀਂ ਰੁਤ ਦੇ ੪੦, ੪੧, ੪੨, ੪੬ ਆਦਿ ਅੰਸੂਆਂ ਵਿਚ ਹੈ।

ਪੰਜਾਂ ਦੋਹਿਆਂ ਦਾ ਮਿਲਵਾਂ ਭਾਵ ਇਸ ਪ੍ਰਕਾਰ ਹੈ:- ਪਹਿਲੇ ਵਿਚ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ, ਉਸਦਾ ਨਾਮ ਦਸਿਆ ਹੈ 'ਕਰਤਾ ਪੁਰਖ ਅਕਾਲ' ਜੋ ਵੇਦਾਂਤ ਦਾ ਨਹੀਂ, ਪਰ ਗੁਰਬਾਣੀ ਦਾ ਦਿੱਤਾ ਨਾਮ ਹੈ। ਉਸਦੇ ਸਰੂਪ ਜਾਣਨੇ ਦਾ ਫਲ 'ਮੁਕਤੀ' ਦੱਸਿਆ ਹੈ।

ਦੂਸਰੇ ਵਿਚ ਉਸ ਕਰਤਾ ਪੁਰਖ ਦੀ ਕਾਦਿਰਤਾ ਦਰਸਾਈ ਹੈ ਕਿ ਉਸਦੇ ਭਯ ਵਿਚ ਸਾਰੀ ਸ੍ਰਿਸ਼ਟੀ ਹੈ, ਉਸਦੇ ਬੱਧੇ ਨਿਯਮਾਂ ਵਿਚ ਟੁਰ ਰਹੀ ਹੈ, ਸੋ ਉਹ ਕਾਦਰ ਬੀ ਹੈ। ਯਥਾ- 'ਤੂੰ ਕਾਦਿਰੁ ਕਰਤਾ।'

ਤੀਜੇ ਵਿਚ ਉਸਦੇ ਮਿਲਾਪ ਦਾ ਵਰਣਨ ਕਰਦੇ ਹਨ ਕਿ ਐਸਾ ਵਜੂਦ ਜੋ ਤਿੰਨੇ ਕਾਲ ਇਕ ਰਸ ਹੈ, ਸਾਰੇ ਪਸਾਰੇ ਦਾ ਮੂਲ ਤੇ ਆਸ਼ਰਾ ਹੈ, ਕਰਤਾ ਪੁਰਖ ਹੈ, ਅਕਾਲ ਹੈ, ਕਾਦਰ ਹੈ, ਉਸਨੂੰ ਜਾਣਨਾ ਮਨ ਆਦਿ ਨਾਲ ਹੋ ਨਹੀਂ ਸਕਦਾ, ਕਿਉਂਕਿ ਉਹ ਅਗੋਚਰ ਹੈ। ਪਰ ਨਿਸ਼ਕਾਮ ਸ਼ੁਭ ਕਰਮਾਂ ਤੇ ਭਗਤੀ ਨਾਲ ਮਿਲ ਪੈਂਦਾ ਹੈ ਤੇ ਉਸਦਾ ਮਿਲਨਾ ਹੀ ਸਾਰੇ ਅੱਗਯਾਨ ਦੇ ਦੂਰ ਕਰਨ ਹਾਰਾ ਹੈ।

ਚੌਥੇ ਵਿਚ ਉਸ ਭਰਮ ਦਾ ਸਰੂਪ ਦੱਸਦੇ ਹਨ, ਜੋ ਉਸਦੇ ਮਿਲਿਆਂ ਦੂਰ ਹੋਣਾ ਹੈ। ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੁੰਦਾ ਹੈ, ਤਿਵੇਂ ਉਸ ਬ੍ਰਹਮ ਵਿਚ ਜਗਤ ਦਾ ਭ੍ਰਮ ਹੁੰਦਾ ਹੈ। ਇਸ ਭ੍ਰਮ ਦੀ ਨਵਿਰਤੀ ਅਨਾਦਿ ਅੱਗਯਾਨ ਨੂੰ ਦੂਰ ਕਰਨ ਤੇ ਹੋ ਸਕਦੀ ਹੈ ਤੇ ਉਹ ਦੂਰ ਹੁੰਦਾ ਹੈ ਅਹੰ ਭਾਵ ਨੂੰ ਦੂਰ ਕੀਤੀਆਂ, ਸਾਖ੍ਯਾਤਕਾਰ ਹੋਣ ਤੇ।

ਪੰਜਵੇਂ ਵਿਚ ਉਸ ਬ੍ਰਹਮ ਦਾ ਨਿਜ ਰੂਪ ਤੇ ਉਸ ਵਿਚ ਪ੍ਰਤੀਤਮਾਨ ਜਗਤ ਦਾ ਰੂਪ ਵੇਦਾਂਤ ਫਿਲਾਸਫੀ ਦੇ ਲਫਜ਼ਾਂ ਵਿਚ ਦੱਸਦੇ ਹਨ।

ਬ੍ਰਹਮ ਦਾ ਰੂਪ ਹੈ ਸਤਚਿਤ ਆਨੰਦ ਤੇ ਜਗਤ ਦਾ ਰੂਪ ਹੈ ਨਾਮ, ਰੂਪ।

ਅਖੀਰ ਵਿਚ ਸੰਤ ਦਾ ਰੂਪ ਦੱਸਦੇ ਹਨ ਕਿ ਜਿਨ੍ਹਾਂ ਤੇ ਸਤਚਿਤ ਆਨੰਦ ਨੂੰ ਨਿਸ਼ਕਾਮ ਕਰਮਾਂ, ਭਗਤੀ ਤੇ ਗ੍ਯਾਨ ਦ੍ਵਾਰਾ ਜਣਿਆਂ ਹੈ ਤੇ ਨਾਮ ਰੂਪ ਨੂੰ ਤ੍ਯਾਗਿਆ ਹੈ ਓਹ ਸੰਤ ਹਨ।

ਇਹ ਸਾਰਾ ਆਪ ਨੇ ਵੇਦਾਂਤ ਦੇ ਲਫਜ਼ਾਂ ਵਿਚ ਵੇਦਾਂਤ ਦੇ ਨਿਰੂਪਣ ਕੀਤੇ ਬ੍ਰਹਮ ਦਾ ਮੰਗਲ ਕੀਤਾ ਹੈ ਤੇ ਉਸਨੂੰ ਗੁਰਬਾਣੀ ਦੇ 'ਕਰਤਾ ਪੁਰਖੁ ਅਕਾਲ' ਤੇ 'ਕਾਦਿਰੁ' ਨਾਲ ਤਦ ਰੂਪ ਵਰਣਨ ਕੀਤਾ ਹੈ।

## ੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

**ਚੌਪਈ:**

ਬੰਦਨ ਬਿੰਦੁ ਬਦਨ ਬਰ ਚੰਦਨ।
ਚੰਦ ਨ ਸਮ ਅਰਬਿੰਦ ਮਾਨਿੰਦ ਨ।
ਨਿੰਦ ਨ ਜਿਹ ਸੁਰਕਰਿ ਅਭਿਨੰਦਨ।
ਨੰਦਨ ਜਗ ਬਾਨੀ ਪਦ ਬੰਦਨ* ॥੬॥

ਬੰਦਨ = ਮੂੰਹ, ਚਿਹਰਾ, ਮੱਥਾ। [ਸੰਸ: ਵਦਨ] (ਅ) ਸਿੰਦੂਰ ਯਾ ਸੰਧੂਰ (ਅਸਲ ਵਿਚ ਪਦ ਹੈ, ਸਿੰਦੂਰ ਬੰਦਨ = ਇਹ ਇਕ ਵਿਵਾਹ ਸਮੇਂ ਦੀ ਰੀਤੀ ਹੈ ਜਦ ਕਿ ਵਰ ਕੰਨਯਾ ਦੀ ਮਾਂਗ ਤੇ ਸੰਧੂਰ ਪਾਉਂਦਾ ਹੈ)।

ਬਿੰਦੁ = ਗੋਲ ਤਿਲਕ। ਬਿੰਦੀ। [ਬਿਦੁ] ਬਦਨ = ਮੂੰਹ।

ਚੰਦਨ = ਸੰਦਲ। ਚੰਦ ਨ ਸਮ = ਚੰਦ+ਨ+ਸਮ = ਚੰਦ ਨਹੀਂ ਬਰਾਬਰ।

ਮਾਨਿੰਦ ਨ = ਮਾਨਿੰਦ+ਨ = ਨਹੀਂ ਹੈ ਵਰਗਾ (ਕਮਲ ਜਿਸ ਦੇ)।

[ਫ਼ਾਰਸੀ, ਮਾਨਿੰਦ]

ਨਿੰਦਨ = ਨਿੰਦ ਨ = ਜੋ ਨਾਂ ਹੋਵੇ ਨਿੰਦਾ, ਸੋ ਕੀ ਹੈ:- ਉਸਤਤੀ।

(ਅ) ਨਿੰਦਨ = ਨਿੰਦਦੇ ਹਨ। ਭਾਵ, ਅਕਾਸ਼ਾਂ ਵਿਚ ਦੇਵਤੇ ਜਦ ਇਸ ਤਿਲਕ ਨੂੰ ਦੇਖਦੇ ਹਨ ਤਾਂ ਇਸ ਦੇ ਮੁਕਾਬਲੇ ਤੇ ਚੰਦ ਤੇ ਕਵਲ ਨੂੰ ਨਯੂਨ ਦੱਸਦੇ ਹਨ, ਇਹ ਨਿੰਦਾ ਦਾ ਭਾਵ ਹੈ। (ੲ) ਨਿੰਦਾ ਕੋਈ ਨਹੀਂ ਕਰਦਾ। ਤੁਕ ਦਾ ਅਰਥ:- ਦੇਵਤਿਆਂ ਕਰਕੇ ਉਹ ਨਮਸਕਾਰਿਤ ਹੁੰਦੀ ਹੈ ਤੇ ਨਿੰਦਾ ਉਸ ਦੀ ਕੋਈ ਨਹੀਂ ਕਰਦਾ।

ਅਭਿਨੰਦਨ = ਮੱਥਾ ਟੇਕਦੇ ਹਨ। (ਅ) ਸੁਰ ਕਰ ਅਭਿਨੰਦਨ = ਦੇਵਤਿਆਂ ਕਰਕੇ ਨਮਸਕਾਰ ਕੀਤਾ ਜਾਵੇ ਜੋ = ਇੰਦ੍ਰ।

ਤੁਕ ਦਾ ਅਰਥ:- ਇੰਦ੍ਰ ਜਿਸ ਦੀ ਉਸਤਤੀ ਕਰਦਾ ਹੈ।

(ੲ) ਸਲਾਹੁੰਦੇ ਹਨ, ਖੁਸ਼ ਹੁੰਦੇ ਹਨ। ਮੱਥਾ ਟੇਕਦੇ ਹਨ।

ਪਾਠ-ਕਰਿ ਅਭਿਨੰਦਨ-ਹੈ, ਇਸ ਕਰਕੇ- 'ਮੱਥਾ ਟੇਕਦੇ ਹਨ।' ਵਧੇਰੇ ਠੀਕ ਅਰਥ ਲਗਦਾ ਹੈ।

**ਅਰਥ:**

(ਜਿਸਦੇ ਸ੍ਰੇਸ਼ਟ ਮੂੰਹ ਉਤੇ ਚੰਦਨ ਤੇ ਸੰਧੂਰ ਦੀ ਬਿੰਦੀ ਹੈ, ਚੰਦ੍ਰਮਾਂ (ਜਿਸ ਬਿੰਦੀ) ਦੀ ਬਰੱਬਰੀ ਨਹੀਂ (ਕਰ ਸਕਦਾ), ਨਾ ਕਵਲ (ਉਸਦੇ ਮੁਖੜੇ) ਵਰਗਾ ਹੈ, ਦੇਵਤੇ ਜਿਸ ਦੀ ਉਸਤਤੀ (ਕਰਦੇ ਹੋਏ ਉਸ ਨੂੰ) ਨਮਸਕਾਰ ਕਰਦੇ ਹਨ, (ਜੋ) ਜਗਤ ਨੂੰ ਪ੍ਰਸੰਨ ਕਰਨੇ ਵਾਲੀ (ਹੈ, ਐਸੀ) ਬਾਣੀ ਦੇ ਚਰਨਾਂ ਪਰ (ਮੇਰੀ) ਨਮਸਕਾਰ ਹੋਵੇ।

**ਭਾਵ:**

ਉਹ ਬਾਕ ਬਾਣੀ ਜਿਸਦੇ ਮੱਥੇ ਉਤੇ ਚੰਦਨ ਸੰਧੂਰ ਦਾ ਤਿਲਕ ਹੈ, ਉਸ ਤਿਲਕ ਦੀ ਬਰੋਬਰੀ ਚੰਦ ਨਹੀਂ ਕਰ ਸਕਦਾ ਹੈ। ਤਿਲਕ ਕਵਿ ਨੇ 'ਬਿੰਦ' ਕਿਹਾ ਹੈ ਜੋ ਗੋਲ ਹੁੰਦਾ ਹੈ, ਤਸ਼ਬੀਹ ਦਿੱਤੀ ਹੈ ਚੰਦ੍ਰਮਾਂ ਨਾਲ। ਕੰਵਲ ਦੀ ਉਪਮਾ ਮੂੰਹ ਨੂੰ ਦੇਈਦੀ ਹੈ, ਸੋ ਕੰਵਲ ਨੂੰ ਮੂੰਹ ਤੋਂ ਨੀਵਾਂ ਕਿਹਾ ਹੈ। ਤੇ ਚੰਦ ਨੂੰ ਏਥੇ ਚੰਦਨ ਦੀ ਉਪਮਾ ਦੇਣ ਵਿਚ ਕਵਿ ਜੀ ਦੇ ਨੀਵਾਂ ਕਿਹਾ ਹੈ। ਜੇ ਚੰਦ ਤੇ ਕਵਲ ਨੂੰ ਚੰਦਨ ਤੇ ਸੰਧੂਰ ਨਾਲ ਮੁਕਾਬਲਾ ਕਰੀਏ ਤਾਂ ਫ਼ਬਦਾ ਨਹੀਂ, ਕਿਉਂਕਿ ਕੰਵਲ ਦੀ ਉਪਮਾਂ ਬਿੰਦੀ ਨਾਲ ਕਦੇ ਕਿਸੇ ਨਹੀਂ ਦਿੱਤੀ ਤੇ ਸੰਧੂਰ ਲਈ ਪਦ ਕੋਕਨਦ ਚਾਹੀਦਾ ਸੀ, ਅਰਬਿੰਦ ਠੀਕ ਨਹੀਂ ਬੈਠਦਾ। ਫਿਰ ਜ਼ਿਮੀਨ ਪਰ ਬਾਕਬਾਨੀ ਦਾ ਕੀਹ ਕੰਮ ਹੈ ਕਿ ਬਾਣੀ ਪੜ੍ਹਕੇ ਜਗਤ ਨੂੰ ਖੁਸ਼ੀ ਹੁੰਦੀ ਹੈ, ਸਾਹਿੱਤਜ ਰਚਨਾਂ ਜਗਤ ਨੂੰ ਸਿੱਖਿਆ ਸੁਖ ਤੇ ਅਹਿਲਾਦ ਦੇਣ ਵਾਸਤੇ ਲਿਖੀ ਜਾਂਦੀ ਹੈ, ਸੋ ਐਸੀ ਬਾਣੀ ਨੂੰ ਮੇਰੀ ਨਮਸਕਾਰ ਹੈ।

**ਹੋਰ ਅਰਥ:**

ਪਹਿਲੀ ਤੁਕ ਦਾ ਇਕ ਅਰਥ ਐਉਂ ਬੀ ਹੈ:- ਜਿਸਦਾ ਬਦਨ (ਸਰੀਰ) ਚੰਦਨ ਵਰਗਾ ਸ੍ਰੇਸ਼ਟ ਹੈ ਅਰ ਜਿਸਦੇ ਬੰਦਨ (ਚੇਹਰੇ) ਪਰ ਬਿੰਦੀ ਹੈ।

ਦੂਸਰੀ ਤੁਕ ਦਾ ਅਰਥ ਐਉਂ ਬੀ ਲਾਉਂਦੇ ਹਨ ਕਿ ਉਸਦੇ ਪੈਰਾਂ ਦੀ ਬਰੱਬਰੀ ਚੰਦ ਤੇ ਕਵਲ ਨਹੀਂ ਕਰ ਸਕਦੇ, ਪਰ ਪੈਰ ਪਦ ਵਿਚ ਹੈ ਨਹੀਂ ਉਤੋਂ ਲਾਉਣਾ ਪੈਂਦਾ ਹੈ, ਤੇ ਚੰਦ੍ਰਮਾਂ ਪੈਰਾਂ ਦੀ ਉਪਮਾਂ ਵਾਸਤੇ ਠੀਕ ਨਹੀਂ।

ਤੀਸਰੀ ਤੁਕ ਦਾ-ਦੇਵਤੇ ਉਸਨੂੰ ਮੱਥਾ ਟੇਕਦੇ ਹਨ ਤੇ (ਨਿੰਦ+ਨ) ਨਿੰਦਾ ਉਸਦੀ ਕੋਈ ਨਹੀਂ ਕਰਦਾ। ਅਥਵਾ, ਇੰਦ੍ਰ ਜਿਸਦੀ ਉਸਤਤਿ ਕਰਦਾ ਹੈ।

ਚੌਥੀ ਤੁਕ-ਨੰਦਨ ਜਗ = ਜਗਤ ਹੈ ਪੁੱਤ੍ਰ ਉਸਦਾ। ਪਰ ਅਭਿਨੰਦਨ ਵਿਚ ਜੋ ਅਹਿਲਾਦ ਦਾ ਭਾਵ ਹੈ, ਉਸਦੇ ਕਟਾਖਜ ਉਤੇ ਕਵਿ ਜੀ ਨੰਦਨ ਪਦ ਅਹਿਲਾਦ-ਦਾਤੀ ਦੇ ਭਾਵ ਲਈ ਵਰਤਦੇ ਜਾਪਦੇ ਹਨ।

ਸ੍ਵੈਯਾ:

ਤਰਨੀ ਬਿਘਨਾ ਸਲਿਤਾ ਪਤਿ ਕੀ
ਪਤਿ ਕੀ ਅਤਿ ਰੱਖਯਕ ਸ਼੍ਰੀ ਬਰਨੀ।
ਬਰਨੀ ਸੁਖਦਾ ਸ਼ਰਨਾਗਤਿ ਕੀ
ਗਤਿ ਕੀ ਸਮਤਾ ਗਜ ਕੀ ਕਰਨੀ।
ਕਰ ਨੀਰਜ, ਓਟ ਸੁਧਾਰਤਿ ਕੀ
ਰਤਿ ਕੀ ਪ੍ਰਭੁਤਾ ਸਗਰੀ ਹਰਨੀ।
ਹਰਨੀ ਸਮ ਆਂਖ ਸੁ ਸ਼੍ਰੀ ਮਤਿ ਕੀ
ਮਤਿ ਕੀ ਕਰਤਾ, ਤਨਾਵੈ ਤਰਨੀ ॥੭॥

ਤਰਨੀ = ਬੇੜੀ [ਸੰਸ: ਤਰਣੀ] ਸਲਿਤਾਪਤਿ = ਸਮੁੰਦਰ [ਸਲਿਤਾ = ਨਦੀ। ਪਤਿ = ਸੁਆਮੀ]। ਪਤਿ = ਅਬਰੋ, ਇਸ਼ਾਰਾ ਕਵੀਆਂ ਦੀ ਇਜ਼ਤ ਵੱਲ ਹੈ, ਜੋ ਵਿਘਨਾਂ ਦੇ ਨਾਸ਼ ਹੋਣ ਨਾਲ ਬਚ ਰਹਿੰਦੀ ਹੈ। ਸ਼੍ਰੀ = ਸਰਸ੍ਵਤੀ। 'ਸ਼੍ਰੀ' ਲਛਮੀ ਦਾ ਨਾਮ ਹੈ, ਪਰ ਸ਼੍ਰੀ ਸਰਸ੍ਵਤੀ ਦਾ ਬੀ ਨਾਮ ਹੈ, ਏਥੇ ਅਰਥ ਸਰਸ੍ਵਤੀ ਹੈ।

ਬਰਨੀ = ਵਰਣਨ ਕੀਤੀ ਗਈ ਹੈ। (ਅ) ਪ੍ਰਤਿਪਾਲਕ।

[ਸੰਸ: ਵਰਣ੍ = ਚੁਣਨਾ, ਘੇਰਨਾ, ਪਾਲਣਾ]

ਸੁਖਦਾ = ਸੁਖਦਾਤੀ।      ਸ਼ਰਨਾਗਤਿ = ਸ਼ਰਣਿ ਆਇਆਂ ਦੀ।

ਗਤਿ = ਚਾਲ। ਗਜ = ਹਾਥੀ ਨੇ। (ਹਾਥੀ ਦੀ ਚਾਲ ਤੋਂ ਮੁਰਾਦ ਗੰਭੀਰਤਾ ਦੀ ਹੈ)।

ਕੀ = ਕੀਹ।      ਨੀਰਜ = ਕਵਲ।

ਓਟ = ਆਸ਼੍ਰਾ। ਅਵਧੀ। (ਅ) ਜਿਸ ਦੇ ਆਸਰੇ ਉਡਦੀ ਹੈ, ਮੁਰਾਦ ਹੈ ਹੰਸ ਤੋਂ ਜਿਸ ਪਰ ਸਰਸ੍ਵਤੀ ਚੜ੍ਹਦੀ ਹੈ। (ੲ) ਅੱਖ ਦੇ ਛੱਪਰ।

ਸੁਧਾਰਤਿ = ਫਬਨ, ਸੁਧਾਰਿਤ+ਕੀ = ਉੱਜਲਤਾ ਦੀ, ਸੁੰਦਰਤਾ ਦੀ।

[ਸੰਸ: ਸ਼ੁੱਦਿਧ ਤੋਂ] 'ਰਤਿ ਦੀ ਪ੍ਰਭੁਤਾ ਹਰੀ ਜਾਣੀ' ਦੱਸਦੀ ਹੈ ਕਿ ਇਸ ਤੋਂ ਪਹਿਲਾਂ ਕੋਈ ਗੱਲ ਰਤੀ ਜੈਸੀ ਸੁੰਦਰੀ ਦੀ ਪ੍ਰਭਤਾ ਦੂਰ ਕਰਨ ਵਾਲੀ ਹੈ ਸੋ ਸੁੰਦਰਤਾ ਦੀ ਅਵਧੀ ਹੈ।

ਓਟ ਸੁਧਾਰਤਿਕੀ = ਸੁੰਦਰਤਾ ਦੀ ਅਵਧੀ। (ਅਗਲੇ ਪੰਨੇ ਤੇ 'ਹੋਰ ਅਰਥ' ਪੜ੍ਹੋ।)

ਰਤਿ = ਕਾਮਦੇਵ ਦੀ ਇਸਤ੍ਰੀ। (ਰਤੀ ਦੀ ਪ੍ਰਭੁਤਾ ਹਰਨ ਤੋਂ ਮੁਰਾਦ-ਅਤਿ ਸੁੰਦਰ-ਹੋਣ ਦੀ ਹੈ)।

ਹਰਨੀ-ਹਰਨ ਵਾਲੀ, ਖੋਹ ਲੈਣ ਵਾਲੀ।

ਹਰਨੀ = ਹਰਣ ਦੀ ਮਾਦਾ, ਮ੍ਰਿਗੀ, ਹਰਣੀ।

ਸ੍ਰੀ ਮਤਿ = ਸ਼ੋਭਾ ਸੰਯੁਕਤ, ਮਾਲਦਾਰ, ਖੁਸ਼ਹਾਲ, ਸੁਹਣਾ, ਪ੍ਰਸਿੱਧ। 'ਸ੍ਰੀ ਮਾਨ' ਇਕ ਵਾਕ ਹੈ ਜੋ ਸਤਿਕਾਰ ਲਈ ਵਡੇ ਪੁਰਖਾਂ ਨਾਲ ਲਾਈਦਾ ਹੈ, 'ਸ੍ਰੀ ਮਤਿ' ਉਸੇ ਤਰ੍ਹਾਂ ਇਸਤ੍ਰੀਆਂ ਲਈ ਵਰਤਦੇ ਹਨ।

ਮਤਿ ਕੀ ਕਰਤਾ-ਬੁੱਧੀ ਦੇਣ ਵਾਲੀ।

ਤਨਵੈ = ਜਿਸ ਦੇ ਅੰਗ ਸੁਹਲ, ਕੋਮਲ ਤੇ ਪਤਲੇ ਹੋਣ। ਸੁਬਕ ਤੇ ਸੁਹਲ [ਸੰਸ: ਤਨ੍ਵੀ]

(ਅ) ਤਨ ਵੈ ਤਰਨੀ = ਉਹ ਜਿਸ ਦਾ ਤਨ (ਤਰਨੀ =) ਸਦਾ ਜੁਆਨ ਹੈ।

(ੲ) ਤਨ = ਸ਼ਰੀਰ+ਵੈ = (ਬਯ) ਆਯੂ, ਉਮਰਾ। ਤਰਨੀ = ਜੁਆਨ। ਤਨਵੈ ਤਰਨੀ = ਸਰੀਰ ਵਲੋਂ ਜੁਆਨ ਉਮਰਾ ਦੀ ਹੈ। ਦੇਖੋ ਐਨ ੨ ਅੰ: ੩੬ ਅੰਕ ੨ 'ਬਯ ਤਨ ਤਰਨੀ।'

ਤਰਨੀ-ਜੁਆਨ। ੧੬ ਤੋਂ ੩੦ ਵਰਹੇ ਦੀ ਵਿਚਲੀ ਉਮਰਾ ਦੀ ਜੁਬਾ ਇਸਤ੍ਰੀ।

(ਅ) ਸਦਾ ਜੁਆਨ।

ਅਰਥ:

(ਹੇ) ਬਾਣੀ! (ਤੂੰ) ਬਿਘਨਾ (ਰੂਪੀ) ਸਮੁੰਦਰ ਦੀ ਬੇੜੀ ਹੈਂ, (ਤਦੋਂ ਤਾਂ ਕਵੀਆਂ ਦੀ ਪਤ ਦੀ ਬੜੀ ਰੱਖਜਕ ਵਰਣਨ ਕੀਤੀ ਗਈ ਹੈਂ।

(ਤੂੰ) ਸ਼ਰਨ ਆਏ (ਵਿੱਦਜਾ ਅਭਿਲਾਖੀ ਨੂੰ) ਸੁਖ ਦੇਣ ਵਾਲੀ (ਤੇ ਉਸਦੀ) ਪ੍ਰਤਿਪਾਲਾ ਕਰਨ ਵਾਲੀ ਹੈਂ, (ਫਿਰ ਇੱਡੀ ਦਾਤੀ ਹੋਕੇ ਤੂੰ ਐਤਨੀ ਗੰਭੀਰ ਹੈਂ ਕਿ) ਹਾਥੀ ਨੇ (ਤੇਰੀ) ਚਾਲ ਦੀ ਬਰੱਬਰੀ ਕੀਹ ਕਰ (ਸੱਕਣੀ) ਹੈ।

(ਤੇਰੇ) ਹੱਥ ਵਿਚ ਕਵਲ ਹੈ, ਸੁੰਦਰਤਾ ਦੀ ਤੂੰ ਅਵਧੀ ਹੈਂ (ਐਤਨੀ ਕਿ) ਰਤੀ ਦੀ ਸਾਰੀ ਪ੍ਰਭੁਤਾ (ਤੂੰ) ਹਰ ਲੈਣ ਵਾਲੀ ਹੈਂ।

ਹੇ ਸ਼ੋਭਾ ਵਾਲੀ! (ਤੇਰੇ) ਅੰਗ ਸੁਹਲ ਤੇ ਪਤਲੇ ਹਨ, ਅੱਖ ਹਰਨੀ ਵਾਂਗ (ਸੁੰਦਰ) ਹੈ, (ਤੇ, ਤੂੰ) ਸਦਾ ਜੁਆਨ ਹੈਂ, ਅਰ ਬੁੱਧੀ ਦਾ ਦਾਤੀ ਹੈਂ।

ਭਾਵ:

ਇਸ ਵਿਚ ਕਵਿ ਜੀ ਨੇ ਸਰਸ੍ਵਤੀ ਦੇ ਸਰੀਰ ਦੀ ਸੁੰਦਰਤਾ ਤੇ ਮਨ ਦੇ ਗੁਣਾਂ, ਦੋਹਾਂ ਸ਼ੈਆਂ ਦੀ ਸਿਫਤ ਕੀਤੀ ਹੈ:-

੧. ਮਨ ਯਾ ਸੁਭਾਵ ਦੇ ਸ਼ੁਭ ਗੁਣ:-

੧. (ੳ) ਵਿਘਨਾਂ ਦੇ ਨਾਸ਼ ਕਰਨ ਵਾਲੀ।

(ਅ) ਇੱਜ਼ਤ ਦੀ ਰੱਖਜਕ।

(ੲ) ਸ਼ਰਨਾਗਤ ਦੀ ਪ੍ਰਤਿਪਾਲਕ।

੨. ਬੁੱਧੀ ਦੀ ਦਾਤੀ।

੨. ਸਰੀਰ ਦੀ ਸੁੰਦਰਤਾ:-

(ੳ) ਹਰਨੀ ਵਰਗੀਆਂ ਅੱਖਾਂ,

(ਅ) ਅੰਗ ਸੁਹਲ ਤੇ ਸੁਬਕ,

(ੲ) ਸਦਾ ਜੁਆਨ,

(ਸ) ਰਤੀ ਨਾਲੋਂ ਸੁੰਦਰ।

੩. ਸਾਂਝੇ ਭਾਵ:-

(ੳ) ਹਾਥੀ ਵਰਗੀ ਚਾਲ

ਤੋਂ ਸਰੀਰ ਦੀ ਚਾਲ ਦੀ ਮਸਤਾਨੀ ਤੇ ਲਟਕਵੀਂ ਸੁੰਦਰਤਾ ਮੁਰਾਦ ਹੈ।

ਹਾਥੀ ਦੀ ਚਾਲ ਤੋਂ ਮੁਰਾਦ ਮਨ ਤੇ ਸੁਭਾਵ ਦੀ ਗੰਭੀਰਤਾ ਦੀ ਹੈ।

(ਅ) ਹੱਥ ਵਿਚ ਕਮਲ:-

ਸ੍ਰੀਰਕ ਸ਼ੋਭਾ ਨੂੰ ਵਧਾਉਂਦਾ ਹੈ।

ਹਥ ਵਿਚ ਕਮਲ-ਇਸ ਗੱਲ ਦਾ ਚਿੰਨ੍ਹ ਹੈ ਕਿ ਜਗਤ ਲਈ ਮੇਰੇ ਪਾਸ ਸੁਖ ਤੇ ਸੁਆਦ ਹੈ। ਕਾਵਜਰਸਾਂ ਦੀ ਸੁੰਦਰਤਾ ਅਰ ਵਿਸਮਯ ਭਾਵਾਂ ਦੀ ਦਾਤੀ ਹਾਂ।

ਹੋਰ ਅਰਥ:

'ਸੁਧਾਰਤਿਕੀ' ਪਦ ਦੇ ਇੱਥੇ ਬੜੇ ਹੀ ਅਰਥ ਲਗਦੇ ਹਨ:-

੧. ਸੁਧਾ ਰਤਿ = ਅੰਮ੍ਰਿਤ ਵਿਚ ਪ੍ਰੀਤ ਹੈ ਜਿਨ੍ਹਾਂ ਦੀ ਭਾਵ-ਦੇਉਤੇ।

ਓਟ ਸੁਧਾਰਤਿਕੀ = (ਤੂੰ) ਦੇਵਤਿਆਂ ਦੀ ਓਟ ਹੈਂ।

੨. ਕ੍ਸੁਧਰਤ ਕੀ = ਭੁਖਿਆਂ ਦੀ। ਮੁਰਾਦ ਹੈ-ਭੁੱਖੇ ਭਉਰਿਆਂ ਦੀ ਓਟ ਕਮਲ ਹੈ ਜੋ ਤੇਰੇ ਹਥ ਵਿਚ ਹੈ। ਭਾਵ ਤੂੰ ਉਪਾਸਕਾਂ ਨੂੰ ਵਰ ਦਾਤੀ ਹੈਂ।

੩. ਸੁਧਾਰਤਿਕੀ = [ਸੁਧਾਰਣ ਯਾ ਸ਼ੋਧਨ ਅਰਥ: ਫਬਨ, ਉੱਜਲਤਾ]।

ਓਟ ਸੁਧਾਰਤਕੀ = ਤੂੰ ਫਬਨ ਯਾ ਉੱਜਲਤਾ ਦੀ ਓਟ ਹੈਂ।

੪. ਸੁਧਾਰ+ਤਕੀ = ਸੁਧਾਰਕੇ (ਪੱਕੀ ਤਰ੍ਹਾਂ ਨਿਸ਼ਚੇ ਕਰਕੇ) ਤੱਕਿਆ ਹੈ, ਤੇਰੀ ਓਟ (ਠੀਕ ਹੈ ਮੈਨੂੰ), ਯਾ ਤੇਰੀ ਓਟ ਮੈਂ ਤਕਾਈ ਹੈ।

੫. ਸੁਧਾਰ+ਤਕੀ = ਹਥ ਵਿਚ ਤੂੰ ਕਮਲ ਸੁਧਾਰਕੇ (ਪਕੜਿਆ ਹੈ) ਤਾਂ ਮੈਂ ਤੇਰੀ ਓਟ ਤਕਾਈ ਹੈ ਕਿ ਜਿਵੇਂ ਤੂੰ ਕਮਲ ਨੂੰ ਓਟ ਦੇ ਰਹੀ ਹੈਂ ਮੈਨੂੰ ਬੀ ਦੇਵੇਂਗੀ।

੬. ਸੁਧਾ = ਮਕਰੰਦ ਰਸ। ਰਤਿ = ਪ੍ਰੀਤੀ। ਹਥ ਵਿਚ ਕਮਲ ਹੈ, ਜੋ ਕਮਲ ਕਿ ਓਟ ਹੈ ਸੁਧਾ ਤੇ ਰਤਿ ਦੀ, ਭਾਵ-ਕਮਲ ਵਿਚ ਮਕਰੰਦ ਰਸ ਹੁੰਦਾ ਹੈ ਤੇ ਭੌਰਿਆਂ ਦੀ ਪ੍ਰੀਤ ਦੀ ਔਟ ਕਮਲ ਹੁੰਦਾ ਹੈ।

੭. ਸੁਧਾਰ ਕੇ ਤਕੀ ਹਥ ਵਿਚ ਕਮਲ (ਲੈਕੇ ਤੇ ਅੱਖ ਦੀ ਓਟ = ਛੱਪਰ ਸੁਧਾਰਕੇ ਤੱਕੀ ਭਾਵ) ਐਸੇ ਕਟਾਖਜ ਨਾਲ ਤੱਕੀ ਕਿ ਰਤੀ ਦੀ ਸਾਰੀ ਪ੍ਰਭਤਾ ਮਾਤ ਪੈ ਗਈ।

੮. ਓਟ+ਸੁਧਾਰ+ਤਕੀ।

ਓਟ ਸਰਸ੍ਵਤੀ ਦੀ, ਅਰਥਾਤ 'ਹੰਸ' ਜਿਸ ਦੇ ਆਸਰੇ ਉਡਦੀ ਹੈ। ਭਾਵ ਹਥ ਵਿਚ ਕਮਲ ਲੈਕੇ ਤੇ ਹੰਸ ਨੂੰ ਸਵਾਰਕੇ ਐਸੀ ਤੱਕੀ ਕਿ ਰਤੀ ਮਾਤ ਪੈ ਗਈ।

### ੩. ਇਸ਼੍ਰ ਗੁਰੁ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਸੈਯਾ:

ਕਰਿਤਾਰਨਿ ਸੇ ਸ਼ੁਭ ਬਾਕ ਬਿਲਾਸ
ਬਿਹੰਗ ਬਿਕਾਰਨ ਕੋ ਕਰਿ ਤਾਰਨਿ।
ਕਰਤਾਰ ਨਹੀ ਮਨ ਜਾਨਤਿ ਜੇ
ਤਿਨ,ਕੇ ਹਿਤ,ਕੋ ਸਿਫਤੀ ਕਰਿ ਤਾਰਨ।
ਕਰਿ ਤਾਰਿਨਿ ਪਾਪ ਉਤਾਰਨ ਕੋ
ਗਨ ਦੰਭ ਛਪੈ ਸਵਿਤਾ ਕਰਿਤਾਰਨ।
ਕਰਤਾਰ ਨਿਹਾਰ ਗੁਰੂ ਬਰ ਨਾਨਕ
ਦਾਸ ਉਧਾਰਨ ਜਿਉਂ ਕਰਿ ਤਾਰਨਿ ॥੮॥

ਕਰਿਤਾਰਨਿ = ਕਲਿਤਾਰਣ। (ਕਲਿ ਦਾ ਲਲਾ-ਰਾਗ-ਹੋ ਗਿਆ ਹੈ ਸ੍ਵਰਣੀ ਹੋਣ ਕਰਕੇ।) ਕਲਿਜੁਗ ਤੋਂ ਤਾਰਨ ਹਾਰੇ। (ਅ) ਜੋ ਕਰਤਾ ਹੋਕੇ ਜਗ ਵਿਚ ਆਵੇ:- ਅਵਤਾਰ, ਪਿਕੰਬਰ।

ਬਿਲਾਸ = ਸਹਿਜ ਸੁਭਾ, ਹਸਦਿਆਂ ਹਸਦਿਆਂ। ਬਿਹੰਗ = ਪੰਛੀ
ਕਰਿ ਤਾਰਨਿ = ਕਰਕੇ ਤਾੜਨਾ। 'ਤਾਰਨ' ਦਾ 'ੜਾੜਾ' 'ਰਾਰਾ' ਹੋ ਗਿਆ ਹੈ।
ਕਰਤਾਰ ਨਹੀਂ = ਵਾਹਿਗੁਰੂ (ਨੂੰ) ਨਹੀਂ।
ਕਰਤਾਰ = ਰਚਣਹਾਰ, ਸਿਰਜਣਹਾਰ [ਸੰਸ: ਕਰਤਾਰ कर्तार ਬਹੁ ਬਚਨ ਹੈ कर्तृ ਦੀ ਪ੍ਰਥਮਾ ਦਾ। ਪਰ ਪੰਜਾਬੀ ਵਿਚ ਇਕ ਵਚਨ ਹੈ]।
ਹਿਤ ਕੋ = ਭਲੇ ਲਈ, ਹਿਤ ਵਾਸਤੇ।
ਸਿਫਤੀ = (ਵਾਹਿਗੁਰੂ ਦਾ) ਯਸ਼ੁ। [ਅਰਬੀ, ਸ੍ਰਿਫਤ]।
ਸਿਫਤੀ = ਸਿਫਤਾਂ ਵਾਲਾ।
ਕਰਿ ਤਾਰਨਿ = ਕਰਿ+ਤਾਰਨਿ = ਕਰਕੇ ਤਾਰਦੇ ਹਨ।
ਕਰਿ ਤਾਰਿਨਿ = ਕਲਜੁਗ ਤੋਂ ਤਾਰਨ ਵਾਲਾ, ਸੋ ਕੌਣ ਹੈ-ਨਾਮ ਮੰਤ੍ਰ।
(ਅ) ਕਰਤਾ+ਰਿਨ-ਕਰਤਾ ਰਿਣ (ਣਾਣੇ ਦਾ ਨਨਾ ਹੋਇਆ ਹੈ) ਕਰਤਾ+ ਰਿਣ+ ਪਾਪ = ਕੀਤੇ ਹੋਏ ਪਾਂ ਦਾ ਰਿਣ ਉਤਾਰਨ ਲਈ।
(ੲ) ਕਰਤਾਰਨ = ਕਰ+ਤਾਲਿ+ਨ = ਹੱਥਾਂ ਦੀ ਤਾਲੀ ਦਾ ਸ਼ਬਦ।
ਗਨ = ਸਮੂਹ, ਦਲ। ਸਵਿਤਾ = ਸੂਰਜ।
ਕਰਿਤਾਰਨ = ਕਰਿ+ਤਾਰਨ = ਕਰਕੇ ਤਾਰੇ। (ਜਿਵੇਂ) ਤਾਰੇ ਛਿਪਦੇ ਹਨ (ਸੂਰਜ) ਕਰਕੇ।
ਕਰਤਾਰ ਨਿਹਾਰ = ਕਰਤਾਰ+ਨਿਹਾਰ+(ਵਾਹਿਗੁਰੂ ਰੂਪ) ਵੇਖਦਾ ਹਾਂ।
ਜਿਉਂ ਕਰਿ ਤਾਰਨਿ = ਜਿਉਂ ਕਰ+ਤਾਰਨਿ = ਜਿਸ ਤਰ੍ਹਾਂ ਜਹਾਜ਼।
[ਸੰਸ: ਤਾਰਣਿ:- ਕਿਸ਼ਤੀ, ਜਹਾਜ਼]

**ਅਰਥ:**

(ਜਿਸ ਗੁਰੂ ਨਾਨਕ ਦੇ) ਬਿਲਾਸ ਨਾਲ ਕੀਤੇ ਵਾਕ (ਬੀ ਐਸੇ) ਸ਼ੁਭ (ਹਨ ਕਿ) ਕਲਜੁਗ ਤੋਂ ਤਾਰਨਹਾਰੇ ਹਨ, (ਜੋ) ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜਨਾ ਕਰਕੇ (ਉਡਾ ਦਿੰਦੇ ਹਨ)। ਜੇਹੜੇ ਗੁਰੂ ਨਾਨਕ ਜੀ ਲੋਕਾਂ ਨੂੰ, ਜੋ ਆਪਣੇ) ਮਨ ਵਿਚ ਵਾਹਿਗੁਰੂ ਨੂੰ ਨਹੀਂ ਪਛਾਣਦੇ, ਉਹਨਾਂ ਦੇ ਭਲੇ ਲਈ (ਵਾਹਿਗੁਰੂ ਦੀਆਂ) ਸਿਫਤਾਂ ਕਰ (ਕੇ ਉਨ੍ਹਾਂ ਨੂੰ) ਤਾਰਦੇ ਹਨ। ਪਾਪਾਂ ਦੇ ਉਤਾਰਨ (ਦੂਰ ਕਰਨ) ਲਈ ਨਾਮ ਮੰਤ੍ਰ (ਦੇ ਜੋ ਦਾਤ ਹਨ) ਅਤੇ ਜਿਨ੍ਹਾਂ ਦੇ ਦਰਸ਼ਨ ਕਰਕੇ ਪਖੰਡਾਂ ਦੇ ਸਮੂਹ (ਐਉਂ) ਛਿਪਦੇ ਹਨ ਜਿਵੇਂ ਸੂਰਜ (ਦਰਸ਼ਨ ਕਰਕੇ) ਤਾਰੇ (ਛਿਪਦੇ ਹਨ)। (ਐਸੇ) ਸ੍ਰੇਸ਼ਟ ਗੁਰੂ ਨਾਨਕ ਜੀ ਨੂੰ (ਮੈਂ) ਕਰਤਾਰ (ਵਾਹਿਗੁਰੂ ਰੂਪ) ਵੇਖਦਾ ਹਾਂ (ਜੋ) ਦਾਸਾਂ ਦਾ ਉਧਾਰ (ਐਉਂ ਭਵਸਾਗਰ ਤੋਂ ਕਰਦੇ ਹਨ) ਜਿਸ ਤਰ੍ਹਾਂ ਜਹਾਜ਼ (ਮੁਸਾਫਰਾਂ ਨੂੰ ਸਮੰਦਰੋਂ ਪਾਰ) ਕਰਦਾ ਹੈ।

**ਹੋਰ ਅਰਥ:**

ਇਸ ਸ੍ਵੈਯੇ ਵਿਚ ਕਵਿ ਜੀ ਨੇ 'ਕਰਤਾਰਨ' ਪਦ ਅੱਠ ਵੇਰੀ ਲਿਆਕੇ ਅੱਠੇ ਵੇਰ ਉਸ ਦਾ ਵਰਤਾਉ ਵੱਖਰਾ ਕੀਤਾ ਹੈ ਤੇ ਘੱਟ ਤੋਂ ਘੱਟ ਸੱਤ ਵੇਰੀ ਵੱਖੋ ਵੱਖਰੇ ਅਰਥ ਲਏ ਹਨ, ਰਤਾ ਰਤਾ ਫਰਕ ਤੇ ਅਰਥ ਹੋਰਵੇਂ ਬੀ ਲਗਦੇ ਹਨ:-

੧. (ਜਿਨ੍ਹਾਂ ਦੇ) ਬਚਨ ਵਿਲਾਸ ਕਰਤਾਰ (ਵਾਹਿਗੁਰੂ) ਵਰਗੇ ਸ਼ੁਭ ਹਨ, ਤੇ ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜੀ ਮਾਰਕੇ (ਉਡਾ ਦੇਂਦੇ ਹਨ)।

੨. ਜੇਹੜੇ (ਪੁਰਖ) ਕਰਤਾਰ (ਵਾਹਿਗੁਰੂ) ਨੂੰ ਰਿਦੇ ਵਿਚ ਨਹੀਂ ਜਾਣਦੇ ਉਨ੍ਹਾਂ ਦੇ ਭਲੇ ਲਈ (ਸਿਫਤੀ ਕਰਤਾਰਨਿ =) ਸਿਫਤਾਂ ਕਰਦੇ ਹਨ ਵਾਹਿਗੁਰੂ ਦੀਆਂ।

੩. ਇਸ ਤੁਕ ਦਾ ਇਕ ਹੋਰ ਅਰਥ ਬੜਾ ਸੁਹਣਾ ਲਗਦਾ ਹੈ:- (ਜਿਵੇਂ) ਸੂਰਜ ਚੜ੍ਹੇ ਤਾਰਿਆਂ ਦੇ ਝੁੰਡ ਛਿਪ ਜਾਂਦੇ ਹਨ (ਤਿਵੇਂ) ਦੰਭਾਂ ਦੇ ਸਮੂਹ ਤੇ ਕੀਤੇ ਪਾਪਾਂ ਦੇ ਰਿਣ (ਉਤਾਰਨ =) ਦੂਰ ਕਰਨ ਲਈ (ਗੁਰ ਨਾਨਕ ਦਰਸ਼ਨ ਹਨ)।

ਅਥਵਾ ਪਾਪਾਂ ਦੇ ਲਾਹੁਣ ਲਈ ਹੱਥ ਦੀ ਤਲੀ (ਵਾਂਙ ਹਨ, ਭਾਵ ਜੀਕੁਣ ਹੱਥ ਦੀ ਤਲੀ ਨਾਲ ਲਗੀ ਮੈਲ ਨੂੰ ਮਲਕੇ ਸਾਫ ਕਰ ਲਈਦਾ ਹੈ, ਇਵੇਂ ਹੀ ਸੀਸ ਤੇ ਸਹਲਾਹਟ ਕਰਦਿਆਂ ਜਾਂ ਹੱਥ ਛੁਹੰਦਿਆਂ ਹੀ ਪਾਪਾਂ ਦੀ ਮੈਲ ਲਹਿ ਜਾਂਦੀ ਹੈ)। ਅਥਵਾ-ਪਾਪਾਂ ਨੂੰ ਦੂਰ ਕਰਨੇ ਲਈ ਹੱਥਾਂ ਨਾਲ ਤਾੜਨਾ ਕੀਤੀ ਹੈ ਤੇ ਜਿਨ੍ਹਾਂ ਦੇ (ਦਰਸ਼ਨ ਰੂਪੀ) ਸੂਰਜ (ਦੇ ਦਿੱਸਿਆਂ) ਦੰਭ ਰੂਪ ਸਾਰੇ ਤਾਰੇ ਛਿਪ ਜਾਂਦੇ ਹਨ।

੪. ਸ੍ਰੇਸ਼ਟ ਸ਼੍ਰੀ ਗੁਰੂ ਨਾਨਕ ਜੀ ਕਰਤਾਰ ਦਿਖਾਉਣ ਵਾਲੇ (ਭਾਵ ਸਾਖਯਾਤਕਾਰੀ ਕਰਾਉਣ ਵਾਲੇ) ਹਨ, ਦਾਸਾਂ ਨੂੰ ਉਧਾਰਨ ਵਾਲੇ ਹਨ, ਜਿਵੇਂ ਜਹਾਜ਼ (ਤਾਰਦਾ ਹੈ ਸਮੁੰਦਰ ਤੋਂ)

ਅਥਵਾ ਕਰ+ਤਾਰ ਨਿਹਾਰ = (ਲਿਵ ਦੀ) ਤਾਰ ਬੰਨ੍ਹਕੇ ਗੁਰੂ ਨਾਨਕ ਨੂੰ ਦੇਖ।

ਚੌਥੀ ਤੁਕ ਦੇ ਅੰਤਲੇ ਕਰਤਾਰਨ ਦਾ ਅਰਥ ਇਉਂ ਬੀ ਬਣਦਾ ਹੈ:- ਦਾਸਾਂ ਨੂੰ ਉਧਾਰਦੇ ਹਨ, ਜਿਵੇਂ (ਕਰਿਤਾਰਨ) ਹੱਥਾਂ ਦੀ ਤਾੜੀ ਯਾ ਚੁਟਕੀ, ਭਾਵ ਛੇਤੀ ਤੋਂ ਹੈ।

## ੪. ਇਸ੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਸੈਯਾ:

ਬੰਦ ਨ ਹੋਤਿ ਸੁਨੇ ਉਪਦੇਸ਼
ਰਿਦੇ ਬਸਿ ਜਾਹਿਂ ਕਰੇ ਅਭਿਨੰਦਨ।
ਨੰਦਨ ਫੇਰੁ ਸੁਛੰਦ ਬਿਲੰਦ
ਬਿਲੋਚਨ ਸੁੰਦਰਤਾ ਅਰਬਿੰਦਨ।
ਬਿੰਦੁ ਨ ਮੰਦ ਬਿਕਾਰ ਰਹੈ
ਤਮ ਬ੍ਰਿੰਦ ਦਿਨਿੰਦ ਮਾਨਿੰਦ ਨਿਕੰਦਨ।
ਕੰਦ ਅਨੰਦ ਮੁਕੰਦ ਭਜੋ
ਗੁਰ ਅੰਗਦ ਚੰਦ ਸਦਾ ਕਰਿ ਬੰਦਨ ॥੯॥

ਬੰਦ ਨ = ਬੰਦ+ਨਾ = ਰੋਕ ਨਹੀਂ (ਹੁੰਦੀ)।
ਅਭਿਨੰਦਨ = ਖੁਸ਼ੀ, ਅਨੰਦ। (ਅ) ਮੱਥਾ ਟੇਕਣਾ, ਨਮਸਕਾਰ।
ਨੰਦਨ = ਪੁੱਤ੍ਰ। ਸਪੁੱਤ੍ਰ।
ਫੇਰੁ = ਫੇਰੂ ਜੀ। ਸ਼੍ਰੀ (ਗੁਰੂ) ਅੰਗਦ ਦੇਵ ਜੀ ਦੇ ਪਿਤਾ ਜੀ ਦਾ ਨਾਮ ਭਾਈ 'ਫੇਰੂ ਚੰਦ' ਸੀ।
ਸੁਛੰਦ = ਸੁਤੰਤ੍ਰ। [ਸੰਸ: ਸ੍ਵਛੰਦ। ] ਭਾਵ ਕਿਸੇ ਦੀ ਕਾਣ ਹੇਠ ਨਹੀਂ, ਪਾਤਸ਼ਾਹ ਜਿਵੇਂ ਸੁਤੰਤ੍ਰ ਹੁੰਦਾ ਹੈ।
ਬਿਲੰਦ = ਉੱਚੇ। [ਫਾਰਸੀ, ਬੁਲੰਦ]।
ਬਿਲੋਚਨ = ਅੱਖ, ਨੈਣ। [ਸੰਸ: ਵਿਲੋਚਨ]।
ਅਰਬਿੰਦਨ = ਕਮਲਾਂ ਦੀ, ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ) ਹੈ।
(ਅ) ਅਰਬਿੰਦ+ਨ = ਕਮਲ ਨਹੀਂ (ਬਰੱਬਰ) ਸੁੰਦਰਤਾ ਵਿਚ (ਉਨ੍ਹਾਂ ਦੀਆਂ ਅੱਖਾਂ ਦੀ ਸੁੰਦਰਤਾ ਦੇ)।
ਬਿੰਦੁ ਨ = ਬਿੰਦੁ+ਨ = ਨਹੀਂ ਹੈ ਬਿੰਦੁ, ਭਾਵ ਰਤਾ ਬੀ ਨਹੀਂ, ਰੰਚਕ ਬੀ ਨਹੀ।
ਬ੍ਰਿੰਦ = ਝੁੰਡ, ਸਾਰਾ, ਸਮੂਹ।

ਦਿਨਿੰਦ = ਸੂਰਜ। ਦਿਨ+ਇੰਦੁ = ਦਿਨ ਦਾ ਇੰਦੁ।
ਮਨਿੰਦ = ਵਰਗਾ, ਜਿਹਾ, [ਫਾ: ਮਾਨਿੰਦ]
ਨਿਕੰਦਨ = ਦੂਰ ਕਰਨ ਵਾਲਾ।     ਕੰਦ = ਫਲ (ਅ) ਬੱਦਲ, ਮੇਘ।

ਅਰਥ:

(ਜਿਨ੍ਹਾਂ ਦਾ) ਉਪਦੇਸ਼ ਸੁਣਨ ਨਾਲ (ਪਰਮਪਦ ਵਲ ਜਾਂਦਿਆਂ) ਰੋਕ ਨਹੀਂ ਪੈਂਦੀ (ਅਤੇ ਜਿਸ ਉਪਦੇਸ਼ ਦੇ) ਹ੍ਰਿਦੇ ਵਿਚ ਵਸ ਜਾਣ ਨਾਲ ਖੁਸ਼ੀ (ਪ੍ਰਾਪਤਿ) ਹੁੰਦੀ ਹੈ।

(ਉਹ ਸ਼੍ਰੀ) ਫੇਰੂ ਜੀ ਦੇ ਸਪੁੱਤ੍ਰ (ਸਭ ਤਰ੍ਹਾਂ) ਸੁਤੰਤਰ ਹਨ, (ਮਰਤਬੇ ਦੇ) ਉੱਚੇ ਹਨ, ਨੈਣਾਂ ਦੀ ਸੁੰਦਰਤਾ ਜਿਨ੍ਹਾਂ ਦੀ ਕਮਲਾਂ ਤੋਂ ਸ੍ਰੇਸ਼ਟ ਹੈ।

(ਕਿਉਂਕਿ ਜਿਧਰ ਉਹ ਨੈਣ ਤਕਦੇ ਹਨ) ਰਤਾ ਭਰ ਬੀ ਮੰਦਿਆਈ ਤੇ ਵਿਕਾਰ ਨਹੀਂ ਰਹਿ ਜਾਂਦੇ (ਤੇ) ਅਗਯਾਨ (ਐਉਂ ਦੂਰ ਹੁੰਦਾ ਹੈ) ਜਿਵੇਂ ਸਾਰਾ ਹਨੇਰਾ ਸੂਰਜ (ਦਰਸ਼ਨ ਨਾਲ) ਦੂਰ ਹੋ ਜਾਂਦਾ ਹੈ।

ਸ਼੍ਰੀ ਗੁਰੂ ਅੰਗਦ ਚੰਦ ਜੀ ਆਨੰਦ ਦੇ ਮੇਘ ਤੇ ਮੁਕਤੀ ਦੇ ਦਾਤਾ (ਹਨ ਉਨ੍ਹਾਂ ਨੂੰ) ਨਮਸਕਾਰ ਕਰਕੇ ਸਦਾ ਭਜੋ।

ਭਾਵ:

ਸਤਿਗੁਰ ਅੰਗਦ ਦੇਵ ਜੀ ਦੇ ਨੈਣਾਂ ਦੀ ਸੁੰਦਰਤਾ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਦੀ ਤਾਸੀਰ, ਉਨ੍ਹਾਂ ਦੇ ਉਪਦੇਸ਼ ਦਾ ਪ੍ਰਭਾਵ, ਦਿਆਲੂ, ਮੁਕਤੀ ਦਾਤਾ, ਅਗਯਾਨ ਦੂਰ ਕਰਨ ਦੀ ਸਮਰੱਥਾ ਵਾਲੇ ਹੋਣ ਦੀ ਮਹਿੰਮਾ ਹੈ।

ਹੋਰ ਅਰਥ:

ਇਸ ਛੰਦ ਵਿਚ ਕਈ ਤੁਕਾਂ ਦਾ ਹੋਰ ਅਰਥ ਬੀ ਕਰਦੇ ਹਨ:-

੧. ਬੰਦ ਨਾ ਹੋਤ ਸੁਣੇ ਉਪਦੇਸ਼ = ਜਿਨ੍ਹਾਂ ਦੇ ਉਪਦੇਸ਼ ਸੁਣਨ ਤੋਂ ਬੰਦ = ਬੰਧ-ਨਹੀਂ ਹੁੰਦੀ ਭਾਵ ਪੁਨਰ ਜਨਮ ਨਹੀਂ ਹੁੰਦਾ (ਅਤੇ) ਜਿਨ੍ਹਾਂ ਦੇ ਰਿਦੇ ਉਪਦੇਸ਼ ਬਸ ਜਾਏ (ਜਗਤ ਉਨ੍ਹਾਂ ਨੂੰ) ਨਮਸਕਾਰ ਕਰਦਾ ਹੈ (ਭਾਵ ਉਹ ਸੰਗਤ ਦੇ ਪੂਜ ਹੋ ਜਾਂਦੇ ਹਨ)।

ਦੂਸਰੀ ਤੁਕ ਦਾ ਪਿਛਲਾ ਅੱਧ ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ ਹੈ)।

## ੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦੇਵ ਜੀ-ਮੰਗਲ।

ਛਪਯ:

ਅਮਲ ਅਲੰਬ ਕਰਿ ਜਾਂਹਿ
ਸਮਰ ਜੈ ਪਾਵਹਿਂ ਅਰਿ ਹਰਿ।
ਹਰਿ ਨਿਤ ਲਾਵਹਿ ਧ੍ਯਾਨ
ਗ੍ਯਾਨ ਪਾਵਹਿਂ ਮੁਨਿ ਉਰ ਧਰਿ।
ਧਰਨ ਭਜਨ ਬਿਦਤਾਇ
ਸਭਿਨਿ ਮਹਿਂ ਬ੍ਯਾਪ੍ਯੋ ਸਮਸਰ।
ਸ਼ਰਨ ਦਾਸ ਗਤਿ ਲਹਤਿ
ਦਹਤਿ ਦੁਖ ਦੋਖਿਨ ਕੋ ਦਰਿ।
ਦਰ ਦੇਤਿ ਬਤਾਇ ਸੁ ਮੁਕਤਿ ਕੋ
ਹੋਹਿਂ ਪ੍ਰਸੀਦਤਿ ਚਿਤ ਸਿਮਰ।

ਮਰ ਜਨਮਨ ਕੋ ਸੰਕਟ ਕਟਤਿ
ਜੈ ਜੈ ਜੈ ਸ਼੍ਰੀ ਗੁਰ ਅਮਰ ॥੧੦॥

ਅਮਰ = ਜੋ ਨਾ ਮਰੇ। ਦੇਵਤਾ। ਦੇਵਤੇ।

ਅਲੰਬ ਕਰਿ = ਆਸਰਾ ਬਣਾਕੇ। ਆਸਰਾ ਲੈਕੇ।

ਸਮਰ = ਜੰਗ, ਜੁੱਧ। ਦੇਵਤਿਆਂ ਦੀ ਰਾਖਸ਼ਾਂ ਪਰ ਜੈ ਤਦੋਂ ਹੁੰਦੀ ਰਹੀ ਹੈ ਜਦੋਂ ਰੱਬ ਜੀ ਦਾ ਆਸ਼੍ਰਾ ਮਿਲਦਾ ਰਿਹਾ ਹੈ।

ਅਰਿਹਰਿ = ਸ਼ੱਤ੍ਰੂਆਂ ਦਾ ਨਾਸ਼ ਕਰਕੇ। ਹਰਿ = ਸ਼ਿਵਜੀ।

ਉਰਧਰਿ = ਦਿਲ ਵਿਚ ਧਾਰਕੇ। ਧਰਨ = ਧਰਤੀ ਉੱਤੇ।

(ਅ) ਧਰ+ਨਭ+ਜਨ ਬਿਦਤਾਇ = ਧਰਤੀ ਅਕਾਸ਼ ਤੇ ਜਨਾਂ ਵਿਚ ਪ੍ਰਗਟ ਹੈ।

ਸਮਸਰ = ਇਕੋ ਜਿਹਾ।

ਗਤਿ = ਮੁਕਤੀ। ਗਤਿ, ਪਦ ਇਥੇ ਦੇਹੁਰੀ ਦੀਪਕ ਹੈ, ਸ਼ਰਨਦਾਸ ਗਤਿ = ਜੋ ਦਾਸ ਸ਼ਰਨ ਜਾਂਦਾ ਹੈ, ਅਤੇ-ਗਤਿ ਲਹਿਤ = ਮੁਕਤੀ ਲੈਂਦਾ ਹੈ।

ਦਰਿ = ਦਰਦਾ ਹੈ, ਦਲਦਾ ਹੈ (ਅ) ਡਰ। ਦਰ ਦੁਖ ਦੋਖਨ ਕੋ ਦਹਤਿ = ਦੁਖਾਂ ਤੋਂ ਦੋਖਾਂ ਦਾ ਡਰ ਸਾੜ ਦੇਂਦਾ ਹੈ। (ੲ) ਦਲ, ਸਮੂਹ।

ਦਰ = ਦਰਵਾਜ਼ਾ, ਰਸਤਾ। [ਫ਼ਾਰਸੀ, ਦਰ]

ਪ੍ਰਸੀਦਤਿ = ਪ੍ਰਸੰਨ, ਪਸੀਜੇ ਹੋਏ। (ਅ) ਪ੍ਰਸੰਨ ਚਿਤ ਹੋਕੇ ਸਿਮਰ, ਸ੍ਰੀ ਗੁਰੂ ਅਮਰ ਦੇਵ ਜੀ ਨੂੰ। (ੲ) ਇਹੀ ਮੁਕਤੀ ਦਾ ਦਰਵਾਜਾ ਦਸਦੇ ਹਨ ਕਿ ਪ੍ਰਸੰਨ ਚਿਤ ਹੋਕੇ ਵਾਹਿਗੁਰੂ ਨੂੰ ਸਿਮਰ।

ਮਰ ਜਨਮਨ ਕੋ = ਜਨਮ ਮਰਨ ਦਾ। (ਅ) ਮਰਜ਼ਨ+ਮਨ ਕੋ = ਮਨ ਦੇ ਰੋਗਾਂ ਦਾ। [ਫਾਰਸੀ, ਮਰਜ਼]

ਅਰਥ:

ਦੇਵਤੇ (ਜਿਸ ਗੁਰੂ ਅਮਰ ਦਾ) ਆਸਰਾ ਲੈਕੇ ਜੁੱਧ ਵਿਚ ਜਾਕੇ ਸ਼ੱਤ੍ਰੂਆਂ ਦਾ ਨਾਸ਼ ਕਰਕੇ ਫਤੇ ਪਾਉਂਦੇ ਹਨ, (ਜਿਨ੍ਹਾਂ ਦਾ) ਧਿਆਨ ਸ਼ਿਵਜੀ ਨਿਤ ਲਗਾਉਂਦਾ ਹੈ, (ਜਿਨ੍ਹਾਂ ਨੂੰ) ਮਨ ਵਿਚ ਵਸਾ ਕੇ ਮੁਨਿ (ਲੋਕ) ਗਿਆਨ ਪ੍ਰਾਪਤ ਕਰਦੇ ਹਨ, (ਓਹਨਾਂ ਨੇ) ਧਰਤੀ ਉੱਤੇ ਪ੍ਰਗਟ ਕੀਤਾ ਹੈ (ਕਿ ਜੋ) ਸਭਨਾਂ ਵਿਚ ਇਕਸਾਰ ਵਿਆਪ ਰਿਹਾ ਹੈ (ਉਸ ਦਾ) ਭਜਨ ਕਰੋ।

(ਜੋ) ਸੇਵਕ (ਹੋਕੇ ਉਨ੍ਹਾਂ ਦੀ) ਸ਼ਰਨ ਜਾਂਦਾ ਹੈ, ਮੁਕਤੀ ਪਾਉਂਦਾ ਹੈ, ਓਹ ਦੁਖਾਂ ਨੂੰ ਸਾੜ ਦੇਂਦਾ ਹੈ ਤੇ ਦੋਖਾਂ (ਅਪਨਿਆਂ) ਨੂੰ ਦਲ ਸਿਟਦਾ ਹੈ। (ਜਿਸ ਉਤੇ ਓਹ) ਪ੍ਰਸੰਨ ਹੁੰਦੇ ਹਨ ਉਸ ਨੂੰ ਮੁਕਤੀ ਦਾ ਰਸਤਾ (ਯਾ ਬੂਹਾ ਐਉਂ) ਦੱਸ ਦਿੰਦੇ ਹਨ (ਕਿ ਹੇ ਜਗਜਾਸੂ) ਚਿਤ ਵਿਚ (ਉਸ ਦਾ) ਸਿਮਰਣ ਕਰ (ਜਿਸ ਨਾਲ) ਕਿ ਜਨਮ ਮਰਨ ਦੇ ਸੰਕਟ ਕਟੇ ਜਾਂਦੇ ਹਨ; (ਐਸੇ ਸ੍ਰੀ) ਗੁਰੂ ਅਮਰ ਜੀ ਨੂੰ (ਮੇਰੀ) ਜੈ ਹੋਵੇ, ਜੈ ਹੋਵੇ, ਜੈ ਹੋਵੇ।

ਭਾਵ:

ਸ਼੍ਰੀ ਗੁਰੂ ਜੀ ਦੇ ਉਚੇ ਵਜੂਦ ਨੂੰ ਸ਼ਿਵ ਤੇ ਦੇਵਤੇ ਧਿਆਉਂਦੇ ਹਨ, ਪ੍ਰਿਥਵੀ ਵਿਚ ਉਹ ਆਕੇ ਨਾਮ ਦਾ ਉਪਦੇਸ਼ ਦੇਕੇ ਮੁਕਤੀ ਦਾਨ ਕਰ ਰਹੇ ਹਨ। ਅਰ ਦਾਸਾਂ ਦੇ ਸੰਕਟ ਹਰ ਰਹੇ ਹਨ।

ਹੋਰ ਅਰਥ:

ਇਸ ਛਪਯ ਦਾ ਇਕ ਅਰਥ ਐਉਂ ਬੀ ਹੈ:- ਜਿਸ (ਪਰਮੇਸ਼ੁਰ) ਦਾ ਆਸਰਾ ਲੈਕੇ (ਅਮਰ =) ਦੇਵਤੇ ਜੁੱਧ ਜਿਤਦੇ ਰਹੇ ਤੇ ਸ਼ਤ੍ਰੂ ਮਾਰਦੇ ਰਹੇ, ਸ਼ਿਵ ਜਿਸ ਦਾ ਧਿਆਨ ਲਾਉਂਦਾ ਹੈ ਤੇ ਮੁਨਿ ਜਿਸ ਨੂੰ ਦਿਲ ਵਿਚ ਧਾਰਕੇ ਗਿਆਨ ਪਾਉਂਦੇ ਹਨ, ਜੋ ਧਰਤੀ ਅਕਾਸ਼ ਤੇ ਪੁਰਖਾਂ ਵਿਖੇ (ਸਮਾਨ ਸੱਤਾ) ਕਰਕੇ ਇਕ ਸਮਾਨ ਸਾਰੇ ਪ੍ਰਗਟ ਹੈ (ਉਸ ਪਰਮੇਸ਼ੁਰ ਦਾ) ਮੁਕਤੀ ਦਾ

ਦਰਵਾਜਾ (ਗੁਰੂ ਅਮਰ ਦੇਵ ਜੀ) ਸ਼ਰਨ ਆਏ ਦਾਸਾਂ ਨੂੰ ਦਸ ਦਿੰਦੇ ਹਨ ਕਿ ਚਿਤ ਵਿਚ ਸਿਮਰਨ ਕਰੋ, ਇਸ ਤਰ੍ਹਾਂ ਦੁਖ ਸਾੜਦੇ ਤੇ ਦੋਸ਼ਾਂ ਨੂੰ ਦਲਦੇ ਹੋਏ, ਜਿਸ ਤੇ ਪ੍ਰਸੰਨ ਹੋਣ ਮੁਕਤੀ (ਦਾ ਦਾਨ) ਉਸ ਨੂੰ ਦੇਂਦੇ ਹਨ, ਤੇ ਜਨਮ ਮਰਨ ਦਾ ਸੰਕਟ ਕੱਟ ਦੇਂਦੇ ਹਨ। ਐਸੇ ਸ੍ਰੀ ਗੁਰੂ ਅਮਰ (ਦੇਵ) ਜੀ ਨੂੰ ਤਿੰਨਾਂ ਕਾਲਾਂ ਵਿਚ (ਯਾ ਤਿੰਨਾਂ ਲੋਕਾਂ ਵਿਚ ਯਾ ਮਨ ਬਚ ਕਰਮ ਕਰਕੇ) ਜੈ ਹੋਵੇ, ਜੈ ਹੋਵੇ, ਜੈ ਹੋਵੇ। ਪਰੰਤੂ ਇਹ ਅਰਥ ਜ਼ਰਾ ਖਿੱਚ ਨਾਲ ਲਾਉਣਾ ਪੈਂਦਾ ਹੈ। ਤੀਸਰੀ ਤੁਕ ਦਾ ਪਹਿਲਾ ਅੱਧ-(ਉਸ ਪਰਮੇਸ਼ਰ ਦਾ) ਭਜਨ ਧਰਤੀ ਤੇ ਪ੍ਰਗਟ (ਕੀਤਾ ਹੈ)।

### ੬. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ-ਮੰਗਲ।

ਸੈਯਾ:

ਹਰਤਾ ਬਿਘਨਾਨ ਮਹਾਂ ਅਘ ਕੋ
ਉਰ ਆਤਮ ਗ੍ਯਾਨ ਪ੍ਰਕਾਸ਼ਤਿ ਜਯੋਂ ਹਰਿ।
ਹਰਿ ਦੇਤਿ ਬਸਾਇ ਸੁ ਦਾਸਨ ਕੇ
ਕਮਲਾਸਨ ਧ੍ਯਾਵਤਿ ਜਾਂਹਿ ਭਜੇ ਹਰਿ।
ਹਰਿ ਬੰਸ ਵਿਖੇ ਅਵਤਾਰ ਭਏ
ਹਤਿ ਰਾਵਣ ਕੋ ਲਿਯ ਸੰਗ ਚਮੂੰ ਹਰਿ।
ਹਰਿ ਦਾਸ ਤਨੈ ਰਮਦਾਸ ਗੁਰੂ
ਮ੍ਰਿਗ ਮੋਹ ਸੰਘਾਰਤਿ ਜਯੋਂ ਬਡ ਕੇਹਰਿ ॥੧੧॥

ਹਰਤਾ = ਹਰ ਲੈਣ ਵਾਲਾ, ਦੂਰ ਕਰਨ ਵਾਲਾ।
ਬਿਘਨਾਨ = ਬਿਘਨਾਂ ਨੂੰ। ਬਿਘਨ ਦਾ ਬਹੁਬਚਨ। ਅਘ = ਪਾਪ।
ਆਤਮ ਗ੍ਯਾਨ = ਆਪਣੇ ਆਪ ਦਾ ਗਿਆਨ। ਅਪਣੇ ਤੱਤ ਸਰੂਪ ਦਾ ਗਿਆਨ ਆਤਮਾ ਦਾ ਗਿਆਨ।
ਹਰਿ = ਹਨੇਰੇ ਨੂੰ ਜੋ ਹਰ ਲਵੇ ਸੋ-ਸੂਰਜ।
ਹਰਿ = ਪਾਪਾਂ ਨੂੰ ਜੋ ਹਰ ਲਵੇ ਸੋ-ਵਾਹਿਗੁਰੂ।
ਕਮਲਾਸਨ = ਕਮਲ ਹੈ ਆਸਨ ਜਿਸ ਦਾ ਸੋ-ਬ੍ਰਹਮਾਂ।
ਜਾਂਹਿ = ਜਿਸਨੂੰ, ਜਿਨ੍ਹਾਂ ਨੂੰ।
ਹਰਿ = ਸ਼ਿਵਜੀ। [ਸੰਸ: ਹਰਿ = ਸ਼ਿਵ]
ਹਰਿ ਬੰਸ = ਸੂਰਜ ਬੰਸ। ਹਤਿ = ਮਾਰਿਆ। ਚਮੂੰ = ਸੈਨਾ।
ਹਰਿ = ਜੋ ਲੋਕਾਂ ਦੇ ਹਥੋਂ ਚੀਜ਼ਾਂ ਖੋਹ ਲਵੇ ਸੋ-ਬਾਂਦਰ।
ਹਰਿਦਾਸ = ਸ੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ (ਭਾਈ) ਹਰੀਦਾਸ ਯਾ ਹਰਿਦਾਸ (= ਵਾਹਿਗੁਰੂ ਦਾ ਸੇਵਕ) ਸੀ।
ਤਨੈ-ਪੁੱਤ੍ਰ। ਮ੍ਰਿਗ = ਹਰਨ। ਪਰ ਮ੍ਰਿਗ ਦਾ ਅਰਥ ਉਹ ਹਾਥੀ ਬੀ ਹੈ ਜਿਸ ਦੇ ਮਸਤਕ ਵਿਚ ਚਿੱਟਾ ਤਿਲਕ ਹੁੰਦਾ ਹੈ।
ਸੰਘਾਰਤ = ਮਾਰਦੇ ਹਨ। [ਸੰਸ: ਸੰਹਾਰ संहार]
ਬਡ ਕੇਹਰਿ = ਵੱਡਾ ਸ਼ੇਰ। ਬੱਬਰ ਸ਼ੇਰ।

ਅਰਥ:

(ਅਰਥ ਤੀਸਰੀ ਤੁਕ ਤੋਂ ਤੁਰੇਗਾ, ਫਿਰ ਚੌਥੀ ਤੇ ਫਿਰ ਪਹਿਲੀ ਦੂਜੀ):- (ਤ੍ਰੇਤੇ ਜੁਗ ਵਿਖੇ ਇਕ ਰਾਮ ਜੀ) ਸੂਰਜ ਬੰਸ ਬਿਖੇ ਅਵਤਾਰੀ ਹੋਏ ਸਨ (ਜਿਨ੍ਹਾਂ ਨੇ) ਬਾਂਦਰਾਂ ਦੀ ਸੈਨਾਂ ਨਾਲ ਲੈਕੇ ਰਾਵਣ ਨੂੰ ਮਾਰਿਆ ਸੀ, (ਪਰ ਕਲਜੁਗ ਵਿਚ) ਰਾਮਦਾਸ ਜੀ ਗੁਰੂ (ਅਵਤਾਰ) ਹੋਏ ਹਨ ਜੋ (ਸ਼੍ਰੀ) ਹਰਿਦਾਸ (ਜੀ) ਦੇ ਸਪੁੱਤ੍ਰ (ਕਹਿਲਾਏ, ਇਹ ਗੁਰੂ ਜੀ) ਮੋਹ ਰੂਪੀ ਹਾਥੀ ਨੂੰ ਸ਼ੇਰ ਬੱਬਰ ਦੀ ਤਰ੍ਹਾਂ ਮਾਰਦੇ ਹਨ। (ਏਹ) ਮਹਾਂਨ ਪਾਪਾਂ ਤੇ (ਕਠਨ) ਵਿਘਨਾਂ ਨੂੰ ਦੂਰ ਕਰਨ ਵਾਲੇ (ਤੇ) ਹ੍ਰਿਦੇ (ਵਿਚ) ਸੂਰਜ ਵਾਂਙੂ ਆਤਮ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ, ਅਪਣੇ ਦਾਸਾਂ ਦੇ (ਹਿਰਦੇ ਵਿਚ) ਵਾਹਿਗੁਰੂ ਨੂੰ ਵਸਾ ਦੇਂਦੇ ਹਨ, ਜਿਨ੍ਹਾਂ ਨੂੰ ਬ੍ਰਹਮਾਂ ਧਿਆਉਂਦਾ ਹੈ ਤੇ ਸ਼ਿਵਜੀ (ਜਿਨ੍ਹਾਂ ਦਾ) ਭਜਨ ਕਰਦਾ ਹੈ।

ਭਾਵ:

ਇਸ ਸ੍ਵੈਯੇ ਵਿਚ ਕਵਿ ਜੀ ਨੇ-ਹਰਿ-ਪਦ ਕਈ ਵੇਰ ਵਰਤ ਕੇ ਉਸ ਦੇ ਅੱਡ ਅੱਡ ਅਰਥ ਵਰਤੇ ਹਨ। ਵਾਹਿਗੁਰੂ, ਸੂਰਜ, ਸ਼ਿਵ, ਬਾਂਦਰ, ਫਿਰ ਹਰਿਬੰਸ ਤੇ ਕੇਹਰਿ ਵਿਚ-ਹਰਿ-ਪਦ ਆਇਆ ਹੈ।

ਹੋਰ ਅਰਥ:

ਸ੍ਵੈਯੇ ਦੇ ਅਰਥ ਦੂਸਰੀ ਤਰ੍ਹਾਂ ਬੀ ਲਾਉਣ ਦਾ ਯਤਨ ਹੁੰਦਾ ਹੈ, ਜਿਸ ਦਾ ਭਾਵ ਇਹ ਹੈ ਕਿ ਤੀਸਰੀ ਤੁਕ ਵਾਲੇ ਤ੍ਰੇਤਾ ਦੇ ਅਵਤਾਰ 'ਰਾਮ ਜੀ' ਹੀ ਕਲਜੁਗ ਦੇ ਗੁਰੂ ਅਵਤਾਰ-ਸ੍ਰੀ ਰਾਮਦਾਸ ਗੁਰੂ ਜੀ-ਹੋਏ ਹਨ।

### ੭. ਇਸ੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਕਬਿੱਤ:

ਅਰਜਨਿ ਸੁਨਤਿ ਸੁ ਦਾਸਨ ਕੋ ਦਾਨ ਦੇਤਿ
ਮੋਹ ਕੇ ਬਿਦਾਰਬੇ ਕੋ ਬਾਕ ਸਰ ਅਰਜਨ।
ਅਰਜੁਨ ਜਸੁ ਵਿਸਤੀਰਨ ਸੰਤੋਖ ਸਿੰਘ
ਜਹਾਂ ਕਹਾਂ ਜਾਨੀਅਤਿ ਮਾਨੋ ਤਰੁ ਅਰਜਨ।
ਅਰਿਜਨ ਭਏ ਗਨ ਮੋਖ ਪਦ ਲਏ ਤਿਨ
ਸ਼ਯਾਮ ਘਨ ਤਨ ਹੋਇ ਤੋਰੇ ਜੁਮਲਾਰਜਨ।
ਅਰਜ ਨ ਜਾਨਜੋ ਜਾਇ ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈਂ ਗੁਰ ਅਰਜਨ ॥੧੨॥

ਅਰਜਨਿ = ਅਰਜ਼ਾਂ ਨੂੰ, ਬੇਨਤੀਆਂ ਨੂੰ, [ਅ: ਅਰਜ਼]।
ਬਿਦਾਰਿਬੇ = ਮਾਰ ਦੇਣ ਨੂੰ। ਬਾਕ = ਵਾਕ, ਬਚਨ, ਬਾਣੀ।
ਸਰ = ਤੀਰ, ਬਾਣ।
ਅਰਜਨ = ਪਾਂਡਵਾਂ ਵਿਚੋਂ ਤੀਸਰਾ ਭਿਰਾਉ, ਜਿਸ ਦੇ ਤੀਰ ਨਿਸ਼ਾਨੇ ਬੈਠਣ ਵਿਚ ਬੜੇ ਪ੍ਰਸਿੱਧ ਸਨ।
ਅਰਜਨ = ਉੱਜਲ [ਸੰਸ: ਅਰਜੁਨ अर्जुन]।
ਵਿਸਤੀਰਨ = ਵਿਸਥਾਰ ਕਰਨ ਵਾਲਾ। ਫੈਲਾਉਣ ਵਾਲਾ। ਗਾਯਨ ਕਰਨ ਵਾਲਾ ਬੀ ਮੁਰਾਦ ਹੈ। (ਅ) ਫੈਲ ਰਿਹਾ ਹੈ।
ਤਰੁ = ਬ੍ਰਿੱਛ। ਤਰੁ ਅਰਜਨ = ਮੁਰਦਾ ਹੈ ਕਲਪ ਬ੍ਰਿੱਛ ਤੋਂ।
ਅਰਿਜਨ = ਅਰਿ = ਵੈਰੀ। ਜਨ = ਦਾਸ। ਅਰਜਨ ਭਏ = ਜੋ ਵੈਰੀ ਦਾਸ ਹੋ ਗਏ।

(ਅ) ਅਰ = ਅਤੇ, ਜਨ = ਦਾਸ। ਅਰਜਨ ਭਏ = ਅਤੇ ਜੋ ਆਪ ਦੇ ਦਾਸ ਹੋਏ ਹਨ। ਗਨ = ਦਲ, ਝੁੰਡ, ਸਾਰੇ, ਸਮੂਹ।

ਸ਼ਯਾਮ ਘਨ = ਕਾਲਾ ਬੱਦਲ, ਕਾਲੇ ਬੱਦਲ ਵਰਗਾ ਰੰਗ ਹੋਵੇ ਜਿਸ ਦਾ ਸੋ-ਕ੍ਰਿਸ਼ਨ।

ਜੁਮਲਾਰਜਨ = ਅਰਜਨ ਇਕ ਪ੍ਰਕਾਰ ਦਾ ਬ੍ਰਿੱਛ ਹੈ ਜੋ ਹਿੰਦ ਵਿਚ ਹੁੰਦਾ ਹੈ, ਲਕੜੀ ਬੜੀ ਮਜ਼ਬੂਤ ਹੁੰਦੀ ਹੈ। ਇਹ ਬ੍ਰਿੱਛ ਧਰਤੀ ਤੋਂ ਹੀ ਦੋ ਸ਼ਾਖਾਂ ਯਾ ਦੋ ਬ੍ਰਿੱਛ ਨਾਲੋ ਨਾਲ ਜਸੋਧਾਂ ਦੇ ਘਰ ਗੋਕਲ ਵਿਚ ਉਗਿਆ ਹੋਇਆ ਸੀ, ਜਿਸ ਵਿਚ ਜਸੋਧਾਂ ਨੇ ਕ੍ਰਿਸ਼ਨ ਜੀ ਨੂੰ ਬੰਨ੍ਹ ਦਿੱਤਾ ਸੀ, ਕ੍ਰਿਸ਼ਨ ਜੀ ਨੇ ਖਿੱਚ ਕੇ ਦੋਇ ਦਰੱਖਤ ਪੁਟ ਘੱਤੇ। ਕਹਿੰਦੇ ਹਨ ਕਿ ਇਹ ਦੋ ਬ੍ਰਿੱਛ ਨਹੀਂ ਸਨ, ਪਰ ਕੁਬੇਰ ਦੇ ਦੋ ਪੁੱਤ੍ਰ ਮਣਿਗ੍ਰੀਵ ਤੇ ਨਲਕੂਬਰ ਸਨ, ਜਿਨ੍ਹਾਂ ਨੂੰ ਨਾਰਦ ਜੀ ਨੇ ਮਦ ਪੀਤੇ ਹੋਏ ਨੰਗੇ ਜਲ-ਕ੍ਰੀੜਾ ਕਰਦੇ ਵੇਖਕੇ ਸ੍ਰਾਪ ਦੇਕੇ ਅਰਜਨ ਬ੍ਰਿੱਛ ਬਣਾ ਦਿੱਤਾ ਸੀ। ਜਦੋਂ ਕ੍ਰਿਸ਼ਨ ਜੀ ਨੇ ਇਹ ਬ੍ਰਿੱਛ ਪੁੱਟ ਘੱਤੇ ਤਾਂ ਕਹਿੰਦੇ ਹਨ ਉਨ੍ਹਾਂ ਦੀ ਕਲਿਆਨ ਹੋ ਗਈ। ਕਵਿ ਜੀ ਦੀ ਮੁਰਾਦ ਹੈ ਕਿ ਗੁਰੂ ਅਰਜਨ ਜੀ ਨੇ ਰੱਬੀ ਰੌ ਦੀਆਂ ਅਟਕਾਂ ਭੰਨ ਘੱਤੀਆਂ। (ਅ) ਇਹ ਬੀ ਮੁਰਾਦ ਹੋ ਸਕਦੀ ਹੈ ਕਿ ਜਿਨ੍ਹਾਂ ਵੈਰੀਆਂ ਨੇ ਆਪ ਅੱਗੇ ਅਟਕ ਪਾਈ ਆਪ ਨੇ ਓਹਨਾਂ ਦਾ ਉਧਾਰ ਕੀਤਾ ਜਿਸ ਤਰ੍ਹਾਂ ਕ੍ਰਿਸ਼ਨ ਨੇ ਯਮਲਾਰਜਨ ਦਾ। [ਸੰਸ: ਯਮਲਾਰਜਨ यमलार्जुन ਯਮਲ = ਜੋੜਾ। ਅਰਜਨ = ਬ੍ਰਿੱਛ ਦਾ ਨਾਉਂ। ]

ਅਰਜਨ = ਅਰਜ+ਨ = ਅ਼ਰਜ਼ = ਚੁੜਾਉ। [ਅਰਬੀ, ਅਰਜ਼ = ਚੁੜਾਣ]

ਜਿਥੇ ਅਰਜ਼ ਦਾ ਵਰਤਾਉ ਐਸਾ ਹੋਵੇ ਜੈਸਾ ਕਿ ਏਥੇ ਹੈ ਓਥੇ ਤੂਲ = ਲੰਮਾਣ ਦੀ ਮੁਰਾਦ ਨਾਲ ਲੈ ਲੈਂਦੇ ਹਨ।

(ਅਰਜ਼ਨ ਦੇ ਨਾਲ ਤੂਲਨ ਸੰਭਾਵਿਤ ਹੁੰਦਾ ਹੈ।)

ਜਿਥੇ ਚੁੜੱਤਨ ਕਹੀ ਓਥੇ ਲੰਬਾਣ ਦੀ ਸੰਭਾਵਨਾਂ ਆਪੇ ਆ ਗਈ, ਮੁਰਾਦ ਹੈ ਪ੍ਰਮਾਣ ਤੋਂ। (ਅ) ਕੀਮਤ [ਫਾਰਸੀ, ਅਰਜ਼]।

ਰਾਜੈ = ਰਾਜ ਰਹੇ ਹਨ, ਪ੍ਰਕਾਸ਼ਮਾਨ ਹਨ।

ਅਰਜਨ = ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਸੁਪੁੱਤ੍ਰ ਇਨ੍ਹਾਂ ਦਾ ਨਾਮ-ਅਰਜਨ- ਇਨ੍ਹਾਂ ਦੇ ਸਰੀਰ, ਮਨ ਤੇ ਆਤਮਾਂ ਦੀ ਸ੍ਰਿਤੇ ਉੱਜਲਤਾ ਕਰਕੇ ਰਖਿਆ ਗਿਆ ਸੀ। ਫਿਰ ਆਪ ਦੇ ਕੀਤੇ ਰੂਹਾਨੀ ਕੰਮਾਂ ਬਾਬਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ:-

'ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥' [ਰਾਮ: ਵਾਰ ਰਾਇ ਬਲ:

ਅਰਥ:

ਅਰਥ ਚੌਥੀ ਤੁਕ ਤੋਂ ਟੁਰੇਗਾ ਫਿਰ ਪਹਿਲੀ ਤੇ ਫਿਰ ਤੀਜੀ ਦੂਜੀ:-

੪. ਐਸਾ (ਅਚਰਜ) ਰੂਪ ਧਾਰਕੇ ਗੁਰੂ ਅਰਜਨ ਦੇਵ ਜੀ (ਜਗਤ ਵਿਚ) ਆਕੇ ਪ੍ਰਕਾਸ਼ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆਂ ਜਾਂਦਾ ਕਿ ਆਪਦੇ (ਪ੍ਰਕਾਸ਼ ਦਾ) ਕਿਤਨਾਕੁ ਵਿਸਥਾਰ ਹੈ।

੧. (ਅਪਨੇ ਦਾਸਾਂ ਦੀਆਂ ਅਰਜ਼ਾਂ ਸੁਣਕੇ (ਉਨ੍ਹਾਂ ਨੂੰ ਮਨ ਮੰਗੀ ਮੁਰਾਦ ਦਾ) ਦਾਨ ਦੇਂਦੇ ਹੋ (ਉਨ੍ਹਾਂ ਦੇ) ਮੋਹ (ਰੂਪੀ ਸ਼ੱਤ੍ਰੂ ਨੂੰ) ਮਾਰ ਦੇਣ ਲਈ (ਆਪਦੇ) ਵਾਕ ਅਰਜਨ ਦੇ ਤੀਰਾਂ (ਵਾਂਙੂ ਅਮੋਘ) ਹਨ।

੩. (ਜੋ) ਸ਼ੱਤ੍ਰੂ (ਆਪਦੇ) ਦਾਸ ਹੋ ਗਏ (ਉਨ੍ਹਾਂ ਨੇ) ਮੁਕਤੀ ਦੇ ਸਾਰੇ ਪਦ (ਪ੍ਰਾਪਤ ਕਰ) ਲਏ (ਜਿਨ੍ਹਾਂ ਨੇ ਆਪਦੇ ਦੈਵੀ ਕੰਮ ਅਗੇ ਜੋ ਅਟਕਾਂ ਪਾਈਆਂ ਉਨ੍ਹਾਂ ਨੂੰ ਆਪਦਾ) ਸਰੀਰ (ਐਉਂ) ਉਖੇੜ ਦੇਣ ਵਾਲਾ ਹੋਕੇ ਲੱਗਾ (ਜਿਵੇਂ) ਕ੍ਰਿਸ਼ਨ ਜੀ ਦਾ (ਸਰੀਰ) ਯੁਮਲਾਰਜਨ ਨੂੰ (ਲੱਗਾ ਸੀ)।

੨. (ਤਾਂਤੇ ਆਪਦਾ) ਉੱਜਲ ਯੱਸ਼ ਕਲਪ ਬ੍ਰਿੱਛ ਵਾਂਙ (ਅੱਗੇ ਹੀ) ਸਭ ਜਗਾ ਪ੍ਰਸਿੱਧ ਹੈ (ਕਵਿ) ਸੰਤੋਖ ਸਿੰਘ ਤਾਂ (ਕੇਵਲ ਉਸ ਯਸ਼ ਦਾ) ਵਿਸਥਾਰ ਕਰਨ ਵਾਲਾ (ਇਕ ਢਾਡੀ) ਹੈ।

ਹੋਰ ਅਰਥ:

ਹੋਰ ਅਰਥ ਲਾਉਣ ਦਾ ਬੀ ਐਉਂ ਜਤਨ ਹੁੰਦਾ ਹੈ:-

੨. ਕਵੀ ਸੰਤੋਖ ਸਿੰਘ ਜੀ ਆਖਦੇ ਹਨ (ਆਪ ਦਾ) ਉੱਜਲ ਜਸ ਫੈਲ ਰਿਹਾ ਹੈ, ਜਿੱਥੇ ਕਿੱਥੇ ਮਾਨੋਂ ਕਲਪ ਬ੍ਰਿੱਛ ਹੀ ਜਾਣੀਦਾ ਹੈ, ਅਥਵਾ ਆਪ ਦਾ ਐਤਨਾ ਜਸ ਫੈਲ ਰਿਹਾ ਹੈ ਕਿ ਉਸ ਦਾ-ਅਰਜ਼+ਨ = ਮਾਪ ਨਹੀਂ ਹੈ।

੩. ਅਰਜਨ = ਬਿਨੈਵੰਤ-ਜੋ ਬਿਨੈਵੰਤ ਹੋਏ ਸਾਰਿਆਂ ਨੇ ਹੀ ਮੁਕਤੀ ਪਦ ਪਾ ਲਏ, ਆਪ ਨੇ ਹੀ ਸ਼੍ਰੀ ਕ੍ਰਿਸ਼ਨ ਸ੍ਵਰੂਪ ਧਾਰਕੇ ਜੁਮਲਾਰਜਨ ਤੋੜੇ ਸਨ, ਅਥਵਾ-ਅਰ ਜਨ ਭਏ = ਜੋ ਦਾਸ ਹੋਏ ਉਨ੍ਹਾਂ ਮੁਕਤੀ ਪਾਈ।

੮. ਇਸ੍ਰ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

ਚਿਤ੍ਰਪਦਾ ਛੰਦ:

ਸੂਰ, ਸੁਰਾਨਿ ਕੇ ਹਾਨਿ ਕਰੇ
ਛਿਤ ਆਨਤਿ ਭੇ ਬਨਿ ਕੇ ਤਨ ਸੂਰ।
ਸੂਰਤ ਸੁੰਦਰ ਜੋ ਸਿਮਰੈ
ਉਰ ਮੈਂ ਤਤ ਗਜਾਨ ਲਹੈ ਮਤਿ ਸੂਰ।
ਸੂਰ ਗਹੈ ਕਰ ਮੈਂ ਰਣ ਕੇ ਪ੍ਰਿਯ
ਨਿੰਦਕ ਜੇ ਦੁਖ ਪਾਇ ਬਿਸੂਰ।
ਸੂਰ ਬਿਸਾਲ ਕ੍ਰਿਪਾਲ ਗੁਰੂ
ਹਰਿ ਗੋਬਿੰਦ ਜੀ ਤਮ ਸ਼ੱਤ੍ਰਨ ਸੂਰ ॥੧੩॥

ਸੂਰ = ਸ਼ੇਰ। [ਸੰਸ: ਸ਼ੂਰ: = ਸ਼ੇਰ] (ਅ) ਸੂਲ, ਦੁਖ, ਕਸ਼ਟ।

ਸੁਰਾਨ ਕੇ ਹਾਨ ਕਰੇ = ਜੋ ਦੇਉਤਿਆਂ ਨੂੰ ਹਾਨੀ ਕਰੇ, ਭਾਵ ਦੈਂਤ।

(ਅ) ਸੂਰ ਸੁਰਾਨ ਕੇ ਹਾਨ ਕਰੇ = ਦੇਵਤਿਆਂ ਦੇ ਦੁਖ ਦੂਰ ਕੀਤੇ।

ਛਿਤ = ਕਿਸ੍ਤ = ਧਰਤੀ। (ਅ) ਰਣਭੂਮੀ। (ੲ) ਤਬਾਹੀ।

ਤਨ ਸੂਰ = ਸੂਰ ਤਨ = ਵਰਾਹ ਤਨ। ਸੂਰ ਵਰਗਾ ਸਰੀਰ, ਬ੍ਰਾਹ ਰੂਪ (ਵਿਸ਼ਨੂੰ ਜੀ ਦਾ ਤੀਸਰਾ ਅਵਤਾਰ ਬ੍ਰਾਹ ਮੰਨਦੇ ਹਨ)।

(ਸ) ਸੂਰ ਦਾ ਅਰਥ ਕ੍ਰਿਸ਼ਨ ਬੀ ਹੈ।

ਸੂਰ = ਪੰਡਿਤ। ਪੰਡਿਤਾਂ। [ਸੰਸ: ਸੂਰਿ = ਪੰਡਿਤ]।

(ਅ) ਮਤਿ ਸੂਰ = ਜੋ ਬੁੱਧੀ ਦੇ ਸੂਰਮੇ ਹਨ।

ਸੂਰ = ਬਰਛਾ। ਕੋਈ ਸ਼ਸਤ੍ਰ। [ਸੰਸ: ਸ਼ੂਲ = ਬਰਛਾ, ਸ਼ਸਤ੍ਰ]।

ਬਿਸੂਰ = ਕਸ਼ਟ, ਮਹਾਂ ਦੁਖੀ। [ਸੰਸ: ਵਿਸੂਰਣ = ਕਸ਼ਟ]।

(ਅ) ਪੰਜਾਬੀ ਵਿਸੂਰਣਾਂ = ਝੂਰਣ ਨੂੰ ਬੀ ਕਹਿੰਦੇ ਹਨ।

ਦੁਖ ਪਾਇ ਬਿਸੂਰ = ਦੁਖ ਪਾਉਂਦੇ ਤੇ ਝੂਰਦੇ ਹਨ।

ਸੂਰ = ਬਹਾਦਰ, ਸੂਰਮਾਂ। [ਸੰਸ: ਸੂਰ = ਬਹਾਦੁਰ]।

ਸੂਰ = ਸੂਰਜ। [ਸੰਸ: ਸ਼ੂਰ = ਸੂਰਜ]।

ਇਸ ਪਦ ਵਿਚ ਅੱਠ ਵੇਰ-ਸੂਰ-ਪਦ ਆਯਾ ਹੈ, ਅਰਥ ਐਉਂ ਹਨ:-

| ਪਦ | ਮੂਲ | ਅਰਥ |
|---|---|---|
| ੧. ਸੂਰ | ਸ਼ੂਰ [ਸੰਸ: ] | ਸ਼ੇਰ। |

੨. ਸੂਰ ਸ਼ੂਰ [ਸੰਸ: ] ਬਰਾਹ।
੩. ਸੂਰਤ ਕੇਵਲ ਸੂਰਤ ਪਦ ਦੇ ਪਹਿਲੇ
ਦੋ ਅੱਖਰ ਫਾਰਸੀ ਸੂਰਤ। ਸ਼ਕਲ।
੪. ਸੂਰ ਸੂਰਿ [ਸੰਸ: ] ਪੰਡਿਤ।
੫. ਸੂਰ ਸ਼ੂਲ [ਸੰਸ:] ਬਰਛਾ।
੬. ਬਿਸੂਰ ਵਿਸੂਰ ਦੇ ਅੰਤਲੇ ਦੋ ਅੱਖਰ ਸੂਰ ਹਨ।
[ਸੰਸ: ਵਿ+ਸੂਰ, ਵਿਸ਼ੇਸ਼ ਕਰਕੇ।
ਸੂਰ, = ਦੁੱਖ ਦੇਣਾ] ਕਸ਼ਟ।
੭. ਸੂਰ ਸ਼ੂਰ [ਸੰਸ: ] ਬਹਾਦੁਰ।
੮. ਸੂਰ ਸ਼ੂਰ [ਸੰਸ: ] ਸੂਰਜ।

ਅਰਥ:

ਦੇਵਤਿਆਂ ਨੂੰ ਹਾਨੀ ਦੇਣ ਵਾਲੇ (ਦੈਂਤਾਂ) ਤੋਂ (ਜਿਵੇਂ ਵਿਸ਼ਨੂੰ ਜੀ) ਬਰਾਹ ਰੂਪ ਬਣਕੇ ਪ੍ਰਿਥਵੀ ਲੈ ਆਏ (ਤਿਵੇਂ ਆਪ ਮੁਗਲ ਮਲੇਛਾਂ ਤੋਂ ਭਾਰਤ ਭੂਮੀ ਛੁਡਾਉਣ ਲਈ) ਸ਼ੇਰ (ਰੂਪ ਧਾਰਕੇ ਆਏ ਹੋ)।

ਆਪ ਦੀ ਸੁਹਣੀ ਸੂਰਤ ਜੋ ਸਿਮਰੇ (ਉਹ) ਆਪਣੇ ਹਿਰਦੇ ਵਿਚ ਤਤ ਗਯਾਨ ਪ੍ਰਾਪਤ ਕਰੇਗਾ; ਤੇ ਓਸ ਦੀ ਬੁਧੀ ਪੰਡਿਤ ਹੋ ਜਾਏਗੀ।

(ਤੁਸੀਂ) ਰਣ ਦੇ ਪਿਆਰੇ ਹੋ (ਜਦੋਂ) ਬਰਛਾ ਹੱਥ ਵਿਚ ਫੜਦੇ ਹੋ (ਤਾਂ) ਜੋ ਨਿੰਦਕ ਹਨ (ਉਹ) ਦੁੱਖ ਤੇ ਕਸ਼ਟ ਪਾਉਂਦੇ ਹਨ।

(ਹੇ) ਗੁਰੂ ਹਰਿਗੋਬਿੰਦ ਜੀ! (ਤੁਸੀਂ) ਬੜੇ ਸੂਰਮੇ ਹੋ, ਕ੍ਰਿਪਾਲੂ ਹੋ, ਵੈਰੀਆਂ (ਰੂਪੀ) ਹਨੇਰੇ ਨੂੰ ਸੂਰਜ ਹੋਕੇ ਢੁੱਕਦੇ ਹੋ।

ਹੋਰ ਅਰਥ:

(੧) (ਯਵਨੀ ਲੋਕ ਜੋ) ਸੂਰਾਂ (ਵਰਗੇ ਮਲੇਛ ਸਨ ਭਾਰਤ) ਭੂਮਿ ਤੇ ਆ ਗਏ (ਤੇ ਹਿੰਦੀ ਜੋ) ਦੇਵਤਾ (ਸਨ ਉਨ੍ਹਾਂ ਦੀ) ਹਾਨੀ ਕਰ ਰਹੇ ਸਨ। (ਆਪ ਉਹਨਾਂ ਦੀ ਰਖਸ਼ਾ ਤੇ ਧਰਨੀ ਨੂੰ ਮਲੇਛਾਂ ਤੋਂ ਛੁਡਾਉਣ ਲਈ) ਵਿਸ਼ਨੂ ਰੂਪ ਹੋਕੇ ਆਏ।

(੩) ਰਣ ਦੇ ਪਿਆਰੇ ਭਾਵ ਜੋਧਾ ਹੋਕੇ ਬਰਛਾ ਹੱਥ ਵਿਚ ਲੈਕੇ (ਆਪ ਨੇ ਐਸਾ ਫੇਰਿਆ ਕਿ) ਨਿੰਦਕ (ਮਲੇਛ) ਦੁਖੀ ਹੋਕੇ ਝੂਰਣ ਲਗੇ।

(੪) (ਜ਼ੁਲਮ ਦਾ) ਹਨੇਰਾ (ਪਸਾਰਨ ਵਾਲੇ, ਦੇਸ ਦੇ) ਵੈਰੀਆਂ ਨੂੰ ਬੜੇ ਸੂਰਮਾ ਕ੍ਰਿਪਾਲੂ ਗੁਰੂ ਹਰਿਗੋਬਿੰਦ ਜੀ ਸੂਰਜ ਵਾਂਙੂ ਲਗੇ ਭਾਵ ਉਹਨਾਂ ਨੂੰ ਪ੍ਰਾਜੈ ਕਰ ਦਿੱਤਾ!

(੨) ਐਸੇ (ਸਤਿਗੁਰੂ ਦੀ ਜਲਾਲ ਤੇ ਜਮਾਲ ਦੋਹਾਂ ਤਰ੍ਹਾਂ ਨਾਲ) ਸੁੰਦਰ ਸੂਰਤ ਨੂੰ ਜੋ ਕੋਈ ਸਿਮਰੇ ਉਹ ਦਿਲ ਵਿਚ ਤਤ੍ਵ ਗਯਾਨੀ ਤੇ (ਵਰਤੋਂ ਵਿੱਚ) ਸੂਰਮਗਤੀ ਦੀ ਬੁੱਧੀ ਵਾਲਾ ਹੋ ਜਾਏਗਾ, ਭਾਵ ਗਯਾਨੀ ਬੀ ਹੋਵੇਗਾ ਤੇ ਜ਼ੁਲਮ ਕਸ਼ਟ ਦਾ ਮੁਕਾਬਲਾ ਕਰਨੇ ਵਾਲਾ ਸੂਰਮਾ ਬੀ ਹੋਵੇਗਾ। ਦੂਜੀ ਤੁਕ ਵਿਚ-ਮਤਿ ਸੂਰ = ਜੋ ਬੁੱਧੀ ਦੇ ਸੂਰਮੇਂ ਹਨ।

(੩) 'ਸੂਰ ਗਹੇ ਕਰ ਮੈਂ ਰਣਕੇ, ਪ੍ਰਿਯ ਨਿੰਦਕ', ਐਉਂ ਪਾਠ ਬੀ ਕਰਦੇ ਹਨ, ਅਰਥ ਹੋਣਗੇ-ਹੱਥ ਵਿਚ ਬਰਛਾ ਫੜਕੇ (ਜਦ ਆਪ) ਰਣ ਵਿਚ (ਆਉਂਦੇ ਹਨ) ਤਾਂ ਆਪ ਦੇ ਪਿਆਰਿਆਂ ਦੇ ਨਿੰਦਕ ਕਸ਼ਟਾਤੁਰ ਹੋ ਜਾਂਦੇ ਹਨ।

ਭਾਵ:

ਛਿਤ ਤੇ ਸੁਰ ਪਦ ਤੋਂ ਪਹਿਲੀ ਤੁਕ ਦੇ ਅਰਥ 'ਬਰਾਹ ਅਵਤਾਰ' ਵਾਲੇ ਕਰਨ ਦੀ ਰਗ਼ਬਤ ਰਹੀ, ਪਰੰਤੂ ਜੇ ਇਹ ਖਿਆਲ ਛੱਡਕੇ ਸ੍ਰੀ ਗੁਰ ਨਾਨਕ ਪ੍ਰ: ਪੂ: ਅਧ੍ਯਾਯ ੧ ਅੰਕ ੧੫ ਵਲ ਧਿਆਨ ਕਰੀਏ ਤਾਂ ਇਹ ਸਾਰਾ ਛੰਦ ਗੁਰੂ ਜੀ ਦੇ ਸਨੱਧ ਬੱਧ ਰੂਪ ਵਲ ਲੱਗਦਾ ਹੈ। 'ਸ਼੍ਰੀ ਗੁਰੂ ਹਰਿਗੋਬਿੰਦ ਬਰ ਸਨਧ ਬੱਧ ਧਰ ਧ੍ਯਾਨ' ਇਥੇ ਓਸੇ ਸਨੱਧ ਬੱਧ ਸ੍ਵਰੂਪ ਦਾ ਚਿੱਤ੍ਰ ਰਣਭੂਮੀ ਵਿਚ ਖਿੱਚ ਰਹੇ ਜਾਪਦੇ ਹਨ। ਕਿਉਂਕਿ ਪ੍ਰਕਰਣ ਸਾਰਾ ਰਣਖੇਤ੍ਰ ਦਾ ਹੈ। ਫੇਰ ਅਰਥ ਐਉਂ ਹੈ:-

(ਸ਼੍ਰੀ ਗੁਰੂ ਹਰਿਗੋਬਿੰਦ ਜੀ ਛਿਤ ਆਨਤ ਭੇ) ਰਣਭੂਮੀ ਵਿਚ ਸੂਰਮਾਂ ਸ੍ਵਰੂਪ ਧਾਰ ਕੇ ਆਏ (ਜਿੱਥੇ ਜੰਗ ਰਚਾ ਕੇ) ਸੂਰਮਿਆਂ ਦੇ ਸੂਰਮੱਤਣ ਨੂੰ ਨਾਸ਼ ਕਰਦੇ ਭਏ। ਓਸ ਸੁਹਣੀ ਸੂਰਤ ਨੂੰ ਜੋ ਯਾਦ ਕਰੇ ਓਹ ਹਿਰਦੇ ਵਿਚ ਤਾਂ ਤੱਤ ਗ੍ਯਾਨ ਨੂੰ ਪਾਏਗਾ ਤੇ ਬੁੱਧੀ ਵਿਚ ਸੂਰਮੱਤਣ ਭਾਵ ਬੀਰ ਰਸ ਪ੍ਰਾਪਤ ਕਰੇਗਾ। ਮਤਲਬ ਇਹ ਹੈ ਕਿ ਗੁਰੂ ਜਯੋਤੀ ਦੇ ਸੁਤੇ ਪ੍ਰਭਾਵ ਪੈਣ ਕਰਕੇ ਤਾਂ ਤੱਤ ਗ੍ਯਾਨ ਪਾਏਗਾ ਤੇ ਰਣ ਛੇਤ੍ਰ ਵਿਚ ਸਨੱਧ ਬੱਧ ਬੀਰ ਰਸ ਦੇ ਪ੍ਰਭਾਵ ਪੈਣ ਤੋਂ ਸੂਰਮੱਤਣ ਪਾਏਗਾ। ਇਸੀ ਤਰ੍ਹਾਂ ਰਣ ਵਿਚ ਬਰਛਾ ਲੈਕੇ ਆਉਣਾ ਸ਼ੱਤ੍ਰੂਆਂ ਦਾ ਪ੍ਰਾਜੈ ਕਰਨਾ, ਗੱਲ ਕੀ ਸਾਰੇ ਛੰਦ ਵਿਚ ਓਹੋ ਰੂਪਕ ਨਿਭਿਆ ਹੋਇਆ ਹੈ।

### ੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

ਸੈਯਾ:

ਤਾਰਾ ਬਿਲੋਚਨ ਸੋਚਨ ਮੋਚਨ
ਦੇਖਿ ਬਿਸ਼ੇਖ ਬਿਸੈ ਬਿਸ ਤਾਰਾ।
ਤਾਰਾ ਭਵੋਦਧਿ ਤੇ ਜਨ ਕੋ
ਗਨ ਕੀਰਤਿ ਸੇਤੁ ਕਰੀ ਬਿਸਤਾਰਾ।
ਤਾਰਾ ਮਲੇਛਨ ਕੇ ਮਤ ਕੋ
ਉਦਿਤੇ ਦਿਨਨਾਥ ਜਥਾ ਨਿਸ ਤਾਰਾ।
ਤਾਰਾ ਰਿਦੈ ਉਪਦੇਸ਼ ਦੈ ਖੋਲਤਿ
ਸ਼੍ਰੀ ਹਰਿਰਾਇ ਕਰੇ ਨਿਸਤਾਰਾ ॥੧੪॥

ਤਾਰਾ = ਅੱਖ ਦੀ ਪੁਤਲੀ। [ਸੰਸ: ਤਾਰ:]
ਬਿਲੋਚਨ = ਅੱਖ [ਸੰਸ: ਵਿਲੋਚਨ]। ਸੋਚਨ = ਸੋਚਾਂ। ਫਿਕਰ।
ਮੋਚਨ = ਦੂਰ ਕਰਨ ਵਾਲਾ। [ਸੰਸ: ਮੋਚਨ = ਦੂਰ ਕਰਨਾ। ]
ਬਿਸ਼ੇਖ = ਵਿਸ਼ੇਸ਼ ਕਰਕੇ, ਗਹੁ ਨਾਲ, ਮੁਰਾਦ ਹੈ ਪਿਆਰ ਤੇ ਸ਼ਰਧਾ ਦੇ ਭਾਵ ਨਾਲ।
ਬਿਸੈ = ਵਿਸ਼ਯਾ, ਕਾਮ ਕ੍ਰੋਧ ਲੋਭ ਆਦਿਕ ਵਿਖ੍ਯ।
ਬਿਸ = ਜ਼ਹਿਰ [ਸੰਸ: ਵਿਖ਼]।
ਤਾਰਾ = ਮੁਕਤ ਕੀਤਾ, ਛੁਡਾਇਆ। [ਸੰਸ: ਤਾਰਣ = ਮੁਕਤ ਕਰਨਾ]
ਤਾਰਾ = ਤਾਰਿਆ, ਪਾਰ ਕੀਤਾ [ਸੰਸ: ਤਾਰਣ = ਪਾਰ ਕਰਨਾ]।
ਭਵੋਦਧਿ = ਭਵ ਸਾਗਰ [ਸੰਸ: ਭਵ+ਉਦਧਿ = ਸੰਸਾਰ ਸਾਗਰ] ਮੁਰਾਦ ਹੈ ਸੰਸਾਰ ਦੇ ਮੋਹ, ਮਾਯਾ, ਦੁਖ, ਕਲੇਸ਼ ਤੋਂ।
ਸੇਤੁ = ਪੁਲ [ਸੰਸ: ਸੇਤੁ:]।
ਬਿਸਤਾਰਾ = ਤਾਣਿਆ। ਫੈਲਾਇਆ, ਦੋ ਕਿਨਾਰਿਆਂ ਦੇ ਵਿਚ ਬੰਨ੍ਹ ਦਿੱਤਾ।
[ਸੰਸ: ਵਿਸ੍ਤਾਰ = ਫੈਲਾਵ]

ਤਾਰਾ = ਤਾੜਿਆ, ਝਿੜਕ ਦਿੱਤਾ, ਮਾਤ ਕੀਤਾ। [ਸੰਸ: ਤਾੜਨੰ]।
ਉਦਿਤੇ = ਉਦਯ, ਚੜ੍ਹਨਾ ਸੂਰਜ ਦਾ।
ਦਿਨਨਾਥ = ਦਿਨ ਦਾ ਮਾਲਕ = ਸੂਰਜ।
ਨਿਸਤਾਰਾ = ਰਾਤ ਦੇ ਤਾਰਿਆਂ (ਨੂੰ) [ਸੰਸ: ਨਿਸ਼ਾ = ਰਾਤ। ਤਾਰਾ = ਸਿਤਾਰਾ]।
ਤਾਰਾ = ਤਾਲਾ, ਜੰਦਰਾ [ਸੰਸ: ਤਾਲਕ। ਹਿੰਦੀ ਤਾਲਾ]।
ਨਿਸਤਾਰ = ਪਾਰ ਉਤਾਰਾ, ਮੁਕਤੀ, [ਸੰਸ: ਨਿਸ੍ਤਾਰ:)

**ਅਰਥ:**

(ਜਿਨ੍ਹਾਂ ਦੀ) ਅੱਖ ਦੀ ਪੁਤਲੀ (ਦਾ ਸੁਭਾਵਕ ਦਰਸ਼ਨ ਮਨ ਦੇ) ਫਿਕਰਾਂ ਨੂੰ ਦੂਰ ਕਰਨ ਵਾਲਾ ਹੈ, (ਪਰ ਜਿਸਨੇ) ਗਹੁ ਨਾਲ ਤੱਕਿਆ (ਇਸ ਨੇ ਉਸਨੂੰ ਵਿਸ਼ੇ ਰੂਪੀ) ਜ਼ਹਰ (ਤੋਂ) ਮੁਕਤ ਕੀਤਾ,

(ਜਿਨ੍ਹਾਂ ਨੇ ਵਾਹਿਗੁਰੂ ਦੇ) ਕੀਰਤਨ ਦਾ ਪੁਲ (ਲੋਕ ਪ੍ਰਲੋਕ ਦੇ ਵਿਚਕਾਰ) ਤਾਣਕੇ (ਅਪਣੇ) ਦਾਸਾਂ ਦੇ ਸਮੂਹਾਂ ਨੂੰ ਭਵਸਾਗਰ ਤੋਂ ਪਾਰ ਕੀਤਾ ਹੈ,

(ਜਿਨ੍ਹਾਂ ਨੇ) ਮਲੇਛਾਂ ਦੇ ਮਤ ਨੂੰ (ਐਉਂ) ਤਾੜਨਾਂ ਕੀਤੀ ਹੈ (ਜਿਵੇਂ) ਸੂਰਜ ਦੇ ਉਦੇ ਹੋਣ ਨਾਲ ਰਾਤ ਦੇ ਤਾਰਿਆਂ ਨੂੰ (ਤਾੜਨਾਂ ਹੋ ਜਾਂਦੀ ਹੈ),

(ਐਸੇ) ਸ਼੍ਰੀ ਗੁਰੂ ਹਰਿ ਰਾਇ ਜੀ (ਜਗਜਾਸੂਆਂ ਦੇ) ਹਿਰਦੇ ਦੇ ਜੰਦਰੇ ਨੂੰ ਉਪਦੇਸ਼ ਦੇਕੇ ਖੋਹਲ ਦਿੰਦੇ ਹਨ (ਮੇਰਾ ਬੀ) ਪਾਰ ਉਤਾਰਾ (ਕਲਜਾਨ) ਕਰਨ।

**ਹੋਰ ਅਰਥ:**

ਪਹਿਲੀ ਤੁਕ ਦਾ ਅਰਥ ਐਉਂ ਬੀ ਲਗਦਾ ਹੈ:- ਵਿਸ਼ੇਸ਼ ਕਰਕੇ ਜੋ ਦੇਖੀਦਾ ਹੈ (ਜਗਤ ਵਿਚ) ਵਿਸ਼ਿਆਂ ਦਾ ਪਸਾਰਾ (ਇਸਦੀ) ਚਿੰਤਾਂ ਤੋਂ ਨੇਤ੍ਰਾਂ ਦੀ (ਕ੍ਰਿਪਾ) ਦ੍ਰਿਸ਼ਟੀ ਨਾਲ ਛੁੜਾ ਲੈਂਦੇ ਹਨ (ਗੁਰੂ ਜੀ)। [ਤਾਰਾ ਬਿਲੋਚਨ = ਨੇਤ੍ਰਾਂ ਦੀ ਦ੍ਰਿਸ਼ਟੀ]।

### ੧੦. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਸ਼੍ਰੀ ਸਤਿਗੁਰੂ ਪੂਰਨ ਹਰਿ ਕ੍ਰਿਸ਼ਨ।
ਕ੍ਰਿਸ਼ਨ ਬਰਤਮਾਂ ਬਨ ਅਘ ਕ੍ਰਿਸ਼ਨ।
ਕ੍ਰਿਸ਼ਨ ਸਰੂਪ ਦਾਸ ਜਿਸ ਕ੍ਰਿਸ਼ਨ।
ਕ੍ਰਿਸ਼ਨ ਭਗਤਿ ਕੋ ਮੇਘਦ ਜਿਸ਼ਨ ॥੧੫॥

ਹਰਿ ਕ੍ਰਿਸ਼ਨ = ਅੱਠਵੇਂ ਸਤਿਗੁਰੂ ਜੀ ਦਾ ਪਵਿੱਤ੍ਰ ਨਾਮ।
ਕ੍ਰਿਸ਼ਨ ਬਰਤਮਾਂ = ਕ੍ਰਿਸ਼ਣ ਵਰਤਮਾਂ = ਅਗਨੀ, [ਸੰਸ: ਕ੍ਰਿਖਵਰਤਮਨ = ਜਿਸਦਾ ਰਸਤਾ ਕਾਲਾ ਹੋਵੇ, ਭਾਵ ਅਗਨੀ ਜੋ ਧੂੰਏਂ ਦੇ ਮਗਰ ਟੁਰਦੀ ਹੈ। ਕਵਿ ਸੰਤੋਖ ਸਿੰਘ ਜੀ ਨੇ ਅਪਣੇ ਕੋਸ਼ ਵਿਚ ਅਗਨੀ ਦੇ ਨਾਵਾਂ ਵਿਚ ਬੀ ਕ੍ਰਿਸ਼ਨ ਵਰਤਮਾਂ ਅਗਨੀ ਦਾ ਨਾਮ ਲਿਖਿਆ ਹੈ] ਅੱਗੇ ਪਦ-ਬਨ-ਪਿਆ ਹੈ, ਇਸ ਕਰਕੇ-ਕ੍ਰਿਸ਼ਨ ਬਰਤਮਾਂ-ਦੀ ਮੁਰਾਦ ਦਾਵਾ ਅਗਨੀ ਤੋਂ ਹੈ। ('ਵਰਦ' ਨਾਮ ਬੀ ਇਕ ਅਗਨੀ ਦਾ ਹੈ ਜੋ ਪਾਪਾਂ ਦੇ ਪ੍ਰਾਸਚਿਤ ਦੀਆਂ ਬਲੀਆਂ ਲੈਂਦੀ ਹੈ)।
ਕ੍ਰਿਸ਼ਨ = ਕਾਲਾ। ਬਨ ਅਘ ਕ੍ਰਿਸ਼ਨ = ਪਾਪਾਂ ਰੂਪੀ ਕਾਲੇ ਬਨ ਨੂੰ।
ਕ੍ਰਿਸ਼ਨ = ਪਰਮਾਤਮਾਂ (ਦੇਖੋ ਸ਼੍ਰੀ ਗੁਰੂ ਗ੍ਰੰਥ ਕੋਸ਼), ਪਿਆਰ ਦੀ ਖਿੱਚ ਪਾਉਣ ਵਾਲੇ।
ਕ੍ਰਿਸ਼ਨ = ਉਸ ਅਨਪੜ੍ਹ ਝੀਊਰ ਵਲ ਇਸ਼ਾਰਾ ਹੈ ਜਿਸਨੂੰ ਸਤਿਗੁਰਾਂ ਨੇ ਇਕ ਪੰਡਤ ਨਾਲ ਸ਼ਾਸਤ੍ਰਾਰਥ ਕਰਵਾ ਕੇ ਜਿਤਾਇਆ ਸੀ। ਉਸਦਾ ਰੰਗ ਬੀ ਕ੍ਰਿਸ਼ਨ (ਕਾਲਾ) ਸੀ। ਯਥਾ- 'ਕਾਰੋ ਬਰਨ ਬਸਤ੍ਰ ਜਿਸ ਫਾਰੇ' (ਦੇਖੋ ਰਾਸ ੧੦ ਅੰਸੂ ੩੮ ਅੰਤ ੩੩)

(ਅ) ਕ੍ਰਿਸ਼ਜ+ਨ-ਜੋ ਕਦੇ ਲਿੱਸੇ ਨਹੀਂ ਹੁੰਦੇ, ਕਿਸੇ ਅੱਗੇ ਹਾਰ ਨਹੀਂ ਖਾਂਦੇ, ਇਸ਼ਾਰਾ ਉਸੇ ਝੀਵਰ ਸਿੱਖ ਦੀ ਜਿੱਤ ਵੰਨੇ ਹੈ, ਜਿਸਤੋਂ ਪੰਡਤ ਨੂੰ ਹਾਰ ਦਿਵਾਈ ਸੀ।

[ਸੰਸ: ਕ੍ਰਿਸ਼]।

ਕ੍ਰਿਸ਼ਨ = ਖੇਤੀ [ਸੰਸ: ਕ੍ਰਿਖ਼ਿ = ਖੇਤੀ।

ਮੇਘਦ = ਮੇਘ+ਦ = ਬੱਦਲ ਦੇਣ ਵਾਲੇ। ਮੀਂਹ ਵਸਾਉਣ ਵਾਲੇ।

ਜਿਸ਼ਨ = ਇੰਦ੍ਰ। [ਸੰਸ: ਜਿਖ੍ਣੁ]

ਅਰਥ:

ਸ਼੍ਰੀ ਹਰਿ ਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ, ਪਾਪਾਂ (ਰੂਪੀ) ਕਾਰੇ ਬਨ ਨੂੰ (ਦਾਹ ਕਰਨ ਲਈ) ਅਗਨੀ (ਸਮਾਨ ਹਨ); ਪਰਮਾਤਮਾ ਦਾ ਰੂਪ ਹਨ, ਜਿਨ੍ਹਾਂ ਦੇ ਦਾਸ ਨੂੰ (ਕਦੇ) ਹਾਰ ਨਹੀਂ; ਭਗਤੀ (ਰੂਪੀ) ਖੇਤੀਆਂ ਨੂੰ ਬਰਖਾ ਦੇਕੇ ਇੰਦ੍ਰ (ਸਮਾਨ ਪਾਲਣਹਾਰ ਹਨ)

ਭਾਵ:

ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਸਤਿਗੁਰਾਂ ਦਾ ਨਾਮ ਹੈ। ਹਰਿ ਕ੍ਰਿਸ਼ਨ ਦਾ ਅਰਥ ਹੈ ਸੁਨਹਿਰੀ ਝਾਂਵਲੇ ਵਾਲੇ, ਸਾਂਵਲੇ ਸਲੋਨੇ ਰੰਗ ਵਾਲੇ। ਦੂਸਰਾ ਅਰਥ ਹੈ ਭਗਤਾਂ ਦੇ ਦਿਲਾਂ ਨੂੰ ਖਿੱਚ ਲੈਣ ਵਾਲੇ ਹਰਿ = (ਪਰਮਾਤਮਾ ਸਰੂਪ)। ਐਸੇ ਸਤਿਗੁਰੂ ਜੀ ਪੂਰਨ ਸਨ ਚਾਹੇ ਉਨ੍ਹਾਂ ਦੀ ਸਰੀਰਕ ਉਮਰਾ ਛੋਟੀ ਸੀ, ਪਰ ਗੁਰੂ ਜੋਤ ਪੂਰਨ ਰੂਪਤਾ ਕਰਕੇ ਉਨ੍ਹਾਂ ਵਿਚ ਪਰਜ੍ਵਲਤ ਸੀ। ਰੋਗੀਆਂ ਨੂੰ ਰਾਜ਼ੀ ਕਰਦੇ ਸਨ, ਰੋਗ ਪਾਪਾਂ ਦਾ ਫਲ ਹਨ। ਪਾਪ ਦਗਧ ਹੋਣ ਤਾਂ ਰੋਗ ਦੂਰ ਹੁੰਦੇ ਹਨ। ਇਸ ਕਰਕੇ ਕਵਿ ਜੀ ਉਨ੍ਹਾਂ ਨੂੰ 'ਪਾਪਾਂ ਰੂਪੀ ਕਾਲੇ ਬਨ ਨੂੰ ਦਗਧ ਕਰਨੇ ਵਾਲੀ ਅਗਨੀ' ਆਖਦੇ ਹਨ। ਦਿੱਲੀ ਜਾਂਦਿਆਂ ਇਕ ਵਿਦਜਾ ਅਭਿਮਾਨੀ ਪੰਡਤ ਦਾ ਮਾਨ ਹਰਨ ਵਾਸਤੇ ਉਸਦੇ ਤਰਕ ਕਰਨੇ ਪਰ ਸਤਿਗੁਰੂ ਜੀ ਨੇ ਇਕ ਅਨਪੜ੍ਹ ਸਿੱਖ ਦੇ ਸਿਰ ਹੱਥ ਧਰਕੇ ਪੰਡਤ ਜੀ ਨਾਲ ਚਰਚਾ ਵਿਚ ਹਰਾਕੇ ਉਸਨੂੰ ਭਗਤੀ ਮਾਰਗ ਤੇ ਪਾਕੇ ਤਾਰਿਆ ਸੀ, ਉਸ ਸਾਖੀ ਵਲ ਇਸ਼ਾਰਾ ਕਰਕੇ ਕਵਿ ਜੀ ਕਹਿੰਦੇ ਹਨ ਕਿ ਆਪਦੇ ਦਾਸਾਂ ਨੂੰ ਕਦੇ ਹਾਰ ਨਹੀਂ। ਅਥਵਾ ਆਪ (ਕ੍ਰਿਸ਼ਨ = ਸਰੂਪ) ਪ੍ਰਮਾਤਮਾ ਰੂਪ ਹਨ ਤੇ (ਦਾਸ ਜਿਸ ਕ੍ਰਿਸ਼ਨ =) ਦਾਸ ਜਿਨ੍ਹਾਂ ਦੇ (ਦ੍ਵਾਪਰ ਦੇ ਅਵਤਾਰ) ਸ਼੍ਰੀ ਕ੍ਰਿਸ਼ਨ (ਤੁੱਲ ਜੋਗੀ ਤੇ ਗਿਆਨੀ ਹਨ*)। ਅੰਤ ਵਿਚ ਕਹਿੰਦੇ ਹਨ ਕਿ ਆਪ ਇੰਦ੍ਰ ਸਮਾਨ ਹਨ ਜੋ ਖੇਤੀਆਂ ਨੂੰ ਪਾਣੀ ਦੇਕੇ ਪਾਲਦਾ ਹੈ, ਸ਼੍ਰੀ ਗੁਰੂ ਜੀ ਸਿਖੀ ਰੂਪੀ ਖੇਤੀ ਨੂੰ ਮੇਹਰ ਦਾ ਮੀਂਹ ਪਾਕੇ ਪਾਲਦੇ ਹਨ। ਇਸ ਤੁਕ ਵਿਚ ਇਕ ਸ਼ਲੇਖ ਅਰਥ ਨਾਲ ਹੋਰ ਸੈਨਤ ਬੀ ਜਾਪਦੀ ਹੈ।

ਯੋਗ ਮਾਰਗ ਵਿਚ ਜਦੋਂ ਕਲੇਸ਼ ਕਰਮ ਦੀ ਨਵਿਰਤੀ ਹੋ ਜਾਂਦੀ ਹੈ ਸਤਜ ਅਸਲ ਹੋ ਦਿਸਦਾ ਹੈ, ਉਸ ਨੂੰ 'ਧਰਮ ਮੇਘਾ' ਸਮਾਧੀ ਕਹਿੰਦੇ ਹਨ। ਕਵਿ ਜੀ ਕਹਿੰਦੇ ਹਨ ਕਿ ਜਿਵੇਂ ਇੰਦ੍ਰ ਖੇਤੀਆਂ ਨੂੰ ਮੇਘ ਦਾਤਾ ਹੈ ਤਿਵੇਂ ਗੁਰੂ ਹਰਿ ਕ੍ਰਿਸ਼ਨ ਜੀ ਭਗਤਾਂ ਨੂੰ 'ਧਰਮ ਮੇਘਾ ਸਮਾਧੀ ਦੇ ਦਾਤੇ' ਹਨ। ਭਾਵ ਇਹ ਕਿ ਨਾਮ ਦਾਨ ਦੇਕੇ ਮੁਕਤੀ ਤਕ ਅਪੜਾ ਦੇਂਦੇ ਹਨ ਤੇ ਓਹ ਫੇਰ ਆਪ ਜਪਣ ਅਵਰਾਂ ਨੂੰ ਜਪਾਵਣ ਹਾਰ ਹੋਕੇ, 'ਕਾਹੂ ਫਲ ਕੀ ਇਛਾ ਨਹੀਂ ਬਾਛੈ' ਦੇ ਵਿਚ ਕੇਵਲ ਵਸਦੇ ਹਨ।

### ੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸ੍ਵੈਯਾ:

ਹਾਦਰ ਹੋਤਿ ਜਹਾਂ ਸਿਮਰੇ
ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।

ਸਾਦ ਰਚੇ ਇਕ ਆਤਮ ਗਜਾਨ
ਬੜੀ ਬਿਸ਼ਿਯਾਤਪ ਕੋ ਬਡ ਬਾਦਰ।
ਬਾਦ ਰਹੈ ਸਿੱਖ ਹ੍ਵੈ ਨਰ ਸੋ
ਜਿਨਿ ਜਾਨਜੋ ਨਹੀ ਜੁ ਇਹੀ ਜਗ ਕਾਦਰ।
ਕਾ ਦਰ ਹੈ ਜਮ ਕੋ ਤਿਨ ਜੀਵਨਿ
ਅੰਤ ਭਜੈਂ ਗੁਰ ਤੇਦ ਬਹਾਦਰ ॥੧੬॥

ਹਾਦਰ = ਹਾਜ਼ਰ, ਪ੍ਰਤੱਖ ਹੋਣਾਂ। ਮੌਜੂਦ ਹੋ ਜਾਣਾਂ। [ਅਰਬੀ-ਹਾਜ਼ਿਰ]
ਪਿਖੇ = ਦੇਖਣ ਨਾਲ, ਦਰਸ਼ਨ ਕਰਨ ਨਾਲ। ਸੁਰ = ਦੇਵਤੇ।
ਸਾਦਰ = ਸਹਤ ਆਦਰ ਦੇ, ਆਦਰ ਪੂਰਬਕ।
ਸਾਦ = ਸੁਆਦ। [ਸੰਸ: ਸ੍ਵਾਦ]
ਬਿਸ਼ਿਯਾਤਪ = ਵਿਸ਼ਿਆਂ ਰੂਪੀ ਧੁੱਪ, ਵਿਸ਼ਿਆਂ ਰੂਪੀ ਤੱਪਸ਼।
[ਸੰਸ: ਵਿਖ਼ਿਯ+ਆਤਪ]

ਬਾਦਰ = ਬੱਦਲ। [ਸੰਸ: ਵਾਰਿਦ] ਭਾਵ ਰੱਖਜਕ। (ਅ) ਕਵਿ ਜੀ ਦਾ ਇਸ ਤੁਕ ਤੋਂ ਯੋਗ ਦਰਸ਼ਨ ਵਿਚ ਕਥੀ 'ਧਰਮ ਮੇਘਾ' ਸਮਾਧੀ ਵਲ ਬੀ ਇਸ਼ਾਰਾ ਹੋ ਸਕਦਾ ਹੈ ਕਿ ਆਪ ਪੂਰਨ ਪਦ ਤੇ ਇਸਥਿਤ ਹਨ ਤੇ ਉਨ੍ਹਾਂ ਦਾ ਵਜੂਦ ਵਿਸ਼ੇਸ਼ ਕਰਕੇ ਆਤਮ ਗਜਾਨ ਦਾਨ ਕਰ ਰਿਹਾ ਹੈ।

ਬਾਦ = ਬ੍ਰਿਥਾ। ਸੱਖਣਾ। [ਸੰਸ: ਵਾਦ]
ਕਾਦਰ = ਕੁਦਰਤ ਵਾਲਾ। ਹੁਕਮ ਰੱਖਣ ਵਾਲਾ [ਅਰਬੀ, ਕਾਦਰ]।
ਕਾ ਦਰ = ਕਾ। ਦਰ = ਕੀ ਦਰ ਹੈ, ਕੀ ਡਰ ਹੈ।
(ਅ) ਕਾ ਦਰ = ਦਰ = ਦਰਵਾਜਾ, ਕਾ = ਕੀਹ, ਭਾਵ (ਜਮ ਦੇ) ਦਰਵਾਜੇ ਨਾਲ ਕੀਹ (ਵਾਸਤਾ)।
ਜੀਵਨਿ = ਜੀਵਾਂ ਨੂੰ।

ਅਰਥ:

(ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ) ਜਿੱਥੇ ਯਾਦ ਕਰੋ (ਉੱਥੇ ਹੀ) (ਪ੍ਰਤੱਖ ਆ) ਹਾਜ਼ਰ ਹੁੰਦੇ ਹਨ, ਸੁਖਾਂ ਦਾ ਸਮੁੰਦਰ (ਐਸੇ ਹਨ ਕਿ ਉਹਨਾਂ ਦੇ) ਦਰਸ਼ਨ ਕਰਨ ਨਾਲ ਦੇਵਤੇ ਆਦਰ ਨਾਲ (ਮਿਲਦੇ ਹਨ)।

(ਆਪ) ਇਕ ਆਤਮ ਗਜਾਨ ਦੇ ਸੁਆਦ ਵਿਚ ਰਚੇ ਹੋਏ ਹਨ (ਤੇ ਜਗਜਾਸੂਆਂ ਨੂੰ) ਵਿਸ਼ਯ ਰੂਪੀ ਕਰੜੀ ਧੁੱਪ ਤੋਂ (ਰੱਖਯਾ ਕਰਨ ਲਈ) ਵੱਡ ਬੱਦਲ ਸਮਾਨ ਹਨ।

(ਹਾਂ,) ਉਹ ਨਰ ਸਿੱਖ ਹੋਕੇ ਬੀ ਸੱਖਣੇ ਰਹੇ ਹਨ, ਜਿਨ੍ਹਾਂ ਨੇ ਨਹੀਂ ਜਾਣਿਆਂ ਕਿ ਇਹੀ ਜਗਤ ਦੇ ਕਾਦਰ ਹਨ।

(ਹਾਂ) ਉਨ੍ਹਾਂ ਜੀਵਾਂ ਨੂੰ ਜਮ ਦਾ ਕੀ ਡਰ ਹੈ ਜਿਨ੍ਹਾਂ ਨੇ ਅੰਤ (ਸਮੇਂ) ਗੁਰੂ ਤੇਗ ਬਹਾਦਰ ਜੀ ਨੂੰ ਭੇਜਿਆ ਹੈ।

ਹੋਰ ਅਰਥ:

੧. ਸੁਖਾਂ ਦੇ ਸਮੁੰਦਰ ਜੀ ਨੂੰ ਜਿੱਥੇ ਯਾਦ ਕਰੀਏ ਉਥੇ ਹੀ ਹਾਜ਼ਰ ਹੁੰਦੇ ਹਨ, ਜਿਨ੍ਹਾਂ ਦਾ ਦਰਸ਼ਨ ਦੇਵਤੇ ਆਦਰ (ਸਤਿਕਾਰ) ਨਾਲ ਕਰਦੇ ਹਨ।

੪. ਓਹਨਾਂ ਜੀਵਾਂ ਨੂੰ ਯਮਾਂ ਦੇ ਦਰਵਾਜੇ ਨਾਲ ਕੀ (ਵਾਸਤਾ ਹੈ) ਜਿਨ੍ਹਾਂ ਨੇ ਅੰਤ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਭੇਜਿਆ ਹੈ।

## ੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਚਿਤ੍ਰਪਦਾ ਛੰਦ:

ਤ੍ਰਾਣ ਕਰੈਂ ਨਿਜ ਦਾਸਨ ਕੀ
ਭਵ ਬੰਧਨ ਤੋਰ ਦਦ ਨਿਰਬਾਣ।
ਬਾਣ ਕੁਦੰਡ ਪ੍ਰਚੰਡ ਧਰੇ
ਗਜ ਸੁੰਡ ਮਨੋ ਭੁਜਦੰਡ ਪ੍ਰਮਾਣ।
ਮਾਣ ਨਿਮਾਣਨਿ ਹਾਨਿ ਅਰੀ
ਗਣ ਬਾਣ ਸਦਾ ਜਿਨ ਆਯੁਧ ਪਾਣ।
ਪਾਨਿਪ ਹਿੰਦੁਨ ਗੋਬਿੰਦ ਸਿੰਘ
ਗੁਰੂ ਬਰ ਬੀਰ ਧਰੈਂ ਅਤਿ ਤ੍ਰਾਣ ॥੧੨॥

ਤ੍ਰਾਣ = ਰਖ੍ਯਾ, [ਸੰਸ: ਤ੍ਰਾਣ] ਦਦੂ = ਦੇਂਦੇ ਹਨ, ਬਖਸ਼ਦੇ ਹਨ।
ਨਿਰਬਾਣ = ਮਾਇਆ ਤੇ ਅਤੀਤ ਅਵਸਥਾ। ਮੁਕਤੀ। ਪਰਮ ਪਦ। ਪਰਮ ਉੱਚ ਆਤਮ ਪਦ [ਸੰਸ: ਨਿਰ੍ਵਾਣ]।
ਪ੍ਰਚੰਡ = ਤ੍ਰਿੱਖੇ। ਗਜ = ਹਾਥੀ। ਮਨੋ-ਮਾਨੋ।
ਭੁਜ-ਬਾਂਹਾਂ। ਦੰਡ = ਦੰਡ ਦੇਣ ਵਾਲੀਆਂ। (ਅ) ਦੰਡੇ ਵਰਗੀਆਂ, ਭਾਵ ਸਿੱਧੀਆਂ।
ਪ੍ਰਮਾਣ = ਤੁੱਲਜਤਾ ਵਾਲੀਆਂ ਵਰਗੀਆਂ। ਅਰੀਗਣ = ਸ਼ੱਤ੍ਰੂਆਂ ਦੇ ਸਮੂਹ।
ਬਾਣ = ਸੁਭਾਵ। ਆਯੁਧ ਪਾਣ = ਹਥ ਵਿਚ ਸ਼ਸਤ੍ਰ।
[ਸੰਸ: ਆਯੁਧ = ਸ਼ਸਤ੍ਰ, ਪਾਣ-ਹੱਥ]
(ਅ) ਆ+ਯੁਧ+ਪਾਣ = ਵਿਸ਼ੇਸ਼ ਕਰਕੇ ਯੁੱਧ ਵਿਵਹਾਰ।
ਪਾਨਿਪ = ਪਾਣਪੱਤ, ਇੱਜ਼ਤ। ਟੇਕ, ਆਸਰਾ (ਅ) ਰੱਖ੍ਯਾ ਕਰਨ ਵਾਲੇ [ਸੰਸ: ਪਾ = ਰੱਖ੍ਯਾ ਕਰਨੀ]। (ੲ) ਦਸਤਗੀਰ, ਹੱਥ ਫੜਨ ਵਾਲੇ
[ਸੰਸ: ਪਾਨਿ = ਹੱਥ+ਪਾ = ਫੜਨਾ]
ਤ੍ਰਾਣ-ਸੰਜੋਅ। ਕਵਚ। [ਸੰਸ: ਤ੍ਰਾਣ-ਜੋ ਰੱਖ੍ਯਾ ਕਰੇ]
(ਅ) ਤ੍ਰਾਣ = ਬਲ [ਲਹਿੰਦਾ ਪੰ: ਤ੍ਰਾਣ, ਪੰਜਾਬੀ ਤਾਣ। ]

ਅਰਥ:

ਅਰਥ ਚੌਥੀ ਤੁਕ ਤੋਂ ਟੁਰੇਗਾ:- ਸ੍ਰੀ ਗੋਬਿੰਦ ਸਿੰਘ ਜੀ ਗੁਰੂ ਹਨ, ਬੜੇ ਸੂਰਬੀਰ ਹਨ, ਬੜੀ ਸੰਜੋਅ ਨੂੰ ਧਾਰਨ ਕਰਨ ਵਾਲੇ, (ਤੇ) ਹਿੰਦੀਆਂ ਦੀ ਇੱਜ਼ਤ ਹਨ।

ਆਪਣੇ ਦਾਸਾਂ ਦੀ (ਸਦਾ) ਰੱਖ੍ਯਾ ਕਰਦੇ ਹਨ (ਅਤੇ ਉਨ੍ਹਾਂ ਦੇ) ਭਵ ਬੰਧਨ ਤੋੜਕੇ ਨਿਰਬਾਣ (ਦੀ ਦਾਤ) ਬਖਸ਼ਦੇ ਹਨ;

ਧਨੁਖ ਤੇ ਤ੍ਰਿੱਖੇ ਬਾਣਾਂ ਨੂੰ ਧਾਰਨ ਕਰਨ ਵਾਲੇ ਹਨ, (ਦੁਸ਼ਟਾਂ ਨੂੰ) ਦੰਡ ਦੇਣ ਵਾਲੀਆਂ (ਉਨ੍ਹਾਂ ਦੀਆਂ) ਭੁਜਾਂ ਹਾਥੀ ਦੀ ਸੁੰਡ ਵਰਗੀਆਂ (ਬਲਵਾਨ) ਹਨ;

ਨਿਮਾਣਿਆਂ ਦਾ ਉਹ ਮਾਣ ਹਨ, ਵੈਰੀਆਂ ਦੇ ਸਮੂਹਾਂ ਨੂੰ ਹਾਨੀ ਦੇਣ ਵਾਲੇ ਹਨ; ਸੁਭਾਵ ਜਿਨ੍ਹਾਂ ਦਾ ਸਦਾ ਸ਼ਸਤ੍ਰ ਧਾਰੀ ਰਹਿਣ ਦਾ ਹੈ।

ਹੋਰ ਅਰਥ:

੩. ਨਿਮਾਣਿਆਂ ਨੂੰ ਆਦਰ ਦੇਣਾ ਤੇ ਸ਼ਸਤ੍ਰ ਹੱਥੀਂ ਫੜਕੇ ਸੱਤ੍ਰੂਆਂ ਦਾ ਨਾਸ਼ ਕਰਨਾ ਇਹ ਜਿਨ੍ਹਾਂ ਦਾ ਸਦਾ ਤੋਂ ਸੁਭਾਵ ਹੈ।

੪. ਸ੍ਰੇਸ਼ਟ ਗੁਰੂ ਗੋਬਿੰਦ ਸਿੰਘ ਜੀ ਬੜੇ ਸੂਰਮੇਂ, ਹਿੰਦੂਆਂ ਦੇ ਦਸਤਗੀਰ ਬੜੇ ਬਲ ਨੂੰ ਧਾਰਨ ਵਾਲੇ ਹਨ।

ਕਬਿੱਤ:

ਭੀਰ ਪਰੇ ਧੀਰ ਦੇ ਸਥੰਭ ਜੈਸੇ ਮਹਾਂ ਬੀਰ
ਰੱਛਕ ਜਨੋਂ ਕੇ ਮਿਲੇ ਦੁਖਦ ਸਮਾਜ ਕੇ।
ਏਕ ਸੰਗ ਬਿਘਨ ਤਰੰਗਚੈ ਉਤੰਗ ਉਠੈਂ
ਤਹਾਂ ਗੁਰੂ ਆਨਿ ਬਨੈਂ ਕੇਵਟ ਜਹਾਜ ਕੇ।
ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿਂ
ਭਨਤਿ ਸੰਤੋਖ ਸਿੰਘ ਗੁਨ ਮਹਾਂਰਾਜ ਕੇ।
ਦ੍ਵੈਯਾ ਰਾਜ ਤਾਜ ਕੇ, ਬ੍ਰਿਧੈਯਾ ਸੁਖ ਸਾਜ ਕੇ
ਰਖੈਯਾ ਦਾਸ ਲਾਜ ਕੇ ਕਰੈਯਾ ਕਵਿ ਕਾਜ ਕੇ ॥੧੮॥

ਭੀਰ = ਭੀੜ, ਤੰਗੀ, ਔਖ, ਮੁਸ਼ਕਲ। ਧੀਰ = ਧੀਰਜ।
ਸਥੰਭ = ਥੰਮਾਂ। ਮੁਰਾਦ ਹੈ ਅਹਿੱਲਤਾ ਤੋਂ।
ਮਹਾਂਬੀਰ = ਬੜੇ ਬਹਾਦੁਰ। ਰੱਛਕ = ਰੱਖਯਾ ਕਰਨ ਵਾਲੇ।
ਦੁਖਦ = ਦੁਖਦਾਈ। ਸਮਾਜ = ਸਮੂਹ, ਇਕੱਠ
ਦੁਖਦ ਸਮਾਜ-ਤੋਂ ਮੁਰਾਦ ਹੈ, ਦੁਖ ਦੇਣ ਵਾਲੇ ਸਾਮਾਨਾਂ ਦੇ ਸਮੂਹ।
ਤਰੰਗ ਚੈ = ਲਹਰਾਂ ਦੇ ਸਮੂਹ = [ਸੰਸ: ਚਯ = ਸਮੂਹ]।
ਉਤੰਗ = ਉੱਚੇ ਉੱਚੇ। ਕੇਵਟ = ਮਲਾਹ।
ਗੰਭੀਰ = ਡੂੰਘੇ। ਡੂੰਘੇ ਪਾਣੀ ਅਡੋਲ ਹੁੰਦੇ ਹਨ, ਇਸ ਲਈ ਮੁਰਾਦ ਅਡੋਲ ਤੋਂ ਹੈ; ਪਦ-ਗੰਭੀਰ-ਕੇਵਲ ਪਾਣੀ ਦੇ ਡੂੰਘ ਵਾਸਤੇ ਨਹੀਂ ਵਰਤੀਂਦਾ, ਪਰ ਸੁਭਾਵ ਦੇ ਡੂੰਘਾ ਪਨ, ਅਡੋਲਤਾ, ਅਛੋਭਤਾ ਅਰਥਾਂ ਵਿਚ ਵੀ ਵਰਤੀਂਦਾ ਹੈ।
ਅਛੋਭ = ਜੋ ਦੁਖੇ ਨਾ।
ਅਛੋਭ ਨਹਿਂ = ਜੋ ਅਛੋਭ ਨਾ ਰਹਿ ਸਕੇ, ਜੋ ਦੁਖੇ। ਭਾਵ, ਦੂਸਰੇ ਦਾ ਦੁਖ ਦੇਖਕੇ ਦੁਖੀ ਹੋਵੇ। ਭਾਵ ਹਮਦਰਦੀ ਵਿਚ ਆਉਣਾ।
ਭਨਤਿ = ਕਹਿੰਦਾ ਹੈ। ਦ੍ਵੈਯਾ = ਦੇਣ ਵਾਲੇ, ਦਾਤੇ।
ਬ੍ਰਿਧੈਯਾ = ਵਧਾਉਣ ਵਾਲੇ। ਸਾਜ = ਸਮਾਨ। [ਫਾਰਸੀ, ਸਾਜ਼]

ਅਰਥ:

(ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾਸਾਂ ਨੂੰ ਭੀੜ ਆ ਪਈ ਤੇ ਧੀਰਜ ਦੇਕੇ ਥੰਭੇ ਵਾਂਙੂ (ਮਜ਼ਬੂਤ) ਕਰ ਦੇਂਦੇ ਹਨ, (ਅਤੇ ਜਦ ਉਨ੍ਹਾਂ ਨੂੰ) ਦੁਖਦਾਈ ਸਮਾਜ ਆ ਘੇਰਦੇ ਹਨ, (ਤਾਂ ਆਪ) ਮਹਾਂ ਬੀਰ ਰੱਛਕ (ਹੋ ਖੜੋਂਦੇ ਹਨ)। (ਜਿਥੇ ਦਾਸਾਂ ਦੇ ਬੇੜੇ ਅਗੇ) ਬਿਘਨਾਂ ਦੇ ਤ੍ਰੰਗ ਇਕਵਾਰਗੀ ਹੀ ਉੱਚੇ-ਉੱਚੇ ਉੱਠਣ ਲਗ ਜਾਣ ਓਥੇ ਗੁਰੂ ਜੀ ਜਹਾਜ ਦੇ ਮਲਾਹ ਆ ਬਣਦੇ ਹਨ। ਸੰਤੋਖ ਸਿੰਘ (ਗੁਰੂ) ਮਹਾਰਾਜ ਦੇ ਗੁਣ (ਕਥਨ ਕਰਦਾ ਹੋਯਾ) ਕਹਿੰਦਾ ਹੈ ਕਿ (ਆਪ) ਸਮੁੰਦਰ ਵਾਂਙ ਅਡੋਲ ਹਨ, ਪਰ (ਜੀਕੂੰ ਸਮੁੰਦਰ ਪ੍ਰੇਮ ਤੋਂ ਅਛੋਭ ਹੈ ਤੀਕੂੰ ਗੁਰੂ ਜੀ) ਪ੍ਰੇਮ ਤੋਂ ਅਛੋਭ ਨਹੀਂ ਹਨ। ਰਾਜ ਤਾਜ ਦੇ ਦਾਤੇ ਹਨ, ਸੁਖ ਦੇ ਸਾਮਾਨਾਂ ਦੇ ਵਧਾਉਣ ਹਾਰੇ ਹਨ, ਦਾਸਾਂ ਦੀ ਲਾਜ ਰੱਖਣ ਵਾਲੇ ਹਨ, ਤੇ ਕਵੀਆਂ ਦੇ ਕੰਮ ਸਵਾਰਣ ਵਾਲੇ ਹਨ।

ਭਾਵ:

ਸਤਿਗੁਰੂ ਜੀ ਦੇ ਸਾਰੇ ਗੁਣ ਗਿਣਕੇ ਅੰਤਮ ਗੁਣ ਵਿਚ ਸਾਰੀ ਮੁਰਾਦ ਖੁਲ੍ਹਦੀ ਹੈ। ਕਵਿ ਜੀ ਹੁਣ ਨਵਾਂ ਪਾਤਸ਼ਾਹੀਆਂ ਦਾ ਇਤਿਹਾਸ ਲਿਖਣ ਲੱਗੇ ਹਨ, ਇਹ ਕੰਮ ਮਹਾਂ ਕਠਨ ਹੈ, ਤੇ ਆਪਦਾ ਚਿੱਤ ਅਪਣੀ ਅਸਮੱਰਥਾ ਤੋਂ ਡੋਲਦਾ ਹੈ, ਇਸ ਕਰਕੇ ਉਸ ਦੀ ਨਿਰਵਿਘਨ ਸਮਾਪਤੀ ਲਈ ਸਤਿਗੁਰ ਵੱਲ ਤਕਦੇ ਹਨ, ਤੇ ਦੱਸਦੇ ਹਨ ਕਿ ਉਹ ਮੁਸ਼ਕਲਾਂ ਵੇਲੇ, ਦੁੱਖਾਂ ਵੇਲੇ, ਆਸਾ ਦਾ ਜਹਾਜ ਡੁੱਬਣ ਵੇਲੇ ਦਾਸਾਂ ਨੂੰ ਬਹੁੜਦੇ ਹਨ। ਹੈਨ ਅਡੋਲ ਕਿਉਂਕਿ ਪੂਰਨ ਹਨ, ਪਰ ਪ੍ਰੇਮ ਦੀ ਸੁਰ ਜਦ ਕੰਨੀਂ ਪਵੇ ਤਾਂ ਦ੍ਰਵਦੇ ਹਨ, ਤਦ ਉਹ ਜ਼ਰੂਰ ਕਵੀ ਦੇ ਕਾਜ ਵਿਚ ਸਹਾਯਤਾ ਕਰਨਗੇ। ਉਹ ਦਾਸਾਂ ਦੀ ਲਾਜ ਰੱਖਣ ਵਾਲੇ ਹਨ, ਤੇ ਰਾਜ ਤਾਜ ਸੁਖ ਦੇ ਸਾਰੇ ਸਾਮਾਨਾਂ ਦੇ ਦੇਣ ਵਾਲੇ ਹਨ, ਤਾਂਤੇ ਮੇਰਾ ਕਾਰਜ ਜ਼ਰੂਰ ਨਿਰਵਿਘਨ ਸਿਰੇ ਚੜ੍ਹਾਉਣਗੇ।

'ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿਂ' ਵਿਚ ਕਵੀ ਜੀ ਦਾ ਸਾਗਰ ਦੀ ਪਰ-ਪੀੜਾ ਤੋਂ ਪੀੜਤਿ ਨਾ ਹੋਣ ਵਾਲੀ ਗੰਭੀਰਤਾ ਵਲ ਇਸ਼ਾਰਾ ਹੈ, ਜਦ ਕੋਈ ਮਨੁੱਖ ਜਾਂ ਬੇੜਾ ਡੁਬੇ ਉਨ੍ਹਾਂ ਦੇ ਦੁੱਖ ਦਾ ਉਸਨੂੰ ਕੋਈ ਛੋਭ ਨਹੀਂ ਹੁੰਦਾ; ਪਰ ਗੁਰੂ ਜੀ ਪਰ-ਪੀੜਾ ਦੇਖਕੇ ਦ੍ਰਵਦੇ ਹਨ। ਸਾਗਰ ਵਾਂਙੂ ਗੰਭੀਰ ਤਾਂ ਹਨ ਪਰ ਉਸ ਵਾਂਙੂ ਭਾਵਹੀਨ ਨਹੀਂ ਹਨ।

### ੧੩. ਇਸ੍ਟ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਸ੍ਵੈਯਾ:

ਇਕ ਜੋਤਿ ਉਦੋਤਕ ਰੂਪ ਦਸ਼ੋ ਸ਼ੁਭ
ਹੋਤਿ ਅੰਧੇਰ ਗੁਬਾਰ ਉਦਾਰਾ।
ਜਗ ਮੈਂ ਸੁ ਪ੍ਰਕਾਸ਼ ਚਹਜੋ ਖਰਿਬੇ
ਉਪਦੇਸ਼ ਦਿਯੋ ਸਿੱਖ ਭੇ ਨਰ ਦਾਰਾ।
ਪਰਲੋਕ ਸਹਾਇ ਅਸ਼ੋਕ ਕਰੇ
ਇਸ ਲੋਕ ਮੈਂ ਰਾਂਕ ਕਰੇ ਸਿਰਦਾਰਾ।
ਗੁਰ ਬ੍ਰਿੰਦਨ ਕੇ ਪਗ ਸੁੰਦਰ ਕੋ
ਅਰਬਿੰਦ ਮਨੋ ਅਭਿਬੰਦ ਹਮਾਰਾ ॥੧੯॥

ਉਦੋਤਕ = ਪ੍ਰਕਾਸ਼ ਕਰਨ ਵਾਲੇ। ਪ੍ਰਕਾਸ਼ਕ। [ਸੰਸ: ਉਦਜੋਤ = ਪ੍ਰਕਾਸ਼। ਕ = ਕਰਨ ਵਾਲੇ]
ਅੰਧੇਰ = ਹਨੇਰਾ, ਭਾਵ ਉਸ ਜ਼ੁਲਮ ਤੋਂ ਹੈ ਜੋ ਪਰਜਾ ਦੇ ਉੱਤੇ ਹੁੰਦਾ ਸੀ। ਇਹ ਇਕ ਮੁਹਾਵਰਾ ਹੈ। ਹੁਣ ਤਕ ਬੀ ਜਦ ਕਿਤੇ ਜ਼ੁਲਮ ਹੋਵੇ ਤਾਂ ਕਹਿੰਦੇ ਹਨ-ਹਨ੍ਹੇਰ ਹੋ ਗਿਆ। ਕੋਈ ਜ਼ੁਲਮ ਕਰੇ ਤਾਂ ਕਹਿੰਦੇ ਹਨ-ਹਨ੍ਹੇਰ ਮਾਰਿਆ ਸੂ। [ਯਥਾ- 'ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁਬਿਧਿ ਲੋਆ।' [ਭਾ: ਗੁਰ: ਵਾ: ੧, ਪੌ: ੨੨]
ਗ਼ੁਬਾਰ = ਗਰਦੇ ਦੇ ਉਡਾਰ ਹੋਣ ਨਾਲ ਜੋ ਹਨ੍ਹੇਰ ਪੈਂਦਾ ਹੈ।
ਇਸ ਦੀ ਮੁਰਾਦ ਅੱਗਜਾਨ ਦੇ ਅੰਧਕਾਰ ਤੋਂ ਹੈ ਜੋ ਪਰਜਾ ਦੇ ਅੱਗਜਾਨੀ ਹੋਣ ਕਰਕੇ ਉਹਨਾਂ ਦੀਆਂ ਮੱਤਾਂ ਮਾਰ ਰਿਹਾ ਸੀ। [ਯਥਾ- 'ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।'
[ਭਾ: ਗੁਰ: ਵਾ: ੧, ਪੌ: ੨੪]
ਉਦਾਰਾ = ਸਖੀ, ਬੜਾ। ਇਥੇ ਅਰਥ ਬੜਾ ਹੈ।
ਸੁ ਪ੍ਰਕਾਸ਼ = ਸ੍ਰੇਸ਼ਟ ਪ੍ਰਕਾਸ਼, ਇਸ਼ਾਰਾ ਉਸ ਪੂਰਨ ਨਿਰੋਲ ਆਤਮ ਜੀਵਨ ਤੇ ਇਲਾਹੀ ਗਜਾਨ ਵੱਲ ਹੈ ਜੋ ਸਤਿਗੁਰਾਂ ਨੇ ਜਗਤ ਨੂੰ ਦਿੱਤਾ ਤੇ ਧੁਰੋਂ ਲੈਕੇ ਆਏ ਸਨ।
ਨਰ ਦਾਰਾ = ਨਰ = ਮਨੁਖ। ਦਾਰਾ = ਇਸਤ੍ਰੀ।
ਅਸ਼ੋਕ = ਸ਼ੋਕ ਰਹਤ, ਬੇਫਿਕਰ। ਰਾਂਕ = ਰੰਕ, ਕੰਗਾਲ।

ਬ੍ਰਿੰਦਨ = ਸਮੂਹ, ਸਾਰੇ। ਅਰਬਿੰਦ = ਕਮਲ।
ਅਭਿਬੰਦ = ਨਮਸਕਾਰ, ਬੜੇ ਅਦਬ ਵਾਲੇ ਨਮਸਕਾਰ ਤੋਂ ਮੁਰਾਦ ਹੈ।
[ਸੰਸ: ਅਭਿ+ਵੰਦ। ਵੰਦਨਾ = ਸਤਿਕਾਰ (ਕਰਨਾ), ਉਸਤਤੀ (ਕਰਨੀ), ਨਮਸਕਾਰ]

ਅਰਥ:

(ਸਤਿਗੁਰਾਂ ਦੇ) ਦਸੋ ਹੀ ਸ਼ੁਭ ਸਰੂਪ ਇੱਕੋ ਜੋਤ ਦੇ ਪ੍ਰਕਾਸ਼ਕ ਹਨ, (ਜਗਤ ਵਿਚ ਜ਼ੁਲਮ ਦਾ) ਹਨੇਰਾ ਤੇ (ਅਗਜਾਨ ਦਾ) ਡਾਢਾ ਗੁਬਾਰ (ਦੇਖਕੇ) ਆਪ ਨੇ ਸੁਹਣਾ ਪ੍ਰਕਾਸ਼ ਕਰਨ ਦੀ ਚਾਹਨਾਂ (ਨਾਲ ਆਪਣੇ ਰੱਬੀ ਸੰਦੇਸ਼ੇ ਦਾ, ਉਪਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

(ਜਿਨ੍ਹਾਂ ਸਿੱਖਾਂ ਨੂੰ ਆਪ ਨੇ) ਪ੍ਰਲੋਕ (ਵਿਚ ਸੁਖ ਪਾਉਣ ਲਈ) ਸਹਾਇਤਾ ਦੇ ਕੇ (ਅੱਗੇ ਦੇ ਫਿਕਰ ਤੋਂ) ਅਸ਼ੋਕ ਕਰ ਦਿੱਤਾ, ਤੇ ਇਸ ਲੋਕ ਵਿਚ (ਜੋ) ਕੰਗਾਲ (ਸਨ, ਉਹਨਾਂ) ਨੂੰ ਸਰਦਾਰ ਬਣਾ ਦਿੱਤਾ।

(ਐਸੇ ਪਿਆਰੇ) ਸਾਰੇ ਸਤਿਗੁਰਾਂ ਦੇ ਕਮਲਾਂ ਵਰਗੇ ਸੁਹਣੇ ਚਰਣਾਂ ਤੇ (ਸਚੇ) ਦਿਲੋਂ ਸਾਡੀ ਨਮਸਕਾਰ ਹੋਵੇ।

ਹੋਰ ਅਰਥ:

੧. ਦੱਸੋ ਸਤਿਗੁਰੂ ਜੋ ਇਕੋ ਜਜੋਤੀ ਦੇ (ਦਸ) ਸ਼ੁਭ ਰੂਪ ਹਨ (ਓਦੋਂ) ਪ੍ਰਗਟ ਹੋਏ (ਜਦ ਜਗ ਵਿਚ) ਬੜਾ ਅੰਧੇਰ ਤੇ ਗੁਬਾਰ ਸੀ।

੨. ਆਪ ਜਗਤ ਵਿਚ ਸ੍ਰੇਸ਼ਟ ਪ੍ਰਕਾਸ਼ ਕਰਨਾ ਚਾਹੁੰਦੇ ਸਨ (ਇਸ ਕਰਕੇ ਆਪ ਨੇ ਆਪਣੇ ਰੱਬੀ ਸੰਦੇਸ਼ੇ ਦਾ) ਉਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

ਭਾਵ:

ਪਿਛੇ ਕਵੀ ਜੀ ਨੇ ਦਸਾਂ ਸਤਿਗੁਰਾਂ ਦੇ ਵਖੋ ਵੱਖ ਮੰਗਲ ਕੀਤੇ ਹਨ, ਹੁਣ ਦੱਸਦੇ ਹਨ ਕਿ ਉੱਪਰ ਜੋ ਪਵਿੱਤ੍ਰ ਦਸ ਨਾਮ ਸਤਿਗੁਰਾਂ ਦੇ ਕਹੇ ਹਨ ਏਹ ਨਾਮ ਭੀ ਦਸ ਹਨ, ਸ੍ਵਰੂਪ ਭੀ ਦਸ ਹਨ, ਜਗਤ ਦੀ ਵਰਤੋਂ ਵਿਚ ਭੀ ਵਖੋ ਵੱਖ ਵਰਤਾਰੇ ਕਰਦੇ ਸਨ, ਪਰ ਸਭ ਗੁਰੂ ਸਾਹਿਬਾਨ ਵਿਚ ਜਜੋਤੀ ਇੱਕੋ ਹੈਸੀ। ਇਹ ਓਹ ਪਰਮ ਗੁਢ ਗੁਰ ਸਿੱਖੀ ਦਾ ਭੇਤ ਹੈ ਜੋ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸਿਆ ਹੈ:-

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

ਤਥਾ ਦਸਮ ਸਤਿਗੁਰੂ ਜੀ ਦਾ ਉਚਾਰਤਿ ਸ੍ਰੀ ਮੁਖਵਾਕ:-

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥
ਅਮਰਦਾਸੁ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥੭॥

.........ਸ਼੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅੰਗਦ ਅਮਰ ਦਾਸ ਪਹਿਚਾਨਾ ॥
ਅਮਰ ਦਾਸ ਰਾਮਦਾਸ ਕਹਾਯੋ ॥
ਸਾਧੁਨ ਲਖਾ ਮੂੜ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥

ਬਿਨ ਸਮਝੇ ਸਿਧ ਹਾਥ ਨ ਆਈ ॥੧੦॥

[ਬਚਿਤ੍ਰ ਨਾਟਕ ਧਿ: ੫

ਇਸੇ ਭਾਵ* ਨੂੰ ਕਵੀ ਜੀ ਅੱਗੇ ਰਾਸ ੧ ਅੰਸੂ ੯ ਛੰਦ ੨੬, ੨੭ ਵਿਚ ਬੀ ਦੱਸਦੇ ਹਨ:-

'ਸਾਰਬ ਭੌਮ ਮਹਾ ਮਹਿਪਾਲਕ ਪੋਸ਼ਿਸ਼ ਪੂਰਬ ਕੀ ਤਜਿ ਕੈ।
ਸੁੰਦਰ ਔਰ ਨਵੀਨ ਧਰੈ ਤਨ, ਆਇ ਸਭਾ ਥਿਤ ਹ੍ਵੈ ਸਜਿਕੈ।'
'ਜੋਤਿ ਤੇ ਜੋਤਿ ਪ੍ਰਕਾਸ਼ ਰਹੀ ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ ਜੁਗ ਹੋਹਿਂ ਸਮਾਨ ਪ੍ਰਕਾਸ਼ ਬਿਸਾਲਾ।'

ਦਸੋਂ ਹੀ ਸਤਿਗੁਰੂ ਜ਼ੁਲਮ ਤੇ ਅੱਗਜਾਨ ਦੇ ਸਮੇਂ ਹੋਏ ਹਨ, ਪਰਜਾ ਅੱਗਜਾਨ ਵਿਚ ਸੀ, ਤੇ ਜ਼ਾਲਮਾਂ ਦੇ ਜ਼ੁਲਮ ਹੇਠ ਸੀ, ਇਸ ਜ਼ੁਲਮ ਨੂੰ ਅੰਧੇਰ ਕਹਿਣ ਦਾ ਮੁਹਾਵਰਾ ਹੈ ਤੇ ਸਤਿਗੁਰੂ ਜੀ ਨੇ ਆਪ ਇਸ ਅੰਧੇਰ ਦਾ ਰੂਪ ਦਸਿਆ ਹੈ ਜੋ ਤਦੋਂ ਵਰਤ ਰਿਹਾ ਸੀ। ਯਥਾ:-

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

[ਵਾਰ ਮਾਝ ਮ: ੧

ਗੁਬਾਰ ਦਾ ਰੂਪ ਪਦ ਅਰਥਾਂ ਵਿਚ ਪਿਛਲੇਰੇ ਸਫੇ ਤੇ ਦੱਸ ਆਏ ਹਾਂ 'ਬਾਝਹੁ ਗੁਰੂ ਗੁਬਾਰ ਹੈ' ਅੱਗਜਾਨ ਦੂਰ ਕਰਨ ਵਾਲੇ ਗੁਰੂ ਦੀ ਅਣਹੋਂਦ ਤੋਂ ਗੁਬਾਰ ਸੀ।

ਅੰਧੇਰੇ ਦੀ ਨਿਵਿਰਤੀ ਲਈ ਪਹਿਲਾਂ ਉਪਦੇਸ਼ ਨਾਲ ਹੀ ਬਾਬਰ, ਲਾਜਵਰਦ, ਦੇਵਲੂਤ, ਆਦਿਕ ਹੁਕਮਰਾਨਾਂ ਨੂੰ ਦਰੁਸਤ ਕੀਤਾ ਜਦੋਂ ਔਰੰਗਜ਼ੇਬ ਵਰਗੇ ਉਪਦੇਸ਼ ਨਾਲ ਦਰੁਸਤ ਹੁੰਦੇ ਨਾ ਡਿੱਠੇ ਤਾਂ ਭਗੌਤੀ ਨਾਲ ਉਨ੍ਹਾਂ ਦੀ ਸੋਧ ਕੀਤੀ।

ਗੁਬਾਰ ਦੀ ਨਿਵਿਰਤੀ ਕਰਕੇ ਪਰਮਾਨੰਦ ਰੂਪ ਜੋ (ਅਸ਼ੋਕ ਪਦ ਹੈ) ਉਹ ਉਪਦੇਸ਼ ਦੁਆਰਾ ਗੁਰ ਸਿੱਖਾਂ ਨੂੰ ਦਾਨ ਕੀਤਾ ਭਾਵ ਅੰਧੇਰ ਨਿਵਿਰਤੀ ਤੋਂ ਲੋਕ ਸੁਖੀ ਕੀਤਾ ਤੇ ਗੁਬਾਰ ਦੂਰ ਕਰਕੇ ਪ੍ਰਲੋਕ ਦਾ ਸੁਖ ਦਿੱਤਾ।

ਅੰਧੇਰੇ (ਹਾਕਮਾਂ ਦੇ ਜ਼ੁਲਮ) ਤੇ ਗੁਬਾਰ (ਸਿਰਜਨਹਾਰ ਤੋਂ) ਵਿਮੁਖਤਾ ਦਾ ਫਲ ਭੋਗਦੇ ਪ੍ਰਾਣੀ ਲੋਕ ਦੁਖੀ ਤੇ ਪ੍ਰਲੋਕ ਕਸ਼ਟਾਤੁਰ ਹੋ ਰਹੇ ਸਨ। ਗੁਰੂ ਜਜੋਤੀ ਅਰਸ਼ਾਂ ਵਿਚ ਸੀ, ਜੋ ਗਜਾਨ ਪ੍ਰਕਾਸ਼* (ਸ਼ਬਦਿ ਪ੍ਰਕਸ਼)+ ਗੁਰ ਪ੍ਰਕਾਸ਼** ਪ੍ਰਗਟ ਕਰਨ ਲਈ ਦਸੋਂ ਪਵਿੱਤ੍ਰ ਸ੍ਵਰੂਪਾਂ ਵਿਚ ਧਰਤੀ ਉਤੇ ਆਈ।

ਉਪਦੇਸ਼ (ਗੁਰਬਾਣੀ ਸ੍ਵਰੂਪ++) ਵਿਚ ਆਪਣਾ ਪ੍ਰਕਾਸ਼ ਪਾਉਂਦੀ ਜਿਨ੍ਹਾਂ ਪ੍ਰਾਣੀਆਂ ਦੇ ਅੰਦਰ ਪੁੱਜੀ ਓਹ ਸਿੱਖ ਕਹਿਲਾਏ, ਉਨ੍ਹਾਂ ਦੇ ਅੰਦਰੋਂ ਅੰਧੇਰ (ਜ਼ੁਲਮ ਕਰਨਾ ਤੇ ਜ਼ੁਲਮ ਹੇਠ ਸੁਰਤੋਂ ਹੀਣੇ ਹੋਣਾ) ਤੇ ਗੁਬਾਰ (ਅੱਗਜਾਨ) ਦੂਰ ਹੋ ਗਿਆ। ਸਤਿਗੁਰਾਂ ਦੀ ਮੇਹਰ ਨਾਲ ਨਾਮ ਤੇ ਬਾਣੀ ਨੇ ਅਗਜਾਨ ਦੂਰ ਕੀਤਾ ਤੇ ਸਤਿਗੁਰਾਂ ਦੀਆਂ ਕੁਰਬਾਨੀਆਂ ਤੇ ਪੰਥ ਵਿਚ ਬੀਰ ਰਸ ਭਰਕੇ ਘਾਲਾਂ ਘਾਲਣ ਨਾਲ ਜ਼ੁਲਮ ਦੂਰ ਹੋ ਗਿਆ, ਐਉਂ ਜੀਵ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਹੋ ਗਏ, ਜਿਸਦਾ ਇਸ਼ਾਰਾ ਕਵੀ ਜੀ ਨੇ ਪ੍ਰਲੋਕ ਸਹਾਇ ਤੇ ਰੰਕਾਂ ਤੋਂ ਰਾਜੇ ਦੇ ਅਰਥ ਵਿਚ ਕੀਤਾ ਹੈ।

### ੧੪. ਗੁਣ ਸ਼ੀਲ ਵਜਕਤੀਆਂ ਦਾ ਮੰਗਲ।

ਚੌਪਈ:

ਗਨਪਤਿ ਆਦਿ ਬਿਘਨ ਕੇ ਹਰਤਾ।

ਬ੍ਰਹਮਾਦਿਕ ਮੰਗਲ ਕੇ ਕਰਤਾ।
ਸੁਰ ਗੁਰ ਆਦਿ ਸੁਮਤਿ ਕੇ ਦਾਨੀ।
ਬਾਲਮੀਕ ਆਦਿ ਕਵਿ ਬਾਨੀ ॥੨੦॥
ਸ੍ਰੀ ਵਸਿਸ਼ਟ ਆਦਿਕ ਜੇ ਗ੍ਯਾਨੀ।
ਇੰਦ੍ਰ ਆਦਿ ਦਾਯਕ ਰਜਧਾਨੀ॥
ਆਦਿ ਅਗਸਤ ਤਪੀਸ਼ੁਰ ਸਾਰੇ।
ਬ੍ਯਾਸ ਆਦਿ ਬੇਦਨਿ ਕੇ ਪਾਰੇ ॥੨੧॥
ਆਦਿ ਜੁਧਿਸ਼ਟਰ ਧਰਮਗ ਭਾਰੇ।
ਅਰਜਨ ਆਦਿ ਕ੍ਰਿਸ਼ਨ ਕੇ ਪ੍ਯਾਰੇ।
ਰਾਮਚੰਦ ਆਦਿਕ ਮਿਰਜਾਦਿਕ।
ਜਨਪ੍ਰਿਯ ਸ਼੍ਰੀ ਨਰਸਿੰਘ ਜਿ ਆਦਿਕ ॥੨੨॥
ਸ਼੍ਰੀ ਘਨਸ਼੍ਯਾਮ ਆਦਿ ਰਸ ਗ੍ਯਾਤਾ।
ਸ਼੍ਰੀ ਬਾਮਨ ਆਦਿਕ ਛਲ ਜਾਤਾ।
ਦਸਰਥ ਆਦਿਕ ਪੁਰ ਪ੍ਰਤੱਗ੍ਯਾ।
ਜੋਗ ਭੋਗ ਸਮ ਜਨਕ ਤਤੱਗ੍ਯਾ ॥੨੩॥
ਗੋਰਖ ਆਦਿ ਸਿੱਧ ਸਮੁਦਾਇ।
ਆਦਿ ਕਬੀਰ ਭਗਤ ਸਮੁਦਾਇ*।
ਬੁੱਢੇ ਆਦਿਕ ਗੁਰ ਕੇ ਸਿੱਖ੍ਯ।
ਭਏ ਜੁ ਭੂਤ ਭਵਾਨ ਭਵਿੱਖ੍ਯ ॥੨੪॥
ਸਭਿ ਕੋ ਮੈਂ ਅਭਿਬੰਦਨ ਕਰਿਹੂੰ।
ਕ੍ਰਿਪਾ ਕਰਹੁ ! ਗੁਰ ਸੁਜਸ ਉਚਰਿਹੂੰ।
ਸੂਰਜ ਆਦਿ ਜਿ ਕਰਹਿਂ ਪ੍ਰਕਾਸ਼ਹਿਂ।
ਚੰਦ ਆਦਿ ਜੇ ਸੀਤਲ ਰਾਸਹਿ ॥੨੫॥
ਨਾਰਦ ਆਦਿਕ ਪ੍ਰੇਮੀ ਜੋਈ।
ਸਾਰਦ ਆਦਿਕ ਬਕਤਾ ਤੇਈ।
ਚਤੁਰ ਸ਼ੇਸ਼ ਆਦਿਕ ਬਡ ਕਹਿਯਤਿ+।
ਹਨੁਮਤ ਆਦਿ ਦਾਸ ਜੇ ਲਹਿਯਤ ॥੨੬॥
ਸਭਿ ਕੇ ਪ੍ਰਥਮੈਂ ਨਾਮ ਸਿਮਰਿਊਂ।
ਧਰ ਪਰ ਧਰਿ ਸਿਰ ਨਮੋ ਉਚਰਿਊਂ।
ਸਭਿ ਬਿਧਿ ਹੋਹਿਂ ਸਹਾਇਕ ਮੇਰੇ।
ਬਿਘਨ ਬਿਨਾਸ਼ਹੁ ਰਹਿ ਮਮ ਨੇਰੇ ॥੨੭॥

ਗਨਪਤਿ = ਗਣਾਂ ਦਾ ਪਤੀ, ਗਣੇਸ਼। ਸ਼ਿਵ ਦਾ ਬੀ ਨਾਮ ਹੈ।

ਆਦਿ = ਇਸਤੋਂ ਮੁਰਾਦ-ਆਦਿਕ-ਦੀ ਹੈ ਕਿਉਂਕਿ ਅਗੇ ਬ੍ਰਹਮਾ ਦੇ ਨਾਲ ਪਦ ਆਦਿਕ ਲਾਇਆ ਹੈ, ਵਸਿਸ਼ਟ ਰਾਮਚੰਦ ਨਾਲ ਪਦ ਆਦਿਕ ਹੈ, ਸੋ ਜਿੱਥੇ ਮਾਤ੍ਰਾਂ ਨੇ ਆਗਿਆ ਨਹੀਂ ਦਿੱਤੀ ਓਥੇ ਪਦ-ਆਦਿ-ਹੈ, ਜਿਥੇ ਦਿੱਤੀ ਹੈ ਉਥੇ-ਆਦਿਕ-ਪੂਰਾ ਦਿੱਤਾ ਹੈ। 'ਆਦਿ' ਨੂੰ 'ਆਦਿਕ' ਨਾ ਸਮਝਕੇ ਕਈ ਗਜਾਨੀ ਇਸਦਾ ਅਰਥ 'ਆਦਿ ਸਮੇਂ ਤੋਂ ਲੈ ਕੇ' ਕਰਦੇ ਹਨ।

ਸੁਰ ਗੁਰ = ਦੇਵਤਿਆਂ ਦਾ ਗੁਰੁ-ਬ੍ਰਹਸਪਤ।

ਰਜਧਾਨੀ = ਰਜਧਾਨੀ ਤੋਂ ਮੁਰਾਦ ਰਾਜ, ਵਿਭੂਤੀ, ਅਮੀਰੀ।

ਪਾਰੇ = ਪਾਰੇ, ਜੋ ਪਾਰ ਪਾ ਲਵੇ, ਭਾਵ ਬੇਦਾਂ ਦੇ ਗਜਾਤਾ।

(ਅ) ਪਾਰੇ ਨੂੰ ਪਜਾਰੇ ਦਾ ਸੰਖੇਪ ਵੀ ਸਮਝ ਲੈਂਦੇ ਹਨ।

ਮਿਰਜਾਦਿਕ = ਮਿਰ੍ਜਾਦਾ ਵਾਲੇ, ਮਿਰ੍ਜਾਦਾ ਵਿਚ ਪੱਕੇ।

ਜਨ ਪ੍ਰਿਯ = ਭਗਤਾਂ ਨੂੰ ਪਿਆਰ ਕਰਨ ਵਾਲੇ।

ਘਨਸ਼ਜਾਮ = ਬੱਦਲ (ਸਮਾਨ) ਕਾਲਾ, ਇਕ ਨਾਮ ਹੈ ਕ੍ਰਿਸ਼ਨ ਜੀ ਦਾ।

ਪ੍ਰਤੱਗਜਾ = ਇਕਰਾਰ, ਕੌਲ। ਤਤੱਗਜਾ = ਤੱਤ ਨੂੰ ਜਾਣਨ ਵਾਲੇ।

ਸਮੁਦਾਇ = ਸਾਰੇ। ਭੂਤ = ਬੀਤ ਗਿਆ ਸਮਾਂ।

ਭਵਾਨ = ਵਰਤਮਾਨ ਸਮਾਂ। ਭਵਿੱਖਜ = ਆਉਣ ਵਾਲਾ ਸਮਾਂ।

ਬੰਦਨ = ਨਮਸਕਾਰ, ਪ੍ਰਣਾਮ, (ਅ) ਕੀਰਤਿ ਕਰਨੀ, ਉਸਤਤਿ ਕਰਨੀ। ਸੀਤਲ ਰਾਸਹਿ = ਜਿਨ੍ਹਾਂ ਦੀ ਰਾਸ਼ਿ ਠੰਢੀ ਹੈ, ਭਾਵ ਸੁਭਾਵ ਠੰਢਾ ਹੈ, ਰਾਸ ਨਾਮ ਲੀਲ੍ਹਾ ਦਾ ਬੀ ਹੈ, ਜੋ ਠੰਢੀ ਲੀਲ੍ਹਾ ਪਾਉਂਦਾ ਹੈ, ਭਾਵ ਜਿਸਦਾ ਪ੍ਰਕਾਸ਼ ਸੀਤਲ ਹੈ। (ਅ) ਰਾਸ = ਖਾਣ। ਸੀਤਲਤ ਦੀ ਖਾਣ।

ਸਾਰਦ = ਸਾਰਦਾ, ਸਰਸ੍ਵਤੀ।

ਬਕਤਾ = ਕਹਿਣ ਵਾਲਾ, ਵਜਾਖਜਾ ਕਰਨ ਵਾਲਾ। (ਅ) ਸਿੱਖਜਾਦਾਤਾ। (ੲ) ਫਸੀਹ (orator) ਮਨੋਹਰ ਵੱਖਜਾਨ ਕਰਨ ਵਾਲੇ।

ਅਰਥ:

ਗਨਪਤ ਆਦਿ ਜੋ ਵਿਘਨਾਂ ਦੇ ਨਾਸ਼ ਕਰਨ ਵਾਲੇ (ਹੋਏ ਹਨ), ਬ੍ਰਹਮਾ ਆਦਿਕ ਜੋ ਖੁਸ਼ੀ ਦੇ ਕਰਨ ਵਾਲੇ (ਮੰਨੇ ਜਾਂਦੇ ਹਨ), ਬ੍ਰਹਸਪਤ ਆਦਿਕ ਸ੍ਰੇਸ਼ਟ ਬੁੱਧੀ ਦੇ ਦਾਤੇ, ਬਾਲਮੀਕ ਆਦਿਕ ਜੋ ਬਾਣੀ ਦੇ ਕਵਿ ਹੋਏ ਹਨ ॥੨੦॥

ਸ਼੍ਰੀ ਵਸਿਸ਼ਟ ਆਦਿਕ ਜੋ ਗਜਾਨੀ (ਹੋਏ ਹਨ), ਇੰਦ੍ਰ ਆਦਿਕ ਜੋ ਰਾਜਧਾਨੀ ਦੇ ਦੇਣ ਵਾਲੇ (ਹੋਏ ਹਨ), ਅਗਸਤ ਆਦਿਕ ਸਾਰੇ ਤਪੱਸਜਾ ਕਰਨ ਵਾਲੇ, ਵਜਾਸ ਆਦਿਕ ਵੇਦਾਂ ਦਾ ਪਾਰ ਲੈਣ ਵਾਲੇ (ਗਜਾਤਾ) ॥੨੧॥

ਜੁਧਿਸ਼ਟਰ ਆਦਿ ਭਾਰੇ ਧਰਮਾਤਮਾ, ਅਰਜਨ ਆਦਿਕ ਕ੍ਰਿਸ਼ਨ ਦੇ ਪਜਾਰੇ, ਮਿਰਜਾਦਾ ਵਿਚ ਪੱਕੇ ਰਾਮਚੰਦ ਆਦਿਕ, ਸ਼੍ਰੀ ਨਰਸਿੰਘ ਆਦਿਕ ਜੋ (ਪ੍ਰਹਿਲਾਦ ਜੈਸੇ) ਭਗਤਾਂ ਦੇ ਪਜਾਰੇ (ਹੋਏ ਹਨ) ॥੨੨॥

ਸ਼੍ਰੀ ਕ੍ਰਿਸ਼ਨ ਵਰਗੇ ਰਸਾਂ ਦੇ ਗਜਾਤਾ (ਭਾਵ ਕਲਾ ਕੌਸਲ ਵਿਚ ਪ੍ਰਬੀਨ), ਸ਼੍ਰੀ ਬਾਮਨ ਆਦਿਕ (ਦੈਂਤਾਂ ਨੂੰ) ਛਲਣਾ ਜਾਣਨ ਵਾਲੇ, ਦਸਰਥ ਆਦਿਕ ਬਚਨ ਦੇ ਪੂਰੇ, ਜਨਕ ਆਦਿਕ ਜੋਗ ਤੇ ਭੋਗ ਵਿਚ ਸਮ ਰਹਣ ਵਾਲੇ ਵੇਤਾ (ਹੋਏ ਹਨ) ॥੨੩॥

ਗੋਰਖ ਆਦਿਕ ਸਾਰੇ ਸਿੱਧ, ਕਬੀਰ ਆਦਿਕ ਸਾਰੇ ਭਗਤ, (ਭਾਈ) ਬੁੱਢੇ ਵਰਗੇ ਗੁਰੂ ਕੇ ਸਿੱਖ, ਜੋ ਪਿਛਲੇ ਸਮੇਂ ਹੋਏ, ਹੁਣ ਹਨ ਤੇ ਅਗੋਂ ਹੋਣਗੇ ॥੨੪॥

ਸਾਰਿਆਂ ਨੂੰ ਮੈਂ ਪ੍ਰਣਾਮ ਕਰਦਾ ਹਾਂ, ਮੇਰੇ ਤੇ ਕ੍ਰਿਪਾ ਕਰੋ, ਮੈਂ ਗੁਰੂ ਜੀ ਦਾ ਜਸ ਉਚਾਰਨ ਕਰਾਂ, ਸੂਰਜ ਆਦਿਕ ਜੋ ਪ੍ਰਕਾਸ਼ ਕਰਦੇ ਹਨ, ਚੰਦ੍ਰਮਾ ਆਦਿਕ ਜੋ ਠੰਢੀ ਰਾਸ਼ਿ ਵਾਲੇ ਹਨ ॥੨੫॥

ਨਾਰਦ ਆਦਿਕ ਜੋ ਪ੍ਰੇਮੀ ਹਨ। ਸਰਸ੍ਵਤੀ ਆਦਿਕ (ਜੋ) ਵਕਤਾ (ਹੋਏ ਹਨ), ਸ਼ੇਸ਼ਨਾਗ ਵਰਗੇ (ਜੋ) ਬੜੇ ਚਤੁਰ ਕਹੇ ਜਾਂਦੇ ਹਨ, ਹਨੂਮਾਨ ਵਰਗੇ ਜੋ ਦਾਸ (ਭਗਤ) ਸਮਝੇ ਜਾਂਦੇ ਹਨ ॥੨੯॥

ਸਾਰਿਆਂ ਦੇ ਮੈਂ ਪਹਿਲਾਂ ਨਾਮ ਯਾਦ ਕਰਦਾ ਹਾਂ, ਧਰਤੀ ਪਰ ਸਿਰ ਧਰ ਨਮਸਕਾਰ ਉਚਾਰਦਾ ਹਾਂ, ਮੇਰੇ ਸਭ ਤਰ੍ਹਾਂ ਸਹਾਈ ਹੋਵੋ, ਮੇਰੇ (ਕੰਮ ਵਿਚ ਪੈਣ ਵਾਲੇ) ਵਿਘਨਾਂ ਦਾ ਮੇਰੇ ਨੇੜੇ ਰਹਿਕੇ ਨਾਸ਼ ਕਰੋ।

ਭਾਵ:

ਭਾਈ ਸੰਤੋਖ ਸਿੰਘ ਜੀ ਦੇ ਏਸ ਆਵਾਹਨ ਨੂੰ ਸਮਝਣ ਲਈ ਜ਼ਰਾ ਵਿਚਾਰ ਦੀ ਲੋੜ ਹੈ। ਉਨ੍ਹਾਂ ਦੇ ਸਮੇਂ ਜੋ ਖਜਾਲ ਨਹੀਂ ਸਨ ਉਨ੍ਹਾਂ ਦੀ ਸੰਭਾਵਨਾ ਕਰ ਲੈਣੀ ਕਿ ਓਦੋਂ ਹੈਸਨ ਉਨ੍ਹਾਂ ਦੇ ਆਸ਼ਯ ਨੂੰ ਸਮਝਣ ਨਹੀਂ ਦੇਂਦੀ। ਉਸ ਸਮੇਂ ਸਿੱਖਾਂ ਵਿਚ ਇਸ਼ਟਪਤੀ ਅੱਜ ਤੋਂ ਬਹੁਤ ਵਧੀਕ ਤੇ ਅਸਲੀ ਸੀ, ਪਰ ਉਸ ਵਿਚ 'ਇਨਕਾਰ' ਪ੍ਰਧਾਨ ਨਹੀਂ ਸੀ, 'ਇਕਰਾਰ' ਵਿੱਚ ਹੀ ਓਹ ਆਪਣੇ ਵਿਸ਼੍ਵਾਸ ਨੂੰ ਉੱਚਾ ਤੇ ਬੇਲਾਗ ਰਖਦੇ ਸਨ। ਅਰਥਾਤ ਆਪਣੇ ਸਤਿਗੁਰਾਂ ਨੂੰ ਸਭ ਤੋਂ ਉੱਚਾ ਸਮਝਦੇ ਸਨ ਅਰ ਓਹਨਾਂ ਵਿਚ ਆਪਣੀ ਭਾਵਨਾਂ ਪੂਰਨ ਭਗਤੀ ਤੇ ਸਿੱਖੀ ਦੀ ਧਾਰਨ ਕਰਦੇ ਸਨ, ਅਰ ਅਪਣੇ ਸਤਿਗੁਰਾਂ ਦੇ ਲਵੇ ਕਿਸੇ ਨੂੰ ਨਹੀਂ ਸਨ ਲਾਉਂਦੇ। ਪੂਰਨ ਪਤਿੱਬ੍ਰਤਾ ਸਮਾਨ ਪਤੀਬ੍ਰਤ ਭਾਵ ਵਾਂਙੂ ਇਸ਼ਟਪਤੀ ਸਤਿਗੁਰਾਂ ਵਿਚ ਰੱਖਦੇ ਸਨ, ਪ੍ਰੰਤੂ ਸੰਸਾਰ ਦੇ ਕਿਸੇ ਪੂਜਜ, ਕਿਸੇ ਮਤ ਦੇ ਵੱਡੇ, ਕਿਸੇ ਸਤਿਕਾਰੀ ਗਈ ਵਜਕਤੀ ਦੀ ਨਿੰਦਾ ਨਹੀਂ ਸਨ ਕਰਦੇ। ਸਭ ਵੱਡਿਆਂ ਦੇ ਵਿਚ ਭਲਿਆਈ ਦਾ ਕਿਸੇ ਨਾ ਕਿਸੇ ਅੰਸ਼ ਵਿਚ ਇਕਰਾਰ ਕਰਦੇ ਸਨ*। ਅਪਣੇ ਇਸ਼ਟ ਤੋਂ ਅਤ੍ਰਿਕਤ ਦੂਸਰਿਆਂ ਦੇ ਇਸ਼ਟ ਦਾ ਇਨਕਾਰ, ਨਿੰਦਾ ਤੇ ਖੰਡਨ ਨਹੀਂ ਸਨ ਕਰਦੇ। ਅਪਣੇ ਮਤ ਦੀ ਵਿਸ਼ੇਸ਼ਤਾ, ਅਪਣੇ ਇਸ਼ਟ ਦੀ ਬਜ਼ੁਰਗੀ, ਅਪਣੇ ਇਸ਼ਟ ਦਾ ਸਭ ਤੋਂ ਵਾਧਾ, ਸਭ ਤੋਂ ਉਚਿਆਈ ਨਿਰਭੈ ਕਹਿੰਦੇ ਸਨ। ਸਾਰਿਆਂ ਨੂੰ ਮੂਲੋਂ ਭੈੜਾ ਕਹਿਣਾ ਇਹ ਰਵਸ਼ ਹਿੰਦ ਵਿਚ ਪ੍ਰਾਟੈਸਟੈਂਟ ਈਸਾਈ ਲਿਆਏ, ਇਨ੍ਹਾਂ ਨੇ ਰਾਮ ਕ੍ਰਿਸ਼ਨ, ਹਿੰਦੂ ਦੇਵਤਾ ਤੇ ਮੁਸਲਮਾਨੀ ਪੈਗੰਬਰਾਂ ਦੇ ਔਗੁਣ ਛਾਂਟੇ। ਇਨ੍ਹਾਂ ਦੇ ਇਸ ਇਨਕਾਰ ਦੇ ਵਤੀਰੇ ਨੂੰ ਆਰਯਾ ਸਮਾਜ ਦੇ ਆਦਿ ਕਰਤਾ ਨੇ ਵਰਤਿਆ, ਤੇ ਇਸੇ ਦਾ ਛਾਂਦਾ ਹਿੱਸੇ ਪ੍ਰਤੀ ਹਿੰਦ ਦੇ ਦੂਸਰੇ ਮਤਾਂ ਨੇ ਬੀ ਲੈ ਲਿਆ। ਜੋ ਰਵਸ਼ ਕਿਤੇ ਹੱਦਾਂ ਦੇ ਅੰਦਰ ਤੇ ਕਿਤੇ ਬਾਹਰ ਬੀ ਗਈ ਹੈ। ਪਰ ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੀ ਰਵਸ਼ ਭਿੰਨ ਸੀ। ਉਹੀ ਰਵਸ਼ ਅਸੀਂ ਇੰਗਲੈਂਡ ਦੇ ਪ੍ਰਸਿੱਧ ਲੇਖਕ ਤੇ ਧਰਮੱਗਜ ਪੁਰਸ਼ ਕਾਰਲਾਈਲ ਵਿਚ ਵੇਖਦੇ ਹਾਂ ਕਿ ਜਿਸਨੇ ਜਗਤ ਦੇ ਅੱਡ ਅੱਡ ਮਹਾਂ ਪੁਰਖਾਂ ਵਿਚ ਮੁਹੰਮਦ ਆਦਿ ਪੈਗੰਬਰਾਂ ਨੂੰ ਬੀ ਸ਼ਾਮਲ ਕੀਤਾ। ਇਨਕਾਰ ਦੀ ਰਵਸ਼ ਨੂੰ ਕੱਟ ਕੇ ਸਭਨਾਂ ਦੇ ਗੁਣਾਂ ਦੇ ਇਕਰਾਰ ਦਾ ਚਮਤਕਾਰ ਦੱਸਿਆ, ਪਰ ਅਪਣੇ ਇਸ਼ਟ ਦੇਵ ਨੂੰ ਇਨ੍ਹਾਂ ਮਹਾਂ ਪੁਰਖਾਂ ਦੀ ਸ਼੍ਰੇਣੀ ਤੋਂ ਉੱਚਾ ਰਖਿਆ ਤੇ ਇਨ੍ਹਾਂ ਦੇ ਗੁਣਾਨੁਵਾਦ ਵੇਲੇ ਬੀ ਉਸ ਦੇ ਗੁਣ ਕਥਨ ਨੂੰ ਉੱਚਾ ਅਕਹਿ ਵਿਚ ਲੈ ਗਿਆ। ਜੇ ਕਿਸੇ ਪੁੱਛਿਆ ਕਿ ਆਪਣੇ ਇਸ਼ਟ ਦੇਵ ਦਾ ਜ਼ਿਕਰ ਨਹੀਂ ਜੇ ਕੀਤਾ ਤਾਂ ਦੱਸਿਆ, ਕਿ ਓਹ ਸਰਬ ਉੱਚੀਆਂ ਵਜਕਤੀਆਂ ਤੋਂ ਉੱਚਾ ਤੇ ਅਕਹਿ ਪਦ ਵਿਚ ਹੈ। ਤਿਵੇਂ 'ਇਕਰਾਰ' ਵਿਚ ਰਹਿਕੇ ਇਸ਼ਟਪਤੀ ਵਾਲੇ ਭਾਈ ਸੰਤੋਖ ਸਿੰਘ ਜੀ ਨੇ ਇਨ੍ਹਾਂ ਚੌਪਈਆਂ ਤੋਂ ਪਹਿਲਾਂ ਅਪਣੇ ਇਸ਼ਟ ਦੇਵ ਨੂੰ ਪੂਰੀ ਤਰ੍ਹਾਂ ਮਨਾ ਲਿਆ ਹੈ। ਕਵਿ ਜੀ ਉਨ੍ਹਾਂ ਦੀ ਸ਼੍ਰੇਣੀ ਅਲੱਗ ਤੇ ਵੱਖਰੀ ਤੇ ਉਚੇਰੀ ਰੱਖ ਆਏ ਹਨ, ਏਥੇ ਆਕੇ ਅਪਣੀ ਵਾਕਫੀ ਦੀਆਂ ਸਾਰੀਆਂ ਗੁਣ ਸ਼ੀਲ ਵਜਕਤੀਆਂ ਨੂੰ ਯਾਦ ਕਰਦੇ ਹਨ, ਪਰ ਇਨ੍ਹਾਂ ਨੂੰ ਸਦਰਸ਼ਤਾ-ਭਾਈ ਬੁੱਢੇ-ਗੁਰੂ ਕੇ ਸਿੱਖ ਦੀ ਦੇਂਦੇ ਹਨ। ਸਪਸ਼ਟ ਐਉਂ ਹੈ ਕਿ ਕਵਿ ਜੀ ਇਨ੍ਹਾਂ ਨੂੰ ਨਿੰਦਦੇ ਨਹੀਂ, ਮਾੜੇ ਨਹੀਂ ਕਹਿੰਦੇ, ਇਨ੍ਹਾਂ ਦੇ ਗੁਣਾਂ ਦਾ ਇਕਰਾਰ ਕਰਦੇ ਹਨ, ਪਰ ਇਨ੍ਹਾਂ ਨੂੰ ਭਾਈ ਬੁੱਢੇ

ਦੀ ਸ਼੍ਰੇਣੀ ਵਿਚ ਗਿਣਦੇ ਹਨ, ਜੋ ਉਨ੍ਹਾਂ ਦੇ ਇਸ਼ਟ ਦੇਵ ਦੇ ਸਿੱਖ ਹੋਏ ਹਨ। ਸੋ ਅਪਣੇ ਇਸ਼ਟ ਨੂੰ ਉੱਚਾ ਰਖਕੇ, ਇਨ੍ਹਾਂ ਸਾਰੇ ਗੁਣਵਾਨ ਪੁਰਖਾਂ ਨੂੰ, ਜਿਨ੍ਹਾਂ ਵਿਚ ਸ੍ਰੀ ਰਾਮਚੰਦ੍ਰ ਕ੍ਰਿਸ਼ਨ ਆਦਿ ਅਵਤਾਰ ਬੀ ਹਨ, ਆਪ ਦੂਸਰੇ ਦਰਜੇ ਦੀ ਅਰ ਅਪਣੇ ਗੁਰੂ ਦੇ ਪਰਮ ਉੱਚੇ ਸਿੱਖਾਂ ਦੀ ਸਦਰਸ਼ਤਾ ਦੇਂਦੇ ਹਨ। ਸਿੱਖਾਂ ਲਈ ਸਿੱਖਾਂ ਵਿਚ ਸਤਿਕਾਰ ਭਾਵ ਰੱਖਣਾ ਗੁਰ ਸਿੱਖੀ ਹੈ, ਫਿਰ ਭਾਈ ਬੁੱਢੇ ਵਰਗੇ ਬੀਤਰਾਗ, ਗੁਰ ਪ੍ਰੇਮੀ ਜੀਵਨ ਮੁਕਤ ਦਾ ਸਤਿਕਾਰ ਤਾਂ ਖਾਸ ਹੈ। ਇਸ ਕਰਕੇ ਕਵਿ ਭਾਈ ਸੰਤੋਖ ਸਿੰਘ ਜੀ ਸਭ ਨੂੰ ਗੁਰ ਸਿੱਖ ਯਾ ਗੁਰਮੁਖ ਸਮਝਕੇ ਸਤਿਕਾਰ ਨਾਲ ਯਾਦ ਕਰਦੇ ਤੇ ਸਤਿਕਾਰ ਦੇਂਦੇ ਹਨ। ਕਾਸ ਲਈ? ਅਪਣੀ ਕੱਲਜਾਨ ਵਾਸਤੇ ਨਹੀਂ, ਅਪਣੇ ਧਰਮ ਵਾਸਤੇ ਨਹੀਂ, ਪਰ ਗੁਰੂ ਜਸ ਦੇ ਮੰਦਰ ਦੀ ਉਸਾਰੀ ਵਿਚ ਉਨ੍ਹਾਂ ਨੂੰ ਵਡੇ ਗੁਰੂ ਸਿਖ ਤੁੱਲ ਸਮਝਕੇ ਸਹਾਇਤਾ ਮੰਗਦੇ ਹਨ। ਪ੍ਰਯੋਜਨ ਹੈ ਅਪਣੇ ਇਸ਼ਟ ਦੇਵ ਦੀ ਕੀਰਤੀ, ਉਸ ਵਿਚ ਮੰਗਦੇ ਹਨ ਸਹਾਇਤਾ ਇਨ੍ਹਾਂ ਤੋਂ, ਇਨ੍ਹਾਂ ਨੂੰ ਭਾਈ ਬੁੱਢੇ ਵਾਂਕੂ ਵੱਡਾ ਆਦਰ ਯੋਗ ਗੁਰਮੁਖ ਸਮਝਕੇ, ਕਿ ਮੇਰੀ ਮਦਦ ਕਰੋ ਜੋ ਮੈਂ ਗੁਰੂ ਜਸ ਉਚਰਾਂ ਤੇ ਮੇਰੇ ਵਿਘਨਾਂ ਦਾ ਨਾਸ਼ ਹੋਵੇ।

ਭਾਈ ਸੰਤੋਖ ਸਿੰਘ ਜੀ ਇਹ ਆਵਾਹਨ ਨਾ ਕਰਦੇ ਤਾਂ ਕੋਈ ਥੁੜ ਨਹੀਂ ਸੀ ਰਹਿ ਜਾਣੀ। ਭਾਈ ਨੰਦ ਲਾਲ ਜੀ ਤੇ ਭਾਈ ਗੁਰਦਾਸ ਜੀ ਨੇ ਐਸੀ ਰਵਸ਼ ਨਹੀਂ ਲਈ ਤੇ ਨਿਰਾ ਹੀ ਸਿੱਧੇ ਅਪਣੇ ਸਤਿਗੁਰਾਂ ਦੇ ਨਿਰੋਲ ਯਸ਼ ਵਿਚ ਰਹੇ ਹਨ। ਪਰ ਜਿਵੇਂ 'ਅਸ਼੍ਵਘੋਸ਼' ਨੇ ਨਿਰੋਲ ਬੁਧਮਤ ਵਿਚ ਯੋਗ ਮਾਰਗ ਦੇ ਖਯਾਲ ਜਾ ਗੁੰਦੇ ਸਨ ਤੇ ਬੁਧ ਮਤ ਦਾ 'ਮਹਾਂਯਾਨਾ' ਮਾਰਗ ਵੱਖਰਾ ਹੀ ਪੈਦਾ ਹੋ ਗਿਆ ਸੀ ਤਿਵੇਂ ਕਵਿ ਜੀ ਦੇ ਸਮੇਂ ਇਸ ਪ੍ਰਕਾਰ ਦੇ ਬ੍ਰਹਮਣੀ ਪ੍ਰਭਾਵ ਵਾਲੇ ਖਿਆਲ ਸਿੱਖੀ ਨਾਲ ਰਲ ਰਹੇ ਸਨ*, ਤੇ ਭਾਈ ਜੀ ਜੈਸੇ ਗੁਣੀਆਂ ਦੀ ਵਿੱਦਯਾ ਉਨ੍ਹਾਂ ਹੀ ਮੰਡਲਾਂ ਵਿਚ ਹੋਈ ਸੀ, ਇਸ ਕਰਕੇ ਐਸੇ ਖਯਾਲ ਉਨ੍ਹਾਂ ਤੋਂ ਅਨਜਾਣੇ ਪੈਂਦੇ ਸਨ, ਪਰ ਉਨ੍ਹਾਂ ਦੀ ਇਸ਼ਟਪਤੀ ਉਨ੍ਹਾਂ ਤੋਂ ਅਪਣੇ ਇਸ਼ਟ ਸਤਿਗੁਰਾਂ ਨੂੰ ਉੱਚਾ ਰਖਵਾਉਂਦੀ ਸੀ ਤੇ ਹਰ ਟਿਕਾਣੇ ਉਨ੍ਹਾਂ ਦੀ ਵਿਸ਼ਾਲਤਾ, ਉੱਚਤਾ ਤੇ ਪ੍ਰਾਗੱਲਭਤਾ ਤੋਂ ਵਿਸ਼ੇਸ਼ਤਾ ਦੇ ਜਾਂਦੀ ਸੀ। ਕਵਿ ਜੀ ਦੀ ਅਨਿੰਨ ਸਿੱਖੀ ਦੇ ਭਾਵ ਉਨ੍ਹਾਂ ਤੋਂ ਮਲੋਮਲੀ ਪ੍ਰਗਟ ਹੁੰਦੇ ਸਨ ਤੇ ਓਹ ਕਦੇ ਕਿਸੇ ਹੋਰਸ ਨੂੰ ਅਪਣਾ ਇਸ਼ਟ ਨਹੀਂ ਸਨ ਮੰਨਦੇ।

ਦੇਖੋ ਰਾਸ ਤਿੰਨ, ਅੰਸੂ ੩੨, ਅੰਕ ੧੪ ਵਿਚ ਕਵਿ ਜੀ ਦੀ ਅਨਿੰਨਤਾਈ ਜਿੱਥੇ ਕਿ ਓਹ ਆਪ ਗਣਪਤਿ ਆਦਿਕਾਂ ਦਾ ਮੰਨਣਾਂ ਮਨ੍ਹੇ ਕਰਦੇ ਹਨ ਯਥਾ:- 'ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਸ਼ਚਾ ਨਹੀਂ ਟਿਕਾਏ। ਸਿੱਖ ਅਨਿੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ, ਲੇਹੁ ਅਬ ਹੇਰੇ।' [ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦੋਂ ਏਹ ਵਾਕ ਕਵੀ ਜੀ ਨੇ ਲਿਖੇ ਹਨ]।

ਫਿਰ ਦੇਖੋ-ਰਾਸ ੩, ਅੰਸੂ ੩੨ ਦਾ ਅੰਕ ੨੨. ਤੇ ੨੩:-

'ਵਾਰ ਮਹੂਰਤ ਤਬ ਨਹਿਂ ਪੂਛਾ। ਬਿਨਾਂ ਖਰਚ ਤੇ ਮਨ ਨਹਿਂ ਛੂਛਾ।
ਨਿਸ਼ਚਾ ਏਕ ਕਰਨ ਅਰਦਾਸ। ਨਿਤ ਜਾਨਹਿ ਜਹਿਂ ਕਹਿਂ ਗੁਰ ਪਾਸ।
ਭਗਤ ਅਨਿੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿਂ ਕੈਸੇ।'

ਜੋ ਕੁਛ ਉਨ੍ਹਾਂ ਨੇ ਸਮੇਂ ਤੇ ਅਪਣੀ ਵਿੱਦਯਾ ਵਾਕਫੀ ਦੇ ਮੰਡਲ ਵਿਚ ਕੀਤਾ ਹੈ ਉਸਦਾ ਆਸ਼ਾ ਇਹੋ ਹੈ:- ਅਪਨੇ ਇਸ਼ਟਦੇਵ ਨੂੰ ਸੁਮੇਰੁ ਪਰਬਤ ਸਮਝਣਾ, ਦੂਸਰੇ ਬਜ਼ੁਰਗਾਂ ਦੀ ਨਿੰਦਾ ਨਾ ਕਰਨੀ, ਪਰ ਉਨ੍ਹਾਂ ਨੂੰ ਇਸ਼ਟਦੇਵ ਤੋਂ ਨੀਵੇਂ ਤੇ ਨਿਜ ਤੋਂ ਵਡੇਰੇ ਸਮਝਕੇ ਇਕਰਾਰ ਵਿਚ ਵਸਦਿਆਂ ਪਤਿਬ੍ਰਤ ਭਾਵ ਨਿਬਾਹੁਣਾ, ਜਿਵੇਂ ਕੁਲੀਨ ਪਤਿਬ੍ਰਤਾ-ਪਤੀ ਭਾਵਨਾ-ਪਤੀ ਬਿਨਾਂ ਕਿਸੇ ਵਿਚ ਨਹੀਂ ਧਾਰਦੀ, ਪਤੀ ਦੇ ਲਵੇ ਕਿਸੇ ਨੂੰ ਨਹੀਂ ਲਾਉਂਦੀ, ਅਪਣੇ ਪਤੀ ਤੋਂ ਛੁੱਟ ਜਗਤ ਵਿਚ ਕਿਸੇ ਨੂੰ ਮਰਦ ਨਹੀਂ ਸਮਝਦੀ। ਪਰ ਪਤੀ ਤੋਂ ਛੁੱਟ ਉਸਦੇ ਮਿੱਤ੍ਰਾਂ,

ਸੰਬੰਧੀਆਂ, ਵਾਕਫਾਂ, ਹੋਰ ਸਾਕਾਂ ਸਨੇਹੀਆਂ ਕਿਸੇ ਦਾ ਅਨਾਦਰ ਤੇ ਅਪਮਾਨ ਬੀ ਨਹੀਂ ਕਰਦੀ*। ਫਿਰ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਔਗੁਣਾਂ ਨੂੰ ਛੱਡਕੇ ਗੁਣਾਂ ਨੂੰ ਤੱਕ ਕੇ ਗੁਣ ਸਭ ਤੋਂ ਮੰਗ ਲਈਏ, ਨਿੰਦਾ ਨਾ ਕਰੀਏ ਪਰ ਧਿਆਨ ਸਦਾ ਗੁਰ ਮੂਰਤੀ ਅਪਣੇ ਇਸ਼ਟ ਦਸੋ ਸਤਿਗੁਰਾਂ ਵਿਚ ਰਖੀਏ, ਉਨ੍ਹਾਂ ਤੋਂ ਸਭ ਗੁਣੀ, ਅਵਤਾਰ, ਪੈਗੰਬਰ ਨੀਵੇਂ ਹਨ।

ਜੈਸੇ ਨੈਨ ਬੈਨ ਪੰਖ ਸੁੰਦਰ ਸ੍ਰਬੰਗ ਮੋਰ
ਤਾਂ ਕੋ ਪਗ ਓਰ ਦੇਖਿ ਦੋਖ ਨਾ ਬਿਚਾਰੀਐ।
ਸੰਦਲ ਸੁਗੰਧਿ ਅਤਿ ਕੋਮਲ ਕਮਲ ਜੈਸੇ
ਕੰਟਕ ਬਿਲੋਕਿ ਨ ਅਉਗੁਨ ਉਰਧਾਰੀਐ।
ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ।
ਤੈਸੇ ਗੁਰ ਗਿਆਨ ਦਾਨ ਸਭਹੂੰ ਸੈ ਮਾਂਗਿ ਲੀਜੈ,
ਬੰਦਨਾ ਸਕਲ ਭੂਤ, ਨਿੰਦਾ ਨ ਤਕਾਰੀਐ ॥੩੯੯॥

ਭਾਈ ਸੰਤੋਖ ਸਿੰਘ ਜੀ ਨੇ ਇਥੇ ਜਿਨ੍ਹਾਂ ਗੁਣਵਾਨਾਂ ਨੂੰ ਯਾਦ ਕੀਤਾ ਹੈ, ਉਨ੍ਹਾਂ ਦੇ ਏਹ ਗੁਣ ਗਿਣੇ ਹਨ:- ਵਿਘਨ ਨਾਸ਼, ਮੰਗਲ, ਸੁਮਤਿ, ਕਵਿਤਾ, ਗਯਾਨ, ਰਾਜ-ਪ੍ਰਤਾਪ, ਤਪ, ਵਿਦ੍ਵਤਾ, ਧਰਮ ਪਯਾਰ, ਮਿਰ੍ਯਾਦਾ, ਦਾਸਾਂ ਤੇ ਮੇਹਰ, ਰਸ ਗਯਾਤ, ਛਲ ਨੂੰ ਸਮਝਣ ਦੀ ਜਾਚ, ਪ੍ਰਤੱਗਯਾ ਪੂਰਨ, ਤੱਤਗਯਾਨ, ਰਿਧੀ ਸਿਧੀ, ਭਗਤੀ, ਸਿੱਖੀ, ਜਲਾਲ ਵਾਲਾ ਪ੍ਰਕਾਸ਼, ਜਮਾਲ ਵਾਲਾ ਪ੍ਰਕਾਸ਼, ਭਗਤੀ ਵਾਲਾ ਪ੍ਰੇਮ, ਕਵਿਤਾ ਸਫੁਰਣ ਸੱਤਾ, ਚਤੁਰਤਾ, ਦਾਸਾ ਭਾਵ। ਇਨ੍ਹਾਂ ਸਾਰੇ ਗੁਣਾਂ ਦਾ ਆਪ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਅਪਣੇ ਗ੍ਰੰਥ ਵਿਚ ਕਥਨ ਕਰਨਾ ਪੈਣਾਂ ਹੈ, ਇਸ ਲਈ ਆਪ ਗੁਣਾਂ ਨੂੰ ਤੇ ਜਿਨ੍ਹਾਂ ਵਿਚ ਇਕ ਇਕ ਪ੍ਰਸਿੱਧ ਹੋਇਆ ਹੈ ਉਨ੍ਹਾਂ ਨੂੰ ਇਨ੍ਹਾਂ ਚੌਪਈਆਂ ਵਿਚ ਲੈਂਦੇ ਹਨ ਤੇ ਉਨ੍ਹਾਂ ਤੋਂ ਉਨ੍ਹਾਂ ਗੁਣਾਂ ਦੀ ਯਾਚਨਾਂ ਕਰਦੇ ਹਨ। ਗੁਣਾਂ ਵਾਲੇ ਉਹਨਾਂ ਨੇ ਉਹੀ ਚੁਣਨੇ ਸਨ ਜੋ ਉਨ੍ਹਾਂ ਦੀ ਵਾਕਫੀ ਦੇ ਦਾਇਰੇ ਦੇ ਸਨ। ਆਪ ਯੂਨਾਨ, ਮਿਸਰ, ਜਾਪਾਨ, ਚੀਨ, ਅਰਬ, ਈਰਾਨ, ਜਰਮਨੀ, ਰੋਮ ਦੇ ਗੁਣਵਾਨਾਂ ਦੇ ਨਾਮ ਨਹੀਂ ਗਿਣ ਸਕਦੇ ਸਨ ਕਿ ਜਿਨ੍ਹਾਂ ਦੇ ਵਿਦਯਾ ਵਿੱਗਯਾਨ ਤੇ ਇਲਮ ਅਦਬ ਦੀ ਮੁਤਾਲਯਾ ਤੇ ਪੜ੍ਹਨ ਦਾ ਸਮਾਂ ਆਪ ਨੂੰ ਨਹੀਂ ਲੱਝਾ। ਆਪ ਹਿੰਦੀ ਤੇ ਸੰਸਕ੍ਰਿਤ ਤੇ ਜਾਣੂੰ ਸੇ, ਸੋ ਹਿੰਦੀ ਸੰਸਕ੍ਰਿਤ ਦੇ ਇਲਮ ਅਦਬ ਵਿਚੋਂ ਹੀ ਉਨ੍ਹਾਂ ਨੇ ਗੁਣਵਾਨ ਸੱਜਨ ਚੁਣਨੇ ਸਨ ਤੇ ਸ੍ਵਦੇਸ਼ ਦੇ ਗੁਣੀ ਹੀ ਲੈਣੇ ਸਨ। ਫਿਰ ਇਨ੍ਹਾਂ ਗੁਣੀਆਂ ਵਿਚੋਂ ਕਈਆਂ ਦੇ ਨਾਮ ਸ਼੍ਰੀ ਗੁਰੂ ਗ੍ਰੰਥ ਸਾਹਿਬ* ਜੀ ਵਿਚ ਆਏ ਹਨ, ਜਿਥੇ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਕਰਨ ਵਾਲੇ-ਗੁਣ ਗਾਇਨ ਕਰਨ ਵਾਲੇ-ਦਾ ਦਰਜਾ ਦਿੱਤਾ ਹੈ, ਸੋ ਕਵੀ ਜੀ ਆਪ ਗੁਰੂ ਸਾਹਿਬਾਂ ਦਾ ਇਤਿਹਾਸ ਤੇ ਜਸ ਵਰਣਨ ਕਰਨ ਲੱਗੇ ਹਨ, ਓਹਨਾਂ ਨੂੰ ਗੁਰ ਜਸ ਕਰਨ ਵਾਲੇ ਸਮਝ ਕੇ ਯਾਦ ਕਰਦੇ ਹਨ ਕਿ ਤੁਸੀਂ ਮੇਰੀ ਮਦਦ ਕਰੋ ਅਰ ਕਾਰਜ ਸਿਰੇ ਚੜ੍ਹਾਓ। ਉਨ੍ਹਾਂ ਨੂੰ ਅਪਣਾ ਇਸ਼ਟਦੇਵ ਤੇ ਪੂਜਯ ਨਹੀਂ ਮੰਨ ਰਹੇ, ਨਾ ਇਨ੍ਹਾਂ ਦੀ ਪੂਜਾ ਸਿੱਖਾਂ ਨੂੰ ਸਿਖਾਲ ਰਹੇ ਹਨ। ਸਿੱਖਾਂ ਨੂੰ ਤਾਂ ਕਵਿ ਜੀ ਇਹੋ ਮੱਤ ਦੇਂਦੇ ਹਨ:-

ਭਗਤ ਅਨਿੰਨ ਕਹਾਵਤ ਐਸੇ।
ਗੁਰ ਬਿਨ ਅਪਰ ਨ ਮਾਨਹਿ ਕੈਸੇ।

[ਰਾਸ ੩, ਅੰਸੂ ੩੨, ਅੰਕ ੨੩

ਅਗਲੇ ਅੰਕ ੨੮ ਤੋਂ ਲੈ ੩੬ ਤਕ ਖਾਸ ਤੇ ਉਂਞ ਆਮ ਤੌਰ ਤੇ ਕਵੀ ਜੀ ਅਪਣੇ ਕੰਮ ਦੀ ਵਿਸ਼ਾਲਤਾ ਤੇ ਮੁਸ਼ਕਲ ਨੂੰ ਪ੍ਰਤੀਤ ਕਰਕੇ ਆਪ ਨੂੰ ਉਸਦੇ ਕੰਮ ਦੇ ਯੋਗ ਨਹੀਂ ਸਮਝਦੇ, ਇਸ ਲਈ ਅਪਣੀ ਸਹਾਯਤਾ ਦੀ ਲੋੜ ਗੁਪਤ ਸੰਸਾਰ ਤੋਂ ਰੱਖਦੇ ਹਨ ਤੇ ਭੌਂ ਭੌਂ ਕੇ ਜੋ ਬੀ ਲਿਖਦੇ ਹਨ ਉਸਦਾ ਸਾਰ ਅੰਸ਼

ਇਹੋ ਨਿਕਲਦਾ ਹੈ ਕਿ ਅਪਣੇ ਕਾਰਜ ਦੀ ਨਿਰਵਿਘਨ ਸਮਾਪਤੀ ਲਈ ਅਗੰਮ ਤੋਂ, ਗ਼ੈਬ ਤੋਂ, ਗੁਪਤ ਸੰਸਾਰ ਤੋਂ ਰੂਹਾਨੀ ਮਦਦ ਦੀ ਟੇਕ ਮੰਗਦੇ ਹਨ ਤੇ ਉਸੇ ਦਾ ਆਸਰਾ ਬੰਨ੍ਹਦੇ ਅਰ ਯਾਚਨਾਂ ਕਰਦੇ ਹਨ।

(ਅੱਗੇ ਹੁਣ ਮਿਲਵੇਂ ਮੰਗਲ ਚਲਦੇ ਹਨ)

## ੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ।

[ਗੁਰਯਸ਼ ਕਥਨ ਲਈ ਅਪਣੀ ਅਸਮ੍ਰੱਥਤਾ ਪਰੰਤੂ ਤੀਬ੍ਰ ਇੱਛਾ]

ਸ੍ਵੈਯਾ:

ਸ਼੍ਰੀ ਗੁਰ ਕੋ ਜਸੁ ਸਾਗਰ ਰੂਪ
ਉਜਾਗਰ ਹੈ ਸਭਿ+ ਲੋਕਨ ਮਾਹੂੰ।
ਮੈਂ ਤੁਲਹਾ ਤ੍ਰਿਣ ਜਯੋਂ ਕਰਿ ਕੈ
ਨਿਜ ਬੁੱਧਿ ਤੇ ਪਾਰ ਪਰਯੋ ਅਬਿਚਾਹੂੰ।
ਹੋਇ ਹਂਸੀ ਜਗ ਮੈਂ ਅਧਿਕਾਇ
ਤਊ ਚਿਤ ਮੈਂ ਅਤਿਸ਼ੈ ਉਤਸਾਹੂੰ।
ਊਚ ਤਰੁ ਫਲ ਜਯੋਂ ਲਗਿ* ਸੁੰਦਰ
ਵਾਮਨ ਹਾਥ ਪਸਾਰਤਿ ਤਾਹੂੰ ॥੨੮॥

ਤਰੁ = ਬ੍ਰਿੱਛ।
ਵਾਮਨ = ਬਉਣਾ, ਬਹੁਤ ਮਧਰੇ ਕੱਦ ਦਾ ਆਦਮੀ।

ਅਰਥ:

(ਇਹ ਗੱਲ ਕਿ) ਸ੍ਰੀ ਗੁਰੂ ਜੀ ਦਾ ਜਸ ਸਮੁੰਦ੍ਰ ਵਾਂਙੂ (ਅਥਾਹ ਤੇ ਬੇਕਿਨਾਰ) ਸਭ ਲੋਕਾਂ ਵਿਚ ਉਜਾਗਰ ਹੈ, ਮੈਂ ਹੁਣ ਅਪਣੀ (ਤੁੱਛ) ਬੁੱਧੀ ਨਾਲ (ਮਾਨੋਂ) ਕੱਖਾਂ ਦਾ ਤੁਲਹਾ ਬਨਾਕੇ ਪਾਰ ਪੈਣਾਂ ਚਾਹੁੰਦਾ ਹਾਂ, (ਭਾਵੇਂ ਮੇਰੇ ਇਸ ਨਿਮਾਣੇ ਯਤਨ ਉਤੇ) ਜਗਤ ਵਿਚ ਭਾਰੀ ਹਾਸੀ ਹੀ ਹੋਵੇ ਤਦ ਬੀ ਮੈਂ ਚਿਤ ਵਿਚ ਬਹੁਤ ਉਤਸਾਹਿਤ ਹੁੰਦਾ ਹਾਂ, ਜਿਵੇਂ ਉਚੇ ਬ੍ਰਿੱਛ ਨੂੰ ਸੁਹਣਾ ਫਲ ਲੱਗਾ (ਵੇਖਕੇ) ਬਾਉਣਾ ਹੱਥ ਉਸ ਵੱਲੇ ਪਸਾਰਦਾ ਹੈ (ਤੇ ਲੋਕਾਂ ਦੇ ਹਾਸੇ ਤੋਂ ਉਤਸਾਹ ਹੀਨ ਨਹੀਂ ਹੁੰਦਾ)।

[ਅਪਣੀ ਅਸਮ੍ਰੱਥਤਾ ਦਾ ਉਪਾਉ, ਗੁਰੂ ਦੀ ਟੇਕ, ਖਾਲਸਾ ਤੇ ਸਤਿਗੁਰਾਂ ਜੋਗ ਬੰਦਨਾ]

ਚੌਪਈ:

ਸ੍ਰੀ ਗੁਰ ਸੁਜਸ ਰੁਚਿਰ ਮਣਿ ਮਾਣਿਕ।
ਸਿੱਖੀ ਉਚਤਾ ਗਿਰਵਰ ਥਾਨਿਕ।
ਸਾਧਨ ਰੂਪ ਚਰਨ ਨਹਿਂ ਮੇਰੇ।
ਅਹੋਂ ਪਿੰਗ ਕਿਮ ਚਢਿਵ ਉਤੇਰੇ ॥੨੯॥
ਨਿਜ ਮਤਿ ਕੋ ਸ਼ਿੰਗਾਰ ਬਨਾਵਨ।
ਚਾਹਿਤ ਹੌਂ ਪਰੋਇ ਪਹਿਰਾਵਨ।
ਪ੍ਰੇਮ ਰੂਪ ਗੁਨ ਕਰੋਂ ਬੰਧਾਵਨ।
ਲੋਕ ਪ੍ਰਲੋਕ ਸੁਹਾਵਨ ਪਾਵਨ ॥੩੦॥

ਗੁਰ ਕਰੁਣਾ ਅਸੁਵਾਰੀ ਪਾਇ।
ਉਚਤਾ ਸਿੱਖੀ ਪਰ ਚਢਿ ਜਾਇ।
ਹੋਹਿ ਮਨੋਰਥ ਪੂਰਨ ਮੇਰਾ।
ਗੁਰ ਪਦ ਸੇਵਉਂ ਸਾਂਝ ਸਵੇਰਾ ॥੩੧॥
ਯਾਂ ਤੇ ਅਹੈ ਭਰੋਸਾ ਮੋਹੀ।
ਗ੍ਰਿੰਥ ਸੰਪੂਰਨ ਸਗਰੋ ਹੋਹੀ।
ਤੁਰਕਨ ਰਾਜ ਤੇਜ ਬਨ ਦਾਵਾ।
ਏਕ ਬਾਰ ਕਰਿ ਛਾਰ ਮਿਟਾਵਾ ॥੩੨॥
ਸ੍ਰੀ ਨਾਨਕ ਨਰ ਤਾਰਨ ਹੇਤੁ।
ਸਿੱਖੀ ਬੇਲ ਬੋਇ ਜਗ ਖੇਤ।
ਅਪਰ ਗੁਰੂ ਉਪਦੇਸ਼ ਜੁ ਬਾਰੀ।
ਦੇ ਦੇ ਭਲੀ ਭਾਂਤਿ ਪ੍ਰਤਿਪਾਰੀ ॥੩੩॥
ਸਿਮਰਨ ਸੱਤਿਨਾਮ ਸੁ ਸੁਮਨਸਾ+।
ਬ੍ਰਹਮ ਗਜਾਨ ਫਲ ਚਹਿ ਜਿਸੁ ਮਨਸਾ++।
ਕਲਗ਼ੀਧਰ ਰਣ ਕਰਿ ਬਹੁ ਬਾਰਿ।
ਅਨਿਕ ਜਤਨ ਤੇ ਸੋ ਪ੍ਰਤਿਪਾਰਿ ॥੩੪॥

ਰੁਚਿਰ = ਸੁੰਦਰ
ਮਣਿ = ਰਤਨ, ਕੋਈ ਬਹੁ ਮੁੱਲਾ ਰਤਨ, ਹੀਰਾ ਪੰਨਾ ਲਾਲ ਆਦਿਕ।
ਮਾਣਿਕ = ਲਾਲ ਰੰਗ ਦਾ ਰਤਨ, ਜਿਸਨੂੰ ਲਾਲ ਬੀ ਕਹਿੰਦੇ ਹਨ।
ਗਿਰਵਰ = ਸ੍ਰੇਸ਼ਟ ਪਹਾੜ। ਪਹਾੜ। ਥਾਨਿਕ = ਥਾਉਂ।
ਪਿੰਗ = ਪਿੰਗਲਾ। ਉਤੇਰੇ = ਉਪਰ, ਉਚੇਰੇ। ਗੁਨ = ਧਾਗਾ, ਡੋਰ।
ਬੰਧਾਵਨ = ਬੰਨ੍ਹਕੇ। ਸੁਹਾਵਨ = ਸੁਹਾਵਣਾ, ਸੁਹਣਾ ਲੱਗਣ ਵਾਲਾ।
ਕਰੁਣਾ = ਕ੍ਰਿਪਾ। ਮੇਹਰ।
ਦਾਵਾ = ਦਾਵਾਨਲ, ਓਹ ਅੱਗ ਜੋ ਬਨਾਂ ਨੂੰ ਸਾੜਦੀ ਹੈ।
ਬਾਰੀ = ਬਾਰ, ਜਲ, ਪਾਣੀ। ਪਾਰੀ = ਪਾਲੀ।
ਸੁ ਸੁਮਨਸਾ = ਸੁ = ਸ੍ਰੇਸ਼ਟ। ਸੁਮਨਸਾ = ਫੁੱਲ। [ਸੰਸ: ਸੁਮਨਸ: = ਫੁਲ। ਸੁਮਨਸਾ = ਵਡੇ ਫੁਲਾਂ ਵਾਲੀ ਚੰਬੇਲੀ, ਮੋਤੀਆ]। (ਅ) [ਸੰਸ: ਸਮੁਨ੍ਨਜ: = ਪ੍ਰਾਪਤੀ।] ਭਾਵ ਬ੍ਰਹਮ ਗਜਾਨ ਦੀ ਪ੍ਰਾਪਤੀ ਰੂਪੀ ਫਲ ਜਿਸਿ ਨਾਲ ਚਾਹ ਸਾ (= ਸ਼ਾਂਤ) ਹੋ ਜਾਂਦੀ ਹੈ। (ੲ) ਚਹਿ+ਜਿ+ਸਮਨ ਸਾ = ਸਾ ਚਹਿ ਜਿ ਸ਼ਮਨ = ਜਿਸਦੇ ਨਾਲ ਸ਼ਮਨ ਹੋ ਜਾਂਦੀ ਹੈ ਓਹ ਚਾਹਨਾ।
ਚਹਿ ਜਿਸ ਮਨਸਾ = ਜਿਸਨੂੰ ਮਨ ਚਾਹੇ, ਮਨੋ ਵਾਂਛਤ।
ਰਣਕਰਨਾ = ਜੁਧ ਕਰਨਾ।

ਅਰਥ:

(ਪ੍ਰਸ਼ਨ) ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜਸ ਲਾਲ ਵਾਂਙੂ (ਇੱਕ) ਸੁੰਦਰ ਰਤਨ ਹੈ, ਜੋ ਸਿੱਖੀ (ਰੂਪੀ) ਪਹਾੜ ਦੇ (ਉੱਚੇ) ਥਾਂਈ (ਲੱਝਦਾ) ਹੈ, ਮੇਰੇ (ਪਾਸ) ਸਾਧਨ ਰੂਪੀ ਪੈਰ ਨਹੀਂ ਹਨ, ਮੈਂ (ਮਾਨੋ) ਪਿੰਗਲਾ ਹਾਂ ਉਪਰ ਕੀਕੂੰ ਚੜ੍ਹਾਂ* ॥੨੯॥

(ਪਰ ਮੈਂ ਇਹ) ਚਾਹੁੰਦਾ (ਜ਼ਰੂਰ ਹਾਂ ਕਿ) ਅਪਣੀ ਮਤਿ ਨੂੰ (ਗੁਰੂ ਜਸ ਰੂਪੀ ਲਾਲਾਂ ਦੇ ਮਣਕੇ) ਪ੍ਰੋ ਕੇ ਪਹਿਰਾਂਵਾ ਤੇ ਇਸਨੂੰ ਸ਼ਿੰਗਾਰ ਲਾ ਦਿਆਂ, ਪ੍ਰੇਮ ਰੂਪੀ ਧਾਗੇ ਵਿਚ (ਗੁਰੂ ਜਸ ਰੂਪੀ ਖਿੱਲਰੇ ਰਤਨਾਂ ਨੂੰ) ਬੰਨ੍ਹਕੇ, ਜੋ ਲੋਕ ਤੇ ਪ੍ਰਲੋਕ (ਦੋਹੀਂ ਥਾਂਈਂ) ਸੁਹਣਾ ਤੇ ਪਵਿੱਤ੍ਰ ਹੈ ॥੩੦॥

(ਉੱਤਰ) ਗੁਰੂ ਦੀ ਕ੍ਰਿਪਾਲਤਾ (ਰੂਪੀ) ਅਸਵਾਰੀ ਪ੍ਰਾਪਤ ਕਰਕੇ ਸਿੱਖੀ ਦੀ ਉੱਚਤਾ (ਜੋ ਪਰਬਤ ਰੂਪ ਹੈ) ਪਰ ਚੜ੍ਹ ਜਾਵੀਦਾ ਹੈ, (ਐਉਂ) ਮੇਰਾ ਮਨੋਰਥ ਪੂਰਨ ਹੋ ਜਾਏਗਾ, (ਜੋ) ਮੈਂ ਗੁਰੂ ਜੀ ਦੇ ਚਰਨਾਂ ਨੂੰ ਦਿਨੇ ਰਾਤ ਸੇਵਾਂ ॥੩੧॥

ਇਸ ਕਰਕੇ ਮੈਨੂੰ (ਹੁਣ) ਭਰੋਸਾ ਹੈ ਕਿ ਗ੍ਰੰਥ (ਮੇਰਾ) ਸਾਰਾ ਸੰਪੂਰਣ ਹੋ ਜਾਏਗਾ (ਹਾਂ, ਜਿਨ੍ਹਾਂ ਸਤਿਗੁਰਾਂ ਨੇ) ਤੁਰਕਾਂ ਦੇ ਰਾਜ ਦੇ ਤੇਜ ਰੂਪੀ (ਭਾਰੇ) ਬਨ ਨੂੰ ਦਾਵਾ ਅਗਨੀ (ਵਾਂਙੂ ਲੱਗਕੇ) ਇਕ ਵੇਰ ਤਾਂ ਸੁਵਾਹ ਕਰਕੇ ਮਿਟਾ ਦਿੱਤਾ ਹੈ, (ਮੈਨੂੰ ਭਰੋਸਾ ਹੈ ਕਿ ਓਹ ਮੇਰੇ ਕੰਮ ਵਿਚ ਪੈਣ ਵਾਲੇ ਵਿਘਨਾਂ ਦਾ ਤੇਜ ਹਰਿ ਲੈਣਗੇ) ॥੩੨॥

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਨਰਾਂ ਦੇ ਤਾਰਨੇ ਲਈ ਜਗਤ (ਰੂਪੀ) ਖੇਤ ਵਿਚ ਸਿੱਖੀ ਦੀ ਵੇਲ ਬੋਈ, ਦੂਸਰੇ (ਨੌਂ) ਸਤਿਗੁਰਾਂ ਨੇ (ਸਮੇਂ ਸਮੇਂ) ਉਪਦੇਸ਼ (ਰੂਪੀ) ਜਲ ਦੇ ਦੇ ਕੇ ਓਹ (ਵਲ) ਚੰਗੀ ਤਰ੍ਹਾਂ ਪਾਲੀ, (ਉਸ ਵੇਲੇ ਨੂੰ) 'ਸਤਿਨਮ ਦਾ ਸਿਮਰਨ' (ਰੂਪੀ) ਸ੍ਰੇਸ਼ਟ ਫੁੱਲ ਪਿਆ, ਜਿਸ ਨੂੰ 'ਬ੍ਰਹਮ ਗਜਾਨ' (ਰੂਪੀ) ਮਨੋਵਾਂਛਤ ਫਲ (ਲੱਗਾ), ਜਿਸਨੂੰ ਸ਼੍ਰੀ ਕਲਗੀਧਰ ਜੀ ਨੇ ਕਈ ਵਾਰ ਜੰਗ ਰਚਕੇ ਅਨੇਕ ਜਤਨਾਂ ਨਾਲ (ਬਚਾਇਆ ਤੇ) ਪ੍ਰਤਿਪਾਲਿਆ।

[ਖ਼ਾਲਸਾ ਦਾ ਰੂਪਕ]

ਪੰਥ ਖਾਲਸਾ ਸੁਰਤਰੁ ਬੋਵਾ।  
ਸਤਿਗੁਰ ਤਪ ਦਿਢ ਮੂਲ ਖਰੋਵਾ।  
ਸਿਖ ਸੰਗਤਿ ਛਾਯਾ ਜਿਸ ਪਾਇ।  
ਦੁਹਿ ਲੋਕਨ ਸੁਖ ਕੋ ਉਪਜਾਇ ॥੩੫॥  
ਕਲਪ ਲਤਾ ਸਿੱਖੀ ਗੁਨ ਭੋਵਾ।  
ਤਿਸ ਕੋ ਆਸ੍ਰੈ ਦਿਢ ਇਹ ਹੋਵਾ।  
ਸਭਿਹਿਨ ਕੋ ਅਭਿਬੰਦਨ ਕੈ ਕੈ।  
ਕਰੋਂ ਗ੍ਰਿੰਥ ਚਿੰਤਾ ਉਰ ਖ੍ਵੈ ਕੈ ॥੩੬॥

ਸੁਰਤਰੁ = ਕਲਪ ਬ੍ਰਿੱਛ।

ਕਲਪਲਤਾ = ਕਲਪਾ ਬੇਲ, ਜੀਕੂੰ ਕਲਪ ਬ੍ਰਿੱਛ ਹੈ ਤੀਕੂੰ ਕਵਿ ਜੀ ਨੇ ਕਲਪਲਤਾ ਦੀ ਸੰਭਾਵਨਾ ਕੀਤੀ ਹੈ।

ਭੋਵਾ = ਭਰਪੂਰ। ਕੈ ਕੈ = ਕਰਕੇ।

ਖ੍ਵੈਕੈ = ਖੈ ਕਰਕੇ, ਦੂਰ ਕਰਕੇ, ਨਾਸ਼ ਕਰਕੇ।

ਅਰਥ:

(ਇਸ ਸਿੱਖੀ ਰੂਪੀ ਵੇਲ ਦੀ ਦ੍ਰਿੜ੍ਹਤਾ ਲਈ ਕਲਗ਼ੀਧਰ ਜੀ ਨੇ) ਖਾਲਸਾ ਪੰਥ ਕਲਪ ਬ੍ਰਿੱਛ ਬੀਜਿਆ, ਜੋ ਸਤਿਗੁਰ ਦੇ ਤਪ (ਦੇ ਆਸਰੇ ਆਪਣੀਆਂ) ਜੜ੍ਹਾਂ ਤੇ ਦ੍ਰਿੜ ਖਲੋਤਾ ਹੈ, ਜਿਸ ਦੀ ਛਾਇਆ ਪਾਕੇ ਸਿੱਖ ਸੰਗਤਿ ਦੋਹਾਂ ਲੋਕਾਂ (ਦੇ ਵਿਚ) ਸੁਖ ਪੈਦਾ ਕਰ (ਸਕਦੀ) ਹੈ ॥੩੫॥

(ਤਾਂਤੇ ਹੁਣ ਰੂਪਕ ਇਹ ਹੈ ਕਿ ਸਾਰੇ ਇਲਾਹੀ) ਗੁਣਾਂ (ਨਾਲ) ਭਰਪੂਰ ਸਿੱਖੀ (ਇਕ) ਕਲਪ ਵੇਲ (ਵਾਂਙੂ) ਹੈ, (ਤੇ) ਇਹ (ਪੰਥ ਖਾਲਸਾ ਰੂਪ ਕਲਪ ਬ੍ਰਿੱਛ ਹੈ ਜੋ) ਤਿਸ (ਕਲਪ ਵੇਲ) ਦਾ ਦ੍ਰਿੜ੍ਹ ਆਸ਼੍ਰਾ (ਬਨ ਕੇ ਖੜਾ) ਹੋਇਆ ਹੈ, (ਤਾਂਤੇ, ਇਸ ਖਾਲਸਾ ਰੂਪੀ ਕਲਪ ਬ੍ਰਿੱਛ ਨੂੰ ਜੋ

ਸਰਬ ਗੁਣ ਸੰਪੰਨ ਸਿੱਖੀ ਵੇਲ ਨਾਲ ਪ੍ਰਫੁੱਲਤ ਤੇ ਵਿਹੜਤ ਖੜਾ ਹੈ, ਤੇ ਇਸ ਦੇ ਰਚਣਹਾਰ) ਸਾਰਿਆਂ (ਸਤਿਗੁਰਾਂ) ਨੂੰ ਮੈਂ ਮੱਥਾ ਟੇਕਕੇ ਗ੍ਰੰਥ ਦੀ ਰਚਨਾ ਕਰਦਾ ਹਾਂ, ਚਿੱਤ ਦੀ ਚਿੰਤਾ ਦੂਰ ਕਰਕੇ ॥੩੬॥

[ਕਲਗ਼ੀਧਰ ਨਮਸਕਾਰ]

ਦੋਹਰਾ:

ਪੁਨਹੁ ਪੁਨਹੁ ਕਰਿ ਕਰਿ ਨਮੋ, ਪਦ ਪੰਕਜ ਗੁਰ ਕੇਰ।
ਕਲਗੀਧਰ ਪਰਹਰਿ ਅਰਿਨਿ, ਰੰਚ ਕਰੇ ਜਿਨ ਮੇਰੁ ॥੩੭॥

ਪਰਹਰਿ = ਖੋ ਦੇਣਾ, ਨਾਸ਼ ਕਰਨਾ। ਅਰਿਨਿ = ਵੈਰੀਆਂ ਨੂੰ।
ਰੰਚ-ਰਤਾ ਕੁ, ਥੋੜਾ, ਛੋਟਾ, ਨਿੱਕਾ, ਤੁੱਛ। [ਸੰਸ: ਨਜੰਚ = ਨਿੱਕਾ, ਨੀਂਵਾਂ]
ਮੇਰੁ = ਸੁਮੇਰ ਪਰਬਤ। ਕੋਈ ਉੱਚਾ ਪਹਾੜ, ਭਾਵ ਉੱਚਾ। ਬਲੀ। [ਸੰਸ: ਮੇਹੁ:]

ਅਰਥ:

ਸ਼੍ਰੀ ਗੁਰ ਕਲਗ਼ੀਧਰ ਜੀ ਦੇ ਚਰਨਾਂ ਕਵਲਾਂ ਪਰ ਮੈਂ ਬਾਰ ਬਾਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ (ਪਰਜਾ ਤੇ ਧਰਮ ਦੇ) ਵੈਰੀਆਂ ਦੇ ਨਾਸ਼ ਕਰਨ (ਹਿਤ) ਤੁੱਛ ਜੀਵਾਂ ਨੂੰ (ਬਲਵਾਨ ਤੇ) ਉੱਚੇ ਕਰ ਦਿੱਤਾ।

[ਦਸਮ ਗੁਰ ਰੂਪਕ]

ਕਬਿੱਤ:

ਦੇਨ ਪ੍ਰਹਲਾਦ ਪ੍ਰਹਲਾਦ ਕੋ ਲਖਯੋ ਸੁ ਦੈਤ
ਦੈਤ ਕੇ ਬਿਦਾਰਿਬੇ ਕੋ ਰੂਪ ਨਰਸਿੰਘ ਕੋ।
ਹਾਰ ਦੇ ਬਲੀਨ ਕੋ ਜੁਹਾਰ ਲੇ ਬਲੀਨ ਕੋ
ਹਤਨ ਲੰਕ ਪਤਿ ਰਨ ਰਾਮ ਨਰਸਿੰਘ ਕੋ।
ਕੁਪਿਤ ਕੁਪਤ ਪੁਰਿ ਕਰੇ ਹੈਂ ਕੁ ਪਤਿ ਕੂਟ
ਹੇਰਿ ਹੇਰਿ ਹਹਿਰੇ ਜਿਉਂ ਹੇਰਿ ਮ੍ਰਿਗ ਸਿੰਘ ਕੋ।
ਤੈਸੇ ਤੇਜ ਤਰ ਤੇ ਤੁਰਕ ਤਰੁ ਤੋਰਨ ਕੋ
ਜਗ ਮੈਂ ਜਨਮ ਭਯੋ ਸ਼੍ਰੀ ਗੁਬਿੰਦ ਸਿੰਘ ਕੋ ॥੩੮॥

ਪ੍ਰਹਲਾਦ = (ਖੁਸ਼ੀ) ਅਨੰਦ [ਸਸੰ: ਪ੍ਰਹਲਾਦ]।
ਪ੍ਰਹਲਾਦ = ਇਕ ਭਗਤ ਦਾ ਨਾਮ ਜੋ ਹ੍ਰਿਨਕਸ਼ਜਪ ਦੈਂਤ ਦਾ ਪੁੱਤ੍ਰ ਸੀ, ਪਰ ਆਪ ਅਕਾਲ ਪੁਰਖ ਦਾ ਭਗਤ ਸੀ।
ਲਖਯੋ = ਦੇਖਕੇ। ਸੁ = ਚੰਗੇ, ਮੁਰਾਦ ਹੈ ਵੱਡੇ, ਬਹੁਤੇ।
ਦੈਤ = ਦੈਤਜ-ਕਸ਼ਟ। [ਸੰਸ: ਧਾਤੂ-ਦੀ = ਕੱਟਣਾ।
ਦਿਤਿ = ਕੱਟਣ ਦੀ ਕ੍ਰਿਆ, ਭਾਵ ਦੁਖ, ਕਸ਼ਟ]।
ਦੈਤ = ਰਾਖਸ਼ (ਅ) ਦੇਂਦੇ ਸਨ।
ਬਿਦਾਰਿਬੇ = ਵਿਨਾਸ਼ ਕਰਣਾ। ਨਰ ਸਿੰਘ = ਨਰਸਿੰਹ ਅਵਤਾਰ।
ਬਲੀਨ = ਬਾਲੀ ਨੂੰ। ਬਾਲੀ ਕਿਸ਼ਕਿੰਧਾ ਦਾ ਬੰਦਰ ਰਾਜਾ ਸੀ, ਸੁਗ੍ਰੀਵ ਦਾ ਵਡਾ ਭਰਾ ਤੇ ਅੰਗਦ ਦਾ ਪਿਤਾ ਸੀ, ਇਸ ਨੂੰ ਰਾਮ ਜੀ ਨੇ ਮਾਰਿਆ ਸੀ। [ਬਾਲੀ+ਨ = ਨੂੰ]।
(ਅ) ਬਲਵਾਨਾਂ ਨੂੰ। ਜੁਹਾਰ = ਨਮਸਕਾਰ

ਬਲੀਨ = ਸੁਗ੍ਰੀਵ [ਬਾਲੀ+ਈਨ = ਜੋ ਬਾਲੀ ਦੀ ਈਨ ਮੰਨੇ ਸੋ ਸੀ-ਸੁਗ੍ਰੀਵ]
(ਅ) ਬਲਵਾਨਾਂ ਤੋਂ। (ੲ) ਰਾਖਸ਼। ਭਾਵ ਕੁੰਭਕਰਨ ਆਦਿਕ ਬਲੀਆਂ (ਰਾਖਸ਼ਾਂ) ਨੂੰ ਹਾਰ ਦਿੱਤੀ ਤੇ ਉਸੇ ਦੇ ਭਰਾ ਉਸੇ ਰਾਖਸ਼ ਜਾਤੀ ਦੇ ਵਿਭੀਖਨ ਤੋਂ ਅਪਣੀ ਪੂਜਾ ਕਰਵਾਈ।
ਲੰਕਾ ਪਤਿ = ਲੰਕਾ ਪਤੀ, ਰਾਵਨ। ਰਾਮ = ਰਾਮ ਚੰਦਰ ਜੀ।
ਨਰਸਿੰਘ = ਨਰ ਸ਼ੇਰ, ਸ਼ੇਰ ਨਰ, ਬਲੀ ਸ਼ੇਰ।
ਕੁਪਿਤ = ਗੁੱਸੇ ਹੋਏ। [ਸੰਸ: ਕੁਪਿਤ]।
ਕੁਪਤ = ਪਦ-ਕੁਰੁਪਤਿ-ਦਾ ਸੰਖੇਪ ਹੈ। ਕੁਰੁ+ਪਤਿ = ਕੁਰੂ ਨਾਮੇਂ ਦੇਸ਼ ਦੇ ਰਾਜੇ। ਭਾਵ-ਕੈਰਵ। ਕੁਰੁ ਰਾਜ, ਕੁਰੂ ਰਾਜਾ, ਕੁਰੁਪਤਿ = ਦਰਯੋਧਨ ਦੀ ਬੀ ਅੱਲ ਹੈ ਜੋ ਕੈਰਵਾਂ ਦਾ ਸਰਦਾਰ ਸੀ। (ਅ) ਕੁਪੱਤੇ ਲੜਾਕੇ।
ਕੁਪਤਿ = ਕੁ+ਪਤਿ = ਪ੍ਰਿਥਵੀ ਦਾ ਪਤੀ = ਰਾਜਾ, ਭਾਵ ਕੰਸ।
[ਸੰਸ: ਕੁ = ਪ੍ਰਿਥਵੀ। ਪਤਿ = ਸੁਆਮੀ, ਰਾਜਾ]।
(ਅ) ਬੇਇੱਜ਼ਤ। ਕਰੇ ਹੈ ਕੁਪਤਿ ਕੂਰ = ਕੀਤੇ ਹਨ ਕੂਰ ਪੁਰਖ ਬੇਇੱਜ਼ਤ।
ਕੂਰ = ਕ੍ਰੂਰ = ਖੋਟੇ, ਭੈਦਾਯਕ, ਜ਼ਾਲਮ। ਹੇਰਿ = ਦੇਖਿਕੇ।
ਹਰਿ = ਕ੍ਰਿਸ਼ਨ। ਹਹਿਰੇ = ਡਰੇ। ਮ੍ਰਿਗ = ਹਰਨ।
ਸਿੰਘ = ਸ਼ੇਰ। ਤੈਸੇ ਤੇਜ ਤਰ ਤੇ = ਤੈਸੇ ਤੇਜ ਤੇ ਤਰ।
ਮੁਰਾਦ ਹੈ:- ਨਰ ਸਿੰਘ ਰਾਮ ਕ੍ਰਿਸ਼ਨ ਵਾਂਙੂ ਹੈ, ਪਰ ਉਹਨਾਂ ਦੇ ਤੇਜ ਤੋਂ ਵਧੀਕ ਤੇਜ ਵਾਲਾ ਹੈ।
ਤੁਰਕ ਤਰੁ = ਤੁਰਕ ਬ੍ਰਿੱਛ-ਮੁਰਾਦ ਹੈ ਤੁਰਕਾਂ ਦੇ ਰਾਜ ਰੂਪੀ ਬ੍ਰਿੱਛ ਨੂੰ।
ਜਨਮ = ਅਵਤਾਰ।

ਅਰਥ:

ਪ੍ਰਹਲਾਦ (ਭਗਤ) ਨੂੰ ਵਡੇ ਕਸ਼ਟ ਵਿਚ ਦੇਖਕੇ (ਕਸ਼ਟ ਦੇਣ ਵਾਲੇ) ਦੈਂਤ ਦੇ ਨਾਸ਼ ਕਰਨੇ (ਅਰ ਪ੍ਰਹਲਾਦ ਨੂੰ) ਅਨੰਦ ਦੇਣੇ ਲਈ (ਜੈਸੇ) ਨਰ ਸਿੰਘ ਦਾ ਰੂਪ (ਹੋਇਆ ਸੀ,) ਬਾਲੀ ਨੂੰ ਹਾਰ ਦੇਕੇ, ਸੁਗ੍ਰੀਵ ਤੋਂ ਨਮਸਕਾਰ ਲੈਕੇ ਰਣ ਵਿਚ ਰਾਵਣ ਨੂੰ ਮਾਰਨ ਲਈ ਰਾਮ ਜੀਕੂੰ ਸ਼ੇਰ ਨਰ (ਸੀ,) ਜਿਵੇਂ (ਡਰਦੇ ਹਨ) ਸ਼ੇਰ ਨੂੰ ਵੇਖਕੇ ਮ੍ਰਿਗ (ਤਿਵੇਂ) ਡਰੇ ਸਨ (ਸਾਰੇ) ਕ੍ਰਿਸ਼ਨ ਨੂੰ ਵੇਖਕੇ (ਜਿਸ ਨੇ) ਕੈਰਵਾਂ ਤੇ ਕ੍ਰੋਧ ਕੀਤਾ (ਤੇ ਕੰਸ ਵਰਗੇ) ਰਾਜੇ ਨੂੰ ਨਾਸ਼ ਕੀਤਾ, ਤਿਵੇਂ (ਹੀ, ਪ੍ਰੰਤੂ) ਵਧੀਕ ਤੇਜ ਵਾਲਾ ਹੋਇਆ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਇਸ) ਜਗਤ ਵਿਚ ਤੁਰਕਾਂ (ਦੇ ਰਾਜ ਰੂਪੀ) ਬ੍ਰਿੱਛ ਨੂੰ ਤੋੜਨ ਲਈ।

ਭਾਵ:

ਇਸ ਵਿਚ ਬੀ ਸਤਿਜੁਗ ਦਾ ਨਰਸਿੰਘ, ਤ੍ਰੇਤੇ ਦਾ ਰਾਮ, ਦੁਆਪਰ ਦਾ ਕ੍ਰਿਸ਼ਨ ਤ੍ਰੈਏ ਅਵਤਾਰ ਗਿਣ ਕੇ ਤਿਨ੍ਹਾਂ ਦਾ ਉਪਕਾਰ ਗੁਣ ਕਥਨ ਕਰਕੇ ਆਪਣੇ ਇਸ਼ਟ ਨੂੰ ਉਨ੍ਹਾਂ ਦੇ ਉਪਕਾਰ ਨਾਲ ਸਦਰਸ਼ਤਾ ਦੇਂਦੇ ਹੋਏ ਕਵਿ ਜੀ ਆਪਣੇ ਇਸ਼ਟ ਦੇਵ ਨੂੰ ਉਨ੍ਹਾਂ ਤੋਂ 'ਤੇਜ ਤਰ' ਵਧੇਰੇ ਤੇਜ ਵਾਲਾ ਅਵਤਾਰ ਕਥਨ ਕਰਦੇ ਹੋਏ ਆਪਣੀ ਇਸ਼ਟਾਪਤੀ ਦਾ ਸਬੂਤ ਦੇਂਦੇ ਹਨ।

ਹੋਰ ਅਰਥ:

੨. (ੳ) ਬਲੀਨ = ਰਾਖਸ਼ਸ। ਭਾਵ ਵਿਭੀਖਨ ਰਾਖਸ਼ ਤੋਂ ਨਮਸਕਾਰ ਲਈ ਕੁੰਭਕਰਨ ਆਦਿ ਰਾਖ਼ਸ਼ਾਂ ਨੂੰ ਹਾਰ ਦੇਕੇ। (ਅ) (ਰਾਜਾ ਜਨਕ ਦੀ ਸਭਾ ਵਿਚ ਧਨੁਖ ਤੋੜਕੇ) ਹਾਰ ਦਿਤੀ ਬਲੀ ਰਾਜਿਆਂ ਨੂੰ ਤੇ (ਜੁ+ਹਾਰ =) ਜੋ ਹਾਰ ਸੀ ਸ੍ਵਯੰਬਰ ਦਾ ਸੋ ਲੀਤਾ ਬਲੀਨ ਤੋਂ (ਸੀਤਾ ਤੋਂ। ਬਾਲੀ = ਕੰਨਜਾਂ, ਜਨਕ ਸੁਤਾ। ਨ = ਤੋਂ)। (ੲ) ਬਲਵਾਨਾਂ ਨੂੰ ਹਾਰ ਦੇਕੇ ਬਲਵਾਨਾਂ ਤੋਂ ਨਮਸਕਾਰ ਲੈਕੇ ਜਿਵੇਂ......।

੩. ਤੀਜੀ ਤੁਕ ਦਾ ਅਰਥ ਬੀ ਕਈ ਗਿਆਨੀ ਦਸਮੇਂ ਸਤਿਗੁਰਾਂ ਵਲ ਲਾਉਂਦੇ ਹਨ:- 'ਕ੍ਰੋਧੀ (ਵੈਰੀਆਂ) ਤੇ ਗੁੱਸਾ ਕਰਕੇ (ਉਹਨਾਂ ਨੂੰ ਕੀਤਾ) ਝੂਠਾ ਤੇ ਬੇਇੱਜ਼ਤ, (ਉਹ) ਹਰੀ (ਰੂਪ ਗੁਰੂ ਗੋਬਿੰਦ ਸਿੰਘ ਜੀ ਨੂੰ)ਦੇਖਕੇ ਹੁਣ (ਮਲੇਛ) ਡਰਦੇ ਹਨ ਜਿਵੇਂ ਹਰਨ ਸ਼ੇਰ ਨੂੰ ਵੇਖਕੇ।'

ਤੀਜੀ ਤੁਕ ਦਾ ਅਰਥ ਕਈ ਪਹਾੜੀ ਰਾਜਿਆਂ ਵਲ ਲਾਉਂਦੇ ਹਨ ਜੋ ਪ੍ਰਕਰਣ ਵਿਰੁੱਧ ਹੈ। ਅਰਥ ਇਉਂ ਕਰਦੇ ਹਨ, (ਕੁ+ਪਤਿ = ਪਰਬਤ+ਪਤੀ ਭਾਵ ਪਹਾੜੀ ਰਾਜੇ।) ਗੁੱਸੇ ਹੋਕੇ ਪਹਾੜੀ ਰਾਜਿਆਂ ਪੁਰ ਉਹਨਾਂ ਨੂੰ ਕੂੜੇ ਕਰਕੇ ਬੇਪਤੇ ਕਰ ਦਿੱਤਾ, (ਸਤਿਗੁਰੂ ਨੂੰ) ਦੇਖਕੇ ਓਹ ਹੋਛੇ ਇਉਂ ਭੈ ਭੀਤ ਹੋਏ ਜਿਵੇਂ ਸ਼ੇਰ ਨੂੰ ਵੇਖਕੇ ਹਰਨ, ਅਥਵਾ ਕੂੜੇ ਪਹਾੜੀ ਰਾਜਿਆਂ ਨੂੰ ਗੁੱਸੇ ਹੋਕੇ ਬੇ ਪਤੇ ਕਰ ਦਿੱਤਾ।

[ਚਰਿੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ]

ਸ੍ਵੈਯਾ:

ਰਸ ਬੀਰ ਭਰੇ, ਜਨ ਧੀਰ ਕਹੇ
ਬਹੁ ਪੀਰ ਹਰੇ, ਭਵ ਫੰਧਨ ਕੇ।
ਸੁਖ ਮੂਲ ਭਲੇ, ਅਨਕੂਲ ਢਲੇ
ਰਿਪੁ ਸੂਲ ਮਿਲੇ, ਅਘ ਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ
ਕਰਿ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ
ਤੇਗ ਬਹਾਦਰ ਨੰਦਨ ਕੇ* ॥੩੯॥

ਰਸ ਬੀਰ = ਬੀਰ ਰਸ। ਜਨ = ਦਾਸ। ਭਵ = ਸੰਸਾਰ। ਜਨਮ।
ਭਲੇ = ਚੰਗੇ ਢੰਗ ਨਾਲ। ਸੁਹਣੀ ਤਰ੍ਹਾਂ।
ਅਨੁਕੂਲ = ਜੋ ਅਨੁਸਾਰ ਹੋਵੇ ਸੋ ਅਨੁਕੂਲ। ਸੋ ਸਦਾ ਹਿਤ ਕਰੇ ਸੋ ਅਨੁਕੂਲ। ਸੋ 'ਅਨੁਕੂਲ ਢਲੇ' ਦੇ ਦੋ ਭਾਵ ਹੋ ਸਕਦੇ ਹਨ। (ੳ) ਗੁਰੂ ਜੀ ਦਾਸਾਂ ਦੇ ਸਦਾ ਅਨੁਕੂਲ ਹਨ ਅਰ ਉਹਨਾਂ ਤੇ ਮੇਹਰ ਨਾਲ ਢਲੇ ਰਹਿੰਦੇ ਹਨ, ਭਾਵ ਦਾਸਾਂ ਦੇ ਸਦਾ ਹਿਤ ਵਿਚ ਹਨ। (ਅ) ਜੋ ਸਿਖ ਉਹਨਾਂ ਦੇ ਅਨੁਸਾਰੀ ਹਨ ਉਹਨਾਂ ਤੇ ਪਸੀਜਦੇ ਹਨ।
ਮਿਲੇ = ਮਿਲਾਉਣ ਵਾਲੇ, ਪਾਉਣ ਵਾਲੇ (ਅ) ਰਿਪੁ ਸੂਲ ਮਿਲੇ = ਸ਼ੱਤ੍ਰੂ ਆਪੇ ਹੀ ਸੂਲੀ ਚੜ੍ਹੇ ਰਹਿੰਦੇ ਹਨ, ਅਥਵਾ ਪੀੜਤ ਹੁੰਦੇ ਜਾਂਦੇ ਹਨ।
ਅਘ = ਪਾਪ। ਕੰਦਨ = ਕੱਟਣ ਵਾਲੇ।
ਹਿਲੇ = ਹਿਲਣਾ, ਗਿੱਝਣਾ। ਪ੍ਰੇਮ ਵਾਲੇ ਹੋ ਜਾਣਾ।
(ਅ) ਸਿਖ+ਪਾ+ਠਹਿਲੇ, ਇਉਂ ਪਾਠ ਕਰਕੇ ਇਹ ਅਰਥ ਭੀ ਕਰਦੇ ਹਨ-ਜੋ ਸਿੱਖ ਚਰਨਾਂ ਨੂੰ ਆਕੇ ਠਹਿਲੇ = ਠਹਿਕੇ ਅਰਥਾਤ ਲਗੇ, ਉਨ੍ਹਾਂ ਦੇ ਦੁਖ ਦੋਖ ਦਲ ਦਿੱਤੇ।
ਮਿੱਤ੍ਰ = ਮੈਤ੍ਰੀ ਵਾਲੇ, ਪਯਾਰ ਵਾਲੇ।
ਬਚਿੱਤ੍ਰ = ਅਨੋਖੇ, ਅਸਚਰਜ ਵਿਚ ਪਾ ਦੇਣ ਵਾਲੇ।
ਚਰਿੱਤ੍ਰਤਿ = ਚਰਿੱਤ੍ਰਾਂ ਵਾਲੇ ਹਨ।
ਤੇਗ ਬਹਾਦਰ ਨੰਦਨ ਕੇ = ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤ੍ਰ ਦਸਮ ਗੁਰੂ ਜੀ।

ਅਰਥ:

ਬੀਰ ਰਸ (ਨਾਲ) ਭਰਪੂਰ ਹਨ, (ਆਪਣੇ) ਦਾਸਾਂ ਨੂੰ ਧੀਰਜ (ਦਾਨ) ਕਰਨ ਵਾਲੇ ਹਨ, (ਉਨ੍ਹਾਂ ਦੀਆਂ) ਅਨੇਕਾਂ ਪੀੜਾਂ ਤੇ ਸੰਸਾਰ ਦੇ ਫੰਧਿਆਂ ਨੂੰ ਦੂਰ ਕਰਨ ਵਾਲੇ ਹਨ। ਸੁਹਣੀ ਤਰ੍ਹਾਂ (ਨਾਲ ਸਾਰੇ) ਸੁਖਾਂ ਦਾ ਮੂਲ ਹਨ, ਅਨਕੂਲ ਹਨ (ਤੇ ਦਾਸਾਂ ਉਤੇ) ਪਸੀਜਣ ਵਾਲੇ ਹਨ। (ਪ੍ਰਜਾ ਦੇ) ਵੈਰੀਆਂ ਨੂੰ ਪੀੜਾ ਵਿਚ ਪਾਉਣ ਵਾਲੇ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। (ਜੋ) ਸਿੱਖ (ਬਾਣੀ ਦੇ) ਪਾਠ ਦੇ ਪ੍ਰੇਮੀ ਹੋ ਗਏ ਹਨ, (ਉਹਨਾਂ ਦੇ) ਦੋਖਾਂ ਦੇ ਦੁੱਖਾਂ ਨੂੰ ਦਲ ਸਿੱਟਣ ਵਾਲੇ ਹਨ (ਤੇ ਉਨ੍ਹਾਂ ਦੇ ਕਿਰਤ) ਕਾਰਜ ਅਨੰਦ ਨਾਲ ਸੁਆਰ ਦਿੰਦੇ ਹਨ, ਡਾਢੇ ਪਿਆਰ ਵਾਲੇ ਪਵਿੱਤ੍ਰ ਤੇ ਅਸਚਰਜ ਚਰਿੱਤ੍ਰਾਂ ਵਾਲੇ ਹਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੁਪੁੱਤ੍ਰ (ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ)।

[ਸਤਿਗੁਰਾਂ ਦੀ ਕਥਾ]

ਸ੍ਵੈਯਾ:

ਥਿਤਿ ਦਾ ਚਿਤ ਕੀ, ਨਿਤ ਦਾ ਬਿਤ ਕੀ
ਹਿਤ ਦਾ ਕਿਤ ਕੀ, ਸੁਨਿਹੰਤ ਜਰੀ।
ਸ਼ਰਧਾ ਗੁਰ ਕੀ ਸੁਧਿ ਦਾ ਉਰਕੀ
ਹਰਿਤਾ ਜਰ ਕੀ, ਸੁਖ ਪੁੰਜ ਜਰੀ।
ਸਭਿ ਸਾਰ ਮਥਾ, ਘ੍ਰਿਤ ਲੀਨ ਜਥਾ
ਇਹ ਚਾਰੁ ਕਥਾ, ਅਜਰਾਨ ਜਰੀ।
ਗੁਨ ਬਿੰਦ੍ਰ ਗੁਬਿੰਦ ਮ੍ਰਿਗਿੰਦ ਮੁਕੰਦ
ਅਨੰਦਕ ਚਾਰੁ ਜਰਾਉ ਜਰੀ* ॥੪੦॥

ਥਿਤਿ = ਟਿਕਾਉ, ਠਾਹਰ। [ਸੰਸ: ਸ੍ਥਿਤਿ]
ਨਿਤ ਦਾ ਬਿਤ ਕੀ = ਨਿਤ ਬਿਤ ਕੀ ਦਾ = ਨਿਤ ਗੁਣ ਵਾਲੇ ਧਨ ਦੀ ਦਾਤੀ, ਭਾਵ ਨਾਮ ਧਨ ਦੀ ਦਾਤੀ। (ਅ) ਸਦਾ ਦੇਣ ਵਾਲੀ ਹੈ ਦੌਲਤ ਦੀ, ਭਾਵ ਸੰਸਾਰਕ ਪਦਾਰਥਾਂ ਦੀ। [ਸੰਸ: ਨਿਤ੍ਯ। ਵਿਤ੍ਤ]।
ਹਿਤ ਦਾ ਕਿਤਕੀ = ਹਿਤ ਕਿਤ ਕੀ ਦਾ = ਕੀਰਤਨ ਭਗਤੀ ਦੀ ਦਾਤੀ।
[ਸੰਸ: ਕ੍ਰਿਤਿ, ਧਾਤੂ ਹੈ = ਕੀਰਤਿ ਕਰਨੀ]। (ਅ) ਹਿਤ ਦਾ = ਪ੍ਰੇਮ ਦਾਤੀ। ਕਿਤ ਦਾ = ਅਰੋਗਤਾ ਦੀ ਦਾਤੀ। ਕਿਤਕੀ = ਅਰੋਗਤਾ ਕਰਨ ਵਾਲੀ। [ਸੰਸ: ਕਿਤ੍-ਧਾਤੂ ਹੈ = ਚਕਿਤਸਾ ਕਰਨੀ]।
ਹੰਤ = ਅਹੰਤਾ। ਜਰੀ = ਸਾੜਨ ਵਾਲੀ। ਸੜ ਜਾਂਦੀ ਹੈ।
ਸੁਧਿਦਾ = ਸੁੱਧਤਾ ਦਾਤੀ, ਸਫਾਈ ਦੇਣ ਵਾਲੀ।
ਉਰ = ਦਿਲ ਦੀ। ਜੁਰ = ਤਾਪ, ਮੁਰਾਦ ਤ੍ਰੈ ਤਾਪਾਂ ਤੋਂ ਹੈ।
ਸੁਖ ਪੁੰਜ ਜਰੀ = ਸੁਖਾਂ ਦੇ ਸਮੂਹ ਤੋਂ ਬਣਿਆਂ ਜ਼ਰੀਬਾਦਲਾ ਹੈ [ਫਾ: ਜ਼ਰੀ = ਸੋਨੇ ਦੀਆਂ ਤਾਰਾਂ ਤੋਂ ਬਣੀ ਸ਼ੈ, ਜ਼ਰੀ ਬਾਦਲਾ]।
(ਅ) ਜਰੀ = ਜੜੀ = ਜੜੀ ਬੂਟੀ, ਭਾਵ ਔਸ਼ਧੀ।
ਸੁਖ ਪੁੰਜ ਜਰੀ = ਸਾਰੇ ਸੁਖਾਂ ਦੀ ਦਵਾਈ ਹੈ।
ਮਥਾ = ਰਿੜਕਕੇ। ਘ੍ਰਿਤ = ਘਿਉ। ਚਾਰੁ = ਸੁੰਦਰ।
ਅਜਰਾ = ਜੋ ਕਦੇ ਕੁਮਲਾਵੇ ਭਾਵ ਵਿਗੜੇ ਨਹੀਂ। ਸਦਾ ਇਕ ਰਸ ਰਹੇ।
ਨ ਜਰੀ = ਜਿਸ ਨੂੰ ਬੁਢਾਪਾ ਨਾ ਆਵੇ। (ਅ) ਅਜਰ ਨੂੰ ਜਰ (ਲੈਣਾ ਸਿਖਾਲਣ ਵਾਲੀ)। (ੲ) ਇਹ ਕਥਾ ਅਜਰ ਵਸਤੂ ਨਹੀਂ, ਜਰੀ ਜਾਣ ਵਾਲੀ ਹੈ, ਅਰਥਾਤ ਇਸ ਨੂੰ ਸੁਣਕੇ ਸ੍ਰੋਤਾ ਇਸਨੂੰ ਆਪਣੇ

ਅੰਦਰ ਸਮਝੇਗਾ ਤੇ ਕ੍ਰਿਤਾਰਥ ਹੋਵੇਗਾ। (ਸ) ਇਸਨੂੰ ਜਰਨਗੇ ਅਜਰ ਨੂੰ ਜਰ ਲੈਣ ਦੇ ਸੁਭਾਵ ਵਾਲੇ (ਪ੍ਰੇਮੀ)। (ਹ) ਅਜਰਾ = ਜੰਗਲ ਤੋਂ ਰਹਿਤ। ਨਜਰੀ = ਨਜਰੋਂ ਲੰਘਿਆ, ਪਰਖਿਆ ਹੋਇਆ। (ਕ) ਅਜਰ = ਮੁੱਲ। ਅਨਜਰੀ = ਬੇਕੀਮਤ ਅਮੋਲਕ। [ਅ: ਅਜਰ = ਉਜਰਤ, ਕੀਮਤ। ] ਚਾਰੁ = ਸੁੰਦਰ। (ਅ) ਗਹਿਣਾ। ਅਨੰਦਕ ਚਾਰੁ ਜਰਾਉ ਜਰੀ = ਅਨੰਦਦਾਇਕ ਗਹਿਣੇ ਦੀ ਜੜਤ ਜੜੀ ਹੈ।

ਜਰਾਉ = ਜੜਤ। ਜਰੀ = ਜੜੀ ਹੋਈ ਹੈ।

ਅਰਥ:

(ਸਤਿਗੁਰਾਂ ਦੀ ਕਥਾ) ਚਿੱਤ ਨੂੰ ਟਿਕਾਉ ਦੇਣ ਵਾਲੀ, ਨਿੱਤ ਧਨ (ਨਾਮ) ਦੀ ਦਾਤੀ ਹੈ, ਕੀਰਤਨ ਭਗਤੀ ਦੀ ਦਾਤੀ ਹੈ (ਤੇ ਜਿਸਦੇ) ਸੁਣਨ ਨਾਲ ਹਉਮੈਂ ਸੜ ਜਾਂਦੀ ਹੈ। ਸਤਿਗੁਰਾਂ (ਦੇ ਚਰਨਾਂ ਵਿਚ) ਸ਼ਰਧਾ (ਅਤੇ) ਰਿਦੇ ਨੂੰ ਸੁੱਧਤਾ ਦੇਣ ਵਾਲੀ ਹੈ, (ਤ੍ਰੈਆਂ) ਤਾਪਾਂ ਦੇ ਹਰਨ ਵਾਲੀ ਸਾਰੇ ਸੁਖਾਂ ਦੀ ਔਖਧੀ ਹੈ। ਇਸ (ਸਤਿਗੁਰਾਂ ਦੀ) ਸੁੰਦਰ ਕਥਾ (ਵਿਚ) ਸਾਰਾ ਤੱਤ ਰਿੜਕਕੇ (ਲੈ ਲੀਤਾ ਗਿਆ ਹੈ) ਜਿਵੇਂ ਘਿਉ (ਕੱਢ) ਲਈਦਾ (ਹੈ), ਇਹ (ਕਥਾ ਹੈ) ਇਕ ਰਸ ਰਹਿਣ ਵਾਲੀ ਤੇ ਕਦੇ ਬੁੱਢੀ ਨਾਂ ਹੋਣ ਵਾਲੀ* (ਸ੍ਰੀ ਗੁਰੂ) ਗੋਬਿੰਦ ਸਿੰਘ ਮੁਕਤੀ ਦਾਤੇ ਦੇ ਸਾਰੇ ਗੁਣਾਂ (ਰੂਪੀ ਰਤਨਾਂ) ਦੇ (ਮਾਨੋ) ਆਨੰਦਦਾਇਕ ਗਹਿਣੇ ਦੀ ਜੜਤ ਬਣੀ ਹੈ।

ਭਾਵ:

ਇਸ ਵਿਚ ਕਵਿ ਜੀ ਨੇ ਉਸ ਕਥਾ ਦੇ ਗੁਣ ਦੱਸੇ ਹਨ ਜੋ ਓਹ ਲਿਖਦੇ ਆਏ ਤੇ ਅੱਗੋਂ ਲਿਖਣਗੇ। ਦਸ ਗੁਰੂ ਸਾਹਿਬ ਜੀ ਹਨ ਤੇ ਦਸ ਹੀ ਗੁਣ ਆਪ ਨੇ ਕਥਾ ਦੇ ਏਥੇ ਕਥਨ ਕੀਤੇ ਹਨ। ਅੱਠ ਗੁਣ ਪਹਿਲੀਆਂ ਦੋ ਤੁਕਾਂ ਵਿਚ ਹਨ, ਨਾਵਾਂ ਤੀਸਰੀ ਵਿਚ ਤੇ ਦਸਵਾਂ ਚੌਥੀ ਵਿਚ। ਇਸ ਤੋਂ ਇਹ ਬੀ ਸਮਝ ਪੈਂਦੀ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਇਕੋ ਹੀ ਕਥਾ ਕਹਿ ਰਹੇ ਹਨ। ਗੁਣ ਜੋ ਗਿਣੇ ਹਨ ਏਹ ਹਨ:-

| | |
|---|---|
| ੧. ਚਿੱਤ ਨੂੰ ਟਿਕਾਉਣ ਵਾਲੀ। | ੭. ਤ੍ਰੈ ਤਾਪ ਹਰਤਾ (ਦੁਖ ਨਾਸ਼ਕ)। |
| ੨. ਨਿੱਤਜਧਨ ਦੀ ਦਾਤੀ। | ੮. ਸੁੱਖਾਂ ਦੀ ਦਵਾਈ ਰੂਪ। |
| ੩. ਕੀਰਤ (ਭਗਤੀ) ਦੀ ਦਾਤੀ। | ੯. ਅਜਰ ਨੂੰ ਪਚਾ ਦੇਣ ਵਾਲੀ। |
| ੪. ਅਹੰ ਨੂੰ ਸਾੜਨ ਵਾਲੀ। | ੧੦. ਬ੍ਰਿੰਦ ਗੁਣਾਂ ਦੀ ਦਾਤੀ, ਵਿਸ਼ੇਸ਼ ਕਰਕੇ 'ਆਨੰਦਦਾਯ' ਮੁਕਤੀ ਦੀ ਦਾਤੀ। |
| ੫. ਸਤਿਗੁਰਾਂ ਵਿਚ ਸ਼ਰਧਾ ਦੀ ਦਾਤੀ। | |
| ੬. ਦਿਲ ਦੀ ਸ਼ੁੱਧੀ ਦੀ ਦਾਤੀ। | |

ਏਹ ਦਸੇ ਗੁਣ ਦਸਾਂ ਗੁਰੂ ਸਾਹਿਬਾਂ ਵਿਚ ਹਨ ਤੇ ਉਨ੍ਹਾਂ ਦੀ ਕਥਾ ਇਨ੍ਹਾਂ ਦੀ ਦਾਤੀ ਹੈ।

[ਖਾਲਸਾ-ਕਲਪ ਬ੍ਰਿੱਛ ਦੇ ਰੂਪਕ ਵਿਚ]

ਕਬਿੱਤ:

ਸ੍ਰੀ ਗੁਰੂ ਜਗਤ ਪਤਿ ਜਗਤ ਸਦਨ ਮਾਂਝ
ਹਿੰਦਵਾਨ ਅਜਰ ਬਿਰਾਜਬੇ ਕੀ ਲਾਲਸਾ।
ਸੁਰਤਣ ਬੀਜ ਤੇ ਅੰਕੁਰ ਭਯੋ ਮਹਾਂ ਜੁੱਧ
ਅੰਮ੍ਰਿਤ ਕੋ ਦੇਨਿ ਤੁਚਾ ਬ੍ਰੱਧਤਿ ਨਿਰਾਲਸਾ।
ਸਦ ਗੁਨ ਦਲ ਤੇ ਸਦਲ ਭਏ ਭੂਪ ਡਾਲ
ਭਜਨ ਕੁਸਮ ਫਲ ਗਜਾਨ ਤਤਕਾਲਸਾ।
ਪਰ ਮਤ ਕਾਲਸਾ ਦਰਿੱਦ੍ਰ ਖਲ ਦਾਲਸਾ

ਪ੍ਰਤਾਪ ਰਿਪੁ ਘਾਲਸਾ ਕਲਪਤਰੁ ਖਾਲਸਾ ॥੪੧॥

ਪਤਿ = ਮਾਲਕ (ਅ) ਪਤ = ਇੱਜ਼ਤ। ਸਦਨ = ਘਰ।

ਹਿੰਦਵਾਨ = ਹਿੰਦ ਦੇ ਓਹ ਵਾਸੀ ਜੋ ਹਿੰਦ ਨੂੰ ਅਪਣਾ ਵਤਨ ਅਪਣੇ ਧਰਮ ਅਸਥਾਨਾਂ ਦਾ ਥਾਉਂ ਮੰਨਦਾ ਤੇ ਪੁਰਾਤਣ ਸ੍ਵਦੇਸ਼ੀ ਸੱਤਜਤਾ ਦਾ ਮਾਣ ਰਖਦਾ ਹੈ। ਹਿੰਦੀ ਯਾ ਹਿੰਦੂ।

ਅਜਰ = ਜਿਸਨੂੰ ਬੁਢੇਪਾ ਨਾ ਆਵੇ। ਸਦਾ ਪ੍ਰਫੁਲਜਤ। ਮੁਰਾਦ ਹੈ ਜਿਸਦਾ ਤੇਜ, ਪ੍ਰਤਾਪ ਤੇ ਹਸਤੀ ਸਦਾ ਰਹੇ। (ਅ) ਅਜਰ ਦਾ ਅਰਥ ਵਿਹੜਾ ਬੀ ਹੈ, ਉਹ ਬੀ ਏਥੇ ਲਾਉਂਦੇ ਹਨ।

ਬਿਰਾਜਬੇ = ਵਸਾਉਣਾ। ਵਸਦੀ ਰਖਣਾ।

ਲਾਲਸਾ = ਇੱਛਾ, ਚਾਹਨਾ। ਤੁਚਾ-ਚਮੜਾ, ਛਾਲ।

ਬ੍ਰਿੱਛ ਦੇ ਮੁੱਢ ਉਤੇ ਜੋ ਛਾਲ ਹੁੰਦੀ ਹੈ ਉਸ ਨੂੰ ਤੁਚਾ ਆਖਦੇ ਹਨ।

[ਸੰਸ: ਤ੍ਵਚ] ਬ੍ਰੱਧਤਿ = ਵਧਦਾ ਹੈ।

ਨਿਰਾਲਸਾ = ਨਿਰ+ਆਲਸਾ = ਆਲਸ ਤੋਂ ਹੀਣਤਾ। ਸ਼ੀਘ੍ਰਤਾ, ਛੇਤੀ।

ਸਦਗੁਣ = ਸ੍ਰੇਸ਼ਟ ਗੁਣ, ਦੈਵੀ ਗੁਣ, ਸਤਿ ਸੰਤੋਖ ਆਦੀ।

ਦਲ = ਪੱਤੇ। ਸਦਲ = ਸ+ਦਲ। ਸ = ਸਮੇਤ। ਫੌਜਾਂ ਸਮੇਤ।

ਦਲ = ਫੌਜ।

ਤਤਕਾਲ ਸਾ = ਛੇਤੀ ਹੋਣ ਵਾਲਾ। ਗਜਾਨ ਤਤ ਕਾਲਸਾ = ਓਹ ਗਜਾਨ ਜੋ ਤੁਰਤ ਹੋ ਜਾਵੇ। ਕਵੀ ਜੀ ਦਾ ਭਾਵ, ਜਿਸਨੂੰ ਭਜਨ ਰੂਪੀ ਫੁਲ ਪੈ ਰਿਹਾ ਹੈ, ਉਸਨੂੰ ਗਜਾਨ ਫਲ ਛੇਤੀ ਪੈਂਦਾ ਹੈ।

ਪਰ ਮਤ = ਪਰਾਯਾ ਮਤ = ਓਹ ਮਤ ਜੋ ਪਰਮੇਸ਼ਰ ਨੂੰ ਓਪਰਾ ਕਰ ਦੇਵੇ।

(ਅ) ਓਹ ਮਤ ਜੋ ਵਿਦੇਸ਼ ਤੇ ਓਪਰੇ ਲੋਕਾਂ ਤੋਂ ਆਯਾ ਹੋਵੇ।

ਕਾਲਸਾ = ਕਾਲ ਵਰਗਾ, ਮੌਤ ਸਮਾਨ। ਖਲ = ਦੁਸ਼ਟ।

ਦਾਲਸਾ = ਦਲਨ ਵਾਲਾ।

ਪ੍ਰਤਾਪ = ਤੇਜ। ਪ੍ਰਤਾਪ ਰਿਪੁ = ਵੈਰੀਆਂ ਦੇ ਤੇਜ ਨੂੰ (ਅ) ਪ੍ਰ = ਪ੍ਰਜਾ (ਪ੍ਰਜਾ ਦਾ ਸੰਖੇਪ)। ਤਾਪ = ਕਲੇਸ਼। ਪ੍ਰਤਾਪ ਰਿਪੁ = ਪ੍ਰਜਾ ਨੂੰ ਕਲੇਸ਼ ਦੇਣ ਵਾਲੇ ਵੈਰੀਆਂ ਨੂੰ।

ਘਾਲਸਾ = ਘਾਲਣ ਵਾਲਾ, ਨਾਸ਼ ਕਰਤਾ। ਕਲਪ ਤਰੁ = ਕਲਪ ਬ੍ਰਿੱਛ।

ਅਰਥ:

(ਖਾਲਸਾ ਰੂਪੀ ਕਲਪ ਬ੍ਰਿੱਛ ਦੀ ਉਤਪਤੀ ਆਦਿ ਦਾ ਰੂਪਕ ਬੰਨ੍ਹਦੇ ਹਨ:- ) ਜਗਤ ਦੇ ਮਾਲਕ ਸ੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ (ਰੂਪੀ) ਘਰ ਵਿਚ ਹਿੰਦੀਆਂ ਨੂੰ ਸਦਾ ਪ੍ਰਫੁੱਲਤ ਵਸਾਉਣ ਦੀ 'ਲਾਲਸਾ' (ਸਫੁਰਣ) ਹੋਈ, (ਇਸ ਫੁਰਨੇ ਤੋਂ) 'ਸੁਰਮਤਾ' (ਦਾ ਬੀਜ ਬਣਿਆਂ, ਇਸ ਬੀਜ ਤੋਂ) ਮਹਾਂ ਜੁੱਧ (ਰੂਪੀ) ਅੰਗੁਰ ਫੁੱਟਿਆ (ਜੋ) ਅੰਮ੍ਰਿਤ ਦੇ ਦੇਣ ਨਾਲ ਛੇਤੀ ਹੀ ਛਾਲ (ਸਮੇਤ ਪੇੜ ਹੋ) ਵਧਿਆ, (ਇਸ ਨੂੰ) ਸ੍ਰਸ਼ ਦੈਵੀਗੁਣ (ਰੂਪੀ) ਪੱਤੇ ਪਏ ਤੇ 'ਦਲਾਂ ਸਮੇਤ ਰਾਜੇ' ਡਾਲ (ਲੱਗੇ), ਬੰਦਗੀ ਦਾ ਇਸ ਨੂੰ ਫੁੱਲ ਤੇ ਸ਼ੀਘਰ ਪ੍ਰਾਪਤ ਹੋਣ ਵਾਲਾ ਗਜਾਨ (ਇਸ ਨੂੰ) ਫਲ (ਪਿਆ), ਇਹ ਖਾਲਸਾ (ਰੂਪੀ) ਕਲਪ ਬ੍ਰਿੱਛ (ਹੁਣ ਇਨ੍ਹਾਂ ਗੁਣਾਂ ਵਾਲਾ ਲਹਿ ਲਹਿ ਕਰ ਰਿਹਾ ਹੈ), ਪਰਾਏ (ਵਾਹਿਗੁਰੂ ਵਿਮੁਖ) ਮਤਾਂ ਨੂੰ ਮੌਤ ਵਾਂਙੂ ਹੈ, ਦਲਿੱਦ੍ਰ ਤੇ ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ ਹੈ, (ਤੇ ਪ੍ਰਜਾ ਦੇ) ਵੈਰੀਆਂ ਦੇ ਪ੍ਰਤਾਪ ਨੂੰ ਨਸ਼ਟ ਕਰਨ ਵਾਲਾ ਹੈ।

ਹੋਰ ਅਰਥ:

ਜਗਤ ਦੇ ਮਾਲਕ ਸ਼੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ ਘਰ ਦੇ ਵੇਹੜੇ (ਹਿੰਦੁਸਤਾਨ) ਵਿਚ (ਖਾਲਸਾ ਕਲਪ ਬ੍ਰਿੱਛ) ਲਾਉਣ ਦੀ ਇੱਛਾ ਹੋਈ। ਪਰੰਤੂ ਇਹ ਅਰਥ ਸਾਰਵ ਭੌਮਿਕ ਖਾਲਸਾ ਧਰਮ ਨੂੰ ਹਿੰਦੁਸਤਾਨ ਵਿਚ ਮਹਿਦੂਦ ਕਰਦਾ ਹੈ।

[ਖਾਲਿਸੇ ਦੇ ਤੇਜ ਦਾ ਰੂਪਕ]

ਕਬਿੱਤ:

ਪਾੜ੍ਹੇ ਸੇ ਪਠਾਨ ਹੋਤਿ ਸਸੇ ਸੂਬੇ ਊਕਸੇ ਨਾ
ਕਾਬਲੀ ਕੁਰੰਗ ਆਗੈ ਠਹਿਰ ਸਕੈ ਨਹੀਂ।
ਰੋਝ ਰਜਪੂਤ ਹੈ ਝੰਖਾੜ ਸੇ ਮਲੇਛ ਬਹੁ
ਬਿਚਰੇ ਬਰਾਹ ਜਸੋਂ ਬਲੋਚ ਕਜੋ ਜਕੈ ਨਹੀਂ।
ਮੁਗ਼ਲ ਮਤੰਗ ਮਾਰ ਗਾਜਤਿ ਸੰਤੋਖ ਸਿੰਘ
ਸੱਯਦ ਸਯਾਲ ਹ੍ਵੈ ਸਮੁਖ ਸੋ ਤਕੈ ਨਹੀਂ।
ਤੁਰਕਨ ਤੇਜ ਤਾਮਾ ਤੌ ਲਗ ਤਰੋ ਈ ਤਰੈ
ਖਾਲਸਾ ਸਰੂਪ ਸਿੰਘ ਜੌ ਲਗ ਛਕੈ ਨਹੀਂ ॥੪੨॥

ਪਾੜ੍ਹੇ = ਇਕ ਪ੍ਰਕਾਰ ਦਾ ਚਿੱਟੇ ਚਿੱਤ੍ਰਾਂ ਵਾਲਾ ਹਿਰਨ।
ਸਸੇ = ਸਹਿਆ। ਸੰਸ: ਸ਼ਸ਼ਿਨ੍
ਸੂਬਾ = ਮੁਸਲਮਾਨਾਂ ਦੇ ਵੇਲੇ ਦੇ ਇਕ ਮਿਥੇ ਇਲਾਕੇ ਦਾ ਹਾਕਮ।
ਊਕਸੇ = ਨਿਕਲਦੇ ਨਹੀਂ, ਉਭਰਦੇ ਨਹੀਂ, ਉਭਾਸਰਦੇ ਨਹੀਂ।
ਕਾਬਲੀ = ਕਾਬਲ ਵਾਸੀ, ਮੁਰਾਦ ਹੈ ਅਫ਼ਗਾਨ ਤੋਂ।
ਕੁਰੰਗ = ਹਰਨ, ਬਦਾਮੀ ਰੰਗ ਦਾ ਹਰਨ।
ਰੋਝ = ਨੀਲ ਗਾਇ।
ਝੰਖਾੜ = ਬਾਰਾਂ ਸਿੰਗਾ, ਜਿਸ ਦੇ ਸਿਰ ਦੇ ਸਿੰਗ ਝਾੜ ਦਾਰ ਯਾ ਝਾੜੀ ਵਾਂਕੂ ਹੋਣ।
ਬਰਾਹ = ਸੂਰ। ਕਜੋ = ਕਿਯੋ, ਕਿਹੁ = ਕੁਛ। ਜ਼ਰਾ ਬੀ।
ਜਕੈ = ਹਠ ਕਰ ਸੱਕਣਾ, ਤੱਗ ਸੱਕਣਾ, ਅੜ ਸੱਕਣਾ।
ਮਤੰਗ = ਹਾਥੀ।
ਸਯਾਲ = ਗਿੱਦੜ। [ਸੰਸ: ਸ੍ਰਿਗਾਲ। ਪ੍ਰਾਕ੍ਰਿਤ, ਸਿਆਲ]।
ਤਕੈ = ਤੱਕ ਨਹੀਂ ਸਕਦੇ।
ਤਾਮਾ = ਉਹ ਮਾਸ ਜੋ ਸ਼ਿਕਾਰੀ ਜਾਨਵਰਾਂ ਨੂੰ ਖਾਣ ਲਈ ਦੇਂਦੇ ਹਨ।
ਤਰੋ ਈ ਤਰੈ = ਸਲਾਮਤ ਹੈ, ਤਰ ਬਤਰ ਦਿੱਸਦਾ ਹੈ।
ਛਕੈ ਨਹੀਂ = ਖਾਂਦਾ ਨਹੀਂ, (ਖਾਲਸੇ ਦਾ ਬੋਲਾ ਹੈ: ਛਕਣਾ = ਖਾਣਾ)।

ਅਰਥ:

ਖਾਲਸੇ ਨੂੰ ਸ਼ੇਰ ਦੇ ਰੂਪਕ ਵਿਚ ਵਰਣਨ ਕਰਦੇ ਹਨ:- (ਸ਼ੇਰ ਸਰੂਪ ਖਾਲਸੇ ਦੇ ਅੱਗੇ) ਪਠਾਣ ਪਾੜ੍ਹੇ ਵਾਂਕੂ (ਢਿੱਲੇ) ਹੋ ਜਾਂਦੇ ਹਨ, (ਤੇ) ਸੂਬੇ ਸਹੇ (ਵਾਂਕੂ ਐਸੇ ਦਬਕਦੇ ਹਨ ਕਿ) ਉਕਸਦੇ ਹੀ ਨਹੀਂ, (ਤੇ) ਕਾਬਲੀ (ਅਫ਼ਗਾਨ) ਹਿਰਨ (ਵਾਂਕੂ) ਅੱਗੇ ਠਹਿਰ ਹੀ ਨਹੀਂ ਸਕਦੇ। ਰਾਜਪੂਤ (ਰਾਜੇ) ਰੋਝ ਵਾਂਕੂ (ਤੇ ਹੋਰ) ਬਥੇਰੇ ਮਲੇਛ (ਨਵਾਬ) ਝੰਖਾੜ (ਵਾਂਙ ਦਬਕੇ ਹੋਏ) ਵਿਚਰਦੇ ਹਨ, ਬਲੋਚ (ਤਾਂ) ਸੂਰਾਂ ਵਾਂਕੂ ਕੁਛ ਅੜ ਹੀ ਨਹੀਂ ਸਕਦੇ। ਸੰਤੋਖ ਸਿੰਘ (ਕਹਿੰਦਾ ਹੈ ਕਿ ਖਾਲਸਾ ਰੂਪੀ ਸ਼ੇਰ) ਮੁਗ਼ਲ (ਰੂਪੀ) ਹਾਥੀ ਨੂੰ ਮਾਰਕੇ (ਤਾਂ ਖੂਬ) ਗੱਜਦਾ ਰਿਹਾ ਹੈ, ਸੱਯਦ

ਗਿੱਦੜ (ਹੋ ਰਹੇ ਹਨ) ਓਹ ਤਾਂ ਸਾਹਮਣੇ ਬੀ ਨਹੀਂ ਤੱਕ ਸਕਦੇ, (ਹੁਣ ਤਾਂ) ਤੁਰਕਾਂ ਦੇ ਤੇਜ (ਰੂਪੀ ਤਨ ਦਾ) ਮਾਸ ਤਦ ਤਕ ਹੀ ਸਲਾਮਤ ਹੈ ਜਦ ਤਕ ਕਿ ਸ਼ੇਰ ਰੂਪੀ ਖਾਲਸਾ ਇਸ ਨੂੰ ਖਾਂਦਾ ਨਹੀਂ।

ਭਾਵ:

ਕਵਿ ਜੀ ਇਹ ਉਸ ਵੇਲੇ ਲਿਖ ਰਹੇ ਹਨ ਜਿਸ ਵੇਲੇ ਪੰਜਾਬ ਵਿਚ ਸਿੱਖ ਸਲਤਨਤ ਸੀ, ਮੈਨਦਾਬ ਵਿਚ ਸਿੱਖ ਰਿਆਸਤਾਂ, ਸਰਦਾਰੀਆਂ ਤੇ ਜਾਗੀਰਾਂ ਜੋਬਨਾਂ ਵਿਚ ਸਨ। ਆਪ ਬੀ ਕੈਂਥਲ ਦੀ ਰਿਆਸਤ ਵਿਚ ਬੈਠੇ ਸਨ। ਖਾਲਸਾ ਆਪਣੇ ਆਦਰਸ਼ ਵਿਚ ਕਿ ਦੇਸ਼ ਨੂੰ ਯਵਨ ਰਾਜ ਤੋਂ ਸਾਫ ਕਰਨਾ ਹੈ, ਕਾਮਯਾਬ ਹੋ ਰਿਹਾ ਸੀ, ਉਸ ਵੇਲੇ ਦਾ ਉਹਨਾਂ ਦਾ ਇਹ ਕੁਛ ਲਿਖਣਾ ਉਸ ਵੇਲੇ ਦੀ ਹਾਲਤ ਦੀ ਤਸਵੀਰ ਦੱਸਣੀ ਹੈ ਕਿ ਸਾਰੇ ਲੋਕ ਖਾਲਸੇ ਦਾ ਤੇਜ ਮੰਨਦੇ ਸਨ। ਦਿੱਲੀ ਦੇ ਤਖਤ ਪੁਰ ਨਾਮਧ੍ਰੀਕ ਮੁਗ਼ਲ ਪਾਤਸ਼ਾਹ ਸੀ ਤੇ ਕਿਤੇ ਕਿਤੇ ਕੋਈ ਨਵਾਬ ਤੇ ਪਹਾੜੀ ਰਾਜੇ ਸਨ ਜੋ ਸਭ ਸਿੱਖਾਂ ਤੋਂ ਦਬਕਦੇ ਸਨ. ਅੰਗਰੇਜ਼ਾਂ ਦਾ ਵਧਣਾ ਉਹਨਾਂ ਦੀ ਆਪਣੀ ਰਿਆਸਤ ਕੈਂਥਲ ਦਾ ਤਬਾਹ ਹੋ ਜਾਣਾ, ਪੰਜਾਬ ਦੀ ਸਿੱਖ ਸਲਤਨਤ ਦਾ ਗ਼ਰਕ ਹੋ ਜਾਣਾ, ਖਾਨਾ ਜੰਗੀ ਤੇ ਡੋਗਰਾ ਗਰਦੀ ਨਾਲ ਸਿੱਖਾਂ ਦਾ ਆਪਣੇ ਤੇਜ ਨੂੰ ਆਪ ਡੋਬ ਲੈਣਾ, ਇਹ ਹੋਣੀਆਂ ਅਜੇ ਵਰਤੀਆਂ ਨਹੀਂ ਸਨ, ਜਦੋਂ ਸ੍ਰੀ ਗੁਰ ਪ੍ਰਤਾਪ ਸੂਰਜ ਅਰੰਭਿਆ ਹੈ, ਅਜੇ ਮਹਾਰਾਜ ਰਣਜੀਤ ਸਿੰਘ ਜੀ ਪੰਜਾਬ ਵਿਚ ਜੀਉਂਦੇ ਸਨ, ਇਸ ਕਰਕੇ ਸਮੇਂ ਦਾ ਰੂਪਕ ਬੰਨ੍ਹ ਕੇ ਖਾਲਸੇ ਨੂੰ ਅਗਲੇ ਛੰਦ ਵਿਚ ਸਰਬ ਸ਼ਿਰੋਮਣਿ ਲਿਖਦੇ ਹਨ।

[ਪੰਥ ਸ਼ਿਰੋਮਣਤਾ]

ਦੋਹਰਾ:

ਸਰਬ ਸ਼ਿਰੋਮਣਿ ਖਾਲਸਾ, ਰਚਜੋ ਪੰਥ ਸੁਖਦਾਇ।
ਇਕ ਬਿਨ ਗੰਦੇ ਧੂਮ ਤੇ, ਜਗ ਮੈਂ ਅਧਿਕ ਸੁਹਾਇ* ॥੪੩॥

ਅਰਥ:

(ਸਤਿਗੁਰ ਜੀ ਨੇ ਇਹ) ਖਾਲਸਾ ਪੰਥ ਸਾਰਿਆਂ ਤੋਂ ਸ਼ਿਰੋਮਣੀ (ਅਤੇ ਸਾਰਿਆਂ ਨੂੰ) ਸੁਖ ਦੇਣ ਵਾਲਾ ਰਚਿਆ ਹੈ ਜੋ ਜਗਤ ਵਿਚ (ਸਾਰਿਆਂ ਤੋਂ) ਸੁਹਣਾ ਲਗ ਰਿਹਾ ਹੈ (ਇਕ ਹੋਰ ਵਾਧਾ ਇਹ ਹੈ ਕਿ ਸਾਰਾ ਜਗਤ) ਗੰਦੇ ਧੂੰਏ (ਨੂੰ ਲਗ ਪਿਆ ਹੈ ਪਰ ਇਹ) ਇਕੋ (ਕੌਮ ਹੈ ਜੋ ਇਸ ਤੋਂ) ਬਿਨਾ ਹੈ।

ਭਾਵ:

ਪੰਜਾਬ ਖਾਸ ਵਿਚ ਸਿੱਖ ਸਲਤਨਤ ਅਪਣੇ ਤੇਜ ਵਿਚ ਹੈਸੀ ਜੋ ਅੱਸੀ ਹਜ਼ਾਰ ਫੌਜ ਮੈਦਾਨ ਜੰਗ ਵਿਚ ਇਕ ਦਮ ਲਿਆ ਸਕਦੀ ਸੀ ਤੇ ਸਤਲੁਜ ਪਾਰ ਕਿਤਨੇ ਛੋਟੇ ਮਹਾਰਾਜੇ ਤੇ ਰਾਜੇ ਬਣੇ ਤੇ ਸਰਦਾਰੀਆਂ ਤੇ ਜਗੀਰਦਾਰ ਘਰਾਣੇ ਅੱਖਾਂ ਦੇ ਸਾਮ੍ਹਣੇ ਹਨ ਤੇ ਵਧ ਰਿਹਾ ਤੇਜ ਕਵਿ ਜੀ ਨੂੰ ਦਿੱਸ ਰਿਹਾ ਹੈ ਕਿ ਖਾਲਸਾ ਸਰਬ ਸ਼ਿਰੋਮਣਿ ਹੈ, ਤੇਜ ਪ੍ਰਤਾਪ ਬਾਹੂ ਬਲ ਕਰਕੇ, ਨਾਲ ਹੀ ਬੰਦਗੀ ਭਜਨ ਗੁਰਸਿੱਖੀ ਦੇ ਜੀਵਨ ਕਰਕੇ ਉਸ ਨੂੰ ਸਰਬਦਾ ਸੁਖਦਾਈ ਕਹਿੰਦੇ ਹਨ। ਅਪਣੇ ਸਰੀਰਕ ਬਲ ਚੜ੍ਹਦੀਆਂ ਕਲਾ ਦੇ ਜਬ੍ਹੇ ਤੇ ਆਨ ਬਾਨ ਵਾਲੀ ਸ਼ਾਨ ਦੇ ਸਰੀਰਕ ਰੂਪ ਰੰਗ ਚੜਤ ਬੜ੍ਹਤ ਵਿਚ ਭੀ ਸਭ ਤੋਂ ਸੁਹਣਾ ਦਿਦਾਰੀ ਹੈ। ਪੱਛਮੀ ਲੋਕ ਗੰਦਾ ਧੂਆਂ (ਬਿਖਿਆ, ਤਮਾਕੂ) ਏਥੇ ਲਿਆਏ, ਹਿੰਦੂ ਮੁਸਲਮਾਨ ਸਭ ਇਸ ਨੇ ਜਿੱਤ ਲਏ, ਪਰ ਖਾਲਸੇ ਨੇ ਇਸ ਨੂੰ ਨਾ ਛੋਹਿਆ, ਇਸ ਦਾ ਨਾ ਛੁਹਣਾ ਬੀ ਖਾਲਸੇ ਦੇ ਬਲ ਪ੍ਰਾਕ੍ਰਮ ਤੇ

ਉੱਦਮ ਦਾ ਕਾਰਣ ਹੈਸੀ, ਪਰ ਇਸ ਤੋਂ ਬਹੈਸੀਅਤ ਕੌਮ ਬਚਣਾ ਬੀ ਇਕ ਸ਼ਿਰੋਮਣੀ ਗੱਲ ਹੈ।

[ਪੰਥ ਜੋਗ ਨਮਸਕਾਰਾਂ]

ਸੋਰਠਾ:

ਸ੍ਰੀ ਸਤਿਗੁਰ ਕੋ ਰੂਪ, ਜਗਹਿ ਜੋਤਿ ਜਾਹਰ ਜਗਤ।
ਪੁੰਜ ਸੁ ਪੰਥ ਅਨੂਪ, ਕਰਿ ਬੰਦਨ ਰਚਿਬੇ ਲਗਤਿ ॥੪੪॥

[ਜਗਹਿ = ਜਗ ਰਹੀ ਹੈ। ਅਨੂਪ = ਜਿਸ ਵਰਗਾ ਹੋਰ ਨਹੀਂ ਸੁੰਦਰ। ]

ਅਰਥ:

ਅਨੂਪਮ ਤੇ ਸ੍ਰੇਸ਼ਟ (ਖਾਲਸਾ) ਪੰਥ ਸਾਰਾ ਸ੍ਰੀ ਸਤਿਗੁਰ ਜੀ ਦਾ ਸਰੂਪ ਹੈ, (ਜਿਸ ਦੀ) ਜੋਤ ਜ਼ਾਹਿਰਾ ਜਗਤ ਵਿਚ ਜਗ ਰਹੀ ਹੈ, (ਉਸ ਨੂੰ ਹੁਣ) ਬੰਦਨਾ ਕਰਕੇ (ਮੈਂ ਗੁਰ ਪ੍ਰਤਾਪ ਸੂਰਜ ਗ੍ਰੰਥ) ਰਚਣ ਲਗਾ ਹਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਜੇ 'ਮੰਗਲਾ ਚਰਨ ਬਰਨਨੰ' ਨਾਮ ਪ੍ਰਥਮੋ ਅੰਸੂ ॥੧॥

ਅਰਥ:

ਸ੍ਰੀ ਗੁਰ ਪ੍ਰਤਾਪ ਸੂਰਜ (ਨਾਮੇਂ) ਗ੍ਰੰਥ ਦੀ ਪਹਿਲੀ ਰਾਸ ਦੇ ਪਹਿਲੇ ਅਧਯਾਯ ਦੀ ਸਮਾਪਤੀ ਹੈ, ਜਿਸ ਦਾ ਨਾਮ 'ਮੰਗਲਾ ਚਰਣਾਂ ਦਾ ਵਰਣਨ' ਹੈ ॥੧॥

## ੨. [ਕਵਿ ਜੀ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ।]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:
ਸ਼੍ਰੀ ਗੁਰ ਨਾਨਕ ਸੋਂ ਮਿਲ੍ਯੋ,
ਬਾਲਿਕ ਰੂਪ ਸੁਜਾਨ।
ਕ੍ਰਿਪਾ ਪਾਇ ਤਤਕਾਲ ਹੀ,
ਪ੍ਰਾਪਤਿ ਭਾ ਬ੍ਰਹਮਗ੍ਯਾਨ ॥੧॥
ਚੌਪਈ:
ਜਿਸ ਕੀ ਬਾਤੈਂ ਸੁਨਿ ਬੁਧਿਵਾਰੀ।
ਸ਼੍ਰੀ ਜਗ ਗੁਰ ਇਮਿ ਗਿਰਾ ਉਚਾਰੀ।
'ਬਾਲਿਕ ਤੇਰੀ ਬੈਸ ਦਿਸਾਵਤਿ।
ਬੁੱਢੇ ਸਮ ਮੁਖ ਵਾਕ ਅਲਾਵਤਿ' ॥੨॥
ਇਤਨੇ ਮਹਿਂ ਤਿਸ ਕੇ ਪਿਤ ਮਾਤਾ।
ਆਇ ਗਏ ਖੋਜਤਿ ਨਿਜ ਤਾਤਾ।
ਕਹਤਿ ਭਏ 'ਹਮਰੋ ਸੁਤ ਆਵਾ।
ਤਿਸ ਦੇਖਿਨਿ ਕੋ ਮਨ ਲਲਚਾਵਾ' ॥੩॥
ਸਿੱਖਨ ਕਹ੍ਯੋ 'ਸੁ ਅੰਤਰ ਬੈਸਾ।'
ਜਾਇ ਨਿਹਾਰ੍ਯੋ ਅਤਿ ਬ੍ਰਿਧ ਜੈਸਾ।
ਬਿਸਮ ਰਹ੍ਯੋ ਕਛ ਕਹ੍ਯੋ ਨ ਜਾਈ।
ਚਹਿਤਿ ਲਿਜਾਯੋ, ਸੰਗਿ ਨ ਜਾਈ ॥੪॥
ਪੁਨਿ ਦੰਪਤਿ ਨੇ ਏਵ ਬਿਚਾਰਾ।
-ਜਰਾ ਗ੍ਰਸ੍ਯੋ ਤਨ, ਜਿਹ ਸੁ ਕੁਮਾਰਾ।
ਅਬਿ ਕ੍ਯਾ ਕਾਰਜ ਆਇ ਹਮਾਰੇ।
ਸਰਬ ਰੀਤਿ ਤੇ ਸਿਥਲ੍ਯੋ[1] ਭਾਰੇ- ॥੫॥
ਕਬਿ ਬਹੁ ਰਹੇ, ਨ ਚਾਲੇ ਸੰਗਿ।
'ਰਹਿਨ ਦੇਹੁ ਇਹ ਭਾ ਬ੍ਰਿਧ ਅੰਗ।'
ਐਸੇ ਕਹਿ ਕਰਿ ਗਮਨੇ ਧਾਮ।
ਤਬਿ ਕਹਿ[1] ਬੁੱਢਾ ਪ੍ਰਗਟ੍ਯੋ ਨਾਮ ॥੬॥
ਗੁਰ ਘਰ ਮਹਿਂ ਅਜ਼ਮਤਿ ਯੁਤਿ ਭਾਰਾ।
ਬੋਹਿਥ ਸਮ ਜਗ ਤਾਰਨਿਹਾਰਾ।
ਅਜਰ ਜਰਨ ਮਹਿਂ ਧੀਰ ਮਹਾਨਾ।
ਅਪਰ ਨ ਜਾਂ ਕੇ ਭਯੋ ਸਮਾਨਾ ॥੭॥
ਸ਼੍ਰੀ ਨਾਨਕ ਤੇ ਰਹ੍ਯੋ ਪਿਛਾਰੀ।

[1]ਤਦ ਤੋਂ।

ਸ਼੍ਰੀ ਅੰਗਦ ਕੇ ਚਰਨ ਮਝਾਰੀ।
ਪੁਨ ਸ਼੍ਰੀ ਅਮਰਦਾਸ ਕੀ ਸੇਵਾ।
ਸੰਗੀ[1] ਰਾਮਦਾਸ ਗੁਰਦੇਵਾ ॥੮॥ — [1]ਨਾਲ ਰਿਹਾ।
ਪੁਨ ਸ਼੍ਰੀ ਅਰਜਨ ਕੇ ਢਿਗ ਰਹਯੋ।
'ਭਾਈ' ਪਦ ਕੋ ਤਬਿ ਤੇ ਲਹਯੋ।
ਜਿਨ ਕੋ ਬਚਨ ਅਟਲ ਜਗ ਭਯੋ।
ਸ਼੍ਰੀ ਗੁਰ ਹਰਿ ਗੋਬਿੰਦ ਜਨਮਯੋ ॥੯॥
ਪਾਤਿਸ਼ਾਹਿ ਖਸ਼ਟਨਿ ਲੌ ਦੇਹਿ।
ਜੀਵਤਿ ਰਹਯੋ ਗਯਾਨ ਕਹੁ ਗੇਹੁ[1]। — [1]ਗਯਾਨ ਦਾ ਘਰ।
ਅਨਿਕ ਨਰਨਿ ਕਉ ਕੀਨ ਉਧਾਰਾ।
ਸੱਤਿਨਾਮ ਉਪਦੇਸ਼ ਉਦਾਰਾ ॥੧੦॥
ਸ਼੍ਰੀ ਗੁਰ ਨਾਨਕ ਸਭਿ ਤੇ ਆਦੀ[1]। — [1]ਪਹਿਲੇ।
ਪਾਛੇ ਜੋ ਟਿੱਕੇ† ਗੁਰ ਗਾਦੀ। — †ਪਾ:-ਉਨ ਪੀਛੇ ਜੁ ਟਿਕੇ।
ਸਭਿਹਿਨਿ ਕਹੁ ਬੁੱਢਾ ਨਿਜ ਹਾਥ।
ਦੇਤੋ ਰਹਯੋ ਤਿਲਕ ਸ਼ੁਭ ਮਾਥ ॥੧੧॥
ਪੀਛੇ ਸੰਤਤਿ[1] ਤਿਸ ਹੀ ਰੀਤਿ। — [1]ਸੰਤਾਨ (ਬਾਬੇ ਬੁੱਢੇ ਜੀ ਦੀ)।
ਸਤਿਗੁਰ ਸਾਥ ਰਹਤਿ ਭੇ ਨੀਤਿ।
ਤੀਨ ਕਾਲ ਕੇ ਗਯਾਤਾਵਾਨ।
ਪ੍ਰਗਟ ਹੋਤਿ ਭੇ ਸਗਲ ਜਹਾਨ ॥੧੨॥
ਸਤਿਗੁਰ ਕੋ ਸ਼੍ਰੀ ਮਤਿ[1] ਬਰ ਸਾਗਰ[2]। — [1]ਸੰਪ੍ਰਦਾ, ਪੰਥ। [2]ਸਮੁੰਦਰ (ਸਮਾਨ)।
ਇਨ ਕੁਲ ਉਪਜਯੋ ਰਤਨ ਉਜਾਗਰ[1]। — [1]ਪ੍ਰਸਿੱਧ।
ਦਰਸ ਪਰਸ ਪਾਰਸ ਸਮ ਪੱਯਤਿ।
ਮੂਢਿ ਲੋਹ ਬੁਧਿ ਹੇਮ[1] ਬਨੱਯਤਿ ॥੧੩॥ — [1]ਮੂਰਖ ਨੂੰ ਬੁਧਿਵਾਨ ਜਿਵੇਂ ਲੋਹੇ ਨੂੰ ਸੋਨਾ।
ਜਿਨ ਕੋ ਅਦਬ ਰਾਖਿ ਗੁਰ ਆਪੂ।
ਤਿਨ ਕਹੁ ਸਮਤਾ ਕਿਸ ਕੀ ਜਾਪੂ।
ਗਯਾਨ ਅਨੰਦ ਸਾਗਰ ਕੇ ਮੀਨ।
ਆਠਹੁਂ ਜਾਮ ਰਹਤਿ ਸਮ ਲੀਨਿ ॥੧੪॥
ਗੁਰ ਘਰ ਕੀ ਨਿਤ ਸੇਵਾ ਠਾਨਤਿ।
ਅਪਰ ਮਨੋਰਥ ਮਨ ਨਹਿਂ ਆਨਤਿ।
ਤ੍ਰਿਣ ਛਿਤ ਕੀ[1] ਬਹੁ ਰਹਿ ਰਖਵਾਰੀ। — [1]ਘਾਹ ਤੇ ਭੋਂ ਦੀ।
ਹਰਖਤਿ ਗੁਰੂ ਹੁਕਮ ਅਨੁਸਾਰੀ ॥੧੫॥
ਅਸ ਭਾਈ ਬੁੱਢਾ ਗੁਰਦਾਸ[1]। — [1]ਗੁਰਾਂ ਦਾ ਦਾਸ।

ਮਹਿਮਾ ਕਹਿ ਨ ਸਕੇ ਕਵਿ ਤਾਸ[1]†।
ਸੱਤਜ ਬਾਕ ਬਰ ਸ਼੍ਰਾਪ ਜੁ ਦੀਨਸਿ।
ਅੰਗੀਕਾਰ ਸਤਿਗੁਰੂ ਕੀਨਸਿ ॥ ੧੬ ॥

[1]ਤਿਸਦੀ। †ਪਾ:-ਮਹਿਮਾ ਕਵਨ ਕਹਿ ਸਕੈ ਤਾਸ।

ਇਹ ਸਭਿ ਕਥਾ ਅਗਾਰੀ ਬਰਨੋਂ[1]।

[1]ਵਰਣਨ ਕਰਾਂਗਾ।

ਜਿਸ ਪ੍ਰਕਾਰ ਇਨ ਕੋ ਆਚਰਨੋ[1]।

[1]ਕਰਤੱਬਜ।

ਸਰਬ ਭਾਂਤਿ ਕੀ ਸ਼ਕਿਤ ਬਿਸਾਲਾ।
ਜਿਸ ਚਾਹਸਿ ਤਿਮ ਕਰਣੇ ਵਾਲਾ ॥ ੧੭ ॥
ਅਨਿਕ ਭਾਂਤਿ ਕੇ ਬਿਘਨੁਹ ਪਾਇ।
ਨਹਿਂ ਜਿਨ ਕੀਨਸ ਕਬਹੁਂ ਲਖਾਇ।
ਧਰਨੀ ਸਮ ਜਿਹ ਧੀਰਜ ਧਾਰੀ†।

†ਪਾ:-ਧਰਨੀਧਰ ਸਮ ਧੀਰਜ ਧਾਰੀ।

ਪੌਨ ਪੀਰ[1] ਤੇ ਟਰੇ ਨ ਟਾਰੀ ॥ ੧੮ ॥

[1]ਪੀੜਾ (ਰੂਪੀ) ਪੌਣ।

ਤਿਸ ਕਉ ਬੰਸ ਸੁ ਤਾਲ[1] ਮਨਿੰਦ[2]।

[1]ਸਰੋਵਰ। [2]ਨਿਆਈ।

ਉਪਜਯੋ ਰਾਮਕੁਇਰ ਅਰਬਿੰਦ[1]।

[1]ਕਵਲ।

ਦਸਮੇ ਪਾਤਿਸ਼ਾਹਿ ਬਰ ਬੀਰ।
ਤਿਨਹੁ ਪਾਦ ਪੰਕਜ ਕੇ ਤੀਰ ॥ ੧੯ ॥
ਮਧੁਪ ਮਨਿੰਦ[1] ਅਨਦ ਮਕਰੰਦ।

[1]ਭੌਰੇ ਵਾਂਙੂ।

ਤਜਯੋ ਨ ਪਾਸਿ ਮੁਕੰਦ ਬਿਲੰਦ।
ਸ੍ਰੀ ਗੁਰ ਤੇਗ ਬਹਾਦਰ ਪਾਛੇ।
ਦੀਨਸਿ ਤਿਲਕ ਦਸਮ ਗੁਰ ਆਛੇ ॥ ੨੦ ॥
ਕਲਗੀ ਜਿਗਾ ਜਰਾਉਨ ਜਰੀ[1]।

[1]ਜੜਤਾਂ ਨਾਲ ਜੜੀ ਹੋਈ।

ਇਨ ਤੇ ਲੇ ਸਤਿਗੁਰ ਸਿਰ ਧਰੀ।
ਆਯੁਧ ਦਏ ਆਦਿ ਸ਼ਮਸ਼ੇਰ।
ਲੇ ਕਰਿ ਧਾਰੇ ਗੁਰ ਸਮ ਸ਼ੇਰ[1] ॥ ੨੧ ॥

[1]ਸ਼ੇਰ ਤੁਲਜ (ਬਲੀ)।

ਦਸ ਪਤਿਸ਼ਾਹਿਨ ਕੇ ਨਿਤਿ ਸੰਗੀ।
ਸਤਿਗੁਰ ਕ੍ਰਿਤਿ[1] ਕੋ ਚਿਤ ਚਹਿ ਚੰਗੀ।

[1]ਸੇਵਾ।

ਜਗ ਮਹਿਂ ਬਹੁ ਸਿੱਖੀ ਬਿਸਤਾਰੀ।
ਅਨਿਕ ਨਰਨ ਕਹੁ ਕੀਨ ਉਧਾਰੀ ॥ ੨੨ ॥
ਜਥਾ ਚੱਕ੍ਰਵੈ† ਅਧਿਪਤਿ[1] ਆਗੇ।

[1]ਚੱਕ੍ਰਵਰਤੀ ਰਾਜਾ [ਸੰ: ਚਕ੍ਰਵਰ੍ਤੀ। ਪ੍ਰਾ: ਚਕ੍ਰਵਈ, ਹਿੰਦੀ ਚਕ੍ਰਵੈ, ਚਕ੍ਰਵੈ]। †ਪਾ:-ਚੱਕ੍ਰ ਹ੍ਵੈ।

ਮੰਤ੍ਰੀ[1] ਰਹੈਂ ਸੁਮਤਿ ਮਹਿਂ ਲਾਗੇ। — [1]ਵਜ਼ੀਰ।
ਤਿਮ ਸਤਿਗੁਰ ਘਰ ਕੇ ਇਹ ਭਏ[1]। — [1]ਭਾਵ ਵਜ਼ੀਰ।
ਅਤਿ ਸ਼ੋਭਾ ਸਿੱਖੀ ਕਹੁ ਦਏ ॥੨੩॥
ਸਦ ਗੁਨ[1] ਕੇ ਇਹ ਕੋਸ਼[2] ਬਿਸਾਲੇ। — [1]ਸ੍ਰੇਸ਼ਟ ਗੁਣਾਂ। [2]ਖਜ਼ਾਨਾਂ।
ਭੇ ਪ੍ਰਾਪਤਿ[1] ਜੋ ਇਨ ਮਗ ਚਾਲੇ। — [1]ਪ੍ਰਾਪਤ ਹੋਏ।
ਸ੍ਰੀ ਸਤਿਗੁਰ ਦਸਮੇ ਪਤਿਸ਼ਾਹੂ।
ਗਮਨ ਕੀਨ ਜਬਿ ਸਚਖੰਡ ਮਾਂਹੂ ॥੨੪॥
ਪੰਥ ਖਾਲਸਾ ਉਤਪਤਿ ਕਰਿ ਕੈ।
ਰਾਜ ਤੇਜ ਕੋ ਛੱਤ੍ਰ ਸੁ ਧਰਿ ਕੈ।
ਤੁਰਕ ਤੇਜ ਦ੍ਰਿਢ ਤਰੁ[1] ਉਖਾਰਾ[†]। — [1]ਪੱਕਾ ਬ੍ਰਿੱਛ। [†]ਪਾ:-ਤਰੁ ਮੂਲ ਉਖਾਰਾ।
ਹਿੰਦੁ ਧਰਮ ਰਾਖਯੋ ਪ੍ਰਤਿਪਾਰਾ ॥੨੫॥
ਭਾਈ ਰਾਮਕੁਇਰ ਤਬ ਰਹੇ।
ਰਾਮਦਾਸ[†] ਕੇ ਗ੍ਰਾਮ ਜੁ ਲਹੇ। — [†]ਇਹ ਪਿੰਡ ਰਾਵੀ ਦੇ ਨੇੜੇ ਅੰਮ੍ਰਿਤਸਰ ਦੇ ਜ਼ਿਲੇ ਵਿਚ ਉਤਰ ਰੁਖ ਨੂੰ ਹੈ।
ਤਹਾਂ ਬਿਰਾਜਤਿ ਦਿਵਸ ਬਿਤਾਏ।
ਕੇਤਿਕ ਸਿੰਘ ਤਿਨਹੁਂ ਢਿਗ ਆਏ ॥੨੬॥
ਸਾਹਿਬ ਸਿੰਘ ਆਦਿਕ ਬੁਧਿਵਾਨ।
ਜਿਨ ਕੇ ਸਤਿਗੁਰ ਪਦ ਕੋ ਧ੍ਯਾਨ।
ਕਥਾ ਗੁਰੁਨ ਕੀ ਸੁਨਿਬੇ ਚਾਹਤਿ।
ਸੁਨਿ ਸੁਨਿ ਗੁਨ ਕੋ ਰਿਦਾ ਉਮਾਹਤਿ ॥੨੭॥
ਸ੍ਰੀ ਗੁਰਬਖਸ਼ ਸਿੰਘ[†] ਕੇ ਪਾਸ। — [†]ਸਾਹਿਬ ਰਾਮਕੌਰ ਜੀ ਦਾ ਨਾਮ ਜੋ ਅੰਮ੍ਰਿਤ ਛਕ ਕੇ ਰਖਿਆ ਗਿਆ ਸੀ।
ਸਭਿ ਸਿੰਘਨ ਕੀਨਸਿ ਅਰਦਾਸ।
'ਮਹਿਦ[1] ਪ੍ਰਸੰਗ ਗੁਰਨ ਕੇ ਜੇਤੇ। — [1]ਬੜੇ।
ਕਰੁਨਾ ਕਰਹੁ ਉਚਾਰਹੁ ਤੇਤੇ ॥੨੮॥
ਸਭਿ ਸਿਖ ਸੰਗਤਿ ਸੁਨਿਬੇ ਚਾਹਤਿ।
ਸਤਿਗੁਰ ਗੁਨ ਕੋ ਮਹਾਂ ਉਮਾਹਿਤ।
ਚੰਦ੍ਰ ਬਦਨ ਤੇ ਸੁਧਾ ਸਮਾਨਾ।
ਪ੍ਰਗਟ ਕਰਹੁ ਪੀਵਹਿਂ ਪੁਟ ਕਾਨਾ[1] ॥੨੯॥ — [1]ਕੰਨਾਂ ਰੂਪੀ ਡੋਨਿਆਂ ਨਾਲ ਪੀਵੀਏ।
ਕਮਲ ਬਦਨ ਮਕਰੰਦ ਬਚਨ ਹੈਂ।

ਮਧੁਪ[1] ਸਿੰਘ ਅਭਿਲਾਖਤਿ ਮਨ ਹੈਂ।' [1]ਭੌਰੇ।
ਭਾਈ ਰਾਮ ਕੁਇਰ ਸੁਨਿ ਸ਼੍ਰੌਨਿ।
ਕਹਜੋ ਚਹਤਿ ਗੁਰ ਗੁਨ ਸੁਖ ਭੌਨ ॥੩੦॥
ਇਹ ਪ੍ਰਸੰਗ ਸੁਨਿ ਸ਼੍ਰੋਤਾ ਸਾਰੇ।
ਮਿਲਿ ਸੰਤੋਖ ਸਿੰਘ ਨਿਕਟਿ ਉਚਾਰੇ।
'ਰਾਮ ਕੁਇਰ ਕੀ ਪੂਰਬ ਕਥਾ।
ਹਮਹਿਂ ਸੁਨਾਵਹੁ ਹੋਈ ਜਥਾ ॥੩੧॥
ਕਿਮ ਗੁਰ ਨਿਕਟਿ ਰਹੇ ਸੁਖ ਪਾਇ।
ਭੇ ਗੁਰਬਖਸ਼ ਸਿੰਘ[++] ਕਿਸ ਭਾਇ।
ਕਹਹੁ ਚਰਿੱਤ੍ਰ ਪ੍ਰਿਥਮ ਇਨ ਕੇਰਾ।
ਪੁਨ ਉਚਰਹੁ ਇਤਿਹਾਸ ਬਡੇਰਾ' ॥੩੨॥
ਕਵਿ ਇਮ ਸੁਨਿ ਸ਼੍ਰੋਤਨਿ ਤੇ ਬਾਨੀ।
ਰਾਮਕੁਇਰ ਕੀ ਕਥਾ ਬਖਾਨੀ।
ਕੁਛਕ ਚਰਿੱਤ੍ਰ ਕਹੌਂ ਤਿਨ ਕੇਰਾ।
ਪਠਤਿ ਸੁਨਤਿ ਸੁਖ ਦੇਤਿ ਘਨੇਰਾ ॥੩੩॥
ਮਨ ਵਾਂਛਤਿ ਫਲ ਪ੍ਰਾਪਤਿ ਹੋਵੈ।
ਸੰਚਤਿ ਪਾਪ[1] ਸਭਿਨਿ ਕੋ ਖੋਵੈ। [1]ਇਕੱਠੇ ਹੋਏ ਹੋਏ ਪਾਪ।
ਬਿਮਲ[1] ਮਤੀ ਹੁਇ ਲਹਿ ਸੁਖਧਾਮ। [1]ਉੱਜਲ।
ਲਿਵ ਲਾਗੇ ਸਿਮਰਨ ਸਤਿਨਾਮ ॥੩੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰਾਸੇ 'ਇਤਿਹਾਸ ਕਥਨ' ਪ੍ਰਸੰਗ ਬਰਨਨੰ ਨਾਮ ਦੁਤਿਯੋ ਅੰਸੂ ॥੨॥

## ੩. [ਭਾਈ ਰਾਮਕੁਇਰ ਪ੍ਰਸੰਗ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਹਸਤਾਮਲਕ[1] ਸਮਾਨ ਉਰ,
ਜਿਨ ਕੇ ਦਿਢਿ ਬ੍ਰਹਮਗਜਾਨ।
ਸ਼੍ਰੀ ਬੁੱਢਾ ਸਾਹਿਬ ਭਏ,
ਨਮੋ ਬੰਦਿ ਕਰਿ ਪਾਨ ॥੧॥

[1]ਹੱਥ ਤੇ ਧਰੇ ਆਂਵਲੇ ਵਾਂਙੂ।

ਚੌਪਈ:

ਗੁਰ ਸਿੱਖੀ ਕੀ ਅਵਧਿ ਅਧਾਰਾ[1]।

[1]ਅਵਧੀ = ਉੱਚੀ ਤੋਂ ਉੱਚੀ (ਸਿੱਖੀ ਦਾ) ਆਧਾਰ = ਆਸਰਾ। (ਅ) ਭਾਵ ਗੁਰਸਿਖੀ ਦਾ ਆਧਾਰ ਸਿੱਖ ਹੈ, ਪਰ ਸਿਖਾਂ ਦੀ ਅਵਧੀ ਭਾਈ ਬੁੱਢਾ ਜੀ ਹਨ।

ਜਿਮ ਸਭਿ ਜਲ ਕੀ ਸਿੰਧੁ ਅਪਾਰਾ।
ਮਾਤਤੰਡ[1] ਜਿਮ ਤੇਜ ਪ੍ਰਚੰਡਹਿ[2]।

[1]ਸੂਰਜ। [2]ਤ੍ਰਿੱਖੇ ਤੇਜ (ਦੀ ਅਵਧੀ ਹੈ)।

ਜਥਾ ਅਖੰਡਲ[1] ਭੂਤਲ ਖੰਡਹਿ[2†] ॥੨॥

[1]ਇੰਦ੍ਰ। [2]ਪ੍ਰਿਥਵੀ ਨੂੰ ਖੰਡਹਿ (ਫਤੇ ਕਰਨ ਵਾਲਿਆਂ ਭਾਵ ਰਾਜਿਆਂ ਦੀ ਅਵਧੀ) ਹੈ। [†]ਪਾ:-ਭੂਤਿ ਅਖੰਡਹਿ।

ਜਥਾ ਛਿਮਾ ਕੀ ਛੌਣੀ[1] ਅਹੈ।

[1]ਧਰਤੀ।

ਬਾਯੂ ਮਹਿਦ ਬੇਗ ਕੀ ਲਹੈ ਹੈ[1]।

[1]ਜਿਵੇਂ) ਮਹਿਦ ਵਾਯੂ (ਤ੍ਰਿੱਖੀ ਅਨ੍ਹੇਰੀ) ਵੇਗ ਦੀ (ਅਵਧੀ) ਹੈ।

ਸਹਨਸ਼ੀਲ ਸੌਂਦਰਜ ਸੂਰਤਾ।
ਪ੍ਰਭੁ ਬਿਸ਼ਨ ਹੈ ਸਭੈ ਪੂਰਤਾ[1] ॥੩॥

[1]ਪ੍ਰਭੂ ਬਿਸ਼ਨ ਵਿਚ ਸਹਨਸ਼ੀਲ ਸੁੰਦਰਤਾ, ਸੂਰਮਤਾ ਦੀ ਪੂਰਤੀ (ਅਵਧੀ) ਹੈ।

ਸੁ ਪ੍ਰਕਾਸ਼[1] ਕੀ ਅਵਧਿ ਮਯੰਕਾ[2]।

[1]ਠੰਢੇ ਪ੍ਰਕਾਸ਼ (ਜਮਾਲ) ਦੀ। [2]ਚੰਦ੍ਰਮਾ।

ਜਥਾ ਦੁਰਗ[1] ਕੀ ਦੀਰਘ ਲੰਕਾ।

[1]ਕਿਲ੍ਹਿਆਂ।

ਨਾਗਨਿ ਸ਼ੇਸ਼, ਬਾਸ਼ਕੀ ਸਰਪਨਿ[1]।

[1]ਸੱਪਾਂ (ਦੀ ਅਵਧੀ) ਸ਼ੇਸ਼ਨਾਗ ਤੇ ਬਾਸ਼ਕ ਨਾਗ। (ਅ) ਨਾਗਾਂ ਦੀ ਅਵਧੀ ਵਾਸ਼ਕ ਨਾਗ ਤੇ ਸੱਪਾਂ (ਦੀ ਅਵਧੀ) ਸ਼ੇਸ਼ਨਾਗ।

ਤਨ ਹੰ ਤਜਿਨਿ ਹੋਤਿ ਸਭਿ ਅਰਪਨਿ[1] ॥੪॥

[1]ਤਨ ਦਾ ਹੰਕਾਰ ਛਡਣ ਵਿਚ ਸਭਿ ਕੁਛ ਅਰਪਨ ਹੋ ਜਾਵੇ, ਭਾਵ ਅਰਪਨ ਦੀ ਅਵਧੀ ਹੰਤਾ ਦਾ ਤਜਾਗ ਹੈ।

ਲਿਖਨਿ ਬਿਖੈ ਜਿਮਿ ਅਵਧਿ ਗਜਾਨਨ[1]।

[1]ਗਣੇਸ਼।

ਜੋਗੀ ਸਭਿਹਿਨਿ ਕੀ ਪੰਚਾਨਨ[1]।

[1]ਜੋਗੀਆਂ ਸਾਰਿਆਂ ਦੀ (ਅਵਧੀ) ਸ਼ਿਵਜੀ।

ਸੈਨਾਪਤਿ ਕੀ ਅਵਧਿ ਖੜਾਨਨ[1]।

[1]ਸ਼ਾਮਕਾਰਤਕ (ਸ਼ਿਵ ਜੀ ਦਾ ਪੁੱਤ੍ਰ)।

ਰਚਨਾ[1] ਰਚਨਨ ਮਹਿਂ ਚਤੁਰਾਨਨ[2] ॥੫॥

[1]ਸ੍ਰਿਸ਼ਟੀ। [2]ਬ੍ਰਹਮਾ।

ਤਿਮਿ ਬੁੱਢਾ ਸਾਹਿਬ ਬ੍ਰਹਮ ਗਜਾਨੀ।
ਸਿੱਖੀ ਕੇ ਅਧਾਰ ਗੁਨ ਖਾਨੀ।
ਤਿਨ ਕੋ ਸੁਜਸੁ ਕਹਾਂ ਲੌ ਕਹੀਐ।

ਜੀਵਨ ਮੁਕਤਿ ਅਵਸਥਾ ਲਹੀਐ ॥੬॥
ਤਿਨ ਕੋ ਪੁੱਤ੍ਰ ਨਾਮ ਕਹਿਂ -ਭਾਣਾ-।
ਜਿਨ ਜਾਨ੍ਯੋ ਮੀਠੋ ਗੁਰ ਭਾਣਾ।
ਪਿਤਾ ਸਮਾਨ ਗ੍ਯਾਨ ਮਹਿਂ ਪੂਰਾ।
ਕਾਮਾਦਿਕ ਰਿਪੁ ਹਤੇ ਬਿਸੂਰਾ[1] ॥੭॥
[1]ਦੁਖੀ ਕਰਕੇ।
ਤਿਸ ਕੋ ਪੁੱਤ੍ਰ ਨਾਮ ਕਹਿਂ -ਸ੍ਰਵਣ[1]-।
[1]'ਸਰਵਣ' ਨਾਮ ਸੀ।
ਸ੍ਰਵਣ ਸੁਣ੍ਯੋ ਜਸੁ ਜਿਹ[1] ਸਮ ਸ੍ਰਵਣ[2]।
[1]ਜਿਸ ਦਾ ਜਸ ਕੰਨੀਂ ਸੁਣਿਆ ਹੈ। [2]ਸਰਵਣ (ਭਗਤ ਦੇ) ਵਰਗਾ।
ਸਤਿਗੁਰ ਸਿੱਖੀ ਕਹੁ ਬਡ ਭਾਰਾ।
ਸਰਬ ਸਹਾਰ੍ਯੋ ਭਾ ਜਗ ਭਾਰਾ ॥੮॥
ਤਿਨ ਕੇ ਉਪਜ੍ਯੋ ਪੁੱਤ੍ਰ -ਜਲਾਲ-।
ਗੁਰ ਪਗ ਪ੍ਰੇਮ ਰੰਗ ਚਢਿ ਲਾਲ[1]।
[1]ਗੂੜ੍ਹਾ।
ਬਹੁ ਸਿੱਖ੍ਯਨ ਕਹੁ ਗੁਰਮਤਿ ਦੀਨਸਿ।
ਮਿਲੇ ਪਹੁੰਚ ਨਰ ਮੁਕਤੀ ਕੀਨਸ† ॥੯॥
†ਪਾ:-ਲੀਨਸ।
ਤਿਸ ਕੋ ਪੁੱਤ੍ਰ ਨਾਮ ਕਹਿਂ -ਝੰਡਾ-।
ਜਿਸ ਕੋ ਜਸ ਜਾਹਰ ਜਿਮਿ ਝੰਡਾ[1]।
[1]ਨਿਸ਼ਾਨ ਵਾਂਙੂ (ਉਜਾਗਰ)।
ਬ੍ਰਹਮਾਂਕਾਰ ਬ੍ਰਿੱਤਿ ਇਕ ਰਸ ਮੈਂ।
ਜਿਸ ਕੇ ਨਹੀਂ ਅਨਿਕਤਾ ਦ੍ਰਿਸ਼ ਮੈਂ[1] ॥੧੦॥
[1]ਦ੍ਰਿਸ਼ = ਜਗਤ ਵਿਚ ਨਾਨਾਪਨ ਨਹੀਂ ਭਾਸਦਾ, ਇਕੋ ਬ੍ਰਹਮ ਹੀ ਭਾਸਦਾ ਹੈ। (ਅ) ਨਿਗਾਹ ਵਿਚ।
ਇਨ ਤੇ ਸੁਤ -ਗੁਰਦਿੱਤਾ- ਹੋਵਾ।
ਗੁਰ ਸਿੱਖੀ ਜਿਨਿ ਮਾਰਗ ਜੋਵਾ।
ਅੰਤ ਸਮੈ ਪਦ ਪਰਮ ਪਹੂੰਚਾ।
ਬ੍ਰਹ-ਗ੍ਯਾਨ ਮਹਿਂ ਜਿਸ ਮਨ ਰੂਚਾ[1] ॥੧੧॥
[1]ਲੱਗਿਆ।
-ਰਾਮਕੁਇਰ- ਉਪਜ੍ਯੋ ਤਿਹ ਨੰਦ[1]।
[1]ਸਪੁੱਤ੍ਰ।
ਜੀਵਨ ਮੁਕਤਿ ਸੁ ਜੁਗਤਿ ਅਨੰਦ।
ਨੇਤਿ ਨੇਤਿ ਜਿਸ ਬੇਦ ਬਤਾਵੈ।
ਨਿਤਿ ਅਖੰਡ ਤਿਸ ਪਦ ਲਿਵ ਲਾਵੈ ॥੧੨॥
ਤੁਰੀ ਅਵਸਥਾ[1] ਚਿੱਤ ਅਰੂੜ੍ਹਾ[2]।
[1]ਚੌਥੀ ਭੂਮਕਾ। [2]ਇਸਥਿਤ ਹੋਇਆ।
ਬਿਨ ਸਤਿਗੁਰ ਜੋ ਸਭਿ ਕਹੁ ਗੂੜ੍ਹਾ[1]।
[1]ਗੁੱਝਾ।
ਬਾਲਕ ਸਮਤਾ ਬੇਦ ਜੁ ਕਹੈ[1]।
[1]ਭਾਵ-ਵੇਦ ਤੁਰੀਆ ਨੂੰ ਬਾਲਕ ਅਵਸਥਾ ਦੀ ਤੁੱਲਤਾ ਦੇਂਦਾ ਹੈ।

ਤਿਸ ਮਹਿਂ ਸਦਾ ਬਰਤਤੋ ਰਹੈ ॥੧੩॥
ਕੁਛਕ ਚਰਿੱਤ੍ਰ ਕਹੋਂ ਤਿਸ† ਕੇਰਾ। †ਪਾ:-ਤਿਨਿ।
ਜਥਾ ਸਰੂਪ ਸੁਭਾਉ ਭਲੇਰਾ।
ਹੁਤੀ ਥੂਲਤਾ[1] ਤਨ ਸਭਿ ਥਾਨਨ[2]। [1]ਮੋਟਾਈ। [2]ਸਭ ਥਾਵਾਂ ਵਿਚ।
ਲੰਬੋਦਰ[1] ਲਿਹੁ ਪਰਖ ਗਜਾਨਨ[2] ॥੧੪॥ [1]ਲੰਮਾ ਸੀ ਪੇਟ। [2]ਗਨੇਸ਼ (ਵਤ)।
ਸਹਿਜ ਸੁਭਾਇਕ ਬੋਲਨ ਬਨੈ।
ਬੁਰਾ ਕਿ ਭਲਾ ਫੁਰੈ[1] ਤਤਛਿਨੈ। [1]ਫੁਰਦਾ ਸੀ, ਭਾਵ ਸੱਚ ਹੋ ਜਾਂਦਾ ਸੀ।
ਇਕ ਦਿਨ ਇਕ ਰਾਹਕ[1] ਘਰ ਮਾਂਹੀ। [1]ਜ਼ਿਮੀਂਦਾਰ।
ਬਹੁ ਨਰ ਕੋ ਭੋਜਨ ਕਿਯ ਖਜਾਹੀ[1] ॥੧੫॥ [1]ਬਰਸੀ ਮੋਏ ਦੀ।
ਰਾਮਕੁਇਰ ਕੇ ਢਿਗ ਲੇ ਗਏ।
ਪਾਇਸ[1] ਸਿਤਾ[2] ਘ੍ਰਿੱਤ ਇਕ ਮਏ। [1]ਖੀਰ। [2]ਖੰਡ।
ਜਾਇ ਅਗਾਰੀ ਥਾਲ ਟਿਕਾਯਵ।
ਰੁਚਿ ਸੋਂ ਸ੍ਵਾਦਲ ਕਰਿ ਕਰਿ ਖਾਯਵ ॥੧੬॥
ਪੁਨਹਿ ਪਾਨ ਕਰਿ ਸੀਤਲ ਪਾਨੀ।
ਰਾਹਕ ਸੋਂ ਤਬਿ ਬੋਲਜੋ ਬਾਨੀ।
'ਨੀਕੋ ਭੋਜਨ ਕਰਿ ਕੈ ਲਜਾਇਵ।
ਕਾਰਨ ਕਵਨ? ਸੁ ਦੇਹੁ ਸੁਨਾਇਵ' ॥੧੭॥
ਹਾਥ ਜੋਰਿ ਤਿਨ ਕਹਜੋ ਬੁਝਾਈ।
'ਹੁਤੋ ਖਜਾਹ ਭੋਜਨ ਸਮੁਦਾਈ।
ਅੱਗ੍ਰ ਆਪ ਕੇ ਪੂਰਬ ਲਜਾਯੋ।
ਪਾਇਸ ਸਿਤਾ ਘ੍ਰਿੱਤ ਜੋ ਖਾਯੋ' ॥੧੮॥
ਅਧਿਕ ਪ੍ਰਸੰਨ ਹੋਇ ਬਚ ਕਹਜੋ।
'ਤਿਸ ਮਹਿਂ ਸ੍ਵਾਦ ਹਮਹਿਂ ਬਹੁ ਲਹਜੋ।
ਯਾਂ ਤੇ ਖਜਾਹ ਗ੍ਰਾਮ ਮੈਂ ਨੀਤ।
ਹੋਵਹਿ, ਦੇ ਅਹਾਰ ਸ਼ੁਭ ਹੀਤ' ॥੧੯॥
ਬਾਕ ਬਦਨ ਤੇ ਏਵ ਬਖਾਨਾ।
ਸਹਿਜ ਸੁਭਾਇਕ ਬ੍ਰਿਤੀ ਸਮਾਨਾ।
ਤਿਸ ਦਿਨ ਤੇ ਮ੍ਰਿਤੁ ਨਰ ਹੁਇ ਏਕ।
ਗਮਨੇ ਜਮ ਪੁਰਿ ਜਬਹਿ ਅਨੇਕ ॥੨੦॥

ਪਰਜੋ ਗ੍ਰਾਮ ਮਹਿਂ ਰੌਰਾ ਤਬਿਹੂੰ।
'ਕਹਾਂ ਭਯੋ?' ਮਿਲਿ ਭਾਖੈਂ ਸਭਿਹੂੰ।
'ਕੌਨ ਗ੍ਰਾਮ ਨੇ ਦੋਸ਼ ਕਮਾਯੋ।
ਜਿਸ ਤੇ ਦੁਖਦ ਸਮਾਂ ਅਸ ਆਯੋ' ॥੨੧॥
ਸਭਿ ਮਹਿਂ ਤਿਸ ਰਾਹਕ ਨੇ ਕਹਜੋ।
'ਸੁਨਹੁ ਹੇਤੁ ਮੈਂ ਇਕ ਅਸ ਲਹਜੋ।
ਖਜਾਹ ਭਯੋ ਜਿਸ ਦਜੋਸ ਹਮਾਰੇ।
ਕਰਿ ਕੈ ਪਾਇਸ ਸਿਤਾ ਅਹਾਰੇ ॥੨੨॥
ਨੀਕੇ ਥਾਲ ਬਿਸਾਲ ਪੁਰਾਯੋ[1]। [1]ਭਰਿਆ।
ਰਾਮਕੁਇਰ ਭਾਈ ਕਹੁ ਖ੍ਵਾਯੋ।
ਸਹਿਜ ਸੁਭਾਇਕ ਮੁਖ ਤੇ ਪ੍ਰਾਹੀ[1]। [1]ਕਹਿਆ ਸੀ।
-ਹੋਵਹੁ ਗ੍ਰਾਮ ਬਿਖੈ ਨਿਤ ਖਜਾਹੀ- ॥੨੩॥
ਤਿਨ ਕੋ ਬਾਕ ਹੇਤੁ ਮ੍ਰਿਤੁ ਕੇਰਿ[1]। [1]ਉਨ੍ਹਾਂ ਦਾ ਵਾਕ ਕਾਰਨ ਹੈ (ਇਨ੍ਹਾਂ) ਮੌਤਾਂ ਦਾ।
ਕਰਿ ਉਪਚਾਰ ਲੇਹੁ ਬਰ[1] ਫੇਰ।' [1]ਵਰ।
ਸੁਨਿ ਸਭਿ ਲੋਕਨ ਜਾਨੀ ਜਬਿਹੂੰ।
ਭੋਜਨ ਭਲੋ ਬਨਾਯਹੁ ਤਬਿਹੂੰ ॥੨੪॥
ਭਾਉ ਅਧਿਕ ਤੇ ਲੈ ਕਰਿ ਗਏ।
ਜਿਸ ਅਸਥਾਨ ਬਿਰਾਜਤਿ ਭਏ।
ਬਿਨੈ ਠਾਨਿ ਅਚਵਾਇ ਅਹਾਰਾ।
ਨਾਨਾ ਰਸ ਮੈਂ ਸ੍ਵਾਦ ਉਦਾਰਾ ॥੨੫॥
ਹਾਥ ਜੋਰਿ ਠਾਂਢੇ ਢਿਗ ਰਹੇ।
ਅਚਿ[1] ਭੋਜਨ ਭਾਈ ਬਚ ਕਹੇ। [1]ਛਕਕੇ।
'ਕਿਸ ਕਾਰਨ ਤੇ ਰੁਚਿਰ ਅਹਾਰਾ।
ਕਰਿ ਅਚਵਾਇਵ[1]? ਸ੍ਵਾਦ ਉਦਾਰਾ' ॥੨੬॥ [1]ਖੁਲਾਇਆ।
ਰਾਹਕ ਸੁਨਤਿ ਗਿਰਾ ਮੁਖ ਪ੍ਰਾਹੀ।
'ਸ਼ਾਦੀ ਹੁਤੀ ਗ੍ਰਾਮ ਕੇ ਮਾਂਹੀ।
ਯਾਂ ਤੇ ਰੁਚਿਰ ਅਹਾਰ ਅਚਾਵਾ।
ਤੁਮ ਤੇ ਚਾਹਤਿ ਸੁਖ ਉਪਜਾਵਾ' ॥੨੭॥
ਬਿਹਸ[1] ਕਹਜੋ ਉੱਤਮ ਬਰ ਤਿਨੈ। [1]ਹੱਸ ਕਰਿਕੇ।

'ਭੋਜਨ ਅਚਜੋ ਸ੍ਵਾਦ ਕੇ ਸਨੈ।
ਯਾਂ ਤੇ ਗ੍ਰਾਮ ਬਿਖੈ ਨਿਤ ਸ਼ਾਦੀ।
ਹੁਇ ਆਗੈ ਨਿਤ† ਕਰਹੁ ਅਬਾਦੀ' ॥੨੮॥ — †ਪਾ:-ਅਰੁ।
ਸੁਨਿ ਕੈ ਸਭਿਨਿ ਨਮੋ ਕਿਯ ਔਨ[1]। — [1]ਨਮਸਕਾਰ ਕੀਤੀ ਪ੍ਰਿਥਵੀ ਤੇ।
ਮ੍ਰਿਤਕਨਿ ਮਨਹੁ ਅਮੀ ਪਿਯ ਸ਼੍ਰੌਨ[1]। — [1]ਮਾਨੋਂ ਮੁਰਦਿਆਂ ਨੇ ਅੰਮ੍ਰਿਤ ਕੰਨਾਂ (ਨਾਲ) ਪੀਤਾ।
ਹਰਖਤਿ ਭਏ ਮ੍ਰਿਤੁ ਡਰੁ ਬੀਤਾ।
ਹੋਨਿ ਲਗੀ ਸ਼ਾਦੀ ਮੁਦ ਚੀਤਾ ॥੨੯॥
ਇਸ ਪ੍ਰਕਾਰ ਸ਼੍ਰੀ ਮੁਖ ਤੇ ਜੈਸੇ।
ਨਿਕਸਹਿ ਫੁਰਹਿ ਸੁ ਤਤਛਿਨ ਤੈਸੇ।
ਟਹਿਲ ਕਰਨ ਮਹਿਂ ਰਾਮਾ ਦਾਸੁ।
ਨਿਤਿਪ੍ਰਤਿ ਸੇਵਹਿ ਰਹੇ ਸੁ ਪਾਸ ॥੩੦॥
ਸੰਗਤਿ ਬਡੀ ਭੇਟ ਕਹੁ ਲਜਾਵੈ।
ਦਰਸ਼ਨ ਪਰਸਹਿ ਚਰਨ ਮਨਾਵੈ।
ਬਾਂਛਤ ਪਾਇ ਕਰਹਿਂ ਅਰਦਾਸ।
ਦਸੋਂਸ ਪਰਬ[1] ਕੇ ਪਹੁੰਚਹਿਂ ਪਾਸ ॥੩੧॥ — [1]ਤਿਉਹਾਰ।

ਦੋਹਰਾ:

ਜੋ ਬੁੱਢੇ ਰਮਦਾਸ ਕੋ[1], — [1]ਬਾਬੇ ਬੁੱਢੇ ਜੀ ਦਾ ਰਾਮਦਾਸ ਕੇ ਪਿੰਡ ਹੈ।
ਗ੍ਰਾਮ ਬਿਦਤਿ[1] ਬਹੁ ਦੇਸ਼ੁ। — [1]ਪ੍ਰਗਟ ਹੈ।
ਤਹਾਂ ਕਰਤਿ ਬਿਸਰਾਮ[1] ਕਹੁ, — [1]ਭਾਵ ਵਸਦੇ ਹਨ।
ਤਿਨ ਕਹੁ ਬੰਸ ਅਸ਼ੇਸ਼[1] ॥੩੨॥ — [1]ਸਾਰੀ ਉਲਾਦ।

ਚੌਪਈ:

ਸੰਗਤਿ ਬ੍ਰਿੰਦ ਜਪਤਿ ਗੁਰ ਨਾਮ।
ਪੂਜਤਿ ਪਾਵਨ ਪੂਜਤਿ ਕਾਮ[1]। — [1]ਕਾਮਨਾਂ ਪੂਰਨ ਹੁੰਦੀਆਂ ਹਨ।
ਦਰਬ ਹਜ਼ਾਰਨ ਹੀ ਅਰਪਾਵੈਂ।
ਲੇਹਿਂ ਦਾਸ ਸਭਿ ਕਾਰ ਚਲਾਵੈਂ ॥੩੩॥
ਕਾਜ ਕਦਾਚਿਤ ਕੋ ਇਕ ਪੂਛੇ।
ਸਹਿਜ ਸੁਭਾਇ ਕਹੈਂ ਉਰ ਸੂਛੇ[1]। — [1]ਪਵਿੱਤ੍ਰ ਚਿਤ।
ਬ੍ਰਿਤੀ ਜਗਤ ਦਿਸ਼ ਕਬਹੁਂ ਕਿ ਆਵੈ।
ਨਤੁ[1] ਅੱਦ੍ਵੈਤ[2] ਬਿਖੈ ਲਿਵ ਲਾਵੈਂ ॥੩੪॥ — [1]ਨਹੀਂ ਤਾਂ। [2]ਪ੍ਰਮਾਤਮਾ ਵਿਚ ਆਤਮਾ ਦੇ ਲੀਨ ਹੋਏ ਰਹਿਣ ਦੀ ਦਸ਼ਾ।

ਬ੍ਰਿਤੀ ਅਖੰਡ ਰਾਤਿ ਦਿਨ ਏਕ।
ਅਚਲ ਗ੍ਯਾਨ ਮਹਿਂ ਜਲਧਿ ਬਿਬੇਕ[1]। [1]ਗਿਆਨ ਸਮੁੰਦ੍ਰ (ਵਾਹਿਗੁਰੂ) ਦੇ ਗਿਆਨ ਵਿਚ ਅਚੱਲ।
ਜਬਿ ਭੋਜਨ ਕਰਿਬੇ ਕਹੁ ਲਾਗੈਂ।
ਜਾਵਦ ਥਾਲ ਧਰਜੋ ਰਹਿ ਆਗੈ ॥੩੫॥
ਤਾਵਦ ਅਚਜੋ ਜਾਹਿਂ ਪੁਨਿ ਕਹੈਂ।
'ਭੋ ਰਾਮਾ ! ਤੂੰ ਕਿਸ ਥਲ ਅਹੈਂ।
ਆਵਹੁ ਪਾਸ ਪਰਖ ਕਰਿ ਕਹੋ।
ਅਚਹਿਂ ਅਹਾਰ ਜੁ ਨਿਤ ਤੂੰ ਲਹੋ[1] ॥੩੬॥ [1]ਤੂੰ ਦੇਖਦਾ ਹੈਂ।

ਦੋਹਰਾ:
ਤ੍ਰਿਪਤਿ ਭਏ ਰਮਦਾਸ ਕੇ,
ਪਿਖਹੁ ਕਿ ਤ੍ਰਿਪਤੇ ਨਾਂਹਿ?'
ਸੁਨਿ ਰਾਮਾ ਸੇਵਕ ਤਬੈ,
ਹੇਰਹਿ ਹੁਇ ਕਰਿ ਪਾਹਿ ॥੩੭॥

ਚੌਪਈ:
ਊਪਰ ਉਦਰ ਹਾਥ ਕਹੁ ਫੇਰਹਿ।
ਨਿਤ ਸਮ ਊਚੋ ਹੋਵਤਿ ਹੇਰਹਿ।
ਕਹੈ ਬੰਦਿ ਕਰ 'ਤ੍ਰਿਪਤੇ[1] ਅਬੈ। [1]ਰੱਜ ਗਏ ਹੋ।
ਨਿਤਿ ਸਮ ਭੋਜਨ ਕੀਨਸਿ ਸਬੈ' ॥੩੮॥
ਪੁਨ ਜਲ ਪਾਨ ਕਰਹਿਂ ਕਰ ਧੋਇ।
ਪਰਮਹੰਸ ਇਸ ਬਿਧਿ ਰਹਿਂ ਸੋਇ।
ਕਬਿ ਤਨ ਸੁਧਿ[1], ਕਬਹੂ ਨਹਿਂ ਹੋਇ। [1]ਤਨ ਦੀ ਸੋਝੀ ਹੋਵੇ।
ਬੋਲਹਿਂ ਕਬਹਿ ਬੁਲਾਏ ਕੋਇ ॥੩੯॥
ਕਬਹੂੰ ਬਸਤ੍ਰ ਸੰਭਾਰਤਿ ਦਾਸ।
ਊਪਰ ਕੋ ਪਹਿਰਾਇ ਸੁ ਪਾਸ।
ਅੰਤਰ ਮੁਖੀ ਬ੍ਰਿੱਤਿ ਨਿਤ ਰਾਖੈਂ।
ਬੋਲਤਿ ਜਬਿ ਬਿਨਤੀ ਬਹੁ ਭਾਖੈਂ ॥੪੦॥
ਦੀਰਘ ਕੇਸ ਭੌਂਹ[1] ਦੁਹ ਕੇਰੇ। [1]ਲੰਬੇ ਵਾਲ ਭਰਵੱਟਿਆਂ ਦੇ।
ਦੀਰਘ ਪਲਕਹਿਂ ਕਬਹਿ ਉਘੇਰੇਂ[1]। [1]ਕਦੇ ਕਦੇ ਖੋਲਣ।
ਨਾਂਹਿ ਤ ਮੁੰਦ੍ਰਿਤ[1] ਰਹਤਿ ਬਿਲੋਚਨ। [1]ਬੰਦ।
ਕਰਹਿਂ ਦਾਸ ਕੀ ਸੋਚ ਬਿਮੋਚਨ[1] ॥੪੧॥ [1]ਨਾਸ਼।
ਦਾਸ ਲਖਹਿਂ ਨਿਤਿ ਕੋ ਬਿਵਹਾਰਾ।

ਸਦਾ ਕਰਾਵਹਿਂ ਤਿਸੀ ਪ੍ਰਕਾਰਾ।
ਆਮਦ ਖਰਚ ਸੰਭਾਰਨਿ ਕਰੈਂ।
ਦੇਨਿ ਲੇਨਿ ਨਿਜ ਇੱਛ ਬਿਚਰੈਂ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਭਾਈ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥੩॥

## ੪. [ਭਾਈ ਰਾਮਕੁਇਰ ਜੀ ਪ੍ਰਸੰਗ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਇਕ ਰਸ ਬ੍ਰਿਤੀ ਅਖੰਡ ਰਹਿ, ਬ੍ਰਹਮ ਗ੍ਯਾਨ ਕੇ ਮਾਂਹਿ।
ਆਇ ਕਦਾਚਿਤ ਜਗਤ ਦਿਸ਼, ਰਹਤਿ ਦਾਸ ਬਹੁ ਪਾਹਿ ॥੧॥

ਚੌਪਈ:

ਏਕ ਸਮੈ ਤੁਰਕਨ ਕੀ ਸੈਨਾ।
ਆਇ ਪਰੀ ਲੂਟਨ ਕਹੁ ਐਨਾ[1]। [1]ਘਰ।
ਬਸਤ੍ਰ ਬਿਭੂਖਨ ਬਾਸਨ[1] ਭਾਰੇ। [1]ਬਰਤਨ।
ਤੁਰੰਗ, ਧੇਨੁ[1], ਮਹਿਖੀ[2] ਗਨਸਾਰੇ ॥੨॥ [1]ਘੋੜੇ, ਗਊਆਂ। [2]ਮੱਝੀਆਂ।
ਦੇਗ, ਕਰਾਹੇ[†], ਬਡ ਬਰਟੋਹੇ[1]। [1]ਵਲਟੋਹੇ। [†]ਪਾ:-ਕਰਨ ਕੇ।
ਅੰਨ[1] ਬਹੁਤ ਸਭਿ ਲੀਨਸਿ ਖੋਹੇ। [1]ਅਨਾਜ।
ਦਾਸ ਉਪਾਇ ਕਰਤਿ ਬਹੁ ਰਹੇ।
'ਕਸੋਂ ਜਬਰੀ ਤੁਮ ਠਾਨਤਿ ਅਹੇ' ॥੩॥
ਕਹਿ ਬਹੁ ਰਹੇ ਨ ਮਾਨੀ ਕਾਹੂ।
ਛੀਨ ਲੀਨਿ ਸਭਿ ਵਥੁ[†] ਘਰ ਮਾਂਹੂ। [†]ਪਾ:-ਵਸਤੁ।
ਬੈਠੇ ਰਾਮਕੁਇਰ ਜਹਿਂ ਭਾਈ।
ਜਾਇ ਨਿਕਟਿ ਸੁਧਿ ਦੇਤਿ ਸੁਨਾਈ ॥੪॥
ਸੁਨਿ ਕਰਿ ਮਨ ਮਹਿਂ ਕਛੁ ਨ ਆਨੈ।
ਨਹਿਂ ਦਾਸਨ ਸੋਂ ਬਾਕ ਬਖਾਨੈ।
ਕਈ ਹਜ਼ਾਰਨ ਕੋ ਧਨ ਗਯੋ।
ਘਰ ਮਹਿਂ ਨਹੀਂ ਪਦਾਰਥ ਰਹਯੋ ॥੫॥
ਲੇ ਕਰਿ ਸਕਲ ਤੁਰਕ ਕੀ ਸੈਨਾ।
ਜਾਇ ਪਹੂੰਚੀ ਅਪਨੇ ਐਨਾ।
ਲਵਪੁਰਿ ਕੋ ਸੂਬਾ ਇਕ ਹੁਤੋ।
ਸੋ ਜਾਨਤਿ ਸਭਿ ਬਿਧਿ ਇਨ ਮਤੋ[1] ॥੬॥ [1]ਇਨ੍ਹਾਂ ਦੇ ਸੁਭਾਉ ਨੂੰ।
ਮਹਿਮਾ ਮਹਾਂ ਪਛਾਨਹਿ ਸੋਇ।
ਸੁਖ ਦੁਖ ਮੈਂ ਇਕ ਰਸ ਨਿਤਿ ਹੋਇ।

ਹਰਖ ਸ਼ੋਕ ਨਹਿਂ ਜਿਨ ਕੇ ਲੇਸ਼।
ਇਨ ਕਉ ਲਖਹਿ ਮਹਾਂ ਦਰਵੇਸ਼ ॥੭॥
ਇਹ ਸੁਧਿ ਪਹੁੰਚੀ ਤਿਸ ਕੇ ਪਾਸਿ।
-ਲਿਯੇ ਲੂਟਿ ਰਮਦਾਸ ਅਵਾਸ[1]-।
[1]ਰਾਮਦਾਸ ਕਿਆਂ ਦੇ ਘਰ। (ਅ) ਰਮਦਾਸ ਗ੍ਰਾਮ ਦੇ ਘਰ।

ਤਤਛਿਨ ਅਸੁ ਅਰੂੜ੍ਹ ਕਰਿ ਆਵਾ[1]।
[1]ਘੋੜੇ ਤੇ ਸਵਾਰ ਹੋਕੇ ਆਇਆ।

ਲਵਪੁਰਿ ਤੇ ਤੁਰਨ ਹੀ ਧਾਵਾ ॥੮॥
ਕੁਛਕ ਸੈਨ ਆਈ ਜਿਹ ਸਾਥ।
ਬਹੁਤ ਬਿਸੂਰਤਿ ਸੁਨਿ ਕਰਿ ਗਾਥ[1]।
[1]ਵਾਰਤਾ।

ਰਾਮਦਾਸ ਕੇ ਪਹੁੰਚਯੋ ਗ੍ਰਾਮ।
ਨਗਨ ਪੈਰ ਹੁਇ ਪ੍ਰਵਿਸ਼ਯੋ ਧਾਮ ॥੯॥
ਬੈਠੇ ਰਾਮਕੁਇਰ ਢਿਗ ਗਯੋ।
ਹਾਥ ਜੋੜਿ ਨੰਮ੍ਰੀ ਬਹੁ ਭਯੋ।
ਚਰਨ ਸਪਰਸ਼ਨ ਕਰਿ ਕਰ ਸੰਗ[1]।
[1]ਕਰਕੇ ਹੱਥਾਂ ਨਾਲ।

ਬੰਦਨ ਕੀਨਿ ਤ੍ਰਸਤਿ[1] ਮਨ ਭੰਗ[2] ॥੧੦॥
[1]ਡਰਦਿਆਂ। [2]ਢੱਠੇ ਮਨ।

-ਮੁਖ ਤੇ ਸ੍ਰਾਪ ਦੇਹਿਂ ਕਛੁ ਨਾਂਹੀ-।
ਖਰਯੋ ਰਹਯੋ ਡਰ ਧਰਿ ਉਰ ਮਾਂਹੀ।
ਸਹਜਿ ਸੁਭਾਇ ਰਹੇ ਸੋ ਬੈਸੇ।
ਤਿਸ ਕੋ ਬਾਕ ਨ ਭਾਖਯੋ ਕੈਸੇ ॥੧੧॥
ਜਬਹਿ ਖਾਨ ਜਾਨੀ ਮਨ ਮਾਂਹਿ।
-ਬਿਨਾਂ ਬੁਲਾਏ ਬੋਲਹਿਂ ਨਾਂਹਿ-।
ਬਹੁਤ ਦੀਨਤਾ[1] ਸਾਥ ਬਖਾਨੀ।
[1]ਨਿਮ੍ਰਤਾ।

'ਮੋਹਿ ਬਿਖ਼ਬਰੀ ਤੇ ਕ੍ਰਿਤ ਠਾਨੀ[1] ॥੧੨॥
[1]ਕੰਮ ਕੀਤਾ ਹੈ (ਤੁਰਕਾਂ ਨੇ)।

ਭਈ ਅੱਵਗਯਾ ਅਧਿਕ ਤੁਮਾਰੀ।
ਤੁਰਕ ਅਜਾਨ ਨ ਕੀਨਿ ਚਿਨਾਰੀ[1]।
[1]ਪਛਾਣ।

ਮਿਲਿ ਮੂਰਖ ਇਕਠੇ ਹੁਇ ਆਏ।
ਜਿਨਹੁਂ ਅਖਾਜ ਖਾਜ ਲਖਿ ਪਾਏ ॥੧੩॥
ਲੂਟੇ ਗ੍ਰਾਮ ਰੁ ਧਾਮ[1] ਤੁਮਾਰੇ।
[1]ਪਿੰਡ ਤੇ ਘਰ (ਗ੍ਰਾਮ-ਅਰੁ-ਧਾਮ)।

ਸਭਿ ਸਜਾਇ ਕੇ ਉਚਿਤ ਬਿਚਾਰੇ।
ਆਪ ਕ੍ਰਿਪਾ ਕਰਿ ਕੈ ਫੁਰਮਾਵਉ।

ਗਈ ਵਸਤੁ ਜੋ ਸਗਲ ਬਤਾਵਉ ॥੧੪॥
ਕਰਿ ਕਰਿ ਕੈਦ ਸਭਿਨਿ ਕੋ ਲੇਵੌਂ।
ਜੋ ਕੁਛ ਗਈ, ਕਹਹੁ ਸੋ ਦੇਵੌਂ।
ਅਪਨੀ ਸ਼ਰਨਿ ਪਰਜੋ ਮੁਝ ਜਾਨਿ।
ਛਿਮਾ ਕਰਹੁ ਅਪਰਾਧ ਮਹਾਨ' ॥੧੫॥
ਸੁਨੇ ਖਾਨ ਕੇ ਬਾਕ ਸੁ ਕਾਨਿ।
ਦੀਨ ਮਨਾ[1] ਜਜੋਂ ਕਰਤਿ ਬਖਾਨ। — [1]ਨਿੰਮ੍ਰਤਾ ਵਾਲੇ ਮਨ ਨਾਲ।
ਊਚੋ ਮੁਖ ਕਰਿ ਨੈਨ ਉਘਾਰੇ।
ਪਿਖੇ ਤੁਰਕ ਗਨ ਖਰੇ ਅਗਾਰੇ ॥੧੬॥
ਬ੍ਰਿੰਦ ਤੁਰੰਗ ਮਤੰਗਨਿ ਬਾਹਰ।
ਉਠਤਿ ਸ਼ਬਦ ਸੁਨਿਯਤਿ ਗਨ ਜ਼ਾਹਰ।
ਖਾਨ ਦਿਸ਼ਾ ਅਵਲੋਕਨ ਕੀਨ।
ਬੋਲਜੋ ਰਾਮਕੁਇਰ ਪਰਬੀਨ ॥੧੭॥
'ਹਮਰੋ ਕਛੂ ਨ ਕਿਤ ਤੇ ਗਯੋ।
ਤੁਮ ਕੈਸੇ ਬੂਝਤਿ ਕਜਾ ਥਯੋ।'
ਗਜਾਨ ਅਰੂਢ ਬ੍ਰਿੱਤਿ ਕੋ ਜਾਨਿ।
ਪੁਨਿ ਬੋਲਜੋ ਲਵਪੁਰਿ ਪਤਿ ਖਾਨ[1] ॥੧੮॥ — [1]ਸੂਬਾ।
'ਤੁਰਕ ਸੈਨ ਜਬਿ ਚਢਿ ਕਰਿ ਆਈ।
ਵਸਤੁ ਤੁਮਾਰ ਲੁਟੀ ਸਮੁਦਾਈ।
ਸੋ ਸਗਰੀ ਮੁਝ ਦੇਹੁ ਬਤਾਇ।
ਤਿਨ ਤੇ ਲੈ ਦੇਵੋਂ ਪਹੁੰਚਾਇ ॥੧੯॥
ਰਾਵਰਿ ਮਹਿਮਾ ਤੇ ਅਨਜਾਨਿ।
ਕਰੀ ਅਵੱਗਜਾ ਮੂਢ ਮਹਾਨ।'
ਭਨਤਿ ਖਾਨ ਕੇ ਇਸ ਬਿਧਿ ਬੈਨ।
ਬਾਜਨ[1] ਕੀ ਦਿਸ ਥੇ ਤਬ ਨੈਨ ॥੨੦॥ — [1]ਬਾਜ਼ ਨਾਮੇ ਪੰਛੀ।
ਤਿਨ ਕਹੁ ਦੇਖਤਿ ਬਾਕ ਬਖਾਨਾ।
'ਹਮਰੇ ਬਾਜ਼ ਹੁਤੇ ਇਸ ਥਾਨਾ।
ਲੇ ਗਮਨਤਿ[1] ਨਿਤਿ ਬ੍ਰਿਤ ਅਖੇਰੀ[2]। — [1]ਲੈ ਜਾਂਦੇ ਸੀ। [2]ਸ਼ਿਕਾਰ ਨੂੰ।
ਇਨਕੀ ਰੇਸ਼ਮ ਡੋਰ ਲਮੇਰੀ ॥੨੧॥
ਆਡੇ[1] ਇਨ ਬੈਠਨਿ ਕੇ ਜੋਇ। — [1]ਬਾਜ਼ਾਂ ਦੇ ਬੈਠਣ ਦੇ) ਅੱਡੇ।
ਸੋ ਲੁਟਿ ਗਏ ਨ ਦਿਖਿਯਤਿ ਕੋਇ।

ਆਡੇ ਡੋਰਾਂ ਦੇਹੁ ਮੰਗਾਇ।
ਜੇ ਤੁਮਰੇ ਕਹਿਬੇ ਮਹਿਂ ਆਇ' ॥੨੨॥
ਸੁਨਤਿ ਖਾਨ ਬਿਗਸਜੋ ਬਿਸਮਾਯੋ।
-ਦੇਖਹੁ ਕਸ[1] ਮਨ ਕੁਛ ਨਹਿਂ ਲਜਾਯੋ। [1]ਕਿਸੇ ਤਰ੍ਹਾਂ ਬੀ।
ਲਾਖਹੁਂ ਕਾ ਧਨ ਘਰ ਤੇ ਗਯੋ।
ਰਿਦੇ ਬਿਕਾਰ ਨ ਤਿਸ ਤੇ ਭਯੋ ॥੨੩॥
ਦ੍ਰਿਸ਼ਟਿ ਅਗਾਰੀ ਜੋ ਨਹਿਂ ਪਾਈ।
ਸੋ ਲੁਟਿ ਗਈ ਰਿਦੇ ਇਮਿ ਆਈ।
ਅਪਰ ਵਸਤੁ ਕੀ ਸੁਧਿ ਨਹਿਂ ਜਾਨੀ।
ਬ੍ਰਿੱਤਿ ਸਮਾਨਿ[1] ਮਹਿਦ ਬ੍ਰਹਮਗਜਾਨੀ- ॥੨੪॥ [1]ਇਕ ਤੁੱਲ ਬ੍ਰਿਤੀ ਹੈ।
ਮਹਿਮਾ ਮਹਾਂ ਜਾਨਿ ਕਰਿ ਖਾਨ।
ਬੰਦਿ ਪਾਨ ਜੁਗ[1]† ਕਰਤਿ ਬਖਾਨ। [1]ਦੋਵੇਂ ਹਥ ਜੋੜਕੇ। †ਪਾ:-ਕਰ।
'ਕ੍ਰਿਪਾ ਠਾਨਿ ਮੁਝ ਸਾਥ ਚਲੀਜੈ।
ਲਵਪੁਰਿ[1] ਕੇਤਿਕ ਦਿਵਸ ਬਸੀਜੈ ॥੨੫॥ [1]ਲਾਹੌਰ।
ਜਬਿ ਇੱਛਾ ਪੁਨਿ ਹੁਇ ਹਟਿ ਆਵਹੁ।
ਕਦਮ ਆਪਨੇ ਮੁਝ ਘਰ ਪਾਵਹੁ।'
ਇੱਤਜਾਦਿਕ ਬਹੁ ਬਿਨੈ ਉਚਾਰਿ।
ਲੇ ਸੰਗ ਚਲਜੋ ਹੋਇ ਅਸਵਾਰ ॥੨੬॥

ਦੋਹਰਾ:

ਬਿਨ ਲਗਾਮ ਅਸੁ ਬਲੀ ਪਰ,
ਰਾਮਕੁਇਰ ਆਰੂੜ੍ਹ।
ਇਕ ਦਿਸ਼ ਕਰਿ ਦੋਨਹੁ ਚਰਨ,
ਬੈਠਜੋ ਜਿਸ ਮਤਿ ਗੂੜ੍ਹ ॥੨੭॥

ਚੌਪਈ:

ਦੇਖਿ ਤੁਰਕ ਗਨ ਬਿਸਮੈ ਭਏ।
ਇਕ ਦਿਸ਼ ਚਰਨ ਅਡੁਲ[1] ਗਤਿ[2] ਲਏ। [1]ਅਡੋਲ। [2]ਚਾਲ।
ਰਾਮਾਦਾਸ ਸਾਥ ਤਬਿ ਖਾਨ।
ਬੂਝਨ ਲਾਗਜੋ ਮਨ ਹੈਰਾਨ ॥੨੮॥
'ਕਿਮ ਅਰੂੜ੍ਹ[1] ਇਹ ਭਏ ਤੁਰੰਗ[2]। [1]ਅਸਵਾਰ। [2]ਘੋੜੇ ਤੇ।
ਗਿਰ ਨ ਪਰਹਿਂ ਹੁਇ ਭੰਗ ਨ ਅੰਗ[1]। [1]ਟੁੱਟੇ ਨਾ ਕੋਈ ਅੰਗ।

| | |
|---|---|
| ਨਹਿਂ ਲਗਾਮ ਮੁਖ ਦੀਨਸਿ ਯਾਹੂ[1]। | [1]ਜਿਸ ਦੇ। |
| ਦਿਖਿਯਤਿ ਬਲੀ ਮਹਾਂ ਇਹ ਬਾਹੂ[1]' ॥੨੯॥ | [1]ਘੋੜਾ [ਡਿੰਗਲ ਭਾਸ਼ਾ-ਬਾਹ = ਘੋੜਾ]। |
| ਤਬਿ ਰਾਮੇ ਨੇ ਸਕਲ ਬਤਾਈ। | |
| 'ਇਹ ਨਿਤਿ ਐਸੇ ਕਰਤਿ ਚਢਾਈ। | |
| ਬਿਨਾ ਲਗਾਮ ਭਜਾਵਹਿਂ ਘੋਰਾ। | |
| ਕਰਹਿਂ ਅਖੇਰ ਬ੍ਰਿੱਤਿ ਚਹੂੰ ਓਰਾ ॥੩੦॥ | |
| ਦੁਇ ਦਿਸ਼ ਜਾਂਘ ਕਬਹਿਂ ਲਟਕੰਤੇ। | |
| ਨਾਂਹਿ ਤ ਇਕ ਦਿਸ਼ ਚਰਨ ਕਰੰਤੇ।' | |
| ਬਿਸਮਹਿ ਖਾਨ ਬਾਤ ਸੁਨਿ ਕਰਿ ਕੇ। | |
| ਉਰ ਮਹਿਂ ਸੰਸੈ ਰਹਯੋ ਬਿਚਰਿ ਕੇ ॥੩੧॥ | |
| ਤਿਮਹੀ ਚਢੇ ਆਇ ਲਵਪੁਰਿ ਮੈਂ। | |
| ਡੇਰਾ ਦੀਨਸਿ ਸੁੰਦਰ ਘਰ ਮੈਂ। | |
| ਸਰਵ ਭਾਂਤਿ ਕੀ ਸੇਵ ਕਰਾਈ। | |
| ਲੁਟੀ ਵਸਤੁ ਜੋ ਸਭਿ ਫਿਰਵਾਈ ॥੩੨॥ | |
| ਜਹਿਂ ਜਹਿਂ ਗਈ ਸਹੀ ਕਰਿ[1] ਸਾਰੀ। | [1]ਪਛਾਣਕੇ। |
| ਲਈ ਮੰਗਾਇ ਖਾਨ ਬਲਿ ਭਾਰੀ। | |
| ਗ੍ਰਾਮ ਬਿਖੈ ਸੋ ਦਈ ਪੁਚਾਇ। | |
| ਅਪਰਾਧਨਿ ਕੋ[1] ਦਈ ਸਜਾਇ ॥੩੩॥ | [1]ਪਾਪੀਆਂ ਨੂੰ। |
| ਹਿਤ ਪਰਖਨ[1] ਕੇ ਪੁਨਿ ਬਿਧਿ ਠਾਨੀ। | [1]ਪਰੀਖਯਾ ਕਰਨ ਲਈ। |
| ਖਾਨ ਮਹਾਂ ਮਤਿ ਮਾਨ ਬਿਨਾਨੀ[1]। | [1]ਮਾਨ ਤੋਂ ਬਿਨਾਂ। |
| ਇਕ ਬੜਵਾ[1] ਤਿਹ ਖਰੀ ਤਵੇਲੇ। | [1]ਘੋੜੀ। |
| ਜਿਸ ਪਰ ਚੜ੍ਹਨੋ ਅਧਿਕ ਦੁਹੇਲੇ ॥੩੪॥ | |
| ਅਤਿ ਅਰੀਅਲ[1] ਨਹਿਂ ਚਲਹਿ ਅਗਾਰੇ। | [1]ਅੜੀਅਲ = ਉਹ ਘੋੜਾ ਜੋ ਇਕ ਥਾਂ ਅੜ ਖੜੋਵੇ ਤੇ ਅੱਗੇ ਨਾ ਟੁਰੇ। |
| ਹਤੇ ਕਸਾ ਬਹੁ ਪੁਸ਼ਤ ਨਿਕਾਰੇ[1]। | [1]ਹਤੇ ਕਸਾ = ਪਸ਼ਤ ਨਿਕਾਲਨਾਂ = ਘੋੜੇ ਨੂੰ ਰਾਨ ਨਾਲ ਦਬਾ ਕੇ ਭਾਵ ਕੱਸ ਕੇ ਅੱਡੀ ਲਾਇਆ, (ਹਤੇ =) ਚਾਬੁਕ ਮਾਰ ਕੇ ਚਲਾਉਣ ਦਾ ਜਤਨ ਕੀਤਾ ਜਾਵੇ ਤਾਂ ਉਹ ਪੁਸ਼ਤ ਨਿਕਾਲਦੇ ਹਨ, ਅਰਥਾਤ ਪਿਛਲੀਆਂ ਚੌਹਾਂ ਲੱਤਾਂ ਨਾਲ ਹਵਾ ਵਿਚ ਦੁਲੱਤੇ ਮਾਰਦੇ ਹਨ। |
| ਚਰਖੀ ਫਿਰਿ ਗੇਰਹਿਂ[1] ਅਸਵਾਰ। | [1]ਚਰਖੀ ਫਿਰ = ਵਾਗ ਤੇ ਚੜ੍ਹ ਇਕੋ ਥਾਂ ਚਕਰ ਲਾਉਂਦੇ ਰਹਿਣਾ ਤੇ ਸਵਾਰ ਨੂੰ ਡੇਗਣ ਦੀ ਕੋਸ਼ਸ਼ ਕਰਨੀ। |
| ਫਾਂਧਤਿ ਬੱਕ੍ਰ[1] ਨ ਦੇਹਿ ਸੰਭਾਰ ॥੩੫॥ | [1]ਫਾਂਧਤਿ ਬੱਕ੍ਰ = ਚਲਦਿਆਂ ਹੋਇਆਂ ਅਚਾਨਕ ਸੱਜੇ ਯਾ |

ਖੱਬੇ ਨੂੰ ਟੇਢ ਦੇਕੇ ਕੁੱਦ ਜਾਣਾ ਜਿਸ ਨਾਲ ਸਵਾਰ ਆਸਨ ਉਖੜਕੇ ਡਿੱਗ ਪੈਂਦਾ ਹੈ।

ਭਾਜ ਚਲਹਿ ਤਬ ਅਟਕਹਿ ਨਾਂਹੀ।
ਮੁਹਿਤਾਣੀ[1] ਬਹੁ ਐਬਨ ਮਾਂਹੀ।
ਖਾਨ ਤੁਰੰਗਨਿ ਸੋ ਮੰਗਵਾਈ।
ਅਰਪੀ ਰਾਮਕੁਇਰ ਕੈ ਤਾਈਂ ॥੩੬॥

[1]ਆਪ ਮੁਹਾਰੀ, ਮੂੰਹ ਜ਼ੋਰ।

ਹਾਥ ਜੋਰਿ ਕਰਿ ਬਿਨਤੀ ਠਾਨੀ।
'ਲੇਹੁ ਉਪਾਇਨ ਬੜਵਾ ਆਨੀ।
ਇਸ ਪਰ ਆਪ ਅਰੂਢਨ ਹੋਵਹੁ।
ਫਿਰਹੁ, ਅਖੇਰ ਚਲਹੁ ਮਗ, ਜੋਵਹੁ[1] ॥੩੭॥

[1]ਭਾਵ (ਇਸਤੇ ਚੜ੍ਹਕੇ) ਫਿਰੋ = ਸੈਰ ਕਰੋ, (ਅਖੇਰ ਚਲਹੁ =) ਸ਼ਿਕਾਰ ਨੂੰ ਜਾਓ, (ਚਲਹੁ ਮਗ =) ਸਫਰ ਕਰੋ, (ਇਉਂ ਇਸ ਨੂੰ ਜੋਵੋ =) ਦੇਖੋ, ਪਰਖੋ।

ਐਸੀ ਰੀਤਿ ਭਾਵਨਾ ਮੇਰੀ।
ਇਸ ਥਲ ਤੇ ਚਢਿ ਕਰਿ ਇਕ ਬੇਰੀ।
ਪ੍ਰਥਮ ਕਰਹੁ ਲਵਪੁਰਿ ਕੀ ਸੈਲ।
ਪੁਨ ਨਿਜ ਗ੍ਰਾਮ ਗਮਹੁ ਸਭਿ ਗੈਲ[1] ॥੩੮॥

[1]ਸਾਰਾ ਰਸਤਾ।

ਮਾਰਗ ਚਲੇ ਜਾਹੁ ਦਿਨ ਸਾਰੇ।
ਉਤਰੋ ਸੰਧਯਾ ਸਦਨ ਮਝਾਰੇ।'
ਇਮ ਕਹਿ ਅਰਪ ਉਪਾਇਨ ਦੀਨਿ।
ਕਿਤਿਕ ਦਰਬ ਅਰੁ ਬਸਤ੍ਰ ਨਵੀਨ ॥੩੯॥

ਅਧਿਕ ਭਾਉ ਤੇ ਰੁਖ਼ਸਦ ਕਰੇ[1]।
ਹੇਰਿ ਹੇਰਿ ਅਚਰਜ ਉਰ ਧਰੇ।
ਤਿਸ ਬੜਵਾ ਕਉ ਤਬਿ ਹੀ ਲਯੋ।
ਸੁੰਦਰ ਜ਼ੀਨ ਜਿਸੀ ਪਰ ਪਯੋ ॥੪੦॥

[1]ਵਿਦਾ ਕੀਤੇ।

ਗਹਿ ਲਗਾਮ ਤਤਕਾਲ ਉਤਾਰਾ[1]।
ਭੇ ਸ਼੍ਰੀ ਰਾਮਕੁਇਰ ਅਸਵਾਰਾ।
ਸਹਿਜ ਸੁਭਾਇਕ ਸੋ ਗਮਨਾਈ[1]।
ਚਲੀ ਬੀਥਕਾ[1] ਮਨਹੁਂ ਪਢਾਈ[2] ॥੪੧॥

[1]ਲਗਾਮ ਉਤਾਰ ਦਿੱਤੀ।

[1]ਚੱਲੀ।

[1]ਗਲੀਆਂ ਵਿਚ। [2]ਮਾਨੋ ਸਿਖਾਈ ਹੋਈ ਸੀ।

ਅਨਿਕ ਜਤਨ ਤੇ ਜੋ ਨਹਿਂ ਚਾਲਤਿ।
ਮਨ ਅਨੁਸਾਰ ਪਾਇ ਸੋ ਡਾਲਤਿ[1]।
ਇਕ ਦਿਸ਼ ਦੋਨਹੁ ਚਰਨ ਕਰੇ ਹੈਂ।

[1]ਭਾਈ ਜੀ ਦੀ) ਇੱਛਾ ਮੂਜਬ ਪੈਰ ਨੂੰ ਸੁੱਟਦੀ ਹੈ।

ਹੇਰਤਿ ਪੁਰਿ ਨਰ† ਹਰਖ ਭਰੇ ਹੈਂ ॥੪੨॥ †ਪਾ:-ਪੁਰ ਕੋ।
ਗਰੀ ਬਜ਼ਾਰ ਬਿਲੋਕਤਿ ਆਏ।
ਜਹਾਂ ਖਾਨ ਕੇ ਸਦਨ ਸੁਹਾਏ।
ਮਹਾਂ ਸਮ੍ਰਿੱਧ[1] ਨਗਰ ਮਹਿਂ ਪੂਰੀ। [1]ਸਮੱਗ੍ਰੀ।
ਅਨਿਕ ਪ੍ਰਕਾਰਨਿ ਰਚਨਾ ਰੂਰੀ ॥੪੩॥
ਜਹਿਂ ਕਹਿਂ ਨਰਨਿ ਭੀਰ ਸਮੁਦਾਏ।
ਭੂਖਨ ਬਸਤ੍ਰ ਪਹਿਰ ਹਰਿਖਾਏ।
ਪੁਨਹਿ ਖਾਨ ਨਿਜ ਬੈਠਕ ਮਾਂਹਿ।
ਲੇ ਪ੍ਰਵਿਸ਼ਜੋ ਉਤੰਗ ਬਡ ਜਾਂਹਿ[1] ॥੪੪॥ [1]ਉੱਚੀ ਸੀ ਜੋ ਬੜੀ।
ਊਚਹਿ ਖਰੇ ਹੋਇ ਦਿਖਾਰਾਯੋ।
ਨਿਜ ਘਰੁ ਅਰੁ ਸਭਿ ਨਗਰ ਸੁਹਾਯੋ।
ਸਭਿਨਿ ਬਿਲੋਕਤਿ ਬੋਲੇ ਬਾਨੀ।
ਭਾਈ ਰਾਮਕੁਇਰ ਬ੍ਰਹਮਗਜਾਨੀ ॥੪੫॥

ਦੋਹਰਾ:

'ਸੁਨਹੁ ਖਾਨ! ਰਾਮਦਾਸ ਕੇ, ਗ੍ਰਾਮ ਉਜਾਰਯੋ ਲੂਟ।
ਵਸਤੁ ਖਸੋਟੀ ਸਭਿਨਿ ਤੇ, ਗਨ ਮਨੁਜਨ[1] ਕਹੁ ਕੂਟ ॥੪੬॥ [1]ਸਾਰੇ ਮਨੁੱਖਾਂ ਨੂੰ।

ਚੌਪਈ:

ਸੋ ਸਗਰੀ ਤੁਮ ਨੇ ਫਿਰਵਾਈ[1]। [1]ਮੋੜਕੇ ਦਿੱਤੀਆਂ ਹਨ।
ਹਮਰੋ ਗ੍ਰਾਮ ਬਸਹਿ ਪੁਨਿ ਆਈ।
ਤੁਮਰੋ ਨਗਰ ਜੁ ਬਸਹਿ ਬਿਲੰਦ।
ਅਰ ਊਚੇ ਘਰ ਸੈਲ ਮਨਿੰਦ[1] ॥੪੭॥ [1]ਪਰਬਤ ਵਰਗੇ।
ਇਹ ਜਬਿ ਲੂਟੇ ਜਾਹਿਂ ਉਜਾਰੇ।
ਕੌਨ ਫਿਰਾਵਹਿ ਵਸਤੁ ਸਾਰੇ?
ਕਰਹਿ ਕੌਨ ਇਨ ਕੀ ਰਖਵਾਰੀ?
ਕਹਾਂ ਬਸਹਿ ਇਹੁ ਨਗਰੀ ਸਾਰੀ?' ॥੪੮॥
ਸੁਨਤਿ ਖਾਨ ਕਹਿ 'ਇਹ ਕਜਾ ਆਪ?
ਦੇਤਿ ਮੋਹਿ ਅਰ ਪੁਰਿ ਕੋ ਸ੍ਰਾਪ।'
[1] 'ਹਮ ਤੋ ਸਹਿਜ ਸੁਭਾਇਕ ਬੂਝੇ[2]? [1]ਭਾਈ ਰਾਮਕੁਇਰ ਜੀ ਬੋਲੇ। [2]ਪੁਛਿਆ।

ਤੁਮ ਕੋ ਸ੍ਰਾਪ ਕੁਤੋ ਇਹ ਸੂਝੇ ॥੪੯॥
-ਮਹਾਂ ਨਗਰ ਇਹ ਉਜਰੈ ਸਾਰਾ।
ਕਹਾਂ ਬਸਹਿ-, ਹਮ ਏਵ ਉਚਾਰਾ।
ਹਮਰੀ ਵਸਤੁ ਤੁਮਹਿਂ ਫਿਰਵਾਈ।
ਤੁਮਰੀ ਲੁਟੇ ਕਹਾਂ ਕਰ ਆਈ[1]' ॥੫੦॥ — [1]ਕਿਵੇਂ (ਤੈਨੂੰ) ਪ੍ਰਾਪਤ ਹੋਵੇਗੀ।
ਸੁਨਤਿ ਖਾਨ ਪੁਨਿ ਤੂਸ਼ਨਿ ਰਹਿਓ[†]। — [†]ਪਾ:-ਗਯੋ।
ਤ੍ਰਾਸ ਧਰੇ ਉਰ ਕੁਛ ਨਹਿਂ ਕਹਿਓ।
ਨਿਕਸੇ ਵਹਿਰ ਅਰੂਢਨ ਭਏ।
ਪਹੁੰਚਨ ਹਿਤ ਨਿਜ ਗ੍ਰਾਮ ਸਿਧਏ ॥੫੧॥
ਸਨੇ ਸਨੇ ਮਾਰਗ ਚਲਿ ਪਰੇ।
ਸਕਲ ਵਸਤੁ ਲੇ ਸੇਵਕ ਤੁਰੇ।
ਕਹਯੋ ਖਾਨ ਨੇ 'ਰਹੀਅਹਿ ਸੰਗ।
ਬੜਵਾ[1] ਤੇਜ ਕੁਚਲਨਿ[2] ਕੁਢੰਗ' ॥੫੨॥ — [1]ਘੋੜੀ। [2]ਖੋਟੀ ਚਾਲ ਵਾਲੀ।
ਤਿਨ ਪੀਛੈ ਅਪਨੇ ਜਨੁ ਕੇਈ।
ਪਠਿਬੋ ਕਰੇ[1] ਕਹਯੋ ਸੰਗ ਤੇਈ। — [1]ਭੇਜੇ।
'ਦੂਰ ਦੂਰ ਤੁਮ ਦੇਖਤਿ ਜਾਓ।
ਗਿਰਹਿਂ ਕਿ ਨਹੀਂ ਖ਼ਬਰ ਸਭਿ ਲਜਾਓ' ॥੫੩॥
ਜਬ ਲਗਾਮ ਬਿਨ ਚਢਿ ਕਰ ਚਾਲੇ।
ਅਚਰਜ ਮਾਨਯੋ ਖਾਨ ਬਿਸਾਲੇ।
ਨਮਸਕਾਰ ਕਰਿ ਘਰ ਕੋ ਗਯੋ।
ਸ਼ਰਧਾ ਦਿਢਿ ਠਾਨਤਿ ਸੁਖ ਲਯੋ ॥੫੪॥
ਲਵਪੁਰਿ ਤੇ ਨਿਕਸੇ ਮਗ ਪਰੇ।
ਚਲਹਿ ਤੁਰੰਗਨਿ[1] ਹੁਇ ਅਨੁਸਰੇ[2]। — [1]ਘੋੜੀ। [2]ਅਨੁਸਾਰ ਹੋ ਕੇ।
ਜਥਾ ਚਲਾਵਨਿ ਮਨ ਮਹਿਂ ਠਾਨੈ।
ਸੁਖਦਾ ਗਮਨਹਿ[1] ਤਥਾ ਮਹਾਨੇ ॥੫੫॥ — [1]ਸੁਖ ਨਾਲ ਟੁਰਦੀ ਹੈ।
ਪਠੇ ਖਾਨ ਜਨ ਦੇਖਨ ਜੇਈ।
ਚਿਤ ਪਹਿਚਾਨਤਿ ਭੇ ਬਿਧਿ ਤੇਈ।
ਸਭਿਨਿ ਦੇਖਿਤੇ ਤਬਹਿ ਭਜਾਇ।
ਪੌਨ ਗੌਨ ਕੋ ਕਰਿ ਪਿਛਵਾਈ[1] ॥੫੬॥ — [1]ਵਾਯੂ ਦੇ ਵੇਗ ਨੂੰ ਪਿੱਛੇ ਛੱਡ ਗਈ।
ਜਾਤਿ ਗਰਦ ਅਵਲੋਕਨ ਕਰਿਈ।

ਨਹਿਂ ਬੜਵਾ ਕੋ ਅੰਗ ਨਿਹਰਿਈ।
ਅਧਿਕ ਸ਼ੀਘ੍ਰਤਾ ਧਰਿ ਇਮ ਦੌਰੀ।
ਹੇਰਿ ਹੇਰਿ ਨਰ ਮਤਿ ਭਈ ਬੌਰੀ ॥੫੭॥
ਪਹੁੰਚੇ ਕੇਤੀ ਦੂਰ, ਟਿਕਾਈ[1]।
ਪੁਨ ਨਰ ਗਨ ਕਹੁ ਸੋ ਦ੍ਰਿਸ਼ਟਾਈ।
ਇਕ ਦਿਸ਼ ਚਰਨ ਕਿਏ ਅਸਵਾਰੀ।
ਹੇਰਿ ਹੇਰਿ ਸਭਿ ਬੰਦਨ ਧਾਰੀ ॥੫੮॥
ਸਹਿਜ ਸੁਭਾਇਕ ਮਾਰਗ ਸਾਰੇ।
ਉਲੰਘਿ ਪਹੁੰਚਿ ਨਿਜ ਗ੍ਰਾਮ ਮਝਾਰੇ।
ਉਤਰ ਪਰੇ ਅਪਨੇ ਘਰ ਰਹੇ।
ਦੇਸ਼ ਅਨਿਕ ਮਾਨਤਿ ਜਿਸ ਅਹੇ
॥੫੯॥

[1]ਘੋੜੀ) ਖੜੀ ਕੀਤੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਗੁਰ ਪ੍ਰਤਾਪ ਸੂਰਜ ਦਾ ਮੁੱਢ ਕਿਵੇਂ ਬੱਝਾ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਰਾਮਕੁਇਰ ਇਸ ਭਾਂਤਿ ਭਾ,
ਢਿਗ ਦਸਮੇ ਪਾਤਿਸ਼ਾਹ।
ਬਹੁਤ ਬਾਰਤਾ ਤਬਿ ਕਰੀ,
ਆਗੈ ਸੁਨੀਐ ਤਾਂਹਿ ॥੧॥

ਚੌਪਈ:

ਇਸ ਕੀ ਕਹੀ ਕਿਤਿਕ ਗੁਰ ਕਥਾ।
ਸਰਬ ਸੁਨਾਵੋਂ ਮਮ ਮਤਿ ਜਥਾ[1]। — [1]ਜੈਸੀ ਹੈ।
ਮੰਨੀ ਸਿੰਘ ਭਏ ਬੁਧਿਵਾਨ।
ਤਿਨਹੁ ਬ੍ਰਿਤੰਤ ਜੁ ਕੀਨਿ ਬਖਾਨ ॥੨॥
ਇਸ ਸ਼ੁਭ ਗ੍ਰੰਥ ਬਿਖੈ ਮੈਂ ਕਹੌਂ।
ਸ਼੍ਰੀ ਗੁਰ ਸੁਜਸੁ ਜਹਾਂ ਤੇ ਲਹੌਂ।
ਤਹਿਂ ਤੇ ਕਰੋਂ ਬਟੋਰਨ[1] ਸਾਰੇ। — [1]ਇਕੱਤ੍ਰ।
ਕਿਤਿਕ ਸੁਨੀ ਸਿੱਖਨ ਮੁਖ ਦ੍ਵਾਰੇ ॥੩॥
ਸੋ ਸਭਿ ਇਸ ਮੈ ਲਿਖੋਂ ਬਨਾਈ।
ਛੰਦ ਬੰਦ ਕਰਿ ਸੁੰਦਰਤਾਈ।
ਕਿਤ ਕਿਤ ਅਪਰ[1] ਥਾਨ ਗੁਰ ਕਥਾ। — [1]ਹੋਰ।
ਸੋ ਮੈਂ ਰਚੋਂ ਦੇਖਿ ਹੌਂ ਜਥਾ ॥੪॥
ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ।
ਰਲ ਮਿਲਿ ਰਹਯੋ ਏਕ ਥਲ[1] ਸਭਿ ਨਹਿਂ। — [1]ਇਕ ਥਾਂ।
ਜਿਮ ਸਿਕਤਾ[1] ਮਹਿਂ ਕੰਚਨ[2] ਮਿਲੈ। — [1]ਰੇਤਾ। [2]ਸੋਨਾ।
ਬੀਨ[1] ਡਾਂਵਲਾ[2] ਲੇ ਤਿਹ ਭਲੈ ॥੫॥ — [1]ਚੁਣ। [2]ਨਿਆਰੀਆ।
ਤਥਾ ਜਗਤ ਤੇ ਮੈਂ ਚੁਨਿ ਲੇਊਂ।
ਕਥਾ ਸਮਸਤ[1] ਸੁ ਲਿਖ ਕਰਿ ਦੇਊਂ। — [1]ਸਾਰੀ।
ਬਾਨੀ ਸਫਲ ਕਰਨ ਕੇ ਕਾਰਨ।
ਕਰਿ ਹੌਂ ਸਤਿਗੁਰ ਸੁਜਸ ਉਚਾਰਨਿ ॥੬॥
ਜਿਮ ਦਧਿ[1] ਬਿਖੈ ਘ੍ਰਿੱਤ ਮਿਲ ਰਹੈ। — [1]ਦਹੀਂ।
ਕਰਹਿ ਮਥਨ[1] ਨੀਕੇ ਸੁਭ ਲਹੈ। — [1]ਰਿੜਕਣ ਨਾਲ।
ਤਿਮ ਜਗ ਮਹਿਂ ਕਰ ਬਾਦ ਬਿਬਾਦੂ[1]। — [1]ਭਾਵ, ਵਾਦ = ਗੁਰਜਸ ਦਾ ਵਿਸਤਾਰ ਸਹਿਤ ਵਰਣਨ, ਤੇ ਵਿਵਾਦ = ਵਿਰੋਧੀ ਪੁਰਖਾਂ ਦੇ ਕਥਨ ਦਾ ਯੁਕਤੀ

ਸਹਿਤ ਖੰਡਨ।

ਗੁਰ ਜਸੁ ਸੰਚੌਂ[1] ਦੇ ਅਹਿਲਾਦੂ[2] ॥੭॥
ਜਥਾ ਉਦਧਿ ਮਥਿ[1] ਰਤਨ ਨਿਕਾਸੇ।
ਵਹਿਰ ਭਏ ਜਗ ਮਹਿਦ ਪ੍ਰਕਾਸ਼ੇ।
ਤਿਮਿ ਸਤਿਗੁਰ ਕੋ ਸੁਜਸੁ ਨਿਕਾਸ਼ੌਂ।
ਸਭਿ ਤੇ ਸੁਨਿ ਇਕ ਥਾਨ ਪ੍ਰਕਾਸ਼ੌਂ ॥੮॥
ਪੂਰਬ ਮੈਂ ਸ਼੍ਰੀ ਨਾਨਕ ਕਥਾ।
ਛੰਦਨ ਬਿਖੈ ਰਚੀ ਮਤਿ ਜਥਾ†।
ਰਹ੍ਯੋ ਚਾਹਿਤੋ† ਗੁਰਨਿ[1] ਬ੍ਰਿਤਾਂਤ।
ਨਹਿਂ ਪਾਯੋ ਤਿਸ ਤੇ ਪਸ਼ਚਾਤ ॥੯॥
ਪਰਾਲਬਧ ਕਰਿ ਕਿਤਿ ਕਿਤਿ ਰਹੇ।
ਚਿਤ ਮਹਿਂ ਗੁਰ ਜਸੁ ਰਚਿਬੋ ਚਹੇ।
ਕਰਮ ਕਾਲ[1] ਤੇ ਕੈਂਥਲ ਆਏ।
ਥਿਤ ਹੁਇ ਜਪੁਜੀ ਅਰਥ ਬਨਾਏ ॥੧੦॥
ਪੁਨਿ ਸੰਜੋਗ ਹੋਇ ਅਸ ਗਯੋ।
ਰਾਮ ਚਰਿਤ ਕੋ ਮਨ ਹੁਲਸਯੋ।
ਬਾਲਮੀਕ ਕ੍ਰਿਤ ਕਥਾ ਸੁਨੀ ਜਬਿ।
ਛੰਦਨਿ ਬਿਖੇ ਰਚੀ ਤਬ ਹਮ ਸਬਿ ॥੧੧॥
ਰਾਮ ਕਥਾ ਪਾਵਨ ਬਿਸਤਾਰੀ[1]।
ਸੁਨਿ ਸਭਿ ਨੀਕੀ ਰੀਤਿ ਉਤਾਰੀ†।
ਸੁੰਦਰ ਬਨ੍ਯੋ ਰਮਾਇਨ ਮਹਾਂ।
ਤਤਛਿਨ ਲਿਖਿ ਲੀਨਸਿ ਜਹਿਂ ਕਹਾਂ† ॥੧੨॥
ਪੁਨ ਬਿਦਾਂਤ ਕੋ ਗ੍ਰੰਥ ਮਹਾਨ।
ਉਪਨਿਸ਼ਧਨਿ ਕੋ ਜਹਿਂ ਬੱਖ੍ਯਾਨ।
ਆਤਮ ਕੋ ਪੁਰਾਨ ਜਿਸ ਨਾਮੁ[1]।
ਸਕਲ ਬਨਾਯੋ ਸੋ ਅਭਿਰਾਮ ॥੧੩॥
ਬਹੁਤ ਬਰਖ ਬੀਤੇ ਜਬ ਲਹੇ।
ਗੁਰ ਜਸੁ ਰਚਨਿ ਚਾਹਤੇ ਰਹੇ।

[1]ਕੱਠਾ ਕਰਾਂਗਾ। [2]ਪ੍ਰਸੰਨਤਾ ਦੇ ਦੇਣ ਵਾਲਾ (ਗੁਰੂ ਜਸ)।

[1]ਸਮੁੰਦਰ ਰਿੜਕ ਕੇ।

†ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਮੁਰਾਦ ਹੈ।

[1]ਭਾਵ ਬਾਕੀ ਨਵਾਂ ਗੁਰਾਂ ਦਾ। †ਪਾ:-ਰਚ੍ਯੋ ਚਾਹ ਨੌ।

[1]ਭਾਵ ਕਰਮ ਤੇ ਸਮੇਂ ਦੀ ਗਤੀ ਨਾਲ।

[1]ਫੈਲਾਈ।

†ਪਾ:-ਉਚਾਰੀ।

†ਇਸ ਗ੍ਰੰਥ ਦੇ ਉਤਾਰੇ ਬੜੀ ਛੇਤੀ ਹੋਏ, ਚੁਨਾਂਚਿ ੧੮੯੧ ਦੇ ਆਰੰਭ ਵਿਚ ਇਹ ਗ੍ਰੰਥ ਮੁੱਕਾ ਸੀ, ਤੇ ੧੦ ਵੈਸਾਖ ੧੮੯੨ ਨੂੰ ਮੁੱਕਾ ਇਕ ਉਤਾਰਾ ਸਾਡੇ ਦੇਖਣ ਵਿਚ ਆਇਆ ਹੈ।

[1]ਜਿਸ ਵਿਚ ਉਪਨਿਖਧਾਂ ਦੀ ਵ੍ਯਾਖ੍ਯਾ ਹੈ ਤੇ 'ਆਤਮ ਪੁਰਾਨ' ਨਾਮ ਹੈ ਜਿਸ (ਗ੍ਰੰਥ) ਦਾ।

ਉਰ ਅਭਿਲਾਖਾ ਨਿਤਿ ਕੀ ਮੇਰੀ।
ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ ॥੧੪॥
ਭਯੋ ਅਚਾਨਕ ਸੰਚੈ ਆਈ।
ਸਰਬ ਗੁਰਨਿ ਕੋ ਜਸੁ ਸਮੁਦਾਈ।
ਚਾਹਤਿ ਭਏ ਆਪ ਗੁਰ ਜਬਹੂੰ।
ਭਾ ਸੰਚੈ ਦਸ ਗੁਰ ਜਸੁ ਸਭਿਹੂੰ† ॥੧੫॥

†ਵਿਸਥਾਰ ਪ੍ਰਸਤਾਵਨਾ ਵਿਚ ਹੈ।

ਹੇਰਿ ਉਮੰਗ ਮੋਹਿ ਮਨ ਆਈ।
ਕਰਨ ਲਗԜੋ ਇਹ ਗ੍ਰੰਥ ਸੁਹਾਈ।
ਰਾਮਕੁਇਰ ਕੇ ਮੁਖ ਤੇ ਕਥਾ।
ਬਰਨੋਂ ਸਭਿ ਮੈਂ ਹੋਈ ਜਥਾ ॥੧੬॥
ਸ਼੍ਰੀ ਗੁਰੁ ਗੋਬਿੰਦ ਸਿੰਘ ਕ੍ਰਿਪਾਲਾ।
ਗਏ ਦੇਸ਼ ਤਜਿ ਇਹ ਜਿਸ ਕਾਲਾ।
ਮਿਲਜੋ ਤਬਹਿ ਬਿਛੁਰਨ ਨਹਿਂ ਚਹਜੋ।
'ਨਿਤਿ ਦਰਸ਼ਨ ਕਰਿਹੌਂ' ਬਚ ਕਹਜੋ ॥੧੭॥
ਇਸ ਕੇ ਮਨ ਕੀ ਸਤਿਗੁਰ ਜਾਨ।
ਕ੍ਰਿਪਾ ਧਾਰਿ ਇਮ ਕੀਨਿ ਬਖਾਨ।
'ਚਢਹੁ ਅਖੇਰ[1] ਦਰਸ ਤਹਿਂ ਪੈਹੋ।
ਅਪਨੀ ਇੱਛਾ ਪੂਰ ਕਰੈਹੋ' ॥੧੮॥

[1]ਸ਼ਿਕਾਰ ਚੜ੍ਹਿਆ ਕਰੋ।

ਸੁਨਿ ਘਰ ਗਯੋ ਅਨੰਦ ਮਹਿਂ ਮਗਨ।
ਕਲ਼ਗੀਧਰ ਕੀ ਲਾਗੀ ਲਗਨ[1]।

[1]ਸਿੱਕ।

ਸ਼੍ਰੀ ਸਤਿਗੁਰ ਪਹਿ ਬਿਛੁਰਜੋ ਜਬ ਤੇ।
ਚਢਹਿ ਅਖੇਰ[1] ਨਾਮ ਕਰਿ ਤਬਿ ਤੇ ॥੧੯॥

[1]ਸ਼ਿਕਾਰ ਨੂੰ।

ਗਮਨਹਿ ਵਹਿਰ ਜਾਇ ਉਦਿਆਨ।
ਦਰਸਹਿ ਸਤਿਗੁਰ ਕ੍ਰਿਪਾ ਨਿਧਾਨ।
ਜਾਵਦ[1] ਨਹਿਂ ਸਰੀਰ ਕਹੁ ਤਜਾਗਜੋ।
ਤਾਵਦ ਇਸੀ ਨੇਮ ਮਹਿਂ ਲਾਗਜੋ ॥੨੦॥

[1]ਜਦ ਤਕ।

ਵਹਿਰ ਅਖੇਰ ਬ੍ਰਿੱਤਿ ਕੋ ਜਾਵੈ[1]।
ਕਲ਼ਗੀਧਰ ਕੋ ਦਰਸ਼ਨ ਪਾਵੈ।

[1]ਸ਼ਿਕਾਰ ਕਰਨ ਨੂੰ ਜਾਵੇ।

ਅਵਚਲ ਨਗਰ† ਗਏ ਗੁਰ ਜਬੈ। †ਇਹ ਗੁਰੂ ਦਸਮੇਂ ਪਾਤਸ਼ਾਹ ਜੀ ਦਾ ਦੇਹੁਰਾ ਤੇ ਸਿੱਖਾਂ ਦਾ ਨਿਵਾਸ ਸਥਾਨ ਹੈ, ਦੱਖਣ ਦੇਸ਼ ਰਿਆਸਤ ਨਿਜ਼ਾਮ ਵਿਚ ਨਾਂਦੇੜ ਸ਼ਹਿਰ ਦੇ ਲਾਗੇ ਹੈ।

ਸੱਚਖੰਡ ਪ੍ਰਾਪਤਿ ਭੇ ਤਬੈ ॥੨੧॥

ਮੱਦ੍ਰ ਦੇਸ਼[1] ਮਹਿਂ ਤਿਨ ਤੇ ਪਾਛੇ। [1]ਪੰਜਾਬ। (ਅ) ਪੁਰਾਣਾਂ ਮੂਜਬ ਰਾਵੀ ਤੇ ਜੇਹਲਮ ਦੇ ਵਿਚਕਾਰਲਾ ਦੇਸ਼।

ਰਹੇ ਜੁ ਸਿੰਘ ਰਹਿਤ ਮਹਿਂ ਆਛੇ[1]। [1]ਚੰਗੇ।

ਸੋ ਇਨ ਕੇ ਦਰਸ਼ਨ ਕਹੁ ਗਏ।

ਹਾਥ ਜੋਰਿ ਕਰਿ ਬੰਦਹਿ ਭਏ ॥੨੨॥

ਰਹੇ ਨਿਕਟਿ ਗੁਰ ਸੁਜਸੁ ਉਚਾਰਤਿ।

ਉਰ ਮਹਿਂ ਪਰਮ ਪ੍ਰੇਮ ਕਹੁ ਧਾਰਤਿ।

'ਦੇਖਹੁ ਕਹਾਂ ਚਲਿਤ ਕਰਿ ਗਏ[1]। [1]ਭਾਵ ਦਸਮੇਂ ਗੁਰੂ ਜੀ।

ਰਣ ਮਹਾਨ ਘਮਸਾਨਨ[1] ਕਏ ॥੨੩॥ [1]ਯੁੱਧ।

ਲਾਖਹੁਂ ਸ਼ੱਤ੍ਰੁਨ ਕਉ ਸੰਘਰਿ ਕੈ[1]। [1]ਮਾਰ ਕੇ।

ਪੰਥ ਖਾਲਸਾ ਉਤਪਤਿ ਕਰਿ ਕੈ।

ਹਤਿ ਭੇ ਚਾਰਿਹੁਂ ਸਾਹਿਬਜ਼ਾਦੇ।

ਤਉ ਜੁੱਧ ਮਹਿਂ ਬਹੁ ਅਹਿਲਾਦੇ[1] ॥੨੪॥ [1]ਪ੍ਰਸੰਨ ਰਹੇ।

ਲੇਸ਼ ਮਾਤ੍ਰ ਜਿਨਿ ਮੋਹ ਨ ਹੋਯੋ।

ਮਹਾਂ ਬੀਰ ਸ਼ੱਤ੍ਰੁਨ ਘਰ ਖੋਯੋ।

ਜਯੋਂ ਚਿਤ ਚਹਤਿ ਕਰਤਿ ਤਤਕਾਲਾ।

ਤਉ ਚਲੇ ਜਿਮ ਨਰ ਗਨ ਚਾਲਾ ॥੨੫॥

ਜਿਨ† ਮਹਿਂ[1] ਅਤਿ ਉਤਸਾਹਿ ਥਿਰਯੋ ਹੈ। [1]ਭਾਵ ਗੁਰਾਂ ਵਿਚ। †ਪਾ:-ਰਨ।

ਆਗੇ ਅਸ ਕਿਨਹੂੰ ਨ ਕਰਯੋ ਹੈ।

ਅਧਿਪਤਿ[1] ਅਧਿਕ[2] ਨੁਰੰਗਾ ਭਯੋ। [1]ਪਾਤਸ਼ਾਹ। [2]ਬੜਾ।

ਸਭਿ ਦੇਸ਼ਨਿ ਕਹੁ ਰਾਜਾ ਥਯੋ ॥੨੬॥

ਦ੍ਵੈ ਬਿੰਸਤ ਲਛ† ਸੈਨਾ[1] ਸੰਗ। [1]ਬਾਈ ਲਖ ਫੌਜ।

†ਇਹ ਉਸ ਦੀ ਸੈਨਾਂ ਦੀ ਗਿਣਤੀ ਸਿੰਘਾਂ ਨੇ ਉਸ ਵੇਲੇ ਦੀ ਲੋਕ ਪ੍ਰਸਿਧ ਗਿਣਤੀ ਕਹੀ ਹੈ, ਛਾਵਣੀਆਂ ਵਿਚ ਰਹਿਣ ਵਾਲੀ ਬੀ, ਘੋੜ ਚੜ੍ਹੇ, ਹਾਥੀ ਸਵਾਰ, ਤੋਪਖਾਨੇ ਵਾਲੇ ਬੀਤੇ ਜੋ ਅੱਗੇ ਪਿਛੇ ਘਰੀਂ ਵਸਦੇ ਸਨ, ਪਰ ਜੰਗ ਵੇਲੇ ਸੱਦੇ ਤੇ ਆ ਸ਼ਾਮਲ ਹੁੰਦੇ ਸਨ ਓਹ ਸਾਰੇ। ਉਸ ਸਮੇਂ ਹਥਿਆਰ ਹਰ ਕੋਈ ਰੱਖ ਸਕਦਾ ਸੀ, ਜਿਸ ਕਰਕੇ ਹਥਿਆਰ ਵਰਤਣਾ ਬੇ-ਗਿਣਤ ਲੋਕ ਜਾਣਦੇ ਸਨ, ਤੇ ਪਾਤਸ਼ਾਹੀ ਹੋਕਰੇ ਤੇ ਅਨੇਕਾਂ ਆ ਆ ਕਠੇ ਹੋ ਜਾਂਦੇ ਸਨ।

ਦਸ ਹਜ਼ਾਰ ਤੋਪੈਂ ਗਢਵ ਭੰਗ[1]। [1]ਕਿਲ੍ਹੇ ਤੋੜਨ ਵਾਲੀਆਂ।

ਅਰੁ ਪੰਚਾਸ ਹਜ਼ਾਰ ਜਮੂਰੇ[1]। [1]ਛੋਟੀ ਤੋਪ।

ਅਰਯੋ ਨ ਕੋ ਕੀਨਸਿ ਸਭਿ ਚੂਰੇ ॥੨੭॥

ਅਪਰ[1] ਸੈਨ ਜੋ ਰਾਜਨ ਕੇਰੀ। [1]ਹੋਰ।

ਗਨੈ ਕੌਨ ਸੰਗ ਚਲਹਿ ਘਨੇਰੀ।
ਜਿਸ ਕੋ ਤੇਜ ਸਹੈ ਨਹਿਂ ਕੋਊ।
ਸਕਲ ਮਿਲੈਂ ਬੰਦੈਂ ਕਰ ਦੋਊ ॥੨੮॥
ਤਿਹ ਸੋਂ[1] ਅਰਿ ਕੈ ਕਰਨ ਲੜਾਈ।

[1]ਭਾਵ ਐਸੇ ਬਲਵਾਨ ਪਾਤਸ਼ਾਹ ਨਾਲ।

ਸਿੰਘ ਅਲਪ[1] ਲੇ ਸੰਗ ਸਹਾਈ।

[1]ਥੋੜੇ ਜਿੰਨੇ।

ਗੁਰ ਬਿਨ ਸਮਰਥ ਅਪਰ ਨ ਲਹੀਏ।
ਤਿਸ ਕਲਗ਼ੀਧਰ ਕੇ ਗੁਨ ਕਹੀਏ ॥੨੯॥
ਅਸ ਤੁਰਕਨ ਕੀ ਜਰਾਂ ਉਖਾਰੀ।
ਕੀਨ ਰਾਜ ਬਹੁ ਪੁਸ਼ਤਨਿ[1] ਭਾਰੀ।

[1]ਪੀੜ੍ਹੀਆਂ ਤਕ।

ਦੀਰਘ[1] ਦੁਰਗ[2] ਮਵਾਸ[3] ਬਡੇਰੇ।

[1]ਵਡੇ। [2]ਕਿਲੇ। [3]ਰੱਖਯਾ ਦੇ ਥਾਉਂ (ਅ) ਆਕੀ।

ਹੋਇ ਛਾਰ ਸੋ ਪਰਹਿਂ ਨ ਹੇਰੇ ॥੩੦॥
ਭਾਈ ਰਾਮਕੁਇਰ ਤੁਮ ਲਹੋ।
ਸਰਬ ਰੀਤਿ ਸੋਂ ਸਮਰਥ ਅਹੋ।
ਕਰਹੁ ਲਿਖਾਵਨਿ ਗੁਰ ਕੀ ਕਥਾ।
ਪੇਖੀ ਸੁਣੀ ਸੁਣਾਵਹੁ ਤਥਾ*† ॥੩੧॥

†ਪਾ:-ਗੁਪਤ ਪ੍ਰਗਟ ਜੇਤਿਕ ਹੈ ਜਥਾ।

ਪ੍ਰਥਮੈ ਅਸ਼ਟ ਗੁਰਨ ਕੀ ਕਥਾ।
ਕਰਹੁ ਸੁਨਾਵਨਿ ਭੇ ਜਗ ਜਥਾ।
ਜਿਮਿ ਚਰਿੱਤ੍ਰ[1] ਬਰ ਅਨਿਕ ਪ੍ਰਕਾਰੇ।

[1]ਭਾਵ ਦਸਮ ਗੁਰੂ ਜੀ ਦੇ ਸ੍ਰੇਸ਼ਟ ਚਰਿੱਤ੍ਰ ਕਹੋ, ਕਿਉਂਕਿ ਰਾਸ ੧, ਅੰਸੂ ੮, ਛੰਦ ੩੯ ਵਿਚ 'ਨੌ ਗੁਰ ਕੀ ਸਭਿ ਕਥਾ ਬਖਾਨੋ' ਕਿਹਾ ਹੈ।

ਕਰਿ ਨਰ ਸਿੱਖਜ ਸਮੂਹ ਉਧਾਰੇ ॥੩੨॥
ਪਾਛੇ ਸੰਗਤਿ ਸਿੱਖ ਸਮਾਜੂ[1]।

[1]ਸਾਰੇ।

ਪੰਥ ਖਾਲਸਾ ਸਿੰਘਨ ਰਾਜੂ।
ਪਠਿਬੇ ਤੇ ਗੁਰ ਕੋ ਜਸੁ ਜਾਨੈਂ।
ਸੁਮਤਿਵੰਤ ਬਹੁ ਭਾਂਤ ਬਖਾਨੈਂ ॥੩੩॥
ਹੁਇ ਗੁਰ ਸਿੱਖਨ ਕੀ ਕੱਲਜਾਨ।
ਅਪਰ ਧਰਹਿਂ ਸ਼ਰਧਾ ਸੁਨਿ ਕਾਨ।
ਸਭਿਹਿਨਿ ਪਰ ਤੁਮਰੋ ਉਪਕਾਰ।
ਸੁਨਿ ਸੁਨਿ ਲੇਂ ਗੁਰਮਤਿ ਕੋ ਧਾਰ' ॥੩੪॥
ਸਭਿ ਸਿੰਘਨ ਕੀ ਬਿਨਤੀ ਸੁਨਿ ਕੈ।
ਭਾਈ ਰਾਮਕੁਇਰ ਸ਼ੁਭ ਗੁਨਿ ਕੈ।

ਸਾਹਿਬ ਸਿੰਘ ਲਿਖਾਰੀ ਲਾਇਵ।
ਸਭਿ ਸਤਿਗੁਰ ਕੀ ਕਥਾ ਲਿਖਾਇਵ†
॥੩੫॥

†ਇਹ ਪੋਥੀ ਜੋ ਭਾਈ ਗੁਰਬਖਸ਼ ਸਿੰਘ (ਰਾਮਕੌਰ) ਜੀ ਨੇ ਰਚੀ ਤੇ ਸਾਹਿਬ ਸਿੰਘ ਜੀ ਨੇ ਲਿਖੀ ਰਮਦਾਸ ਦੇ ਖਾਨਦਾਨ ਵਿਚ ਰਹੀ। ਜਦੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਿਆ ਜਾਣ ਲੱਗਾ ਤਦ ਕੈਂਥਲ ਦੇ ਰਾਜਾ ਉਦਯ ਸਿੰਘ ਜੀ ਨੇ ਮਹਾਰਾਜਾ ਪਟਿਆਲਾ ਦੀ ਰਾਹੀਂ ਏਹ ਪੋਥੀ ਰਮਦਾਸ ਤੋਂ ਮੰਗਵਾਈ। ਪਟਿਆਲੇ ਤੇ ਰਮਦਾਸ ਦੇ ਖਾਨਦਾਨਾਂ ਦੀ ਰਿਸ਼ਤੇਬੰਦੀ ਸੀ। ਮਹਾਰਾਜਾ ਆਲਾ ਸਿੰਘ ਜੀ ਦੀ ਪੁੱਤ੍ਰੀ ਬੀਬੀ ਪਰਧਾਨ, ਜੋ ਵਿੱਦਯਾ ਦੀ ਬੜੀ ਕਦਰਦਾਨ ਤੇ ਸਾਧੂ ਬ੍ਰਿਤੀ ਵਾਲੀ ਸੀ, ਭਾਈ ਰਾਮਕੌਰ ਜੀ ਦੇ ਪੋਤ੍ਰੇ ਭਾਈ ਮੋਹਰ ਸਿੰਘ ਜੀ ਨਾਲ ਵਿਆਹੀ ਹੋਈ ਸੀ। ਭਾਈ ਸੰਤੋਖ ਸਿੰਘ ਜੀ ਨੂੰ ਗੁਰੂ ਇਤਿਹਾਸ ਦਾ ਪਹਿਲਾ ਖਜ਼ਾਨਾ (ਜੋ ਇਕ ਖ਼ਾਕੇ ਵਾਂਙੂ ਜਾਪਦਾ ਹੈ ਕਿ ਹੋਸੀ) ਰਮਦਾਸ ਤੋਂ ਲੱਭਾ ਸੀ, ਇਸੇ ਕਰਕੇ ਸੂਰਜ ਪ੍ਰਕਾਸ਼ ਦੀ ਕਥਾ ਆਪ ਨੇ ਉਹਨਾਂ ਦੇ ਮੁਖਾਰਬਿੰਦ ਤੋਂ ਲਿਖੀ ਹੈ। ਇਹ ਪੋਥੀ ਮੁੜਕੇ ਰਮਦਾਸ ਨਹੀਂ ਗਈ। ਜਦੋਂ ਕੈਂਥਲ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਗਿਆ ਹੈ ਤਾਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਉਥੇ ਲੁੱਟ ਪਈ ਸੀ। ਸ਼ੱਕ ਹੁੰਦਾ ਹੈ ਕਿ ਮਹਾਰਾਜਾ ਉਦਯ ਸਿੰਘ ਦੇ ਮਹਿਲਾਂ ਦੀ ਲੁੱਟ ਵਿਚ ਏਹ ਸਾਮਾਨ ਪੁਸਤਕਾਲਯ ਵਿਚੋਂ ਤਬਾਹ ਹੋਏ ਹਨ। ਸ਼੍ਰੋਤ ਪੈਂਦੀ ਹੈ ਕਿ ਉਤਾਰਾ ਕਿਤੇ ਹੈ, ਪਰ ਖੋਜ ਕਰਦਿਆਂ ਅਜੇ ਸਾਨੂੰ ਨਹੀਂ ਲੱਭਾ। ਪਰ ਸਾਰੇ ਦਸ ਗੁਰਾਂ ਦੇ ਬ੍ਰਿਤਾਂਤ ਇਸ ਵਿਚ ਬੀ ਨਹੀਂ ਹੋਣੇ ਕਿਉਂਕਿ ਕਵਿ ਜੀ ਕਹਿੰਦੇ ਹਨ ਕਿ ਕਿਸੇ ਇਕ ਥਾਵੇਂ ਸਾਰੇ ਹਾਲਾਤ ਨਹੀਂ ਮਿਲਦੇ, ਯਥਾ:- ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ। ਰਲ ਮਿਲ ਰਹ੍ਯੋ ਏਕ ਥਲ ਸਭ ਨਹਿਂ। [ਦੇਖੋ ਇਸੇ ਅੰਸੂ ਦਾ ਅੰਕ ੫]

ਅਪਰ ਸਿੰਘ ਸੁਨਿਬੇ ਗਨ ਲਾਗੇ।
ਸ਼੍ਰੀ ਗੁਰ ਕੇ ਗੁਣ ਸੋਂ ਅਨੁਰਾਗੇ[1]।
ਜੁਗ ਲੋਕਨ ਮਹਿਂ ਦੇ ਕੱਲਯਾਨ।
ਮਹਾ ਮਹਾਤਮ ਸੁਨਿਬੇ ਕਾਨ ॥੩੬॥

[1]ਗੁਣਾਂ ਵਿਚ ਪ੍ਰੇਮੀ ਹੋਏ।

ਸੁਤ ਬਿਤ ਆਦਿਕ ਕੀ ਸੁਖਦਾਤਾ।
ਕਸ਼ਟ ਕਾਟਿਬੇ ਦੇ ਬ੍ਰਹਮਗਜਾਤਾ।
ਉਰ ਸ਼ਰਧਾ ਧਰਿ ਸੁਨੈ ਸੁਨਾਵੈ[1]।
ਗੁਰ ਸਹਾਇ ਤੇ ਮੁਕਤੀ ਪਾਵੈ ॥੩੭॥

[1](ਜੇ ਕੋਈ) ਸੁਣੇ ਸੁਣਾਵੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕਥਾ ਹੋਣ ਪ੍ਰਸੰਗ ਬਰਨਨੰ' ਨਾਮ ਪੰਚਮੋਂ ਅੰਸੂ ॥੫॥

## ੬. [ਬਾਬਾ ਸ੍ਰੀ ਚੰਦ, ਲਖਮੀ ਚੰਦ, ਵੇਦੀ ਵੰਸ, ਤੇ ਉਦਾਸੀਆਂ ਦਾ ਪ੍ਰਸੰਗ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਸੁਨਿ ਕੈ ਸਿੰਘਨਿ ਸਭਿਨਿ ਤੇ,
ਪਰਉਪਕਾਰ ਬਿਸਾਲ।
ਨੌਂ ਸਤਿਗੁਰੁ ਇਤਿਹਾਸ ਜਸ, ਉਰ
ਬਿਚਾਰ ਤਿਸ ਕਾਲ ॥੧॥

ਚੌਪਈ:

ਭਾਈ ਰਾਮਕੁਇਰ ਸਵਧਾਨ।
ਕਹਿਨਿ ਲਗੇ ਗੁਰ ਕਥਾ ਮਹਾਨ।
ਜਿਸ ਕੇ ਪਠਤਿ ਸੁਨਤਿ ਮਨ ਪਾਵਨ।
ਚਾਰ ਪਦਾਰਥ ਦੈ ਮਨ ਭਾਵਨ[1]† ॥੨॥

[1]ਮਨ ਦੀ ਕਾਮਨਾ ਦੇਣ ਵਾਲੀ। †ਪਾਠ-ਕਰਿ ਹੈ ਪਾਵਨ।

ਅਪਰ ਮਹਾਤਮ ਕਹਾਂ ਸੁ ਕਹੀਏ।
ਉੱਤਮ ਸਿੱਖੀ ਕਹੁ ਪਦ ਲਹੀਏ।
ਸ਼੍ਰੋਤਾ ਹੋਤਿ ਭਏ ਸਵਧਾਨ।
ਸ਼੍ਰਵਨ ਕਰਨ ਲਾਗੇ ਰੁਚਿ ਠਾਨਿ[1] ॥੩॥

[1]ਪ੍ਰੀਤ ਧਾਰ ਕੇ।

ਭਾਈ ਰਾਮਕੁਇਰੋ ਵਾਚ ॥

ਚੌਪਈ:

ਪ੍ਰਥਮ ਚਰਨ ਕਲਿ[1] ਕਾਲ ਬਿਸਾਲਾ।
ਜਹਿਂ ਤਹਿਂ ਲਾਗੇ ਕਰਨਿ ਕੁਚਾਲਾ।

[1]ਕਲਿਜੁਗ।

ਮਤ ਬਿਸਤਰੇ[1] ਅਨੇਕ ਕੁਵਾਲੇ।
ਨਹਿਂ ਸਿਮਰਹਿਂ ਸਤਿਨਾਮ ਸੁਖਾਲੇ
॥੪॥

[1]ਫੈਲ ਗਏ।

ਕੇਤਿਕ ਮਤ[1] ਗਿਨੀਏ ਜਗ ਭਏ।
ਤਨਕ[1] ਸਿੱਧਿ[2] ਲਹਿ ਪੰਥ ਚਲਏ।
ਪਰਮੇਸ਼ੁਰ ਕੋ ਨਹਿਂ ਪਹਿਚਾਨੈ।
ਅਪਰ ਬਿਧਿਨਿ ਉਪਦੇਸ਼ ਬਖਾਨੈ ॥੫॥

[1]ਮਜ਼ਹਬ।

[1]ਥੋੜੀ। [2]ਸਿੱਧੀ।

-ਪੂਰਬ[1] ਜੁਗਨ ਬਿਖੈ ਤਪ ਜੱਗਜ।
ਕਰਿ ਕਰਿ ਸਾਧਨ ਭਏ ਤਤੱਗਜ[1]।
ਕਲਿ ਮਹਿਂ ਸ਼ਕਤਿ ਹੀਨ ਨਰ ਰਹੇ।
ਕਿਸ ਪ੍ਰਕਾਰ ਮੁਕਤੀ ਕਹੁ ਲਹੇਂ- ॥੬॥

[1]ਪਹਿਲੇ।

[1]ਬ੍ਰਹਮ ਗਿਆਨੀ।

ਕਰਤਾ ਪੁਰਖ ਬਿਚਾਰਨ ਕੀਨ।
ਜਾਨੇ -ਕਲਿ ਮਹਿਂ ਜੀਵ ਜਿ ਦੀਨ[1]।

[1]ਦੁਖੀ।

ਸੱਤਿਨਾਮ ਸਿਮਰਹਿਂ ਸੁਖ ਹੋਇ।
ਇਸ ਬਿਨ ਆਨ ਉਪਾਇ ਨ ਕੋਇ ॥੭॥
ਆਪ ਜਾਇ ਕਰ ਸੁਮਤਿ ਬਤਾਵੌਂ।
ਪਰੇ ਕੁਮਗ[1] ਤੇ ਸੁਮਗ ਚਲਾਵੌਂ। [1]ਬੁਰੇ ਰਾਹ।
ਮੋ ਬਿਨ ਸਰੈ ਕਾਰ ਇਹੁ ਨਾਂਹੀ-।
ਯਾਂ ਤੇ ਨਰ ਤਨ ਧਰਿ ਜਗ ਮਾਂਹੀ ॥੮॥
ਘਰ ਕਾਲੂ ਕੇ ਜਨਮੇ ਆਈ।
ਜਨਨੀ ਤ੍ਰਿਪਤਾ ਪਿਖਿ ਹਰਖਾਈ।
ਅਲਪ ਬੈਸ ਮਹਿਂ ਸੁੰਦਰ ਬੇਸ[1]। [1]ਸੁਹਣਾ ਰੂਪ।
ਜਹਿਂ ਕਹਿਂ ਦੇਤਿ ਭਏ ਉਪਦੇਸ਼ ॥੯॥
'ਸੱਤਿਨਾਮ ਕੋ ਸਿਮਰਨ ਕਰਨੋ।
ਸਨੈ ਸਨੈ ਤਨ ਅਹੰ[1] ਬਿਸਰਨੋ। [1]ਹੰਕਾਰ।
ਭਾਣਾ ਪਰਮੇਸ਼ੁਰ ਕਹੁ ਜੈਸੇ।
ਹੁਇ ਪ੍ਰਸੰਨ ਅਨੁਸਾਰੀ ਤੈਸੇ' ॥੧੦॥
ਇਸ ਪ੍ਰਕਾਰ ਕੋ ਦੇ ਉਪਦੇਸ਼।
ਅਨਿਕ ਨਰਨਿ ਕੇ ਕਟੇ ਕਲੇਸ਼।
ਮੂਲੇ ਕੀ ਤਨੁਜਾ ਬਡਭਾਗਨਿ।
ਸ੍ਰੀ ਗੁਰ ਮਹਿਲਾ[1] ਮਹਾਂ ਸੁਹਾਗਨਿ[2] ॥੧੧॥ [1]ਇਸਤਰੀ। [2]ਸ੍ਰੇਸ਼ਟ ਸੁਹਾਗ ਵਤੀ।
ਤਿਸ ਤੇ ਪੁੱਤ੍ਰ ਭਏ ਜੁਗ[1] ਧੀਰ। [1]ਦੋ।
ਬ੍ਰਹਮਗਜਾਨ ਮਹਿਂ ਅਚਲ ਗੰਭੀਰ।
ਜੇਠੋ[1] ਭਾ ਸ੍ਰੀ ਚੰਦ ਉਦਾਰਾ। [1]ਬੜਾ।
ਨਹਿਂ ਗ੍ਰਿਹਸਤ ਮਗ[1] ਅੰਗੀਕਾਰਾ ॥੧੨॥ [1]ਗ੍ਰਿਹਸਤ ਮਾਰਗ।
ਰਹੈ ਬ੍ਰਿਤੀ ਨਿਤ ਜੋਗ ਅਰੂੜਾ।
ਇਕ ਰਸ ਮੈਂ ਆਸ਼ੈ ਜਿਸ ਗੂੜ੍ਹਾ।
ਜਿਨ ਕੇ ਛੁਯੋ ਬਿਕਾਰ ਨ ਕੋਇ।
ਜਤੀ ਪੁਰਸ਼ ਭੀਸ਼ਮ ਸਮ[1] ਸੋਇ ॥੧੩॥ [1]ਭੀਖਮ ਵਾਂਙੂ।
ਲਖਮੀਦਾਸੁ ਅਨੁਜ[1] ਤਿਨ ਭਯੋ। [1]ਛੋਟਾ ਭਿਰਾ।
ਮਗ ਗ੍ਰਿਹਸਤ ਜਿਨ ਧਾਰਨਿ ਕਯੋ।
ਗਜਾਨ ਬਿਖੈ ਜੁਗ[1] ਭ੍ਰਾਤ ਸਮਾਨ। [1]ਦੋਵੇਂ।

ਸ੍ਰੀ ਨਾਨਕ ਕੇ ਪੁੱਤ੍ਰ ਸੁਜਾਨ ॥੧੪॥
ਧਰਮ ਚੰਦ ਪੋਤ੍ਰਾ ਪੁਨ ਭਯੋ।
ਜਿਸ ਤੇ ਬੰਸ਼ ਬੇਦੀਯਨ ਥਯੋ।
ਇਕ ਦਿਨ ਕਰਿ ਅਖੇਰ ਕਹੁ[1] ਆਏ[2]।
[1]ਸ਼ਿਕਾਰ ਕਰਕੇ। [2]ਭਾਵ ਲਖਮੀ ਚੰਦ ਜੀ।
ਸ਼ਸ਼ਿ[1] ਹਤਿ[2] ਅਸੁ[3] ਦੁਹਦਿਸ਼ਿ ਲਰਕਾਏ[4] ॥੧੫॥
[1]ਸਿਹੇ, ਖ਼ਰਗੋਸ਼। [2]ਮਾਰ ਕੇ। [3]ਲਮਕਾਏ। [4]ਲਮਕਾਏ।
ਸਿਰੀ ਚੰਦ ਨੇ ਅਨੁਜ ਨਿਹਾਰਾ।
ਕ੍ਰਿਪਾ ਜੁਗਤ ਹੁਇ ਬਾਕ ਉਚਾਰਾ।
'ਦਿਨ ਪ੍ਰਤਿ ਅਨਿਕ ਜੀਵ ਕਹੁ ਘਾਵੈਂ[1]।
[1]ਮਾਰਦੇ ਹੋ।
ਇਹ ਲੇਖਾ ਦੇਨੋ ਬਨਿ ਆਵੈ' ॥੧੬॥
ਕਹ੍ਯੋ ਭ੍ਰਾਤ ਕੋ ਨਹੀਂ ਸਹਾਰਾ।
ਗਯੋ ਸਦਨ ਮੈਂ ਕੀਨਸਿ ਤਜਾਰਾ।
ਅਪਨ ਭਾਰਜਾ ਲੇ ਸੁਤ ਸੰਗ।
ਧਾਰਿ ਸ਼ੀਘ੍ਰਤਾ ਚਢ੍ਯੋ ਤੁਰੰਗ ॥੧੭॥
ਆਇ ਭ੍ਰਾਤ ਸੋਂ ਭਨ੍ਯੋ ਜਨਾਏ।
'ਲੇਖਾ ਦੇਨਿ ਅਬਹਿ ਹਮ ਜਾਏ।'
ਸੁਨਤਿ ਸਿਰੀ ਚੰਦ ਰਿਦੈ ਬਿਚਾਰਾ।
ਧਰਮਚੰਦ ਕੋ ਪਕਰਿ ਉਤਾਰਾ ॥੧੮॥
-ਹਮ ਤੋ ਨਹਿਂ ਗ੍ਰਿਹਸਤ ਕੋ ਕਰਿਹੀਂ।
ਰਹੈ ਬੰਸ ਇਸ ਤੇ ਜਗ ਥਿਰਿਹੀ-।
ਸਹਤ ਭਾਰਜਾ ਗਯੋ, ਨ ਆਯੋ।
ਅਵਲੋਕਤਿ ਨਰ ਗਨ ਬਿਸਮਾਯੋ ॥੧੯॥
ਧਰਮਚੰਦ ਤੇ ਚਾਲ੍ਯੋ ਬੰਸ।
ਸਭਿ ਬੇਦੀ ਉਜਲ ਜਿਮ ਹੰਸ।
ਸਿਰੀਚੰਦ ਬਯ ਭਈ ਬਿਸਾਲਾ।
ਜਗ ਮਹਿਂ ਦੇਹਿ ਧਰੀ ਚਿਰ ਕਾਲਾ ॥੨੦॥
ਸਦਾ ਜੋਗ ਰਸ ਭੋਗਨਿ ਕਰਤੇ।
ਜਗਤ ਬਾਸ਼ਨਾ ਨਹਿਂ ਮਨ ਬਰਤੇ।
ਜਹਾਂਗੀਰ ਜਬ ਭਾ ਤੁਰਕੇਸ਼[1]।
[1]ਤੁਰਕਾਂ ਦਾ ਬਾਦਸ਼ਾਹ।
ਸੁਨਿ ਕੈ ਇਨਿ ਕੋ ਸੁਜਸੁ ਬਿਸ਼ੇਸ਼ ॥੨੧॥

ਕਈ ਬਾਰ ਨਿਜ ਮਨੁਜ ਪਠਾਏ।
ਬਿਨੈ ਠਾਨਿ ਕੈ ਨਿਕਟ ਬੁਲਾਏ।
ਕਰਾਮਾਤ ਕੋ ਚਾਹਤਿ ਦੇਖਾ।
ਕੌਤਕ ਜਿਸ ਕੇ ਰਿਦੈ ਬਿਸ਼ੇਖਾ ॥੨੨॥
ਗੋਦੜੀਆ[1] ਸੇਵਕ ਰਹਿ ਨਾਲੇ। — [1]ਸੇਵਕ ਦਾ ਨਾਮ।
ਤਿਸ ਕੇ ਕੰਧ ਚਢਹਿਂ ਜਬ ਚਾਲੇਂ।
ਨਾਂਹਿ ਤ ਟਿਕੇ ਰਹੈਂ ਨਿਜ ਥਾਨ।
ਸਦਾ ਲਗਾਏ ਰਾਖਹਿਂ ਧ੍ਯਾਨ ॥੨੩॥
ਤਿਸ ਪਰ ਚਢਿ ਲਵਪੁਰੀ ਸਿਧਾਰੇ।
ਸਨੈ ਸਨੈ ਤਹਿਂ ਪਹੁਂਚ ਸੁਖਾਰੇ।
ਇਕ ਦਿਨ ਡੇਰਾ ਤਹਾਂ ਟਿਕਾਏ।
ਪੁਨ ਤੁਰਕੇਸ਼ੁਰ ਨਿਕਟਿ ਬੁਲਾਏ ॥੨੪॥
ਜਨ[1] ਗੋਦੜੀਏ ਪਰ ਆਰੂਢਿ[2]। — [1]ਸੇਵਕ। [2]ਅਸਵਾਰ ਹੋਕੇ।
ਪਹੁਂਚੇ ਤਹਿਂ ਆਸ਼ੈ ਜਿਨ ਗੂਢ।
ਪਹੁੰਚ ਤੀਰ ਜਬਿ† ਸਨਮੁਖ[1] ਦੀਖਾ। — [1]ਸਾਹਮਣੇ। †ਪਾ:-ਜਹਾਂਗੀਰ ਜਬ।
ਤਹਿਂ ਉਤਰੇ ਤਨ ਸ਼ੰਭੂ[1] ਸਰੀਖਾ† ॥੨੫॥ — [1]ਸ਼ਿਵ ਜੀ ਵਰਗਾ। †ਪਾ:-ਸੁੰਭ ਸਰੀਖਾ।
ਤਨ ਪਰ ਕੀ ਖਿੰਥਾ[1] ਸੁ ਉਤਾਰੀ। — [1]ਗੋਦੜੀ।
ਧਰੀ ਤਹਾਂ ਜਹਿਂ ਪਰਹਿ ਨਿਹਾਰੀ[1]। — [1]ਜਿੱਥੋਂ ਦਿਖਾਈ ਦਿੰਦੀ ਰਹੀ।
ਬਿਰਧ ਅਵਸਥਾ ਤਬਿ ਚਲਿ ਗਏ।
ਸਾਦਰ ਬੋਲ ਬਿਠਾਵਤਿ ਭਏ ॥੨੬॥
ਕਰਜੋ ਪਰਸਪਰ ਬਾਕ ਬਿਲਾਸ।
ਉੱਤਰ ਉਚਿਤ ਦਿਯੇ ਤਿਸ ਪਾਸ।
ਪੁਨ ਤੁਰਕੇਸ਼ ਬਿਲੋਕਨ ਕਰੀ।
ਖਿੰਥਾ ਬਹੁ ਕੰਪਤਿ ਜਹਿਂ ਧਰੀ ॥੨੭॥
ਇਤ ਉਤ ਚਲਹਿ, ਉਠਹਿ, ਗਿਰ ਧਰਨੀ[1]। — [1]ਧਰਤੀ ਤੇ ਡਿੱਗ ਪੈਂਦੀ ਹੈ।
ਕਬਿ ਇਕਠੀ ਕਬਿ ਹੋਇ ਪਸਰਨੀ[1]। — [1]ਫੈਲ ਜਾਵੇ।
ਕਬਿ ਊਚੇ ਹੁਇ ਲੇ ਅੰਗਰਾਈ[1]। — [1]ਆਕੜਾਂ ਲਵੇ।
ਕਬਹਿ ਜੰਭਾਈ ਕੀ ਸਮਤਾਈ[1] ॥੨੮॥ — [1]ਉਬਾਸੀਆਂ ਲੈਣ ਵਾਂਗੂ (ਕਰਦੀ ਹੈ)।
ਕੰਪਤਿ ਖਿੰਥਾ ਪਿਖਿ ਬਿਸਮਾਯੋ।
ਹਿਤ ਬੂਝਨ ਤੁਰਕੇਸ਼ ਅਲਾਯੋ।

'ਤਰੈ[1] ਗੋਦਰੀ ਕਜਾ ਤਜਿ ਆਏ? [1]ਨੀਚੇ।
ਇਤ ਉਤ ਹੋਤਿ ਬਿਕੁਲ ਅਕੁਲਾਏ[1]' ॥੨੯॥ [1]ਬਿਆਕੁਲ ਹੋ ਦੁਖੀ ਹੋ ਰਿਹਾ ਹੈ।
ਸੁਨਤਿ ਕਹਜੋ ਸ਼੍ਰੀ ਨਾਨਕ ਨੰਦ।
'ਦਰਵੇਸ਼ਨ ਕੇ ਖਜਾਲ ਬਿਲੰਦ।
ਇਨ ਕੋ ਅੰਤ ਲੈਨ ਭਲ ਨਾਂਹੀ।
ਨੀਕੀ ਜਿਤਕ ਸੇਵ ਬਨ ਜਾਹੀ ॥੩੦॥
ਕੋਈ ਕਿਮਿ ਬਰਤੈ ਕਿਮਿ ਹੋਇ।
ਨਿਤ ਖ਼ੁਦਾਇ ਕੇ ਸਨਮੁਖ ਹੋਇ।'
ਜਹਾਂਗੀਰ ਨੇ ਪੁਨਹ ਬਖਾਨਾ।
'ਮੋਹਿ ਦਿਖਾਵਹੁ ਕ੍ਰਿਪਾਨਿਧਾਨਾ! ॥੩੧॥
ਅਚਰਜ ਬਰਤਤਿ ਹੈ ਮਨ ਮੇਰੇ।
ਖਿੰਥਾ ਕੰਪਤਿ ਪਰਿਹੀ ਹੇਰੇ।
ਅਪਰ ਨਹੀਂ ਕਛੁ ਜਾਨਜੋ ਜਾਇ।
ਕਜਾ ਇਸ ਬਿਖੈ ਰਹਜੋ ਦੁਖ ਪਾਇ' ॥੩੨॥
ਸਿਰੀਚੰਦ ਜੀ ਤਬਹਿ ਬੁਲਾਯੋ।
'ਆਵਹੁ! ਖਿੰਥਾ ਮਹਿਂ ਜੁ ਟਿਕਾਯੋ[1]। [1]ਹੇ ਗੋਦੜੀ ਵਿਚ ਟਿਕਾਏ ਗਏ! ਆਓ।
ਤੁਰਕੇਸ਼ਰ ਕੋ ਅਪਨੋ ਆਪ।
ਕਰਹੁ ਦਿਖਾਵਨ ਸਹਤ ਪ੍ਰਤਾਪ' ॥੩੩॥
ਹੁਤੋ ਗੋਦਰੀ ਮਹਿਂ ਜੁਰ[1] ਭਾਰਾ। [1]ਤਾਪ।
ਸ਼੍ਰੀ ਗੁਰ ਸੁਤ ਨੇ ਜਬਹਿ ਹਕਾਰਾ।
ਜਹਾਂਗੀਰ ਕਹੁ ਆਨਿ ਚਢ਼ਜੋ ਹੈ।
ਸ਼ੁਸ਼ਕ ਭਯੋ ਮੁਖ[1], ਕੰਪ[2] ਬਢ਼ਜੋ ਹੈ ॥੩੪॥ [1]ਮੂੰਹ ਸੁੱਕ ਗਿਆ। [2]ਕਾਂਬਾ।
ਤਨ ਰੁਮੰਚੁ[1] ਲੋਚਨ ਭੇ ਲਾਲ। [1]ਲੂੰ ਕੰਡੇ ਹੋ ਗਏ।
ਤਪਤਜੋ ਪੀਰਾ ਬਢੀ ਬਿਸਾਲ।
ਹਾਡ ਫੋਰਨੀ[1] ਸਿਰ ਮੈਂ ਬਿਰਥਾ[2]। [1]ਹੱਡ ਭੰਨਣੀ। [2]ਪੀੜਾ।
ਭਯੋ ਬਿਹਾਲ ਮ੍ਰਿਤਕ ਹੁਇ ਜਥਾ ॥੩੫॥
ਹਾਥ ਜੋਰਿ ਕਹਿ 'ਮੁਹਿ ਨ ਦਿਖਾਵੋ।
ਮਹਾਂ ਦੁਖਦ ਕੌ ਸ਼ੀਘ੍ਰ ਹਟਾਵੋ।

ਨਾਂਹਿ ਤ ਪ੍ਰਾਨ ਹਾਨ ਹੁਇਂ ਮੇਰੇ।
ਤੁਮ ਸਮਰਥ ਸਭਿ ਰੀਤਿ ਬਡੇਰੇ' ॥੩੬॥
ਬਿਨੈ ਸੁਨਤਿ ਗੁਰ ਪੁੱਤ੍ਰ ਉਚਾਰਾ।
'ਹਟ ਪ੍ਰਵਿਸ਼ਹੁ ਤਿਸ ਖਿੰਥ ਮਝਾਰਾ।'
ਤਿਸ ਤੇ ਉਤਰ ਗਯੋ ਤਤਕਾਲਾ।
ਲਗੀ ਹਲਨ ਗੋਦਰੀ ਬਿਸਾਲਾ ॥੩੭॥
ਜਹਾਂਗੀਰ ਸੋ ਪੁਨਹਿਂ ਸੁਨਾਇਵ।
'ਇਹ ਜੁਰ ਹਮਰੇ ਤਨ ਹਿਤ ਆਇਵ।
ਚਢੇ ਤਾਪ ਕੇ ਹਮ ਚਲਿ ਆਏ।
ਤੁਮ ਸੋਂ ਬੋਲਨ ਹਿਤ ਤਜਿ ਥਾਏਂ ॥੩੮॥
ਚਢੇ ਤਾਪ ਕੇ ਸੁਨਿਬੋ ਕਹਿਬੋ।
ਹੋਤਿ ਨ ਨੀਕੇ, ਤਨ ਕੋ ਦਹਿਬੋ[1]। — [1]ਸਾੜਾ ਹੁੰਦਾ ਹੈ।
ਹਮ ਅਬ ਜਾਤਿ ਸੁ ਲੇਹਿਂ ਸੰਭਾਰੇ।'
ਤੁਰਕੇਸ਼ੁਰ ਸੁਨਿ ਅਚਰਜ ਧਾਰੇ ॥੩੯॥
ਹਿਤ ਰੁਖ਼ਸਦ[1] ਬਹੁ ਭੇਟ ਮੰਗਾਈ। — [1]ਵਿਦੈਗੀ।
ਗੁਰ ਸੁਤ ਲਈ ਨ, ਤਜਿ ਤਿਸ ਥਾਈਂ।
ਲੇ ਖਿੰਥਾ ਸੇਵਕ ਪਰ ਚਢੇ।
ਤੁਰਕੇਸ਼ੁਰ ਕੇ ਸੰਸੇ ਕਢੇ ॥੪੦॥
ਜਾਇ ਆਪਨੇ ਥਾਂਨ ਬਿਰਾਜੇ।
ਸਿਰੀਚੰਦ ਰਸ ਜੋਗ ਜੁ ਪਾਗੇ[1]। — [1]ਰੱਤੇ ਹੋਏ।
ਖਟ ਪਤਸ਼ਾਹੀ ਲਗਿ ਜਗ ਰਹੇ।
ਅਧਿਕ ਆਰਬਲ ਤਨ ਕੀ ਲਹੇ ॥੪੧॥
ਸ਼੍ਰੀ ਗੁਰ ਹਰਿਗੁਬਿੰਦ ਕੇ ਨੰਦ[1]। — [1]ਸਪੁੱਤ੍ਰ।
ਸ਼੍ਰੀ ਬਾਬਾ ਗੁਰਦਿੱਤਾ ਚੰਦ।
ਤਿਨਹੁ ਜਾਇ ਕਰਿ ਸੀਸ ਨਿਵਾਵਾ।
ਬਿਨੈ ਠਾਨਿ ਬਹੁ ਭਾਵ ਬਧਾਵਾ[1] ॥੪੨॥ — [1]ਪ੍ਰੇਮ ਵਧਾਇਆ।
ਕੁਲਹਿ[1] ਉਤਾਰ ਤਬਹਿ ਨਿਜ ਸਿਰ ਤੇ। — [1]ਲੰਮੀ ਟੋਪੀ।
ਤਿਨ ਕੇ ਸੀਸ ਧਰੀ ਨਿਜ ਕਰ ਤੇ।
ਅਪਨ ਸਥਾਨ ਥਾਪ ਕਰਿ ਆਪ।
ਕਰਤਿ ਭਏ ਦੀਰਘ ਪਰਤਾਪ ॥੪੩॥
ਸ਼੍ਰੀ ਬਾਬਾ ਗੁਰਦਿੱਤਾ ਫੇਰ।
ਸਰਬ ਰੀਤਿ ਤੇ ਭਏ ਬਡੇਰ।

ਇਨ ਕੇ ਸਿਖ ਭੇ ਚਾਰ ਅਗਾਰੀ।
ਜਿਨਹੁ ਬੈਠਿ ਕੀਨਸਿ ਤਪ ਭਾਰੀ ॥੪੪॥

ਦੋਹਰਾ:
ਬਾਲੂ ਹਸਨਾ, ਫੂਲ ਪੁਨਿ, ਗੋਂਦਾ ਅਰੁ ਅਲਮਸਤ।
ਮੁੱਖ[1] ਉਦਾਸੀ ਇਹ ਭਏ, ਬਹੁਰੋ ਸਾਧ ਸਮਸਤ[2] ॥੪੫॥

[1]ਮੁਖੀਏ। [2]ਸਾਰੇ।

ਚੌਪਈ:
ਤਿਨ ਤੇ ਬਿਦਤਯੋ[1] ਪੰਥ ਉਦਾਸੀ।
ਲਾਖਹੁਂ ਭਏ ਕਰਹਿਂ ਤਪ ਰਾਸੀ।

[1]ਪ੍ਰਗਟਿਆ।

ਸ੍ਰੀ ਨਾਨਕ ਕੇ ਅਸ ਜੁਗ ਨੰਦਨ[1]।
ਕਵਿ ਸੰਤੋਖ ਸਿੰਘ ਠਾਨਤਿ ਬੰਦਨ ॥੪੬॥

[1]ਦੋਵੇਂ ਸਪੁੱਤਰਾਂ ਨੂੰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਨਾਨਕ ਪੁੱਤ੍ਰਨ ਪ੍ਰਸੰਗ' ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

## ੭. [ਗੁਰ ਪਰਨਾਲੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

†ਪੰਦ੍ਰਹਿ ਸਤ ਖਟ ਬੀਸ ਮੈਂ,
ਜਨਮ ਗੁਰੂ ਮਹਾਰਾਜ।
ਸੱਤ੍ਰਹ ਸੰਮਤਿ ਛਿਤਿ ਰਹੇ[1],
ਅਨਿਕ ਗਰੀਬ ਨਿਵਾਜ ॥੧॥

†ਬਾਜ਼ੇ ਲਿਖਤੀ ਨੁਸਖਿਆਂ ਵਿਚ ਅਗਲੇ ਹਰ ਅੰਸੂ ਦੇ ਆਦਿ ਵਿਚ 'ਭਾਈ ਰਾਮ ਕੌਰ ਵਾਚ' ਪਾਠ ਆਉਂਦਾ ਹੈ, ਇਹ ਪਾਠ 'ਰਾਮ ਕਉਰ', 'ਰਾਮ ਕੁਇਰ' ਆਦਿ ਹਨ, ਪਰ ਭਾਵ ਇਕੋ ਵਜਕਤੀ ਤੋਂ ਹੈ।

[1]ਸੱਤਰ (੭੦) ਸਾਲ ਧਰਤੀ ਤੇ ਰਹੇ।

ਚੌਪਈ:

ਘੋਰ ਘਾਮ ਭਵ ਜੀਵ ਦੁਖਾਰੇ[1]।
ਸ਼ਸ਼ਿ ਸਮ[1] ਉੱਦਜਤਿ[2] ਕਰੇ ਸੁਖਾਰੇ।
ਕੋਇ ਨ ਜਿਨ ਕੇ ਅਰਜੋ[1] ਅਗਾਰੀ।
ਭਏ ਨੰਮ੍ਰਿ ਅਜ਼ਮਤਿ ਧਰਿ ਭਾਰੀ ॥੨॥
ਜਿਤਕ ਸ਼ਕਤਿ ਜੁਤਿ ਭੇ ਸਭਿ ਤਾਰੇ।
ਰਵਿ ਸਮ ਉਦੈ ਛਪੇ ਤਬਿ ਸਾਰੇ।
ਪੰਦ੍ਰਹ ਸਤ ਛਿਆਨਵੇਂ[1] ਮਾਂਹੂ।
ਮਾਸ ਅਸੌਜ ਸਰਦ ਰੁਤਿ ਤਾਂਹੂ ॥੩॥
ਕ੍ਰਿਸ਼ਨਾ[1] ਦਸਮੀ ਪਿਤਰਨ ਦਿਨ ਕੀ।
ਪ੍ਰਭੁ ਬਿਕੁੰਠ ਗਏ ਸਹਿ ਤਨ ਕੀ[1]।
ਐਰਾਵਤੀ ਕੂਲ ਅਭਿਰਾਮ[1]।
ਤਹਿਂ ਕਰਤਾਰ ਪੁਰਾ ਕਿਯ ਗ੍ਰਾਮ ॥੪॥
ਗੁਰੁ ਬਸਤ੍ਰ ਕੋ ਲੇ ਸਸਕਾਰਾ।
ਨਾਮ ਦੇਹੁਰਾ ਬਿਦਤਿ[1] ਉਦਾਰਾ[2]।
ਤਿਸ ਗਾਦੀ ਗੁਰ ਅੰਗਦ ਬੈਸੇ।
ਪੋਸ਼ਸ਼ ਅਪਰ ਪਹਿਰ ਨ੍ਰਿਪ ਜੈਸੇ ॥੫॥
ਤੇਹਣ ਕੁਲ ਮਹਿਂ ਫੇਰੂ ਨਾਮ।
ਪੁੰਨਜਾਤਮ[1] ਸੁਸ਼ੀਲ ਸੁਚ ਧਾਮ[2]।
ਸਾਧ੍ਵੀ[1] ਦਯਾ ਕੌਰ ਬਰ ਦਾਰਾ[2]।
ਜਿਨ ਕੇ ਸੁਕ੍ਰਿਤ ਕੋ ਨਹਿਂ ਪਾਰਾ[1] ॥੬॥
ਗ੍ਰਾਮ ਹਰੀ ਕੇ[1] ਧਾਮ ਬਸੰਤੇ।
ਨਿਸਿ ਬਾਸੁਰ ਹਰਿ ਹਰਿ ਸਿਮਰੰਤੇ।
ਸ਼੍ਰੀ ਗੁਰ ਅੰਗਦ ਜਨਮੇ ਜਿਨ ਕੇ।

[1]ਭਯਾਨਕ (ਤ੍ਰਿਸ਼ਨਾ ਰੂਪੀ) ਤਪਤ ਨਾਲ ਸੰਸਾਰ ਦੇ ਜੀਵ ਦੁਖੀ ਸਨ।

[1]ਚੰਦਰਮਾਂ ਵਾਂਙੂ। [2]ਪ੍ਰਗਟ ਹੋਕੇ।

[1]ਅੜਿਆ।

[1]੧੫੯੬।

[1]ਅੰਨ੍ਹੇਰੇ ਪੱਖ ਦੀ।

[1]ਸਮੇਤ ਸਰੀਰ ਦੇ।

[1]ਰਾਵੀ ਦੇ ਸੁੰਦਰ ਕੰਢੇ।

[1]ਪ੍ਰਗਟ ਹੈ। [2]ਸ੍ਰੇਸ਼ਟ।

[1]ਪਵਿੱਤਰ ਆਤਮਾ ਵਾਲੇ। [2]ਪਵਿੱਤ੍ਰਤਾ ਦਾ ਘਰ।

[1]ਪਤਿੱਬ੍ਰਤਾ। [2]ਸ੍ਰੇਸ਼ਟ ਇਸਤਰੀ।

[1]ਪੁੰਨਾਂ ਦਾ ਪਾਰਾਵਾਰ ਨਹੀਂ ਸੀ।

[1]ਪਿੰਡ ਦਾ ਨਾਮ ਹੈ।

ਕਹਿਂ ਲੌਂ ਕਹੌਂ ਮਹਾਤਮ ਤਿਨ ਕੇ ॥੭॥
ਜਨਮ ਹਰੀ ਕੇ ਗ੍ਰਾਮ ਭਯੋ ਹੈ।
ਆਨ ਥਾਨ ਪੁਨ ਬਸਨ ਕਿਯੋ ਹੈ।
ਪੰਦ੍ਰਹਿ ਸਤ ਸਤਾਹਠਾ[1] ਸੰਮਤ[2†]।

[1]੧੫੬੭। [2]ਸਾਲ ਬਿਕ੍ਰਮੀ [ਸੰਸ: ਸੰਵਤ੍]। †ਸ਼੍ਰੀ ਗੁਰੂ ਜੀ ਦਾ ਅਵਤਾਰ ਸੰਮਤ ੧੫੬੧ ਦਾ ਸਿੱਧ ਹੁੰਦਾ ਹੈ।

ਫੇਰੂ ਸੁਤ ਜਨਮਯੋ ਗੁਰ ਸੰਮਤ[1] ॥੮॥

[1]ਤੁੱਲਯ [ਸੰਸ: ਸੰਮਿਤ = ਤੁੱਲਯ, (ਅ) ਸਮਤ = ਪ੍ਰੇਮੀ, ਪਿਆਰਾ। (ੲ) ਸਮ-ਮਤਿ = ਇਕ ਮਨ ਵਾਲਾ, ਆਸ਼ੇ ਅਨੁਕੂਲ]।

ਪਹੁੰਚੇ ਸ਼੍ਰੀ ਨਾਨਕ ਕੀ ਸ਼ਰਨੀ।
ਸੇਵਾ ਬਿਖੇ ਨੀਕ ਕਰਿ ਕਰਨੀ।
'ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ' ॥੯॥
ਇਮ ਕਹਿਬੋ ਜਿਨਿ ਸਫਲ ਕਿਯੋ ਹੈ।
ਅਤਿ ਰਿਝਾਇ ਸ੍ਰੀ ਗੁਰੂ ਲਿਯੋ ਹੈ।
ਜਿਨਹੁਂ ਨ ਅਜ਼ਮਤ ਕਹੂੰ ਜਨਾਈ।
ਅਜਰ ਜਰਨ ਧ੍ਰਿਤ ਛਿਤਿ ਸਮਤਾਈ ॥੧੦॥
ਜਿਨ ਕੇ ਗੁਨ ਕਹੁ ਬਰਨੈ ਕੌਨ।
ਬਾਨੀ ਸ਼ੇਸ਼ ਦੇਖ ਰਹਿਂ ਮੌਨ[1]।

[1]ਸਰਸ੍ਵਤੀ ਤੇ ਸ਼ੇਸ਼ਨਾਗ ਦੇਖਕੇ ਚੁਪ ਚਾਪ ਰਹਿ ਜਾਂਦੇ ਹਨ।

ਖੀਵੀ[1] ਸਤੀ ਭਾਰਜਾ ਹੋਈ।

[1]ਨਾਮ ਹੈ ਗੁਰੂ ਅੰਗਦ ਜੀ ਦੇ ਮਹਿਲਾਂ ਜੀ ਦਾ।

ਭਏ ਆਤਮਜ ਤਿਸ ਤੇ ਦੋਈ ॥੧੧॥
ਨਾਮ ਦਾਸੁ[†], ਅਰੁ ਦਾਤਾ[‡] ਦੂਵਾ[1††]।

[1]ਦੂਜਾ। †ਪਾ:-ਦਾਸੂ। ‡ਪਾ:-ਦਾਤੂ। ††ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਇਕ ਸਪੁੱਤ੍ਰੀ ਬੀ ਸੀ, ਇਸ ਭਗਤੀ ਭਾਵਨਾ ਵਾਲੀ ਪਵਿੱਤ੍ਰਾਤਮਾ ਦਾ ਨਾਮ ਬੀਬੀ ਅਮਰੋ ਸੀ, ਦੇਖੋ ਇਸੇ ਰਾਸ ਦਾ ਅੰਸੂ ੧੫, ਅੰਕ ੧।

ਜਿਨ ਕੇ ਰਿਦੈ ਗਿਯਾਨ ਦਿਢ ਹੂਵਾ।
ਦ੍ਵਾਦਸ਼ ਬਰਖ ਟਿਕੇ ਗੁਰ ਗਾਦੀ[1]।

[1]ਭਾਵ ਗੁਰੂ ਅੰਗਦ ਦੇਵ ਜੀ।

ਖਸ਼ਟ ਮਾਸ ਨੌ ਦਿਨ ਅਹਿਲਾਦੀ[1] ॥੧੨॥

[1]ਅਨੰਦ ਦੇਣ ਵਾਲੇ।

ਸੋਲਿਹਿ ਸਤ ਨੌ[1] ਸੰਮਤ ਔਰ।

[1]੧੬੦੯।

ਚੌਥ ਚੇਤ ਸੁਦਿ ਨਰ ਸਿਰਮੌਰ[1]।

[1]ਸ਼੍ਰੋਮਣੀ।

ਤਨ ਕਉ ਤਜਿ ਬੈਕੁੰਠ ਸਿਧਾਰੇ।

ਸ਼੍ਰੀ ਗੁਰ ਅਮਰ ਤਖਤ ਬੈਠਾਰੇ ॥੧੩॥

ਦੋਹਰਾ:

ਗ੍ਰਾਮ ਖਡੂਰ ਕੁਵਿੰਦ[1] ਘਰ, ਤਹਿਂ ਸਿਸਕਾਰੀ[2] ਦੇਹਿ।

[1]ਜੁਲਾਹੇ ਦਾ। [2]ਦਾਹ ਕੀਤਾ।

ਅਬ ਲੌ ਖਰਜੋ ਕਰੀਰ ਤਰੁ, ਕਿਲਕ ਲਗਜੋ ਪਗ ਜੇਹ[1] ॥੧੪॥

[1]ਜੇਹੜਾ ਕਿੱਲਾ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਲੱਗਾ ਸੀ।

ਚੌਪਈ:

ਬਾਸਰਕੇ ਇਕ ਗ੍ਰਾਮ ਸੁ ਨਾਮੂ।

'ਤੇਜੋ ਮੱਲ' ਬਸਹਿ ਕਰਿ ਧਾਮੂ।

ਰੂਪ ਕੌਰ ਦਾਰਾ[1] ਤਿਸ[†] ਕੇਰੀ।

[1]ਸੁਪਤਨੀ। [†]ਪਾ:-ਜਿਨ।

ਤਪਸਾ[1] ਕੀਨਸਿ ਜਿਨਹੁਂ ਬਡੇਰੀ ॥੧੫॥

[1]ਤਪੱਸਜਾ।

ਜਿਸ ਕੋ ਫਲ ਬਿਦਤਜੋ ਅਸ ਆਇ।

ਜਨਮਜੋ ਸੁਤ ਸ਼ੁਭ ਗੁਨ ਸਮੁਦਾਇ।

ਸ਼੍ਰੀ ਗੁਰ ਅਮਰਦਾਸ ਬਰ ਨਾਮੂ।

ਬ੍ਰਹ-ਗਜਾਨ ਨਿਸ਼ਚਲ ਕੇ ਧਾਮੂ ॥੧੬॥

ਗੁਰ ਅੰਗਦ ਸੇਵੇ ਇਸ ਰੀਤਿ।

ਸੁਨ ਰੁਮੰਚ ਹੁਇ ਬਿਸਮਤਿ[1] ਚੀਤ।

[1]ਹੈਰਾਨ ਹੁੰਦਾ ਹੈ ਚਿਤ।

ਜਬਹਿ ਬਹੱਤ੍ਰ ਬਰਖ ਬਯ[1] ਭਈ।

[1]ਆਯੂ।

ਤਬਹਿ ਆਇ ਗੁਰ ਸੇਵਾ ਲਈ ॥੧੭॥

ਦ੍ਵਾਦਸ਼ ਸੰਮਤ ਕਰਿ ਸੁਸ਼੍ਰੂਖਾ[1]।

[1]ਬਾਰਾਂ ਸਾਲ ਸੇਵਾ ਕਰਕੇ। [ਸੰਸ: ਸੁਸ਼੍ਰੂਖ਼ਾ]।

ਮੁਰਜੋ ਨ ਮਨ ਕਬਿ, ਰਹਜੋ ਅਦੂਖਾ[1]।

[1]ਦੁਖਾਂ ਤੋਂ ਰਹਿਤ (ਅ) ਅਦੂਸ਼ਤ, ਭਾਵ ਨਿਰਵਿਘਨ ਲਗਾ ਰਿਹਾ।

ਬੈਸ ਚੁਰਾਸੀ ਸੰਮਤ ਜਬੈ[1]।

[1]ਅਵਸਥਾ ੮੪ ਸਾਲ ਦੀ ਜਦ ਹੋਈ।

ਤਖਤ ਜਗਤ ਗੁਰਤਾ[1] ਟਿਕ ਤਬੈ ॥੧੮॥

[1]ਗੁਰਿਆਈ।

ਕਰਜੋ ਪ੍ਰਕਾਸ਼ਨ ਅਪਨੋ ਆਪਿ।

ਕਹੀ ਪੈਜ ਅਪਨੀ ਕਹੁ ਥਾਪਿ।

-ਜਬ ਲਗਿ ਜਗ ਹਮਰੋ ਤਨ ਰਹੈ।

ਸੁਤ ਮ੍ਰਿਤੁ[1] ਮਾਤ ਪਿਤਾ ਨਹਿਂ ਲਹੈਂ[2]- ॥੧੯॥

[1]ਪੁੱਤਰ ਦੀ ਮੌਤ। [2]ਨਾ ਦੇਖਣ।

ਦ੍ਵੈ ਬਿੰਸਤ ਦਿੱਲੀ ਉਮਰਾਵ[1]।

[1]ਬਾਈ ਸੂਬੇ ਦਿੱਲੀ ਦੇ ਪਾਤਸ਼ਾਹ ਦੇ ਸਨ।

ਤਿਤੇ ਸਿੱਖ ਮੰਜੀ ਸੁ ਬਿਠਾਵ।

| | |
|---|---|
| ਕੌਨ ਕੌਨ ਗੁਨ ਤਿਨ ਕੇ ਭਨੀਅਹਿ। | |
| ਜਲ ਤਰੰਗ ਰਜ[1] ਕਨ[2] ਸਮ ਗਨੀਅਹਿ[†] ॥੨੦॥ | [1]ਮਿੱਟੀ ਦੇ। [2]ਕਿਣਕੇ। [†]ਪਾ:-ਜਨੀਅਹਿ। ਭਨੀਅਹਿ। |
| ਰਾਮੋ ਨਾਮ ਭਾਰਜਾ[1] ਅਹੈ। | [1]ਮਹਿਲਾਂ। |
| ਜਿਸ ਉਰ ਪਤਿਬ੍ਰਤਿ ਬਾਸਾ ਲਹੈ। | |
| ਦ੍ਵੈ ਸੁਤ ਜਿਸ ਤੇ ਜਨਮਤਿ ਭਏ। | |
| ਮੋਹਨ ਨਾਮ ਮੋਹਰੀ ਥਏ ॥੨੧॥ | |
| ਉਪਜੀ ਸੁਤਾ ਨਾਮ ਜਿਸ ਭਾਨੀ। | |
| ਅਪਰ ਨ ਪਿਖੀਅਹਿ ਜਾਂਹਿ ਸਮਾਨੀ[1†]। | [1]ਤੁੱਲ। [†]ਭਾਨੀ ਜੀ ਦੀ ਇਕ ਹੋਰ ਭੈਣ ਬੀ ਸੀ ਜਿਨ੍ਹਾਂ ਦਾ ਨਾਮ 'ਦਾਨੀ' ਬੀਬੀ ਜੀ ਸੀ। |
| ਅੱਪ੍ਰਮਾਨ[1] ਬਰ ਭਾਗ ਮਹਾਨਾ। | [1]ਬਿਅੰਤ। |
| ਜਿਸ ਕੋ ਪਿਤਾ ਗੁਰੂ ਜਗ ਮਾਨਾ ॥੨੨॥ | |
| ਪੁਨਿ ਭਰਤਾ ਨੇ ਗੁਰਤਾ ਪਾਈ। | |
| ਜਿਨਹੁ ਉਧਾਰੇ ਨਰ ਸਮੁਦਾਈ। | |
| ਪੁਨਹ ਜਗਤ ਕੋ ਗੁਰ ਸੁਤ ਭਯੋ। | |
| ਸੁਜਸੁ ਪ੍ਰਕਾਸ਼ ਦਸਹੁਂ ਦਿਸ਼ ਕਯੋ ॥੨੩॥ | |
| ਯਾਂ ਤੇ ਬਹੁ ਬਡਭਾਗਾ ਭਾਨੀ। | |
| ਜਹਿਂ ਕਹਿਂ ਪ੍ਰਗਟ ਨਾਮ ਜਗ ਜਾਨੀਂ। | |
| ਸ਼੍ਰੀ ਗੁਰ ਅਮਰ ਪੁੱਤ੍ਰ ਬਡ ਮੋਹਨ। | |
| ਦੇਵ ਬਧੂ ਜਿਸੁ ਕਰਹਿਂ ਨ ਮੋਹਨ[1] ॥੨੪॥ | [1]ਅਪੱਛਰਾਂ ਬੀ ਜਿਸ ਨੂੰ ਮੋਹ ਨਹੀਂ ਸੀ ਸਕਦੀਆਂ। |
| ਸਿਰ ਤੇ ਨਗਨ ਰਹੈ ਉਨਮੱਤਜ[1]। | [1]ਮਸਤ। |
| ਰਿਦੇ ਗਯਾਨ ਦਿਢ ਚੇਤਨ ਸੱਤਜ। | |
| ਕਬਿ ਜੁਗ ਹਾਥਨ[1] ਕਰਹਿ ਅਹਾਰੇ। | [1]ਦੁਹੀਂ ਹਥੀਂ। |
| ਰਹੈ ਇਕਾਂਤ ਏਕ ਚੌਬਾਰੇ[†] ॥੨੫॥ | [†]ਇਹ ਚੁਬਾਰਾ ਹੁਣ ਤਕ ਗੋਇੰਦਵਾਲ ਵਿਚ ਹੈ। |
| ਨੰਮ੍ਰਿ ਭਯੋ ਨਹਿਂ ਕਿਸਹਿ ਅਗਾਰੀ। | |
| ਅਹੰਬ੍ਰਹਮ ਉਰ ਮਹਿਂ ਦਿਢ ਭਾਰੀ। | |
| ਅਨੁਜ ਮੋਹਰੀ ਸੁਮਤਿ ਮਹਾਨੇ। | |
| ਪਿਤਾ ਬਾਕ ਸਾਦਰ[1] ਜਿਨ ਮਾਨੇ ॥੨੬॥ | [1]ਸਹਿਤ ਆਦਰ। |
| ਦੋਹਰਾ: | |
| ਜਗ ਸਾਗਰ ਕੋ ਤਾਰਬੇ, ਸਗਰੀ ਸੰਗਤਿ ਪਾਰ। | |

ਭਯੋ ਮੋਹਿਰੀ[1] ਮੋਹਰੀ[2], ਠਾਨਿ ਮਹਾਂ ਉਪਕਾਰ ॥੨੭॥

[1]ਆਗੂ। [2]ਨਾਮ ਗੁਰੂ ਜੀ ਦੇ ਛੋਟੇ ਬੇਟੇ ਦਾ।

ਚੌਪਈ:

ਦ੍ਵੈ ਬਿੰਸਤ[1] ਸੰਮਤ ਹ੍ਵੈ ਇਕ ਰਸ।
ਪੰਚ ਮਾਸ ਅਰੁ ਦਿਵਸ ਇਕਾਦਸ਼।
ਗੁਰਤਾ ਗਾਦੀ ਕੀਨਿ ਅਬਾਦੀ।
ਗਨ ਉਰ ਦਈ ਗਯਾਨ ਕੀ ਸ਼ਾਦੀ[2] ॥੨੮॥

[1]ਬਾਈ ਸਾਲ। [2]ਸਮੂਹ ਸਿਖਾਂ ਦੇ ਰਿਦੇ ਵਿਚ ਗਿਆਨ ਦੀ ਖੁਸ਼ੀ ਦਿੱਤੀ।

ਸੋਲਹਿ ਸਤ ਇਕਤੀਸਾ[1] ਫੇਰ।
ਭਾਦੋਂ ਸੁਦਿ ਪੂਰਨਮਾ[2] ਹੇਰ।
ਤਨ ਕੋ ਤਜਿ ਬੈਕੁੰਠ ਸਿਧਾਰੇ।
ਹਮ ਸੇ ਜਿਨ ਬਹੁ ਪਤਿਤ ਉਧਾਰੇ ॥੨੯॥

[1]੧੬੩੧। [2]ਪੂਰਨਮਾਸ਼ੀ।

ਇਕ ਸੌ ਖਸ਼ਟ[1] ਬਰਖ ਬਯ ਲਹੀ।
ਸੰਮਤ ਖਸ਼ਟ[2] ਔਰ ਥੀ ਰਹੀ।
ਗੁਰਤਾ ਸਹਿਤ ਦਈ ਹਰਖਾਏ।
ਸ਼੍ਰੀ ਗੁਰ ਰਾਮਦਾਸ ਬੈਠਾਏ ॥੩੦॥

[1]੧੦੬। [2]ਛੇ ਬਰਸ।

ਲਵਪੁਰਿ ਮਹਿਂ ਛੱਤ੍ਰੀ ਹਰਿਦਾਸ।
ਮਹਾਂ ਸੁਸ਼ੀਲ ਸੁਕ੍ਰਿਤਨ ਰਾਸ[1]।
ਖੇਮ ਕੁਇਰ ਜਿਸ ਕੇ ਘਰ ਦਾਰਾ।
ਹਿਤ ਕਰਿ ਨਿਤਿ ਪਤਿਬ੍ਰਤਿ ਪ੍ਰਤਿਪਾਰਾ[2] ॥੩੧॥

[1]ਪੁੰਨਾਂ ਦੀ ਖਾਣ। [2]ਪਾਲਿਆ।

ਤਿਨ ਤੇ ਉਤਪਤਿ ਭਏ ਸੁ ਨੰਦ।
ਸ਼੍ਰੀ ਗੁਰ ਰਾਮਦਾਸ ਕੁਲਚੰਦ।
ਭਏ ਜੁ ਕੁਲ ਭੱਲਜਨ ਕੇ ਭੂਖਨ[1]।
ਭਾਨੀ ਤਿਨ ਕੀ ਸੁਤਾ ਅਦੂਖਨ[2] ॥੩੨॥

[1]ਭੱਲਿਆਂ ਦੀ ਕੁਲ ਦੇ ਗਹਿਣੇ, ਭਾਵ ਗੁਰੂ ਅਮਰ ਦਾਸ ਜੀ। [2]ਪਵਿੱਤਰ।

ਸੋਢੀ ਬੰਸ ਚੰਦ[1] ਕਹੁ ਬਯਾਹੀ।
ਰਹੀ ਜੁ ਬਹੁ ਪਿਤ ਕੇ ਢਿਗ ਚਾਹੀ।
ਗੋਇੰਦਵਾਲ ਪੁਰੀ ਬੱਖਯਾਤੀ[2]।
ਤਹਾਂ ਬਸਤਿ ਬੀਤੇ ਦਿਨ ਰਾਤੀ ॥੩੩॥

[1]ਭਾਵ ਸ਼੍ਰੀ ਗੁਰੂ ਰਾਮਦਾਸ ਜੀ ਨਾਲ। [2]ਪ੍ਰਗਟ।

ਤੀਨ ਪੁੱਤ੍ਰ ਉਪਜੇ ਤਿਨ ਕੇਰੇ।

ਸ਼੍ਰੀ ਅਰਜਨ, ਪ੍ਰਿਥੀਆ ਸੁ ਬਡੇਰੇ।
ਤ੍ਰਿਤਿਯੇ ਮਹਾਂਦੇਵ ਜਿਹ ਨਾਮ।
ਮਹਾਂ ਗੰਭੀਰ[1] ਧੀਰ ਅਭਿਰਾਮ ॥੩੪॥ [1]ਨਿਰਹੱਲ।
ਸ਼੍ਰੀ ਗੁਰ ਰਾਮਦਾਸ ਜਗ ਭਾਯੋ।
ਗੁਨ ਅਨੇਕ ਜੁਤਿ ਤਖਤ ਸੁਹਾਯੋ।
ਸੰਮਤ ਖਸ਼ਟ ਇਕਾਦਸ਼ ਮਾਸ।
ਦਿਵਸ ਅਸ਼ਟ ਦਸ ਸ੍ਰੀ ਸੁਖ ਰਾਸ[†] ॥੩੫॥ [†]ਪਾ:-ਸ੍ਰੀ ਮਖ ਰਾਸ।
ਗੁਰਤਾ ਗਾਦੀ ਪਰ ਥਿਤਿ ਰਹੇ।
ਜਿਨ ਤੇ ਅਨਿਕ ਦਾਸ ਗਤਿ ਲਹੇ।
ਸੋਲਹ ਸਤ ਅਠਤੀਸਾ ਸਾਲ।
ਭਾਦੋਂ ਸੁਦੀ ਤੀਜ ਗੁਰ ਦਯਾਲ ॥੩੬॥
ਤਜਿ ਸਰੀਰ ਬੈਕੁੰਠ ਪਧਾਰੇ।
ਸ਼੍ਰੀ ਅਰਜਨ ਜੀ ਤਖਤ ਬਿਠਾਰੇ।
ਪੁਨ ਸੋਢਿਨਿ ਕੁਲ ਮਹਿਂ ਗੁਰਿਆਈ।
ਹੋਤਿ ਭਈ ਗੁਰ ਦਸਮੇ ਤਾਈਂ ॥੩੭॥
ਪੰਚਮ ਪਾਤਿਸ਼ਾਹ ਜਬਿ ਭਏ।
ਤਾਲ ਸੁਧਾਸਰ ਤਬਿ ਨਿਰਮਏ[1]। [1]ਅੰਮ੍ਰਿਤਸਰ ਤਦੋਂ ਰਚਿਆ।
ਬੀੜ ਗ੍ਰੰਥ ਸਾਹਿਬ ਕੀ ਹੋਈ।
ਜਿਸ ਪਠਿ ਕੈ[1] ਗਤਿ ਲਹਿ ਸਭਿ ਕੋਈ ॥੩੮॥ [1]ਪੜ੍ਹਕੇ।
ਗੰਗਾ ਨਾਮ ਭਾਰਜਾ ਬਜਾਹੀ।
ਸ੍ਵਾਧੀ[1] ਕੇ ਗੁਨ ਸਭਿ ਜਿਸ ਮਾਂਹੀ। [1]ਪਤਿੱਬ੍ਰਤਾ।
ਨੰਦਨ ਉਪਜ੍ਯੋ ਇਕ ਕੁਲ ਚੰਦ।
ਬਡ ਧਨੁਧਰਿ[1] ਸ਼੍ਰੀ ਹਰਿ ਗੋਬਿੰਦ ॥੩੯॥ [1]ਧਨੁਖ ਧਾਰੀ।
ਧੀਰ ਧਰਮ ਧ੍ਵਜ ਸ਼੍ਰੀ ਗੁਰ ਅਰਜਨ।
ਬਿਸਤੀਰਤਿ[1] ਜਿਤ ਕਿਤ ਜਸੁ ਅਰਜੁਨ[2]। [1]ਫੈਲਿਆ। [2]ਉੱਜਲ।
ਜਗ ਕਰਤੱਬਜ ਕਰੇ ਸ਼ੁਭ ਭਾਰੇ।
ਭਗਤਿ ਬਿਥਾਰਿ[1] ਅਨਿਕ ਜਨ ਤਾਰੇ ॥੪੦॥ [1]ਵਿਸਤੀਰਨ ਕਰਕੇ।
ਬਿੰਸਤ ਚਤੁਰ ਬਰਖ ਨਵ ਮਾਸ।
ਇਕ ਦਿਨ ਊਪਰ ਸ਼੍ਰੀ ਸੁਖਰਾਸ[1]। [1]ਸੁਖਾਂ ਦੀ ਖਾਨ।

ਗੁਰਤਾ ਲਹਿ ਸਰੀਰ ਕਉ ਧਾਰਾ।
ਪੁਨਹਿ ਚਹਜੋ ਸਚਖੰਡ ਸਿਧਾਰਾ ॥੪੧॥

ਦੋਹਰਾ:

ਖੋੜਸ ਸਤ ਤ੍ਰੇਸਠ[1] ਅਧਿਕ,
ਜੇਸ਼ਟ[1] ਮਾਸ ਮਹਾਨ।
ਸੁਦੀ ਚੌਥ ਦਿਨ ਮਹਿਂ ਗੁਰੂ,
ਕੀਨ ਬਿਕੁੰਠ ਪਯਾਨ ॥੪੨॥

[1]੧੬੬੩।

[1]ਜੇਠ।

ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਗੁਰੂ ਪਰਨਾਲੀ[1]' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

[1]ਸ਼ਜਰਾ, ਬੰਸਾਵਲੀ।

## ੮. [ਗੁਰ ਪਰਨਾਲੀ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਚੌਪਈ:

ਪੁਨ ਸ੍ਰੀ ਹਰਿ ਗੋਬਿੰਦ ਗੁਰੁ ਹੋਏ।
ਪ੍ਰਭੁ[1] ਪੀਰੀ ਅਰੁ ਮੀਰੀ ਦੋਏ। — [1]ਮਾਲਕ।
ਜਨਮ ਲੀਨ ਜਹਿਂ ਗ੍ਰਾਮ ਵਡਾਲੀ।
ਬਲੀ ਮਹਿਦ[1] ਤਨ ਡੀਲ[2] ਬਿਸਾਲੀ ॥੧॥ — [1]ਮਹਾਂਬਲੀ। [2]ਕੱਦ।
ਦਾਰਾ ਤੀਨ† ਸੁਸ਼ੀਲਾ[1] ਬਜਾਹੀ। — [1]ਸੁਸ਼ੀਲ ਸੁਭਾਵ ਵਾਲੀਆਂ। †ਦੇਖੋ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਵਿਆਹਾਂ ਪਰ ਟੂਕ।
ਇਕ ਦਮੋਦਰੀ, ਦੁਤਿ ਮਰਵਾਹੀ।
ਨਾਮ ਨਾਨਕੀ ਤ੍ਰਿਤਿਜਾ ਕੇਰਾ।
ਮਨ ਸਿਮਰਤਿ ਜਿਨ ਅਨੰਦ ਘਨੇਰਾ ॥੨॥
ਪੰਚ ਪੁੱਤ੍ਰ ਇਨ ਤੇ ਉਤਪੱਤਾ।
ਜੇਠੋ ਸ੍ਰੀ ਬਾਬਾ ਗੁਰਦਿੱਤਾ।
ਸੂਰਜ ਮਲ ਅਰੁ ਅਨੀ ਰਾਇ ਭਨਿ।
ਅਟਲ ਰਾਇ ਬ੍ਰਹ੍ਮਗਜਾਨ ਸਭਿਨਿ ਮਨ ॥੩॥
ਪੰਚਮ ਭੇ ਸ੍ਰੀ ਤੇਗ ਬਹਾਦਰ†। — †ਛੇਵੇਂ ਗੁਰਾਂ ਦੀ ਇਕ ਸਪੁੱਤ੍ਰੀ ਬੀਬੀ ਵੀਰੋ ਜੀ ਬੀ ਸੀ।
ਨਿਕਟ ਬਿਠਾਵਹਿਂ ਜਿਨ ਪਿਤ ਸਾਦਰ[1]। — [1]ਸਹਿਤ ਆਦਰ।
ਸ੍ਰੀ ਗੁਰ ਹਰਿਗੋਬਿੰਦ ਸਮ ਸ਼ੇਰ[1]। — [1]ਸ਼ੇਰ ਵਾਂਗ।
ਹਤੇ ਤੁਰਕ ਗਨ ਗਹਿ ਸ਼ਮਸ਼ੇਰ ॥੪॥
ਗਨ ਦਾਸਨ ਕੇ ਕਾਰ ਸੁਧਾਰੇ।
ਜਗ ਮਹਿਂ ਕੀਰਤਿ ਬਹੁ ਬਿਸਤਾਰੇ।
ਇਕ ਤ੍ਰਿੰਸਤ ਸੰਮਤ[1] ਦਸ ਮਾਸ। — [1]ਇਕੱਤੀ ਸਾਲ।
ਖਟ ਦਿਨ ਗੁਰਤਾ ਥਿਤਿ ਸੁਖਰਾਸ ॥੫॥
ਸੋਲਹਿ ਸਤ ਪਚਾਨਵੇ[1] ਸਾਲ। — [1]੧੬੯੫।
ਚੇਤ ਪੰਚਮੀ ਸ਼ੁਦੀ ਕ੍ਰਿਪਾਲ।
ਸੱਚਖੰਡ ਕੋ ਤਬਹਿ ਪਧਾਰੇ।
ਸ੍ਰੀ ਹਰਿਖਾਇ ਤਖਤ ਬੈਠਾਰੇ ॥੬॥
ਸ੍ਰੀ ਬਾਬਾ ਗੁਰਦਿੱਤਾ ਰੂਪ[1]। — [1]ਰੂਪਵਾਨ = ਸੁੰਦਰ।

| | |
|---|---|
| ਬਜਾਹੀ ਨੇਤੀ[1][†] ਨਾਮ ਅਨੂਪ। | [1]ਨਾਮ ਹੈ ਬੀਬੀ ਦਾ। [†]ਪਾ:-ਨੱਤੀ। |
| ਦ੍ਵੈ ਸੁਤ ਇਨ ਤੇ ਉਤਪਤਿ ਹੋਏ। | |
| ਸ੍ਰੀ ਹਰਿਰਾਇ, ਧੀਰ ਮਲ ਦੋਏ ॥੭॥ | |
| ਟਿਕਯੋ ਪਿਤਾਮੇ[1] ਤੇ ਗੁਰ ਪੋਤਾ। | [1]ਦਾਦੇ ਤੋਂ। |
| ਦੀਨ ਦੁਨੀ ਥੰਭਿ ਭਾਰ ਖਲੋਤਾ। | |
| ਕੀਰਤ ਪੁਰਿ ਮਹਿਂ ਜਨਮੁ ਭਯੋ ਹੈ। | |
| ਸ੍ਰੀ ਹਰਿਰਾਇ ਗੁਰ ਸੁ ਥਿਯੋ ਹੈ ॥੮॥ | |
| ਬਹੁ ਦਾਸਨ ਕੋ ਕਰਿ ਬਖਸ਼ੀਸ਼। | |
| ਹੁਤੇ ਰੰਕ[1] ਜੇ ਭਏ ਮਹੀਸ਼[2]। | [1]ਕੰਗਾਲ। [2]ਰਾਜੇ। |
| ਬਜਾਹੀ ਮਹਿਲਾ ਅਸ਼ਟ[†] ਮਹਾਨੀ। | [†]ਇਹ ਗੇਣਤੀ ਬੀ ਗ਼ਲਤ ਹੈ, ਵਿਸ਼ੇਸ਼ ਦੇਖੋ ਸ਼੍ਰੀ ਗੁਰੂ ਹਰਿਰਾਇ ਜੀ ਦੇ ਪ੍ਰਸੰਗ ਵਿਚ ਰਾਸ ੧੦ ਅੰਸੂ ੧੩ ਅੰਕ ੯ ਤੇ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ। |
| ਕਿਸ਼ਨ ਕੁਇਰ, ਕੋਟਿ ਕੱਲਜਾਨੀ ॥੯॥ | |
| ਤੋਖੀ, ਅਪਰ ਅਨੋਖੀ ਨੀਕੀ[1]। | [1]ਸ੍ਰੇਸ਼ਟ। |
| ਰਾਮ ਕੁਇਰ[†], ਅਰੁ ਨਾਮ ਲਡੀਕੀ। | [†]ਪਾ:-ਚੰਦ ਕੁਇਰ, ਜੋ ਅਸ਼ੁਧ ਜਾਪਦਾ ਹੈ। |
| ਸਪਤਮਿ ਹੈ ਸ਼੍ਰੀ ਪ੍ਰੇਮ ਕੁਮਾਰੀ। | |
| ਅਸ਼ਟਮ ਚੰਦ ਕੁਇਰ ਸੁਖਕਾਰੀ[†] ॥੧੦॥ | [†]ਪਾ:-ਸੁਖਿਆਰੀ। |
| ਦ੍ਵੈ ਸੁਤ ਸ਼੍ਰੀ ਹਰਿਰਾਇ ਉਪਾਏ। | |
| ਰਾਮਰਾਇ ਹਰਕ੍ਰਿਸ਼ਨ ਸੁਹਾਏ। | |
| ਜੁਗ[1] ਜਨਮੇ ਕੀਰਤਿਪੁਰਿ ਮਾਂਹੀ। | [1]ਦੋਵੇਂ। |
| ਬ੍ਰਿਧੇ ਸਰੀਰ ਸੁਖਦ ਥਲ ਤਾਂਹੀ[1] ॥੧੧॥ | [1]ਸੁਖ ਦਾਤੇ ਸਰੀਰ ਵਡੇ ਹੋਏ ਓਸੇ ਥਾਂ (ਭਾਵ ਕੀਰਤਪੁਰ ਵਿਚ)। |
| ਸੰਮਤ ਤ੍ਰੈ ਬਿੰਸਤ[1] ਖਟ ਮਾਸ। | [1]੨੩। |
| ਦਿਵਸ ਚਤੁਰ ਦਸ ਲੈ ਸੁਖਰਾਸ[1]। | [1]ਭਾਵ ਗੁਰੂ ਜੀ। |
| ਗੁਰਤਾ ਗਾਦੀ ਪਰ ਥਿਤਿ ਰਹੇ। | |
| ਸ਼੍ਰੀ ਹਰਿਰਾਇ ਦਾਸ ਦੁਖ ਦਹੇ ॥੧੨॥ | |
| ਸੰਮਤ ਸੱਤ੍ਰਹ ਸਤ ਅਸ਼ਟਾਦਸ਼[1]। | [1]੧੭੧੮। |
| ਕਾਤਕ ਵਦਿ ਨਵਮੀ ਮਹਿਂ ਸੁਖ ਬਸਿ। | |
| ਸ਼੍ਰੀ ਹਰਿ ਕ੍ਰਿਸ਼ਨ ਤਖਤ ਗੁਰਿਆਈ। | |
| ਬੈਠੇ ਸਿਸੁ[1] ਅਤਿ ਬੈਸ ਸੁਹਾਈ ॥੧੩॥ | [1]ਬਾਲਕ (ਅਵਸਥਾ)। |
| ਦਿੱਲੀ ਮਹਿਂ ਗਮਨੇ ਕਿਸਿ ਹੇਤ। | |
| ਤਹਿਂ ਤਨ ਤਜਾਗਯੋ ਕ੍ਰਿਪਾ ਨਿਕੇਤ। | |

ਜੁਗ ਸੰਮਤ[1] ਅਰੁ ਪੰਚ ਮਹੀਨੇ। [1]ਦੋ ਸਾਲ।
ਦਿਨ ਉਨੀਸ ਗੁਰਤਾ ਪਦ ਕੀਨੇ ॥੧੪॥

ਦੋਹਰਾ: [1]੧੭੨੧।
ਸੰਮਤ ਸੱਤ੍ਰਾ ਸੈ ਬਿਤੇ, ਊਪਰ ਬੀਸ ਰੁ ਏਕ[1]।
ਚੇਤ ਸੁਦੀ ਚੌਦਸ ਦਿਵਸ, ਸ੍ਰੀ ਗੁਰੁ ਜਲਧਿ ਬਿਬੇਕ[1] ॥੧੫॥ [1]ਗਿਆਨ ਦੇ ਸਮੁੰਦਰ।

ਚੌਪਈ:
ਏਕ ਜਾਮ ਖਟ ਘਟੀ ਬਿਤਾਏ।
ਨਿਸਾ[1] ਬਿਖੇ ਸ੍ਰੀ ਗੁਰੂ ਸਮਾਏ। [1]ਰਾਤ੍ਰੀ।
'ਬਾਬਾ' ਕਹਯੋ 'ਬਕਾਲੇ ਮਾਂਹਿ'।' [1]ਬਾਬਾ ਬਕਾਲੇ ਵਿਚ ਹੈ (ਸਤਿਗੁਰੂ ਤੇਗ ਬਹਾਦਰ ਜੀ)।
ਸਤਿਗੁਰ ਤੇਗ ਬਹਾਦਰ ਤਾਂਹਿ ॥੧੬॥
ਅਰਪਤਿ ਭਏ ਤਿਨਹਿ ਗੁਰਿਆਈ।
ਤਖਤ ਬਿਰਾਜੇ ਸਿਖ ਸੁਖਦਾਈ[1]। [1]ਸਿੱਖਾਂ ਨੂੰ ਸੁਖ ਦੇਣ ਵਾਲੇ (ਗੁਰੂ ਤੇਗ ਬਹਾਦਰ ਜੀ)।
ਸ੍ਰੀ ਗੁਰ ਹਰਿ ਗੋਬਿੰਦ ਕੇ ਨੰਦ[1]। [1]ਸਪੁੱਤਰ।
ਸੋਢੀ ਬੰਸ਼ ਗਗਨ[1] ਕੇ ਚੰਦ ॥੧੭॥ [1]ਅਕਾਸ਼।
ਮਾਤ ਨਾਨਕੀ ਜਿਨ ਕੀ ਜਾਨਿ।
ਜਨਮ ਸੁਧਾਸਰ ਪੁਰਿ ਕੇ ਥਾਨ।
ਸ੍ਰੀ ਗੁਜਰੀ ਮਹਿਲਾ ਸ਼ੁਭ ਬਜਾਹੀ।
ਤਪ ਕੋ ਤੇਜ ਪੁੰਜ ਜਿਨ ਮਾਂਹੀ ॥੧੮॥
ਤਿਨ ਕੇ ਪੁੱਤ੍ਰ ਭਏ ਬਡ ਸੂਰੇ।
ਦੇਗ ਤੇਗ ਦੁਹੂੰਅਨ ਕੇ[†] ਪੂਰੇ। [†]ਪਾ:-ਮੇਂ।
ਜਿਨ ਧਰਿ ਕਲਗੀ ਸ਼ੱਤ੍ਰੁ ਬਿਦਾਰੇ[1]। [1]ਵੈਰੀ ਨਾਸ਼ ਕੀਤੇ।
ਤੁਰਕ ਪਹਾਰੀ ਅਰੇ ਸੁ ਮਾਰੇ ॥੧੯॥
ਇਮ ਸ੍ਰੀ ਤੇਗ ਬਹਾਦਰ ਭਏ।
ਦਾਸ ਅਨੇਕ ਉਧਾਰਨ ਕਏ।
ਸੰਮਤ ਦਸ ਅਰ ਸਪਤ ਮਹੀਨਾ।
ਦਿਨ ਇਕੀਸ ਗੁਰਤਾ ਪਦ ਲੀਨਾ ॥੨੦॥
ਤਨ ਤਜਾਗਨ ਕੋ ਸਮੋ ਸੁ ਪਾਇ।
ਤੁਰਕੇਸ਼ੁਰ ਸਿਰ ਦੋਸ਼ ਚਢਾਇ।
ਹਿੰਦਵਾਨੇ ਕੀ ਰਾਖਨ ਕਾਨ[1]। [1]ਲਾਜ।

ਦਿਯੋ ਸੀਸ ਜਨੁ ਕਰਿ ਕੈ ਦਾਨ ॥੨੧॥
ਸੰਮਤ ਸੱਤ੍ਰਾ ਸਹਸ ਬਤੀਸ[1]। — [1]੧੭੩੨।
ਮੰਗਸਿਰ[1]† ਸੁਦੀ ਪੰਚਮੀ ਬੀਸ‡। — [1]ਮੱਘਰ। †ਪਾ:-ਮਗਸਰ। ‡ਪਾ:-ਬੀਸ। ਸ਼ਾਯਦ ਬੀਸ ਤੋਂ ਮੁਰਾਦ ਵੀਹ ਪ੍ਰਵਿਸ਼ਟੇ ਦੀ ਹੋਵੇ, ਪਰ ਬਾਰਵੀਂ ਰਾਸ ਵਿਚ ਕਵਿ ਜੀ 'ਮੱਘਰ ਪੰਚਮੀ ਸੁਦੀ ਪਛਾਨਹੁ' ਹੀ ਤਾਰੀਖ ਦੇਂਦੇ ਹਨ। (ਅ) ਬੀਸ = ਵੀਸ ਵਿਸਵੇ, ਭਾਵ ਨਿਸ਼ਚਿਤ।
ਸੁਰਗੁਰ[1] ਦਿਵਸ ਜਾਮ ਜੁਗ[2] ਆਵਾ। — [1]ਵੀਰਵਾਰ। [2]ਦੋਪਹਿਰਾ।
ਊਪਰ ਘਟਿਕਾ ਏਕ ਬਿਤਾਵਾ ॥੨੨॥
ਸਤਿਗੁਰ ਤੇਗ ਬਹਾਦਰ ਰਾਇ।
ਦਿੱਲੀ ਪੁਰ ਮਹਿਂ ਮਿਸ ਦਿਖਰਾਇ।
ਤਨ ਕੋ ਤਯਾਗ ਬਿਕੁੰਠ ਸਿਧਾਰੇ।
ਦੇਵਨ 'ਜੈ ਜੈ' ਸ਼ਬਦ ਉਚਾਰੇ ॥੨੩॥
ਅੰਧ ਧੁੰਧ[1] ਜਗ ਖਰਭਰ[2] ਪਰਜੋ†। — [1]ਹਨੇਰੀ ਤੇ ਅੰਧਕਾਰ। [2]ਘਬਰਾਹਟ। †ਗੁਰੂ ਜੀ ਦੇ ਸੀਸ ਦੇਣ ਪਰ ਦਿੱਲੀ ਵਿਚ ਹਨੇਰੀ ਚੱਲੀ, ਅੰਧਕਾਰ ਛਾਇਆ, ਦਿਨ ਵੇਲੇ ਤਾਰੇ ਦਿੱਸੇ, ਪ੍ਰਿਥਵੀ ਕੰਬੀ, ਤਵਾਰੀਖ ਮੁਹੀਤ ਆਜ਼ਮ ਤੇ ਸੈਰੁਲ ਮੁਤਾਖ਼ਰੀਨ ਦੇ ਕਰਤਾ ਮੁਸਲਮਾਨਾਂ ਨੇ ਬੀ ਇਹ ਲਿਖਿਆ ਹੈ, ਦੇਖੋ ਤਵਾਰੀਖ ਖਾਲਸਾ ਸਫਾ ੧੪੧੬।
ਤੁਰਕਨ ਬਿਖੈ ਤ੍ਰਾਸ ਬਹੁ ਕਰਜੋ।
'ਹਾਇ ਹਾਇ' ਸਭਿ ਕਰਿ ਨਰ ਨਾਰੀ।
ਤੁਰਕੇਸ਼ੁਰ ਕੋ ਦੈਂ ਬਹੁ ਗਾਰੀ ॥੨੪॥
ਤਿਸ ਦਿਨ ਤੇ ਉੱਤਮ ਨਰ ਜਾਨਾ।
-ਹਤਿ ਭਾ ਰਾਜ ਤੇਜ ਤੁਰਕਾਨਾ[1]-। — [1]ਉੱਤਮ ਪੁਰਸ਼ਾਂ ਨੇ ਜਾਣ ਲਿਆ ਕਿ ਹੁਣ ਤੁਰਕਾਂ ਦੇ ਰਾਜ ਦਾ ਤੇਜ ਨਾਸ਼ ਹੋਇਆ।
ਦਿੱਲੀ ਪੁਰਿ ਕੋ ਤਯਾਗਿ ਨੁਰੰਗਾ।
ਬਾਹਰ ਨਿਕਸਿ ਰਹਜੋ ਡਰ ਸੰਗਾ ॥੨੫॥
ਪ੍ਰਵਿਸ਼ਜੋ ਪੁਰਿ ਨ ਆਇ ਕੈ ਸੋਯੋ।
ਬਡ ਪਾਪੀ ਨਿਜ ਸਭਿ ਕਿਛ ਖੋਯੋ।
ਸਤਿਗੁਰੁ ਕੋ ਕਰਿ ਕੈ ਅਪਰਾਧੂ।
ਹੋਯੋ ਸ਼੍ਰੀਹਤਿ ਦੁਸ਼ਟ ਅਸਾਧੂ[1] ॥੨੬॥ — [1]ਅਸਾਧ ਦੁਸ਼ਟ (ਔਰੰਗਜ਼ੇਬ) ਆਪਣੀ ਵਿਭੂਤੀ ਨੂੰ (ਆਪ) ਤਬਾਹ ਕਰਨੇ ਵਾਲਾ ਹੋਇਆ।
ਜਿਮ ਰਾਵਨ ਦੀਰਘ ਮਦ ਮਾਨੀ[1]। — [1]ਮਦ ਵਿਚ ਮੱਤਿਆ ਹੋਇਆ।
ਛਲ ਬਲ ਤੇ ਸੀਤਾ ਹਰਿ ਆਨੀ[1]। — [1]ਹਰਿਕੇ ਲੈ ਆਂਦੀ।
ਕਰਿ ਰਘੁਬਰ ਕੋ ਦੋਸ਼ ਮਲੀਨਾ[1]। — [1]ਰਾਮਚੰਦ ਦਾ ਅਪਰਾਧ ਕਰਕੇ (ਮੈਲਾ =) ਪਾਪੀ ਹੋ ਗਿਆ ਤੇ।

ਸਕਲ ਸਮਾਜ ਨਾਸ਼ ਕਰਿ ਲੀਨਾ ॥੨੭॥
ਪਤਿਸ਼ਾਹਤਿ ਬਹੁ ਪੁਸ਼ਤਨ ਕੇਰੀ[1]। — [1]ਪੀੜ੍ਹੀਆਂ ਵਾਲੀ।
ਸਭਿ ਜਗ ਦੋਹੀ ਫਿਰਹਿ ਘਨੇਰੀ।
ਸੁਰਪਤਿ[1] ਸਮ ਐਸ਼੍ਵਰਜ ਪ੍ਰਕਾਸ਼ਾ। — [1]ਇੰਦ੍ਰ।
ਗੁਰੂ ਦ੍ਰੋਹ ਤੇ ਕੀਨਸਿ ਨਾਸ਼ਾ ॥੨੮॥
ਸ੍ਰੀ ਗੁਰ ਤੇਗ ਬਹਾਦਰ ਪਾਛੇ।
ਸ੍ਰੀ ਗੋਬਿੰਦ ਸਿੰਘ ਭੇ ਗੁਰ ਆਛੇ।
ਸ੍ਰੀ ਗੁਜਰੀ ਤੇ ਜਨਮ ਲਿਯੋ ਹੈ।
ਪੁਰਿ ਪਟਣੈ ਮਹਿਂ ਖੇਲ ਕਿਯੋ ਹੈ ॥੨੯॥
ਬ੍ਰਧਜੋ[1] ਸਰੀਰ ਬਹੁਰ ਚਲਿ ਆਏ। — [1]ਵਧਿਆ।
ਮਦਰ ਦੇਸ਼[1] ਨਿਰਖੇ[†] ਹਰਖਾਏ[2]। — [1]ਵੇਦਕ ਸਮੇਂ ਵਿਚ ਪੱਛਮ ਵਲ ਕਸ਼ਜਪ ਸਾਗਰ ਦੇ ਦੱਖਣ ਦਾ ਦੇਸ਼। ਪੁਰਾਣਾਂ ਅਨੁਸਾਰ ਰਾਵੀ ਤੇ ਜੇਹਲਮ ਦਾ ਵਿਚਲਾ ਦੇਸ਼। ਪਰੰਤੂ ਹਿੰਦੀ ਲਿਖਤਾਂ ਵਿਚ ਭਾਵ ਪੰਜਾਬ ਤੋਂ ਹੈ, ਜਿਸ ਵਿਚ ਓਹ ਅੰਬਾਲਾ, ਲੁਦਿਹਾਣਾ, ਫੀਰੋਜ਼ਪੁਰ, ਜਮਨਾ ਉਰਾਰਲਾ ਹਿੱਸਾ ਸ਼ਾਮਲ ਸਮਝਦੇ ਹਨ। [2]ਦੇਖਿਆ ਤੇ ਖੁਸ਼ ਹੋਏ। [†]ਪਾ:-ਬਿਲਸੇ।
ਤੀਨ ਭਾਰਜਾ[†] ਜਿਨ ਘਰ ਹੋਈ। — [†]ਤਿਨ ਵਿਆਹਾਂ ਪਰ ਵਿਚਾਰ ਰਾਸ਼ਿ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ ਵਿਚ ਦਿੱਤੀ ਗਈ ਹੈ।
ਨਾਮ ਅਜੀਤੋ ਦੀਰਘ[1] ਸੋਈ ॥੩੦॥ — [1]ਵੱਡੀ।
ਪੁੱਤ੍ਰ ਤੀਨ ਉਪਜੇ ਬਲ ਭਾਰੀ।
ਮਾਨਹੁਂ ਅਗਨਿ ਤੀਨਹੁ[1] ਤਨ ਧਾਰੀ। — [1]ਤਿੰਨ ਅਗਨੀਆਂ ਨੇ।
ਅਪਰ ਸੁੰਦਰੀ ਨਾਮ ਪਛਾਨੋ।
ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ[1] ॥੩੧॥ — [1]ਖਜ਼ਾਨਾਂ।
ਤਿਸ ਕੇ ਸੁਤ ਅਜੀਤ ਸਿੰਘ ਹੋਵਾ।
ਬਹੁ ਰਿਪੁ ਹਤਿ[1] ਜੋ ਰਨ ਮਹਿਂ ਸੋਵਾ[2†]। — [1]ਸ਼ਤ੍ਰੂ ਨਾਸ਼ ਕਰਕੇ। [2]ਯੁੱਧ (ਭੂਮਕਾ) ਵਿਚ ਸੁੱਤਾ। [†]ਪਾ:-ਜੋਵਾ।
ਤੀਸਰ ਸਾਹਿਬ ਦੇਵੀ ਦਾਰਾ।
ਤਾਂਹਿ ਖਾਲਸਾ ਪੁੱਤ੍ਰ ਅਪਾਰਾ ॥੩੨॥
ਇਮ ਸਾਹਬ ਦਸਮੇ ਪਤਿਸ਼ਾਹੂ।
ਤੁਰਕਨ ਸੋਂ ਰਣ ਕਰਿ ਉਤਸਾਹੂ।
ਅਨਿਕ ਪ੍ਰਕਾਰਨ ਕੀਨ ਅਖਾਰੇ।
ਕਰਿ ਪੁਰਸ਼ਾਰਥ[1] ਕੋ ਰਿਪੁ ਮਾਰੇ ॥੩੩॥ — [1]ਬਲ।
ਪੰਥ ਖਾਲਸਾ ਉਤਪਤਿ ਕਰਿ ਕੈ।

ਤੁਰਕ ਤੇਜ ਕੀ ਜੜ੍ਹਾਂ ਉਖਰਿ ਕੈ।
ਬਰਖ ਬਤੀਸ ਇਕਾਦਸ਼ ਮਾਸ।
ਜਗ ਮਹਿਂ ਕੀਨਸਿ ਧਰਮ ਪ੍ਰਕਾਸ਼ ॥੩੪॥
ਸਿੱਖਜ ਅਨੇਕਨਿ ਕੋ ਗਤਿ[1] ਦੀਨੀ। [1]ਮੁਕਤੀ।
ਦੁਖ ਤੇ ਬਚੇ ਸ਼ਰਨ ਜਿਨ ਲੀਨੀ।
ਸੱਤ੍ਰਹ ਸਹਸ ਪੈਸਠਾ[1] ਊਪਰ। [1]੧੭੬੫।
ਕਾਤਿਕ ਸ਼ੁਦਿ ਪੰਚੈ ਦਿਨ ਸੁਰਗੁਰ[1] ॥੩੫॥ [1]ਵੀਰਵਾਰ।
ਰਹੀ ਜਾਮਨੀ ਜਾਮ ਸਵਾ ਜਬਿ[1]। [1]ਸਵਾ ਪਹਿਰ ਜਦੋਂ ਰਾਤ ਰਹੀ।
ਸੱਚਿਖੰਡਿ ਪਹੁੰਚੇ ਸ਼੍ਰੀ ਗੁਰ ਤਬਿ।
ਅਵਿਚਲ ਨਗਰ ਨਾਮ ਸ਼ੁਭ ਥਾਨ।
ਭਯੋ ਦੇਹੁਰਾ ਜੋਤਿ ਮਹਾਨ ॥੩੬॥
ਸ਼੍ਰੀ ਹਰਿਰਾਇ ਪਾਇ[†] ਗੁਰਿਆਈ। [†]ਪਾ:-ਪਾਸ।
ਤਬਹੁ ਨੁਰੰਗੇ ਦਿੱਲੀ ਪਾਈ।
ਪਤਿਸ਼ਾਹਿਤ ਕਹੁ ਮਾਲਕ ਭਯੋ।
ਰਾਜ ਤੇਜ ਜਿਨ ਬਡ ਬਿਰਧਯੋ[1] ॥੩੭॥ [1]ਵਧਾਇਆ।
ਬਹੁਤਨਿ ਕੈ[1] ਕਰਿ ਕੈ ਅਪਰਾਧੁ। [1]ਬਹੁਤਿਆਂ ਦਾ।
ਮਹਾਂ ਕੁਕਰਮਿ, ਕਸ਼ਟ ਦੈ ਸਾਧੁ[1]। [1]ਕਸ਼ਟ ਦੇਣ ਵਾਲਾ ਭਲਿਆਂ ਪੁਰਸ਼ਾਂ ਨੂੰ।
ਗੁਰ ਘਰ ਸੋਂ ਬਹੁ ਦ੍ਰੋਹ ਕਮਾਵਾ।
ਕਰਜੋ ਅਕਰਮ ਦੁਸ਼ਟ ਦੁਖ ਪਾਵਾ ॥੩੮॥
ਸੁਨਿ ਸਭਿ ਸਿੰਘ ਪ੍ਰਸੰਨ ਮਹਾਨਾ।
ਹਾਥ ਜੋਰਿ ਕੈ ਬਾਕ ਬਖਾਨਾ।
ਨੌ ਗੁਰ ਕੀ ਸਭਿ ਕਥਾ ਬਖਾਨੋ।
ਤੁਮ ਸਰਬੱਗਜ ਸਰਬ ਹੀ ਜਾਨੋ ॥੩੯॥
ਇਹ ਸਭ ਪ੍ਰਥਮੇ ਕਥਾ ਸੁਨੱਜੈ।
ਗੁਰੁ ਚਰਿੱਤ੍ਰ ਕੀਨੋ, ਸਮਝੱਯੈ।
ਜਯੋਂ ਜਯੋਂ ਭਏ ਕਹੋ ਸਭਿ ਕਥਾ।
ਗੁਰੂ ਪ੍ਰਸੰਗ ਸੁਨਾਵਹੁ ਜਥਾ ॥੪੦॥
ਸੁਨੀ ਖਾਲਸੇ ਕੀ ਇਮਿ ਬਾਨੀ।
ਸ਼੍ਰੀ ਗੁਰਬਖਸ਼ ਸਿੰਘ ਮਨ ਮਾਨੀ[1]। [1]ਮੰਨ ਲਈ।

ਕਥਾ ਸੁਨਾਵਨਿ ਲਾਗਜੋ ਸੋਈ।
ਨੌ ਸਤਿਗੁਰ ਕੀ ਜਿਮਿ ਜਿਮਿ ਹੋਈ ॥੪੧॥

ਦੋਹਰਾ:
ਸੁਨਤਿ ਭਯੋ ਤਬਿ ਖਾਲਸਾ, ਸ਼੍ਰੀ ਗੁਰੁ ਜਸੁ ਕੋ ਸ਼੍ਰੌਨ[1]।
ਪਠਹਿ ਸੁਨਹਿ ਮਨ ਮਹਿਂ ਗੁਨਹਿ, ਪੁਰਹਿ ਕਾਮਨਾ ਤੌਨ[1] ॥੪੨॥

[1]ਕੰਨੀਂ।

[1]ਉਸ ਦੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੁਰ ਪਰਨਾਲੀ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

## ੯. [ਗੁਰੂ ਅੰਗਦ ਜੀ ਦੀ ਕਥਾ। ਖਡੂਰ ਵਿਚ ਛੁਪਣਾ ਤੇ ਪ੍ਰਗਟ ਹੋਣਾ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਏਕੋ ਰੂਪ ਸੁ ਦਸਮ ਗੁਰ, ਪਾਰਬ੍ਰਹਮ ਆਨੰਦ।
ਪਦ ਅਰਬਿੰਦ ਮੁਕੰਦ ਬਰ, ਬੰਦੌਂ ਦ੍ਵੈ ਕਰ ਬੰਦ ॥੧॥

ਸੈਯਾ:

ਸ਼੍ਰੀ ਗੁਰ ਨਾਨਕ ਪੂਰਨ ਤੇ
ਗੁਰਤਾ ਗੁਰੁ ਅੰਗਦ ਨੇ ਜਬਿ ਪਾਈ।
ਧ੍ਯਾਨ ਰਿਦੈ ਗੁਰ ਮੂਰਤਿ ਕੋ
ਠਹਿਰਾਇ ਲਿਯੋ ਜਬ ਦੀਨ ਬਿਦਾਈ[1]।

[1]ਗੁਰ ਨਾਨਕ ਜੀ ਨੇ) ਜਦੋਂ ਕਰਤਾਰ ਪੁਰੋਂ ਵਿਦਾਇਗੀ ਦਿੱਤੀ।

ਬੇ ਬਸ ਹ੍ਵੈ ਬਿਛਰ੍ਯੋ ਗੁਰ ਤੇ
ਅਸ਼ਟਾਂਗ[1] ਕਰੀ ਮੁਖ ਕੌ ਰਜ[2] ਲਾਈ।
ਨੀਰ ਬਿਲੋਚਨ[1] ਭੂਰ[2] ਬਿਮੋਚਤਿ[3]
ਸੋਚਤਿ ਪ੍ਰੇਮ ਮਹਾਂ ਉਮਗਾਈ[1] ॥੨॥

[1]ਡੰਡੌਤ। [2]ਧੂੜੀ।
[1]ਨੇਤ੍ਰਾਂ ਤੋਂ। [2]ਬਹੁਤਾ। [3]ਛੁਟਦਾ ਹੈ।
[1]ਬੜੇ ਉਮਾਹ ਵਿਚ ਪ੍ਰੇਮ ਨੂੰ ਹੀ ਸੋਚਦੇ ਹਨ (ਅ) ਗੁਰੂ ਜੀ ਦੇ ਸ੍ਵਰੂਪ ਨੂੰ (ਸੋਚਿਤ =) ਚੇਤੇ ਕਰਕੇ ਬੜਾ ਪ੍ਰੇਮ ਉਮਗਦਾ ਹੈ।

ਜੀਵ ਸ਼ਰੀਰ ਮਨੋ ਬਿਛਰ੍ਯੋ
ਬਿਰਹਾਕੁਲ[1] ਤੇ ਉਰ ਬ੍ਯਾਕੁਲ ਭਾਰੇ।
-ਬੋਲਬ[1] ਨਾਹਿ ਬਨੈ ਗੁਰ ਅੱਗ੍ਰਜ-
ਸੰਕਟ ਤੂਸ਼ਨਿ ਠਾਨਿ ਸਹਾਰੇ।
ਆਇਸੁ ਮਾਨਿਬੋ ਧਰਮ ਧਰ੍ਯੋ
ਤਜਿ ਨਾਂਹਿ ਸਕੈਂ, ਨਹਿਂ ਬਾਕ ਉਚਾਰੇ।
ਹੋਇ ਬਿਦਾ ਤਤਕਾਲ ਚਲੇ
ਨਿਜ ਗ੍ਰਾਮ ਖਡੂਰ ਕੇ ਪੰਥ ਪਧਾਰੇ ॥੩॥

[1]ਵਿਛੋੜੇ ਦੀ ਆਕੁਲਤਾ (ਦੁਖ) ਤੋਂ (ਅ) ਸਾਰੇ (ਭਾਵ ਵਡੇ) ਵਿਛੋੜੇ ਤੋਂ।
[1]ਬੋਲਣਾ।

ਆਵਤਿ ਹੈਂ ਚਿਤ ਮੈਂ ਚਿਤਵੰਤਤਿ[1]
-ਸ਼੍ਰੀ ਗੁਰ ਰੂਪ ਸੁਭਾਉ ਕ੍ਰਿਪਾਲਾ।
ਦੀਨ ਪੈ ਦਯਾਲ, ਪਛਾਨਤਿ ਘਾਲ ਕੋ
ਸੇਵਕ ਕੇ ਬਸਿ ਪ੍ਰੇਮ ਬਿਸ਼ਾਲਾ।
ਚਾਹਤਿ ਹੈਂ ਪ੍ਰਸਥਾਨ ਬਿਕੁੰਠ ਕੋ
ਮੋਹਿ ਬਡਾਈ ਦੈ ਕੀਨਿ ਨਿਰਾਲਾ।

[1]ਚਿਤਵਦੇ ਹੋਏ।

ਸੰਕਟ ਬਜੋਗ[1] ਕੁ ਮੋਹਿ ਬਧ੍ਯੋ
ਬਸ ਨਾਂਹਿ ਚਲੈ ਤਿਨ ਕੇ ਬਚ ਨਾਲਾ-
॥੪॥
ਸ਼੍ਰੀ ਗੁਰ ਅੰਗਦ ਬੀਚ ਖਡੂਰ ਕੇ
ਆਇ ਪ੍ਰਵੇਸ਼ ਭਏ ਨਿਜ ਥਾਈਂ।
ਮੌਨ ਧਰੇ ਨਹਿਂ ਕੌਨ ਮਿਲੇਂ
ਬਿਚ ਭੌਨ ਬਰੇ ਪਿਖ ਮਾਈ ਭਿਰਾਈ।
ਬੂਝਤਿ ਸ਼੍ਰੀ ਗੁਰ ਨਾਨਕ ਕੀ ਸੁਧ
'ਕੌਨ ਸੇ ਥਾਨ ਤਜੇ ਸੁਖਦਾਈ?
ਕ੍ਯੋਂ ਤੁਮ ਕੋਠਰੀ ਆਨਿ ਥਿਰੇ
ਮਨ ਭੰਗ[1] ਅਹੈ, ਮੁਖ ਨਾ ਬਿਕਸਾਈ?'
॥੫॥
ਤੂਸ਼ਨਿ ਠਾਨਿ ਭਨ੍ਯੋ ਕੁਛ ਨਾਂਹਿਨ
ਆਨਨ ਦੀਰਘ ਸ੍ਵਾਸ ਭਰ੍ਯੋ।
ਲੋਚਨ ਨੀਰ ਬਿਮੋਚਤਿ, ਸੋਚਤਿ
ਲੋਚਤਿ ਹੈਂ ਚਿਤ ਮੇਲ ਕਰ੍ਯੋ।
ਐਸ ਦਸ਼ਾ ਪਿਖਿ ਜਾਨੀ ਰਿਦੇ ਤਿਨ
-ਸ਼੍ਰੀ ਗੁਰ ਨਾ ਇਸ ਲੋਕ ਥਿਰ੍ਯੋ।
ਆਪਨੇ ਧਾਮ ਬਿਕੁੰਠ ਗਏ
ਇਨ ਬਜੋਗ[1] ਭਯੋ ਦੁਖ ਦੀਹ ਧਰ੍ਯੋ-
॥੬॥
ਫੇਰ ਭਿਰਾਈ ਨੇ ਬੂਝਨ ਕੀਨਸਿ
'ਸ਼੍ਰੀ ਗੁਰ ਕੋ ਪਰਲੋਕ ਭਯੋ?'
ਯੌਂ ਸੁਨਿ ਕੈ ਗੁਰ ਅੰਗਦ ਨੇ
ਤਬਿ ਤਾਂਹੀ ਕੇ ਸੰਗ ਬਖਾਨ ਕਯੋ।
'ਮੋਹਿ ਕਛੂ ਨਹਿਂ ਭਾਵਤਿ ਹੈ,
ਦਿਖਿਬੇ ਸੁਨਿਬੇ ਚਿਤ ਖੇਦ ਥਿਯੋ[1]।
ਅੰਤਰਿ ਹੋਇ ਇਕੰਤ ਨਿਰੰਤਰ
ਬੈਠ੍ਯੋ ਚਹੌਂ ਇਹੁ ਮੇਰੋ ਹਿਯੋ[1] ॥੭॥
ਜ੍ਯੋਂ ਬਿਸਫੋਟ[1] ਪਕ੍ਯੋ ਦੁਖ ਦੇਤਿ ਹੈ
ਚੋਟ ਲਗੇ ਪੁਨ ਹ੍ਵੈ ਅਧਿਕਾਈ।
ਤਿਉਂ ਬਿਵਹਾਰ, ਬਿਲੋਕਨਿ, ਬੋਲਨਿ

[1]ਵਿਛੋੜੇ ਦਾ ਦੁੱਖ।
[1]ਢੱਠਾ ਹੋਇਆ।
[1]ਵਿਛੋੜਾ।
[1]ਦੁਖ ਹੁੰਦਾ ਹੈ।
[1]ਮੇਰਾ ਜੀ ਕਰਦਾ ਹੈ।
[1]ਫੋੜਾ [ਸੰਸ: ਵਿਸਫੋਟ]।

ਸ੍ਰੌਨ ਸੁਨੈ ਮੁਝ ਹ੍ਵੈ ਬਿਕੁਲਾਈ[1]। — [1]ਵਿਆਕੁਲਤਾ।
ਕੋਠੜੀ ਕੋ ਦਰ ਸੋ ਚਿਨ ਦੇਹੁ[1], — [1]ਬੰਦ ਕਰ ਦੇਹੁ।
ਕਹੋ ਕਿਸ ਪਾਸ ਨ, ਕੈਸੇ ਬਤਾਈ[1]। — [1]ਕੋਈ) ਕਿਵੇਂ ਪਿਆ ਪੁੱਛੇ।
ਮੋ ਪਰ ਯੌਂ ਉਪਕਾਰ ਕਰੋ
ਬਿਚ ਬੈਠਿ ਰਹੌਂ ਜਿਮਿ ਹ੍ਵੈ ਨ ਲਖਾਈ[1]' — [1]ਪਤਾ ਨਾ ਲੱਗੇ ਜਿਵੇਂ।
॥ ੮ ॥
ਬੂਝਨਿ ਕੀਨ ਭਿਰਾਈ ਨੇ ਫੇਰ
'ਇਕੰਤ ਰਹੋ ਥਿਤ ਹ੍ਵੈ ਇਸ ਥਾਈਂ।
ਕਸੋਂ ਦਰ ਕੋ ਚਿਨਵਾਵਤਿ ਹੋ,
ਇਹ ਬਾਤ ਬਨੇ ਨਹਿੰ, ਸੰਕਟ ਪਾਈ।'
ਸ੍ਰੌਨ ਸੁਨੇ ਤਿਸ ਤੇ ਕਿਯ ਤੂਸ਼ਨਿ[1] — [1]ਚੁੱਪ ਕੀਤੀ।
ਫੇਰ ਨਹੀਂ ਕੁਛ ਬਾਨੀ ਅਲਾਈ।
ਬੈਠਿ ਰਹੇ ਜੁਗ ਲੋਚਨ ਮੁੰਦ
ਮਨੋ ਸ਼ਿਵ ਮੂਰਤਿ ਧ੍ਯਾਨ ਲਗਾਈ[1] — [1]ਮਾਨੋਂ ਸ਼ਿਵ ਦੀ ਮੂਰਤੀ ਧਿਆਨ ਲਾਈ ਬੈਠੀ ਹੈ, ਭਾਵ ਅਚੱਲ ਸਮਾਧੀ ਤੋਂ ਹੈ।
॥ ੯ ॥
ਸ੍ਰੀ ਗੁਰ ਕੋ ਰੁਖ਼ ਜਾਨਿ ਤਬੈ
ਦਰ ਕੋ ਚਿਨਿ[1] ਕੀਨੋ ਹੈ ਬੰਦ ਭਿਰਾਈ। — [1]ਚਿਣ ਕੇ।
ਫੇਰ ਕਰਯੋ ਇਕ ਸਾਰ ਭਲੇ
ਬਹੁ ਪੰਕ[1] ਲਗਾਇ ਕੈ ਕੀਨ ਲਿਪਾਈ। — [1]ਗਾਰਾ।
ਕੋਇ ਨ ਜਾਨਿ ਸਕੈ ਦਰੁ ਕੋ
ਇਸ ਭਾਂਤਿ ਕਿਯੋ ਜਿਮਿ ਸ੍ਰੀ ਗੁਰ ਭਾਈ[1]। — [1]ਚਾਹਿਆ ਸੀ।
ਬੀਤਿ ਗਏ ਇਸਿ ਰੀਤ ਛਿ ਮਾਸ
ਅਲੋਪ ਭਏ, ਨਹਿੰ ਕਾਹੂੰ ਲਖਾਈ
॥ ੧੦ ॥
ਬੁੱਢੇ[†] ਆਦਿਕ ਜੇ ਗੁਰ ਕੇ ਸਿਖ — [†]ਪਾ:-ਬੁੱਢਿ ਤਿ। ਬੁੱਢੇ ਤੇ।
ਹੋਤਿ ਭਏ ਇਕਠੇ ਸਮੁਦਾਏ।
ਸ੍ਰੀ ਗੁਰੁ ਮੂਰਤਿ ਡੀਠ[1] ਨ ਆਵਤਿ — [1]ਨਜ਼ਰ।
ਸੋ ਭਟਕੰਤਿ ਰਿਦੇ ਮੁਰਝਾਏ।
ਕੀਨ ਬਿਚਾਰ ਭਲੋ ਸਭਿ ਹੂੰ ਮਿਲਿ
'ਆਪ ਗੁਰੂ ਬਹੁ ਬਾਰ ਬਤਾਏ।
-ਮੇਰੋ ਸਰੂਪ ਪਿਖੋ ਤਨ ਅੰਗਦ
ਭੇਦ ਨਹੀਂ ਇਕ ਮੇਕ ਬਨਾਏ ॥ ੧੧ ॥

ਮੋਕਹੁ ਸੇਵਨਿ ਚਾਹਤਿ ਜੋ
ਗੁਰ ਅੰਗਦ ਸੇਵਹੁ ਪ੍ਰੇਮ ਕਰੇ-।'
ਬੁੱਢੇ ਕਹ੍ਯੋ 'ਨਿਜ ਥਾਨ ਸਥਾਪ੍ਯੋ ਹੈ
ਤਾਂਹਿ ਸਰੀਰ ਮੈਂ ਆਪ ਬਰੇ[1]। [1]ਵੜੇ।
ਖੋਜਹੁ ਕੌਨ ਸਥਾਨ ਅਹੈਂ'
ਸੁਨਿ ਕੈ ਸਿਖ ਕੇਤਿਕ ਗ੍ਰਾਮ ਫਿਰੇ।
ਪ੍ਰੇਮ ਤੇ ਚੌਂਪ ਬਧੀ ਹਿਤ ਹੇਰਨਿ
ਪ੍ਰੇਰਨ ਕੀਨ ਪ੍ਰਮੋਦ ਧਰੇ[1] ॥੧੨॥ [1]ਅਨੰਦ ਨਾਲ ਪ੍ਰੇਰੇ (ਘੱਲੇ) ਹੋਏ (ਭਾਈ ਬੁੱਢੇ ਦੇ)।

ਦੋਹਰਾ:

ਮਿਲਿ ਕਰਿ ਸਭਿਨਿ ਬਿਚਾਰਿਓ, -ਗ੍ਰਾਮ ਖਡੂਰ ਮਝਾਰ।
ਨਿਕਟਿ ਭਿਰਾਈ ਹੋਹਿਂਗੇ, ਅਪਰ[1] ਨ ਸੁਨੀਏ ਸਾਰ- ॥੧੩॥ [1]ਹੋਰਥੇ।

ਸ੍ਵੈਯਾ:

ਬੁੱਢੇ ਤੇ ਆਦਿਕ ਜੇ ਸਮੁਦਾਇ
ਗਏ ਸਭਿ ਸਿੱਖ ਖਡੂਰ ਮਝਾਰੀ।
ਮਾਈ ਭਿਰਾਈ ਕੇ ਪਾਸ ਮਿਲੇ
ਸਗਰੇ ਕਰ ਜੋਰਿ ਨਮੋ ਪਗ ਧਾਰੀ।
ਬੂਝਨ ਕੀਨਿ 'ਕਹਾਂ ਗੁਰ ਅੰਗਦ?
ਹੇਰਨ ਕੇ ਹਿਤ ਚਾਹਿ ਹਮਾਰੀ।
ਹ੍ਵੈ ਸਫਲੋ ਸਭਿ ਕੋ ਇਤਿ ਆਵਨਿ
ਪਾਵਨ ਪਾਵਨ[†] ਲੇਹਿਂ ਨਿਹਾਰੀ[1]' ॥੧੪॥ [1]ਪਵਿੱਤ੍ਰ ਚਰਨਾਂ ਨੂੰ ਦੇਖ ਲਈਏ। [†]ਪਾ:-ਪਾਵਨ ਪਾਦ ਸੁ।
ਸ਼੍ਰੌਨ ਸੁਨੇ ਸਭਿ ਕੇ ਬਚਨਾ
ਨਹਿਂ ਬਾਕ ਕਹ੍ਯੋ ਤਿਨ ਸੰਗ ਭਿਰਾਈ[1]। [1]ਭਿਰਾਈ ਨੇ।
ਮੌਨ ਕਰੇ ਮੁਖ ਬੈਠਿ ਰਹੀ
ਬਿਚ ਭੌਨ ਥਿਰੇ ਸਿਖ ਜੇ ਸਮੁਦਾਈ।
ਜਾਨਿ ਗਏ ਮਨ ਮਾਂਹਿ ਤਬੈ
-ਗੁਰਅੰਗਦ ਜੀ ਕਿਤ ਹੈਂ ਇਸ ਥਾਈਂ-।
ਫੇਰ ਕਰੀ ਬਿਨਤੀ ਕਰ ਜੋਰਿ ਕੈ
'ਮਾਈ ਜੀ! ਸ਼੍ਰੀ ਗੁਰ ਦੇਹੁ ਬਤਾਈ' ॥੧੫॥

ਬੈਨ ਕਹ੍ਯੋ ਨਹਿਂ ਭੈ ਕਰਿ ਕੈ
ਸਭਿਹੂੰ ਮਿਲਿ ਬਾਤ ਬਿਚਾਰਨਿ ਠਾਂਨੀ।
-ਸ਼੍ਰੀ ਗੁਰ ਅੰਗਦ ਕੀ ਬਰਜੀ[1]
ਮਰਜੀ ਬਿਨ ਕ੍ਯੋਂ ਸੁ ਬਤਾਇ ਨਿਸ਼ਾਨੀ-।
ਬੁੱਢੇ ਨਿਹਾਰਨ ਕੀਨ ਇਤੈ ਉਤ
ਕੋਠੜੀ ਦੇਖਿ ਚਹੂੰ ਦਿਸ਼ਿ ਜਾਨੀ।
-ਬੰਦ ਇਹੀ ਦਰ ਜਾਨ੍ਯੋ ਪਰੈ
ਗੁਰੁ ਹੋਇਂ ਤੁ ਹੋਇਂ ਥਿਰੇ ਇਸ ਥਾਨੀ[1]-
॥ ੧੬ ॥

[1]ਵਰਜੀ ਹੋਈ ਹੈ।

[1]ਇਸ ਥਾਂ ਵਿਚ।

ਫੇਰ ਮਿਲੇ ਸਭਿ ਸੋਂ ਨਿਰਨੇ ਕਰਿ
-ਹੈਂ ਨਿਸ਼ਚੇ ਇਸ ਕੋਠੜੀ ਮਾਂਹੀਂ-।
ਬੰਦਨ ਠਾਨਿ ਭਨੀ ਬਿਨਤੀ
'ਮਮ ਨਾਮ ਬੁਢਾ ਲਖਿ ਆਯੋ ਇਹਾਂ ਹੀ।
ਸ਼੍ਰੀ ਗੁਰ ਨਾਨਕ ਦੀਨ ਮੁਝੈ ਬਰ
-ਮੈਂ ਜਹਿਂ ਹੋਵੌਂ ਪਛਾਨੈਂ ਤਹਾਂ ਹੀ।
ਸੰਗਤਿ ਮੇਰੀ ਸਦੀਵ ਕਰੋ
ਜੇਈ ਰੂਪ ਧਰੋਂ, ਗੁਪਤੈ ਤੁਵ ਨਾਂਹੀ[1]-
॥ ੧੭ ॥

[1]ਕਿਉਂਕਿ ਤੁਸੀ ਸਦਾ ਮੇਰੀ ਸੰਗਤ ਕਰਦੇ ਹੋ, ਜੋ ਰੂਪ ਮੈਂ ਧਾਰਾਂ, ਤੁਹਾਥੋਂ ਲੁਕਿਆ ਨਹੀਂ ਰਹੇਗਾ।

ਆਪ ਅਲੋਪ ਭਏ ਜਬਿ ਤੇ
ਤਬ ਤੇ ਬਹੁ ਬ੍ਯਾਕੁਲ ਦੇਖੇ ਬਿਨਾ।
ਆਨਿ ਭਏ ਤੁਮ ਗੋਪ ਇਹਾਂ,
ਕਿਤ ਸੰਗਤਿ ਜਾਇ ਅਧੀਰ ਮਨਾ।
ਖੋਜਿ ਫਿਰੇ ਬਹੁ ਚਿੰਤ ਕਰੇ
ਨਹਿਂ ਦੇਖਤਿ ਭੇ ਕਿਸ ਥਾਨ ਜਨਾ[1]।
ਆਵਹੁ ਬਾਹਿਰ ਰੂਪ ਦਿਖਾਵਹੁ
ਸੇਵਹਿਂ ਸਿੱਖ ਅਨੰਦ ਘਨਾ' ॥ ੧੮ ॥

[1]ਕਿਸੇ ਥਾਂ ਨਹੀਂ ਦਿੱਸੇ ਸਿੱਖਾਂ ਨੂੰ।

ਯੌਂ ਕਹਿ ਬੁੱਢੇ ਨੇ ਆਪਨੈ ਹਾਥ
ਉਖਾਰਿ, ਚਿਨ੍ਯੋ ਦਰ[1] ਖੋਲਨਿ ਕੀਨਾ।
ਬੈਠੇ ਸਮਾਧਿ ਅਗਾਧਿ[1] ਕਰੇ
ਕਵਲਾਸ ਕੇ ਊਪਰ ਸ਼ੰਭੁ ਅਸੀਨਾ[1]।

[1]ਬੰਦ ਦਰਵਾਜ਼ਾ।

[1]ਡੂੰਘੀ।

[1]ਮਾਨੋ) ਕੈਲਾਸ਼ ਪਰਬਤ ਤੇ ਸ਼ਿਵਜੀ ਇਸਥਿਤ ਹੋਏ ਹਨ।

ਸ਼ਾਂਤਿ ਬ੍ਰਿਤੀ, ਸਮੁਦਾਇ ਰਿਖੀਕ

ਅਚੰਚਲ[1] ਹੈਂ, ਇਕ ਰੂਪ ਬਿਲੀਨਾ[2]।
ਹੇਰਿ ਸਭੈ ਕਰ ਜੋਰਿ[1] ਖਰੇ,
ਅਭਿਬੰਦਨ ਠਾਨਹਿਂ[1] ਹੋਇ ਪ੍ਰਸੀਨਾ[2] ॥੧੯॥

[1]ਇੰਦਰੀਆਂ ਚੰਚਲਤਾ ਤੋਂ ਰਹਿਤ ਹਨ। [2]ਲਿਵਲੀਨ।
[1]ਹਥ ਜੋੜ।
[1]ਨਮਸਕਾਰ ਕਰਦੇ ਹਨ। [2]ਤਾਂ ਜੋ) ਪ੍ਰਸੰਨ ਹੋਣ।

ਨਾਂਹਿ ਸਮਾਧਿ ਅਗਾਧਿ ਛੁਟੀ
ਪੁਨਿ ਮਾਈ ਭਿਰਾਈ ਕੇ ਸਾਥ ਕਹੈ।
'ਆਪ ਕਹੋ ਜਿਮਿ ਬਾਹਰ ਆਵਹਿਂ,
ਦੀਨ ਦਿਆਲ ਕੀ ਬਾਨਿ ਅਹੈ।'
ਕੀਨ ਸਭੈ ਬਿਨਤੀ ਕਰ ਜੋਰਿ
'ਕਰੋ ਕਰੁਨਾ ਗਨ ਸਿੱਖਜ ਚਹੈਂ।
ਬੈਠਿ ਸਿੰਘਾਸਨ ਜਸੋ ਕਮਲਾਸਨ[1],
ਦੇਹੁ ਦਿਦਾਰ ਕਲੁਖ ਦਹੈਂ[1] ॥੨੦॥

[1]ਬ੍ਰਹਮਾ।
[1]ਪਾਪ ਨਾਸ਼ ਹੋਣ।

ਦਾਸ ਉਧਾਰਨ ਕੋ ਇਸ ਕਾਰਨ
ਆਪ ਗੁਰੂ ਨੇ ਦਈ ਗੁਰ ਗਾਦੀ।
ਸੋ ਅਬ ਕਾਰਜ ਕਜੋਂ ਨ ਕਰੋ
ਪਰਮਾਰਥ ਕੇ ਹਿਤ ਸਿੱਖਜ ਅਬਾਦੀ।
ਦਾਸਨਿ ਕੋ ਉਪਦੇਸ਼ ਬਤਾਵਹੁ
ਨਾਮ ਜਪਾਵਹੁ ਜੇ ਪਰਮਾਦੀ[1]।
ਸੰਗਤਿ ਬ੍ਰਿੰਦ ਕੀ ਪੰਗਤਿ ਮੈਂ
ਥਿਤਿ ਹੋਇ ਕਰੀਜਹਿ ਮੰਗਲ ਸ਼ਾਦੀ[1]' ॥੨੧॥

[1]ਭੁੱਲੇ ਹੋਏ ਜੋ ਹਨ।
[1]ਅਨੰਦ ਮੰਗਲ।

ਦਾਸਨ ਕੀ ਬਿਨਤੀ ਸੁਨਿ ਕੈ
ਗਿਨਤੀ ਤਜਿ ਆਨ ਸੁ ਬਾਹਰ ਆਏ।
ਪੀਤ ਹੈ ਰੰਗ, ਸੁ ਦੂਬਰੇ ਅੰਗ,
ਉਮੰਗ ਮਹਾਂ ਗੁਰ ਜਜੋਂ ਦਰਸਾਏ[1]।

[1]ਭਾਵੇਂ) ਰੰਗ ਪੀਲਾ ਤੇ ਅੰਗ ਲਿੱਸੇ ਸਨ (ਤਦ ਬੀ ਸਿੱਖਾਂ ਨੂੰ ਜਦੋਂ) ਦਰਸ਼ਨ ਹੋਏ (ਤਾਂ ਬੜੀ) ਉਮੰਗ ਚੜ੍ਹ ਗਈ (ਕਿਉਂਕਿ) ਮਹਾਂ ਗੁਰ (ਭਾਵ ਗੁਰ ਨਾਨਕ) ਵਰਗੇ (ਗੁਰੂ ਜੀ) ਨਜ਼ਰ ਆਏ। (ਅ) ਰੰਗ ਪੀਲਾ ਤੇ ਅੰਗ ਲਿੱਸੇ ਹਨ, (ਪਰ) ਮਹਾਂ ਉਮੰਗ ਹੋਈ ਜਦੋਂ ਗੁਰੂ ਜੀ ਦੇ ਦਰਸ਼ਨ ਹੋਏ।

ਦੇਖਤਿ ਭੇ ਤਿਨਿ[1] ਦਾਸਨ ਕੋ
ਗੁਰ ਨਾਨਕ ਪਾਸ ਜੁ ਥੇ ਸਮੁਦਾਏ।
ਪ੍ਰੇਮ ਪ੍ਰਵਾਹਿ[1] ਬਧਜੋ ਉਰ ਮੈਂ
ਉਚਰਜੋ ਤਬਿ ਏਕ ਸ਼ਲੋਕ ਬਨਾਏ

[1]ਗੁਰੂ ਅੰਗਦ ਜੀ ਨੇ) ਡਿੱਠਾ।
[1]ਪ੍ਰੇਮ ਦੀ ਲਹਿਰ।

॥੨੨॥

ਸ੍ਰੀ ਮੁਖਵਾਕ:
ਮਃ ੨ ॥
ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

ਸ੍ਵੈਯਾ:

ਸ਼੍ਰੀ ਮੁਖ ਤੇ ਇਮ ਬੋਲਿ ਪ੍ਰਭੂ
ਸਭਿ ਬੀਚ ਗੁਰੂ ਤਬਿ ਬੈਠਿ ਗਏ।
ਜੇ ਸਿੱਖ ਹੈਂ ਸਮੁਦਾਇ ਤਹਾਂ
ਤਿਨ ਦੇ ਦਰਸ਼ਨ ਪਰਸੰਨ ਕਏ†। — †ਪਾਛ-ਭਏ।
ਧੀਰਜ ਦੀਨ 'ਭਜੋ ਸਤਿਨਾਮ',
ਰਹੇ ਤਿਸ ਧਾਮੁ, ਅਹਾਰ[1] ਖਏ। — [1]ਪ੍ਰਸ਼ਾਦਿ।
ਦਾਸ ਲਗੇ ਪਗ ਸੇਵਨ ਕੋ,
ਅਹੰਮੇਵ[1] ਬਿਨਾ ਗੁਰਦੇਵ ਥਿਏ ॥੨੩॥ — [1]ਹੰਕਾਰ।
ਜੋ ਸਿਖ ਸੇਵਕ ਸ਼੍ਰੀ ਗੁਰ ਨਾਨਕ
ਸੋ ਸੁਨਿ ਕੈ ਸਭਿ ਆਵਤਿ ਹੈਂ।
-ਗਾਦੀ ਲਈ ਗੁਰਤਾ[1] ਗੁਰ ਅੰਗਦ — [1]ਗੁਰਿਆਈ।
ਸੋ ਬਿਦਤੇ[1]- ਸੁਨਿ ਪਾਵਤਿ ਹੈਂ। — [1]ਓਹ (ਗੁਰੂ ਅੰਗਦ ਜੀ) ਪ੍ਰਗਟ ਹੋਏ ਹਨ।
ਦੇਖਤਿ ਜੋਤਿ ਮਹਾਂ ਮੁਖ ਜਾਗਤਿ[1], — [1]ਦੇਖਦੇ ਹਨ (ਕਿ ਓਹੋ) ਮਹਾਨ ਜੋਤ (ਗੁਰ ਨਾਨਕ ਦੀ) ਮੁਖੜੇ ਤੇ ਜਾਗਦੀ ਹੈ।
ਜਥੋਂ ਨਟ ਸਾਂਗ ਬਨਾਵਤਿ ਹੈਂ।
ਏਕ ਹੀ ਬੇਖ ਅਨੇਕ ਧਰੇ
ਸਭਿ ਲੋਕਨ ਕੋ ਬਿਰਮਾਵਤਿ ਹੈਂ[1] ॥੨੪॥ — [1]ਮੋਂਹਦੇ ਹਨ।
ਗੁਰਤਾ ਰਥ ਪੈ ਗੁਰ ਸੂਰਜ ਦੂਸਰ
ਮਾਸ[1] ਬਿਤੇ ਤਨ ਰਾਜਤਿ ਹੈਂ[2]। — [1]ਮਹੀਨਾ। [2]ਬਿਰਾਜ ਰਹੇ ਹਨ।
ਮੋਹਿ ਅੰਧੇਰ ਕੋ ਦੂਰ ਕਰੈਂ
ਅਘ ਚੋਰ[1] ਸ਼ਿਤਾਬ ਹੀ ਭਾਜਤਿ ਹੈਂ। — [1]ਪਾਪ ਰੂਪੀ ਚੋਰ।
ਬ੍ਰਿੰਦ ਖਿਰੇ ਅਰਬਿੰਦ ਮਹਾਂ ਸਿਖ[1], — [1]ਸਮੂਹ ਕਵਲਾਂ ਰੂਪੀ ਸਿੱਖ ਮਹਾਂ ਖਿੜੇ।
ਪੇਚਕ ਨਿੰਦਕ[1] ਲਾਜਤਿ ਹੈਂ। — [1]ਉੱਲੂ ਰੂਪੀ ਨਿੰਦਕ।
ਹੋਤਿ ਪ੍ਰਕਾਸ਼ ਚਹੂੰ ਦਿਸ਼ ਮੈਂ
ਤਿਮ ਗਜਾਨ ਰਿਦੇ ਉਪਰਾਜਤਿ ਹੈਂ[1] ॥੨੫॥ — [1]ਉਤਪਤ ਕਰਦੇ ਹਨ।

ਸਾਰਬ ਭੌਮ[1] ਮਹਾਂ ਮਹਿਪਾਲਕਿ[2]
[1]ਸਾਰੀ ਪ੍ਰਿਥਵੀ ਦਾ ਚੱਕ੍ਰਵਰਤੀ [ਸੰਸ: ਸਾਰ੍ਵ ਭੌਮ]। [2]ਵੱਡਾ ਰਾਜਾ।

ਪੋਸ਼ਿਸ਼[1] ਪੂਰਬ[2] ਕੀ ਤਜਿ ਕੈ।
[1]ਪੌਸ਼ਾਕ। [2]ਪਹਿਲੀ।

ਸੁੰਦਰ ਔਰ ਨਵੀਨ ਧਰੈ ਤਨ,
ਆਇ ਸਭਾ ਥਿਤਿ ਹ੍ਵੈ ਸਜਿ ਕੈ।
ਸ਼੍ਰੀ ਗੁਰ ਤਯੋਂ ਧਰਿ ਦੂਸਰੁ ਰੂਪ
ਬਿਰਾਜਤਿ, ਸਿੱਖ ਸੁਖੀ ਜਜਿਕੈ[1]।
[1]ਸਿੱਖ ਸੁਖੀ ਹੁੰਦੇ ਨੇ ਪੂਜ ਕੇ।

ਸੇਵਕ ਏਕ ਹੀ ਜਾਨਤਿ ਹੈਂ
ਗਨ[1] ਨਿੰਦਕ ਨੀਚ ਰਹੈਂ ਲਜਿਕੈ[2] ॥੨੬॥
[1]ਸਮੂਹ। [2]ਸ਼ਰਮਾ ਕੇ।

ਜੋਤਿ ਤੇ ਜੋਤਿ ਪ੍ਰਕਾਸ਼ ਰਹੀ
ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ
ਜੁਗ[1] ਹੋਇ ਸਮਾਨ[2] ਪ੍ਰਕਾਸ਼ ਬਿਸਾਲਾ।
[1]ਦੋਵੇਂ। [2]ਇਕੋ ਜਿਹੀ।

ਆਨਿ ਸੁਨੈਂ ਉਪਦੇਸ਼ ਕਿਤੇ ਨਰ
ਜਾਗਿ ਉਠੇ ਜਿਨ ਭਾਗ ਸੁ ਭਾਲਾ[1]।
[1]ਮੱਥੇ ਦੇ ਸ੍ਰੇਸ਼ਟ ਭਾਗ।

ਸ਼੍ਰੀ ਗੁਰ ਨਾਨਕ ਕੋ ਨਿਤ ਹੀ
ਚਿਤਵੰਤਿ ਰਹੈਂ ਬਡ ਰੂਪ ਕ੍ਰਿਪਾਲਾ[1] ॥੨੭॥
[1]ਭਾਵ, ਸ਼੍ਰੀ ਗੁਰੂ ਅੰਗਦ ਸਾਹਿਬ ਜੀ।

ਚੌਪਈ:

ਬੁੱਢੇ ਸੋਂ ਗੋਸ਼ਟ ਨਿਤਿ ਠਾਂਨੈ।
'ਸ਼੍ਰੀ ਸਤਿਗੁਰ ਕੇ ਚਲਤਿ[1] ਮਹਾਨੈ।
[1]ਚਰਿੱਤਰ।

ਜਨਮ ਆਦਿ ਅਬ ਲਗਿ ਜੋ ਜਾਨੈ।
ਸੋ ਸਭਿ ਰੀਤੀ ਭਲੇ ਬਖਾਨੈ[1]' ॥੨੮॥
[1]ਚੰਗੀ ਤਰ੍ਹਾਂ ਕਹੇ।

ਤਬਿ ਬੁੱਢਾ ਬੋਲਯੋ ਸੁਖ ਪਾਇ।
'ਐਸੋ ਏਕ ਪੁਰਖ ਲਖਿ ਜਾਇ[1]।
[1]ਜਾਣਿਆ ਜਾਂਦਾ ਹੈ।

ਬਾਲਾ ਜਾਟ ਵਸਹਿ ਤਲਵੰਡੀ।
ਤਿਨਿ ਬਿਲਾਸ[1] ਦੇਖਯੋ ਨਵਖੰਡੀ[2] ॥੨੯॥
[1]ਕੌਤਕ। [2]ਨਵਾਂ ਖੰਡਾਂ ਦਾ।

ਰਹਯੋ ਸੰਗਿ ਸਤਿਗੁਰ ਕੇ ਸਦਾ।
ਸੋ ਤੁਮ ਦਰਸ ਆਇ ਹੈ ਜਦਾ।
ਤਿਸਿ ਤੇ ਸੁਨਹੁ ਸਕਲ ਬਿਰਤੰਤਾ।

ਜਥਾ ਚਰਿੱਤ੍ਰ ਕੀਨ ਭਗਵੰਤਾ[1]' ॥੩੦॥

ਏਵ ਬਿਚਾਰਤਿ ਬਾਲਾ ਆਯੋ।
ਗੁਰ ਪ੍ਰਸੰਗ ਤਿਨ ਸਕਲ ਸੁਨਾਯੋ।
ਸੋ ਹਮ ਪੂਰਬਿ[1] ਹੀ ਕਹਿ ਆਏ।
ਛੰਦ ਚੌਪਈ ਬੰਦ ਬਨਾਏ ॥੩੧॥

ਸ੍ਰੀ ਬਾਬਾ ਨਾਨਕ ਜੀ ਜੈਸੇ।
ਕਰੇ ਪ੍ਰਸੰਗ ਸੁਨੇ ਸਭਿ ਤੈਸੇ।
ਨਿਸ ਦਿਨ ਪ੍ਰੇਮ ਲਗਜੋ ਤਿਨ ਕੇਰਾ।
ਸਿਮਰਹਿਂ ਸਤਿਗੁਰ ਸੰਝ ਸਵੇਰਾ ॥੩੨॥

ਸੁਨੀ ਜਨਮ ਸਾਖੀ ਗੁਰ ਸਾਰੀ।
ਕੁਛ ਬਿਰਾਗ ਤੇ ਧੀਰਜ ਧਾਰੀ।
ਜਿਨ ਸਿੱਖਨ ਕੇ ਭਾਗ ਬਿਸਾਲਾ।
ਸੇਵਹਿਂ, ਬਾਨੀ ਸੁਨਹਿਂ ਰਸਾਲਾ ॥੩੩॥

ਤਊ ਗੁਰੂ ਅੰਗਦ ਇਸ ਰੀਤਾ।
ਬੋਲਹਿਂ ਅਲਪ, ਨ ਠਾਨਹਿਂ ਪ੍ਰੀਤਾ।
ਬਾਲਿਕ ਦਸ਼ਾ ਬਿਖੈ ਨਿਤਿ ਰਹੈਂ।
ਹਰਖ ਸ਼ੋਕ ਜਿਨ ਲੇਸ਼ ਨ ਅਹੈ ॥੩੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਪ੍ਰਗਟ ਹੋਣ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

[1]ਭਾਵ ਗੁਰ ਨਾਨਕ ਦੇਵ ਜੀ ਨੇ।

[1]ਪਹਿਲੇ (ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ)।

## ੧੦. [ਗੁਰੂ ਜੀ ਦੀ ਨਿੱਤ ਕ੍ਰਿਯਾ। ਸਿੱਧਾਂ ਦਾ ਮੇਲ ਤੇ ਹੁਮਾਯੂ ਦਾ ਆਉਣਾ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਨਿਤਾਪ੍ਰੱਤਿ ਸ਼੍ਰੀ ਸਤਿਗੁਰੂ,
ਇਹ ਬਿਧਿ ਕਰਤਿ ਉਚਾਰ†।

†ਇਥੇ ਪਾਠ 'ਆਚਾਰ' ਠੀਕ ਜਾਪਦਾ ਹੈ ਕਿਉਂਕਿ ਅਗਲੀ ਤੁਕ ਵਿਚ ਦਸਦੇ ਹਨ ਕਿ ਗੁਰੂ ਕੀਆਂ ਇਨ੍ਹਾਂ ਕਰਨੀਆਂ ਦੀ ਕਥਾ ਜੋ ਸਿੱਖ ਸੁਣਦਾ ਤੇ ਕਰਦਾ ਹੈ ਉਸਨੂੰ ਆਪ ਭਉਜਲ ਤੋਂ ਪਾਰ ਕਰਨਗੇ। ਫਿਰ ਚੌਪਈ ਤੋਂ ਗੁਰੂ ਜੀ ਦੀ ਨਿਤ ਕ੍ਰਿਯਾ ਅਰੰਭਦੇ ਹਨ। ਪਰ ਲਿਖਤੀ ਦੇ ਛਾਪੇ ਦੇ ਨੁਸਖਿਆਂ ਵਿਚ ਪਾਠ-ਉਚਾਰ-ਹੀ ਦਿੱਤਾ ਹੈ।

ਸੁਨਤਿ ਉਚਾਰਤਿ ਸਿੱਖ ਕੋ,
ਭਉਜਲ ਕਰਿ ਹੈਂ ਪਾਰ ॥੧॥

ਚੌਪਈ:

ਜਾਮ ਜਾਮਨੀ ਜਾਗ੍ਰਨ ਹੋਇ।
ਸਿਹਜਾ ਤਜਹਿਂ ਸੈਨ ਕੀ[1] ਜੋਇ।
ਕਰਹਿਂ ਸੌਚ, ਪੁਨ ਧੋਵਹਿਂ ਪਾਵਨ[1]।
ਪਾਵਨ ਹੋਨ†, ਕਰਹਿਂ ਰਦਧਾਵਨ[1] ॥੨॥

[1]ਸੌਣ ਦੀ।
[1]ਭਾਵ ਹੱਥ ਪੈਰ।
[1]ਦੰਦਾਂ ਨੂੰ ਸਾਫ ਕਰਨਾ (ਦਾਤਣ ਕਰਨਾ)। †ਪਾ:-ਹੋਇ।

ਬਹੁਰ ਬਦਨ ਅਰਬਿੰਦ ਪਖਾਰੈਂ।
ਸੀਤਲ ਨੀਰ ਸ਼ਨਾਨ ਸੁਧਾਰੈਂ।
ਨਿਜ ਅਨੰਦ ਮੈਂ ਨਿਸ਼ਚਲ ਹੋਇ।
ਲਗਿ ਸਮਾਧਿ ਨਿਰਵਿਕਲਪ ਜੋਇ ॥੩॥
ਭਈ ਪ੍ਰਾਤਿ ਸੂਰਜ ਜਬਿ ਨਿਕਸਹਿ।
ਕਮਲ ਬਿਲੋਚਨ ਸੁੰਦਰ ਬਿਕਸਹਿਂ।
ਪ੍ਰਥਮ ਦ੍ਰਿਸ਼ਟਿ ਜਿਸ ਪਰ ਤਬਿ ਪਰੈ।
ਰੋਗੀ ਰੋਗ ਦੁਖੀ ਦੁਖ ਹਰੈ ॥੪॥
ਆਧਿ ਬਯਾਧਿ ਬਾਧਾ ਜੋ ਪਾਵੈ।
ਜਾਨਿ ਸਮੋ ਆਗੇ ਚਲਿ ਆਵੈ।
ਬਯਾਕੁਲ ਹੋਹਿ ਪੀਰ ਤੇ ਜੇਈ।
ਦ੍ਰਿਸ਼ਟਿ ਪਰੇ ਸੁਖ ਪਾਵੈ ਤੇਈ ॥੫॥
ਭਈ ਜਗਤ ਮੈਂ ਬਿਦਤ ਸੁ ਬਾਤੀ[1]।
ਆਇ ਅਨੇਕ ਖਰੇ ਹੁਇਂ ਪ੍ਰਾਤੀ।
ਸੰਕਟ ਨਸ਼ਟਹਿ, ਸਦਨ ਸਿਧਾਰਹਿਂ।

[1]ਵਾਰਤਾ।

ਜਹਿਂ ਕਹਿਂ ਸ਼੍ਰੀ ਗੁਰ ਸੁਜਸ ਬਿਥਾਰਹਿਂ[1] ॥੬॥
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿਂ ਬੀਚ ਸੰਗਤਿ ਹਰਖਾਵੈਂ।
ਬੈਠੇ ਰਹੈਂ ਸਿੰਘਾਸਨ ਫੇਰ।
ਸਿੱਖ ਸੰਗਤਿ ਸਭਿ ਦਰਸ਼ਨ ਹੇਰਿ ॥੭॥

[1]ਫੈਲਾਵਨ।

ਦੋਹਰਾ:

ਸ਼੍ਰੀ ਗੁਰ ਨਾਨਕ ਕੀ ਸਦਾ,
ਚਰਚਾ ਕਰਤਿ ਉਦਾਰ[†]।
ਜਥਾ ਚਰਿੱਤ੍ਰ ਪਵਿੱਤ੍ਰ ਬਹੁ,
ਜਗ ਬਚਿੱਤ੍ਰ ਬਿਸਤਾਰ[1] ॥੮॥

[†]ਪਾ:-ਉਚਾਰ।

[1]ਜਿਸ ਤਰ੍ਹਾਂ ਗੁਰੂ ਜੀ ਦੇ ਪਵਿੱਤ੍ਰ ਚਰਿੱਤ੍ਰਾਂ ਦਾ ਖੂਬਸੂਰਤ ਫੈਲਾਉ ਸੀ।

ਚੌਪਈ:

ਅਪਰ ਨ ਚਰਚਾ ਕੋਈ ਹੋਇ।
ਜਗ ਕਾਰਜ ਕੀ ਜੇਤਿਕ ਜੋਇ।
ਸੂਪਕਾਰ[1] ਕਰਿ ਤਯਾਰ ਅਹਾਰੂ।
ਸਭਿ ਰਸ ਪਾਕਹਿ, ਸ੍ਵਾਦ ਉਦਾਰੂ ॥੯॥

[1]ਰਸੋਈਆ।

ਜਬਿ ਸੁਧਿ ਦੇਹਿ ਆਨ ਕਰਿ ਸੋਈ।
'ਸ਼੍ਰੀ ਗੁਰ ਜੀ ! ਭਈ ਪਾਕ[1] ਰਸੋਈ।'
ਉਠਿ ਕ੍ਰਿਪਾਲ ਤਿਹਿ ਸੰਗ ਸਿਧਾਰੈਂ।
ਸਖਾ ਸਿੱਖ ਸੇਵਕ ਲੇ ਸਾਰੈ ॥੧੦॥

[1]ਪੱਕ ਗਈ।

ਚਤੁਰ ਬਰਨ ਤਹਿਂ ਸਮਸਰ[1] ਬੈਸਹਿਂ।
ਜੈਸੇ ਰੰਕ, ਰਾਵ ਭੀ ਤੈਸਹਿਂ।

[1]ਇਕੋ ਜਿਹੇ।

ਮਾਟੀ ਕੇ ਬਾਸਨ[1] ਹੁਇਂ ਸਾਰੇ।
ਪੱਤ੍ਰਨ ਮਹਿਂ ਅਚ ਲੇਹਿ ਅਹਾਰੇ ॥੧੧॥
ਜੋ ਚੌਂਕੇ ਮਹਿਂ ਅਚਹਿ ਰਸੋਈ।
ਗੁਰੂ ਸਮੀਪ ਜਾਇ ਨਹਿਂ ਸੋਈ।
ਪੰਕਤਿ ਬੀਚ ਬੈਠਿ ਗੁਰ ਖਾਂਹਿ।

[1]ਭਾਂਡੇ।

ਏਕ ਸਮਾਨ ਅਸਨ[1] ਅਚਵਾਹਿਂ ॥੧੨॥

[1]ਭੋਜਨ।

ਪਾਇਸੁ[1][†] ਹੋਵਹਿ ਬੀਚ ਰਸੋਈ[‡]।

[1]ਖੀਰ। [†]ਇਕ ਨੁਸਖੇ ਵਿਚ ਪਾਠ ਸੋਧਕੇ 'ਮਾਸ ਸੁ' ਲਿਖਿਆ ਹੈ, ਇਕ ਵਿਚ ਲਿਖਾਰੀ ਦਾ ਲਿਖਿਆ 'ਮਾਸ ਸੁ' ਹੈਸੀ, ਪਰ ਹੜਤਾਲ ਲਾ ਕੇ 'ਪਾਇਸੁ' ਬਨਾਯਾ ਹੋਇਆ ਹੈ। [‡]ਟਿੱਕੇ ਦੀ ਵਾਰ ਵਿਚ ਬੀ ਲਿਖਿਆ ਹੈ- ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ

ਘਿਆਲੀ ॥

ਸੀਤ ਪ੍ਰਸ਼ਾਦਿ[1] ਖਾਹਿ ਸਭਿ ਕੋਈ।

[1]ਸੀਤ ਪ੍ਰਸ਼ਾਦ = ਕਿਸ੍ਤ ਪ੍ਰਸ਼ਾਦ = ਥੋੜਾ ਜਿਹਾ ਪ੍ਰਸ਼ਾਦ। ਖਾਲਸਈ ਬੋਲੇ ਵਿਚ ਖਾਣੇ ਨੂੰ ਕਹਿੰਦੇ ਹਨ, ਕਿਉਂਕਿ ਖਾਸ ਵਾਹਿਗੁਰੂ ਦੀ ਮੇਹਰ ਨਾਲ ਪ੍ਰਾਪਤ ਹੁੰਦਾ ਹੈ, ਸੀਤ ਪ੍ਰਸ਼ਾਦ ਦਾ ਅਰਥ ਹੈ ਥੋੜਾ ਜਿਹਾ ਬਾਂਟਾ ਜੋ ਖਾਣੇ ਵਿਚੋਂ ਮਿਲੇ। ਜਾਪਦਾ ਹੈ ਕਿ ਇਥੇ ਪਾਠ 'ਮਾਸ' ਹੀ ਸੀ ਤੇ ਲੰਗਰ ਵਿਚ ਬਣਦਾ ਸੀ, ਪੰਕਤਿ ਵਿਚ ਛਕਣ ਵਾਲੇ ਥੋੜਾ-ਥੋੜਾ ਲੈਂਦੇ ਸਨ। ਗੁਰੂ ਅਮਰ ਦੇਵ ਜੀ ਨੇ ਪ੍ਰੀਖ੍ਯਾ ਜਦ ਕੀਤੀ ਹੈ ਤਾਂ ਇਹੋ ਸੀ ਕਿ ਮੇਰੇ ਅੱਗੇ ਮਾਸ ਨਾ ਰੱਖ੍ਯਾ ਜਾਵੇ। ਪਰ ਜੇ ਅਸਲ ਪਾਠ ਪਾਇਸੁ ਸੀ, ਤਦ ਅਚਰਜ ਨਹੀਂ ਕਿ ਏਥੇ ਪਾਠ, 'ਕਸ਼ੀਰ ਪ੍ਰਸ਼ਾਦਿ' ਹੋਵੇ ਕਿ ਖੀਰ ਰਿਝਦੀ ਸੀ ਤੇ ਖੀਰ ਦਾ ਛਾਂਦਾ ਸਭ ਕਿਸੇ ਨੂੰ ਮਿਲਦਾ ਸੀ। ਹਰ ਹਾਲ ਵਿਚ ਮਾਸ ਵਿਹਤ ਯਾ ਅਵਿਹਤ ਦਾ ਝਗੜਾ ਸਿਖ ਧਰਮ ਵਿਚ ਦੂਸਰੇ ਮਤਾਂ ਵਾਂਙੂ ਨਹੀਂ, ਇਸ ਕਰਕੇ ਪੱਖ ਵਾਦੀਆਂ ਨੂੰ ਝਗੜਨ ਦੀ ਲੋੜ ਨਹੀਂ। (ਅ) ਗੁਰੂ ਜੀ ਦੇ ਛਕੇ ਵਿਚੋਂ ਛਾਂਦਾ।

ਪੁਨ ਜਲ ਪਾਨ ਚੁਰੀ ਕਰਿ ਲੇਹਿਂ।
ਉਠਹਿਂ ਗੁਰੂ ਪੁਨ ਏਵ ਕਰੇਹਿਂ ॥੧੩॥
ਗ੍ਰਾਮ ਬਾਲਕੇ ਲੇਹਿਂ ਬੁਲਾਇ।
ਹਰਖ ਸ਼ੋਕ ਜਿਨ ਹੋਇ ਨ ਕਾਇ।
ਤਿਨ ਸੋਂ ਮਿਲਿ ਕਰਿ ਖੇਲਹਿਂ ਖੇਲ।
ਹੋਹਿਂ ਪ੍ਰਸੰਨ ਮਿਲਹਿਂ ਸਿਸ ਮੇਲ[1] ॥੧੪॥

[1]ਲੜਕਿਆਂ ਦੇ ਨਾਲ ਮਿਲਕੇ।

ਪਹਿਰ ਤੀਸਰੋ ਏਵ ਬਿਤਾਵਹਿਂ।
ਪਹਿਲਵਾਨ ਤਬਿ ਗੁਰੂ ਬੁਲਾਵਹਿਂ।
ਮਿਲਹਿਂ ਆਇ ਬਹੁ ਪਰਹਿ ਅਖਾਰਾ।
ਭਿਰਹਿਂ[1] ਆਪ ਮਹਿਂ ਬਲ ਧਰਿ ਭਾਰਾ ॥੧੫॥

[1]ਘੁਲਦੇ ਹਨ।

ਕਹਿ ਕਹਿ ਤਿਨਹੁ ਭਿਰਾਵਨ[1] ਠਾਨਹਿਂ।

[1]ਘੁਲਾਵਣਾ।

ਕੁਸ਼ਤੀ ਕਰਤਿ ਜੀਤਿ ਕਿਹ ਹਾਨੈ[1]।

[1]ਹਾਰ ਹੋਵੇ।

ਜਾਮ ਦਿਵਸ ਕੇ ਰਹੇ ਬਹੋਰੀ।
ਸ਼੍ਰੀ ਗੁਰਦੇਵ ਤਜਹਿਂ ਤਿਸ ਠੌਰੀ ॥੧੬॥
ਸਭਾ ਬਿਖੈ ਸ਼ੁਭ ਆਸਨ ਬੈਸੇਂ।
ਮੁਨਿ ਗਨਿ ਸਹਤ ਸ਼ੰਭੁ[1] ਹੁਇ ਜੈਸੇ।

[1]ਸਮੂਹ ਮੁਨੀਆਂ ਸਮੇਤ ਸ਼ਿਵਜੀ।

ਚਹੁਂ ਦ੍ਰਿਸ਼ ਪਰਵਾਰਤਿ[1] ਸਿਖ ਆਇ।

[1]ਉਦਾਲੇ ਆ ਬੈਠਦੇ ਹਨ।

ਰੁਚਿਰ ਰਬਾਬੀ ਰਾਗਨਿ ਗਾਇਂ ॥੧੭॥
ਸਕਲ ਪ੍ਰੇਮ ਕਹਿ ਸੁਨਹਿਂ ਸੁ ਦਾਸ।
ਜਿਨ ਤੇ ਬ੍ਰਿੰਦ[1] ਬਿਕਾਰ ਬਿਨਾਸ਼।

[1]ਸਾਰੇ।

ਸੰਧ੍ਯਾ ਸਮੈਂ ਸੁ ਹੋਇ ਇਕੰਤ।
ਨਿਜ ਸਰੂਪ ਮਹਿਂ ਲੈ[1] ਭਗਵੰਤ ॥੧੮॥

[1]ਲੀਨ ਹੁੰਦੇ ਹਨ।

ਬੈਠਹਿਂ ਏਕਾਂਕੀ ਇਕ ਜਾਮ।
ਪੁਨ ਪ੍ਰਯੰਕ ਪਰ ਕਰਹਿਂ ਅਰਾਮ।
ਇਸ ਪ੍ਰਕਾਰ ਨਿਸ ਦਿਵਸ ਬਿਤਾਵਹਿਂ।
ਸਿੱਖਜਨ ਤੇ ਸਤਿਨਾਮੁ ਜਪਾਵਹਿਂ ॥੧੯॥
ਆਪਨ ਢਿਗ ਮਾਯਾ ਵਿਵਹਾਰ।
ਜ਼ਿਕਰ ਨ ਹੋਨ ਦੇਹਿਂ ਕਿਸਿ ਵਾਰ[1]।

[1]ਕਿਸੇ ਵੇਲੇ।

ਹਰਖ ਸੋਗ ਜੇਤਿਕ ਬਿਧਿ ਨਾਨਾ।
ਇਨ ਕੋ ਸਿੱਖਜ ਨ ਕਰਹਿਂ ਬਖਾਨਾ ॥੨੦॥
ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ।
ਰਾਗ ਨ ਦ੍ਵੈਸ਼, ਮ੍ਰਿੱਤ ਨਹਿਂ ਬੈਰੀ।
ਸਦਾ ਅਨੰਦ ਪ੍ਰੇਮ ਰਸ ਪਾਗੇ।
ਸ਼੍ਰੀ ਨਾਨਕ ਜਸ ਸੋਂ ਨਿਤਿ ਲਾਗੇ ॥੨੧॥
ਗੋਰਖ ਆਦਿ ਸਿੱਧਜ ਬਡ ਪੂਰੇ।
ਇਕ ਦਿਨ ਕਰਿ ਬਿਚਾਰ ਸਭਿ ਰੂਰੇ।
-ਸ਼੍ਰੀ ਨਾਨਕ ਗਾਦੀ ਪਰ ਜੌਨ।
ਕੈਸੋ ਅਹੈ ਬਿਲੋਕਹਿਂ ਤੌਨ ॥੨੨॥
ਆਪ[1] ਸੁ ਹੁਤੇ ਮਹਿਦ ਮਹਿਯਾਨ[2]।

[1]ਭਾਵ ਗੁਰੂ ਨਾਨਕ ਜੀ। [2]ਬੜਿਆਂ ਤੋਂ ਬੜੇ।

ਕਰਿ ਦਿਗਬਿਜੈ[1] ਪੁਜੇ[2] ਸਭਿ ਥਾਨ।

[1]ਹਰ ਪਾਸੇ ਜੈ ਕਰਕੇ। [2]ਪੂਜੇ ਗਏ।

ਪੀਰ ਨ ਮੀਰ ਅਰਜੋ ਨਹਿਂ ਆਗੇ।
ਹਾਰ ਸਰਬ ਚਰਨੀ ਤਿਨ ਲਾਗੇ- ॥੨੩॥
ਇਮਿ ਬਿਚਾਰਿ ਸਭਿ ਹੀ ਚਲਿ ਆਏ।
ਸਤਿਗੁਰੁ ਕੋ ਨਿਜ ਦਰਸ ਦਿਖਾਏ।
ਗੋਰਖ, ਭਰਥਰਿ, ਚਰਪਟ ਸਾਥਿ।
ਗੋਪੀਚੰਦ, ਸੁ ਈਸ਼ੁਰ ਨਾਥ ॥੨੪॥
ਆਏ ਸਤਿਗੁਰੁ ਲੇਨਿ ਪ੍ਰਤੱਗਜਾ[1]।

[1]ਪ੍ਰੀਖਜਾ [ਸੰਸ: ਪ੍ਰਤਿੱਗਜਾ = ਪ੍ਰਣ, ਪ੍ਰਤਿ = ਪਰਸਪਰ। ਗਜਾ = ਜਾਣਨਾ]।

ਪਾਇ ਪ੍ਰਤੀਤ ਭਰਮ ਉਰ ਭੱਗਜਾ।
ਸ਼੍ਰੀ ਅੰਗਦ ਸਿੰਘਾਸਨ[1] ਬੈਸੇ।

[1]ਗੱਦੀ।

ਆਇ ਕਹੀ 'ਆਦੇਸ਼ ਅਦੇਸ਼ੇ' ॥੨੫॥

ਤਿਨਿ ਕੇ ਮਨ ਕੀ ਸਭਿ ਗੁਰ ਜਾਨੀ।
ਸਾਦਰ ਮਧੁਰ ਭਾਖਿ ਕਰਿ ਬਾਨੀ।
ਬੈਠਾਰੇ ਆਸਨ ਸ਼ੁਭ ਦਏ।
ਗੋਰਖ ਆਦਿ ਪ੍ਰਸੰਨ ਮਨ ਭਏ ॥੨੬॥
ਕਹਿਂ 'ਅਸ਼ਟਾਂਗਹਿ ਜੋਗ ਮਹਾਤਮ[1]। [1]ਫਲ।
ਬਿਨਾ ਜੋਗ ਨਹਿਂ ਨਿਰਮਲ ਆਤਮ।
ਪ੍ਰਿਥਮ ਸਕਲ ਜੇ ਭਏ ਮਹਾਨਾ।
ਕਰਿ ਕਰਿ ਜੋਗ ਸੁ ਪਾਯੋ ਗਜਾਨਾ ॥੨੭॥
ਤੁਮ ਕਲਿਜੁਗ ਮਹਿਂ ਭੇ ਅਵਿਤਾਰ।
ਗੁਰਤਾ ਗਾਦੀ ਬੈਠਿ ਉਦਾਰ।
ਜੋਗ ਜੁਗਤਿ ਨਹਿਂ ਪੰਥ ਤੁਮਾਰੇ।
ਕਿਸ ਪ੍ਰਕਾਰ ਸਿਖ ਕਰਹੁ ਉਧਾਰੇ? ॥੨੮॥
ਬਿਨਾ ਜੋਗ ਸਿਧਿ[1] ਹਾਥ ਨ ਆਵਤਿ। [1]ਸਿੱਧੀ।
ਬਿਨਾ ਜੋਗ ਬਿੱਗਜਾਨ[1] ਨ ਪਾਵਤਿ। [1]ਪੂਰਾ ਗਜਾਨ।
ਗਜਾਨੀ ਸੰਤ ਅਨਿਕ ਜਗ ਭਏ।
ਜੋਗ ਸਾਧ ਸੁ ਪਰਮਪਦ[1] ਲਏ' ॥੨੯॥ [1]ਪੂਰਨ ਪਦਵੀ (ਮੁਕਤੀ)।
ਸੁਨਿ ਸ਼੍ਰੀ ਅੰਗਦ ਆਸ਼ੈ ਤਾਂਹੀ।
ਕਰਨਿ ਲਗੇ 'ਅਬਿ ਸਮਾਂ ਸੁ ਨਾਂਹੀਂ।
ਭਗਤਿ ਜੋਗ ਹੈ ਮਤੋ ਹਮਾਰਾ।
ਸਿੱਧਾਂ ਸਰਬ ਰਹੈਂ ਦਰਬਾਰਾ[1] ॥੩੦॥ [1]ਸਿਧੀਆਂ ਸਭ ਦਰਬਾਰ ਵਿਚ (ਹਾਜ਼ਰ) ਰਹਿੰਦੀਆਂ ਹਨ।
ਆਤਮ ਗਜਾਨ ਭਗਤਿ ਹੀ ਦੇਤਿ।
ਭਗਤਿ ਕਰਤਿ ਸਭਿ ਹੀ ਸੁਖ ਲੇਤਿ।
ਨਾਮ ਆਸ਼ਰੈ ਜੋਗ ਤੁਮਾਰਾ।
ਸੋ ਸਤਿਨਾਮ ਹਮਹੁਂ ਕੋ ਪਜਾਰਾ ॥੩੧॥
ਤਨ ਸਾਧਨ ਹਿਤ ਜੋਗ ਕਮਾਵਹੁ।
ਪੁਨ ਮਨ ਜੀਤਹੁ ਨੀਠ[1] ਟਿਕਾਵਹੁ। [1]ਮਸਾਂ ਮਸਾਂ।
ਸਿੱਧਿ[1] ਆਇ ਤਬਿ ਠਾਂਢੀ ਹੋਇਂ। [1]ਸਿੱਧੀਆਂ।
ਤਿਨ ਸੋਂ ਪਰਚੋ ਤੁਮਰੋ ਜੋਇ ॥੩੨॥
ਬੈਸ[1] ਬਧਾਵਨ ਆਦਿਕ ਰਾਚੇ। [1]ਉਮਰਾ।

ਜਗ ਦਿਖਰਾਇ ਮਾਨ ਕੋ ਜਾਚੇ।
ਯਾਂ ਤੇ ਰਹੋ ਅਨਾਤਮ[1] ਮਾਂਹੀ।
[1]ਜੋ ਆਤਮਾ ਨਹੀਂ ਹੈ।
ਬ੍ਰਹਮਾਤਮ[1] ਕੋ ਜਾਨਹੁ ਨਾਂਹੀ ॥੩੩॥
[1]ਬ੍ਰਹਮ ਤੇ ਆਤਮਾ ਨੂੰ। ਬ੍ਰਹਮ ਜੋ ਸਰਬ ਦਾ ਆਤਮਾ ਹੈ।
ਜੋਗ ਜੁਗਤਿ ਤੇ ਛੂਛੇ ਰਹੇ।
ਆਤਮ ਕੋ ਰਸ ਨਾਂਹਿਨ ਲਹੇ।
ਜਿਮ ਸ੍ਰੀ ਨਾਨਕ ਜੋਗ ਬਖਾਨਾ।
ਸੋ ਹਮ ਕਰਹਿਂ ਸੁਨਹੁ ਤੁਮ ਕਾਨਾ-
॥੩੪॥

ਸ੍ਰੀ ਮੁਖਵਾਕ:
ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ ॥
ਜੋਗੁ ਨ ਖਿੰਥਾ[1] ਜੋਗੁ ਨ ਡੰਡੈ ਜੋਗੁ ਨ ਭਸਮ[2] ਚੜਾਈਐ ॥
[1]ਗੋਦੜੀ ਪਹਿਨਣ ਨਾਲ। [2]ਸੁਵਾਹ ਮਲਿਆਂ।
ਜੋਗੁ ਨ ਮੁੰਦੀ[1] ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ[2] ॥
[1]ਮੁੰਦਰਾ। [2]ਨਾਦ ਵਜੌਣ ਨਾਲ।
ਅੰਜਨ[1] ਮਾਹਿ ਨਿਰੰਜਨਿ[2] ਰਹੀਐ ਜੋਗ ਜੁਗਤਿ ਇਵ ਪਾਈਐ ॥੧॥
[1]ਮਾਇਆ ਰੂਪੀ ਸੁਰਮਾਂ (ਕਾਲਖ)। [2]ਮਾਯਾ ਰਹਤ।
ਗਲੀ[1] ਜੋਗੁ ਨ ਹੋਈ ॥
[1]ਗੱਲਾਂ ਕਰਨ ਨਾਲ।
ਏਕ ਦ੍ਰਿਸਟਿ[1] ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
[1]ਨਜ਼ਰ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ[1] ਲਾਈਐ ॥
[1]ਸਮਾਧੀ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ[1] ਰਹਾਈਐ[2] ॥
[1]ਦੌੜ ਰਹੇ (ਮਨ ਨੂੰ)। [2]ਰੋਕੀ ਰੱਖੀਏ।
ਨਿਝਰੁ ਝਰੈ[1] ਸਹਜ ਧੁਨਿ ਲਾਗੈ ਘਰ ਹੀ ਪਰਚਾ[2] ਪਾਈਐ ॥
[1]ਇਕ ਰਸ ਝੜਦਾ ਹੈ (ਬ੍ਰਹਮਾ ਨੰਦ)। [2]ਉਪਦੇਸ਼ (ਅ) ਵਿਸ਼ੇਖ ਗਿਆਨ, ਮੇਲ, ।ਸੰਸ: ਪਰਿਚਯ॥।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

ਚੌਪਈ:
ਸੁਨਹੁ ਨਾਥ! ਹਮਰਾ ਇਹ ਜੋਗ।
ਪਾਇ ਪ੍ਰਮਾਤਮ ਜਾਇ ਵਿਯੋਗ।
ਸਹਜ ਜੋਗ ਸੰਤਨਿ ਮਤਿ ਐਸੇ।

ਸੰਸੈ ਭਰਮ ਨ ਕੀਜੈ ਕੈਸੇ' ॥੩੫॥

ਸ੍ਰੀ ਮੁਖਵਾਕ:
ਸਲੋਕੁ ਮਃ ੨ ॥
ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥

ਚੌਪਈ:

ਇਮਿ ਸੁਨਿ ਸਿੱਧ ਭਏ ਸੁ ਪ੍ਰਸੰਨ।
'ਸ਼੍ਰੀ ਨਾਨਕ ਤੁਮ ਰੂਪ ਸੁ ਧੰਨ।
ਉਚਿਤ[1] ਜਾਨਿ ਤੁਮ ਕੋ ਦਈ ਗਾਦੀ।
ਸਿੱਖ ਉਧਾਰਹੁ ਕਰਿ ਅਹਿਲਾਦੀ' ॥੩੬॥

[1]ਯੋਗ।

ਕਰਿ ਆਦੇਸੁ ਅਦੇਸ਼ ਚਲੇ ਹੈਂ।
ਉੱਤਰ ਲੇ ਕਰਿ ਕਹਤਿ -ਭਲੈ ਹੈਂ।
ਸ਼੍ਰੀ ਨਾਨਕ ਕਲਿਜੁਗ ਮਹਿਂ ਭਾਰੇ।
ਧਰਿ ਅਵਤਾਰ ਅਧਿਕ ਨਰ ਤਾਰੇ- ॥੩੭॥
ਮਾਰਗ ਸਕਲ ਸਰਾਹਤਿ[1] ਗਏ।
-ਉਚਿਤ ਲਖੇ, ਨਿਜ ਥਲ ਥਿਤਿ ਕਿਏ-।
ਇਮਿ ਸ਼੍ਰੀ ਅੰਗਦ ਉੱਤਰ ਦੀਨੇ।
ਸਿਖ ਚਹੁਂ ਦਿਸ਼, ਬਿਚ ਆਪ ਅਸੀਨੇ ॥੩੮॥

[1]ਸਲਾਹੁੰਦੇ।

ਇਸ ਪ੍ਰਕਾਸ਼ ਕੁਛ ਦਿਵਸ ਬਿਤਾਏ।
ਦਿਨ ਪ੍ਰਤਿ ਬਿਦਤਹਿਂ ਜਗ ਅਧਿਕਾਏ।
ਦਿੱਲੀ ਕਾ ਹੁਮਾਉ[†] ਭਾ ਸ਼ਾਹੂ।
ਭਯੋ ਰਾਜ ਬਡ ਸਭਿ ਜਗ ਮਾਂਹੂ ॥੩੯॥

[†]ਹੁਮਾਯੂੰ-ਪਾਤਸ਼ਾਹ। ਇਹ ਬਾਬਰ ਦਾ ਪੁੱਤ੍ਰ ਤੇ ਅਕਬਰ ਦਾ ਪਿਤਾ ਸੀ।

ਦ੍ਵੈ ਭ੍ਰਾਤਾ ਪਠਾਨ ਬਡ ਸੂਰੇ।
ਬਡ ਉਮਰਾਵ ਸੁ ਕੀਨ ਹਦੂਰੇ।
ਬਿਗਰ ਪਰੇ ਦਿੱਲੀ ਪਤਿ ਸੰਗ[1]।
ਗਰਬ ਠਾਨਿ ਚਾਹਤਿ ਭੇ ਜੰਗ ॥੪੦॥
ਏਕ ਸਲੇਮ ਸ਼ਾਹਿ ਤਿਸ ਨਾਮ[†]।

[1]ਭਾਵ ਹੁਮਾਯੂੰ ਨਾਲ।

[†]ਸ਼ੇਰ ਸ਼ਾਹ ਦੇ ਦੋ ਭਰਾ ਸਨ, ਇਕ ਦਾ ਨਾਮ ਨਿਜ਼ਾਮ ਸੀ ਤੇ ਦੂਸਰੇ ਦਾ ਸੁਲੇਮਾਨ। ਇਸ 'ਸਲੇਮ' ਤੋਂ ਮੁਰਾਦ ਸੁਲੇਮਾਨ ਦੀ ਜਾਪਦੀ ਹੈ। ਸ਼ੇਰਸ਼ਾਹ ਦੇ ਮਰਨ ਪਿਛੋਂ ਉਸ ਦਾ ਦੂਸਰਾ ਪੁੱਤਰ ਜਲਾਲ ਨਾਮੇ ਗੱਦੀ ਤੇ ਬੈਠਾ ਸੀ, ਏਸ ਨੇ ਆਪਣਾ ਖਿਤਾਬ 'ਸਲੇਮ' ਰਖਿਆ ਸੀ।

ਸ਼ੇਰ ਸ਼ਾਹ ਦੂਸਰ ਬਲਧਾਮ[1]। — [1]ਸੂਰਮਾ।
ਆਕੀ ਦੁਰਗ ਪ੍ਰਜਾਗ[1] ਕਰਿ ਲੀਨਾ। — [1]ਅਲਾਹਾਬਾਦ।
ਸਕਲ ਸਮਾਜ ਜੁੱਧ ਕੋ ਕੀਨਾ ॥੪੧॥
ਸੁਨਿ ਹੁਮਾਊ ਨੇ ਕੀਨਿ ਚਢਾਈ।
-ਮੋ ਪੈ ਸੈਨਾ ਬਹੁ ਸਮੁਦਾਈ।
ਤਿਨ ਕੇ ਨਿਕਟਿ ਅਲਪ ਹੀ ਅਹੇ।
ਹਤੋਂ ਕਿ ਬਾਂਧੋਂ ਚਢਿ- ਇਮਿ ਚਹੇ ॥੪੨॥
ਪਹੁੰਚਿ ਪ੍ਰਯਾਗ ਜੰਗ ਕੋ ਠਾਨਾ।
ਦੁਹਿਦਿਸ਼ਿ ਬਾਜੇ ਬਜੇ ਮਹਾਂਨਾ।
ਨਿਕਸੇ ਤਬਿ ਪਠਾਨ ਦ੍ਵੈ ਭਾਈ।
ਲਸ਼ਕਰ[1] ਮਿਲਤੇ ਮਚੀ ਲਰਾਈ ॥੪੩॥ — [1]ਫੌਜ।
ਤਬਹਿ ਪਠਾਨਿ ਗਹੀ ਕਿਰਪਾਨੈਂ।
ਭਏ ਸਮੁਖ ਗਨ ਸੁਭਟਨਿ ਹਾਨੈ[1]। — [1]ਸਨਮੁਖ ਸਮੂਹ ਸੂਰਮਿਆਂ ਨੂੰ ਮਾਰਨ ਲਈ।
ਕਹੋਂ ਕਹਾਂ ਲਗ ਜੁੱਧ ਅਖਾਰਾ।
ਲੋਥੈਂ ਬਿਥਰੀ ਧਰਾ ਮਝਾਰਾ ॥੪੪॥
ਜਬਹਿ ਬ੍ਰਿੰਦ ਤਰਵਾਰੈਂ ਚਾਲੀ।
ਰੰਗ ਭੂਮਿਕਾ[1] ਪਸਰੀ ਲਾਲੀ। — [1]ਜੰਗ ਭੂਮੀ ਤੇ।
ਪਾਤਿਸ਼ਾਹਿ ਕੋ ਲਸ਼ਕਰ ਭਾਗਾ।
ਨਹੀਂ ਪਠਾਨਨਿ ਕੋ ਲਿਯ ਆਗਾ[1] ॥੪੫॥ — [1]ਪਠਾਣਾਂ ਦੇ ਹਰੌਲ ਦੀ ਬੀ ਤਾਬ ਨਾ ਲਿਆ ਸਕੇ। ਤੁਰਕੀ ਵਿਚ ਹਰਾਵਲ ਫੌਜ ਦੇ ਮੋਹਰੀ ਦਸਤੇ ਨੂੰ ਕਹਿੰਦੇ ਹਨ।
ਤਛਾਮੁੱਛ[1] ਤਰਵਾਰਨਿ ਕਰਿ ਕੈ। — [1]ਟੋਟੇ ਟੋਟੇ ਕਰਕੇ।
ਕਾਇਰ ਭਜੇ ਨ ਹੇਰਤਿ ਫਿਰਿ ਕੈ।
ਤਬ ਹੁਮਾਊਂ ਰਜਧਾਨੀ ਤਜਾਗੇ।
ਲਸ਼ਕਰ ਮਰਜੋ ਚਲਜੋ ਤਬ ਭਾਗੇ ॥੪੬॥
ਦਿੱਲੀ ਆਇ ਪਠਾਨਨਿ ਛੀਨੀ।
ਅਪਨੀ ਦੋਹੀ ਫੇਰਨਿ ਕੀਨੀ।
ਬਜਾਕੁਲ ਹ੍ਵੈ ਹੁਮਾਊਂ ਤਬ ਕਹਜੋ।
ਸੇਵਕ ਨਿਜ ਨਜੀਕ ਜੋ ਲਹਜੋ ॥੪੭॥
'ਸ਼੍ਰੀ ਨਾਨਕ ਕੋ ਸੇਵਕ ਪੂਰਾ।
ਹੈ ਕਿ ਨਹੀਂ ਗਾਦੀ ਪਰ ਰੂਰਾ[1]? — [1]ਸੁਹਣਾ।
ਤਿਹ ਸੋਂ ਕਰਹਿਂ ਮੇਲ ਹਮ ਜਾਈ।

ਮਮ ਪਿਤ ਬਾਬਰ ਤਹਿਂ ਤੇ ਪਾਈ ॥੪੮॥
ਕਹੀ[1] -ਪੁਸ਼ਤ ਲੌਂ[2]- ਫੁਰਜੋ ਨ ਬੈਨਾ।
ਬੂਝਹਿਂ ਤਿਹ ਸੋਂ ਜਿਹ ਉਰ ਭੈ ਨਾ।'
ਤਬ ਵਜ਼ੀਰ ਨੇ ਕਹਾ ਸੁਨਾਈ।
'ਗੁਰ ਅੰਗਦ ਬੈਠਜੋ ਤਿਨ ਥਾਈਂ ॥੪੯॥
ਆਰਫ਼ ਕਾਮਲ ਵਲੀ ਵਿਲਾਇਤ[1]।
ਮਿਲ ਮਕਸੂਦ, ਚਲਹੁ ਇਹ ਸਾਇਤ[1]।
ਭਲੋ ਵਿਚਾਰ ਆਪਿ ਨੇ ਕੀਨੋ।
ਬੂਝਹੁ ਤਿਨ ਇਹ ਪਦ[1] ਜਿਨ ਦੀਨੋ' ॥੫੦॥
ਸੁਨਤਿ ਖਡੂਰ ਹੁਮਾਊਂ ਆਯੋ।
ਸ਼੍ਰੀ ਅੰਗਦ ਜੀ ਜਹਾਂ ਸੁਹਾਯੋ।
ਸੰਗ ਬਾਲਕਨਿ ਖੇਲਤਿ ਬੈਸੇ।
ਹਰਖ ਸ਼ੋਕ ਜਿਨ ਮਹਿਂ ਨਹਿਂ ਕੈਸੇ ॥੫੧॥
ਬੰਦਨ ਠਾਨਿ ਹੁਮਾਊਂ ਖਰਜੋ।
ਤਿਸ ਦਿਸ਼ਿ ਰੁਖ਼ ਗੁਰੁ ਨੈਕ ਨ ਕਰਜੋ[1]।
ਪਰਚਤਿ ਰਹੇ ਬਾਲਕਨਿ ਸਾਥਿ।
ਸਭਿ ਘਟ ਕੀ ਜਾਨਤਿ ਜਗ ਨਾਥ ॥੫੨॥
ਤਬ ਹਮਾਉਂ ਮਨ ਕੋਪ ਬਿਸ਼ੇਖ਼ਾ।
-ਨਹਿਂ ਇਸ ਨੇ ਮੇਰੀ ਦਿਸ਼ ਦੇਖਾ।
ਦ੍ਵੈ ਘਟਿਕਾ ਮੈਂ ਠਾਂਢੋ ਰਹਜੋ।
ਕਛੁ ਪ੍ਰਭਾਵ[1] ਨ ਮਨ ਮਹਿਂ ਲਹਜੋ ॥੫੩॥
ਗਯੋ ਰਾਜ ਮੈਂ ਹੋਯੋ ਦੀਨ।
ਪਾਸ ਖਰੋ ਇਨਿ ਕੀਨਿ ਨ ਚੀਨ[1]।

[1]ਆਖੀ ਸੀ। [2]ਪੀੜ੍ਹੀਆਂ ਤਕ।

[1]ਆਰਿਫ=ਰਬ ਨੂੰ ਪਛਾਣਨ ਵਾਲਾ, ਬ੍ਰਹਮ ਗਜਾਨੀ। ਕਮਾਲ=ਪੂਰਨ। ਵਲੀ=ਰਬ ਦਾ ਸਮੀਪੀ, ਮਿੱਤ੍ਰ। ਵਿਲਾਯਤ=ਸਾਈਂ ਦੀ ਸਮੀਪਤਾ। (ਅ) ਵਿਲਾਯਤ=ਦੇਸ਼, ਮੁਰਾਦ ਅਕਸਰ ਅਫਗਾਨਿਸਤਾਨ, ਤੁਰਕਿਸਤਾਨ, ਈਰਾਨ ਆਦਿਕ ਤੋਂ ਹੁੰਦੀ ਸੀ, ਭਾਵ ਹੈ ਕਿ ਦੂਰ ਦੇਸ਼ਾਂ ਵਿਚ ਵਲੀ ਪ੍ਰਸਿੱਧ ਹਨ।

[1]ਮੁਰਾਦ ਮਿਲ ਜਾਏਗੀ ਏਸੇ ਘੜੀ ਚਲੋ।

[1]ਮੁਰਾਤਬਾ।

[1]ਰਤਾ ਧਿਆਨ ਨਾ ਕੀਤਾ।

[1]ਪਾਤਸ਼ਾਹੀ ਰੋਅਬ (ਅ) ਮਾਨ।

[1]ਪਛਾਣਿਆਂ ਭੀ ਨਹੀਂ।

-ਉਚਿਤ ਮਾਰਿਬੇ[1]- ਰਿਦੇ ਬਿਚਾਰਿ। — [1]ਮਾਰਣ ਦੇ।
ਧਰਯੋ ਹਾਥ ਕਬਜ਼ੇ ਤਲਵਾਰ[1] ॥੫੪॥ — [1]ਤਲਵਾਰ ਦੀ ਮੁੱਠ ਤੇ।
-ਹਤੌਂ ਖੈਂਚ ਕਰਿ- ਉਰ ਮਹਿਂ ਠਾਨਹਿ।
ਤਬ ਮੋਕਹੁ ਇਹੁ ਸ਼ਾਹੁ ਪਛਾਨਹਿ।
ਉਦੈ ਭਯੋ[1] ਐਂਚਨ[2] ਕੋ ਜਬੈ। — [1]ਤਿਆਰ ਹੋਇਆ। [2]ਖਿੱਚਣ ਲਈ।
ਮੁਸ਼ਟ ਸੰਗ ਕਰਿ ਚਿਮਟਯੋ ਤਬੈ[1] ॥੫੫॥ — [1]ਤਲਵਾਰ ਦੀ) ਮੁੱਠ ਨਾਲ ਤਦੋਂ ਹੱਥ ਚਿਮਟ ਗਿਆ।
ਇਤ ਉਤ ਹੋਤਿ ਨ, ਰਹਯੋ ਹਿਲਾਇ।
ਸਾਰੋ ਬਲ ਹਾਰਯੋ ਸੁ ਲਗਾਇ।
ਪੁਨ ਮੂਰਖ ਪਛੁਤਾਵਨ ਲਾਗਾ।
-ਕਰਯੋ ਖੋਟ ਮੈਂ ਹੁਤੋ ਅਭਾਗਾ- ॥੫੬॥
ਤਬਿ ਸ਼੍ਰੀ ਅੰਗਦਿ ਕਰਿ ਉਤ[1] ਨੈਨ। — [1]ਉਧਰ।
ਦੀਨ ਭਯੋ ਪਿਖਿ ਉਚਰੇ ਬੈਨ।
'ਸ਼ੇਰਸ਼ਾਹ ਸੋਂ ਕਛੁ ਨ ਬਸਾਯੋ[1]। — [1]ਵੱਸ ਨਾ ਚਲਿਆ।
ਖੜਗ ਹਤਨ ਹਮ ਪਰ ਚਲਿ ਆਯੋ! ॥੫੭॥
ਕਾਇਰ ਭਯੋ ਭਾਜ ਕਰਿ ਆਵਾ।
ਹਮਹਿ ਸੂਰਤਾ[1] ਚਹੈਂ ਦਿਖਾਵਾ।' — [1]ਬਹਾਦਰੀ।
ਤਬਿ ਹੁਮਾਉਂ ਬਹੁ ਬਿਨਤੀ ਠਾਨੀ।'
'ਛਿਮਹੁ ਗੁਰੂ! ਮੈਂ ਬਡ ਅਨਜਾਨੀ ॥੫੮॥
ਸ਼੍ਰੀ ਨਾਨਕ ਥੇ ਜ਼ਾਤਿ ਖ਼ੁਦਾਇ।
ਤਿਨ ਕੀ ਬਖ਼ਸ਼ਿਸ਼ ਹੋਤਿ ਬਿਲਾਇ[1]। — [1]ਬਿਤੀਤ ਹੋਣ ਲਗੀ ਹੈ।
ਇਹ ਕਜਾ ਕਾਰਨ? ਬੂਝਤ ਆਵਾ।
ਤੁਮ ਸੌਂ ਉਨ ਕੌ ਭੇਦ ਨ ਪਾਵਾ†' ॥੫੯॥ — †ਪਾ-ਤੁਮ ਮੈਂ ਉਨਮੈਂ ਭੇਦ ਨ ਪਾਵਾ।
ਸ਼੍ਰੀ ਅੰਗਦ ਸੁਨਿ ਕੈ ਕਹਿ ਬਾਨੀ।
'ਕਛੁ ਬਿਅਦਲੀ† ਕੀਨਿ ਮਹਾਨੀ। — †ਇਸ ਤੋਂ ਸਪੱਸ਼ਟ ਹੈ ਕਿ ਸ਼੍ਰੀ ਗੁਰੂ ਨਾਨਕ ਜੀ ਦੀ ਅਸੀਸ-ਇਨਸਾਫ ਦੀ ਸ਼ਰਤ ਉੱਤੇ ਸੀ।
ਯਾਂ ਤੇ ਭਯੋ ਤੋਹਿ ਤ੍ਰਿਸਕਾਰਾ[1]। — [1]ਨਿਰਾਦਰੀ।
ਅਬਿ ਜੇ ਧਰਤਿ ਨ ਕਰ ਤਰਵਾਰਾ[1] ॥੬੦॥ — [1]ਹੁਣ ਜੇ ਆਪਣਾ ਹੱਥ ਤਲਵਾਰ ਤੇ (ਸਾਡੇ ਮਾਰਨ ਲਈ) ਨਾ ਧਾਰਦਾ।
ਤੌ ਪਤਿਸ਼ਾਹਿਤਿ ਅਬਿ ਹੀ ਪਾਵਤਿ।
ਦਰਸ਼ਨ ਕੌ ਫਲ ਅਨੰਦ ਬਧਾਵਤਿ।

ਜਾਇ ਵਿਲਾਇਤ[1] ਅਬਿ ਫਿਰ ਆਵੋ।
ਛਤ੍ਰ ਤਖਤ ਦਿੱਲੀ ਪੁਨ ਪਾਵੋਂ ॥੬੧॥
ਸੁਨਿ ਇਮ ਗਯੋ ਵਿਲਾਇਤ ਥਾਨ।
ਤਹਿਂ ਤੇ ਲਸ਼ਕਰ ਲੀਨਿ ਮਹਾਨ।
ਹਿੰਦੁਸਤਾਨ ਕਰੀ ਸਰ[1] ਆਇ†।
ਖਾਨ ਨਾਮ ਸਭਿਹਿਨਿ ਮਰਿਵਾਇ ॥੬੨॥

[1]ਅਫ਼ਗਾਨਿਸਤਾਨ, ਤੁਰਕਿਸਤਾਨ, ਈਰਾਨ ਆਦਿ ਤੋਂ ਮੁਰਾਦ ਹੈ।

[1]ਫਤੇ ਕੀਤੀ। †ਹਮਾਯੂੰ ਲਾਹੌਰ ਤੋਂ ਸਿੰਧ ਹੁੰਦਾ ਹੋਇਆ ਫਾਰਸ ਪਹੁੰਚਾ, ਓਥੇ ਕਈ ਬਰਸ ਰਹਿਕੇ ਫੇਰ ਆਕੇ ਉਸ ਨੇ ਹਿੰਦ ਪਠਾਣਾਂ ਤੋਂ ਫਤਹ ਕੀਤਾ। ਈਸਵੀ ਸੰਨ ੧੫੪੦ ਵਿਚ ਹਮਾਯੂੰ ਹਾਰਿਆ ਤੇ ੧੫੫੬ ਈਸਵੀ ਸੰਨ ਵਿਚ ਫੇਰ ਜਿੱਤਿਆ ਸੀ।

ਦੋਹਰਾ:
ਸਤਿਗੁਰ ਬੇਪਰਵਾਹੁ ਨਿਤ,
ਰਾਗ ਦ੍ਵੈਸ਼[1] ਚਿਤ ਨਾਂਹਿ।
ਕਰਹਿਂ ਭਾਵਨਾ[1] ਪਾਇਂ ਤਿਮਿ,
ਜੇ ਨਰ ਚਲਿ ਢਿਗ ਜਾਹਿਂ ॥੬੩॥

[1]ਮੋਹ ਤੇ ਵੈਰ।

[1]ਜੇਹੀ ਇੱਛਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਹੁਮਾਊਂ' ਪ੍ਰਸੰਗ ਬਰਨਨੰ ਨਾਮ ਦਸ਼ਮੋਂ ਅੰਸੂ ॥੧੦॥

## ੧੧. [ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ, ਪਾਰੋ ਜੁਲਕਾ ਪ੍ਰਸੰਗ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਅਬਿ ਸ਼੍ਰੀ ਗੁਰ ਅੰਗਦ ਨਿਕਟਿ,
ਸਿੱਖ ਭਏ ਜੋ ਆਇ।
ਕਹੌਂ ਕਥਾ ਨਿਰਧਾਰ ਕਰਿ[1], — [1]ਨਿਰਨੈ ਕਰਕੇ।
ਸੁਨਹੁ ਸੰਤ ਚਿਤ ਲਾਇ ॥੧॥

ਚੌਪਈ:

ਸੇਵਕ ਰਹੈ ਪਾਸ ਇਕ ਜੀਵਾ।
ਸੇਵਹਿ ਸ਼ਰਧਾ ਧਰੇ ਸਦੀਵਾ।
ਦਧਿ[1] ਸੋਂ ਖਿਚਰੀ ਕਰਿ ਕੈ ਤਯਾਰਿ। — [1]ਦਹੀਂ।
ਲਯਾਇ ਅਚਾਵਤਿ[1] ਅਪਰ ਅਹਾਰ[2†] ॥੨॥ — [1]ਖੁਲਾਉਂਦਾ। [2]ਭਾਵ ਖਿਚੜੀ ਤੋਂ ਵੱਖਰੇ ਹੋਰ ਖਾਣੇ। ਅੱਗੇ ਅੰਗ ਪੰਜ ਵਿਚ 'ਬਿਬਿਧ ਪ੍ਰਕਾਰਾ' ਲਿਖਿਆ ਹੈ। [†]ਪਾ:-ਅਪਰ ਅਪਾਰ। ਭਾਵ ਸ਼੍ਰੀ ਗੁਰੂ ਜੀ ਨੂੰ।
ਇਕ ਦਿਨ ਘਟੀ ਚਾਰ ਦਿਨ ਰਹਯੋ।
ਗੁਰ ਸੋਂ ਹਾਥ ਜੋਰ ਬਚ ਕਹਯੋ।
'ਆਜ ਚਲਤਿ ਹੈ ਬਾਯੁ ਅੰਧੇਰੀ।
ਹਟਹਿ ਨਹੀਂ ਨਿਰਨੈ ਕਰਿ ਹੇਰੀ ॥੩॥
ਬਡੀ ਨਿਸਾ ਬੀਤੇ ਹਟਿ[†] ਜਾਇ। — [†]ਪਾ:-ਮਿਟ।
ਅਬ ਤੌ ਬਹਿਤ ਮਹਾਂ ਰਜ ਛਾਇ[1]। — [1]ਬਹੁਤ ਮਿੱਟੀ ਛਾ ਰਹੀ ਹੈ।
ਬਾਕ ਆਪ ਕੋ ਹੋਵੈ ਜਬੈ।
ਮਿਟਹਿ ਅੰਧੇਰੀ ਰਜ[1] ਸੋਂ ਸਬੈ ॥੪॥ — [1]ਧੂੜੀ।
ਕਰਿ ਲੇਵੋਂ ਮੈਂ ਤੁਰਤ ਅਹਾਰਾ।
ਤੁਮਹਿ ਅਚਾਵੌਂ ਬਿਬਿਧਿ ਪ੍ਰਕਾਰਾ।
ਬਹੁਰੋ ਚਲਹਿ ਜਥਾ ਅਬਿ ਅਹੈ।'
ਸ਼੍ਰੀ ਅੰਗਦ ਸੁਨਿ ਤਿਸ ਤੇ ਕਹੈਂ ॥੫॥
'ਐਸੋ ਨਹੀਂ ਮਨੋਰਥ ਕਰੀਅਹਿ।
ਜਿਸ ਤੇ ਮਹਾਂ ਦੋਸ਼ ਸਿਰ ਧਰੀਅਹਿ।
ਪਰਮੇਸੁਰ ਜੋ ਬਾਯੁ ਬਹਾਈ।
ਇਸ ਤੇ ਬਹੁ ਕਾਰਜ ਨਿਬਹਾਈ[1] ॥੬॥ — [1]ਸਰਨੇ ਹਨ।
ਸਰਿਤਾਪਤਿ[1] ਮਹਿਂ ਅਨਿਕ ਜਹਾਜ। — [1]ਸਮੁੰਦਰ।
ਨਰਨਿ ਹਜ਼ਾਰਹੁਂ ਲਾਦਿ ਸਮਾਜ[1]। — [1]ਸਮਿੱਗ੍ਰੀ।
ਬਹੁ ਬਿਵਹਾਰ ਕਰਹਿਂ ਹਿਤ ਰੋਜ਼ੀ।

ਦੀਪਨਿ ਗਮਨਹਿਂ[1], ਲਾਹਾ ਖੋਜੀ ॥੭॥ — [1]ਟਾਪੂਆਂ ਨੂੰ ਜਾਂਦੇ ਹਨ।
ਬਹੁਤ ਦਿਵਸ ਕੇ ਟਿਕਿ ਸੋ ਰਹੇ।
ਅਬਿ ਚਲਾਇ ਬਾਯੂ ਇਹੁ ਲਹੇ[†]। — [†]ਪਹਿਲੇ ਸਮੇਂ ਜਹਾਜ ਇਕ ਖਾਸ ਰੁਖ਼ ਉੱਤੇ ਹਵਾ ਦੇ ਚੱਲ ਪੈਣ ਨਾਲ ਹੀ ਚੱਲਿਆ ਕਰਦੇ ਸਨ।
ਹਿਤ ਅਹਾਰ ਕੇ ਕਰਹਿਂ ਕਮਾਈ।
ਤਿਸ ਮਿਸ[1] ਦੇਤਿ ਤਿਨਹੁਂ ਜਗਰਾਈ[2] ॥੮॥ — [1]ਇਸ ਬਹਾਨੇ। [2]ਈਸ਼ਵਰ।
ਧਰਤੀ ਜਹਾਂ ਤਾਂਬ੍ਰ[1] ਕੀ ਅਹੈ। — [1]ਤਾਂਬੇ।
ਲਾਖਹੁਂ ਬਿਸੀਅਰਿ[1] ਤਿਸ ਥਲ ਰਹੈਂ। — [1]ਸੱਪ।
ਤਿਨ ਹਿਤ ਧੂਲ[1] ਜਾਇ ਤਿਸ ਦੇਸ਼। — [1]ਧੂੜ।
ਨਿਜ ਕੁੰਡਲ[1] ਮਹਿਂ ਲੇਤ ਅਸ਼ੇਸ਼[2] ॥੯॥ — [1]ਲਪੇਟ (ਅ) ਮੁਖ। [2]ਸਾਰੀ।
ਤਿਸ ਕੋ ਖਾਇ ਨਿਬਾਹੈਂ ਕਾਲ[1]। — [1]ਝੱਟ ਲੰਘਾਉਂਦੇ ਹਨ।
ਆਪੋ ਅਪਨੀ ਲੇਤਿ ਸੰਭਾਲ।
ਲਾਖਹੁਂ ਅਹੈਂ ਛੁਧਾਤੁਰ[1] ਸੇਈ। — [1]ਭੁੱਖ ਨਾਲ ਦੁਖੀ।
ਪ੍ਰਭੁ ਪਹੁਂਚਾਇ ਪਾਲਿ ਹੈ ਤੇਈ[1] ॥੧੦॥ — [1]ਉਨ੍ਹਾਂ ਨੂੰ।
ਇਸ ਤੇ ਆਦਿਕ ਕਾਜ ਬਿਸਾਲ[1]। — [1]ਬੜੇ ਕੰਮ।
ਕਰਹਿ ਪ੍ਰਮੇਸੁਰ ਬਾਯੂ ਨਾਲ।
ਅਬਿ ਜੇ ਕਹਿ ਕਰਿ ਪੌਨ ਮਿਟਾਵੈਂ।
ਬਿਗਰਹਿ ਕਾਜ ਛੁਦਿਤਿ[1] ਰਹਿ ਜਾਵੈਂ ॥੧੧॥ — [1]ਭੁੱਖੇ।
ਪ੍ਰਭੁ ਸਰਬੱਗਜ ਸਫਲ ਕ੍ਰਿਤ[1] ਧਰੈ। — [1]ਉਹ ਕਰਨੀ ਜਿਸ ਵਿਚ ਲਾਭ ਹੈ।
ਕਜਾ ਅਲਪੱਗਜ[1] ਤਰਕਨਾ[2] ਕਰੈ। — [1]ਭਾਵ ਜੀਵ। [2]ਹੁੱਜਤਾਂ।
ਲਾਖਹੁਂ ਜੀਵਨਿ ਕੌ ਸੰਤਾਪ।
ਮੇਟਹਿ ਪੌਨ, ਦੋਸ਼ ਲੇਂ ਆਪਿ? ॥੧੨॥
ਇਹ ਮਨਮੁਖ ਕੀ ਰੀਤਿ ਪਛਾਨੈ।
ਹੁਵਤਿ ਮਿਟਾਇ, ਕਿ ਤਰਕ ਬਖਾਨੈ[1]। — [1]ਹੁੰਦੀ ਨੂੰ (ਚਾਹੇ ਕਿ ਇਹ) ਮਿਟ ਜਾਵੇ ਯਾ ਹੁੱਜਤ ਕਰੇ (ਕਿ ਇਹ ਕਿਉਂ ਹੁੰਦੀ ਹੈ)।
ਜਥਾ ਕਰਹਿ ਪ੍ਰਭੁ, ਪਿਖ ਹਰਖੰਤੇ[1]। — [1]ਪ੍ਰਸੰਨ ਹੁੰਦੇ ਹਨ।
ਨਹਿਂ ਤਰਕਹਿਂ, ਕਹਿ ਕੈ ਨਾ ਮਿਟੰਤੇ ॥੧੩॥
ਸੋ ਗੁਰਮੁਖ, ਸੁਖ ਪ੍ਰਾਪਤਿ ਹੋਇ।
ਸੰਕਟਿ ਸਹੈ ਨ ਲੋਕਹੁਂ ਦੋਇ।

ਤੂੰ ਕਰਿਬੇ ਚਿਤ ਚਹਤਿ ਅਹਾਰੇ।
ਘਟੀ ਚਾਰ ਕਰਿ ਲੇਹੁ ਪਿਛਾਰੇ ॥੧੪॥
ਹਟਹਿ ਨ ਜੇ, ਪ੍ਰਭਾਤਿ ਕਰਿ ਲੀਜੈ।
ਧਰਹੁ ਨ ਚਿੰਤਾ, ਆਨੰਦ ਕੀਜੈ।
ਸਤਿਗੁਰੁ ਅਰ ਪ੍ਰਭੁ[1] ਜਥਾ ਰਜਾਇ।
ਤਿਸ ਪਰ ਰਾਜੀ ਰਹਿਨ ਸਦਾਇ ॥੧੫॥
ਮੁੱਖਜ ਧਰਮ ਸਿੱਖੀ ਕੋ ਏਹੀ।
ਜੋ ਧਾਰਹਿ ਸਿਖ ਗੁਰੂ ਸਨੇਹੀ।
ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ।
ਪਤਿ ਆਗਜਾ ਮਹਿਂ ਸੁਖੀ ਬਿਚੱਛਨ[1] ॥੧੬॥
ਪ੍ਰਭੁ ਆਗਜਾ ਮਹਿਂ ਤਥਾ ਸਦੀਵਾ।
ਰਹੁ ਰਾਜ਼ੀ ਬਨਿ ਗੁਰਮੁਖ, ਜੀਵਾ!
ਜਪ ਤਪ ਬਰਤ ਦਾਨ ਫਲ ਸਾਰੇ।
ਇਸ ਤੇ ਪ੍ਰਾਪਤਿ ਹੋਇਂ ਸੁਖਾਰੇ ॥੧੭॥
ਸਿਮਰਹੁ ਸੱਤਿਨਾਮ ਕਰਿ ਪ੍ਰੀਤਿ।
ਤਜਾਗਹੁ ਤਨਹੰਤਾ ਇਮੁ ਨੀਤਿ।
ਬ੍ਰਹਮਗਜਾਨ ਤਬਿ ਪਾਇ ਸੁਖੇਨ।
ਜਨਮ ਮਰਨ ਪੁਨ ਬਨਹਿ ਕਦੇ ਨ†' ॥੧੮॥
ਸੁਨਿ ਜੀਵੇ ਤਬ ਬੰਦਨ ਕਰੀ।
ਸਤਿਗੁਰੁ ਸੀਖ ਭਲੀ ਉਰ ਧਰੀ।
ਕੋਇਕ ਦਿਨ ਮਹਿਂ ਗਜਾਨੀ ਹੋਵਾ।
ਏਕਹੁ ਰੂਪ ਸਰਬ ਮਹਿਂ ਜੋਵਾ[1] ॥੧੯॥
ਜੀਵਤਿ ਰਹਜੋ ਕਰੀ ਗੁਰ ਸੇਵਾ।
ਤਨ ਤਜਿ ਲੈ ਹੁਇ ਬ੍ਰਹਮ ਅਭੇਵਾ[1]।
ਗੁੱਜਰ ਨਾਮ ਸੁ ਜਾਤਿ ਲੁਹਾਰ।
ਚਲਿ ਆਯਹੁ ਗੁਰੁ ਕੇ ਦਰਬਾਰ ॥੨੦॥
ਬੰਦਨ ਕਰਿ ਬੈਠਜੋ ਗੁਰ ਪਾਸਿ।
ਦਰਸ਼ਨ ਦੇਖਿ ਕਰੀ ਅਰਦਾਸ।
'ਸੁਨਹੁ ਗੁਰੂ ਜੀ! ਹੇਤ ਅਹਾਰ।
ਦਿਨ ਸਗਰੇ ਹਮ ਠਾਨਹਿਂ ਕਾਰ ॥੨੧॥

[1]ਪ੍ਰਮਾਤਮਾਂ ਦੀ।

[1]ਸਿਆਣੀ।

†ਤਾਤਪਰਯ ਸਤਿਗੁਰਾਂ ਦੀ ਸਾਰੀ ਕਥਾ ਤੋਂ 'ਹੁਕਮਿ ਰਜਾਈ ਚਲਣਾ' ਤੋਂ ਹੈ, ਵਜਾਖਜਾ ਸਿਖਾਂ ਦੀ ਭਗਤ ਮਾਲ ਦੀਆਂ ਹਨ।

[1]ਦੇਖਿਆ।

[1]ਅਭੇਦ।

ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼[1]। — [1]ਸਮਾਂ, ਵਿਹਲ।
ਸੇਵਾ ਕਰਹਿਂ ਰਹਹਿਂ ਤੁਮ ਪਾਸ।
ਹਮਰੋ ਭੀ ਕਿਮ ਹੁਇ ਕੱਲਜਾਨ।
ਜਨਮ ਮਰਨ ਦਾ[1] ਬੰਧਨਿ ਹਾਨਿ' ॥੨੨॥ — [1]ਦੇਣ ਵਾਲੇ।
ਸੁਨਿ ਸਤਿਗੁਰ ਕੀਨਸਿ ਉਪਦੇਸ਼।
'ਇਕ ਚਿਤ ਜਪੁਜੀ ਪਠਹੁ ਹਮੇਸ਼।
ਜੇਤਿਕ ਵਾਰ ਪਠਜੋ[1] ਨਿਤ ਜਾਇ। — [1]ਪੜ੍ਹਿਆ।
ਪਠਤਿ ਰਹਹੁ[1] ਦੀਰਘ ਫਲ ਪਾਇ ॥੨੩॥ — [1]ਪੜ੍ਹਦੇ ਰਹੋ।
ਪਿਖਹੁ ਗ਼ਰੀਬ ਕਾਜ ਕਰਿ ਦੀਜੈ।
ਨਹਿਂ ਤਿਸ ਨਿਕਟ ਮਜੂਰੀ ਲੀਜੈ।
ਜਪੁਜੀ ਅਰਥ ਬਿਚਾਰਨ ਕਰੋ।
ਸ੍ਵਾਸੁ ਸ੍ਵਾਸੁ ਅੰਤਰ ਨਿਤਿ ਧਰੋ† ॥੨੪॥ — †ਏਥੇ ਦੋ ਪਿਛਲੀਆਂ ਤੁਕਾਂ ਦਾ ਪਾਠ ਦੋ ਨੁਸਖਿਆਂ ਵਿਚ ਹੋਰਵੇਂ ਵੀ ਹੈ:- ੧. ਅਨਾਥਨ ਕੋ ਕਰੀਏ ਬਹੁ ਮਾਨ। ਤਿਹ ਉਧਰਨ ਕੀ ਰੀਤ ਪਛਾਨਿ। ੨. ਸਾਧ ਅਭਜਾਗਤ ਕੀ ਜੋ ਸੇਵਾ। ਦੁਖੀਏ ਕੋ ਕਾਰਜ ਲਖਿ ਸੇਵਾ।
ਗੁਰੂ ਨਮਿੱਤ ਕਰਹੁ ਜੁਤਿ ਪ੍ਰੀਤਿ†। — †ਇਸ ਵਿਚ ਗੁਰੂ ਆਦਰਸ਼ ਸੇਵਾ ਦਾ ਦੱਸਿਆ ਹੈ ਕਿ ਸੇਵਾ ਉਪਕਾਰ ਜੋ ਭਲੇ ਕੰਮ ਕਰੋ ਗੁਰੂ ਜੀ ਵਿਚ ਪ੍ਰੀਤ ਰਖਕੇ ਗੁਰੂ ਨਮਿੱਤ ਕਰੋ। ਇਸ ਤਰ੍ਹਾਂ ਨਾ ਆਪਣੇ ਮਨ ਵਿਚ ਅਹੰਕਾਰ ਆਵੇਗਾ, ਨਾ ਜਿਨ੍ਹਾਂ ਤੇ ਉਪਕਾਰ ਕੀਤਾ ਹੈ, ਓਹਨਾਂ ਦੀ ਮੈਲ ਦਾ ਬੋਝ ਪਵੇਗਾ। ਜੋ ਸ਼ੁਭ ਕਰਮ ਸਿੱਖ ਕਰੇ ਗੁਰੂ ਅਰਪਨ ਕਰਕੇ ਕਰੇ।
ਦਯਾ ਕਰਹੁ ਦੀਨਨਿ[1] ਪਰ ਨੀਤਿ। — [1]ਗ੍ਰੀਬਾਂ।
ਜੋ ਅਪਨੀ ਕਛੁ ਕਰਹੁ ਕਮਾਈ।
ਗੁਰ ਹਿਤ ਦਿਹੁ ਦਸਵੰਧ ਬਨਾਈ ॥੨੫॥
ਸਾਧਿਕ ਸਿੱਖ[1] ਆਇ ਜੋ ਡੇਰੇ। — [1]ਸਾਧਨਾਂ ਕਰਨ ਵਾਲੇ ਸਿੱਖ। (ਅ) ਸਾਧ ਯਾਂ ਸਿੱਖ।
ਕਰਹੁ ਸੇਵ ਧਰਿ ਪ੍ਰੇਮ ਘਨੇਰੇ।'
ਸੁਨਿ ਉਪਦੇਸ਼ ਰਿਦੇ ਤਿਨ ਧਾਰਾ।
ਜਿਮ ਗੁਰੁ ਕਹਜੋ ਕਰਹਿ ਤਿਮ ਕਾਰਾ ॥੨੬॥
ਗ੍ਰਿਹਸਤੀ ਭਗਤ ਹੁਤੇ ਤਿਸ ਗ੍ਰਾਮ।
ਤੁਹਮਤ[1] ਦੇ ਕਰਿ ਤਿਨ ਕੇ ਨਾਮ। — [1]ਤੁਹਮਤ = ਝੂਠੀ ਊਜ। ਭਾਵ (ਰਾਜੇ ਨੇ) ਊਜ ਲਾਕੇ ਉਨ੍ਹਾਂ ਭਗਤ ਗ੍ਰਿਹਸਤੀਆਂ ਨੂੰ। ਅੰਕ ੩੦ ਤੋਂ ਰਾਜੇ ਦਾ ਪਤਾ ਲਗਦਾ ਹੈ।

ਗਹਿ ਕਰ ਪਾਇਨ ਪਾਇ ਸੁ ਬੇਰੀ।
ਕਾਰਾਗ੍ਰਹਿ[1] ਮਹਿਂ ਦੀਨਸਿ ਗੇਰੀ ॥੨੭॥

[1]ਕੈਦਖਾਨੇ।

ਕਿਤਿਕ ਦਿਵਸ ਹੁਇ ਪ੍ਰਭੁ ਸਹਾਇ।
ਕਿਸ ਬਿਧਿ ਤੇ ਦੀਨੇ ਨਿਕਸਾਇ[1]।

[1]ਓਹ ਕੈਦਖਾਨੇ ਤੋਂ ਕੱਢ ਦਿੱਤੇ ਕਿਸੇ ਤਰ੍ਹਾਂ।

ਅਰਧਿ ਰਾਤਿ ਮਹਿਂ ਸੋ ਚਲਿ ਆਏ।
ਸ਼੍ਰਿੰਖਲ[1] ਤਿਨ ਕੇ ਪਾਇਨ[2] ਪਾਏ ॥੨੮॥

[1]ਸੰਗਲ। [2]ਪੈਰਾਂ ਵਿਚ।

ਗੁੱਜਰ ਨਾਮ ਲੁਹਾਰ ਅਵਾਸ।
ਆਇ ਕਹਜੋ ਤਿਨ ਇਸ ਕੇ ਪਾਸ।
'ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ।
ਤੁਝ ਕੋ ਹੋਇ ਨ ਜਮ ਕੀ ਬਾਟ' ॥੨੯॥
ਸੁਨਿ ਕਰਿ ਸੁਕਚਜੋ[1] ਰਿਦੇ ਬਿਸਾਲਾ।

[1]ਸੰਕੋਚ ਕੀਤਾ ਭਾਵ ਡਰਿਆ।

-ਜੇ ਮੁਝ ਜਾਨ ਲੇਹਿ ਮਹਿਪਾਲਾ[1]।

[1]ਰਾਜਾ।

ਗਹਿ ਲੈਹੈ ਸਗਰੋ ਪਰਵਾਰਾ।
ਜ਼ਾਲਮ ਬਡੋ ਕਰਾਵਹਿ ਮਾਰਾ- ॥੩੦॥
ਤ੍ਰਾਸ ਪਾਇ ਕਰਿ ਬਹੁਰ ਬਿਚਾਰਾ।
-ਗੁਰੁ ਮੁਝ ਪ੍ਰਤਿ ਉਪਦੇਸ਼ ਉਚਾਰਾ।
ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।
ਨਹੀ ਬਿਲੰਬ ਕਿਸੀ ਬਿਧਿ ਕੀਜੈ ॥੩੧॥
ਸੋ ਨਹਿਂ ਛੋਡੌਂ, ਹੋਇ ਸੁ ਹੋਇ।
ਸੰਤ ਕਹੇ ਲੋਕਨ ਸੁਖ ਦੋਇ[1]-।

[1]ਸੰਤਾਂ ਦੇ ਕਹੇ ਨੂੰ (ਕਮਾਉਣ ਨਾਲ) ਦੋਹਾਂ ਲੋਕਾਂ ਦਾ ਸੁਖ ਹੁੰਦਾ ਹੈ।

ਇਮ ਬਿਚਾਰਿ ਕਰਿ ਬਿਲਮ ਨ ਕੀਨ।
ਉਠਿ ਤਤਕਾਲ ਕਾਟ ਕਰਿ ਦੀਨ ॥੩੨॥
ਆਸ਼ਿਖ[1] ਦੇਤਿ ਗਏ ਨਿਜ ਦੇਸ਼।

[1]ਅਸੀਸ।

ਉਪਜਜੋ ਇਸ ਕੇ ਗਜਾਨ ਵਿਸ਼ੇਸ਼।
ਇਕ ਨਾਈ ਧਿੰਙਾ ਚਲਿ ਆਯੋ।
ਸ੍ਰੀ ਅੰਗਦ ਪਗ ਸੀਸ ਨਿਵਾਯੋ ॥੩੩॥
ਬੈਠਿ ਗਯੋ ਢਿਗ ਸਿਖ ਗਨ ਹੇਰੇ।
ਕਰਹਿਂ ਪਰਸਪਰ ਸੇਵ ਘਨੇਰੇ।

ਤਿਨ ਮਹਿਂ ਮਿਲਿ ਸੇਵਾ ਕਹੁ ਲਾਗਯੋ।
ਭਲੀ ਜਾਨਿ ਕਰਿ ਉਰ ਅਨੁਰਾਗਯੋ[1] ॥੩੪॥
[1]ਪ੍ਰੇਮ ਵਿਚ ਆਇਆ।

ਤਪਤ ਨੀਰ ਕਰਿਵਾਇ ਸ਼ਨਾਨ।
ਵਸਤ੍ਰ ਪਖਾਰਹਿ ਮਲ ਕਰਿ ਹਾਨ[1]।
[1]ਮੈਲ ਨੂੰ ਨਾਸ਼ ਕਰਕੇ।
ਚਰਨ ਚਾਂਪ, ਹਾਂਕਤਿ ਹੈ ਬਾਯੁ[1]।
[1]ਮੁੱਠੀ ਚਾਂਪੀ ਕਰਦਾ ਹੈ ਝੱਲਦਾ ਹੈ, ਵਾਯੂ (ਭਾਵ ਪੱਖਾ)।
ਬਾਸਨ ਧੋਵੈ ਮਾਂਝ ਬਨਾਯੁ[1] ॥੩੫॥
[1]ਮਾਂਜ ਬਣਾ ਕੇ।

ਕਬਿ ਕਬਿ ਗੁਰ ਕੀ ਸੇਵਾ ਪਾਇ।
ਮਹਾਂ ਪ੍ਰੇਮ ਤੇ ਕਰਹਿ ਬਨਾਇ।
ਇਕ ਦਿਨ ਸ੍ਰੀ ਅੰਗਦ ਕੇ ਪਾਸ।
ਹਾਥ ਜੋਰਿ ਕੀਨੀ ਅਰਦਾਸ ॥੩੬॥

'ਸ੍ਰੀ ਸਤਿਗੁਰ ਮੁਝ ਦਿਹੁ ਉਪਦੇਸ਼ੁ।
ਜਿਸ ਤੇ ਮਿਟਹਿਂ ਕਲੇਸ਼ ਅਸ਼ੇਸ਼ੁ[1]'।
[1]ਸਾਰੇ।
ਸੁਨਿ ਸ੍ਰੀ ਮੁਖ ਤੇ ਤਬਿ ਫੁਰਮਾਯੋ।
'ਗੁਰੂ ਗੋਰ[1] ਮਹਿਂ ਸੋ ਚਲਿ ਆਯੋ ॥੩੭॥
[1]ਕਬਰ।

ਹੁਇ ਮੁਰੀਦ[1] ਮੁਰਦੇ ਮਾਨਿੰਦ।
[1]ਚੇਲਾ।
ਅੰਗ ਨ ਕੋ ਹਾਲਤਿ ਬਿਨ ਜਿੰਦ[1]।
[1]ਜਿਵੇਂ) ਜਿੰਦ ਤੋਂ ਬਿਨਾ ਕੋਈ ਅੰਗ ਨਹੀਂ ਹਿੱਲਦਾ (ਮੁਰਦੇ ਦਾ)।
ਤਿਮ ਮੁਰੀਦ ਆਦਿਕ ਹੰਕਾਰਾ[1]।
[1]ਹੰਕਾਰ ਆਦਿਕ (ਸਾਰੇ ਵਿਕਾਰ)।
ਤਜਾਗ ਦੇਤਿ ਏ ਸਕਲ ਬਿਕਾਰਾ ॥੩੮॥

ਗੁਰੂ ਗੋਰ ਮਹਿਂ ਜਾਇ ਸਮਾਇ।
ਹੁਇ ਮੁਰੀਦ ਮੁਰਦਾ ਜਿਸਿ ਭਾਇ[†]।
[†]ਮੁਰਦਾ ਹੋਣ ਤੋਂ ਮੁਰਾਦ ਮਰ ਜਾਣ ਦੀ ਨਹੀਂ, ਨਾ ਨਿਕਾਰਾ ਹੋਣ ਦੀ ਹੈ, ਪਰੰਤੂ ਪੂਰਨ ਸੱਤ ਨੂੰ ਸਮਝਣ ਤੇ ਦੱਸੇ ਮਾਰਗ ਤੇ ਟੁਰਨ ਵਿਚ ਆਪਣੇ ਅੜਬਪੁਣੇ, ਹੈਂਕੜ, ਆਪਣੀ ਰਾਇ ਦੇ ਅਭਿਮਾਨ ਨੂੰ ਛੱਡਣ ਤੋਂ ਮੁਰਾਦ ਹੈ।
ਦੇਖਿ ਜਾਤ ਅਪਨੀ ਭਾ ਸੈਨ[1]।
[1]ਦੇਖ! ਤੇਰੀ ਜਾਤ ਵਿਚ (ਅੱਗੇ ਇਕ) ਸੈਣ ਨਾਮੇ ਭਗਤ ਹੋਇਆ ਹੈ।
ਕਰੀ ਸੇਵ ਸੰਤਨ ਕੀ ਰੈਨ ॥੩੯॥

ਪ੍ਰੇਮ ਪਰਖ ਕਰਿ ਸ੍ਰੀ ਭਗਵਾਨ।
ਬਨੇ ਸੈਨ ਕੇ ਰੂਪ ਸੁਜਾਨ।
ਰਾਣੇ ਕੋ ਇਸ ਰੀਤਿ ਰਿਝਾਯੋ[1]।
[1]ਮੋਹਿਤ ਕੀਤਾ।
ਬਖਸ਼ੀ ਤਬਿ ਕਵਾਇ[1] ਹੁਲਸਾਯੋ[†] ॥੪੦॥
[1]ਪੋਸ਼ਾਕ [ਅ: ਕਬਾ]। [†]ਪਾ:-ਬਖਸ਼ਿਸ਼ ਕਰੀ ਰਿਦਾ ਹੁਲਸਾਯੋ।

ਤਿਸ ਕੇ ਸਮ ਸੰਤਨ ਕੀ ਸੇਵਾ।

ਕਰਹੁ ਸਦਾ ਰੀਝਹਿਂ ਗੁਰਦੇਵਾ।'
ਸੁਨਿ ਉਪਦੇਸ਼ ਕਮਾਵਨਿ ਕੀਨਿ।
ਧਰฌੋ ਪ੍ਰੇਮ ਸਿੱਖੀ ਪਦ ਲੀਨਿ ॥੪੧॥
ਸਭਿ ਕੁਟੰਬ ਕੋ ਭਯੋ ਉਧਾਰ।
ਜਿਮ ਕਾਸ਼ਟ ਸੇ[1] ਲੋਹੋ ਪਾਰ। [1]ਕਾਠ ਨਾਲ।
ਪਾਰੋ ਜੁਲਕਾ ਨਾਮ ਸੁ ਆਯੋ।
ਸੁਨਿ ਜਸ ਕੋ ਮਿਲਿਬੇ ਲਲਚਾਯੋ ॥੪੨॥
ਨਮਸਕਾਰ ਕਰਿ ਬੈਠ੍ਯੋ ਪਾਸਿ।
ਹਾਥ ਜੋਰਿ ਕੀਨਸਿ ਅਰਦਾਸਿ।
'ਸ਼੍ਰੀ ਗੁਰ ਪਰਮਹੰਸ ਹੁਇ ਕੌਨ?
ਲੱਛਨ ਮੋਹਿ ਸੁਨਾਵਹੁ ਤੌਨ[1] ॥੪੩॥ [1]ਤਿਸਦੇ।
ਸੁਨੇ ਨਾਮ ਅਰ ਰੂਪ ਨਿਹਾਰੇ।
ਨਹਿਂ ਵਿਸ਼ੇਸ਼ ਤੇ ਹਮ ਨਿਰਧਾਰੇ।
ਤੁਮ ਤੇ ਸੁਨਹਿਂ ਜਥਾਰਥ ਜਾਨੈ।
ਕੋ ਗੁਨ ਤੇ ਤਿਨ ਅਧਿਕ ਬਖਾਨੈ?'
॥੪੪॥
ਸ਼੍ਰੀ ਅੰਗਦ ਸੁਭ ਮਤਿ ਜੁਤਿ ਹੇਰਾ[1]। [1]ਸ੍ਰੇਸ਼ਟ ਮੱਤ ਦੇ ਸਹਿਤ ਦੇਖਕੇ।
ਹਿਤ ਉਪਦੇਸ਼ ਕਹ੍ਯੋ ਤਿਸ ਬੇਰਾ।
'ਪਰਮਹੰਸ ਕੇ ਸੁਨੀਅਹਿ ਲੱਛਨ।
ਸੁਨਿ ਜੇ ਧਰਹਿ ਸੁ ਮਨੁਜ ਬਿਚੱਛਨ[1] [1]ਜੋ ਧਾਰਨ ਕਰੇ ਓਹ ਮਨੁੱਖ ਸਿਆਣਾ ਹੈ।
॥੪੫॥
ਹੰਸ ਜਿ ਮਾਨ ਸਰੋਵਰ ਰਹੈਂ।
ਮੁਕਤਾ[1] ਕਰਹਿਂ ਅਹਾਰ ਜਿ ਲਹੈਂ। [1]ਮੋਤੀ।
ਮਿਲਿ ਇਕ ਰੂਪ ਹੋਤ ਪਯ[1] ਪਾਨੀ। [1]ਦੁੱਧ ਤੇ।
ਤਿਨ ਕੇ ਆਗੇ ਧਰਿਯ ਜਿ ਆਨੀ
॥੪੬॥
ਪਯ ਤੇ ਜਲ ਕੋ ਕਰਹਿਂ ਨਿਰਾਲਾ।
ਸਾਰ ਅਸਾਰ ਪਿਖਹਿਂ ਤਤਕਾਲਾ।
ਤਜਹਿਂ ਅਖਿਲ ਜਲ[1], ਪਯ ਕੋ ਖਾਂਹਿ। [1]ਸਾਰਾ ਪਾਣੀ।
ਉਡਹਿਂ, ਬਿਦੇਸ਼ਨਿ ਦੇਸ਼ਨ ਜਾਂਹਿ[1] [1]ਉੱਡ ਕੇ ਦੇਸ਼ਾਂ ਪ੍ਰਦੇਸ਼ਾਂ ਨੂੰ ਜਾਂਦੇ ਹਨ।
॥੪੭॥
ਪਰਮਹੰਸ ਤਿਨ ਤੇ ਅਧਿਕਾਇ[1]। [1]ਵੱਧ।

ਮੁਕਤਾ ਮੁਕਤੀ[1] ਚਹਤਿ ਸਦਾਇ। — [1]ਕਲਿਆਨ ਰੂਪੀ ਮੋਤੀ।

ਮਾਨਸ ਗੁਰੂ ਸਬਦ ਕੇ ਮਾਂਹੀ[1]। — [1]ਮਾਨ ਸਰੋਵਰ ਰੂਪੀ ਗੁਰਾਂ ਦੇ ਸ਼ਬਦ ਵਿਚ। (ਅ) ਸ਼ਬਦ ਅਰਥਾਤ ਜਗਤ ਵਿਚ ਗੁਰੂ ਰੂਪੀ ਮਾਨ ਸਰੋਵਰ ਵਿਚੋਂ।

ਲੇਤਿ ਅਹਾਰ ਅਪਾਰ† ਰਹਾਂਹੀ[1] ॥੪੮॥ — [1]ਮਾਨ ਸਰੋਵਰ ਵਿਚੋਂ ਮੁਕਤੀ ਰੂਪੀ ਮੋਤੀ ਦਾ) ਭੋਜਨ ਲੈਂਦੇ ਹਨ ਤੇ ਉਸ ਦੇ ਵਿੱਚੇ ਰਹਿੰਦੇ ਹਨ। [ਅਪਾਰ = ਜੋ ਪਾਰ ਨਹੀਂ, ਭਾਵ ਵਿੱਚੇ] (ਅ) ਭਾਵ ਪਰਮੇਸ਼ੁਰ ਵਿਚ ਰਹਿਣਾ (ਇਹ) ਅਹਾਰ ਲੈਂਦੇ ਹਨ [ਅਪਾਰ = ਪਾਰ ਤੋਂ ਰਹਤ, ਬ੍ਰਹਮ]। †ਪਾਠ-ਅਧਾਰ।

ਦੇਹਿ ਆਤਮਾ ਮਿਲਿ ਇਕ ਭਏ।
ਬਿਨ ਬਿਚਾਰਿ ਕਿਨ ਨਹਿਂ ਲਖਿ ਲਏ।
ਤਿਨ ਕੌ ਪ੍ਰਿਥਮੈ ਹੋਤਿ ਬਿਚਾਰ।
ਦਿਨ ਪ੍ਰਤਿ ਦੇਹਿ ਨ ਰਹਿ ਇਕਸਾਰ ॥੪੯॥

ਪ੍ਰਥਮ ਨ ਹੁਤੀ ਭਵਿੱਖਤ ਨ ਰਹੈ[1]। — [1]ਨਹੀਂ ਸੀ ਅਤੇ ਨਾਂ ਹੀ ਅਗਾਂਹ ਨੂੰ ਰਹੇਗੀ।

ਮੱਧੁ ਕੁਤੋ[1] ਸਾਚੀ ਤਿਸੁ ਕਹੈ? — [1]ਵਿਚਕਾਰ ਕੌਣ।

ਪੁਨ ਜੜ੍ਹ ਹੈ ਕੁਛ ਨਾਹਿਨ ਛਾਨੀ[1]। — [1]ਕੋਈ ਛੁਪਾ ਨਹੀਂ।

ਨਿਤ ਦੁਖ ਰੂਪ ਲੇਹਿ ਮਨ ਜਾਨੀ ॥੫੦॥

ਸੱਤਿ ਆਤਮਾ ਨਿਰਨੈ ਕਰਹਿ।

ਪੂਰਬ ਹੁਤੋ[1], ਦੇਹਿ ਬਹੁ ਧਰਹਿ। — [1]ਪਹਿਲੇ ਸੀ (ਆਤਮਾ)।

ਅਬਿ[1] ਪ੍ਰਤੱਖ ਅਰੁ ਰਹੈ ਭਵਿੱਖ[2]। — [1]ਹੁਣ। [2]ਅਗਾਂਹ ਨੂੰ।

ਯਾਂ ਤੇ ਸੱਤਿ ਲਖਹਿ ਗੁਰੁ ਸਿੱਖ ॥੫੧॥

ਬਹੁਰ ਆਤਮਾ ਚੇਤਨ ਜਾਨਹਿਂ।

ਜਿਹ ਸਬੰਧ ਤਨ ਚੇਤਨ ਠਾਨਹਿਂ[1]। — [1]ਜਿਸ ਦੇ ਸਬੰਧ ਹੋਣ ਕਰਕੇ ਤਨ ਚੇਤਨ ਹੁੰਦਾ ਹੈ।

ਫਰਕਾਵਨ ਚਖ ਆਦਿ ਰਿਖੀਕੇ[1]। — [1]ਅੱਖ ਆਦਿ ਇੰਦ੍ਰਿਆਂ ਦਾ ਫੁਰਕਣਾ।

ਜਿਸ ਬਿਨ ਹੋਤਿ ਨਹੀ ਲਖਿ ਨੀਕੇ ॥੫੨॥

ਪੁਨ ਆਤਮ ਕੋ ਰੂਪ ਅਨੰਦ।
ਪਰਖਤਿ ਭਲੇ ਸਦਾ, ਬਿਨ ਦੁੰਦ।
ਬਿਸ਼ਿਯਨ ਬਿਖੈ ਅਨੰਦ ਕਲਪੰਤਾ।

ਇਹੁ ਮਮ ਰੂਪ ਨ, ਅੱਗਜ ਲਖੰਤਾ[1] ॥੫੩॥ — [1]ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰਦਾ ਹੈ ਤੇ 'ਇਹ ਮੇਰਾ ਰੂਪ ਨਹੀਂ' ਅੱਗਜਾਨੀ (ਇਹ ਗੱਲ) ਨਹੀਂ ਲਖਦਾ। -ਨ-ਦੇਹੁਰੀ ਦੀਪਕ ਹੈ। (ਅ) ਅੱਗਜਾਨੀ ਇਹ ਗੱਲ ਨਹੀਂ ਸਮਝਦਾ ਕਿ ਅਨੰਦ ਤਾਂ ਮੇਰਾ ਸ੍ਵੈ ਸਰੂਪ ਹੈ, ਮੈਂ ਜੁ ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰ ਰਿਹਾ ਹਾਂ (ਇਹ ਝੂਠੀ ਹੈ)।

ਪਰਮਹੰਸ ਸੋ ਕਹੀਅਹਿ ਰੂਪ।
ਸਤਿ, ਚੇਤੰਨ, ਆਨੰਦ ਅਨੂਪ।
ਤਨ ਤੇ ਨ੍ਯਾਰੋ ਜਾਨਹਿਂ ਐਸੇ।
ਮੰਦਰਿ ਬਿਖੈ ਬਸਹਿ ਕੋ ਜੈਸੇ ॥੫੪॥
ਤਿਸ ਕੋ ਅਪਨੋ ਰੂਪ ਪਛਾਨਹਿ।
ਤਨ ਹੰਤਾ[1] ਨਿਰਨੈ ਕਰਿ ਹਾਨਹਿ। — [1]ਹੰਕਾਰ।
ਸਮ ਮੰਦਿਰ ਕੇ ਜਾਨਹਿ ਨ੍ਯਾਰੋ।
ਜੀਰਣ[1] ਹੋਏ ਤ੍ਯਾਗ ਪਧਾਰੋ ॥੫੫॥ — [1]ਪੁਰਾਣਾ।
ਤਨ ਆਤਮ ਸਮਸਰ ਪਯ ਪਾਨੀ[1]। — [1]ਪਾਣੀ ਤੋਂ ਦੁੱਧ ਵਾਂਙੂ ਜੋ ਤਨ ਤੋਂ ਆਤਮਾ ਨੂੰ (ਜੁਦਾ ਕਰ ਸਕੇ)।
ਕਰਹਿ ਜੁ ਨਰ ਹੁਇ ਹੰਸ ਸਮਾਨੀ।
ਤਿਨ ਕੋ ਪਰਮਹੰਸ ਹੈ ਨਾਮੂ।
ਪਾਵਹਿਂ ਬ੍ਰਹਮ ਗ੍ਯਾਨ ਅਭਿਰਾਮੂ ॥੫੬॥
ਤਨ ਤੇ ਨ੍ਯਾਰੋ ਜਬਿ ਮਤਿ ਧਰੈਂ।
ਰਸੁ ਬਿਸ਼ਿਯਨ ਹਿਤ ਪਾਪ ਨ ਕਰੈਂ।
ਜਲ ਤੇ ਕਮਲ ਰਹੈ ਨਿਰਲੇਪੂ।
ਲਿਪਹਿ ਨ ਕਿਮਿ ਹੁਇਂ ਬ੍ਰਿੰਦ ਵਿਖੇਪੂ[1] ॥੫੭॥ — [1]ਕਿਵੇਂ ਬੀ ਲਿਪਾਇਮਾਨ ਨਹੀਂ ਹੁੰਦਾ, ਭਾਵੇਂ ਕਿੰਨੇ ਵਿਖੇਪ (ਦੁਖ) ਹੋਣ [ਸੰਸ: ਵਿਕਸ਼ੇਪ = ਘਬਰਾ, ਬ੍ਰਿਤੀ ਦਾ ਖਿੰਡਾਉ]।
ਸੂਰਜ ਕੀ ਦਿਸ਼ ਹੈ ਤਿਨਿ ਧ੍ਯਾਨ।
ਛੁਵੈ ਨ ਜਲ ਰੰਚਕ ਭਰਿ ਆਨਿ।
ਪਰਮਹੰਸ ਤਿਮਿ ਜਗ ਮਹਿਂ ਰਹੈ।
ਆਤਮ ਧ੍ਯਾਨ ਸਦਾ ਉਰ ਲਹੈ ॥੫੮॥
ਤਨ ਕੇ ਸੁਖ ਦੁਖ ਜਬਿ ਪਰਿ ਜਾਇਂ[1]। — [1]ਆ ਬਣਨ, ਆ ਪੈਣ।
ਤਿਨ ਤੇ[1] ਹਰਖ ਨ ਸੋਗ ਕਦਾਇ। — [1]ਭਾਵ ਸੁਖ ਦੁਖ ਤੇ।
ਬਰਤੈ ਗ੍ਯਾਨੀ ਸਮ ਅੱਗ੍ਯਾਨੀ।
ਜਾਨਹਿਂ ਜਗ ਕੋ ਸੁਪਨ ਸਮਾਨੀ[1] ॥੫੯॥ — [1]ਪਰੰਤੂ ਗਿਆਨੀ) ਜਾਣਦਾ ਹੈ ਜਗਤ ਨੂੰ ਸੁਪਨੇ ਸਮਾਨ।
ਬੰਧਨਿ ਹੋਤ ਨਹੀ ਪੁਨ ਤਾਹੂੰ।
ਰਹੈ ਸਮਾਇ ਬ੍ਰਹਮ ਕੇ ਮਾਹੂੰ।'
ਸੁਨੀ ਸੀਖ ਪਾਰੋ ਹਰਖਾਯੋ।
ਲਗਾ ਬਿਚਾਰਨਿ ਮਨ ਸੁਖ ਪਾਯੋ ॥੬੦॥

ਕਿਤਿਕ ਕਾਲ ਗੁਰ ਅੰਗਦ ਸੇਵ।
ਪੁਨ ਭੇ ਅਮਰਦਾਸ ਗੁਰਦੇਵ।
ਤਿਨ ਢਿਗ ਬਨꣳੋ ਸੁ ਬ੍ਰਹਮ ਗਿਆਨੀ।
ਆਗੇ ਕਰਿ ਹੈਂ ਕਥਾ ਬਖਾਨੀ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਜੀ ਸਿਖਾਂ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

## ੧੨. [ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰਾਇਣ ਦਾਸ, ਬੂਲਾ ਪ੍ਰਸੰਗ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਮੱਲੂ ਸ਼ਾਹ ਆਇ ਕਰਿ,
ਸ੍ਰੀ ਅੰਗਦ ਕੇ ਪਾਸ।
ਕਰਿ ਬੰਦਨ ਬੈਠ੍ਯੋ ਨਿਕਟਿ,
ਬਿਨਤੀ ਕੀਨਿ ਪ੍ਰਕਾਸ਼ ॥੧॥

ਚੌਪਈ:

'ਸ੍ਰੀ ਗੁਰ ! ਮੈ ਕਾਰਨ ਕੱਲਜਾਨ[1]।
ਆਯੋ ਸੁਨਿ ਤੁਮ[1] ਸੁਜਸੁ ਮਹਾਨ।
ਕੀਜਹਿ ਅਬਿ ਅਪਨੋ ਉਪਦੇਸ਼।
ਜਿਸ ਤੇ ਬਿਨਸਹਿਂ ਸਕਲ ਕਲੇਸ਼ ॥੨॥
ਕਰਤਿ ਚਾਕਰੀ ਮੁਗ਼ਲਨਿ ਕੇਰੀ।
ਕਰੌਂ ਜੀਵਕਾ ਤਹਾਂ ਘਨੇਰੀ।
ਹਲਤਿ ਪਲਤਿ ਮੁਖ ਉਜਲ ਰਹੈ।
ਅਸੁ ਕਰਨੀ ਕੋ ਮਮੁ ਚਿਤ ਚਹੈ' ॥੩॥
ਸੁਨਿ ਕਰਿ ਸ਼ਰਧਾ ਪਿਖ ਕਰਿ ਭਾਰੇ।
ਸ੍ਰੀ ਅੰਗਦੁ ਗੁਰੁ ਬਾਕ ਉਚਾਰੇ।
'ਭਾਈ ਮੱਲੂ ਰਿਦੇ ਬਿਚਾਰਹੁ।
ਦੇਹ ਅਨਿੱਤ ਸਦਾ ਨਿਰਧਾਰਹੁ ॥੪॥
ਸੋ ਤੌਂ ਮ੍ਰਿਤਕ ਜਾਨਿ ਹੀ ਲੀਜੈ।
ਇਸ ਹਿਤ ਚਿਤ ਨਹਿਂ, ਸੰਸਾ ਕੀਜੈ।
ਆਤਮ ਸਦਾ ਸਾਚ ਹੀ ਜਾਨੋ।
ਕਿਸ ਕੋ ਮਾਰ੍ਯੋ ਮਰਹਿ, ਨ ਮਾਨੋ[1] ॥੫॥
ਪਾਵਕ ਦਾਹ ਕਰਤਿ ਨਹੀ ਤਿਸੈ।
ਜਲ ਨ ਡੁਬਾਇ ਸਕਹਿ ਨਿਜ ਬਿਸੈ[1]।
ਸ਼ਸਤ੍ਰਨਿ ਤੇ ਨਹਿਂ ਛੇਦ੍ਯੋ[1] ਜਾਇ।
ਜਿਸਿ ਕੋ ਪੌਨ ਨ ਸਕਹਿ ਡੁਲਾਇ[†] ॥੬॥
ਕਾਲ ਬਿਨਾਸ਼ਕ ਸਭਿਨਿ ਬਿਸਾਲਾ।
ਆਤਮ ਅਹੈ ਕਾਲ ਕੋ ਕਾਲਾ[1]।
ਜਗ ਕੋ ਲਖਿ ਕੈ ਸੁਪਨ ਸਮਾਨੈ।

[1]ਮੈਂ (ਆਪਣੀ) ਮੁਕਤੀ ਵਾਸਤੇ।

[1]ਆਪ ਦਾ।

[1]ਨਾ ਮੰਨੋ ਕਿ ਕਿਸੇ ਦੇ ਮਾਰਿਆਂ ਇਹ (ਆਤਮਾ) ਮਰੇਗਾ (ਅ) ਮੰਨੋ ਕਿ ਮਾਰਿਆਂ ਨਹੀਂ ਮਰੇਗਾ।

[1]ਬਿਖੇ = ਵਿਚ।

[1]ਕੱਟਿਆ।

[†]ਪਾਠ-ਉਠਾਇ।

[1]ਕਾਲ ਦਾ ਨਾਸ਼ ਕਰਨ ਵਾਲਾ, ਭਾਵ ਆਤਮਾ ਅਕਾਲ ਹੈ।

ਵਰਣ[1] ਆਸ਼੍ਰਮਨਿ ਕ੍ਰਿਯਾ ਸੁ ਠਾਨੈ† ॥੭॥

[1]ਜਾਤ।

†ਜੋ ਕੰਮ ਕਿਸੇ ਦਾ ਕਰਨਾ ਧਰਮ ਹੈ, ਉਸ ਵਿਚ ਬ੍ਰਹਮ ਗਜਾਨ ਦਾ ਅਭਿਆਸ ਜਾਰੀ ਰਖੇ। ਤਦੋਂ ਵਰਣਾਂ ਦੀ ਵੰਡ ਮੁਜਬ ਕੰਮ ਕਰਦੇ ਸਨ, ਹੁਣ ਆਪੋ ਆਪਣੀ ਚੋਣ ਮੁਜਬ ਕਰਦੇ ਹਨ। ਕਵਿ ਜੀ ਦੀ ਮੁਰਾਦ ਕੇਵਲ ਇਹ ਹੈ ਕਿ ਕਾਰ ਕਰਦਿਆਂ ਬ੍ਰਹਮ ਗਜਾਨ ਵਿਚ ਰਹੇ। ਅੰਕ ੯ ਵਿਚ ਸਪੱਸ਼ਟ ਹੋ ਜਾਂਦਾ ਹੈ ਕਿ ਮੁਰਾਦ ਕਿਰਤ ਯਾ ਕਿੱਤੇ ਤੋਂ ਹੈ। ਆਸ਼੍ਰਮ ਬਰਨ ਦੀ ਵੰਡ ਦਾ ਖੰਡਨ ਅੱਗੇ ਅੰਸੂ ੧੩ ਅੰਕ ੧੫, ੧੬ ਤੇ ੧੭ ਵਿਚ ਕਵਿ ਜੀ ਆਪ ਹੀ ਦੱਸਦੇ ਹਨ।

ਬ੍ਰਹਮਗਜਾਨ ਕੋ ਨਿਤਿ ਅੱਭਜਾਸਹਿ।
ਤਨ ਹੰਤਾ ਲਖਿ ਝੂਠਿ ਬਿਨਾਸਹਿ।
ਇਮਿ ਹੀ ਕ੍ਰਿਸ਼ਨ ਕੀਨ ਉਪਦੇਸ਼†।

†ਗੁਰੂ ਜੀ ਦੇ ਉਪਦੇਸ਼ ਆਪਣੇ ਅਨੁਭਵ ਦੇ ਹਨ। ਅਵਤਾਰ ਸ਼ਾਸਤ੍ਰਾਂ ਦਾ ਮੁਥਾਜ ਨਹੀਂ ਹੁੰਦਾ। ਉਸ ਦਾ ਗਿਆਨ ਸੁਤੇ ਸੰਪੂਰਨ ਗਜਾਨ ਹੁੰਦਾ ਹੈ। ਦ੍ਰਿਸ਼ਟਾਂਤ ਮਾਤ੍ਰ ਤੋਂ ਭਾਵ ਲੈਣਾ ਚਾਹੀਏ।

ਅਰਜਨ ਧਾਰਜੋ ਰਿਦੇ ਬਿਸ਼ੇਸ਼ ॥੮॥
ਵਰਣ ਧਰਮ ਰਣ ਕਰਹੁ ਮਹਾਨੇ।
ਆਤਮ ਸਾਚ ਕੂੜ ਤਨ ਜਾਨੇ।
ਦੀਜਹਿ ਦਾਨ ਸੁਕਰਮ[1] ਕਰੀਜਹਿ।

[1]ਸ੍ਰੇਸ਼ਟ ਕਰਮ।

ਤਨ ਬਿਨਸਨ ਨਹਿਂ ਸੰਸਾ ਕੀਜਹਿ ॥੯॥
ਦੇਸ਼, ਕਾਲ, ਵਸਤੂ ਮਿਲ ਤੀਨ।
ਤਬ ਹੁਇ ਕਾਯਾਂ ਪ੍ਰਾਨ ਬਿਹੀਨ।
ਪੂਰਨ ਬਯ ਕੋ[1] ਸਮਾਂ ਸੁ ਆਵਹਿਂ।

[1]ਆਯੂ ਦੇ ਪੂਰੇ ਹੋਣ ਦਾ।

ਜਿਸ ਥਲ ਦੇਹਿ ਗਿਰਹਿ ਸੋ ਪਾਵਹਿ[1] ॥੧੦॥

[1]ਜਿਸ ਥਾਵੇਂ ਗਿਰਨਾ (ਮਰਨਾ) ਹੈ ਦੇਹ ਉਹ ਥਾਂ ਪ੍ਰਾਪਤਿ ਕਰ ਲੈਂਦਾ ਹੈ।

ਤ੍ਰਿਤੀਏ ਜਿਸ ਤੇ ਹੋਵਨਿ ਘਾਤ[1]।

[1]ਜਿਸ ਨਾਲ ਨਾਸ਼ ਹੋਣਾ ਹੈ।

ਬਜਾਧਿ ਕਿ ਆਯੁਧਾਦਿ ਮਿਲਿ ਜਾਤਿ[1]।

[1]ਦੁੱਖ ਕਿ ਸ਼ਸਤ੍ਰ ਆਦਿਕ (ਉਹ) ਮਿਲ ਜਾਂਦਾ ਹੈ।

ਇਨ ਤੀਨਹੁ ਬਿਨ ਇਕਠੇ ਹੋਇ।
ਪ੍ਰਾਨ ਹਾਨ ਕਿਮਿ ਨਹਿਂ ਕਿਸ ਜੋਇ[1] ॥੧੧॥

[1]ਕਿਸੇ ਦੇ ਪ੍ਰਾਣਾਂ ਦੀ ਹਾਨੀ ਨਹੀਂ ਦੇਖੀ।

ਬਿਨ ਤ੍ਰੈ ਮਿਲੇ ਕਾਲ ਰਖਵਾਰੋ।
ਮਰਤਿ ਨਹੀਂ ਨੀਕੇ ਨਿਰਧਾਰੋ।
ਜੇ ਕਰਿ ਜੁੱਧ ਆਨਿ ਕਿਤ ਪਰੈ।
ਅਲਪ ਕਿ ਬਹੁਤੇ† ਨਹੀਂ ਬਿਚਰੈ ॥੧੨॥

†ਪਾ:-ਥੋਰੇ।

ਪੀਠ ਨ ਦੇਹਿ ਸਮੁਖਿ ਰਿਪੁ[1] ਰਹੈ।

[1]ਸਾਹਮਣੇ ਵੈਰੀ ਦੇ।

ਨਿਰਭੈ ਸ਼ਸਤ੍ਰ ਬਹੈ ਜਸ ਲਹੈ।

ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ।
ਲੇ ਸਤਿਸੰਗਤਿ ਲਾਇ ਸਕਾਰਥ ॥੧੩॥
ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ[1]। — [1]ਸਾਹਮਣੇ ਮਰ ਜਾਵੇ।
ਸ੍ਵਰਗ ਨਿਸੰਸੈ[1] ਸੂਰ ਸਿਧਾਵੈ। — [1]ਬਿਨਾਂ ਸ਼ੱਕ ਦੇ।
ਇਮ ਦ੍ਵੈ ਲੋਕਨਿ ਉੱਜਲ ਆਨਨਿ[1]। — [1]ਮੁਖ ਉੱਜਲੇ।
ਕਰਿ ਕੱਲਜਾਨ ਏਵ ਨਿਜ ਪ੍ਰਾਨਨਿ' ॥੧੪॥
ਮੱਲੂ ਸ਼ਾਹੀ ਸੁਨਿ ਉਪਦੇਸ਼ੁ।
ਬਰਤਣ ਲਾਗਜੋ ਤਥਾ ਹਮੇਸ਼ੁ।
ਵੰਡ ਖਾਇ ਨਿਜ ਧਰਮ ਵਿਚਾਰੈ।
ਆਤਮ ਤਨ ਸੱਤਾਸਤ ਧਾਰੈ[1] ॥੧੫॥ — [1]ਆਤਮਾ ਨੂੰ ਸੱਤ ਤੇ ਤਨ ਨੂੰ ਅਸੱਤ ਨਿਸ਼ਚੇ ਕਰੇ।
ਇਕ ਸਿਖ ਆਯੋ ਨਾਮ ਕਿਦਾਰੀ।
ਸਤਿਗੁਰ ਆਗੈ ਬਿਨੈ ਉਚਾਰੀ।
'ਕਾਮ ਕ੍ਰੋਧ ਮਹਿਂ ਜਲਤੋ ਜਗਤ।
ਮੋਹਿ ਉਬਾਰਹੁ ਕਰਿ ਨਿਜਿ ਭਗਤ ॥੧੬॥
ਤ੍ਰਾਸ ਪਾਇ ਮੈ ਸ਼ਰਨਿ ਤਿਹਾਰੀ।
ਆਨਿ ਪਰਜੋ ਦਿਹੁ ਆਸਰ[1] ਭਾਰੀ।' — [1]ਆਸ਼੍ਰਾ।
ਸੁਨਿ ਕੈ ਸ਼੍ਰੀ ਅੰਗਦ ਤਿਸ ਕਹਜੋ।
'ਸਕਲ ਬਿਕਾਰਨ ਤੇ ਜਗ ਦਹਜੋ ॥੧੭॥
ਜਿਮ ਦੌਂ[1] ਲਗਜੋ ਮਹਾਂ ਸਭਿ ਬਨ ਕੋ। — [1]ਦਾਵਾ ਅਗਨੀ।
ਫਾਂਧ ਜਾਤਿ ਮ੍ਰਿਗ ਕਰਿ ਬਲ ਤਨ ਕੋ।
ਮਹਾਂ ਤਪਤਿ ਤੇ ਸਲਿਤਾ ਮਾਂਹੀ।
ਜਾਇ ਪ੍ਰਵੇਸ਼ਹਿ ਸੁਖ ਬਹੁ[†] ਪਾਹੀ[1] ॥੧੮॥ — [1]ਬੜਾ ਪਾਉਂਦਾ ਹੈ। [†]ਪਾ:-ਬਲ।
ਤਿਮਿ ਜਗ ਜਲਤਿ ਦੇਖਿ ਕਰਿ ਤਜਾਗੇ।
ਮਿਲਿ ਸਤਿਸੰਗਤ ਸੇਵਾ ਲਾਗੇ।
ਸਕਲ ਬਿਕਾਰਨਿ ਤਪਤ ਬਿਨਾਸ਼ੇ[†]। — [†]ਪਾ:-ਸਕਲ ਵਿਕਾਰ ਨਿਤਾਪ੍ਰਤਿ ਨਾਸੇ।
ਸੀਤਲਤਾ ਗੁਰ ਸ਼ਬਦ ਪ੍ਰਕਾਸ਼ੇ ॥੧੯॥
ਗੁਰਬਾਣੀ ਕੋ ਕਰਤਿ ਬਿਚਾਰਨਿ।
ਗਜਾਨ ਸੀਤ ਲਹਿ ਮੋਹ ਨਿਵਾਰਨ[1]'। — [1]ਗਿਆਨ ਦੀ ਠੰਢ ਪ੍ਰਾਪਤ ਹੁੰਦੀ ਹੈ ਤੇ ਮੋਹ (ਦੀ ਤਪਤ) ਦੂਰ ਹੋ ਜਾਂਦੀ ਹੈ।

ਸੁਨਿ ਕਰਿ ਗੁਰ ਉਪਦੇਸ਼ ਕਿਦਾਰੀ।
ਦ੍ਰਿੜ ਕੀਨਸਿ ਉਰ ਬਹੁ ਨਿਰਧਾਰੀ ॥੨੦॥
ਦੀਪਾ ਅਪਰ ਨਰਾਇਣ ਦਾਸ।
ਬੂਲੇ ਸਹਿਤ ਆਇ ਗੁਰ ਪਾਸ।
ਬੰਦਨ ਕਰਿ ਭਾਖੀ ਅਰਦਾਸੁ।
'ਜਨਮ ਮਰਣ ਦੁਖ ਦੇਹੁ ਬਿਨਾਸੁ' ॥੨੧॥
ਸ਼੍ਰੀ ਅੰਗਦ ਉਪਦੇਸ਼ ਬਤਾਯੋ।
'ਕਰਹੁ ਭਗਤਿ ਜੇ ਇਮਿ ਉਰ ਭਾਯੋ।'
ਕਹਿਨ ਲਗੇ 'ਹਮ ਭਗਤਿ ਨ ਜਾਨਹਿਂ।
ਕਿਮ ਸਰੂਪ ਕੈਸੇ ਕਰਿ ਠਾਨਹਿਂ' ॥੨੨॥
ਸ਼੍ਰੀ ਗੁਰ ਬਰਨਨ ਕੀਨ ਸਿਖਾਈ[1]। — [1]ਸਿੱਖਯਾ।
'ਬ੍ਰਹਮ ਸਵਲ ਮਾਯਾ ਜਗ ਜਾਈ[1]। — [1]ਮਾਇਆ ਸਬਲ ਬ੍ਰਹਮ ਨੇ ਜਗ ਉਤਪਤਿ ਕੀਤਾ।
ਹੁਕਮ ਪ੍ਰਮੇਸ਼ੁਰ ਕੋ ਤਿਨ ਪਾਯੋ[1]। — [1]ਤਿਸ (ਮਾਇਆ) ਨੇ।
ਅਪਨੇ ਮਹਿਂ ਸਭਿ ਜਗ ਭਰਮਾਯੋ ॥੨੩॥
ਬਹੁਰ ਪ੍ਰਭੂ ਨੇ ਚਤਰ ਉਪਾਏ[1]। — [1]ਚਾਰ (ਭਾਵ ਚਾਰ ਸਾਧਨ ਮੁਕਤੀ ਦੇ)।
ਜਿਨ ਤੇ ਮਿਲਹਿ ਮੋਹਿ ਕਹੁ[1] ਆਏ। — [1]ਮੈਨੂੰ (ਭਾਵ ਪਰਮੇਸ਼ੁਰ ਨੂੰ)।
ਇਕ ਬੈਰਾਗ ਜੋਗ ਅਰੁ ਗਯਾਨ।
ਚਉਥੀ ਉਪਜੀ ਭਗਤਿ ਮਹਾਂਨ ॥੨੪॥
ਗਯਾਨ, ਵਿਰਾਗ, ਜੋਗ, ਸ਼ੁਭ ਤੀਨ।
ਪੁਰਖ ਰੂਪ[1] ਇਨ ਕੋ ਮਨ ਚੀਨ। — [1]ਏ ਪੁਲਿੰਗ ਹੋਣ ਕਰਕੇ ਮਰਦ ਹੈਨ, ਮਾਇਆ ਇਸਤ੍ਰੀ ਲਿੰਗ ਹੈ।
ਮਾਯਾ ਲੇ ਇਨ ਕੋ ਭਰਮਾਇ।
ਬਡੇ ਜਤਨ ਤੇ ਉਬਰਜੋ ਜਾਇ ॥੨੫॥
ਭਗਤਿ ਅਹੈ ਪਤਿੱਬ੍ਰਤਾ ਨਾਰੀ।
ਇਸ ਪਰ ਨਹਿਂ ਮਾਯਾ ਬਲੁ ਭਾਰੀ।
ਇਸਤ੍ਰੀ ਕੋ ਇਸਤ੍ਰੀ ਨ ਭ੍ਰਮਾਵੈ।
ਧਰਹਿ ਭਗਤਿ ਤਿਸ ਪ੍ਰਭੂ ਮਿਲਾਵੈ ॥੨੬॥
ਮਾਯਾ ਨਟਨੀ ਚਾਤੁਰ ਛਲ ਤੇ[1]। — [1]ਛਲ ਕਰਨ ਵਿਚ ਮਾਇਆ ਨਟਨੀ ਵਾਂਙੂ ਚਤੁਰ ਹੈ।
ਸਭਿਨਿ ਭ੍ਰਮਾਇ ਲੇਤਿ ਨਿਜ ਬਲ ਤੇ।'

ਸੁਨਿ ਸਿੱਖਨ ਬੂਝੇ ਗੁਰ[1] ਫੇਰ। — [1]ਪੁੱਛਿਆ ਗੁਰੂ ਜੀ ਤੋਂ
'ਇਨ ਚਤਰਨਿ ਕੋ ਰੂਪ ਬਡੇਰ ॥੨੭॥
ਕਰਿ ਬਰਨਨਿ ਸਭਿ ਦਿਹੁ ਸਮੁਝਾਇ।
ਜਿਸ ਤੇ ਹਮ ਪ੍ਰਾਪਤ ਹੁਇ ਜਾਇਂ।
ਜਨਮ ਮਰਨ ਕੋ ਬਹੁਰਿ ਨ ਪਾਇਂ।
ਅਨਦ ਰੂਪ ਮਹਿਂ ਰਹੈਂ ਸਮਾਇ' ॥੨੮॥
ਤਬਿ ਸ਼੍ਰੀ ਅੰਗਦ ਬਹੁਰ ਉਚਾਰਾ।
'ਇਕ ਬਿਰਾਗ ਹੈ ਉਭੈ ਪ੍ਰਕਾਰਾ[1]। — [1]ਦੋਇ ਤਰ੍ਹਾਂ ਦਾ।
ਇਕ ਮਨ ਕੋ, ਇਕ ਤਨ ਕੋ ਹੋਤਿ।
ਬਡਿ ਭਾਗਨਿ ਕੇ ਰਿਦੈ ਉਦੋਤਿ[1] ॥੨੯॥ — [1]ਪ੍ਰਗਟ ਹੁੰਦਾ ਹੈ।
ਸਕਲ ਪਦਾਰਥ ਤਜਾਗਨ ਕਰੈ।
ਧਨ, ਬਨਿਤਾ[1], ਸੁਤ ਸਭਿ ਪਰਹਰੈ। — [1]ਇਸਤ੍ਰੀ।
ਹਠਿ ਕਰਿ ਬਾਹਰਿ ਕੋ[1] ਤਜਿ ਦੇਤਿ। — [1]ਬਾਹਰ ਦੇ (ਪਦਾਰਥ)।
ਰਹੈ[1] ਵਾਸ਼ਨਾ ਰਿਦੇ ਨਿਕੇਤਿ[2] ॥੩੦॥ — [1]ਟਿਕੀ ਰਹਿੰਦੀ ਹੈ। [2]ਘਰ ਰੂਪੀ ਰਿਦੇ ਵਿਚ।
ਦੂਸਰ ਬ੍ਰਹਮ ਲੋਕ[1] ਲੌ ਸਾਰੇ। — [1]ਬ੍ਰਹਮਾਂ ਦਾ ਲੋਕ।
ਬਾਇਸ ਬਿਸ਼ਟਾ ਸਮ ਨਿਰਧਾਰੇ[1]। — [1]ਭਾਵ ਕਾਂ ਦੇ ਵਿਸ਼ਟਾ ਤੁੱਲ ਜਾਣੇ।
ਰਿਦੇ ਵਾਸ਼ਨਾ ਕਜੋਂਹੁਂ ਨ ਧਰੈ।
ਸੁਪਨਿ ਸਮਾਨ ਜਾਨਿ ਪਰਹਰੈ ॥੩੧॥
ਪਾਇ ਪਦਾਰਥ ਪਰਾਲਬਧ ਤੇ।
ਭੋਗਤਿ ਹੈਂ, ਪਰ ਮਨ ਨਹਿਂ ਬੰਧ ਤੇ[1]। — [1]ਮਨ ਕਰਕੇ ਬੰਧਾਇਮਾਨ ਨਹੀਂ ਹੁੰਦੇ।
ਨਿਜ ਸਰੂਪ ਦਿਸ਼ਿ ਬ੍ਰਿਤੀ ਲਗਾਵੈਂ।
ਬਿਸ਼ਯ ਬਾਸ਼ਨਾ ਤੇ ਉਲਟਾਵੈਂ ॥੩੨॥
ਤਥਾ ਜੋਗ ਭੀ ਦੋਇ ਪ੍ਰਕਾਰ।
ਇਕ ਤੌ ਕਸ਼ਟ ਜੋਗ ਉਰਧਾਰਿ।
ਯਮ, ਨੇਮਾਦਿ ਅਸ਼ਟ ਹੈਂ ਅੰਗ।
ਸਕਲ ਕਹੇ ਬਹੁ ਵਧੇ ਪ੍ਰਸੰਗ[†] ॥੩੩॥ — [†]ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਸਾਰਾ ਦੱਸ ਆਏ ਹਨ, ਦੇਖੋ ਪੂਰਬਾਰਧ ਅਧਜਾਯ ੪੮।

ਦੂਸਰ ਰੂਪ ਸੁਨਹੁ ਤਿਸ ਭੇਤ।
ਰੋਕ ਵਾਸ਼ਨਾ ਤੇ ਮਨ ਲੇਤਿ।
ਸਤਿਗੁਰ ਸ਼ਬਦ ਸਦੀਵ ਬਿਚਾਰੈ।
ਜੀਵ ਬ੍ਰਹਮ ਇਕਤਾ ਨਿਰਧਾਰੈ ॥੩੪॥
ਆਤਮ ਬਿਖੈ ਜੁਟੀ ਬ੍ਰਿਤ ਰਹੈ।

ਸ੍ਰੇਸ਼ਟ ਪਰਮ ਜੋਗ ਇਹ ਕਹੈ।
ਵਾਸਤਵ[1] ਨਿਜ ਸਰੂਪ ਕੋ ਜਾਨੈ। [1]ਯਥਾਰਥ।
ਇਸ ਕੋ ਗਜਾਨੀ ਗਜਾਨ ਬਖਾਨੈ ॥੩੫॥
ਚਉਥੀ ਭਗਤਿ ਰੂਪ ਸੁਨਿ ਲੇਹੁ।
ਕਲੀ ਕਾਲ ਇਹ ਮੁੱਖ ਲਖੇਹੁ[1]। [1]ਸ੍ਰੇਸ਼ਟ ਜਾਣੋਂ।
ਵਾਹਿਗੁਰੂ ਕੀਜਹਿ ਨਿਜ ਸ੍ਵਾਮੀ।
ਸਕਲ ਸ਼ਕਤਿ ਯੁਤਿ ਅੰਤਰਜਾਮੀ ॥੩੬॥
ਆਪ ਬਨਹਿ ਦਾਰਾ ਪ੍ਰਭੁ ਕੇਰੀ।
ਪਤੀਬ੍ਰਤਾ ਕੀ ਰੀਤਿ ਬਡੇਰੀ।
ਤਨ ਮਨ ਧਨ ਸਭਿ ਅਰਪਹਿ ਪਤਿ ਕੌਂ।
ਪਜਾਰੋ ਪਰਮ ਪ੍ਰੇਮ ਕਰਿ[†] ਚਿਤ ਕੌਂ ॥੩੭॥ [†]ਪਾ:-ਪਜਾਰੋ ਪਰਮੇਸਰ ਕਰਿ।
ਪਤਿ ਰਜਾਇ ਮਹਿਂ ਰਾਜ਼ੀ ਰਹੈ।
ਬਿਛੁਰੇ, ਨਿਤਿ ਮਿਲਿਬੇ ਕਹੁ ਚਹੈ।
ਜਾਵਤ ਮਿਲਹਿ ਨ, ਰਚਹਿ ਉਪਾਈ[1]। [1]ਜਦ ਤਕ ਨਾ ਮਿਲੇ ਉਪਾਉ ਕਰੇ।
ਅਹੈ ਸੁਖਦ ਪਤਿ ਬਿਨ ਦੁਖਦਾਈ ॥੩੮॥
ਦੀਰਘ ਸ੍ਵਾਸ ਪਰੀ ਮੁਖ ਪੀਰੀ।
ਅੱਸ਼੍ਰ ਬਹਹਿਂ, ਧਰਹਿ ਨਹਿਂ ਧੀਰੀ।
ਜੋ ਤਿਸ ਪਤਿ ਕੀ ਬਾਤ ਸੁਨਾਵੈ।
ਸੇਵਾ ਕਰਹਿ ਪ੍ਰੇਮ ਕੋ ਲਾਵੈ ॥੩੯॥
ਪਤਿ ਪਰਮੇਸੁਰ ਪ੍ਰੇਮ ਪਛਾਨੈ।
ਮਿਲਹਿ ਪ੍ਰਿਯਾ[1] ਸੋਂ ਰਲੀਆ ਠਾਨੈ[†]। [1]ਪਿਆਰੀ ਨਾਲ। [†]ਪਾ:-ਮਾਨੈ।
ਤਿਨ ਕੇ ਬਸਿ ਹੁਇ ਫਿਰਹਿ[1] ਪਿਛਾਰੀ। [1]ਪਰਮੇਸੁਰ) ਫਿਰਦਾ ਹੈ।
ਇਮਿ ਹਰਿ ਭਗਤਿ ਲੇਹੁ ਉਰ ਧਾਰੀ' ॥੪੦॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਤੀਨਹੁ ਭਗਤਿ ਭਏ ਸੁਖ ਪਾਏ।
ਸਤਿਸੰਗਤਿ ਕੀ ਸੇਵਾ ਲਾਗੇ।
ਪ੍ਰੇਮ ਪ੍ਰਮੇਸੁਰ ਕੋ ਮਨੁ ਜਾਗੇ ॥੪੧॥
ਮੱਲੂ ਸ਼ਾਹੀ ਆਦਿਕ ਸਾਰੇ।

ਸ੍ਰੀ ਅੰਗਦ ਕੇ ਰਹੇ ਦੁਆਰੇ।
ਸ਼੍ਰੀ ਗੁਰੁ ਅਮਰਦਾਸ ਢਿਗ ਰਹੈਂ।
ਕਰਿ ਸਿੱਖੀ ਕੋ ਸ਼ੁਭ ਗਤਿ ਲਹੈਂ ॥੪੨॥
ਇਨ ਸੋਂ ਮਿਲੇ ਅਪਰ ਸਿੱਖ ਹੋਏ।
ਸਤਿਗੁਰੁ ਜਸ ਕੋ ਰਿਦੇ ਪਰੋਏ।
ਬਡੇ ਭਾਗ ਜਿਨ ਕੇ ਜਗ ਜਾਗੇ।
ਗੁਰ ਮਿਲਿ ਪ੍ਰਭੁ ਪ੍ਰੇਮ ਮਹਿਂ ਪਾਗੇ[1] [1]ਰਪ ਗਏ।
॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਜਨਿ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

## ੧੩. [ਹਰੀਕੇ ਦਾ ਚੌਧਰੀ, ਖਡੂਰ ਦਾ ਮਦ ਪਾਨੀ ਚੌਧਰੀ ਤੇ ਸਿਖ ਚੋਰ ਪ੍ਰਸੰਗ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਏਕ ਬੇਰ ਸ਼੍ਰੀ ਗੁਰ ਗਏ, ਗ੍ਰਾਮ ਹਰੀਕੇ† ਥਾਨ।

†ਨਾਂਗੇ ਦੀ ਸਰਾਂ (ਮੁਕਤਸਰ) ਦੇ ਕੋਲ ਇਹ ਹਰੀਕੇ ਪਿੰਡ ਹੈ।

ਪ੍ਰਿਥਮ ਬਾਸ ਤਹਿਂ ਕੁਛ ਕਿਯੋ[1], ਪਹੁੰਚੇ ਮੇਲੀ ਜਾਨਿ ॥੧॥

[1]ਪਹਿਲੇ ਕੁਛ (ਸਮਾਂ ਗੁਰੂ ਜੀ) ਓਥੇ ਵਾਸਾ ਕਰ ਆਏ ਹੋਏ ਸਨ।

ਚੌਪਈ:

ਡੇਰਾ ਕਰਜੋ ਗ੍ਰਾਮ ਤਿਸ ਜਾਇ।
ਜਿਨ ਕੇ ਸੰਗ ਸਿੱਖ ਸਮੁਦਾਇ।
ਸੁਨਿ ਸੁਨਿ ਮਹਿਮਾ ਨਰ ਬਿਸਮਾਏ।
'ਸ਼੍ਰੀ ਨਾਨਕ ਗਾਦੀ ਇਨ ਪਾਏ' ॥੨॥
ਮੇਲੀ ਹੁਤੇ ਮਿਲੇ ਸਭਿ ਆਇ।
ਕਰਿ ਬੰਦਨ ਬੈਠੇ ਸਮੁਦਾਇ।
ਹੁਤੇ ਹਰੀ ਕੇ ਤਹਿਂ ਸਰਦਾਰਾ।
ਤਿਨ ਭੀ ਸੁਨਿ ਕਰਿ ਸੁਜਸ ਉਦਾਰਾ[1] ॥੩॥

[1]ਬੜਾ।

-ਕਰਮਾਤਿ ਸਾਹਿਬ ਗੁਰ ਭਏ।
ਪੂਰਬ ਬਸਤਿ ਹੁਤੇ[1], ਜੋ ਗਏ-।

[1]ਪਹਿਲੇ ਜੋ ਇੱਥੇ ਵਸਦੇ ਹੁੰਦੇ ਸਨ।

ਮਿਲਨਿ ਹੇਤੁ ਸੋ ਭੀ ਚਲਿ ਆਯੋ।
ਸੁਧਿ ਹਿਤ ਮਾਨਵ ਪ੍ਰਥਮ ਪਠਾਯੋ ॥੪॥
ਸ਼੍ਰੀ ਅੰਗਦ ਤਿਨ ਕੀ ਗਤਿ ਜਾਨੀ।
ਅਧਿਕ ਪਦਾਰਥ ਤੇ ਬਡ ਮਾਨੀ[1]।

[1]ਭਾਵ ਸ਼ਾਹੂਕਾਰ ਹੋਣ ਕਰਕੇ ਹੰਕਾਰੀ ਹੈ।

ਯਾਂ ਤੇ 'ਏਕ ਪੰਘੂਰਾ[1] ਲਯਾਵੋ।

[1]ਪੀੜ੍ਹਾ, ਮੂੜ੍ਹਾ।

ਤਿਸ ਬੈਠਨਿ ਕੇ ਹੇਤ ਡਸਾਵੋ' ॥੫॥
ਦਾਸ ਆਨਿ ਤਤਕਾਲ ਬਿਛਾਵਾ।
ਇਤਨੇ ਮਹਿਂ ਚਲਿ ਕਰਿ ਸੋ ਆਵਾ।
ਕੇਤਿਕ ਸੰਗ ਲੋਕ ਤਹਿਂ ਆਏ।
ਸਭਿਨਿ ਦੇਖਿ ਕੈ ਸੀਸ ਨਿਵਾਏ ॥੬॥
ਤਿਨ ਮਹਿਂ ਮਾਨੀ ਜੋ ਸਰਦਾਰ।
ਨਹੀਂ ਪੰਘੂਰੇ ਦਿਸ਼ਿ ਪਗ ਧਾਰਿ[1]।

[1]ਚਰਨ ਨਾ ਰਖੇ।

ਸ਼੍ਰੀ ਗੁਰ ਤਰੇ ਪ੍ਰਯੰਕ[1] ਨਿਹਾਰਾ।

[1]ਪਲੰਘ।

-ਤਰੇ ਨ ਬੈਠੌਂ- ਇਮ ਜਿਯ ਧਾਰਾ ॥੭॥
ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ।
ਸਰਦਾਰੀ ਕੇ ਮਾਨ ਅਮੈਠਾ[1]। [1]ਨਾਲ ਆਕੜਿਆ।
ਮੂਰਖ ਨਹਿਂ ਜਾਨੀ ਬਡਿਆਈ।
-ਮੈਂ ਸਰਦਾਰ- ਲਖਹਿ ਗਰਬਾਈ[1] ॥੮॥ [1]ਹੰਕਾਰ ਕਰਕੇ ਸਮਝਿਆ ਕਿ 'ਮੈਂ ਸਰਦਾਰ ਹਾਂ।'
ਸ਼੍ਰੀ ਗੁਰ ਪਿਖਿ ਤੂਸ਼ਨ ਹੀ ਠਾਨੀ।
ਮੇਲੀ ਜਾਨਿ ਨ ਕਛੂ ਬਖਾਨੀ।
ਬੈਠਿ ਘਰੀ, ਘਰ ਗਮਨਜੋ ਮੂਢ।
ਮਹਿਮਾ ਲਖੀ ਨ ਗੁਨ ਗਨ ਗੂਢ ॥੯॥
ਪੀਛੇ ਸਿੱਖਜਨ ਗੁਰੁ ਸੰਗਿ ਕਹਜੋ।
'ਇਹੁ ਤੋ ਅਤਿ ਮੂਰਖ ਹੀ ਲਹਜੋ।
ਉਚਿਤ ਅਵਨਿ ਪਰ ਬੈਠਨਿ ਇਹਾਂ।
ਪੁਨ ਨ ਪੰਘੁਰੇ ਕੀ ਦਿਸ਼ ਲਹਾ[1] ॥੧੦॥ [1]ਪਘੂੰੜੇ ਵੱਲ ਨਾ ਡਿੱਠੋ ਸੁ।
ਬਰਜਤਿ ਬਰਜਤਿ[1] ਜਾਇ ਸਿਰਾਨੇ। [1]ਵਰਜਦਿਆਂ, ਰੋਕਦਿਆਂ।
ਬੈਠਜੋ, ਕੁਛ ਨ ਅਦਾਇਬ[1] ਜਾਨੇ।' [1]ਅਦਬ।
ਸੁਨਿ ਸ਼੍ਰੀ ਅੰਗਦ ਸਹਿਜ ਸੁਭਾਇ[†]। [†]ਇਸ ਦਾ ਮਤਲਬ ਹੈ ਕਿ ਸ੍ਰਾਪ ਵਾਂਙੂ ਗ਼ੁੱਸੇ ਵਿਚ ਆਕੇ ਨਹੀਂ ਕਿਹਾ, ਸਹਿਜ ਸੁਭਾ ਬੇਅਦਬੀ ਦਾ ਫਲ ਜੋ ਮਿਲਣਾ ਹੈ ਸੋ ਦੱਸਿਆ, ਵਾਹਿਗੁਰੂ ਅਪਣੇ ਦੀ ਬੇਅਦਬੀ ਨਹੀਂ ਸਹਾਰਦਾ।
ਬਾਕ ਬਖਾਨਜੋ ਸਭਿਨਿ ਸੁਨਾਇ ॥੧੧॥
'ਪਲੰਘ ਪੰਘੁਰਾ ਕਛੂ ਨ ਰਹਜੋ।
ਅਬਿ ਤੇ ਇਨ ਕੋ ਸਭਿ ਕਿਛੁ ਦਹਜੋ[1]। [1]ਦਾਹ ਹੋ ਜਾਏਗਾ।
ਕਰਨਿ ਬਿਅਦਬੀ ਬਡਿਅਨਿ ਕੇਰੀ।
ਨਾਸ਼ ਦੇਤਿ ਕਰਿ ਬਡਿਹੁਂ ਬਡੇਰੀ ॥੧੨॥
ਬਡਿਅਨਿ ਕੌ ਠਾਨਹਿਂ ਸਨਮਾਨਾ।
ਸੋ ਜਾਨਹੁ ਇਹੁ ਹੋਇ ਮਹਾਨਾ।'
ਤਬਿ ਤੇ ਘਟਤਿ ਘਟਤਿ ਘਟਿ ਗਏ।
ਨਹਿਂ ਉਕਸੇ[1] ਸੁ ਬਿਨਾਸ਼ੀ[2] ਭਏ ॥੧੩॥ [1]ਉੱਚੇ ਨਾ ਹੋਏ। [2]ਨਾਸ਼।
ਇਸ ਪ੍ਰਕਾਰ ਗੁਰ ਫੇਰਾ ਪਾਇ।
ਬਹੁਰ ਖਡੂਰ ਬਿਰਾਜੇ ਆਇ।
ਸ਼੍ਰੀ ਅੰਗਦ ਨਿਤ ਬੇਪਰਵਾਹ।
ਨੀਰ ਕਮਲ ਸਮ ਲੇਪ ਨ ਕਾਹਿ ॥੧੪॥

ਬੁਰੀ ਭਲੀ ਕੁਛ ਸੁਨਹਿਂ ਨ ਕਹੈਂ।
ਅਪਨੇ ਪਰਚੇ ਮਹਿਂ ਨਿਤ ਰਹੈਂ।
ਆਸ਼੍ਰਮ ਬਰਨ ਰੀਤਿ ਜੋ ਧਰਿਹੀਂ।
ਸੋ ਗੁਰੁ ਸੰਗਤਿ ਕੋ ਨਹਿਂ ਕਰਿਹੀਂ ॥੧੫॥
ਇਕ ਸਮਾਨ ਆਸ਼੍ਰਮ ਅਰੁ ਧਰਮ।
ਸ਼੍ਰੀ ਗੁਰ ਕੇ ਇਨਿ ਤੇ ਨਿਹਭਰਮ[1]।

[1]ਭਾਵ ਆਸ਼੍ਰਮ ਅਰ ਧਰਮਾਂ ਤੋਂ ਸ਼੍ਰੀ ਗੁਰੂ ਜੀ ਨਿਹਭਰਮ ਸਨ।

ਮਾਟੀ ਕੇ ਬਾਸਨ ਕੋ ਦੇਖਿ।
ਮਿਲਹਿਂ ਨ ਕਰਮ ਜੁ ਕਰਤਿ ਵਿਸ਼ੇਖ[1] ॥੧੬॥

[1]ਭਾਵ ਕਰਮਕਾਂਡੀ ਨਹੀਂ ਮਿਲਦੇ ਸਨ।

ਪ੍ਰੇਮ ਭਗਤਿ ਪਰਮੇਸ਼ੁਰ ਕੇਰੀ।
ਉਪਦੇਸ਼ਹਿਂ, ਇਹ ਮੁੱਖਜ ਬਡੇਰੀ।
ਲੋਕ ਬੇਦ ਕੁਲ ਕਰਮ ਪ੍ਰਚਾਰਾ।
ਕਰਹਿਂ ਨਹੀਂ, ਅਰ ਭੈ ਨਹਿਂ ਧਾਰਾ ॥੧੭॥
ਯਾਂ ਤੇ ਲੋਕ ਸਮੀਪ ਨ ਆਵੈਂ।
ਦੇਖਿ ਦੂਰ ਤੇ ਸੀਸ ਨਿਵਾਵੈਂ।
ਸੰਗਤਿ ਕਰਹਿਂ ਨ ਬੈਠਹਿਂ ਪਾਸਿ।
ਸੁਨਹਿਂ ਨ ਬਚਨ ਭਾਗ ਘਟ ਜਾਸ[1] ॥੧੮॥

[1]ਜਿਨ੍ਹਾਂ ਦੇ ਭਾਗ ਘੱਟ ਨਹੀਂ ਹਨ।

ਸ਼੍ਰੀ ਨਾਨਕ ਕੀ ਸੰਗਤਿ ਜੇਈ।
ਦੂਰ ਦੂਰ ਤੇ ਆਵਹਿ ਤੇਈ।
ਦਰਸ਼ਨ ਪਰਸਹਿਂ ਬਾਂਛਤਿ[1] ਪਾਵੈਂ।
ਬਹੁਰ ਆਪਨੇ ਸਦਨ ਸਿਧਾਵੈਂ ॥੧੯॥

[1]ਮਨਇੱਛਤ।

ਹੁਤੋ ਚਉਧਰੀ ਤਿਸੀ ਗਿਰਾਉਂ।
ਭਾਉ ਭਗਤਿ ਕੋ ਲਖਹਿ ਨ ਨਾਉਂ।
ਨਿਤਾਪਤ੍ਰੀ ਬਹੁਤੋ ਮਦਪਾਨੀ[1]।
ਸਭਿ ਕੋ ਬਕਹਿ ਖੋਟਿ ਬਡਿ ਬਾਨੀ ॥੨੦॥

[1]ਸ਼ਰਾਬ ਪੀਣ ਵਾਲਾ।

ਮਿਰਗੀ ਰੋਗ ਹੁਤੋ ਤਿਸ ਭਾਰੀ।
ਬਜਾਕੁਲ ਕਰਹਿ ਉਠਹਿ ਜਿਸ ਬਾਰੀ।

ਏਕ ਦਿਵਸ ਤਿਸ ਕੇ ਮਨ ਆਈ।
ਸੁਨਿ ਪਿਖਿ ਸ਼੍ਰੀ ਅੰਗਦ ਬਡਿਆਈ ॥੨੧॥
ਤਬਿ ਸਮੀਪ ਗੁਰ ਕੇ ਚਲਿ ਆਯੋ।
ਅਪਨੋ ਸਰਬ ਬ੍ਰਿਤਾਂਤ ਸੁਨਾਯੋ।
'ਆਪ ਤਪਾ ਜੀ ! ਪਰਮ ਕ੍ਰਿਪਾਲੁ।
ਸਭਿ ਭਾਖਹਿਂ ਤੁਮ ਸੁਜਸੁ ਬਿਸਾਲ ॥੨੨॥
ਰੋਗ ਅਧਿਕ ਮੇਰੇ ਤਨ ਮਾਂਹੀ।
ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ।
ਤਬਿ ਪ੍ਰਤੀਤ ਉਰ ਮੋ ਕਹੁ ਆਵੈ।
ਜਿਮਿ ਇਹੁ ਕੀਰਤਿ ਬ੍ਰਿੰਦ ਸੁਨਾਵੈਂ[1]' ॥੨੩॥

[1]ਭਾਵ, ਸਿੱਖ ਸਾਰੇ ਆਪ ਦਾ ਯਸ ਜਿਵੇਂ ਸੁਣਾਉਂਦੇ ਹਨ।

ਸੁਨਿ ਕ੍ਰਿਪਾਲੁ ਇਹੁ ਬਾਕ ਬਖਾਨਾ।
'ਜੇਕਰਿ ਤਜਾਗ ਦੇਹਿਂ ਮਦਪਾਨਾ।
ਮਿਰਗੀ ਬਹੁਰ ਨ ਉਠਹਿ ਕਦਾਈ।
ਤਨ ਅਰੋਗ ਤੇਰੋ ਹੁਇ ਜਾਈ ॥੨੪॥
ਜੇ ਆਇਸੁ ਉਲੰਘਹਿਂ ਕਿਤ ਕਾਲਾ।
ਕਰਹਿਂ ਪਾਨ ਮਦ, ਹੋਇਂ ਨ ਟਾਲਾ।
ਤਹਿ ਮਿਰਗੀ ਹੋਵਹਿ ਤਨ ਆਨਿ।
ਜਿਸ ਤੇ ਬਿਨਸ ਜਾਹਿਂ ਤਵ ਪ੍ਰਾਨ' ॥੨੫॥
ਸੁਨਿ ਬੰਦਨ ਕਰਿ ਸਦਨ ਸਿਧਾਰਾ।
ਤਜਾਗ ਦੀਨ ਮਦ ਪਾਨ ਕੁਢਾਰਾ[1]।

[1]ਸ਼ਰਾਬ ਪੀਣ ਦੀ ਖੋਟੀ ਚਾਲ।

ਰੋਗ ਮ੍ਰਿਗੀ ਕੋ ਭਯੋ ਬਿਨਾਸਾ।
ਸਦਾ ਅਰੋਗੀ ਹੋਇ ਹੁਲਾਸਾ ॥੨੬॥
ਚਿਰੰਕਾਲ ਸੁਖ ਭੋਗਜੋ ਪੀਨਾ।
ਮਨ ਕਠੋਰ ਨਹਿਂ ਕੀਨ ਪਤੀਨਾ।
ਭੂਲ ਗਯੋ ਜੜ੍ਹ ਗੁਰ ਕੇ ਬੈਨਿ।
ਪਤਾ ਨਿਹਾਰਿ ਲੀਨ ਭੀ ਨੈਨ[1] ॥੨੭॥

[1]ਪਤੀਆਂ ਅੱਖੀਂ ਦੇਖ ਬੀ ਲਿਆ।

ਇਕ ਦਿਨ ਸ਼ਜਾਮ[1] ਘਟਾ ਘੁਮਡਾਈ।
ਭਈ ਠੰਢ ਬੂੰਦੈਂ ਬਰਖਾਈ।

[1]ਕਾਲੀ।

ਚਲਹਿ ਬਾਯੁ ਸੁਖ ਦੇਵਨ ਹਾਰੀ।
ਮਧੁਰ ਮਧੁਰ ਗਰਜਤਿ ਘਟ ਕਾਰੀ[1] ॥੨੮॥

[1]ਕਾਲੀ ਘਟਾ।

ਤਬ ਹੀ ਮਦਰਾ ਲੀਨ ਮੰਗਾਈ।
ਉਮਗਜੋ ਰਿਦਾ ਰਹਜੋ ਨਹਿਂ ਜਾਈ।
ਕਰਜੋ ਪਾਨ ਮੁਖ, ਨੁਕਲ[1] ਮੰਗਾਇ।

[1]ਨੁਕਲ = ਸ਼ਰਾਬ ਦੇ ਪਿੱਛੋਂ ਮੂੰਹ ਸੁਆਰਨ ਲਈ ਕੋਈ ਖਾਣ ਦੀ ਚੀਜ਼ [ਅ਼:-ਨੁਕ਼ਲ]।

ਖਾਵਤਿ ਚਢਜੋ ਅਮਲ[1] ਉਰ ਛਾਇ ॥੨੯॥

[1]ਨਸ਼ਾ।

ਜਾਇ ਅਰੂਢਜੋ[1] ਬਹੁਰ ਅਟਾਰੀ।

[1]ਚੜ੍ਹ ਗਿਆ।

ਪਿਖਿਨ ਬਹਾਰ ਬਰਖਤੋ ਬਾਰੀ[1]।

[1]ਬਰਸਦੇ ਜਲ ਦੀ ਬਹਾਰ।

ਗੁਰ ਦਿਸ਼ ਊਚੇ ਕਹਜੋ ਪੁਕਾਰਾ।
ਕਰਿ ਮਦਪਾਨ ਭਯੋ ਮਤਵਾਰਾ[1] ॥੩੦॥

[1]ਮਸਤ।

'ਤਪਾ! ਹਟਾਯੋ ਹੁਕਮ ਤੁਮਾਰਾ।
ਬੂੰਦੈਂ ਬਰਖਤਿ, ਬਡੀ ਬਹਾਰਾ।
ਰਹਜੋ ਨ ਜਾਹਿ ਮੋਹਿ ਤੇ ਕੈਸੇ।
ਪਾਵਤਿ ਅਤਿ ਪ੍ਰਮੋਦ ਮੈਂ ਐਸੇ' ॥੩੧॥
ਸ਼੍ਰੀ ਅੰਗਦ ਸੁਨਿ ਬਿਕਸੇ ਤਬੈ।
ਕਹਜੋ, 'ਸੁਚੇਤ[1] ਹੋਹੁ ਤੂੰ ਅਬੈ!

[1]ਹੁਸ਼ਿਆਰ।

†ਹਰੀਕੇ ਦੇ ਚੌਧਰੀ ਦੀ ਅਵੱਗਜਾ ਤੇ ਖਡੂਰ ਦੇ ਚੌਧਰੀ ਦੀ ਮਦਪਾਨ ਤੋਂ ਮਿਰਗੀ ਦਾ ਮੁੜ ਪੈਣਾਂ ਤੇ ਉਸ ਦਾ ਡਿਗ ਕੇ ਮਰਨਾ ਉਨ੍ਹਾਂ ਦੇ ਕੁਕਰਮਾਂ ਦੇ ਦੰਡ ਹਨ, ਸਤਿਗੁਰੂ ਜੀ ਦੇ ਚਿੱਤ ਕੋਈ ਖੋਭ ਹੋਇਆ ਤਾਂ ਗੁੱਸਾ ਆਇਆ ਤੇ ਦੰਡ ਦੀ ਸ਼ਕਲ ਫੁਰੀ ਏਹ ਭਾਵ ਉਨ੍ਹਾਂ ਦੇ ਸਦਾ ਅਛੋਭ ਸੁਭਾਵ ਦੇ ਵਿਰੁੱਧ ਹਨ। ਇਸੇ ਲਈ ਕਵੀ ਜੀ ਨੇ ਪਿੱਛੇ ਇਸੇ ਅੰਸੂ ਦੇ ਅੰਕ ੧੧ ਵਿਚ ਕਿਹਾ ਹੈ ਕਿ 'ਸੁਨ ਸ਼੍ਰੀ ਅੰਗਦ ਸਹਿਜ ਸੁਭਾਇ।' ਤੇ ਹੁਣ ਆਖ ਰਹੇ ਹਨ, 'ਸ਼੍ਰੀ ਅੰਗਦ ਸੁਨਿ ਬਿਕਸੇ ਤਬੈ' ਤੇ ਅੱਗੇ ਚੱਲਕੇ ਅੰਸੂ ੨੩ ਵਿਚ ਜੋ ਤਪੇ ਨੂੰ ਗੁਰੂ ਅਮਰ ਦਾਸ ਜੀ ਨੇ ਉਸ ਦੀ ਕਰਨੀ ਦਾ ਫਲ ਭੁਗਾਇਆ ਹੈ ਤਿਸ ਤੇ ਗੁਰੂ ਅੰਗਦ ਦੇਵ ਜੀ ਉਨ੍ਹਾਂ ਨਾਲ ਉਦਾਸ ਹੋ ਕੇ ਮੂੰਹ ਹੀ ਨਹੀਂ ਸਨ ਦਿਖਾਲਦੇ ਤੇ ਵਾਕ ਬੀ ਇਹੋ ਕਹੇ ਨੇ- 'ਸਤਿਗੁਰ ਕੋ ਘਰ ਹੈ ਨਿਤ ਨੀਵਾ॥ ਹੋਨ ਹੰਕਾਰ ਥਾਨ ਨਹਿਂ ਥੀਵਾ॥' ਦੂਸਰੇ ਇਹ ਆਤਮ ਸੱਤਜਾ ਦੇ ਕੌਤਕ ਹਨ। ਹੁਕਮ ਨਾਲ ਹਟੀ ਸੀ, ਹੁਕਮ ਟੁਟਦਿਆਂ ਆ ਗਈ। ਹਰੀਕੇ ਚੌਧਰੀ ਦੀ ਕਥਾ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

ਛੁਟਿ ਮਿਰਗੀ, ਆਈ ਦਿਸ਼ ਤੋਹਿ†।
ਹੁਕਮ ਹਟਾਵਨਿ ਕੀਨਸਿ ਮੋਹਿ ॥੩੨॥
ਬਾਂਧੀ ਹੁਤੀ ਹੁਕਮ ਕੀ ਏਹੀ।
ਹੁਕਮ ਨ ਰਹਜੋ, ਟਿਕਹਿ ਕਬਿ ਕੇਹੀ।'
ਤਤਛਿਨ ਉਠੀ[1] ਚੌਧਰੀ ਜਾਇ।

[1]ਭਾਵ ਮਿਰਗੀ ਉਠੀ।

ਗਿਰਜੋ ਅਟਾਰੀ ਤੇ ਉਥਲਾਇ[1] ॥੩੩॥

[1]ਉਲਟ ਕੇ।

ਸੀਸ ਧਰਾ ਪਰ† ਲਾਗਜੋ ਜਬੈ।

†ਪਾ:-ਪਗ।

ਫੂਟਯੋ ਨਿਕਸਿ ਮੀਝ[1] ਤਿਹ ਤਬੈ।
ਤਤਛਿਨ ਮਰਯੋ ਮੁਗਧ ਦੁਖ ਪਾਇ।
ਲਿਯੋ ਸਬੰਧਨਿ[†] ਦਿਯੋ ਜਲਾਇ ॥੩੪॥

ਸੋਰਠਾ:

ਸਤਿਗੁਰ ਸੋਂ ਉਪਹਾਸ[1],
ਕਰੇ ਗਰਬ ਧਰਿ ਮੂਢ ਮਤਿ।
ਤਤਛਿਨ ਹੋਹਿ ਬਿਨਾਸ਼,
ਪਰਹਿ ਨਰਕ ਮਰਿ ਕੈ ਅਗਤਿ[1] ॥੩੫॥

ਚੌਪਈ:

ਇਕ ਸੇਵਕ ਸੰਗਤਿ ਕੇ ਮਾਂਹਿ।
ਕਹਯੋ ਨ ਮਾਨਹਿਂ ਸੇਵਹਿ ਨਾਂਹਿ।
ਕਿਸੁ ਕੇ ਕਹੇ ਟਹਿਲ ਨਹਿਂ ਕਰੇ।
ਚਿਰੰਕਾਲ ਤਿਨ ਅਸ ਬੁਧਿ ਧਰੇ ॥੩੬॥
-ਜੋ ਗੁਰ ਕਹਹਿਂ ਕਾਜ ਸੋ ਕਰਿਹੌਂ।
ਆਨ ਬਾਕ ਕੇ ਕਾਨ ਨ ਧਰਿਹੌਂ-।
ਚਿਰੰਕਾਲ ਬੀਤਯੋ ਤਹਿਂ ਰਹੇ।
ਇਕ ਦਿਨ ਸ਼੍ਰੀ ਬੁੱਢੇ ਬਚ ਕਹੇ ॥੩੭॥
'ਗੁਰ ਸੰਗਤਿ ਮਹਿਂ ਭਲੋ ਰਹਾਵਨਿ।
ਭਜਨ ਟਹਿਲ ਕਰਿ ਕਾਲ ਬਿਤਾਵਨਿ।
ਬੈਠੇ ਦੇਹਿ ਕਾਜ ਕਿਸ ਆਇ।
ਛੁਹੈ ਨ ਕੋਈ[1] ਮ੍ਰਿਤੁ ਜਬ ਪਾਇ' ॥੩੮॥
ਕਹਨਿ ਲਗਯੋ 'ਗੁਰ ਬਾਕ ਕਹੈਂ ਜਿਮਿ।
ਟਹਲ ਕਰੌਂ ਤਿਸ ਕਾਲ ਭਲੇ ਤਿਮ।
ਕਹਯੋ ਅਪਰ ਕੋ ਮਾਨੌਂ ਨਾਂਹੀ।
ਯਹਿ ਨਿਸ਼ਚੈ ਮੇਰੇ ਮਨ ਮਾਂਹੀ' ॥੩੯॥
ਬਹੁਰ ਤਿਸੇ ਬੀਤਾ ਚਿਰਕਾਲ।
ਇਕ ਦਿਨ ਬੋਲਯੋ ਸ਼੍ਰੀ ਗੁਰੁ ਨਾਲਿ।
'ਬਹੁਤ ਦਿਵਸ ਕੋ ਮੈਂ ਅਭਿਲਾਖੀ।
ਨਿਜ ਮੁਖ ਤੇ ਕਛੁ ਸੇਵ ਨ ਭਾਖੀ' ॥੪੦॥
ਕਰਯੋ ਬਾਕ ਤਬ ਬੇਪਰਵਾਹਿ।
'ਅਗਨਿ ਜਰਹੁ, ਇਹੁ ਸੇਵਾ ਆਹਿ।'
ਸੁਨਿ ਤਬਿ ਗਮਨਯੋ ਬਨ ਕੇ ਮਾਂਹੀ।

[1]ਮਿੱਝ।
[†]ਪਾ:-ਸੰਬੰਧੀ।
[1]ਹਾਸੀ, ਮਖ਼ੌਲ।
[1]ਬੇਗਤ।
[1]ਭਾਵ ਦੇਹ ਨੂੰ ਕੋਈ ਨਹੀਂ ਛੁੰਹਦਾ।

ਲਕਰੀ ਕਰੀ ਬਟੋਰਨਿ[1] ਤਾਂਹੀ ॥੪੧॥ [1]ਇਕੱਠੀ।
ਅਗਨਿ ਪ੍ਰਜੁਲਤ[1] ਹੇਰਿ ਕਰਿ ਡਰਜੋ। [1]ਜਲਦੀ ਹੋਈ।
ਗੁਰ ਬਚ ਪਰਿ ਨਹਿਂ ਟਿਕਬੋ ਕਰਜੋ।
ਇਕ ਤਸਕਰ[1] ਚੋਰੀ ਕੋ ਮਾਲ। [1]ਚੋਰ।
ਲੀਯੇ ਜਾਤ ਆਯੋ ਤਿਸ ਕਾਲ ॥੪੨॥
ਪਿਖਿ ਅਚਰਜ ਕੋ ਪੂਛਨ ਕਰਜੋ।
'ਇਹ ਕਯਾ ਕਰਤਿ ਇਹਾਂ ਤੈ ਖਰਜੋ?'
'ਗੁਰ ਕੋ ਬਚ ਮੋ ਕਹੁ' ਤਿਨ ਕਹਜੋ।
'-ਜਰੋ ਅਗਨਿ- ਅਬ ਜਾਇ ਨ ਦਹਜੋ[1]' ॥੪੩॥ [1]ਸੜਿਆ ਨਹੀਂ ਜਾਂਦਾ।
ਤਿਸ ਕੋ ਗਰਬ ਬਿਨਾਸ਼ਨਿ ਹੇਤ।
ਬੋਲਜੋ ਤਸਕਰ ਹੋਇ ਸੁਚੇਤ।
'ਮੈਂ ਕਲਮਲ ਕੀਨੇ ਸੁਮਦਾਇ।
ਇਹਾਂ ਜਰੇ ਤੇ ਸਭਿ ਮਿਟ ਜਾਇਂ ॥੪੪॥
ਮੋ ਤੇ ਦਰਬ ਸਰਬ ਅਬ ਲੇਵੋ।
ਸ਼੍ਰੀ ਗੁਰ ਬਾਕ ਮੋਲ ਮੁਝ ਦੇਵੋ।'
ਸੁਨਿ ਕੈ ਧਨ ਲੀਨਸਿ ਲਲਚਾਇ।
ਤਬ ਤਸਕਰ ਤਨ ਦੀਨ ਜਲਾਇ ॥੪੫॥
ਸੁਰ ਪੁਰਿ[1] ਤੇ ਬਿਬਾਨ ਚਲਿ ਆਵਾ। [1]ਦੇਵਤਿਆਂ ਦੀ ਪੁਰੀ।
ਸਾਦਰ ਕਹਿ ਕੈ ਤੁਰਤ ਚਢਾਵਾ।
ਸੁਖ ਅਨੰਤ ਮਹਿਂ ਜਾਇ ਰਹਜੋ ਹੈ।
ਗੁਰ ਬਚ ਤੇ ਅਘ ਦੇਹਿ[1] ਦਹਜੋ ਹੈ ॥੪੬॥ [1]ਪਾਪੀ ਦੇਹ।
ਲੋਭ ਧਾਰਿ ਸਿਖ ਗਮਨਜੋ ਘਰ ਕੋ।
ਗਹਜੋ ਨਰਨ ਤਿਸ ਲਖਿ ਤਸਕਰ ਕੋ[1]। [1]ਕੋਈ ਚੋਰ ਜਾਣ ਕੇ।
ਕੋਟਵਾਰ[1] ਕੇ ਕਰਜੋ ਅਗਾਰੀ। [1]ਕੋਤਵਾਲ।
ਤਿਨ ਦੇਖਤਿ ਹੀ ਗਿਰਾ ਉਚਾਰੀ ॥੪੭॥
'ਛੀਨ ਲੇਹੁ ਤਿਸ ਕੋ ਸਭਿ ਮਾਲ।
ਫਾਂਸੀ ਦੇਹੁ ਜਾਇ ਤਤਕਾਲ।'
ਹੁਕਮ ਮਾਨਿ ਫਾਂਸੀ ਤਿਸ ਦੀਨਾ।
ਮੂਰਖ ਮਰਜੋ ਧਰਮ ਤੇ ਹੀਨਾ ॥੪੮॥
ਗੁਰੂ ਬਚਨ ਪਰ ਜਿਹ ਪਰਤੀਤਿ।

ਤਿਸਹਿ ਮਿਲਹਿ ਊਚੋ ਪਦ ਨੀਤਿ।
ਤਜਹਿ ਬਾਕ ਧਰਿ ਲੋਭ ਬਿਸਾਲਾ।
ਪਾਵਹਿ ਨਰਕ ਤੁਰਤ ਹੁਇ ਕਾਲਾ[1] [1]ਮੌਤ।
॥੪੯॥

ਦੋਹਰਾ:
ਗੁਰੂ ਸੰਤ ਤੇ ਲਾਭ ਤਿਹ, ਗੁਰਮੁਖ ਦ੍ਰਿੜ
ਮਤਿ ਜੋਇ।
ਮਨਮੁਖ ਚੰਚਲ ਸਿੱਖ ਕੋ, ਸਿੱਖੀ ਉਲਟੀ
ਹੋਇ ॥੫੦॥
ਮਹਿਮਾ ਸਤਿਗੁਰ ਬਚਨ ਕੀ, ਦੇਖਹੁ ਪੁੰਨ [1]ਭਾਵ ਪ੍ਰਤੱਖਜ।
ਪ੍ਰਮਾਨ[1]।
ਬਿਮੁਖ ਭਯੋ ਸਿਖ ਫਾਂਸ ਤਿਸ, ਤਸਕਰ
ਸ੍ਵਰਗ ਮਹਾਨ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖ ਤਸਕਰ' ਪ੍ਰਸੰਗ ਬਰਨਨੰ ਨਾਮ ਤ੍ਰੌਦਸ਼ਮੋਂ ਅੰਸੂ ॥੧੩॥

## ੧੪. [ਸ਼੍ਰੀ ਗੁਰ ਅਮਰ ਦਾਸ ਜੀ ਦੀ ਮੁੱਢਲੀ ਕਥਾ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਨਿਸਾਨੀ ਛੰਦ:

ਸੰਗ ਬਾਲਿਕਨਿ ਖੇਲਹੀਂ, ਨਿਤਿ ਗੁਰੂ ਕ੍ਰਿਪਾਲਾ।
ਹਰਖ ਸ਼ੋਕ ਨਹਿਂ ਜਿਨਹੁਂ ਕੇ, ਇਕ ਰਸ ਸਭਿ ਕਾਲਾ।
ਦੀਨ ਬੰਧੁ ਤਾਰਨ ਤਰਨ, ਸਿੱਖੀ ਬਿਦਤਾਏ।
ਜਗੇ ਭਾਗ ਜਿਨ ਨਰਨਿ ਕੇ, ਚਰਨੀ ਲਪਟਾਏ ॥੧॥
ਕਰੋਂ ਨਿਰੂਪਨ ਅਬਿ ਕਥਾ, ਭੱਲਜਨ ਕੁਲ ਟੀਕਾ[1]।
ਆਇ ਮਿਲੇ ਜਿਸ ਰੀਤਿ ਸੋਂ, ਸੇਵਨ ਕਿਯ ਨੀਕਾ।
ਇਕ ਬਾਸੁਰਕੇ[†] ਗ੍ਰਾਮ ਹੈ, ਤਹਿਂ ਬਸਹਿ ਨਿਕੇਤੰ।
ਤੇਜੋ ਛੱਤ੍ਰੀ[†] ਭਾਗ ਬਡ, ਨਿਸ ਦਿਨ ਪ੍ਰਭੁ ਚੇਤੰ[1] ॥੨॥
ਭਲੇ ਕਰਮ ਮਹਿਂ ਪ੍ਰੀਤਿ ਉਰ, ਭੱਲਜਨ[1] ਕੁਲ ਮਾਂਹੀ।
ਧੀਰਜ ਧਰਮ ਬਿਸ਼ਾਲ ਜਿਹ, ਅਵਗੁਨ ਚਿਤ ਨਾਂਹੀ।
ਤਿਨ ਕੇ ਸੁਤ ਉਤਪਤਿ ਭਏ, ਸ਼੍ਰੀ ਅਮਰ ਬਡੇਰੇ।
ਅਪਰ ਭਏ ਪੁਨ ਤੀਨ ਸੁਤ, ਹਰਖਤਿ ਭਾ ਹੇਰੇ ॥੩॥
ਖੇਤੀ ਕ੍ਰਿਤਿ ਕੋ ਸੁਤ ਕਰਹਿਂ, ਤੇਜੋ ਸੁਖ ਪਾਵੈ।
ਬੈਠਿ ਰਹਹਿ ਸਿਮਰਹਿ ਪ੍ਰਭੂ, ਭਗਤੀ ਚਿਤ ਲਾਵੈਂ।
ਬਜਾਹ ਕਰੇ ਸਭਿ ਸੁਤਨਿ ਕੇ[1], ਪਿਖਿ

[1]ਭਾਵ ਗੁਰੂ ਅਮਰ ਦਾਸ ਜੀ ਦੀ।

[†]ਸ੍ਰੀ ਅੰਮ੍ਰਿਤਸਰ ਜੀ ਤੋਂ ਪੰਜ ਛੇ ਮੀਲ ਤੇ ਹੈ।

[1]ਸਿਮਰਦੇ। [†]ਪਾ:-ਖੱਤ੍ਰੀ।

[1]ਭੱਲੇ, ਖੱਤ੍ਰੀਆਂ ਦੀ ਇਕ ਜਾਤ ਹੈ।

[1]ਸਪੁੱਤ੍ਰਾਂ ਦੇ। [2]ਨੂੰਹਾਂ ਦੇ।

ਸਹਿਜ ਸੁਨੁਖਾ[2]।
ਉਰ ਮਹਿਂ ਅਧਿਕ ਪ੍ਰਮੋਦ[1] ਹੀ, ਬਡ ਭਾਗ ਅਦੁਖਾ[2] ॥੪॥
ਆਪੋ ਅਪਨੇ ਕਾਜ ਮਹਿਂ, ਚਾਰਹੁਂ ਸੁਤ ਲਾਗੇ।
ਬੀਤ ਗਯੋ ਚਿਰ ਕਾਲ ਹੀ, ਪੌਤ੍ਰੇ ਪਿਖਿ ਆਗੇ।
ਅਮਰਦਾਸ ਨਿਜ ਬਾਸ[1] ਮਹਿਂ, ਚਿਰਕਾਲ ਬਿਤਾਵਾ।
ਇਕ ਦਿਨ ਰਿਦੈ ਬਿਚਾਰਿਓ -ਹੁਇ ਬੈਸ ਬਿਹਾਵਾ ॥੫॥

[1]ਅਨੰਦ ਹੁੰਦਾ ਹੈ। [2]ਦੁਖਾਂ ਤੋਂ ਰਹਿਤ ਹੈ।
[1]ਘਰ।

ਦੋਹਰਾ:
ਕਰਤਿ ਬਨਜ ਫੇਰੋ ਫਿਰਹਿਂ, ਧਰਮ ਸਹਿਤ ਕ੍ਰਿਤਿ ਠਾਨਿ।
ਹੁਇ ਅਦੋਸ਼ ਜਿਮਿ ਜੀਵਕਾ[1], ਨਿਰਬਾਹਤਿ ਗੁਜ਼ਰਾਨ ॥੬॥

[1]ਜਿਵੇਂ ਪਾਪ ਤੋਂ ਬਿਨਾਂ ਰੋਜ਼ੀ ਤੁਰੇ।

ਨਿਸਾਨੀ ਛੰਦ:
ਕਰਹਿਂ ਅਬਹਿ ਸ਼ੁਭ ਕਰਮ ਕੋ, ਸੁਖ ਹੁਇ ਪਰਲੋਕੰ।
ਨਾਂਹਿਤ ਰਾਗ ਰੁ ਦ੍ਵੈਸ਼[1]† ਮਹਿਂ, ਲਹਿਂ ਹਰਖ ਰੁ ਸ਼ੋਕੰ[1]।
ਦੇਯ ਦਮਾਮਾ ਆਨਿ ਜਮ, ਕਛੁ ਹ੍ਵੈ ਨ ਉਪਾਈ।
ਪਛੁਤਾਵਹਿਂ ਨਿਜ ਸਿਰ ਧੁਨਹਿਂ, ਬਯ ਬਾਦ[1] ਬਿਤਾਈ ॥੭॥
ਤੀਰਥ ਕੈ ਤਪਸਾ ਕਰਹਿਂ, ਅਬ ਸਮੋ ਹਮਾਰਾ।
ਤਰੁਨ[1] ਅਵਸਥਾ ਇਹ ਬਨਹਿ, ਬ੍ਰਿਧ ਤਨ ਬਲ ਹਾਰਾ-।
ਇਤਜਾਦਿਕ ਤਰਕਤਿ[1] ਰਿਦੈ, ਪੁਨ ਨਿਸ਼ਚੈ ਕੀਨਾ।
-ਸੇਵਨਿ ਗੰਗਾ ਕੋ ਕਰਹਿਂ, ਕਲਿ ਮਹਿਂ

[1]ਮਿੱਤ੍ਰਾਈ ਅਰ ਵੈਰ। †ਪਾ:-ਦ੍ਵੈਖ।
[1]ਪ੍ਰਸੰਨਤਾ ਤੇ ਅਫਸੋਸ।
[1]ਵਿਅਰਥ ਆਯੂ ਗੁਆਈ।
[1]ਜਵਾਨੀ।
[1]ਦਲੀਲਾਂ ਕਰਦਿਆਂ।

ਅਘ ਛੀਨਾ ॥੮॥

ਖਸ਼ਟ ਮਾਸ ਕੋ ਪੂਨ ਕਰਜੋ, ਬਾਹਨ ਬਿਨੁ ਚਾਲੇ[1]। — [1]ਸਵਾਰੀ ਬਿਨਾਂ ਭਾਵ ਪੈਦਲ ਜਾਵੇ।

ਸੁਰਸਰਿ[1] ਨੀਰ ਸ਼੍ਨਾਨਹੀ, ਧਰਿ ਹਰਖ ਬਿਸਾਲੇ[2]। — [1]ਗੰਗਾ। [2]ਬੜੇ ਖੁਸ਼ ਹੋ ਕੇ ਨ੍ਹਾਉਂਦੇ ਹਨ।

ਰਿਦੇ ਕਾਮਨਾ ਹੀਨ ਹੁਇ, ਪੂਜਹਿਂ ਥਿਤ ਤੀਰਾ।

ਚੰਦਨ ਚਰਚਤਿ[1] ਕੁਸਮ[2] ਗਨ, ਅਰਪਹਿਂ ਉਰ ਧੀਰਾ ॥੯॥ — [1]ਛਿੜਕਦੇ ਹਨ। [2]ਫੁੱਲ।

ਦੇਵਹਿਂ[†] ਧੂਪ ਸੁ ਨੰਮ੍ਰਿ ਹੁਇ, ਜਲ ਡਾਲਿ ਪਤਾਸੇ। — [†]ਪਾ:-ਖੇਵਹਿਂ। ਧੁਖਵਹਿਂ।

ਬਰਤ ਕਰਹਿਂ ਤਿਸ ਕੂਲ[1] ਪਰ, ਰਹਿ ਕਰ ਉਪਵਾਸੇ[2]। — [1]ਕੰਢੇ। [2]ਨਿਰਾਹਾਰ।

ਅਧਿਕ ਭਾਉ ਧਰਿ ਜਾਤਿ ਹੈਂ, ਜੈਕਾਰ ਉਚਾਰੇ।

ਇਸੀ ਰੀਤਿ ਨਿਸ਼ਕਾਮ ਹੀ, ਬਹੁ ਬਾਰ ਪਧਾਰੇ[1] ॥੧੦॥ — [1]ਕਈ ਵੇਰ ਗਏ।

ਚੌਪਈ:

ਅਤਿ ਪਵਿੱਤ੍ਰ ਜਾਤ੍ਰਾ ਕੋ ਕਰੈਂ।
ਸਰਬ ਬਿਕਾਰ ਰਿਦੈ ਪਰਿਹਰੈਂ।
ਕਾਮ ਨ ਕ੍ਰੋਧ ਨ ਲੋਭ ਨ ਧਾਰੈਂ।
ਸੁਚ ਸੰਜਮ ਕੇ ਸਾਥ ਸਿਧਾਰੈਂ ॥੧੧॥
ਖਸ਼ਟ ਮਾਸ ਬੀਤੇ ਜਬਿ ਜਾਵੈਂ।
ਗ੍ਰਿਹ ਭੀ ਬੈਠੇ ਸੁਰਸਰਿ ਧਜਾਵੈਂ।
ਉਨਬਿੰਸਤੀ ਬਾਰ[1] ਗਏ ਜਬਿ। — [1]ਉਨੀਵੀਂ ਵਾਰ।
ਦੇਹ ਜਰਜਰੀ ਭੂਤ[1] ਭਈ ਤਬਿ ॥੧੨॥ — [1]ਭਾਵ ਬ੍ਰਿੱਧ।
ਚਲਹਿਂ ਚਰਨ[1] ਸਿਮਰਨ ਕੋ ਕਰਿਤੇ। — [1]ਪੈਰੀਂ ਤੁਰਕੇ ਜਾਣ।
ਉਚੇ ਜਯ ਜਯਕਾਰ ਉਚਰਿਤੇ।
ਬਹੁਰ ਬੀਸਵੀਂ ਬਾਰਿ ਪਧਾਰੇ।
ਮਿਹੜਾ[1] ਗ੍ਰਾਮਿਕ ਪੰਥ ਮਝਾਰੇ ॥੧੩॥ — [1]ਇਕ ਪਿੰਡ ਦਾ ਨਾਮ।
ਬਸਹਿ ਬਿੱਪ੍ਰ ਇਕ ਤਹਿਂ ਅਵਿਦਾਤਿ[1]। — [1]ਸ੍ਰੇਸ਼ਟ, ਮਸ਼ਹੂਰ।
ਹੁਤੋ ਸਾਰਸੁਤ ਭੰਬੀ ਜਾਤਿ[1]। — [1]ਬ੍ਰਾਹਮਣਾਂ ਦਾ ਇਕ ਗੋਤ੍ਰ, ਸੰਭਾਵਨਾ ਹੈ ਕਿ ਜਿਨ੍ਹਾਂ ਦੇ

ਵਡੇ ਸਰਸ੍ਵਤੀ ਨਦੀ ਦੇ ਕਿਨਾਰੇ ਕਦੇ ਵਸਦੇ ਸਨ ਸੋ ਸਾਰਸ੍ਵਤ।

ਦੁਰਗਾ ਨਾਮ ਭਨਹਿਂ ਤਿਸ ਕੇਰਾ।
ਕਰਹਿਂ ਜਾਤਰੀ ਤਹਾਂ ਬਸੇਰਾ ॥੧੪॥
ਆਵਤਿ ਜਾਤਿ ਪਾਇਂ ਬਿਸਰਾਮਾ।
ਸਾਦਰ ਕਰਹਿ ਉਤਾਰਨ ਧਾਮਾ[1]। — [1]ਘਰ ਉਤਾਰਾ ਦੇਵੇ।
ਤਹਾਂ ਗਏ ਸ਼੍ਰੀ ਅਮਰ ਸੁਜਾਨਾ।
ਪੰਥ ਤਪਤ ਭਾਨੁਜ ਮੱਧਜਾਨਾ[1] ॥੧੫॥ — [1]ਦੁਪਹਿਰ ਦੇ ਸੂਰਜ ਦੀ ਧੁੱਪ ਕਰਕੇ ਰਾਹ ਤਪ ਰਿਹਾ ਸੀ।
ਥਿਰੇ[1] ਦੁਪਹਿਰਾ ਹੇਤ ਬਿਤਾਵਨਿ। — [1]ਟਿਕੇ।
ਪੌਢਿ ਰਹੇ ਜਿਨ ਕੀਰਤਿ ਪਾਵਨ।
ਬਿੱਦਜਾ ਪਠਯੋ ਸੁ ਬਿੱਪ੍ਰ ਬਿਸ਼ੇਖਾ।
ਸਾਮੁੰਦ੍ਰਿਕ[1] ਭੀ ਤਿਸਨੇ ਦੇਖਾ ॥੧੬॥ — [1]ਸਰੀਰ ਦੇ ਚਿਨ੍ਹਾਂ ਤੋਂ ਮਨੁੱਖ ਦੇ ਸ਼ੁਭ ਅਸ਼ੁਭ ਦੀ ਵਿਚਾਰ ਦੱਸਣ ਵਾਲੀ ਵਿਦ੍ਯਾ।
ਸੁੰਦਰ ਪਦ ਅਰਬਿੰਦ ਨਿਹਾਰਾ[1]। — [1]ਚਰਨ ਕਮਲ ਤੱਕਿਆ।
ਜਿਨ ਕੇ ਹੁਤੋ[†] ਸੁ ਪਦਮ ਅਕਾਰਾ[1]। — [1]ਜਿਨ੍ਹਾਂ ਦੇ (ਚਰਨਾਂ ਵਿਚ) ਕਵਲ ਦਾ ਚਿੰਨ੍ਹ ਸੀ।

[†]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਸਜੇ ਹੱਥ ਵਿਚ ਭੀ ਕੰਵਲ ਦਾ ਚਿੰਨ੍ਹ ਲਿਖਿਆ ਹੈ, ਯਥਾ- 'ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥' (ਸਵਃ ਮਃ੩ ਕੇ) ਇਸੇ ਤਰ੍ਹਾਂ ਪੰਚਮ ਸਤਿਗੁਰੂ ਜੀ ਭੀ ਉਚਾਰਦੇ ਹਨ 'ਮੇਰੇ ਹਾਥਿ ਪਦਮੁ ਆਗਨਿ ਸੁਖ ਬਾਸਨਾ ॥ (ਫੁਨਹੇ ਮਃ ੫)। ਇਥੇ ਚਰਨਾਂ ਵਿਚ ਭੀ ਪਦਮ ਕਿਹਾ ਹੈ ਸੋ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਅਮਰ ਦੇਵ ਜੀ ਦੇ ਸਫਲ ਸ਼ਰੀਰ ਵਿਚ ਦੋਨੋਂ ਥਾਂ ਪਦਮ ਸੀ, ਇਸੇ ਲਈ ਆਪ ਗੁਰ ਅਵਤਾਰ ਹੈਨ। ਸ੍ਰੀ ਕ੍ਰਿਸ਼ਨ ਜੀ ਦੇ ਕੇਵਲ ਚਰਨਾਂ ਵਿਚ ਹੀ ਪਦਮ ਸੀ ਯਥਾ- 'ਚਰਣ ਕਮਲ ਵਿਚ ਪਦਮ ਹੈ ਝਿਲਮਿਲ ਝਲਕੇ ਵਾਂਗੀ ਤਾਰੇ।' ਵਾਰ ਭਾਃ ਗੁਃ ੧੦-੨੩

ਪਿਖਯੋ ਦੂਰ ਤੇ ਪੁਨ ਢਿਗ ਆਯੋ।
ਨੀਕੀ ਰੀਤਿ ਬਹੁਰ ਦਰਸਾਯੋ ॥੧੭॥
ਰਿਦੇ ਬਿਚਾਰਹਿ ਤਰਕ[1] ਅਨੇਕਾ। — [1]ਦਲੀਲਾਂ।
-ਇਹ ਉੱਤਮ ਲੱਛਨ ਪਗ ਏਕਾ।
ਸ਼੍ਰੀਪਤਿ ਬਿਸ਼ਨੁ ਭਏ ਅਵਤਾਰਾ[1]। — [1]ਵਿਸ਼ਨੂੰ ਦਾ ਅਵਤਾਰ ਹੈਨ ਏਹ।
ਕਿਧੌਂ ਚੱਕ੍ਰਵਰਤੀ ਨ੍ਰਿਪ ਭਾਰਾ ॥੧੮॥
ਇਨ ਦੋਇਨ ਬਿਨ ਅਪਰ ਨ ਕੋਊ।
ਪਦਮ ਰੇਖ ਇਮਿ ਧਾਰਹਿ ਦੋਊ-।
ਪੌਢੇ ਸੁਪਤ ਰਹੇ ਤਹਿਂ ਜਾਵਦਿ।
ਰਹਯੋ ਬਿਚਾਰਤਿ ਦਿਜਬਰ ਤਾਵਦਿ ॥੧੯॥

ਨਿਸਾਨੀ ਛੰਦ:

ਜਾਗਿ ਉਠੇ ਸ਼੍ਰੀ ਅਮਰ ਜੀ, ਚਲਿਬੇ[1] ਕਰਿ — [1]ਚਲਣੇ।

ਤਜਾਰੀ।
ਬਿੱਪ੍ਰ ਨਿਕਟ ਬੈਠਤਿ ਭਜੋ, ਦੇਖਤਿ ਹਿਤ ਧਾਰੀ।
ਲਗੇ ਦੇਨਿ ਤਬ ਦੱਛਨਾ[1], 'ਦਿਜ ਜੂ! ਇਹ ਲੀਜੈ।
ਸਾਧ! ਸਾਧ!! ਤੁਝ ਕੋ ਅਹੈ, ਇਮਿ ਹੀ ਨਿਤਿ ਕੀਜੈ ॥੨੦॥

[1]ਭੇਟ।

ਉਤਰਹਿਂ ਸੰਗੀ ਗੰਗ ਕੇ, ਪਾਵੈਂ ਬਿਸਰਾਮਾ।
ਪਾਵਨ ਕੋ ਪਾਵਨ ਕਰਹਿਂ, ਪਾਵਨ ਹੁਇ ਧਾਮਾ[1]'।

[1]ਚਰਨਾਂ ਨੂੰ ਪਾਉਣਾ ਕਰਦੇ ਹਨ (ਯਾਤ੍ਰੀ ਤਾਂਤੇ) ਪਵਿੱਤ੍ਰ ਹੋ ਜਾਂਦਾ ਹੈ ਘਰ (ਤੁਸਾਡਾ)।

ਬਿੱਪ੍ਰ ਦੀਨ ਬਨਿ ਬਿਨੈ ਭਨਿ[1], 'ਮੈਂ ਅਬਿ ਨਹਿਂ ਲੇਊਂ।
ਜਬਿ ਸਮ੍ਰੱਥ ਹੋਵਹੁ ਮਹਾਂ, ਤਬਿ ਲੇਨਿ ਕਰੇਊਂ ॥੨੧॥

[1]ਬੇਨਤੀ ਕੀਤੀ।

ਅਬਿ ਮੁਝ ਸੋਂ ਕਹਿ ਦੀਜੀਅਹਿ, -ਬਾਂਛਤ ਹਮ ਦੈ ਹੈਂ-।
ਤਬਿ ਚੇਤਹੁ ਇਸ ਸਮੈਂ ਕੋ, ਹਮ ਆਨਿ ਮਿਲੈ ਹੈਂ।'
ਸੁਨਿ ਸ਼੍ਰੀ ਅਮਰ ਬਖਾਨਿਓਂ, 'ਕੈਸੇ ਤੁਵ ਜਾਨੀ।
ਕੈਸੇ ਐਸ਼੍ਵਰਜ ਹੋਇ ਹੈ, ਕਰਿ ਸਕਲ ਬਖਾਨੀ' ॥੨੨॥
ਦਿਜ ਭਾਖਜੋ 'ਤੁਮ ਪਦ ਪਦਮ, ਪਦਮਾਪਤਿ ਜੈਸੇ[1]।

[1]ਵਿਸ਼ਨੂੰ ਵਰਗਾ ਕਮਲ (ਚਿੰਨ੍ਹ) ਤੁਸਾਡੇ ਚਰਨਾਂ ਵਿਚ ਹੈ।

ਅਤਿ ਉੱਤਮ ਲੱਛਨ ਇਹੀ, ਫਲ ਭਯੋ ਨ ਕੈਸੇ!
ਤਉ ਅਗਾਰੀ ਹੋਹਿਗੋ, ਪ੍ਰਭੁ ਜੋਤਿ ਮਿਲੈਹੈ।
ਚੱਕ੍ਰਵਰਤਿ ਰਾਜਾ ਕਿਧੌਂ, ਕਿਸ ਕਾਲ ਬਨੈ ਹੈ ॥੨੩॥
ਨਿਰਸੰਸੈ ਮਮ ਬਾਰਤਾ, ਨਿਸ਼ਚੈ ਕਰਿ ਲੀਜੈ।

ਐਸ਼੍ਵਰਜ ਹੋਇ ਤ ਜਾਚਿਹੌਂ†, ਤਬਹੂੰ ਤੁਮ ਦੀਜੈ।'
ਸੁਨਿ ਪ੍ਰਸੰਨ ਚਿਤ ਅਤਿ ਭਏ, 'ਹੋਵਹੁ ਬਚ ਸਾਚਾ।
ਮਿਲਹੁ ਹਮੈਂ ਤਬਿ ਆਨਿ ਕੈ, ਲਿਹੁ ਜੋ ਕਰਿ ਜਾਚਾ' ॥੨੪॥
ਕਹਿ ਦਿਜ ਸੋਂ ਮਾਰਗ ਚਲੇ, ਆਵਨਿ ਕੋ ਧਾਮਾ।
ਇਕ ਬ੍ਰਹਮਚਾਰੀ ਬੇਸ ਮਹਿਂ, ਜਿਹ ਮਤਿ ਅਭਿਰਾਮਾ।
ਮਿਲਜੋ ਸੰਗ ਸ਼੍ਰੀ ਅਮਰ ਕੇ, ਕਿਯ ਬਚਨ ਬਿਲਾਸਾ।
ਚਲਤਿ ਪੰਥ ਸ਼ੁਭ ਕਥਾ ਪ੍ਰਭੁ, ਬਹੁ ਭਾਂਤਿ ਪ੍ਰਕਾਸ਼ਾ ॥੨੫॥
ਸਰਬ ਦਿਵਸ ਸੰਗੀ ਰਹੇ, ਉਤਰੇ ਇਕ ਥਾਨਾ।
ਗਮਨੇ ਬਹੁਰ ਪ੍ਰਭਾਤਿ ਕੋ, ਹਿਤ ਦੁਹੂੰਅਨਿ† ਠਾਨਾ।
ਜਾਵਦਿ ਆਏ ਸਦਨ ਨਿਜ, ਤਾਵਦਿ ਰਹਿ ਸੰਗਾ[1]।
ਖਾਨ ਪਾਨ ਇਕਠੋ ਕਰਹਿਂ, ਸਿਮਰਤਿ ਉਰ ਗੰਗਾ ॥੨੬॥
ਘਰ ਅਪਨ ਸ਼੍ਰੀ ਅਮਰ ਜੂ, ਆਨਜੋ ਬ੍ਰਹਮਚਾਰੀ।
ਸਾਦਨ ਖਾਨ ਰੁ ਪਾਨ ਕੋ, ਦੀਨਸਿ ਹਿਤ ਧਾਰੀ।
ਭਈ ਨਿਸਾ ਹਿਤ ਸੈਨ ਕੇ, ਊਪਰ ਆਰੂਢੇ।
ਕਰਹਿਂ ਪਰਸਪਰ ਬਾਰਤਾ, ਅੰਤਰਗਤਿ ਗੂਢੇ[1] ॥੨੭॥
ਕਿਸ ਪ੍ਰਸੰਗ ਪਰ ਬਾਰਤਾ, ਬੋਲਜੋ ਬ੍ਰਹਮਚਾਰੀ।
'ਗੁਰੂ ਤੁਮਾਰੋ ਕਵਨ ਹੈ, ਕਿਮ ਦੀਖਯਾ

†ਪਾ:-ਤਬ ਹੀ ਚਹੋਂ।

†ਪਾ:-ਦੁਲਹਨ।

[1]ਭਾਵ ਘਰ ਪਹੁੰਚਦੇ ਤਕ ਨਾਲ ਰਿਹਾ।

[1]ਭਾਵ, ਦਿਲ ਦੀਆਂ ਗੁੜ੍ਹੀਆਂ ਗੱਲਾਂ।

[1]ਤੇ ਕਿਵੇਂ ਗੁਰ ਮੰਤ੍ਰ ਲਿਆ ਹੈ?

ਧਾਰੀ[1] ?'
ਸੁਨਿ ਸ਼੍ਰੀ ਅਮਰ ਬਖਾਨਿਓ, 'ਗੁਰੁ ਮੋਹਿ ਨ ਪਾਯੋ।
ਖੋਜ ਰਹਜੋ ਅਭਿਲਾਖ ਸੋਂ, ਕੋ ਦ੍ਰਿਸ਼ਟਿ ਨ ਆਯੋ ॥੨੮॥
ਨਹਿਂ ਦੀਖਯਾ ਕਿਸ ਕੀ ਲਈ, ਮੈਂ ਕਰੀ ਨ ਸੇਵਾ।
ਅਬਿ ਲਗ ਬਾਂਛਤ ਹੌਂ ਰਿਦੈ, ਕਰਿਹੌਂ ਗੁਰਦੇਵਾ।'
ਸੁਨਤਿ ਦੁਖਜੋ ਅਤਿ ਚਿਤ ਬਿਖੈ, ਬੋਲਜੋ ਬ੍ਰਹਮਚਾਰੀ।
'ਤਪ ਤੀਰਥ ਬ੍ਰਤਿ ਘਾਲ ਬਡ, ਭੀ ਬਿਫਲ[1] ਹਮਾਰੀ ॥੨੯॥
ਮਹਾਂ ਸ਼੍ਰਮਤਿ[1] ਹੁਇ ਮੈਂ ਕਰੇ, ਸਭਿ ਬਾਦਿ ਗਵਾਏ।
ਭਯੋ ਅਚਾਨਕ ਸਾਥ ਤੁਮ', ਇਮਿ ਕਹਿ ਪਛੁਤਾਏ।
'ਨਿਗੁਰੇ ਕੋ ਸੰਗੀ ਭਯੋ, ਕਿਯ ਖਾਨ ਰੁ ਪਾਨਾ।
ਪੁੰਨ ਅਕਾਰਥ ਸਭਿ ਭਏ, ਮੁਝ ਚਿੰਤ ਮਹਾਂਨਾ ॥੩੦॥
ਬ੍ਰਿੱਧ ਹੋਤਿ ਲੌ ਇਮ ਰਹੇ[1], ਨਹਿਂ ਗੁਰੂ ਬਨਾਯੋ ?
ਮਹਾਂ ਕਰਮ ਖੋਟਾ ਕਿਯੋ, ਮਨਮਤਿ ਬਿਰਮਾਯੋ।'
ਚਿਤ ਮਹਿਂ ਅਤਿ ਰਿਸ ਕਰਤਿ ਹੀ, ਉਠਿ ਮਾਰਗ ਲੀਨਾ।
ਅਮਰਦਾਸ ਪਸ਼ਚਾਤਿ ਤਿਸੁ, ਪਛੁਤਾਵਨਿ ਕੀਨਾ ॥੩੧॥
ਅਪਰ ਸਰਬ ਹੀ ਸੁਧ ਗਈ, ਇਕ ਹੀ ਲਿਵ ਲਾਗੀ।
-ਗੁਰੂ ਮਿਲਹਿਂ, ਕਰਿ ਲੇਇ ਹੌਂ- ਇੱਛਾ

[1]ਬਿਅਰਥ।
[1]ਮੇਹਨਤ ਨਾਲ।
[1]ਭਾਵ ਗੁਰੂ ਹੀਨ ਰਿਹਾ।

ਬਹੁ ਜਾਗੀ।
ਪ੍ਰਭੁ ਆਗੈ ਬਿਨਤੀ ਕਰੀ -ਪੂਰਹੁ ਮਮ ਆਸਾ।
ਦੀਨਬੰਧੁ ਹਰਿ ਦਯਾਨਿਧਿ! ਲਖਿ ਦਾਸਨ ਦਾਸਾ ॥੩੨॥
ਰਾਵਰ ਕੇ ਪਦ ਪਦਮ ਤੇ, ਨਿਕਸੀ ਸ਼ੁਭ ਗੰਗਾ।
ਸੇਵੀ ਮੈਂ ਬਹੁ ਕਾਲ ਲਗ, ਨਿਸ਼ਕਾਮ ਉਮੰਗਾ।
ਅਬਿ ਸਤਿਗੁਰ ਮੁਝ ਕੋ ਮਿਲੈ, ਸਭਿ ਹੂੰ ਫਲ ਪਾਊਂ।
ਅੰਤਰਜਾਮੀ ਸਰਬ ਕੇ, ਕਹਿ ਕਿਸਹਿ ਸੁਨਾਊਂ- ॥੩੩॥
ਚਿੰਤਾ ਚਿਤ ਤੇ ਦੀਨ ਹੁਇ, ਬਿਨਤੀ ਬਹੁ ਭਾਖੇ।
ਦਿਵਸ ਨ ਬੀਤੇ ਦੁਖਦ ਬਹੁ, ਉਰ ਗੁਰੁ ਅਭਿਲਾਖੇ।
ਗੰਗਾ ਰਿਦੇ ਅਰਾਧਤੋ† -ਹੇ ਭੀਸ਼ਮ ਮਾਤਾ[1]!

ਇੰਦ੍ਰੈ ਜੁਤਿ ਮਨ ਜਿਸ ਨਹਿਂ ਲਹੈ[1]। — [1]ਮਨ ਇੰਦਰੀਆਂ ਸਮੇਤ ਜਿਸ (ਬ੍ਰਹਮ) ਨੂੰ ਲਖ ਨਹੀਂ ਸਕਦਾ।
ਸਦਾ ਮਹਿਦ ਤੇ ਜੋ ਮਹੀਆਨ[1]। — [1]ਬੜਿਆਂ ਤੋਂ ਬੜਾ [ਸੰਸ: ਮਹਤ੍] (ਅ) ਮਹਿਤਤ੍ਵ ਤੋਂ ਜੋ ਹੋਰ ਵਡਾ (ਯਾ ਮਹਾਂ ਤੱਤ) ਹੈ, ਭਾਵ ਚੇਤਨ ਰੂਪ।
ਪਾਰ ਨ ਪਾਵਹਿਂ ਸ਼ਕਤੀਵਾਨ ॥੩੧॥

ਪ੍ਰਗਟ ਬਿਸਾਲ ਜਾਨੀਅਤਿ ਐਸੇ।
ਜਿਸ ਬਿਨ ਫੁਰਹਿ ਨਿਮੇਖ[1] ਨ ਕੈਸੇ।

[1]ਪਲ ਮਾਤ੍ਰ (ਕੁਛ) ਨਹੀਂ ਫੁਰ ਸਕਦਾ। (ਅ) ਕਿਸੇ ਤਰ੍ਹਾਂ ਪਲ ਮਾਤ੍ਰ ਲਈ ਬੀ ਜਿਸ ਬਿਨ ਨਹੀਂ ਫੁਰ ਸਕਦਾ (ਫੁਰਨਾ)। (ੲ) ਜਿਸ ਤੋਂ ਬਿਨਾਂ ਪਲਕਾਂ ਨਹੀਂ ਝਮਕ ਸਕਦੀਆਂ, ਭਾਵ ਅੱਖ ਨਹੀਂ ਫਰਕਦੀ।

ਦੁਰਜੋ ਮਹਾਨ, ਨ ਜਾਨਜੋ ਜਾਇ।
ਰੂਪ ਰੰਗ ਕੁਛ ਹ੍ਵੈ ਨ ਲਖਾਇ ॥੩੨॥
ਅਚਰਜ ਰੂਪ ਜੁ ਐਸੋ ਅਹੈ।
ਤਿਸ ਕੋ ਨਾਮ 'ਵਾਹਿ' ਕਰਿ ਕਹੈਂ 'ਗੋ।'
ਤਮ ਜੜ ਅਗਜਾਨ ਅਨਿੱਤ।
ਕਰਿ ਪ੍ਰਕਾਸ਼ ਚੇਤਨ 'ਰੂ' ਨਿੱਤ† ॥੩੩॥

†ਅਰਥਾਂ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੧ ਅੰਕ ੬੩।

ਐਸੋ ਨਾਮ ਵਾਹਿਗੁਰੂ ਜੋਈ।
ਸ੍ਰੀ ਅੰਗਦ ਬਪੁ ਧਰਿ ਕਰਿ ਸੋਈ।
ਜਗਤ ਬਿਖੈ ਬਨਿ ਭਗਤਿ ਦਿਖਾਵੈਂ।
ਨਹਿਂ ਸਰੂਪ ਅਪਨੋ ਬਿਦਤਾਵੈਂ ॥੩੪॥
ਕਰਨੋ ਸਿਮਰਨ ਸ਼੍ਰੀ ਸਤਿਨਾਮ।
ਉਪਦੇਸ਼ਤਿ ਜਗ ਕੋ ਬਸਿ ਧਾਮ।
ਸਤਿ ਸੰਗਤਿ ਸੇਵਨ ਸਿਖਰਾਵੈਂ।
ਭਾਉ ਭਗਤਿ ਕੀ ਰੀਤਿ ਚਲਾਵੈਂ ॥੩੫॥
'ਸ਼੍ਰੀ ਪਰਮੇਸ਼ੁਰ ਕੇ ਹਮ ਦਾਸ।
ਨਿਰਹੰਕਾਰ ਅਲੋਭ ਨਿਰਾਸੁ।
ਪਰਮੇਸ਼ੁਰ ਭਾਣਾ ਸ਼ੁਭ ਭਾਵਨ।
ਕਾਯਾਂ ਤੇ ਹੰਤਾ ਸੁ ਉਠਾਵਨ ॥੩੬॥
ਨਿਤ ਸੰਤਨਿ ਕੀ ਸੇਵਾ ਕਰਨੀ।
ਸਤਿ ਸੰਗਤਿ ਮਹਿਂ ਚਿਤ ਬ੍ਰਿਤਿ ਧਰਨੀ।
ਆਪਾ ਨਹੀਂ ਜਨਾਵਨ ਕਰਨੋ।
ਦਾਸਨ ਦਾਸ ਦਾਸ ਨਿਜ ਬਰਨੋ[1] ॥੩੭॥

[1]ਆਪਣੇ ਤਾਈਂ ਦਾਸਾਂ ਦਾ ਦਾਸ ਵਰਣਨ ਕਰਨਾ।

ਪਰਮ ਪ੍ਰੇਮ ਪਰਮੇਸੁਰ ਮਾਂਹੀ।
ਬਿਨਤੀ ਕਰਨ, -ਸੁ ਮੈਂ ਕੁਛ ਨਾਂਹੀ[1]।

[1]ਕਿ ਮੈਂ ਕੁਛ ਨਹੀਂ।

ਕਰਨ ਕਰਾਵਨ ਕੋ ਇਕ ਦਾਤਾ।
ਪੂਰਨ ਸਰਬ ਠੌਰ ਸੋ ਜਾਤਾ[1]- ॥੩੮॥

[1]ਜਾਣੀਦਾ ਹੈ।

ਸ਼ਬਦ ਗੁਰੂ ਕੇ ਗਾਵਨ ਕਰਨੇ।

ਕਿਧੌਂ ਸ਼ਬਦ ਧੁਨਿ ਸ਼੍ਰੋਨਨਿ ਧਰਨੇ[1]। — [1]ਸੁਣਨੇ।
ਨਿਸ ਦਿਨ ਸਿਮਰਹੁ ਸ਼੍ਰੀ ਸਤਿਨਾਮ।
ਦੁਹਿ ਲੋਕਨਿ ਕੋ ਪੂਰਤਿ ਕਾਮੁ' ॥੩੯॥
ਇਸ ਬਿਧਿ ਅਪਨੋ ਆਪ ਛਪਾਇ।
ਨਹਿਂ ਕੈਸੇ ਜਗ ਮਹਿਂ ਬਿਦਤਾਇ।
ਜੋ ਨਰ ਅਤਿ ਪ੍ਰੇਮੀ ਸਿਖ ਆਹਿ।
ਕਹਿਨ ਸੁਨਨ ਸ਼੍ਰੀ ਮੁਖ ਕਰਿ ਤਾਂਹਿ[1] ॥੪੦॥ — [1]ਭਾਵ ਉਸ ਨਾਲ ਗੱਲ ਬਾਤ ਕਰਦੇ ਹਨ।
ਲੱਛਮੀ ਨਿਤਿ ਸੇਵਤਿ ਦਰਬਾਰ।
ਸਿੱਧਾਂ[1] ਪਦ ਅਰਬਿੰਦ ਜੁਹਾਰ[2]। — [1]ਸਿੱਧੀਆਂ। [2]ਨਮਸਕਾਰ ਕਰਦੀਆਂ।
ਨੌ ਨਿੱਧਾਂ ਕਰ ਜੋਰਿ ਖਰੀ ਹੈਂ।
ਗੁਰ ਆਇਸੁ ਅਨੁਸਾਰ ਧਰੀ ਹੈਂ[1] ॥੪੧॥ — [1]ਗੁਰੂ ਆਗਿਆ ਦੇ ਅਨੁਸਾਰੀ ਹੋ ਰਹੀਆਂ ਹਨ।
ਅਪਰ ਜਿ ਸ਼ਕਤਾ[1] ਅਨਿਕ ਪ੍ਰਕਾਰੈ। — [1]ਤਾਕਤਾਂ।
ਚਹੁਂਦਿਸ਼ ਗੁਰ ਕੈ ਨਿਤਿ ਪਰਵਾਰੈਂ[1]। — [1]ਦੁਆਲੇ ਰਹਿੰਦੀਆਂ ਹਨ।
ਅੰਗੀਕਾਰ ਨ ਤਿਸ ਕੋ ਹੋਵੈ।
ਕਬਹੁਂ ਨਹੀਂ ਤਿਨ ਕੀ ਦਿਸ਼ ਜੋਵੈਂ ॥੪੨॥
ਅਪਨੋ ਨਹਿਂ ਪ੍ਰਤਾਪ ਕਰਿ ਸਾਕਹਿਂ[1]। — [1]ਭਾਵ ਸ਼ਕਤੀਆਂ ਆਦਿਕ ਆਪਣਾ ਪ੍ਰਤਾਪ ਨਹੀਂ ਦੱਸ ਸਕਦੀਆਂ।
ਤੂਸ਼ਨ ਭਈ ਗੁਰੂ ਮੁਖ ਤਾਕਹਿਂ।
ਕਰਾਮਾਤ ਕੋ ਸਾਗਰ ਭਾਰੀ।
ਬੂੰਦ ਸਮਾਨ ਜਾਨ ਨਹਿਂ ਪਜਾਰੀ[1] ॥੪੩॥ — [1]ਪਿਆਰ ਨਾ ਕੀਤਾ।
ਕਬਹੁਂ ਨ ਹਿਤ ਕਰਿ ਕਿਸਹੁਂ ਦਿਖਾਈ।
ਮਨਹੁ ਸਮੀਪ ਨ, ਏਵ ਛਪਾਈ[1]। — [1]ਇਸ ਤਰ੍ਹਾਂ ਲੁਕਾਈ ਹੈ ਕਰਾਮਾਤ ਕਿ ਮਾਨੋਂ ਕੋਲ ਹੀ ਨਹੀਂ ਹੈ।
ਅਜਰ ਜਰਨ ਸ਼੍ਰੀ ਅੰਗਦ ਜੈਸੇ।
ਭੂਤ ਭਵਿੱਖਤ ਨ ਅਬ ਭਾ ਤੈਸੇ ॥੪੪॥

ਦੋਹਰਾ:

ਰਚਨਿ ਸੰਘਾਰਨਿ ਲੋਕ ਤ੍ਰੈ,
ਅਸ ਸ਼ਕਤੀ ਕੋ ਪਾਇ।
ਨਿਬਲ ਨਰਨ ਤੇ ਦੁਖ ਸਹੈਂ,

ਧੰਨ ਗੁਰੂ ਸੁਖਦਾਇ ॥੪੫॥

ਇਤ ਸ਼੍ਰੀ ਗੁਰੁ ਪ੍ਰਤਾਪ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਗੁਣ' ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਖਡੂਰ ਦੇ ਤਪੇ ਦਾ ਪ੍ਰਸੰਗ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਇਸ ਪ੍ਰਕਾਰ ਕੇਤਿਕ ਦਿਵਸ, ਬੀਤ ਗਏ
ਤਿਸੁ ਥਾਨ।
ਪ੍ਰਗਟਹਿਂ ਜਗ ਮਹਿਂ ਨਹਿਂ ਅਧਿਕ ਸ਼੍ਰੀ
ਅੰਗਦ ਗੁਨ ਖਾਨ ॥ ੧ ॥

ਚੌਪਈ:

ਇਕ ਖਡੂਰ ਮਹਿਂ ਤਪਾ ਰਹਿਤ ਹੈ।
ਅਪਨੀ ਸਤੁਤਿ ਜੁ ਸਦਾ ਕਹਤਿ ਹੈ।
ਜੰਤ੍ਰ ਮੰਤ੍ਰ ਕਰਿਬੇ ਜਿਸ ਆਵੈ।
ਲੋਕਨ ਬਿਖੈ ਪਖੰਡ ਕਮਾਵੈ ॥ ੨ ॥
ਬਹੁਤੇ ਨਰ ਜਿਸ ਮਾਨਹਿਂ ਆਨ[1]। — [1]ਈਨ, ਮਿਰਯਾਦਾ, ਆਗਜਾ।
ਚਰਨ ਧਰਹਿਂ ਸਿਰ, ਨਮੋ ਬਖਾਨਿ।
ਜਿਸ ਕੋ ਕਹਜੋ ਕਰਹਿ ਸਭਿ ਕੋਇ।
ਬਹੁਤ ਭਾਂਤਿ ਤਿਸ ਪੂਜਾ ਹੋਇ ॥ ੩ ॥
ਖਹਿਰੇ[1] ਜਾਟ ਖਡੂਰ ਮਝਾਰ। — [1]ਜੱਟਾਂ ਦਾ ਇਕ ਗੋਤ।
ਬਸਤਿ ਹੁਤੇ ਸਹਿ ਬਡ ਪਰਵਾਰ।
ਸਰਬ ਤਪੇ ਕੀ ਆਇਸੁ ਮਾਨਹਿਂ।
ਅਨਿਕ ਉਪਾਇਨ ਦੇਵਨ ਠਾਨਹਿ ॥ ੪ ॥
ਦੁਗਧ, ਦਧੀ ਘ੍ਰਿਤ ਅਰ ਮਿਸ਼ਟਾਨਾ[†]। — [†]ਪਾ:-ਪਟ ਨਾਨਾ।
ਪਰਬਨ ਬਿਖੈ ਲਜਾਇਂ ਧਨਧਾਨਾ[1]। — [1]ਪਰਬਾਂ ਦੇ ਦਿਨਾਂ ਪਰ (ਜੈਸੇ ਮੱਸਿਆ ਸੰਗਰਾਂਦ ਆਦਿ) ਮਾਲ ਦੌਲਤ ਲਿਆਉਂਦੇ ਸਨ। [ਧਨ = ਦੌਲਤ। ਧਾਨ = ਚਾਵਲ ਆਦਿ ਅੰਨ]।
ਤਿਹ ਢਿਗ ਅਰਪਹਿਂ, ਬਿਨੈ ਬਖਾਨਹਿਂ।
ਇੱਤਜਾਦਿਕ ਪ੍ਰਿਯ ਵਸਤੂ ਆਨਹਿ
॥ ੫ ॥
ਤਿਸ ਤੇ ਡਰਹਿਂ ਗ੍ਰਾਮ ਨਰ ਸਾਰੇ।
-ਨਹਿਂ[1] ਰਿਸ ਧਾਰਿ ਕੁਬਾਕ ਉਚਾਰੇ-। — [1]ਮਤਾਂ।
ਕਹੈ ਸੁ ਮਾਨਹਿਂ ਨਰ ਗ੍ਰਾਮੀਨ।
ਜੋ ਸੰਤਨ ਕੋ ਸਕਹਿਂ ਨ ਚੀਨ[1] ॥ ੬ ॥ — [1]ਨਹੀਂ ਪਛਾਣ ਸਕਦੇ (ਪਿੰਡ ਦੇ ਲੋਕੀਂ)।
ਪ੍ਰਿਯ[1] ਤਿਸ ਕੌ ਨਿਸ ਬਾਸੁਰ ਕਰਿਹੀਂ[2]। — [1]ਪਿਆਰ। [2]ਭਾਵ ਗ੍ਰਾਮੀਨ ਲੋਕ।
ਦੇ ਧਨ ਧਾਨ ਸੁ ਬਿਨੈ ਉਚਰਿਹੀਂ।

ਤਹਾਂ ਬਾਸ ਗੁਰ ਅੰਗਦ ਕੇਰਾ।
ਨਹੀਂ ਮਹਾਤਮ ਲਖਹਿਂ ਘਨੇਰਾ ॥੭॥
ਕਬਹਿ ਨ ਜਾਇ ਨਿਵਾਵਹਿਂ ਸੀਸ।
ਨਹਿਂ ਮਾਨਹਿਂ -ਇਹ ਸਭਿ ਜਗ ਈਸ਼-।
ਅਪਰ ਲੋਕ ਜਿਮ† ਬਾਸਹਿਂ ਗ੍ਰਾਮ। †ਪਾ:-ਜੇ, ਜਿਉਂ।
ਤਜੋਂ ਜਾਨਹਿਂ ਇਹ ਭੀ ਰਹਿਂ ਧਾਮ
॥੮॥
ਸਤਿਸੰਗੀ ਜਿਨ ਮਹਿਂ ਨਹਿਂ ਕੋਈ।
ਕਿਮਿ ਪ੍ਰਭਾਵ ਕੋ ਜਾਨਹਿਂ ਸੋਈ।
ਕੇਤਿਕ ਸਮਾਂ ਬਿਤੀਤਨ ਭਯੋ।
ਬਰਖਾ ਬਿਨਾ, ਸਮੈਂ ਤਬਿ ਹੁਯੋ ॥੯॥
ਮਾਸ ਭਾਦ੍ਰਪਦ ਔੜ ਲਗੀ ਅਸ[1]। [1]ਭਾਦਰੋਂ ਮਹੀਨੇ ਵਿਚ ਸੋਕਾ ਐਸਾ ਪਿਆ।
ਸਭਿਹੀ ਸ਼ੁਸ਼ਕ ਹੋ ਗਈ ਬਡ ਸਸਿ[1]। [1]ਖੇਤੀ ਬਹੁਤ ਸੁਕ ਗਈ [ਸੰਸ: ਸ਼ਸਜ = ਖੇਤੀ]।
ਪੂਰਬ ਜਹਾਂ ਪਿਖਤਿ ਹਰਿਆਈ।
ਬਿਨ ਪਾਕੇ ਫਿਰਗੀ ਜ਼ਰਦਾਈ[1] ॥੧੦॥ [1]ਪਿਲੱਤਣ।
-ਹ੍ਵੈ ਨਹਿਂ ਅੰਨ- ਤ੍ਰਸੇ ਗ੍ਰਾਮੀਨ।
-ਹਮਰੇ ਤੌਂ ਜੀਵਨ ਇਹੁ ਚੀਨ।
ਬਿਨਾਂ ਅੰਨ ਤੇ ਬਹੁ ਦੁਖ ਪਾਇਂ।
ਸਕਲ ਕੁਟੰਬ ਕਹੋ ਕਜਾ ਖਾਇ ॥੧੧॥
ਤਨ ਧਨ ਤੇ ਅਰ ਪਸ਼ੂਅਨ ਸੰਗ।
ਜੋ ਹਮ ਪਾਲਨ ਕਰੀ ਅਭੰਗ[1]। [1]ਲਗਾਤਾਰ, ਇਕ ਰਸ।
ਜੇ ਬਰਖਾ ਅਬਿ ਹੋਵਹਿ ਨਾਂਹੀ।
ਨਿਜ ਪਰਵਾਰ ਕੁਤੋ ਨਿਰਬਾਂਹੀ ॥੧੨॥
ਬਿਨ ਪਾਕੇ ਹੁਇ ਜਾਇ ਬਿਨਾਸ਼।
ਕਹਾਂ ਅੰਨ ਕੀ ਪੂਜਹਿ ਆਸ[1]। [1]ਆਸ ਪੁੱਜੇਗੀ।
ਹਮਰੇ ਨਿਕਟ ਦਰਬ ਕੁਛ ਨਾਂਹੀ।
ਜਿਸ ਕੋ ਖਰਚ ਮੋਲ ਲੇ ਖਾਂਹੀ- ॥੧੩॥
ਇੱਤਜਾਦਿਕ ਚਿੰਤਾ ਗ਼ਲਤਾਨੇ।
ਆਪਸ ਬਿਖੈ ਮਿਲੇ ਇਕ ਥਾਨੇ।
ਕਹਤਿ ਭਏ ਜੋ ਬਡੇ[1] ਕਹਾਵੈਂ। [1](ਪਿੰਡ ਦੇ) ਵੱਡੇ।
'ਪੂਛਹੁ ਪਾਂਧਾ ਜੇ ਘਨ ਆਵੈ ॥੧੪॥
ਕਰਿ ਹੈਂ ਸਕਲ ਕਹੈ ਜੋ ਸੋਇ[1]। [1]ਉਹ (ਪਾਂਧਾ)।

ਜਿਮ ਖੇਤੀ ਹਰਿਆਵਲ ਹੋਇ।'
ਸੁਨਤਿ ਏਕ ਤੇ ਦੂਸਰ ਕਹੈ।
'ਹਮਰੋ ਗੁਰੁ ਤਪਾ ਜੋ ਅਹੈ ॥੧੫॥
-ਕਰਾਮਾਤ ਯੁਤਿ ਮੈਂ ਹੋਂ- ਭਾਖਤਿ।
ਸਭਿ ਤੇ ਵਡਾ ਤੇਜ ਜੋ ਰਾਖਤਿ।
ਸਕਲ ਗ੍ਰਾਮ ਕੋ ਹੈ ਹਿਤਕਾਰੀ।
ਜੋ ਸਮੁਦਾਇ ਬਿਘਨ ਦੈ ਟਾਰੀ ॥੧੬॥
ਹਮਰੀ ਤ੍ਰਿਯ ਲੈ ਜਾਵਹਿਂ ਬਾਲਿਕ।
ਮੰਤ੍ਰਨ ਤੇ ਦੁਖ ਦਾਰਿਦ ਟਾਲਿਕ†। †ਪਾ:-ਦੁਖ ਹਾ ਤਤਕਾਲਕ।
ਸੰਕਟ ਅਪਰ ਅਨੇਕ ਨਿਵਾਰਹਿ।
ਸ਼ਕਤਿਵੰਤ ਹੈ ਸੁਖ ਦਾਤਾਰਹਿ[1] ॥੧੭॥ [1]ਸੁਖ ਦੇਣ ਵਾਲਾ।
ਤਿਸ ਢਿਗ ਮਿਲਿ ਕਰਿ ਚਲਿਹੋਂ ਸਾਰੇ।
ਕਛੁ ਮਿਸ਼ਟਾਨ[1] ਲਿ ਧਰਹੁ ਅਗਾਰੇ। [1]ਮਿੱਠਾ।
ਕਰਹਿਂ ਬੇਨਤੀ ਪਰਿ ਕੈ ਪਾਇ[1]। [1]ਚਰਨੀ ਪੈਕੇ।
ਤਿਸ ਤੇ ਜਾਚਹੁ ਬਰਖਾ ਆਇ' ॥੧੮॥
ਅਸ ਮਸਲਤ ਕਰਿ ਬ੍ਰਿਧ ਸਭਿ ਲੀਨੇ।
ਗਏ ਤਪੇ ਢਿਗ ਚਿੰਤਾ ਕੀਨੇ।
ਗਾਦੀ ਕੋ ਲਗਾਇ ਸੋ ਬੈਸਾ।
ਸਮਦ ਦੰਭ ਧਰਿ ਮੂਰਤਿ ਜੈਸਾ[1] ॥੧੯॥ [1]ਐਉਂ ਬੈਠਾ ਹੈ ਜਿਵੇਂ) ਹੰਕਾਰ ਨਾਲ ਦੰਭ ਮੂਰਤ ਧਾਰ ਕੇ ਬੈਠਾ ਹੈ।
ਧਰਜੋ ਅਗਾਰੀ ਕਰਿ ਮਿਸ਼ਟਾਨ।
ਨਮੋ ਸਭਿਨਿ ਕਰਿ ਬੰਦੇ ਪਾਨ।
ਬ੍ਰਿੱਧਨ ਤਿਸ ਕੋ ਜਸ ਬਹੁ ਭਾਖਾ।
'ਤੁਮ ਪੂਰਹੁ ਬਹੁਤਨਿ ਅਭਿਲਾਖਾ ॥੨੦॥
ਅਜ਼ਮਤਿਵਾਨ[1] ਮਹਾਨ ਪਛਾਨੇ। [1]ਕਰਾਮਾਤ ਵਾਲੇ।
ਬਹੁ ਆਵਤਿ ਤੁਮ ਢਿਗ ਦੁਖ ਹਾਨੇ।
ਯਾਂ ਤੇ ਰਾਵਰਿ ਕੀ ਬਹੁ ਕੀਰਤਿ।
ਹੈ ਸਮੁਦਾਇ ਗ੍ਰਾਮ ਬਿਸਤੀਰਤਿ[1] ॥੨੧॥ [1]ਫੈਲੀ ਹੋਈ।
ਸਭਿ ਚਲਿ ਆਏ ਸ਼ਰਣ ਤੁਮਾਰੀ।
ਅਬਹਿ ਕਾਮਨਾ ਪੂਰਵ[1] ਹਮਾਰੀ।' [1]ਪੂਰੋ।

ਸੁਨਿ ਕਰਿ ਤਪਾ ਹਰਖਿ ਕੈ ਗਰਬਾ।
'ਮਮ ਅਨੁਸਾਰਿ ਸਦਾ ਰਹਿਂ ਸਰਬਾ ॥੨੨॥
ਪਿਖਹੁਂ ਤੁਮਾਰੀ ਭਗਤਿ ਬਿਸਾਲਾ।
ਕਰਹੁ ਕਾਮਨਾ ਦਿਹੁਂ ਦਰਹਾਲਾ[1]।
ਤੁਮ ਮੇਰੇ ਹੋ ਸੇਵਕ ਸਾਰੇ।
ਪੂਜਹੁ ਚਰਨ ਦੇਹਿਂ[†] ਦੁਖ ਟਾਰੇ' ॥੨੩॥
ਸੁਨਿ ਕੈ ਰਾਹਕ[1] ਬਿਨੈ ਬਖਾਨੀ।
'ਸੁਨੋ ਤਪਾ ਜੀ! ਦੁਰਲਭ ਪਾਨੀ।
ਪ੍ਰਥਮ ਭਈ ਬਰਖਾ ਬਹੁ ਧਰਾ[1]।
ਬੀਜੇ ਖੇਤ ਉਗੇ ਰੰਗ ਹਰਾ ॥੨੪॥
ਬ੍ਰਿਧੀ ਅਰੋਗ ਬਡੀ ਜਬਿ ਹੋਈ।
ਹਟੇ ਮੇਘ, ਨਭ ਆਇ ਨ ਕੋਈ।
ਬੀਤਯੋ ਕਿਤਿਕ ਕਾਲ ਬਿਨ ਪਾਨੀ।
ਹਰੀ ਹੁਤੀ ਸਕਲੀ ਕੁਮਲਾਨੀ ॥੨੫॥
ਵਹਿਰ ਅੰਨ ਜੇ ਹੋਯਹੁ ਨਾਂਹੀ।
ਸ਼ੰਕਾ ਹਮਰੇ ਜੀਵਨਿ ਮਾਂਹੀ[1]।
ਯਾਂ ਤੇ ਕਰੁਨਾ ਕਰਹੁ ਮਹਾਨੀ।
ਜਿਸ ਤੇ ਘਨ ਹੁਇ, ਮੋਚਹਿਂ ਪਾਨੀ[1]' ॥੨੬॥
ਸੁਨਤਿ ਤਪੇ ਨੇ ਬਾਤ ਬਿਚਾਰੀ।
ਹੁਤੋ ਗੁਰੂ ਸੋਂ ਮਤਸਰਿ ਭਾਰੀ[1]।
ਆਇਂ ਵਹਿਰ ਤੇ ਸਿੱਖ ਘਨੇਰੇ।
ਰਹਤਿ ਨਿਕਟ ਪੁਨ ਗਮਨੈਂ ਡੇਰੇ[1] ॥੨੭॥
ਤਿਨ ਕੋ ਦੇਖਿ ਦੁਖਤਿ ਮਨ ਮਾਂਹੀ।
ਗੁਰਤਾ ਗੁਰਨ ਸਹਿ ਸਕਹਿ ਨਾਂਹੀ[1][†]।
ਮਹਾਂ ਤਪਹਿ[1] ਚਿਤ ਚਿੰਤਾ ਧਰਿਤਾ।
ਨਿਸ ਦਿਨ ਮਹਾਂ ਅਸੂਯਾ[1] ਕਰਿਤਾ ॥੨੮॥
-ਖਹਿਰੇ ਸੇਵਕ ਹੈਂ ਮਿਤ ਮੇਰੇ।

[1]ਛੇਤੀ ਕਾਮਨਾਂ ਪੂਰੀ ਕਰਾਂਗਾ। (ਅ) (ਜੋ ਤੁਸੀਂ) ਕਾਮਨਾ ਕਰਦੇ ਹੋ (ਮੈਂ) ਝੱਟ ਦੇ ਦਿੰਦਾ ਹਾਂ।
[†]ਪਾ:-ਹੋਹਿਂ।
[1]ਜ਼ਿਮੀਦਾਰਾਂ ਨੇ।
[1]ਧਰਤੀ ਤੇ।
[1]ਭਾਵ ਕੀਕੂੰ ਜੀਵਾਂਗੇ।
[1]ਛੱਡੇ ਪਾਣੀ ਨੂੰ ਭਾਵ ਮੀਂਹ ਪਵੇ।
[1]ਗੁਰੂ ਜੀ ਨਾਲ ਈਰਖਾ ਭਾਰੀ (ਰਖਦਾ) ਸੀ।
[1]ਘਰਾਂ ਨੂੰ।
[1]ਗੁਰੂ ਜੀ ਦੀ ਗੁਰਿਆਈ ਸਹਿ ਨਹੀਂ ਸਕਦਾ। [†]ਗੁਰਤਾ ਗੁਰ ਸਹਿ ਸਕਹਿ ਸੁਨਾਹੀਂ।
[1]ਸੜਦਾ।
[1]ਈਰਖਾ।

ਨਹਿਂ ਭਰਮਾਇ ਜਾਇਂ ਤਿਸ ਡੇਰੇ[1]-। — [1]ਮਤਾਂ ਭਰਮ ਕੇ ਉਸ ਦੇ ਡੇਰੇ ਚਲੇ ਜਾਣ।
ਯਾਂ ਤੇ ਡਰਤਿ ਰਹਤਿ ਉਰ ਮਾਂਹਿ।
ਨਿਸਿ ਬਾਸੁਰ ਬਹੁ ਨਿੰਦ ਕਰਾਹਿ ॥੨੯॥
ਗੁਰੁ ਕੀਰਤਿ ਰਾਂਕਾ ਸੁ[1] ਪ੍ਰਕਾਸ਼ੀ। — [1]ਪੂਰਨਮਾਸ਼ੀ ਦੇ ਚੰਦਰਮਾਂ ਦੀ ਚਾਨਣੀ ਵਤ।
ਸੋ[1] ਤਸਕਰ ਦੁਰਮਤੀ ਦੁਰਾਸੀ[2]। — [1]ਸੋ ਭਾਵ ਤਪਾ। [2]ਚੋਰ, ਖੋਟੀ ਨੀਯਤ ਵਾਲਾ [ਸੰ: ਦੁਰਾਸ਼ਯ] (ਅ) ਝੂਠੀ ਆਸ ਵਾਲਾ। [ਸੰਸ: ਦੁਰਾਸ਼ਾ]।
ਚਹਤਿ ਛਾਦਿਬੇ ਮੂਰਖ ਮਾਨੀ।
ਲਖਿ ਉਪਾਇ ਕੋ ਬੋਲਜੋ ਬਾਨੀ ॥੩੦॥
'ਭੋ ਖਹਿਰਜੋ !'[1] ਤੁਮ ਜਾਨਹੁ ਕਾਰਨ। — [1]ਓ ! ਖਹਿਰਓ !
ਜਿਸ ਤੇ ਬਰਖਾ ਹੋਤਿ ਨ ਬਾਰਨ[1]†। — [1]ਬੱਦਲਾਂ ਤੋਂ। (ਅ) ਵੱਸਦੀ। †ਪਾ:-ਜਿਸਤੇ ਅਬਿ ਭੀ ਬਰਖਾ ਬਾਰ ਨਾ।
ਖੱਤ੍ਰੀ ਗ੍ਰਾਮ ਤੁਮਾਰੇ ਅਹੈ।
ਸੋ ਅਪਰਾਧ ਕਰਤਿ ਹੀ ਰਹੈ ॥੩੧॥
ਪੂਰਬ ਨਾਮ ਅਹੈ ਜਿਸ ਲਹਿਣਾ।
ਅਬਿ ਅੰਗਦ ਹੀ ਤਿਸ ਕੋ ਕਹਿਣਾ।
ਨਾਮ ਆਨ ਅਪਨੋ ਧਰਵਾਯੋ।
ਕਿਤ ਕਿਤ ਤੇ ਨਰ ਹ੍ਵੈ ਸਮੁਦਾਯੋ ॥੩੨॥
ਟੇਕਹਿਂ ਮਸਤਕ ਹੋਤਿ ਅਨੀਤੀ।
ਨਹੀਂ ਸਾਧ, ਪੁਨ ਗ੍ਰਿਹਸਤੀ ਰੀਤੀ।
ਕਰਹਿ ਪੁਜਾਵਨਿ ਲੋਕਨ ਪਾਸ।
ਬੈਠਹਿ ਗੁਰਤਾ[1] ਧਰਹਿ ਪ੍ਰਕਾਸ਼ ॥੩੩॥ — [1]ਭਾਵ ਗੁਰਿਆਈ ਦੀ ਗੱਦੀ ਤੇ।
ਜੇ ਅਸ ਪਦਵੀ ਚਾਹਤਿ ਸੋਇ।
ਪਟ ਕਖਾਯ[1] ਸਾਧੂ ਸਮ ਹੋਇ। — [1]ਕੱਪੜੇ ਭਗਵੇ (ਪਹਿਨ ਕੇ)।
ਨਿਜ ਕੁਟੰਬ ਤੇ ਹੋਇ ਨਿਰਾਲਾ।
ਲੇ ਅਲੰਬ ਕਿਹਿ ਪੰਥ[1] ਬਿਸਾਲਾ ॥੩੪॥ — [1]ਕਿਸੇ ਭੇਖ ਦਾ।
ਕਰਹਿ ਪੁਜਾਵਨ ਪੁਨ ਸਭਿ ਮਾਂਹਿ।
ਤਉ ਬਿਪਰੀਤਿ ਨਹੀਂ ਹੁਇ ਤਾਂਹਿ।
ਪੁੱਤ੍ਰ ਭਾਰਜਾ ਮਹਿਂ ਇਹ ਰਹੇ।
ਕਥੰ[1] ਪੁਜਾਵਨ ਨਰ ਤੇ ਲਹੈ ॥੩੫॥ — [1]ਕਿਉਂ।
ਤੁਮ ਭੀ ਰਿਦੇ ਬਿਚਾਰੋ ਬਾਤਿ।
ਹੋਤਿ ਕਿ ਨਹੀਂ ਏਹੁ ਉਤਪਾਤਿ[1]। — [1]ਉਪੱਦ੍ਰਵ।
ਤੁਮ ਤੋ ਨਹੀਂ ਮਾਨਤੇ ਤਾਂਹਿ।

ਇਹ ਨੀਕੇ ਮੈਂ ਜਾਨਤਿ ਆਹਿ ॥੩੬॥
ਤਊ ਪਿਖਹੁ ਤੁਮ ਤਿਸ ਕੇ† ਬਾਸਿ[1]। [1]ਵੱਸਣੇ ਕਰਕੇ। †ਪਾ:-ਤੇ।
ਭਯੋ ਕਸ਼ਟ ਸਭਿ ਕੋ ਸੁ ਪ੍ਰਕਾਸ਼[1]। [1]ਪ੍ਰਗਟ।
ਅਬਿ ਉਪਚਾਰ ਕਰਹੁ ਤਿਸ ਕੇਰਾ।
ਤਬਹੂੰ ਬਰਖੈ ਮੇਘ ਬਡੇਰਾ ॥੩੭॥
ਸਭਿ ਮਿਲ ਜਾਵਹੁ ਅਬਿ ਉਸ ਪਾਸਿ।
ਅਪਨ ਗ੍ਰਾਮ ਤੇ ਦੇਹੁ ਨਿਕਾਸ।
ਜਬਿ ਸੋ ਗ੍ਰਾਮ ਨਿਕਸਿ ਕੈ ਜਾਇ।
ਬਹੁਰੋ ਤੁਮਾਰੋ ਹ੍ਵੈ ਮਨ ਭਾਇ ॥੩੮॥
ਅਪਰ ਗ੍ਰਾਮ ਕਿਸ ਜਾਇ ਬਸੈ ਹੈ।
ਫੇਰ ਤੁਮਹਿਂ ਨਹਿਂ ਸੰਕਟ ਪੈਹੈ।'
ਇਮਿ ਸੁਨਿ ਕੈ ਸਭਿ ਨੇ ਮਨ ਮਾਨੀ।
'ਕਹਹੁ ਤਪਾ ਜੀ! ਤੁਮ ਸਚੁ ਬਾਨੀ ॥੩੯॥
ਗ੍ਰਿਹਸਤੀ ਹੋਇ ਪੁਜਾਵਨ ਕਰਿਹੀ।
ਆਵਹਿਂ ਅਨਿਕ ਵਹਿਰ ਕੇ ਨਰ ਹੀ।
ਹਮ ਤੋ ਤਿਸ ਕੋ ਮਾਨੈਂ ਨਾਂਹੀ।
ਜਾਇ ਸਮੀਪ ਤਾਂਹਿ ਨਿਕਸਾਹੀਂ[1]' ॥੪੦॥ [1]ਉਸ ਨੂੰ ਕੱਢ ਦੇਂਦੇ ਹਾਂ।
ਇਮਿ ਕਹਿ ਗਮਨੇ ਖਹਿਰੇ ਸਾਰੇ।
ਹਰਖ੍ਯੋ ਤਪਾ ਸੁ ਰਿਦੈ ਮਝਾਰੇ।
ਅਪਨ ਕਾਮਨਾ ਪੂਰਨ ਜੋਈ[1]। [1]ਇੱਛਾ ਪੂਰੀ ਹੁੰਦੀ ਦੇਖੀ।
ਇਮਿ ਨਹਿਂ ਲਖਹਿ ਨਿਕਟ ਮ੍ਰਿਤੁ ਹੋਈ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਅਰੁ ਤਪੇ ਕੋ' ਪ੍ਰਸੰਗ ਬਰਨਨੰ ਨਾਮ ਏਕਬਿੰਸਤੀ ਅੰਸੂ ॥੨੧॥

## ੨੨. [ਤਪੇ ਦਾ ਪ੍ਰਸੰਗ-ਜਾਰੀ।]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਮੂਰਖ ਖਹਿਰੇ ਕ੍ਰਿਖੀਕਰਿ[1], ਮਨ ਮਹਿਂ ਨਿਸ਼ਚੈ ਠਾਨਿ।
ਨਿੰਦਕ ਅਘੀ ਦੁਰਾਤਮਾ[1], ਦੁਸ਼ਟ ਬਾਕ[2] ਕੋ ਮਾਨਿ ॥੧॥

[1]ਖੇਤੀ ਦੇ ਕਰਨ ਵਾਲੇ।

[1]ਮੰਦ ਆਤਮਾ ਵਾਲੇ। [2]ਦੁਸ਼ਟ (ਤਪੇ) ਦੇ ਵਾਕ ਨੂੰ।

ਚੌਪਈ:

ਅਨਹਿਤ ਕੋ ਬਚ† ਹਿਤ ਕਰਿ ਮਾਨਾ[1]।
ਗੁਰੂ ਮਹਾਤਮ ਤੇ ਅਨਜਾਨਾ।
ਮਹਾਂ ਮੰਦ ਮਤਿ ਨੌ ਦਸ ਮਿਲੇ।
ਸ੍ਰੀ ਸਤਿਗੁਰ ਕੇ ਘਰ ਕੋ ਚਲੇ ॥੨॥

[1]ਵੈਰ ਦੇ ਬਚਨ ਨੂੰ ਹਿਤ ਦਾ ਬਚਨ ਮੰਨ ਲਿਓ ਨੇ।
†ਪਾ:-ਬਹੁ।

ਇਮਿ ਤਰਕਨ ਹਿਤ ਗੁਰੁ ਢਿਗ ਗਏ।
ਗਿਰਾ ਕਠੋਰੀ[1] ਭਾਖਤਿ ਭਏ।
'ਇਹਾਂ ਬਸਨ ਨਹਿਂ ਨੀਕ ਤੁਮਾਰੋ।
ਜਹਿਂ ਇੱਛਹੁ ਥਲ ਆਨ ਪਧਾਰੋ ॥੩॥

[1]ਕੌੜੇ ਬਚਨ।

ਬਰਖਾ ਹਟੀ ਬਿਘਨ ਕ੍ਰਿਖਿ[1] ਭਾਰੀ।
ਅਖਿਲ ਗ੍ਰਾਮ ਕੋ ਸੰਕਟ[1] ਧਾਰੀ।
ਸਭਿਹਿਨਿ ਕੋ ਅਤਿ ਚਿੰਤਾ ਹੇਤ[1]।
ਅਹੈ ਤੁਮਾਰੋ ਏਕ ਨਿਕੇਤ ॥੪॥

[1]ਖੇਤੀ।

[1]ਦੁੱਖ।

[1]ਚਿੰਤਾ ਦਾ ਕਾਰਨ।

ਏਕ ਗ੍ਰਾਮ ਹਿਤ ਦੇਸ਼ ਦੁਖਾਵੈ[1]†।
ਤਉ ਤਿਹ ਤਜਾਗਨ ਹੀ ਬਨਿ ਆਵੈ।
ਇਕ ਕੁਲ ਹੇਤ ਗ੍ਰਾਮ ਦੁਖ ਪਾਇ।
ਤੌ ਤਿਸ ਕੁਲ ਕੋ ਤਜਾਗ ਕਰਾਇ ॥੫॥

[1]ਦੁਖ ਪਾਵੇ। †ਪਾ:-ਦੁਖ ਪਾਵੈ।

ਇਕ ਕੇ ਤਜਾਗੇ ਕੁਲ ਬਚ ਰਹੈ।
ਕਰਹਿ ਤਜਨਿ ਯੌਂ ਬੁਧਿ ਜਨ ਕਹੈਂ।
ਯਾਂ ਤੇ ਤੁਮ ਘਰ ਤਜਾਗਨ ਕਰੇ[1]।
ਸਗਰੋ ਗ੍ਰਾਮ ਚਿੰਤ ਕੋ ਹਰੇ ॥੬॥

[1]ਛੱਡਿਆਂ।

ਇਮਿ ਮਨ ਜਾਨਹੁ ਨਿਕਸਿ ਸਿਧਾਰੋ।
ਨਹੀਂ ਘਟੀ[1] ਅਬਿ ਰਹਨਿ ਤੁਮਾਰੋ।
ਕਰਹੁ ਉਤਾਇਲ ਵਸਤੁ ਸਮ੍ਹਾਰੋ।
ਰਹੈ ਸ਼ੇਖ਼ ਧਰਿ ਜਾਹੁ ਅਗਾਰੋ[1] ॥੭॥

[1]ਘੜੀ ਤਕ।

[1]ਬਾਕੀ ਵਸਤਾਂ (ਕਿਸੇ) ਘਰ ਧਰ ਜਾਓ।

ਪੁਨ ਅਪਨੀ ਲੇ ਗਮਨਹੁ ਸਾਰੀ।
ਚਲੇ ਜਾਹੁ ਨਹਿਂ ਕਰਹੁ ਅਵਾਰੀ[1]। [1]ਦੇਰੀ।
ਗ੍ਰਾਮਾਧੀਸ ਗ੍ਰਾਮ ਨਰ ਸਾਰਨ[1]। [1]ਗ੍ਰਾਮ ਪਤੀ, ਨੰਬਰਦਾਰਾਂ ਦਾ ਤੇ ਪਿੰਡ ਦੇ ਲੋਕਾਂ ਸਾਰਿਆਂ ਦਾ।
ਮਤੋ ਏਕ ਹੈ ਵਹਿਰ ਨਿਕਾਰਨਿ ॥੮॥
ਕੋਇ ਨ ਪੱਖਜ ਤੁਮਾਰੋ ਕਰਿਹੀ।
ਜਿਸ ਤੇ ਰਹਹੁ ਧੀਰ ਉਰ ਧਰਿਹੀ।
ਬਡ ਬੁਧਿਵੰਤ ਤਪਾ ਜੀ ਕਹਜੋ।
-ਤਿਸ ਕੋ ਬਸੇ ਤੁਮਨ ਦੁਖ ਸਹਜੋ[1]- ॥੯॥ [1]ਭਾਵ ਗੁਰੂ ਅੰਗਦ ਦੇ ਏਥੇ ਵਸਣ ਨਾਲ ਤੁਸਾਂ ਦੁਖ ਪਾਇਆ ਹੈ।
ਕਰੀ ਗ੍ਰਾਮ ਪਰ ਕ੍ਰਿਪਾ ਬਡੇਰਿ।
ਜਤਨ ਬਤਾਯੋ ਬਰਖਾ ਕੇਰਿ।
ਨਈ ਰੀਤਿ ਤੁਮ ਨੇ ਇਹੁ ਧਰੀ।
ਨਹਿਂ ਗ੍ਰਹਸਤੀ, ਨ ਫਕੀਰੀ ਕਰੀ ॥੧੦॥
ਇਸੀ ਦੋਸ਼ ਤੇ ਘਨ ਨਹਿਂ ਆਵੈ।
ਕ੍ਰਿਖੀ ਸ਼ੁਸ਼ਕ, ਨੀਰ ਨੇ ਬਾਰਖਾਵੈ।
ਪੰਚਾਇਤ ਪਤਿ ਹੈ ਇਸ ਗ੍ਰਾਮ।
ਸੋ ਸਭਿ ਕਹਿਂ, ਨਿਕਸਹੁ ਤਜਿ ਧਾਮ' ॥੧੧॥
ਸੁਨਿ ਕੈ ਸ਼੍ਰੀ ਗੁਰ ਅੰਗਦ ਕਹਜੋ।
'ਬਾਸ ਹਮਾਰ ਕਾਲ ਚਿਰ[1] ਰਹਜੋ। [1]ਚਿਰ ਕਾਲ ਦਾ।
ਨਿਤਿ ਬਰਖਾ ਬਰਖਤਿ ਕ੍ਰਿਖਿ ਹੋਈ।
ਹਮਰੋ ਦੋਸ਼ ਕਹੈ ਕਿਮਿ ਕੋਈ? ॥੧੨॥
ਪੁਰਸ਼ਨ ਕੇ ਕਰਮਨ ਅਨੁਸਾਰ।
ਸੁਖ ਦੁਖ ਉਪਜਤਿ ਬਾਰੰਬਾਰ।
ਕਬਹੂੰ ਸੁਖੀ ਕਬਹਿਂ ਦੁਖ ਪਾਵੈ।
ਜਿਮਿ ਨਿਸ ਦਿਨ ਆਵਤਿ ਪੁਨ ਜਾਵੈਂ ॥੧੩॥
ਰਾਉ ਰੰਕ ਕੇ ਏਕ ਸਮਾਨ।
ਉਪਜਤਿ ਹੈ ਅਵੱਸ਼ਜ ਨਹਿਂ ਹਾਨ[1]। [1]ਭਾਵ ਦੁਖ ਸੁਖ ਅਵੱਸ਼ੋਂ ਉਪਜਦਾ ਹੈ ਮਿਟਦਾ ਨਹੀਂ।
ਸੁਖ ਹੋਏ ਹਰਿਖਾਇ ਹੰਕਾਰਤਿ।

ਅਧਿਕ ਅਹੰਤਾ ਅਪਨੀ ਧਾਰਤਿ ॥੧੪॥
ਦੁਖ ਕੋ ਪਾਇ ਦੀਨ ਹੁਇ ਜਾਹਿਂ।
-ਦਿਯੋ ਪ੍ਰਭੂ ਨੇ- ਕਹਿ ਬਿਲਲਾਹਿਂ[1]। — [1]ਕਹਿਕੇ ਰੋਂਦੇ ਹਨ।
ਈਸੁਰ ਬਿਖੈ ਅਰੋਪਹਿਂ[1] ਦੋਸ਼। — [1]ਥੱਪਦੇ ਹਨ।
ਨਿਜ ਕਰਮਨ ਗਤਿ ਕੀ ਨਹਿਂ ਹੋਸ਼ ॥੧੫॥
ਪ੍ਰਾਨੀ ਕਰਮ ਕਰਤਿ ਨਿਜ ਜਥਾ।
ਫਲ ਦੇ ਪ੍ਰਭੂ ਦੇਖਿ ਕਰਿ ਤਥਾ।
ਸੁਖ ਦੁਖ ਜਗਤ ਨਾਥ ਕੇ ਹਾਥਾ।
ਸੁਮਤਿ ਲਖਹਿਂ[1] ਦੋਸ਼ਨ ਨਿਜ ਸਾਥਾ[2] ॥੧੬॥ — [1]ਸਿਆਣੇ ਸਮਝਦੇ ਹਨ। [2]ਆਪਣੇ ਦੋਸ਼ ਕਰਕੇ (ਮੈਨੂੰ ਦੁਖ ਪ੍ਰਾਪਤ ਹੋਇਆ ਹੈ)।
ਦੋਇਨ ਮਹਿਂ ਪ੍ਰਭੁ ਕੋ ਸਿਮਰੰਤੇ।
ਜਾਨਹਿਂ ਕਰਮਨਿ[1] ਫਲ ਉਪਜੰਤੇ। — [1]ਕਰਮ ਹੀ।
ਤਿਸ ਕੋ ਪੁਰਖਨ ਮਹਿਂ ਕਹਿਂ ਧੀਰਾ[1]। — [1]ਬੁੱਧੀਵਾਨ, ਧੀਰਜਵਾਨ [ਸੰਸ: ਧੀਰ:]।
ਪਰਮੇਸ਼ੁਰ ਕੋ ਲਖਹਿਂ ਗਹੀਰਾ' ॥੧੭॥
ਸੁਨਿ ਕੈ ਗੁਰ ਕੇ ਬਚ ਸੁਖਸਾਰ।
ਪੁਨਹਿ ਭਨੀ ਪਰੁਖਾ[1]† ਕ੍ਰਿਖਿਕਾਰ[2]। — [1]ਕਠੋਰ (ਬਾਣੀ)। [2]ਖੇਤੀ ਕਰਨ ਵਾਲੇ (ਜ਼ਿਮੀਦਾਰਾਂ) ਨੇ। †ਪਾ:-ਪਰਖਾ।
'ਕੋ ਕਬਿ ਸੁਨੈ ਨ ਗਯਾਨ ਤੁਮਾਰੋ।
ਮਤ[1] ਸਭਿ ਕੋ -ਤੁਮ ਨਿਕਸਿ ਸਿਧਾਰੋ- ॥੧੮॥ — [1]ਸਲਾਹ।
ਨਾਂਹਿ ਤ ਗਹਿ ਕੈ ਬਾਂਹ ਤੁਮਾਰੀ।
ਤੂਰਨ ਬਲ ਕਰਿ ਦੇਹਿਂ ਨਿਕਾਰੀ।
ਤਪੇ ਬਖਾਨਜੋ, ਹਟਹਿਂ ਸੁ ਨਾਂਹੀ।
ਬਾਤੈਂ ਆਨ ਬਨਾਵਹੁ ਕਾਹੀ[1]' ॥੧੯॥ — [1]ਕਿਉਂ।
ਸ਼੍ਰੀ ਅੰਗਦ ਸੁਨਿ ਬਹੁ ਬਿਕਸਾਨੇ।
ਬੁੱਢੇ ਸੋਂ ਅਸ ਬਾਕ ਬਖਾਨੇ।
'ਉਠਵਾਵਹੁ ਪਰਯੰਕ ਹਮਾਰੋ।
ਹਮ ਕੋ ਇਨ ਕੋ ਹੋਤਿ ਬਿਗਾਰੋ ॥੨੦॥
ਜੰਗਲ ਮੈਂ ਇਕ ਡੀਹ[1] ਪੁਰਾਨੀ। — [1]ਥੇਹ, ਝਿੜੀ।
ਖਾਨ ਰਜਾਦਾ ਨਾਮ ਬਖਾਨੀ।
ਚਲਹੁ ਤਹਾਂ ਹਮ ਰਹਹਿਂ ਇਕੰਤ।

ਸ਼ੁਭਤਿ ਇਕੰਤਹਿ ਸੰਤ ਮਹੰਤ' ॥੨੧॥
ਸੁਨਿ ਕੈ ਸਭਿ ਸਿੱਖਨ ਮਨ ਜਾਨਾ।
-ਤਪੇ ਅਸੂਯਕ[1] ਦੁਸ਼ਟ ਬਖਾਨਾ। [1]ਈਰਖਾ ਕਰਨ ਵਾਲੇ।
ਰਾਹਕ ਮੂਰਕ ਲਖਹਿਂ ਨ ਕੈਸੇ।
ਅਘੀ[1] ਈਰਖਾ ਠਾਨਹਿ ਜੈਸੇ ॥੨੨॥ [1]ਤਪਾ) ਪਾਪੀ!
ਅਪਰ ਉਪਾਵ ਬਨਤਿ ਕੁਛ ਨਾਂਹੀ।
ਨਿਕਸਹਿਂ ਚਲਹਿਂ ਆਨ ਥਲ ਮਾਂਹੀ।
ਕਰਹਿਂ ਦੇਰ ਬਿਗਰਹਿਂ ਮਤਿਮੰਦੇ।
ਮਹਾਂ ਮੂਢ ਮਿਲ ਜੈ ਹਹਿਂ ਬ੍ਰਿੰਦੇ- ॥੨੩॥
ਲਖਿ ਅਜਤਨ[1] ਨਿਕਸਨ ਹੀ ਚਹਾ। [1]ਗੱਲ ਨੂੰ) ਜਤਨ ਨਾਲ ਨਾ ਸਿੱਧ ਹੋਣ ਵਾਲੀ ਜਾਣਕੇ।
ਚਲੇ ਵਹਿਰ ਕੋ ਸੋ ਥਲ ਜਹਾਂ।
ਕ੍ਰਿਖਿਕਾਰਨ ਸੋਂ ਨਿਕਸਤਿ ਕਹਜੋ।
'ਹਮਰੇ ਬਾਸ ਜਿ ਤੁਮ ਦੁਖ ਲਹਜੋ ॥੨੪॥
ਤੌ ਹਮ ਜਾਇ ਅਪਰ ਥਲ ਰਹੈਂ।
ਗ੍ਰਾਮ ਦੁਖੀ ਕਜੋਂ ਕਰਿਬੇ ਚਹੈਂ।'
ਜਿਤਿਕ ਸਿੱਖ ਸੇ ਸੰਗ ਸਿਧਾਰੇ।
ਚਲੇ ਪਿਛਾਰੀ, ਗੁਰੂ ਅਗਾਰੇ ॥੨੫॥
ਚੌਦਹਿਂ ਲੋਕਨ ਥਾਪਿ ਉਥਾਪੇ[1]। [1]ਚੌਦਾਂ ਲੋਕਾਂ ਦੇ ਕਰਤਾ ਹਰਤਾ।
ਤਊ ਛਿਮਾਨਿਧਿ ਪਰਮ ਅਮਾਪੇ[1]। [1]ਮਾਪਣੇ ਤੋਂ ਰਹਤ।
ਗਮਨਤਿ ਪਹੁੰਚੇ ਕੇਤਿਕ ਦੂਰੇ।
ਕਰਜੋ ਜਾਇ ਡੇਰਾ ਗੁਰ ਪੂਰੇ ॥੨੬॥
ਸਿੱਖਜ ਸਮੀਪ ਬੈਠਿਗੇ ਤਹਾਂ।
ਇਕ ਰਸ ਰਿਦਾ ਸ਼ਾਂਤਿ ਨਿਤ ਮਹਾਂ।
ਜਹਾਂ ਜਾਇ ਬੈਠੇ ਤਹਿਂ ਜੰਗਲ।
ਸਤਿਗੁਰ ਪਗ ਤੇ ਭਾ ਥਲ ਮੰਗਲ ॥੨੭॥
ਸਭਿ ਮੰਗਲ ਕੇ ਗੁਰੂ ਇਸਥਾਨ[1]। [1]ਸਾਰੇ ਮੰਗਲਾਂ ਦਾ ਅਸਥਾਨ ਗੁਰੂ ਆਪ ਹਨ।
ਕਜੋਂ ਨ ਹੋਹਿ ਤਹਿਂ[†] ਜਹਿਂ ਭਗਵਾਨ। [†]ਪਾ:-ਕਜੋਂ ਨ ਹੋ ਚਿਤਹਿਂ।
ਕਰਹਿਂ ਕੀਰਤਨ ਸੁਨੈਂ ਅਨੇਕ।
ਸੋਭਹਿਂ ਬੀਚ ਸਮੁੰਦ੍ਰ ਬਿਬੇਕ[1] ॥੨੮॥ [1]ਭਾਵ ਗੁਰੂ ਜੀ।
ਤਬਿ ਸ਼੍ਰੀ ਬੁੱਢੇ ਬਾਕ ਬਖਾਨਾ।
'ਆਪ ਪਰਮ ਹੋ ਛਿਮਾ ਨਿਧਾਨਾ।

ਦ੍ਰੋਹਿ ਅਕਾਰਨ ਤਪਾ ਸੰਤਾਪੀ[1]।
ਨਿੰਦਾ ਕਰਤਿ ਅਸੂਯਕ ਪਾਪੀ ॥੨੯॥
ਇਹ ਰਾਹਕ ਮੂਰਖ ਮਤਿ ਹੀਨੇ।
ਰਿਦੇ ਬਿਚਾਰ ਜਿਨਹੁ ਨਹਿਂ ਕੀਨੇ।
ਆਨਿ ਆਪ ਕੋ ਕਿਯ ਅਪਮਾਨਾ।
ਸਭਿ ਸਿਰਮੌਰ ਉਚਿਤ ਸਨਮਾਨਾ[1] ॥੩੦॥
ਤੁਮਰੀ ਕਰੀ ਅਵੱਗਜਾ ਜੋਇ।
ਤਪਾ ਪਾਇ ਫਲ ਅਤਿ ਦੁਖਿ ਹੋਇ।
ਬਿਨ ਕਾਰਨ ਹੀ ਦ੍ਵੈਸ਼ ਕਮਾਵਹਿ[†]।
ਹਸਹਿ ਨਿਕਾਸਿ, ਕਹਾਂ ਸੁਖ ਪਾਵਹਿ ॥੩੧॥
ਅਜਰ ਜਰਨ ਧੀਰਜ ਤੁਮ ਮਾਂਹੀ।
ਕਰਿ ਸਕਿ ਹੈ ਸਮਤਾ, ਅਸ ਨਾਂਹੀ[1]।
ਛਿਮਾਵੰਤ ਛਿਤਿ ਜਿਮਿ[1] ਸਭਿ ਕਾਲਾ।
ਕੈ ਰਾਵਰਿ ਮੈਂ ਛਿਮਾ ਬਿਸਾਲਾ ॥੩੨॥
ਆਪ ਸਮਰਥ ਚਹਹੁ ਸੋ ਕਰਹੁ।
ਸਭਿਨਿ ਡਰਾਵਹੁ ਤੁਮ ਨਹਿਂ ਡਰਹੁ।
ਏਕ ਬਾਕ ਸੋਂ ਬਿਨਾ ਉਪਾਇ।
ਮਾਰਹੁ ਸਭਿਹਿਨਿ ਦੇਹੁ ਜਿਵਾਇ[1] ॥੩੩॥
ਤਿਨ ਕੇ ਕਹੇ ਨਿਕਸਿ ਅਬਿ ਆਇ।
ਨਹੀਂ ਆਪ ਨੇ ਕਛੂ ਜਨਾਇ।
ਜਯੋਂ ਤੁਮ ਭਾਵਹੁ ਸੋਈ ਭਲੇ।
ਹਮਰੋ ਕਹਨਿ ਨਹੀਂ ਕੁਛ ਚਲੇ' ॥੩੪॥
ਇਮਿ ਕਹਿ ਮੌਨ ਧਾਰਿ ਕਰਿ ਬੈਸੇ।
ਪਿਖਹਿਂ ਗੁਰੂ ਗਤਿ ਕਰਿ ਹੈਂ ਜੈਸੇ।
ਨਿਜ ਪ੍ਰਤਾਪ ਕੋ ਨਹੀਂ ਜਨਾਵਹਿਂ।
ਅਪਰ ਨਰਨਿ ਸਮ ਅਪਨ ਦਿਖਾਵਹਿਂ ॥੩੫॥

[1]ਬਿਨਾ ਕਾਰਨ ਤੋਂ ਤਪਾ ਦੁਖਦਾਈ।

[1]ਸਭ ਦੇ ਵੱਡੇ ਤੇ ਆਦਰ ਯੋਗ ਹੋ।

[†]ਪਾ:-ਮਚਾਵਹਿਂ।

[1]ਐਸਾ (ਕੋਈ) ਨਹੀਂ।

[1]ਧਰਤੀ ਹੈ ਜਿਵੇਂ।

[1]ਕਿਸੇ ਉਪਾਵ ਦੀ ਲੋੜ ਨਹੀਂ, ਇਕ ਵਾਕ ਨਾਲ ਹੀ ਸਭ ਨੂੰ ਮਾਰ ਜਿਵਾਲ ਸਕਦੇ ਹੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਕੋ ਗ੍ਰਾਮ ਤੇ ਨਿਕਾਸਨ' ਪ੍ਰਸੰਗ ਬਰਨਨੰ ਨਾਮ ਦੋਇ ਬਿੰਸਤੀ ਅੰਸੂ ॥੨੨॥

## ੨੩. [ਤਪੇ ਦੀ ਮੌਤ।]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਤੇਜੋ ਕੇ ਨੰਦਨ[1] ਜੁਊ[†] ਸੇਵ ਕਰਤਿ ਦਿਨ ਰੈਨਿ।
ਗਮਨੇ ਹੁਤੇ ਨਿਕੇਤ ਕੋ, ਪ੍ਰੇਮ ਭਰੇ ਜੁਗ ਨੈਨ ॥੧॥

[1]ਭਾਵ ਸ੍ਰੀ ਅਮਰਦਾਸ ਜੀ। [†]ਪਾ:-ਹੁਤੇ।

ਚੌਪਈ:

ਨਿਕਸੇ ਗੁਰੂ ਪਿਛਾਰੀ ਆਯੋ।
ਡੇਰੇ ਗ੍ਰਾਮ ਬਿਖੈ ਦਰਸਾਯੋ।
ਤਹਿਂ ਸੰਗੀ ਨਿਜ ਕੋਇ ਨ ਦੇਖਾ।
ਸਹਤ ਗੁਰੂ ਨਹਿਂ ਸਿੱਖ ਅਸ਼ੇਖ਼ਾ[1] ॥੨॥

[1]ਸਾਰੇ।

ਬੂਝਨ ਕੀਨਿ 'ਗੁਰੂ ਕਿਤ ਗਏ?
ਸਿਖ ਜੇ ਸਗਲ ਸੰਗ ਹੀ ਲਏ।
ਕੌਨ ਕਾਜ ਤਿਨ ਕੋ ਅਸ ਭਯੋ।
ਤਤਛਿਨ ਗਮਨ ਵਹਿਰ ਕੋ ਕਯੋ?' ॥੩॥
ਸੁਨਿ ਕਿਸਿ ਨਰ ਨੇ ਕਥਾ ਬਖਾਨੀ।
'ਪਾਪੀ ਤਪੇ ਦੁਸ਼ਟਤਾ ਠਾਨੀ।
ਕਹਜੋ ਕਿ -ਬਰਖਾ ਹੋਵੈ ਤਦਾ।
ਸ੍ਰੀ ਗੁਰ ਅੰਗਦ ਨਿਕਸਹਿਂ ਜਦਾ- ॥੪॥
ਸੁਨਿ ਰਾਹਕ ਮੂਰਖਮਤਿ ਆਏ।
-ਨਿਕਸਹੁ ਗ੍ਰਾਮ- ਕਠੋਰ ਅਲਾਏ।
ਛਿਮਾ ਧਾਰਿ ਗੁਰੂ ਵਹਿਰ ਪਧਾਰੇ।
ਨਹਿਂ ਘਨ ਬਰਖੇ ਕਿਨਹੁੰ ਨਿਹਾਰੇ[1] ॥੫॥

[1]ਬੱਦਲ ਵਰ੍ਹਿਆ (ਅਜੇ) ਕਿਸੇ ਨਹੀਂ ਦੇਖਿਆ।

ਕਰੀ ਅਵੱਗਜਾ ਸਤਿਗੁਰ ਕੇਰੀ।
ਤਪਹਿ ਤਪਾ ਮਤਸਰ ਤੇ ਹੇਰੀ[1]।

[1]ਤਪਾ ਈਰਖਾ ਨਾਲ ਤਪਿਆ (ਸੜਦਾ) ਦੇਖੀਦਾ ਹੈ।

ਭਯੋ ਅਬਹਿ ਅਪਰਾਧੀ ਏਹੂ।
ਉਚਿਤ ਦੰਡ ਕੇ ਸੋ ਲਖਿ ਲੇਹੂ ॥੬॥
ਮਨ ਬਚ ਕ੍ਰਮ[1] ਤੇ ਕਬਿ ਅਪਕਾਰਾ।

[1]ਸਰੀਰ।

ਨਹਿਂ ਕੀਨਸਿ[1], ਤੱਦਜਪ ਦੁਰਚਾਰਾ[2]।

[1]ਬੁਰਾ ਨਹੀਂ ਕੀਤਾ ਗੁਰੂ ਜੀ ਨੇ ਕਦੇ। [2]ਤਾਂ ਭੀ ਪਾਪੀ (ਤਪਾ)।

ਕਰਤਿ ਦ੍ਵੈਸ਼ ਕੋ ਕਾਰਣ ਬਿਨਾ।
ਇਸ ਤੇ ਅਪਰਾਧੀ ਕੋ ਘਨਾ ॥੭॥

ਜਿਸਨੇ ਹਿਤ ਅਨਹਿਤ[1] ਨ ਬਿਚਾਰੇ।
[1]ਭਲਾ ਬੁਰਾ।

ਸਿਖਵਨ[1] ਦੇ ਗੁਰ ਵਹਿਰ ਨਿਕਾਰੇ।'
[1]ਸਿੱਖਯਾ।

ਸ੍ਰੀ ਗੁਰ ਅਮਰ ਸੁਨਤਿ ਦੁਖ ਪਾਯੋ।
-ਦੇਖੋ ਕਜ਼ਾ ਇਨਿ ਦ੍ਵੈਸ਼ ਕਮਾਯੋ ॥੮॥

ਸਰਲ ਸਮਾਨ ਚਿੱਤ ਗੁਰ[1] ਪੂਰੇ।
[1]ਚਿਤ ਕਰਕੇ ਗੁਰੂ ਜੀ ਸਰਲ ਤੇ ਸਮਦ੍ਰਿਸ਼ਟਾ ਹਨ।

ਰਾਹਕ ਤਪਾ ਮੰਦਮਤਿ ਕੂਰੇ।
ਲੇਨਿ ਦੇਨਿ ਤਿਨ ਕੋ ਨਹਿਂ ਕੋਈ।
ਕਜੋਂ ਕੁਕਰਮ ਮਿਲਿ ਠਾਨਜੋ ਸੋਈ ॥੯॥

ਮੋ ਤੇ ਜਰਜੋ[†] ਜਾਇ ਨਹਿਂ ਕੈਸੇ।
[†]ਪਾ:-ਸਹਜੋ।

ਜਾਵਦ ਫਲ ਮੈਂ ਦੇਉਂ ਨ ਤੈਸੇ-।

ਇਮਿ ਕਹਿ ਗਏ[1] ਪੰਚਾਇਤ ਪਾਸ।
[1]ਸ੍ਰੀ ਅਮਰ ਦਾਸ ਜੀ) ਗਏ।

ਬੈਠੇ ਧਾਰਜੋ ਬਰਖਾ ਆਸ ॥੧੦॥
'ਭੋ ਰਾਹਿਕ ਗਨ ! ਕਾਜ ਤੁਮਾਰੇ।

ਭਯੋ ਕਿਧੌਂ ਨਹਿਂ ਗੁਰੂ ਨਿਕਾਰੇ[1]।
[1]ਗੁਰੂ ਜੀ ਨੂੰ ਕੱਢ ਦੇਣ ਨਾਲ।

ਜੋ ਇੱਛਾ ਮਨ ਮੈਂ ਤੁਮ ਠਾਨੀ।
ਭਯੋ ਕਿ ਨਹਿਂ ਖੇਤੋਂ ਮਹਿਂ ਪਾਨੀ' ॥੧੧॥
ਸੁਨਿ ਕ੍ਰਿਖਿਕਾਰਨ ਐਸੇ ਬੈਨ।
ਕਹਤਿ ਭਏ 'ਕੋ ਬਰਖਾ ਹੈ ਨ।
ਕਹਜੋ ਤਪੇ ਕੋ ਹਮ ਨੇ ਕੀਨਾ।
ਹ੍ਵੈ ਕਰਿ ਆਤੁਰ ਨੀਰ ਬਿਹੀਨਾ ॥੧੨॥
ਜੋ ਬਰਖਾ ਬਰਖਾਵਨਿ ਕਰੈ।
ਤਿਸ ਕੋ ਕਹਜੋ ਨ ਹਮ ਤੇ ਫਿਰੈ।

ਜਿਸ[1] ਅਧੀਨ ਜੀਵਨ ਸਭਿ ਕੇਰਾ।
[1]ਭਾਵ ਬਰਖਾ ਦੇ।

ਹ੍ਵੈ ਅਸ ਅੰਨ ਸੁ ਖੇਤ ਘਨੇਰਾ ॥੧੩॥
ਬਾਕ ਤਪੇ ਕੋ ਮਾਨਜੋ ਸਹੀ।

ਤਊ ਭਈ ਬਰਖਾ ਕਿਮਿ[1] ਨਹੀਂ।
[1]ਕਿਵੇਂ ਬੀ।

ਹਮ ਆਤੁਰ ਭੇ ਨੀਰ ਬਿਹੀਨਾ।

ਨਿਜ ਜੀਵਨ ਚਹਿ ਅਕਰਨ ਕੀਨਾ[1] ॥੧੪॥
[1]ਨਿਰਦਯਤਾ ਦਾ ਕੰਮ ਕੀਤਾ [ਸੰਸ: ਅਕਰੁਣ] (ਅ) (ਅਕਰਨ =) ਨਾ ਕਰਨੇ ਯੋਗ ਕੰਮ। ਭਾਵੇਂ ਅਸਾਂ ਨਾ ਕਰਨੇ ਜੋਗ ਕੰਮ ਬੀ ਕੀਤਾ (ਬਰਖਾ ਨਹੀਂ ਹੋਈ)।

ਬਰਖਾ ਦੇ ਜੁ ਕ੍ਰਿਖੀ ਹ੍ਰਿਤ ਕਰਿਹੀ[1]।
[1]ਹਰੀ ਕਰੇ।

ਹਮ ਰਾਹਕ ਤਿਹ ਨਿਤਿ ਅਨੁਸਰਹੀ[1]।
[1]ਅਨੁਸਾਰੀ ਹਾਂ।

ਤਿਸ ਕੀ ਆਇਸੁ ਕੋ ਅਸ ਮਾਨਹਿਂ।
ਨਹੀਂ ਕਰਨ ਭੀ ਕਰਿਬੋ ਠਾਨਹਿਂ[1]' ॥੧੫॥

[1]ਨਾ ਕਰਨੇ ਜੋਗ ਬੀ ਕਰਾਂਗੇ।

ਇਮਿ ਸ਼੍ਰੀ ਅਮਰਦਾਸ ਸੁਨਿ ਬੈਨ।
ਕਹ੍ਯੋ ਸੁ ਛੋਭ ਕੋਪ ਰਸੁ ਨੈਨ[1]।

[1]ਕੋਪ ਵਿਚ ਨੈਣ ਰਸ ਰਹੇ ਸਨ, ਜਦ ਕਿਹਾ (ਅ) ਕੋਪ ਰਸ = ਗੁੱਸੇ ਵਾਲਾ ਰਸ, ਗੁੱਸੇ ਦੇ ਵਲਵਲੇ ਵਿਚ। ਇਹ ਗੁੱਸਾ ਕ੍ਰੋਧ ਨਹੀਂ, ਮੰਦ ਕਰਮੀਆਂ ਉਤੇ ਜੋ ਨੇਕੀ ਦੇ ਸੁਭਾਵ ਵਾਲਾ ਗੁੱਸਾ ਹੁੰਦਾ ਹੈ ਉਹ ਹੈ।

'ਕਹੇ ਤਪੇ ਕੇ ਘਨ ਨਹਿਂ ਆਵਾ।
ਸ਼੍ਰੀ ਗੁਰ ਗ੍ਰਾਮਹਿ ਤੇ ਨਿਕਸਾਵਾ ॥੧੬॥
ਸ਼੍ਰੀ† ਸਤਿਗੁਰ ਕੇ ਸੇਵਕ ਜੇਈ।
ਬਰਖਾ ਦੇਨਿ ਸ਼ਕਤਿ ਧਰਿ ਤੇਈ।
ਕਹ੍ਯੋ ਤਿਨਹਿਂ ਕੋ ਮਾਨਹੁ ਨੀਕਾ।
ਬਰਖਹਿ ਮੇਘ ਭਾਵਤੋ ਜੀਕਾ ॥੧੭॥
ਤਪੇ ਈਰਖਾ ਕਰਿ ਨਿਕਸਾਏ।
ਸ਼ਕਤਿ ਹੀਨ ਨਹਿਂ ਘਨ ਬਰਖਾਏ।
ਅਬਿ ਤੁਮ ਜਾਹੁ ਤਪੇ ਕੇ ਪਾਸਿ।'
ਸੁਨਿ ਨਰ ਗਏ ਕਰੀ ਅਰਦਾਸ ॥੧੮॥

†ਪਾ:-ਤੋਂ।

'ਗੁਰ ਤੌਂ ਹਮ ਨੇ ਦੀਨ ਨਿਕਾਰੀ।
ਤਊ ਨ ਬਰਖ੍ਯੋ ਬਾਰਦ† ਬਾਰੀ[1]।'
ਤਪੇ ਕੁਛਕ ਰਿਸ ਕਰਿ ਮੁਖ ਭਾਖੀ।
'ਮੂਠੀ ਮਹਿਂ ਬਰਖਾ ਨਹਿਂ ਰਾਖੀ ॥੧੯॥
ਮੰਤ੍ਰ ਜੰਤ੍ਰ ਕਰਿ ਜੁਗਤਿ ਬਨਾਵੌਂ।
ਤੁਮ ਹਿਤ ਬਰਖਾ ਕੋ ਬਰਖਾਵੌਂ।'
ਸੁਨਿ ਨਰ ਆਇ ਕਹੀ ਤਿਮਿ ਬਾਤਿ।
'ਅਬਿ ਤੌਂ ਬੋਲਤਿ ਕਛੁਕ ਰਿਸਾਤਿ' ॥੨੦॥

[1]ਬੱਦਲ ਤੋਂ ਜਲ। †ਪਾ:-ਬਾਦਰ।

ਤਬਿ ਸ਼੍ਰੀ ਅਮਰ ਕਹ੍ਯੋ ਬਿਨ ਦੇਰਿ।
'ਹਮ ਬਰਖਾ ਬਰਖਾਇਂ ਬਡੇਰਿ।
ਨਹਿਂ ਐਸੇ ਗੁਰ ਕੋ ਸਿਖ ਜਾਨੋ[1]।
ਬਰਖਾ ਕਰਹਿਂ ਕਹ੍ਯੋ ਤਿਨ ਮਾਨੋ' ॥੨੧॥

[1]ਐਸੇ (ਤਪੇ ਵਰਗੇ) ਗੁਰੂ ਦੇ ਸਿੱਖ (ਝੂਠੇ) ਨਾ ਜਾਣੋ।

ਸੁਨਿ ਰਾਹਕ ਲਾਲਚ ਕਰਿ ਪਾਨੀ।

ਬਿਰਥੀ[†] ਬਾਤ ਤਪੇ ਕੀ ਠਾਨੀ। — [†]ਪਾ:-ਬ੍ਰਿੱਪੈ।
'ਹਮ ਤੋ ਹੈਂ ਤਿਸ ਕੇ ਅਨੁਸਾਰੀ।
ਜੋ ਜਲ ਦੇਹਿ ਕਿਦਾਰ[1] ਮਝਾਰੀ ॥੨੨॥ — [1]ਖੇਤੀ।
ਹਿਤ ਜਲ ਕੇ ਤਿਸ ਕੋ ਬਚੁ ਮਾਨਾ।
ਅਪਰ ਜੁ ਦੇ ਬਰਖਾਇ ਮਹਾਨਾ।
ਕਹੈ ਸੁ ਹਮ ਮਾਨਹਿਂ ਸਭਿ ਗ੍ਰਾਮ।
ਜੋ ਜੀਵਨਿ ਕੋ ਦੇ ਅਭਿਰਾਮ[1] ॥੨੩॥ — [1]ਜੋ ਸੁਹਣਾ ਜੀਵਨ ਸਾਨੂੰ ਦੇਵੇ। (ਅ) ਜੀਵਨ = ਪਾਣੀ। ਭਾਵ ਜੋ ਸਾਨੂੰ ਪਾਣੀ ਦੇਵੇ।

ਨਾਂਹਿ ਤ ਹਮ ਮਰਿਹੈਂ ਦੁਖ ਪਾਇ।
ਛੁਧਾ ਸਹੀ ਨਹਿਂ ਕਿਸਿ ਤੇ ਜਾਇ।
ਜੇ ਜਲਦਾਤਾ[1] ਬਚੁ ਨਹਿਂ ਮਾਨਹਿਂ। — [1]ਜਲ ਦੇ ਵਰਸਾਉਣ ਵਾਲੇ ਭਾਵ ਉਪਕਾਰੀ ਪੁਰਸ਼ ਦਾ।
ਤੌ ਹਮ ਅਪਨਾ ਜੀਵਨ ਹਾਨਹਿਂ ॥੨੪॥
ਅਸ ਕੋ ਆਜ ਹੋਇ ਉਪਕਾਰੀ।
ਦੇ ਜੀਵਨਿ ਜੀਵਨ ਸੁਖ ਕਾਰੀ[1]। — [1]ਜੀਵਾਂ ਨੂੰ ਸੁਖੀ ਕਰਨ ਵਾਲਾ ਜੀਵਨ।
ਤਿਸ ਕੇ ਹਮ ਹੈਂ ਸਦਾ ਗੁਲਾਮੂ।
ਕਰਹਿਂ ਸੇਵਕੀ ਸਭਿਹੀ ਗ੍ਰਾਮੂ' ॥੨੫॥
ਇਮਿ ਨਿਸ਼ਚੈ ਸਭਿ ਕੋ ਕਰਿਵਾਇ।
ਕਹਿ ਸ੍ਰੀ ਅਮਰ 'ਸੁਨਹੁ ਸਮੁਦਾਇ।
ਦਿਵਸ ਰਹਯੋ ਥੋਰੋ ਰਵਿ ਜਾਇ[1]। — [1]ਭਾਵ ਡੁੱਬਣ ਵਿਚ।
ਯਾਂ ਤੇ ਤੂਰਣ ਕਰਹੁ ਉਪਾਇ ॥੨੬॥
ਰਵਿ ਅਸਤਨ ਤੇ[1] ਪੂਰਬ ਕਾਲ। — [1]ਡੁੱਬਣ ਤੋਂ।
ਜਹਿਂ ਜਹਿਂ ਤਪਾ ਜਾਇ ਦਰਹਾਲ[1]। — [1]ਛੇਤੀ।
ਤਹਿਂ ਤਹਿਂ ਘਨ ਜਲ ਕੋ ਬਰਖਾਵੈ।
ਭਰਹਿਂ ਖੇਤ, ਬਹੁ ਅੰਨ ਪਕਾਵੈ ॥੨੭॥
ਬਹੁ ਕਿਦਾਰ ਹੈਂ ਦਿਨ ਰਹਿ ਥੋਰਾ।
ਲੇ ਗਮਨਹੁ ਨਿਜ ਨਿਜ ਦਿਸ਼ ਓਰਾ।
ਅੰਗ ਪ੍ਰਤਜੰਗ[1] ਜਹਾਂ ਲਗ ਜਾਇ। — [1]ਉਸ ਦਾ) ਅੰਗ ਯਾਂ ਹਰੇਕ ਅੰਗ ਭਾਵ ਕੋਈ ਅੰਗ।
ਤਹਿਂ ਲਗ ਧਾਇ ਮੇਘ ਬਰਖਾਇ ॥੨੮॥
ਨਿਕਸਹਿ ਜਬਹਿ ਤਪਾ ਨਿਜ ਡੇਰੇ।
ਤੌ ਘਨ ਹੋਇ, ਪਤਾ ਲਿਹੁ ਹੇਰੇ[1]। — [1]ਪਰਤਾਵਾ ਦੇਖ ਲੈਣਾ।
ਪਹੁੰਚਹਿ ਜਬਹਿ ਕਿਦਾਰ ਮਹਿਂ ਜਾਇ।

ਤਬਿ ਦੇਖਹੁ ਘਨ ਜਲ ਬਰਖਾਇ' ॥੨੯॥
ਇਮਿ ਸੁਨਿ ਸਭਿ ਕੇ ਜਾਗਯੋ ਚਾਉ।
ਕਹਤਿ ਭਏ 'ਲਿਹੁ ਇਹ ਪਤੀਆਉ[1]।'
ਗਮਨੇ ਰਾਹਕ ਸਭਿ ਮਿਲਿ ਤਹਾਂ।
ਸਥਿਤ ਤਪਾ ਗਾਦੀ ਪਰ ਜਹਾਂ ॥੩੦॥
ਗਰਬ ਹਰਖ ਮਹਿਂ ਫੂਲਯੋ ਬੈਸਾ।
ਤੇਜ ਤਰੇ ਪੈ ਉਫਨਯੋ ਜੈਸਾ[1†]।
ਕ੍ਰਿਖਿਕਰਿ ਬ੍ਰਿੰਦ ਜਾਇ ਕਰਿ ਕਹਯੋ।
'ਸੁਨਹੁ ਤਪਾ ਜੀ! ਨਹਿਂ ਘਨ ਲਹਯੋ ॥੩੧॥
ਅਬਹਿ ਆਪ ਕਰੁਨਾ ਕੋ ਧਾਰਿ।
ਉਠਿ ਕਰਿ ਪਾਵਹੁ ਚਰਨ ਕਿਦਾਰ।
ਤੁਮਰੇ ਚਲੇ ਜਿ ਘਰ ਬਰਖੈ ਹੈ।
ਇਸ ਤੇ ਹਮ ਮਨੁ ਕਾਮਨ[1] ਪੈ ਹੈ ॥੩੨॥
ਜੇ ਹਿਤ ਚਾਹਤਿ ਆਪ ਹਮਾਰਾ।
ਨਿਕਸਹੁ ਬਾਹਰ ਗਮਹੁ ਕਿਦਾਰਾ[1]।
ਹਮ ਸਭਿ ਚਲਿ ਹੈਂ ਸੰਗ ਤੁਮਾਰੇ।
ਕਰਹੁ ਗ੍ਰਾਮ ਪਰ ਅਸ ਉਪਕਾਰੇ' ॥੩੩॥
ਕਰਤਿ ਮ੍ਰਿਦੁਲਤਾ ਜੁਤਿ ਪਤਿਆਵਨ[1]।
ਇਮਿ ਕਹਿ ਬਹੁ ਬਿਧਿ ਕਿਯ ਨਿਕਸਾਵਨ।
ਵਹਿਰ ਗ੍ਰਾਮ ਤੇ ਨਿਕਸਯੋ ਜਦਾ।
ਸਮੁਖ ਆਇ ਘਨ ਦੇਖਯੋ ਤਦਾ ॥੩੪॥
ਪਤਾ ਲਗਯੋ ਸਭਿ ਕੇ ਮਨ ਮਾਂਹੀ।
-ਗੁਰ ਸਿਖ ਭਨਯੋ, ਸੁ ਮਿੱਥਯਾ ਨਾਂਹੀ-।
ਕਰਤਿ ਬਾਰਤਾ ਬੇਗ ਚਲੇ ਹੈਂ।
ਪਰਖਤਿ ਸਿਖ ਕੋ ਬਾਕ ਭਲੇ ਹੈਂ ॥੩੫॥
ਲੇ ਜਬਿ ਗਏ ਕਿਦਾਰ ਮਝਾਰ।
ਬਰਖਨਿ ਬੂੰਦੈਂ ਲਗੀ ਫੁਹਾਰ।

[1]ਪਰਤਿਆ ਲਓ।

[1]ਜਿਵੇਂ ਹੇਠਾਂ ਅੱਗ (ਹੋਵੇ ਤੇ) ਦੁੱਧ ਉੱਪਰ ਨੂੰ ਫੁਲ ਕੇ ਚੜ੍ਹ ਆਉਂਦਾ ਹੈ। (ਉਫਨਨਾ = ਸੇਕ ਨਾਲ ਫੇਨ ਸਮੇਤ ਉੱਪਰ ਨੂੰ ਉਠਣਾ)। †ਪਾ:-ਤੇਜ ਤੁਰੇ ਪੈ ਉਫਨਯੋ ਜੈਸਾ = ਜਿਵੇਂ ਤਿੱਖੇ ਘੋੜੇ ਉੱਤੇ ਕੋਈ ਉਛਲਦਾ ਹੈ।

[1]ਮਨੋ ਕਾਮਨਾ।

[1]ਖੇਤ ਵਿਚ ਚੱਲੋ।

[1]ਕੋਮਲਤਾ ਨਾਲ ਪਤਿਆਉਣਾ ਕੀਤੋ ਨੇ।

ਦੂਸਰ ਖੇਤ ਬਿਖੈ ਪਗ ਧਾਰਾ।
ਮੋਚਤਿ ਭਏ ਮੇਘ ਜਲ ਧਾਰਾ ॥੩੬॥
-ਲਘੁ ਦਿਨ ਰਹ੍ਯੋ- ਚਿੰਤ ਉਪਜਾਵੈਂ।
ਨਿਜ ਨਿਜ ਦਿਸ਼ ਕੋ ਚਹਤਿ ਚਲਾਵੈਂ।
ਆਪਸ ਮਹਿਂ ਰਾਹਕ ਕਰਿ ਗਿਨ ਕੋ[1]†। [1]ਗਿਣਤੀ ਕਰਦੇ। †ਪਾ:-ਹਠ ਕੋ।
-ਕਿਮਿ ਇਹੁ ਕਾਰਜ† ਪੂਰ ਸਭਿਨਿ ਕੋ- ॥੩੭॥ †ਪਾ:-ਕਾਰਨ।
ਨਿਜ ਕਿਦਾਰ ਦਿਸ਼ ਐਂਚਨ ਲਾਗੇ।
ਜਿਦਤਿ ਪਰਸਪਰ[1] ਰਿਸ ਉਰ ਜਾਗੇ। [1]ਜਿਦਦੇ ਹਨ ਆਪਸ ਵਿਚ।
ਤਪਾ ਭਯੋ ਬਜਾਕੁਲ ਤਿਸ ਕਾਲਾ।
ਝਿਰਕ ਝਿਰਕ ਤਿਨ ਪਰਹਿ ਬਿਸਾਲਾ ॥੩੮॥
ਕਹ੍ਯੋ ਤਪੇ ਕੋ ਨਹਿਂ ਕੋ ਮਾਨਹਿ।
ਨਿਜ ਕਿਦਾਰ ਢਿਗ ਸਭਿ ਸੋ ਆਨਹਿਂ।
ਖੈਂਚਤਿ ਖੈਂਚਤਿ ਭਯੋ ਬਿਹਾਲਾ।
ਬੋਲਨ ਤੇ ਥਕ ਰਹ੍ਯੋ ਨ ਚਾਲਾ ॥੩੯॥
ਜਬਿ ਚਲਿਬੇ ਤੇ ਹਟਿ ਸੋ ਰਹਿਊ।
ਮੋਹਨ ਪਿਤਾ[1] ਆਇ ਤਬਿ ਕਹਿਊ। [1]ਭਾਵ ਸ੍ਰੀ ਅਮਰ ਦਾਸ ਜੀ ਨੇ।
'ਮਾਸ ਅਸਥਿ[1] ਜਹਿਂ ਜਹਿਂ ਲੈ ਜੈ ਹੋ। [1]ਹੱਡੀ।
ਤਹਿਂ ਤਹਿਂ ਬਰਖਾ ਘਨਕੀ ਪੈ ਹੋ' ॥੪੦॥
ਸੁਨਿ ਕੇ ਸਭਿਨਿ ਘਸੀਟ੍ਯੋ ਜਦਾ।
ਨਿਕਸੇ ਪ੍ਰਾਨ ਭਯੋ ਹਤਿ ਤਦਾ।
-ਰਹਿਂ ਬਰਖਾ ਬਿਨ ਖੇਤ ਹਮਾਰੇ-।
ਇਮ ਬੋਲਤਿ ਅਰ ਚਿੰਤ ਬਿਚਾਰੇ ॥੪੧॥
-ਏਕ ਮਰੇ ਜੀਵਹਿ ਸਭਿ ਗਾਉਂ-।
ਯਾਂ ਤੇ ਤੋਰ ਲਿਏ ਕਰ ਪਾਉਂ।
ਆਪੋ ਅਪਨੇ ਖੇਤ ਪਧਾਰੇ।
ਜਹਿਂ ਜਹਿਂਗੇ ਪਸਰ੍ਯੋ ਘਨ ਸਾਰੇ ॥੪੨॥
ਤਪਾ ਮਰੇ ਤੇ ਇਕ ਰਸ ਬਾਰਿ।
ਬਰਖਾ ਕੀਨਸਿ ਮੇਘ ਕਿਦਾਰਿ[1]। [1]ਬੱਦਲ ਨੇ ਖੇਤਾਂ ਵਿਖੇ।

-ਮਹਾਂ ਪਖੰਡੀ- ਸਭਿਹਿਨਿ ਜਾਨੵੋ।
-ਦ੍ਵੈਸ਼ ਠਾਨਿ ਗੁਰ ਕੋ ਨਿਕਸਾਨੵੋ ॥੪੩॥
ਝੂਠੋ ਹੁਤੋ ਫੁਰੀ ਨਹਿਂ ਬਾਨੀ।
ਗੁਰ ਦਾਸਨਿ[1] ਕਹਿ ਦੀਨਸਿ ਪਾਨੀ।
ਹੋਤਿ ਭੋਰ ਸ਼੍ਰੀ ਅੰਗਦ ਆਨਹੁ।
ਨਿਜ ਅਪਰਾਧ ਛਿਮਾਪਨ ਠਾਨਹੁ[1]- ॥੪੪॥
ਇਮਿ ਸ਼੍ਰੀ ਅਮਰਦਾਸ ਤਹਿਂ ਕਰਿ ਕੈ।
ਗਮਨੵੋ ਗੁਰ ਦਿਸ਼ ਪ੍ਰੀਤਿ ਸੁ ਧਰਿ ਕੈ।
ਪਰਮ ਪ੍ਰਸੰਨ ਰਿਦੈ ਹੁਇ ਗਇਓ।
ਪ੍ਰਾਪਤਿ ਡੇਰੇ ਮਹਿਂ ਚਲਿ ਭਇਓ ॥੪੫॥
ਗੁਰ ਕੋ ਜਾਇ ਬੰਦਨਾ ਕੀਨਸਿ।
ਪਿਸ਼ਟਿ ਫੇਰਿ ਬੈਠੇ ਚਿਤ ਚੀਨਸਿ।
-ਅਜ਼ਮਤ ਕਰੀ ਦਿਖਾਵਨਿ- ਜਾਨੀ।
ਨਹਿਂ ਨੀਕੀ ਸ਼੍ਰੀ ਅੰਗਦ ਮਾਨੀ ॥੪੬॥
ਸਿੱਛਾ ਅਜਰ ਜਰਨ ਕੀ ਦੇਨਿ।
ਸਿਖ ਉਰ ਸਮਤਾ ਨਿਜ ਕਰਿ ਲੇਨਿ[1]।
ਪ੍ਰਿਸ਼ਟਿ ਦਏ[1] ਬੈਠੇ ਗੁਰ ਸ੍ਵਾਮੀ।
ਸਰਬ ਬਾਰਤਾ ਅੰਤਰਜਾਮੀ ॥੪੭॥
ਪਿਖਿ ਸ਼੍ਰੀ ਅਮਰ ਦੁਤਿਯ ਦਿਸ਼ ਗਇਊ।
ਨੰਮ੍ਰਿ ਬੰਦਿ ਕਰ ਇਸਥਿਤ ਭਇਊ।
ਲੱਜਾ ਕਰੈ ਸੁਨੇਤ੍ਰ ਨਿਵਾਏ।
ਚਿਤ ਮਹਿਂ ਦੁਚਿਤਾਈ[1] ਉਪਜਾਏ ॥੪੮॥
ਤ੍ਰਿਤੀ ਦਿਸ਼ਾ ਪੁਨ ਆਨਨ ਫੇਰੵੋ।
ਅਪਨਿ ਦਾਸ ਕੋ ਨਾਂਹਨਿ ਹੇਰੵੋ।
-ਸ਼ਕਤਿ ਜਨਾਵਨ ਕਿਯ ਅਪਰਾਧੂ।
ਨਹੀਂ ਕਰਮ ਕੀਨਸਿ ਇਹੁ ਸਾਧੂ- ॥੪੯॥

[1]ਗੁਰੂ ਜੀ ਦੇ ਦਾਸ ਨੇ।

[1]ਮਾਫ ਕਰਵਾਓ।

[1]ਸਿੱਖ ਦੇ ਦਿਲ ਵਿਚ ਆਪਣੀ ਸਮਤਾ ਦੇਣ ਲਈ ਭਾਵ ਆਪਣੇ ਵਰਗਾ ਕਰਨ ਲਈ। (ਅ) ਆਪਣੇ ਸਿੱਖ ਦੇ ਦਿਲ ਵਿਚ ਸਮਤਾ ਭਾਵ (ਦ੍ਰਿੜ੍ਹ) ਕਰਾਉਣ ਲਈ।

[1]ਪਿੱਠ ਮੋੜਕੇ।

[1]ਚਿੰਤਾ!

ਭਏ ਦੀਨ ਮਨ ਮੋਹਿਨ ਤਾਤ[1]।
ਪੁਨ ਸਨਮੁਖ ਹੋਯੋ ਪਛੁਤਾਤ।

[1]ਸ੍ਰੀ ਅਮਰ ਦਾਸ ਜੀ।

ਕਹਿਨ ਬਾਕ ਕੋ ਉਦਿਤਿ[1] ਭਯੋ ਜਬਿ।

[1]ਤਿਆਰ।

ਚਤੁਰਥ ਦਿਸ਼[1] ਮੁਖ ਫੇਰ ਲਿਯੋ ਤਬਿ ॥੫੦॥

[1]ਚੌਥੀ ਤਰਫ।

ਹੋਇ ਉਤਾਇਲ ਮੁਖ ਦਿਸ਼ ਫੇਰ[1]।
ਨਿਜ ਅਪਰਾਧ ਸੁ ਬੂਝਯੋ ਹੇਰਿ।
'ਭੋ ਪ੍ਰਭੁ ਗੁਰ ! ਅਬਿ ਛਿਮਾਂ ਕਰੀਜੈ।
ਸ਼ੁਭਿ ਉਪਦੇਸ਼ ਮੋਹਿ ਕਉ ਦੀਜੈ ॥੫੧॥

[1]ਕਾਹਲੀ ਨਾਲ ਮੁਖੜੇ ਵਾਲੇ ਪਾਸੇ ਨੂੰ ਫਿਰੇ।

ਭੂਲੇ ਕੋ ਤੁਮ ਬਖਸ਼ਨ ਹਾਰਿ।
ਨਮੋ ਨਮੋ ਗੁਰ ਗਜਾਨ ਉਦਾਰ !
ਸੁਮਗ ਬਤਾਵਨ ਮਹਿਂ ਪਰਧਾਨ।
ਰਾਵਰਿ ਕੇ ਸਮਾਨ ਨਹਿਂ ਆਨ' ॥੫੨॥
ਸ਼੍ਰੀ ਗੁਰ ਅੰਗਦ ਤਬਹਿ ਬਖਾਨਾ।
'ਹਮ ਪੀਛੈ ਕਜਾ ਕ੍ਰਿਤ ਤੈਂ ਠਾਨਾ?
ਘਨ ਬਰਖਾਇ ਤਪਾ ਮਰਵਾਯੋ।
ਅਪਨ ਆਪ ਕੋ ਮਹਿਦ ਜਨਾਯੋ ॥੫੩॥
ਸਤਿਗੁਰ ਕੋ ਘਰ ਹੈ ਨਿਤ ਨੀਵਾ।
ਹੋਨਿ ਹੰਕਾਰ ਥਾਂਵ ਨਹਿਂ ਥੀਵਾ[†][1]।

[1]ਹੰਕਾਰ ਹੋਣ ਦਾ ਥਾਂ ਨਹੀਂ। [†]ਪਾ:-ਮਨ ਹੰਕਾਰ ਥਾਨ ਨਹਿ ਥੀਵਾਂ।

ਪਾਪੀ ਤਪਾ ਕੁਕਰਮ ਕਰੰਤਾ।
ਅੰਤ ਸਮੈ ਦੁਖ ਨਰਕ ਲਹੰਤਾ ॥੫੪॥
ਫਲਦਾਤਾ ਈਸ਼ੁਰ ਸਭਿ ਕਾਂਹੂ।
ਜੀਵ ਅਬਲ[1] ਕਿਸ ਗਿਨਤੀ ਮਾਂਹੂ।

[1]ਬਲ ਤੋਂ ਰਹਿਤ।

ਕਾਰਨ ਕਰਨ ਏਕ ਜਗ ਨਾਥਾ।
ਕਰਤਿ ਕਰਾਵਤਿ ਸੋ ਸਭਿ ਸਾਥਾ ॥੫੫॥
ਅਪਨ ਆਪ ਨਿਜ ਕ੍ਰਿਤ ਪ੍ਰਕ੍ਰਿਤ ਮਹਿਂ।
ਨਹੀ ਅਰੋਪਹਿਂ ਕਬਿ ਸੁਧੀਰ ਲਹਿ[1]।

[1]ਤੂੰ ਸਮਝ ਲੈ ਆਪਣੇ ਆਪ (ਆਤਮਾ) ਵਿਚ ਕਦੇ ਬੁੱਧੀਮਾਨ ਲੋਕ ਨਿਜ ਕ੍ਰਿਤੱਤ੍ਵ ਯਾ ਪਰ ਕ੍ਰਿਤੱਤ੍ਵ ਧਰਮ ਅਰੋਪਨ ਨਹੀਂ ਕਰਦੇ। (ਅ) (ਜੀਵ) ਆਪੋ ਆਪਣੇ ਸੁਭਾਵ ਵਿਚ ਆਪ ਕ੍ਰਿਤ ਕਰਦੇ ਹਨ, ਸੁਧੀਰ ਇਹ ਦੇਖਕੇ (ਈਸ਼੍ਵਰ ਹੀ ਕਰਨ ਕਾਰਨ ਤੇ ਫਲ ਦਾਤਾ ਹੈ ਅਪਨੀ ਹੰਤਾ ਮਮਤਾ ਈਸ਼੍ਵਰ ਵਿਚ) ਨਹੀਂ ਅਰੋਪਦੇ।

ਏਕੰਕਾਰ ਆਸਰੋ ਕਰਿ ਕੈ।
ਨਹੀਂ ਜਨਾਵਹਿਂ ਆਪਾ ਹਰਿ ਕੈ[1]' ॥੫੬॥

[1]ਆਪਾ ਭਾਵ ਦੂਰ ਕਰਕੇ।

ਸੁਨਿ ਸ਼੍ਰੀ ਅਮਰ ਬੰਦਨਾ ਠਾਨੀ।
'ਭੋ ਗੁਰ! ਬਖਸ਼ਹੁ ਮਤਿ ਅਨੁਜਾਨੀ।
ਅਬਿ ਤੇ ਫੇਰ ਨ ਕਰਿਹੌਂ ਐਸੇ।
ਆਪਾ ਮੈਂ ਨ ਜਨਾਵੌਂ ਕੈਸੇ ॥੫੭॥
ਇਹੁ ਤੁਮਰੋ ਅਪਰਾਧ ਮਹਾਨਾ।
ਸਹਜੋ ਨ ਗਯੋ ਤਬਹਿ ਕ੍ਰਿਤ ਠਾਨਾ।
ਰਾਵਰ ਕੀ ਰਜਾਇ ਇਮਿ ਜੋਈ[1]।
ਕਰਹਿ ਅਪਰ[1] ਐਸੋ ਨਹਿਂ ਕੋਈ' ॥੫੮॥

[1]ਜੋ ਹੈ।

[1]ਹੋਰ ਤਰ੍ਹਾਂ, ਭਾਵ ਉਲਟ; ਐਸਾ ਕੋਈ ਨਹੀਂ ਜੋ ਰਜ਼ਾ ਆਪ ਦੀ ਦੇ ਉਲਟ ਟੁਰੇ।

ਦੋਹਰਾ:
ਇਮਿ ਕਹਿ ਛਿਮਾ ਕਰਾਇ ਕਰਿ,
ਬੈਠੇ ਸ਼੍ਰੀ ਗੁਰ ਪਾਸਿ।
ਜੰਗਲ ਮਹਿਂ ਮੰਗਲ ਮਹਾ,
ਜਹਿਂ ਗੁਰ ਕਰਜੋ ਨਿਵਾਸਿ ॥੫੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜੋਗੀ ਤਪੇ ਕੋ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

## ੨੪. [ਭੈਰੋ ਪੁਰ ਖੀਓ ਭੱਲੇ ਨੂੰ ਮਿਲਕੇ ਗੁਰੂ ਜੀ ਨੇ ਵਾਪਸ ਖਡੂਰ ਆਉਣਾ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਰਾਹਕ[1] ਮਿਲੇ ਖਡੂਰ ਕੇ,
ਉਰ ਪ੍ਰਸੰਨਤਾ ਪਾਇ।
ਮਨ ਭਾਵਤਿ ਬਰਖ਼ਯੋ ਜਲਦ[1],
ਹਰਿਤ ਖੇਤ[1] ਸਮੁਦਾਇ ॥੧॥

[1]ਜ਼ਿਮੀਦਾਰ।
[1]ਬੱਦਲ।
[1]ਖੇਤ ਹਰੇ ਹੋਏ।

ਚੌਪਈ:

ਸਕਲ ਮਿਲੇ ਸਭਿ ਬਾਤ ਬਿਚਾਰੀ।
'ਗੁਰ ਕੀ ਭਈ ਅਵੱਗਯਾ ਭਾਰੀ।
ਜਿਨ ਮਹਿਂ ਅਜ਼ਮਤ ਏਤਿਕ ਅਹੈ।
ਬਰਖ਼ਯੋ ਜਲ ਜਿਨ ਸੇਵਕ ਕਹੈ ॥੨॥
ਰਹਤਿ ਹਮੇਸ਼ ਨਹੀਂ ਮਿਤਿ ਜਾਨੀ।
ਜਾ ਬੈਠੇ ਹੈਂ[†] ਅਪਰ ਸਥਾਨੀ।
ਅਬਿ ਮਿਲਿ ਚਲਹੁ ਨ ਬਿਲਮ ਲਗਾਵਹੁ।
ਭਈ ਭੂਲ ਤੂਰਨ ਬਖ਼ਸ਼ਾਵਹੁ ॥੩॥
ਨਾਂਹਿ ਤ ਸ਼੍ਰਾਪ ਦੇਹਿਂ ਭੈ ਦਾਯਕ।
ਅਪਦਾ ਪਰਹਿ ਪ੍ਰਮੋਦ ਨਸਾਇਕ[1]।'
ਇਮਿ ਕਹਿ ਮਿਲਿ ਕਰਿ ਲੇ ਪਕਵਾਨ।
ਬਖ਼ਸ਼ਾਵਨ ਗਮਨੇ ਤਿਸ ਥਾਨ ॥੪॥
-ਜਿਸ ਪ੍ਰਕਾਰ ਇਸ ਥਲ ਚਲਿ ਆਵਹਿਂ।
ਤਿਮਿ ਸਭਿ ਕਰਿਹੁ ਕ੍ਰਿਪਾਲ ਰਿਝਾਵਹਿਂ-
।
ਖਾਨ ਰਜਾਦੇ ਕੇ ਥਲ ਗਏ।
ਸ਼੍ਰੀ ਗੁਰ ਬੈਠੇ ਦੇਖਤਿ ਭਏ ॥੫॥
ਸਭਿਨਿ ਜਾਇ ਪਦ ਬੰਦਨ ਠਾਨੀ।
ਬਿਨਤੀ ਜੁਕਤਿ ਬਖਾਨੀ ਬਾਨੀ।
'ਸ਼੍ਰੀ ਗੁਰ ਹਮ ਨੇ ਭੇਦ ਨ ਪਾਇਵ।
ਸਭਿ ਕੋ ਜੋਗੀ ਤਪੇ ਭੁਲਾਇਵ ॥੬॥
ਰਾਵਰਿ ਕੋ ਨਿੰਦਕ ਬਡ ਪਾਪੀ।
ਧਨ ਲੋਭੀ ਮਨ ਕ੍ਰੂਰ ਸੰਤਾਪੀ।
ਦੁਰਮਤਿ ਖੋਟ ਕਰਮਿ ਕਿਯ ਜੇਤਿਕ।

[†]ਪਾ:-ਜਾ ਬੈਠਾਰੇ। ਕਾਢੇ ਹਮ ਗਏ। ਕਰਿ ਬੈਠੇ ਹੈਂ।
[1]ਖੁਸ਼ੀ ਦੂਰ ਕਰਨ ਵਾਲੀ ਵਿਪਦਾ।

ਤਾਤਕਾਲ ਫਲ ਪਾਇਹੁ ਤੇਤਿਕ[1] ॥੭॥
ਸ਼ਰਣਿ ਪਰੇ ਹਮ† ਰਾਹਕ ਸਾਰੇ।
ਛਿਮਹੁ ਗੁਰੂ ਤੁਮ ਮਹਿਦ ਉਦਾਰੇ।'
ਸੁਨਿ ਸਤਿਗੁਰ ਤਿਨ ਦਿਸ਼ ਪਿਖਿ ਬਿਕਸੇ।
ਬਾਕ ਸੁਧਾ, ਸਸਿ ਮੁਖ ਤੇ[1] ਨਿਕਸੇ ॥੮॥
'ਸਭਿ ਜਗ ਮਿੱਥਜਾ ਰੂਪ ਨਿਹਰੈਂ।
ਹਮ ਕਾਹੂ ਸੰਗ ਬੈਰ ਨ ਕਰੈਂ।
ਮਿੱਥਜਾ ਮਾਨ ਅਪਰ ਅਪਮਾਨ[1]।
ਹਰਖ ਸ਼ੋਕ ਹਮ ਨਾਹਿਨ ਠਾਨਿ ॥੯॥
ਕਰਹਿ ਕਰਮ ਜਸ, ਤਸ ਫਲ ਪਾਵਹਿ।
ਬੁਰਾ ਭਲਾ ਨਿਸ਼ਫਲ ਨਹਿਂ ਜਾਵਹਿ।
ਮਿੱਥਜਾ ਮਹਿਂ ਗਜਾਨੀ ਨਹਿਂ ਰਚੇ।
ਸਾਚ ਸਰੂਪ ਬੀਚ ਨਿਤਿ ਮਚੇ ॥੧੦॥
ਦੁਬਿਧਾ[1] ਤੁਮ ਮਹਿਂ ਦੇਖੀ ਭੂਰਿ।
ਹਮ ਤਜਾਗਜੋ ਤਬਿ ਗ੍ਰਾਮ ਖਡੂਰ।
ਤੁਮ ਕੋ ਸੰਕਟ ਕੋਇ ਨ ਹੋਇ।
ਬਸਹੁ ਸਦਨ ਮੈਂ, ਸਭਿ ਸੁਖ ਜੋਇ ॥੧੧॥
ਹਮ ਤੋ ਜਹਿਂ ਬੈਠਹਿਂ ਹਰਖਾਵਹਿਂ।
ਕਿਤਿ ਤੇ ਪਾਇ ਨ ਕਿਤਹੁਂ ਗਵਾਵਹਿਂ[1]।
ਹਾਨ ਲਾਭ ਹਮਰੇ ਕਿਮ ਨਾਂਹੀ।
ਮੰਗਲ ਹੈ ਇਸ ਜੰਗਲ ਮਾਂਹੀ' ॥੧੨॥
ਸੁਨਿ ਰਾਹਕਿ ਗਹਿ ਪਦ ਅਰਬਿੰਦ।
'ਛਿਮਹੁ ਛਿਮਹੁ ਤੁਮ ਰੂਪ ਗੁਬਿੰਦ।
ਚਲਿ ਕੈ ਗ੍ਰਾਮ ਪ੍ਰਵੇਸ਼ਨ ਕੀਜੈ।
ਤਜਾਗ ਆਨ, ਨਿਜ ਥਾਨ ਬਸੀਜਹਿ ॥੧੩॥

[1]ਤਿਤਨਾ।
†ਪਾ:-ਅਬ।
[1]ਚੰਦ ਵਰਗੇ ਮੂੰਹ ਤੋਂ।
[1]ਮਾਨ ਅਤੇ ਅਪਮਾਨ ਮਿਥਿਆ ਹਨ, ਅਪਰ ਦਾ ਅਰਥ ਏਥੇ-ਅਤੇ-ਹੈ। (ਅ) ਦੂਸਰੇ ਦਾ ਅਨਾਦਰ (ਤੇ ਆਪਣਾ) ਮਾਨ ਝੂਠੇ ਹਨ। (ੲ) ਦੂਸਰੇ ਦਾ ਅਪਮਾਨ ਕਰਨਾ ਅਸਾਂ ਝੂਠਾ ਮੰਨਿਆ ਹੈ।
[1]ਵੈਰ ਭਾਵ।
[1]ਭਾਵ ਵਸਤੀ ਉਜਾੜ ਕਿਤੇ ਬੀ ਸਾਡਾ ਹਰਖ ਵਧਦਾ ਘਟਦਾ ਨਹੀਂ।

ਬਿਰਦ ਸੰਭਾਰਹੁ ਸ਼ੀਲ ਕ੍ਰਿਪਾਲ[1]।
ਬਖਸ਼ ਦੇਹੁ ਅਪਰਾਧ ਬਿਸਾਲ।'
ਬਿਹਸ ਕਹਜੋ ਪੁਨ ਸਹਿਜ ਸੁਭਾਇ।
'ਹਮਰੇ ਹਠ ਹੋਹਿ ਨ ਕਿਸ ਭਾਇ ॥੧੪॥
ਐਬੋ ਇਹਾਂ ਕਿ ਜੈਬੋ ਗ੍ਰਾਮ।
ਇਕ ਸਮ ਵਹਿਰ ਕਿ ਬੈਠਨਿ ਧਾਮ।
ਜੇਕਰਿ ਤੁਮ ਪ੍ਰਸੰਨ ਸਮੁਦਾਇ।
ਲੇ ਸੰਗ ਚਲਹੁ ਬਸਹਿਂ ਤਿਸ ਥਾਇਂ ॥੧੫॥
ਬਿਧਿ ਨਿਖੇਧ[1] ਹਮਰੈ ਕੁਛ[†] ਨਾਂਹੀ।
ਸਮੋ ਬਿਤਾਵਹਿਂ ਬੈਠਹਿਂ ਜਾਂਹੀ।
'ਸੁਨਿ ਹਰਖੇ ਨਰ ਉਰ ਸਮੁਦਾਈ।
ਕਹਿ ਕਰਿ ਸਤਿਗੁਰ ਲਿਏ ਉਠਾਈ ॥੧੬॥
ਸਿੱਖਜਨ ਸਿਰ ਪ੍ਰਯੰਕ ਉਚਵਾਏ[†]।
ਅਪਰ ਵਸਤੁ ਕਛੁ ਲੈ ਗਮਨਾਏ।
ਸ੍ਰੀ ਅੰਗਦ ਕੇ ਸੰਗ ਸਿਧਾਰੇ।
ਸਿੱਖਜ ਜਾਟ ਸਗਲੇ ਪਰਵਾਰੇ ॥੧੭॥
ਮਾਰਗ ਚਲੇ ਆਇ ਗੁਰੁ ਸ੍ਵਾਮੀ।
ਸਮ ਚਿਤ ਆਨੰਦ ਅੰਤਰਜਾਮੀ।
ਪੰਥ ਬਿਖੈ ਭੈਰੋ ਪੁਰ ਗ੍ਰਾਮੁ।
ਖੀਓ ਭੱਲੇ ਕੋ ਤਹਿਂ ਧਾਮੁ ॥੧੮॥
ਸੁਨਿ ਆਗਵਨਿ ਸਤਿਗੁਰੂ ਕੇਰਾ।
ਮਿਲਜੋ ਆਨ, ਕਰਿ ਭਾਉ ਘਨੇਰਾ।
ਬਹੁ ਬਿਨਤੀ ਜੁਤਿ ਬੰਦਨ ਕਰੀ।
ਕਹਿਤਿ ਭਯੋ 'ਸਫਲੀ ਇਹ ਘਰੀ ॥੧੯॥
ਟਿਕਹੁ ਆਪ ਮੈਂ ਲਜਾਉਂ ਅਹਾਰਾ।
ਅਚਵਹੁ, ਕਰੁਨਾ ਕਰਿਹੁ ਉਦਾਰਾ।
ਰਾਉ ਰੰਕ ਕੋ ਪਰਖਤਿ[†] ਕੋਇ ਨ[1]।
ਸਮਸਰ ਜਾਨਤਿ ਹੋ ਤੁਮ ਦੋਇਨਿ

[1]ਕ੍ਰਿਪਾਲੂ ਸੁਭਾਵ ਵਾਲਾ ਬਿਰਦ ਸੰਮ੍ਹਾਲੋ।

[1]ਕਿਸੇ ਕੰਮ ਕਰਨ ਦੀ ਆਗਜਾ ਵਿਧਿ ਹੈ, ਨਾ ਕਰਨੇ ਦੀ ਆਗਜਾ ਨਿਖੇਧਿ, ਭਾਵ ਹਾਂ, ਨਾਂ। [†]ਪਾ:-ਕਿਮ।

[†]ਪਾ:-ਉਠਾਏ

[1]ਭਾਵ ਫਰਕ ਨਹੀਂ ਕਰਦੇ ਹੋ। [†]ਪਾ:-ਪਰਖਨਿ, ਪਰਤੱਖ।

॥੨੦॥
ਭਾਉ ਬਿਲੋਕਹੁ ਭੋਜਨ ਖਾਤੇ।
ਲਾਲੋ ਘਰ ਸ਼੍ਰੀ ਨਾਨਕ ਜਾਂ ਤੇ।
ਦਿਜ ਬਾਹਜ ਬੈਸਨ[1] ਕੀ ਤਜਿ ਕੈ।
ਸੂਦ੍ਰ ਸਦਨ ਮਹਿਂ ਅਚਵਤਿ ਰਜ ਕੈ
॥੨੧॥
ਹੁਤੀ ਭੀਲਨੀ ਜਾਤਿ ਸਨਾਤਿ[1]।
ਰਾਮ ਚੰਦ੍ਰ ਤਿਸ ਕੇ ਫਲ ਖਾਤਿ।'
ਇਮਿ ਕਹਿ ਸਤਿਗੁਰ ਗ੍ਰਾਮ ਟਿਕਾਏ।
ਸਦਨ ਅਹਾਰ ਤਯਾਰ ਕਰਿਵਾਏ ॥੨੨॥
ਤੂਰਨ ਤਯਾਰੀ ਸਕਲ ਕਰਾਇ।
ਰਿਦੇ ਭਾਉ ਧਰਿ ਗੁਰ ਢਿਗ ਆਇ।
ਹਾਥ ਜੋਰਿ ਕਰਿ ਬਿਨੈ ਬਖਾਨੀ।
'ਭੋਜਨ ਭਯੋ ਤਯਾਰ ਗੁਨਖਾਨੀ ॥੨੩॥
ਪਦ ਅਰਬਿੰਦ ਸਦਨ ਮੁਝ ਪਾਈਏ।
ਸਭਿ ਸੰਗਤਿ ਅਪਨੇ ਸੰਗ ਲਯਾਈਏ।
ਆਸਾ ਪੂਰਨ ਕਰਹੁ ਗੁਸਾਈਂ।
ਔਚਕ ਆਵਨ ਭਯੋ ਕਦਾਈਂ[1]' ॥੨੪॥
ਭਾਉ ਜਾਨਿ ਤਿਹ ਰਿਦੇ ਘਨੇਰੇ।
ਚਲੇ ਸੰਗ ਜਿਸ ਭਾਗ ਬਡੇਰੇ।
ਜਲ ਛਿਰਕਾਇ ਸੁ ਬਸਤ੍ਰ ਬਿਛਾਏ।
ਊਪਰ ਚੌਂਕੀ ਚਾਰੁ ਡਸਾਏ ॥੨੫॥
ਤਿਸ ਪਰ ਬਸਤਰ ਬਹੁਰ ਬਿਛਾਵਾ।
ਸ਼੍ਰੀ ਅੰਗਦ ਕੋ ਤਹਾਂ ਬਿਠਾਵਾ।
ਥਾਲ ਬਿਸਾਲ ਕ੍ਰਿਪਾਲ ਅਗਾਰੀ।
ਖੀਰ ਖੰਡ ਘ੍ਰਿਤ ਊਪਰ ਡਾਰੀ ॥੨੬॥
ਅਪਨੇ ਹਾਥ ਪਰੋਸਯੋ ਤਾਂਹੀ।
ਗੁਰੂ ਅਚਹਿਂ ਹਰਖਹਿਂ ਮਨ ਮਾਂਹੀ।
ਸਭਿ ਸੰਗਤਿ ਕੋ ਦਿਯੋ ਅਹਾਰਾ।
ਤ੍ਰਿਪਤਾਏ ਅਚਿ ਸ੍ਵਾਦ ਉਦਾਰਾ ॥੨੭॥
ਸੀਤਲ ਪਾਨਿ ਪਾਨ ਕਰਿਵਾਵਾ।
ਸਭਿ ਹਰਖੇ ਮਨ ਬਾਂਛਤਿ ਪਾਵਾ।

[1]ਖੱਤ੍ਰੀ, ਵੈਸ਼।
[1]ਨੀਚ।
[1]ਕਦੇ ਕਦਾਈਂ।

ਚੁਰੀ ਕੀਨਿ ਅਰੁ ਹਾਥ ਪਖਾਰੇ।
ਭਏ ਗੁਰੂ ਚਲਿਬੇ ਕਹੁ ਤਜਾਰੇ ॥੨੮॥
ਤਬਿ ਸ੍ਰੀ ਅਮਰ† ਦਿਯੋ ਬਰ ਤਾਹੂ।
'ਹੁਇ ਸੰਤਤਿ ਤਵ ਬਡ ਸੁਖ ਪਾਹੂ[1]।

†ਪਾਠ 'ਸ੍ਰੀ ਅੰਗਦ' ਚਾਹੀਏ।

[1]ਗੁਰੂ (ਅੰਗਦ) ਜੀ ਦੀ ਆਗਯਾ ਨਾਲ ਤੀਸਰੇ ਗੁਰੂ ਜੀ ਨੇ।

ਗਮਨ ਕੀਨਿ ਤਬਿ ਗ੍ਰਾਮ ਖਡੂਰ।
ਰਾਹਕ ਆਦਿਕ ਸੰਗਤ ਭੂਰ ॥੨੯॥
ਅਪਨੇ ਆਸਨ ਆਨਿ ਅਸੀਨੇ।
ਸੁਨਜੋ ਸਭਿਨਿ ਮਿਲ ਦਰਸ਼ਨ ਕੀਨੇ।
ਸਭਿ ਕੇ ਮੰਗਲ ਭਯੋ ਬਿਸਾਲਾ।
ਕਰਿ ਬਰਖਾ ਪੁਨ ਬਸੇ ਕ੍ਰਿਪਾਲਾ ॥੩੦॥
ਨਹੀਂ ਸ੍ਰਾਪ ਕਿਸਹੂੰ ਕੋ ਦੀਨਾ।
ਸਭਿ ਅਪਰਾਧ ਬਖਸ਼ਬੋ ਕੀਨਾ।
ਪੂਜਨਿ ਲਗੇ ਬਹੁਰ ਗੁਰ ਚਰਨਾ।
ਜਿਨ ਕੇ ਸਿਮਰਨ ਜਨਮ ਨ ਮਰਨਾ ॥੩੧॥
ਪੁਨ ਸ੍ਰੀ ਅਮਰ ਗੁਰੂ ਬਚ ਨਾਲਿ।
ਗਮਨ ਕੀਨਿ ਮਗ ਗੋਇੰਦਵਾਲ।
ਕੇਤਿਕ ਹੁਤੇ ਸਿੱਖਜ ਤਬਿ ਸੰਗ।
ਪਾਛਲ ਦਿਸ਼ ਗਮਨਹਿਂ ਤਿਸ ਢੰਗ ॥੩੨॥
ਮਾਰਗ ਬਿਖੈ ਹਾਡ ਇਕ ਮਾਨਵ।
ਪਰਜੋ ਹੁਤੋ ਕਬਿ ਕੋ ਨਹਿਂ ਜਾਨਵ[1]।
ਲਗਜੋ ਚਰਨ ਪਾਛਲ ਦਿਸ ਜਾਂ ਤੇ।
ਕਰਾਮਾਤ ਜਿਨਿ ਮਹਿਂ ਅਧਿਕਾਤੇ ॥੩੩॥

[1]ਨਹੀਂ ਜਾਣਿਆਂ ਜਾਂਦਾ।

ਨਰਕ ਬਿਖੈ ਤੇ ਨਿਕਸਜੋ ਪਾਪੀ।
ਦੁਸਹਿ ਸਜ਼ਾਇ ਸਕਲ ਹੀ ਖਾਪੀ[1]।
ਤਤਛਿਨ ਮਾਨੁਖ ਤਨ ਹੁਇ ਗਯੋ।
ਜੋ ਨਿਰਜੀਵ ਸਜੀਵੀ ਥਿਯੋ ॥੩੪॥
ਸਭਿ ਕੇ ਦੇਖਤਿ ਗਮਨਜੋ ਕਿਤੈ।
ਅਚਰਜ ਲਖਜੋ ਸੰਗਥੇ ਜਿਤੈ।

[1]ਕਠਨ ਸਜ਼ਾਇ ਸਾਰੀ ਉਸ ਦੀ ਨਾਸ਼ ਹੋਈ।

ਅਮਰਦਾਸ ਨਿਜ ਸਹਜਿ ਸੁਭਾਇ।
ਗੋਇੰਦਵਾਲ ਗਏ ਨਿਜ ਥਾਇੰ ॥੩੫॥
ਨਿਸਾ ਬਿਤਾਈ ਬਸੇ ਨਿਕੇਤ।
ਚਲੇ ਪ੍ਰਾਤਿ ਕੋ ਦਰਸ਼ਨ ਹੇਤ[1]। — [1]ਭਾਵ, ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨਾਂ ਲਈ।
ਜਾਇ ਬੰਦਨਾ ਕੀਨਿ ਅਗਾਰੀ।
ਬੈਠੇ ਸੰਗਤਿ ਕੇਰ ਮਝਾਰੀ ॥੩੬॥
ਹੁਤੇ ਸੰਗ ਸਿਖ ਕਿਨਹੁ ਬਖਾਨਾ।
'ਗੁਰ ਜੀ! ਅਚਰਜ ਪਿਖ੍ਯੋ ਮਹਾਂਨਾ।
ਜਾਤਿ ਹੁਤੇ ਹਮ ਗੋਇੰਦਵਾਲ।
ਮਗ ਸ੍ਰੀ ਅਮਰਦਾਸ ਕੇ ਨਾਲ ॥੩੭॥
ਅਸਥੀ[1] ਏਕ ਚਰਨ ਸੰਗ ਛੁਹ੍ਯੋ। — [1]ਹੱਡੀ।
ਤਾਤਕਾਲ ਨਰ ਤਨਬਨਿ ਗਯੋ।
ਜੀਵ ਉਠ੍ਯੋ ਗਮਨ੍ਯੋ ਜਿਤ ਚਾਹੂ।
ਇਨਹੁ ਨ ਕਹ੍ਯੋ ਸੁਨ੍ਯੋ ਕੁਛ ਤਾਂਹੂ'
॥੩੮॥
ਸ਼੍ਰੀ ਅੰਗਦ ਸੁਨਿ ਕੈ ਤਿਨ ਪਾਸੁ।
ਨਿਕਟ ਬੁਲਾਇ ਆਪਨੋ ਦਾਸੁ[1]। — [1]ਭਾਵ ਸ਼੍ਰੀ ਅਮਰਦਾਸ ਜੀ ਨੂੰ।
ਨੀਕੀ ਬਿਧਿ ਸਮਝਾਵਨ ਕਰ੍ਯੋ।
'ਤੁਮਰੇ ਚਰਨ ਪਦਮ ਬਿਧਿ[†] ਧਰ੍ਯੋ[1] — [1]ਕਵਲ ਦਾ ਚਿੰਨ੍ਹ ਵਿਧਾਤਾ ਨੇ ਧਰਿਆ ਹੈ। [†]ਪਾ:-ਬਿਧ।
॥੩੯॥
ਪੁਨ ਗੁਰ ਘਰ ਕੀ ਸੇਵ ਕਮਾਈ।
ਸਰਬ ਭਾਂਤਿ ਕਰਿ ਭਾ ਅਧਿਕਾਈ।
ਮਹਿਮਾ ਜਾਨਿ ਸਕਹਿਂ ਨਰ ਨਾਂਹੀ।
ਜੇਤਿਕ ਸ਼ਕਤਿ ਅਹੈ ਤੁਵ ਮਾਂਹੀ ॥੪੦॥
ਸੰਤਨ ਮਤਿ -ਅਜ਼ਮਤਿ ਬਿਦਤਾਇ ਨ[1]- — [1]ਨਹੀਂ।
।
ਤੋਹਿ ਰਿਦੇ ਮਹਿਂ ਭੀ ਇਹ ਭਾਇ ਨ[1]। — [1]ਨਹੀਂ ਭਾਉਂਦੀ ਹੈ।
ਤਊ ਅਚਾਨਕ ਨਰ ਮ੍ਰਿਤੁ ਜੀਵ੍ਯੋ।
ਲੋਕਨ ਮਹਿਂ ਅਚਰਜ ਅਤਿ ਥੀਵ੍ਯੋ
॥੪੧॥
ਸਹਜਿ ਸੁਭਾਇਕ ਤੁਮ ਨਿਤਿ ਆਵੋ।
ਇਸ ਪ੍ਰਕਾਰ ਪੁਨ ਅਪਰ ਜਿਵਾਵੋ।

ਜਗ ਮਹਿਂ ਬਿਥਰਹਿ ਨਹਿਂ ਇਹੁ ਆਛੀ।
ਮਤਿ ਸੰਤਨ ਮਹਿਂ ਨਾਹਨ ਬਾਂਛੀ[1] ॥੪੨॥
ਯਾਂ ਤੇ ਅਬ ਮੇਰੀ ਸਿਖ ਮਾਨਿ।
ਦ੍ਰਿੜ ਰਾਖਹੁ, ਨਹਿਂ ਤਜਾਗਨ ਠਾਨਿ।
ਜਬਿ ਦਰਸ਼ਨ ਕੀ ਹੁਇ ਉਰ ਪਯਾਸ।
ਹਮ ਚਲਿ ਆਵਹਿਂਗੇ ਤੁਮ ਪਾਸ ॥੪੩॥
ਅਜਮਤਿ ਬਿਦਤ ਜਗਤ ਨਹਿਂ ਹੋਇ।
ਮੇਰੇ ਮਨ ਭਾਵਹਿ ਬਿਧਿ ਸੋਇ।
ਤੁਮਹੀ ਨਿਤਿ ਐਸੇ ਹੀ ਕਰਨੋ।
ਜੋ ਸੰਤਨ ਕੇ ਮਤਿ ਸ਼ੁਭ ਬਰਨੋ' ॥੪੪॥
ਸਨਿ ਸ਼੍ਰੀ ਅਮਰਦਾਸ ਕਰ ਬੰਦਿ।
ਕਹਜੋ ਬਚਨ 'ਸ਼੍ਰੀ ਗੁਰੂ ਮੁਕੰਦ।
ਜੋ ਤੁਮ ਕੋ ਭਾਵਹਿ ਭਲਿ ਸੋਈ।
ਕਰਹਿ ਅਪਰ ਸੁਖ ਪਾਇ ਨ ਕੋਈ[1] ॥੪੫॥
ਅਰ ਮੈਂ ਤੋ ਚਰਨਨਿ ਕੋ ਦਾਸੁ।
ਤ੍ਰਿਪਤੋਂ ਨਹਿਂ ਤੁਮ ਦਰਸ ਪਿਆਸ।
ਆਗੈ ਸ਼੍ਰੀ ਸਤਿਗੁਰ ਜੋ ਭਾਵੈ।
ਸੋ ਆਛੀ ਹਮ ਕੋ ਬਨਿ ਆਵੈ' ॥੪੬॥

ਦੋਹਰਾ:
ਸੀਖ ਧਾਰਿ ਉਰ ਦ੍ਰਿੜ ਕਰੀ,
ਪੁਨ ਆਇਸੁ ਕੇ ਨਾਲਿ।
ਸੰਝ ਸਮੈਂ ਪਾਛਲ ਪਗਨਿ,
ਪਹੁਂਚੇ ਗੋਇੰਦਵਾਲਿ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਪੁਨ ਖਡੂਰ ਆਵਨ' ਪ੍ਰਸੰਗ ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥੨੪॥

[1]ਪਸੰਦ ਨਹੀਂ।

[1]ਭਾਵ ਜੋ ਤੁਹਾਨੂੰ ਭਾਵੇ ਉਸ ਤੋਂ (ਹੋਰ =) ਉਲਟ ਕਰਕੇ ਕੋਈ ਸੁਖੀ ਨਹੀਂ ਹੋ ਸਕਦਾ।

## ੨੫. [ਸ੍ਰੀ ਅਮਰ ਜੀ ਦੀ ਗੁਰ ਦਰਸ਼ਨ ਲਈ ਸਿੱਕ ਤੇ ਗੁਰੂ ਜੀ ਦਾ ਮਿਲਾਪ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਕੇਤਿਕ ਦਿਨ ਬੀਤੇ ਜਬਹਿ, ਗੁਰੁ ਦਰਸ਼ਨ ਨਹਿਂ ਕੀਨ।
ਜੋ ਨਿਤ ਪ੍ਰਤਿ ਨਿਕਟੀ ਰਹੈਂ, ਹੋਇ ਪ੍ਰੇਮ ਆਧੀਨ ॥੧॥

ਚੌਪਈ:

ਤਿਨ ਕੋ ਬਿਨ ਦੇਖੇ ਦਿਨ ਬੀਤੇ।
ਕੁਤੋ ਸ਼ਾਂਤਿ ਕਰਿ ਚੀਤਿ ਪ੍ਰਤੀਤੇ[1]।
ਤਰਫਤਿ ਰਾਤ ਨੀਂਦ ਨਹਿਂ ਆਵੈ।
ਦਿਨ ਮਹਿਂ ਰੁਚਿ ਕਰਿ ਅਸਨ ਨ ਪਾਵੈਂ ॥੨॥

[1]ਚਿੱਤ ਕਿਵੇਂ ਸ਼ਾਂਤੀ ਪ੍ਰਤੀਤ ਕਰੇ।

ਖਾਨ ਪਾਨ ਸੋਂ ਨਹੀਂ ਸਨੇਹੁ।
ਪਦ ਅਰਬਿੰਦਨਿ ਪ੍ਰੇਮ ਅਛੇਹੁ[1]।
ਸਭਿ ਸੋਂ ਉਦਾਸੀਨ ਰਹਿਂ ਬੈਸੇ।
ਨਹਿਂ ਰੁਚਿ ਬੋਲਨ, ਸੁਨਹਿਂ ਨ ਕੈਸੇ ॥੩॥

[1]ਇਕ ਰਸ। [ਸੰਸ:] ਅਚੇਛਦ = ਨਾ ਟੁੱਟਣ ਵਾਲ਼ਾ।

-ਮਨ ਸਿਮਰਨ ਕਰਿ ਕਰੋਂ ਹਕਾਰਨ[1]।
ਨਿਸ਼ਚੈ ਆਵਹਿਂਗੇ ਮਮ ਕਾਰਨ।
ਤਊ ਤਿਨਹੁ ਕੋ ਸ਼੍ਰਮ[2] ਮਗ ਹੋਇ।
ਇਹੁ ਮੇਰੇ ਚਿਤ ਰੁਚਹਿ ਨ ਕੋਇ ॥੪॥

[1]ਮਨ ਵਿਚ ਯਾਦ ਕਰਕੇ ਸੱਦਣਾ ਕਰਾਂ, ਤਦ।
[2]ਥਕਾਨ।

ਦਰਸ਼ਨ ਬਿਨਾਂ ਸ਼ਾਂਤਿ ਕਿਮ ਧਾਰੈਂ-।
ਇਮ ਅਸਮੰਜਸੁ ਰਿਦੈ ਬਿਚਾਰੈਂ।
-ਜਾਇ ਖਡੂਰ ਨਿਹਾਰਨ ਕਰਿਹੋਂ।
ਹੁਕਮ ਮਿਟਹਿ ਅਪਰਾਧ ਬਿਚਰਿਹੋਂ[1]- ॥੫॥

[1]ਵਿਚਾਰਦਾ ਹਾਂ।

ਮਨ ਮਹਿਂ ਅਨਗਿਨ ਠਾਨਹਿਂ ਗਿਣਤੀ।
ਨਿਸ ਦਿਨ ਭਨਹਿਂ ਦੀਨ ਬਨਿ ਬਿਨਤੀ।
ਚਿਤ ਚਟਿਪਟੀ[1] ਲਗਤਿ ਅਧਿਕਾਈ।
-ਕਰੋਂ ਕਹਾਂ ਕੁਛ ਕਰੀ ਨ ਜਾਈ- ॥੬॥

[1]ਬਚੈਨੀ, ਆਤੁਰਤਾ।

ਉਤ ਸ਼੍ਰੀ ਅੰਗਦ ਜਗ ਗੁਰ ਸ੍ਵਾਮੀ।
ਦਾਸ ਰਿਦੈ ਲਖਿ ਅੰਤਰਜਾਮੀ।

ਬਢੀ ਪਯਾਸ ਜਿਹ ਸ਼ਾਂਤਿ ਨ ਆਵਤਿ।
ਸੁਕਚਤਿ ਚਿਤ ਕਰਿ ਨਹੀਂ ਬੁਲਾਵਤਿ[1] ॥੭॥

[1]ਚਿੱਤ ਵਿਚ ਸੰਕੋਚ ਕਰਦੇ ਹਨ, (ਕਿ ਖੇਚਲ ਨਾ ਹੋਵੇ ਇਸ ਕਰਕੇ) ਬੁਲਾਂਵਦੇ ਨਹੀਂ (ਸਾਨੂੰ ਭਾਵ ਗੁਰੂ ਅੰਗਦ ਜੀ ਨੂੰ)।

ਅਸਮੰਜਸ ਮਹਿਂ ਸੇਵਕ ਪਰਿਓ।
ਅਪਨੋ ਬਿਰਦ ਸੰਭਾਰਨ ਕਰਿਓ।
ਜਿਮਿ ਚਾਤ੍ਰਿਕ ਕੀ[1] ਪਯਾਸ ਬਿਚਾਰੁ।

[1]ਪਪੀਹੇ ਦੀ।

ਜਲਧਰ[1] ਧਾਵਹਿ ਕਰੁਨਾਧਾਰਿ ॥੮॥

[1]ਬੱਦਲ।

ਬੂਝਿ ਪ੍ਰੇਮ[1] ਨਿਜ ਬਚਨ ਸਮ੍ਹਾਲਾ।

[1]ਪ੍ਰੇਮ ਦੇਖ ਕੇ।

ਉਠਿ ਕਰਿ ਗਮਨੇ ਦਯਾਲ ਬਿਸਾਲਾ†।

†ਪਾ:-ਦਯਾ ਬਿਸਾਲਾ।

ਰਹ੍ਯੋ ਨਿਕਟਿ ਜਬਿ ਗੋਇੰਦਵਾਲੁ।
ਲਖਿ ਸ਼੍ਰੀ ਅਮਰ ਉਠੇ ਤਤਕਾਲੁ ॥੯॥
ਹਿਤ ਸਨਮਾਨ ਅਗਾਰੀ ਗਏ।
ਮਨਹੁ ਪ੍ਰੇਮ ਧਰਿ ਮੂਰਤਿ ਧਏ।
ਦੇਖਿ ਦੂਰ ਤੇ ਦ੍ਰਿਗ ਜਲ ਛਾਏ।
ਧਾਇ ਪਰੇ ਚਰਨਨਿ ਲਪਟਾਏ ॥੧੦॥
ਪਕਰਿ ਭੁਜਾ ਗਰ ਸੰਗ ਲਗਾਇਵ।
ਦੁਹ ਦਿਸ਼ ਪ੍ਰੇਮ ਅਧਿਕ ਉਮਗਾਇਵ।
ਕਰ ਸੋਂ ਕਰ ਗਹਿ ਕਰਿ ਪੁਨ ਚਲੇ।
ਗਯਾਨ ਵਿਰਾਗ ਮਨਹੁ ਦੋ ਮਿਲੇ ॥੧੧॥
ਪੁਰਿ ਮਹਿਂ ਨਹੀਂ ਪ੍ਰਵੇਸ਼ਨ ਕੀਨਸਿ।
ਸਲਿਤਾ ਕੂਲ ਲਲਿਤ ਕੋ ਚੀਨਸਿ।
ਜਹਾਂ ਬਿਹੰਗਨ ਕੇ ਸ਼ੁਭ ਜੋਟੇ।
ਬੋਲਤਿ ਆਪਸ ਮਹਿਂ ਸੁਰ ਛੋਟੇ[1] ॥੧੨॥

[1]ਮਹੀਨ ਅਵਾਜ਼ ਨਾਲ ਬੋਲਦੇ।

ਚਲਤਿ ਪ੍ਰਵਾਹ ਬਿਮਲ ਜਲਜਾਲਾ।
ਮਛ ਕਛ ਉਛਰਤਿ ਸ੍ਰਿੱਛ ਬਿਸਾਲਾ।
ਸੁੰਦਰ ਹੁਤੋ ਸਥਾਨ ਉਤੰਗਾ[1]।

[1]ਉੱਚਾ।

ਸਿਕਤਾ ਮ੍ਰਿਦੁਲ[1] ਪੁਲਨਿ[2] ਜਨੁ ਗੰਗਾ ॥੧੩॥

[1]ਕੋਮਲ ਰੇਤ। [2]ਕਿਨਾਰਾ (ਅ) ਬ੍ਰੇਤਾ।

ਲਲਿਤ ਸੁਥਲ ਪਿਖਿ ਬੈਠੇ ਜਾਈ।
ਸ਼੍ਰੀ ਅੰਗਦ ਸੇਵਕ ਸੁਖਦਾਈ।
ਲੋਚਨ ਪੁਟ ਤੇ ਅੰਮ੍ਰਿਤ ਰੂਪ[1]।

[1]ਨੇਤਰਾਂ (ਰੂਪੀ) ਡੂਨਿਆਂ ਨਾਲ ਸੁੰਦਰਤਾ (ਰੂਪੀ) ਅੰਮ੍ਰਿਤ।

ਕਰਤਿ ਪਾਨ ਸ਼੍ਰੀ ਅਮਰ ਅਨੂਪ ॥੧੪॥
ਤ੍ਰਿਪਤ ਨ ਹੋਤਿ ਹੇਰਿ ਜਨੁ ਜੀਵਤਿ।
ਅਤਿ ਹਰਖਤਿ ਚਿਤ ਸ਼ਾਂਤੀ ਥੀਵਤਿ।
ਨੀਚੇ ਥਲ ਸਨਮੁਖ ਹੁਇ ਬੈਸੇ।
ਬਾਸਦੇਵ[1] ਅਰਜਨ ਜੁਗ ਜੈਸੇ ॥੧੫॥
[1]ਕ੍ਰਿਸ਼ਨ।
ਮਹਿਮਾ ਮਹਾਂ ਲਖੀ ਨਹਿਂ ਪਰੇ।
ਅੰਮ੍ਰਿਤ ਬਚਨ ਗਜਾਨ ਰਸ ਭਰੇ।
'ਹੇ ਪੁਰਖਾ! ਤੁਮ ਹੋ ਮਮ ਰੂਪ।
ਭੇਦ ਨ ਜਾਨਹੁ ਤਨਕ, ਅਨੂਪ![1] ॥੧੬॥
[1]ਹੈ ਉਪਮਾਂ ਤੋਂ ਰਹਤ।
ਸਦਾ ਰਿਦੇ ਬਾਸਤਿ ਹੋ ਮੇਰੇ।
ਤੁਝ ਸੋਂ ਪਜਾਰ ਸਦੀਵ ਬਡੇਰੇ।
ਆਤਮ ਗਜਾਨ ਸਦੀਵ ਬਿਚਾਰਹੁ।
ਨਾਨਾ ਭੇਦ ਰਿਦੇ ਨਿਰਵਾਰਹੁ ॥੧੭॥
ਦੇਹਨਿ ਕੇਰ ਸਨੇਹੁ ਅਛੇਹਾ[1]।
[1]ਅਛੇਹ ਨੇਹ = ਲਗਾਤਾਰ ਯਾ ਨਾ ਟੁੱਟਣ ਵਾਲਾ ਪਿਆਰ।
ਮਿੱਥਜਾ ਅਹੈ ਨ ਰਾਖਹੁ ਏਹਾ।
ਆਦਿ ਅੰਤ ਮਹਿਂ ਜੋ ਨਹਿਂ ਪੱਯਤਿ।
ਮੱਧਜ ਸੱਤਜ ਸੋ ਕੈਸੇ ਲਹਿਯਤਿ ॥੧੮॥
ਜੋ ਉਪਜਹਿ ਸੋ ਬਿਨਸਨਿ ਹਾਰੋ।
ਲਖਿ ਤਾਂ ਕੋ ਮਿੱਥਜਾ ਨਿਰਵਾਰੋ[1]।
[1]ਹਟਾ ਦਿਓ।
ਇਸ ਮਹਿਂ ਸੰਕਟ ਅਨਿਕ ਪ੍ਰਕਾਰ।
ਨਾਸ਼ਵੰਤ ਦ੍ਰਿਸ਼ਮਾਨ ਸੰਸਾਰ ॥੧੯॥
ਜਿਸ ਕੋ ਇਹੁ ਅਲੰਬ ਨਿਤ ਭਾਸੇ।
ਸੋ ਬਿਨ ਆਦਿ ਨ ਅੰਤ ਪ੍ਰਕਾਸ਼ੇ।
ਕਾਲ ਸਪਰਸ਼ਹਿ ਜਾਂਹਿ[1] ਨ ਕਜੋਹੂੰ।
[1]ਜਿਸ ਨੂੰ।
ਆਦਿ ਅੰਤ ਮਧਿ ਇਕ ਰਸ ਤਜੋਂ ਹੂੰ ॥੨੦॥
ਸੋ ਤੂੰ ਅਪਨੋ ਰੂਪ ਪਛਾਨ।
ਏਕ ਆਤਮਾ ਮਹਿਦ ਮਹਾਂਨ।
ਸਤਿ ਚੇਤਨ ਆਨੰਦ ਸੋ ਬ੍ਰਹਮ।
ਬਿਸ਼ੈ ਨ ਇੰਦ੍ਰੀ ਕੋ[1] ਨਿਰਭਰਮ ॥੨੧॥
[1]ਇੰਦਰੀਆਂ ਦਾ ਵਿਸ਼ੇ ਨਹੀਂ (ਆਤਮਾ), ਭਾਵ ਇੰਦਰੀਆਂ ਕਰਕੇ ਨਹੀਂ ਜਾਣੀਦਾ।
ਬਿਛਰਨ ਮਿਲਨ ਨ ਜਿਸ ਮੈ ਪੱਯਤਿ।

ਬਜਾਪਕ ਨਭ[1] ਸਮ ਸਭਿ ਥਲ ਲਹਿਯਤਿ।
ਜਨਮ ਨ ਮਰਨ ਨ ਸ਼ੋਕ ਨ ਹਰਖਾ।
ਦੁੰਦ ਬਿਹੀਨ ਸੁਬੁਧਿ ਕਰਿ ਪਰਖਾ[1] ॥੨੨॥

[1]ਅਕਾਸ਼।

[1]ਦ੍ਵੰਦਾਂ ਤੋਂ ਰਹਤ ਹੈ, (ਸੁ =) ਜੋ ਬੁੱਧੀ ਦੀ ਪਰਖ ਕਰਦਾ ਹੈ। (ਅ) (ਸੁ+ਬੁਧੀ =) ਆਤਮ ਵਿਸ਼ੈਣੀ ਬੁਧੀ ਨਾਲ ਓਸ ਨੂੰ ਪਰਖਿਆ ਜਾਂਦਾ ਹੈ।

ਅਹੰਬ੍ਰਹਮ ਅੱਦ੍ਵੈ ਘਨਰੂਪ[1]।
ਇਹੁ ਬ੍ਰਿਤਿ ਨਿਸ਼ਚਲ ਧਰਹੁ ਅਨੂਪ।
ਲੋਕਨ ਕੋ ਸਿਖਵਨਿ[1] ਹਿਤ ਬਾਹਰ।
ਹਮ ਹੈਂ ਦਾਸ ਪ੍ਰਭੂ ਕੇ ਜ਼ਾਹਰ ॥੨੩॥

[1]ਜਿਸ ਦੇ ਕੋਈ ਹਿੱਸੇ ਨਾ ਹੋ ਸੱਕਣ।

[1]ਸਿੱਖਯਾ।

ਭਗਤਿ ਬਿਥਾਰਹੁ ਸੰਗਤਿ ਮਾਂਹੂ।
ਚਲਹਿਂ ਸਿੱਖ ਪਿਖ ਕਰਿ ਤੁਮ ਰਾਹੂ।'
ਇੱਤਜਾਦਿਕ ਕਹਿ ਗੁਰੂ ਸੁਜਾਨਾ।
ਅਹੰਬ੍ਰਹਮ ਦ੍ਰਿੜ ਆਤਮ ਗਜਾਨਾ[†] ॥੨੪॥

[†]ਐਸੇ ਉਪਦੇਸ਼ ਇਕ ਗਜਾਨੀ ਦੂਸਰੇ ਨੂੰ ਦੇਂਦਾ ਹੈ। ਆਪ ਕਵਿ ਜੀ ਗੁਰੂ ਸਾਹਿਬਾਨ ਨੂੰ ਜੋਤਿ ਰੂਪ ਤੇ ਵਾਹਿਗੁਰੂ ਰੂਪ ਦੱਸਦੇ ਆਉਂਦੇ ਹਨ, ਸੋ ਜੋ ਆਪ ਹਨ ਉਹੋ ਹਨ, ਓਹ ਦੋਵੇਂ ਗਜਾਨ ਸਰੂਪ ਹਨ, ਉਨ੍ਹਾਂ ਵਿਚ ਗਜਾਨ ਇਉਂ ਨਹੀਂ ਆਉਂਦਾ ਜਿਵੇਂ ਜੀਵਾਂ ਵਿਚ। ਕਵਿ ਜੀ ਇਹ ਲੋਕਾਂ ਦੇ ਸਮਝਾਉਣ ਲਈ ਆਪਣੇ ਅਨੁਭਵ ਕੀਤੇ ਵੇਦਾਂਤਕ ਗਜਾਨ ਨੂੰ ਵਰਣਨ ਕਰਦੇ ਹਨ। ਗੋਬਿੰਦ ਰੂਪ ਗੁਰੂ ਅੰਗਦ ਜੀ ਨਾਲ ਜਜੋਤੀ ਸਰੂਪ ਸ੍ਰੀ ਅਮਰ ਦੇਵ ਜੀ ਦਾ ਪ੍ਰੇਮ ਅੱਗਜਾਨ ਵਾਲਾ ਪ੍ਰੇਮ ਨਹੀਂ, ਇਹ ਉਹ ਪ੍ਰੇਮ ਹੈ ਜਿਸ ਬਿਨਾਂ ਸ੍ਰੇਸ਼ਟ ਗਜਾਨੀ ਨੂੰ ਬੀ 'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।' [ਗਉੜੀ ਬਾਃ ਅਖਃ ਮਃ ੫-੧੬]
ਜਿਥੇ ਵੇਦਾਂਤ ਅਟਕ ਖਲਾ ਸੀ, ਗੁਰ ਨਾਨਕ ਨੇ ਗਜਾਨ ਨੂੰ ਉਸ ਤੋਂ ਅਗੇ ਟੋਰਿਆ ਸੀ, ਉਹ ਦਾਤ ਦੂਸਰੇ ਗੁਰੂ ਜੀ ਤੀਸਰੇ ਗੁਰੂ ਜੀ ਨੂੰ ਦੇ ਰਹੇ ਸੀ।

ਕੀਨਿ ਆਪਨੇ ਸਦ੍ਰਿਸ਼ ਕ੍ਰਿਪਾਲਾ।
ਜਿਮਿ ਮਸਾਲ ਤੇ ਜਗਹਿ ਮਸਾਲਾ।
ਕਹਿਂ ਲਗ ਕਹਉਂ ਸੁ ਬਚਨ ਬਿਲਾਸ।
ਕਰੇ ਬੈਠਿ ਸਤਿਗੁਰ ਸੰਗ ਦਾਸ ॥੨੫॥
ਬਹੁਰ ਉਠੇ ਤਹਿਂ ਤੇ ਜਗ ਨਾਥਾ।
ਸਹਿਤ ਪ੍ਰੇਮ ਗਹਿ ਸੇਵਕ ਹਾਥਾ।
'ਧੰਨ ਧੰਨ' ਭਾਖਤਿ ਸੰਗ ਜਾਂ ਤੇ[1]।
ਬਾਰ ਬਾਰ ਦਰਸ਼ਨ ਨਿਰਖਾਤੇ[1] ॥੨੬॥

[1]ਨਾਲੇ ਜਾਂਦੇ ਹਨ (ਸ੍ਰੀ ਅਮਰ ਜੀ)।

[1]ਵੇਖਦੇ।

ਪੰਥ ਬਰੋਬਰ ਗਮਨੇ ਜਾਹਿਂ।
ਗਹਿ ਕਰਿ ਦਾਹਨ ਕਰ ਕਰ ਮਾਂਹਿ[1]।
ਬਾਮ ਹਾਥ ਸ਼੍ਰੀ ਅਮਰ ਸੁਭਾਇਕ[1]।
ਲਟਕਤਿ ਜਾਤਿ ਸੁ ਤਰੇ ਡੁਲਾਇਕ[1]

[1]ਸੱਜੇ ਹੱਥ ਵਿਚ ਹੱਥ ਫੜ ਕਰਕੇ।

[1]ਸਹਿਜ ਸੁਭਾਵ ਹੀ।

[1]ਡੋਲਦਾ ਜਾਂਦਾ ਹੈ।

॥੨੭॥
ਇਸ ਬਿਧਿ ਆਵਤਿ ਪੰਥ[1] ਖਡੂਰੇ। — [1]ਰਾਸਤਾ।
ਸੇਵਕ ਸੰਗ ਲੀਏ ਗੁਰ ਪੂਰੇ।
ਕਿਤਿਕ ਰਾਹ ਚਲਿ ਕਰਿ ਜਬਿ ਆਏ।
ਤਬਿ ਸ੍ਰੀ ਅਮਰ ਜੀ ਭੁਜਾ ਡੁਲਾਏ ॥੨੮॥
ਭਈ ਅਚਾਨਕ ਗੁਰ ਕੇ ਆਗੇ।
ਦੇਖਤਿ ਅਮਰ ਦਾਸ ਵਡਭਾਗੇ।
ਬਢੀ ਚਿੰਤ ਚਿਤ ਦਾਰੁਨ[1] ਭਾਰੀ। — [1]ਭਜਾਨਕ।
-ਮਹਾਂ ਅਵੱਗਜਾ ਗੁਰ ਕੀ ਧਾਰੀ ॥੨੯॥
ਬਾਮ ਬਾਂਹ ਭੀ ਡੋਲ ਅਗਾਰੇ।
ਸਤਿਗੁਰ ਇਸ ਨੇ ਕੀਨ ਪਿਛਾਰੇ-।
ਲਖਿ ਅਪਰਾਧ ਸੁ ਭੁਜਾ ਬਿਸਾਰੀ।
ਤੂਰਨ ਸੁਕਚਾਵਨ ਕੋ ਧਾਰੀ[1] ॥੩੦॥ — [1]ਸੰਕੋਚ ਧਾਰਿਆ।
ਛਾਤੀ ਸੰਗ ਲਾਇ ਸੋ ਲੀਨਸਿ।
ਤਿਸ ਛਿਨ ਨੇਮ ਏਵ ਕਰਿ ਲੀਨਸਿ।
-ਅਬਿ ਇਸ ਕੋ ਅਪਨੀ ਨਹਿਂ ਜਾਨੋਂ।
ਕੀਨੋ ਗੁਰ ਅਪਰਾਧ ਪਛਾਨੋਂ ॥੩੧॥
ਕਾਰਜ ਇਸ ਕੇ ਸਾਥ ਨ ਕਰੌਂ।
ਨਹਿਂ ਮਮਤਾ[1] ਕੋ ਮਨ ਮਹਿਂ ਧਰੋਂ-। — [1]ਕਿ ਇਹ ਮੇਰੀ ਹੈ।
ਜਬਿ ਲਗ ਮਹਿ ਮਹਿਂ[1] ਤਨ ਕੌ ਧਾਰੌਂ[†]। — [1]ਧਰਤੀ ਵਿਚ। [†]ਪਾ:-ਧਾਰਜੋ।
ਤਿਸ ਕੇ ਸੰਗ ਨ ਕਛੂ ਸੁਧਾਰੌਂ[†]- ॥੩੨॥ — [†]ਪਾ:-ਸੁਧਾਰਜੋ।
ਛਾਤੀ ਸਾਥ ਲਾਇ ਸੋ ਹਾਥ।
ਚਲੇ ਜਾਤਿ ਸੰਗ ਸ੍ਰੀ ਗੁਰ ਨਾਥ।
ਏਕ ਹਾਥ ਦਾਹਨ ਤੇ ਤਬਿਹੂੰ।
ਕ੍ਰਿਯਾ ਸੁਧਾਰਤਿ ਭੇ ਤਨ ਸਬਿਹੂੰ ॥੩੩॥
'ਜੇਤਿਕ ਤਨ ਆਦਿਕ ਕੀ ਕਾਰੇ[1]। — [1]ਸਰੀਰ ਦੀ ਕਿਰਿਆ।
ਨਹੀਂ ਬਾਮ ਸੋਂ ਕਬਹੂੰ ਸੁਧਾਰੇ।'
ਇਹੁ ਸ੍ਰੀ ਅਮਰ ਕਹਜੋ[†], ਕਸ ਕਰੀ[1]। — [1]ਕਾਬੂ ਕੀਤੀ (ਅ) ਤਾੜਨਾ ਕੀਤੀ (ੲ) ਕੈਸੀ ਕੀਤੀ ਭਾਵ ਕਿਉਂ ਕੀਤੀ? (ਉਤ੍ਰ) ਕਿ ਉਨ੍ਹਾਂ ਨੇ ਅੰਗ ਅੰਗ ਵਿਚ ਗੁਰ ਭਗਤੀ ਧਾਰਨ ਕਰ ਰੱਖੀ ਸੀ। [†]ਪਾ:-ਕਹੋ।
ਅੰਗ ਅੰਗ ਗੁਰ ਭਗਤੀ ਧਰੀ[1] ॥੩੪॥ — [1]ਭਾਵ ਗੁਰ ਅੰਗਦ ਜੀ ਨੇ ਉਨ੍ਹਾਂ ਦਾ ਹੱਥ ਸੰਕੋਚਿਆ ਦੇਖ ਕੇ ਭਗਤੀ ਭਾਵ ਸਮਝ ਕੇ 'ਧੰਨ ਧੰਨ' ਆਖਿਆ ਤੇ ਹੱਥ

ਛਾਤੀ ਤੋਂ ਛੁਡਾ ਦਿੱਤਾ।

ਇਸ ਬਿਧਿ ਅਪਰ ਜਿ ਕੋ ਨਰ ਕਰੇ।
ਭੁਗਤਿ ਮੁਕਤਿ ਲਹਿ ਭਵਜਲ ਤਰੇ।
ਸ਼੍ਰੀ ਅੰਗਦ ਅਵਲੋਕ ਪ੍ਰਸੰਨੇ।
ਕਰ ਸੁ ਛੁਡਾਇਓ† ਕਹਿ 'ਧੰਨ ਧੰਨੇ' ॥੩੫॥

†ਪਾ:-ਕਰ ਛੋਡਿਓ ਬਡ।

ਉਰ ਮਹਿਂ ਜਾਂ ਤੇ ਕਰਤਿ ਬਿਚਾਰਾ।
-ਇਹ ਦੇਵਹਿਂ ਉਪਦੇਸ਼ ਉਦਾਰਾ।
ਭਗਤਿ ਕਰਹਿਂ ਨਰ ਬਿਚ ਸਤਿ ਸੰਗਤਿ।
ਸੱਤਜਨਾਮ ਸੰਗ ਹੋਵਹਿ ਰੰਗਤਿ ॥੩੬॥
ਇਸ ਤੇ ਹੋਇ ਉਧਾਰ ਹਜ਼ਾਰੋ।
ਸਿਖੀ ਮਾਰਗ ਕੋ ਬਿਸਤਾਰੋ।
ਪਹੁੰਚੇ ਜਾਇ ਖਡੂਰ ਮਝਾਰੂ।
ਬੈਠੇ ਬਹੁਰ ਸਿੰਘਾਸਨ ਚਾਰੂ ॥੩੭॥
ਢਿਗ ਸ਼੍ਰੀ ਅਮਰ ਹੇਰਿ ਹਰਖਾਇ।
ਬਾਕ ਬਿਲਾਸਨਿ ਦਿਵਸ ਬਿਤਾਇਂ।
ਸੰਧਜਾ ਸਮੈਂ ਜਬਹਿ ਨਿਯਰਾਨਾ।
ਕਹਜੋ 'ਜਾਹੁ ਪੁਰਖਾ! ਨਿਜ ਥਾਨਾ' ॥੩੮॥
ਆਇਸੁ ਪਾਇ ਚਲੇ ਤਿਸੁ ਭਾਂਤੀ।
ਗੁਰ ਦਿਸ਼ ਮੁਖ ਗਮਨਹਿਂ ਪਸ਼ਚਾਤੀ।
ਤੀਨ ਕੋਸ ਚਲਿ ਕਰਿ ਹੁਇ ਖਰੇ।
ਗੁਰੂ ਧਜਾਨ ਧਰਿ ਬੰਦਨ ਕਰੇ ॥੩੯॥
ਕੋਸ ਰਹਹਿ ਜਦ ਗੋਇੰਦਵਾਲੇ।
ਪੁਰਿ ਕੀ ਦਿਸ਼ ਮੁਖ ਕਰਿ ਤਬਿ ਚਾਲੇਂ।
ਜਾਇ ਆਪਨੇ ਧਾਮ ਬਿਰਾਜੇਂ।
ਜਿਨ ਕੇ ਧਜਾਨ ਧਰੇ ਜਮ ਭਾਜੇ ॥੪੦॥
ਪ੍ਰੇਮ ਨਿਰੰਤਰ ਰਿਦੇ ਪ੍ਰਵਾਹੂ।
ਚਿਤਵਹਿਂ ਗੁਰ ਸਰੂਪ† ਮਨ ਮਾਂਹੂ।
ਮੁਖ ਤੇ ਬੋਲਹਿਂ ਤੌਂ ਗੁਰ ਨਾਮੂ[1]।
ਸੁਨਹਿਂ ਸ਼੍ਰੋਨ ਕਿਰਤਨ ਸੁਖ ਧਾਮੂ ॥੪੧॥
ਅਪਰ ਨ ਦੇਖਜੋ ਸੁਨਜੋ ਨ ਭਾਵੈ।

†ਪਾ:-ਵਾ ਸਰੂਪ।

[1]ਤਾਂ ਗੁਰੂ ਜੀ ਦਾ ਨਾਮ ਹੀ (ਬੋਲਦੇ ਹਨ)।

ਇਕ ਸਤਿਗੁਰ ਕੀ ਉਰ ਲਿਵਲਾਵੈਂ।
ਜਬਿ ਸਿਮਰਹਿਂ ਤਬਿ ਦਰਸ਼ਨ ਕਰੈਂ।
ਬ੍ਰਹਮ ਗ੍ਯਾਨ ਕੋ ਨਿਤਿ ਉਰ ਧਰੈਂ
॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਗੋਇੰਦਵਾਲ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

## ੨੬. [ਸ਼ੀਹਾਂ ਉੱਪਲ। ਗੁਰੂ ਅੰਗਦ ਜੀ ਦੇ ਸਮਾਵਣ ਦੀਆਂ ਤਿਆਰੀਆਂ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਇਕ ਦਿਨ ਸ਼੍ਰੀ ਅੰਗਦ ਗੁਰੂ, ਗਮਨੇ ਗੋਇੰਦਵਾਲ।
ਸੇਵਕ ਕੋ ਦਰਸ਼ਨ ਦਿਯੋ, ਕਹਿ ਸੁਨਿ ਬਚਨ ਰਸਾਲ ॥੧॥

ਚੌਪਈ:

ਸਹਿਜ ਸੁਭਾਇਕ ਆਵਤਿ ਚਲੇ।
ਮਗ ਮਹਿਂ ਸੀਹਾਂ ਉੱਪਲ ਮਿਲੇ।
ਦੇਖਤਿ ਹੀ ਪਗਬੰਦਨ ਕਰੀ।
ਭਯੋ ਨੰਮ੍ਰਿ ਉਰ ਸ਼ਰਧਾ ਧਰੀ ॥੨॥
ਇਕ ਸੌ ਛਾਂਗ[1] ਸੰਗ ਤਹਿਂ ਅਹੇ। — [1]ਇਕ ਸੌ ਬੱਕਰੇ।
ਤਿਨ ਕਹੁ ਦੇਖਿ ਗੁਰੂ ਬਚ ਕਹੇ।
'ਭੋ ਸ਼ੀਹਾਂ! ਇਹੁ ਕਿਤ ਤੇ ਲਜਾਇ?
ਕਿਉਂ ਕੀਨਸਿ ਇਨ ਕੋ ਸਮੁਦਾਇ' ॥੩॥
ਸੁਨਿ ਕਰ ਜੋਰੇ ਕਹਜੋ ਬ੍ਰਿਤੰਤ।
'ਹੇ ਸ਼੍ਰੀ ਸਤਿਗੁਰ ਜੀ ਭਗਵੰਤ!
ਮੋਹਿ ਪੁੱਤ੍ਰ ਕੋ ਮੁੰਡਨ[1] ਅਹੈ। — [1]ਸਿਰ ਮੁੰਨਣਾ।
ਬਡ ਉਤਸਾਹ ਕਰਜੋ ਹਮ ਚਹੈਂ ॥੪॥
ਹਮਰੀ ਕੁਲ ਸਭਿ ਇਕਠੀ ਹੋਇ।
ਬਡੋ ਹਮਾਰਨਿ ਕੀ ਬਿਧਿ ਸੋਇ।
ਇਸ ਬਿਧਿ† ਕਰਨ ਅਹੈ ਬਿਵਹਾਰ। — †ਪਾ:-ਬਧ।
ਆਵਹਿਂ[1] ਆਮਿਖ[2] ਕਰਹਿਂ ਅਹਾਰ ॥੫॥ — [1]ਸਾਡੇ ਸਾਕ ਮਿੱਤ੍ਰ) ਆਉਣਗੇ। [2]ਮਾਸ ਦਾ।
ਸਦਾ ਜਠੇਰਨ[1] ਰੀਤਿ ਹਮਾਰੇ। — [1]ਵਡਿਆਂ ਦੀ।
ਓਦਨ ਆਮਿਖ[1] ਦੇਹਿਂ ਅਹਾਰੇ। — [1]ਗਿੱਧੇ) ਚਾਵਲ ਤੇ ਮਾਸ।
ਖੁਸ਼ੀ ਅਨੇਕ ਪ੍ਰਕਾਰਨ ਹੋਇ।
ਹੋਹਿਂ ਮੇਲ ਕੁਲ ਕੇ ਸਭਿ ਕੋਇ' ॥੬॥
ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ।
ਭਲੋ ਕਰਨ ਹਿਤ ਕਹਿ ਤਿਸ ਕਾਲ।

ਇਤਨੇ ਜੀਵਨ ਹਿੰਸਾ[1] ਕਰੈਂ।
ਪਾਪ ਬਿਸਾਲ ਅਪਨ ਸਿਰ ਧਰੈਂ ॥੭॥
ਅਬਿ ਤੋ ਸੁਗਮ ਜਾਨੀਅਹਿ ਕਰਿਬੋ।
ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹਿਂ ਸ਼ਾਸਨਾ[1]† ਜਮ ਕੇ ਦੂਤ।
ਤਹਾਂ ਨ ਪਹੁੰਚੇ ਬੰਧਪ ਪੂਤ ॥੮॥
ਜਿਨ ਕੇ ਹਿਤ ਅਘ ਕਰਮ ਕਮਾਇਂ।
ਤਹਾਂ ਨ ਰੰਚਕ ਹੋਇਂ ਸਹਾਇ।
ਸੁਖ ਭੋਗੈਂਗੇ ਸਗਰੇ ਲੋਕ।
ਅਪਦਾ ਪਰਹਿ ਤੋਹਿ ਬਡ ਸ਼ੋਕ ॥੯॥
ਧਰਮਰਾਇ ਜਬ ਕਰਿਹੈ ਲੇਖਾ।
ਲਹੈਂ[1] ਮਹਾਂ ਦੁਖ ਰਹੈ ਨ ਸ਼ੇਖ਼ਾ[2]।'
ਸੁਨਿ ਸ਼ੀਹੇ ਭੈ ਧਾਰਿ ਬਡੇਰੇ।
ਕਹਜੋ 'ਕਰੌਂ ਜਸੁ ਆਇਸੁ ਤੇਰੇ ॥੧੦॥
ਸ਼੍ਰੀ ਗੁਰ ! ਕਹਾਂ ਕਰੌਂ ਉਪਚਾਰ?
ਜਿਸ ਤੇ ਹੋਇ ਨ ਜੀਵ ਸੰਘਾਰ।
ਨੀਕੀ ਬਾਤ ਆਪ ਮੁਝ ਕਹੋ।
ਬਚ ਜਿਮ ਰਹੌਂ ਸੁ ਮੈਂ ਭੀ ਚਹੋਂ ॥੧੧॥
ਹੋਹਿਂ ਨ ਪਾਪ ਨਰਕ ਨਹਿਂ ਪਰਿਊਂ।
ਜੀਵ ਘਾਤ ਤੇ ਚਿਤ ਮਹਿਂ ਡਰਿਊਂ।
ਆਪ ਸ਼ਕਤਿ ਧਰ ਹੋ ਸਮਰੱਥੁ।
ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ ॥੧੨॥
ਤੁਮ ਤੇ ਬਡੋ ਕਹਾਂ ਮੈਂ ਪਾਵੋਂ।
ਪਰਜੋ ਸ਼ਰਨ ਮੈਂ ਨਿਤ ਗੁਨ ਗਾਵੋਂ।
ਜਿਮਿ ਇਹੁ ਜੀਵ ਘਾਤ ਨਹਿਂ ਹੋਵੈਂ।
ਨਹੀ ਜਠੇਰਨ ਕੋ ਦੁਖ ਜੋਵੈਂ[1] ॥੧੩॥
ਅਸ ਉਪਾਇ ਸੁਨਿ ਕੈ ਤਿਸ ਕੇਰੀ।
ਭਏ ਕ੍ਰਿਪਾਲ ਭਨਜੋ ਬਚ ਫੇਰੀ ॥੧੪॥
'ਹਮਰੇ ਦ੍ਵਾਰੇ ਮੁੰਡਨ ਕਰੋ।
ਉਰ ਕੋ ਭਰਮ ਸਰਬ ਪਰਹਰੋ।
ਬਿਘਨ ਜਠੇਰਨਿ ਕੋ ਨਹਿਂ ਹੋਇ।
ਸਿਮਰਹੁ ਸੱਤਿਨਾਮ ਦੁਖ ਖੋਇ ॥੧੫॥

[1]ਮਾਰੇਂਗਾ।
[1]ਤਾੜਨਾ, ਦੰਡ। †ਪਾ:-ਯਾਤਨਾ।
[1]ਪਾਏਂਗਾ। [2]ਬਾਕੀ ਕਸਰ ਨਹੀਂ ਰਹੇਗੀ।
[1]ਦੇਖਾਂ।

ਜਿਨ ਕੋ ਦੁਖਦਾਇਕ ਤੂੰ ਜਾਨੈ।
ਜੋ ਤੇਰੇ ਸਭਿ ਬਿਘਨਨਿ ਠਾਨੈ।
ਸਰਬ ਓਰ ਤੇ ਹੁਇਂ ਰਖਵਾਰੇ।
ਸਭਿ ਸੁਖ ਦੇਹਿਂ, ਨ ਕਾਜ ਬਿਗਾਰੇ ॥੧੬॥
ਅਜ[1] ਸਗਰੇ ਅਬ ਦੀਜਹਿ ਛੋਰ। [1]ਬੱਕਰੇ।
ਨਰਕ ਨਿਹਾਰਹਿਂ ਨਹਿਂ ਦੁਖ ਘੋਰ।'
ਸੁਨਿ ਬਚਨ ਧਰਿ ਸ਼ਰਧਾ ਮਾਨੇ।
ਹਾਥ ਜੋਰਿ ਅਪਨੋ ਹਿਤ ਜਾਨੇ ॥੧੭॥
ਅਜ ਖਲਾਸ ਤਿਸੁ ਛਿਨ ਸਭਿ ਕੀਨੇ[1]। [1]ਛੱਡ ਦਿੱਤੇ।
ਗੁਰ ਕੇ ਚਰਨ ਕਮਲ ਮਨੁ ਲੀਨੇ।
ਜਾਇ ਸਦਨ ਸਭਿ ਜੇਤਿਕ ਤਜਾਰੀ।
ਆਨਤਿ ਭਾ ਗੁਰ ਕੇਰ ਅਗਾਰੀ ॥੧੮॥
ਅਪਨੇ ਬੰਧੁ ਤਹਾਂ ਹਕਾਰੇ।
ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ।
ਮੁੰਡਨ ਰੀਤਿ[†] ਬੰਸ ਕੀ ਜੈਸੇ।

[†]ਇਹ ਪ੍ਰਸੰਗ ਮਹਿਮਾ ਪ੍ਰਕਾਸ਼ ਵਿਚ ਹੈ, ਪਰ ਓਥੇ ਗੁਰੂਦੁਆਰੇ ਮੁੰਡਨ ਹੋਣਾ ਨਹੀਂ ਲਿਖਿਆ, ਸਗੋਂ ਸਿੱਖ ਬਣਨਾ ਲਿਖਿਆ ਹੈ। ਸੀਹੇਂ ਨੂੰ ਗੁਰੂ ਜੀ ਨੇ ਕਿਹਾ ਕਿ ਤੂੰ ਵੱਡਿਆਂ ਤੋਂ ਨਾ ਡਰ, ਮੇਰੇ ਡੇਰੇ ਇਸ ਨੂੰ ਸਿੱਖ ਬਣਾ, ਯਥਾ:
'ਸੁਹਿਰਦ ਦੇਖ ਪ੍ਰਭ ਦਇਆ ਕਰ ਤਾਂਹਿ ਕਹੀ ਸਮਝਾਇ।
ਮਮ ਦੁਆਰੇ ਸਿੱਖ ਕੋ ਕਰੋ ਬਿਘਨ ਨਾ ਹੋਵੇ ਕਾਇ।'
ਫਿਰ ਜਦ ਸਤਿਗੁਰ ਡੇਰੇ ਗਏ ਤਾਂ ਬੱਚਾ ਸਿੱਖ ਬਣਿਆਂ ਯਥਾ:
'ਸਤਗੁਰ ਦੁਆਰ ਸਿਖ ਕੋ ਕੀਓ ਕਾਰਜ ਹੋਏ ਰਾਸ।'
ਭਾਈ ਗੁਰਦਾਸ ਜੀ ਨੇ ਸੀਹਾਂ ਉੱਪਲ ਪਹਿਲੀ ਪਾਤਸ਼ਾਹੀ ਦੇ ਵੇਲੇ ਸਿੱਖ ਹੋਇਆ ਲਿਖਿਆ ਹੈ, ਤੇ ਯਾਰਵੀਂ ਵਾਰ ਦੇ ਟੀਕੇ ਵਿਚ ਪਹਿਲੀ ਪਾਤਸ਼ਾਹੀ ਦਾ ਹੀ ਸਿੱਖ ਲਿਖਿਆ ਹੈ। ਤੀਜੇ ਸਤਿਗੁਰਾਂ ਵੇਲੇ ਸੀਹਾਂ, ਭਾਈ ਮੁਰਾਰੀ ਨੂੰ ਕਾਕੀ ਵਿਆਹ ਵਿਚ ਦੇਂਦਾ ਹੈ, ਚੌਥੇ ਸਾਹਿਬਾਂ ਵੇਲੇ ਜਾਪਦਾ ਹੈ ਅੰਮ੍ਰਿਤਸਰ ਕੁਟੰਬ ਸਣੇ ਆ ਵਸਿਆ ਹੈ, ਉਪਲਾਂ ਦੀ ਗਲੀ ਅਜੇ ਤਕ ਹੈ। ਦੂਜੇ ਸਾਹਿਬਾਂ ਨਾਲ ਸਾਖੀ ਮਹਿੰਮਾ ਪ੍ਰਕਾਸ਼ ਦੀ ਹੈ ਤੇ ਓਥੇ ਜ਼ਿਕਰ ਸਿਖ ਬਣਾਉਣ ਦਾ ਹੈ ਮੁੰਡਨ ਦਾ ਨਹੀਂ ਹੈ।

ਭਲੀ ਭਾਂਤਿ ਕਰਵਾਇਵ ਤੈਸੇ ॥੧੯॥
ਪਹਿਤ ਭਾਤ[1] ਕੋ ਦੀਨ ਅਹਾਰਾ। [1]ਦਾਲ ਚਾਵਲ।
ਰੁਚਿ ਕਰਿ ਖਾਇਂ ਸਰਬ ਪਰਵਾਰਾ।
ਸਿਖ ਸੰਗਤ ਸਭਿਹੂੰਨ ਅਚਾਵਾ।
ਬਿਘਨ ਕਛੁ ਨਹਿਂ ਹੋਵਨਿ ਪਾਵਾ ॥੨੦॥
ਸਤਿਗੁਰ ਕੋ ਪ੍ਰਤਾਪ ਅਤਿ ਭਾਰੀ।
ਬਿਘਨ ਕਾਰ[1] ਹੋਏ ਰਖਵਾਰੀ। [1]ਵਿਘਨਕਾਰਾਂ ਤੋਂ।

ਪੂਰਨ ਸਕਲ ਕਾਜ ਤਿਨ ਕਰਜੋ।
ਸ਼੍ਰੀ ਗੁਰ ਪੰਥ[1] ਰਿਦੇ ਦ੍ਰਿੜ ਧਰਜੋ ॥੨੧॥ — [1]ਭਾਵ ਸਿੱਖੀ।
ਭਯੋ ਸਿਖ ਤਿਸੁ ਦਿਨ ਤੇ ਗੁਰ ਕੋ।
ਸੇਵਹਿ ਚਰਨ ਭਾਉ ਕਰਿ ਉਰ ਕੋ।
ਦ੍ਰਿੜ ਪ੍ਰਤੀਤ ਕੀਨਸਿ ਗੁਰ ਓਰੀ।
ਅਪਰ ਸਭਿਨਿ ਕੀ ਮਨਤਾ[1] ਛੋਰੀ ॥੨੨॥ — [1]ਮੰਨਣਾ, ਪੂਜਾ।
ਜੋ ਸਭਿ ਤਜਾਗ ਅਲੰਬ ਗੁਰੁ ਗਹਿ[1]। — [1]ਗੁਰੂ ਦਾ ਆਸਰਾ ਫੜੇ।
ਵਸਤੁ ਅਲੱਭ ਨਹੀਂ ਕੋ ਮਹਿ ਮਹਿਂ[1]। — [1]ਪ੍ਰਿਥਵੀ ਵਿਚ।
ਸ਼ੀਹਾਂ ਉੱਪਲ ਇਸੀ ਪ੍ਰਕਾਰੇ।
ਭਯੋ ਸਿੱਖ ਸਤਿਗੁਰ ਮਤਿ ਧਾਰੇ ॥੨੩॥
ਬਹੁਰੋ ਸ਼੍ਰੀ ਅੰਗਦ ਬਹੁ ਬਾਰੀ।
ਗੋਇੰਦਵਾਲ ਜਾਤਿ ਹਿਤ ਧਾਰੀ।
ਮਿਲਹਿਂ ਦਾਸ ਕੋ ਆਨੰਦ ਦੇਤਿ।
ਵਹਿਰ ਰਹਹਿਂ ਕੈ ਜਾਇਂ ਨਿਕੇਤ ॥੨੪॥
ਇਸ ਪ੍ਰਕਾਰ ਕੁਛ ਸਮੋ ਬਿਤਾਇਵ।
ਜਗ ਮਹਿਂ ਮਗ ਸਿੱਖੀ ਪ੍ਰਗਟਾਇਵ।
ਗਈ ਬਿਤੀਤ ਸਿਸੁਰ ਰੁਤਿ[1] ਸਾਰੀ। — [1]ਪਤਝੜੀ ਰੁੱਤ।
ਸਭਿ ਥਲ ਭਾ ਬਸੰਤ ਗੁਲਜ਼ਾਰੀ[1] ॥੨੫॥ — [1]ਬਸੰਤ ਦੀ ਗੁਲਜ਼ਾਰ-ਫੁਲਖੇੜਾ।
ਚਢਜੋ ਚੇਤ ਸਭਿ ਕੋ ਸੁਖ ਦੇਤਿ।
ਨਹਿਂ ਅਤਿ ਸੀਤ ਨ ਉਸ਼ਨ ਤਪੇਤਿ।
ਬਿਕਸੇ ਕੁਸਮ[1] ਅਨੇਕਨਿ ਰੰਗ। — [1]ਖਿੜੇ ਫੁੱਲ।
ਅਤਿ ਸ਼ੋਭਾ ਸੁੰਦਰ ਸਰਬੰਗ[1] ॥੨੬॥ — [1]ਸਰਬ ਅੰਗਾਂ ਕਰਕੇ।
ਪਾਤ ਨਿਪਾਤ ਪਲਾਸ ਪ੍ਰਕਾਸ਼ੇ[1]। — [1]ਪਲਾਸ = ਛਿੱਛਰਾ। ਛਿੱਛਰੇ ਦੇ ਪੱਤੇ (ਤਾਂ) ਝੜੇ ਹੋਏ ਹਨ (ਪਰ ਫੁੱਲਾਂ ਨਾਲ ਲੱਦਿਆਂ ਲਾਲੀ ਭਾ ਨਾਲ ਮਾਨੋਂ) ਪ੍ਰਕਾਸ਼ ਰਿਹਾ ਹੈ। ਛਿੱਛਰੇ ਨੂੰ ਫੁੱਲ ਪਹਿਲਾਂ ਨਿਕਲਦੇ ਹਨ ਤੇ ਪੱਤੇ ਪਿੱਛੋਂ।
ਜਿਤ ਕਿਤ ਅਰੁਣ ਬਰਣ ਹੀ ਭਾਸੇ।
ਚਹੁਂ ਦਿਸ਼ ਬਨ ਕੀ ਦਿਖੀਅਤਿ ਭੂਮਿ।
ਜਨੁ ਗਨ ਅਗਨੀ ਲਾਟ ਅਧੂਮ[1] ॥੨੭॥ — [1]ਧੂੰਏਂ ਤੋਂ ਰਹਿਤ।
ਉਪਬਨ ਮਹਿਂ ਗੁਲਾਬ ਚਟਕੀਲੇ[1]। — [1]ਖਿੜੇ ਹੋਏ, ਸੁੰਦਰ।
ਬਿਕਸਤਿ ਬੂਟਨ ਸਾਥ ਛਬੀਲੇ।

ਕੌਨ ਕੌਨ ਤਰੁ ਫੂਲਨ ਕੇਰੀ।
ਕਹੀਅਹਿ ਜਾਤ ਰੁਚਿਰਤਾ ਹੇਰੀ ॥੨੮॥
ਸ਼ੋਭਾ ਬਨ ਉਪਬਨ ਕੀ ਬਾਢੀ[1]।
ਮਨਹੁ ਦਿਖਾਵਨਿ ਨਿਜ ਤੇ ਕਾਢੀ[1]।
ਬ੍ਰਿੰਦ ਬਿਹੰਗਨ ਬੋਲਬਿ ਜਨੀਯਤਿ।
ਕਾਨਨ ਰਹਿ ਕਾਨਨ ਮਹਿਂ ਸੁਨੀਯਤਿ[1] ॥੨੯॥
ਰੁਤਿ ਬਸੰਤ ਜਗ ਬਿਦਤ ਛਬੀਲਾ।
ਸ਼ਾਂਤਿ ਬ੍ਰਿੱਤਿ ਸਤਿਗੁਰ ਕੀ ਲੀਲਾ।
ਆਵਤਿ ਗੋਇੰਦਵਾਲ ਜਦਾਈ।
ਬਿਪਨ ਬਿਲੋਕਤਿ ਸੁੰਦਰਤਾਈ ॥੩੦॥
ਤਨ ਕੋ ਤਜਾਗਨ ਚਿਤਵਤਿ[1] ਚਾਹਤਿ।
-ਗਮਨੈਂ ਅਬਿ ਬੈਕੁੰਠ- ਉਮਾਹਤਿ।
ਸਭਿ ਸੰਗਤਿ ਮਹਿਂ ਕਹਿ ਬਿਦਤਾਈ।
'ਤਜਹਿਂ ਸਰੀਰ ਅਬਹਿ ਚਿਤ ਆਈ' ॥੩੧॥
ਸੁਨਿ ਸੁਨਿ ਸਿੱਖ ਰਿਦੈ ਬਿਸਮਾਵੈਂ।
'ਵਾਹਿਗੁਰੂ[1] ਤਜਿ ਦੇਹਿ ਸਮਾਵੈਂ।'
ਜਹਿਂ ਕਹਿਂ ਪਸਰ ਗਈ ਇਮ ਬਾਤੀ।
ਹਿਤੂ ਸੁਨਤਿ ਭਰਿ ਆਵਤਿ ਛਾਤੀ ॥੩੨॥
ਊਚ ਨੀਚ ਜੁਤਿ ਚਾਰਹੁਂ ਬਰਨਾ।
ਸੁਨਿ ਸੁਨਿ ਰਿਦੈ ਬਿਸਮਤਾ ਕਰਨਾ।
-ਪੂਰਬ ਕਹੈਂ ਸਮਾਵਹਿ ਫੇਰ[1]।
ਕਰਾਮਾਤ ਕੇ ਧਨੀ ਬਡੇਰ- ॥੩੩॥
ਜਹਿਂ ਕਹਿਂ ਸਿਖ ਬਹੁ ਸੁਨਿ ਸੁਨਿ ਆਵੈਂ।
-ਦਰਸਹਿਂ ਸਤਿਗੁਰ ਬਹੁਰ ਸਮਾਵੈਂ-।
ਅਪਰ ਲੋਕ ਅਵਲੋਕਨ ਕਾਰਨ।
ਆਵਹਿਂ ਕਰਿਤੇ ਸੁਜਸ ਉਚਾਰਨ ॥੩੪॥
ਸੁਨਿ ਸ਼੍ਰੀ ਅਮਰ ਅਧਿਕ ਅਕੁਲਾਏ।
ਨਹਿਂ ਪਹੁਂਚਹਿਂ ਢਿਗ, ਬਿਨਾ ਬੁਲਾਏ।

[1]ਬਗੀਚਿਆਂ ਦੀ ਵਧੀ।
[1]ਬਨ ਨੇ ਮਾਨੋਂ ਆਪਣੇ ਵਿਚੋਂ ਦਿਖਾਉਣ ਲਈ ਕੱਢੀ ਹੈ।
[1]ਬਨਾਂ ਵਿਚ ਰਹਿੰਦੇ (ਪੰਛੀ ਬੋਲਦੇ) ਕੰਨਾਂ ਵਿਚ ਸੁਣੀਂਦੇ ਹਨ। (ਅ) ਬਨਾਂ ਵਿਚ ਚੱਲ ਰਹੋ ਤਾਂ ਕੰਨ ਨਾਲ ਸੁਣੋ (ਪੰਛੀ ਬੋਲਦੇ)।
[1]ਚਿਤਵਨੀ, ਵਿਚਾਰ।
[1]ਵਾਹਿਗੁਰੂ ਵਿਚ।
[1]ਪਹਿਲੇ ਕਹਿਕੇ ਫੇਰ ਸਮਾਉਂਦੇ ਹਨ।

ਘਟੀ ਕਲਪ[1] ਸਮ ਬੀਤਹਿ ਤਾਂਹੀ।
ਕਰਤਿ ਅਰਾਧਨ ਬਹੁ ਮਨ ਮਾਂਹੀ ॥੩੫॥

[1]ਬ੍ਰਹਮਾ ਦਾ ਇਕ ਦਿਨ ਭਾਵ ਅਣਗਿਣਤ ਸਮੇਂ ਦੇ ਤੁੱਲ।

ਸ੍ਰੀ ਅੰਗਦ ਲਖਿ ਅੰਤਰਜਾਮੀ।
ਪਠਜੋ ਹਕਾਰਨ ਸਿਖ ਤਬਿ ਸ੍ਵਾਮੀ।
ਸਾਦਰ ਜਾਇ ਅਵਾਹਨ ਕੀਨੇ[1]।
ਸੁਨਤਿ ਚਲਜੋ ਜਲ ਸੋਂ ਦ੍ਰਿਗ ਭੀਨੇ ॥੩੬॥

[1]ਬੁਲਾਏ।

ਤਤਕਾਲ ਗੁਰ ਦਰਸ਼ਨ ਕਰਜੋ।
ਤੂਰਨ ਕਰਤਿ ਚਰਨ ਪਰ ਪਰਜੋ†।
ਦ੍ਰਵੀ[1] ਬਿਲੋਚਨ ਤੇ ਜਲ ਧਾਰਾ।
ਮਨਹੁ ਪ੍ਰੇਮ ਕੋ ਛੁਟਜੋ ਫੁਹਾਰਾ ॥੩੭॥

†ਪਾ:-ਤੂਰਨ ਸੀਸ ਚਰਨ ਪਰ ਧਰਜੋ।

[1]ਚਲੀ।

ਬਜਾਕੁਲ ਪਰਮ ਜਾਨਿ ਕਰਿ ਦਾਸਾ।
ਸ਼੍ਰੀ ਅੰਗਦ ਮੁਖ ਬਾਕ ਪ੍ਰਕਾਸ਼ਾ।
'ਸੁਨਿ ਪੁਰਖਾ ! ਪੂਰਨ ਤੁਮ ਗਜਾਨਿ।
ਪਰਮ ਧਾਮ[1] ਮੈਂ ਕਰੌਂ ਪਯਾਨ ॥੩੮॥

[1]ਸੱਚ ਖੰਡ ਨੂੰ।

ਹਰਖ ਸ਼ੋਕ ਮਨ ਮਹਿਂ ਨਹਿਂ ਕੋਊ।
ਤੂੰ ਪਰਤੱਖਜ ਰੂਪ ਮਮ ਹੋਊ।
ਦੇਹ ਅਛਤ[1] ਗਜਾਨੀ ਜਗ ਐਸੇ।
ਭਰਜੋ ਕੁੰਭ ਸਾਗਰ ਰਹਿ ਜੈਸੇ[1] ॥੩੯॥

[1]ਹੁੰਦਿਆਂ।

[1]ਜਲ ਦਾ ਭਰਿਆ ਘੜਾ ਸਮੁੰਦਰ ਵਿਚ ਜਿੱਕੁਰ ਰਹਿੰਦਾ ਹੈ।

ਘਟ ਫੂਟੇ ਜਲ ਸੋਂ ਜਲ ਮਿਲੈ।
ਤਨ ਤਜਿ ਗਜਾਨੀ ਬ੍ਰਹਮ ਸੋਂ ਰਲੈ।
ਆਵਨਿ ਨਹਿਂ ਮੇਰੋ ਨਹਿਂ ਜਾਵੌਂ।
ਪਰਮਾਤਮ ਨਿਜ ਰੂਪ ਸਮਾਵੌਂ' ॥੪੦॥
ਪੁਨ ਸਿੱਖਜਨ ਸੋਂ ਗਿਰਾ ਉਚਾਰੀ।
'ਉਠਿ ਆਨਹੁ ਗਾਗਰ ਭਰਿ ਬਾਰੀ[1]।
ਅਮਰ ਦਾਸ ਇਸ਼ਨਾਨ ਕਰਾਵਹੁ।
ਸਭਿ ਸੰਗਤਿ ਕੋ ਮੇਲ ਕਰਾਵਹੁ ॥੪੧॥

[1]ਜਲ ਦੀ।

ਦੋਨਹੁ ਪੁੱਤ੍ਰ ਹਕਾਰਨ ਕਰੋ[1]।
ਮਮ ਤਜਾਰੀ ਹੈ ਦੇਰਿ ਨ ਧਰੋ।
ਸਸਕਾਰਨ ਕੀ ਸੌਜ ਬਿਸਾਲਾ।

[1]ਬੁਲਾਓ।

ਕਰਹੁ ਇਕੱਤ੍ਰ ਸਕਲ ਤਤਕਾਲਾ ॥੪੨॥
ਪੈਸੇ ਪੰਚ ਨਲੇਰ ਅਨਾਵਹੁ।
ਫੂਲਨ ਮਾਲ ਬਿਸਾਲ ਬਨਾਵਹੁ।
ਤਿਲ ਚੰਦਨ ਕੇਸਰ ਕੋ ਆਨਹੁਂ।
ਕੁਸ਼ਾ ਪੁਨੀਤ ਲੀਪਬੋ ਠਾਨਹੁ[1]" ॥੪੩॥

[1]ਦੱਭ ਪਵਿੱਤ੍ਰ (ਲਿਆਓ ਤੇ) ਲੇਪਣ ਕਰੋ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਸਮਾਵਨ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

## ੨੭. [ਸ਼੍ਰੀ ਅਮਰ ਜੀ ਨੂੰ ਗੁਰਿਆਈ ਦੇਣੀ, ਤੇ ਸਮਾਵਣ ਦੀਆਂ ਤਿਆਰੀਆਂ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਸ਼੍ਰੀ ਗੁਰ ਅੰਗਦ ਕੀ ਸੁਨੀ, ਆਇਸੁ ਸਿੱਖ ਸਮਸਤ[1]।
[1]ਸਾਰਿਆਂ ਨੇ।

ਬਿਸਮਤਿ ਹੁਇ ਲਾਗੇ ਕਰਨ, ਪੂਜਹਿਂ ਕਰਹਿਂ[†] ਨਮਸਤ[1] ॥੧॥
[1]ਨਮਸਕਾਰ। [†]ਪਾ:-ਕਹਹਿਂ।

ਚੌਪਈ:

ਤਬਿ ਸ਼੍ਰੀ ਅਮਰ ਠਾਨਿ ਇਸ਼ਨਾਨਾ।
ਨੰਮ੍ਰਿ ਹੋਇ ਕਰਿ ਨਿਕਟ ਮਹਾਨਾ।
ਬੈਠੇ ਬੰਦਨ ਕਰਿ ਪਦ ਕੰਜ।
ਆਨਿ ਮਿਲੀ ਸੰਗਤਿ ਸਭਿ ਪੁੰਜ ॥੨॥
ਬੀਚ ਬਿਰਾਜਹਿਂ ਸਤਿਗੁਰ ਬੈਸੇ।
ਸਭਿ ਗ੍ਰਹ ਮੈਂ ਸੂਰਜ ਹੁਇ ਜੈਸੇ।
ਨਿਸਾ ਅਵਿੱਦਯਾ ਨਿਕਟ ਨ ਆਵੈ।
ਨਿੰਦਕ ਤਸਕਰ ਦੇਖਿ ਪਲਾਵੈਂ ॥੩॥
ਪੇਚਕ[1] ਬੇਮੁਖ ਅੰਧੇ ਰਹੇ।
[1]ਉੱਲੂ।
ਨਹੀਂ ਪ੍ਰਕਾਸ਼ ਮਹਾਤਮ[1] ਲਹੇ।
[1]ਪ੍ਰਕਾਸ਼ ਦੀ ਮਹਿਮਾ।
ਸੰਤ ਕਮਲ ਬਿਕਸੇ ਹਰਖਾਏ।
ਅਲਿ ਜਗਜਾਸੀ ਜਹਿਂ ਮੰਡਰਾਏ[1] ॥੪॥
[1]ਜੱਗਯਾਸੂਆਂ ਰੂਪੀ ਭੌਰੇ ਮੰਡਲੌਂਦੇ ਹਨ।
ਮਤਿ ਬਹੁ ਰੀਤਿ ਉਡਗ[1] ਜਗ ਮਾਂਹੀ।
[1]ਤਾਰੇ।
ਪਰਮ ਪ੍ਰਕਾਸ਼ ਸੁ ਪਾਵਤਿ ਨਾਂਹੀ[1]।
[1]ਪਰਮ ਪ੍ਰਕਾਸ਼ ਨੂੰ ਪ੍ਰਾਪਤ ਨਹੀਂ ਹੁੰਦੇ, ਭਾਵ ਹੁੰਦੇ ਸਾਰ ਗੁੰਮ ਹੋ ਜਾਂਦੇ ਹਨ। (ਅ) ਆਪਣਾ ਚਾਨਣਾ ਜਗਤ ਉੱਤੇ ਬਹੁਤ ਨਹੀਂ ਪਾ ਸਕਦੇ।
ਕੈਰਵ ਕਾਨਨ ਗਨ ਦੁਰਚਾਰੀ[1]।
[1]ਸਮੂਹ ਮੰਦ ਕਰਮੀ ਕਵੀਆਂ ਦੇ ਬਨ ਵਾਂਗੂ ਹਨ।
ਸਭਿ ਮੁਰਝਾਇ ਰਹੇ ਤਿਸ ਬਾਰੀ ॥੫॥
ਸਦਗੁਨ ਜੁਤਿ ਨਰ ਜਾਗਤਿ ਭਏ।
ਬਿਖਈ ਜੀਵ ਤਮਚਰ[1] ਸੁਪਤਏ।
[1]ਰਾਖਸ਼, ਚਮਗਿੱਦੜ, ਉੱਲੂ ਆਦਿ ਜੋ ਹਨੇਰੇ ਵਿਚ ਵਿਚਰਦੇ ਹਨ।
ਜਾਗ੍ਰਤ ਕਰਹਿਂ ਸੁ ਆਦਿ ਸ਼ਨਾਨ[1]।
[1]ਸੂਰਜ ਉਦੇ ਹੋਏ ਤੇ ਭਲੇ ਪੁਰਸ਼) ਜਾਗ ਕੇ ਜੀਕੂਣ ਇਸ਼ਨਾਨ ਆਦਿ ਕਰਦੇ ਹਨ।
ਤਿਮ ਸਿਖ ਲਗੇ ਭਗਤਿ ਅਰ ਗਯਾਨ ॥੬॥
ਸੁਪਤ ਰਹੇ ਬਿਸ਼ਿਯਨ ਕੋ ਸੇਵ।

ਨਹੀਂ ਪਛਾਨ ਸਕੇ ਗੁਰ ਭੇਵ।
ਤਬ ਸ਼੍ਰੀ ਅੰਗਦ ਮੁਖ ਪਰ ਲਾਲੀ।
ਖਿਰਜੋ ਕਮਲ ਜਨੁ ਪ੍ਰਭਾ ਬਿਸਾਲੀ ॥੭॥
ਨਿਜਾਨੰਦ ਮਹਿੰ ਮਗਨ ਮਹਾਨਾ।
ਸਭਿਹਿਨਿ ਮਹਿੰ ਤਬ ਬਾਕ ਬਖਾਨਾ।
'ਸੁਨਿ ਪੁਰਖਾ ! ਸ਼੍ਰੀ ਅਮਰ ਸੁ ਪਜਾਰੇ।
ਅਬਿ ਤੁਮ ਬੈਠਹੁ ਥਾਨ ਹਮਾਰੇ ॥੮॥
ਰਾਜ ਜੋਗ ਕੋ ਮਹਦ ਸਿੰਘਾਸਨ।
ਤਿਸ ਪਰ ਸ਼ੋਭਹੁ ਕਰਿਹੁ ਪ੍ਰਕਾਸ਼ਨ।'
ਕਹਿ ਪਹਿਰਾਏ ਬਸਤ੍ਰ ਨਵੀਨ।
ਤਿਲਕ ਭਾਲ[1] ਨਿਜ ਕਰ ਸੋਂ ਕੀਨਿ ॥੯॥ [1]ਮਸਤਕ ਤੇ।
'ਭਗਤਿ, ਵਿਰਾਗ, ਜੋਗ, ਤਤ ਗਜਾਨਾ।
ਇਨ ਚਾਰਨ ਕੋ ਦੀਨਿ ਖਜਾਨਾ।
ਮਨ ਬਾਂਛਤ ਦਿਹੁ ਜਗ ਮਹਿੰ ਦਾਨ।
ਤੋਟ ਨ ਦਿਨ ਪ੍ਰਤਿ, ਬਧਹਿ ਨਿਧਾਨ[1] ॥੧੦॥ [1]ਖਜ਼ਾਨਾਂ।
ਤਾਰਕ ਮੰਤ੍ਰ[1] ਸਭਿਨਿ ਪਰ ਛਾਯਾ। [1]ਤਾਰਨ ਵਾਲਾ ਮੰਤ੍ਰ = ਵਾਹਿਗੁਰੂ।
ਵਾਹਿਗੁਰੂ ਮੁਖ ਜਾਪ ਜਪਾਯਾ।
ਠਾਂਢੀ ਤੋਹਿ ਅੱਗ੍ਰ ਨੌ ਨਿੱਧਿ।
ਦੂਜੀ ਦਿਸ਼ ਪਿਖ ਅਸ਼ਟ ਦਸ਼ੋ ਸਿਧਿ[1] ॥੧੧॥ [1]ਅਠਾਰਾਂ ਸਿੱਧੀਆਂ।
ਸਨਮੁਖ ਖਰੀ ਲੱਛਮੀ ਤੇਰੇ।
ਸੁਰ, ਗੰਧ੍ਰਬ, ਕਿੰਨਰ ਗਨ ਹੇਰੇ।
ਬਿੱਦਜਾਧਰ[1] ਆਦਿਕ ਸਭਿ ਆਏ। [1]ਦੇਵਤਿਆਂ ਦੀ ਇਕ ਕਿਸਮ।
ਆਗਜਾਕਾਰੀ ਤੁਵ ਸਮੁਦਾਏ ॥੧੨॥
ਤੀਨ ਲੋਕ ਮਹਿੰ ਮੁੱਖਜ ਮਹਾਨੇ।
ਸਭਿ ਕਰ ਜੋਰ ਖਰੇ ਅਗੁਵਾਨੇ।
ਨਿਤਿ ਅਧੀਨ ਰਹਿੰ, ਰਿਦੇ ਬਿਚਾਰੋ।
ਨਮਹੁ ਕਰਤਿ[1], ਇਨ ਦਿਸ਼ਾ ਨਿਹਾਰੋ' ॥੧੩॥ [1]ਏਹ ਤੁਹਾਨੂੰ ਨਮਸਕਾਰ ਕਰ ਰਹੇ ਹਨ।
ਤਬਿ ਸ਼੍ਰੀ ਅਮਰ ਨੰਮ੍ਰਿ ਹੁਇ ਕਹਜੋ।

'ਇਨ ਸੋਂ ਮੈਂ ਕੁਛ ਕਾਮ ਨ ਲਹਜੋ।
ਕਰਹੁਂ ਕਹਾਂ ਮੈਂ ਇਨ ਕੋ ਲੋਰ।
ਬਸਹੁ ਰਿਦੇ ਪਦ ਪੰਕਜ ਤੋਰ ॥੧੪॥
ਸਭਿ ਕੇ ਮਨ ਕੀ ਜਾਨਹੁ ਸ੍ਵਾਮੀ।
ਜਿਮਿ ਬਰਤਹਿ ਤਿਮ ਅੰਤਰਜਾਮੀ।
ਯਾਂ ਤੇ ਮੇਰੇ ਮਨ ਕੀ ਜਾਨ।
ਬਸੋ ਰਿਦੇ ਨਿਤ ਕਾਂਖ ਮਹਾਨ' ॥੧੫॥
ਸ਼੍ਰੀ ਅੰਗਦ ਸੁਨਿ ਪੁਨ ਸਮਝਾਇਵ।
'ਬਿਨਾ ਕਹੇ ਇਹ ਸਭਿ ਢਿਗ ਆਇਵ।
ਕਰਨਹਾਰ ਆਗਜਾ ਨਿਤ ਤੇਰੀ।
ਸਗਲ ਭਾਤਿ ਇਨ ਸ਼ਕਤਿ ਬਡੇਰੀ ॥੧੬॥
ਚਹਹੁ ਕਹਹੁ, ਨਹਿਂ ਚਹਹੁ, ਨ ਕਹੀਅਹਿ।
ਏ ਸਭਿ ਨਿਕਟ ਆਪਨੇ ਲਹੀਅਹਿ।
ਸਕਲ ਜਗਤ ਕੋ ਤੁਝ ਗੁਰ ਕੀਨਾ।
ਰਾਜ ਜੋਗ ਸਿੰਘਾਸਨ ਦੀਨਾ ॥੧੭॥
ਸੱਤਜਨਾਮ ਕੋ ਸਿਮਰਨ ਸਾਰੇ।
ਉਪਦੇਸ਼ਹੁ, ਹੁਇ ਭਗਤ ਉਦਾਰੇ[1]।
ਨਰਨ ਹਜ਼ਾਰਨਿ ਕੋ ਕੱਲਜਾਨ।
ਕਰੋ ਆਪ ਦੇ ਕਰਿ ਉਰ ਗਜਾਨ ॥੧੮॥
ਪ੍ਰੇਮ ਭਗਤਿ ਮੈਂ ਹੇਰਿ ਤੁਮਾਰੀ।
ਬਸਿ ਹ੍ਵੈ ਦਈ ਸਮ੍ਰਿੱਧੀ[1] ਸਾਰੀ।'
ਪੈਸੇ ਪੰਚ ਨਾਲੀਅਰ ਏਕ।
ਲੇ ਬੁੱਢੇ ਤੇ ਜਲਧਿ ਬਿਬੇਕ[1] ॥੧੯॥
ਠਾਂਢੇ ਭਏ ਪ੍ਰਦੱਛਨ ਦੀਨੀ।
ਸ਼੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।
ਪੈਸੇ ਪੰਚ ਅਗਾਰੀ ਧਰੇ।
ਝੋਲੀ ਮਹਿਂ ਨਲੇਰ ਧਰਿ ਖਰੇ[†] ॥੨੦॥
ਕਰਿ ਬੰਦਨ ਸਿੰਘਾਸਨ ਦੀਨਾ।
ਸਭਿ ਸੋਂ ਬਾਕ ਉਚਾਰਨ ਕੀਨਾ।

[1]ਸ੍ਰੇਸਟ।

[1]ਐਸ਼੍ਵਰਜ।

[1]ਭਾਵ ਗੁਰ ਜੀ ਨੇ।

[†]ਪੰਜ ਪੈਸੇ ਨਾਲੀਏਰ ਸੇਲੀ ਤਲਵਾਰ ਆਦਿ ਗੁਰੂ ਸਾਹਿਬ ਆਪ ਅਗੇ ਰਖਕੇ ਨਮਸਕਾਰ ਕਰਦੇ ਸੇ ਤੇ ਤਿਲਕ ਬੁੱਢਾ ਦਿਆ ਕਰਦਾ ਸੀ। [ਦੇਖੋ ਜੀਵਨ ਬਾਬਾ ਬੁੱਢਾ ਜੀ]।

'ਮੇਰੋ ਸਿੱਖ ਪੁੱਤ੍ਰ ਕੈ ਦਾਸ!
ਅੰਤ ਸਮੈਂ ਜੋ ਚਹਿ ਮਮ ਪਾਸ[1] ॥੨੧॥
ਸੋ ਸਭਿ ਉਠਹੁ ਬੰਦਨਾ ਠਾਨਹੁ।
ਨਹੀਂ ਅਪਰ ਬਿਧਿ ਮਨ ਮਹਿਂ ਆਨਹੁ।'
ਸੁਨਿ ਕਰਿ ਬੁੱਢਾ ਸਭਿਨਿ ਅਗਾਰੀ।
ਖਰੋ ਹੋਇ ਪਗਬੰਦਨ ਧਾਰੀ ॥੨੨॥
ਤਿਸ ਪੀਛੈ ਸਿੱਖ ਸੰਗਤਿ ਸਾਰੇ।
ਕਰੀ ਨਮਹਿਂ ਸ਼੍ਰੀ ਅਮਰ ਅਗਾਰੇ।
ਸ਼੍ਰੀ ਅੰਗਦ ਨਿਜ ਸੁਤ ਦਿਸ਼ਿ ਦੇਖਾ।
ਉਠਯੋ ਨ, ਮਨ ਮਹਿਂ ਗਰਬ[1] ਬਿਸ਼ੇਖਾ ॥੨੩॥
ਦਾਸੂ ਸਾਥ ਭਨਯੋ ਗੁਰ ਨਾਥ।
'ਉਠਿ ਤੁਮ ਭੀ ਟੇਕੋ ਨਿਜ ਮਾਥ।'
'ਸੁਨਹ ਪਿਤਾ! ਇਹੁ ਦਾਸ ਹਮਾਰਾ।
ਇਕ ਤੌ ਲੀਨਸਿ ਮਮ ਅਧਿਕਾਰਾ ॥੨੪॥
ਦੁਤੀਏ ਉਠ ਕਰਿ ਸੀਸ ਨਿਵਾਵੈਂ।
ਇਹ ਤੌ ਹਮ ਤੇ ਨਹਿਂ ਬਨਿ ਆਵੈ।
ਨਿਜ ਸਥਾਨ ਪਰ ਇਹੀ ਟਿਕਾਏ।
ਹਮ ਕੋ ਛੂਛੇ ਰਾਖਿ ਸਿਧਾਏ ॥੨੫॥
ਤੁਮ ਸੋਂ ਕਜਾ ਬਸ ਚਲਹਿ ਹਮਾਰੋ।
ਕਿਯੋ ਪੰਥ ਸਭਿ ਜਗ ਤੇ ਨਜਾਰੋ।
ਜਿਮ ਤੁਮ ਦਾਸ ਹੋਇ ਕਰਿ ਪਾਈ।
ਤਿਮ ਅਬਿ ਦਈ ਦਾਸ ਬਡਿਆਈ[†]' ॥੨੬॥

[1]ਜੋ ਚਾਹੁੰਦਾ ਹੈ ਕਿ ਅੰਤ ਸਮੇਂ ਮੇਰੇ ਪਾਸ (ਪਹੁੰਚੇ)।

[1]ਹੰਕਾਰ।

[†]ਕੇਵਲ ਸੇਵਾ ਕਰਕੇ ਗਦੀ ਮਿਲਣੀ ਸਮਝਣਾ ਭੁੱਲ ਹੈ। ਪਹਿਲਾ ਕਾਰਨ ਹੈ ਧੁਰੋਂ ਦਾਤ ਲੈ ਕੇ ਆਉਣਾ ਜਿਸ ਦਾ ਸਬੂਤ ਚਰਨਾਂ ਵਿਚ ਪਦਮ ਹੈ। ਦੇਖੋ ਪਿਛੇ ਅੰਸੂ ੨੪ ਅੰਕ ੩੯। ਫਿਰ ਘਾਲ, ਦੇਖੋ ਅੰਸੂ ੨੪ ਅੰਕ ੪੦। ਫਿਰ ਪ੍ਰੇਮ ਜੋ ਅੰਤਰ ਆਤਮੇ ਸਤਿਗੁਰ ਨਾਲ ਸੀ। ਫਿਰ ਨਾਮ ਸਿਮਰਨ, ਫਿਰ ਸਤਿਗੁਰ ਦੀ ਅਗੰਮੀ ਮੇਹਰ। ਐਸੇ ਐਸੇ ਸਾਰੇ ਕਾਰਨ ਗੱਦੀ ਮਿਲਨ ਦੇ ਹੁੰਦੇ ਰਹੇ ਹਨ। ਸੇਵਾ ਤੇ ਪਰਖ ਕਈ ਵੇਰ ਸਿੱਖਾਂ ਨੂੰ ਨਿਸਚੇ ਕਰਾਣ ਲਈ ਹੁੰਦੇ ਸਨ।

ਸੁਨਿ ਦਾਸੂ ਤੇ ਦਾਤੂ ਸਾਥ।
ਆਗਜਾ ਕਹਿ ਗੁਰ 'ਟੇਕੋ ਮਾਥ।'
ਤਿਨ ਭੀ ਨਹਿਂ ਮਾਨੀ ਥਿਤ ਰਹਯੋ।
ਨਿਜ ਬਡਿਆਈ ਕੋ ਬਚੁ ਕਹਯੋ ॥੨੭॥

ਸ੍ਰੀ ਅੰਗਦ ਤੁਸ਼ਨਿ ਮੁਖ ਧਾਰੀ।
ਭਲੀ ਬੁਰੀ ਸੁਤ ਸੋਂ ਨ ਉਚਾਰੀ।
ਪੁਨ ਸੰਗਤਿ ਮਹਿਂ ਕਹ੍ਯੋ ਸੁਨਾਈ।
'ਮਮ ਸਰੂਪ ਅਬਿ ਇਹੈ ਸੁਹਾਈ ॥੨੮॥
ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁਂ।
ਏਕ ਸਰੂਪ ਦੁਹੁੰਨ ਕੋ ਮਾਨਹੁ।'
ਪੁਨ ਸ੍ਰੀ ਸਤਿਗੁਰ ਆਗ੍ਯਾ ਕਰੀ।
'ਭੋਜਨ ਤ੍ਯਾਰ ਹੋਇ ਇਸ ਘਰੀ ॥੨੯॥
ਸਭਿ ਸੰਗਤਿ ਕੋ ਦੇਹੁ ਅਹਾਰਾ।
ਸਭਿ ਮਿਲਿ ਕਰਉ ਅਨੰਦ ਉਦਾਰਾ।'
ਤਬਿ ਸ੍ਰੀ ਅਮਰ ਉਠ੍ਯੋ ਹਿਤ ਧਾਰਿ।
ਕੀਨਸਿ ਜਾਇ ਅਹਾਰ ਸੁ ਤ੍ਯਾਰ ॥੩੦॥
ਸਤਿਗੁਰ ਆਪ ਜਾਇ ਕਰਿ ਖਾਇਵ।
ਪੁਨ ਸਭਿ ਸੰਗਤਿ ਮਹਿਂ ਬਰਤਾਇਵ।
ਅਪਨ ਸਿੰਘਾਸਨ ਪਰ ਗੁਰ ਗਏ।
ਅਤਿ ਅਨੰਦ ਜੁਤਿ ਸ਼ੋਭਤਿ ਭਏ ॥੩੧॥
ਮਿਲਹਿਂ ਪਰਸਪਰ ਸਿਖ ਸਮੁਦਾਇ।
ਪੂਰਬਲੀ† ਕਹਿ ਬਾਤ ਸੁਨਾਇਂ।
-ਸ਼੍ਰੀ ਨਾਨਕ ਨਿਜ ਦੇਹਿ ਸਮੇਤ।
ਕੀਨ ਗਮਨ ਬੈਕੁੰਠ ਨਿਕੇਤ ॥੩੨॥
ਭਗਤ ਕਬੀਰ ਆਦਿ ਜੇ ਭਏ।
ਬਹੁਤ† ਸ਼ਰੀਰ ਸਮੇਤ ਸੁ ਗਏ-।
ਇਮਿ ਬਿਚਾਰ ਸਿੱਖਨ ਮੈਂ ਹੋਈ।
ਸ੍ਰੀ ਅੰਗਦ ਜਾਨੀ ਮਨ ਸੋਈ ॥੩੩॥
ਰਿਦੇ ਬਿਚਾਰਹਿਂ -ਸ਼ੰਕਾ ਇਨ ਕੇ।
ਨੀਕੇ ਨਹਿਂ ਬਿਬੇਕ ਮਨ ਜਿਨ ਕੇ।
ਦੇਹਿ ਸਨੇਹ ਨ ਸੰਤਨ ਮਾਂਹੀ।
ਇਮਿ ਸੂਛਮ ਗਤਿ ਜਾਨਹਿਂ ਨਾਂਹੀ ॥੩੪॥
ਜੇ ਇਨ ਕੀ ਮਨ ਸ਼ੰਕ ਨ ਜਾਇ।
ਮਮ ਸੰਗਤਿ ਕੋ ਕ੍ਯਾ ਫਲ ਪਾਇਂ।

†ਪਾ:-ਪੂਰਬ ਕੀ।

†ਪਾ:-ਬਹੁਰ।

ਪੁੰਨ ਮਹਾਨ ਬ੍ਰਿਥਾ ਸਭਿ ਖੋਵਹਿਂ।
ਅਸ ਸੰਦੇਹ[1] ਮੈਂ ਜੇ ਮਨ ਹੋਵਹਿ ॥੩੫॥ — [1]ਸੰਸੇ।
ਸ਼ਰਧਾ ਤਜਾਗੇ ਦੋਸ਼ ਬਿਸ਼ਾਲੇ।
ਉਰ ਨਿਸ਼ਚਾ ਇਨ ਕੈ ਸਭਿ ਹਾਲੇ[1]-। — [1]ਹਿੱਲ ਜਾਏਗਾ।
ਇਮਿ ਸਿੱਖਨ ਪਰ ਕਰੁਨਾ ਠਾਨੀ।
ਅਦਭੁਤ ਲੀਲਾ ਰਚੀ ਮਹਾਨੀ ॥੩੬॥
ਭਏ ਅਲੋਪ ਸਿੰਘਾਸਨ ਪਰ ਤੇ।
ਹੁਤੇ ਸਮੀਪ, ਨ ਕਹੂੰ ਨਿਹਰਿਤੇ।
ਦੇਖਿ ਚਲਿੱਤ੍ਰ ਬਿਸਮ ਮਤਿ ਰਹੀ।
ਅਦਭੁਤ ਲੀਲਾ ਜਾਤਿ ਨ ਕਹੀ ॥੩੭॥
ਚਹੁੰ ਦਿਸ਼ ਬੋਲਿ ਉਠੇ ਸਿਖ ਸਾਰੇ।
'ਤਨ ਜੁਤਿ ਗੁਰ ਬੈਕੁੰਠ ਪਧਾਰੇ।'
ਪਰਜੋ ਰੌਰ ਸੰਗਤਿ ਕੇ ਮਾਂਹੀ।
'ਸਤਿਗੁਰ ਦਰਸ਼ਨ ਪ੍ਰਾਪਤਿ ਨਾਂਹੀ' ॥੩੮॥
ਲੰਗਰ ਬਿਖੇ ਸੇਵ ਸਭਿ ਕੇਰੀ।
ਕਰਤਿ ਹੁਤੇ ਸ਼੍ਰੀ ਅਮਰ ਬਡੇਰੀ।
ਸੁਨਿ ਕਰਿ ਚਲਿ ਆਏ ਤਤਕਾਲਾ।
ਪਰਜੋ ਸਿੰਘਾਸਨ ਹੀਨ ਕ੍ਰਿਪਾਲਾ[1] ॥੩੯॥ — [1]ਕ੍ਰਿਪਾਲੂ ਜੀ ਤੋਂ ਸੱਖਣਾ।
ਪਿਖਿ ਸ਼੍ਰੀ ਅੰਗਦ ਕੀ ਅਸ ਲੀਲਾ।
ਖਰੇ ਹੋਇ ਕਰਿ ਤਹਾਂ ਸੁਸ਼ੀਲਾ[1]। — [1]ਭਾਵ ਸ਼੍ਰੀ ਅਮਰਦਾਸ ਜੀ।
ਅਚਰਜ ਗਤਿ ਕੁਛ ਲਖੀ ਨ ਜਾਵੈ।
ਜੋ ਸਮ ਹੋਇ ਤਉ ਕੁਛ ਪਾਵੈ[1] ॥੪੦॥ — [1]ਜੇ ਉਨ੍ਹਾਂ ਦੇ ਬ੍ਰੱਬਰ ਦਾ ਹੋਵੇ ਸੋ ਕੁਛ (ਭੇਦ ਨੂੰ) ਪਾਵੇ। ਅਗੇ ਫੇਰ ਦਸਦੇ ਹਨ ਕਿ ਗੁਰੂ ਅਮਰ ਦੇਵ ਜੀ ਨੇ ਗੱਲ ਸਮਝ ਲਈ, ਭਾਵ ਕਿ ਓਹੋ ਉਨ੍ਹਾਂ ਦੇ ਤੁੱਲ ਸਨ ਓਹੀ ਸਮਝ ਸਕਦੇ ਸਨ।
ਕਰਹਿਂ ਬਿਚਾਰਨਿ ਅਪਨੇ ਚੀਤ।
-ਸ਼੍ਰੀ ਗੁਰ ਕਜੋਂ ਕੀਨਸਿ ਅਸ ਰੀਤਿ?-।
ਤਾਤਪਰਯ ਕੋ ਨੀਕੇ ਜਾਨਾ[1]। — [1]ਚੰਗੀ ਤਰ੍ਹਾਂ ਸਮਝ ਲਿਆ।
ਪ੍ਰਗਟਾਵਨ ਹਿਤ ਸੁਜਸ ਬਖਾਨਾ[1]: ॥੪੧॥ — [1]ਫੇਰ ਗੁਰੂ ਜੀ ਨੂੰ) ਪ੍ਰਗਟ ਕਰਨ ਲਈ (ਆਪਨੇ) ਜਸ ਉਚਾਰਿਆ।

ਪ੍ਰਮਾਨਕ ਛੰਦ:

ਅਨੰਦ ਕੰਦ ਰੂਪ ਹੋ।
ਬਿਲੰਦ ਭੂਪ ਭੂਪ[1] ਹੋ। — [1]ਰਾਜਿਆਂ ਦੇ ਵੱਡੇ ਰਾਜੇ।
ਨ ਆਦਿ ਅੰਤ ਤੋਹਿ ਕੋ।
ਸਮਾਨ ਆਨ ਹੋਹਿ ਕੋ[1] ॥੪੨॥ — [1]ਕੌਣ।
ਮੁਕੰਦ ਸੇਵਕਾਨ ਕੋ। ਪ੍ਰਕਾਸ਼ ਚੰਦ ਭਾਨੁ ਕੋ[1]। — [1]ਚੰਦ ਸੂਰਜ ਨੂੰ ਪ੍ਰਕਾਸ਼ਣ ਵਾਲੇ ਹੋ।
ਸੁ ਦਾਨ ਦੇ ਜਹਾਨ ਕੋ। ਕਰੈ ਜੁ ਖਾਨ ਪਾਨ ਕੋ[1] ॥੪੩॥ — [1]ਜਗਤ ਜੋ ਕੁਛ ਖਾਨ ਪਾਨ ਕਰਦਾ ਹੈ ਸੋ ਦਾਨ ਤੁਸੀਂ ਦੇਂਦੇ ਹੋ।
ਚਰਿੱਤ੍ਰ ਤੋ[1] ਬਚਿੱਤ੍ਰ ਹੈਂ। ਭਨੇ ਸੁਨੇ[2] ਪਵਿੱਤ੍ਰ ਹੈਂ। — [1]ਆਪਦੇ। [2]ਜੋ ਕਹੇ ਯਾ ਸੁਣੇ।
ਅਦੇਵ ਦੇਵ ਨਾਥ ਹੈਂ। ਸਭੈ ਨਿਵਾਇ ਮਾਥ ਹੈਂ ॥੪੪॥
ਅਜਾਯ ਹੋ[1], ਅਮਾਯ ਹੋ[2]। — [1]ਅਜਨਮ ਹੋ। [2]ਮਾਯਾ ਰਹਤ ਹੋ।
ਸਦੀਵ ਸੁੱਧਿ ਭਾਯ ਹੋ[1]। — [1]ਜਿਨ੍ਹਾਂ ਦਾ ਭਾਵ ਸਦਾ ਪਵਿੱਤ੍ਰ ਹੈ। (ਅ) ਸੁੱਤੇ ਸਿੱਧ ਸ੍ਵਰੂਪ ਹੋ।
ਪਰੰਪਰਾ ਪਰੇਸ਼ ਹੋ[1]। — [1]ਪਰੰਪਰਾ ਤੋਂ ਈਸ਼੍ਵਰਾਂ ਨਾਲੋਂ ਵੱਡੇ ਹੋ।
ਧਰੰਧਰਾ ਅਦੇਸ਼ ਹੋ[1] ॥੪੫॥ — [1]ਧਰਤੀ ਦੇ ਧਾਰਨ ਵਾਲੇ ਜੀ! (ਆਪਨੂੰ) ਨਮਸਕਾਰ ਹੋਵੇ।
ਰਹੇ ਬਿਸਾਲ ਗੋਪ[1] ਹ੍ਵੈ। — [1]ਗੁੱਝੇ।
ਜਿ ਖੋਜਿਏ ਨ ਓਪ ਹ੍ਵੈ[1]। — [1]ਜਿਨ੍ਹਾਂ ਨੇ ਤੁਸੀਂ ਖੋਜੇ (ਲੱਭੇ) ਹੋ ਉਨ੍ਹਾਂ ਦੀ ਉਪਮਾ (ਸੁੰਦਰਤਾ) ਨਹੀਂ (ਕਹੀ ਜਾ) ਸਕਦੀ। (ਅ) ਆਪ ਜੀ ਦੇ ਇਸੇ ਤਰ੍ਹਾਂ ਦੇ ਗੁਪਤ ਰਹਿਣ ਦੀ ਜੇ ਉਪਮਾ ਖੋਜੀਏ ਤਾਂ ਨਹੀਂ (ਮਿਲਦੀ)।
ਅਜਾਨ ਲੋਕ ਹ੍ਵੈ ਰਹੇ।
ਪ੍ਰਤੀਤ ਧਾਰਿ ਨਾ ਲਹੇ[1] ॥੪੬॥ — [1]ਨਹੀਂ ਦਰਸ਼ਨ ਕਰਦੇ।
ਗੁਰੂ ਮਹਾਨ ਚੀਨਿਯੋ।
ਨਿਹਾਲ ਦਾਸ ਕੀਨਿਯੋ।
ਨਿਵਾਰਿ ਮੋਹ ਤਾਪ ਕੋ।
ਜਪਾਇ ਨਾਮ ਜਾਪ ਕੋ ॥੪੭॥
ਸਦਾ ਅਧੀਨ ਪ੍ਰੇਮ ਕੇ।
ਨ੍ਰਿਬਾਹਿ ਕੀਨਿ[1] ਨੇਮ ਕੇ। — [1]ਨਿਬਾਹੁਣ ਵਾਲੇ।
ਸੁ ਤਾਇ ਜੇਮੁ ਹੇਮ ਕੇ[1]। ਸੁ ਦਾਨ ਦੇਤਿ ਛੇਮ ਕੇ ॥੪੮॥ — [1]ਤਾਕੇ ਸੋਨਾ ਜੈਸੇ (ਸੁੱਧ ਕਰੀਦਾ ਹੈ)।
ਸੁਛੰਦ† ਸਿੰਧੁ ਨੰਦਨਾ[1]। ਅਮੰਦ ਹੋ, — [1]ਆਪ (ਜਿੰਨੇ) ਸੁਤੰਤ੍ਰ ਹੋ ਸਮੁੰਦਰ ਦਾ ਪੁੱਤ੍ਰ (ਚੰਦਰਮਾਂ ਬੀ

ਮਨਿੰਦ ਨਾ[2]।

ਗੋਬਿੰਦ, ਸ਼ੱਤ੍ਰੂ ਕੰਦਨਾ[1]। ਸੁ ਬੰਦਨਾ, ਤੁ ਬੰਦਨਾ[2] ॥੪੯॥

ਦੋਹਰਾ:

ਸ੍ਰੀ ਸਤਿਗੁਰ! ਕਿਮ ਆਪ ਅਬਿ, ਹੁਇ ਗੇ ਅੰਤਰ ਧਜਾਨ।
ਲੋਕਨਿ ਕੀ ਸ਼ੰਕਾ ਕਹਾਂ, ਤੁਮਹਿ ਨ ਉਚਿਤ ਮਹਾਂਨ ॥੫੦॥
ਦਿਹੁ ਦਰਸ਼ਨ ਕਰੁਨਾ ਕਰਹੁ, ਪ੍ਰਥਮ ਜਗਤ ਕੀ ਰੀਤਿ।
ਕਰਤੇ ਰਹੇ ਸੁ ਅਬਿ ਕਰਹੁ, ਕਯੋਂ ਠਾਨਹੁ ਬਿੱਪ੍ਰੀਤ ॥੫੧॥
ਪਰਮ ਧਾਮ ਅਭਿਰਾਮ ਕੋ, ਗਮਨਹੁ ਇਹ ਤਨ ਤਜਾਗਿ।'
ਇਮ ਬਿਨਤੀ ਸੁਨਿ ਦਾਸ ਕੀ, ਜਾਨਿ ਮਹਾਂ ਅਨੁਰਾਗ ॥੫੨॥
ਸਿੰਘਾਸਨ ਪਰ ਵਿਦਤ ਭੇ, ਦੇਖਿ ਸਕਲ ਹਰਿਖਾਇ।
'ਜੈ! ਜੈ!' ਸ਼ਬਦ ਉਚਾਰਿ ਕਰਿ, ਪਰੇ ਦੌਰ ਸਭਿ ਪਾਇ ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਪਰਮ ਧਾਮ ਗਮਨ' ਪ੍ਰਸੰਗ ਬਰਨਨੰ ਨਾਮ ਸਪਤਬਿੰਸਤੀ ਅੰਸੂ ॥੨੭॥

ਉਤਨਾ ਨਹੀਂ) (ਅ) (ਵਧੇਰੇ) ਸੁੱਛ ਹੋ ਚੰਦ੍ਰਮਾਂ ਨਾਲੋਂ (ੲ) ਸੁਤੰਤ੍ਰ ਹੋ ਤੇ ਆਨੰਦ ਦੇ ਸਮੁੰਦ੍ਰ ਹੋ। [2]ਤੁਸੀਂ ਚੰਦ ਵਾਂਗੂ) ਮੰਦ ਨਹੀਂ ਹੁੰਦੇ (ਵਧਦੇ ਘਟਦੇ ਨਹੀਂ) ਤਾਂਤੇ ਉਹ ਤੁੱਲਜ ਨਹੀਂ। †ਪਾ:-ਜੁ ਛੰਦ।

[1]ਵੈਰੀ ਦੇ ਨਾਸ਼ ਕਰਤਾ। [2]ਤੁਹਾਨੂੰ ਨਮਸਕਾਰ ਹੈ।

## ੨੮. [ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਅਮਰਦਾਸ ਹੁਇ ਪਾਸ ਗੁਰ, ਨਿਜ ਅਰਦਾਸ ਪ੍ਰਕਾਸ਼।
'ਅਦਭੁਤ ਲੀਲਾ ਆਪ ਕੀ, ਸਦਾ ਬਿਲਾਸ ਹੁਲਾਸ ॥੧॥

ਚੌਪਈ:

ਇਹ ਕਾਰਨ ਕਿਮ ਰਾਵਰ ਕੀਨਾ?
ਸਭਿ ਕੇ ਮਨ ਅਚਰਜ ਬਡ ਦੀਨਾ।
ਇਸ ਪ੍ਰਕਾਰ ਨਹਿਂ ਉਚਿਤ ਤੁਮਾਰੇ।
ਪਰਮ ਧਾਮ ਕੋ ਜਥਾ ਪਧਾਰੇ' ॥੨॥
ਸ਼੍ਰੀ ਅੰਗਦ ਸੁਨਿ ਤਬਹਿ ਬਖਾਨਾ।
'ਸਿੱਖਨ ਕੇ ਮਨ ਸ਼ੰਕ ਮਹਾਨਾ।
-ਸਹਤ ਸਰੀਰ ਬਿਕੁੰਠ ਸਿਧਾਰੇ[1]-।
ਆਪਸ ਮਹਿਂ ਮਿਲ ਕਰਤਿ ਉਚਾਰੇ ॥੩॥

[1](ਕਿ ਇਹ ਬੀ) ਸਰੀਰ ਸਮੇਤ ਬੈਕੁੰਠ ਸਿਧਾਰਨ (ਅ) (ਕਿ ਗੁਰੂ ਨਾਨਕ) ਸਿਧਾਰੇ ਹਨ।

ਏਵ ਨ ਕਰਤੇ ਸ਼ਰਧਾ ਨਾਸਤਿ।
ਲਗਤਿ ਦੋਸੁ ਮਮ ਦਾਸਨ ਗ੍ਰਾਸਤਿ।
ਸਭਿਹਿਨਿ ਮਨ ਸ਼ੰਕਾ ਮਲ ਧਾਰੀ।
ਇਹੁ ਕ੍ਰਿਤਿ ਜਲੁ ਸਾਥ ਪਖਾਰਾ[1] ॥੪॥

[1]ਇਹ ਕਰਕੇ (ਉਹ ਮੈਲ ਮਾਨੋਂ) ਜਲ ਨਾਲ ਧੋ ਦਿੱਤੀ ਹੈ।

ਮਮ ਸੰਗਤ ਤੇ ਸਿਖ ਸੁਖ ਪਾਵਹਿਂ।
ਬਿਨ ਸ਼ਰਧਾ ਸੋ[1] ਹਾਥ ਨ ਆਵਹਿ।'

[1]ਉਹ (ਸੁਖ)।

ਬਿਗਸ ਬਦਨ ਤੇ ਬਹੁਰ ਬਖਾਨੀ।
'ਸੁਨਿ ਪੁਰਖਾ! ਤੂੰ ਪੂਰਨ ਗਜਾਨੀ[†] ॥੫॥

[†]ਗੁਰੂ ਅਮਰ ਦਾਸ ਜੀ ਹੁਣ ਆਪਣੇ ਅਸਲੀ ਸਰੂਪ ਵਿਚ ਪ੍ਰਕਾਸ਼ਮਾਨ ਹਨ ਤੇ 'ਆਪ' ਹਨ: ਹੁਣ ਉਨ੍ਹਾਂ ਨੂੰ ਪੂਰਨ ਗਜਾਨੀ ਕਹਿਣਾ ਨੀਵੀਂ ਉਪਮਾ ਹੈ, ਗਜ਼ਾਨ ਤਾਂ ਉਨ੍ਹਾਂ ਤੋਂ ਪ੍ਰਕਾਸ਼ ਪਾਉਂਦਾ ਹੈ। ਕਵਿ ਜੀ ਦੀ ਮੁਰਾਦ 'ਪੂਰਨ' ਤੇ ਜ਼ੋਰ ਦੇਣ ਤੋਂ ਹੈ, ਕਿਉਂਕਿ ਓਹ ਸਭ ਬਿਧ ਪੂਰਨ ਹਨ, 'ਆਪ' ਹਨ।

ਇਹ ਜਗ ਸਲਿਤਾ ਕੋ ਸੁ[1] ਪ੍ਰਵਾਹਾ।
ਚਲਜੋ ਜਾਤ, ਪੁਨ ਪੂਰਨ ਆਹਾ।
ਜਲ ਤਰੰਗ ਜਿਉਂ ਜਲਹਿ ਸਮਾਵੈਂ।

[1]ਵਾਂਗੂ ਹੈ।

ਹੈਂ ਜਲ ਜਲ ਤੇ ਭਿੰਨ[1] ਦਿਖਾਵੈ ॥੬॥
ਸੰਤ ਦ੍ਵੈਤ ਤਿਮ ਨਾਂਹਿਨ ਮਾਨੇ।
ਆਤਮ ਪਰਮਾਤਮ ਇਕ ਜਾਨੇ।
ਜਿਮੁ ਜਲ ਬਿਖੈ ਬੁਦਬੁਦਾ ਹੋਇ।
ਜਨਮ ਮਰਨ ਦੇਹਿਨਿ ਇਮ ਜੋਇ[1] ॥੭॥
ਪੱਤ੍ਰ ਪੁਰਾਤਨ ਤਰੁ ਕੇ ਗਿਰੈਂ।
ਬਹੁਰ ਨ ਜੁਰੈਂ ਨਏ ਲਗ ਪਰੈਂ।
ਤਥਾ ਸਰੀਰ ਜਰਜਰੀ ਹੋਇ।
ਮਰਤਿ ਨ ਏ ਉਪਜਹਿ ਜਗ ਜੋਇ ॥੮॥
ਜਗਤ ਅਨਾਦਿ ਕਾਲ ਕੋ ਐਸੇ।
ਚਲਤ੍ਯੋ ਆਇ ਜਿਹ ਪਾਰ ਨ ਕੈਸੇ।
ਅਬਿ ਤੁਮ ਸਭਿ ਨੇ ਮੋਹਿ ਪਿਛਾਰੀ।
ਕਰਹੁ ਨ ਸ਼ੋਕ ਮੋਹ ਕੋ ਟਾਰੀ ॥੯॥
ਮੰਗਲ ਨਾਨਾ ਭਾਂਤਿ ਕਰੀਜੈ।
ਸ਼ਬਦ ਕੀਰਤਨ ਪਠਹੁ ਸੁਨੀਜੈ।'
ਦੋਨਹੁ ਪੁੱਤ੍ਰ ਆਇ ਤਿਸ ਕਾਲਾ।
ਪਰੇ ਚਰਨ ਅਰਬਿੰਦ ਕ੍ਰਿਪਾਲਾ ॥੧੦॥
'ਦਯਾਧਾਰਿ ਬਿਵਹਾਰ ਬਤਾਵਹੁ।
ਜਿਮਿ ਪੀਛੇ ਹਮ ਕਰਹਿਂ, ਜਨਾਵਹੁ।
ਜਗਤ ਰੀਤਿ ਅਰੁ ਕੁਲ ਆਚਾਰ[1]।
ਜੈਸੇ ਆਯੋ ਹੋਤਿ[†] ਅਗਾਰ[1] ॥੧੧॥
ਸੁਨਿ ਸ਼੍ਰੀ ਸਤਿਗੁਰ ਬਾਕ ਉਚਾਰੇ।
'ਜਗ ਅਰ ਕੁਲ ਕੇ ਜਿਤਿਕ ਅਚਾਰੇ।
ਹਮਰੇ ਹੇਤ ਨਹੀਂ ਕੁਛ ਕਰਨਾ।
ਕੀਰਤਿ ਪਠਿ ਸੁਨਿ ਨਾਮ ਸਿਮਰਨਾ ॥੧੨॥
ਕਰਹੁ ਅਨੰਦ ਮੰਗਲਾ ਚਾਰਾ।
ਦੇਹੁ ਸਰੀਰ ਅਗਨਿ ਸਸਕਾਰਾ[†]।'
ਪੁਨ ਪੁੱਤ੍ਰਨ ਕੋ ਸੰਗਤਿ ਸਾਥ।
ਕਹਿ ਸ਼੍ਰੀ ਅਮਰ ਗਹਾਯੋ ਹਾਥ ॥੧੩॥

[1]ਅੱਡ।

[1]ਦੇਖ! (ਅ) ਦੇਖੀਦਾ ਹੈ।

[1]ਕਰਤੱਵਜ।

[1]ਜਿਸ ਤਰ੍ਹਾਂ ਅੱਗੇ ਹੁੰਦਾ ਆਇਆ ਹੈ। [†]ਪਾ:-ਹੁਤੋ।

[†]ਇਹ ਵਾਕ ਤੇ ਇਨ੍ਹਾਂ ਦਾ ਅਮਲ ਗੁਰ ਮਿਰ੍ਯਾਦਾ ਹੈ, ਇਹ ਗੁਰ ਮਿਰ੍ਯਾਦਾ ਦਾ ਮੁੱਢ ਹੈ।

ਸਭਿਹਿਨਿ ਕੋ ਉਪਦੇਸ਼ ਦ੍ਰਿੜ੍ਹਾਯੋ।
'ਇਹ ਮੈਂ ਅਪਨੇ ਥਾਨ ਬਿਠਾਯੋ।
ਮੋ ਮਹਿਂ ਇਸ ਮਹਿਂ ਭੇਦ ਨ ਜਾਨੋ।
ਜੋ ਜਾਨੈ ਲਹਿ ਖੇਦ ਮਹਾਨੋ ॥੧੪॥
ਭੁਗਤਿ ਮੁਕਤਿ ਸਭਿ ਇਨ ਕੇ ਹਾਥ।
ਜੋ ਸੇਵਹਿ ਹੋਵੈ ਸੁਖ ਸਾਥਿ।
ਸ਼ਰਨ ਪਰੈ ਸੋਊ ਜਗ ਤਰੈ।
ਹੋਇ ਦੁਖੀ ਦ੍ਰੋਹ ਜੁ ਉਰ ਧਰੈ ॥੧੫॥
ਇਰਖਾ ਕਰੈ ਸਰੈ ਨਹਿਂ ਕਾਰ।
ਉਲਟੋ ਅਪਨੋ ਲੇਹਿ ਬਿਗਾਰਿ।'
ਇਮ ਕਹਿ ਲੀਨਿ ਹਕਾਰਿ ਜੁਲਾਹੇ।
ਤਤਛਿਨ ਆਏ ਸਤਿਗੁਰ ਪਾਹੇ ॥੧੬॥
ਤਿਨ ਸੋਂ ਕਹਯੋ 'ਤਜਹੁ ਇਹ ਗ੍ਰਾਮ[†]।
ਅਪਰ ਥਾਨ ਕੀਜਹਿ ਨਿਜ ਧਾਮ।
ਕੀਲਾ ਅਮਰ ਚਰਨ ਲਗ ਗਿਰਯੋ।
ਸੋ ਤਰੁ ਹੋਇ ਭਯੋ ਅਬਿ ਹਰਯੋ[1] ॥੧੭॥
ਤਿਸ ਕੇ ਢਿਗ ਸਸਕਾਰ ਹਮਾਰੋ।
ਮੰਦਰ ਸੁੰਦਰ ਬਨਹਿਂ ਉਦਾਰੋ।
ਨਹੀਂ ਬਿਦਾਰੁ ਸਕਹਿ ਤਿਸ ਕੋਊ।
ਰਹਿ ਚਿਰਕਾਲ ਥਿਰਹਿ ਤਰੁ ਸੋਊ' ॥੧੮॥
ਦਰਬ ਬ੍ਰਿੰਦ ਤਬਿ ਦਿਯੋ ਕੁਵਿੰਦਹ[1]।
'ਕਰਹੁ ਅਪਰ ਥਲ ਸਦਨ ਬਿਲੰਦਹਿ।
ਜੇ ਕਰਿ ਇਹਾਂ ਬਸਹੁ ਕਬਿ ਆਇ।
ਨਹਿਂਨ ਬਚੋ ਸਗਰੇ ਮਰਿ ਜਾਇ ॥੧੯॥
ਸੋ ਇਹ ਥਾਨ[†] ਹਮਾਰਾ ਭਯੋ।
ਤਿਸ ਕੋ ਮੋਲ ਤੁਮੈਂ ਦੈ ਦਯੋ।'
ਸੁਨਿ ਕੁਵਿੰਦ ਧਰਿ ਤ੍ਰਾਸ ਬਿਲੰਦ।
ਲਯੋ ਦਰਬ ਜੋ ਦੀਨਸਿ ਬ੍ਰਿੰਦ[†] ॥੨੦॥
ਪੁਨ ਸ਼੍ਰੀ ਅਮਰ ਸਿੱਖ ਸਮੁਦਾਏ।
ਤਨ ਸਿਸਕਾਰਨ ਕੋ ਸਮੁਝਾਏ।
'ਜਹਿਂ ਕਰੀਰ ਹੋਵੈ ਤਰੁ ਹਰੋ।

[†]ਪਾ:-ਠਾਮ।

[1]ਉਹ ਹੁਣ ਹਰਾ ਹੋ ਆਇਆ ਹੈ, ਬ੍ਰਿੱਛ ਬਣ ਜਾਏਗਾ।

[1]ਜੁਲਾਹੇ ਨੂੰ।

[†]ਪਾ:-ਸੋ ਇਸਥਾਨ।

[†]ਪਾ:- ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

ਤਿਸ ਕੇ ਨਿਕਟ ਥਾਨ ਮਮ ਕਰੋ' ॥੨੧॥
ਮੁਖ ਪ੍ਰਸੰਨ ਇਮਿ ਕਹਿ ਸਭਿ ਕਾਂਹੂ।
ਖਿਰਜੋ ਕਮਲ ਜਨੁ ਜਲ ਕੇ ਮਾਂਹੂ।
ਅਤਿਸ਼ੈ ਸੁੰਦਰਤਾ ਛਬਿ ਬਾਢੀ।
ਲਾਲੀ ਅਰਣੋਦਯ[1] ਸਮ ਗਾਢੀ ॥੨੨॥

[1]ਸੂਰਜ ਉਦਯ ਦੀ ਲਾਲੀ।

ਕਮਲ ਪੱਤ੍ਰ ਸਮ ਬਿਕਸੇ ਲੋਚਨ।
ਦੇਖਤਿ ਸਭਿ ਦਿਸ਼ ਸੋਚ ਬਿਮੋਚਨ।
ਮੁਸਕਾਵਤਿ ਬੋਲਤਿ ਮਨ ਭਾਵਤਿ।
ਸਿਖ ਸਭਿ ਪਿਖਿ ਕਰਿ ਬਲਿ ਬਲਿ ਜਾਵਤਿ ॥੨੩॥
ਨਿਜ ਅਨੰਦ ਮਹਿਂ ਮਗਨ ਬਿਲੰਦੇ।
ਧਾਰਨ ਤਜਾਗਨ ਦੇਹਿ ਸੁਛੰਦੇ[1]।

[1]ਦੇਹ ਦਾ ਧਾਰਨਾ ਯਾ ਤਿਆਗਣਾ ਆਪ ਦੇ ਆਪਣੇ ਵੱਸ ਵਿਚ ਹੈ।

ਕ੍ਰਿਪਾ ਦ੍ਰਿਸ਼ਟਿ ਸੋਂ ਸਭਿ ਦਿਸ਼ਿ ਦੇਖਾ।
ਦੀਨਸਿ ਦਰਸ਼ਨ ਅਨੰਦ ਵਿਸ਼ੇਖ਼ਾ ॥੨੪॥
ਪੁਨ ਸਭਿ ਕੇ ਦੇਖਤਿ ਤਤਕਾਲ।
ਪੌਢ ਗਏ ਸ਼੍ਰੀ ਗੁਰੁ ਕ੍ਰਿਪਾਲ।
ਊਪਰ ਬਿਸਦ ਬਸਤ੍ਰ ਕੋ ਲੀਨਾ।
ਪਰਮ ਧਾਮ ਪ੍ਰਸਥਾਨੋ ਕੀਨਾ ॥੨੫॥
ਤਿਹ ਛਿਨਿ ਬਿਧਿ[1] ਸ਼ੰਕਰ[2] ਚਲਿ ਆਏ।

[1]ਬ੍ਰਹਮਾਂ। [2]ਸ਼ਿਵ ਜੀ।

'ਸਾਧ ਸਾਧ' ਮੁਖ ਬਾਕ ਅਲਾਏ।
'ਗੁਰ ਆਸ਼ੈ[1] ਕੋ ਦ੍ਰਿੜ੍ਹ ਬਡ ਕਰਜੋ।

[1]ਭਾਵ ਗੁਰ ਨਾਨਕ ਦੇਵ ਦੇ ਆਸ਼ੇ ਨੂੰ।

ਅਜਰ ਜਰਨ ਨਿਸ਼ਚੈ ਉਰ ਧਰਜੋ ॥੨੬॥
ਅਪਨੀ ਚਾਹਨਿ ਹਿਤ ਬਡਿਆਈ।
ਕਰਾਮਾਤ ਨਹਿਂ ਰੰਚੁ ਦਿਖਾਈ।
ਉਰ ਗੰਭੀਰ ਧੀਰ ਬੁਧਿਵੰਤਾ।
ਅਚਲ ਮੇਰੁ ਸਮ ਨਹੀਂ ਚਲੰਤਾ' ॥੨੭॥
ਅਪਰ ਦੇਵ ਇੰਦ੍ਰਾਦਿਕ ਆਏ।
ਮੰਗਲ ਕਰਿ 'ਜੈ' ਸ਼ਬਦ ਸੁਨਾਏ।
ਗੋਰਖ ਆਦਿ ਸਿੱਧ ਸਮੁਦਾਈ[1]।

[1]ਸਾਰੇ।

ਆਇ ਸਭਿਨਿ ਕੀਨਸਿ ਬਡਿਆਈ

॥੨੮॥
'ਜੈ ਜੈ ਕਾਰ' ਸੁਰਗ ਮਹਿਂ ਭਯੋ।
ਅਤਿ ਉਤਸਾਹ ਦੇਵਤਨਿ ਕਯੋ।
'ਧੰਨ ਧੰਨ ਸਤਿਗੁਰੂ' ਬਖਾਨੈਂ।
ਆਇ ਅਗਾਊ ਆਦਰ ਠਾਨੈਂ ॥੨੯॥
ਕਲਪ ਬ੍ਰਿੱਛ ਫੂਲਨ ਕੀ ਮਾਲਾ।
ਪਹਿਰਾਵਹਿਂ ਗੁਰ ਗਰੇ ਬਿਸਾਲਾ।
ਪੁਸ਼ਪਾਂਜਲ[1] ਛੋਰਤਿ ਬਰਖਾਵੈਂ। [1]ਫੁੱਲਾਂ ਦੇ ਬੁਕ।
ਬਡ ਸੁਗੰਧਿ ਚੰਦਨ ਚਰਚਾਵੈਂ ॥੩੦॥
ਇੱਤਜਾਦਿਕ ਅਰਪਹਿਂ ਅਰ ਗਾਵੈਂ।
ਦੇਵਬਧੂ ਨਾਚਤਿ ਹਰਿਖਾਵੈਂ।
ਗੁਰ ਆਗਵਨ ਸੁਰਗ ਉਤਸਾਹੂ।
ਕਹਿਂ ਲਗ ਕਹੋ ਜੁ ਭਯੋ ਉਮਾਹੂ ॥੩੧॥
ਇਤ[1] ਸ਼੍ਰੀ ਅਮਰ ਸਿੱਖਜ ਜੇ ਸਾਰੇ। [1]ਇਧਰ।
ਆਇਸੁ ਤੇ ਉਰ ਸ਼ੋਕ ਨਿਵਾਰੇ।
ਸਭਿ ਮਿਲਿ ਕਰਹਿਂ ਕੀਰਤਨ ਚਾਰੁ।
ਊਚੇ ਉਚਰਹਿਂ ਜੈ ਜੈ ਕਾਰ ॥੩੨॥
ਪੁਨ ਬਿਬਾਨ ਨੀਕੋ[†] ਬਨਵਾਇਵ। [†]ਪਾ:-ਕੀਨੋ।
ਮਾਲ ਬਿਸਾਲ ਪੁਸ਼ਪ ਲਰਕਾਇਵ[1]। [1]ਲਟਕਾਈਆਂ।
ਸੁੰਦਰ ਬਸਤ੍ਰ ਲਾਇ ਦਿਸ਼ ਚਾਰ।
ਮਿਲਿ ਬਹੁਤਨਿ ਸ਼ੁਭ ਰੀਤਿ ਸੁਧਾਰਿ ॥੩੩॥
ਸਤਿਗੁਰ ਤਨ ਕਰਿਵਾਇ ਸ਼ਨਾਨ।
ਬਰ ਅੰਬਰ[1] ਊਪਰ ਕੋ ਤਾਨ। [1]ਸੁਹਣਾ ਕੱਪੜਾ।
ਬੀਚ ਬਿਬਾਨ ਬਹੁਰ ਪੌਢਾਏ।
ਬੁੱਢੇ ਆਦਿ ਸੁ ਲੀਨਿ ਉਠਾਏ ॥੩੪॥
ਜਹਾਂ ਜੁਲਾਹਨਿ ਸਦਨ ਸਥਾਨ।
ਚਿਖਾ ਰਚੀ ਤਹਿਂ ਰੁਚਿਰ ਮਹਾਂਨ।
ਚੰਦਨ ਬ੍ਰਿੰਦ ਧਰਜੋ ਤਿਸ ਬੀਚ।
ਤਿਲ ਘ੍ਰਿਤ ਅਧਿਕ ਆਨਿ ਤਿਹ ਸੀਂਚ[1] ॥੩੫॥ [1]ਪਾਇਆ।
ਸਤਿਗੁਰ ਤਨ ਊਪਰ ਪੌਢਾਇ।

ਦਾਸੂ ਦੀਨਸਿ ਅਗਨਿ ਲਗਾਇ।
ਸੱਤਿਨਾਮ ਕੋ ਸਿਮਰਨ ਕਰੈਂ।
ਹੋਤਿ ਕੀਰਤਨ ਸ਼ੋਕਹਿਂ ਹਰੈਂ ॥੩੬॥
ਭਲੀ ਰੀਤਿ ਸਸਕਾਰਣਿ ਕਰੇ।
ਨਮੋ ਠਾਨਿ ਧਰ ਪਰ ਸਿਰ ਧਰੇ।
ਮੰਗਲ ਕਰਤਿ ਰਹੇ ਸਮੁਦਾਇ।
ਗੁਰ ਆਇਸੁ ਤੇ ਸ਼ੋਕ ਨਸਾਇ ॥੩੭॥
ਬੈਠੇ ਬਹੁਰ ਸੁ ਡੇਰਨਿ ਜਾਇ।
ਕਹਹਿਂ ਸੁਨਹਿਂ ਗੁਰ ਜਸੁ ਸਮੁਦਾਇ।
'ਸਾਗਰ ਸਮ ਗੰਭੀਰ ਮਹਾਂਨੇ।
ਰਿਦੇ ਅਚਲ ਮੇਰੂ ਸਮਠਾਨੇ ॥੩੮॥
ਅਜਰ ਜਰਨ ਜਿਨ ਕੇਰ ਸਮਾਨ।
ਭਯੋ ਨ ਭੂਤ ਭਵਿੱਖਯ ਜਹਾਨ।
ਕ੍ਰਿਪਾ ਦ੍ਰਿਸ਼ਟਿ ਜਿਸੁ ਪਿਖਹਿਂ ਵਿਸ਼ੇਸ਼ੁ।
ਦੇ ਉਪਦੇਸ਼ ਨਿਕਦਨ ਕਲੇਸ਼ੁ ॥੩੯॥
ਕਲੀ ਕਾਲ ਅੰਧੇਰ ਗੁਬਾਰਾ।
ਤਿਨ ਦਰਸ਼ਨ ਦੀਪਕ ਉਜਿਆਰਾ[1]।
ਧੰਨ ਧੰਨ ਸ੍ਰੀ ਅੰਗਦ ਰੂਪ।
ਜਿਨ ਕੀ ਮਹਿਮਾ ਮਹਾਂ ਅਨੂਪ' ॥੪੦॥
ਇੱਤਯਾਦਿਕ ਗੁਨ ਕਹਿ ਸਿਮਰੰਤੇ।
ਕੇਤਿਕ ਦਿਨ ਜਬਿ ਕੀਨਿ ਬਿਤੰਤੇ।
ਅੰਨ ਘ੍ਰਿੱਤ, ਮਿਸ਼ਟਾਨ ਬਿਸਾਲਾ।
ਕਰਯੋ ਇਕੱਤ੍ਰ ਸਭਿਨਿ ਤਿਸੁ ਕਾਲਾ ॥੪੧॥
ਜਹਿਂ ਕਹਿਂ ਤੇ ਸਿਖ ਸਾਧ ਹਕਾਰੇ।
ਸਭਿ ਆਏ ਸ੍ਰੀ ਸਤਿਗੁਰ ਦ੍ਵਾਰੇ।
ਸ੍ਰੀ ਗੁਰ ਅਮਰ ਆਪ ਬਿਚ ਥਿਰੇ।
ਬੀਚ ਰਸੋਈ ਕੇ ਸ਼ੁਭ ਕਰੇ ॥੪੨॥
ਸਭਿ ਪ੍ਰਕਾਰ ਕਰਿ ਤਯਾਰ ਅਹਾਰਾ।
ਅਪਰ ਸਿੱਖਯ ਮਿਲਿ ਪਾਕ ਸੁਧਾਰਾ[1]।
ਬਹੁ ਪੰਕਤਿ ਇਕਸਾਰ ਬਿਠਾਈ।
ਲਗੇ ਪਰੋਸਨ ਕੋ ਸਮੁਦਾਈ ॥੪੩॥

[1]ਦੀਵੇ ਦੇ ਉਜਾਲੇ (ਵਾਂਙੂ)

[1]ਰਸੋਈ ਤਿਆਰ ਕੀਤੀ।

ਸ੍ਵਾਦ ਬਿਸਾਲ ਅਚਹਿਂ ਸਭਿ ਸੰਗਤਿ।
ਬੈਠਿ ਬੈਠਿ ਕਰਿ ਅਪਨੀ ਪੰਗਤਿ।
ਸਭਿ ਤ੍ਰਿਪਤੇ ਅਚਿ ਸ੍ਵਾਦ ਅਹਾਰਾ।
ਕੀਨਸਿ ਇਨਿ ਗੁਰ ਪੂਰਬ ਉਦਾਰਾ ॥੪੪॥
ਸ਼੍ਰੀ ਅੰਗਦ ਗੁਰ ਸਿਮਰਨ ਕਰਿ ਕਰਿ।
ਬੰਦਤਿ ਕਰ ਬੰਦਹਿਂ ਸਿਰ ਧਰ ਧਰਿ।
ਸ਼੍ਰੀ ਨਾਨਕ ਕੋ ਲੇ ਕਰਿ ਨਾਮਾ।
ਕਰਿ ਅਰਦਾਸ ਸਰਬ ਅਭਿਰਾਮਾ ॥੪੫॥
ਮਸਤਕ ਟੇਕਤਿ ਸੰਗਤਿ ਸਾਰੀ।
ਕਰਿ ਉਤਸਾਹ ਮਿਲੀ ਤਿਸ ਬਾਰੀ[1]।
ਦਾਸੁ ਅਰੁ ਦਾਤੂ ਕੇ ਮਨ ਕੀ।
ਲਖਿ ਸ਼੍ਰੀ ਅਮਰ ਗੁਰੂ ਬਿਧਿ ਇਨ ਕੀ[1] ॥੪੬॥
ਹੋਇ ਨੰਮ੍ਰਿ ਪਦ ਪਰ ਕਰਿ ਨਮੋ।
ਸੰਗਤਿ ਭਈ ਸੰਗ ਤਿਹ ਸਮੋ।
ਗੋਇੰਦਵਾਲ ਪੰਥ ਚਲਿ ਪਰੇ।
ਮੁਖ ਖਡੂਰ ਦਿਸ਼ ਤਿਸ ਬਿਧਿ ਕਰੇ ॥੪੭॥
ਪਾਛਲ ਦਿਸ਼ਾ ਗਮਨਤੇ ਜਾਇਂ।
ਇਸੀ ਪ੍ਰਕਾਰ ਪਹੁੰਚਿ ਤਿਸ ਥਾਇਂ।
ਸ਼੍ਰੀ ਅੰਗਦ ਕੋ ਸਿਮਰਨ ਕਰਿ ਕੈ।
ਮਸਤਕ ਧਰਨੀ ਪਰ ਨਿਜ ਧਰਿ ਕੈ ॥੪੮॥
ਨਮਸਕਾਰ ਕਰਿ ਪ੍ਰੇਮ ਪ੍ਰਬੀਨ।
ਗੋਇੰਦਵਾਲ ਦਿਸ਼ਾ ਮੁਖ ਕੀਨ।
ਜਾਇ ਆਪੁਨੇ ਸਦਨ ਬਿਰਾਜੇ।
ਗੁਰਤਾ ਗਾਦੀ ਪਰ ਸ਼ੁਭ ਸਾਜੇ ॥੪੯॥

ਦੋਹਰਾ:
ਸੋਲਹ ਸੈ ਸੰਮਤ ਹੁਤੋ, ਨੌ ਊਪਰ[1] ਤਿਸ ਜਾਨ।

[1]ਉਸ ਵੇਲੇ।
[1]ਭਾਵ ਦਾਸੂ ਦਾਤੂ ਦੀ।
[1]੧੬੦੯।

ਚੇਤ ਸੁਦੀ ਤਿਥਿ ਚੌਥ ਤਬਿ, ਸ੍ਰੀ ਅੰਗਦ ਪ੍ਰਸਥਾਨ[1] ॥੫੦॥

[1]ਜੋਤੀ ਜੋਤ ਸਮਾਏ।

ਤ੍ਰੇਹਣ ਕੁਲ ਬਾਹਜ[1] ਬਰਨ, ਫੇਰੂ ਪਿਤਾ ਸੁਭਾਗ।

[1]ਖੱਤਰੀ।

ਸਭਿਰਾਈ ਮਾਤਾ ਹੁਤੀ, ਸ੍ਰੀ ਅੰਗਦ ਸੁਖ ਬਾਗ[1] ॥੫੧॥

[1]ਸੁਖ ਦੇ ਬਾਗ ਤੋਂ ਮੁਰਾਦ, ਸੁਖਾਂ ਦੇ ਦਾਤੇ ਤੋਂ ਹੈ, ਜਿਵੇਂ ਬਾਗ ਸੁੰਦਰਤਾ ਦਾ ਦਾਤਾ ਹੈ। (ਅ) ਬਾਗ = ਬਾਕ। ਵਾਕ = ਬਾਣੀ। ਸੁਖਦਾਈ ਬਾਣੀ ਵਾਲੇ ਭਾਵ ਦਾਤੇ।

ਖੀਵੀ ਨਾਮ ਸੁ ਭਾਰਜਾ, ਪਤਿਬ੍ਰਤ ਧਰਮ ਸਦੀਵ।
ਦਾਸੂ ਦਾਤੂ ਪੁੱਤ੍ਰ ਦੁਇ, ਮਹਾਂ ਸ਼ਕਤਿ ਜੁਤ ਥੀਵ ॥੫੨॥
ਸੰਮਤ ਦ੍ਵਾਦਸ਼ ਮਾਸ ਖਟ, ਨੌ ਦਿਨ ਊਪਰ ਚੀਨ।
ਗੁਰਤਾ ਗਾਦੀ ਪਰ ਥਿਰੇ, ਅੰਗਦ ਗੁਰੂ ਪ੍ਰਬੀਨ ॥੫੩॥
ਪਠਹਿ ਸੁਨਹਿ ਇਤਿਹਾਸ ਕੋ, ਆਸ਼ਾ ਪੂਰਨ ਹੋਇ।
ਇਹ ਦੂਸਰ ਪਤਿਸ਼ਾਹ ਕੇ, ਕਰਜੋ ਸੁਨਜੋ ਜਿਮ ਜੋਇ[1] ॥੫੪॥

[1]ਜਿਵੇਂ ਜੋ ਸੁਣਿਆਂ ਹੈ ਤਿਵੇਂ ਕਥਨ ਕੀਤਾ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਜੀ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

## ੨੯. [ਸ੍ਰੀ ਗੁਰ ਅਮਰ ਜੀ ਦੀ ਕਥਾ ਦਾ ਆਰੰਭ, ਚੁਬਾਰਾ ਸਾਹਿਬ।]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਅਬਿ[†] ਸ਼੍ਰੀ ਸਤਿਗੁਰ ਅਮਰ ਕੀ, ਕਥਾ ਕਹੌਂ ਰੁਚਿ ਠਾਨਿ।
ਸ਼੍ਰੋਤਾ ਸੁਨਹੁ ਪ੍ਰਸੰਨ ਹ੍ਵੈ, ਦਿਹੁ ਸਿੱਖੀ ਮੁਝ ਦਾਨ ॥੧॥

ਪਾਧੜੀ ਛੰਦ:

ਮੈ ਸੁਨੀ ਜਿਤਕ ਸਿਖ ਮੁਖ ਦੁਵਾਰ।
ਅਰ ਲਿਖੀ ਪਠੀ ਜਹਿਂ ਕਹਿਂ ਉਦਾਰ।
ਸੋ ਸਭ ਬਨਾਇ ਛੰਦਨ ਮਝਾਰ।
ਅਬਿ ਕਰਵ ਨਿਰੂਪਨ ਰੀਤਿ ਚਾਰੁ ॥੨॥
ਸ਼੍ਰੀ ਅਮਰ ਦਾਸ ਜਿਮ ਮਾਰਤੰਡ[1]।
ਗਾਦੀ ਗੁਰੂਨਿ ਸਜੰਦਨ[1] ਅਖੰਡ।
ਤਿਸ ਪਰ ਅਰੂਢ[1] ਥਿਤ ਹੋਇ ਆਪ।
ਕੀਨਸਿ ਪ੍ਰਕਾਸ਼ ਸਭਿ ਦਿਸ਼ ਪ੍ਰਤਾਪ ॥੩॥
ਗੁਰਪੁਰਬ ਆਦਿ ਕਰਿ ਕੈ ਖਡੂਰ।
ਗੋਇੰਦਵਾਲ ਪਹੁੰਚੇ ਹਦੂਰ[1]।
ਦੀਨਾਨਿ ਨਾਥ ਗੁਰਤਾ ਸੁ ਪਾਇ।
ਹੁਇ ਅਨੰਦ ਮਗਨ ਪ੍ਰਵਿਸ਼ੇ ਜੁ ਜਾਇ ॥੪॥
ਇਕ ਹੁਤੋ ਸਦਨ ਪਰ ਸਦਨ ਚਾਰੁ[1]।
ਤਿਸ ਪਰ ਅਰੂਢਿ ਦਿਯ ਦਰ ਕਿਵਾਰ[1]।
ਨਿਕਸੇ ਨ ਵਹਿਰ, ਨਹਿਂ ਕੋ ਬੁਲਾਇ।
ਥਿਤ ਹੁਇ ਸਮਾਧਿ ਗੰਭੀਰ ਲਾਇ ॥੫॥
ਹ੍ਵੈ ਕਰਿ ਇਕੰਤ ਆਨੰਦ ਲੀਨਿ।
ਜਬਿ ਮਹਦ ਜੋਤਿ ਪ੍ਰਾਪਤ ਪ੍ਰਬੀਨ।
ਨਹਿਂ ਸਕਹਿ ਬੇਦ ਜਿਸ ਕੋ ਬਤਾਇ।
ਮਨ ਗਿਰਾ ਜੁਗਤਿ ਜਿਹ ਨਹਿਂ ਲਖਾਇ[1] ॥੬॥
ਅਸ ਅਨੰਦ ਸਿੰਧੁ ਮਹਿਂ ਸਥਿਤ ਹੋਇ।

[†]ਪਾ:-ਅਬ।
[1]ਸੂਰਜ।
[1]ਗਾਦੀ ਰੂਪੀ ਰਥ।
[1]ਚੜ੍ਹਕੇ।
[1]ਸ਼੍ਰੀ ਜੀ ਆਪ।
[1]ਘਰ ਤੇ ਸੁਹਣਾ ਘਰ ਭਾਵ ਚੁਬਾਰੇ ਤੋਂ ਹੈ।
[1]ਤਖਤੇ ਬੰਦ ਕਰ ਦਿੱਤੇ।
[1]ਮਨ ਬਾਣੀ ਸਮੇਤ ਜਿਸ ਨੂੰ ਲਖ ਨਹੀਂ ਸਕਦਾ।

ਜਿਸ ਏਕ ਬੂੰਦ ਲਹਿ ਜਗਤ ਜੋਇ।
ਬ੍ਰਹਮਾਦਿ ਅਪਰ ਚੀਟੀ ਪ੍ਰਯੰਤ[1]। [1]ਕੀੜੀ ਤਕ।
ਤਿਸ ਬਿਖੈ ਸਕਲ ਪਾਯਤਿ ਨ ਅੰਤਿ ॥੭॥
ਅਸ ਸੁਮਤਿਵੰਤ ਕਹੁ ਕੌਨ ਹੋਇ।
ਤਿਸ ਕੋ ਬਿਥਾਰ ਕਰਿ ਕਹਹਿ ਜੋਇ।
ਟਿਕ ਗੀ ਸਮਾਧਿ ਇਕਰਸ ਬਿਸਾਲ।
ਨਹਿਂ ਸਕਹਿ ਤਜਾਗ ਪ੍ਰੇਮੀ ਰਸਾਲ ॥੮॥
ਬਹੁ ਸਿੱਖਜ ਵਹਿਰ ਇਕਠੇ ਸੁ ਹੋਇ।
ਚਿਤ ਚਹਤਿ ਦੇਖਿਬੇ ਦਰਸ ਸੋਇ।
ਸੁਨਿ ਜਹਾਂ ਕਹਾਂ ਪੁਰਿ ਗ੍ਰਾਮ ਬੀਚ।
ਚਲਿ ਆਏ ਦੇਖਿਬੇ ਊਚ ਨੀਚ ॥੯॥
ਗਨ ਹੁਇ ਇਕੱਤ੍ਰ ਕਰਤੇ ਬਿਚਾਰ।
-ਗੁਰ ਦੇਹਿਂ ਦਰਸ ਤਿਮ ਕਰਹੁ ਢਾਰਿ[1]। [1]ਤਰਕੀਬ।
ਇਨ ਕੋ ਨ ਬੈਠਿਓ ਬਨੈ ਐਸ।
ਅਬਿ ਦੇਹਿਂ ਦਰਸ ਤਿਮ ਕਰਹੁ ਜੈਸ- ॥੧੦॥
ਸਭਿ ਕਹਜੋ ਬ੍ਰਿੱਧ ਕੋ[1] 'ਆਪੁ ਜਾਇ। [1]ਸਾਰਿਆਂ ਨੇ ਬਾਬੇ ਬੁੱਢੇ ਜੀ ਨੂੰ ਕਿਹਾ।
ਸਿਖ ਸੰਗਤਾਨਿ ਸੁਧ ਦਿਹੁ ਪੁਚਾਇ।
ਹਿਤ ਦਰਸ ਆਨਿ ਇਕਠੀ ਬਿਲੰਦ।
ਗਨ ਸਮ ਚਕੋਰਚਿਤ ਚਹਤਿ ਚੰਦ' ॥੧੧॥
ਸੁਨਿ ਕਹਜੋ ਬ੍ਰਿੱਧ 'ਸਭਿ ਲਖਨ ਹਾਰ[1]†। [1]ਗੁਰੂ ਸਾਹਿਬ) ਸਭ ਜਾਣਨਹਾਰ ਹਨ। †ਪਾ:-ਸਭਿਹਿਨ ਨਿਹਾਰ।
ਲੇਹਿਂ ਜਾਨਿ ਮਨ ਕੀ[1] ਬਿਨ ਉਚਾਰ। [1]ਮਨ ਦੀ ਜਾਣ ਲੈਣ ਵਾਲੇ ਹਨ।
ਨਿਜ ਦਯਾ ਕਰਹਿਂ ਅਪੁਨੀ ਮਹਾਨ।
ਤਬਿ ਦੇਹਿਂ ਦਰਸ ਸਭਿਹੂੰਨਿ ਆਨਿ' ॥੧੨॥
ਸੁਨਿ ਰਹੇ ਠਟਿਕ[1], ਕਹਿ ਸਕਿ ਨ ਕੋਇ। [1]ਠਠੰਬਰ।
ਦਿਨ ਪ੍ਰਤੀ ਚਾਹਿ, ਚਿਤ ਚਗੁਨ ਹੋਇ।
ਸਿਖ ਸਕਲ ਮਹਾਂ ਅਕੁਲਾਇ ਭੂਰ।
-ਕਬਿ ਦੇਹਿਂ ਦਰਸ਼ ਗੁਰ, ਇੱਛ ਪੂਰ

॥੧੩॥
ਜਿਮ ਸ੍ਵਾਂਤਿ ਬੂੰਦ ਚਾਤ੍ਰਿਕ ਪਿਪਾਸ।
ਚਕਵਾ ਨ ਚਾਹਿ ਸੂਰਜ ਪ੍ਰਕਾਸ਼।
ਪਤਿਬ੍ਰਤਾ ਤਰੁਨਿ[1] ਪਤਿ ਕੇ ਬਿਓਗ।
ਜਿਮ ਮਹਾਂ ਕਸ਼ਟ ਤੇ ਚਹਿ ਸੰਜੋਗ-
॥੧੪॥

ਦੋਹਰਾ:
ਨਹਿਂ ਕੋਊ ਜਬਿ ਕਹਿ ਸਕੈ, ਕੀਨਸਿ
ਅਪਰ ਉਪਾਇ।
ਇਕ ਸੇਵਕ ਬੱਲੂ ਹੁਤੋ, ਸੋ ਗੁਰੁ ਸੇਵ
ਕਮਾਇ ॥੧੫॥

ਸ੍ਵੈਯਾ ਛੰਦ:
ਬੱਲੂ ਤੇ ਨਿਤ ਪ੍ਰਤਿ ਸਭਿ ਸੇਵਾ
ਹੁਇ ਪ੍ਰਸੰਨ ਸਤਿਗੁਰ ਕਰਵਾਇਂ।
ਪ੍ਰੇਮ ਜੁਗਤਿ ਸੋ ਨੀਕੇ ਕਰਤਾ
ਸਨਮੁਖ ਖਰੋ ਰਹੈ ਹਿਤ ਲਾਇ।
ਜਬਿ ਕੁਛ ਟਹਿਲ ਕਰਹਿਂ ਫੁਰਮਾਵਨਿ
ਤਬਿ ਸੋ ਕਰਤਿ ਸੁਧਾਰਿ ਬਨਾਇ।
ਨਾਂਹਿ ਤ ਠਾਂਢੋ ਰਹੈ ਅਗਾਰੀ,
ਇਮਿ ਸਤਿਗੁਰ ਕੇ ਚਿਤ ਕੋ ਭਾਇ
॥੧੬॥
ਬੁਢੇ ਆਦਿ ਸਿੱਖਜ ਸਭਿ ਮਿਲਿਕੈ
ਤਿਸ ਬੱਲੂ ਕੋ ਨਿਕਟਿ ਬੁਲਾਇ।
ਬਿਨੈ ਬਖਾਨੀ ਪ੍ਰੀਤ ਮਹਾਨੀ
'ਇਹ ਸੰਗਤ ਬੈਠੀ ਸਮੁਦਾਇ।
ਸਭਿ ਚਾਹਤਿ ਹੈਂ ਸਤਿਗੁਰ ਦਰਸ਼ਨ
ਸਪਤ ਦਿਵਸ ਇਨਿ ਦਿਏ ਬਿਤਾਇ।
ਬਿਨ ਸੂਰਜ ਪੰਕਜ ਮੁਰਝਾਵਹਿਂ
ਇਹ ਗਤਿ ਸਭਿ ਕੀ ਪਰੈ ਲਖਾਇ'
॥੧੭॥
ਤਬਿ ਬੱਲੂ ਕਰ ਜੋਰਿ ਸਭਿਨਿ ਢਿਗਿ
ਕਹਤਿ ਭਯੋ 'ਮੈਂ ਤੁਮ ਅਨੁਸਾਰਿ।

[1]ਪਤਿਬ੍ਰਤਾ ਇਸਤਰੀ।

ਜਿਮ ਤੁਮ ਕਹਹੁ ਕਰਹੁਂ ਮੈਂ ਤਿਸ ਬਿਧਿ
ਦਰਸ਼ਨ ਪ੍ਰਾਪਤਿ ਹੋਇਂ ਉਦਾਰ।
ਅਰਜ਼ ਗੁਜ਼ਾਰਨਿ ਪਰਉਪਕਾਰਨਿ
ਇਸਤੇ ਨੀਕੀ ਔਰ ਨ ਕਾਰ।'
ਸਭਿ ਕੋ ਲੇ ਨਿਜ ਸੰਗ ਗਯੋ ਦਰ
ਖਰੇ ਕਰੇ ਤਹਿਂ ਬਿਨੈ ਉਚਾਰ ॥੧੮॥
ਆਪ ਨਿਕਟ ਸਤਿਗੁਰ ਕੇ ਗਮਨਜੋ
ਹਾਥ ਜੋਰਿ ਹੁਇ ਸਮੁਖ ਬਖਾਨਿ।
'ਸਭਿ ਘਟਿ ਅੰਤਰਜਾਮੀ ਹੇ ਪ੍ਰਭੁ !
ਵਹਿਰ ਖਰੀ ਸੰਗਤ ਹਿਤਵਾਨ।
ਦਰਸ਼ਨ ਕੋ ਅਭਿਲਾਖਤਿ ਉਰ ਮਹਿਂ
ਜੇ ਸਿੱਖੀ ਮਹਿਂ ਰਹਿਂ ਸਾਵਧਾਨ।
ਤਰ ਸ਼ੁਸ਼ਕਤਿ ਜਲ ਕੋ ਜਿਮੁ ਕਾਂਖਤਿ[1]
ਪਿਤ ਦੇਖਨ ਸੁਤ ਚਾਹਿ ਮਹਾਂਨ[†]'
॥੧੯॥

[1]ਸੁਕਦਾ ਬ੍ਰਿੱਛ ਜਿਵੇਂ ਜਲ ਨੂੰ ਲੋਚਦਾ ਹੈ।
[†]ਪਾ:-ਤਿਮ ਦੇਖਨਿ ਕੀ ਚਾਹਿ ਮਹਾਨ।

ਬਿਨੈ ਸੁਨੀ ਲਖਿ ਸਿੱਖਜਨ ਮਨ ਕੀ
ਬੋਲੇ ਸ਼੍ਰੀ ਸਤਿਗੁਰ ਸੁਖ ਖਾਨ।
'ਤਨਹੁ ਚੰਦੋਵਾ ਸੁੰਦਰ ਊਪਰ
ਫਰਸ਼ ਕਰਹੁ ਬੈਠਨਿ ਇਸਥਾਨਿ।'
ਬੱਲੂ ਨੇ ਸਭਿ ਕੀਨਸਿ ਤਜਾਰੀ
ਜਜੋਂ ਜਜੋਂ ਸ਼੍ਰੀ ਗੁਰ ਕੀਨਿ ਬਖਾਨਿ।
ਆਇ ਸਿੰਘਾਸਨ ਪਰ ਤਬਿ ਬੈਠੇ
ਭਗਤ ਵਛਲ ਨਿਜ ਬਿਰਦ ਪਛਾਨ
॥੨੦॥
ਚਕ੍ਰਵਰਤਿ ਨ੍ਰਿਪ ਪੋਸ਼ਿਸ਼ ਪਹਿਰਹਿ
ਤਥਾ ਤ੍ਰਿੱਤੀਓ ਰੂਪ ਸੁਹਾਇ।
ਜਿਮਿ ਇਕ ਨਟ ਹੁਇ ਸਾਂਗ ਕਰੈ ਬਹੁ,
ਬਦਲਹਿ ਬੇਖ ਜਗਤ ਦਿਖਰਾਇ।
ਦੇਖ ਨਿਹਾਰ ਭਿੰਨ ਪਹਿਚਾਨਹਿਂ
ਸਭਿ ਕੀ ਮਤਿ ਕੌਂ ਦੇ ਬਿਰਮਾਇ[1]।

[1]ਭਰਮਾ ਦੇਵੇ।

ਢਿਗ ਵਰਤੀ[1] ਜੋ ਦਾਸ ਤਾਂਹਿ ਕੋ

[1]ਨੇੜੇ ਰਹਿਣ ਵਾਲੇ।

ਲਖਹਿ ਸੁ -ਇਕ ਬਹੁ ਬੇਖ ਬਨਾਇ[1]-

[1]ਲਖਦੇ ਹਨ ਕਿ ਇਹ ਇਕੋ ਹੀ ਬਹੁਤ ਵੇਸ ਬਣਾ ਰਿਹਾ

॥੨੧॥ — ਹੈ।

ਤਿਮਿ ਸਤਿਗੁਰ ਕੇ ਸਿੱਖ ਸਮੀਪੀ
ਸੋ ਜਾਨਹਿਂ -ਇਕ ਜੋਤਿ ਜਗੰਤਿ।
ਅਪਰ ਸਰੀਰ ਧਰਨ ਸਮੁ ਬੇਖ[1]- ਸੁ,
ਦ੍ਰਿੜ੍ਹ ਮਤਿ ਰਾਖਹਿਂ, ਨਹੀਂ ਭੁਲੰਤਿ।
ਸ਼੍ਰੀ ਨਾਨਕ ਅੰਗਦ ਅਬਿ ਸੋ ਇਹ,
ਬੈਠੇ ਤਖਤ ਸੁਹਾਇਂ ਮਹੰਤ[1]।
ਆਇਸੁ ਪਾਇ ਨਿਕਟ ਸਭਿ ਆਏ
ਬੰਦਨ ਕਰਿ ਅਕੋਰ ਅਰਪੰਤਿ ॥੨੨॥

[1]ਹੋਰ ਸਰੀਰ ਦਾ ਧਾਰਨਾ ਵੇਸ (ਬਦਲਣ) ਵਾਂਙੂ ਹੈ।

[1]ਪ੍ਰਧਾਨ, ਪੂਜਨੀਕ।

ਦਰਸ਼ਨ ਕਰਿ ਕਰਿ ਆਨਂਦ ਧਰਿ ਧਰਿ
ਮਿਲਿ ਮਿਲਿ ਗੁਨ ਕਹਿ ਕਹਿ ਸਹਿ ਪ੍ਰੇਮ।
ਉਦਯੋ ਗਯਾਨ ਰਵਿ, ਹਰਿ ਅੱਗਯਾਨ ਤਮ[1],
ਪੂਰਹਿਂ ਕਾਮਨਾ ਪ੍ਰਾਪਤਿ ਛੇਮ[1]।
ਬੁੱਢੇ ਆਦਿਕ ਸਿੱਖਯ ਸਕਲ ਜੇ
ਰਿਦੇ ਸੁੱਧ ਤਪਤਯੋ ਜਿਮਿ ਹੇਮ[1]।
ਨੰਮ੍ਰਿ ਹੋਇ ਕਰਿ ਬੈਠਿ ਗਏ ਢਿਗ
ਜਿਨ ਕੇ ਮਨ ਸਿੱਖੀ ਕਹੁ ਨੇਮ ॥੨੩॥

[1]ਗਯਾਨ ਰੂਪੀ ਸੂਰਜ ਚੜ੍ਹਿਆ ਤੇ ਨਾਸ਼ ਹੋਇਆ ਅਗਯਾਨ ਰੂਪੀ ਅੰਧੇਰਾ।

[1]ਕੁਸ਼ਲ, ਮੁਕਤੀ।

[1]ਤਪਾਏ ਸੋਨੇ ਵਾਂਙੂ ਸੁਧ ਰਿਦੇ ਵਾਲੇ।

ਸ਼ਬਦ ਕੀਰਤਨ ਹੋਨਿ ਲਗਯੋ ਤਬਿ
ਕਰਹਿਂ ਰਬਾਬੀ ਰਾਗ ਅਲਾਪ।
ਸ਼੍ਰੀ ਗੁਰ ਕੋ ਦਰਬਾਰ ਲਗਯੋ ਪਿਖਿ
ਸਿੱਖਯਨ ਕੈ ਮਨ ਆਨਂਦ ਥਾਪ।
ਸੁਨੇ ਸ਼ਬਦ ਨਿਜ ਭਾਗ ਬਡੇ ਲਖਿ
ਬਿਦਤਯੋ ਜਹਿਂ ਜਹਿਂ ਗੁਰੂ ਪ੍ਰਤਾਪ।
ਥਾਪ ਉਥਾਪਨ ਸਭਿ ਕੇ ਸੰਮ੍ਰਥ,
ਪਾਪ ਕਲਾਪ ਖਾਪਿ[1], ਹਰਿਜਾਪ ॥੨੪॥

[1]ਨਾਸ਼ ਕਰਤਾ।

ਦੋਹਰਾ:
ਗੁਰਤਾ ਗਾਦੀ ਪਰ ਥਿਰੇ, ਤ੍ਰਿਤੀਓ ਰੂਪ[†] ਨਵੀਨ।
ਬੁੱਢੇ ਆਦਿਕ ਸਿੱਖਯ ਸਭਿ, ਉਸਤਤਿ ਕਰਤਿ ਪ੍ਰਬੀਨ ॥੨੫॥

[†]ਪਾ:-ਗੁਰੂ।

ਤ੍ਰਿਭੰਗੀ ਛੰਦ:

'ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ,
ਤਨ ਕੋ ਧਾਰਨ ਕੀਨ ਪ੍ਰਭੋ !
ਸਿੱਖਨ ਹਿਤਕਾਰੀ ਜਮ ਭੈ ਹਾਰੀ
ਭਗਤਿ ਬਿਥਾਰੀ ਆਪ ਬਿਭੋ[1]। [1]ਵਿਆਪਕ ਨੇ [ਸੰਸ: ਵਿਭੁ]।
ਦਾਸਨ ਸੁਖਦਾਤਾ ਪੁਰਖ ਬਿਧਾਤਾ,
ਅਨ ਭੈ ਰਾਤਾ ਰੂਪ ਥਿਰੇ[1]। [1]ਗਿਆਨ (ਰੂਪੀ ਵਾਹਿਗੁਰੂ) ਵਿਚ ਰੱਤੇ ਹੋਏ (ਤੁਸੀਂ) ਸਰੂਪ ਇਸਥਿਤ ਹੋ।

ਜੈ ਜੈ ਗੁਰਦੇਵਾ, ਅਲਖ ਅਭੇਵਾ,
ਸੁਰ ਨਰ ਸੇਵਾ ਦੇਵ ਹਰੇ[1] ॥੨੬॥ [1]ਦੇਵਤਿਆਂ ਮਨੁੱਖਾਂ ਕਰ ਸੇਵਨ ਯੋਗ ਪ੍ਰਕਾਸ਼ ਰੂਪ ਹਰੀ।
ਕਲਿ ਕਲੁਖ ਨਿਕੰਦਨ[1], ਜਗ ਗੁਰ ਬੰਦਨ, [1]ਕਲਜੁਗ ਦੇ ਪਾਪ ਕੱਟਣ ਵਾਲੇ।
ਤਾਰਹੁ ਮੰਦਨ, ਕਰਿ ਕਰੁਨਾ[1]। [1]ਤਾਰੋ ਮੰਦਾਂ ਨੂੰ ਕ੍ਰਿਪਾ ਕਰਕੇ।
ਸਭਿਹਿਨਿ ਕੇ ਸ੍ਵਾਮੀ, ਅੰਤਰਜਾਮੀ
ਨਿਤਿ ਨਿਸ਼ਕਾਮੀ ਦੁਖ ਦਰਨਾ[1]। [1]ਸਦਾ ਕਾਮਨਾ ਰਹਿਤ ਹੋ ਤੇ ਦੁਖਾਂ ਨੂੰ ਦਲਨ ਵਾਲੇ ਹੋ।
ਉਰਿ ਇੱਛਾ ਪੂਰਨਿ, ਸ਼ੱਤ੍ਰੁਨ[†] ਚੂਰਨਿ, [†]ਪਾ:-ਸੰਕਟ।
ਦਾਸਨਿ ਤੂਰਨਿ ਦੇ ਸਰਨਾ[1]। [1]ਦਾਸਾਂ ਨੂੰ ਛੇਤੀ ਆਸਰਾ ਦੇਣ ਵਾਲੇ ਹੋ।
ਜੈ ਜੈ ਗੁਰ ਅਮਰੰ, ਪਤਿ ਸਭਿ ਅਮਰੰ,
ਸਦ ਅਜ ਅਮਰੰ, ਹਮ ਪਰਨਾ[1]' ॥੨੭॥ [1]ਜੈ ਗੁਰੂ ਅਮਰ ਜੀ ਆਪ ਸਭ ਦੇਵਤਿਆਂ ਦੇ ਸੁਆਮੀ, ਸਦਾ ਅਜੈ, ਮੌਤ ਤੋਂ ਰਹਿਤ, ਸਾਡਾ ਆਸਰਾ ਹੋ।

ਪਾਧੜੀ ਛੰਦ:
ਇਸ ਭਾਂਤਿ ਸਿੱਖਜ ਸਭਿ ਸਤੁਤਿ ਕੀਨ।
'ਇਮ ਦੇਹੁ ਦਰਸ ਹਮ ਕੋ ਪ੍ਰਬੀਨ !
ਦਾਸਨ ਮਝਾਰ ਬੈਠਹੁ ਸਦੀਵ।
ਸਭਿ ਕੋ ਅਲੰਬ ਅਬਿ ਆਪ ਥੀਵ ॥੨੮॥
ਸ਼੍ਰੀ ਨਾਨਕ ਅੰਗਦ ਰੂਪ ਦੋਇ।
ਪਰਲੋਕ ਗਮਨ ਬੈਕੁੰਠ ਸੋਇ।
ਗੁਰ ਭਏ ਆਪ ਤਿਨ ਕੇ ਸਥਾਨ।
ਦਿਹੁ ਨਾਮ ਦਾਨ, ਤਾਰਹੁ ਜਹਾਨ' ॥੨੯॥
ਸੁਨਿ ਬਿਨੈ ਸਭਿਨਿ ਤੇ ਉਚਿਤ ਜੋਇ।
ਮੁਖ ਭਨਜੋ, ਭਲੋ ਇਹ ਰੀਤਿ ਹੋਇ[1]। [1]ਚੰਗਾ ਇਸੇ ਤਰ੍ਹਾਂ ਹੋਵੇਗਾ।
ਸਿੱਖਜਨ ਮਝਾਰ ਹਮਰੋ ਨਿਵਾਸ।

ਚਿਤ ਚਹਹਿ ਸਦਾ ਪੂਰਹਿਂ[1] ਸੁ ਆਸ ॥੩੦॥
ਗੁਰ ਸਿੱਖਯ ਧੰਨੁ ਬਡਭਾਗ ਹੋਇ।
ਤਿਨ ਕੋ ਮਿਲਾਪ ਸਭਿ ਬਿਘਨ ਖੋਇ।'
ਕਰਿ ਬਚ ਬਿਲਾਸ ਬਹੁ ਇਸ ਪ੍ਰਕਾਰ।
ਪੁਨ ਉਠਤਿ ਭਏ ਸ਼੍ਰੀ ਗੁਰ ਉਦਾਰ ॥੩੧॥

[1]ਪੂਰਨ ਕਰਾਂਗੇ।

ਇਮਿ ਨਿਤਾ ਪ੍ਰਤੀ ਦਰਸ਼ੰਨ ਦੇਤਿ।
ਪੁਨ ਆਇਂ ਸੰਗਤਾਂ ਬਹੁ ਨਿਕੇਤ।
ਹਤਿ ਮੋਹ ਮਿਰਗ ਗੁਰ ਸ਼ੁਭਤਿ ਸਿੰਘ[1]।
ਪਿਖ ਲਹਿ ਸ਼ੰਤੋਖ, ਸੰਤੋਖ ਸਿੰਘ[1] ॥੩੨॥

[1]ਸ਼ੇਰ ਰੂਪ।

[1]ਜਿਨ੍ਹਾਂ ਦੇ ਦਰਸ਼ਨ ਤੋਂ ਹੇ ਸੰਤੋਖ ਸਿੰਘ ਸੰਤੋਖ ਪ੍ਰਾਪਤ ਹੁੰਦਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਸਤਿਗੁਰੂ ਅਮਰ' ਪ੍ਰਸੰਗ ਬਰਨਨੰ ਨਾਮ ਏਕੋਨਤ੍ਰਿੰਸਤੀ ਅੰਸੂ ॥੨੯॥

## ੩੦. [ਸ਼੍ਰੀ ਗੁਰ ਅਮਰ ਦੇਵ ਜੀ ਦਾ ਨਿੱਤ ਬਿਵਹਾਰ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਸਪਤ ਦਿਵਸ ਪੀਛੇ ਪ੍ਰਭੂ,
ਠਹਿਰਾਇਵ ਬਿਵਹਾਰ।
ਚਲਹਿਂ ਨਿਤਾਪ੍ਰਤਿ ਤਿਸੀ ਬਿਧਿ,
ਸੁਨਹੁ ਸੁ ਕਰਵ ਉਚਾਰ ॥੧॥

ਨਿਸ਼ਾਨੀ ਛੰਦ:

ਜਾਮ ਨਿਸਾ ਬਾਕੀ ਰਹੈ, ਹੁਇ ਅੰਮ੍ਰਿਤ ਵੇਲਾ।
ਤਬਿ ਜਾਗਹਿਂ ਸ਼੍ਰੀ ਸਤਿਗੁਰੂ, ਲਖਿ ਭਜਨ ਸੁਹੇਲਾ[1]।
ਬੱਲੂ ਆਗਜਾ ਲੇਹਿ ਤਬ, ਜਲ ਕੋ ਉਠਿ ਜਾਵੈ।
ਸਲਿਤਾ ਤੇ ਭਰਿ ਕਲਸ ਕੋ, ਮੱਜਨ ਕਰਿਵਾਵੈ ॥੨॥
ਕੇਸਨਿ ਮਹਿਂ ਨਿਤਿ ਦਧੀ ਸੋਂ, ਗੁਰ ਕਰਹਿਂ ਸਕਾਰੇ[1]।
ਪਰਮ ਬ੍ਰਿੱਧ ਬਹੁ ਸੇਤ ਕਚ[1†], ਕਰ ਸ਼ਮਸ਼ ਪਖਾਰੇਂ[2]।'
ਬੱਲੂ ਸਰਬ ਸਰੀਰ ਕੋ, ਉਬਟਨਿ[1] ਮਲਿ ਆਛੇ।
ਸੁੱਧ ਹੋਇ ਸਭਿ ਰੀਤਿ ਸੋਂ, ਪਟ ਪਹਿਰਹਿਂ ਪਾਛੇ ॥੩॥
ਤਿਲਕ ਲਗਾਵਹਿਂ ਭਾਲ ਮਹਿਂ, ਸ਼ੁਭ ਚੰਦਨ ਕੇਰਾ।
ਬਹੁਰ ਸਿੰਘਾਸਨ ਪਰ ਥਿਰਹਿਂ, ਇਕ ਮਨ ਤਿਸ ਬੇਰਾ।
ਨਿਜ ਅਨੰਦ ਮਹਿਂ ਲੀਨ ਹੁਇ, ਲਗ ਸਹਜਿ ਸਮਾਧਾ।
ਜੋਗੀ ਸ਼ਿਵ ਬ੍ਰਹਮਾਦਿ ਸਭਿ, ਜਿਸ ਕਰਹਿਂ ਅਰਾਧਾ ॥੪॥

[1]ਭਜਨ ਦਾ ਸੁਹਣਾ (ਸਮਾਂ)।

[1]ਇਸ਼ਨਾਨ ਕਰਦੇ ਹਨ) ਸਵੇਰੇ।

[1]ਚਿੱਟੇ ਕੇਸ। [2]ਹੱਥਾਂ ਨਾਲ ਦਾੜ੍ਹਾ ਧੋਂਦੇ ਹਨ। †ਪਾ:-ਬਹੁ ਸੇਤ ਹੈਂ।

[1]ਵਟਣਾ।

ਪ੍ਰਾਪਤਿ ਹੋਤਿ ਲਗ ਇਸੀ ਬਿਧਿ,
ਇਸਥਿਰਤਾ ਪਾਵੈਂ।
ਬਹੁਰ ਰਬਾਬੀ ਆਇ ਕਰਿ,
ਗੁਰਸ਼ਬਦ ਸੁ ਗਾਵੈਂ।
ਅਨਿਕ ਰੀਤਿ ਕੇ ਰਾਗ ਕੋ,
ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜਤੇ, ਜਯੋਂ ਮੋਰ
ਸੁਹੰਦੇ ॥੫॥
ਸ੍ਰੀ ਨਾਨਕ ਅੰਗਦ ਗੁਰੂ, ਇਨ ਕੀ
ਬਡਿਆਈ।
ਬਖ਼ਸ਼ਸ਼ ਦਈ ਨਿਹਾਲ ਕਰ, ਨਰ ਸੁਖ
ਸਮੁਦਾਈ[1]।

[1]ਸ੍ਰੀ ਗੁਰੂ ਨਾਨਕ ਤੇ ਅੰਗਦ ਜੀ (ਵਾਂਙੂ) ਇਨ੍ਹਾਂ ਦੀ ਵਡਿਆਈ (ਬੀ ਹੋਈ ਕਿ) (ਇਨ੍ਹਾਂ ਨੇ ਉਨ੍ਹਾਂ ਵਾਂਙੂ ਹੀ) ਸਾਰੇ ਨਰਾਂ ਨੂੰ ਬਖਸ਼ਾਂ ਨਾਲ ਨਿਹਾਲ ਕਰਕੇ ਸੁਖ ਦਿੱਤੇ ਹਨ (ਅ) ਭਾਵ (ਰਬਾਬੀ) ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਕਰਦੇ ਹਨ (ਕਿ ਕਿਵੇਂ ਉਨ੍ਹਾਂ ਨੇ) ਲੋਕਾਂ ਨੂੰ ਬਖਸ਼ਸ਼ਾਂ ਤੇ ਸੁਖ ਦੇ ਕੇ ਨਿਹਾਲ ਕੀਤਾ।

ਪ੍ਰੇਮ ਸੰਗ ਸਿਮਰਨ ਕਰਹਿਂ, ਮੁਖ 'ਧੰਨ'
ਉਚਾਰਹਿਂ।
ਪੁਲਕਾਵਲ ਗਦਿ ਗਦਿ ਗਿਰਾ, ਉਪਕਾਰ
ਬਿਚਾਰਹਿਂ[1] ॥੬॥

[1]ਇਹ ਸੁਣਕੇ ਸ੍ਰੋਤੇ) ਪ੍ਰੇਮ ਨਾਲ (ਗੁਰਾਂ ਨੂੰ) ਯਾਦ ਕਰਦੇ ਤੇ ਮੂੰਹੋਂ ਧੰਨ ਧੰਨ ਕਹਿੰਦੇ ਹਨ, (ਐਨਾਂ ਪ੍ਰੇਮ ਹੈ ਕਿ) ਪੁਲਕਾਵਲੀ ਆ ਜਾਂਦੀ ਤੇ ਬਾਣੀ ਗਦ ਗਦ ਹੋ ਜਾਂਦੀ ਹੈ ਉਪਕਾਰ ਯਾਦ ਕਰਦਿਆਂ। ਪੁਲਕਾਵਲੀ = ਪ੍ਰੇਮ ਵਿਖੇ ਰੋਮ ਖੜੇ ਹੋਣੇ।

ਲੀਨ ਹੋਇ ਮਨ ਗੁਰ ਚਰਨਿ, ਅਸ
ਅੰਮ੍ਰਿਤ ਵੇਲਾ।
ਅੰਮ੍ਰਿਤ ਬਰਖਤਿ ਗੁਰੁ ਨਿਕਟ, ਸੁਨਿ
ਹੋਤਿ ਸੁਹੇਲਾ[1]।

[1]ਹੋਈਦਾ ਹੈ ਸੁਖੀ।

ਜਿਨ ਕੇ ਸ਼ੁਭ ਬਡਿਭਾਗ ਹੈਂ, ਪਹੁੰਚਹਿ
ਤਿਸ ਕਾਲਾ।
ਜਿਮ ਸਮੁੰਦ ਕੀ ਝਾਲ[1] ਤੇ, ਲਹਿ ਰਤਨ
ਸੁਖਾਲਾ ॥੭॥

[1]ਛੱਲ।

ਇਸ ਪ੍ਰਕਾਰ ਗੁਰ ਨਿਕਟ ਤੇ, ਸਦ ਗੁਨ[1]
ਕੋ ਪਾਵੈਂ।
ਜਨਮ ਮਰਨ ਚਿਰਕਾਲ ਕੇ, ਇਨ ਮੂਲ
ਮਿਟਾਵੈਂ।

[1]ਚੰਗੇ ਗੁਣ।

ਪਰਮ ਪ੍ਰੇਮ ਉਮਗਹਿ ਰਿਦੈ, ਸਿਮਰਹਿਂ ਸਤਿਨਾਮੂ।
ਮਿੱਥ੍ਯਾ ਲਖਿ ਪਰਪੰਚ ਕੋ, ਇਕ ਥਲ ਬਿਸਰਾਮੂ[1] ॥੮॥

[1]ਇਕ ਟਿਕਾਣੇ (ਭਾਵ ਸਰੂਪ ਵਿਚ) ਟਿਕਦੇ ਹਨ।

ਦਿਵਸ ਚੜ੍ਹੇ ਇਸ ਰੀਤਿ ਸੋਂ ਹੁਇ ਅਨੰਦ ਬਿਲਾਸਾ।
ਤਬ ਸੰਗਤਿ ਸਗਰੀ ਮਿਲਹਿ, ਹੁਇ ਪਰਮ ਪ੍ਰਕਾਸ਼ਾ।
ਦਰਸ਼ਨ ਲਹੈ ਪੁਨੀਤ[1] ਬਹੁ, ਜਨ ਸ਼ਾਂਤਿ ਸਰੂਪਾ।

[1]ਪਵਿੱਤ੍ਰ।

ਪਰਮ ਬ੍ਰਿੱਧ, ਕਦ ਲਘੁ[1] ਜਿਨਹੁਂ, ਗੁਰ ਤ੍ਰਿਤੀ ਅਨੂਪਾ ॥੯॥

[1]ਮਧਰਾ।

ਹਲਤ ਪਲਤ ਕਰਤੇ ਸਫਲ, ਦਰਸ਼ਨ ਕੋ ਪਾਏ।
ਬੰਦਨ ਕਰਿ ਬੈਠਹਿਂ ਨਿਕਟ, ਮਨ ਮੋਦ ਉਪਾਏ।
ਪਰਮੇਸ਼ੁਰ ਕੀ ਦਿਸ਼ ਰਿਦਾ, ਅਭਿਲਾਖਤਿ ਜੋਈ।
ਸੁ ਪ੍ਰਸੰਨ ਤਿਸ ਪਰ ਅਧਿਕ, ਪ੍ਰਭੁ ਪ੍ਰਾਪਤਿ ਹੋਈ ॥੧੦॥
ਸੁਮਗ ਬਤਾਇ ਨਿਹਾਲ ਕਰਿ, ਤਤਕਾਲ ਅਨੰਦੇ।
ਸਿਮਰਨ ਕੀ ਲਿਵ ਉਰ ਲਗਹਿ, ਤਿਨ ਅਹੰ ਨਿਕੰਦੇ।
ਜੋ ਅਰਥੀਯ ਪਦਾਰਥਨ[1], ਦਰਸ਼ਨ ਕੋ ਆਵੈਂ।

[1]ਪਦਾਰਥਾਂ ਦੇ ਲੋੜਵੰਦ।

ਜਾਨਿ ਬਿਰਦ[1] ਨਿਜ ਦੇਤਿ ਹੈਂ, ਖਰਚਤਿ ਹੀ ਭਾਵੈ ॥੧੧॥

[1]ਧਰਮ।

ਪਰਮੇਸ਼ੁਰ ਕੀ ਪ੍ਰੀਤ ਜੁਤਿ[1], ਅਤਿ ਲਾਗਹਿ ਪਜਾਰੋ[†]।

[1]ਰੱਬ ਦੀ ਪ੍ਰੀਤ ਵਾਲਾ। [†]ਪਾ:-ਰੀਤਿ ਜੁਤਿ ਲਾਗੇ ਪਜਾਰੋ।

ਬੋਲਹਿਂ ਕਰੈਂ ਸਨੇਹ ਤਿਹ, ਪਾਇਸਿ[1] ਹਰਿ ਦ੍ਵਾਰੋ।

[1]ਪ੍ਰਾਪਤ ਕਰਾ ਦੇਂਦੇ ਹਨ।

ਸੁਤ ਬਿਤ ਕੀ ਚਿਤ ਕਾਮਨਾ, ਕਰਿ[1] ਦਰਸ਼ਨ ਪਾਵੈ।
ਪੂਰਨ ਹੋਇ ਸੁ ਤਿਨਹੁ ਕੀ, ਨਹਿਂ† ਪ੍ਰੇਮ ਬਡਾਵੈਂ[1] ॥੧੨॥

[1]ਪੁੱਤ੍ਰ ਤੇ ਦੌਲਤ ਦੀ ਕਾਮਨਾਂ ਚਿੱਤ ਧਾਰਕੇ ਜੋ।
[1]ਭਾਵ ਗੁਰੂ ਜੀ ਉਨ੍ਹਾਂ ਨਾਲ ਅਧਿਕ ਪ੍ਰੇਮ ਨਹੀਂ ਕਰਦੇ।
†ਪਾ:-ਮਨ।

ਇਸ ਪ੍ਰਕਾਰ ਮੱਧਜਾਨ[1] ਲੌਂ, ਗੁਰ ਕਰਿ ਦਰਬਾਰਾ।
ਲੰਗਰ ਹੋਵਹਿ ਤਯਾਰ ਤਬਿ, ਸਭਿਹੂੰਨ ਅਹਾਰਾ।
ਨਿਕਟ ਆਇ ਜਬਿ ਲਾਂਗਰੀ, ਭਾਖਹਿ ਅਰਦਾਸਾ।
ਸੁਨਿ ਸ੍ਰੀ ਸਤਿਗੁਰ ਤਬ ਉਠਹਿਂ, ਸੰਗ ਸੰਗਤਿ ਦਾਸਾ ॥੧੩॥

[1]ਦੁਪਹਿਰ।

ਚਰਨ ਪਖਾਰਹਿਂ ਬਾਰਿ[1], ਸੋਂ ਸੇਵਕ ਹਰਖਾਵੈਂ।
ਸਿਖ ਸੰਗਤਿ ਸਭਿ ਸੰਗ ਲੇ, ਚੌਂਕੇ ਮਹਿਂ ਆਵੈਂ।
ਆਸ਼੍ਰਮ ਬਰਨ ਬਿਚਾਰ ਨਹਿਂ, ਇਕ ਪੰਕਤਿ ਬੈਸੇਂ।
ਸੁੰਦਰ ਬਿਸਦ ਮਰਾਲ[1] ਸਭਿ, ਇਕ ਸਮ ਹ੍ਵੈ ਜੈਸੇ ॥੧੪॥

[1]ਪਾਣੀ।
[1]ਉੱਜਲ ਹੰਸ।

ਸਿੱਖਜਨ ਮਹਿਂ ਸਤਿਗੁਰ ਸ਼ੁਭਤਿ, ਬੈਠੇ ਤਿਸ ਕਾਲਾ।
ਮਨਹੁ ਮੁਨਿਨਿ ਮਹਿਂ ਬਨ ਬਿਖੈ, ਰਘੁਬੀਰ[1] ਕ੍ਰਿਪਾਲਾ।
ਲਵਨ ਬਿਨਾ ਹੁਇ ਓਗਰਾ[1], ਸਤਿਗੁਰ ਸੋਂ ਖਾਵੈਂ।
ਅਲਪ ਅਚਹਿਂ, ਰਹਿਂ ਛੁਧਾ ਜੁਤ, ਨਹਿਂ ਉਦਰ ਭਰਾਵੈਂ[1] ॥੧੫॥
ਅਪਰ ਸਰਬ ਹੀ ਸੰਗਤਾਂ, ਬਹੁ ਸ੍ਵਾਦ

[1]ਰਾਮਚੰਦ੍ਰ ਜੀ।
[1]ਦਲੀਆ, ਕਣਕ ਦਾ ਯਾ ਜਵਾਂ ਦਾ। (ਸੰਪ੍ਰਦਾਈ)। (ਅ) ਚਾਵਲਾਂ ਦੀ ਗਾਹੜੀ ਪਿੱਛ, (ਪੰਜਾਬੀ ਕੋਸ਼)। (ੲ) ਖਿਚੜੀ (ਹਿੰਦੀ)। 'ਲੂਣ ਬਿਨਾ' ਕਹਿਣ ਤੋਂ ਉਹ ਸ਼ੈ ਜਾਪਦੀ ਹੈ ਜਿਸ ਵਿਚ ਲੂਣ ਜ਼ਰੂਰੀ ਪੈਂਦਾ ਹੋਵੇ। ਓਗਰਾ ਦਾ ਅਰਥ ਓਗਲ ਨਹੀਂ ਜੋ ਦੜਉ ਦਾ ਦੂਸਰਾ ਨਾਮ ਹੈ। ਇਹ ਦੁਸ਼ਪਚ ਅੰਨ ਹੈ।
[1]ਪੇਟ ਭਰਕੇ ਨਹੀਂ (ਖਾਂਦੇ)।

ਅਹਾਰਾ।
ਭਾਂਤਿ ਭਾਂਤਿ ਕੇ ਅਚਤਿ ਹੈਂ, ਸੁਖ ਲਹਤਿ ਉਦਾਰਾ।
ਇਕ ਪੰਕਤਿ ਅਚ ਕਰਿ ਉਠਹਿਂ, ਭੇਦ ਨ ਜਹਿਂ ਦੂਵਾ।
ਆਪ ਆਪਨੇ ਥਾਨ ਮਹਿਂ, ਪੁਨ ਪਹੁੰਚਨ ਹੂਵਾ ॥੧੬॥
ਦਿਨ ਕੇ ਚੌਥੇ ਭਾਗ ਮਹਿਂ, ਪੁਨ ਬੈਠਹਿਂ ਸ੍ਵਾਮੀ।
ਇਕ ਪੰਡਿਤ ਕੀ ਪ੍ਰੀਤਿ ਲਖਿ, ਗੁਰ ਅੰਤਰਯਾਮੀ।
ਜਿਸ ਕੇ ਮਨ ਮੈਂ ਕਾਮਨਾ -ਮੈਂ ਕਥਾ ਸੁਨਾਵੋਂ।
ਕਰੌਂ ਭਲਾ ਮੈਂ ਅਪਨੋ, ਸਤਿਗੁਰੂ ਰਿਝਾਵੋਂ- ॥੧੭॥
ਤਿਸ ਕੇ ਉਰ ਕੀ ਜਾਨਿ ਕੈ, ਗੁਰ ਕਥਾ ਕਰਾਈ।
ਦ੍ਵਿਜ ਕੇਸ਼ੋ ਗੋਪਾਲ ਕਹਿ, ਬਿੱਦਜਾ ਨਿਪੁਨਾਈ[1]।
ਆਵੈ ਚੌਥੇ ਜਾਮ ਦਿਨ, ਇਤਿਹਾਸੁ ਪ੍ਰਕਾਸ਼ੈ।
ਸੁਨੈਂ ਸਤਿਗੁਰੂ ਬੈਠਿ ਕਰਿ, ਸੰਗਤਿ ਇਕ ਪਾਸੈ[†] ॥੧੮॥
ਬਹੁਰ ਰਬਾਬੀ ਆਇ ਕਰਿ, ਗੁਰ ਸ਼ਬਦ ਸੁਨਾਵੈਂ।
ਰਾਗ ਰਾਗਨੀ ਧੁਨਿ ਸਹਤ, ਸੁੰਦਰ ਬਿਧਿ ਗਾਵੈਂ।
ਕਥਾ ਕੀਰਤਨਿ ਕਰਤਿ ਹੀ, ਨਿਸੁ ਜਾਮ ਬਿਤਾਵੈਂ।
ਸਿਮਰਨ ਹੁਏ ਸਤਿਨਾਮ ਕੋ, ਇਕ ਚਿਤ ਲਿਵ ਲਾਵੈਂ ॥੧੯॥
ਪੁਨਿ ਸੁਪਤਨ ਹਿਤ ਸੇਜ ਪਰ, ਸਤਿਗੁਰੂ

[1]ਵਿੱਦਜਾ ਵਿਚ ਪ੍ਰਬੀਨ।

[†]ਪਾ:-ਹੁਇ ਸੰਗਤ ਪਾਸੈ।

ਬਿਰਾਜੈਂ।
ਇਸ ਬਿਧਿ ਕੋ ਵਿਵਹਾਰ ਨਿਤਿ, ਜਿਨ ਪਿਖਿ ਅਘ ਭਾਜੈਂ।
ਅਪਰ ਨੇਮ ਐਸੋ ਕਰਜੋ, ਸ਼੍ਰੀ ਅਮਰ ਸੁਜਾਨਾ।
ਸੇਤ ਬਸਤ੍ਰ ਤਨ ਪਰ ਧਰੈਂ, ਨਿਤਿ ਬਿਮਲ ਮਹਾਂਨਾ ॥੨੦॥
ਅਪਰ ਬਸਤ੍ਰ ਨਹਿਂ ਢਿਗ ਰਖਹਿਂ, ਜਬ ਦੂਸਰ ਲੇਈਂ।
ਪੂਰਬ ਊਪਰ ਹੋਇ ਜੋ, ਕਿਸਿ ਰੰਕਹਿ ਦੇਈਂ[1]।

[1]ਕਿਸੇ ਕੰਗਾਲ ਨੂੰ ਬਖਸ਼ ਦਿੰਦੇ।

'ਦੁਤਿਯ ਰਹਹਿ ਨਹਿਂ ਸਦਨ ਮੈਂ', ਐਸੇ ਕਹਿ ਦੀਨਾ।
ਖੈਬੇ ਹੇਤ ਜੁ ਅੰਨ ਹੁਇ, ਨਿਤਿ ਆਇ ਨਵੀਨਾ ॥੨੧॥
ਜਿਤਿਕ ਦੇਗ ਮਹਿਂ ਲਗਹਿ, ਤਬਿ ਸੋ ਸਰਬ ਪਕਾਵੈਂ।
ਸਿਖ ਸੰਗਤਿ ਗਨ ਰੰਕ[1] ਜੇ, ਮਨ ਭਾਵਤਿ ਖਾਵੈਂ।

[1]ਸਾਰੇ ਗ਼ਰੀਬ।

ਬਚਹਿ ਸ਼ੇਖ਼ ਸੋ ਨਹਿਂ ਰਖਹਿਂ, ਦੇਵਹਿਂ ਕਿਸੁ ਤਾਈਂ।
ਕਿਧੌਂ ਪੁਰੀ ਮਹਿਂ ਪਸ਼ੁ ਗਨ, ਤਿਨ ਸਕਲ ਖੁਲਾਈਂ ॥੨੨॥
ਅਗਲੇ ਦਿਨ ਹਿਤ ਨਹਿਂ ਰਹਹਿ, ਇਕ ਮਨੁਜ ਅਹਾਰਾ[1]।

[1]ਇਕ ਮਨੁਖ ਦੇ ਖਾਣ ਜੋਗਾ ਬੀ, ਅਹਾਰ ਅਗਲੇ ਦਿਨ ਨਹੀਂ ਰਖਦੇ ਸਨ।

ਆਇ ਵਹਿਰ ਤੇ ਦੇਗ਼ ਹੁਇ, ਇਮ ਨੇਮ ਸੁਧਾਰਾ।
ਅਪਰ ਵਸਤੁ ਗਿਨਤੀ ਕਹਾਂ, ਜਲ ਕਲਸਨਿ ਮਾਂਹੀ[1]।

[1]ਘੜਿਆਂ ਦਾ ਪਾਣੀ।

ਸਭਿ ਗਿਰਾਇ ਛੂਛੇ ਧਰਹਿਂ, ਰਾਖਹਿਂ ਕੁਛ ਨਾਂਹੀ ॥੨੩॥
ਜਿਮਿ ਬਿਹੰਗ ਦਰਵੇਸ਼[1] ਹ੍ਵੈ, ਸੰਚੈ ਨ ਕਰੈ

[1]ਪੰਛੀ ਤੇ ਫਕੀਰ।

ਹੈਂ।
ਨਿਤਿ ਨਵੀਨ ਲੇ ਕਰਿ ਅਚਹਿਂ, ਈਸ਼ੁਰ ਤਿਨਿ ਦੈ ਹੈ।
ਘਰ ਮਹਿਂ ਰਹੈ ਨ ਅੰਨ ਧਨ, ਨਹਿ ਬਸਤ੍ਰ ਬਧੀਕਾ[1]।
ਕਰਜੋ ਨੇਮ ਸ਼੍ਰੀ ਸਤਿਗੁਰੂ, ਐਸੀ ਬਿਧਿ ਨੀਕਾ ॥੨੪॥
ਵਾਹਿਗੁਰੂ ਸਿਖ ਮੁਖ ਜਪਹਿਂ, ਜਬਿ ਮਿਲਹਿਂ ਸੁ ਦੋਈ।
'ਪੈਰੀ ਪਵਣਾ ਸਤਿਗੁਰੂ' ਆਪਸ ਮਹਿਂ ਹੋਈ।
ਜੁਤਿ ਸਨੇਹ ਸਿਮਰਨ ਕਰਹਿਂ, ਗੁਰ ਦਰਸ਼ਨ ਪਾਵੈਂ।
ਨਈ ਰੀਤਿ ਗੁਰ ਸਦਨ ਕੀ ਪਿਖਿ ਜਗਤ ਰਿਸਾਵੈ ॥੨੫॥
ਨਿੰਦਹਿਂ ਖਲ ਬਿੰਦਹਿ ਨਹੀਂ[1], -ਇਹ ਮਗ ਨਿਰਬਾਨਾ[2]।
ਕਲਿ ਮਹਿਂ ਭਗਤਿ ਸੁ ਮੁਕਤਿ ਦਾ, ਧਰਮ ਨ ਕੋ ਆਨਾ[1]-।
ਪੁਨ ਸਤਿਗੁਰ ਇਮਿ ਨੇਮ ਕਿਯ, ਚਹੁ ਬਰਨ ਮਝਾਰਾ।
'ਆਸ਼੍ਰਮ ਧਾਰੀ ਹੋਇ[1] ਕੋ, ਆਵਹਿ ਦਰਬਾਰਾ ॥੨੬॥
ਪ੍ਰਥਮ ਦੇਗ ਮਹਿਂ ਜਾਇ ਕੇ, ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ, ਚਲਿ ਕਰਿ ਢਿਗ ਜਾਵੈ[†]।'
ਜੋ ਨਹਿਂ ਅਚਹਿ ਅਹਾਰ ਕੋ, ਸੁਚ ਸੰਜਮਵੰਤਾ।
ਤਿਸ ਕੋ ਦਰਸ਼ਨ ਹੋਤਿ ਨਹਿਂ, ਹਟਿ ਘਰ ਗਮਨੰਤਾ ॥੨੭॥
ਆਸ਼੍ਰਮ ਬਰਨ ਜਿ ਭੇਦ ਮਹਿਂ, ਨਹਿਂ

[1]ਵਾਧੂ।

[1]ਮੂਰਖ ਜਾਣਦੇ ਨਹੀਂ। [2]ਇਹ ਹੈ ਕਲਜਾਣ ਦਾ ਰਾਹ।

[1]ਭਗਤੀ ਬਿਨਾ ਕੋਈ ਹੋਰ ਧਰਮ ਮੁਕਤੀ ਦਾਤਾ ਨਹੀਂ।

[1]ਬ੍ਰਹਮ ਚਰਜ ਆਦਿ ਕਿਸੇ ਆਸ਼੍ਰਮ ਦੀ ਮਿਰਜਾਦਾ ਨੂੰ ਧਾਰਨ ਕਰਨ ਵਾਲਾ ਹੋਵੇ।

[†]ਪਾ:-ਆਵੈ।

[1]ਭਾਵ ਗੁਰੂ ਜੀ ਦੇ ਪਾਸ ਨਹੀਂ ਜਾ ਸਕਦੇ ਸਨ।

ਮਿਲਹਿਂ ਹਦੂਰਾ[1]।
ਖਾਵਹਿਂ ਕੁਨਕਾ ਦੇਗ ਕੋ, ਦਰਸਹਿਂ ਗੁਰ ਪੂਰਾ।
ਨਿਤਿ ਪ੍ਰਤਿ ਆਨਹਿਂ ਅੰਨ ਕੋ, ਸਿਖ ਸੇਵਕ ਜੋਈ।
ਹੋਤਿ ਦੇਗ ਬਿਨ ਤੋਟ ਕੇ, ਖਾਵੈ ਸਭਿ ਕੋਈ ॥੨੮॥
ਬਿਦਤਿ ਭਏ ਸਭਿ ਦੇਸ਼ ਮਹਿਂ, ਸੁਨਿ ਸੁਨਿ ਸਿਖ ਆਵਹਿਂ।
ਸ੍ਰੀ ਨਾਨਕ ਕੇ ਸਮੇਂ ਕੇ[†], ਪਹੁੰਚਹਿਂ ਦਰਸਾਵੈਂ।
ਸ੍ਰੀ ਅੰਗਦ ਮਹਿਮਾ ਲਖਹਿਂ, ਜੇ ਦਰਸ ਕਰੰਤੇ।
ਸਭਿ ਆਵਹਿਂ ਸ੍ਰੀ ਅਮਰ ਢਿਗ, ਤਿਨ ਥਾਨ ਲਖੰਤੇ[1] ॥੨੯॥
ਧਰਹਿਂ ਕਾਮਨਾ ਉਰ ਬਿਖੈ, ਬਿਨ ਕਹੇ ਸੁ ਪਾਵੈਂ।
ਜੋ ਅਰਪਤਿ ਹੈਂ ਆਨਿ ਕਰਿ, ਬਹੁ ਬਿਨੈ ਅਲਾਵੈਂ।
ਏਕ ਦਿਵਸ ਕੇ ਖਰਚਿ ਕੋ, ਲੇਵਹਿਂ ਤਿਨ ਪਾਸੇ[1]।
ਔਰ ਹਟਾਇ ਸੁ ਦੇਤਿ ਤਿਨ[†], ਨਹਿਂ ਰਖਹਿਂ ਅਵਾਸੇ ॥੩੦॥
ਬਿਦਤਹਿ ਦਿਨ ਪ੍ਰਤਿ ਅਧਿਕ ਹੀ, ਨਿਤਿ ਭਗਤਿ ਪ੍ਰਕਾਸ਼ੇ।
ਅਜ਼ਮਤਿ ਜੁਤਿ ਕੇਤਿਕ ਭਏ, ਲਹਿਂ ਸਿੱਧਿ ਸੁ ਪਾਸੇ[1]।
ਸੇਵਹਿਂ ਗੁਰ ਪਗ ਕਮਲ ਕੋ, ਕਰਿ ਪ੍ਰੀਤਿ ਬਿਸਾਲਾ।
ਸਿਮਰਨ ਹੁਇ ਸਤਿਨਾਮ ਕੋ, ਦਿਨ ਰੈਨ ਸੁਖਾਲਾ ॥੩੧॥
ਬਸੇ ਪੁਰੀ ਮਹਿਂ ਆਨਿ ਕੇ, ਬਹੁ ਕੀਨਿ

[†]ਪਾ:-ਜੇ।
[1]ਭਾਵ ਗੁਰੂ ਨਾਨਕ ਤੇ ਗੁਰੂ ਅੰਗਦ ਜੀ ਦੀ ਥਾਵੇਂ ਗੱਦੀ ਬੈਠੇ ਸਮਝਕੇ।
[1]ਪਾਸੋਂ।
[†]ਪਾ:-ਤਿਸ।
[1]ਪਾਸ ਰਹਿ ਕਰਕੇ।

ਨਿਕੇਤਾ।
ਕੇਤਿਕ ਭਈ ਦੁਕਾਨ ਤਹਿਂ, ਬਹੁ ਬਨਜ
ਸਮੇਤਾ।
ਸਭਿਹਿਨਿ ਕੀ ਗੁਜ਼ਾਰਨ ਹੁਇ, ਥੁਰਿ ਹੈ
ਨਹਿਂ ਕੋਈ।
ਬਿਨਾ ਰੋਗ ਸੁਖ ਭੋਗ ਜੁਤਿ[1], ਬਸਿਬੋ ਤਿਨ
ਹੋਈ ॥੩੨॥

[1]ਸਮੇਤ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ ਦਾਸ ਨਿੱਤ ਬਿਵਹਾਰ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਸਾਵਣ ਮੱਲ ਨੂੰ ਹਰੀ ਪੁਰ ਭੇਜਣਾ। ਰਾਜੇ ਦਾ ਪੁੱਤ੍ਰ ਜਿਵਾਉਣਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਨਿਸਾਨੀ ਛੰਦ:

ਸਿੱਖੀ ਮਗ ਪ੍ਰਗਟਾਇਬੇ, ਸ਼੍ਰੀ ਸਤਿਗੁਰ ਪੂਰੇ।
ਦੇਹਿਂ ਦਰਸ ਬਹੁ ਸੰਗਤਾਂ, ਸਿੱਖਜਨ ਇਛ ਪੂਰੇ।
ਇਕ ਦਿਨ ਬੱਲੂ ਖਰੇ ਹੁਇ, ਨਿਜ ਅਰਜ਼ ਗੁਜ਼ਾਰੀ।
'ਸੁਨਹੁ ਪ੍ਰਭੂ! ਪਤਿਸ਼ਾਹੁ ਤੁਮ, ਸਿਖ ਪੀਰ ਬਿਦਾਰੀ[1] ॥੧॥

[1]ਸਿੱਖਾਂ ਦੀ ਪੀੜਾ ਨੂੰ ਦੂਰ ਕਰਨ ਵਾਲੇ ਹੋ।

ਚਾਰ ਬਰਨ ਕੇ ਲੋਕ ਗਨ[1], ਬਸਿਬੇ ਹਿਤ ਆਏ।
ਨੀਕੇ ਬਨੇ ਨਿਕੇਤ ਨਹਿਂ, ਯਾਂ ਤੇ ਅਕੁਲਾਏ।
ਚਰਨ ਭਰੋਸੇ ਆਪ ਕੇ, ਇਹ ਆਨਿ ਬਸੇ ਹੈਂ।
ਗ੍ਰਿਹਿ ਮੰਦਰ ਸੁੰਦਰ ਬਿਨਾ, ਸੁਖ ਨਹੀਂ ਰਸੇ ਹੈਂ ॥੨॥

[1]ਬਹੁਤੇ।

ਕ੍ਰਿਪਾ ਹੋਇ ਜਬਿ ਆਪ ਕੀ, ਘਰ ਉਸਰਹਿਂ ਸਾਰੇ।
ਨਰ ਨਾਰੀ ਸੁਖ ਪਾਇ ਰਹਿਂ, ਅਪਨੇ ਪਰਵਾਰੇ।
ਪ੍ਰਾਪਤਿ ਵਸਤੂ ਅਪਰ ਸਭਿ, ਕਾਸ਼ਟ ਨਹਿਂ ਪਾਵੈਂ[1]।
ਦੀਰਘ ਦਾਰ ਬਿਹੀਨ[1] ਘਰ, ਕੈਸੇ ਉਸਰਾਵੈਂ ॥੩॥

[1]ਲਕੜੀ (ਉਸਾਰੀ ਵਾਲੀ) ਨਹੀਂ ਮਿਲਦੀ।

[1]ਲੰਮੀਆਂ ਲਕੜੀਆਂ ਬਿਨਾ।

ਸ਼ਰਨ ਪਰੇ ਸਭਿ ਆਪ ਕੀ, ਆਨ ਨ ਬਿਸ਼ਵਾਸ਼ਾ।
ਜ਼ਿਕਰ ਕਰਤਿ ਨਿਤਿ ਕਾਠ ਕੋ, ਨਹਿਂ ਆਵਤਿ ਪਾਸਾ[1]।'

[1]ਗੱਲਾਂ ਕਰਦੇ ਹਨ ਨਿੱਤ (ਆਪੋ ਵਿਚ) ਕਿ (ਸਾਡੇ ਕਿਸੇ ਯਤਨ ਨਾਲ) ਕਾਠ ਹਥ ਨਹੀਂ ਆਉਂਦਾ (ਅ) (ਬਾਹਰ) ਰੋਜ਼ ਲਕੜੀਆਂ ਦੀ ਗੱਲ ਬਾਤ ਕਰਦੇ ਹਨ, ਪਰ ਆਪ ਜੀ ਪਾਸ (ਅਦਬ ਕਰਕੇ) ਨਹੀਂ ਆਂਵਦੇ।

ਸੁਨਿ ਪ੍ਰਸੰਨ ਸਤਿਗੁਰ ਭਏ, ਕਹਿ ਦੀਨਿ ਦਿਲਾਸਾ[1]।
'ਕਾਸ਼ਟ ਆਵਹਿ ਬਹੁਤ ਅਬਿ, ਕਰਿ ਲੇਹਿਂ[1] ਅਵਾਸਾ' ॥੪॥
ਭ੍ਰਾਤਾ ਕੋ ਇਕ ਸੁਤ ਹੁਤੋ, ਸਾਵਣ ਮਲ ਨਾਮੂ।
ਨਿਕਟ ਹਕਾਰ੍ਯੋ ਤਾਂਹਿ ਕੇ, ਬੋਲੇ ਸੁਖਧਾਮੂ।
'ਰਾਜ ਹਰੀਪੁਰ ਕੋ ਜਹਾਂ, ਤਹਿਂ ਕੋ ਗਮਨੀਜੈ।
ਦੀਰਘ ਦਾਰ ਸਮੂਹ ਜੋ, ਨਿਜ ਪੁਰੀ ਅਨੀਜੈ ॥੫॥
ਬੇੜੇ ਬਾਂਧੋ ਤਹਾਂ ਤੇ, ਸਲਿਤਾ ਮਹਿਂ ਡਾਰੋ।
ਜਾਇ ਬਿਲੰਬ ਨ ਲਾਈਏ, ਤੂਰਨਤਾ ਧਾਰੋ।
ਆਵਹਿ ਕਾਸ਼ਟ ਬਹੁ ਇਹਾਂ, ਨਰ ਲੇਹਿਂ ਨਿਕਾਸੇ।
ਕਰਹਿਂ ਸਦਨ ਨਿਜ ਬਸਨ ਕੋ, ਪੁਨ ਲਹਿਂ ਸੁਖਰਾਸੇ[1]' ॥੬॥
ਸਾਵਣ ਮਲ ਬੋਲ੍ਯੋ ਸੁਨਤਿ, ਜੋਰੇ ਜੁਗ ਹਾਥਾ।
'ਦਰਬ ਬਿਨਾ ਕਿਮ ਆਇ ਹੈ, ਨਹਿਂ ਨਰ ਗਨ ਸਾਥਾ[1]।
ਏਕਾਕੀ ਹੌਂ ਜਾਇ ਕੈ, ਕਜਾ ਕਰਵਿ ਉਪਾਏ।
ਪਰਬਤ ਬਾਸੀ ਲੋਕ ਜੇ, ਕਿਮ ਕਹ੍ਯੋ ਕਮਾਏ[1] ॥੭॥
ਗੁਰ ਮਹਿਮਾ ਜਾਨਹਿਂ ਨਹੀਂ, ਜੇ ਪਰਬਤ ਬਾਸੀ।
ਲਜਾਵਨ ਕਾਠ ਸਮੂਹ ਕੋ, ਕਿਮ ਕਰਵਿ ਪ੍ਰਯਾਸੀ[1]।
ਜੋ ਬਿਧਿ ਆਪ ਬਖਾਨਹੌਂ, ਤੈਸੇ ਮੈਂ

[1]ਦਿਲਾਸਾ ਦੇ ਕੇ ਕਿਹਾ:।
[1]ਉਸਾਰ ਲੈਣ।
[1]ਸਾਰੇ ਸੁਖ।
[1]ਬਹੁਤੇ ਮਨੁੱਖ ਨਾਲ ਨਹੀਂ।
[1]ਮੇਰਾ ਕਿਹਾ ਕਿਵੇਂ ਮੰਨਣਗੇ।
[1]ਕਿਵੇਂ ਯਤਨ ਕਰਾਂਗਾ।

ਲਜਾਵੌਂ।
ਕੈ ਅਜ਼ਮਤ ਮੁਝ ਨਿਕਟ ਹੁਇ, ਨ੍ਰਿਪ ਕੋ ਦਰਸਾਵੌਂ ॥੮॥
ਕਰੋਂ ਸਿੱਖ ਤਿਸ ਦੇਸ਼ ਕੋ, ਆਗਯਾ ਪੁਨ ਮਾਨੈ।
ਆਵਹਿ ਦੀਰਘ ਦਾਰ ਤਬ, ਹਮ ਜਿਤਿਕ ਬਖਾਨੈ।'
ਤਬਿ ਸੁਨਿ ਕੈ ਸ੍ਰੀ ਅਮਰ ਜੀ, ਲਖਿ ਕੈ ਤਿਸ ਆਸ਼ੈ।
ਕਹਯੋ ਕਿ 'ਜੈਸੇ ਚਿਤ ਚਹਹੁ, ਤਸ ਹੁਇ ਤੁਵ ਪਾਸੈ' ॥੯॥
ਸਾਵਣ ਮਲ ਕੀ ਮਾਤ ਨੇ, ਸੁਨਿ ਸ਼੍ਰੋਨ ਮਝਾਰਾ।
ਕਰਯੋ ਪੁੱਤ੍ਰ ਕੋ ਮੋਹੁ ਬਹੁ, ਉਰ ਮਹਿਂ ਡਰ ਧਾਰਾ।
ਕੰਪਤਿ ਹਾਥਨਿ ਪਗਨਿ ਤੇ, ਧਰਕਤਿ ਬਹੁ ਹੀਆ।
ਚਲਿ ਆਈ ਸਤਿਗੁਰ ਨਿਕਟ, ਅਸ ਬੋਲਨ ਕੀਆ ॥੧੦॥
ਹਾਥ ਜੋਰਿ ਕੰਪਤਿ ਖਰੀ, 'ਇਕ ਸੁਤ ਹੈ ਮੇਰੇ।
ਡਾਕਨਿ[1] ਪਰਬਤ ਮਹਿਂ ਰਹਤਿ, ਮੈਂ ਸੁਨੀ ਘਨੇਰੇ।
ਕਾਢਿ ਕਰੇ ਜਾ ਖਾਇੰਗੀ, ਪਰਦੇਸ਼ੀ ਜਾਨੈਂ।
ਨਹਿਂ ਕੁਛ ਚਲਹਿ ਸਹਾਇਤਾ, ਜਬਿ ਪ੍ਰਾਨਨ ਹਾਨੈਂ ॥੧੧॥
ਇਕ ਪੁੱਤ੍ਰਾ[1] ਮੁਝ ਜਾਨਿ ਕੈ, ਕੀਜਹਿ ਨਿਜ ਦਾਯਾ।
ਜਿਸ ਤੇ ਇਹ ਜੀਵਤਿ ਰਹੈ, ਸੁਖ ਹੁਇ ਅਧਿਕਾਯਾ।
ਇਸ ਕੋ ਨਹੀਂ ਪਛਾਨ ਕੁਛ, ਬਿਰਮਾਇਂ ਕੁਚਾਲੀ[1]।

[1]ਡੈਣਾਂ।

[1]ਇਕ ਪੁੱਤ੍ਰ ਵਾਲੀ।

[1]ਖੋਟੀ ਚਾਲ ਵਾਲੀਆਂ (ਡੈਣਾਂ) ਭਰਮਾ ਲੈਣਗੀਆਂ।

ਕਿਮਿ ਆਵਹਿ ਹਟਿ ਸਦਨ ਕੋ, ਜਹਿਂ ਬਿਘਨ ਬਿਸਾਲੀ[1]' ॥੧੨॥
[1]ਬਹੁਤੇ ਵਿਘਨ ਹਨ ਜਿਥੇ।

ਸੁਤ ਸਨੇਹ ਬਿਰਧਾ ਮਹਾਂ, ਸੁਨਿ ਬਾਕ ਸਤ੍ਰਾਸਾ[1]।
[1]ਡਰ ਵਾਲੇ।

ਕਰੁਨਾਨਿਧਿ ਬਿਗਸੇ ਬਹੁਤ, ਕਹਿਂ ਦੇ ਭਰਵਾਸਾ[1]।
[1]ਧਿਰਵਾਸ ਦੇਕੇ ਕਿਹਾ।

'ਤੋਹਿ ਪੁੱਤ੍ਰ ਕੋ ਭੈ ਨਹੀਂ, ਗਨ ਭੂਤ ਜੁ ਪ੍ਰੇਤਾ।
ਡਾਕਨਿ ਬਪੁਰੀ ਕਹਾ ਕਰੈਂ, ਬਡ ਭਾ ਬਲ ਏਤਾ[1] ॥੧੩॥
[1](ਇਸ ਵਿਚ) ਇਤਨਾ ਵੱਡਾ ਬਲ ਹੋਇਆ ਹੈ।

ਬੀਰ ਬਵੰਜਾ ਜੋਗਨੀ, ਇਸ ਆਇਸੁ ਮਾਨੈਂ।
ਸਰਬ ਸੁਰਾਸੁਰ[1] ਜਿਤ ਕਿਤੀ, ਡਰ ਧਰੈਂ ਮਹਾਨੈ।
[1]ਦੇਵਤੇ ਤੇ ਦੈਂਤ।

ਮਹਾਂ ਸ਼ਕਤਿ ਇਸ ਮੈਂ ਭਈ, ਨਹਿਂ ਕੀਜਹਿ ਤ੍ਰਾਸਾ।'
ਗਈ ਸਦਨ ਕੋ ਦੀਨ ਬਨਿ, ਕੁਛ ਕਰਿ ਭਰਵਾਸ਼ਾ ॥੧੪॥
ਸਾਵਣਮੱਲ ਹਕਾਰਿ ਪੁਨ, ਨਿਜ ਨਿਕਟ ਬਿਠਾਵਾ।
ਇਕ ਰੁਮਾਲ ਕਰ ਪੌਂਛਨੋ[1], ਗੁਰ ਹਾਥ ਉਠਾਵਾ।
[1]ਹਥ ਸਾਫ ਕਰਨ ਵਾਲਾ।

ਦਯੋ ਤਿਸਹਿ ਸਮਝਾਇ ਕਰਿ, 'ਇਸ ਅਜ਼ਮਤਿ ਭਾਰੀ।
ਚਹਹਿਂ ਜਿ ਕਿਸਹਿ ਸੰਘਾਰ ਦਿਹੁ, ਚਹਿਂ ਮ੍ਰਿਤਕ ਜਿਵਾਰੀ[1] ॥੧੫॥
[1]ਜੇ ਚਾਹੇਂ ਕਿ ਕਿਸੇ ਨੂੰ ਮਾਰ ਦੇਵੇਂ (ਤਾਂ ਮਰ ਜਾਏਗਾ) ਜੋ ਚਾਹੇਂ ਮਰੇ ਹੋਏ ਨੂੰ ਜਿਵਾਲਾਂ (ਤਾਂ ਜੀ ਪਏਗਾ)।

ਜਿਸ ਕੀ ਚਿਤ ਮਹਿਂ ਚਾਹਿ ਹੁਇ, ਇਸ ਮਹਿਂ ਤੇ ਲੀਜੈ।
ਸਰਬ ਸੁਰਾਸੁਰ ਆਦਰੈਂ[1], ਚਾਹਿ ਸੁ ਕਹਿ ਦੀਜੈ।
[1]ਆਦਰ ਕਰਨਗੇ।

ਥਾਤੀ ਅਜ਼ਮਤਿ ਕੀ[1] ਇਹੀ, ਨਿਹਸੰਸੈ ਮਾਨੋ।
[1]ਕਰਾਮਾਤ ਦੀ ਥੈਲੀ।

ਕਰਹੁ ਦੇਸ਼ ਸਿੱਖ ਆਪਨੋ, ਪੁਨ ਕਾਜ ਬਖਾਨੋ ॥੧੬॥
ਬਪੁਰੇ ਕਹਾਂ ਪਹਾਰੀਏ, ਆਇਸੁ ਨਹਿਂ ਮਾਨੈਂ।
ਤੀਨ ਲੋਕ ਪਰ ਹੁਕਮ ਤੁਵ, ਨਹਿਂ ਫੇਰਨ ਠਾਂਨੈ।'
ਲੇ ਰੁਮਾਲ ਹਰਖ਼ਜੋ ਰਿਦੈ, ਕਰ ਜੋਰ ਬਖਾਨੀ।
'ਪ੍ਰਭੁ ਜੀ! ਸਭਿ ਕਾਰਜ ਸਨੈ, ਅਜ਼ਮਤ ਲੇ ਮਾਨੀ[1]' ॥੧੭॥

[1]ਪਹਾੜੀਏ) ਅਜ਼ਮਤ ਲੈ ਕੇ ਮੰਨ ਜਾਣਗੇ, ਭਾਵ ਪਤੀਜ ਜਾਣਗੇ। (ਅ) ਸਾਵਣਮੱਲ ਅਜ਼ਮਤ ਲੈ ਕੇ ਪਤੀਜ ਗਿਆ ਤੇ ਕਹਿਣ ਲੱਗਾ: ਹੇ ਪ੍ਰਭੁ ਜੀ! ਹੁਣ ਸਾਰਾ ਕੰਮ ਬਣ ਜਾਏਗਾ।

ਲੇ ਰੁਮਾਲ ਸਿਰ ਪਰ ਧਰਜੋ, ਖੁਲਿ ਗਏ ਕਪਾਟਾ।
ਸਭਿ ਸਿੱਧਾਂ ਆਗੇ ਖਰੀ, ਹੇਰਜੋ ਬਡ ਠਾਟਾ[1]।

[1]ਠਾਠ, ਬਣਾਉ।

ਬੰਦਨ ਕਰਿ ਗਮਨਜੋ ਸਦਨ, ਮਾਤਾਦਿ ਕੁਟੰਬਾ।
ਸਭਿ ਕੋ ਧੀਰਜ ਕਹਿ ਦਈ, 'ਮੁਝਿ ਬਡੋ ਅਲੰਬਾ ॥੧੮॥
ਨਹਿਂ ਚਿੰਤਾ ਚਿਤ ਮੈਂ ਕਰਹੁ, ਪਦ ਊਚ ਮਿਲਜੋ ਹੈ।'
ਮੁਦਿਤ ਕਰਜੋ ਪਰਵਾਰ ਕੋ, ਪੁਨ ਪੰਥ ਚਲਜੋ ਹੈ।
ਸਨੈ ਸਨੈ ਗਮਨਜੋ ਤਬਹਿ, ਮਗ ਉਲੰਘਜੋ ਸਾਰੇ।
ਗਯੋ ਹਰੀ ਪੁਰ ਕੇ ਨਿਕਟ, ਗਿਰ ਰੁਚਿਰ ਨਿਹਾਰੇ ॥੧੯॥
ਸੁੰਦਰ ਬਨ ਉਪਬਨ ਜਹਾਂ, ਹਰਿਆਵਲ ਹੋਏ।
ਹਰਿਤ ਪੱਤ੍ਰ ਫਲ ਫੂਲਗਨ, ਸਾਵਨ ਮਲ ਜੋਏ।
ਬਿਮਲ ਨੀਰ ਗਨ ਬਾਪਕਾ[1], ਗਨ ਰਹੈਂ

[1]ਪਹਾੜੀ ਬਾਵਲੀਆਂ, ਬਾਵੜੀਆਂ।

ਬਿਹੰਗਾ।
ਨਰ ਅਵਕੀਰਨ[1] ਜਹਿਂ ਕਹਾਂ, ਧਰ ਬੇਖ ਸੁਰੰਗਾ ॥੨੦॥

[1]ਫੈਲੇ ਹੋਏ ਹਨ।

ਸੁੰਦਰ ਸਰਬੰਗਨ ਬਿਖੈ, ਤਰੁਨੀ ਗਨ ਹੇਰੀ[1]।

[1]ਸਰਬ ਅੰਗਾਂ ਵਿਖੇ ਸੁੰਦਰ ਇਸਤ੍ਰੀਆਂ ਸਮੂਹ ਦੇਖੀਆਂ।

ਆਂਖ ਕਮਲ ਕੀ ਪਾਂਖਰੀ, ਚਲਚਾਲ ਘਨੇਰੀ[1]।

[1]ਬਹੁਤ ਚੰਚਲ। [ਸੰਸ: ਚਲਚਾਲ]।

ਬਿਧੁ ਬਦਨੀ[1], ਸੁਕ੍ਰਿਸ਼ੋਦਰਾ[2], ਸੁਠ ਸ਼ਜਾਮ ਸੁ ਕੇਸੀ[3]।

[1]ਚੰਦ੍ਰਮਾਂ ਵਤ ਮੁਖ ਵਾਲੀਆਂ। [2]ਪਤਲੇ ਲੱਕ ਵਾਲੀਆਂ। [3]ਸੁਹਣੇ ਕਾਲੇ ਵਾਲਾਂ ਵਾਲੀਆਂ।

ਗਜਗਮਨੀ, ਸੁਰ ਕੋਕਲਾ, ਕਟ ਕੇਹਰਿ ਜੈਸੀ[1] ॥੨੧॥

[1]ਹਾਥੀ ਜੈਸੀ ਚਾਲ ਵਾਲੀਆਂ, ਅਵਾਜ਼ ਕੋਇਲਾਂ ਵਰਗੀ, ਲੱਕੋਂ ਸ਼ੇਰ ਜੈਸੀਆਂ (ਭਾਵ ਪਤਲੇ ਲੱਕ)।

ਕੰਠ ਕਪੋਤੀ[1] ਸੁੰਦਰੀ, ਸਮ ਓਠ ਪ੍ਰਵਾਲਾ[2]।

[1]ਗਰਦਨ ਕਬੂਤਰੀ ਵਾਲੀਆਂ। [2]ਬੁਲ ਲਾਲ ਗੁਲੀਆਂ ਵਤ।

ਜੋਗਿਨ[1] ਕੇ ਧੀਰਜ ਹਰੈਂ, ਐਸੀ ਗਨ ਬਾਲਾ।

[1]ਜੋਗੀਆਂ ਦੇ।

ਆਨ ਦੇਸ਼ ਅਵਨੀ ਬਿਖੈ, ਤਿਸ ਦੇਸ਼ ਸਮਾਨਾ।
ਅਬਲਾ ਕਿਤਹੂੰ ਹੋਤਿ ਨਹਿਂ, ਅਸ ਰੁਚਿਰ ਮਹਾਨਾ ॥੨੨॥
ਰਜਧਾਨੀ ਤਿਹ ਨ੍ਰਿਪਤ ਕੀ, ਨਰ ਗਨ ਧਨਵਾਨਾ।
ਪਿਖਿ ਸੁੰਦਰਤਾ ਅਧਿਕ ਹੀ, ਪੁਨ ਨਿਕਟ ਪਯਾਨਾ।
ਰੋਦਨ ਕੋ ਬਡ ਸ਼ਬਦ ਹ੍ਵੈ, ਸੁਨਿ ਸ਼੍ਰੋਨ ਮਝਾਰਾ।
ਲੋਕ ਸੈਂਕਰੇ ਮਿਲਿ ਰਹੇ, ਕਰਿਂ ਹਾਹਾਕਾਰਾ ॥੨੩॥
ਬੂਝਜੋ ਇਕ ਨਰ 'ਕਜਾ ਭਯੋ, ਕਿਉਂ ਰੋਦਨ ਠਾਨੈਂ।
ਨਗਰ ਦੁਖੀ ਸਗਰੋ ਅਹੈ, ਉਰ ਸ਼ੋਕ ਮਹਾਂਨੈ।
ਕੋ ਐਸੋ ਬਡ ਬਿਘਨ ਭਾ? ਬਜਾਕੁਲ ਨਰ

ਨਾਰੀ।
ਦਿਖੀਯਤਿ ਹਰਖਤਿ ਕੋ ਨਹੀਂ, ਸਭਿ ਹੈਂ ਇਕ ਸਾਰੀ' ॥੨੪॥
ਨਰ ਨੈ ਭਨਜੋ ਬ੍ਰਿਤਾਂਤ ਤਬਿ, 'ਜੋ ਨਗਰ ਨਰੇਸ਼ਾ।
ਏਕ ਪੁੱਤ੍ਰ ਤਿਸ ਕੋ ਹੁਤੋ, ਤਨ ਚਾਰੁ ਵਿਸ਼ੇਸ਼ਾ।
ਤਰੁਨ[1] ਹੋਨਿ ਲਾਗਜੋ ਹੁਤੋ, ਪਿਖਿ ਜੀਵਤਿ ਰਾਜਾ[2]।
[1]ਜਵਾਨ। [2]ਜਿਸ ਨੂੰ ਤੱਕ ਤੱਕ ਕੇ ਰਾਜਾ ਜੀਉਂਦਾ ਸੀ।
ਪਟਰਾਨੀ ਕੋ ਪਰਮਪ੍ਰਿਯ[1], ਮ੍ਰਿਤੁ ਭਯੋ ਸੁ ਆਜਾ ॥੨੫॥
[1]ਬਹੁਤ ਪਿਆਰਾ।
ਯਾਂ ਤੇ ਸਭਿ ਬਜਾਕੁਲ ਭਏ, ਨ੍ਰਿਪ ਪਾਗ ਉਤਾਰੀ।
ਪੀਟਤਿ ਸਿਰ ਸੁਧ ਨਹਿਂ ਰਹੀ, ਮੂਰਛਨਾ ਧਾਰੀ।
ਤਿਮਿ ਰਾਣੀ ਆਤੁਰ ਬਡੀ, ਭਾ ਰਿਦੇ ਕਲੇਸ਼ੂ।
ਪ੍ਰਜਾ ਕੁਤੋ[1] ਹਰਖਹਿ ਰਿਦੈ, ਦੁਖ ਲਹਜੋ ਅਸ਼ੇਸ਼ੂ[2] ॥੨੬॥
[1]ਕਿਵੇਂ। [2]ਸਾਰਿਆਂ ਨੇ।
ਨ੍ਰਿਪ ਸੁਖਿ ਤੇ ਪਰਜਾ ਸੁਖੀ, ਦੁਖਿ ਤੇ ਦੁਖ ਪਾਵੈ।
ਇਮ ਬਜਾਕੁਲ ਨਰ ਹੁਇ ਰਹੇ, ਰਵ ਰੁਦਨ[1] ਉਠਾਵੈਂ।'
[1]ਰੋਣ ਦਾ ਸ਼ਬਦ।
ਸੁਨਿਕੇ ਚਿਤ ਮਹਿਂ ਚਿਤਵਤੋ -ਇਹੁ ਅਜ਼ਮਤ ਥਾਈਂ[1]।
[1]ਕਰਾਮਾਤ ਦਾ ਮੌਕਾ ਹੈ।
ਨ੍ਰਿਪ ਸੁਤ ਏਕ ਜਿਵਾਇਬੇ, ਸਭਿ ਲਾਗਹਿਂ ਪਾਈ[1] ॥੨੭॥
[1]ਚਰਨੀਂ ਲੱਗਣਗੇ।
ਸੇਵਕ ਹੋਵਹਿਂ ਭਾਵ ਧਰ, ਸਭਿ ਸੇਵ ਕਮਾਵੈਂ।
ਇਸ ਤੇ ਨੀਕੀ ਅਪਰ ਬਿਧਿ, ਕੋ ਹਾਥ ਨ ਆਵੈ।
ਉਰ ਪ੍ਰਸੰਨ ਹੁਇ ਕਰਿ ਗਯੋ, ਨ੍ਰਿਪ ਦ੍ਵਾਰ[†]
[†]ਪਾ:-ਦੁਰਗ।

ਅਗਾਰੇ।
ਕੂੰਜਨ ਸਮ[1] ਰਾਨੀ ਜਹਾਂ, ਕੁਰਲਾਤਿ ਪੁਕਾਰੇ ॥੨੮॥

[1]ਕੂੰਜ ਵਾਂਙੂ।

ਕੇਸ ਉਖਾਰਤਿ ਸੀਸ ਕੇ, ਨਹਿਂ ਬਸਨ ਸੰਭਾਰੈ।
ਕਰ ਤਲ ਸੋਂ ਪੀਟਤਿ ਬਦਨ, ਸਿਰ ਜੰਘਨ ਮਾਰੈ[1]।

[1]ਹੱਥ ਤਲੀਆਂ ਨਾਲ ਮੂੰਹ ਸਿਰ ਤੇ ਪੱਟਾਂ ਨੂੰ ਮਾਰਦੀ ਹੋਈ ਪਿੱਟ ਰਹੀ ਹੈ।

ਅਤਿ ਬ੍ਰਿਲਾਪ ਸੰਕਟ ਲਹਯੋ, ਲੋਚਨ ਜਲ ਗੇਰੈਂ।
ਜਹਿਂ ਕਹਿਂ ਹਾਹਾਕਾਰ ਭਾ, ਊਚੀ ਧੁਨਿ ਟੇਰੈਂ ॥੨੯॥
ਨ੍ਰਿਪਤਿ ਮਹਾਂ ਬਯਾਕੁਲ ਪਰਯੋ, ਮੰਤ੍ਰੀ ਬਿਲਖਾਵੈ[1]।

[1]ਵਿਰਲਾਪ ਕਰ ਰਿਹਾ ਹੈ।

ਆਪਸ ਮਹਿਂ ਕੋ ਧੀਰ ਦੇਇ, ਇਕ ਸਮ ਦੁਖ ਪਾਵੈਂ।
ਅਵਨੀ ਤਲ ਮਹਿਂ ਲਿਟਤਿ ਕੋ, ਸਿਮਰਹਿਂ ਗੁਨ[1] ਕੇਤੇ।

[1]ਮਰੇ ਹੋਏ ਦੇ) ਗੁਣ ਯਾਦ ਕਰਦੇ ਹਨ।

'ਸੁਰਤ ਸੁੰਦਰ ਰਾਜਸੁਤ, ਸਭਿ ਕੋ ਸੁਖ ਦੇਤੇ ॥੩੦॥
ਰਾਜਾ ਰਾਨੀ ਪ੍ਰਜਾ ਕੋ, ਸਚਿਵਨ[1] ਸਮੁਦਾਯਾ।

[1]ਵਜ਼ੀਰਾਂ ਨੂੰ।

ਸਭਿਹਿਨਿ ਕੋ ਇਕ ਆਸਰਾ, ਸੋ ਪ੍ਰਭੁ ਨਹਿਂ ਭਾਯਾ।'
ਅਤਿ ਕਲੇਸ਼ ਜੁਤ ਹੇਰ ਕਰਿ, ਉਰ ਦਯਾ ਉਪਾਈ।
ਅਰ ਸ੍ਵਾਰਥ[1] ਹਿਤ ਆਪਨੇ, ਸਾਵਣ ਮਨਿ ਆਈ ॥੩੧॥

[1]ਆਪਣੇ ਕੰਮ ਨੂੰ (ਸੋਚ ਕਰਕੇ)।

ਨ੍ਰਿਪ ਢਿਗ ਤੇ ਇਕ ਸਚਿਵ ਕੋ, ਨਿਜ ਨਿਕਟਿ ਹਕਾਰਾ।
ਹੁਇ ਇਕੰਤ ਤਿਸ ਕੋ ਕਹਯੋ, 'ਬਡ ਕਹਿਰ ਗੁਜ਼ਾਰਾ[1]।

[1]ਕਹਿਰ ਹੋਯਾ ਹੈ।

ਤਊ ਗੁਰਨਿ ਕੀ ਕ੍ਰਿਪਾ ਤੇ, ਮੈਂ ਇਸੇ

ਜਿਵਾਵੋਂ।
ਸਿੱਖ ਹੋਇਂ ਮੇਰੇ ਸਕਲ, ਸਿੱਖੀ ਬਿਦਤਾਵੋਂ ॥੩੨॥
ਪ੍ਰਥਮੇ ਰਾਜਾ ਸਿਖ ਬਨਹਿ, ਪੁਨ ਸਚਿਵ ਰੁ ਸੈਨਾ।
ਬਹੁਰ ਪ੍ਰਜਾ ਪਾਹੁਲ ਪਿਵੈ, ਕਹੁ ਨ੍ਰਿਪ ਸੌਂ ਬੈਨਾ।'
ਸੁਨਤਿ ਸਚਿਵ ਹਰਖਤਿ ਅਧਿਕ, ਢਿਗ ਗਾ ਮਹਿਪਾਲਾ।
ਕਹੀ ਬਾਤ ਸਮਝਾਇ ਸਭਿ, 'ਇਕ ਸੰਤ ਬਿਸਾਲਾ ॥੩੩॥
ਸ਼੍ਰੀ ਨਾਨਕ ਕੇ ਪੰਥ ਕੋ, ਬੋਲਤਿ ਇਮਿ ਬਾਨੀ।
-ਮਤਿ ਮੇਰੇ ਮਹਿਂ ਨ੍ਰਿਪਤ ਹੁਇ, ਜੇ ਲੇਵਹਿ ਮਾਨੀ।
ਤੌ ਮੈਂ ਨ੍ਰਿਪ ਸੁਤ ਪ੍ਰਾਣ ਜੁਤਿ, ਤਤਕਾਲ ਜਿਵਾਵੌਂ।
ਪੀਛੇ ਮਮ ਸਿੱਖ ਹੋਹਿਂ ਸਭਿ, ਸਿੱਖੀ ਪ੍ਰਗਟਾਵੌਂ-' ॥੩੪॥
ਸੁਨਿ ਮਹਿਪਾਲਕ ਕਾਨ ਮਹਿਂ, ਜਨੁ ਅੰਮ੍ਰਿਤ ਡਾਰਾ।
ਕਹ੍ਯੋ 'ਸਰਬ ਹੀ ਸਿੱਖ ਹ੍ਵੈਂ, ਗੁਰਦੇਵ ਹਮਾਰਾ।
ਕੁਵਰ[1] ਜਿਵਾਵਹੁ ਆਨਿ ਕਰਿ, ਆਇਸੁ ਜਿਮ ਭਾਖੇ।
ਹਮ ਤਿਸ ਕੇ ਅਨੁਸਾਰ ਨਿਤਿ, ਸੇਵਾ ਅਭਿਲਾਖੇ ॥੩੫॥
ਆਨਹੁ ਬਿਲਮ ਬਿਹੀਨ ਤਿਹ, ਪ੍ਰਾਨਨਿ ਕੋ ਦਾਤਾ।
ਨਾਂਹਿ ਤ ਸਭਿ ਹੀ ਹਮ ਮਰਹਿਂ, ਸੰਗਿ ਅਪਨੇ ਤਾਤਾ।'
ਦੌਰਿ ਸਚਿਵ ਸੰਗ ਲੇ ਗਯੋ, ਨ੍ਰਿਪ ਸਾਥ

[1]ਕੰਵਰ।

ਮਿਲਾਯੋ।
ਕਰੀ ਚਰਨ ਪਰ ਬੰਦਨਾ, ਸਨਮਾਨ ਬਿਠਾਯੋ ॥੩੬॥
'ਪ੍ਰਾਨ ਸਹਤ ਸੁਤ ਕੋ ਕਰਹੁ, ਹਮ ਸਭਿ ਅਨੁਸਾਰੇ।
ਨਿਸ ਬਾਸੁਰ ਸੇਵਾ ਲਗਹਿਂ, ਹਮ ਦਾਸ ਤੁਮਾਰੇ।'
ਸਾਵਣ ਮਲ ਨੇ ਕਹ੍ਯੋ ਤਬਿ, 'ਲੇ ਮ੍ਰਿਤਕ ਸੁ ਆਵੋ।
ਭੀਰ ਹਟਾਵੋ ਸਕਲ ਹੀ, ਕਰਿ ਸ਼ਾਂਤਿ ਬਿਠਾਵੋ ॥੩੭॥
ਵਾਹਿਗੁਰੂ ਸਿਮਰਨ ਕਰਹੁ, ਨਹਿਂ ਰੋਦਨ ਕੀਜੈ।
ਸਤਿਗੁਰ ਪਰ ਬਿਸ਼ਵਾਸ਼ ਧਰਿ, ਉਰ ਸਭਿ ਹਰਖੀਜੈ।'
ਨ੍ਰਿਪ ਸੁਤ ਮ੍ਰਿਤਕ ਉਠਾਇ ਕਰਿ, ਆਨ੍ਯੋ ਤਤਕਾਲਾ।
ਸਾਵਣ ਕੇ ਆਗੇ ਧਰ੍ਯੋ†, ਬਿਸਮਾਇ ਬਿਸਾਲਾ ॥੩੮॥
ਬਸਤ੍ਰ ਉਘਾਰ੍ਯੋ ਬਦਨ ਤੇ†, ਜਲ ਬਹੁਰ ਮੰਗਾਯੋ।
ਤਿਸ ਰੁਮਾਲ ਕੀ ਖੂੰਟ[1] ਇਕ, ਧੋਈ ਕਰ ਲਾਯੋ[2]।
ਸੋ ਜਲ ਜਬਿ ਮੁਖ ਮਹਿਂ ਪਰ੍ਯੋ, 'ਸਤਿਨਾਮ' ਬਖਾਨਾ।
ਸੀਸ ਛੁਹਾਇ ਰੁਮਾਲ ਕੋ, ਆਏ ਤਿਸ ਪ੍ਰਾਨਾ ॥੩੯।
ਜਥਾ ਸੰਜੀਵਨਿ[1] ਜਲ ਘਸੀ, ਲਛਮਨ ਮੁਖ ਡਾਰੀ।

†ਪਾ:-ਕਰ੍ਯੋ।

†ਪਾ:-ਬਦਨ ਉਘਾਰ੍ਯੋ ਬਸਤਰ ਤੇ।

[1]ਕੰਨੀਂ। [2]ਹਥ ਨਾਲ ਧੋਤੀ।

[1]ਇਕ ਮੰਨੀ ਹੋਈ ਬੂਟੀ ਜਿਸ ਨਾਲ ਮੁਰਦੇ ਜੀਉ ਪੈਂਦੇ ਹਨ। ਲਛਮਣ ਮੂਰਛਿਤ ਨੂੰ ਏਸੇ ਬੂਟੀ ਨਾਲ ਜਿਵਾਇਆ ਲਿਖਿਆ ਹੈ। ਇਕ ਵਿੱਦ੍ਯਾ ਦਾ ਬੀ ਨਾਮ ਹੈ ਜੋ ਮੁਰਦੇ ਜਿਵਾਲਨ ਵਾਲੀ ਮੰਨਦੇ ਹਨ, ਸ਼ੁਕ੍ਰ ਜੀ ਮੋਏ ਦੈਂਤਾਂ ਨੂੰ ਇਸੇ ਨਾਲ ਜਿਵਾ ਲੈਂਦੇ ਲਿਖੇ ਹਨ। ਵੈਦਕ ਵਿਚ ਇਕ ਦਵਾਈ ਦਾ ਬੀ ਨਾਮ ਹੈ।

ਤਥਾ ਕੁਵਰ ਜੀਵਤਿ ਉਠ੍ਯੋ, ਚਖ ਪਲਕ ਉਘਾਰੀ[1]।
ਰਾਜਾ ਮਿਲ੍ਯੋ ਪਸਾਰਿ ਭੁਜ, ਰਾਨੀ ਮੁਖ ਚੁੰਮਾ।
ਠਾਂਢੋ ਤਤਛਿਨ ਸੋ ਭਯੋ, ਤਜਿ ਕਰਿ ਤਲ ਭੂਮਾ[1] ॥੪੦॥

[1]ਨੇਤਰ ਦੀ ਪਲਕ ਖੋਲੀ।

[1]ਪ੍ਰਿਥਵੀ ਦਾ ਥਲ ਛਡਕੇ (ਮੁੰਡਾ) ਉਠ ਖੜੋਤਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਰਾਜ ਪੁੱਤ੍ਰ ਜਿਵਾਇਬੋ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਨੀਆਂ, ਸਾਵਣ ਮੱਲ ਦਾ ਮਨ ਦਾ ਮਾਨ ਹਰਨਾ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਸੈਯਾ ਛੰਦ:

ਭਯੋ ਅਨੰਦ ਬਿਲੰਦ ਸਭਿਨਿ ਕੈ
ਮੰਗਲ ਗਾਵਹਿਂ ਅਨਿਕ ਪ੍ਰਕਾਰ।
ਬਡ ਉਤਸਾਹ ਕਰਜੋ ਮਹਿਪਾਲਕ
ਦੀਨਨਿ ਦੀਨਸਿ ਦਰਬ ਉਦਾਰ†। — †ਪਾ:-ਅਪਾਰ।
ਲਘੁ ਦੁੰਦਭਿ[1] ਗਨ ਸੰਗ ਨਫੀਰਨ[2], — [1]ਛੋਟੇ ਧੌਂਸੇ। [2]ਬੰਸਰੀ।
ਬਾਜਨਿ ਲਾਗੇ ਦੁਰਗ ਸੁ ਦ੍ਵਾਰ[1]। — [1]ਕਿਲੇ ਦੇ ਦਰ ਅੱਗੇ।
ਭਾਵ ਕਲਾਵਤਿ[1] ਕਰਤਿ ਰਾਗ ਧੁਨਿ, — [1]ਭੱਟ ਤੇ ਕਲੌਤ।
ਬਜਹਿਂ ਮ੍ਰਿਦੰਗ[1], ਰਬਾਬ, ਸਤਾਰ ॥੧॥ — [1]ਢੋਲ।
ਮਹਾਂ ਅਮੰਗਲ[1] ਪ੍ਰਿਥਮ ਹੁਤੋ ਜਹਿਂ — [1]ਸ਼ੋਕ।
ਤਹਿਂ ਤਬ ਮੰਗਲ ਰਚਹਿਂ ਬਿਸਾਲ।
ਰਾਜਾ ਰਾਨੀ ਸਚਿਵ ਸਹਤ ਸਭਿ
ਸਾਵਣ ਮਲ ਆਗੇ ਤਤਕਾਲ।
ਹਾਥਨਿ ਜੋਰਿ ਅਕੋਰਨ ਅਰਪਹਿਂ
ਗਰ ਪਹਿਰਾਈ ਫੂਲਨਿ ਮਾਲ।
ਚਮਰੁ ਢੁਰਾਵਹਿਂ ਸੁਜਸ ਬਧਾਵਹਿਂ
ਸੀਸ ਨਿਵਾਵਹਿਂ ਧਰਿ ਪਦ ਭਾਲ[1] ॥੨॥ — [1]ਮੱਥਾ ਪੈਰਾਂ ਤੇ ਧਰਕੇ।
ਸਿਵਕਾ[1] ਪਰ ਚਢਾਇ ਤਹਿਂ ਲਜਾਏ — [1]ਪਾਲਕੀ।
ਸੁੰਦਰ ਮੰਦਰ ਅੰਦਰ ਥਾਨ।
ਸਾਦਰ ਡੇਰੇ ਕੋ ਕਰਵਾਯੋ
ਖਾਨ ਪਾਨ ਸਭਿ ਦੀਨਸਿ ਆਨ।
ਬਹੁਤ ਮੋਲ ਕੋ ਪਲੰਘ ਡਸਾਇਹੁ
ਆਇ ਸਭਿਨਿ ਨੇ ਬੰਦਨ ਠਾਨਿ।
ਜ਼ਰੀਦਾਰ ਗੁੰਫੇ[1] ਜਿਸ ਲਟਕਤਿ — [1]ਫੁੱਮਣ।
ਊਪਰ ਰੁਚਿਰ ਚੰਦੋਆ ਤਾਨਿ ॥੩॥
ਇੱਤਜਾਦਿਕ ਸੁਸ੍ਰੂਖਾ[1] ਕੀਨਸਿ — [1]ਸੇਵਾ [ਸੰਸ: ਸ਼ੁਸ਼੍ਰੂਖਾ]।
ਮਹਿਮਾ ਪਿਖ ਸਗਰੇ ਬਿਸਮਾਇ।
-ਗੁਰ ਸਮਰੱਥ ਮਹਾਂ ਸਭਿ ਰੀਤਿਨ
ਨ੍ਰਿਪ ਸੁਤ ਮ੍ਰਿਤੁ ਕੋ ਦੀਨਿ ਜਿਵਾਇ-।
ਕਿਤਿਕ ਦਿਵਸ ਮਹਿਂ ਨ੍ਰਿਪ ਸਿਖ ਹੋਯਹੁ

ਪੁਨ ਸਭਿ ਸਿੱਖੀ ਕੇ ਮਗ ਆਇ।
ਵਾਹਿਗੁਰੂ ਸਿਮਰਹਿਂ ਸੁਖ ਪਾਵਹਿਂ
ਚਿਤ ਇੱਛਾ ਕਹਿ ਦੇਤਿ ਪੁਜਾਇ ॥੪॥
ਪੁਨ ਸਾਵਣ ਮਲ ਨ੍ਰਿਪ ਸੰਗ ਭਾਖ੍ਯੋ
'ਹਮਰੇ ਸਦਨ ਬਿਪਾਸਾ ਤੀਰ।
ਚਾਹ ਦਾਰ ਦੀਰਘ ਕੀ ਤਿਹ ਠਾਂ[1] — [1]ਬਹੁਤ ਲਕੜੀਆਂ ਦੀ ਲੋੜ ਹੈ ਓਥੇ।
ਇਕ ਠਾਂ ਕਰਹੁ ਬਿਸਾਲ ਸ਼ਤੀਰ।
ਬੇੜੇ ਬੰਧਹੁ ਕਾਸ਼ਟ ਗਨ ਕੇ
ਦ੍ਰਿੜ ਕਰਿ ਬੀਚ ਡਾਰੀਏ ਨੀਰ।
ਤਰਨ ਹਾਰ[1] ਨਰ ਸੰਗ ਸਿਧਾਵਹਿਂ — [1]ਤਾਰੂ।
ਸਨੇ ਸਨੇ ਤਰਿ ਪਾਇਂ ਬਿਹੀਰ[1] ॥੫॥ — [1]ਤਰ ਕੇ ਵਹੀਰ ਪਾਉਣ ਭਾਵ ਚਲਦੇ ਜਾਣ।
ਗੋਇੰਦਵਾਲ ਨਗਰ ਤਟ ਊਪਰ
ਤਹਾਂ ਜਾਇ ਸਗਰੋ ਨਿਕਸਾਇਂ।'
ਇਮਿ ਸੁਨਿ ਭੂਪ ਹਰੀਪੁਰ ਕੇ ਤਬਿ
ਬਹੁ ਨਰ ਦੀਨੇ ਕਾਰ ਲਗਾਇ।
ਕਾਸ਼ਟ ਕੋ ਬਟੋਰ ਬਹੁਤੇਰਾ
ਖਾਤੀ ਤੇ ਤਛਾਇ[1] ਚਿਰਵਾਇ। — [1]ਕਾਠ ਨੂੰ ਬਹੁਤਾ ਇਕੱਠਾ ਕਰਵਾਕੇ ਤਰਖਾਣ ਤੋਂ ਤੱਛਵਾ ਕੇ।
ਦੀਰਘ ਲੈ[†] ਲਕਰੀ ਕਰਿ ਸੰਚੈ — [†]ਪਾ:-ਲਘੁ।
ਅਨਿਕ ਭਾਂਤਿ ਸੁੰਦਰ ਘਰਿਵਾਇ[1] ॥੬॥ — [1]ਘੜਵਾਕੇ, ਭਾਵ ਛਤੀਰੀਆਂ ਕਰਾਕੇ।
ਬੇੜੇ ਬੰਧਿ ਬਿਪਾਸਾ ਕੇ ਬਿਚ
ਨਰ ਕਰਿ ਸੰਗ ਸੁ ਦਿਏ ਚਲਾਇ।
ਗੋਇੰਦਵਾਲ ਬਿਸਾਲ ਕਾਠ ਗਨ
ਤਹਿਂ ਤੇ ਤੂਰਨ ਪਹੁੰਚੀ ਆਇ।
ਵਹਿਰ ਨਿਕਾਸੀ ਸਤਿਗੁਰ ਹੇਰੀ,
ਖਰੇ ਆਪ ਹੁਇ ਦਈ ਬੰਡਾਇ[1]। — [1]ਵੰਡ ਦਿੱਤੀ।
ਜਿਤਿਕ ਚਹਤਿ ਨਰ ਦਈ ਤਿਤਿਕ ਤਿਨ
ਲੇ ਸਭਿ ਗਏ ਆਪਨੀ ਥਾਇਂ ॥੭॥
ਨਿਜ ਕੁਟੰਬ ਕੇ ਮਾਨਵ ਜੇਈ,
ਬਿੱਪ੍ਰ ਬ੍ਰਿੰਦ, ਕੋ ਬਾਂਟ ਸੁ ਦੀਨਿ।
ਬਾਈ ਜਾਤ ਜੁ ਖੱਤ੍ਰੀ ਕੁਲ ਕੀ[1] — [1]ਖੱਤ੍ਰੀਆਂ ਦੀਆਂ ਜਾਤਾਂ (ਵਿਚੋਂ) ਬਾਈ ਜਾਤਾਂ (ਦੇ ਪੁਰਸ਼)।
ਗੋਇੰਦਵਾਲ ਬਾਸ ਤਿਨ ਲੀਨ।

ਸਰਬ ਜਾਤਿ ਸਿਖ ਸਦਨ ਕਰੇ ਤਹਿਂ
ਤਿਨ ਕਾਸ਼ਟ ਲੇ ਨਿਜ ਘਰ ਕੀਨਿ।
ਬਸਨ ਹਾਰ ਪੁਨ ਅਪਰ ਜਿ ਮਾਨਵ
ਬਾਂਛਤਿ ਦੀਨਸਿ ਗੁਰੂ ਪ੍ਰਬੀਨ ॥੮॥
ਸ਼੍ਰੀ ਗੁਰ ਅਮਰਦਾਸ ਹੁਇ ਠਾਂਢੇ,
ਧਾਮਨਿ ਕੀ ਅਵਨੀ ਅਵਲੋਕ[1]। — [1]ਘਰਾਂ ਦੀ ਜ਼ਿਮੀਂ ਦੇਖਕੇ।
ਜਥਾ ਜੋਗ ਬਾਂਟੀ ਸਭਿਹਿਨਿ ਕੋ,
ਲੇ ਕਰਿ ਮੁਦਿਤਿ[1] ਭਏ ਸਭਿ ਲੋਕ। — [1]ਪ੍ਰਸੰਨ।
ਆਪ ਆਪਨੇ ਰਚੇ ਸਦਨ ਸ਼ੁਭ
ਜੋ ਗੁਰੁ ਦਈਸੁ ਲੀਨੀ ਰੋਕ[1]। — [1]ਭਾਵ ਥਾਂ ਮੱਲ ਲਈ।
ਬਡੇ ਭਾਗ ਜਿਨਿ ਭਾਲ ਹੁਤੇ ਤਬਿ
ਬਸੇ ਨਗਰ ਮਹਿਂ ਸਦਾ ਅਸ਼ੋਕ ॥੯॥
ਸੁੰਦਰ ਸਲਿਤਾ ਤੀਰ ਬਿਪਾਸਾ[1] — [1]ਬਿਆਸਾ।
ਨੀਰ ਬਿਮਲ ਗੰਗਾ ਸਮ ਜਾਂਹਿ[1]। — [1]ਜਿਸਦਾ।
ਪਾਪ ਬਿਨਾਸ਼ਨ ਪਾਵਨ ਸੋ ਬਹੁ
ਜਲ ਕੋ ਅੰਗ ਸਪਰਸ਼ੈ ਵਾਹਿ[1]। — [1]ਉਸ ਨੂੰ ਛੁਹਿਆਂ।
ਤਾਤਕਾਲ ਫਲ ਸਤਿਗੁਰ ਦਰਸ਼ਨ
ਜਿਹਿਂ ਜੋਗੀ ਧਜਾਵਹਿਂ ਉਰ ਮਾਂਹਿ[1]। — [1]ਭਾਵ ਗੰਗਾ ਦੇ ਸ਼ਨਾਨ ਦਾ ਫਲ ਮੁਕਤੀ ਸਮਝਦੇ ਹਨ, ਐਥੇ ਇਸ਼ਨਾਨ ਕਰਦਿਆਂ ਤਤਕਾਲ ਫਲ ਮਿਲਦਾ ਹੈ ਜਿਸ ਸਰੂਪ ਨੂੰ ਜੋਗੀ ਧਜਾਨ ਲਾ ਲਾ ਧਜਾਉਂਦੇ ਹਨ ਜੋ ਗੁਰੂ ਅਮਰ ਦੇਵ ਦੇ ਰੂਪ ਵਿਚ ਪਰਤੱਖ ਦਿੱਸ ਪੈਂਦਾ ਹੈ।
ਬੇਦ ਸਮਾਨ ਗਿਰਾ ਗੁਰ ਸੁਨਿਬੇ
ਸਮਝਨਿ ਸੁਗਮ ਅਗਮ ਤਿਮ ਨਾਂਹਿ[1] ॥੧੦॥ — [1]ਤਿਸ ਵੇਦ ਵਾਂਙੂ ਕਠਨ ਨਹੀਂ (ਬਾਣੀ)।
ਦੇਗ ਹੋਇ ਸਗਰੇ ਦਿਨ ਗੁਰ ਕੀ
ਸਰਬ ਜਾਤਿ ਭੋਜਨ ਕੋ ਖਾਇਂ।
ਜੋ ਨਹਿਂ ਖਾਂਹਿਂ, ਨ ਦਰਸ਼ਨ ਪਾਵਹਿਂ
ਇਹੀ ਨੇਮ ਸਤਿਗੁਰ ਠਹਿਰਾਇ।
ਬਚਹਿ ਅਹਾਰ ਜੁ ਲੰਗਰ ਮਾਂਹੀ
ਸੋ ਸਭਿ ਗਊਅਨਿ ਦੇਹਿਂ ਖੁਲਾਇਂ।
ਪਸ਼ੂ ਅਘਾਇ ਸ਼ੇਖ਼ ਪੁਨ ਰਹਿ ਜੋ[1] — [1]ਜੇ) ਪਸੂਆਂ ਨੂੰ ਰਜਾਕੇ ਕੁਛ ਬਚ ਰਹੇ।
ਸਰਬ ਬਿਪਾਸਾ ਮਹਿਂ ਦੇਂ ਘਾਇ ॥੧੧॥
ਨਿਸ ਮਹਿਂ ਸ਼ੇਖ਼ ਰਹਿਨ ਨਹਿਂ ਪਾਵੈ

ਅੰਨ ਦਰਬ ਜੇਤਿਕ ਚਲਿ ਆਇ।
ਸਭਿ ਕੋ ਦੇਹਿਂ ਅਨੰਦਤਿ ਲੇਵੈਂ[1], — [1]ਸਭ ਨੂੰ ਦੇ ਦੇਂਦੇ ਹਨ, (ਲੈਣ ਵਾਲੇ) ਅਨੰਦ ਹੋ ਕੇ ਲੈਂਦੇ ਹਨ।
ਦੇਗ ਬਿਖੈ ਤ੍ਰਿਪਤਹਿਂ ਤਹਿਂ ਖਾਇ।
ਤਾਤਕਾਲ ਪੁਰਿ ਬਸਯੋ ਰੁਚਿਰ ਸੋ
ਸ੍ਰੀ ਸਤਿਗੁਰ ਜਹਿਂ ਆਪ ਬਸਾਇ[1]। — [1]ਵਸਦੇ ਹਨ (ਅ) ਜਿਸ ਨੂੰ ਵਸਾਇਆ ਹੈ।
ਜੋ ਧਰਿ ਆਇ ਕਾਮਨਾ ਮਨ ਮਹਿਂ
ਦਰਸ਼ਨ ਪਰਸਤਿ ਸੋ ਨਰ ਪਾਇ ॥੧੨॥
ਉਤ ਸਾਵਨ ਕੀ ਕਥਾ ਕੁਛਕ ਹੈ,
ਸ਼੍ਰੋਤਾ ! ਸੁਨਹੁ ਸੁਜਸੁ ਗੁਰ ਕੇਰਿ।
ਸਾਦਰ ਬਾਸ ਹਰੀ ਪੁਰ ਕੀਨਸਿ,
ਮਨਤਾ† ਜਿਸ ਕੀ ਹੋਤਿ ਬਡੇਰ। — †ਪਾ:-ਮੰਨਤ।
ਜਬ ਰਾਜਾ ਤਿਹ ਚਰਨ ਪਖਾਰੇ
ਅਪਰਨ ਕੀ ਗਿਨਤੀ ਕਜਾ ਹੇਰਿ।
ਬੰਦਨ ਕਰਹਿਂ ਬ੍ਰਿੰਦ ਨਰ ਮਿਲਿ ਮਿਲਿ
ਕਰ ਜੋਰਹਿਂ ਕਰਿ ਭਾਉ ਘਨੇਰ[1] ॥੧੩॥ — [1]ਬਹੁਤਾ ਪ੍ਰੇਮ ਕਰਕੇ।
ਧਰਹਿਂ ਕਾਮਨਾ ਜਾਚਹਿਂ[1] ਆਨਿ[2] ਜੁ — [1]ਮੰਗਣ। [2]ਆਕੇ।
ਤਿਸ ਰੁਮਾਲ ਤੇ ਪੂਰ ਕਰੰਤਿ।
ਸੁਤ ਬਿਤ ਕੀ, ਕੈ ਤਨ ਅਰੋਗ ਕੀ
ਇੱਤਯਾਦਿਕ ਪ੍ਰਾਪਤਿ ਹਰਖੰਤਿ।
ਪਾਇਨ[1] ਪਾਸ ਉਪਾਇਨ[2] ਅਰਪਤਿ — [1]ਚਰਨ। [2]ਭੇਟਾ।
ਸਰਬ ਦੇਸ਼ ਨਰ ਜਸੁ ਉਚਰੰਤਿ।
ਸਿੱਖੀ ਬਿਥਰੀ ਸਾਵਨ ਮਲ ਕੀ
ਅਜ਼ਮਤ ਹੇਰਤਿ ਉਰ ਬਿਸਮੰਤਿ ॥੧੪॥
ਰਾਜਾ ਰਾਨੀ ਤ੍ਰਾਸ ਕਰਤਿ ਬਹੁ
ਸੇਵਹਿਂ ਨਿਤ ਹੁਇ ਕਰਿ ਅਨੁਸਾਰ।
ਬਹੁਤ ਮੋਲ ਕੇ ਬਸਤ੍ਰ ਮੰਗਾਵੈਂ
ਕਰਿਵਾਵੈਂ ਪੋਸ਼ਸ਼ ਸਭਿ ਚਾਰੁ।
ਭੋਜਨ ਮਹਿਂ ਅਮੇਜ਼ ਕਰਿ[1] ਮੇਵੇ — [1]ਮਿਲਾ ਕਰਕੇ।
ਸ਼ੁਭ ਸ੍ਵਾਦਨਿ ਕੋ ਦੇਤਿ ਅਹਾਰ।
ਠਾਂਢੇ ਰਹੈਂ ਦਾਸ ਹਿਤ ਸੇਵਾ
ਹੁਕਮ ਦੇਹਿਂ ਸੋ ਕਰਹਿਂ ਸੁਧਾਰਿ[1] — [1]ਚੰਗੀ ਤਰ੍ਹਾਂ ਧਾਰਨ ਕਰਦੇ ਹਨ। (ਅ) ਸੁਧਾਰ ਕੇ, ਭਾਵ ਚੰਗੀ ਤਰ੍ਹਾਂ ਕਰਦੇ ਹਨ।

॥੧੫॥
ਅਸ ਪਦ ਊਚੋ ਜਬਹਿ ਪਹੂਚੋ
ਚਿਤ ਮਹਿਂ ਚਿਤਵਤਿ ਭਾ ਇਸਿ ਭਾਇ।
-ਕਾਰਜ ਸੁਧਰ ਗਯੋ ਸਭਿ ਗੁਰ ਕੋ
ਪਹੁੰਚਾਏ ਕਾਸ਼ਟ ਸਮੁਦਾਇ।
ਪੂਰਿ ਕੇ ਘਰ ਸਭਿ ਉਸਰ ਪਰਹਿਂਗੇ
ਬਹੁਰੋ ਕੁਛ ਬਾਕੀ ਬਚ ਜਾਇ।
ਗੋਇੰਦਵਾਲ ਉਚਿਤ ਹੈ ਚਲਿਬੋ
ਦਰਸਹਿਂ ਸਤਿਗੁਰ ਪੰਕਜ ਪਾਇ[1]

[1]ਚਰਨ ਕਵਲ।

॥੧੬॥
ਤਊ ਏਕ ਚਿੰਤਾ ਤਹਿਂ ਜੈਬੇ
ਇਸ ਰੁਮਾਲ ਤੇ ਅਜ਼ਮਤ ਵਾਨ[1]।

[1]ਤਾਂਬੀ ਓਥੇ ਜਾਣ ਵਿਚ ਇਕ ਚਿੰਤਾ ਹੈ ਕਿ ਇਸ ਰੁਮਾਲ ਕਰਕੇ ਹੀ ਮੈਂ ਕਰਾਮਾਤੀ ਹਾਂ।

ਢਿਗ ਪਹੁੰਚੇ ਗੁਰੂ ਲੇਵਹਿਂਗੇ ਇਹੁ,
ਕਾਰਜ ਭਯੋ ਪੂਰ, ਉਰ ਜਾਨਿ।
ਸ਼ਕਤਿਹੀਨ ਹੁਇ ਹੌਂ ਤਿਸ ਛਿਨ ਮਹਿਂ
ਬਹੁਰ ਨ ਕਰਿਹੈ ਕੋ ਮਮ ਮਾਨ।
ਬਡਿਆਈ ਗੁਰ ਕੀ ਤਬਿ ਬਿਦਤਹਿ
ਮੈਂ ਬਨ ਜਾਵੌਂ ਅਪਰ ਸਮਾਨ[1] ॥੧੭॥

[1]ਹੋਰਨਾਂ ਜਿਹਾ।

ਇਹਾਂ ਰਹੇ ਹੀ ਬਨੇ[†] ਬਾਰਤਾ

[†]ਪਾ:-ਇਹਾਂ ਰਹੇ ਨਹੀਂ ਬਨੇ = ਭਾਵ ਰੁਮਾਲ ਬਿਨਾਂ ਇਥੇ ਰਿਹਾਂ।

ਪੂਜਹਿਂ ਲੋਕ ਬਿਲੋਕਿ ਮਹਾਨ।
ਸੇਵਹਿਂ ਸਰਬ ਨ੍ਰਿਪਤ ਤੇ ਆਦਿਕ
ਅਰਪਹਿਂ ਅਨਿਕ ਉਪਾਇਨ ਆਨਿ[1]।

[1]ਲਿਆਕੇ।

ਗੋਇੰਦਵਾਲ ਗਏ ਕਯਾ ਪ੍ਰਾਪਤਿ
ਬਨਜੋ ਰਹੋਂ ਗੁਰ ਇਸ ਹੀ ਥਾਨ।
ਚਹੋਂ ਸੁ ਅਜ਼ਮਤ ਤੇ ਸਭਿ ਪਾਵੌਂ
ਕੀਰਤਿ ਬਿਦਤਹਿ ਬਹੁਤ ਜਹਾਨ-
॥੧੮॥
ਇਮ ਦ੍ਰਿੜ੍ਹ ਚਿਤ ਮਹਿਂ ਕਰਿ ਤਹਿਂ ਠਹਿਰਜੋ
-ਨਹਿਂ ਜਾਵੌਂ ਅਬ ਗੋਇੰਦਵਾਲ-।
ਕਿਤਿਕ ਮਾਸ ਬਸਤੇ ਤਹਿਂ ਬੀਤੇ

ਅੰਤਰਯਾਮੀ ਗੁਰੂ ਬਿਸਾਲ।
ਜਾਨਯੋ ਚਿਤ ਬਿਕਾਰ ਜੁਤਿ[1] ਤਿਸ ਕੋ
ਪਠਯੋ ਹੁਕਮ ਨਾਮਾ ਤਿਸਿ ਕਾਲ।
ਪਠਿ ਕਰਿ ਕੁਛ ਵਿਲਾਉ[1] ਲਿਖਿ ਭੇਜਯੋ
'ਆਵਨ ਦੇਤਿ ਨਹੀਂ ਮਹਿਪਾਲ ॥੧੯॥
ਕੇਤਿਕ ਦਿਨ ਮਹਿਂ ਦਰਸ਼ਨ ਕਰਿਹੌਂ'
ਸ੍ਰੀ ਸਤਿਗੁਰ ਸੁਨਿ ਜਾਨ ਵਲਾਉ।
-ਅਜ਼ਮਤ ਜੁਕਤਿ ਰੁਮਾਲ ਸੁ ਤਤਛਿਨ
ਗੋਇੰਦਵਾਲ- ਚਹਯੋ -ਚਲਿ ਆਉ[1]-।
ਚਿਤਵਨ ਤੇ ਤੂਰਨ ਹੀ ਆਯਹੁ
ਛੂਛੋ ਸਾਵਨ ਤਹਾਂ ਰਹਾਉ।
ਜਾਨਿ ਗੁਰੂ ਗਤਿ ਬਹੁਤ ਬਿਸੂਰਤਿ
-ਮੈਂ ਕੁਕਰਮ ਹੀ ਲਿਯੋ ਕਮਾਉ[1]- ॥੨੦॥
ਦਿਨ ਦੁਇ ਚਤੁਰ ਬਿਸੂਰਤ ਬੀਤੇ
ਪੁਨ ਮਨ ਮਹਿਂ ਸਮਝਯੋ ਇਸ ਭਾਇ।
-ਰਾਜਾ ਰਾਨੀ ਸਚਿਵ ਪ੍ਰਜਾ ਜੁਤ
ਮੈਂ ਅਬ ਚਲਹੁਂ ਪਰਹੁਂ ਗੁਰ ਪਾਇ।
ਭੂਲ ਕਰੌਂ ਬਖਸ਼ਾਵਨ ਸਗਰੀ
ਅਹੈਂ ਬਿਸਾਲ[1] ਨ ਕੁਛ ਮਨ ਲਜਾਇਂ।
ਸਭਿ ਸੰਗਤ ਜੁਤਿ ਸ਼ਰਨੀ ਪਰਿਹੌਂ
ਬਿਨਤੀ ਕਰਿਹੌਂ ਖਿਰ ਅਗਵਾਇ ॥੨੧॥
ਬਡਿਅਨਿ ਕੀ ਰਿਸ ਅਗਨੀ ਸਮਸਰ
ਬਿਨੈ ਨੀਰ[1] ਤੇ ਹੋਵਤਿ ਸ਼ਾਂਤਿ।
ਅਵਰ ਉਪਾਵ ਨਹੀਂ ਕੁਛ ਬਨਿ ਹੈ,
ਕਰਹਿਂ ਜਿ ਬਲ ਛਲ ਘ੍ਰਿਤ ਪਰ ਜਾਤਿ[1]-।
ਇਹ ਮਤਿ ਦ੍ਰਿੜ੍ਹ ਕਰਿ ਕਹਯੋ ਨ੍ਰਿਪਤਿ ਕੋ
'ਹਮਰੇ ਬਡੇ ਤਹਾਂ ਅਵਦਾਤਿ[1]।
ਕ੍ਰਿਪਾ ਪਾਇ ਤਿਨ ਕੀ ਮੈਂ ਆਯਹੁ

[1]ਵਿਕਾਰਾਂ ਵਾਲਾ (ਹੋ ਗਿਆ ਹੈ)।

[1]ਸਾਵਣ ਨੇ ਹੁ: ਨਾਮਾ) ਪੜ੍ਹਕੇ ਕੁਛ ਬਹਾਨਾ।

[1]ਆਵੇ।

[1]ਭਾਵ ਆਗਿਆ ਭੰਗ ਕੀਤੀ ਹੈ।

[1]ਵਿਸ਼ਾਲ (ਚਿਤ ਵਾਲੇ) ਹਨ, ਭਾਵ ਜਿਥੇ ਸਦਾ ਬਖਸ਼ਸ਼ ਵੱਸਦੀ ਹੈ।

[1]ਬੇਨਤੀ ਰੂਪ ਪਾਣੀ ਨਾਲ।

[1]ਅੱਗ ਉੱਤੇ ਘਿਉ ਮਾਨੋ ਪੈ ਜਾਂਦਾ ਹੈ।

[1]ਪ੍ਰਗਟ।

ਬਸਜੋ ਬਹੁਤ ਸਭਿ ਕੋ ਸੁਖਦਾਤਿ ॥੨੨॥
ਅਬਿ ਦਰਸ਼ਨ ਹਿਤ ਮੈਂ ਚਲਿ ਜੈ ਹੌਂ
ਤੁਮ ਭੀ ਚਲਿ ਕਰਿ ਪਰਸਹੁ ਪਾਇ।
ਅਤਿ ਪੁਨੀਤ ਹੈ ਮੇਲ ਤਿਨਹੁਂ ਕੋ
ਲੋਕ ਪ੍ਰਲੋਕ ਭਲੋ ਹੁਇ ਜਾਇ।
ਉੱਤਮ ਅਧਿਕ ਅਕੋਰਨ ਕੋ ਲਿਹੁ
ਗੁਰ ਪ੍ਰਸੰਨਤਾ ਤੇ ਸੁਖ ਪਾਇ।
ਸਭਿ ਰਣਵਾਸ[1] ਸਚਿਵ ਅਰੁ ਸੈਨਾ
ਪ੍ਰਜਾ ਲੋਕ ਸੰਗੈ ਸਮੁਦਾਇ' ॥੨੩॥
ਨ੍ਰਿਪ ਕਰ ਜੋਰੇ ਮਾਨ ਬਾਰਤਾ
ਭਜੋ ਤਜਾਰ ਸਭਿਹੀ ਸੰਗ ਲੀਨਿ।
ਸਾਵਣ ਮਲ ਹਿਤ ਸਿਵਕਾ ਦੀਨਸਿ
ਗਜ ਬਾਜੀ ਰਚਿ ਸਾਜ ਨਵੀਨ।
ਬਹੁ ਡੋਰੇ†[1] ਮਹਿਖੀ[2] ਤੇ ਆਦਿਕ
ਚਢਿ ਚਾਲੀ ਉਰ ਆਨੰਦ ਕੀਨਿ।
ਭਯੋ ਉਮਾਹ ਸਭਿਨਿ ਕੇ ਮਨ ਮਹਿਂ
-ਦਰਸ਼ਨ ਦੇਖਹਿਂ ਗੁਰੂ ਪ੍ਰਬੀਨ- ॥੨੪॥
ਸਨੇ ਸਨੇ ਸਭਿ ਮਾਰਗ ਉਲੰਘੇ
ਗੋਇੰਦਵਾਲ ਪੁਰੀ ਕੋ ਆਇ।
ਨਦੀ ਬਿਪਾਸਾ ਕੇ ਤਟ ਉਤਰੇ
ਨ੍ਰਿਪ ਮਹਿਖੀ ਸੈਨਾ ਸਮੁਦਾਇ।
ਧੀਰ ਦਿਲਾਸਾ ਦੇ ਕਰਿ ਤਬਿ ਹੀ
ਸਾਵਣਮੱਲ ਪੁਰੀ ਪ੍ਰਵਿਸ਼ਾਇ।
ਮਿਲਜੋ ਮੇਲੀਅਨਿ ਸਿਖ ਸਭਿ ਸੰਗਤਿ
ਕੁਸ਼ਲ ਪ੍ਰਸ਼ਨ ਕਰਿ[1] ਉਰ ਹਰਖਾਇ ॥੨੫॥
ਪੁਨ ਸਤਿਗੁਰ ਕੇ ਦਰਸ਼ਨ ਕਾਰਨ
ਕੁਛਕ ਲਾਜ ਜੁਤਿ ਗਮਨਜੋ ਪਾਸ।
ਪਗ ਪੰਕਜ ਪਰ ਸਿਰ ਕੋ ਧਰਿ ਕਰਿ
ਕੀਨ ਬੰਦਨਾ ਭਾਉ ਪ੍ਰਕਾਸ਼।
'ਮੈਂ ਰਾਵਰਿ ਕੋ ਸਿਖ ਅਰ ਸੁਤ ਸਮ
ਸੇਵਕ ਸਦਾ ਏਕ ਉਰ ਆਸ।

[1]ਰਾਣੀਆਂ।

[1]ਡੋਲੇ। [2]ਪਟਰਾਣੀ। [ਸੰਸ: ਮਹਿਸ਼ੀ]। †ਪਾ:-ਡੇਰੇ = ਤੰਬੂ।

[1]ਸੁਖਸਾਂਦ ਪੁੱਛਕੇ।

ਲਘੁ ਬਿਗਾਰ ਦੇ[1], ਬਡੇ ਸੁਧਾਰਹਿਂ, — [1]ਛੋਟੇ ਵਿਗਾੜ ਦਿੰਦੇ ਹਨ।
ਛਿਮਾ ਕਰਹਿਂ ਅਪਨੋ ਲਖਿ ਤਾਸੁ[1] — [1]ਉਸ ਨੂੰ ਆਪਣਾ ਜਾਣਕੇ।
॥੨੬॥
ਸਿੱਖਜਾ ਦੇਤਿ ਦੁਲਾਰਤਿ ਸੁਤ ਕੋ
ਅਵਗੁਨ ਮਨ ਮਹਿਂ ਧਰਹਿਂ ਨ ਕੋਇ।
ਉਪਜਹਿ ਲਾਜ ਬਡਨ ਕੇ ਹੀਅਰੇ
ਸਿਖ ਸੇਵਕ ਸੁਤਿ† ਖੋਟ[1] ਜਿ ਹੋਇ। — [1]ਖੋਟ ਵਾਲਾ। †ਪਾ:-ਜੁਤਿ।
ਬਖਸ਼ਹਿਂ ਖਤਾ[1] ਬਿਰਦ ਨਿਜ ਜਾਨਹਿਂ, — [1]ਭੁੱਲ।
ਤੁਮ ਅੰਤਰਯਾਮੀ ਸਭਿ ਜੋਇ।
ਕਹੌਂ ਕਹਾਂ ਤੁਮ ਜਾਨਹੁ ਸਗਰੀ'
ਇਮਿ ਕਹਿ ਜੋਰ ਰਹਜੋ ਕਰ ਦੋਇ
॥੨੭॥
ਸ੍ਰੀ ਸਤਿਗੁਰ ਮੁਸਕਾਨੇ ਪਿਖਿ ਕੈ
ਕ੍ਰਿਪਾ ਸਿੰਧੁ ਕਰਿ ਕ੍ਰਿਪਾ ਬਖਾਨ।
'ਸਿਖ, ਸੇਵਕ, ਸੁਤ ਅਹੈਂ ਜਿ ਮੇਰੇ
ਤਿਨ ਕੋ ਚਹੌਂ ਕਰਨ ਕੱਲਜਾਨ।
ਤੁਵ ਮਨ ਮਹਿਂ ਹੰਕਾਰ ਬਜਾਧਿ[1] ਭੀ — [1]ਰੋਗ।
ਤਿਸ ਹਰਿਬੇ ਹਿਤ ਇਮਿ ਕ੍ਰਿਤ ਠਾਨਿ[1]। — [1]ਉਸ ਰੋਗ ਦੇ) ਨਾਸ਼ ਕਰਨ ਵਾਸਤੇ ਐਉਂ ਕੀਤਾ ਹੈ।
ਲਿਯੋ ਰੁਮਾਲ, ਨ ਕਰਿ ਚਿਤ ਚਿੰਤਾ,
ਅਬਿ ਭੀ ਤੁਝ ਦੈਹੋਂ ਬਹੁ ਦਾਨ ॥੨੮॥
ਦੇਸ਼ ਹਰੀ ਪੁਰ ਸਹਤ ਨ੍ਰਿਪਤਿ ਜੁਤ
ਇਹੁ ਸੰਗਤਿ ਸਗਰੀ ਤੁਝ ਦੀਨ।
ਚਿਰੰਕਾਲ ਸੁਖ ਭੋਗਹੁ ਬਨਿ ਗੁਰ† — †ਦੇਖੋ ਰਾਜੇ ਸ਼ਿਵਨਾਭ ਨੂੰ ਮੰਜੀ ਦੇਣ ਦੇ ਪ੍ਰਸੰਗ ਵਿਖੇ- ਮੰਜੀ-ਪਦ ਦਾ ਅਰਥ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੪੯ ਅੰਕ ੧੩। ਪੁਨਾ:-ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰ੍ਧ, ਅਧਜਾਯ ੯, ਅੰਕ ੫੬, ਪਦ-ਗੁਰ-ਦੀ ਹੇਠਲੀ ਟੂਕ।
ਮੇਰੀ ਦਾਤ ਨ ਹੋਵਹਿ ਹੀਨ।
ਰਹੋ ਕੁਸ਼ਲ ਸੋਂ ਸਭਿ ਕੁਛ ਪਾਵਹੁ
ਪੁਨ ਪ੍ਰਲੋਕ ਮੈਂ ਨਿਜ ਢਿਗ ਕੀਨ।
ਨ੍ਰਿਭੈ ਫਿਰਹੁ ਸਭਿ ਭੂਤ ਪ੍ਰੇਤ ਜੇ
ਡਾਕਨ[1] ਆਦਿ ਸੁ ਤੋਹਿ ਅਧੀਨ ॥੨੯॥ — [1]ਡੈਣਾਂ।
ਗੁਪਤ ਰਹਤਿ ਜੇ ਸ਼ਕਤਿ ਜੁਕਤਿ ਬਡ

ਮਮ ਬਖਸ਼ਿਸ਼ ਤੇ ਤੁਝ ਢਿਗ ਆਇੰ।
ਚਿਤ ਮਹਿਂ ਚਹਹੁ ਕਰਾਵਹੁ ਤਿਨ ਤੇ
ਨਹਿਂ ਆਗਜਾ ਕੋ ਸਕਹਿਂ ਮਿਟਾਇ।
ਨਿਸ ਦਿਨ ਸੇਵਹਿਂ ਸਗਰੇ ਤੋ ਕਹੁ
ਮਮ ਸੇਵਾ ਤੇ† ਇਹੁ ਫਲ ਪਾਇ।

†ਪਾ:-ਕੋ।

ਬਨਿ ਗੁਰ, ਚਰਨ ਪੁਜਾਵਹੁ ਸਭਿ ਤੇ
ਅਪਰ ਨ ਸ਼ੰਕਾ ਕੁਛ ਮਨ ਲਜਾਇ
॥੩੦॥
ਮਮ ਰੁਮਾਲ ਤੇ ਸਿਧਾਂ ਸਗਰੀ
ਭਯੋ ਤੋਹਿ ਮਨ ਤਿਨ ਮਹਿਂ ਲੀਨ[1]।

[1]ਤੇਰਾ ਮਨ (ਉਨ੍ਹਾਂ ਸਿੱਧੀਆਂ ਵਿਚ) ਹੀ ਮਗਨ ਹੋ ਗਿਆ।

ਪਾਇ ਭਯੋ ਹੰਕਾਰ ਤਿਨਹੁ ਤੇ
ਭਗਤਿ ਪੰਥ ਤੇ ਹੋਯਹੁ ਹੀਨ।
ਗਤਿ ਪ੍ਰਲੋਕ ਬਿਗਰੇ ਹੈ[1] ਤਿਨ ਤੇ
ਯਾਂ ਤੇ ਮੈਂ ਸਭਿ ਲੀਨਸਿ ਛੀਨ।

[1](ਤੇਰੀ) ਪ੍ਰਲੋਕ ਦੀ ਗਤੀ ਵਿਗੜ ਜਾਣੀ ਸੀ।

ਰੱਛਜਾ ਕਰੀ ਸਕਲ ਬਿਧਿ ਤੇ ਤੁਵ
ਅਬਿ ਸਿਮਰਹੁ ਸਤਿਨਾਮ, ਪ੍ਰਬੀਨ†'
॥੩੧॥

†ਸਾਵਣ ਮਲ ਨੇ ਸਮਝਿਆ ਕਿ ਸਤਿਗੁਰ ਦੇ ਵਰ ਨਾਲ ਜੋ ਆਤਮਕ ਸ਼ਕਤੀਆਂ ਪ੍ਰਾਪਤ ਹੋਈਆਂ ਹਨ ਇਹ ਸੰਸਾਰਕ ਪਦਾਰਥਾਂ ਵਾਂਙੂ ਪਾਸ ਰਖਣੀਆਂ ਤੇ ਵਰਤਣੀਆਂ ਹੀ ਪਰਮਾਰਥ ਹੈ। ਫਲ ਹੋਇਆ ਹੰਕਾਰ ਤੇ ਬੇਮੁਖਤਾਈ। ਸਤਿਗੁਰੂ ਨੇ ਮਿਹਰ ਕਰਕੇ ਉਸ ਨੂੰ ਸੱਖਣਾਂ ਕਰਕੇ ਮਦ ਦੂਰ ਕੀਤਾ, ਜਦ ਸਮਝ ਆਈ ਤਾਂ ਫਿਰ ਦੱਸਿਆ ਕਿ ਤੂੰ ਭਗਤੀ ਮਾਰਗ ਤੋਂ ਪਤਿਤ ਹੋ ਗਿਆ ਸੈਂ। ਭਗਤੀ ਮਾਰਗ ਹੈ ਵਾਹਿਗੁਰੂ ਨੂੰ ਪਿਆਰ ਕਰਨਾ, ਆਪਣੀ ਕਲਿਆਨ ਦੇ ਯਤਨ ਵਿਚ ਰਹਿਣਾ, ਜੀਵਨ ਮੁਕਤੀ ਪ੍ਰਾਪਤ ਹੋਏ ਤਾਂ ਨਾਮ ਦਾਨ ਦੇ ਕੇ ਜਗਤ ਤਾਰਨਾ। ਇਹ ਸਮਝ ਦਾਨ ਕਰਕੇ ਸਤਿਨਾਮ ਵਿਚ ਲਾ ਕੇ ਫੇਰ ਕਿਹਾ ਕਿ ਆਤਮ ਸਤਿਆ ਪ੍ਰਾਪਤ ਰਹੇਗੀ। ਹੁਣ ਸਾਵਣ ਮਲ ਨਾਮੀ ਤੇ ਭਗਤ ਪੁਰਖ ਹੋ ਗਿਆ ਹੈ। ਸਿਧੀਆਂ ਨੂੰ ਹਉਂ ਦੀ ਸੇਵਾ ਵਿਚ ਨਹੀਂ ਵਰਤੇਗਾ, ਪਰ ਸਾਈਂ ਦੀ ਰਜ਼ਾ ਦੇ ਇਸ਼ਾਰੇ ਵਿਚ ਸਾਈਂ ਦੇ ਕੰਮਾਂ ਵਿਚ ਵਰਤੇਗਾ।

ਦੋਹਰਾ:
ਇਸ ਬਿਧਿ ਅਪਨੋ ਜਾਨਿ ਕੈ,
ਸੁਖ ਦੀਨਸਿ ਦੁਇ ਲੋਕ।
ਧੰਨ ਧੰਨ ਸ਼੍ਰੀ ਗੁਰ ਅਮਰ,
ਸਿਮਰਹੁ ਕਰੈਂ ਅਸ਼ੋਕ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਸ਼੍ਰੀ ਗੁਰ ਸੰਗ ਮਿਲਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਰਾਜੇ ਨੇ ਵਿਦਾ ਹੋਕੇ ਹਰੀ ਪੁਰ ਜਾਣਾ ਤੇ ਸੱਚਨ ਸੱਚ ਦਾ ਪ੍ਰਸੰਗ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਜੁਗ ਲੋਕਨਿ ਸੁਖ ਦਾਤਿ ਲਹਿ, ਸਾਵਣ
ਮਲ ਹਰਖਾਇ।
ਮਹਿਮਾ ਜਾਨੀ ਗੁਰੂ ਕੀ, -ਅਪਰ ਨ ਕੋ
ਅਧਿਕਾਇ ॥੧॥

ਸ੍ਵੈਯਾ ਛੰਦ:

ਜਥਾ ਜੋਗ ਸ਼੍ਰੀ ਸਤਿਗੁਰ ਕੀਨਸਿ
ਮਮ ਮਨ ਕੋ ਨਾਸ਼ਜੋ ਹੰਕਾਰ।
ਸੰਗਤਿ ਦਈ ਗੁਪਤਿ[1] ਬਸਿ ਹੋਏ
ਕਾਰਜ ਸਗਰੇ ਦਏ ਸੁਧਾਰਿ-।
ਮੁਦਿਤ ਹੋਇ ਕਰਿ ਬਿਨੈ ਬਖਾਨੀ
'ਆਯੋ ਭੂਪ ਸਹਤ ਪਰਵਾਰ।
ਸੈਨਾ ਪ੍ਰਜਾ ਸਚਿਵ ਸੰਗ ਸਗਰੇ
ਮਹਿਖੀ[1] ਆਦਿਕ ਔਰ ਜਿ ਦਾਰ[2] ॥੨॥
ਆਗਜਾ ਰਾਵਰ ਕੀ ਅਬਿ ਹੋਵਹਿ
ਦਰਸ਼ਨ ਕਰਹਿਂ ਸਮੀਪੀ ਆਨਿ।
ਅਭਿਲਾਖਾ ਤਿਨ ਪੂਰਨ ਪ੍ਰਾਪਤਿ[1]
ਕਰਹਿਂ ਬਿਲੋਚਨ ਸਫਲ ਮਹਾਨ।
ਹੋਹਿਂ ਪੁਨੀਤ, ਪਾਪ ਸਭਿ ਨਾਸਹਿਂ,
ਪਾਵਹਿਂ ਪੁੰਨ ਬੰਦਨਾ ਠਾਨਿ।
ਸ਼ਰਧਾ ਧਰਿ ਧੁਰਿ ਤੇ ਇਹ ਗਮਨਜੋ
ਤੁਮ ਅੰਤਰਜਾਮੀ ਸਭਿ ਜਾਨਿ' ॥੩॥
ਸ਼੍ਰੀ ਗੁਰ ਅਮਰਦਾਸ ਕਰਿ ਕਰੁਨਾ
ਕਹਜੋ 'ਦੇਗ ਤੇ ਭੋਜਨ ਖਾਇ।
ਨਰ ਸੰਗੀ ਸਭਿ ਹੀ ਸੰਗ ਆਨੈ
ਇਸਤ੍ਰੀ ਰੂਪ ਨ ਆਵਨਿ ਪਾਇ।'[⚐]

(ਗੁਪਤਿ:) [1]ਗੁਪਤ ਰੂਹਾਂ, ਗੁਪਤ ਸ਼ਕਤੀਆਂ।

(ਮਹਿਖੀ, ਦਾਰ:) [1]ਪਟਰਾਣੀ। [2]ਇਸਤ੍ਰੀਆਂ।

(ਪ੍ਰਾਪਤਿ:) [1]ਸੰਪੂਰਨ ਕਾਮਨਾਂ ਪ੍ਰਾਪਤ (ਹੋਣ)।

[⚐]ਕਵੀ ਜੀ ਨੇ ਇਸੇ ਰਾਸ ਦੇ ਅੰਸੂ ੪੨ ਤੇ ੬੩ ਵਿਚ ਦੋ ਹੋਰ ਇਸਤ੍ਰੀਆਂ ਦਾ ਸਤਿਗੁਰੂ ਜੀ ਦੇ ਹਜ਼ੂਰ ਆਉਣ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਇਹਨਾਂ ਦੇ ਪੁੱਤਰ ਚਲਾਣਾ ਕਰ ਗਏ ਸੀ, ਜਿਨ੍ਹਾਂ ਨੂੰ ਲਿਆ ਕੇ ਇਹਨਾਂ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਰਖਕੇ ਜੀਉਂਦਾ ਕਰਨ ਦੀ ਯਾਚਨਾ ਕੀਤੀ ਤੇ ਸਤਿਗੁਰੂ ਜੀ ਨੇ ਓਹਨਾਂ ਨੂੰ ਜਿਵਾ ਦਿੱਤਾ। ਇਸੇ ਤਰ੍ਹਾਂ ਰਾਸ ੨ ਦੇ ਅੰਸੂ ੯ ਵਿਚ ਬਾਉਲੀ ਸਾਹਿਬ ਦਾ ਕੜ ਤੋੜਨ ਵਾਲਾ ਭਾਈ ਮਾਣਕ ਜਦ ਇਕ ਦਮ ਪਾਣੀ ਨਿਕਲ ਆਉਣ ਦੇ ਕਾਰਨ

ਬਾਉਲੀ ਵਿਚ ਹੀ ਸਮਾ ਗਿਆ ਤਦ ਓਹਦੀ ਮਾਤਾ ਰੁਦਨ ਕਰਦੀ ਸਤਿਗੁਰੂ ਜੀ ਦੇ ਪਾਸ ਆਈ। ਆਪ ਨੇ ਮਾਣਕ ਜੀ ਨੂੰ ਨਵਾਂ ਜਨਮ ਦਿੱਤਾ। ਫਿਰ ਇਸੇ ਰਾਸ ਦੇ ੫੫ ਅੰਸੂ ਵਿਚ ਪਤਿਬ੍ਰਤਾ ਮਾਈ ਤੇ ਦੀਵਾਨ ਵਿਚ ਓਹਦਾ ਵਿਰਤਾਂਤ ਸੁਣਨਾ ਤੇ ੬੦ ਅੰਸੂ ਵਿਚ ਮਥੋ ਮੁਰਾਰੀ ਦਾ ਵਿਸਥਾਰ ਨਾਲ ਪ੍ਰਸੰਗ ਦੇਕੇ ਕਵੀ ਜੀ ਦੱਸਦੇ ਹਨ ਕਿ ਇਸ ਸੁਭਾਗ ਜੋੜੀ ਨੂੰ ਸਤਿਗੁਰੂ ਜੀ ਨੇ ਸਿੱਖੀ ਦਾ ਪ੍ਰਚਾਰਕ ਨੀਯਤ ਕੀਤਾ, ਇਨ੍ਹਾਂ ਤੋਂ ਪ੍ਰਗਟ ਹੈ ਕਿ ਸ਼੍ਰੀ ਗੁਰੂ ਜੀ ਦੇ ਦੀਵਾਨਾਂ ਵਿਚ ਇਸਤ੍ਰੀਆਂ ਨੂੰ ਜਾਣ ਦੀ ਰੋਕ ਨਹੀਂ ਸੀ, ਨਾ ਕੇਵਲ ਇਹ ਕਿ ਇਸਤ੍ਰੀਆਂ ਦੀਵਾਨਾਂ ਵਿਚ ਜਾ ਕੇ ਸ਼ਬਦ ਕੀਰਤਨ ਦੇ ਉਪਦੇਸ਼ ਸੁਣਕੇ ਆਪਣਾ ਜਨਮ ਸਫਲ ਕਰਦੀਆਂ, ਸਗੋਂ ਓਹ ਸਿਖੀ ਦੇ ਪ੍ਰਚਾਰਕ ਦੀ ਹੈਸੀਅਤ ਵਿਚ ਭੀ ਕੰਮ ਕਰਦੀਆਂ ਸਨ। ਇਥੇ ਕਵੀ ਜੀ ਨੇ ਜੋ ਇਸਤ੍ਰੀਆਂ ਦੇ ਜਾਣ ਦੀ ਰੋਕ ਦਾ ਜ਼ਿਕਰ ਕੀਤਾ ਹੈ, ਇਸ ਦਾ ਭਾਵ ਜਾਪਦਾ ਇਹ ਹੈ ਕਿ ਇਸਤ੍ਰੀਆਂ ਲਈ ਭੜਕੀਲੇ ਲਿਬਾਸਾਂ ਵਿਚ ਜਾਂ ਘੁੰਡ ਕੱਢ ਕੇ ਜਾਂ ਬੁਰਕੇ ਆਦਿਕ ਪਰਦਿਆਂ ਵਿਚ ਜਾਣ ਦੀ ਮਨਾਹੀ ਸੀ। ਸਹਿਜ ਸੁਭਾ ਸਾਦੇ ਲਿਬਾਸ ਵਿਚ ਮਨ ਨੀਵੇਂ ਨਾਲ ਭਗਤੀ ਭਾਵ ਵਿਚ ਜਾਣ ਦੀ ਰੋਕ ਹੋਈ ਨਹੀਂ ਜਾਪਦੀ।

ਪੁਨ ਸਾਵਣ ਅਰਦਾਸ ਬਖਾਨੀ
'ਮਹਾਂਰਾਜ ! ਸੁਨੀਅਹਿ ਸੁਖਦਾਇ।
ਚਿਤ ਆਸਾ ਧਰਿ ਅਧਿਕ ਪ੍ਰੇਮ ਕਰਿ
ਕਹਿ ਨ੍ਰਿਪ ਸੋਂ ਆਈ ਸਮੁਦਾਇ ॥੪॥
ਕਰਹੁ ਆਪ ਅਭਿਲਾਖਾ ਪੂਰਨ
ਚਹਤਿ ਦੂਰ ਤੇ ਪਹੁੰਚੀ ਆਇ।
ਹੁਇ ਨਿਰਾਸ ਬਿਨ ਦਰਸ਼ਨ ਗਮਨਹਿਂ[1] [1]ਜਾਵਣਗੀਆਂ।
ਬਹੁਤ ਬਿਸੂਰਹਿੰਗੀ[1] ਦੁਖ ਪਾਇ। [1]ਝੂਰਨਗੀਆਂ।
ਦਯਾ ਕਰਨ ਕੋ ਬਿਰਦ ਸੰਭਾਰਹੁ
ਆਇਸੁ ਦੇਹੁ ਸਕਲ ਦਰਸਾਇਂ[1]। [1]ਸੱਭੇ ਦਰਸ਼ਨ ਕਰ ਲੈਣ।
ਧਰੈਂ ਭਾਵਨੀ[1] ਸਕਲ ਭਾਮਨੀ[2] [1]ਸ਼ਰਧਾ। [2]ਇਸਤ੍ਰੀਆਂ।
ਗੁਰ ਜੀ ! ਪਠਵਹੁ[†] ਤਿਨੈ ਬੁਲਾਇ' [†]ਪਾ:-ਪਠਹੁ।
॥੫॥
ਤਬਿ ਸਤਿਗੁਰ ਆਇਸੁ ਇਮਿ ਕੀਨਸਿ
'ਜਿਤਿਕ ਭਾਰਜਾ ਨ੍ਰਿਪ ਕੀ ਹੋਇਂ।
ਦਾਸੀ ਆਦਿ ਅਪਰ ਜੇ ਦਾਰਾ
ਰੰਗਦਾਰ ਅੰਬਰ ਲੇ ਜੋਇ।
ਸਭਿ ਸੋਂ ਕਰਹੁ ਸ੍ਵੇਤ ਕਰਿ ਪੋਸ਼ਿਸ਼[1] [1]ਚਿੱਟੀ ਪਹਿਰਕੇ ਪੋਸ਼ਾਕ।
ਮੁਖ ਕੋ ਨਹੀਂ ਛੁਪਾਵਹਿ ਕੋਇ।
ਦਰਸ਼ਨਿ ਕਰਿ ਕਰਿ ਸਗਰੀ ਗਮਨਹਿਂ
ਇਸ ਪ੍ਰਕਾਰ ਕੀ ਬਨਿ ਕੈ ਸੋਇ ॥੬॥
ਦੇਗ ਅਹਾਰ ਅਚਹਿਂ, ਨਹਿਂ ਸ਼ੰਕਹਿਂ

ਦਰਸ਼ਹਿਂ, ਨਹਿਂ ਲਾਜਹਿਂ ਮਨ ਮਾਂਹਿ।
ਇਮਿ ਦਰਸ਼ਨਿ ਕੋ ਕਰਹਿਂ ਆਨ ਕਰਿ
ਜੇ ਤਿਨ ਕੇ ਚਿਤ ਮਹਿਂ ਅਤਿ ਚਾਹਿ।'
ਸ਼੍ਰਾਵਨ ਸੁਨਿ ਕਰਿ ਤਹਿਂ ਤੇ ਗਮਨਜੋ
ਗੁਰ ਆਇਸੁ ਕੋ ਕਹਿ ਤਿਹ ਪਾਹਿ।
'ਮੈਂ ਕਹਿ ਬਹੁ ਬਿਧਿ ਅਸ ਠਹਿਰਾਈ[1]
ਦੇਨਿ ਦਰਸ ਤਿਯ ਮਾਨਹਿਂ ਨਾਂਹਿ[1] ॥੭॥
ਇਸਤ੍ਰੀ ਨਹਿਂ ਹਜ਼ੂਰ ਮਹਿਂ ਪਹੁੰਚਹਿਂ[1]
ਬਰਜੀ ਰਹਹਿਂ ਵਹਿਰ ਕੇ ਥਾਨ।
ਨਮੋ ਕਰਤਿ ਬਿਨ ਦੇਖਨਿ ਤੇ ਸਭਿ,
ਤੁਮ ਕੋ[1] ਇਸ ਬਿਧਿ ਕੀਨਿ ਬਖਾਨ।
-ਸੇਤ ਬਸਤ੍ਰ ਪਹਿਰਾਵਹੁ ਸਭਿ ਕੋ
ਪੁਨ ਪਾਵਹਿਂ ਦਰਸ਼ਨ ਇਤ ਆਨਿ-।'
ਸੁਨਿ ਮਹਿਪਾਲਕ ਮਾਨੀ ਤਿਸ ਬਿਧਿ
ਮੁਦਤਿ ਭਯੋ ਮਨ ਬਿਖੈ ਮਹਾਂਨ ॥੮॥
ਸਭਿਨਿ ਦੇਗ ਤੇ ਭੋਜਨ ਖਾਯੋ
ਬਹੁਰ ਗਯੋ ਸੰਗ ਲੇ ਰਣਵਾਸੁ[1]।
ਬਸਤ੍ਰ ਸੁਪੇਦ ਸਭਿਨਿ ਤਨ ਧਾਰੇ
ਬਦਨ ਅਛਾਦਯੋ ਨਹਿਂ ਕਿਸ ਬਾਸੁ[1]।
ਸਤਿਗੁਰ ਖਰੇ ਰਹਤਿ ਗਹਿ ਕੀਲਕ[1]
ਬੀਚ ਚੁਬਾਰੇ ਊਚ ਅਵਾਸੁ।
ਹੁਤੀ ਦਰੀਚੀ[1] ਨਿਕਟ ਤਿਸੀ ਕਹੁ
ਦਰਸ਼ਨ ਕਰਹਿਂ ਜਿਨਹੁਂ ਕਹੁ ਪਜਾਸ ॥੯॥
ਤਿਸ ਕੇ ਤਰੇ ਖਰੇ ਹੁਇ ਕਰਿ ਕੈ
ਅਵਲੋਕਤਿ ਗੁਰ ਰੂਪ ਸੁਜਾਨ।
ਦਰਸ਼ਨ ਕਰਿ ਕਰਿ ਗਮਨਤਿ ਆਗੇ
ਅਪਰ ਆਇ ਹੇਰਹਿਂ ਤਿਸ ਥਾਨ।
ਦੇਸ਼ ਬਦੇਸ਼ਨਿ ਕੀ ਬਡਿ ਸੰਗਤਿ
ਇਸੀ ਰੀਤਿ ਦਰਸਤਿ ਹੈ ਆਨਿ[1]।
ਅੰਗੀਕਾਰ ਅਕੋਰ ਕਰਹਿਂ ਨਹਿਂ

[1]ਗੁਰੂ ਜੀ ਨੂੰ ਕਹਿਕੇ ਇਹ ਗੱਲ ਮੁਕਰਰ ਕੀਤੀ ਹੈਛ-।
[1]ਗੁਰੂ ਜੀ) ਇਸਤ੍ਰੀਆਂ ਨੂੰ ਦਰਸ਼ਨ ਦੇਣਾ ਮੰਨਦੇ ਨਹੀਂ ਸਨ।
[1]ਇਸਤ੍ਰੀਆਂ (ਗੁਰੂ ਕੇ ਹਜ਼ੂਰ) ਨਹੀਂ ਪਹੁੰਚਦੀਆਂ।
[1]ਪਰ) ਤੁਸਾਨੂੰ।
[1]ਰਾਣੀਆਂ ਨੂੰ।
[1]ਮੂੰਹ ਢਕਿਆ ਨਾ ਕਿਸੇ ਕਪੜੇ ਨਾਲ।
[1]ਕਿੱਲੀ।
[1]ਬਾਰੀ ਡਫਾਛ, ਦਰੀਚ਼ਾ।
[1]ਆਕੇ।

ਏਕ ਦਿਵਸ ਕੋ ਲੇਂ ਹਿਤੁ ਖਾਨਿ ॥੧੦॥
ਇਹ ਮਿਰਜਾਦ ਕਰੀ ਸ਼੍ਰੀ ਗੁਰੁ ਜੀ,
ਨਿਕਟ ਸਿੱਖ ਇਸ ਬਿਧਿ ਕੋ ਜਾਨਿ[1]।
ਸੋਈ ਕਰਹਿਂ ਅਪਰ ਨਹਿਂ ਬਰਤਹਿਂ
ਮਹਿਪਾਲਕ ਆਯਹੁ ਤਿਸ ਥਾਨ।
ਸਨਮੁਖ ਖਰੇ ਹੋਇ ਗੁਰੁ ਦਰਸੇ
ਹਾਥ ਜੋਰਿ ਬੰਦਨ ਕੋ ਠਾਨਿ।
ਉੱਤਮ ਅਧਿਕ ਅਕੋਰਨਿ ਕੋ ਤਬਿ
ਅਰਪਨ ਲਾਗਯੋ ਬਿਨੈ ਬਖਾਨਿ ॥੧੧॥
ਸਭਿ ਬਿਧਿ ਤਬਿ ਸਿੱਖਨ ਸਮਝਾਈ
ਫੇਰ ਨਮੋ ਕਰਿ ਕੀਨ ਪਯਾਨ।
ਪੁਨ ਸਚਿਵਨ ਦਰਸੇ ਸ੍ਰੀ ਸਤਿਗੁਰੁ
ਅਰੁ ਸੈਨਾ ਕੇ ਲੋਕ ਮਹਾਂਨ।
ਮਹਿਖੀ ਸਹਤ ਅਪਰ ਜੇ ਦਾਰਾ
ਬਿਸਦ ਬਸਤ੍ਰ ਜੁਤਿ ਬੰਦਨ ਠਾਨਿ।
ਆਵਤਿ ਜਾਤਿ ਪ੍ਰਣਾਮ ਸੁ ਕਰਿ ਕਰਿ
ਸੀਸ ਨਿਵਾਇਂ ਜੋਰ ਕਰਿ ਪਾਨ ॥੧੨॥
ਇਕ ਰਾਣੀ ਸਨਮੁਖ ਜਬਿ ਹੋਈ
ਝਟਿਤ[1] ਬਸਤ੍ਰ ਤੇ ਬਦਨ ਛਿਪਾਇ।
ਹੁਤੀ ਨਵੀਨ ਲਾਜ ਉਰ ਛਾਈ
ਮਤਿ ਬਿਨ[1], ਗੁਰ ਬਚਨ ਨ ਸਿਮਰਾਇ[2]।
ਤਿਸ ਕੀ ਦਿਸ਼ਿ ਅਵਲੋਕਨ ਕਰਿ ਕੈ
ਸਤਿਗੁਰ ਬੋਲੇ ਸਹਿਜ ਸੁਭਾਇ।
'ਇਹ ਕਮਲੀ ਕਿਸ ਕਾਰਨ ਆਈ
ਜੇ ਹਮਰੋ ਦਰਸ਼ਨ ਨਹਿਂ ਭਾਇ' ॥੧੩॥
ਤਤਛਿਨ ਸੁਧਿ ਬੁਧਿ ਨਾਸ਼ ਭਈ ਤਿਸ,
ਬਸਤ੍ਰ ਉਤਾਰਤਿ ਦੀਏ ਬਗਾਇ[1]।
ਧਾਇ ਅਚਾਨਕ ਗਈ ਵਹਿਰ ਕੋ
ਮਾਨਵ ਘੇਰ ਰਹੇ ਸਮੁਦਾਇ।
ਨ੍ਰਿਪਤ ਬ੍ਰਿਤਾਂਤ ਸੁਨਯੋ ਗੁਰ ਬਚ ਕੋ
ਅਧਿਕ ਤ੍ਰਾਸ ਕਰਿ ਉਰ ਬਿਸਮਾਇ।
ਸ਼ਰਧਾ ਵਧੀ ਅਮੋਘ[1] ਵਾਕ ਅਸ

[1]ਨੇੜੇ ਰਹਿਣ ਵਾਲੇ ਸਿਖ ਇਸ ਨੂੰ ਜਾਣਦੇ ਹਨ।

[1]ਛੇਤੀ ਨਾਲ।

[1]ਮੂਰਖ ਨੇ। [2]ਯਾਦ ਨਾਂ ਕੀਤੇ।

[1]ਸੁੱਟ ਦਿੱਤੇ।

[1]ਸਫਲੇ।

ਜਿਮ ਰਘੁਬਰ ਕੇ ਸਰ[1] ਸਫਲਾਇ ॥੧੪॥ — [1]ਤੀਰ।
ਰਹਜੋ ਕਿਤਿਕ ਦਿਨ, ਨਿਤਿਪ੍ਰਤਿ ਦਰਸਹਿ
ਬੰਦਨ ਕਰਹਿ ਭਾਉ ਬਹੁ ਠਾਨਿ।
ਨਹੀਂ ਭਾਰਜਾ[1] ਪ੍ਰਾਪਤਿ ਹੋਈ — [1]ਔਰਤ।
ਕਰੇ ਬੇਗ ਗਮਨੀ ਉਦਿਆਨ[1]। — [1]ਛੇਤੀ ਨਾਲ ਜੰਗਲ ਨੂੰ ਚਲੀ ਗਈ।
ਦੇਗ ਕਰਾਵਤਿ ਰਹਜੋ ਗੁਰੂ ਕੀ
ਸਚਿਵਨਿ ਸਹਤ ਕਰਤਿ ਤਹਿਂ ਖਾਂਨਿ[1]। — [1]ਭਾਵ ਲੰਗਰ ਵਿਚ ਰੋਟੀ ਖਾਂਦਾ।
ਡਰਹਿ ਅਵੱਗਜਾ ਤੇ ਕਛੁ ਹੋਹਿ ਨ,
ਮਨ ਤੇ ਨੰਮ੍ਰੀ ਰਹੈ ਮਹਾਨਿ ॥੧੫॥
ਕਿਤਿਕ ਦਿਵਸ ਬਸਿ ਬਿਦਾ ਭਯੋ ਪੁਨ
ਸਤਿਗੁਰ ਆਇਸੁ ਤਿਸੁ ਕੋ ਦੀਨਿ।
'ਸਾਵਣਮੱਲ ਗੁਰੂ ਹੈ ਤੁਮਰੋ
ਇਸ ਕੋ ਨਿਤਿ ਮਾਨਹੁ ਹਿਤ ਕੀਨਿ।
ਸੁਤ ਜਿਵਾਇਬੇ ਆਦਿ ਕਾਮਨਾ
ਪੂਰਬ ਪੂਰਨ ਕਰੀ ਪ੍ਰਬੀਨ।
ਅਭਿ ਭੀ ਬਾਂਛਤਿ ਦੇਇ ਸਭਿਨਿ ਤਿਨ† — †ਪਾ:-ਨਿਤ।
ਸ਼ਰਧਾ ਧਰਹੁ ਕਸ਼ਟ ਗਨ ਛੀਨ[1] ॥੧੬॥ — [1]ਸਾਰੇ ਕਸ਼ਟ ਦੂਰ ਹੋਣਗੇ।
ਸਰਬ ਦੇਸ਼ ਤੁਮਰੇ ਕੋ ਗੁਰ† ਹੈ — †ਦੇਖੋ ਇਸੇ ਰਾਸ ਦੇ ਅੰਸੂ ੩੨ ਅੰਕ ੨੯ ਦੀ ਹੇਠਲੀ ਟੂਕ।
ਹਿਤ ਕਰਿ ਸੇਵਹੁ ਪ੍ਰਿਥਮ ਸਮਾਨ।'
ਹਾਥਿ ਜੋਰ ਨ੍ਰਿਪ ਨੇ ਸਿਰ ਧਾਰੀ
'ਤਿਨ ਕੇ ਨਿਤਿ ਅਨੁਸਾਰਿ ਮਹਾਨ।
ਮਨਹੁ ਪ੍ਰਾਨ ਸਭਿ ਕੇ ਸੁਤ ਐਸੋ[1] — [1]ਸਭ ਨੂੰ ਪੁੱਤ੍ਰ ਐਸੀ (ਚੀਜ਼ ਹੈ) ਜੋ ਮਾਨੋ ਪ੍ਰਾਣਾਂ (ਦੇ ਤੁੱਲ ਹੈ)। (ਅ) ਮਾਨੋ ਸਾਰਿਆਂ ਦੇ ਪ੍ਰਾਣ (ਰੂਪੀ) ਐਹੋ ਜਹੇ ਪੁੱਤ੍ਰ ਨੂੰ।
ਮ੍ਰਿਤਕ ਜਿਵਾਇ ਦਿਯੋ ਬਡ ਦਾਨ।
ਇਸ ਤੇ ਨੀਕੋ ਆਨ ਕੌਨ ਹੈ
ਜਿਸ ਕਰਿ ਤੁਮਰੋ ਦਰਸ਼ਨ ਠਾਨਿ' ॥੧੭॥
ਇਮਿ ਕਹਿ ਨ੍ਰਿਪ ਕੋ ਬਿਦਾ ਕਰਜੋ ਪ੍ਰਭੁ,
ਗਯੋ ਹਰੀਪੁਰ ਅਪਨੇ ਦੇਸ਼।

ਸਿਮਰਨ ਕਰਤਿ ਰਹਯੋ ਸ਼੍ਰੀ ਸਤਿਗੁਰ
ਸਾਵਣ ਮਲ ਕੋ ਪੂਜ ਵਿਸ਼ੇਸ਼।
ਸਚਿਵਨ ਸਹਤ ਪ੍ਰਜਾ ਸਭਿ ਮਾਨਹਿਂ
ਉੱਤਮ ਦੇਤਿ ਅਕੋਰ[1] ਹਮੇਸ਼। [1]ਭੇਟਾ।
ਗੋਇੰਦਵਾਲ ਵਸਹਿ ਕਬਿ ਆਇ[1] ਸੁ, [1]ਉਹ (ਸਾਵਣ ਮਲ)।
ਕਬਹੁੰ ਜਾਇ ਸਮੀਪ ਨਰੇਸ਼ ॥੧੮॥
ਇਕ ਸੇਵਕ ਨਿਤ ਲੰਗਰ ਕੇ ਹਿਤ
ਸਮਧਾ[1] ਬਨ ਤੇ ਭਾਰ ਸੁ ਲਜਾਇ। [1]ਲਕੜਾਂ ਦਾ ਭਾਰ।
ਪ੍ਰੀਤਿ ਰਿਦੈ ਸਤਿਗੁਰ ਪਦ ਪੰਕਜ
ਅਪਰ ਨ ਪ੍ਰੇਮ ਕਰੇ ਕਿਸਿ ਥਾਇਂ।
ਕ੍ਰਿਆ ਕਰਮ, ਬਿਵਹਾਰ ਅਚਾਰਨਿ,
ਜੁਕਤਿ ਨ ਕੋਊ ਜਾਨਿ ਸਕਾਇ।
ਪਠਨਿ ਸੁਨਿਨ, ਬੋਲਨਿ ਗਤਿ ਮਿਲਿਬੋ,
ਦੇਨ, ਲੇਨ, ਕੁਛ ਨਹੀਂ ਲਖਾਇ[1] ॥੧੯॥ [1]ਭਾਵ, ਸਿੱਧਾ ਤੇ ਸੁਧਾ ਅਤਿ ਦਾ ਸੀ।
ਜਾਪ ਮੰਤ੍ਰ ਕੁਛ ਜਪ ਨਹਿਂ ਜਾਨਹਿਂ
ਸੇਵਾ ਕਰਨਿ ਬਿਖੈ ਹਿਤ ਠਾਨਿ।
'ਸੱਚਨਿ ਸੱਚ' ਬਕੇ[1] ਇਕ ਮੁਖ ਤੇ, [1]ਬੋਲਦਾ ਸੀ।
ਦੂਜੀ ਬਾਤ ਧਰਹਿ ਨਹਿਂ ਕਾਨ।
ਊਠਤਿ ਬੈਠਤਿ ਆਵਤਿ ਜਾਂ ਤੇ
ਬਨ ਮਹਿਂ ਪੁਰ ਮਹਿਂ ਸਭਿ ਹੀ ਥਾਨ।
'ਸੱਚਨਿ ਸਚ' ਬਚਨ ਇਮਿ ਉਚਰਹਿ,
ਮਨ ਰਾਖਹਿ ਸਤਿਗੁਰ ਕੋ ਧਜਾਨ ॥੨੦॥
ਸਿਖ ਸੰਗਤਿ ਸਗਰੇ ਹੀ ਸੁਨਿ ਕਰਿ
'ਸੱਚਨਿ ਸੱਚ' ਨਾਮ ਕਹਿਂ ਤਾਂਹਿ।
ਦਯਾ ਕਰਹਿਂ ਤਿਸ ਪਰ ਹਿਤ ਧਾਰਹਿਂ,
ਹਸਹਿਂ ਬਹੁਤ ਸਭਿ ਉਰ ਹਰਖਾਹਿਂ।
'ਆਵਹੁ, ਸੱਚਨਿ ਸੱਚ !' ਪੁਕਾਰਹਿਂ
ਬਹੁਰ ਸਰਾਹਹਿਂ ਸੇਵ ਦਿਖਾਹਿਂ[1]। [1]ਦੇਖਕੇ।
ਈਂਧਨ ਆਨਹਿਂ[1] ਆਇਸੁ ਮਾਨਹਿ, [1]ਬਾਲਕ ਲਿਆਵੇ।
ਜੋ ਸਿਖ ਕਹਹਿਂ ਸੁ ਫੇਰਹਿ ਨਾਂਹਿ ॥੨੧॥

ਇਮਿ ਸੰਗਤ ਕੀ ਖੁਸ਼ੀ ਹੋਤਿ ਨਿਤਿ
ਸਤਿਗੁਰ ਭੀ ਉਰ ਹੋਹਿਂ ਕ੍ਰਿਪਾਲ।
ਜਿਸ ਪਰ ਸਿੱਖਯ ਪ੍ਰਸੰਨ ਰਹਹਿਂ ਬਹੁ
ਤਿਸ ਪਰ ਗੁਰੂ ਪ੍ਰਸੰਨ ਬਿਸਾਲ।
ਗੁਰ ਪ੍ਰਸੀਦ ਹੁਇ[1] ਜਿਸ ਪਰ ਜਾਨਹੁਂ
[1]ਪ੍ਰਸੰਨ ਹੋਣ।
ਤਿਸ ਪਰ ਤੀਨ ਲੋਕਪਤਿ ਦਯਾਲ[1]।
[1]ਤਿੰਨਾਂ ਲੋਕਾਂ ਦੇ ਮਾਲਕ (ਪ੍ਰਭੂ ਜੀ) ਦਿਆਲ ਹੁੰਦੇ ਹਨ।
ਪ੍ਰਭੁ ਪ੍ਰਸੰਨ ਹੋਇਂ ਜਬਿ ਜਿਸ ਪਰ
ਕਰੁਨਾ ਕਰਹਿਂ ਚਰਾਚਰ ਜਾਲ ॥੨੨॥
ਕੰਬਰ ਏਕ ਧਰਹਿ[1]† ਤਨ ਛਾਦਨ
[1]ਕੰਬਲੀ ਧਾਰਦਾ ਹੈ (ਸੱਚ ਨਿਸੱਚ)। †ਪਾ:-ਕਰਹਿ।
'ਭੂਰੇ ਵਾਰੋ[1]' ਕਰਹਿਂ ਉਚਾਰ।
[1]ਭੂਰੀ ਵਾਲਾ।
ਸੇਵਹਿ ਸਦਾ ਦੇਗ਼ ਕੀ ਸੇਵਾ,
ਲਯਾਵਨਿ ਸਮਧਾ[1] ਆਦਿ ਜਿ ਕਾਰ।
[1]ਬਾਲਣ।
ਸੋ ਬਨ ਬਿਖੈ ਨਿਤਾਪ੍ਰਤਿ ਗਮਨਤਿ
ਇਕ ਦਿਨ ਗਯੋ ਬੰਧਿਬੇ ਭਾਰ[1]।
[1]ਬਾਲਣ ਦਾ) ਭਾਰ ਬੰਨ੍ਹਣ ਨੂੰ।
ਸੋ ਨ੍ਰਿਪ ਕੀ ਦਾਰਾ[1] ਇਸ ਪਿਖਿ ਕਰਿ
[1]ਭਾਵ ਹਰੀ ਪੁਰ ਵਾਲੇ ਰਾਜਾ ਦੀ (ਪਾਗ਼ਲ) ਇਸਤ੍ਰੀ।
ਆਈ ਦੌਰ ਮਹਾਂ ਬਿਕਰਾਰ[1] ॥੨੩॥
[1]ਭਿਆਨਕ।
ਸਿਰ ਪਰ ਬਾਰ ਖਿੰਡੇ ਚਹੁਂ ਦਿਸ਼ ਮਹਿਂ
ਨਗਨ ਅੰਗ ਸਗਰੋ ਜਿਸ ਕੇਰਿ।
ਭੈਦਾਯਕ ਬਨ ਮਹਿਂ ਨਿਤਿ ਬਿਚਰਹਿ
ਸੱਚਨਿ ਸੱਚ[1] ਗਹਯੋ ਤਿਨ[2] ਹੇਰਿ।
[1]ਸੱਚ ਨਿਸੱਚ ਨੂੰ। [2]ਓਸ ਨੇ।
ਗਰ ਲਪਟੀ ਮੁਖ ਦੰਤਨਿ ਕਾਟਤਿ
ਕਰੇ ਨਖਨ ਕੇ ਘਾਵ ਘਨੇਰਿ।
ਛੂਟ ਚਹਯੋ, ਬਲ ਕਰਯੋ ਆਪਨੋ,
ਤਊ ਨ ਛੋਡਯੋ ਤ੍ਰਾਸ ਬਡੇਰਿ[1] ॥੨੪॥
[1]ਬਹੁਤ ਡਰਾਵੇ।
ਘਾਇਲ ਭਯੋ, ਰੁਧਿਰ ਬਹੁ ਸ੍ਰਵਯੋ[1]
[1]ਸਿੰਮਿਆਂ।
ਕਰਹਿ ਜਤਨ ਛੂਟਨ ਤਿਸਿ ਪਾਸ।
ਨੀਠਿ ਨੀਠਿ[1] ਤਿਸ ਦੂਰ ਕਰਯੋ ਜਬਿ
[1]ਮਸਾਂ ਮਸਾਂ।
ਅਪਨੋ ਜੋਰ ਬਿਸਾਲ ਪ੍ਰਕਾਸ਼।
ਬਡਿ ਲਕਰੀ ਕਰ ਮਹਿਂ ਤਬਿ ਧਾਰੀ
ਇਕ ਦੁਇ ਹਤੀ[1] ਪਾਇ ਬਡ ਤ੍ਰਾਸ।
[1]ਮਾਰੀਆਂ।
ਤਬਿ ਤਜਿ ਕਰਿ ਕਾਨਨ ਦਿਸ਼ ਗਮਨੀ
ਮਹਿਦ ਬਾਵਰੀ ਸੁਧਿ ਬੁਧਿ ਨਾਸ਼ ॥੨੫॥

ਈਂਧਨ ਕੁਛਕ ਸਕੇਲਜੋ[1] ਤ੍ਰਾਸਤਿ,
ਤੂਰਨਿ ਬੰਧਿ ਹਟਜੋ ਪੁਰਿ ਓਰਿ।
ਆਗੇ ਚਲਤਿ ਪਿਖਤਿ ਬਹੁ ਪਾਛੇ
ਤ੍ਰਾਸ ਭਰਜੋ ਉਰ ਦੇਖੇ ਘੋਰਿ।
ਗੋਇੰਦਵਾਲ ਪਹੁੰਚਜੋ ਆਇ ਸੁ
ਰੁਧਰਿ ਸ਼੍ਰਵਤਿ ਅਰੁ ਲਕਰੀ ਥੋਰਿ।
ਅਵਲੋਕਤਿ ਸਭਿ ਲੋਕਨਿ ਬੂਝਜੋ
'ਕਹਾਂ ਭਯੋ ਤੁਝ ਕੋ ਕਿਸ ਠੋਰ?' ॥੨੬॥
ਸ਼੍ਰੀ ਸਤਿਗੁਰ ਨਿਜ ਨਿਕਟ ਹਕਾਰਜੋ
ਪੂਛਤਿ ਭਏ 'ਕਹਾਂ ਇਹ ਕੀਨ?
ਕਿਨ ਤਨ ਘਾਵ ਕਰੇ ਤੁਝ ਮਾਰਜੋ
ਰੁਧਰਿ ਸ਼੍ਰਾਵਤੇ, ਉਰ ਭੈ ਭੀਨਿ[1]।
ਕੌਣ ਲਰਜੋ ਕਿਨ ਬਿਘਨ ਪਸਾਰਜੋ,
ਅਰੁ ਲਕਰੀ ਥੋਰੀ ਬਨ ਲੀਨ?
ਬਾਹਰ ਬਿਲਮ ਲਗੀ ਤੁਝ ਦੀਰਘ
ਨਿਜ ਬ੍ਰਿਤਾਂਤ ਕਹੁ, ਲੇ ਸਭਿ ਚੀਨ' ॥੨੭॥
ਆਗੈ ਸਤਿਗੁਰ ਹਾਥ ਜੋਰਿ ਕਰਿ
ਉਚਰਜੋ 'ਬਨ ਮਹਿਂ ਏਕ ਬਲਾਇ।
ਬਾਰ ਖਿੰਡੇ ਸਿਰ, ਨਗਨ ਅੰਗ ਤੇ
ਮੋਹਿ ਬਿਲੋਕਤਿ ਤੂਰਨਿ ਆਇ।
ਗਰ ਲਪਟੀ ਨਖ ਦੰਤ ਹਤੇ ਬਹੁ,
ਨੀਠਿ ਨੀਠਿ ਮੈਂ ਆਪ ਛੁਟਾਇ।
ਤਿਸ ਦਿਸ਼ ਮੇਰੋ ਬਨਹਿ ਨ ਜਾਨੋ,
ਪਕਰਹਿ ਧਾਇ, ਪ੍ਰਾਨ ਬਿਨਸਾਇ ॥੨੮॥
ਸਮਧਾ ਲੇਨਿ ਦਈ ਨਹਿਂ ਤਿਸ ਨੇ
ਦੇਖਤਿ ਤ੍ਰਾਸ ਰਿਦੈ ਉਪਜਾਇ।
ਪਰਾਰਬਧ ਤੇ ਛੂਟਨ ਹੋਯਹੁ
ਨਾਂਹਿ ਤ ਮਾਰਿ ਦੇਤਿ ਤਿਸੁ ਥਾਇ।
ਰਹਜੋ ਪੁਕਾਰ ਨ ਮਾਨਵ ਨੇਰੇ
ਆਨਿ ਛੁਟਾਵਹਿ ਜੋ ਬਲਿ ਲਾਇ।

[1]ਕੱਠਾ ਕੀਤਾ।

[1]ਭਾਵ ਦਿਲ ਭੈ ਨਾਲ ਭਰ ਰਿਹਾ ਹੈ।

ਅਪਰ ਦਿਸ਼ਾ ਈਂਧਨ ਹਿਤ ਲੈਬੇ
ਮੈਂ ਗਮਨਹੁੰਗੋ, ਭਾਇ ਸਿ ਭਾਇ[1] ॥੨੯॥

[1]ਸੁੱਤੇ ਸੁਭਾ (ਅ) ਅਜ ਜੁ ਮੇਰੇ ਨਾਲ ਇਸ ਤਰ੍ਹਾਂ ਵਰਤੀ ਹੈ, (ੲ) (ਅਜ ਮੇਰੇ ਨਾਲ) ਜੋ ਹੋਈ ਸੋ ਹੋਈ।

ਸੁਨਿ ਕਰਿ ਸ੍ਰੀ ਗੁਰ ਅਮਰ ਦਾਸ ਕਹਿ
'ਮਤ ਭੈ ਕਰਹੁ ਸੁ ਨਹੀਂ ਬਲਾਇ।
ਭੂਪ ਹਰੀਪੁਰ ਤਿਸ ਕੀ ਦਾਰਾ
ਭਈ ਬਾਵਰੀ ਸੁਧਿ ਨਹਿਂ ਕਾਇ।
ਜਾਹੁ ਭੋਰ ਲਿਹੁ ਕੌਂਸ[1] ਹਮਾਰੀ
ਜਬਿ ਆਵਹਿ ਤੇਰੀ ਦਿਸ਼ ਧਾਇ।
ਹਤਹੁ ਸੀਸ ਮਹਿਂ ਹੋਇ ਸੁ ਰਾਜੀ
ਅਪਨੇ ਸੰਗ ਤਾਂਹਿ ਲੈ ਆਇ' ॥੩੦॥

[1]ਖੜਾਉਂ।

ਸੁਨਿ ਸਭਿ ਸੰਗਤਿ ਬਿਸਮਯ ਹ੍ਵੈ ਕਰਿ
ਸੱਚਨਿ ਸੱਚ ਸਾਥ ਬਚ ਗਾਇ।
'ਨਹਿਂ ਅਬ ਡਰਹੁ ਜਾਹੁ ਤਿਸ ਕੀ ਦਿਸ਼'
ਨਿਸਿ ਬਿਤਾਇ ਕਰਿ ਗਾ ਤਿਸੁ ਥਾਇਂ[1]।
ਦੇਖਿ ਦੂਰ ਤੇ ਕੂਕ ਪੁਕਾਰਤਿ,
ਭੈ ਦਾਯਕ ਜੋ ਦਿਖੀ ਨ ਜਾਇ।
ਊਚੀ ਭੁਜੈਂ ਉਲਾਰਤਿ ਦੌਰੀ
ਤਤਛਿਨ ਨਿਕਟਿ ਗਈ ਤਿਸ ਆਇ ॥੩੧॥

[1]ਗਿਆ ਓਸੇ ਥਾਵੇਂ।

ਕਰ ਮਾਰਨ ਕੋ ਜਬਹੂੰ[†] ਉਛਰੀ[‡]
ਕੌਂਸ ਹਤੀ ਤਿਸੁ ਸੀਸ ਮਝਾਰੁ।
ਗੁਰ ਪਨਹੀ[1] ਛੁਵਤ[†] ਸੁਧਿ ਹੋਈ
ਬੈਠਿ ਗਈ ਤਨ ਭਈ ਸੰਭਾਰੁ।
ਨਗਨ ਅੰਗ ਜਾਨੇ ਨਿਜ ਸਕੁਚੀ
ਅਤਿ ਲੱਜਾ ਕੋ ਚਿਤ ਮਹਿਂ ਧਾਰਿ।
ਸਿਮਰਨ ਕਰੀ ਬਾਰਤਾ ਸੋਊ,
-ਕਮਲੀ, ਸ੍ਰੀ ਗੁਰ ਕੀਨਿ ਉਚਾਰਿ- ॥੩੨॥

[†]ਪਾ:-ਜਬ ਹੀ। [‡]ਪਾ:-ਉਸਹੀ।

[1]ਜੁੱਤੀ ਅਥਵਾ ਖੜਾਉਂ। [†]ਪਾ:-ਛੂਟਤ।

'ਹੇ ਗੁਰਸਿਖ ! ਮੁਹਿ ਬਸਤ੍ਰ ਦੇਹਿ ਕੁਛ
ਤਨ ਛਾਦਨ ਮੈਂ ਕਰੌਂ ਸੁਧਾਰਿ।
ਸ੍ਰੀ ਗੁਰ ਨਿਕਟ ਜਾਇ ਬਖਸ਼ਾਵੌਂ

ਨਿਜ ਅਪਰਾਧ ਨ ਆਗਜਾ ਧਾਰਿ[1]।
ਮਹਾਂ ਕਸ਼ਟ ਮੁਹਿ ਪ੍ਰਾਪਤਿ ਹੋਯਹੁ
ਅਬਿ ਹੋਈ ਤਨ ਕੀ ਸੰਭਾਰਿ।
ਦਰਸ਼ਨ ਕਰਹਿਂ ਦੋਸ਼ ਗਨ ਨਾਸਹਿਂ,
ਲੇ ਚਲਿ ਤੂੰ ਅਬ ਪੁਰੀ ਮਝਾਰਿ' ॥੩੩॥
ਸੁਨਿ ਕੰਬਲਿ ਅਪੁਨੀ ਤਿਨਿ ਦੀਨਸਿ[1],
ਢਾਂਪਜੋ ਤਨ, ਅਪਨੇ ਸੰਗ ਲਜਾਇ।
ਜੁਗ[1] ਬਡਿ ਭਾਗ ਖਰੇ ਤਬਿ ਆਗੇ,
ਸਤਿਗੁਰ ਪਿਖਿ ਤਿਨ ਬਹੁ ਬਿਗਸਾਇ।
ਕ੍ਰਿਪਾ ਕਰੀ ਪੁਨ ਕਹਜੋ 'ਸੁਨਹੁ ਤੁਮ
ਪਤਿ ਇਸਤ੍ਰੀ ਬਨਿ ਰਹੁ ਇਕ ਥਾਇ।
ਤੇਰੀ ਘਾਲਿ ਪਰੀ ਅਬਿ ਥਾਇਂ ਸੁ
ਮੇਰੋ ਧਜਾਨ ਕਰਹੁ ਘਰ ਜਾਇ ॥੩੪॥
ਦੁਤਿਯ ਕੌਂਸ ਭੀ ਲਿਹੁ ਹਮ ਪਗ ਕੀ
ਬਜਾਧਿ ਉਪਾਧਿ ਜਿ ਕਿਸ ਕੇ ਹੋਇ।
ਇਸ ਕੇ ਛੁਵਤਿ ਬਿਨਸ ਸਭਿ ਜਾਵਹਿਂ
ਤਿਸ ਤਨ ਕੇ ਦੁਖ ਰਹੈ ਨ ਕੋਇ।
ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ,
ਨਿਜ ਗ੍ਰਿਹਿ ਬਸਹੁ ਚਿੰਤ ਚਿਤ ਖੋਇ।
ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ'
ਅਜ਼ਮਤ ਸਹਤ ਭਯੋ ਤਬਿ ਸੋਇ ॥੩੫॥

[1]ਆਪਣਾ ਅਪਰਾਧ, ਜੋ ਮੈਂ ਗੁਰੂ ਜੀ ਦਾ ਹੁਕਮ ਨਹੀਂ ਮੰਨਿਆਂ ਸੀ।

[1]ਸੱਚਨਸੱਚ ਨੇ ਦਿੱਤੀ ਆਪਣੀ ਕੰਬਲੀ।

[1]ਦੋਵੇਂ (ਭਾਵ ਸੱਚਨ ਸੱਚ ਤੇ ਰਾਣੀ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸੱਚਨਸੱਚ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

## ੩੪. [ਦਾਤੂ ਜੀ ਨੇ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਲਤ ਮਾਰਨੀ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਇਸ ਪ੍ਰਕਾਰ ਸ੍ਰੀ ਸਤਿਗੁਰੂ,
ਬਖਸ਼ਿਸ਼ ਕੀਨਿ ਬਿਸਾਲ।
ਮੇਰੁ ਕਰਜੋ ਰੰਚਕ ਹੁਤੋ[1],
ਸਫਲ ਭਈ ਤਿਸ ਘਾਲ ॥੧॥

[1]ਭਾਵ ਜੋ ਕੁਛ ਬੀ ਨਹੀਂ ਸੀ ਉਸ ਨੂੰ ਪਰਬਤ ਵਰਗਾ ਉੱਚਾ ਕਰ ਦਿੱਤਾ।

ਚੌਪਈ:

ਕ੍ਰਿਪਾ ਦ੍ਰਿਸ਼ਟਿ ਸ਼੍ਰੀ ਸਤਿਗੁਰ ਦੇਖਿ।
ਕਰਜੋ ਬੂੰਦ ਤੇ ਜਲਧਿ ਬਿਸ਼ੇਖਿ।
ਜਿਨ ਕੇ ਸਮ ਨ ਗਰੀਬ ਨਿਵਾਜੂ।
ਆਪਿ ਡੁਬਤਿ ਸੋ ਕਰੇ ਜਹਾਜੂ[1] ॥੨॥

[1]ਜੋ ਆਪ ਡੁੱਬ ਰਹੇ ਸਨ ਉਹਨਾਂ ਨੂੰ (ਹੋਰਨਾਂ ਨੂੰ ਬਚਾਉਣ ਵਾਲੇ) ਜਹਾਜ ਬਣਾ ਦਿੱਤਾ।

ਬਿਦਾ ਕਰਜੋ ਇਸਤ੍ਰੀ ਸੋ ਦੀਨਿ[1]।
ਭਯੋ ਪ੍ਰਮੁਦਿਤ ਕਸ਼ਟ ਮਨ ਛੀਨ।
ਬਾਰਬਾਰ ਗੁਰ ਪਦ ਅਰਬਿੰਦ।
ਕਰੀ ਬੰਦਨਾ ਲਹਿ ਸੁਖ ਬ੍ਰਿੰਦੁ ॥੩॥

[1]ਦਿੱਤੀ।

ਉਚੇ ਪਦ ਕੋ ਪ੍ਰਾਪਤ ਭਯੋ।
ਅਪਨੇ ਗ੍ਰਿਹ ਕੋ ਮਗ ਪੁਨ ਲਿਯੋ।
ਨਿਜ ਸਥਾਨ ਮਹਿਂ ਕੀਨਿ ਪ੍ਰਕਾਸ਼।
ਬਹੁਤ ਨਰਨਿ ਕੀ ਪੂਰਤਿ ਆਸ ॥੪॥
ਸੰਕਟ ਸਹਤ ਜਾਇ ਢਿਗ ਜੋਊ।
ਕੌਸ ਛੁਵਤਿ ਬਿਨ ਰੁਜ ਕੇ ਸੋਊ[1]।
ਲੋਕ ਹਜ਼ਾਰਨਿ ਹੀ ਚਲਿ ਆਵੈਂ।
ਕਹੈਂ ਸ੍ਰਾਪ ਬਰ ਸੇ ਸਫਲਾਵੈਂ ॥੫॥

[1]ਅਰੋਗ (ਹੋ ਜਾਂਦਾ) ਓਹ।

ਮਹਿਮਾ ਮਹਾਂ ਦੇਸ਼ ਤਿਸ ਭਈ।
ਪੂਜਹਿਂ ਪਰਮ ਭਾਵਨਾ ਲਈ।
ਅਨਿਕ ਲੋਕ ਤਿਨ ਕਿਏ ਨਿਹਾਲ।
ਕਸ਼ਟ ਮਿਟਾਇ ਅਨੰਦ ਬਿਸਾਲ ॥੬॥
ਸੇਖੌਂ ਪੁਰਿ[†] ਪ੍ਰਸਿੱਧ ਹੈ ਅਬਿ ਲੌਂ।
ਕੌਂਸ ਸਮੀਪ ਅਹੈ ਤਿਨ ਤਬਿ ਲੌਂ।
ਛੁਵਤਿ ਰੋਗ ਅਨੇਕ ਬਿਨਾਸੈਂ।

[†]ਫੀਰੋਜ਼ਪੁਰ ਦੇ ਜ਼ਿਲੇ ਵਿਚ ਦੱਸੀਦਾ ਹੈ।

ਮਹਾਂ ਮਹਾਤਮ ਜਗਤ ਪ੍ਰਕਾਸ਼ੈ ॥੭॥
ਜਿਸ ਜਿਸ ਪਰ ਗੁਰ ਕ੍ਰਿਪਾ ਕਰੀ।
ਭਏ ਨਿਹਾਲ ਅਬਿੱਦਜਾ ਹਰੀ।
ਦੁਹਿਂ ਲੋਕਨ ਕੀ ਲਹਿ ਬਡਿਆਈ।
ਤਰੇ, ਸੁ ਲੀਨਿ ਸੰਗ ਸਮੁਦਾਈ ॥੮॥
ਤਪ, ਜਪ, ਜੋਗ, ਜੱਗਜ ਬ੍ਰਤਿ ਦਾਨੂ।
ਗੁਰ ਸੇਵਾ ਕੇ ਹ੍ਵੈ ਨ ਸਮਾਨੂ।
ਜਿਨ ਕੇ ਬਡੇ ਭਾਗ ਜਗ ਜਾਗੇ।
ਸੋ ਸਤਿਗੁਰ ਕੀ ਸੇਵਾ ਲਾਗੇ ॥੯॥
ਇਸ ਪ੍ਰਕਾਰ ਗੁਰ ਕੋ ਜਸੁ ਫੈਲਾ।
ਸੁਨਿ ਸੁਨਿ ਆਇਂ ਦਰਸ ਹਿਤ ਗੈਲਾ।
ਲੋਕ ਅਨੇਕ ਕਾਮਨਾ ਧਾਰੈਂ।
ਸਭਿ ਪਾਵਤਿ ਜਬਿ ਰੂਪ ਨਿਹਾਰੈਂ ॥੧੦॥
ਗ੍ਰਾਮ ਪੁਰਨਿ ਕੇ ਲੋਕ ਘਨੇਰੇ।
ਆਵਤਿ ਦਰਸਹਿਂ ਭਾਗ ਬਡੇਰੇ।
ਲਗਹਿ ਦਿਵਾਨ ਮਹਾਂਨ ਹਮੇਸ਼ੁ।
ਸੰਗਤਿ ਨਿਤਿਪ੍ਰਤਿ ਆਇ ਵਿਸ਼ੇਸ਼ੁ ॥੧੧॥
ਉੱਤਮ ਬ੍ਰਿੰਦ ਉਪਾਇਨ ਲਜਾਵੈਂ।
ਅੰਗੀਕਾਰ ਨ ਹੋਇ, ਹਟਾਵੈਂ[1]।
ਜੇਤਿਕ ਦੇਗ ਬਿਖੈ ਲਗਿ ਜਾਇ।
ਗ੍ਰਹਿਨ ਕਰਹਿਂ, ਸੋ ਨਰ ਗਨ ਖਾਇਂ ॥੧੨॥
ਲੰਗਰ ਚਲਹਿ ਅਤੋਟ ਬਿਸਾਲਾ।
ਹੋਵਨ ਲਗਹਿ ਪ੍ਰਾਤਿ ਹੀ ਕਾਲਾ।
ਜਬਹਿ ਦਜੋਸ ਆਵਹਿ ਮੱਧਜਾਨ[1]।
ਤਬਿ ਸਤਿਗੁਰ ਪਹੁੰਚਹਿਂ ਹਿਤ ਖਾਨ ॥੧੩॥
ਅਚਹਿਂ ਓਗਰਾ ਹੋਇ ਅਲੂਨਾ[1]।
ਸੋ ਭੀ ਤਨਕ[1], ਉਦਰ[2] ਰਹਿਊਨਾ।
ਸੰਗਤਿ ਖਟ ਰਸ ਖਾਇ ਅਹਾਰਾ।

[1]ਮੋੜ ਦੇਂਦੇ ਸਨ (ਗੁਰੂ ਜੀ)।

[1]ਦੁਪਹਿਰ।

[1]ਲੂਣ ਤੋਂ ਬਿਨਾਂ।

[1]ਥੋੜਾ ਜਿਹਾ। [2]ਪੇਟ।

ਮਧੁਰ ਤੁਰਸ਼[1] ਜੇ ਅਨਿਕ ਪ੍ਰਕਾਰਾ ॥ ੧੪ ॥
ਤਬਿ ਤੇ ਲੰਗਰ ਬਰਤਤਿ ਰਹੈ।
ਆਨਿ ਅਚਹਿ ਭੋਜਨ ਜੋ ਚਹੈ।
ਨਹਿਂ ਕਿਸਹੂੰ ਹਟਕਾਰਨ ਹੋਇ।
ਦੇਸ਼ ਬਿਦੇਸ਼ੀ ਲਹਿਂ ਸਭਿ ਕੋਇ ॥ ੧੫ ॥
ਜਹਿਂ ਕਹਿਂ ਸੁਜਸੁ ਬਿਸਾਲ ਪ੍ਰਕਾਸ਼ਾ।
ਸਿੱਖਜਨ ਮਨ ਮਹਿਂ ਹੋਤਿ ਹੁਲਾਸਾ।
ਸ੍ਰੀ ਅੰਗਦ ਕੋ ਸੁਤ ਸੁਨਿ ਕਰਿ ਕੈ।
ਜਰਹਿਂ ਨਹੀਂ, ਜਾਵਤਿ ਜਰ ਬਰਿ ਕੈ[1] ॥ ੧੬ ॥
-ਹਮਰੇ ਘਰ ਕੀ ਇਹੁ ਬਡਿਆਈ।
ਹਮ ਕਉ ਕਿਉਂ ਨ ਹੋਹਿ ਸੁਖਦਾਈ-।
ਸ੍ਰੀ ਅੰਗਦ ਬੈਕੁੰਠ ਪਧਾਰੇ।
ਕਰੀ ਤੇਰ੍ਹਵੀਂ ਜਬਹਿ ਪਿਛਾਰੇ[1] ॥ ੧੭ ॥
ਬੁੱਢੇ ਉਰ ਬਿਚਾਰ ਕਰਿ ਨੀਕਾ।
ਦੀਨਸਿ ਅਮਰ ਗੁਰੂ ਕਹੁ ਟੀਕਾ।
ਦਾਤੂ ਨੇ ਨਿਜ ਬਲ ਕੋ ਧਾਰੇ।
ਲੇ ਸਭਿ ਤੇ ਬਾਂਧੀ ਦਸਤਾਰੇ ॥ ੧੮ ॥
ਬੈਠਹਿ ਨਿਤ ਗਾਦੀ ਪਰ ਸੋਇ।
ਪੂਜਾ ਕਰਨਿ ਆਇ ਨਹਿਂ ਕੋਇ।
ਉਪਦੇਸ਼ਤਿ ਸੰਗਤਿ ਕੋ ਰਹਜੋ।
ਤਉ ਨ ਗੁਰ ਇਸ ਕੋ ਕਿਨ ਕਹਜੋ ॥ ੧੯ ॥
ਆਇ ਨਹੀਂ ਕੋ ਮਾਥ ਨਿਵਾਵੈ।
ਮਿਲਹਿ ਨ, ਕੁਛ ਅਕੋਰ ਅਰਪਾਵੈ[1]।
ਯਾਂ ਤੇ ਰਿਸ ਕਰਿ ਦੁਖਹਿ ਘਨੇਰਾ।
ਹੋਹਿ ਈਰਖਾ ਸਹਤ ਬਡੇਰਾ ॥ ੨੦ ॥
ਬਨਹਿ ਗੁਰੂ, ਪਰ ਬਨਜੋ ਨ ਜਾਈ।
ਨਹਿਂ ਸੰਗਤਿ ਕਿਸ ਦਿਸ਼ ਤੇ ਆਈ।
ਹੁਤੇ ਮਿੱਤ੍ਰ ਖੱਤ੍ਰੀ ਇਸ ਕੇਰੇ।

[1]ਮਿੱਠਾ ਤੇ ਖੱਟਾ।

[1]ਸੜ ਬਲ ਜਾਂਦੇ ਹਨ।

[1]ਪਿਛੇ ਦੱਸ ਆਏ ਹਨ ਕਿ ਲੌਕਿਕ ਰੀਤ ਕੋਈ ਨਹੀਂ ਹੋਈ।

[1]ਨਾਂ (ਕੋਈ) ਮਿਲਦਾ ਹੈ ਨਾਂ ਭੇਟਾ ਅਰਪਦਾ ਹੈ।

ਨਿਕਟ ਬੈਠਿ ਕਰਿ ਤਰਕ ਘਨੇਰੇ[1] ॥੨੧॥
'ਤੁਮ ਸਪੂਤ ਬੈਠੇ ਰਹਿ ਛੂਛੇ।
ਆਇ ਨਹੀਂ, ਕੋ ਬਾਤਿ ਨ ਪੂਛੇ।
ਕੋ ਸਿਖ ਆਇ ਨ ਦਰਸ ਨਿਹਾਰਹਿ।
ਭੇਟ ਨ ਅਰਪਹਿ, ਨਮੋ ਨ ਧਾਰਹਿ ॥੨੨॥
ਜੀਵਤਿ ਹੀ ਭੇ ਮ੍ਰਿਤਕ ਸਮਾਨਾ।
ਪਿਤ ਗਾਦੀ ਨਹਿਂ ਲਈ ਮਹਾਂਨਾ।
ਕਿਸੀ ਥਾਨ ਕੋ ਖੱਤ੍ਰੀ ਆਯੋ।
ਮਹਾਂ ਅਰੂਜ[1] ਤਾਂਹਿ ਨੇ ਪਾਯੋ ॥੨੩॥
ਦੇਸ਼ਨਿ ਕੇ ਨਰੇਸ਼ ਚਲਿ ਆਵਹਿਂ।
ਅਰਪਿ ਉਪਾਇਨ ਸੀਸ ਝੁਕਾਵਹਿਂ।
ਨਿਤਿ ਪ੍ਰਤਿ ਭੀਰ ਸੁ ਗੋਇੰਦਵਾਲ।
ਆਇ ਸੰਗਤਾਂ ਮਿਲਹਿਂ ਬਿਸਾਲ ॥੨੪॥
ਪੂਜਹਿਂ ਪਾਇਨ ਸੁਜਸੁ ਬਖਾਨਹਿਂ।
ਅਤਿ ਉੱਤਮ ਵਸਤੂ ਕਹੁ ਆਨਹਿਂ।'
ਮਾਰੈਂ ਬਚਨ ਬਾਨ ਉਰ ਗਾਡੇ[1]।
ਸੁਨਿ ਦਾਤੂ ਧੀਰਜ ਨਿਜ ਛਾਡੇ ॥੨੫॥
ਮਹਿਮਾ ਜੱਦਜਪਿ ਜਾਨਹਿ ਤਿਨ ਕੀ।
ਤਦਪਿ ਕੁਸੰਗ ਹਤੀ ਬ੍ਰਿਤਿ ਮਨ ਕੀ[1]।
ਦੀਪਤਿ ਮਤਸਰ ਅਗਨਿ ਅਗਾਰੀ[1]।
ਦੁਸ਼ਟ ਗਿਰਾ ਮੇਲੀ ਘ੍ਰਿਤ ਧਾਰੀ[1] ॥੨੬॥
ਬਜਾਕੁਲ ਭਯੋ ਸਹਜੋ ਨਹਿਂ ਜਾਈ।
ਅਤਿ ਰਿਸ ਤੇ ਚਿਤ ਅਸ ਉਪਜਾਈ।
-ਅਮਰ ਗੁਰੂ ਕੋ ਜਾਇ ਸੰਘਾਰੌਂ।
ਗੁਰਤਾ ਗਾਦੀ ਬਹੁਰ ਸੰਭਾਰੌਂ ॥੨੭॥
ਪਿਤ ਕੀ ਵਸਤੁ ਪੂਤ ਹਮ ਮਾਲਿਕ।
ਅਪਰ ਕਿਸੂ ਕੇ ਕਿਮ ਹੁਇ ਤਾਲਿਕ[1]-।
ਇਮਿ ਬਿਚਾਰ ਕਰਿ ਕੈ ਪ੍ਰਸਥਾਨਾ।

[1]ਭਾਵ ਬੋਲੀਆਂ ਮਾਰਦੇ!

[1]ਪ੍ਰਤਾਪ [ਅ਼ਰਬੀ, ਅ਼ਰੂਜ]।

[1]ਬਚਨਾਂ ਦੇ ਤੀਰ ਮਾਰਦੇ ਹਨ ਜੋ ਦਿਲ ਵਿਚ ਖੁਭ ਜਾਂਦੇ ਹਨ।

[1]ਤਾਂ ਭੀ ਕੁਸੰਗਤ ਨੇ ਮਨ ਦੀ ਬ੍ਰਿਤੀ ਨਾਸ਼ ਕਰ ਦਿੱਤੀ।

[1]ਈਰਖਾ ਰੂਪੀ ਅਗਨ ਅੱਗੇ ਹੀ ਮਘਦੀ ਸੀ।

[1]ਦੁਸ਼ਟਾਂ ਦੀ ਬਾਣੀ ਨੇ ਘਿਉ ਦੀ ਧਾਰ (ਉਸ ਅੱਗ ਨਾਲ) ਮੇਲੀ ਭਾਵ ਪਾਈ, (ਅ) ਦੁਸ਼ਟ ਮੇਲੀਆਂ ਦੇ ਬਾਣੀ ਰੂਪ ਘਿਉ ਨੂੰ ਧਾਰਨ ਕਰਕੇ।

[1]ਸੰਬੰਧ। ਡਅ਼ਰਬੀ, ਤਅ਼ੱਲਕ਼ ਹੋਰ ਕਿਸੇ ਦੇ ਤਅੱਲਕ ਦੀ ਕਿਵੇਂ ਹੋਵੇ। ਭਾਵ 'ਕਿਸੇ ਦਾ ਕੀ ਤਅ਼ੱਲਕ।'

ਪਹੁੰਚਯੋ ਸ੍ਰੀ ਗੁਰ ਅਮਰ ਸਥਾਨਾ ॥੨੮॥
ਲਗਯੋ ਦਿਵਾਨ ਬਿਰਾਜਹਿਂ ਬੀਚ।
ਦਰਸਹਿਂ ਮਿਲੈ ਊਚ ਅਰੁ ਨੀਚ।
ਕੋ ਟੇਕਤਿ ਹੈ ਮਾਥ ਅਗਾਰੀ।
ਕੋ ਬਿਨਤੀ ਕਰ ਜੋਰਿ ਉਚਾਰੀ ॥੨੯॥
ਕੋ ਬੈਠੇ ਸਿਮਰਹਿ ਸਤਿਨਾਮੂ।
ਗਾਇਂ ਰਬਾਬੀ ਧੁਨਿ ਅਭਿਰਾਮੂ।
ਕੋ ਇਕ ਚਿਤ ਹ੍ਵੈ ਸ਼ਬਦ ਸੁਨਤਿ ਹੈ।
ਕੋ ਮਨ ਬਿਖੈ ਬਿਚਾਰ ਗੁਨਤਿ ਹੈ[1] ॥੩੦॥

[1]ਵਿਚਾਰ ਕਰਦਾ ਹੈ।

ਜਥਾ ਸ਼ੰਭੁ[1] ਮੁਨਿ ਗਨ ਕੇ ਮਾਂਹੀ।

[1]ਸ਼ਿਵ ਜੀ।

ਪਾਵਨ ਸਭਾ ਸ਼ੁਭਤਿ ਹੈ ਤਾਂਹੀ।
ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ।
ਭਯੋ ਕ੍ਰੋਧ ਤੇ ਛੋਭਤਿ[1] ਭਾਰਾ ॥੩੧॥

[1]ਦੁਖੀ।

ਅਪਰ ਕਛੂ ਤਹਿਂ ਹੋਇ ਨ ਸਕਈ।
ਪਹੁੰਚ ਨਿਕਟ ਗੁਰ ਤਨ ਕੋ ਤਕਈ।
ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ।
ਜਿਮਿ ਲਛਮੀ ਪਤਿ ਕੇ ਭ੍ਰਿਗੁ ਮਾਰੀ[1] ॥੩੨॥

[1]ਜਿਵੇਂ ਭ੍ਰਿਗੁ ਨੇ ਵਿਸ਼ਨੂੰ ਨੂੰ ਲੱਤ ਮਾਰੀ ਸੀ। ਕਥਾ-ਸ਼ਿਵ ਦੇ ਪੁੱਤ੍ਰ ਭ੍ਰਿਗੁ ਨੇ ਜੋ ਮੁਨੀ ਮੰਨੇ ਜਾਂਦੇ ਹਨ ਵਿਸ਼ਨੂੰ ਦੀ ਛਾਤੀ ਵਿਚ ਲੱਤ ਮਾਰੀ ਸੀ। ਪਰਸਰਾਮ ਇਸੇ ਦੀ ਵੰਸ਼ ਤੋਂ ਹੋਇਆ ਸੀ। ਮਹਾਂ ਭਾਰਤ ਵਿਚ ਇਸ ਦੀ ਉਤਪਤੀ ਰੁਦ੍ਰ ਦੇ ਯੱਗ ਸਮੇਂ ਅਗਨੀ ਤੋਂ ਇਕ ਅਨੋਖੀ ਤਰ੍ਹਾਂ ਦੱਸੀ ਹੈ।

ਸਿੰਘਾਸਨ ਤੇ ਗਿਰ ਕਰਿ ਪਰੇ।
ਬ੍ਰਿੱਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰਿ ਉਠੇ ਤਤਕਾਲਾ।
ਗਹਿ ਦਾਤੂ ਕੇ ਚਰਨ ਕ੍ਰਿਪਾਲਾ ॥੩੩॥
ਕਰ ਕਮਲਨ ਸੋਂ ਮਰਦਨ ਕਰੇ[1]।

[1]ਹਥਾਂ ਕਮਲਾਂ ਦੇ ਨਾਲ ਮਲਨੇ ਕੀਤੇ।

ਬਿਨਤੀ ਸਹਤ ਸੁ ਬਾਕ ਉਚਰੇ।
'ਇਕ ਤੋ ਸੇਵਾ ਕਰਤਿ ਰਹਯੋ ਹੌਂ।
ਦੁਤੀਏ ਬਯ ਤੇ[1] ਬ੍ਰਿੱਧ ਭਯੋ ਹੌਂ ॥੩੪॥

[1]ਉਮਰਾ ਕਰਕੇ।

ਯਾਂ ਤੇ ਅਧਿਕ ਸਰੀਰ ਕਠੋਰਾ[1]।

[1]ਮੇਰਾ) ਸਰੀਰ ਬਹੁਤਾ ਸਖਤ (ਹੋ ਗਿਆ ਹੈ)।

ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ[1]।

[1]ਭਾਵ ਬਹੁਤੇ ਕੋਮਲ ਹਨ।

ਹੁਯੋ ਹੋਇਗੋ ਕਸ਼ਟ ਮਹਾਂਨਾ।
ਛਿਮਹੁ ਭਯੋ ਅਪਰਾਧ ਅਜਾਨਾ ॥੩੫॥
ਸ਼੍ਰੀ ਗੁਰ ਕੇ ਸੁਤ ਹੋ ਬਡਭਾਗੇ।
ਮਮ ਹਿਤ ਕਰਿ ਇਤਨੋ ਦੁਖ ਲਾਗੇ।
ਤੁਮ ਕੋ ਦੇਖਿ ਨ ਅੱਗ੍ਰ ਖਰੋਵਾ।
ਹੁਤੋ ਮਾਨ ਮਮ ਸੋ ਤੁਮ ਖੋਵਾ ॥੩੬॥
ਤਾੜਨ ਉਚਿਤ ਜਾਨਿ ਕਰਿ[1] ਮਾਰਯੋ।
ਭਲੋ ਕਰਯੋ ਨਿਜ ਦਾਸ ਨਿਹਾਰਯੋ।
ਸੇਵਾ ਅਪਨੀ ਮੋਹਿ ਬਤਾਵਹੁ।
ਕਰੌਂ ਸੁ ਤਤਛਿਨ, ਰੋਸ ਹਟਾਵਹੁ' ॥੩੭॥

[1]ਤਾੜਨਾਂ ਦੇ ਜੋਗ ਜਾਣਕੇ (ਤੁਸਾਂ)।

ਸੁਨਿ ਦਾਤੂ ਕਰਿ ਕ੍ਰੋਧ ਉਚਾਰਯੋ।
'ਇਹੁ ਕੈਸੇ ਤੈਂ ਭਿੰਡ[1] ਪਸਾਰਯੋ।
ਗੁਰਤਾ ਗਾਦੀ ਹੈ ਹਮ ਪਾਹੀ।
ਤੈਂ ਬਾਂਧੀ ਸਿਰ ਪਾਗ ਸੁ ਨਾਂਹੀ ॥੩੮॥
ਸਭਿ ਨੇ ਮੁਝ ਕੋ ਪਾਗ ਬੰਧਾਈ।
ਤੈਂ ਕੈਸੇ ਕਰਿ ਆਪ ਪੁਜਾਈ।
ਗੁਰੂ ਭਯੋ ਤੂੰ ਆਪੇ ਆਪ।
ਹਮੈ ਦੇਖਿ ਲਾਗਤਿ ਸੰਤਾਪ ॥੩੯॥
ਇਹੁ ਪਖੰਡ ਨਹਿਂ ਮੋਹਿ ਸੁਹਾਵੈ।
ਇਕ ਸੰਗਤਿ ਆਵਹਿ ਇਕ ਜਾਵੈ।
ਅਤਿ ਸੂਧੇ ਥੇ ਪਿਤਾ ਹਮਾਰੇ।
ਕਰੀ ਸੇਵ ਤਿਨ ਕੀ ਛਲ ਧਾਰੇ ॥੪੦॥
ਝੂਠਿ ਸਾਚਿ ਤਿਨ ਤੇ ਕਹਿਵਾਏ।
ਬਨ ਬੈਠਯੋ ਗੁਰ, ਗਰਬ ਬਢਾਏ।
ਇਸ ਥਲ ਤੇ ਉਠ ਕਰਿ ਚਲਿ ਜੱਹੈ।
ਬਹੁਰ ਨ ਬੈਠਹੁ ਦੰਭ ਕਮੱਯੈ ॥੪੧॥
ਪਿਤਾ ਹਮਾਰੇ ਕਹਿ ਤੁਝ ਤਾਂਈ।
ਨਗਰੀ ਗੋਇੰਦਵਾਲ ਬਸਾਈ।
ਬੈਠਯੋ ਮਾਲਿਕ ਤਿਸ ਕੋ ਹੋਇ।
ਹਮ ਕੋ ਨਹਿਂ ਜਾਨਯੋ ਕਿਤ ਕੋਇ ॥੪੨॥

[1]ਪਖੰਡ।

ਅਬਿ ਸੇਵਾ ਕਛੁ ਨਹੀਂ ਹਮਾਰੀ।
ਉਠਿ ਗਮਨਹੁ ਤੂਰਨਤਾ ਧਾਰੀ।'
ਸੁਨਿ ਕਰਿ ਸਭਾ ਨ ਬੋਲ ਸਕੈ ਹੈਂ।
ਕਰਤਿ ਢੀਠਤਾ ਬਦਨ ਤਕੈ ਹੈਂ[1] ॥੪੩॥ [1]ਮੂੰਹ ਤਕਦੇ ਹਨ।
ਗੁਰ ਕੋ ਡਰ ਧਰਿ ਬੈਠਿ ਰਹੈ ਹੈਂ।
ਭਲੇ ਬੁਰੇ ਕਿਸ ਹੂੰ ਨ ਕਹੇ ਹੈਂ।
ਬਿਸਮਤ[1] ਪਿਖਿ ਗੁਰ ਗੌਰਵਤਾਈ[2]। [1]ਹੈਰਾਨ ਹੋਏ। [2]ਗੰਭੀਰਤਾ।
ਹੌਰੇ[1] ਪੁਰਖਨ ਕੀ ਹਰਿਵਾਈ[2] ॥੪੪॥ [1]ਹੌਲੇ। [2]ਹਲਕਾਪਨ।
ਤਬਿ ਲੌ ਪਸ਼ਚਮ ਰਵਿ ਅਸਤਾਯੋ।
ਸੰਧਯਾ ਭਈ ਤਿਮਰ ਗਨ ਛਾਯੋ।
ਸਭਿ ਉਠਿ ਉਠਿ ਅਪਨੇ ਅਸਥਾਨਾ।
ਮਤਿ ਬਿਸਮਤਿ ਹੁਇ ਕੀਨ ਪਯਾਨਾ ॥੪੫॥
ਸ਼੍ਰੀ ਗੁਰ ਅਪਨੇ ਸੋਵਨ ਥਾਨ।
ਜਾਇ ਬਿਰਾਜੇ ਕ੍ਰਿਪਾ ਨਿਧਾਨ।
ਦਾਤੂ ਰਹਯੋ ਤਿਸੀ ਥਲ ਮਾਂਹਿ।
ਕੁਛ ਸੇਵਕ ਜਿਹ ਸੰਗੀ ਆਹਿ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਾਤੂ ਗੋਇੰਦਵਾਲ ਜਾਨਿ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

## ੩੫. [ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਸ੍ਰੀ ਗੁਰ ਅਮਰ ਬਿਚਾਰਿਕੈ,
-ਕਲਹਿ ਬੁਰੀ ਬਹੁ- ਮਾਨਿ।
ਨਿਸ ਆਧੀ ਮਹਿਂ ਨਿਕਸਿ ਕਰਿ,
ਵਹਿਰ ਕੀਨਿ ਪ੍ਰਸਥਾਨ ॥੧॥

ਚੌਪਈ:

ਚਲੇ ਇਕਾਕੀ ਕਛੂ ਨ ਲੀਨਾ।
ਬਿਨ ਪਦਤ੍ਰਾਨ[1] ਪਯਾਨੋ ਕੀਨਾ।
[1]ਜੁੱਤੀ, ਜੋੜਾ।
ਬਾਸਰ ਕੀ† ਨਗਰੀ ਤੇ ਉਰੇ।
†ਇਹ ਪਿੰਡ ਅੰਮ੍ਰਿਤਸਰ ਤੋਂ ਪੱਛੋਂ ਕੁ ਰੁਖ ਨੂੰ ਪੰਜ ਛੇ ਮੀਲ ਤੇ ਹੈ।
ਸੁੰਦਰ ਅਵਨੀ ਤਹਾਂ ਨਿਹਰੇ ॥੨॥
ਧੇਨੁਪਾਲ ਕੋ ਕੋਸ਼ਠ ਹੇਰਾ[1]।
[1]ਗੁਵਾਲੇ ਦਾ ਕੋਠਾ ਦੇਖਿਆ।
ਤਿਸ ਦਰ ਪਰ ਲਿਖਿ ਕੀਨਿ ਬਸੇਰਾ।
'ਇਸ ਦਰ ਜੋ ਨਰ ਕਰਹਿ ਉਪਾਰੇ[1]।
[1]ਖੁਹਲੇ।
ਤਿਸ ਕੇ ਗੁਰ ਨਹਿਂ ਸਿੱਖ ਹਮਾਰੇ[1] ॥੩॥
[1]ਨਾ ਉਹ ਸਾਡੇ ਸਿਖ ਹਨ ਨਾਂ ਅਸੀਂ ਉਸ ਦੇ ਗੁਰੂ ਹਾਂ।
ਲੋਕ ਪ੍ਰਲੋਕ ਦੌਨ ਹੀ ਖੋਵੈ।
ਨਹੀਂ ਸਹਾਇਕ ਹਮ ਤਬਿ ਹੋਵੈਂ।'
ਚਿਣ ਦਰ ਕੋ ਲਿਖਿ ਕੈ ਸੁ ਪ੍ਰਵੇਸ਼ੇ।
ਪਦਮਾਸਨ ਕਰਿ ਸ਼੍ਰੀ ਗੁਰ ਬੈਸੇ ॥੪॥
ਛਪੇ ਤਹਾਂ ਨਹਿਂ ਜਾਨਹਿਂ ਕੋਊ।
ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ।
ਅਚਲ ਸਮਾਧਿ ਅਗਾਧਿ ਲਗੀ ਹੈ।
ਬ੍ਰਹਮ ਸਰੂਪ ਆਨੰਦ ਪਗੀ ਹੈ[1] ॥੫॥
[1](ਵਿਚ) ਰੰਗੀ ਹੋਈ।
ਪ੍ਰਾਤਿ ਭਈ ਗੁਰ ਨਹਿਂ ਤਹਿਂ[1] ਪਾਏ।
[1]ਭਾਵ ਗੋਇੰਦਵਾਲ ਵਿਚ।
ਖੋਜਤਿ ਹੈਂ ਸਭਿ -ਕਹਾਂ ਸਿਧਾਏ?-।
ਇਤ ਉਤ ਦੇਖਿ ਰਹੇ ਨਹਿਂ ਪਾਯੋ।
ਸੁਨਿ ਕਰਿ ਦਾਤੂ ਉਰ ਹਰਖਾਯੋ ॥੬॥
ਗੁਰ ਕੀ ਵਸਤੁ ਸਕਲ ਅਪਨਾਈ[1]।
[1]ਆਪਣੀ ਬਣਾ ਲੀਤੀ।
ਬਸਤ੍ਰ ਬਿਭੂਖਨ ਤਨ ਪਹਿਰਾਈ।
ਗੁਰਤਾ ਗਾਦੀ ਬੈਠਿ ਸਜਾਈ।
ਕਰਤਿ ਪ੍ਰਤੀਖਨ ਕੋ ਚਲਿ ਆਈ[1] ॥੭॥
[1]ਉਡੀਕਦਾ ਹੈ ਕਿ ਕੋਈ ਆਵੇ।

ਨਹਿਂ ਸੰਗਤਿ ਤਿਸੁ ਨਿਕਟ ਗਈ ਹੈ।
ਕਰੀ ਅਵੱਗਜਾ ਕੁਪਤਿ ਭਈ ਹੈ[1]।
ਦੇਖਿ ਦੂਰ ਤੇ ਇਤ ਉਤ ਹੋਇ[1]।
ਸਾਦਰ ਨੰਮ੍ਰਿ ਭਯੋ ਨਹਿਂ ਕੋਇ ॥੮॥
ਦੁਖਹਿਂ ਦੇਖਿ ਕਰਿ ਸਿੱਖ ਮਹਾਂਨੇ।
-ਕਜਾ ਇਨ[1] ਕਰਜੋ ਲੋਭ ਉਰ ਠਾਨੇ-।
ਨਿਜ ਨਿਜ ਥਾਨ ਰਹੇ ਸਭਿ ਬੈਸੇ।
ਤਿਸ ਢਿਗ ਗਮਨਜੋ ਕੋਇ ਨ ਕੈਸੇ ॥੯॥
ਏਕਲ ਬੈਠਿ ਬਹੁਤ ਅਕੁਲਾਯੋ।
ਅਰ ਸੰਗਤਿ ਕੇ ਉਰ ਨਹਿਂ ਭਾਯੋ।
ਭਯੋ ਉਦਾਸ ਵਸਤੁ ਸਭਿ ਲੀਨੀ।
ਬੇਸਰ[1] ਲਾਦਿ ਸੁ ਤਜਾਰੀ ਕੀਨੀ ॥੧੦॥
ਸੰਧਜਾ ਸਮੈ ਚਲਜੋ ਦਿਸ਼ ਗ੍ਰਾਮੂ।
ਕੁਛ ਸੇਵਕ ਸੰਗ ਜਾਇ ਸੁ ਧਾਮੂ।
ਮਗ ਮਹਿਂ ਨਿਸਾ ਭਾਈ ਤਮ ਛਾਯੋ।
ਆਨਿ ਮਿਲੇ ਤਸਕਰ ਸਮੁਦਾਯੋ ॥੧੧॥
ਭਾਜੇ ਦਾਸ ਲੁਟਿ ਸਭਿ ਲਯੋ।
ਹੋਇ ਛੂਛ ਘਰ ਪਹੁੰਚਤਿ ਭਯੋ।
ਘਰ ਕੇ ਬਸਤ੍ਰ ਬਿਭੂਖਨ ਖੋਏ।
ਹਤੀ ਲਾਤ, ਤਿਸ ਮਹਿਂ ਦੁਖ ਹੋਏ[1] ॥੧੨॥
ਘਰ ਮਹਿਂ ਬੈਠਿ ਬਿਸੂਰਜੋ ਫੇਰਿ।
-ਮੈਂ ਕੁਕਰਮਿ ਕਜਾ ਕੀਨਿ ਬਡੇਰ।
ਗਯੋ ਦਰਬ ਕੋ, ਘਰ ਤੇ ਖੋਯੋ[1]।
ਹਤੇ ਲਾਤ ਤੇ ਰੁਜ ਬਹੁ ਹੋਯੋ- ॥੧੩॥
ਲੱਜਿਤਿ ਹੁਇ ਪ੍ਰਵਿਸ਼ਜੋ ਘਰ ਮਾਂਹੀ।
ਬਹੁਰ ਗਰਬ ਕਰਿ ਨਿਕਸਜੋ ਨਾਂਹੀ।
ਸ਼ੋਕ ਵਿਖੈ ਬਜਾਕੁਲ ਬਹੁ ਰਹਜੋ।
ਅਪਨੋ ਖੋਟ ਨ ਕਿਹ ਸੋਂ ਕਹਜੋ ॥੧੪॥
ਗੋਇੰਦਵਾਲ ਮਿਲੇ ਸਿਖ ਸਾਰੇ।
ਲਾਇ ਦਿਵਾਨ ਬਿਚਾਰ ਬਿਚਾਰੇ।

[1]ਗੁਰੂ ਜੀ ਦੀ) ਅਵੱਗਜਾ ਕਰਨੇ ਕਰਕੇ (ਸੰਗਤ) ਗੁੱਸੇ ਹੋ ਗਈ ਹੈ (ਦਾਤੂ ਨਾਲ)।

[1]ਲਾਂਭੇ ਹੋ ਜਾਂਦੇ ਹਨ।

[1]ਦਾਤੂ ਨੇ।

[1]ਖੱਚਰ [ਸੰਸ: ਵੇਸਰ]।

[1]ਲਤ) ਦੁਖਣ ਲਗ ਪਈ।

[1]ਗਿਆ ਸਾਂ (ਉਹਨਾਂ ਦੇ) ਧਨ (ਲੈਣ) ਨੂੰ ਪਰ ਪੱਲਿਓਂ (ਬੀ ਸਗੋਂ) ਗੁਵਾ ਆਇਆ।

ਗੁਰ ਬਿਨ ਬਜਾਕੁਲ ਬਹੁ ਮੁਰਝਾਏ।
ਬਿਨ ਸੂਰਜ ਪੰਕਜ ਸਮੁਦਾਏ ॥੧੫॥
ਜਿਮਿ ਨਰੇਸ਼ ਬਿਨ ਸੈਨ ਦੁਖਾਰੀ।
ਜਿਮਿ ਸੁਰਪਤਿ[1] ਬਿਨ ਸੁਰ ਦੁਖਿ ਭਾਰੀ। [1]ਇੰਦਰ।
ਜਥਾ ਪੰਖ[1] ਬਿਨ ਹੋਹਿਂ ਬਿਹੰਗਾ। [1]ਖੰਭਾਂ।
ਜਿਮ ਪਤਿ ਬਿਨ ਇਸਤ੍ਰੀ ਸਰਬੰਗਾ[1] ॥੧੬॥ [1]ਸਾਰੇ ਅੰਗਾਂ ਕਰਕੇ, ਸਭ ਤਰ੍ਹਾਂ।
ਬਿਨਾ ਨੀਰ ਜਿਮਿ ਤਰੁ ਸੁਸ਼ਕੰਤੇ[1]। [1]ਬ੍ਰਿੱਛ ਸੁੱਕ ਜਾਂਦੇ ਹਨ।
ਤਥਾ ਸਿੱਖਜ ਦੁਖ ਬਿਖੈ ਤਪੰਤੇ।
ਆਪ ਆਪਨੀ ਬੁਧਿ ਅਨੁਸਾਰੇ।
ਰਿਦੇ ਬਿਚਾਰਤਿ ਬਾਕ ਉਚਾਰੇ ॥੧੭॥
'ਸਤਿਗੁਰ ਹੋਏ ਅੰਤਰ ਧਜਾਨ।
ਪਹੁੰਚੇ ਅਪਨ ਬਿਕੁੰਠ ਸਥਾਨ।
ਗੁਰ ਅੰਗਦ ਸੁਤ ਕੀ ਰਿਸ ਦੇਖਿ।
ਤਜਾਗਜੋ ਤੁਰਤ ਸਮਾਜ ਅਸ਼ੇਖ[1] ॥੧੮॥ [1]ਸਾਰਾ।
ਰਹਨਿ ਚਲਨਿ ਤਿਨ ਏਕ ਸਮਾਨ।
ਸਿੱਖਜਨ ਹੇਤ ਹੁਤੇ ਇਸ ਥਾਨ।'
ਕੇਚਿਤ ਕਹੈਂ ਗਏ 'ਬਨ ਮਾਂਹੀ।
ਕਲਹਿ ਸਹਹਿਂ ਦਾਤੂ ਕੀ ਨਾਂਹੀ' ॥੧੯॥
ਕੇਚਿਤ ਕਹੈਂ 'ਬਦੇਸ਼ ਮਝਾਰਾ।
ਪਹੁੰਚੇ ਸਤਿਗੁਰ ਦਰਸ ਉਦਾਰਾ।
ਤਹਾਂ ਸਿੱਖਜ ਸੇਵਕ ਹੁਇਂ ਬ੍ਰਿੰਦ।
ਹੈ ਜਿਨ ਮਸਤਕ ਭਾਗ ਬਿਲੰਦ' ॥੨੦॥
ਇੱਤਜਾਦਿਕ ਬਹੁ ਥਾਨ ਬਤਾਵੈਂ।
ਨਿਸ਼ਚੈ ਮਤਿ ਕੋਇ ਨ ਠਹਿਰਾਵੈ।
ਤਬਿ ਸਭਿ ਮਿਲਿ ਕੈ ਕੀਨਿ ਬਿਚਾਰਨਿ।
'ਬੁੱਢਾ ਜਾਨਹਿਗੋ ਇਸ ਕਾਰਨ ॥੨੧॥
ਗੁਰ ਘਰ ਮਹਿਂ ਸੋ ਸਚਿਵ ਸਮਾਨ।
ਤਿਸ ਢਿਗ ਚਲਹੁ ਰਹਹਿ ਜਿਸੁ ਥਾਨ।
ਸਤਿਗੁਰ ਜਹਿਂ, ਸੋ ਖੋਜ ਬਤਾਵਹਿ।
ਅਪਰਨ ਤੇ ਕਜੋਂ ਕਰਿ ਨਹਿਂ ਪਾਵਹਿ[1]' ॥੨੨॥ [1]ਹੋਰਨਾਂ ਤੋਂ ਕਿਵੇਂ ਬੀ (ਖੋਜ) ਨਹੀਂ ਮਿਲੇਗਾ।

ਇਮਿ ਕਹਿ ਸਿਖ ਸਭਿ ਆਂਸੂ ਢਾਰਤਿ।
ਉਰ ਬਿਖਾਦ ਤੇ ਹੈਂ ਬਹੁ ਆਰਤਿ।
ਜਥਾ ਕ੍ਰਿਸ਼ਨ ਭੇ ਅੰਤਰਧਜਾਨਾ।
ਗਨ ਗੋਪੀ ਰੁਦਿਯੰਤ ਮਹਾਂਨਾ† ॥੨੩॥

†ਐਸੇ ਵਾਕ ਕਵਿ ਜੀ ਦ੍ਰਿਸ਼ਟਾਂਤ ਮਾਤ੍ਰ ਵਰਤਦੇ ਹਨ, ਕਦੇ ਗੁਰੂ ਜੀ ਨੂੰ ਸ਼ਿਵ ਦੀ ਕਦੇ ਵਿਸ਼ਨੂੰ ਦੀ ਕਿਸੇ ਤਰ੍ਹਾਂ ਦੇ ਰੂਪਕ ਅਲੰਕਾਰ ਵਿਚ ਉਪਮਾ ਦੇਂਦੇ ਹਨ। ਆਪ ਦੀ ਵਾਕਫੀ ਹਿੰਦੀ ਤੇ ਸੰਸਕ੍ਰਿਤ ਸਾਹਿਤਜ ਨਾਲ ਹੋਣ ਕਰਕੇ ਉਸ ਦਾਇਰੇ ਤੋਂ ਬਾਹਰ ਨਹੀਂ ਜਾਂਦੇ।

ਸਭਿ ਇਕਠੇ ਹੁਇ ਕਰਿ ਤਬਿ ਚਲੇ।
ਜਹਿਂ ਥਲ ਭਾਈ ਬੁੱਢਾ ਭਲੇ।
ਧਰਜੋ ਪ੍ਰਸਾਦਿ ਅਗਾਰੀ ਜਾਇ।
ਕਰੀ ਬੰਦਨਾ ਸੀਸ ਨਿਵਾਇ ॥੨੪॥
ਹਾਥ ਜੋਰਿ ਹੁਇ ਕਰਿ ਤਬ ਖਰੇ।
ਜਸੁ ਕੇ ਸਹਤ ਬੇਨਤੀ ਕਰੇ।
'ਤੁਮ ਅਰੁ ਗੁਰ ਮਹਿਂ ਭੇਦ ਨ ਕੋਊ।
ਜੋਤਿ ਏਕ ਧਾਰੇ ਤਨ ਦੋਊ ॥੨੫॥
ਸਿੱਖ ਸਹਾਇਕ ਪਰਉਪਕਾਰੀ।
ਸਭਿ ਸੰਗਤਿ ਇਹੁ ਖਰੀ ਅਗਾਰੀ।
ਸਿੰਧੁ ਸੰਦੇਹਨਿ ਮਗਨ ਬਿਸਾਲਾ[1]।
ਬਨਹੁ ਜਹਾਜ ਆਪ ਇਸ ਕਾਲਾ ॥੨੬॥

[1]ਸੰਸਿਆਂ ਰੂਪੀ ਸਮੁੰਦਰ ਵਿਖੇ ਬੜੇ ਡੁੱਬੇ ਹੋਏ।

ਸਿੱਖਜਨ ਬਿਖੈ ਅਗਾਊ ਆਪ।
ਦੇ ਟੀਕਾ ਗੁਰਗਾਦੀ ਥਾਪ।
ਬ੍ਰਹਮਗਜਾਨ ਮਹਿਂ ਨਿਸ਼ਚਲ ਨੀਤਿ।
ਅੰਤਰਜਾਮੀ ਜਹਿਂ ਕਹਿਂ ਚੀਤ ॥੨੭॥
ਸਰਬ ਸ਼ਕਤਿ ਜੁਤਿ ਸਮਰਥ ਅਹੋ।
ਅਜ਼ਮਤਿ ਸਦਾ ਛਿਪਾਏ ਰਹੋ।
ਸਭਿ ਸੰਗਤਿ ਪਰ ਕਰੁਨਾ ਕੀਜਹਿ।
ਸ਼ਰਨ ਆਪ ਕੀ ਪਰੀ ਲਖੀਜਹਿ' ॥੨੮॥
ਸੁਨਤਿ ਬਿਨੈ ਕਹੁ ਬੁੱਢਾ ਬੋਲਜੋ?
'ਕਿਸ ਕਾਰਨ ਤੁਮਰੋ ਮਨ ਡੋਲਜੋ।
ਮੇਰੇ ਉਚਿਤ ਕੌਨ ਸੋ ਕਾਮ?
ਕਰੌਂ ਸੁ ਕਹੋ ਸਕਲ ਅਭਿਰਾਮ ॥੨੯॥

ਇਕ ਸਿੱਖ ਕੀ ਸੇਵਾ ਫਲ ਮਹਾਂ।
ਸੰਗਤਿ ਸੇਵ ਪਾਈਅਹਿ ਕਹਾਂ।
ਜਿਸ ਪਰ ਸਤਿਗੁਰ ਹੋਹਿਂ ਕ੍ਰਿਪਾਲ।
ਨਿਜ ਦਾਸਨ ਕੀ ਦੇਂ ਤਬਿ ਘਾਲ[1] ॥੩੦॥

[1]ਦਾਸਾਂ ਦੀ ਸੇਵਾ ਉਸ ਨੂੰ ਦੇਂਦੇ ਹਨ।

ਸੰਗਤਿ ਕਹਜੋ ਤਬਹਿ ਕਰ ਬੰਦਿ।
'ਗੁਰ ਬਿਨ ਬਜਾਕੁਲ ਉਰ ਸਿਖ ਬ੍ਰਿੰਦ।
ਕਹਾਂ ਗਏ, ਨਹਿਂ ਜਾਨੀ ਜਾਇ।
ਜਥਾ ਅਚਾਨਕ ਰਵਿ ਅਸਤਾਇ[1] ॥੩੧॥

[1]ਛਿਪ ਜਾਂਦਾ ਹੈ।

ਮਸਤਕ ਟੇਕਹਿਂ ਤਾਂਹਿ ਅਗਾਰੀ।
ਰਹਹਿਂ ਬੈਠਿ ਅਬਿ ਕੌਨ ਅਧਾਰੀ[1]।
ਜਿਮਿ ਤਾਰਨਿ ਮਹਿਂ ਚੰਦ ਬਿਰਾਜਹਿ।
ਤਿਮਿ ਸੰਗਤ ਮਹਿਂ ਸਤਿਗੁਰ ਛਾਜਹਿਂ ॥੩੨॥

[1]ਕਿਨ੍ਹਾਂ ਦੇ ਆਸਰੇ।

ਜਿਸ ਕੋ ਆਪ ਸਥਾਪਹੁ ਗੁਰ ਕਰਿ[1]।

[1]ਭਾਵ ਇਹ ਹੈ ਕਿ ਸੰਗਤ ਵਜਾਕੁਲਤਾ ਵਿਚ ਖਿਆਲ ਕਰਦੀ ਹੈ ਕਿ ਗੁਰੂ ਸਾਹਿਬ ਸ਼ਾਜਦ ਅੰਤਰ ਧਿਆਨ ਹੋ ਗਏ ਹਨ ਤੇ ਗੱਦੀ ਤੇ ਗੁਰੂ ਸਥਾਪਨ ਕਰ ਗਏ ਹਨ, ਜੇ ਇਹ ਗੱਲ ਹੈ ਤਾਂ ਬੀ ਬੁੱਢੇ ਜੀ ਨੂੰ ਪਤਾ ਹੈ, ਕਿਉਂਕਿ ਬੁੱਢਾ ਜੀ ਨੂੰ 'ਗੁਰੂ ਗਿਆਤਾ ਸਦਾ ਪ੍ਰਾਪਤ' ਹੋਣ ਦਾ ਵਰ ਮਿਲ ਚੁੱਕਾ ਹੈ।

ਤਿਸ ਕੋ ਸੰਗਤਿ ਮਾਨਹਿਂ ਸਿਰ ਧਰਿ।'
ਇਮਿ ਸੁਨਿ ਕੈ ਸਭਿ ਤੇ ਨਿਜ ਕਾਨ।
ਬੁੱਢੇ ਤਬਹਿ ਲਗਾਜੋ ਧਜਾਨ ॥੩੩॥
ਇਕ ਘਟਿਕਾ ਲਗ ਦ੍ਰਿਗ ਨਹਿਂ ਖੋਲੇ।
ਬੈਠੇ ਸੰਗਤਿ ਜੁਕਤਿ ਅਡੋਲੇ।
ਤੀਨ ਲੋਕ ਮਹਿਂ ਖੋਜਨ ਕੀਨੇ।
ਸਤਿਗੁਰ ਬਿਦਤ ਨਹੀਂ ਕਿਤ ਚੀਨੇ[1] ॥੩੪॥

[1]ਪ੍ਰਗਟ ਨਹੀਂ ਦੇਖੇ।

ਛਪੇ ਕਹੂੰ ਪੁਨ ਦੇਖਤਿ ਭਯੋ।
ਥਾਨ ਅਨੇਕ ਖੋਜਿਬੋ ਕਿਯੋ।
ਜਾਨਜੋ ਮਨ ਮਹਿਂ ਤਬਿ ਗੁਰ ਫੁਰੇ[1]।

[1]ਫੁਰਿਆ (ਫੁਰਨਾ ਕਿ) ਗੁਰੂ ਜੀ ਕੋਠੇ ਅੰਦਰ ਪ੍ਰਵੇਸ਼ ਹੋਏ ਲੁਕੇ ਹਨ। (ਅ) ਗੁਰੂ ਜੀ ਦਾ ਫੁਰਨਾ ਫੁਰਿਆ ਕਿ-ਭਾਵ ਝਲਕਾ ਵੱਜਾ ਕਿ-।

ਪ੍ਰਵਿਸ਼ੇ ਕੋਸ਼ਠ ਅੰਤਰ ਦੁਰੇ ॥੩੫॥
ਦਰ ਚਿਣ ਰਾਖਜੋ, ਵਹਿਰ ਨ ਕਾਹੂੰ[1]। — [1]ਹੋਰ) ਬਾਹਰ ਕਿਤੇ ਨਹੀਂ ਹਨ।
ਕਰਿ ਸਮਾਧਿ ਬੈਠੇ ਤਿਸ ਮਾਂਹੂੰ।
ਸਗਰੋ ਖੋਜ ਧਜਾਨ ਮਹਿਂ ਦੇਖਿ।
ਖੋਲੇ ਲੋਚਨ ਬੀਚ ਅਸ਼ੇਸ਼[1] ॥੩੬॥ — [1]ਸਾਰਿਆਂ (ਸਿਖਾਂ) ਵਿਚ।
ਉਰ ਬਿਚਾਰ ਇਮਿ ਕੀਨਿ ਬਿਸਾਲਾ।
-ਕਰੋਂ ਬਤਾਵਨ ਜੇ ਇਸ ਕਾਲਾ।
ਸਤਿਗੁਰ ਅਮੁਕ[1] ਸਥਾਨ ਸੁਹਾਏ। — [1]ਫਲਾਣੇ।
ਅੰਤਰ ਛਪੇ ਸਮਾਧਿ ਲਗਾਏ ॥੩੭॥
ਤਬਿ ਅਜ਼ਮਤਿ ਜ਼ਾਹਿਰ ਹੁਇ ਜਾਇ।
ਨੀਕੀ ਰੀਤਿ ਨਹੀਂ ਇਸੁ ਭਾਇ।
ਅਪਰ ਫਰੇਬ[†] ਕਰੀਜੈ ਕੋਈ[‡]। — [†]ਫਰੇਬ ਵਿਚ ਦੂਸਰੇ ਤੋਂ ਆਪਣੇ ਲਾਭ ਦਾ ਪ੍ਰਯੋਜਨ ਹੁੰਦਾ ਹੈ, ਏਥੇ ਆਪਾ ਛਿਪਾਵਨ ਦੀ ਨਿੰਮ੍ਰਤਾ ਪ੍ਰਯੋਜਨ ਹੈ, ਤਾਂਤੇ ਇਸ ਦਾ ਅਰਥ ਛਲ ਨਹੀਂ, ਪਰਦਾ ਹੈ। [‡]ਪਾ:-ਕੋਊ।
ਜਿਸ ਤੇ ਸਤਿਗੁਰ ਦਰਸ਼ਨ ਹੋਈ[†]' ॥੩੮॥ — [†]ਪਾ:-ਹੋਊ।
ਸਭਿ ਸੰਗਤਿ ਸੰਗਿ ਬਾਕ ਸੁਨਾਵਾ।
'ਸ਼੍ਰੀ ਗੁਰ ਸਭਿਨਿ ਬਿਖਾਦ[1] ਮਿਟਾਵਾ। — [1]ਸਾਰਿਆਂ ਦਾ ਦੁੱਖ।
ਨਹੀ ਚਿੰਤ ਕੀਜਹਿ ਮਮ ਪਜਾਰੇ !
ਸਭਿਨਿ ਸਹਾਇਕ ਕਾਰਜ ਸਾਰੇ[1] ॥੩੯॥ — [1]ਸਾਰਿਆਂ ਦੇ ਸਹਾਇਕ (ਗੁਰੂ ਜੀ) ਕਾਰਜ ਸਾਰਨਗੇ।
ਸਤਿਗੁਰ ਸਿਮਰਹੁ ਪ੍ਰੇਮ ਬਿਸਾਲੇ।
ਮਿਲਹਿਂ ਗੁਰੂ ਸਭਿ ਲੇਹਿਂ ਸੰਭਾਲੇ।
ਚਲਹੁ ਸਕਲ ਹੀ ਗੋਇੰਦਵਾਲੋਂ[1]। — [1]ਗੋਇੰਦਵਾਲ ਨੂੰ।
ਮੈਂ ਬੀ ਅਬਿ ਤੁਮਰੇ ਸੰਗਿ ਚਾਲੌਂ[†]' ॥੪੦॥ — [†]ਪਾ:-ਮੈ ਅਬਿ ਹੋ ਸੰਗੈ ਤਹਿਂ ਚਾਲੌਂ।
ਗਮਨ ਕਰਜੋ ਸਭਿ ਕੇਰਿ ਅਗਾਰੀ।
ਹਰਖਤਿ ਸੰਗਤਿ ਚਲੀ ਪਿਛਾਰੀ।
ਤੂਰਨ ਹੀ ਸਭਿ ਪੁਰਿ ਮਹਿਂ ਆਏ।
ਗੁਰ ਬਿਨ ਨਗਰ ਨ ਸਦਨ ਸੁਹਾਏ ॥੪੧॥
ਜਥਾ ਸੁਰਗ ਮਘਵਾ[1] ਬਿਨ ਹੋਇ। — [1]ਇੰਦ੍ਰ।

ਨਰ ਨਾਰੀ ਚਿੰਤਾ ਚਿਤ ਸੋਇ।
ਪੂਰਬ ਬੁੱਢਾ ਗਯੋ ਚੁਬਾਰੇ।
ਬਿਨੈ ਬਚਨ ਹੁਇ ਖਰੇ ਉਚਾਰੇ ॥੪੨॥
'ਸ਼੍ਰੀ ਸਤਿਗੁਰੁ ! ਸੰਗਤਿ ਦਿਸ਼ ਹੇਰਹੁ।
ਅਪਰ ਬਾਰਤਾ ਰਿਦੈ ਨਿਬੇਰਹੁ।
ਚਿੰਤਾਤੁਰ ਉਦਬੇਗ[1] ਸਮੇਤ।
ਪ੍ਰਭੁ ਜੀ ! ਸੂਨੇ ਪਰੇ ਨਿਕੇਤ ॥੪੩॥
ਤੁਮ ਬਿਨ ਕਿਸਹਿ ਨ ਲਾਗਤਿ ਆਛੇ।
ਖਾਨ ਪਾਨ ਕੀ ਰੁਚਿ ਨਹਿਂ ਬਾਛੇ।
ਸੰਕਟ ਸਭਿ ਕੋ ਹਰਹੁ ਕ੍ਰਿਪਾਲਾ !
ਦੇਹੁ ਦਰਸ ਅਪਨੋ ਇਸ ਕਾਲਾ' ॥੪੪॥
ਇਮਿ ਕਹਿ ਵਹਿਰ ਸਰਬ ਮੈਂ ਬੈਸੇ।
ਬੂਝਤਿ 'ਇਹ ਪ੍ਰਸੰਗ ਭਾ ਕੈਸੇ ?
ਨਿਕਸੇ ਸਤਿਗੁਰ ਕੌਨ ਸਮੇਂ ਹੈਂ ?
ਖੋਜੈਂ ਖੋਜ ਬਤਾਉ ਹਮੇ ਹੈਂ' ॥੪੫॥
ਕਹਯੋ ਸਭਿਨਿ 'ਗੁਰ ਅੰਗਦ ਤਾਤਾ।
ਆਇ ਪ੍ਰਹਾਰੀ ਗੁਰ ਕੇ ਲਾਤਾ।
ਅਰਧ ਨਿਸਾ ਮਹਿਂ ਨਿਕਸੇ ਪੁਰਿ ਤੇ।
ਕੋ ਜਾਨਹਿਂ ਗਮਨੇ ਕਿਸ ਧਿਰ[1] ਤੇ ॥੪੬॥
ਪੀਛੈ ਦਾਤੂ ਸਭਿ ਕਿਛੁ ਲੀਨਿ।
ਅਪਨੇ ਸਦਨ ਪਯਾਨੋ ਕੀਨ।
ਇਕ ਬੜਵਾ[1] ਤਿਨ ਤਜਾਗਨਿ ਕਰੀ।
ਗੁਰੁ ਕੀ ਪ੍ਰਿਯ ਅਤਿ ਸੋ ਘਰ ਖਰੀ ॥੪੭॥
ਇਸ ਕੋ ਦਾਤੂ ਲੇਵਨ ਲਗਯੋ।
ਚੜ੍ਹਨ ਨ ਦਿਯੋ ਪ੍ਰਿਥੀ ਪਰ ਡਿਗਯੋ।
-ਲੇਇ ਸੁ ਚਲੌਂ- ਜਤਨ ਕਰਿ ਰਹਯੋ।
ਨਹਿਂ ਅਰੂਢ ਕਰਿ ਆਸਨ ਲਹਯੋ[1] ॥੪੮॥
ਚਪਲ ਤੁਰੰਗਨਿ ਸਤਿਗੁਰ ਪਜਾਰੀ।
ਰਹੀ ਆਪ, ਦਿਯ ਨਹਿਂ ਅਸਵਾਰੀ।

[1]ਚਿਤ ਦੀ ਵਿਆਕੁਲਤਾ [ਸੰਸ: ਉਦ੍ਵੇਗ]।

[1]ਕਿਸੇ ਧਿਰ = ਕਿਧਰ = ਕਿਸ ਪਾਸੇ।

[1]ਘੋੜੀ।

[1]ਚੜ੍ਹਕੇ ਉਤੇ ਬੈਠ ਨਹੀਂ ਸਕਿਆ।

ਯਾਂ ਤੇ ਗਯੋ ਤਜਾਗ ਕਰਿ ਸੋਊ।
ਅਪਰ ਸੰਭਾਰ ਲਯੋ ਘਰ ਸੋਊ' ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ਼੍ਰੀ ਅਮਰਦਾਸ ਖੋਜਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਬਾਬਾ ਬੁੱਢਾ ਜੀ ਸਮੇਤ ਸੰਗਤਿ ਦਾ ਸੰਨ੍ਹ ਸਾਹਿਬ ਜਾਣਾ, ਗੁਰੂ ਜੀ ਦਾ ਪ੍ਰਗਟ ਹੋਣਾ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਸੁਨੀ ਤੁਰੰਗਨਿ ਬਾਰਤਾ,
ਬੁੱਢੇ ਬਹੁ ਸੁਖ ਪਾਇ।
'ਇਹ ਅਸਵਾਰੀ ਗੁਰੂ ਕੀ,
ਅਜ਼ਮਤ ਜੁਤਿ ਦਰਸਾਇ ॥੧॥

ਚੌਪਈ:

ਗੁਰ ਬਿਨ ਨਹੀਂ ਅਰੂਢਨਿ ਦੇਤਿ।
ਯਾਂ ਤੇ ਸੋ ਤਜਿ ਗਯੋ ਨਿਕੇਤਿ।
ਅਬਿ ਇਸ ਕੋ ਕੀਜਹਿ ਸ਼ਿੰਗਾਰ।
ਪ੍ਰਥਮ ਸ਼ਨਾਨਹੁ ਸੁੰਦਰ ਬਾਰਿ[1] ॥੨॥ — [1]ਜਲ ਨਾਲ।
ਧੂਪ ਦੀਪ ਚੰਦਨ ਚਰਚਾਵਹੁ[1]। — [1]ਧੂਪ ਦੀਪ (ਜਗਾ ਕੇ) ਚੰਦਨ ਛਿੜਕੇ।
ਫੂਲ ਬਿਸਾਲ ਮਾਲ ਪਹਿਰਾਵਹੁ।
ਪਾਇ ਬਸਤਨੀ[1] ਸੁੰਦਰ ਜ਼ੀਨ[2]। — [1]ਕਾਠੀ ਦੇ ਉਪਰਲਾ ਕਪੜਾ। [2]ਕਾਠੀ।
ਕਵਿਕਾ[1] ਦੇਹੁ ਮੁਹਾਰ[2] ਨਵੀਨ ॥੩॥ — [1]ਲਗਾਮ। [2]ਵਾਗਾਂ।
ਸੰਗਤਿ ਕਰਹਿ ਬੇਨਤੀ ਸਾਰੀ।
ਛੋਰਿ ਦੇਹੁ ਇਹੁ ਚਲਹਿ ਅਗਾਰੀ।
ਸੰਗ ਸੰਗਤਾਂ ਗਮਨਹਿਂ ਪਾਛੇ।
ਗੁਰੁ ਕੋ ਖੋਜ ਲੇਹਿ ਇਹੁ ਆਛੇ' ॥੪॥
ਬ੍ਰਿਧ ਕੋ ਬਾਕ ਮਾਨਿ ਸਭਿ ਲੀਨਾ।
ਸਭਿ ਸ਼ਿੰਗਾਰ ਸ਼ਿੰਗਾਰਨਿ ਕੀਨਾ।
ਦਈ ਛੋਰਿ ਪੁਰਿ ਵਹਿਰ ਤੁਰੰਗਨਿ।
ਬਹੁ ਸੁੰਦਰ ਜੋ ਸਗਰੇ ਅੰਗਨਿ ॥੫॥
ਸਨੇ ਸਨੇ ਚਲਿ ਸਹਜ ਸੁਭਾਇ।
ਪੀਛੇ ਸਗਰੀ ਸੰਗਤਿ ਜਾਇ।
ਬੁੱਢੇ ਆਦਿਕ ਸਿਖ ਸਮੁਦਾਏ।
ਅਵਲੋਕਤਿ ਬੜਵਾ ਬਿਸਮਾਏ ॥੬॥
ਕਿਤੇ ਹਰੇਖਾ[1] ਊਚੋ ਕਰੈ। — [1]ਹਿਣਕਣਾ।
ਕਿਤ ਚੰਚਲਤਾ ਜੁਤਿ ਪਗ ਧਰੈ।
ਕਿਤਿਕ ਦੂਰ ਤੇ ਕੋਸ਼ਠ[1] ਦੇਖਾ। — [1]ਕੋਠਾ।
ਥਿਤਿ ਹ੍ਵੈ[1] ਊਚੋ ਕੀਨ ਹਿਰੇਖਾ ॥੭॥ — [1]ਖੜੀ ਹੋਕੇ।

ਬਹੁਰ ਅਗਾਰੀ ਕੀਨ ਪਯਾਨਾ।
ਗਈ ਤਹਾਂ ਕੋਸ਼ਠ ਜਿਸ ਥਾਨਾ।
ਦੂਰ ਦੂਰ ਫਿਰ ਚਹੁੰਦਿਸ਼ਿ ਤਾਂਹੀ।
ਪੁਨ ਦਰ ਦਿਸ਼ ਗਮਨੀ ਹੁਇ ਪਾਹੀ ॥੮॥
ਤਹਾਂ ਪਹੁੰਚ ਕਰਿ ਸੀਸ ਝੁਕਾਵਾ।
ਪੁਨ ਊਚੇ ਹਿਹਨਾਟ ਸੁਨਾਵਾ।
ਸੰਗਤਿ ਦੇਖਿ ਦੇਖਿ ਬਿਸਮਾਵੈ।
-ਇਹਾਂ ਨ ਸਤਿਗੁਰ ਕਹੂੰ ਦਿਸਾਵੈਂ ॥੯॥
ਬੜਵਾ ਨਹਿਂ ਅਬਿ ਆਗੇ ਜਾਵਤਿ।
ਜਨੁ ਲਛਮੀ, ਇਤ ਬਿਸ਼ਨੁ ਬਤਾਵਤਿ।
ਰਾਜਸ਼ਿਰੀ[1] ਪੁਰਹੂਤ ਖੁਜੰਤੀ।
ਅਬਿ ਇਸ ਥਲ ਕੋ ਨਹੀਂ ਤਜੰਤੀ- ॥੧੦॥

[1]ਸਚੀ। (ਅ) ਰਾਜ ਲੱਛਮੀ।

ਪਿਖ ਬੁੱਢੇ ਸਭਿ ਕੋ ਸਮਝਾਯੋ।
'ਇਹ ਕੋਠਾ ਕਿਸ ਕੋ ਬਨਵਾਯੋ।
ਦਰ ਦੇਖਹੁ ਨਹਿਂ ਪੱਯਤਿ ਯਾਹੀ[1]।
ਬੜਵਾ ਰਹੀ ਸਥਿਰ ਹੁਇ ਪਾਹੀ[1] ॥੧੧॥

[1]ਦਿੱਸਦਾ ਨਹੀਂ ਇਸ ਦਾ ਦਰਵਾਜਾ, ਦੇਖੋ।

[1]ਇਸ ਦੇ ਕੋਲ ਹੀ।

ਪ੍ਰਥਮ ਪ੍ਰਕਰਮਾ ਇਸ ਕੀ ਕਰੀ।
ਦੂਰ ਦੂਰ ਚਹੁਂ ਦਿਸ਼ ਮਹਿਂ ਫਿਰੀ।
ਸੀਸ ਝੁਕਾਇ ਬੰਦਨਾ ਠਾਨੀ।
ਥਿਰ ਅਬਿ ਰਹੀ, ਗੁਰੂ ਇਸਥਾਨੀ[1]' ॥੧੨॥

[1](ਤਾਂਤੇ) ਗੁਰੂ ਜੀ ਇਸ ਥਾਂ ਤੇ (ਹੋਣਗੇ)।

ਤਬਿ ਕੋਸ਼ਠ ਕੇ ਚਹੁਂਦਿਸ਼ ਫਿਰਿਓ।
ਦਰ ਕੋ ਥਿਰਜੋ ਨਿਹਾਰਨਿ ਕਰਿਓ।
ਅੱਖਰ ਲਿਖੈ ਦੇਖਿ ਕਰਿ ਕਹਜੋ।
'ਸਭਿ ਆਵਹੁ, ਇਕ ਪਤਾ ਸੁ ਲਹਜੋ[1] ॥੧੩॥

[1]ਇਕ ਪਤਾ ਮਿਲ ਗਿਆ ਹੈ।

ਗੁਰੂ ਹਾਥ ਕੀ ਲਿਖਤਿ ਦਿਖੀਜਹਿ।
ਮੈਂ ਅਬ ਪਠਿਹੌਂ ਸਰਬ ਸੁਨੀਜਹਿ।'
ਗਏ ਧਾਇ ਤਿਸ ਦੇਖਯੋ ਜਾਇ।

ਪਠਿ ਅੱਖਰ ਸੋ ਬ੍ਰਿੱਧ ਸੁਨਾਇ ॥੧੪॥
'ਆਇ ਇਹਾਂ ਦਰ ਪਾਰਹਿ[1] ਜੋਊ।
ਹਮ ਨਹਿਂ ਗੁਰੂ, ਸਿੱਖ ਨਹਿਂ ਸੋਊ।
ਹਲਤ ਪਲਤ ਮਹਿਂ ਨਹੀਂ ਸਹਾਈ।
ਜੋ ਆਇਸੁ ਕੋ ਦੇਹਿ ਮਿਟਾਈ' ॥੧੫॥
ਸੁਨਿ ਸੰਗਤਿ ਸਗਰੀ ਬਿਸਮਾਨੀ।
ਕਿਮਿਹੂੰ ਕਹੀ ਜਾਇ ਨਹਿਂ ਬਾਨੀ।
ਆਨ[1] ਗੁਰੂ ਕੀ ਉਲੰਘ ਨ ਸੱਕਈਂ।
ਖਰੇ ਪਰਸਪਰ ਮੁਖ ਕੋ ਤੱਕਈਂ ॥੧੬॥
-ਜਾਨੀ ਜਾਇ ਜੁਗਤਿ ਨਹਿਂ ਕੋਈ।
ਜਿਸ ਤੇ ਦਰਸ ਗੁਰੂ ਕਹੁ ਹੋਈ-।
ਚਿੰਤਮਾਨ ਹੈ ਕਰਿ ਤਬਿ ਸਾਰੇ।
ਸ਼ਰਨ ਬ੍ਰਿੱਧ ਕੀ ਬਾਕ ਉਚਾਰੇ ॥੧੭॥
'ਇਹ ਕੌਤਕ ਸਭਿ ਆਪ ਦਿਖਾਏ।
ਤੁਮ ਬਿਨ ਕਿਸ ਤੇ ਹ੍ਵੈ ਨ ਉਪਾਏ।
ਸਭਿ ਸੰਗਤਿ ਪਰ ਕਰੁਨਾ ਕਰੀਏ।
ਆਪ ਜਤਨ ਕਰਿ ਗੁਰੂ ਦਿਖਰੀਏ' ॥੧੮॥
ਸੁਨਿ ਬਿਚਾਰ ਬੁੱਢੇ ਤਬਿ ਕੀਨਸਿ।
ਸਿੱਖਜਨ ਪਰ ਕਰੁਨਾ ਰਸ ਭੀਨਸਿ।
ਚਿਤਵਜੋ -ਗੁਰੁ ਨੇ ਬਚਨ ਉਚਾਰਾ।
ਹੋਹਿ ਦੋਸ਼ ਜੇ ਖੋਲਹਿਂ ਦ੍ਵਾਰਾ ॥੧੯॥
ਅਪਰ ਥਾਨ ਕੋ ਪਾਰਨ ਕਰੌਂ[1]।
ਤਹਾਂ ਨਹੀਂ ਇਸ ਦੋਸ਼ ਨਿਹਰੌਂ।
ਦਰਸ਼ਨ ਕਰਿ ਕੈ ਬਿਨਤੀ ਠਾਨਹਿਂ।
ਸਭਿ ਅਪਰਾਧ ਛਿਮਹਿ, ਹਿਤ ਜਾਨਹਿਂ[1]- ॥੨੦॥
ਰਿਦੈ ਧਜਾਨ ਧਰਿ ਬੰਦਨ ਕੀਨਸਿ।
ਕੋਸ਼ਟ ਕੋ ਪਿਛਲੀ ਦਿਸ਼ ਚੀਨਸਿ।
ਤਹਾਂ ਜਾਇ ਕਰਿ ਈਂਟ ਉਖੇਰੀ।
ਤੀਛਨ ਲੋਹ ਸੰਗ ਤਿਸ ਬੇਰੀ ॥੨੧॥
ਗਰੀ ਕਰੀ[1] ਤਹਿਂ ਪ੍ਰਵਿਸ਼ਨਿ ਜੇਤੀ।

[1]ਖੋਲੇਗਾ।

[1]ਮਿਰਯਾਦਾ (ਅ) ਪ੍ਰਤਿੱਗਜਾ।

[1]ਪਾੜਨਾਂ ਕਰਾਂ।

[1]ਗੁਰੂ ਜੀ ਪ੍ਰੇਮ ਨੂੰ ਹੀ ਜਾਣਦੇ ਹਨ, ਭਾਵ ਓਹ ਗੁੱਸੇ ਕਦੇ ਨਹੀਂ ਹੁੰਦੇ (ਅ) ਮੇਰੇ ਪ੍ਰੇਮ ਨੂੰ ਜਾਣ ਲੈਣ (ਕਿ ਇਸ ਦੀ ਅਵਗਜਾ ਦਾ ਕਾਰਣ ਪ੍ਰੇਮ ਹੈ ਬੇਅਦਬੀ ਨਹੀਂ)।

[1]ਮੋਰੀ ਕੀਤੀ।

ਸੰਗਤਿ ਦੇਖਤਿ ਅਚਰਜ ਸੇਤੀ।
ਪਸ਼ਚਮ ਦਿਸ਼ ਮਹਿਂ ਕੋਸ਼ਠ ਦ੍ਵਾਰਾ।
ਪੂਰਬ ਦਿਸ਼ਾ ਪਾਰ ਕੋ ਪਾਰਾ[1] ॥੨੨॥
ਅੰਤਰ ਧੀਰਜ ਧਾਰਿ ਪ੍ਰਵੇਸ਼ਾ।
ਪਿਖੇ ਗੁਰੂ ਤਬਿ ਮਨਹੁ ਮਹੇਸ਼ਾ।
ਆਸਨ ਲਾਇ ਸਮਾਧਿ ਅਗਾਧਾ।
ਬ੍ਰਹਮ ਰੂਪ ਇਕ ਅਚਲ ਅਬਾਧਾ ॥੨੩॥
ਅੰਗ ਅਡੋਲ ਟਿਕੇ ਜਗ ਸ੍ਵਾਮੀ।
ਕੋਟਿ ਬਰਖ ਜਿਮਿ ਸ਼ਿਵ ਨਿਸ਼ਕਾਮੀ[1]।
ਪਦ ਅਰਬਿੰਦ ਬੰਦਨਾ ਧਾਰੀ।
ਕਰ ਸਪਰਸ਼ ਕਰਿ ਥਿਰਯੋ ਅਗਾਰੀ ॥੨੪॥
ਛੁਵਤਨ[†] ਹਾਥ ਸਮਾਧਿ ਵਿਰਾਮ[1]।
ਖੁਲੇ ਬਿਲੋਚਨ ਕ੍ਰਿਪਾ ਸੁ ਧਾਮ[1]।
ਦੇਖਿ ਬ੍ਰਿੱਧ ਕੋ ਬਾਕ ਉਚਾਰਾ।
'ਕਿਮਿ ਤੈਂ ਟਾਰਯੋ ਹੁਕਮ ਹਮਾਰਾ?' ॥੨੫॥
'ਸ੍ਰੀ ਗੁਰੁ! ਹਮ ਨਹਿਂ ਆਇਸੁ ਟਾਰੀ।
ਤਜਿ ਦਰ, ਫੋਰਯੋ ਦ੍ਵਾਰ ਪਿਛਾਰੀ[1]।
ਸਭਿ ਸਿੱਖਜਨ ਮਨ ਬਯਾਕੁਲ ਹੇਰਾ।
ਦੂਰੇ ਆਪ ਕਰਿ ਜਗਤ ਅੰਧੇਰਾ ॥੨੬॥
ਇਹ ਬਿਧਿ ਕਯੋਂ ਕਰਿ ਬਨਹਿ ਗੁਸਾਈਂ।
ਛਪਹੁ ਆਪ ਸੰਗਤਿ ਦੁਖ ਪਾਈ।
ਸਰਬ ਸ਼ਕਤਿ ਜੁਤਿ ਸਮਰਥ ਪੂਰਨ।
ਚਹਹੁ ਜਿ ਚਿੱਤ ਮਹਿਂ ਕਰਿ ਹੋ ਤੂਰਨ ॥੨੭॥
ਤੀਨ ਲੋਕ ਪਰ ਹੁਕਮ ਤੁਮਾਰਾ।
ਬੈਠਹੁ ਤੁਮ, ਕਿਸ ਤੇ ਡਰ ਧਾਰਾ।
ਨਿਕਸਹੁ ਵਹਿਰ ਦਿਖਾਵਹੁ ਦਰਸ਼ਨ।
ਕਰਿਹੈ ਸੰਗਤਿ ਪਾਇਨ ਪਰਸਨ

[1]ਪਾੜ ਪਾੜਿਆ।

[1]ਕਾਮਨਾ ਤੋਂ ਰਹਤ ਸ਼ਿਵ ਜੀ।

[1]ਉਟਕ ਗਈ, [ਸੰਸ: ਵਿਰਾਮ = ਕਿਸੇ ਕ੍ਰਿਯਾ ਦਾ ਰੁਕ ਜਾਣਾ] ਸਮਾਧੀ ਦੇ ਪ੍ਰਵਾਹ ਦਾ ਰੁਕ ਜਾਣਾ ਸਮਾਧੀ ਦਾ ਖੁਲ੍ਹ ਜਾਣਾ ਹੈ। [†]ਪਾ:-ਛੁਵਤਿ।

[1]ਭਾਵ ਗੁਰੂ ਜੀ ਦੇ ਨੇਤ੍ਰ।

[1]ਪਿਛਲੇ ਪਾਸਿਓਂ ਰਸਤਾ ਪਾੜਿਆ ਹੈ।

॥੨੮॥
ਸ਼੍ਰੀ ਅੰਗਦ ਕੀ ਸਿਮਰਹੁ ਸਿੱਖਯਾ।
ਨਾਮ ਜਪਾਇ ਕਰਹੁ ਸਿਖ ਰੱਖਯਾ।'
ਸੁਨਤਿ ਭਏ ਸ਼੍ਰੀ ਅਮਰ ਪ੍ਰਸੰਨ।
ਕਹਯੋ ਬ੍ਰਿੱਧ ਕੋ 'ਤੁਮ ਬਹੁ ਧੰਨ ॥੨੯॥
ਪਰਉਪਕਾਰ ਹੇਤੁ ਸਭਿ ਕਰਯੋ।
ਸਿੱਖੀ ਕੋ ਸਥੰਭ[1] ਹ੍ਵੈ ਥਿਰਯੋ।

[1]ਥੰਮ੍ਹ, ਆਸਰਾ।

ਮਤਸਰ ਪਾਵਕ ਜ੍ਵਲਤ[1] ਮਹਾਨਾ।

[1]ਜਗਤ ਵਿਚ) ਈਰਖਾ ਰੂਪੀ ਅੱਗ ਬਲ ਰਹੀ ਹੈ।

ਈਂਧਨ ਧੀਰਜ ਗਯਾਨ ਰੁ ਧਯਾਨਾ[1] ॥੩੦॥

[1]ਧੀਰਜ, ਗਯਾਨ ਧਯਾਨ ਉਸ ਵਿਚ ਬਾਲਣ ਬਲ ਰਹੇ ਹਨ।

ਪਿਸ਼ਤਾਸ਼ਨੀ[1] ਆਸ ਦੁਖਦਾਈ।

[1]ਆਦਮਖੋਰ। [ਸੰਸ: ਪਿਸ਼ਤਾਸ਼ਨਿ = ਰਾਖਸ਼ੀ, ਆਦਮ ਖੋਰ, ਗੋਸ਼ਤ ਖੋਰ] ਆਸਾ ਨੂੰ ਆਦਮੀਆਂ ਦਾ ਮਾਸ ਖਾਣ ਵਾਲੀ ਦੱਸਦੇ ਹਨ।

ਪੁਰਹਿ ਨ ਰਾਜ ਤ੍ਰਿਲੋਕੀ ਪਾਈ[1]।

[1]ਪੂਰਨ ਨਹੀਂ ਹੁੰਦੀ ਤ੍ਰਿਲੋਕੀ ਦਾ ਰਾਜ ਪਾਇਆਂ ਭੀ।

ਬ੍ਰਹਮਾਦਿਕ ਜਿਨ ਜੀਤੇ ਸਾਰੇ।
ਕਲਿਜੁਗ ਕੇ ਨਰ ਕੌਨ ਬਿਚਾਰੇ ॥੩੧॥
ਮੋਹ ਸੈਨ ਕੋ ਜੋਰ ਮਹਾਨਾ।
ਜਹਿਂ ਕਹਿਂ ਸਦਗੁਨ ਕੀ ਕਰਿਹਾਨਾ[1]।

[1]ਸ੍ਰੇਸ਼ਟ ਗੁਣਾਂ ਦੀ ਨਾਸ਼ ਕਰਤਾ ਹੈ।

ਬਹੁ ਕੁਚਾਲ ਕਲਿਕਾਲ ਬਿਥਾਰੀ।
ਪੰਡਿਤ ਮੂੜ੍ਹਨ ਸਭਿ ਉਰ ਧਾਰੀ ॥੩੨॥
ਤਿਸ ਕੋ ਤ੍ਰਾਸ ਬਿਲੋਕਿ ਬਿਸਾਲਾ।
ਆਨਿ ਛਪੇ ਕੋਸ਼ਠ ਇਸ ਕਾਲਾ[†]।'

[†]ਦਾਸੂ ਨੇ ਕਿਹਾ ਸੀ (ਦੇਖੋ ਅੰਸੂ ੩੪ ਅੰਕ ੪੩) ਕਿ ਇਥੋਂ ਟੁਰ ਜਾਓ। ਸੋ ਗੁਰੂ ਪੁੱਤ੍ਰ ਜਾਣਕੇ ਤੇ ਕਿਸੇ ਨਾਲ ਈਰਖਾ ਦਾ ਮੁਕਾਬਲਾ ਕਰਨਾ ਜੋਗ ਨਾ ਸਮਝਕੇ ਗੁਰੂ ਜੀ, ਸਭ ਸਮਾਜ ਛੋੜਕੇ ਟੁਰ ਆਏ ਸਨ। ਸੰਗਤ ਦਾ ਆਖਾ ਮੰਨਣਾ ਬੀ ਇਕ ਗੁਰੂ ਬਿਰਦ' ਹੈ ਸੀ। ਇਸ ਕਰਕੇ ਫੇਰ ਮੁੜ ਆਏ, ਯਥਾ:-ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ। ਗਾਦੀ ਪਰ ਬੈਠੇ ਤਜਿ ਗਿਨਤੀ। [ਅੰਸੂ ੩੬ ਅੰਕ ੪੯]

ਸੁਨਿ ਬ੍ਰਿਧ ਨੇ ਪੁਨ ਬਾਕ ਬਖਾਨੇ।
'ਸਭਿ ਕੌਤਕ ਤੁਮ ਨੈ ਇਹ ਠਾਨੇ ॥੩੩॥
ਅਪਨੀ ਲੀਲ੍ਹਾ ਆਪ ਨਿਹਾਰਹੁ।
ਕਿਸੇ ਉਪਾਵਹੁ ਕਿਸੇ ਸੰਘਾਰਹੁ।
ਸਭਿ ਜੀਵਨ ਕੇ ਜੀਵ ਬਿਸਾਲਾ।
ਦੇਹੁ ਜੀਵਕਾ ਤੁਮ ਸਭਿ ਕਾਲਾ ॥੩੪॥
ਸੰਗਤਿ ਬਯਾਕੁਲ ਅਪਨੀ ਜਾਨੋ।
ਦਰਸ਼ਨ ਦੇਹੁ ਕਸ਼ਟ ਕੋ ਹਾਨੋ।

ਧਰਹਿਂ ਕਾਮਨਾ ਪੂਰਨ ਕਰੀਐ।
ਬਿਰਦ ਕ੍ਰਿਪਾਲ ਸਦੀਵ ਬਿਚਰੀਐ' ॥੩੫॥
ਬਿਨਤੀ ਸੁਨਿ ਕੈ ਬਾਕ ਉਚਾਰਾ।
'ਉਠਹੁ ਆਪ ਅਬਿ ਖੋਲਹੁ ਦ੍ਵਾਰਾ।
ਸੰਗਤਿ ਕੋ ਦਰਸਾਉ[1] ਭਲੇਰੇ।
ਇਹ ਉਪਕਾਰ ਹੁਏ ਸਭਿ ਤੇਰੇ' ॥੩੬॥
ਸੁਨਿ ਕੈ ਬ੍ਰਿੱਧ ਬਿਲੰਦ ਅਨੰਦਯੋ[1]।
ਤੂਰਨ ਉਠਯੋ ਗੁਰੂ ਪਦ ਬੰਦਯੋ।
ਢਾਹਿ ਈਂਟਕਾ ਖੋਲਯੋ ਦ੍ਵਾਰਾ।
ਸਭਿ ਸੰਗਤਿ ਕੋ ਤਬਹਿ ਹਕਾਰਾ ॥੩੭॥
ਦਿਖਤਿ ਹੁਤੀ[1], ਸੁਨਿ ਬ੍ਰਿਧ ਕੀ ਆਗਯਾ।
ਹਰਖਤਿ ਭਈ ਪ੍ਰੇਮ ਰਸ ਪਾਗਯਾ।
ਹੁਮ ਹੁਮਾਇ ਸੰਗਤਿ ਸਭਿ ਆਈ।
ਭਈ ਭੀਰ ਤਹਿਂ ਥਾਉਂ ਨ ਪਾਈ ॥੩੮॥
ਪਦ ਪੰਕਜ ਪਰਸਹਿਂ, ਕਰ ਬੰਦਹਿਂ।
ਦਰਸਹਿਂ ਸਤਿਗੁਰ ਰਿਦੈ ਅਨੰਦਹਿਂ।
ਧਰਹਿਂ ਉਪਾਇਨ ਪ੍ਰੇਮ ਬਧਾਵਹਿਂ।
ਜੈ ਜੈ ਕਾਰ ਉਚਾਰਿ ਸੁਨਾਵਹਿਂ ॥੩੯॥
ਸਭਿ ਸੰਗਤਿ ਬੈਠੀ ਹਰਖਾਏ।
ਭੇਟਨਿ ਕੇ ਅੰਬਾਰ ਲਗਾਏ।
ਸਭਿਨਿ ਸੁਨਾਇ ਗੁਰੂ ਤਬ ਕਹਯੋ।
'ਇਹੁ ਉਪਕਾਰ ਸੁ ਬੁੱਢੇ ਲਹਯੋ ॥੪੦॥
ਖੇਦ ਬਡੋ ਨਿਜ ਤਨ ਪਰ ਲੀਨਾ।
ਨੀਕੋ ਹਿਤ ਸੰਗਤਿ ਕੋ ਕੀਨਾ।
ਇਸ ਕੋ ਪਾਰ ਦਯੋ ਦਰਸਾਵੈ[1]।
ਸੋ ਨਰ ਜਮ ਕੋ ਪਿਖਨ ਨ ਪਾਵੈ ॥੪੧॥
ਇਹੁ ਸੰਗਤਿ ਕੋ ਬੋਹਿਥ ਭਾਰਾ।
ਭਉਜਲ ਤੇ ਕਰਿਹੈ ਨਿਸਤਾਰਾ।
ਸਿੱਖੀ ਅਵਧਿ, ਨ ਇਸ ਤੇ ਪਰੈ[1]।
ਨਾਮ ਲਿਏ ਗਨ ਬਿਘਨ ਸੁ ਹਰੈ' ॥੪੨॥

[1]ਦਰਸ਼ਨ ਦਿਓ।

[1]ਖੁਸ਼ ਹੋਯਾ।

[1]ਸੰਗਤ) ਤੱਕ ਰਹੀ ਸੀ, ਭਾਵ ਉਡੀਕ ਵਿਚ ਸੀ।

[1]ਇਸਦੇ ਦਿੱਤੇ ਪਾੜ ਨੂੰ (ਜੋ ਕੋਈ) ਦੇਖੇਗਾ।

[1]ਸਿੱਖੀ ਦੀ ਬਾਬਾ ਬੁੱਢਾ ਹਦ ਹੈ ਇਸਤੋਂ ਪਰੇ ਹੋਰ ਸਿੱਖੀ ਨਹੀਂ।

ਬ੍ਰਿਧ ਨੇ ਕਹਯੋ 'ਤੁਰੰਗਨਿ ਖਰੀ।
ਜਿਸ ਨੇ ਰਾਵਰਿ ਕੀ ਸੁਧਿ ਕਰੀ।
ਉਠਹੁ, ਅਰੂਢਹੁ, ਚਲਹੁ ਕ੍ਰਿਪਾਲਾ !
ਸਦਨ ਆਪਨੇ ਗੋਇੰਦਵਾਲਾ' ॥੪੩॥
ਤਬਿ ਸ਼੍ਰੀ ਗੁਰੁ ਨਿਕਸੇ ਤਿਸ[1] ਬਾਹਰ। — [1]ਓਸ (ਕੋਠੇ) ਤੋਂ।
ਖਰੇ ਭਏ ਦਿਯ ਦਰਸ਼ਨ ਜ਼ਾਹਰ।
ਆਇ ਤੁਰੰਗਨਿ ਸੀਸ ਨਿਵਾਵਾ।
ਫੁਰਕਾਵਿਤ[1] ਹਿਰਦਾ ਹਰਖਾਵਾ ॥੪੪॥ — [1]ਨਾਸਾਂ) ਫੁਰਕਾਉਂਦੀ ਹੈ।
ਤਬਿ ਸ਼੍ਰੀ ਅਮਰ ਫੇਰ ਕਰਿ ਹਾਥ।
ਚਢੇ ਸਿਮਰ ਸ਼੍ਰੀ ਨਾਨਕ ਨਾਥ।
ਸੁੰਦਰ ਗਤਿ[1] ਬੜਵਾ ਤਬਿ ਚਲੈ। — [1]ਚਾਲ।
ਸੰਗਤਿ ਚਲਤਿ ਸੰਗ ਸਭਿ ਮਿਲੈ ॥੪੫॥
ਭਾਈ ਬ੍ਰਿੱਧ ਰਕਾਬ ਤਬਿ ਗਹੀ।
ਸਭਿਹਿਨਿ ਅਸ ਸ਼ੋਭਾ ਤਬਿ ਲਹੀ।
ਅਨੰਦ ਉਦਧਿ ਕੀ ਉਠਹਿਂ ਤਰੰਗੈਂ।
ਇਮਿ ਸਭਿ ਜਾਤਿ ਚਲੇ ਗੁਰ ਸੰਗੈ ॥੪੬॥
ਚਲਿ ਆਏ ਇਮਿ ਗੋਇੰਦਵਾਲ।
ਸਭਿ ਨੇ ਉਤਸਵ ਕੀਨਿ ਬਿਸਾਲ।
ਦੀਪਮਾਲ ਸਗਰੇ ਪੁਰਿ ਹੋਈ।
ਦਰਸ਼ਨ ਕਹੁ ਆਏ ਸਭਿ ਕੋਈ ॥੪੭॥
ਮਧੁਰ ਪ੍ਰਸਾਦਿ ਭਯੋ ਸਮੁਦਾਈ।
ਬਰਤਤਿ ਸੰਗਤਿ ਸਗਲ ਅਘਾਈ।
ਫੂਲਨ ਮਾਲਾ ਆਨਤਿ ਕੇਈ।
ਦਰਸੈਂ ਕਿਤਿਕ ਆਨਿ ਫਲ ਤੇਈ[1] ॥੪੮॥ — [1]ਉਹ (ਸਿਖ) ਫਲ ਲਿਆਕੇ (ਭੇਟ ਧਰਕੇ) ਦਰਸ਼ਨ ਕਰਦੇ ਹਨ।
ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ।
ਗਾਦੀ ਪਰ ਬੈਠੇ ਤਜਿ ਗਿਨਤੀ।
ਦੇਨਿ ਲਗੇ ਦਰਸ਼ਨ ਪੁਨ ਤੈਸੇ।
ਸਿੱਖ ਸਰਬ ਪਰਵਾਰਤਿ ਬੈਸੇ ॥੪੯॥
ਜੇਤਿਕ ਸੰਗਤਿ ਹੁਤੀ ਬਿਦੇਸ਼ੁ।
ਦਰਸ਼ਨ ਕਰਿ ਵਰ ਪਾਇ ਵਿਸ਼ੇਸ਼ੁ।

ਰਹਿ ਕੇਤਿਕ ਦਿਨ ਗਈ ਅਵਾਸੂ[1]। [1](ਆਪਣੇ) ਘਰੀਂ।
ਦਸ ਦਿਸ਼ ਕੀਰਤਿ ਕਰਤਿ ਪ੍ਰਕਾਸ਼ੂ
॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅਮਰਦਾਸ ਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਪਾਰੋ ਜੁਲਕਾ। ਲਾਲੂ ਨੂੰ ਬਖਸ਼ੀਸ਼ਾਂ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਪੁਰੀ ਬਿਰਾਜੇ ਆਇ।
ਭਾਈ ਬ੍ਰਿੱਧ ਕੇਤਿਕ ਦਿਵਸ, ਰਹਜੋ ਨਿਕਟ ਸੁਖ ਪਾਇ ॥੧॥

ਚੌਪਈ:

ਦਾਤੁ ਲਾਤ ਬਿਖੈ ਦੁਖ[†] ਭਯੋ।
ਅਸਥਿ[1] ਬੀਚ ਤੇ ਪੀਰਤਿ ਥਿਯੋ[2]।
ਗੁਰੁ ਅਵੱਗਜਾ ਤੇ ਦੁਖ ਪਾਵੈ।
ਆਇ ਸਮੀਪ ਨਹੀਂ ਬਖਸ਼ਾਵੈ ॥੨॥
-ਲੱਜਾ ਜੁਤ ਕਜਾ ਮੁਖ ਲੈ ਜੈਹੌਂ।
ਬੈਠਿ ਸਭਾ ਸ਼ੋਭਾ ਕਿਮਿ ਲੈ ਹੌਂ-।
ਸਦਨ ਬਿਖੈ ਬੈਠਜੋ ਨਿਤ ਰਹੈ।
ਕਸ਼ਟ ਲਾਤ ਕੋ ਦੀਰਘ ਸਹੈ ॥੩॥
ਹਰਖ ਨ, ਸ਼ੋਕ ਨ, ਰਹੈਂ ਸਮਾਨ[1]।
ਸ਼੍ਰੀ ਸਤਿਗੁਰ ਉਰ ਛਿਮਾ ਨਿਧਾਨ।
ਭਲਾ ਬੁਰਾ ਕਿਸਹੂੰ ਨ ਬਖਾਨਹਿਂ।
ਸਭਿ ਪਰ ਦਯਾ ਦ੍ਰਿਸ਼ਟਿ ਕੋ ਠਾਨਹਿਂ ॥੪॥
ਤਬਿ ਭਾਈ ਬੁੱਢੇ ਕਰ ਜੋਰੇ।
ਬਿਦਾ ਹੋਇ ਗਮਨਜੋ ਗ੍ਰਿਹ ਓਰੇ।
ਗਜਾਨਵਾਨ ਗੁਰ ਧਜਾਨ ਸਦੀਵਾ।
ਸਭਿ ਤੇ ਊਚ ਅਧਿਕ ਮਨ ਨੀਵਾ ॥੫॥
ਪਾਰੋ ਜੁਲਕਾ ਡੱਲੇ ਮਾਂਹਿ[1]।
ਪਰਮੇਸ਼ੁਰ ਸੋਂ ਪ੍ਰੇਮ ਉਮਾਹਿ।
ਸਤਿਗੁਰ ਕੀ ਮਹਿਮਾ ਕੋ ਜਾਨਹਿ।
ਗੁਰਬਾਨੀ ਸੁ ਬਿਚਰਨ ਠਾਨਹਿ ॥੬॥
ਦਰਸ਼ਨ ਕੀ ਮਨ ਪਜਾਸੁ ਘਨੇਰੀ।
ਸਤਿਗੁਰ ਪਹਿ ਆਯਹੁ ਇਕ ਬੇਰੀ।

[†]ਪਾ:-ਰੁਜ।

[1]ਹੱਡੀ। [2](ਦਾਤੁ) ਹੱਡੀ ਵਿਚ (ਪੀੜ ਤੋਂ) ਪੀੜਤ ਹੋਇਆ।

[1]ਗੁਰੂ ਜੀ ਨੂੰ) ਨਾ ਹਰਖ ਹੈ ਨਾ ਸ਼ੋਕ ਹੈ, ਇਕੋ ਜਿਹੇ ਰਹਿੰਦੇ ਹਨ।

[1]ਡੱਲੇ (ਪਿੰਡ) ਵਿਚ।

ਨਮਸਕਾਰ ਕਰਿ ਬੈਠ੍ਯੋ ਪਾਸ।
ਮਨ ਮਹਿਂ ਦੀਰਘ ਪ੍ਰੇਮ ਪ੍ਰਕਾਸ਼ ॥੭॥
ਅੰਤਰਯਾਮੀ ਗੁਰ ਨੇ ਜਾਨਾ।
'ਪਰਮ ਹੰਸ' ਤਿਸ ਨਾਮ ਬਖਾਨਾ।
ਪੂਰਨ ਗ੍ਯਾਨ ਰਿਦੇ ਹੁਇ ਆਵਾ।
ਏਕ ਰੂਪ ਸਭਿ ਜਗ ਦ੍ਰਿਸ਼ਟਾਵਾ ॥੮॥
ਪਰਮਹੰਸ ਸਤਿਗੁਰ ਕੇ ਕਹੇ।
ਬ੍ਰਹਮ ਸਰੂਪ ਅਪਨ ਸੁਖ ਲਹੇ।
ਜੋਗ, ਵਿਰਾਗ, ਭਗਤਿ ਬਿੱਗ੍ਯਾਨ[1]।
ਪੂਰਨ ਹੋਏ ਜਿਸ ਕੇ ਆਨਿ ॥੯॥
ਨਿੱਧਿ ਸਿੱਧਿ ਰਿਧਿ ਗੁਰ ਤੇ ਪਾਈ।
ਆਵਤਿ ਹੀ ਸਤਿਗੁਰ ਸ਼ਰਨਾਈ।
ਕੁਲ ਆਚਾਰ ਕਰਤਿ ਬਿਵਹਾਰ।
ਉਰ ਮਹਿਂ ਗੁਰ ਚਰਨਨ ਕੋ ਧਾਰਿ[†] ॥੧੦॥
ਜੋਗ ਭੋਗ ਦੋਨਹੁਂ ਕੋ ਪਾਇ।
ਰਹੈ ਅਲੇਪ ਕਮਲ ਜਲ ਭਾਇ[1]।
ਦੁਇ ਦਿਨ ਘਰ, ਪੁਨ ਸਤਿਗੁਰ ਪਾਸ।
ਆਵਹਿ, ਰਹੈ, ਦਰਸ ਕੀ ਪ੍ਯਾਸ ॥੧੧॥
ਇਕ ਦਿਨ ਚਢ੍ਯੋ ਤੁਰੰਗਨਿ ਆਵੈ।
ਨਹਿਂ ਅਵਨੀ ਪਰ ਪਾਇਂ ਟਿਕਾਵੈ।
ਗਤਿ ਬਿਹੰਗ[1] ਕੀ ਬੜਵਾ ਚਾਲਹਿ[2]।
ਕਰਾਮਾਤ ਕੇ ਸਹਤਿ ਬਿਸਾਲਹਿ ॥੧੨॥
ਦਿੱਲੀ ਤੇ ਨਬਾਬ ਮਗ ਜਾਇ[1]।
ਗਜ ਪਰ ਹੁਤੋ ਚਮੂੰ ਸਮੁਦਾਇ।
ਅਵਲੋਕ੍ਯੋ ਤਿਨ ਭਾਈ ਪਾਰੋ।
ਮਹਾਂ ਅਚਰਜ ਰਿਦੈ ਮਹਿਂ ਧਾਰੋ ॥੧੩॥
ਸ਼ੀਘ੍ਰ ਜਾਇ ਭਾ ਖਰੋ ਅਗਾਊ।
ਦਰਸ਼ਨ ਕੋ ਧਰਿ ਕੈ ਚਿਤ ਚਾਊ।
ਤਜਿ ਗਜ ਕੋ ਪਾਇਨ ਪਰ ਪਰ੍ਯੋ।
ਪਾਰੋ ਕਿਰਪਾ ਦ੍ਰਿਸ਼ਟਿ ਨਿਹਰ੍ਯੋ ॥੧੪॥

[1]ਅਨੁਭਵ ਜੰਨ੍ਯ ਪੂਰਨ ਗਿਆਨ।
[†]ਪਾ:-ਉਰ ਮਹਿ ਗੁਰੂ ਚਰਨ ਕੋ ਧਾਰਿ।
[1]ਵਾਂਙੂ।
[1]ਪੰਛੀ। [2]ਘੋੜੀ ਚੱਲਦੀ ਹੈ।
[1]ਰਾਹ (ਵਿਚ) ਜਾਂਦਾ ਸੀ।

ਅਧਿਕ ਰਿਦੈ ਤਿਹ ਪ੍ਰੇਮ ਪ੍ਰਕਾਸ਼ਾ।
ਮਨ ਤੇ ਭਯੋ ਬਿਕਾਰ ਬਿਨਾਸ਼ਾ।
ਹਾਥ ਜੋਰਿ ਕੈ ਤਾਂਹਿ ਉਚਾਰਾ।
'ਅਹੋ ਵਲੀ! ਕਯਾ ਨਾਮ ਤੁਮਾਰਾ? ॥੧੫॥
ਕਿਤਿ ਕੋ ਜਾਤਿ ਕਹਾਂ ਤੇ ਆਏ?
ਖਾਦਮ ਕੀਜਹਿ ਬਰਾ ਖੁਦਾਏ[1]।'

[1]ਖੁਦਾਇ ਦੇ ਵਾਸਤੇ (ਮੈਨੂੰ) ਦਾਸ ਬਣਾ ਲਓ, [ਫਾ: ਬਰਾਏ ਖ਼ੁਦਾ]।

'ਪਾਰੋ ਨਾਮ ਹਮਾਰੋ ਅਹੈ।
ਗੁਰ ਦਰਸ਼ਨ ਜਾਵਤਿ ਚਿਤ ਚਹੈ' ॥੧੬॥
ਸੁਨਿ ਨਵਾਬ ਮਨ ਸਿਦਕ ਉਦਾਰਾ[1]।

[1]ਬਹੁਤ ਹੋਯਾ।

ਬੂਝਯੋ[1] 'ਕਿਹ ਠਾਂ ਪੀਰ ਤੁਮਾਰਾ?

[1]ਪੁਛਿਆ।

ਹਮ ਕੋ ਸੰਗ ਲੇਹੁ ਦਰਸਾਵਹੁ।
ਧੰਨ ਗੁਰੂ ਜਿਸਪਹਿ ਤੁਮ ਜਾਵਹੁ' ॥੧੭॥
ਪਾਰੋ ਕਹਯੋ 'ਸੰਗ ਜੋ ਲਸ਼ਕਰ।
ਅਪਰ ਬਿਭੂਤਿ ਸਰਬ ਕੋ ਪਰਹਰਿ।
ਤਬਿ ਤੁਮ ਗਮਨਹੁ ਦਰਸ਼ਨ ਕਰੀਅਹਿ।
ਸਤਿਗੁਰ ਪਰਸਨ ਕੋ ਫਲ ਧਰੀਅਹਿ' ॥੧੮॥
ਪ੍ਰੇਮ ਨਬਾਬ ਕੀਨਿ ਤਿਸ ਕਾਲਾ।
ਸੁਤ ਕੋ ਸੌਂਪਿ ਸਮਾਜ ਬਿਸਾਲਾ।
'ਖਿਜਮਤ ਪਾਤਿਸ਼ਾਹ ਕੀ ਕਰੋ।
ਹਮਰੋ ਖਯਾਲ ਨਹੀਂ ਉਰ ਧਰੋ' ॥੧੯॥
ਸੁਤ ਕੋ ਸਭਿ ਬਿਧਿ ਤਿਨ ਸਮਝਾਯੋ।
ਪਾਰੋ ਸੰਗ ਆਪ ਚਲਿ ਆਯੋ।
ਸਤਿਗੁਰ ਕੋ ਬੰਦਨ ਕਰਿ ਬੈਸੇ।
ਭਏ ਪ੍ਰਸੰਨ ਦੇਖਿ ਕਰਿ ਤੈਸੇ ॥੨੦॥
'ਪਾਰੋ! ਧੰਨ ਧੰਨ† ਉਪਕਾਰੀ।

†ਪਾ:-ਜੀਅਨ।

ਤਰਹੁ ਆਪ ਅਪਰਨ ਦੇ ਤਾਰੀ[1]।

[1]ਹੋਰਨਾਂ ਨੂੰ ਤਾਰ ਦੇਂਦਾ ਹੈਂ।

ਬੋਲਨ ਮਿਲਨ ਸੰਤ ਸੋਂ ਨੀਕਾ।
ਤਾਤਕਾਲ ਕਟਿ ਸੰਕਟ ਜੀ ਕਾ' ॥੨੧॥

ਪਾਰੋ ਨੇ ਸਭਿ ਕਹਜੋ ਪ੍ਰਸੰਗ।
ਜਿਸ ਪ੍ਰਕਾਰ ਆਨਜੋ ਸੋ ਸੰਗ।
ਸੁਨਿ ਸ਼੍ਰੀ ਅਮਰ ਕਰੀ ਤਬਿ ਕਰੁਨਾ।
ਹਰਜੋ ਤਿਸੀ ਕੋ ਜਨਮ ਰੁ ਮਰਨਾ ॥੨੨॥
ਸਤਿਗੁਰ ਕੀ ਉਰ ਪ੍ਰੀਤਿ ਪਰੀ ਹੈ।
ਮਨ ਬਿਕਾਰ ਕੀ ਪੀਰ ਹਰੀ ਹੈ।
ਭਯੋ ਨਿਹਾਲ ਨਿਬਾਬ ਘਨੇਰਾ।
ਕੇਤਿਕ ਦਿਨ ਗੁਰ ਨਿਕਟ ਬਸੇਰਾ ॥੨੩॥
ਸੰਤ ਸੰਗ ਸਮ ਪਾਰਸ ਛੁਹਜੋ।
ਹੁਤੋ ਮਨੂਰ ਸੁ ਕੰਚਨ ਭਯੋ।
ਪਰਮਾਨੰਦ ਪਾਇ ਕਰਿ ਭਲੋ।
ਬਿਦਾ ਹੋਇ ਪਾਰੋ ਸੰਗ ਚਲੋ ॥੨੪॥
ਡੱਲੇ ਗ੍ਰਾਮ ਨਾਮ ਇਕ ਲਾਲੂ।
ਪ੍ਰੇਮੀ ਪਾਰੋ ਸੰਗ ਬਿਸਾਲੂ।
ਸਤਿਗੁਰ ਜਾਪ ਜਪੇ ਦਿਨ ਰੈਨ।
ਹਰੇ ਬਿਕਾਰਨ ਤੇ ਮਨ ਚੈਨਿ ॥੨੫॥
ਪਾਰੋ ਇਕ ਦਿਨ ਆਵਨਿ ਲਾਗਾ।
ਗੁਰ ਦਰਸ਼ਨ ਕੋ ਮਨ ਅਨੁਰਾਗਾ।
ਕਹਿ ਲਾਲੋ 'ਗੁਰ ਕੇ ਢਿਗ ਜਾਵਹੁ।
ਮੋ ਕੋ ਭੀ ਦਰਸ਼ਨ ਕਰਿਵਾਵਹੁ ॥੨੬॥
ਤੁਵ ਕਰੁਨਾ ਤੇ ਭਵ[1] ਕੌ ਤਰੌਂ। [1]ਸੰਸਾਰ।
ਜਨਮ ਮਰਨ ਤੇ ਮਨ ਮਹਿਂ ਡਰੌਂ।
ਸ਼ਰਨ ਪਰਜੋ ਗੁਰ ਕੀ ਅਬ ਚਾਹੌਂ।
ਰਿਦੇ ਸੰਦੇਹਿਨ ਸਭਿ ਕੋ ਦਾਹੌਂ ॥੨੭॥
ਸਿਖ ਗੁਰਮੁਖ ਹੋਵਤਿ ਉਪਕਾਰੀ।
ਤੁਵ ਪਰਿ ਸਤਿਗੁਰ ਕਰੁਨਾ ਧਾਰੀ।'
ਬਧਜੋ ਪ੍ਰੇਮ ਲਾਲੂ ਕਹੁ ਪਲ ਮੈਂ।
ਪੁਲਕਜੋ ਤਨ, ਲੋਚਨ ਜਲ ਗਲ ਮੈਂ ॥੨੮॥
ਚਰਨ ਬੰਦਨਾ ਕਰਹਿ ਅਗਾਰੀ।

ਭਯੋ ਅਧੀਰ ਦਰਸ ਕੋ ਭਾਰੀ।
ਪਾਰੋ ਨੇ ਲਾਲੂ ਸੰਗ ਲੀਨੋ।
ਗੋਇੰਦਵਾਲ ਚਲਨਿ ਕੋ ਕੀਨੋ ॥੨੯॥
ਗੁਰ ਦਰਬਾਰ ਜਾਇ ਰਜ ਲਾਈ।
ਮਸਤਕ ਮੁਖ ਸਗਰੇ ਤਨ ਮਾਂਹੀ।
ਪੁਨ ਲੰਗਰ ਮਹਿਂ ਕਰਜੋ ਅਹਾਰਾ।
ਭਯੋ ਪੁਨੀਤ ਪਰਮ ਸੁਖ ਧਾਰਾ ॥੩੦॥
ਅੰਤਰ ਜਾਇ ਗੁਰੂ ਕੋ ਹੇਰਾ।
ਪਦ ਅਰਬਿੰਦ ਬੰਦਿ ਤਿਸੁ ਬੇਰਾ।
ਪੁਟ[1] ਲੋਚਨ ਤੇ ਅੰਮ੍ਰਿਤ ਰੂਪ।
ਪਾਨ ਕਰਤਿ, ਤ੍ਰਿਪਤੈ ਨ ਅਨੂਪ ॥੩੧॥
ਬੋਲੇ ਸਹਿਜ ਸੁਭਾਇ ਕ੍ਰਿਪਾਲੂ।
'ਅਤਿ ਹਰਿ ਰੰਗ ਚਲੂਲਜੋ[1] ਲਾਲੂ।'
ਸੁਨਿ ਕਰਿ ਪਰਮਾਨੰਦ ਕਹੁ ਪਾਯੋ।
ਨਿਸਿ ਦਿਨ ਧਜਾਨ ਗੁਰੂ ਕੋ ਲਾਯੋ ॥੩੨॥
ਕਰੁਨਾ ਕਰਿ ਲਾਲੂ ਕੇ ਭਾਲੂ।
ਨਿਜ ਕਰ ਧਰਜੋ, ਨਿਹਾਲ ਬਿਸਾਲੂ।
ਦਿਨ ਪ੍ਰਤਿ ਸਤਿਗੁਰ ਕੀਨਿ ਬਡੇਰਾ।
ਜਜੋਂ ਜਜੋਂ ਹੇਰਹਿ ਪ੍ਰੇਮ ਘਨੇਰਾ ॥੩੩॥
ਏਕ ਦਿਵਸ ਗੁਰੁ ਹੋਇ ਕ੍ਰਿਪਾਲੂ।
ਲਾਲੂ ਕੋ ਬਖਸ਼ੀਸ਼ ਬਿਸਾਲੂ।
ਜੇਤਿਕ ਗੁਪਤ ਲੋਕ ਜਗ ਮਾਂਹੀ।
ਦ੍ਰਿਸ਼ਟਿ ਨ ਪਰੈਂ ਫਿਰਹਿਂ ਸਭਿ ਜਾਹੀ[1] ॥੩੪॥
ਤਿਨ ਸਭਿ ਕੋ ਗੁਰ ਤਿਸੇ ਬਨਾਯੋ।
ਅਪਰ ਹੁਕਮ ਤੇ ਤਾਂਹਿ ਪੁਜਾਯੋ।
ਸੰਗਤਿ ਗੁਪਤਨਿ ਕੀ ਹੁਇ ਜੇਤੀ।
ਲਾਲੋ[†] ਕੇ ਪਗ ਪੂਜਹਿ ਤੇਤੀ ॥੩੫॥
ਦੂਰ ਦੂਰ ਤੇ ਆਵਹਿਂ ਸੇਈ।
ਮਾਨਹਿਂ ਹੁਕਮ ਦਰਸ ਕਰਿ ਤੇਈ।

[1]ਭੂਨੇ।

[1]ਰੰਗਿਆ ਗਿਆ।

[1]ਸਭ ਥਾਈਂ।

[†]ਇਹ ਪਦ ਇਸ ਪ੍ਰਸੰਗ ਵਿਚ ਸਾਰੇ ਨੁਸਖਿਆਂ ਵਿਚ ਕਿਤੇ ਲਾਲੋ ਹੈ ਕਿਤੇ ਲਾਲੂ, ਮੁਰਾਦ ਇਕੋ ਪੁਰਖ ਤੋਂ ਹੈ, ਭਾਈ ਗੁਰਦਾਸ ਜੀ ਨੇ ਨਾਮ ਲਾਲੂ ਦਿੱਤਾ ਹੈ।

ਖਰੇ ਅਗਾਰੀ ਰਹਹਿਂ ਹਮੇਸ਼।
ਕਹਿਹਿ ਸੁ ਕਰਹਿਂ ਜਿ ਕਾਜ ਵਿਸ਼ੇਸ਼
॥੩੬॥
ਕੋਸ ਹਜਾਰਨ ਕੋ ਚਲਿ ਆਵਹਿ।
ਤੂਰਨ ਸੋ ਲਾਲੋ ਦਰਸਾਵਹਿ।
ਜਿਮ ਆਇਸੁ ਦੇ ਮਾਨਹਿਂ ਸੋਈ।
ਆਨ ਉਪਾਇਨ ਅਰਪਤਿ ਜੋਈ ॥੩੭॥
ਇਕ ਪਠਾਨ ਸੌਦਾਗਰ ਭਾਰੋ।
ਭਰਿ ਜਹਾਜ ਬਾਰਧ[1] ਮਹਿਂ ਡਾਰੋ[2]। [1]ਸਮੁੰਦਰ। [2]ਪਾਯਾ।
ਤਾਂਕੋ ਮੇਲ ਸੁ ਲਾਲੂ ਸਾਥ।
ਮਿਲਤਿ ਜਬਹਿ ਬੰਦਹਿ ਜਗ ਹਾਥ
॥੩੮॥
ਸੋ ਸਮੁੰਦ੍ਰ ਮਹਿਂ ਬਨਜ ਕਰੰਤਾ।
ਟਾਪੂ ਬਿਖੈ ਲਾਭ ਲਭਜੰਤਾ।
ਇਕ ਬਿਰ[1] ਤਿਹ ਜਹਾਜ ਫਟਿ ਗਯੋ। [1]ਇਕ ਵੇਰੀ।
ਸਕਲ ਸਮਾਜ ਬੂਡਤੋ ਭਯੋ ॥੩੯॥
ਮਹਾਂ ਅੰਧੇਰੀ ਤੇ ਬਡ ਫੂਟਾ।
ਤਖਤਾ ਏਕ ਸੰਗ ਤੇ ਟੂਟਾ।
ਤਿਸ ਪਰ ਚਢ੍ਯੋ ਪਠਾਨ ਬਚ੍ਯੋ ਤਬਿ।
ਬਾਯੁ ਬੇਗ ਤੇ ਬਹ੍ਯੋ ਗਯੋ[1] ਜਬ ॥੪੦॥ [1]ਹਵਾ ਦੇ ਜ਼ੋਰ ਨਾਲ ਰੁੜ੍ਹਦਾ ਗਿਆ।
ਇਕ ਟਾਪੂ ਮਹਿਂ ਲਗ੍ਯੋ ਸੁ ਜਾਇ।
ਦੇਖ੍ਯੋ ਤਿਹ ਠਾਂ ਨਗਰ ਬਸਾਇ[1]। [1]ਵਸਦਾ ਹੈ।
ਤਖਤੇ ਪਰ ਤੇ ਉਤਰ ਸੁ ਗਯੋ।
ਕਿਹ ਕੋ ਮਿਲਿ ਤਹਿਂ ਬੂਝਤਿ ਭਯੋ
॥੪੧॥
'ਕੌਨ ਦੇਸ਼, ਕੋ ਪੁਰਿ ਕੋ ਨਾਮ?
ਬਸਹਿ ਕੌਨ ਇਹ ਥਲ ਕਰਿ ਧਾਮ।'
ਗੁਪਤ ਸਕਲ ਟਾਪੂ ਤਿਸ ਬਸਹਿਂ।
ਦੇਖਿ ਮਨੁਖ ਕੋ, ਸੋ ਤਬਿ ਹਸਹਿਂ
॥੪੨॥
ਕਹ੍ਯੋ ਤਿਨਹੁਂ 'ਗੁਪਤਨਿ ਕੋ ਥਾਂਯੋ।
ਤੂੰ ਮਾਨੁਖ ਕਹੁ ਕਿਤ ਤੇ ਆਯੋ?'

ਤ੍ਰਸਤਿ ਪਠਾਨ ਬਖਾਨਤਿ ਅਹੈ।
'ਦੇਸ਼ ਪੰਜਾਬ ਦੂਰ ਤਹਿਂ ਰਹੈ ॥੪੩॥
ਫੂਟ ਗਯੋ ਜਹਾਜ ਜਬ ਮੇਰਾ।
ਦੈਵ ਜੋਗ ਕਰਿ[1] ਇਹ ਥਲ ਹੇਰਾ।'
ਤਬਿ ਗੁਪਤਨਿ ਪੂਛ੍ਯੋ ਤਿਸੁ ਪਾਹੀ।
'ਲਾਲੂ ਕੋ ਤੂੰ ਲਖਹਿਂ ਕਿ ਨਾਂਹੀ' ॥੪੪॥
ਸੁਨਿ ਪਠਾਨ ਹਰਖ੍ਯੋ ਬਚੁ ਕਹੈ।
'ਹਮ ਲਾਲੋ ਕੇ ਢਿਗ ਹੀ ਰਹੈਂ।
ਮਿਲਤਿ ਸਦੀਵ ਬੰਦਨਾ ਕਰੌਂ।
ਬਡੋ ਸੰਤ ਭਾਉ ਸੁ ਉਰ ਧਰੌਂ[1]' ॥੪੫॥
ਸਾਦਰ ਤਿਹ ਬਿਠਾਇ ਹਿਤ ਕੀਨੋ।
ਪਤਾ ਦੇਸ਼ ਨਗਰੀ ਕੋ ਲੀਨੋ।
ਜਬਿ ਪਠਾਨ ਸਿਮਰ੍ਯੋ ਤਹਿਂ ਲਾਲੂ।
ਦ੍ਰਿਗ ਜਲ ਲੀਨਿ ਉਸਾਸ ਬਿਸਾਲੂ[1] ॥੪੬॥
ਇਸ ਕੋ ਪਿਖਿ ਗੁਪਤਨਿ ਕਰਿ ਦਯਾ।
'ਕ੍ਯੋਂ ਰੋਵਤਿ?' ਪੂਛਨ ਕੋ ਕਿਯਾ।
'ਹਮ ਲਾਲੂ ਕੇ ਸਿਖ ਸਭਿ ਅਹੈਂ।
ਤਿਮਿ ਕਰਿ ਦੇਹਿਂ ਜਥਾ ਚਿਤ ਚਹੈਂ' ॥੪੭॥
ਕਹੈ ਪਠਾਨ 'ਦਿਖਾਵਹ ਲਾਲੂ।
ਕਰਿਹੁ ਜਿ ਮੁਝ ਪਰ ਮਿਹਰ ਬਿਸਾਲੂ।
ਸਭਿ ਕਿਛੁ ਖੋਇ ਦੂਰ ਮੈਂ ਆਯੋ।
ਦੇਸ਼ ਪੰਜਾਬ ਚਹੌਂ ਅਬਿ ਜਾਯੋ' ॥੪੮॥
ਗੁਪਤਨਿ ਦੋਇ ਲਾਲ ਤਿਹ ਦੀਨੇ।
'ਇਹ ਲਾਲੂ ਕੀ ਭੇਟ ਸੁ ਕੀਨੇ।
ਅਪਰ ਜਵਾਹਰ ਅਪਨੇ ਹਿਤ ਲਿਹੁ।
ਇਹ ਦੁਇ ਲਾਲੋ ਹਮ ਦਿਸ਼ ਤੇ ਦਿਹੁ' ॥੪੯॥
ਤਬਿ ਪਠਾਨ ਲੀਨੇ ਹਰਖਾਇ।
ਕਹਿ ਤਿਨ ਪੁਨ ਇਸ ਦ੍ਰਿਗ ਮੁੰਦਵਾਇ[1]।
ਗੁਪਤਨਿ ਸੋ ਤਤਕਾਲ ਪੁਚਾਯੋ।

[1]ਈਸ਼੍ਵਰ ਦੀ ਨੇਤ ਕਰ।

[1]ਉਸ ਦਾ ਪ੍ਰੇਮ ਰਿਦੇ ਧਾਰਦਾ ਹਾਂ।

[1]ਲੰਮੇ ਸਾਹ।

[1]ਤਿਨ੍ਹਾਂ ਨੇ ਕਹਿਕੇ ਇਸ ਦੇ ਨੇਤਰ ਮਿਟਵਾਏ।

ਖੋਲੇ ਦ੍ਰਿਗ ਗ੍ਰਿਹ ਮਹਿਂ ਪਿਖਿ ਆਯੋ[1] ॥੫੦॥

[1]ਦੇਖੇ ਕਿ ਮੈਂ ਘਰ ਆ ਗਿਆ ਹਾਂ।

ਜਾਇ ਲਾਲ ਲਾਲੂ ਕੋ ਦਏ।
ਕਹਤਿ ਸੁਜਸੁ ਬਹੁ ਬੰਦਨ ਕਿਏ।
ਅਪਨਿ ਬ੍ਰਿਤਾਂਤ ਕਹ੍ਯੋ 'ਪੁਰਿ ਮਾਂਹੀ।
ਕ੍ਰਿਪਾ ਸੰਤ ! ਆਯੋ ਤੁਮ ਪਾਹੀ[1]' ॥੫੧॥

[1]ਹੇ ਸੰਤ! (ਤੇਰੀ) ਕ੍ਰਿਪਾ ਨਾਲ (ਇਸ) ਸ਼ਹਿਰ ਵਿਚ ਤੇਰੇ ਪਾਸ ਆਇਆ ਹਾਂ। (ਅ) (ਉਸ) ਸ਼ਹਿਰ ਵਿਚ ਦਾ ਹਾਲ ਦੱਸਿਆ (ਤੇ ਆਖਿਆ ਕਿ) ਹੇ ਸੰਤ ਤੇਰੀ ਕ੍ਰਿਪਾ ਨਾਲ ਤੇਰੇ ਪਾਸ ਆਇਆ ਹਾਂ।

ਲਾਲੋ ਲਾਲ ਲਿਏ ਕਰ ਦੋਇ।
ਗੁਰੂ ਢਿਗ ਆਨਿ ਰਖੇ ਤਿਨ ਸੋਇ।
ਪਿਖਿ ਸ਼੍ਰੀ ਅਮਰ ਬਚਨ ਮੁਖ ਭਾਖਾ।
'ਨਾਮ ਰਤਨ ਹਿਯਰੇ ਮਹਿਂ ਰਾਖਾ ॥੫੨॥
ਇਨ ਕੋ ਜਾਹ ਨਦੀ ਮੋਂ ਡਾਰ।
ਧਰਹੁ ਨ ਬਿਵਹਾਰਹੁ ਕਰਿ ਪਯਾਰ[1]।'

[1]ਨਾ ਪਿਆਰ ਨਾਲ ਸਾਂਭੋ ਤੇ ਨਾ ਇਨ੍ਹਾਂ ਨਾਲ ਵਿਹਾਰ ਕਰੋ।

ਲਾਲੋ ਗੁਰ ਕੀ ਆਗਯਾ ਮਾਨੀ।
ਫੈਂਕੇ ਜਾਇ ਗਹਿਰ ਜਹਿਂ ਪਾਨੀ[†] ॥੫੩॥

[†]ਕਵਿ ਜੀ ਦਾ ਪ੍ਰਸੰਗ ਤੋਂ ਭਾਵ ਇਹ ਹੈ ਕਿ ਗੁਰਸਿੱਖ ਨੂੰ, ਚਾਹੋ ਗੁਪਤ ਪ੍ਰਗਟ ਕਿਸੇ ਪ੍ਰਕਾਰ ਦੀ ਸ਼ਕਤੀ ਵਾਲੇ ਹੋਣ, ਧਰਮ ਦੀ ਕਿਰਤ ਨਾਲ ਨਿਰਬਾਹ ਕਰਨਾ ਚਾਹੀਏ। ਸ਼ਕਤੀਆਂ ਨੂੰ ਨਾਟਕ ਚੇਟਕ ਤਮਾਸ਼ਿਆਂ ਵਿਚ ਨਹੀਂ ਵਰਤਣਾ ਚਾਹੀਏ, ਸਤਿਨਾਮ ਦੇ ਸਿਮਰਨ ਤੇ ਵਾਹਿਗੁਰੂ ਪ੍ਰਾਪਤੀ ਦੇ ਉਦਮ ਵਿਚ ਰਹਿਣਾ ਚਾਹੀਏ।

ਦੋਹਰਾ:
ਸਤਿਗੁਰ ਅਰ ਗੁਰ ਸਿਖਨ ਕੀ, ਮਹਿਮਾ ਮਹਾਂ ਮਹਾਨ।
ਧੰਨ ਗੁਰੂ ਅਰੁ ਧੰਨ ਸਿਖ, ਜਗਤ ਉਧਾਰਨਿਵਾਨ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਜਨ ਕੋ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤ੍ਰੀ ਅੰਸੂ ॥੩੭॥

## ੩੮. [ਖਾਨ ਛੁਰਾ ਆਦਿ ਬਹੱਤਰ ਸਿੱਖ। ਮਹੇਸ਼ਾ। ਸ਼ੇਖਾਂ ਦੇ ਘਰ ਉੱਜੜਨੇ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਖਾਨ ਛੁਰਾ[†] ਡੱਲੇ ਬਿਖੈ,
ਗੁਰਮੁਖ ਸਿੱਖ ਬਿਸਾਲ
ਪੂਜਹਿ ਪਗ ਪੰਕਜ ਸਦਾ,
ਸ਼੍ਰੀ ਗੁਰ ਅਮਰ ਕ੍ਰਿਪਾਲ ॥ ੧ ॥

ਚੌਪਈ:

ਦੀਪਾ ਮਾਲੂ ਸ਼ਾਹੀ ਔਰ।
ਸਿੱਖੀ ਕਰਤਿ ਬਸਹਿਂ ਤਿਸ ਠੌਰ।
ਨਾਮ ਕਿਦਾਰੀ ਸਿੱਖ ਉਦਾਰ।
ਇੱਤਯਾਦਿਕ ਸਿਖ ਬਹੁਤ ਬਿਚਾਰ ॥ ੨ ॥
ਗਿਨਤੀ ਬਿਖੈ ਬਹੱਤਰ ਭਏ।
ਸ਼੍ਰੀ ਗੁਰ ਅਮਰ ਉਧਾਰਨ ਕਿਏ।
ਕਹੌਂ ਅਗਾਰੀ ਕਥਾ ਤਿਨਹੁਂ ਕੀ।
ਹਰੀ ਅਬਿੱਦਯਾ ਗੁਰੂ ਜਿਨਹੁਂ ਕੀ ॥ ੩ ॥
ਨਾਮ ਮਹੇਸ਼ਾ ਪੁਰਿ ਸੁਲਤਾਨ।
ਬਹੁਬਾਹੀ[1] ਅਰ ਧਨੀ ਮਹਾਂਨ।
ਸਤਿਗੁਰ ਕੀ ਮਹਿਮਾ ਸੁਨਿ ਤਾਂਹੀ।
ਉਪਜਯੋ ਪ੍ਰੇਮ ਮਹਾਂ ਮਨ ਮਾਂਹੀ ॥ ੪ ॥
ਗੋਇੰਦਵਾਲ ਗਯੋ ਤਬਿ ਆਇ।
ਦਰਸ਼ਨ ਕਰਿ ਗੁਰ ਕੋ ਪਰਖਾਇ।
ਪੂਰਬ ਭੋਜਨ ਲੰਗਰ ਖਾਯੋ।
ਬਹੁਰ ਜਾਇ ਸਤਿਗੁਰ ਦਰਸਾਯੋ ॥ ੫ ॥
ਬਡੇ ਭਾਗ ਤੇ ਬੈਠਯੋ ਪਾਸ।
ਨਿਸ ਦਿਨ ਜਿਸ ਕੇ ਪ੍ਰੇਮ ਸੁ ਪਯਾਸ।
ਬਾਰਬਾਰ ਬੰਦਨ ਕੋ ਕਰਿਹੀ।
ਸਮੁਖ ਬੈਠਿ ਗੁਰ ਦਰਸੁ ਨਿਹਰਿਹੀ[1] ॥ ੬ ॥

[†]ਭਾਈ ਗੁਰਦਾਸ ਜੀ ਨੇ ਨਾਮ 'ਖਾਂਨੂੰ ਛੁਰਾ' ਦਿੱਤਾ ਹੈ।

[1]ਬਹੁ ਬਾਹੀ ਦਾ ਅਰਥ ਇਕ ਜਾਤ ਕਰਦੇ ਹਨ, ਪਰ ਮਹਿੰਮਾ ਪ੍ਰਕਾਸ਼ ਵਿਚ ਜਿਥੋਂ ਦਾ ਇਹ ਪ੍ਰਸੰਗ ਹੈ, ਇਸ ਨੂੰ 'ਬਹੁ ਬਾਹੀ ਵੀਰ' ਲਿਖਿਆ ਹੈ, ਜਿਸ ਦਾ ਮਤਲਬ ਹੈ ਬਹੁਤੀਆਂ ਬਾਹਾਂ ਵਾਲਾ ਤੇ ਬਹਾਦੁਰ। (ਅ) ਬਾਹੀਆ = ਪੱਤੀ। ਬਾਹੀ = ਪੱਤੀਦਾਰ। ਬਹੁ-ਬਾਹੀ = ਬਹੁਤੀਆਂ ਪੱਤੀਆਂ ਵਾਲਾ, (ਦੇਖੋ ਰਾਸ ੧੧ ਅੰਸੂ ੩੪ ਅੰਕ ੪੨)।

[1]ਦੇਖਦਾ ਹੈ।

ਬੂਝਨ ਹਿਤ ਗੁਰ ਤਿਸੇ ਅਲਾਯੋ।
'ਕਵਨ ਅਰਥ[1] ਤੂੰ ਚਲਿ ਕਰਿ ਆਯੋ? — [1]ਕਿਸ ਕੰਮ।
ਕਹਾਂ ਬਸੈਂ? ਕਿਸ ਕੋ ਮਤ ਧਾਰਹਿਂ?
ਮੰਤ੍ਰ ਜਾਪ ਕਿਸ ਬਦਨ ਉਚਾਰਹਿਂ[1]?' ॥੭॥ — [1]ਕਿਸ ਦਾ ਮੰਤਰ ਤੂੰ ਮੂੰਹੋਂ ਜਪਦਾ ਹੈਂ।
ਹਾਥ ਜੋਰਿ ਤਿਨ ਕਹਯੋ ਬੁਝਾਈ।
'ਪ੍ਰਭੁ ਜੀ! ਮੈਂ ਆਯੋ ਸ਼ਰਨਾਈ।
ਰਾਵਰਿ ਨਾਮ ਆਸ ਕੋ ਧਰੌਂ[1]। — [1]ਆਪ ਦੇ ਨਾਮ ਦੀ ਆਸਾ ਧਾਰਕੇ (ਆਯਾ ਹਾਂ)।
ਮਿਟੇ ਸ਼ੋਕ ਭਵ ਸਾਗਰ ਤਰੌਂ ॥੮॥
ਅਪਰ ਸਭਿਨਿ ਤੇ ਆਸ ਮਿਟਾਇ।
ਰਹੋਂ ਆਪ ਕੀ ਪਰਿ ਸ਼ਰਨਾਇ।'
ਤਬਿ ਸ਼੍ਰੀ ਸਤਿਗੁਰ ਕਹਯੋ ਸੁਨਾਈ।
'ਹਮਰੀ ਸ਼ਰਨ ਪਰਯੋ ਨਹਿਂ ਜਾਈ ॥੯॥
ਜੇ ਹਮਰੋ ਸਿੱਖ ਹੋਯੋ ਚਹੈਂ।
ਨਹੀਂ ਸੰਪਦਾ ਤੁਝ ਢਿਗ ਰਹੈ।
ਨਰ ਉਪਹਾਸ ਕਰਹਿਂ ਸਮਝਾਵਹਿਂ।
ਦੁਖੀ ਹੋਇ ਪੁਨ ਬਹੁ ਪਛੁਤਾਵਹਿਂ' ॥੧੦॥
ਸੁਨਤਿ ਮਹੇਸ਼ੇ ਤਬਹਿ ਉਚਾਰਯੋ।
'ਤਨ ਮਨ ਧਨ ਤੁਮਰੇ ਪਰ ਵਾਰਯੋ।
ਨਾਸ਼ ਹੋਹਿ ਤੌ ਚਹੋਂ ਨ ਕੋਊ।
ਤੁਮਰੋ ਪ੍ਰੇਮ ਕਰੌਂ ਦ੍ਰਿੜ੍ਹ ਸੋਊ ॥੧੧॥
ਸਭਿ ਦਿਸ਼ ਤੇ ਮੈਂ ਤਯਾਗੀ ਆਸ।
ਨਿਜ ਚਰਨਨ ਮਹਿਂ ਦੇਹੁ ਨਿਵਾਸ।'
ਦ੍ਰਿੜ੍ਹ ਨਿਸ਼ਚਾ ਦੇਖਯੋ ਜਿਸ ਕਾਲਾ।
ਨਿਜ ਕਰ ਧਰਯੋ ਤਿਸੀ ਕੋ ਭਾਲਾ[1] ॥੧੨॥ — [1]ਮੱਥੇ ਤੇ।
ਸੱਤਿਨਾਮ ਸੋ ਮੰਤ੍ਰ ਜਪਾਵਾ।
ਸਿਖ ਨੇ ਦ੍ਰਿੜ੍ਹ ਕੀਨਸਿ ਸੁਖ ਪਾਵਾ।
ਬਹੁਰ ਕਸੌਟੀ ਮਹਿਂ ਸੋ ਕਸਯੋ[1]। — [1]ਭਾਵ ਉਸ ਨੂੰ ਪਰਖਣਾ ਵਿਚ ਪਾਇਆ।
ਕੇਤਿਕ ਦਿਨ ਮਹਿਂ ਧਨ ਸਭਿ ਨਸਯੋ ॥੧੩॥

ਜਿਸ ਜਿਸ ਕਾਰ ਬਿਖੈ ਜਿਹ ਦੀਨ।
ਤਹਿਂ ਸਭਿ ਨਾਸ਼ਜੋ ਭਯੋ ਬਿਹੀਨ[1]।

[1]ਜਿੱਥੇ ਜਿੱਥੇ (ਧਨ) ਦਿੱਤਾ ਤਿੱਥੇ ਸਭਿ ਨਾਸ ਹੋ ਗਿਆ ਤੇ (ਉਹ ਧਨ) ਰਹਤ ਹੋ ਗਿਆ।

ਹਸਨ ਲਗੇ ਨਰ 'ਇਹੁ ਕਜਾ ਕੀਨੋ।
ਸਿੱਖ ਹੋਇ ਤੈਂ ਕਜਾ ਕਿਤ[1] ਲੀਨੋ ॥੧੪॥

[1]ਕੀਹ ਜਸ। (ਅ) ਕੀਹ ਕੁਛ।

ਘਰ ਤੇ ਸੰਪਦ ਭਈ ਬਿਨਾਸ਼।
ਅੰਨ ਬਸਤ੍ਰ ਕੀ ਤੋਟ, ਨ ਪਾਸ[1]।'

[1]ਅੰਨ ਬਸਤਰ ਦੀ ਤੋਟ ਆ ਗਈ, ਪਾਸ ਨਾ ਰਿਹਾ।

ਸੁਨਤਿ ਮਹੇਸ਼ੇ ਸਭਿ ਸੋਂ ਕਹਜੋ।
'ਮੈਂ ਗੁਰ[1] ਉਚ ਪ੍ਰੇਮ ਪਦ ਲਹਜੋ ॥੧੫॥

[1]ਗੁਰੂ ਜੀ ਤੋਂ।

ਜੋ ਕਬਹੂੰ ਨਹਿਂ ਬਿਨਸਨਹਾਰਾ।
ਦੁਖ ਸਾਗਰ ਤੇ ਕਰਹਿ ਉਧਾਰਾ।
ਇਹੁ ਸੰਪਦ ਮਿੱਥਜਾ ਸਮ ਸੁਪਨੇ[1]।

[1]ਸੁਪਨੇ ਵਾਂਙੂ ਝੂਠੀ ਹੈ।

ਕਿਮਿ ਪਰਲੋਕ ਲੇਤਿ ਸੰਗ ਅਪਨੇ[1] ॥੧੬॥

[1]ਪ੍ਰਲੋਕ ਵਿਚ (ਜੀਵ) ਕਿਵੇਂ ਆਪਣੇ ਨਾਲ ਲੈ ਜਾ ਸਕਦਾ ਹੈ।

ਏਕ ਬਾਰ ਇਹੁ ਬਜੋਗ ਉਦੋਤੇ[1]।

[1]ਵਿਛੋੜਾ ਉਦੇ ਹੋਣਾ ਹੀ ਹੈ।

ਜੀਵਤਿ ਜਾਤਿ ਕਿ ਮਿਰਤਕ ਹੋਤੇ[1]।

[1]ਜੀਂਵਦਿਆਂ (ਚਲੀ ਗਈ) ਕਿ ਮਰ ਗਿਆਂ ਤੇ ਚਲੀ ਜਾਂਦੀ।

ਗੁਰ ਪਗ ਪੰਕਜ ਜੇ ਮਨ ਲਾਗੇ।
ਹਲਤ ਪਲਤ ਕੇ[1] ਸੰਕਟ ਭਾਗੇ ॥੧੭॥

[1]ਇਸ ਲੋਕ ਤੇ ਪ੍ਰਲੋਕ ਦੇ।

ਮਿੱਥਜਾ ਸੰਪਤ ਨਾਸ਼ ਭਈ ਹੈ।
ਸਾਚੀ ਸਤਿਗੁਰ ਸ਼ਰਨ ਲਈ ਹੈ।
ਪਰਮਾਨੰਦ ਭਯੋ ਅਬਿ ਭੌ ਨ[1]।'

[1]ਪਰਮ ਅਨੰਦ ਰੂਪ ਹੋ ਗਿਆ ਹਾਂ, ਹੁਣ ਭੈ ਨਹੀਂ ਰਿਹਾ।

ਇਮਿ ਕਹਿ ਸਭਿ ਸੰਗ ਠਾਨੀ ਮੌਨ ॥੧੮॥
ਬਹੁ ਉਪਹਾਸ ਕਰਤਿ ਰਹਿਂ ਲੋਗ।
ਕਰਤਿ ਨਹੀਂ ਮਨ ਹਰਖ ਕਿ ਸੋਗ।
ਸਤਿਗੁਰ ਪ੍ਰੇਮ ਬਿਖੈ ਮਸਤਾਨਾ।
ਸਿਮਰਨ ਸੱਤਿਨਾਮ ਕੋ ਠਾਨਾ ॥੧੯॥
ਪੁਨ ਗੁਰ ਦਰਸ਼ਨ ਕੋ ਚਲਿ ਆਯੋ।
ਹਾਥ ਜੋਰਿ ਕਰਿ ਸੀਸ ਨਿਵਾਯੋ।
ਦੁਰਬਲ[†] ਭਯੋ ਦੇਖਿ ਕਰਿ ਤਾਂਹੀ।

[†]ਪਾ:-ਦੁਰਲਭ।

ਕ੍ਰਿਪਾ ਕਰੀ ਸ਼੍ਰੀ ਗੁਰ ਮਨ ਮਾਂਹੀ ॥੨੦॥
ਸਿਖ ਨੇ ਸਹਜੋ ਕਸੌਟੀ ਤਾਉ[1]।

[1]ਕਸੌਟੀ (ਦੀ ਕਸ ਤੇ ਅੱਗ ਦਾ) ਤਾਉ। [ਸੰਸ:

ਅਵਕੀਰਣ]।

ਬਾਰਹ ਬੰਨੀ[1] ਭਯੋ ਸੁ ਭਾਉ।
'ਆਗੇ ਤੇ ਦਸ ਗੁਨ ਧਨ ਪੈਹੈਂ[1]।
ਲੋਕ ਪ੍ਰਲੋਕ ਸੁਫਲ ਤੁਵ ਹ੍ਵੈ ਹੈਂ' ॥੨੧॥

[1]ਭਾਵ ਅਤਯੰਤ ਸੁੱਧ।
[1]ਪਾਵੇਂਗਾ।

ਇਮਿ ਵਰ ਦੇ ਕਰਿ ਕਰਯੋ ਨਿਹਾਲ।
ਪੁਨ ਤਿਸ ਢਿਗ ਧਨ ਭਯੋ ਬਿਸਾਲ।
ਇਸੀ ਪ੍ਰਕਾਰ ਬਹੁਤ ਨਰਤਾਰੇ।
ਸਿੱਖੀ ਮਾਰਗ ਚਲਯੋ ਉਦਾਰੇ ॥੨੨॥
ਆਇ ਸ਼ਰਨ ਜੋ ਗੁਰਕੀ ਪਰੈ।
ਬ੍ਰਹਮਗਯਾਨ ਜੁਤਿ ਸ਼ਕਤਿ ਸੁ ਧਰੈ।
ਦੋਨਹੁ ਹਾਥਨ ਸੋਂ ਬਰਤਾਵੈਂ[1]।
ਮਾਨੈਂ ਬਚਨ ਪਾਰ ਪਰਿ ਜਾਵੈਂ ॥੨੩॥

[1]ਵਰਤਾਂਵਦੇ ਹਨ (ਨਾਮ ਤੇ ਕਰਾਮਾਤ)।

ਦੋਹਰਾ:
ਗੋਂਦਵਾਲ ਸ਼ੋਭਾ ਨਿਰਖਿ[1], ਸ਼ੇਖਨਿ[2] ਰਚੇ ਨਿਕੇਤ।
ਅਕਬਰ ਸਾਥ ਰਹਤਿ ਵਹੀ, ਸਭਿ ਭਾਯਨਿ ਸੰਮੇਤ[1] ॥੨੪॥

[1]ਦੇਖ ਕਰਕੇ। [2]ਸ਼ੇਖਾਂ ਨੇ (ਸ਼ੇਖ ਮੁਸਲਮਾਨਾਂ ਦੀ ਇਕ ਜ਼ਾਤ ਹੈ)।
[1]ਓਹ (ਸ਼ੇਖ) ਸਾਰੇ ਭਾਈਆਂ ਸਮੇਤ।

ਚੌਪਈ:
ਗੁਰ ਸਥਾਨ ਮੰਗਲ ਬਹੁ ਹੋਵੈ।
ਗਾਵਤਿ ਸਭਿ ਸਿਖ ਸ਼ਬਦਨ ਜੋਵੈਂ[1]।
ਸ਼ੇਖਨ ਕੇ ਸਿਸ[1] ਦੇਖਿ ਸੁ ਚਾਲੀ।
ਸਹਿ ਨ ਸਕਹਿਂ ਵਹਿ[1] ਕਰੈਂ ਕੁਚਾਲੀ ॥੨੫॥

[1]ਭਾਵ ਸ਼ੇਖ ਵੇਖਦੇ।
[1]ਲੜਕੇ, ਬੱਚੇ।
[1]ਓਹੁ (ਬੱਚੇ)।

ਨੀਰ ਭਰਨ ਘਟ[1] ਲੈ ਸਿਖ ਜਾਵੈਂ।
ਬਾਲ ਗੁਲੇਲਾ ਮਾਰਿ ਗਵਾਵੈਂ[1]।
ਯਾ ਬਿਧਿ ਬਹੁਤ ਕਰੀ ਜਬਿ ਤਿਨੈ।
ਗੁਰ ਪੈ ਸਿੱਖਜਨ ਕੀਨੀ ਬਿਨੈ ॥੨੬॥

[1]ਘੜੇ।
[1]ਭਾਵ ਫੋੜ ਦੇਵਨ।

'ਸ਼ੇਖਨ ਸੁਤ ਘਟ ਤੋਰੈਂ ਤੁਰਨਿ।
ਜਲ ਕੋ ਜਬਿ ਕਰਿ ਲਯਾਵੈਂ ਪੂਰਨ।'
ਤਬਿ ਕਰੁਨਾ ਕਰ ਬੋਲੇ ਬਾਨੀ।
'ਮਸ਼ਕੈਂ ਬੀਚ ਲਿਆਵੋ ਪਾਨੀ' ॥੨੭॥
ਮਾਨਿ ਬਚਨ ਤਯੋਂ ਹੀ ਤਿਨ ਕੀਨੀ।

ਜਲ ਭਰਿਬੋ ਕੋ ਮਸ਼ਕੈਂ ਲੀਨੀ।
ਤਬਿ ਬਾਰਕ ਕਰ ਧਾਰਿ ਕਮਾਨੈ।
ਤੀਰ ਮਾਰ ਫਾਰੈਂ ਅਭਿਮਾਨੈ ॥੨੮॥
ਪੁਨ ਸਿੱਖਨ ਗੁਰ ਕੇਰਿ ਹਦੂਰਾ।
ਸਕਲ ਬ੍ਰਿਤਾਂਤ ਬਖਾਨਜੋ ਤੂਰਾ।
'ਮਸ਼ਕੈਂ ਫਾਰਤਿ ਕਸ ਕੈ ਤੀਰਨਿ।
ਬਸ ਨਹਿਂ ਚਲਤਿ ਕਰਤਿ ਅਵਗੀਰਨਿ[1]' ॥੨੯॥ — [1]ਨਾਸ਼ ਕਰਦੇ ਹਨ।
ਤਬਿ ਮੁਖ ਚੰਦ ਬਚਨ[†] ਪਰਕਾਸ਼ੇ। — [†]ਪਾ:-ਬਦਨ।
'ਗਾਗਰ ਮੈਂ ਜਲ ਲਜਾਉ ਹੁਲਾਸੇ।'
ਸੱਤਿ ਭਾਖਿ[1] ਕੀਨੀ ਤਿਨ ਤੈਸੇ। — [1]ਸਤ ਵਚਨ ਕਹਿਕੇ।
ਕਹੀ ਮੁਕੰਦ ਅਨੰਦਤਿ ਜੈਸੇ ॥੩੦॥
ਵਹ ਬਾਲਕ ਘਟ[†] ਈਂਟਨ ਭਾਨੈ[1]। — [1]ਇੱਟਾਂ ਨਾਲ ਤੋੜ ਦੇਣ। [†]ਪਾ:-ਸੋ।
ਜ਼ੁਲਮੀ ਕਰੈਂ ਦੁਸ਼ਟ ਅਭਿਮਾਨੈ।
ਮਾਤ ਤਾਤ ਤਿਨ ਕੇ ਨਹਿਂ ਹੋਰੈਂ[1]। — [1]ਨਹੀਂ ਰੋਕਦੇ।
ਹੋਤਿ ਪ੍ਰਸੰਨ ਨਿਹਾਰਿ ਬਹੋਰੈਂ ॥੩੧॥
ਪੁਨਿ ਅਰਦਾਸ ਕਰੀ ਸਭਿ ਸੰਗਤਿ।
'ਗਗਰਨ[†] ਤੋਰੈ ਬਾਲਕ ਪੰਗਤਿ।' — [†]ਪਾ:-ਗਾਗਰਨ।
ਸੁਨਿ ਤੁਸ਼ਨ ਕਰੁਨਾਕਰ ਹੋਏ।
ਉੱਤਰ ਨਾਂਹਿ ਦਯੋ ਤਬਿ ਕੋਏ ॥੩੨॥
ਤਹਾਂ ਤਬਹਿ ਸੰਨਜਾਸੀ ਆਏ।
ਬਾਲਨਿ ਤੈਸੇ ਕੀਨੀ ਜਾਏ।
ਨੀਰ ਪੂਰ[1] ਜਬਿ ਲਜਾਵੈ ਕੋਊ। — [1]ਭਰਕੇ।
ਤੋਰ ਦੇਤਿ ਬਿਨ ਬੇਰ ਸੁ ਸੋਊ ॥੩੩॥
ਲਾਗਜੋ ਤਹਾਂ ਗੁਲੇਲਾ ਜਾਈ।
ਨਿਕਸਜੋ ਨੈਨ ਮਹੰਤ ਤਦਾਈ।
ਸ਼ਸਤ੍ਰ ਪਕਰ ਕਰਿ ਕੇਤੇ ਮਾਰੇ[1]। — [1]ਸੰਨਜਾਸੀਆਂ ਨੇ) ਮਾਰੇ।
ਕੇਤੇ ਚੀਰੇ ਕੇਤੇ ਫਾਰੇ ॥੩੪॥
ਤਿਹੀ ਸਮੇਂ ਤੁਰਕਨ ਕੋ ਡੇਰਾ।
ਪਰਜੋ ਆਇ ਪੁਰਿ ਕੇ ਚੌਫੇਰਾ।
ਖਚਰਨ ਧਨ ਕੀ ਲਦੀ ਅਨੇਕਾ।
ਉਤਰੀ ਆਇ ਰੈਨ ਕਰਿ ਟੇਕਾ[1] ॥੩੫॥ — [1]ਰਾਤ ਟਿਕਨ ਲਈ।

ਪ੍ਰਾਤਿਕਾਲ ਚਲਿਬੋ ਤਿਨ ਕੀਨੋ।
ਆਂਧੀ ਅਈ ਪ੍ਰਲੈ ਸੀ ਚੀਨੋ।
ਅਪਨੋ ਪਰੋ[1] ਨ ਦੇਖਯੋ ਜਾਈ। [1]ਆਪਣਾ ਪਰਾਇਆ।
ਜਨੁ ਸਕਲੇ ਭੇ ਅੰਧ ਤਦਾਈਂ ॥੩੬॥
ਬਾਇ ਲਾਗ ਗਿਰ ਹੈਂ ਨਰ ਘੋਰੇ[1]। [1]ਆਦਮੀ ਬੁਰੀ ਤਰ੍ਹਾਂ। (ਅ) ਨਰ ਤੇ ਘੋੜੇ।
ਖੱਚਰ ਭਾਜੀ ਤਬਿ ਪੁਰਿ ਓਰੇ।
ਬਰੀ ਜਾਇ ਤਿਨ ਤੁਰਕਨਿ[†] ਧਾਮਾ[1]। [1]ਭਾਵ ਸ਼ੇਖਾਂ ਦੇ ਘਰ। [†]ਪਾ:-ਸ਼ੇਖਨ।
ਗੁਰ ਸੋਂ ਕਰਤਿ ਬਿਰੋਧਿ ਜਿ ਗ੍ਰਾਮਾ[1] ॥੩੭॥ [1]ਪਿੰਡ ਵਿਚ।
ਤਾਤਕਾਲ ਤਿਨ ਅੰਤਰ ਪਾਈ[1]। [1]ਅੰਦਰ ਵਾੜ ਲਈ।
ਖੁਰਾ ਖੋਜ ਜਾਨਯੋ ਨਹਿਂ ਜਾਈ।
ਆਂਧੀ ਹਟੀ ਭਯੋ ਉਜਿਆਰਾ।
ਖੱਚਰ ਦੇਖਨ ਲਗੇ ਅਪਾਰਾ ॥੩੮॥
ਟੋਲਿ ਟੋਲਿ ਬਹੁ ਰਹੇ, ਨ ਪਾਈ।
ਹੁਇ ਨਿਰਾਸ ਜਬਿ ਚਲੇ ਮੁਰਾਈ[†]। [†]ਪਾ:-ਮਹਾਈ।
ਗ੍ਰਿਹਿ ਅੰਤਰ ਖੱਚਰ ਤਬਿ ਬੋਲੀ।
ਬਰੇ ਸਿਪਾਹੀ ਲੀਨਸਿ ਖੋਲੀ ॥੩੯॥
ਜਪਤ[1] ਕਰਯੋ ਘਰ ਬਾਹਰ ਤਿਨ ਕੋ। [1]ਜ਼ਬਤ।
ਗੁਰ ਸੋਂ ਬੈਰ ਹੁਤੋ ਥੋ ਜਿਨ ਕੋ।
ਕੇਤਿਕ ਫਾਂਸੀ ਦੀਨ ਉਠਾਈ।
ਕੇਤਿਕ ਕੀ ਤਬਿ ਪਤਿ ਉਤਰਾਈ ॥੪੦॥
ਗੁਰ ਪੈ ਸਿੱਖਨ ਕਹੀ ਸਪੂਰਨ।
ਸੁਨਿ ਗੁਰ ਕਹਤਿ ਭਏ ਤਬਿ ਤੂਰਨ।
'ਏਕ ਸੰਤ ਪੈ ਸਿੱਖ ਸੁ ਬੋਲਯੋ।
ਸੋ ਸੁਨਿਹੋ ਧਰਿ ਧਯਾਨ ਅਮੋਲਯੋ ॥੪੧॥
-ਜੇ ਕਾਹੂ ਕੋ ਬੁਰਾ ਕਰਾਵੈ।
ਤੌ ਕਯਾ ਕਰੈ? ਕਹੋ ਸੁਖਦਾਵੈ!
ਭਲਾ ਕਰੈ ਜੋ ਬੁਰਾ ਕਰਾਵੈ।
ਬਦਲਾ ਲੇਵਨ[†] ਤੇ ਹਟਿ ਜਾਵੈ ॥੪੨॥ [†]ਪਾ:-ਦੇਵਨ। ਤਿੰਨ ਲਿਖਤੀ ਨੁਸਖਿਆਂ ਵਿਚ 'ਬਦਲਾ ਲੇਵਨ' ਵਾਲੀ ਤੁਕ ਹੈ ਨਹੀਂ ਸੋ, ਦੋਨੋਂ ਵੇਰ ਇਹੋ ਤੁਕ ਹੈ- ਭਲਾ ਕਰੈ ਜੋ ਬੁਰਾ ਕਰਾਵੈ।
ਫੇਰ ਕਰੈ ਤੌ? ਕਰਿ ਹੈ ਕਰਿਹੈ।

ਤੌ ਭਲਿਆਈ ਵਹੁ ਦੁਖ ਭਰਿਹੈ।
ਕਰਿਨੇ ਜੋਗਾ ਰਹੈ ਨ ਸੋਊ।
ਆਪੇ ਹੀ ਮਰਿ ਜੈ ਹੈ ਸੋਊ[1]- ॥੪੩॥

[1]ਇਕ ਸਿੱਖ (ਸ੍ਰੀ) ਸੰਤ (ਜੀ) ਪਾਸ ਬੋਲਿਆ, ਸੋ ਅਮੋਲਕ (ਸਿੱਖਜਾ) ਧਜਾਨ ਧਰਕੇ ਸੁਣੋਂ। (ਪ੍ਰਸ਼ਨ ਸਿੱਖ ਦਾ:-) ਜੇ ਕੋਈ ਕਿਸੇ ਦਾ ਬੁਰਾ ਕਰੇ, ਤਾਂ (ਉਹ) ਕੀਹ ਕਰੇ? ਕਹੋ ਹੇ ਸੁਖਦਾਈ (ਸੰਤ) ਜੀ! (ਉਤਰ:-) ਭਲਾ ਕਰਦਿਆਂ ਜੋ ਬੁਰਾ ਕਰੇ, (ਤਾਂ ਬੁਰੇ ਤੋਂ) ਬਦਲਾ ਲੈਣੋਂ ਹਟ ਜਾਵੇ। (ਪ੍ਰਸ਼ਨ:-) (ਜੇ) ਫੇਰ (ਬੀ ਬੁਰਾ) ਕਰੇ ਤਾਂ, (ਉਤਰ:-) (ਉਹ ਭਲਿਆਈ) ਕਰ (ਭਲਿਆਈ) ਕਰੇ, ਤਾਂ (ਭਲੇ ਦੀ) ਭਲਿਆਈ (ਕਰਨ ਕਰਕੇ) ਉਹ (ਬੁਰਾ ਆਪੇ) ਦੁਖ ਭਰੇਗਾ, (ਇਥੋਂ ਤਾਈਂ ਕਿ) ਉਹ ਕਰਨ ਜੋਗਾ ਹੀ ਨਾ ਰਹੇਗਾ, ਆਪੇ ਹੀ ਮਰ ਜਾਏਗਾ। ਇਸ ਤੋਂ ਅਗੇ ਹੁਣ ਗੁਰੂ ਜੀ ਬਚਨ ਬੋਲਦੇ ਹਨ। ਇਹ ਸਾਰੀ ਗੱਲ ਬਾਤ ਦੱਸਦੀ ਹੈ ਕਿ ਗੁਰੂ ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਵੱਲ ਇਸ਼ਾਰਾ ਕਰ ਰਹੇ ਹਨ, ਹੋ ਸਕਦਾ ਹੈ ਕਿ ਉਸ ਸਿੱਖਜਾ ਵਲ ਇਸ਼ਾਰਾ ਕਰ ਰਹੇ ਹੋਣ ਜੋ ਤਪੇ ਦੀ ਹੋਣੀ ਪਰ ਗੁਰੂ ਅੰਗਦ ਦੇਵ ਜੀ ਨੇ ਦਿੱਤੀ ਸੀ।

ਜੈਸੀ ਕਰੈ ਸੁ ਤੈਸੀ ਪਾਵੈ।
ਗੁਰ ਸਥਾਨ ਨੀਵੋਂ ਬਿਰਧਾਵੈ[1]†।'

[1]ਗੁਰ ਸਥਾਨ ਵਿਚ ਜੋ ਨੀਵਾਂ (ਬਣੇਗਾ) ਸੋ ਵਧੇਗਾ।
†ਪਾ:-ਬਧ ਜਾਵੈ। ਨੰਮ੍ਰ ਬ੍ਰਿੱਧਾਵੈ।

ਸ਼੍ਰੀ ਪਰਮੇਸੁਰ ਹੈ ਸਮਰੱਥ।
ਸੰਤਨ ਕੋ ਰਾਖਤਿ ਦੈ ਹੱਥ† ॥੪੪॥

†ਇਹ ਦੋ ਤੁਕਾਂ ਇਕੋ ਨੁਸਖੇ ਵਿਚ ਸਨ।

ਜਿਨ ਕੇ ਐਸੇ ਭਯੋ ਗਿਆਨਾ।
ਸੇਵੈਂ ਗੁਰੂ ਭਾਵ ਧਰਿ ਨਾਨਾ†।

†ਇਹ ਦੋ ਤੁਕਾਂ ੪ ਨੁਸਖਿਆਂ ਵਿਚ ਸਨ।

ਕਹੀ ਸੰਤੋਖ ਸਿੰਘ ਇਹ ਕਥਾ।
ਜਿਨਹਿ ਸੁਨੀ ਤਿਨ ਕਾਲ ਨ ਮਥਾ† ॥੪੫॥

†ਇਹ ਦੋ ਸਤਰਾਂ ਭੀ ਇਕੋ ਨੁਸਖੇ ਵਿਚ ਸਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼ੇਖਨ' ਪ੍ਰਸੰਗ ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥੩੮॥

## ੩੯. [ਲਾਲੂ, ਦੁਰਗਾ, ਜੀਵੰਧਾ, ਜੱਗਾ, ਖਾਨੂ, ਮਾਈਆ, ਗੋਵਿੰਦ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਇਕ ਲਾਲੂ ਬੁਧਿਵਾਨ ਨਰ, ਦੂਸਰ ਦੁਰਗਾ ਨਾਮ।
ਜੀਵੰਦਾ ਮਿਲ ਤੀਸਰੋ, ਚਲਿ ਆਏ ਗੁਰ ਸਾਮ[1] ॥੧॥ — [1]ਗੁਰੂ ਸ਼ਰਨ।

ਚੌਪਈ:

ਕਰਿ ਬੰਦਨ ਕੋ ਲਾਗੇ ਸੇਵਾ।
ਇਕ ਦਿਨ ਬੈਠਿ ਨਿਕਟ ਗੁਰ ਦੇਵਾ।
ਹਾਥ ਜੋਰਿ ਅਰਦਾਸ ਬਖਾਨੀ।
'ਦਿਹੁ ਉਪਦੇਸ਼ ਅਪਨਿ ਜਨ ਜਾਨੀ[1] ॥੨॥ — [1]ਦਾਸ ਜਾਣਕੇ।
ਜਿਸ ਤੇ ਹੋਇ ਉਧਾਰ ਹਮਾਰਾ।
ਸ਼੍ਰੀ ਗੁਰ ਅਮਰ ਸੁ ਬਾਕ ਉਚਾਰਾ।
'ਪਰਉਪਕਾਰ ਸਮਾਨ ਨ ਔਰ।
ਕਰਹਿ ਸਦਾ, ਤਿਸ ਗਤਿ ਸੁਖ ਠੌਰ[1] ॥੩॥ — [1]ਉਸ ਨੂੰ ਸੁਖ ਦਾ ਥਾਂ ਪ੍ਰਾਪਤ ਹੁੰਦਾ ਹੈ।
ਸੋ ਉਪਕਾਰ ਸੁ ਤੀਨ ਪ੍ਰਕਾਰਾ।
ਧਰੋ ਆਪ ਤੁਮ ਲਖਿ ਉਰ ਸਾਰਾ।
ਜੇਤਿਕ ਅਪਨੇ ਢਿਗ[1] ਧਨ ਅਹੈ। — [1]ਪਾਸ।
ਦੇਹੁ ਰੰਕ ਜੋ ਦੁਖੀਆ ਲਹੈ[1] ॥੪॥ — [1]ਜਾਣੋ।
ਪਿਖਹੁ ਗ਼ਰੀਬ ਅਨਾਥਨਿ ਜਹਾਂ।
ਵਸਤ੍ਰ ਅਹਾਰ ਦੀਜੀਅਹਿ ਤਹਾਂ।
ਦੇਖਹੁ ਦੁਖੀ ਦਯਾ ਕੋ ਧਾਰਹੁ।
ਜਥਾ ਸ਼ਕਤਿ ਤਿਹ ਦੁਖ ਨਿਰਵਾਰਹੁ[1]† ॥੫॥ — [1]ਇਹ ਪਹਿਲਾ ਉਪਕਾਰ ਹੈ। †ਪਾ:-ਕਰ ਤਿਹ ਨਿਰਵਾਰੋ।
ਨਿਜ ਬਾਨੀ ਤੇ ਸ਼ੁਭ ਬਨਿ ਆਵੈ।
ਬਿਗਰਜੋ ਕਾਰਜ ਪਰ ਸੁਧਰਾਵੈਂ[1]। — [1]ਦੂਜੇ ਦਾ ਕਾਰਜ ਸੁਧਾਰ ਦੇਵੇ।
ਕੈ ਬਿੱਦਯਾ ਹੁਇ ਅਪਨੇ ਪਾਸ।
ਅਪਰ ਪਢਾਵਹਿ ਧਰਹਿ ਹੁਲਾਸ[1] ॥੬॥ — [1]ਇਹ ਦੂਜਾ (ਬਾਣੀ ਦਾ) ਉਪਕਾਰ ਹੈ।
ਪੁਨ ਮਨ ਤੇ ਸਭਿ ਕੋ ਭਲ ਚਾਹੈ।

ਬੁਰਾ ਕਰਨਿ ਹਿਤ ਕਬਿ ਨ ਉਮਾਹੈ[1]।
ਪਾਸ ਪਦਾਰਥ, ਅਰੁ ਬਚ ਕਹੈ।
ਤ੍ਰਿਤੀਏ ਕਿਸ ਕੋ ਬੁਰਾ ਨ ਚਹੈ[1] ॥੭॥

[1]ਇਹ ਤੀਸਰਾ (ਮਨ) ਦਾ ਉਪਕਾਰ ਹੈ।

[1]ਤਿੰਨਾਂ ਉਪਕਾਰਾਂ ਨੂੰ ਫੇਰ ਗਿਣਦੇ ਹਨ-੧. ਪਾਸ ਪਦਾਰਥ ਹੋਣ ਵੇਲੇ ਦਾ ਭਾਵ ਦੇਣਾ, ੨. ਬਾਣੀ ਦਾ ਭਾਵ ਸ਼ੁਭ ਬਚਨ ਆਖੇ, ੩. ਮਨ ਦਾ ਭਾਵ ਕਿ ਬੁਰਾ ਕਿਸੇ ਦਾ ਨਾਂ ਚਾਹੇ।

ਇਮ ਤੀਨੋ ਤੇ ਪਰਉਪਕਾਰ।
ਕਰਹੁ ਸਦਾ, ਪਰ ਦੁਖ ਨਿਰਵਾਰਿ।
ਸਰਬ ਦਾਨ ਤੇ ਅਹੈ ਬਿਸਾਲਾ।
ਅੰਨ ਦੇਨਿ ਕੀਜਹਿ ਸਭਿ ਕਾਲਾ ॥੮॥
ਜਿਸ ਤੇ ਪ੍ਰਾਨ ਧਰਤਿ ਹੈ ਪ੍ਰਾਨੀ।
ਅਪਰ ਹੋਹਿ ਕਿਮਿ ਤਾਂਹਿ ਸਮਾਨੀ।
ਕਾਚੋ ਪਾਕੋ ਜਸੋਂ ਕਸੋਂ ਦੀਜੈ।
ਛੁਧਿਤ ਦੇਖਿ ਕਰਿ 'ਨਾਂਹਿ' ਨ ਕੀਜੈ ॥੯॥
ਜਿਸ ਕਿਸ ਸਮੇਂ ਸਾਂਝ ਕੈ ਪ੍ਰਾਤਿ।
ਬਿਨਾ ਬਿਚਾਰੇ ਭੋਜਨ ਦਾਤਿ।
ਊਚ ਨੀਚ ਨਹਿਂ ਪਰਖਹੁ ਜਾਤੀ।
ਦੇ ਕਰਿ ਅੰਨ ਕਰਹੁ ਤ੍ਰਿਪਤਾਤੀ' ॥੧੦॥
ਸ੍ਰੀ ਗੁਰ ਅਮਰਦਾਸ ਕੀ ਬਾਨੀ।
ਸ਼ਰਧਾ ਧਰਿ ਉਰ ਤੀਨਹੁਂ ਮਾਨੀ।
ਤੀਨ ਬਿਧਿਨਿ ਕੀਨਸਿ ਉਪਕਾਰਾ।
ਦੇਤਿ[†] ਛੁਧਿਤ ਕੋ ਅਧਿਕ ਅਹਾਰਾ ॥੧੧॥

[†]ਪਾ:-ਦੇਖਿ।

ਗੁਰ ਕੋ ਸਿੱਖ ਭਏ ਇਸ ਰੀਤਿ।
ਆਵਹਿਂ ਦਰਸ਼ਨ ਕੋ ਧਰਿ ਪ੍ਰੀਤਿ।
ਸੇਵਤਿ ਰਹੇ ਭਗਤਿ ਕੋ ਪਾਇ।
ਅੰਤ ਗੁਰੂ ਢਿਗ ਪਹੁੰਚੇ ਜਾਇ[†] ॥੧੨॥

[†]ਏਹ ਦਾਨੇ ਹਕੀਮ ਦੇ ਅੱਡ ਅੱਡ ਰੋਗਾਂ ਦੇ ਅੱਡ ਅੱਡ ਦਾਰੂ ਹਨ। ਏਹ ਤ੍ਰੈਏ ਧਨ ਦੇ ਪਿਆਰੇ ਹੋਸਨ, ਇਨ੍ਹਾਂ ਦੇ ਮਨ ਦੇ ਥਰ ਨੂੰ ਦਇਆ ਦਾਨ ਦਾ ਸੁਭਾਵ ਪਾਕੇ ਪੰਘਾਰਿਆ, ਫਿਰ ਓਹ ਆਉਂਦੇ ਰਹੇ ਤੇ ਭਗਤੀ ਨੂੰ ਪ੍ਰਾਪਤ ਹੋਕੇ ਪਦਮ ਪਦ ਨੂੰ ਅੱਪੜੇ। ਕਲਿਆਣ ਤਾਂ ਨਾਮ ਤੇ ਭਗਤੀ ਨਾਲ ਹੁੰਦੀ ਹੈ, ਦੇਖੋ ਅਗੇ ਇਸੇ ਅੰਸੂ ਦੇ ਅੰਕ ੨੬, ੨੭। ਦਾਨ ਦਇਆ ਆਦਿਕ ਸ਼ੁਭ ਕਰਮ ਹਨ, ਮਨ ਨੂੰ ਨਰਮ ਤੇ ਸਫਾ ਕਰਨ ਵਾਸਤੇ। ਜੋ ਦਾਨ ਹੰਕਾਰ ਨਾਲ ਕੀਤੇ ਜਾਂਦੇ ਹਨ ਓਹ ਇਸ ਤੋਂ ਬੀ ਨੀਵੇਂ ਦਰਜੇ ਦੀ ਨੇਕੀ ਹੈ। ਕਈ ਦਾਨ ਕਪਟ ਬਣਾਕੇ ਕੀਤੇ ਜਾਂਦੇ ਹਨ ਓਹ ਪਾਪ ਹਨ। ਜੋ ਦਾਨ ਗੁਰੂ ਪਰਮੇਸ਼ੁਰ ਨਮਿੱਤ ਕੀਤਾ ਜਾਵੇ ਸੋ ਸ੍ਰੇਸ਼ਟ ਦਾਨ ਹੈ, ਕਿਉਂਕਿ ਉਹ ਨਿਸ਼ਕਾਮ ਹੁੰਦਾ ਹੈ।

ਜੱਗਾ ਸਤਿਗੁਰੁ ਕੇ ਢਿਗ ਆਯੋ।
ਕਰਿ ਦਰਸ਼ਨ ਕੋ ਸੀਸ ਨਿਵਾਯੋ।
ਸਿਖ ਗੁਰ ਕੇ ਗਨ ਦੇਖਿ ਹੁਲਾਸਾ[1]। — [1]ਗੁਰੂ ਕੇ ਬਹੁਤੇ ਸਿੱਖਾਂ ਨੂੰ ਦੇਖਕੇ ਖੁਸ਼ ਹੋਇਆ।
ਹਾਥ ਜੋਰਿ ਕਰਿ ਬਾਕ ਪ੍ਰਕਾਸ਼ਾ ॥੧੩॥
'ਮੈਂ ਚਾਹਤਿ ਅਪੁਨੀ ਕੱਲਜਾਨ।
ਮਿਲਜੋ ਏਕ ਦਿਨ ਜੋਗੀ ਆਨਿ।
ਤਿਸ ਆਗੇ ਮੈਂ ਬਿਨੈ ਸੁਨਾਈ।
ਤਬਿ ਐਸੇ ਭਾਖਜੋ ਮੁਝ ਤਾਂਈ ॥੧੪॥
-ਘਰ ਕੁਟੰਬ ਸਨਬੰਧੀ ਸਾਰੇ।
ਬੰਧਨ ਰੂਪ ਸੁ ਲੇਹੁ ਬਿਚਾਰੇ†। — †ਪਾ:-ਨਿਹਾਰੇ।
ਤਜਾਗ ਕਰਹੁ ਅਬਿ ਬਨਹੁ ਫਕੀਰ।
ਪੁਨ ਆਵਹੁ ਚਲਿ ਹਮਰੇ ਤੀਰ ॥੧੫॥
ਸ਼੍ਰੇਯ ਹੇਤ ਲਿਹੁ ਮਮ ਉਪਦੇਸ਼ੁ।
ਛੋਰਹੁ ਘਰ ਕੋ ਸਹਤ ਕਲੇਸ਼-।
ਰਾਵਰਿ ਨਿਕਟ ਚਹੋਂ ਮੈਂ ਪੂਛਾ।
ਕਿਮਿ ਹੁਇ ਸ਼੍ਰੇਯ, ਬਨੈ ਉਰ ਸੂਛਾ[1]? ॥੧੬॥ — [1]ਮਨ ਪਵਿੱਤ੍ਰ ਬਣੇ।
ਕਿਮਿ ਪ੍ਰਾਪਤਿ ਹੁਇ ਭਗਤਿ ਮਹਾਂਨੀ?
ਜਿਸ ਤੇ ਪ੍ਰਾਪਤਿ ਪ੍ਰਭੁ ਨਿਰਬਾਨੀ।'
ਸ਼ਰਧਾ ਜਾਨਿ ਗੁਰੂ ਬਚ ਭਾਖਾ।
'ਘਰ ਤਜਾਗਨਿ ਕੀ ਨਹਿਂ ਕਰਿ ਕਾਂਖਾ ॥੧੭॥
ਜੇ ਘਰ ਤਜੇ ਮਿਲਹਿ ਭਗਵਾਨ।
ਕਜੋਂ ਫਕੀਰ ਪੁਰਿ ਪੁਰਿ ਮਹਿਂ ਆਨ[1]। — [1]ਕਿਉਂ (ਫੇਰ) ਫਕੀਰ ਸ਼ਹਿਰਾਂ ਵਿਚ ਆਉਂਦੇ ਹਨ।
ਹਾਟਨਿ ਪਰ ਬਨਕਨਿ ਸੋਂ ਝਗਰੇਂ[1]। — [1]ਬਾਣੀਆਂ ਨਾਲ ਝਗੜਦੇ ਹਨ।
ਜਾਚਤਿ ਡੋਲਤਿ ਬਾਸੁਰ ਸਗਰੇ[1] ॥੧੮॥ — [1]ਮੰਗਦੇ ਫਿਰਦੇ ਹਨ ਸਾਰਾ ਦਿਨ।
ਗੁਰਮੁਖ ਗ੍ਰਿਹਸਤਿ ਬਿਖੇ ਕਰਿਂ[1] ਭਗਤਿ। — [1]ਕਰਦੇ ਹਨ।
ਪਾਇਂ ਮੁਕਤਿ, ਨਹਿਂ ਜਨਮਤਿ ਜਗਤਿ।
ਜਿਮਿ ਜਲ ਮਹਿਂ ਅਲੇਪ ਅਰਬਿੰਦ।
ਰਾਖਹਿ ਊਰਧ ਧਜਾਨ ਦਿਨਿੰਦ[1] ॥੧੯॥ — [1]ਉੱਚਾ ਧਿਆਨ ਸੂਰਜ ਦਾ।
ਤਿਮਿ ਗੁਰ ਸਿੱਖ ਕਿਰਤ ਕੋ ਕਰਤੇ।
ਦੇ ਕਰਿ ਸਤਿਸੰਗਤਿ ਪੁਨ ਬਰਤੇ[1]। — [1]ਵਰਤੇ ਆਪ।

ਹੁਇ ਫਕੀਰ ਜਾਚਤਿ ਜਬਿ ਖਾਇ[1]। [1]ਮੰਗਕੇ ਜਦੋਂ ਖਾਂਦਾ ਹੈ।
ਜਪ ਤਪ ਨਿਜ ਘਾਟੋ ਤਬਿ ਪਾਇ ॥੨੦॥
ਸੇਵਾ ਕਰਹਿਂ, ਲੇਹਿਂ ਸੋ ਤਿਸ ਤੇ[1]। [1]ਸੇਵਾ ਕਰਨ ਵਾਲੇ ਤਿਸ ਤੋਂ ਫਲ ਲੈ ਲੈਂਦੇ ਹਨ।
ਖਾਨ ਪਾਨ ਨਿਤਿ ਕਰਿਤੋ ਜਿਸ ਤੇ।
ਗ੍ਰਿਸਤੀ ਅਪਨੋ ਪੁੰਨ ਨ ਦੇਤਿ।
ਸੇਵਾ ਠਾਨਿ ਅਪਰ ਤੇ ਲੇਤਿ[1] ॥੨੧॥ [1]ਸੇਵਾ ਕਰਕੇ ਹੋਰ ਪਾਸੋਂ ਲੈ ਲੈਂਦਾ ਹੈ (ਪੁੰਨ)।
ਜਥਾ ਧੇਨੁ ਕੋ ਘਾਸੁ ਖੁਲਾਵੈਂ।
ਤਿਸ ਕੋ ਪਲਟੋ ਪੈ ਪੁਨ ਪਾਵੈਂ[1]। [1]ਭਾਵ, ਜਿਵੇਂ ਗਾਂ ਨੂੰ ਘਾਹ ਖੁਆਲ ਕੇ ਲੋਕੀਂ ਉਸ ਦਾ ਦੁੱਧ ਚੋ ਲੈਂਦੇ ਹਨ ਤਿਵੇਂ ਨਾਮ ਪ੍ਰੇਮੀ ਦੀ ਸੇਵਾ ਕਰਕੇ ਲੋਕੀਂ ਉਸ ਦੇ ਆਤਮ ਸੁਖ ਦਾ ਹਿੱਸਾ ਵੰਡ ਲੈਂਦੇ ਹਨ।
ਤਿਮਿ ਜੱਗਾ ! ਲਿਹੁ ਸਮਝ ਬਿਸਾਲ।
ਗ੍ਰਿਸਤਿ ਧਰਮ ਮੁਖ ਹੈ[1] ਕਲਿਕਾਲ ॥੨੨॥ [1]ਸ੍ਰੇਸ਼ਟ ਹੈ।
ਤਨ ਤੇ ਕ੍ਰਿਤਿ ਕਰਹੁ ਸੰਤ ਸੇਵਾ।
ਮਨ ਤੇ ਭਗਤਿ ਕਰਿਹੁ ਹਰਿ ਦੇਵਾ।
ਇਸ ਤੇ ਸ਼ੀਘ੍ਰ ਲਹੈਂ ਕੱਲਜਾਨ।
ਤਜਹੁ ਨ ਸਦਨ ਠਾਨਿ ਗੁਰ ਧਜਾਨ' ॥੨੩॥
ਸੁਨਿ ਕਰਿ ਸੀਖ ਰਿਦੇ ਤਿਨ ਧਾਰੀ।
ਕਿਰਤਿ ਭਗਤਿ ਕਰਨੀ[1] ਸੁਖ ਕਾਰੀ। [1]ਕਿਰਤ ਵਿਚ ਭਗਤੀ ਕਰਨੀ।
ਮਾਨ ਭਲੋ ਤਬਿ ਕਰਿਬੇ ਲਾਗਾ।
ਗੁਰ ਕੀ ਸੇਵ ਲਗਜੋ ਬਡ ਭਾਗਾ ॥੨੪॥
ਖਾਨੂ ਅਰ ਮਾਈਆ[†] ਪਿਤ ਪੂਤ[1]। [1]ਪਿਉ-ਪੁਤ੍ਰ। [†]ਪਾ:-ਮੱਈਆ।
ਕੀਨੋ ਸਤਿਗੁਰ ਦਰਸ਼ਨ ਪੂਤ[1]। [1]ਪਵਿੱਤ੍ਰ।
ਤੀਸਰ ਮਿਲਿ ਗੋਵਿੰਦ ਭੰਡਾਰੀ[1]। [1]ਖੱਤ੍ਰੀਆਂ ਦੀ ਇਕ ਜਾਤ ਹੈ।
ਬਿਨੈ ਕੀਨਿ 'ਹਮ ਸ਼ਰਨ ਤੁਮਾਰੀ ॥੨੫॥
ਐਸੋ ਗੁਨ ਕੀਜਹਿ ਉਪਦੇਸ਼[1]। [1]ਐਸੇ ਗੁਣ ਦਾ ਉਪਦੇਸ਼ ਕਰੋ।
ਜਿਸ ਮਹਿਂ ਗੁਣ ਹੁਇਂ ਭਲੇ ਅਸ਼ੇਸ਼[1]।' [1]ਕਿ ਜਿਸ ਵਿਚ ਬਾਕੀ (ਦੇ ਸਾਰੇ) ਭਲੇ ਗੁਣ ਆ ਜਾਣ।
ਸੁਨਿ ਸਤਿਗੁਰ ਕਹਿ 'ਬਿਚ ਇਸ ਜਗਤਿ।
ਸਕਲ ਗੁਨਨ ਕੋ ਗੁਨ ਹਰਿ ਭਗਤਿ ॥੨੬॥

ਭਗਤਿ ਕਰਤਿ ਸਗਰੇ ਗੁਣ ਪਾਵੈਂ।
ਗੁਣ ਨਿਧਾਨ ਭਗਵਾਨ ਰਿਝਾਵੈਂ।
ਗੁਣ ਕਰਤਾ ਜਬਿਹੀ ਬਸਿ ਹੋਇ।
ਦੁਰਲਭ ਗੁਨ ਪੁਨ ਰਹੈ ਨ ਕੋਇ' ॥੨੭॥
ਬੂਝਨ ਲਗੇ 'ਭਗਤਿ ਕਿਸੁ ਰੀਤ?
ਕਰਹੁ ਬਤਾਵਨਿ ਉਪਜਹਿ ਪ੍ਰੀਤਿ।'
ਤਬਿ ਸਤਿਗੁਰ ਨੇ ਕਹ੍ਯੋ ਬੁਝਾਈ।
'-ਨਵਧਾ ਭਗਤਿ[1]- ਏਕ ਸੁਖਦਾਈ ॥੨੮॥

[1]ਨੌਂ ਪ੍ਰਕਾਰ ਦੀ ਭਗਤੀ।

ਦੂਜੇ -ਪ੍ਰੇਮਾ ਭਗਤਿ- ਬਿਚਾਰੀ।
-ਪਰਾ ਭਗਤਿ- ਤ੍ਰਿਤੀਏ ਨਿਰਧਾਰੀ।
ਪ੍ਰਥਮ ਸੁਨਹੁ ਨਵਧਾ ਕੇ ਭੇਦ।
ਪ੍ਰਾਪਤਿ ਭਏ ਬਿਨਾਸਹਿਂ ਖੇਦ[1] ॥੨੯॥

[1]ਦੁੱਖ।

ਸ਼ਰਧਾ ਸਹਤ ਗੁਰੂ ਕੇ ਬੈਨ।
੧ ਸ਼੍ਰਵਨ ਕਰਹਿ ਸਨਮੁਖ ਮਨ ਨੈਨ।
੨ ਦੁਤੀਏ ਕਥਾ ਕੀਰਤਨੁ ਕਰਨੇ।
ਨੀਕੇ ਪ੍ਰਭੁ ਕੇ ਗੁਨ ਗਨ ਬਰਨੇ ॥੩੦॥
੩ ਤ੍ਰਿਤੀਏ ਸੱਤਿਨਾਮ ਸਿਮਰੰਤੇ।
ਬਿਨਾ ਭਜਨ ਨਹਿਂ ਸਮਾਂ ਬਿਤੰਤੇ।
ਸ੍ਵਾਸਨ ਸੰਗ ਸੁ ਨਾਮ ਮਿਲਾਵੈਂ।
ਉਠਤਿ ਬੈਠਤਿ ਨਹਿਂ ਬਿਸਰਾਵੈਂ ॥੩੧॥
੪ ਚੌਥੇ ਸਤਿਗੁਰ ਕੈ ਭਗਵਾਨ।
ਠਾਨਹਿਂ ਚਰਨ ਕਮਲ ਕੋ ਧ੍ਯਾਨ।
ਕੈ ਸੰਤਨ ਕੇ ਚਰਨ ਪਖਾਰੈ।
ਸ਼ਰਧਾ ਤੇ ਚਰਨਾਂਮ੍ਰਿਤ ਧਾਰੈ ॥੩੨॥
੫ ਪੰਚਮਿ ਕਰਹਿ ਅਹਾਰ ਭਲੇਰੇ।
ਪ੍ਰਥਮ ਅਰਪਿ ਹਰਿ ਗੁਰੁ ਅਗੇਰੇ।
ਜਥਾ ਸ਼ਕਤਿ ਸੰਤਨ ਅਚਵਾਵੈ।
ਵਸਤ੍ਰ ਸ਼ਰੀਰ ਸਾਧ ਪਹਿਰਾਵੈ ॥੩੩॥
੬ ਖਸ਼ਟਮਿ ਪ੍ਰਭੁ ਗੁਰ ਕੈ ਗੁਰਦਵਾਰੇ।
ਬੰਦਨ ਕਰਹਿ ਪ੍ਰਦਛਨਾ ਧਾਰੇ।
ਧੂਪ ਦੀਪ ਚੰਦਨ ਚਰਚਾਵੈ।

ਫੂਲਨ ਆਨਿ[1] ਸੁਗੰਧਿ ਚਢਾਵੈ ॥੩੪॥ — [1]ਲਿਆ ਕਰਕੇ।

੭ ਸਪਤਮਿ ਦਾਸੁ ਆਪ ਕੋ ਜਾਨੈ।
ਪਰਮੇਸ਼੍ਵਰ ਸ੍ਵਾਮੀ ਪਹਿਚਾਨੈ।
ਤਨ ਮਨ ਧਨ ਜਾਨੈ ਪ੍ਰਭੁ ਦਾਨ[1]। — [1]ਪ੍ਰਭੂ ਦਾ ਦਿੱਤਾ।
ਸਤੀ ਨਾਰ ਸਮ ਪਤਿ ਭਗਵਾਨ[1] ॥੩੫॥ — [1]ਪਤਿੱਬ੍ਰਤ ਇਸਤ੍ਰੀ ਵਾਂਗ ਪਰਮੇਸ਼ੁਰ ਨੂੰ ਪਤੀ (ਜਾਣੈ)।

੮ ਅਸ਼ਟਮਿ ਮਿੱਤ੍ਰ ਲਖੈ ਸ਼੍ਰੀ ਪਤਿ ਕੌ[1]। — [1]ਪਰਮਾਤਮਾ ਨੂੰ।
ਨਹੀਂ ਡੁਲਾਵੈ ਅਪਨੇ ਚਿਤ ਕੋ।
ਜੋ ਕਛੁ ਕਰਹਿ ਭਲੀ ਮਮ ਜਾਨੈ।
ਨਹੀਂ ਤਰਕਨਾ[1] ਤਿਸ ਪਰ ਠਾਨੈ ॥੩੬॥ — [1]ਹੁੱਜਤ।
ਜਥਾ ਸਖਾ ਕੀ ਕ੍ਰਿੱਤਿ ਲਖੰਤਾ।
-ਕਰਹਿ ਜੁ ਕਛੁ ਮਮ ਭਲਾ ਕਰੰਤਾ[1]-। — [1]ਜਿਵੇਂ ਮਿੱਤ੍ਰ (ਮਿੱਤ੍ਰ ਦੀ) ਕੀਤੀ ਨੂੰ ਦੇਖਦਾ ਹੈ, (ਕਿ ਇਹ) ਜੋ ਕੁਛ ਕਰਦਾ ਹੈ ਮੇਰਾ ਭਲਾ ਕਰਦਾ ਹੈ।
ਤਿਮਿ ਪ੍ਰਭੁ ਮਿੱਤ੍ਰ ਕਿਰਤ ਕੋ ਹੇਰੈ।
-ਜੋ ਕਿਛੁ ਕਰੈ ਭਲੀ ਸੋ ਮੇਰੈ-† ॥੩੭॥ — †ਯਥਾ ਗੁਰ ਵਾਕ:
ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥
[ਗਉੜੀ ਮਃ ੫]

੯ ਨੌਮੀ ਤਨ ਧਨ ਪ੍ਰਭੁ ਅਰਪਾਇ।
ਅਪਨੋ ਕਛੂ ਨ ਲਖਹਿ ਕਦਾਇ।
ਮਮਤਾ ਤਜਹਿ ਪਦਾਰਥ ਕੇਰੀ।
ਹਰਿਕੇ ਜਾਨਿ ਨ† ਸੁਖ ਦੁਖ ਹੇਰੀ[1] ॥੩੮॥ — [1]ਹਰੀ ਦੇ ਜਾਣ ਕੇ (ਉਨ੍ਹਾਂ ਦੀ ਪ੍ਰਾਪਤੀ ਤੇ ਵਿਯੋਗ ਤੇ) ਸੁਖ ਦੁਖ ਨਾ ਦੇਖੇਗਾ। †ਪਾ:-ਜਨ ਨ।
ਨਵਧਾ ਭਗਤਿ ਕਹੀ ਇਹੁ ਜੋਇ।
ਜੇ ਕਰਿ ਇਕ ਭੀ ਪ੍ਰਾਪਤਿ ਹੋਇ।
ਤੌ ਉਧਾਰ ਜਨ ਕੋ ਕਰਿ ਦੇਤਿ।
ਕਜਾ ਸੰਸੈ ਹੁਇ ਸਰਬ ਸਮੇਤ[1] ॥੩੯॥ — [1]ਸਾਰੀ (ਭਾਵ ਨੌ ਪ੍ਰਕਾਰ ਦੀ ਭਗਤੀ) ਸਮੇਤ ਹੋਵੇ ਤਾਂ ਸੰਸਾ ਹੀ ਕਿਆ ਹੈ।
ਅਪਰ ਸੁਨਹੁ ਜਸ[1] -ਪ੍ਰੇਮਾ ਭਗਤਿ-। — [1]ਜਿਵੇਂ।
ਜਿਹ ਸਮ ਅਪਰ ਨ ਸੁਖ ਦੇ ਜਗਤ।
ਤਰੁਵਰ ਫਲ ਪੂਰਬ ਹੁਇ ਸਾਵਾ[1]। — [1]ਪਹਿਲੇ ਹਰਾ ਹੁੰਦਾ ਹੈ।
ਸ੍ਵਾਦ ਬਿਖੈ ਕੌਰਾ ਲਖਿ ਪਾਵਾ[1] ॥੪੦॥ — [1]ਜਾਣੀਦਾ ਹੈ।
ਪੁਨ ਪੀਰੋ ਤਬ ਲਹਿ ਤੁਰਸ਼ਾਈ[1]। — [1]ਖਟਿਆਈ।
ਬ੍ਰਿੱਛ ਬੀਚ ਤੇ ਲੇ ਰਸੁ ਪਾਈ।
ਪੁਨ ਪਾਕੋ ਹੋਵਹਿ ਰੰਗੁ ਲਾਲ।

ਸ੍ਵਾਦ ਪਾਇ ਸੋ ਮਧੁਰ ਬਿਸਾਲ ॥੪੧॥
ਤਿਮਿ ਪਰਮੇਸ਼ੁਰ ਪ੍ਰੇਮੀ ਹੋਇ।
ਤਿਨ ਕੇ ਲੱਛਨ ਇਸ ਬਿਧਿ ਜੋਇ।
ਪ੍ਰਥਮੈ ਰੁਦਨ ਕਰਤਿ ਚਿਤ ਚਾਹੈ।
ਪ੍ਰੀਤਮ ਦਰਸ਼ਨ ਧਰਤਿ ਉਮਾਹੈ[1] ॥੪੨॥ [1]ਰਖਦਾ ਹੈ ਉਤਸ਼ਾਹ।
-ਬਿਛਰੇ ਹਮ- ਯਾਂ ਤੇ ਦੁਖ ਪਾਵੈ।
ਦੀਰਘ ਸ੍ਵਾਸਨਿ ਲੇ ਪਛੁਤਾਵੈ।
ਰੋਮੰਚਤਿ[1] ਹੁਇ ਗਦ ਗਦ ਬਾਨੀ। [1]ਰੋਮ ਖੜੇ ਹੋ ਜਾਂਦੇ ਹਨ।
ਕਬਿ ਗੁਨ ਗਾਇ, ਕਿ[1] ਤੂਸ਼ਨ ਠਾਨੀ ॥੪੩॥ [1]ਅਥਵਾ।
ਤਬਿ ਮੁਖ ਕੋ ਸਾਵਾ ਹੁਇ ਰੰਗ।
ਸੁਧਿ ਭੂਲਹਿ ਸਭਿ ਆਦਿਕ ਅੰਗ[1]। [1]ਅੰਗ ਆਦਿਕਾਂ ਦੀ ਸਭਿ ਸੋਝੀ।
ਜਯੋਂ ਜਯੋਂ ਵਧ ਹੈ ਪ੍ਰੇਮ ਬਡੇਰਾ।
ਤਯੋਂ ਤਯੋਂ ਹੋਤਿ ਅਹਾਰ ਛੁਟੇਰਾ[1] ॥੪੪॥ [1]ਥੋੜਾ।
ਭੂਖ ਪਯਾਸ ਕੀ ਗਮ[1] ਹੁਇ ਥੋਰੀ। [1]ਚਿੰਤਾ।
ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ[1]। [1]ਪ੍ਰੇਮ ਵਿਚ ਬੁੱਧੀ ਡੁਬੀ ਹੋਈ।
ਬ੍ਰਿਹੁ ਤੇ ਵਧਹਿ ਬਿਖਾਦ ਅਧੀਰਾ[1]। [1]ਦੁੱਖ ਤੇ ਅਧੀਰਜ।
ਬਦਨ ਬਰਨ[1] ਹੁਇ ਆਵਤਿ ਪੀਰਾ[2] ॥੪੫॥ [1]ਮੁਖ ਦਾ ਰੰਗ। [2]ਪੀਲਾ।
ਪਯਾਰੇ ਕੀ ਜੇ ਬਾਤ ਬਤਾਵਹਿਂ।
ਅਸ[1] ਸੰਤਨ ਕੇ ਨਿਕਟ ਸਿਧਾਵਹਿ। [1]ਇਹੋ ਜਿਹੇ।
ਸੁਨਿ ਪਿਖਿ ਕੈ ਪ੍ਰਿਯ ਮਿਲਨਿ ਨਿਸ਼ਾਨੀ।
ਨਿਕਟ ਜਾਨਿ ਹੁਇ[1] ਪ੍ਰੀਤ ਮਹਾਨੀ ॥੪੬॥ [1]ਪਰਮੇਸ਼ਰ ਨੂੰ) ਨੇੜੇ ਜਾਣ ਕੇ ਹੁੰਦੀ ਹੈ।
ਸੰਤ ਸੰਗ ਜਬਿ ਵਧਯੋ ਵਧੇਰਾ।
ਪੂਰਨ ਪ੍ਰਭੁ ਸਰਬ ਮੈਂ ਹੇਰਾ।
ਤਬਿ ਮੁਖ ਲਾਲ ਰੰਗ ਦ੍ਰਿਸ਼ਟਾਵੈ।
ਤ੍ਰਿਪਤਿ ਹੋਇ ਮਨ ਕਿਤਹੁੰ ਨ ਧਾਵੈ ॥੪੭॥
ਸ਼ਾਂਤਿ ਮਧੁਰਤਾ[1] ਤਬਿ ਹੁਇ ਆਈ। [1]ਸ਼ਾਂਤੀ ਰੂਪ ਮਿਠਾਸ।
ਅੰਤਰ ਬ੍ਰਿਤੀ ਸਥਿਰਤਾ ਪਾਈ।
ਦਿਢ ਅੱਭਯਾਸ ਗਯਾਨ ਮਨਿ ਲਾਵਹਿ।

-ਪਰਾਭਗਤਿ[1]- ਉਤਪਤਿ ਹੁਇ ਆਵਹਿ ॥੪੮॥

[1]ਉਹ ਭਗਤੀ ਜੋ ਦ੍ਰਿਸ਼ਟਮਾਨ ਤੋਂ ਚੱਕਕੇ ਦ੍ਰਿਸ਼ਟਾ ਵਿਚ ਲੈ ਜਾਵੇ, ਵਾਹਿਗੁਰੂ ਮਿਲਾਪ ਪ੍ਰਾਪਤ ਅਵਸਥਾ।

ਅਪਨਿ ਸਰੂਪ ਨਿਹਾਰਨ ਚਾਹਾ।
ਈਸ਼ੁਰ ਜੀਵ ਅਭੇਦ ਉਪਾਹਾ[1]।

[1]ਪਾਇ ਲਾਇਆ [ਸੰਸ: ਉਪਾਹਤ = ਮਿਲ ਗਿਆ]।

ਸਤਿ ਚੇਤਨ ਆਨਦ ਬ੍ਰਹਮ ਰੂਪ।
ਨਭ ਸਮ ਬਜਾਪਯੋ ਚਲਤਿ ਅਨੂਪ[1] ॥੪੯॥

[1]ਅਕਾਸ਼ ਸਮ ਪਰੀਪੂਰਨ ਹੈ। ਤੇ (ਜਿਸ ਦੇ) ਅਨੁਪਮ ਕੌਤਕ ਹਨ।

ਇਸ ਪ੍ਰਕਾਰ ਜੇ ਭਗਤਿ ਕਮਾਵੈ।
ਇਕਤਾ ਬ੍ਰਹਮ ਰੂਪ[1] ਹੁਇ ਜਾਵੈ[†]।'

[1]ਬ੍ਰਹਮ ਨਾਲ ਇਕ ਰੂਪਤਾ। [†]ਕਰਨੀ ਤੇ ਭਗਤੀ ਦਾ ਜ਼ਿਕਰ ਕਰਕੇ ਜਿਡੀ ਛੇਤੀ ਗਿਆਨ ਦਾ ਕਥਨ ਆ ਜਾਂਦਾ ਹੈ, ਸਾਧਨ ਕਰਨ ਲਗਿਆਂ ਪ੍ਰਾਪਤੀ ਏਡੀ ਸੌਖੀ ਤੇ ਛੇਤੀ ਨਹੀਂ। ਭਾਈ ਗੁਰਦਾਸ ਜੀ ਦੀ ਬਾਣੀ ਤੋਂ ਪਤਾ ਚਲਦਾ ਹੈ ਕਿ ਮੁਰਦੇ ਦਿਲਾਂ ਵਿਚ ਜੀਅਦਾਨ ਦੀ ਜੀਉਂਦੀ ਕਣੀ ਪਾਕੇ ਜਿਵਾਲ ਦੇਣਾ ਇਹ ਦਾਨ ਸਤਿਗੁਰੂ ਦੇ ਘਰ ਦਾ ਹੈ। ਬਾਕੀ ਨਿਰੇ ਲੇਖੇ ਪੱਤੇ ਮੁਰਦੇ ਦਿਲਾਂ ਨੂੰ ਬੀ ਆਉਂਦੇ ਸਨ, ਸਤਿਗੁਰੂ ਜੀ ਤਾਂ ਨਾਮ ਦੀ ਅਮੁੱਲਜ ਛਹੁ ਲਾਕੇ ਜੀਅਦਾਨ ਦੇਂਦੇ ਸਨ, ਨਾਮ ਫਿਰ ਆਪ ਹੀ ਪਰਮਪਦ ਵਲ ਲਈ ਜਾਂਦਾ ਸੀ। ਵਾਚਜ ਗਜ਼ਾਨ ਤੇ ਕਥਨੀ ਕਹਿਣ ਦਾ ਵੇਦਾਂਤ ਕੋਈ ਅਨੋਖੀ ਤੇ ਕੀਮਤੀ ਸ਼ੈ ਨਹੀਂ ਹਨ। ਅਮਲੀ ਜੀਵਨ ਤੇ ਅਨੁਭਵ ਦਾ ਜੀਵਨ, ਗੁਰੂ ਕੀ ਦਾਤ ਸੀ।

ਤੀਨਹੁ ਸੁਨ ਕੈ ਭਏ ਅਨੰਦ।
ਖਾਨੂ ਮਾਈਆ ਅਰੁ ਗੋਬਿੰਦ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕੋਨਦੱਤ੍ਵਾਰਿੰਸਤੀ ਅੰਸੂ ॥੩੯॥

## ੪੦. [ਜੋਧ ਰਸੋਈਆ। ਪ੍ਰਿਥੀ ਮਲ। ਤੁਲਸਾ। ਮੱਲਣ। ਉੱਗਰ ਸੈਨ। ਰਾਮੂ। ਦੀਪਾ। ਗੋਪੀ। ਰਾਮੂ ਮਹਿਤਾ। ਮੋਹਣ ਮਲ। ਅਮਰੂ। ਗੰਗੂ। ਸਹਾਰੂ। ਖਾਨ ਛੁਰਾ। ਬੇਗਾ ਪਾਸੀ। ਨੰਦੂ ਸੂਦਨਾ। ਉਗਰੂ। ਤਾਰੂ। ਝੰਡਾ। ਪੂਰੋ। ਮਲਜਾਰ। ਸਹਾਰੂ ਛੀਂਬਾ। ਬੂਲਾ ਪਾਂਧਾ। ਤੇ ਡੱਲੇ ਵਾਸੀ ਸਿੱਖਾਂ ਨੂੰ ਉਪਦੇਸ਼।]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਜੋਧ ਰਸੋਈਆ ਦੇਗ ਮਹਿਂ,
ਗੁਰ ਹਿਤ ਕਰਤਿ ਅਹਾਰ[1]।
ਬਿੱਪ੍ਰ ਜਾਤਿ ਸੇਵਾ ਕਰੇ,
ਉਰ ਹੰਕਾਰ ਨਿਵਾਰਿ ॥੧॥

[1]ਬਣਾਉਂਦਾ ਹੁੰਦਾ ਸੀ ਭੋਜਨ।

ਚੌਪਈ:

ਧਨ ਆਦਿਕ ਜੇ ਸਿਖ ਗਨ ਲ੍ਯਾਵੈਂ।
ਭੇਟ ਧਰਹਿਂ ਸਤਿਗੁਰੂ ਮਨਾਵੈਂ।
ਸੋ ਸਭਿ ਜੋਧ ਰਸੋਈਆ ਲੇਤਿ।
ਲੰਗਰ ਪਰ ਲਗਾਇ ਕਰਿ ਦੇਤਿ ॥੨॥
ਇਕ ਦਿਨ ਮਹਿਂ ਜੇਤੋ ਲਗ ਜਾਇ।
ਤਿਤਿਕ ਲੇਤਿ, ਲੰਗਰ ਮਹਿਂ ਲਾਇ।
ਦਿਨ ਅਗਲੇ ਹਿਤ ਰਹਨਿ ਨ ਪਾਵੈ।
ਵਧਹਿ ਜਿ ਪਸੂਅਨ ਵਹਿਰ ਖੁਵਾਵੈ ॥੩॥
ਨਾਂਹਿ ਤ ਸਰਿਤਾ ਮਾਂਹਿ ਗਿਰਾਵੈ।
ਜਲ ਗਾਗਰ ਤੇ ਸਕਲ ਡੁਲ੍ਹਾਵੈ।
ਨੀਰ ਆਦਿ ਹਿਤ ਪ੍ਰਾਤਿ[1] ਨ ਧਰੈ।
ਕਹਾਂ ਅੰਨਕੀ ਗਿਨਤੀ ਕਰੈਂ ॥੪॥

[1]ਸਵੇਰ ਲਈ।

ਇਮਿ ਗੁਰ ਹੁਕਮ ਸੁ ਬਰਤਹਿ ਜੋਧ।
ਲੰਗਰ ਕਾਰ ਕਰਹਿ ਹਿਤ ਬੋਧ[1]।

[1]ਪ੍ਰੇਮ (ਨਾਲ ਤੇ) ਅਕਲ (ਨਾਲ) ਲੰਗਰ ਦੀ ਕਾਰ ਕਰਦਾ ਹੈ। (ਅ) ਲੰਗਰ ਦੀ ਸੇਵਾ ਕਰਦਾ ਹੈ ਵਾਹਿਗੁਰੂ ਗਿਆਨ ਦੀ ਪ੍ਰਾਪਤੀ ਲਈ।

ਪਾਛੇ ਕੁਛ ਭੋਜਨ ਰਹਿ ਜਾਇ।
ਬਿਨਾ ਸ੍ਵਾਦ ਤੇ ਖਾਇ, ਬਿਤਾਇ[1] ॥੫॥

[1]ਖਾਕੇ ਦਿਨ ਬਿਤਾਉਂਦਾ ਹੈ (ਜੋਧ)।

ਗੁਰ ਕੇ ਸਿੱਖ ਜਾਨਿ ਸਮੁਦਾਈ।
ਸਭਿ ਕੀ ਸੇਵਾ ਕਰਹਿ ਬਨਾਈ।
ਜੋ ਜਿਸ ਕਾਲ ਪੁਰੀ ਮਹਿਂ ਆਵੈ।

ਤਬਿ ਕਰਿ ਤਯਾਰ ਅਹਾਰ ਅਚਾਵੈ ॥੬॥
ਨਹਿਂ ਆਲਸ ਕੋ ਦਿਜਬਰ[1] ਕਰੈ। [1]ਇਹ) ਚੰਗਾ ਬ੍ਰਾਹਮਣ।
ਆਇ ਛੁਧਿਤਿ ਕੀ ਛੁਧਾ ਸੁ ਹਰੈ।
ਦੇਖਿ ਸੇਵ ਰੀਝੇ ਗੁਰਦੇਵ।
ਸੱਤਿਨਾਮ ਦੇ ਗਯਾਨ ਕਰੇਵ[1] ॥੭॥ [1]ਕਰਾ ਦਿੱਤਾ।
ਜਨਮ ਮਰਨ ਕੋ ਦੁੱਖ ਨਿਵਾਰਾ।
ਪਾਯੋ ਪਦ ਜਹਿਂ ਅਨੰਦ ਉਦਾਰਾ।
ਏਕ ਬਾਰ ਗੇ ਸਹਿਜ ਸੁਭਾਇ।
ਡੱਲੇ ਗ੍ਰਾਮ ਬਿਖੇ ਸੁਖਦਾਇ[1] ॥੮॥ [1]ਭਾਵ ਸ਼੍ਰੀ ਗੁਰੂ ਜੀ।
ਪ੍ਰਿਥੀਮੱਲ ਅਰ ਤੁਲਸਾ ਦੋਇ।
ਹੁਤੇ ਜਾਤ ਕੇ ਭੱਲੇ ਸੋਇ।
ਸੁਨਿ ਦਰਸ਼ਨ ਕੋ ਤਬਿ ਚਲਿ ਆਏ।
ਨਮੋ ਕਰੀ ਬੈਠੇ ਢਿਗ ਥਾਏ ॥੯॥
ਉਰ ਹੰਕਾਰੀ[1] ਗਿਰਾ ਉਚਾਰੀ। [1]ਦਿਲ ਦੇ ਹੰਕਾਰੀਆਂ ਨੇ।
'ਏਕੋ ਜਾਤਿ ਹਮਾਰ ਤੁਮਾਰੀ।'
ਸ਼੍ਰੀ ਗੁਰ ਅਮਰ ਭਨਯੋ ਸੁਨਿ ਸੋਇ।
'ਜਾਤਿ ਪਾਤ ਗੁਰ ਕੀ ਨਹਿਂ ਕੋਇ ॥੧੦॥
ਉਪਜਹਿਂ ਜੇ ਸਰੀਰ[1] ਜਗ ਮਾਂਹੀ। [1]ਜੋ ਸਰੀਰ ਪੈਦਾ ਹੁੰਦੇ ਹੈਨ।
ਇਨ ਕੀ ਜਾਤਿ ਸਾਚ ਸੋ ਨਾਂਹੀ।
ਬਿਨਸਿ ਜਾਤ ਇਹੁ[1] ਜਰਜਰਿ ਹੋਇ[2]। [1]ਭਾਵ ਸਰੀਰ। [2]ਭਾਵ ਸਰੀਰ ਬੁੱਢੇ ਹੋ ਕੇ ਬਿਨਸ ਜਾਂਦੇ ਹਨ।
ਆਗੇ ਜਾਤਿ ਜਾਤ ਨਹਿਂ ਕੋਇ ॥੧੧॥

ਸ਼੍ਰੀ ਮੁਖਵਾਕ:
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

ਇਮ ਸ਼੍ਰੀ ਨਾਨਕ ਬਾਕ ਉਚਾਰਾ।
ਆਗੇ ਜਾਤ ਨ ਜੋਰ ਸਿਧਾਰਾ[1]। [1]ਅੱਗੇ ਜਾਤ ਤੇ ਜੋਰ ਨਹੀਂ ਜਾਂਦੇ।
ਉਪਜੈਂ ਤਨ ਇਤ ਹੀ[1] ਬਿਨਸੰਤੇ। [1]ਇੱਥੇ ਹੀ।
ਆਗੇ ਸੰਗ ਨ ਕਿਸੇ ਚਲੰਤੇ ॥੧੨॥
ਸਿਮਰਯੋ ਜਿਨ ਸਤਿਨਾਮ ਸਦੀਵਾ[1]। [1]ਲਗਾਤਾਰ।
ਸਿੱਖਨ ਸੇਵ ਕਰੀ ਮਨ ਨੀਵਾ।
ਤਿਨ ਕੀ ਪਤਿ ਲੇਖੇ ਪਰ ਜਾਇ।

ਜਾਤਿ ਕੁਜਾਤਿ ਨ ਪਰਖਹਿਂ ਕਾਇ'
॥੧੩॥
ਮੱਲਣ[1] ਆਨਿ ਪਰਜੋ ਗੁਰ ਸ਼ਰਨੀ। [1]ਨਾਮ ਹੈ।
ਕਰਿ ਬੰਦਨ ਪਦ, ਬਿਨਤੀ ਬਰਨੀ।
'ਮੋ ਕਹੁ ਕੁਛ ਦੀਜਹਿ ਉਪਦੇਸ਼।
ਜਿਸ ਤੇ ਮਿਟੈਂ ਕਲੇਸ਼ ਅਸ਼ੇਸ਼' ॥੧੪॥
ਸਤਿਗੁਰ ਕਹਜੋ 'ਤਜਾਗ ਹੰਕਾਰਾ।
ਸੰਤਨ ਸੇਵੋ ਹੋਹਿਂ ਸੁਖਾਰਾ।
ਸ਼ਰਧਾ ਧਰਿ ਅਹਾਰ ਕਰਿਵਾਵਹੁ।
ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ[1] [1]ਪ੍ਰੀਤ ਨਾਲ (ਛਕਾ ਕੇ ਭੋਜਨ) ਰਜਾਓ।
॥੧੫॥
ਬਸਤ੍ਰ ਬਨਾਇ ਗੁਰਨ ਹਿਤ ਦੇਹੋ।
ਛੁਧਤਿ ਨਗਨ ਤੇ ਆਸ਼ਿਖ ਲੇਹੋ[1]। [1]ਅਸ਼ੀਰਬਾਦ ਲਓ।
ਸੱਤਿਨਾਮ ਸਿਮਰਹੁ ਤਜਿ ਕਾਨ[1]। [1]ਕਨੌਡ।
ਹੋਹਿ ਅੰਤ ਕੋ ਤੁਵ ਕੱਲਜਾਨ' ॥੧੬॥
ਸੁਨਿ ਗੁਰ ਬਚ ਤੇ ਕਰਨ ਸੁ ਲਾਗਜੋ।
ਸੰਤਨ ਸੇਵ ਬਿਖੈ ਅਨੁਰਾਗਜੋ।
ਉੱਗ੍ਰਸੈਨ ਅਰੁ ਰਾਮੂ ਦੀਪਾ।
ਆਇ ਨਗੌਰੀ ਗੁਰੂ ਸਮੀਪਾ ॥੧੭॥
ਕਰਿ ਬੰਦਨ ਬੂਝਜੋ ਉਪਦੇਸ਼।
ਗੁਰ ਬੋਲੇ ਕਰਿ ਕ੍ਰਿਪਾ ਵਿਸ਼ੇਸ਼।
'ਸਿਖ ਜਿਸ ਸਮੇਂ ਆਇ ਕਰਿ ਮਿਲੇ।
ਦੇਹੁ ਤਜਾਰ ਕਰਿ ਭੋਜਨ ਭਲੇ ॥੧੮॥
ਅੰਮ੍ਰਿਤ ਵੇਲਾ ਕਰਿਹੁ ਸ਼ਨਾਨ।
ਗੁਰ ਕੋ ਸ਼ਬਦ ਪਠਹੁ ਕਰਿ ਧਜਾਨ।
ਅਰਥ ਬਿਚਾਰ ਉਚਾਰਨ ਕਰੀਅਹਿ[†]। [†]ਪਾ:-ਕਰੀਅਹੁ।
ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ[†] [†]ਪਾ:-ਧਰੀਅਹੁ।
॥੧੯॥
ਚਤੁਰ ਘਟੀ ਸਭਿ ਕਾਜ ਬਿਸਾਰਹੁ।
ਅਰਥ ਸੁਨਹੁ ਕੈ ਆਪ ਉਚਾਰਹੁ।
ਸਲਿਤਾ ਮਹਿਂ ਨੌਕਾ ਬਹੁ ਭਰੀਯਤਿ।
ਚਤੁਰੰਗਲ ਜਲ ਵਹਿਰ ਨਿਹਰੀਯਤਿ[1] [1]ਨਦੀ ਵਿਚ ਬੇੜੀ ਬਹੁਤ (ਜੀਵਾਂ ਨਾਲ) ਭਰੀ ਹੋਈ ਹੁੰਦੀ

॥੨੦॥

ਹੈ, (ਪਰ) ਚਾਰ ਉਂਗਲ ਜਲ ਤੋਂ ਬਾਹਰ ਦੇਖੀ ਦੀ ਹੈ। (ਜੇ ਬੇੜੀ ਜਲ ਤੋਂ ਚਾਰ ਉਂਗਲਾਂ ਬੀ ਬਾਹਰ ਨਾ ਰਹੇ ਤਾਂ ਡੁਬ ਜਾਂਦੀ ਹੈ, ਭਾਵ ਇਹ ਕਿ ਆਪਣੇ ਮਨ ਨੂੰ ਚਾਰ ਘੜੀ ਤਾਂ ਜਗਤ ਜੰਜਾਲਾਂ ਤੋਂ ਬਾਹਰ ਰੱਖ ਕੇ ਵਾਹਿਗੁਰੂ ਜੀ ਨੂੰ ਸਿਮਰੋ, ਸਾਰਾ ਵਕਤ ਗਰਕ ਰਿਹਾਂ, ਡੁਬ ਮਰੋਗੇ)।

ਭਰੀ ਭਾਰ ਸੋਂ ਉਤਰਹਿ ਪਾਰ[1]।

[1]ਚਾਰ ਉਂਗਲ ਜਲ ਤੋਂ ਬਾਹਰ ਰਹੀ ਬੇੜੀ) ਭਾਰ ਨਾਲ ਭਰੀ ਹੋਈ ਬੀ ਪਾਰ ਹੋ ਜਾਂਦੀ ਹੈ।

ਤਿਮਿ ਜਗ ਕਾਰਜ ਕੇ ਬਿਵਹਾਰ।
ਨਿਸ ਦਿਨ ਕਰਿਹੁ ਧਰਮ ਕੀ ਕਿਰਤਿ।
ਚਤੁਰ ਘਟੀ ਦਿਹੁ ਗੁਰ ਮਹਿਂ ਬਿਰਤਿ[1] ॥੨੧॥

[1]ਮਨ ਦੀ) ਬ੍ਰਿਤਿ।

ਸਭਿ ਕਾਰਜ ਜੁਤਿ ਹੁਇ ਕੱਲਜਾਨ।
ਪ੍ਰਭੁ ਪ੍ਰਸੀਦਹਿਂ ਪ੍ਰੇਮ ਮਹਾਨ[1]।

[1]ਪ੍ਰਸੰਨ ਹੋਵੇਗਾ ਅਤਿਸ਼ੈ ਪ੍ਰੇਮ (ਦੇਖਕੇ)।

ਸਗਰੇ ਕਾਰਜ ਗੁਰੂ ਸਵਾਰੈ।
ਹਲਤ ਪਲਤ ਮਹਿਂ ਕਬਹੁਂ ਨ ਹਾਰੈ[1] ॥੨੨॥

[1]ਨਾ ਹਾਰ ਹੋਵੇਗੀ। (ਅ) ਗੁਰੂ ਕਦੇ ਹਾਰ ਨਹੀਂ ਦੇਵੇਗਾ।

ਗੁਰੂ ਸ਼ਬਦ ਕੋ ਕਰਿਹੁ ਬਿਚਾਰੁ।
ਇਕ ਚਿਤ ਹੁਇ ਕਰਿ ਨਾਮ ਉਚਾਰੁ[†]।'

[†]ਚਾਰ ਘੜੀ ਦਾ ਉਪਦੇਸ਼ ਉਹਨਾਂ ਨੂੰ ਦਿੱਤਾ ਹੈ ਜੋ ਅਠੇ ਪਹਿਰ ਗ਼ਾਫਲੀ ਵਿਚ ਡੁੱਬੇ ਹੋਏ ਸਨ ਤਾਕਿ ਅੰਮ੍ਰਿਤ ਵੇਲਾ ਰੱਬ ਵੱਲ ਲਾਉਣ।
ਇਸ ਦਾ ਅਤਯੰਤ ਲਾਭ ਹੈ, ਸਾਰਾ ਦਿਨ ਅਸਰ ਜਾਰੀ ਰਹਿੰਦਾ ਹੈ। ਫਿਰ ਸਤਿਸੰਗ ਪ੍ਰਾਪਤ ਪੁਰਖ ਸਹਿਜੇ ਸਹਿਜੇ ਸ੍ਵਾਸ ਸਿਮਰਨ ਵਿਚ ਆ ਜਾਂਦੇ ਹਨ।

ਸੁਨਿ ਉਪਦੇਸ਼ ਰਿਦੈ ਸ਼ੁਭ ਧਾਰਾ।
ਗੁਰ ਸਿੱਖ ਹੁਇ ਕਰਿ ਜਨਮ ਸੁਧਾਰਾ ॥੨੩॥
ਗੋਪੀ ਦੂਸਰ ਰਾਮੂ ਮਹਿਤਾ।
ਮੋਹਣ ਮਲ ਅਮਰੂ ਕੇ ਸਹਿਤਾ।
ਚਾਰਹੁਂ ਆਇ ਲਗੇ ਗੁਰ ਚਰਨੀ।
ਕਰ ਜੋਰਤਿ, ਕਹਿਂ 'ਰਾਖਹੁ ਸ਼ਰਨੀ ॥੨੪॥
ਬਿਰਦ ਗ਼ਰੀਬ ਨਿਵਾਜ ਤੁਮਾਰਾ।
ਉਪਦੇਸ਼ਹੁ ਜਿਮਿ ਹੋਹਿ ਉਧਾਰਾ।'
ਸ਼੍ਰੀ ਗੁਰ ਅਮਰਦਾਸ ਤਬਿ ਕਹਯੋ।
'ਹਉਮੈਂ ਕਰਿ ਬੰਧਨ[†] ਕੋ ਲਹਯੋ ॥੨੫॥

[†]ਪਾ:-ਬੰਦਨ।

ਅਣਹੋਵਤਿ ਹੀ ਇਹੁ ਬਨਿਆਈ।
ਬੁਰੀ ਬਲਾਇ ਸਭਿਨਿ ਲਪਟਾਈ।
ਪਰਮੇਸ਼ੁਰ ਕਹੁ ਦੇਤਿ ਭੁਲਾਇ।
ਅਨਹੋਵਤਿ ਦੁਖ ਦੇ ਸਮੁਦਾਇ ॥੨੬॥
ਯਾਂ ਤੇ ਇਸ ਕੋ ਦੀਜਹਿ ਤਜਾਗੇ।
ਪ੍ਰਭੁ ਕੇ ਸੰਗ ਗੰਢ[1] ਤਬਿ ਲਾਗੇ।' — [1]ਮੇਲ, ਮਿਤ੍ਰਤਾ। [1]ਭਾਵ ਮੇਲ ਹੋ ਜਾਂਦਾ ਹੈ।
[1]ਚਾਰਹੁਂ ਸੁਨਿ ਪੁਨਿ ਸਤਿਗੁਰ ਪੂਛੇ।
'ਕਿਮਿ ਇਸ ਤੇ ਹਮ ਹੋਵਹਿਂ ਛੂਛੇ?' ॥੨੭॥
ਕਹਜੋ ਕਿ 'ਜਾਨਹੁ ਤਨ ਕੋ ਕੂਰਾ।
ਬਿਨਸੈ ਹੋਇ ਸਮਾਂ ਜਬਿ ਪੂਰਾ।
ਸਨੇ ਸਨੇ ਇਸ ਤੇ ਬ੍ਰਿਤਿ ਛੋਰਿ।
ਕਰਹੁ ਲਗਾਵਨ ਆਤਮ ਓਰਿ ॥੨੮॥
ਸਹਿਨ ਸ਼ੀਲਤਾ ਛਿਮਾ ਧਰੀਜੈ।
ਕਿਸ ਕੇ ਸੰਗ ਨ ਦ੍ਵੈਸ਼ ਰਚੀਜੈ।
ਬਾਕ ਕਠੋਰ ਅਨਾਦਰ ਕਰੇ।
ਸੁਨਿ ਕਰਿ ਤਪਹਿ ਨ ਰਿਸਿ ਕਬਿ ਧਰੇ[1†]' ॥੨੯॥ — [1]ਧਾਰਨ ਕਰੇ। [†]ਬਿਨਾਂ ਨਾਮ ਦੇ ਬ੍ਰਿਤੀ ਸਾਧੀ ਜਾਣੀ ਗੁਰਮਤ ਵਿਚ ਕਠਨ ਦੱਸੀ ਹੈ- "ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀਂ ਛੁਟਕਾਰਾ ॥"
ਸੁਨਿ ਉਪਦੇਸ਼ ਕਰਨ ਸੋ ਲਾਗੇ।
ਅੰਤਰ ਬ੍ਰਿਤੀ ਧਰਹਿਂ ਬਡਭਾਗੇ।
ਗੰਗੂ ਅਪਰ ਸਹਾਰੂ ਭਾਰੂ।
ਕਰਿ ਬੰਦਨ ਬੈਠੇ ਦੁਖਿਆਰੂ[1†] ॥੩੦॥ — [1]ਦੁਖੀ। [†]ਪਾ:-ਦੁਖ ਆਰੂ = ਦੁੱਖਾਂ ਦੇ ਸ਼ੱਤ੍ਰੂ-ਗੁਰੂ ਜੀ।
ਤਿਨ ਕੋ ਭੀ ਉਪਦੇਸ਼ਨ ਕੀਨਿ।
'ਵੰਡਖਾਹੁ ਧਰਿ ਭਾਉ ਪ੍ਰਬੀਨ?
ਮਧੁਰ ਗਿਰਾ ਸਭਿ ਸੰਗ ਉਚਾਰਹੁ।
ਕਹਿਨ ਕਠੋਰ[1] ਨਹੀਂ ਰਿਸ ਧਾਰਹੁ ॥੩੧॥ — [1](ਕਿਸੇ ਦੇ) ਕਠੋਰ ਕਹਿਣ ਤੇ।
ਗੁਰ ਸਿੱਖਨ ਕੋ ਪ੍ਰਥਮ ਅਚਾਵਹੁ।
ਸ਼ੇਸ਼ ਰਹੈ ਭੋਜਨ ਤੁਮ ਖਾਵਹੁ।
ਮਹਾਂ ਪਵਿੱਤ੍ਰ ਹੋਤਿ ਹੈ ਸੋਇ।
ਸਿੱਖਜਨ ਪੀਛੈ ਅਚੀਯਤਿ ਜੋਇ[†] ॥੩੨॥ — [†]ਸਿੱਖ ਤੇ ਸੰਤ ਪਦ ਜੋ ਇਸ ਤਰ੍ਹਾਂ ਵਰਤੀਂਦੇ ਹਨ ਓਹ 'ਜੀਉਂਦੇ ਨਾਮ ਰਸੀਆਂ' ਤੋਂ ਮੁਰਾਦ ਹੁੰਦੀ ਹੈ। ਸ਼ੋਕ ਹੈ ਕਿ

ਅਜ ਕਲ ਸਿੱਖਾਂ ਨੂੰ ਪ੍ਰਸ਼ਾਦ ਛਕਾਉਣ ਦੀ ਮਿਰਯਾਦਾ ਪਛਮੀ ਮਾਦਾ ਪ੍ਰਸਤੀ ਦੀ ਅੰਧੇਰੀ ਅੱਗੇ ਉਡਦੀ ਜਾਂਦੀ ਹੈ।

ਸਿਮਰੋ ਵਾਹਿਗੁਰੂ ਨਿਤਨਾਮੂ।
ਲਿਵ ਲਾਗੇ ਪਦ ਦੇ ਅਭਿਰਾਮੂ[1]।
ਮੜੀ, ਟੋਭੜੀ, ਮਠ ਅਰੁ ਗੋਰ।
ਇਨਹੁਂ ਨ ਸੇਵਹੁ ਸਭਿ ਦਿਹੁ ਛੋਰ' ॥੩੩॥

[1]ਪ੍ਰਾਪਤ ਹੋਵੇਗਾ ਸੁੰਦਰ ਪਦ।

ਖਾਨੁ ਛੁਰਾ ਅਰੁ ਬੇਗਾ ਪਾਸੀ।
ਨੰਦ ਸੂਦਨਾ ਹੋਇ ਹੁਲਾਸੀ।
ਉਗਰੂ, ਤਾਰੂ, ਝੰਡਾ, ਪੂਰੋ।
ਸੁਨਿ ਜਸੁ ਆਏ ਗੁਰੂ ਹਜੂਰੋ ॥੩੪॥
ਮਸਤਕ ਟੇਕਿ ਅਦਬ ਤੇ ਬੈਸੇ।
ਬੂਝਤਿ ਭਏ ਸ਼੍ਰੇਯ ਹੁਇ ਜੈਸੇ।
ਸ਼੍ਰੀ ਗੁਰ ਅਮਰ ਕਹਯੋ 'ਸੁਨਿ ਲੀਜੈ।
ਅਬਿ ਕਲਿ ਕਾਲ ਬਿਸਾਲ ਜਨੀਜੈ ॥੩੫॥
ਪ੍ਰਥਮ ਜੁਗਨ ਮਹਿਂ ਜੱਗ ਕਰੰਤੇ।
ਹੋਮਤਿ[1] ਦੇਵਤਾਨ ਤ੍ਰਿਪਤੰਤੇ।
ਤਿਹ ਸਮ ਫਲ ਸਿਖ ਦੇਹੁ ਅਹਾਰਾ[1]।
ਭਾਉ ਕਰਿਹੁ ਲਿਹੁ ਭਗਤਿ ਅਧਾਰਾ ॥੩੬॥

[1]ਹੋਮ ਕਰਕੇ।

[1]ਫਲ ਹੋਵੇਗਾ ਜੇ ਸਿੱਖਾਂ ਨੂੰ ਭੋਜਨ ਦਿਓਗੇ।

ਜੀਵਤਿ ਰਹੋ ਸਰਬ ਸੁਖ ਪਾਵੋ।
ਵਾਹਿਗੁਰੂ ਉਰ ਬਿਖੈ ਬਸਾਵੋ[†]।
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ।
ਜਥਾ ਕਰਨ ਤਪ ਬਿਪਨ ਮਝਾਰੇ[1]' ॥੩੭॥

[†]ਪਾ:-ਸਮਾਵੋ।

[1]ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਕੇ ਗ੍ਰਿਹਸਤ ਦੇ ਸੁਖਾਂ ਵਿਚ ਬੈਠੇ ਰਹਿਣਾ ਐਸਾ ਹੀ ਜੈਸੇ ਬਨ ਵਿਚ ਤਪ ਕਰਨਾ।

ਦੁਇ ਛੀਂਬੇ ਮੱਲਜਾਰ ਸਹਾਰੂ।
ਪਰੇ ਚਰਨ ਲਖਿ ਗੁਰ ਸੁਖਕਾਰੂ।
ਤਿਨ ਪ੍ਰਤਿ ਕਰਤਿ ਭਏ ਉਪਦੇਸ਼।
'ਸਿੱਖਨ ਸੇਵਾ ਕਰਿਹੁ ਵਿਸ਼ੇਸ਼ ॥੩੮॥
ਸੀਂਵਹੁ ਬਸਤ੍ਰ ਅੰਗ ਪਹਿਰਾਵੋ।
ਹੁਇ ਮਲੀਨ ਜੇ, ਮੈਲ ਗਵਾਵੋ।

ਉੱਜਲ ਆਛੇ ਕਰਿ ਕਰਿ ਦੇਹੁ।
ਉਰ[1] ਉੱਜਲਤਾ ਪੁਨ ਤੁਮ ਲੇਹੁ ॥੩੯॥ [1]ਰਿਦੇ ਦੀ।
ਗੁਰ ਕੇ ਸੰਗ ਗੰਢ ਤਬ ਪਰੈ[1]। [1]ਤਾਂ ਪ੍ਰੀਤੀ ਪਵੇਗੀ।
ਸਤਿ ਸੰਗਤਿ ਮਨ ਕੀ ਮਲੁ ਹਰੈ।
ਸ਼ਰਧਾ ਧਰਿਹੁ ਕਰਹੁ ਗੁਰ ਸੇਵਾ।
ਸਿਮਰਹੁ ਨਾਮ ਜੁ ਦੇਵਨਦੇਵਾ[1]' ॥੪੦॥ [1]ਦੇਵਤਿਆਂ ਦਾ ਭੀ ਪ੍ਰਕਾਸ਼ਕ ਹੈ।
ਇਕ ਪਾਧਾ ਬੂਲਾ ਜਿਸ ਨਾਮੁ।
ਨਮੋ ਠਾਨਿ ਆਯੋ ਗੁਰ ਸਾਮੁ[1]। [1]ਗੁਰੂ ਸ਼ਰਨ।
ਕਹਤਿ ਭਯੋ 'ਸੇਵਾ ਨਹਿਂ ਹੋਇ।
ਦਿਜ ਕੋ ਜਾਨਿ ਕਰਾਇ ਨ ਕੋਇ ॥੪੧॥
ਜਿਸ ਪ੍ਰਕਾਰ ਹੁਇ ਮਮ ਕੱਲਜਾਨ।
ਕਰੋ ਆਪ ਉਪਦੇਸ਼ ਬਖਾਨ।'
ਕਰਜੋ ਬਚਨ 'ਪਠਿ ਸਤਿਗੁਰ ਬਾਨੀ।
ਕੀਜਹਿ ਕਥਾ ਪ੍ਰੇਮ ਕੋ ਠਾਨੀ ॥੪੨॥
ਸਤਿ ਸੰਗਤਿ ਮਹਿਂ ਕਰਿਹੁ ਸੁਨਾਵਨਿ।
ਗੁਰਮਤਿ ਸਿੱਖਨ ਕੋ ਸਿਖਰਾਵਨਿ।
ਪੋਥੀ ਲਿਖਹੁ ਸੁਫਲ ਗੁਰਬਾਨੀ।
ਗੁਰ ਨਮਿੱਤ ਦੀਜਹਿ ਸਿਖ† ਜਾਨੀ[1] ॥੪੩॥ [1]ਸਿਖ ਜਾਣਕੇ। †ਪਾ:-ਸੁਖ।
ਜੇ ਕੋ ਆਪ ਦਰਬ ਦੇ ਜਾਇ।
ਧਰਿ ਸੰਤੋਖ ਬਰਤਿਯਹਿ ਪਾਇ[1]। [1]ਲੈਕੇ ਵਰਤੋ।
ਨਹੀਂ ਆਪ ਜਾਚਹੁ ਕਿਸ ਪਾਸੀ।
ਇਹ ਸੇਵਾ ਬਡ ਫਲਹਿ ਪ੍ਰਕਾਸ਼ੀ[1]' ॥੪੪॥ [1]ਪ੍ਰਕਾਸ਼ ਸਹਿਤ ਫਲੇਗੀ।
'ਡਲੇ ਬਾਸੀ ਸਿਖ ਸਮੁਦਾਏ।
ਇਕ ਦਿਨ ਸਕਲ ਗੁਰੂ ਢਿਗ ਆਏ।
ਦੇਖਿ ਦਿਯੋ ਸਾਂਝਾ ਉਪਦੇਸ਼।
ਸ੍ਰੀ ਸਤਿਗੁਰ ਕਰਿ ਕ੍ਰਿਪਾ ਵਿਸ਼ੇਸ਼ ॥੪੫॥
'ਦਿਨ ਗੁਰਪੁਰਬ ਦਰਸ[1] ਸ਼ੰਕ੍ਰਾਤਿ[2]। [1]ਮੱਸਿਆ [ਸੰਸ: दर्श ਦਰ੍ਸ਼]। [2]ਸੰਗਰਾਂਦ, ਮਹੀਨੇ ਦਾ ਪਹਿਲਾ ਦਿਨ।
ਦੀਪਮਾਲ ਆਦਿਕ ਬੱਖਜਾਤਿ।

ਹੋਹਿ ਦੁਸਹਿਰਾ ਮਿਲਿ ਇਕ ਥਾਇ।
ਕਰਿਹੁ ਕਰਾਹੁ[1] ਉਛਾਹ ਬਧਾਇ ॥੪੬॥ [1]ਕੜਾਹ ਪ੍ਰਸ਼ਾਦਿ।
ਗੁਰ ਨਮਿੱਤ ਕਰਿ ਦਿਹੁ ਬਰਤਾਈ।
ਸ਼ਬਦ ਕੀਰਤਨ ਕਰੋ ਬਨਾਈ।
ਸਿਖ ਗਰੀਬ ਹੁਇ ਬਸਤ੍ਰ ਬਿਹੀਨ।
ਦੀਜਹਿ ਤਿਸਹਿ ਸਿਵਾਇ[1]† ਨਵੀਨ ॥੪੭॥ [1]ਸਿਵਾ ਦਿਓ। †ਪਾ:-ਕਰਾਇ।
ਪਿਖਹੁ ਛੁਧਿਤਿ[1] ਕੋ ਦੇਹੁ ਅਹਾਰੋ। [1]ਭੁੱਖੇ ਨੂੰ।
ਮਿਲਿ ਕਰਿ ਸਕਲ ਏਵ ਪ੍ਰਤਿਪਾਰੋ[1]। [1]ਪਾਲਨਾ ਕਰੋ।
ਕਿਹਂ ਸਿਖ ਕੋ ਕਾਰਜ ਅਰਿ ਜਾਇ[1]। [1]ਅੜ ਜਾਓ।
ਨਹਿਂ ਤਿਸ ਤੇ ਕਜੋਹੂੰ ਬਨਿਆਇ ॥੪੮॥
ਮਿਲਹੁ ਸਕਲ ਮਹਿਂ ਕਰਿ ਅਰਦਾਸ[1]। [1]ਓਹ ਬਿਨੈ ਜਿਸ ਨਾਲ ਲੋੜ ਪ੍ਰਗਟ ਕੀਤੀ ਜਾਵੇ।
ਜਥਾ ਸ਼ਕਤਿ ਲੀਜਹਿ ਸਭਿ ਪਾਸਿ।
ਇਕਠੋ ਕਰਿ ਧਨ ਦਿਹੁ ਤਿਸੁ ਤਾਈਂ।
ਜਿਸ ਤੇ ਕਾਰਜ ਕੋ ਬਨ ਜਾਈ ॥੪੯॥
ਇਹੀ ਰੀਤਿ ਨਿਜ ਬਿਖੇ ਚਾਲਵਹੁ।
ਕਰੋ ਜੋਰ[1] ਸ਼ੁਭ ਦਿਨ ਜਬਿ ਪਾਵਹੁ। [1]ਜੋੜ ਮੇਲ।
ਪੁੱਤ੍ਰ ਪੌਤ੍ਰੇ, ਹੋਹਿਂ ਤੁਮਾਰੇ।
ਕਰਹਿਂ ਕਾਰ ਇਸ ਰੀਤੀ ਸਾਰੇ ॥੫੦॥
ਇਹ ਰਹਿਰਾਸੁ ਕਦੀਮੀ[1] ਚਲਹਿ। [1]ਪੁਰਾਣੀ ਮਰਿਯਾਦਾ।
ਸਿੱਖੀ ਧਰੇ ਮਹਾਂ ਸੁਖ ਮਿਲਹਿ।
ਧਰਿ ਸ਼ਰਧਾ ਗਾਵਹਿਂ ਗੁਰ ਬਾਨੀ।
ਪਰਾਲਬਧ ਜਿਨ ਹੋਇ ਮਹਾਂਨੀ†' ॥੫੧॥ †ਇਨ੍ਹਾਂ ਕਥਾਂ ਵਿਚ ਐਉਂ ਜਾਪਦਾ ਹੈ ਕਿ ਨਿਰਾ ਇਹ ਉਪਦੇਸ਼ ਹੋਇਆ ਹੈ, ਅਸਲ ਬਾਤ ਹੈ ਕਿ 'ਨਾਮ' ਦੇ ਨਾਲ ਇਹ ਸੇਵਾ ਦੇ ਤਰੀਕੇ ਦੱਸੇ ਜਾਂਦੇ ਸਨ, ਜੋ ਨਿਸ਼ਕਾਮ ਕਰਮਾਂ ਨਾਲ ਮਨ ਨਿਰਮਲ ਹੁੰਦਾ ਜਾਵੇ, ਹਉਂ ਘਟਦੀ ਜਾਵੇ ਤੇ ਨਾਮ ਅੰਦਰ ਰਚਦਾ ਜਾਵੇ।
ਅਸ ਉਪਦੇਸ਼ ਸਭਿਨਿ ਕੋ ਕਰਿ ਕੇ।
ਗੁਨ† ਸਿਖਰਾਇ ਅਗੁਨ ਪਰਿਹਰਿ ਕੈ[1]। [1]ਗੁਣ ਸਿਖਾਲੇ ਤੇ ਔਗੁਣ ਦੂਰ ਕੀਤੇ। †ਪਾ:-ਗੁਰ।
ਗੋਇੰਦਵਾਲ ਗੁਰੂ ਚਲਿ ਆਏ।
ਸੇਵਕ ਸੰਗ ਅਹੈਂ ਸਮੁਦਾਏ ॥੫੨॥
ਭਜਨ ਕੀਰਤਨੁ ਲਾਗਤਿ ਰੰਗ।

ਹੋਤਿ ਅਨੰਦ ਗੁਰੂ ਕੇ ਸੰਗ।
ਅੰਮ੍ਰਿਤ ਸਮ ਅਹਾਰ ਨਿਤਿ ਹੋਵੈਂ।
ਦਰਸ਼ਨ ਕਰਹਿਂ ਕਲੁਖਨ[1] ਖੋਵੈਂ ॥੫੩॥

[1]ਪਾਪ।

ਆਇ ਸ਼ਰਨ ਤਿਸ ਕਰਹਿਂ ਉਧਾਰੇ।
ਉਪਦੇਸ਼ਹਿਂ ਸਤਿਨਾਮ ਸੁਖਾਰੇ।
ਜਹਿਂ ਕਹਿਂ ਸਿੱਖੀ ਬਹੁ ਬਿਦਤਾਈ[1]।
ਕਿਨਿ ਸਿੱਖਨ ਤੇ ਗੁਰਮਤਿ ਪਾਈ ॥੫੪॥

[1]ਪ੍ਰਗਟ ਕੀਤੀ।

ਕੋ ਗੁਰਮੁਖ ਤੇ[1] ਸੁਨਿ ਉਪਦੇਸ਼।

[1]ਗੁਰਮੁਖਾਂ (ਭਾਵ ਮੰਜੀਆਂ ਦੀ ਬਖਸ਼ਿਸ਼ ਵਾਲੇ ਹਰੀਜਨਾਂ) ਤੋਂ। ਤ੍ਰੈ ਤਰ੍ਹਾਂ ਨਾਲ ਉਪਦੇਸ਼ ਮਿਲਦਾ ਸੀ, ਇਕ ਗੁਰੂ ਜੀ ਤੋਂ, ਦੂਜੇ ਸਿਖਾਂ ਤੋਂ (ਦੇਖੋ ਅੰਕ ੫੩) ਤੀਜੇ ਗੁਰਮੁਖਾਂ ਤੋਂ। (ਅ) ਗੁਰੂ ਜੀ ਦੇ ਮੁਖ ਤੋਂ।

ਮੇਟਹਿ ਬੰਧਨ ਕਸ਼ਟ ਅਸ਼ੇਸ਼।
ਬਾਵਨ ਚੰਦਨ ਕੀ ਸਮ ਹੋਇ।
ਨਰ ਤਰੁ ਸੁਜਸ ਸੁਗੰਧਤਿ ਸੋਇ[1] ॥੫੫॥

[1]ਵਾਹਿਗੁਰੂ ਜੀ ਦਾ ਸੁਜਸ) ਕੀਰਤਨ ਰੂਪੀ (ਸੁਗੰਧੀ) ਨਾਲ ਸੁਗੰਧਿਤ ਹੋਏ ਓਹ ਨਰ ਰੂਪ ਬ੍ਰਿੱਛ ਬਾਵਨ ਚੰਦਨ ਵਾਂਗੂ (ਦੂਸਰਿਆਂ ਨੂੰ ਸੁਗੰਧਿਤ ਕਰਦੇ ਸਨ)।

ਨਿਕਟ ਬਸੇ ਪੂਰਬ ਬਡਿਭਾਗੀ।
ਸੱਤਿਨਾਮ ਸੋਂ ਉਰ ਲਿਵਲਾਗੀ।
'ਧੰਨ ਧੰਨ ਗੁਰ ਅਮਰ' ਉਚਾਰੈਂ।
ਅੰਤਰ ਬ੍ਰਿਤੀ ਬੈਠਿ ਨਿਤ ਧਾਰੈਂ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਨ ਪ੍ਰਸੰਗ' ਬਰਨਨੰ ਨਾਮ੍ਰ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਸ਼੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਬਿਸ਼ੈ ਅਗਨਿ ਕੋ ਨੀਰ ਸਮ, ਦਾਸ ਭੀਰ ਕਟ ਦੇਤਿ[1]।
ਅਮਰਦਾਸ ਗੁਰ ਪਦ ਪਦਮ, ਬੰਦੌਂ ਨਿੱਤਜੰਨੇਤ[1] ॥੧॥

[1]ਦਾਸਾਂ ਦੀ ਭੀੜਾਂ ਨੂੰ ਕੱਟ ਦੇਣ ਵਾਲੇ।

[1]ਨਿਤਾਪ੍ਰਤੀ, ਨਿਯਮ ਨਾਲ [ਸੰਸ: ਨਿਤ੍ਯ, ਨੀਯਤਿ]।

ਚੌਪਈ:

ਸੰਮਤ ਸ਼ਤ ਦਸ ਪੰਚ ਇਕਾਸੀ[1]।
ਲਵਪੁਰਿ ਨਗਰ ਸਦਾ ਜਿਨ ਵਾਸੀ।
ਬੰਸ ਲਉ ਕੋ ਸਿੰਧ ਮਨਿੰਦੂ[1]।
ਜਨਮੇ ਰਾਮਦਾਸ ਗੁਰ ਇੰਦੂ ॥੨॥

[1]੧੫੮੧।

[1]ਸ੍ਰੀ ਰਾਮਚੰਦ ਜੀ ਦੇ ਪੁੱਤ੍ਰ) ਲਊ ਦਾ ਬੰਸ ਜੋ ਸਮੁੰਦਰ ਵਾਂਙ ਹੈ (ਉਸ ਵਿਚ)।

ਸਭਿ ਪੁਰਿ ਹਰਖ ਅਚਾਨਕ ਲਹ੍ਯੋ।
ਨਦੀਅਨ ਨੀਰ ਛੀਰ ਹ੍ਵੈ ਬਹ੍ਯੋ[1]।
ਸਨੇ ਸਨੇ ਭੇ ਬਡੇ ਕ੍ਰਿਪਾਲਾ[1]।
ਬੁਧਿ ਬਿਲੰਦ ਨਿਕੰਦਨ ਕਾਲਾ[1] ॥੩॥

[1]ਮਾਨੋ) ਨਦੀਆਂ ਦਾ ਪਾਣੀ ਦੁੱਧ ਹੋ ਵਗਿਆ।

[1]ਭਾਵ ਸ਼੍ਰੀ ਗੁਰੂ ਰਾਮਦਾਸ ਜੀ।

[1]ਵਿਸ਼ਾਲ ਬੁੱਧੀ ਵਾਲੇ ਤੇ ਮੌਤ ਦੇ ਦੂਰ ਕਰਨ ਵਾਲੇ।

ਪਾਸ ਬੁਲਾਇ ਕਹ੍ਯੋ ਹਰਿਦਾਸ।
'ਕਾਮ ਕਰੋ ਘਰ ਕੋ ਸੁਖ ਰਾਸ।
ਖੇਲਨ ਕੇ ਦਿਨ ਖੇਲ ਗਏ ਹੈਂ[1]।
ਯਾਂ ਤੇ ਮੈਂ ਬਚ ਤੋਹਿ ਕਹੇ ਹੈਂ' ॥੪॥

[1]ਗੁਜਰ ਗਏ ਹਨ।

[1] 'ਸੱਤਿ ਬਚਨ! ਜੋ ਕਹੋ, ਸੁ ਕਰਿਹੂੰ।
ਮੈਂ ਰਾਵਰਿ ਕੇ ਸਦ ਅਨੁਸਰਿਹੂੰ।'
ਨਿਸਿ ਬੀਤੀ ਤਬਿ ਭਯੋ ਸਕਾਰੇ।
ਚਨਕ ਉਦਕ ਸਨ ਮਾਤ ਉਬਾਰੇ[1] ॥੫॥

[1]ਸ੍ਰੀ ਰਾਮਦਾਸ ਜੀ ਬੋਲੇ।

[1]ਛੋਲੇ ਪਾਣੀ ਨਾਲ (ਭਿੱਜੇ) ਮਾਤਾ ਨੇ ਉਬਾਲੇ।

ਭਰਿ ਚੰਗੇਰ ਸੁਤ ਕੇ ਕਰ ਦੀਨੀ।
'ਬੇਚਹੁ ਪੁੱਤ੍ਰ ਲਾਭ ਦਾ ਚੀਨੀ[1]।
ਲੈ ਕਰਿ ਗਏ ਬਜਾਰ ਕ੍ਰਿਪਾਲਾ।
ਹੋਕਾ ਦੇਵਤਿ ਮਧੁਰ ਬਿਸਾਲਾ ॥੬॥

[1]ਨਫੇ ਵਾਲੀ (ਚੀਜ) ਜਾਣਕੇ।

ਇਕ ਸੁ ਸਾਧੁ ਤਿਨ ਲਿਯੋ ਬੁਲਾਈ।
'ਹਮੈ ਦੇਹੁ' ਇਉਂ ਗਿਰਾ ਅਲਾਈ।
ਸੁਨਿ ਇਕ ਮੁਸ਼ਟ ਲਗੇ ਭਰਿ ਦੇਨਿ।
'ਹਮੈ ਨ ਚਾਹਿ ਏਕ ਕੀ ਲੇਨਿ' ॥੭॥

ਇਸ ਬਿਧਿ ਦ੍ਵੈ ਤ੍ਰੈ ਦੇਹਿਂ ਨ ਲੇਵੈ।
ਸਕਲ ਚੰਗੇਰ ਪਲਟ ਦੀ ਏਵੈਂ।
ਗ੍ਰਿਹ ਆਏ ਪਿਤ ਦੇਖ੍ਯੋ ਖਾਲੀ।
ਲੋਚਨ ਪੂਰ ਲਏ ਤਬਿ ਲਾਲੀ[1] ॥ ੮ ॥ [1]ਭਾਵ ਗੁੱਸੇ ਹੋਏ।
ਦਿਖਿ ਪਿਤ ਨੈਨ ਬਹਿਰ ਨਿਕਸਾਏ।
ਰੁਦਨ ਕਰਤਿ ਜਲ ਨੇਤ੍ਰ[†] ਬਹਾਏ। [†]ਪਾ:-ਜਸੁ ਨਦੀ। ਜਲ-ਨਦੀ।
ਸੰਗਤਿ ਤਿਹ ਤੇ ਚਲੀ ਨਿਹਾਰੀ।
ਗੋਇੰਦਵਾਲਹਿ ਪੁਰੀ ਬਿਚਾਰੀ ॥ ੯ ॥
ਤਿਨ ਸੰਗ ਚਲੇ ਕ੍ਰਿਪਾਲ ਬਿਸਾਲਾ।
ਗੋਇੰਦਵਾਲ ਸਮੂਹ ਉਤਾਲਾ[1]। [1]ਸਾਰੀ (ਸੰਗਤ ਨਾਲ) ਛੇਤੀ।
ਸਭਿ ਸੰਗਤਿ ਗੁਰ ਦਰਸ਼ਨ ਪਾਈ।
ਕਛੁਕ ਕਾਲ ਰਹਿ ਬਿਦਾ ਸਿਧਾਈ ॥ ੧੦ ॥
ਰਹਤਿ ਭਏ ਗੁਰ ਕੇਰ ਹਦੂਰਾ।
ਜੋ ਭਾਖੈਂ ਕਰਿ ਹੈਂ ਦ੍ਰੁਤਿ ਊਰਾ।
ਲੰਗਰ ਸੇਵਾ ਸਰਬ ਸੁ ਕਰਿਹੈਂ।
ਸਭਿ ਸੰਗਤਿ ਅਨੁਸਾਰੀ ਚਰਿ ਹੈਂ[1] ॥ ੧੧ ॥ [1]ਵਿਚਰਦੇ ਹਨ।
ਇਤ ਏ ਭਈ ਔਰ ਸੁਨਿ ਕਾਨੀ।
ਮਹਲ[1] ਕਹ੍ਯੋ ਜਿਮਿ ਗੁਰ ਪ੍ਰਤਿ ਬਾਨੀ। [1]ਸ਼੍ਰੀ ਗੁਰੂ ਅਮਰਦਾਸ ਜੀ ਦੇ ਮਹਲ।
'ਮਹਾਂਰਾਜ ! ਸੁਨੀਏ ਬਚ ਮੇਰਾ।
ਭਾਨੀ ਬਡੀ ਭਈ ਮੈਂ ਹੇਰਾ ॥ ੧੨ ॥
ਇਸ ਕੀ ਬਨਹਿ ਸਗਾਈ ਕਰੀ।'
ਇਮਿ ਮਾਤ ਤਬਿ ਗਿਰਾ ਉਚਰੀ।
ਇਮਿ[†] ਸੁਨਿ ਗੁਰ ਆਏ ਨਿਜ ਥਾਨਾ। [†]ਪਾ:-ਇਹ।
ਬੈਠੇ ਬਾਰੀ ਬੀਚ ਨਿਧਾਨਾ ॥ ੧੩ ॥
ਬਿੱਪ੍ਰ ਬੁਲਾਇ ਕਹ੍ਯੋ 'ਸੁਨ ਪ੍ਰੋਧਾ !
ਕਰੋ ਸਗਾਈ ਭਾਨੀ ਸੋਧਾ[1]।' [1]ਵਿਚਾਰਕੇ।
ਸੁਨਿ ਦਿਜ[†] ਕਹ੍ਯੋ 'ਸੁਨੋ ਕ੍ਰਿਪਾਲੂ ! [†]ਪਾ:-ਬਿਪ੍ਰ।
ਏਸ ਬਾਲ ਸਮ ਹੋਵੈ ਬਾਲੂ ?[†]' ॥ ੧੪ ॥

[†]ਮਹਿਮਾਂ ਪ੍ਰਕਾਸ਼ ਵਿਚ ਦੋਹਾਂ ਬੀਬੀਆਂ ਦੇ ਵਿਵਾਹ ਗੁਰੂ ਅਮਰਦੇਵ ਜੀ ਖਡੂਰ ਆਉਣ ਤੋਂ ਪਹਿਲਾਂ ਕਰ ਚੁਕੇ ਲਿਖੇ ਹਨ। ਗੁਰੂ ਅੰਗਦ ਦੇਵ ਜੀ ਵਰ ਦਾਨ ਦੇਕੇ ਸ਼੍ਰੀ ਅਮਰ ਦੇਵ ਜੀ ਤੋਂ ਪੁਛਦੇ ਹਨ:- 'ਹੋਇ ਦਿਆਲ ਪ੍ਰਭੁ ਪੂਛਤ ਭਏ॥ ਤੁਮਰੇ ਸੰਤਾਨ ਪੁਰਖਾ ਕਿਆ ਅਹੇ॥ ਗੁਰ ਅਮਰ ਸਾਹਿਬ ਸਭ ਕਥਾ ਸੁਨਾਈ॥ ਦੁਇ ਕੰਨਜਾ ਥੀ ਸੋ ਦੁਉ

ਬਿਆਹੀ॥ ੧੯॥' ਫਿਰ ਲਿਖਿਆ ਹੈ ਜਦੋਂ ਬ੍ਰਾਹਮਣ ਨੇ ਸ੍ਰੀ ਅਮਰ ਦਾਸ ਜੀ ਦੇ ਚਰਨਾਂ ਵਿਚ ਕਮਲ ਡਿੱਠਾ ਹੈ, ਉਸ ਤੋਂ ਪਹਿਲਾਂ ਲਿਖਦੇ ਹਨ ਕਿ 'ਅਬ ਗ੍ਰਿਹ ਆਸ਼੍ਰਮ ਬਿਧਿ ਸੁਨੋ ਜੁ ਅਹੀ॥ ਦੁਇ ਕੰਨਯਾ ਸਾਹਿਬ ਗ੍ਰਿਹ ਭਈ॥ ਤਾਕਾ ਕੁਟੰਬ ਕਾਜ ਸਭ ਕੀਨਾ॥ ਬਿਧ ਸੰਜੋਗ ਬਯਾਹ ਕਰ ਦੀਨਾ॥' ਹੁਣ ਜੇ ਕਵਿ ਸੰਤੋਖ ਸਿੰਘ ਜੀ ਦਾ ਆਪਣਾ ਦਿੱਤਾ ਹਿਸਾਬ ਕਰੀਏ ਤਾਂ ਬੀ ਬੀਬੀ ਭਾਨੀ ਜੀ ਦਾ ਵਿਆਹ ਖਡੂਰ ਸਾਹਿਬ ਆਉਣ ਤੋਂ ਪਹਿਲੇ ਹੋ ਚੁਕਾ ਸਿੱਧ ਹੁੰਦਾ ਹੈ। ਯਥਾ:

ਗੁਰੂ ਅਮਰ ਦੇਵ ਜੀ ਅਵਤਾਰ ਦਾ ਸੰਮਤ ੧੫੨੬ ਹੈ ਤੇ ਕਵਿ ਜੀ ਲਿਖਦੇ ਹਨ-ਕਿ ੮੪ ਵਰ੍ਹੇ ਦੀ ਉਮਰ ਵਿਚ ਗਦੀ ਤੇ ਬੈਠੇ, (ਦੇਖੋ ਇਸੇ ਰਾਸਿ ਦਾ ਅੰਸੂ ੭ ਅੰਕ ੧੮)। ਇਸ ਹਿਸਾਬ ਗੱਦੀ ਦਾ ਸੰਮਤ ੧੬੧੦ ਹੋਇਆ, ਤੇ ਇਸੇ ਅੰਸੂ ਦੇ ਅੰਕ ੨੦ ਵਿਚ ਕਵੀ ਜੀ ਪ੍ਰਿਥੀਏ ਦਾ ਜਨਮ ੧੬੦੫ ਵਿਚ ਦੱਸਦੇ ਹਨ, ਸੋ ਸਾਫ ਸਿੱਧ ਹੋ ਗਿਆ ਕਿ ਗੁਰੂ ਅਮਰ ਦੇਵ ਜੀ ਦੇ ਗੱਦੀ ਬਿਰਾਜਣ ਤੋਂ ਪਹਿਲੇ ਬੀਬੀ ਭਾਨੀ ਦਾ ਵਿਵਾਹ ਹੋ ਚੁੱਕਾ ਸੀ। ਤਾਂਤੇ ਇਹ ਸਾਖੀ ਯਾਂ ਤਾਂ ਹੋਈ ਹੀ ਨਹੀਂ, ਜੋ ਹੋਈ ਹੈ ਤਾਂ ਬਾਸਰਕੇ ਰਹਿੰਦਿਆਂ ਦੀ ਵਾਰਤਾ ਹੈ, ਜਦੋਂ ਅਜੇ ਆਪ ਗੁਰੂ ਅੰਗਦ ਜੀ ਦੇ ਪਾਸ ਆਏ ਨਹੀਂ ਸਨ, ਪਰ ਮਹਿਮਾਂ ਪ੍ਰਕਾਸ਼ ਵਿਚ ਓਥੇ ਬੀ ਇਹ ਸਾਖੀ ਨਹੀਂ ਦਿੱਤੀ। ਇਹ ਬੀ ਔਖਾ ਦਿੱਸਦਾ ਹੈ ਕਿ ਕਵੀ ਜੀ ਆਪਣੇ ਦਿਤੇ ਸੰਮਤਾਂ ਦਾ ਹਿਸਾਬ ਨਾ ਕਰਨ ਤੇ ਭੁੱਲ ਵਿਚ ਲਿਖ ਜਾਣ, ਤਾਂਤੇ ਇਹੋ ਸ਼ੁਬਹ ਹੁੰਦਾ ਹੈ ਕਿ ਕਿਤੇ ਇਹ ਕਿਸੇ ਸਜਣ ਦਾ ਆਖੇਪ ਨਾ ਹੋਵੇ। ਪਰ ਇਹ ਨਿਸਚੈ ਹੈ ਕਿ ਬੀਬੀ ਭਾਨੀ ਦਾ ਵਿਆਹ ਆਪ ਦੀ ਗਦੀ ਨਸ਼ੀਨੀ ਤੋਂ ਪਹਿਲਾਂ ਹੋ ਚੁਕਾ ਸੀ।

ਸੁਨਿ ਬਚ ਬ੍ਰਿੱਪ੍ਰ, ਮੌਨ ਗਹਿ ਲੀਨੀ[1]। — [1]ਭਾਵ ਗੁਰੂ ਜੀ ਨੇ।
'ਇਸੈ ਬੁਲਾਵਹੁ' ਗੁਰ ਕਹਿ ਦੀਨੀ[†]। — [†]ਪਾ:-ਪੁਨ ਬੋਲੇ 'ਯਾ ਬੁਲਾਵ ਪ੍ਰਬੀਨੀ।'
ਸੁਨਿ ਬਿਪ ਰਾਮਦਾਸ ਬੁਲਿਵਾਵਾ।
ਆਇ ਗੁਰੂ ਢਿਗ ਸੀਸ ਨਿਵਾਵਾ ॥੧੫॥
ਹਾਥ ਜੋਰਿ ਬੈਠ੍ਯੋ ਗੁਰ ਪਾਸ।
ਅਮਰਦਾਸ ਗੁਰ ਬਾਕ ਪ੍ਰਕਾਸ਼।
'ਕਾਂ ਕੋ ਸੁਤ? ਕੋ ਜਾਤ ਸਥਾਨਾ[1]? — [1]ਕਿਸਦਾ ਪੁੱਤ੍ਰ, ਕੀ ਜਾਤ ਤੇ ਕਿਹੜਾ ਵਤਨ ਹੈ?
ਕਹੋ ਮੋਹਿ ਢਿਗ ਸਭਿ ਬਿਬਧਾਨਾ[1†]' ॥੧੬॥ — [1]ਵੇਰਵਾ। [†]ਪਾ:-ਬਿਧਿ ਨਾਨਾ।
'ਸੋਢ ਬੰਸ, ਲਵਪੁਰਿ ਪ੍ਰਭੁ! ਬਾਸਾ।
ਸੁਤ ਹਰਿਦਾਸ, ਨਾਮ ਰਮਦਾਸਾ।'
ਸੁਨਿ ਬਚ ਹਰਖੇ ਪਰਮ[†] ਕ੍ਰਿਪਾਲਾ। — [†]ਪਾ:-ਬਸੰਤ।
ਲਿਖਿ ਪੱਤ੍ਰੀ[1] ਲਵਪੁਰਿ ਤਤਕਾਲਾ ॥੧੭॥ — [1]ਪੱਤ੍ਰਿਕਾ।
ਲੀਨ ਸਦਾਇ[1] ਮਾਤ ਪਿਤ ਤਬੈ। — [1]ਬੁਲਾ ਲਿਆ।
ਕਰੀ ਸਗਾਈ ਹਰਖਤਿ ਸਬੈ।
ਕੁਛਕ ਕਾਲ ਲੌ ਕਰਯੋ ਬਿਵਾਹਾ।
ਸਭਿਹਿਨਿ ਬੀਚ ਭਯੋ ਉਤਸਾਹਾ[†] ॥੧੮॥ — [†]ਪਾ:-ਬਧਾਹਾ = ਵਧਾਈਆਂ।
ਤਿਨ ਕੋ ਬਿਦਾ ਕੀਨਿ ਲਵਪੁਰਿ ਕੋ।
ਪਾਸ ਰਹੇ ਅਨੁਗਾਮੀ[1] ਗੁਰੁ ਕੋ। — [1]ਅਨੁਸਾਰੀ ਹੋ ਕੇ।

ਸੇਵਾ ਕਰੈਂ ਸਕਲ ਗੁਨ ਖਾਨੀ।
ਜੋ ਭਾਖੈਂ ਗੁਰ, ਆਇਸੁ ਮਾਨੀ[1] ॥੧੯॥ — [1]ਆਗਿਆ ਮੰਨਣ।
ਯਾ ਬਿਧਿ ਸੰਮਤ ਬਹੁਤ ਬਿਤਾਏ।
ਸੇਵਾ ਕਰਤਿ ਸਕਲ ਹਰਖਾਏ।
ਸੰਮਤ ਸੋਲਹ ਸਤ ਇਕ ਚਾਰੀ[1]। — [1]੧੬੦੫।
ਜਨਮਜੋ ਪ੍ਰਿਥੀਆ ਪ੍ਰਥਮ ਹੰਕਾਰੀ ॥੨੦॥
ਰਿਦੈ ਅਨੰਦਤਿ ਦੰਪਤਿ ਹ੍ਵੈ ਕੈ।
ਪ੍ਰਤਿਪਾਰਜੋ ਬਹੁ ਲਾਡ ਲਡੈ ਕੈ।
ਸਮਾਂ ਬਿਤਾਯੋ ਕੇਤਿਕ ਧਾਮ।
ਜਨਮਜੋ ਮਹਾਂਦੇਵ ਅਭਿਰਾਮ ॥੨੧॥
ਸੰਮਤ ਖੋੜਸ ਸੈ[ऽ] ਅਰੁ ਅਸ੍ਟ[1]। — [1]੧੬੦੮।
ਪ੍ਰਤਿਪਾਰੇ ਦੋਨਹੁ ਕਰਿ ਪੁਸ੍ਟ[1]। — [1]ਤਕੜੇ।
ਸੋਲਾਂ ਸੈ ਦਸ[1] ਊਪਰ ਭਏ। — [1]੧੬੧੦।
ਵਦੀ ਵਿਸਾਖ ਸਪਤਮੀ ਥਿਯੇ ॥੨੨॥
ਮੇਖ ਪ੍ਰਵਿਸ੍ਤੇ ਅਠ ਦਸ ਕੇਰਾ[1]। — [1]ਵਿਸਾਖ ਦਿਨ ੧੮ ਦਾ।
ਮੰਗਲ ਵਾਰ ਲਗਨ ਸ਼ੁਭ ਹੇਰਾ।
ਜੁਗਮੰ ਜਾਮ ਜਾਮਨੀ[1] ਜਬੈ। — [1]ਦੋ ਪਹਿਰ ਰਾਤ।
ਹੁਤੋ ਨਿਛੱਤ੍ਰ ਰੋਹਿਣੀ ਤਬੈ ॥੨੩॥
ਸ਼੍ਰੀ ਗੁਰ ਅਰਜਨ ਕੁਲ ਨਭ ਚੰਦ[1]। — [1]ਅਕਾਸ਼ ਰੂਪੀ ਕੁਲ ਵਿਚ ਚੰਦਰਮਾ ਰੂਪ।
ਲੀਨੋ ਜਨਮ ਅਨੰਦ ਬਿਲੰਦ।
ਸਦਨ ਨਾਨਕੇ ਭਏ ਬਡੇਰੇ।
ਬਾਲ ਆਰਬਲ, ਤਰੁਨ ਸੁ ਫੇਰੇ ॥੨੪॥
ਬਯਾਹ ਆਦਿ ਮੰਗਲ ਜੇ ਨਾਨਾ।
ਹੋਏ ਗੋਇੰਦਵਾਲ ਮਹਾਂਨਾ।
ਮਹਿਲਾ ਗੰਗਾ ਅਰਜਨ ਪਯਾਰੀ।
ਰਹੇ ਅਨੰਦ ਸਦਾ ਸੁਖਕਾਰੀ[†] ॥੨੫॥ — [†]ਪਾ:-ਸੁਖਧਾਰੀ।

ਦੋਹਰਾ:
ਅਕਬਰ ਕੋ ਮੰਤ੍ਰੀ ਹੁਤੋ,
ਬਿੱਪ੍ਰ ਬੀਰਬਲ ਨਾਮ।
ਪਸ਼ਚਮ ਦਿਸ਼ਾ ਮੁਹਿੰਮ ਕਰਿ[1], — [1]ਜੰਗ ਕਰਨ ਨੂੰ।
ਚਢਯੋ ਜੀਤਿਬੇ ਕਾਮ[1] ॥੨੬॥ — [1]ਜਿੱਤਣ ਲਈ।

ਚੌਪਈ:

ਰਖਹਿ ਸ਼ਾਹੁ ਤਿਹ ਸੰਗ ਸਨੇਹੂ।
ਪ੍ਰਿਥਕ ਨ ਹੋਨਿ ਦੇਤਿ ਕਬਿ ਕੇਹੂ[1]। [1]ਕਿਸੇ ਤਰ੍ਹਾਂ।
ਹੋਨਹਾਰ ਜਬਿ ਤਿਹ ਸਿਰ ਆਈ।
ਕਹਤਿ ਭਯੋ'ਮੈਂ ਕਰੌਂ ਚਢਾਈ ॥੨੭॥
ਸਕਲ ਮਵਾਸ[1] ਤੋਰ ਕਰਿ ਆਵੌਂ। [1]ਆਕੀ।
ਬਾਰ ਬਾਰ ਕੋ ਝਗਰ ਚੁਕਾਵੌਂ।'
ਸੁਨਿ ਅਕਬਰ ਬਹੁ ਭਯੋ ਪ੍ਰਸੰਨ।
ਕਹ੍ਯੋ ਬੀਰਬਲ ਕੋ 'ਤੁਮ ਧੰਨ ॥੨੮॥
ਤੋਹਿ ਗਏ ਬਿਨ ਕਾਜ ਨ ਸਰੈ।
ਔਰ ਕੁਮਤਿ ਕਰਿ ਕੋਇ ਨ ਅਰੈ।'
ਬਹੁ ਸੈਨਾ ਇਸ ਸੰਗ ਚਢਾਈ।
ਤੋਪ ਰਹਕਲਾ[1] ਦੇ ਸਮੁਦਾਈ ॥੨੯॥ [1]ਛੋਟੀ ਤੋਪ।
ਪਿਖਿ ਸਮਾਜ[1] ਹੰਕਾਰ੍ਯੋ ਬਿੱਪ੍ਰ। [1]ਸਮਿੱਗ੍ਰੀ।
ਕਹੈ 'ਹਤੌਂ ਸ਼ੱਤ੍ਰੁਗਨ ਛਿੱਪ੍ਰ[1]।' [1]ਛੇਤੀ ਹੀ।
ਅਕਬਰ ਹਰਖਤਿ ਬਾਕ ਬਖਾਨਾ।
ਲਿਖਿ ਕਰਿ ਪਾਨ ਦਿਯੋ ਪਰਵਾਨਾ[1] ॥੩੦॥ [1]ਹੱਥ ਦਿੱਤਾ ਪਰਵਾਨਾ।
'ਖੱਤ੍ਰੀ ਜਾਤ ਜਿਤਿਕ ਜਿਸ ਦੇਸ਼।
ਗ੍ਰਾਮ ਕਿ ਨਗਰ ਬਸੰਤ† ਅਸ਼ੇਸ਼[1]। [1]ਵਸਦੇ ਹਨ (ਓਹ) ਸਾਰੇ। †ਪਾ:-ਜਿ ਬਸੈਂ।
ਇਕ ਘਰ ਏਕ ਰਜਤਪਣ[1] ਦੈ ਕੈ। [1]ਰੁਪੱਯਾ।
ਮਿਲਹਿ ਤੋਹਿ ਨੰਮ੍ਰੀ ਸਿਰ ਕੈ ਕੈ' ॥੩੧॥
ਇਮਿ ਸਭਿ ਲਿਖਤ ਦਈ ਕਰਿ ਹਾਥ।
ਲਈ ਬੀਰਬਲ ਹੁਇ ਮਦ[1] ਸਾਥ। [1]ਹੰਕਾਰ।
ਦਿੱਲੀ ਤੇ ਚਢਿ ਚਲਿ ਕਰਿ ਆਯੋ।
ਬਡ ਲਸ਼ਕਰ ਜਿਹ ਸੰਗ ਸਿਧਾਯੋ ॥੩੨॥
ਜਾਇ ਦੇਸ਼ ਜਿਸ ਉਤਰੈ ਸੋਇ।
ਖੱਤ੍ਰੀ ਆਨਿ ਮਿਲਹਿਂ ਸਭਿ ਕੋਇ।
ਗਿਨ ਗਿਨ ਘਰਨਿ ਰਜਤਪਣ ਦੇਤਿ।
ਖੋਜਿ ਖੋਜਿ ਤਿਸ ਕੇ ਨਰ ਲੇਤਿ ॥੩੩॥
ਇਮਿ ਕੀ ਕਰਤਿ ਲਏ ਭਟ ਭੀਰ[1]। [1]ਸੂਰਮਿਆਂ ਦੀ ਭੀੜ।

ਉਤਰਜੋ ਆਨਿ ਬਿਪਾਸਾ ਤੀਰ।
ਕਰੀ ਸਕੇਲਨ ਤਰਨੀ[1] ਘਨੀ। [1]ਬੇੜੀਆਂ।
ਤਰ ਕਰਿ ਪਾਰ ਪਰੀ ਸਭਿ ਅਨੀ[1] ॥੩੪॥ [1]ਸੈਨਾਂ।
ਗੋਇੰਦਵਾਲ ਸਿਵਰ ਕੋ ਘਾਲਾ[1]। [1]ਡੇਰਾ ਪਾਇਆ।
ਬਿੱਪ੍ਰ ਬੀਰਬਲ ਚਮੂੰ ਬਿਸਾਲਾ।
ਪੁਰਿ ਮੈਂ ਪ੍ਰਵਿਸ਼ੇ ਨਰ ਮਤਿ ਹੀਨ।
ਘਰ ਖੱਤ੍ਰੀਨ ਖੋਜ ਕਰਿ ਲੀਨ ॥੩੫॥
'ਆਇ ਦਿਵਾਨ ਬੀਰਬਲ ਬੈਠਾ।
ਮਿਲਹੁ ਸਕਲ ਦੇ ਕਰਿ ਤੁਮ ਭੇਟਾ।'
ਸੁਨਿ ਕਰਿ ਗੁਰ ਸਨਬੰਧੀ ਘਨੇ।
ਅਪਰ ਮਿਲੇ ਕੁਛ ਗੁਰ ਢਿਗ ਭਨੇ ॥੩੬॥
'ਆਗਜਾ ਦੇਹੁ ਜਥਾ ਹਮ ਕਰੈਂ।
ਨਾਂਹਿ ਤ ਬਿੱਪ੍ਰ ਦ੍ਵੈਖ ਕੋ ਧਰੈ।'
ਸ਼੍ਰੀ ਗੁਰ ਅਮਰ ਭਨਜੋ 'ਜੁਗ[1] ਜਾਵਹੁ। [1]ਦੋ (ਪੁਰਸ਼)।
ਹਮਰੀ ਦਿਸ਼ ਤੇ[1] ਭਾਖਿ ਸੁਨਾਵਹੁ ॥੩੭॥ [1]ਅਸਾਡੇ ਵਲੋਂ।
-ਇਹ ਗੁਰ ਪੁਰਿ ਜਾਨਹੁ ਉਰ ਮਾਂਹੀ।
ਕਾਰ ਵਿਹਾਰ ਕਰਤਿ ਕੋ ਨਾਂਹੀ[1]। [1]ਕੋਈ ਕਾਰ ਵਿਹਾਰ (ਗੁਰੂ ਜੀ) ਨਹੀਂ ਕਰਦੇ।
ਜੋ ਪਰਮੇਸ਼ੁਰ ਦੇਤਿ ਪਠਾਇ।
ਸੋ ਅਚਿ, ਔਰਨ ਦੇਂ ਅਚਵਾਇ[†] ॥੩੮॥ [†]ਪਾ:-ਦੇਤ ਅਚਾਇ।
ਭੋਜਨ ਲੇਹੁ ਦੇਗ ਤੇ ਜੇਤਾ।
ਤੁਮਰੇ ਨਿਕਟ ਪਠਹਿਂ ਹਮ ਤੇਤਾ।
ਨਹੀਂ ਰਜਤਪਣ ਲੇਤਿ ਨ ਦੇਤਿ।
ਇਹੀ ਰੀਤਿ ਹੈ ਗੁਰੂ ਨਿਕੇਤ[1]-' ॥੩੯॥ [1]ਗੁਰੂ ਘਰ ਦੀ।
ਤਿਸ ਕੇ ਨਰਨ ਸੰਗ ਸਿਖ ਗਏ।
ਬੈਠਜੋ ਬਿੱਪ੍ਰ ਅਹੰਕ੍ਰਿਤ ਕਏ[1]। [1]ਹੰਕਾਰ ਕਰੇ।
ਖਰੇ ਹੋਇ ਕਰਿ ਬਾਤ ਸੁਨਾਈ।
'ਸ਼੍ਰੀ ਨਾਨਕ ਗਾਦੀ ਇਸ ਥਾਈਂ ॥੪੦॥
ਤ੍ਰਿਤੀ ਥਾਨ ਗੁਰੁ ਅਮਰ ਸੁਹਾਏ।

ਸਿਖ ਸੰਗਤਿ ਉਪਦੇਸ਼ ਦ੍ਰਿੜਾਏ।
ਦੇਗ ਚਲਾਵਤਿ ਭੋਜਨ ਦੇਤਿ।
ਨਹਿਂ ਸੰਚੈ ਕੁਛ ਰਖੈਂ ਨਿਕੇਤ[1] ॥੪੧॥ — [1]ਘਰ ਵਿਚ।
ਤਿਨ ਕੀ ਪੁਰੀ ਬਸਹਿਂ ਨਰ ਨਾਰੀ।
ਕਰਹਿਂ ਸਭਿਨਿ ਕੀ ਨਿਤ ਰਖਵਾਰੀ।
ਧਰਹੁ ਸ਼ਰਧਾ ਚਹਹੁ ਅਹਾਰੇ।
ਤੌ ਆਨਹਿਂ ਜੇਤਿਕ ਗੁਰਦ੍ਵਾਰੇ' ॥੪੨॥
ਸੁਨਿ ਕੈ ਕਹ੍ਯੋ ਬੀਰਬਲ ਫੇਰ।
'ਜੇਤਿਕ ਖੱਤ੍ਰੀ ਕੇ ਘਰ ਹੇਰਿ।
ਸਭਿ ਮਿਲ ਸੰਚਿ ਰਜਤਪਣ ਲਜਾਵਹਿਂ।
ਪੁਨ ਆਗੇ ਹਿਤ[1] ਨਾਮ ਲਿਖਾਵਹਿਂ ॥੪੩॥ — [1]ਅੱਗੇ ਵਾਸਤੇ।
ਕਰਹਿਂ ਬਹਾਨੇ ਅਨਿਕ ਪ੍ਰਕਾਰੇ।
ਇਹ ਨਹਿਂ ਮਿਟਹਿਂ ਲੇਹੁ ਉਰ ਧਾਰੇ[1]। — [1]ਇਹ (ਕਰ) ਨਹੀਂ ਹਟੇਗਾ ਰਿਦੇ ਵਿਚ ਧਾਰ ਲੌ।
ਜਿਸ ਕੇ ਗੁਰ ਤਿਸ ਕੇ ਬਨ ਰਹੋ।
ਹਮੈਂ ਸੁਨਾਵਨਿ ਹਿਤ ਕਿਮਿ ਕਹੋ ॥੪੪॥
ਕਾਰ[1] ਕਦੀਮੀ ਹਟਹਿ ਨ ਮੋਰੀ। — [1]ਕਾਰ = ਕੁਲ ਪ੍ਰੋਹਿਤ ਆਦਿਕਾਂ ਲਈ ਬੱਧੀ ਹੋਈ ਭੇਟ।
ਸਭਿ ਪਰ ਦੰਡ ਲਗ੍ਯੋ ਚਹੁਂ ਓਰੀ।'
ਸੁਨਿ ਕੈ ਸਿਖ ਅਨਮਨ[1] ਹੁਇ ਆਏ। — [1]ਢੱਠੇ ਮਨ, ਚਿੰਤਾਤੁਰ।
ਸਤਿਗੁਰ ਨਿਕਟ ਬ੍ਰਿਤੰਤ ਸੁਨਾਏ ॥੪੫॥
'ਇਹੁ ਦਿਜ ਹੰਕਾਰੀ ਨਹਿਂ ਜਾਨਹਿ।
-ਕਰ ਮੇਰੋ ਅਬ ਦੇਹੁ- ਬਖਾਨਹਿ।
ਨਾਂਹਿ ਤ ਬਲ ਕੋ ਕਰਹਿ, ਕੁਚਾਲੀ।
ਲਾਖਹੁਂ ਸੈਨਾ ਕੇ ਭਟ ਨਾਲੀ' ॥੪੬॥
ਸੁਨਿ ਸ੍ਰੀ ਅਮਰ ਦਾਸ[†] ਮੁਸਕਾਏ। — [†]ਪਾ:-ਮੰਦ।
'ਜਿਨਹੁਂ ਜਗਤ ਪ੍ਰਭੁਤਾ ਕਿਤ ਪਾਏ[1]। — [1]ਜਿਨ੍ਹਾਂ ਨੂੰ ਜਗਤ ਦੀ ਵਡਿਆਈ ਕੁਛਕੁ ਮਿਲ ਗਈ ਹੋਵੇ।
ਮਦ[1] ਕਰਿ ਅੰਧ ਹੋਤਿ ਮਤਿ ਬੌਰੇ। — [1]ਹੰਕਾਰ।
ਅਪਨੇ ਸਮ ਨਹਿਂ ਜਾਨਹਿਂ ਔਰੇ ॥੪੭॥
ਬਿਨ ਗੁਰ ਸੇਵੇ ਹੋਵ ਸੰਤਾਪ।
ਠਾਨਤਿ ਮੂਰਖਿ ਬਹੁ ਬਿਧਿ ਪਾਪ।

ਕਰਤਿ ਸਾਹਿਬੀ[1] ਕੇਤਿਕ ਦਿਨਿ ਕੀ।
ਬਿਸਰ ਜਾਤਿ ਗਤਿ ਜਨਮ ਮਰਨ ਕੀ ॥੪੮॥

[1]ਅਮੀਰੀ, ਵਡਿਆਈ।

ਨਹਿਂ ਦੀਰਘ ਦਰਸੀ ਹੁਇ ਹੇਰੈਂ[1]।
-ਅੰਤ ਸਮੈ ਧਨ ਸੰਗ ਨ ਮੇਰੈ-।
ਔਚਕ ਗਹੈ ਆਇ ਜਰਵਾਣਾ[1]।
ਨਗਨ ਇਕਾਕੀ[1] ਕਰਹਿ ਪਯਾਣਾ ॥੪੯॥

[1]ਲੰਮੀ ਨਿਗਾਹ ਵਾਲੇ ਹੋਕੇ ਨਹੀਂ ਦੇਖਦੇ।

[1]ਭਾਵ ਜਮਦੂਤ।

[1]ਨੰਗਾ ਤੇ ਇਕੱਲਾ, ਗੁਰਵਾਕ:
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।

ਪਿਖਿਯ ਨ ਜਬਿ ਲੌਂ[1] ਨਾਂਹਿਨ ਮਾਨਹਿਂ।
ਪਹੁਂਚੀ ਜਰ[1] ਤਨ ਇਸ, ਨਹਿਂ ਜਾਨਹਿਂ।
ਬਿਰਮਜੋ ਮਾਯਾ ਮੋਹ ਜੁ ਮੀਠਾ[1]।
ਪਰਚਜੋ ਚਿਤ ਬਨਿਤਾ ਸੁਤ ਈਠਾ[1]' ॥੫੦॥

[1]ਮੌਤ) ਦੇਖਣ ਨਾ ਜਦ ਤੀਕ।

[1]ਬੁਢੇਪਾ।

[1]ਮਾਇਆ ਦਾ ਮੋਹ ਜੋ ਮਿੱਠਾ ਹੈ (ਉਸ ਵਿਚ) ਭਰਮ ਰਿਹਾ ਹੈ।

[1]ਪਿਆਰਿਆਂ ਨਾਲ।

ਸੁਨਿ ਸਿੱਖਜਨ ਪੁਨ ਬੂਝਨ ਠਾਨੇ।
'ਇਸ ਕੌ ਕਿਮਿ ਉਪਾਵ ਹਮ ਜਾਨੇ?
ਕਰਹਿ ਅਵੱਗਜਾ ਦੇਹ ਬਿਖਾਦੂ[1]।
ਜਿਸ ਕੇ ਗੁਰੁ ਮਹਿਮਾ ਨਹਿਂ ਯਾਦੂ' ॥੫੧॥

[1]ਦੁੱਖ।

ਸਹਜ ਸੁਭਾਇਕ ਸਤਿਗੁਰ ਬੋਲੈ।
'ਨਿਸ਼ਚੈ ਰਾਖਹੁ ਕਜੋਂ ਮਨ ਡੋਲੇ।
ਦੇਖਹੁ ਕਹਾਂ ਕਰਹਿ ਕਰਤਾਰ।
ਸਿਰ ਲਾਗੇ ਤੇ ਸਮਝ ਗਵਾਰ[1] ॥੫੨॥

[1]ਮੂਰਖ ਨੂੰ ਸਿਰ ਲੱਗਿਆਂ ਹੀ ਸਮਝ ਆਉਂਦੀ ਹੈ।

ਜਾਇ ਬਿਲੋਕਹੁ ਤਹਿਂ ਤੁਮ ਦੋਊ।
ਕਹੈ ਬਾਰਤਾ ਸੁਨੀਅਹਿ ਸੋਊ।'
ਆਇਸੁ ਮਾਨਿ ਗਏ ਤਤਕਾਲਾ।
ਬੈਠੇ, ਜਿਹ ਠਾਂ ਪੌਰ ਬਿਸਾਲਾ ॥੫੩॥
ਤਿਸ ਛਿਨ ਅਕਬਰ ਕੇ ਪਰਵਾਨੇ।
ਆਏ ਬਡ ਤੂਰਨਤਾ ਠਾਨੇ।
ਭਨਜੋ ਬੀਰਬਲ ਸੋਂ ਤਿਨ ਨਰਨ।
'ਇਸ ਪੁਰਿ ਮਹਿਂ ਗਨ ਖੱਤ੍ਰੀ ਬਰਨ[1] ॥੫੪॥

[1]ਕਹੀਦੇ ਹਨ (ਅ) ਜਾਤਿ ਦੇ।

ਅਬਿ ਲੌਂ ਹੁਕਮ ਮਾਨਿ ਨਹਿਂ ਆਏ।
ਸੰਧ੍ਯਾ ਪਰੀ ਸੁ ਸਮਾਂ ਬਿਤਾਏ।
ਹੁਕਮ ਆਪ ਕੋ ਹੋਇ ਸੁ ਕਰੈਂ।
ਜਾਇਂ ਤਿਨਹੁਂ ਢਿਗ, ਕੈ ਇਤ ਟਰੈਂ[1]' ॥੫੫॥

[1]ਅਥਵਾ ਇਥੋਂ ਟਲ ਜਾਈਏ।

ਕਹ੍ਯੋ ਬੀਰਬਲ 'ਅਬਿ ਨਿਸ ਪਰੀ।
ਪ੍ਰਾਤ ਮੁਕਾਮ ਕਰਹਿਂ ਇਸੁ ਪੁਰੀ।
ਤਬਿ ਸਭਿ ਕੋ ਗਹਿ ਕੈ ਮੰਗਵਾਵੈਂ।
ਨਾਂਹਿ ਤ ਹੁਕਮ ਮਾਨਿ ਕਰਿ ਆਵੈਂ' ॥੫੬॥
ਭਯੋ ਤਿਮਰ ਸਿਖ ਸੁਨਿ ਕਰਿ ਆਏ।
'ਬਿਗਰਹਿ ਪ੍ਰਾਤੀ' ਗੁਰਨਿ ਬਤਾਏ[1]।

[1]ਗੁਰੂ ਜੀ ਨੂੰ ਦੱਸਿਆ 'ਸਵੇਰੇ ਵਿਗਾੜ ਹੋ ਜਾਏਗਾ।'

ਕਹਿਂ ਸ਼੍ਰੀ ਅਮਰ 'ਮੁਕਾਮ ਨ ਹੋਇ।
ਬੇਗ ਇਹਾਂ ਤੇ ਗਮਨਹਿ ਸੋਇ ॥੫੭॥
ਨਹਿਂ ਚਿੰਤਾ ਚਿਤ ਬਿਖੇ ਬਿਚਾਰੋ।
ਰਹੋ ਅਨੰਦਤਿ ਸਦਨ ਸਿਧਾਰੋ।'
ਸੁਨ੍ਯੋ ਬੀਰਬਲ ਜਬਹਿ ਪ੍ਰਵਾਨਾ।
ਲਿਖੀ ਜਿਸੀ ਮਹਿਂ ਸ਼ੀਘ੍ਰ ਮਹਾਂਨਾ ॥੫੮॥
'ਤਿਸੀ ਦੇਸ਼ ਭਾ ਦੁੰਦ ਘਨੇਰਾ[1]।

[1]ਭਾਵ ਪਸ਼ਚਮ ਦੇਸ਼ ਵਿਚ ਬੜਾ ਉਪੱਦ੍ਰਵ ਹੋ ਪਿਆ ਹੈ।

ਲੂਟ ਕੂਟ ਲੀਨੋ ਦਲ ਡੇਰਾ[1]।

[1]ਹੇ ਬੀਰਬਲ ਤੈਥੋਂ ਅੱਗੇ ਜੇਹੜਾ ਇਧਰ ਦਾ) ਦਲ (ਸੀ), ਉਸ ਦਾ ਡੇਰਾ ਲੁੱਟ ਕੁਟ ਲਿਆ ਹੈ (ਵੈਰੀ ਨੇ)।

ਨਹਿਂ ਕਿਤ ਠਹਿਰ ਮੁਕਾਮ ਕਰੀਜਹਿ।
ਦੀਹ ਮਜਲ ਤੇ ਤਹਿਂ ਪਹੁਂਚੀਜਹਿ ॥੫੯॥
ਕਰਹੁ ਜਾਇ ਸਰ[1] ਲਰਹੁ ਘਨੇਰੇ।

[1]ਫਤੇ ਕਰੋ।

ਦੀਰਘ ਲਸ਼ਕਰ ਹੈ ਸੰਗ ਤੇਰੇ।'
ਸੁਨਿ ਨਿਸ ਮਹਿਂ ਤਜਾਰੀ ਕਰਿਵਾਈ।
'ਬਡੀ ਪ੍ਰਾਤਿ ਤੇ ਹੋਹਿ ਚਢਾਈ' ॥੬੦॥
ਸਭਿ ਲਸ਼ਕਰ ਮਹਿਂ ਸੁਧਿ ਕਰਿ ਦੀਨਿ।
ਨਿਸਾ ਬਿਤਾਵਨ ਤਿਹ ਠਾਂ ਕੀਨਿ।
ਭੋਰ ਭੂਰ ਤੇ[1] ਬਜੇ ਨਗਾਰੇ।

[1]ਬਹੁਤ ਸਵੇਰ ਸਾਰ ਤੋਂ।

ਸੁਨਿ ਸਭਿ ਜ਼ੀਨ ਤੁਰੰਗਨ ਡਾਰੇ[1] ॥੬੧॥
ਆਪ ਚਢਿਨਿ ਕੀ ਤਜਾਰੀ ਕੀਨਿ।
ਚਲੵੋ ਪ੍ਰਸੰਗ ਤਬਹਿ ਖੱਤ੍ਰੀਨ।
'ਇਸ ਪੁਰਿ ਕੇ ਨਹਿਂ ਚਲਿ ਕਰਿ ਆਏ।
ਨਹੀਂ ਰਜਤਪਣ ਕਿਨਹੁਂ ਪਠਾਏ ॥੬੨॥
ਕਿਸ ਅਲੰਬ ਹੰਕਾਰ ਕਰੰਤੇ।
ਬਡੋ ਆਪ ਤੇ ਕਿਸਹਿ ਲਖੰਤੇ[1]?
ਜਿਸ ਤੇ ਤ੍ਰਾਸ ਨ ਧਰਹਿਂ ਤੁਮਾਰੋ[1]।
ਕਹੈਂ ਕਿ -ਹਮ ਤੇ ਲੇਹੁ ਅਹਾਰੋ-'
॥੬੩॥
ਸੁਨਿ ਕਰਿ ਕਹਯੋ ਬੀਰਬਲ ਤਬੈ।
'ਭਈ ਸ਼ੀਘ੍ਰ ਚਾਲੇ ਚਢਿ ਅਬੈ।
ਹਟਿ ਕੈ ਆਵੈਂ ਜਬਿ ਇਸ ਪੁਰਿ ਕੋ।
ਕਰਹਿਂ ਬਿਲੋਕਨ ਤਬਿ ਹਮ ਗੁਰ ਕੋ
॥੬੪॥
ਅਬਿ ਤੇ ਦਸ ਗੁਨਾ ਧਨ ਲੇਹਿਂ।
ਅਪਰ ਸਜਾਇ ਕਛੂ ਇਨ ਦੇਹਿਂ।
ਨਹਿਂ ਰਾਖੀ ਮੇਰੀ ਬਡਿਆਈ।
ਮਿਲੇ ਨ ਦਯੋ ਦਰਬ ਸਮੁਦਾਈ' ॥੬੫॥
ਇਮਿ ਇਕ ਨਰ ਸੋਂ ਭਾਖਿ ਪਠਾਯੋ[1]।
ਆਪ ਅਰੂਢਯੋ ਪੰਥ ਸਿਧਾਯੋ।
ਸ਼ੀਘ੍ਰ ਕਰਤਿ ਹੀ ਲਸ਼ਕਰ ਚਾਲਾ।
ਦੂਰ ਬਿਸਾਲ ਸਿਵਰ ਕੋ ਘਾਲਾ ॥੬੮॥
ਸੋ ਨਰ ਚਲਿ ਕਰਿ ਗੁਰ ਢਿਗ ਆਯੋ।
ਕਹਯੋ ਬੀਰਬਲ ਕੇਰ ਸੁਨਾਯੋ।
'ਤੁਮ ਪਰ ਹੋਯੋ ਕ੍ਰੋਧ ਘਨੇਰੇ।
-ਦੇਉਂ ਸਜਾਇ ਆਇ ਜਿਸ ਬੇਰੇ
॥੬੭॥
ਕਯੋਂ ਨਹਿਂ ਚਾਹਯੋ ਅਪਨ ਭਲੇਰਾ।
ਮਿਲੇ ਕਯੋਂ ਨ ਦੇ ਦਰਬ ਬਡੇਰਾ[†]-।
ਹਟਿ ਆਵਹਿ ਬਹੁ ਦੇਇ ਬਿਖਾਦਾ।
ਕਰਹਿ ਕੈਦ, ਧਨ ਲੇ ਬਹੁ ਬਾਦਾ[1]'

[1]ਘੋੜਿਆਂ ਪਰ ਕਾਠੀਆਂ ਪਾਈਆਂ।

[1]ਹੋਰ) ਕਿਸ ਨੂੰ ਜਾਣਦੇ ਹਨ?

[1]ਜਿਸ ਦੀ (ਸ਼ਹਿ ਕਰਕੇ) ਤੇਰੇ ਪਾਸੋਂ ਡਰਦੇ ਨਹੀਂ।

[1]ਕਹਿ ਭੇਜਿਆ (ਗੋਇੰਦਵਾਲ)।

[†]ਪਾ:-ਘਨੇਰਾ।

[1]ਝਗੜਾ ਕਰਕੇ।

॥੬੬॥
ਬੋਲੇ ਅਮਰ ਗੁਰੂ ਸੁਨਿ ਸੋਇ।
'ਇਹਾਂ† ਨ ਆਵਨ ਇਸ ਕੋ ਹੋਇ।

†ਪਾ:-ਬਹੁਰ।

ਬਰਫ ਸੰਗ ਤਿਹ ਠਾਂ ਗਰ ਜਾਇ[1]†।

[1]ਗਲ ਜਾਏਗਾ। †ਇਸ ਤਰ੍ਹਾਂ ਦੇ ਵਾਕ ਸ੍ਰਾਪ ਨਹੀਂ ਹਨ। ਏਹ ਸਹਿਜ ਸੁਭਾਵ ਦੇ ਵਾਕ ਹਨ। ਬੀਰਬਲ ਏਥੇ ਅਵੱਗਜ਼ਾ ਕੀਤੀ ਤੇ ਡਰਾਵਾ ਦੇ ਗਿਆ ਜਿਸ ਪਰ ਸਿੱਖਾਂ ਦੇ ਘਬਰਾਉਣ ਤੇ ਆਪ ਨੇ ਭਵਿੱਖਤ ਵਾਚ ਲਈ ਤੇ ਦੱਸ ਦਿੱਤੀ ਕਿ ਇਸ ਵਿਚਾਰੇ ਨੇ ਆਕੇ ਕੀਹ ਦੁਖ ਦੇਣਾ ਹੈ, ਇਸ ਦਾ ਅੰਤ ਤਾਂ ਓਥੇ ਹੀ ਬਿਦਿਆ ਹੈ। ਇਹ ਅਗੰਮ ਵਾਚਣਾ ਹੈ। 'ਹਰ ਕੇ ਦਰ ਵਰਤਿਆ' ਦੱਸ ਦੇਣਾ ਹੈ। ਇਹ ਪ੍ਰਸੰਗ ਮਹਿੰਮਾ ਪ੍ਰਕਾਸ਼ ਵਿਚ ਨਹੀਂ ਆਇਆ।

ਹੰਕਾਰੀ ਨਹਿਂ ਜੀਵਨ ਪਾਇ ॥੬੯॥
ਚਿਤਵਹਿ ਬੁਰਾ ਗੁਰੂ ਘਰ ਸੰਗ।
ਕਿਮ ਠਹਿਰਹਿ ਤੂਰਨ ਹੁਇ ਭੰਗ।'
ਇਮ ਕਹਿ ਤੂਸ਼ਨ ਭਏ ਗੁਸਾਈਂ।
ਗਯੋ ਬਿੱਪ੍ਰ ਤੁਰਕਨ ਪਰ ਧਾਈ ॥੭੦॥
ਇਕ ਦੁਇ ਜੰਗ ਅਖਾੜੇ ਭਏ।
ਬਰਫ ਗਿਰਨ ਮਹਿਂ[1] ਸਭਿ ਧਸਿ ਗਏ।

[1]ਪਹਾੜਾਂ ਦੀ ਬਰਫ ਵਿਚ।

ਨਾਕ ਸੀਤ ਤੇ ਠਰ ਗਿਰ ਪਰਯੋ।
ਦੁੰਦਭਿ ਤਬੈ ਬਜਾਵਨ ਕਰਯੋ ॥੭੧॥
ਭਈ ਬਰਫ ਨਭ[1] ਬਰਖਾ ਘਨੀ।

[1]ਅਕਾਸ਼ ਤੋਂ।

ਦਬਯੋ ਬੀਰਬਲ ਜੁਤਿ ਸਭਿ ਅਨੀ†।

†ਬੀਰਬਲ ਤੇ ਉਸ ਦੀ ਸਾਰੀ ਫ਼ੌਜ ਤੇ ਜ਼ੈਨਖਾਂ ਦੀ ਫ਼ੌਜ ਬਿਲੰਦਜ਼ਈ ਤੇ ਕਰਾਹ ਰੁਗਾਹ ਆਦਿ ਦਰਿਆਂ ਵਿਚ, ਜੋ ਗ਼ਾਲਬਨ ਸ੍ਵਾਤ ਦੇ ਪਹਾੜਾਂ ਵਿਚ ਹਨ, ਮਾਰੀ ਗਈ ਸੀ, ਕੋਈ ਨਹੀਂ ਸੀ ਬਚਿਆ। ਅੱਬੁਲ ਫਜ਼ਲ ਲਿਖਦਾ ਹੈ ਕਿ ੫੦੦ ਜੁਵਾਨ ਮੋਏ, ਪਰ ਖ਼ਾਫੀ ਖਾਂ ਲਿਖਦਾ ਹੈ ਕਿ ਪੰਜਾਹ ਹਜ਼ਾਰ ਜਾਂ ਚਾਲੀ ਹਜ਼ਾਰ ਪੈਦਲ ਤੇ ਸਵਾਰਾਂ ਵਿਚੋਂ ਇਕ ਵੀ ਨਾ ਬਚਿਆ।

ਗੁਰ ਕੋ ਬਾਕ ਸਦਾ ਸੁਫਲਾਵੈ।
ਨਹੀਂ ਸੁਰਾਸੁਰ ਕੋ ਉਲਟਾਵੈ ॥੭੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬੀਰਬਲ ਪ੍ਰਸੰਗ' ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

## ੪੨. [ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੇਈਆ ਤਾਪ ਦਾ ਪ੍ਰਸੰਗ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਇਕ ਦਿਨ ਸਤਿਗੁਰ ਨਿਸਾ ਮਹਿਂ,
ਸਿਹਜਾ ਪਰ ਸੁਪਤਾਇ[1]। — [1]ਸੁੱਤੇ।
ਕੂਕ ਪੁਕਾਰੀ ਨਾਰਿ ਇਕ,
ਸਗਰੀ ਪੁਰੀ ਸੁਨਾਇ ॥੧॥

ਚੌਪਈ:

ਗੁਰ ਕੇ ਖੁਲੇ ਸੁਨਤਿ ਹੀ ਨੈਨ।
ਬੋਲੇ ਦਾਸ ਸੰਗ ਸੁਖ ਦੈਨ।
ਕੌਨ ਅਚਾਨਕ ਕੀਨ ਪੁਕਾਰੀ?
ਕਿਸ ਤੇ ਦੁਖ ਪਾਯੋ ਇਸ ਨਾਰੀ?' ॥੨॥
ਸੁਨਿ ਬੱਲੂ ਨੇ ਤਬਹਿ ਬਤਾਈ।
'-ਪੁੱਤ੍ਰ ਪੁੱਤ੍ਰ- ਕਹਿ ਕੋ ਬਿਲਲਾਈ।
ਕਹਾਂ ਭਯੋ ਕੁਛ ਜਾਇ ਨ ਜਾਨਾ।
ਨੰਦਨ ਦੁਖੀ ਕਿ ਹਤਿ ਭਾ ਪ੍ਰਾਨਾ' ॥੩॥
ਸਤਿਗੁਰ ਕਹਜੋ 'ਜਾਇ ਸੁਧ ਆਨਹੁ।
ਭਈ ਦੁਖੀ ਕਿਮਿ ਹਮਹਿਂ ਬਖਾਨਹੁ।'
ਸੁਨਿ ਆਇਸੁ ਬੱਲੂ ਚਲਿ ਗਯੋ।
ਮ੍ਰਿਤਕ ਪੁੱਤ੍ਰ ਤਿਹ ਦੇਖਤਿ ਭਯੋ ॥੪॥
ਸਭਿ ਬਿਧਿ ਬੂਝਿ ਗੁਰੂ ਢਿਗ ਕਹਜੋ।
'ਤ੍ਰਿਯ ਬਿਧਵਾ ਕੇ ਇਕ ਸੁਤ ਰਹਜੋ[1]। — [1]ਇਕ ਪੁੱਤ੍ਰ ਹੈ ਸੀ।
ਤੇਈਆ ਤਾਪ ਖੇਦ ਤਿਸੁ ਦੈ ਕੈ।
ਕਰਜੋ ਮ੍ਰਿਤਕ ਬਹੁ ਨਿਰਬਲ ਕੈ ਕੈ' ॥੫॥
ਸੁਨਿ ਗੁਰ ਕਹਜੋ 'ਪ੍ਰਾਤਿ ਜਬਿ ਹੋਇ।
ਮਰਜੋ ਪੁੱਤ੍ਰ ਤਿਸ ਜੀਵਨ ਹੋਇ।
ਅਬਿ ਕਹਿ ਦੇਹੁ ਨ ਕਰਹਿ ਬ੍ਰਿਲਾਪ।
ਬੰਧਹਿਂ ਕੈਦ ਜਿ ਤੇਈਆ ਤਾਪ' ॥੬॥
ਸੁਨਿ ਬੱਲੂ ਨੇ ਜਾਇ ਹਟਾਈ।
ਭਈ ਭੋਰ ਸੁਤ ਮ੍ਰਿਤੁ ਲੈ ਆਈ।
ਉਠਿ ਸਤਿਗੁਰ ਤਿਹ ਚਰਨ ਲਗਾਯੋ।
ਤੂਰਨ ਬਾਲਕ ਤਬਹਿ ਜਿਵਾਯੋ ॥੭॥

ਪੁਨ ਗੁਰ ਤੇਈਆ ਤਾਪ ਹਕਾਰਯੋ।
ਤਿਸ ਕੋ ਬਾਲਕ ਸਮ ਤਨ ਧਾਰਯੋ।
ਚਰਨ ਜੰਜੀਰ ਡਾਰ ਕਰਿ ਦੀਨ।
ਗਰ ਮਹਿਂ ਤੌਕ ਪਾਇਬੋ ਕੀਨ ॥ ੮ ॥
ਜੁਗ ਹਾਥਨ ਮਹਿਂ ਡਾਰਿ ਹਥੌਰੀ।
ਲੋਹ ਪਿੰਜਰੇ ਮਹਿਂ ਤਿਸ ਠੌਰੀ।
ਪਾਇ ਬੀਚ ਨਿਜ ਪੌਰ ਟਿਕਾਯੋ।
ਕਹਯੋ ਗੁਰੂ 'ਇਨ ਤ੍ਰਾਸ ਨ ਪਾਯੋ[1] ॥ ੯ ॥ — [1]ਇਸ ਨੇ (ਸਾਡਾ) ਡਰ ਨਹੀਂ ਮੰਨਿਆ।
ਆਨਿ ਅਵੱਗਜਾ ਪੁਰਿ ਮਹਿਂ ਕੀਨਿ।
ਬਿਧਵਾ ਕੋ ਬਾਲਕ ਹਤਿ ਦੀਨ।
ਹਮਰੋ ਕਰਿਓ ਪ੍ਰਣ ਨਹਿਂ ਜਾਨਯੋ।
ਮਾਤਹਿਂ ਪਿਤਹਿਂ ਪਿਖਤਿ[1] ਸੁਤ ਹਾਨਯੋ ॥ ੧੦ ॥ — [1]ਮਾਤ ਪਿਤਾ ਦੇ ਦੇਖਦਿਆਂ।
ਏਕ ਰੋਗ ਕੋ ਹੋਇ ਸਜ਼ਾਇ।
ਪੁਨ ਹਮਰੇ ਪੁਰਿ ਕੋਇ ਨ ਆਇ।
ਰਹੈ ਪਿੰਜਰੇ ਮਹਿਂ ਇਹੁ ਪਰਯੋ।
ਗੋਇੰਦਵਾਲ ਨਿਡਰ ਹੁਇ ਬਰਯੋ' ॥ ੧੧ ॥
ਇਮਿ ਕਹਿ ਅਪਨੇ ਪੌਰ ਰਖਾਯੋ।
ਕੇਤਿਕ ਮਾਸਨ ਸਮਾਂ ਬਿਤਾਯੋ।
ਗੁਰ ਬਚ ਸੰਗਲ ਸੰਗ ਰਹਯੋ ਹੈ[1]। — [1]ਗੁਰੂ ਜੀ ਦੇ ਬਚਨ (ਰੂਪੀ) ਜੰਜੀਰ ਨਾਲ ਬੰਨ੍ਹਿਆਂ ਰਹਿਆ
ਛੁਧਤਿ ਅਧਿਕ ਨ ਅਹਾਰ ਲਹਯੋ ਹੈ ॥ ੧੨ ॥
ਦੁਰਬਲ ਅੰਗ ਹੋਇ ਬਹੁ ਗਯੋ।
ਗੁਰ ਸਿੱਖਨ ਕੋ ਬੰਦਤਿ ਭਯੋ।
-ਕੋ ਆਵਹਿ ਐਸੋ ਉਪਕਾਰੀ।
ਮੋਹਿ ਮੁਚਾਵਹਿ[1] ਕਰੁਨਾਧਾਰੀ- ॥ ੧੩ ॥ — [1]ਛੁਡਾਵੇ।
ਨਿਕਟ ਕਦੀਮੀ[1] ਸੇਵਕ ਜੋਇ। — [1]ਪੁਰਾਣੇ।
ਲਖਹਿਂ ਦੁਖਦ ਹਿਤ ਕਹੈਂ ਨ ਸੋਇ[1]। — [1]ਦੁਖ ਦੇਵਾ ਜਾਣਕੇ ਉਸ ਦੇ ਭਲੇ ਲਈ (ਗੁਰੂ ਜੀ ਪਾਸ) ਨਹੀਂ ਕਹਿੰਦੇ।
ਡੱਲੇ ਗ੍ਰਾਮ ਬਿਖੈ ਸਿਖ ਜੇਈ।
ਗੁਰ ਦਰਸ਼ਨ ਹਿਤ ਆਏ ਸੇਈ ॥ ੧੪ ॥
ਅਰਪਿ ਅਕੋਰ ਅਨੇਕ ਪ੍ਰਕਾਰਾ।

ਸ਼੍ਰੀ ਸਤਿਗੁਰ ਮੁਖ ਕਮਲ ਨਿਹਾਰਾ।
ਕਰਿ ਕਰਿ ਬੰਦਨ ਬੈਠਿ ਨਜੀਕਾ।
ਬੋਲੇ ਗੁਰੂ ਗਿਰਾ ਰਮਣੀਕਾ ॥੧੫॥
'ਕੁਸ਼ਲ ਅਨੰਦ ਸਭਿਨਿ ਮਹੁਂ ਅਹੇ।
ਮਿਲਿ ਸਭਿ ਸੰਗਤਿ ਕੋ ਰਸ ਲਹੇ[1] ! — [1]ਅਨੰਦ ਲੈਂਦੇ ਹੋ।
ਡੱਲੇ ਮਹਿਂ ਸਿਖ ਸੇਵਕ ਮੇਰੇ।
ਪਾਰੋ ਲਾਲੋ ਆਦਿ ਬਡੇਰੇ ॥੧੬॥
ਨਿਤਿ ਪ੍ਰਤਿ ਮੋ ਕਹੁ ਅਤਿਸ਼ੈ ਪਜਾਰੇ।
ਜਿਨ ਮਿਲਿਬੋ[1] ਨਰ ਔਰ ਉਧਾਰੇ।' — [1]ਜਿਨ੍ਹਾਂ ਦਾ ਮਿਲਣਾ। ਜਿਨ੍ਹਾਂ ਨੂੰ ਮਿਲਣ ਨਾਲ।
ਸੁਨਿ ਲਾਲੋ ਕਰ ਜੋਰਿ ਬਖਾਨੀ।
'ਬਖਸ਼ਹੁ ਅਪਨੀ ਸੰਗਤਿ ਜਾਨੀ[1] ॥੧੭॥ — [1]ਜਾਣਕੇ।
ਜੋ ਕਿਛੁ ਅਹੈ ਪ੍ਰਤਾਪ ਤੁਮਾਰਾ।
ਹਮ ਸਮ ਬਪੁਰੇ ਕਹਾਂ ਬਿਚਾਰਾ[1]'। — [1]ਵਿਚਾਰੇ ਦਾਸ ਕੀ ਹਾਂ।
ਇੱਤਜਾਦਿਕ ਬਚ ਸੁਨਿ ਅਰੁ ਕਹਿ ਕੈ।
ਇਕ ਦੁਇ ਦਿਵਸੁ ਬਿਤਾਏ ਰਹਿ ਕੈ ॥੧੮॥
ਆਵਤਿ ਜਾਤਿ ਪਿੰਜਰਾ ਹੇਰਾ।
ਬਾਲਕ ਦੁਰਬਲ ਬੀਚ ਬਡੇਰਾ।
ਦੇਖਿ ਘਨੀ ਕਰੁਨਾ ਮਨ ਆਈ।
ਸਤਿਗੁਰ ਕੇ ਢਿਗ ਜਾਇ ਸੁਨਾਈ ॥੧੯॥
'ਮਹਾਂਰਾਜ ! ਇਸ ਕਰਹੁ ਖਲਾਸੀ।
ਦੁਰਬਲ ਅਧਿਕ ਲਹੈ ਦੁਖਰਾਸੀ[1]। — [1]ਬਹੁਤਾ ਕਮਜ਼ੋਰ (ਹੈ ਤੇ) ਪਾ ਰਿਹਾ ਹੈ ਬਹੁਤ ਦੁੱਖ।
ਭਯੋ ਦੀਨ ਕਰ ਜੋਰਿ ਦਿਖਾਵੈ[1]। — [1]ਹੱਥ ਜੋੜਕੇ ਦੱਸਦਾ ਹੈ।
ਛੁਟਿਬੇ ਕਾਰਨ ਬਿਨੈ ਸੁਨਾਵੈ' ॥੨੦॥
ਤਬਿ ਸ਼੍ਰੀ ਅਮਰ ਕਹਜੋ 'ਛੁਟਵਾਉ।
ਸੰਗ ਆਪਨੇ ਲੇ ਕਰਿ ਜਾਉ।
ਹਮਰੀ ਦਿਸ਼ਾ ਬਹੁਰ ਨਹਿਂ ਆਵੈ।
ਮਿਲੀ ਸਜਾਇ ਥਿਰਜੋ ਪਛੁਤਾਵੈ[1]' ॥੨੧॥ — [1]ਬੈਠਿਆਂ ਪਛੁਤਾਂਵਦਾ ਹੈ।
ਇਮ ਆਗਜਾ ਸਤਿਗੁਰ ਕੀ ਲੀਨਿ।
ਆਇ ਖਲਾਸੀ ਤਤਛਿਨ ਕੀਨ।

ਗੁਰ ਤੇ ਬਿਦਾ ਹੋਇ ਸਭਿ ਚਾਲੇ[1]।
[1]ਸਾਰੇ (ਡੱਲੇ ਵਾਸੀ ਸਿਖ) ਚੱਲੇ।
ਤਿਸ ਬਾਲਿਕ ਕੋ ਲੀਨਸਿ ਨਾਲੇ ॥੨੨॥
ਪਹੁੰਚੇ ਕਿਤਿਕ ਕੋਸ ਜਬਿ ਜਾਇ।
ਤੇਈਆ ਤਾਪ ਛੁਧਿਤ ਬਿਕੁਲਾਇ।
ਲਾਲੋ ਸੰਗ ਕਹ੍ਯੋ ਕਰ ਜੋਰਿ।
'ਬਹੁ ਚਲਿਬੇ ਕੋ ਨਹਿਂ ਮਮ ਜੋਰ[1] ॥੨੩॥
[1]ਤਾਕਤ।
ਭੂਖ ਅਧਿਕ ਲਾਗੀ ਤਨ ਮੇਰੇ।
ਬਿਨ ਅਹਾਰ ਦਿਨ ਬਿਤੇ ਘਨੇਰੇ।
ਦਿਹੁ ਆਗਯਾ ਮੈਂ ਅਬਿ ਤ੍ਰਿਪਤਾਵੌਂ।
ਪੁਨ ਤੁਰਨ ਤੁਮ ਸਾਥ ਸਿਧਾਵੌਂ' ॥੨੪॥
ਸੁਨਿ ਲਾਲੋ ਕਰਿ ਦਯਾ ਉਚਾਰੀ।
'ਆਗੇ ਚਲਿ ਹੈਂ ਗ੍ਰਾਮ ਮਝਾਰੀ।
ਪਹਿਤ[1] ਚੂਨ[2] ਲੇ ਬਹੁਤ ਪਕਾਵੈਂ।
[1]ਦਾਲ। [2]ਆਟਾ।
ਨੀਕੀ ਰੀਤਿ ਤੋਹਿ ਤ੍ਰਿਪਤਾਵੈਂ ॥੨੫॥
ਨਹੀਂ ਦੂਰ ਕਛੁ, ਨੇਰੇ ਜਾਨਿ।
ਮਨ ਭਾਵਤ ਕੀਜੈ ਤਹਿਂ ਖਾਨ।
ਪੁਨ ਤੁਝ ਕੋ ਲੇ ਸੰਗ ਸਿਧਾਰੈਂ।
ਸਨੇ ਸਨੇ ਚਲਿ, ਨਾਂਹਿ ਨ ਹਾਰੈਂ[1]' ॥੨੬॥
[1]ਹੌਲੀ ਹੌਲੀ ਟੁਰ, ਥੱਕੇਂਗਾ ਨਹੀਂ।
ਸੁਨਿ ਬਾਲਕ ਤਬਿ ਬਾਕ ਬਖਾਨਾ।
'ਮਮ ਅਹਾਰ ਅਬਿ ਹੈ ਇਸ ਥਾਨਾ।
ਤੁਮ ਆਗਯਾ ਬਿਨ ਸਕੌਂ ਨ ਖਾਇ।
ਕਹਹੁ ਤੁਰਤ ਹੀ ਹ੍ਵੈ ਤ੍ਰਿਪਤਾਇ' ॥੨੭॥
ਸਹਜ ਸੁਭਾਇਕ ਲਾਲੋ ਕਹ੍ਯੋ।
'ਤ੍ਰਿਪਤਾਵਹੁ ਅਹਾਰ ਜਹਿਂ ਲਹ੍ਯੋ।
ਘਰੀ ਮਾਤ੍ਰ ਹਮ ਠਹਿਰਨਿ ਕਰੈਂ।
ਪੁਨ ਹਮ ਚਲੈਂ ਤੋਹਿ ਸੰਗ ਧਰੈਂ[1] ॥੨੮॥
[1]ਤੈਨੂੰ ਨਾਲ ਕਰਕੇ।
ਤਹਿਂ ਧੋਬੀ ਇਕ ਬਸਤ੍ਰ ਪਖਾਰਹਿ।
ਜਲ ਨਿਚੋਰ ਸ਼ੁਸ਼ਕਨਿ ਕੋ ਡਾਰਹਿ।
ਜਬਿ ਲਾਲੋ ਤੇ ਆਗਯਾ ਲੀਨਿ।
ਤਤਛਿਨ ਚਢਿਬੋ ਤਿਸ ਤਨ ਕੀਨਿ ॥੨੯॥

ਭਯੋ ਕੰਪ ਧੋਬੀ ਗਿਰ ਪਰਜੋ।
ਸਰਬ ਸਰੀਰ ਪੀਰਬੋ[1] ਕਰਜੋ। [1]ਦੁਖੀ, ਪੀੜਿਤ।
ਰੁਧਿਰ[1] ਨਿਚੋਰ ਲੀਨਿ ਤਬਿ ਐਸੇ। [1]ਦੁਖੀ, ਪੀੜਿਤ।
ਬਸਤ੍ਰ ਨਿਚੋਰਤਿ ਜਲ ਕੋ ਜੈਸੇ ॥੩੦॥
ਤਹਿਂ ਘਟ ਫੋਰਿ ਠੀਕਰਾ ਭਰਜੋ।
ਲਾਲੋ ਨਿਕਟ ਲਜਾਇਬੋ ਕਰਜੋ।
ਲਗਜੋ ਦਿਖਾਵਨ 'ਲੇਹੁ ਨਿਹਾਰ।
ਇਸ ਪ੍ਰਕਾਰ ਕੋ ਮੋਰਿ ਅਹਾਰ ॥੩੧॥
ਚਿਰੰਕਾਲ ਤੇ ਛੁਧਤਿ[1] ਬਿਸਾਲਾ। [1]ਭੁੱਖਾ।
ਪਾਨ ਕਰੌਂ ਤ੍ਰਿਪਤੌਂ ਇਸ ਕਾਲਾ।
ਕ੍ਰਿਪਾ ਆਪ ਕੀ, ਮੋਹਿ ਬਚਾਯੋ।
ਬਡ ਬੰਧਨ ਤੇ ਖੋਲਿ† ਮੁਚਾਯੋ[1]' ॥੩੨॥ [1]ਛੁਡਾਇਆ। †ਪਾ:-ਬੋਲਿ।
ਸੁਨਿ ਅਰ ਪਿਖਿ ਲਾਲੋ ਉਰ ਤ੍ਰਾਸਾ।
-ਗਹਜੋ ਪਿੰਜਰੇ ਬਿਖੇ ਨਿਕਾਸਾ[1]। [1]ਫੜਿਆ ਹੋਇਆ ਸੀ, ਪਿੰਜਰੇ ਵਿਚੋਂ (ਮੈਂ) ਕਢਾਇਆ।
ਬਡੀ ਬਲਾਇ ਨ ਮੈਂ ਕੁਛ ਜਾਨਾ।
ਸੰਗ ਕ੍ਰੂਰ ਕਰਮਾਂ ਅਬਿ ਆਨਾ[1]- ॥੩੩॥ [1]ਭਿਆਨਕ ਕਰਮਾਂ ਵਾਲਾ ਆਪਣੇ ਨਾਲ ਆਂਦਾ ਹੈ।
ਕਹਨਿ ਲਗਜੋ 'ਚਲਿ ਹਟਿ ਗੁਰ ਪੌਰ[1]। [1]ਗੁਰੂ ਜੀ ਦੇ ਦਰਵਾਜੇ।
ਮੈਂ ਨ ਲਿਜਾਵੌਂ ਅਪਨੀ ਠੌਰ।
ਜੀਵਨ[1] ਕੌ ਦੁਖਦਾਯਕ ਪਾਪੀ। [1]ਜੀਵਾਂ ਨੂੰ।
ਬਜਾਕੁਲ ਕਰਹਿ ਮਹਾਂ ਸੰਤਾਪੀ ॥੩੪॥
ਗੁਰ ਰਾਖਹਿੰਗੇ ਕੈਦ ਮਝਾਰੀ।
ਕਹਾਂ ਰੁਧਰ ਕੋ ਪਾਇਂ ਅਹਾਰੀ।'
ਸੁਨਿ ਤੇਈਆ ਚਿਤ ਅਤਿਸ਼ੈ ਤ੍ਰਾਸਾ।
'ਨਹਿਂ ਲੇ ਜਾਹੁ ਅਬਹਿ ਗੁਰ ਪਾਸਾ ॥੩੫॥
ਮੈਂ ਤੁਮਰੇ ਬਾਕਨ ਅਨੁਸਾਰੀ।
ਜਿਮਿ ਉਚਰਹੁ ਸੋ ਕਰਿਹੌਂ ਕਾਰੀ।
ਅਬਿ ਤੇ ਆਗੇ ਇਹੀ ਪ੍ਰਸੰਗ।
ਜਿਸ ਬਿਧਿ ਹੋਯੋ ਹਮ ਤੁਮ ਸੰਗ ॥੩੬॥
ਕਹੈ ਕਥਾ ਕੋ ਸੁਨਹਿ ਸੁਨਾਵੈ।
ਸ਼੍ਰੀ ਗੁਰ ਅਮਰ ਨਾਮ ਕੋ ਧਜਾਵੈ।

ਤਹਾਂ ਨ ਮੈਂ ਦੁਖ ਦੇਹੁਂ ਬਿਸਾਲਾ।
ਸੁਨਿ ਪ੍ਰਸੰਗ ਗਮਨੌਂ ਤਤਕਾਲਾ ॥੩੭॥
ਕਰੁਨਾ ਕਰਹੁ ਛੋਰ ਅਬਿ ਜਾਵਹੁ।
ਨਿਜ ਉਪਕਾਰ ਕਰਜੋ ਨ ਮਿਟਾਵਹੁ।'
ਬਿਨੈ ਸੁਨੀ ਲਾਲੋ ਤਜਿ ਗਯੋ।
ਗੁਰੂ ਕੈਦ ਤੇ ਛੂਟਤਿ ਭਯੋ ॥੩੮॥
ਬਹੁਰ ਨ ਗੋਇੰਦਵਾਲ ਪ੍ਰਵੇਸ਼ਾ।
ਸੁਨੇ ਨਾਮ ਡਰ ਧਾਰਿ ਵਿਸ਼ੇਸ਼ਾ।
ਇਸ ਪ੍ਰਕਾਰ ਸਭਿ ਰੋਗ ਡਰਾਏ।†
ਗੁਰ ਪੁਰਿ ਬਿਖੈ ਨ ਫੇਰੋ ਪਾਏ[1]† ॥੩੯॥

[1](ਕਿਸੇ ਰੋਗ ਨੇ) ਫੇਰਾ ਨਾ ਪਾਇਆ। †ਭਾਵ ਇਹ ਹੈ ਕਿ ਆਪਣੀ ਆਤਮਕ ਸ਼ਕਤੀ ਨਾਲ ਗੁਰੂ ਜੀ ਨੇ ਆਪਣੀ ਨਗਰੀ ਨੂੰ ਅਰੋਗ ਰੱਖਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਤੇਈਆ ਤਾਪ ਕੋ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

†ਕੋਈ ਰੋਗਾਂ ਆਦਿ ਨੂੰ ਖਿਲਤਾਂ ਦੇ ਵਿਗਾੜ ਤੋਂ ਦੱਸਦਾ ਹੈ, ਕੋਈ ਹਵਾਵਾਂ ਬੂਆਂ ਤੋਂ, ਹੁਣ ਬਹੁਤੇ ਰੋਗ ਅਤਿ ਨਿੱਕੇ ਜੀਉਂਦੇ ਕਿਰਮਾਂ ਤੋਂ ਸਹੀ ਕਰ ਰਹੇ ਹਨ। ਕੀਹ ਜਾਣੀਏ ਕਦੇ ਰੋਗਾਂ ਦੇ ਕਾਰਣ ਨੀਵੀਂ ਦਰਜੇ ਦੀ ਰੂਹਾਨੀ ਦੁਨੀਆਂ ਵਿਚੋਂ ਵੀ ਅਜ ਕਲ ਦੀ ਵਿੱਦਿਆ ਨੂੰ ਲੱਭ ਪੈਣ। ਇਹ ਗੱਲ ਤਾਂ ਹੁਣ ਬੀ ਮੰਨੀ ਜਾ ਰਹੀ ਹੈ ਕਿ ਆਪਣੇ ਤਨ ਤੇ ਮਨ ਦੀ ਮਜ਼ਬੂਤੀ ਰੋਗਾਂ ਦਾ ਮੁਕਾਬਲਾ ਕਰਦੀ ਤੇ ਉਹਨਾਂ ਨੂੰ ਦਲਦੀ ਤੇ ਜਿੱਤਦੀ ਹੈ, ਇਸੀ ਤਰ੍ਹਾਂ ਰੋਗ ਦੇ ਕਾਰਣਾਂ ਵਿਚ ਬੀ ਕੋਈ ਜਿਰਮਾਂ ਵਾਂਙੂ ਇਸ ਤੋਂ ਬੀ ਸੂਖਮ ਕੋਈ ਹੋਰ ਗੱਲ ਹੋਵੇ, ਇਹ ਪਤਾ ਲੱਗਣਾ ਸੰਭਵ ਹੈ। ਪੁਰਾਤਨ ਹਿੰਦੀ ਵਿਦਵਾਨ ਤੇ ਤਪੱਸ੍ਰੀ ਲੋਕ ਇਹ ਗੱਲ ਮੰਨਦੇ ਸਨ ਕਿ ਰੋਗਾਂ ਦੇ ਕਾਰਣ ਨੀਵੇਂ ਕਿਸਮ ਦੀਆਂ ਅਦ੍ਰਿੱਸ਼ਜ ਰੂਹਾਨੀ ਵਜਕਤੀਆਂ ਬੀ ਹਨ।

## ੪੩. [ਮੇਲੇ ਦੀ ਰੀਤਿ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਤੇ ਪੁਕਾਰ ਕਰਨੀ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਇਕ ਦਿਨ ਪਾਰੋ ਨੇ ਕਰੀ, ਗੁਰ ਆਗੇ
ਅਰਦਾਸ।
'ਪ੍ਰਿਥਕ ਪ੍ਰਿਥਕ ਸਿਖ ਸੰਗਤਾਂ, ਆਵਤਿ ਹੈਂ
ਤੁਮ ਪਾਸ ॥੧॥

ਚੌਪਈ:

ਨਹੀਂ ਪਰਸਪਰ ਮਿਲਿਬੋ ਹੋਇ।
ਭਾਉ ਪ੍ਰੇਮ ਨਹਿਂ ਧਾਰਹਿ ਕੋਇ।
ਕਿਹ ਕੀ ਕਿਹ ਸੋਂ ਹ੍ਵੈ ਨ ਚਿਨਾਰੀ।
ਦਰਸ ਜਾਇਂ[1] ਘਰ ਵਾਰੋ ਵਾਰੀ ॥੨॥ [1]ਦਰਸ਼ਨ ਕਰਕੇ ਜਾਂਦੇ ਹਨ।
ਆਪਸ ਮਹਿਂ ਜਬਿ ਪ੍ਰਾਪਤਿ ਮੇਲਾ।
ਭਾਉ ਭਗਤਿ ਬਹੁ ਵਧਹਿ ਸੁਹੇਲਾ[1]। [1]ਸੁਖਦਾਈ।
ਕਰਿਬੇ ਉਚਿਤ ਹੋਇ ਅਸ ਬਾਤੀ।
ਆਵਹਿ ਸੰਗਤਿ ਉਰ ਹਰਖਾਤੀ ॥੩॥
ਏਕ ਦਿਵਸ ਮਹਿਂ ਮੇਲੋ ਹੋਇ।
ਬਹੁ ਦੇਸ਼ਨਿ ਪੁਰਿ ਸੰਗਤਿ ਜੋਇ।
ਰਾਵਰ ਕੀ ਰਜਾਇ ਬਨਿ ਜੈ ਹੈ।
ਦੂਰਿ ਦੂਰਿਕੇ ਸਿੱਖ ਮਿਲੈ ਹੈਂ' ॥੪॥
ਸੁਨਿ ਸ਼੍ਰੀ ਅਮਰ ਸੁ ਭਏ ਪ੍ਰਸੰਨ।
ਕਹ੍ਯੋ ਬਾਕ 'ਪਾਰੋ ਤੁਮ ਧੰਨ।
ਪਰਉਪਕਾਰ ਬਿਚਾਰਨ ਕਰੈਂ।
ਸਿੱਖ ਅਨੇਕ ਮਿਲਹਿਂ ਨਿਸਤਰੈਂ ॥੫॥
ਜੋ ਤੁਮ ਚਿਤਵੀ ਮਮ ਚਿਤ ਸੋਏ।
ਸਗਰੇ ਆਵਹਿਂ ਦਿਵਸ ਬਸੋਏ[1]।

[1]ਬਸੋਏ ਦਾ ਆਮ ਅਰਥ ਵਿਸਾਖੀ ਲੈਂਦੇ ਹਨ, ਪਰ ਕਈ ਥਾਈਂ (ਲਹਿੰਦੇ ਵਲ) ਇਹ ਪਦ ਬਰਸਾਤ ਲਈ ਵਰਤੀਂਦਾ ਹੈ। ਰਾਸ ੫ ਅੰਸੂ ੩੮ ਅੰਕ ੧੦, ਰਾਸਿ ੬ ਅੰਸੂ ੫੭ ਅੰਕ ੨੯ ਤੇ ਰਾਸਿ ੧੦ ਅੰਸੂ ੪ ਅੰਕ ੪ ਵਿਚ ਤੇ ਇਥੋਂ ਦੀਆਂ ਅਗਲੀਆਂ ਤੁਕਾਂ ਦਸਦੀਆਂ ਹਨ ਕਿ ਭਾਈ ਸੰਤੋਖ ਸਿੰਘ ਜੀ ਇਸ ਨੂੰ ਵਿਸਾਖੀ ਲਈ ਵਰਤ ਰਹੇ ਹਨ, ਪਰ ਅੰਕ ੨੭ ਵਿਚ ਜੋ ਦਸਿਆ ਹੈ ਕਿ ਮੇਲੇ ਦੀ ਰੀਤ ਟੋਰੀ ਤੇ ਪ੍ਰਗਟ ਕੀਤਾ ਕਿ ਇਹ ਹੁਣ ਸਦਾ ਹੋਵੇਗਾ। ਤੇ ਜੋ ਮੇਲਾ ਹੁਣ ਸਦਾ ਗੋਇੰਦਵਾਲ ਵਿਚ ਹੁੰਦਾ ਹੈ, ਇਸ ਨੂੰ ਤੱਕੀਏ ਤਾਂ ਮੇਲਾ ਤੇ ਜੱਗ ਗੋਇੰਦਵਾਲ ਹੁਣ ਤਕ ਬਰਸਾਤ ਵਿਚ ਅਰਥਾਤ ਭਾਦਰੋਂ ਦੇ ਮਹੀਨੇ ਪੂਰਨਮਾਸ਼ੀ ਨੂੰ ਹੁੰਦੇ ਹਨ। ਚਾਹੇ ਇਸ ਨੂੰ ਹੁਣ ਗੁਰੂ ਪਯਾਨੇ ਨਾਲ ਜੋੜਦੇ ਹਨ ਪਰ ਮੇਲਾ ਜਾਰੀ ਹੈ, ਜੱਗ ਹੁਣ ਤਕ ਹੁੰਦਾ ਹੈ। ਇਸੇ ਅੰਸੂ ਦੇ ਅੰਕ ੨੭ ਵਿਚ ਕਵੀ ਜੀ ਬੀ 'ਹੁਇ ਅਬਿ ਨੀਤਿ' ਕਹਿੰਦੇ ਹਨ, ਸੋ ਮੁਮਕਿਨ ਹੈ ਕਿ ਏਥੇ ਬਸੋਏ ਦਾ ਭਾਵ ਬਰਸਾਤ ਹੋਵੇ, ਗਰਮੀ।

ਸਭਿ ਸਿੱਖਨ ਕੋ ਲਿਖਹੁ ਪਠਾਵਹੁ।
ਗੁਰ ਦਰਸ਼ਨ ਕੋ ਇਕਠੇ ਆਵਹੁ' ॥੬॥
ਤਬਿ ਪਾਰੋ ਨੇ ਲਿਖਿ ਪਰਵਾਨੇ।
ਪਠੇ ਪੁਰਨਿ ਜਹਿਂ ਜਹਿਂ ਸਿਖ ਜਾਨੇ।
ਸੁਨਤਿ ਹੁਕਮਨਾਮਾ ਗੁਰ ਕੇਰਾ।
ਸਿੱਖਨ ਕੇ ਚਿਤਚਾਉ ਘਨੇਰਾ ॥੭॥
ਰਹੇ ਉਡੀਕਤਿ ਪੁਨ ਸਭਿ ਕੋਏ।
ਪਹੁਂਚਹਿਂ ਗੁਰ ਢਿਗ ਦਿਵਸ ਬਸੋਏ।
ਦਿਨ ਪ੍ਰਤਿ ਵਧਤਿ ਰਹਤਿ ਬਡਭਾਉ।
ਗੁਰਦਰਸ਼ਨ ਕੋ ਚੌਗੁਨ ਚਾਉ ॥੮॥
ਬੀਤੀ ਸਿਸੁਰ[1] ਬਸੰਤ ਪ੍ਰਕਾਸ਼ਾ।
ਸੁਮਨ ਸੁ ਬਨ ਉਪਬਨਹਿਂ ਬਿਕਾਸਾ[1]।
ਬਹੁਤੀ ਉਸਨ[1] ਨ ਸੀਤਲਤਾਈ।
ਚਲਨ ਪੰਥ ਕੋ ਹੈ ਸੁਖਦਾਈ ॥੯॥
ਜਹਿਂ ਜਹਿਂ ਸਤਿਗੁਰ ਕੇ ਸਿਖ ਬ੍ਰਿੰਦੇ।
ਦਰਸ਼ਨ ਕੋ ਉਮਗੇ ਆਨੰਦੇ।
ਬੰਧੇ ਟੋਲ ਸੰਗਤਾਂ ਆਈ।
ਚਹੁਂ ਦਿਸ਼ ਤੇ ਵਸਤੂ ਗਨ ਲਜਾਈ ॥੧੦॥
ਆਨਿ ਸਭਿਨਿ ਗੁਰੁ ਦਰਸ਼ਨ ਹੇਰਾ।
ਮੇਲਾ ਮਿਲਿ ਕੈ ਭਯੋ ਬਡੇਰਾ।
ਜਥਾ ਚਕੋਰ ਹੋਇ ਸਮੁਦਾਯਾ।
ਸ਼੍ਰੀ ਸਤਿਗੁਰ ਨਿਸਪਤਿ[1] ਦਰਸਾਯਾ ॥੧੧॥
ਗੋਇੰਦਵਾਲ ਬਿਸਾਲ ਸੁ ਭੀਰ।
ਦਰਸੈਂ ਵਾਰ ਨ ਪਾਵਹਿਂ ਤੀਰ[1]।
ਪਾਇਨ ਪਾਸ ਉਪਾਇਨ ਧਰਿ ਧਰਿ।
ਆਵਹਿਂ ਜਾਹਿਂ ਬੰਦਨਾ ਕਰਿ ਕਰਿ ॥੧੨॥
ਸਿਖ ਅਨੇਕ ਦੇਗ ਕੋ ਲਾਗੇ।
ਕਰਹਿਂ ਪਾਕ ਸਿਧ ਉਰ ਅਨੁਰਾਗੇ।

[1]ਪਤ ਝੜ ਰੁੱਤ।
[1]ਫੁਲ ਬਣਾਂ ਤੇ ਬਗੀਚਿਆ ਵਿਚ ਖਿੜੇ।
[1]ਫੁਲ ਬਣਾਂ ਤੇ ਬਗੀਚਿਆ ਵਿਚ ਖਿੜੇ।
[1]ਚੰਦਰਮਾ।
[1]ਉਰਾਰ ਪਾਰ ਦਾ ਕੰਢਾ ਨਹੀਂ ਪਾਈਦਾ ਸੰਗਤ ਬਿਅੰਤ ਜੁੜੀ। (ਅ) ਨਜੀਕ ਹੋਕੇ ਦਰਸ਼ਨ ਕਰਨ ਦੀ ਵਾਰੀ ਨਹੀਂ ਮਿਲਦੀ।

ਕੇਤਿਕ ਨੀਰ ਆਨਿਬੋ ਕਰਿਹੀਂ।
ਸੰਗਤਿ ਕੋ ਸੇਵਹਿਂ ਹਿਤ ਧਰਿਹੀਂ
॥੧੩॥
ਮਹਾਂ ਕੁਲਾਹਲ ਮੇਲਾ ਹੋਵਾ।
ਹਰਖਤਿ ਸੰਗਤਿ ਦੀਰਘ ਜੋਵਾ[1]।
ਕਰਹਿਂ ਪਰਸਪਰ ਭਾਉ ਬਿਸਾਲਾ।
ਉਚਰਹਿਂ ਮਿਲਿ ਗੁਰ ਕੋ ਜਸੁ ਜਾਲਾ
॥੧੪॥
ਅਤਿ ਅਨੰਦ ਸੰਗਤਿ ਮਹਿਂ ਹੋਇ।
ਸੁਖਿ ਮੇਲੇ ਕੋ ਲਹਿ ਸਭਿ ਕੋਇ।
ਕਿਤਿਕ ਸਮੋ ਬੀਤਯੋ ਜਬਿ ਜਾਨਯੋ।
ਸ਼੍ਰੀ ਸਤਿਗੁਰ ਕਿਰਪਾਲ ਬਖਾਨਯੋ
॥੧੫॥
'ਰਾਮਦਾਸ ਕੋ ਚਿਰ ਬਹੁ ਹੋਵਾ।
ਕਹਾਂ ਗਯੋ ਹਮ ਨਿਕਟਿ ਨ ਜੋਵਾ।'
ਸੇਵਕ ਬੱਲੂ ਕਹਯੋ ਸੁਨਾਇ।
'ਸੰਗਤਿ ਕੀ ਬਹੁ ਸੇਵ ਕਮਾਇ ॥੧੬॥
ਦੇਗ ਤਯਾਰ ਕਰਿ ਦੇਹ ਅਹਾਰਾ।
ਪੰਕਤਿ ਕੋ ਬਿਠਾਇ ਇਕ ਸਾਰਾ।
ਸੀਤਲ ਜਲ ਕੋ ਭਰਿ ਭਰਿ ਲ੍ਯਾਵੈ।
ਬੂਝਿ ਬੂਝਿ ਸੰਗਤਿ ਕੋ ਪਯਾਵੈ ॥੧੭॥
ਛੁਧਾ ਪਿਪਾਸਾ ਸਭਿ ਕੀ ਹਰੈ।
ਬਾਂਛਤ ਸਿੱਖਜਨਿ ਦੈਬੋ ਕਰੈ।
ਕਰ ਮਹਿਂ ਗਹੈ ਬੀਜਨਾ ਫੇਰ।
ਬਾਯੂ ਕਰਤਿ ਉਸ਼ਨ[1] ਬਹੁ ਹੇਰਿ ॥੧੮॥
ਸਭਿ ਸੰਗਤਿ ਕੋ ਖੁਸ਼ੀ ਕਰੰਤਾ।
ਇਤ ਉਤ ਫਿਰ ਕੈ ਸੇਵ ਬੁਝੰਤਾ[1]।
ਚਹੇ ਜੁ ਦੇਹਿ ਅਹਾਰ ਕਿ ਪਾਨੀ।
ਇਸ ਪ੍ਰਕਾਰ ਕੀ ਸੇਵਾ ਠਾਨੀ ॥੧੯॥
ਯਾਂ ਤੇ ਨਹਿਂ ਆਵਨ ਤਿਸ ਕੇਰਾ।
ਰਹਯੋ ਰੁਕਯੋ ਜਹਿਂ ਕਾਜ ਬਡੇਰਾ।'
ਸੁਨਿ ਸ਼੍ਰੀ ਸਤਿਗੁਰ ਅਮਰ ਪ੍ਰਸੰਨ।

[1]ਬੜਾ (ਮੇਲਾ) ਦੇਖਕੇ।

[1]ਗਰਮੀ।

[1]ਸੇਵਾ ਪੁੱਛਦਾ ਹੈ।

ਕਹਜੋ ਕਿ 'ਰਾਮਦਾਸ ਹੈ ਧੰਨ ॥੨੦॥
ਜਿਨ ਸੰਗਤਿ ਕੀ ਸੇਵਾ ਕਰੀ।
ਹਮਰੇ ਹਿਤ ਇਮਿ ਪ੍ਰੀਤੀ ਧਰੀ।
ਦੁਲਭ ਪਦਾਰਥ ਹੋਇ ਨ ਕੋਇ[1]।
ਨੌ ਨਿਧਿ ਸਿਧਿ ਪਾਏ ਹੈ ਸੋਇ ॥੨੧॥
ਸਿਖ ਮੇਰੇ ਸੇਵੇ ਅਨੁਰਾਗ[1]।
ਅਪਰ ਨ ਇਸ ਤੇ ਕੋ ਬਡਿਭਾਗ।
ਜਗ ਮਹਿਂ ਬੰਸ ਬਿਸਾਲ ਜੁ ਇਸ ਕੋ।
ਪੂਜਮਾਨ ਹੋਵਹਿ ਚਹੁਂ ਦਿਸ਼ ਕੋ ॥੨੨॥
ਜੋ ਨਰ ਮਮ ਸੰਗਤਿ ਕੋ ਸੇਵਹਿ।
ਹਲਤ ਪਲਤ ਮਹਿਂ ਸ਼ੁਭ ਫਲ ਲੇਵਹਿ।
ਮੋਰ[1] ਮਹਾਤਮ ਜੇਤਿਕ ਅਹੈ।
ਰਾਮਦਾਸ ਜਾਨਹਿ ਫਲ ਲਹੈ ॥੨੩॥
ਦੁਇ ਲੋਕਨਿ ਮਹਿਂ ਜੋ ਪਦ ਊਚੇ।
ਰਾਮਦਾਸ ਤਹਿਂ ਜਾਇ ਪਹੂਚੇ।
ਜਗ ਮਹਿਂ ਪ੍ਰਗਟ ਪ੍ਰਕਾਸ਼ ਕਰਹਿਂਗੇ[†]।
ਇਸ ਪੀਛੇ ਸਿਖ ਬ੍ਰਿੰਦ ਤਰਹਿਂਗੇ'[†] ॥੨੪॥
ਇੱਤਜਾਦਿਕ ਬਹੁ ਜਸ ਕੋ ਕਹਜੋ।
ਇਹੁ ਲਾਯਕ ਸਤਿਗੁਰ ਨੇ ਲਹਜੋ।
ਬਹੁਤ ਸੰਗਤਾਂ ਭਈ ਇਕੱਤ੍ਰ।
ਗੁਰ ਭਾਈ ਪ੍ਰੇਮੀ ਭਏ ਮਿੱਤ੍ਰ ॥੨੫॥
ਗੁਰ ਸਮ ਸਿਖ ਕੋ ਸਿਖ ਮਿਲ ਸੇਵਹਿਂ।
ਚਰਨ ਧੋਇ ਚਰਨਾਂਮ੍ਰਿਤ ਲੇਵਹਿਂ।
ਸਗਲ ਨਗਰ ਕਿਰਤਨ ਧੁਨਿ ਹੋਇ।
ਵਾਹਿਗੁਰੂ ਸਿਮਰਹਿ ਸਭਿ ਕੋਇ ॥੨੬॥
ਤਿਸ ਦਿਨ ਤੇ ਮੇਲੇ ਕੀ ਰੀਤਿ।
ਕਰੀ ਬਿਦਤਿ ਗੁਰ 'ਹੁਇ ਅਬਿ ਨੀਤਿ[1]'।
ਪਿਖਿ ਪ੍ਰਭਾਉ[1] ਸਤਿਗੁਰ ਬਡਿਆਈ।
ਨਿੰਦਕ ਦੁਸ਼ਟ ਮਹਾਂ ਦੁਖ ਪਾਈ ॥੨੭॥
ਮੇਲਾ ਬਿਛੁਰੇ ਪੁਰਿ ਪੁਰਿ ਗਏ।

[1]ਉਸ ਨੂੰ ਕੋਈ ਪਦਾਰਥ ਦੁਰਲੱਭ ਨਹੀਂ ਹੋਵੇਗਾ। ਭਾਵ ਸੁਲਭ ਪ੍ਰਾਪਤ ਹੋਵੇਗਾ

[1]ਪ੍ਰੇਮ ਕਰਕੇ ਸੇਵੇ।

[1]ਸਾਡੀ (ਸੇਵਾ ਦਾ)।

[†]ਪਾ:-ਕਰਹਿਗੋ।

[†]ਪਾ:-ਤਰਹਿਗੋ।

[1]ਹੁਣ ਸਦਾ (ਇਹ ਰੀਤ) ਹੋਵੇਗੀ।

[1]ਪ੍ਰਤਾਪ।

ਗੁਰੂ ਬ੍ਰਿਤਾਂਤ ਸੁਨਾਵਤਿ ਭਏ।
'ਪੰਥ ਨਵੀਨ ਪ੍ਰਕਾਸ਼ਨ ਕਰਜੋ।
ਭੇਦ ਬਰਨ ਜਾਤੀ ਪਰਹਰਜੋ ॥੨੮॥
ਚਤੁਰ ਬਰਨ ਇਕ ਦੇਗ਼ ਅਹਾਰਾ।
ਇਕ ਸਮ ਸੇਵਹਿਂ ਧਰਿ ਉਰ ਪਜਾਰਾ।
ਚਰਨਾਂਮ੍ਰਿਤ ਕੋ ਦੇ ਸਿਖ ਕਰੈਂ[1]। — [1]ਸਿੱਖ ਬਣਾਂਵਦੇ ਹਨ।
ਵਾਹਿਗੁਰੂ ਸਿਮਰਹਿਂ ਹਿਤ ਧਰੈਂ' ॥੨੯॥
ਸੁਨਿ ਖੱਤ੍ਰੀ ਦਿਜ ਗਨ ਅੱਗਜਾਨੀ[1]। — [1]ਅਗਜਾਨੀ ਖੱਤ੍ਰੀ ਤੇ ਪੰਡਤ ਸਮੂਹ ਸੁਣਕੇ।
ਪਰਮ ਅਭਗਤ ਜਾਤਿ ਅਭਿਮਾਨੀ।
ਜਰਹਿਂ ਨ[1] ਗੁਰਕੀ ਸਿਫਤਿ ਉਦਾਰਾ। — [1]ਸਹਾਰਦੇ ਨਹੀਂ।
ਕਹੈਂ ਸੁ 'ਕਜਾ ਪਰਪੰਚ ਪਸਾਰਾ?' ॥੩੦॥
ਇਕ ਦਿਨ ਮਿਲਿ ਸਭਿ ਮਸਲਤ ਕਰੀ।
'ਇਹਤੋ ਰੀਤਿ ਬੁਰੀ ਜਗ ਪਰੀ।
ਅਬਿ ਦਿਜ ਕੋ ਨਹਿਂ ਮਾਨਹਿ ਕੋਇ।
ਖੱਤ੍ਰੀ ਧਰਮ ਨਸ਼ਟ ਸਭਿ ਹੋਇ ॥੩੧॥
ਚਤੁਰ ਬਰਨ ਕੋ ਇਕ ਮਤ ਕਰਯੋ।
ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਜੋ।
ਇਕ ਥਲ ਭੋਜਨ ਸਭਿ ਕੋ ਖਈ[1]†। — [1]ਸਭ ਕਿਸੇ ਨੂੰ ਖੁਵਾਂਦੇ ਹਨ। †ਪਾ:-ਥਿਈ।
ਸ਼ੰਕਰਿ ਬਰਨ[1] ਪ੍ਰਜਾ ਅਬਿ ਭਈ ॥੩੨॥ — [1]ਜਾਤ ਭੇਦ ਦਾ ਨਾਂ ਰਹਿਣਾ, ਜਾਤਾਂ ਦਾ ਰਲ ਮਿਲ ਜਾਣਾ।
ਦੇਵ ਪਿਤਰ ਕੀ ਮਨਤਾ ਛੋਰੀ।
ਸਭਿ ਮਿਰਯਾਦ ਜਗਤ ਕੀ ਤੋਰੀ[1]। — [1]ਤੋੜ ਦਿੱਤੀ।
ਅਬਿ ਉਪਾਇ ਇਕ ਕਰਨ ਪੁਕਾਰ[1]। — [1]ਬਾਦਸ਼ਾਹ ਪਾਸ) ਫਰਿਯਾਦ ਕਰਨ ਦਾ ਹੈ।
ਬਰਜਹਿ ਪਾਤਸਾਹਿ ਇਸ ਢਾਰ[1]' ॥੩੩॥ — [1]ਇਸ ਰੀਤੀ ਤੋਂ।
ਇਮ ਮਸਲਤ ਕਰਿ ਇਕਠੇ ਹ੍ਵੈ ਕੈ।
ਦਿਜ ਖੱਤ੍ਰੀ ਮੁਖਿ[1] ਅਤਿ ਦੁਖ ਪੈਕੈ†। — [1]ਆਗੂ। †ਪਾ:-ਦਿਜ ਖੱਤ੍ਰੀ ਮੁਖ ਮੁਖਿ ਦੁਖਿ ਪੈਕੈ।
ਲਵਪੁਰਿ ਗਏ ਫਿਰਾਦੀ[1] ਸਾਰੇ। — [1]ਪੁਕਾਰ ਕਰਨ ਵਾਲੇ ਹੋਕੇ।
ਢਿਗ ਅਕਬਰ ਕੇ ਜਾਇ ਪੁਕਾਰੇ ॥੩੪॥
'ਤੁਮ ਮਿਰਯਾਦਾ ਰਾਖਨ ਹਾਰੇ।
ਬਿਗਰਤਿ ਕੋ ਜਗ ਦੇਤਿ ਸੁਧਾਰੇ।

ਗੋਇੰਦਵਾਲ ਅਮਰ ਗੁਰੁ ਹੋਵਾ।
ਭੇਦ ਬਰਨ ਚਾਰਹੁਂ ਕਾ ਖੋਵਾ ॥੩੫॥
ਰਾਮ ਗਾਇਤ੍ਰੀ ਮੰਤ੍ਰ ਨ ਜਪੈ।
ਵਾਹਿਗੁਰੂ ਕੀ ਥਾਪਨ ਥਪੈ[1]। — [1]ਰਚਨਾ ਰਚਦੇ ਹਨ।
-ਜੁਗ ਚਾਰਹੁਂ ਮਹਿਂ ਕਹੀਂ ਨ ਹੋਈ।
ਜਿਮਿ ਮਿਰਯਾਦ ਬਿਗਾਰੀ ਸੋਈ ॥੩੬॥
ਸ਼੍ਰੁਤਿ ਸਿੰਮ੍ਰਿਤਿ ਕੇ ਰਾਹੁ ਨ ਚਾਲੇ।
ਮਨ ਕੋ ਮਤਿ ਕਰਿ ਭਏ ਨਿਰਾਲੇ।
ਹਮਰੀ ਕਰਹੁ ਅਦਾਲਤ[1] ਏਹੀ। — [1]ਇਨਸਾਫ।
ਦ੍ਰਿੜ ਹੁਇ ਧਰਮ ਸੁ ਰਾਜ ਬ੍ਰਿਧੇਹੀ[1] ॥੩੭॥ — [1]ਆਪ ਦਾ) ਰਾਜ ਵਧੇਗਾ।
ਪਸਰ ਜਾਇ[1] ਸਭਿ ਜਗਤ ਬਿਸਾਲਾ। — [1]ਭਾਵ, ਇਹ ਨਵੀਂ ਮਿਰਯਾਦਾ ਜੇ ਫੈਲ ਜਾਏਗੀ।
ਪੁਨ ਮੁਸ਼ਕਲ ਇਹੁ ਟਲਹਿ ਨ ਟਾਲਾ[1]'। — [1]ਹਟਾਇਆਂ ਨਾ ਹਟੇਗੀ (ਇਹ ਚਾਲ)।
ਸੁਨਿ ਅਕਬਰ ਨੇ ਦੀਨ ਦਿਲਾਸਾ।
'ਕਰਹੁਂ ਨਜਾਉਂ ਰਾਖਹੁ ਭਰਵਾਸਾ ॥੩੮॥
ਤਿਨ ਕੋ ਇਸ ਥਲ ਲੇਹਿਂ ਬੁਲਾਈ।
ਸਭਿ ਬਿਧਿ ਬੂਝਹਿਂ ਬਿਚ ਸਮੁਦਾਈ[1]। — [1]ਸਾਰਿਆਂ ਦੇ ਵਿਚ ਪੁੱਛਾਂਗੇ।
ਅਪਨੀ ਬਾਤ ਤਬਹਿ ਤੁਮ ਕਰੋ।
ਦੋਨਹੁ ਕੀ ਸੁਨਿ ਹੈਂ ਜਿਮ ਲਹੋ[1] ॥੩੯॥ — [1]ਜਿਵੇਂ ਜਾਣਾਂਗੇ।
ਝੂਠ ਸਾਚ ਤਬਿ ਕਰਹਿਂ ਨਿਤਾਰਾ।
ਸੁਨਿ ਕੈ ਸਭਿ ਸੰਬਾਦ[1] ਤੁਮਾਰਾ। — [1]ਝਗੜਾ।
ਕਰੋਂ ਅਦਾਲਤ ਨੀਕੇ ਬੈਸ।
ਬਹੁ ਪੁਰਿ ਕੇ ਮੁਖਿ ਮੁਖਿ ਤੁਮ ਹੈਸ[1]' ॥੪੦॥ — [1]ਮੁਖੀਏ ਮੁਖੀਏ ਤੁਸੀਂ ਹੋ।
ਇਮਿ ਸੁਨ ਸਗਰੇ ਲਵਪੁਰਿ ਰਹੇ।
-ਗੁਰ ਕੋ ਮਤਿ ਮੋਰਹਿਂ- ਚਿਤ ਚਹੇ[1]। — [1]ਚਿੱਤੋਂ ਚਾਹੁੰਦੇ ਹਨ ਕਿ ਗੁਰੂ ਜੀ ਦੇ ਚਲਾਏ ਮਤ ਨੂੰ ਮੋੜ (ਭਾਵ ਬੰਦ ਕਰਾ) ਦੇਈਏ।
ਦਿਜ ਖੱਤ੍ਰੀ ਸੁ ਜਾਤਿ† ਅਭਿਮਾਨੀ। — †ਪਾ:-ਜੁ ਜਾਤ।
ਭਏ ਇਕੱਤ੍ਰ ਦੂਜਨ ਅਨਜਾਨੀ† ॥੪੧॥ — †ਪਾ:-ਅੱਗਜਾਨੀ
ਕੇਤਿਕ ਦਿਨ ਮਹਿਂ ਅਕਬਰ ਸ਼ਾਹੂ।
ਲਿਖਿ ਪਰਵਾਨਾ ਭੇਜਯੋ ਪਾਹੂ[1]। — [1]ਗੁਰੂ ਜੀ ਦੇ) ਪਾਸ।

'ਤੁਮ ਪਰ ਭਏ ਫਿਰਾਦੀ ਆਇ।
ਬਹੁ ਪੁਰਿ ਕੇ ਨਰ ਹ੍ਵੈ ਸਮੁਦਾਇ ॥੪੨॥
ਕਰਹੁ ਜਬਾਬ ਦਿਹੀ ਇਨ ਸੰਗ†।
ਨਾਤੁਰ ਇਨ ਕੇ ਚਾਲਹੁ ਢੰਗ।'
ਪਰਵਾਨਾ ਸਤਿਗੁਰ ਪਹਿ ਆਯੋ।
ਸੁਨਜੋ ਸ਼੍ਰਵਨ -ਹਮ ਸ਼ਾਹੁ ਬੁਲਾਯੋ-
॥੪੩॥

†ਪਾ:-ਕਰਹੁ ਜਵਾਬ ਆਇ ਹੈ ਸੰਗ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਿਜ ਬਾਹਜ ਫਰਿਆਦੀ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

## ੪੪. [ਸ਼੍ਰੀ ਰਾਮਦਾਸ ਜੀ ਦਾ ਅਦਾਲਤ ਵਿਚ ਜਾਣਾ ਤੇ ਮੁੜਦੀ ਵਾਰੀ ਸ਼ਰਧਾ ਦੇ ਬਸਤ੍ਰ ਤੇ ਕਰੁੱਤਾ ਅੰਬ ਭੇਟਾ ਕਰਨਾ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਸੁਨਿ ਪਰਵਾਨਾ ਸ਼ਾਹੁ ਕੋ,
ਸਤਿਗੁਰ ਕਰਜੋ ਬਿਚਾਰ।
-ਕੋ ਲਾਯਕ ਤਹਿਂ ਭੇਜਿਤੇ,
ਬੋਲੈ[1] ਸਭਾ ਮਝਾਰ ॥੧॥

[1]ਜੋ ਬੋਲਣਾ ਜਾਣੇ।

ਚੌਪਈ:

ਅਜਰ ਜਰਨ ਅਰ ਚਤੁਰ ਮਹਾਨਾ।
ਕਹਨਿ ਸੁਨਨਿ ਗਤਿ ਜਾਨਹਿ ਨਾਨਾ।
ਜਥਾ ਜੋਗ ਪ੍ਰਸ਼ਨੋਤਰ ਕਰੈ।
ਕੂਰੇ ਬਨਹਿਂ ਪੁਕਾਰ ਜਿ ਧਰੈਂ[1]- ॥੨॥

[1]ਪੁਕਾਰ ਕਰਨ ਵਾਲੇ ਝੂਠੇ ਪੈ ਜਾਣ।

ਸਭਿ ਬਿਧਿ ਕੋ ਲਾਯਕ ਮਨ ਜਾਨਾ।
ਰਾਮਦਾਸ ਗੁਨ ਮਨਹੁ ਖਜ਼ਾਨਾ।
ਨਿਕਟਿ ਹਕਾਰਜੋ ਲੀਨ ਬਿਠਾਇ।
ਹਿਤ ਸੋਂ ਨੀਕੇ ਤਿਹ ਸਮਝਾਇ ॥੩॥
'ਹੇ ਸੁਤ! ਦਿਜ ਖੱਤ੍ਰੀ ਕੁਲਵਾਨ।
ਗਏ ਪੁਕਾਰੂ ਜਾਤਿ ਗੁਮਾਨ[1]।
ਹਮ ਕੋ ਦੇਖਿ ਸਕਹਿਂ ਨਹਿ ਸੋਇ।
ਅੱਗਜਾਨੀ ਮਤਿ ਮੂਰਖ ਹੋਇ ॥੪॥

[1]ਜਾਤ ਦੇ ਗੁਮਾਨ ਵਾਲੇ।

ਬਹੁ ਪੁਰਿ ਕੇ ਮਿਲਿ ਗਏ ਫਿਰਾਦੀ।
ਮਤਸਰ ਕਰਿ ਮਿਥਜਾ ਅਪਵਾਦੀ[1]।
ਬੀਚ ਕਚਹਿਰੀ ਕੇ ਸੰਬਾਦ।
ਕਹਿ ਕਹਿ ਜੀਤਹੁ ਧਰਿ ਅਹਿਲਾਦ ॥੫॥

[1]ਝੂਠੇ ਨਿੰਦਕ ਈਰਖਾ ਕਰ ਰਹੇ ਹਨ।

ਜਿਮਿ ਬੂਝਹਿਂ ਤਿਮ ਦੇਹੁ ਜਬਾਬ।
ਕਰਹੁ ਨ ਡੇਰੀ ਜਾਹੁ ਸ਼ਿਤਾਬ[1]।'
ਸੁਨਤਿ ਖਰੇ ਹੁਇ ਬਿਨਤੀ ਠਾਨੀ।
ਹੇ ਸਤਿਗੁਰ! ਸਭਿ ਮਤਿ ਗੁਨ ਖਾਨੀ ॥੬॥
ਤੁਮਰੇ ਪ੍ਰੇਮ ਬਿਨਾ ਕੁਛ ਆਨ।

[1]ਜਲਦੀ।

ਮੈਂ ਨਹਿਂ ਜਾਨਤਿ ਕਹਾਂ ਬਖਾਨ[1]।
ਗਾਇੱਤ੍ਰੀ ਸ਼੍ਰੁਤਿ ਸਿੰਮ੍ਰਿਤਿ ਸਾਰ।
ਪਠੇ ਨ ਕਬਹੂੰ ਕਰੇ ਬਿਚਾਰ[1] ॥੭॥
ਆਗਯਾ ਤੁਮਰੀ ਕੇ ਅਨੁਸਾਰ।
ਮੈਂ ਬੋਲੌਂ ਸੰਗ ਹੋਹਿਂ ਹਜਾਰ[1]।
ਬਿਰਦ ਲਾਜ ਤੁਮ ਕੋ ਸਭਿ ਅਹੈ।
ਹਮਰੋ ਨਾਮ ਨ ਕੋਊ ਕਹੈ[1]' ॥੮॥

[1]ਮੈਂ ਓਥੇ) ਕੀ ਕਹਾਂਗਾ

[1]ਨਾ ਪੜ੍ਹੇ ਤੇ ਨਾ ਕਦੇ ਵਿਚਾਰੇ ਹੀ ਹਨ।

[1]ਮੈਂ ਬੋਲਾਂਗਾ (ਤਿਨ੍ਹਾਂ) ਨਾਲ ਜੋ ਭਾਵੇਂ ਹਜ਼ਾਰਾਂ ਹੋਣਗੇ।

[1]ਭਾਵ ਇਹ ਹੈ ਕਿ ਸਾਡਾ ਨਾਮ ਲੈਕੇ ਕੋਈ ਅਪਜਸ ਕਰੇ ਤਾਂ ਜੀ ਸਦਕੇ ਕਰੇ ਪ੍ਰੰਤੂ ਨਾਮ ਤੁਹਾਡਾ ਹੈ ਤੇ ਤੁਹਾਡੇ ਨਾਮ ਨਾਲ ਕੋਈ ਅਜੋਗ ਗੱਲ ਨਹੀਂ ਸਹੀ ਜਾ ਸਕਦੀ ਤਾਂਤੇ ਸਹਾਇਤਾ ਕਰਕੇ ਲਾਜ ਰੱਖ ਲੈਣੀ।

ਇਮਿ ਬਿਨਤੀ ਸੁਨਿ ਸ਼੍ਰੋਨ ਕ੍ਰਿਪਾਲ।
ਕ੍ਰਿਪਾ ਦ੍ਰਿਸ਼ਟਿ ਪਿਖਿ ਕੈ ਤਿਸਕਾਲ।
ਸਤਿਗੁਰ ਕਹਯੋ ਭਲੇ ਸਮਝਾਇ।
'ਹੇ ਸੁਤ ! ਤ੍ਰਾਸ ਨ ਕੀਜਹਿ ਕਾਇ ॥੯॥
ਨਿਜ ਭੁਜ ਪਿਖਹੁ ਦਾਹਿਨੀ ਜਬੈ।
ਸਭਾ ਬਿਖੈ ਫੁਰ ਆਵਹਿ ਸਬੈ।
ਚਾਰਹੁਂ ਬੇਦ ਭੇਦ ਕੋ ਪਾਵਹਿਂ[†]।
ਖਟ ਸ਼ਾਸਤ੍ਰ ਵਕਤਾ ਹੁਇ ਜਾਵਹਿਂ[†] ॥੧੦॥

[†]ਪਾ:-ਪਾਵਹੁ।

[†]ਪਾ:-ਜਾਵਹੁ।

ਅਪਰ ਜਿ ਉਕਤਿ ਜੁਕਤਿ ਸਭਿ ਹੋਇ।
ਸਾਰ ਪੁਰਾਨਨ ਕੋ[1] ਲਖਿ ਸੋਇ।
ਨਿਰਭੈ ਸਭਿ ਮਹਿਂ[†] ਕਹੀਅਹਿ ਬਾਨੀ।
ਹੇ ਸੁਤ ਪ੍ਰਾਪਤਿ ਬਿਜੈ ਮਹਾਂਨੀ ॥੧੧॥
ਸ਼ਾਸਤ੍ਰਾਨ ਕੇ ਕਰਤਾ ਜੋਇ।
ਤੁਝ ਸੰਗ ਕਹੈਂ ਸਮਰਥ ਨ ਸੋਇ[1]।

[1]ਪੁਰਾਣਾਂ ਦਾ ਸਿੱਧਾਂਤ।

[†]ਪਾ:-ਨ੍ਰਿਭੈ ਸਭਾ ਮਹਿਂ।

[1]ਤੇਰੇ ਨਾਲ (ਪ੍ਰਸ਼ਨ ਉੱਤ੍ਰ) ਕਹਿਣ ਵਿਚ ਸਮਰੱਥ ਨਹੀਂ ਹੋਣਗੇ।

ਇਹੁ ਨਰ ਬਪੁਰਨਿ ਕੀ ਕਯਾ ਗਿਨਤੀ।
ਸਰਬ ਸੁਰਾਸੁਰ ਠਾਨਹਿਂ ਬਿਨਤੀ' ॥੧੨॥
ਇਮਿ ਸੁਨਿ ਬਾਕਨਿ ਧਰਯੋ ਭਰੋਸਾ।
ਕਰਿ ਬੰਦਨ ਕੋ ਚਲੇ ਅਦੋਸ਼ਾ[1]।
ਲਵਪੁਰਿ ਅਪਨੇ ਗ੍ਰਿਹਿ ਮਹਿਂ ਗਏ।
ਉਠੇ ਪ੍ਰਾਤ ਤਹਿਂ ਜਾਵਤਿ ਭਏ ॥੧੩॥

[1]ਭਾਵ ਸ਼੍ਰੀ (ਗੁਰੂ) ਰਾਮਦਾਸ ਜੀ।

ਸੁਨਿ ਅਕਬਰ ਨੇ ਸਰਬ ਹਕਾਰੇ।
ਦਿਜ ਖੱਤ੍ਰੀ ਪਹੁੰਚੇ ਤਬਿ ਸਾਰੇ।
ਅਪਰ ਲੋਕ ਅਰੁ ਸਭਿ ਉਮਰਾਵ।
ਮਿਲਿ ਇਕਠੇ ਹੋਏ ਤਿਸ ਥਾਂਵ ॥੧੪॥
ਸਭਿਨਿ ਸੰਗ ਅਕਬਰ ਨੇ ਕਹ੍ਯੋ।
'ਕੌਨ ਖੋਟ ਇਨ ਮਹੁਂ ਤੁਮ ਲਹ੍ਯੋ?
ਜਿਸ ਪਰ ਕਰਿ ਪੁਕਾਰ ਸਭਿ ਆਏ।
ਅਪਨੋ ਧਰਮ ਕਹਹੁ ਸਮੁਝਾਏ' ॥੧੫॥
ਦਿਜ ਖੱਤ੍ਰੀ ਪੰਡਿਤ ਬਿਚ ਕੇਈ।
ਮਤਸਰ ਅਗਨਿ ਜਰਤਿ ਹੈਂ ਜੇਈ।
ਸੋ ਬੋਲੇ 'ਇਨ ਖੱਤ੍ਰੀ ਜਾਤਿ।
ਅਪਨੋ ਪੰਥ ਕਰ੍ਯੋ† ਬੱਖਯਾਤ ॥੧੬॥ †ਪਾ:-ਕਰਹਿ।
ਬੇਦ ਰੀਤ ਕੋ ਤ੍ਯਾਗਨ ਕਰ੍ਯੋ।
ਔਰੇ ਮਤ ਅਪਨੋ ਪਰਚੁਰ੍ਯੋ[1]। [1]ਪ੍ਰਚਾਰਿਆ ਹੈ, ਜਾਰੀ ਕੀਤਾ ਹੈ।
ਅਪਰ ਬਾਤ ਤੋ ਕਹਿਨੀ ਕਹਾਂ।
ਹਿੰਦੁਨਿ ਧਰਮ ਗਾਇੱਤ੍ਰੀ ਮਹਾਂ ॥੧੭॥
ਸੋ ਭੀ ਨਹਿਂ ਜਾਨਹਿਂ ਨਹਿਂ ਜਪੈਂ।
ਗੁਰਬਾਣੀ ਕੁਛ ਔਰਹਿ ਥਪੈਂ[1]'। [1]ਬਖਾਣੀ ਹੈ।
ਤਬਿ ਅਕਬਰ ਨੇ ਇਨ ਦਿਸ਼ ਦੇਖਾ।
'ਗਾਇਤ੍ਰੀ ਤੁਮ ਧਰਮ ਵਿਸ਼ੇਖਾ ॥੧੮॥
ਸੋ ਭੀ ਪਠੀ ਨ ਤੁਮ ਨੇ ਕੈਸੇ।
ਹਿੰਦੁ ਧਰਮ ਖੱਤ੍ਰੀ ਕਿਮਿ ਹੈਸੇ?'
ਰਾਮਦਾਸ ਗੁਰ ਬਚਨ ਸੰਭਾਰਾ।
ਭੁਜਾ ਦਾਹਿਨੀ ਦਿਸ਼ਾ ਨਿਹਾਰਾ ॥੧੯॥
ਸਭਿ ਬਿੱਦ੍ਯਾ ਪ੍ਰਾਪਤ ਭੀ ਐਸੇ।
ਚਿਰੰਕਾਲ ਪਠਿ ਪਾਵਹਿ ਜੈਸੇ[1]। [1]ਜਿਵੇਂ (ਕੋਈ) ਚਿਰ ਕਾਲ ਪੜ੍ਹਕੇ ਪ੍ਰਾਪਤ ਕਰਦਾ ਹੈ।
ਬੋਲੇ ਰਾਮਦਾਸ ਸੰਗ ਸ਼ਾਹੂ।
'ਪਠਹਿਂ ਗਾਇੱਤ੍ਰੀ ਹਮ ਤੁਮ ਪਾਹੂ ॥੨੦॥
ਅਰਥ ਸਮੇਤਿ ਸੁਨਾਵਹਿਂ ਸਾਰੀ।
ਜੋ ਆਸ਼ੈ[1] ਹੈ ਤਾਂਹਿ ਮਝਾਰੀ। [1]ਸਿਧਾਂਤ।
ਸਭਿ ਕੇ ਬੀਚ ਪਾਠ ਤਿਸ ਪਢੇ।

ਪਾਪ ਪੁੰਨ ਸਭਿ ਇਨ ਸਿਰ ਚਢੇ[1]' ॥੨੧॥

[1]'ਹਿੰਦੂ ਨਿਸਚੇ ਮੂਜਬ ਗਾਯਤ੍ਰੀ ਦਾ ਪਾਠ ਮਲੇਛ ਸਭਾ ਵਿਚ ਤੇ ਖਾਸ ਸਾਧਨ ਤੋਂ ਬਿਨਾਂ ਪੜ੍ਹਨਾਂ ਵਿਹਤ ਨਹੀਂ, ਉਸ ਨਿਸ਼ਚੇ ਵਲ ਇਸ਼ਾਰਾ ਕਰਕੇ ਸ਼੍ਰੀ ਜੇਠਾ ਵੀ ਵਜੰਗ ਨਾਲ ਇਹ ਵਾਕ ਕਹਿੰਦੇ ਹਨ।

ਇਮਿ ਕਹਿ ਧੁਨਿ ਕੀਨਸਿ ਇਸ ਭਾਂਤਿ।
ਸਕਲ ਅਰਥ ਕੋ ਕਹਿ[1] ਬੱਖਜਾਤ।

[1]'ਅਰਥ ਕਹੇ ਪ੍ਰਗਟ, ਅਗੇ ਅੰਕ ੨੭ ਵਿਚ ਬੀ ਲਿਖਿਆ ਹੈ, 'ਅਰਥ ਸਹਤ ਗਾਇੱਤ੍ਰੀ ਬਖਾਨੀ।'

'ਓਅੰਕਾਰ' ਉਚਾਰਨ ਕਰਜੋ[†]।

[†]ਕਵਿ ਜੀ ਇਸ ਤੋਂ ਪਹਿਲੇ ਕਹਿ ਆਏ ਹਨ ਕਿ ਗਾਯਤ੍ਰੀ ਦੀ ਧੁਨਿ ਤੇ ਅਰਥ ਪ੍ਰਗਟ ਕਰਕੇ ਦੱਸ ਦਿੱਤੇ, ਫੇਰ ਉਨ੍ਹਾਂ ਉਚਾਰਿਆ ਹੈ ਓਅੰਕਾਰ। ਇਹ ਪਦ ਸਿਖ ਲੇਖਕ ਗੁਰਬਾਣੀ ਦੇ ੧ਓ ਲਈ ਅਕਸਰ ਵਰਤ ਲੈਂਦੇ ਹਨ। ਸੋ ਕਵਿ ਜੀ ਦਾ ਆਸ਼ਾ ਜਾਪਦਾ ਹੈ ਕਿ ਗੁਰ ਘਰ ਦੇ 'ਇਕ ਓਅੰਕਾਰ' ਦੀ ਧੁਨਿ ਸ਼੍ਰੀ ਰਾਮਦਾਸ ਜੀ ਨੇ ਕੀਤੀ ਜਿਸ ਨਾਲ ਸਭ ਸਮਾਧੀ ਹੋ ਗਏ। ਕਵਿ ਜੀ ਇਹ ਨਹੀਂ ਕਹਿੰਦੇ ਕਿ ਓਅੰਕਾਰ ਦੇ ਮਗਰੋਂ ਉਹਨਾਂ ਨੇ 'ਭੂਰ ਭਵਾ ਸ੍ਵਾਹਾ ਤੱਤ ਵਿਤਰ' ਆਦਿ ਵਾਕ ਹੋਰ ਬੀ ਕਹੇ ਜਿਸ ਤੋਂ ਇਸ ਵੇਲੇ ਗਾਯਤ੍ਰੀ ਦਾ ਉਚਾਰਨ ਸਿੱਧ ਹੋ ਸੱਕੇ, ਗਾਯਤ੍ਰੀ ਦਾ ਉਚਾਰ ਤੇ ਅਰਥ ਪਹਿਲਾਂ ਹੋ ਚੁੱਕਾ ਹੈ। ਵਾਰਤਕ ਮਹਿਮਾ ਪ੍ਰਕਾਸ਼ ਵਿਚ ਭੀ ਲਿਖਿਆ ਹੈ ਕਿ ਸ਼੍ਰੀ ਜੇਠਾ ਜੀ ਨੇ ਸਤਿਗੁਰੂ ਜੀ ਦਾ ਮੰਤ ਅਤੇ ਗੁਰਬਾਣੀ ਸਭਾ ਵਿਚ ਸੁਣਾਈ।
ਫਰਿਆਦੀਆਂ ਨੇ ਗੁਰਬਾਣੀ ਪਰ ਉਪਰ ਛੰਦ ੧੮ ਵਿਚ ਤਰਕ ਕੀਤੀ ਹੈ। ਸੋ ਪਹਿਲਾਂ ਵਾਦੀਆਂ ਦੇ ਇਸ ਦਾਵੇ ਨੂੰ ਖੰਡਨ ਕੀਤਾ ਕਿ ਇਨ੍ਹਾਂ ਨੂੰ ਗਾਯਤ੍ਰੀ ਆਦਿ ਦੀ ਸੋਝੀ ਨਹੀਂ, ਫਿਰ ਵਾਦੀਆਂ ਦੇ ਦੂਸਰੇ ਦਾਅਵੇ ਨੂੰ ਖੰਡਨਾ ਅਵੱਸ਼ਜਕ ਹੈ ਕਿ ਇਨ੍ਹਾਂ ਨਵੀਂ ਬਾਣੀ ਰਚੀ ਹੈ। ਉਸ ਬਾਣੀ ਦੀ ਗੌਰਵਤਾ ਅਕਬਰ ਦੇ ਦਿਲ ਤੇ ਬਿਠਾਉਣੀ ਜ਼ਰੂਰੀ ਸੀ। ਦੁਇ ਕਾਰਜ ਸ਼੍ਰੀ ਜੀ ਨੇ ਕਰ ਦਿਖਾਏ ਜਿਸ ਤੋਂ ਅਕਬਰ ਨੂੰ ਨਿਸ਼ਚਾ ਹੋ ਗਿਆ ਕਿ ਵਾਦੀਆਂ ਦੀ ਪੁਕਾਰ ਝੂਠੀ ਹੈ, ਏਹ ਸ਼ਾਸਤ੍ਰ ਜਾਣਦੇ ਹਨ, ਅਰ ਗੁਰੂ ਕੀ ਗੁਰਬਾਣੀ ਸ਼ਾਸਤ੍ਰਾਂ ਤੋਂ ਬੀ ਮਹਾਨ ਉਤਮ ਹੈ।

ਸੁਨਿ ਧੁਨਿ ਬਾਯੂ ਗਮਨਤਿ ਥਿਰਜੋ[1] ॥੨੨॥

[1]'ਚਲਦੀ ਹੋਈ ਹਵਾ ਖੜੋ ਗਈ।

ਪਾਥਰ ਮ੍ਰਿਦੁਲ ਤਹਾਂ ਹੁਇ ਗਏ।
ਸੁਨਿ ਸਭਿ ਲੋਕ ਬਿਸਮਤੇ ਭਏ।
ਦ੍ਰਵਜੋ ਸੁ ਮਨ ਸਭਿ ਕੋ ਤਿਸਕਾਲ।
ਤੂਸ਼ਨਿ ਪੰਡਤਿ ਕੀਨਿ ਬਿਸਾਲ ॥੨੩॥
ਸੀਤਲ ਰਿਦੈ ਭਏ ਸਭਿ ਕੇਰ।
ਪ੍ਰਗਟੀ ਪ੍ਰੀਤ ਰਹੇ ਮੁਖ ਹੇਰਿ।
ਅਚਰ ਚਰੇ, ਚਰ ਅਚਰ[1] ਭਏ ਜਬਿ।

[1]'ਨਾ ਵਿਚਰਨ ਵਾਲੇ ਚੱਲਣ ਲਗ ਪਏ, ਤੇ ਚੱਲਣ ਵਾਲੇ ਜੜ੍ਹ ਹੋ ਗਏ।

ਕਹਾ ਗਿਨਤੀ ਨਰ ਬਪੁਰਨ ਕੀ ਤਬਿ ॥੨੪॥
ਅਕਬਰ ਅਤਿ ਪ੍ਰਸੰਨ ਹੁਇ ਗਜੋ।
ਸਭਿਨਿ ਸੁਨਾਇ ਬਖਾਨਤਿ ਭਯੋ।
'ਪਰਮੇਸ਼ੁਰ ਦਰਵੇਸ਼ ਜਿ ਦੋਊ।
ਨਹੀਂ ਭੇਦ ਏਕੋ ਇਹ ਸੋਊ ॥੨੫॥
ਇਨ ਸੋਂ ਸਮਤਾ ਤੁਮ ਹੋਇ ਨਾਂਹੀ।

ਇਹ ਸਾਚੇ ਤੁਮ ਮਿੱਥਜਾ ਮਾਂਹੀ[1]। — [1]ਝੂਠ (ਖਿਆਲਾਂ) ਵਿਚ ਹੋ

ਬੇਦ ਪੁਰਾਨ ਕਹਜੋ ਇਨ ਕਰਜੋ[1]। — [1]ਬੇਦ ਪੁਰਾਨ ਦੇ ਕਹੇ ਤੇ (ਹਕੀਕਤ ਵਿਚ) ਇਨ੍ਹਾਂ ਨੇ (ਅਮਲ) ਕੀਤਾ ਹੈ।

ਤੁਮ ਕਹਿਬੇ ਮਾਤਰ ਮੇ ਥਿਰਜੋ[1] ॥੨੬॥ — [1]ਟਿਕੇ ਹੋ।

ਕਜੋਂ ਨ ਕਹਹੁ ਅਬਿ ਸਨਮੁਖ ਬਾਨੀ।
ਅਰਥ ਸਹਤ ਗਾਇੱਤ੍ਰੀ ਬਖਾਨੀ।
ਇਸ ਮਹਿਂ ਕਰਹੁ ਪ੍ਰਸ਼ਨ ਜੇ ਜਾਨਹੁ।
ਨਾਂਹਿ ਤ ਅਬਿ ਬੰਦਨ ਕੋ ਠਾਨਹੁ' ॥੨੭॥
ਪਿਖਿ ਅਕਬਰ ਕੋ ਤੇਜ ਬਿਸਾਲਾ।
ਝੂਠੇ ਹੋਇ ਸਕਲ ਤਿਸ ਕਾਲਾ।
ਬਾਕ ਨ ਕਿਨਹੁ ਉਚਾਰਨਿ ਕੀਨਾ।

ਉਠਿ ਸਭਿ ਨੇ ਘਰ ਮਾਰਗ[1] ਲੀਨਾ ॥੨੮॥ — [1]ਘਰ ਦਾ ਰਸਤਾ ਫੜਿਆ।

ਰਾਮਦਾਸ ਕੇ ਸੰਗ ਪਿਛਾਰੀ।
ਬਾਨੀ ਅਕਬਰ ਸ਼ਾਹੁ ਉਚਾਰੀ।
'ਜਗ ਕੇ ਲੋਕ ਦੁਖਹਿਂ ਤੁਮਿ ਹੇਰ।
ਅਨਿਕ ਭਾਂਤਿ ਕੀ ਨਿੰਦਾ ਟੇਰਿ ॥੨੯॥
ਯਾਂ ਤੇ ਸਭਿਹਿਨਿ ਕੋ ਮਨ ਰਾਖਨਿ।

ਮਮ ਦਿਸ਼ ਤੇ ਗੁਰ ਸੋਂ ਕਰਿ ਭਾਖਨਿ[1]। — [1]ਭਾਵ, ਸੁਨੇਹਾ ਦੇਣਾ।

ਕਰਨਿ ਤੀਰਥਨ ਕੋ ਇਸ਼ਨਾਨ।
ਅੰਗੀਕਾਰ ਕਰਹਿਂ ਰੁਚਿ ਠਾਨਿ† ॥੩੦॥

†ਇਹ ਗੱਲ ਗੁਰਬਾਣੀ ਦੇ ਅਨਕੂਲ ਨਹੀਂ। ਸ਼੍ਰੀ ਗੁਰੂ ਜੀ ਨੇ ਜਗਤ ਦੇ ਉਧਾਰ ਵਾਸਤੇ ਤੀਰਥਾਂ ਤੇ ਜਾਣਾ ਕੀਤਾ ਸੀ, ਸ਼੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਵਾਕ ਹੈ। ਯਥਾ:-
'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥'
ਮਹਿਮਾਂ ਪ੍ਰਕਾਸ਼ ਤੋਂ ਪਤਾ ਲੱਗਦਾ ਹੈ ਕਿ ਅਕਬਰ ਗੁਰੂ ਜੀ ਦੀ ਅਲੂਹੀਜਤ ਨੂੰ ਮੰਨ ਗਿਆ ਤੇ ਗੰਗਾ ਜਾਣਾ ਉਸ ਨੇ ਮੂਰਖ ਰਸਮ ਪ੍ਰਸਤੀਆਂ ਨੂੰ ਸੱਚਾ ਗਿਆਨ ਦਾਨ ਦੇਣ ਵਾਸਤੇ ਆਖਿਆ, ਯਥਾ:-
ਤਬ ਕਹਿਓ ਅਕਬਰ ਸ਼ਾਹੁ। ਸਭਿ ਲੋਕ ਨਿਜ ਗ੍ਰਹ ਜਾਉ। ਯਹਿ ਫਕਰ ਮੌਲਾ ਜਾਤ। ਨਹੀਂ ਚਲੇ ਇਨ ਸੋਂ ਬਾਤ। ਮੌਲਾ ਵਲੀ ਨਹੀਂ ਭੇਦ। ਕਿਆ ਹੋਇ ਪੜਿਐ ਬੇਦ।
ਪੁਨਾ:- ਏਕ ਬਾਰ ਗੰਗਾ ਤੁਮ ਆਈਐ। ਮੂਰਖ ਲੋਗਨ ਭਰਮ ਮਿਟਾਇਐ। ਤੁਮ ਬਡੇ ਵਲੀ ਹੋ ਜਗ ਸੋਂ ਨਿਆਰੇ। ਸੁਖਦਾਈ ਸਭ ਜਗ ਕੇ ਪਿਆਰੇ। ਯਹ ਮੂਰਖ ਮਹਿਮਾ ਨਹੀਂ ਜਾਨੇ। ਮੌਲਾ ਆਪ ਫਕਰ ਕੋ ਮਾਨੇ।
ਵਾਰਤਕ ਮਹਿਮਾ ਪ੍ਰਕਾਸ਼ ਵਿਚ ਅਕਬਰ ਵਲੋਂ ਤੀਰਥ ਜਾਣ ਦੀ ਪ੍ਰੇਰਨਾ ਹੋਈ ਨਹੀਂ ਲਿਖੀ।

ਤੁਮ ਹੋ ਬਡੇ ਰਖਹੁ ਮਿਰਜਾਦਾ।

ਅਰ ਸਭਿਹਿਨਿ ਕੋ ਮਿਟਹਿ ਬਿਬਾਦਾ[1]। — [1]ਮਿਟ ਜਾਏਗਾ ਝਗੜਾ।

ਤੀਰਥ ਪਾਵਨ ਤੁਮ ਤੇ ਹੋਇਂ।
ਮੂਰਖ ਨਰ ਨਹਿਂ ਜਾਨਹਿ ਕੋਇ' ॥੩੧॥
ਇਸ ਪ੍ਰਕਾਰ ਕਹਿ ਅਕਬਰ ਸ਼ਾਹੂ !
ਰਾਮਦਾਸ ਕਰਿ ਬਿਦਾ ਉਮਾਹੂ।
ਇਕ ਦਿਨ ਅਪਨੇ ਗ੍ਰਿਹਿ ਰਹਿ ਕਰਿ ਕੈ।
ਸ਼੍ਰੀ ਗੁਰ ਕੋ ਮਨ ਪ੍ਰੇਮ ਸੰਭਾਰਿ ਕੈ ॥੩੨॥
ਜਬਿ ਬਜਾਰ ਮਹਿਂ ਪਹੁੰਚੇ ਜਾਇ।
ਬਹੁਤ ਮੋਲ ਕੇ ਬਸਤ੍ਰ ਬਿਕਾਇਂ[1]। — [1]ਵਿਕਦੇ ਹਨ।
ਅਤਿ ਸੁੰਦਰ ਕੋ ਦੇਖਨ ਲਾਗੇ।
-ਇਹ ਗੁਰ ਉਚਿਤ- ਚਿਤਵਬੇ ਲਾਗੇ ॥੩੩॥
-ਗਰ[1][†] ਕੋ ਬਸਤ੍ਰ ਹੋਇ ਇਸ ਕੇਰਾ। — [1]ਗਲੇ ਦਾ। [†]ਗੁਰ।
ਇਹ ਊਪਰ ਕੋ ਬਨਹਿ ਬਡੇਰਾ-।
ਧਨ ਢਿਗ ਨਹੀਂ ਮੋਲ ਜੋ ਦੇਇਂ।
ਗੁਰ ਹਿਤ ਬਸਤ੍ਰ ਬਨਾਇ ਜਿ ਲੇਇਂ ॥੩੪॥
ਗੁਰ ਕੇ ਉਚਿਤ ਜਾਨਿ ਨਹਿਂ ਤਜੈ[1]। — [1]ਛੱਡਦੇ ਭੀ ਨਹੀਂ।
ਖਰੋ ਰਹਯੋ ਹਿਰਦੇ ਮਹਿਂ ਜਜੈ[1]। — [1]ਖੜੋਕੇ ਦਿਲ ਵਿਚ ਅਰਪਦਾ ਰਿਹਾ।
ਮਨ ਕਰਿ ਬਸਤ੍ਰ ਸੀਵਤੋ ਖਰਯੋ।
ਗਰ ਗੁਰ ਕੇ ਪਹਿਰਾਵਨ ਕਰਯੋ ॥੩੫॥
ਪੁਨ ਊਪਰ ਕੋ ਬਸਤ੍ਰ ਸੁਧਾਰਹਿ।
ਪਹਿਰਾਵਹਿ ਗੁਰ ਧ੍ਯਾਨ ਸੁ ਧਾਰਹਿ।
ਗੋਇੰਦਵਾਲ ਜਾਨ ਕਰਿ ਭਾਉ।
ਸ਼੍ਰੀ ਗੁਰ ਪਹਿਰਹਿਂ ਅੰਗ ਹਿਲਾਉ[1] ॥੩੬॥ — [1]ਭਾਵ-ਉਧਰ ਗੋਂਦਵਾਲ ਵਿਚ ਗੁਰੂ ਜੀ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰੇਮ ਨੂੰ ਜਾਣਕੇ ਅੰਗ ਐਉਂ ਹਿਲਾਉਣ ਜਿਵੇਂ (ਕੱਪੜੇ) ਪਹਿਨਦੇ ਹਨ।
ਕਬਿ ਹਾਥਨ ਕੋ ਊਚੇ ਕਰੈਂ।
ਕਬਹਿ ਤਨੀ ਬੰਧਨ[1] ਕੋ ਧਰੈਂ। — [1]ਤਣੀਆਂ ਬੰਨ੍ਹਣ।
ਇਤ ਉਤ ਹੋ ਕਰਿ ਦੇਹਿ ਹਿਲਾਵਹਿਂ।
ਸਭਿ ਸਿਖ ਦੇਖਿ ਦੇਖਿ ਬਿਸਮਾਵਹਿਂ ॥੩੭॥
ਬੈਠੇ ਸ਼੍ਰੀ ਸਤਿਗੁਰ ਬਿਨ ਕਾਰਨ।

ਇਤ ਉਤ ਤਨਿ ਕਰਿ ਭੁਜਾ ਉਸਾਰਨ[1†]।
ਸਭਿ ਕੈ ਮਨ ਕੀ ਬੱਲੁ ਜਾਨ।
ਸੰਸੈ ਜੁਤਿ ਹੁਇ ਬੂਝਨਿ ਠਾਨਿ ॥੩੮॥
'ਹੇ ਪ੍ਰਭੁ! ਸਿੰਘਾਸਨ ਪਰ ਥਿਰੇ।
ਕਿਮਿ ਇਤ ਉਤ ਅੰਗਨ ਕੋ ਕਰੇ?
ਰਾਵਰਿ ਲੀਲਾ ਲਖੀ ਨ ਜਾਇ।
ਕਹੀਅਹਿ ਪ੍ਰਭੁ ਚਾਹਤਿ ਸਮੁਦਾਇ' ॥੩੯॥
ਤਬਿ ਸ਼੍ਰੀ ਅਮਰ ਭਨਯੋ ਮਨ ਭਾਵਤਿ।
'ਰਾਮਦਾਸ ਮੁਹਿ ਪਟ ਪਹਿਰਾਵਤਿ।
ਲਵਪੁਰਿ ਕੇ ਬਜਾਰ ਮਹਿਂ ਥਿਰਯੋ।
ਤਹਿਂ ਪਿਖਿ ਪਟ ਪਹਿਰਾਵਨ ਕਰਯੋ' ॥੪੦॥
ਸੁਨਿ ਸਭਿਹਿਨਿ ਤਬ ਸੀਸ ਨਿਵਾਯਹੁ।
ਭਾਉ ਸਦਾ ਸਿੱਖਨ ਕੋ ਭਾਯਹੁ।
ਇਮ ਤਹਿਂ ਬਸਤ੍ਰ ਨਿਵੇਦਨ ਕਰੇ[1]।
ਲਖਿ ਗੁਰ ਉਚਿਤ ਪ੍ਰੇਮ ਤੇ ਭਰੇ ॥੪੧॥
ਰਾਮਦਾਸ ਪੁਨ ਚਲੇ ਅਗਾਰੇ।
ਆਏ ਚੌਂਕ ਨਖਾਸ[1] ਮਝਾਰੇ।
ਬਿਨ ਰੁਤਿ ਤੇ ਤਹਿ ਆਂਬ ਬਿਕਾਇਂ।
ਅਤਿ ਸੁੰਦਰ ਪਿਖਿ ਰਹਯੋ ਲੁਭਾਇ ॥੪੨॥
-ਲਵਪੁਰਿ ਕੀ ਇਹ ਵਸਤੁ ਅਜਾਇਬੁ।
ਅਰਪਨ ਉਚਿਤ[†] ਸਰਸ ਗੁਰ ਸਾਹਿਬ[1]।
ਰਿਕਤ[1] ਹਾਥ ਬਡਿਅਨਿ ਢਿਗ ਜਾਨਾ।
ਇਸ ਤੇ ਪਰੇ ਆਨ ਕੋ ਹਾਨਾ ॥੪੩॥
ਅਦਭੁਤ ਬਿਨ ਰੁਤ ਫਲ ਲੈ ਜੈ ਹੌਂ।
ਅਰਪਿ ਅਗਾਰੀ ਬੰਦਨ ਕੈ ਹੌਂ।
ਬਹੁ ਦਿਨ ਕੇ ਬਿਛਰੇ ਦਰਸੈ ਹੌਂ।
ਪਿਖਿ ਸਰੂਪ ਲੋਚਨ ਤ੍ਰਿਪਤੈ ਹੌਂ- ॥੪੪॥

[1]ਉੱਚੀਆਂ ਕਰਨ। [†]ਪਾ:-ਪਸਾਰਨਿ।

[1]ਅਰਪਣ ਕੀਤੇ।

[1]ਮੰਡੀ [ਅ: ਨਖਾਸ]।

[1]ਗੁਰੂ ਸਾਹਿਬ ਜੀ ਨੂੰ ਭੇਟਾ ਕਰਨੇ ਜੋਗ ਹੈਨ। [†]ਪਾ:-ਅਪਰ ਨ ਉਚਿਤ = ਹਰ ਕੋਈ ਲੈਕ ਨਹੀਂ (ਸ੍ਰੇਸ਼ਟ ਗੁਰੂ ਜੀ ਤੋਂ ਬਿਨਾਂ)।

[1]ਖਾਲੀ।

ਢਿਗ ਹੁਇ ਬੂਝਯੋ ਵੇਚਨ ਵਾਰੋ।
'ਕਹਹੁ ਮੋਲ ਇਹੁ, ਫਲ ਬਿਵਹਾਰੋ[1] !' — [1]ਹੇ ਫਲ ਵੇਚਣ ਵਾਲੇ ! ਇਸ ਦਾ ਮੁੱਲ ਕਰ।
'ਏਕ ਰਜਤਪਣ' ਮੋਲ ਕਿਯੋ ਹੈ।
ਸੋ ਦੇ ਕਰਿ ਨਿਜ ਹਾਥ ਲਿਯੋ ਹੈ ॥੪੫॥
ਕਰੇ ਸ਼ੀਘ੍ਰਤਾ ਗਮਨਯੋ ਫੇਰ।
ਗੋਇੰਦਵਾਲ ਪੰਥ ਕੋ ਹੇਰਿ।
ਬਢਯੋ ਪ੍ਰੇਮ ਸ਼੍ਰੀ ਸਤਿਗੁਰ ਪੂਰਨ।
ਮਿਲਯੋ ਚਹੈ ਚਲਿ ਕਰਿ ਮਗ ਤੂਰਨ ॥੪੬॥
ਚਲਤਿ ਚਲਤਿ ਦਿਨਮਨਿ[1] ਅਸਤਾਯਹੁ। — [1]ਸੂਰਜ।
ਗ੍ਰਾਮ ਬਿਖੈ ਬਸਿ ਨਿਸਾ ਬਿਤਾਯਹੁ।
ਬਡੀ ਪ੍ਰਭਾਤਿ ਉਠੇ ਪੁਨ ਚਲੇ।
ਚਿਤ ਮਹਿਂ ਪਯਾਸ ਅਧਿਕ -ਗੁਰ ਮਿਲੇ- ॥੪੭॥
ਭੈਰੋਵਾਲ ਗ੍ਰਾਮ ਤਬਿ ਆਏ।
ਗੋਇੰਦਵਾਲ ਰਹਯੋ ਨਿਕਟਾਏ।
ਲਗੀ ਉਸ਼ਨਤਾ ਕਰ ਕੀ[1] ਫਲ ਕੋ। — [1]ਗਰਮੀ ਹੱਥ ਦੀ।
ਫੂਟ ਗਯੋ ਰਸ ਨਿਕਸਤਿ ਢਲ ਕੋ[1] ॥੪੮॥ — [1]ਨਿਕਲਕੇ ਵਗ ਪਿਆ।
-ਗੁਰ ਲਗ ਨਹਿਂ ਪਹੁਂਚੈ- ਚਿਤਚੀਨ।
ਤਬ ਸ਼੍ਰੀ ਅਮਰ ਧਯਾਨ ਧਰਿ ਲੀਨਿ।
'ਹੇ ਪ੍ਰਭੁ ! ਇਹ ਫਲ ਅਰਪਨ ਕਰਯੋ।
ਬਿਨ ਰੁਤ ਕੋ ਰਸੁ ਜਾਇ ਸੁ ਢਰਯੋ ॥੪੯॥
ਅੰਗੀਕਾਰ ਕਰਹੁ ਮੁਖ ਪਾਵਹੁ।
ਮਮ ਮਨਸਾ ਕੋ ਪੂਰ ਕਰਾਵਹੁ।'
ਇਮਿ ਕਹਿ ਆਂਬ ਖਾਇ ਸੋਂ ਲੀਨਿ।
ਇਤ ਸ਼੍ਰੀ ਗੁਰ ਰਸ ਚੂਸਨਿ ਕੀਨਿ ॥੫੦॥
ਬਹੁਤ ਪ੍ਰੀਤਿ ਸੋਂ ਸ੍ਵਾਦਤਿ ਕਰਿ ਕਰਿ।
ਰਸ ਚੂਸਤਿ ਘੁਟਨਿ ਬਰ ਭਰਿ ਭਰਿ।
ਕਿਤਿਕ ਸਮੈਂ ਗੁਠਲੀ ਮੁਖ ਰਾਖੀ।

ਬਹੁਰ ਨਿਕਾਸਿ ਦਾਸ ਸੋਂ ਭਾਖੀ ॥੫੧॥
'ਇਸ ਕੋ ਰਾਖਹੁ ਤਾਕ ਮਝਾਰੀ[1]।
[1]ਤਾਕੀ ਵਿਚ।
ਪੁਨ ਹਮ ਲੈਹੈਂ ਕਬਿ ਇਕ ਬਾਰੀ।'
ਬੱਲੂ ਨੇ ਆਇਸੁ ਕੋ ਮਾਨਿ।
ਧਰੀ ਸੰਭਾਰਿ ਸਭਾ ਕੇ ਥਾਨ ॥੫੨॥
ਰਾਮਦਾਸ ਕੇਤਿਕ ਚਿਰ ਪਾਛੇ।
ਪਹੁੰਚਤਿ ਭਏ ਪ੍ਰੇਮ ਚਿਤ ਬਾਂਛੇ।
ਦੇਖਿ ਦੂਰ ਤੇ ਮੁਦਤਿ ਮਹਾਨਾ।
ਜਿਉਂ ਰਵਿ ਹੇਰਿ ਕਮਲ ਬਿਗਸਾਨਾ ॥੫੩॥
ਚਰਨ ਸਰੋਜਨ ਕੇ ਦ੍ਰਿਗ ਭੌਰ[1]।
[1]ਚਰਨ ਕਵਲਾਂ ਦੇ ਨੇਤਰ ਭੌਰੇ (ਕਰਕੇ)।
ਕਰੀ ਨਮੋ ਤੂਰਨ ਹੀ ਦੌਰਿ।
ਸਤਿਗੁਰ ਨੇ ਗਹਿ ਭੁਜਾ ਉਠਾਵਾ।
ਜਾਨਿ ਪ੍ਰੇਮ ਬਹੁ ਕੰਠ ਲਗਾਵਾ ॥੫੪॥
ਕ੍ਰਿਪਾ ਦ੍ਰਿਸ਼ਟਿ ਸੋਂ ਦੇਖ੍ਯੋ ਕੈਸੇ।
ਜਲਦ ਤ੍ਰਿਖਤਿ ਚਾਤ੍ਰਿਕ ਕੋ ਜੈਸੇ[1]।
[1]ਬੱਦਲ ਨੇ ਪਿਆਸੇ ਪਪੀਹੇ ਨੂੰ ਜਿਵੇਂ।
ਸਨਮਾਨਿਤ ਸਨਮੁਖ ਥਿਰ ਥੀਵਾ।
ਮਨਹੁਂ ਪ੍ਰੇਮ ਦੀਰਘ ਕੀ ਸੀਵਾ[1] ॥੫੫॥
[1]ਹੱਦ।
ਬੂਝ੍ਯੋ 'ਕਹੁ ਬ੍ਰਿਤਾਂਤ ਸੁਲਤਾਨ[1]।
[1]ਬਾਦਸ਼ਾਹ ਦਾ।
ਕਿਮਿ ਦਿਜ ਬਾਹਜ ਕੀਨਿ ਬਖਾਨ?
ਤੁਮ ਨੇ ਕੋ ਉੱਤਰ ਦੇ ਮੋਰੇ[1†]?
[1]ਮੋੜਵਾਂ ਉਤਰ ਕੀ ਦਿੱਤਾ (ਅ) ਮੋੜੇ। †ਪਾ:-ਤੁਮਨੇ ਸੁਨ੍ਯੋ ਉੱਤਰ ਦੇ ਮੋਰੇ।
ਕਿਮਿ ਅਕਬਰ ਕਹਿ ਕੀਨਸ ਹੌਰੇ[1]? ॥੫੬॥
[1]ਹੌਲੇ ਕੀਤਾ (ਬ੍ਰਾਹਮਣ ਖੱਤ੍ਰੀਆਂ ਨੂੰ)।
ਹਾਥ ਜੋਰ ਬਿਰਤਾਂਤ ਬਖਾਨਾ।
'ਸੁਨਹੁ ਪ੍ਰਭੂ! ਕਿਛੁ ਜਾਇ ਨ ਜਾਨਾ।
ਪਾਠ ਕਰਨ ਗਾਇੱਤ੍ਰੀ ਚਹ੍ਯੋ।
ਸਭਿ ਨਰ ਅਰੁ ਅਕਬਰ ਨੇ ਕਹ੍ਯੋ ॥੫੭॥
ਨਹਿਂ ਮੈ ਜਾਨਤਿ ਹੁਤੋ ਅਗਾਰੀ।
ਬਚ ਸੰਭਾਰਿ ਤੁਮ ਭੁਜਾ ਨਿਹਾਰੀ।
ਸਰਬ ਗਜਾਤ† ਤਤਛਿਨ ਹੁਇ ਆਇਵ।
†ਪਾ:-ਸਰਬ ਗਜਾਨ।

ਪੂਰਬ ਓਅੰਕਾਰ ਸੁਨਾਇਵ[1] ॥੫੮॥
ਸੁਨਿ ਧੁਨਿ ਚੱਕ੍ਰਿਤ ਚਿਤ ਮਹਿਂ ਚਮਕੇ[1]।
ਸਕ੍ਯੋ ਨ ਕਹਿ ਕੋ ਤਬ ਬਚ ਸਮ ਕੇ[1]।
'ਸਤਿਗੁਰ ਧੰਨ' ਬਖਾਨਤਿ ਸ਼ਾਹੂ[1]।
ਭਾ ਪ੍ਰਤਾਪ ਤੁਮਰੋ ਸਭਿ ਮਾਂਹੂ ॥੫੯॥
ਇਕ ਪਠਿਬੋ ਗਾਇੱਤ੍ਰੀ ਤਬੈ†।
ਭਏ ਮੌਨ ਨਹਿਂ ਬੋਲੇ ਸਬੈ।'
ਸੁਨਿ ਸਤਿਗੁਰੂ ਪ੍ਰਸੰਨ ਮਹਾਨਾ।
ਬੂਝ੍ਯੋ, ਹਮ ਹਿਤ ਕਜਾ ਤੁਮ ਆਨਾ? ॥੬੦॥
ਨਗਰ ਬਿਸਾਲ ਬਿਖੈ ਚਲਿ ਗਯੋ।
ਕਜਾ ਵਸਤੁ ਤਹਿਂ ਲਜਾਵਤਿ ਭਯੋ।'
ਹਾਥ ਜੋਰਿ ਕਹਿ 'ਤੁਮ ਸਭਿ ਜਾਨੋ।
ਜਥਾ ਬਸਤ੍ਰ ਪਹਿਰਾਵਨਿ ਠਾਨੋ ॥੬੧॥
ਬਿਨਾ ਮੋਲ ਤੇ ਅਰਪਨ ਕਰੇ।
ਰਾਵਰਿ ਉਚਿਤ ਜਾਨ ਕਰਿ ਖਰੇ[1]।
ਬਿਨ ਰੁਤਿ ਫਲ ਰਸਾਲ ਕੋ ਆਗੇ[1]।
ਪਿਖਤਿ ਭਯੋ, ਬਹੁ ਸੁੰਦਰ ਲਾਗੇ ॥੬੨॥
ਆਨ੍ਯੋ ਮੋਲ ਆਪ ਕੇ ਕਾਰਨ।
ਤੁਰਨ ਕੀਨਸਿ ਪੰਥ ਪਧਾਰਨ।
ਨਿਕਟ ਰਹ੍ਯੋ ਪੁਰਿ ਅਪਨੇ ਆਵਨਿ।
ਹੁਤੋ ਪਾਕ ਰਸੁ ਲਾਗ ਚੁਚਾਵਨ[1] ॥੬੩॥
ਫੂਟ ਗਯੋ ਰਸ ਨਿਕਸਤਿ ਜਾਨਾ।
ਪਹੁਂਚ੍ਯੋ ਭੈਰੋਂਵਾਲ ਸਥਾਨਾ।
ਅਰਪ੍ਯੋ ਧਰਿ ਕਰਿ ਧਜਾਨ ਤੁਮਾਰਾ।
ਹੁਇ ਨਿਸੰਕ ਨਿਜ ਮੁਖ ਮਹਿਂ ਡਾਰਾ ॥੬੪॥
ਪੂਰਨ ਸਭਿ ਘਟਿ ਬਿਖੈ ਕ੍ਰਿਪਾਲ।
ਰਾਖਹੁ ਸ਼ਰਧਾ ਜਨ[1] ਸਭਿ ਕਾਲ।
ਅਰਪਤਿ ਜੇ ਤੁਮ ਕੋ ਜਨ ਲੋਗ।
ਭੋਗਤਿ ਹੋ ਇਹ ਰਾਵਰਿ ਜੋਗ[1]' ॥੬੫॥

[1]ਸੁਣਾਇਆ।
[1]ਚਮਕ-ਦਿਲ ਦੀ ਉਹ ਹੈਰਾਨੀ ਜਿਸ ਵਿਚ ਸਾਰੀ ਸਟੀਪਟੀ ਭੁੱਲ ਜਾਵੇ।
[1]ਬਰਾਬਰੀ ਦੇ ਵਚਨ।
[1]ਸ਼ਾਹ ਨੇ ਕਹਿਆ 'ਸਤਿਗੁਰ ਧੰਨ ਹਨ।'
†ਪਾ:-ਇਕ ਕਿਯ ਪਾਠ ਗਾਇਤ੍ਰੀ ਜਬੈ।
[1]ਖਲੋਕੇ (ਅ) ਚੰਗੇ (ਕਪੜੇ)।
[1]ਅੰਬ ਅਗੇਤਰੇ (ਅ) (ਲਾਹੌਰ ਵਿਚ) ਬੇਰੁਤੇ ਅੰਬ ਦੇ ਫਲ ਆ ਗਏ ਹਨ।
[1]ਪੱਕੇ ਸਨ ਰਸ ਚੋਵਣ ਲਗ ਪਿਆ।
[1]ਦਾਸਾਂ ਦੀ।
[1]ਤੁਹਾਡੇ ਲੈਕ (ਸਮਝਕੇ ਜੋ ਸ਼ੈ) ਤੁਹਾਨੂੰ ਦਾਸ ਲੋਕ

ਅਰपਦੇ ਹਨ, ਤੁਸੀਂ ਭੋਗਦੇ ਹੋ।

ਪ੍ਰੇਮ ਮਗਨ ਸਤਿਗੁਰੂ ਸੁਨਾਇਵ।
'ਫਲ ਰਸਾਲ ਜੋ ਮਮ ਹਿਤ ਲਯਾਇਵ।
ਸੋ ਹਮ ਖਾਯੋ ਗੁਠਲੀ ਧਰੀ।'
ਬੱਲੂ ਤਬਹਿ ਦਿਖਾਵਨਿ ਕਰੀ ॥੬੬॥
ਰਾਮਦਾਸ ਅਰੁ ਨਰ ਗਨ ਸਾਰੇ।
ਹੇਰਤਿ ਅਚਰਜ ਥਿਰੇ† ਬਿਚਾਰੇਂ[1]।
-ਸ਼੍ਰੀ ਸਤਿਗੁਰ ਨਿਤ ਭਾਉ ਅਧੀਨਾ-।
ਸਭਿਨਿ ਪ੍ਰਬੀਨਨਿ ਲੀਨਸਿ ਚੀਨਾ[1] ॥੬੭॥
ਬੰਦਤਿ[1] -ਲਖੀ ਨ ਜਾਵਹਿ ਲੀਲਾ।
ਪਾਰਬ੍ਰਹਮ ਸ਼੍ਰੀ ਗੁਰੂ ਗਹੀਲਾ।
ਸਿੱਖਜਨ ਹਿਤ ਅਚਰਜ ਦਿਖਰਾਵਤਿ।
ਸਦਾ ਪ੍ਰੇਮ ਬਸਿ ਇਹੀ ਜਨਾਵਤਿ- ॥੬੮॥

[1]ਵਿਚਾਰਨ ਲਗੇ। †ਪਾ:-ਰਿਦੇ।

[1]ਸਿਆਣਿਆਂ ਨੇ ਸਮਝ ਲਿਆ।

[1]ਮੱਥਾ ਟੇਕਦੇ ਹਨ (ਸੋਚਦੇ ਹੋਏ ਕਿ ਗੁਰੂ ਦੀ)।

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਤੇ ਸ਼੍ਰੀ ਰਾਮਦਾਸ ਆਗਵਨ' ਪ੍ਰਸੰਗ ਬਰਨਨੰ ਨਾਮੁ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਸਤਿਗੁਰੂ ਦੀ ਦਾ ਤੀਰਥ ਪਵਿੱਤ੍ਰ ਕਰਨ ਜਾਣਾ। ਪਹੋਆ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਸ਼੍ਰੀ ਸਤਿਗੁਰ ਇਸ ਰੀਤਿ ਨਿਤਿ, ਕਰਤਿ† ਸਿਖਨ ਕੱਲਜਾਨ। — †ਪਾ:-ਕ੍ਰਿਤ।

ਨਾਮ ਦਾਨ ਦੇਂ ਮੁਕਤਿ ਹਿਤ[1], ਜਾਹਰ ਜੋਤਿ ਜਹਾਨ ॥੧॥ — [1]ਮੁਕਤ ਹੋਣ ਵਾਸਤੇ ਨਾਮ ਦਾਨ ਦੇਂਦੇ ਹਨ।

ਸੋਰਠਾ:

ਦਰਸ਼ਨ ਪੁਰਬ ਅਭੀਚ,

ਪੁੰਨ ਰੂਪ ਤੀਰਥ ਗੁਰੂ[1]। — [1]ਪੁੰਨ ਗੁਰੂ ਤੀਰਥ ਗੁਰੂ ਜੀ ਦਾ ਦਰਸ਼ਨ ਅਭਿਜਿਤ ਨਿਛੱਤ੍ਰ ਦੇ ਪੁਰਬ ਵਾਂਙ ਹੈ।

ਮਿਟਹਿ ਜਨਮ ਅਰ ਮੀਚ[1], — [1]ਮੌਤ।

ਮਜਹਿਂ[1] ਜੇ ਪ੍ਰੇਮੀ ਭਗਤੁ ॥੨॥ — [1]ਇਸ਼ਨਾਨ ਕਰਦੇ ਹਨ (ਗੁਰੂ ਰੂਪ ਤੀਰਥ ਵਿਚ)।

ਚੌਪਈ:

ਨਿਰਮਲ ਗਜਾਨ ਜਾਂਹਿ ਬਰ ਬਾਰੀ[1]। — [1]ਸ੍ਰੇਸ਼ਟ ਜਲ।

ਜੋਗ ਵਿਰਾਗ ਕੂਲ ਸੁਖਕਾਰੀ[1]। — [1]ਕਿਨਾਰੇ ਸੁਖਾਂ ਦੇ ਦੇਣੇ ਵਾਲੇ।

ਸਿਖ ਸੰਗਤਿ ਜਲ ਜੰਤੁ[1] ਅਨੇਕਾ। — [1]ਜਲ ਜੀਵ।

ਸਮ ਦਮ ਸਤਿ ਸੰਤੋਖ ਬਿਬੇਕਾ[1] ॥੩॥ — [1]ਵਿਚਾਰ।

ਸੁਚ[1] ਸੰਜਮ ਇਸ਼ਨਾਨ ਰੁ ਧਜਾਨਾ। — [1]ਪਵਿੱਤ੍ਰਤਾ।

ਇਹੁ ਸਭਿ ਖਿਰੇ ਕਮਲ ਬਿਧਿ ਨਾਨਾ।

ਕਲਮਲ ਕਲਿ ਕੇ ਕਾਲ ਮਲੀਨਾ[1]। — [1]ਕਲਜੁਗ ਦੇ ਸਮੇਂ ਦੇ ਮਲੀਨ (ਜੀਵਾਂ ਦੇ) ਪਾਪ।

ਦਰਸ਼ਨ ਮੱਜਨ[1] ਤੇ ਕਰਿ ਹੀਨਾ[2] ॥੪॥ — [1]ਦਰਸ਼ਨ ਰੂਪ ਇਸ਼ਨਾਨ। [2]ਨਾਸ਼ ਕਰਦੇ ਹਨ।

ਸੀਤਲਤਾ ਮੁਕਤੀ ਜਿਸ ਮਾਂਹੀ।

ਬਡੇ ਭਾਗ ਪ੍ਰਾਪਤਿ ਹੁਇ ਤਾਂਹੀ।

ਅਸ ਸਤਿਗੁਰ ਤੀਰਥ ਅਤਿ ਪਾਵਨਿ।

ਇੱਛਤਿ ਭੇ ਛਿਤ ਤੀਰਥ ਜਾਵਨ[1] ॥੫॥ — [1]ਪ੍ਰਿਥਵੀ ਦੇ ਤੀਰਥਾਂ ਪਰ ਜਾਣੇ ਦੀ ਇੱਛਾ ਕੀਤੀ। (ਆਪ ਜੀਉਂਦੇ ਤੀਰਥ ਹੋ ਕੇ ਪ੍ਰਿਥਵੀ ਦੇ ਜਲ ਪਖਾਨ ਰੂਪੀ ਤੀਰਥਾਂ ਨੂੰ ਕਿਉਂ ਟੁਰਣ ਲਗੇ ਹਨ ਇਸ ਦਾ ਕਾਰਣ ਕਵਿ ਜੀ ਅੱਗੇ ਦੇਂਦੇ ਹਨ ਜੋ ਅਠ ਅੰਕ ਤੇ ਮੁਕਦਾ ਹੈ)।

ਗੰਗਾ ਆਦਿਕ ਤੀਰਥ[1] ਜੇਈ। — [1]ਤੀਰਥਾਂ ਵਿਚ।

ਮੱਜਹਿਂ ਕਲੀ ਕਾਲ ਨਰ ਤੇਈ[1]। — [1]ਉਨ੍ਹਾਂ ਗੰਗਾ ਆਦਿਕਾਂ ਵਿਚ।

ਅਨਗਨ ਪਾਪ ਤਜੈਂ ਤਿਨ ਮਾਂਹੀ।

ਤਿਨ ਕੋ ਭਾਰ ਸਹਾਰਤਿ ਨਾਂਹੀ[1] ॥੬॥ — [1]ਭਾਵ ਤੀਰਥ ਲੋਕਾਂ ਦੇ ਪਾਪਾਂ ਦਾ ਭਾਰ ਨਹੀਂ ਸਹਾਰਦੇ।

ਯਾਂ ਤੇ ਸ਼੍ਰੀ ਸਤਿਗੁਰੂ ਅਰਾਧਾ[1]। — [1]ਸਤਿਗੁਰੂ ਜੀ ਦੀ ਅਰਾਧਨਾ ਕੀਤੀ (ਗੰਗਾ ਆਦਿਕ

ਤੀਰਥਾਂ ਨੇ)।

'ਆਨਿ ਚਰਨ ਪਾਵੋ ਹਤਿ ਬਾਧਾ[1]। — [1]ਸਾਡੀ ਪੀੜਾ ਦੂਰ ਕਰੋ।
ਪਾਪਨਿ ਤੇ ਪੀੜਤਿ ਹਮ ਹੋਏ।
ਕਰਿ ਕਰਿ ਦੋਸ਼ੁ ਹਮਹੁਂ ਮਹੁਂ ਧੋਏ[1] ॥੭॥ — [1]ਲੋਕੀਂ ਧੋਂਦੇ ਹਨ।
ਹੇ ਸਤਿਗੁਰ! ਤੁਮਰੇ ਪਗ ਪਾਵਨ।
ਜਬਿ ਹਮ ਬਿਖੈ ਕਰਹੁਗੇ ਪਾਵਨ।
ਤਤਛਿਨ ਹਮ ਸਭਿ ਹੋਹਿਂ ਸੁਖਾਰੇ।
ਆਵਹੁ ਤੂਰਨ ਕਰੁਨਾ ਧਾਰੇ' ॥੮॥
ਸਭਿ ਤੀਰਥ ਕੋ ਲਖਿ ਭਿੱਪ੍ਰਾਯ[1]। — [1]ਮਤਲਬ [ਸੰਸ:] ਅਭਿਪ੍ਰਾਯ਼।
ਭਏ ਤਯਾਰ ਸੰਗਤਿ ਸੰਗ ਲਾਯ[1]। — [1]ਲੈਕੇ।
ਜਹਿਂ ਜਹਿਂ ਸਿੱਖਨ ਜਿਸ ਜਿਸ ਗ੍ਰਾਮ।
ਜਾਤ੍ਰਾ ਸੁਨੀ ਗੁਰੂ ਸੁਖਧਾਮ[1] ॥੯॥ — [1]ਸੁਖਾਂ ਦੇ ਘਰ ਜੀ ਦੀ।
ਤਹਿਂ ਤਹਿਂ ਤੇ ਹੁਇ ਤਯਾਰ ਚਲੇ ਹੈਂ।
ਆਨਿ ਸਤਿਗੁਰੂ ਸੰਗਿ ਮਿਲੇ ਹੈਂ।
ਗੁਰ ਗ੍ਰਿਹ ਕੇ ਸੰਬੰਧੀ ਜੇਤੇ।
ਭਏ ਤਯਾਰ ਚਲਨੇ ਕਹੁ ਤੇਤੇ ॥੧੦॥
ਸਤਿ ਸੰਗਤਿ ਸਿਮਰਨਿ ਹਰਿ ਨਾਮੂ।
ਹੋਤਿ ਕੀਰਤਨਿ ਧੁਨਿ ਅਭਿਰਾਮੂ।
ਗੋਇੰਦਵਾਲ ਤਯਾਗਿ ਕਰਿ ਚਲੇ।
ਸਨੇ ਸਨੇ ਮਗ ਮਹਿਂ ਬਹੁ ਮਿਲੇ ॥੧੧॥
ਇਕ ਤੋ ਨਿਤਿ ਗੁਰ ਦਰਸ਼ਨ ਕਰੈਂ।
ਕਿਰਤਨ ਸੁਨਹਿਂ ਅਘਨ ਪਰਹਰੈਂ।
ਬਹੁਰ ਜੇਜਵਾ[1] ਤੁਰਕਨ ਕੇਰਾ। — [1]ਜੇਜ਼ੀਆ [ਅ: ਜੇਜ਼ੀਆ, ਉਹ ਮਸੂਲ ਜੋ ਮੁਸਲਮਾਨ ਪਾਤਸ਼ਾਹ ਹਿੰਦੂਆਂ ਤੋਂ ਤੀਰਥ ਯਾਤ੍ਰਾ ਦਾ ਲੈਂਦੇ ਸਨ]।
ਉਲੰਘਹਿਂ ਤਿਸ ਕੋ ਇਹ ਸੁਖ ਹੇਰਾ[1] ॥੧੨॥ — [1]ਭਾਵ ਜੇਜੀਆ ਨਾ ਲੱਗੇਗਾ।
ਯਾ ਤੇ ਮਿਲਹਿਂ ਸੰਗ ਬਡਿਭਾਗੇ।
ਚਲੇ ਜਾਤਿ ਰਸ ਪ੍ਰੇਮ ਸੁ ਪਾਗੇ।
ਉਲੰਘਿ ਬਿਪਾਸਾ ਸਲਿਤਾ ਸਾਰੇ।
ਦੇਸ਼ ਦੁਆਬੇ ਬੀਚ ਪਧਾਰੇ ॥੧੩॥
ਸਨੇ ਸਨੇ ਕਰਿ ਤਯਾਗਤੋ ਸਾਰੋ।
ਸਤੁੱਦ੍ਰਵ ਕੋ ਪੁਨ ਆਇ ਨਿਹਾਰੋ।
ਬਹੁ ਗੰਭੀਰ ਨੀਰ ਜਿਸ ਮਾਂਹੀ।

ਸਭਿ ਸੰਗਤਿ ਮੱਜਨ ਕਰਿ ਤਾਂਹੀ ॥੧੪॥
ਚਢਿ ਕਰਿ ਤਰੀ ਭਏ ਪੁਨ ਪਾਰੀ[1]।
[1]ਪਾਰ।
ਗਮਨੇ ਸਤਿਗੁਰ ਬਹੁਰ ਅਗਾਰੀ।
ਕਬਿ ਬੜਵਾ ਪਰ ਕਰਹਿਂ ਪਯਾਨ।
ਕਬਿ ਗੁਰ ਗਮਨਹਿਂ ਚਢਿ ਝੰਪਾਨ[1] ॥੧੫॥
[1]ਖਾਸੇ ਤੇ।
ਸ਼ਮਸ ਸ੍ਵੇਤ ਬਹੁ ਬ੍ਰਿੱਧ ਸਰੀਰ।
ਅਤਿਸ਼ੈ ਸੇਤ ਧਰੇ ਬਰ ਚੀਰ।
ਸੁਜਸੁ ਸ੍ਵੇਤ ਬਿਸਤਰਹਿ ਬਿਸਾਲਾ।
ਤਥਾ ਸ੍ਵੇਤ ਮਨ ਹੈ ਸਭਿ ਕਾਲਾ ॥੧੬॥
ਹਾਥ ਲਸ਼ਟਕਾ ਬਰ ਕਦ ਛੋਟਾ।
ਮਨਹੁਂ ਭਏ ਬਾਵਨ ਕੇ ਜੋਟਾ[1]।
[1]ਵਾਮਨ ਅਵਤਾਰ ਦੇ ਤੁੱਲ। (ਵਿਸ਼ਨੂੰ ਦਾ ਪੰਜਵਾਂ ਅਵਤਾਰ ਵਾਮਨ ਸੀ ਜੋ ਬਹੁਤਾ ਮਧਰੇ ਕੱਦ ਦਾ ਸੀ। ਕੱਦ ਲਈ ਦ੍ਰਿਸ਼ਟਾਂਤ ਮਾਤਰ ਵਰਤਿਆ ਹੈ ਕਵਿ ਜੀ ਨੇ)।
ਧਾਰਤਿ ਸ਼ਕਤਿ ਮਹਿਦ ਮਹੀਆਨ।
ਗਮਨਹਿਂ ਮੰਦ ਮੰਦ ਸਭਿ ਥਾਨ ॥੧੭॥
ਪਹੁੰਚੇ ਆਨ ਪਹੋਏ[1] ਥਾਨ।
[1]ਕੁਰਖੇਤਰ, ਸਨਾਤਨ ਤੀਰਥ ਹੈ, ਅੰਬਾਲੇ ਤੋਂ ਨੇੜੇ ਹੈ।
ਜਹਾਂ ਸਰਸੁਤੀ ਪੁੰਨ ਮਹਾਨ[1]।
[1]ਜਿੱਥੇ ਮਹਾਂ ਪਵਿੱਤ੍ਰ ਸਰਸ੍ਵਤੀ ਨਦੀ ਹੈ।
ਨਾਨਾ ਘਾਟ ਰਿਖਨਿ ਤਪ ਤਪੇ।
ਬਰਖ ਹਜ਼ਾਰਹੁਂ ਜਾਪਨ ਜਪੇ[1] ॥੧੮॥
[1]ਜਾਪਾਂ ਨੂੰ ਜਪਿਆ ਹੈ।
ਬ੍ਰਹਮਲੋਕ[1] ਕੋ ਪ੍ਰਾਪਤਿ ਹੋਏ।
[1]ਭਾਵ, ਬੈਕੁੰਠ।
ਜਨਮ ਮਰਨ ਕੇ ਸੰਕਟ ਖੋਏ।
ਤਹਾਂ ਸਤਿਗੁਰੂ ਕੀਨਸਿ ਡੇਰਾ।
ਸੰਗ ਸੰਗਤਾਂ ਮੇਲ ਘਨੇਰਾ ॥੧੯॥
ਬਹੁ ਘਾਟਨ ਪਿਖਿ ਸਾਰਸੁਤੀ ਕੇ।
ਸਿਖ ਕਰ ਜੋਰਿ ਪ੍ਰਸ਼ਨ ਕਿਯ ਨੀਕੇ।
'ਸਲਿਤਾ ਸਾਰਸੁਤੀ ਇਕ ਪਾਵਨ।
ਕਹੈਂ ਮਹਾਤਮ ਇਸ ਬਹੁ ਥਾਵਨ ॥੨੦॥
ਕੋ ਕਾਰਨ ਇਹੁ? ਗੁਰੂ! ਬਖਾਨੋ।
ਭੂਤ ਭਵਿੱਖ ਗਤੀ ਤੁਮ ਜਾਨੋ।
ਸਭਿ ਸੰਗਤਿ ਕੈ ਇਹੁ ਸੰਦੇਹੂ।
ਕ੍ਰਿਪਾ ਕਰਹੁ ਉਚਰਹੁ ਸੁਖ ਦੇਹੂ' ॥੨੧॥
ਸਿੱਖਨ ਤੇ ਸੁਨਿ ਕੈ ਗੁਰ ਕਹ੍ਯੋ।

'ਇਹੁ ਸਥਾਨ ਪਾਵਨ ਅਤਿ ਲਹਯੋ†।

†ਪਿਛੇ ਕਵਿ ਜੀ ਦੱਸ ਆਏ ਹਨ ਕਿ ਤੀਰਥਾਂ ਦੀ ਮੈਲ ਹਰਨ ਲਈ ਸਤਿਗੁਰੁ ਜੀ ਤੀਰਥਾਂ ਨੂੰ ਟੁਰੇ। ਇਹੋ ਗੱਲ ਤੁਖਾਰੀ ਮਹਲ ੪ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ 'ਨਾਵਣੁ ਪੁਰਬੁ ਅਭੀਚੁ' ਵਾਲੇ ਸ਼ਬਦ ਵਿਚ ਦੱਸੀ ਹੈ। ਕਿਆ ਤੀਰਥ ਕਲਜਾਨ ਕਰਦੇ ਹਨ? ਇਸ ਪਰ ਭੀ ਗੁਰੂ ਅਮਰਦੇਵ ਜੀ ਦਾ ਵਾਕ ਹੈ 'ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।'

ਪ੍ਰਥਮ ਜੁਗਨਿ ਸਮਰਥ ਸਭਿ ਜੀਵ[1]।

[1]ਪਹਿਲੇ ਜੁਗਾਂ ਦੇ ਜੀਵ ਸਮਰੱਥ ਸਨ।

ਤਨ ਪਰ ਸੰਕਟ ਸਹਿਬੋ[1] ਕੀਵ ॥੨੨॥

[1]ਸਹਿਆ।

ਬਿਸਵਾਮਿੱਤ੍ਰ ਆਦਿ ਰਿਖਿ ਘਨੇ।
ਕੀਨਸਿ ਤਪ ਕੁਛ ਜਾਹਿਂ ਨ ਗਨੇ।
ਏਕ ਸਮੇਂ ਦੱਖਨ ਕੇ ਮੁਨਿ ਗਨ।
ਆਏ ਤਪ ਸਾਧਨ ਬਾਂਛਤ ਮਨ[1] ॥੨੩॥

[1]ਤਪ ਸਾਧਨਾਂ ਮਨ ਵਿੱਚ ਚਾਹ ਕੇ ਆਏ।

ਅਠਤਾਲੀਸ ਕੋਸ ਬਿਚ ਫਿਰੇ।
ਬੈਠਬਿ[1] ਥਾਨ ਕਹੂੰ ਨ ਨਿਹਰੇ।

[1]ਬੈਠਣੇ ਦੀ।

ਤਪਸੀ ਗਨ ਕੀ ਭੀਰ ਬਿਸਾਲਾ।
ਜਹਿਂ ਕਹਿਂ ਕਰਤਿ ਘਾਲਨਾ ਘਾਲਾ[1] ॥੨੪॥

[1]ਜਿਥੇ ਕਿਥੇ ਭਾਵ, ਇਥੇ ਹਰ ਥਾਵੇਂ ਘਾਲਾਂ ਘਾਲਦੇ ਸਨ।

ਜਬਿ ਸਥਾਨ ਕਿਤਹੂੰ ਨਹਿਂ ਪਾਯੋ।
ਸਾਰਸੁਤੀ ਕੋ ਤਬਿਹੂੰ ਧਿਆਯੋ†।

†ਕਿਸੇ ਤਰ੍ਹਾਂ ਸਰਸ੍ਵਤੀ ਦੇ ਕਿਨਾਰੇ ਹੋਮ ਯੱਗ ਕਰਦਿਆਂ ਵਿੱਦਯਾ ਵਧਣ ਤੇ 'ਵਾਚ ਸ਼ਕਤੀ' ਦਾ ਨਾਮ ਸਰਸ੍ਵਤੀ ਪਿਆ, ਇਸ ਲਈ ਪੜ੍ਹੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੨ ਦਾ ਭਾਵ।

ਕਹਯੋ ਬਿਦਤਿ ਹੁਇ[1] ਮੁਨਿ ਗਨ ਸੰਗਾ।
-ਕਯਾ ਬਾਂਛਿਤ ਤੁਮ ਕਹੋ ਨਿਸੰਗਾ? - ॥੨੫॥

[1]ਸਰਸੁਤੀ ਨੇ) ਪ੍ਰਗਟ ਹੋ ਕੇ ਕਹਿਆ।

ਤਿਨਹੂੰ ਜਾਚਨਾ ਕੀਨਿ[1] ਸੁਜਾਨ।

[1]ਤਿੰਨ੍ਹਾਂ (ਮੁਨੀਆਂ ਨੇ) ਮੰਗ ਕੀਤੀ।

-ਹੇ ਦੇਵੀ! ਦਿਹੁ ਬੈਠਨਿ ਥਾਨ-।
ਤਬਿ ਇਹ ਸਲਿਤਾ ਮੁਨਿ ਗਨ ਹੇਤ।
ਹਟੀ ਕੋਸ ਦੁਇ ਬੇਗ ਸਮੇਤ[1] ॥੨੬॥

[1]ਪ੍ਰਵਾਹ ਸਣੇ।

ਤਿਨਿ ਬੈਠਨ ਕੋ ਦੀਨਸਿ ਥਲ ਹੈ।
ਬਸੇ ਮੁਨੀ ਤਪ ਕੀਨਸਿ ਭਲ ਹੈ।
ਜਸ ਤਪ ਤਪਯੋ† ਘਾਲ ਬਹੁ ਘਾਲਿ।

†ਤਪ ਘਾਲਣ ਨੂੰ ਤੀਸਰੇ ਸਤਿਗੁਰੂ ਜੀ ਆਪ ਪਸੰਦ ਨਹੀਂ ਸਨ ਕਰਦੇ, ਯਥਾ- 'ਕਾਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥' ਇਸ ਲਈ ਉਪਰ ਕਹੇ ਵਾਕ

| | |
|---|---|
| | ਸ਼੍ਰੀ ਮੁਖਵਾਕ ਨਹੀਂ ਹਨ। |
| ਕੋ ਗਨਨਾ ਕਰ ਸਕਹਿ ਬਿਸਾਲ ॥੨੭॥ | |
| ਸਭਿ ਕੀ ਕਥਾ ਕਹਾਂ ਲਗ ਕਹੈਂ। | |
| ਸੁਨੀਅਹਿ ਇਕ ਮੁਨਿ ਕੀ ਜਿਮਿ ਅਹੈ। | |
| ਅਹੈ ਪਹੋਏ ਤੇ ਤ੍ਰੈ ਕੋਸ। | |
| ਇਕ ਮੰਕਨ ਮੁਨਿ[1] ਹੁਤੋ ਅਦੋਸ਼ ॥੨੮॥ | [1]ਮੰਕਣ ਨਾਮ ਦਾ ਮੁਨੀ। |
| ਮਹਾਂ ਬਿਖਮ ਤਪੁ ਘਾਲਯੋ ਤਾਹੂ। | |
| ਤੀਰ ਸਰਸ੍ਵਤੀ ਕੇਰ ਪ੍ਰਵਾਹੂ। | |
| ਛੁਧਾ ਤ੍ਰਿਖਾ ਸਹਿ ਕਠਨ ਕਰਾਲਾ। | |
| ਬਰਖਾ ਸੀਤ ਉਸ਼ਨ ਤਨ ਝਾਲਾ ॥੨੯॥ | |
| ਬਹੁਤ ਬਰਖ ਐਸੋ ਤਪੁ ਸਾਧਯੋ। | |
| ਸਰਬੋਤਮ[1] ਪਦ ਲੈਨ ਅਰਾਧਯੋ। | [1]ਸਭ ਤੋਂ ਉੱਤਮ। |
| ਏਕ ਦਿਵਸ ਕਿਮਿ ਆਂਗੁਰ ਚੀਰਾ[1]। | [1]ਕਿਵੇਂ ਉਂਗਲੀ ਚੀਰੀ ਗਈ। |
| ਰੁਧਿਰ ਨਹੀਂ ਨਿਕਸਯੋ ਤਿਸ ਪੀਰਾ[1] ॥੩੦॥ | [1]ਬੁਧੀ ਮਾਨ (ਤਪੱਸ੍ਵੀ ਦਾ)। |
| ਹਰਿਤ ਪੱਤ੍ਰ ਤੇ ਰਸ ਤਸ ਨਿਕਸਾ[1]। | [1]ਹਰੇ ਪੱਤੇ ਤੋਂ (ਜਿਵੇਂ) ਜਲ (ਨਿਕਲਦਾ ਹੈ) ਤਿਵੇਂ (ਜਲ) ਨਿਕਲਿਆ। |
| ਤਿਸ ਕੋ ਦੇਖਿ ਮੁਨੀ ਬਹੁ ਬਿਗਸਾ। | |
| -ਐਸੋ ਤਪ ਮੈਂ ਤਪਯੋ ਬਿਸਾਲਾ। | |
| ਜਿਸ ਤੇ ਤਨ ਮਹਿਂ ਰੁਧਿਰ ਨ ਚਾਲਾ[1] ॥੩੧॥ | [1]ਲਹੂ ਭੀ ਨਹੀਂ ਚਲਿਆ। |
| ਜਥਾ ਹਰਿਤ ਦਲ ਕੋ ਰਸ ਹੋਇ[1]। | [1]ਜਿਵੇਂ ਹਰੇ ਪੱਤੇ ਦਾ ਪਾਣੀ ਹੋਵੇ। |
| ਤਥਾ ਸਰੀਰ ਬਿਖੇ ਮਮ ਜੋਇ[1]-। | [1]ਦੇਖੀਦਾ ਹੈ। |
| ਇਮਿ ਜਨ ਜਾਨਿ ਅਧਿਕ ਉਤਸਾਹਾ। | |
| -ਭਯੋ ਧੰਨ ਮੈ ਅਸ ਤਪ ਮਾਂਹਾ- ॥੩੨॥ | |
| ਉਠਿ ਕਰਿ ਲਗਯੋ ਨਾਚਿਬੇ ਸੋਊ। | |
| ਭੁਜਾ ਉਸਾਰਤਿ[1] ਊਚੇ ਹੋਊ। | [1]ਖੜੀਆਂ ਕਰਕੇ ਬਾਹਾਂ। |
| ਪਾਇਨ ਕੀ ਗਤਿ[1] ਕਰਿ ਕਰ ਨਾਚਹਿ। | [1]ਪੈਰਾਂ ਦੀ ਚਾਲ (ਅ) ਤਾਲ ਦੀ ਚਾਲ ਜੋ ਨੱਚਣ ਵਾਲੇ ਦੇ ਪੈਰਾਂ ਤੋਂ ਅਦਾ ਹੁੰਦੀ ਹੈ। |
| ਅਨਦ ਬਿਲੰਦ ਬਿਖੈ ਮਨ ਮਾਚਹਿ[1] ॥੩੩॥ | [1]ਮਸਤ ਹੋਇਆ। |
| ਤਿਸ ਤੇ ਤਪ ਪ੍ਰਭਾਵ ਕੇ ਸੰਗ। | |
| ਸਭਿ ਜਗ ਨਾਚਨ ਲਾਗਯੋ ਉਮੰਗ। | |

ਭੂਲਿ ਗਏ† ਸੁਧਿ ਸਭਿ ਬਿਵਹਾਰ।
ਨਾਚਹਿ ਸਭਿ ਜਗ ਅੰਗ ਸੁਧਾਰਿ ॥੩੪॥
ਅਸ ਅਨੀਤਿ ਪਿਖਿ ਦੇਵ ਦੁਖਾਰੇ।
ਸ਼ਰਨ ਸ਼ੰਭੁ[1] ਕੀ ਸਕਲ ਸਿਧਾਰੇ।
-ਸ਼ੰਕਰ[12]! ਕਰਹੁ ਕ੍ਰਿਪਾ ਪਿਖਿ ਜਗ ਕੋ।
ਭੂਲ ਗਏ ਸੁਧ, ਨਾਚਨ ਲਗ ਕੋ ॥੩੫॥
ਤਪ ਪ੍ਰਭਾਵ ਰਿਖਿ ਕੇਰ ਬਿਸਾਲਾ।
ਅਪਰਨ ਤੇ ਨ ਹਟਹਿ ਇਸ ਕਾਲਾ।
ਕਰਹੁ ਉਪਾਵ ਆਪ ਅਬਿ ਕੋਈ।
ਜਿਸ ਤੇ ਜਗਤ ਸਥਿਰਤਾ ਹੋਈ- ॥੩੬॥
ਸੁਨੀ ਸੁਰਨ ਕੀ ਬਿਨੈ ਮਹਾਨੀ।
ਸ਼ੰਕਰ ਕਰਿ ਬਿਚਾਰ ਸੁਖ ਦਾਨੀ।
ਮੁਨਿ ਕੇ ਮਨ ਕੋ ਲਖਿ ਉਤਸਾਹਾ।
ਤਿਸੇ ਨਿਵਾਰਨਿ ਕੋ ਚਿਤ ਚਾਹਾ ॥੩੭॥
ਅਪਰ ਬੇਖ ਕੋ ਧਰਿ ਗੌਰੀਸ਼ਾ[12]।
ਆਵਤਿ ਭਾ ਜਹਿਂ ਹੁਤੋ ਮੁਨੀਸ਼ਾ[1]।
ਨਿਕਟ ਹੋਇ ਕਰਿ ਬੂਝਨ ਕੀਨਾ।
-ਕਯੋਂ ਨਾਚਤਿ ਤੈਂ ਕਯਾ ਚਿਤ ਚੀਨਾ? ॥੩੮॥
ਕਯਾ ਆਸ਼ੈ ਅਸ ਤਵ ਮਨ ਅਹੈ?
ਜਿਸ ਤੇ ਨਿਤ ਹੀ ਨਾਚਤਿ ਰਹੈਂ-।
ਸੁਨਿ ਮੰਕਣ ਨੇ ਬਾਕ ਬਖਾਨਾ।
-ਮੈਂ ਇਹ ਠਾਂ ਤਪ ਤਪਯੋ ਮਹਾਂਨਾ ॥੩੯॥
ਇਕ ਦਿਨ ਚੀਰ ਅੰਗੁਰੀ ਆਵਾ।
ਹਰਿਤ ਪੱਤ੍ਰ ਰਸ ਸਮ ਨਿਕਸਾਵਾ।
ਨਹੀਂ ਰੁਧਿਰ ਭੀ ਦੇਹਿ ਮਝਾਰਾ।
ਯਾਂ ਤੇ ਭਾ ਮੁਝ ਹਰਖ ਅਪਾਰਾ ॥੪੦॥
ਨਹੀਂ ਸਮਾਵਤਿ ਹੈ ਚਿਤ ਮਾਂਹੀ।
ਨਾਚਤਿ ਰਹੌਂ ਹੇਤ ਲਖ ਯਾਂਹੀ†-।

†ਪਾ:-ਗਈ।

[1]ਸ਼ਿਵ ਜੀ। ਗੌਰੀਸ਼ = ਗੌਰੀ ਦਾ ਈਸ਼ਰ = ਸ਼ਿਵਜੀ।

[1]ਮੁਨੀਆਂ ਦਾ ਈਸ਼ੂਰ, ਭਾਵ ਮੰਕਣ ਮੁਨੀ।

†ਪਾ:-ਪਾਹੀ।

ਸੁਨਿ ਸ਼ਿਵ ਨੇ ਨਿਜ ਅੰਗੁਰੀ ਚੀਰੀ।
ਨਿਕਸੀ ਭਸਮ[1] ਪਰੀ ਤਿਸ ਤੀਰੀ[2] ॥੪੧॥

[1]ਸੁਆਹ। [2]ਉਸ ਰਿਖੀ) ਕੋਲ ਜਾ ਪਈ (ਅ) ਧਾਰ।

ਕਹ੍ਯੋ -ਦੇਖਿ ਤਪ ਹੋਵਤਿ ਐਸੋ।
ਕਰ੍ਯੋ ਦਿਖਾਵਨਿ ਕੋ ਅਬਿ ਜੈਸੋ।
ਅਪਰ ਅੰਸ ਕੁਛ ਰਹੀ ਨ ਤਨ ਮੈਂ।
ਪੀਵਤਿ ਭਸਮ ਰਹ੍ਯੋ ਨਿਤਿ ਬਨ ਮੈਂ ॥੪੨॥
ਯਾਂ ਤੇ ਸਭਿ ਸਰੀਰ ਕੇ ਮਾਂਹੀ।
ਬਿਨਾ ਭਸਮ ਸ਼੍ਰੋਣਤ ਕਿਤ ਨਾਂਹੀ।
ਤਊ ਨ ਮੁਝ ਅਸ ਆਨੰਦ ਆਵਾ।
ਜਸ ਤੂੰ ਦੇਖਿ ਰਿਦੇ ਗਰਬਾਵਾ- ॥੪੩॥
ਸੁਨੇ ਬਾਕ ਅਰੁ ਨੈਨ ਨਿਹਾਰ੍ਯੋ।
ਮੁਨਿ† ਮੰਕਣ ਚਿਤ ਚਾਉ ਨਿਵਾਰ੍ਯੋ।

†ਪਾ:-ਸੁਨਿ।

ਹਟ੍ਯੋ ਨਾਚਿਬੇ ਤੇ, ਜਗ ਸ਼ਾਂਤੀ।
ਇਸ ਪ੍ਰਕਾਰ ਮੁਨਿ ਭਏ ਸੰਗਾਤੀ ॥੪੪॥
ਤਿਨ ਕੇ ਤਪ ਕਰਿਬੇ† ਇਸਥਾਨ।

†ਤਪ ਦੀ ਮਹਿਮਾ ਜੋ ਇਥੇ ਦੱਸੀ ਹੈ, ਸ਼੍ਰੀ ਗੁਰੂ ਜੀ ਦੇ ਮਤ ਵਿਚ ਨਿਰੇ ਤਪ ਦੀ ਕੋਈ ਥਾਂ ਨਹੀਂ। ਹਾਂ ਗੁਰਮੁਖ ਸੇਵਾ, ਬਾਣੀ ਦਾ ਅਭਿਆਸ, ਨਾਮ ਸਿਮਰਣ, ਕੀਰਤਨ ਸ਼੍ਰਵਣ, ਕੀਰਤਨ ਕਰਨਾ ਏਹ ਤਪ ਸਾਰੇ ਦੱਸੇ ਹਨ। ਫੋਕੇ ਤਪਾਂ ਦੀ ਗੁਰਬਾਣੀ ਵਿਚ ਨਿਸ਼ੇਧੀ ਹੈ। ਇਸ ਪ੍ਰਸੰਗ ਵਿਚ ਭੀ ਤਪ ਦੇ ਅਖੀਰ ਤੇ ਹੰਕਾਰ ਹੀ ਪਲੇ ਪਿਆ ਦੱਸਿਆ ਹੈ। ਗੁਰੂ ਵਾਕ- 'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ' ॥ ਤਥਾ- 'ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ' ॥ ਜੋ ਇਸ਼ਨਾਨ ਦਾ ਮਹਾਤਮ ਦਿੱਤਾ ਹੈ: ਉਸ ਪਰ ਇਸ ਯਾਤਰਾ ਸੰਬੰਧੀ ਗੁਰੂ ਰਾਮਦਾਸ ਜੀ ਨੇ ਆਪ ਦੱਸਿਆ ਹੈ ਕਿ ਪ੍ਰਯੋਜਨ ਤੀਰਥਾਂ ਦੇ ਸ਼ਨਾਨ ਤੋਂ ਮੁਕਤੀ ਪ੍ਰਾਪਤੀ ਦਾ ਨਹੀਂ ਸੀ ਸਗੋਂ ਤੀਰਥਾਂ ਦੀ ਅਰਦਾਸ ਸੀ ਕਿ ਸਾਡੇ ਵਿਚ ਮੈਲ ਪਈ ਹੈ ਸੋ ਦੂਰ ਕਰੋ। ਯਥਾ:-ਤੀਰਥ ਕਹਿੰਦੇ ਹਨ: 'ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗੁਆਈ' ॥

ਭਏ ਅਧਿਕ ਪਾਵਨ ਮਨ ਜਾਨਿ।
ਕਰਹਿ ਸ਼ਨਾਨ ਸੁ ਹੋਇ ਪੁਨੀਤ†।'

†ਗੁਰੂ ਸਾਹਿਬ ਜੀ ਦਾ ਸਿਧਾਂਤ ਇਹ ਹੈ:-
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
[ਸਿਰੀ ਰਾਗ ਮਃ੩]

ਇਮਿ ਪ੍ਰਸੰਗ ਸੁਨਿ ਕੈ ਸ਼ੁਭ ਰੀਤਿ ॥੪੫॥
ਸੰਗਤ ਭਈ ਹਰਖ, ਕਰਿ ਨਮੋ।
ਸਾਰਸੁਤੀ ਮੱਜੇ ਤਿਹ ਸਮੋ।
ਸ਼੍ਰੀ ਗੁਰ ਅਮਰ ਕੀਨ ਇਸ਼ਨਾਨ।

ਮਿਲੇ ਬ੍ਰਿੱਪ ਤਿਨਿ ਦੀਨਸਿ ਦਾਨ† ॥੪੬॥

†ਬਿਨਾ ਜਾਤਿ ਪਾਤ ਦੇ ਖਿਆਲ ਦੇ ਦੀਨ, ਦੁਖੀ ਤੇ ਅਨਾਥਾਂ ਨੂੰ ਦਾਨ ਦੇਣਾ ਗੁਰਮਤ ਅਨਕੂਲ ਹੈ, ਜਿਹਾਕਿ ਇਸੇ ਅੰਸੂ ਦੇ ਅੰਕ ੩੫ ਵਿਚ ਦੱਸਿਆ ਹੈ। 'ਜਥਾ ਸ਼ਕਤਿ ਸਭਿਹਿਨਿ ਦੇ ਦਾਨ।' ਜੇ ਇਸ ਦਾਨ ਤੋਂ ਮੁਕਿਤ ਪ੍ਰਾਪਤੀ ਭਾਵ ਲਿਆ ਜਾਵੇ ਤਾਂ ਉਸ ਦੀ ਨਿਖੇਧੀ ਵਿਚ ਤੀਸਰੀ ਪਾਤਸ਼ਾਹੀ ਜੀ ਆਪ ਫੁਰਮਾਉਂਦੇ ਹਨ 'ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ' ॥ [ਸਿਰੀ ਰਾਗ ਮਃ੧]

ਏਕ ਨਿਸਾ ਬਸਿ ਤਹਾਂ ਬਿਤਾਈ।
ਉਠੇ ਪ੍ਰਾਤਿ ਕਿਰਤਨ ਧੁਨਿ ਗਾਈ।
ਕਰਿ ਸ਼ਨਾਨ ਸੁਖ ਮਾਨਿ ਘਨੇਰਾ।
ਕਰਜੋ ਕੂਚ ਪੁਨ ਆਗੇ ਡੇਰਾ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਸ੍ਰੀ ਅਮਰ ਜੀ ਕੋ ਤੀਰਥ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

## ੪੬. [ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਤਹਿਂ ਤੇ ਪੁਨ ਆਗੇ ਚਲੇ, ਸੰਗਤਿ ਸਤਿਗੁਰ ਸੰਗ।
'ਜੋਤੀਸਰ' ਤੀਰਥ[1] ਨਿਕਟ ਪਹੁੰਚੇ, ਸੁਨੋ ਪ੍ਰਸੰਗ ॥੧॥

[1]ਕੁਰਖੇਤ੍ਰ ਦੇ ੯੪ ਤੀਰਥਾਂ ਵਿਚੋਂ ਇਕ।

ਚੌਪਈ:

'ਕੈਰਵ ਪਾਂਡਵ ਕੋ ਦਲ ਭਾਰਾ।
ਇਹਾਂ ਆਨਿ ਕਿਯ ਜੰਗ ਅਖਾਰਾ।
ਇਕਠੀ ਅਠ ਦਸ ਛੂਹਨਿ[1] ਭਈ।
ਹੋਇ ਸਨੱਧਬੱਧ ਥਿਰ ਥਈ[1] ॥੨॥

[1]ਖੂਹਣੀਆਂ (ਫੌਜ)।

[1]ਹਥਿਆਰਾਂ ਨਾਲ ਤਿਆਰ ਬਰਤਿਆਰ ਹੋ ਕੇ ਡਟ ਗਈ।

ਇਕ ਦਿਸ਼ਿ ਸਪਤ, ਇਕਾਦਸ਼ ਦੂਈ[1]।
ਇਸ ਥਲ ਸੋ ਮੁਕਾਬਲੈ ਹੂਈ।
ਤਬ ਅਰਜਨ ਤਿਨਿ ਦੇਖਿ ਬਿਚਾਰਾ।
ਕਿਸ ਕੋ ਕਰਿਹੌਂ ਇਹਾਂ ਸੰਘਾਰਾ ॥੩॥

[1]ਇਕ ਪਾਸੇ ਸੱਤ (ਖੂਹਣੀ, ਤੇ) ਗਿਆਰਾਂ (ਖੂਹਣੀ) ਦੂਜੀ ਵਲ

ਗੁਰੂ ਪਿਤਾਮਾ[1] ਆਦਿਕ ਸਾਰੇ।
ਜਾਨਜੋ ਪਰੈ ਅਪਨਿ ਪਰਵਾਰੇ।
ਕੁਲ ਨਾਸ਼ਕ ਕੈਸੇ ਅਬਿ ਹੋਵੌਂ।
ਅਪਰ ਸ਼ੱਤ੍ਰ ਕੋ ਇਹਾਂ ਨ ਜੋਵੌਂ ॥੪॥

[1]ਦਾਦਾ।

ਨਿਜ ਦਲ ਤੇ ਨਿਕਾਸਿ ਕਰਿ ਸਜੰਦਨ।
ਇਸ ਥਲ ਥਿਤਿ ਕਿਯ ਨੰਦ ਸੁ ਨੰਦਨ[1]।
ਆਸ਼ੈ ਅਰਜਨ ਕੋ ਜਬਿ ਜਾਨਾ।
ਕਰਿ ਉਪਦੇਸ਼ ਦਯੋ ਮਨ ਗਜਾਨਾ ॥੫॥

[1]ਨੰਦ ਦੇ ਪੁੱਤ੍ਰ ਸ੍ਰੀ ਕ੍ਰਿਸ਼ਨ ਜੀ ਨੇ।

-ਤਨ ਸਬੰਧ ਕੋ ਮਿੱਥਜਾ ਜਾਨਿ।
ਸਤ ਚੇਤਨ ਹੈ ਅਲਿਪ ਮਹਾਨ[1]।
ਕਰਤਾ ਭੁਕਤਾ[1] ਆਪ ਨ ਲਖੀਯਹਿ।
ਮਤਿ ਕਰਿ ਨਿਜ ਸਰੂਪ ਕੋ ਪਿਖਯਹਿ[1]- ॥੬॥

[1]ਛੋਟਿਆਂ ਵਡਿਆਂ ਵਿਚ ਸਤ ਚੇਤਨ ਹੈ (ਅ) ਸਤ ਚੇਤਨ ਅਤਿਸ਼ੈ ਕਰ ਨਿਰਲੇਪ ਹੈ।

[1]ਕਰਨ ਵਾਲਾ ਤੇ ਭੋਗਣ ਵਾਲਾ।

[1]ਆਪਣੇ ਸਰੂਪ ਨੂੰ ਦੇਖ।

ਇੱਤਜਾਦਿਕ ਗੀਤਾ ਮਹਿਂ ਕਹਜੋ।
ਰਿਦੈ ਗਜਾਨ ਅਰਜਨ ਸੁਨਿ ਲਹਜੋ।

ਬਾਸੁਦੇਵ[1] ਕਹਿ ਅਨਿਕ ਪ੍ਰਕਾਰਾ।
ਕਰਿਵਾਇਸਿ ਬਡਿ ਜੰਗ ਅਖਾਰਾ ॥੭॥
ਇਸਿ ਥਲ ਥਿਤਿ ਰਥ ਕ੍ਰਿਸ਼ਨ ਪੁਨੀਤਾ।
ਅਰਜਨ ਸਾਥਿ ਕਹੀ ਸ਼ੁਭ ਗੀਤਾ।
ਯਾਂ ਤੇ ਪਾਵਨ ਇਹ ਇਸਥਾਨਾ।
ਸੰਗਤਿ ਸਗਰੀ ਕਰਹੁ ਸ਼ਨਾਨਾ[†]' ॥੮॥

[1]ਕ੍ਰਿਸ਼ਨ ਜੀ ਨੇ।

[†]ਇਸੇ ਅੰਸੂ ਦੇ ਆਦ ਵਿਚ 'ਪੁੰਨ ਰੂਪ ਤੀਰਥ ਗੁਰੂ' ਕਵੀ ਜੀ ਆਪ ਕਹਿ ਆਏ ਹਨ, ਹੁਣ ਸਿੱਖ ਨੂੰ ਕਿਸੇ ਹੋਰ ਪਾਵਨ ਕਰਨ ਵਾਲੇ ਤੀਰਥ ਦੀ ਲੋੜ ਨਹੀਂ, ਗੁਰਬਾਣੀ ਤਾਂ ਇਸ ਉਪਦੇਸ਼ ਨਾਲ ਭਰੀ ਪਈ ਹੈ।

ਸੁਨਿ ਸਿੱਖਨਿ ਸੁਖ ਪਾਇ ਬਿਸਾਲਾ।
ਕੀਨਿ ਸ਼ਨਾਨ ਦਾਨ ਤਿਸਿ ਕਾਲਾ।
ਬਹੁਰ ਥਨੇਸਰ ਸਤਿਗੁਰ ਗਏ।
ਭੀਰ ਸੰਗ ਬਹੁ ਡੇਰਾ ਕਏ ॥੯॥
ਖਾਨ ਪਾਨ ਕਰਿ ਨਿਸਿ ਬਿਸਰਾਮੇ।
ਕਰਨਿ ਕੀਰਤਨ ਉਠਿ ਰਹਿ ਜਾਮੇ[1]।
ਰਾਗਨਿ ਕੀ ਧੁਨਿ ਸੁੰਦਰ ਸਾਥ।
ਉਪਜਤਿ ਪ੍ਰੇਮ ਪ੍ਰਮੇਸ਼ੁਰ ਨਾਥ ॥੧੦॥
ਭਯੋ ਪ੍ਰਕਾਸ਼ ਪ੍ਰਾਤਿ ਕੋ ਜਾਨਾ।
ਕੀਨ ਤੀਰਥਨਿ ਬਿਖੈ ਸ਼ਨਾਨਾ।
ਸਾਰਸੁਤੀ ਸਲਿਤਾ ਜਲ ਪਾਵਨ।
ਗਯੋ ਪ੍ਰਵਾਹ ਪੁੰਨ ਬਹੁ ਥਾਵਨ ॥੧੧॥

[1]ਪਹਿਰ (ਰਾਤ) ਰਹੀ ਤੋਂ।

ਤੀਰਥ ਬ੍ਰਿੰਦ ਬਿਖੈ ਬਹਿ ਬਾਰੀ[1]।
ਪਾਵਨ ਕਰੀ ਭੂਮਿਕਾ ਸਾਰੀ।
ਤਿਸਿ ਮਹਿਂ ਕਰਿ ਸ਼ਨਾਨ ਹਰਖਾਏ।
ਜਪਿ ਪ੍ਰਭੁ ਦਾਨ ਦੀਨਿ ਸਮੁਦਾਏ ॥੧੨॥
ਸਭਿ ਤੀਰਥ ਅਰੁ ਨਗਰ ਮਝਾਰਾ।
ਸੁਨਿ ਸੁਨਿ ਸੁਧਿ ਨਰ ਕਰਹਿਂ ਉਚਾਰਾ[†]।
'ਸ਼੍ਰੀ ਨਾਨਕ ਤੇ ਤੀਸਰ ਥਾਨ।
ਬੈਠੇ ਗਾਦੀ ਗੁਰੂ ਮਹਾਨ ॥੧੩॥
ਸੋ ਤੀਰਥ ਕਰਿਬੇ ਕਹੁ ਆਯਹੁ।
ਮਹਾਂ ਜੋਤਿ ਜਿਨ ਜਗ ਬਿਦਤਾਯਹੁ।
ਸੰਨਿਆਸੀ ਬ੍ਰਹਮਚਾਰੀ ਬ੍ਰਿੰਦ।
ਪੰਡਿਤ ਬਿੱਦਜਾ ਬਿਖੈ ਬਿਲੰਦ ॥੧੪॥

[1]ਵਗਦਾ ਹੈ ਜਲ।

[†]ਪਾ:-ਕਰਹਿਂ ਵਿਚਾਰਾ।

ਬੈਰਾਗੀ ਆਦਿਕ ਬਹੁ ਬੇਖਨਿ।
ਚਲਿ ਆਏ ਸਤਿਗੁਰ ਕਹੁ ਦੇਖਨਿ।
ਨਰ ਗ੍ਰਿਹਸਥੀ ਗੁਰ ਕੇ ਸਿਖ ਕੇਈ।
ਗੁਰੂ ਦਰਸ਼ ਹਿਤ ਆਏ ਤੇਈ ॥੧੫॥
ਲੇ ਕਰਿ ਕੇਤਿਕ ਸ਼ੁਭ ਪਕਵਾਨ।
ਕਿਨਹੂੰ ਸੁਮਨ ਸੁ ਲੀਨਸਿ ਪਾਨ।
ਕੋ ਫਲ ਮੂਲ ਲਜਾਇਬੋ ਕਰੈਂ।
ਚਾਰਹੁਂ ਬਰਨ ਭੇਟ ਕੋ ਧਰੈਂ ॥੧੬॥
ਦਰਸਹਿਂ ਸਤਿਗੁਰ ਕਰਿ ਕਰਿ ਨਮੋ।
ਭਈ ਭੀਰ ਭਾਰੀ ਤਿਹ ਸਮੋ।
ਦੇਖਤਿ ਸਰਬ ਪ੍ਰਤਾਪ ਉਚੇਰੇ।
ਧਰਜੋ ਸਰੂਪ ਜਨੁ ਗਜਾਨ ਬਡੇਰੇ[1] ॥੧੭॥

[1]ਮਾਨੋ ਗਿਆਨ ਤੇ ਬਜ਼ੁਰਗ ਸਰੀਰ ਧਾਰਨ ਕੀਤਾ ਹੈ।

ਪੰਡਿਤ ਅਰੁ ਸੰਨਜਾਸੀ ਬ੍ਰਿੰਦਾ।
ਢਿਗਿ ਬੈਠੇ ਹੰਕਾਰ ਬਿਲੰਦਾ।
ਸ੍ਰੀ ਸਤਿਗੁਰ ਕੋ ਦਰਸ਼ਨ ਕਰਜੋ।
ਕਰਿ ਬੰਦਨ ਕੋ ਪ੍ਰਸ਼ਨ ਉਚਰਜੋ ॥੧੮॥
'ਸ਼੍ਰੀ ਨਾਨਕ ਜੋ ਕੀਨਸਿ ਬਾਨੀ।
ਤਿਸ ਕੋ ਕਾਰਨ ਪਰਹਿ ਨ ਜਾਨੀ[1]।

[1]ਨਹੀਂ ਜਾਣਿਆ ਜਾਂਦਾ।

ਆਗੈ ਹੁਤੇ ਸੁ ਬੇਦ ਪੁਰਾਨ।
ਪਠਹਿਂ ਸੁਨਹਿਂ ਬਿਸਤਰੇ ਜਹਾਨ[1] ॥੧੯॥

[1]ਪੜ੍ਹਨਾ ਸੁਣਨਾ ਫੈਲਿਆ ਜਹਾਨ ਵਿਚ।

ਸੋ ਕੱਲਜਾਨ ਕਰਤਿ ਜੱਗਜਾਸੀ।
ਚਲਹਿਂ ਕਹੇ ਪਰ, ਕਾਟਹਿਂ ਫਾਸੀ[1]।

[1]ਜੇ (ਉਨ੍ਹਾਂ ਦੇ) ਕਹੇ ਪਰ ਚਲਦੇ ਸੀ ਉਸ ਦੀ ਫਾਂਸੀ ਕਟੀ ਜਾਂਦੀ ਸੀ।

ਮੁਕਤਿ ਪੰਥ ਕੋ ਨੀਕੀ ਭਾਂਤਿ।
ਬਰਨਜੋ ਉਪਦੇਸ਼ ਜੁ ਬਖਜਾਤ[†] ॥੨੦॥
ਤਿਨਿ ਕੇ ਹੋਤੇ ਸ਼੍ਰੀ ਗੁਰਬਾਨੀ[†]।
ਕਜੋਂ ਕੀਨਸਿ ਕੁਛ ਜਾਇ ਨ ਜਾਨੀ?'
ਇਸ ਪ੍ਰਕਾਰ ਤਿਨਿ ਤੇ ਸੁਨਿ ਕਾਨ।
ਸ਼੍ਰੀ ਗੁਰ ਕੀਨਸਿ ਸ਼ਬਦ ਬਖਾਨਿ ॥੨੧॥

[†]ਪਾ:-ਬਰਨਜੋ ਹੈ ਉਪਦੇਸ਼ ਬਖਜਾਤ।
[†]ਪਾ:-ਸਤਿਗੁਰ ਬਾਣੀ।

ਸ੍ਰੀ ਮੁਖਵਾਕ:
ਮਹਲਾ ੩ ਗਉੜੀ ਬੈਰਾਗਣਿ ॥

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ ॥੧॥
ਬਾਬਾ ਤੂੰ ਐਸੇ ਭਰਮੁ ਚੁਕਾਹੀ ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥

ਚੌਪਈ:

'ਬੇਦ ਪੁਰਾਨਨਿ ਕੋ ਉਪਦੇਸ਼।
ਕਿਸਹੂੰ ਕੋ ਪ੍ਰਾਪਤਿ ਕਿਸਿ ਦੇਸ਼।
ਪ੍ਰਥਮੇ ਨੀਕੀ ਹੋਵਹਿ† ਜਾਤਿ‡।

†ਪਾ:-ਹੋਵਤ। ‡ਸ਼ੂਦਰ ਆਦਿ ਜਾਤੀਆਂ ਨੂੰ ਵੇਦ ਪੜ੍ਹਨੇ ਦਾ ਅਧਿਕਾਰ ਨਹੀਂ। ਸੋ ਸਰਬ ਸਾਧਾਰਣ, ਕਿਰਤੀ, ਜ਼ਿਮੀਦਾਰ, ਮਜ਼ਦੂਰ ਤਾਂ ਮੁਕਤੀ ਤੋਂ ਏਨੀ ਗੱਲ ਨਾਲ ਹੀ ਵਾਂਜੇ ਗਏ।

ਪੁਨ ਤਿਸਿ ਤੇ ਚਹਿ ਮਤਿ ਅਵਿਦਾਤਿ[1] ॥੨੨॥

[1]ਉਸ ਤੋਂ (ਅਗੇ) ਫੇਰ ਮਤ ਉਜਲ ਚਾਹੀਦੀ ਹੈ।

ਬਹੁਰ ਅਭੱਜਾਸ ਕਮਾਵਹਿੰ ਘਨੋ।
ਦੂਰਿ ਦੂਰਿ ਬੈਠਤਿ ਕਬਹੂੰ ਭਨੋ[1]।

[1]ਕਦੇ ਛੁਪ ਛੁਪ ਕੇ ਬੈਠਕੇ ਉਚਾਰੇ, ਭਾਵ, ਏਕਾਂਤ ਬੈਠਕੇ ਵਿਦਯਾ ਘੋਖੇ।

ਪੁਨਹਿ ਪ੍ਰੇਮ ਪਰਲੋਕ ਕਰੈਜੋ।
ਕੋਟਿ ਮਧੇ ਨਰ ਕੋ ਨਿਤਰੈ ਜੋ[1]ˢ ॥੨੩॥

[1]ਕ੍ਰੋੜਾਂ ਵਿਚ ਕੋਈ (ਇਕ) ਨਰ (ਹੀ ਹੁੰਦਾ ਹੈ) ਜੋ ਨਿਤਰਦਾ ਹੈ।

ਜਥਾ ਕੂਪ ਕੋ ਨੀਰ ਪਛਾਨ।
ਕੋ ਜਬ ਘਾਲਹਿ ਘਾਲ ਮਹਾਂਨ[1]।

[1]ਮਹਾਂਨ ਕਮਾਈ ਕਰੇ।

ਨਿਜ ਹਿਤ ਕੁਛ ਖੇਤੀ ਕਰਿ ਲੇਤਿ।
ਜੇ ਨਿਤ ਪਾਲਨਿ ਸੋਂ ਕਰਿ ਹੇਤ[1] ॥੨੪॥

[1]ਉਹ ਬੀ ਤਾਂ) ਜੇ ਨਿੱਤ (ਖੇਤੀ ਦੇ) ਪਾਲਣ ਦਾ ਹਿਤ ਕਰੀ ਰਖੇ।

ਸ਼੍ਰੀ ਸਤਿਗੁਰ ਕੋ ਸਬਦ ਸੁਖਾਰੋ।
ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ ਅਰੁ ਸਗਰੇ ਦੇਸ਼।
ਲਘੁ ਬਿਸਾਲ ਸਭਿ ਹਤਹਿੰ ਕਲੇਸ਼[1] ॥੨੫॥

[1]ਛੋਟੇ ਵਡੇ ਸਭ ਦੇ ਕਲੇਸ਼ ਨਾਸ਼ ਕਰਦੇ ਹਨ (ਗੁਰਸ਼ਬਦ)।

ਧਨੀ ਨਿਰਧਨੀ ਸਭਿ ਲੇ ਪਾਇ।
ਊਠਤਿ ਬੈਠਤਿ ਹਰਿ† ਗੁਨਗਾਇ। †ਪਾ:-ਰਹਿ।
ਬਿਨਾ ਸੌਚ, ਕੈ ਕਰਹਿ ਸ਼ਨਾਨ।
ਕਰਹਿ ਭਜਨ ਪਾਵਨਿ ਕੱਲਜਾਨ ॥੨੬॥
ਨੀਚ ਊਚ ਸਭਿ ਕੌ ਇਕਿ ਸਾਰ।
ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ।
ਬੇਦ ਪੁਰਾਨ ਕੂਪ ਜਲ ਜੈਸੇ।
ਬਰੋਸਾਇ ਕੋ ਇਕ ਕਿਤਿ ਕੈਸੇ[1] ॥੨੭॥ [1]ਵਰੋਸਾਉਂਦਾ ਹੈ ਭਾਵ ਲਾਭ ਪ੍ਰਾਪਤ ਕਰਦਾ ਹੈ ਕੋਈ ਇਕ ਕਿਧਰੇ।

ਸਤਿਗੁਰ ਬਾਨੀ ਮੇਘ[1] ਸਮਾਨ। [1]ਬੱਦਲ।
ਬਰਖੈ ਚਹੁੰਦਿਸ਼ਿ ਬਿਖੈ ਮਹਾਂਨ।
ਬਨ ਕੇ ਪਸੁ ਪੰਛੀ ਸੁਖ ਪਾਵਹਿਂ।
ਕਰਹਿਂ ਪਾਨ ਅਰੁ ਤਪਤ ਮਿਟਾਵਹਿਂ ॥੨੮॥
ਕੂਪ ਕਿਸੂ ਕੈ ਹੋਇ ਕਿ ਨਾਂਹੀ।
ਇਕ ਸਮ ਘਨ ਤੇ ਸਭਿ ਸੁਖ ਪਾਂਹੀ।
ਸਗਰੇ ਖੇਤੀ ਬੋਇ ਪਕਾਇਂ[1]। [1]ਬੀਜ ਕੇ ਪਕਾਉਂਦੇ ਹਨ।
ਬਿਨਾ ਜਤਨ ਸਭਿ ਹੀ ਸੁਖ ਪਾਇਂ ॥੨੯॥
ਤਜੋਂ ਸਤਿਗੁਰ ਕੇ ਸ਼ਬਦ ਸੁਖੇਨ।
ਪਢਿ ਗਤਿ ਪ੍ਰਾਪਤਿ ਜੇਨ ਰੁ ਕੇਨ[1]। [1]ਜਿਸ ਕਿਸੇ ਨੇ।
ਧਰਤੀ ਬਿਖੈ ਕੂਪ ਕੋ ਪਾਨੀ।
ਤਊ ਮੇਘ ਬਰਖਹਿ, ਸੁਖ ਠਾਂਨੀ ॥੩੦॥
ਯਾਂ ਤੇ ਪੰਡਤਿ ਰਿਦੈ ਬਿਚਾਰਹੁ।
ਘਨ ਅਰੁ ਕੂਪ ਨੀਰ ਨਿਰਧਾਰਹੁ।
ਗੁਰਬਾਨੀ ਕੋ ਕਾਰਨ ਏਹੂ।
ਸੁਨਹੁ ਸੁਜਨ! ਨਹਿਂ ਕਰਹੁ ਸੰਦੇਹੂ ॥੩੧॥
ਬਰੋਸਾਇਂ ਲਾਖਹੁਂ ਗੁਰ ਬਾਨੀ।
ਊਚ ਨੀਚੁ ਕੈ ਏਕ ਸਮਾਨੀ।
ਪ੍ਰੇਮ ਠਾਨਿ ਜੋ ਪਠਹਿ ਬਿਚਾਰਹਿ।
ਬਹੁਰ ਕਮਾਵਹਿ ਹੁਇ ਨਿਸਤਾਰਹਿ

॥੩੨॥
ਨਗਰ ਤੀਰਥਨਿ ਪਰ ਜੋ ਬਾਸੀ।
ਸੁਨਿ ਕਰਿ ਸਗਰੇ ਭਏ ਹੁਲਾਸੀ।
ਬੰਦਨ ਕਰਿ ਸਭਿਹੂੰਨਿ ਸਰਾਹੇ।
ਗਏ ਆਪਨੇ ਧਾਮਨਿ† ਮਾਂਹੇ ॥੩੩॥ †ਪਾ:-ਥਾਨਨ।
ਇਸ ਪ੍ਰਕਾਰ ਕੁਛ ਚਰਚਾ ਭਈ।
ਸੁਨਿ ਕੇਤਿਕ ਕੀ ਦੁਰਮਤਿ ਗਈ।
ਖਾਨ ਪਾਨ ਕਰਿ ਸੰਗਤਿ ਸਾਥ।
ਦੂਜੀ ਨਿਸ ਬਾਸੇ ਜਗਨਾਥ ॥੩੪॥
ਦਿਵਸ ਤੀਸਰੇ ਤੀਰਥ ਆਨ।
ਸਭਿ ਸਿੱਖਜਨ ਜੁਤਿ ਕੀਨਿ ਸ਼ਨਾਨ।
ਜਥਾ ਸ਼ਕਤਿ ਸਭਿਹਿਨਿ ਦੇ ਦਾਨ।
ਬੈਠੇ ਡੇਰੇ ਕ੍ਰਿਪਾ ਨਿਧਾਨ ॥੩੫॥
ਖਾਨਪਾਨ ਸੰਗਤਿ ਸਭਿ ਕਰਿ ਕੈ।
ਗੁਰ ਢਿਗ ਆਇ ਹਰਖ ਕਹੁ ਧਰਿ ਕੈ।
ਹਾਥ ਜੋਰਿ ਸਭਿ ਬੂਝਨ ਕੀਨੇ।
'ਸ਼੍ਰੀ ਗੁਰ! ਤੁਮ ਉਰ ਸਭਿ ਕੁਛ ਚੀਨੇ ॥੩੬॥
ਇਹ ਕੁਰਛੇਤ੍ਰ ਕੋਸ ਅਠਤਾਲੀ।
ਕਿਮਿ ਪੁਨੀਤ ਇਹ ਭਯੋ ਬਿਸਾਲੀ।
ਤੀਰਥ ਜਿਸ ਮਹਿਂ ਬਨੇ ਹਜ਼ਾਰੋਂ।
ਅਨਿਕ† ਭਏ ਤਪਸੀ ਤਪ ਧਾਰੋ ॥੩੭॥ †ਪਾ:-ਅਧਿਕ।
ਥਾਨ ਪੁਨੀਤ ਜਾਨਿ ਇਹ ਮਹਾਂ।
ਕੈਰਵ ਪਾਂਡਵ ਲਰਿ ਮਰਿ ਜਹਾਂ।
ਕਿਸਿ ਕਾਰਣ ਤੇ ਪਾਵਨ ਭਯੋ?
ਬਹੁਤਿ ਨਰਨਿ ਤਨ ਤਜਾਗਨਿ ਕਿਯੋ ॥੩੮॥
ਕੌਤਕ ਬਰਤੈ ਰਿਦੈ ਹਮਾਰੇ।
ਸਕਲ ਸੁਨਾਵਹੁ ਕਥਾ ਉਚਾਰੇ।'
ਸਭਿ ਸੰਗਤਿ ਕੇ ਸੁਨਿ ਕੈ ਬੈਨ।
ਕਰੁਨਾ ਭਰੇ ਰਸੀਲੇ ਨੈਨ ॥੩੯॥
ਪਰਉਪਕਾਰ ਕਰਨਿ ਨਿਤਿ ਚਾਹਤਿ।

ਬਹੁ ਲੋਕਨ ਕੀ ਦੁਰਮਤਿ ਦਾਹਤਿ।
ਜਿਸ ਕਾਰਨ ਕੋ ਧਰਿ ਅਵਿਤਾਰਾ।
ਸੋ ਨਿਤ ਕਰਤਿ ਭਗਤਿ ਬਿਸਥਾਰਾ ॥੪੦॥
ਕਥਾ ਪੁਰਾਤਨ ਬਹੁ ਚਿਰ ਕੇਰੀ।
ਗਿਨਤੀ ਸੰਮਤ ਪਰਹਿ ਨ ਹੇਰੀ।
ਜਗਤ ਆਦਿ ਕੋ ਇਹ ਬਿਰਤਾਂਤ[1]।
ਸ੍ਰੀ ਗੁਰ ਚਹਯੋ ਕਰਨਿ ਬੱਖਯਾਤ ॥੪੧॥
'ਭੋ ਸੰਗਤਿ ! ਸੁਨੀਅਹਿ ਦੇ ਕਾਨ।
ਉਪਜਯੋ ਨਹਿਂ ਜਬਿ ਜਗਤ ਮਹਾਂਨ।
ਸ੍ਰੀ ਨਾਰਾਇਣ ਬੈਠੇ ਇਹਾਂ।
ਭਯੋ ਇਤਕ ਮਹਿਂ[1] ਆਸਨ ਮਹਾਂ ॥੪੨॥
ਅਸ਼ਟ ਕੋਸ ਲਗਿ ਨੀਚੇ ਥਾਨ।
ਆਗੇ ਜਾਨੁ[1] ਬਧੇ ਮਹਾਂਨ।
ਉੱਤਰ ਦਿਸ਼ਿ ਭੀ ਪ੍ਰਿਸ਼ਟਿ ਬਡੇਰੀ।
ਦੱਖਣ ਕੋ ਮੁਖ ਕਿਯ ਤਿਸ ਬੇਰੀ ॥੪੩॥
ਅਸ਼ਟ ਕੋਸ ਚਉਗਿਰਦੇ ਮਾਂਹਿ।
ਮੱਧ ਥਾਨ ਭਗਵਾਨ ਸੁ ਆਹਿ[1]।
ਸੋ ਥਲ ਇਹੈ ਥਨੇਸਰ ਜਾਨਹੁ।
ਮਹਾਂ ਮਹਾਤਮ ਰਿਦੈ ਪ੍ਰਮਾਨਹੁ' ॥੪੪॥
ਸੁਨਿ ਸੰਗਤਿ ਗੁਰਿ ਬੂਝਨ ਕੀਨੇ।
'ਇਹਾਂ ਪ੍ਰਮੇਸ਼ੁਰ ਕਿਮ ਆਸੀਨੇ?
ਕੋ ਕਾਰਨ ਭਾ? ਬਰਨਨ ਕਰਿਯਹਿ।
ਸਭਿ ਸਿੱਖਜਨਿ ਕੀ ਇੱਛਾ ਪੁਰਿਯਹਿ ॥੪੫॥
ਭੂਤ ਭਵਿੱਖਯ ਤੀਨਹੂੰ ਕਾਲ।
ਰਾਵਰਿ ਕੋ ਸਭਿ ਗਯਾਤ ਬਿਸਾਲ।'
ਸ੍ਰੀ ਗੁਰ ਅਮਰਦਾਸ ਸੁਖਰਾਸ।
ਨਿਜ ਦਾਸਨ ਕੀ ਪੂਰਤਿ ਆਸ ॥੪੬॥
ਕਹਿਨ ਲਗੇ ਇਤਿਹਾਸ ਪੁਰਾਤਨਿ[†]।

[1]ਜਗਤ ਦੇ ਮੁੱਢ ਦਾ ਇਹ ਬ੍ਰਿਤਾਂਤ।
[1]ਇਤਨੀ ਥਾਂ ਵਿਚ।
[1]ਗੋਡੇ।
[1]ਵਿਸ਼ਨੂੰ ਦਾ ਹੈਸੀ।

†ਧਰਤੀ ਦਾ ਇਕ ਨਾਮ ਮੇਦਨੀ ਹੈ। ਮੇਦਾ ਨਾਮ ਮਿੱਝ ਦਾ ਹੈ। ਪੁਰਾਣਾਂ ਨੇ ਮੇਦਨੀ ਦੇ ਬਣਨ ਦਾ ਕਾਰਣ (ਮੇਦਾ =) ਮਿੱਝ ਦੱਸਿਆ ਹੈ, ਤੇ ਦੋ ਰਾਖਸ਼ਾਂ ਦੇ ਮਾਰੇ ਜਾਣ ਤੇ ਉਹਨਾਂ ਤੋਂ ਧਰਤੀ ਬਣਨ ਦੀ ਕਥਾ ਲਿਖੀ ਹੈ। ਸੋ ਕਥਾ ਪੁਰਾਣਾਂ ਵਿਚੋਂ ਵਾਚੀ ਹੋਈ ਕਵਿ ਜੀ ਅੱਗੇ ਦੇਣ ਲੱਗੇ ਹਨ। ਅੱਗੇ ਆਉਣ ਵਾਲੀ ਸਾਰੀ ਕਹਾਣੀ ਨੂੰ ਗੁਰੂ ਜੀ ਵਲੋਂ ਨਹੀਂ ਸਮਝਣਾ ਚਾਹੀਏ। ਉਹਨਾਂ ਦੀ ਬਾਣੀ ਦੱਸਦੀ ਹੈ ਕਿ ਐਸੀਆਂ ਕਹਾਣੀਆਂ ਪਰ ਸਤਿਗੁਰਾਂ ਦਾ ਵਿਸ਼ਵਾਸ਼ ਨਹੀਂ ਸੀ ਤੇ ਨਾ ਆਪ ਐਸੇ ਉਪਦੇਸ਼ ਕਰਦੇ ਸਨ। ਚੌਵੀਸ ਅਵਤਾਰ ਨਾਮੇ ਰਚਨਾ ਵਿਚ ਲਿਖਿਆ ਹੈ ਕਿ ਬਿਸ਼ਨੁ ਪੰਜ ਹਜ਼ਾਰ ਵਰ੍ਹੇ ਮਧੁ ਕੈਟਭ ਨਾਲ ਲੜਦਾ ਜਿੱਤ ਨਾ ਸਕਿਆ ਤਾਂ ਅਕਾਲ ਪੁਰਖ ਨੇ ਸਹਾਇਤਾ ਕੀਤੀ ਤਾਂ ਫਤੇ ਹੋਈ। ਓਥੇ ਵਿਸ਼ਨੂੰ ਵੱਖਰਾ ਹੈ ਤੇ ਅਕਾਲ ਪੁਰਖ ਵੱਖਰਾ ਹੈ ਜੋ ਸਰਬ ਸ਼ਿਰੋਮਣੀ ਹੈ। ਵਿਸ਼ਨੂੰ ਤੇ ਅਕਾਲ ਪੁਰਖ ਦਾ ਕਵੀ ਜੀ ਨੇ ਏਥੇ ਫਰਕ ਨਹੀਂ ਵਿਖਾਇਆ। ਇਸ ਪ੍ਰਸੰਗ ਵਿਚ ਕਵਿਤਾ ਦੇ ਨੁਕਤੇ ਤੋਂ ਬੀਰਰਸ ਦਾ ਵਰਣਨ ਸੁਹਣਾ ਹੈ।

ਜਿਮ ਕੀਨੋ ਸ਼੍ਰੀ ਪ੍ਰਭੁ ਸਨਾਤਨ।
ਸੰਗਤਿ ਸੁਨਹਿ ਸੁ ਕਥਾ ਨਰਾਯਨ।
ਜਿਸ ਤੇ ਹੋਵਤਿ ਪਾਪ ਪਲਾਯਨ ॥੪੭॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕੁਰਛੇਤਰ ਆਗਮਨ ਸ਼੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਖ਼ਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

## ੪੭. [ਮੇਦਨੀ ਦੀ ਆਦ ਕਥਾ, ਮਧੁ ਕੈਟਭ ਦਾ ਯੁੱਧ]।

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਸ੍ਰੀ ਨਾਰਾਯਣ† ਹਰਿ ਪ੍ਰਭੂ, ਸੇਜ ਸ਼ੇਸ਼ ਤੇ ਪਾਇ।

†ਨਾਰਾਯਣ ਨਾਮ ਆਮ ਕਰਕੇ ਵਿਸ਼ਨੂੰ ਦਾ ਹੀ ਹੈ। ਪੌਰਾਣਾਂ ਵਿਚ ਅਨੇਕ ਵਿਤਪਤੀਆਂ ਇਸ ਦੀਆਂ ਹਨ ਪਰ ਆਮ ਪ੍ਰਸਿੱਧ ਇਹ ਹੈ-ਨਾਰ = ਜਲ, ਆਯਣ = ਘਰ। = ਜਿਸ ਦਾ ਸਭ ਤੋਂ ਪਹਿਲਾਂ ਅਯਣ (ਅਧਿਸ਼੍ਠਾਨ) ਜਲ ਹੋਇਆ ਸੀ। ਯਜੁਰ ਵੇਦ ਅਰ ਸ਼ਤਪਥ ਬ੍ਰਾਹਮਣ ਵਿਚ ਇਹ ਪਦ ਵਿਸ਼ਨੂੰ ਤੇ ਪ੍ਰਥਮ ਪੁਰਖ ਦੇ ਅਰਥਾਂ ਵਿਚ ਆਇਆ ਹੈ।

ਸੁਪਤਿ ਜਥਾ ਸੁਖ ਕਾਲ ਚਿਰ[1], ਜਿਹ ਜੋਗੀ ਜਨ ਧਜਾਇ ॥੧॥

[1]ਜੋ ਸ਼ੇਸ਼ ਨਾਗ ਦੀ ਸੇਜਾ ਪਰ ਪੈਕੇ ਸੌਂਦੇ ਹਨ ਚਿਰ ਕਾਲ ਤੱਕ ਸੁਖ ਪੂਰਬਕ।

ਚੌਪਈ:

ਪਰਮ ਸਰੂਪ ਤੇਜ ਅਤੁਲਤ ਹੈ।
ਬੀਜ ਭੂਤ ਸਭਿ ਜਗ ਕੋ ਅਤਿਹੈ[1]।

[1]ਜੋ ਵੱਡਾ ਮੂਲ ਤੱਤ ਸਾਰੇ ਜਗਤ ਦਾ ਹੈ।

ਨਿਜ ਮਹਿਂ ਧਰਤੋ ਸ਼ਕਤਿ ਅਨੰਤ।
ਸ੍ਰਿਸ਼ਟਿ ਸਥਿਰ ਸੰਘਾਰ ਕਰੰਤ[1] ॥੨॥

[1]ਦੁਨੀਆਂ ਦੀ ਉਤਪਤੀ ਪਾਲਣਾ ਤੇ ਨਾਸ਼ ਕਰਦਾ ਹੈ।

ਪਰਮ ਪੁਰਖ ਪਰਮੇਸ਼ੁਰ ਪੂਰਨ।
ਅਨਉਪਮਾ ਗਨ ਸ਼ੱਤ੍ਰੂ ਚੂਰਨ[1]।

[1]ਉਪਮਾ ਤੋਂ ਰਹਿਤ ਤੇ ਸਮੂਹ ਸ਼ੱਤ੍ਰੂਆਂ ਦੇ ਚੂਰਨ ਕਰਨ ਵਾਲਾ ਹੈ।

ਨਿਰਭੈ ਅਨੰਦ ਰੂਪ ਪਰਮਾਤਮ।
ਹੋਤਿ ਚਰਾਚਰ[1] ਸਭਿ ਕੋ ਆਤਮ ॥੩॥

[1]ਚਰ+ਅਚਰ = ਜੜ੍ਹ ਚੇਤਨ।

ਸ਼ਜਾਮਲ ਅਲਸੀ ਕੁਸਮ ਸਮਾਨ।
ਮ੍ਰਿਦੁਲ ਮਧੁਰ ਮੁਖ ਤੇ ਮੁਸਕਜਾਨ।
ਅਯੁਤ ਬਿਲੋਚਨ ਮੁੱਦ੍ਰਿਤ ਕਰੇ।
ਰਤਨ ਤਲਪ[1] ਪਰ ਸ੍ਰੀ ਪ੍ਰਭੁ ਥਿਰੇ ॥੪॥

[1]ਰਤਨਾ (ਜੜੀ) ਸੇਜ।

ਚਹੁਂਦਿਸ਼ਿ ਮਹਿਂ ਪਸਰਜੋ ਜਲ ਜਾਲਾ।
ਅਪਰ ਨ ਕੁਛ ਪੱਯਤਿ ਕਿਤਿ ਭਾਲਾ[1]†।

[1]ਢੂੰਡਿਆ ਹੋਇਆ। †ਪਾ:-ਕਾਲਾ।

ਕਰਤਾ ਪੁਰਖ ਇੱਛ ਅਨੁਸਾਰੇ।
ਕਮਲ ਨਾਭਿ ਭਾ ਯੁਤ ਬਿਸਥਾਰੇ[1] ॥੫॥

[1]ਨਾਭੀ ਦਾ ਕਮਲ ਵਿਸਤਾਰ ਸਹਿਤ ਹੋਇਆ।

ਤਿਸ ਤੇ ਬ੍ਰਹਮਾ ਉਤਪਤਿ ਹੋਵਾ।
ਨੇਤ੍ਰਨਿ ਤੇ ਜਲ ਜਹਿਂ ਕਹਿਂ ਜੋਵਾ।
ਤਿਸੀ ਕਮਲ ਕੇ ਥਲ ਕੋ ਪਾਇ।
ਲਗਜੋ ਕਰਨਿ ਤਪ ਕੋ ਤਪਤਾਇ ॥੬॥
ਪੁਨਹ ਅਕਾਲ ਪੁਰਖ ਇਛ ਠਾਨਿ।

ਹਾਥ ਆਂਗੁਰੀ ਦੇ ਕਰਿ ਕਾਨ।
ਕੁਛਕ ਹਲਾਇ ਸੁਕੰਡੂ[1] ਕਰਿ ਕੈ।
[1]ਖੁਰਕ ਕੇ।
ਕਿਤਿਕ ਤਹਾਂ ਤੇ ਮੈਲ ਨਿਕਰਿ ਕੈ ॥੭॥
ਨਿਜ ਅਨਾਮਿਕਾ ਤੇ ਸੁ ਬਗਾਈ[1]।
[1]ਚੀਚੀ ਨਾਲ ਉਂਗਲੀ ਨਾਲ ਵਗਾਹ ਮਾਰੀ।
ਜੋਜਨ ਕਿਤਿਕ ਪਰੀ ਕਿਤਿ ਜਾਈ।
ਤਿਸ ਤੇ ਦੈਤ ਦੋਇ ਤਨ ਧਾਰੇ।
ਬਲੀ ਬਿਸਾਲ ਬਡੀ ਭੁਜ ਵਾਰੇ ॥੮॥
ਬ੍ਰਿਧੇ ਕਲੇਵਰ[1] ਤਿਨ ਤਤਕਾਲਾ।
[1]ਸਰੀਰ ਵਧੇ।
ਅੱਪ੍ਰਮਾਨ[1] ਬਲ ਮਹਤ ਕਰਾਲਾ।
[1]ਬਿਅੰਤ।
ਚਹੁੰਦਿਸ਼ਿ ਬਿਚਰਹਿਂ ਜਲ ਕੇ ਮਾਂਹੀ।
ਭਰੇ ਗਰਬ ਤੇ ਰਣ ਉਤਸਾਹੀ ॥੯॥
ਮਹਾਂ ਬਦਨ ਅਰੁ ਦਾੜ੍ਹ[1] ਜਿਨਹੁਂ ਕੇ।
[1]ਦਾੜ੍ਹਾਂ।
ਰਕਤ ਬਿਲੋਚਨ ਭੀਮ ਤਿਨਹੁਂ ਕੇ।
ਦੰਡ ਪ੍ਰਚੰਡ[1] ਬਜਾਵਹਿਂ ਬਲ ਤੇ।
[1]ਭੁਜਚੰਡੇ ਤੀਖਣ।
ਭੈਰਵ[1] ਗਰਜ ਉਤਾਇਲ ਚਲਤੇ ॥੧੦॥
[1]ਭਿਆਨਕ।
ਬਿਚਰਤਿ ਆਇ ਪਹੁੰਚੇ ਤਹਿਂਵਾ।
ਹੁਤੋ ਕਮਲ ਪਰ ਬ੍ਰਹਮਾ ਜਹਿਂਵਾ।
ਦੇਖਿ ਦੁਹਨ ਕੋ ਡਰਜੋ ਬਿਸਾਲੇ।
ਕਾਲੇ ਪਰਬਤ ਮਨਹੁਂ ਕਰਾਲੇ[1] ॥੧੧॥
[1]ਮਾਨੋਂ ਕਾਲੇ ਪਹਾੜ ਭਿਆਨਕ।
ਤਨ ਰੁਹਿ ਖਰੇ ਤਰੋਵਰੁ ਜਾਲ[1]।
[1]ਤਨ ਦੇ ਰੋਮ ਮਾਨੋ ਖੜੇ ਹਨ ਦਰਖਤ ਸਮੂਹ।
ਜਾਨੁ ਜੁਗ ਜੁਗ ਸ਼ਿੰਗ ਬਿਸਾਲ[1]।
[1]ਦੋ ਗੋਡੇ ਮਾਨੋਂ ਪਹਾੜ ਦੇ ਟਿਲੇ ਹੀ ਹਨ।
ਭੁਜਾ ਭੁਜੰਗਰਾਜ ਸੇ[1] ਨਿਕਸੇ।
[1]ਬਾਹਵਾਂ ਸ਼ੇਸ਼ਨਾਗ ਵਤ।
ਮਹਿਦ ਤਲਾਉ ਬਿਲੋਚਨ ਬਿਕਸੇ ॥੧੨॥
ਰਕਤ ਬਰਨ ਸ਼੍ਰੋਣਤ ਕੇ ਪੂਰੇ।
ਸੈਲ ਦਘਧ ਜਨੁ ਆਇ ਹਦੂਰੇ[1]†।
[1]ਮਾਨੋਂ ਦਗ ਦਗ ਕਰਦੇ (ਭਾਵ ਬਲਦੇ) ਪਹਾੜ ਸਾਮ੍ਹਣੇ ਆਏ। †ਪਾ:-ਅਦੂਰੇ।
ਨਿਦ੍ਰਾ ਜੋਗ ਬਿਖੈ ਗੋਸਾਈਂ।
ਲਖਿ ਬਿਧਿ ਨੇ[1] ਤਬਿ ਕੀਨ ਉਪਾਈ ॥੧੩॥
[1]ਬ੍ਰਹਮਾਂ ਨੇ ਲਖ ਕੇ।
ਸਤੁਤ ਮਹਾਂ ਮਾਯਾ ਕੀ ਠਾਨੀ†।
†ਪਾ:-ਆਦਿ ਸ਼ਕਤਿ ਦੀ ਉਸਤਤਿ ਠਾਨੀ।
'ਉਤਪਤ ਸਥਿਤ ਹਤਨ ਜਗ ਰਾਨੀ[1]।
[1]ਪੈਦਾ ਕਰਨ, ਪਾਲਣ ਤੇ ਮਾਰਨ ਵਾਲੀ ਹੇ ਜਗਤ ਦੀ ਰਾਣੀ।

ਨਿੱਦ੍ਰਾ ਰੂਪ ਭਗਵਤੀ ਮਹਾਂ।
ਸ੍ਵਾਹਾ ਸੁਧਾ ਬਖਟਕ੍ਰਿਤ ਅਹਾ[1] ॥੧੪॥

[1]ਸ੍ਵਾਹਾ = ਦੇਵਤਿਆਂ ਨਮਿੱਤ ਅਹੁਤੀ ਦੇਕੇ ਇਹ ਸ਼ਬਦ ਉਚਾਰ ਹੁੰਦਾ ਹੈ, [ਸੰਸ:-ਸ੍ਵਾਹਾ]। (ਅ) ਇਹ ਅਹੁਤੀ-ਵਜਕਤੀਵਾਨ ਵੀ ਸਮਝਦੇ ਹਨ, ਤੇ ਇਸ ਨੂੰ ਅਗਨਿ ਦੇਵਤਾ ਦੀ ਇਸਤ੍ਰੀ ਆਖਦੇ ਹਨ, ਇਸ ਦਾ ਸਰੀਰ ਚਾਰ ਵੇਦਾਂ ਦਾ, ਤੇ ਇਸ ਦੇ ਅੰਗ ਛੇ ਅੰਗਾਂ ਦੇ ਬਣੇ ਦੱਸੀਦੇ ਹਨ। (ੲ) ਸ੍ਵਾਹਾ ਨੂੰ ਰੁਦ੍ਰਾ ਪਸ਼ੁਪਤੀ ਦੀ ਇਸਤ੍ਰੀ ਵੀ ਕਹਿੰਦੇ ਹਨ। ਸੁਧਾ = ਸ੍ਵਧਾ, -ਇਕ ਸ਼ਬਦ ਜੋ ਪਿਤ੍ਰਾਂ ਨਮਿੱਤ ਅਹੁਤੀ ਦੇਕੇ ਉਚਾਰਦੇ ਹਨ। ਮਨੂੰ ਅਨੁਸਾਰ ਇਸ ਦਾ ਉਚਾਰਣ ਸ਼੍ਰਾਧ ਕਰਨ ਵਾਲੇ ਲਈ ਬਹੁਤ ਗੁਣਕਾਰੀ ਹੈ (ਮਨੂੰ ੩.੨੫੨)। (ਅ) ਦਕਸ਼ ਦੀ ਇਕ ਕੰਨਿਆਂ ਜੋ ਪਿਤਰਾਂ ਦੀ ਇਸਤ੍ਰੀ ਕਹੀ ਗਈ ਹੈ। ਕਈ ਵੇਰ ਅੰਗਿਰਾ, ਰੁਦਰ ਤੇ ਅਗਨੀ ਦੀ ਇਸਤ੍ਰੀ ਨੂੰ ਬੀ 'ਸ੍ਵਧਾ' ਕਿਹਾ ਗਿਆ ਹੈ। ਬਖਟ = ਵਖਟ, -ਵਖਟ ਸ਼ਬਦ ਦੇਵਤਿਆਂ ਨੂੰ ਅਹੁਤੀ ਦੇ ਕੇ ਉਚਾਰਦੇ ਹਨ। ਇਹ ਪਦ ਵੇਦਕ ਯੱਗਾਂ ਵਿਚ ਵਰਤੀਂਦਾ ਸੀ। (ਅ) ੩੩ ਦੇਵਤਿਆਂ ਵਿਚੋਂ ਇਕ ਦਾ ਨਾਮ ਜੋ ਵੇਦਕ ਦੇਵਤੇ ਕਹੀਦੇ ਹਨ। ਵਖਟਕ੍ਰਿਤ = 'ਵਖਟ' ਸ਼ਬਦ ਕਹਿਕੇ ਅਗਨੀ ਵਿਚ ਦਿੱਤੀ ਗਈ ਅਹੁਤੀ। ਪਰੰਤੂ ਇਥੇ ਕਵਿ ਜੀ ਦੀ ਮੁਰਾਦ ਇਹ ਹੈ ਕਿ ਉਹ ਦੇਵੀ ਦੇ ਨਾਵਾਂ ਵਿਚ ਇਹ ਬੀ ਉਸੇ ਦੇ ਨਾਮ ਗਿਣ ਰਹੇ ਹਨ।

ਹ੍ਰੀ ਸ਼੍ਰੀ ਪਰਮ ਈਸ਼੍ਵਰੀ ਪੁਸ਼ਟੀ[1]। — [1]ਦੇਵੀ ਦੇ ਨਾਮ ਹਨ। ਪੁਸ਼ਟੀ = ਵਡੀ ਯਾ ਮੋਟਿਆਂ ਕਰਨ ਵਾਲੀ।
ਸਰਬ ਚਰਾਚਰ ਰੂਪਾਂ ਤੁਸ਼ਟੀ[1]। — [1]ਪ੍ਰਸੰਨ ਰੂਪ।
ਖੜਗਨਿ ਸੂਲਨਿ ਚੱਕ੍ਰਨਿ ਘੋਰਾ[1]। — [1]ਤਲਵਾਰਾਂ ਤ੍ਰਿਸੂਲਾਂ ਭਿਆਨਕ ਚੱਕਰਾਂ ਵਾਲੀ ਯਾ ਨਾਲ।
ਮਹਾਂ ਨਾਦਨੀ[1] ਸੰਖਨ ਸ਼ੋਰਾ ॥੧੫॥ — [1]ਬੜੀ ਧੁਨ ਕਰਨ ਵਾਲੀ।
ਪਰਮ ਸੁੰਦਰੀ ਨਮੋ ਹਮਾਰੀ।
ਬੁੱਧ ਰੁ ਬੋਧ ਲੱਛਣਾ ਭਾਰੀ[1]। — [1]ਬੁੱਧੀ ਤੇ ਗਿਆਨ ਦੀ ਭਾਰੀ ਜਣਾਇਕ।
ਜਗ ਸ੍ਵਾਮੀ ਪਰਬੋਧਨ ਕਰਿਯਹਿ[1]। — [1]ਭਾਵ ਵਿਸ਼ਨੂੰ ਨੂੰ ਖ਼ਬਰ ਕਰੋ, ਜਗਾਓ।
ਤ੍ਰਾਸ ਬਿਸਾਲ ਮੋਰ ਪਰਹਰਿਯਹਿ' ॥੧੬॥
ਇਮ ਉਸਤਤਿ ਕੋ ਕੀਨਿ ਮਹਾਨੀ।
ਅਰੁ ਪੰਕਜ ਕੋ ਗਹਿ ਕਰਿ ਪਾਨੀ।
ਸਕਲ ਓਜ ਸੋਂ ਕੀਨਿ ਕੰਪਾਵਨਿ।
ਜਗਤ ਨਾਥ ਕੇ ਹੇਤੁ ਜਗਾਵਨਿ ॥੧੭॥
ਭਗਤ ਵਛਲ ਭੈ ਕਾਟਨਹਾਰੇ।
ਜਾਗੇ ਪ੍ਰਭੂ ਦਯਾ ਉਰ ਧਾਰੇ।
ਕਮਲਾਸਨ[1] ਕੋ ਧੀਰਜ ਦੀਨਸਿ। — [1]ਬ੍ਰਹਮਾਂ।
'ਨਿਰਭੈ ਰਹੁ ਰੱਛਕ ਮੁਝ ਚੀਨਸਿ ॥੧੮॥
ਦੁਸ਼ਟ ਦੈਤ ਜਿਨ ਬਡ ਆਕਾਰ।
ਕਰਿ ਸੰਘਰ ਕੋ ਲੇਹੁਂ ਸੰਘਾਰ[1]'। — [1]ਮਾਰ ਲੈਂਦਾ ਹਾਂ।
ਸ਼੍ਰੀ ਪ੍ਰਭੁ ਨਿਜ ਸਰੂਪ ਦਿਖਰਾਯੋ।
ਸ਼ਯਾਮਲ ਮੇਘ ਮਨਹੁ ਬਿਦਤਾਯੋ ॥੧੯॥
ਦੇਖਤਿ ਦੈਂਤਨਿ ਅਚਰਜ ਮਾਨਾ।

'ਇਹ ਕੋ ਹੈ ਜਿਹ ਧੀਰ ਮਹਾਨਾ?
ਹਮਹਿਂ ਬਿਲੋਕਤਿ ਭੈ ਨਹਿਂ ਮਾਨੇ।
ਦਰਪਤਿ[1] ਰਿਦੈ ਸਥਿਰਤਾ ਠਾਨੇ ॥੨੦॥ — [1]ਹੰਕਾਰ ਵਿਚ ਹੋਕੇ।
ਹਮ ਦੋਨਹੁਂ ਇਹੁ ਏਕਲ ਖਰਜੋ।
ਬਦਨ ਪ੍ਰਸੰਨ ਨੈਕ ਨਹਿਂ ਡਰਜੋ।
ਲਾਂਬੀ ਭੁਜਾ ਬਿਭੂਖਨ ਧਾਰੀ।
ਆਯੁਤ ਛਾਤੀ ਸੋਭਨ[1] ਭਾਰੀ ॥੨੧॥ — [1]ਸ਼ੋਭਾ ਵਾਲੀ।
ਪਕਰਹਿਂ ਇਸਿ ਭੱਛਨ ਕਰਿ ਲੇਹਿਂ।
ਛੁਧਾ ਨਿਵਾਰਹਿਂ ਹੈ ਜੁ ਅਛੇਹਿ[1]'। — [1]ਅਛੇਹ = ਇਕ ਰਸ, (ਅ) ਬਹੁਤਾ ਵਡਾ। (ੲ) ਅਛੇਦਜ = ਜੋ ਛੇਦਜਾ ਨ ਜਾਏ, ਭਾਵ ਜੋ ਬੜਾ ਬਲੀ ਜਾਪਦਾ ਹੈ।
ਇਮ ਕਹਿ ਦੋਨੋ ਓਜ ਸੱਭਾਰਾ।
'ਤਿਸ਼ਟ ਤਿਸ਼ਟ[1]' ਮੁਖ ਊਚ ਉਚਾਰਾ ॥੨੨॥ — [1]ਖੜਾ ਹੋ, ਖੜਾ ਹੋ।

ਭੁਜੰਗ ਪ੍ਰਯਾਤ ਛੰਦ:
ਸੁਨੀ ਸ਼੍ਰੀ ਪ੍ਰਭੂ, ਸ਼੍ਰੋਨ ਮੈਂ ਉਚ ਬਾਨੀ।
ਭਰੇ ਓਤਸਾਹੰ, ਭਏ ਸਾਵਧਾਨੀ।
ਕਹਜੋ 'ਮੈਂ ਖਰੋ, ਆਪ ਆਵੋ ਸੁ ਨੇਰੇ।
ਦਿਊਂ ਦੁੰਦ[1] ਜੁੱਧੰ, ਸੁ ਕ੍ਰੁੱਧੰ[2] ਘਨੇਰੇ' ॥੨੩॥ — [1]ਦੋਹਾਂ ਨੂੰ। [2]ਕ੍ਰੋਧਵਾਨ ਹੋਕੇ।
ਮਿਲੇ ਆਪ ਮਾਂਹੀ, ਜਗੰਨਾਥ ਦੈਤੰ[1]। — [1]ਵਿਸ਼ਨੂੰ ਤੇ ਦੈਂਤ।
ਭਰੇ ਬੇਗ ਭਾਰੇ, ਚਹੈਂ ਹੋਹਿ ਜੈਤੰ।
ਬਿਰੁੱਧੇ[1] ਸੁ ਕ੍ਰੁੱਧੇ, ਮਚਜੋ ਸੁੱਧ ਜੁੱਧੰ। — [1]ਰੁਕੇ।
ਮਹਾਂ ਦੂੱਪ ਮੱਧੰ, ਕਰੈਂ ਬੱਧ ਉੱਧੰ[1] ॥੨੪॥ — [1]ਉੱਚੀ।
ਗਹੇ ਬਾਹ ਦੋਊ, ਕਰੇ ਓਜ ਪੇਲੈਂ[1]। — [1]ਧੱਕਦੇ ਹਨ।
ਅਰੀਲੇ ਹਠੀਲੇ, ਮੁਛਾਲੇ[1] ਧਕੇਲੈਂ। — [1]ਅੜਨ ਵਾਲੇ, ਹਠ ਕਰਨ ਵਾਲੇ, ਵੱਡੀਆਂ ਮੁੱਛਾਂ ਵਾਲੇ।
ਭਿੜੈਂ ਭੇੜ ਭਾਰੇ, ਭਏ ਭੀਮ ਭੇਖੰ।
ਚਪੇਟੈਂ ਦਪੇਟੈਂ, ਲਪੇਟੈਂ ਅਸ਼ੇਖ਼ੰ[1] ॥੨੫॥ — [1]ਖਿਝਕੇ ਦਬਾਏ (ਫਿਰ) ਸਾਰੇ ਲਪਟੇ।
ਅਟਾ ਅੱਟ[1] ਹਾਸੈਂ, ਸਟਾ ਪੱਟ[2] ਜੁੱਟੈਂ। — [1]ਠਾਹ ਠਾਹ। [2]ਛੇਤੀ ਛੇਤੀ।
ਲਟਾ ਪੱਟ[1] ਹੋਵੈਂ, ਧਟਾ ਧੱਟ[2] ਕੁੱਟੈਂ। — [1]ਜੱਫੋ ਜੱਫੀ। [2]ਧੜਾ ਧੜ।
ਝਟਾ ਪੱਟ ਝਟਕੈਂ, ਪਟੱਕੈਂ ਪਲੱਟੈਂ[1]। — [1]ਝਟਕਕੇ ਪਟਕਾਕੇ ਪਲਟਦੇ ਹਨ।

ਕਟਾ ਕੱਟ ਓਠੰ, ਅਟੱਕੈਂ ਨ ਲੱਟੈਂ[1] ॥੨੬॥
[1]ਕਟ ਕਟ ਕੇ ਹੋਠ ਅਟਕਦੇ ਹਨ ਹਟਦੇ ਨਹੀਂ (ਲਟਨਾ = ਥੱਕਕੇ ਡਿਗ ਪੈਣਾ)।

ਦੁਊ ਦੈਂਤ ਦੌਰੇ, ਦਯਾ ਸਿੰਧੁ ਊਪੈ[1]।
[1]ਉਪਰ।

ਗਹੀ ਬਾਂਹ ਦੋਨੋ, ਮਹਾਂ ਭੀਮ ਰੂਪੈ।
ਕਰੈਂ ਓਜ ਦਾਬੈਂ, ਜਥਾ ਨੰਮ੍ਰਿ ਹੋਵੈਂ[1]।
[1]ਜਿਸ ਤਰ੍ਹਾਂ ਕਿ ਨੀਵੇਂ ਹੋਣ (ਵਿਸ਼ਨੂੰ) ਜੀ।

ਧਰੈਂ ਪਾਇ ਪੇਲੈਂ[1], ਹਠੀਲੇ ਖਰੋਵੈਂ ॥੨੭॥
[1]ਰਖਕੇ ਪੈਰ ਧੱਕਦੇ ਹਨ।

ਦੋਹਰਾ:
ਮਧੁਕੈਟਭ ਜੁੱਟੇ ਸੁ ਭਟ[1],
[1]ਸੂਰਮੇ ਟੱਕਰੇ।

ਗਹੀ ਮਹਾਂ ਬਲਿ ਬਾਂਹ।
ਦੋਨਹੁਂ ਦਿਸ਼ਿ ਦੋਨਹੁ ਖਰੇ,
ਦ੍ਰਿਢ ਪ੍ਰਾਕ੍ਰਮ[1] ਕੇ ਮਾਂਹਿ ॥੨੮॥
[1]ਹੱਲਾ।

ਪਾਧੜੀ ਛੰਦ:
ਤਬ ਪ੍ਰਭੁ ਆਪਨੋ ਬਲ ਸੰਭਾਰਿ।
ਬਾਹੁਨਿ ਉਠਾਇ ਊਰਧ ਉਦਾਰ[1]।
[1]ਬਾਹਾਂ ਬੜੀਆਂ ਉਪਰ ਨੂੰ ਉਠਾਈਆਂ।

ਲਟਕੇ ਉਤੰਗ ਦੋਨਹੁ ਮਹਾਂਨ।
ਹਕਰਿ ਝਟਕ ਗੇਰ ਦਿਯ ਦੂਰ ਥਾਨ ॥੨੯॥
ਤਬ ਪਰੇ ਜਾਇ ਜੋਜਨ ਸੁ ਬੀਸ।
ਗਿਰ ਕਰਿ ਉਠੇ ਸੁ ਨਿਜ ਦਾਂਤ ਪੀਸ[1]।
[1]ਅਪਨੇ ਦੰਦ ਪੀਸਕੇ।

ਗਰਜੰਤਿ ਭੂਰ ਤਰਜੰਤਿ ਆਇ[1]।
[1]ਧਮਕਾਂਵਦੇ ਆਉਂਦੇ ਹਨ।

ਮੁਖਿ 'ਮਾਰ ਮਾਰ' ਬਕਤੇ ਰਿਸਾਇ ॥੩੦॥
ਉਛਲੰਤ ਨੀਰ ਤਿਨ ਬੇਗ[1] ਸੰਗ।
[1]ਤੇਜੀ, ਕਾਹਲੀ।

ਸਮ ਸੈਲ ਮੇਰੁ ਮੰਦਰ ਉਤੰਗ[1]।
[1]ਸੁਮੇਰ ਪਰਬਤ ਤੇ ਉਚੇ ਮੰਦ੍ਰਾਚਲ ਪਰਬਤ ਵਾਂਗ।

ਇਤਿ ਪ੍ਰਭੁ ਬੇਗ ਕੀਨਸਿ ਉਦਾਰ[1]।
[1]ਭਾਵ ਬੜਾ ਜ਼ੋਰ ਕੀਤਾ।

ਪੰਕਤਹੁਵੰਤਿ ਜਲ ਕੇ ਪ੍ਰਹਾਰ[1] ॥੩੧॥
[1]ਜਲ ਦੇ ਮਾਰਨੇ ਕਰਕੇ ਕੱਠੇ ਹੁੰਦੇ ਜਾਂਦੇ ਹਨ। (ਪੰਕ੍ਤਿ = ਜੁਧ ਵਿੱਚ ਦਸ ਆਦਮੀਆਂ ਦਾ ਜੱਥਾ। ਪੰਕਤ ਹੋਣਾ = ਇਕ ਦੂਜੇ ਨਾਲ ਕੱਠੇ ਹੋ ਜਾਣਾ ਦੁਸ਼ਮਨ ਦਾ ਜੋਰ ਪੈਣ ਤੇ)। (ਅ) ਪਾਣੀ ਦੀ ਬੁਛਾੜ ਨਾਲ ਪੰਕ+ਤ = ਚਿਕੜ ਵਿੱਚ ਫਸਦੇ ਜਾਂਦੇ ਹਨ। (ੲ) ਪਾ:-ਪਹਾਰ। ਫਿਰ ਅਰਬ-ਛੱਲਾਂ (ਇੰਨੀਆਂ ਉੱਚੀਆਂ) ਉਠ ਰਹੀਆਂ ਹਨ (ਕਿ ਮਾਨੋ) ਜਲ ਦੇ ਪਹਾੜ ਹਨ।

ਪੁਨ ਭਿੜੇ ਆਇ ਮੁਸ਼ਟਨਿ ਚਪੇਟ।

ਬਾਹੁਨਿ ਉਠਾਇ ਹਨਤੇ ਸੁ ਭੇਟ[1]।
[1]ਮਿਲਕੇ ਮਾਰਦੇ ਹਨ।
ਤਬਿ ਅਲੰਕਾਰ ਪ੍ਰਭੁ ਕੇ ਸੁ ਅੰਗ।
ਰਣ ਕਰਤਿ ਸ਼ਬਦ ਉਠਤੋ ਉਤੰਗ ॥੩੨॥

ਰੁਣਕੰਤਿ[1] ਚਰਨ ਨੂਪਰ[2] ਸੁਹਾਇ।
[1]ਛਣਕਦੇ ਹਨ। [2]ਝਾਂਜਰਾਂ।
ਜਿਨ ਪਰ ਜਰਾਉ ਗਨ ਰਤਨ ਛਾਇ।
ਬਹੁ ਬਜਤਿ ਮੇਖਲਾ ਮੱਧਜ ਦੇਸ਼[1]।
[1]ਤੜਾਗੀ ਲਕ ਵਿੱਚ (ਪਾਈ ਹੋਈ)।
ਉਛਲੰਤਿ ਉਰਧ ਜਬਿ ਬਲ ਵਿਸ਼ੇਸ਼[1] ॥੩੩॥
[1]ਬਹੁਤ ਬਲ ਨਾਲ।

ਕਰਿ ਕੰਕਨ ਦੰਡ ਅੰਗਦ ਉਦਾਰ[1]।
[1]ਹੱਥ ਦੇ ਕੜੇ, ਭੁਜ ਦੰਡਿਆਂ ਦੇ ਬੁਹਟੇ ਬੜੇ ਸ੍ਰੇਸ਼ਟ।
ਡੁਲਯੰਤਿ ਕਰਨ ਕੁੰਡਲ ਸੁ ਚਾਰੁ।
ਸਿਰ ਮੁਕਟ ਬਿਰਾਜਤਿ ਦਿਪਤਿ ਜੋਤਿ।
ਜਨੁ ਕੋਟਿ ਦਿਵਾਕਰ[1] ਚਮਕ ਹੋਤਿ ॥੩੪॥
[1]ਕ੍ਰੋੜਾਂ ਸੂਰਜਾਂ ਦੀ।

ਵਾਰਨ ਪ੍ਰਹਾਰ ਦਾਵਨ ਲਗਾਇ[1]।
[1]ਆਪੋ ਆਪਣਾ) ਦਾਉ ਲਗਾਕੇ ਵਾਰ ਪ੍ਰਹਾਰ ਕਰਦੇ ਹਨ।
ਜਬਿ ਲਗੈ ਘਾਵ ਬਹੁ ਧੁਨਿ ਉਠਾਇ[1]।
[1]ਜਦ ਲਗੇ (ਵਾਰ ਤਾਂ) ਜ਼ਖਮਾਂ ਦੀ ਅਵਾਜ ਉੱਠਦੀ ਹੈ।)
ਜਿਮ ਪਰਹਿ ਬੱਜ੍ਰ ਭੂਮੀ ਮਹਾਨ[1]।
[1]ਜਿਵੇਂ ਪ੍ਰਿਥਵੀ ਤੇ (ਇੰਦਰ ਦਾ) ਮਹਾਂਨ ਬੱਜਰ ਪੈਂਦਾ ਹੈ।
ਤਿਮ ਲਗਹਿ ਮੁਸ਼ਟ ਕਰਿ ਹਤਹਿ ਤਾਨ[1] ॥੩੫॥
[1]ਬਲ ਕਰਕੇ ਮਾਰਿਆ।

ਤਰਜੰਤਿ[1] ਮਹਤ ਗਰਜੰਤਿ[†] ਬੀਰ।
[1]ਤਾੜਨਾ, ਧਮਕਾਉਣਾ, ਦਪਕਨਾ। [ਸੰਸ:] ਤਰ੍ਜਨ੍। [†]ਪਾ-ਗਰਬੰਤ।
ਜਿਮ ਪ੍ਰਲੈ ਮੇਘ ਕੀ ਧੁਨਿ ਗੰਭੀਰ।
ਉਛਲੰਤਿ ਨੀਰ ਬੇਗੈ ਕਰੰਤਿ[1]।
[1]ਜ਼ੋਰ ਕਰਦਾ ਹੈ।
ਦਸ ਦਿਸ਼ਨਿ ਪੂਰ ਸ਼ਬਦੈ ਉਠੰਤਿ[1] ॥੩੬॥
[1]ਅਵਾਜ਼ ਉਠਣ ਨਾਲ ਦਸੋ ਦਿਸ਼ਾ ਭਰ ਜਾਂਦੀਆਂ ਹਨ (ਸ਼ੋਰ ਨਾਲ)।

ਦੋਹਰਾ:

ਤੀਨਹੁ ਤਨ ਜਲ ਜਾਲ ਮਹਿਂ[1] ਬਿਚਰਤਿ ਏਵ ਸੁਹਾਇ।
[1]ਸਾਰੇ ਪਾਣੀ ਵਿੱਚ।
ਤ੍ਰੈ ਗਿਰ ਮੰਦਰ ਪਾਇ ਜਨੁ ਸਾਗਰ ਮਥਹਿਂ ਬਨਾਇ[1] ॥੩੭॥
[1]ਤਿੰਨ ਮੰਦ੍ਰਾਚਲ ਪਹਾੜ ਪਾਕੇ ਮਾਨੋ ਸਮੁੰਦਰ ਨੂੰ ਬਨਾਕੇ ਰਿੜਕਦੇ ਹਨ।

ਭੁਜੰਗ ਪ੍ਰਯਾਤ ਛੰਦ:

ਇਤੈ ਏਕ ਪ੍ਰਭੁ, ਉਤੈ ਦੋਇ ਭਾਈ।

ਰਿਸੇ ਲਾਲ ਨੇਤ੍ਰੰ ਸੁ ਮੁਸ਼ਟੈਂ[1] ਉਠਾਈ। — [1]ਘਸੁੰਨ।
ਅਰੀਲੇ ਅਰੈਂ ਪਾਇ ਰੋਪੇ ਅਗਾਰੇ[1]। — [1]ਅੜਨ ਵਾਲੇ ਅੜਦੇ ਹਨ ਪੈਰ ਰੱਖਕੇ ਅੱਗੇ।
ਭਿਰੇ ਸੰਮੁਖੇ ਸੂਰ ਬਾਂਕੇ ਜੁਝਾਰੇ ॥੩੮॥
ਗਹੈਂ ਹਾਥ ਜੋਰੈਂ ਮਰੋਰੈਂ ਮਹਾਨਾ[1]। — [1]ਜ਼ੋਰ ਨਾਲ ਬਹੁਤ ਮਰੋੜਦੇ ਹਨ।
ਭਏ ਰੂਪ ਘੋਰੈਂ ਨ ਛੋਰੈਂ ਸੁ ਥਾਨਾ।
ਅਰੈਂ ਅੰਗ ਸੋਂ ਅੰਗ ਮੇਲੈਂ ਧਕੇਲੈਂ।
ਚਪਟੈਂ ਹਤੈਂ[1] ਦੰਡ ਠੋਕੈਂ ਸੁ ਪੇਲੈਂ[2] ॥੩੯॥ — [1]ਚਪੇੜਾਂ ਮਾਰਦੇ ਹਨ। [2]ਬਾਹਾਂ (ਭਾਵ ਮੋਢੇ ਯਾ ਅਰਕਾਂ) ਮਾਰਕੇ ਧਕੇਲਦੇ ਹਨ।
ਤਪੇ ਤੇਜ ਤੇ ਕ੍ਰੋਧ ਜਾਗੇ ਜਿਨੋ੍ਹ ਕੇ।
ਕਰੈਂ ਘਾਵ, ਲਾਗੈਂ ਸਰੀਰੰ ਤਿਨੋ੍ਹਂ ਕੇ।
ਕਈ ਕੋਸ ਲੌ ਖੇਤ ਮੈਦਾਨ ਪਾਯੋ[1]। — [1]ਜੰਗ ਭੂਮਕਾ ਰਚੀ।
ਫਿਰੈਂ ਬੀਚ ਨੀਰੰ ਸੁ ਸ਼ਬਦ ਉਠਾਯੋ ॥੪੦॥
ਜੁਟੇ ਧਰਮ ਜੁੱਧੰ ਬਿਰੁੱਧੰ ਬਿਸਾਲੇ[1]। — [1]ਰੁਕੇ ਬੜੇ।
ਤਕੈਂ ਮਾਰਿਬੇ ਕੋ ਫਿਰੈਂ ਆਲਬਾਲੇ[1]। — [1]ਚਉਤਰਫੇ।
ਚਪੇਟੈਂ ਚਟਾਕੈਂ[1] ਸੁ ਮੁਸ਼ਟੈਂ ਉਤੰਗੇ। — [1]ਚਟਾਕ ਦੇਕੇ (ਮਾਰਦੇ ਹਨ
ਕਰੈਂ ਘਾਤ[1] ਜੋਧੇ ਸਹੈਂ ਘਾਵ ਅੰਗੇ[2] ॥੪੧॥ — [1]ਮਾਰਦੇ ਹਨ। [2]ਅੰਗਾਂ ਤੇ।
ਤਰੈ ਊਪਰੇ ਤ੍ਰਿਜਗੇ ਦਾਵ ਖੇਲੈਂ[1]। — [1]ਹੇਠ ਉਤੇ ਟੇਢੇ ਦਾਉ ਖੇਲਦੇ ਹਨ [ਸੰਸ:] ਤਿਰ੍ਯਕ = ਟੇਢ੍ਹਾ।
ਫਿਰੈਂ ਦਾਹਨ ਬਾਮ ਬਾਹੂਨਿ ਪੈਲੈਂ[1]। — [1]ਭੁਜਾ ਨੂੰ ਧੱਕਦੇ ਹਨ।
ਕਹਾਂ ਲੌ ਕਹੈਂ ਕੋਇ, ਕਾ ਮੈ ਸੁ ਬੁੱਧੰ[1]। — [1]ਕਿਸ ਵਿਚ ਇੰਨੀ ਬੁੱਧਿ ਹੈ।
ਭਿੜਜੋ ਭੇੜ ਭਾਰੋ ਭਯੋ ਭੂਰ ਜੁੱਧੰ ॥੪੨॥

ਸੈ੍ਯਯਾ:

ਸੰਮਤ ਪੰਚ ਸਹੰਸ੍ਰ ਬਿਤੇ ਜਬਿ
ਹਾਰ ਨਹੀਂ ਕਿਸ ਹੂੰ ਦਿਸ਼ਿ ਮਾਨੀ।
ਸ਼੍ਰੀ ਪ੍ਰਭੁ ਨੇ ਤਬਿ ਕੀਨ ਬਿਚਾਰਨਿ[1] — [1]ਵਿਚਾਰ ਕੀਤੀ।
ਤੂਰਨ ਪ੍ਰੇਰ ਦਈ ਇਮ ਬਾਨੀ[1]। — [1]ਸਰੱਸ੍ਵਤੀ (ਮਾਯਾ)।
ਦੈਤਨਿ ਬੀਚ ਪ੍ਰਵੇਸ਼ ਭਈ
ਭਰਮਾਇ ਦਈ ਮਤਿ ਯੌਂ ਤਬਿ ਠਾਨੀ।
-ਦ੍ਵੈ ਹਮ ਬੀਰ ਬਲੀ ਬਡ ਹੈਂ
ਇਹ ਏਕਲ ਧੀਰ ਮਹਾਂ ਅਭਿਮਾਨੀ-

॥ ੪੩ ॥

-ਮਨ ਮੋਹਨਿ[1] ! ਤੋਹਿ ਸਰੂਪ ਮਹਾਂ

[1]ਹੇ ਮਨ ਮੋਹਣ ਵਾਲੇ।

ਅਤਿ ਜੁੱਧ ਕਰਯੋ ਅਧਿਕੈ ਘਮਸਾਨਾ।
ਹਮ ਰੀਝ ਰਹੇ ਤਵ ਪ੍ਰਾਕ੍ਰਮ ਕੋ
ਪਿਖਿ ਭਾਂਤਿ ਅਨੇਕ ਸੁ ਬੁਧਿ ਤੇ ਠਾਨਾ।
ਤੁਝ ਸੰਗ ਨ ਜੰਗ ਉਮੰਗ ਕਰੈਂ[1]

[1]ਹੁਣ ਅਸੀਂ ਤੇਰੇ ਨਾਲ ਜੰਗ ਦੀ ਉਮੰਗ ਨਹੀਂ ਕਰਦੇ।

ਅਬ ਹੋਹੁ ਨਿਸੰਗ ਉਤੰਗ ਮਹਾਨਾ।
ਚਿਤ ਚਾਹਤਿ ਹੈਂ ਕੁਛ ਦੇਵਨਿ ਕੋ
ਅਭਿਬਾਂਛਤਿ[1] ਜਾਂਚ ਲਿਜੈ ਬਰਦਾਨਾ-

[1]ਮਨ ਇੱਛਤ।

॥ ੪੪ ॥

ਸ੍ਰੀ ਭਗਵਾਨ ਸੁ ਜਾਨਿ ਮਹਾਨ
ਭਨਯੋ -ਸਿਰ ਦਾਨ ਅਭੈ ਕਰਿ ਦੀਜੈ[1]।

[1]ਸਿਰ ਦਾ ਦਾਨ ਕਰੋ ਨਿਰਭੈ ਹੋਕੇ।

ਸਾਚ ਕਰੋ ਬਚ ਆਪਨਿ ਕੋ
ਅਬਿਨਾਸ਼ਿ ਬਡੇ ਜਸੁ ਕੋ ਬਰ ਲੀਜੈ[1]।

[1]ਅਬਿਨਾਸ਼ੀ ਵੱਡੇ ਜਸ ਦਾ ਵਰ ਲਓ।

ਯਾ ਬਿਨ ਚਾਹਿ ਨ ਮੋਹਿ ਕਛੂ
ਜਿਸ ਤੇ ਤੁਮ[†] ਕੋ ਕਿਮ ਜਾਚਨ ਕੀਜੈ[1]।

[1]ਇਸ ਬਿਨ ਮੈਨੂੰ ਹੋਰ ਕੁਛ ਚਾਹ ਨਹੀਂ ਹੈ ਜਿਸ ਕਰਕੇ ਹੋਰ ਕੁਛ ਤੁਸਾਂ ਤੋਂ ਕਿਵੇਂ ਮੰਗਾਂ। [†]ਪਾ:-ਤੁਝ।

ਕੀਰਤਿ ਜਾਂ ਬਿਸਤੀਰਤਿ ਹੈ,
ਨਿਤ ਜੀਵਤਿ ਥੀਵਤਿ ਅੰਮ੍ਰਿਤ ਪੀਜੈ[1]-

[1]ਜਿਸ ਦੀ ਕੀਰਤੀ ਫੈਲ ਰਹੀ ਹੈ ਉਹ ਨਿਤ ਜੀਂਦਾ ਤੇ ਥੀਂਦਾ ਹੈ, ਤੇ (ਜਸ ਰੂਪੀ) ਅੰਮ੍ਰਤ ਨੂੰ ਪੀਂਦਾ ਹੈ।

॥ ੪੫ ॥

ਮਧੁ ਕੈਟਭ ਦੈਤ ਉਭੈ ਬਡ ਬੀਰਜ[1]

[1]ਦੋਵੇਂ ਬੜੇ ਬਲ ਵਾਲੇ।

ਧੀਰਜ ਧਾਰਿ ਯੇ ਬਾਕ ਉਚਾਰਾ।
-ਜਲ ਹੀਨ ਜਹਾਂ ਥਲ ਤਾਂ ਤਲ ਊਪਰ
ਸੀਸ ਟਿਕਾਇ ਕੈ ਲੇਹੁ ਉਤਾਰਾ।
ਕਹਿ ਬਾਕ ਦਯੋ ਨਹਿਂ ਕੂਰ ਕਰੈਂ ਤਿਹ,
ਪੂਰਨਿ ਹੋਇ ਸੁ ਪਰਣ[†] ਹਮਾਰਾ।

[†]ਪਾ:-ਦਾਨ।

ਜਸੁ ਜੀਵਨ ਹੈ ਧੰਨ ਥੀਵਨ ਹ੍ਵੈ[1],

[1]ਜਸ ਨਾਲ ਜੀਉਣਾ (ਹੀ) ਧੰਨ ਥੀਵਣਾ ਹੈ।

ਲਿਹੁ ਸੀਸ, ਕਰੋ ਨਹਿਂ ਆਪ ਅਵਾਰਾ[1]-

[1]ਦੇਰ।

॥ ੪੬ ॥

ਜਗਨਾਥ ਨਰਾਯਨ ਸ੍ਰੀ ਪੁਰਸ਼ੋਤਮ
ਯੌਂ ਸੁਨਿ ਬਾਕ ਉਪਾਇ ਬਿਚਾਰਾ।
ਨਿਜ ਆਸਨ ਕੋ ਕਰਿ ਕੈ ਜਲ ਊਪਰ

ਬੈਠਿ ਗਏ ਕਰਿ ਕੈ ਬਿਸਤਾਰਾ।
ਤਬਿ ਦੈਤ ਕੋ ਉਰੂ[1] ਦਿਖਾਵਨਿ ਕੀਨਸਿ,
[1]ਪੱਟ।
-ਹੈ ਥਲ[1] ਨਾ ਜਲ[2] ਲੇਹੁ ਨਿਹਾਰਾ।
[1]ਜ਼ਮੀਨ ਹੈ। [2]ਜਲ ਨਹੀਂ ਹੈ।
ਤਵ ਗ੍ਰੀਵ ਤੇ ਸੀਸ ਉਤਾਰਨ ਮੇਂ
ਹੁਇ ਸਾਚ ਕਹ੍ਯੋ ਜਸੁ ਪਾਇ ਉਦਾਰਾ-
॥੪੭॥
ਕੁੰਡਲ ਤੇ ਮੁਖ ਮੰਡਲ ਸ਼ੋਭਤਿ
ਸੀਸ ਕਿਰੀਟ ਰਹ੍ਯੋ ਚਮਕਾਈ।
ਆਨ ਧਰ੍ਯੋ ਪ੍ਰਭੁ ਕੇਰ ਉਰੂ ਪਰ
ਪੂਰਨ ਪ੍ਰੱਣ ਕੀ ਚੌਂਪ[1] ਬਢਾਈ।
[1]ਸ਼ੌਕ।
ਔਰ ਸਰੀਰ ਪਰ੍ਯੋ ਜਲ ਊਪਰ
ਦੀਨੇ ਪਸਾਰਿ ਕੈ ਹਾਥੁ ਰੁ ਪਾਈ।
ਯੌਂ ਮਧ ਕੈਟਭ ਦੈਤ ਦੁਊ,
ਮਨ ਪਾਵਨ ਤੇ ਦਿਯ ਦਾਨ ਮਹਾਈ
॥੪੮॥
ਸ਼੍ਰੀ ਜਗਨਾਥ ਉਭਾਰ ਕੈ ਹਾਥ
ਸੁ ਚੱਕ੍ਰ ਸੰਭਾਰ ਹਜ਼ਾਰ ਹੈ ਆਰਾ[1]।
[1]ਹਜ਼ਾਰ ਆਰੇ ਵਤ।
ਦੈਤਨਿ ਕੋ ਸਿਰ ਕਾਟ ਦਿਯੋ
ਜਿਨ ਕੋ ਧਰ ਭੀਮ[1] ਪਰ੍ਯੋ ਬਿਸਤਾਰਾ।
[1]ਭਜਾਨਕ ਧੜ।
ਪੂਰਨ ਕੀਨਿ ਮਨੋਰਥ ਸ਼੍ਰੀ ਪ੍ਰਭੁ
ਤਾਤਨ ਤੇ ਜਬਿ ਸੀਸ ਉਤਾਰਾ।
ਪੰਕਜ ਆਸਨ[1] ਕੋ ਕਰਿ ਸ੍ਵਾਸਨ[2]
[1]ਬ੍ਰਹਮਾ ਨੂੰ। [2]ਧੀਰਜ ਦਿੱਤਾ।
-ਜੋ ਤਵ ਕੰਟਕ[1] ਸੰਕਟ ਹਾਰਾ- ॥੪੯॥
[1]ਦੁਖ ਦੇਣੇ ਵਾਲਾ।
ਚੀਕਨਤਾ[1] ਨਿਕਸੀ ਤਿਨ ਭਾਲ ਤੇ
[1]ਮਿੱਝ।
ਊਪਰ ਨੀਰ ਰਹੀ ਤਰ ਛਾਈ[1]।
[1]ਪਾਣੀ ਤੇ ਫੈਲਕੇ ਤਰ ਰਹੀ ਸੀ।
ਤਾਂਹੀ ਤੇ ਹੋਤਿ ਭਈ ਧਰਨੀ
ਜਗਦੀਸ਼ ਕਲਾ ਨਿਜ ਤੇ ਠਹਿਰਾਈ।
ਆਸਨ ਕੇ ਤਰ ਮੇਦ ਨਹੀਂ ਪਰਿ[1]
[1]ਆਸਨ ਦੇ ਹੇਠ ਮਿੱਝ ਨਹੀਂ ਸੀ ਪਈ।
ਪਾਵਨ ਯਾਹੀਂ ਤੇ ਭੀ ਅਧਿਕਾਈ।
ਹੋਇ ਅਸੀਨ ਨਰਾਯਨ ਕੋ
ਇਮਿ ਤੀਰਥ ਭੇ ਇਸ ਮੇ ਸਮੁਦਾਈ
॥੫੦॥

ਚੌਪਈ:

ਭਈ ਮੇਦਪ ਤੇ ਧਰਨੀ ਇਹੈ।
ਯਾਂ ਤੇ ਨਾਮ -ਮੇਦਨੀ- ਕਹੈਂ।
ਤਿਸ ਪੀਛੇ ਬ੍ਰਹਮਾ ਤਪ ਘਾਲਾ।
ਲਾਖਹੁਂ ਸੰਮਤ ਤਪਯੋ ਬਿਸਾਲਾ ॥੫੧॥
ਪੁਨ ਸਭਿ ਇਹ ਪਰਪੰਚੁ ਬਨਾਯੋ।
ਜੜ੍ਹ ਜੰਗਮ ਜੇਤਿਕ ਦ੍ਰਿਸ਼ਟਾਯੋ।
ਲਾਖਹੁਂ ਰਿਖਿ ਇਸ ਥਲ ਮਹਿਂ ਆਇ।
ਤਪ ਕੋ ਤਪਿ ਊਚੋ ਪਦ ਪਾਇ ॥੫੨॥
ਭੋ ਸੰਗਤਿ ਇਤਿਹਾਸੁ ਬਿਸਾਲਾ।
ਸੁਨਤਿ ਪਠਤਿ ਅਘ ਨਾਸਹਿਂ ਜਾਲਾ†।

†ਨਿਰਾ ਇਤਿਹਾਸ ਪੜ੍ਹਨ ਮਾਤ੍ਰ ਨਾਲ ਪਾਪ ਦੂਰ ਨਹੀਂ ਹੁੰਦੇ, ਪਰ ਜੇ ਸੁਣਕੇ ਕੋਈ ਸਿੱਖਯਾ ਲਵੇ, ਮਾੜੇ ਕਰਮ ਤਿਆਗੇ, ਭਲੇ ਗ੍ਰਹਣ ਕਰੇ ਤਾਂ ਪਾਪ ਜ਼ਰੂਰ ਦੂਰ ਹੁੰਦੇ ਹਨ।

ਇਮ ਸ੍ਰੀ ਅਮਰਦਾਸ ਮੁਖ ਗਾਯੋ।
ਦਿਵਸ ਤੀਸਰੋ ਤਹਾਂ ਬਿਤਾਯੋ ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ ਦਾਸ ਕੁਰਛੇਤ੍ਰ' ਪ੍ਰਸੰਗ ਬਰਨਨੰ ਨਾਮ ਸਪਤ ਚਤ੍ਵਾਰਿੰਸਤੀ ਅੰਸੂ ॥੪੭॥

## ੪੮. [ਜਮਨਾ ਦੀ ਆਦਿ ਕਥਾ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਤੀਨ ਦਿਵਸ ਸ੍ਰੀ ਅਮਰ ਜੀ, ਕੁਰੁਛੇਤਰ ਮਹਿਂ ਬਾਸ।
ਪੁਨ ਆਗੇ ਗਮਨੇ ਸੁਮਗ, ਸਿਮਰਤਿ ਸ੍ਰੀ ਅਬਿਨਾਸ਼[1] ॥੧॥

[1]ਵਾਹਿਗੁਰੂ ਨੂੰ।

ਚੌਪਈ:

ਸਨੈ ਸਨੈ ਸਹਿ[†] ਸੰਗਤਿ ਚਲੇ।
ਸਭਿਹਿਨਿ ਕੀ ਸੁਧਿ ਲੇਵਤਿ ਭਲੇ।
ਹੋਹਿ ਸ਼੍ਰਮਤ[1] ਤਿਸ ਦੇਹਿਂ ਸਹਾਰਾ।
ਕਹਿ ਨਹਿਂ[†] ਸੰਕਟ ਕਿਸੂ ਪ੍ਰਕਾਰਾ ॥੨॥

[†]ਪਾ:-ਮਹਿ।
[1]ਜੋ ਥਕ ਜਾਵੇ ਉਸ ਨੂੰ।
[†]ਪਾ:-ਕੋ।

ਸਭਿਹਿਨਿ ਕੋ ਅਰੋਗ ਕਰਿ ਚਲਿ ਹੈਂ।
ਜੈ ਜੈ ਕਾਰ ਹੋਤਿ ਸੁਨਿ ਭਲਿ ਹੈ।
ਜਹਿਂ ਕਹਿਂ ਜਸੁ ਪਸਰਹਿ ਸਤਿਗੁਰ ਕੋ।
ਮਿਲਹਿਂ ਬਹੁਤਿ ਨਰ ਪ੍ਰੇਮ ਸੁ ਉਰ ਕੋ ॥੩॥
ਪਹੁਂਚਤਿ ਭੇ ਕਾਲਿੰਦ੍ਰੀ ਕੂਲ[1]।
ਸੁੰਦਰ ਸ਼ਯਾਮਲ ਜਲ ਅਨੁਕੂਲ[1]।
ਸੰਗਤਿ ਭੀਰ ਸੰਗ ਗੁਰ ਭਾਰੀ।
ਉਤਰੇ ਸੁੰਦਰ ਛਾਯ ਨਿਹਾਰੀ ॥੪॥

[1]ਜਮਨਾ ਦੇ ਕੰਢੇ।
[1]ਸੁਹਾਵਣਾ।

ਪਾਵਨ ਜਲ ਮਹਿਂ ਸਕਲ ਸ਼ਨਾਨੇ।
ਜਥਾ ਸ਼ਕਤਿ ਦੀਨਸਿ ਤਹਿਂ ਦਾਨੇ।
ਖਾਨ ਪਾਨ ਕਰਿ ਕੈ ਬਿਸਰਾਮੇ।
ਉਠਤਿ ਸਕਲ ਸਿਮਰਤਿ ਹਰਿ ਨਾਮੇ ॥੫॥
ਸਭਿ ਸੰਗਤਿ ਚਿਤ ਚਾਉ ਘਨੇਰਾ।
ਸਤਿਗੁਰ ਬਾਕ ਸੁਨਹਿਂ ਸਭਿ ਬੇਰਾ[1]।
ਹਾਥ ਜੋਰਿ ਕਰਿ ਸਭਿਨਿ, ਅਗਾਰੀ[1]।
ਬੂਝਨਿ ਕੇ ਹਿਤ ਗਿਰਾ ਉਚਾਰੀ ॥੬॥

[1]ਹਰ ਵੇਲੇ।
[1]ਸਭ ਨੇ (ਗੁਰੂ ਜੀ) ਅੱਗੇ।

'ਪ੍ਰਭੁ ਜੀ! ਜਮਨਾ ਕੇਰ ਪ੍ਰਸੰਗ।
ਕਰਹੁ ਸੁਨਾਵਨਿ ਸੰਗਤਿ ਸੰਗ।

ਜਬਿ ਤੀਰਥ ਕੋ ਲਹੈਂ ਬ੍ਰਿਤਾਂਤ।
ਭਾਉ ਸਹਤ ਮੱਜਹਿਂ ਸ਼ੁਭ ਭਾਂਤਿ ॥੭॥
ਹਮਹੁ ਲਾਭ ਨਿਤ ਹੋਤਿ ਬਿਸਾਲਾ।
ਇਕ ਤੌ ਦਰਸਹਿਂ ਤੁਮ ਸਭਿ ਕਾਲਾ।
ਦੁਤੀਏ ਤੀਰਥ ਕਰਹਿਂ ਸ਼ਨਾਨ।
ਸਿਮਰਹਿਂ ਨਾਮ, ਦੇਹਿਂ† ਪੁਨ ਦਾਨ ॥੮॥

†ਪਾ-ਦੇਤਿ।

ਬਹੁਰਿ ਪ੍ਰਸੰਗ ਤੀਰਥਨਿ ਕੇਰਾ।
ਸੁਨਤਿ ਜਾਤਿ ਨਿਤ ਹੋਤਿ ਭਲੇਰਾ।
ਯਾਂ ਤੇ ਅਹੈ ਭਾਵਨਾ ਸਭਿਹੂੰ।
ਕਹਹੁ ਬ੍ਰਿਤਾਂਤ ਨਦੀ ਬਰ ਅਬਹੂੰ ॥੯॥
ਕਿਸ ਤੇ ਜਨਮੀ ਜਮਨਾ ਨਾਮ?
ਕਿਮ ਪਾਵਨ ਹੈ ਜਲ ਅਭਿਰਾਮ?
ਕ੍ਰਿਪਾ ਧਾਰਿਕ ਸਕਲ ਸੁਨਾਵਹੁ।
ਸਭਿ ਕੇ ਮਨ ਅਭਿਲਾਖ ਪੁਰਾਵਹੁ[1]' ॥੧੦॥

[1]ਪੂਰਨ ਕਰੋ।

ਇਮ ਸਿੱਖਜਨਿ ਤੇ ਸੁਨਿ ਕਰਿ ਬੈਨ।
ਬੋਲੇ ਪਰਮ ਰਸੀਲੇ ਨੈਨ।
'ਚਿਰੰਕਾਲ ਕੋ ਇਹ ਭੀ ਜਾਨਹੁ।

†ਸਤਿਗੁਰੁ ਜੀ ਦੇ ਤੀਰਥਾਂ ਤੇ ਜਾਣ ਸਮੇਂ ਦੇ ਹਾਲ ਵਰਣਨ ਕਰਦਿਆਂ ਹੋਇਆਂ ਜਿਨ੍ਹਾਂ ਜਿਨ੍ਹਾਂ ਤੀਰਥਾਂ ਨੂੰ ਸਤਿਗੁਰੂ ਜੀ ਨੇ ਆਪਣੇ ਪਾਵਨ ਚਰਨਾਂ ਨਾਲ ਪਵਿੱਤ੍ਰ ਕੀਤਾ ਹੈ ਉਹਨਾਂ ਦਾ ਕਵੀ ਜੀ ਨੇ ਇਤਿਹਾਸ ਵੀ ਲਿਖਿਆ ਹੈ, ਇਹ ਇਤਿਹਾਸ ਪੁਰਾਣਾਂ ਤੇ ਹਿੰਦੂ ਮਤ ਦੇ ਹੋਰ ਗ੍ਰੰਥਾਂ ਵਿਚੋਂ ਲਏ ਹਨ, ਪਰ ਕਵੀ ਜੀ ਨੇ ਇਹਨਾਂ ਨੂੰ ਵਰਣਨ ਐਉਂ ਕੀਤਾ ਹੈ ਕਿ ਮਾਨੋ ਸਤਿਗੁਰੂ ਜੀ ਆਪਣੇ ਅਨੁਭਵ ਨਾਲ ਇਹਨਾਂ ਤੀਰਥਾਂ ਸਬੰਧੀ ਪੌਰਾਣਕ ਹਾਲਾਤ ਨੂੰ ਦੱਸ ਰਹੇ ਹਨ। ਇਹਨਾਂ ਇਤਿਹਾਸਾਂ ਦੀ ਇਤਹਾਸਕ ਸੱਤਜਤਾ ਉਤੇ ਗੁਰੂ ਸਾਹਿਬ ਨੇ ਆਪਣੀ ਸਾਖੀ ਦੀ ਮੋਹਰ ਛਾਪ ਲਾਈ ਨਹੀਂ ਸਮਝਣੀ ਚਾਹੀਦੀ, ਕਿਉਂਕਿ ਗੁਰੂ ਅਮਰਦੇਵ ਜੀ ਨੇ ਆਪ ਆਪਣੀ ਬਾਣੀ ਵਿਚ ਤੀਰਥਾਂ ਦਾ ਮਹਾਤਮ ਨਹੀਂ ਮੰਨਿਆ। ਯਥਾ:-
ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
[ਸਿਰੀਃ ਮਃ੩] ਪੁਨਾ:-ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ॥
[ਮਾਝਃ ਮਃ੩] ਤਥਾ:-ਅਨੇਕ ਤੀਰਥ ਜੇ ਜਤਨ ਕਰੈ ਤਾਂ ਅੰਤਰ ਕੀ ਹਉਮੈ ਕਦੇ ਨ ਜਾਇ ॥
[ਗੂਜਃ ਮਃ੩]

ਰੁਚਿਰ ਪ੍ਰਸੰਗ ਸੁਨਹੁ ਹਿਤ ਠਾਨਹੁ† ॥੧੧॥
ਕਾਰੀਗਰ ਸਭਿ ਦੇਵਨਿ[1] ਕੇਰਾ।
ਬਿਸ਼ੁਕਰਮਾ[1] ਬੁਧਿਵਾਨ ਬਡੇਰਾ।
ਸੁਤਾ ਸੁਬ੍ਰਚਲਾ† ਤਿਸ ਕੇ ਭਈ।

[1]ਦੇਵਤਿਆਂ ਦਾ।
[1]ਕਾਰੀਗਰੀ ਦਾ ਦੇਵਤਾ।
†ਸੰਸ: ਸੁਵਰਚੁਲਾ।

| | |
|---|---|
| ਸਰਬ ਅੰਗ ਸੁੰਦਰ ਦੁਤਿ ਮਈ[1] ॥੧੨॥ | [1]ਪ੍ਰਕਾਸ਼ ਵਾਲੀ। |
| ਆਂਖ ਪਾਂਖਰੀ ਕਵਲ ਸਰੀਖੀ[1]। | [1]ਕਵਲ ਦੀ ਪੰਖੜਈ ਵਾਂਙ। |
| ਜਿਨ ਕੀ ਕੋਰ[1] ਬਾਨ ਸਮ ਤੀਖੀ। | [1]ਕੋਨਾ, ਭਾਵ ਅੱਖ ਦੇ ਕੋਨੇ ਦੀ ਮਟਕ। ਮਟੱਕਾ, ਨਜ਼ਰ। |
| ਗਜ ਗਾਮਨਿ[1] ਸੁਠ ਕੰਠ ਕਪੋਤੀ[2]। | [1]ਹਾਥੀ ਵਤ ਚਾਲ ਵਾਲੀ। [2] ਸੁੰਦਰ ਗਰਦਨ ਕਬੂਤਰੀ ਵਰਗੀ। |
| ਜਿਸ ਕੋ ਪਿਖਿ ਰਤਿ ਲੱਜਤਿ ਹੋਤੀ ॥੧੩॥ | |
| ਸੋ ਸੂਰਜ ਨੇ ਬਹਾਹਨ ਠਾਨੀ। | |
| ਰੁਚਿਰੰਗੀ[1] ਨਿਜ ਘਰ ਮਹਿਂ ਆਨੀ। | [1]ਸੁਹਣੇ ਅੰਗਾਂ ਵਾਲੀ। |
| ਕੋਮਲ ਅੰਗਾ ਕਟ ਤੇ ਛੀਨੀ[1]। | [1]ਕੂਲੇ ਅੰਗਾਂ ਵਾਲੀ ਤੇ ਲੱਕੋਂ ਪਤਲੀ। |
| ਮੇਚਕ ਕੇਸਾ[1] ਉਰੁਜਨਿ ਪੀਨੀ[2] ॥੧੪॥ | [1]ਕਾਲੇ ਵਾਲਾਂ ਵਾਲੀ। [2]ਕਠੋਰ ਸਥਨਾਂ ਵਾਲੀ। |
| ਕਿਤਿਕ ਕਾਲ ਬੀਤਾਵਨਿ ਕੀਨਾ। | |
| ਸੂਰਜ ਦੁਸਹ[1] ਤੇਜ ਤੇ ਚੀਨਾ। | [1]ਨਾ ਸਹਾਰਨ ਯੋਗ। |
| ਤਊ ਦੁਖਿਤਿ ਹ੍ਵੈ ਰਹੀ ਨਿਕੇਤ। | |
| ਕੁਲ ਕੀ ਲਾਜ ਰਾਖਿਬੇ ਹੇਤੁ ॥੧੫॥ | |
| ਦੋਇ ਪੁੱਤ੍ਰ ਇਕ ਤਨੁਜਾ ਹੋਈ। | |
| ਜਮੁਨਾ ਨਾਮ ਜਾਨੀਯਹਿ ਸੋਈ। | |
| ਮਨੁ ਅਰੁ ਜਮ[1] ਦੂਸਰ ਸੁਤ ਹੋਵਾ। | [1]ਮਨੂ ਤੇ ਧਰਮਰਾਜ। |
| ਮਹਾਂ ਪ੍ਰਤਾਪ ਸਾਥ ਉਦਤਜੋਵਾ[1] ॥੧੬॥ | [1]ਪ੍ਰਗਟ ਹਨ, (ਅ) ਪ੍ਰਗਟ ਹੋਏ। |
| ਪਤਿ ਕੇ ਤੇਜ ਸੰਗ ਹੁਇ ਬਿਹਬਲ। | |
| ਸਹਜੋ ਨ ਜਾਇ ਅੰਗ ਰਹਿ ਜਲ ਬਲ। | |
| ਨਿਜ ਛਾਯਾ ਕੀ ਤੀਯ ਬਨਾਈ[1]। | [1]ਆਪਣੀ ਛਾਇਆ ਦੀ (ਹੋਰ) ਇਸਤ੍ਰੀ ਬਣਾਈ। |
| ਨਿਜ ਸਰੂਪ ਸਮ ਸਦਨ ਬਿਠਾਈ ॥੧੭॥ | |
| ਤ੍ਰਾਸ ਤੇਜ ਕੋ ਪਾਇ ਬਿਸਾਲਾ। | |
| ਚੋਰੀ ਗਮਨ ਕੀਨਿ ਪਿਤ ਸ਼ਾਲਾ[1]। | [1]ਪਿਤਾ ਦੇ ਘਰ, ਭਾਵ ਪੇਕੇ। |
| ਬਿਸ਼ੁਕਰਮਾ ਨੇ ਜਬਹਿ ਨਿਹਾਰੀ। | |
| ਜਾਨਿ ਅਜੋਗ ਕਠੋਰ ਉਚਾਰੀ[1] ॥੧੮॥ | [1]ਧੀ ਦਾ ਚੋਰੀ ਟੁਰ ਆਉਣਾ ਤੇ ਪੇਕੇ ਰਹਿਣਾ) ਅਯੋਗ ਜਾਣਕੇ ਕਰੜੀ (ਬਾਣੀ) ਕਹੀ। |
| -ਪਤਿ ਤੇ ਛਪਿ ਕੈ ਬਿਨਾ ਹਕਾਰੇ। | |
| ਕਯੋਂ ਆਈ ਚਲਿ ਸਦਨ ਹਮਾਰੇ। | |
| ਮੋ ਘਰ ਮਹਿਂ ਰਹਿਬੇ ਨਹਿਂ ਥਾਨ। | |
| ਜਹਿਂ ਇੱਛਾ ਤਹਿਂ ਕਰਹੁ ਪਯਾਨ- | |

॥੧੯॥
ਬਾਕ ਪਿਤਾ ਕੇ ਸੁਨਿ ਕੁਮਲਾਈ।
ਅਪਨੀ ਦੇਹਿ ਤਬਹਿ ਪਲਟਾਈ।
ਬੜਵਾ ਕੋ[1] ਧਾਰਨਿ ਕਰਿ ਤਨ ਕੋ। [1]ਘੋੜੀ ਦਾ।
ਪ੍ਰਾਪਤਿ ਭਈ ਜਾਇ[†] ਬਡ ਬਨ ਕੋ ॥੨੦॥ [†]ਪਾ:-ਬਹੁਰ।
ਇਸ ਕੀ ਗਤਿ ਸੂਰਜ ਨਹਿਂ ਜਾਨੀ।
ਛਾਯਾ ਤਿਯਾ ਜਾਨਿ[1] ਰਤਿ ਠਾਨੀ। [1]ਛਾਇਆ ਵਾਲੀ ਇਸਤ੍ਰੀ (ਨੂੰ ਆਪਣੀ ਇਸਤ੍ਰੀ) ਜਾਣਕੇ।
ਤਿਸ ਤੇ ਭੀ ਦੁਇ ਸੁਤ ਜਨਮਾਏ।
ਨਾਮ ਸਨੀਚਰ ਆਦਿਕ ਗਾਏ ॥੨੧॥
ਏਕ ਸੁਤਾ ਛਾਯਾ ਨਿਪਜਾਈ[1]। [1]ਛਾਇਆ ਨੇ ਜੰਮੀ।
ਤਪਤੀ[1] ਨਾਮ ਤਿਸੀ ਕੋ ਗਾਈ[2]। [1]ਤਾਪਤੀ (ਨਾਮੇ ਨਦੀ)। [2]ਕਹਿੰਦੇ ਹਨ।
ਦੱਖਜਣ ਬਿਖੈ ਬਹੀ ਹੁਇ ਸਲਿਤਾ।
ਬਿਮਲ ਅਗਾਧ ਜਾਂਹਿ ਜਲ ਚਲਤਾ ॥੨੨॥
ਜੁਗ ਤਨੁਜਾ ਅਰੁ ਨੰਦਨ ਚਾਰ।
ਮਾਰਤੰਡ ਕੇ ਭਏ ਅਗਾਰ।
ਏਕ ਦਿਵਸ ਛਾਯਾ ਕੇ ਸਾਥ।
ਜਮ ਲਰਿ ਪਰਯੋ ਬਹਿਸ ਕਿਸਿ ਗਾਥ ॥੨੩॥
ਅਧਿਕ ਕ੍ਰੋਧ ਦੋਇਨ ਕੇ ਹੋਵਾ।
ਰਕਤ ਨੇਤ੍ਰ ਆਪਸ ਮਹਿਂ ਜੋਵਾ।
ਗਿਰਾ ਕਠੋਰ ਬਿਸਾਲ ਉਚਾਰੀ।
ਤਬਿ ਜਮ ਨੇ ਨਿਜ ਲਾਤ ਉਭਾਰੀ ॥੨੪॥
ਉਦਤਯੋ[1] ਕਰਨਿ ਪ੍ਰਹਾਰ ਸੁ ਛਾਯਾ। [1]ਤਿਆਰ ਹੋਇਆ ਛਾਇਆ ਨੂੰ ਲੱਤ ਮਾਰਨ ਵਾਸਤੇ।
ਇਨਿ ਦੇਖਤਿ ਇਮ ਸ੍ਰਾਪ ਅਲਾਯਾ।
-ਚਰਨ ਉਭਾਰਯੋ ਮੋ ਕਹੁ ਜੋਇ।
ਚਹੈਂ ਪ੍ਰਹਾਰ ਕਰਨਿ ਕੋ ਸੋਇ ॥੨੫॥
ਅਬ ਗਰਿ ਜਾਹੁ[1] ਨ ਆਛੋ ਰਹੈ। [1]ਗਲ ਜਾਏਗਾ।
ਕਰਿ ਅਪਰਾਧ ਉਚਿਤ ਦੁਖ ਸਹੈ-।

ਛਾਯਾ ਸ੍ਰਾਪ ਦਯੋ ਇਮ ਜਬੈ।
ਜਮ ਕੋ ਚਰਨ ਗਯੋ ਗਰ ਤਬੈ ॥੨੬॥
ਸੁਧਿ ਸੂਰਜ ਨੇ ਜਬਿਹੂੰ ਸੁਨੀ।
ਰਿਦੈ ਬਿਖੈ ਬਹੁ ਬਿਧਿ ਸੋਂ ਗੁਨੀ।
-ਇਹੁ ਸੁਤ ਮਾਤਾ[1] ਲਖੀਯਹਿ ਕੈਸੇ। [1]ਪੁੱਤ੍ਰ ਦੀ ਮਾਂ।
ਘੋਰ ਕਰਮ ਕੀਨਸਿ ਜੁਗ ਐਸੇ- ॥੨੭॥
ਸਹਤ ਸੰਦੇਹ ਸੂਰ ਜਬਿ ਹੋਵਾ।
ਆਯੋ ਛਾਯਾ ਕੀ ਦਿਸ਼ਿ ਜੋਵਾ।
-ਸਾਚ ਬਤਾਵਹੁ ਹੈ ਤੂੰ ਕੌਨ?
ਸੁਤ ਸੋਂ ਇਮ ਕੋ ਕਰਿ ਹਹਿ ਭੌਨ- ॥੨੮॥
ਦਿਨਪਤਿ ਜਬਹਿ ਤ੍ਰਾਸ ਉਪਜਾਯਹੁ।
ਛਾਯਾ ਸਾਚੁ ਬ੍ਰਿਤਾਂਤ ਬਤਾਯਹੁ।
'ਤਵ ਦਾਰਾ ਗਮਨੀ ਪਿਤ ਓਰ।
ਮੁਝ ਕੋ ਗਈ ਰਾਖਿ ਇਸ ਠੌਰ ॥੨੯॥
ਆਦਿ ਸਨਿਸ਼ਚਰ ਸੰਤਤਿ ਮੇਰੀ।
ਮਨੁ, ਜਮੁ, ਜਮਨਾ, ਹੈ ਤਿਸ ਕੇਰੀ।
ਚਿਰੰਕਾਲ ਕੀ ਤਜਾਗ ਪਲਾਈ।
ਮੈਂ ਪਾਲਨਿ ਕੀਨੇ ਚਹੁੰਭਾਈ- ॥੩੦॥
ਸੁਨਿ ਸਪਤਾਸੁ[1]† ਤੁਰਤ ਹੀ ਧਾਯੋ। [1]ਸੂਰਜ [ਸੰਸ: ਸਪ੍ਤਾਸ਼੍ਵ]। †ਪਾ:-ਸਵਿਤਾ ਸ।
ਬਿਸ਼ੁਕਰਮਾ ਕੇ ਘਰਿ ਚਲਿ ਆਯੋ।
ਕਹਜੋ -ਸੁਤਾ ਤੇਰੀ ਇਤਿ ਆਈ।
ਬਿਤੇ ਕਾਲ ਬਹੁ, ਅਬਿ ਸੁਧਿ ਪਾਈ ॥੩੧॥
ਕਰੀ ਅਜੋਗ ਬਾਤ ਲਖਿ ਲੀਜੈ।
ਮੋ ਕਹੁ ਅਬ ਬਤਾਇ ਤਿਸ ਦੀਜੈ-।
ਬਿਸ਼ੁਕਰਮਾ ਨੇ ਕਹਜੋ ਬ੍ਰਿਤਾਂਤ।
-ਮੋ ਘਰ ਆਈ ਹੁਤੀ ਪਲਾਤਿ[1] ॥੩੨॥ [1]ਨੱਸ ਕਰਕੇ।
ਨਹੀਂ ਸਦਨ ਮਹਿਂ ਰਹਨਿ ਦਈ ਹੈ।
ਹੁਇ ਨਿਰਾਸ ਕਿਤਿ ਵਹਿਰ ਗਈ ਹੈ।
ਭੋ ਦਿਨਮਣਿ! ਸੁਨਿ, ਹੈ ਸੋ ਸਾਚੀ[1]। [1]ਹੇ ਸੂਰਜ ਸੁਣ, ਸੋ ਸੱਚੀ ਹੈ।
ਦੁਖਤਿ ਬਹੁਤ ਲਾਗਹਿ ਤੁਵ ਆਂਚੀ[1] [1]ਤੇਰੇ ਸੇਕ ਤੋਂ ਉਸ ਨੂੰ ਬਹੁਤ ਦੁਖ ਲਗਦਾ ਹੈ।

॥੩੩॥
ਤੇਜ ਨ ਸਹਯੋ ਜਾਤਿ ਹੈ ਤੇਰਾ।
ਨਿਕਸੀ ਕਰਿ ਉਰ ਤ੍ਰਾਸ ਬਡੇਰਾ।
ਜੇ ਕਰਿ ਕਹਯੋ ਮੋਹਿ ਤੂੰ ਮਾਨਹਿਂ।
ਸਭਿ ਗਤਿ ਆਛੀ ਹੋਹਿ ਪਛਾਨਹਿਂ
॥੩੪॥
ਕੁਛਕ ਬਰਨ ਧੂਮਰ ਸਮ[1] ਤੇਰਾ। — [1]ਜੋ) ਧੂੰਏਂ ਵਤ ਹੈ।
ਤਪਤ ਅਹੈ ਅਤਿ ਜਾਹਿ ਨ ਹੇਰਾ।
ਮੋਰ ਚਰਖ[1] ਪਰ ਚਢਿ ਇਕ ਬਾਰੀ। — [1]ਖਰਾਦ।
ਛੋਲ ਦੇਹੁਂ[1] ਤੁਜ ਦੇਉਂ ਸਵਾਰੀ ॥੩੫॥ — [1]ਛਿੱਲ ਦੇਵਾਂ।
ਸੁਪ੍ਰਕਾਸ਼ ਇਕ ਤੌਂ ਹੁਇ ਜਾਇ।
ਅਤਿਸ਼ੈ ਤਪਤ ਮਿਟਹਿ ਇਸ ਭਾਇ-।
ਆਛੀ ਬਾਤਿ ਜਾਨਿ ਕਰਿ ਪੂਖਨ[1]। — [1]ਸੂਰਜ।
ਚਢਯੋ ਖਰਾਦ ਸੁ ਹੋਨਿ ਅਦੂਖਨ ॥੩੬॥
ਬਿਸ਼ੁਕਰਮੇ ਲੈ ਤੀਖਨ ਸਾਧਨਿ[1]। — [1]ਤਿੱਖਾ ਹਥਿਆਰ।
ਫੇਰਿ ਤਿਸੀ ਕੋ ਕੀਨਿ ਖਰਾਦਨਿ।
ਊਪਰ ਕੋ ਤਨ ਛੋਲਨਿ ਕੀਨਾ।
ਨਿਕਸਯੋ ਸੁੰਦਰ ਰੂਪ ਨਵੀਨਾ ॥੩੭॥
ਧੂਮ੍ਰਾਕਾਰ ਸੁ ਤੇਜ ਜਿਤੇਕ[1]। — [1]ਧੂੰਏਂ ਵਰਗਾ ਤੇਜ ਸੀ ਜਿਤਨਾ ਕੁ।
ਛੋਲਯੋ ਧਰਯੋ ਖਰਾਦ ਤਿਤੇਕ[1]। — [1]ਤਿਤਨਾ ਖਰਾਦ ਕੇ ਛਿੱਲ ਦਿੱਤਾ।
ਨਿਜ ਤਨ ਦੇਖਿ ਹਰਖ ਰਵਿ[1] ਭਰਯੋ। — [1]ਸੂਰਜ।
ਬਿਸ਼ੁਕਰਮੇ ਸੁ ਬਤਾਵਨਿ ਕਰਯੋ[1] ॥੩੮॥ — [1]ਹੁਣ) ਬਿਸ਼ੁਕਰਮੇ ਨੇ (ਆਪਣੀ ਧੀ ਦਾ ਪਤਾ) ਦੱਸਿਆ।
-ਅਮੁਕੈ ਬਨ ਮੈਂ ਬੜਵਾ ਤਨ ਹੈ[1]। — [1]ਘੋੜੀ ਦੇ ਤਨ ਵਿਚ ਹੈ।
ਨਿਜ ਦਾਰਾ ਆਨਹੁ ਹਿਤ ਮਨਿ ਹੈ-।
ਸੁਨਿ ਸਵਿਤਾ ਅਸੁ ਕੋ ਤਨ ਧਰਯੋ[1]। — [1]ਸੂਰਜ ਨੇ ਘੋੜੇ ਦਾ ਸਰੀਰ ਧਾਰਿਆ।
ਸੋ ਕਾਨਨ ਕੋ ਜਾਇ ਨਿਹਰਯੋ ॥੩੯॥
ਹੁਤੀ ਤੁਰੰਗਨਿ ਮਿਲਯੋ ਸੁ ਜਾਇ।
ਸੁੰਘਿ ਨਾਸਕਾ ਜਬਿ ਸੁਖ ਪਾਇ।
ਤਤਛਿਨ ਦ੍ਵੈ ਸੁਤ ਕੋ ਉਪਜਾਯੋ।
ਅਸ਼੍ਵਿਨਿ ਕੁਮਾਰ ਨਾਮ ਜਿਨ ਗਾਯੋ
॥੪੦॥
ਪੁੱਤ੍ਰ ਸਹਤ ਦਾਰਾ ਨਿਜ ਆਨੀ।

ਮਿਲੀ ਸਭਿਨਿ ਸੋਂ ਉਰ ਹਰਖਾਨੀ।
ਤਬਿ ਕੀ ਜਮਨਾ ਬਨ ਮਹਿਂ ਜਾਇ।
ਤਪ ਕੋ ਤਪਤਿ ਰਹੀ ਬਹੁ ਭਾਇ ॥੪੧॥
ਦ੍ਵਾਪਰ ਅੰਤ ਭਏ ਗੋਪਾਲ[1]।
ਇਨ ਕੋ ਪਤਿ ਕੀਨਸਿ ਤਿਸ ਕਾਲ।
ਅਨਿਕ ਪ੍ਰਕਾਰ ਭੋਗ ਸੁਖ ਘਨੇ।
ਮਿਲੀ ਸ਼ਯਾਮ ਸੋਂ ਸੁਤ ਦਸ ਜਨੇ[†] ॥੪੨॥

[1]ਸ੍ਰੀ ਕ੍ਰਿਸ਼ਨ ਜੀ।

[†]ਐਸੀਆਂ ਅਸੱਭ੍ਯ ਕਥਾ ਕਦੇ ਸ੍ਰੀ ਅਨੰਦ ਸਾਹਿਬ ਜੀ ਦੇ ਕਰਤਾ ਜੀ ਕਿਸੇ ਨੂੰ ਸੁਣਾ ਨਹੀਂ ਸਕਦੇ। ਪੌਰਾਣਕ ਆਖ੍ਯਾਨਕਾ ਦੀ ਵਾਕਫੀ ਲੋਕਾਂ ਨੂੰ ਦੇਣੇ ਲਈ ਕਵੀ ਜੀ ਉਥੋਂ ਦੀਆਂ ਕਥਾ ਦੇ ਰਹੇ ਹਨ।

ਸੋ ਜਮੁਨਾ ਸਲਿਤਾ ਹੁਇ ਬਹੀ।
ਜਿਸ ਹਿਤ ਸਕਲ ਬਾਰਤਾ ਕਹੀ।
ਪਾਵਨ ਜਲ ਪਾਪਨ ਕੋ ਨਾਸਨਿ।
ਰੱਛ੍ਯਾ ਕਰਹਿ ਆਪਨੇ ਦਾਸਨਿ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜਮਨਾ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥੪੮॥

## ੪੯. [ਮਾਰਤੰਡ ਦੀ ਕਥਾ, ਤੁਰਕ ਜਗਾਤੀ, ਕੰਨਖਲ, ਤੇ ਗੋਇੰਦਵਾਲ ਨੂੰ ਮੁੜਨਾ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਸੁਨਿ ਪ੍ਰਸੰਗ ਸੰਗਤਿ ਸਰਬ ਸ਼੍ਰੀ ਗੁਰ ਅਮਰ ਕਿ ਪਾਸ[1]।
[1]ਜੀ ਦੇ ਪਾਸੋਂ।

ਪੁਨ ਪੂਛਜੋ 'ਕਿਮੁ ਭਾਨੁ ਕੌ ਭਯੋ ਬਰਨ ਧੂਮ੍ਰਾਸ[1]?' ॥੧॥
[1]ਧੂੰਏਂ ਵਰਗਾ ਕਾਲਾ ਰੰਗ ਸੂਰਜ ਦਾ ਹੋ ਗਿਆ ਸੀ।

ਚੌਪਈ:
[†]ਦੇਖੋ ਇਸੇ ਰਾਸ ਦੇ ਅੰਸੂ ੪੮ ਦਾ ਅੰਕ ੮।

ਸ਼੍ਰੀ ਗੁਰ ਕਹਤਿ ਭਏ ਇਤਿਹਾਸ[†]।
'ਸੰਗਤਿ ਸੁਨਹੁ ਭਈ ਗਤਿ ਜਾਸ।
ਕੱਸਜਪ ਰਿਖਿ ਅਤਿਸ਼ੈ ਤਪ ਘਾਲਾ।
ਜਿਸ ਕੇ ਭਈ ਭਾਰਜਾ ਜਾਲਾ[1] ॥੨॥
[1]ਬਹੁਤੀਆਂ (ਇਸਤ੍ਰੀਆਂ)।

ਜਨੇ ਦਿਤੀ[1] ਨੇ ਦੈਤ ਕਰਾਲ।
[1]ਦੈਂਤਾਂ ਦੀ ਮਾਤਾ ਦਾ ਨਾਮ ਹੈ।

ਦਨੁ[1] ਤੇ ਦਾਨਵ[†] ਭਏ ਬਿਸਾਲ।
[1]ਕਸਜਪ ਦੀ ਇਕ ਇਸਤ੍ਰੀ ਜਿਸ ਤੋਂ ੪੦ ਪੁੱਤ੍ਰ ਹੋਏ ਜੋ ਦਨੁਜ ਕਹਾਏ। [†]ਪਾ:-ਦੇਵਨ।

ਬਿਨਤਾ[1] ਤੇ ਖਗਪਤਿ[2] ਜਨਮਾਯੋ।
[1]ਕਸਜਪ ਦੀ ਹੋਰ ਇਸਤ੍ਰੀ ਜੋ ਗਰੁੜ ਦੀ ਮਾਂ ਸੀ। [2]ਗਰੁੜ।

ਨਾਮ ਗਰੁੜ ਬਡ ਬਲੀ ਸੁਹਾਯੋ ॥੩॥
ਕੱਦ੍ਰੂ[1] ਨੇ ਪੰਨਗ[2] ਉਪਜਾਏ।
[1]ਕਸਜਪ ਦੀ ਇਕ ਹੋਰ ਇਸਤ੍ਰੀ ਦਾ ਨਾਮ। [2]ਸੱਪ।

ਇੱਤਜਾਦਿਕ ਇਸਤ੍ਰੀ ਸਮੁਦਾਏ।
ਅਦਿਤੀ[1] ਤੇ ਸਭਿ ਦੇਵ ਭਏ ਹੈਂ।
[1]ਕਸ਼ਜਪ ਦੀ ਇਕ ਹੋਰ ਇਸਤ੍ਰੀ ਜਿਸ ਤੋਂ ੩੩ ਦੇਵਤੇ ਜੰਮੇ।

ਸੁਧਾ ਪਾਨ ਜੇ ਅਮਰ ਥਿਏ ਹੈਂ[1] ॥੪॥
[1]ਅੰਮ੍ਰਿਤ ਪੀ ਕੇ ਅਮਰ (ਚਿਰੰਜੀਵੀ ਜਾਂ ਕਲਪ ਪ੍ਰਯੰਤ ਆਯੂ ਵਾਲੇ) ਹੋਏ ਹਨ।

ਤਿਸ ਅਦਿਤੀ ਕੇ ਗਰਭ ਮਝਾਰਾ।
ਸੂਰਜ ਹੁਤੋ ਅਪਨਿ ਤਨੁ ਧਾਰਾ।
ਇਕ ਦਿਨ ਸਸਿ ਸੁਤਿ ਬੁਧ ਚਲਿ ਆਯੋ।
ਬ੍ਰਹਮਚਾਰੀ ਕੋ ਬੇਖ ਬਨਾਯੋ ॥੫॥
ਤਪ ਕੋ ਤਪਤ ਹੁਤੋ ਬਨ ਮਾਂਹੀ।
ਭਿੱਛਾ ਹਿਤ ਆਯਹੁ ਤਿਸ ਪਾਂਹੀ।
ਅਦਿਤੀ ਗਰਭ ਸਹਤ ਤਿਸ ਕਾਲਾ।
ਆਲਸ ਉਠਿਬੇ ਕੇਰ ਬਿਸਾਲਾ ॥੬॥
ਕੇਤਿਕ ਚਿਰ ਬੀਤਾ ਤਿਹ ਖਰੇ।
ਦਯੋ ਸ੍ਰਾਪ ਬੁਧ ਨੇ ਰਿਸ ਧਰੇ[1]।
[1]ਗੁੱਸਾ ਕਰਕੇ।

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

-ਜਿਸ ਗ੍ਰਭ ਧਰਿ ਤੈਂ ਆਲਸ ਕੀਨਾ।
ਭਿੱਖਯਾ ਮੋਹਿ ਤੁਰਤ ਨਹਿਂ ਦੀਨਾ ॥੭॥
ਸੋ ਤਵ ਗਰਭ ਗਰਹੁ[1] ਨਹਿਂ ਬਾਚੇ-।
ਇਮ ਕਹਿ ਗਯੋ ਆਨ ਘਰ ਜਾਚੇ।
ਅਦਿਤੀ ਬਹੁਤ ਤ੍ਰਾਸ ਕੋ ਪਾਇ।
ਪਤਿ ਕੇ ਨਿਕਟ ਗਈ ਸਹਿਸਾਇ[1] ॥੮॥
ਬੁਧ ਕੋ ਸ੍ਰਾਪ ਸੁਨਾਵਨਿ ਕੀਨਾ।
-ਰੱਛਾ ਕਰਹੁ ਜਿ ਗਰਭ ਨ ਛੀਨਾ-।
ਸੁਨਿ ਕੱਸਜਪ ਨੇ ਬਰ ਕੋ ਦਯੋ।
-ਬਚੇ ਗਰਭ ਤਵ ਹੋਹਿ ਨ ਛਯੋ[1] ॥੯॥
ਤਨ ਊਪਰ ਕੋ ਮ੍ਰਿਤ ਹੁਇ ਜਾਇ।
ਤਿਸ ਮਹਿਂ ਅਪਰ ਦੇਹ ਕੋ ਪਾਇ।
ਮ੍ਰਿਤਕ ਅੰਡ[1] ਮਰਿ ਹੁਇ ਅਭਿਰਾਮੁ।
ਯਾਂ ਤੇ ਮਾਰਤੰਡ[1†] ਕਹਿਨਾਮੁ- ॥੧੦॥
ਇਮ ਬਰ ਪਾਇ ਰਹਯੋ ਬਚ ਸੋਇ।
ਮ੍ਰਿਤੁ ਤਨ ਮਹਿਂ ਨੌਤਨ ਤਨ[1] ਹੋਇ।
ਜਨਮਯੋ ਸੂਰਜ ਤਨ ਦ੍ਵੈ ਰਹੇ।
ਧੂਮ੍ਰ ਬਰਨ ਕੋ ਯਾਂ ਤੇ ਲਹੇ ॥੧੧॥
ਤਨ ਊਪਰ ਕੋ ਸ਼ੁਸ਼ਕ ਰਹਯੋ ਹੈ।
ਬਿਚ ਕੋ ਸੁੰਦਰ ਦੇਹਿ ਲਹਯੋ ਹੈ।
ਬਿਸ਼ੁਕਰਮਾ ਨੇ ਛੋਲਯੋ ਸੋਊ।
ਅੰਤਰਿ ਕੋ ਸ਼ੁਭ ਪ੍ਰਗਟਯੋ ਜੋਊ ॥੧੨॥
ਧੂਮ੍ਰ ਬਰਨ ਕੁਛ ਤੇਜ ਨਿਵਾਰਾ।
ਸੁਪ੍ਰਕਾਸ਼ ਪੁਨ ਕੀਨਿ ਸੁਧਾਰਾ।
ਊਪਰ ਤੇ ਰਵਿ ਖੁਰਚਯੋ ਜੇਤੋ।
ਅਪਰ ਕਾਰ ਮਹਿਂ ਲਾਯਹੁ ਤੇਤੋ ॥੧੩॥
ਚੱਕ੍ਰ ਸੁਦਰਸ਼ਨ[1] ਤੇਜ ਬਿਸਾਲਾ।
ਬਿਸ਼ੁਕਰਮਾ ਕੀਨਸਿ ਤਿਸ ਕਾਲਾ।
ਲੱਛਮੀਪਤਿ[1] ਕੇ ਸੋ ਕਰ ਸੋਹੈ।
ਮਹਾਂ ਤੇਜ ਯਾਂ ਤੇ ਤਿਹ ਮੋਂ ਹੈ ॥੧੪॥

[1]ਗਲ ਜਾਵੇ।
[1]ਕਾਹਲੀ ਨਾਲ।
[1]ਨਾਸ਼।
[1]ਮਰੇ ਹੋਏ ਪੜਦੇ ਵਿਚ।
[1]ਮ੍ਰਿਤਕ ਅੰਡ ਚੋਂ ਉਪਜਿਆ ਸੋ ਮਾਰਤੰਡ। †ਕਵਿ ਜੀ ਦੀ ਕੋਸ਼ ਦੀ ਵਾਕਫੀ ਤੱਕੋ ਸੂਰਜ ਦੇ ਕਿੰਨੇ ਨਾਮ ਦੇ ਰਹੇ ਹਨ ਤੇ ਕਈਆਂ ਦੀ ਵਿਤਪਤੀ ਬੀ ਦੱਸ ਰਹੇ ਹਨ।
[1]ਨਵਾਂ ਸਰੀਰ।
[1]ਵਿਸ਼ਨੂੰ ਦੇ ਹੱਥ ਵਾਲਾ ਚੱਕ੍ਰ ਸੁਦਰਸ਼ਨ।
[1]ਵਿਸ਼ਨੂੰ।

ਪੁਨ ਤ੍ਰਿਸੂਲ ਤਿਸ ਤੇ ਰਚਿ ਲੀਨੋ।
ਸੋ ਤ੍ਰਿਨੈਨ[1] ਕੇ ਕਰ ਮਹਿਂ ਦੀਨੋ। [1]ਸ਼ਿਵ।
ਇੱਤਜਾਦਿਕ ਕਛ ਔਰ ਬਨਾਵਾ।'
ਇਮ ਪ੍ਰਸੰਗ ਇਹੁ ਰੁਚਿਰ ਸੁਨਾਵਾ[†] ॥੧੫॥

[†]ਇਹ ਨਿਸਚਾ ਕਰਨ ਕਿ ਇਸ ਤਰ੍ਹਾਂ ਦੇ ਪ੍ਰਸੰਗ ਗੁਰੂ ਜੀ ਸਚ ਸਮਝਕੇ ਸਿੱਖਾਂ ਨੂੰ ਸੁਣਾ ਰਹੇ ਹਨ, ਉਨ੍ਹਾਂ ਦੇ ਅਪਣੇ ਕਥੇ ਗੁਰਬਾਣੀ ਵਿਚ ਅੰਕਤ ਉਪਦੇਸ਼ਾਂ ਦੇ ਅਨੁਕੂਲ ਨਹੀਂ ਹਨ। ਇਹ ਪੌਰਾਣਕ ਆਖਜਾਨਕਾ ਕਵਿ ਜੀ ਅਪਣੇ ਪੜ੍ਹੇ ਸੁਣੇ ਪੁਰਾਣਾਂ ਦੀ ਵਾਕਫੀਅਤ ਤੋਂ ਪਾਠਕਾਂ ਦੀ ਕੇਵਲ ਵਾਕਫੀ ਵਧਾਉਣ ਲਈ ਦੱਸ ਰਹੇ ਹਨ।

ਸੁਨਿ ਸੰਗਤ ਨੇ ਹਰਖ ਉਪਾਯਹੁ।
ਸਕਲ ਭੇਵ ਮਨ ਮਹਿਂ ਲਖਿ ਪਾਯਹੁ।
ਸ਼੍ਰੀ ਜਮਨਾ ਕੋ ਕਰਿ ਇਸ਼ਨਾਨਾ।
ਆਗੈ ਸਤਿਗੁਰ ਕੀਨਿ ਪਯਾਨਾ ॥੧੬॥
ਹੁਤੇ ਜਗਾਤੀ[1] ਸੇ ਚਲਿ ਆਏ। [1]ਮਸੂਲੀਏ।
ਦਰਸ਼ਨ ਕੀਨਿ ਉਰ ਮਹਿਂ ਹਰਖਾਏ।
ਲੋਕ ਹਜ਼ਾਰਹੁਂ ਬੰਦਨ ਕਰਤੇ।
ਮਹਿਮਾ ਦੀਰਘ ਆਂਖ ਨਿਹਰਤੇ ॥੧੭॥
ਤ੍ਰਾਸਤ ਭਏ ਜਗਾਤੀ ਹੇਰ।
ਨਹੀਂ ਜੇਜਵਾ[1] ਲੀਨਸਿ ਘੇਰਿ। [1]ਮਸੂਲ।
ਡਰ ਕਰਿ ਨਮੋ ਕਰੀ ਪਗ ਆਇ।
ਹਾਥ ਜੋਰਿ ਬੋਲੇ ਹਿਤ ਪਾਇ ॥੧੮॥
'ਸਤਿਗੁਰ ! ਕਰੁਨਾ ਦ੍ਰਿਸ਼ਟਿ ਨਿਹਾਰਹੁ।
ਨਿਜ ਸੰਗੀ ਲੇ ਸੰਗ ਸਿਧਾਰਹੁ।
ਤਿਨ ਤੇ ਹਮ ਕੁਛ ਲੇਵਹਿਂ ਨਾਂਹੀ।
ਤ੍ਰਾਸ ਆਪ ਕੋ ਧਰਿ ਉਰ ਮਾਂਹੀ ॥੧੯॥
ਕੂਰ[1] ਬਾਕ ਨਹਿਂ ਕਹੀਅਹਿ ਕੋਇ। [1]ਕਰੜੇ।
ਲੇਹਿ ਜੁ ਨਾਮ ਤਜਹਿਂ ਹਮ ਸੋਇ[1]। [1]ਜੋ ਆਪਦਾ ਨਾਮ ਲਏਗਾ ਉਸ ਨੂੰ ਅਸੀਂ ਛੱਡ ਦਿਆਂਗੇ।
ਅਪਰਨ ਤੇ ਧਨ ਲੇਤਿ ਜਗਾਤਿ[1]। [1]ਮਸੂਲ ਦਾ ਧਨ ਲੈਂਦੇ ਹਾਂ।
ਤੌ ਆਗੇ ਮਗ ਕੋ ਚਲਿ ਜਾਤਿ' ॥੨੦॥
ਸੁਨਿ ਸ਼੍ਰੀ ਸਤਿਗੁਰ ਤਿਨ ਸੋਂ ਕਹ੍ਯੋ।
'ਹਮਦਿਸ਼ ਤੇ ਜੇ ਕਰਿ ਡਰ ਲਹ੍ਯੋ।
ਤੌ ਸੁਨਿ ਨਾਮ ਨ ਕਹੀਅਹਿ ਕਾਹੂ[1]। [1]ਸਾਡਾ ਨਾਮ ਸੁਣਕੇ ਕਿਸੇ ਨੂੰ ਕੁਛ ਨਹੀਂ ਕਹਿਣਾ।
ਜਾਤ੍ਰੀ ਆਇਂ ਸਰਬ ਹਮ ਪਾਹੂ[1] ॥੨੧॥ [1]ਆਵਣ ਦਿਓ ਸਾਰੇ ਸਾਡੇ ਪਿੱਛੇ।

ਜੇ ਤੁਮ ਚਾਹਤਿ ਹੌ ਧਨ ਲੇਨਾ।
ਤੌ ਹਮ ਸੋਂ ਅਬਿਹੂੰ† ਕਹਿ ਦੇਨਾ। †ਪਾ:-ਸਭਿਹੂੰ।
ਪੀਛੇ ਤੇ ਨਹਿਂ ਰੋਕਹੁ ਕੋਈ।
ਅਬਿ ਹਮ ਦੇਹਿਂ ਚਹਹੁ ਧਨ ਜੋਈ' ॥੨੨॥
'ਸ੍ਰੀ ਸਤਿਗੁਰ ! ਜੇਤਿਕ ਤੁਮ ਸਾਥ।
ਸੋ ਸਭਿ ਜਾਹੁ, ਗਹੈਂ ਨਹਿਂ ਹਾਥ[1]'। [1]ਕਿਸੇ ਦਾ ਹੱਥ ਨਹੀਂ ਫੜਾਂਗੇ।
ਤਬਿ ਸ੍ਰੀ ਅਮਰਦਾਸ ਚਲਿ ਪਰੇ।
ਲੋਕ ਹਜ਼ਾਰਹੁਂ ਸੰਗੀ ਕਰੇ ॥੨੩॥
ਪੀਛੇ ਜਿਸ ਤੇ ਗਹਿ ਕਰਿ ਮਾਂਗੈਂ[1]। [1]ਫੜਕੇ ਮਸੂਲ ਮੰਗਣ।
ਸੋ ਗੁਰ ਨਾਮ ਲੇਤਿ ਚਲਿ ਆਗੈ।
'ਹਮ ਤੌ ਗੁਰ ਕੇ ਸੰਗੀ ਅਹੈਂ।'
ਚਲੇ ਜਾਤਿ ਐਸੇ ਜਬਿ ਕਹੈਂ ॥੨੪॥
ਤਿਸ ਦਿਨ ਸਗਰੇ ਮਹਿਂ ਨਰ ਨਾਰੀ।
ਜਬਿ ਰੋਕਹਿਂ, ਗੁਰ ਨਾਮ ਉਚਾਰੀ[1]। [1]ਰੋਕਣ (ਤਾਂ ਓਹ) ਗੁਰੂ ਜੀ ਦਾ ਨਾਮ ਕਹਿ ਦੇਣ।
ਤਿਸ ਕੋ ਤਜਾਗਹਿਂ, ਜਾਹਿ ਸੁਖਾਰੋ।
ਹਰਖਤਿ ਉਚਰਤਿ 'ਜੈ ਜੈ ਕਾਰੋ' ॥੨੫॥
ਪਛੁਤਾਵਤਿ ਜੇ ਹੁਤੋ ਜਗਾਤੀ।
ਆਜ ਨਹੀ ਕੋ ਦਾਮ ਅਗਾਤੀ[1]। [1]ਮਿਲਿਆ।
ਮੁਖ ਮੁੰਦਣ[1] ਤਿਨ ਕੇ ਪੈ ਰਹੀ†। [1]ਦੰਦਣ, ਭਾਵ ਚੁੱਪ। †ਪਾ:-ਕੇਤਿਨਿ ਕੇ ਰਹੀ।
ਰਿਦੇ ਬਿਸੂਰਤਿ ਰੋਕਹਿਂ ਨਹੀਂ[1] ॥੨੬॥ [1]ਝੂਰਦੇ ਹਨ ਰੋਕਦੇ ਭੀ ਨਹੀਂ।
-ਸਗਰੋ ਜਗਤ ਪਰਜੋ ਗੁਰ ਪਾਛੈ।
ਲੇਂ ਕਿਸ ਤੇ ਹਮ-, ਛੂਛੇ ਗਾਛੈ[1]। [1]ਅਸੀਂ ਕਿਸ ਤੋਂ ਲਈਏ ਖਾਲੀ ਤੁਰ ਗਏ।
ਤਿਸ ਦਿਨ ਕੀ ਨਹਿਂ ਮਿਲੀ ਜਗਾਤਿ।
ਬਸ ਨਹਿਂ ਚਲਤਿ ਰਹੇ ਪਛੁਤਾਤਿ ॥੨੭॥
ਸ੍ਰੀ ਸਤਿਗੁਰ ਸਭਿ ਨਰਨ ਜਨਾਈ[1]। [1]ਪੁਰਸ਼ਾਂ ਨੂੰ ਜਣਾਯਾ।
ਬਡੇ ਭਾਗ ਜਿਸ ਲੇਹਿ ਸੁ ਪਾਈ[1]। [1]ਜਿਸਦੇ ਬੜੇ ਭਾਗ ਹੋਣ ਉਹ ਸਤਿਗੁਰਾਂ ਦੀ (ਸ਼ਰਨ) ਪਾ ਲੈਂਦਾ ਹੈ।
ਜਮੁ ਜਾਗਾਤੀ ਸਭਿ ਜਗ ਡੰਡੈ[1]। [1]ਡੰਡ ਦੇਂਦਾ ਹੈ (ਜਮ)।
ਗੁਰ ਕੋ ਨਾਮ ਸੁਨਹਿ ਤਿਸ ਛੰਡੈ[1]† ॥੨੮॥ [1]ਛਡ ਦੇਂਦਾ ਹੈ। †ਯਥਾ ਗੁਰ ਪ੍ਰਮਾਣ-ਤਿਨ ਜਮੁ ਜਾਗਾਤੀ ਨੇੜਿ ਨ ਆਇਆ। [ਤੁਖਾਰੀ ਛੰਦ ਮਃ ੪]

ਯਾਂ ਤੇ ਸਤਿਗੁਰ ਸ਼ਰਨੀ ਪਰੈ।
ਜਮ ਕੋ ਤ੍ਰਾਸ ਮਹਾਂ ਪਰਹਰੈ।
ਜੈਸੇ ਤੁਰਕ ਜਗਾਤੀ ਅਬੈ।
ਸੁਨਿ ਗੁਰ ਨਾਮ ਤਜੇ ਨਰ ਸਬੈ ॥੨੯॥
ਅਬਿ ਪ੍ਰਤੱਛਜ ਕਰਿ ਕੈ ਦਿਖਰਾਈ।
ਲੇ ਗੁਰ ਨਾਮ ਸੁ ਜਮ ਛੁਟਕਾਈ।'
ਤਿਸ ਦਿਨ ਤੇ ਗੁਰ ਕੇ ਸੰਗ ਭੀਰ।
ਭਈ ਅਧਿਕ ਮਗ ਚਲਹਿ ਬਹੀਰ ॥੩੦॥
ਜਬਿ ਸੰਧਜਾ ਕਹੁ ਕਰਿ ਹੈਂ ਡੇਰੋ।
ਦਰਸ਼ਨ ਕੋ ਉਮਗਾਇ ਬਡੇਰੋ।
ਗੰਗਾ ਸੰਗ ਸਗਲ ਚਲਿ ਆਵੈ[1]।
ਕਰ ਬੰਦਹਿੰ ਗੁਰ ਦਰਸ਼ਨ ਪਾਵੈਂ ॥੩੧॥
'ਜੈ ਜੈ ਕਾਰ' ਪੁਕਾਰ ਉਚਾਰੈਂ।
ਮਿਲਿ ਸਤਿਗੁਰ ਕੋ ਆਨੰਦ ਧਾਰੈਂ।
ਇਸੀ ਰੀਤਿ ਸ਼੍ਰੀ ਗੰਗਾ ਗਏ।
ਕਨਖਲ ਬਿਖੈ ਸਿਵਰ ਕੋ ਕਿਏ ॥੩੨॥
ਸੁਰਸਰਿ ਤਟ ਪਰ ਪੀਪਰ ਥਾਨ।
ਬੈਠੇ ਸ਼੍ਰੀ ਸਤਿਗੁਰ ਭਗਵਾਨ।
ਸੁਨਿ ਸੁਨਿ ਲੋਕ ਹਜ਼ਾਰੋਂ ਆਵਹਿਂ।
ਚਹੁਂ ਦਿਸ਼ ਭੀਰ ਥਾਉਂ ਨਹਿਂ ਪਾਵਹਿਂ ॥੩੩॥
ਖਾਨ ਪਾਨ ਪੁਨ ਕਰਿ ਬਿਸਰਾਮੇ।
ਜਾਗੇ ਬਹੁਰ ਰਹੀ ਨਿਸ ਜਾਮੇ।
ਸ਼੍ਰੀ ਗੰਗਾ ਕੋ ਊਜਲ ਨੀਰ।
ਕੀਨ ਸ਼ਨਾਨ ਸਰੀਰ ਸਧੀਰ[1] ॥੩੪॥
ਭਈ ਪ੍ਰਭਾਤਿ ਸਭਿਨਿ ਸੁਨਿ ਲੀਨਿ।
'ਸ਼੍ਰੀ ਗੁਰ ਅਮਰ ਆਗਮਨਿ ਕੀਨਿ।'
ਰਿਖਿ, ਮੁਨਿ, ਪੰਡਿਤ, ਤੀਰਥ ਬਾਸੀ।
ਸੰਤ, ਮਹੰਤ, ਅਨਿਕ ਜੱਗਜਾਸੀ ॥੩੫॥
ਬ੍ਰਹਮਚਾਰੀ, ਔਧੂ, ਸੰਨਜਾਸੀ।
ਗ੍ਰਿਹਸਤੀ, ਵੈਰਾਗੀ ਮਿਲਿ ਰਾਸੀ।

[1]ਗੰਗਾ ਦਾ ਸਾਰਾ ਸੰਗ ਨਾਲ ਚਲਿਆ ਆਵੇ।

[1]ਸਮੇਤ ਧੀਰਜ ਦੇ ਗੁਰੂ ਜੀ ਨੇ।

ਅਪਰ ਅਨੇਕ ਬੇਖ ਕੇ ਸਾਧੂ।
ਦਰਸ਼ਨ ਕਾਰਨ ਗ੍ਯਾਨ ਅਗਾਧੂ[1] ॥੩੬॥ [1]ਗਿਆਨ ਦੇ ਸਮੁੰਦ੍ਰ (ਭਾਵ ਸ੍ਰੀ ਗੁਰੂ ਜੀ ਦੇ)।
ਸ੍ਰੀ ਸਤਿਗੁਰ ਚਹੁਂਦਿਸ਼ਿ ਪਰਵਾਰੇ।
ਕਰ ਜੋਰਹਿਂ ਸਿਰ ਬੰਦਨ ਧਾਰੇ।
ਨਰ ਪਰਧਾਨ ਨਿਕਟ ਹੁਇ ਬੈਸੇ।
ਮੁਨਿ ਗਨ ਬ੍ਯਾਸ ਪਾਸ ਸੁਭ ਜੈਸੇ ॥੩੭॥
ਜੋਗੀ ਬਡੇ ਦਿਗੰਬਰ[1] ਆਏ। [1]ਨਾਂਗੇ ਰਹਿਣ ਵਾਲੇ।
ਖਟ ਦਰਸ਼ਨ ਕੇ ਨਰ ਸਮੁਦਾਏ।
ਪ੍ਰਸ਼ਨੋਤਰ ਕਰਿ ਅਨਿਕ ਪ੍ਰਕਾਰਾ।
ਆਪ ਆਪਨੇ ਮਤ ਅਨੁਸਾਰਾ ॥੩੮॥
ਜੇ ਕਰਿ ਚਰਚਾ ਸਕਲ ਬਖਾਨੌਂ।
ਗ੍ਰਿੰਥ ਵਧੈ ਯਾਂ ਤੇ ਡਰ ਮਾਨੌਂ।
ਜਥਾ ਜੋਗ ਸਭਿ ਸੋਂ ਕਹਿ ਕਰਿ ਕੈ।
ਭਏ ਪ੍ਰਸੰਨ ਤੋਖਤਾ[1] ਧਰਿ ਕੈ ॥੩੯॥ [1]ਤ੍ਰਿਪਤੀ।
ਸਭਿ ਨੇ ਜਾਨੇ ਗਹਿਰ ਗੰਭੀਰ।
ਇਨ ਕੋ ਥਾਹ ਨ ਦੀਰਘ ਧੀਰ।
ਕਰਿ ਕਰਿ ਨਮੋ ਬਿਦਾ ਹੁਇ ਗਏ।
ਕਰਤਿ ਸਤੁਤਿ ਮਗ ਗਮਨਤਿ ਭਏ[1] ॥੪੦॥ [1]ਚਲਦੇ ਹੋਏ।
ਪੁਨ ਸ਼੍ਰੀ ਗੁਰ ਸੁਰਸਰਿ ਆਰਾਧੀ।
'ਹੇ ਦੇਵੀ ਬਡਿ ਜਤਨਨਿ ਲਾਧੀ[1]'। [1]ਯਤਨ ਕਰਕੇ ਪ੍ਰਾਪਤ ਹੋਈ।
ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ।
ਬਹੁਰਿ ਭਗੀਰਥ ਲ੍ਯਾਵਨਿ ਕਰੇ ॥੪੧॥
ਸ਼ਿਵ ਨੇ ਧਾਰ ਸੀਸ ਪਰ ਧਾਰੀ।
ਅਘ ਹਰਿਬੇ ਕੋ ਧਰ ਪਰ ਬਾਰੀ।
ਤੀਨ ਲੋਕ ਮਾਨੀ ਅਘ ਹਾਨੀ।
ਪ੍ਰਥਮ ਸੇਵ ਤੁਮਰੀ ਹਮ ਠਾਨੀ ॥੪੨॥
ਤਿਹ ਕੋ ਫਲ ਸ਼ੁਭ ਪ੍ਰਾਪਤ ਹੋਵਾ।
ਸਰਬ ਪ੍ਰਪੰਚ ਆਪ ਕਰਿ ਜੋਵਾ[1]। [1]ਸਾਰਾ ਸੰਸਾਰ ਅਪਣਾ ਰੂਪ ਕਰਕੇ ਦੇਖਿਆ।
ਦਿਹੁ ਦਰਸ਼ਨ ਬਿਦਤਹੁ ਨਿਜ ਦੇਹ[1]। [1]ਪ੍ਰਗਟੋ ਦੇਹ ਵਿਚ।
ਨੇਹ ਅਛੇਹ ਮੋਹਿ' ਲਖਿ ਲੇਹ[†]' ॥੪੩॥

[1]ਇਕ ਰਸ ਪ੍ਰੀਤ ਮੇਰੀ ਦੇਖ ਲੈ। †ਇਥੇ ਗੁਰੂ ਜੀ ਗੰਗਾ ਦੀ ਉਸਤਤ ਕਰਦੇ ਦੱਸੇ ਹਨ, ਪਰ ਜਦ ਗੰਗਾ ਪ੍ਰਗਟ ਹੁੰਦੀ ਹੈ ਤਾਂ (ਅੰਕ ੪੪, ੪੫ ਵਿੱਚ) ਉਹ ਗੁਰੂ ਜੀ ਨੂੰ ਵਾਹਿਗੁਰੂ ਜੀ ਦੀ ਜੋਤ ਕਰਕੇ ਅਰਾਧਦੀ ਹੈ ਤੇ ਯਾਚਨਾ ਕਰਦੀ ਹੈ ਕਿ ਮੇਰੇ ਵਿਚ ਪ੍ਰਵੇਸ਼ ਕਰਕੇ ਮੇਰੇ ਵਿਚ ਪਏ ਪਾਪ ਦੂਰ ਕਰੋ।
ਅੰਕ ੪੬ ਵਿਚ ਦਸਦੇ ਹਨ ਕਿ ਇਹ ਸੁਣਕੇ ਗੁਰੂ ਜੀ ਪ੍ਰਸੰਨ ਹੋਏ ਜਿਸ ਤੋਂ ਸਪੱਸ਼ਟ ਹੈ ਕਿ ਗੰਗਾ ਨੇ ਦਾਸ ਵਾਂਗੂ ਸਤਿਗੁਰ ਦੀ ਕੀਰਤੀ ਕਹੀ ਹੈ ਤੇ ਉਨ੍ਹਾਂ ਨੇ ਮਾਲਕ ਦੀ ਹੈਸੀਅਤ ਵਿਚ ਸੁਣੀ ਹੈ। ਤੇ ਚੌਥੇ ਸਤਿਗੁਰਾਂ ਨੇ ਸੰਸੇ ਰਹਤ ਕਰਨੇ ਲਈ ਜੋ ਵਾਕ ਗੁਰਬਾਣੀ ਵਿਚ ਕਿਹਾ ਹੈ ਸੋ ਇਹ ਹੈ ਕਿ ਤੀਰਥਾਂ ਨੂੰ ਪਵਿੱਤ੍ਰ ਕਰਨ ਲਈ ਗੁਰੂ ਜੀ ਤੀਰਥਾਂ ਤੇ ਗਏ ਸਨ।

ਇੱਤਜਾਦਿਕ ਨਿਜ ਸਿਫਤਿ ਸੁਨੀ ਜਬਿ।
ਸ਼੍ਰੀ ਗੰਗਾ ਪ੍ਰਗਟੀ ਜਲ ਤੇ ਤਬਿ।
ਸ਼੍ਰੀ ਗੁਰ ਅਮਰ ਬੰਦਨਾ ਠਾਨੀ[1]।
'ਧੰਨ ਧੰਨ' ਅਵਲੋਕਿ ਬਖਾਨੀ[1] ॥ ੪੪ ॥

[1]ਗੰਗਾ ਨੇ ਗੁਰੂ ਅਮਰਦਾਸ ਜੀ ਨੂੰ ਬੰਦਨਾ ਕੀਤੀ।
[1](ਗੁਰੂ ਜੀ ਨੂੰ) ਵੇਖਕੇ ਗੰਗਾ ਕਹਿਣ ਲਗੀ ਕਿ 'ਧੰਨ ਹੋ ਧੰਨ ਹੋ।'

'ਜਗਤੇਸ਼੍ਵਰ ਕੀ ਜੋਤਿ ਬਿਸਾਲਾ।
ਤੁਮ ਕੋ ਪ੍ਰਾਪਤਿ ਭਈ ਉਜਾਲਾ।
ਤੁਮ ਪਾਵਨਿ ਪਾਵਨਿ ਕਰ ਪਾਵਨ[1]।
ਕਲ ਨਰ ਪਾਪਨਿ ਭਾਰ ਨਸਾਵਨਿ[1]' ॥ ੪੫ ॥

[1]ਪਵਿੱਤ੍ਰ ਚਰਨ ਪਾਵਣਾ ਕਰੋ (ਮੇਰੇ ਵਿਚ)।
[1]ਦੂਰ ਕਰਨ ਲਈ, ਭਾਵ-ਹੇ ਗੁਰੂ ਜੀ ਮੇਰੇ ਵਿਚ ਪਏ ਕਲਜੁਗੀ ਜੀਵਾਂ ਦੇ ਭਾਰ ਦੂਰ ਕਰਨ ਲਈ ਅਪਣੇ ਪਵਿੱਤ੍ਰ ਚਰਣ ਮੇਰੇ ਵਿਚ ਪਾਕੇ ਮੈਨੂੰ ਪਵਿੱਤ੍ਰ ਕਰੋ।

ਸੁਨਿ ਪ੍ਰਸੰਨ ਸ਼੍ਰੀ ਗੁਰ ਤਬਿ ਹੋਏ।
ਅੰਤਰ ਧਜਾਨ ਭਈ ਜਲ ਮੋਏ[1]।
ਕੇਤਿਕ ਦਿਨ ਬਸਿ ਕੀਨਿ ਸ਼ਨਾਨਾ।
ਮਨ ਭਾਵਤਿ ਦੇ ਕਰਿ ਤਹਿਂ ਦਾਨਾ ॥ ੪੬ ॥

[1]ਜਲ ਵਿਖੇ।

ਸਨੈ ਸਨੈ ਪੁਨਿ ਡੇਰਾ ਪਾਵਤਿ।
ਗੋਇੰਦਵਾਲ ਦਿਸ਼ਾ ਕੋ ਆਵਤਿ।
ਜੈ ਜੈ ਕਾਰ ਕਰਤਿ ਨਰ ਸੰਗ।
ਅਧਿਕ ਅਨੰਦਤਿ ਪਿਖਿ ਗੁਰ ਅੰਗ[1] ॥ ੪੭ ॥

[1]ਅੰਗ (ਅ) ਸਰੂਪ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਤੀਰਥ' ਪ੍ਰਸੰਗ ਬਰਨਨੰ ਨਾਮ ਊਨ ਪੰਚਾਸਤਿ ਅੰਸੂ ॥ ੪੯ ॥

## ੫੦. [ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼ ਤੇ ਗੋਇੰਦਵਾਲ ਪੁੱਜਣਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਕ੍ਰਮ ਕ੍ਰਮ ਪੰਥ ਉਲੰਘ ਕਰਿ,
ਤਿਸੀ ਗ੍ਰਾਮ ਕੋ ਆਇ।
ਪਦਮ[1] ਪਛਾਨਜੋ ਬਿਪ੍ਰ ਜਿਹ,
ਗੁਰਤਾ ਜਬਿ ਨਹਿਂ ਪਾਇ[1] ॥੧॥

[1]ਚਰਨਾਂ ਵਿਚ ਕਵਲ ਦਾ ਚਿੰਨ੍ਹ।
[1]ਜਦੋਂ ਅਜੇ ਗੁਰਿਆਈ ਨਹੀਂ ਪਾਈ ਸੀ।

ਚੌਪਈ:

ਡੇਰਾ ਵਹਿਰ ਕੀਨ ਗੁਰ ਤਹਾਂ।
ਸੰਗਤਿ ਸੰਗ ਭੀਰ ਨਰ ਮਹਾਂ।
ਜੈਜੈਕਾਰ ਕਰਤਿ ਦਰਸੰਤੇ।
ਜਹਿਂ ਕਹਿਂ ਕੀਰਤਿ ਮਹਿਤ ਕਰੰਤੇ ॥੨॥
ਦੁਰਗਾ ਬਿੱਪ੍ਰ ਹੇਰਿ ਨਰ ਭੀਰ।
ਬੂਝਤਿ ਭਯੋ ਏਕ ਕੇ ਤੀਰ।
'ਕਿਸਕੇ ਸਾਥ ਅਹੈਂ ਸਮੁਦਾਇ?
ਉਤਰਜੋ ਕੌਨ ਆਇ ਇਸ ਥਾਇਂ?' ॥੩॥
ਤਿਸ ਨੇ ਸਕਲ ਬਤਾਵਨਿ ਕੀਨਾ।
'ਅਮਰਦਾਸ ਸ਼੍ਰੀ ਗੁਰੁ ਪ੍ਰਬੀਨਾ।
ਸ਼੍ਰੀ ਨਾਨਕ ਗਾਦੀ ਪਰ ਬੈਸਾ।
ਹੋਤਿ ਸਫਲ ਮੁਖ ਤੇ ਕਹਿ ਜੈਸਾ ॥੪॥
ਛੱਤ੍ਰੀ ਜਾਤਿ ਬ੍ਰਿੱਧ ਬਯ ਮਹਾਂ।
ਤਿਨ ਕੇ ਸੰਗ ਲੋਕ ਬਹੁ ਇਹਾਂ।
ਇਕ ਤੌ ਦਰਸ਼ਨ ਕੋ ਸੁਖ ਪਾਵਹਿਂ।
ਤੁਰਕ ਜੇਜਵਾ[1] ਬਹੁਰਿ ਹਟਾਵਹਿਂ ॥੫॥
ਇਤਜ਼ਾਦਿਕ ਸੁਖਿ ਲਖਿ ਸਭਿ† ਭਾਂਤੀ।
ਰਹੈਂ ਸੰਗ ਜਾਤ੍ਰੀ ਦਿਨ ਰਾਤੀ।'
ਸੁਨਿ ਦੁਰਗੇ ਦਿਜਬਰ ਬੀਚਾਰਾ।
-ਪਿਖਜੋ ਹੁਤੋ ਪਦ ਪਦਮ ਅਕਾਰਾ† ॥੬॥
ਤਿਨ ਕੇ ਨਾਮ ਰੁ ਜਾਤਿ ਬਤਾਈ।

[1]ਮਸੂਲ।
†ਪਾ:-ਬਹੁ।
†ਪਾ:-ਅਗਾਰਾ।

ਸੋਈ ਹੁਇ ਪਾਈ ਬਡਿਆਈ।
ਕਿਧੌਂ ਆਨ ਹ੍ਵੈ- ਕਰਤਿ ਸੰਦੇਹੂ[1]।
[1]ਅਥਵਾ (ਕੋਈ) ਹੋਰ ਹੋਵੇ (ਇਸ ਤਰ੍ਹਾਂ) ਕਰਕੇ ਸੰਸਾ ਕਰੇ।
ਕੀਨਿ ਗਮਨ ਨਿਜ ਤਜਿ ਕੈ ਗ੍ਰੇਹੂ ॥੭॥
ਸਨੈ ਸਨੈ ਤਿਹ ਸੰਗ ਮਝਾਰਾ[1]।
[1]ਤਿਸ ਮੇਲ ਵਿਚ।
ਸ਼੍ਰੀ ਗੁਰ ਕੇ ਤਬਿ ਨਿਕਟ ਸਿਧਾਰਾ।
ਖਰੋ ਦੂਰ ਤੇ ਕਰਤਿ ਚਿਨਾਰੀ।
-ਹੈ ਤੋ ਸਹੀ ਸੁ ਲਘੁ ਆਕਾਰੀ[1]- ॥੮॥
[1]ਮਧਰੇ, ਛੋਟੇ ਕੱਦ ਵਾਲੇ।
ਪਰਮ ਪ੍ਰਸੰਨ ਭਯੋ ਦਿਜ ਹੇਰੇ।
ਕਹੀ ਅਸ਼ੀਰਬਾਦ ਹੁਇ ਨੇਰੇ।
ਬੈਠਿ ਨਿਕਟ ਲਖਿ ਨੀਕੀ ਰੀਤਿ।
ਨਿਸ਼ਚੈ ਧਰਤਿ ਭਯੋ ਤਬਿ ਚੀਤ ॥੯॥
'ਹੇ ਪ੍ਰਭੁ ! ਮੈਂ ਦਿਜ ਜਾਨਹੁ ਸੋਈ।
ਪੂਰਬ ਮਿਲ੍ਯੋ ਬਰਖ ਬਹੁ ਹੋਈ।
ਪਿਖ੍ਯੋ ਪਦਮ ਪਦ ਪਦਮ ਮਝਾਰੀ[1]।
[1]ਕਵਲ ਦੇ ਚਿੰਨ੍ਹ ਚਰਨ ਕਵਲਾਂ ਵਿਚ।
ਤਬ ਨ ਜਾਚਨਾ ਕੀਨਿ ਤੁਮਾਰੀ ॥੧੦॥
ਜਬਿ ਇਸ ਕੋ ਫਲ ਪ੍ਰਾਪਤਿ ਹੋਇ।
ਤਬਿ ਲੇਵੌਂ ਚਿਤ ਬਾਂਛਤਿ ਜੋਇ।
ਕਰ੍ਯੋ ਹੁਤੋ ਤਕਰਾਰ[1†] ਸੁ ਜੋਵਾ[2]।
[1]ਇਕਰਾਰ। [2]ਦੇਖਿਆ, ਜਾਣਿਆ। [†]ਪਾ:-ਕਰਾਰ।
ਪ੍ਰਾਪਤਿ ਸਮੈਂ ਆਇ ਸੋ ਹੋਵਾ[1] ॥੧੧॥
[1]ਸੋ ਉਸ ਦੇ ਪ੍ਰਾਪਤ ਹੋਣ ਦਾ ਸਮਾਂ ਆ ਗਿਆ ਹੈ।
ਮਨ ਬਾਂਛਤਿ ਮੁਝ ਕੋ ਅਬਿ ਦੀਜੈ।
ਪ੍ਰਥਮ ਕਹ੍ਯੋ ਸਿਮਰਨਿ ਸੋ ਕੀਜੈ[1]'।
[1]ਯਾਦ ਕਰ ਲਓ।
ਸ਼੍ਰੀ ਸਤਿਗੁਰ ਸੁਨਿ ਭਏ ਪ੍ਰਸੰਨ।
'ਕਹਿਬੋ ਦਿਜਬਰ ਤੇਰੋ ਧੰਨ[1] ॥੧੨॥
[1]ਤੇਰਾ ਕਹਿਣਾ ਧੰਨ ਹੈਸੀ।
ਜਸ੍ਯੋਂ ਤੈਂ ਕਹ੍ਯੋ ਸੁ ਨੀਕੇ ਭਯੋ।
ਚੱਕ੍ਰਵਰਤਿ ਕੋ ਛੱਤ੍ਰ ਸੁ ਦਯੋ।
ਚਹੁਂ ਚੱਕਨ ਪਰ ਹੁਕਮ ਹਮਾਰਾ।
ਜਹਿਂ ਕਹਿਂ ਪਠੈਂ ਨ ਹ੍ਵੈ ਹਟਕਾਰਾ ॥੧੩॥
ਅਬਿ ਮਨ ਬਾਂਛਤਿ ਜੋ ਕੁਛ ਤੇਰੇ।
ਸੋ ਲੀਜੈ ਸੁਖ, ਅਹੈ ਨ ਦੇਰੇ[†]।
[†]ਮੁਰਾਦ ਹੈ ਵਰ ਦੇਣ ਤੋਂ।
ਲੋਕ ਬਿਖੈ ਸੁਖ ਅਨਿਕ ਪ੍ਰਕਾਰਾ।

ਸੁਤ ਬਿਤ ਆਦਿਕ ਸੁੰਦਰ ਦਾਰਾ ॥੧੪॥
ਜੋ ਚਾਹਹੁ ਸੋ ਜਾਚਨਿ ਕੀਜਹਿ।
ਅਬਿ ਤੇ ਪਰਮ ਸੁਖੀ ਹੁਇ ਜੀਜਹਿ[1]।

[1]ਜੀਵਹੁ।

ਜੇਕਰਿ ਜਗ ਕੇ ਸੁਖ ਨਹਿਂ ਚਾਹੈਂ।
ਨਾਸ਼ਵੰਤ ਲਖਿ ਨਹਿਂ ਥਿਰਤਾ ਹੈ[1] ॥੧੫॥

[1]ਲਖਕੇ ਕਿ ਇਹ (ਪਦਾਰਥ) ਥਿਰ ਨਹੀਂ ਨਾਸ਼ਵੰਤ ਹਨ। (ਅ) ਨਾ (ਮਨ ਦਾ) ਟਿਕਾਉ ਹੈ (ਇਨ੍ਹਾਂ ਵਿਚ)।

ਤੌ ਪਰਲੋਕ ਅਚਲ ਸੁਖ ਭਾਰੀ।
ਜਨਮ ਮਰਨ ਨਹਿਂ ਸੰਕਟ ਭਾਰੀ।
ਰੁਚਹਿ ਜਿ[1] ਮਨ ਮਹਿਂ ਜਾਚਹੁ ਸੋਇ।

[1]ਚੰਗਾ ਲਗੇ ਜੋ।

ਨੀਕੇ ਲਿਹੁ ਬਿਚਾਰ ਕਰਿ ਜੋਇ ॥੧੬॥
ਲੋਕ ਪ੍ਰਲੋਕ ਮਹਾਂ ਸੁਖ ਦੋਈ।
ਲੀਜਹਿ ਏਕ, ਜਾਚਿ ਕਰਿ ਸੋਈ।'
ਸੁਨਿ ਦਿਜਬਰ ਕੋ ਸੰਸਾ ਪਰਜੋ।
ਨਿਰਨੈ ਨਾਂਹਿਨ ਏਕੈ ਕਰਜੋ ॥੧੭॥
-ਜੇ ਕਰਿ ਸੁਖ ਪ੍ਰਲੋਕ ਕੋ ਜਾਚੌਂ।
ਇਹਾਂ ਰੰਕ ਬਨਿ ਦਾਰਿਦ ਰਾਚੌਂ[1]।

[1]ਗਰੀਬ ਬਣਕੇ ਕੰਗਾਲਤਾ ਵਿਚ ਰਹਾਂਗਾ।

ਮਾਂਗਤਿ ਰਹੌਂ, ਨ ਸੁਖ ਹ੍ਵੈ ਕੋਈ।
ਅਬ ਪ੍ਰਾਪਤਿ ਕੈਸੇ ਦਿਉਂ ਖੋਈਂ[1] ॥੧੮॥

[1]ਹੁਣ ਮਿਲਦਾ ਹੈ (ਸੁਖ ਇਸ ਲੋਕ ਦਾ) ਕਿਵੇਂ ਗੁਆ ਦੇਵਾਂ।

ਜੇ ਕਰਿ ਲੋਕ ਬਿਖੈ ਸੁਖ ਭਾਰਾ।
ਧਨ ਆਦਿਕ ਤੇ ਹੋਤਿ ਸੁਖਾਰਾ।
ਜਾਚਿ ਲੇਉਂ ਮੈ ਪ੍ਰਾਪਤਿ ਹੋਵੈ।
ਸਗਰੀ ਦਾਰਿਦਤਾ[1] ਕੋ ਖੋਵੈ ॥੧੯॥

[1]ਗਰੀਬੀ।

ਮਨ ਭਾਵਤਿ ਸੁਖ ਕਰੌਂ ਬਿਲਾਸਾ।
ਜਾਚਨਿ ਕੀ ਮਿਟਿਹੈ ਸਭਿ ਆਸਾ।
ਜਮ ਕੇ ਬਸਿ ਜਬਿ ਪਰਿਹੌਂ ਜਾਈ।
ਦੇਹਿ ਸਾਸਨਾ[1] ਨਰਕ ਗਿਰਾਈ ॥੨੦॥

[1]ਤਾੜਨਾ।

ਕਿਤ ਕੋ ਸੁਖ ਅਬਿ ਜਾਚਨਿ ਕਰੌਂ।
ਸੰਸੈ ਹੋਤਿ, ਨ ਨਿਰਨੋ ਧਰੌਂ-।
ਤੂਸ਼ਨਿ ਏਕ ਘਟੀ ਲਗਿ ਹੋਵਾ।
ਤਬਿ ਸ੍ਰੀ ਸਤਿਗੁਰ ਤਿਸ ਦਿਸਿ਼ ਜੋਵਾ ॥੨੧॥

'ਭੋ ਦਿਜਬਰ ! ਕਜੋਂ ਤੁਸ਼ਨਿ ਠਾਨੀ।
ਜਾਚਨ ਕੀਜੈ ਚਾਹਿ ਮਹਾਂਨੀ।
ਸੋ ਹਮ ਤੇ ਲਿਹੁ ਜੋ ਮਨ ਭਾਵਾ।
ਸਾਚ ਕਰਹਿਂ ਬਚ ਹਮ ਜੁ ਅਲਾਵਾ[1]' ॥੨੨॥

[1]ਜੋ ਕਿਹਾ ਹੈ।

ਸੁਨਿ ਕੈ ਤਬਿ ਹੋਯਹੁ ਦਿਜ ਦੀਨ।
ਦ੍ਵੈ ਲੋਕਨਿ ਸੁਖ ਲਾਲਸ ਕੀਨਿ।
ਬਿਨੈ ਸਹਤ ਬਚ ਕਹੈ ਬਨਾਇ।
ਗੁਰੂ ਪ੍ਰਤਾਪ ਲਖਿ ਸੀਸ ਨਿਵਾਇ ॥੨੩॥

ਦਿਜਉ ਵਾਚ:

'ਨਾਮ ਦੇਹਿਂ, ਧਨ ਦੇਹਿਂ ਨ ਜਨ ਕੋ,
ਧਨ ਬਿਹੀਨ ਜਨ[†] ਜਗ ਨ ਸੁਹਾਇ।
ਜੇ ਧਨ ਦੇਹਿਂ ਨਾਮ ਨਹਿਂ ਦੇਵੈਂ,
ਨਾਮ ਬਿਨਾ ਜਨ ਜਮਪੁਰਿ ਜਾਇ।
ਤੁਮ ਪਹਿ ਕਹੀ ਨਹੀਂ ਬਨਿ ਆਵਹਿ[1]
ਜਜੋਂ ਭਾਵੈਂ ਤਜੋਂ ਬਨਤਿ ਬਨਾਇ[1]।
ਗੁਰ ਅਮਰਦਾਸ ਤੇਜੋ ਕੇ ਨੰਦਨ
ਦੋਨਹੁ ਨਿਰਮਲ ਪੱਖ[†] ਚਲਾਇ[1] ॥੨੪॥

[†]ਪਾ:-ਨਰ।

[1]ਫਬਦੀ ਨਹੀਂ।

[1]ਕੋਈ ਬਣਤ ਬਣਾ ਦਿਓ।

[1]ਦੋਹਾਂ ਪਖਾਂ (ਪਾਸਿਆਂ) ਵਿਚ ਨਿਰਮਲਤਾਈ ਵਿਚ ਤੋਰੋ। ਭਾਵ ਲੋਕ ਵਿਚ ਬੀ ਦਰਿੱਦ੍ਰਤਾਈ ਦੀ ਮੈਲ ਨਾ ਦੇਹੋ ਤੇ ਪ੍ਰਲੋਕ ਵਿਚ ਪਾਪ ਸਾਸਨਾ ਦੀ ਮੈਲ ਨਾਂ ਦਿਓ। ਅਗੇ ਅੰਕ ੨੭, ੨੮, ੨੯, ਵਿਚ ਅਰਥ ਸਪੱਸ਼ਟ ਹੋ ਜਾਂਦਾ ਹੈ। (ਅ) ਦੋਵੇਂ ਰਸਤੇ ਤੁਸਾਂ ਨਿਰਮਲ ਟੋਰੇ ਹਨ। ਗ੍ਰਿਹਸਤੀ ਤੇ ਅਤੀਤ ਤਾਰੇ ਹਨ। (ੲ) ਕਈ ਦੋਹਾਂ ਪਖਾਂ ਦਾ ਅਰਥ ਨਾਦੀ ਬਿੰਦੀ ਬੀ ਕਰਦੇ ਹਨ। [†]ਪਾ:-ਪੰਥ।

ਚੌਪਈ:

ਸੱਤਜਨਾਮ ਜੇ ਦੇਵੈਂ ਜਨ ਕੋ।
ਰਹੈ ਦਾਰਿਦੀ ਪਾਇ ਨ ਧਨ ਕੋ।
ਇਹਾਂ ਲੋਕ ਪ੍ਰਤਾਪ ਨ ਜਾਨਹਿ।
-ਅਹੈ ਰੰਕ, ਹੀਨੋ- ਪਹਿਚਾਨਹਿਂ ॥੨੫॥
ਤੁਮਰੀ ਦਾਤ ਨ ਜਾਨੈ ਕੋਈ।
ਸੁਖ ਪ੍ਰਲੋਕ ਨਹਿਂ ਪਾਵਹਿ ਸੋਈ।
ਜੇ ਕਰਿ ਧਨ ਦੇਵਹੁ ਨਿਜ ਜਨ ਕੋ।

ਭੋਗਹਿ ਅਨਿਕ ਰੀਤ ਬਿਸ਼ਿਯਨ ਕੋ ॥੨੬॥
ਬਿਨਾ ਨਾਮ ਜਮ ਕੇ ਬਸਿ ਪਰੈ।
ਨਾਨਾ ਨਰਕ ਬਿਖੈ ਦੁਖ ਭਰੈ।
ਨਹੀਂ ਆਪ ਕੀ ਦਾਤ ਪਛਾਨਹਿ।
ਸਭਿ ਸੰਕਟ ਪ੍ਰਾਪਤਿ ਜਿਸ ਜਾਨਹਿਂ ॥੨੭॥
ਦੋਨਹੁ ਲੋਕ[1] ਆਪ ਕੋ ਦਾਨ।
ਬਿਦਤੈ ਜਨ ਪਾਵਹਿ ਕੱਲਜਾਨ[1]।
ਕਹਨਿ ਬਨਹਿ ਨਹਿਂ ਰਾਵਰਿ ਪਾਸ।
ਜਿਮ ਜਾਨਹੁ ਤਿਮ ਪੂਰਹੁ ਆਸ ॥੨੮॥
ਲੋਕ ਪ੍ਰਲੋਕ ਮਲੀਨ ਬਿਹੀਨ।
ਤੁਮਰੋ ਜਨ ਹੋਵੈ ਸੁਖ ਲੀਨ[1]।'
ਇਮ ਕਹਿ ਬੰਦਨ ਦਿਜ ਨੇ ਕਰੀ।
ਦ੍ਵੈ ਲੋਕਨ ਸੁਖ ਕਾਂਖਾ ਧਰੀ ॥੨੯॥
ਪਿਖਿ ਸਤਿਗੁਰ ਦਿਜ ਕੀ ਚਤੁਰਾਈ।
ਭਏ ਪ੍ਰਸੰਨ ਤਨਕ[1] ਮੁਸਕਾਈ।
ਕਹਜੋ ਬਾਕ 'ਦੋਨਹੁ ਤੁਮ ਲੇਹੁ।
ਪ੍ਰਾਪਤਿ ਹ੍ਵੈ ਸੁਖ ਅਬਹਿ ਅਛੇਹੁ ॥੩੦॥
ਜਬਿ ਲੌ ਜੀਵਹੁ ਧਨ ਬਹੁ ਪਾਵਹੁ।
ਸਿਮਰਹੁ ਸੱਤਿਨਾਮ ਲਿਵ ਲਾਵਹੁ।
ਅੰਤ ਸਮੈ ਜਮ ਨਹਿਂ ਦਰਸੈਹੋ।
ਪੁੰਨਵਾਕ ਕੇ ਲੋਕ[1] ਸਿਧੈ ਹੋ' ॥੩੧॥
ਬਰ ਲੇ ਕਰਿ ਦਿਜਬਰ ਹਰਖਾਇਵ।
ਜਨਮ ਮਰਨ ਸੰਦੇਹ ਮਿਟਾਇਵ।
ਨਮਸਕਾਰ ਕਰਿ ਸਦਨ ਸਿਧਾਰਾ।
ਤਬਿ ਤੇ ਪ੍ਰਾਪਤਿ ਦਰਬ ਉਦਾਰਾ ॥੩੨॥
ਸਗਰੀ ਚਿੰਤਾ ਰਿਦੇ ਬਿਨਾਸੀ।
ਅਨਿਕ ਭਾਂਤਿ ਕੇ ਲਹਿ ਸੁਖ ਰਾਸੀ।

[1]ਦੋਵੇਂ ਲੋਕਾਂ ਦਾ।

[1]ਮੁਕਤੀ।

[1]ਲੋਕ ਪ੍ਰਲੋਕ ਵਿਚ ਆਪ ਦਾ ਜਨ ਮਲੀਨਤਾ ਬਿਨਾਂ ਹੋਕੇ ਸੁਖ ਵਿਚ ਲੀਨ ਹੋਵੇ, (ਅ) ਤੁਹਾਡਾ ਦਾਸ ਲੋਕ ਵਿਚ ਮਲੀਨ (ਦਰਿੱਦ੍ਰੀ) ਹੈ ਤੇ ਪ੍ਰਲੋਕ ਵਿਚ (ਪੁੰਨਾਂ ਤੋਂ) ਬਿਹੀਨ ਹੈ, (ਐਸੀ ਕਿਰਪਾ ਕਰੋ ਕਿ ਇਹ ਦੋਹੀਂ ਥਾਈਂ) ਸੁਖ ਵਿਚ ਲੀਨ ਹੋਵੇ।

[1]ਜ਼ਰਾ ਕੁ।

[1]ਭਾਵ ਬੈਕੁੰਠ ਵਿਚ।

ਅੰਤ ਸਮਾ ਜਬਿ ਪ੍ਰਾਪਤਿ ਹੋਵਾ।
ਨਹੀਂ ਨਰਕ ਕੋ ਸੰਕਟ ਜੋਵਾ ॥੩੩॥
ਪੁੰਨਵਾਨ ਪੁਰਖਨਿ[1] ਗਤਿ ਪਾਈ।
ਸ਼੍ਰੀ ਸਤਿਗੁਰ ਕੀ ਦਾਤ ਸੁਹਾਈ।
ਤਹਾਂ ਰਾਤ੍ਰਿ ਬਸਿ ਕਰਿ ਗੋਸਾਈਂ।
ਭਾਈ ਪ੍ਰਾਤਿ ਜਾਗੇ ਸਮੁਦਾਈ ॥੩੪॥
ਨਿਤ ਕੀ ਕ੍ਰਿਯਾ ਕੀਨ ਇਸ਼ਨਾਨੇ।
ਸੰਗਤਿ ਭੀਰ ਸੰਗ ਪ੍ਰਸਥਾਨੇ।
ਸਨੇ ਸਨੇ ਮਗ ਇਸੀ ਪ੍ਰਕਾਰ।
ਨਿਤ ਉਠਿ ਚਲਹਿਂ ਗੁਰੂ ਸੁਖਕਾਰਿ ॥੩੫॥
ਪ੍ਰਾਪਤਿ ਭਏ ਬਿਲੋਕਤਿ ਦੇਸ਼[1]।
ਬੋਲਤਿ ਜੈ ਜੈ ਕਾਰ ਅਸ਼ੇਸ਼।
ਜਮਨਾ ਉਲੰਘੇ ਦੇਸ਼ ਅਗਾਰੇ।
ਪੁਨ ਆਏ ਸਤੁੱਦ੍ਰਵ[1] ਕਿਨਾਰੇ ॥੩੬॥
ਚਢੇ ਤਰੀ ਪਰ ਹੋਏ ਪਾਰ।
ਦੇਸ਼ ਦੁਆਬੇ ਕੇਰ ਮਝਾਰ।
ਸਨੈ ਸਨੈ ਉਲੰਘ੍ਯੋ ਜਬਿ ਸਾਰੋ।
ਤੀਰ ਬਿਪਾਸਾ[1] ਆਨਿ ਨਿਹਾਰੋ ॥੩੭॥
ਗੋਇੰਦਵਾਲ ਜਬਹਿ ਸੁਧਿ ਆਈ।
ਰਾਮਦਾਸ ਲੇ ਨਰ ਸਮੁਦਾਈ।
ਜੁਤ ਉਤਸਾਹ ਅਗਾਰੀ ਚਾਲੇ।
ਪਠਹਿਂ ਸ਼ਬਦ ਕਰਿ ਪ੍ਰੇਮ ਬਿਸਾਲੇ ॥੩੮॥
ਦਰਸ਼ਨ ਕਰੇ ਜਾਇ ਸੁਖਰਾਸੀ[1]।
ਧਰਹਿਂ ਅਕੋਰ ਚਰਨ ਕੇ ਪਾਸੀ।
ਸਭਿ ਕੀ ਕੁਸ਼ਲ ਬੂਝਿ ਸਤਿਕਾਰੇ।
ਰਾਮਦਾਸ ਸੋਂ ਬਾਕ ਉਚਾਰੇ ॥੩੯॥
'ਤੁਮ ਕੋ ਗਏ ਸੌਂਪ ਸਭਿ ਕਾਰੀ।
ਕੁਸ਼ਲ ਸੰਗ ਸੋ ਭਲੇ ਸੰਭਾਰੀ?
ਅਨਦ ਸਮੇਤ ਅਪਰ ਸਭਿ ਅਹੈਂ?
ਗੋਇੰਦਵਾਲ ਵਿਖੈ ਜੇ ਰਹੈਂ ॥੪੦॥

[1]ਪੁੰਨਵਾਨ ਪੁਰਖਾਂ ਵਾਲੀ।
[1]ਦੇਸ਼ਾਂ ਨੂੰ ਵੇਖਕੇ।
[1]ਸਤਲੁਜ ਦੇ
[1]ਕੰਢਾ ਬਿਆਸਾ ਦਾ।
[1]ਸੁਖਾਂ ਦੀ ਖਾਣ ਸ਼੍ਰੀ ਗੁਰੂ ਜੀ ਦੇ।

ਹਾਥ ਜੋਰਿ ਕਰਿ ਸਕਲ ਬਤਾਈ।
'ਪ੍ਰਭੁ ਤੁਮ ਨੇ ਸਭਿ ਸੁਖ ਬਰਤਾਈ।
ਜੇਤਿਕ ਜਿਸ ਤੇ ਕਾਰ ਕਰਾਈ।
ਤੇਤਿਕ ਭਈ ਕੁਸ਼ਲ ਸਮੁਦਾਈ' ॥੪੧॥
ਇਮ ਮਿਲਿ ਸਕਲ ਨਰਨ ਕੇ ਸਾਥ।
ਉਤਰੇ ਪਾਰ ਬਿਪਾਸਾ ਨਾਥ।
ਪੁਰਿ ਮਹਿਂ ਪ੍ਰਵਿਸ਼ੇ ਮੰਗਲ ਕਰਿਤੇ।
ਦਰਸਹਿਂ ਤ੍ਰਿਯ ਨਰ ਹਰਖ ਸੁ ਧਰਿਤੇ ॥੪੨॥
ਆਇ ਬਿਰਾਜੇ ਅਪਨਿ ਸਥਾਨ।
ਮੰਗਲ ਹੋਤਿ ਅਨੇਕ ਬਿਧਾਨ।
ਜੋ ਗ੍ਰਾਮਨਿ ਕੇ ਸੰਗੀ ਹੁਤੇ।
ਕਰਿ ਬੰਦਨ ਘਰ ਗਮਨੇ ਤਿਤੇ ॥੪੩॥
ਸੁਜਸੁ ਕਰਤਿ ਬਹੁ ਸਤਿਗੁਰ ਕੇਰਾ।
ਫੈਲਯੋ ਦੇਸ਼ ਬਿਦੇਸ਼ ਬਡੇਰਾ।
ਕਰਤਿ ਅਨਿਕ ਜੀਵਨਿ ਕੱਲਜਾਨ।
ਦਯੋਸ ਬਿਤਾਵਹਿ ਗੁਰੁ ਭਗਵਾਨ ॥੪੪॥

ਦੋਹਰਾ:
ਪ੍ਰਥਮ ਰੀਤਿ ਨਿਤ ਚਲਤਿ ਤਿਮ, ਦੇਗ਼ ਕਰਨਿ ਤੇ ਆਦਿ।
ਸਿੱਖਯ ਸੈਂਕਰੇ ਹੋਤਿ ਹੈਂ ਪ੍ਰਾਪਤਿ ਪਰਮ ਪ੍ਰਸਾਦਿ[1] ॥੪੫॥

[1]ਭਾਵ ਨਾਮ ਦਾਨ ਨੂੰ, ਯਥਾ ਗੁਰਵਾਕ- 'ਨਾਮੁ ਨ ਵਿਸਰੈ ਸੰਤ ਪ੍ਰਸਾਦਿ'॥ (ਅ) ਪਰਮ ਦਿਆਲਤਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਗੰਗਾ ਤੇ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

## ੫੧. [ਬਾਵਲੀ ਰਚਣੀ। ਸ੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

ਧਰਮ ਧੁਰੰਧਰ[1] ਅਮਰ ਗੁਰੁ, ਸਦਾ ਚਹਿਤਿ ਉਪਕਾਰ।
ਰਚਿਬੇ ਤੀਰਥ ਬਾਵਲੀ, ਸਿੱਖਜਨਿ ਹੇਤੁ ਉਧਾਰ ॥੧॥

ਚੌਪਈ:

ਇਕ ਦਿਨ ਸਭਾ ਮਝਾਰ ਉਚਾਰਾ।
'ਇਹਾਂ ਬਾਵਲੀ ਲਗਹਿ ਉਦਾਰਾ।
ਸਿਖ ਸੰਗਤਿ ਦਰਸ਼ਨ ਕੋ ਆਵਹਿਂ।
ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ' ॥੨॥
ਇਮ ਕਹਿ ਸਤਿਗੁਰ ਆਇਸੁ ਦੀਨਸਿ†।
'ਲਿਖਹੁ ਹੁਕਮਨਾਮੇ ਹਿਤ ਚੀਨਸਿ[1]†।
ਤੀਰਥ ਕੀ ਤਜਾਰੀ ਗੁਰੁ ਕਰੈਂ।
ਹੁਇ ਨਿਹਾਲ ਸੇਵਾ ਹਿਤਧਰੈਂ' ॥੩॥
ਪਾਰੋ[1] ਨੇ ਲਿਖਿ ਸਕਲ ਪਠਾਏ।
ਪੁਰਿ ਗ੍ਰਾਮਨ ਤੇ ਸੁਨਿ ਸਿਖ ਆਏ।
ਭਯੋ ਮੇਲ ਸੰਗਤਿ ਕੋ ਭਾਰੋ।
ਜਥਾ ਸ਼ਕਤਿ ਲੈ ਆਵਹਿਂ ਕਾਰੋ ॥੪॥
ਦਰਸ਼ਨ ਹੇਤੁ ਚੌਂਪ ਚਿਤ ਧਾਰੇ।
ਸੇਵਾ ਠਾਨਹਿਂ ਗੁਰੂ ਅਗਾਰੇ।
ਮਿਲਿ ਗੁਰ ਪਗ ਕੋ ਬੰਦਨ ਠਾਨਹਿਂ।
ਧਰਹਿਂ ਭਾਉ ਅਪਨੋ ਹਿਤ ਜਾਨਹਿਂ ॥੫॥
ਸ਼੍ਰੀ ਗੁਰੁ ਨੇ ਸ਼ੁਭ ਦਿਵਸਿ ਨਿਹਾਰਾ।
ਨਿਕਸੇ ਵਹਿਰ ਅਨੰਦ ਉਦਾਰਾ।
ਸਭਿ ਸੰਗਤਿ ਕੋ ਸੰਗਿ ਸੁ ਲੀਨਿ।
ਬਹੁ ਮਿਸ਼ਟਾਨ ਮੰਗਾਵਨਿ ਕੀਨਿ ॥੬॥
ਥਲ ਸੁੰਦਰ ਪਿਖਿ ਪਾਸ ਬਿਪਾਸਾ।
ਢਿਗ ਪੁਰਿ ਗੋਇੰਦਵਾਲ ਪ੍ਰਕਾਸ਼ਾ।

[1]ਧਰਮ ਦੇ ਆਚਾਰਯ, ਧਰਮ ਵਿਚ ਸਭ ਤੋਂ ਮੁਹਰੇ।

†ਪਾ:-ਦੀਨੀ।

[1]ਭਲਾ ਜਾਣਕੇ। †ਪਾ:-ਚੀਨੀ।

[1]ਭਾਈ ਪਾਰੋ ਜੁਲਕਾ।

ਮੰਦ ਮੰਦ ਪਦ ਸੁੰਦਰ ਧਰਿਹੀਂ।
ਸੰਗ ਸੰਗਤਾਂ ਭੀਰ ਨਿਹਰਿਹੀਂ ॥ ੭ ॥
ਸੁਥਲ ਜਾਨਿ ਗੁਰੁ ਇਸਥਿਤ ਭਏ।
ਟਕ ਲਾਵਨਿ ਕੀ ਆਇਸੁ ਦਏ।
ਬੁੱਢੇ ਪ੍ਰਥਮ ਕਹੀ ਕਰ ਗਹੀ[1]।
[1]ਕਹੀ ਹੱਥ ਫੜੀ।
ਜਹਿਂ ਗੁਰ ਕਹੀ ਤਿਰਥ ਕਰਿ ਸਹੀ[1] ॥ ੮ ॥
[1]ਜਿੱਥੇ ਗੁਰੂ ਜੀ ਨੇ ਤੀਰਥ ਨਿਰਨਾ ਕਰਕੇ ਆਖਿਆ (ਕਿ ਟੱਕ ਲਾਓ)।
ਤਹਿਂ ਤੇ ਮਾਟੀ ਲੀਨਿ ਉਪਾਟੀ[1]।
[1]ਪੁੱਟ ਲਈ।
ਭਰੀ ਟੋਕਰੀ ਸਿਰ ਧਰਿ ਸਾਟੀ[1]।
[1]ਸੱਟੀ।
ਬਹੁਰੋ ਸਕਲ ਸਿੱਖ੍ਯ ਲਗਿ ਪਰੇ।
ਧਰੇ ਚੌਂਪ ਸੇਵਾ ਹਿਤ ਕਰੇ ॥ ੯ ॥
ਸਤਿਗੁਰ ਖਰੇ ਕਰਾਵਤਿ ਕਾਰ।
ਸੰਗਤਿ ਕਰਤਿ ਚੌਂਪ ਚਿਤ ਧਾਰਿ।
ਜਹਿਂ ਕਹਿਂ ਪਸਰਿ ਗਯੋ ਬਿਰਤੰਤੂ।
'ਤੀਰਥ ਰਚ੍ਯੋ ਗੁਰੂ ਭਗਵੰਤੂ' ॥ ੧੦ ॥
ਨਿਜ ਘਰ ਤੇ ਕਹੀਆਂ ਬਹੁ ਲ੍ਯਾਵਹਿਂ।
ਸਿਰ ਪਰ ਧਰੇ ਟੋਕਰੇ ਆਵਹਿਂ।
ਜ੍ਯੋਂ ਜ੍ਯੋਂ ਸੇਵ ਕਰਹਿਂ ਧਰਿ ਭਾਊ।
ਤ੍ਯੋਂ ਤ੍ਯੋਂ ਸਤਿਗੁਰ ਹੋਤਿ ਪਸਾਊ[1] ॥ ੧੧ ॥
[1]ਪ੍ਰਸੰਨ।
ਨਿਤਪ੍ਰਤਿ ਕਰਤਿ ਕਾਰ ਨਰ ਬ੍ਰਿੰਦ।
ਕਾਢਹਿਂ ਮਾਟੀ ਖੋਦਿ ਬਿਲੰਦ।
ਸੰਗਤਿ ਕਾਰ ਕਰਤਿ ਤਹਿਂ ਜੇਤੀ।
ਅਚਹਿ ਦੇਗ ਤੇ ਭੋਜਨ ਤੇਤੀ ॥ ੧੨ ॥
ਲਗਹਿਂ ਮਿਹਨਤੀ ਗਨ ਜੇ ਆਇ।
ਸੋ ਦੁਇ ਟਕੇ[1] ਦਿਹਾਰੀ ਪਾਇਂ।
[1]ਦੋ ਆਨੇ (ਦੇਖੋ ਅੰਕ ੨੦)।
ਲੰਗਰ ਤੇ ਅਹਾਰ ਮਨ ਭਾਵਤਿ।
ਲੇ ਕਰਿ ਸੋ ਭੀ ਤਹਿਂ ਤੇ ਖਾਵਤਿ ॥ ੧੩ ॥
ਦੇਗ ਬਿਸਾਲ ਹੋਨਿ ਤਬਿ ਲਾਗੀ।
ਆਨਹਿਂ ਅੰਨ ਸਿੱਖ੍ਯ ਬਡਿਭਾਗੀ।
ਕੇਤਿਕ ਦਾਸ ਦਰਬ ਲੇ ਆਇਂ।
ਬੈਠਿ ਮਿਹਨਤੀ ਦੇਤਿ ਲਗਾਇ ॥ ੧੪ ॥

ਰਹੈ ਬਾਵਲੀ ਥਲ ਬਡ ਭੀਰ।
ਕਬਿ ਕਬਿ ਸਤਿਗੁਰੂ ਬੈਠਹਿਂ ਤੀਰ।
ਧਨ ਤੇ ਤਨ ਤੇ ਸੇਵਹਿਂ ਗੁਰੁ ਕੋ।
ਪ੍ਰੇਮ ਕਰਹਿਂ ਦੀਰਘ ਨਰ ਉਰ ਕੋ ॥੧੫॥
ਘਾਲਹਿਂ ਘਾਲ ਲੇਹਿਂ ਫਲ ਚਾਹਾ।
ਹਲਤ ਪਲਤ ਕੋ ਦੀਰਘ ਲਾਹਾ।
ਸੁਨਿ ਸੁਨਿ ਸੁਧਿ ਕੋ ਸਿਖ ਉਤਲਾਵਤਿ।
ਕਰਤਿ ਚੌਂਪ ਚਿਤ ਤਿਸ ਥਲ ਆਵਤਿ ॥੧੬॥
ਲਵਪੁਰਿ ਆਦਿ ਨਗਰ ਗਨ ਜੋਈ।
ਗ੍ਰਾਮ ਬ੍ਰਿੰਦ ਮਹਿਂ ਇਹ ਸੁਧਿ ਹੋਈ।
'ਸਤਿਗੁਰੁ ਤੀਰਥ ਰਚਹਿਂ ਸੁ ਬਾਪੀ[1]।
ਫਲਦਾਯਕ, ਜਹਿਂ ਉਧਰਹਿਂ ਪਾਪੀ ॥੧੭॥
ਗਏ ਭਾਵਨੀ ਕਰਿ ਹੁਇ ਪੂਰਨ[1]'।
ਇਮ ਸੁਨਿ ਨਰ ਗਨ ਪਹੁੰਚਹਿਂ ਤੂਰਨ।
ਧਨ ਤੇ ਲਾਇ ਮਿਹਨਤੀ ਦੇਤਿ।
ਪੁਨ ਉਠਿ ਖਨਹਿਂ ਕਹੀ ਕਰ ਲੇਤਿ ॥੧੮॥
ਇਕ ਜਾਵਹਿਂ ਇਕ ਆਵਹਿਂ ਪਾਸ।
ਸਿੱਖ ਸੰਗਤਿ ਮਹਿਂ ਅਧਿਕ ਹੁਲਾਸ।
ਕਾਰ ਬਾਪਿਕਾ ਮਹਿਂ ਅਨੁਰਾਗੇ।
ਸਤਿਗੁਰ ਕੀ ਸੇਵਾ ਮੋਂ ਲਾਗੇ ॥੧੯॥
ਲਵਪੁਰਿ ਤੇ ਮਜੂਰ ਚਲਿ ਆਏ।
ਕਰਹਿਂ ਕਾਰ ਚਿਤ ਚੌਂਪ ਬਢਾਏ।
ਦਿਨ ਮਹਿਂ ਲੰਗਰ ਭੋਜਨ ਖਾਵਤਿ।
ਸੰਝ ਦੁ ਆਨਿ[1] ਦਿਹਾੜੀ ਪਾਵਤਿ ॥੨੦॥
ਇਕ ਸਿਖ ਪ੍ਰੇਮੀ ਤਹਿਂ ਚਲਿ ਆਵੈਂ।
ਇਕ ਮਿਹਨਤੀ ਦਿਹਾੜੀ ਪਾਵੈਂ।

[1]ਬਾਵਲੀ।

[1]ਭਾਵਨਾ ਧਾਰਕੇ ਗਇਆਂ (ਜਿੱਥੇ ਆਸਾਂ) ਪੂਰਨ ਹੋਣਗੀਆਂ। (ਅ) ਜੋ ਭਾਵਨੀ ਧਾਰਕੇ ਗਏ ਹਨ, (ਉਨ੍ਹਾਂ ਦੀਆਂ) (ਭਾਵਨੀਆਂ) ਪੂਰਨ ਹੋ ਗਈਆਂ ਹੈਨ।

[1]ਸੰਝਾਂ ਨੂੰ ਦੋ ਆਨੇ।

'ਦਿਨ ਪ੍ਰਤਿ ਬਾਪੀ ਕਾਰ ਮਹਾਨਾ।
ਹੋਵਤਿ ਹੈ' ਭੀ ਬਿਦਤ ਮਹਾਨਾ ॥੨੧॥
ਸਭਿ ਮਹਿਂ ਰਾਮਦਾਸ ਮਿਲਿ ਕਰਿ ਕੈ।
ਸਤਿਗੁਰ ਚਰਨ ਪ੍ਰੇਮ ਕੋ ਧਰਿ ਕੈ।
ਕਰਹਿਂ ਬਾਪਿਕਾ[1] ਸੇਵ ਬਿਸਾਲਾ।
ਸਰਬ ਗਰਬ ਤੇ ਹੋਹਿ ਨਿਰਾਲਾ ॥੨੨॥
ਅਤਿ ਹਿਤ ਕਰਿ ਕੈ ਕਾਰ ਕਮਾਵਹਿਂ।
ਧਰਹਿਂ ਟੋਕਰੀ ਸਿਰ, ਨਿਕਸਾਵਹਿਂ[1]।
ਨਿਜ ਕੁਲ ਕੀ ਲੱਜਾ ਕੋ ਪਰਹਰਿ।
ਸਨਬੰਧਿਨਿ ਕੀ ਆਨ ਨਹੀਂ ਧਰਿ[1] ॥੨੩॥
ਸਭਿ ਜਗ ਕੀ ਰਾਖੀ ਨਹਿਂ ਕਾਨ[1]।
ਸੇਵਾ ਕੇ ਤਤਪਰ ਸਵਧਾਨ।
ਖੇਦ ਸਰੀਰ ਸੁ ਨਹੀਂ ਵਿਚਾਰਤਿ।
ਪ੍ਰੇਮਾ ਭਗਤਿ ਰਾਤਿ ਦਿਨ ਧਾਰਤਿ ॥੨੪॥
ਅਪਰ ਸੰਗ ਨਹਿਂ ਇਰਖਾ ਠਾਨਹਿਂ।
ਕਰਹਿਂ ਟਹਿਲ ਸੁਖ ਮਹਿਲ ਪ੍ਰਮਾਨਹਿਂ[1]।
ਖਨਹਿਂ ਮ੍ਰਿੱਤਕਾ ਸੀਸ ਉਠਾਵੈਂ।
ਨਿਕਸਿ ਵਹਿਰ ਕੋ ਦੂਰਿ ਗਿਰਾਵੈਂ ॥੨੫॥
ਧੂਲ ਸਰੀਰ ਬਸਤ੍ਰ ਕੋ ਲਾਗਹਿ।
ਹ੍ਵੈ ਮਨ ਭੰਗ ਨ, ਪ੍ਰੇਮ ਸੁ ਜਾਗਹਿ।
ਮਨ, ਬਚ, ਕ੍ਰਮ ਸੇਵਾ ਕੇ ਤਤਪਰ।
ਅਪਰ ਮਨੋਰਥ ਕੋ ਨਹਿਂ ਉਰ ਧਰਿ ॥੨੬॥
ਸ੍ਰੀ ਗੁਰੁ ਪੂਰਨ ਅੰਤਰਜਾਮੀ।
ਤਿਸ ਕੀ ਲਖਹਿਂ ਸੇਵ ਸਭਿ ਸ੍ਵਾਮੀ।
ਉਰ ਪਰਪੱਕਜ ਪ੍ਰੇਮ ਕਰਿ ਰੂਰਾ।
ਸ਼ਰਧਾ ਸੁਮਤਿ ਸੰਗਿ ਪਰਿਪੂਰਾ ॥੨੭॥
ਪਰਮ ਲਾਭ ਸੇਵਾ ਕਹੁ ਜਾਨਹਿ।

[1]ਬਾਵਲੀ ਦੀ।
[1]ਕੱਢਦੇ ਹਨ (ਮਿੱਟੀ)।
[1]ਸ਼ਰੀਕਾਂ ਦੀ ਸ਼ਰਮ (ਜੀ ਵਿਚ) ਨਾ ਧਾਰਣ ਕਰਕੇ।
[1]ਪਰਵਾਹ, ਕਣੌਡ।
[1]ਟਹਿਲ ਤੋਂ ਸੁਖ ਦਾ ਮਰਾਤਬਾ ਮਿਲਦਾ ਹੈ ਇਹ ਜਾਣਦੇ ਹਨ।

ਸ੍ਰੀ ਸਤਿਗੁਰੂ ਸਭਿ ਭੇਵ ਪਛਾਨਹਿਂ।
ਕਿਤਿਕ ਕਾਲ ਬੀਤਾ ਲਗਿ ਸੇਵਾ।
ਲੇਸ਼ ਮਾਤ੍ਰ ਜਿਸ ਨਹਿਂ ਅਹੰਮੇਵਾ[1] ॥੨੮॥
[1]ਹੰਕਾਰ।

ਲਵਪੁਰਿ ਸੰਗ ਜਾਤਿ ਗਨ ਗੰਗਾ[1]।
[1]ਲਾਹੌਰ ਦਾ ਸੰਗ (ਜੋ) ਸਾਰਾ ਜਾਂਦਾ ਸੀ ਗੰਗਾ ਨੂੰ।
ਆਇ ਕਿਯੋ ਡੇਰਾ ਥਲ ਚੰਗਾ।
ਬਹੁ ਸਨਬੰਧੀ ਹੈਂ ਤਿਨ ਮਾਂਹਿ।
ਰਾਮਦਾਸ ਕੇ ਮੇਲੀ ਆਹਿਂ ॥੨੯॥
ਕੋ ਗਜਾਤੀ[1], ਭ੍ਰਾਤਾ ਹੈ ਕੋਈ।
[1]ਸ਼ਰੀਕ।
ਸੋਢ ਬੰਸ ਕੇ ਨਰ ਬਰ ਸੇਈ।
ਕੇਤਿਕ ਤਿਨ ਮਹਿਂ ਸਖਾ ਸਬੈਸ[1]।
[1]ਇਕੋ ਜਿਹੀ ਉਮਰ ਦੇ ਮ੍ਰਿੱਤ।
ਕੇਤਿਕ ਪ੍ਰਿਥਮ ਪਰੋਸੀ ਹੈਸ[1] ॥੩੦॥
[1]ਗਵਾਂਢੀ ਸਨਗੇ।
ਕੇਤਿਕ ਬ੍ਰਿੱਧ ਅਹੈਂ ਹਿਤਕਾਰੀ[1]।
[1]ਬੁਢੇ ਪਿਆਰ ਵਾਲੇ ਹਨ।
ਪਿਖਨ ਮਾਤ੍ਰ ਹੀ ਕਿਤਿਕ ਚਿਨਾਰੀ[1]।
[1]ਕਈਆਂ ਦੀ ਦੇਖਣ ਮਾਤ੍ਰ ਦੀ ਹੀ ਪਛਾਣ ਸੀ।
ਤਾਊ, ਚਚੇ ਕਿਤਿਕ ਕੁਲ ਮਹਿਂ ਕੇ।
ਸਭਿ ਮਿਲਿਬੇ ਹਿਤ ਆਇ ਸੁ ਚਹਿ ਕੇ ॥੩੧॥
ਦਿਜ ਕੇਤਿਕ ਪ੍ਰੋਹਤ ਤੇ ਆਦਿ।
ਛੱਤ੍ਰੀ ਕਿਤਿਕ ਪਿਖਿਨਿ ਅਹਿਲਾਦਿ।
ਵੈਸ਼ ਸੂਦ੍ਰ ਜੇ ਨਿਕਟ ਬਸੰਤੇ।
ਜਿਨ ਸੋਂ ਬੋਲਤਿ ਬਸ ਬਰਤੰਤੇ[1] ॥੩੨॥
[1]ਜਿਨ੍ਹਾਂ ਨਾਲ (ਕੋਲ ਦਾ) ਵੱਸਣ ਤੇ ਵਰਤੋਂ (ਕਰਕੇ) ਬੋਲ ਚਾਲ ਸੀ।

ਕਹਤਿ ਪਰਸਪਰ ਮਿਲਿ ਕੈ ਬ੍ਰਿੰਦ।
'ਇਹਾਂ ਬਸਹਿ ਹਰਿਦਾਸ ਸੁ ਨੰਦ[1]।
[1]ਭਾਈ ਹਰਦਾਸ ਜੀ ਦੇ ਸਪੁੱਤ੍ਰ (ਸ੍ਰੀ ਰਾਮਦਾਸ ਜੀ)।
ਸ੍ਰੀ ਗੁਰੁ ਅਮਰ ਲੀਨਿ ਗੁਰਿਆਈ।
ਨਗਰੀ ਗੋਇੰਦਵਾਲ ਬਸਾਈ ॥੩੩॥
ਗੁਰ ਕੇ ਹ੍ਵੈ ਅਲੰਬ ਸੁਖ ਲਹਜੋ।
ਘਰ ਸਸੁਰਾਰ ਆਨ ਸੋ ਰਹਜੋ।
ਬਡੋ ਭ੍ਰਾਤ ਇਨ ਕੋ ਸੰਹਾਰੀ[1]।
[1]ਸ੍ਰੀ ਗੁਰੂ ਰਾਮਦਾਸ ਜੀ ਦੇ ਬੜੇ ਭਾਈ ਦਾ ਨਾਮ।
ਪਿਤ ਸਥਾਨ ਲਵਪੁਰੀ ਮਝਾਰੀ ॥੩੪॥
ਅਪਨੇ ਸਗਰੇ ਸਦਨ ਸੰਭਾਰੇ।
ਰਹਜੋ ਸੁ ਦ੍ਰਿੜ ਗਜਾਤੀਨ ਮਝਾਰੇ[1]।
[1]ਸ਼ਰੀਕਾਂ ਵਿਚ (ਭਾਈ ਸੰਹਾਰੀ)।

ਆਨਿ ਬਸਯੋ ਇਹ ਤਜਿ ਪੁਰਿ ਭਲੋ[1]। — [1]ਭਾਵ ਸ੍ਰੀ ਰਾਮਦਾਸ ਜੀ ਛੱਡਕੇ ਸ਼ਹਿਰ (ਲਾਹੌਰ) ਭਲੀ ਪ੍ਰਕਾਰ।

ਦੇਖਹਿਂ ਕਹਾਂ ਹਾਲ, ਅਬ ਚਲੋ[1] ॥੩੫॥ — [1]ਚਲੋ ਦੇਖੀਏ ਕੀ ਹਾਲ ਹੈਸੁ ਹੁਣ।

ਵਾਧ ਕਿ ਘਾਟ ਸਮ੍ਰਿੱਧੀ ਤਹਿਂ ਤੇ।
ਕਿਸ ਬਿਧਿ ਭਯੋ ਆਇ ਇਤਿ ਰਹਿਤੇ।
ਕਿਰਤਿ ਕੌਨ ਸੀ ਕਰਤਿ ਬਸੰਤਾ।
ਜਿਸ ਤੇ ਗ੍ਰਿਹਸਥ ਕਾਰ ਨਿਬਹੰਤਾ' ॥੩੬॥
ਇੱਤਜਾਦਿਕ ਕਹਿ ਆਪਸ ਮਹੀਆ।
ਸਨੈ ਸਨੈ ਆਵਤਿ ਭੇ ਤਹੀਆ।
ਜਹਾਂ ਕਾਰ ਬਾਪੀ ਸੁ ਕਮਾਵਹਿਂ।
ਧਰੇ ਟੋਕਰੀ ਸਿਰ ਪਰ ਆਵਹਿਂ ॥੩੭॥
ਸਭਿਨਿ ਬਿਲੋਕਯੋ ਸਨਮੁਖ ਆਵਤਿ।
ਸਿਰ ਤੇ ਮ੍ਰਿਤਕਾ ਤਹਾਂ ਗਿਰਾਵਤਿ।
ਪਿਖਿ ਸਭਿ ਕੋ ਸਨਮੁਖ ਹੁਇ ਕਰਿ ਕੈ।
'ਰਾਮ ਰਾਮ' ਤਿਨਿ ਸਾਥ ਉਚਰਿ ਕੈ ॥੩੮॥
'ਪੈਰੀ ਪਵਣਾ' ਕਹਿ ਕਹਿ ਸੰਗ।
ਗਹੇ ਟੋਕਰੀ ਖਰੋਨਿ ਸੰਗ।
ਹੁਤੇ ਜੁ ਬ੍ਰਿੱਧ ਬਿਲੋਕਿ ਰਿਸਾਨੇ।
ਕੇਤਿਕ ਦੇਖਿ ਦਸ਼ਾ ਮੁਸਕਾਨੇ ॥੩੯॥
ਧੂਲ ਸੰਗ ਛਾਦਤਿ ਸਰਬੰਗਾ।

ਬਸਤ੍ਰ ਮਲੀਨ ਕੁਢੰਗ[1] ਕੁਰੰਗਾ[2]। — [1]ਨ ਚੰਗੀ ਤਰ੍ਹਾਂ ਦੇ। [2]ਮੈਲੇ ਰੰਗ ਦੇ।

ਕਹਯੋ ਸਭਿਨਿ 'ਕੁਲ ਲੱਜਜਾ ਖੋਈ।
ਘਰ ਸਸੁਰਾਰਿ ਮਿੱਤ੍ਰਕਾ ਢੋਈ ॥੪੦॥
ਜਨਮਯੋ ਭਲੋ ਸੋਢੀਅਨਿ ਬੰਸ।

ਰਾਖੀ ਨਹੀਂ ਲਾਜ ਕੀ ਅੰਸ[1]। — [1]ਸ਼ਰਮ ਰਤੀ ਭਰ।

ਇਸ ਤੇ ਪਰੈ ਕਰੈ ਕਯਾ ਹੀਨੀ।
ਛੱਤ੍ਰੀ ਕੌਨ ਕਰੈ ਜਿਮ ਕੀਨੀ ॥੪੧॥
ਹੇਤੁ ਜੀਵਕਾ ਅਨਿਕ ਉਪਾਇ।

ਸ਼ੁਭ ਮਤਿਵੰਤ[1] ਕਰਤਿ ਸਮੁਦਾਇ। — [1]ਚੰਗੀ ਬੁਧਿ ਵਾਲਾ।

ਕਰਤਿ ਜਿ ਇਹੀ ਸਮਾਨ ਹਮਾਰੀ[1]। — [1]ਜੇ ਇਹ ਭੀ ਸਾਡੇ ਵਾਂਙੂੰ ਕਿਰਤ ਕਰਦਾ।

ਚਲਤਿ ਜੀਵਕਾ ਅਨਿਕ ਪ੍ਰਕਾਰੀ
॥੪੨॥
ਮ੍ਰਿਤਕਾ ਖਨਿਨਿ ਸੀਸ ਪਰ ਧਰਨੋ।
ਕੋ ਬਾਹਜ ਅਸ ਕਰਿ ਹੈ ਕਰਨੋ[1]? — [1]ਕੰਮ।
ਹਮ ਸਭਿ ਕੀ ਪਤ ਦਈ ਗਵਾਇ।
ਭਲੋ ਨਿਕਾਸਜੋ ਨਾਮ ਸੁ ਆਇ ॥੪੩॥
ਸਭਿ ਸਨਬੰਧਨਿ ਮਹਿਂ ਲਘੁਤਾਈ।
ਕਰੀ ਬਿਦਤਿ ਜਾਨੀ ਨ ਜਿਠਾਈ[1]'। — [1]ਜਾਣੀ ਨ (ਆਪਣੀ ਕੁਲ ਦੀ) ਵਡਿਆਈ।
ਇੱਤਜਾਦਿਕ ਤਿਨ ਬਾਕ ਬਖਾਨੇ।
ਸੁਨਿ ਸ਼੍ਰੀ ਰਾਮਦਾਸ ਮੁਸਕਾਨੇ ॥੪੪॥
ਕਹਜੋ ਸਭਿਨਿ ਸੋਂ 'ਜਾਨਤਿ ਨਾਹਨ[1]। — [1]ਤੁਸੀਂ ਨਹੀਂ ਜਾਣਦੇ।
ਸ਼੍ਰੀ ਸਤਿਗੁਰ ਮਹਿਮਾ ਦੁਖ ਦਾਹਨਿ[1]। — [1]ਦੁਖਾਂ ਦਾ ਦਾਹ ਕਰਨ ਵਾਲੀ ਹੈ।
ਏਕ ਬੇਰ ਹੇਰੈਂ ਕਰਿ ਕਰੁਨਾ।
ਕਟਹਿਂ ਕੋਟਿ ਸੰਕਟ ਭਵ ਮਰਨਾ
॥੪੫॥
ਪਰਮੇਸ਼ੁਰ ਕੀ ਪ੍ਰਾਪਤਿ ਦੇਤਿ।
ਜਿਸਹਿ ਅਰਾਧੇ ਜੋਗ ਸਮੇਤਿ[1]। — [1]ਭਾਵ ਜੋਗੀ।
ਕਿਸੂ ਕ੍ਰਿੱਤਿ ਤੇ ਜੋ[1] ਨਹਿਂ ਪਯਤਿ। — [1]ਜੋ (ਪਰਮੇਸ਼੍ਵਰ)।
ਸੋ ਸਤਿਗੁਰ ਢਿਗ ਸੁਗਮ ਲਭੱਯਤਿ
॥੪੬॥
ਜਿਨਿ ਕੀ ਸੇਵ ਨ ਬਿਰਥੀ ਜਾਇ।
ਮਨ ਬਾਂਛਤਿ ਸ਼ਰਧਾ ਤੇ ਪਾਇ।
ਇਨ ਕੀ ਸੇਵ ਕਰਹਿਂ ਨਹਿਂ ਜੋਇ।
ਤਿਨ ਸਮ ਕੌਣ ਮੰਦ ਮਤਿ ਹੋਇ ॥੪੭॥
ਜਿਸ ਕੇ ਬਡੇ ਭਾਗ ਸ਼ੁਭ ਅਹੈਂ।
ਸੋ ਸਤਿਗੁਰ ਕੀ ਸੇਵਾ ਲਹੈ।
ਇਸਤੇ ਪਰੈ ਲਾਭ ਨਹਿਂ ਔਰ।
ਹੁਇ ਗੁਰ ਦਾਸ ਸਭਿਨਿ ਸਿਰ ਮੌਰ[1]' — [1]ਗੁਰੂ ਜੀ ਦਾ ਦਾਸ ਸਭ ਦਾ ਸ਼ਿਰੋਮਣੀ ਹੁੰਦਾ ਹੈ।
॥੪੮॥
ਹਿਤ ਕੀ ਬਾਤ ਤਿਨਹੁ ਸੰਗ ਕਹੀ।
ਕਰਤਿ ਕੁਤਰਕਨਿ[1], ਮਾਨਹਿਂ ਨਹੀਂ। — [1]ਹੁੱਜਤਾਂ।
ਮੁਸਕਾਵਤਿ ਨਿਜ ਡੇਰੇ ਗਏ।

ਮਹਾਂ ਦੀਨ ਤਾ ਸਮ ਲਖਿ ਲਏ[1] ॥੪੯॥
ਦਿਵਸ ਰਹ੍ਯੋ ਜਬਿ ਘਟਿਕਾ ਚਾਰਿ।
ਗੁਰ ਦਰਸ਼ਨ ਕੋ ਭੇ ਸਭਿ ਤ੍ਯਾਰਿ।
ਪ੍ਰਥਮ ਦੇਗ਼ ਤੇ ਭੋਜਨ ਕਰਿ ਕੈ।
ਬਹੁਰੋ ਪ੍ਰਵਿਸ਼ੇ ਅੰਤਰਿ ਘਰ ਕੈ ॥੫੦॥
ਅਹੰਕਾਰ ਕੇ ਸਹਤ ਬਿਸਾਲੇ।
ਪਦਪੰਕਜ ਪਰ ਧਰ੍ਯੋ ਨ ਭਾਲੇ।
ਲਖੇ -ਸਾਕ ਇਹੁ ਕੁੜਮ ਹਮਾਰੇ।
ਲਘੁ ਥਾਨ- ਇਮ ਰਿਦੈ ਬਿਚਾਰੇ ॥੫੧॥
ਨਹਿਂ ਮੰਦਨਿ ਮਹਿਮਾ ਕੁਛ ਜਾਨੀ।
ਬੈਠੇ 'ਰਾਮ ਰਾਮ' ਕਹਿ ਬਾਨੀ।
ਮਿਰਜਾਦਿਕ[1] ਸ਼੍ਰੀ ਅਮਰ ਮਹਾਨੇ।
ਹਿਤ ਮਿਰਯਾਦ ਕੀਨਿ ਸਨਮਾਨੇ ॥੫੨॥
ਜਥਾ ਸਥਾਨ ਭਏ ਥਿਤਿ ਸਾਰੇ।
ਤਿਨਿ ਮਹੁਂ ਬਡਿਅਨਿ ਬਾਕ ਉਚਾਰੇ।
'ਅਬ ਤੁਮ ਜਗ ਮਹਿਂ ਲਹੀ ਬਡਾਈ।
ਬਯ ਮਹਿਂ ਬਡੇ ਬ੍ਰਿੱਧਤਾ ਪਾਈ ॥੫੩॥
ਸਭਿ ਬਿਵਹਾਰ ਅਲਪ ਅਰੁ ਮਹਤ।
ਤੁਮ ਜਾਨਤਿ ਹੋ ਮਤਿ ਕੇ ਸਹਤ।
ਕੁਲ ਕੀ ਲਾਜ ਸਕਲ ਕੇ ਅਹੈ।
ਭ੍ਰਾਤਨਿ ਬਿਖੈ ਅਧਿਕਤਾ ਚਹੈ[1] ॥੫੪॥
ਤੁਮ ਹੋਏ ਗੁਰ ਰੂਪ ਉਦਾਰਾ।
ਕਛੂ ਨ ਤੁਮਰੇ ਏਹੁ ਬਿਚਾਰਾ।
ਖ਼ੱਤ੍ਰੀ ਬੰਸ ਬਿਸਾਲ[1] ਹਮਾਰੋ।
ਸਹਤ ਬਡਾਈ ਕਰਨਿ ਅਚਾਰੋ[1] ॥੫੫॥
ਤਉ ਰਹਿ ਆਵਹਿ ਜਾਤਿ ਮਝਾਰਾ।
ਹੀਨ ਕਹਾਵਹਿਂ ਨਹਿਂ ਕਿਸ ਬਾਰਾ।
ਭ੍ਰਾਤਨਿ ਬਿਖੈ ਨ ਤਰਕ ਸਹਾਰੈਂ।
ਯਾਂ ਤੇ ਠਾਨਤਿ ਕਰਮ ਉਦਾਰੈਂ' ॥੫੬॥
ਨਾਮ[1] ਮੰਗਲਾ ਏਵ ਅਲਾਏ[2]।
ਤਬਿ ਹੂੰ ਰਾਮਦਾਸ ਚਲਿ ਆਏ।
ਗੁਰ ਸੂਰਜ ਕੋ ਜਬਹੁ ਨਿਹਾਰਾ।

[1]ਮਹਾਂਨ ਗਰੀਬ ਵਰਗਾ ਜਾਣਕੇ (ਸ਼੍ਰੀ ਰਾਮਦਾਸ ਜੀ ਨੂੰ)।
[1]ਮਿਰਯਾਦਾ ਵਾਲੇ।
[1]ਵਡਿਆਈ (ਸਭ ਕੋਈ) ਚਾਹੁੰਦਾ ਹੈ।
[1]ਵੱਡਾ (ਹੈ)।
[1]ਵਡਿਆਈ ਵਾਲੇ ਕੰਮ ਕਰਨ ਤਾਂ।
[1]ਇਕ ਦਾ ਨਾਮ ਸੀ। [2]ਕਿਹਾ।

ਬਦਨ ਕਮਲ ਪਰਫੁੱਲਜ[1] ਉਦਾਰਾ ॥੫੭॥ — [1]ਖਿੜ ਗਿਆ (ਸ੍ਰੀ ਰਾਮਦਾਸ ਜੀ ਦਾ)।

ਪਦ ਅਰਬਿੰਦ ਸੁਗੰਧਿ ਅਨੰਦ[1]। — [1]ਚਰਨਾਂ ਕਵਲਾਂ ਦੀ ਅਨੰਦ ਦਾਇਕ ਸੁਗੰਧੀ ਦੇ।

ਲੋਚਨ ਭ੍ਰਮਰ ਕਰੇ ਕਰ ਬੰਦਿ[1]। — [1]ਨੇਤ੍ਰ ਭੌਰੇ ਕਰ ਦਿੱਤੇ ਹਥ ਜੋੜਕੇ।

ਇਸ ਕੋ ਦੇਖਤਿ ਲਵਪੁਰਿ ਕੇ ਨਰ।

ਕਹ੍ਯੋ ਬਹੁਰ ਤਰਕਨਿ[1] ਕੋ ਉਰ ਧਰ ॥੫੮॥ — [1]ਭਾਵ ਤਰਕਾਂ ਕੀਤੀਆਂ।

'ਇਹ ਭੀ ਜਨਮ੍ਯੋ ਬੰਸ ਹਮਾਰੇ।
ਲਾਜ ਗਵਾਈ ਸਰਬ ਪ੍ਰਕਾਰੇ।
ਪਿਤ ਕੇ ਮਰੇ ਸਦਨ ਕੋ ਤ੍ਯਾਗਾ।
ਘਰ ਸਸੁਰਾਰਿ ਬਸ੍ਯੋ ਨਿਰਭਾਗਾ ॥੫੯॥
ਮਿਲ੍ਯੋ ਮਿਹਨਤੀ ਬ੍ਰਿੰਦ ਮਝਾਰੇ।

ਖਨਿ ਮ੍ਰਿਤਕਾ ਕਹੀਅਨਿ ਕਰਧਾਰੇ[1]। — [1]ਪੱਟਦਾ ਹੈ ਮਿੱਟੀ ਕਹੀਆਂ ਹੱਥ ਫੜਕੇ।

ਭਰੇ ਟੋਕਰੀ ਸੀਸ ਉਠਾਵੈ।
ਰਜ ਤਨ ਲਗੇ ਵਹਿਰ ਨਿਕਸਾਵੈ ॥੬੦॥
ਇਸ ਨੇ ਤੌ ਸਿਰ ਮਾਟੀ ਪਾਈ।

ਕਰਹੁ ਬਿਚਾਰ ਨ ਤੁਮ ਉਚਤਾਈ[1]। — [1]ਹੇ ਗੁਰੂ ਅਮਰਦਾਸ ਜੀ!) ਆਪ ਭੀ ਵਿਚਾਰ ਨਹੀਂ ਕਰਦੇ ਉਚਤਾਈ ਦੀ। (ਅ) ਆਪ ਹੀ ਯੋਗਤਾਈ ਵਿਚਾਰਦੇ।

ਕਾਰ ਅਨੁਚਿਤ ਆਪ ਨੇ ਦੀਨਿ।
ਲਾਜ ਕੁਟੰਬ ਨ ਤੁਮ ਨੇ ਚੀਨ ॥੬੧॥
ਅਪਰ ਕਿਰਤਿ ਕੋ ਅਬ ਇਸ ਦੀਜੈ।
ਉਚਿਤ ਅਨੁਚਿਤ ਬਿਚਾਰਿ ਸੁਨੀਜੈ।'
ਗੁਰੁ ਸੁਨਿ ਰਾਮਦਾਸ ਦਿਸ਼ਿ ਦੇਖਾ।
ਮੁਖ ਪ੍ਰਸੰਨ ਉਰ ਪ੍ਰੇਮ ਵਿਸ਼ੇਖ਼ਾ ॥੬੨॥

ਦੇਖਿ ਦਸ਼ਾ ਸਤਿਗੁਰ ਛਕਿ[1] ਰਹੇ। — [1]ਗਦਗਦ।

-ਨਦੀ ਪ੍ਰੇਮ ਮਮ, ਮਨ ਇਸ ਬਹੇ[1]। — [1]ਮੇਰੇ ਪ੍ਰੇਮ ਦੀ ਨਦੀ ਇਸ ਦੇ ਮਨ ਵਿਚ ਵਹਿ ਰਹੀ ਹੈ।

ਬੈਦਿਕ ਲੌਕਿਕ ਰੀਤਿ ਤ੍ਰਿਣਨਿ ਸਮ।

ਪ੍ਰੇਮ ਧਾਰਿ ਜਲ ਤੇ[1] ਠਹਿਰਹਿ ਕਿਮਿ ॥੬੩॥ — [1]ਪ੍ਰੇਮ ਰੂਪੀ ਜਲ ਦੀ ਧਾਰ (ਕਰਕੇ)।

ਪ੍ਰੇਮ ਭਗਤਿ ਮੇਰੀ ਰੰਗ ਰਾਤੋ।

ਤਜੇ, ਨ ਜਾਨਹਿ ਜਾਤਿ ਸੁ ਪਾਤੋ[1]-। — [1]ਪ੍ਰੇਮ ਨੂੰ) ਨਹੀਂ ਤਿਆਗਦਾ, ਤੇ ਨਹੀਂ ਜਾਣਦਾ ਜਾਤ

ਪਾਤ (ਦਾ ਮਾਨ)। (ਅ) ਛੱਡ ਦਿੱਤੀਆਂ ਸੁ (ਵੈਦਿਕ ਲੌਕਿਕ ਰੀਤਾਂ ਤੇ) ਨਹੀਂ ਜਾਣਦਾ ਜਾਤ ਪਾਤ ਨੂੰ।

ਲਵਪੁਰਿ ਕੇ ਪੰਚਨਿ[1] ਦਿਸ਼ਿ ਹੇਰਿ।
ਸਹਜ ਸੁਭਾਇਕ ਗੁਰ ਤਿਸ ਬੇਰਿ ॥੬੪॥

[1]ਮੁਖੀਆਂ ਤਰਫ (ਸਨਮੁਖ ਹੋ ਕੇ ਕਹਿਆ)।

ਉਰ ਪ੍ਰਸੰਨ ਹ੍ਵੈ ਭਨਤਿ ਬਚਨ ਕੋ।
'ਸਭਿ ਜਗ ਛਤ੍ਰ ਦੀਨਿ ਮੈਂ ਇਨ ਕੋ।
ਮਾਟੀ ਪਰਿ ਹੈ ਸੀਸ ਤੁਮਾਰੇ।
ਗੁਰ ਅਭਗਤਿ, ਤੁਮ ਪ੍ਰੇਮ ਨ ਧਾਰੇ[1] ॥੬੫॥

[1]ਗੁਰੂ ਦੇ ਭਗਤ ਨਹੀਂ ਹੋ ਤੇ ਤੁਸੀਂ ਪ੍ਰੇਮ ਨਹੀਂ ਧਾਰਿਆ।

ਜੇ ਇਹ ਬੰਸ ਜਨਮ ਨਹਿਂ ਧਾਰੇ।
ਗਿਰਤਿ ਨਰਕ ਮਹਿਂ ਪਿਤਰ ਤੁਮਾਰੇ।'
ਰਾਮ ਦਾਸ ਕਰ ਜੋਰਿ ਉਚਾਰਾ।
'ਪਤਿਤ ਉਧਾਰਨ ਬਿਰਦ ਤੁਮਾਰਾ ॥੬੬॥
ਗੁਰ ਮਹਿਮਾ ਕੀ ਗਜਾਤ ਨ ਪਾਈ।
ਕਜਾ ਇਨ ਕੇ ਬਸਿ, ਜਗ ਉਰਝਾਈ[1]'।

[1]ਜਗਤ ਵਿਚ ਫਸ ਰਹੇ ਹਨ।

ਸੁਨਿ ਕਰਿ ਸਤਿਗੁਰ ਭਏ ਪ੍ਰਸੰਨ।
'ਰਾਮਦਾਸ ! ਤੁਝ ਕੋ ਧੰਨ ਧੰਨ ॥੬੭॥
ਕਰਿ ਸੇਵਾ ਮੁਝ ਕੋ ਬਸਿ ਕੀਨਾ।
ਮੈਂ ਜਾਨੋਂ ਤੁਝ, ਤੈਂ ਮੁਝ ਚੀਨਾ।
'ਪੁਨ ਲਵਪੁਰਿ ਕੇ ਨਰ ਸਮੁਦਾਈ।
ਕਰੇ ਬਿਦਾ ਗਮਨੇ ਅਗੁਵਾਈ[1] ॥੬੮॥

[1]ਅਗਾਹਾਂ ਨੂੰ।

ਪਦ ਅਰਬਿੰਦ ਬੰਦਨਾ ਠਾਨੀ।
ਸੇਵਹਿਂ[1] ਬਹੁਰਿ ਕਰਮ ਮਨ ਬਾਨੀ।

[1]ਭਾਵ, ਸ੍ਰੀ ਰਾਮਦਾਸ ਜੀ ਸੇਵਾ ਕਰਦੇ ਹਨ।

ਕਰਹਿਂ ਕਾਰ ਧਰਿ ਚੌਂਪ ਚਗੁਨੇ।
ਲੋਕ ਲਾਜ ਤੇ ਹੋਇ ਬਿਹੂਨੇ ॥੬੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਨਰਨਿ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਮਾਈਦਾਸ ਵੈਸ਼ਨੋ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

ਅਤਿ ਆਚਾਰੀ[1] ਵੈਸ਼ਨੋ, ਮਾਈ ਦਾਸ ਸੁ ਨਾਮ।
ਭਗਤਿ ਕਰਤਿ ਸ਼੍ਰੀ ਕ੍ਰਿਸ਼ਨ ਕੀ, ਪ੍ਰੇਮ ਸਹਤ ਨਿਸ਼ਕਾਮ ॥੧॥

[1]ਕਰਮਕਾਂਡੀ।

ਚੌਪਈ:

ਸੰਤਨਿ ਕੀ ਸੰਗਤਿ ਨਿਤ ਕਰੇ।
'ਕ੍ਰਿਸ਼ਨ ਕ੍ਰਿਸ਼ਨ' ਮੁਖਿ ਮਹਿਂ ਜਪੁ ਧਰੇ।
ਮੋਰ ਮੁਕਟ ਪੀਤਾਂਬਰ ਧਾਰੀ[1]।
ਇਸੀ ਧ੍ਯਾਨ ਕੇ ਮਨ ਆਧਾਰੀ ॥੨॥

[1]ਸਿਰ ਤੇ ਮੁਕਟ ਤੇ ਪੀਲੇ ਬਸਤ੍ਰ ਧਾਰਨ ਵਾਲਾ।

ਨਿਸ ਦਿਨ ਸਿਮਰਹਿ ਅਪਰ ਨ ਕਾਮ।
ਮਨ ਕੀ ਲਿਵ ਚਿਤਵਤਿ ਘਨ ਸ਼੍ਯਾਮ।
-ਕਮਲ ਪੱਤ੍ਰ ਬਿਸਤਰਤਿ ਬਿਲੋਚਨ।
ਕੁੰਡਲ ਗੰਡਸਥਲ[1] ਦੁਖ ਮੋਚਨ ॥੩॥

[1]ਵਾਲੇ ਗੱਲ੍ਹਾਂ (ਤੇ ਲਟਕ ਰਹੇ)।

ਮੰਦ ਮੰਦ ਸੁੰਦਰ ਮੁਸਕਾਵਨਿ।
ਭਗਤਨਿ ਕੇ ਚਿਤ ਚੌਂਪ ਬਧਾਵਨਿ-।
ਐਸੋ ਧ੍ਯਾਨ ਬਿਖੈ ਮਨ ਲਾਗਾ।
ਸਿਮਰਹਿ ਨਾਮ ਸਦਾ ਅਨੁਰਾਗਾ ॥੪॥
ਤਿਨ ਸ਼੍ਰੀ ਅਮਰ ਮਹਾਤਮ ਸੁਨ੍ਯੋ।
ਬਹੁ ਗੁਰ ਸਿੱਖਜਨ ਤਿਹ ਸੋਂ ਭਨ੍ਯੋ।
ਚਾਹਤਿ ਦਰਸ਼ਨ ਕੋ ਦਿਨ ਬੀਤੇ।
ਕਬਿ ਕਬਿ ਚਲਨਿ ਠਟਹਿ[1] ਨਿਜ ਚੀਤੇ ॥੫॥

[1]ਸੰਕਲਪ ਕਰੇ।

ਸਮੋ ਪਾਇ ਗੁਰ ਕੇ ਪੁਰਿ ਆਯੋ।
ਥਿਰ੍ਯੋ ਪੌਰ ਪਰ ਪੁਛਿ ਪਠਾਯੋ[1]।
ਸੁਨਿ ਸ੍ਰੀ ਅਮਰ ਨੇਮ ਨਿਜ ਭਾਖ੍ਯੋ।
'ਜੇ ਮਨ ਤੁਵ ਦਰਸ਼ਨ ਅਭਿਲਾਖ੍ਯੋ ॥੬॥

[1]ਖੜਾ ਹੋ ਕੇ ਦਰਵਾਜੇ ਅਗੇ ਪੁਛ ਭੇਜਿਆ।

ਕਰਹੁ ਦੇਗ ਤੇ ਭੋਜਨ ਜਾਇ।
ਹੋਹਿ ਤ੍ਰਿਪਤ ਪੁਨ ਹਮ ਢਿਗ ਆਇ।'
ਮਾਈ ਦਾਸ ਸੁਨਤਿ, ਸੰਦੇਹ[1]।

[1]ਸੰਸੇ ਵਿਚ ਹੋ ਗਿਆ।

-ਬਿਨ ਸੰਜਮ ਤੇ ਇਨ ਕੇ ਗੇਹ[1] ॥੭॥
[1]ਛੂਤ ਛਾਤ ਦੇ) ਨੇਮ ਤੋਂ ਬਿਨਾਂ ਇਨ੍ਹਾਂ ਦੇ ਘਰ।
ਹੋਤਿ ਅਹਾਰ, ਅਚੋਂ ਨਹਿਂ ਐਸੇ।
ਮੇਰੀ ਕ੍ਰਿਆ ਰਹਹਿ ਸੁਚਿ ਜੈਸੇ।
ਸੋ ਬਿਧਿ ਕਰਨੀ ਅਬਿ ਬਨਿ ਆਵੈ।
ਸੁਚਿ ਬਿਨ ਦਰਸ਼ਨ ਕਜਾ ਫਲ ਪਾਵੈ- ॥੮॥
ਚਿਤਵਤਿ ਰਹਜੋ ਚਿੰਤ ਚਿਤ ਖਰਜੋ[†]।
[†]ਪਾ:-ਪਰਯੋ।
ਬਹੁਤਿ ਦੇਰਿ ਮਹਿਂ ਨਿਸ਼ਚੈ ਕਰਜੋ।
-ਬਿਨਾ ਅਚੇ ਨਹਿਂ ਦਰਸ਼ਨ ਦੇਤਿ।
ਜੇ ਅਚਿ ਲੇਉਂ ਧਰਮ ਬਿਗਰੇਤਿ[1] ॥੯॥
[1]ਵਿਗੜਦਾ ਹੈ।
ਯਾਂ ਤੇ ਨਾਂਹਿਨ ਦਰਸ਼ਨ ਕਰਿਹੌਂ।
ਸੰਜਮ ਸਹਤ ਅਚੋਂ ਪ੍ਰਣ ਧਰਿ ਹੌਂ-।
ਬਿਨ ਦਰਸ਼ਨ ਤਬਿ ਫਿਰ ਕਰਿ ਗਯੋ[1]।
[1]ਮੁੜ ਗਿਆ।
ਨਿਸ ਦਿਨ ਮਨ ਮਹੁਂ ਸੰਸੈ ਭਯੋ ॥੧੦॥
-ਨਰ ਮਹਾਤਮਾ ਅਜ਼ਮਤਿ[1] ਭਰੇ।
[1]ਬਜ਼ੁਰਗੀ, ਕਰਾਮਾਤ। [ਅ: ਅਜ਼ਮਤ]।
ਤਿਨਿ ਕੋ ਦਰਸ਼ਨ ਮੈ ਨਹਿਂ ਕਰੇ।
ਲੋਕ ਸੈਂਕਰੇ ਕਰੇ ਨਿਹਾਲ।
ਭਏ ਸਿੱਧ[1] ਮਿਲਿ ਕੈ ਤਿਨ ਨਾਲ[2] ॥੧੧॥
[1]ਪੂਰਨ, ਮੁਕਤ। [2]ਤਿਨ੍ਹਾਂ ਦੀ ਸੰਗਤ ਕਰਕੇ।
ਕਿਸ ਕੁਕਰਮ ਨੇ ਮੁਝ ਕੋ ਪ੍ਰੇਰਾ।
ਜਿਸ ਤੇ ਮਹਾਂ ਪੁਰਖ ਨਹਿਂ ਹੇਰਾ-।
ਭਯੋ ਉਦਾਸ ਨ ਠਹਿਰਜੋ ਥਾਨ।
-ਚਲੌਂ ਦ੍ਵਾਰਕਾ- ਮਨ ਅਸ ਠਾਨਿ ॥੧੨॥
-ਪ੍ਰਾਸਚਿੱਤ[1] ਤਬ ਉਤਰਹਿ ਮੇਰਾ।
[1]ਦੂਸ਼ਨਾਂ [ਸੰ: ਪ੍ਰਾਯਸ਼੍ਚਿਤ੍ਤ = ਪਾਪ ਦੂਰ ਕਰਨੇ ਦਾ ਕਰਮ, ਪਛੁਤਾਵਾ]।
ਚਲਿ ਦੁਆਰਕਾ ਹਰਿ ਲਯੋਂ ਹੇਰਾ[1]-।
[1]ਕ੍ਰਿਸ਼ਨ ਜੀ ਦਾ ਦਰਸ਼ਨ ਕਰਾਂ।
ਅਤਿ ਚਿਤ ਪ੍ਰੇਮ ਭਯੋ ਚਲ ਪਰਜੋ।
ਥਿਰਜੋ ਨ[1], 'ਹਰਿ ਹਰਿ' ਨਾਮ ਸੁ ਰਰਜੋ[2] ॥੧੩॥
[1]ਠਹਿਰਿਆ ਨਹੀਂ। [2]ਉਚਾਰਿਆ।
ਇੱਛਾ ਅਪਰ ਨਹੀਂ ਮਨ ਲਜਾਵੈ।
ਕਰਤਿ ਭਗਤਿ -ਦਰਸ਼ਨ ਦਿਖਰਾਵੈ[1]।
[1]ਕ੍ਰਿਸ਼ਨ) ਦਰਸ਼ਨ ਦੇਵੇ।

ਜਾਇ ਕ੍ਰਿਸ਼ਨ ਕੋ ਹੇਰਨਿ ਕਰੌਂ।
ਪੁਰਿ ਦੁਆਰਕਾ ਮਹਿਂ ਹਿਤ ਧਰੌਂ-
॥੧੪॥
ਭਯੋ ਪ੍ਰੇਮ ਕਰਿ ਅਤਿ ਮਸਤਾਨਾ।
ਦਿਨ ਪ੍ਰਤਿ ਕਰਤੋ ਜਾਤਿ ਪਯਾਨਾ।
ਦਿਸ਼ਾ ਦ੍ਵਾਰਕਾ ਹੋਤਿ ਅਨੰਦਾ[1]।
-ਕਰੌਂ ਦਰਸ ਮੈਂ ਗਮਨਿ ਬਿਲੰਦਾ-
॥੧੫॥
ਨਿਕਟ ਦ੍ਵਾਰਕਾ ਪਹੁੰਚ੍ਯੋ ਜਾਈ।
ਤਿਥਿ ਇਕਾਦਸ਼ੀ ਮਗ ਮਹਿਂ ਆਈ।
ਬਨ ਦੀਰਘ ਦਾਰੁਨ ਤਿਸ ਥਾਨਾ।
ਜਹਿਂ ਸਮੀਪ ਨਰ ਦਿਖਹਿ ਨ ਆਨਾ
॥੧੬॥
ਘਟਾ ਬਡੀ ਤਿਸ ਦਿਨ ਉਮਡਾਈ।
ਬਾਯੂ ਬਹੀ ਬਹੁਤਿ ਬਲ ਪਾਈ।
ਦਾਮਨਿ ਦਮਕਤਿ ਕਰਕਤਿ[1] ਭਾਰੀ।
ਕਾਰੀ ਘਟਾ[1] ਬਰਖਤੀ ਬਾਰੀ ॥੧੭॥
ਤਿਸ ਬਨ ਮਹਿਂ ਬ੍ਰਤ ਰਾਖਨਿ ਕਰੇ।
ਚਲ੍ਯੋ ਜਾਤਿ ਬ੍ਯਾਕੁਲਤਾ ਧਰੇ।
ਨਹਿਂ ਫਲੁਹਾਰ[1] ਹਾਥ ਕਿਤਿ ਆਵਾ।
ਨਿਰਜਲ ਹੀ ਹਠ ਕੀਨਿ ਰਹਾਵਾ ॥੧੮॥
ਭਯੋ ਸੀਤ ਬਰਖਾ ਤੇ ਕੰਪਤਿ।
ਨਿਕਟਿ ਨ ਮਾਨਵ ਕੋ ਬਚ ਜੰਪਤਿ[1]।
ਇਤਿ ਉਤਿ ਖੋਜਤਿ ਹਾਰ ਪਰ੍ਯੋ ਹੈ।
ਥਾਨ ਨ ਪਾਯੋ ਨਹੀਂ ਥਿਰ੍ਯੋ ਹੈ ॥੧੯॥
ਪੁਨ ਬ੍ਯਾਕੁਲ ਬਰਖਾ ਤੇ ਭਯੋ।
ਛੁਧਾ ਬਹੁਤਿ ਫਲੁਹਾਰ ਨ ਪਯੋ।
ਸਘਨ ਤਿਮ ਹੋਈ ਜਬਿ ਜਾਮਨਿ[1]।
ਠੌਰ ਨ ਪ੍ਰਾਪਤਿ ਭਾ ਬਿਸਰਾਮ ਨ
॥੨੦॥
ਚਲਿਬੇ ਤੇ ਇਕ ਥਲ ਥਿਰ ਹੋਵਾ।
ਖੋਖਰ ਸਹਤ ਬ੍ਰਿੱਛ ਇਕ ਜੋਵਾ।

[1]ਦੁਆਰਕਾ ਦੀ ਵਲ ਜਾਂਦਿਆਂ ਅਨੰਦ ਹੁੰਦਾ ਹੈ।

[1]ਕੜਕਦੀ ਹੈ।

[1]ਕਾਲੀ ਘਟਾ।

[1]ਬ੍ਰਤ ਵਾਲੇ ਦਿਨ ਦਾ ਫਲ ਆਦਿ ਭੋਜਨ।

[1]ਨੇੜੇ ਕੋਈ ਮਨੁਖ ਭੀ ਨਹੀਂ ਬਚਨ ਬੋਲਣ ਵਾਲਾ।

[1]ਰਾਤ ਹੋਈ ਤੇ ਜਦੋਂ ਬਹੁਤਾ ਅੰਧੇਰਾ ਹੋ ਗਿਆ।

ਖਰੇ ਹੋਨ ਕੋ ਤਿਸ ਮਹਿਂ ਥਾਨ।
ਬੈਠਨਿ ਪੌਢਨਿ ਕੋ ਨਹਿਂ ਜਾਨਿ ॥੨੧॥
ਤਿਸ ਮਹਿਂ ਪ੍ਰਵਿਸ਼ਜੋ ਠਾਂਢਾ ਭਯੋ।
ਸਿਮਰਨਿ 'ਕ੍ਰਿਸ਼ਨ ਕ੍ਰਿਸ਼ਨ' ਮੁਖ ਲਯੋ।
ਸਗਰੀ ਜਾਮ ਨਿਖਰੇ ਬਿਤਾਈ।
ਬਹੁਰੋ ਤਹਿਂ ਪ੍ਰਭਾਤਿ ਹੁਇ ਆਈ ॥੨੨॥
ਕ੍ਰਿਸ਼ਨ ਪ੍ਰੀਤ ਇਕ, ਆਸ ਨ ਔਰੀ।
ਦੁਤਿਯਨ ਦੀਖਤਿ ਕੋ ਤਿਸ ਠੌਰੀ।
ਦਿਵਸਿ ਦ੍ਵਾਦਸ਼ੀ ਕੇ ਚਿਤਵੰਤਾ।
ਬਰਤ ਉਪਾਰਨ[1] ਬਿਧਿ ਨ ਲਹੰਤਾ ॥੨੩॥ [1]ਬਰਤ ਖੋਲਣ ਦੀ।
'ਕ੍ਰਿਸ਼ਨ ਕ੍ਰਿਸ਼ਨ' ਆਰਾਧਿਤ ਖਰਜੋ।
ਏਕ ਪ੍ਰੇਮ ਮਹਿਂ ਮਨ ਰਹਿ ਥਿਰਜੋ।
ਭਗਤ ਵਛਲ ਪ੍ਰਭੁ ਦੀਨ ਕ੍ਰਿਪਾਲਾ।
ਜਾਨਜੋ -ਜਾਗਜੋ ਪ੍ਰੇਮ ਬਿਸਾਲਾ ॥੨੪॥
ਮੋ ਬਿਨ ਇਸ ਕੇ ਆਸ ਨ ਔਰ।
ਕਾਨਨ ਘੋਰ ਬਿਖੈ ਅਸ ਠੌਰ-।
ਅਪਨੋ ਜਨ ਜਾਨਜੋ ਯੁਤਿ ਪ੍ਰੇਮ[1]। [1]ਪ੍ਰੇਮ ਸਹਿਤ।
ਚਾਹਿਤ ਭਏ ਕਰਨਿ ਕੋ ਛੇਮ[1] ॥੨੫॥ [1]ਸੁਖੀ।
ਆਨ ਰੂਪ ਕਰਿ[1] ਲਜਾਇ ਅਹਾਰਾ। [1]ਹੋਰ ਰੂਪ (ਧਾਰ) ਕਰਕੇ।
ਤਿਹ ਆਗੇ ਧਰਿ ਅਨਤ[1] ਸਿਧਾਰਾ। [1]ਹੋਰ ਪਾਸੇ।
ਮਾਈ ਦਾਸ ਸੁ ਭੋਜਨ ਦੇਖਾ।
ਸਹਤ ਪਹਿਤ ਕੇ ਭਾਤ[1] ਵਿਸ਼ੇਖਾ ॥੨੬॥ [1]ਪਹਿਤ ਭਾਤ = ਦਾਲ ਤੇ ਚੌਲ।
-ਮੈਂ ਆਚਾਰੀ[1]- ਸ਼ੰਕਾ ਠਾਨੀ। [1]ਕਰਮ ਕਾਂਡੀ ਹਾਂ।
-ਬਿਨ ਸੰਜਮ ਕਿਨਿ ਆਨਜੋ ਥਾਨੀ।
ਸੁਚ ਸੋਂ ਚੌਕੇ ਅੰਤਰਿ ਖਾਵੌਂ।
ਬਿਗਰਹਿ ਨੇਮ ਜਿ ਇਸ ਮੁਖੁ ਪਾਵੌਂ ॥੨੭॥
ਜੇ ਹੋਵਤਿ ਪਕਵਾਨ ਬਨਾਯਸਿ[1]। [1]ਜੇ ਪਕਵਾਨ ਹੁੰਦਾ, ਭਾਵ ਪੂਰੀ ਆਦਿ ਤਲਿਆ ਪੱਕਾ ਭੋਜਨ। ਦਾਲ ਭਾਤ ਨੂੰ ਕੱਚਾ ਭੋਜਨ ਸਮਝਦੇ ਹਨ।
ਅਚਿਤਿ ਬ੍ਰਤੀ ਮੈਂ[1] ਛੁਧਾ ਮਿਟਾਯਸਿ-। [1]ਖਾ ਲੈਂਦਾ ਮੈਂ ਬਰਤ ਵਾਲਾ।

ਇਸ ਬਿਧਿ ਤਰਕਤਿ ਬਹੁ ਚਿਤ ਮਾਂਹੀ।
ਹੁਤੋ ਛੁਧਤਿ ਪਰ ਖਾਯਸਿ ਨਾਂਹੀ ॥੨੮॥
ਉਰ ਅੰਤਰ ਕੀ ਲਖਿ ਭਗਵਾਨੂ।
ਲਜਾਏ ਅਨਿਕ ਭਾਂਤਿ ਪਕਵਾਨੂ[1]।
ਤਿਸਿ ਢਿਗ ਧਰਿ ਕਰਿ ਅਨਤ ਸਿਧਾਰੇ।
ਮਾਈ ਦਾਸ ਨਿਹਾਰਿ ਬਿਚਾਰੇ ॥੨੯॥
-ਇਸਿ ਭੀਖਨ ਕਾਨਨ ਕੇ ਮਾਂਹੀ।
ਮਾਨਵ ਕਿਸੀ ਥਾਨ ਦਿਖਿ ਨਾਹੀ।
ਏਕਿ ਬਾਰ ਦਈ ਕਾਚ ਰਸੋਈ।
ਮਮ ਮਨ ਕੀ ਲਖਿ ਕਰਿ ਪੁਨ ਸੋਈ ॥੩੦॥
ਲਜਾਯਸਿ[†] ਕੌਨ ਨ ਜਾਨਜੋ ਜਾਈ।
ਮਨ ਕੀ ਗਤਿ ਨਹਿਂ ਅਪਰ ਲਖਾਈ[1]।
ਪ੍ਰਭੁ ਬਿਨ ਔਰ ਨਹੀਂ ਇਹ ਕੋਈ।
ਉਰ ਕੀ ਲਖਿ ਲਜਾਵਤਿ ਭਾ ਸੋਈ ॥੩੧॥
ਨਹਿਂ ਮੁਝ ਕੋ ਦਰਸ਼ਨ ਦਿਖਰਾਯਸਿ।
ਦੋਇ ਬਾਰ ਦੇ ਅੰਨ ਸਿਧਾਯਸਿ-।
ਇਮ ਬਿਚਾਰਿ ਕਰਿ ਹੇਰਨਿ ਲਾਗਾ।
ਚਹੁਂ ਦਿਸ਼ਿ ਫਿਰਤਿ ਵਧਜੋ ਅਨੁਰਾਗਾ ॥੩੨॥
ਪਰਜੋ ਰਹਜੋ ਤਿਹ ਠਾਂ ਪਕਵਾਨ।
ਇਤਿ ਉਤਿ ਖੋਜਤਿ ਭਯੋ ਹਿਰਾਨ।
ਪ੍ਰੇਮ ਸਮੁੰਦ੍ਰ ਬਿਖੈ ਬਹਿ ਗਯੋ।
ਮਾਈ ਦਾਸ ਥਾਹੁ ਨਹਿਂ ਲਹਜੋ ॥੩੩॥
ਰੁਦਨਿ ਕਰਤਿ ਅਰੁ ਉਚ ਪੁਕਾਰੈ।
ਨਹਿਂ ਤਨ ਕੀ ਸੁਧਿ ਕੁਛ ਸੰਭਾਰੈ।
ਗੁਨ ਗਾਵਤਿ 'ਹੇ ਪਤਿਤ ਉਧਾਰਨ!
ਹੇ ਘਨਸ਼ਜਾਮ ਜਗਤ ਕੇ ਕਾਰਨ! ॥੩੪॥
ਹੇ ਅਨਾਥ ਕੇ ਨਾਥ ਕ੍ਰਿਪਾਲਾ!
ਨਾਮ ਗਰੀਬ ਨਿਵਾਜ ਬਿਸਾਲਾ।

[1]ਪੱਕਾ ਭੋਜਨ (ਪੂਰੀ ਆਦਿ)।

[†]ਪਾ:-ਲਿਆਇਓ।

[1]ਮੇਰੇ ਮਨ ਦੀ ਗਤੀ (ਭਗਵਾਨ ਤੋਂ ਬਿਨਾ) ਹੋਰ ਕੋਈ ਨਹੀਂ ਜਾਣ ਸਕਦਾ।

ਹੇ ਮਨਮੋਹਨਿ ਸੁੰਦਰ ਸਾਂਵਰਿ!
ਮੈ ਮਲੀਨ ਪਾਂਮਰ ਤੇ ਪਾਂਵਰਿ[1] ॥੩੫॥

[1]ਨੀਚ ਤੇ ਤੁੱਛ [ਸੰਸ: ਪਾਮਰ = ਨੀਚ, ਪਜਾਬੀ, ਪਾਵਲਾ = ਜੁਲਾਹਾ ਭਾਵ ਤੁੱਛ] (ਅ) ਤੇ+ਪਾ+ਵਰ = ਤਰੀ ਸ੍ਰੇਸ਼ਟ ਸ਼ਰਣ। (ੲ) ਨੀਚ ਤੋਂ ਨੀਚ।

ਅਪਨੋ ਬਿਰਦ ਸੰਭਾਰਨਿ ਕਰੀਯਹਿ।
ਮਮ ਅਵਗੁਨ ਕੋ ਨਹੀਂ ਨਿਹਰੀਯਹਿ।
ਹ੍ਵੈ ਕ੍ਰਿਪਾਲ ਦਿਹੁ ਦਰਸ ਗੁਸਾਈਂ।
ਪ੍ਰਿਥਮ ਜਥਾ ਭੋਜਨ ਦਿਯ ਆਈ' ॥੩੬॥
ਇੱਤਜਾਦਿਕ ਪ੍ਰਭੁ ਕੋ ਜਸੁ ਕਹੈ।
ਬਿਨਤੀ ਕਰਤਿ[†] ਨੀਚ ਨਿਜ ਲਹੈ।

[†]ਪਾ:-ਕਰੈ।

ਕਰਜੋ ਪ੍ਰੇਮ ਨੇ ਬਜਾਕੁਲ ਭਾਰਾ।
ਤਬਹਿ ਸ਼ਜਾਮਘਨ ਬਿਰਦ ਸੰਭਾਰਾ ॥੩੭॥
ਅੱਦ੍ਰਿਸ਼ ਹ੍ਵੈ ਕਰਿ[1] ਸ਼੍ਰੀ ਭਗਵਾਨ।

[1]ਲੁਕਕੇ।

ਹਿਤ ਕੱਲਜਾਨ ਸੁ ਕਰਜੋ ਬਖਾਨ।
'ਮਾਈਦਾਸ' ਭਗਤ ਤੂੰ ਮੇਰਾ।
ਸਹਤ ਪ੍ਰੇਮ ਬੈਰਾਗ ਬਡੇਰਾ ॥੩੮॥
ਇਕ ਅਪਰਾਧ ਆਪਨੋ ਸੁਨੋ।
ਜਹਾਂ ਪ੍ਰੇਮ ਤਹਿਂ ਨੇਮ ਨ ਗੁਨੋ।
ਜਹਾਂ ਨੇਮ ਤਹਿਂ ਪ੍ਰੇਮ ਨ ਪੂਰਾ।
ਯਾਂ ਤੇ ਰਹਜੋ ਰਿਦੇ ਮਹਿਂ ਊਰਾ ॥੩੯॥
ਜਹਿਂ ਸ਼੍ਰੀ ਸਤਿਗੁਰ ਗੋਇੰਦਵਾਲ।
ਦਰਸ਼ਨ ਹਿਤ ਗਮਨਜੋ ਜਿਸ ਕਾਲ।
ਤਹਿਂ ਸ਼ੰਕਾ ਕਰਿ ਰਾਖਜੋ ਨੇਮ।
ਦਰਸ਼ਨ ਕਰਜੋ ਨ, ਛੋਰਜੋ ਪ੍ਰੇਮ ॥੪੦॥
ਲਖਿ ਇਹ ਸਮੈ ਸਰੂਪ ਸੁ ਮੇਰਾ।
ਕਰੌਂ ਅਨੇਕਨਿ ਸ਼੍ਰੇਯ ਅਛੇਰਾ।
ਤੂੰ ਮਹਿਮਾ ਜਾਨਤਿ ਸਭਿ ਰੀਤਿ।
ਰਾਖਜੋ ਨੇਮ ਪ੍ਰੇਮ ਤਜਿ ਚੀਤਿ ॥੪੧॥
ਇਹਾਂ ਬਿਅਰਥ[†] ਬ੍ਰਿਲਾਪ ਨ ਕਰੀਅਹਿ।

[†]ਪਾ:-ਬ੍ਰਿਥਾ।

ਹੋਹਿ ਨ ਦਰਸ਼ਨ, ਆਸ ਨਿਵਰੀਅਹਿ।
ਹਟਿ ਅਬਿ ਗਮਨਹੁ ਗੋਇੰਦਵਾਲ।

ਤਹਿਂ ਮਮ ਦਰਸ਼ਨ ਕਰਹੁ ਕ੍ਰਿਪਾਲ[1] ॥੪੨॥
ਸ਼੍ਰੀ ਗੁਰ ਅਮਰ ਮੋਹਿ ਮਹਿਂ[1] ਕੋਊ।
ਭੇਦ ਨ ਜਾਨਹੁ, ਇਕ ਲਖਿ ਸੋਊ।
ਜਿਸ ਬਿਧਿ ਕੋ ਸਰੂਪ ਉਰ ਬਾਂਛੇ।
ਤਹਾਂ ਜਾਇ ਦਰਸ਼ਹੁ ਸੋ ਆਛੇ ॥੪੩॥
ਜਗ ਕਾਰਨ ਤਾਰਨ ਤਨ ਮੇਰਾ।
ਭਗਤ ਰੂਪ ਧਰਿ ਸੋ ਲਿਹੁ ਹੇਰਾ।
ਸ਼ੰਕਾ ਮਨ ਮਹਿਂ ਕਰਹੁ ਨ ਕੋਈ।
ਸ਼ਰਧਾ ਧਾਰਿ ਦਰਸੀਅਹਿ ਸੋਈ' ॥੪੪॥
ਸੁਨਿ ਕੈ ਮਾਈਦਾਸ ਅਦੰਭਾ[1]।
ਪਛੁਤਾਵਤਿ ਮਨ ਮਾਨਿ ਅਚੰਭਾ।
-ਨਿਸ਼ਚੈ ਭਯੋ ਮੋਰ ਅਪਰਾਧੂ।
ਇਹਾਂ ਦਰਸ ਕੈਸੇ ਅਬਿ ਲਾਧੂ ॥੪੫॥
ਪਾਰਬ੍ਰਹਮ ਸ਼੍ਰੀ ਸਤਿਗੁਰ ਰੂਪ।
ਜਗ ਮਹਿਂ ਕੀਰਤਿ ਬਿਮਲ ਅਨੂਪ।
ਸੰਜਮ ਸੋਂ ਭੋਜਨ ਕਹੁ ਖਾਨਾ।
ਇਸ ਨੇ ਮੋਕਹੁ ਕੀਨਿ ਹਿਰਾਨਾ[1] ॥੪੬॥
ਉਰ ਕਰਿ ਸਰਲ ਮਿਲੌਂ ਅਬਿ ਜਾਈ।
ਤਹਿਂ ਸ਼੍ਰੀ ਕ੍ਰਿਸ਼ਨ ਰੂਪ ਦਰਸਾਈ-।
ਇਮ ਨਿਸ਼ਚੈ ਕਰਿ ਭੋਜਨ ਖਾਯੋ।
ਹਟਜੋ ਤਹਾਂ ਤੇ ਪ੍ਰੇਮ ਬਢਾਯੋ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਈਦਾਸ ਬੈਸ਼ਨੋ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

[1]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦਾ।

[1]ਤੇ ਮੇਰੇ ਵਿੱਚ।

[1]ਨਿਰਛਲ।

[1]ਖੁਆਰ, ਦੁਖੀ [ਫਾ: ਹੈਰਾਨ]।

## ੫੩. [ਮਾਈ ਦਾਸ ਵੈਸ਼ਨੋ। ਮਾਣਕਚੰਦ।]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:
ਅਤਿ ਆਤੁਰ ਹੋਇ ਦਰਸ ਕੋ,
ਮਾਈ ਦਾਸ ਪਯਾਨ।
ਪੰਥ ਚਲਤਿ ਬਰੁ ਸ਼ੀਘ੍ਰ ਤੇ,
ਹੋਵਤਿ ਸ਼੍ਰਮਤਿ ਮਹਾਨ ॥੧॥
ਚੌਪਈ:
ਨਿਸ ਬਿਸਰਾਮਤਿ ਦਿਵਸ ਪਯਾਨਹਿ।
ਕ੍ਰਿਸ਼ਨ ਸਤਿਗੁਰੂ† ਨਾਮ ਬਖਾਨਹਿ। †ਪਾ:-ਸੁ ਸਤਿਗੁਰ।
ਚਿਤ ਮਹਿਂ ਚਿਤਵਤਿ ਆਵਤਿ ਸੋਈ।
-ਪਾਰਬ੍ਰਹਮ ਗੁਰ ਅਮਰ ਜਿ ਹੋਈ ॥੨॥
ਮੋ ਕਹੁ ਰੂਪ ਸ਼ਜ਼ਾਮ ਦਿਖਰਾਵਹਿਂ।
ਚਤੁਰ ਭੁਜਾ[1] ਬਨਮਾਲ[2] ਸੁਹਾਵਹਿ। [1]ਚਾਰ ਬਾਹਾਂ। [2]ਵੈਜਯੰਤੀ ਮਾਲਾ।
ਮੁਰ ਉਰ ਕੀ ਸ਼ਰਧਾ ਕਰਿ ਪੂਰੀ।
ਦਰਸੌਂ ਸਭਿ ਤੇ ਮੂਰਤਿ ਰੂਰੀ- ॥੩॥
ਕੇਤਿਕ ਦਿਨ ਮਹਿਂ ਪਹੁੰਚਜੋ ਆਇ।
ਜਿਹ ਠਾਂ ਗੋਇੰਦਵਾਲ ਸੁਹਾਇ।
ਪ੍ਰਥਮਹਿ ਗਯੋ ਦੇਗ ਕੇ ਥਾਨਾ।
ਕਰਜੋ ਜਾਚਿ ਕੈ ਭੋਜਨ ਖਾਨਾ ॥੪॥
ਤ੍ਰਿਪਤ ਹੋਇ ਪੁਨ ਅੰਤਰ ਗਯੋ।
ਮਨ ਬਾਂਛਤਿ ਤਸ[1] ਦਰਸ਼ਨ ਭਯੋ। [1]ਤਿਸ ਨੂੰ।
ਜਿਹ ਸਰੂਪ ਕੀ ਉਸਤਤਿ ਬੇਦ।
ਕਰਤਿ ਰਹਤਿ ਨਹਿਂ ਪਾਵਤਿ ਭੇਦ ॥੫॥
ਕਬਿੱਤ: [1]ਕਰੋੜਾਂ ਸੂਰਜਾਂ ਵਾਂਗ ਸ਼ੋਭਾ ਬੜੀ ਹੈ ਜਿਨ੍ਹਾਂ ਦੇ ਤਨ ਦੀ।
ਸੂਰਜ ਸਮਾਨ ਕੋਟ ਪ੍ਰਭਾ ਹੈ ਮਹਾਨ ਤਨ[1],
ਸ਼ੋਭਨ† ਹੈ ਸੀਸ, ਦੁਤਿ ਬਾਹੁਨ ਅਜਾਨ ਕੀ[1]। [1]ਲੰਮੀਆਂ ਗੋਡਿਆਂ ਤਕ ਬਾਹਾਂ। †ਪਾ:-ਸੋਭਤਿ।
ਕੰਬੁ ਗ੍ਰੀਵ[1], ਲੋਚਨ ਤਿਰੀਛੇ ਤੀਛੇ[2] ਬਾਨ ਮਾਨੋ, [1]ਸੰਖ ਵਰਗੀ ਗਿੱਚੀ। [2]ਅੱਖੀਆਂ ਦੇ ਕੋਨੇ ਟੇਢੇ ਤਿੱਖੇ।
ਤੀਖਨ ਹੈ ਨਾਸਕਾ ਮਹਾਨ ਸੁਖਦਾਨ ਕੀ।
ਅਧਰ ਪ੍ਰਵਾਲ ਲਾਲ[1], ਸੁੰਦਰ ਬਿਸਾਲ [1]ਹੋਠ ਮੂੰਗੇ ਵਤ ਲਾਲ।

ਭਾਲ,
ਕੁੰਡਲ ਕਪੋਲ ਪਰ ਡੋਲ ਚੰਚਲਾਨ ਕੀ[1]।

[1]ਵਾਲੇ ਗੱਲ੍ਹਾਂ ਪਰ ਚੰਚਲ ਹੋ ਕਰਕੇ ਲਟਕ ਰਹੇ ਹਨ। (ਅ) ਡੋਲ+ਚੰਚਲਾ+ਆਯਨ = ਚੰਚਲਤਾ ਦਾ ਘਰ, ਭਾਵ ਮੱਛੀਆਂ ਵਰਗੀ ਡੋਲ।

ਕੁੰਤਲ ਸੁਨੀਲੇ ਢੀਲੇ[1] ਛੁਟੇ ਹੈਂ ਛਬੀਲੇ,

[1]ਵਲਾਂ ਵਾਲੇ ਕੇਸ਼ ਕਾਲੇ ਲਟਕ ਰਹੇ ਹਨ।

ਚਟਕੀਲੇ[1], ਪਟ ਪੀਲੇ ਫਹਿਰੀਲੇ ਬੇਗਵਾਨ ਕੀ[2] ॥੬॥

[1]ਛਬ ਵਾਲੇ ਚੀਕਣੇ (ਕੇਸ)। [2]ਬਸਤ੍ਰ ਪੀਲੇ ਲਹਿਰਾ ਰਹੇ ਹਨ ਪੌਣ ਦੇ ਵੇਗ ਨਾਲ।

ਕਬਿੱਤ:

ਪਦ ਅਰਬਿੰਦ ਛਬਿ ਬ੍ਰਿੰਦ ਹੈ ਬਿਲੰਦ ਮ੍ਰਿਦੁ,
ਆਨੰਦ ਕੇ ਕੰਦ ਹੈਂ ਮੁਕੰਦ ਨਿਜ ਦਾਸ ਕੇ।
ਆਂਗਰੀ ਸੁ ਮਿਲੇ ਨਖ ਜਾਲ ਹੈਂ ਬਿਮਲ ਕਲਿ[1],

[1]ਉਂਗਲੀਆਂ ਨਾਲ ਮਿਲੇ ਹੋਏ ਨੌਂਹ ਜੋ ਸਾਰੇ ਉੱਜਲ ਤੇ ਸੋਹਣੇ ਹਨ।

ਨੂਪਰ[1] ਜਰਾਊ ਜੇ ਜਵਾਹਰ ਪ੍ਰਕਾਸ਼ ਕੇ[2]।

[1]ਝਾਂਜਰਾਂ। [2]ਪ੍ਰਕਾਸ਼ ਰਹੇ ਹਨ।

ਕੇਹਰਿ ਸੀ ਕਟ[1], ਸੁ ਲਪੇਟੀ ਛੁਦ੍ਰਘੰਟਕਾ[2] ਸੁ,

[1]ਸ਼ੇਰ ਵਰਗੀ ਕਮਰ। [2]ਤੜਾਗੀ।

ਤ੍ਰਿਵਲੀ ਉਦਰ[1], ਉਰ ਆਯੁਤ ਬਿਲਾਸ ਕੈ[2]।

[1]ਤਿੰਨ ਵਲ ਪੇਟ ਤੇ। [2]ਛਾਤੀ ਚੌੜੀ ਅਨੰਦ ਦਾਯਕ।

ਚੰਦ੍ਰਮਾ ਉਜਾਸ ਕੇ ਸਮਾਨ ਰਹਿ ਭਾਸ ਕੇ
ਬਦਨ ਸੁਖ ਰਾਸ ਕੇ ਸੁਹਾਯੋ ਤ੍ਰਾਸ ਨਾਸ ਕੇ[1] ॥੭॥

[1]ਚੰਦ ਦੇ ਪ੍ਰਕਾਸ਼ ਸਮਾਨ ਪ੍ਰਕਾਸ਼ ਰਿਹਾ ਹੈ ਮੂੰਹ ਸੁੱਖਾਂ ਦੀ ਖਾਣ ਦਾ, ਸ਼ੋਭ ਰਿਹਾ ਹੈ ਡਰ ਨੂੰ ਨਾਸ਼ ਕਰਨ ਵਾਲਾ।

ਕਬਿੱਤ:

ਦਿਜ ਪਦ ਚਿੰਨ੍ਹਿ, ਬਨਮਾਲ ਹੈ ਬਿਸਾਲ ਗਰ,
ਚਤੁਰ ਭੁਜਾਨਿ ਗਹਜੋ ਗਦਾ ਅਰਬਿੰਦ ਹੈ[1]।

[1](ਦਿਜ =) ਭ੍ਰਿਗੂ ਦੇ ਚਰਨ ਦਾ ਨਿਸ਼ਾਨ, ਵੈਜਯੰਤੀ ਮਾਲਾ ਸ੍ਰੇਸ਼੍ਟ ਗੱਲ ਵਿੱਚ, ਚਾਰ ਬਾਹਾਂ ਵਿੱਚੋਂ (ਦੋਹੁੰ ਵਿੱਚ) ਫੜਿਆ ਤ੍ਰਿਸ਼ੂਲ ਤੇ ਕਵਲ ਹੈ।

ਸੰਖ ਚੱਕ੍ਰ ਬੱਕ੍ਰ[1] ਧਰੇ, ਚੰਦਨ ਚਰਚ ਕਰੇ

[1](ਤੇ ਬਾਕੀ ਦੋਹੁੰ ਵਿਚ) ਸੰਖ ਤੇ ਟੇਢਾ ਚੱਕਰ।

ਅੰਗਦ ਸਮੇਤ ਭੁਜਦੰਡ[1] ਸੋ ਬਿਲੰਦ ਹੈਂ।

[1]ਭੁਜਾਂ ਤੇ ਬਹੁੱਟੇ ਹਨ ਤੇ ਚੰਦਨ ਛਿੜਕਿਆ ਹੈ।

ਕੰਧ ਹੈਂ ਉਤੰਗ ਅੰਗ ਅੰਗ ਬਿਖੈ ਸੰਧਿ[1] ਜੇਈ,

[1]ਜੋੜ।

ਮਾਸਲ[1] ਕਠੋਰ ਸਭਿ ਬੱਜ੍ਰ ਕੇ ਮਨਿੰਦ ਹੈਂ।

[1]ਮਸਲੀਆਂ (ਮਾਸ ਦੀਆਂ ਮਛਲੀਆਂ)।

ਹਸੈਂ ਮੰਦਮੰਦ ਹੈਂ, ਉਪਾਵਤਿ ਅਨੰਦ ਹੈਂ,

ਅਨਿੰਦ ਜਗਬੰਦ[1] ਹੈਂ, ਮੁਕੰਦ ਸ਼੍ਰੀ ਗੁਬਿੰਦ ਹੈਂ ॥੮॥

[1]ਜਗਤ ਦੇ ਬੰਦਨਾ ਯੋਗ।

ਦੋਹਰਾ:

ਅਪਰ ਸੁੰਦ੍ਰਤਾ ਪ੍ਰਭੂ ਕੀ,
ਬਰਨ ਸਕੈ ਅਸ ਕੌਨ।
ਕੋਟ ਕਾਮ ਸਸਿ ਸੂਰ[1] ਕੀ,
ਸਮਤਾ ਨਾਂਹਿਨ ਤੌਨ[1] ॥੯॥

[1]ਕ੍ਰੋੜ ਚੰਦ੍ਰਮੇ ਤੇ ਸੂਰਜ।
[1]ਤਿਸ ਸਤਿਗੁਰੂ ਨਾਲ।

ਚੌਪਈ:

ਮਾਈਦਾਸ ਬੈਸ਼ਨੋ ਦੇਖਿ।
ਤਨ ਮਨ ਕੀ ਸੁਧਿ ਰਹੀ ਨ ਸ਼ੇਖ਼[1]।
ਹੇਰਿ ਸਰੂਪ ਮਸਤ ਹੁਇ ਰਹ੍ਯੋ।
ਕੋ ਬਿਧਿ ਮੁਖ ਤੇ ਜਾਤਿ ਨ ਕਹ੍ਯੋ ॥੧੦॥

[1]ਬਾਕੀ।

ਮੁੰਦ੍ਰਿਤ ਕਰੇ[1] ਬਿਲੋਚਨ ਜਬੈ।
ਅੰਤਰ ਪਿਖ੍ਯੋ ਰੂਪ ਸੋ ਤਬੈ।
ਕਿਤਿਕ ਬਾਰ[1] ਨਹਿਂ ਨੈਨ ਉਘਾਰੇ।
ਉਰ ਮਹਿਂ ਮੂਰਤਿ ਥਿਰ੍ਯੋ ਨਿਹਾਰੇ ॥੧੧॥

[1]ਬੰਦ ਕੀਤੇ।
[1]ਕਿੰਨੀ ਦੇਰ।

ਬਹੁਰ ਬਿਲੋਚਨ ਖੋਲੇ ਜਬੈ।
ਪਿਖਿ ਸ੍ਰੀ ਅਮਰ ਰੂਪ ਨਰ[1] ਤਬੈ।
ਸਤਿਗੁਰ ਨੇ ਨਿਜ ਰੂਪ ਬਨਾਯੋ।
ਬਾਂਛਤਿ ਚਿਤ ਸੋ ਤਿਸੈ ਦਿਖਾਯੋ ॥੧੨॥

[1]ਦੇਖੇ ਸ੍ਰੀ ਗੁਰੂ ਅਮਰਦਾਸ ਜੀ ਮਨੁਖ ਰੂਪ ਵਿਚ।

ਨਿਕਟ ਹਕਾਰ੍ਯੋ ਮਾਈਦਾਸ।
'ਆਵੋ ਭਗਤ! ਬੈਠਿਯੇ ਪਾਸ।'
ਸੁਨਤਿ ਬੈਨ ਚਰਨਨਿ ਪਰ ਪਰ੍ਯੋ।
ਸ਼੍ਰੀ ਗੁਰ ਨਿਜ ਕਰ ਮਸਤਕ ਧਰ੍ਯੋ ॥੧੩॥

ਰੁਚਿਰ ਪ੍ਰਸੰਸਾ ਕਰਿਬੇ ਲਾਗ੍ਯੋ।
ਗੁਰੁ ਕ੍ਰਿਪਾਲ ਕੇ ਪਗ ਅਨੁਰਾਗ੍ਯੋ[1]।
'ਧੰਨ ਧੰਨ ਸਤਿਗੁਰ ਗਤਿਦਾਨੀ।
ਕਲਿ ਮਹਿਂ ਕਰਹੁ ਉਧਾਰਨ ਪ੍ਰਾਨੀ ॥੧੪॥

[1]ਪ੍ਰੇਮ ਕਰਨ ਲਗਾ।

ਭੁਜੰਗ ਛੰਦ:

ਨਮੋ ਦੀਨ ਦਯਾਲੰ, ਨ ਆਦੰ ਨ ਅੰਤੰ।
ਅਗਾਧੰ[1], ਅਬਾਧੰ[2], ਰਚੇ ਸਰਬ ਜੰਤੰ[3]। — [1]ਸਮੁੰਦਰ ਰੂਪ ਹੋ। [2]ਦੁਖਾਂ ਤੋਂ ਰਹਿਤ ਹੋ। [3]ਜੀਵ ਜੰਤ।
ਤੁਹੀ ਲੋਕ ਚੌਦਾ ਰਚੇ ਧਾਰਿ ਲੀਲਾ।
ਪ੍ਰਵੇਸ਼ਯੋ ਸਬੈ ਮੈਂ, ਅਲੇਪੰ ਸੁ ਮੀਲਾ[1] ॥੧੫॥ — [1]ਮਿਲਿਆ (ਸਭਨਾਂ ਵਿਚ ਫਿਰ) ਅਲੇਪ ਹੈ।

ਮਹਾਂ ਬੀਜ ਬੀਜੰ ਬਿਥਾਰੈ ਬਿਥਾਰਾ[1]। — [1]ਕਾਰਨ ਦਾ ਕਾਰਣ ਤੇ ਬਿਸਥਾਰਾਂ ਦਾ ਬਿਸਥਾਰ।
ਤੁਹੀ ਏਕ ਮੂਲੰ ਜਗੰ ਸਾਖ ਸਾਰਾ[1]। — [1]ਤੂੰ ਹੀ ਇਕ ਮੁੱਢ ਹੈਂ ਅਤੇ ਸਾਰਾ ਜਗ ਟਾਹਣੀਆਂ ਹਨ।
ਉਪਾਵੈਂ ਤੁਹੀ, ਫੇਰ ਪਾਲੈਂ, ਸੰਘਾਰੈਂ।
ਸੰਕੋਚੈਂ ਸਬੈ ਦ੍ਰਿੱਸ਼ਯਮਾਨੰ ਪਸਾਰੈ[1] ॥੧੬॥ — [1]ਨਿਗਾਹ ਆਂਵਦੇ ਸਾਰੇ ਪਸਾਰੇ ਨੂੰ ਸੰਕੋਚਦੇ ਹੋ (ਲੈ ਕਰਦੇ ਹੋ)।

ਲਖੈ ਨਾਂਹਿ ਕੋਈ ਅਕਾਰੰ[1] ਕਿਤੋ ਹੈ। — [1]ਆਕਾਰ।
ਤੁਹੀ ਆਪ ਜਾਨੈ ਗਤੀ ਮੇਂ ਜਿਤੋ ਹੈਂ[1]। — [1]ਆਪਣੀ ਗਤੀ ਵਿਚ ਜਿੰਨਾ ਕੁ ਤੂੰ ਹੈਂ ਤੂੰ ਆਪ ਹੀ ਜਾਣਦਾ ਹੈਂ।
ਰਚੇ ਪੰਚ ਭੂਤੰ ਰਿਖੀਕੀ[1] ਜਿ ਸਾਰੀ। — [1]ਇੰਦ੍ਰੀਆਂ।
ਕਰੀ ਖਾਨ ਚਾਰੀ[1] ਅਨੇਕੈ ਪ੍ਰਕਾਰੀ ॥੧੭॥ — [1]ਚਾਰੇ ਖਾਣੀਆਂ।

ਕ੍ਰਿਪਾ ਧਾਰਿ ਜਾਂ ਕੋ ਕਰੋ ਦਾਨ ਨਾਮੰ[1]। — [1]ਨਾਮ ਦਾ ਦਾਨ।
ਰਟੈ ਨੀਤਿ ਸੋਈ ਪਰੈ ਤੋਹਿ ਸਾਮੰ[1]। — [1]ਤੇਰੀ ਸ਼ਰਨਿ।
ਤਜੈ ਦੇਹਿ ਹੰਤਾ[1] ਲਖੈ ਸੋ ਨਿਰਾਲਾ। — [1]ਦੇਹ ਅਭਿਮਾਨ।
ਲਗੈ ਮੀਠ ਭਾਣਾ, ਰਹੰਤੋ[†] ਸੁਖਾਲਾ ॥੧੮॥ — [†]ਪਾ:-ਰਹੀ ਤੇ-ਚਹੰਤੋ।

ਲਖੈ ਮੀਤ ਤੋਹੀ, ਸਰੈਂ ਕਾਜ ਸਾਰੇ।
ਅਨੇਕਾਨਿ[1] ਮੈਂ ਏਕ ਤੋਹੀ ਨਿਹਾਰੇ। — [1]ਅਨੇਕਾਂ ਵਿਚ।
ਤੁਹੀ ਦੀਨ ਬੰਧੂ, ਦਯਾ ਸਿੰਧੁ ਸ੍ਵਾਮੀ।
ਉਧਾਰੈਂ ਲਖੈਂ ਦਾਸੁ ਪ੍ਰੇਮੀ ਅਕਾਮੀ[1] ॥੧੯॥ — [1]ਨਿਸ਼ਕਾਮ।

ਮਹਾਂਰਾਜ ਰਾਜਾ ਪ੍ਰਤਾਪੰ ਬਿਰਾਜੈ।
ਤੁਹੀ ਸਰਬ ਕੇ ਸੀਸ ਪੈ ਏਕ ਛਾਜੈਂ[1]। — [1]ਫਬ ਰਿਹਾ ਹੈਂ।
ਘਨਾਨੰਦ[1] ਗਯਾਨੰ ਮਨਿੰਦੈ[2] ਨ ਕੋਈ। — [1]ਇਕਰਸ। [2]ਵਰਗਾ।
ਕਲੀ ਦੇਹ ਧਾਰਯੋ[1] ਕਲਾ ਸਰਬ ਗੋਈ[2] ॥੨੦॥ — [1]ਕਲਯੁਗ ਵਿਚ ਦੇਹ ਧਾਰੀ ਹੈ ਤੇ। [2]ਛਪਾਈ ਹੈ।

ਗੁਰੂ ਰੂਪ ਹੋਏ ਤ੍ਰਿਤੀ ਥਾਨ ਸੋਹੈਂ।

ਅਸੰਖੈ ਉਧਾਰੇ ਬਨੇ ਦਾਸ ਜੋ ਹੈਂ।
ਨਈ ਰੀਤਿ ਸਿੱਖੀ ਬਿਥਾਰੀ ਉਦਾਰੀ।
ਲਈ ਧਾਰਿ ਜਾਂਹੀ ਭਏ ਦੁੱਖਜ ਪਾਰੀ[1] ॥੨੧॥ — [1]ਦੁਖਾਂ ਤੋਂ ਪਾਰ।
ਸਦਾ ਜੈ, ਸਦਾ ਜੈ, ਸਦਾ ਜੈ ਗੁਸਾਈਂ।
ਮਯਾ ਕੀਨਿ ਮੋ ਪੈ ਸੁ ਲੀਨੋ ਬਚਾਈ।
ਗੁਬਿੰਦੇ, ਮੁਕੰਦੇ ਅਨੰਦੇ, ਅਨੂਪੇ।
ਨਮਸਤੰ ਨਮਸਤੰ ਸਮਸਤੰ[†] ਸਰੂਪੇ' ॥੨੨॥ — [†]ਪਾ:-ਨਮਸਤੰ।

ਦੋਹਰਾ:
ਇਸ ਪ੍ਰਕਾਰ ਉਸਤਤਿ ਕਰੀ,
ਹਰਖਤਿ ਮਾਈਦਾਸ।
ਭਯੋ ਨਿਹਾਲ ਬਿਸਾਲ ਹੀ,
ਪੂਰਨ ਪ੍ਰੇਮ ਪ੍ਰਕਾਸ਼[1] ॥੨੩॥ — [1]ਪ੍ਰਗਟਿਆ।

ਚੌਪਈ:
'ਹੇ ਪ੍ਰਭੁ ! ਜੇ ਪ੍ਰਸੰਨ ਮੁਝ ਪਰ ਹੋ।
ਰਾਖੋ ਚਰਨ ਕਮਲ ਰਜ ਕਰਿ ਹੋ[1]। — [1]ਚਰਨਾਂ ਕਮਲਾਂ ਦੀ ਧੂੜੀ ਬਨਾਕੇ ਰਖੋ।
ਨਿਤ ਦਰਸ਼ਨ ਮੈਂ ਤੁਮਰੋ ਪਾਊਂ।
ਜਨਮ ਜਨਮ ਕੋ ਭਰਮ ਮਿਟਾਊਂ' ॥੨੪॥
ਸੁਨਿ ਸ਼੍ਰੀ ਅਮਰ ਪ੍ਰਸੀਦਨਿ[1] ਭਏ। — [1]ਪ੍ਰਸੰਨ।
ਮੁਸਕਾਵਤਿ ਮੁਖ ਸੁਖ ਕੋ ਦਏ[1]। — [1]ਮੁਖ ਤੋਂ ਹਸੇ ਸੁਖ ਨੂੰ ਦੇਣ ਵਾਲੇ (ਸ਼੍ਰੀ ਗੁਰੂ ਜੀ)।
ਬਚਨ ਕਹਯੋ 'ਸੁਨ ਮਾਈਦਾਸ !
ਅਬ ਤੂ[†] ਰਹੋ ਹਮਾਰੇ ਪਾਸ ॥੨੫॥ — [†]ਪਾ:-ਤੇ।
ਪ੍ਰਭੁ ਕੋ ਦਰਸ਼ਨ ਇਹ ਠਾਂ ਪਾਯਸਿ।
ਸਰਬ ਕਾਮਨਾ ਤੇ ਤ੍ਰਿਪਤਾਯਸਿ[1]। — [1]ਤ੍ਰਿਪਤ ਹੋ ਜਾਏਂਗਾ।
ਅਸ਼ਟ[1] ਦਿਵਸ ਜਬਿ ਅਬਹਿ ਬਿਤਾਵੈ। — [1]ਅੱਠ।
ਬਹੁਰੋ ਤੋਹਿ ਗੁਰੂ ਬਿਦਤਾਵੈਂ[1] ॥੨੬॥ — [1]ਤੇਰਾ ਗੁਰੂ ਪ੍ਰਗਟ ਕਰਾਂਗੇ ਭਾਵ ਗੁਰਮੁਖ ਤੋਂ ਹੈ।
ਰਹੁ ਅਨੰਦ ਹੁਇ ਗੋਇੰਦਵਾਲ।
ਮਿਲ ਸਤਿਸੰਗਤਿ ਸਿੱਖਜਨ ਨਾਲ।'
ਹਾਥ ਜੋਰਿ ਤਿਨਿ[†] ਤੈਸੇ ਮਾਨੀ। — [†]ਪਾ:-ਤਬ।
ਰਹਯੋ ਸਮੀਪ ਸੰਦੇਹਨ ਹਾਨੀ ॥੨੭॥
ਕਾਰ ਬਾਪਿਕਾ ਕੀ ਬਡ ਹੋਵੈ।

ਸਭਿ ਸੰਗਤਿ ਸਿਰ ਕਰਿ ਨਿਤ ਢੋਵੈ[1]।
ਖੋਦਤਿ ਖੋਦਤਿ ਜਲ ਲਗਿ ਗਏ।
ਕਰ ਰੋਰਨ ਕੋ[1] ਦੇਖਤਿ ਭਏ ॥੨੮॥
ਨਹਿਂ ਟੂਟਹਿ ਬਹੁ ਜਤਨ ਕਰਤਿ ਹੈਂ।
ਬੁਧਿ ਬਲਿ ਅਪਨੋ ਸਕਲ ਧਰਤਿ ਹੈਂ।
ਤਬਿ ਸ਼੍ਰੀ ਅਮਰ ਨਿਕਟ ਚਲਿ ਕਹੵੋ।
ਸਤਿਗੁਰ ਨੇ ਬ੍ਰਿਤਾਂਤ ਸਭਿ ਲਹੵੋ ॥੨੯॥
ਮਾਣਕ ਚੰਦ ਪਥਰੀਆ ਜਾਤਿ।
[1]ਖੱਤ੍ਰੀ ਕੁਲ ਸੁੰਦਰ ਦ੍ਰਿੜ ਗਾਤ[2]।
ਤਿਹਸੰਗ ਸਤਿਗੁਰ ਕੀਨਿ ਬਖਾਨ।
'ਹੇ ਮਾਣਕਚੰਦ ਲੇਹੁ ਵਿਦਾਨ[1] ॥੩੦॥
ਕਰਹੁ ਜੋਰ ਤਿਹ ਹਤਹੁ ਬਨਾਇ।'
ਸੁਨਿ ਕਰਿ ਚਰਨ ਪਰਯੋ ਸਹਿਸਾਇ[1]।
ਗੁਰ ਨਿਜ ਕਰ ਤਿਹ ਪੀਠ ਧਰਯੋ ਹੈ।
ਲੇ ਵਿਦਾਨ ਕੋ ਬੀਚ ਬਰਯੋ ਹੈ ॥੩੧॥
ਕਰ ਕੋ ਕਰਿ ਬਲ[1] ਮਾਰਤਿ ਭਯੋ।
ਟੁਟਯੋ ਜਲ ਸੋ ਥਲ ਭਰਿ ਗਯੋ।
ਬੂਡਯੋ ਮਾਣਕ ਹਾਨੇ[1] ਪ੍ਰਾਨ।
ਸਤਿਗੁਰ ਸੁਨਿ ਬ੍ਰਿਤੰਤ ਇਹ ਕਾਨ ॥੩੨॥
'ਮਾਣਕ ਹੋਇ[1] ਸੁ ਮਰਤੋ ਨਾਂਹੀ।
ਲੇ ਆਵਹੁ ਤਿਸ ਕੋ ਹਮ ਪਾਹੀ।'
ਸੁਣਿ ਮਾਣਕ ਕੋ ਲਯਾਇ ਨਿਕਾਸ।
ਧਰਯੋ ਆਨਿ ਕਰਿ ਸਤਿਗੁਰ ਪਾਸ ॥੩੩॥
ਦਾਹਨ[1] ਚਰਨ ਸੀਸ ਕੋ ਛ੍ਵਾਯੋ।
ਉਠਿ ਬੈਠਯੋ ਜਨੁ ਸੁਪਤਿ ਜਗਾਯੋ।
ਸਿਰ ਪਰ ਸਤਿਗੁਰ ਨੈ ਕਰ ਫੇਰਾ।
ਭਯੋ ਪ੍ਰਕਾਸ਼ ਬਿਨਾਸ਼ਿ[1] ਅੰਧੇਰਾ ॥੩੪॥
ਸਭਿ ਰਿਧਿ ਸਿਧਿ ਬਖਸ਼ਨ ਕੋ ਕਰਯੋ।
ਨਾਮੁ 'ਜੀਵੜਾ' ਤਿਸ ਕੋ ਧਰਯੋ।

[1]ਸਿਰ ਤੇ ਨਿਤ ਢੋਣਾ ਕਰੇ।
[1]ਰੋੜਾਂ ਦਾ ਕੜ।
[1]ਪਥਰੀਆ ਜਾਤ ਵਾਲਾ। [2]ਤਕੜਾ ਸੁੰਦਰ ਸਰੀਰ।
[1]ਵਡਾ ਹਥੌੜਾ, ਘਨ, ਵਦਾਨ।
[1]ਸ਼ੀਘਰ ਹੀ।
[1]ਹਥਾਂ ਦਾ ਬਲ ਕਰਿਕੇ।
[1]ਨਾਸ਼ ਹੋਏ।
[1]ਜੋ ਮਾਣਕ ਹੈ।
[1]ਸੱਜਾ।
[1]ਨਾਸ਼ ਕਰਕੇ।

ਮਾਈਦਾਸ ਹਕਾਰਜੋ ਪਾਸ।
ਸਤਿਗੁਰ ਕੀਨਸਿ ਬਾਕ ਪ੍ਰਕਾਸ਼ ॥੩੫॥
'ਤੋਹਿ ਗੁਰੂ[1] ਇਹੁ ਮਾਣਕ ਚੰਦ। — [1]ਭਾਵ ਗੁਰਮੁਖ। ਮੁਰਸ਼ਿਦ।
ਰਾਖਹੁ ਇਨ ਸੋਂ ਪ੍ਰੇਮ ਬਿਲੰਦ।
ਮੰਤ੍ਰ[1] ਆਪਨੋ ਤੋਹਿ ਬਤਾਇ। — [1]ਗੁਰਮੰਤ੍ਰ।
ਤਿਲਕ ਗੁਰਮੁਖੀ ਮਸਤਕ ਲਾਇ ॥੩੬॥
ਸੇਲੀ[1] ਦਈ ਕਰਹੁ ਸਿਖ ਸੰਗਤਿ। — [1]ਕਾਲੀ ਉੱਨ ਯਾ ਰੇਸ਼ਮ ਆਦਿ ਦੀ ਬਣੀ ਗਲੇ ਪਾਉਣ ਯਾ ਸਿਰ ਲਪੇਟਨ ਦੀ ਸ਼ੈ।
ਸੱਤਜਨਾਮ ਜਪੀਐ ਮਿਲਿ ਪੰਗਤਿ।
ਸੰਗਜਾ[1] ਭਗਤਨਿ ਕੀ ਤੁਮ ਹੋਈ। — [1]ਨਾਮ।
ਜਗ ਸੰਤਾਪ ਬਿਨਾਸੋ ਜੋਈ[1] ॥੩੭॥ — [1]ਸੰਸਾਰ ਦੇ ਦੁਖ ਨਾਸ਼ ਹੋਏ।
ਤੁਮ ਅਬਿ ਅਪਨੇ ਗ੍ਰਿਹ ਕਉ ਜਾਵਹੁ।
ਸੱਤਜ ਨਾਮ ਕੋ ਜਾਪ ਜਪਾਵਹੁ।
ਗੁਰਮੁਖ ਮਾਰਗ ਕਰਹੁ ਪ੍ਰਕਾਸ਼।
ਜਹਿਂ ਕਹਿਂ ਹੋਵਹਿ ਭਗਤਿ ਨਿਵਾਸ' ॥੩੮॥
ਸੁਨਿ ਮੁਦ[1] ਮਾਈਦਾਸ ਬਿਸਾਲ। — [1]ਪ੍ਰਸੰਨ ਹੋਇਆ।
ਮਾਣਕ ਕੇ ਪਾਇਨ[1] ਤਤਕਾਲ। — [1]ਚਰਨੀਂ।
ਨਮਸਕਾਲ ਕਰਿ ਹੋਯਹੁ ਸੰਗਿ।
ਦੋਨਹੁ ਪ੍ਰਾਪਤ ਅਨੰਦ ਅਭੰਗ[1] ॥੩੯॥ — [1]ਇਕ ਰਸ ਆਨੰਦ।
ਭੁਗਤਿ ਮੁਕਤਿ ਪ੍ਰਾਪਤਿ ਕਰ ਮਾਂਹੀ।
ਗੁਰ ਕੇ ਕੁਛ ਅਚਰਜ ਇਹੁ ਨਾਂਹੀ।
ਗੁਰ ਚੇਲਾ ਦੋਨਹੁ ਤਬਿ ਹੋਇ।
ਪਦ[1] ਸ਼੍ਰੀ ਅਮਰ ਪਰਤ ਭੇ ਸੋਇ ॥੪੦॥ — [1]ਚਰਨੀਂ।
ਕਰਿ ਬਹੁ ਪ੍ਰੇਮ ਬਿਨੈ ਬਹੁ ਠਾਨੀ।
'ਹੇ ਸਤਿਗੁਰ ਅਪਦਾ ਸਭਿ ਹਾਨੀ।'
ਦੋਨਹੁ ਗਮਨ ਕੀਨਿ ਤਤਕਾਲੇ।
ਸਦਨ ਆਪਨੇ ਬਸੇ ਸੁਖਾਲੇ ॥੪੧॥
ਸੱਤਜਾਨਾਮ ਬਹੁ ਨਰ ਉਪਦੇਸ਼ਾ।
ਸਿੱਖੀ ਕੋ ਵਿਸਤਾਰ ਵਿਸ਼ੇਖਾ[1]। — [1]ਭਾਵ ਪ੍ਰਚਾਰ ਬਹੁਤ ਕੀਤਾ।
ਬਚਨ ਕਹਜੋ ਤਤਛਿਨ ਫੁਰ ਜਾਵੈ।

ਲੋਕ ਅਨੇਕ ਪੁਜਿਬੇ ਆਵੈਂ ॥੪੨॥
ਜੋ ਜਾਚਹਿ ਇਨ ਕੇ ਢਿਗ ਆਇ।
ਰਿਦੇ ਮਨੋਰਥ ਤਤਛਿਨ ਪਾਇ।
ਹੋਹਿ ਬਸੋਏ ਕੋ ਦਿਨ ਜਬੈ।
ਚਲਿ ਆਵਹਿਂ ਸਤਿਗੁਰ ਢਿਗ ਤਬੈ
॥੪੩॥
ਦਰਸ਼ਨ ਕਰਿ ਨਿਜ ਬਿਨਯ ਸੁਨਾਵਹਿਂ।
ਬਹੁਰ ਆਪਨੇ ਗ੍ਰਿਹ ਕੋ ਜਾਵਹਿਂ।
ਭਈ ਜਗਤ ਮੈਂ ਬਡਿ ਬਡਿਆਈ।
ਅੰਤ ਸਮੈਂ ਸੁਖ ਸੋਂ ਗਤਿ ਪਾਈ† ॥੪੪॥

†ਮਾਈਦਾਸ ਸ੍ਰੀ ਕ੍ਰਿਸ਼ਨ ਜੀ ਦਾ ਅਨੰਨਜ ਸੇਵਕ ਸੀ, ਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਦੁਆਰਕਾ ਵਲ ਗਿਆ। ਇਹਦੀ ਅਗਾਧ ਭਗਤੀ ਤੇ ਕ੍ਰਿਸ਼ਨ ਜੀ ਰੀਝੇ ਤੇ ਅਕਾਸ਼ ਬਾਣੀ ਦ੍ਵਾਰੇ ਪ੍ਰਗਟ ਕੀਤਾ ਕਿ ਐਸ ਵੇਲੇ ਮੁਕਤ ਭੁਗਤ ਦੇ ਦਾਤਾ ਗੁਰੂ ਅਮਰਦਾਸ ਜੀ ਹਨ। ਮਾਈ ਦਾਸ ਆਪਣੇ ਇਸ਼ਟ ਦੇ ਇਹ ਵਾਕ ਸੁਣ ਜੱਗਜਾਸਾ ਭਾਵ ਨੂੰ ਲੈ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਹਾਜ਼ਰ ਹੋਇਆ ਤੇ ਚਰਨੀਂ ਡਿੱਗਾ ਤੇ ਸਤਿਗੁਰੂ ਜੀ ਦੇ ਇੱਕ ਸਿੱਖ ਤੋਂ ਕਲਜਾਨ ਪ੍ਰਾਪਤ ਕੀਤੀ। ਗੁਰੂ ਘਰ ਦੀ ਉੱਚਤਾ ਤੇ ਮਹਾਨਤਾ ਹੈ ਕਿ ਇਕ ਕ੍ਰਿਸ਼ਨ ਉਪਾਸਕ ਜਿਸਨੂੰ ਅਪਣਾ ਇਸ਼ਟ ਉਪਦੇਸ਼ ਦਿੰਦਾ ਹੈ, ਤੇ ਗੁਰੂ ਜੀ ਦੀ ਮਹਿਮਾ ਦੱਸਦਾ ਹੈ, ਉਹ ਗੁਰੂ ਘਰ ਵਿਚ ਆਕੇ ਇਕ ਸਿੱਖ ਤੋਂ ਪਰਮਗਤੀ ਪ੍ਰਾਪਤ ਕਰਦਾ ਹੈ। ਜੋ ਸ਼ੈ ਉਸਨੂੰ ਉਥੇ ਇਸ਼ਟ ਤੋਂ ਨਾਂ ਮਿਲੀ ਸੋ ਏਥੇ ਗੁਰਸਿੱਖ ਤੋਂ ਲੱਭ ਪਈ। ਬਾਕੀ ਕ੍ਰਿਸ਼ਨ ਜੀ ਦਾ ਰੂਪਕ ਕਵਿ ਜੀ ਨੇ ਵਿਸ਼ਨੂੰ ਰੂਪਤਾ ਕਾਵਜ ਰੀਤੀ ਨਾਲ ਜੋ ਬਧਾ ਹੈ ਸੋ ਮਾਈਦਾਸ ਦੇ ਤਦੋਂ ਦੇ ਧਿਆਨ ਹੋਏ ਨਿਸ਼ਚੇ ਦਾ ਸਰੂਪ ਹੈ।

ਸੋਰਠਾ:

ਬਖਸ਼ਿਸ਼ ਕਰਹਿਂ ਕ੍ਰਿਪਾਲ,
ਸਿੱਖੀ ਪੰਥ ਪ੍ਰਸਿੱਧ[1] ਹਿਤ।
ਸੇਵਕ ਹੋਤਿ ਨਿਹਾਲ,
ਪਾਰਬ੍ਰਹਮ ਗੁਰ ਪ੍ਰੇਮ ਚਿਤਿ ॥੪੫॥

[1]ਪ੍ਰਗਟਤਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਣਕ ਪ੍ਰਸੰਗ' ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

## ੫੪. [ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ। ਗੰਗੋਸ਼ਾਹ ਬੱਸੀ ਖੱਤ੍ਰੀ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਅਕਬਰ ਦੁਰਗ[1] ਚਿਤੌੜ ਕੋ, ਟੁਟ੍ਯੋ ਨ[2] ਕਰਤੇ ਜੰਗ।
ਸ੍ਰੀ ਸਤਿਗੁਰ ਢਿਗ ਨਰ ਪਠ੍ਯੋ, ਬਹੁਤ ਬੇਨਤੀ ਸੰਗ ॥੧॥

[1]ਕਿਲ੍ਹਾ। [2]ਫਤੇ ਨਾ ਹੋਇਆ।

ਚੌਪਈ:

'ਪੀਰ ਫਕੀਰ ਪ੍ਰਥਮ ਬਹੁ ਸੇਵੇ।
ਹੁਇ ਪ੍ਰਸੰਨ ਸਭਿਹਿਨਿ ਬਰ ਦੇਵੇ।
ਨਹੀਂ ਫਤੇ ਭਾ ਦੁਰਗ ਚਿਤੌਰ।
ਅਬਿ ਮੈਂ ਸ਼ਰਨ ਹਾਥ ਕੋ ਜੋਰਿ' ॥੨॥
ਸੁਨਿ ਗੁਰ ਕਹ੍ਯੋ 'ਤਬਹਿ ਗੜ ਛੂਟੇ।
ਇਹਾਂ ਬਾਪਿਕਾ† ਕੋ ਕਰ ਟੂਟੇ।' — †ਪਾ:-ਬਾਵਲੀ।
ਤਬ ਤੇ ਰਹ੍ਯੋ ਸ਼ਾਹੁ ਕੋ ਮਾਨਵ[1]। — [1]ਆਦਮੀ।
ਕੜ† ਟੂਟ੍ਯੋ ਜਬਿ ਹੀ ਤਿਨ ਜਾਨਵ[1] ॥੩॥ — [1]ਜਾਣਿਆਂ। †ਪਾ:-ਕਰ।
ਲਿਖਿ ਲੇ ਗਯੋ ਵਾਰ ਤਿਥਿ ਮਾਸ[1]। — [1]ਮਹੀਨਾਂ।
ਪਹੁੰਚ੍ਯੋ ਚਲਿ ਅਕਬਰ ਕੇ ਪਾਸ।
ਜਿਸ ਛਿਨ ਕੜ ਟੂਟ੍ਯੋ ਤਿਸ ਕਾਲ।
ਤਬਹੂੰ ਛੁਟ੍ਯੋ ਚਿਤੌੜ ਬਿਸਾਲੁ ॥੪॥
ਅਕਬਰ ਉਰ ਪ੍ਰਤੀਤ ਬਡਿ ਆਈ।
ਦਰਸ਼ਨ ਕਰਿਬੇ ਚਾਹ ਬਧਾਈ।
ਆਮ ਖਾਸ ਮਹਿਂ ਕਰੀ ਪ੍ਰਸ਼ੰਸਾ[1]। — [1]ਸਭਨਾਂ ਵਿਚ ਉਸਤਤੀ ਕੀਤੀ।
'ਸ਼੍ਰੀ ਨਾਨਕ ਅੱਲਹਿ[1] ਨਹਿਂ ਸੰਸਾ ॥੫॥ — [1]ਪਰਮਾਤਮਾ।
ਆਰਫ਼[1] ਕਾਮਲ[2] ਵਲੀ[3] ਵਲਾਇਤ[4]। — [1]ਰੱਬ ਨੂੰ ਪੁੱਜਿਆ [ਅ਼: ਆਰਿਫ = ਗ੍ਯਾਨਵਾਨ]। [2]ਪੂਰਾ, ਕਮਾਲ। [3]ਔਤਾਰ, ਵਲੀ। [4]ਦੇਸ਼ ਦਾ।
ਹੋਹਿ ਸਹਾਇ ਦਾਸ ਹਰਿ ਸਾਇਤ[1]। — [1]ਹਰ ਘੜੀ। [ਅ਼: ਸਾਇਤ]।
ਹਿੰਦੂ ਮੁਸਲਮਾਨ ਤੇ ਨਜਾਰੇ।
ਨਰ ਅਨੇਕ ਦੋਨੋ ਤੇ[1] ਤਾਰੇ ॥੬॥ — [1]ਦੋਨਾਂ ਵਿੱਚੋਂ।
ਲਵਪੁਰਿ ਚਲਹਿਂ ਮਿਲਹਿਂ ਦਰਸਾਵਹਿਂ[1]'। — [1]ਦਰਸ਼ਨ ਕਰਾਂਗੇ।
ਇਮ ਨਿਸ਼ਚੇ ਕਰਿ ਪ੍ਰੇਮ ਬਢਾਵਹਿ।

ਬੱਸੀ ਖੱਤ੍ਰੀ[1] ਗੰਗੋ ਨਾਮਾ। — [1]ਜਾਤ ਹੈ। ਮਹਿਮਾ ਪ੍ਰਕਾਸ਼ ਵਿਚ ਗੰਗੋ ਬਸੀ ਲਿਖਿਆ ਹੈ, ਭਾਵ ਬਸੀ ਦਾ ਰਹਿਣ ਵਾਲਾ।

ਧਨ ਬਿਵਹਾਰ[1] ਕਰਨਿ ਤਿਹ ਕਾਮਾ ॥੭॥ — [1]ਵਿਹਾਰ।

ਦਰਬ ਹਜ਼ਾਰਹੁਂ ਬਨਜ[1] ਚਲਾਵੈ। — [1]ਵਿਹਾਰ।

ਨਿਤ ਪ੍ਰਤਿ ਮਤਿ ਕਰ ਅਧਿਕ ਬਧਾਵੈ।

ਬਿਗਰਜੋ ਏਕ ਬਾਰ ਬਿਵਹਾਰੈ।

ਪਾਇਸਿ ਤੋਟਾ[1] ਜਿਤਿ ਕਿਤਿ ਸਾਰੈ ॥੮॥ — [1]ਘਾਟਾ ਪਾਇਆ।

ਨਹੀਂ ਸਹਾਇਕ ਕੋ ਤਿਸ ਭਯੋ[1]। — [1]ਕਿਸੇ ਮਦਦ ਨਾ ਕੀਤੀ।

ਹੁਤੋ ਉਧਾਰ ਨ ਸੋ ਕਿਨ ਦਯੋ[1]। — [1]ਜੋ ਉਧਾਰ ਰੁਪੱਯਾ ਦਿੱਤਾ ਸੀ ਕਿਸੇ ਨੇ ਨਾ ਦਿੱਤਾ।

ਬਡਾ ਕਸ਼ਟ ਹੋਯਸਿ ਮਨ ਮਾਂਹੀ।

ਸੋ ਉਪਚਾਰ ਚਲਜੋ ਤਿਸ ਨਾਂਹੀ ॥੯॥

ਨਿਜ ਕੁਟੰਬ ਸਨਬੰਧੀ ਆਨ[1]। — [1]ਹੋਰ।

ਅਰੁ ਜਿਨ ਸੰਗ ਬਨਜ ਕੋ ਠਾਨਿ[1]। — [1]ਕਰਦਾ ਸੀ।

ਸਖਾ ਆਦਿ ਸਭਿ ਤੇ ਦੁਖ ਪਾਇਸਿ।

ਟਿਕਜੋ ਨ ਪਗ, ਕਰਿ ਰਹਜੋ ਉਪਾਇਸਿ ॥੧੦॥

ਚਹੁਂ ਦਿਸ਼ਿ ਤੇ ਜਬਿ ਸੰਕਟਿ ਪਰਜੋ।

ਸਤਿਗੁਰ ਸੁਜਸੁ ਸ੍ਰਵਨ ਤਿਨ ਕਰਜੋ।

ਛੋਰ ਸਭਿਨਿ ਕੋ ਨਿਕਸਜੋ ਕੈਸੇ।

ਫਸਜੋ ਜਾਲ ਝਖ[1] ਤਜਾਗਜੋ ਜੈਸੇ ॥੧੧॥ — [1]ਮੱਛ।

ਉਰ ਸ਼੍ਰੀ ਅਮਰ ਆਸ ਇਕ ਧਾਰੀ।

-ਪਰੌਂ ਸ਼ਰਨ ਹੁਇ ਦੁਖ ਤੇ ਪਾਰੀ-।

ਦ੍ਰਿੜ ਪ੍ਰਤੀਤ ਧਰਿ ਦਰਸ਼ਨ ਆਯੋ।

ਪ੍ਰਿਥਮ ਦੇਗ ਤੇ ਭੋਜਨ ਖਾਯੋ ॥੧੨॥

ਪ੍ਰੇਮ ਧਾਰਿ ਪੁਨ ਗਮਨਜੋ ਪਾਸ।

ਦੇਖੇ ਜਬਿ ਮਨ ਭਯੋ ਹੁਲਾਸਿ।

'ਤ੍ਰਾਹਿ ਤ੍ਰਾਹਿ[1]' ਕਰਿ ਸ਼ਰਨੀ ਪਰਜੋ। — [1]ਰੱਖਯਾ ਕਰੋ ! ਰੱਖਯਾ ਕਰੋ !

ਗੁਰ ਪਗ ਪੰਕਜ ਪਰ ਸਿਰ ਧਰਜੋ ॥੧੩॥

ਬੈਠਜੋ ਨਿਕਟ ਕਹਜੋ ਗੁਰ ਦਜਾਲਾ।

'ਕਹੁ ਗੰਗੋ ! ਕਜਾ ਤੋਰ[1] ਹਵਾਲ?'
ਸੁਨਿ ਕੈ ਨਿਜ ਸੰਕਟ ਸਭਿ ਕਹ੍ਯੋ।
'ਪ੍ਰਭੁ ਜੀ ਧਨ ਤੋਟਾ ਮੈਂ ਲਹ੍ਯੋ' ॥੧੪॥
ਗੁਰੂ ਕਹ੍ਯੋ 'ਅਬਿ ਦਿੱਲੀ ਜੱਯੈ।
ਮਾਨ ਬਾਕ ਤਹਿਂ ਕੋਠੀ[1] ਪੱਯੈ।
ਸਤਿ ਸੰਗਤਿ ਕੀ ਸੇਵਾ ਕਰਹੁ।
ਹ੍ਵੈ ਹੈ ਦਰਬ ਨ ਚਿੰਤਾ ਧਰਹੁ' ॥੧੫॥
ਸ਼੍ਰੀ ਗੁਰ ਕੀ ਆਇਸੁ ਲੇ ਗਯੋ।
ਪੁਰਿ ਮਹਿਂ[1] ਕੋਠੀ ਪਾਵਤਿ ਭਯੋ।
ਮੁਗ਼ਲ ਅਚਾਨਕ ਇਕ ਤਹਿਂ ਆਯੋ।
ਲਾਖ ਮੁਹਰ ਜਿਨ ਸੰਗ ਲਦਾਯੋ ॥੧੬॥
ਏਕ ਫਰਦ ਹੁੰਡੀ ਕੋ[1] ਚਾਹੇ।
ਬੂਝਤਿ ਫਿਰਤਿ ਕੋਠੀਅਨ ਮਾਂਹੇ।
ਸੁਨਿ ਹੁੰਡੀ ਇਕ ਕਰੈ ਨ ਕੋਊ[1]।
ਦਰਬ ਅਧਿਕ ਤੇ ਤ੍ਰਾਸਤਿ ਸੋਊ ॥੧੭॥
ਤਬਿ ਗੰਗੋ ਕੀ ਕੋਠੀ ਆਯੋ।
'ਇਕ ਹੁੰਡੀ ਮੈਂ ਚਹਤਿ ਕਰਾਯੋ।'
ਸਤਿਗੁਰ ਕੇ ਬਚ ਸਿਮਰਨਿ ਕਰੇ।
-ਇਸ ਤੇ ਧਨ ਮਮ ਬ੍ਰਿਧਤਾ ਧਰੇ- ॥੧੮॥
'ਮੈ ਕਰਿਹੌਂ ਹੁੰਡੀ' ਕਹਿ ਦਯੋ।
ਦਰਬ ਮੁਗ਼ਲ ਤੇ ਸਗਰੋ ਲਯੋ।
ਲਿਖੀ ਦਰਸ਼ਨੀ[1] ਤਿਹ ਕਰ ਦੀਨੀ।
ਲੇ ਕਰਿ ਲਵਪੁਰਿ ਤਜਾਰੀ ਕੀਨੀ ॥੧੯॥
ਤਬਿ ਗੰਗੋ ਦੀਨਾਰ[1] ਜੁ ਸਾਰੀ।
ਪਹੁੰਚਾਈ ਤਿਸ ਨਗਰ ਅਗਾਰੀ।
ਮੁਗ਼ਲ ਪ੍ਰਵੇਸ਼ਜੋ ਲਵਪੁਰਿ ਜਾਏ।
ਗਯੋ ਬਨਕ ਢਿਗ[1] ਹਾਟ ਪੁਛਾਏ ॥੨੦॥
'ਮੋਰ ਦਰਸ਼ਨੀ ਹੁੰਡੀ ਲੇਹੁ।
ਲਾਖ ਮੁਹਾਰ ਅਬਿ ਗਿਨ ਕਰਿ ਦੇਹੁ।'

[1]ਤੇਰਾ।
[1]ਸ਼ਾਹੂਕਾਰੇ ਆੜ੍ਹਤ ਆਦਿ ਦੀ ਦੁਕਾਨ।
[1](ਦਿੱਲੀ) ਸ਼ਹਿਰ ਵਿਚ।
[1]ਇਕੋ ਕਾਗਜ਼ ਹੁੰਡੀ ਦਾ।
[1]ਇਕ ਹੁੰਡੀ ਸੁਣਕੇ ਕੋਈ ਨਹੀਂ (ਹੁੰਡੀ) ਕਰਦਾ।
[1]ਦਰਸ਼ਨੀ ਹੁੰਡੀ।
[1]ਭਾਵ ਮੁਹਰਾਂ [ਫਾ: ਦੀਨਾਰਿ ਸੁਰਖ਼ = ਸੋਨੇ ਦਾ ਇੱਕ ਸਿੱਕਾ]।
[1]ਵਪਾਰੀ ਕੋਲ।

ਪਹੁੰਚੀ ਮੁਹਰ ਸੁ ਦਈ ਨਿਕਾਸ।
ਗਯੋ ਮੁਗ਼ਲ ਲੇ ਰਿਦੇ ਹੁਲਾਸ ॥੨੧॥
ਤਿਸ ਪੀਛੇ ਗੰਗੋ ਕੋ ਕਾਮ।
ਭਯੋ ਬ੍ਰਿੱਧ[1] ਤੈਸੋ ਧਨ ਧਾਮ। [1]ਵਾਧੇ ਵਿਚ ਹੋਯਾ।
ਵਧੀ ਪ੍ਰਤੀਤ ਚਲ੍ਯੋ ਬਿਵਹਾਰ।
ਜਾਨ੍ਯੋ ਬਹੁਤੇ ਨਗਰ ਮਝਾਰ ॥੨੨॥
ਕਿਤਿਕ ਬਰਸ ਬੀਤੇ ਤਿਸ ਥਾਯੋ।
ਤਬਿ ਸ੍ਰੀ ਅਮਰ ਨਿਕਟ ਦਿਜ ਆਯੋ।
'ਕੰਨਜਾਂ ਏਕ ਨਿਕੇਤ ਕੁਮਾਰੀ।
ਸ੍ਰੀ ਗੁਰ ! ਆਯੋ ਸ਼ਰਨ ਤੁਮਾਰੀ ॥੨੩॥
ਕਿਤਿਕ ਦਰਬ ਤੁਮ ਤੇ ਜਬਿ ਪਾਵੌਂ।
ਕੰਨਜਾਂ ਪਾਨ ਗ੍ਰਹਿਨ[1] ਕਰਵਾਵੌਂ। [1]ਵਿਵਾਹ।
ਰਿਣ ਰਿਪੁ ਬਲ ਤੇ[1] ਦੁਖ ਨਹਿਂ ਐਸੇ। [1]ਕਰਜ਼ ਤੇ ਬਲੀ ਸ਼ੱਤ੍ਰੂ ਦਾ।
ਪਿਤ ਕੁਮਾਰਿ ਕੋ ਪਾਵਤਿ ਜੈਸੇ[1] ॥੨੪॥ [1]ਪਿਤਾ ਕੁਆਰੀ (ਲੜਕੀ ਨੂੰ ਵੇਖਕੇ ਦੁਖ) ਪਾਂਵਦਾ ਹੈ ਜੈਸੇ।
ਸ੍ਰੀ ਗੁਰ ਕ੍ਰਿਪਾ ਧਾਰਿ ਸੁਖਰਾਸਿ।
ਲਿਖੇ 'ਰਜਤਪਣ ਦੇਹੁ ਪਚਾਸ।'
ਗੰਗੋ ਪਰ ਹੁੰਡੀ ਕਰਿ ਦੀਨਿ।
ਲੇ ਕਰਿ ਬਿੱਪ੍ਰ ਗਮਨ ਕੋ ਕੀਨਿ ॥੨੫॥
ਪਹੁੰਚ੍ਯੋ ਪੁਰਿ, ਕਾਗਜ਼[1] ਜਬਿ ਦਯੋ। [1]ਭਾਵ ਹੁੰਡੀ।
ਗੰਗੋ ਪਿਖਿ ਬਿਸਮੈ ਹੁਇ ਗਯੋ।
ਤੁਸ਼ਨਿ ਭਯੋ, ਨ ਧਨ ਕੋ ਦੀਨ।
ਹਟ੍ਯੋ ਬਿੱਪ੍ਰ ਉਰ ਸੰਕਟ ਪੀਨ ॥੨੬॥
ਸ੍ਰੀ ਗੁਰ ਅਮਰ ਦਾਸ ਕੇ ਪਾਸ।
ਆਯੋ ਛੂਛਾ ਭਯੋ ਨਿਰਾਸ।
ਅੰਤਰਜਾਮੀ ਸਭਿ ਕੁਛ ਜਾਨਾ।
-ਗੰਗੋ ਪਾਇ ਦਰਬ ਅਭਿਮਾਨਾ- ॥੨੭॥
ਕਰ੍ਯੋ ਬਿਚਾਰਨ -ਦਰਬ ਸੁਭਾਇ[1]। [1]ਮਾਇਆ ਦਾ ਸੁਭਾਇ (ਹੀ ਐਸਾ ਹੈ)।
ਜਿਸ ਢਿਗ ਆਵੈ ਸੁਧਿ[1] ਤਿਸੁ ਜਾਇ। [1]ਹੋਸ਼, ਮੱਤ।
ਗੁਰ ਪਰਮੇਸ਼ੁਰ ਬੀਸਰ ਜੈ ਹੈ।
ਲਾਲਚ ਲਗੇ ਕਸ਼ਟ ਕੋ ਪੈਹੈ ॥੨੮॥

ਕਰਹਿ ਬਾਵਰਾ ਸੁਰਤਿ ਬਿਸਾਰੈ।
ਜੋਗ ਅਜੋਗ ਨ ਬਹੁਰ ਬਿਚਾਰੈ-।
ਇਮਿ ਲਖਿ ਦਿਜ ਕੋ ਦਰਬ ਦਿਵਾਯੋ।
ਕੰਨਜਾਂ ਬਜਾਹੁ ਕਰਜੋ ਹਰਖਾਯੋ ॥੨੯॥
ਤਿਸ ਦਿਨ ਤੇ ਗੰਗੋ ਕੋ ਦਰਬ।
ਜਾਤਿ ਜਾਤਿ ਬਿਨਸਜੋ ਪੁਨ ਸਰਬ[1]।
ਥੋਰਨ ਦਿਨ ਮੈਂ ਰੰਕ ਭਯੋ ਹੈ।
ਤਬਿ ਨਿਜ ਔਗੁਨ ਜਾਨਿ ਲਯੋ ਹੈ ॥੩੦॥
-ਸਤਿਗੁਰ ਤੇ ਬੇਮੁਖ ਮੈਂ ਭਯੋ।
ਯਾਂ ਤੇ ਦਰਬ ਸਰਬ ਹਰਿ ਗਯੋ।
ਤਿਨ ਬਿਨ ਕੌਨ ਸਹਾਇਕ ਮੇਰਾ।
ਉਚਿਤ ਮੋਹਿ ਬਨਿਬੋ ਅਬ ਚੇਰਾ[1] ॥੩੧॥
ਸਭਿ ਬਿਧਿ ਸੇਵਾ ਕਰੌਂ ਗੁਸਾਈਂ।
ਫੇਰੌਂ ਬਢਨੀ[1] ਤਿਨ ਦਰ ਜਾਈ।
ਸਿਰ ਧਰਿ ਜਲ ਢੋਵੌਂ ਚਿਰ ਕਾਲ।
ਕਰੌਂ ਸੇਵ ਇੱਤਜਾਦਿ ਬਿਸਾਲ- ॥੩੨॥
ਦਿੱਲੀ ਪੁਰਿ ਤੇ ਨਿਕਸਜੋ ਚੋਰੀ।
ਤੂਰਨ ਪੰਥ ਆਇ ਗੁਰ ਓਰੀ।
ਇਹਾਂ ਬਾਪਿਕਾ ਹੋਵਤਿ ਤਜਾਰੀ।
ਮਿਲਿ ਸਭਿਹਿਨਿ ਮੈਂ ਲਾਗਜੋ ਕਾਰੀ[1] ॥੩੩॥
ਅੰਤਰਜਾਮੀ ਸਭਿਕਿਛ† ਜਾਨਾ।
ਢਿਗ ਹਕਾਰ ਨਹਿਂ ਕਛੂ ਬਖਾਨਾ।
ਬਹੁਤ ਮੋਲ ਕੇ ਵਸਤ੍ਰਨਿ ਮਾਂਹਿ।
ਬਾਧੈਂ ਈਟ ਪੀਠ ਧਰਿ ਜਾਹਿ ॥੩੪॥
ਲੋਕ ਲਾਜ ਕੁਲ ਰੀਤਿ ਮਹਾਨਾ।
ਖਾਨ ਪਾਨ ਆਦਿਕ ਤਜਿ ਗਜਾਨਾ[1]।
ਬਾਪੀ ਕਾਰ ਬਿਖੈ ਰਹਿ ਲਾਗਾ।
ਸਭਿ ਸੁਧਿ ਭੂਲਿ ਪ੍ਰੇਮ ਰਸ ਪਾਗਾ ॥੩੫॥

[1]ਜਾਂਦਾ ਜਾਂਦਾ ਸਾਰਾ ਹੀ ਨਾਸ਼ ਹੋ ਗਿਆ।
[1]ਦਾਸ।
[1]ਝਾੜੂ।
[1]ਕੰਮ ਵਿਚ।
†ਪਾ:-ਬਿਧਿ।
[1]ਭਾਵ ਖਾਣ ਪੀਣ ਦੀ ਸੋਝੀ ਨਹੀਂ ਰਹਿੰਦੀ ਸੀ।

ਕਿਹ ਸੋਂ ਕਹੈ ਨ ਸੁਨਿਹੈ ਬਾਤ।
ਸੇਵਾ ਕੇ ਤਤਪਰ ਦਿਨ ਰਾਤ।
ਗੁਰ ਸੇਵਾ ਕੋ ਤਪ ਅਸੁ ਕੀਨਾ।
ਜਗ ਬਿਵਹਾਰ ਛੋਰਿ ਸਭਿ ਦੀਨਾ ॥੩੬॥
ਹੋਤਿ ਭਯੋ ਉਤਸ਼ਾਹੁ ਬਿਸਾਲਾ।
ਅੰਤਰ ਬ੍ਰਿਤਿ ਟਿਕਗੀ† ਤਿਸਿ ਕਾਲਾ।
ਪ੍ਰੇਮ ਪ੍ਰਵਾਹ ਬਹਜੋ ਉਰ ਮਾਂਹੀ।
ਚਿੰਤ ਕਸ਼ਟ ਤ੍ਰਿਣ ਠਹਿਰਜੋ ਨਾਂਹੀ[1] ॥੩੭॥
ਜਯੋਂ ਜਯੋਂ ਸੁਖ ਪ੍ਰਾਪਤਿ ਭਾ ਉਰ ਕੋ।
ਤਯੋਂ ਤਯੋਂ ਸੇਵ ਪ੍ਰੇਮ ਭਾ ਗੁਰ ਕੋ।
ਮਨ ਮਹਿਂ ਮੂਰਤਿ ਅਚਲ ਟਿਕਾਈ।
ਕਬਹੂੰ ਵਹਿਰ ਪਿਖਹਿ ਗੁਰ ਤਾਈਂ ॥੩੮॥
ਨਿਸ ਦਿਨ ਧਯਾਨ ਟਿਕਾਯੋ ਕੈਸੇ।
ਜੋਗੀ ਕੀ ਸਮਾਧਿ ਹੁਇ ਜੈਸੇ।
ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ।
ਰਹਜੋ ਗਯੋ ਨਹਿਂ ਗੁਰੂ ਪ੍ਰਬੀਨਿ ॥੩੯॥
ਦਾਸਨ ਕੇ ਬਸਿ ਬਿਰਦ ਸੰਭਾਰਾ।
ਵਸੀ ਪ੍ਰੇਮ ਤੇ ਨਿਕਟ ਹਕਾਰਾ।
ਮੁਸਕਾਨੇ ਗੁਰ ਬਾਕ ਬਖਾਨਾ।
'ਗੰਗੋ ਸ਼ਾਹੁ! ਆਉ ਦੁਖ ਹਾਨਾ[1]' ॥੪੦॥
ਪਦ ਪੰਕਜ ਪਰ ਸਿਰ ਨਿਜ ਧਰਜੋ।
ਬਹੁਰ ਜੋਰਿ ਕਰ ਆਗੈ ਖਰਜੋ।
'ਮਾਯਾ ਮਗਨ ਬਿਮੁਖ ਮੈਂ ਭਯੋ।
ਅਪਨੋ ਜਾਨਿ ਬਖਸ਼ ਕਰਿ ਲਯੋ ॥੪੧॥
ਪਦ ਅਰਬਿੰਦ ਬਿਖੈ ਮੁਝ ਰਾਖਹੁ।
-ਸੇਵਕ! ਆਉ- ਬਚਨ ਮੁਖ† ਭਾਖਹੁ।'
ਸੁਨਿ ਸਤਿਗੁਰ ਕਰਨਾ ਰਸ ਢਰੇ।
ਤਤਛਿਨ ਮਹਿਂ ਨਿਹਾਲ ਤਿਸ ਕਰੇ ॥੪੨॥
ਬਸਤ੍ਰ ਬਿਸਦ ਪਹਿਰਾਇ ਨਵੀਨ।

†ਪਾ:-ਬ੍ਰਿੱਤਿ ਟਿਕੀ।
[1]ਚਿੰਤਾ ਦੇ ਦੁੱਖ ਰੂਪ ਕੱਖ ਨਾ ਠਹਿਰੇ ਭਾਵ ਰੁੜ੍ਹ ਗਏ।
[1]ਦੁਖ ਨਾਸ਼ ਹੋਏ।
†ਪਾ:-ਬਦਨ ਨਿਜ।

ਮਸਤਕ ਪਰ ਨਿਜ ਕਰ ਧਰਿ ਦੀਨ।
ਸੱਤਜਨਾਮੁ ਮੁਖ ਮੰਤ੍ਰ ਕਹਾਯੋ।
'ਗੰਗੁਸ਼ਾਹੁ' ਕਹਿ ਨਾਮ ਬੁਲਾਯੋ ॥੪੩॥
'ਭੁਗਤਿ ਮੁਕਤਿ ਨਿਧ ਸਿਧਿ ਤੁਹਿ ਦੀਨੀ।
ਗ੍ਰਿਹਿ ਕੋ ਗਮਨੋ' ਆਗਜ਼ਾ ਕੀਨੀ।
'ਅਪਨੀ ਸੰਗਤਿ ਕੀਜਹਿ ਜਾਇ।
ਗੁਰ ਸਿੱਖੀ ਕੀ ਰੀਤਿ ਚਲਾਇ ॥੪੪॥
ਅਜ਼ਮਤ ਜੁਤਿ ਕਰਿ ਕੈ ਸੁ ਪਠਾਯੋ।
ਪਾਇ ਬਖਸ਼ ਪੁਨ ਸੀਸ ਨਿਵਾਯੋ[1]।
ਬਿਦਾ ਹੋਇ ਕਰਿ ਸਦਨ ਸਿਧਾਰਾ।
ਧਯਾਨ ਰਿਦੇ ਸਤਿਗੁਰ ਕੋ ਧਾਰਾ ॥੪੫॥
ਬਹੁ ਪ੍ਰਕਾਰ ਕੀ ਉਸਤਤਿ ਕਰਿ ਕੈ।
ਭਯੋ ਨਿਹਾਲ ਸੁ ਅਜ਼ਮਤ ਧਰਿ ਕੈ।
ਜਾਇ ਸਦਨ ਮਹਿਂ ਸੰਗਤਿ ਕੀਨਿ[1]।
ਸਤਿਗੁਰ ਨਾਮ ਜਪਾਵਨ ਦੀਨਿ[1] ॥੪੬॥
ਜਿਸ ਕੋ ਬਚਨ ਕਹੈ ਫੁਰ ਜਾਇ।
ਹੋਵਤਿ ਭਏ ਸਿੱਖ ਸਮੁਦਾਇ।
ਅਬਿ ਲਗ ਤਿਸ ਕੇ ਜਾਨੇ ਜਾਇਂ[1]।
ਕਵਿ ਸੰਤੋਖ ਸਿੰਘ ਪੂਰਨ ਧਯਾਇ ॥੪੭॥

[1]ਗੁਰੂ ਜੀ ਨੂੰ ਸੀਸ ਨਿਵਾਇਆ।

[1]ਸਤਿਸੰਗ ਬਣਾਇਆ।

[1]ਭਾਵ ਨਾਮ ਜਪਾਇਆ।

[1]ਹੁਣ ਤਕ ਗੰਗੂ ਦੀ ਸੰਪ੍ਰਦਾ ਦੇ ਲੋਕੀਂ ਉਸ ਤੋਂ ਜਾਣੇ ਜਾਂਦੇ ਹਨ। ਭਾਵ ਗੰਗੂ ਸ਼ਾਹੀ ਕਹਾਉਂਦੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੰਗੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਤੀ ਅੰਸੂ ॥੫੪॥

## ੫੫. [ਕਾਬਲ ਵਾਲੀ ਪਤਿਬ੍ਰਤ ਮਾਈ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਕਾਰ ਹੋਤਿ ਨਿਤਿ ਬਾਪਿਕਾ, ਕਰਹਿਂ ਪ੍ਰੇਮ ਸੋਂ ਦਾਸ।
ਕ੍ਰਿਪਾ ਦ੍ਰਿਸ਼ਟਿ ਜਿਸ ਕੋ ਪਿਖਿਤਿ, ਤਿਸ ਕੇ ਗ੍ਯਾਨ ਪ੍ਰਕਾਸ਼ ॥੧॥

ਚੌਪਈ:

ਲ੍ਯਾਇਂ ਈਂਟਕਾ ਕਰਦਮ[1] ਕਰਿ ਕੈ।
ਚੂਨਾ ਪ੍ਰਿਥਮ ਸ ਨੀਕ ਸੁਧਰਿ ਕੈ।
ਪੀਸਹਿਂ ਚਾਕੀ ਮਹਿਂ ਕਰਿ ਪ੍ਰੇਮ।
ਸਿਰ ਧਰਿ ਕਰਿ ਗਮਨਹਿਂ ਹਿਤ ਛੇਮ ॥੨॥

[1]ਗਾਰਾ।

ਕਿਸ ਕੋ ਕਿਮ ਕੋਈ ਨਹਿਂ ਕਹੈ[1]।
ਆਪੇ ਕਰਨ ਸੇਵ ਸ਼ੁਭ ਚਹੈਂ।
ਇਕ ਆਵਹਿਂ ਇਕ ਲੇ ਲੇ ਜਾਹਿਂ।
ਕਾਰੀਗਰ ਕੇ ਢਿਗ ਪਹੁਂਚਾਹਿਂ ॥੩॥

[1]ਕਿਸੇ ਨੂੰ ਕਿਸੇ ਤਰ੍ਹਾਂ ਕੋਈ ਕਹਿੰਦਾ ਨਹੀਂ।

ਜ੍ਯੋਂ ਜ੍ਯੋਂ ਕਰਹਿਂ ਪ੍ਰੀਤ ਸੋਂ ਸੇਵਾ।
ਤ੍ਯੋਂ ਤ੍ਯੋਂ ਲਖਿ ਸਭਿ ਕੀ ਗੁਰਦੇਵਾ।
ਪੂਰਹਿਂ ਮਨੋ ਕਾਮਨਾ ਤਿਨ ਕੀ।
ਬ੍ਯਾਪਕ ਜੋਤਿ ਸਭਿਨਿ ਮਹਿਂ ਜਿਨਕੀ ॥੪॥
ਏਕ ਸਿੱਖ ਕਾਬਲ ਮਹਿਂ ਰਹੈ।
ਪਤੀਬ੍ਰਤਾ ਇਸਤ੍ਰੀ ਜਿਸ ਅਹੈ।
ਪਤਿ ਮਹਿਂ ਪ੍ਰੇਮ ਜਾਮਨੀ ਦਿਨ ਮੈਂ।
ਫੁਰਹਿ ਨ ਅਪਰ ਪੁਰਸ਼ ਕੋ ਮਨ ਮੈਂ ॥੫॥
ਤਿਹ ਸਿੱਖ ਨੇ ਸਿੱਖੀ ਸੁ ਦ੍ਰਿੜ੍ਹਾਈ।
ਅਪਨਿ ਭਾਰਜਾ ਕੋ ਸੁਖਦਾਈ[1]।
ਪਤਿਬ੍ਰਿਤਿ ਤੇ ਤਿਹ ਸ਼ਕਤਿ ਬਿਸਾਲਾ।
ਜਹਿਂ ਚਾਹੈ ਪਹੁਂਚੈ ਤਤਕਾਲਾ ॥੬॥
ਕੋਸ ਹਜ਼ਾਰਹੁਂ ਘਟਿਕਾ ਮਾਂਹੀ।

[1]ਆਪਣੀ ਇਸਤ੍ਰੀ ਨੂੰ ਸੁਖਦਾਤੀ (ਸਿੱਖੀ ਦ੍ਰਿੜਾਈ)।

ਪਹੁੰਚਤਿ ਦੇਰ ਲਗਹਿ ਜਿਸ ਨਾਂਹੀ†। †ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧ੍ਯਾਯ ੩੯ ਅੰਕ ੬੦ ਦੀ ਹੇਠਲੀ ਟੂਕ।

ਇੱਤ੍ਯਾਦਿਕ ਸ਼ਕਤੀ ਕਹੁ ਧਾਰਤਿ।
ਸਦਾ ਪ੍ਰੇਮ ਪਤਿ ਸੋਂ ਪ੍ਰਤਿਪਾਰਤਿ[1] ॥੭॥ [1]ਪਾਲਦੀ ਹੈ, ਭਾਵ ਕਰਦੀ ਹੈ।
ਕਾਰ ਬਾਪਿਕਾ ਕੀ ਤਿਨ ਜਾਨੀ।
ਤ੍ਯਾਰ ਕਰਾਵਤਿ ਗੁਰ ਗੁਨ ਖਾਨੀ।
ਫਲ ਬਿਸਾਲ ਲਘੁ ਸੇਵਾ ਕੀਨੇ[1]। [1]ਫਲ ਬਹੁਤ ਪ੍ਰਾਪਤ ਹੁੰਦਾ ਹੈ ਥੋੜੀ ਸੇਵਾ ਕਰਨੇ ਕਰਕੇ ਹੀ।
ਕੌਨ ਤਜਹਿ ਅਸ[1] ਜਿਨ ਮਨ ਚੀਨੇ ॥੮॥ [1]ਐਸੀ (ਸੇਵਾ)।
ਸੋ ਸਿਖਨੀ ਕਾਬਲ ਤੇ ਆਵੈ।
ਪ੍ਰਾਤਿ ਹੋਤਿ[1] ਗੁਰ ਸੇਵ ਕਮਾਵੈ। [1]ਸਵੇਰ ਹੋਣ ਤੋਂ।
ਸਗਰੇ ਦਿਵਸ ਟਹਿਲ ਕੋ ਕਰਿਹੀ।
ਖਨਤੇ[1] ਕਾਰਿ ਸੁ ਵਹਿਰ ਨਿਕਰਿਹੀ ॥੯॥ [1]ਖੋਦਕੇ।
ਚੂੰਨਾ ਈਂਟ ਦੇਤਿ ਪਹੁੰਚਾਇ।
ਧਰੇ ਪ੍ਰੇਮ ਬਹੁ ਚੌਂਪ ਵਧਾਇ।
ਕਿਹ ਸੋਂ[1] ਕਰਹਿ ਬੋਲਬੋ ਨਾਂਹੀ। [1]ਕਿਸੇ ਨਾਲ ਵੀ।
ਸਤਿਗੁਰ ਚਰਨ ਧਰਹਿ ਉਰ ਮਾਂਹੀ ॥੧੦॥
ਪਰਹਿ ਨਿਸਾ ਹੁਇ ਅੰਤਰਧ੍ਯਾਨ।
ਨਿਜ ਘਰ ਕਾਬਲ ਕਰਹਿ ਪਯਾਨ।
ਖਾਨ ਪਾਨ ਸਭਿ† ਕੁਟੰਬ ਸਮੇਤ। †ਪਾ:-ਸੁ।
ਕਰਿ ਸੁਪਤਹਿ ਸੋ ਅਪਨ ਨਿਕੇਤ ॥੧੧॥
ਹੋਤਿ ਪ੍ਰਾਤਿ ਪੁਨ ਆਇ ਅਚਾਨਕ।
ਕਰਹਿ ਸੇਵ ਸਿਮਰਹਿ ਸ੍ਰੀ ਨਾਨਕ।
ਦੇਖਤਿ ਸਿੱਖ ਅਚੰਭੈ ਰਹੈਂ।
ਤਿਸ ਇਸਤ੍ਰੀ ਕੋ ਭੇਵ ਨ ਲਹੈਂ ॥੧੨॥
-ਸੇਵਾ ਕਰਤੀ ਹਾਥ ਪਸਾਰਹਿ।
ਪਲਨਾ ਕੋ[1] ਝੁਲਵਾਨ ਧਾਰਹਿ। [1]ਮਾਨੋਂ) ਪੰਘੂੜੇ ਨੂੰ।
ਬਹੁਰ ਕਾਰ ਕੋ ਕਰਹਿ ਬਨਾਇ।
ਪੁਨ ਘਟਿਕਾ ਮਹਿਂ ਦੇਤਿ ਝੁਲਾਇ[1] [1]ਇਕ ਘੜੀ ਪਿੱਛੋਂ ਇਕ ਝੂਟਾ ਦੇ ਦੇਂਦੀ ਸੀ (ਹੱਥ

॥ ੧੩ ॥ ਨਾਲ)।
ਕਹਿਂ ਤੇ[1] ਆਵੈ ਜਾਇ ਹਮੇਸ਼-? [1]ਕਿੱਥੋਂ।
ਨਹਿਂ ਜਾਨਹਿਂ ਸਭਿ ਬਿਸਮ ਵਿਸ਼ੇਸ਼।
ਦੂਜੇ ਹਾਥ ਪਸਾਰਤਿ ਹੇਰਹਿਂ।
ਲਖਹਿਂ ਨ ਗਤਿ ਆਚਰਜ ਬਡੇਰਹਿਂ ॥ ੧੪ ॥
ਬੂਝ ਨ ਸਕਹਿਂ ਪ੍ਰੇਮ ਸੋਂ ਸੇਵਹਿ।
ਕਰਹਿ ਕਾਰ ਕੋ ਲਖਹਿਂ ਨ ਭੇਵਹਿ[1]। [1]ਦੂਸਰੇ) ਭੇਤ ਨਹੀਂ ਸਮਝਦੇ। ਹੈ?
ਆਪਸ ਮਹਿਂ ਚਰਚਾ ਬਹੁ ਕਰਹਿਂ।
ਕਿਸਹੂੰ ਕੋ ਕੁਛ ਸਮਝ ਨ ਪਰਹਿ ॥ ੧੫ ॥
'ਅੰਤਰ ਬ੍ਰਿੱਤਿ ਇਕਾਗਰ ਸੁਰਤਿ।
ਕਾਰ ਕਰਨ ਮਹਿਂ ਧਰਤੀ ਫੁਰਤਿ[1]। [1]ਫੁਰਤੀ ਕਰਦੀ ਹੈ।
ਨਿਤ ਪ੍ਰਤਿ ਸੇਵਾ ਮਹਿਂ ਹਿਤਵਾਨੇ[1]। [1]ਪ੍ਰੇਮ ਕਰਦੀ ਹੈ।
ਬਿਨ ਆਲਸ ਉੱਦਮ ਬਹੁ ਠਾਨੇ' ॥ ੧੬ ॥
ਬਹੁਤ ਦਿਵਸ ਇਸ ਭਾਂਤਿ ਬਿਤਾਏ।
ਅਚਰਜ ਮਹਿਂ ਨਿਤਿ ਸਿਖ ਸਮੁਦਾਏ।
ਮਿਲਿ ਸਗਰੇ ਸਤਿਗੁਰ ਪਹਿ ਗਏ।
ਬਿਸਮਤਿ ਮਤਿ ਸੋਂ ਬੂਝਤਿ ਭਏ[1] ॥ ੧੭ ॥ [1]ਹੈਰਾਨ ਹੋਈ ਹੋਈ ਬੁੱਧੀ ਨਾਲ ਪੁਛਣ ਲੱਗੇ।
'ਹੇ ਪ੍ਰਭੁ ਜੀ ! ਆਵਤਿ ਇਕ ਮਾਈ।
ਮਿਲਤਿ ਸਭਿਨਿ ਮਹਿਂ ਕਾਰ ਕਮਾਈ।
ਜਾਮਨਿ ਮਹਿਂ ਅਲੋਪ ਹੁਇ ਜਾਇ।
ਸਭਿ ਕੇ ਦੇਖਤਿ ਦਿਖਤਿ ਨ ਕਾਇ ॥ ੧੮ ॥
ਪ੍ਰਾਤਿ ਹੋਤਿ ਪ੍ਰਗਟਤਿ ਪੁਨ ਤੈਸੇ[1]। [1]ਸਵੇਰ ਹੁੰਦਿਆਂ ਫੇਰ ਆਣ ਦਿਖਾਈ ਦਿੰਦੀ ਹੈ।
ਕਰਤਿ ਕਾਰ ਸਭਿ ਸਿੱਖਨ ਜੈਸੇ।
ਇਕ ਅਚਰਜ ਪੁਨ ਕਰਤਿ ਸੁ ਔਰ[†]। [†]ਪਾ:-ਕਰਤੀ ਔਰ।
ਕਾਰ ਕਰਤਿ ਬੈਠਤਿ ਜਿਸ ਠੌਰ ॥ ੧੯ ॥
ਹਾਥ ਪਸਾਰ ਸੰਕੋਚਤਿ ਫੇਰ[1]। [1]ਫੈਲਾਕੇ ਫੇਰ ਪਿਛੇ ਹਟਾ ਲੈਂਦੀ ਹੈ।
ਜਾਨਜੋ ਜਾਇ ਨ ਹਾਰੇ ਹੇਰਿ।
ਬਹੁਤ ਦਿਵਸ ਕੇ ਦੇਖਤਿ ਰਹੈਂ।
ਆਜੁ ਬੂਝਬੋ ਤੁਮ ਸੋ ਚਹੈਂ ॥ ੨੦ ॥

ਕੋ ਹੈ ਇਹੁ, ਕਿਹ ਪੁਰਿ ਘਰ ਬਸੈ[1]?
ਕਿਮਿ ਪਹੁੰਚਹਿ, ਅਰੁ ਕਿਮਿ ਨਹਿਂ ਦਿਸੈ?
ਕਰੁਨਾ ਕਰਹੁ ਬ੍ਰਿਤੰਤ ਬਤਾਵਹੁ।
ਸਭਿ ਸਿੱਖਜਨ ਮਨ ਭਰਮ ਮਿਟਾਵਹੁ' ॥੨੧॥

[1]ਕੌਣ ਹੈ ਇਹ, ਕਿਸ ਸ਼ਹਿਰ (ਤੇ ਕਿਸ) ਘਰ ਵੱਸਦੀ

ਸੁਨਿ ਸ਼੍ਰੀ ਅਮਰ ਦਾਸ ਤਿਨ ਸੰਗ।
ਕਰਜੋ ਸੁਨਾਵਨਿ ਸਰਬ ਪ੍ਰਸੰਗ।
'ਕਾਬਲ ਮਹਿਂ ਇਕ ਸਿਖ ਹੈ ਮੇਰੋ।
ਤਿਸ ਕੀ ਇਹੁ ਤ੍ਰਿਯ ਪ੍ਰੇਮ ਘਨੇਰੋ ॥੨੨॥

ਪਤੀਬ੍ਰਤਾ ਬਡਭਾਗਨਿ ਭਲੀ।
ਗੁਰ ਸੇਵਾ ਕੇ ਤਤਪਰ ਢੁਲੀ।
ਪਤਿ ਕੋ ਪਰਮੇਸ਼੍ਵਰ ਕਰਿ ਜਾਨੈ।
ਆਇਸੁ ਤਿਸਕੀ ਸਿਰ ਪਰ ਠਾਨੈ ॥੨੩॥

ਨਹਿਂ ਪਰ ਪੁਰਸ਼ ਫੁਰੈ ਮਨ ਮਾਂਹੀ।
ਸਦਾ ਪ੍ਰੇਮ ਨਿਜ ਪਤਿ ਕੇ ਮਾਂਹੀ।
ਰਿਦ ਮਹਿਂ ਧਜਾਨ ਗੁਰੁ ਕੋ ਧਾਰਤਿ।
ਬਾਹਰ ਕਿਸ ਕੋ ਨਾਂਹਿ ਉਚਾਰਤਿ[†] ॥੨੪॥

[†]ਤ੍ਰੈ ਲਿਖਤੀ ਨੁਸਖਿਆਂ ਵਿਚ ਇਹ ਦੋ ਸਤਰਾਂ ਨਹੀਂ ਹਨ। ਇਕ ਨੁਸਖੇ ਵਿੱਚ ਇਨ੍ਹਾਂ ਦੋ ਸਤਰਾਂ ਦੀ ਥਾਂ ਇਹ ਪਾਠ ਹੈਛ- ਸਿਮਰਣੁ ਸਤਜਨਾਮ ਸਦ ਕਰਤੀ। ਸੰਤਨਿ ਸੇਵਾ ਮੈਂ ਚਿਤ ਧਰਤੀ। ਤੇ ਇਕ ਛਾਪੇ ਦੇ ਨੁਸਖੇ ਵਿਚ ਇਥੇ ਦੋ ਤੁਕਾਂ ਹੋਰ ਵਾਧੂ ਹਨਛ-ਵਹੁ ਮੇਰੋ ਸਿਖ ਨਿਸਚੈਵਾਨ। ਗੁਰ ਸਿੱਖਨ ਸੋਂ ਪ੍ਰੇਮ ਮਹਾਂਨ।

ਤਿਹ ਸਿਖ ਨੇ ਗੁਰ ਸੇਵ ਬਤਾਈ[1]।

[1]ਤਿਸ (ਇਸਤ੍ਰੀ ਦੇ ਪਤੀ) ਸਿੱਖ ਨੇ (ਇਸਨੂੰ) ਗੁਰ ਸੇਵਾ ਦੱਸੀ।

ਪਤਿ ਸੇਵਤਿ ਇਨ ਸ਼ਕਤੀ ਪਾਈ।
ਨਿਜ ਇੱਛਾ ਗਾਮਨਿ ਭੀ[†] ਐਸੇ[1]।
ਸਿੱਧਾਂ ਯੁਤ ਹੋਵਤਿ ਸਿਧ ਜੈਸੇ ॥੨੫॥

[1]ਆਪਣੀ ਇੱਛਾ ਅਨੁਸਾਰ ਜਾਣ ਵਾਲੀ। [†]ਪਾ-ਭਾਈ।

ਆਇ ਪ੍ਰਾਤਿ ਕੋ ਸੇਵ ਕਮਾਵੈ।
ਹੋਤਿ ਸੰਝ ਕਾਬਲ ਘਰ ਜਾਵੈ।
ਸੁਤ ਕੋ ਪਲਨਾ ਪਰ ਪੌਢਾਵਹਿ[1]।
ਨਿਜ ਸ਼ਕਤੀ ਕਰ ਤਿਸਹਿ ਝੁਲਾਵਹਿ

[1]ਪੰਘੂੜੇ ਉਪਰ ਲਿਟਾ ਆਂਵਦੀ ਹੈ।

॥੨੬॥
ਕਾਬਲ ਤੇ ਜਬਿ ਚਲਿਬੇ ਲਾਗਹਿ।
ਪਲਨੇ ਪਰ ਨਿਜ ਸੁਤ ਕੋ ਤਜਾਗਹਿ।
ਬਾਪੀ ਕਾਰ ਕਰਹਿ ਤਿਸੁ ਜਾਨਹਿਂ[1]। [1]ਬਾਵਲੀ ਦੀ ਕਾਰ ਕਰਦੀ ਹੋਈ ਤਿਸ (ਪੁੱਤ੍ਰ ਦੀ ਦਸ਼ਾ) ਨੂੰ ਜਾਣਦੀ ਹੈ।
ਹਾਥ ਪਸਾਰ ਝੁਲਾਵਨ ਠਾਨਹਿਂ ॥੨੭॥
ਕਰਤੀ ਕਾਰ ਪਸਾਰਹਿ ਕਰ ਕੋ।
ਸ਼ਕਤਿ ਸਮੇਤ ਝੁਲਾਵਨ ਕਰਿ ਕੋ।
ਇਸ ਥਲ ਤੇ ਨਿਜ ਪੁੱਤ੍ਰ ਲਡਾਵੈ[1]। [1]ਲਡੌਂਦੀ ਹੈ।
ਸਹਤ ਪ੍ਰੇਮ ਕੇ ਕਾਰ ਕਮਾਵੈ ॥੨੮॥
ਨਿਸ ਮਹਿਂ ਘਰ ਕੋ ਜਾਇ ਸੰਭਾਰੈ।
ਸੁਤ ਪਤਿ ਸੋਂ ਮਿਲਿ ਆਨੰਦ ਧਾਰੈ।
ਪਤਿਬ੍ਰਤਿ ਸਮ ਨਹਿਂ ਧਰਮ ਔਰ ਤ੍ਰਿਯ।
ਜਿਸ ਤੇ ਮਹਾਂ ਸ਼ਕਤਿ ਧਾਰਤਿ ਹਿਯ ॥੨੯॥
ਪਤਿਬਰਤਾ ਪੂਰਬ ਭੀ ਦਾਰਾ।
ਜਿਨਿ ਕੀਨਸਿ ਦਸ ਦਿਨ ਅੰਧਯਾਰਾ।
ਸੂਰਜ ਉਦੈ ਹੋਨ ਨਹਿਂ ਦਯੋ।
ਸ਼ਕਤਿ ਮਹਾਂ ਬਲ ਏਤਿਕ ਥਯੋ[1] ॥੩੦॥ [1]ਇਤਨੀ ਹੋਈ।
ਸੁਨਿ ਸੰਗਤਿ ਨੇ ਬੂਝੀ ਕਥਾ।
'ਸ਼੍ਰੀ ਗੁਰ ਭਨਹੁ ਪ੍ਰਥਮ ਭਈ ਜਥਾ।'
ਸੁਨਿ ਸ਼੍ਰੀ ਅਮਰਦਾਸ ਤਬਿ ਕਹਜੋ।
'ਇਕ ਮੁਨਿ ਮਾਂਡਵ ਤਪੁ ਕਰਿ ਰਹਜੋ ॥੩੧।
ਤਸਕਰ ਨ੍ਰਿਪ ਕੀ ਕਰੀ ਸਤੇਈ[1]। [1]ਚੋਰ ਨੇ ਰਾਜੇ ਦੀ ਚੋਰੀ ਕੀਤੀ।
ਚਲੇ ਜਾਤਿ ਰਿਖਿ ਦੇਖਹਿਂ ਤੇਈ[1]। [1]ਉਨ੍ਹਾਂ (ਚੋਰਾਂ) ਨੇ ਰਿਖੀ ਵੇਖਿਆ।
ਏਕ ਹਾਰ ਬਹੁ ਮੋਲ ਹੁਤੋ ਜਿਹ।
ਰਿਖਿ ਕੋ ਜਾਨਿ ਅਰਪ ਦੀਨਸਿ ਤਿਹ ॥੩੨॥
ਤਸਕਰ ਗਏ ਆਪਨੇ ਸਦਨ।
ਬੈਠਜੋ ਮੁਨੀ ਸਮਾਧਹਿ ਮਗਨ।
ਇਤਨੇ ਮਹਿਂ ਨ੍ਰਿਪ ਕੇ ਭਟ[1] ਆਏ। [1]ਸੂਰਮੇ।

ਦੇਖਿ ਹਾਰ ਮੁਨਿ ਗਹ੍ਯੋ ਉਠਾਏ ॥੩੩॥
ਕਹਿ ਬਹੁ ਰਹ੍ਯੋ ਨ ਮਾਨੀ ਕਾਹੂ।
ਤਸਕਰ ਲਖਿ ਸੂਲੀ ਦਿਯ ਤਾਂਹੂ।
ਤਪ ਕੇ ਬਲ ਕਰਿ ਮਰ੍ਯੋ ਨ ਸੋਊ।
ਧਰਮਰਾਇ ਸੋਂ ਕ੍ਰੁੱਧਤਿ ਹੋਊ ॥੩੪॥
-ਇਹੁ ਅਨਜਾਇ ਕਰ੍ਯੋ ਮਤਮੰਦ!
ਤੁਝ ਕੋ ਦੈਹੌਂ ਸ੍ਰਾਪ ਬਿਲੰਦ।
ਸਗਰੀ ਆਰਬਲਾ ਤਪ ਤਾਯੋ।
ਬਿਨ ਅਘ ਸੂਲੀ ਮੋਹਿ ਚੜ੍ਹਾਯੋ- ॥੩੫॥
ਜਮ ਤਬਿ ਆਇ ਮੁਨੀ ਸੋਂ ਕਹ੍ਯੋ।
-ਪੂਰਬ ਕਰਮ ਕੇਰ ਫਲ ਲਹ੍ਯੋ।
ਆਰਬਲਾ ਬਾਲਕ ਮਹਿਂ ਧਰੀ[1]। [1](ਜਦ ਤੂੰ) ਧਾਰੀ ਸੀ। (ਅ) ਫੜਕੇ।
ਸੂਲ ਸੰਗ ਭ੍ਰਿੜ ਬੇਧਨ ਕਰੀ[1] ॥੩੬॥ [1]ਕੰਡੇ ਨਾਲ (ਤੂੰ) ਅੱਕ ਦਾ ਟਿੱਡਾ (ਯਾ ਭੂੰਡ) ਵਿੰਨ੍ਹ ਦਿੱਤਾ ਸੀ।

ਤਿਸ ਤੇ ਸੂਲੀ ਤੋ ਕੋ ਹੋਈ-।
ਸੁਨਿ ਮੁਨਿ ਬੋਲ੍ਯੋ -ਨਜਾਇ ਨ ਕੋਈ।
ਬਾਲਕ ਬਯ ਸੁਧਿ ਬਿਨੁ ਜਬਿ ਰਹੈ।
ਕਰਹਿ ਕਰਮ, ਕਿਮਿ ਤਿਹ ਫਲ ਲਹੈ?
॥੩੭॥
ਕਰਹੁ ਮ੍ਰਿਜਾਦ ਆਜ ਤੇ ਐਸੀ।
ਧਰਮਰਾਇ! ਮੈਂ ਭਾਖੋਂ ਜੈਸੀ।
ਬਾਲਕ ਬਯ ਹੋਇ ਨ ਸੁਧਿ ਮਾਂਹੀ।
ਕਰਹਿ ਕਰਮ ਫਲ ਪਾਇ ਸੁ ਨਾਂਹੀ-
॥੩੮॥
ਮੁਨਿ ਮਾਂਡਵ ਸੂਲੀ ਪਰ ਰਹ੍ਯੋ[1]। [1]ਤੇ (ਚੜ੍ਹਿਆ) ਹੋਇਆ ਸੀ।
ਇੱਕ ਪਤਿਬ੍ਰਤਾ† ਤਾਂਹਿ ਨ ਲਹ੍ਯੋ[1]। [1]ਇਕ ਪਤਿਬ੍ਰਤਾ ਸੀ ਤਿਸਨੇ ਨਾ ਵੇਖਿਆ। †ਜਿਸਦਾ ਨਾਮ ਸੱਤਜਵਤੀ ਦੱਸੀਦਾ ਹੈ।

ਪਿੰਗਲ ਪਤਿ ਕੋ ਸੀਸ ਉਠਾਏ।
ਚਲਤ੍ਯੋ ਸੂਲੀ ਸੰਗ ਲਗਾਏ ॥੩੯॥
ਹੁਤੋ ਤਿਮਰ ਨਹਿਂ ਦੇਖ੍ਯੋ ਗਯੋ।
ਹਲਿ ਕਰਿ[1] ਮੁਨੀ ਦੁਖ੍ਯੋ ਰਿਸ ਭਯੋ। [1]ਹਿਲ ਕਰਕੇ।
ਦਿਯੋ ਸ੍ਰਾਪ -ਰਵਿ ਉਦਯਤਿ ਸਾਥ।
ਮਰਹਿ[1] ਉਠਾਯੋ ਜੋ ਨਿਜ ਨਾਥ- ॥੪੦॥ [1]ਮਰ ਜਾਵੇਗਾ।

ਸੁਨਿ ਪਤਿੱਬ੍ਰਤਾ ਬਹੁ ਦੁਖ ਪਾਵਾ।
-ਬਿਨ ਜਾਨੇ ਮੈਂ ਤੋਹਿ ਛੁਵਾਵਾ।
ਹੋਇ ਪ੍ਰਾਤਿ, ਪਤਿ ਮਮ ਮਰਿ ਜਾਇ।
ਯਾਂ ਤੇ ਨਹਿਂ ਸੂਰਜ ਨਿਕਸਾਇ ॥੪੧॥
ਜੋ ਮੇਰੋ ਪਤਿ ਮਰਜੋ ਜਿਵਾਵੈ।
ਮਾਰਤੰਡ[1] ਕੋ ਸੋ ਉਦਤਾਵੈ-। [1]ਸੂਰਜ ਨੂੰ।
ਇਮਿ ਪਤਿਬ੍ਰੱਤਾ ਨੇ ਜਬਿ ਕਹਜੋ।
ਉਦਜੋ ਨ ਰਵਿ ਤਮ ਦਹਿਦਿਸ਼ ਰਹਜੋ ॥੪੨॥
ਦਸ ਦਿਨ ਬੀਤ ਗਏ ਇਸ ਭਾਂਤੀ।
ਸਗਰੋ ਜਗਤ ਭਯੋ ਬਿਕੁਲਾਤੀ[1]। [1]ਬਿਆਕੁਲ।
ਸਰਬ ਸੁਰਨਿ ਤਬਿ ਕੀਨਿ ਉਪਾਇ।
ਤਿਸਿ ਕੋ ਪਤਿ ਮਿਲਿ ਦਯੋ[†] ਜਿਵਾਇ[1] ॥੪੩॥ [1]ਮਿਲਕੇ ਜਿਵਾ ਦਿੱਤਾ। [†]ਪਾ:-ਦੇਹੁ।
ਇਮਿ ਪਤਿਬ੍ਰਤਾ ਬਿਖੈ ਬਹੁ ਬਲ ਹੈ।
ਧਰੇ ਸ਼ਕਤਿ ਗਮਨੈ ਸਭਿ ਥਲ ਹੈ।
ਯਾਂ ਤੇ ਕਾਬਲ ਤੇ ਚਲਿ ਆਈ।
ਇਕ ਪਤਿਬ੍ਰਤਿ, ਪੁਨ ਸੇਵ ਕਮਾਈ ॥੪੪॥
ਸਤਿਗੁਰ ਧ੍ਯਾਨ ਧਰਹਿ ਦਿਨ ਰੈਨ।
ਭਈ ਅਧਿਕ ਸ਼ਕਤੀਗਨ ਐਨ[1]। [1]ਭਾਵ ਸਾਰੀਆਂ ਸ਼ਕਤੀਆਂ ਦਾ ਘਰ।
ਗ੍ਰਿਹਸਤਿ ਬਿਖੈ ਜੇ ਭਗਤਿ ਕਰੰਤੇ।
ਗੁਰ ਸੇਵਹਿਂ ਪ੍ਰਭੁ ਕੋ ਸਿਮਰੰਤੇ ॥੪੫॥
ਤਿਨ ਸਮਾਨ ਦੂਸਰ ਨਹਿਂ ਹੋਇ।'
ਸੁਨਿ ਗੁਰ ਤੇ ਹਰਖੇ ਸਭਿ ਕੋਇ।
'ਧੰਨ ਧੰਨ ਤੁਮ ਪ੍ਰਭੂ ਕ੍ਰਿਪਾਲੂ!
ਦਾਤਾ ਸ਼ਕਤੀ ਬ੍ਰਿੰਦ ਬਿਸਾਲੂ ॥੪੬॥
ਪੁਨ ਸੋ ਮਾਈ ਨਿਕਟਿ ਹਕਾਰੀ।
ਕਰੀ ਨਿਹਾਲ ਸੁ ਗਿਰਾ ਉਚਾਰੀ।
'ਆਤਮਗ੍ਯਾਨ ਦੰਪਤੀ ਪਾਵਹੁ।
ਅੰਤ ਸਮੈ ਮੁਝ ਸੋਂ ਮਿਲ ਜਾਵਹੁ' ॥੪੭॥
ਇਮਿ ਪ੍ਰਸੰਗ ਤਿਸਿ ਮਾਈ ਕੇਰਾ।

ਕਰਜੋ ਉਧਾਰ ਪਰਮ ਸੁਖ ਹੇਰਾ।
ਸਤਿਗੁਰ ਸਕਲ ਸ਼ਕਤਿ ਕੋ ਦਾਤਾ।
ਸਿਖ ਸੰਗਤਿ ਸਭਿਹਿਨਿ ਮਨ ਜਾਤਾ
॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਤਿਬ੍ਰੱਤਾ ਮਾਈ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

# ੫੬. [ਸਿੱਖਾਂ ਦਾ ਪ੍ਰਸ਼ਨ ਕਿ ਗੱਦੀ ਤੇ ਸ੍ਰੀ ਰਾਮਦਾਸ ਜੀ ਜਾਂ ਕਿ ਰਾਮਾ ਜੀ ਬੈਠਣਗੇ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਸ਼੍ਰੀ ਸਤਿਗੁਰ ਉਪਕਾਰ ਹਿਤ, ਤੀਰਥ ਰਚੵੋ ਬਿਸਾਲ।
ਕਰੀ ਟਹਿਲ ਜਿਨਿ ਪ੍ਰੇਮ ਧਰਿ, ਸੇ ਸਭਿ ਕਰੇ ਨਿਹਾਲ ॥੧॥

ਚੌਪਈ:

ਸਤਿਗੁਰ ਪੌਰ ਮੁਕਤਿ ਕੋ ਦ੍ਵਾਰਾ।
ਧਰਿ ਪ੍ਰਤੀਤ ਇਮਿ ਠਾਨਤਿ ਕਾਰਾ।
ਰਾਖੵੋ ਖੋਲ ਮੁਕਤਿ† ਭੰਡਾਰੂ। — †ਪਾ:-ਭਗਤਿ।
ਜਯੋਂ ਜਯੋਂ ਬਖਸ਼ਤਿ ਹੋਤਿ ਉਦਾਰੂ ॥੨॥
ਸ਼੍ਰੀ ਗੁਰ ਅਮਰ, ਕਿ ਦੇਵ ਤਰੋਵਰੁ[1]। — [1]ਕਲਪ ਬ੍ਰਿਛ।
ਬਡ ਪ੍ਰਤਾਪ ਬਿਸਤਾਰ ਬਰੋਵਰ[1]। — [1]ਬ੍ਰਿਛ ਦੇ) ਵਿਸਥਾਰ ਵਾਂਙੂ ਬੇੜਾ ਸ਼੍ਰੇਸ਼ਟ ਪ੍ਰਤਾਪ ਹੈ।
ਆਲ ਬਾਲ[1] ਸਤਿਸੰਗਤਿ ਸੋਹੈ। — [1]ਬ੍ਰਿਛ ਦਾ ਦੌਰ, ਘੇਰਾ।
ਸ਼ੁਭ ਗੁਨ ਗਨ ਦਲ[1] ਸੰਕੁਲ[2] ਸੋਹੈ ॥੩॥ — [1]ਪੱਤੀਆਂ। [2]ਸਮੂਹ, ਸਾਰੇ, ਘਣੇ।
ਬਿਸ਼ਿਯਨ ਤੇ ਬਿਰਾਗ ਜਿਸ ਛਾਯਾ।
ਬ੍ਰਹਮਗਜਾਨੀ ਦੇਵਨ ਕੋ ਭਾਯਾ[1]। — [1]ਬ੍ਰਹਮ ਗਿਆਨੀ ਰੂਪੀ ਦੇਵਤਿਆਂ ਨੂੰ ਚੰਗਾ ਲਗਣਾ (ਫਲ)।
ਸ਼੍ਰੀ ਸਤਿਗੁਰ ਪਗ ਪੰਕਜ ਸੇਵਾ।
ਇਹੀ ਬੀਜ ਉਪਜਨਿ ਸ਼ੁਭ ਭੇਵਾ ॥੪॥
ਭਗਤੀ ਤੁਚਾ[1] ਕਰਤਿ ਦ੍ਰਿੜ ਰਾਖਾ। — [1]ਛਿਲ।
ਜਹਿਂ ਕਹਿਂ ਸਿੱਖੀ ਦੀਰਘ ਸਾਖਾ[1]। — [1]ਟਾਹਣੀਆਂ।
ਸੱਤਾਸਤ ਬਿਬੇਕ[1] ਸ਼ੁਭ ਸੁਮਨਸ[2]। — [1]ਸੱਤ ਅਸੱਤ ਦਾ ਵਿਚਾਰ। [2]ਚੰਗੇ ਫੁਲ ਹਨ।
ਚਾਹਤਿ ਰਹਤਿ ਭਗਤਿ ਗਨਸੁ ਮਨਸ[1] ॥੫॥ — [1]ਅਪਨੇ ਮਨ ਵਿਚ ਸਾਰੇ ਭਗਤ ਚਾਹੁੰਦੇ ਰਹਿੰਦੇ ਹਨ।
ਜਾਚਕ ਸਿੱਖਯ ਅਨੇਕ ਜਿ ਆਵਤਿ।
ਮਨੋਕਾਮਨਾ ਤਤਛਿਨ ਪਾਵਤਿ।
ਜਿਨ ਕੇ ਬਡੇ ਭਾਗ ਜਗ ਜਾਗੇ।
ਸੋ ਗੁਰ ਸੁਰ ਤਰੁਵਰੁ੧ ਅਨੁਰਾਗੇ ॥੬॥
ਕੋਸ਼ ਅਤੋਟ ਦੇਤਿ ਨਿਤਿ ਰਹੈਂ।
ਦੋਨਹੁ ਹਾਥਨ ਬਾਂਟਤਿ ਅਹੈਂ।
ਜਗਤਿ ਬਿਦਤਿ ਅਜ਼ਮਤਿ ਕੇ ਦਾਤਾ।

ਭੁਗਤਿ ਮੁਕਤਿ ਲੇ ਜਿਨਹੁਂ ਪਛਾਤਾ ॥੭॥
ਅਧਿਕ ਕ੍ਰਿਪਾਲ ਨ ਦੁਖ ਦਿਖ ਸੱਕਈਂ।
ਸੰਸੈ ਨਾਸ਼ੈਂ ਜਿਸ ਦਿਸ਼ ਤੱਕਈਂ।
ਕੌਨ ਕੌਨ ਗੁਨ ਬਰਨਨ ਕਰੌਂ।
ਸੁਜਸ ਬਿਸਾਲ ਬੁਧਿ ਲਘੁ ਧਰੌਂ[1] ॥੮॥
ਬਨਹਿ ਬੰਦਨਾ ਪਦ ਅਰਬਿੰਦਾ।
ਬੰਸ ਪ੍ਰਕਾਸ਼ਕ ਚੰਦ ਮਨਿੰਦਾ।
ਧਰਿ ਪ੍ਰਤੀਤਿ ਜੇ ਕਾਰ ਕਮਾਵੈਂ।
ਭੁਗਤਿ ਰੁ ਮੁਕਤਿ ਮਜੂਰੀ ਪਾਵੈਂ ॥੯॥
ਅਸ ਸਤਿਗੁਰ ਜਿਨ ਸੇਵਜੋ ਨਾਂਹਿ।
ਜਨਮ ਬਾਦ ਤਿਨ ਕੋ ਜਗ ਮਾਂਹਿ।
ਏਕ ਪਲਕ ਮੈਂ ਕਰਹਿਂ ਨਿਹਾਲ।
ਕੋਟ ਜਨਮ ਕੋ ਕਾਟਹਿਂ ਕਾਲ ॥੧੦॥
ਅਲਪ ਸੇਵ ਤੇ ਪਰਮ ਪ੍ਰਸੰਨ।
ਕਰਤਿ ਸੁਰਨਿ ਤੇ ਭੀ ਬਡ ਧੰਨ!
-ਹਮ ਤੇ ਹੋਵਹਿਂ ਸਿਖ ਪਸ਼ਚਾਤੀ-।
ਤਿਨ ਕੀ ਪ੍ਰੀਤਿ ਅਗਾਊ ਜਾਤੀ[1] ॥੧੧॥
-ਪ੍ਰਾਪਤ ਹੁਇ ਕੱਲਜਾਨ ਮਹਾਂਨ-।
ਤਿਨ ਹਿਤ ਬਾਪੀ ਰਚੀ ਸੁਜਾਨ।
ਚਹੁਂ ਜੁਗ ਮਹਿਂ ਗੁਰ ਸਮ ਉਪਕਾਰੀ।
ਸੁਨਜੋ ਨਹੀਂ ਨਹਿਂ ਕਿਨਹੁਂ ਉਚਾਰੀ ॥੧੨॥
ਅਸ ਗੁਰ ਕੋ ਸਿਮਰਹਿਂ ਜੇ ਨਾਂਹੀ।
ਤਿਨ ਸਮ ਤੋਟਾ ਨਹਿਂ ਜਗ ਮਾਂਹੀ।
ਕਰਹਿਂ ਬਾਪਿਕਾ ਟਹਿਲ ਬਿਸਾਲਾ।
ਧਰਹਿਂ ਚੌਂਪ ਚਿਤ ਜੇ ਸਿਖ ਜਾਲਾ ॥੧੩॥
ਬਹਤ ਨਰਨ ਕੀ ਹੁਇ ਨਿਤਿ ਭੀਰ।
ਦੇਗ ਬਿਖੈ ਅਚਿ ਭੋਜਨ ਨੀਰ।
ਪਾਕ ਸਿੱਧ[1] ਸਿੱਖ ਬਹੁਤੇ ਕਰੈਂ।
ਅੰਨ ਅਨੇਕ ਆਨਿ ਕਰਿ ਧਰੈਂ ॥੧੪॥

[1]ਮੇਰੀ ਮਤ ਥੋੜੀ ਹੈ।

[1]ਜਾਣ ਲਈ।

[1]ਲੰਗਰ ਤਿਆਰ।

ਪ੍ਰਾਤਿ ਹੇਤ ਨਿਸ ਰਾਖਹਿਂ ਨਾਂਹੀ।
ਲੇਹਿਂ ਤਿਤਕ ਜੇਤਿਕ ਨਰ ਖਾਂਹੀ।
ਭੋਜਨ ਹੋਹਿ ਹਜ਼ਾਰਨ ਕੇਰਾ।
ਦੇਹਿਂ ਸਭਿਨਿ, ਪਰ ਆਪ ਨ ਹੇਰਾ[1] ॥੧੫॥

[1]ਪਰਾਇਆ ਆਪਣਾ ਨਹੀਂ ਦੇਖਦੇ।

ਪ੍ਰਿਥਮ ਸਤਿਗੁਰੂ ਪੰਕਤਿ ਲਾਇ।
ਲਵਨ ਬਿਹੀਨ ਓਗਰਾ ਖਾਇਂ।
ਸੰਗਤਿ ਕੋ ਅਹਾਰ ਸਭਿ ਭਾਂਤਿ।
ਸ੍ਵਾਦ ਸਰਸ[1] ਹੁਇ ਪਹਤਿ ਰੁ ਭਾਤਿ[2] ॥੧੬॥

[1]ਰਸਦਾਇਕ, ਰਸ ਵਾਲਾ। [2]ਦਾਲ ਤੇ ਚਾਵਲ।

ਅਪਰ ਸਲਵਣ ਅਨੇਕ ਪ੍ਰਕਾਰਾ।
ਗੋਧੁਮ ਚੂਨ[1] ਪਕਾਇਂ ਅਹਾਰਾ।
ਸੁੰਦਰ ਮਧੁਰ ਬਨਾਵਹਿਂ ਕਿਤੋ।
ਆਇ ਜਾਇ ਨਰ ਖਾਇਸਿ ਜਿਤੋ ॥੧੭॥

[1]ਕਣਕ ਦਾ ਆਟਾ।

ਬਰਤਨ ਲਗਹਿ ਦਿਵਸੁ ਮੱਧਜਾਨ[1]।
ਨਿਸਾ ਜਾਮ ਲਗ ਲੇ ਕੋ ਆਨਿ[1]।
ਕੋਇ ਨ ਅਟਕਾਵਹਿ ਤਹਿਂ ਜਾਂ ਤੇ[1]।
ਤ੍ਰਿਪਤਿ ਹੋਹਿਂ ਨਰ ਲੇ ਸਭਿ ਖਾਤੇ ॥੧੮॥

[1]ਦੁਪਹਿਰ ਵੇਲੇ ਤੋਂ।
[1]ਕੋਈ ਆਣ ਕੇ ਲਵੇ।
[1]ਲੰਗਰ ਵਿਚ) ਜਾਂਦਿਆਂ।

ਨਿਤਪ੍ਰਤਿ ਸਤਿਗੁਰ ਦੇਗ ਚਲਾਵੈਂ।
ਹੋਹਿਂ ਛੁਧਾਤੁਰ ਸਭਿ ਕੋ ਖਾਵੈ।
ਕਾਰ ਕਰਹਿਂ ਬਾਪੀ ਨਰ ਜੇਈ।
ਇਕ ਪੰਕਤਿ ਕਰਿ ਅਚਵਹਿਂ ਤੇਈ ॥੧੯॥

ਜੁਗ ਤਨਿਯਾ[1] ਸ਼੍ਰੀ ਗੁਰ ਕੇ ਹੁਤੀ।
ਬਡਿਭਾਗਾ ਭਗਤਨਿ ਸ਼ੁਭ ਮਤੀ[1]।

[1]ਸਪੁੱਤ੍ਰੀਆਂ।
[1]ਬੜੇ ਭਾਗਾਂ ਵਾਲੀਆਂ, ਭਗਤੀ ਵਾਲੀਆਂ, ਤੇ ਸ਼ੁਭ ਬੁੱਧੀ ਵਾਲੀਆਂ।

ਇਕ ਕੋ ਪਤਿ ਰਾਮਾ ਤਿਸ ਨਾਮਾ।
ਰਾਮਦਾਸ ਦੂਸਰ ਅਭਿਰਾਮਾ ॥੨੦॥
ਸਤਿਗੁਰ ਬਿਖੈ ਭਾਵਨਾ ਭਾਰੀ।
ਸੇਵਾ ਕਰਹਿਂ ਅਨੇਕ ਪ੍ਰਕਾਰੀ।

ਕਾਰ ਬਾਪਿਕਾ ਕੀ ਮਿਲਿ ਦੋਊ।
ਕਰਤਿ ਆਪ ਕਰਿਵਾਵਤਿ ਸੋਊ ॥੨੧॥
ਰਾਮਦਾਸ ਜੀ ਸੰਝ ਸੁਵੇਰ।
ਕਰਹਿਂ ਟੋਕਰੇ ਇਕ ਥਲ ਹੇਰਿ।
ਕਰਿ ਕੈ ਕਾਰ ਅਪਰ ਹਟਿ ਜਾਇਂ।
ਕਹੀ ਆਦਿ ਸਭਿ ਕਰਿ[1] ਇਕ ਥਾਇ ॥੨੨॥
ਧਰਹਿਂ ਸੰਭਾਰਿ ਸਕਲ ਪਸ਼ਚਾਤੀ।
ਆਨਿ ਦੇਤਿ ਜਬਿ ਹੋਵਤਿ ਪ੍ਰਾਤੀ।
ਕਾਰੀਗਰ ਨਿਜ ਸਾਧਨ[1] ਸਾਰੇ।
ਤਿਸੀ ਰੀਤਿ ਤਿਨ ਕੋ ਸੰਭਾਰੈ ॥੨੩॥
ਅਤਿ ਪ੍ਰਤੀਤ ਅਤਿ ਪ੍ਰੀਤ ਧਰੰਤਾ।
ਸ਼੍ਰੀ ਸਤਿਗੁਰ ਕੀ ਸੇਵ ਕਰੰਤਾ।
ਤੈਸੇ ਰਾਮਾ ਦੂਸਰ ਜੋਇ।
ਕਾਰ ਬਾਪਿਕਾ[1] ਲਾਗਜੋ ਸੋਇ ॥੨੪॥
ਕਰਹਿ ਆਪ ਅਰੁ ਕਹਿ ਕਰਿਵਾਵੈ।
ਸੇਵਾ ਲਗਜੋ ਨਹੀਂ ਅਲਸਾਵੈ।
ਦੋਨਹੁ ਪਰ ਸਤਿਗੁਰ ਹਿਤ ਕਰੈਂ।
ਅਪਨੇ ਭਗਤਿ ਜਾਨਿ ਉਰ ਧਰੈਂ ॥੨੫॥
ਤਿਨ ਦੋਨੋ ਕਹੁ ਦੇਖਤਿ ਸਾਰੇ।
ਕਰਹਿਂ ਪਰਸਪਰ ਬਾਦ ਉਚਾਰੇ।
ਕੋ ਇਕ ਸਿਖ ਇਮਿ ਕਹੈ ਬਨਾਇ।
'ਰਾਮੇ ਪਰ ਗੁਰ ਹਿਤ ਅਧਿਕਾਇ ॥੨੬॥
ਨਿਜ ਗਾਦੀ ਪਰ ਦੇਹਿਂ ਬਿਠਾਈ।
ਰਾਮਾ ਲੇਹਿ ਜਗਤ ਗੁਰਿਆਈ।
ਨਿਸਦਿਨੁ ਆਇਸੁ ਬਿਖੈ ਚਲੰਤਾ।
ਕਰਤਿ ਸੇਵ ਕੋ ਨਹਿਂ ਅਲਸੰਤਾ' ॥੨੭॥
ਕੇਚਿਤ[1] ਕਹੈਂ ਸਿੱਖ ਪਿਖ ਤੌਰ।
'ਰਾਮਦਾਸ ਪਾਵਹਿ ਗੁਰ ਠੌਰ[1]।
ਇਨ ਪਰ ਗੁਰ ਕੀ ਖੁਸ਼ੀ ਘਨੇਰੀ।
ਰਿਦੈ ਗਰੀਬੀ ਨਿਤ ਬਹੁਤੇਰੀ ॥੨੮॥

[1]ਸ਼੍ਰੀ ਰਾਮਦਾਸ ਜੀ) ਇਕ ਥਾਂ ਕਰਕੇ।

[1]ਹਥਿਆਰ।

[1]ਬਾਵਲੀ ਦੀ।

[1]ਕਈ।

[1]ਗੁਰਾਂ ਦੀ ਜਗਾ ਭਾਵ ਗੱਦੀ।

ਆਪਾ ਕਬਹੁ ਜਨਾਵਹਿਂ ਨਾਂਹੀ।
ਨਿਸ ਦਿਨ ਹਿਤ ਅਤਿ ਸੇਵਾ ਮਾਂਹੀ।
ਇਨਿ ਦਿਸ਼ ਦਿਖਿ ਗੁਰ ਉਰ ਹਰਖੰਤੇ।
ਸੇਵਾ ਕੇ ਬਸਿ ਬਿਰਦ ਧਰੰਤੇ' ॥੨੯॥
ਇਮਿ ਆਪਸ ਮਹਿਂ ਬਾਦਤਿ ਰਹਹੀਂ[1]।
ਦੋਨਹੁਂ ਦਿਸ਼ ਕੇ ਹਿਤ ਕੀ ਕਹਿਹੀਂ।
ਤਊ ਬਹੁਤ ਜੇ ਸਿੱਖ ਮਹਾਂਨੇ।
ਸਤਿਗੁਰ ਭੇਦ ਰਿਦੇ ਕੋ ਜਾਨੇ ॥੩੦॥
-ਦੇਖਿ ਗਰੀਬੀ ਪ੍ਰੀਤਿ ਸੁਭਾਊ।
ਕਰਨ ਪ੍ਰਤੀਤਿ, ਧਰਨਿ ਉਰ ਭਾਊ।
ਧੀਰਜ, ਖਿਮਾਂ ਆਦਿ ਗੁਣ ਸਾਰੇ।
ਜਿਨਿ ਤੇ ਗੁਰ ਪ੍ਰਸੰਨਤਾ ਧਾਰੇਂ ॥੩੧॥
ਸੋ ਲਖਿ ਰਾਮਦਾਸ ਮਹਿਂ ਆਛੇ-।
ਕਹੈਂ ਬਹੁਤੁ 'ਹੁਇ ਇਹੁ ਗੁਰ ਪਾਛੇ।
ਅਰ ਪ੍ਰਸੰਨਤਾ ਗੁਰ ਕੀ ਦੇਖੈਂ।
ਇਨ ਪਰ ਸਦ ਹੀ ਹੋਤਿ ਵਿਸ਼ੇਖੈ' ॥੩੨॥
ਅਸ ਅਨੁਮਾਨ ਕਰਤਿ ਸਿਖ ਬ੍ਰਿੰਦਹਿਂ।
ਧਾਰਤਿ ਰਿਦੇ ਸੰਦੇਹ ਬਿਲੰਦਹਿ।
ਇਕ ਦਿਨ ਸਤਿਗੁਰ ਕੇ ਸਭਿ ਤੀਰ।
ਦਰਸ਼ਨ ਕਰਤਿ ਭਈ ਸਿਖ ਭੀਰ ॥੩੩॥
ਹੁਤੇ ਮੁੱਖਜ ਕੇਚਿਤ ਤਿਨ ਮਾਂਹੂ।
ਸੋ ਬੋਲੇ ਸ਼੍ਰੀ ਸਤਿਗੁਰ ਪਾਹੂ।
ਹਾਥ ਜੋਰਿ ਕਰਿ ਬਿਨਤੀ ਠਾਨੀ।
'ਸਰਬਗ ਆਪ ਸਦਾ ਗੁਨਖਾਨੀ ॥੩੪॥
ਕਿਹ ਸੋਂ ਨਹੀਂ ਸਨੇਹ ਤੁਮਾਰਾ।
ਕੇਵਲ ਸੇਵਕ ਬਸਿ ਅਨੁਸਾਰਾ।
ਸ਼੍ਰੀ ਨਾਨਕ ਤਜਿ ਸੁਤ[1] ਗੁਨਖਾਨੀ।
ਦਾਸ ਬਿਠਾਯਹੁ ਅਪਨਿ ਸਥਾਨੀ ॥੩੫॥
ਤਿਮਿ ਸ਼੍ਰੀ ਅੰਗਦ ਬਸਿ ਹ੍ਵੈ ਸੇਵਾ।
ਤੁਮਹਿ ਬਿਠਾਯਹੁ ਜਗ ਗੁਰਦੇਵਾ!
ਨਿਜ ਅਨੁਸਾਰਿ ਪੁੱਤ੍ਰ ਨਹਿਂ ਜਾਨੇ।

[1]ਚਰਚਾ ਕਰਦੇ ਰਹਿੰਦੇ ਹਨ।

[1]ਸ਼੍ਰੀ ਨਾਨਕ ਜੀ ਨੇ ਸੁਪੁੱਤ੍ਰ ਤਜਕੇ।

ਅਜਰ ਜਰਨ ਗੁਨ ਹੀਨ ਪਛਾਨੇ ॥੩੬॥
ਤਿਮਿ ਸੁਭਾਵ ਰਾਵਰ ਕੋ ਜਾਨਜੋ।
ਦਾਸਨ ਕੇ ਬਸਿ ਇਹੁ ਪ੍ਰਨ ਠਾਨਜੋ।
ਸਾਕ ਆਪ ਕੇ ਦੋਨਹੁ ਜੇਈ।
ਸੇਵਕ ਭੀ ਬਿਸਾਲ ਹੈਂ ਤੇਈ ॥੩੭॥
ਦੋਨਹੁ ਸੇਵਾ ਕਰਹਿਂ ਬਿਸਾਲਾ।
ਘਾਲਹਿਂ ਘਾਲ ਜਾਲ[1] ਸਭਿ ਕਾਲਾ।
ਗੁਰ ਸੰਗਤਿ ਕੀ ਸੇਵਾ ਠਾਨਹਿਂ।
ਬਾਪੀ ਕਾਰ ਕਰਤਿ ਹਿਤ ਮਾਨਹਿਂ ॥੩੮॥
ਸਭਿ ਬਿਧਿ ਸੋਂ ਸਮਾਨ ਹੈਂ ਤੁਮ ਕੋ।
ਤਊ ਹੋਤਿ ਸੰਸੈ ਸਭਿ ਹਮ ਕੋ।
ਸਤਿਗੁਰ ਪੂਰਨ ਸਰਬ ਸਮਾਨ।
ਏਕ ਦ੍ਰਿਸ਼ਟਿ ਸਭਿ ਪਰ ਬ੍ਰਹਮ ਗਜਾਨ ॥੩੯॥
ਬਾਦਹਿਂ ਆਪਸ ਮਹਿਂ ਹਮ ਐਸੇ।
ਦੋਨੋ ਦੀਖਤਿ ਹੈਂ ਇਕ ਜੈਸੇ।
ਕ੍ਰਿਪਾ ਦ੍ਰਿਸ਼ਟਿ ਤੁਮ ਧਾਰਨ ਕਰੋ।
ਇਕ ਸਮ ਦੋਨਹੁ ਸੋਂ ਹਿਤ ਧਰੋ ॥੪੦॥
ਤਊ ਦੇਖੀਯਤਿ ਕਬਿ ਕਬਿ ਐਸੇ।
ਰਾਮਦਾਸ ਪਰ ਹੁਇ ਬਹੁ ਜੈਸੇ।
ਸੋ ਭੀ ਸੇਵਾ ਕਰਹਿ ਘਨੇਰੀ।
ਨਿਸ ਦਿਨ ਲਗਜੋ ਰਹਤਿ ਬਿਨ ਬੇਰੀ ॥੪੧॥
ਹੋਵਹਿ ਇਨ ਮਹਿਂ ਕਵਨ ਬਿਸਾਲਾ।
ਕੋ ਕਰਿ ਹੈ ਨਿਜ ਬੰਸ ਉਜਾਲਾ।
ਤਾਰਤੰਮਤਾ[1] ਪ੍ਰੇਮ ਮਝਾਰੇ।
ਕਿਮਿ ਜਾਨਹਿਂ ਸਿਖ ਸੇਵਕ ਸਾਰੇ ॥੪੨॥
ਕਹੇ ਆਪ ਕੇ ਲੇਹਿਂ ਪਛਾਨੂ।
ਸਿਖ ਬਾਦਹਿਂ ਹੁਇ ਸੰਸੈ ਹਾਨੂ।
ਕ੍ਰਿਪਾ ਕਰਹੁ ਚਾਹਤਿ ਸਭਿ ਪੂਛਾ।

[1]ਕਮਾਉਂਦੇ ਹਨ ਬਹੁਤੀ ਕਮਾਈ।

[1]ਘਾਟ ਵਾਧ।

ਸੁਨਿ ਰਾਵਰਿ ਤੇ ਬਾਕਨਿ ਸੂਛਾ[1]' [1]ਪਵਿੱਤ੍ਰ ਵਾਕ।
॥੪੩॥
ਸੁਨਿ ਸਿੱਖਨ ਤੇ ਸਤਿਗੁਰ ਤਬੈ।
ਅਰੁ ਮਨ ਕੀ ਜਾਨਤਿ ਭੇ ਸਬੈ।
ਉੱਤਰ ਦੇਨਿ ਉਦਿਤਿ ਗਰ ਭਏ।
ਜਿਨ ਬਹੁ ਦਾਸਨ ਕੋ ਸੁਖ ਦਏ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਜਨ ਸਤਿਗੁਰ ਬੂਝਨ' ਪ੍ਰਸੰਗ ਬਰਨਨ ਨਾਮ ਖਸ਼ਟ ਪੰਚਾਸਤੀ ਅੰਸੂ ॥੫੬॥

## ੫੭. [ਸਿੱਖਾਂ ਦੇ ਪ੍ਰਸ਼ਨ ਦਾ ਉੱਤਰ, ਰਾਮੇ ਤੇ ਸ਼੍ਰੀ ਰਾਮਦਾਸ ਜੀ ਦੀ ਪ੍ਰੀਖਯਾ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸੁਨਿ ਸਿੱਖਨ ਕੇ ਬਚਨ ਕੋ, ਸੰਸੈ ਸੁਨਜੋ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਕਰਿ, ਬੋਲੇ ਗੁਰੂ ਕ੍ਰਿਪਾਲ ॥੧॥

ਚੌਪਈ:

'ਜਗ ਕੇ ਬਿਖੈ ਏਕ ਨਰ ਨੇਮੀ।
ਨੇਮ ਨਿਬਾਹਤਿ ਚਾਹਤਿ ਛੇਮੀ[1]।
ਇਕ ਪ੍ਰੇਮੀ ਨਰ ਨੇਮ ਬਿਹੀਨਾ।
ਰੈਨਿ ਦਿਵਸ ਏਕੈ ਲਿਵ ਲੀਨਾ ॥੨॥
ਪ੍ਰੇਮ ਪ੍ਰਵਾਹ ਵਧੈ ਨਿਤਿ ਜਿਨ ਕੇ।
ਵਸੀ ਹੋਤਿ ਪੁਰਖੋਤਮ ਤਿਨ ਕੇ।
ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ[†]।
ਫਲ ਕੁਛ ਥੋਰੋ ਹੁਇ ਲਖਿ ਏਵਾ[1] ॥੩॥
ਇਨ ਦੋਨਹੁ ਮਹਿਂ ਪਰਖਹੁ ਪ੍ਰੇਮ।
ਤਾਰਤੰਮ ਜਿਮ ਤਿਮ ਲਹਿਂ ਛੇਮ[1]।
ਪ੍ਰਭੁ ਬਸਿ ਹੋਤਿ ਪ੍ਰੇਮ ਲਖਿ ਘਨੋ।
ਅੰਗ ਸੰਗ ਰਹਿ ਨਿਤ ਹਿਤ ਸਨੋ ॥੪॥
ਪਰਖੇ ਜਾਇਂ ਨ ਜੇ ਤੁਮ ਪਾਸੀ।
ਜਿਸ ਕੇ ਰਿਦੇ ਪ੍ਰੇਮ ਅਬਿਨਾਸ਼ੀ।
ਤੌ ਹਮ ਪਰਖ ਦੇਹਿਂ ਤੁਮ ਤਾਈਂ।
ਰਾਖਹੁ ਗੋਪ ਨ ਕਹਹੁ ਕਦਾਈ[1]' ॥੫॥
ਸਿੱਖਨ ਕੇ ਸੰਦੇਹ ਬਿਨਾਸ਼ਨ।
ਨਿਜ ਪਾਛੇ ਥਾਪਨ ਸਿੰਘਾਸਨ[1]।
ਪਰਖਨ ਹਿਤ ਸ਼੍ਰੀ ਸਤਿਗੁਰ ਪੂਰੇ।
ਜੁਗਲ ਹਕਾਰਨ ਕਰੇ ਹਦੂਰੇ ॥੬॥
ਰਾਮਾ ਰਾਮਦਾਸ ਤਬਿ ਆਏ।

[1]ਮੁਕਤੀ।

[†]ਇਸ ਤੁਕ ਤੋਂ ਸਪਸ਼ਟ ਹੈ ਕਿ ਨਿਰੀ ਸੇਵਾ ਮਿਹਰ ਦਾ ਕਾਰਣ ਨਹੀਂ, ਪ੍ਰੇਮ, ਸਿਮਰਨ ਤੇ ਸੇਵਾ ਤ੍ਰੈਏ ਰਲ ਕੇ ਸਤਿਗੁਰੂ ਦੇ ਮਨ ਨੂੰ ਰੀਝਾਂਵਦੇ ਹਨ।

[1]ਇਸ ਤਰ੍ਹਾਂ ਜਾਣੋ।

[1]ਜਿਵੇਂ ਪ੍ਰੇਮ ਵੱਧ ਘਟ ਹੋਊ ਤਿਵੇਂ ਸੁਖ ਲੈਣਗੇ।

[1]ਗੁਪਤ ਨਹੀਂ ਰਖਾਂਗੇ, ਕਦੇ ਕਹਿ ਦਿਆਂਗੇ। (ਦੇਖੋ ਇਸੇ ਅੰਸੂ ਦਾ ਅੰਕ ੫੦ ਤੋਂ ੫੩ ਜਿੱਥੇ ਗੁਰੂ ਜੀ ਵਜਾ ਕੇ ਸੁਣਾ ਦੇਂਦੇ ਹਨ)। (ਅ) ਤੁਸੀਂ ਹਾਲੀ ਚੁਪ ਰਖੋ (ਇਨ੍ਹਾਂ ਵਿਚੋਂ) ਕਿਸੇ ਨੂੰ ਕਹੋ ਨਹੀਂ।

[1]ਟਿਕਾਉਣ ਲਈ ਤਖਤ ਤੇ।

ਪਾਸ ਬਾਪਿਕਾ ਗੁਰੂ ਸਿਧਾਏ।
ਲਏ ਲਸ਼ਟਕਾ ਹਾਥ ਮਝਾਰੀ।
ਬ੍ਰਿੱਧ ਅਵਸਥਾ ਤਨ ਮਹਿਂ ਭਾਰੀ ॥੭॥
ਖਰੇ ਹੋਇ ਅਵਲੋਕਜੋ ਥਾਂਨ।
ਰਾਮੇ ਸੋਂ ਤਬਿ ਕੀਨ ਬਖਾਨ।
'ਇਹਾਂ ਹਮਾਰੇ ਬੈਠਨਿ ਕਾਰਨਿ।
ਰੁਚਿਰ ਬੇਦਕਾ[1] ਕਰੋ[†] ਸੁਧਾਰਨਿ' ॥੮॥
ਇਮਿ ਕਹਿ ਸਤਿਗੁਰ ਕਰੀ ਲਕੀਰ।
'ਇਸ ਬਿਧਿ ਚਿਨਵਾਵਹੁ ਥਲ ਥੀਰ[1]'।
ਬਹੁਰੋ ਦਿਸ਼ਾ ਦੂਸਰੀ ਗਏ।
ਤਹਿਂ ਸਥਾਨ ਪਿਖਿ ਠਾਂਢੇ ਭਏ ॥੯॥
ਰਾਮਦਾਸ ਕੀ ਦਿਸ਼ਾ ਨਿਹਾਰਾ।
ਕਰਨ ਕਾਰ ਕੋ ਗੁਰੂ ਉਚਾਰਾ।
'ਇਸ ਦਿਸ਼ ਬੈਠਨ ਹੇਤ ਹਮਾਰੇ।
ਥੜੀ ਬਨਾਵਹੁ ਰੁਚਿਰ ਪ੍ਰਕਾਰੇ' ॥੧੦॥
ਕਰਿ ਲਕੀਰ ਕੋ ਤਿਸਹਿ ਬਤਾਯਹੁ।
'ਇਸ ਬਿਧਿ ਕਹਿ ਕਰਿ ਤੁਮ ਚਿਨਵਾਯਹੁ।
ਇਸ ਪਰ ਬੈਠਹਿਂ ਪ੍ਰਾਤਾਕਾਲ[†]।
ਤਿਸ ਪਰ ਸੰਧਜਾ[1] ਹੁਇ ਸੁਖ ਨਾਲ' ॥੧੧॥
ਇਮਿ ਬਤਾਇ ਸ਼੍ਰੀ ਸਤਿਗੁਰ ਗਏ।
ਤਿਸ ਥਲ ਦੋਨਹੁ ਥਿਰਤਾ ਲਏ।
ਪ੍ਰਿਥਕ ਪ੍ਰਿਥਕ ਥਲ ਬੈਠਨਿ ਕੇਰਾ।
ਲਗੇ ਕਰਾਵਨਿ ਕੋ ਤਿਸ ਬੇਰਾ ॥੧੨॥
ਦਿਨ ਸਗਰੇ ਮਹਿਂ ਕਾਰ ਕਰਾਏ।
ਸੰਧਜਾ ਭਈ ਗੁਰੂ ਤਬਿ ਆਏ।
ਕਰਿ ਜੁ ਰਾਮੇ ਪੂਰਬ ਹੇਰੀ।
ਪਰਖਨ ਹਿਤ ਬੋਲੇ ਤਿਸ ਬੇਰੀ ॥੧੩॥
'ਇਹ ਤੇ ਨੀਕੀ ਨਹੀ ਬਨਾਈ।
ਬੈਠਨ ਹੇਤ ਨ ਹਮ ਕਹੁ ਭਾਈ।
ਕਰਜੋ ਖੇਦ ਸਭਿ ਨਿਸ਼ਫਲ ਗਯੋ।

[1]ਥੜੀ। [†]ਪਾ:-ਰਚੋ।

[1]ਬੈਠਣ ਦਾ ਥਾਂ।

[†]ਪਾ:-ਪ੍ਰਾਤੀਕਾਰ।

[1]ਤਿਸ (ਭਾਵ ਭਾਈ ਰਾਮੇ ਵਾਲੀ ਥੜ੍ਹੀ)ਤੇ ਸ਼ਾਮ ਵੇਲੇ।

ਟੇਢੀ ਕੰਧ ਉਸਾਰਤਿ ਭਯੋ ॥੧੪॥
ਢਾਹਿ ਦੇਹੁ, ਨਹਿਂ ਦੇਰਿ ਕਰੀਜਹਿ।
ਹਮਰੋ ਕਹਯੋ ਨੀਕ ਸੁਨਿ ਲੀਜਹਿ।
ਇਤਿ ਦਿਸ਼ ਸੁਧੀ ਭੀਤ ਚਿਨਾਵਹੁ।
ਬਹੁਰ ਬੇਦਕਾ ਭਲੇ ਬਨਾਵਹੁ' ॥੧੫॥
ਸੁਨਿ ਰਾਮੇ ਮਨ ਭੰਗ ਬਨਯੋ ਹੈ[1]। — [1]ਦਿਲ ਟੁੱਟ ਗਿਆ।
ਨਿਜ ਮਤ ਆਛੀ ਜਾਨਿ ਭਨਯੋ ਹੈ।
'ਜਿਮ ਤੁਮ ਕਹਯੋ ਤਥਾ ਬਨਵਾਈ।
ਕੋ ਕਾਰਨ ਭਾ ਰਿਦੈ ਨ ਭਾਈ ॥੧੬॥
ਸੁੰਦਰ ਬਨੀ ਬੈਠਿਬੇ ਲਾਯਕ।
ਸਮੁਖ ਖਰੇ ਦਰਸਹਿਂ ਜਹਿਂ ਪਾਇਕ[1]। — [1]ਜਿੱਥੇ (ਬੈਠਿਆਂ) ਸਨਮੁਖ ਖੜੋਕੇ ਦਰਸ਼ਨ ਕਰਨਗੇ ਸਿੱਖ।
ਮੇਰੋ ਦੋਸ਼ ਨ ਯਾ ਮਹਿਂ ਕੋਈ।
ਆਪ ਕਹੀ ਜਿਮਿ ਤਥਾ ਸੁ ਹੋਈ ॥੧੭॥
ਕੀਨਿ ਜਤਨ ਮੈਂ ਭਲੇ ਸੁਧਾਰੀ।
ਜਿਮਿ ਰਾਵਰ ਨੇ ਰੀਤਿ ਉਚਾਰੀ।'
ਇਮਿ ਰਾਮਾ ਕਹਿ ਰਹਯੋ ਘਨੇਰਾ।
ਸ਼੍ਰੀ ਗੁਰ ਢਹਿਵਾਈ ਤਿਸ ਬੇਰਾ ॥੧੮॥
ਨਿਜ ਕਰ ਛਰੀ[1] ਲਕੀਰ ਨਿਕਾਰੀ। — [1]ਹੱਥ ਦੀ ਸੋਟੀ (ਨਾਲ)।
ਕਹਯੋ 'ਕਰਹੁ ਇਸ ਰੀਤਿ ਸੁਧਾਰੀ।'
ਤਹਿਂ ਤੇ ਚਲਿ ਦੂਸਰ ਦਿਸ਼ ਗਏ।
ਰਾਮਦਾਸ ਢਿਗ ਠਾਂਢੇ ਭਏ ॥੧੯॥
ਪਦ ਅਰਬਿੰਦ ਬੰਦਨਾ ਕਰਿ ਕੈ।
ਖਰੋ ਰਹਯੋ ਨਿਜ ਗ੍ਰੀਵ ਨਿਹੁਰਿ ਕੈ[1]। — [1]ਗਿੱਚੀ (ਸਿਰ) ਨਿਹੁੜਾਇਕੇ।
ਸ਼੍ਰੀ ਗੁਰ ਅਮਰਦਾਸ ਪਿਖਿ ਕਹਯੋ।
'ਹਮਰੋ ਆਸ਼ਯ ਤੈਂ ਨਹਿਂ ਲਹਯੋ ॥੨੦॥
ਜਥਾ ਬਤਾਈ ਤਥਾ ਨ ਕਰੀ।
ਬੱਕ੍ਰ ਭੀਤ[1] ਰਚਿ ਕੀਨਸ ਥਰੀ। — [1]ਟੇਢੀ ਕੰਧ।
ਭਈ ਨ ਬੈਠਨਿ ਉਚਿਤ ਹਮਾਰੇ।
ਇਸ ਕਾਰਨ ਤੇ ਕਰਹੁ ਬਿਦਾਰੇ[1]' ॥੨੧॥ — [1]ਢਾਹ ਦਿਓ।
ਗੁਰ ਤੇ ਸੁਨਿ ਸ਼ੰਕਤਿ ਮਨ ਹ੍ਵੈ ਕੇ[1]। — [1]ਮਨ ਵਿਚ ਭੈ ਧਾਰਕੇ।

ਤਾਤਕਾਲ ਨਿਜ ਹਾਥ ਗਿਰੈ ਕੈ[1]। [1]ਹੱਥਾਂ ਨਾਲ (ਗਿਰਾ ਕੇ)।
ਨੰਮ੍ਰਿ ਹੋਇ ਬੂਝੀ ਬਿਧਿ ਫੇਰੀ।
'ਬਖਸ਼ਹੁ ਅਬੈ ਅਵੱਗਜਾ ਮੇਰੀ ॥੨੨॥
ਮੈਂ ਮਤਿ ਹੀਨ ਸਕ੍ਯੋ ਨਹਿਂ ਜਾਨਿ।
ਬਹੁਰ ਬਤਾਵਹੁ ਕ੍ਰਿਪਾ ਨਿਧਾਨ!'
ਤਬਿ ਸਤਿਗੁਰ ਨੇ ਕੀਨਿ ਲਕੀਰ।
ਅਪਰ ਬਤਾਈ ਸਭਿ ਤਤਬੀਰ ॥੨੩॥
'ਕਰਹੁ ਚਿਨਾਵਨ ਦੋਨਹੁ ਫੇਰੇ।'
ਇਮਿ ਕਹਿ ਸ਼੍ਰੀ ਗੁਰ ਗਮਨੇ ਡੇਰੇ।
ਨਿਸਾ ਬਿਤੇ ਉਠਿ ਕਰਿ ਭੁਨਿਸਾਰ।
ਲਗੇ ਕਰਾਵਨ ਦੋਨਹੁ ਕਾਰ ॥੨੪॥
ਜਿਮਿ ਕੀਨਹੁ ਸਤਿਗੁਰ ਫੁਰਮਾਵਨਿ।
ਤਿਮਿ ਸੁਚੇਤ ਹ੍ਵੈ ਲਾਗਿ ਬਨਾਵਨਿ।
ਭਲੀ ਰੀਤਿ ਸੋਂ ਜੁਗਲ ਸੁਧਾਰੀ।
ਪੰਕ ਈਟਕਾ ਸੁੰਦਰ ਸਾਰੀ ॥੨੫॥
ਸ਼੍ਰੀ ਗੁਰ ਜਾਨ੍ਯੋ ਸਾਯੰਕਾਲ[1]। [1]ਸੰਧਿਆ ਵੇਲੇਂ।
ਚਲੇ ਬਾਵਲੀ ਦਿਸ਼ਾ ਕ੍ਰਿਪਾਲ।
ਪ੍ਰਿਥਮ ਜਹਾਂ ਰਾਮੇ ਨੇ ਕਰੀ।
ਆਨਿ ਬਿਲੋਕਨ ਕੀਨਸਿ ਥਰੀ ॥੨੬॥
ਕਹ੍ਯੋ ਤਾਂਹਿ 'ਇਹ ਕਰੀ ਨ ਆਛੀ।
ਤਥਾ ਬਨੀ ਨ ਜਥਾ ਹਮ ਬਾਂਛੀ[1]। [1]ਜੈਸੀ ਅਸਾਂ ਚਾਹੀ ਸੀ।
ਕਰਹੁ ਬਿਦਾਰਨ ਫੇਰ ਬਨਾਵਹੁ।
ਬਿਨ ਮਤਿ ਤੇ ਸ਼੍ਰਮ ਬਾਦ ਕਰਾਵਹੁ[1]' ॥੨੭॥ [1]ਮਿਹਨਤ ਬਿਅਰਥ ਕਰਦੇ ਹੋ।
ਸੁਨਿ ਰਾਮੇ ਨਿਜ ਰਿਦੇ ਬਿਚਾਰਾ।
-ਮੈਂ ਨੀਕੇ ਥਲ ਥਰੀ ਸੁਧਾਰਾ-।
ਕਹਨਿ ਲਗ੍ਯੋ 'ਮੈਂ ਤਥਾ[1] ਬਨਾਈ। [1]ਤਿਵੇਂ ਹੀ।
ਜਿਸ ਬਿਧਿ ਤੁਮਨੇ ਦੀਨਿ ਬਤਾਈ ॥੨੮॥
ਬਨੀ ਰੁਚਿਰ ਬੈਠਿਬਿ ਕੇ ਜੋਗ।
ਦੇਖਤਿ ਕਰਹਿਂ ਸਰਾਹਿਨ ਲੋਗ।
ਮੈਂ ਕੈਸੇ ਕਰਿ ਦੇਹੁਂ ਢਹਾਈ।

ਇਸ ਤੇ ਆਛੀ ਕਜਾ ਬਨਿ ਜਾਈ'
॥੨੯॥
ਤਬਿ ਸਤਿਗੁਰ ਨੇ ਦਈ ਢਹਾਇ।
ਕਰੀ ਕਾਰ ਪੁਨ ਭਲੇ ਬਤਾਇ।
'ਇਸ ਪ੍ਰਕਾਰ ਕੀਜਹਿ ਸ਼ੁਭ ਥਰੀ।
ਸੁਰਤ ਸੰਭਾਰਹੁ ਉਰ ਮਤਿ ਧਰੀ[1]' [1]ਭਾਵ, ਅਕਲਮੰਦੀ ਨਾਲ।
॥੩੦॥
ਰਾਮਦਾਸ ਕੀ ਦਿਸ਼ ਚਲ ਗਏ।
ਹੇਰਿ ਥਰੀ ਕੋ ਉਚਰਤਿ ਭਏ।
'ਇਹ ਤੈਂ ਨੀਕੀ ਨਹੀਂ ਬਨਾਈ।
ਬੈਠਿਬਿ ਕਾਰਨ[1] ਹਮਹੁ ਨ ਭਾਈ ॥੩੧॥ [1]ਬੈਠਣ ਲਈ।
ਕਰਹੁ ਬਿਦਾਰਨ ਰਾਖਹੁ ਨਾਂਹਿ।
ਕਹਜੋ ਨ ਲਖਜੋ[1] ਤੁਮਹੁਂ ਮਨ ਮਾਂਹਿ।' [1]ਜਾਣਿਆਂ ਨਹੀਂ।
ਸੁਨਿ ਸਤਿਗੁਰ ਕੇ ਬਾਕਨ ਸ਼੍ਰੌਨ।
ਢਾਹਨ ਕਰੀ ਧਰੇ ਮੁਖ ਮੌਨ ॥੩੨॥
ਉਰ ਭੈ ਧਰਿ ਕੈ ਬੋਲਜੋ ਫੇਰ।
'ਤੁਮਰੀ ਮਤੀ ਅਗਾਧਿ ਬਡੇਰ।
ਹਮ ਮਤਿਮੰਦ ਸਕਹਿਂ ਨਹਿਂ ਜਾਨਿ।
ਤਊ ਕ੍ਰਿਪਾ ਤੁਮ ਕਰਹੁ ਮਹਾਂਨ ॥੩੩॥
ਬਿਸਰਿ ਜਾਤਿ ਹਮਰੀ ਮਤਿ ਥੋਰੀ।
ਬਖਸ਼ਹੁ ਖ਼ਤਾ ਆਪ ਅਬਿ ਮੋਰੀ।
ਜਿਸ ਪ੍ਰਕਾਰ ਕੀ ਦੇਹੁ ਬਤਾਇ†। †ਪਾ:-ਬਤਾਈ।
ਹਿਤ ਰਾਵਰ ਕੇ ਅਬਹਿ ਬਨਾਇ†' †ਪਾ:-ਬਨਾਈ।
॥੩੪॥
ਸੁਨਿ ਸਤਿਗੁਰ ਨੇ ਕਰੀ ਲਕੀਰ।
'ਇਸ ਬਿਧਿ ਕਰਹੁ ਥਰੀ ਧਰਿ ਧੀਰ।'
ਇਮਿ ਦੋਨਹੁ ਕਉ ਫੇਰ ਬਤਾਇ।
ਮੰਦ ਮੰਦ ਗਮਨੇ ਨਿਜ ਥਾਇਂ ॥੩੫॥
ਭਈ ਪ੍ਰਭਾਤਿ ਆਇ ਪੁਨ ਦੋਊ।
ਲਗੇ ਬਨਾਵਨ ਥਲ ਪਿਖਿ ਸੋਊ।
ਨੀਕੀ ਰੀਤਿ ਸੁਧਾਰਨਿ ਕਰੇ।
ਪੰਕ ਈਟਕਾ ਪੰਕਤਿ ਜਰੇ[1] ॥੩੬॥ [1]ਇੱਟਾਂ ਗਾਰੇ ਨਾਲ ਮੇਲਕੇ ਜੜੀਆਂ (ਭਾਵ ਕੰਧ

ਬਣਾਈ)।

ਦਿਨ ਸਗਰੇ ਮਹਿਂ ਲਈ ਬਨਾਇ।
ਦੋਨਹੁਂ ਦਿਸ਼ ਬੁਧਿ ਕਰਿ ਅਧਿਕਾਇ।
ਪੁਨ ਆਏ ਗੁਰ ਤੀਸਰ ਬਾਰੀ।
ਲਖਿ ਨ ਸਕਹਿ ਕੋ ਮਹਿਮਾ ਭਾਰੀ ॥੩੭॥
ਉਰ ਗੰਭੀਰ ਧੀਰ ਕੇ ਧਰਿਤਾ।
ਸਭਿਹਿਨਿ ਤੇ ਉੱਤਮ ਜਿਨਿ ਚਰਿਤਾ।
ਪ੍ਰਥਮੈ ਰਾਮੇ ਕੀ ਦਿਸ਼ ਆਏ।
ਖਰੇ ਥਰੀ ਦਿਸ਼ ਦ੍ਰਿਸ਼ਟਿ ਲਗਾਏ ॥੩੮॥
ਕਹਜੋ ਬਾਕ 'ਭੋ ਰਾਮੇ ! ਤੋਹਿ।
ਕਰਜੋ ਨਹੀਂ ਜਿਮਿ ਭਾਖਜੋ ਮੋਹਿ।
ਨਹਿਂ ਪਸੰਦ ਇਹੁ ਆਇ ਹਮਾਰੇ।
ਜਿਮਿ ਚਾਹਤਿ ਤਿਮਿ ਨਹੀਂ ਸੁਧਾਰੇ ॥੩੯॥
ਬਹੁਤ ਬਾਰ ਸਮਝਾਵਨਿ ਕਰਜੋ।
ਥਰੀ ਕਾਜ ਕਰਿਬੋ ਨਹਿਂ ਸਰਜੋ।'
ਸੁਨਿ ਰਾਮਾ ਚਿਤਵਤਿ ਚਿਤ ਮਾਂਹੀ।
-ਇਹ ਕਾਰਨ ਕਜਾ ਲਖੀਯਤਿ ਨਾਂਹੀ- ॥੪੦॥
ਕਰਤਿ ਬਿਚਾਰ ਸੁ ਨਿਸ਼ਚੈ ਠਾਨਾ।
-ਇਨ ਕੋ ਬਹੁ ਸਰੀਰ ਬਿਰਧਾਨਾ।
ਗਈ ਆਰਬਲ ਬੀਤ ਬਡੇਰੀ।
ਕਹਜੋ ਨ ਯਾਦ ਰਖਹਿਂ ਇਸ ਬੇਰੀ- ॥੪੧॥
ਇਮਿ ਠਟਿ ਮਨ ਮਹਿਂ ਕੀਨ ਬਖਾਨ।
'ਜਿਮਿ ਤੁਮਨੇ ਮੁਹਿ ਕਹੁ ਫੁਰਮਾਨ'। — 'ਮੈਨੂੰ ਹੁਕਮ ਕੀਤਾ ਸੀ।
ਕਰੀ ਤਥਾ ਮੈਂ ਬੁਧਿ ਬਲ ਲਾਇ।
ਕਹ ਕਰਿ ਆਛੇ ਸੁਧਿ ਬਨਿਵਾਇ ॥੪੨॥
ਆਪ ਕਹਹੁ ਜਿਮਿ ਬਿਸਰੈ ਫੇਰ'। — 'ਆਪ ਜਿਵੇਂ ਕਹਿ ਜਾਂਦੇ ਹੋ ਫੇਰ (ਆਪਨੂੰ) ਭੁੱਲ ਜਾਂਦਾ ਹੈ।
ਇਸ ਮਹਿਂ ਦੋਸ਼ ਅਹੈ ਕਜਾ ਮੇਰ।'

ਇਮਿ ਸੁਨਿ ਸਤਿਗੁਰ ਤੂਸ਼ਨ ਠਾਨੀ।
ਅਤਿ ਗੰਭੀਰ ਧੀਰ ਗੁਨ ਖਾਨੀ ॥੪੩॥
ਪੁਨ ਸ਼੍ਰੀ ਰਾਮਦਾਸ ਢਿਗ ਗਏ।
ਹੇਰਿ ਖਰੀ ਕਹੁ ਬੋਲਤਿ ਭਏ।
'ਇਹੁ ਤੈਂ ਨੀਕੀ ਨਹੀਂ ਬਨਾਈ।
ਕਈ ਬਾਰ ਬਹੁ ਮਤਿ ਨਹਿਂ ਆਈ ॥੪੪॥
ਜਿਮਿ ਕਹਿ ਗਏ ਬਨੀ ਤਿਮਿ ਨਾਂਹੀ।
ਸ਼ੁੱਮ ਬਾਦ ਕੀਨਸਿ ਇਸਿ ਮਾਂਹੀ।'
ਸੁਨਿ ਗੁਰ ਬਾਕ ਮੰਦ ਨਿਜ ਜਾਨਜੋ।
ਭਯੋ ਨੰਮ੍ਰ ਪਾਇਨ ਲਪਟਾਨਜੋ ॥੪੫॥
'ਹੌਂ ਅਜਾਨ ਨਿਤ ਭੂਲਨ ਹਾਰੋ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ।
ਬਾਰਬਾਰ ਬਖਸ਼ਤਿ ਹੋ ਮੋਹੀ।
ਅਪਰਾਧੀ ਅਰ ਮੂਰਖ ਕੋ ਹੀ[1] ॥੪੬॥

[1]ਨੂੰ ਬੀ। (ਅ) ਕੋਹੀ = ਪਹਾੜੀਆ, ਭਾਵ ਅਨਜਾਨ ਨੂੰ। (ੲ) ਕ੍ਰੋਧੀ।

ਜੇਤਿਕ ਸੁਮਤਿ ਦੇਤਿ ਸੋ ਜਾਨਵ।
ਬਿਨਾ ਦਿਯੇ ਕਯਾ ਬਪੁਰਾ ਮਾਨਵ।
ਰਾਵਰ ਕਰੁਨਾ ਕਰਹੁ ਬਤਾਵਉ।
ਨੀਕੀ ਰੀਤਿ ਭਾਖਿ ਸਮਝਾਵਉ ॥੪੭॥
ਮੈਂ ਮਤਿ ਮੰਦ ਅਭਾਗ ਬਿਚਾਰਾ।
ਜਾਨਿ ਸਕਯੋ ਨਹਿਂ ਕਹਯੋ ਤੁਮਾਰਾ।'
ਇਮਿ ਕਹਿ ਗਰ ਮਹਿਂ ਅੰਚਰ ਡਾਰਾ।
'ਛਿਮਹੁ ਪ੍ਰਭੁ! ਅਪਰਾਧ ਹਮਾਰਾ' ॥੪੮॥
ਸਿਖ ਸਮੀਪ ਸਭਿ ਹੀ ਸੁਨਿ ਕਰਿ ਕੈ।
ਹਰਖੇ[1] ਸਿੱਖੀ ਰੀਤਿ ਬਿਚਰਿ ਕੈ।

[1]ਪ੍ਰਸੰਨ ਹੋਏ।

ਪਰਮ ਪ੍ਰਸੰਨ ਭਏ ਗੁਰ ਪੂਰੇ।
ਗੁਰਤਾ ਉਚਿਤ ਲਖੇ ਗੁਨ ਰੂਰੇ ॥੪੯॥
ਸਭਿਨਿ ਸੁਨਵਤਿ ਬਾਕ ਅਲਾਵਹਿਂ।
'ਇਸ ਕੀ ਸੇਵਾ ਮੋ ਮਨ ਭਾਵਹਿ।
ਆਪਾ ਕਬਹੁਂ ਨ ਕਰਹਿਂ ਜਨਾਵਨਿ।
ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨਿ[1]'

[1]ਵਿਚ (ਮਨ) ਪਵਿੱਤ੍ਰ ਹੈ।

॥੫੦॥
ਸੁਨਿ ਸਭਿ ਸਿੱਖਜਨ ਸੰਸੈ ਖੋਵਾ।
ਗੁਰਤਾ ਉਚਿਤ ਭਲੇ ਇਹ ਜੋਵਾ।
ਬਾਕਨ ਤੇ ਪਛਾਨ ਕਰਿ ਲੀਨੇ।
ਆਪਾ ਜੁਤਿ ਅਰੁ ਆਪਾ ਹੀਨੇ[1] ॥੫੧॥

[1]ਹੰਕਾਰ ਸਹਿਤ (ਰਾਮਾ ਜੀ) ਤੇ ਹੰਕਾਰ ਬਿਨਾ (ਸ੍ਰੀ ਰਾਮਦਾਸ ਜੀ)।

ਸਤਿਗੁਰ ਨਿਜ ਸਥਾਨ ਕਹੁ ਆਏ।
ਸਿੱਖ ਸੰਗ ਜੇ ਤਿਨਹੁ[†] ਸੁਨਾਏ।

[†]ਪਾ:-ਜੋ ਕੁਛ। ਜੋ ਸਭ।

'ਰਾਮਦਾਸ ਹੈ ਪੁਰਖ ਮਹਾਂਨੇ।
ਇਸ ਕੇ ਸੰਗ ਤਰਹਿਂ ਨਰ ਜਾਨੇ ॥੫੨॥
ਬ੍ਰਿੰਦਨ ਕੋ ਕਰਤਾ ਕੱਲਜਾਨ।
ਬਸੀ ਕਰਜੋ ਮੁਝ ਸੇਵਾ ਠਾਨਿ।
ਇਸ ਤੇ ਨਹਿਂ ਅਦੇਯ ਕੁਛ ਮੋਰੇ।
ਸਭਿਹਿਨਿ ਤੇ ਪਦ ਪ੍ਰਾਪਤਿ ਗੌਰੇ[1]' ॥੫੩॥

[1]ਵੱਡਾ ਭਾਰੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਪ੍ਰੇਮ ਪਰਖਣ' ਪ੍ਰਸੰਗ ਬਰਨਨੰ ਨਾਮ ਸਪਤਪੰਚਾਸਤੀ ਅੰਸੂ ॥੫੭॥

## ੫੮. [ਬਾਵਲੀ ਮਹਾਤਮ। ਸੰਤ ਸਾਧਾਰਣ। ਗੰਗਾ ਸ੍ਰੋਤ ਬਾਉਲੀ ਵਿਚ। ਇਕ ਜੋਗੀ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਭਗਤਿ ਖਜ਼ਾਨਾ ਖੁਲਿ ਰਹ੍ਯੋ, ਸਤਿਗੁਰ ਕੇ ਦਰਬਾਰ।
ਚਾਰ ਪਦਾਰਥ ਸੰਗਤਿਹਿਂ[1], ਦੇਤਿ ਲਗਤਿ ਨਹਿਂ ਬਾਰ ॥੧॥

[1]ਭਾਵ, ਭਗਤੀ ਦੇ ਨਾਲ ਚਾਰ ਪਦਾਰਥ ਭੀ ਹਨ। (ਅ) ਸੰਗਤਾਂ ਨੂੰ।

ਚੌਪਈ:

ਤੀਰਥ ਪਰਮ ਰਚ੍ਯੋ ਬਡ ਪੁੰਨਜ।
ਸੇਵਤਿ ਭਏ ਪੁਰਖ ਸੋ ਧੰਨਜ।
ਮਹਾਂ ਮਹਾਤਮ ਹੈ ਜਿਸ ਕੇਰਾ।
ਜਿਸ ਮੱਜੈ ਫਲ ਲਹੈ ਘਨੇਰਾ ॥੨॥
ਸੁੰਦਰ ਸੀਤਲ ਨਿਰਮਲ ਖਰੋ।
ਅਤਿ ਗੰਭੀਰ ਨੀਰ ਜਿਹ ਭਰੋ।
ਦੱਖਣ ਦਿਸ਼ ਮਹਿਂ ਝਰਨਾ ਬਹ੍ਯੋ।
ਸੁਰਸਰਿ ਕੋ ਪ੍ਰਵਾਹ[1] ਤਹਿਂ ਲਹ੍ਯੋ ॥੩॥

[1]ਗੰਗਾ ਦਾ ਪ੍ਰਵਾਹ।

ਰਚੀ ਚੁਰਾਸੀ ਜਿਹ ਸੌਪਾਨ[1]।

[1]ਪੌੜੀਆਂ।

ਗਿਨਿ ਜਬਿ ਦੇਖੀ ਕ੍ਰਿਪਾ ਨਿਧਾਨ।
ਮੁਖ ਤੇ ਬਾਕ ਕਹ੍ਯੋ ਤਿਸਿ ਕਾਲ।
'ਜੋ ਸਿਖ ਦਰਸਹਿ ਪ੍ਰੇਮ ਬਿਸਾਲ ॥੪॥
ਬਾਰਿ ਚੁਰਾਸੀ[1] ਕਰਹਿ ਸ਼ਨਾਨ।

[1]ਚੁਰਾਸੀ ਵੇਰ।

ਇਤਨੇ ਜਪੁਜੀ ਪਾਠ ਬਖਾਨਿ।
ਸਤਿਗੁਰ ਮੂਰਤਿ ਕਰਿ ਕੈ ਧ੍ਯਾਨ।
ਮਿਟਹਿ ਚੁਰਾਸੀ ਆਵਨਿ ਜਾਨਿ[1] ॥੫॥

[1]ਚੁਰਾਸੀ (ਲਖ ਜੂਨ ਵਿਚ) ਜਨਮ ਮਰਨ।

ਜ੍ਯੋਂ ਕ੍ਯੋਂ ਪਾਇ ਭਗਤਿ ਗੁਰ ਕੇਰੀ।
ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ[1]।

[1]ਖੋਟੇ ਫੇਰ ਫਿਰਨਾ ਜੂਨਾਂ (ਵਿਚ) ਉਸਦਾ।

ਅਪਰ ਮਨੋਰਥ ਧਰਿ ਕਰਿ ਨ੍ਹਾਵੈ।
ਸ਼ਰਧਾ ਧਰੈ ਤੁਰਤ ਸੋ ਪਾਵੈ ॥੬॥
ਅਨਿਕ ਅਘਨ ਕੀ ਨਾਸ਼ਨਿ ਹਾਰੀ।
ਭਈ ਬਾਪਿਕਾ ਨਿਰਮਲ ਬਾਰੀ[1]।

[1]ਨਿਰਮਲ ਜਲ ਵਾਲੀ।

ਗੁਰ ਸਿੱਖ੍ਯਨ ਹਰਖਾਵਨ ਵਾਰੀ[1]।

[1]ਪ੍ਰਸੰਨ ਕਰਨ ਵਾਲੀ।

ਜਲ ਪੀਏ ਨਿਰਮਲ ਉਰਕਾਰੀ[1] ॥੭॥

[1]ਰਿਦਾ ਨਿਰਮਲ ਕਰਨ ਵਾਲੀ।

ਕਰਹਿਂ ਸ਼ਨਾਨ ਦਾਨ ਜੋ ਦੇਵੈਂ।
ਗੁਰਬਾਨੀ ਪਢਿ ਕਰਿ ਸੁਖ ਲੇਵੈਂ।
ਤਿਨ ਕੋ ਫਲ ਹੋਵੈ ਅਬਿਨਾਸ਼ੀ।
ਕਰਹਿਂ ਬਿਨਾਸ਼ਨ ਜਮ ਕੀ ਫਾਸੀ' ॥੮॥
ਇਸ ਬਿਧਿ ਅਧਿਕ ਮਹਾਤਮ ਤਾਂਹਿ।
ਸ਼੍ਰੀ ਗੁਰ ਅਮਰਦਾਸ ਮੁਖ ਪ੍ਰਾਹਿ।
ਕਰਹਿਂ ਆਪ ਇਸ਼ਨਾਨ ਸੁ ਨੀਰ।
ਹੋਇ ਬਹੁਤ ਸਿੱਖਜਨ ਕੀ ਭੀਰ ॥੯॥
ਕਰਹਿਂ ਚੌਂਪ ਸੋਂ ਮੱਜਨ ਸਾਰੇ।
ਬਹੁਰ ਸਰਾਹਹਿਂ ਸੁਜਸ ਪਸਾਰੇ।
'ਧੰਨਜ ਗੁਰੂ ਕੀਨਸਿ ਉਪਕਾਰਾ।
ਸ਼ਰਨ ਪਰਹਿ ਤਾਰਜੋ ਗਨ ਭਾਰਾ[1]' ॥੧੦॥

[1]ਜੋ ਸ਼ਰਨੀ ਪਿਆ (ਤਿਸ) ਭਾਰੀ ਸਮੂਹ ਨੂੰ ਤਾਰਿਆ।

ਇਕ ਲੁਹਾਰ ਤਹਿਂ ਕਾਰ ਕਰਤਿ ਹੈ।
ਕਾਠਨਿ ਕੀ ਪੌਰੀ ਸੁ ਘਰਿਤ ਹੈ।
ਅਪਰ ਕਾਜ ਜੋ ਹੋਹਿ ਸੁ ਕਰਿਹੀ।
ਕਾਸ਼ਟ ਲੋਹਾ ਨਿਜ ਕਰ ਘਰਿਹੀ ॥੧੧॥
ਜਲ ਕੇ ਨਿਕਟ ਸਪਤ ਸੌਪਾਨ[1]।

[1]ਪੌੜੀਆਂ ਸੱਤ।

ਲਾਇ ਕਾਠ ਤਿਨ ਰਚੀ ਮਹਾਨ।
ਜਿਸ ਤੇ ਜਲ ਸੁਖੇਨ ਹੀ ਲੇਯ।
ਨ੍ਹਾਨ ਪਾਨ ਜੋ ਚਹੈ ਕਰੇਯ ॥੧੨॥
ਤਿਸ ਕੀ ਕ੍ਰਿੱਤਿ ਹੇਰਿ ਗੁਰ ਪੂਰੇ।
ਸੁਪ੍ਰਸੰਨ ਬੁਲਵਾਇ ਹਦੂਰੇ।
ਸੁਨਿ ਆਇਸੁ ਕੋ ਤਤਛਿਨ ਆਵਾ।
ਬਡਭਾਗੀ ਚਰਨਨ ਸਿਰ ਲਾਵਾ ॥੧੩॥
ਤਿਸ ਕੇ ਮਸਤਕ ਧਰਿ ਕਰਿ ਹਾਥ।
ਮੰਤ੍ਰ ਸੁ ਸੱਤਿਨਾਮ ਦਿਯ ਨਾਥ।
'ਸੰਤ ਸਧਾਰਨ' ਨਾਮ ਧਰਜੋ ਤਿਹ।
ਪ੍ਰਾਪਤਿ ਰਿਦੈ ਪ੍ਰਕਾਸ਼ ਲਹਜੋ ਜਿਹ[1] ॥੧੪॥

[1]ਜਿਸਨੇ ਪ੍ਰਕਾਸ਼ (ਗਿਆਨ) ਪ੍ਰਾਪਤ ਹੋਇਆ ਰਿਦੇ ਵਿਚ ਜਾਣਿਆਂ।

'ਸੇਵ ਪਰੀ ਸਭਿ ਥਾਇਂ[1] ਤੁਮਾਰੀ।
ਜਾਇ ਰਹਹੁ ਅਬਿ ਗ੍ਰੇਹ ਮਝਾਰੀ।

[1]ਪ੍ਰਵਾਨ ਹੋਈ।

ਕਰਹੁ ਭਜਨ ਬੈਠੇ ਸੁਖ ਪਾਵੋ।
ਲੈਨ ਦੈਨ ਕੋ ਕਹੂੰ ਨ ਜਾਵੋ' ॥੧੫॥
ਹੁਇ ਨਿਹਾਲ ਗੁਰ ਕੋ ਬਚ ਮਾਨਾ।
ਸੱਤਿਨਾਮ ਨਿਤਿ ਸਿਮਰਨਿ ਠਾਨਾ।
ਗ੍ਰਿਹ ਨਿਜ ਗਯੋ ਭਯੋ ਸੁਖਵਾਸੀ।
ਪਾਯੋ ਅਨੰਦ ਬਿਲੰਦ ਅਨਾਸ਼ੀ ॥੧੬॥

ਦੋਹਰਾ:
ਹਿਤ ਗੰਗਾ ਇਸ਼ਨਾਨ ਕੇ, ਸੰਗ[1] ਚਲਜੋ ਬਹੁ ਜਾਤਿ।
ਤਿਸੀ ਪੰਥ ਆਵਤਿ ਭਏ, ਜਿਸ ਪੁਰਿ ਗੁਰੂ ਰਹਾਤਿ ॥੧੭॥

[1]ਸਾਥ।

ਚੌਪਈ:
ਡੇਰਾ ਕਿਯੋ ਆਨਿ ਕੈ ਸੰਗ।
ਜੋ ਮੱਜਨ ਕੋ ਗਮਨਤਿ ਗੰਗ।
ਤਿਸ ਮਹਿਂ ਏਕ ਮੀਤ ਗੁਰ ਕੇਰਾ।
ਪ੍ਰਥਮ ਬੈਸ ਕੋ ਹੁਤੋ ਬਡੇਰਾ[1] ॥੧੮॥

[1]ਵੱਡਾ ਮਿੱਤ੍ਰ ਸੀ ਪਹਿਲੀ ਉਮਰ ਦਾ।

ਸੋ ਮਿਲਿਬੇ ਹਿਤ ਗੁਰ ਢਿਗ ਆਯੋ।
ਮਿਲਿ ਕਰਿ ਬਡ ਲਖਿ ਸੀਸ ਝੁਕਾਯੋ।
ਬਾਪੀ ਪਰ ਬੈਠੇ ਤਿਸਕਾਲ।
ਕੁਸ਼ਲ ਪ੍ਰਸ਼ਨ ਕਰਿ ਕੈ ਹਿਤ ਨਾਲ ॥੧੯॥
ਸਾਧੁ ਹੁਤੋ[1] ਤਿਸਹਿ ਸਮੁਝਾਯੋ।
'ਚਲਿਬੇ ਪੰਥ ਕਸ਼ਟ ਕਜੋਂ ਪਾਯੋ।
ਦੂਰ ਪੰਥ ਪਹੁੰਚਹੁ ਸ਼੍ਰਮ ਧਾਰੇ।
ਤੋਹਿ ਭਲੇ ਹਿਤ ਹੇ ਮਮ ਪਜਾਰੇ! ॥੨੦॥

[1]ਭਲਾ ਪੁਰਸ਼ ਸੀ।

ਬੀਚ ਬਾਪਿਕਾ ਗੰਗਾ ਆਨੀ।
ਉਰ ਸ਼ਰਧਾ ਧਰਿ ਹੋਹੁ ਸ਼ਨਾਨੀ[1]।
ਨਹਿਂ ਸ਼ੰਕਾ ਕਿਮਿ ਮਨ ਮਹਿਂ ਜਾਨੋ।
ਜਾਨਿ ਸੁਰਸੁਰੀ ਮੱਜਨ ਠਾਨੋ ॥੨੧॥
ਫਲ ਜੋ ਚਹਹੁ ਨਿਸੰਸੈ ਪਾਵਹੁ।
ਪੁਨ ਘਰ ਗਮਨਹੁਂ ਹਰਿ[†] ਗੁਨ ਗਾਵਹੁ।'

[1]ਇਸ਼ਨਾਨ ਕਰਨ ਵਾਲਾ ਹੋ।

[†]ਪਾ-ਪੁਨ ਘਰ ਗਮਹੁ ਰਾਮ।

ਬਾਕ ਗੁਰੂ ਕੋ ਮਾਨਿ ਸ਼ਨਾਨਾ।
-ਕਿਮਿ ਇਹ ਸੁਰਸਰਿ-? ਸ਼ੰਕਾ ਠਾਨਾ ॥੨੨॥
ਬਹੁਰ ਬੈਠਿ ਕਰਿ ਕੇਤਿਕ ਕਾਲਾ।
ਬਿਨਤੀ ਕੀਨਸਿ 'ਹੇ ਪ੍ਰਭੁ ਦਯਾਲਾ!
ਘਰ ਤੇ ਚਲਯੋ ਸੰਗ ਕੇ ਸੰਗ[1]।
[1]ਭਾਵ ਗੰਗਾ ਦੇ ਯਾਤ੍ਰੂਆਂ ਦੇ ਨਾਲ।
ਗੰਗ ਸ਼ਨਾਨਨਿ ਹੇਤੁ ਉਮੰਗ ॥੨੩॥
ਸਭਿ ਕੇ ਸਾਥ ਪਹੁੰਚਿ ਹਰਿਦ੍ਵਾਰ।
ਕਰਿ ਇਸ਼ਨਾਨ ਅਵੌਂ ਇਕ ਬਾਰ।
ਕਾਰਜ ਪਿਤਰਨ ਕੋ ਕਰਿ ਤਹਾਂ।
ਦਰਸ਼ਨ ਹਿਤ ਪੁਨ ਆਵੌਂ ਇਹਾਂ ॥੨੪॥
ਤਿਸ ਕੀ ਲਖੀ ਸਰਬ ਗਤਿ ਡੋਲੇ[1]।
[1]ਉਸਦੀ ਸਾਰੀ ਗਤੀ ਲਖੀ ਕਿ ਡੋਲ ਰਿਹਾ ਹੈ।
ਸ਼੍ਰੀ ਗੁਰ ਅਮਰਦਾਸ ਤਬਿ ਬੋਲੇ।
'ਨੀਕੀ ਬਾਤ, ਜਾਹੁ ਹਰਿ ਦ੍ਵਾਰ।
ਹਮ ਹਿਤ ਲਯਾਵਹੁ ਸੁਰਸਰਿ ਬਾਰ[1]' ॥੨੫॥
[1]ਗੰਗਾ ਦਾ ਜਲ।
ਇਮਿ ਆਇਸੁ ਦੀਨਸਿ ਤਬਿ ਗਯੋ।
ਤੀਰ ਜਾਨਵੀ[1] ਪਹੁੰਚਤਿ ਭਯੋ।
[1]ਗੰਗਾ ਕੰਢੇ।
ਮਨ ਭਾਵਤਿ ਕਰਿ ਭਲੇ ਸ਼ਨਾਨ।
ਪਿਤਰਨਿ ਕਾਜ ਕਰਾਵਨਿ ਠਾਨਿ ॥੨੬॥
ਗੁਰਬਚ ਸਿਮਰਯੋ ਆਵਨਿ ਕਾਲਿ।
ਲੋਟਾ ਲੀਨਸਿ ਹਾਥ ਸੰਭਾਲਿ।
ਹਰਿ ਦੁਆਰ ਮਹਿਂ ਪ੍ਰਵਿਸ਼ਯੋ ਜਾਈ।
ਕਰ ਲੋਟਾ ਟੁਭਕੀ ਤਬਿ ਲਾਈ ॥੨੭॥
ਗਯੋ ਹਾਥ ਤੇ ਛੁਟਿ, ਨਹਿਂ ਪਾਯੋ।
ਰਹਯੋ ਖੋਜ ਨਹਿਂ ਦ੍ਰਿਸ਼ਟੀ ਆਯੋ।
ਸਰਬ ਸੰਗ ਕੇ ਨਰ ਚਲਿ ਪਰੇ।
ਪਾਇ ਨਹੀਂ ਲੋਟਾ ਬਹੁ ਫਿਰੇ ॥੨੮॥
ਮਿਲਿ ਕੈ ਸੰਗ ਸੰਗ ਹਟਿ ਪਰਯੋ।
ਸੁਰਸਰਿ ਬਾਰਿ ਨ ਲਯਾਵਨਿ ਕਰਯੋ।
ਕ੍ਰਮ ਕ੍ਰਮ ਪੰਥ ਉਲੰਘਯੋ ਸਾਰੇ।

ਆਇ ਨਿਕਟ ਸਤਿਗੁਰੂ ਨਿਹਾਰੇ
॥੨੯॥
ਮਸਤਕ ਟੇਕਿ ਬੇਨਤੀ ਕਰੀ।
'ਮੋ ਤੇ ਕ੍ਰਿੱਤ[1] ਨ ਰਾਵਰਿ ਸਰੀ। [1]ਸੇਵਾ।
ਸੁਰਸਰਿ ਜਲ ਤੁਮ ਨੇ ਮੰਗਵਾਯਵ।
ਮੈਂ ਛੂਛੋ ਤਿਸ ਤੇ ਹਟਿ ਆਯਵ ॥੩੦॥
ਲੋਟਾ ਲੇ ਪਹੁੰਚਯੋ ਹਰਿਦ੍ਵਾਰ।
ਭਰਨਿ ਲਗਯੋ ਤਿਸ ਮਹਿਂ ਜਬਿ ਬਾਰਿ।
ਛੁਟਯੋ ਹਾਥ ਤੇ ਬਹਿ ਕਰਿ ਗਯੋ[1]। [1]ਰੁੜ੍ਹ ਗਿਆ।
ਖੋਜਿ ਰਹਯੋ, ਨਹਿਂ ਪ੍ਰਾਪਤਿ ਭਯੋ ॥੩੧॥
ਪਰਮ ਕੁਭਾਗ ਅਪਨ ਮੈਂ ਜਾਨਾ।
ਚਲਤਿ ਸੰਗ ਕੇ ਸੰਗ ਪਯਾਨਾ[1]'। [1]ਤੁਰਦੇ ਸੰਗ ਦੇ ਨਾਲ ਟੁਰ ਪਿਆ।
ਸੁਨਿ ਸਤਿਗੁਰ ਨੇ ਬਾਕ ਕਹਯੋ ਤਿਹ।
'ਚਿੰਤਾ ਕਰਹੁ ਨਹੀਂ ਕੋ ਉਰ ਮਹਿਂ
॥੩੨॥
ਲੋਟਾ ਪਹੁੰਚਯੋ ਨਿਕਟ ਹਮਾਰੇ।
ਲਜਾਇ ਬੇਗ ਤੇ ਗੰਗਾ ਧਾਰੇ[1]। [1]ਗੰਗਾ ਦੀ ਧਾਰ ਨੇ (ਆਪਣੇ) ਵੇਗ ਨਾਲ (ਲੋਟਾ) ਲੈ ਆਂਦਾ ਹੈ।
ਨਹਿਂ ਪ੍ਰਤੀਤ ਜੇ ਤੁਵ ਉਰ ਮਾਂਹੀ।

ਇਸੇ ਰਾਸ ਦੇ ੪੫ ਅੰਸੂ ਦੇ ਅੰਕ ੬, ੭ ਤੇ ੮ ਵਿਚ ਕਵੀ ਜੀ ਨੇ ਦੱਸਿਆ ਹੈ ਕਿ: ਗੰਗਾ ਆਦਿਕ ਤੀਰਥ ਜੇਈ। ਮਜਹਿਂ ਕਲੀ ਕਾਲ ਨਰ ਤੇਈ। ਅਨਗਨ ਪਾਪ ਤਜਹਿਂ ਤਿਨ ਮਾਂਹੀ। ਤਿਨ ਕੋ ਭਾਰ ਸਹਾਰਤਿ ਨਾਂਹੀ ॥੬॥
ਇਨ੍ਹਾਂ ਪਾਪਾਂ ਤੋਂ ਆਤੁਰ ਹੋ ਗੰਗਾ ਆਦਿਕ ਤੀਰਥਾਂ ਨੇ: ਯਾਂ ਤੇ ਸ੍ਰੀ ਸਤਿਗੁਰੂ ਅਰਾਧਾ। 'ਆਨ ਚਰਨ ਪਾਵਹੁ ਹਤਿ ਬਾਧਾ। ਪਾਪਨਿ ਤੇ ਪੀੜਤਿ ਹਮ ਹੋਏ। ਕਰਿ ਕਰਿ ਦੋਸ਼ ਹਮਹੁ ਮਹਿਂ ਧੋਏ' ॥੭॥
ਤੇ ਫਿਰ ਗੰਗਾ ਆਦਿਕਾਂ ਨੇ ਸਤਿਗੁਰੂ ਜੀ ਦੇ ਅਗੇ ਜੋਦੜੀ ਕੀਤੀ ਕਿ:-
'ਹੇ ਸਤਿਗੁਰੁ ਤੁਮਰੇ ਪਗ ਪਾਵਨ। ਜਬ ਹਮ ਬਿਖੈ ਕਰਹੁਗੇ ਪਾਵਨ। ਤਤਛਿਨ ਹਮ ਸਭਿ ਹੋਹਿਂ ਸੁਖਾਰੇ। ਆਵਹੁ ਤੂਰਨ ਕਰੁਨਾ ਧਾਰੇ' ॥੮॥
ਤੀਰਥਾਂ ਦੀ ਇਹ ਅਰਦਾਸ ਸੁਣ:-
ਸਭ ਤੀਰਥ ਕੋ ਲਖਿ ਭਿੱਪ੍ਰਾਯ। ਭਏ ਤਯਾਗ ਸੰਗਤਿ ਸੰਗ ਲਾਯ।
ਇਹਨਾਂ ਵਾਕਾਂ ਤੋਂ ਸਪਸ਼ਟ ਹੈ ਕਿ ਗੰਗਾ ਆਦਿਕ ਤੀਰਥਾਂ ਨੇ ਸਤਿਗੁਰੂ ਜੀ ਨੂੰ ਪਾਪ ਨਾਸ਼ਕ ਤੇ ਅਘਹਾਰੀ ਜਾਣਕੇ ਆਪਣੇ ਪਾਪ ਬਖਸ਼ਾਉਣ ਲਈ ਅਰਦਾਸ ਕੀਤੀ ਕਿ ਹੇ ਪਤਿਤਪਾਵਨ ਆਪਣੇ ਚਰਨ ਪਾਵਨ ਪਾਕੇ ਸਾਡੇ ਕਲੇਸ਼ ਹਰੋ। ਸੋ ਹੁਣ ਵਿਚਾਰਨ ਵਾਲੀ ਗੱਲ ਹੈ ਕਿ ਅਜੇਹੇ ਸ਼ਕਤੀਵਾਨ ਸਤਿਗੁਰੂ ਜੀ ਨੂੰ ਗੋਇੰਦਵਾਲ ਬਾਉਲੀ ਸਾਹਿਬ ਰਚਕੇ ਇਹਦੇ ਵਿਚ ਗੰਗਾ ਲਿਆਉਣ ਦੀ ਕੋਈ ਥੁੜ ਨਹੀਂ ਸੀ। ਓਹ ਖੁਦ ਸਰਬ ਸ਼ਕਤੀਮਾਨ ਤੇ ਪਤਿਤਪਾਵਨ ਹਨ, ਜਿਸ ਚੀਜ਼ ਨੂੰ ਚਾਹੁਣ ਆਪਣੀ

ਸ਼ਕਤੀ ਨਾਲ ਸੁਭਾਗ ਕਰ ਸਕਦੇ ਹਨ, ਸੋ ਬਾਵਲੀ ਨੂੰ ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਕਰ ਦਿੱਤਾ ਸੀ। ਗੰਗਾ ਦੀ ਮਹਾਨਤਾ ਉਸ ਮਿੱਤ੍ਰ ਦੇ ਜੀ ਵਿਚ ਸੀ। ਉਸ ਨੂੰ ਇਹ ਗੱਲ ਦੱਸਣ ਤੋਂ ਮੁਰਾਦ ਇਹ ਜਾਪਦੀ ਹੈ ਕਿ ਜੋ ਗੌਰਵਤਾ ਤੇਰੇ ਅੰਦਰ ਗੰਗਾ ਦੀ ਹੈ ਓਹ ਏਥੇ ਸਚ ਮੁਚ ਮੌਜੂਦ ਹੈ, ਐਵੇਂ ਨਾਂ ਪੈਂਡੇ ਝਾਗ। ਫਿਰ ਜਦ ਉਸਦਾ ਮਨ ਉਸਨੂੰ ਓਥੇ ਲੈ ਹੀ ਗਿਆ ਤਾਂ ਕੌਤਕੀ ਸਤਿਗੁਰੂ ਜੀ ਨੇ ਲੋਟੇ ਦਾ ਕੌਤਕ ਵਰਤਾਕੇ ਉਸਦਾ ਮਨ ਦਰੁਸਤੀ ਤੇ ਲੈ ਆਂਦਾ ਤੇ ਵਿਸ਼ਵਾਸ ਕਾਇਮ ਕਰ ਦਿੱਤਾ। ਗੁਰੂ ਜੀ ਦੀ ਤੀਰਥਾਂ ਪਰ ਗੌਰਵਤਾ ਨੂੰ ਕਵਿ ਜੀ ਆਪ ਮੰਨਦੇ ਹਨ:-

ਤੀਨ ਲੋਕ ਕੇ ਤੀਰਥ ਜੇਈ। ਸ੍ਰੀ ਗੁਰ ਚਰਨ ਬਿਖੈ ਬਸੁਤੇਈ। (ਅੰਕ ੩੯ ਇਹੋ ਅੰਸੂ)

ਬੀਚ ਬਾਪਿਕਾ ਦੇਖਹੁ ਤਾਂਹੀ ॥੩੩॥

ਦੱਖਣ ਦਿਸ਼ ਕੋ ਸ੍ਰੋਤ ਪ੍ਰਵਾਹੂ[1]।

ਸੋ ਸੁਰਸਰਿ ਕੋ[1] ਬਾਪੀ ਮਾਂਹੂ।

ਤਹਿਂ ਤੇ ਅਪਨਾ ਲੋਟਾ ਲੀਜਹਿ।

ਜਲ ਸੁਰਸਰਿ ਕੋ ਪਾਨ ਕਰੀਜਹਿ' ॥੩੪॥

ਸੁਨਿ ਸਤਿਗੁਰ ਕੇ ਬਾਕ ਸੁਹਾਈ।

ਪ੍ਰਵਿਸ਼ਜੋ ਬੀਚ ਬਾਪਿਕਾ ਜਾਏ।

ਦੱਖਣ ਦਿਸ਼ ਦੇਖਜੋ ਜਲ ਝਰਨਾ।

ਸੀਤਲ ਸੁਖਦ ਬਿਮਲ ਬਰ ਬਰਨਾ[1] ॥੩੫॥

ਤਹਿਂ ਲੋਟਾ ਨਿਜ ਪਰਜੋ ਨਿਹਾਰਾ।

ਪਿਖਿ ਚਰਿੱਤ੍ਰ ਬਿਸਮਾਦ ਬਿਚਾਰਾ।

ਸ਼ੀਘ੍ਰ ਨਿਕਸ ਕਰਿ ਪਦ ਅਰਬਿੰਦ।

ਪਰਜੋ ਜਾਇ ਗੁਰ ਪਿਖਿ ਸੁਖਕੰਦ ॥੩੬॥

'ਮੈਂ ਅਜਾਨ ਮਹਿਮਾ ਨਹਿਂ ਜਾਨੀ।

ਬੀਚ ਬਾਪਿਕਾ ਸੁਰਸਰਿ ਆਨੀ।

ਪ੍ਰਥਮ ਤੁਮਾਰੋ ਬਾਕ ਨ ਮਾਨਜੋ।

ਬਖਸ਼ਹੁ ਭੂਲ ਪ੍ਰਭੁ ਅਬ ਜਾਨਜੋ' ॥੩੭॥

ਸੁਨਤਿ ਕ੍ਰਿਪਾ ਕਰਿ ਗੁਰ ਭਗਵਾਨ।

ਸੱਤਿਨਾਮ ਕੋ ਦੀਨਸਿ ਦਾਨ।

ਕਰਜੋ ਨਿਹਾਲ ਕਸ਼ਟ ਸਭਿ ਟਾਰਯੋ।

ਜਗ ਸਾਗਰ ਤੇ ਦੁਖਤਿ ਉਧਾਰਜੋ ॥੩੮॥

ਬੀਚ ਬਾਪਿਕਾ ਸੁਰਸਰਿ ਨੀਰ।

[1]ਚਲਦਾ ਹੈ ਪ੍ਰਵਾਹ।

[1]ਸੋ ਗੰਗਾ ਦਾ (ਪ੍ਰਵਾਹ) ਹੈ।

[1]ਉੱਜਲ ਸ੍ਰੇਸ਼ਟ ਰੰਗਵਾਲਾ।

ਇਮਿ ਆਨਜੋ ਸਤਿਗੁਰੂ ਗਹੀਰ।
ਤੀਨ ਲੋਕ ਕੇ ਤੀਰਥ ਜੇਈ।
ਸ੍ਰੀ ਗੁਰ ਚਰਨ ਬਿਖੇਬ ਸੁਤੇਈ[1] ॥੩੯॥
ਸੁਰਸਰਿ ਲਜਾਵਨ ਬਾਪੀ ਮਾਂਹੀ।
ਕੁਛ ਅਚਰਜ ਇਹੁ ਜਾਨਹੁਂ ਨਾਂਹੀ।
ਜਿਮਿ ਚਾਹਹਿਂ ਤਿਮਿ ਕਰਹਿਂ ਸੁ ਤੂਰਨ।
ਸ੍ਰੀ ਪ੍ਰਭੁ ਸਰਬ ਸ਼ਕਤਿ ਤੇ ਪੂਰਨ ॥੪੦॥
ਕਰੀ ਬਾਪਿਕਾ ਨਿਜ ਸਿਖ ਕਾਰਨ।
ਜਨਮ ਜਨਮ ਕੇ ਕਲੁਖ ਨਿਵਾਰਨ।
ਕਥਾ ਸੁਨਹਿਂ ਜੇ ਚਿਤ ਕੋ ਲਾਇ।
ਸੋ ਨਰ ਪਾਪਨ ਤੇ ਛੁਟ ਜਾਇਂ ॥੪੧॥
ਇਕ ਦਿਨ ਸ੍ਰੀ ਸਤਿਗੁਰੂ ਸੁਹਾਯੋ।
ਬੈਠੇ ਹੁਤੇ ਸਿੱਧ ਇਕ ਆਯੋ।
ਬੰਦਨ ਕਰਿ ਕੈ ਗਿਰਾ ਸੁਨਾਈ।
'ਆਪ ਲਈ ਜਬਿ ਤੇ ਗੁਰਿਆਈ ॥੪੨॥
ਤਬਿ ਤੇ ਮੈਂ ਸ਼ਰਧਾ ਉਰਧਾਰੀ।
ਦਰਸ਼ਨ ਚਹਤਿ ਰਹਯੋ ਹਿਤਕਾਰੀ।
ਬਡੇ ਭਾਗ ਜਾਗੇ ਅਬਿ ਮੇਰੇ।
ਜਿਸ ਤੇ ਆਇ ਆਪ ਕੋ ਹੇਰੇ ॥੪੩॥
ਮੈਂ ਚਿਰਕਾਲ ਜੋਗ ਤਪ ਕੀਨੇ।
ਲਹਿ ਸਿੱਧੀ ਨਰ ਕਰੇ ਅਧੀਨੇ।
ਮਨ ਮੇਰੇ ਮਹਿਂ ਸ਼ਾਂਤਿ ਨ ਹੋਈ।
ਮਾਨਹਿਂ ਮੋਹਿ ਜਗਤ ਸਭਿ ਕੋਈ ॥੪੪॥
ਸਭਿ ਗਤਿ ਪਿਖਿ ਮੈਂ ਰਿਦੇ ਬਿਚਾਰਾ।
ਇਹ ਸਿੱਧਾਂ ਲੌਕਿਕ ਬਿਵਹਾਰਾ।
ਕਰਿ ਕਰਿ ਕਸ਼ਟ ਜੋਗ ਤਪ ਤਾਪਤਿ।
ਨਹੀਂ ਅਨੰਦ ਮੋਹਿ ਕਉ ਪ੍ਰਾਪਤਿ ॥੪੫॥
ਅਬਿ ਨਿਜ ਸ਼ਰਨ ਰਾਖਿ ਸੁਖ ਕੰਦ!
ਉਪਦੇਸ਼ਹੁ ਜਿਮਿ ਲਹਹੁਂ ਅਨੰਦ।
ਚਿਰੰਕਾਲ ਕੀ ਆਸਾ ਮੇਰੀ।
ਪੂਰਨ ਕੀਜਹਿ ਕ੍ਰਿਪਾ ਬਡੇਰੀ' ॥੪੬॥
ਅਪਨ ਭਗਤ ਜੋਗੀ ਕਹੁ ਜਾਨਾ।

[1]ਵਸਦੇ ਹਨ।

ਸ਼੍ਰੀ ਸਤਿਗੁਰ ਤਿਹ ਸੰਗ ਬਖਾਨਾ।
'ਇਹ ਤਨ ਤਜਿ ਕੈ ਅਪਰ ਧਰੀਜੈ।
ਪੁਨ ਹਮ ਢਿਗ ਹੁਇ ਆਨੰਦ ਲੀਜੈ'
॥੪੭॥
ਇਮਿ ਸਤਿਗੁਰ ਤੇ ਸੁਨਿ ਕਰਿ ਗਯੋ।
ਇੱਛਾ ਪੂਰਬਕ ਤਨ ਤਜਿ ਦਯੋ।
ਉਰ ਧਰਿ ਕਰਿ ਗੁਰ[†] ਕੋ ਅਨੁਰਾਗਾ।
ਅਰੁ ਸਭਿ ਜਗ ਤੇ ਕਰਿ ਵੈਰਾਗਾ
॥੪੮॥

[†]ਪਾ:-ਸਤਿਗੁਰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬਾਵਲੀ ਪੂਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ॥੫੮॥

## ੫੯. [ਜੋਗੀ ਦੂਜੇ ਜਨਮ ਵਿਚ ਅਨੰਦ ਜੀ ਹੋਕੇ ਜਨਮੇ। ਸੰਸਰਾਮ ਜੀ ਦਾ ਜਨਮ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਸੋ ਜੋਗੀ ਧਰਿ ਬਾਸ਼ਨਾ, ਜਨਮਜੋ ਗੁਰ ਕੁਲ ਮਾਂਹਿ।
ਹ੍ਵੈ ਅਨੁਸਾਰੀ ਵਾਸ਼ਨਾ, ਪ੍ਰਗਟਜੋ ਅਪਨੀ ਚਾਹਿ[1] ॥੧॥

[1]ਅਪਣੀ ਇੱਛਾ ਲੈਕੇ ਪ੍ਰਗਟਿਆ।

ਚੌਪਈ:

ਸ੍ਰੀ ਗੁਰ ਅਮਰਦਾਸ ਕੇ ਨੰਦ।
ਪ੍ਰਥਮ ਭਏ ਦ੍ਵੈ ਸ਼ੁਭ† ਜਨੁ[1] ਚੰਦ।
ਭਯੋ ਬਡੋ ਮੋਹਨ ਤਿਸ ਨਾਮ।
ਪਰਮ ਵਿਰਾਗਵਾਨ ਨਿਸ਼ਕਾਮ ॥੨॥
ਗਜਾਨਾਨੰਦ[1] ਮਹਿਂ ਸਦਾ ਬਿਲਾਸਹਿ।
ਉਰ ਬਿਕਾਰ ਕੋ ਲੇਸ਼ ਨ ਤਾਸਹਿ[1]।
ਬਡ ਅਵਧੂਤ ਇਕਾਕੀ[1] ਰਹੈ।
ਕਿਹ ਤੇ ਸੁਨੈ ਨ ਮੁਖ ਤੇ ਕਹੈ ॥੩॥
ਮੌਨ ਧਰੇ ਮਨ ਥਿਰਤਾ ਗਹੈ।
ਸ਼ੁਭ ਗੁਨ ਗਨ ਕੋ ਮੰਦਰ ਅਹੈ।
ਨਹਿਨ ਪ੍ਰਬਿਰਤੀ ਮਹਿਂ ਚਿਤ ਜਾਂਹੀ।
ਸਦਾ ਸ਼ਾਂਤਿ ਰਸ ਸ੍ਵਾਦ ਸੁ ਗ੍ਰਾਹੀ ॥੪॥
ਦੁਤਿਯ ਮੋਹਰੀ ਮਹਾਂ ਸੁਜਾਨ।
ਜਗ ਬਿਵਹਾਰ ਬਿਖੈ ਬੁਧਿਵਾਨ।
ਇਸ ਕੇ ਪੁੱਤ੍ਰ ਪ੍ਰਥਮ ਨਿਪਜਯੋ।
ਨਾਮ ਅਰਥ ਮਲ ਤਿਹ ਧਰਿ ਦਯੋ ॥੫॥
ਪਰਮ ਭਗਤਿ ਗੁਨਿ ਗਨ ਅਨੁਰਾਗੀ।
ਗੁਰ ਕੁਲ ਮਹਿਂ ਉਪਜਜੋ ਬਡਭਾਗੀ।
ਤਿਸ ਪੀਛੇ ਸੋ ਜੋਗੀ ਆਇ।
ਜਨਮਜੋ ਮਹਿਦ ਮੋਦ ਉਪਜਾਇ ॥੬॥
ਜਿਨ ਤਪ ਜੋਗ ਕਰਜੋ ਬਹੁ ਕਾਲਾ।
ਜਨਮਜੋ ਸ਼ਰਧਾ ਧਰੇ ਬਿਸਾਲਾ।
ਪਾਇ ਗਜਾਨ ਕੋ ਲਹਜੋ ਅਨੰਦ।
ਇਹੀ ਬਾਸ਼ਨਾ ਭਲੀ ਮੁਕੰਦ[1] ॥੭॥

[1]ਮਾਨੋ। †ਪਾ:-ਦ੍ਵੈਤ ਸੁਤ।

[1]ਗਿਆਨ ਦੇ ਅਨੰਦ।

[1]ਤਿਸ (ਬਾਬੇ ਮੋਹਨ ਜੀ ਨੂੰ)।

[1]ਇਕਾਂਤ।

[1]ਭਾਵ, (ਗਜਾਨਾਨੰਦ ਦੀ ਪ੍ਰਾਪਤ ਲਈ ਜੋ) ਵਾਸ਼ਨਾ ਹੈ ਉਹ ਭਲੀ ਤੇ ਮੁਕਤੀ ਦਾਤਾ ਹੈ।

ਗੁਰ ਅੰਤਰਜਾਮੀ ਸਭਿ ਜਾਨਾ।
ਪੌਤ੍ਰ ਜਨਮ ਕੋ ਸੁਨਿ ਕਰਿ ਕਾਨਾ।
ਬੱਲੂ ਸੋਂ ਫੁਰਮਾਵਨ ਕਿਯੋ।
'ਪੁੱਤ੍ਰ ਮੋਹਰੀ ਕੇ ਜੋ ਭਯੋ ॥੮॥
ਤਿਸ ਕੋ ਆਨਹੁਂ ਨਿਕਟ ਹਮਾਰੇ।
ਜਨਮਜੋ ਜੋ ਅਨੰਦ ਇਛ[1] ਧਾਰੇ। [1]ਅਨੰਦ ਦੀ ਇੱਛਾ।
ਸੁਨਤਿ ਦਾਸ ਗਮਨਜੋ ਤਿਸ ਥਾਨਾ।
ਗੁਰ ਫੁਰਮਾਵਨਿ ਤਿਨਹੁਂ ਬਖਾਨਾ ॥੯॥
ਆਇਸੁ ਮੇਟ ਸਕਹਿ ਨਹਿਂ ਕੋਈ।
ਤੁਰਤ ਪ੍ਰਸੂਤ[1] ਮ੍ਰਿਦੁਲ ਸਿਸ ਹੋਈ। [1]ਹੁਣੇ ਜੀ ਜੰਮਿਆਂ ਬਾਲਕ ਹੈਸੀ।
ਤੂਲ ਸੁ ਵਸਤ੍ਰ[1] ਅਛਾਦਨ ਕਰਜੋ। [1]ਰੂਈ ਸਹਿਤ ਵਸਤ੍ਰ ਨਾਲ।
ਲੇ ਬੱਲੂ ਨਿਜ ਹਾਥਨਿ ਧਰਜੋ ॥੧੦॥
ਸਨੈ ਸਨੈ ਸਤਿਗੁਰ ਢਿਗ ਆਨਜੋ।
-ਇਹ ਬਡਭਾਗ- ਸਭਿਨਿ ਮਨ ਜਾਨਜੋ।
ਪ੍ਰਭੁ ਨੇ ਪੌਤ੍ਰ ਲਿਯੋ ਨਿਜ ਗੋਦ।
ਸਭਿ ਪ੍ਰਵਾਰ ਮੈਂ ਭਯੋ ਪ੍ਰਮੋਦ ॥੧੧॥
ਬੱਲੂ ਸੋਂ ਬੋਲੇ ਭਗਵੰਤ।
'ਇਹ ਅਵਤਰਜੋ ਬਡੋ ਸ਼ੁਭ ਸੰਤ।
ਰਿਦ ਅਨੰਦ ਕੀ ਇਛਾ ਜਾਂਹੂ।
ਲੀਨ ਜਨਮ ਹਮਰੇ ਕੁਲ ਮਾਂਹੂ ॥੧੨॥
ਇਸਕੋ ਨਾਮ 'ਅਨੰਦ' ਧਰੀਜੈ।
ਮਹਾਂਪੁਰਖ ਹੁਇ ਗੁਨਿ ਸਭਿ ਲੀਜੈ।
ਹਮ ਭੀ ਇਸ ਕੋ ਦੇਹਿਂ ਉਪਾਇਨ।
ਬਾਨੀ ਸੁੰਦਰ ਕਰਹਿਂ ਗੁਨਾਇਨ[1]† ॥੧੩॥ [1]ਗੁਣਾਂ ਦਾ ਘਰ। †ਪਾ:-ਸੁਹਾਇਨ।
ਨਾਮ ਅਨੰਦ ਤਾਂਹਿ ਕੋ[1] ਰਾਖਹਿਂ। [1]ਤਿਸ ਬਾਣੀ ਦਾ।
ਮਨੁਕਾਮਨ ਦਾਨੀ ਜੋ ਭਾਖਹਿਂ[1]'। [1]ਮਨੋਕਾਮਨਾ ਦੇਣ ਵਾਲੀ ਜੋ ਬਾਣੀ ਕਹਾਂਗੇ।
ਇਮਿ ਸਤਿਗੁਰ ਕਹਿ ਬੱਲੂ ਸੰਗ।
ਲਗੇ ਬਨਾਵਨ ਗਿਰਾ ਉਮੰਗ ॥੧੪॥
ਪੌਤ੍ਰ ਗੋਦ ਚਿਤ ਮੋਦ ਧਰੰਤੇ।
ਬਾਨੀ ਕੋ ਰਸਨਾ ਉਚਰੰਤੇ।
[†]ਪਾ:-ਦਧੀ।
[†]ਹਸੀ ਕਰਤਿ ਨੇ।
[1]ਪਰਖਾਈ ਹੈ।
[1]ਇਸ ਥਾਂ ਤੇ (ਖਲੋਤਿਆਂ) ਸਮਾਂ ਬੀਤਦਾ ਜਾਂਦਾ ਹੈ।

ਚਹੈਂ ਸੁ ਕਰਹਿਂ ਏਕ ਛਿਨ ਮਾਂਹੂ ॥੨੧॥
ਜਿਮਿ ਰਜ਼ਾਇ ਤਿਨ ਕੀ ਹਮ ਹੇਰਹਿਂ।
ਹਰਖਮਾਨ ਹੁਇ ਰਹੈਂ ਘਨੇਰਹਿਂ।
ਭਲੋ ਜੀਵ ਕੋ ਜਿਮਿ ਹੁਇ ਜਾਇ।
ਤਿਮਿ ਸਿੱਖਨ ਹਿਤ ਗੁਰੂ ਕਰਾਇਂ' ॥੨੨॥
ਇਮਿ ਕਹਿ ਜਾਚਿ ਸੁ ਲਕਰੀ ਲੀਨੀ।
ਕਿਤਿਕ ਸਮੇਂ ਬੀਤੇ ਤਿਸ ਦੀਨੀ।
ਟੰਗਰੀ ਲੰਗਰੀ ਕਾਸ਼ਟ ਪਰ ਧਰਿ।
ਮਾਰਗ ਚਲਜੋ ਉਤਾਇਲ ਕੋ ਕਰਿ ॥੨੩॥
ਦੇਗ਼ ਥਾਨ ਮਹਿਂ ਸਤਿਗੁਰ ਆਏ।
ਥਾਲ ਪਰੋਸੁ ਧਰਜੋ ਅਗੁਵਾਏ।
ਸਗਰੀ ਸੰਗਤਿ ਕੇਰਿ ਅਗਾਰੇ।
ਕਰੇ ਪਰੋਸਨ ਬਿਬਿਧ ਅਹਾਰੇ ॥੨੪॥
ਬੈਠਿ ਰਹੇ ਸਤਿਗੁਰ ਤਿਸ ਕਾਲ।
ਮੁਖ ਮਹਿਂ ਗ੍ਰਾਸ ਨ ਪਾਇਂ ਰਸਾਲ।
ਗੁਰ ਦਿਸ਼ ਪਿਖਿ ਕਰਿ ਸਗਰੀ ਸੰਗਤਿ।
ਨਹਿਂ ਅਹਾਰ ਮੁਖ ਪਾਵਹਿ ਪੰਗਤਿ ॥੨੫॥
ਬੂਝੇ ਬੱਲੂ ਦਾਸ ਜੁ ਅਹੈ।
'ਅਚਤਿ ਨਹੀਂ ਪ੍ਰਭੂ ! ਕੋ ਬਿਧਿ ਅਹੈ?
ਬੈਠੀ ਸੰਗਤਿ ਤਜਾਰ ਅਹਾਰਾ।
ਨਹੀਂ ਗ੍ਰਾਸ ਕਿਨ ਮੁਖ ਮਹੁਂ ਡਾਰਾ' ॥੨੬॥
ਸੁਨਿ ਬੋਲੇ ਗੁਰ 'ਅਚੈਂ ਨ ਤਬਿ ਲੌ।
ਸਿਖ ਪ੍ਰੇਮੀ ਨਹਿਂ ਪਹੁਂਚੈ ਜਬਿ ਲੌ।
ਰੋਕਜੋ ਗ੍ਰਾਮ[1] ਚੌਧਰੀ ਆਵਤਿ।
ਉਪਾਂਲੰਭ ਜੁਤਿ ਹਾਸ[1] ਸੁਨਾਵਤਿ' ॥੨੭॥
ਇਤਨੇ ਮੈਂ ਚਲਿ ਤੂਰਨ ਆਇ ਸੁ।
ਦਧਿ ਆਗੇ ਧਰਿ ਸੀਸ ਨਿਵਾਇਸੁ।

[1]ਪਿੰਡ ਦੇ।
[1]ਉਲਾਂਭੇ ਸਹਤ ਮਖੌਲ ਦੇ।

ਲੇ ਸਤਿਗੁਰ ਨੇ ਅਚਜੋ ਅਹਾਰਾ।
ਅਪਰ ਸਰਬ ਤ੍ਰਿਪਤੇ ਛੁਧਿ ਟਾਰਾ ॥੨੮॥
ਪਾਨਿ ਪਾਨਿ ਕਰਿ ਪਾਨ ਪਖਾਰੇ[1]।
ਸ਼ਰਧਾ ਪੂਰਨ ਹੇਤੁ ਉਚਾਰੇ।
'ਆਜ ਕਹਾਂ ਤੁਮ ਬਿਲਮ ਲਗਾਈ।
ਆਯਵ[1] ਭੋਜਨ ਸਮੇਂ ਬਿਤਾਈ?' ॥੨੯॥
ਹਾਥ ਜੋਰਿ ਤਿਨ ਸਰਬ ਪ੍ਰਕਾਸ਼ੀ[1]।
'ਕਰੀ ਪੰਚ ਨੇ ਮੋ ਸੰਗ ਹਾਸੀ।
-ਗੁਰ ਜੇ ਸਮਰਥ ਸੇਵ ਕਮਾਈ।
ਟੰਗਰੀ ਲੰਗਰੀ ਕਯੋਂ ਨ ਬਨਾਈ ॥੩੦॥
ਆਵਤਿ ਜਾਤਿ ਬਾਦ ਸ਼੍ਰਮ ਕਰਜੋ।
ਦੁਤਿਯ ਪੈਰ ਜੇ ਨਹਿਨ ਸੁਧਰਜੋ-।
ਕਾਸ਼ਟ ਕੀ ਟੰਗੀਆ ਮਮ ਛੀਨੀ।
ਕਿਤਿਕ ਦੇਰਿ ਕਰਿ ਮੁਝ ਕੋ ਦੀਨੀ ॥੩੧॥
ਇਸ ਬਿਧਿ ਬਿਲਮ ਲਗੀ ਮੁਝ ਆਵਤਿ।
ਜਬਿ ਤਿਨ ਦਈ ਆਇ ਉਤਲਾਵਤਿ।'
ਸੁਨਿ ਕੈ ਗੁਰ ਸਭਿ ਬਿਖੈ ਅਲਾਈ।
'ਬਾਤ ਨਹੀਂ ਹਮਰੇ ਚਿਤ ਆਈ ॥੩੨॥
ਸ਼ਾਹੁ ਹੁਸੈਨ[1] ਪਾਸ ਅਬਿ ਜਾਵਹੁ।
ਤਿਸ ਤੇ ਨਿਜ ਟੰਗਰੀ ਸੁਧਰਾਵਹੁ।
ਜਬਿ ਤੂੰ ਮਿਲਹਿਂ ਜਾਇ ਧਰਿ ਭਾਊ।
ਪੈਹਹਿਂ ਟੰਗਰੀ ਬਿਲਮ ਨ ਕਾਊ' ॥੩੩॥
ਮਾਨਿ ਬਚਨ ਗੁਰ ਕੋ ਤਬਿ ਗਯੋ[†]।
ਸ਼ਾਹੁ ਹੁਸੈਨ ਨਿਕਟ ਜਾ ਭਯੋ[1][†]।
ਇਸ ਪ੍ਰਕਾਰ ਤਿਹ ਹੁਤੋ ਸੁਭਾਊ।
ਨਿਕਟ ਜੁ ਆਵੈ ਮਾਰ ਭਗਾਊ[1] ॥੩੪॥
ਗੁਰ ਆਗਜਾ ਤੇ ਸਿਖ ਜਬਿ ਗਯੋ।
ਇਸ ਕੋ ਨਹੀਂ ਹਤਨ ਕਿਛੁ ਕਯੋ।
ਬੂਝਤਿ ਭਯੋ 'ਕਹਾਂ ਤੇ ਆਇਸਿ?'

[1]ਪਾਣੀ ਪੀਕੇ ਹੱਥ ਧੋਤੇ।
[1](ਤੂੰ) ਆਇਆ ਹੈਂ।
[1]ਦੱਸੀ।
[1]ਇਕ ਗੁਰੂ ਕਾ ਸਿੱਖ ਸੀ ਮੁਸਲਮਾਨ ਜਾਮੇ ਵਿਚ।
[†]ਪਾ:-ਗਇਊ।
[1]ਚਲਾ ਗਿਆ। [†]ਪਾ:-ਸੁ ਭਾਇਊ।
[1]ਭਜਾ ਦਿੰਦਾ ਸੀ।

ਸਿਰ ਨਿਵਾਇ ਇਨ ਸਕਲ ਸੁਨਾਇਸਿ ॥੩੫॥
ਹਾਥ ਬੰਦਿ ਹੁਇ ਸਨਮੁਖ ਬੈਠਜੋ।
ਦੇਖਿ ਹੁਸੈਨ ਸ਼ਾਹੁ ਤਬਿ ਐਂਠਜੋ[1]। [1]ਆਕੜਿਆ।
ਹਤਿ ਕੈ ਕੁਤਕਾ ਝਿਰਕ ਉਠਾਇਵ।
ਡਰਿ ਕਰਿ ਭਾਗ ਚਲਜੋ ਉਤਲਾਇਵ ॥੩੬॥
ਪ੍ਰਿਸ਼ਟ ਫੇਰ ਜਬਿ ਭਾਜਤਿ ਭਯੋ।
ਚਰਨ ਦੂਸਰੋ ਤਸ ਬਨਿ ਗਯੋ।
ਅਚਰਜ ਹ੍ਵੈ ਕਰਿ ਹਟਜੋ ਪਿਛਾਰੀ।
ਗਹੇ ਚਰਨ ਪਰ ਰਹਜੋ ਅਗਾਰੀ[1] ॥੩੭॥ [1]ਅੱਗੇ (ਸ਼ਾਹ ਹੁਸੈਨ ਦੇ)।
'ਮੁਝ ਲੰਗਰੇ ਕੀ ਟਾਂਗ ਬਨਾਈ।
ਅਹੈ ਆਪ ਕੀ ਅਧਿਕ ਬਡਾਈ।'
ਸ਼ਾਹੁ ਹੁਸੈਨ ਬੈਨਿ ਤਬਿ ਕਹੇ।
'ਕਰਨ ਕਰਾਵਨ ਔਰੇ ਅਹੇ ॥੩੮॥
ਸ਼੍ਰੀ ਗੁਰ ਅਮਰਦਾਸ ਸਭਿ ਸ੍ਵਾਮੀ।
ਕਰਹਿਂ ਆਪ, ਹਮ ਦੇਂ ਬਦਨਾਮੀ[1]। [1]ਕਰਦੇ ਆਪ ਹਨ ਤੇ ਬਦਨਾਮੀ ਸਾਨੂੰ ਦੇਂਦੇ ਹਨ।
ਅਬਿ ਗਮਨੋ ਰਹੀਐ ਤਿਨ ਸ਼ਰਨੀ।
ਹਮ ਦਿਸ਼ ਤੇ ਕਹੁ ਪਰਨੋ ਚਰਨੀ[1] ॥੩੯॥ [1]ਪੈਰੀਂ ਪਾਉਣਾ।
ਸਤਿਗੁਰ ਪਰ ਹੀ ਧਰੋ ਭਰੋਸਾ।
ਹਮ ਸਮ ਦਾਸ ਅਨੇਕ ਅਦੋਸ਼ਾ[1]'। [1]ਦੋਸ਼ ਰਹਤ (ਗੁਰੂ ਜੀ ਦੇ)।
ਪਿਖ ਚਰਿੱਤ੍ਰ ਸਭਿਹੀ ਬਿਸਮਾਏ।
ਅਚਰਜ ਗਤਿ ਕੁਛ ਲਖੀ ਨ ਜਾਏ ॥੪੦॥
ਜਬ ਖੱਤ੍ਰੀ ਆਯੋ ਚਲਿ ਪਾਸ।
ਬਿਕਸੇ ਸਤਿਗੁਰ ਕ੍ਰਿਪਾ ਅਵਾਸ।
ਮਹਾਂਰਾਜ ਸੇਵਾ ਫਲ ਦਾਤਾ।
ਸਿਖ ਵਤਸਲ[1] ਦੇ ਆਤਮ ਗਜਾਤਾ ॥੪੧॥ [1]ਸਿੱਖਾਂ ਦੇ ਪਿਆਰੇ।
ਜਹਿਂ ਕਹਿਂ ਪੂਰਨ ਕੀਰਤਿ ਹੋਈ।
ਪੀਰ ਫਕੀਰ ਪਿਖਹਿਂ ਸਭਿ ਕੋਈ।

ਸੰਤ ਸਾਧ ਬੈਰਾਗੀ ਜਤੀ।
ਦਰਸਹਿਂ ਸਤਿਗੁਰ ਕੋ ਸ਼ੁਭ ਮਤੀ ॥੪੨॥
ਇਕ ਦਿਨ ਸੰਗਤਿ ਸਤਿਗੁਰ ਪਾਸ।
ਬੈਠੀ ਹੁਤੀ ਬ੍ਰਿੰਦ ਚਹੁਂ ਪਾਸਿ।
ਬੁੱਢੇ ਆਦਿਕ ਸਿੱਖ ਜੁ ਸਜਾਨੇ।
ਹਿਤ ਬੂਝਨ ਕੇ ਬੈਨ ਬਖਾਨੇ ॥੪੩॥
'ਸਿੱਖੀ ਕੀ ਰਹਿਨੀ ਜਿਸ ਢਾਲ।
ਸ਼੍ਰੀ ਮੁਖ ਤੇ ਅਬਿ ਕਹਹੁ ਕ੍ਰਿਪਾਲ।
ਜਿਸ ਮਹਿਂ ਸਿਖ ਬਰਤੈ ਗਤਿ ਲਹੈ।
ਭਉਜਲ ਬਿਖੈ ਬਹੁਰ ਨਹਿਂ ਬਹੈ' ॥੪੪॥
ਸੁਨਿ ਸਸਿ ਮੁਖ ਤੇ ਸੁਧਾ ਸਮਾਨੀ।
ਸਤਿਗੁਰ ਕਰੁਨਾ ਕਰੀ† ਬਖਾਨੀ।
'ਗੁਰੂ ਬਾਕ ਦ੍ਰਿੜ੍ਹ ਜਿਨ ਕਰਿ ਮਾਨੇ।
ਸੋ ਮਮ ਪਜਾਰੋ ਸਿੱਖਜ ਮਹਾਂਨੇ ॥੪੫॥
ਜਾਗਹਿ ਜਾਮ ਜਾਮਨੀ ਰਹੇ[1]।
ਮੱਜਨ ਕਰਿ ਇਕੰਤ ਹੁਇ ਬਹੈ।
ਮੋਰਿ ਸਰੂਪ ਰਿਦੇ ਮੋਂ ਧਾਰੇ।
ਗੁਰਬਾਨੀ ਕੋ ਰਿਦੇ ਬਿਚਾਰੇ ॥੪੬॥
ਮਨ ਦ੍ਰਿੜ ਕਰਿ ਕੈ ਸੁਰਤਿ ਟਿਕਾਵੈ।
ਪ੍ਰਾਤਿ ਹੋਤਿ ਲੌ ਨਾਮ ਅਲਾਵੈ।
ਧਰਮ ਕਿਰਤ ਕਰਿ ਸੰਤਨ ਸੇਵੈ।
ਪਰ ਤ੍ਰਿਯ ਪਰ ਧਨ ਕਬਹੁਂ ਨ ਲੇਵੈ ॥੪੭॥
ਨਿੰਦਾ ਝੂਠ ਨ ਨਿਠੁਰ[1] ਬਖਾਨੇ।
ਪਰ ਦੁਖ ਦੁਖ, ਪਰ ਸੁਖੁ ਸੁਖੁ ਮਾਨੈ[1]।
ਛੁਧਾ ਬਿਨਾ ਨਹਿਂ ਖੈਬੋ ਕਰੈ।
ਨੀਂਦ ਬਿਨਾ ਨਹਿਂ ਸੁਪਤਨ ਪਰੈ[1] ॥੪੮॥
ਜੇ ਸੁਪਤਹਿ ਨਿਜ ਅਵਧਿ ਘਟਾਵਹਿ।
ਛੁਧਿ ਬਿਨ ਖਾਇ ਰੋਗ ਉਪਜਾਵਹਿ।

†ਪਾ:-ਕਰੇ।
[1]ਪਹਿਰ ਰਾਤ ਰਹਿੰਦੀ।
[1]ਕਠੋਰ (ਵਾਕ)।
[1]ਪਰਾਏ ਦੁਖ ਨੂੰ (ਦੇਖਕੇ) ਦੁਖ ਮੰਨੇ ਤੇ ਪਰਾਏ ਸੁਖ ਨੂੰ ਸੁਖ।
[1]ਸੌਣ ਲਈ (ਲੰਮਾ) ਨਾ ਪਵੇ (ਸਿਖ)।

ਹੋਹਿ ਨ† ਸੱਤਿਨਾਮ ਕੋ ਸਿਮਰਨ।
ਸਾਸਿ ਸਾਸਿ ਜਪੁ ਬਿਸਰ ਨ ਇਕ ਛਿਨ ॥੪੯॥
ਪਰਮੇਸੁਰ ਕੋ ਭਾਣੋ ਮਾਨਹਿਂ।
ਨਹੀਂ ਦੋਸ਼ੁ ਪ੍ਰਭੁ ਮਹਿਂ ਕਬਿ ਠਾਨਹਿਂ।
ਆਛੋ ਜਾਨ ਮੁਦਤਿ ਚਿਤ ਰਹੈ।
ਤਨ ਹੰਤਾ ਕੋ ਨਿਤਿਪ੍ਰਤਿ ਦਹੈ ॥੫੦॥
ਕਾਮ ਨ ਕ੍ਰੋਧ ਨ ਲੋਭ ਨ ਧਾਰੈ।
ਜਥਾ ਲਾਭ ਸੰਤੁਸ਼ਟ ਬਿਚਾਰੈ।
ਆਛੋ ਕਰਮ ਦਿਖਾਇ ਨ ਚਾਹੈ।
ਲਾਭ ਘਟੈ[1] ਪਾਖੰਡ ਇਸ ਮਾਂਹੈ ॥੫੧॥
ਨਾਮ ਦਾਨ ਇਸ਼ਨਾਨ ਨ ਤਜਾਗਹਿ।
ਨਿਤਿ ਪ੍ਰਤਿ ਇਨਹੀ ਸੋਂ ਅਨੁਰਾਗਹਿ।
ਹਰਿ ਗੁਰ ਕੀ ਨਿੰਦਾ ਨਹਿਂ ਸੁਨੈ।
ਭਾਗਹਿ ਤਹਿਂ ਤੇ ਕੈ ਤਿਸੁ ਹਨੈ ॥੫੨॥
ਛਰ, ਮਤਸਰ[1] ਤ੍ਰਿਸ਼ਨਾ ਕੋ ਤਜਿ ਕੈ।
ਨਿਜ ਆਛੋ ਜਾਨਹਿਂ ਹਰਿ ਭਜਿ ਕੈ[1]।
ਸੁਖ ਪਰਲੋਕ ਚਾਹਿ ਕਰਿ ਸਦਾ।
ਜਗ ਸੁਖ ਮਹਿਂ ਉਰਝਹਿ ਨਹਿਂ ਕਦਾ ॥੫੩॥
ਗੁਰ ਸੇਵਨ ਸਿਮਰਨ ਕਰਨੋ।
ਇਸ ਤੇ ਨੀਕੋ ਅਪਰ ਨ ਬਰਨੋ।
ਸ਼ੁਭ ਮਤਿ ਇਨ ਕਉ ਤਜਾਗਹਿ ਨਾਂਹੀ।
ਮਿਲਜੋ ਰਹੈ ਸਤਿਸੰਗਤਿ ਮਾਂਹੀ ॥੫੪॥
ਗੁਰਬਾਨੀ ਸੋਂ ਮਨੁ ਅਨੁਰਾਗਹਿ।
ਪਾਠਤਿ ਸੁਨਤਿ ਜਬਿ ਮੀਠੀ ਲਾਗਹਿ।
ਤਬਿ ਜਾਨਹਿ -ਮਮ ਹੁਇ ਕੱਲਜਾਨਹਿ-।
ਸੁਨਿ ਗੁਰ ਸ਼ਬਦ ਕਮਾਵਨ ਠਾਨਹਿ ॥੫੫॥
ਇਮਿ ਗੁਰ ਕਹੀ, ਸੁਨੀ ਦੈ ਕਾਨ।
ਗੁਰ ਸਿੱਖਜਾ ਸਿੱਖਜਨ ਸੁਖਦਾਨ।
ਧਰੀ ਰਿਦੇ ਮਹਿਂ ਜੇ ਬਡਿਭਾਗੀ[1]।

†ਪਾ:-ਹ੍ਵੈ ਹੈ।

[1]ਚੰਗੇ ਕਰਮ (ਦਿਖਾਉਣ ਨਾਲ) ਲਾਭ ਘਟਦਾ ਹੈ।

[1]ਛਲ ਤੇ ਈਰਖਾ।

[1]ਹਰੀ ਨੂੰ ਭਜਕੇ ਅਪਣਾ ਭਲਾ ਜਾਣਦੇ ਹਨ।

[1]ਜੋ ਵਡਭਾਗੀ ਸਨ।

ਸੱਤਜ ਨਾਮੁ ਜਪਿਬੇ ਲਿਵਲਾਗੀ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸਿੱਖ ਲੰਗਰੇ' ਪ੍ਰਸੰਗ ਬਰਨਨੰ ਨਾਮ ਚਤਰ ਸ਼ਸ਼ਟੀ ਅੰਸੂ ॥੬੪॥

## ੬੫. [ਭੋਜਨਾਂ ਦੀ ਅੰਸ ਚੁਲੇ ਵਿਚ। ਨਿੱਤ੍ਰਕ੍ਰਿਆ। ਬੀਬੀ ਭਾਨੀ ਤੇ ਸ੍ਰੀ ਅਰਜਨ ਜੀ ਨੂੰ ਵਰ]

੬੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੬

ਦੋਹਰਾ:

ਘਟਿ ਘਟਿ ਬਜਾਪਕ ਸਤਿਗੁਰੂ, ਜਿਸ
ਅਕਾਸ਼ ਸਭਿ ਮਾਂਹਿ।
ਸੋ ਜਾਨਹਿਂ ਇਸ ਭੇਵ ਕੋ, ਕ੍ਰਿਪਾ ਦ੍ਰਿਸ਼ਟਿ
ਹੈ ਜਾਂਹਿ ॥੧॥

ਚੌਪਈ:

ਇਕ ਦਿਨ ਦੇਗ਼ ਸਥਲ ਗੁਰ ਗਏ।
ਸਿੱਖ ਸਰਬ ਹੀ ਸੰਗੀ ਭਏ।
ਲਵਣ ਬਿਹੀਨ ਓਗਰਾ ਖਾਇਵ।
ਪਾਨੀ ਪਾਨਿ ਕੀਨ ਤ੍ਰਿਪਤਾਇਵ ॥੨॥
ਖਟ ਰਸ ਕੋ ਅਹਾਰ ਸ਼ੁਭ ਭਾਂਤੀ।
ਸਤਿਸੰਗਤਿ ਅਚਵਜੋ ਕਰਿ ਪਾਂਤੀ[1]।
ਸੂਖਮ ਓਦਨ ਪਾਇਸ[1] ਘਨੀ।
ਸਰਪੀ ਸਿਤਾ ਸ੍ਵਾਦ ਸੋਂ ਸਨੀ[1] ॥੩॥
ਅਨਿਕ ਭਾਂਤਿ ਕੀ ਸੂਪ[1] ਬਨਾਈ।
ਡਾਲ ਮਸਾਲੇ ਸ੍ਵਾਦ ਰਸਾਈ[1]।
ਗੋਧੁਮ ਚੁਨ ਸੁ ਫੁਲਕਾ ਕਰੈ।
ਮ੍ਰਿਦੁਲ ਪਾਤਰੇ ਬਹੁ ਕਰਿ ਧਰੈ[1] ॥੪॥
ਇੱਤਜਾਦਿਕ ਸ਼ੁਭ ਹੋਤਿ ਅਹਾਰਾ।
ਪਿਖਿ ਕਰਿ ਬੁੱਢੇ ਬਾਕ ਉਚਾਰਾ।
'ਸ਼੍ਰੀ ਸਤਿਗੁਰ ਜੀ ਪਰਮ ਕ੍ਰਿਪਾਲ!
ਹੋਤਿ ਅਹਾਰ ਅਨੇਕ ਰਸਾਲ ॥੫॥
ਸੋ ਸਭਿ ਸੰਗਤਿ ਅਚੈ ਸੁ ਚੀਨ।
ਆਪ ਓਗਰਾ ਲਵਣ ਬਿਹੀਨ।
ਇਹ ਸਿੱਖਜਨ ਕੇ ਉਚਿਤ ਨ ਕੋਈ।
ਤੁਮ ਬਿਨ ਅਚਹਿਂ ਸ੍ਵਾਦ ਰਸ ਭੋਈ ॥੬॥
ਜਸੁ ਤੁਮ ਅਚਹੁ ਚਾਹਿ ਕਰਿ ਚਿਤ ਮੈਂ।
ਸੋ ਸਿਖ ਅਚਹਿਂ ਰੀਤਿ ਇਹ ਹਿਤ ਮੈਂ।
ਤੁਮਰੇ ਬਿਨਾ ਖਾਹਿਂ ਨਹਿਂ ਨੀਕੇ।
ਏਵ ਮਨੋਰਥ ਹੈ ਮਮ ਹੀ ਕੇ ॥੭॥

[1]ਪੰਗਤ ਬਣਾਕੇ।
[1]ਪਤਲੇ ਚਾਵਲਾਂ ਦੀ ਖੀਰ।
[1]ਘਿਓ ਤੇ ਖੰਡ ਦੇ ਸਵਾਦ ਨਾਲ ਮਿਲੀ ਹੋਈ।
[1]ਰਸੋਈ।
[1]ਸ੍ਵਾਦ ਵਿਚ ਰਸਾਈ ਹੋਈ, ਭਾਵ ਸ੍ਵਾਦ ਦਾਰ ਕੀਤੀ ਹੋਈ।
[1]ਨਰਮ ਤੇ ਬਹੁਤ ਪਤਲੇ ਤਿਆਰ ਕਰ ਰਖੇ।

ਬਹੁ ਦਿਨ ਕੋ ਮੈਂ ਚਾਹਤਿ ਰਹਜੋ।
ਆਜ ਸੁਨਾਯੋ ਅਵਸਰ ਲਹਜੋ[1]'। — [1]ਸਮਾਂ ਪਾ ਕਰਕੇ।
ਸੁਨਿ ਪ੍ਰਸੰਨ ਬੁੱਢੇ ਪਰ ਭਏ।
ਇਸ ਪ੍ਰਕਾਰ ਕੋ ਉੱਤਰ ਦਏ ॥੮॥
'ਗੁਰਮੁਖ ਸੰਗਤਿ ਅਰੁ ਮਮ ਮਾਂਹੀ।
ਭੇਦ ਦੁਹਿਨ ਮੈਂ ਜਾਨੋ ਨਾਂਹੀ।
ਮੈਂ ਸੰਗਤਿ ਕੇ ਸੰਗ ਅਭੇਦ।
ਸੁਖ ਤੇ ਸੁਖੀ ਖੇਦ ਤੇ ਖੇਦ ॥੯॥
ਸੋ ਸੰਗਤਿ ਰੁਚਿ ਕਰਤਿ ਅਹਾਰਾ।
ਸੋ ਮੁਝ ਪਹੁੰਚੈ ਸ੍ਵਾਦਲ ਸਾਰਾ।'
ਕਰਤੇ ਚੁਰਾ ਬਚਨ ਇਮਿ ਕਹੈ[1]। — [1]ਚੁਲਾ ਕਰਦਿਆਂ ਏਹ ਬਚਨ ਕਹੇ ਸਨ।
'ਦੇਖੋ ਮੁਖ ਮੇਰੇ ਮਹਿਂ ਅਹੈਂ' ॥੧੦॥
ਕਰਿ ਕੈ ਚੁਰਾ ਦਿਖਾਵਨ ਕੀਨਾ।
ਸਕਲ ਅਸਨ ਕਨ[1] ਤਿਸ ਮਹਿਂ ਚੀਨਾ। — [1]ਸਾਰੇ ਭੋਜਨਾਂ ਦੇ ਕਿਣਕੇ।
ਪਾਇਸ ਆਦਿਕ ਦੇਖਨਿ ਕਰੇ।
ਸਭਿ ਮਹਿਂ ਗੁਰੂ ਰੂਪ ਨਿਜ ਧਰੇ[1] ॥੧੧॥ — [1]ਸਾਰੇ ਸਿੱਖਾਂ ਵਿਚ ਗੁਰੂ ਜੀ ਆਪਣਾ ਰੂਪ ਧਾਰਦੇ ਹਨ।
ਆਪ ਅਚਾਵਹਿਂ ਅਚਵਹਿਂ ਆਪੇ।
ਆਪੇ ਸਭਿ ਘਟ ਥਾਪ ਉਥਾਪੇ।
ਸਗਰੀ ਅੰਨ ਅੰਸ਼ ਦਿਖਰਾਈ।
ਪੁਨ ਸ਼੍ਰੀ ਸਤਿਗੁਰ ਬਰਨ† ਸੁਨਾਈ ॥੧੨॥ — †ਪਾ:-ਬਚਨ।
ਦੰਤਨ ਜਾੜ੍ਹਨ[1] ਮਹਿਂ ਲਗਿ ਜੋਈ। — [1]ਦੰਦਾਂ ਤੇ ਦਾੜ੍ਹਾਂ।
ਸਿਖ ਕੋ ਕੀਨ ਦਿਖਾਵਨ ਸੋਈ।
'ਪਰਮ ਹਿਤੂ ਬ੍ਰਿਧ! ਤੂੰ ਬੁਧਿਵੰਤਾ।
ਨਿਸ਼ਚੈ ਮੇਰੋ ਇਹੀ ਮਤੰਤਾ ॥੧੩॥
ਸੰਗਤ ਅਚਹਿ ਪ੍ਰੇਮ ਕੇ ਨਾਲ।
ਸੋ ਮੁਝ ਪਹੁਂਚਹਿ ਸਭਿ ਹੀ ਕਾਲ।
ਸੰਗਤਿ ਮੋ ਬਿਨ ਦੂਸਰ ਨਾਂਹੀ।
ਏਕ ਰੂਪ ਜਾਨਹੁਂ ਮਨ ਮਾਂਹੀ' ॥੧੪॥
ਸੁਨਿ ਕਰਿ ਬ੍ਰਿੱਧ ਬਚਨ ਸਤਿਗੁਰ ਕੇ।
ਮਹਾਂ ਪ੍ਰਮੋਦ ਪ੍ਰੇਮ ਜੁਤਿ ਧਰਿਕੇ।
ਚਰਨ ਕਮਲ ਪਰ ਸੀਸ ਟਿਕਾਯੋ।

ਸੁਜਸ ਬਿਸਾਲ ਕਰਤਿ ਹੁਲਸਾਯੋ ॥੧੫॥
ਸੰਗਤਿ ਅਧਿਕ ਬ੍ਰਿਧੀ ਗੁਰ ਕੇਰੀ।
ਸ਼ੁਭ ਮਤਿ ਪ੍ਰਾਪਤਿ ਭਈ ਬਡੇਰੀ।
ਸਿੱਖੀ ਰੀਤਿ ਮਹਿਦ ਵਿਸਤਾਰੀ।
ਬਿਸ਼ੈ ਬਾਸ਼ਨਾ[1] ਸਭਿ ਨਿਰਵਾਰੀ[†] ॥੧੬॥

[1]ਵਿਸ਼ਿਆਂ ਦੀ ਵਾਸ਼ਨਾਂ। [†]ਪਾ:-ਜਨਹਿ ਬਿਸ੍ਵਾਰੀ। ਜਨ ਕੀ ਟਾਰੀ। ਜਨੁ ਰਿਦ ਟਾਰੀ। ਸਭਨ ਨਿਵਾਰੀ।

ਸਤਿਗੁਰ ਨੇਮ ਸਦਾ ਨਿਰਬਾਹੈਂ।
ਜਾਮੁ ਜਾਮਨੀ ਜਾਗਨ ਕਾ ਹੈ।
ਉਠਹਿਂ ਕ੍ਰਿਆ ਨਿਤਿ ਕੀ ਕਰਿ ਸਾਰੀ।
ਕਰਹਿਂ ਸੌਚ ਸੰਗ ਮ੍ਰਿਤਕਾ ਬਾਰੀ ॥੧੭॥
ਪੁਨ ਮੱਜਹਿਂ, ਪਹਿਰਹਿਂ ਪਟ ਨਿਰਮਲ।
ਬੈਠਹਿਂ ਸਤਿਗੁਰ ਹੁਇ ਇਕੰਤ ਥਲ।
ਬ੍ਰਿਤਿ ਟਿਕਾਇ ਨਿਜ ਰੂਪ ਮਝਾਰੀ।
ਲੇਹਿਂ ਅਨੰਦ ਤਿਸ ਕੋ ਹਿਤਕਾਰੀ[1] ॥੧੮॥

[1]ਤਿਸ ਹਿਤਕਾਰੀ ਅਨੰਦ ਨੂੰ ਲੈਂਦੇ ਹਨ। (ਅ) (ਤਿਸ =) ਨਿਜ ਨੂੰ ਜੋ (ਨਿਜ ਸਰੂਪ ਵਿਚ ਟਿਕਣ ਦਾ) ਅਨੰਦ ਪਿਆਰਾ (ਲਗਦਾ) ਹੈ।

ਭੋਰ ਹੋਤਿ ਲੌ ਬ੍ਰਿਤੀ ਟਿਕਾਵੈਂ।
ਅਵਿਚਲ ਅਨੰਦ ਰੂਪ ਹੁਇ ਜਾਵੈਂ।
ਦਿਵਸ ਚੜੇ ਸਿੱਖ ਹੁਇ ਸਮੁਦਾਇ।
ਦਰਸਹਿਂ ਸੇਵਹਿਂ ਸੁਖ ਕੋ ਪਾਇ ॥੧੯॥
ਸ਼ਬਦ ਰਬਾਬੀ ਗਾਵਨਿ ਕਰੈਂ।
ਸੰਗਤਿ ਸਹਤ ਸੁਨਹਿਂ ਮੁਦ ਧਰੈਂ।
ਚਿਰੰਕਾਲ ਲਗ ਠਾਂਢੇ ਰਹੈਂ।
ਕਿਲਕ ਭੀਤ ਮਹਿ[†] ਕਰ ਸੋਂ ਗਹੈਂ[1] ॥੨੦॥

[1]ਕਿੱਲੀ ਕੰਧ ਵਿਚ ਸੀ (ਉਸ ਨੂੰ) ਹਥ ਨਾਲ ਫੜਨ। [†]ਪਾ:-ਕੋ।

ਮਹਾਂ ਬ੍ਰਿੱਧ ਜੀਰਨ[1] ਤਨ ਹੋਇ।
ਤਪ ਕੋ ਤਪਹਿਂ ਪਿਖਹਿ ਸਭਿ ਕੋਇ[†]।

[1]ਜਰ ਜਰਾ, ਪੁਰਾਤਣ।

[†]ਪਾ:-ਪ੍ਰਭੁ ਸੋਇ।

ਦੇਗ਼ ਸੁ ਤਯਾਰ ਹੋਇ ਹੈ ਜਬੈ।
ਸੰਗਤਿ ਸਹਤ ਅਚਹਿਂ ਗੁਰ ਤਬੈ ॥੨੧॥
ਇਕ ਦਿਨ ਜਾਗੇ ਪ੍ਰਭੁ ਕ੍ਰਿਪਾਲ।
ਕਰੀ ਸੌਚ ਮੱਜੈ ਤਿਸ ਕਾਲ।
ਹਿਤ ਦਰਸ਼ਨ ਕੇ ਤਨੁਜਾ ਭਾਨੀ।
ਪਹੁੰਚੀ ਨਿਕਟ ਭਗਤਿ ਜਿਹ ਭਾਨੀ[1]

[1]ਜਿਸਦੀ ਭਗਤੀ ਭਾਈ ਹੈ (ਗੁਰੂ) ਜੀ ਨੂੰ।

॥੨੨॥
ਤਬਿ ਚੌਂਕੀ ਪਰ ਸਤਿਗੁਰ ਚਰੇ।
ਧ੍ਯਾਨ ਧਰਨ ਹਿਤ ਬੈਠਬਿ ਕਰੇ।
ਦੌਨੁ ਬਿਲੋਚਨ ਮੁੱਦ੍ਰਿਤ ਕਰਿ ਕੈ।
ਅੰਤਰਮੁਖੀ ਬ੍ਰਿੱਤਿ ਕੋ ਧਰਿ ਕੈ ॥੨੩॥
ਹੁਇ ਅਡੋਲ ਤਬਿ ਲਾਇ ਸੁ ਧ੍ਯਾਨ।
ਸ਼ੰਭੁ ਸਮਾਨ ਗੁਰ ਭਗਵਾਨ।
ਹੁਤੋ ਹੀਨ ਚੌਂਕੀ ਇਕ ਪਾਵਾ।
ਪਿਖਿ ਭਾਨੀ ਮਨ ਇਮਿ† ਠਹਿਰਾਵਾ ॥੨੪॥
-ਹਾਲਹਿਂ ਪਿਤਾ ਇਤਹੁਂ ਜਬਿ ਹੋਇਂ।
ਚੌਂਕੀ ਡੋਲ ਜਾਇ ਥਿਤ ਜੋਇ।
ਛੁਟਹਿ ਸਮਾਧਿ ਅਰਾਧ ਅਗਾਧੂ[1]।
ਜਿਸ ਹਿਤ ਜੋਗੀ ਜਤਨ ਸੁ ਸਾਧੂ[1] ॥੨੫॥
ਪਰਹਿ ਵਿਖੇਪ[1] ਧ੍ਯਾਨ ਕੇ ਮਾਂਹੀ।
ਬਿਰਤਿ ਅਡੋਲ ਟਿਕਹਿ ਤਬਿ ਨਾਂਹੀ-।
ਅਪਰ ਵਸਤੁ ਤਹਿਂ ਪਾਇ ਨ ਕੋਈ।
ਪਾਵੈ ਤਰੇ ਧਰੇ ਹਿਤ ਜੋਈ ॥੨੬॥
ਚਹੁਂਦਿਸ਼ ਦ੍ਰਿਗਨ ਚਲਾਇ ਨਿਹਾਰਾ।
ਨਹਿਂ ਸਮੀਪ, ਜੋ ਦੇਹਿ ਅਧਾਰਾ।
ਉਤਲਾਵਤਿ ਨੇ ਦੀਨਸਿ ਹਾਥ।
ਨਹਿਂ ਡੋਲੈ ਚੌਂਕੀ ਤਿਹ ਸਾਥ ॥੨੭॥
ਚਹੁਂ ਪਾਵੇ ਪਰ ਇਕ ਸਮ ਭਾਰੂ।
ਹੋਤਿ ਭਯੋ ਸਭਿ ਲੀਨ ਸੁਹਾਰੂ।
ਤਨੁ ਇਸਤ੍ਰੀ ਕਰਿ ਕੋਮਲ ਕਰ ਹੈਂ[1]।
ਭਯੋ ਭਾਰ ਤੇ ਪੀੜਤ ਤਰ ਹੈ[1] ॥੨੮॥
ਤਊ ਨ ਕਰਜੋ ਡੁਲਾਵਨ ਕਰ ਕੋ।
ਬੈਠੀ ਰਹੀ ਧੀਰ ਧਰਿ† ਉਰ ਕੋ।
ਪਾਵਾ ਰਹਜੋ ਹਥੇਰੀ ਗਡਿ ਕੈ।
ਨਹੀਂ ਨਿਕਾਸਤਿ ਤਿਹ† ਥਲ ਛਡਿ ਕੈ

†ਪਾ:-ਇਹ।
[1]ਅਗਾਧ ਦੀ ਅਰਾਧਨਾਂ ਦੀ ਸਮਾਧੀ।
[1]ਸਾਧ ਦੇ ਭਾਵ ਕਰਦੇ ਹਨ।
[1]ਡੁਲਾਉ, ਛੋਭ।
[1]ਇਸਤ੍ਰੀ ਦਾ ਸਰੀਰ ਹੋਣ ਕਰਕੇ ਹਥ ਕੋਮਲ ਹਨ।
[1]ਹਥ ਵਧੇਰੇ ਪੀੜਤ ਹੋਇਆ ਹੇਠਾਂ (ਚੌਂਕੀ ਦੇ ਹੋਣ ਕਰਕੇ)।
†ਪਾ:-ਕਰਿ।
†ਪਾ:-ਇਹ।

॥੨੯॥
ਪੁਰਖਨ ਕੋ ਦੁਸ਼ਕਰਿ[1] ਬਹੁ ਜੋਈ। [1]ਕਠਨ।
ਭਗਤਿ ਪਿਤਾ ਕੀ ਹਿਤ ਕਿਯ ਸੋਈ।
ਪ੍ਰਾਤਿ ਹੋਤਿ ਲਗਿ ਨਾਂਹਿਨ ਹਾਲੀ।
ਮਨਹੁਂ ਮੂਰਤੀ ਚਿੱਤ੍ਰ ਨਿਕਾਲੀ ॥੩੦॥
ਭੁਜਾ ਸੂੰਨ ਕੰਧੇ ਲਗ ਭਈ[1]। [1]ਬਾਂਹ ਮੋਢੇ ਤਕ ਸੁੰਨ ਹੋ ਗਈ (ਭਾਵ ਸੌਂ ਗਈ)।
ਉਤਰਯੋ ਰੁਧਿਰ ਲਾਲ ਹੁਇ ਗਈ।
ਧ੍ਯਾਨ ਹਟਾਵਨਿ ਸਮੋ ਭਯੋ ਜਬਿ।
ਕਮਲ ਬਿਲੋਚਨ ਬਿਗਸਤਿ ਭੇ ਤਬਿ
॥੩੧॥
ਬੈਠੀ ਸੁਤਾ ਸਮੀਪ ਨਿਹਾਰੀ।
ਬਹੁਰੋ ਦ੍ਰਿਸ਼ਟਿ ਭੁਜਾ ਪਰ ਡਾਰੀ।
ਬੂਲ ਨਸਾ ਸ਼੍ਰੋਨਤ ਭਰਿ ਰਹ੍ਯੋ[1]। [1]ਨਾੜਾਂ ਫੁਲੀਆਂ, ਲਹੂ ਭਰ ਰਿਹਾ।
ਸ਼੍ਰੀ ਸਤਿਗੁਰ ਬੂਝਨ ਹਿਤ ਕਹ੍ਯੋ ॥੩੨॥
'ਇਹੁ ਕ੍ਯਾ ਕੀਨ ਰਹੀ ਕ੍ਯੋਂ ਬੈਸੀ?
ਭੁਜ ਪਰ ਪੀੜਨਿ[1] ਦੀਖਤਿ ਐਸੀ।' [1]ਪੀੜਾ।
ਸੁਨਿ ਬੋਲੀ ਬਡਭਾਗਾ ਭਾਨੀ।
'ਪਿਤ ਜੀ! ਪਾਵੈ ਹੀਨ ਪਛਾਨੀ[1] ॥੩੩॥ [1](ਚੌਂਕੀ) ਪਾਵੇ ਬਿਨਾਂ ਦੇਖੀ ਮੈਂ।
ਨਿਕਟ ਬਿਲੋਕਨ ਕਛੂ ਨ ਕੀਨ।
ਜਾਂ ਤੇ ਹਾਥ ਤਰੇ ਮੈਂ ਦੀਨ।
ਡੋਲੇ ਤੇ ਸਮਾਧਿ ਛੁਟਿ ਜਾਇ।
ਰਾਖੀ ਯਾਂ ਤੇ ਸਥਿਤ ਟਿਕਾਇ' ॥੩੪॥
ਤਬਿ ਸ਼੍ਰੀ ਸਤਿਗੁਰ ਤਰੇ ਉਤਰਿ ਕੈ।
ਹਾਥ ਨਿਕਾਸ੍ਯੋ ਪ੍ਰੇਮ ਨਿਹਰਿ ਕੈ।
ਗਰਤ[1] ਹਥੇਰੀ ਬਿਖੇ ਨਿਹਾਰਾ। [1]ਟੋਆ।
ਕਹ੍ਯੋ 'ਖੇਦ ਬੀਬੀ ਕਿਮਿ ਧਾਰਾ?'
॥੩੫॥
'ਪਿਤ ਜੀ! ਹਮਰੀ ਮਤਿ ਅਨਜਾਨੀ।
ਹੋਇ ਨ ਸਕਹਿ ਸੇਵ ਗੁਨ ਖਾਨੀ।
ਨਿਸ ਬਾਸੁਰ ਮੈਂ ਰਹਤਿ ਬਿਸੂਰਤ।
ਅਹੋ ਆਪ ਪਰਮੇਸ਼ੁਰ ਮੂਰਤਿ ॥੩੬॥
ਸਫਲ ਨੇਤ੍ਰ ਜੇ ਦਰਸ਼ਨ ਕਰੇ।

ਹਾਥ ਸਫਲ ਟਹਿਲ ਜੁ ਅਨੁਸਰੇ।
ਰਿਦਾ ਸਫਲ ਜਿਸ ਮਹਿਂ ਤੁਮ ਬਾਸੋ।
ਚਰਨ ਸਫਲ ਤੁਮ ਹਿਤ ਚਲਿ ਜਾਸੋ[1] ॥੩੭॥
ਸਕਲ ਸਰੀਰ ਸਫਲ ਬਡਭਾਗੇ।
ਜੋ ਰਾਵਰ ਕੀ ਸੇਵਾ ਲਾਗੇ।'
ਸੁਨਿ ਤਨੁਜਾ ਕੇ ਬਚਨ ਸੁਹਾਏ।
ਪਿਖਿ ਦੁਸ਼ਕਰਮ[1] ਕੀਨਿ ਜਿਸੁ ਭਾਏ ॥੩੮॥
ਹੁਇ ਪ੍ਰਸੰਨ ਬਰ ਦਯੋ ਸੁਜਾਨਾ।
'ਸੰਤਤਿ ਤੇਰੀ ਬਧੈ ਮਹਾਂਨਾ।
ਸਕਲ ਜਗਤ ਕੀ ਹੋਵਹਿਂ ਪੂਜ।
ਜੈਸੋ ਚਢਹਿ 'ਚੰਦ੍ਰਮਾਂ ਦੂਜ ॥੩੯॥
ਬਡ ਐਸ਼੍ਵਰਜ ਬਧਹਿ ਤਿਮ ਆਗੇ।
ਜੋ ਤਿਨ ਸੇਵਹਿ ਸੋ ਵਡਭਾਗੇ।
ਆਗੇ ਬੰਸ ਬਿਖੈ ਨਿਪਜੈਹੈਂ[1]।
ਮਹਾਂ ਬਲੀ ਸੇ ਜਗ ਮਹਿਂ ਹ੍ਵੈ ਹੈਂ ॥੪੦॥
ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿਂ।
ਅਪਨੋ ਅਧਿਕ ਪ੍ਰਤਾਪ ਬਧਾਵਹਿਂ।
ਪਰਮ ਧਰਮ† ਪੀਰੀ ਅਰੁ ਮੀਰੀ।
ਧਰਹਿਂ ਆਪ ਦੇ, ਅਪਰ ਤਗੀਰੀ[1] ॥੪੧॥
ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ।
ਕਰਹਿਂ ਉਧਾਰਨ ਨਰਨ ਹਜ਼ਾਰੋ।
ਸੋਢਿਬੰਸ ਕਹੁ ਬਡਿ ਬਡਿਆਈ।
ਤੈਂ ਕਰਿ ਭਗਤਿ ਭਲੇ ਅਬਿ ਪਾਈ ॥੪੨॥
ਤੀਨੋਂ ਕਾਲ ਬਿਖੈ ਤੁਝ ਜੈਸੀ।
ਹੁਈ, ਨ ਹੈ, ਹੋਵਹਿਗੀ ਐਸੀ।
ਪਿਤਾ ਗੁਰੂ, ਜਗ ਗੁਰ ਹੁਇ ਕੰਤ।

[1]ਜਾਵੇ।

[1]ਔਖਾ ਕੰਮ।

[1]ਉਪਜਣਗੇ।

†ਪਾ:-ਪਰਮ ਪਰਮ।

[1]ਅਪਰ = ਪੂਰਬਲੀ। ਤਗੀਰੀ = ਬਦਲਨਾ। ਭਾਵ ਪੂਰਬਲੀ ਰੀਤੀ ਬਦਲ ਦੇਣਗੇ। [ਫਾ: ਤਗ਼ੱਯਰ] (ਅ) ਤਾਗੀਰੀ = ਵਿਦੈਗੀ। ਮੀਰੀ ਪੀਰੀ ਦੋਵੇਂ ਆਪ ਧਾਰਨਗੇ, ਹੋਰਨਾਂ ਨੂੰ ਵਿਦੈਗੀ ਦੇ ਦੇਣਗੇ, ਭਾਵ ਓਹਨਾਂ ਜੇਹਾ ਮੀਰ ਪੀਰ ਕੋਈ ਨਹੀਂ ਹੋਵੇਗਾ।

ਪੁੱਤ੍ਰ ਗੁਰੂ, ਹੁਇ ਪੌਤ੍ਰ ਮਹੰਤ[1] ॥੪੩॥
ਕਹਾ ਅਬਿ ਕਹੈਂ ਤੋਰ ਬਡਿਆਈ।
ਜਿਸ ਕੀ ਸਮ ਕੋ ਹ੍ਵੈ ਨ ਸਕਾਈ।'
ਅਤਿ ਪ੍ਰਸੰਨ ਸ਼੍ਰੀ ਅਮਰ ਕ੍ਰਿਪਾਲ।
ਇੱਤ੍ਯਾਦਿਕ ਬਰ ਦਿਯੇ ਬਿਸਾਲ ॥੪੪॥
ਸੁਨਿ ਕਰ ਜੋਰਤਿ ਉਰ ਸਨਿਮਾਨੀ[1]†।
ਬਡਭਾਗਨ ਨੇ ਬੰਦਨ ਠਾਨੀ।
ਪਿਤਿ ਬਾਨੀ ਸਾਚੀ ਨਿਤਿ ਜਾਨੀ।
ਬਰ ਦੇਵਨ ਤੇ ਬਹੁ ਹਰਖਾਨੀ ॥੪੫॥
ਆਇਸੁ ਲੇ ਗ੍ਰਿਹਿ ਬਿਖੈ ਸਿਧਾਈ।
ਸਰਬੋਤਮ ਪਦ ਕੋ ਨਿਜ ਪਾਈ।
ਸਦਾ ਭਗਤਿ ਕੇ ਬਸਿ ਗੁਰ ਸ੍ਵਾਮੀ।
ਦੇਤਿ ਅਦੇਯ[1] ਜੁ ਅੰਤਰਜਾਮੀ ॥੪੬॥
ਏਕ ਦਿਵਸ ਸ਼੍ਰੀ ਅਰਜਨ ਲਘੁ ਬਯ।
ਖੇਲਤਿ ਅਜਰ ਬਿਖੈ ਇਤ ਉਤ ਹੁਯ।
ਬਾਲਕ ਗੁਰ ਢਿਗ ਜਾਇ ਨ ਕੋਊ।
ਬਰਜੇ ਹੁਤੇ ਪ੍ਰਿਥਮ ਹੀ ਸੋਊ ॥੪੭॥
'ਸ਼ਮਸ ਬਿਹੀਨੋ ਜਾਇ ਨ ਪਾਸ।'
ਅਸੁ ਆਇਸੁ ਗੁਰ ਕਰੀ ਪ੍ਰਕਾਸ਼।
ਤਬਿ ਸ਼੍ਰੀ ਅਰਜਨ ਸਹਿਜ ਸੁਭਾਇ।
ਜਨਨੀ ਪਿਤ ਕੇ ਗ੍ਰਿਹਿ ਦਿਸ਼ ਜਾਇ ॥੪੮॥
ਅੰਤਰ ਪ੍ਰਵਿਸ਼ੇ ਤਹਿਂ ਲਗ ਗਏ।
ਗੁਰ ਪ੍ਰਯੰਕ ਪਰ ਜਹਿਂ ਥਿਤ ਥਿਏ।
ਪੌਢਨ ਸਮੈਂ ਹੁਤੋ ਸਭਿ ਜਾਨ।
ਸੇਵਕ ਨਿਕਟ ਥੋਰਈ ਥਾਨ[1] ॥੪੯॥
ਭਾਨੀ ਨੇ ਸੁਤ ਜਾਤਿ ਨਿਹਾਰਾ।
ਧਾਈ ਗਹਿਨ ਹੇਤੁ ਡਰ ਧਾਰਾ।
ਖੇਲਤਿ ਲਗੀ ਦੇਹ ਬਹੁ ਮਾਟੀ।
ਠਾਂਢੋ ਗਹੇ ਪਲੰਘ ਕੀ ਪਾਟੀ[1] ॥੫੦॥

[1]ਭਾਵ, ਮੀਰੀ ਪੀਰੀ ਦਾ ਮਾਲਕ (ਗੁਰੂ)।

[1]ਹੱਥ ਜੋੜਕੇ ਰਿਦੇ ਵਿਚ (ਗੁਰੂ ਜੀ ਦਾ) ਸਨਮਾਨ ਕੀਤਾ।
†ਪਾ:-ਸ਼ਰਮਾਨੀ।

[1]ਨਾ ਦੇਣ ਵਾਲੀ, ਦੁਰਲੱਭ।

[1]ਸੌਣ ਦਾ ਸਮਾਂ ਹੁੰਦਾ ਜਾਣਕੇ ਸਾਰੇ ਸਮੀਪੀ ਸੇਵਕ ਥੋੜੀ ਥਾਉਂ ਤੇ (ਭਾਵ ਵਿੱਥ ਤੇ) ਸਨ। (ਅ) ਸੌਣ ਦਾ ਸਮਾਂ ਹੁੰਦਾ ਜਾਣਕੇ ਥੋੜੇ ਹੀ ਸੇਵਕ ਸਨ ਉਸ ਥਾਂ ਤੇ।

[1]ਬਾਹੀ।

ਆਵਤਿ ਜਨਨੀ ਲਗ ਤਹਿਂ ਗਯੋ।
ਸੰਗ ਪਲੰਘ ਕੇ ਠਾਂਢੋ ਭਯੋ।
ਗਹਿਨ ਹੇਤ ਜਬਿ ਨਿਕਟ ਸਿਧਾਰੀ।
ਪਿਖਿ ਕ੍ਰਿਪਾਲ ਨੇ ਗਿਰਾ ਉਚਾਰੀ ॥੫੧॥
'ਨਹਿਂ ਲੇ ਜਾਹੁ ਰਹਿਨ ਦਿਹੁ ਖਰਜੋ।'
ਜੁਗ ਕਰਿ ਸੋਂ ਗੁਰ ਗਹਿਬੋ ਕਰਜੋ।
ਊਪਰ ਕੋ ਉਠਾਇ ਤਬਿ ਤੋਲਜੋ।
ਗਰੁਵ[1] ਭਾਰ ਲਖਿ ਸ਼੍ਰੀ ਮੁਖ ਬੋਲਜੋ ॥੫੨॥
'ਭਾਰੀ ਗੁਰ ਜਗ ਮਹਿਂ ਬਿਦਤੈ ਹੈ।
ਬਾਣੀ ਕੋ ਬੋਹਿਥ ਬਡ ਹ੍ਵੈ ਹੈ[†]।'
ਤਬਿ ਸ਼੍ਰੀ ਅਰਜਨ ਚਰਨ ਉਠਾਇਵ।
ਊਪਰ ਧਰਨ ਪ੍ਰਯੰਕ ਲੁਭਾਇਵ ॥੫੩॥
ਗੁਰੂ ਦੇਖਿ ਕਰਿ ਬਾਕ ਬਖਾਨੇ।
'ਅਬਿ ਤੇ ਹੀ ਗਾਦੀ ਲਲਚਾਨੇ।
ਅਪਨੇ ਪਿਤਾ ਪਾਸ ਤੇ ਲੀਜਹਿ।
ਤਬਿ ਲਗੁ ਧੀਰਜ ਧਾਰਿ ਥਿਰੀਜਹਿ' ॥੫੪॥
ਸੁਨਿ ਕਰਿ ਪਿਤਾ ਬਾਕ ਅਨਕੂਲੇ[1]।
ਅਧਿਕ ਕ੍ਰਿਪਾ ਲਖਿ ਮਨ ਮਹਿਂ ਫੂਲੇ।
ਲਘੁ ਸੁਤ ਕੋ ਗੁਰ ਚਰਨਨ ਪਾਇਵ।
ਲੇ ਕਰਿ ਗੋਦ ਪ੍ਰਮੋਦਤਿ[1] ਲਜਾਇਵ ॥੫੫॥
ਤੀਨਹੁਂ ਪੁੱਤ੍ਰਨ ਕੋ ਪ੍ਰਤਿਪਾਰਤਿ।
ਪਿਤ ਸੇਵਾ ਮਹਿਂ ਪ੍ਰੀਤੀ ਧਾਰਤਿ।
ਤਿਮ ਹੀ ਰਾਮ ਦਾਸ ਬਡਭਾਗੇ।
ਨਿਸ ਬਾਸੁਰ ਸੇਵਾ ਮਹੁਂ ਲਾਗੇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਬੀਬੀ ਭਾਨੀ ਪ੍ਰਸੰਗ' ਬਰਨਨੰ ਨਾਮ ਪੰਚ ਸ਼ਸ਼ਟੀ ਅੰਸੂ ॥੬੫॥

[1] ਭਾਰੀ।

। [†] 'ਦੋਹਿਤਾ ਬਾਣੀ ਕਾ ਬੋਹਿਥਾ' ਵਾਕ ਪ੍ਰਸਿੱਧ ਹੈ।

[1] ਪਿਤਾ ਜੀ ਦੇ ਅਨੁਕੂਲ ਬਚਨ (ਬੀਬੀ ਭਾਨੀ ਜੀ) ਸੁਣਕੇ।

[1] ਅਨੰਦ ਨਾਲ।

## ੬੬. [ਭਾਈ ਪਾਰੋ ਪ੍ਰਲੋਕ ਗਮਨ। ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ]

੬੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੭

ਦੋਹਰਾ:

ਇਕ ਦਿਨ ਸ਼੍ਰੀ ਸਤਿਗੁਰੂ ਜੀ,
ਅਮਰਦਾਸ ਸੁਖ ਰਾਸਿ।
ਕਰਯੋ ਹਕਾਰਨ ਏਕਲੋ,
ਪਾਰੋ ਅਪਨੇ ਪਾਸਿ ॥ ੧ ॥

ਚੌਪਈ:

ਪਰਮ ਹੰਸ ਆਵਸਥਾ ਜਾਂਹੀ।
ਜੜ੍ਹ ਚੇਤਨ ਇਕ ਤੇ ਬਿਲਗਾਹੀ[1]।
ਜਿਮ ਪਾਨੀ ਪੈ[1] ਇਕ ਹੁਇ ਜਾਇ।
ਹੰਸ ਕਰਹਿ ਦੋਇਨ ਪ੍ਰਿਥਕਾਇ[1] ॥ ੨ ॥
ਤੁਰੀਆ[1] ਮਹਿਂ ਬ੍ਰਿਤਿ ਥਿਤ ਨਿਤ ਰਹੇ।
ਢਿਗ ਬਿਠਾਇ ਤਿਹ ਸੋਂ ਗੁਰ ਕਹੇ।
'ਮਨ ਮੇਰੇ ਮਹਿਂ ਅਬ ਇਮ ਆਵੈ।
ਗੁਰਤਾ ਗਾਦੀ ਤੋਹਿ ਬਿਠਾਵੈਂ ॥ ੩ ॥
ਪਰਮਹੰਸ ਮੇਰੋ ਈ ਰੂਪ[1]।
ਪਰਮ ਅਵਸਥਾ ਸਦਾ ਅਨੂਪ।
ਬਖ਼ਸ਼ਤਿ ਹੌਂ ਮੈਂ ਜਗ ਗੁਰਿਆਈ।
ਕਰਹੁ ਉਧਾਰ ਲੋਕ ਸਮੁਦਾਈ ॥ ੪ ॥
ਭਗਤਿ ਜਗਤਿ ਮਹਿਂ ਅਧਿਕ ਬਿਥਾਰਹੁ।
ਪਰਉਪਕਾਰ ਕਾਰ ਕੋ ਸਾਰਹੁ।'
ਕਰ ਜੋਰੇ ਪਾਰੋ ਪਗ ਪਰਯੋ।
'ਤ੍ਰਾਹਿ ਤ੍ਰਾਹਿ' ਕਰਿ ਬਚਨ ਉਚਰਯੋ ॥ ੫ ॥
'ਪ੍ਰਭੁ ਜੀ ਗੁਰ ਸਿੱਖੀ ਮੁਝਿ ਭਾਵੇ।
ਗੁਰਿਆਈ ਸਤਿਗੁਰਹਿਂ ਸੁਹਾਵੈ।
ਮੁਝ ਪਰ ਕ੍ਰਿਪਾ ਦ੍ਰਿਸ਼ਟਿ ਕਹੁ ਧਰੀਐ[†]।
ਗੁਰ ਸਿੱਖੀ ਪਦ ਬਖਸ਼ਨ ਕਰੀਐ[†]' ॥ ੬ ॥
ਕਹਿ ਇਮਿ ਗਹੇ ਹਾਥ ਗੁਰ ਚਰਨਾ।
'ਬਖਸ਼ੋ ਆਗਜਾ ਮੋਰਨਿ ਕਰਨਾ[1]'।
ਸੁਨਤਿ ਬਿਨੈ ਗੁਰ ਅਮਰ ਬਖਾਨਾ।

[1]ਜੋ ਇੱਕ ਹੋ ਰਹੇ ਹਨ (ਉਨ੍ਹਾਂ ਨੂੰ) ਵਖ ਵਖ (ਅਨੁਭਵ) ਕਰਨਾ।

[1]ਦੁੱਧ ਤੇ ਪਾਣੀ।

[1]ਵੱਖੋ ਵੱਖ।

[1]ਚੌਥੇ ਪਦ।

[1]ਤੁਸੀਂ) ਪਰਮਹੰਸ ਮੇਰਾ ਹੀ ਰੂਪ ਹੋ।

[†]ਪਾ:-ਕਰੀਅਹਿ।

[†]ਪਾ:-ਧਰੀਅਹਿ।

[1]ਆਗਜਾ ਮੋੜਨੀ ਕੀਤੀ ਹੈ (ਇਸ ਖ਼ਤਾ ਨੂੰ ਬਖਸ਼ੋ)।

'ਜੇ ਕਰ ਸਿੱਖੀ ਮਹਿਂ ਮਨ ਮਾਨਾ ॥੭॥
ਸਦਨ ਆਪਨੇ ਅਬਿ ਚਲਿ ਜਾਵਹੁ।
ਤਨ ਤਜਾਗਹੁ, ਨਹਿਂ ਬਿਲਮ ਲਗਾਵਹੁ।
ਮਮ ਚਰਨਨ ਮਹਿਂ ਤੇਰੀ ਪ੍ਰੀਤਿ।
ਮੋ ਮਹਿਂ ਮਿਲੋ ਆਨੁ ਸਿਖ ਮੀਤ! ॥੮॥
ਤੋਹਿ ਸਹਤ ਮੈਂ ਅਪਰ ਸ਼ਰੀਰ।
ਪ੍ਰਵਿਸ਼ੌਂ ਸਿੱਖਨ ਕੇ ਹਿਤ, ਧੀਰ!
ਕਰਨੇ ਕਾਜ ਅਨਿਕ ਜਗ ਮਾਂਹੀ।
ਸੰਤ ਉਧਾਰਨ ਖਲਨਿ ਖਪਾਹੀ[1]' ॥੯॥ [1]ਦੁਸ਼ਟਾਂ ਦਾ ਨਾਸ਼।
ਸੁਨਿ ਆਗਜਾ ਪਾਰੋ ਕਰ ਬੰਦੇ।
ਕਰਿ ਬੰਦਨ ਕੋ ਰਿਦੈ ਅਨੰਦੇ।
ਗਮਨਜੋ ਗ੍ਰਿਹ ਪਹੁੰਚਜੋ ਤਤਕਾਲਾ।
ਅਧਿਕਾਰੀ ਜੇ ਪਿਖੇ ਬਿਸਾਲਾ ॥੧੦॥
ਸਰਬ ਸਮਾਜ ਬਾਂਟਿ ਤਿਨ[†] ਦੀਨਸਿ। [†]ਪਾ:-ਤਿਸ।
ਬੜਵਾ ਬਸਤ੍ਰ ਦਰਬ ਰਖਿ ਲੀਨਸਿ।
ਨਰ ਬ੍ਰਿੰਦਨ ਕੋ ਕਹਜੋ ਸੁਨਾਈ।
'ਇਹ ਗੁਰ ਵਸਤੁ ਦੇਹੁ ਪਹੁੰਚਾਈ' ॥੧੧॥
ਇਮਿ ਸਭਿ ਹੇਰਤਿ ਤਨ ਤਜਿ ਪਾਰੋ।
ਫੂਲ ਮਾਲ ਗਜ[1] ਤਜੈ ਸੁਖਾਰੋ। [1](ਜਿਵੇਂ) ਹਾਥੀ।
ਸਭਿਨਿ ਕਰਜੋ ਸਸਕਾਰ ਬਨਾਇ।
ਜਥਾ ਜੋਗ ਚਹੀਅਹਿ ਜਿਸ ਭਾਇ ॥੧੨॥
ਸ੍ਰੀ ਗੁਰ ਬਿਖੈ ਆਨਿ ਲੈ ਹੋਵਾ[1]। [1]ਆਕੇ ਲੀਨ ਹੋਇਆ।
ਜਿਨ ਅੱਗਜਾਨ ਭਰਮ ਕੋ ਖੋਵਾ।
ਪੁਨ ਡੱਲੇ ਤੇ ਇਕ ਨਰ ਆਇਵ।
ਪਾਰੋ ਕੋ ਪਰਲੋਕ ਸੁਨਾਇਵ ॥੧੩॥
'ਸਭਿ ਸਿੱਖਨ ਕੋ ਮੋਹ ਮਹਾਂਨਾ।
ਸਿਮਰਹਿਂ ਪਾਰੋ ਕੇ ਗੁਨ ਨਾਨਾ।
ਮ੍ਰਿਦੁਲ, ਸਰਲਤਾ[1], ਮੁਦਤਾ[2], ਮੈਤ੍ਰੀ। [1]ਸੂਧਾ ਪਨ। [2]ਪ੍ਰਸੰਨਤਾ।
ਬਡ ਜੋਧਾ ਮਨ ਸ਼ੱਤ੍ਰੂ ਜੈਤ੍ਰੀ[1] ॥੧੪॥ [1]ਮਨ ਦੇ ਸ਼ੱਤ੍ਰੂਆਂ ਨੂੰ (ਯਾ ਮਨ ਸ਼ਤ੍ਰੂ ਨੂੰ) ਜਿੱਤਣ ਵਾਲਾ।
ਤਰੁਵਰੁ ਸਮਸਰ ਪਰਉਪਕਾਰੀ।

ਸਹਨ ਸੀਲ ਉਰ ਧੀਰਜ ਧਾਰੀ।'
ਸਤਿਗੁਰ ਸਿੱਖਨ ਕੋ ਸਮੁਝਾਇਵ।
'ਇਹ ਅਨੰਦ ਕੇ ਸਿੰਧੁ ਸਮਾਇਵ ॥੧੫॥
ਅਸ ਨਰ ਹੋਤਿ ਨ ਸੋਚਨ ਜੋਗ।
ਬ੍ਰਹਮ ਗਜਾਨ ਸੋਂ ਜਿਨ ਕੋ ਜੋਗ[1]।
ਜਿਨਹੁਂ ਜਨਮ ਬਿਸ਼ਿਯਨ ਲਗ ਹਾਰਾ।
ਜਥਾ ਜੂਪ ਮਹਿਂ ਦਰਬ ਉਦਾਰਾ ॥੧੬॥
ਨਹਿਂ ਗੁਰ ਸ਼ਬਦ ਜਿਨਹੁ ਕਬਿ ਸੁਨਜੋ।
ਸਤਿ ਸੰਗਤ ਸਤਿਨਾਮ ਨ ਭਨਜੋ।
ਸੋ ਸੋਚਨ ਕੇ ਜੋਗ ਸਭਿਨਿ ਕੇ।
ਜੋ ਤਤਪਰ ਨਹਿਂ ਗੁਰੂ ਜਜਨ ਕੇ[1]'
॥੧੭॥
ਕਹਿ ਦਾਸਨ ਕੋ ਧੀਰਜ ਦੀਨ।
ਦੀਨ ਮਨੇ ਜੋ ਪ੍ਰੇਮ ਪ੍ਰਬੀਨ।
ਬੀਨ ਸਿੱਖਜ ਸਭ ਤੇ ਖਟ ਲੀਨ।
ਲੀਨ ਪ੍ਰੇਮ ਮਹਿਂ ਜਿਨ ਮਨ ਕੀਨ
॥੧੮॥
ਨਾਮ ਮੋਹਰੀ ਛੋਟੋ ਨੰਦਨ।
ਨਿਕਟ ਹਕਾਰਜੋ ਕਸ਼ਟ ਨਿਕੰਦਨ।
ਆਨ ਕੀਨਿ ਤਿਨ ਪਦ ਪਰ ਬੰਦਨ।
ਸ਼੍ਰੀ ਗੁਰ ਪਿਤ ਕੋ ਚਹਿ ਅਭਿਨੰਦਨ[1]
॥੧੯॥
ਪੁੱਤ੍ਰ ਬਿਲੋਕਜੋ ਸਥਿਤ ਅਗਾਰੀ।
ਖਟ ਸੰਗ ਦੇ ਸਿਖ ਗਿਰਾ ਉਚਾਰੀ।
'ਪਾਰੋ ਪਰਮ ਹੰਸ ਮਮ ਪਜਾਰੋ।
ਤਜਜੋ ਸਰੀਰ ਸੁ ਧੀਰ ਸੁਖਾਰੋ ॥੨੦॥
ਡੱਲੇ ਗ੍ਰਾਮ ਅਬਹਿ† ਚਲਿ ਜਾਓ।
ਜਥਾ ਜੋਗ ਕਰਿ ਸਭਿ ਹਰਖਾਓ।'
ਸੁਨਤਿ ਮੋਹਰੀ ਹ੍ਵੈ ਕਰਿ ਤਜਾਰ।
ਪਿਤ ਬੰਦਜੋ ਅਸ੍ਵ† ਭਾ ਅਸਵਾਰ ॥੨੧॥
ਸਿੱਖ ਖਸ਼ਟ ਕੋ ਸੰਗ ਮਿਲਾਏ।
ਅਪਰ ਦਾਸ ਗਨ ਬੋਲਿ ਰਲਾਏ।

[1]ਮੇਲ, ਜੁੜਨਾ।
[1]ਗੁਰੂ ਪੂਜਾ ਵਿਚ ਤਤਪਰ ਨਹੀਂ ਜੋ।
[1]ਅਨੰਦ, ਪ੍ਰਸੰਨਤਾ।
†ਪਾ:-ਵਿਖੈ।
†ਪਾ:-ਅਸ।

ਪੰਥ ਉਲੰਘ ਡੱਲੇ ਮਹਿਂ ਗਏ।
ਤਿਨ ਕੇ ਸਦਨ ਪ੍ਰਵੇਸ਼ਤਿ ਭਏ ॥੨੨॥
ਸਭਿਹਿਨਿ ਉਠਿ ਕੀਨਹੁਂ ਸਨਮਾਨਾ।
ਬੰਦਹਿਂ ਚਰਨ ਜੋਰਿ ਜੁਗ ਪਾਨਾ।
ਬੈਠੇ ਜਾਇ ਸਭਿਨਿ ਕੇ ਮਾਂਹੂ।
ਕੁਸ਼ਲ ਪ੍ਰਸ਼ਨ ਕਹਿ† ਕਰਿ ਸਭਿ ਪਾਹੂ ॥੨੩॥
ਪਾਰੋ ਕੋ ਸਭਿ† ਕਰੈਂ ਸਰਾਹਨਿ।
'ਜਿਸ ਕੇ ਸਮਸਰ ਦੂਸਰ ਨਾਂਹਿਨ।
ਕੁਲ ਦੀਪਕ ਨਿਜ ਬੰਸ ਉਧਾਰਾ।
ਤਨ ਸੁਛੰਦ ਤਜਿ ਅੰਤ ਪਧਾਰਾ' ॥੨੪॥
ਸੁਨੇ ਮੋਹਰੀ ਤੇ ਸੁਖ ਪਾਯੋ।
ਹਾਥ ਜੋਰਿ ਸਭਿਹੂੰਨ ਸੁਨਾਯੋ।
'ਸਤਿਗੁਰ ਪੁੱਤ੍ਰ ! ਸੁਨਹੁ ਤਿਨ ਕੀਨਾ।
ਅਧਿਕਾਰੀ ਪਿਖਿ ਸਭਿ ਕੁਛ ਦੀਨਾ ॥੨੫॥
ਸਤਿਗੁਰ ਕਾਰਨਿ ਜਾਨਿ ਪ੍ਰਬੀਨ।
ਬੀਨ ਤੀਨ ਵਸਤੂ ਰਖਿ ਲੀਨਿ।
ਲੀਨ ਬ੍ਰਿਤੀ ਪਰਮਾਤਮ ਜਾਂਹਿ।
ਜਾਹਿ ਨ ਕਹੂੰ ਅਨੰਦ ਕੇ ਮਾਂਹਿ[1] ॥੨੬॥
ਸੁੰਦਰ ਚੰਚਲ ਬਲੀ ਸੁਰੰਗਨਿ[1]।
ਬਿਦਤਿ ਸਭਿਨਿ ਮਹੁਂ ਏਕ ਤੁਰੰਗਨਿ।
ਜਿਸ ਕੀ ਸਮਤਾ ਕਰਹਿ ਨ ਕੋਈ।
ਸਤਿਗੁਰ ਹੇਤ ਰਖੀ ਤਿਨ ਸੋਈ ॥੨੭॥
ਸੂਖਮ ਬਸਤ੍ਰ ਮੋਲ ਬਹੁ ਕੇਰੇ।
ਪਹਿਰਨਿ ਉਚਿਤ ਗੁਰੂ ਕੇ ਹੇਰੇ।
ਬ੍ਰਿੰਦ ਦਰਬ, ਇਹ ਵਸਤੂ ਤੀਨ।
ਇਮਿ ਕ੍ਰਿਤਿ ਕਰਤਿ ਤਜਾਗ ਤਨ ਦੀਨ' ॥੨੮॥
ਸੁਨਿ ਕਰਿ ਬਸੇ ਜਾਮਨੀ ਤਹਾਂ।
ਪਾਰੋ ਕੇ ਬਰਨਤਿ ਗੁਨ ਮਹਾਂ।

†ਪਾ:-ਕਰ।
†ਪਾ:-ਬਹੁ।
[1]ਪਰਮਾਤਮਾ ਦੇ) ਅਨੰਦ ਵਿਚ (ਮਗਨ, ਹੋਰ ਥੇ) ਕਿਧਰੇ ਨਹੀਂ ਜਾਂਦੀ (ਬ੍ਰਿਤੀ)।
[1]ਸ੍ਰੇਸ਼ਟ ਰੰਗ ਵਾਲੀ।

ਪ੍ਰਾਤਿ ਹੋਤਿ ਕਰਿਕੇ ਇਸ਼ਨਾਨਾ।
ਬਿਦਾ ਹੋਇ ਕਰਿ ਕੀਨ ਪਯਾਨਾ ॥੨੯॥
ਅਪਰ ਸਿੱਖਜ ਮਿਲਿ ਕੈ ਸਮੁਦਾਯਾ।
ਗੁਰ ਸਮ ਪੂਜਨ ਕਰਿ ਮਨ ਭਾਯਾ।
ਜਥਾ ਸ਼ਕਤਿ ਦੇ ਭੇਟ ਸੁਹਾਏ।
ਬਿਦਾ ਹੇਤੁ ਮਗ ਕੁਛ ਚਲਿ ਆਏ ॥੩੦॥
ਆਇ ਮੋਹਰੀ ਪੁਰੀ ਪ੍ਰਵੇਸ਼ਾ।
ਗੁਰ ਪਦ ਬੰਦੇ ਨੰਮ੍ਰਿ ਵਿਸ਼ੇਸ਼ਾ।
ਸਭਿ ਪਾਰੋ ਕੀ ਗਾਥ ਸੁਨਾਈ।
ਧਨ, ਪਟ, ਬੜਵਾ, ਅੱਗ੍ਰ ਦਿਖਾਈ ॥੩੧॥
ਪਿਖੀ ਉਪਾਇਨ ਪਾਰੋ ਕੀ ਜਬਿ।
ਸਤਿਗੁਰ ਰਿਦੇ ਬਿਚਾਰ ਕਰਯੋ ਤਬਿ।
ਰਾਮਦਾਸ ਜਾਨਯੋ ਅਧਿਕਾਰੀ।
ਵਸਤੂ ਦਈ ਸਉਂਪ ਕਰਿ ਸਾਰੀ ॥੩੨॥
ਪਰਮ ਪ੍ਰੇਮ ਤੇ ਕਹਯੋ ਗੁਸਾਈਂ।
'ਇਹ ਪਾਰੋ ਮਮ ਭੇਟ ਚੜ੍ਹਾਈ।
ਸੋ ਮੈਂ ਤੋਹਿ ਬਖਸ਼ ਕਰਿ ਦੀਨੀ।
ਅੰਗੀਕਾਰ ਕਰਹੁ ਬਡਿ ਪੀਨੀ ॥੩੩॥
ਚਪਲ ਤੁਰੰਗਨ ਅੰਗਨ ਸੁੰਦਰ।
ਬਲੀ ਬਿਸਾਲ ਬ੍ਰਿੰਦ ਗੁਨ ਮੰਦਰ।
ਅਪਰ ਨ ਦੀਜਹਿ, ਆਪ ਅਰੂਢਹੁ।
ਪਹਿਰਹੁ ਤਨ ਪਰ ਅੰਬਰ ਰੂਢਹੁ ॥੩੪॥
ਖਰਚਹੁ ਦਰਬ ਚਾਹਿ ਹੁਇ ਜਿਸ ਮੈਂ।
ਨਹਿਂ ਅਧਿਕਾਰ ਅਪਰ ਕੋ ਇਸ ਮੈਂ।'
ਲੇ ਕਰਿ ਨੰਮ੍ਰਿ ਹੋਇ ਪਦ ਬੰਦੇ।
ਗੁਰ ਪ੍ਰਸੰਨਤਾ ਜਾਨਿ ਅਨੰਦੇ ॥੩੫॥
ਦਿਨ ਪ੍ਰਤਿ ਹੋਵਤਿ ਅਤਿ ਅਨਕੂਲੇ।
ਲਖਿ ਗੰਭੀਰ ਪ੍ਰੇਮ ਕੋ ਮੂਲੇ।
ਅਜਰ ਜਰਨ ਆਦਿਕ ਗੁਨ ਹੇਰੇ।
ਸਹਤ ਨੰਮ੍ਰਤਾ ਸੇਵ ਘਨੇਰੇ ॥੩੬॥

ਬਖਸ਼ਹਿਂ ਬਖਸ਼ਸ਼ ਕਰਹਿਂ ਨਿਹਾਲ।
ਸੰਗਤਿ ਰਹਹਿ ਸਦਾ ਅਲਬਾਲ[1]।
ਚਹੈਂ ਕਾਮਨਾ ਪ੍ਰਾਪਤਿ ਹੋਵੈਂ।
ਸਿਮਰਹਿਂ ਨਾਮ ਦਰਸ ਗੁਰ ਜੋਵੈਂ ॥੩੭॥
ਭੀਰ ਰਹੈ ਬਹੁ ਗੋਇੰਦਵਾਲ।
ਚਹਤਿ ਮੁਕਤਿ ਕੋ ਤਜਿ ਜੰਜਾਲ।
ਜਿਸ ਪਰ ਕ੍ਰਿਪਾ ਦ੍ਰਿਸ਼ਟਿ ਪਰਿ ਜਾਵਹਿ।
ਸੋ ਜਨ ਚਾਰ ਪਦਾਰਥ ਪਾਵਹਿ ॥੩੮॥
ਇਕ ਦਿਨ ਸਖਾ ਬੰਧੁ ਜਨ ਮਾਂਹੀ।
ਹੁਤੋ ਮੋਹਰੀ ਬਾਤਨ ਪ੍ਰਾਹੀ[1]।
ਬਿਵਹਾਰਨ ਕੀ ਚਰਚਾ ਕਰੈਂ।
ਰੀਤਿ ਅਨੇਕ ਬੋਲਬੋ ਧਰੈਂ ॥੩੯॥
ਤਹਾਂ ਮੋਹਰੀ ਬਾਤ ਉਚਾਰੀ।
'ਜਬਿ ਕੀ ਹਮਨੇ ਸੁਰਤਿ ਸੰਭਾਰੀ।
ਲਾਖ ਟਕਾ ਇਕ ਥਾਨ ਅਸ਼ੇਖਾ[1]।
ਅਬਿ ਲੌਂ ਨਹੀ ਬਿਲੋਚਨ ਦੇਖਾ ॥੪੦॥
ਨਹਿਂ ਭਾਵਹਿ ਸਤਿਗੁਰ ਕੋ ਮਾਯਾ।
ਕਰਹਿਂ ਹਟਾਵਨ ਹ੍ਵੈ ਜਹਿਂ ਦਾਯਾ[1]।
ਚਾਹਤਿ ਪਿਤਾ ਗੁਰੂ ਜਿਸ ਨਾਂਹੀ।
ਸੋ ਕਿਸ ਰੀਤਿ ਆਇ ਹਮ ਪਾਹੀ ॥੪੧॥
ਤਿਨ ਕੋ ਦਿਯੋ ਪਦਾਰਥ ਆਵਹਿ।
ਹੋਇ ਜਿ ਨਹੀਂ[1] ਕਹਾਂ ਕਰ ਪਾਵਹਿਂ।'
ਅੰਤਰਜਾਮੀ ਗੁਰ ਸਭਿ ਜਾਨੀ।
ਨਰਨ ਬਿਖੈ ਜਿਮ ਪੁੱਤ੍ਰ ਬਖਾਨੀ ॥੪੨॥
ਚਿਤਵਤਿ ਚਿਤ, ਸੁਤ ਸ਼ੰਕਾ ਹਰਨੀ।
ਦੋਸ਼ ਦਿਖਾਵੌਂ ਜਿਸ ਧਨ ਕਰਨੀ[1]-।
ਅਗਲੇ ਦਿਵਸ ਗੁਰੂ ਫੁਰਮਾਇਵ।
'ਸੰਗਤਿ ਮਹਿਂ ਜੇਤਿਕ ਸਿਖ ਆਇਵ ॥੪੩॥

[1]ਚਾਰ ਚੁਫੇਰੇ।

[1]ਕਹਿ ਰਹੇ ਸਨ।

[1]ਇਕੱਠਾ।

[1]ਜੇ ਕੋਈ ਦੇਣ ਆਵੇ ਤਾਂ ਹਟਾ ਦਿੰਦੇ ਹਨ।

[1]ਜੇ ਆਵੇ ਨਹੀਂ।

[1]ਜੈਸੇ ਧਨ ਦਾ ਸੁਭਾਵ ਹੁੰਦਾ ਹੈ। (ਅ) ਧਨ ਦੇ (ਇਕੱਤ੍ਰ) ਕਰਨ ਵਿਚ ਜੋ ਦੋਸ਼ ਹੁੰਦਾ ਹੈ।

ਜਬਿ ਪਹੁੰਚਹਿਂ ਪਰਸਨ ਕਹੁ ਹਮੈਂ।
ਪੈਸੇ ਪੰਚ ਲਜਾਇਂ ਤਿਹ ਸਮੈ।
ਧਰਿ ਧਰਿ ਆਗੈ ਬੰਦਨ ਕਰੈਂ।
ਇਮਿ ਗੁਰ ਆਗਜਾ ਸਿਰ ਪਰ ਧਰੈ ॥੪੪॥
ਸਗਰੇ ਨਗਰ ਸੰਗਤਾਂ ਜੇਈ।
ਗੁਰ ਆਇਸੁ ਸੁਨਿ ਸੁਨਿ ਕਰਿ ਤੇਈ।
ਹੋਤਿ ਪ੍ਰਾਤਿ ਕੇ ਸਤਿਗੁਰ ਬੈਸੇ।
ਆਵਹਿਂ ਸਿੱਖ ਭੇਟ ਲੇ ਪੈਸੇ ॥੪੫॥
ਧਰਿ ਧਰਿ ਆਗੈ ਬੰਦਨ ਠਾਨਹਿਂ।
ਦਰਸਹਿਂ ਸਤਿਗੁਰ ਪ੍ਰੇਮ ਮਹਾਂਨਹਿਂ।
ਏਕ ਜਾਮ ਲੌ ਸ਼੍ਰੀ ਪ੍ਰਭੁ ਬੈਸੇ।
ਲਗਜੋ ਢੇਰ ਆਏ ਬਹੁ ਪੈਸੇ ॥੪੬॥
ਪੁੱਤ੍ਰ ਮੋਹਰੀ ਕੋ ਬੁਲਵਾਇਵ।
ਢਿਗ ਬਿਠਾਇ ਕਰਿ ਪੁਨ ਸਮਝਾਇਵ।
'ਇਨ ਕੋ ਗਿਨ ਕਰਿ ਲੇਹੁ ਸੰਭਾਰੀ।
ਖਰਚਹੁ ਜਿਹ ਠਾਂ ਚਾਹਿ ਤੁਮਾਰੀ' ॥੪੭॥
ਮਾਨਿ ਬਾਕ ਤਬਿ ਗਿਨਿ ਬੇਲਾਗਾ।
ਭਏ ਬ੍ਰਿੰਦ ਦੇਖਤਿ ਅਨੁਰਾਗਾ।
ਸੰਖਜਾ ਕਰਿ ਕਰਿ ਭੇ ਕਰ ਕਾਰੇ[1]।
ਬਹੁਤ ਪਖਾਰੇ ਬਿਨ ਨ ਉਤਾਰੇ[1] ॥੪੮॥
ਤਬਿ ਸ਼੍ਰੀ ਅਮਰਦਾਸ ਬਚ ਕਹਜੋ।
'ਧਨ ਕੋ ਤੁਮ ਸੁਭਾਵ ਭੀ ਲਹਜੋ।
ਜਿਸ ਤੇ ਛੁਵਤਿ ਭਏ ਕਰ ਕਾਰੇ।
ਮਨ ਕਾਰੋ ਹੁਇ ਲਗ ਬਿਵਹਾਰੇ ॥੪੯॥
ਜੋ ਸੰਚਤਿ ਕਰਿ ਰਖੀਅਤਿ ਭੌਨ।
ਕਹੋ ਹਵਾਲ ਹੋਇ ਪੁਨ ਕੌਨ।
ਚਿਤਵਨਿ ਤੇ ਅੰਤਰ ਹੁਇ ਕਾਰਾ।
ਅੰਤ ਗਮਨ ਨਹਿਂ ਸੰਗ ਸਿਧਾਰਾ ॥੫੦॥
ਪ੍ਰਥਮਹਿਂ ਸੰਚਨ ਅਘ ਕਰਿ ਹੋਇ।
ਜਤਨ ਅਨੇਕਨ ਤੇ ਅਵਲੋਇ।

[1]ਗਿਣਤੀ ਕਰ ਕਰਕੇ ਹੋਏ ਹੱਥ ਕਾਲੇ।

[1]ਨਾ ਉਤਰੀ (ਕਾਲਖ)।

ਪੁਨ ਰਾਖਨ ਮਹਿਂ ਤ੍ਰਾਸ ਮਹਾਨਾ।
ਤਸਕਰ ਨ੍ਰਿਪ ਆਦਿਕ ਬਲਵਾਨਾ ॥੫੧॥
ਜਾਇ ਤ ਪ੍ਰਾਨ ਸਮੇਤ ਦੁਖਾਰੇ।
ਭਗਤਿ ਵਿਰੋਧੀ, ਬਿਘਨ ਪਸਾਰੇ।
ਇਸ ਕੋ ਤਜਾਗ ਅਧਿਕ ਸੁਖਦਾਈ।
ਹਰਿ ਸਿਮਰਨ ਸੰਚਹੁ ਸਮੁਦਾਈ ॥੫੨॥
ਇਹ ਧਨ[1] ਸਭਿ ਕੋ ਸਾਰ ਪਛਾਨਹੁਂ।
ਕਿਤਹੂੰ ਤੇ ਜਿਸ ਤ੍ਰਾਸ ਨ ਠਾਨਹੁਂ।
ਸੁਨਹੁਂ ਪੁੱਤ੍ਰ ਇਸ ਮਹਿਂ ਦੁਖ ਘਨੇ।
ਮਹਾਂ ਬਲੀ ਸਭਿ ਜਗ ਮਹਿਂ ਹਨੇ ॥੫੩॥
ਹਰਿ ਸਿਮਰਨ ਧਨ ਤੇ ਸੁਖ ਪਾਵੈ।
ਜਨਮ ਮਰਨ ਦਾਰਿਦ ਬਿਨਸਾਵੈ।'
ਸੁਨੀ ਮੋਹਰੀ ਨੈ ਪਿਤ ਬਾਨੀ।
ਉਰ ਬਿਚਾਰ ਕਰਿ ਸਾਚੀ ਮਾਨੀ ॥੫੪॥
ਬਹੁਰੋ ਜੀਵਤਿ ਜਬ ਲਗਿ ਰਹਜੋ।
ਕਬਹੁਂ ਨ ਧਨ ਕੋ ਮਨ ਤੇ ਕਹਜੋ।
ਨੀਕੀ ਪਿਤ ਕੀ ਬਾਤ ਬਿਚਾਰੀ।
ਬਿਮਲ ਬੁਧਿ ਪ੍ਰਾਪਤਿ ਮੁਖ ਭਾਰੀ ॥੫੫॥

[1]ਭਾਵ, ਹਰਿਧਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਾਰੋ ਅਪਰ ਮੋਹਰੀ' ਪ੍ਰਸੰਗ ਬਰਨੰਨ ਨਾਮ ਖਸ਼ਟ ਸ਼ਸ਼ਟੀ ਅੰਸੂ ॥੬੬॥

## ੬੭. [ਸ੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ ਬਖਸ਼ਣੀ]

੬੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੮

ਦੋਹਰਾ:

ਬਾਵਨ ਚੰਦਨ[1] ਸਤਿਗੁਰ, ਹੋਵਹਿਂ ਜਿਨ ਬਨ ਦੇਸ਼।
ਮੱਲਜ ਕਰਤਿ ਤਰੁਵਰੁਨ[1] ਕੋ, ਤਿਉਂ ਨਰ ਭਗਤਿ ਅਸ਼ੇਸ਼ ॥੧॥

ਚੌਪਈ:

ਗੋਇੰਦਵਾਲ ਬਸੇ ਇਕ ਥਾਨ।
ਸਕਲ ਦੇਸ਼ ਭੀ ਭਗਤਿ ਮਹਾਨ।
ਜਹਿਂ ਕਹਿਂ ਤੇ ਸੁਨਿ ਕਰਿ ਜੱਗਜਾਸੀ।
ਆਨੰਦ ਧਾਰਿ ਬਸਹਿਂ ਗੁਰ ਪਾਸੀ ॥੨॥
ਚਾਰ ਪਦਾਰਥ ਠਾਂਢੇ ਦ੍ਵਾਰੇ।
ਦੇਤਿ ਜਨਨਿ ਕੋ ਖੁਲੇ ਭੰਡਾਰੇ।
ਜਿਮ ਚਿਤ ਚਿਤਵਹਿਂ ਗੁਰੂ ਕ੍ਰਿਪਾਲ।
ਸੋ ਬਿਧਿ ਬਨਹਿ ਆਨ ਤਤਕਾਲ ॥੩॥
ਇਕ ਦਿਨ ਮੱਜਨ ਕਰਿ ਗੁਰ ਥਿਰੇ।
ਭਾਨੀ ਆਇ ਦਰਸ ਕੋ ਕਰੇ।
ਪਿਖਿ ਤਨੁਜਾ ਪਰ ਪਰਮ ਕ੍ਰਿਪਾਲ।
ਸ਼੍ਰੀ ਮੁਖ ਤੇ ਬੋਲੇ ਤਿਸ ਕਾਲ ॥੪॥
'ਰਾਮਦਾਸ ਅਬਿ ਤਨ ਪਰਹਰੈ।
ਕਹੁ ਪੁੱਤ੍ਰੀ ਕਜਾ ਤਬਿ ਤੂੰ ਕਰੈਂ?
ਛਿਨ ਭੰਗਰ[1] ਸਭਿ ਅਹੈਂ ਸਰੀਰ।
ਬਿਨਸਤਿ ਤੁਰਤ ਨ ਕਰਿਹੀਂ ਧੀਰ[1]' ॥੫॥
ਭਾਨੀ ਮਹਾਂ ਚਤੁਰ ਸਭਿ ਜਾਨੀ।
-ਹੋਤਿ ਨ ਕਬਹੁਂ ਕੂਰ ਪਿਤ ਬਾਨੀ-।
ਦ੍ਰਿੜ੍ਹ ਨਿਸ਼ਚੇ ਧਰਿ ਇਸੀ ਪ੍ਰਕਾਰੀ।
ਕਰਤਿ ਸ਼ੀਘ੍ਰ ਨਕ ਨਾਥ ਉਤਾਰੀ ॥੬॥
ਸ਼੍ਰੀ ਗੁਰ ਪਿਤ ਕੇ ਧਰੀ ਅਗਾਰੀ।
ਹਾਥ ਜੋਰਿ ਮੁਖ ਬਿਨੈ ਉਚਾਰੀ।
'ਪ੍ਰਭੁ ਜੀ ਅਪਰ ਕਾਰ ਕਜਾ ਕਰਿਹੌਂ।

[1]ਸੰਦਲ ਦੀਆਂ ਕਿਸਮਾਂ ਵਿਚੋਂ ਸ਼੍ਰੇਸ਼ਟ ਕਿਸਮ।

[1]ਚੰਦਨ ਕਰ ਦਿੰਦਾ ਹੈ ਬ੍ਰਿੱਛਾਂ ਨੂੰ।

[1]ਛਿਨ ਵਿੱਚ ਨਾਸ਼ ਹੋ ਜਾਣ ਵਾਲੇ।

[1]ਠਹਿਰਨਾ ਨਹੀਂ ਕਰਦੇ।

ਜੇ ਬਿਧਵਾ ਕੇ ਧਰਮ, ਸੁ ਧਰਿਹੌਂ ॥੭॥
ਕਿਧੌਂ ਚਿਤਾ ਕੇ ਊਪਰ ਚਰਿ ਹੌਂ।
ਜਰ ਕਰਿ ਪਤਿ ਕੇ ਸੰਗਿ ਸਿਧਰਿਹੌਂ।
ਜੋ ਤੁਮ ਆਗਜ਼ਾ ਹੋਇ ਸੁ ਕਰਿ ਹੌਂ।
ਨਿਸ਼ਚੈ ਮਰੌਂ ਸੁ ਰਿਦੈ ਬਿਚਰਿਹੌਂ' ॥੮॥
ਸੁਨਿ ਸ਼੍ਰੀ ਸਤਿਗੁਰ ਬਾਕ ਬਖਾਨੇ।
'ਹੇ ਪੁੱਤ੍ਰੀ ਸੁਨਿ ਸੁਮਤਿ ਮਹਾਂਨੇ।
ਤਨ ਕੋ ਰਾਖਿ ਭਜੋ ਜਗਦੀਸ।
ਅਬਿ ਮੈਂ ਕਰਿਹੌਂ ਤੁਮ ਬਖ਼ਸ਼ੀਸ਼ ॥੯॥
ਰਾਮਦਾਸ ਕੀ ਬਯ ਅਬਿ ਨਾਂਹੀ।
ਪੂਰਨ ਅਵਧਿ ਆਜ ਦਿਨ ਮਾਂਹੀ।
ਤਿਨ ਜੀਵਨ ਕੌ ਆਨਿ ਉਪਾਇ।
ਨਹੀਂ ਹੋਤਿ ਨਿਸ਼ਚੈ ਇਮ ਲਜਾਇ ॥੧੦॥
ਅਪਨ ਆਰਬਲ ਅਬਿ ਮੈਂ ਦੇਵੌਂ।
ਹਿਤ ਪਰਲੋਕ ਗਮਨ ਸੁਭ ਲੇਵੌਂ।'
ਇਮਿ ਕਹਿ ਰਾਮਦਾਸ ਬੁਲਵਾਇਵ।
ਨਿਕਟ ਬਿਠਾਇ ਭਲੇ ਸਮੁਝਾਇਵ ॥੧੧॥
'ਹੇ ਸੁਤ ! ਤੇਰੀ ਅਵਧ ਬਿਤਾਈ[1]। — [1]ਬੀਤ ਚੁਕੀ ਹੈ।
ਮੈਂ ਅਬਿ ਜਾਨ ਲੀਨਿ ਅਗੁਵਾਈ[1]। — [1]ਅਗੋਂ ਤੋਂ।
ਇਕ ਸਤ ਸੰਮਤ ਆਠ ਰ ਚਾਰੀ[1]। — [1]ਭਾਵ, ਇਕ ਸੌ ਤੇ ਬਾਰਾਂਬਰਸ।
ਆਰਬਲਾ ਹਮਰੇ ਤਨ ਸਾਰੀ ॥੧੨॥
ਅਬ ਖਟ ਬਰਖ ਇਕਾਦਸ਼ ਮਾਸ।
ਦਯੋਸ ਅਸ਼ਟ ਦਸ ਸ਼ੇਸ਼ ਰਹਾਸ[1]। — [1]ਭਾਵ ਛੇ ਵਰਹੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਬਾਕੀ ਰਹਿੰਦੇ ਹਨ।
ਸੋ ਅਪਨੀ ਹਮ ਤੁਮ ਕੋ ਦੀਨਸਿ[†]। — [†]ਪਾ:-ਦੀਨੀ।
ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਿਸਿ[†] ॥੧੩॥ — [†]ਪਾ:-ਪ੍ਰਬੀਨੀ।
ਤੋਹਿ ਮੋਹਿ ਮੈਂ ਭੇਦ ਨ ਰਹਯੋ।
ਇਕ ਸਰੂਪਤਾ ਦੋਨਹੁਂ ਲਹਯੋ।
ਜਲ ਕੋ ਭਰਯੋ ਹੋਤਿ ਘਟ ਜੈਸੇ।

ਪਰੈ ਉਦਧਿ ਲਹਿ ਇਕਤਾ ਤੈਸੇ ॥੧੪॥
ਤਿਮਿ ਸਰੂਪ ਮੇਰੋ ਇਕ ਹੋਵਾ।
ਕਸੋਂ ਹੂੰ ਭੇਦ ਪਰਹਿ ਨਹਿਂ ਜੋਵਾ।
ਪ੍ਰੇਮ ਭਗਤਿ ਅਸ ਤਵ ਉਰ ਬਸੀ।
ਬਸੀ ਕੀਨਿ ਮੋ ਕਹੁ ਕਰਿ ਜਿਸੀ' ॥੧੫॥
ਪਿਖਿ ਬੱਲੂ ਦਿਸ਼ ਆਇਸੁ ਦੀਨਿ।
ਦੀਨ ਮਨਾ ਜਿਸ ਸਭਿ ਸੁਨਿ ਲੀਨਿ[1]।
ਲੀਨ ਪ੍ਰੇਮ ਮਨ ਜਾਂਹਿ ਪ੍ਰਬੀਨ।
'ਬੀਨ ਨਲੇਰ[†] ਲੇਹੁ ਸ਼ੁਭ ਚੀਨ ॥੧੬॥
ਕਰਹੁ ਸ਼ੀਘ੍ਰ ਆਨੋ ਮੁਝ ਪਾਸੀ।
ਪਾਸੀ ਜਮ ਨਹਿਂ, ਸਦਾ ਨਿਰਾਸੀ[1]।
ਰਾਸੀ ਸੁਖ[1] ਪ੍ਰਾਪਤਿ ਅਬਿਨਾਸ਼ੀ।
ਨਾਸ਼ੀ ਹੰਤਾ ਬਿਸ਼ਯ ਉਦਾਸੀ ॥੧੭॥
ਰਾਮਦਾਸ ਕਰਿਵਾਉ ਸ਼ਨਾਨਾ।
ਨਾਨਾ ਬਸਤ੍ਰ ਆਨਿ ਦੁਤਿਵਾਨਾ।
ਪਹਿਰਾਵੋ ਨਹਿਂ ਦੇਰ ਲਗਾਵਹੁ।
ਗਾਵਹੁ ਸ਼ਬਦ ਅਨੰਦ ਉਪਜਾਵਹੁ ॥੧੮॥
ਅਪਰ ਸੌਂਜ ਤਜਾਰੀ ਕਰਿ ਦੇਹਿ।
ਦੇਹਿ ਤਜਨ ਕੋ ਸਮਾ ਲਖੇਹਿ।'
ਸੁਨਿ ਕਰਿ ਬੱਲੂ ਇਮਿ ਗੁਰ ਜੀ ਤੇ।
ਜੀਤੇ ਮਨ ਇੰਦ੍ਰੈ ਜਿਨ ਨੀਤੇ ॥੧੯॥
ਅਸ ਸ਼੍ਰੀ ਰਾਮਦਾਸ ਤਿਸ ਬਾਰ।
ਬਾਰਿ ਬਿਮਲ ਤੇ ਮੱਜਤਿ ਚਾਰੁ।
ਚਾਰ ਪਦਾਰਥ ਜਿਨ ਦਰਬਾਰ।
ਬਾਰ ਬਿਹੀਨ[1] ਪਾਇ ਸਭਿ ਸਾਰ ॥੨੦॥
ਬੱਲੂ ਆਨੇ ਬਸਤ੍ਰ ਨਵੀਨ।
ਪਹਿਰਾਏ ਸੂਖਮ ਦੁਤਿ ਪੀਨ।
ਸ਼੍ਰੀ ਸਤਿਗੁਰ ਜੀ ਅਮਰ ਕ੍ਰਿਪਾਲੂ।
ਪ੍ਰੇਮ ਸਹਤ ਸਨਮਾਨ ਬਿਸਾਲੂ ॥੨੧॥
ਕਰ ਸੋਂ ਪਕਰਿ ਆਪਨੇ ਥਾਨ।

[1] ਜਿਸਨੇ ਉਦਾਸ ਮਨ ਨਾਲ ਸਭ (ਗਲ) ਸੁਣ ਲਈ ਸੀ।

[†] ਪਾ:-ਨਰੇਲ।

[1] ਤੈਨੂੰ ਫਾਹੀ ਜਮ ਦੀ ਨਹੀਂ (ਹੇ ਬੱਲੂ) ਤੂੰ ਸਦਾ ਆਸਾ ਤੋਂ ਰਹਿਤ ਹੈਂ।

[1] ਸਾਰੇ ਸੁਖ।

[1] ਦੇਰੀ ਤੋਂ ਬਿਨਾਂ।

ਬੈਠਾਰੇ ਕਹਿ ਕ੍ਰਿਪਾ ਨਿਧਾਨ।
ਭਾਲ ਬਿਸਾਲ ਸੁ ਤਿਲਕ ਨਿਕਾਸਜੋ।
ਤਿਸ ਤੇ ਮਹਿਦ ਪ੍ਰਕਾਸ਼ ਪ੍ਰਕਾਸ਼ਜੋ ॥੨੨॥
ਜੋਤਿਨਿ ਜੋਤਿ ਸਭਿਨਿ ਮਹਾਂਰਾਜਾ[1]।
ਤਿਸਹਿ ਸਿੰਘਾਸਨ[1] ਮਨੋ ਬਿਰਾਜਾ।
ਨਵਨਿਧਿ ਸਿੱਧਾਂ ਦੁਗਨ ਇਨਹੁਂ ਤੇ[1]।
ਰਿੱਧਾਂ ਪੂਰਨ ਜਗਤ ਜਿਨਹੁਂ ਤੇ ॥੨੩॥
ਸਭਿ ਕੋ ਪ੍ਰੇਰਕ ਨਿਤ ਬਿਨ ਲਿਪਤੇ।
ਭਾਲ ਬਿਸਾਲ ਕਾਲ ਤਿਸ ਦਿਪਤੇ।
ਝੋਰੀ ਬਿਖੈ ਨਾਰੀਅਰ[1] ਪਾਇਵ।
ਤੀਨ ਲੋਕ ਸ੍ਵਾਮੀ ਸੁ ਬਨਾਇਵ ॥੨੪॥
ਪੁਨ ਬੱਲੂ ਸੋਂ ਕੀਨਿ ਬਖਾਨ।
'ਮੋਹਨ ਅਪਰ ਮੋਹਰੀ ਆਨਿ।
ਸਭਿ ਸੰਗਤ ਆਵਹਿ ਇਸ ਕਾਲ।
ਦਾਸ, ਸਿੱਖਜ, ਛੋਟੇ ਸੁ ਬਿਸਾਲ ॥੨੫॥
ਮੇਰੋ ਹੁਕਮ ਸੁਨਾਵਨਿ ਕਰੀਐ।
ਸਕਲ ਹਕਾਰਹੁ ਬਿਲਮ ਪ੍ਰਹਰੀਐ।'
ਤੂਰਨ ਪਠੇ ਬੁਲਾਵਨ ਠਾਨੇ।
ਜਹਿਂ ਜਹਿਂ ਜਿਨ ਕੇ ਹੁਤੇ ਠਿਕਾਨੇ ॥੨੬॥
ਸੁਨਿ ਸੁਨਿ ਸਭਿ ਮਹਿਂ ਰੌਰਾ ਪਰਿਓ।
'ਚਾਹਿਸਿ ਗੁਰੂ ਪਯਾਨੋਂ ਕਰਿਓ।
ਰਾਮਦਾਸ ਸਤਿਗੁਰੂ ਬਨਾਏ।'
ਬਿਸਮਤਿ ਬਾਤ ਸੁਨਤਿ ਚਲਿ ਆਏ† ॥੨੭॥
ਭਾਈ ਬੁੱਢੇ ਆਦਿਕ ਸਾਰੇ।
ਪਹੁਂਚੇ ਸਿੱਖ ਆਇ ਗੁਰਦ੍ਵਾਰੇ।
ਦੋਨਹੁਂ ਪੁੱਤ੍ਰ ਆਇ ਤਤਕਾਲ।
ਜਬਿ ਪੂਰਨ ਭੀ ਸਭਾ ਬਿਸਾਲ ॥੨੮॥
ਬੋਲੇ ਪ੍ਰਥਮ ਜੁਗਮ ਸੁਤ ਸਾਥ।
'ਰਾਮਦਾਸ ਕਹੁ ਟੇਕਹੁ ਮਾਥ।

[1]ਸਭ ਜੋਤੀਆਂ ਦਾ ਪ੍ਰਕਾਸ਼ਕ ਮਹਾਂਰਾਜਾ।
[1]ਗੱਦੀ, ਤਖਤ।
[1]ਇਨ੍ਹਾਂ ਨੌ ਨਿਧਾਂ ਤੋਂ ਦੂਣੀਆਂ, ਭਾਵ ੧੮ ਸਿੱਧੀਆਂ।
[1]ਨਰੇਲ।
†ਪਾ:-ਲਲਚਾਏ।

ਹੋਇ ਨੰਮ੍ਰਿ ਇਨ ਘਾਲ ਕਮਾਈ।
ਅਜਰ ਜਰਨ ਗੁਨ ਜੁਤਿ ਸਮੁਦਾਈ' ॥੨੯॥
ਮੋਹਨ ਜਿਹ ਸੁਭਾਵ ਮਸਤਾਨਾ।
ਨਹਿਂ ਰਾਖਹਿ ਕਿਹ ਕੀ ਕਬਿ ਕਾਨਾ[1]।
ਸਭਿ ਮੈਂ ਬੋਲਜੋ 'ਨਿਵੌਂ ਨ ਆਗੈ।
ਹਮਰੀ ਵਸਤੁ ਦੇਨਿ ਇਨ ਲਾਗੇ ॥੩੦॥
ਚਿਰੰਕਾਲ ਰਹਿ ਸਦਨ ਹਮਾਰੇ।
ਕਰੀ ਗੁਜਰ ਸਭਿ ਜੁਤਿ ਪਰਵਾਰੇ।
ਉਚਿਤ ਬੈਠਿਬੋ ਤੁਮੈ ਪਿਛਾਰੀ।
ਅਹੈ ਮਾਲਕੀ ਸਰਬ ਹਮਾਰੀ ॥੬੧॥
ਅਪਰ ਸਬੰਧੀ ਰਾਵਰਿ ਕੇਰੇ।
ਰਹੈਂ ਸਮੀਪੀ ਐਸ੍ਵਰਜ ਹੇਰੇ।
ਇਹ ਭੀ ਹੈ ਤਿਨ ਸਭਿਨਿ ਸਮਾਨਾ।
ਅਬਿ ਪਦ ਦੈਬੇ ਲਗੇ ਮਹਾਨਾ ॥੩੨॥
ਹਮ ਰਾਵਰਿ ਕੇ ਨੰਦਨ ਅਹੈਂ।
ਗੁਰਤਾ ਪਦ ਤੇ ਛੂਛੇ ਰਹੈਂ।
ਤਊ ਨ ਕਿਉਹੂੰ ਮਾਥ ਨਿਵਾਵਹਿਂ।
ਸਤਿਗੁਰ ਕੇ ਸਪੂਤ ਕਹਿਲਾਵਹਿਂ' ॥੩੩॥
ਜਬਿ ਮੋਹਨ ਕੋ ਐਸੇ ਲਹਜੋ।
ਪੁੱਤ੍ਰ ਦੂਸਰੇ ਸੋਂ ਤਬਿ ਕਹਜੋ।
'ਸਿੱਖੀ ਪਦ ਨੰਦਨ ! ਤੁਮ ਲੇਵਹੁ।
ਨਹਿਂ ਲੇਵਹੁ ਤਊ ਅਬਿ ਕਹਿ ਦੇਵਹੁ' ॥੩੪॥
ਸੁਨਤਿ ਮੋਹਰੀ ਰਿਦੇ ਬਿਚਾਰਾ।
ਸ੍ਰੀ ਨਾਨਕ ਪ੍ਰਸਤਾਵ ਚਿਤਾਰਾ[1]।
-ਪੁਨ ਸ੍ਰੀ ਅੰਗਦ ਕੀਨਸਿ ਐਸੇ[†]-।
ਸਰਬ ਬ੍ਰਿਤਾਂਤ ਬਿਚਾਰਜੋ ਤੈਸੇ ॥੩੫॥
ਜਿਸ ਕੇ ਜਾਗੈਂ ਭਾਗ ਬਡੇਰੇ।
ਪੂਰਨ ਕ੍ਰਿਪਾ ਦ੍ਰਿਸ਼ਟਿ ਤਿਹ ਹੇਰੇ।
ਘਾਲੀ ਘਾਲ ਪਰੈ ਜਿਸ ਥਾਇਂ।

[1]ਮੁਛੰਦਗੀ।

[1]ਪਿਛਲਾ ਪ੍ਰਸੰਗ) ਗੁਰ ਨਾਨਕ ਜੀ ਵਾਲਾ ਯਾਦ ਕੀਤਾ।

[†]ਪਾ:-ਕੀਨੀ ਜੈਸੇ।

ਇਸ ਬਡਿਆਈ ਕੋ ਸੋ ਪਾਇ ॥੩੬॥
ਕਰੈ ਈਰਖਾ ਕੈ ਸਿਹੁਂ ਕੋਈ।
ਮਿਟਹਿ ਨਹੀਂ ਉਲਟੋ ਦੁਖ ਹੋਈ।
ਯਾਂ ਤੇ ਸ਼੍ਰੀ ਪਿਤ ਕੇ ਅਨੁਸਾਰੀ।
ਇਸ ਮਹਿਂ ਸੋਭਾ ਹੋਇ ਹਮਾਰੀ- ॥੩੭॥
ਇਮਿ ਬਿਚਾਰ ਕਰਿ ਠਾਂਢੋ ਹੋਵਾ।
ਸਗਰੀ ਸੰਗਤਿ ਨੇ ਤਬਿ ਜੋਵਾ।
ਬੁੱਢੇ ਆਦਿ ਜਿ ਸੇਵਕ ਸਾਰੇ।
ਖਰੇ ਭਏ ਗੁਰ ਸੁਤ ਪਿਛਵਾਰੇ ॥੩੮॥
ਮਾਨ ਮੋਹਰੀ ਪਿਤ ਕੇ ਬੈਨ।
ਕਰਿ ਅਨੰਦ ਜੁਤਿ ਫੁੱਲਤ ਨੈਨ।
ਰਾਮਦਾਸ ਕੇ ਚਰਨੀ ਪਰਜੋ।
'ਧੰਨ ਧੰਨ' ਸਭਿਹਿਨਿ ਤਬਿ ਕਹਜੋ ॥੩੯॥
ਬਹੁਰੋ ਸਗਰੀ ਸੰਗਤਿ ਹੇਰਿ।
ਪਰੇ ਚਰਨ ਪਰ ਤਿਸ ਹੀ ਬੇਰਿ।
ਧਰਿ ਧਰਿ ਸਰਬ ਉਪਾਇਨ ਆਗੇ।
ਬੰਦਹਿਂ ਕਰ ਜੋਰਹਿਂ ਬਡਭਾਗੇ ॥੪੦॥
ਸਥਿਤ ਭਏ ਸਭਿ ਹੀ ਤਿਸ ਕਾਲਾ।
ਬੋਲੇ ਸ਼੍ਰੀ ਗੁਰ ਅਮਰ ਕ੍ਰਿਪਾਨ।
'ਪੁੱਤ੍ਰ ਮੋਹਰੀ ! ਕਰਹੁ ਬਖਾਨਾ।
ਰਾਮਦਾਸ ਕੋ ਕਜਾ ਕਰਿ ਜਾਨਾ? ॥੪੧॥
ਕਿਮਿ ਜਾਨਹਿਂ ਹਮ ਤੇ ਪਸ਼ਚਾਤੀ।
ਚਿਤ ਕੀ ਬ੍ਰਿਤੀ ਕਹੋ ਜਿਸ ਭਾਂਤੀ।'
ਹਾਥ ਜੋਰਿ ਤਬਿ ਸਭਿ ਮਹਿਂ ਕਹਜੋ।
'ਸੁਨਹੁ ਪਿਤਾ ਜੀ! ਮੈਂ ਜਿਮਿ ਲਹਜੋ ॥੪੨॥
ਸ਼੍ਰੀ ਨਾਨਕ ਸ਼੍ਰੀ ਅੰਗਦ ਸ੍ਵਾਮੀ।
ਤ੍ਰਿਤੀਏ ਤੁਮ ਹੋ ਅੰਤਰਜਾਮੀ।
ਸੋ ਸਰੂਪ ਇਹ ਚੌਥੋ ਹੋਵਾ।
ਸ਼੍ਰੀ ਗੁਰੁ ਰਾਮਦਾਸ ਇਮਿ ਜੋਵਾ' ॥੪੩॥

ਸੁਨਿ ਗੁਰ ਜਤਿ ਸਭਿ ਭਏ ਪ੍ਰਸੰਨ।
'ਪੁੱਤ੍ਰ ਮੋਹਰੀ ਤੂੰ ਬਡ ਧੰਨ।
ਸਭਿ ਤੇ ਸ੍ਰੇਸ਼ਟ ਬੁੱਧਿ ਉਦਾਰੇ।
ਮਿਲ੍ਯੋ ਸਦਾ ਤੂੰ ਸੰਗ ਹਮਾਰੇ ॥੪੪॥

ਦੋਹਰਾ:
ਭਯੋ ਸਭਿਨਿ ਕੋ ਮੋਹਿਰੀ[1], ਨਾਮ ਮੋਹਰੀ ਤੋਹਿ।
ਕੀਨੋ ਸਾਰਥ[1] ਸੋ ਅਬਹਿ, ਮਮ ਅਭਦੇਤਾ ਹੋਹਿ ॥੪੫॥

ਚੌਪਈ:
ਇੱਕੀ ਕੁਲ ਹੁਇ ਸੰਤ ਉਧਾਰੇ[1]।
ਤੁਮ ਨੇ ਬਜਾਲੀ ਜਗ ਨਿਸਤਾਰੇ।'
ਸੁਨਤਿ ਮੋਹਰੀ ਕਹਿ ਬਡਿਬਾਗੇ।
'ਧਰਮ ਰਾਇ ਲੇਖਾ ਲੇ ਆਗੇ ॥੪੬॥
ਤਿਹ ਲੇਖੇ ਤੇ ਜਬਿ ਛੁਟ ਜੱਯੈ।
ਤਬਿ ਉਧਾਰ ਨਿਜ ਕੁਲ ਕੋ ਪੱਯੈ।'
ਸੁਨਿ ਗੁਰ ਕਹ੍ਯੋ 'ਅਛਤ ਤਨ ਮੋਹੀ[1]।
ਲੇਖ ਦਿਯੋ ਚੁਕਾਇ[1] ਜਿ[†] ਹੋਹੀ ॥੪੭॥
ਧਰਮ ਰਾਇ ਕੇ ਨਿਕਟ ਨ ਜੈਹੋ।
ਪੰਥ ਅਪਰ ਹੀ ਹਮ ਢਿਗ ਐਹੋ[1]।
ਤੂੰ ਮਮ ਸਿੱਖ ਪੁਨੀਤ ਸੁ ਭਯੋ।
ਸਿੱਖੀ ਪਦ ਮੈਂ ਤੋ ਕਹੁ ਦਿਯੋ ॥੪੮॥
ਸੰਤਤਿ ਬ੍ਰਧਹਿ ਸਮੂਹ ਤੁਮਾਰੀ।
ਤਿਨ ਕੋ ਸਿੱਖੀ ਦੀਨ ਅਗਾਰੀ।
ਤੁਵ ਕੁਲ ਪੂਜਹਿ ਮੋ ਕਹੁ ਨੀਤਿ।
ਅਪਰ ਨ ਚੀਤ ਧਰਹਿ ਕਬਿ[†] ਪ੍ਰੀਤਿ ॥੪੯॥
ਮੈਂ ਹੀ ਦੇਵ ਸੁ ਪਿੱਤ੍ਰ ਜਠੇਰੇ।
ਮੈਂ ਹੀ ਇਸ਼ਟ ਦੇਵ ਕੁਲ ਤੇਰੇ।'
ਇਮਿ ਸੰਬਾਦ ਸੁਨ੍ਯੋ ਜਬਿ ਕਾਨ।
ਰਾਮਦਾਸ ਜੀ ਕੀਨਿ ਬਖਾਨ ॥੫੦॥
ਅਧਿਕ ਪ੍ਰੇਮ ਲੋਚਨ ਜਲ ਛਾਵਾ।

[1]ਆਗੂ।
[1]ਸਹਿਤ ਅਰਥ ਦੇ।
[1]ਸੰਤ ਹੋਕੇ ਇੱਕੀ ਕੁਲਾਂ ਉਧਾਰਦਾ ਹੈ।
[1]ਅਸਾਂ ਤਨ ਦੇ ਹੁੰਦਿਆਂ ਹੀ।
[1]ਲੇਖਾ ਮੁਕਾ ਦਿਤਾ ਹੈ। [†]ਪਾ:-ਜੋ।
[1]ਹੋਰ ਰਸਤੇ ਤੁਸੀਂ ਸਾਡੇ ਪਾਸ ਆਓਗੇ।
[†]ਪਾ:-ਕਰਿ।

ਗੁਰ ਚਰਿੱਤ੍ਰ ਹੇਰਤਿ ਬਿਸਮਾਵਾ।
'ਸ੍ਰੀ ਪ੍ਰਭੁ ! ਮੁਝ ਸਿੱਖੀ ਪਦ ਦੀਜਹਿ।
ਆਪ ਮੋਹਰੀ ਕਹੁ ਗੁਰ ਕੀਜਹਿ ॥੫੧॥
ਮੈ ਹੋਂ ਦਾਸ ਆਪ ਕੋ ਜੈਸੇ।
ਨਿਜ ਮਨ ਤੇ ਜਾਨਤਿ ਇਨ[1] ਤੈਸੇ।
ਗੁਰਤਾ ਉਚਿਤ ਜੁਗਮ ਤੁਮ ਨੰਦਨ।
ਮੋ ਕੌਂ ਉਚਿਤ ਇਨਹੁਂ ਪਗ ਬੰਦਨ' ॥੫੨॥
ਸ਼੍ਰੀ ਗੁਰ ਸੁਨਤਿ ਪ੍ਰਸੰਗ ਚਿਤਾਰਾ।
'ਹਮ ਨੈ ਦੇਨੋ ਹੁਤੋ ਤੁਮਾਰਾ।
ਪੂਰਬ ਕਹਜੋ ਹੁਤੋ ਬਰ ਦਾਨਾ।
ਤਿਸ ਕੋ ਦੇਨਿ ਸਮੋ ਅਬਿ ਜਾਨਾ ॥੫੩॥
ਅਤਿ ਗ਼ਰੀਬ ਇਹੁ ਸੰਤਤਿ ਮੇਰੀ।
ਨਿਰ ਹੰਕਾਰ, ਨ ਹੁਇ ਕਿਸ ਬੈਰੀ[1]†।
ਕੀਜਹਿ ਇਨ ਕੀ ਨਿਤਿ ਪ੍ਰਤਿਪਾਲਾ।
ਮਿਲੇ ਰਹਹੁ ਕਰਿ ਪ੍ਰੀਤਿ ਬਿਸਾਲਾ' ॥੫੪॥
ਆਨ ਇਕੱਤ੍ਰ ਭਯੋ ਪਰਵਾਰੂ।
ਹੇਰਹਿਂ ਸਤਿਗੁਰ ਕੇ ਬਿਵਹਾਰੂ।
ਉਠਿ ਕਰਿ ਬਡਭਾਗਨ ਤਬਿ ਭਾਨੀ।
ਪਿਤ ਆਗੇ ਕਰ ਜੋਰਿ ਬਖਾਨੀ ॥੫੫॥
'ਹੇ ਪ੍ਰਭੁ ! ਤੁਮ ਬਖਸ਼ੀ ਗੁਰਿਆਈ।
ਰਹਹਿ ਹਮਾਰੇ ਬੰਸ ਸਦਾਈ।
ਹੋਹਿ ਨ ਅਸ ਕੋ ਦਾਸ ਅਗਾਰੀ।
ਕਰਿ ਸੇਵਾ ਲੇਵਹਿ ਪਦ ਭਾਰੀ[1] ॥੫੬॥
ਬਰ ਨਿਜ ਦੇਹੁ ਨ ਜਾਵਹਿ ਆਨ[1]।
ਰਹੈ ਸਥਿਰ ਅਬਿ ਇਸ ਹੀ ਥਾਨ।'
ਸੁਨਤਿ ਕ੍ਰਿਪਾਲ ਹੋਹਿ ਬਚ ਕਹੇ।
'ਨਹਿਂ ਕਿਤ ਜਾਹਿ ਤੁਮਹੁ ਘਰ ਰਹੇ ॥੫੭॥
ਤਉ ਬਿਮਲ ਸਲਿਤਾ ਜਲ ਚਲਿਤਾ।

[1]ਭਾਵ ਮੋਹਰੀ ਜੀ ਨੂੰ।

[1]ਨਿਰਹੰਕਾਰ ਹੈ ਕਿਸੇ ਨਾਲ ਵੈਰ ਨਹੀਂ ਕਰੇਗੀ। †ਪਾ:- ਨਿਰ ਹੰਕਾਰਿਨ ਹੁਇ ਕਿਸ ਬੇਰੀ।

[1]ਭਾਰੀ ਪਦ (ਗੁਰਿਆਈ)।

[1]ਹੋਰਥੇ।

ਪਾਯਹੁ ਬੰਧਨ ਆਗੇ ਢਲਤਾ।
ਹੋਹਿਂ ਕਲੇਸ਼ ਉਪੱਦ੍ਰਵ ਭਾਰੇ।
ਜਿਨ ਕਉ ਕੋ ਨ ਸਕਹਿ ਨਿਰਵਾਰੇ ॥੫੮॥
ਲਛਮੀ ਸ਼੍ਰੀ ਨਾਨਕ ਢਿਗ ਗਈ।
ਦ੍ਵਾਦਸ਼ ਕੋਸ ਦੂਰ ਥਿਰ ਥਈ[1]।
ਖਸ਼ਟ ਕੋਸ ਸ਼੍ਰੀ ਅੰਗਦ ਰਾਖੀ।
ਨਿਕਟਿ ਹੋਨਿ ਕੋ ਤਿਨਹੁਂ ਨ ਭਾਖੀ ॥੫੯॥
ਆਨਿ ਹਮਾਰੇ ਠਾਂਢੀ ਦ੍ਵਾਰ।
ਕਰਜੋ ਆਪਨੋ ਜੋਰ ਉਦਾਰ।
ਪੈਸਕਾਰ[1] ਅੰਤਰ ਨਹਿਂ ਭਯੋ।
ਖਰੀ ਰਹੀ ਦਰ ਪਰ ਹਿਤ ਲਯੋ ॥੬੦॥
ਅਬਿ ਤੁਮਰੇ ਘਰ ਬਿਖੈ ਪ੍ਰਵੇਸ਼ੀ।
ਬਿਘਨ ਕਲੇਸ਼ਨ ਬਿਖੈ ਬਿਸ਼ੇਸ਼ੀ।
ਤਉ ਅਲੇਪ ਰਹਹਿਂ ਇਸ ਮਾਂਹੀ।
ਇਸ ਕੇ ਦੋਸ਼ ਸਕਹਿਂ ਹ੍ਵੈ ਨਾਂਹੀ' ॥੬੧॥

ਦੋਹਰਾ:

ਇਸ ਪ੍ਰਕਾਰ ਬਰ ਗੁਰ ਦਏ, ਮੁਦਤਿ ਸੁਤਾ ਹਿਤ ਮਾਨਿ[1]।
ਰਾਮਦਾਸ ਸ਼੍ਰੀ ਸਤਿਗੁਰੂ, ਕੀਨੇ ਬਿਦਤਿ ਜਹਾਨ ॥੬੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੁਰਿਆਈ ਦੈਨ' ਪ੍ਰਸੰਗ ਬਰਨਨੰ ਨਾਮ ਸਪਤਸ਼ਸ਼ਟੀ ਅੰਸੂ ॥੬੭॥

[1]ਖੜੀ ਰਹੀ।

[1]ਪ੍ਰਵੇਸ਼।

[1]ਭਲਾ ਮੰਨਕੇ।

## ੬੮. [ਸ਼੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ]

੬੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਬੁੱਢੇ ਸੰਮਤ ਗੁਰੂ ਹੁਇ[1],
ਪੈਸੇ ਪੰਚ ਨਲੇਰ।
ਰਾਮਦਾਸ ਕੀ ਭੇਟਿ ਧਰਿ,
ਕ੍ਰਿਪਾ ਦ੍ਰਿਸ਼ਟਿ ਕੋ ਹੇਰਿ ॥੧॥

[1]ਭਾਵ, ਬੁੱਢੇ ਜੀ ਦੇ ਮਸ਼ਵਰੇ ਨਾਲ ਗੁਰੂ ਜੀ ਨੇ।

ਚੌਪਈ:

ਕਰੀ ਪ੍ਰਦੱਛਨ ਫਿਰ ਚਹੁਂ ਓਰੇ।
ਬੰਦਨ ਕਰਤਿ ਭਏ ਕਰ ਜੋਰੇ।
ਤਬੈ ਮੋਹਰੀ ਸੰਗਤਿ ਹ੍ਵੈ ਕੈ।
ਨਮੋ ਮੋਹਰੀ ਕਿਯ ਸਿਰ ਨੈ ਕੈ[1] ॥੨॥

[1]ਫੇਰ ਸੰਗਤ ਦਾ ਮੁਹਰੀ (ਆਗੂ) ਹੋਕੇ ਮੋਹਰੀ ਜੀ ਨੇ ਸਿਰ ਨਿਵਾਕੇ ਮੱਥਾ ਟੇਕਿਆ। (ਅ) ਸੰਗਤ ਦੇ ਮੋਹਰੀ ਭਾਵ ਬਾਬੇ ਬੁੱਢੇ ਜੀ ਦੇ ਨਾਲ ਹੋਕੇ ਮੋਹਰੀ ਜੀ ਨੇ।

ਪੁਨ ਸਭਿ ਸਿੱਖਨ ਕੀਨਸਿ ਬੰਦਨ।
ਜਾਨਿ ਗੁਰੂ ਗਨ ਪਾਪ ਨਿਕੰਦਨ।
ਇਮਿ ਦੈ ਕਰਿ ਸਭਿ ਜਗ ਗੁਰਿਆਈ।
ਹਿਤ ਪ੍ਰਲੋਕ ਹ੍ਵੈ ਤਯਾਰ ਗੁਸਾਈਂ ॥੩॥
ਨੇਤ੍ਰ ਪ੍ਰਫੁੱਲਿਤ ਜਨੁ ਅਰਿਬਿੰਦਾ।
ਦਿਪਤ ਬਦਨ ਦੁਤਿ ਇੰਦ ਮਨਿੰਦਾ।
ਦਾਸਨ ਦੇਤਿ ਅਨੰਦ ਬਿਲੰਦਾ।
ਸੁਧਾ ਗਿਰਾ ਦੁਖ ਦੁੰਦ ਨਿਕੰਦਾ ॥੪॥
ਜਹਿਂ ਕਹਿਂ ਪ੍ਰਗਟ ਬਿਸਾਲ ਪ੍ਰਸੰਗਾ।
'ਤਨ ਕੋ ਤਜਹਿਂ ਸੁਛੰਦ ਉਮੰਗਾ।'
ਸੁਨਿ ਸੁਨਿ ਨਿਕਟ ਗ੍ਰਾਮ ਨਰ ਜੇਈ।
ਹੇਤ ਦਰਸਬੇ ਪਹੁਂਚਹਿਂ ਤੇਈ ॥੫॥
ਬਾਹਨ ਪਰ ਅਰੋਹ ਕੈ ਆਏ।
ਕੋ ਪਾਇਨ ਤੇ ਤੂਰਨ ਧਾਏ।
-ਦੁਰਲਭ ਦਰਸ਼ਨ ਬਡ ਫਲ ਦਾਤਾ-।
ਸੁਨਿ ਅਸ ਕੋ ਨ ਆਇ ਉਮਹਾਤਾ[1] ॥੬॥

[1]ਐਸੀ ਗੱਲ ਸੁਣਕੇ ਕਿਹੜਾ ਉਮਾਹ ਕੇ ਨਾ ਆਉਂਦਾ?

ਚਹੁਂ ਦਿਸ਼ ਮਗ ਆਵਹਿਂ ਸਮੁਦਾਏ।
ਪੁਰਿ ਪ੍ਰਵਿਸ਼ੈਂ ਗੁਰ ਦਰਸ਼ਨ ਪਾਏ।

ਸ਼੍ਰੀ ਅੰਗਦ ਕੋ ਨੰਦਨ ਦਾਤੂ।
ਪੂਰਬ ਆਇ ਪ੍ਰਹਾਰੀ ਲਾਤੂ ॥੭॥
ਤਬਿ ਕੋ ਸੰਕਟ ਚਰਨ ਮਝਾਰਾ।
ਹੋਤਿ ਅਸਥਿ ਮਹਿਂ[1] ਪੀਰ ਉਦਾਰਾ।
ਲੱਜਿਤ ਨਿਕਟ ਨਹੀਂ ਚਲਿ ਆਇਵ।
ਬਿਨਤੀ ਕਰਿ ਕੈ ਨਹਿਂ ਬਖਸ਼ਾਇਵ ॥੮॥
ਸੋ ਸੁਨਿ ਕੈ ਸ਼੍ਰੀ ਅਮਰ ਪਯਾਨਾ।
ਰਿਦੇ ਬਿਖੈ ਇਮਿ ਚਿਤਵਨ ਠਾਨਾ।
-ਨਿਸ ਬਾਸੁਰ ਦੁਖ ਲਹੌਂ ਘਨੇਰਾ।
ਬਖਸ਼ਾਵੌਂ ਤਿਨ ਤੇ ਇਸ ਬੇਰਾ ॥੯॥
ਅਪਨਿ ਕੁਮਤਿ ਤੇ ਮੈਂ ਨਹਿਂ ਜਾਊਂ।
ਸੋ ਤੋ ਮਹਾਂ ਕ੍ਰਿਪਾਲੁ ਸੁਭਾਊ।
ਦੇਖਤਿ ਦਯਾ ਕਰੈਂ ਦੁਖ ਹਰਿਹੀਂ[1]।
ਜਿਮਿ ਜਾਚੈਂ ਤਿਮਿ ਦੈਬੋ ਕਰਿਹੀਂ ॥੧੦॥
ਬਿਨ ਬਖਸ਼ਾਵਨ ਕਸ਼ਟ ਘਨੇਰਾ।
ਅਰੁ ਬਿਗਰਹਿ ਪਰਲੋਕ ਸੁ ਮੇਰਾ।
ਆਜ ਸਮਾ ਫਿਰ ਹਾਥ ਨ ਆਵੈ।
ਤਿਨ ਕੇ ਜਿਯਤ ਮਿਲਿਨ ਬਨਿ ਆਵੈ- ॥੧੧॥
ਇਮਿ ਬਿਚਾਰ ਕਰਿ ਤੂਰਨ ਚਾਲਾ।
ਪਹੁੰਚਯੋ ਪੁਰਿ ਮਹਿਂ ਪ੍ਰੇਮ ਬਿਸਾਲਾ।
ਔਚਕ ਜਾਇ ਚਰਨ ਸਿਰ ਧਰਯੋ।
'ਤ੍ਰਾਹਿ ਤ੍ਰਾਹਿ' ਹੁਇ ਦੀਨ ਉਚਰਯੋ ॥੧੨॥
ਸ਼੍ਰੀ ਸਤਿਗੁਰੁ ਜਬਿ ਦੇਖਨ ਕਰਯੋ।
ਭਯੋ ਦੀਨ ਕਰਿ ਪ੍ਰੇਮ ਪ੍ਰੇਮ ਸੁ ਪਰਯੋ।
ਸਨਮਾਨਤਿ ਕਰਿ ਸਮੁਖ ਬਿਠਾਯੋ।
ਨਮਸਕਾਰ ਕਰਿ ਮ੍ਰਿਦਲ ਅਲਾਯੋ ॥੧੩॥
'ਮੋ ਪਰ ਕ੍ਰਿਪਾ ਕਰੀ ਤੁਮ ਆਏ।

[1]ਚਰਨ ਦੀ ਹੱਡੀ ਵਿਚ।

[1]ਦੁਖ ਦੂਰ ਕਰ ਦੇਣਗੇ।

ਧੰਨ ਭਏ ਹਮ ਦਰਸ਼ਨ ਪਾਏ।
ਕੌਨ ਕਾਜ ਮੈਂ ਕਰੋਂ ਤੁਮਾਰਾ?
ਜਿਸ ਤੇ ਸਫਲਹਿ ਜਨਮ ਹਮਾਰਾ'
॥ ੧੪ ॥
ਹਾਥ ਜੋਰਿ ਦਾਤੂ ਬਚ ਭਾਖੇ।
'ਕਰੋ ਕਾਜ ਮਮ ਜਸ ਅਭਿਲਾਖੇ।
ਅਪਰਾਧੀ ਮੈਂ ਪ੍ਰਭੂ! ਤੁਮਾਰਾ।
ਹੋਇ ਢੀਠ ਜਬਿ ਚਰਨ ਪ੍ਰਹਾਰਾ ॥ ੧੫ ॥
ਮਤਸਰ[1] ਅਗਨਿ ਦਹੀ ਮਮ ਛਾਤੀ। [1]ਈਰਖਾ ਦੀ।
ਦੁਤਿਯੇ ਮਿਲ੍ਯੋ ਕੁਸੰਗ ਉਤਪਾਤੀ[1]। [1]ਉਪੱਦ੍ਰਵੀ।
ਤਿਨ ਕਰਿ ਮਤਿ ਬਾਵਰ ਮਮ ਹੋਈ।
ਬਖਸ਼ਾਵਨ ਚਾਹਤਿ ਅਬਿ ਸੋਈ ॥ ੧੬ ॥
ਲੱਜਤਿ ਰਹ੍ਯੋ ਨ ਤੁਮ ਢਿਗ ਆਇਵ।
ਕਰੀ ਅਵੱਗਯਾ ਦੁਖ ਫਲ ਪਾਇਵ।
ਕ੍ਰਿਪਾਨਿਧਾਨ ਛਿਮਾ ਤੁਮ ਧਾਰੋ।
ਉਰ ਗੰਭੀਰ, ਧੀਰ, ਹਿਤਸਾਰੋ[1]' ॥ ੧੭ ॥ [1]ਸਭ ਦੇ ਭਲੇ ਵਿਚ ਹੋ।
ਸੁਨਿ ਸ਼੍ਰੀ ਅਮਰਦਾਸ ਤਬਿ ਬੋਲੇ।
'ਤੁਮ ਸਤਿਗੁਰ ਕੇ ਪੁੱਤ੍ਰ ਅਡੋਲੇ।
ਮਨ ਤਨ ਕਰਿ ਮੈਂ ਦਾਸ ਤੁਮਾਰਾ।
ਅਬਿ ਪ੍ਰਲੋਕ ਹੋਵਤਿ† ਮਮ ਤਯਾਰਾ †ਪਾ:-ਹੋਤ। ਹੇਤ।
॥ ੧੮ ॥
ਰਾਮਦਾਸ ਅਬਿ ਸਤਿਗੁਰ ਭਯੋ।
ਨਿਜ ਪਦ ਮੈਂ ਤਿਨ ਕੋ ਸ਼ੁਭ ਦਯੋ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੀਅਹਿ।
ਤੁਮ ਹੋ ਬਡੇ ਬਿਘਨ ਗਨ ਹਰੀਅਹਿ
॥ ੧੯ ॥
ਇਨ ਕੋ ਸੁਤ ਗੁਰਤਾ ਜਬਿ ਪਾਵੈ।
ਸਮੋ ਪਾਇ ਸੋ ਤੁਮ ਢਿਗ ਆਵੈ।
ਸੋ ਜਬਿ ਕਰਹਿ ਸਪਰਸ਼ਨ ਹਾਥ।
ਹਰਹਿ ਸਰਬ ਸੰਕਟ ਤਿਹ ਸਾਥ' ॥ ੨੦ ॥
ਦਾਸੂ ਆਇ ਮਿਲ੍ਯੋ ਸੁਖ ਪਾਏ।
ਅਪਰ ਲੋਕ ਦਰਸਹਿਂ ਸਮੁਦਾਏ।

ਕਰ ਜੋਰਹਿਂ ਸਭਿ ਸੀਸ ਨਿਵਾਵਹਿਂ।
'ਧੰਨ ਧੰਨ ਗੁਰ' ਸਬਦ ਸੁਨਾਵਹਿਂ ॥੨੧॥
ਸਭਿ ਸੰਗਤ ਸੋਂ ਪੁਨਹ ਉਚਾਰਾ।
'ਰਾਮਦਾਸ ਮੈਂ ਰੂਪ ਸੁਧਾਰਾ।
ਮਮ ਸਮ ਇਸ ਕੋ ਪੂਜਨ ਕਰਨਾ।
ਹੌਂ ਅਭੇਦ ਇਨ ਸੋਂ ਇਕ ਬਰਨਾ[1] ॥੨੨॥
ਅਪਨੀ ਅਵਧਿ ਦੀਨ[1] ਬੈਠਾਇ।
ਸ਼ਰਧਾ ਧਰਹਿ, ਸੁ ਸਭਿ ਫਲ ਪਾਇ।
ਮੈਂ ਹੋਵੌਂ ਅਬਿ ਅੰਤਰ ਧਜਾਨ।'
ਸੁਨਿ ਸੰਗਤਿ ਗੁਰ ਕੇ ਬਚ ਕਾਨ ॥੨੩॥
'ਜੈ ਜੈ ਕਾਰ' ਉਚਾਰਨ ਕੀਨਾ।
ਬੰਦਹਿਂ, ਕਰ ਜੋਰਹਿਂ ਮਨ ਦੀਨਾ।
ਭਾਦੋਂ ਕੀ ਸ਼ੁਭਿ ਪੂਰਨਮਾਸ਼ੀ।
ਚਹਤਿ ਸਮਾਵਨ ਗੁਰ ਅਬਿਨਾਸ਼ੀ ॥੨੪॥
ਸੰਗਤਿ ਸਹਤ ਸੁ ਨੰਦਨ ਹੇਰਾ।
ਅਸ ਆਇਸੁ ਦੀਨਸਿ ਤਿਸ ਬੇਰਾ।
'ਤਯਾਰੀ ਕਰੋ ਬਿਮਾਨ ਬਨਾਵਹੁ।
ਸਭਿ ਕਾਰਜ ਕਹਿ ਸ਼ੀਘ੍ਰ ਕਰਾਵਹੁ' ॥੨੫॥
ਸੁਨਤਿ ਮੋਹਰੀ ਕਹਿ ਬਚ ਐਸੇ।
'ਕ੍ਰਿਯਾ ਕਰਮ ਕੀ ਆਇਸੁ ਕੈਸੇ?
ਨਿਜ ਕੁਲ ਕੀ ਮਿਰਜਾਦ ਜੁ ਅਹੈ।
ਕਰਹਿਂ ਕਿ ਨਹੀਂ ਆਪ ਜਿਮਿ ਕਹੈਂ' ॥੨੬॥
ਸੁਨਿ ਸਤਿਗੁਰ ਨੇ ਕਹਜੋ ਬਿਚਾਰ।
'ਮਮ ਨਹਿਂ ਕੁਛ ਕਰਮਨ[1] ਅਧਿਕਾਰ।
ਜਗ ਮਿਰਜਾਦ ਰਖੀ ਜੇ ਚਹੀਅਹਿ।
ਪ੍ਰੇਤ ਨਾਮ ਮੁਖ ਤੇ ਨਹਿਂ ਕਹੀਅਹਿ ॥੨੭॥
ਸੁਰਸਰਿ ਅਸਥ ਪਿੰਡ ਕੋ ਦੀਜਹਿ।

[1]ਰੂਪ।

[1]ਆਯੂ ਦੇਕੇ।

[1]ਕਰਮਾਂ ਦਾ।

ਤੁਮ ਬਡ ਹੋ ਮਿਰਜਾਦ ਰਖੀਜਹਿ†।'

ਬਹੁਰ ਮੋਹਰੀ ਬੂਝਨ ਕਰੇ।
'ਗ੍ਰਿਹੀ ਧਰਮ, ਤੁਮ ਕਹਿਂ ਸੋ ਧਰੇਂ[1] ॥੨੮॥
ਬਿਨ ਮਾਯਾ ਸਿਧ ਹੋਇਂ ਨ ਸਾਰੇ।
ਕਿਰਤ ਕਿ ਕਰਹਿਂ[1], ਚਲਹਿ ਬਿਵਹਾਰੇ।
ਬਿਨਾਂ ਕਿਰਤ ਕਰ ਆਇ ਨ ਮਾਇਆ।
ਜੋ ਕੁਛ ਕਰਹਿਂ, ਕਰਹੁ ਕਰਿ ਦਾਇਆ' ॥੨੯॥
ਸਤਿਗੁਰ ਕਹਜੋ 'ਕਰਹੁ ਸ਼ੁਭਿ ਕਾਰ।
ਧਰਮ ਕਿਰਤ ਤੇ ਸਿਧਿ ਬਿਵਹਾਰ।
ਕੁਲ ਮਹਿਂ ਸੰਕਟ ਆਇ ਜਿ ਪਰੈ।
ਸਿਮਰਹੁ ਮੋਹਿ ਕਾਜ ਸਭਿ ਸਰੈਂ ॥੩੦॥
ਹੇ ਸੁਤ ! ਧਰਮ ਕਿਰਤ ਜੋ ਕਰਨੀ।
ਹਰਿ ਸਿਮਰਨਿ ਇਹੁ ਭਗਤਿ ਸੁ ਬਰਨੀ।
ਭਗਤਿ ਕਰਹਿ ਸੁਖ ਲਹੈ ਅਭਰਮ।
ਹਰਿ ਕੀ ਭਗਤਿ ਕਹਾਵਤਿ ਧਰਮ ॥੩੧॥
ਬਿਨ ਹਰਿ ਭਗਤਿ ਕਰਹਿ ਗਨ ਕਰਮ।
ਸੋ ਸਗਰੋ ਹੁਇ ਜਾਹਿਂ ਅਧਰਮ।'
ਸਭਿ ਸੰਗਤਿ ਕੋ ਤਬਿ ਉਪਦੇਸ਼ਾ।
'ਕਰਿ ਹਰਿ ਭਗਤਿ ਬਿਨਾਸ ਕਲੇਸ਼ਾ' ॥੩੨॥
ਕ੍ਰਿਪਾ ਦ੍ਰਿਸ਼ਟਿ ਸਭਿ ਓਰ ਨਿਹਾਰੇ।
ਹੁਤੀ ਭਾਵਨੀ ਜੋ ਜਿਸ ਧਾਰੇ।
ਸਭਿ ਕੋ ਮਨ ਬਾਂਛਤ ਫਲ ਪਾਵਾ।
ਪੁਨ ਸਤਿਗੁਰ ਸਭਿ ਸੰਗ ਅਲਾਵਾ ॥੩੩॥

†ਜਗ ਮਿਰਜਾਦ......ਤੋਂ.....ਰਖੀਜਹਿ-ਤੱਕ ਇਹ ਚਾਰ ਤੁਕਾਂ ਆਖੇਪਕ ਜਾਪਦੀਆਂ ਹਨ। ਦੇਖੋ ਇਸ ਰਾਸ ਦਾ ਅੰਸੂ ੨੮ ਅੰਕ ੧੨ ਤੇ ੧੩ ਤੇ ਇਸੇ ਅੰਸੂ ਦੇ ਅੰਕ ੩੨ ਵਿਚ ਗੁਰਬਾਣੀ ਅਨੁਸਾਰ ਕਵੀ ਜੀ ਆਪ ਸਪਸ਼ਟ ਕਰ ਰਹੇ ਹਨ ਕਿ ਭਗਤੀ ਤੋਂ ਬਿਨਾਂ ਸਾਰੇ ਕਰਮ ਅਧਰਮ ਹੋ ਜਾਣਗੇ, ਫਿਰ ਜਿਨ੍ਹਾਂ ਕਰਮਾਂ ਨੇ ਅਧਰਮ ਹੋ ਜਾਣਾ ਹੈ ਉਨ੍ਹਾਂ ਦੀ ਆਗਜਾ ਕਦ ਗੁਰੂ ਜੀ ਦੇ ਸਕਦੇ ਹਨ।

[1]ਗ੍ਰਿਹਸਤ ਧਰਮ (ਜੈਸੇ) ਆਪ ਕਹੋ (ਅਸੀਂ) ਧਾਰਨ ਕਰੀਏ।

[1]ਕਿਰਤ ਕੀ ਕਰੀਏ?

'ਸੁਤ ਭ੍ਰਾਤਾ ਬੰਧੁ ਸਿਖ ਦਾਸ।
ਪਾਛੇ ਕਰਹੁ ਨ ਸ਼ੋਕ ਪ੍ਰਕਾਸ਼।
ਮੁਦਤ ਰਹਹੁ, ਹਰਿ ਕੇ ਗੁਨ ਗਾਵਹੁ।
ਕਥਾ ਕੀਰਤਨ ਸੁਨਹੁ ਸੁਨਾਵਹੁ' ॥੩੪॥
ਇਮਿ ਕਹਿ ਸਤਿਗੁਰ ਘਰ ਲਿਪਵਾਇਸ।
ਚੰਦਨ ਆਦਿ ਸੁਗੰਧਿ ਛਿਰਕਾਇਸ।
ਬਰਨ ਬਰਨ ਫੂਲਨ ਕੀ ਮਾਲਾ।
ਕੁਸ਼ ਆਸਨ ਪਰ ਪੌਢੇ ਦਯਾਲਾ ॥੩੫॥
ਸਭਿ ਕੇ ਦੇਖਤਿ ਭੀਰ ਘਨੇਰੀ।
ਬਿਸਦ ਬਸਤ੍ਰ ਲੇ ਮੁਖ ਪਰ ਫੇਰੀ[1]। [1]ਫੇਰ ਮੂੰਹ ਤੇ ਉੱਜਲਾ ਬਸਤ੍ਰ ਲੈ ਲਿਆ।
ਕਰਤਿ ਭਏ ਪਰਲੋਕ ਪਯਾਨਾ।
ਨਭ ਮਹਿਂ ਕੌਤਕ ਹੋਤਿ ਮਹਾਂਨਾ ॥੩੬॥
ਸੂਰਜ ਤੇਜ ਮੰਦ ਪਰਿ ਗਇਊ।
ਅਨਿਕ ਪ੍ਰਕਾਸ਼ ਅਪਰ ਬਿਧਿ ਭਇਊ।
ਦੇਵਤਾਨ ਕੇ ਘਨੇ ਬਿਥਾਨਾ।
ਆਵਤਿ ਭਏ ਛਾਇ ਅਸਮਾਨਾ ॥੩੭॥
ਚਲੀ ਸੁਗੰਧਿਤਿ ਮੰਦ ਸਮੀਰਾ।
ਗਰਜਤਿ ਘਨ ਧੁਨਿ ਮ੍ਰਿਦੁਲ ਗੰਭੀਰਾ।
ਬਿਧਿ, ਸ਼ਿਵ, ਸੁਰਪਤਿ, ਰਵਿ, ਸਸਿ, ਆਏ।
ਗੰਧ੍ਰਬ[1] ਸਿੱਧ ਰਿਖੀ ਸਮੁਦਾਏ ॥੩੮॥ [1]ਦੇਵਤਿਆਂ ਦੇ ਰਾਗੀ।
ਕਰੈਂ ਕੁਲਾਹਲ[1] ਅਨਿਕ ਪ੍ਰਕਾਰਾ। [1]ਮੰਗਲਾਚਾਰ।
'ਜੈ ਜੈ' ਧੁਨਿ ਸੁਰ ਊਚ ਉਚਾਰਾ।
ਮੰਗਲ ਕਰਤਿ ਅਨੇਕ ਪ੍ਰਕਾਰਨ।
ਗਾਇਂ ਅਪਸਰਾ ਭੁਜਾ ਉਸਾਰਨ[1] ॥੩੯॥ [1]ਪਰੀਆਂ ਬਾਹਾਂ ਉਚੀਆਂ ਕਰਕੇ।
ਗਣ ਮਣੀਅਨ ਕੇ ਖਚਤਿ ਬਿਸਾਲਾ।
ਆਇ ਬਿਮਾਨ ਸੁ ਕਰਤਿ ਉਜਾਲਾ।
ਤਿਸ ਪਰ ਸਤਿਗੁਰ ਤਬਿ ਆਰੋਹੇ।
ਕੋਟ ਕਾਮ ਛਬਿ ਪਿਖਿ ਸਭਿ ਮੋਹੇ ॥੪੦॥
ਜੈ ਜੈ ਧੁਨਿ ਠਾਨਤਿ ਸਭਿ ਬੰਦੈਂ।

ਦਰਸ਼ਨ ਦੇਖਤਿ ਰਿਦੇ ਅਨੰਦੈਂ।
ਸੁਰ ਬਿਮਾਨ ਚਹੁਂ ਦਿਸ਼ ਹੁਇ ਚਾਲੇ।
ਗੁਰੂ ਬਿਰਾਜਹਿਂ ਬੀਚ ਬਿਸਾਲੇ ॥੪੧॥
ਅਨਿਕ ਭਾਂਤਿ ਕੇ ਮੰਗਲ ਗਾਵਤਿ।
ਇਮਿ ਸਭਿ ਚਲੇ ਜਾਤਿ ਸੁਖ ਪਾਵਤਿ।
ਗਮਨ ਸ਼ਕਤਿ ਜਿਸ ਜਿਸ ਕੀ ਜਹਾਂ।
ਕਰਿ ਕਰਿ ਨਮੋ ਸਥਿਰ ਭੇ ਤਹਾਂ ॥੪੨॥
ਪਰਮ ਧਾਮ ਬੈਕੁੰਠ ਮਝਾਰਾ।
ਪਹੁਂਚਤਿ ਬੇ ਸਤਿਗੁਰੂ ਉਦਾਰਾ।
ਪਰਮ ਜੋਤਿ ਮਹਿਂ ਜੋਤਿ ਸਮਾਨੀ।
ਜਥਾ ਮਿਲਹਿ ਪਾਨੀ ਸੰਗ ਪਾਨੀ ॥੪੩॥
ਗੋਇੰਦਵਾਲ ਮਿਲੇ ਨਰ ਨਾਰੀ।
'ਧੰਨ ਧੰਨ ਸਤਿਗੁਰੂ' ਉਚਾਰੀ।
ਨਿਰਮਲ ਨੀਰ ਬਿਪਾਸਾ ਲੀਨ[1]।
ਗੁਰ ਤਨ ਕੋ ਮੱਜਨ ਸੁਭਿ ਕੀਨ ॥੪੪॥
ਸਤਿਗੁਰ ਰਾਮਦਾਸ ਤਬਿ ਲਾਗੇ।
ਪੁੱਤ੍ਰ ਮੋਹਰੀ ਉਰ ਅਨੁਰਾਗੇ।
ਭਾਈ ਸਾਹਿਬ ਬੁੱਢਾ ਮਿਲਿ ਕੈ।
ਸੇਵਕ ਬੱਲੂ ਇਨ ਸੋਂ ਰਲਿ ਕੈ ॥੪੫॥
ਤਨ ਸ਼ਨਾਨ ਗੁਰ ਕੋ ਕਰਿਵਾਇ।
ਸੁਭ ਬਿਬਾਨ ਪਰ ਤਬਿ ਪੌਢਾਇ।
ਚਾਰੋਂ[1] ਨੇ ਨਿਜ ਕੰਧ ਉਚਾਏ।
ਅਪਰ ਲੋਕ ਲਾਗੇ ਸਮੁਦਾਏ ॥੪੬॥
ਬਹੁ ਸੰਖਨ ਕੀ ਧੁਨੀ ਉਠਾਈ।
ਲਾਜਾ[1] ਪਸ਼ੁਪਨ[2] ਬਹੁ ਬਰਖਾਈ।
ਪੌਤ੍ਰੇ ਸਰਬ ਗੁਰੂ ਕੇ ਆਏ।
ਕਰ ਮਹਿਂ ਲੀਨੇ ਚਵਰ ਢੁਰਾਏ ॥੪੭॥
ਸ਼ਬਦ ਰਬਾਬੀ ਗਾਵਨਿ ਕਰਿਹੀਂ।
ਬੇਦ ਧੁਨੀ ਬਰ ਬਿੱਪ੍ਰ ਉਚਰਿਹੀਂ।
ਕੰਚਨ ਆਦਿ ਦਰਬ ਬਰਖਾਵੈਂ।
ਸਹਤ ਸੁਗੰਧਿ ਫੂਲ ਬਹੁ ਲਜਾਵੈਂ ॥੪੮॥
ਊਪਰ ਡਾਰਤਿ ਜਾਤਿ ਬਿਮਾਨ।

[1]ਲੈਕੇ।

[1]ਉਪਰ ਕਹੇ ਚਾਰ-ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਮੋਹਰੀ ਜੀ, ਭਾਈ ਬੁੱਢਾ ਜੀ ਤੇ ਭਾਈ ਬੱਲੂ ਜੀ।

[1]ਚਾਵਲਾਂ ਦੀਆਂ ਫੁੱਲੀਆਂ। [2]ਫੁੱਲ।

ਪਹੁੰਚੇ ਤੀਰ ਬਿਪਾਸਾ ਥਾਨ।
ਸੁੰਦਰ ਪਾਵਨ ਥਲ ਕੋ ਹੇਰਾ।
ਜਵ[1] ਤਿਲ ਚੰਦਨ ਆਨਿ ਘਨੇਰਾ ॥੪੯॥

[1]ਜੌਂ।

ਸੰਗ ਹਜ਼ਾਰਹੁਂ ਨਰ ਕੀ ਭੀਰ।
ਕਰੇ ਉਤਾਰਨ ਸਲਿਤਾ ਤੀਰ।
ਰਚਿ ਚੰਦਨ ਕੀ ਚਿਖਾ ਬਿਸਾਲਾ।
ਗੁਰ ਤਨ ਤਿਸ ਪਰ ਧਰਿ ਤਤਕਾਲਾ ॥੫੦॥
ਬਹੁ ਸੁਗੰਧਿ ਅਰ ਘ੍ਰਿਤ ਕੋ ਪਾਇਵ।
ਸਤਿਗੁਰ ਅਮਰ ਨਾਮ ਸਿਮਰਾਇਵ।
ਅਗਨਿ ਮੋਹਰੀ ਕਰ ਮਹਿਂ ਧਾਰੀ।
ਸਿਰ ਦਿਸ਼ ਤੇ ਪੁਨ ਸਭਿ ਦਿਸ਼ ਬਾਰੀ ॥੫੧॥
ਕਰੀ ਕਪਾਲ ਕ੍ਰਿਯਾ ਜਿਸ ਕਾਲ।
ਉਠੇ ਮੋਹਰੀ ਕੇ ਸਭਿ ਨਾਲ।
ਨੀਰ ਬਿਪਾਸਾ ਕੀਨ ਸ਼ਨਾਨ।
ਪਿਤ ਕੋ ਕਰਯੋ ਤਿਲਾਂਜੁਲਿ ਦਾਨ ॥੫੨॥
ਤਹਿਂ ਤੇ ਮੰਦ ਮੰਦ ਚਲਿ ਆਏ।
ਬੈਠਿ ਬਾਪਿਕਾ ਪਰ ਸਮੁਦਾਏ।
ਗੁਨ ਗਨ ਸਿਮਰਹਿਂ ਸਭਿ ਗੁਰ ਕੇਰੇ।
'ਅਸ ਪ੍ਰਤਾਪ ਹਮ ਕਿਸਹੁਂ ਨ ਹੇਰੇ ॥੫੩॥
ਧਰਮ ਰਾਇ ਕੀ ਕਾਣ ਚੁਕਾਈ।
ਗੋਇੰਦਵਾਲ ਨ ਕਿਸ ਮ੍ਰਿਤੁ ਪਾਈ।
ਇਸ ਤੇ ਪਰੈ ਅਪਰ ਬਡਿਆਈ।
ਕਰ ਉਪਕਾਰ ਕਹਹੁ ਕਤਾ ਪਾਈ[1] ॥੫੪॥

[1]ਉਪਕਾਰ ਕਰਕੇ ਜੋ ਵਡਿਆਈ (ਗੁਰੂ ਜੀ ਨੇ) ਪਾਈ ਹੈ ਇਸਤੋਂ ਪਰੇ ਕਹੋ ਹੋਰ ਕੀ ਹੈ, ਭਾਵ ਕੋਈ ਨਹੀਂ।

ਰਾਮਚੰਦ ਕੇ ਰਾਜ ਮਝਾਰਾ।
ਹਮ ਨੇ ਸੁਨਯੋ ਭਯੋ ਤਿਸ ਬਾਰਾ।
ਬ੍ਰਿੱਧਨ ਆਗੇ ਮਰਯੋ ਨ ਬਾਲਕ।
ਕੋ ਮ੍ਰਿਤ ਭਾ ਜਿਵਾਇ ਤਤਕਾਲਿਕ

॥੫੫॥

ਇਨ ਕੇ ਨਗਰ ਬ੍ਰਿੱਧ, ਸਿਸ, ਤਰੁਨ[1]।
ਭਯੋ ਨਹੀਂ ਕਿਸਹੂੰ ਕੋ ਮਰਨਿ।
ਜੋ ਮਰਿ ਗਯੋ ਸੁ ਦਯੋ ਜਿਵਾਇ।'
ਇੱਤਯਾਦਿਕ ਗੁਨ ਗੁਰ ਸਮੁਦਾਇ[1]

[1]ਬੁਢੇ, ਬਾਲਕ ਤੇ ਜਵਾਨ।
[1]ਗੁਨ ਯਾਦ ਕਰਦੇ ਹਨ ਸਾਰੇ।

॥੫੬॥

ਸਿਮਰਹਿ[3], ਸ਼ੋਕ ਨ ਕਰਹਿ ਸੁ ਕੋਈ।
ਗੁਰ ਕੋ ਬਾਕ ਚਿਤਾਰਤਿ ਸੋਈ।
'ਹਮਹਿਂ ਬਸਾਯੋ ਸਭਿ ਸੁਖ ਦੀਨੇ।
ਸੋ ਨ ਹੋਹਿਂ ਚਿਤ ਚਿੰਤਾ ਭੀਨੇ[1] ॥੫੭॥

[1]ਸੋ ਸੁਖ ਹੁਣ ਨਹੀਂ ਹੋਣਗੇ (ਇਸ) ਚਿੰਤਾ ਵਿਚ ਚਿਤ ਭਿੱਜ ਰਿਹਾ ਹੈ।

ਦੋਹਰਾ:

ਚੰਦ ਅਗਨਿ ਰਸ ਮਹੀ,
ਗਿਨ ਭਾਦੋਂ ਪੂਰਨ ਮਾਸਿ[1]।
ਕੁਜ ਦਿਨ[1] ਮਹਿਂ ਸ਼੍ਰੀ ਸਤਿਗੁਰੂ,
ਜੋਤੀ ਜੋਤਿ ਮਿਲਾਸ ॥੫੮॥

[1]ਚੰਦ੍ਰਮਾਂ = ੧, ਅਗਨਿ = ੩, ਰਸ = ੬, ਮਹੀ = ੧ (= ੧੬੩੧) ਭਾਦ੍ਰੋਂ ਦੀ ਪੂਰਨਮਾਸ਼ੀ।
[1]ਮੰਗਲਵਾਰ।

ਪੰਚ ਮਾਸ ਬਾਈ ਬਰਖ,
ਦਿਵਸੁ ਇਕਾਦਸ਼ੁ ਔਰ[1]।
ਪਤਿਸ਼ਾਹੀ ਜਗ ਮਹਿਂ ਕਰੀ,
ਭੱਲਜਨ ਕੁਲ ਸਿਰਮੌਰੁ ॥੫੯॥

[1]ਪੰਜ ਮਹੀਨੇ ਬਾਈ ਵਰਹੇ ਤੇ ਗਿਆਰਾਂ ਦਿਨ।

[ਰਾਸ ਸਮਾਪਤੀ ਦਾ ਮੰਗਲ]

ਕਵਿਯੋ ਵਾਚ: ਕਬਿੱਤ:

ਖੋਲੇ ਹੈਂ ਖਜਾਨੇ ਕਰਾਮਾਤ ਕੇ ਮਹਾਂਨੇ,
ਨਿਤਿ ਦੇਤਿ ਸਿਖ ਦਾਨੇ, ਬਰੁਸਾਨੇ ਅਨਗਨ ਹੈਂ।
ਦਾਨੇ = ਦਾਤ। ਬਰੁਸਾਨੇ = ਵਰੋਸਾਏ ਗਏ।
ਕਾਟਤੇ ਕਲੇਸ਼ ਉਪਦੇਸ਼ ਦੇ, ਮਹੇਸ਼ ਸਮ,
ਪਾਇ ਕੈ ਵਿਸ਼ੇਸ਼ ਭਏ ਸੇਵੇ ਤਨ ਮਨ ਹੈਂ।
ਮਹੇਸ਼ = ਪਰਮੇਸ਼ੁਰ [ਮਹ = ਵਡਾ, ਪਰਮ। ਈਸ਼ = ਈਸ਼੍ਵਰ।]
ਗੁਨ ਕੋ ਨ ਅੰਤ, ਭਗਵੰਤ ਬੇਖ਼ ਸੰਤ ਧਰਿ,
ਆਦਿ ਨ, ਅਨੰਤ ਜਾਂਹਿ ਭਜੈਂ ਮੁਨਿ ਜਨ ਹੈਂ। ਅਨੰਤ = ਜਿਸਦਾ ਅੰਤ ਨਾ ਹੋਵੇ।
ਸ਼੍ਰੀ ਗੁਰ ਅਮਰ ਪਤਿ ਅਮਰ ਸੰਤੋਖ ਸਿੰਘ
ਅਮਰ ਕਰਤਿ ਦਾਸ ਸਦਾ ਧੰਨ ਧੰਨ ਹੈਂ ॥੬੦॥
ਅਮਰਪਤਿ = ਦੇਵਤਿਆਂ ਦੇ ਸ੍ਵਾਮੀ। ਅਮਰ = ਮੁਕਤ, ਦੇਵ ਰੂਪ।

ਅਰਥ:

(ਜਿਨ੍ਹਾਂ ਨੇ) ਕਰਾਮਾਤ ਦੇ ਮਹਾਂਨ ਖਜ਼ਾਨੇ ਖੋਲੇ ਹਨ ਤੇ ਨਿਤਾ ਪ੍ਰਤਿ ਸਿੱਖਾਂ ਨੂੰ ਦਾਤਾਂ ਬਖਸ਼ਦੇ ਹਨ (ਤੇ ਜਿਨ੍ਹਾਂ ਤੋਂ) ਅਣਗਿਣਤ ਹੀ (ਸਿਖ) ਵਰੋਸਾਏ ਗਏ ਹਨ, (ਜੋ ਖ਼ੁਦ) ਪਰਮੇਸ਼ਰ ਵਾਂਙੂ (ਲੋਕਾਂ ਦੇ) ਕਲੇਸ਼ ਉਪਦੇਸ਼ ਦੇਕੇ ਦੂਰ ਕਰਦੇ ਹਨ, (ਜਿਨ੍ਹਾਂ ਦਾਸਾਂ ਨੇ) ਤਨ ਮਨ ਨਾਲ ਸੇਵਿਆ (ਉਹੀ) ਵਡੇ ਪਦ ਨੂੰ ਪ੍ਰਾਪਤ ਹੋਏ†। ਜਿਨ੍ਹਾਂ (ਸਤਿਗੁਰਾਂ ਦੇ) ਗੁਣਾਂ ਦਾ ਕੋਈ ਅੰਤ ਨਹੀਂ (ਤੇ ਪ੍ਰਤੱਖ) ਸੰਤ ਦਾ ਰੂਪ ਧਾਰਕੇ (ਆਪ) ਭਗਵੰਤ (ਇਸ ਸੰਸਾਰ ਵਿਚ ਆਏ ਸਨ, ਜਿਸਦਾ ਕਿ) ਨਾ ਆਦਿ ਹੈ ਨਾ ਅੰਤ ਹੈ (ਤੇ ਜਿਨ੍ਹਾਂ ਨੂੰ) ਮੁਨੀ ਜਨ ਸਿਮਰਦੇ ਹਨ। ਦੇਵਤਿਆਂ ਦੇ ਸ੍ਵਾਮੀ ਸ੍ਰੀ ਗੁਰੂ ਅਮਰ (ਦੇਵ ਜੀ ਮਹਾਰਾਜ) ਕਵੀ ਸੰਤੋਖ ਸਿੰਘ (ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਆਪਣੇ) ਦਾਸ ਸਦਾ ਲਈ ਅਮਰ ਕਰ ਦਿਤੇ ਹਨ (ਓਹ) ਧੰਨ ਹਨ ! ਧੰਨ ਹਨ ! !

†ਇਥੇ ਇਸ਼ਾਰਾ ਬਾਈ ਮੰਜੀਆਂ ਆਦਿਕਾਂ ਵਲ ਜਾਪਦਾ ਹੈ ਕਿਉਂ ਜੋ ਓਹ ਤਨ ਮਨ ਨਾਲ ਸੇਵਾ ਕਰਕੇ ਵਿਸ਼ੇਸ਼ ਹੋਏ ਹਨ, ਵਿਸ਼ੇਸ਼ਤਾ ਲਖਾਯਕ ਪੂਜ ਹੋਣ ਦੀ ਹੈ।

ਦੋਹਰਾ:

ਸ੍ਰੀ ਅੰਗਦ ਗੁਰ ਅਮਰ ਕੀ, ਕਥੀ ਕਥਾ ਚਿਤ ਲਾਇ।
ਭਈ ਰਾਸ ਪੂਰਨ ਇਹਾਂ, ਬਿਨਾਂ ਬਿਘਨ ਸਮੁਦਾਇ ॥੬੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ੍ਰੀ ਅਮਰਦਾਸ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਸ਼ਸ਼ਟੀ ਅੰਸੂ ॥੬੮॥

ਪ੍ਰਥਮ ਰਾਸ ਸਮਾਪਤ ॥ ਸੁਭ ਮਸਤੁ ॥

[ਪਹਿਲੀ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਦੂਸਰੀ Raas 2

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh ‘Kavi Churamani’

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji’s Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji (Rara Sahib)

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਦੂਜੀ

## ਰਾਸਿ ਦੂਸਰੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐਂਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਦੂਜੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਦੂਜੀ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੧ ੩੨ ੩੩ ੩੪ ੩੫ ੩੬ ੩੭ ੩੮ ੩੯ ੪੦
੪੧ ੪੨ ੪੩ ੪੪ ੪੫ ੪੬ ੪੭ ੪੮ ੪੯ ੫੦
੫੧ ੫੨ ੫੩ ੫੪ ੫੫ ੫੬ ੫੭

# ਤਤਕਰਾ ਰਾਸਿ ਦੂਜੀ

## ਰਾਸਿ ਦੂਸਰੀ


੧ ੧. [ਮੰਗਲ, ਸ਼੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ]

੧. ਇਸ਼੍ਟ ਦੇਵ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

੨. ਇਸ਼੍ਟ ਦੇਵ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

੩. ਇਸ਼੍ਟ ਦੇਵ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

੪. ਇਸ਼੍ਟ ਦੇਵ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

੫. ਇਸ਼੍ਟ ਦੇਵ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

੬. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

੭. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

੮. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੯. ਇਸ਼੍ਟ ਦੇਵ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

੧੦. ਇਸ਼੍ਟ ਦੇਵ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

੧੧. ਇਸ਼੍ਟ ਦੇਵ-ਸ਼੍ਰੀ ਗੁਰੂ ਗ੍ਰੰਥ ਜੀ-ਮੰਗਲ।

੧੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

** [ਬਿਨਯ]

** [ਮੰਗਲ ਸਮਾਪਤ, ਚੌਥੇ ਗੁਰਾਂ ਦੀ ਕਥਾ ਦਾ ਅਰੰਭ]

੨ ੨. [ਗੁਰ ਰਾਮਦਾਸ ਸਤੋਤ੍ਰ। ਸਿੱਧਾਂ ਨਾਲ ਚਰਚਾ]

੩ ੩. [ਤਪਾ ਸਿੱਖ ਹੋਯਾ। ਸਿੱਖਾਂ ਨੂੰ ਸੇਵਾ ਦਾ ਉਪਦੇਸ਼। ਖਗ ਸੇਵਾ]

੪ ੪. [ਜੈਮਲ ਫੱਤੇ ਦਾ ਚਿਤੌੜ ਤੇ ਆਕੀ ਹੋਣਾ]

੫ ੫. [ਅਕਬਰ ਦੀ ਚੜ੍ਹਾਈ ਤੇ ਚਿਤੌੜ ਦਾ ਜੰਗ]

੬ ੬. [ਅਕਬਰ ਨੂੰ ਇਕ ਸਿੱਖ ਨੇ ਗੁਰੂ ਜੀ ਦੀ ਸੁਧਿ ਦਿੱਤੀ]

੭ ੭. [ਗੜ੍ਹ ਦੀ ਜੈ ਦਾ ਵਾਕ ਹੋਣਾ]

੮ ੮. [ਚਿਤੌੜ ਗੜ੍ਹ ਛੁੱਟਣਾ]

੯ ੯. [ਨਵੀਸਿੰਦ ਨੇ ਗੋਂਦਵਾਲ ਦੀ ਕਥਾ ਸੁਣਾਈ]

੧੦ ੧੦. [ਅਕਬਰ ਨੇ ਗੁਰੂ ਜੀ ਨੂੰ ਗ੍ਰਾਮ ਭੇਟਾ ਕੀਤੇ]

੧੧ ੧੧. [ਤੀਰਥ ਪ੍ਰਗਟੌਣ ਹਿਤ ਗੁਰੂ ਜੀ ਨੇ ਵਿਚਾਰਨਾ]

੧੨ ੧੨. [ਗੁਰੂ ਕਾ ਚੱਕ। ਸੰਤੋਖਸਰ ਦੀ ਕਾਰ]

੧੩ ੧੩. [ਸ਼੍ਰੀ ਅੰਮ੍ਰਿਤਸਰ ਜੀ ਕੀ ਕਾਰ]

੧੪ ੧੪. [ਅੰਮ੍ਰਿਤਸਰ ਕਾਰ ਨਿੱਤ ਕ੍ਰਿਯਾ। ਹਿੰਦਾਲ। ਭਾਈ ਗੁਰਦਾਸ। ਸ਼੍ਰੀ ਚੰਦ ਮੇਲ]

੧੫ ੧੫. [ਭਾਈ ਸਹਾਰੀ ਜੀ ਲਾਹੌਰੋਂ ਆਏ]

੧੬ ੧੬. [ਸ੍ਰੀ ਅਰਜਨ ਦੇਵ ਜੀ ਤਾਏ ਸਹਾਰੀ ਜੀ ਨਾਲ ਲਾਹੌਰ ਗਏ]

੧੭ ੧੭. [ਭਾ: ਤੀਰਥਾ, ਬਿਸ਼ਨਦਾਸ, ਮਾਣਕ ਚੰਦ, ਪਾਦਰਥਾ, ਤਾਰੂ ਭਾਰੂ

ਪ੍ਰਤਿ ਉਪਦੇਸ਼]
੧੮ ੧੮. [ਮਹਾਂਨੰਦ, ਬਿਧੀ ਚੰਦ। ਧਰਮ ਦਾਸ ਆਦਿ ਸਿੱਖਾਂ ਪ੍ਰਤਿ ਉਪਦੇਸ਼]
੧੯ ੧੯. [ਸ਼੍ਰੀ ਅਰਜਨ ਜੀ ਦੇ ਬਿਨੈ ਪੱਤ੍ਰ]
੨੦ ੨੦. [ਸ਼੍ਰੀ ਅਰਜਨ ਜੀ ਲਾਹੌਰੋਂ ਬੁਲਾਏ]
੨੧ ੨੧. [ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ]
੨੨ ੨੨. [ਸ਼੍ਰੀ ਅਰਜਨ ਜੀ ਨੂੰ ਗੁਰਿਆਈ। ਸ਼ਬਦ ਦਾ ਚੌਥਾ ਪਦ ਰਚਿਆ]
੨੩ ੨੩. [ਪ੍ਰਿਥੀਏ ਨਾਲ ਝਗੜਾ। ਸ਼੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ]
੨੪ ੨੪. [ਸ਼੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ]
੨੫ ੨੫. [ਪੱਗ ਬੰਨ੍ਹਾਈ। ਪ੍ਰਿਥੀਏ ਤੇ ਸੁਲਹੀ ਦੀ ਮਿੱਤ੍ਰਤਾ]
੨੬ ੨੬. [ਸ਼੍ਰੀ ਗੁਰੂ ਅਰਜਨਦੇਵ ਜੀ ਅੰਮ੍ਰਿਤਸਰ ਪੁੱਜੇ। ਭਾਈ ਗੁਰਦਾਸ ਜੀ ਆਗਰਿਓਂ ਆਏ]
੨੭ ੨੭. [ਗੁਰਦਾਸ ਜੀ ਗੋਇੰਦਵਾਲੋਂ ਹੋ ਕੇ ਸੁਧਾਸਰ ਆਏ। ਛੋਲਿਆਂ ਦੀ ਰੋਟੀ ਮਿਲੀ]
੨੮ ੨੮. [ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ]
੨੯ ੨੯. [ਪ੍ਰਿਥੀਆ, ਮਹਾਂਦੇਵ, ਸ਼੍ਰੀ ਗੁਰ ਅਰਜਨਦੇਵ ਜੀ ਦਾ ਮੇਲ। ਮਿਹਰਵਾਨ ਜਨਮ]
੩੦ ੩੦. [ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ]
੩੧ ੩੧. [ਰਾਜੇ ਨੂੰ ਨਾਲ ਲੈ ਕੇ ਭਾਈ ਕਲਯਾਣਾ ਸ਼੍ਰੀ ਅੰਮ੍ਰਿਤਸਰ ਆਇਆ]
੩੨ ੩੨. [ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ]
੩੩ ੩੩. [ਸੁਪਨੇ ਵਿਚ ਪ੍ਰਤੱਖ, ਸਤਿਗੁਰ ਜੀ ਪਰ ਰਾਜੇ ਦੀ ਸ਼ਰਧਾ]
੩੪ ੩੪. [ਸੰਤੋਖਸਰ ਵਿਚੋਂ ਜੋਗੀ ਨਿਕਲਿਆ]
੩੫ ੩੫. [ਜੋਗੀ ਪ੍ਰਤਿ ਉਪਦੇਸ਼। ਵੇਦਾਂਤ]
੩੬ ੩੬. [ਜੋਗੀ ਨੂੰ ਉਪਦੇਸ਼ ਦੇ ਮੁਕਤ ਕੀਤਾ]
੩੭ ੩੭. [ਪਿੰਗਲੇ ਦਾ ਪ੍ਰਸੰਗ]
੩੮ ੩੮. [ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ]
੩੯ ੩੯. [ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ]
੪੦ ੪੦. [ਸ਼੍ਰੋਤਿਆਂ ਨੇ ਪੁਰਾਤਨ ਨਾਮੀ ਸਿੱਖਾਂ ਦੇ ਪ੍ਰਸੰਗ ਪੁੱਛੇ]
੪੧ ੪੧. [ਭਾਈ ਭਗਤੂ ਜੀ ਦੀ ਜਨਮ ਕਥਾ]
੪੨ ੪੨. [ਭਾਈ ਭਗਤੂ-ਜਾਰੀ]
੪੩ ੪੩. [ਭਾਈ ਮੰਞ]
੪੪ ੪੪. [ਭਾਈ ਮੰਞ-ਜਾਰੀ]
੪੫ ੪੫. [ਭਾਈ ਬਹੋੜਾ]

| | |
|---|---|
| ੪੬ | ੪੬. [ਭਾਈ ਬਹਿਲੋ] |
| ੪੭ | ੪੭. [ਭਾਈ ਬਹਿਲੋ-ਜਾਰੀ] |
| ੪੮ | ੪੮. ['ਬੁੱਧੂ ਦਾ ਆਵਾ ਕੱਚਾ।' ਭਾਈ ਲੱਖੂ] |
| ੪੯ | ੪੯. [ਦਿਜ ਗੰਗਾ ਰਾਮ ਬਾਜਰਾ ਵੇਚਣ ਆਇਆ] |
| ੫੦ | ੫੦. [ਗੰਗਾ ਰਾਮ। ਮੂਲ ਚੰਦ] |
| ੫੧ | ੫੧. [ਮਸੰਦਾਂ ਦੀ ਖੁਟਿਆਈ] |
| ੫੨ | ੫੨. [ਵਾਹਿਗੁਰੂ ਆਪ ਸ੍ਰੋਵਰ ਕੀ ਕਾਰ ਕਰਨ ਆਯਾ] |
| ੫੩ | ੫੩. [ਹਰਿਮੰਦਰ ਜੀ ਦੀ ਉਸਾਰੀ। ਸੰਤੋਖ ਸਰ ਦੀ ਮਿੱਟੀ ਤਲੇ ਵਿਛਾਈ] |
| ੫੪ | ੫੪. [ਸ਼੍ਰੀ ਅੰਮ੍ਰਿਤਸਰ ਨੱਗਰ ਵਸਾਇਆ] |
| ੫੫ | ੫੫. [ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ] |
| ੫੬ | ੫੬. [ਸ੍ਰੀ ਅੰਮ੍ਰਿਤਸਰ ਮਹਾਤਮ। ਸਿੱਖਾਂ ਨੂੰ ਬਖਸ਼ਿਸ਼ਾਂ] |
| ੫੭ | ੫੭. [ਬ੍ਰਿੱਧ ਜੀ ਨੇ ਆਦਿ ਗੁਰੂ ਜੀ ਦੇ ਸਿੱਖ ਪਰਖਣ ਦਾ ਪ੍ਰਸੰਗ ਸੁਣਾਯਾ] |

# ਰਾਸ਼ਿ ਦੂਸਰੀ ਚੱਲੀ

ੴ ਸਤਿਗੁਰ ਪ੍ਰਸਾਦਿ ॥

## ਅਥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸ ਲਿੱਖਜਤੇ ॥

ਅਰਥ: ਇਕ ਅਕਾਲ ਪੁਰਖ ਤੇ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੁਣ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਦੂਸਰੀ ਰਾਸ ਲਿਖਦੇ ਹਾਂ।

ਸ੍ਰੀ* ਵਾਹਿਗੁਰੂ ਜੀ ਕੀ ਫਤੇ+ ॥

ਅਰਥ: ਜਗਤ ਦੇ ਪੂਜਜ ਵਾਹਿਗੁਰੂ ਜੀ ਦੀ ਜੈ ਹੈ (ਜੋ ਸਰਬ ਵਿਘਨ ਵਿਨਾਸ਼ਕ ਹੈ++)

### ਅੰਸੂ ੧. [ਮੰਗਲ, ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੨

ਸ੍ਵੈਯਾ: ਬੇਦੀ ਬਿਭੂਖਨ ਬੇਦਿਕੈ ਜਾਂਹਿ ਕੋ, ਬੇਦ ਕਹੈ ਨਹਿਂ ਤੀਨ ਪ੍ਰਛੇਦੀ।
ਛੇਦੀ ਕੁਚਾਲ ਕੁਚੀਲਨਿ ਕੀ, ਕਲਿ ਨਾਮ ਜਪਾਇ ਕੁਰੀਤਿਨ ਖੇਦੀ।
ਖੇਦੀ ਨਾ ਹੋਤ ਅਖੇਦ ਉਦੋਤਕ, ਦੇ ਉਪਦੇਸ਼ ਜੁ ਰੂਪ ਅਭੇਦੀ।
ਭੇਦੀ ਬਨਾਵਤਿ ਕੈਵਲ ਕੇ, ਗੁਰ ਨਾਨਕ ਪਾਇ ਪ੍ਰਣਾਮ ਨਿਬੇਦੀ ॥੧॥

ਬੇਦੀ = ਵੇਦੀਆਂ ਦਾ ਕੁਲ। [ਸੰਸ: ਵੇਦੀ = ਜੋ ਵੇਦ ਦਾ ਪੰਡਿਤ ਹੋਵੇ] ਬਿਭੂਖਨ = ਗਹਿਣਾ। ਕਿਸੇ ਕੁਲ ਦਾ ਗਹਿਣਾ ਹੋਣ ਤੋਂ ਮੁਰਾਦ ਹੈ, ਉਸ ਕੁਲ ਵਿੱਚ ਐਨਾ ਸ਼ਿਰੋਮਣੀ ਹੋਵੇ ਕਿ ਉਸਦੇ ਉਸ ਵਿਚ ਹੋਣ ਨਾਲ ਕੁਲ ਸ਼ੋਭਾ ਯੋਗ ਹੋ ਗਈ ਹੋਵੇ। [ਸੰਸ: ਵਿਭੂਖਣ]

ਬੇਦਿਕੇ = ਜਾਣਕੇ। ਭਾਵ, ਇਹ ਗਲ ਪਹਿਲੇ ਸਮਝ ਲਓ, ਫੇਰ ਅਗਲੀ ਸਮਝੋ। [ਸੰਸ: ਵਿਦ੍ = ਜਾਣਨਾ]

ਬੇਦ = ਹਿੰਦੂਆਂ ਦੇ ਮੁੱਖ ਚਾਰ ਪੁਸਤਕ ਜੋ ਆਸਮਾਨੀ ਸਮਝੇ ਜਾਂਦੇ ਹਨ। ਪ੍ਰਛੇਦੀ = ਕੱਟਿਆ ਜਾਣਾ।

ਨਹਿਂ ਤੀਨ ਪ੍ਰਛੇਦੀ = ਜਿਨ੍ਹਾਂ ਦੇ ਸਰੂਪ ਨੂੰ ਦੇਸ਼ ਕਾਲ ਵਸਤੂ ਵੰਡਦਾ ਨਹੀਂ। ਗੁਰ ਨਾਨਕ ਦੇਵ ਜੀ ਦਾ ਆਪਾ-ਨਿਜ ਸਰੂਪ-ਇਨ੍ਹਾਂ ਤਿੰਨਾਂ ਦੇਸ਼, ਕਾਲ, ਨਮਿੱਤ, ਯਾ ਦੇਸ਼ ਕਾਲ ਵਸਤੂ ਤੋਂ ਨਹੀਂ ਬਣਿਆ ਨਾ ਇਨ੍ਹਾਂ ਤਿੰਨਾਂ ਦਾ ਮੁਥਾਜ ਹੈ।

(ਅ) ਜਿਸ ਨੂੰ ਭੂਤ ਭਵਿੱਖਤ ਵਰਤਮਾਨ ਤ੍ਰੈਆਂ ਕਾਲਾਂ ਤੋਂ ਸੁਤੰਤ੍ਰਤਾ ਹੈ, ਅਰਥਾਤ ਸਦਾ ਜਾਗਤੀ ਜੋਤ, ਇਕ ਰਸ ਰੂਪ ਹੈ ਉਨ੍ਹਾਂ ਦਾ। [ਸੰਸ: ਪ੍ਰਛੇਦਨ = ਕੱਟਣਾ।] *

ਛੇਦੀ = ਕੱਟਣਾ [ਸੰਸ: ਛੇਦਨ = ਕੱਟਣਾ]

ਕੁਚੀਲਨਿ = ਮੈਲਾ। ਆਚਰਨ ਦਾ ਮੈਲਾ। ਜਿਸਦਾ ਅਹਾਰ, ਵਿਹਾਰ, ਲਿਬਾਸ, ਆਚਰਨ ਮੈਲੇ ਹੋਣ [ਸੰਸ: ਕੁਚੈਲ = ਮੈਲੇ ਲਿਬਾਸ ਵਾਲਾ]

ਕਲਿ = ਕਲਿਜੁਗ। ਕੁਰੀਤਿ = ਖੋਟੀਆਂ ਚਾਲਾਂ। ਭੈੜੀਆਂ, ਰਸਮਾਂ। ਖੇਦੀ = ਦੂਰ ਕੀਤੀਆਂ, ਹਟਾਈਆਂ, 'ਡਰਾਕੇ ਨਸਾ ਦਿੱਤੀਆਂ, [ਸੰਸ: ਖਿਦ੍ = ਨਠਾ ਦੇਣਾ] ਖੇਦੀ = ਦੁਖੀ, ਅਪ੍ਰਸੰਨ [ਸੰਸ: ਖਿਦ੍ = ਦੁਖੀ ਹੋਣਾ] ਅਖੇਦ = ਨਾ ਦੁਖੀ, ਪ੍ਰਸੰਨਤਾ, ਸੁਖ, [ਸੰਸ: ਖਿਦ = ਦੁਖੀ ਹੋਣਾ] ਉਦੋਤਕ = ਉਦੈ ਕਰਨ ਵਾਲਾ [ਸੰਸ: ਉਦਜਤ੍ਰ = ਚੜ੍ਹਨਾ] ਅਖੇਦ ਉਦੋਤਕ = ਸੁਖਦਾਤਾ।

ਅਭੇਦੀ = ਜੋ ਟੁੱਟ ਨਾ ਸਕੇ, ਜੋ ਖੰਡ ਖੰਡ ਨਾ ਹੋ ਸਕੇ, ਏਕੱਤ੍ਰਤਾ ਵਾਲਾ ਸਰੂਪ [ਸੰਸ: ਅਭੇਦਜ] ਭੇਦੀ = ਲੁਕੀ ਹੋਈ ਗੱਲ ਦੇ ਜਾਣਨ ਵਾਲਾ, ਗਜਾਨਵਾਨ। ਕੈਵਲ = ਮੁਕਤੀ, ਸਦਾ ਹੀ ਮੁਕਤੀ [ਸੰਸ: ਕੈਵਲਜ = ਪੂਰੀ ਪੂਰੀ ਮੁਕਤੀ] ਇਹ ਪਦ ਯੋਗ ਦਰਸ਼ਨ ਨੇ ਵਿਸ਼ੇਸ਼ ਕਰਕੇ ਅਪਣੇ ਆਦਰਸ਼

ਦੀ ਮੁਕਤੀ ਲਈ ਵਰਿਤਆ ਹੈ, ਪ੍ਰੰਤੂ ਇਥੇ ਮੁਰਾਦ ਮੁਕਤੀ ਮਾਤ੍ਰ ਤੋਂ ਹੈ। ਪ੍ਰਣਾਮ = ਮੱਥਾ ਟੇਕਣਾ-ਨਮਸਕਾਰ।

ਨਿਬੇਦੀ = ਅਰਪਣ ਕਰਨਾ, ਭੇਟ ਕਰਨਾ। [ਸੰਸ: ਨਿਵੇਦਨੰ]

ਅਰਥ: ਵੇਦੀਆਂ (ਦੇ ਕੁਲ) ਭੂਸ਼ਣ ਜਾਣਕੇ (ਇਹ ਬੀ ਸਮਝ ਲਓ ਕਿ) ਜਿਨ੍ਹਾਂ (ਬਾਬਤ) ਵੇਦ ਕਹਿੰਦਾ ਹੈ (ਕਿ ਉਹ) ਦੇਸ਼ ਕਾਲ ਵਸਤੂ ਨਾਲ ਪ੍ਰਛੇਦ ਨਹੀਂ ਹੁੰਦੇ।

(ਹਾਂ ਜਿਨ੍ਹਾਂ ਨੇ ਜਗਤ ਵਿਚ ਆਕੇ) ਕੁਚੀਲਾਂ ਦੀਆਂ (ਫੈਲਾਈਆਂ) ਖੋਟੀਆਂ ਚਾਲਾਂ ਨੂੰ ਤੋੜ ਦਿੱਤਾ ਤੇ ਕੁਰੀਤੀਆਂ ਨੂੰ ਭੰਨ ਕੇ ਕਲਯੁਗ ਵਿਚ (ਵਾਹਿਗੁਰੂ ਜੀ ਦਾ) ਨਾਮ ਜਪਾਇਆ।

(ਅਤੇ ਜੋ ਆਪ) ਦੁਖੀ ਨਹੀਂ ਹੁੰਦੇ, (ਸਗੋਂ ਐਸੇ ਅਗਾਧ ਸੁਖ ਸਰੂਪ ਵਾਲੇ ਹਨ ਕਿ ਜੱਗਜਾਸੂਆਂ ਨੂੰ ਵਾਹਿਗੁਰੂ ਦੇ) ਅਭੇਦ ਰੂਪ ਦਾ ਉਪਦੇਸ਼ ਦੇਕੇ (ਉਨ੍ਹਾਂ ਉਤੇ) ਸੁਖ ਦੇ ਉਦੇ ਕਰਨ ਵਾਲੇ ਹਨ।

(ਅਤੇ ਜੋ ਜੱਗਜਾਸੂਆਂ ਨੂੰ) ਮੁਕਤੀ ਦਾ ਭੇਤ ਜਾਣ ਲੈਣ ਵਾਲੇ ਬਣਾਉਂਦੇ ਹਨ ਐਸੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣਾਂ ਪਰ ਮੇਰੀ ਪ੍ਰਣਾਮ ਨਿਵੇਦਿਤ ਹੋਵੇ।

ਹੋਰ ਅਰਥ: ੧ ਤੁਕ-ਵੇਦ ਜਿਸਨੂੰ ਤਿੰਨਾਂ ਪ੍ਰਛੇਦਾਂ ਤੋਂ ਰਹਿਤ ਆਖਦਾ ਹੈ ਓਸ (ਅਕਾਲ ਜਯੋਤਿ ਨੂੰ ਹੀ) ਵੇਦੀਆਂ ਦੇ ਕੁਲ ਭੂਸ਼ਣ ਜਾਣੋਂ। ਅਰਥਾਤ ਵੇਦ ਪ੍ਰਤਿਪਾਦਤਿ ਅਕਾਲ ਪੁਰਖ ਹੀ ਵੇਦੀ ਵੰਸ਼ ਸ਼ਿਰੋਮਣਿ ਸ਼੍ਰੀ ਗੁਰ ਨਾਨਕ ਦੇਵ ਜੀ ਹਨ।

੨. ਤੁਕ- 'ਕੁਰੀਤ ਨਿਖੇਦੀ' ਪਾਠ ਕਰਕੇ ਅਰਥ ਬਣੂ 'ਕੁਰੀਤੀਆਂ ਨੂੰ ਨਸ਼ੇਧਿਆ' ਅਰਥਾਤ ਖੰਡਨ ਕੀਤਾ।

੩. ਤੁਕ-(ਜਿਨ੍ਹਾਂ ਨੇ) ਅਭੇਦ ਰੂਪ (ਵਾਹਿਗੁਰੂ) ਦਾ ਅਖੇਦ ਉਦੋਤਕ (= ਸੁਖ ਨੂੰ ਉਦੇ ਕਰਨ ਵਾਲਾ) ਉਪਦੇਸ਼ ਦਿੱਤਾ, (ਜਿਸਨੂੰ ਧਾਰਣ ਵਾਲੇ ਜੀਵ ਹੁਣ) ਦੁਖੀ ਨਹੀਂ ਹੁੰਦੇ।

੪. ਤੁਕ-ਐਉਂ ਪਾਠ ਕਰਦੇ ਹਨ:- 'ਗੁਰੁ ਨਾਨਕ ਪਾਇ ਪ੍ਰਣਾਮਨਿ ਬੇਦੀ।' ਅਰਥਾਤ ਬੇਦੀ ਗੁਰੂ ਨਾਨਕ (ਜੀ ਦੇ) ਪਾਇ (ਚਰਨਾਂ ਤੇ) ਪ੍ਰਣਾਮਨਿ (ਨਮਸਕਾਰ ਹੈ)।

### ੨. ਇਸ੍ਟ ਦੇਵ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਕਬਿੱਤ: ਅੰਜਨ ਤੇ ਹੀਨ ਸ਼੍ਰੀ ਨਿਰੰਜਨ ਪ੍ਰਬੀਨ ਪ੍ਰਭੁ
ਭੰਜਨ ਪਖੰਡ ਪਾਪ ਗੰਜਨ ਅਨੰਦ ਕਰਿ।
ਦੀਨੋ ਗ੍ਯਾਨ ਅੰਜਨ ਸੁ ਮੰਜਨ ਕੋ ਮੋਹ ਮਲ
ਰੰਜਨ ਕੋ ਜਨ ਜਗ ਭਗਤ ਬਿਲੰਦ ਕਰਿ।
ਫੇਰੂ ਨੰਦ ਅੰਗਦ ਸੁਛੰਦ ਸ਼੍ਰੀ ਗੁਬਿੰਦ ਹੈਂ
ਮਨਿੰਦ ਚੰਦ ਬਿੰਦ ਜਸ ਦਾਸਨ ਮੁਕੰਦ ਕਰਿ।
ਪਦ ਅਰਬਿੰਦ ਮਕਰੰਦ ਕੋ ਮਨਿੰਦ ਮਨ
ਬਿਘਨ ਨਿਗੰਦ ਕਰੌਂ ਬੰਦਨਾ ਦੁਬੰਦ ਕਰ ॥੨॥

ਅੰਜਨ = ਅੱਖਾਂ ਵਿਚ ਪਾਉਣ ਵਾਲਾ ਕੱਜਲ, ਸੁਰਮਾਂ, ਭਾਵ ਵਿਚ ਮਾਯਾ, ਅਵਿੱਦਯਾ। ਅੰਜਨ ਤੇ ਹੀਨ = ਮਾਯਾ ਤੋਂ ਅਤੀਤ। ਅਮਾਯ।

ਨਿਰੰਜਨ = ਮੋਹ ਤੋਂ ਰਹਤ। [ਸੰਸ: ਨਿ-ਨਹੀਂ। ਰਞ੍ਜਨ = ਮੋਹ, ਜਿਸ ਵਿਚ ਮੋਹ ਨਹੀਂ ਹੈ] (ਅ) ਅਵਿੱਦਯਾ ਰਹਿਤ। [ਨਿਰ = ਨਹੀਂ। ਅੰਜਨ = ਅਵਿੱਦਯਾ] (ੲ) ਬਹੁਤ ਖੁਸ਼ ਕਰਨ ਵਿਚ [ਨਿ = ਵਿਸ਼ੇਸ਼ ਕਰਕੇ। ਰੰਜਨ = ਖੁਸ਼ ਕਰਨ ਵਿਚ ]

ਅੰਜਨ = ਸੁਰਮਾਂ, ਕੱਜਲ। ਮੰਜਨ ਕੋ = ਮਾਂਜਨ ਲਈ, ਸਾਫ ਕਰਨ ਲਈ, ਦੂਰ ਕਰਨ ਲਈ। [ਸੰਸ: ਮਾਰ੍ਜਨ = ਸਾਫ ਕਰਨਾ। 'ਧਾਤੂ' ਮ੍ਰਿਜ੍ ਹੈ]

ਬਿਲੰਦ = ਉੱਚਿਆਂ ਕਰਕੇ। ਭਾਵ ਹੋਰਨਾਂ ਤ੍ਰੀਕਿਆਂ ਨਾਲੋਂ ਇਸ ਨੂੰ ਵਿਸ਼ੇਸ਼ਤਾ ਦਿੱਤੀ। [ਫਾ: ਬੁਲੰਦ]

ਫੇਰੂਨੰਦ = ਫੇਰੂ ਦੇ ਸਪੁੱਤ੍ਰ। ਬਾਬਾ ਫੇਰੂ ਜੀ ਸ੍ਰੀ ਗੁਰੂ ਜੀ ਦੇ ਪਿਤਾ ਜੀ ਦਾ ਨਾਮ ਸੀ। ਸੁਛੰਦ = ਜਿਸ ਦੇ ਸਿਰ ਤੇ ਕਿਸੇ ਹੋਰ ਦਾ ਅੰਕਸ ਨਾ ਹੋਵੇ। ਜੋ ਆਪਣੇ ਆਪ ਵਿਚ ਪੂਰਨ ਹੋਵੇ। [ਸੰਸ: ਸ੍ਵਛੰਦ੍] ਬਿੰਦ = ਵਿਦਿਤ = ਜੋ ਆਪਣੇ ਆਪ ਜਾਣਿਆਂ ਜਾ ਰਿਹਾ ਹੈ। [ਸੰਸ: ਧਾਤੂ। ਵਿਦ੍ = ਜਾਣਨਾ]

ਮੁਕੰਦ = ਮੁਕਤੀ ਦਾਤਾ।

ਮੁਕੰਦ = ਉਹ ਰਸ ਯਾ ਮਿਠਾਸ ਜੋ ਫੁੱਲਾਂ ਦੀਆਂ ਮਦੀਨ ਤੁਰੀਆਂ ਵਿਚ ਹੁੰਦਾ ਹੈ। ਭਾਵ, ਉਹ ਆਤਮ ਰਸ ਜਿਸ ਪਰ ਜੱਗਜਾਸੂ ਲੁਭਿਤ ਹੁੰਦੇ ਹਨ।

ਮਲਿੰਦ = ਭੌਰਾ। ਕਰ = ਹੱਥ।

ਅਰਥ: (ਜੋ) ਮਾਇਆ ਤੋਂ ਅਤੀਤ (ਅਤੇ ਜੋ) ਮੋਹ ਤੋਂ ਰਹਿਤ ਪ੍ਰਬੀਨ ਤੇ ਸ਼੍ਰੀ (ਸ਼ੋਭਾ ਯੁਕਤ) ਪ੍ਰਭੂ (ਜੀ ਹਨ), (ਅਤੇ ਜੋ) ਪਖੰਡਾਂ ਨੂੰ ਭੰਨਣ ਤੇ ਪਾਪਾਂ ਨੂੰ ਨਾਸ਼ ਕਰਨ ਵਿਚ ਆਨੰਦ ਹੁੰਦੇ ਹਨ।

(ਜਿਨ੍ਹਾਂ ਨੇ) ਮੋਹ ਦੀ ਮੈਲ ਦੂਰ ਕਰਨ ਨੂੰ ਗਜਾਨ ਦਾ ਸੁਰਮਾਂ ਦਿੱਤਾ (ਅਤੇ) ਦਾਸਾਂ ਨੂੰ ਅਨੰਦ ਦੇਣ ਲਈ ਜਗਤ ਵਿਚ ਭਗਤੀ ਨੂੰ ਵਿਸ਼ੇਸ਼ਤਾ ਦਿੱਤੀ।

ਹਾਂ, ਫੇਰੂ ਜੀ ਦੇ ਸਪੁੱਤ੍ਰ (ਸ੍ਰੀ) ਅੰਗਦ ਜੀ ਪੂਰਨ (ਐਸੇ) ਸ੍ਰੀ ਗੋਬਿੰਦ ਜੀ ਹੈਨ ਜਿਨ੍ਹਾਂ ਦਾ ਇਹ ਜਸ ਕਿ ਦਾਸਾਂ ਦੇ ਮੁਕਤੀ ਦਾਤਾ ਹਨ, ਚੰਦਰਮਾਂ ਵਾਂਙੂ ਵਿਦਤ ਹੈ।

(ਆਪਣੇ) ਮਨ ਨੂੰ ਉਨ੍ਹਾਂ ਦੇ ਵਿਘਨ ਨਾਸ਼ ਕਰਨ ਵਾਲੇ ਚਰਨਾਂ ਕਮਲਾਂ ਦੇ ਮਕਰੰਦ (ਰਸ) ਦਾ ਭੌਰਾ ਬਣਾਕੇ ਮੈਂ ਦੋਇ ਹੱਥ ਜੋੜਕੇ ਬੰਦਨਾਂ ਕਰਦਾ ਹਾਂ।

ਹੋਰ ਅਰਥ: ੧ ਤੁਕ-ਜੋ ਮਾਇਆ ਤੋਂ ਅਤੀਤ ਤੇ ਦਾਸਾਂ ਨੂੰ ਪ੍ਰਸੰਨ ਕਰਨ ਵਿਚ ਪ੍ਰਬੀਨ (ਤੇ) ਮਾਲਕ ਹਨ, ਪਖੰਡਾਂ ਨੂੰ ਭੰਨਣ ਵਾਲੇ, ਪਾਪਾਂ ਨੂੰ ਤੋੜਨ ਵਾਲੇ ਤੇ ਆਨੰਦ ਵਾਲੇ ਹਨ।

ਭਾਵ: ਪਹਿਲੇ ਮਾਇਆ ਮੋਹ ਤੋਂ ਅਤੀਤ ਦੱਸ ਕੇ ਪਾਪ ਤੇ ਪਾਖੰਡ ਨਾਸ਼ ਕਰਨ ਨੂੰ ਸਮਰੱਥ ਦਸਦੇ ਹਨ ਕਿ ਦਾਸਾਂ ਦੀ ਬੁੱਧੀ ਰੂਪੀ ਨੇਤ੍ਰਾਂ ਨੂੰ ਅਵਿੱਦਯਾ ਦੀ ਮੈਲ ਦੂਰ ਕਰਨ ਲਈ ਗਿਆਨ ਦਾ ਸੁਰਮਾਂ ਦੇਂਦੇ ਹਨ। ਪਰ ਫੋਕੇ ਗਿਆਨ ਵਿਚ ਰਸ ਨਹੀਂ ਹੈ, ਪ੍ਰੇਮ ਵਿਚ ਰਸ ਹੈ, ਸੋ ਭਗਤੀ ਨੂੰ ਵਿਸ਼ੇਸ਼ਤਾ ਦੇਕੇ ਕਵੀ ਜੀ ਨੇ ਸ੍ਰੀ ਗੁਰੂ ਜੀ ਨੂੰ ਭਗਤੀ ਨਾਲ ਸਨਿਗਧ ਗਿਆਨ ਦੇ ਦਾਤੇ ਦੱਸਿਆ ਤਾਂ ਜੋ 'ਭਗਤਿ ਗਜਾਨ' ਪ੍ਰਾਪਤ ਸਿੱਖ ਅਨੰਦ ਨੂੰ ਵੀ ਪ੍ਰਾਪਤ ਹੋਣ ਤੇ ਗਜਾਨ ਵੀ ਸਫਲ ਗਜਾਨ ਹੋਵੇ। ਐਸੇ ਗੁਰੂ ਅੰਗਦ ਦੇਵ ਜੀ ਦੀ ਵਾਹਿਗੁਰੂ ਜੀ ਨਾਲ ਅਭੇਦਤਾ ਜਾਣਕੇ ਨਮਸਕਾਰ ਕੀਤੀ ਹੈ।

### ੩. ਇਸ਼੍ਟ ਦੇਵ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

ਸੋਰਠਾ: ਅਮਰ ਕਰਹਿਂ ਜਗ ਮਾਂਹਿ, ਨਿਤ ਸਹਾਇਤਾ ਲਹਿਂ ਅਮਰ।
ਅਮਰ ਕਰੇ ਜਨ ਜਾਂਹਿ, ਅਮਰ ਨਾਮ ਦੇ ਗੁਰ ਅਮਰ ॥੩॥

ਅਮਰ = ਹੁਕਮ [ਫਾ: ਅਮਰ] ਅਮਰ = ਜੋ ਮਰਨ ਨਾ

ਸੋ-ਦੇਉਤੇ। ਅਮਰ = ਮਰਨ ਤੋਂ ਰਹਿਤ, ਭਾਵ ਹੈ ਜਨਮ ਮਰਨ ਕੱਟ ਦਿੱਤਾ, ਸਦਾ ਜੀਵੇ ਕੀਤਾ।

ਅਮਰ = ਕਦੇ ਨਾ ਮਰਨ ਵਾਲਾ, ਸਦਾ ਥਿਰ। [ਸੰਸ: ਅਮਰ]

ਅਮਰ = ਸ਼੍ਰੀ ਗੁਰੂ ਅਮਰ ਦਾਸ ਜੀ।

ਅਰਥ: (ਦੂਜੀ ਤੁਕ ਦਾ ਅਰਥ ਪਹਿਲੋਂ ਲੱਗੇਗਾ) ਜਿਸ ਗੁਰੂ ਅਮਰਦੇਵ ਜੀ ਨੇ ਸਦਾ ਥਿਰ (ਵਾਹਿਗੁਰੂ) ਦਾ ਨਾਮ ਦੇਕੇ (ਆਪਣੇ) ਜਨ ਸਦਾ ਜੀਵੇ ਕੀਤੇ ਹਨ (ਉਹ ਸਤਿਗੁਰੂ ਜੀ ਇਸ) ਜਗਤ ਵਿਚ ਹੁਕਮ ਕਰਦੇ ਹਨ (ਤੇ ਉਸ ਜਗਤ ਵਿਚ) ਦੇਉਤੇ ਨਿੱਤ (ਉਹਨਾਂ ਦੀ) ਸਹਾਇਤਾ ਲੈਂਦੇ ਹਨ।

ਭਾਵ: ਇਸ ਵਿਚ ਅਮਰ ਪਦ ਦੇ ਪੰਜ ਭਾਵ ਲਭੇ ਹਨ। ਜਗਤ ਵਿਚ ਹੁਕਮ ਕਰਦੇ ਹਨ ਆਖ ਕੇ ਦੇਉਤੇ ਸਹਾਇਤਾ ਮੰਗਦੇ ਹਨ ਆਖਿਆ, ਇਸ ਵਿਚ ਇਹ ਇਸ਼ਾਰਾ ਰੱਖਿਆ ਕਿ ਉਸ ਜਗਤ ਵਿਚ ਦੇਉਤੇ ਸਹਾਇਤਾ ਮੰਗਦੇ ਹਨ ਭਾਵ ਦੋਹਾਂ ਲੋਕਾਂ ਵਿਚ ਹੁਕਮਰਾਨ ਦਾਤੇ ਹਨ।

### ੪. ਇਸ਼੍ਟ ਦੇਵ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਚਿੱਤ੍ਰਪਦਾ ਛੰਦ: ਰਾਮ ਸੁ ਦਾਸ ਗੁਰੂ ਸੁਖਰਾਸ, ਹਰੈਂ ਜਨ ਤ੍ਰਾਸ ਰਿਦਾ ਨਿਸ਼ਕਾਮ।
ਕਾਮ ਨ ਕ੍ਰੋਧ ਬਿਰੋਧ ਨਿਰੋਧ, ਸਦਾ ਸੁਧ ਬੋਧ, ਸਰੂਪ ਨਿਕਾਮ।
ਕਾਮ ਕਰੇ ਜਨ ਸ਼ਾਮ ਪਰੇ, ਤਿਨ ਤਾਪ ਹਰੇ ਨਿਤ ਹੋਤਿ ਅਨਾਮ।
ਨਾਮ ਜਪੇ ਅਘ ਬ੍ਰਿੰਦ ਖਪੇ, ਸੁ ਰਪੇ ਹਰਿ ਰੰਗ ਸਦਾ ਅਭਿਰਾਮ ॥੪॥

ਜਮਤ੍ਰਾਸ = ਜਮਾ ਦਾ ਡਰ, ਮੌਤ ਦਾ ਭੈ। ਨਿਸ਼ਕਾਮ = ਕਾਮਨਾ ਤੋਂ ਰਹਿਤ। ਅਚਾਹ, ਬੇਲੋੜ ਆਪਣੇ ਆਪ ਵਿਚ ਤ੍ਰਿਪਤ।

[ਸੰਸ: ਨਿਖ਼੍ਰਾਮ] ਬਿਰੋਧ = ਵਿਰੋਧ, ਵੈਰ।

ਬਿਰੋਧ ਨਿਰੋਧ = ਜਿਥੇ ਵੈਰ ਦੀ ਰੋਕ ਹੈ, ਵੈਰ ਦਾ ਅਭਾਵ।

ਬੋਧ = ਬੁੱਧਿ, ਗਿਆਨ। ਸੁਧ ਬੋਧ = ਸ੍ਵਛ, ਸੁੱਚਾ ਗਿਆਨ।

ਨਿਕਾਮ = ਪ੍ਰੇਮ [ਸੰਸ: ਨਿਕਾਮ = ਜੋ ਆਪਣੇ ਆਪ ਖੁਸ਼ੀ ਨਾਲ ਕੰਮ ਕਰੇ, ਸੋ ਕੌਣ ਕਰਦਾ ਹੈ? ਜਿਸ ਵਿਚ ਸੁਤੇ ਪ੍ਰੇਮ ਦਾ ਨਿਵਾਸ ਹੋਵੇ।]

ਕਾਮ ਕਰੇ = ਕਾਮਨਾ ਕਰਕੇ। ਸ਼ਾਮ = ਸ਼ਰਣ। ਅਨਾਮ = ਅਰੋਗ।

ਸੁਰਪੇ = ਸੁ+ਰਪੇ-ਚੰਗੀ ਤਰ੍ਹਾਂ ਰੰਗੇ ਹੋਏ। ਅਭਿਰਾਮ = ਸੁੰਦਰ।

ਅਰਥ: (ਜੋ ਜਨ) ਨਿਸ਼ਕਾਮ ਹਿਰਦੇ (ਨਾਲ ਸ਼ਰਨ ਪੈਂਦੇ ਹਨ; ਸ਼੍ਰੀ) ਗੁਰੂ ਰਾਮਦਾਸ ਜੀ (ਉਨ੍ਹਾਂ ਲਈ ਏਥੇ ਤਾਂ) ਸੁਖਾਂ ਦੀ ਖਾਣ ਹਨ (ਤੇ ਅਗੇ ਉਨ੍ਹਾਂ ਦਾ) ਜਮ ਦਾ ਤ੍ਰਾਸ ਦੂਰ ਕਰਦੇ ਹਨ। (ਕਿਉਂਕਿ ਉਨ੍ਹਾਂ ਦੇ ਅਪਣੇ ਹਿਰਦੇ ਵਿਚ) ਕਾਮ, ਕ੍ਰੋਧ ਨਹੀਂ ਹੈ, ਵੈਰ ਦਾ ਅਭਾਵ ਹੈ, ਸਦਾ ਸ੍ਵੱਛ ਗਜਾਨ (ਦਾ ਨਿਵਾਸ ਹੈ ਤੇ) ਸਰੂਪ ਉਨ੍ਹਾਂ ਦਾ ਪ੍ਰੇਮ ਹੈ। (ਜੋ) ਜਨ ਕਾਮਨਾ ਕਰਕੇ (ਉਨ੍ਹਾਂ ਦੀ) ਸ਼ਰਨ ਪੈਂਦੇ ਹਨ ਉਨ੍ਹਾਂ ਦੇ ਤਿੰਨੇ ਤਾਪ (ਐਸੇ) ਦੂਰ ਕਰ ਦਿੰਦੇ ਹਨ (ਕਿ ਉਹ) ਸਦਾ ਲਈ ਅਰੋਗ ਹੋ ਜਾਂਦੇ ਹਨ।

(ਸ਼੍ਰੀ ਗੁਰੂ ਜੀ) ਸਦਾ ਵਾਹਿਗੁਰੂ ਦੇ ਸੁਹਣੇ ਰੰਗ ਵਿਚ ਰੰਗੇ ਰਹਿੰਦੇ ਹਨ (ਤਾਂਤੇ ਉਨ੍ਹਾਂ ਦਾ) ਨਾਮ ਜਪਣ ਨਾਲ ਹੀ ਪਾਪਾਂ ਦੇ ਸਮੂਹ ਖਪ ਜਾਂਦੇ ਹਨ।

ਹੋਰ ਅਰਥ: ਇੱਕ ਹੋਰ ਤਰ੍ਹਾਂ ਬੀ ਛੰਦ ਦੇ ਅਰਥ ਲਾਉਂਦੇ ਹਨ। ੧. ਸ੍ਰੇਸ਼ਟ ਗੁਰੂ ਰਾਮਦਾਸ ਜੀ ਸੁਖਾਂ ਦੀ ਰਾਸ ਹਨ, ਜਮ ਦਾ ਭੈ ਦੂਰ ਕਰਦੇ ਹਨ, (ਕਿਉਂਕਿ ਆਪ) ਨਿਸ਼ਕਾਮ ਰਿਦੇ ਵਾਲੇ ਹਨ। ੨. ਕਾਮਕ੍ਰੋਧ, ਵੈਰ ਤੋਂ ਰਹਿਤ ਹਨ, ਸਦਾ ਸੁੱਧ ਗਜਾਨ ਤੇ ਪ੍ਰੇਮ ਸਰੂਪ ਹਨ। ੩. ਇਸ ਲਈ ਸ਼ਰਨਾਗਤਾਂ ਦੇ (ਕਾਮ ਕਰੇ =) ਕੰਮ ਸੁਆਰ ਦਿੰਦੇ ਹਨ, (ਉਨ੍ਹਾਂ ਦੇ) ਤ੍ਰੈਏ ਤਾਪ ਦੂਰ ਕਰਕੇ ਅਰੋਗ ਕਰ ਦੇਂਦੇ ਹਨ। ੪. (ਕਿਉਂਕਿ) ਉਹ ਆਪ ਸਦਾ ਹਰੀ ਦੇ ਸੁਹਣੇ ਰੰਗ ਵਿਚ ਰਪੇ ਰਹਿੰਦੇ ਹਨ, ਉਨ੍ਹਾਂ ਦੇ ਨਾਮ

ਜਪਣ ਵਾਲਿਆਂ ਦੇ ਸਾਰੇ ਪਾਪ ਦੂਰ ਹੋਣੇ ਹੀ ਹੋਏ, (ਜਦ ਪਾਪ ਦੂਰ ਹੋਏ ਤਾਂ ਤਾਪ ਵੀ ਟੁੱਟਣੇ ਹੋਏ, ਸੁਖ ਬੀ ਮਿਲਣੇ ਹੋਏ, ਜਮ ਦਾ ਤਰਾਸ ਬੀ ਕਟੀਣਾ ਹੋਇਆ)।

ਭਾਵ: ਇਸ ਵਿਚ ਤ੍ਰੈ ਪਦਾਰਥ ਹਨ। ਇੱਕ ਗੁਰੂ ਜੀ ਦਾ ਅਪਣਾ ਸਰੂਪ, ਉਹ ਹੈ:-ਕਾਮ ਕ੍ਰੋਧ ਵਿਰੋਧ ਤੋਂ ਸਾਫ, ਸੁੱਧ ਗਜਾਨ, ਪ੍ਰੇਮ ਸਰੂਪ, ਸਦਾ ਹਰੀ ਦੇ ਸੁੰਦਰ ਰੰਗ ਵਿੱਚ ਰਪਿਆ ਹੋਇਆ। ਦੂਸਰੇ ਓਹ 'ਨਿਸ਼ਕਾਮ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਇਥੇ ਆਤਮ ਸੁਖ ਤੇ ਅਗੇ ਜਮ ਤੋਂ ਨਿਰਭੈਤਾ। ਤੀਸਰੇ 'ਕਾਮਨਾ ਵਾਲਿਆਂ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਤਿੰਨੇ ਤਾਪ ਦੂਰ, ਤੇ ਆਤਮ ਅਰੋਗਤਾ।

### ੫. ਇਸ਼੍ਟ ਦੇਵ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਚੌਪਈ: ਸ਼੍ਰੀ ਸਤਿਗੁਰ ਅਰਜਨ ਕੁਲ ਚੰਦ।
ਚੰਦਨ ਸਮ ਬਚ ਸੀਤ ਮੁਕੰਦ।
ਕੰਦ ਅਨੰਦ ਬਿਮੋਹ ਨਿਕੰਦ।
ਕੰਦਲ ਸੁਖਦ ਤਿਨਹੁਂ ਪਦ ਬੰਦਿ ॥੫॥

ਕੁਲਚੰਦ = ਮਾਨੁਖ ਕੁਲ ਵਿਚ ਚੰਦ੍ਰਮਾ ਵਤ ਹਨ। (ਅ) ਸੋਢੀਆਂ ਦੇ ਕੁਲ ਦੇ ਚੰਦ।
(ੲ) ਕੁਲੀਨ ਤੇ ਪ੍ਰਕਾਸ਼ਮਾਨ ਹਨ।

ਬਚ ਸੀਤ ਮੁਕੰਦ = (ਸੁਣਦਿਆਂ) ਬਚਨ ਠੰਢ ਪੈਂਦੀ ਹੈ, (ਤੇ ਕਮਾਉਂਦਿਆਂ) ਬਚਨ ਮੁਕਤੀ ਹੁੰਦੀ ਹੈ। ਬਚਨਾਂ ਤੋਂ ਮੁਰਾਦ ਕੀਤੀਆਂ ਗੱਲਾਂ ਤੇ ਉਚਾਰੀ ਹੋਈ ਸ੍ਰੀ ਮੁਖਵਾਕ ਬਾਣੀ ਤੋਂ ਹੈ।

ਕੰਦਅਨੰਦ = ਜਿਨ੍ਹਾਂ ਤੋਂ ਆਨੰਦ ਮਿਲੇ, ਭਾਵ ਅਨੰਦ ਦੇ ਦਾਤੇ। [ਕੰਦ = ਬੱਦਲ। ਮੂਲ]
ਬਿਮੋਹ = ਮੋਹ, [ਵਿ+ਮੋਹ = ਅਪਣੇ ਵਿਚ ਕਾਬੂ ਕਰ ਲੈਣ ਵਾਲਾ ਮੋਹ]
(ਅ) ਵਿਸ਼ੇਸ਼ ਕਰਕੇ ਮੋਹ।
ਕੰਦਲ = ਗੰਦਲ, ਉਹ ਸ਼ਾਖ ਜਿਸਨੂੰ ਫੁੱਲ ਜ਼ਰੂਰ ਪਵੇ। (ਅ) ਸਮੂਹ।
ਕੰਦਲ ਸੁਖ ਦਾ = ਸੁਖ ਦਾਤਿਆਂ ਵਿਚੋਂ ਗੰਦਲ ਵਾਂਗੂ ਸ਼ਿਰੋਮਣੀ।
(ੲ) ਸਾਰੇ ਸੁਖਾਂ ਦੇ ਦਾਤੇ।

ਅਰਥ: ਸ੍ਰੀ ਸਤਿਗੁਰੂ ਅਰਜਨ (ਦੇਵ ਜੀ ਮਾਨੁਖ) ਕੁਲ ਵਿਚ ਚੰਦ੍ਰਮਾ (ਵਾਂਗੂ ਪ੍ਰਕਾਸ਼ਮਾਨ ਹਨ), (ਜਿਨ੍ਹਾਂ ਦੇ) ਵਾਕ (ਤਪਦਿਆਂ ਨੂੰ) ਚੰਦਨ ਵਰਗੇ ਠੰਢੇ ਤੇ (ਮੋਹ ਗ੍ਰਸਿਆਂ ਨੂੰ) ਮੁਕਤੀ ਦੇ ਦਾਤੇ ਹਨ, ਆਪ (ਆਤਮ) ਅਨੰਦ ਦੇ ਮੇਘ ਹਨ ਤੇ ਵਿਸ਼ੇਸ਼ ਕਰਕੇ ਮੋਹ ਨੂੰ ਕੱਟਣ ਵਾਲੇ ਹਨ, (ਅਤੇ) ਸਮੂਹ ਸੁੱਖਾਂ ਦੇ ਦਾਤੇ ਹਨ, ਉਨ੍ਹਾਂ ਦੇ ਚਰਨਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ।

### ੬. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

ਚੌਪਈ: ਵਾਰੀ ਇਕ ਧਰਿ ਦ੍ਵੈ ਤਰਵਾਰੀ।
ਵਾਰੀ ਸ਼ਤ੍ਰੁ ਸੈਨ ਬਲਵਾਰੀ।
ਵਾਰੀਧਰਿ ਸਮ ਧੁਨਿ ਸੁਖਵਾਰੀ।
ਵਾਰੀ ਗੁਰ ਖਟ ਪਰ ਬਹੁ ਵਾਰੀ ॥੬॥

ਵਾਰੀ = ਵਕਤ, ਸਮਾਂ, ਮੌਕਿਆ [ਸੰਸ: ਵਾਰ]
ਵਾਰੀ ਇਕ = ਇਕ ਸਮੇਂ, ਭਾਵ ਗੱਦੀ ਬੈਠਣ ਵੇਲੇ।
(ਅ) ਵਾਰੀ ਇੱਕ = ਇਕ ਵਾਰਗੀ।
ਧਰਿ = ਧਾਰਨ ਕੀਤੀਆਂ। ਦ੍ਵੈ ਤਰਵਾਰੀ = ਦੋ ਤਲਵਾਰਾਂ।

ਇਕ ਤਲਵਾਰ ਪੀਰੀ ਅਰਥਾਤ ਗੁਰਿਆਈ ਦੀ ਗੱਦੀ ਉਤੇ ਗੱਦੀ ਨਸ਼ੀਨ ਹੋਣ ਕਰਕੇ ਤੇ ਦੂਸਰੀ ਮੀਰੀ ਦੀ, ਇਹ ਚਿੰਨ੍ਹ ਸਤਿਗੁਰ ਨੇ ਧਾਰਨ ਕੀਤਾ ਸੀ ਅਪਣੀ ਕੌਮ ਨੂੰ ਸਤ ਧਰਮ ਬਦਲੇ ਆਪਾ ਵਾਰਨ ਦੀ ਜਾਚ ਸਿਖਾਲਣ ਲਈ।

ਵਾਰੀ = ਵਾਰ ਸਿੱਟੀ, ਸਦਕੇ ਕੀਤੀ, ਜਿੱਕੂੰ ਬਲੀ ਸਦਕੇ ਕਰੀਦੀ ਹੈ, ਭਾਵ ਹੈ ਨਾਸ਼ ਕਰਨ ਤੋਂ।

ਵਾਰੀ = ਰੋਕੀ। [ਸੰ: ਵਾਰਣ = ਰੋਕਣਾ] ਬਲਵਾਰੀ = ਬਲਵਾਲੀ।

ਵਾਰੀਧਰ = ਬੱਦਲ [ਸੰਸ: ਵਾਰਿ = ਪਾਣੀ। ਧਰਿ = ਧਾਰਨ ਕਰਨ ਵਾਲਾ]

ਧੁਨਿ = ਅਵਾਜ਼, ਗਰਜ, (ਅ) ਲਗਨ, ਬਿਰਦ, ਜਿੱਕੂੰ ਬੱਦਲ ਦਾ ਬਿਰਦ ਸਦਾ ਵੱਸਣਾ ਹੈ ਇੱਕੂੰ ਗੁਰੂ ਜੀ ਦਾ ਬਿਰਦ ਸਦਾ ਉਪਕਾਰ ਹੈ।

ਸੁਖਵਾਰੀ = (ਸੁਖ ਵਾੜੀ =) ਸੁਖਾਂ ਦੀ ਬਗੀਚੀ। ਸੁਖਦਾਤੀ। (ਅ) ਸੁਖ ਵਾਲੀ।

ਵਾਰੀ = ਸਦਕੇ, ਵਾਰਨੇ। ਵਾਰੀ = ਵਾਰੀ, ਵੇਰ, ਦਫ਼ਾ।

ਅਰਥ: ਇਕ ਸਮੇਂ ਹੀ (ਜਿਸ ਸਤਿਗੁਰੂ ਨੇ) ਦੋ ਤਲਵਾਰਾਂ ਧਾਰਨ ਕੀਤੀਆਂ, (ਅਤੇ) ਸ਼ੱਤ੍ਰੂਆਂ ਦੀ ਬਲ ਵਾਲੀ ਸੈਨਾ ਤਬਾਹ ਕਰ ਦਿੱਤੀ, (ਜਿਸ ਦੀ) ਮੇਘ ਵਰਗੀ, ਗਰਜ (ਜਗਤ ਲਈ) ਸੁਖਾਂ ਦੀ ਵਾੜੀ ਹੈ, (ਐਸੇ) ਛੇਵੇਂ ਗੁਰੂ (ਹਰਗੋਬਿੰਦ ਜੀ) ਤੋਂ (ਮੈਂ) ਬਹੁਤ ਵਾਰੀ ਸਦਕੇ ਹਾਂ।

ਹੋਰ ਅਰਥ: ੩ ਤੁਕ-(ਜਿਸ ਸਤਿਗੁਰੂ ਦੀ) ਅਵਾਜ਼ ਬੱਦਲ ਜੇਹੀ (ਗੰਭੀਰ) ਤੇ ਸੁਖਦਾਤੀ ਹੈ, ਭਾਵ ਜਿਸ ਤੋਂ ਅੰਮ੍ਰਿਤ ਜਲ ਬਰਸ ਰਿਹਾ ਹੈ।

### ੭. ਇਸ਼੍ਟ ਦੇਵ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਦੋਹਰਾ: ਭਵ ਮਹਿਂ ਭਵ ਕੇ ਰੰਕ ਜੇ, ਭਵ ਸਮ ਹੋਇ ਕ੍ਰਿਪਾਲੁ।
ਪਾਲਕ ਪ੍ਰਿਥਵੀ ਕੇ ਕਰੇ, ਸ਼੍ਰੀ ਹਰਿਰਾਇ ਰਸਾਲ ॥੭॥

ਭਵ = ਸੰਸਾਰ। ਭਵ ਕੇ = ਜਨਮ ਦੇ।

ਭਵ = ਪਰਮੇਸ਼੍ਵਰ। [ਭੂ = ਧਾਤੂ ਹੈ, 'ਹੋਣਾ' ਅਰਥ ਵਿਚ। ਜੋ ਆਪ ਤੋਂ ਆਪੇ ਹੋਵੇ ਸੋ ਭਵ = ਪਰਮੇਸ਼੍ਵਰ] (ਅ) ਭਵ ਪਦ ਦੇ ਹੋਰ ਐਤਨੇ ਅਰਥ ਹਨ:-ਸ਼ਿਵ, ਸੰਸਾਰ, ਜਨਮ, ਬੱਦਲ, ਕੁਸ਼ਲ, ਕਾਮਦੇਵ, ਕਾਰਣ, ਸੱਤਾ, ਜਨਮ ਮਰਨ ਦੀ ਪੀੜਾ, ਡਰ, ਹੋਣ ਦੀ ਹਾਲਤ, ਪ੍ਰਾਪਤੀ, ਸ਼ਿਰੋਮਣਤਾ, ਜੀਵਨ, ਫਲ, ਕੋਈ ਦੇਵਤਾ।

ਪਾਲਕ ਪ੍ਰਿਥਵੀ = ਪ੍ਰਿਥਵੀ ਦੇ ਪਾਲਕ = ਧਰਤੀ ਦੀ ਪਾਲਨਾ ਕਰਨ ਵਾਲੇ, ਰਾਜੇ।

ਰਸਾਲ = ਰਸ ਦਾ ਘਰ। ਜੋ ਕਿਸੇ ਅਨੰਦ ਵਿਚ ਸਦਾ ਰਹੇ। ਚੋਜੀ।

(ਅ) ਰਸਾਲ ਦੇ ਹੋਰ ਅਰਥ ਇਹ ਹਨ:-ਸੁੰਦਰ, ਰਸੀਲਾ, ਸੁਆਦੀ, ਅੰਬ, ਗੰਨਾ, ਕਟਹਰ, ਕਣਕ, ਗੁੱਗਲ, ਸਿੱਠਾ ਆਦਿਕ।

ਅਰਥ: ਸੰਸਾਰ ਵਿਚ ਜੋ ਜਨਮ ਦੇ ਗਰੀਬ ਸਨ (ਉਹਨਾਂ ਉਤੇ) ਪਰਮੇਸ਼ੁਰ ਵਾਂਙੂ ਕ੍ਰਿਪਾਲੂ ਹੋਕੇ (ਉਹਨਾਂ ਨੂੰ) ਰਾਜੇ ਬਣਾ ਦਿੱਤਾ ਚੋਜੀ ਸ਼੍ਰੀ (ਗੁਰੂ) ਹਰਿਰਾਇ ਜੀ ਨੇ।

ਹੋਰ ਅਰਥ: ੧ ਤੁਕ-ਭਵ ਸਮ ਹੋਇ ਕ੍ਰਿਪਾਲ = ਬੱਦਲ ਵਾਂਗੂ ਦਿਆਲ ਹੋਕੇ, ਭਾਵ ਮੇਹਰ ਦਾ ਮੀਂਹ ਵਸਾਕੇ।

ਭਾਵ: ਇਸ ਦੋਹੇ ਵਿਚ ਕਵਿ ਜੀ ਸ਼੍ਰੀ ਗੁਰੂ ਜੀ ਦੇ ਗਰੀਬਾਂ ਨੂੰ ਰਾਜੇ ਬਣਾ ਦੇਣ ਦੇ ਕੌਤਕ ਪਰ ਸਿਫਤ ਸਲਾਹ ਵਿਚ ਮਗਨ ਹੋ ਰਹੇ ਹਨ। ਸਤਵੇਂ ਗੁਰੂ ਜੀ ਦੇ ਵਰ ਨਾਲ ਫੂਲਕੇ ਰਾਜੇ ਹੋਏ ਤੇ ਹੋਰ ਕਈ ਰਈਸ ਘਰਾਣੇ ਬਣੇ।

### ੮. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਸੋਰਠਾ: ਸਭਿ ਦਰਸ਼ਨ ਕੋ ਸਾਰ, ਦਰਸ਼ਨ ਪਰਸਨ ਤੇ ਲਹ।

ਹਾਥ ਸੁਦਰਸ਼ਨ ਧਾਰਿ, ਸ੍ਰੀ ਹਰਿ ਕ੍ਰਿਸ਼ਨ ਸੁ ਬੰਦਨਾ ॥੪॥

ਦਰਸ਼ਨ = ਦਰਸ਼ਨ ਸ਼ਾਸਤ੍ਰ, ਭਾਵ ਕੋਈ ਵਿੱਦਯਾ ਯਾ ਗ੍ਯਾਨ ਦਾ ਸ਼ਾਸਤ੍ਰ ਜਿਸ ਵਿਚ ਫਿਲਸਫਾ (ਜੀਵ, ਆਤਮਾ, ਪਰਮਾਤਮਾ, ਕੁਦਰਤ, ਸੰਸਾਰ ਆਦਿ ਦੀ ਵਿਦ੍ਯਾ) ਨਿਰੂਪਣ ਹੋਵੇ।

ਦਰਸ਼ਨ = ਦੀਦਾਰ। ਕਿਸੇ ਚਿਹਰੇ ਨੂੰ ਪ੍ਯਾਰ ਤੇ ਸ਼ਰਧਾ ਨਾਲ ਵੇਖਣਾ।

ਪਰਸਨ = ਸਪਰਸ਼, ਛੁਹ। ਤੇ-ਤੋਂ, ਕਰਕੇ, ਕਰਨ ਨਾਲ।

ਸੁਦਰਸ਼ਨ* = ਛਟੀ। ਗੁਰੂ ਹਰਿ ਕ੍ਰਿਸ਼ਨ ਜੀ ਦੇ ਹੱਥ ਵਿਚ ਉਸ ਵੇਲੇ ਫੂਲ ਛਟੀ ਸੀ ਜੋ ਉਹਨਾਂ ਨੇ ਇਕ ਅਨਪੜ੍ਹ ਦੇ ਸਿਰ ਤੇ ਰੱਖਕੇ ਉਸ ਨੂੰ ਪੰਡਿਤ ਕਰ ਦਿਤਾ ਸੀ। ਸੁਦਰਸ਼ਨ ਪਦ ਦੇ ਅਨੇਕ ਅਰਥ ਹਨ, ਇਕ ਅਰਥ ਹੈ ਛੇ ਗੰਢਾਂ ਵਾਲਾ ਇਕ ਡੰਡਾ ਜੋ ਸੰਨਯਾਸੀ ਪਾਸ ਰੱਖਦੇ ਹਨ, ਤੇ ਮਾੜੀਆਂ ਰੂਹਾਂ ਭੂਤਾਂ ਪ੍ਰੇਤਾਂ ਨੂੰ ਇਸ ਨਾਲ ਦੂਰ ਕਰਦੇ ਹਨ, ਇਸ ਤੋਂ ਕਵਿ ਜੀ ਨੇ ਇਹ ਪਦ 'ਛਟੀ' ਅਰਥ ਦਾ ਵਾਚਕ ਵਰਤਿਆ ਹੈ, ਜਿਸ ਨੇ ਅਵਿੱਦ੍ਯਾ ਡੈਣ ਦੂਰ ਕੀਤੀ।

ਹਾਥ....ਧਾਰਿ = ਹੱਥ ਵਿਚ ਲੈਕੇ, ਭਾਵ, ਪ੍ਰਾਪਤ ਕਰਕੇ, ਧਾਰਨਾ ਧਾਰਕੇ।

ਅਰਥ: (ਜਿਨ੍ਹਾਂ ਦਾ) ਦਰਸ਼ਨ ਕਰਕੇ (ਅਤੇ ਜਿਨ੍ਹਾਂ ਦੇ) ਸਪਰਸ਼ ਕਰਨ ਨਾਲ (ਜੀਵ) ਸਾਰੇ (ਦੈਵੀ) ਸ਼ਾਸਤ੍ਰਾਂ ਦਾ ਤੱਤ੍ਵ ਪ੍ਰਾਪਤ ਕਰ ਲੈਂਦਾ ਹੈ, (ਅਤੇ ਜਿਨ੍ਹਾਂ ਨੇ) ਹੱਥ ਵਿਚ ਛਟੀ ਧਾਰਨ ਕੀਤੀ ਹੋਈ ਹੈ (ਐਸੇ) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮੇਰੀ ਨਮਸਕਾਰ ਹੈ।

ਹੋਰ ਅਰਥ: ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਛੁਹ ਤੇ ਦਰਸ਼ਨ ਤੋਂ ਸਾਰੇ ਦਰਸ਼ਨ (ਸ਼ਾਸਤ੍ਰਾਂ ਦਾ) ਤੱਤ੍ਵ ਪ੍ਰਾਪਤ ਹੁੰਦਾ ਹੈ, (ਐਸੇ) ਸੁਹਣੇ ਦਰਸ਼ਨ ਦੀ ਧਾਰਨਾਂ ਧਾਰਕੇ (ਮੈਂ ਉਹਨਾਂ ਨੂੰ) ਨਮਸਕਾਰ ਕਰਦਾ ਹਾਂ।

ਅਥਵਾ (ਜਦ) ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਕਰ ਲੈਣ ਤੇ ਉਹਨਾਂ ਦੀ ਛੁਹ (ਮਾਤ੍ਰ ਦੇ ਪ੍ਰਾਪਤ ਹੋਣ ਤੋਂ) ਸਾਰੇ ਦਰਸ਼ਨਾਂ ਦਾ ਤੱਤ੍ਵ ਗਿਆਨ ਮਿਲ ਜਾਂਦਾ ਹੈ (ਤਾਂ ਹੇ ਮਨ! ਉਹਨਾਂ ਦੇ) ਸੁਹਣੇ ਦਰਸ਼ਨ (ਨੂੰ ਹੀ) ਹੱਥ ਵਿਚ ਪ੍ਰਾਪਤ ਕਰ (ਤੇ ਉਹਨਾਂ ਦੇ) ਚਰਨਾਂ ਨੂੰ ਨਮਸਕਾਰ ਕਰਕੇ (ਛੁਹ ਨੂੰ ਪ੍ਰਾਪਤ ਹੋ)।

ਭਾਵ: ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਕ ਅਭਿਮਾਨੀ ਪੰਡਤ ਦਾ ਅਭਿਮਾਨ ਦੂਰ ਕਰਨ ਲਈ ਇਕ ਅਨਪੜ੍ਹ ਦੇ ਸਿਰ ਪਰ ਆਪਣੇ ਹੱਥ ਵਿਚ ਫੜੀ ਛਟੀ ਨਾਲ ਸਪਰਸ਼ ਕਰਕੇ ਆਗਿਆ ਕੀਤੀ ਕਿ ਤੂੰ ਇਸ ਨਾਲ ਚਰਚਾ ਕਰ, ਉਹ ਉਸ ਪੰਡਤ ਨਾਲ ਚਰਚਾ ਕਰਕੇ ਜਿੱਤਿਆ। ਉਸ ਸਾਖੀ ਦਾ ਭਾਵ ਲੈਕੇ ਕਵੀ ਜੀ ਨੇ ਦੋਹੇ ਵਿਚ ਗੁੰਦਿਆ ਹੈ।

### ੯. ਇਸ਼੍ਟ ਦੇਵ-ਸ੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸੈਯਾ: ਮਾਨਸ ਤੀਰ ਮਰਾਲ ਬਿਰਾਜਤਿ ਤਜੋਂ ਸਿਖ ਸ੍ਰੀ ਗੁਰ ਤੇਗ ਬਹਾਦਰ।
ਮਾਨਸ ਮੈਂ ਧਰਿ ਧ੍ਯਾਨ ਨਮੋ ਕਰਿ, ਰਾਖਬਿ ਧਰਮ ਬਿਸਾਲ ਬਹਾਦੁਰ।
ਮਾਨਸ ਦਾਹਿਨ ਜੇ ਬਿਧਿ ਦਾਹਿਨ, ਦਾਹਿਨ ਦੋਸ਼ਨ ਹੋਤਿ ਸੁ ਹਾਦਰ।
ਮਾਨ ਸਹੀ ਜਿਮ ਸੀਖ ਕਹੀ: ਸਤਿਨਾਮ ਭਜੋ ਮਿਲਿ ਸੰਤ ਮਹਾਦਰ ॥੯॥

ਮਾਨਸ = ਮਾਨ ਸਰੋਵਰ। ਮਰਾਲ = ਹੰਸ। ਮਾਨ ਸਰੋਵਰ ਤੇ ਹੰਸਾਂ ਦਾ ਨਿਵਾਸ ਮੰਨਿਆ ਹੈ, ਹੰਸ ਦਾ ਅਰਥ ਬ੍ਰਹਮ ਗਿਆਨੀ ਬੀ ਹੈ। ਇਸ ਵਿਚ ਭਾਵ ਹੈ ਕਿ ਗੁਰੂ ਜੀ ਮਾਨਸਰੋਵਰ ਹਨ ਤੇ ਪਾਸ ਗ੍ਯਾਤਗੇਯ ਸਿੱਖ ਹੰਸ ਰੂਪ ਰਹਿੰਦੇ ਹਨ।

ਮਾਨਸ = ਮਨ [ਸੰਸ: ਮਨਸੁ] ਨਮੋ ਕਰਿ = ਮੱਥਾ ਟੇਕ। ,

ਬਿਸਾਲ = ਬਹੁਤ। ਇਸ ਦੀ ਮੁਰਾਦ ਹੈ ਸੀਸ ਤਕ ਦੇ ਦੇਂਦੇ ਹਨ।

ਮਾਨਸ = ਮਨੁਖ। ਦਾਹਿਨ = ਸੱਜੇ ਪਾਸੇ, ਕਿਸੇ ਦੇ ਸੱਜੇ ਪਾਸੇ ਹੋਣ ਦੇ ਅਰਥ ਹਨ:-ਅਨਕੂਲ ਹੋਣਾ, ਸਹਾਯਕ ਹੋਣਾ, ਪੱਖੀ ਹੋਣਾ।

ਬਿਧਿ = ਬ੍ਰਹਮਾ। ਦਾਹਨਿ = ਸਾੜਨਾ, ਨਾਸ਼ ਕਰਨਾ, ਦਾਹੁਣਾ।

ਦੋਸ਼ਨ = ਦੋਖਾਂ ਨੂੰ। ਦੁਖਾਂ ਨੂੰ।

ਸੁਹਾਦਰ = ਸੁ+ਹਾਦਰ = ਭਲੀ ਪ੍ਰਕਾਰ ਹਾਜ਼ਰ [ਅ਼: ਹਾਜ਼ਰ। ]

ਮਾਨ ਸਹੀ = ਸਹੀ ਮੰਨਕੇ। ਦਰੁਸਤ ਮੰਨ ਕੇ [ਅ਼: ਸਹੀਹ। ]

ਮਹਾਦਰ = ਮਹਾਂ+ਦਰ = ਵਡਾ ਦਰਵਾਜਾ। ਸੰਤ ਮਹਾਂਦਰ ਤੋਂ ਮੁਰਾਦ ਹੈ ਸਤਿਸੰਗ ਦੀ।

ਅਰਥ: (ਜਿਵੇਂ) ਮਾਨਸਰੋਵਰ ਦੇ ਕੰਢੇ ਹੰਸ ਰਹਿੰਦੇ ਹਨ ਤਿਵੇਂ ਸ਼੍ਰੀ ਗੁਰੂ ਤੇਗ ਬਹਾਦਰ (ਜੀ ਦੇ ਪਾਸ ਹੰਸਾਂ ਵਾਂਙੂ ਗਿਆਤ ਗੇਯ) ਸਿੱਖ (ਰਹਿੰਦੇ ਹਨ),

(ਐਸੇ ਸਤਿਗੁਰੂ ਜੀ ਦਾ) ਮਨ ਵਿਚ ਧਿਆਨ ਧਰਕੇ ਨਮਸਕਾਰ ਕਰ ਜੋ ਧਰਮ ਦੀ ਰਖਿਆ ਕਰਨੇ ਵਿਚ ਬੜੇ ਹੀ ਬਹਾਦਰ (ਹੋਏ ਹਨ),

(ਫੇਰ ਉਨ੍ਹਾਂ ਦੇ ਪੱਖ ਦਾ ਪਰਲੋਕ ਵਿਚ ਇਹ ਅਸਰ ਹੈ ਕਿ ਜਿਨ੍ਹਾਂ) ਮਨੁਖਾਂ ਦੇ ਪੱਖੀ ਓਹ ਹੋਏ ਹਨ, ਬ੍ਰਹਮਾ ਉਨ੍ਹਾਂ ਦਾ ਪੱਖੀ ਹੋ ਗਿਆ ਹੈ (ਤੇ ਇਸ ਜਗਤ ਵਿਚ) ਦੋਖਾਂ ਦੇ ਨਾਸ਼ ਕਰਨ ਲਈ (ਜਿੱਥੇ ਸਿਮਰੋ) ਹਾਜ਼ਰ ਹੋ ਜਾਂਦੇ ਹਨ।

(ਸੋ) ਜਿਸ ਤਰ੍ਹਾਂ (ਉਨ੍ਹਾਂ ਨੇ) ਸਿੱਖਯਾ ਕਹੀ ਹੈ (ਉਸ ਨੂੰ) ਦਰੁਸਤ ਮੰਨੋ:-

'ਸਤਿਸੰਗ ਦੇ ਉਚੇ ਦਰ ਨੂੰ ਪ੍ਰਾਪਤ ਹੋਕੇ ਸਤਿਨਾਮ ਦਾ ਭਜਨ ਕਰੋ।'

ਭਾਵ: ਕਵਿ ਜੀ ਨੇ ਸਤਿਗੁਰ ਦੇ ਗਿਆਨ ਦਾਤਾ, ਧਰਮ ਦੇ ਰੱਖਯਕ, ਲੋਕ ਪ੍ਰਲੋਕ ਦੇ ਸਹਾਯਕ ਹੋਣ ਦਾ ਜਸ ਕਥਨ ਕਰਦੇ ਹੋਏ ਚੌਥੀ ਤੁਕ ਵਿਚ ਇਸ ਸ਼੍ਰੀ ਮੁਖ ਵਾਕ ਦਾ ਭਾਵ ਕਿਹਾ ਹੈ:-

ਯਥਾ: 'ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥'

ਤਥਾ: 'ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ' ॥ [ਸੋਰਠ ਮਃ ੯]

ਇਸ ਵਿਚ ਆਪਦੇ ਸੀਸ ਦੇਣ ਦੇ ਸਾਕੇ ਵਲ, ਭਾਈ ਮਤੀ ਰਾਮ ਭਾਈ ਦਯਾਲਾ ਵਰਗੇ ਪਰਮਹੰਸ ਪੈਦਾ ਕਰਨ ਵਲ, ਮੱਖਣ ਸ਼ਾਹ ਨੂੰ ਸਹਾਇਤਾ ਦੇਣ ਤੋਂ ਉਪਜੀ ਸਿਫਤ ਸਲਾਹ ਦਾ ਬੀ ਰੰਗ ਹੈ।

## ੧੦. ਇਸ਼੍ਰ ਦੇਵ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਚੌਪਈ: ਵਾਰਾ ਤੁਰਕਨ ਤੇਜ ਅਪਾਰਾ।
ਪਾਰਾ ਧਰਮ ਹਿੰਦ ਵਿਸਤਾਰਾ।
ਤਾਰਾ ਦਾਸ ਬਿਰਦ ਸੰਭਾਰਾ।
ਭਾਰਾ ਜਸ ਕਲਗੀਧਰ ਵਾਰਾ ॥੧੦॥

ਵਾਰਾ = ਹਟਾਉਣਾ, ਦੂਰ ਕਰਨਾ। [ਸੰਸ: ਵਾਰਣ = ਰੋਕਣਾ, ਰੱਖਯਾ ਕਰਨੀ, ਦੂਰ ਕਰਨਾ। ਪਰੇ ਹਟਾਉਣਾ ਜਿਵੇਂ ਕਿਸੇ ਦੇ ਉੱਲਰੇ ਘਸੁੰਨ ਨੂੰ]

ਪਾਰਾ = ਪਾਲਿਆ, ਪ੍ਰਤਿਪਾਲਾ ਕੀਤੀ।

ਬਿਸਤਾਰਾ = ਫੈਲਿਆ, ਜੋ ਦਿਨੋਂ ਦਿਨ ਘਟ ਰਹੀ ਸੀ ਉਸ ਦੀ ਪ੍ਰਤਿਪਾਲਾ ਕੀਤੀ ਤਾਂ ਉਹ ਫੈਲਿਆ।

ਤਾਰਾ = ਤਾਰਿਆ। ਨਿਸਤਾਰਾ ਕੀਤਾ। ਵਾਰਾ = ਵਾਲਾ, ਦਾ।

ਅਰਥ: (ਜਿਸ ਸਤਿਗੁਰ ਨੇ) ਤੁਰਕਾਂ ਦੇ ਅਪਾਰ ਤੇਜ ਨੂੰ ਦੂਰ ਕੀਤਾ, ਹਿੰਦ ਧਰਮ ਨੂੰ ਪਾਲਿਆ (ਤੇ ਉਸਦਾ) ਵਾਧਾ ਕੀਤਾ, (ਅਤੇ) ਦਾਸ (ਪਾਲਨ) ਬਿਰਦ ਨੂੰ ਸੰਭਾਲਿਆ ਤੇ (ਦਾਸਾਂ ਦਾ) ਨਿਸਤਾਰਾ ਕੀਤਾ, (ਉਸ) ਕਲਗੀਧਰ ਜੀ ਦਾ ਜਸ ਬਹੁਤ ਭਾਰਾ ਹੈ।

ਹੋਰ ਅਰਥ: ੨ ਤੁਕ-(ਸਤ) ਧਰਮ ਨੂੰ ਪ੍ਰਤਿਪਾਲਿਆ ਤੇ ਹਿੰਦੁਸਤਾਨ ਨੂੰ (ਜੋ ਜ਼ੁਲਮ ਹੇਠ ਮੁਰਝਾ ਰਿਹਾ ਸੀ, ਲਹਿਲਹੇ ਬ੍ਰਿੱਛ ਵਾਂਙ) ਫੈਲਾਇਆ।

੩. ਤੁਕ-ਆਪਣਾ ਬਿਰਦ ਸੰਭਾਲ ਕੇ ਦਾਸਾਂ ਨੂੰ ਤਾਰਿਆ।

### ੧੧. ਇਸ਼੍ਟ ਦੇਵ-ਸ਼੍ਰੀ ਗੁਰੂ ਗ੍ਰੰਥ ਜੀ-ਮੰਗਲ।

ਹਾਨੀ ਗਨ ਬਿਘਨਹੁਂ ਸੁਖਦਾਨੀ।
ਦਾਨੀ ਜਿਸਹਿ ਸਰਾਹਿਂ ਸਮਾਨੀ।
ਮਾਨੀ ਤੀਨ ਲੋਕ ਸਰਬਾਨੀ।
ਬਾਨੀ ਸਿਮਰ ਸੁਮੱਤਿ ਮਹਾਨੀ ॥੧੧॥

ਗਨ = ਸਾਰੇ। ਬਿਘਨਹੁਂ = ਵਿਘਨਾਂ ਦੀ।
ਦਾਨੀ = ਦਾਨਾ ਲੋਕ, ਵਿਦ੍ਵਾਨ ਤੇ ਪੰਡਤ ਲੋਕ। [ਫਾ: ਦਾਨਾ]
ਸਰਾਹਿਂ = ਸਲਾਹੁਤ ਕਰਦੇ ਹਨ। [ਅ਼: ਸਲਾਹ = ਸਿਫਤ]
ਸਮਾਨੀ = ਸਹਿਤ ਮਾਨ ਦੇ।
ਮਾਨੀ = ਮੰਨੀ ਗਈ, ਤਸਲੀਮ ਕੀਤੀ ਗਈ।
ਸਰਬਾਨੀ = ਸਰਬ ਤੋਂ, ਸਾਰਿਆਂ ਤੋਂ।
ਬਾਨੀ = ਬਾਣੀ। ਸਮੁੱਤਿ = ਸ੍ਰੇਸ਼ਟ ਬੁੱਧੀ। ਬੁਧੀਆਂ ਵਿਚੋਂ ਸ੍ਰੇਸ਼ਟ ਬੁੱਧੀ ਆਤਮ ਵਿਸ਼ੈਣੀ ਬੁੱਧੀ ਹੈ, ਜੋ ਇਸ ਦਾ ਭਾਵ ਹੈ।
ਮਹਾਨੀ = ਬਹੁਤ ਵਡੀ। ਗੁਰ। ਮਹਾਨੀ+ਬਾਨੀ = ਗੁਰਬਾਣੀ।

ਅਰਥ: (ਜੋ) ਸਾਰੇ ਵਿਘਨਾਂ ਦੀ ਨਾਸ਼ ਕਰਨ ਵਾਲੀ ਤੇ ਸੁੱਖਾਂ ਦੀ ਦਾਤੀ ਹੈ, ਦਾਨੇ (ਲੋਕ ਬੀ) ਜਿਸ ਦੀ ਸਤਿਕਾਰ ਸਹਿਤ ਸਲਾਹੁਤ ਕਰਦੇ ਹਨ, (ਜੋ) ਤਿੰਨਾਂ ਲੋਕਾਂ ਵਿਚ ਸਰਬ ਤੋਂ (ਪ੍ਰਮਾਣੀਕ) ਮੰਨੀ ਗਈ ਹੈ, ਉਸ ਗੁਰਬਾਣੀ ਦਾ ਪਾਠ ਕਰ, (ਉਹ) ਆਤਮ ਵਿਸ਼ੈਣੀ ਬੁੱਧੀ ਦੀ ਵਡੀ (ਦਾਤਾਰ) ਹੈ।

ਹੋਰ ਅਰਥ: ੪ ਤੁਕ-ਮਹਾਨੀ ਬਾਣੀ ਸਿਮਰ, ਸੁਮਤਿ ਅਰਥਾਤ ਗੁਰਬਾਣੀ ਪੜ੍ਹ ਜੋ (ਤੇਰੀ) ਮਤ ਸ੍ਰੇਸ਼ਟ (ਹੋ ਜਾਵੇ)।

ਭਾਵ: ਉਪਰਲੀਆਂ ਸਾਰੀਆਂ ਸਿਫਤਾਂ ਤੋਂ ਇਥੇ ਬਾਣੀ ਦਾ ਭਾਵ ਗੁਰਬਾਣੀ ਹੈ। ਬਾਣੀ ਦਾ ਅਰਥ 'ਸ਼ਾਰਦਾ' ਬੀ ਲਾਉਂਦੇ ਹਨ, ਪਰ ਸ਼ਾਰਦਾ ਦਾ ਜ਼ਿਕਰ ਇਸ ਤੋਂ ਅਗਲੇ ਛੰਦ ਵਿਚ ਆਉਂਦਾ ਹੈ। ਮੰਗਲਾਂ ਦੇ ਇਸ ਅੰਸੂ ਵਿਚ ਇੱਕੋ ਇੱਕ ਛੰਦ ਇੱਕੋ ਇੱਕ ਸਰੂਪ ਵਾਸਤੇ ਆਯਾ ਹੈ, ਉਸ ਮੂਜਬ ਬੀ ਇਹ ਗੁਰਬਾਣੀ ਦੀ ਸਲਾਹੁਤਾ ਦਾ ਛੰਦ ਸਹੀ ਹੁੰਦਾ ਹੈ। ਕਵਿ ਜੀ ਗੁਰਬਾਣੀ ਨੂੰ ਗੁਰੂ ਰੂਪ ਮੰਨਦੇ ਹਨ ਤੇ ਮੰਗਲ ਕਈ ਵੇਰ ਕਰਦੇ ਹਨ। ਦੇਖੋ ਸ੍ਰੀ ਗੁ: ਨਾ: ਪ੍ਰ: ਪੂ: ਅੱਧਯਾ: ੨੪, ਯਥਾ:

ਕਬਿੱਤ: ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ
ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।
ਕਿਧੌਂ ਯਹਿ ਹੰਸਨੀ ਸੀ ਮਾਨਸ ਵਤੰਸਨੀ ਹੈ,
ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ,
ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਜਾਨੀ, ਗਜਾਨ ਕੀ ਜਨਨਿ ਜਾਨੀ,

ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ।

## ੧੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਚੌਪਈ: ਸਾਰਦ ਬਰਦਾ ਸੁਮਤਿ ਬਿਸਾਰਦ।
ਸਾਰਦ ਚੰਦ ਬਦਨ ਤੇ ਭਾ ਰਦ।
ਪਾਰਦ ਬਰਨੀ ਤਨ ਦੁਤਿ ਨਾਰਦ।
ਦਾਰਿਦ ਹਰਿਤਾ ਦਾਸਨਿ ਸਾਰਦ ॥੧੨॥

ਸਾਰਦ = ਸਾਰਦਾ-ਸਰਸ੍ਵਤੀ। ਬਰਦਾ = ਵਰਦਾਤੀ।

ਬਿਸਾਰਦ-ਚਤੁਰ (ਅ) ਪ੍ਰਸਿੱਧ, ਮਸ਼ਹੂਰ। [ਸੰਸ: ਵਿਸ਼ਾਰਦ]

ਸਾਰਦ = ਅੱਸੂ ਕੱਤੇਂ ਦੀ ਰੁੱਤ। [ਸੰਸ: ਸ਼ਾਰਦ = ਸਰਦ ਰੁੱਤ।

ਸ਼ਾਰਦੀ = ਕੱਤੇਂ ਦੀ ਪੁੰਨਿਆਂ] ਬਦਨ = ਮੂੰਹ।

ਭਾਰਦ = ਭਾ+ਰਦ = ਸੋਭਾ ਨੂੰ ਰੱਦ ਕਰ ਦੇਂਦਾ ਹੈ। ਭਾਵ (ਚੰਦ ਦੀ) ਸ਼ੋਭਾ ਨੂੰ ਮਾਤ ਕਰਦਾ ਹੈ। [ਸੰਸ: ਭਾ = ਸ਼ੋਭਾ+ਰਦ੍ = ਕਟਣਾ। ] (ਅ) ਚੰਦ ਤਾਰਿਆਂ (ਵਰਗੇ ਹਨ) [ਸੰਸ: ਭਾ = ਤਾਰਾ+ਰਦ = ਚੰਦ*]

ਪਾਰਦ = ਪਾਰਾ। ਪਾਰੇ ਦੇ ਰੰਗ ਤੋਂ ਚਿੱਟਾਪਨ ਤੇ ਲੁਸਲੁਸ ਕਰਨਾ ਪ੍ਰਗਟ ਹੈ।

ਬਰਨੀ = ਰੰਗ ਦੀ। ਦੁਤਿ = ਕ੍ਰਾਂਤਿ, ਖੂਬਸੂਰਤੀ।

ਨਾਰਦ = ਇੱਕ ਮੁਨੀ ਦਾ ਨਾਮ, ਜਿਸ ਦਾ ਰੰਗ ਚਿੱਟਾ ਸੀ। (ਅ) ਜੋ ਮਨੁੱਖਾਂ ਨੂੰ ਸਿੱਖਯਾ ਦੇਵੇ [ਸੰਸ: ਨਾਰ+ਦ = ਮਨੁੱਖਾਂ ਨੂੰ ਦੇਣ ਵਾਲਾ (ਸਿੱਖਯਾ) ] ਦਾਰਿਦ = ਦਰਿੱਦ੍ਰ।

ਸਾਰਦ = ਸ੍ਰੇਸ਼ਟਤਾ ਦੀ ਦਾਤੀ [ਸੰਸ: ਸਾਰ+ਦ। ਸਾਰ = ਸ੍ਰੇਸ਼ਟਤਾਈ, ਵਿੱਦਯਾ ਵਿੱਗਯਾਨ ਦਾ ਤੱਤ, ਬਲ ਬੀਰਤਾ ਆਦਿ, ਦਾ = ਦਾਤੀ। ]

ਅਰਥ: ਚੰਗੀ ਬੁੱਧੀ ਦੇ ਵਰ ਦਾਨ ਦੇਣ ਵਿਚ ਸਰਸ੍ਵਤੀ ਪ੍ਰਸਿੱਧ ਹੈ, ਮੂੰਹ (ਜਿਸ ਦਾ ਇੰਨਾ ਸੁਹਣਾ ਹੈ ਕਿ) ਸਰਦ ਰੁਤ ਦੇ ਚੰਦ੍ਰਮਾ ਦੀ ਸ਼ੋਭਾ ਨੂੰ ਮਾਤ ਕਰ ਦੇਂਦਾ ਹੈ, ਰੰਗ ਜਿਸ ਦਾ ਪਾਰੇ ਵਰਗਾ (ਚਿੱਟਾ ਤੇ ਲੁਸ ਲੁਸ ਕਰਦਾ) ਹੈ (ਤੇ ਜਿਸ ਦੇ) ਤਨ ਦੀ ਦੁਤੀ ਨਾਰਦ (ਵਰਗੀ ਕੁਸ਼ਲ ਹੈ, ਜੋ) ਦਾਸਾਂ ਦੇ ਦਰਿੱਦ੍ਰ ਦੂਰ ਕਰਨ ਵਾਲੀ ਤੇ ਸ੍ਰੇਸ਼ਟਤਾ ਦੀ ਦਾਤੀ ਹੈ।

ਹੋਰ ਅਰਥ: ੨ ਤੁਕ-ਮੁਖ ਹੈ (ਜਿਸ ਦਾ) ਸਰਦ ਰੁਤ ਦੇ ਚੰਦ (ਵਾਂਙ) ਤੇ ਦੰਦ ਹਨ (ਜਿਸ ਦੇ) ਤਾਰਿਆਂ (ਵਰਗੇ ਚਿੱਟੇ ਤੇ ਚਮਕਦੇ)।

[ਬਿਨਯ]

ਦੋਹਰਾ: ਕਰਿ ਸਭਿਹਿਨਿ ਪਦ ਬੰਦਨਾਂ, ਧਰ ਪਰ ਧਰਿ ਕਰਿ ਸੀਸ।
ਰਚੌਂ ਕਥਾ ਸਤਿਗੁਰੂ ਕੀ, ਬਿਘਨ ਹਰਹੁ ਜਗਦੀਸ਼ ॥੧੩॥
ਸ੍ਰੀ ਨਾਨਕ ਅੰਗਦ ਗੁਰੂ, ਅਮਰ ਦਾਸ ਬਿਰਤਾਂਤ।
ਰਚਜੋ ਛੰਦ ਸੁੰਦਰ ਬਿਖੈ, ਸੁਨਜੋਂ ਪਠਜੋ ਜਿਸ ਭਾਂਤਿ ॥੧੪॥
ਤੀਨ ਗੁਰਨਿ ਕੀ ਕਥਾ ਰਚਿ, ਅਹੈ ਜਥਾ ਮਤਿ ਮੋਹਿ।
ਅਬ ਚਤੁਰਥ ਅਵਤਾਰ ਕੀ, ਕਰਿਹੌਂ ਜਿਸ ਬਿਧਿ ਹੋਹਿ ॥੧੫॥
ਸਭਿ ਸੰਤਨਿ ਆਗੈ ਕਰੌਂ, ਬਿਨਤੀ ਗਿਨਤੀ ਛੋਰਿ।
ਛੋਰ ਕਥਾ ਹੁਇ ਅੰਤ ਲੌ, ਬੰਦੌਂ ਜੁਗ ਕਰ ਜੋਰ ॥੧੬॥

ਛੰਦਬਿਖੈ = ਕਵਿਤਾ ਵਿੱਚ (ਅ) ਛੰਦਾਂ ਵਿੱਚ। ਛੋਰਿ = ਛੋੜਕੇ, ਛੱਡਕੇ।

ਛੋਰ = ਸੰਪੂਰਨ। (ਅ) ਛੋਰ = ਕਿਸੇ ਅਰਸ਼ਾਂ ਦੀ ਵਜਕਤੀ ਦੇ ਕੌਤਕਾਂ ਨੂੰ ਕਿਸੇ ਖੂਬਸੂਰਤੀ ਨਾਲ ਕਾਵਜ ਵਿੱਚ ਵਰਣਨ ਕਰਨਾ ਯਾ ਰੰਗ ਭੂਮੀ ਤੇ ਨਾਟ ਕਰਨਾ। [ਸੰਸ: ਸ਼ੌਰ੍ਯਜ]

ਅਰਥ: ਧਰਤੀ ਉਤੇ ਸੀਸ ਧਰਕੇ (ਉੱਪਰ ਕਹੇ) ਸਾਰਿਆਂ ਦੇ ਚਰਣਾਂ ਉਤੇ ਮੱਥਾ ਟੇਕਕੇ ਮੈਂ ਸਤਿਗੁਰੂ ਜੀ ਦੀ ਕਥਾ ਰਚਦਾ ਹਾਂ। (ਹੇ) ਜਗਤ ਦੇ ਮਾਲਕ (ਵਾਹਿਗੁਰੂ!) ਮੇਰੇ (ਸਾਰੇ) ਵਿਘਨਾਂ ਨੂੰ ਦੂਰ ਕਰੋ। ੧੩। ਸ਼੍ਰੀ (ਗੁਰੂ) ਨਾਨਕ (ਦੇਵ ਸ਼੍ਰੀ ਗੁਰੂ) ਅੰਗਦ (ਦੇਵ ਸ਼੍ਰੀ) ਗੁਰੂ ਅਮਰਦਾਸ (ਜੀ ਦਾ) ਬਿਰਤਾਂਤ ਸੁਹਣੀ ਕਵਿਤਾ ਵਿਚ ਜਿਸ ਪ੍ਰਕਾਰ ਮੈਂ ਸੁਣਿਆਂ ਤੇ ਪੜ੍ਹਿਆ ਸੀ ਲਿਖਿਆ ਹੈ। ੧੪। (ਸੌ) ਤਿੰਨਾਂ ਗੁਰੂ ਸਾਹਿਬਾਂ ਦੀ ਕਥਾ, ਜੇਹੀ ਕਿ ਮੇਰੀ ਮਤਿ ਹੈ, (ਉਸ ਅਨੁਸਾਰ) ਰਚਕੇ ਹੁਣ ਜਿਵੇਂ (ਚੰਗੇ) ਤਰੀਕੇ ਨਾਲ ਬਣ ਪਿਆ ਚੌਥੇ ਅਵਤਾਰ ਦੀ ਕਥਾ (ਵਰਣਨ) ਕਰਦਾ ਹਾਂ। ੧੫। (ਹੁਣ ਸਾਰੀਆਂ) ਸੋਚਾਂ ਛਡਕੇ ਸਾਰੇ ਸੰਤਾਂ ਅਗੇ ਦੋਇ ਹੱਥ ਜੋੜਕੇ ਮੱਥਾ ਟੇਕਦਾ ਤੇ ਬੇਨਤੀ ਕਰਦਾ ਹਾਂ ਕਿ ਇਹ ਅਰਸ਼ੀ ਵਜਕਤੀਆਂ ਦੀ ਕਥਾ ਅੰਤ ਤਕ ਸੰਪੂਰਣ ਹੋਵੇ ॥ ੧੬ ॥

[ਮੰਗਲ ਸਮਾਪਤ, ਚੌਥੇ ਗੁਰਾਂ ਦੀ ਕਥਾ ਦਾ ਅਰੰਭ]

ਨਰਾਜ ਛੰਦ:

ਸੁ ਰਾਮ ਰਾਮ ਨਾਮ ਮੈਂ ਅਭੇਦਤਾ ਲਖਾਇਯੇ[1]।
ਤਥਾ ਸਰੂਪ ਏਕ ਹੈ, ਸੰਦੇਹ ਨਾ ਉਠਾਇਯੇ।
ਮਹੀਪ ਰੂਪ ਹੋਨ ਤੇ, ਸੁ[1] 'ਚੰਦ' ਸੰਗ ਭਾਖਿਯੇ।
ਜਨਾਵਤਾਰ[1] ਏ ਭਏ, ਤੁ 'ਦਾਸ' ਨਾਮ ਆਖਿਯੇ ॥ ੧੭ ॥

[1]ਰਾਮ (ਦਾਸ ਤੇ) ਰਾਮ (ਚੰਦ ਪਦਾਂ) ਵਿਚ ਸੁਹਣੀ ਅਭੇਦਤਾ ਸਮਝੋ।

[1]ਉਸ ਨਾਲ।

[1]ਭਗਤੀ ਦੇ ਅਵਤਾਰ।

ਸੋਰਠਾ:

ਭਗਤਿ ਦੇਹਿ ਅਵਤਾਰ[1], ਯਾਂ ਤੇ ਰਾਮ ਸੁ ਦਾਸ ਕਹਿ।
ਰਾਜਾ ਰਾਮ ਉਦਾਰ, ਰਾਮਚੰਦ ਕਹਿਬੋ ਬਨੈ[†] ॥ ੧੮ ॥

[1]ਭਗਤੀ ਨੇ ਦੇਹ ਵਿਚ ਅਵਤਾਰ ਲਿਆ।

[†]ਕਵਿ ਦਾ ਮਤਲਬ ਇਹ ਜਾਪਦਾ ਹੈ ਕਿ 'ਦਾਸ' ਪਦ ਗੁਰੂ ਜੀ ਦੇ ਨਾਮ ਨਾਲ ਹੋਣ ਕਰਕੇ ਕੋਈ ਉਨ੍ਹਾਂ ਨੂੰ ਰਾਮਚੰਦ ਦਾ ਦਾਸ ਨਾ ਸਮਝੇ, ਓਹ ਆਪ ਪੂਰਨ ਅਵਤਾਰ ਹਨ। ਕਿਉਂਕਿ ਆਪ ਭਗਤੀ ਦਾ ਅਵਤਾਰ ਹੋਏ ਹਨ ਇਸ ਕਰਕੇ ਆਪਣੇ ਆਪ ਨੂੰ (ਰਾਮ =) ਵਜਾਪਕ ਵਾਹਿਗੁਰੂ ਦਾ ਦਾਸ ਪ੍ਰਗਟ ਕਰਦੇ ਰਹੇ ਹਨ।

ਚੌਪਈ:

ਸ੍ਰੀ ਗੁਰ ਅਮਰਦਾਸ ਕੇ ਪਾਛੇ।
ਸੋਢੀ ਬੰਸ ਬਿਭੂਖਨ ਆਛੇ।
ਸਿੰਘਾਸਨ ਬੈਠੇ ਗੁਰ ਪੂਰੇ।

ਮਾਯਾ ਤੇ ਅਲੇਪ ਗੁਨ ਰੂਰੇ ॥੧੯॥
ਗੁਰਤਾ ਰਥ ਅਰੂਢਬੋ ਕਰੇ।
ਚੌਥੋ ਸੂਰਜ ਜਨੁ ਨਭ ਚਰੇ[1]। [1]ਚੜ੍ਹਿਆ।
ਅਜ਼ਮਤ ਜੁਤਿ ਅਨੇਕ ਸਿਖ ਉਡਗਨ।
ਸਭਿ ਮਹਿਂ ਸ਼ੋਭਤਿ ਪੂਰਨ ਸਸਿ ਜਨੁ[1] ॥੨੦॥ [1]ਮਾਨੋਂ ਚੰਦ੍ਰਮਾਂ (ਸ਼੍ਰੀ ਗੁਰੂ ਜੀ)।
ਜਹਿਂ ਕਹਿਂ ਤੇ ਸੁਨਿ ਸੁਨਿ ਸਿਖ ਆਏ।
-ਸ਼੍ਰੀ ਗੁਰ ਅਮਰ- ਇਹੀ ਲਖਿ ਪਾਏ।
ਸ਼੍ਰੀ ਨਾਨਕ ਕੀ ਜੋਤਿ ਬਿਸਾਲਾ।
ਇਨ ਮਹਿਂ ਦਿਪਤਿ[1] ਜਾਨ ਤਿਸ ਕਾਲਾ ॥੨੧॥ [1]ਪ੍ਰਕਾਸ਼ ਕਰ ਰਹੀ ਹੈ।
ਧਰਿ ਧਰਿ ਸਭਿਨਿ ਉਪਾਇਨ ਬੰਦੇ।
ਦੇਖਿ ਸਰੂਪ ਸੁਭਾਉ ਅਨੰਦੇ।
ਤ੍ਰੈ ਦਿਨ ਬਿਤੇ ਜਾਨਿ ਸਮੁਦਾਈ।
ਜਹਿਂ ਸਸਕਾਰ ਗਏ ਤਿਸ ਥਾਈਂ ॥੨੨॥
ਸਤਿਗੁਰ ਰਾਮਦਾਸ ਹੁਇ ਖਰੇ।
ਕਮਲ ਬਿਲੋਚਨ ਜਲ ਸੋਂ ਭਰੇ।
ਸੰਗ ਮੋਹਰੀ ਸ਼ੋਕ ਉਪਾਵਤਿ।
ਮੋਹਨ ਆਦਿਕ ਸੀਸ ਨਿਵਾਵਤਿ ॥੨੩॥
ਬ੍ਰਿਧ ਨੇ ਸਭਿ ਸੋਂ ਬਾਕ ਉਚਾਰਾ।
'ਕਹਜੋ ਗੁਰੂ ਕੋ ਕਜੋਂ ਨ ਚਿਤਾਰਾ।
-ਮੇਰੋ ਸ਼ੋਕ ਨ ਕਰਹੁ ਕਦਾਈਂ।
ਸਿਮਰਹੁ ਹਰਿ ਹਰਿ ਅਨੰਦ ਉਪਾਈ- ॥੨੪॥
ਉਲੰਘਨਿ ਜੋਗ ਨ ਬਾਕ ਤਿਨ੍ਹੋ ਕਾ।
ਯਾਂ ਤੇ ਕਰਹੁ ਨ ਕਬਿ ਮਿਲਿ ਸ਼ੋਕਾ।'
ਸੁਨਿ ਬ੍ਰਿਧ ਕੇਰ ਉਚਿਤ ਸ਼ੁਭ ਬੈਨਾ।
ਰੋਕਜੋ ਜਲ ਕੋ ਨਿਜ ਨਿਜ ਨੈਨਾ ॥੨੫॥
ਬੀਨਿ ਬੀਨਿ ਕਰਿ ਅਸਥਿ ਸਕੇਲੇ[1]। [1]ਚੁਣ ਚੁਣ ਕੇ ਫੁੱਲ ਇਕੱਠੇ ਕੀਤੇ।
ਸੁੰਦਰ ਬਸਤ੍ਰ ਬਿਖੈ ਸਭਿ ਮੇਲੇ।

ਸੁਰਸਰਿ ਕੋ ਤਤਛਿਨ ਪਹੁੰਚਾਏ।
ਸਾਵਣ ਮਲ ਤਿਨ ਸੰਗ ਸਿਧਾਏ ॥੨੬॥
ਜਗਤ ਮ੍ਰਿਜਾਦ† ਹੇਤ‡ ਕ੍ਰਿਤ ਸਾਰੀ।
ਜਥਾ ਜੋਗ ਕੀਨਸਿ ਹਿਤ ਕਾਰੀ।
ਬੈਠਹਿਂ ਸਕਲ ਬਾਵਲੀ ਤੀਰ।
ਆਵਹਿ ਨਿਤ ਸੰਗਤਿ ਕੀ ਭੀਰ ॥੨੭॥
ਗਾਵਹਿਂ ਸ਼ਬਦ ਰਬਾਬੀ ਰਾਗ।
ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬਿ ਹੋਵਤਿ ਭੋਰ।
ਆਵਹਿਂ ਸਿੱਖ ਕਰਹਿਂ ਬਹੁ ਜੋਰ[1]† ॥੨੮॥
ਤਿਸੀ ਪ੍ਰਕਾਰ ਦੇਗ ਨਿਤਿ ਹੋਇ।
ਮਿਲਹਿਂ ਹਜ਼ਾਰਹੁਂ ਅਚਵਹਿਂ ਸੋਇ।
ਤ੍ਰਯੋਦਸ਼ ਦਿਵਸ ਬਿਤੀਤੇ ਜਬੈ।
ਭੋਜਨ ਕਰਯੋ ਅਨਿਕ ਬਿਧਿ ਤਬੈ ॥੨੯॥
ਗੋਇੰਦਵਾਲ ਮੇਲ ਬਹੁ ਹੋਵਾ।
ਸਭਿਹਿਨਿ ਰਾਮਦਾਸ ਗੁਰ ਜੋਵਾ।
ਸਕਲ ਬੇਖ ਸਾਧੂ ਸਮੁਦਾਏ।
ਕਰਨਿ ਅਹਾਰ ਮੇਲ ਕਰਿ ਆਏ ॥੩੦॥
ਬਖਸ਼ਿਸ਼ ਭਈ ਮੰਜੀਆਂ ਜੇਤਿਕ।
ਲੇ ਅਕੋਰ ਕੋ ਪਹੁੰਚੇ ਤੇਤਿਕ।
ਸ਼੍ਰੀ ਗੁਰ ਰਾਮਦਾਸ ਕੇ ਆਗੇ।
ਅਰਪਿ ਅਰਪਿ ਕਰਿ ਪਾਇਨ[1] ਲਾਗੇ ॥੩੧॥
ਜਿਸ ਕੋ ਆਪ ਗਏ ਕਰਿ ਟੀਕਾ।

†ਦੂਸਰੀ ਪਾਤਸ਼ਾਹੀ ਨੇ ਅਪਨੀ ਜਗਤ ਮਿਰਯਾਦਾ ਬੰਦ ਕੀਤੀ ਸੀ, ਦੇਖੋ ਰਾਸ ੧ ਅੰਸੂ ੨੮ ਅੰਕ ੧੧ ਤੋਂ ਅੱਗੇ- 'ਜਗ ਅਰ ਕੁਲ ਕੇ ਜਿਤਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤ ਪਠਿ ਸੁਨਿ ਨਾਮ ਸਿਮਰਨਾ।' ਇਹ ਕਦੇ ਹੋ ਨਹੀਂ ਸਕਦਾ ਕਿ ਹੁਣ ਤੀਸਰੀ ਪਾਤਸ਼ਾਹੀ ਵੇਲੇ ਮਿਰਯਾਦਾ ਬਦਲੀ ਗਈ ਹੋਵੇ। ਗੁਰਮਤ ਜੋ ਗੁਰੂ ਅੰਗਦ ਜੀ ਨੇ ਥਾਪੀ, ਗੁਰੂ ਅਮਰਦਾਸ ਜੀ ਦੇ ਸਮੇਂ ਉਸੇ ਤੇ ਚਲਣਾ ਹੀ ਗੁਰਸਿੱਖੀ ਸੀ। ਤੀਸਰੇ ਸਤਿਗੁਰਾਂ ਦੀ ਬਾਣੀ ਇਨ੍ਹਾਂ ਕਰਮਾਂ ਨੂੰ ਮਨ੍ਹੇਂ ਕਰਦੀ ਹੈ। ‡ਪਾ:-ਹੇਰਿ।

[1]ਜੋੜ ਮੇਲ। †ਪਾ:-ਜੋੜਿ।

[1]ਚਰਨੀਂ।

ਕੌਨ ਹਟਾਇ ਸਕੈ ਤਿਨ ਲੀਕਾ[1]।
ਮੋਹਨ ਅਪਰ ਮੋਹਰੀ ਦੁਵਾ।
ਤਿਨ ਦਿਸ਼ ਦੇਖਿ ਦੀਨ ਮਨ ਹੂਵਾ[1] ॥੩੨॥
ਅਪਰ ਸਬੰਧਿਨਿ ਕੀ ਲਖਿ ਚਾਲੀ।
ਮਨੁ ਜਿਨ ਕੇ ਖਟਪਟੀ ਬਿਸਾਲੀ।
ਸ਼੍ਰੀ ਗੁਰ ਰਾਮਦਾਸ ਮਹਾਂਰਾਜਾ।
ਮਹਦ ਬਿਲੋਚਨ ਲਾਜ ਜਹਾਜਾ[1] ॥੩੩॥
ਬਹੁ ਕੋਮਲ ਜਿਨ ਸਰਲ ਸੁਭਾਉ।
ਨਹਿਂ ਪਿਖਿ ਸਕੈਂ ਭੰਗ ਮਨ ਕਾਊ[1]।
ਰਿਦੈ ਬਿਚਾਰਹਿਂ ਅਨਿਕ ਉਪਾਊ।
-ਕਿਮ ਹਮ ਕਰਹਿਂ? ਨ ਦੇਖਿ ਸਕਾਊ[1]- ॥੩੪॥
ਅਪਰ ਬਾਰਤਾ ਅਨਬਨ ਜਾਨੀ।
ਭਏ ਪ੍ਰਵੇਸ਼ ਸਦਨ ਗੁਨ ਖਾਨੀ।
ਰਹੇ ਇਕਾਂਕੀ ਬੈਠਿ ਗੁਸਾਈਂ।
ਅੰਤਰ ਬ੍ਰਿਤੀ ਰਹੇ[†] ਸੁਖ ਪਾਈ ॥੩੫॥
ਵਹਿਰ ਨਿਕਸ ਕਰਿ ਨਾਹਿਂਨ ਬੈਠਹਿਂ।
ਸਿਖ ਸੰਗਤ ਜਹਿਂ ਸਕਲ ਇਕੈਠਹਿ[1]।
ਸ਼੍ਰੀ ਗੁਰ ਅਮਰਦਾਸ ਪਦ ਪ੍ਰੇਮ।
ਉਮਗਹਿ ਰਿਦਾ ਬਹੈ ਸਭਿ ਨੇਮ[1] ॥੩੬॥
ਜਹਿਂ ਬੈਠੇ ਤਹਿਂ ਬੈਠੇ ਰਹੈਂ।
ਜਿਤ ਦੇਖਤਿ ਤਿਤ ਦਿਸ਼ ਕੋ ਲਹੈਂ[1†]।
ਠਾਂਢੇ ਰਹਹਿਂ ਕਿ ਪੌਢਹਿਂ ਕਬੈ।
ਕਿਤਿਕ ਕਾਲ ਥਿਰਤਾ ਗਹਿਂ[1†] ਤਬੈ ॥੩੭॥
ਪ੍ਰਿਥੀਆ, ਮਹਾਦੇਵ, ਸ਼੍ਰੀ ਅਰਜਨ।
ਬੰਦਹਿਂ ਚਰਨ ਬੁਲਾਵਹਿਂ ਤਿਸ ਛਿਨ।
ਦੇ ਧੀਰਜ ਤਿਨ ਬੋਲਹਿਂ ਥੋਰਾ।
ਬੈਠੇ ਰਹੈਂ, ਪਰਹਿਂ, ਇਕ ਠੌਰਾ ॥੩੮॥
ਮਤਿ ਗਤਿ ਭਈ ਅਪਰ ਬਿਧ ਸਾਰੀ[1]।

[1]ਮਿਰਯਾਦਾ।
[1]ਦੇਖਿਆ (ਸ਼੍ਰੀ ਗੁਰੂ ਜੀ ਨੇ) ਕਿ ਦੁਖੀ ਮਨ ਹੋਇਆ ਹੈ (ਬਾਬੇ ਮੋਹਨ ਤੇ ਬਾਬੇ ਮੋਹਰੀ ਜੀ ਦਾ)।
[1]ਭਾਵ, ਜਿਨ੍ਹਾਂ ਦੇ ਨੇਤ੍ਰ ਬੜੇ ਹੀ ਸ਼ਰਮ ਵਾਲੇ ਹਨ।
[1]ਕਿਸੇ ਦਾ ਮਨ ਉਦਾਸ ਨਹੀਂ ਦੇਖ ਸਕਦੇ।
[1](ਇਹ) ਸਾਨੂੰ ਦੇਖ ਨਹੀਂ ਸਕਦੇ। (ਅ) ਕਿਸ ਤਰ੍ਹਾਂ ਕਰੀਏ (ਇਨ੍ਹਾਂ ਦਾ ਦੁਖ) ਅਸੀਂ ਦੇਖ ਨਹੀਂ ਸਕਦੇ।
[†]ਪਾ:-ਭਏ।
[1]ਇਕੱਠੀ ਹੋਵੇ।
[1]ਰੁੜ੍ਹ ਜਾਏ ਸਭ ਨੇਮ ਭਾਵ, ਸ਼੍ਰੀ ਗੁਰੂ ਜੀ ਵੈਰਾਗਵਾਨ ਹੋ ਜਾਣ।
[1]ਦੇਖਦੇ ਰਹਿਣ। [†]ਪਾ:-ਦੇਖਤ ਰਹੈਂ।
[1]ਟਿਕਕੇ (ਬੈਠ ਜਾਣ)। [†]ਪਾ:-ਲਹਿਂ।
[1]ਬੁੱਧੀ ਦੀ ਸਾਰੀ ਗਤੀ ਹੋਰ ਬਿਧੀ ਦੀ ਹੋ ਗਈ।

ਰਹੈਂ ਇਕਾਂਕੀ ਬਿਨਾਂ ਚਿਨਾਰੀ।
ਕਬਹਿ ਪ੍ਰੇਮ ਕੋ ਬਹੈ ਪ੍ਰਵਾਹੂ।
ਬਾਣੀ ਚਰਹਿਂ ਗੁਰੂ† ਛਿਨ ਤਾਂਹੂ ॥੩੯॥
ਬਿਚ ਰਾਗਨ ਕੇ ਸ਼ਬਦ ਬਨਾਵਹਿਂ।
ਮਧੁਰ ਮਧੁਰ ਮੁਖ ਤੇ ਧੁਨ ਗਾਵਹਿਂ।
ਵਹਿਰ ਭਯੋ ਸਿੱਖਨ ਮਹਿਂ ਰੌਰਾ।
'ਗੁਰੂ ਨ ਆਇਂ ਵਹਿਰ ਕੀ ਠੌਰਾ' ॥੪੦॥
ਸਚਨਿ ਸਚ ਮਾਣਕਚੰਦ ਜੋਇ।
ਡੱਲੇ ਵਾਸੀ ਸਿਖ ਸਭਿ ਕੋਇ।
ਸਾਵਣ ਮੱਲ ਅਰੁ ਮਾਈ ਦਾਸ।
ਗੰਗੋ ਬੱਸੀ ਖੱਤਰੀ ਦਾਸ ॥੪੧॥
ਮਥੋ ਮੁਰਾਰੀ ਇਹ ਚਲਿ ਆਏ।
ਫਿਰਜਾ ਕਟਾਰਾ ਸਿਖ ਸਮੁਦਾਏ।
ਖੇਡਾ ਸੁਇਰੀ ਦਿਜਬਰ ਤਹਾਂ।
ਬੇਨੀ ਪੰਡਿਤ ਪ੍ਰੇਮੀ ਮਹਾਂ ॥੪੨॥
ਆਦਿ ਹਿੰਦਾਲ[1] ਵਹਿਰ ਕੇ ਸਾਰੇ।
ਬਾਸੇ[1] ਗੋਇੰਦਵਾਲ ਮਝਾਰੇ।
ਮੋਹਨ ਅਪਰ ਮੋਹਰੀ ਦੋਊ।
ਸਹਤ ਪੁੱਤ੍ਰ ਕੇ ਥਿਤ ਹ੍ਵੈ ਸੋਊ ॥੪੩॥
ਸਾਹਿਬ ਬੁੱਢਾ ਆਦਿ ਜਿ ਔਰ।
ਬੈਠਹਿਂ ਸਕਲ ਬਾਵਲੀ ਠੌਰ।
ਚਿੰਤਮਾਨ ਚਿਤਮਹਿਂ ਅਤਿ ਸਾਰੇ।
-ਗੁਰੂ ਨ ਆਵਹਿਂ ਵਾਹਿਰ ਦ੍ਵਾਰੇ ॥੪੪॥
ਇਹ ਕਜਾ ਤਿਨਹੁਂ ਰਿਦੈ ਮੈਂ ਠਾਨੀ।
ਬੈਠਹਿਂ ਬੀਚ ਨ ਦਰਸ਼ਨ ਦਾਨੀ[1]-।
ਪ੍ਰੇਰਨ ਕਰਜੋ ਬ੍ਰਿੱਧ ਕੋ ਸਬ ਹੂੰ।
'ਆਨਹੁ ਵਹਿਰ ਜਾਹੁ ਤੁਮ ਅਬਿਹੂੰ' ॥੪੫॥
ਬ੍ਰਿਧ ਨੇ ਭਨਜੋ ਬਾਕ 'ਸੁਨਿ ਲੀਜੈ।
ਅਨਬਨ ਮੇਰੋ ਗਮਨ ਜਨੀਜੈ।

†ਪਾ:-ਰਚਨ ਲਗਹਿ੍।

[1]ਨਾਮ ਹੈ ਸਿਖ ਦਾ ਜਿਸਦੀ ਸੰਪ੍ਰਦਾ ਪਿੱਛੋਂ ਗੁਰ ਘਰ ਨਾਲ ਵਿਗੜੀ ਸੀ।

[1]ਤੇ ਜੋ) ਵੱਸਦੇ ਸਨ।

[1]ਦਰਸ਼ਨ ਨਹੀਂ ਦੇਂਦੇ।

ਮੋਹਨ ਕੋ ਸੁਭਾਉ ਮਸਤਾਨੇ।
ਹਾਨ ਲਾਭ ਬਹੁ ਕਹਿਬੇ† ਜਾਨੇ[1] ॥੪੬॥
ਯਾਂ ਤੇ ਸਤਿਗੁਰ ਸੁਤ ਲਘੁ ਜਾਵੈ।
ਸੁਮਤਿ ਮੋਹਰੀ ਕਹਿ ਤਿਨ ਲਜਾਵੈ।
ਮੈਂ ਭੀ ਸੰਗ ਕਰੌਂ ਇਨ ਕੇਰਾ।
ਮਾਨੌਂ ਸੰਗਤਿ ਬਾਕ ਭਲੇਰਾ' ॥੪੭॥
ਸਭਿਨਿ ਮੋਹਰੀ ਸੋਂ ਜਬਿ ਕਹ੍ਯੋ।
-ਆਵਹਿਂ ਮੋਹ ਗਏ ਤੇ- ਲਹ੍ਯੋ[1]।
ਕੁਛਕ ਸਿੱਖ ਅਰੁ ਬ੍ਰਿੱਧ ਕੋ ਲੈ ਕੈ।
ਗੁਰ ਸਮੀਪ ਪਹੁੰਚੇ ਹਿਤ ਕੈ ਕੈ ॥੪੮॥
ਅੰਤਰ ਬੈਠੇ ਜਾਇ ਨਿਹਾਰੇ।
ਅਪਰ ਸੁਭਾਉ ਜਿਨਹੁਂ ਉਰ ਧਾਰੇ।
ਪਿਖੇ ਸਕਲ ਉਠਿ ਕਰਿ ਸਨਮਾਨੇ।
ਮਿਲੇ ਪਰਸਪਰ ਬੰਦਨ ਠਾਨੇ ॥੪੯॥
ਬਾਕ ਮੋਹਰੀ ਤਦਹਿ ਉਚਾਰੇ।
'ਤੁਮ ਕਿਮ ਬੈਠੇ ਸਦਨ ਮਝਾਰੇ।
ਸਤਿਗੁਰ ਪਿਤ ਨੈ[1] ਨਿਜ ਅਸਥਾਨ।
ਤੁਮਹੁ ਬਿਠਾਇਸੁ ਕਰਿ ਸਨਮਾਨ ॥੫੦॥
ਜਿਮ ਸਿਖ ਸੰਗਤਿ ਤਿਨਹੁਂ ਉਧਾਰੇ।
ਤਿਮ ਤੁਮ ਕਰਹੁ ਬੈਠਿ ਇਹੁ ਕਾਰੇ।
ਸਭਿਹਿਨਿ ਮਹਿਂ ਬੈਠਹੁ ਹਰਖਾਵਹੁ।
ਉਪਦੇਸ਼ਹੁ ਸਤਿਨਾਮ ਜਪਾਵਹੁ ॥੫੧॥
ਜਿਮ ਗੁਰ ਕਹ੍ਯੋ ਬਾਕ ਤਿਮ ਮਾਨਹੁਂ।
ਸਤਿਸੰਗਤ ਮਤਿ ਇਮਿ ਪਹਿਚਾਨਹੁ।
ਹਮ ਤੁਮ ਸਭਿ ਕਹੁ ਧਰਮ ਇਹੀ ਹੈ।
ਗੁਰ ਆਗਜਾ ਸਿਰ ਧਰਨ ਸਹੀ ਹੈ' ॥੫੨॥
ਸੁਨਿ ਗੁਰ ਰਾਮਦਾਸ ਇਨ ਬੈਨਾ[1]।
ਪਰਮ ਪ੍ਰੇਮ ਤੇ ਜਲ ਭਰਿ ਨੈਨਾ।
'ਤੁਮ ਗੁਰ ਸੁਤ ਅਰੁ ਗੁਰ ਸਿਖ ਸਾਰੇ।
ਮੈਂ ਨਿਤ ਹੋਂ ਅਨੁਸਾਰਿ ਤੁਮਾਰੇ ॥੫੩॥

[1]ਭਾਵ ਵਧ ਘਟ ਗਲ ਕਰ ਦੇਂਦਾ ਹੈ। †ਪਾ:-ਕੀ ਬਾਤ ਨ।

[1]ਮੇਰੇ ਗਿਆਂ ਤੇ ਆਵਨਗੇ (ਇਹ) ਜਾਣਿਆ।

[1]ਸ਼੍ਰੀ ਗੁਰੂ ਅਮਰਦਾਸ ਜੀ ਨੇ।

[1]ਇਨ੍ਹਾਂ ਦੇ ਬਚਨ।

ਸਾਦਰ ਬਚਨ ਮਾਨਿਬੋ ਮੋਹਿ[1]†। — [1](ਤੁਹਾਡਾ) ਬਚਨ ਮੇਰੇ ਲਈ ਆਦਰ ਨਾਲ ਮੰਨਣਾ। †ਪਾ:-ਸੋਇ।

ਮੋ ਕਹੁ ਮਹਾਂ ਧਰਮ ਇਹੁ ਹੋਹਿ।'
ਅਸ ਕਹਿ ਨਿਕਸੇ ਬਾਹਰਿ ਆਏ।
ਬੈਠਿ ਸਭਾ ਮਹਿਂ ਸ਼ੋਭ ਬਡਾਏ ॥੫੪॥
ਜਿਮ ਉਡਗਨ ਮੰਡਲ ਮਹਿਂ[1] ਆਇ। — [1]ਤਾਰਿਆਂ ਦੇ ਮੰਡਲ ਵਿਚ।
ਪੂਰਨ ਚੰਦ ਮਨਿੰਦ ਸੁਹਾਇ[1]। — [1]ਪੂਰਨਮਾਸ਼ੀ ਦੇ ਚੰਦ੍ਰਮਾਂ ਸਮਾਨ ਸ਼ੋਭੇ (ਗੁਰੂ ਜੀ)।
ਕਿਧੌਂ ਬਿਮਨ[1] ਸੈਨਾ ਕੇ ਮਾਂਹਿ। — [1]ਉਦਾਸ।
ਮਹਿਪਾਲਕ ਆਯਹੁ† ਚਿਤ ਚਾਹਿ ॥੫੫॥ — †ਪਾ:-ਆਯਸ।
ਸਭਿਨਿ ਖਰੇ ਹੁਇ ਬੰਦਨ ਕੀਨਿ।
ਅਰਪਿ ਉਪਾਇਨ ਸਗਰੀ ਦੀਨਿ।
ਕਰਿ ਦਰਸ਼ਨ ਉਰ ਹਰਖੇ ਸਬੈ।
ਮਿਲ੍ਯੋ ਪ੍ਰਾਤਿ ਰਵਿ ਕਮਲਨ[1] ਅਬੈ ॥੫੬॥ — [1]ਸਵੇਰ ਦਾ ਸੂਰਜ ਕਮਲਾਂ ਨੂੰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਗੁਰੂ ਰਾਮਦਾਸ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਗੁਰ ਰਾਮਦਾਸ ਸਤੋਤ੍ਰ। ਸਿੱਧਾਂ ਨਾਲ ਚਰਚਾ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੩

ਦੋਹਰਾ:

ਸਿੰਘਾਸਨ ਸੰਤੋਖ ਪਰ,
ਸੱਤਜ ਛਤਰ ਅਭਿਰਾਮੁ।
ਸੱਤਜਨਾਮ ਝੰਡਾ ਝੁਲਤਿ,
ਰਾਜਤਿ ਸਤਿਗੁਰ ਰਾਮ[1] ॥੧॥ — [1]ਬਿਰਾਜਦੇ ਹਨ ਸਤਿਗੁਰੂ ਰਾਮਦਾਸ ਜੀ।
ਲਛਮੀ ਭਗਤਿ ਬਿਸਾਲ ਤੇ,
ਗਜ੍ਯਾਨ ਮੁਕਟ ਦੁਤਿ ਧਾਮ[1]। — [1]ਸ੍ਰੇਸ਼ਟ ਭਗਤੀ ਰੂਪੀ ਲਛਮੀ ਹੈ ਤੇ ਗਜ੍ਯਾਨ ਰੂਪੀ ਮੁਕਟ ਬਹੁ ਸੁੰਦਰ ਸ਼ੋਭ ਰਿਹਾ ਹੈ।
ਪੂਰਨ ਸਿਖ ਸ਼ੁਭ ਮਤਿ ਸਚਿਵ,
ਰਾਜਤਿ ਸਤਿਗੁਰ ਰਾਮ[1] ॥੨॥ — [1]ਪੂਰੇ ਸ਼ੁਭ ਮਤਿ ਵਾਲੇ ਵਜ਼ੀਰ ਹਨ ਤੇ ਰਾਜ ਕਰਦੇ ਹਨ ਸਤਿਗੁਰੂ ਰਾਮਦਾਸ ਜੀ।
ਮੈਤ੍ਰੀ, ਧ੍ਰਿਤ, ਕਰੁਨਾ, ਖਿਮਾ,
ਮੁਦਿਤਾ, ਆਠਹੁ ਜਾਮ[1]। — [1]ਮੈਤ੍ਰੀ, ਧੀਰਜ, ਕ੍ਰਿਪਾ, ਖਿਮਾ ਤੇ ਅੱਠੇ ਹੀ ਪਹਿਰ ਦੀ ਪ੍ਰਸੰਨਤਾ।
ਸਜ਼ੰਦਨ[1] ਕੀ ਸੈਨਾ ਸਹਤ, — [1]ਇਨ੍ਹਾਂ) ਰਥਾਂ ਦੀ।
ਰਾਜਤਿ ਸਤਿਗੁਰ ਰਾਮ ॥੩॥
ਸਾਰਾ ਸਾਰ ਵਿਚਾਰ ਬਰ,
ਦਿਢ ਵਿਰਾਗੁ ਅਭਿਰਾਮ[1]। — [1]ਸਾਰ ਅਸਾਰ ਦਾ ਸ੍ਰੇਸ਼ਟ ਵਿਚਾਰ ਤੇ ਸੁਹਣਾ ਦਿਢ ਵੈਰਾਗ
ਜੋਗ ਧਰਮ ਗਜ ਚਮੂੰ ਇਹੁ[1], — [1]ਧਰਨੇ) ਯੋਗ ਧਰਮ ਜੋ ਹੈ ਸੋ ਹਾਥੀ ਸੈਨਾ ਹੈ।
ਰਾਜਤਿ ਸਤਿਗੁਰ ਰਾਮ ॥੪॥
ਸਮ, ਦਮ, ਜੋਗ ਸੁ ਨੇਮ, ਯਮ,
ਉਪਰਤਿ, ਤਤਿੱਖਜਾ ਨਾਮੁ[1]। — [1]ਜੋਗ ਦੇ ਅੰਗ ਸਮ ਦਮ ਨੇਮ ਆਦਿਕ।
ਸਭਿ ਤੁਰੰਗ ਕੀ ਬਾਹਿਨੀ[1], — [1]ਘੋੜ ਸੈਨਾ ਹੈ।
ਰਾਜਤਿ ਸਤਿਗੁਰ ਰਾਮ ॥੫॥
ਸ਼ਰਧਾ, ਸੌਚ, ਸੁ ਬੁੱਧਿ ਬਰ[†], — [†]ਪਾ:-ਥਿਰ।
ਸਭਿ ਸ਼ੁਭ ਕਰਮ ਬਿਰਾਮ[1]। — [1]ਲਗਾਤਾਰ [ਸੰਸ: ਅਵਿਰਾਮ] (ਅ) ਸ਼ਾਂਤੀ।
ਭੌ, ਤਪ, ਭਾਉ ਜੁ ਪੈਕਦਲ[1][†] — [1]ਭੌ, ਤਪ, ਤੇ ਪ੍ਰੇਮ ਪੈਦਲ ਫੌਜ ਹੈ। [†]ਪਾ:-ਭਵ ਪਦਾਂਤ ਚਤੁਰੰਗ ਦਲ।
ਰਾਜਤਿ ਸਤਿਗੁਰ ਰਾਮ ॥੬॥
ਪ੍ਰੇਮ ਬਲੀ ਸੈਨਾਪਤੀ[1], — [1]ਸੈਨਾਂ ਦਾ ਵਡਾ ਅਫਸਰ।
ਹਰਿ ਕੀਰਤਨ ਅਭਿਰਾਮ।
ਦੁੰਦਭਿ ਇਹੁ ਨਿਰਭੈ ਬਜਨ,

ਰਾਜਤਿ ਸਤਿਗੁਰ ਰਾਮੁ ॥੭॥
ਮੋਹ ਸ਼ੱਤ੍ਰੂ ਮਨ ਦੇਸ਼ ਮਹਿਂ,
ਰਾਜ ਕਰਤਿ ਰਚਿ ਧਾਮ[1]।

[1]ਮੋਹ ਰੂਪੀ ਸ਼ਤ੍ਰੂ (ਜੋ) ਮਨ (ਰੂਪ) ਦੇਸ਼ ਵਿਚ ਘਰ ਰਚਕੇ ਰਾਜ ਕਰ ਰਿਹਾ ਸੀ।

ਮਾਰਿ ਛਾਰ ਪ੍ਰਾਜੈ ਕਰਯੋ[1],
ਰਾਜਤਿ ਸਤਿਗੁਰ ਰਾਮ ॥੮॥

[1]ਮਾਰਕੇ ਧੂੜੀ ਕਰ ਜਿਤ ਲੀਤਾ।

ਕਾਮ ਕ੍ਰੋਧ ਅਰੁ ਲੋਭ ਭਟ,
ਬਡ ਹੰਕਾਰ ਜਿਨਿ ਨਾਮ[1]।

[1]ਵਡੇ ਸੂਰਮੇਂ ਕਾਮ, ਕ੍ਰੋਧ, ਲੋਭ ਤੇ ਹੰਕਾਰ ਜਿਨ੍ਹਾਂ ਦੇ ਨਾਮ ਹਨ।

ਹਤਿ ਸੈਨਾਪਤਿ ਮੋਹ ਕੇ[1],
ਰਾਜਤਿ ਸਤਿਗੁਰ ਰਾਮ ॥੯॥

[1]ਤੇ ਮੋਹ ਸੈਨਾਪਤੀ ਸਮੇਤ ਸਭ ਨੂੰ ਮਾਰਕੇ।

ਹਿੰਸਾ, ਮ੍ਰਿਖਾ[1], ਸੁ ਦ੍ਵੈਸ਼ਤਾ,
ਆਸ਼ਾ, ਤ੍ਰਿਸ਼ਨਾ ਨਾਮ।

[1]ਕ੍ਰੋਧ।

ਰਿਪੁ ਬਿਕਾਰ ਜਨਤਾ[1]† ਹਤੀ,
ਰਾਜਤਿ ਸਤਿਗੁਰ ਰਾਮ ॥੧੦॥

[1]ਵਿਕਾਰਾਂ ਦੇ ਪੈਦਾ ਕਰਨ ਵਾਲੀ (ਸੈਨਾਂ)। †ਪਾ:-ਸੈਨਾ।

ਸੂਪਨਖਾ ਅਰੁ ਤਾਰੁਕਾ,
ਜਿਮ ਹਤਿ ਰਾਜਾ ਰਾਮ[1]।

[1]ਸੂਪਨਖਾ ਤੇ ਤਾਰਿਕਾ ਜਿਵੇਂ ਨਾਸ਼ ਕੀਤੀਆਂ ਸਨ ਰਾਜੇ ਰਾਮਚੰਦ੍ਰ ਜੀ ਨੇ।

ਹੰਤਾ ਮਮਤਾ ਤਿਮ ਹਤੀ†,
ਰਾਜਤਿ ਸਤਿਗੁਰ ਰਾਮ ॥੧੧॥

†ਪਾ:-ਹਰੀ।

ਮਤਸਰ, ਕਪਟ, ਅਸੂਯਤਾ[1],
ਤੀਨ ਬਾਸ਼ਨਾ ਨਾਮੁ[1]।

[1]ਈਰਖਾ।

[1]ਵਾਸ਼ਨਾ ਤ੍ਰੈ ਹਨ:-੧. ਦੇਹ ਵਾਸ਼ਨਾ, ੨. ਸ਼ਾਸਤ੍ਰ ਵਾਸ਼ਨਾ, ੩. ਲੋਕ ਵਾਸ਼ਨਾ। ਤ੍ਰੈ ਈਖ਼ਣਾ ਹਨ:- ਸੁਤ, ਬਿਤ, ਨਾਰ।

ਨਿੰਦਾ ਜੁਤ ਹਤਿ ਸਭਿਨਿ ਕੋ,
ਰਾਜਤਿ ਸਤਿਗੁਰ ਰਾਮ ॥੧੨॥
ਨਹਿਂ ਨਾਨਾ[1], ਅੱਦ੍ਵੈਤ ਹੈ,
ਸਚਿਦਾਨੰਦ ਸੁ ਨਾਮ।

[1]ਨਾਨਾਪਨ ਨਹੀਂ ਹੈ।

ਫੇਰਿ ਦੁਹਾਈ[1] ਸਭਿਨਿ ਪਰਿ,
ਰਾਜਤਿ ਸਤਿਗੁਰ ਰਾਮ ॥੧੩॥

[1]ਪਰਮਾਤਮਾਂ ਦੇ ਨਾਮ ਦੀ ਦੁਹਾਈ ਫੇਰਕੇ।

ਜਨ[1] ਪਰਜਾ ਪਾਲਨ ਕਰਹਿਂ,
ਚੋਰ ਬਿਕਾਰਨ ਗ੍ਰਾਮ[1]।
ਕਰਿ ਸਭਿ ਕੋ ਨਿਰਮੂਲਤਾ[1],
ਰਾਜਤਿ ਸਤਿਗੁਰ ਰਾਮ ॥੧੪॥

[1]ਦਾਸਾਂ ਰੂਪੀ।

[1]ਵਿਕਾਰ ਸਮੂਹ।

[1]ਨਾਸ਼ ਕਰਕੇ।

ਸਰਲ, ਸੁਸ਼ੀਲ, ਉਦਾਰ ਉਰਿ,
ਦਾਨ, ਮਾਨ[1], ਸ਼ੁਭ ਕਾਮ। — [1]ਆਦਰ।
ਇੱਤਯਾਦਿਕ ਨਿਤਿ ਸੰਗ ਰਹਿਂ,
ਰਾਜਤਿ ਸਤਿਗੁਰ ਰਾਮ ॥੧੫॥
ਹੁਕਮ ਫਿਰਹਿ ਸਭਿ ਦੇਸ਼ ਪਰਿ,
ਸਤਿਸੰਗਤਿ ਸ਼੍ਰੁਤਿ ਨਾਮ[1]। — [1]ਸਤਿਸੰਗਤ ਜੋ ਨਾਮ ਸੁਣਦੀ ਹੈ ਮਾਨੋਂ (ਇਹ) ਹੁਕਮ ਫਿਰਦਾ ਹੈ।
ਅਤਿ ਪ੍ਰਤਾਪ ਨਿਤਪ੍ਰਤਿ ਬਧਤਿ,
ਰਾਜਤਿ ਸਤਿਗੁਰ ਰਾਮ ॥੧੬॥
ਜੋਗ, ਛੇਮ[1] ਦਾਤਾ ਮਹਾਂ, — [1]ਅਪ੍ਰਾਪਤ ਦੀ ਪ੍ਰਾਪਤੀ, ਤੇ ਪ੍ਰਾਪਤੀ ਦੀ ਰੱਖ੍ਯਾ।
ਨਿਜ ਦਾਸਨ ਅਭਿਰਾਮੁ।
ਪਰਉਪਕਾਰੀ, ਸੁਜਸ ਜੁਤਿ,
ਰਾਜਤਿ ਸਤਿਗੁਰ ਰਾਮ ॥੧੭॥
ਸਦਗੁਨ ਕੋ ਸੁਰਭਿਖ[1] ਕਰਜੋ, — [1]ਸ੍ਰੇਸ਼ਟ ਗੁਣਾਂ ਦਾ ਸੁਕਾਲ।
ਜਹਿਂ ਕਹਿਂ ਇਨ ਕੋ ਨਾਮ[1]। — [1]ਇਨ੍ਹਾਂ ਦੇ ਨਾਮ ਨੇ।
ਅਵਗੁਨ ਕੋ ਦੁਰਭਿਖ[1] ਪਰਜੋ, — [1]ਔਗਣਾਂ ਦਾ ਕਾਲ।
ਰਾਜਤਿ ਸਤਿਗੁਰ ਰਾਮ ॥੧੮॥
ਮਾਯਾ ਅਲਿਬਾਲਤਿ ਰਹਹਿ,
ਨਿਤ ਅਲੇਪ ਨਿਸ਼ਕਾਮ[1]। — [1]ਮਾਯਾ ਸਦਾ ਚੁਫੇਰ ਰਹਿੰਦੀ ਹੈ (ਆਪ) ਅਸੰਗ ਤੇ ਕਾਮਨਾ ਤੋਂ ਰਹਤ (ਰਹਿੰਦੇ ਹਨ)।
ਕਾਟਤਿ ਬੰਧਨ ਜਨੋਂ ਕੇ,
ਰਾਜਤਿ ਸਤਿਗੁਰ ਰਾਮ ॥੧੯॥
ਜਲ ਮਹਿਂ ਰਾਖੇ ਸ਼ੁਸ਼ਕ ਪਟ,
ਬਿਚ ਸੁਰਮੇ ਨਹਿਂ ਸ਼ਜਾਮ[1]। — [1]ਜਲ ਵਿਚ ਸੁੱਕੇ ਰੱਖਣਾ ਬਸਤ੍ਰ ਨੂੰ ਤੇ ਸੁਰਮੇਂ ਵਿੱਚ ਕਾਲਕ ਨ ਲੱਗਣ ਦੇਣੀ (ਅ) ਮਨ ਰੂਪੀ ਪਟ ਨੂੰ ਪਦਾਰਥਾਂ ਰੂਪੀ ਜਲ ਵਿਚ ਤੇ ਪ੍ਰਵਿਰਤੀ ਰੂਪੀ ਕਾਲੋਂ ਤੋਂ।
ਅਦਭੁਤ ਮਹਿਦ ਚਰਿੱਤ੍ਰ ਜਿਸੁ[1], — [1]ਜਿਸ ਸਤਿਗੁਰੂ ਦੇ ਡਾਢੇ ਅਚਰਜ ਚਰਿੱਤ੍ਰ ਹਨ।
ਰਾਜਤਿ ਸਤਿਗੁਰ ਰਾਮੁ ॥੨੦॥
ਪਠਹਿ ਜੁ[†] ਬੀਸੀ ਦੋਹਿਰੇ, — [†]ਪਾ:-ਸੁ।
ਨਿਤਾ ਪ੍ਰਤੀ[†] ਕਰਿ ਨੇਮੁ। — [†]ਪਾ:-ਪ੍ਰਾਤ।
ਮਨ ਬਾਂਛਤਿ ਫਲ ਦੇਤਿ ਗੁਰ,
ਸੁਤ ਬਿਤ ਆਦਿਕ ਛੇਮ ॥੨੧॥

ਚੌਪਈ:

ਸਭਿ ਸੰਗਤਿ ਮਹਿਂ ਬੈਠਿ ਸੁਹਾਵਤਿ।

ਜਿਮਿ ਮੁਨਿ ਮਹਿਂ ਰਘੁਬਰ ਛਬਿ ਪਾਵਤਿ।
ਉਪਦੇਸ਼ਹਿਂ ਸਿੱਖਨ ਸੁਖ ਇਸ਼ਟ[1]।
ਰਾਮ ਸਭਾ ਮਹਿਂ ਜਥਾ ਬਸ਼ਿਸ਼ਟ ॥੨੨॥

[1]ਸੁਖਦਾਈ ਤੇ ਪਿਆਰਾ ਉਪਦੇਸ਼। (ਅ) ਸੁਖਦਾਈ ਇਸ਼ਟ (ਰੂਪ ਵਾਹਿਗੁਰੂ) ਦਾ ਉਪਦੇਸ਼ ਸਿੱਖਾਂ ਨੂੰ ਦੇਂਦੇ ਹਨ।

ਸੰਤ ਬਿਲੋਕਤਿ ਅਨੰਦ ਬਿਲੰਦ।
ਬ੍ਰਿੰਦ ਚਕੋਰ ਮਨਿੰਦ ਸੁ ਚੰਦ।
ਉਦੈ ਹੋਤਿ ਸੂਰਜ ਜਿਮ ਆਵੈ।
ਕਮਲ ਬਦਨ ਸਿੱਖਨ ਬਿਗਸਾਵੈਂ ॥੨੩॥
ਦਾਸਨ ਰਿਦੈ ਦੀਪ ਸਮ ਥਿਰੈਂ[1]†।
ਆਤਮ ਰਤਨ ਪਰਖਬੋ ਕਰੈਂ।
ਕ੍ਰਿਪਾ ਦ੍ਰਿਸ਼ਟਿ ਜਿਸ ਮਾਥੇ ਹਾਥ।
ਬਨੈ ਹੇਮੁ ਅਯੁ ਪਾਰਸ ਸਾਥ[1] ॥੨੪॥

[1]ਇਸਥਿਤ ਹਨ। †ਪਾ:-ਬਹੈ = ਜਗਮਗ ਕਰਦੇ ਹਨ।

[1]ਜਿਕੁਰ (ਅਯ =) ਲੋਹਾ ਪਾਰਸ ਨਾਲ ਸੋਨਾ ਬਣ ਜਾਂਦਾ ਹੈ।

ਬਾਵਨ ਚੰਦਨ ਢਿਗ ਤਰੁ ਜੈਸੇ।
ਮੁਕਤਿ ਸਰੂਪ ਸਮੀਪੀ ਤੈਸੇ[1]।
ਕਿਤਿਕ ਸਮਾਂ ਬੀਤਯੋ ਇਸ ਰੀਤਿ।
ਸਭਿ ਤੇ ਰਹਿਂ ਉਦਾਸ ਪ੍ਰਭੁ ਪ੍ਰੀਤਿ[1] ॥੨੫॥

[1]ਤਿਵੇਂ ਨੇੜੇ ਰਹਿਣ ਵਾਲੇ ਮੁਕਤ ਸਰੂਪ ਹੁੰਦੇ ਹਨ।

[1]ਪ੍ਰੀਤ ਕਰਨ ਤੋਂ ਉਦਾਸ ਰਹਿਣ।

'ਚਤੁਰਥ ਗੁਰੂ ਭਯੋ' ਸਿਧ ਜਾਨਯੋ[1]।
ਹੇਤੁ ਪਰਖਬੇ ਆਵਨ ਠਾਨਯੋ।
ਜਿਮ ਤੀਰਥ ਪਰ ਜਾਤ੍ਰੀ ਆਵੈਂ।
ਗੁਰ ਤਨ ਸੁਨਿ[1] ਤਿਮ ਸਿਧ ਸਭਿ ਧਾਵੈਂ ॥੨੬॥

[1]ਸਿੱਧਾਂ ਨੇ ਜਾਣ ਲਿਆ।

[1]ਗੁਰਾਂ ਦਾ (ਨਵਾਂ) ਤਨ (ਬਦਲਿਆ) ਸੁਣਕੇ।

-ਗੁਰ ਨਾਨਕ ਗਾਦੀ ਪਰ ਬੈਸੇ।
ਪੂਰ ਕਿ ਊਰ ਲਖਹਿਂ[1] ਅਬਿ ਤੈਸੇ-।
ਸਤਿਗੁਰ ਸਭਾ ਬਿਖੈ ਸਭਿ ਆਏ।
ਬ੍ਰਿੰਦ 'ਅਦੇਸ ਅਦੇਸ' ਅਲਾਏ ॥੨੭॥

[1]ਪੂਰਨ ਹਨ ਕਿ ਊਣੇ? ਦੇਖੀਏ।

ਕੁਸ਼ਲ ਬੂਝ ਸ਼੍ਰੀ ਪ੍ਰਭੁ ਸਨਮਾਨੇ।
ਨਿਕਟਿ ਬਿਠਾਇ ਹੇਰਿ ਹਰਖਾਨੇ।
ਪਰਖਨਿ ਕਾਰਨ ਚਰਚਾ ਰੀਤਿ।
ਬੋਲੇ ਜੇ ਮੁਖਿ ਸਿੱਧ ਬਿਨੀਤ[1] ॥੨੮॥

[1]ਬੇਨਤੀ ਕਰਕੇ ਬੋਲੇ। (ਅ) ਜੋ ਮੁਖੀਏ ਸਿੱਧ ਵਿਸ਼ੇਸ਼ ਕਰ ਨੀਤੀ ਵਾਲੇ।

'ਸ਼੍ਰੀ ਗੁਰ ਤੁਮਰੀ ਸੰਗਤਿ ਬਿਖੈ।
ਨਹਿਂ ਅਸ਼ਟਾਂਗ ਜੋਗ ਕਹੁ ਸਿਖੈਂ।
ਮਨ ਥਿਰ ਹੋਹਿ ਨ ਜੋਗ ਬਿਹੀਨੇ।
ਮਨ ਥਿਰ ਬਿਨ ਨਹਿਂ ਆਤਮ ਚੀਨੇ[1] ॥੨੯॥

[1]ਮਨ ਟਿਕੇ ਬਿਨਾਂ ਆਤਮਾ ਨਹੀਂ ਜਾਣੀਦਾ।

ਆਤਮ ਜਾਨੇ ਬਿਨਾਂ ਨ ਜੁਗਤਿ[1]।

[1]ਜੁੜਨਾ, ਚਿਤ ਬ੍ਰਿਤੀਆਂ ਦਾ ਨਿਰੋਧ।

ਜੁਗਤਿ ਬਿਨਾਂ ਕਿਮ ਹੋਹਿ ਨ ਮੁਕਤਿ।
ਮੁਕਤਿ ਬਿਨਾ ਬੰਧਨ ਮਹਿਂ ਰਹੈ।
ਤੌਂ ਗੁਰ ਸਿੱਖੀ ਮਹਿਂ ਕਜਾ ਲਹੈ ॥੩੦॥
ਇਹ ਸ਼ੰਕਾ ਹਮਰੇ ਮਨ ਮਾਂਹੀ।
ਸਿੱਖੀ ਧਰਿ[†] ਪੱਧਤਿ ਕੁਛ ਨਾਂਹੀ।'

[†]ਪਾ:-ਪਰ, ਧਰਮ।

ਸੁਨਿ ਸ਼੍ਰੀ ਸਤਿਗੁਰ ਉੱਤਰ ਦੀਨਸਿ।
'ਜੋਗ ਆਸਰੇ ਜਿਸ ਕੋ ਲੀਨਸਿ[1] ॥੩੧॥

[1]ਜੋਗ ਨੇ ਆਸਰਾ ਜਿਸਦਾ ਲੀਤਾ ਹੈ।

ਸੋ ਸਤਿਨਾਮ ਹਮਾਰੇ ਮਤਿ ਮੈਂ।
ਤਿਸ ਕੋ ਸਿਮਰਤਿ ਨਿਸ ਦਿਨ ਚਿਤ ਮੈਂ।
ਪ੍ਰੇਮਾ ਭਗਤਿ ਜਾਗ ਜਬਿ ਆਵਹਿ।
ਅਪਰ ਵਸਤੁ ਮਹਿਂ ਬ੍ਰਿਤੀ ਨ ਲਾਵਹਿ ॥੩੨॥
ਨਿਧਿ ਸਿਧਿ ਬਹੁ ਅਜ਼ਮਤਿ[1] ਦਿਖਰਾਵਤਿ[†]।

[1]ਨਿਧੀਆਂ ਸਿਧੀਆਂ ਵਾਲੇ ਬਹੁਤ ਕਰਾਮਾਤਾਂ। [†]ਪਾ:-ਦਿਖਰਾਵਨ, ਦਿਖਰਾਵਹਿ।

ਨਿਜ ਕੀਰਤਿ ਜਗ ਬਿਖੈ ਬਧਾਵਤਿ[†1]।

[1]ਵਧਾਉਂਦੇ ਹਨ। [†]ਪਾ:-ਬਧਾਵਨ, ਬਧਾਵਹਿਂ।

ਤਿਨ ਕੋ[1] ਛੋਰ ਨਾਮ ਬ੍ਰਿਤਿ ਅਟਕੀ।

[1]ਭਾਵ ਕਰਾਮਾਤਾਂ ਨੂੰ।

ਭੂਲ ਜਾਤਿ ਸਭਿਹੀ ਸੁਧਿ ਘਟਕੀ[1†] ॥੩੩॥

[1]ਰਿਦੇ ਵਿਚੋਂ ਸਭ (ਵਿਹਾਰਾਂ ਦੀ) ਸੋਝੀ। [†]ਪਾ:-ਸੁਧ ਬੁਧ ਨਿਜ ਘਰ ਕੀ। ਸੁਧਿ ਸਭਿ ਨਿਜ ਘਟ ਕੀ।

ਏਕ ਰੰਗ ਮਹਿਂ ਰਪਜੋ ਰਹੰਤਾ।
ਬ੍ਰਿਤਿ ਇਸਥਿਰਤਾ ਜਬਹਿ ਲਹੰਤਾ।
ਪ੍ਰਭੁ ਕੀ ਕ੍ਰਿਪਾ ਹੋਇ ਤਤਕਾਲਾ।
ਹੁਇ ਆਵੈ ਤਬ ਗਜਾਨ ਸੁਖਾਲਾ ॥੩੪॥
ਆਤਮ ਗਜਾਨ ਅਚਲ ਜਬਿ ਪਾਵਹਿ।
ਰਜੁ ਮਹਿਂ ਸਰਪ[1] ਜਗਤ ਲਖਿ ਪਾਵਹਿ।

[1]ਰੱਸੀ ਵਿਚ ਸੱਪ (ਵਾਂਙੂ) ਭਾਵ ਮਿਥਿਆ।

ਮ੍ਰਿਗ ਤ੍ਰਿਸ਼ਨਾ ਕੋ ਨੀਕੇ ਜਾਨੀ[1]।

[1]ਚੰਗੀ ਤਰ੍ਹਾਂ ਜਾਣਕੇ।

ਨਹਿਂ ਦੌਰਹਿ ਮ੍ਰਿਗ ਮਨ ਹਿਤ ਪਾਨੀ[1]

[1]ਮਨ ਰੂਪੀ ਮਿਰਗ ਪਾਣੀ ਵਾਸਤੇ।

॥੩੫॥

ਭਾਵਾਭਾਵਾ ਬਿਲਾਵਹਿ ਸਾਰੋ[1]।

[1]'ਇਹ ਹੈ' ਤੇ 'ਇਹ ਨਹੀਂ ਹੈ' (ਅ) ਕਿਸੇ ਵਿਚ ਭਾਵ (ਪਜਾਰ) ਕਿਸੇ ਵਿਚ ਨਾ ਪਜਾਰ, ਭਾਵ ਰਾਗ ਦ੍ਵੈਖ। ਇਹ ਸਭ ਦੂਰ ਹੋ ਜਾਂਦਾ ਹੈ।

ਨਿਜ ਸਰੂਪ ਹੀ ਲਖਹਿ ਪਸਾਰੋ।
ਐਸੇ ਪ੍ਰੇਮ ਭਗਤਿ ਮਹਿਂ ਹਮਰੇ।
ਇਕ ਚਿਤ ਸੱਤਜਨਾਮ ਕੋ ਸਿਮਰੇ ॥੩੬॥
ਪ੍ਰੇਮ ਬਿਹੀਨ ਜਿ ਸਾਧਨ ਮੁਕਤਿ।
ਨਿਸ਼ਫਲ ਹੋਤਿ ਸੰਤ ਕੀ ਉਕਤਿ[1]।

[1]ਪ੍ਰੇਮ ਬਿਨ ਮੁਕਤ ਦੇ ਸਾਧਨ ਨਿਸ਼ਫਲ ਹੁੰਦੇ ਹਨ (ਇਹ ਗੱਲ) ਸੰਤਾਂ ਦੀ ਬਾਣੀ (ਕਹਿੰਦੀ ਹੈ)।

ਬਿਨਾਂ ਪ੍ਰੇਮ ਕਰਿ ਘਾਲ ਬਿਸਾਲਾ[1]।

[1]ਬਹੁਤੀ ਕੀਤੀ ਕਮਾਈ (ਨਿਸ਼ਫਲ ਹੁੰਦੀ ਹੈ)।

ਪ੍ਰੇਮ ਕਰਹਿ ਫਲ ਲਹਿ ਤਤਕਾਲਾ ॥੩੭॥
ਤੁਮਰੋ ਮਤ ਜੋ ਕਸ਼ਟ ਜੋਗੁ ਕੋ।
ਕਲ ਮਹਿਂ ਹੋਹਿ ਨ, ਲਹੈ ਰੋਗੁ ਕੋ।
ਜੇ ਪੂਰਨਿ ਗੁਰ ਤੇ ਸਿੱਧ ਕਰੈ[1]।

[1]ਜੇ ਪੂਰੇ ਗੁਰੂ ਤੋਂ (ਜੋਗ) ਪ੍ਰਾਪਤ ਭੀ ਕਰ ਲਵੋ।

ਅਨਿਕ ਜਤਨ ਤੇ ਮਨ ਕੋ ਥਿਰੈ ॥੩੮॥
ਪੁਨ ਸਿੱਧਾਂ[1] ਜਬਿ ਆਇਂ ਅਗਾਰੀ।

[1]ਸਿੱਧੀਆਂ।

ਤਿਨ ਮਹੁਂ ਬਿਰਮਹੁ ਮਨ ਹਿਤਕਾਰੀ[1]।

[1]ਮਨ ਭਰਮਾ ਲੈਂਦੇ ਹੋ ਉਨ੍ਹਾਂ ਵਿਚ ਪ੍ਰੇਮ ਕਰਕੇ।

ਤਬਿ ਜਗ ਮਹਿਂ ਦਿਖਰਾਵਨ ਚਾਹੋ।
- ਨਰ ਬਹੁ ਪੂਜਹਿਂ- ਰਿਦਾ ਉਮਾਹੋ ॥੩੯॥
ਸਿੱਧਾਂ ਮਹੁਂ ਫਸਿ ਕੈ ਤਜਿ ਰਸ ਕੋ[1]।

[1]ਨਾਮ ਦੇ) ਰਸ ਨੂੰ।

ਜਗਤ ਬਾਸ਼ਨਾ ਚਾਹਤਿ ਜਸ ਕੋ।
ਆਤਮ ਗਜਾਨੀ ਕੈ ਸਿਧਿ ਸਾਰੀ।
ਹਾਥ ਜੋਰਿ ਕਰਿ ਥਿਰਹਿਂ ਅਗਾਰੀ ॥੪੦॥
ਇਨ ਕੋ ਤਜਿ ਕਰਿ ਲੇ ਰਸੁ ਗਜਾਨ।
ਅਨੰਦ ਰੂਪ ਸਭਿ ਲਖਹਿ ਜਹਾਨ।
ਭੇਖਿ[1] ਜੋਗ ਕੋ ਸਦਾ ਕਮਾਵੋ।

[1]ਤੁਸੀਂ) ਭੇਖ (ਲੈਕੇ) ਸਦਾ ਜੋਗ ਕਮਾਉਂਦੇ ਹੋ।

ਬਿਨਾ ਪ੍ਰੇਮ ਪ੍ਰਭੁ ਕੋ ਕਿਮ ਪਾਵੋ? ॥੪੧॥
ਮਨ ਨਹਿਂ ਜੀਤਹੁ ਇਤ ਉਤ ਧਾਵੈ।

ਸਿੱਧਾਂ ਮਹਿਂ ਉਰਝ੍ਯੋ ਭਰਮਾਵੈ।'
ਸ਼੍ਰੀ ਗੁਰ ਰਾਮਦਾਸ ਕਹਿ ਕਰਿ ਕੈ।
ਸ਼ਬਦ ਸੁਨਾਯਹੁ ਤਿਨਹੁ ਉਚਰਿ ਕੈ
॥੪੨॥

ਸ੍ਰੀ ਮੁਖਵਾਕ:
ੴ ਸਤਿਗੁਰ ਪ੍ਰਸਾਦਿ ॥
ਮਹਲਾ ੪ ਰਾਗੁ ਆਸਾ ਘਰੁ ੬ ਕੇ ੩ ॥
ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥

ਚੌਪਈ:
ਸੁਨ੍ਯੋ ਸਬਦ ਸਤਿਗੁਰ ਤੇ ਜਬੈ।
'ਸ਼੍ਰੀ ਨਾਨਕ' ਜਾਨ੍ਯੋ ਸਿਧ[1] ਤਬੈ।
ਕਰੀ ਪਰੀਖ੍ਯਾ, ਛੋਰੀ ਗਿਨਤੀ[1]।
ਹੋਇ ਪ੍ਰਸੰਨ ਭਨੀ ਮੁਖ ਬਿਨਤੀ ॥੪੩॥
ਬਿਦਾ ਭਏ ਕਹਿ ਚਲੇ 'ਅਦੇਸੁ।'
ਦੇਖਤਿ ਸੰਗਤਿ ਤਹਾਂ ਅਸ਼ੇਸ਼।
ਅੰਤਰ ਧ੍ਯਾਨ ਭਏ ਤਤਕਾਲਾ।
ਸਭਿ ਬਿਸਮਾਏ ਪਿਖਤਿ ਬਿਸਾਲਾ
॥੪੪॥
ਪ੍ਰਸ਼ਨੋਤਰ ਸੁਨਿ ਕਰਿ ਸਭਿ ਕਾਨਾ।
ਪਾਰਬ੍ਰਹਮ ਗੁਰ ਰੂਪ ਪਛਾਨਾ।
ਬੂਝੇ 'ਸੰਤ ਕਹਾਂ ਤੇ ਆਏ?
ਕਹਿ ਸੁਨਿ ਟਿਕੇ ਨ, ਤੁਰਤ ਸਿਧਾਏ'
॥੪੫॥
ਸਤਿਗੁਰ ਸਰਬ ਸੁਨਾਵਨ ਕੀਨਿ।
'ਇਹ ਗੋਰਖ ਕੋ ਪੰਥ ਪ੍ਰਬੀਨ।
ਫਿਰਹਿ ਸਰਬ ਮਹਿਂ ਇੱਛਾਚਾਰੀ।

[1]ਸ਼੍ਰੀ ਨਾਨਕ ਰੂਪ ਜਾਣਿਆਂ ਸਿੱਧਾਂ ਨੇ।
[1]ਭਾਵ ਸੰਸੇ ਬ੍ਰਿਤੀ।

ਕਰਨ ਪਰੀਖ੍ਯਾ† ਅਏ ਹਮਾਰੀ ॥੪੬॥
ਪ੍ਰਸ਼ਨੋਤਰ ਕਰਿ ਗਏ ਪਯਾਨ।
ਸਿੱਧਾਂ ਢਿਗ, ਸਭਿ ਸਿਧ ਬਡ ਮਾਨ[1]।'
ਇਮ ਸੁਨਿ ਕੈ ਸੰਗਤਿ ਹਰਿਖਾਨੀ।
'ਤੁਮਰੀ ਗਤਿ ਕਛੁ ਜਾਇ ਨ ਜਾਨੀ ॥੪੭॥
ਸਿੱਖਜਨ ਹਿਤ[1] ਨਿਜ ਰੂਪ ਧਰਯੋ ਹੈ।
ਸੰਗਤਿ ਕੋ ਕੱਲਯਾਨ ਕਰਯੋ ਹੈ।'
ਸੁਨਿ ਇਮ ਸਭਿਨਿ ਨਿਵਾਯਹੁ ਸੀਸ।
'ਤੁਮ ਸੁਖਦਾਤੇ ਹੋ ਜਗਦੀਸ਼' ॥੪੮॥
ਕ੍ਰਿਪਾ ਦ੍ਰਿਸ਼ਟਿ ਸੰਗਤਿ ਪਰ ਕਰੀ।
ਭਏ ਨਿਹਾਲ ਕਿਤਿਕ ਤਿਸ ਘਰੀ।
ਕੇਤਿਕ ਦਯੋਸ ਬਿਤਾਵਨ ਕੀਨਿ।
ਸ਼੍ਰੀ ਸਤਿਗੁਰ ਬਿਸਾਲ ਪ੍ਰਬੀਨ ॥੪੯॥

†ਪਾ:-ਪਾਰਖਾ।

[1]ਸਿਧੀਆਂ (ਜਿਨ੍ਹਾਂ) ਪਾਸ ਹਨ ਤੇ ਸਾਰੇ ਸਿੱਧ ਵਡੈ ਮਾਨੀ ਹਨ।

[1]ਸਿੱਖਾਂ ਦੇ (ਤਾਰਨ) ਲਈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਧ ਆਗਮਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਤਪਾ ਸਿੱਖ ਹੋਯਾ। ਸਿੱਖਾਂ ਨੂੰ ਸੇਵਾ ਦਾ ਉਪਦੇਸ਼। ਖਗ ਸੇਵਾ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੪

ਦੋਹਰਾ:

ਰਾਮਦਾਸ ਸ਼੍ਰੀ ਸਤਿਗੁਰੂ, ਰਹੈਂ ਪ੍ਰੇਮ ਗ਼ਲਤਾਨ।
ਸੱਤਿਨਾਮ ਸਿਮਰਨ ਕਰਨਿ ਦੇ, ਸਿੱਖਜਨ ਕਹੁ ਦਾਨ ॥੧॥

ਚੌਪਈ:

ਸਤਿਸੰਗਤਿ ਨਿਤਿ ਹੋਤਿ ਬਿਸਾਲਾ।
ਆਵਹਿਂ, ਸਿੱਖ ਬਨਹਿਂ ਨਿਤ ਜਾਲਾ।
ਜਹਿਂ ਕਹਿਂ ਨਗਰ ਗ੍ਰਾਮ ਬਡ ਛੋਟੇ।
'ਗੁਰ' 'ਗੁਰ' ਜਪਹਿਂ ਲਾਖ ਕਈ ਕੋਟੇ[1] ॥੨॥
[1]ਕਈ ਕ੍ਰੋੜ।

ਸਿੱਖੀ ਕੇ ਮਾਰਗ ਸ਼ੁਭ ਪਰਿ ਹੀਂ[1]।
ਅਪਰਨਿ ਕੇ ਮਤ ਕੋ ਪਰਹਰਿਹੀਂ।
ਮਾਨੁਖ ਜਨਮ ਸਫਲਤਾ ਕਰਿਹੀਂ।
ਗੁਰ ਮਹਿਮਾ ਸ਼ਰਧਾ ਤੇ ਧਰਿਹੀਂ ॥੩॥
[1]ਪੈਂਦੇ ਹਨ।

ਦੁਸ਼ਟ ਦੇਖਿ ਕਰਿ ਦੁਖਤਿ ਬਿਸਾਲੇ।
ਬਰਖਾ ਜਲਹਿ ਜਵਾਸੋ ਜਾਲੇ[1]।
[1]ਬਰਖਾ ਦੇ ਜਲ ਨਾਲ (ਜਿਵੇਂ) ਸਾਰਾ ਜਵਾਹਾਂ ਸੜ ਜਾਂਦਾ ਹੈ।

ਸਹਿ ਨਹਿਂ ਸਕਹਿਂ ਕਮੁਦ ਕੁਭਾਗੇ।
ਮਨਹੁਂ ਚੰਦ੍ਰਿਕਾ ਬਿਰਹਨਿ ਲਾਗੇ[1] ॥੪॥
[1]ਜਿਵੇਂ ਚਾਨਣੀ ਵਿਛੋੜੇ ਵਾਲੀ ਨੂੰ (ਦੁਖਦਾਈ) ਲਗਦੀ ਹੈ।

ਸਿੱਖਨ ਕੀ ਅਸ ਰੀਤਿ ਨਵੀਨ।
ਏਕ ਤਪੇ ਨੇ ਦੇਖਨਿ ਕੀਨ।
ਤਰਕ ਕਰਨ ਕੋ ਉਮਗ੍ਯੋ ਰਹੈ[1]।
'ਇਹੁ ਕਸਾ ਕੀਨਿ?' ਨਰਨਿ ਸੋਂ ਕਹੈ ॥੫॥
[1]ਉੱਛਲਦਾ ਰਹਿੰਦਾ ਹੈ।

ਬੂਝਨ ਕੋ ਕਰਿ ਪ੍ਰੀਤਿ ਬਡੇਰੀ[1]।
ਆਇ ਸਭਾ ਸਤਿਗੁਰ ਕੀ ਹੇਰੀ।
ਬੰਦਨ ਕਰਿ ਸਮੀਪ ਤਬਿ ਥਿਰ੍ਯੋ।
ਬੈਠਾਇਵ ਗੁਰ ਆਦਰ ਕਰ੍ਯੋ ॥੬॥
[1]ਬੜੀ ਪ੍ਰੀਤ ਨਾਲ (ਲੋਗਾਂ) ਨੂੰ ਪੁਛਣਾ ਕਰਦਾ ਹੈ।

ਪੁਨ ਬੂਝ੍ਯੋ ਕਹਿ ਦੁਸ਼ਟਨ ਦਵਨੁ।

'ਕਾਰਨ ਕਵਨ ਆਪ ਆਗਵਨੂ[1]?
ਕ੍ਰਿਪਾ ਕਰਹੁ ਸਮਝਾਵਹੁ ਕਹਿ ਕੈ।
ਹਮ ਪੂਰਹਿਂ ਤਿਹ ਚਿਤ ਮਹਿਂ ਚਹਿ ਕੈ' ॥੭॥

[1]ਆਉਣੇ ਦਾ ਕਾਰਨ ਕੀ ਹੈ?

ਤਪਾ ਕਹਨਿ ਲਾਗਸਿ ਚਿਤ ਚਾਹੂ[1]।
'ਭ੍ਰਮਨ ਕਰਜੋ ਬਹੁ ਅਵਨੀ ਮਾਂਹੂ।
ਸਕਲ ਮਤਨ ਕੇ ਸੰਤ ਵਿਸ਼ੇਖੇ।
ਬੇਦ ਪੁਰਾਨ ਸੁਨੇ ਬਹੁ ਦੇਖੇ ॥੮॥

[1]ਚਿਤ ਦੀ ਇੱਛਾ।

ਤੀਰਥ ਬ੍ਰਿੰਦਨ ਜਾਤ੍ਰਾ ਕਰੀ।
ਬਹੁ ਥਲ ਜਲ ਪਾਵਨਤਾ ਧਰੀ[1]।

[1]ਬਹੁਤੀ ਥਾਂ ਤੇ (ਤੀਰਥ) ਜਲ ਦੀ ਪਵਿੱਤ੍ਰਤਾ ਧਾਰਨ ਕੀਤੀ, ਭਾਵ ਤੀਰਥੀਂ ਇਸ਼ਨਾਨ ਕੀਤੇ।

ਸਿੱਖ ਤੁਮਾਰੇ ਬਹੁ ਅਭਿਮਾਨੀ।
ਸ਼ਾਸਤ੍ਰ ਰੀਤਿ ਨ[†] ਜਾਨੀ ਮਾਨੀ ॥੯॥

[†]ਪਾ:-ਨਹਿਂ।

ਬਰਨਾਸ਼੍ਰਮ ਜਗ ਮਹਿਂ ਸਮੁਦਾਏ।
ਕਹਜੋ ਬੇਦ ਸਭਿ ਕੇ ਮਨ ਭਾਏ।
ਤੁਮਰੇ ਸਿੱਖਜ ਨ ਜਾਨਹਿਂ ਸੋਈ।
ਏ ਸ਼ੁਭ ਰੀਤਿ ਚਲਤਿ ਨਹਿਂ ਕੋਈ ॥੧੦॥
ਤੁਮ ਕੋ ਜਾਨਹਿਂ, ਪੂਜਨ ਠਾਨਹਿਂ।
ਤੁਮਰੀ ਬਾਨੀ ਬਦਨ ਬਖਾਨਹਿਂ।
ਵਾਹਿਗੁਰੂ ਕੋ ਸਿਮਰਨ ਕਰਹਿਂ।
ਉਰ ਮਹਿਂ ਧਜਾਨ ਤੁਮਾਰੋ ਧਰਹਿਂ ॥੧੧॥
ਤੀਰਥ ਬੇਦ ਪ੍ਰਭਾਵ ਨ ਜਾਨਜੋ।
ਇਨ ਕੋ ਧਰਮ ਸੁਭਾਵ ਨ ਮਾਨਜੋ[1]।

[1]ਇਨ੍ਹਾਂ (ਸਿਖਾਂ ਦਾ) ਧਰਮ ਤੇ ਸੁਭਾਵ (ਵੇਦ ਅਨੁਸਾਰ) ਨਹੀਂ ਜਾਣਿਆਂ। (ਅ) ਇਨ੍ਹਾਂ ਵੇਦਾਂ ਦਾ (ਕਥਨ ਕੀਤਾ) ਧਰਮ ਤੇ ਸ੍ਰੇਸ਼ਟ ਤਾਤਪਰਜ ਨਹੀਂ ਮੰਨਿਆਂ।

ਕਿਸ ਪ੍ਰਕਾਰ ਸਿੱਖਨ ਗਤਿ ਹੋਵਹਿ।
ਜਨਮ ਆਪਨੋ ਨਿਸ਼ਫਲ ਖੋਵਹਿਂ' ॥੧੨॥
ਸੁਨਿ ਸ਼੍ਰੀ ਰਾਮਦਾਸ ਤਬਿ ਕਹਜੋ।
'ਕੌਨ ਮਹਾਤਮ ਇਨ ਕੋ[1] ਲਹਜੋ?
ਕਰਹਿਂ ਪ੍ਰੀਤ ਸੋਂ ਸ਼ਰਧਾ ਧਾਰਿ।

[1]ਭਾਵ ਤੀਰਥਾਂ ਦਾ।

ਕੌਨ ਪਾਇਂ ਫਲ ਅੰਤੀਵਾਰ?' ॥੧੩॥
ਤਪੇ ਕਹ੍ਯੋ ਕਰਿ ਕੈ ਬਿਸਤਾਰਾ।
'ਤੀਰਥ ਮੱਜਨ ਫਲਦ ਉਦਾਰਾ[1]।
[1]ਫਲ ਦੇਂਦਾ ਹੈ ਬੜਾ।
ਪਾਪ ਖਾਪਤੇ ਆਪ ਸ਼ਨਾਨੇ[1]।
[1]ਪਾਪ ਨਾਸ਼ ਹੋ ਜਾਂਦੇ ਹਨ ਜਲ ਵਿਚ ਇਸ਼ਨਾਨ ਕਰਨ ਨਾਲ।
ਕਰਹਿਂ ਅੰਤ ਕੋ ਸੁਰਗ ਪਯਾਨੇ ॥੧੪॥
ਅਨਿਕ ਭਾਂਤਿ ਕੇ ਸੁਖ ਤਹਿਂ ਪਾਵਹਿਂ।
ਪਠਿ ਬੇਦਨ ਬ੍ਰਹਮ ਲੋਕ ਸਿਧਾਵਹਿਂ।'
ਸੁਨਿ ਸ਼੍ਰੀ ਸਤਿਗੁਰ ਵਾਕ ਬਖਾਨਾ।
'ਸੁਰਗ ਭੋਗ ਸੁਖ ਲਹ੍ਯੋ[†] ਮਹਾਂਨਾ ॥੧੫॥
[†]ਪਾ:-ਲਖ੍ਯੋ।
ਸਾਚ ਜਾਨਿ ਉਰ ਕਰਹੁ ਉਪਾਯਾ।
ਮਹਾਂ ਕਸ਼ਟ ਤੇ ਲਿਹੁ ਤਿਨ ਪਾਯਾ[1]।
[1]ਭਾਵ ਸੁਰਗ ਨੂੰ ਪ੍ਰਾਪਤ ਕਰ ਲਿਆ।
ਸੋ ਸਭਿ ਸੰਤਨ ਮਿੱਥ੍ਯਾ ਜਾਨੇ।
ਕ੍ਯੋਂ ਸੰਕਟ ਤਿਨ ਹਿਤ ਕਰਿ ਠਾਨੇ[1] ॥੧੬॥
[1]ਧਾਰਨ ਕਰਨ।
ਸਤਿਸੰਗਤ ਸੇਵਹੁ[†] ਤੁਮ ਨਾਂਹੀ।
[†]ਪਾ:-ਸੇਵ੍ਯੋ, ਸੇਵੀ।
ਕ੍ਯੋਂ ਸੁਖ ਤਿਨਹੁਂ ਲਖਹੁ[1] ਮਨ ਮਾਂਹੀ।
[1]ਤਿਸ (ਸਾਧ ਸੰਗਤ ਦੀ ਸੇਵਾ ਦਾ) ਤੁਸੀਂ ਜਾਣ ਸਕਦੇ ਹੋ।
ਸੱਤਜ ਵਸਤੁ ਤੁਮ ਲਖੀ ਨ ਕੈਸੇ।
ਚੱਕ੍ਰਵਰਤਿ ਸੁਖ ਰੰਕ ਨ ਜੈਸੇ ॥੧੭॥
ਬ੍ਰਿਥਾ[1] ਦੋਸ਼ ਮਮ ਸਿੱਖਜਨ ਦੀਨਸਿ।
[1]ਐਵੇਂ ਨਿਕੰਮਾ।
ਤੱਤੁ ਵਸਤੁ ਕੋ ਭੇਦ ਨ ਚੀਨਸਿ।
ਸਕਲ ਜਨਮ ਤੈਂ ਕੀਨ ਬਿਤੀਤ।
ਮਿਲ੍ਯੋ ਨ ਗੁਰ, ਨਹਿਂ ਆਇ ਪ੍ਰਤੀਤ ॥੧੮॥
ਜੰਗਮ ਤੀਰਥ ਅਤਿ ਸਤਿਸੰਗ[1]।
[1]ਸਤਿਸੰਗ ਟੁਰਦਾ ਫਿਰਦਾ ਤੀਰਥ ਹੈ।
ਤਿਸ ਕੋ ਮਿਲ੍ਯੋ ਨ ਲਹਿ ਹਰਿ ਰੰਗ।
ਉਰ ਮਹਿਂ ਗਰਬ ਧਰ੍ਯੋ ਦਿਢ ਕੂਰਾ।
ਤਬਹਿ ਮਿਟਹਿ ਮਿਲਿਹੈ ਗੁਰ ਪੂਰਾ' ॥੧੯॥
ਸੁਨਿ ਕੈ ਤਪੇ ਕਹ੍ਯੋ ਆਚਾਰ[1]।
[1]ਕਰਮ।
ਅਰੁ ਸਭਿ ਤੀਰਥ ਮੱਜਨ ਬਾਰ[1]।
[1]ਤੀਰਥਾਂ ਦੇ ਜਲ ਦਾ ਇਸ਼ਨਾਨ।

'ਕਿਮ ਲਘੁ ਕਹਹੁ[1] ਜਿ ਸਭਿ ਨੇ ਮਾਨੇ।
ਮਹਿਮਾ ਮਹਾਂ ਪੁਰਾਨ ਬਖਾਨੇ ॥੨੦॥
ਕਰ ਬਿਚਾਰ ਮੁਝ ਦਿਹੁ ਸਮੁਝਾਹੀ।
ਸਤਿਸੰਗਤ ਕੀ ਕਿਮਿ ਬਡਿਆਈ।'
ਤਬਿ ਸ਼੍ਰੀ ਰਾਮਦਾਸ ਹਿਤਕਾਰੀ[1]।
ਸ਼ਬਦ ਸੁਨਾਯੋ ਕੀਨਿ ਉਚਾਰੀ ॥੨੧॥

[1]ਭਾਵ ਇਨ੍ਹਾਂ ਨੂੰ ਨੀਵਾਂ ਕਿਉਂ ਕਹਿੰਦੇ ਹੋ।

[1]ਪ੍ਰੇਮ ਕਰਕੇ।

ਸ੍ਰੀ ਮੁਖਵਾਕ:
ਮਲਾਰ ਮਹਲਾ ੪ ॥
ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

ਦੋਹਰਾ:
ਸ਼੍ਰੀ ਸਤਿਗੁਰ ਮੁਖ ਤੇ ਸੁਨਜੋ, ਸ਼ਬਦ ਸੁ ਅਰਥ ਸਮੇਤ।
ਗਦ ਗਦ ਭਯੋ ਪ੍ਰਸੰਨ ਤਬਿ, ਉਰ ਭਾ ਪ੍ਰੇਮ ਨਿਕੇਤ[†] ॥੨੨॥

[†]ਇਕ ਲਿਖਤੀ ਨੁਸਖੇ ਵਿਚ ਇਸ ਦੋਹੇ ਦੀ ਥਾਵੇਂ ਐਤਨਾ ਪਾਠ ਹੋਰ ਹੈ:-
ਚੌਪਈ: ਕਹਜੋ ਗੁਰੁ ਜੀ 'ਤਪਾ ਸੁਨੀਜੈ। ਗੰਗਾ ਆਦਿ ਜੁ ਤੀਰਥ ਭਨੀਜੈ। ਤੇ ਸਭਿ ਸਾਧੂ ਧੂਰ ਕੋ ਚਾਂਹੀ। ਲੋਕਨਿ ਕੇ ਅਘਿ ਤਿਨ ਮੈਂ ਪਾਂਹੀ ॥੨੨॥ ਪਾਪੁ ਮੈਲਿ ਕਰੁ ਹੋਇ ਮਲੀਨ। ਸਾਧੂ ਚਰਨ ਧਾਰਨ ਜਬ ਕੀਨ। ਤਿਨ ਕੀ ਧੂਰਿ ਤੇ ਮੈਲਿ ਸਭੁ ਜਾਇ। ਤਬ ਤੀਰਥ ਸ਼ਾਂਤੀ ਕੋ ਪਾਇ ॥੨੩॥ ਅਠਸਠ ਤੀਰਥੁ ਸੰਗਤ ਮਾਂਹੀ। ਕਰ ਸਤਿਸੰਗ ਸਰਬ ਫਲ ਪਾਹੀ। ਭਗੀਰਥ ਤਪ ਕਰ ਗੰਗਾ ਆਨੀ। ਹਰਿ ਚਰਨੋ ਕਾ ਨਿਰਮਲ ਪਾਨੀ ॥੨੪॥ ਤਿਹ ਮੱਜੇ ਪਾਪਨ ਹੁਇ ਨਾਸ਼। ਸੋ ਹਰ ਚਰਨ ਸਤਿਸੰਗ ਨਿਵਾਸ। ਕਾਸੀ ਮਥੁਰਾ ਆਦਿ ਅਸਥਾਨੁ। ਹਰਿ ਅਵਤਾਰੁ ਤੇ ਉਤਮ ਜਾਨ ॥੨੫॥ ਸੋ ਹਰਿ ਸੰਤਨ ਰਿਦੈ ਮਜਾਰੁ। ਧਾਰੁ ਪ੍ਰੇਮ ਕਰਿ ਕਰੈ ਉਚਾਰਿ। ਯਾਂ ਤੇ ਸਤਿਸੰਗਤਿ ਵਡਿਆਈ। ਬੇਦਾਗਮ ਰਿਖਿਅਨ ਮੁਖਿ ਗਾਈ ॥੨੬॥ ਬਿਨ ਸਤਿਸੰਗ ਤਰਿਓ ਨਹਿਂ ਕੋਈ। ਆਗੈ ਪਾਛੈ ਅਬਿ ਜੋ ਹੋਈ। ਸੋ ਸਤਿਸੰਗ ਹਮ ਰੀਤ ਚਲਾਈ। ਸਭਿ ਸਿੱਖਨ ਕੋ ਨਾਮ ਜਪਾਈ ॥੨੭॥ ਇਸੀ ਹੇਤ ਸਤਿਸੰਗ ਮਹਾਤਮੁ। ਹਮਨੇ ਗਾਯੋ ਜਾਨੁ ਕਰਿ ਆਤਮ। ਤੁਮ ਆਪਨੇ ਮਨ ਲੇਹੁ ਬਿਚਾਰੁ। ਅਹੈ ਸਤਿ ਤਬਿ ਕਰੈ ਉਚਾਰ' ॥੨੮॥ ਦੋਹਰਾ: ਸ੍ਰੀ ਸਤਿਗੁਰ ਤੇ ਪਾਸ ਤੇ ਸਬਦ ਸੁ ਅਰਥ ਸਮੇਤ। ਸੁਨਜੋ ਤਪੇ ਪ੍ਰਸੰਨ ਹ੍ਵੈ ਸਮਝਜੋ ਸਗਰੇ ਹੇਤੁ ॥੨੯॥ ਇਹ ਕਵਿਤਾ ਸਿਥਲ ਜਿਹੀ ਹੈ ਤਾਂਤੇ ਆਖੇਪਕ ਲਗਦੀ ਹੈ।

ਚੌਪਈ:
ਤਪੇ ਰਿਦੇ ਸ਼ਰਧਾ ਤਬਿ ਆਈ।

ਕਰਤਿ ਭਯੋ ਬਹੁ ਭਾਂਤਿ ਬਡਾਈ।
ਕ੍ਰਿਪਾ ਦ੍ਰਿਸ਼ਟਿ ਗੁਰ ਹੇਰਨ ਕਰੀ।
ਜਿਸ ਤੇ ਦੁਰਮਤਿ ਤਿਸੁ ਕੀ ਹਰੀ ॥੨੩॥
ਕਹਿਨ ਲਗਜੋ 'ਜਾਗੇ ਮਮ ਭਾਗਾ।
ਅਨੁਰਾਗਤਿ ਰਾਵਰਿ ਮੁਖ ਲਾਗਾ[1]।

[1]ਭਾਵ ਆਪਦੇ ਦਰਸ਼ਨ ਕਰਕੇ ਪ੍ਰੇਮ ਉਤਪੰਨ ਹੋਇਆ ਹੈ। (ਅ) ਅਨ+ਰਾਗ = ਰਾਗ ਤੋਂ ਰਹਿਤ ਭਾਵ ਰਾਗ ਦ੍ਵੈਖ ਤੋਂ ਰਹਿਤ ਹੋਕੇ।

ਜਬਿ ਤੁਮ ਕ੍ਰਿਪਾ ਕਰਹੁ ਲਖਿ ਦਾਸ।
ਤਬਿ ਉਰ ਦੇਤੇ ਤੁਰਤ ਪ੍ਰਕਾਸ਼ ॥੨੪॥
ਮੋ ਮਨ ਮਾਨੀ ਮਾਨ ਮਹਾਂਨ[1]†।

[1]ਮੇਰਾ ਮਨ ਮਹਾਨ ਹੰਕਾਰ ਕਰ ਹੰਕਾਰੀ ਹੋ ਰਿਹਾ ਸੀ। †ਪਾ:-ਮੈਂ ਬਡ ਮਾਨੀ ਮੂਢ ਮਹਾਨ।

ਮਹਿਮਾ ਨਹਿਂ ਮਾਨੀ ਮਤਿ ਹਾਨ[1]†।

[1]ਮਤਹੀਣੇ ਨੇ (ਆਪ ਦੀ) ਮਹਿਮਾ ਨਹੀਂ ਸੀ ਜਾਣੀ। †ਪਾ:-ਮਹਿਮਾ ਸਿੱਖਨ ਕੀ ਨਹਿਂ ਜਾਨ।

ਸਨਮੁਖ ਬੋਲਜੋ ਮੈਂ ਬਹੁ† ਭਲਾ।

†ਪਾ:-ਅਬ।

ਪ੍ਰਤਿਕੂਲਨਿ ਪਰ ਤੁਮ ਅਨੁਕੂਲਾ[1]† ॥੨੫॥

[1]ਵਿਰੋਧੀਆਂ ਉਤੇ-(ਬੀ) ਤੁਸੀਂ ਦਿਆਲੂ ਹੋ। †ਪਾ:-ਬਖਸ਼ਹੁ ਆਪ ਤੁਮ ਹੋਇ ਅਨਕੂਲਾ।

ਅਸ ਦਾਤੇ ਤੁਮ ਤਜਾਗਹਿ ਜੋਇ।
ਸੋ ਮੂਰਖ ਲੇ ਸਭਿ ਕੁਛ ਖੋਇ।
ਅਬਿ ਮਨ ਜਾਨਜੋ ਸੰਤ ਮਹਾਤਮ।
ਜਿਸ ਤੇ ਪ੍ਰਾਪਤਿ ਗਜਾਤਾ ਆਤਮ[1]' ॥੨੬॥

[1]ਆਤਮ ਗਜਾਤ।

ਤਜਿ ਪਖੰਡ† ਗੁਰ ਕੋ ਸਿਖ ਹੋਇਓ।

†ਪਾ:-ਗਿਣਤੀ।

ਮਿਲਿ ਸਤਿਸੰਗਤਿ ਮਹਿਂ ਸੁਖ ਜੋਇਓ।
ਨਿਕਟ ਰਹੈ ਕਬਿ ਅਨਤ ਸਿਧਾਰੈ।
ਸ਼੍ਰੀ ਗੁਰ ਪਗ ਪੰਕਜ ਉਰਧਾਰੈ ॥੨੭॥
ਨਿਤਿ ਸਿਖ ਦੇਸ਼ ਬਿਦੇਸ਼ਨ ਆਵਹਿਂ।
ਲਗੇ ਦਰਬ ਅਰਪਨ ਹਰਖਾਵਹਿਂ।
ਸ਼੍ਰੀ ਗੁਰ ਅਮਰਦਾਸ ਇਕ ਦਿਨ ਕੋ।
ਚਲੇ ਖਰਚ ਲੇ ਇਤਨਕੁ ਧਨ ਕੋ[1] ॥੨੮॥

[1]ਐਤਨਾ ਕੁ ਧਨ ਲੈਂਦੇ ਸਨ (ਜਿਤਨੇ ਕੁ ਨਾਲ) ਇਕ ਦਿਨ ਦਾ ਖਰਚ ਚੱਲੇ।

ਅਰਪਹਿਂ ਅਧਿਕ ਸੁ ਦੇਤਿ ਹਟਾਇ।
ਨਿਸ ਬਾਸੁਰ ਬਹੁ ਦੇਗ ਚਲਾਇਂ।

ਸੰਚਹਿਂ ਕਰਜੋ ਨ ਘਰ ਮਹਿਂ ਏਤੋ।
ਏਕ ਦਿਵਸ ਭੋਜਨ ਹੋਇ ਜੇਤੋ ॥੨੯॥
ਆਇ ਨਿਤਾਪ੍ਰਤਿ ਹੁਇ ਗੁਜ਼ਰਾਨਾ।
ਨਿਜ ਸਰੀਰ ਲਗ ਅਸ ਪ੍ਰਨ ਠਾਨਾ[1]।
ਚਤੁਰਥ ਪਾਤਿਸ਼ਾਹੁ ਗੁਨਖਾਨੀ।
ਸੇਵਾ ਲਖਮੀ ਕੀਨ ਮਹਾਂਨੀ ॥੩੦॥
ਤੀਨ ਗੁਰਨ ਕੋ ਜਾਚਤਿ ਰਹੀ।
ਤਊ ਸਮੀਪ ਕਰੀ ਕਿਮਿ ਨਹੀ।
ਮਹਾਂ ਬਲੀ ਜੋਧਾ ਇਹੁ ਬੈਸੇ।
ਜਾਚਨ ਲਖਮੀ ਕੋ ਲਖਿ ਤੈਸੇ ॥੩੧॥
ਅੰਗੀਕਾਰ ਕਰੀ ਤਬਿ ਆਈ।
ਅਰਪਹਿਂ ਆਨ ਸਿੱਖਜ ਸਮੁਦਾਈ।
ਮਾਯਾ ਮਹਿਂ ਅਲੇਪ ਨਿਤਿ ਐਸੇ।
ਜਲ ਕਨ ਕਮਲ ਛੁਵੈ ਨਹਿਂ ਜੈਸੇ ॥੩੨॥
ਪ੍ਰਿਥੀਆ ਰਹਿਨ ਸਮੀਪੀ ਲਾਗਜੋ।
ਧਨ ਆਗਮ ਤੇ ਮਨ ਅਨੁਰਾਗਜੋ।
ਸਰਬ ਸੰਭਾਰਹਿ ਦੇਗ ਚਲਾਵਹਿ।
ਕਾਜ ਅਪਰ ਹ੍ਵੈ ਸੋ ਨਿਰਬਾਵਹਿ[†] ॥੩੩॥
ਮਹਾਂਦੇਵ ਮਨ ਮਸਤ ਰਹੰਤਾ।
ਹਾਨ ਲਾਭ ਕਉ ਕਛੁ ਨ ਗਨੰਤਾ।
ਰਿਦੇ ਪ੍ਰੇਮ ਪਿਤ ਗੁਰ ਕੋ ਭਾਰੀ।
ਸ੍ਰੀ ਅਰਜਨ ਜੀ ਭਗਤਿ ਸੰਭਾਰੀ ॥੩੪॥
ਜਨਨੀ ਭਾਨੀ ਕੇ ਅਨੁਸਾਰੇ।
ਬੰਦਨ ਕਰਹਿਂ ਸੇਵ ਕੋ ਪਾਰੇ।
ਸੁਕਚਤਿ ਰਹੈਂ ਪਿਤਾ ਤੇ ਮਨ ਮਹਿਂ।
ਬਿਵਹਾਰੀ ਕਿਮ ਭਏ ਨ ਧਨ ਮਹਿਂ ॥੩੫॥
'ਅਲਪ ਬੈਸ ਮਹਿਂ' ਸਗਰੇ ਜਾਨਹਿਂ।
'ਯਾਂ ਤੇ ਨਹਿਂ ਬਿਵਹਾਰ ਪਛਾਨਹਿਂ[1]।'
ਪਿਤਾ ਗੁਰੂ ਸਭਿ ਜਾਨਹਿਂ ਪ੍ਰੀਤਿ।

[1]ਭਾਵ ਸਾਰੀ ਆਯੂ ਤਕ ਇਹ ਪ੍ਰਣ ਧਾਰੀ ਰੱਖਿਆ।

[†]ਪਾ:-ਕਾਰਜ ਅਪਰ ਹ੍ਵੈ ਸੁ ਨਿਬਹਾਵਹਿ।

[1](ਗੁਰੂ ਅਰਜਨ ਸਾਹਿਬ) ਛੋਟੀ ਉਮਰ ਵਿਚ (ਹਨ) ਇਸ ਕਰਕੇ ਵਿਵਹਾਰ ਨਹੀਂ ਪਛਾਣਦੇ, ਸਾਰੇ ਲੋਕ (ਇਹੀ) ਜਾਣਦੇ ਹਨ।

ਜਿਮ ਬਰਤਤਿ ਜਨ ਗਨ ਕੇ ਚੀਤ[1] ॥੩੬॥

[1]ਗੁਰੂ ਰਾਮਦਾਸ ਜੀ ਸ੍ਰੀ ਅਰਜਨ ਦੇਵ ਜੀ ਦੇ ਦਿਲ ਦੀ) ਪ੍ਰੀਤੀ ਨੂੰ ਜਾਣਦੇ ਹਨ, ਤੇ ਇਹ ਵੀ ਜਾਣਦੇ ਹਨ ਜਿਵੇਂ ਸ੍ਰੀ ਅਰਜਨ ਜੀ ਬਾਬਤ ਸਾਰੇ ਲੋਕਾਂ ਦੇ ਜੀ ਵਿਚ ਵਰਤੀ ਹੈ। (ਅ) ਜਿਵੇਂ ਜਨਗਨ = ਭਗਤ ਜਨਾਂ ਦੇ ਦਿਲ ਵਿਚ ਵਰਤੇ, ਉਹ ਬੀ ਜਾਣਦੇ ਹਨ, ਭਾਵ ਅੰਤਰਯਾਮੀ ਹਨ।

-ਸੋਢੀ ਬੰਸ ਬਿਭੂਖਨ ਹੋਵਹਿਂ[1]।

[1]ਸ਼੍ਰੀ ਅਰਜਨ ਜੀ) ਹੋਣਗੇ।

ਸਭਿ ਗੁਨ ਨਿਪੁਨ-, ਪਿਤਾ ਇਮ ਜੋਵਹਿਂ।
-ਨਿਜ ਕੁਲ ਮਹਿਂ ਰਾਖਹਿਂ ਗੁਰਿਆਈ।
ਜਾਨਿ ਨ ਦੇਹਿਂ ਕਰਹਿਂ ਥਿਰਤਾਈ[1]- ॥੩੭॥

[1]ਟਿਕਾਵਣਾ ਕਰਨਗੇ।

ਅਪਰ ਲੋਕ ਪ੍ਰਿਥੀਏ ਕੋ ਜਾਨਹਿਂ।
-ਸਭਿ ਬਿਵਹਾਰ ਮਹਾਂਨ ਪਛਾਂਨਹਿਂ।
ਪਿਤਾ ਸਮੀਪੀ ਨਿਸ ਦਿਨ ਰਹੈ।
ਦੇਨਿ ਲੇਨਿ ਸਗਰੋ ਨਿਰਬਹੈ ॥੩੮॥
ਸਭਿ ਬਿਵਹਾਰਨ ਮਹਿਂ ਸਵਧਾਨੇ।
ਕਰਹਿ ਕਾਰ ਪਿਤ ਕੋ ਨ ਬਖਾਨੇ-।
ਸਤਿਗੁਰ ਕਹੈਂ ਨ ਕੈਸੇ ਤਾਂਹੂ[1]।

[1]ਕਿਸੇ ਤਰ੍ਹਾਂ (ਪ੍ਰਿਥੀਏ ਨੂੰ)।

ਉਪਦੇਸ਼ਤਿ ਥਿਤਿ ਸਿੱਖਨ ਮਾਂਹੂ ॥੩੯॥
ਇਕ ਦਿਨ ਸੰਗਤਿ ਭਈ ਘਨੇਰੀ।
ਸੁਨਜੋ ਚਹੈ ਬਾਨੀ ਗੁਰ ਕੇਰੀ।
ਲਗਜੋ ਦਿਵਾਨ ਸਥਾਨ ਮਹਾਂਨ[†]।
ਗੁਰਮੁਖ ਸਿੱਖਯ ਸੁ ਮਿਲੇ ਸੁਜਾਨ[†] ॥੪।

[†]ਪਾ:-ਮਹਾਨ ਸਥਾਨਾ।
[†]ਪਾ:-ਸੁਜਾਨਾ।

ਗਨ ਚਕੋਰ ਜਨੁ ਭਏ ਅਸ਼ੇਸ਼ੈਂ[1]।

[1]ਕੱਠੇ।

ਸਤਿਗੁਰ ਬਦਨ ਚੰਦ ਕੋ ਦੇਖੈਂ।
ਚਾਤ੍ਰਿਕ ਬ੍ਰਿੰਦ ਤ੍ਰਿਖਾਤੁਰ ਬਹੁ ਲਹਿਂ[1]।

[1]ਸਾਰੇ ਚਾਤ੍ਰਿਕ (ਨਿਜ ਨੂੰ) ਬਹੁਤਾ ਤ੍ਰਿਖਾਵੰਤ ਜਾਣਕੇ।

ਗੁਰ ਘਨ ਤੇ ਉਪਦੇਸ਼ ਬੂੰਦ ਚਹਿਂ[1] ॥੪੧॥

[1]ਗੁਰ ਰੂਪੀ ਬੱਦਲ ਤੋਂ ਉਪਦੇਸ਼ ਦੀ ਬੂੰਦ ਚਾਹੁੰਦੇ ਹਨ।

ਸਭਿ ਸਿੱਖਜਨ ਕੀ ਲਖਿ ਕਰਿ ਲਾਲਸ।
ਲਾਗੇ ਸਤਿਗੁਰ ਕਹਿਨ ਕ੍ਰਿਪਾਲਸ[1]।

[1]ਕ੍ਰਿਪਾਲ ਹੋ ਕੇ।

'ਜੇ ਕੋ ਮੇਰੋ ਸਿੱਖਯ ਕਹਾਵਹਿ।
ਸ਼ੁਭ ਗਤਿ ਅੰਤ ਸਮੈ ਲਲਚਾਵਹਿ ॥੪੨॥

ਸੇਵਾ ਕਰਨ ਬਿਖੇ ਚਿਤ ਕਰੈ।
ਉਰ ਹੰਕਾਰ ਨ ਕਬਹੂੰ ਧਰੈ।
ਅਪਰ ਜੁਗਨ ਮਹਿਂ ਤਪ ਕੋ ਤਾਪਨਿ।
ਸਹਹਿ ਕਸ਼ਟ ਬਹੁ ਬਿਧਿ ਤਨ ਆਪਨ[1] ॥੪੩॥
ਨਿਰਮਲ ਅੰਤਹਿਕਰਨ ਕਰੇ ਹੈ।
ਹ੍ਵੈ ਨਿਸ਼ਕਾਮ ਅਨੰਦ ਥਿਰੇ ਹੈ।
ਸੋ ਤਪ ਕੋ ਅਬ ਸਮਾਂ ਨ ਜਾਨਹੁਂ।
ਸਤਿ ਸੰਗਤਿ ਕੀ ਸੇਵਾ ਠਾਨਹੁਂ ॥੪੪॥
ਤਪ ਤੇ ਦਸ ਗੁਨ ਫਲ ਇਸ ਕੇਰਾ।
ਅੰਤ ਸਮੇਂ ਬਲ[†] ਲਹੈ ਬਡੇਰਾ।
ਤਪ ਕੋ ਬਹੁ ਦਿਨ ਜੇ ਨਿਤਿ ਤਾਪਤਿ।
ਅਲਪ ਸਮੈ ਸੇਵਾ ਫਲ ਪ੍ਰਾਪਤਿ ॥੪੫॥
ਦ੍ਰਿੜ ਸ਼ਰਧਾ ਧਰਿ ਸੇਵਾ ਕਰੈ।
ਜਨਮ ਮਰਨ ਭਵਜਲ ਤੇ ਤਰੈ।
ਆਪਾ ਕਬਹੁ ਜਨਾਵਹਿ ਨਾਂਹਿਨ।
ਕਹੈ ਕਠੋਰ ਦੁਖਾਵਹਿ ਕਾਹਿ ਨ ॥੪੬॥
ਸੇਵਾ ਕਰਿ ਲੇ ਚਤੁਰ ਪਦਾਰਥ।
ਗੁਰ ਸਿਖ ਸੇਵਹਿ ਹੋਹਿ ਕ੍ਰਿਤਾਰਥ।
ਬਿਨ ਸੇਵਾ ਤੇ ਭਗਤਿ ਨ ਪਾਵਹਿ।
ਭਗਤਿ ਬਿਨਾਂ ਨਹਿਂ ਗ੍ਯਾਨ ਉਪਾਵਹਿ ॥੪੭॥
ਗ੍ਯਾਨ ਬਿਨਾਂ ਨਹਿਂ ਮੁਕਤਿ ਪਦਾਰਥ।
ਸੇਵਾ ਮੂਲ ਸੁ ਕਰਹੁ ਕ੍ਰਿਤਾਰਥ[1]।
ਜੋ ਸਤਿਸੰਗਤਿ ਸੇਵਾ ਠਾਨੇ।
ਸੋ ਬਹੁ ਪ੍ਯਾਰੋ ਮਮ ਮਨ ਮਾਂਨੇ ॥੪੮॥
ਜਥਾ ਸ਼ਕਤਿ ਭੋਜਨ ਬਨਿਵਾਵੈ।
ਨੰਮ੍ਰਿ ਹੋਇ ਸਿਖ ਅੰਤ ਅਚਾਵੈ।
ਚਰਨ ਪਖਾਰੈ ਨੀਰ ਪਿਵਾਵੈ।
ਕਰ ਬੀਜਨ ਲੇ[1] ਪੌਨ ਝੁਲਾਵੈ ॥੪੯॥
ਚਾਂਪਹਿ ਚਰਨ[1] ਮਧੁਰ ਕਹਿ ਬਾਨੀ।
ਪਟ ਪਹਿਰਾਵੈ ਬਿਨੈ ਬਖਾਨੀ।

[1]ਆਪਣੇ ਤਨ ਤੇ।

[†]ਪਾ:-ਪਦ।

[1]ਸੇਵਾ (ਸਭ ਦਾ) ਮੁੱਢ ਹੈ ਜੋ ਸੇਵਾ ਕਰੋ ਤੇ ਨਿਹਾਲ ਹੋਵੋ।

[1]ਪੱਖਾ ਹੱਥ ਵਿਚ ਲੈਕੇ।

[1]ਚਰਨ ਦੱਬੇ।

ਅਰਪਹਿ ਫਲ ਬਰ ਫੂਲ ਅਪਾਰੀ†।
ਬਸਤ੍ਰ ਪਖਾਰਹਿ ਸੰਤ ਅਗਾਰੀ ॥੫੦॥
ਮੰਦਰ ਚਿਨਹਿ ਚਿਨਾਵਹਿ ਚਾਰੂ।
ਜਹਿਂ ਬਿਸਰਾਮਹਿਂ ਸੰਤ ਉਦਾਰੂ।
ਸ਼ਰਧਾ ਪ੍ਰੇਮ ਸਹਤ ਕਰਿ ਸੇਵਾ।
ਨਹਿਂ ਬਜਾਪੈ ਮਨ ਕੋ ਅਹੰਮੇਵਾ ॥੫੧॥
ਇਸ ਪਰ ਇਕ ਇਤਿਹਾਸ ਬਖਾਨਾ†।
ਇਕ ਨਰ ਨੇ ਖਗ ਸੇਵਾ[1] ਠਾਨਾ।
ਪਾਨੀ ਚੋਗ ਦੇਹਿ ਧਰਿ ਊਚੇ[1]।
ਸਭਿ ਪੰਛੀ ਤਿਹ ਸਦਨ ਪਹੂਚੇ ॥੫੨॥
ਖਗ ਪ੍ਰਸੰਨ ਬਹੁ ਤਿਸ ਪਰ ਹੋਇ।
ਆਨੇ ਹੰਸ ਸਦਨ ਤਿਹ ਦੋਇ।
ਖਾਇਂ ਨ ਚੋਗ ਨ ਪੀਵੈਂ ਪਾਨੀ।
ਤਿਨ ਪਿਖਿ ਕੈ ਚਿਤ ਚਿੰਤਾ ਠਾਨੀ ॥੫੩॥
ਕਿਨਹੂੰ† ਆਨਿ ਤਿਸੈ ਸਮੁਝਾਇਸੁ।
-ਮੁਕਤਾ ਦੂਧ ਖਾਇਂ ਤ੍ਰਿਪਤਾਇਸੁ-।
ਸੁਨਿ, ਅਨਬਿਧ ਮੁਕਤਾ[1] ਸੋ ਲਜਾਇਵ।
ਰੁਚਿ ਕਰਿ ਹੰਸਨ ਸੋ ਤਹਿਂ ਖਾਇਵ ॥੫੪॥
ਪੀਯੋ ਦੁਗਧ ਨੀਰ ਕੋ ਤਜਾਗਾ।
ਭੇ ਪ੍ਰਸੰਨ ਤਿਹ ਪਿਖਿ ਅਨੁਰਾਗਾ।
ਦੋਇ ਲਾਲ ਉਗਲੇ ਧਰਿ ਦੀਨੇ।
ਹੰਸ ਗਏ ਉਡਿ ਸੋ ਤਿਨਿ ਲੀਨੇ ॥੫੫॥
ਬੇਚ ਤਿਨਹੁਂ ਕਉ ਧਨ ਬਹੁ ਆਨਜੋ।
ਸੁੰਦਰ ਸਦਨ ਬਨਾਵਨ ਠਾਨਜੋ†।
ਕਰਹਿ ਬਿਹੰਗਨ ਸੇਵ ਬਿਸਾਲਾ।
ਬ੍ਰਿੰਦ ਹੰਸ ਆਏ ਇਕ ਕਾਲਾ ॥੫੬॥
-ਦੇਖਹਿਂ ਚਲਿ ਜੋ ਭਗਤ ਹਮਾਰੋ-।
ਇਮਿ ਚਹਿ ਤਿਹ ਘਰ ਆਇ ਹਜ਼ਾਰੋਂ।
ਅਨਬਿਧ ਮੁਕਤਾ ਧਰੇ ਅਗਾਰੀ।

†ਪਾ:-ਅਗਾਰੀ।

†ਪਾ:-ਇਹ ਕਥਾ ਦ੍ਰਿਸ਼ਟਾਂਤ ਹੈ ਇਸ ਦਾ ਇਹ ਮਤਲਬ ਨਹੀਂ ਹੈ ਕਿ ਪੰਛੀਆਂ ਦੇ ਸੇਵਕ ਬਣ ਜਾਓ, ਪਰ ਇਹ ਕਿ ਹੰਸ ਰੂਪ ਨਿਰਮਲ ਤੇ ਪੂਰਨ ਸੰਤ ਦੀ ਸੇਵਾ ਕਰੋ।

[1]ਪੰਛੀਆਂ ਦੀ ਸੇਵਾ।

[1]ਪਾਣੀ ਤੇ ਚੋਗਾ ਰਖ ਦੇਵੇ ਉੱਚੀ (ਥਾਂ)।

†ਪਾ:-ਕਿਸਹੂੰ।

[1]ਅਣਵਿਧ ਮੋਤੀ।

†ਪਾ:-ਕੀਨੋ।

ਦੀਨਸਿ ਦੁਗਧ ਸੇਵ ਹਿਤਕਾਰੀ[1] ॥੫੭॥
ਤਿਹਂ ਪਰ ਸਭਿ ਪ੍ਰਸੰਨ ਤਬਿ ਹੋਇ।
ਰਤਨ ਅਨੇਕ ਦੀਨ ਤਿਹ ਜੋਇ।
ਭੂਪ ਸਮਾਨ ਭਯੋ[†] ਖਗ ਸੇਵੈ।
ਸੰਤਨ ਸੇਵ[1] ਮਹਾਂ ਫਲ ਲੇਵੈ ॥੫੮॥
ਨਿਧਿ ਸਿਧਿ ਕੇ ਦਾਤਾ ਨਿਤਿ ਸੰਤ।
ਮੁਕਤਿ ਪਦਾਰਥ ਦੇਵਤਿ ਅੰਤ।
ਹੰਸ ਸਮਾਨ ਸਿੱਖ੍ਯ ਜੋ ਮੇਰੇ।
ਇਨ ਸੇਵੇ ਫਲ[†] ਪਾਇਂ ਘਨੇਰੇ ॥੫੯॥
ਅਲਭ ਵਸਤੁ ਐਸੀ ਨਹਿਂ ਕੋਈ।
ਮਮ ਸਿਖ ਸੇਵੇ ਪਾਇ ਨ ਜੋਈ।'
ਇਮ ਸ਼੍ਰੀ ਸਤਿਗੁਰ ਸੇਵ ਮਹਾਤਮ।
ਕਹ੍ਯੋ ਸੁਨਤਿ ਸਿਖ ਲੇ ਸੁਖ ਆਤਮ ॥੬੦॥

[1]ਸੇਵਾ ਕਰੀ ਪ੍ਰੇਮ ਨਾਲ।
[†]ਪਾ:-ਬਨਿਓਂ।
[1]ਤਿਵੇਂ ਹੀ) ਸੰਤ ਸੇਵਾ ਕਰਕੇ।
[†]ਪਾ:-ਸੁਖ।

ਦੋਹਰਾ:
ਸ਼੍ਰੀ ਸਤਿਗੁਰ ਬ੍ਰਿਧ ਅਮਰ ਜੀ, ਆਇ ਤਿਨਹੁਂ ਕੇ ਪਾਸ[1]।
ਗ੍ਰਾਮ ਕਿਤਿਕ ਅਰਪਨਿ ਕਰੇ, ਅਕਬਰ ਬਿਨੈ ਪ੍ਰਕਾਸ਼ ॥੬੧॥
ਸੋ ਸਗਰੇ ਹੀ ਗ੍ਰਾਮ ਗਨ, ਗੁਰਤਾ ਗਾਦੀ ਸਾਥ।
ਰਾਮਦਾਸ ਗੁਰ ਕੋ ਦਏ, ਕੁਲ ਭੱਲਜਨ ਕੇ ਨਾਥ ॥੬੨॥

[1]ਭਾਵ ਅਕਬਰ ਨੇ ਆਕੇ ਗੁਰੂ ਅਮਰ ਦੇਵ ਜੀ ਪਾਸ।

ਚੌਪਈ:
ਆਪ ਅਛਤ ਹੀ[1] ਪ੍ਰਥਮ ਪਠਾਏ।
ਤਾਲ ਖਨਾਵਨਿ ਕੋ ਫੁਰਮਾਏ।
ਕੁਛਕ ਖਨ੍ਯੋ ਅਰ ਗ੍ਰਾਮ ਬਸਾਵਾ।
ਨਾਮ 'ਗੁਰੂ ਕੋ ਚੱਕ' ਧਰਾਵਾ ॥੬੩॥
ਅਸ ਇਤਿਹਾਸ ਸੁਨਤਿ ਸਭਿ ਸਿੰਘ।
ਕਰੀ ਬਿਕਾਰਨ[1] ਕੋ ਬਡ ਸਿੰਘ।
ਹਾਥ ਜੋਰਿ ਬੋਲੇ ਤਬਿ ਸ਼੍ਰੋਤਾ।
'ਰਾਮਕੁਇਰ! ਤੁਮ ਅਨੰਦ ਉਦੋਤਾ

[1]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦੇ ਹੁੰਦਿਆਂ ਹੀ
[1]ਬਿਕਾਰਾਂ ਰੂਪ ਹਾਥੀ (ਦੇ ਮਾਰਨੇ ਲਈ ਜੋ) ਬਡੇ ਸ਼ੇਰ ਮਨਿੰਦ ਹਨ (ਸਿੰਘ)।

॥੬੪॥
ਕਥਾ ਸੁਨਾਇ ਸਰਬ ਸੁਖ ਦੀਏ।
ਜਿਸ ਤੇ ਭਏ ਪ੍ਰਫੁੱਲਿਤ ਹੀਏ।
ਅਬ ਸ਼੍ਰੀ ਅੰਮ੍ਰਿਤਸਰ ਕੀ ਕਥਾ।
ਕਰਹੁ ਸੁਨਾਵਨ ਹੋਈ† ਜਥਾ ॥੬੫॥ †ਪਾ:-ਬੀਤੀ।
ਐਸੋ ਤੀਨ ਲੋਕ ਕੇ ਅੰਦਰ।
ਸੁਨਜੋ ਨ ਥਲ ਤੀਰਥ ਅਤਿ ਸੁੰਦਰ।
ਕਿਮ ਉਤਪਤੀ ਭਈ ਇਸ ਕੇਰੀ।
ਮਹਿਮਾ ਕਹੀ ਨ ਜਾਹਿ ਬਡੇਰੀ ॥੬੬॥
ਜਿਸ ਕੋ ਮਹਾਂ ਮਹਾਤਮ ਆਹਿ।
ਕਹਜੋ ਬਹੁਤ ਸ਼੍ਰੀ ਗ੍ਰਿੰਥ ਸੁ ਮਾਂਹਿ।
ਕਿਸ ਪ੍ਰਕਾਰ ਇਹੁ ਤਾਲ ਲਗਾਵਾ?
ਹਰਿ ਮੰਦਰ ਸੁੰਦਰ ਬਨਿਵਾਵਾ ॥੬੭॥
ਲਛਮੀ ਸਥਿਤ ਸੇਵਤੀ ਜਹਾਂ।
ਸੰਤਨ ਕੇ ਚਿਤ ਭਾਵਤਿ ਮਹਾਂ।
ਮਹਾਂ ਕਠੋਰ ਜਗਤ ਅਸ ਕੋਇ ਨ।
ਦਰਸ਼ਨ ਤੇ ਸ਼ਰਧਾ ਜਿਸ ਹੋਇ ਨ ॥੬੮॥
ਅਸ ਦੁਰਭਾਗਿ ਕਵਨ ਜਗ ਹੋਇ।
ਕਰਹਿ ਤਰਕਨਾ ਇਸ ਕੋ ਜੋਇ।
ਦਰਸ਼ਨ ਤੇ ਮਨ ਹਰਿਬੇ ਹਾਰੋ[1]। [1]ਮਨ ਹਰਨ ਵਾਲੇ।
ਮੱਜਨ ਸੇਵਨ ਤੇ ਸੁਖ ਭਾਰੋ ॥੬੯॥
ਸਕਲ ਜਨਨ ਕੋ ਸਭਿ ਫਲ ਦਾਇਕ।
ਜਥਾ ਕ੍ਰਿਪਾਲ ਤ੍ਰਿਲੋਕੀ ਨਾਇਕ[1]। [1]ਜਗਤ ਦਾ ਸੁਆਮੀ।
ਦੇਵਨ ਗਨ ਕੇ ਰਹਿਬੇ ਲਾਇਕ[1]। [1]ਭਾਵ ਸਾਰੇ ਪਵਿੱਤ੍ਰ ਲੋਕਾਂ ਦੇ ਰਹਿਣ ਯੋਗ।
ਪਰਹਿ ਭੀਰ ਤੇ ਬਨਹਿ ਸਹਾਇਕ ॥੭੦॥
ਇਸ ਕੋ ਸਕਲ ਪ੍ਰਸੰਗ ਸੁਨਾਵਹੁ।
ਸ਼੍ਰੋਤਨ ਕੋ ਸੰਦੇਹੁ ਮਿਟਾਵਹੁ।
ਸਭਿ ਕੇ ਰਿਦੇ ਲਾਲਸਾ ਭਾਰੀ।
ਗਹੀ ਆਇ ਕਰਿ ਸ਼ਰਨ ਤਿਹਾਰੀ ॥੭੧॥

ਤੁਮ ਹੋ ਮਹਾਂ ਕ੍ਰਿਪਾਲ ਸੁਬੱਗਜ।
ਬ੍ਰਹਮ ਗਜ਼ਾਨ ਤੇ ਮਹਾਂ ਤਤੱਗਜ[1]।
[1]ਭਾਵ ਸ੍ਰੀ ਗੁਰੂ ਰਾਮਦਾਸ ਜੀ ਦਾ ਪਹਿਲੋਂ ਦਾ ਪੁਟਵਾਇਆ।

[1]ਖੋਦਣ ਦੇ।

[1]ਥੋਹੜਾ।

[1]ਪਛਾਣ।

[1]ਟਾਹਲੀ।

[†]ਇਸ ਥਾਵੇਂ ਹੁਣ ਤਕ ਗੁਰਦੁਆਰਾ ਹੈ, ਨਾਮ ਟਾਹਲੀ

ਸਾਹਿਬ ਸੱਦੀਦਾ ਹੈ, ਕਰਮੋ ਦੀ ਡਿਉਡੀ ਦੇ ਨੇੜੇ ਵਾਰ ਸੰਤੋਖਸਰ ਦੇ ਕਿਨਾਰੇ ਤੇ ਹੈ ਤੇ ਟਾਹਲੀ ਬੀ ਹੈ।

ਤਹਾਂ ਜਾਇ ਕਰਿ ਉੱਦਮੁ ਠਾਨਾ ॥੭॥
ਨਿਸ਼ਚੈ ਤਿਸ ਤੀਰਥ ਕੋ ਕਰਿਯੋ।
ਸਭਿਨਿ ਸੰਗ ਸਤਿਗੁਰੂ ਉਚਰਿਯੋ।
'ਗੁਰ ਆਗਜਾ ਤੇ ਪਿਤਾ ਹਮਾਰੇ।
ਆਇ ਸੁ ਸਰ ਕਰਿਵਾਇਸੁ ਕਾਰੇ ॥੮॥
ਇਹ ਤੌ ਬਿਦਤ ਚਿੰਨ੍ਹ ਲਖਿ ਪੱਯਤਿ।
ਖਨਜੋ ਕਿਤਿਕ ਅਰੁ ਤਰੁ ਦ੍ਰਿਸ਼ਟੱਯਤਿ।'
ਇਮ ਸੁਨਿ ਸਭਿ ਨੈ ਕੀਨਸਿ ਨਿਰਨੇ।
'ਆਪ ਜਥਾਰਥ ਕਰਿਹੋ ਬਰਨੇ ॥੯॥
ਟੋਵਾ ਖਨਜੋ ਸੋ ਪਰਹਿ ਦਿਸਾਈ।
ਤੁਮ ਤੇ ਕੌਨ ਲਖਹਿ ਅਧਿਕਾਈ।'
ਇਮ ਨਿਸ਼ਚੈ ਕਰਿ ਲਗੇ ਖਨਾਵਨਿ।
ਗਨ ਮਜੂਰ, ਸਿਖ ਕਰੇ ਲਗਾਵਨਿ ॥੧੦॥
ਬ੍ਰਿੰਦ ਖਨਹਿਂ ਸਿਰ ਮ੍ਰਿਤਕਾ ਧਾਰਹਿਂ।
ਲੇ ਕਰਿ ਵਹਿਰ ਜਾਇ ਤਟ[1] ਡਾਰਹਿਂ।
ਅਨਗਨ ਮਾਨਵ ਆਵਨਿ ਲਾਗੇ।
ਕਿਤੇ ਮਜੂਰ ਸਿੱਖਜ ਬਡਿਭਾਗੇ ॥੧੧॥
ਇਮ ਦਿਨਪ੍ਰਤਿ ਸ਼੍ਰੀ ਅਰਜਨ ਨਾਥੁ।
ਲੇ ਕਰਿ ਸਿਖ ਸੰਗਤਿ ਕੋ ਸਾਥ।
ਜਹਿਂ ਕਹਿਂ ਤੇ ਬਹੁ ਕਰੇ ਬੁਲਾਵਨਿ।
ਗਨ ਮਜੂਰ ਜੁਤਿ ਕਰਤਿ ਖਨਾਵਨਿ ॥੧੨॥
ਬੈਠਹਿਂ ਜਾਇ ਤਾਂਹਿ ਕੇ ਤੀਰ।
ਖੋਦਹਿਂ ਬਹੁ ਮਾਨਵ ਕੀ ਭੀਰ।
ਇਕ ਖਨਨੀ ਗਹਿ[1] ਖਨਹਿਂ ਸਬਲ ਥਲ[†]।
ਏਕ ਨਿਕਾਸਹਿਂ, ਭਾਖਹਿਂ 'ਚਲਿ ਚਲਿ' ॥੧੩॥
ਧਰਹਿਂ ਭਾਵਨਾ ਕੇਤਿਕ ਆਵਹਿਂ।
ਤੀਰਥ ਖਨਹਿਂ ਤਥਾ ਫਲ ਪਾਵਹਿਂ।
ਕੇਤਿਕ ਸਿੱਖਜ ਆਪ ਚਲਿ ਆਏ।

[1]ਕੰਢੇ ਤੇ।

[1]ਕਹੀ ਫੜ ਫੜ ਕੇ। [†]ਪਾ:-ਹਨਹਿਂ ਸੁ ਥਲ ਥਲ।

ਕੇਤਿਕ ਸ੍ਰੀ ਅਰਜਨ ਬੁਲਵਾਏ ॥੧੪॥
ਭਈ ਜਹਾਂ ਕਹਿਂ ਪਸਰੀ ਗਾਥਾ।
ਸੁਨਿ ਸੁਨਿ ਆਇ, ਨਾਇਂ ਪਦ ਮਾਥਾ।
ਮਹਾਂ ਚੌਂਪ ਤੇ ਕਾਰ[1] ਨਿਕਾਰਹਿਂ।
ਸਿਮਰਹਿਂ ਨਾਮ ਬਿਘਨ ਕੋ ਟਾਰਹਿਂ ॥੧੫॥
ਕੋ ਆਵਤਿ ਕੋ ਜਾਤਿ ਅਨੇਕ।
ਕੋ ਸੇਵਾ ਕਰਿ ਲਹਹਿ ਬਿਬੇਕ।
ਕੋ ਜਗ ਸੁਖ ਕੋ ਬਾਂਛਤਿ ਆਵਹਿ।
ਸੁਤ ਬਿਤ ਆਦਿਕ ਸੋ ਤਹਿਂ ਪਾਵਹਿ ॥੧੬॥
ਪ੍ਰਾਤਿ ਹੋਤਿ ਲੇ ਸੰਗ ਸਭਿਨਿ ਕੋ।
ਸਗਰੇ ਦਿਨ ਮਹਿਂ ਕਰਹਿਂ ਖਨਨ ਕੋ।
ਸੰਧ੍ਯਾ ਹੋਤਿ ਜਾਤਿ ਬਿਚ ਗ੍ਰਾਮ।
ਬਨਹਿ ਦੇਗ ਬਡ ਗੁਰ ਕੇ ਧਾਮ ॥੧੭॥
ਸਗਰੀ ਸੰਗਤਿ ਪਾਇ ਅਹਾਰੇ।
ਤਹਾਂ ਜਾਮਨੀ ਬਸਹਹਿਂ ਸਾਰੇ।
ਹੋਤਿ ਭੋਰ ਸਭਿ ਕ੍ਰਿਯਾ ਸੁਧਾਰਿ।
ਕਰਹਿਂ ਜਾਇ ਤੀਰਥ ਕੀ ਕਾਰ ॥੧੮॥
ਇਸ ਪ੍ਰਕਾਰ ਕੇਤਿਕ ਦਿਨ ਕਰੇ।
ਖਨਹਿਂ ਮ੍ਰਿੱਤਕਾ ਵਾਹਰਿ ਗਿਰੇ।
ਬਹੁ ਗੰਭੀਰ[1] ਕਰਜੋ ਬਰ ਤਾਲ।
ਕਹਿ ਕਰਿਵਾਵੈਂ ਗੁਰੂ ਬਿਸਾਲ ॥੧੯॥
ਬਹੁ ਸਿੱਖਜਨ ਕੀ ਹੋਈ ਭੀਰ।
ਸੁਨਿ ਸੁਨਿ ਮਹਿਮਾ ਆਵਹਿਂ ਤੀਰ।
ਕੇਤਿਕ ਅੰਨੁ ਪੁੰਜ ਕੋ ਆਨਹਿਂ।
ਪਾਇ ਦੇਗ ਮਹਿਂ ਸ਼ਰਧਾ ਠਾਨਹਿਂ ॥੨੦॥
ਕੇਤਿਕ ਧਨੁ ਕੋ ਆਨਿ ਚਢਾਵਹਿਂ।
ਦੇਤਿ ਮਜੂਰਨਿ ਤਾਲ ਖਨਾਵਹਿਂ।
ਕੇਤਿਕ ਆਪ ਆਇ ਤਹਿਂ ਰਹੈਂ।
ਕਰਹਿਂ ਕਾਰ ਸਤਿਗੁਰ ਜਿਮੁ ਚਹੈਂ

[1]ਗਾਰ।

[1]ਡੂੰਘਾ।

॥੨੧॥
ਕੇਤਿਕ ਘਰ ਤੇ ਅੰਨ ਸੁ ਆਨਹਿਂ।
ਅਪਨੋ ਖਾਇ ਕਾਰ ਸੋ ਠਾਨਹਿਂ।
ਕੇਤਿਕ ਦੇਗ ਤੇ ਭੋਜਨੁ ਖਾਇਂ।
ਸਭਿ ਦਿਨ ਸਰ ਕੀ ਕਾਰ ਕਮਾਇਂ ॥੨੨॥
ਕੋ ਨਿਸ਼ਕਾਮੁ ਰਹਹਿਂ ਗੁਰ ਪਾਸ।
ਕੋ ਸਕਾਮ ਠਾਨਹਿਂ ਅਰਦਾਸ।
ਮਹਿਦ ਕਾਜ ਸਰ ਕਰਿਬੇ ਕੇਰਾ।
ਸ਼੍ਰੀ ਅਰਜਨ ਮਨ ਲਖਹਿਂ ਬਡੇਰਾ ॥੨੩॥
-ਕਿਤੇ ਬਰਖ ਮਹਿਂ ਹੋਵਨ ਹਾਰਾ।
ਪਾਕਹਿਂ ਈਟਾਂ ਚਲਿ ਹੈ ਕਾਰਾ।
ਅਨਿਕ ਪਜਾਵੈ[1] ਲਾਗਹਿਂ ਜਬੈ। [1]ਆਵੇ ਇੱਟਾਂ ਦੇ।
ਤਬਿ ਕਾਰਜ ਬਨਿ ਸਕਹੈ ਸਬੈ ॥੨੪॥
ਬ੍ਰਿੰਦੁ ਕੁਲਾਲ[1] ਬਸਹਿਂ ਜਬਿ ਆਈ। [1]ਘੁਮਿਆਰ।
ਲਾਇਂ ਪਜਾਵੇ ਲੇਹਿਂ ਪਕਾਈ-।
ਸਰਬ ਪ੍ਰਕਾਰ ਚਿਤਹਿਂ ਚਿਤੁ ਮਾਂਹੀ।
-ਜਿਮ ਤੜਾਗ[1] ਤੂਰਨ ਹੁਇ ਜਾਹੀ ॥੨੫॥ [1]ਤਾਲਾਬ, ਸਰੋਵਰ।
ਸ਼੍ਰੀ ਗੁਰ ਅਮਰਦਾਸ ਕੀ ਆਇਸੁ।
ਪਿਤਾ ਹਮਾਰੇ ਕੋ ਫੁਰਮਾਇਸ।
'ਤਾਲ ਕਰਹੁ ਚਹੁ ਕੋਨ ਬਿਸਾਲ।
ਹੁਇ ਪਾਕੋ ਈਟਨ ਲਗ ਜਾਲ[1]' ॥੨੬॥ [1]ਸਾਰਾ, (ਅ) ਬਹੁਤੀਆਂ ਇੱਟਾਂ ਲੱਗ ਕੇ।
ਤਥਾ ਪਿਤਾ ਨੇ ਮੋ ਕਹੁ ਕਹਿਯੋ।
ਟਹਿਲ ਤਾਲ ਕੀ ਮਹਿਂ ਚਿਤ ਚਹਿਯੋ।
ਸਰਬ ਪ੍ਰਕਾਰ ਜਿ ਇਹੁ ਬਨ ਜਾਇ।
ਗੁਰ ਦੋਨਹੁਂ ਕੀ ਪੁਰਹਿ ਰਜਾਇ- ॥੨੭॥
ਸਿਮਰਿ ਸਿਮਰਿ ਬਚ ਪੂਰਬ ਗੁਰ ਕੇ।
ਸਭਿ ਕਾਰਜ ਕਰਿਵਾਵਹਿਂ ਸਰ ਕੇ।
ਬੈਠੇ ਤਟ ਪਰ ਕਹਹਿਂ, ਖਨਾਵਹਿਂ।
ਸਿੱਖਨ ਕੋ ਉਪਦੇਸ਼ ਦ੍ਰਿੜਾਵਹਿਂ ॥੨੮॥

'ਸਭਿ ਗੁਰ ਕਰਹਿਂ ਕਾਮਨਾ ਪੂਰੀ।
ਬਿਚ ਪਰਲੋਕ ਲਹਹੁ ਗਤਿ ਰੂਰੀ।'
ਬੀਤੇ ਕੇਤਿਕ ਮਾਸ ਖਨਾਵਤਿ।
ਸਰ ਸੇਵਾ ਕੋ ਅਧਿਕ ਜਨਾਵਤਿ ॥੨੯॥
ਨਿਤਪ੍ਰਤਿ ਕਾਰ ਅਧਿਕ ਹੀ ਹੋਇ।
ਕਰਿ ਚਿਤ ਚੌਂਪ ਖਨਹਿ ਸਭਿ ਕੋਇ।
ਬਡ ਗੰਭੀਰ ਭਯੋ ਤਬਿ ਖਨਤੇ।
ਬ੍ਰਿੰਦ ਗਿਰਾਵਹਿਂ ਮ੍ਰਿੱਤਕਾ ਅਨਤੇ[1] ॥੩੦॥ — [1]ਹੋਰ ਥਾਵੇਂ।
ਜਬਿ ਖਨਿਕੇ ਨੰਮ੍ਰੀ ਬਹੁ ਕਰਿਯੋ।
ਬ੍ਰਤਲਾਕ੍ਰਿਤ[1] ਮਠ ਜਾਨਯੋ ਪਰਯੋ[2]। — [1]ਗੋਲਾਕਾਰ। [2]ਮਲੂਮ ਹੋਇਆ ਇਕ ਮੱਠ।
ਦੌਰਿ ਦੌਰਿ ਗੁਰ ਪਾਸ ਉਚਾਰੈਂ।
'ਇਕ ਮਠ ਨਿਕਸਯੋ ਲੋਕ ਨਿਹਾਰੈਂ' ॥੩੧॥
ਸੁਨਿ ਕਰਿ ਉਠੇ ਆਪਿ ਜਗ ਸ੍ਵਾਮੀ।
ਗਏ ਨਿਕਟ ਤਿਸ ਅੰਤਰਜਾਮੀ।
ਸਭਿ ਲੋਕਨ ਕੋ ਤਹਾਂ ਲਗਾਇ।
ਕਰਯੋ ਨਿਰਾਲਮ ਚਹੁੰ ਦਿਸ਼ ਥਾਇਂ[1] ॥੩੨॥ — [1]ਚਾਰੇ ਪਾਸਿਆਂ ਤੋਂ ਵੇਹਲਾ, ਨੰਗਾ।
ਦਰਪਰ ਸਿਲਾ ਲਗੀ ਖੁਲ੍ਹਵਾਈ।
ਦੇਖਯੋ ਮੁਨੀ ਸਮਾਧਿ ਲਗਾਈ।
ਕਸਤੂਰੀ ਸ਼੍ਰੀ ਗੁਰ ਮੰਗਵਾਈ।
ਲੇ ਨਵਨੀਤਹਿ ਸਾਥ[1] ਮਿਲਾਈ ॥੩੩॥ — [1]ਮੱਖਣ ਦੇ ਨਾਲ।
ਚਰਣ ਸਾਥ ਦ੍ਵੈ ਸਿੱਖ ਲਗਾਏ।
ਸਨੈ ਸਨੈ ਤਿਨ ਤੇ ਮਲਵਾਏ।
ਦਸਮ ਦ੍ਵਾਰ ਕੋ ਪੁਨਹਿਂ ਘਸਾਵਾ।
ਜਿਸੁ ਤੇ ਤਨ ਮਹਿਂ ਉਸ਼ਨ[1] ਉਪਾਵਾ ॥੩੪॥ — [1]ਗਰਮੀ।
ਰੋਕ ਪੌਨੁ ਲਗ ਰਹੀ ਸਮਾਧਿ।
ਸਰਬ ਭਾਂਤਿ ਕੇ ਸਾਧਨ ਸਾਧ।
ਚੇਤਨਤਾ ਤਨ ਮਹਿਂ ਹੁਇ ਆਈ।
ਬੈਠੇ ਬਰਖ ਬਿਤੇ ਸਮੁਦਾਈ ॥੩੫॥

ਰਾਖਯੋ ਰੋਕ ਜੁ ਦਸਮੈ ਦ੍ਵਾਰਾ।
ਸਨੈ ਸਨੈ ਸੋ ਪੌਨ[1] ਉਤਾਰਾ। [1]ਸ੍ਵਾਸ।
ਤੂਲ[1] ਆਦਿ ਤੇ ਅਨਿਕ ਉਪਾਇ। [1]ਰੂਈ।
ਤਿਹ ਸਰੀਰ ਕੋ ਭਲੇ ਬਚਾਇ ॥੩੬॥
ਹੁਤੀ ਜੋਗਤਾ[1] ਸਭਿ ਹੀ ਕਰਿ ਕੈ। [1]ਮੁਨਾਸਿਬ ਤਰਕੀਬ।
ਸਨੈ ਸਨੈ ਤਨ ਕੀ ਸੁਧਿ ਧਰਿ ਕੈ।
ਦੋਨਹੁ ਲੋਚਨ ਜਬੈ ਉਘਾਰੇ।
ਸ੍ਰੀ ਗੁਰ ਅਰਜਨ ਸਮੁਖ ਨਿਹਾਰੇ ॥੩੭॥
ਸਨੈ ਸਨੈ ਮੁਖ ਜੀਹ੍ਵ[1] ਚਲਾਇਵ। [1]ਜਿਹਬਾ।
ਸ਼ੁੱਧ ਆਤਮਾ ਮ੍ਰਿਦੁਲ ਅਲਾਇਵ[1]। [1]ਸ਼ੁੱਧ ਮਨ ਵਾਲਾ ਕੋਮਲ (ਵਾਕ) ਬੋਲਿਆ।
'ਕੌਨ ਨਾਮ ਇਹ ਦੇਹੁ ਸੁਨਾਈ?
ਕਿਹ ਤੇ ਪ੍ਰਾਪਤਿ ਭਈ ਬਡਾਈ? ॥੩੮॥
ਕਿਸ ਕੇ ਇਹੁ ਨੰਦਨ? ਸਭਿ ਕਹੋ।
ਸਮਾਂ ਕੌਨ ਅਬਿ ਜਗ ਮੈਂ ਅਹੋ?
ਜਬਿ ਮੁਹਿ ਸਭਿ ਹੁਇ ਹੈ ਸੱਖਜਾਤਿ।
ਔਰ ਬੂਝ ਹੌਂ ਪੁਨ ਬੱਖਜਾਤਿ' ॥੩੯॥
ਤਬਿ ਬੁੱਢੇ ਕਰ ਜੋਰ ਬਖਾਨਾ।
'ਸੋਢਿਬੰਸ ਸ਼ੁਭ ਸਿੰਧੁ ਸਮਾਨਾ[1]। [1]ਸਮੁੰਦ੍ਰ ਵਤ।
ਸ੍ਰੀ ਗੁਰ ਰਾਮਦਾਸ ਸੁਖਰਾਸਿ।
ਉਪਜੇ ਚੰਦ ਸੁਜਸੁ ਪਰਕਾਸ਼ ॥੪੦॥
ਤਿਨ ਕੇ ਸੁਤ ਬੁਧ[1] ਸਮ ਬੁਧਿਵਾਨ।

[1]ਬੁਧਿ ਨਾਮ ਹੈ ਗਜਾਨ ਦਾ, ਜੋ ਗਜਾਨ ਸਮ ਗਜਾਨਵਾਨ ਹੈ। (ਅ) [ਸੰਸ: ਬੁਦਿ] ਗੋਤਮ ਬੁਧ ਜੀ ਦੀ ਬੁਧੀਮਤਾ ਦਾ ਅੰਗ ਲੈ ਕੇ ਇਹ ਦ੍ਰਿਸ਼ਟਾਂਤ ਦਿੱਤਾ ਹੈ। (ੲ) ਬੁਧ ਇਕ ਗ੍ਰੈਹ ਦਾ ਨਾਮ ਹੈ, [ਸੰਸ: ਬੁਧ] ਜੋ ਤਾਰਾ ਦਾ ਪੁੱਤ੍ਰ ਸੀ; ਉਹ ਅਰਥ ਏਥੇ ਕਰਨਾ ਅਸ਼ੁੱਧ ਹੈ, ਕਿਉਂਕਿ ਕਵਿ ਜੀ ਉਪਮਾਂ ਦੀ ਤੁੱਲਤਾ ਬੁਧੀਮਤਾ ਦੀ ਦੇ ਰਹੇ ਹਨ ਤੇ ਇਹ ਬੁੱਧ ਗਜਾਨ ਵਿਚ ਪ੍ਰਸਿੱਧ ਨਹੀਂ ਹੈ। (ਸ) ਬੁਧ+ਸਮ = ਸਮਬੁਧ ਤੋਂ ਭਾਵ ਬ੍ਰਹਮਨੇਸ਼੍ਰੀ ਤੇ ਬੁਧਿਵਾਨ ਤੋਂ ਬ੍ਰਹਮ ਸ਼੍ਰੋਤ੍ਰੀ ਭਾਵ ਵੀ ਲੈਂਦੇ ਹਨ।

ਧਰਮ ਆਤਮਾ ਗੁਨ ਗਨ ਖਾਨਿ।
ਪਾਪ ਸਮੁੰਦ੍ਰ ਬਿਖੈ ਜਗੁ ਸਾਰਾ।
ਸਮ ਜਹਾਜ ਭਾ ਡੂਬਨਿਹਾਰਾ' ॥੪੧॥
ਭਏ ਦੀਪ ਸਮ ਨਰ ਤਨੁ ਧਰਿਯੋ।
ਭਵ ਸਗਰੇ ਜਿਨ ਚਾਂਦਨ[1] ਕਰਿਯੋ। [1]ਚਾਨਣਾਂ।

ਸ਼੍ਰੀ ਗੁਰ ਨਾਨਕ ਨਾਮ ਅਨੂਪਾ।
ਸਰਬ ਜੋਤਿ ਕੀ ਜੋਤਿ ਸਰੂਪਾ ॥੪੨॥
ਸੱਤਿਨਾਮ ਸਿੱਖਨ ਉਪਦੇਸ਼ਾ।
ਲਾਖਹੁਂ ਮੋਖ ਦੀਨ ਅਕਲੇਸ਼ਾ[1]।

[1]ਕਲੇਸ਼ਾਂ ਤੋਂ ਰਹਿਤ ਕਰ ਦਿੱਤੇ। (ਅ) ਅਕਲ ਦੇ ਈਸ਼੍ਵਰ = ਬੁਧਿਵਾਨ ਜੀ ਨੇ।

ਸਰਬ ਜਗਤ ਮਹਿਂ ਜਸੁ ਬਿਸਤਾਰਾ।
ਪ੍ਰਿਥੀ ਡੁਲਤਿ[1] ਕੋ ਭਾਰ ਨਿਵਾਰਾ ॥੪੩॥

[1]ਡੋਲ ਰਹੀ ਪ੍ਰਿਥਵੀ ਦਾ।

ਤਿਨ ਤੇ ਲਈ ਗਰੁਵ[1] ਬਡਿਆਈ।
ਗੁਰ ਅੰਗਦ ਬੈਠੇ ਗੁਰਿਆਈ।
ਅਜਰ ਜਰਨ ਜਿਨ ਕੇ ਨ ਸਮਾਨਾ।
ਸਿੱਖਜ ਉਧਾਰੇ ਬਿਦਤ ਜਹਾਨਾ ॥੪੪॥

[1]ਵੱਡੀ, ਭਾਰੀ।

ਸ਼੍ਰੀ ਗੁਰ ਅਮਰਦਾਸ ਤਿਨ ਪਾਛੇ।
ਬੈਠੇ ਗੁਰ ਗਾਦੀ ਪਰ ਆਛੇ।
ਸਕਲ ਜਗਤ ਮਹਿ ਭਗਤਿ ਦ੍ਰਿੜਾਈ।
ਅਨਿਕ ਨਰਨਿ ਕਹੁ ਦਈ ਬਡਾਈ ॥੪੫॥
ਸ਼੍ਰੀ ਗੁਰ ਨਾਨਕ ਮਹਾਂ ਮਸਾਲ[1]।
ਕਲੀ ਕਾਲ ਹਤਿ ਤਿਮਰ ਬਿਸਾਲ।
ਲਾਖੋਂ ਦੀਪਕ ਜਿਨ ਤੇ ਜਾਗੇ।
ਨਰ ਬਡਭਾਗ ਪਗਨ ਜੋ ਲਾਗੇ ॥੪੬॥

[1]ਜੋਤ [ਅ਼: ਮਸ਼ਅਲ]

ਤਿਸ ਮਸਾਲ ਤੇ ਜਗੀ ਮਸਾਲ।
ਸ਼੍ਰੀ ਅੰਗਦ ਜੀ ਭਏ ਕ੍ਰਿਪਾਲ।
ਇਨ ਤੇ ਦੀਪਕ ਜਗੇ ਅਨੇਕ।
ਹੋਏ ਗਜਾਨੀ ਸਹਤ ਬਿਬੇਕ ॥੪੭॥
ਤਿਨਹੁ ਤੀਸਰੀ ਦਿਪੀ[1] ਮਸਾਲ।
ਕਰਜੋ ਚਾਦਨਾ ਤਮ ਗਨ ਟਾਲਿ[1]।
ਅਨਗਨ ਦੀਪਕ ਜਾਗੇ ਜਗ ਮੈਂ।
ਪਰੇ ਆਨਿ ਸ਼ਰਨੀ ਜੇ ਪਗ ਮੈਂ ॥੪੮॥

[1]ਤਿੰਨ੍ਹਾਂ ਤੋਂ ਪ੍ਰਕਾਸ਼ੀ ਤੀਜੀ।

[1]ਅੰਧਕਾਰ ਸਾਰਾ ਦੂਰ ਕਰਕੇ।

ਤਿਸ ਮਸਾਲ ਤੇ ਜਗੀ ਮਸਾਲ।
ਸ਼੍ਰੀ ਗੁਰ ਰਾਮਦਾਸ ਤਮ ਟਾਲਿ[1]।
ਤਿਨ ਕੇ ਸੁਤ ਸ਼੍ਰੀ ਅਰਜਨ ਦੇਹੁ।

[1]ਅੰਧੇਰਾ ਦੂਰ ਕਰਨ ਵਾਲੇ।

ਤਿਸੀ ਜੋਤਿ ਕੀ ਪੰਚਮ ਦੇਹਿ ॥੪੯॥
ਅਬਿ ਕਲਜੁਗ ਕੋ ਕਾਲ ਕਰਾਰਾ[1]।
ਬਰਖ ਪੰਚਮੋ ਲਖਹੁ ਹਜਾਰਾ।
ਬਿਨਾ ਕਾਲ ਤੇ ਜੋਰ ਕਲੀ ਸੋ[1]।
ਤਿਹ ਮਿਟਾਵਨੇ ਭਾਂਤਿ ਭਲੀ ਸੋ ॥੫੦॥
ਇਹ ਤੀਰਥ ਕੋ ਥਾਨੁ ਖਨਾਵਾ।
ਜਿਸ ਤੇ ਤੁਮਰੋ ਦਰਸ਼ਨੁ ਪਾਵਾ।
ਅਪਨ ਪ੍ਰਸੰਗ ਸੁਨਾਵਹੁ ਅਬੈ।
ਬਸਮੇ ਚਾਹਤਿ ਸੁਨਿਬੋ ਸਬੈ' ॥੫੧॥
ਜੋਗੀ ਭਯੋ ਅਨੰਦ ਬਿਲੰਦ।
ਸੁਨਿ ਕੈ ਪਤੇ ਸਿਮਰਿ ਸੁਖਕੰਦੁ।
ਕਹਿਨ ਲਗੇ 'ਮੈਂ ਜੋਗ ਕਮਾਯੋ।
ਆਜੁ ਸਫਲ ਭਾ ਦਰਸ਼ਨ ਪਾਯੋ ॥੫੨॥
ਭੂਤ ਭਵਿੱਖਤ ਕੋ ਬਡ ਗਜਾਤਾ।
ਮਮ ਗੁਰ ਹੁਤੋ ਗਜਾਨ ਕੋ ਦਾਤਾ।
ਤਿਸ ਕੀ ਸ਼ਰਨਿ ਪਰਜੋ ਮੈਂ ਜਾਈ।
ਨਾਨਾ ਭਾਂਤਿਨਿ ਸੇਵ ਕਮਾਈ ॥੫੩॥
ਮੁਕਤਿ ਕਰਨਿ ਹਿਤ ਮੋ ਕਹੁ ਭਾਖਾ।
-ਅਧਿਕ ਬਿਲਕ ਪੂਰਹਿਂ ਅਭਿਲਾਖਾ।
ਅਬਿ ਤੇ ਤੁਝ ਮੇਰਾ ਬਰ ਹੋਵਾ।
ਮੋਖ ਪਾਇ ਅੱਗਜਾਨਹਿ ਖੋਵਾ ॥੫੪॥
ਚਿਰੰਜੀਵ ਤਵ ਹੋਇ ਸਰੀਰ।
ਬੈਠਹੁ ਲਾਇ ਸਮਾਧਿ ਸੁ ਧੀਰ[†]।
ਮਠ ਕੋ ਸਾਜਿ ਇਸੀ ਥਲ ਰਹੌ।
ਤਬਿ ਹੀ ਸਮਾਂ ਗਜਾਨ ਕੋ ਲਹੌ ॥੫੫॥
ਸ੍ਰੀ ਗੁਰੁ ਅਰਜਨ ਹੁਇਂ ਅਵਿਤਾਰ।
ਤੀਰਥ ਬਿਦਤਾਵਹਿਂ ਸ਼ੁਭ ਬਾਰਿ[1]।
ਜਬਿ ਖਨਿਹੈਂ ਇਸ ਥਲ ਕੋ ਆਇ।
ਤੋਹਿ ਨਿਕਾਸਹਿਂ ਨਿਜ ਦਰਸਾਇ ॥੫੬॥
ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ।

[1]ਭਯਾਨਕ।
[1]ਤਿਸ ਕਲਜੁਗ ਦਾ ਜੋਰ ਹੈ ਸਮੇਂ ਤੋਂ ਅਗੋਂ ਹੀ।
[†]ਪਾ:-ਸਰੀਰ
[1]ਸ੍ਰੇਸ਼ਟਤਾ ਵਾਲਾ। (ਅ) ਸ਼ੁਭ ਸਮੇਂ। (ੲ) ਸ਼ੁਭ ਬਾਰ = ਅੰਮ੍ਰਿਤ।

ਸੁਨਿਹੋ ਬਾਕ ਗ੍ਯਾਨ[1] ਜਿਨ ਮਾਂਹੀ।
ਤਬਿ ਤੇਰੋ ਹੁਇ ਹੈ ਕੱਲ੍ਯਾਨੁ-।
ਇਮ ਭਾਖ੍ਯੋ ਗੁਰੁ ਕਰੁਣਾ ਠਾਨਿ ॥੫੭॥
ਤਬਿ ਕੋ ਮੈਂ ਇਹੁ ਮਠ ਚਿਨਵਾਇ।
ਨਿਸ਼ਚੈ ਰਹ੍ਯੋ ਸਮਾਧਿ ਲਗਾਇ।
ਮ੍ਰਿੱਤਕਾ ਊਪਰ ਪਰੀ ਨ ਲਹਿਯੋ।
ਨਿਜ ਗੁਰੁ ਬਰ ਤੇ ਜੀਵਤਿ ਰਹਿਯੋ ॥੫੮॥
ਮੁਕਤਿ ਹੋਨਿ ਕੋ ਅਬਿ ਭਾ ਕਾਲ।'
ਇਮੁ ਕਹਿ ਜੋਗੀ ਸ਼ੁੱਧ ਬਿਸਾਲ।
ਸ਼੍ਰੀ ਅਰਜਨ ਕੇ ਚਰਨਨ ਪਰਿਯੋ।
ਬਿਨੈ ਕਰਤਿ ਭਾ ਸ਼ਾਂਤੀ ਢਰਿਯੋ† ॥੫੯॥
'ਤੁਮਰੇ ਬਚਨਨ ਤੇ ਕੱਲ੍ਯਾਨ।
ਕਰਹੁ ਸੁਨਵਾਨ ਕ੍ਰਿਪਾ ਨਿਧਾਨ!
ਜੇ ਕਰਿ ਜਗਤਿ ਝੁਠਿ ਇਹੁ ਹੋਇ।
ਭਾਸਤਿ ਕ੍ਯੋਂ ਆਛੇ[1] ਸਭਿ ਕੋਇ? ॥੬੦॥
ਜੇ ਕਰਿ ਸਾਚ ਕਹੋ ਜਗ ਅਹੈ।
ਗ੍ਯਾਨਵਾਨ ਕਿਉਂ ਝੂਠੋ ਲਹੈ?
ਆਤਮ ਕੋ ਸਰੂਪ ਜਿਮੁ ਲਹੀਏ।
ਇਕ ਹੀ, ਬਹੁਤ ਭਾਂਤਿ ਕਿਮ ਕਹੀਏ?[1] ॥੬੧॥
ਚਲਹਿਂ ਜੀਵ ਜੰਗਮ ਇਹੁ ਸਾਰੇ।
ਕਿਮ ਕੂਟੱਸਥ ਰਹੈਂ ਨਿਰਧਾਰੇ[1]?
ਜਗਤ ਰੂਪ ਇਹੁ ਆਪੇ ਬਨਿ ਕੈ।
ਕਿਮ ਨਿਰਲੇਪ ਰਹਤਿ ਸਭਿ ਜਨ ਕੈ[1] ॥੬੨॥
ਬ੍ਰਹਮ ਆਤਮਾ ਨਾਮ ਜਿਸੀ ਕੋ।
ਕਿਮ ਸਰੂਪ ਮੈਂ ਲਖੌਂ ਤਿਸੀ ਕੋ?
ਜੁਗ ਅਨੇਕ ਗਨ ਮੁਨੀ ਬਿਤਾਏ।
ਭਨਤ੍ਯੋ ਥਕੇ ਪਾਰ ਨਹਿਂ ਪਾਏ ॥੬੩॥

[1]ਗ੍ਯਾਨ ਵਾਲੇ ਵਾਕ।

†ਪਾ:-ਭਰ੍ਯੋ।

[1]ਸਭ ਕਿਸੇ ਨੂੰ 'ਹੈ' ਯਾ 'ਸਤਿ' ਕਿਉਂ ਭਾਸਦਾ ਹੈ?

[1]ਭਾਵ, ਜੇ ਆਤਮਾ ਦਾ ਸਰੂਪ ਹੈ 'ਇਕ' ਤਾਂ ਇਸ ਵਿਚ ਬਹੁਤਾ ਪਨ (ਨਾਨੱਤ੍ਵ) ਕਿਵੇਂ ਹੈ?

[1]ਕੀਕੂੰ ਅਚਲ (ਇਕ ਸਮਾਨ) ਰਹਿੰਦਾ ਹੈ ਨਿਸ਼ਚੇ ਕਰਕੇ (ਯਾ ਸਮਝਾਓ)।

[1]ਸਭ ਜੀਵਾਂ ਤੋਂ।

ਜਿਸ ਕੇ ਬ੍ਰਹਮ ਹੋਵੈ ਸੱਖਜਾਤਿ।
ਚਿਤ ਸ਼ਾਂਤੀ ਤਿਸ ਕੇ ਬਖਜਾਤ।
ਪਰੇ ਅਪਰ ਪਦ ਜਿਸ ਕੇ ਨਾਂਹਿ।
ਸੱਤਜ ਅਨੰਦ ਅਨਾਦੀ ਆਹਿ ॥ ੬੪ ॥
ਬ੍ਰਹਮ ਸਰੂਪ ਰਿਦੈ ਬਿਦਤਾਵਉ।
ਮੁਰ[1] ਗੁਰ ਕੇ ਬਰ ਤੁਮ ਸਫਲਾਵਉ।' [1]ਮੇਰੇ।
ਦੀਰਘ ਮਹਿਦ ਬੈਸ ਜਿਸ ਤਨੁ ਕੀ।
ਜਤਨ ਸਾਥ ਰੋਕੀ ਗਤਿ ਮਨ ਕੀ ॥ ੬੫ ॥
ਸ਼੍ਰੀ ਅਰਜਨ ਕੋ ਪਾਇ ਬਹਾਨਾ।
ਚਾਹਤਿ ਚਿਤ ਅਤਿਸ਼ੈ ਕੱਲਜਾਨਾ।
ਸਭਿਹਿਨਿ ਮਹਿਂ ਜੋਗੀ ਅਸ[1] ਕਹੇ। [1]ਐਸਾ।
ਦੇਖਤਿ ਨਰ ਗਨ ਬਿਸਮੈ ਰਹੇ ॥ ੬੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ ਨਿਕਸਨਿ' ਪ੍ਰਸੰਗ ਬਰਨਨੰ ਨਾਮ ਚਤਰਤਿੰਸਤੀ ਅੰਸੂ ॥ ੩੪ ॥

## ੩੫. [ਜੋਗੀ ਪ੍ਰਤਿ ਉਪਦੇਸ਼। ਵੇਦਾਂਤ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੩੬

ਦੋਹਰਾ:

ਸ਼੍ਰੀ ਗੁਰ ਕ੍ਰਿਪਾ ਨਿਧਾਨ ਸੁਨਿ,
ਲਖਿ ਕੈ ਸੁਧਿ ਅਧਿਕਾਰ।
ਨਿਰਨੈ ਕੀਨਸਿ ਬ੍ਰਹਮ ਕੋ, ਤਿਸ ਪ੍ਰਤਿ
ਬਾਕ ਉਚਾਰ ॥੧॥

ਚੌਪਈ:

ਭੋ ਜੋਗੇਸ਼੍ਵਰ ! ਅਚਰਜ ਅਹੈ।
ਅਕਹਿ[1] ਬ੍ਰਹਮ ਕੋ ਕਿਮੁ ਕੋ ਕਹੈ। [1]ਜੋ ਕਿਹਾ ਨਹੀਂ ਜਾ ਸਕਦਾ।
ਨਾਮ ਅਗੋਚਰ[1] ਭਾਖਤਿ ਤਾਂਹਿ। [1]ਇੰਦ੍ਰਯਾਂ ਤੋਂ ਪਰੇ।
ਕਿਸੀ ਰਿਖੀਕ ਬਿਸ਼ੈ ਕਬਿ ਨਾਂਹਿ[1] ॥੨॥ [1]ਇੰਦ੍ਰੀਆਂ ਦਾ (ਉਹ) ਵਿਸ਼ਾ ਨਹੀਂ।
ਤਉ ਜਨਾਵਨ ਸਿੱਖਨਿ ਕਾਰਨ।
ਕਰੁਨਾ ਕਰਿ ਗੁਰੁ ਕਰਹਿਂ ਉਚਾਰਨ।
ਰਚਹਿਂ ਸਮਿੱਗ੍ਰੀ ਜੋ ਮਨ ਅਪਨੇ।
ਸੱਤਜ ਪ੍ਰਤੀਤਿ ਹੋਤਿ ਸਭਿ ਸੁਪਨੇ ॥੩॥
ਭੈ ਕੋ ਪਾਇ ਉਠੇ ਬਰੜਾਇ।
ਤ੍ਰਿਯ ਸੰਗਮ ਤੇ ਰੇਤ ਮੁਚਾਇ[1]। [1]ਬੀਰਜ ਪਾਤ ਹੁੰਦਾ ਹੈ।
ਹਸਹਿ ਕਹੂੰ, ਕਬਿ ਰੁਦਨ ਪੁਕਾਰੈ।
ਕਬਹੁं ਬਿਖਾਦ ਅਧਿਕ ਉਰ ਧਾਰੈ ॥੪॥
ਜੋ ਸੁਪਨੇ ਮਹਿਂ ਜਾਨੇ ਸਾਚੇ।
ਸੋਗ ਹਰਖ ਤੌਂ ਤਿਹ ਛਿਨ ਰਾਚੇ।
ਜੇ ਕਰਿ ਕੂਰ ਲਖਹਿ ਇਹੁ ਤਬੈ।
ਸੁਪਨ ਕ੍ਰਿਯਾ ਇਹ ਹੋਇ ਨ ਸਬੈ ॥੫॥
ਜਿਮ ਬਾਜੀਗਰ ਅਪਨੀ ਮਾਯਾ।
ਮਿੱਥਯਾ ਲਖਿ ਸੋਗ ਨ ਹਰਖਾਯਾ[1]। [1]ਬਾਜੀਗਰ ਅਪਨੀ ਮਾਯਾ ਨੂੰ ਝੂਠੀ ਲਖਕੇ ਨਾ ਸੋਗ ਤੇ ਨਾਂ ਹੀ ਹਰਖ ਕਰਦਾ ਹੈ।
ਜਬਿ ਸੁਪਨਾ ਇਸ ਕੋ ਮਿਟਿ ਜਾਵੈ।
ਝੂਠੋ ਲਖਹਿ ਨ ਪੁਨ ਬਿਰਮਾਵੈ[1] ॥੬॥ [1]ਭੁੱਲਦਾ ਨਹੀਂ ਫਿਰ।
ਪਿਖਜੋ ਕੇਹਰੀ ਸੁਪਨੇ ਮਾਂਹੀ।
ਜਾਗੇ ਤੇ ਭਾਗੈ ਕਿਤ ਨਾਹੀ।
ਸੁਪਨ ਸਮਿੱਗ੍ਰੀ ਸਕਲੀ ਲਖਿ ਇਮ।
ਹਰਖ ਸ਼ੋਕ ਕੋ ਕਰਹਿ ਨ ਉਰ ਕਿਮ[1] [1]ਹਰਖ ਸ਼ੋਕ ਨੂੰ ਦਿਲ ਵਿਚ ਕਿਸੇ ਤਰ੍ਹਾਂ ਨਹੀਂ ਕਰਦਾ।

॥੭॥
ਤਿਸੀ ਰੀਤਿ ਜਾਵਦ[1] ਅੱਗਜਾਨਾ।
ਜਗਤ ਸਾਚ ਜਨਿਯਤਿ[1] ਬਿਧਿ ਨਾਨਾ।
ਪ੍ਰਾਪਤਿ ਇਸ਼ਟ ਹਰਖ ਉਰ ਭਾਰੈ।
ਹੋਤਿ ਅਨਿਸ਼ਟ[1] ਸ਼ੋਕ ਕਰਿ ਭਾਰੈ[2] ॥੮॥
ਰਾਗ ਦ੍ਵੈਸ਼ ਭੈ ਆਦਿਕ ਜੇਈ।
ਇਨ ਕੋ ਧਰਤਿ ਅਨਿਕ ਦੁਖ ਖੇਈ[1]।
ਬਡੇ ਭਾਗ ਤੇ ਸਤਿਗੁਰ ਪਾਇ।
ਮਿਟਹਿ ਕਲੇਸ਼ ਸੁ ਲੇਤਿ ਬਚਾਇ ॥੯॥
ਜਿਮ ਸੁਪਨੇ ਮਹਿਂ ਸ਼ੇਰ ਕਰਾਲ।
ਦੇਖਤਿ ਉਪਜਯੋ ਤ੍ਰਾਸ ਬਿਸਾਲ।
ਭਾਗਯੋ ਜਾਇ ਨ, ਗਿਰ ਗਿਰ ਜਾਵੈ।
ਹੋਤਿ ਅਸ਼ੱਕਤ[1]†, ਡਰੇ, ਬਰੜਾਵੈ ॥੧੦॥
ਇਤਨੇ ਮਹਿਂ ਜਾਗ੍ਰਤ ਨਰ ਆਯੋ।
ਦੁਖਤਿ ਜਾਨ ਕੈ ਪਕਰਿ ਜਗਾਯੋ।
ਤ੍ਰਸਤਿ ਜਾਨਿ, ਤਿਮ ਸਤਿਗੁਰ ਦੇਖਹਿਂ।
ਉਪਦੇਸ਼ਹਿਂ ਸੁਖ ਦੇਤਿ ਬਿਸ਼ੇਖਹਿਂ ॥੧੧॥
ਜਨਮ ਮਰਣ ਦ੍ਵੈ ਤੁਝ ਮਹਿਂ ਨਾਂਹੀ।
ਭੂਖ ਨ ਤ੍ਰਿਖਾ ਨ ਹ੍ਵੈ ਤੁਹਿ ਮਾਂਹੀ।
ਹਰਖ ਸ਼ੋਕ ਕੋ ਲੇਸ਼ ਨ ਤੋ ਮੈਂ।
ਇਨ ਤੇ ਪਰੇ ਰੂਪ ਲਖਿ ਸੋ -ਮੈਂ- ॥੧੨॥
ਇੱਤਯਾਦਿਕ ਜਬਿ ਦੈ ਉਪਦੇਸ਼।
ਰਿਦੈ ਹਾਨ ਅੱਗਜਾਨ ਅਸ਼ੇਸ਼।
ਤਬਿ ਇਹੁ ਜਗਤ ਝੂਠਿ ਇਮ ਮਾਨੈ।'
ਤਿਸ ਪਰ ਸ਼੍ਰੀ ਗੁਰੁ ਸ਼ਬਦ ਬਖਾਨੈ ॥੧੩॥

[1]ਜਿਤਨਾਂ ਚਿਰ।

[1]ਭਾਸਦਾ ਹੈ।

[1]ਮਨ ਨੂੰ) ਪਿਆਰੀ ਵਸਤੂ ਦੇ ਮਿਲਿਆਂ ਰਿਦੇ ਵਿਚ ਪ੍ਰਸੰਨ ਹੁੰਦਾ ਹੈ। [2]ਨਾ ਪਿਆਰੀ (ਭਾਵ ਦੁਖਦਾਈ) ਵਸਤੂ ਦੇ ਮਿਲਿਆਂ।

[1]ਸਹਾਰਦਾ ਹੈ।

[1]ਕਮਜ਼ੋਰ। †ਪਾ:-ਅਸ਼ਕਤਿ।

ਸ੍ਰੀ ਮੁਖਵਾਕ:
ਰਾਗੁ ਸੂਹੀ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ ॥

ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥
ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ[1] ਕੀਨੇ ਬਹੁ ਰੰਗਾ ॥ [1]ਸੋਨਾ।
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥ ਘਟ[1] ਫੂਟੇ ਤੇ ਓਹੀ ਪ੍ਰਗਾਸੁ ॥ [1]ਘੜਾ।
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥

ਚੌਪਈ:

'ਬਾਜੀਗਰ ਜਿਮ ਬਾਜੀ ਪਾਵਹਿ।
ਅਨਿਕ ਰੂਪ ਕਹਿ ਸ੍ਵਾਂਗ ਦਿਖਾਵਹਿ।
ਕ੍ਰਿਯਾ ਕਰਾਵਤਿ ਅਨਿਕ ਪ੍ਰਕਾਰਾ।
ਫਿਰਹਿ, ਲਰਹਿ ਬਡ ਬਾਂਧਿ ਅਖਾਰਾ ॥੧੪॥
ਇਕ ਬਾਜੀਗਰ ਤਿਨ ਮਹਿਂ ਸਾਚਾ।
ਬਾਜੀ ਸਭਿ ਮਿੱਥਯਾ ਕਚ ਪਾਚਾ।
ਸਗਰੀ ਪੁਤਰੀ ਪੁਰਖ ਅਧੀਨੁ[1]। — [1]ਸਾਰੀਆਂ ਪੁਤਲੀਆਂ ਪੁਰਖ (ਬਾਜੀਗਰ) ਦੇ ਅਧੀਨ ਹਨ।
ਨਾਚਹਿਂ ਜਥਾ ਨਚਾਵਨ ਕੀਨੁ ॥੧੫॥
ਕਿਸਹਿ ਪਲਾਵਹਿ, ਕਿਸੇ ਜਿਤਾਵਹਿ।
ਕੋ ਸੋਗੀ ਕੋ ਹਰਖ ਉਪਾਵਹਿ।
ਜਬਹਿ ਸੰਕੋਚਹਿ ਸਕਲ ਪਸਾਰਾ।
ਰਹੈ ਇਕਾਕੀ ਕਰਨੈਹਾਰਾ[1] ॥੧੬॥ — [1]ਭਾਵ ਬਾਜੀਗਰ।
ਤਿਮ ਜਾਨਹੁ ਪਰਮੇਸ਼ੁਰ ਰੂਪ।
ਨਿਜ ਇੱਛਾ ਤੇ ਕਰਹਿ ਅਨੂਪ।
ਅਖਿਲ ਚਰਾਚਰ ਕੋ ਉਪਜਾਯੋ।
ਅਪਨ ਸ਼ਕਤਿ ਤੇ ਮਧਿ ਪ੍ਰਵਿਸ਼ਾਯੋ[1] ॥੧੭॥ — [1]ਵਿੱਚ (ਆਪ) ਪ੍ਰਵੇਸ਼ਿਆ ਹੈ।
ਚੇਤਨਤਾ ਜੀਵਨੁ ਕਹੁ ਹੋਈ।
ਕ੍ਰਿਆ ਕਰਤਿ ਜਿਸ ਤੇ ਸਭਿ ਕੋਈ।
ਦੁਖ ਸੁਖ ਤੇ ਹ੍ਵੈ ਬਿਖਮ ਮਹਾਨੇ[1]। — [1]ਦੁਖ ਸੁਖ ਤੋਂ (ਜੀਵਾਂ ਨੂੰ) ਬਹੁਤ ਔਖਿਆਈ ਹੁੰਦੀ ਹੈ।
ਇਸ ਮਹਿਂ ਕਰਮ ਹੇਤਤਾ[1] ਜਾਨੇ ॥੧੮॥ — [1]ਕਾਰਨ।
ਜਬਿ ਚਾਹਤਿ ਇਨ ਲੈ ਕਹੁ ਕਰਿਬੇ[1]। — [1]ਜਦ (ਪਰਮੇਸੁਰ) ਚਾਹੁੰਦਾ ਹੈ ਇਨ੍ਹਾਂ (ਜੀਵਾਂ ਨੂੰ) ਲੈ ਕਰ ਲੈਣਾ।

ਅਖਿਲ ਬਿਨਾਸਹਿ ਏਕਹੁ ਥਿਰਬੇ[1]।'
"[2]ਉਤਪਤਿ ਕੌਨ ਰੂਪ ਇਹੁ ਹੋਇ?
ਕਹ ਬਿਨਾਸ਼ਮਾਨ ਹੈ ਕੋਇ?' ॥੧੯॥
ਇਸ ਪਰ ਸੁਨਹੁ ਅਪਰ ਦ੍ਰਿਸ਼ਟਾਂਤ।
ਜਿਸੁ ਬਿਧਿ ਹੋਇ ਸੁਨਹੁ ਸਭਿ ਭਾਂਤਿ।
ਜਲ ਤੇ ਅਧਿਕ ਤਰੰਗ ਉਠੰਤੇ।
ਲਘੁ ਦੀਰਘ ਹ੍ਵੈ ਪੁਨ ਬਿਨਸੰਤੇ ॥੨੦॥
ਭਏ ਤਰੰਗ ਅਹ ਜਲ ਸੋਈ।
ਨਾਮ ਮਾਤ੍ਰ ਇਕ ਤਿਨ ਕਹੁ ਹੋਈ।
ਜੇ ਨਹਿਂ ਜਾਨਤਿ ਸੋ ਇਮੁ ਕਹੀ।
-ਭਯੋ ਤਰੰਗ ਸੁ ਜਲ ਹ੍ਵੈ ਨਹੀਂ- ॥੨੧॥
ਜੋ ਜਲ ਜਾਨਹਿਂ ਅਖਿਲ ਤਰੰਗੁ।
ਸਿੱਧ ਕਰਹਿ ਕਾਰਜ ਸਰਬੰਗ।
ਪਾਨ ਸ਼ਨਾਨ ਕਰਹਿ ਸਬਿ ਰੀਤਿ।
ਤ੍ਰਿਖਾ ਮਲਿਨਤਾ ਬਿਨ ਹ੍ਵੈ ਨੀਤ ॥੨੨॥
ਅਪਰ ਤੀਸਰੋ ਜੋਗੀ ਸੁਨੋ।
ਸ਼ੁਭ ਦ੍ਰਿਸ਼ਟਾਂਤ ਰਿਦੈ ਇਮੁ ਗੁਨੋ।
ਕੰਚਨ ਏਕ ਬਨੈ ਬਹੁ ਭਾਂਤਿ।
ਕੁੰਡਲ, ਕਟਿਕ ਆਦਿ ਦਰਸਾਤ ॥੨੩॥
ਕੰਚਨ ਨਾਮ ਛੋਰਿ ਕਰਿ ਕਹੈਂ।
ਇਹੀ ਕਟਿਕ, ਇਹ ਕੁੰਡਲ ਅਹੈ-।
ਜੇ ਸਰਾਫ ਪਰਖਨ ਤਿਹ ਕਰੈ।
ਕੰਚਨ ਬਿਨਾ ਨ ਕੁਛ ਮਨੁ ਧਰੈ ॥੨੪॥
ਨਾਮ ਅਕਾਰ ਗਿਨਹਿ ਨਹਿਂ ਕੋਇ।
ਕਨਕ ਵਾਸਤਵ ਪਰਖਹਿ ਸੋਇ।
ਤਿਮ ਗਯਾਨੀ ਕੋ ਨਾਨਾ ਨਾਂਹਿ।
ਸਭਿ ਮਹਿਂ ਬ੍ਰਹਮ ਰੂਪ ਦਰਸਾਹਿ ॥੨੫॥
ਭੂਖਨ ਤੇ ਪੂਰਬ ਸ਼ੁਭ ਕੰਚਨ।
ਭੂਖਨ ਬਨੇ ਭੇਦ ਤਉ ਰੰਚ ਨ।
ਬਿਨਸੇ ਤੇ ਬਿਨ ਕਨਕ ਨ ਆਨੁ[1]।

[1]ਤਦ ਸਾਰੇ ਨਾਸ਼ ਕਰ ਦਿੰਦਾ ਹੈ ਤੇ ਇਕੋ ਰਹਿ ਜਾਂਦਾ ਹੈ।

[2]ਜੋਗੀ ਪ੍ਰਸ਼ਨ ਕਰਦਾ ਹੈ, ਅਥਵਾ ਗੁਰੂ ਜੀ ਆਪ ਹੀ ਪ੍ਰਸ਼ਨ ਕਰਕੇ ਉੱਤਰ ਦੀ ਲੜੀ ਤੋਰੀ ਜਾਂਦੇ ਹਨ। [6]ਵਾਲੇ, ਕੜੇ।

[1]ਸੋਨੇ ਤੋਂ ਬਿਨਾਂ ਹੋਰ (ਕੁਛ ਨਹੀਂ)।

ਇਮ ਜਾਨਤਿ ਹੈਂ ਜੇ ਬੁਧਿਵਾਨੁ ॥੨੬॥
ਪ੍ਰਿਥਮ ਜਗਤ ਤੇ ਬ੍ਰਹਮ ਸਰੂਪ।
ਬਨੑਯੋ ਅਨਿਕ ਆਤਮਾ ਅਨੂਪ।
ਨਸ਼ਟ ਹੋਹਿ ਨਾਨਾ ਬਿਧਿ ਜੋਇ।
ਬਿਨਾਂ ਬ੍ਰਹਮ ਤੇ ਦੂਤੀ ਨ ਹੋਇ ॥੨੭॥
ਆਦਿ ਨਹੀਂ ਜੋ ਅੰਤ ਨ ਰਹੈ।
ਮੱਧਜ ਕੁਤੋ ਸਾਚੋ ਤਿਹ ਕਹੈਂ।
ਯਾਂ ਤੇ ਬ੍ਰਹਮ ਰੂਪ ਸਭਿ ਜਾਨ।
ਅਪਰ ਅਕਾਰ[1] ਭਰਮ ਹੀ ਮਾਨ ॥੨੮॥
ਅਪਰ ਰੀਤਿ ਹੇਰਹੁ ਤਿਸ ਕਰਨੀ[1]।
ਜਥਿਹੀ ਬੀਜ ਬੀਜਿਓ ਧਰਨੀ।
ਅੰਕੁਰ ਹੋਇ ਪਾਤ[1] ਦਰਸਾਵਹਿ।
ਸ਼ਾਖਾ ਅਨਿਕ ਫੂਲ ਬਿਗਸਾਵਹਿਂ ॥੨੯॥
ਸੋ ਇਕ ਬੀਜ ਬਹੁਤ ਬਿਧਿ ਭਯੋ।
ਨਾਨਾ ਰੰਗ ਰੂਪ ਨਿਰਮਯੋ[1]।
ਫਲ ਲਗ ਕੈ ਪੁਨਿ ਪਾਕਨ ਹੋਵਾ।
ਬੀਜ ਇਕਾਕੀ ਬਾਕੀ ਜੋਵਾ ॥੩੦॥
ਪ੍ਰਿਥਮ ਪਿਛਾਰੀ ਬੀਜਹਿ ਰਹਯੋ।
ਮੱਧਜ ਕਾਲ ਜਗ ਕੇ ਸਮ ਲਹਯੋ[1]।
ਏਕ ਬ੍ਰਹਮ ਬਹੁ ਬਿਧਿ ਲਖਿ ਜਾਤਿ।
ਜੋਗੀ ! ਸੁਨਹੁ ਔਰ ਦ੍ਰਿਸ਼ਟਾਂਤ ॥੩੧॥
ਲਾਖਹੁਂ ਘਟ ਮਹਿਂ ਏਕ ਗਗਨ ਲਹਿ।
ਰਹਹਿ ਅਲੇਪ ਲੇਪ ਜਿਸ ਕੋ ਨਹਿਂ।
ਜਥਿਹੀ ਫੂਟ ਜਾਹਿਂ ਘਟ ਸਾਰੇ।
ਸੋ ਨਭ ਇਕ ਹੀ ਪਰਹਿ ਨਿਹਾਰੇ ॥੩੨॥
ਘਟ ਲੇ ਗਮਨਹਿਂ ਇਤ ਉਤ ਮਾਂਹਿ।
ਨਭ ਰਸ ਏਕ[1] ਨ ਆਵਹਿ ਜਾਹਿ।
ਜੋ ਹੋਵਹਿ ਪੂਰਨ ਸਭਿ ਥਾਨ।
ਤਿਸ ਕੋ ਬਨਹਿ ਨ ਆਵਨਿ ਜਾਨੁ ॥੩੩॥

[1]ਰੂਪ।
[1]ਇਸ ਕ੍ਰਿਆ ਦੀ, ਭਾਵ ਹੋਰ ਦ੍ਰਿਸ਼ਟਾਂਤ ਸੁਣੋਂ।
[1]ਪੱਤੇ।
[1]ਉਤਪਤ ਹੋਯਾ।
[1]ਬੀਜ ਦੇ ਮੱਧ ਕਾਲ (= ਬ੍ਰਿੱਛ) ਵਾਂਙੂ ਜਗਤ ਨੂੰ ਦੇਖੋ।
[1]ਅਕਾਸ਼ ਇਕ ਰਸ ਹੈ।

ਤਥਾ ਬ੍ਰਹਮ ਇਕ ਰਸ ਸਭਿ ਮਾਂਹਿ।
ਸਭਿਹਿ ਪ੍ਰਕਾਸ਼ਹਿ ਲੇਪਹਿ ਨਾਹਿ।
ਸਤ ਚੇਤਨ ਆਨੰਦ ਸਰੂਪ।
ਜੀਵ ਜੀਵ ਪ੍ਰਤਿ ਅਹੈ ਅਨੂਪ[1] ॥੩੪॥
[1]ਭਾਵ ਸਤਚੇਤਨ ਆਨੰਦ, ਜੀਵ ਜੀਵ ਵਿਚ (ਵਜਾਪਕ) ਹੈ।

ਭੂਤ ਭਵਿੱਖਜ ਸਦਾ ਹੀ ਰਹੈ।
ਸਭਿ ਜੀਵਨ ਮਹਿਂ ਸਤਿ[1] ਇਹੁ ਅਹੈ।
[1]ਭਾਵ ਬ੍ਰਹਮ ਦੀ 'ਸੱਤ' ਰੂਪਤਾ।
ਕ੍ਰਿਯਾ ਕਰਤਿ ਚੇਤਨਤਾ ਜਾਨਿ[1]।
[1]ਜੀਵ ਜੋ ਕ੍ਰਿਯਾ ਕਰਦੇ ਹਨ ਚੇਤਨਤਾ ਜਾਣਕੇ।
ਇਹੁ ਭੀ ਬ੍ਰਹਮ ਰੂਪ ਪਹਿਚਾਨ ॥੩੫॥
ਬਿਸ਼ਿਯਨ ਮਹਿਂ ਆਨੰਦ ਅੱਗਜਾਨੀ।
ਨਿਜਾਨੰਦ ਪ੍ਰਾਪਤਿ ਹੈ ਗਜਾਨੀ।
ਸਭਿ ਕੋ ਭੂਲ ਦੇਹਿ ਧਰਿ ਹੰਤਾ[1]।
[1]ਸਭ ਕੋਈ ਭੁੱਲਕੇ ਦੇਹ ਦੀ ਹੰਗਤਾ ਨੂੰ ਧਾਰਨ ਕਰਦਾ ਹੈ।
ਪੁਨਹਿ ਪਦਾਰਥ ਮਮਤਾਵੰਤਾ[1] ॥੩੬॥
[1]ਫੇਰ ਪਦਾਰਥਾਂ ਵਿਚ ਸਮਤਾਵਾਨ ਹੁੰਦਾ ਹੈ।
ਏ ਸਭਿ ਮਾਯਾ ਕੇਰਿ ਵਿਕਾਰ।
ਜੋ ਭਾਸਤਿ ਹੈਂ ਨਾਨਾਕਾਰ[1]।
[1]ਨਾਨਾਪਨ।
ਨਹੀਂ ਵਾਸਤਵ[1] ਜਾਨਜੋ ਜਾਇ।
[1]ਭਾਵ ਬ੍ਰਹਮ।
ਇਹ ਮਾਯਾ ਕੋ ਰੂਪ ਕਹਾਇ ॥੩੭॥
-ਮੈਂ ਨਹਿਂ ਜਾਨੌਂ- ਕਰਨ ਬਖਾਨ।
ਇਸੈ ਨਾਮ ਮਾਯਾ, ਅਗਜਾਨ।
ਉਭੈ ਸ਼ਕਤਿ ਕੇ ਧਾਰਨਿਹਾਰੀ।
ਇਕ ਆਵਰਨ ਵਿਖੇਪ ਉਚਾਰੀ ॥੩੮॥
ਕਰਹਿ ਸਰੂਪ ਅਛਾਦਨਿ[1] ਜੋਇ।
[1]ਢੱਕ ਲਵੇ।
ਗਜਾਨੀ ਭਨਹਿਂ -ਆਵਰਣ- ਸੋਇ।
ਜਿਹ ਨਾਨੱਤ੍ਵ ਪ੍ਰਤੀਤ ਕਰਾਈ।
ਸੋ ਵਿਸੇਖ, ਜਹਿਂ ਕਹਿਂ ਦ੍ਰਿਸ਼ਟਾਈ ॥੩੯॥
ਉਪਾਦਾਨ[1] ਇਹ ਸਬਿ ਜਗ ਕੇਰੀ।
[1]ਕਾਰਣ, ਜਿਵੇਂ ਘੜੇ ਦਾ ਉਪਾਦਾਨ ਕਾਰਨ ਮਿੱਟੀ ਹੈ, ਭਾਵ ਮਾਯਾ।
ਹੈ ਅਘਟਨ ਘਟਨਾ ਸੁ ਘਨੇਰੀ[1]।
[1]ਮਾਯਾ ਅਣਬਣਤ ਨੂੰ ਬਨਾਉਣ ਵਾਲੀ ਹੈ। (ਅਗਲੇ ਅੰਸੂ ਦੇ ੧੧ ਛੰਦ ਵਿਚ ਅਰਥ ਸਪਸ਼ਟ ਹੈ)।
ਜਥਾ ਰਜੁ ਹੁਇ ਬੱਕ੍ਰ[1] ਪਰੀ ਹੈ।
[1]ਵਿੰਗੀ।
ਕਿਹ ਨਰ ਨਿਸ਼ਚੈ ਸੋ ਨ ਕਰੀ ਹੈ ॥੪੦॥
ਬਿਨ ਜਾਨੇ ਰਜੁ ਤਿਸ ਕਾਲ।

ਲਖਯੋ -ਸਰਪ ਇਹ ਪਰਯੋ ਕਰਾਲ-।
ਰਜੁ ਧਿਸ਼ਟਾਨ ਪਾਇ ਅੱਗਯਾਨ।
ਕਾਰਜ ਕੀਨੋ ਸਰਪੁ ਮਹਾਂਨ[1] ॥੪੧॥

[1]ਅਗਯਾਨ ਨੇ ਰੱਸੀ ਦੇ ਆਸਰੇ ਨੂੰ ਪਾ ਕੇ ਸਰਪ ਰੂਪੀ ਮਹਾਂਨ ਕਾਰਜ ਕਰ ਦਿੱਤਾ ਹੈ।

ਤਿਮਿ ਮਾਯਾ ਧਿਸ਼ਟਾਨ ਧਰੰਤਿ।
ਬ੍ਰਹਮ ਆਸਰੇ ਬਿਸ਼ੈ ਕਰੰਤਿ[1]।

[1]ਭਾਵ ਅਗਯਾਨ ਬ੍ਰਹਮ ਦੇ ਹੀ ਆਸਰੇ ਹੈ ਤੇ ਬ੍ਰਹਮ ਨੂੰ ਹੀ ਵਿਸ਼ਾ ਕਰਦਾ ਹੈ।

ਜਥਾ ਤਿਮਰ ਹੁਇ ਕੋਸ਼ਠ[1] ਅੰਤਰ।
ਕੋਠਾ ਆਸ਼੍ਰੈ ਤਾਂਹਿ ਨਿਰੰਤਰ ॥੪੨॥
ਬਿਨ ਕੋਸ਼ਠ ਅੰਧਕਾਰ ਨਹੀਂ ਹੈ।
ਯਾਂ ਤੇ ਆਸ਼੍ਰੈ ਤਾਂਹਿ ਉਹੀ ਹੈ।
ਪੁਨ ਸੋ ਤਿਮਰ ਫੈਲ ਤਹਿਂ ਹੀ ਕੋ।
ਬਿਸ਼ੈ ਕਰਤਿ ਤਿਸ ਕੋਸ਼ਠ ਹੀ ਕੋ ॥੪੩॥
ਛਾਦਿ ਲੇਤਿ ਚਹੁੰ ਓਰਨ ਮਾਂਹਿ।
ਜਿਸ ਤੇ ਦ੍ਰਿਸ਼ਟਿ ਪਰਤਿ ਹੈ ਨਾਂਹਿ।
ਤਥਾ ਬ੍ਰਹਮ ਕੋ ਮਾਯਾ ਜਾਨਿ।
ਆਸ਼੍ਰੈ ਬਿਸ਼ੈ ਕਰਤਿ ਬੁਧਿਵਾਨ ॥੪੪॥
ਜਬਿ ਅੱਗਯਾਨ ਸਕਾਰਜ ਸਾਰੇ†।

[1]ਕੋਠੇ।

†ਭਾਵ ਇਹ ਹੈ ਕਿ ਅਗਯਾਨ ਦਾ ਕਾਰਯ ਪ੍ਰਪੰਚ ਹੈ ਸੋ ਅੱਗਯਾਨ ਤੇ ਉਸਦਾ ਕਾਰਯ ਪ੍ਰਪੰਚ ਭਰਮ ਕਰਕੇ ਹੈ। ਜਦੋਂ ਸ੍ਵੈ ਸ੍ਵਰੂਪ ਦੇ ਤੱਕਿਆਂ ਭ੍ਰਮ ਦੂਰ ਹੋ ਗਿਆ ਤਾਂ ਅਗਯਾਨ ਤੇ ਉਸਦਾ ਕਾਰਯ ਪ੍ਰਪੰਚ ਕਲਪਤਿ ਸੀ ਉਹ ਅਧਿਸ਼ਟਾਨ ਰੂਪ ਹੀ ਹੋ ਗਿਆ, ਪਿੱਛੇ ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਹੈ ਕਿ ਕਲਪਤਿ ਵਸਤੂ ਆਪਣੇ ਅਧਿਸ਼੍ਹਾਨ ਤੋਂ ਜੁਦਾ ਨਹੀਂ ਹੈ ਅਗੇ ਹੋਰ ਸਪਸ਼ਟ ਕਰਨਗੇ।

ਭ੍ਰਮ ਛੁਟ ਜਾਇ ਸਰੂਪ ਨਿਹਾਰੇ।
ਪਰਮ ਤੱਤ ਕੋ ਮਤਿ ਕਰਿ ਜਾਨਾ[1]।
ਏਕੰਕਾਰ ਮਹਤ ਮਹੀਯਾਨਾ[1] ॥੪੫॥
ਏਕ ਆਤਮਾ ਬ੍ਰਹਮ ਅਨਸ਼੍ਵ[1] ਹੈ।
ਸਦਾ ਅਨਾਦੀ ਜੋ ਇਕ ਰਸੁ ਹੈ।
ਆਇ ਨ ਜਾਇ ਕਿਤਹੁ ਤੇ ਕੋਈ।
ਬ੍ਯਾਪਕ ਸਰਬ ਗਗਨ ਸਮ ਸੋਈ ॥੪੬॥
ਅੱਦ੍ਵੈ ਅਨੰਦਾਤਮ ਸਭਿ ਥਾਨ।
ਨਿਹਕਲ, ਅੱਕ੍ਰਿ, ਅਜੈ[1] ਮਹਾਂਨ।
ਗੁਰ ਪੂਰਨ ਸੋਂ ਮਿਲਿ ਹੈ ਜਬੈ।
ਹਉਮੈ ਮਲ ਨਿਰਵਾਰਹਿ ਸਬੈ ॥੪੭॥

[1]ਬੁੱਧੀ ਕਰਕੇ ਜਾਣਿਆਂ।

[1]ਬੜਿਆਂ ਤੋਂ ਬੜਾ।

[1]ਨਾਸ਼ ਰਹਤ ਹੈ।

[1]ਕਲਪਨਾ ਰਹਤ, ਕ੍ਰਿਆ ਰਹਤ ਤੇ ਅਜਨਮਾ।

ਸਭਿहਿਨਿ ਤੇ ਉਤਕ੍ਰਿਸ਼ਟ[1] ਜੁ ਗਤਿ ਹੈ।
ਸੋ ਪ੍ਰਾਪਤਿ ਹੁਇ ਆਨੰਦ ਸਤਿ ਹੈ।
ਪੁਨਰਾਵਰਤਿ[1] ਨਹੀਂ ਜਿਤ ਹੋਇ।
ਅੰਮ੍ਰਿਤ ਰੂਪ ਏਕ ਰਸੁ ਸੋਇ' ॥੪੮॥

[1]ਉਚੀ।

[1]ਪੁਨਰ+ਆਵਰਤ = ਮੁੜਕੇ ਆਉਣਾ (ਸੰਸਾਰ ਵਿਚ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿੰਸਤੀ ਅੰਸੂ ॥੩੫॥

## ੩੬. [ਜੋਗੀ ਨੂੰ ਉਪਦੇਸ਼ ਦੇ ਮੁਕਤ ਕੀਤਾ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੩੭

ਦੋਹਰਾ:

ਸੁਨਿ ਜੋਗੀ ਬਿਸਮੈ ਭਯੋ, ਬਾਨੀ ਸੁਧਾ ਸਮਾਨ।
ਪੁਨਹਿ ਪ੍ਰਸ਼ਨ ਕੀਨਸਿ[1] ਭਲੇ, ਨਿਰਨੈ ਕਰਨ ਮਹਾਂਨ ॥੧॥

ਚੌਪਈ:

'ਕੌਨ ਬਾਦ ਕਰਿ ਬ੍ਰਹਮ ਸਿੱਧ ਕਿਯ?
ਜਿਸ ਤੇ ਸਰਬ ਪ੍ਰਪੰਚ ਦ੍ਰਿਸ਼ਟਿ ਥਿਯ।
ਕੰਚਨ ਭੂਖਨ ਕੋ ਦ੍ਰਿਸ਼ਟਾਂਤਿ।
ਵਾਦ ਪ੍ਰਣਾਮ[1] ਭਯੋ ਵੱਖਜਾਤ ॥੨॥
ਹੇਮੁ ਪ੍ਰਣਾਮਯੋ ਨਿਜ ਅਕਾਰ[1]।
ਕੰਕਨ ਕੁੰਡਲਾਦਿ ਲੰਕਾਰ[1]।
ਬ੍ਰਹਮ ਪ੍ਰਣੰਮ[1]† ਹੋਤਿ ਭਾ ਤੈਸੇ‡।
ਜਗਤ ਚਰਾਚਰ ਉਪਜਯੋ ਐਸੇ ॥੩॥
ਜਿਸ ਮਾਯਾ ਕੇ ਅਪੁ ਬਤਾਵੈਂ।
ਸੋ ਝੂਠੀ ਕੈ ਸਾਚ ਜਨਾਵੈਂ।
ਬ੍ਰਹਮ ਸਰੂਪ ਬਿਲੋਕਯੋ ਕੈਸੇ।
-ਸੂਖਮ ਤੇ ਸੂਖਮ- ਕਹਿ ਐਸੇ[1]' ॥੪॥
ਮਹਾਂ ਪੁਰਖ ਜੋਗੀ ਤੇ ਸੁਨਿ ਕੈ।
ਉੱਤਰ ਦੀਨਸਿ ਸਤਿਗੁਰੁ ਗੁਨਿ ਕੈ[1]।
'ਵਿਵਰਤ ਵਾਦਿ[1] ਇਹੁ ਹਮ ਨੇ ਕਹ੍ਯੋ।
ਦ੍ਰਿਸ਼ਜ ਪ੍ਰਪੰਚ[1] ਬ੍ਰਹਮੁ ਤੇ ਲਹ੍ਯੋ ॥੫॥
ਜਥਾ ਰਜੁ ਤੇ ਸ੍ਰਪ† ਉਪਜੰਤਾ।
ਭੈ ਆਦਿਕ ਤੇ ਕੰਪ ਉਠੰਤਾ।
ਤੈਸੇ ਬ੍ਰਹਮ ਤੇ ਜਗ ਇਹੁ ਦੀਖਾ।
ਹਰਖ ਸ਼ੋਕ ਦੇ ਤਿਸੇ ਸਰੀਖ਼ਾ ॥੬॥
ਬਿਨਾਂ ਗਜ੍ਯਾਨ ਤੇ ਮਿਟੇ ਜੁ ਨਾਂਹੀ।
ਸਦਾ ਸਸ਼ੰਕਤਿ[1] ਦੁਖ ਸੁਖ ਮਾਂਹੀ।

[1]ਉਸਨੇ ਪ੍ਰਸ਼ਨ ਕੀਤਾ।

[1]ਪ੍ਰਣਾਮਵਾਦ = ਰੂਪ ਬਦਲਨ ਵਾਲਾ।

[1]ਸੋਨੇ ਨੇ ਬਦਲਿਆ ਆਪਣਾ ਰੂਪ।

[1]ਗਹਿਣਿਆਂ ਵਿਚ।

[1]ਬਦਲਣ ਵਾਲਾ। †ਪਾ:-ਪ੍ਰਣਾਮ। ‡ਪਾ:-ਜੈਸੇ। ਐਸੇ।

[1]ਐਸੇ ਕਹਿੰਦੇ ਹਨ ਕਿ ਸੂਖਮ ਤੇ ਸੂਖਮ ਹੈ ਬ੍ਰਹਮ।

[1]ਵਿਚਾਰਕੇ।

[1]ਅਸਾਂ ਇਹ ਵਿਵਰਤ ਵਾਦ ਕਿਹਾ ਹੈ, ਅਰਥਾਤ ਬ੍ਰਹਮ ਸੱਤ ਹੈ, ਉਸ ਤੋਂ ਜਗਤ ਮਾਯਾ ਕਰਕੇ ਭਾਸਦਾ ਹੈ ਤੇ ਗ੍ਯਾਨ ਨਾਲ ਬ੍ਰਹਮ ਬਿਨਾਂ ਹੋਰ ਕੁਛ ਨਹੀਂ ਭਾਸਦਾ, ਜੈਸੇ ਰਸੀ ਤੋਂ ਸੱਪ।

[1]ਭਾਵ-ਦਿੱਸਦਾ ਜਗਤ।

†ਪਾ:-ਅਹਿ।

[1]ਸਹਤ ਸ਼ੰਕਾ ਦੇ।

ਜਨਮ ਅਨੇਕਨ ਮਹਿਂ ਬਿਰਮਾਵਤਿ[1]। [1]ਭਰਮਦਾ ਹੈ।
ਉਚੈ ਨੀਚੈ ਬਹੁਤ† ਭ੍ਰਮਾਵਤਿ ॥੭॥ †ਪਾ:-ਜੋਨਿ, ਬਹੁਰ।
ਵਾਦ ਪ੍ਰਣਾਮ ਅਪਰ ਬਿਧਿ ਮਾਨੋ।
ਰੂਪ ਦੂਧ ਤੇ ਦਧਿ ਹੁਇ ਜਾਨੋ[1]। [1]ਦੁੱਧ ਤੋਂ ਦਹੀਂ ਹੋ ਜਾਣਾ ਪ੍ਰਣਾਮਵਾਦ ਹੈ।
ਦਧਿ ਤੇ ਬਹੁਰ ਦੁਗਧ ਹੁਇ ਨਾਂਹਿ।
ਪੂਰਬ ਰੂਪ ਨਾਸ ਭਾ ਤਾਂਹਿ ॥੮॥
ਹਾਟਕ[1] ਹੋਇ ਨ ਐਸੀ ਭਾਂਤਿ। [1]ਸੋਨਾ।
ਭੂਖਨ ਮਹਿਂ ਸਰੂਪ ਦਰਸਾਤ[1]। [1]ਦੇਖੀਦਾ ਹੈ, ਦਿਸਦਾ ਹੈ।
ਬਿਨਸੇ ਅਲੰਕਾਰ ਆਕਾਰ।
ਪੂਰਬ ਰੂਪ ਹੇਮ ਲੇ ਧਾਰਿ[1] ॥੯॥ [1]ਸੋਨਾ ਧਾਰ ਲੈਂਦਾ ਹੈ।
ਮਾਯਾ ਕਰਿ ਬ੍ਰਹਮ ਤੇ ਜਗ ਭਾਸਾ।
ਜਿਮ ਬਾਜੀਗਰ ਕੇਰ ਤਮਾਸ਼ਾ।
ਹੋਹਿ ਬਿਨਾਸ਼ ਜਬੈ ਅੱਗਜਾਨ।
ਨਹਿ ਪੁਨ ਰਹੈ ਬ੍ਰਹਮ ਬਿਨੁ ਆਨ ॥੧੦॥
ਨਹਿ ਅਸੱਤਜ ਨਹਿਂ ਸੱਤਜ ਸੁ ਮਾਯਾ।
ਸੱਤਜਾਸੱਤਜ ਭੀ ਨਹਿਂ ਬਨਿ ਆਯਾ।
ਲਖਹੁ ਅਨਰ ਬਚਨੀ ਇਹੁ ਯਾਂ ਤੇ।
ਕਿਹ ਬਿਧਿ ਕਹਿਬੇ ਜਾਹਿ ਨ[1] ਕਾ ਤੇ ॥੧੧॥ [1]ਕਹੀ ਨਹੀਂ ਜਾਂਦੀ।
ਹੈ ਅਨਾਦਿ ਜਿਸੁ ਆਦਿ ਨ ਮਾਨ[1]। [1]ਉਤਪਤੀ ਨਹੀਂ ਜਾਣੀ ਜਾਂਦੀ।
ਅੰਤ ਪਾਇ ਉਪਜੇ ਜਬਿ ਗਜਾਨ।
ਸਤਿਗੁਰ ਕੇ ਸੁਨਿਬੈ ਉਪਦੇਸ਼ੁ।
ਹਤਹਿ ਅਬਿੱਦਜਾ[1] ਸਹਤ ਕਲੇਸ਼ ॥੧੨॥ [1]ਮਰ ਜਾਂਦੀ ਹੈ ਅਵਿੱਦਜਾ।
ਬ੍ਰਹਮ ਆਤਮਾ ਪੂਰਨ ਜੋਇ।
ਬਿਸ਼ੈ ਨ ਕਿਸੁ ਇੰਦ੍ਰੇ ਕਬਿ ਹੋਇ[1]। [1]ਕਦੇ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ ਹੁੰਦਾ।
ਦਿਖਿਯ ਨ ਆਂਖਨਿ, ਸੁਨਿਯ ਨ ਕਾਨੀ।
ਰਿਦੈ ਲਖਹਿ ਪ੍ਰੱਗਜਾ ਤੇ[1] ਗਜਾਨੀ ॥੧੩॥ [1]ਬੁੱਧੀ ਨਾਲ।
ਇੰਦ੍ਰੇ ਬਿਸ਼ੈ ਨ ਕਰਿ ਜਿਨ ਮਨ ਕੋ।
ਬਿਸ਼ੈ ਕਰਤਿ ਮਨ ਇਨ ਸਭਿਹਿਨਿ ਕੋ।

ਤਿਮ ਮਨੁ ਬਿਸ਼ੈ ਬ੍ਰਹਮ ਨਹਿਂ ਹੋਇ[1]।
ਸਭਿਹਿਨਿ ਕੋ ਸੱਤਾ ਦੇ ਸੋਇ ॥੧੪॥

[1]ਤਿਵੇਂ ਮਨ ਦਾ ਵਿਸ਼ਾ ਬ੍ਰਹਮ ਨਹੀਂ ਹੈ।

ਸਭਿਨਿ ਅਧਾਰ ਭੂਤ[1] ਇਕ ਅਹੈ।

[1]ਆਸ਼੍ਰਾ ਰੂਪ।

ਨਾਨਾ ਨਸਹਿ ਨੀਕ ਜੇ ਲਹੈ[1]।

[1]ਦ੍ਵੈਤ ਨਾਸ਼ ਹੁੰਦੀ ਹੈ ਜੇ ਚੰਗੀ ਤਰ੍ਹਾਂ ਜਾਚ ਲਵੇ (ਬ੍ਰਹਮ ਨੂੰ)।

ਸੂਖਮ ਤੇ ਅਤਿ ਸੂਖਮ ਜਾਨ।
ਕਹਿਯਤਿ ਮਹਾਂ ਮਹਿਦ ਮਹੀਆਨ ॥੧੫॥
ਸੂਰਜ ਆਦਿ ਪ੍ਰਕਾਸ਼ਤਿ ਜੇਈ[1]।
ਤਿਸ ਕੀ ਜੋਤਿ ਪ੍ਰਕਾਸ਼ਹਿ ਏਈ।

[1]ਭਾਵ ਸੂਰਜ ਆਦਿ ਨੂੰ ਬ੍ਰਹਮ ਜੋਤ ਪ੍ਰਕਾਸ਼ਦੀ ਹੈ।

ਕਾਰਣ ਭੂਤ[1] ਸਕਲ ਕੋ ਏਕ।
ਹੁਇ ਪ੍ਰਾਪਤਿ ਉਰ ਕਰਤਿ ਬਿਬੇਕ ॥੨੬॥

[1]ਕਾਰਣ ਰੂਪ।

ਗਗਨ ਰੂਪ ਪਸਰਯੋ ਸਭਿ ਮਾਂਹਿ।
ਨਿਤ ਕੂਟੱਸਥ[1] ਨ ਆਵਹਿ ਜਾਹਿ।
ਤਿਸ ਮਹਿਂ ਥਿਰਤਾ ਮਨ ਕੀ ਪਾਵੈ।
ਸੋ ਜਨੁ ਅੰਮ੍ਰਿਤਮਯ ਹੁਇ ਜਾਵੈ ॥੧੭॥

[1]ਸਦਾ ਸਥਿਰ ਇਕ ਰੂਪ।

ਜਿਨਹੁ ਬ੍ਰਹਮ ਮਯ[1] ਜਗਤ ਪਛਾਤਾ।
ਤਜਿ ਨਾਨੱਤ੍ਵ ਅਨੰਦ ਇਕ ਮਾਤਾ।
ਕਹੀਅਤਿ ਜੀਵਨ ਮੁਕਤ ਸੁ ਪ੍ਰਾਨੀ।
ਮੂਲ ਕਲੇਸ਼ ਅਵਿੱਦਯਾ ਹਾਨੀ[1] ॥੧੮॥

[1]ਬ੍ਰਹਮ ਰੂਪ।

[1]ਕਲੇਸ਼ਾਂ ਦੀ ਮੂਲ ਅਵਿੱਦਯਾ ਨਾਸ਼ ਕੀਤੀ।

ਜਹਾਂ ਹੋਹਿ ਤਹਿਂ ਦੇਹ ਬਿਨਾਸਾ।
ਥਲ ਅਪਵਿੱਤ੍ਰ ਕਿ ਤੀਰਥਿ ਪਾਸਾ।
ਤਹਾਂ ਅਨੰਦ ਮੈਂ ਲਯਤਾ[†] ਪਾਇ।
ਜਨਮੁ ਮਰਨ ਨਹਿਂ ਆਇ ਨ ਜਾਇ ॥੧੯॥

[†]ਪਾ:-ਲੈਤਾ।

ਰਹਹੁ ਦੇਹ ਕੈਧੋਂ ਬਿਨਸਾਇ[1]।
ਨਹਿਂ ਸੋਚਹਿ ਉਰ ਇਕਰਸੁ ਭਾਇ।
ਅਗਨਿ ਸਿੰਧੁ ਕੇ ਤਟ ਪਰ ਹੋਇ।
ਸਗਲੀ ਦ੍ਵੈਤ ਜਿਨਹੁੰ ਨੇ ਖੋਇ[1] ॥੨੦॥

[1]ਯਾ ਨਾਸ਼ ਹੋ ਜਾਵੇ।

[1]ਅਗਨ ਸਾਗਰ ਦੇ ਕਿਨਾਰੇ ਭਾਵ ਸੰਸਾਰ ਵਿਚ ਹੋਕੇ ਜਿਨ੍ਹਾਂ ਨੇ ਸਾਰੀ ਦ੍ਵੈਤ ਖੋ ਦਿੱਤੀ ਹੈ।

ਇਮੁ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ[†]।

†ਜੋਗੀ ਪ੍ਰਾਣਾਯਾਮੀ ਤੇ ਵਿਦਵਾਨ ਹੈਸੀ, ਪ੍ਰੰਤੂ 'ਜੀਅਦਾਨ' ਨੂੰ ਪ੍ਰਾਪਤ ਨਹੀਂ ਸੀ, ਜੀਅਦਾਨ 'ਪ੍ਰਸਾਦਿ' ਦੀ ਵਸਤੂ ਹੈ। ਇਸੇ ਪ੍ਰਸਾਦਿ ਦੀ ਭਾਲ ਸੀ ਜੋ ਉਸਦੇ ਗੁਰੂ ਨੇ ਦਸਿਆ ਸੀ ਕਿ ਕਲਜੁਗ ਦੇ ਅਵਿਤਾਰ ਸ਼੍ਰੀ ਗੁਰੂ ਅਰਜਨ ਦੇਵ ਤੋਂ ਤੈਨੂੰ ਪ੍ਰਾਪਤ ਹੋ ਸਕਦਾ ਹੈ। ਇਸ ਮਨੋਰਥ ਲਈ ਓਹ ਸ੍ਵਾਸ ਚੜ੍ਹਾਕੇ ਬੈਠ ਗਿਆ ਸੀ। ਜੋਗੀ ਦੀ ਕੱਲਯਾਨ ਉਪਰਲੇ ਕਹੇ ਉਪਦੇਸ਼ ਮਾਤ੍ਰ ਨੇ ਨਹੀਂ ਕੀਤੀ, ਪਰੰਤੂ ਜਦ 'ਪ੍ਰਸਾਦਿ' ਹੋਇਆ, ਜੋ ਇਸ ਤੁਕ ਵਿਚ ਨਿਰੂਪਣ ਹੋਯਾ ਹੈ, ਤਦ ਉਸਦੀ ਕੱਲਯਾਣ ਹੋਈ। ਚੁੜਾਲਾ ਦੇ ਪ੍ਰਸੰਗ ਯੋਗ ਵਸ਼ਿਸ਼ਟ ਵਿਚ ਵੀ 'ਪ੍ਰਸਾਦਿ' ਦਾ ਇਸ਼ਾਰਾ ਹੈ।

ਕਰੀ ਬਿਨਾਸ਼ ਮੋਹੁ ਕੀ ਬੇਰੀ।
ਸੁੱਧ ਗ੍ਯਾਨ ਜੋਗੀ ਉਰ ਜਾਗਾ।
ਜਨਮਾਦਿਕ ਮਦ ਪੀਵਤਿ ਤ੍ਯਾਗਾ[1] ॥੨੧॥
ਗੁਰੂ ਬਾਕ ਕੋ ਲਖ੍ਯੋ ਪ੍ਰਤਾਪਾ।
ਜਿਸ ਕੇ ਸੁਨਤਿ ਮੋਹੁ ਸਭਿ ਖਾਪਾ।
ਨੰਮ੍ਰ ਭਯੋ ਚਰਨਨ ਸਿਰ ਧਰ੍ਯੋ।
ਅਪਨੋ ਗ੍ਯਾਨ ਨਿਵੇਦਨ ਕਰ੍ਯੋ ॥੨੨॥
'ਅਬਿ ਮੋ ਕਹੁ ਨਿਸ਼ਚਾ ਦ੍ਰਿੜ੍ਹ ਭਯੋ।
ਹੁਤੋ ਜਾਨਿਬੋ[1] ਜਾਨਿ ਸੁ ਲਯੋ।
ਤੁਮ ਕਰੁਨਾ ਤੇ ਸੰਸੈ ਨਾਸ਼ੇ।
ਪ੍ਰਾਪਤਿ ਚੇਤਨ ਆਨੰਦ ਰਾਸੇ ॥੨੩॥
ਅਬਿ ਸ਼ਰੀਰ ਮੈਂ ਤ੍ਯਾਗਨ ਕਰਿ ਹੌਂ[1]।
ਜਿਯਤਿ ਰਹੌਂ ਨਹਿ ਕਾਜ ਬਿਚਰਿ ਹੌਂ।
ਜੋ ਤਰਤੱਬ ਸੁ ਮੈਂ ਕਰਿ ਲੀਨਸਿ।
ਤੁਮਨੇ ਪੂਰ ਕਾਮਨਾ ਕੀਨਸਿ' ॥੨੪॥
ਸੁਨਿ ਸ਼੍ਰੀ ਗੁਰ ਨੇ ਬਹੁ ਸਨਮਾਨਾ।
'ਧੰਨ ਧੰਨ ਤੁਮ ਬਡ ਬੁਧਿਵਾਨਾ।
ਦਰਸ਼ਨ ਦੇਹੁ ਰਹਹੁ ਹਿਤ ਕਰੀਏ।
ਨਾਨਾ ਜਗ ਮਹਿਂ ਏਕ ਨਿਹਰੀਏ ॥੨੫॥
ਲੋਕਨ ਪਰ ਉਪਕਾਰ ਤੁਮਾਰਾ।
ਦੇਖਤਿ ਪਾਪਨਿ ਹਰਹਿਂ ਬਿਕਾਰਾ।
ਪਰਹਿਂ ਸੁਮਗ ਪ੍ਰਾਪਤਿ ਕੱਲਯਾਨਾ।
ਜੀਵ ਮਲੀਨ ਪੁਤ[1] ਹੁਇ ਨਾਨਾ' ॥੨੬॥
ਸੁਨਿ ਸਤਿਗੁਰ ਤੇ ਮ੍ਰਿਦੁਲ ਸੁਹਾਏ।
ਪੁਨ ਜੋਗੀ ਨੇ ਬਾਕ ਸੁਣਾਏ।
'ਨਰਨਿ ਉਧਾਰਨ ਤੁਮਰੇ ਹੱਥ।
ਅਪਰ ਕਿਸੂ ਮਹਿਂ ਨਹਿਂ ਸਮਰੱਥ

[1]ਜਨਮ ਆਦਿਕ ਦੇ ਹੰਕਾਰ (ਰੂਪੀ ਨਸ਼ੇ ਦਾ) ਪੀਣਾ ਛੱਡ ਦਿੱਤਾ।

[1]ਜੋ ਜਾਨਣੇ ਯੋਗ ਸੀ।

[1]ਮੈਂ) ਵਿਚਾਰਦਾ ਹਾਂ ਕਿ (ਹੁਣ) ਜੀਉਂਦੇ ਰਹਿਣ ਦਾ ਕੋਈ ਕਾਜ (ਬਾਕੀ) ਨਹੀਂ (ਮੇਰਾ)।

[1]ਪਵਿੱਤ੍ਰ।

॥੨੭॥
ਇਸ ਹਿਤ ਰਾਵਰ ਨੇ ਤਨ ਧਾਰ੍ਯੋ।
ਸੱਤ੍ਯ ਨਾਮ ਸਿਮਰਨ ਬਿਸਤਾਰ੍ਯੋ।
ਇਮੁ ਸਭਿ ਜਗ ਕੋ ਭਾਰ ਜਿ ਧਰਨੋ[1]।
ਤੁਮ ਬਿਨ ਅਪਰ ਕੌਨ ਇਮੁ ਕਰਨੋ
॥੨੮॥
ਮੁਝ ਕੋ ਆਇਸੁ ਦੇਹੁ ਸਮਾਵੌਂ।
ਰਹਿਬੇ ਕੋ ਨ ਸੰਕਲਪ ਉਠਾਵੌਂ।
ਅਬਹਿ ਕ੍ਰਿਪਾ ਇਸ ਬਿਧਿ ਕੀ ਕਰੋ।
ਜਿਸੁ ਤੇ ਆਪਨਿ ਤਨ ਪਰਹਰੋਂ' ॥੨੯॥
ਦ੍ਰਿੜ ਨਿਸ਼ਚਾ ਜੋਗੀ ਕੋ ਜਾਨਾ।
ਸ਼੍ਰੀ ਅਰਜਨੁ ਬਿਗਸੰਤਿ ਬਖਾਨਾ।
'ਕਰੋ ਜਥਾ ਅਭਿਲਾਖ ਤੁਮਾਰੀ।
ਜਿਮੁ ਉਚਰਹੁ ਤਿਮ ਹਮ ਅਨੁਸਾਰੀ'
॥੩੦॥
ਪੁਨ ਬੁੱਢੇ ਮੋਂ ਗੁਰੂ ਬਖਾਨੀ।
'ਜਿਮ ਇਹੁ ਜੋਗੀ ਭਾਖੈ ਬਾਨੀ।
ਤਿਮ ਤੁਮ ਸੰਗ ਹੋਇ ਕਰਿ ਕਰੀਏ।
ਪੁਰਸ਼ੋਤਮ[1] ਆਇਸੁ ਅਨੁਸਰੀਏ'
॥੩੧॥
ਹੁਕਮ ਪਾਇ ਸਤਿਗੁਰ ਕੋ ਖਲੇ।
ਅਵਲੋਕਹਿਂ ਲਖਿ ਪਾਵਨ ਭਲੇ।
ਹੁਤੇ ਜਿ ਲੋਕ ਫਿਰਤਿ ਚਹੁਂ ਪਾਸੇ।
ਗਮਨਤਿ ਭਏ ਮਿਲੇ ਨਰ ਰਾਸੇ ॥੩੨॥
'ਨਿਕਸ੍ਯੋ ਜੋਗੀ' ਸੁਨਿ ਸੁਨਿ ਧਾਏ।
ਕਰ੍ਯੋ ਬਿਲੋਕਨ ਮਨ ਬਿਸਮਾਏ[1]।
ਚਿਰੰਕਾਲ ਕੀ ਆਰਬਲਾ ਜਿਹ।
ਅਚਰਜ ਇਸ ਜੁਗ ਮਹਿਂ ਦੇਖਹਿਂ ਤਿਹ
॥੩੩॥
ਧਾਇ ਧਾਇ ਹਰਖਹਿਂ ਬਿਸਮਾਵਹਿਂ।
ਅਪਰ ਅਪਰ ਸੋ ਕਰਹਿਂ ਬੁਝਾਵਹਿਂ[1]।
'ਪੂਰਬਲੇ ਜੁਗੁ ਕੋ ਤਨੁ ਇਹੁ ਹੈ।

[1]ਧਾਰਨ ਕਰਨਾ।

[1]ਭਾਵ ਜੋਗੀ ਦੀ।

[1]ਅਚਰਜ ਹੋਕੇ।

[1]ਭਾਵ ਹੋਰ ਹੋਰ ਨੂੰ (ਖਬਰ) ਕਰਦੇ ਹਨ।

ਦੀਰਘਤਾ ਸਭਿ ਅੰਗਨਿ ਲਹਿ ਹੈ
॥ ੩੪ ॥
ਪਰਮ ਬ੍ਰਿੱਧ ਮੁਖ ਬਰਨ ਦਿਪਾਵਤਿ।
ਸੇਤ ਸਮੱਸ਼੍ਰ[1] ਕੇਸ ਸੁਹਾਵਤਿ[†]।'

[1]ਚਿੱਟਾ ਦਾੜ੍ਹਾ।

[†]ਸਿੱਧ ਹੋਇਆ ਕਿ ਪੁਰਾਣੇ ਜੁਗਾਂ ਦੇ ਲੋਕੀਂ ਕੇਸਾਂ ਦਾੜ੍ਹੇ ਸਮੇਤ ਹੁੰਦੇ ਸਨ, ਦੂਸਰੇ ਪ੍ਰਾਣ ਚੜ੍ਹਾਕੇ ਦਸਮ ਦੁਆਰ ਵਿਚ ਕਿਤੇ ਪਏ ਰਹਿਣਾ ਯਾ ਮੱਠ ਵਿਚ ਦੱਬੇ ਰਹਿਣਾ ਅਚਰਜ ਬਾਤ ਨਹੀਂ ਹੈ, ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਇਕ ਐਸਾ ਜੋਗੀ ਆਯਾ ਸੀ, ਜੋ ਇਕ ਵੱਡੇ ਮੱਟ ਵਿਚ ਬੰਦ ਕਰਕੇ ੪੦ ਦਿਨ ਜ਼ਿਮੀਂ ਵਿਚ ਦਬਿਆ ਰਿਹਾ ਸੀ, ਉੱਪਰ ਪਹਿਰੇ ਲੱਗੇ ਰਹੇ ਸਨ। ਯੁਰਪੀਨ ਤੇ ਦੇਸੀ ਦੇਖਣਹਾਰ ਮੌਜੂਦ ਸਨ। ੪੦ ਦਿਨਾਂ ਬਾਦ ਕੱਢਿਆ ਤੇ ਮਾਲਸ਼ਾਂ ਆਦਿਕ ਨਾਲ ਹੋਸ਼ ਵਿਚ ਆ ਗਿਆ। ਅੱਜਕਲ ਵੀ ਐਸੇ ਕਰਤਬ ਕਰਕੇ ਕਿਤੇ ਕਿਤੇ ਕੋਈ ਦੱਸਦਾ ਹੈ।

ਨਿਕਸ ਵਹਿਰ ਸਭਿ ਮੈਂ ਥਿਰ ਹੋਵਾ।
ਦੇਖਜੋ ਜੋਗੀ ਸਭਿਨਿ ਖਰੋਵਾ ॥ ੩੫ ॥
ਕਹਿ 'ਇਹੁ ਥਾਨ ਪੁਨੀਤ ਮਹਾਂਨਾ।
ਜੋ ਸੇਵੈਂ ਨਰ ਆਨ ਸੁਜਾਨਾ।
ਸ਼ਰਧਾ ਧਰੈਂ ਬੰਦਨਾ ਠਾਨਿ।
ਸੱਤਜਨਾਮ ਸਿਮਰਹਿ ਗੁਨ ਗਾਨ ॥ ੩੬ ॥
ਇਸ ਥਲ ਕੀਜਹਿ ਤਾਲ ਬਿਸਾਲਾ[†]।

[†]ਸੰਤੋਖਸਰ ਇਸੇ ਤਾਲ ਦਾ ਨਾਮ ਹੈ।

ਮੱਜਤਿ ਤਜਾਗਹਿਂ ਪਾਪ ਕਰਾਲਾ।
ਨਾਸਤਿ ਹ੍ਵੈਂ ਸਭਿ ਮਨ ਕੇ ਦੋਸ਼।
ਪ੍ਰਾਪਤ ਹੋਵੈ ਤਿਹ ਸੰਤੋਸ਼' ॥ ੩੭ ॥
ਨੰਮ੍ਰ ਥਾਨ ਪੁਨ ਕਹਿ ਖਨਵਾਯੋ।
ਬੈਠਿ ਬੀਚ ਸਭਿ ਪੌਨ ਚੜ੍ਹਾਯੋ।
ਦਸਮੇ ਦ੍ਵਾਰ ਜੋਰ ਕੇ ਪਾਵਾ।
ਬ੍ਰਹਮ ਰੰਧਰ[1] ਕੋ ਫੋਰਿ ਕਰਾਵਾ ॥ ੩੮ ॥

[1]ਦਸਮ ਦੁਆਰ ਯਾ ਸਿਰ ਦੀ ਚੋਟੀ ਵਿਚ ਇਕ ਗੁਪਤ ਜੇਹਾ ਰਾਹ ਜਿਸਨੂੰ ਫੋੜਕੇ ਯੋਗੀ ਅਪਨੀ ਰੂਹ ਕਢਦੇ ਹਨ।

ਤਬਿ ਸਭਿ ਲੋਕਨ ਫਲ ਬਸਾਏ[1]।

[1]ਵਰਖਾਏ।

'ਜੈ ਜੈ' ਮੁਖ ਤੇ ਬਾਕ ਸੁਨਾਏ।
ਸਰਬ ਪ੍ਰਕਾਰ ਬੰਦਨਾ ਕਰੈਂ।
ਹੇਰਿ ਹੇਰਿ ਅਚਰਜ ਕੋ ਧਰੈਂ ॥ ੩੯ ॥
ਬਹੁਰੋ ਸਭਿਨਿ ਮ੍ਰਿੱਤਕਾ ਪਾਈ।
ਜੋਗੀ ਕਰਜੋ ਅਲੋਪ ਤਿਥਾਈਂ।
ਬਿਸਮਤਿ ਹੋਇ ਸਕਲ ਹਟਿ ਆਏ।
ਮਿਲਹਿ ਪਰਸਪਰ ਕਹਤਿ ਸੁਨਾਏ
॥ ੪੦ ॥

'ਚਿਰੰਕਾਲ ਆਰਬਲਾ ਜਾਂਹੀ।
ਮੁਖ ਪਰ ਦਿਪਤਿ ਜੋਤਿ ਬਹੁ ਤਾਂਹੀ।
ਧੰਨ ਪੁਰਖ ਐਸੇ ਜਗ ਮਾਂਹੀ।
ਮਨੁ ਬਿਕਾਰ ਜਿਨ ਪਰਸਜੋ ਨਾਂਹੀ'
॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ ਕੋ ਪ੍ਰਸੰਗ' ਬਰਨਨੰ ਨਾਮ ਖਸ਼ਟਤ੍ਰਿੰਸਤੀ ਅੰਸੂ ॥੩੬॥

## ੩੭. [ਪਿੰਗਲੇ ਦਾ ਪ੍ਰਸੰਗ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੩੮

ਦੋਹਰਾ:

ਇਮ ਜੋਗੀ ਤਪਸੀ ਮਹਦ, ਭਯੋ ਬ੍ਰਿਤੰਤ ਬਿਸਾਲ।
ਸੁਨਿ ਪਿਖਿ ਨਰ ਨਾਰੀ ਤਹਾਂ, ਅਚਰਜ ਭੇ ਤਿਸੁ ਕਾਲ ॥੧॥

ਚੌਪਈ:

ਇਤਨੇ ਬਿਖੈ ਝਗਰਤੇ ਤਹਾਂ[†]।
ਦੰਪਤਿ ਚਲਿ ਆਏ ਗੁਰ ਜਹਾਂ।
ਸੋਇ ਪ੍ਰਸੰਗ ਛੋਰਤੇ[1] ਬਰਨੌਂ।
ਜਥਾ ਸੁਧਾਸਰ ਬਿਦਤੈ ਕਰਨੋ ॥੨॥
ਮਾਝੇ ਦੇਸ਼ ਪੁਰੀ ਇਕ ਅਹੈ।
'ਪੱਟੀ' ਨਾਮ ਜਿਸੀ ਕੋ ਕਹੈਂ।
ਤਹਿਂ ਕੋ ਨ੍ਰਿਪ ਲਘੁ ਰਾਜ ਕਰੰਤਾ।
ਤੁਰਕਨ ਕੇ ਅਨੁਸਾਰਿ ਰਹੰਤਾ ॥੩॥
ਤਿਸ ਗ੍ਰਿਹ ਸੁਤਾ ਪੰਚ ਜਨਮਾਈ।
ਬਧਤਿ ਆਰਬਲ ਰੂਪ ਸੁਹਾਈ।
ਸੁੰਦਰ ਅੰਗੁ ਰੰਗ ਤਨੁ ਗੋਰਾ।
ਕਮਲ ਲੋਚਨੀ ਉਰਜ ਕਠੋਰਾ ॥੪॥
ਤਿਨਿ ਮਹਿਂ ਏਕ ਹੁਤੀ ਸਤਿਸੰਗਨਿ।
ਅਲਪ ਆਰਬਲ ਕੋਮਲ ਅੰਗਨਿ[1]।
ਪ੍ਰਭੁ ਕੇ ਗੁਨ ਸੰਤਨ ਤੇ ਸੁਨੇ।
ਬੈਠਹਿ ਨਿਕਟ[1] ਜਬਹਿਂ ਮਿਲਿ ਭਨੇਂ ॥੫॥
'ਜੀਵ ਜੀਵ ਪ੍ਰਤਿ ਤੀਨਹੁਂ ਲੋਕ।
ਨਿਤਿ ਪਾਲਤ ਸਭਿ, ਪ੍ਰਭੁ ਅਰੋਕ[1]।
ਜੋ ਜਿਸ ਜੂਨਿ ਜਹਾਂ ਹੁਇ ਪ੍ਰਾਨੀ।
ਤਹਾਂ ਦੇਤਿ ਭੋਜਨ ਗੁਨਖਾਨੀ' ॥੬॥
ਸ਼੍ਰੀ ਗੁਰ ਨਾਨਕ ਕਰਜੋ ਸ਼ਲੋਕ।
ਪਠਤਿ ਬਿਚਾਰਤਿ ਸੋ ਪ੍ਰਭੁ ਲੋਕ[1]।
ਤਿਸੁ ਤੇ ਸੁਨਿ ਕੰਨਜਾਂ ਦ੍ਰਿਢ ਕੀਨੋ।

[†]ਪਾ:-ਮਹਾਂ।
[1]ਮੁਢ ਤੋਂ, ਖੋਹਲਕੇ।
[1]ਨਰਮ ਅੰਗਾਂ ਵਾਲੀ।
[1]ਭਾਵ ਸੰਤਾਂ ਦੇ ਪਾਸ।
[1]ਖੁੱਲ੍ਹਾ।
[1]ਸੋ ਸੰਤ।

ਸੋ ਅਬਿ ਇਸ ਥਲ ਲਿਖਿ ਕਰਿ ਦੀਨੋ
॥੭॥

ਸ੍ਰੀ ਮੁਖਵਾਕ:
ਸਲੋਕ ਮਃ ੧ ॥
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥

ਦੋਹਰਾ:
ਸੁਨਿ ਸੁ ਅਰਥ ਗੁਰ ਸ਼ਬਦ ਕੋ, ਕੰਨਜਾ
ਨਿਸ਼ਚੈ ਕੀਨੁ।
'ਤੀਨ ਲੋਕ ਪਤਿ ਪਰਮ ਗੁਰ, ਰਿਜਕ
ਸਭਿਨਿ ਕਹੁ ਦੀਨ[1]' ॥੮॥

[1]'ਤਿੰਨਾਂ ਲੋਕਾਂ ਦੇ ਪਤੀ, ਪਰਮ ਪੂਜਯ ਨੇ ਉਪਜੀਵਕਾ ਸਾਰਿਆਂ ਨੂੰ ਦਿੱਤੀ ਹੈ।

ਚੌਪਈ:
ਇਕ ਦਿਨ ਸਭਿ ਕੰਨਜਾ ਮਿਲ ਕਰਿ ਕੈ।
ਕਥਾ ਅਨੇਕ ਸੁਨਾਇੰ ਬਿਚਰਿ ਕੈ।
ਨਿਜ ਪਿਤ ਕੀ ਭਾਖਨਿ ਬਡਿਆਈ।
'ਹਮਹਿਂ ਪਦਾਰਥ ਅਧਿਕ ਭੁਗਾਈ ॥੯॥
ਖਾਨ ਪਾਨ ਪਹਿਰਨ ਕੋ ਦਾਤਾ।
ਬਸਤ੍ਰ ਬਿਭੂਖਨ ਦੇ ਬੱਖਜਾਤਾ।'
ਸਭਿ ਤੇ ਸੁਨਿ ਤਿਸ ਕੰਨਜਾਂ ਕਹਜੋ।
'ਪਾਲਤਿ ਪ੍ਰਭੁ ਸਭਿਨਿ ਕੋ ਲਹਜੋ ॥੧੦॥
ਦਾਤਨਿ ਕੋ ਦਾਤਾ ਇਕ ਰਾਮ।
ਕਰਹਿ ਜਗਤ ਕੇ ਪੂਰਣ ਕਾਮ।
ਸਭਿ ਦਿਨੁ ਸਭਿ ਕੋ ਭੋਗ ਭੁਗਾਵੈ।
ਕਰਿ ਅਹਾਰ ਕੋ ਜੀਵਤਿ ਪਾਵੈ ॥੧੧॥
ਸੋ ਨ ਦੇਯ ਸਭਿ ਲਹੈਂ ਬਿਨਾਸ।
ਤਿਸ ਬਿਨ ਕਹਾਂ ਜਿਯਨ ਕੀ ਆਸ।
ਰਾਉ, ਰੰਕ, ਗਜ, ਚੀਟੀ[†] ਜੋਈ।

[†]ਪਾ:-ਕੀਟੀ।

ਸਭਿ ਕੋ ਦਾਤਾ ਤ੍ਰਾਤਾ[1] ਸੋਈ ॥੧੨॥
ਅਪਰ ਬਿਖੈ ਸਮਰਥ ਹੈ ਕਹਾਂ।
ਜੀਵਨਿ ਜੋ ਪਾਲਹਿ ਜਹਿਂ ਕਹਾਂ।'
ਇਮ ਸੁਨਿ ਕੰਨਜਾਂ ਸਭਿ ਹੀ ਕਹੈਂ।
'ਹਮ ਕੋ ਪਿਤ ਪ੍ਰਤਿਪਾਲਤਿ ਰਹੈ ॥੧੩॥
ਨਹਿਂ ਦੇਖ੍ਯੋ ਦੇਤੋ ਕਿਤ ਰਾਮ।
ਦਿਯੋ ਜਾਇ ਕਿਸੁ ਕੇ ਕਬਿ ਧਾਮ।
ਅੰਨ ਬਸਤ੍ਰ ਸਭਿ ਕਰਿਕੇ ਤਜਾਰ।
ਕਿਸ ਕੋ ਕੌਨ ਦੇਤਿ ਕਿਸ ਬਾਰਿ[1]' ॥੧੪॥
ਇਮ ਸੁਨਿ ਕੈ ਕੰਨਜਾਂ ਲਰ ਪਰੀ।
ਜਾਇ ਪਿਤਾ ਕੇ ਢਿਗਿ ਸੁਧਿ ਕਰੀ।
'ਹਮ ਸਭਿ ਕਹਹਿਂ -ਪਿਤਾ ਤੇ ਖਾਵਤਿ-।
ਇਹ ਕੁਛ ਬਾਤ ਅਪਰ ਬਿਦਤਾਵਤਿ[1] ॥੧੫॥
ਜੋ ਪ੍ਰਤਿਪਾਰਹਿ ਦੇਤਿ ਹਮੇਸ਼।
ਲਘੁ ਤਨ ਤੇ ਜਿਨ ਕੀਨ ਬਿਸ਼ੇਸ਼ੁ[1]।
ਸੁਖ ਸੋਂ ਸ਼ੁਭ ਅਹਾਰ ਹਮ ਕਰਿਹੀਂ।
ਕਿਸੂ ਬਾਤ ਕੀ ਚਿੰਤ ਨ ਧਰਿਹੀਂ ॥੧੬॥
ਇਹ ਨਹਿਂ ਮਾਨੈ ਮਤ ਕਿਯ ਨਜਾਰੋ।
ਹਮ ਸਭਿ ਕਹਿ ਕੀਨਸਿ ਨਿਰਧਾਰੋ[1]।'
ਸੁਨਤਿ ਨ੍ਰਿਪਤ ਪਿਤ ਮੂਰਖ ਰੋਸਾ।
ਨਹਿਂ ਈਸ਼ੁਰ ਕੋ ਲਖ੍ਯੋ ਭਰੋਸਾ ॥੧੭॥
ਅਪਨੇ ਰਾਜ ਮਾਨ ਮਹਿਂ ਫੂਲਾ।
ਪ੍ਰਭੁ ਪ੍ਰਤਿਕੂਲ[1] ਭਏ ਤੇ ਭੂਲਾ।
ਸਭਿ ਕੰਨਜਾਂ ਨਿਜ ਨਿਕਟਿ ਹਕਾਰੀ।
ਆਸ਼ੈ ਸਮਝਨ ਇੱਛਾ ਧਾਰੀ ॥੧੮॥
ਪ੍ਰਥਕ ਪ੍ਰਥਕ ਤਿਨ ਬੂਝਨ ਲਾਗਾ।
'ਕਹੁ ਤੂੰ ਕਿਸ ਕੌ ਭੁਗਤਹਿਂ ਭਾਗਾ[1]?'
ਸਭਿ ਨੇ ਕਹ੍ਯੋ 'ਪਿਤਾ! ਹਮ ਤੇਰਾ।
ਖਾਵਹਿਂ ਪਹਿਰਹਿਂ ਦਰਬ ਘਨੇਰਾ ॥੧੯॥

[1]ਰੱਖਜਕ।
[1]ਕਿਸ ਵੇਲੇ।
[1]ਹੋਰ ਕਹਿੰਦੀ ਹੈ।
[1]ਛੋਟੇ ਤਨ ਤੋਂ ਵੱਡਿਆਂ ਕੀਤਾ।
[1]ਸਮਝਾਯਾ ਹੈ।
[1]ਉਲਟ।
[1]ਭਾਗ ਖਾਂਦੀ ਹੈ।

ਪ੍ਰਤਿਪਾਰਤਿ ਨਿਤ ਦੇਤਿ ਅਹਾਰਾ।
ਹਮ ਸਭਿ ਭੁਗਤਹਿਂ ਭਾਗ ਤੁਹਾਰਾ।'
ਨਿਜ ਭਗਨੀ ਸਭਿ ਤੇ ਪਸਚਾਤੀ।
ਰਾਜ ਕੁਇਰ ਬੋਲੀ ਇਸ ਭਾਂਤੀ[1] ॥੨੦॥

[1]ਆਪਣੀਆਂ ਸਾਰੀਆਂ ਭੈਣਾਂ ਤੋਂ ਪਿੱਛੋਂ (ਛੋਟੀ) ਰਾਜ ਕੁਇਰ ਇਸ ਭਾਂਤ ਬੋਲੀ।

'ਹੇ ਪਿਤ ! ਭਾਗ ਏਕ ਕੋ ਦੂਵਾ।
ਭੁਗਤਹਿ, ਏਹ ਨਹੀਂ ਕਬਿ ਹੂਆ।
ਨਿਜ ਨਿਜ ਭਾਗ ਅਧਿਕ ਅਰੁ ਘਾਟ।
ਭੋਗਤਿ ਜਗ ਮਹਿਂ ਰੰਕ ਸੁ ਰਾਟ[1]' ॥੨੧॥

[1]ਰਾਜਾ।

ਸੁਨਿ ਪਿਤ ਕ੍ਰੋਧ ਕਰਜੋ ਉਰ ਭਾਰੀ।
ਸਭਿ ਕੇ ਸੁਨਿ ਤੇ ਗਿਰਾ ਉਚਾਰੀ।
'ਅਮੁਕ[1] ਰੰਕ ਹਮ ਜਾਤਿ ਮਝਾਰੀ।
ਤਿਸ ਕੇ ਪੁੱਤ੍ਰ ਕਸ਼ਟ ਤਨ ਭਾਰੀ ॥੨੨॥

[1]ਫਲਾਣਾ।

ਹਾਥ ਪਾਵ ਅੰਗੁਰੀ ਝਰਿ ਗਈ।
ਅਸ ਕੋ ਮੈਂ ਜਬਿ ਤੁਹਿ ਦੇ ਦਈ।
ਅਪਨ ਭਾਗ ਤਬਿ ਭੁੰਚਨਿ ਕਰੀਅਹਿ।
ਨਰਕ ਸਮਾਨ ਕਸ਼ਟ ਕੋ ਭਰੀਅਹਿ' ॥੨੩॥
ਸੁਨਿ ਕੰਨਜਾਂ ਨੇ ਪਿਤ ਕੀ ਬਾਨੀ।
ਸੋਈ ਸੀਸ ਧਰੀ ਮਨ ਮਾਨੀ।
ਤਿਸ ਕੀ ਮਾਤ ਸੁ ਬਰਜਤਿ ਰਹੀ।
ਤਊ ਪਿਤਾ ਨੇ ਰਿਸ ਕਰਿ ਕਹੀ[1] ॥੨੪॥

[1]ਉਹੋ ਗੱਲ) ਕਹੀ।

'ਕਰਜੋ ਕੰਤ ਸੋ' ਨਿਸ਼ਚੈ ਠਾਨਾ[1]।

[1]ਭਾਵ ਲੜਕੀ ਨੇ ਨਿਸ਼ਚਾ ਬਿਠਾਇ ਲਿਆ ਕਿ ਮੈਂ ਉਹ ਕੰਤ ਕਰ ਲਿਆ (ਮੰਨ ਲਿਆ ਹੈ)।

ਅਪਰ ਥਾਨ ਕੋ ਬਜਾਹੁ ਨ ਮਾਨਾ।
ਕਹਜੋ 'ਪ੍ਰਥਮ ਸੋਈ ਪਤਿ ਮੇਰਾ।
ਤਥਾ ਭਾਗ ਮੈਂ ਅਪਨੋ ਹੇਰਾ' ॥੨੫॥
ਰਹੇ ਹਟਾਇ ਲੋਕ ਮਿਲਿ ਘਨੇ।
'ਕੁਸ਼ਟੀ ਸੰਗ ਕੁਸ਼ਟ ਬਹੁ' ਭਨੇ।
ਰਹੇ ਫੇਰ, ਸੋ ਫਿਰੀ ਨ ਫੇਰੇ[1]।

[1]ਹਟਾ ਰਹੇ ਪਰ ਓਹ ਹਟਾਈ ਹੋਈ ਨਾ ਹਟੀ।

ਫੇਰੇ ਫਿਰੀ ਸਾਥ ਤਿਸੁ ਕੇਰੇ[1] ॥੨੬॥

[1]ਤਿਸੇ ਸਾਥ ਹੀ ਫੇਰੇ ਫਿਰੀ (ਲਾਂਵਾਂ ਲੈ ਲਈਆਂ ਭਾਵ ਵਿਆਹ ਕਰਵਾ ਲਿਆ)।

ਨਹਿਂ ਦਾਇਜ ਕੋ ਨ੍ਰਿਪ ਨੈ ਦੀਨਾ।
ਮਨ ਮੂਰਖ ਨੇ ਹਠ ਦਿਢ ਕੀਨਾ।
ਕੰਨਜਾਂ ਮਨ ਪ੍ਰਭੁ ਭਾਵੀ ਮਾਨਿ।
ਸਮ ਈਸ਼ੁਰ ਕੇ ਸੋ ਪਤਿ ਜਾਨਿ ॥੨੭॥
ਸਦਨ ਸਾਸੁਰੇ ਦਾਰਿਦ[1] ਮਹਾਂ।
ਪਹਿਰਨਿ ਖਾਨ ਨ ਪ੍ਰਾਪਤਿ ਜਹਾਂ।
ਕੇਤਿਕ ਦਿਨ ਦੁਖ ਭੁਖ ਕੋ ਸਹਯੋ।
ਬਹੁਰ ਅਨਤ ਕਿਤ ਚਲਿਬੇ ਚਹਯੋ ॥੨੮॥
ਤਿਸ ਪੁਰਿ ਰਹੀ ਨ ਬਹੁ ਦੁਖਿਆਰੀ।
ਪਤਿਬ੍ਰਤ ਧਰਮ ਮਹਾਂ ਦ੍ਰਿਢ ਧਾਰੀ।
ਪਤਿ ਕੁਸ਼ਟੀ ਕੋ ਧਰਿ ਬਿਚ ਖਾਰੀ।
ਅਪਰ ਗ੍ਰਾਮ ਤੇ ਮਾਂਗਿ ਅਹਾਰੀ ॥੨੯॥
-ਪਿਤ ਕੇ ਪੁਰਿ ਨ ਜਾਚਨਾ ਕਰਿਹੌਂ।
ਅਪਰ ਪੁਰਨਿ ਤੇ ਉਦਰ ਸੁ ਭਰਿਹੌਂ-।
ਜਾਚਤਿ ਅੰਨ ਆਨਤੀ ਤੇਤੋ।
ਪਤਿ ਅਰੁ ਆਪ ਖਾਇ ਲੇ ਜੇਤੋ ॥੩੦॥
ਮਹਾਂ ਸੁਧਰਮਾ ਧਾਰਤਿ ਧਰਮੁ।
ਨਿਜ ਪਤਿ ਤੇ ਨਹਿਂ ਧਾਰਯੋ ਭਰਮੁ।
ਸੀਸ ਉਠਾਯੋ ਫਿਰੈ ਸੁ ਜਹਿਂ ਕਹਿਂ[†]।
ਜਾਚਹਿ ਅੰਨ ਪੋਖਿਬੇ[1] ਹਿਤ ਤਹਿਂ ॥੩੧॥
ਨਿਕਟ ਗ੍ਰਾਮ ਕੇ ਦੇਤਿ ਉਤਾਰ।
ਫਿਰਹਿ ਸਦਨ ਤੇ ਲ੍ਯਾਇ ਅਹਾਰ।
ਬਿਚਰਤਿ ਗ੍ਰਾਮਨਿ ਇਸੀ ਪ੍ਰਕਾਰੀ।
ਆਈ ਗੁਰ ਕੇ ਚਕ ਇਕ ਬਾਰੀ ॥੩੨॥
ਦੇਗ ਗੁਰੂ ਕੀ ਲੀਨਿ ਅਹਾਰਾ।
ਪਤਿ ਜੁਤਿ ਖਾਇ ਰਿਦੈ ਸੁਖ ਧਾਰਾ।
ਪੁਨ ਅਗਲੇ ਦਿਨ ਬਦਰੀ ਬਨ ਮੈਂ[1]।
ਖਾਰੀ ਜਾਇ ਧਰੀ ਤਬਿ ਤਿਨ ਮੈਂ ॥੩੩॥
ਗ੍ਰਾਮ ਬਿਖੈ ਨਰ ਹਰਤਿ ਜੋਈ।

[1]ਸਹੁਰੇ ਘਰ ਗ਼ਰੀਬੀ।
[†]ਪਾ:-ਫਿਰੈ ਜਹਾਂ ਕਹਿਂ।
[1]ਰੱਜਣ ਵਾਸਤੇ।
[1]ਬੇਰੀਆਂ ਦੇ ਬਨ ਵਿਚ।

ਕਰਤਿ ਗਿਲਾਨ ਤਰਕਤੇ ਸੋਈ।
ਇਸ ਹਿਤ ਤੇ ਪਤਿ ਦੂਰ ਬਿਠਾਯੋ।
ਖਾਰੀ ਸਹਤ ਸੁ ਛਾਇ[1] ਟਿਕਾਯੋ ॥੩੪॥ [1]ਛਾਯਾ ਵਿਚ।
ਗ੍ਰਾਮ ਤੁੰਗ ਕੋ[1] ਆਪਿ ਸਿਧਾਰੀ। [1]ਅੰਮ੍ਰਿਤਸਰ ਤੋਂ ਦੋ ਕੁ ਮੀਲ ਦੀ ਵਿੱਥ ਤੇ ਇਕ ਪਿੰਡ ਉੱਤਰ ਨੂੰ ਹੈ।
ਭਿੱਖਯਾ ਹਿਤ ਲੈਬੇ ਇਛ ਧਾਰੀ।
ਜੋ[1] ਸ਼੍ਰੀ ਰਾਮਦਾਸ ਖਨਿਵਾਯੋ। [1]ਭਾਵ ਜੇਹੜਾ ਥਾਂ।
ਦੁਖਭੰਜਨਿ ਬਦਰੀ ਤਰ[1] ਭਾਯੋ ॥੩੫॥ [1]ਉਹ ਥਾਂ ਬੇਰੀ ਹੇਠ ਸੀ, (ਜਿਸਨੂੰ) ਦੁਖਭੰਜਨੀ (ਕਹਿੰਦੇ ਹਨ ਹੁਣ)।
ਤਹਿਂ ਕੁਛ ਟੋਵਾ ਬਿਨਾਂ ਚਿਨਾਰੀ।
ਰਹਯੋ ਹੁਤੋ ਨਹਿਂ ਕਿਸੁ ਨਿਰਧਾਰੀ।
ਤਿਸ ਮਹਿਂ ਪਰਯੋ ਨੀਰ ਕੁਛ ਥਿਰਿਯੋ।
ਬਦਰੀ ਤਰ ਕੇ ਤਰ[1] ਸੋ ਢਰਿਯੋ ॥੩੬॥ [1]ਬੇਰੀ ਦੇ ਬ੍ਰਿੱਛ ਦੇ ਹੇਠ।
ਹੁਤੀ ਮੇਖ ਕੀ[1] ਤਬਿ ਸੰਕ੍ਰਾਂਤਿ। [1]ਵਿਸਾਖ ਦੀ।
ਸਮੋ ਪੁਰਬ ਕੋ ਤਬਿ ਬਿਰਤਾਂਤ।
ਸਹਿਜ ਸੁਭਾਇਕ ਬਾਇਸੁ[1] ਆਯੋ। [1]ਕਾਂ।
ਬੈਠਿ ਤਰੂ ਪਰ ਜਲ ਦ੍ਰਿਸ਼ਟਾਯੋ ॥੩੭॥
ਹੁਤੋ ਤ੍ਰਿਖਾਤੁਰ ਉਤਰਯੋ ਤਰੇ।
ਪੰਚ ਬੇਰ ਚੁੰਚਨ ਕੋ ਭਰੇ।
ਜਬਿ ਅੰਤਰ ਜਲ ਪ੍ਰਵਿਸ਼ਯੋ ਜਾਇ।
ਰਿਦਾ ਸ਼ੁੱਧ ਹੁਇ ਬੁਧਿ ਬਿਦੁਤਾਇ ॥੩੮॥
ਕਰਯੋ ਸ਼ਨਾਨ ਪੁਰਬ ਕੇ ਕਾਲ।
ਭਯੋ ਸ੍ਵੇਤ ਤਨ ਰੁਚਿਰੁ ਮਰਾਲ[1]। [1]ਸੁਹਾਣਾ ਚਿੱਟੇ ਸਰੀਰ ਵਾਲਾ ਹੰਸ ਹੋ ਗਿਆ।
ਸੋ ਪਿੰਗਲ[1] ਦੇਖਤਿ ਸਭਿ ਰਹਯੋ। [1]ਲੂਹਲਾ, ਭਾਵ ਉਹ ਕੁਸ਼ਟੀ।
ਜਥਾ ਕਾਕ ਨੇ ਸ਼ੁਭ ਫਲ ਲਹਯੋ[1] ॥੩੯॥ [1]ਲੀਤਾ।
ਉਦੈ ਭਾਗ ਤੇ ਉਰ ਫੁਰਿਆਈ।
-ਇਸੁ ਜਲ ਕੀ ਮਹਿਮਾਂ ਅਧਿਕਾਈ।
ਮਨਹੁਂ ਪੁੰਨ ਮਮ ਬਾਇਸ ਆਯੋ[1]। [1]ਮਾਨੋਂ ਕਾਂ ਮੇਰੇ ਪੁੰਨਾਂ ਕਰਕੇ ਆਯਾ ਹੈ।
ਨੀਰ ਮਹਾਤਮ ਕੋ ਦਰਸਾਯੋ[1]- ॥੪੦॥ [1]ਜਲ ਦਾ ਮਹਾਤਮ ਦਿਖਾ ਦਿੱਤਾ ਹੈ।
ਬਿਨਾਂ ਬਿਲਮ ਤੇ ਇਤ ਉਤ ਹਾਲਾ।
ਜੋ ਨਿਜ ਬਲ ਤੇ ਸਕਹਿ ਨ ਚਾਲਾ।
ਖਾਰੀ ਤੇ ਨਿਕਸਯੋ ਗਿਰ ਪਰਯੋ।

ਰਿਤੁ ਰਿਤੁ ਪਹੁੰਚਨ ਤਹਿਂ ਕਰਜੋ
॥੪੧॥
ਤੁਰਨ ਤੀਰ ਨੀਰ ਕੋ ਛੁਹਜੋ।
ਕਰਜੋ ਸ਼ਨਾਨ ਅਧਿਕ ਫਲ ਲਹਜੋ।
ਪੰਕ ਸਮੇਤ ਸੁ ਮਰਦਨ ਕਰਿ[1] ਕਰਿ। [1]ਮਲ ਕਰਕੇ।
ਮੱਜਤਿ ਮਹਾਂ ਚੌਂਪ ਕੋ ਧਰਿ ਧਰਿ ॥੪੨॥
ਕਰ ਪਗ ਜੁਗ ਗਰ ਗਰ ਗਿਰ ਪਰੇ[1]। [1](ਜੋ) ਹੱਥ ਪੈਰ ਦੋਵੇਂ ਗਲ ਗਲ ਕੇ ਡਿਗ ਪਏ ਹੋਏ ਸਨ।
ਤਤਛਿਨ ਭਏ ਅਰੁਜ[1] ਸਮਸਰੇ। [1]ਅਰੋਗ।
ਸਕਲ ਅੰਗ ਤੇ ਰੋਗ ਨਸਾਯੋ।
ਕੰਚਨ ਬਰਨ ਰੰਗੁ ਮਨ ਭਯੋ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪਿੰਗਲ' ਪ੍ਰਸੰਗ ਬਰਨਨੰ ਸਪਤ ਤ੍ਰਿੰਸਤੀ ਅੰਸੂ
॥੩੭॥

## ੩੮. [ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੩੯

ਦੋਹਰਾ:

ਪਿੰਗਲ ਮੱਜਨ ਜਬਿ ਕਰਜੋ, ਭਯੋ ਸਰੀਰ ਅਰੋਗ।
ਬਿਸਮਤ ਬੁਧਿ ਮਹਿਂ ਦੇਖਿ ਫਲ, ਕਰਿ ਅਨੰਦੁ ਹਰਿ ਸੋਗ[1] ॥੧॥

[1]ਸ਼ੋਕ ਦੂਰ ਕੀਤਾ।

ਚੌਪਈ:

ਮਨਹੁਂ ਪਾਨ ਅੰਮ੍ਰਿਤ ਕੋ ਕਰਜੋ।
ਜਰਾ ਆਦਿ ਰੁਜ ਸਭਿ ਪਰਹਰਜੋ।
ਜਨੁ ਸਮਰਥ ਸੁਰ ਹੋਇ ਪ੍ਰਸੰਨ[1]।
ਕਰਜੋ ਸ਼ਕਤਿ ਨਿਜ ਤੇ ਤਨ ਅੰਨ[1] ॥੨॥

[1]ਮਾਨੋਂ ਸਮਰੱਥ ਦੇਵਤਾ ਨੇ ਪ੍ਰਸੰਨ ਹੋਕੇ।
[1]ਹੋਰ ਸ਼ਰੀਰ।

ਸੁੰਦਰਤਾ ਮੰਦਿਰ ਤਨੁ ਹੋਵਾ।
ਅਖਿਲ ਬਿਕਾਰਨ ਕੋ ਤਬਿ ਖੋਵਾ।
ਪ੍ਰਭੁ ਕ੍ਰਿਪਾ ਅਸੁ ਕਾਇਆਂ ਧਾਰੀ।
ਜਿਸ ਤੇ ਹੋਇ ਨ ਸਕਹਿ ਚਿਨਾਰੀ ॥੩॥
ਨਖ ਸ਼ਿਖ ਤੇ ਬੋਰਜੋ ਨਿਜ ਗਾਤ[1]।
ਬਾਰ ਬਾਰ ਮੱਜਤਿ ਹਰਖਾਤਿ।
ਜਥਾ ਅਚਾਨਕ ਨਰਕੀ ਜੀਵ।
ਸੁਰਗੀ ਬਨਹਿ ਮਹਾਂ ਸੁਖਿ ਥੀਵ ॥੪॥

[1]ਨਹੁੰ ਤੋਂ ਸਿਰ ਤਕ ਡੋਬ ਦਿੱਤਾ ਅਪਣਾ ਸਰੀਰ।

ਜਨਮੁ ਰੰਕ ਚਿੰਤਾਮਣਿ ਪਾਈ।
ਹਰਖਜੋ ਜਿਮੁ ਨਵਨਿਧਿ ਘਰ ਆਈ।
ਬਸਤ੍ਰ ਬਿਭੂਖਨ ਸੁੰਦਰ ਜੋਗ।
ਇਮੁ ਸੁੰਦਰ ਬਨ ਗਯੋ ਅਰੋਗ ॥੫॥
ਤਿਸ ਬੱਦਰੀ ਤਰੁ ਕੇ ਤਰ ਥਿਰਜੋ।
ਖਾਰੀ ਉਲਟ ਸੁ ਆਸਨੁ ਕਰਜੋ।
ਬੈਠਿ ਰਹਜੋ ਮਨੁ ਮੋਦ ਬਢਾਇ।
ਪ੍ਰਿਯਾ ਪ੍ਰਤੀਖਤਿ[1] ਦ੍ਰਿਗ ਤਿਤ ਲਾਇ ॥੬॥

[1]ਇਸਤ੍ਰੀ ਨੂੰ ਉਡੀਕਦਾ ਹੈ।

ਭਿੱਖਜਾ ਤੁੰਗੁ ਗ੍ਰਾਮ ਤੇ ਲੀਨ।
ਰਾਜੁ ਕੁਇਰ ਪਤਿਬ੍ਰਤਾ ਪ੍ਰਬੀਨ।
ਅਪੁਨੋ ਧਰਮੁ ਬਿਖੈ ਸਵਧਾਨਾ।

ਨਿਜ ਪਤਿ ਬਿਨੁ ਕਬਿ ਚਹੈ ਨ ਆਨਾ ॥੭॥
ਖੇਦ ਬਿਸਾਲ ਸਹੈ ਸਭਿ ਤਨੁ ਮੈਂ।
ਤਉ ਨ ਡੋਲਤਿ ਹੈ ਕਬਿ ਮਨ ਮੈਂ।
ਨ੍ਰਿਪ ਦੁਹਿਤਾ ਅਪਦਾ ਅਸ ਝਾਲੀ।
ਤਉ ਧਰਮ ਤੇ ਭਈ ਨ ਖਾਲੀ ॥੮॥
ਜਬਿ ਤਿਸ ਥਾਨੁ ਆਨ ਕਰਿ ਦੇਖਾ।
ਬੈਠਯੋ ਸੁੰਦਰ ਪੁਰਖ ਵਿਸ਼ੇਖ਼ਾ।
-ਇਹੁ ਕਯਾ ਭਯੋ ਨ ਜਾਨਯੋ ਜਾਇ।
ਮਮ ਪਤਿ ਨਹਿਂ ਦੀਸਤਿ ਇਸ ਥਾਇਂ ॥੯॥
ਇਹੁ ਕੋ ਬੈਠਯੋ ਅਘ ਗਨ ਕਰਤਾ[1]।
ਲਖੀਅਤਿ ਮਮ ਭਰਤਾ ਕੋ ਹਰਤਾ-।
ਸੁਕਚਿ ਦੂਰ ਤੇ ਊਚ ਉਚਾਰੀ।
'ਕੋ ਤੂੰ ਅਹੈਂ? ਇਹਾਂ ਦੁਰਚਾਰੀ[1]! ॥੧੦॥
ਮਮ ਪਤਿ ਕਹਾਂ? ਇਹਾਂ ਤਜਿ ਗਈ।
ਤੁੰਗ ਗ੍ਰਾਮ ਤੇ ਤੂਰਨ ਅਈ।
ਅਬਿ ਮੈਂ ਕਰੌਂ ਪੁਕਾਰ ਉਦਾਰਾ।
ਗਹਿ ਲੈਹੌਂ ਜੇ ਕੀਨ ਸੰਘਾਰਾ[1] ॥੧੧॥
ਨਾਂਹਿ ਤ ਮੋਹਿ ਬਤਾਵਹੁ ਪਤਿ ਕੋ।
ਰਹਯੋ ਜਿਯਤਿ ਜੇ ਕਿਯ ਇਤ ਉਤ ਕੋ।
ਤੂਰਨ ਕਰਿ ਨਹਿਂ ਬਿਲਮ ਲਗਾਵਹੁ।
ਮਮ ਭਰਤਾ ਕੋ ਆਂਖ ਦਿਖਾਵਹੁ[1]' ॥੧੨॥
ਸੁਨਤਿ ਪੀਆ ਨੇ[†] ਕੀਨੁ ਬਖਾਨੁ।
'ਮੈਂ ਤੇਰੋ ਪਤਿ ਲੇਹੁ ਪਛਾਨੁ।
ਹੇ ਧਰਮੱਗੇ! ਭਰਮੁ ਨ ਕੀਜਹਿ।
ਹੇ ਪਤਿਬ੍ਰਤੇ! ਬ੍ਰਿਤੰਤ ਸੁਨੀਜਹਿ ॥੧੩॥
ਪੂਰਬ ਭਾਗੁ ਜਗੇ ਅਬਿ ਮੇਰੇ।
ਫਲ ਪ੍ਰਾਪਤਿ ਔਚਕ[1] ਇਸੁ ਬੇਰੇ।
ਕਰਤਿ ਸ਼ਨਾਨ ਕਾਕ ਮੈਂ ਹੇਰਾ।
ਭਯੋ ਹੰਸ ਸ਼ਿਤ ਬਰਨੁ ਬਡੇਰਾ ॥੧੪॥

[1]ਪਾਪ ਸਮੂਹ ਕਰਨ ਵਾਲਾ।

[1]ਹੇ ਮੰਦ ਕਰਮੀ!

[1]ਮੈ ਫੜ ਲਵਾਂਗੀ ਜੇ ਤੂੰ ਮਾਰ ਦਿੱਤਾ ਹੈ।

[1]ਮੈਨੂੰ ਅੱਖੀਂ ਮੇਰਾ ਪਤੀ ਦਿਖਾ ਦੇਹ।

[†]ਪਾ:-ਪ੍ਰਿਯਾ ਤੇ।

[1]ਅਚਾਨਕ।

ਇਸੁ ਜਲੁ ਕੋ ਫਲੁ ਮੈਂ ਤਬਿ ਜਾਨਾ।
ਨੀਠਿ ਨੀਠ ਦ੍ਰੁਤ ਆਨਿ ਸ਼ਨਾਨਾ[1]।
ਭਯੋ ਅਰੋਗ ਅੰਗ ਤਨ ਸੁੰਦਰ।
ਮੈਂ ਪਤਿ ਸੋ, ਨ ਭਰਮ ਉਰ ਅੰਦਰ ॥੧੫॥
ਮਿਲਹੁ ਆਨ ਮੋ ਕਹੁ ਅਬ ਪਜਾਰੀ!
ਤੁਵ ਪ੍ਰਤਾਪ ਮੁਝ ਭਾ ਸੁਖ ਭਾਰੀ।'
ਸੁਨਤਿ ਰਿਸੀ ਬਚ ਊਚ ਉਚਾਰਾ।
'ਮੁਝ ਹਿਤ ਤੈਂ ਮੇਰੋ ਪਤਿ ਮਾਰਾ ॥੧੬॥
ਕੈਸੇ ਕੁਸ਼ਟ ਯੁਕਤਿ ਅਸ ਹੋਵਤਿ?
ਕਰ ਪਗ ਬਿਨ ਕੇ, ਕਰ ਪਗ ਜੋਵਤਿ।
ਨਹਿਂ ਨਿਸ਼ਚੇ ਚਿਤ ਆਵਤਿ ਮੋਹੀ।
ਅਘ ਕੀ ਸ਼ੰਕਾ ਹ੍ਵੈ ਬਿਚ ਤੋਹੀ ॥੧੭॥
ਜੇ ਕਰਿ ਮੇਰੋ ਪਤਿ ਮਰਿ ਗਇਊ।
ਨਹਿਂ ਜੀਵੌਂ ਨਿਜ ਪ੍ਰਾਨਨ ਹਇਊਂ।
ਤੋਹਿ ਗਹਾਇ ਆਪ ਮਰਿ ਜਾਊਂ।
ਨਹਿਂ ਪਰ ਪੁਰਖ ਅੰਗ ਸੰਗ ਲਾਊਂ' ॥੧੮॥
ਇੱਤਜਾਦਿਕ ਊਚੇ ਬਚ ਟੇਰਤਿ।
ਸੁਨਿ ਗਨ ਲੋਕ ਮਿਲੇ ਤਿਨ ਹੇਰਤਿ।
ਦੋਨਹੁੰ ਨਿਜ ਨਿਜ ਬ੍ਰਿਥਾ ਸੁਨਾਈ।
ਸੁਨਿ ਕਰਿ ਕਿਹ ਨ ਸਮਝ ਨਰ ਆਈ ॥੧੯॥
ਤਬਿ ਸਭਿਹਿਨਿ ਤਿਨ ਕੋ ਸਮੁਝਾਵਾ।
'ਕਯੋਂ ਤੁਮ ਝਗਰਹੁ ਬਾਦ ਉਠਾਵਾ?
ਅਪਰ ਨ ਕਰਿ ਹੈਂ ਨਯਾਉਂ ਤੁਮਾਰਾ।
ਸ਼੍ਰੀ ਗੁਰ ਅਰਜਨ ਇਹਾਂ ਉਦਾਰਾ ॥੨੦॥
ਅੰਤਰਜਾਮੀ ਸੋ ਸਭਿ ਜਾਨਹਿਂ।
ਕਹਿ ਨਿਰਨੈ ਸਚੁ ਬਾਕ ਬਖਾਨਹਿਂ।
ਤਿਨ ਕੋ ਕਹਯੋ ਸਾਚ ਹੀ ਜਨੀਅਹਿ।
ਨਿਹਸੰਸਹਿ ਦੋਨਹੁ ਬਚ ਮਨੀਅਹਿ' ॥੨੧॥

[1]ਭਾਵ ਰਿੜ੍ਹ ਰਿੜ੍ਹ ਕੇ ਛੇਤੀ ਆਣ ਇਸ਼ਨਾਨ ਕੀਤਾ।

ਇਮ ਸੁਨਿ ਕੈ ਤ੍ਰਿਯ ਉਰ ਹੁਲਸਾਈ।
-ਸਤਿਗੁਰ ਤੇ ਮਮ ਸੰਸੈ ਜਾਈ-।
ਤਬਿ ਦੋਨਹੁੰ ਕੁਛ ਨਰ ਲੈ ਸਾਥ।
ਗਏ ਜਹਾਂ ਗੁਰੁ ਅਰਜਨ ਨਾਥ ॥੨੨॥
ਜੋਗੀ ਕੋ ਬ੍ਰਿਤੰਤ ਹ੍ਵੈ ਰਹਯੋ।
ਮਹਾਂ ਅਚੰਭਾ ਸਭਿ ਉਰ ਲਹਯੋ।
ਦੁਤਿਯ ਅਚੰਭਾ ਇਹੁ ਲੈ ਗਈ।
ਹਾਥ ਜੋਰਿ ਪਦ ਬੰਦਤਿ ਭਈ ॥੨੩॥
ਤਿਸ ਕੇ ਪਤਿ ਨੇ ਮਸਤਕ ਟੇਕਾ।
ਬੈਠੇ ਸਰ ਤਟ ਜਲਧਿ ਬਿਬੇਕਾ।
ਨਿਕਟ ਭੀਰ ਹ੍ਵੈ ਨਰ ਸਮੁਦਾਇ।
ਕਰਹਿ ਕਾਰ ਕੋ ਥਿਰ ਢਿਗ ਥਾਇੰ ॥੨੪॥
ਖਰੇ ਭਏ ਦੋਨਹੁ ਕਰ ਜੋਰਿ।
ਸ਼੍ਰੀ ਅਰਜਨ ਪਿਖਿ ਕਰਿ ਇਨ ਓਰ।
ਬੂਝਯੋ 'ਕਾਰਜ ਕੌਨ ਤੁਮਾਰਾ?
ਕਿਮ ਥਿਰ ਰਹੇ? ਕਰਹੁ ਬਿਸਥਾਰਾ' ॥੨੫॥

ਦੋਹਰਾ:
ਕਹਤਿ ਭਈ ਕਰ ਜੋਰਿ ਕੈ,
ਸ਼੍ਰੀ ਗੁਰ ਅਰਜੁਨ ਨਾਥ!
ਸੁਜਸ ਆਪ ਕੋ ਬਿਦਿਤਿ ਹੈ,
ਕਰਾਮਾਤ ਅਤਿ ਸਾਥ ॥੨੬॥

ਚੌਪਈ:
ਸ਼੍ਰੀ ਨਾਨਕ ਸੁਨਿਯਤਿ ਜਗ ਭਏ।
ਸਿੱਧ ਪੀਰ ਆਦਿਕ ਜੈ ਕਏ।
ਮਹਾਂ ਪੁਰਖ ਗੰਭੀਰ ਉਦਾਰਾ।
ਜਿਨ ਕੋ ਜਸ ਗਾਵਤਿ ਜਗ ਸਾਰਾ ॥੨੭॥
ਦਾਸਨ ਕੋ ਦੇ ਗਯਾਨ ਬਡਾਈ।
ਸੋ ਅਬਿ ਲਗ ਜਗ ਮਹਿ ਦਿਪਤਾਈ।
ਦੁਰੇ ਬ੍ਰਿੰਦ ਦੰਭੀ ਜਹਿ ਕਹਾਂ।

ਤੇਜ ਪ੍ਰਕਾਸ਼ ਦਸਹੁੰ ਦਿਸ਼ ਮਹਾਂ ॥੨੮॥
ਤਿਨ ਸਥਾਨ ਰਾਵਰਿ ਅਬਿ ਅਹੋ।
ਰਿਦੇ ਬਿਖੈ ਸਭਿ ਗਜਾਤਾ ਲਹੋ।
ਸੰਸੈ ਕਰਦਮ[1] ਧਸਿ ਮਨ ਮੋਰਾ। [1]ਸੰਸੇ ਰੂਪੀ ਚਿੱਕੜ ਵਿੱਚ।
ਧਰਮ ਛਿਦਨ ਤੇ ਡਰ ਉਰ ਘੋਰਾ ॥੨੯॥
ਬਾਕ ਤੁਮਾਰੋ ਹੋਇ ਸਹਾਈ।
ਇਸੀ ਹੇਤ ਮੈਂ ਚਲਿ ਕਰਿ ਆਈ।
ਪਾਂਚ ਸੁਤਾ ਹਮ ਪਿਤ ਕੇ ਹੁਤੀ।
ਇਕ ਸਮਾਨ ਹੀ ਤਨ ਮੈਂ ਦੁਤੀ ॥੩੦॥
ਪਿਤ ਰਿਸ ਕਰਿ ਕੁਸ਼ਟੀ ਪਤਿ ਦੀਨਾ।
ਧਰਮ ਆਪਨੋ ਮੈਂ ਦ੍ਰਿੜ ਕੀਨਾ।
ਤਿਸ ਕੋ ਖਾਰੀ ਮਹਿਂ ਧਰਿ ਲੀਨਾ।
ਨਿਕਸੀ ਵਹਿਰ ਫਿਰਨ ਸ਼ੁਭ ਚੀਨਾ ॥੩੧॥
ਜਾਚਤਿ ਫਿਰੀ ਸੁ ਭਰਤਾ ਲੈ ਕੈ।
ਭੋਜਨ ਆਨਿ ਜਾਚਨਾ ਕੈ ਕੈ।
ਪਤਿ ਕੋ ਦੇਯ ਪਿਛਾਰੀ ਖਾਵੋਂ।
ਨਿਸ ਬਾਸੁਰ ਮੈਂ ਸੇਵ ਕਮਾਵੋਂ ॥੩੨॥
ਮਮ ਪਤਿ ਕੋ ਪਿਖਿ ਕਰੈਂ ਗਿਲਾਨ।
ਐਂਠਹਿ ਨਾਕ[1] ਸੁ -ਦੂਰ- ਬਖਾਨ। [1]ਨੱਕ ਅਕੜੌਂਦੇ ਹਨ।
ਤੁਮਰੇ ਚੱਕ ਤੇ ਹੈ ਦਿਸ਼ ਪੁਰਾ[1]। [1]ਪੂਰਬ ਦਿਸ਼ਾ ਵੱਲ।
ਤਹਿਂ ਬਦਰੀ[1] ਤਰੁ ਹੈ ਇਕ ਖਰਾ ॥੩੩॥ [1]ਬੇਰੀ।
ਕੁਛਕ ਨਿੰਮ੍ਰ[1] ਥਲ ਨੀਰ ਖਰਜੋ ਹੈ। [1]ਨੀਵਾਂ।
ਸਿਰ ਤੇ ਤਹਾਂ ਉਤਾਰ ਧਰਜੋ ਹੈ।
ਪਤਿ ਸਮੇਤ ਖਾਰੀ ਲਿ[1] ਟਿਕਾਈ। [1]ਲੈ।
ਜਾਚਨ ਆਨ ਗ੍ਰਾਮ ਮਹਿਂ ਧਾਈ ॥੩੪॥
ਉੱਤਰ ਦਿਸ਼ਾ ਬਸਤਿ ਹੈ ਤੁੰਗ।
ਤਹਾਂ ਜਾਇ ਮੈਂ ਅੰਨ ਸੁ ਮੰਗਿ।
ਬਿਤੇ ਜਾਮ ਜੁਗ ਚਲਿ ਕਰਿ ਆਈ।
ਪਤਿ ਪਿੰਗਲ ਨਹਿਂ ਪਿਖਜੋ ਤਿਥਾਈਂ ॥੩੫॥

ਬਿਨਾ ਕੁਸ਼ਟ ਕਰ ਪਗ ਜੁਤਿ ਸਾਰਜੋ[1]।
ਆਇ ਤਹਾਂ ਇਹੁ ਪੁਰਖ ਨਿਹਾਰਜੋ।
ਮੁਝ ਮਨ ਮਹਿਂ ਨਹਿਂ ਨਿਸ਼ਚੈ ਹੋਵਾ।
ਕਿਸ ਪ੍ਰਕਾਰ ਭਾ ਨਵਾ ਨਿਰੋਵਾ' ॥੩੬॥
ਸਕਲ ਬਾਤ ਸੁਨਿ ਕੈ ਤਿਯ ਕੇਰੀ।
ਮਾਨਵ ਸਾਥ[1] ਭਨਜੋ ਤਿਸੁ ਬੇਰੀ।
'ਪਿੰਗਲ ਦੇਹਿ ਬਿਖੈ ਬਡਿ ਰੋਗ।
ਤੂੰ ਕਹੁ ਕੈਸੇ ਭਯੋ ਅਰੋਗ? ॥੩੭॥
ਸਕਲ ਜਥਾਰਥ ਬਾਤ ਸੁਨਾਵਹੁ।
ਨਾਂਹਿ ਤ ਬਡ ਸਜਾਇ ਕੋ, ਪਾਵਹੁ।
ਕਪਟ ਜਿ ਕਰਜੋ ਭਾਰਜਾ ਹੇਤਿ।
ਬਸਹਿ ਨਹੀਂ ਇਹੁ ਤੋਹਿ ਨਿਕੇਤ' ॥੩੮॥
ਸੁਨਿ ਗੁਰ ਤੇ ਤਿਹ ਮਾਨਵ ਕਹਜੋ।
'ਸਰਬ ਬ੍ਰਿਤਾਂਤ ਸੁਨਹੁ ਜਿਮਿ ਲਹਜੋ।
ਬਦਰੀ ਸੋਂ ਧਰਿ ਕਰਿ ਮਮ ਖਾਰੀ।
ਜਬਿ ਇਹ ਮਾਂਗਨ ਹੇਤ ਸਿਧਾਰੀ ॥੩੯॥
ਤਬਿ ਇਕ ਬਾਇਸ ਚਲਿ ਢਿਗ ਆਵਾ।
ਕਰੇ ਪਾਨ ਅਰੁ ਪੰਖ ਭਿਗਾਵਾ।
ਭਯੋ ਸੁਪੇਦ ਰੰਗ ਤਿਸ ਕੇਰਾ।
ਧਰੀ ਮਰਾਲ ਪ੍ਰਭਾ[1] ਤਿਸ ਬੇਰਾ ॥੪੦॥
ਸ਼ਜਾਮ ਬਰਨ ਸਗਰੋ ਮਿਟ ਗਯੋ।
ਜਨ ਸਬੁਣ ਸੰਗ ਉੱਜਲ ਭਯੋ।
ਤਬਿਹੂੰ ਮੈਂ ਜਾਨਜੋ ਨਿਜ ਆਤਮ[1]।
-ਇਸ ਜਲ ਕੋ ਹੈ ਮਹਾਂ ਮਹਾਤਮ- ॥੪੧॥
ਹਾਲ ਚਾਲ ਮੈਂ[1] ਤਜਿ ਕਰਿ ਖਾਰੀ।
ਜਾਇ ਸਪਰਸ਼ਜੋ ਸੁੰਦਰ ਬਾਰੀ।
ਜਬਿ ਪੂਰਬਿ ਮੈਂ ਹਾਥ ਭਿਗੋਏ।
ਤਾਤਕਾਲ ਅੰਗੁਰੀ ਜੁਤਿ ਹੋਏ ॥੪੨॥
ਸਾਰੋ ਪਰਜੋ ਬੀਚ ਮੈਂ ਜਾਈ।

[1]ਸੁਆਰਿਆ ਹੋਇਆ (ਅ) ਸਾਰੇ।
[1]ਭਾਵ ਉਸਦੇ ਪਤੀ ਨਾਲ।
[1]ਹੰਸ ਵਰਗੀ ਸੁਹਣੱਪ।
[1]ਆਪਨੇ ਮਨ ਵਿਚ।
[1]ਹਿੱਲ ਜੁੱਲ ਕੇ।

ਅਸੁ ਕਾਇਆਂ ਅਪਨੀ ਦ੍ਰਿਸ਼ਟਾਈ।
ਨਿਜ ਤਿਯ ਕੋ ਕਹਿ ਰਹਯੋ ਬਥੇਰਾ[†]।
ਮਾਨਯੋ ਬਾਕ ਨਹੀਂ ਕੋ ਮੇਰਾ ॥੪੩॥
ਕਹਿਨ ਲਗੀ -ਸ਼੍ਰੀ ਗੁਰ ਇਸ ਕਾਲ।
ਸਭਿ ਗਜਾਤਾ ਤਿਨ ਰਿਦੈ ਬਿਸਾਲ।
ਅੰਤਰਜਾਮੀ ਸਭਿ ਕੀ ਜਾਨਹਿਂ।
ਬਾਕ ਬਖਾਨਹਿਂ ਸੋ ਹਮ ਮਾਨਹਿਂ-
॥੪੪॥
ਮੋਹਿ ਭਾਰਜਾ ਝਗਰਤਿ ਆਈ।
ਯਾਂ ਕੋ ਦੀਜਹਿ ਸਾਚ ਜਨਾਈ।'
ਬਹੁ ਨਰ ਮਿਲੇ ਸਕਲ ਨੇ ਕਹਯੋ।
'ਰਾਵਰ ਕੋ ਸਰਬਗ ਸਭਿ ਲਹਯੋ' ॥੪੫॥
ਸਤਿਗੁਰ ਸਭਾ ਬਿਸਮ ਭਈ ਐਸੀ।
ਸੁਨਤਿ ਮੌਨ ਧਰਿਯੋ ਸਭਿ ਬੈਸੀ।
ਸ਼੍ਰੀ ਅਰਜਨ ਜੀ ਬਾਕ ਬਖਾਨਾ।
'ਬੈਠਹੁ ਸ਼ਬਦ ਸੁਨਹੁ ਨਿਜ ਕਾਨਾ ॥੪੬॥
ਹਮ ਕਹਿ ਹੈਂ ਕੋ ਘਟੀ ਪਿਛਾਰੀ[1]।
ਸਾਚ ਝੂਠ ਕਰਿ ਦੇਹਿਂ ਨਿਰਾਰੀ[1]।'
ਇਮ ਕਹਿ ਨੈਨ ਮੂੰਦ ਕਿਯ ਧਯਾਨਾ।
ਮਨ ਠਹਿਰਾਯੋ ਗੁਰੂ ਸੁਜਾਨਾ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪਿੰਗਲ' ਪ੍ਰਸੰਗ ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥੩੮॥

[†]ਪਾ:-ਬਧੇਰਾ।
[1]ਘੜੀ ਕੁ ਪਿੱਛੋਂ।
[1]ਵੱਖੋ ਵੱਖ।

## ੩੯. [ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੪੦

ਦੋਹਰਾ:

ਸ਼੍ਰੀ ਅਰਜਨ ਸਰਬੱਗਜ ਗੁਰ,
ਨੇਤ੍ਰ ਮੂੰਦਿ ਕਿਯ ਧ੍ਯਾਨੁ।
ਤਿਸ ਛਿਨ ਸ਼੍ਰੀ ਗੁਰ ਅਮਰ ਜੀ,
ਦਈ ਦਿਖਾਈ ਆਨ ॥੧॥

ਚੌਪਈ:

ਧ੍ਯਾਨ ਥਿਰੇ ਉਰ ਮਹਿਂ ਗੁਰ ਆਏ।
ਸਕਲ ਬਾਤ ਕੋ ਭੇਵ ਜਨਾਏ।
'ਇਹ ਨਰ ਸਾਚੀ ਭਾਖਤਿ ਬਾਤ।
ਜਬਿ ਸੁ ਨ੍ਹਾਤ ਤਹਿਂ, ਤਬਿ ਸੰਕ੍ਰਾਂਤ[1] ॥੨॥
ਹਮ ਨੇ ਪਿਤਾ ਤੁਮਾਰੋ ਪ੍ਰੇਰਾ[1]।
-ਜਾਇ ਤੜਾਗ ਲਗਾਇ ਬਡੇਰਾ-।
ਤਬਿ ਇਕ ਤਾਲ ਤਹਾਂ ਖੁਨਵਾਯੋ।
ਜਹਿਂ ਇਹ ਕੁਸ਼ਟੀ ਨੀਰ ਨਹਾਯੋ ॥੩॥
ਤੁਮ ਕੋ ਉਚਿਤ ਅਹੈ ਇਸ ਕਾਲ।
ਕਰਹੁ ਲਗਾਵਨ† ਤਾਲੁ ਬਿਸਾਲ।
ਬਹੁਤ ਕਾਲ ਭਾ ਲਘ ਖੁਨਵਾਯੋ[1]।
ਚਹੁੰ ਦਿਸ਼ ਤੇ ਜਲ ਢਰਿ ਤਹਿਂ ਆਯੋ ॥੪॥
ਮ੍ਰਿਤਕਾ ਪਰੀ ਗਯੋ ਭਰਿ ਸੋਇ।
ਚਿੰਨ੍ਹ ਪਛਾਨ ਮਾਤ੍ਰ ਤਹਿਂ ਹੋਇ।
ਹੇਤ ਮਹਾਤਮ ਕੇ ਬਿਦਤਾਵਨ।
ਨਹਿਂ ਕੀਨਸ ਸਭਿ ਬਿਖੈ ਜਨਾਵਨ ॥੫॥
ਅਬਿ ਮਹਿਮਾ ਕੇ ਸਹਤ ਬਿਸਾਲਾ।
ਬਿਦਤਾਵਹੁ ਸਿਰਜਹੁ ਸ਼ੁਭ ਤਾਲਾ।
ਸ਼੍ਰੀ ਅੰਮ੍ਰਿਤਸਰ ਧਰੀਅਹਿ ਨਾਮੂ।
ਚਹੁੰ ਦਿਸ਼ ਮਹਿਂ ਸੁਪਾਨ[1] ਅਭਿਰਾਮੂ ॥੬॥
ਰਾਮਦਾਸੁ ਪੁਰਿ ਰਾਮਦਾਸੁ ਸਰੁ।

[1]ਵਿਸਾਖੀ ਦੀ) ਸੰਗਰਾਂਦ ਸੀ।

[1]ਤੁਸਾਡੇ ਪਿਤਾ ਜੀ ਨੂੰ ਅਸਾਂ ਨੇ (ਕਦੇ) ਆਖਿਆ ਸੀ।

†ਪਾ:-ਖੁਨਾਵਨ।

[1]ਥੋੜਾ ਖੋਦਿਆ ਸੀ।

[1]ਪੌੜੀਆਂ।

ਇਹੁ ਭੀ ਨਾਮ ਕਹਹਿਂ ਨਾਰੀ ਨਰ।'
ਜਨਨੀ ਪਿਤ ਗੁਰ[1] ਕੌ ਉਰ ਹੇਰਾ।
ਨਮੋ ਕਰਤਿ ਭੇ ਹਰਖ ਬਡੇਰਾ ॥੭॥
ਸ੍ਰੀ ਅਰਜਨ ਗੁਰੁ ਅੰਤਰਜਾਮੀ।
ਮਿਸ ਕਰਿ ਬਿਦਤਾਵਤਿ ਥਲ ਸ੍ਵਾਮੀ[1]।

[1]ਮਾਤਾ ਦੇ ਪਿਤਾ ਸ੍ਰੀ ਗੁਰੂ (ਅਮਰ ਦੇਵ) ਜੀ ਨੂੰ।

[1]ਆਪਣੀ ਅੰਤਰਯਾਮਤਾ ਛਿਪਾਈ ਰੱਖਕੇ ਇਸ ਵਾਕਿਆ ਦੇ) ਵਸੀਲੇ ਥਲ ਨੂੰ ਪ੍ਰਗਟ ਕਰਦੇ ਹਨ।

ਵਹਿਰ ਮੁਖੀ ਬ੍ਰਿਤਿ ਨਯਨ ਉਘਾਰੇ।
ਮਨਹੁਂ ਕਮਲ ਦਲ ਭੇ ਭੁਨਸਾਰੇ ॥੮॥
ਪਰਮ ਪ੍ਰਸੀਦ ਬਖਾਨਜੋ ਤਿਯ ਸੋਂ।
'ਸਰਬ ਸੰਦੇਹ ਦੂਰ ਕਰਿ ਹਿਯ ਸੋਂ।
ਨਿਸ਼ਚੈ ਇਹੀ ਤੋਰ ਭਰਤਾਰਾ।
ਤੈਂ ਕੀਨਸ ਹਮ ਪਰ ਉਪਕਾਰਾ ॥੯॥
ਚਿਰੰਕਾਲ ਕੇ ਚਾਹਤਿ ਐਸੇ।
ਤੀਰਥ ਪਰਖਨਿ ਹੋਵਹਿ ਕੈਸੇ।
ਸ੍ਰੀ ਗੁਰੂ ਰਾਮਦਾਸ ਬਚ ਕਹਿਓ।
-ਕਊਆ ਨਾਇ ਹੰਸ ਜਹਿਂ ਲਹਿਓ ॥੧੦॥
ਸੋ ਸ੍ਰੀ ਅੰਮ੍ਰਿਤਸਰ ਜੀ ਜਾਨਹੁ।
ਇਮ ਪਰਖਨ ਤਿਸ ਥਲ ਕੋ ਮਾਨਹੁਂ†-।

†ਏਹ ਚਾਰੇ ਸਤਰਾਂ- 'ਸ੍ਰੀ ਗੁਰੂ ਰਾਮਦਾਸ-ਤੋਂ...ਮਾਨਹੁਂ' ਤੱਕ ਸਾਡੇ ਪਾਸ ਦੇ ਲਿਖਤੀ ਨੁਸਖਿਆਂ ਵਿਚ ਨਹੀਂ ਸਨ, ਇਕ ਵਿਚ ਹਾਸ਼ੀਏ ਪਰ ਲਿਖੀਆਂ ਹੈਸਨ, ਪਰੰਤੂ ਛਾਪੇ ਦੇ ਨੁਸਖੇ ਵਿਚ ਹੈਨ।

ਤੁਮ ਬ੍ਰਿਤਾਂਤ ਤੇ ਨਿਸ਼ਚੈ ਭਇਊ।
ਜਗਤ ਨਰਨ ਕੋ ਸੰਸੈ ਗਇਊ ॥੧੧॥

ਸ੍ਰੀ ਮੁਖਵਾਕ†:
ਮਹਲਾ ੪ ॥
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
†ਇਹ ਸ੍ਰੀ ਮੁਖਵਾਕ ਬੀ ਲਿਖਤੀ ਨੁਸਖਿਆਂ ਵਿਚ ਨਹੀਂ ਮਿਲਿਆ।

ਅਬਿ ਤੁਮ ਨਿਸਾ ਗ੍ਰਾਮ ਮਹਿਂ ਚਲੋ†।
ਭੋਰ ਭਏ ਹਮ ਸੰਗ ਲੇ ਚਲੋ।
ਪਾਵਨਿ ਥਾਨ ਜਨਾਵਨਿ ਕਰੀਅਹਿ।
ਤਰਵਰੁ ਬਦਰੀ ਤਰ ਵਰ ਤਰੀਅਹਿ[1] ॥੧੨॥
ਸਿਮਰਹੁ ਸੱਤਿਨਾਮੁ ਲਿਵ ਲਾਇ।

†ਪਾ:-ਮਿਲੋ।

[1]ਸ੍ਰੇਸ਼ਟ ਬ੍ਰਿੱਛਾਂ ਵਿਚੋਂ ਬੇਰੀ ਦੇ ਬ੍ਰਿੱਛ ਹੇਠਾਂ।

ਜਨਮ ਮਰਨ ਦੁਖ ਤੇ ਛੁਟਿ ਜਾਇ।'
ਲੇ ਕਰਿ ਗਏ ਜਾਮਨੀ ਬਸੇ।
ਜਿਨ ਦਰਸ਼ਨ ਤੇ ਬਡ ਅਘ ਨਸੇ ॥੧੩॥

ਦੋਹਰਾ:
ਪ੍ਰਾਤਿ ਭਈ ਉਠਿ ਕੈ ਗੁਰੂ, ਕ੍ਰਿਯਾ ਸੌਚ ਕੀ ਕੀਨ।
ਪਿਖਿ ਪ੍ਰਕਾਸ਼ ਚਿਤਵਤਿ ਰਿਦੈ, -ਸਰ ਸਿਰਜਨ ਹਿਤ ਦੀਨ[1]- ॥੧੪॥

[1]ਕਿ ਤਲਾ ਰਚਣ ਦਾ ਪ੍ਰੇਮ (ਸਾਨੂੰ ਗੁਰੂ ਜੀ ਨੇ) ਦਿੱਤਾ ਹੈ। (ਅ) ਸਰ ਸਿਰਜਣ ਵਾਸਤੇ (ਗੁਰੂ ਜੀ ਨੇ ਆਗਯਾ) ਦਿੱਤੀ ਹੈ।

ਚੌਪਈ:
ਸਿੱਖਜ ਪਠਜੋ ਦੰਪਤਿ[1] ਬੁਲਵਾਏ।
ਤਿਨ ਕੋ ਅਪਨੇ ਕਰਿ ਅਗੁਵਾਏ।
ਲੇ ਕਰਿ ਸੰਗ ਨਰਨਿ ਕੀ ਭੀਰ।
ਗਮਨ ਕੀਨਿ ਸ਼੍ਰੀ ਅਰਜਨ ਧੀਰ ॥੧੫॥
ਕਹਤਿ ਪਰਸਪਰ ਨਰ ਸਮੁਦਾਇ।
'ਭਾ ਅਦਭੁਤ ਦੋਨਹੁ ਦ੍ਰਿਸ਼ਟਾਇ[1]।
ਲਾਖਹੁ ਬਰਖਨ ਕੋ ਜੁ ਪ੍ਰਬੀਨ।
ਉੱਤਮੁ ਜੋਗੀ ਦਰਸ਼ਨੁ ਕੀਨ ॥੧੬॥
ਅਵਨੀ ਅੰਤਰ ਮਠ ਮਹਿਂ ਬੈਸਾ।
ਅਚਲ ਥਿਰਜੋ ਹੁਇ ਕਾਸ਼ਟ ਜੈਸਾ।
ਲਗੀ ਸਮਾਧਿ ਚਢਾਏ ਪੌਨ।
ਸਮੋਂ ਨ ਜਾਨਹਿ ਬਰਤੈ ਕੌਨ ॥੧੭॥
ਐਸੇ ਪੁਰਖ ਪਿਖੇ ਨਿਸ਼ਪਾਪ।
ਇਹ ਸਭਿ ਸ਼੍ਰੀ ਸਤਿਗੁਰੁ ਪ੍ਰਤਾਪ।
ਅਬਿ ਦੂਸਰ ਅਦਭੁਤ ਕੋ ਦੇਖੋ।
ਜਿਸ ਤੇ ਤਨ ਮਹਿਂ ਕੁਸ਼ਟ ਬਿਸ਼ੇਖੋ ॥੧੮॥
ਕਰਿ ਸ਼ਾਖ਼ਾ[1] ਜਿਸ ਕੀ ਝਰ ਪਰੀ।
ਜਲ ਸ਼ਨਾਨ ਤੇ ਤੈਸੀ ਕਰੀ।
ਤਿਸ ਥਲ ਕੋ ਚਲਿ ਕੈ ਪਿਖਿ ਲੇਹੁ।
ਜਿਹ ਕੋ ਮਹਾਂ ਮਹਾਤਮ ਏਹੁ' ॥੧੯॥
ਇਮ ਕਹਿ ਚਿਤਮਹਿਂ ਚੌਪ ਧਰੰਤੇ।
ਅਦਭੁਤ ਅਵਲੋਕਤਿ[1] ਬਿਸਮੰਤੇ।

[1]ਇਸਤ੍ਰੀ ਭਰਤਾ।

[1]ਦੋਵੇਂ (ਗੱਲਾਂ) ਦੇਖਕੇ, (ਜੋਗੀ ਵਾਲੀ ਤੇ ਪਿੰਗਲੇ ਵਾਲੀ)।

[1]ਹੱਥ ਦੀਆਂ ਉਂਗਲੀਆਂ।

[1]ਦੇਖਕੇ।

ਦੰਪਤਿ ਸਭਿ ਤੇ ਚਲਤਿ ਅਗਾਰੀ।
ਸ਼੍ਰੀ ਅਰਜਨ ਗਮਨੇ ਉਪਕਾਰੀ ॥੨੦॥
ਸੰਗ ਭੀਰ ਨਰ ਕੀ ਸਭਿ ਆਵੈ।
ਸਨੈ ਸਨੈ ਸਗਲੇ ਚਲਿ ਜਾਵੈਂ।
ਅਧਿਕ ਅਨੰਦਤਿ ਉਤਪਲ ਲੋਚਨ।
ਮਹਿਦ ਪ੍ਰਫੁੱਲਤਿ ਸੰਕਟ ਮੋਚਨ ॥੨੧॥
ਨਰ ਨਾਰੀ ਪਰਖ੍ਯੋ ਤਬਿ ਥਾਨਿ।
ਦੁਖਭੰਜਨ ਬਦਰੀ ਤਰੁ ਆਨਿ[1]।
ਖਰੇ ਹੋਇ ਕਰਿ ਸੋ ਦਿਖਰਾਈ।
'ਸ਼੍ਰੀ ਗੁਰ! ਜਲ ਜੁਤਿ ਇਹ ਸ਼ੁਭ ਥਾਈਂ ॥੨੨॥
ਇਹਾਂ ਗਈ ਧਰਿ, ਮੱਜ੍ਯੋ ਜਲ ਮੈਂ।
ਫਲ ਬਿਸਾਲ ਪ੍ਰਾਪਤਿ ਇਸ ਥਲ ਮੈਂ।'
ਸ਼੍ਰੀ ਗੁਰ ਭਨ੍ਯੋ 'ਇਹੀ ਦੁਖਭੰਜਨਿ।
ਜਿਸ ਤੇ ਤੁਮ ਹੋਏ ਮਨ ਰੰਜਨੁ[1] ॥੨੩॥
ਇਸ ਅੰਮ੍ਰਿਤ ਮਹਿ ਮੱਜਨੁ ਕੀਨਾ।
ਜਸ ਤੇ ਭਈ ਦੇਹ ਰੁਜ ਹੀਨਾ।
ਦੰਪਤਿ† ਭਨਤਿ ਜੋਰ ਕਰ ਦੋਊ।
'ਸ਼੍ਰੀ ਸਤਿਗੁਰ ਜੀ! ਹੈ ਇਹ ਸੋਊ' ॥੨੪॥
ਤਿਨ ਤੇ ਸੁਨਤਿ ਸਥਾਨ ਪ੍ਰਤਾਪ।
ਨਮੋ ਕੀਨ ਕਰ ਜੋਰੇ ਆਪਿ।
ਇਮੁ ਨਿਸ਼ਚੇ ਕਰਿ ਤੀਰਥ ਨੀਕੇ।
ਪੂਰਨ ਭਏ ਮਨੋਰਥ ਜੀ ਕੇ ॥੨੫॥
ਨਰ ਪ੍ਰਾਕ੍ਰਿਤ[1] ਸਮ ਭਏ ਪ੍ਰਸੰਨ।
ਸਦਾ ਸੁਬੱਗ ਗੁਰੁ ਧੰਨੁ ਧੰਨੁ।
ਨਰ ਸਮੁਦਾਇਨ ਮਹਿੰ ਤਬਿ ਭਨ੍ਯੋ।
ਧਰੇ ਚੌਪ ਚਿਤ ਮਹਿੰ ਸਭਿ ਸੁਨ੍ਯੋ ॥੨੬॥

[1]ਆਕੇ।

[1]ਪ੍ਰਸੰਨ।

†ਪਾ:-ਇਸ ਦੰਪਤੀ ਨੂੰ ਸਤਿਗੁਰੂ ਜੀ ਨੇ ਮਿਹਰਾਂ ਨਾਲ ਵਰੋਸਾਯਾ ਤੇ ਪੱਟੀ ਦਾ ਰਾਜ ਉਸ ਇਸਤ੍ਰੀ ਦੇ ਪਿਤਾ ਪਾਸੋਂ ਇਨ੍ਹਾਂ ਨੂੰ ਦਿਵਾ ਦਿੱਤਾ ਸੀ, ਜਿਸ ਦਾ ਜ਼ਿਕਰ ਕਵੀ ਜੀ ਅੱਗੇ ਰਾਸ ੨ ਅੰਸੂ ੧੧ ਅੰਕ ੯ ਤੋਂ ੧੨ ਵਿਚ ਆਪ ਕਰਦੇ ਹਨ।

[1]ਮਾਯਾਵੀ ਭਾਵ ਸਧਾਰਨ ਮਨੁੱਖ ਵਾਂਙੂ।

'ਸਤਿਗੁਰ ਅਮਰਦਾਸ ਕੀ ਆਇਸੁ[1]। — [1]ਆਕੇ।
ਲੇ ਪਿਤ ਹਮਰੇ ਇਹਠਾਂ ਆਇ ਸੁ[3]।
ਪਾਵਨ ਤੀਰਥ ਕੋ ਬਿਦਤਾਵਨਿ।
ਲਾਇ ਬ੍ਰਿੰਦ ਨਰ ਕੀਨਿ ਖਨਾਵਨਿ ॥੨੭॥
ਨਹੀਂ ਸੰਪੂਰਨ ਕਾਰਜਿ ਹੋਵਾ।
ਗੋਇੰਦਵਾਲ ਜਾਇ ਗੁਰ ਜੋਵਾ।
ਪੁਨ ਜਲ ਸੋਂ ਬਹਿ[1] ਮ੍ਰਿਤਕਾ ਪਰੀ। — [1]ਰੁੜ੍ਹ ਰੁੜ੍ਹ ਕੇ।
ਖਨੀ ਥਾਇ ਸੋ ਪੂਰਨ ਕਰੀ[1] ॥੨੮॥ — [1]ਪੂਰੀ ਗਈ।
ਚਿੰਨ੍ਹ ਮਾਤ੍ਰ ਇਹੁ ਜਾਨਜੋ ਜਾਇ।
ਰਹੇ ਚਾਹਿ ਇਹੁ ਥਲ ਨਹਿੰ ਪਾਇ[1]। — [1]ਲੱਭਾ ਨਹੀਂ ਸੀ।
ਅਬਿ ਸਤਿਗੁਰ ਸਭਿ ਕਾਜ[†] ਸਵਾਰੇ। — [†]ਪਾ:-ਕਾਰ।
ਉੱਦਮ ਕਰਿਹੁ ਸਿੱਖ ਅਨੁਸਾਰੇ[1†] ॥੨੯॥ — [1]ਅਨਕੂਲ ਹੋਕੇ। [†]ਪਾ:-ਗੁਰੂ ਪਿਆਰੇ।
ਧਨ ਤੇ ਤਨ ਤੇ ਮਨ ਤੇ ਬਚ ਤੇ।
ਤੀਰਥ ਕਾਰ ਕਰਹਿ ਲਹਿ ਸਚੁ ਤੇ[1]। — [1]ਉਹ।
ਜਹਿ ਕਹਿ ਤੇ ਮਜੂਰ ਚਲਿ ਆਵੈਂ।
ਕਰਹਿਂ ਕਾਰ ਮਿਹਨਤ ਨਿਤ ਪਾਵੈਂ ॥੩੦॥
ਪੰਚਾਂਮ੍ਰਿਤ ਕਰਿਵਾਇ ਸੁ ਘਨੋ।
ਕਰਿ ਅਰਦਾਸ ਨਾਮ ਗੁਰ ਭਨੋ।
ਨਰ ਸਮੁਦਾਇਨ[1] ਮਹਿਂ ਬਰਤਾਯੋ। — [1]ਸਾਰਿਆ।
ਕਰਜੋ ਮਹੂਰਤਿ ਬਿਘਨ ਨਸਾਯੋ ॥੩੧॥
ਤੀਖਨ[†] ਖਨਨੀ ਲੈ ਕਰਿ ਹਾਥ। — [†]ਪਾ:-ਨਿਜਕਰ।
ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ।
ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ।
ਲਗੇ ਸੇਵ ਕੋ ਚੌਂਪ ਉਪਾਏ ॥੩੨॥
ਕਿਨਹੁਂ ਗਹੀ ਖਨਨੀ ਕਰ ਮਾਂਹੀ।
ਖਨਹਿ ਕਰਹਿ ਬਲ ਪ੍ਰੇਮ ਉਮਾਹੀ[†]। — [†]ਪਾ:-ਉਪਾਹੀ।
ਕਿਨਹੁਂ ਟੋਕਰੀ ਸਿਰ ਪਰ ਧਰੀ।

ਬਹੁਤ ਭਾਰਿ ਹਾਥਨਿ ਸੋਂ ਭਰੀ ॥੩੩॥
ਕੇਤਿਕ ਲੈ ਕਰਿ ਵਹਿਰ ਗਿਰਾਵਹਿਂ।
ਕੋ ਕਹਿ ਕਰਿ ਉਤਸਾਹੁ ਵਧਾਵਹਿਂ।
ਅਤਿ ਅਨੰਦਤਾ ਉਰ ਮੈਂ ਹੋਈ।
ਕਾਰ ਤਲਾਵ ਲਗੇ ਸਭਿ ਕੋਈ ॥੩੪॥
ਆਪ ਖਰੇ ਹੁਇ ਸਭਿਨਿ ਮਝਾਰੀ।
ਕਾਰ ਕਰਾਵਹਿ ਗੁਰ ਉਪਕਾਰੀ।
ਦੇਖਤਿ ਕਾਰ ਚੌਗੁਨੀ ਹੋਇ।
ਉੱਦਮ ਕਰਹਿਂ ਅਧਿਕ ਸਭਿ ਕੋਇ ॥੩੫॥
ਸਗਰੇ ਦਿਨ ਮਹਿਂ ਕਾਰ ਕਰਾਵਹਿਂ।
ਸੰਧਜਾ ਗ੍ਰਾਮ ਬਿਖੈ ਚਲਿ ਜਾਵਹਿਂ।
ਦੇਗ ਹੋਇ ਗੁਰ ਕੇ ਦਰਬਾਰਾ।
ਛੁਧਿਤਿ ਸਰਬ ਤਹਿਂ ਖਾਇਂ ਅਹਾਰਾ ॥੩੬॥
ਇਕ ਦਿਨ ਗੁਰੁ ਸੰਤੋਖਸਰ ਗਏ।
ਸਿਖ ਗਨ ਸੰਗ ਪਿਖਤਿ ਬਿਗਸਏ।
ਤਟ ਪਰ ਖਰੇ ਹੋਇ ਕਹਿ ਬਾਨੀ।
'ਇਸ ਕੀ ਮਹਿਮਾ ਹੋਇ ਮਹਾਂਨੀ ॥੩੭॥
ਹੁਇ ਸੰਤੋਖਸਰ ਸਾਰਥ[1] ਨਾਮੂ।
ਸਮਾਂ ਪਾਇ ਬਨਿ ਹੈ ਅਭਿਰਾਮੂ।
ਹੁਇਂ ਚਹੁ ਦਿਸ਼ ਪਾਕੋ ਚਹੁੰਕੌਨ।
ਇਸ ਮਹਿ ਮੱਜਹਿਂਗੇ ਨਰ ਜੌਨ ॥੩੮॥
ਸੱਤਿਨਾਮੁ ਸਿਮਰਹਿ ਗੁਰੁ ਬਾਨੀ।
ਕਿਤਿਕ ਸਮੋਂ ਸੇਵਹਿਂ ਜੇ ਪ੍ਰਾਨੀ।
ਤਿਨ ਕੇ ਉਰ ਉਪਜਹਿ ਸੰਤੋਖ।
ਸਗਰੇ ਤਜਹਿਂ ਕਲੇਸ਼ ਰੁ ਦੋਖ ॥੩੯॥
ਜਥਾ ਲਾਭ ਸੰਤੋਖ ਬਿਸਾਲਾ।
ਅਹੈ ਮੁੱਖ ਜੇ ਸਦ ਗੁਨ ਜਾਲਾ[1]।
ਪਾਇ ਸਿੱਖ ਸੁਖ ਲਹੈਂ ਸਦੀਵਾ।
ਮਹਾਂ ਮਹਾਂਤਮ ਤੀਰਥ ਥੀਵਾ ॥੪੦॥
ਅਬਿ ਸ੍ਰੀ ਅੰਮ੍ਰਿਤਸਰ ਕੀ ਕਾਰ।

[1]ਸਫਲ।

[1]ਸਾਰੇ ਸ਼ੁਭ ਗੁਣਾਂ ਵਿਚੋਂ ਇਹ (ਸੰਤੋਖ) ਮੁੱਖ ਗੁਣ ਹੈ।

ਗੁਰੁ ਆਗਜਾ ਕੋ ਸਰਿ ਪਰ ਧਾਰਿ।
ਕਰਿਵਾਵਹਿਂ ਪੂਰਬ ਖਨਵਾਇ।
ਪਾਕ ਈਂਟਕਾ ਸੋਂ ਚਿਨਵਾਇ ॥੪੧॥
ਹਰਿਮੰਦਰ ਸੁੰਦਰ ਸਿਰਜੈ ਹੈਂ।
ਗੁਰੁ ਦਰਬਾਰ ਸਦਾ ਜਹਿਂ ਹ੍ਵੈ ਹੈ।'
ਇਮ ਕਹਿ ਸ਼੍ਰੀ ਗੁਰੁ ਕ੍ਰਿਪਾ ਨਿਧਾਨ।
ਚਿਤ ਮਹਿਂ ਚਹਹਿਂ -ਬਨਹਿਂ ਸੌਪਾਨ-
॥੪੨॥
ਨਿਤਿਪ੍ਰਤਿ ਬੈਠਹਿਂ ਤਟ ਪਰ ਜਾਇ।
ਸੰਗਤ ਸਗਰੀ ਸੇਵ ਕਮਾਇ।
ਖਾਨਿ ਖਨਿ ਮ੍ਰਿਤਕਾ ਵਹਿਰ ਨਿਕਾਰਹਿਂ।
ਧਰਿ ਸ਼ਰਧਾ 'ਗੁਰ ਧੰਨ' ਉਚਾਰਹਿਂ
॥੪੩॥
ਕਵਿਯੋ ਵਾਚ ॥
ਚੌਪਈ:
ਕੇਤਿਕ ਸਿਖ ਸਾਖੀ ਇਹੁ ਕਹੈਂ।
ਸ਼੍ਰੀ ਗੁਰ ਰਾਮੁਦਾਸੁ ਤੇ ਲਹੈਂ।
'ਨਿਕਸਜੋ ਜੋਗੀ ਤਿਨਹੁਂ ਹਦੂਰਿ।
ਪਿੰਗਲ ਕੌ ਦੁਖ ਹੋਯਹੁ ਦੂਰ' ॥੪੪॥
ਪ੍ਰਸ਼ਨੋਤਰ ਇਸ ਕੇ ਹਿਤ ਕਰਨੋਂ।
ਸੋ ਮੈਂ ਨਹੀਂ ਗ੍ਰੰਥ ਮਹਿਂ ਬਰਨੋਂ।
ਬਿਨਾ ਖਨੇ ਜਲ ਕੈਸੇ ਤਹਾਂ।
ਇੱਤਜਾਦਿਕ ਤਰਕਨ ਗਨ ਮਹਾਂ ॥੪੫॥
ਜੇ ਗੁਰ ਰਾਮਦਾਸ ਤੇ ਹੋਵਾ।
ਤੌ ਭੀ ਇਸ਼ਟਾਪਤਿ ਹਮ ਜੋਵਾ[1]।

[1]ਤਦ ਬੀ ਏਸ ਵਿਚ ਅਸੀਂ 'ਇਸ਼੍ਰ+ਆਪਤੀ' ਦੇਖਦੇ ਹਾਂ, ਭਾਵ ਵਾਦੀ ਦੀ ਸ਼ੰਕਾ ਸਾਡੇ ਅਨਕੂਲ ਹੈ। [ਇਸ਼੍ਰ = ਵਾਂਛਿਤ+ਆਪਤਿ = ਪ੍ਰਾਪਤੀ] (ਅ) ਭਾਵ, ਤਦ ਬੀ ਸਾਡੀ ਇਖ਼੍ਰਾ ਪਤੀ ਹੀ ਪ੍ਰਗਟ ਹੈ। ਭਾਵ ਦੁਇ ਗੁਰੂ ਇਕ ਰੂਪ ਹਨ ਸਾਡੇ ਪੂਜਯ ਹਨ। (ੲ) ਇਸ਼੍ਰਾਪਤੀ = ਅੰਗੀਕਾਰਤਾ।

ਮਹਿਮਾ ਸਤਿਗੁਰ ਕੀ ਇਸ ਭਾਂਤਿ।
ਪਠਤਿ ਸੁਨਤਿ ਚਿਤ ਉਪਜਤਿ ਸ਼ਾਂਤਿ
॥੪੬॥
ਗੁਰ ਜਸੁ ਕਰਨਿ ਹਮਾਰੋ ਆਸ਼ੈ।
ਸੂਰਜ ਸਮ ਜਗ[†] ਮਹਾਂ ਪ੍ਰਕਾਸ਼ੈ।

[†]ਪਾ:-ਜਸੁ।

ਸੰਸੈ ਉਡਗਨ ਭ੍ਰਮ ਤਮ ਨਾਸੀ।
ਬਿਗਸਾਵਤਿ ਸਿਖ ਪੰਕਜ ਰਾਸੀ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅੰਮ੍ਰਿਤਸਰ ਬਿਦਤਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸੂ ॥੩੯॥

# ੪੦. [ਸ਼੍ਰੋਤਿਆਂ ਨੇ ਪੁਰਾਤਨ ਨਾਮੀ ਸਿੱਖਾਂ ਦੇ ਪ੍ਰਸੰਗ ਪੁੱਛੇ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੪੧

ਦੋਹਰਾ:

ਸ਼੍ਰੀ ਅੰਮ੍ਰਿਤਸਰ ਕਾਰ ਕੋ,
ਲਗੇ ਮਨੁਖ ਸਮੁਦਾਇ।
ਸਦਾਬਰਤ[1] ਸ਼੍ਰੀ ਗੁਰ ਕਰਜੋ,
ਕਰਹਿ ਕਾਮਨਾ ਪਾਇ[1] ॥੧॥

[1]ਲੰਗਰ।

[1]ਜੋ ਮਨੁੱਖ ਸੇਵਾ) ਕਰਦੇ ਹਨ, ਸੋ (ਆਪਣੀ) ਕਾਮਨਾ ਪ੍ਰਾਪਤ ਕਰਦੇ ਹਨ।

ਚੌਪਈ:

ਕੋ ਨਿਜ ਢਿਗ ਤੇ ਕਰਹਿ ਅਹਾਰਾ।
ਨਿਸ ਦਿਨ ਕਰਹਿ ਤਾਲ ਕੀ ਕਾਰਾ।
ਜਿਤ ਦਿਸ਼ ਅਧਿਕ ਖੁਨਾਵਨਿ ਚਾਹੈਂ।
ਤਿਤ ਸ਼੍ਰੀ ਅਰਜਨ ਪਦ ਕਰਿ ਜਾਹੈਂ[1] ॥੨॥

[1]ਚਰਣੀ ਤੁਰਕੇ (ਅ) ਨਿਸ਼ਾਨੀ ਕਰਦੇ ਜਾਣ।

ਫਰਸ਼ ਹੋਹਿ ਬੈਠਹਿਂ ਗੁਰ ਗਾਦੀ।
ਕਰਹਿਂ ਦਾਸ ਕ੍ਰਿਤ ਹੀਨ ਪ੍ਰਮਾਦੀ[1]।
ਗੁਰ ਦਰਸ਼ਨ ਦਰਸਹਿਂ ਦਿਨੁ ਸਾਰੇ।
ਧਰਹਿਂ ਅਨੰਦ ਹੁਇ ਦੁਗਨੀ ਕਾਰੇ ॥੩॥
ਦੁਖਭੰਜਨਿ ਢਿਗ ਥਰਾ[†] ਕਰਾਵਹਿਂ।

[1]ਕਾਰ ਕਰਨ ਸਾਵਧਾਨਤਾ ਨਾਲ।

[†]ਇਹ ਥੜ੍ਹਾ ਅਠਸਠ ਤੀਰਥ ਤੇ ਦੁਖਭੰਜਨੀ ਦੇ ਵਿਚਕਾਰ ਹੈਸੀ, ਜੋ ਅਕਾਲੀ ਅੰਦੋਲਨ ਵਿਚ ਢਾਹਕੇ ਪੌਣਾ ਬਣਾਇਆ ਗਿਆ, ਪਰ ਨਿਸ਼ਾਨ ਵਾਲੀ ਬੁਰਜੀ ਖੜੀ ਰਹੀ। ਸੰਗਤਾਂ ਦੀ ਸਖਤ ਨਾਰਾਜ਼ਗੀ ਕਰਕੇ ਸੰਃ ੪੫੯-੬੦ ਨਾਃ ਸਾਃ ਵਿਚ ਪੌਣਾ ਪੂਰਕੇ ਫੇਰ ਥੜ੍ਹਾ ਸਾਹਿਬ ਬਣਾਯਾ ਗਿਆ ਹੈ ਤੇ ਉਤੇ ਸੰਗਮਰਮਰ ਦੀ ਮੰਜੀ ਸਾਹਿਬ ਨਿਸ਼ਾਨ ਵਾਲੇ ਥਾਂ ਰਚੀ ਗਈ ਹੈ।

ਤਹਿਂ ਗੁਰ ਬੈਠਹਿਂ ਕਾਰ ਕਰਾਵਹਿਂ।
ਜਬਿ ਇਸ ਦਿਸ਼ ਤੇ ਖਨਯੋ ਮਹਾਂਨਾ।
ਅਪਰ ਥਾਨ ਬੈਠਨ ਕੋ ਠਾਨਾ ॥੪॥
ਦ੍ਵਾਰ ਦਰਸ਼ਨੀ ਜਿਸ ਥਲ ਕਰਜੋ।
ਦੱਖਨ ਦਿਸ਼ ਬੱਦਰੀ ਤਰੁ ਖਰਜੋ[†]।

[†]ਇਸ ਨੂੰ ਲਾਚੀ ਬੇਰ ਕਹਿੰਦੇ ਹਨ। ਇਥੇ ਗੁਰਦੁਆਰਾ ਹੈ।

ਤਹਾਂ ਜਾਇ ਬੈਠਹਿਂ ਗੁਰ ਪੂਰਨ।
ਮ੍ਰਿਤਕਾ ਖਨਹਿਂ ਨਿਕਾਸਹਿਂ ਤੂਰਨਿ ॥੫॥
ਜਿਨਹੁਂ ਨਰਹੁਂ ਬਰ ਬਡਿਭਾਗੇ।

ਰਹਿ ਹਜ਼ੂਰ ਸਰ ਸੇਵਾ ਲਾਗੇ।
ਸੱਤਿਨਾਮ ਕੋ ਸਿਮਰਨਿ ਕਰੈਂ।
ਖਨਹਿਂ ਟੋਕਰੀ ਸਿਰ ਪਰ ਧਰੈਂ ॥੬॥
ਉੱਤਰ ਦਿਸ਼ ਤਲਾਵ ਕੋ ਤੀਰ†।
ਭਾਈ ਸਾਹਿਬ ਬੁੱਢਾ ਧੀਰ।
ਕਰਹਿਂ ਕਰਾਵਹਿਂ ਕਾਰ ਬਿਸਾਲਾ।
ਖਨਹਿਂ ਨਿਕਾਸਹਿਂ ਫਿਰਹਿਂ ਉਤਾਲਾ ॥੭॥
ਦੇਸ਼ ਬਿਦੇਸ਼ਨ ਕਿਤਿਕ ਮਸੰਦ।
ਜਹਿਂ ਧਰਮਸਾਲ ਮਿਲਹਿਂ ਸਿਖ ਬ੍ਰਿੰਦ।
ਦੂਰ ਦੇਸ਼, ਕੈ ਨੇਰੇ ਹੋਇ।
ਤੀਰਥ ਕਾਰ ਕਰਹਿ ਸਭਿ ਕੋਇ[1] ॥੮॥
ਸਤਿਗੁਰ ਕੀ ਪ੍ਰਸੰਨਤਾ ਅਤਿ ਹ੍ਵੈ।
ਚਾਰ ਪਦਾਰਥ ਤਿਸੁ ਕਰ ਗਤਿ ਹ੍ਵੈ[1]।
ਗੁਰੁ ਸ਼ਰਧਾ ਉਰ ਧਾਰਹਿ ਜੋਇ।
ਸੋ ਸਭਿ ਆਇ ਪ੍ਰਾਪਤੀ ਹੋਇ[1] ॥੯॥
ਇਮ ਸੁਨਿ ਕੈ ਸਤਿਗੁਰ ਕੀ ਬਾਨੀ।
ਲਿਖੇ ਹੁਕਮਨਾਮੇ ਸਭਿ ਥਾਨੀ।
ਜਹਿਂ ਕਹਿਂ ਸਿੱਖ ਸ਼ੀਘ੍ਰ ਹੀ ਧਾਏ।
ਸ਼੍ਰੀ ਗੁਰ ਕੋ ਫੁਰਮਾਨ ਸੁਨਾਏ ॥੧੦॥
ਅਧਿਕ ਖੁਸ਼ੀ ਗੁਰੁ ਹ੍ਵੈ ਸੁਨਿ ਬਾਤ।
ਸਿੱਖਜ ਭਏ ਸਭਿ ਹਰਖਤਿ ਗਾਤ[1]।
ਬਸਤ੍ਰ ਦਰਬ ਲੇ ਲੇ ਉਪਹਾਰੋ।
ਆਏ ਜਿਤ ਕਿਤ ਤੇ ਸੁ ਹਜ਼ਾਰੋਂ ॥੧੧॥
ਹੋਇ ਤ੍ਰਿਹਾਵਲ ਸਭਿ ਕੋ ਦੇਤਿ।
ਭਾਉ ਭੂਰ ਕਰਿ ਸਿਖ ਗਨ ਲੇਤਿ।
ਸੰਗਤਿ ਕੋ ਦਰਸ਼ਨ ਸਭਿ ਕਾਲ।
ਦੇਤਿ ਰਹੈਂ ਬਹੁ ਕਰੈਂ ਨਿਹਾਲ ॥੧੨॥
ਕਿਹ ਸੁਤਿ ਦੇਤਿ, ਦਰਬੁ ਕਿਸਿ ਦੇਤਿ।
ਕਿਸ ਕੇ ਹ੍ਵੈਂ ਗਨ ਪਸੂ ਨਿਕੇਤਿ।
ਕਿਹ ਕੋ ਦੁਖ ਕਾਟਹਿ ਤਨ ਰੋਗ।

†ਹੁਣ ਤਕ ਭਾਈ ਬੁੱਢੇ ਜੀ ਦੀ ਬੇਰ ਕਹਿਲਾਂਦੀ ਹੈ ਘੰਟੇ ਘਰ ਦੀਆਂ ਪੌੜੀਆਂ ਦੇ ਮੁਹਰੇ ਹੈ।

[1]ਸਭ ਕੋਈ ਆਕੇ ਕਰੇ।

[1]ਹੱਥ ਵਿਚ ਪ੍ਰਾਪਤ ਹੋਣਗੇ।

[1]ਹੋਵੇਗੀ।

[1]ਭਾਵ, ਪ੍ਰਸੰਨ ਚਿੱਤ।

ਦੇਂ ਕਿਸ ਕੋ ਸਭਿ ਜਗ ਕੇ ਭੋਗ ॥੧੩॥
ਕਿਹ ਵੈਰਾਗ, ਨਾਮ ਕਿਸ ਦੇਈਂ।
ਕਿਸਿ ਕੇ ਉਰ ਬਿਕਾਰ ਹਰਿ ਲੇਈਂ।
ਸ਼ਾਂਤਿ ਦਾਤਿ[1], ਕਿਸਿ ਧੀਰਜ ਖਿਮਾ।
ਦਯਾ ਸੰਤੋਸ਼ ਦਯੋ ਕਿਸ ਜਮਾਂ[1] ॥੧੪॥

[1]ਸ਼ਾਂਤੀ ਦੀ ਦਾਤ।
[1]ਯਮ (ਯੋਗ ਦਾ ਇਕ ਅੰਗ ਹੈ, ਭਾਵ) ਇਖਲਾਕੀ (ਅ) ਬਹੁਤਾ [ਮਾਲਵੇ ਦਾ ਮੁਹਾਵਰਾ ਹੈ]

ਭਾਉ ਭਗਤਿ ਸਿਮਰਨਿ ਸਤਿਨਾਮੂ।
ਨ੍ਹਾਨ, ਦਾਨ, ਸੁਚਿ, ਸੰਜਮ[1] ਸਾਮੂ[2]।
ਬ੍ਰਹਮ ਗਜਾਨ, ਕਿਸਿ ਕੇ ਉਰ ਦੇਤਿ।
ਕਿਸ ਹੰਤਾ ਮਮਤਾ ਹਰਿ ਲੇਤਿ ॥੧੫॥
ਦੋਨਹੁਂ ਲੋਕਨ ਕੋ ਸੁਖ ਕਾਹੂੰ।
ਪ੍ਰੇਮਾਭਗਤਿ ਦੇਤਿ ਮਨ ਮਾਂਹੂ।
ਮਹਾ ਪ੍ਰੀਤਿ ਜਾਗੀ ਸਿਖ ਗਨ ਮੈਂ।
ਕਰਹਿਂ ਕਾਰ ਲਾਹਾ ਲਖਿ ਮਨ ਮੈਂ ॥੧੬॥

[1]ਇੰਦ੍ਰੀਆਂ ਦਾ ਰੋਕਣਾ। [2]ਸਾਮਤਾ, ਸਮਤਾ, ਸ਼ਰਣ।

ਦੋਹਰਾ:
ਇਮ ਉਦਾਰ ਤਰ ਆਤਮਾ[1]†, ਨਰ ਗਨ ਕੀਨਿ ਨਿਹਾਲ।
ਫੂਲੀ ਕੀਰਤਿ ਮਾਲਤੀ[1], ਘਰਿ ਘਰਿ ਬਿਖੈ ਬਿਸਾਲ ॥੧੭॥

[1]ਤਰ ਉਦਾਰਾਤਮਾ = ਵਡੇ ਭਾਰੇ ਸਖੀ। †ਪਾ:-ਇਮ ਉਦਾਰ ਆਤਮ ਗੁਰੂ।
[1]ਮਾਲਤੀ (ਦੇ ਫੁੱਲ ਵਰਗੀ ਉੱਜਲ) ਕੀਰਤੀ।

ਚੌਪਈ:
ਜਿਸ ਕੇ ਹੋਇ ਕਾਮਨਾ ਆਵੈ।
ਤੀਰਥ ਕਾਰ ਕਰਹਿ ਚਿਤ ਲਾਵੈ।
ਕੇਤਿਕ ਸਿੱਖਜਨ ਕੇ ਇਹੁ ਨਾਮੂ।
ਬਰਨਨ ਕਰੌਂ ਸੁਨਹੁਂ ਅਭਿਰਾਮੂ ॥੧੮॥
ਭਾਈ ਬੁੱਢਾ ਜੁਤਿ ਪਰਵਾਰੁ।
ਸੁਤ ਪੌਤ੍ਰਾਦਿ ਸਹਤ ਕਰਿ ਕਾਰ।
ਸਿਖ ਭਾਈ ਭਗਤੂ ਗੁਨ ਧਾਮੂ।
ਕਰਹਿ ਕਾਰ ਸਿਮਰਹਿਂ ਸਤਿਨਾਮੂ ॥੧੯॥
ਮੰਞ, ਪਿਰਾਣਾ ਸਿੱਖੀ ਪੋਤਾ[1]।
ਕਰਹਿ ਕਾਰ ਉਰ ਅਨੰਦ ਉਦੋਤਾ।
ਭਾਉ ਭਗਤਿ ਕੋ ਭੌਨ ਹੁਲਾਸ[1]।

[1]ਸਿੱਖੀ ਦਾ ਜਹਾਜ।
[1]ਪ੍ਰੇਮਾਭਗਤੀ ਤੇ ਆਨੰਦ ਦਾ ਘਰ (ਯਾ ਹੁਲਾਸ ਨਾਲ)।

ਕਰਹਿ ਕਾਰ ਭਾਈ ਗੁਰਦਾਸ ॥੨੦॥
ਦੋਹਰਾ:
ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਨਾਮੁ।
ਬਾਲਾ, ਸੁਘੜ† ਤਿਲੋਕ ਹੈ, ਸਾਮੁੰਦਾ ਗੁਨ ਧਾਮ ॥੨੧॥
ਬੂਲਾ ਚੰਡੀ, ਤੁਲਸੀਆ, ਭਾਗੀਰਥ, ਕੱਲਜਾਨੁ।
ਲਾਲੂ, ਬਾਲੂ, ਹਰੀਜਨ, ਗੋਖੂ, ਟੋਡ, ਮਹਾਂਨ ॥੨੨॥
ਝੰਝ† ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਜਾਨੁ।
ਬਾਲਾ ਮਰਵਾਹਾ ਅਪਰ ਜੋਧਾ ਧੁੱਟਾ ਆਨ ॥੨੩॥
ਇਤਜਾਦਿਕ ਕੇਤੇ ਗਿਨਹਿਂ ਸਿੱਖਜ ਲਗੇ ਸਭਿ ਕਾਰ।
ਗਨ ਮਸੰਦ ਸਭਿ ਦੇਸ਼ ਤੇ ਸੰਗਤਿ ਲਜਾਇਂ ਹਜ਼ਾਰ ॥੨੪॥
ਚੌਪਈ:
ਦਿਨ ਪ੍ਰਤਿ ਗਨ ਮਸੰਦ ਹਰਿਖਾਵੈਂ।
ਨਈ ਨਈ ਸੰਗਤ ਨਿਤ ਆਵੈ।
ਪਰਬ ਬਿਸਾਖੀ ਆਦਿਕ ਜੇਯ।
ਮੇਲਾ ਮਹਾਂ ਉਪਾਇਨ ਦੇਯ ॥੨੫॥
ਸੋ ਸਗਰੇ ਸਰ ਕੀ ਕਰਿ ਕਾਰ।
ਬਹੁਰ ਜਾਇਂ ਨਿਜ ਗ੍ਰੇਹ ਮਝਾਰ।
ਕੋ ਇਕ ਦਿਨ, ਕੋ ਦ੍ਵੈ ਦਿਨ ਕਰੈ।
ਕੋ ਤ੍ਰੈ ਦਿਨ ਰਹਿ ਕੈ ਹਿਤ ਧਰੈ ॥੨੬॥
ਕੋ ਦਸ ਦਿਨ, ਕੋ ਪੱਖਜ[1] ਰਹਤਿ ਹੈ।
ਕਾਰ ਕਰਹਿ ਬਡ ਲਾਭ ਲਹਤਿ ਹੈ।
ਕੋ ਇਕ ਮਾਸ, ਮਾਸ ਦੁਇ ਰਹੈ।
ਕੋ ਤ੍ਰੈ ਮਾਸ, ਖਸ਼ਟ[1] ਫਲ ਲਹੈ ॥੨੭॥
ਜਿਸ ਕੋ ਹੋਹਿ ਕਾਮਨਾ ਆਵੈ।

†ਭਾਈ ਮਨੀ ਸਿੰਘ ਜੀ ਨੇ ਗਿਆਰ੍ਹਵੀਂ ਵਾਰ ਦੀ ਟੀਕਾ ਵਿਚ ਤਿਲੋਕੇ ਦੀ ਜਾਤ ਸੁਹੜ ਲਿਖੀ ਹੈ।

†ਭਾਵ ਝਾਝੂ।

[1]੧੫ ਦਿਨ।

[1]ਛੇ (ਮਹੀਨੇ)।

ਤੀਰਥ ਕਾਰ ਕਰੈ ਚਿਤ ਲਾਵੈ।
ਸੋ ਅਪਨੀ ਪੂਰਨ ਕਰ ਲੇਤਿ।
ਸਦਾ ਬਰਤ ਕੀਨਸਿ[1], ਗੁਰ ਦੇਤਿ ॥੨੮॥
ਖਨਹਿਂ ਮ੍ਰਿੱਤਕਾ ਵਹਿਰ ਗਿਰੰਤੇ।
ਕਰਾਮਾਤ ਤੇ ਆਦਿ ਲਹੰਤੇ।
ਨਿਧਿ ਸਿਧਿ ਜੇ, ਸਮੂਹ ਰਿਧਿ ਜੇਤੀ।
ਪ੍ਰਾਪਤਿ ਹੋਤਿ ਕਾਮਨਾ ਤੇਤੀ[†] ॥੨੯॥
ਕੇਤਿਕ ਸਿੱਖ ਆਪ ਤੇ ਆਏ।
ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਯੋਂ ਜਯੋਂ।
ਸੁਨਿ ਸੁਨਿ ਜਸੁ ਆਵਤਿ ਨਰ ਤਯੋਂ ਤਯੋਂ ॥੩੦॥
'ਹੋਤਿ ਹਜ਼ਾਰਨਿ ਕੋ ਕੱਲਯਾਨ।
ਸਤਿਗੁਰ ਬਡ ਉਦਾਰ ਦੇਂ ਦਾਨ।'
ਪਾਇ ਕਾਮਨਾ ਇਕ ਨਰ ਜਾਵੈ।
ਜਹਿਂ ਕਹਿਂ ਕੀਰਤਿ ਕਰਤਿ ਸੁਨਾਵੈ ॥੩੧॥
ਸੁਨਿ ਕੈ ਅਪਰ ਚੌਂਪ ਬਡ ਧਰੈਂ।
ਪਹੁੰਚਿ ਗੁਰੂ ਢਿਗ ਸੇਵਾ ਕਰੈਂ।
ਅਪਨੀ ਆਇ ਪੁਰਹਿਂ ਅਭਿਲਾਖਾ।
ਸਿਮਰਨ ਕਰੈਂ ਪ੍ਰੇਮ ਉਰ ਰਾਖਾ ॥੩੨॥
ਸ਼੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸੁ।
ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼।
ਸਿੱਖਜਨ ਗਨ ਕੇ ਸੁਨਿ ਕਰਿ ਨਾਮੂ।
ਜਿਨ ਕਉ ਪ੍ਰਾਪਤਿ ਉੱਤਮ ਧਾਮੂ ॥੩੩॥
'ਗਯਾਨਵਾਨ ਪੂਰਨ ਪਦੁ ਪਾਯੋ।
ਜਿਨ ਸਿੱਖਨ ਸਤਿਗੁਰੂ ਰਿਝਾਯੋ।
ਤਿਨ ਕੀ ਕਰਹੁ ਬਾਰਤਾ ਸਾਰੀ।
ਜੇ ਜੇ ਭਏ ਪਰਮ ਉਪਕਾਰੀ ॥੩੪॥
ਜੇ ਜੇ ਨਾਮੀ ਸਿੱਖਯ ਸੁਜਾਨੇ।

[1]ਭਾਵ ਕਾਮਨਾ ਪੂਰਨ ਕਰਨ ਦਾ ਸਦਾ ਵਰਤ ਲਾ ਦਿੱਤਾ ਸੀ।

[†]ਪਾ:-ਜੇਤੀ। ਜੇਤੀ।

ਤਿਨ ਕੇ ਕਹੋ ਪ੍ਰਸੰਗ ਮਹਾਂਨੇ।
ਜਿਸ ਪ੍ਰਕਾਰ ਸੇਵਾ ਗੁਰ ਕੀਨਸਿ।
ਮਿਲਿ ਕਰਿ ਜਥਾ ਪਰਮ ਪਦੁ ਲੀਨਸਿ ॥੩੫॥
ਸੋ ਸਭਿ ਕਹੌ ਕਥਾ ਰਮਣੀਕਾ।
ਸੁਨਤਿ ਪ੍ਰੀਤ ਤੇ ਜਿਮ ਹੁਇ ਨੀਕਾ[1]।'
ਸ਼੍ਰੋਤਨਿ ਕੇ ਸੁਨਿ ਕੈ ਸਭਿ ਬੈਨ।
ਬਕਤਾ ਭਯੋ ਪ੍ਰਫੁੱਲਜਤਿ ਨੈਨ ॥੩੬॥
'ਨਿਸ਼ਚੈ ਪ੍ਰੇਮ ਲਖ੍ਯੋ ਤੁਮ ਸਾਚੋ।
ਚਿਤ ਰਾਚੋਹਿਤ ਸੁਨਨਿ ਉਬਾਚੋ[1]।
ਯਾਂ ਤੇ ਮੈਂ ਬਰਨੌਂ ਸਭਿ ਕਥਾ।
ਸਿੱਖਜਨ ਗਨ ਪ੍ਰਸੰਗ ਹੈਂ ਜਥਾ ॥੩੭॥
ਜਿਸ ਕੇ ਸੁਨਤਿ ਪਾਪ ਬਿਨਸਾਵੈਂ।
ਸ਼੍ਰੋਤਾ ਮਹਾਂ ਪੁੰਨ ਕੋ ਪਾਵੈਂ।
ਸੋ ਸਭਿ ਸੁਨਹੁ ਰੁਚਿਰ, ਬਡਿ ਭਾਗੋ।
ਜਿਸ ਤੇ ਗੁਰੁ ਪਗ ਸੋਂ ਅਨੁਰਾਗੋ ॥੩੮॥
ਕਰਿ ਕਰਿ ਪ੍ਰੇਮ ਸੇਵ ਜਿਨ ਕੀਨੀ।
ਮਹਿਮਾ ਸਤਿਗੁਰੁ ਕੀ ਬਡਿ ਚੀਨੀ।
ਬ੍ਰਹਮ ਗ੍ਯਾਨ ਕੋ ਪਾਇ ਬਿਸਾਲਾ।
ਜਨਮ ਮਰਨ ਹਤਿ ਕਸ਼ਟ ਕਰਾਲਾ ॥੩੯॥
ਬ੍ਰਿੱਧ ਮਿਲ੍ਯੋ ਸ਼੍ਰੀ ਨਾਨਕ ਸਾਥ।
ਪੂਰਬ ਕਹਿ ਆਏ ਇਹੁ ਗਾਥ।
ਅਬਿ ਭਗਤੂ ਜਿਮਿ ਘਾਲੀ ਘਾਲਿ।
ਭਯੋ ਜਨਮ ਜਿਮ ਗੁਰ ਬਚ ਨਾਲ ॥੪੦॥
ਸੋ ਮੈਂ ਕਹੌਂ ਸੁਨੋ ਬਿਰਤੰਤ।
ਜਿਸ ਮਹਿਂ ਮਹਿਮਾ ਗੁਰ ਭਗਵੰਤ।
ਪੁਨਾ ਅਪਰ ਸਿੱਖਨ ਕੀ ਕਹੌਂ।
ਜਿਸ ਪ੍ਰਕਾਰ ਸੁਨਿ ਕਰਿ ਉਰ ਲਹੌਂ ॥੪੧॥

[1]ਜਿਸ ਦੇ ਪ੍ਰੀਤ ਨਾਲ ਸੁਣਨ ਕਰਕੇ (ਸਾਡਾ) ਭਲਾ ਹੋਵੇ।

[1]ਚਿਤ ਦੀ ਰੁਚੀ ਨਾਲ ਸੁਣਨ ਵਾਸਤੇ ਤੁਸਾਂ ਕਿਹਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰਾਸੇ 'ਸ਼੍ਰੀ ਅੰਮ੍ਰਿਤਸਰ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਭਾਈ ਭਗਤੂ ਜੀ ਦੀ ਜਨਮ ਕਥਾ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>> ੪੨

ਦੋਹਰਾ:

ਸਿੱਧੂ ਕੁਲ ਮਹਿਂ ਜਾਟ ਇਕ, ਭੁੱਲਰੀਏ ਸ਼ੁਭ ਗੋਤਿ।
'ਆਦਮ' ਜਿਸ ਕੋ ਨਾਮ ਹੈ, ਘਰ ਸੰਤਤਿ ਨਹਿਂ ਹੋਤਿ ॥੧॥

ਸ੍ਵੈਯਾ:

†ਆਦਮ ਨਾਮ ਭਯੋ ਤਿਸਿ ਬੰਸ ਮੈਂ,
ਕਾਰ ਕਰੈ ਕ੍ਰਿਸ਼ਿ[1] ਭਾਗ ਬਿਲੰਦਾ[2]।
ਨੰਦਨ ਹੋਵਨਿ ਕੋ ਬਿਤਵੈ ਬਹੁ,
ਕਾਲ ਬਿਤਾਵਹਿ ਚਿੰਤ ਅਮੰਦਾ[1]।
ਬੀਤ ਗਏ ਬਹੁ ਸੰਮਤ ਯਾ ਬਿਧਿ,
ਸੰਤਤਿ ਨਾਂਹਿ ਭਈ ਸੁਖਕੰਦਾ।
ਪੀਰ ਬਿਸਾਲ ਫਕੀਰਨ ਜਾਲ,
ਰਹਯੋ ਸਭਿ ਸੇਵਤਿ ਭਾਵ ਸੁ[1] ਬ੍ਰਿੰਦਾ ॥੨॥

†ਇਹ ਕੈਂਥਲ ਕੁਲ ਦਾ ਪ੍ਰਸੰਗ ਹੈ। ਇਹੋ ਪ੍ਰਸੰਗ ਕਵਿ ਉਲਥਿਤ ਰਾਸੈਣ ਦੇ ਲੰਕਾਂ ਕਾਂਡ ਸਰਗ ੧੩੦-੩੧ ਵਿਚ ਹੈ। ਥੋੜੇ ਪਾਠ ਭੇਦ ਤੋਂ ਛੁਟ ਇਹ ਉਥੋਂ ਦਾ ਉਤਾਰਾ ਹੈ। ਉਹ ਰਚਨਾ ੧੮੯੧ ਦੀ ਹੈ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ ਸਿਰਲੇਖ ਬਾ: ਰਾਸੈਣ।

[1]ਖੇਤੀ ਦੀ। [2]ਬੜੇ ਭਾਗਾਂ ਵਾਲਾ।

[1]ਅਮੰਦ = ਨਾ+ਮੰਦ = ਭਾਵ ਤੀਬਰ ਚਿੰਤਾ ਵਿਚ।

[1]ਪਿਆਰ ਨਾਲ।

ਚੌਪਈ:

ਸੇਵਾ ਕਰਤਿ ਰਹਯੋ ਚਿਰਕਾਲਾ।
ਸੰਤਤਿ ਕੀ ਅਭਿਲਾਖ ਬਿਸਾਲਾ।
ਕਿਹ ਤੇ ਪ੍ਰਾਪਤਿ ਭਈ ਸੁ ਨਾਂਹੀ।
ਚਿੰਤਾ ਚਿਤਵਤਿ ਬਹੁ ਚਿਤ ਮਾਂਹੀ ॥੩॥
ਕੋ ਇਕ ਮਿਲਯੋ ਸਿੱਖ ਜਬਿ ਗੁਰੁ ਕੋ।
ਤਿਹ ਸੋਂ ਕਹਯੋ ਮਨੋਰਥ ਉਰ ਕੋ।
'ਨੀਕੇ ਕੀਨੇ ਅਨਿਕ ਉਪਾਇ।
ਪ੍ਰਾਪਤਿ ਪੁੱਤ੍ਰ ਨ ਮੁਝ ਕਿਸ ਥਾਇਂ' ॥੪॥
ਸੁਨਿ ਕੈ ਸਿੱਖ ਕੀਨਿ ਉਪਦੇਸ਼।
'ਮਾਨਹੁ ਮੇਰੋ ਕਹਯੋ ਅਸ਼ੇਸ਼[1]।
ਸ਼੍ਰੀ ਨਾਨਕ ਭੇ ਜਗ ਅਵਤਾਰ।
ਨਿਰੰਕਾਰ ਕੇ ਬਨੇ ਅਕਾਰ ॥੫॥
ਤਿਨਿ ਪੀਛੈ ਗੁਰੁ ਅੰਗਦ ਭਯੋ।

[1]ਪੂਰੀ ਤਰ੍ਹਾਂ।

ਅਮਰਦਾਸ ਪੁਨ ਤਿਸਿ ਥਲ ਥਿਯੋ।
ਤੀਨੋ ਪਾਤਿਸ਼ਾਹੁ ਤੇ ਪਾਛੇ।
ਚਤੁਰਥ ਗੁਰੂ ਭਏ ਅਬਿ ਆਛੇ ॥੬॥
ਸਤਿਗੁਰੁ ਰਾਮਦਾਸ ਜਿਨ ਨਾਮ।
ਪੂਰਨ ਕਰਹਿਂ ਸੰਪੂਰਨ ਕਾਮ।
ਕਰਿ ਸੇਵਾ ਤਿਨ ਕੀ ਅਬਿ ਜਾਇ।
ਪੁੱਤ੍ਰ ਕਾਮਨਾ ਤਹਿਂ ਤੇ ਪਾਇਂ' ॥੭॥
ਆਦਮ ਜਾਟ ਬਾਤ ਸਿਖ ਸੁਨਿ ਕੈ।
ਬ੍ਰਿੱਧ ਅਵਸਥਾ ਅਪਨੀ ਗੁਨਿ ਕੈ।
-ਸ਼ੁਸ਼ਕ[1] ਬ੍ਰਿੱਖ ਕੇ ਫਲ ਹੁਇ ਕੈਸੇ-। [1]ਸੁੱਕੇ।
ਸੰਸੈ ਹੋਤਿ ਬਿਚਾਰਤਿ ਐਸੇ ॥੮॥
ਚਿਤਵਤਿ ਚਿੰਤ[†] ਪੁਨਹਿ ਚਿਤ ਠਾਨੀ। [†]ਪਾ:-ਦਿੱਤ।
-ਜੇ ਕਰਿਹੌਂ ਗੁਰ ਸੇਵ ਮਹਾਂਨੀ।
ਹੋਇ ਜਿ ਨਹੀਂ ਪੁੱਤ੍ਰ ਅਬਿ ਮੇਰੇ।
ਪਾਵੌਂ ਗਤਿ ਪਰਲੋਕ ਅਛੇਰੇ- ॥੯॥
ਇਮਿ ਮਨ ਠਾਨਿ ਸੰਗ ਲੈ ਦਾਰਾ।
ਗੁਰ ਕੀ ਸੇਵਾ ਹੇਤ ਪਧਾਰਾ।
ਕਰੀ ਦੂਰਿ ਤੇ ਬੰਦਨ ਜਾਇ।
ਸੰਗਤਿ ਬਿਖੈ ਰਹਯੋ ਕਰਿ ਥਾਇਂ[1] ॥੧੦॥ [1]ਟਿਕਾਣਾ ਕਰਕੇ।
ਕਾਸ਼ਟ ਸ਼ੁਸ਼ਕ ਭਾਰ ਦੁਇ ਆਨੈ।
ਇਕ ਤੋ ਰਾਖੇ ਅਪਨਿ ਠਿਕਾਨੈ।
ਦੇਗ ਗੁਰੂ ਕੀ ਹੋਵਤਿ ਜਹਿਂਵਾ।
ਦੂਸਰਿ ਭਾਰ ਦੇਤਿ ਭਾ ਤਹਿਂਵਾ ॥੧੧॥
ਅਪਨਿ ਪਾਸ ਤੇ ਕਰਤਿ ਅਹਾਰੁ।
ਇਸ ਪ੍ਰਕਾਰ ਗੁਰੁ ਕੀ ਕਰਿ ਕਾਰ।
ਖਸ਼ਟ ਮਾਸ ਤਹਿਂ ਰਹਤਿ ਬਿਤਾਏ।
ਸੇਵਹਿ ਸਤਿਗੁਰੁ ਹਿਤ ਚਿਤ ਲਾਏ ॥੧੨॥
ਏਕ ਸਮੈ ਗੁਰੁ ਵਹਿਰ ਸਿਧਾਏ।
ਕਿਤਿਕ ਦਯੋਸ ਬੀਤੇ ਪੁਨਿ ਆਏ।
ਤਬਿ ਹੀ ਹੁਤੋ ਸੀਤ ਕੋ ਕਾਲ।

ਅਰੁ ਬਰਖਾ ਭਈ ਤਹਾਂ ਬਿਸਾਲ ॥੧੩॥

ਦੋਹਰਾ:

ਸੰਗਤਿ ਗੁਰੁ ਕੇ ਸੰਗਿ ਤਬਿ, ਹੁਤੀ ਬਹੁਤ ਤਹਿਂ ਆਇ।
ਭਯੋ ਸੀਤ ਸਭਿਹੂੰਨ ਕੋ, ਸਿੱਖ ਮਿਲੇ ਸਮੁਦਾਇ ॥੧੪॥

ਚੌਪਈ:

ਆਦਮ ਜਾਟ ਤਬਹਿ ਕਟ ਕਸਿ ਕੈ[1]।
ਈਂਧਨ ਅਧਿਕ ਹੁਤੋ ਢਿਗ ਜਿਸ ਕੈ।
ਇਕ ਇਕ ਭਾਰ ਸਕੇਲ੍ਯੋ ਜੋਇ।
ਸੰਗਤਿ ਬਿਖੈ ਦੇਤਿ ਭਾ ਸੋਇ ॥੧੫॥
ਲਗੇ ਅੰਗੀਠੇ ਸਭਿ ਕੇ ਡੇਰੇ।
ਮਿਟ੍ਯੋ ਸੀਤ ਭਾ ਅਨੰਦ ਘਨੇਰੇ।
ਊਚੇ ਥਲ ਹ੍ਵੈ ਕਰਿ ਤਿਸ ਬਾਰੀ।
ਗੁਰ ਨੇ ਸੰਗਤਿ ਸਕਲ ਨਿਹਾਰੀ ॥੧੬॥
ਡੇਰੇ ਸਭਿਨਿ ਅੰਗੀਠੇ ਲਾਗੇ।
ਬਡੋ ਪ੍ਰਕਾਸ਼ ਹੁਤਾਸਨ ਜਾਗੇ।
ਰਿਦੇ ਬਿਚਾਰ ਕਰਤਿ ਗੁਰੁ ਐਸੇ।
-ਈਂਧਨ ਇਤੋ[†] ਮਿਲ੍ਯੋ ਇਨ ਕੈਸੇ? ॥੧੭॥
ਨਹੀਂ ਸਮੀਪ ਇਹਾਂ ਕਿਸਿ ਥਾਨ।
ਕਿਸਿ ਨੇ ਦੀਨਸ ਇਨ ਕੋ ਆਨਿ? -।
ਭਈ ਪ੍ਰਭਾਤਿ ਸਭਾ ਜਬਿ ਹੋਈ।
ਦੇਖਨਿ ਦਰਸ ਆਇ ਸਭਿ ਕੋਈ ॥੧੮॥
ਸ੍ਰੀ ਗੁਰੁ ਰਾਮਦਾਸ ਸਭਿ ਸੰਗ।
ਬੂਝ੍ਯੋ ਈਂਧਨ ਕੇਰਿ ਪ੍ਰਸੰਗ।
ਸਭਿ ਨੇ ਕਹ੍ਯੋ 'ਸਿੱਖ ਹੈ ਕੋਇ।
ਦੇਤਿ ਫਿਰ੍ਯੋ ਡੇਰਨ ਮਹਿਂ ਸੋਇ' ॥੧੯॥
ਹੁਤੋ ਰਸੋਈਆ ਗੁਰੁ ਕੋ ਪਾਸ।
ਤਿਨ ਭੀ ਕਰੀ ਤਬਹਿ ਅਰਦਾਸ।
ਸਹਿ ਨਹਿਂ ਸਕਹਿਂ ਅਧਿਕ ਅਕੁਲਾਏ ॥੬੦॥
ਗੰਗਾ ਆਦਿਕ ਤੀਰਥ ਜੇਈ।
ਅੰਮ੍ਰਿਤਸਰ ਮਹਿਂ ਆਵਹਿਂ ਤੇਈ।
ਨਾਮੁ ਮਹਾਤਮ ਜਹਿਂ ਅਧਿਕਾਈ।
ਕਰਿ ਸ਼ਨਾਨ ਤਜਿ ਅਘ ਅਮੁਦਾਈ ॥੬੧॥
ਦੀਪਮਾਲ ਬੈਸਾਖੀ ਦੋਇ।
ਛਟੇ ਮਾਸ ਤੀਰਥ ਸਭਿ ਕੋਇ।
ਰਹੈਂ ਸੁਧਾਸਰ ਮੈਂ ਤਬਿ ਆਇ।
ਜੋ ਨਰ ਤਿਸ ਛਿਨ ਇਹਾਂ ਨਹਾਇ ॥੬੨॥
ਸਭਿ ਤੀਰਥ ਕੋ ਮੱਜਨ ਹੋਇ।
ਯਾਂ ਤੇ ਅਧਿਕ ਮਹਾਂਤਮ ਜੋਇ।
ਕਰਹਿ ਸ਼ਨਾਨ ਸਕਲ ਫਲ ਪਾਵੈ।
ਸੁਤ ਬਿਤ ਲਾਭ, ਕਲੂਖ ਨਸਾਵੈ[†]' [†]ਪਾ:-ਕਲੂਖ ਤਜਾਵੈ।
॥੬੩॥
ਇੱਤਯਾਦਿਕ ਮਹਿਮਾ ਕਹਿ ਭਾਰੀ।

ਹਰਿਮੰਦਰ ਕੇ ਬੈਠਿ ਮਝਾਰੀ।
ਇਕ ਦਿਨ ਬੈਠੇ ਸਭਾ ਲਗਾਇ।
ਕੇਤਿਕ ਸਿੱਖਜ ਰਹੇ ਗਰਬਾਇ ॥੬੪॥
-ਹਮਹੁ ਸੇਵ ਬਹੁ ਸਰ ਕੀ ਕੀਨਿ।
ਨਿਸ ਦਿਨ ਬੀਤਤਿ ਕੋ ਨਹਿਂ ਚੀਨ-।
ਤਿਨ ਕੇ ਮਨ ਕੀ ਸਤਿਗੁਰ ਜਾਨੀ।
ਸ਼੍ਰੀ ਮੁਖ ਤੇ ਬ੍ਰਿਧ ਸੋਂ ਕਹਿ ਬਾਨੀ ॥੬੫॥
'ਸ਼੍ਰੀ ਨਾਨਕ ਸਿਖ ਪਰਖੇ ਜਬੈ।
ਕੋ ਸਾਬਤ ਸਿਖ ਨਿਬਹਜੋ ਤਬੈ?
ਸ਼੍ਰੀ ਅੰਗਦ ਕੋ ਗੁਰਤਾ ਦਈ।
ਤਬ ਸਿੱਖੀ ਪਰਖਨ ਕਿਮ ਕਈ?
॥੬੬॥
ਸੋ ਪ੍ਰਸੰਗ ਸਭਿ ਦੇਹੁ ਸੁਨਾਈ।
ਤਵ ਸਮੇਤ ਜਿਮ ਸਿਖ ਸਮੁਦਾਈ[1]।'
ਇਮਿ ਸੁਨਿ ਕੈ ਬਾਨੀ ਗੁਰ ਕੇਰੀ।
ਭਾਈ ਬ੍ਰਿੱਧ ਕਹਜੋ ਤਿਸ ਬੇਰੀ ॥੬੭॥
ਤੁਮ ਅੰਤਰਜਾਮੀ ਸਭਿ ਜਾਨੋ।
ਅਪਰ ਸੁਨਾਵਨ ਕੀ ਇਛ ਠਾਨੋ।
ਆਸ਼ੈ ਜਾਨਿ ਆਪ ਕੋ ਕਹੌਂ[1]।
ਸੁਨਹੁ ਸਕਲ ਮੈਂ ਜਿਸ ਬਿਧਿ ਲਹੌਂ'
॥੬੮॥

[1]ਭਾਵ ਸਾਰੇ ਸਿੱਖ (ਪਰਖੇ) ਸਨ।

[1]ਆਪ ਦਾ (ਇਹ) ਆਸ਼ਾ ਸਮਝਕੇ ਮੈਂ ਕਹਿੰਦਾ ਹਾਂ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਅੰਮ੍ਰਿਤਸਰ ਮਹਾਤਮ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋਂ ਅੰਸੂ ॥੫੬॥

## ੫੭. [ਬ੍ਰਿੱਧ ਜੀ ਨੇ ਆਦਿ ਗੁਰੂ ਜੀ ਦੇ ਸਿੱਖ ਪਰਖਣ ਦਾ ਪ੍ਰਸੰਗ ਸੁਣਾਯਾ]

ਪੑ੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

[1]ਸ੍ਰੀ ਨਾਨਕ ਕੀ ਬਾਰਤਾ,
ਅਦਭੁਤ ਸੁਨੋ ਮਹਾਨ।
ਪਰਖਨ ਕਰਿ ਸਭਿ ਰੀਤਿ ਸੋਂ,
ਅੰਗਦਿ ਪਰਮ ਸੁਜਾਨ ॥੧॥

[1]ਬਾਬਾ ਬੁੱਢਾ ਜੀ ਪ੍ਰਸੰਗ ਸੁਣਾਉਂਦੇ ਹਨ।

ਚੌਪਈ:

ਇਕ ਦਿਨ ਹਮ ਤੀਨਹੁ ਸੰਗ ਗਏ।
ਨਦੀ ਪ੍ਰਵੇਸ਼ ਗੁਰੂ ਜੀ ਭਏ।
ਇਕ ਸ੍ਰੀ ਅੰਗਦ ਦੁਤਿਯ ਭਗੀਰਥ।
ਮੈਂ ਜੁਤਿ[1] ਸੇਵਤਿ ਭੇ ਗੁਰ ਤੀਰਥਿ ॥੨॥ — [1]ਸਮੇਤ।
ਓਰਨਿ ਕੀ[1] ਬਰਖਾਤਬਿ ਭਈ। — [1]ਗੜਿਆਂ ਦੀ।
ਸੀਤਲਤਾ ਹਮ ਕੋ ਚਢਿ ਗਈ।
ਤਬਿ ਦੋਨਹੁ[1] ਗ੍ਰਹਿ ਕੋ ਚਲਿ ਆਏ। — [1]ਅਸੀਂ ਦੋਵੇਂ (ਮੈਂ ਤੇ ਭਗੀਰਥ)।
ਸੀਤ ਬਿਦਾਰਯੋ ਅਗਨਿ ਤਪਾਏ ॥੩॥
ਸ੍ਰੀ ਅੰਗਦ ਕੋ ਮੁਰਛਾ ਭਈ।
ਬੈਠਯੋ ਰਹਯੋ, ਨ ਤਨ ਸੁਧਿ ਲਈ।
ਨਿਕਸੇ ਸ੍ਰੀ ਨਾਨਕ ਤਿਸ ਜਾਨਿ[1]। — [1](ਮੁਰਛਾ ਹੋਏ) ਜਾਣਕੇ।
ਸਭਿ ਗਤਿ ਹੇਰਿ ਪ੍ਰਸੰਨ ਮਹਾਨ ॥੪॥
ਪੁਨ ਧਾਨਕ ਕੋ ਧਾਰਯੋ ਬੇਸ[†]।

[†]ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦਾ ਇਕ ਸ਼ਬਦ ਸਿਰੀ ਰਾਗ ਵਿਚ ਹੈ, 'ਏਕੁ ਸੁਆਨੁ ਦੁਇ ਸੁਆਨੀ ਨਾਲਿ' ਇਸ ਦਾ ਭਾਵ ਅੰਤ੍ਰੀਵ ਲੋਭ ਰੂਪੀ ਕੁੱਤਾ ਤੇ ਆਸਾ ਤ੍ਰਿਸ਼ਨਾਂ ਜਾਂ ਭੁੱਖ ਤ੍ਰਿਖਾ ਦੋ ਕੁੱਤੀਆਂ ਹਨ, ਇਸੇ ਸ਼ਬਦ ਦੇ ਬਾਹਰਲੇ ਭਾਵ ਤੋਂ ਇਸ ਸਾਖੀ ਦਾ ਭਾਵ ਲੈਂਦੇ ਜਾਪਦੇ ਹਨ।

ਜਿਸ ਤੇ ਭਾਗੇ ਸਿੱਖਜ ਅਸ਼ੇਸ਼।
ਜੀਰਨ ਵਸਤ੍ਰਨਿ ਵਾਣ ਪੁਰਾਨਾ।
ਸਿਰ ਪਰ ਬਾਂਧਯੋ ਜਟਾ ਸਮਾਨਾ ॥੫॥
ਛੀਟ ਛਾਛ ਕੀ[1] ਤਨ ਛਿਟਕਾਈ। — [1]ਲੱਸੀ ਦੀਆਂ ਛਿੱਟਾਂ।
ਮਖਿਕਾ ਅਨਿਕ ਭ੍ਰਮਤਿ ਚਹੁੰਘਾਈ[1]। — [1]ਮੱਖੀਆਂ ਭਿਣ ਭਣੇਂਦੀਆਂ ਚਾਰੋਂ ਪਾਸੀਂ।
ਮੁੰਞ ਮੇਖਲਾ ਕਰਿ ਕਟ ਮੋਟੀ[1]। — [1]ਮੁੰਞ ਦੀ ਮੋਟੀ ਤੜਾਗੀ (ਕਮਰ ਕਸਾ) ਲੱਕ ਨਾਲ ਬੰਨ੍ਹ ਕੇ।
ਗਹੀ ਹਾਥ ਮਹਿਂ ਟੇਢੀ ਸੋਟੀ ॥੬॥
ਲੇ ਕਰਿ ਤੀਛਨ ਨਾਂਗਾ[1] ਛੁਰਾ। — [1]ਤਿੱਖਾ ਤੇ ਨੰਗਾ।

| | |
|---|---|
| ਸਾਥ ਮੇਖਲਾ ਬਾਂਧਨ ਕਰਾ[1]। | [1]ਕਮਰਕਸੇ ਨਾਲ (ਛੁਰਾ) ਬੱਧਾ। |
| ਪਹਿਰੀ ਹਾਡਨਿ[1] ਮਾਲ ਬਿਸਾਲਾ। | [1]ਹੱਡੀਆਂ ਦੀ। |
| ਜਥਾ ਰੁੱਦ੍ਰ ਕੀ ਮੁੰਡਨਿ ਮਾਲਾ[1] ॥੭॥ | [1]ਜਿਵੇਂ ਸ਼ਿਵਜੀ ਦੀ ਸਿਰਾਂ ਦੀ ਮਾਲਾ ਹੁੰਦੀ ਹੈ। |
| ਕੂਕਰ ਸ਼ਰਮਾ[1] ਲੇ ਕਰਿ ਸਾਥ। | [1]ਕੁੱਤੇ ਕੁੱਤੀਆਂ। |
| ਸ਼ਿਵ[1] ਕੋ ਰੂਪ ਧਰਜੋ ਗੁਰ ਨਾਥ। | [1]ਭਿਆਨਕ। ਸ਼ਿਵ ਤ੍ਰੈਹਾਂ ਹਿੰਦੂ ਦੇਵਤਿਆਂ ਵਿਚੋਂ ਸਹਿਮ ਕਰਤਾ ਤੇ ਭਜਾਨਕ ਹੈ, ਇਸ ਵਾਸਤੇ ਸ਼ਿਵ ਤੋਂ ਮੁਰਾਦ ਭਜਾਨਕ ਦੀ ਬੀ ਲਈ ਦੀ ਹੈ। |
| ਹੇਰਿ ਹੇਰਿ ਸਗਰੇ ਨਰ ਡਰੇ। | |
| -ਕਜਾ ਇਹੁ ਕਿਯੋ?- ਸ਼ੰਕ ਉਰ ਧਰੇ ॥੮॥ | |
| ਸ੍ਰੀ ਅੰਗਦਿ ਬਿਨ ਸਭਿ ਭਰਮਾਏ। | |
| ਰਹੇ ਸਮੀਪ ਨ, ਦੂਰ ਪਲਾਏ। | |
| ਪੁਨਿ ਇਕ ਕੌਤਕ ਗੁਰੂ† ਦਿਖਾਯੋ। | †ਪਾ:-ਪ੍ਰਭੂ। |
| 'ਖਾਵੋ ਸ਼ਵ ਕੋ[1]' ਹੁਕਮ ਅਲਾਯੋ ॥੯॥ | [1]ਮੁਰਦੇ ਨੂੰ। |
| ਇਹੁ ਗਾਥ ਜਿਮ ਭਈ ਸੁਨਾਵੌਂ। | |
| ਅਚਰਜ ਕੌਤਕ ਕਰਜੋ ਬਤਾਵੌਂ। | |
| ਬਹੁ ਸਿੱਖਨ ਕੋ ਲੇ ਨਿਜ ਸਾਥਿ। | |
| ਨਦੀ ਕਿਨਾਰ† ਚਲੇ ਗੁਰਨਾਥ ॥੧੦॥ | †ਪਾ:-ਕਛਾਰ। |
| ਕੇਤਿਕ ਦੂਰ ਗਏ ਅਗਵਾਏ। | |
| ਪੈਸੇ ਭੂ ਪਰ ਪਰੇ ਦਿਖਾਏ। | |
| ਕਹਜੋ 'ਚਾਹੁ ਚਿਤ ਜਿਸ ਲੈ ਜਾਹੋ।' | |
| ਸੁਨਿ ਕੇਚਿਤ ਬਚ, ਗਹਿ ਕਰ ਮਾਹੋ[1] ॥੧੧॥ | [1]ਕਈਆਂ ਨੇ (ਪੈਸੇ) ਹੱਥ ਵਿਚ ਫੜਕੇ। |
| ਭਾਰਿ ਉਠਾਯੋ ਜੇਤਿਕ ਜਾਇ। | |
| ਲੇ ਕਰਿ ਮੁਰੇ ਗ੍ਰਾਮ ਕੋ ਆਇ। | |
| ਪੁਨ ਆਗੇ ਕੁਛ ਗਮਨੇ ਜਬੈ। | |
| ਪਰੇ ਰਜਤਪਣ ਦੇਖਤਿ ਸਬੈ ॥੧੨॥ | |
| ਹੁਕਮ ਕਰਜੋ 'ਚਾਹੋ ਲੇ ਜਾਇ।' | |
| ਸੁਨਿ ਕਰਿ ਭਾਰ ਪ੍ਰਮਾਣ[1] ਉਠਾਇ। | [1]ਜਿੰਨ੍ਹਾਂ ਭਾਰ ਕੋਈ ਚੁੱਕ ਸਕਦਾ ਸੀ। (ਅ) ਭਾਰ = ਢਾਈ ਮਣ। |
| ਬਡ ਪ੍ਰੇਮੀ ਨੇ ਧਨ ਨਹਿਂ ਗਹਜੋ। | |
| ਪੁਨ ਆਗੇ ਸਤਿਗੁਰੁ ਮਗ ਲਹਜੋ ॥੧੩॥ | |
| ਕਿਤਿਕ ਦੂਰਿ ਦੀਨਾਰ[1] ਪਰੀ ਹੈਂ। | [1]ਮੋਹਰਾਂ। |

ਦੇਖਤਿ ਆਗਜਾ ਪ੍ਰਭੂ ਕਰੀ ਹੈ।
'ਲੇ ਜਾਵਹੁ ਅਭਿਲਾਖਹੁ ਜੇਹਿ।
ਤੁਮਰੇ ਹਿਤ ਮੈਂ ਕੀਨਸ ਏਹਿ' ॥੧੪॥
ਧਰਿ ਉਰ ਲੋਭ ਸੁ ਲਈ ਉਠਾਇ।
ਲੇ ਗਮਨੇ ਗ੍ਰਿਹ ਕੋ ਸਮੁਦਾਇ।
ਅਤਿ ਪ੍ਰੇਮੀ ਗੁਰ ਕੇ ਤਬਿ ਰਹੇ।
ਇਕ ਮੈਂ, ਦੁਤੀ ਸਧਾਰਣ ਅਹੇ ॥੧੫॥
ਤ੍ਰਿਤੀ ਭਗੀਰਥ ਅਰੁ ਸ੍ਰੀ ਅੰਗਦ।
ਚਲੇ ਸੰਗ ਤਜਿ ਕੈ ਸਭਿ ਸੰਪਦਿ।
ਕਿਤਿਕ ਦੂਰਿ ਜਬਿ ਪਹੁੰਚੇ ਜਾਇ।
ਭੂਤਲ ਇਕ ਸਮ ਰੁਚਿਰ[1] ਸੁਹਾਇ ॥੧੬॥
[1]ਪ੍ਰਿਥਵੀ ਇਕ ਜਿਹੀ ਸੁੰਦਰ।
ਸੰਚੈ ਕਾਸ਼ਟ ਚਿਤਾ[1] ਕਰੀ ਹੈ।
[1]ਚਿਖਾ।
ਇਕ ਸ਼ਵ ਕੀ[1] ਤਹਿੰ ਦੇਹਿ ਪਰੀ ਹੈ।
[1]ਮੁਰਦੇ ਦੀ।
ਤਿਸ ਢਿਗੁ ਖਰੇ ਹੋਇ ਕਰਿ ਭਾਖੀ।
'ਹਟੇ ਹੁਤੇ ਜੋ ਧਨ ਅਭਿਲਾਖੀ ॥੧੭॥
ਅਤਿ ਪ੍ਰੇਮੀ ਤੁਮ ਮਮ ਸੰਗ ਆਏ।
ਮਿਲਿ ਇਸ ਮੁਰਦੇ ਕੋ ਲਿਹੁ ਖਾਏ।'
ਹਮ ਅਚਰਜ ਭੇ, -ਸ਼ਵ ਕਿਨ ਆਨਾ-।
ਹਾਥ ਜੋਰਿ ਕਰਿ ਵਾਕ ਬਖਾਨਾ ॥੧੮॥
ਨਰ ਮ੍ਰਿਤੁ ਕੋ ਨਰ ਖਾਇ ਨ ਕੋਈ।
ਦਾਰੁਨ ਕ੍ਰਿਤੀ ਤ੍ਰਾਸ ਪਿਖਿ ਹੋਈ[1]।'
[1]ਇਹ ਕਾਰ ਭਯਾਨਕ ਹੈ, ਦੇਖਕੇ ਹੀ ਭੈ ਲਗਦਾ ਹੈ।
ਇਤ ਉਤ ਟਰਿ ਕਰਿ ਲੇ ਤਰੁ ਓਟਾ[1]।
[1]ਟਲ ਕੇ ਬ੍ਰਿੱਛਾਂ ਦੀ ਓਟ ਲੈਕੇ।
ਭੇ ਹਮ ਠਾਂਢੇ ਸਭਿ ਕੋ ਹੋਟਾ[1] ॥੧੯॥
[1]ਐਉਂ) ਸਾਨੂੰ ਸਾਰਿਆਂ ਨੂੰ ਹੋੜਿਆ (ਗੁਰੂ ਜੀ ਨੇ)।
ਸ੍ਰੀ ਅੰਗਦਿ ਜੀ ਸੰਗ ਨ ਛੋਰਾ।
ਕਹਯੋ[1] ਕਠੋਰ ਹੇਰਿ ਇਸ ਓਰਾ।
[1]ਗੁਰੂ ਜੀ ਨੇ) ਕਿਹਾ।
'ਕਯੋਂ ਤੂੰ ਖਰੋ? ਸ਼ਿਤਾਬ ਪਲਾਵਹੁ।
ਨਾਂਹਿ ਤ ਇਸ ਸ਼ਵ ਕੋ ਤਨ ਖਾਵਹੁ' ॥੨੦॥
ਮਾਨ ਬਾਕ ਜਬਿ ਬਸਤ੍ਰ ਉਘਾਰਾ।
ਭਯੋ ਤਿਹਾਵਲ[1] ਸਕਲ ਨਿਹਾਰਾ।
[1]ਕੜਾਹ ਪ੍ਰਸ਼ਾਦ।
ਤਤਛਿਨ ਲੋਪ ਭਯੋ ਸਭਿ ਖੇਲਾ[1]।
[1]ਕੜਾਹ ਪ੍ਰਸ਼ਾਦ ਸਮੇਤ ਸਾਰਾ ਖੇਲ।

ਸ਼੍ਰੀ ਅੰਗਦ ਕੋ ਗਹਿ ਗਰ ਮੇਲਾ ॥੨੧॥
ਏਕ ਰੂਪ ਅਪਨੋ ਸੋਂ ਕਰਜੋ।
ਗੁਰਤਾ ਭਾਵ ਤਿਨਹੁ ਮਹਿਂ ਧਰਜੋ।
ਸਭਿ ਜਗ ਕੀ ਦੇ ਕਰਿ ਗੁਰਿਆਈ।
ਤਿਨ ਮਹੁਂ ਅਪਨੀ ਜੋਤਿ ਮਿਲਾਈ ॥੨੨॥
ਅਪਰ ਰੀਤਿ ਸੋਂ ਬਹੁ ਪਤਿਆਏ।
ਸੋ ਪ੍ਰਸੰਗ ਮੈਂ ਨਹੀਂ ਸੁਨਾਏ।
ਗੁਰਤਾ ਗਾਦੀ ਦੇ ਸਮੁਝਾਯੋ।
'ਇਹਾਂ ਨ ਰਹਿਬੋ ਤੁਮਰੋ ਭਾਯੋ ॥੨੩॥
ਗ੍ਰਾਮ ਖਡੂਰ ਸਦਨ ਕਰਿ ਰਹੀਅਹਿ।
ਜਹਿਂ ਜਹਿਂ ਅਪਨ ਸਬੰਧੀ ਲਹੀਅਹਿ।
ਸਕਲ ਸਕੇਲਹੁ ਅਪਨੇ ਪਾਸ।
ਥਿਰਹੁ ਤਹਾਂ ਲਿਹੁ ਆਨੰਦ ਰਾਸ' ॥੨੪॥
ਇਮ ਆਗਜਾ ਸੁਨਿ ਕਰਿ ਸਤਿਗੁਰ ਕੀ।
ਚਹਤਿ ਨ ਬਿਛੁਰਜੋ ਪ੍ਰੀਤੀ ਉਰ ਕੀ।
ਤਊ ਬਿਬਸ ਹੁਇ ਕਰਿ ਪਗ ਨਮੋ।
ਬ੍ਰਿਹੁ ਤੇ ਬਜਾਕੁਲ ਬਹੁ ਤਿਹ ਸਮੋ ॥੨੫॥
[1] 'ਮੋਹਿ ਸਿੰਘਾਸਨ ਸਦਨ ਭਿਰਾਈ।
ਤਹਾਂ ਬਿਰਾਜਹੁ ਕਰਹੁ ਗੁਰਾਈ।'
ਸੁਨਿ ਪ੍ਰਭੁ ਤੇ ਮਾਰਗ ਚਲਿ ਪਰੇ।
ਭਗਤਿ ਭੰਡਾਰ ਭਾਉ ਉਰ ਧਰੇ ॥੨੬॥
ਸੱਤਜਨਾਮ ਧਨ ਲੀਨਿ ਅਤੋਟ।
ਖਰਚਹਿਂ ਵਧਹਿ ਤਰੇ ਗਨ ਕੋਟਿ।
ਸਨੇ ਸਨੇ ਚਲਿ ਪਹੁੰਚੇ ਗ੍ਰਾਮ।
ਮਾਤ ਭਿਰਾਈ ਕੋ ਜਹਿਂ ਧਾਮ ॥੨੭॥
ਹਿਤ ਕਰਿ ਮਿਲੀ ਭਾਉ ਕੋ ਧਾਰਾ।
ਸਿੰਘਾਸਨ ਪਰ ਸੁਤ ਬੈਠਾਰਾ।
ਸ਼੍ਰੀ ਨਾਨਕ ਸ਼੍ਰੀ ਅੰਗਦਿ ਮਾਂਹੀ।
ਭੇਦ ਭਿਰਾਈ ਜਾਨਜੋ ਨਾਂਹੀ ॥੨੮॥
ਖੀਵੀ ਅਪਨਿ ਸਨੁਖਾ ਹੋਈ।

[1] ਗੁਰੂ ਨਾਨਕ ਜੀ ਦੇ ਵਾਕ ਹਨ।

ਕਰੀ ਹਕਾਰਨਿ ਪਹੁੰਚੀ ਸੋਈ।
ਪਤਿ ਕੀ ਸੇਵ ਕਰਨ ਮਹਿਂ ਲਾਗੀ।
ਪਤਿਬ੍ਰਤ ਧਰਮ ਦ੍ਰਿੜ੍ਹਾ ਅਨੁਰਾਗੀ ॥੨੯॥
ਖਾਨ ਪਾਨ ਪਹਿਰਨ ਸੁਧਿ ਸਾਰੀ।
ਨਿਸੁਪ੍ਰੇਹੀ[1] ਪਤਿ ਕਰਤਿ ਸੰਭਾਰੀ।
ਕਰ ਜੋਰਹਿ ਆਇਸੁ ਕੋ ਮਾਨਹਿ।
ਅਧਿਕ ਪ੍ਰੀਤ ਤੇ ਸੇਵਾ ਠਾਨਹਿ ॥੩੦॥
ਨਿਤਿਪ੍ਰਤਿ ਚਹਤਿ ਅਸਨ[1] ਪਹੁੰਚਾਵਹਿ।
ਆਇਸੁ ਪਾਇ ਦਰਸ ਕੋ ਆਵਹਿ।
ਪਾਰਬ੍ਰਹਮ ਕਰਿ ਪਤਿ ਕੋ ਜਾਨੈ।
ਮੂਰਤਿ ਧ੍ਯਾਨ ਰਿਦੈ ਸਦ ਠਾਨੈ ॥੩੧॥
ਬਿਛਰਨ ਸਮੈ ਭਨਜੋ ਸ਼੍ਰੀ ਨਾਨਕ।
'ਇਤ ਤੁਮ ਆਇ ਨ, ਜਾਹੁ ਅਚਾਨਕ[1]।
ਬਸਹੁ ਖਡੂਰ ਤਹਾਂ ਹਮ ਆਵੈਂ।
ਮਿਲਹਿਂ ਤੋਹਿ ਜਬਿ ਉਰ ਮਹਿਂ ਭਾਵੈਂ' ॥੩੨॥
ਕੇਤਿਕ ਦਿਵਸ ਬਿਤੀਤੇ ਜਬਹੂੰ।
ਦੁਇ ਦਿਸ਼ ਚਿਤ ਅਕੁਲਾਨੇ ਤਬਹੂੰ।
ਅਭਿਲਾਖਤਿ ਭੇ ਮਿਲਨ ਜ਼ਰੂਰ।
ਸ਼੍ਰੀ ਨਾਨਕ ਜੀ ਅਏ ਖਡੂਰ ॥੩੩॥
ਸ਼੍ਰੀ ਅੰਗਦ ਲਖਿ ਗੁਰ ਆਗਵਨੁ।
ਗਵਨੇ ਲੇਨਿ ਅਗਾਰੀ ਭਵਨੁ।
ਰਵਿ ਗੁਰ ਪਿਖਿ ਕਿਯ ਚਖ ਅਰਬਿੰਦ[1]।
ਪਗ ਪੰਕਜ ਮਨ ਬਨਜੋ ਮਲਿੰਦ ॥੩੪॥
ਭਰਿ ਕੌਰੀ ਪ੍ਰਭੁ ਭਏ ਅਸੀਨ।
ਵਹਰ ਗ੍ਰਾਮ ਤੇ ਥਲ ਸ਼ੁਭ ਚੀਨ।
ਸੁਨਿ ਖੀਵੀ ਦਰਸ਼ਨਿ ਕੋ ਆਈ।
ਸ਼੍ਰੀ ਗੁਰ ਦੇਖੇ ਗ੍ਰੀਵ ਨਿਵਾਈ ॥੩੫॥
ਕਹਜੋ ਗੁਰੂ 'ਪੁਰਖਾ ਤੂੰ ਧੰਨ।

[1]ਨਿਰਇੱਛਤ।

[1]ਚਾਹਿਆ ਭੋਜਨ।

[1]ਆਪਣੇ ਘਰ ਨੂੰ) ਅਚਾਨਕ ਚਲੇ ਜਾਓ (ਫੇਰ) ਇਧਰ ਨਾ ਆਉਣਾ। (ਅ) ਜਾਓ, ਇਧਰ ਅਚਾਨਕ (ਬਿਨ ਆਗਯਾ) ਨਹੀਂ ਆਉਣਾ।

[1]ਭਾਵ, ਗੁਰੂ ਜੀ ਸੂਰਜ, (ਗੁਰੂ ਅੰਗਦ ਦੇਵ ਜੀ ਦੇ) ਨੈਣ ਕਮਲ ਤੇ ਮਨ ਭੌਰਾ ਚਰਨਾਂ ਕਮਲਾਂ ਦਾ।

ਸਦਾ ਬਸੀ ਮੁਝ ਕਰਜੋ ਪ੍ਰਸੰਨ।
ਤੁਮ ਸਮ ਜਗ ਮਹਿਂ ਅਪਰ ਨ ਕੋਈ।
ਮੋ ਮਨ ਮੈਂ ਪ੍ਰਿਯ ਔਰੁ ਨ ਹੋਈ' ॥੩੬॥
ਸਰਬ ਪ੍ਰਕਾਰ ਧੀਰ ਕਹਿ ਦਯੋ।
ਮਿਲਿ ਬੋਲਨਿ ਭਾ ਸੀਤਲ ਹਿਯੋ।
ਅਤਿ ਅਨੰਦ ਕੋ ਪਾਇ ਰਹੇ ਹੈਂ।
ਪਰਮ ਪ੍ਰੇਮ ਕੇ ਬਾਕ ਕਹੇ ਹੈਂ ॥੩੭॥
ਪੁਰਿ ਕਰਤਾਰ ਗੁਰੂ ਪੁਨ ਚਲੇ।
ਸਨਮੁਖ ਸ਼੍ਰੀ ਅੰਗਦ ਜੀ ਖਲੇ।
ਜੁਗ ਮੂਰਤਿ ਇਕ ਜੋਤਿ ਪ੍ਰਕਾਸ਼ੇ।
ਹੋਤਿ ਅਨੰਦ ਬਿਲੰਦ ਹੁਲਾਸੇ ॥੩੮॥
ਕਹਿ ਸ਼੍ਰੀ ਅਗੰਦਿ 'ਸੁਨੀਅਹਿ ਨਾਥ!
ਰਾਖਹੁ ਨਿਕਟ, ਚਲੋਂ ਮੈਂ ਸਾਥ।
ਸਹਜੋ ਨ ਜਾਵੈ ਬ੍ਰਿਹਾ ਤੁਮਾਰੋ।
ਦਰਸ਼ਨ ਪਰਸਤਿ ਰਹੋਂ ਸੁਖਾਰੋ' ॥੩੯॥
ਕਹਜੋ ਗੁਰੂ 'ਤੁਮ ਮਮ ਮਨ ਮਾਂਹੀ।
ਭੇਦ ਭਾਵ ਕੁਛ ਲਖੀ ਅਹਿ ਨਾਂਹੀ।
ਗਮਨ ਕਰਤਾਰ ਪੁਰੇ ਮਮ ਜਾਨਿ।
ਤੁਮ ਨਿਸ਼ਚਲਿ ਬੈਠਹੁ ਇਸ ਥਾਨ' ॥੪੦॥
ਇਮ ਕਹਿ ਬਾਬਾ ਜੀ ਚਲਿ ਗਏ।
ਸ਼੍ਰੀ ਅੰਗਦ ਤਹਿਂ ਬੈਠਤਿ ਭਏ।
ਦ੍ਰਿੜ੍ਹ ਆਸਨ ਕਰਿ ਆਸਨ ਆਨਿ।
ਬੀਤੇ ਕਿਤਿਕ ਦਜੋਸ ਤਿਸ ਥਾਨ ॥੪੧॥
ਮੁੰਦੇ ਬਿਲੋਚਨ ਸੁਧਿ ਨ ਸ਼ਰੀਰ।
ਤ੍ਰਿਣ ਜਾਮੇ[1] ਚਹੁੰਗਿਰਦੇ ਤੀਰ।
ਕਿਤਿਕ ਅੰਗ ਛਾਦਨ ਹੁਇ ਗਏ।
ਨਰ ਤਹਿਂ ਆਵਤਿ ਦੇਖਤਿ ਭਏ ॥੪੨॥
-ਆਪੇ ਕਹਜੋ ਆਪ ਹੀ ਮਾਨੈ[1]।
ਲੀਲਾ ਗੁਪਤਿ ਨ ਕੋਊ ਜਾਨੈ-।
ਸ਼੍ਰੀ ਨਾਨਕ ਜੀ ਸਭਿ ਬਿਧਿ ਜਾਨੀ।
-ਆਸਨ ਲਾਇ ਸਮਾਧੀ ਠਾਨੀ ॥੪੩॥

[1]ਘਾਹ ਉੱਗਿਆ।

[1]ਭਾਵ ਗੁਰ ਨਾਨਕ ਰੂਪ ਹੋਕੇ ਕਹਿੰਦੇ ਹਨ, ਗੁਰੂ ਅੰਗਦ ਰੂਪ ਹੋਕੇ ਮੰਨਦੇ ਹਨ।

ਤਪ ਬਡ ਕੀਨ ਖੇਦ ਕੋ ਪਾਏ।
-ਅੰਤਰਜਾਮੀ ਤਤਛਿਨ ਆਏ।
ਪਕਰ ਜਗਾਯੋ[1], ਦਿਖਿ ਕਿਯ ਨਮੋ[2]।
ਬਸਤ੍ਰ ਮੰਗਾਏ ਪ੍ਰਭੁ ਤਿਹ ਸਮੋ ॥੪੪॥
ਸਭਿ ਪੁਸ਼ਾਕ† ਸੁੰਦਰ ਪਹਿਰਾਈ।
ਲੇ ਕਰਿ ਗਏ ਗ੍ਰਾਮ ਗੋਸਾਈਂ।
ਜਹਿਂ ਤਪ ਸ਼੍ਰੀ ਅੰਗਦ ਜੀ ਕਰਯੋ।
ਤਪਿਆਨਾ[1] ਤਹਿਂ ਨਾਮ ਸੁ ਧਰਯੋ ॥੪੫॥
ਕਹਯੋ ਬਾਕ 'ਤੁਮ ਕਯੋਂ ਤਪ ਧਾਰਾ?
ਬੈਠਨਿ ਸਹਜ ਸੁਭਾਵ ਉਚਾਰਾ।
ਵਹਿਰ ਬੈਠਿ ਤੁਮ ਦਯੋਸ ਬਿਤਾਏ।
ਦੇਖਿ ਦਸ਼ਾ ਹਮ ਆਨਿ ਜਗਾਏ ॥੪੬॥
ਤੁਵ ਦੁਖ ਤੇ ਹਮ ਨੇ ਦੁਖ ਲਹਯੋ।
ਏਕ ਭਯੋ ਕਛੁ ਭੇਦ ਨ ਰਹਯੋ।
ਮੈਂ ਤੁਮਰੇ ਹਿਤ ਤਪਯੋ ਬਿਸਾਲਾ।
ਨਿਜਾਨੰਦ ਮੈਂ ਰਹੋ ਸੁਖਾਲਾ ॥੪੭॥
ਮੈਂ ਅਪਨੋ ਬਡਿ ਦੀਨ ਸਿੰਘਾਸਨ।
ਬੈਠਹੁ ਬਹੁ ਅਨੰਦ ਲੇ ਆਸਨ†।
ਮਿਰਜਾਦਾ ਸੁ ਪੰਥ ਕੀ ਕਰੋ[1]।
ਸਿੱਖੀ ਰੀਤਿ ਜਗਤ ਬਿਸਤਰੋ' ॥੪੮॥
ਸੁਨਿ ਕੈ ਹਾਥ ਜੋਰਿ ਕਹਿ ਸੋਇ।
'ਇਹੁ ਸਭਿ ਕਾਰਜ ਤੁਮ ਤੇ ਹੋਇ।
ਆਪਿ ਸਕਲ ਬਿਧਿ ਹੋ ਸਮਰੱਥ।
ਚਹੋ ਸੁ ਕਰੋ ਤੁਮਾਰੇ ਹੱਥ' ॥੪੯॥
ਅੰਕ ਲਗਾਯੋ[1], ਭਏ ਪ੍ਰਸੰਨ।
ਭੋ ਅੰਗਦ ਤੁਮ ਕੋ ਧੰਨੁ ਧੰਨੁ।
ਤੁਮ ਮਹਿਂ ਹੁਇ ਹਮ ਕਾਰਜ ਕਰੈਂ।
ਜਗ ਉਧਾਰ ਸਿਖੀ ਬਿਸਤਰੈਂ ॥੫੦॥
ਦੋਹਰਾ:

[1]ਜਗਾਯਾ (ਗੁਰੂ ਨਾਨਕ ਜੀ ਨੇ)। [2]ਨਮਸਕਾਰ ਕੀਤੀ (ਗੁਰੂ ਅੰਗਦ ਜੀ ਨੇ)।

†ਪਾ:-ਪੋਸ਼ਿਸ਼।

[1]ਤਪਿਆਣਾ ਸਾਹਿਬ।

†ਪਾ:-ਸੁਖ ਰਾਸਨ।

[1]ਸ੍ਰੇਸ਼ਟ ਮਾਰਗ (ਭਗਤੀ) (ਅ) ਗੁਰੂ ਨਾਨਕ ਪੰਥ ਤੀ ਯਥਾ:-ਨਾਨਕ ਨਿਰਮਲ 'ਪੰਥ' ਚਲਾਯਾ। (ਭਾ: ਗੁ: ਵਾਰ ੧ ਪੌੜੀ ੪੫)।

[1]ਜੱਫੀ ਪਾਈ।

ਇਮ ਸ਼੍ਰੀ ਨਾਨਕ ਕੀ ਕਥਾ,
ਬ੍ਰਿਧ ਨੇ ਸਭਿਨਿ ਸੁਨਾਇ।
ਸੰਸੈ ਕਰੇ ਨਿਵਿਰਤ ਉਰਿ,
ਗੁਰ ਮਹਿਮਾ ਅਧਿਕਾਇ ॥੫੧॥
ਚੌਪਈ:
ਸੇਵ ਕਮਾਇ ਜਨਾਵਹਿ ਨਾਂਹੀ।
ਕੁਛ ਹੰਕਾਰ ਨ ਧਰਿ ਉਰ ਮਾਂਹੀ।
ਫਲ ਕੀ ਨਹੀਂ ਬਾਸ਼ਨਾ ਧਰੈ।
ਤੌਂ ਗੁਰੁ ਆਗੈ ਲੇਖੇ ਪਰੈ ॥੫੨॥
ਨਾਂਹਿ ਤ ਸੇਵਾ ਕਰਨ ਮਝਾਰੀ।
ਰਹੈ ਨੂਨਤਾ ਲਖੈ ਬਿਚਾਰੀ।
ਗੁਰੂ ਗੋਰ ਮਹਿ ਮੁਰਦਾ ਹੋਇ[1]।
ਪਾਵਹਿ ਭਲੇ ਪਰਮਪਦ ਸੋਇ ॥੫੩॥
ਅੰਗ ਹਿਲਾਇ ਨ ਆਪਿ ਜਨਾਵੈ।
ਗੁਰ ਭਾਣੇ ਮਹਿਂ ਨਿਤਿ ਹਰਖਾਵੈ।
ਜੇ ਗੁਰ ਜ਼ਹਰ ਦੇਇ ਸਿਖ ਹੀ ਕੋ।
ਪਾਨ ਕਰੈ[1] ਨਿਹਸੰਸੇ ਹੀ ਕੋ[2] ॥੫੪॥
ਮਨ ਜਾਨਹਿ -ਮਮ ਭਲਾ ਕਰੰਤੇ-।
ਗੁਰੁ ਦਿਸ਼ ਦੋਸ਼ ਨਹੀਂ ਚਿਤਵੰਤੇ।
ਸਿਰ ਧਰਿ ਤਲੀ ਗਲੀ ਗੁਰ ਬਰੈ[1]।
ਮ੍ਰਿਤੁ ਸਮ ਰਹੈ ਤਰਕ ਨਹਿਂ ਕਰੈ* ॥੫੫॥
ਮਹਾਂ ਕਠਿਨ ਸਤਿਗੁਰ ਕੀ ਸੇਵਾ।
ਜਿਨਹੁ ਕਰੀ ਸੇ ਜਾਨਹਿਂ ਭੇਵਾ।
ਲਹੈ ਏਕਤਾ ਗੁਰ ਮਹਿ ਸੋਈ।
ਆਵਨਿ ਜਾਨ ਨਹੀਂ ਪੁਨ ਹੋਈ ॥੫੬॥
ਕੋਟਿ ਜਨਮ ਕੋ ਭ੍ਰਮਣੋ ਰਹਜੋ।
ਦੁਲਭ ਦੇਹੁ ਕੋ ਫਲ ਜੁਤਿ ਲਹਜੋ।
ਮਹਾਂ ਕਸ਼ਟ ਤੇ ਗੁਰੂ ਬਚਾਵੈ।
ਨਹੀਂ ਅਪਰ ਤੇ ਅਸ ਫਲ ਪਾਵੈ ॥੫੭॥
ਬਡੇ ਭਾਗ ਤੇ ਲਹਿ ਗੁਰ ਸੇਵਾ।
ਧੰਨ ਪੁਰਖ ਜੋ ਜਾਨੈ ਭੇਵਾ।

[1]ਭਾਵ, ਹਉਮੈ ਤਿਆਗਕੇ ਗੁਰੂ ਆਗਿਆ ਵਿਚ ਵਰਤਣਾ।

[1]ਪੀਵੇ। [2]ਹੋਕੇ (ਅ) ਦਿਲ ਤੋਂ।

[1]ਵੜੇ।

ਪਰਮੇਸ਼ੁਰ ਜਬਿ ਹੋਇ ਪ੍ਰਸੰਨ।
ਗੁਰੂ ਮਿਲਾਇ ਬਨਾਵਹਿਂ ਧੰਨੁ ॥੫੮॥
ਗੁਰ ਪ੍ਰਸੰਨ ਹੁਇ ਸੇਵ ਕਰੰਤੇ।
ਪ੍ਰਭੂ ਮਿਲਾਇ ਕਰਹਿਂ ਭਗਵੰਤੇ[1]।
ਇਸ ਬਿਧਿ ਸਿੱਖਨ ਬਿਖੈ ਪ੍ਰਸੰਗ।
ਮਹਿਮਾ ਜਾਨ ਰਹੇ ਗੁਰੁਸੰਗ[1] ॥੫੯॥

[1]ਭਾਗਾਂ ਵਾਲੇ।

[1]ਇਸ ਤਰ੍ਹਾਂ (ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਭਾਈ ਬੁੱਢੇ ਦੇ ਕਥਨ ਕੀਤੇ) ਪ੍ਰਸੰਗ ਸਿੱਖਾਂ ਵਿਚ ਹੋਏ (ਜਿਨ੍ਹਾਂ ਤੋਂ ਗੁਰ ਸੇਵਾ ਦੀ) ਮਹਿਮਾਂ ਜਾਣਕੇ (ਅਭਿਮਾਨ ਵਿਚ ਜੋ ਆਏ ਸਨ) ਸੋ ਸੰਗ ਰਹੇ (ਭਾਵ ਸਨਮੁਖ ਰਹੇ)।

ਆਪਾ ਨਹਿਂ ਜਨਾਇਂ ਗੁਰ ਆਗੇ।
ਨਿਸ ਦਿਨ ਰਹੈਂ ਸੇਵ ਮਹਿਂ ਲਾਗੇ।
ਇਮ ਸ਼੍ਰੀ ਅੰਮ੍ਰਿਤਸਰਿ ਕਰ ਪੂਰਨ।
ਮਹਿਮਾ ਬਰਨੈਂ ਪਾਪਨ ਚੂਰਨਿ† ॥੬੦॥ ⚑

†ਪਾ:-ਆਪਿ ਹਜੂਰਨ, ਆਪਨ ਚੂਰਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਗੁਰੁ ਨਾਨਕ ਪ੍ਰਸੰਗ, ਸ਼੍ਰੀ ਅੰਮ੍ਰਿਤਸਰ ਬਨਾਵਨਿ ਪੂਰਨ ਪ੍ਰਸੰਗ' ਬਰਨਨੰ ਨਾਮ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਾਮ ਸਪਤ ਪੰਚਾਸਮੋ ਅੰਸੂ ॥੫੭॥

ਗਿਣਤੀ ਵਿਚ ਅੰਸੂ ਇਸ ਰਾਸ ਦੇ ਸਤਵੰਜਾ ਠੀਕ ਹਨ, ਪਰ ਛਾਪੇ ਤੇ ਕਈ ਲਿਖਤੀ ਨੁਸਖਿਆਂ ਵਿਚ ਅੰਕ ੫੮ ਦਿਤਾ ਹੈ ਜੋ ਵਿਚ ਕਿਤੇ ਨਾ ਕਿਤੇ ਉਕਾਈ ਹੋਈ ਹੈ, ਪਰੰਤੂ ਉਨ੍ਹਾਂ ਵਿਚ ਬੀ ਗਿਣਤੀ ਦੇ ਅੰਸੂ ਸਾਰੇ ੫੭ ਹੀ ਹਨ।

⚑ਕਈ ਲਿਖਤੀ ਨੁਸਖਿਆਂ ਵਿਚ ਇਹ ਅੰਸੂ ੫੦ ਅੰਗ ਤੇ ਸਮਾਪਤਿ ਹੋਇਆ ਹੈ, ਕਿਸੇ ਕਿਸੇ ਵਿਚ ਅੰਕ ੬੦ ਤੇ ਮੁਕਾ ਹੈ ਤੇ ਰਾਸ ਦੂਸਰੀ ਪੂਰਨ ਹੋਈ ਹੈ, ਪਰੰਤੂ ਇਕ ਲਿਖਤੀ ਨੁਸਖੇ ਵਿਚ ਅੰਕ ੬੦ ਤੋਂ ਅਗੇ ਇਹ ਪਾਠ ਬੀ ਹੈ:-

ਪਠੈ ਸੁਨੈ ਸੋ ਪਰਮਗਤਿ ਪਾਵੈ। ਅੰਤੁ ਸਮੈਂ ਗੁਰ ਮਾਂਹਿ ਸਮਾਵੈ।
ਰਾਸ ਦੂਸਰੀ ਭਈ ਸਮਾਪਤਿ। ਕਰਿ ਵਿਚਾਰ ਸਿਖ ਨਿਰਮੁਲ ਆਤਮੁ ॥੬੧॥
ਸ਼੍ਰੀ ਗੁਰ ਨਾਨਕ ਅੰਗਦੁ ਚੰਦੁ। ਅਮਰੁ ਦਾਸੁ ਰਾਮੁਦਾਸੁ ਮੁਕੰਦੁ।
ਸ਼੍ਰੀ ਅਰਜਨ ਗੁਰ ਹਰਿ ਗੋਬਿੰਦ। ਸ਼੍ਰੀ ਹਰਿਰਾਇ ਹਰਿ ਕ੍ਰਿਸ਼ਨ ਬਿਲੰਦੁ ॥੬੨॥
ਤੇਗੁ ਬਹਾਦਰ ਸਭਿ ਜਗੁ ਮਾਲਕ। ਗੋਬਿੰਦ ਸਿੰਘੁ ਹਿੰਦੁ ਧ੍ਰਮ ਪਾਲਕੁ।
ਦਸੋ ਗੁਰੂ ਪੂਰਨ ਅਵਤਾਰੁ। ਕਵਿ ਸੰਤੋਖ ਸਿੰਘ ਬੰਦਨੁ ਧਾਰੁ ॥੬੩॥

ਛਾਪੇ ਦੇ ਨੁਸਖੇ ਵਿਚ ਹੇਠ ਲਿਖੀਆਂ ਇਹ ਸਤਰਾਂ ਵਾਧੂ ਹਨ ਜੋ ਪ੍ਰਤੱਖ ਜਾਪਦਾ ਹੈ ਕਿ ਕਿਸੇ ਨੇ ਆਪ ਠੱਪ ਕੇ ਪਾਈਆਂ ਹਨ। ਇਕ ਲਿਖਤੀ ਨੁਸਖੇ ਵਿਚ ਅੰਸੂ ਮੁੱਕ ਕੇ ਮਗਰੋਂ ਹੋਰ ਸ਼ਾਹੀ ਤੇ ਹੋਰ ਦਸਖਤਾਂ ਵਿਚ ਏਹੀ ਸਤਰਾਂ ਹੈਨ ਜੋ ਅਸੀਂ ਅਗੇ ਦੇਂਦੇ ਹਾਂ, ਜੋ ਕਿ ਛਾਪੇ ਦੇ ਨੁਸਖੇ ਤੋਂ ਕਿਸੇ ਓਥੇ ਮਗਰੋਂ ਉਤਾਰੀਆਂ ਹੈਨ:

ਦੋਹਰਾ:
ਮਹਿਮਾ ਸਤਿਗੁਰ ਧਾਮ ਕੀ ਬਰਨਨ ਕਹੀ ਸੁਨਾਇ।
ਵਕਤੇ ਸੁਨਤੇ ਦੁਹਿਨ ਕੇ ਸਤਿਗੁਰ ਹੋਇਂ ਸਹਾਇ ॥੬੧॥

ਚੌਪਈ:
ਸਤਿਜੁਗ ਮੈਂ ਇੱਖ੍ਵਾਕ ਸਰ ਨਾਮ। ਤ੍ਰੇਤੇ ਮਹਿ ਸੁਰ ਸੁਧਾ ਬਖਾਨ।
ਦ੍ਵਾਪਰ ਨਾਮ ਰਾਮਸਰ ਜੋਵਾ। ਕਲਜੁਗ ਮੈਂ ਅੰਮ੍ਰਿਤਸਰ ਹੋਵਾ ॥੬੨॥

ਜੁਗਾ ਜੁਗੰਤਰ ਤੀਰਥ ਏਹੂ। ਜੋ ਪਰਸੈ ਸੋਈ ਫਲ ਲੇਹੂ।
ਜੋ ਏਹੁ ਕਥਾ ਸੁਨੇ ਧਰਿ ਧ੍ਯਾਨ। ਤਿਸ ਨਰ ਕੀ ਹੋਵਹਿ ਕੱਲ੍ਯਾਨ ॥੬੩॥
ਸਭ ਤੋਂ ਪੁਰਾਤਣ ਕਲਮੀ ਨੁਸਖੇ ਵਿਚ (ਜੋ ੧੯੧੯ ਬਿ: ਦਾ ਹੈ) ਬੀ ਇਹ ਉਪਰਲੀਆਂ ਸਤਰਾਂ ਨਹੀਂ ਹਨ।

ਦੁਤੀਆ ਰਾਸ ਸਮਾਪਤੰ† ॥

†ਕਿਤੇ ਕਿਤੇ ਪਾਠ ਹੈ-ਦੁਤੀਆ ਰਾਸ ਸੰਪੂਰਨੰ। ਛਾਪੇ ਵਿਚ ਹੈ-ਇਤਿ ਦੁਤੀਆ ਰਾਸਿ ਸਮਾਪਤੰ ਮਸਤੁੰ ਸ਼ੁਭ ਮਸਤੁ।
†ਪਾ:-ਆਪਿ ਹਜੂਰਨ, ਆਪਨ ਰੂਰਨ।

-o-

[ਦੂਜੀ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਤੀਸਰੀ Raas 3

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji's Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

# ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

# ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

# ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

# ਤਤਕਰਾ ਰਾਸਿ ਤੀਜੀ

# ਰਾਸਿ ਤੀਸਰੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ

ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫<br>ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ<br>ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ

ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਪਹਿਲੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਤੀਜੀ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | ੬੦ | ੬੧ |
| | | ੬੨ | ੬੩ | ੬੪ | ੬੫ | ੬੬ | ੬੭ | ੬੮ | ੬੯ | |

# ਤਤਕਰਾ ਰਾਸਿ ਤੀਜੀ

## ਰਾਸਿ ਤੀਸਰੀ


੧ ਅਥ ਤ੍ਰਿਤਿਯ ਰਾਸਿ ਕਥਨੰ ॥

ਅੰਸੂ ੧. [ਮੰਗਲ। ਗੁਰੂ ਘਰ ਐਸ਼੍ਵਰਜ]

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨. ਇਸ਼੍ਟ ਦੇਵ-ਅਕਾਲ ਪੁਰਖ-ਮੰਗਲ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ-ਮੰਗਲ।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

੮. ਇਸ਼੍ਟ ਗੁਰੂ-ਸ਼੍ਰੀ ਗੁਰ ਹਰਿ ਗੋਵਿੰਦ ਜੀ-ਮੰਗਲ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੧੧. ਇਸ਼੍ਟ ਗੁਰੂ-ਸ਼੍ਰੀ ਗੁਰ ਤੇਗ ਬਹਾਦਰ ਜੀ-ਮੰਗਲ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿਘ ਜੀ-ਮੰਗਲ।

੧੩. ਸਮਸਤ ਗੁਰ ਮੰਗਲ।

[ਮੰਗਲ ਸਮਾਪਤ। ਗੁਰਾਂ ਦੀ ਕਥਾ ਦਾ ਅਰੰਭ]

੨ ੨. [ਮਾਤਾ ਜੀ ਦੀ ਸਪੁੱਤ੍ਰ ਹਿਤ ਯਾਚਨਾ ਤੇ ਗੁਰੂ ਜੀ ਦੀ ਆਗਯਾ]

੩ ੩. [ਮਾਤਾ ਗੰਗਾ ਜੀ ਨੂੰ ਬੁੱਢਾ ਜੀ ਨੇ ਵਰ ਦਿੱਤਾ]

੪ ੪. [ਸ਼੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ]

੫ ੫. [ਬਾਬਾ ਬੁੱਢਾ ਜੀ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਨ ਆਏ]

੬ ੬. [ਕਰਮੋ ਤੇ ਪ੍ਰਿਥੀਏ ਦੀ ਸਲਾਹ। ਦਾਈ ਲੱਭਣੀ]

੭ ੭. [ਜ਼ਹਿਰ ਦੇਣ ਵਾਲੀ ਦਾਈ ਦੀ ਮੌਤ]

੮ ੮. [ਦਾਈ ਦੀ ਰੂਹ ਨੇ ਅਪਣੀ ਪਿਛਲੀ ਕਥਾ ਸੁਣਾਈ]

੯ ੯. [ਸ਼੍ਰੀ ਹਰਿਗੋਵਿੰਦ ਜੀ ਨੇ ਸਰਪ ਨੂੰ ਉਧਾਰਿਆ]

੧੦ ੧੦. [ਰਾਤ ਨੂੰ ਦੇਵਤੇ ਚਰਨ ਪਰਸਨ ਆਏ]

੧੧ ੧੧. [ਸ਼੍ਰੀ ਅੰਮ੍ਰਿਤਸਰ ਵਾਪਸ ਆਏ]

੧੨ ੧੨. [ਸ਼੍ਰੀ ਹਰਿ ਗੋਵਿੰਦ ਜੀ ਦੇ ਸੀਤਲਾ ਨਿਕਲੀ]

੧੩ ੧੩. [ਪ੍ਰਿਥੀਏ ਦੀ ਝੂਠੀ ਗੋਂਦ। ਸਤਿਗੁਰਾਂ ਤੇ ਭਰੋਸਾ ਰੱਖਣ ਤੇ ਸੀਤਲਾ ਮੁੜੀ]

੧੪ ੧੪. [ਸੀਤਲਾ ਕੋ ਪ੍ਰਸੰਗ]

੧੫ ੧੫. [ਬ੍ਰਾਹਮਣ ਵਲੋਂ ਜ਼ਹਿਰ]

੧੬ ੧੬. [ਕੁੱਤਾ ਜ਼ਹਿਰ ਵਾਲਾ ਦਹੀਂ ਖਾ ਮਰ ਗਿਆ]

੧੭ ੧੭. [ਮਰੇ ਦਿਜ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ]

੧੮ ੧੮. [ਪ੍ਰਿਥੀਏ ਦਾ ਝਗੜਨਾ]

੧੯ ੧੯. [ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ]

੨੦ ੨੦. [ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ]

੨੧ ੨੧. [ਮਹਾਂਦੇਵ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸੰਬਾਦ]

੨੨ ੨੨. [ਪ੍ਰਿਥੀਆ ਸੁਲਹੀ ਨੂੰ ਮਿਲਿਆ। ਹੇਹਰਿ]

੨੩ ੨੩. [ਪ੍ਰਿਥੀਏ ਨੇ ਹੇਹਰ ਵਿਖੇ ਤਾਲ ਲਗਵਾਇਆ]

੨੪ ੨੪. [ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ]

੨੫ ੨੫. [ਭਾਈ ਗੁਰਦਾਸ ਜੀ ਵਾਪਸ ਆਏ]

੨੬ ੨੬. [ਜਹਾਂਗੀਰ ਨੂੰ ਪ੍ਰਿਥੀਆ ਮਿਲਿਆ]

੨੭ ੨੭. [ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ। ਕੋਠਾ ਬਨਾਯਾ]

੨੮ ੨੮. [ਠਾਕੁਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ]

੨੯ ੨੯. [ਬ੍ਰਾਹਮਣ ਸਿੱਖ ਹੋਯਾ। ਸ਼ਹਿਰ ਦੇ ਬਾਣੀਆਂ ਨੇ ਬੇਨਤੀ ਕੀਤਾ]

੩੦ ੩੦. [ਸ਼੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ]

੩੧ ੩੧. [ਸ਼੍ਰੀ ਹਰਿਗੋਵਿੰਦ ਜੀ ਪੜ੍ਹਨੇ ਬੈਠੇ]

੩੨ ੩੨. [ਪੰਡਿਤ। ਪੈੜੇ ਨੇ ਪ੍ਰਾਣ ਸੰਗਲੀ ਲਿਆਂਦੀ]

੩੩ ੩੩. [ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋ ਪੋਥੀਆਂ ਲੈਣ ਗਏ]

੩੪ ੩੪. [ਸ਼੍ਰੀ ਗੁਰੂ ਅਰਜਨ ਜੀ ਪੋਥੀਆਂ ਲੈਣ ਗਏ]

੩੫ ੩੫. [ਗੁਰਬਾਣੀ ਦੀਆਂ ਪੋਥੀਆਂ ਲਈਆਂ। ਮੋਹਨ ਜੀ]

੩੬ ੩੬. [ਬਾਬਾ ਮੋਹਰੀ ਜੀ ਮਿਲੇ]

੩੭ ੩੭. [ਖਡੂਰ ਸਾਹਿਬ ਦਾਤੂ ਜੀ ਮਿਲੇ]

੩੮ ੩੮. [ਦਾਤੂ ਜੀ ਦੇ ਪੈਰ ਦਾ ਦਰਦ ਹਟਾਯਾ]

੩੯ ੩੯. [ਸ਼੍ਰੀ ਅੰਮ੍ਰਿਤਸਰ ਪੁੱਜੇ। ਇਕਾਂਤ ਥਾਂ ਪਸੰਦ ਕੀਤੀ]

੪੦ ੪੦. [ਰਾਮ ਸਰ]

੪੧ ੪੧. [ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ]

੪੨ ੪੨. [ਭਗਤ ਬਾਣੀ ਚੜ੍ਹਾਈ]

੪੩ ੪੩. [ਸੁਖਮਨੀ। ਸੱਤਾ ਬਲਵੰਡ]

੪੪ ੪੪. [ਸੱਤਾ ਬਲਵੰਡ। ਭਾਈ ਲੱਧਾ ਪਰਉਪਕਾਰੀ]

੪੫ ੪੫. [ਸੱਤਾ ਬਲਵੰਡ ਬਖਸ਼ੇ]

| | |
|---|---|
| ੪੬ | ੪੬. [ਕਾਨ੍ਹਾ, ਪੀਲੋ, ਅਦਿ ਭਗਤ ਆਏ] |
| ੪੭ | ੪੭. [ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਤ, ਸਲੋਕ ਸਹੰਸਕ੍ਰਿਤੀ] |
| ੪੮ | ੪੮. [ਵੇਦ ਭੱਟਾਂ ਦਾ ਰੂਪ ਧਰ ਆਏ] |
| ੪੯ | ੪੯. [ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ] |
| ੫੦ | ੫੦. [ਸ੍ਰੀ ਹਰਿਮੰਦਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ] |
| ੫੧ | ੫੧. [ਭਾਈ ਤਿਲੋਕੇ ਦੀ ਕਾਠ ਦੀ ਤਲਵਾਰ। ਭਾਈ ਕਟਾਰੂ ਦਾ ਘੱਟ ਵੱਟਾ] |
| ੫੨ | ੫੨. [ਭਾਈ ਪੁਰੀਆ, ਚੂਹੜ ਤੇ ਭਾਈ ਪੈੜਾ, ਦੁਰਗਾ ਪ੍ਰਤਿ ਉਪਦੇਸ਼] |
| ੫੩ | ੫੩. [ਬਾਲਾ ਕਿਸ਼ਨਾ ਆਦਿ ਸਿੱਖਾਂ ਪ੍ਰਤੀ ਉਪਦੇਸ਼] |
| ੫੪ | ੫੪. [ਲਾਲੂ ਬਾਲੂ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੫੫ | ੫੫. [ਗੰਗੂ ਨਾਊ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੫੬ | ੫੬. [ਮੂਲਾ ਸੁਜਾ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੫੭ | ੫੭. [ਨਾਊ ਭੋਲੂ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੫੮ | ੫੮. [ਵਿੱਸਾ ਗੋਪੀ ਆਦ ਸਿੱਖਾਂ ਪ੍ਰਤਿ ਉਪਦੇਸ਼] |
| ੫੯ | ੫੯. [ਕਪੂਰ ਦੇਉ ਆਦਿ ਸਿੱਖਾਂ ਪ੍ਰਤੀ ਉਪਦੇਸ਼] |
| ੬੦ | ੬੦. [ਮੋਹਣ ਆਦਿ ਸਿੱਖਾਂ ਪ੍ਰਤੀ ਉਪਦੇਸ਼] |
| ੬੧ | ੬੧. [ਧੁੱਟੇ ਜੋਧਾ ਆਦਿ ਸਿੱਖਾਂ ਪ੍ਰਤੀ ਉਪਦੇਸ਼] |
| ੬੨ | ੬੨. [ਸੇਠਾ ਉਗਵੰਦਾ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੬੩ | ੬੩. [ਰਾਮਾ ਝੰਝੀ ਆਦਿ ਸਿੱਖਾਂ ਪ੍ਰਤੀ ਉਪਦੇਸ਼] |
| ੬੪ | ੬੪. [ਕੱਲਜਾਣ, ਭਾਨੂੰ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੬੫ | ੬੫. [ਭਾਈ ਰੂਪ ਚੰਦ, ਭੀਵਾ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੬੬ | ੬੬. [ਹਰਬੰਸ ਤਪਾ ਮੁਰਾਰੀ ਆਦਿ ਸਿੱਖਾਂ ਪ੍ਰਤਿ ਉਪਦੇਸ਼] |
| ੬੭ | ੬੭. [ਜੈਤਾ ਨੰਦਾ ਆਦਿ ਸਿੱਖਾਂ ਪ੍ਰਤਿ ਉਪਦੇਸ਼। ਤਰਨ ਤਾਰਨ] |
| ੬੮ | ੬੮. [ਤਰਨ ਤਾਰਨ ਸਰੋਵਰ] |
| ੬੯ | ੬੯. [ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ] |

# ਰਾਸ਼ਿ ਤੀਸਰੀ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੇ ਫਤੇ† ॥

†ਅਰਥਾਂ ਲਈ ਦੇਖੋ ਪਿਛੇ ਦੂਸਰੀ ਰਾਸਿ ਦਾ ਆਰੰਭ।

# ਅਥ ਤ੍ਰਿਤਿਯ ਰਾਸਿ ਕਥਨੰ ॥

## ਅੰਸੂ ੧. [ਮੰਗਲ। ਗੁਰੂ ਘਰ ਐਸ੍ਵਰਜ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

### ੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

**ਸਾਰਸੁਤੀ ਸਰਿਤਾ ਵਹੋ ਬਾਕ ਤਰੰਗ ਵਿਚਾਰ ॥**

ਸਰਿਤਾ-ਨਦੀ। ਬਾਕ = ਵਾਕ੍ਯ, ਸੁਹਣੇ ਵਾਕ। ਬਿਚਾਰ = ਵਿਚਾਰ, ਉੱਤਮ ਖਿਆਲ, ਭਾਵ ਹੈ ਕਿ ਸੁਹਣੇ ਵਾਕਾਂ ਵਿਚ ਉੱਚੇ ਖ੍ਯਾਲ ਹੋਣ। ਵਿਚਾਰ ਰਹਤ ਸੁਹਣੇ ਵਾਕਾਂ ਵਾਲੀ ਕਵਿਤਾ ਨਾ ਰਚਾਂ।

**ਚਾਰੁ ਸੁ ਮਮ ਮਾਨਸ ਬਿਖੈ, ਜਾਨੋਂ ਸਾਰ ਅਸਾਰ ॥੧॥**

ਚਾਰੁ = ਸੁੰਦਰ। ਮਾਨਸ = ਮਾਨ ਸਰੋਵਰ। ਸਾਰ ਅਸਾਰ = ਸੱਚ, ਨਾ ਸੱਚ। ਉਹ ਸਾਖੀਆਂ ਜੋ ਠੀਕ ਠੀਕ ਹਨ ਤੇ ਓਹ ਜੋ ਠੀਕ ਨਹੀਂ ਹਨ। (ਅ) ਅਥਵਾ ਆਪਣੀ ਕਵਿਤਾ ਨੂੰ ਕਹਿੰਦੇ ਹਨ, ਸਾਰ ਕਵਿਤਾ ਤੇ ਅਸਾਰ ਕਵਿਤਾ ਦੀ ਪਰਖ ਕਰਕੇ ਰਚਨਾ ਰਚਾਂ।

ਅਰਥ:

(ਹੇ) ਸਰਸ੍ਵਤੀ! ਤੂੰ ਨਦੀ (ਵਾਂਙੂ ਜ਼ੋਰਦਾਰ ਹੋਕੇ) ਵਗ ਪਉ (ਜਿਸ ਵਿਚ ਕਿ) ਵਾਕਾਂ ਦੇ ਤਰੰਗ ਉੱਠਣ (ਤੇ) ਵਿਚਾਰ (ਦੀਆਂ ਲਹਿਰਾਂ ਪੈਣ ਅਤੇ) ਮੇਰੇ ਸੁਹਣੇ ਮਾਨਸਰੋਵਰ (ਵਰਗੇ ਮਨ) ਵਿੱਚ (ਆਕੇ ਪਉ ਤਾਂ ਜੋ ਮੈਂ ਆਪਣੀ ਰਚਨਾ ਲਿੱਖਣ ਵੇਲੇ) ਸੱਚੀ ਤੇ ਨਾ ਸੱਚੀ (ਗੱਲ) ਨੂੰ ਪਰਖ ਲਵਾਂ।

ਭਾਵ:

ਸਰਸ੍ਵਤੀ ਦਾ ਖ੍ਯਾਲ ਹਿੰਦ ਵਿਚ ਸਰਸ੍ਵਤੀ ਨਦੀ ਤੋਂ ਚਲਿਆ ਹੈ, ਵਿਸਥਾਰ ਲਈ ਦੇਖੋ ਸ੍ਰੀ ਗੁ: ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੨। ਉਸੇ ਖਿਆਲ ਦੀ ਉਡਾਰੀ ਵਿਚ ਕਵਿ ਜੀ ਆਪਣੇ ਮਨ ਨੂੰ ਮਾਨ ਸਰੋਵਰ ਝੀਲ ਬਣਾਉਂਦੇ ਹਨ ਤੇ ਅਰਸ਼ੀ ਕਵਿਤਾ ਦੇ ਰੌ ਨੂੰ ਸਰਸ੍ਵਤੀ ਨਦੀ ਦਾ ਰੂਪਕ ਦੇਕੇ ਆਖਦੇ ਹਨ ਕਿ ਸੁਹਣੇ ਖਿਆਲਾਂ ਦੇ ਗੁਲਦਸਤੇ ਵਾਂਗੂੰ ਗੁੰਦੇ ਵਾਕਾਂ ਨਾਲ ਸਜੀ ਕਵਿਤਾ ਦੀਆਂ ਠਾਠਾਂ ਮਾਰਵੀਂ ਰੌ ਲੈਕੇ ਮੇਰੇ ਹਿਰਦੇ ਵਿਚ ਆ ਜੋ ਮੈਂ ਆਪਣੀ ਕਵਿਤਾ ਰਚਾਂ ਤੇ ਉਸ ਕਵਿਤਾ ਵਿਚ ਕਹੀ ਜਾਣ ਵਾਲੀ ਕਥਾ ਨਿਰਦੂਖਨ ਵਰਣਨ ਕਰਾਂ।

ਹੋਰ ਅਰਥ:

ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਪਰ ਜੇ ਪੂਰਾ ਘਟਾਉਣ ਦਾ ਜਤਨ ਕਰੀਏ ਤਾਂ ਉੱਪਰਲੇ ਦ੍ਰਿਸ਼ਟਾਂਤ ਵਿਚ ਇਕ ਨ੍ਯੂਨਤਾ ਹੈ ਕਿ ਸਰਸ੍ਵਤੀ ਮਾਨ ਸਰੋਵਰ ਵਿਚ ਨਹੀਂ ਪੈਂਦੀ, ਇਸ ਲਈ ਐਉਂ ਭਾਵ ਲਈਏ ਕਿ ਨਦੀ ਥਲ ਪੁਰ ਚਲਦੀ ਹੈ, ਏਥੇ ਥਲ ਹੈ ਮਾਨਸ, ਮਾਨਸ ਦਾ ਇਕ ਅਰਥ ਹੈ 'ਮਨ ਸਮੇਤ ਅੰਤਹਕਰਣ ਸਾਰਾ।' ਸੋ ਮੇਰੇ ਅੰਤਹਕਰਣ ਰੂਪੀ ਭੂਮਿਕਾ ਉਤੇ ਹੇ ਸਰਸ੍ਵਤੀ ਤੂੰ ਆਕੇ ਵਿਚਰ। ਜਿਸ ਭੂਮਿ ਤੇ ਸ੍ਵੱਛ ਨਦੀ ਵਗੇ ਉਸ ਤੇ ਪਏ ਪੱਥਰ,

ਘੋਂਗੇ, ਹੀਰੇ, ਲਾਲ ਸਭ ਦਿੱਸ ਪੈਂਦੇ ਹਨ, ਸੋ ਜਦ ਤੂੰ ਮੇਰੇ ਅੰਤਹਕਰਣ ਰੂਪੀ ਬਲ ਤੇ ਵਗੇਂਗੀ ਤਾਂ ਸਾਰ ਅਸਾਰ ਰੂਪੀ ਹੀਰੇ, ਪੱਥਰ ਮੈਨੂੰ ਦਿੱਸ ਪੈਣਗੇ। ਇਸ ਅਰਥ ਵੇਲੇ 'ਚਾਰੁ' ਦਾ ਅਰਥ ਕਰਾਂਗੇ ਵਿਚਰ, ਸਾਡੀ ਰਿਦੇ ਭੂਮੀ ਉਤੇ ਆਕੇ ਵਿਚਰ, ਟੁਰ। ਚਾਰ ਦਾ ਇਹ ਅਰਥ ਸੰਸਕ੍ਰਿਤ ਚਰ੍ = ਚਲਣਾ ਧਾਤੂ ਤੋਂ ਲਈਦਾ ਹੈ।

੨. ਇਸ਼੍ਰ ਦੇਵ-ਅਕਾਲ ਪੁਰਖ-ਮੰਗਲ।

ਸੈਯਾ:

**ਕਰਤਾ ਜਗ ਕੇਰ ਸੁਰਾਸਰ ਕੋ ਨਿਸ ਦਯੋਸ ਚਰਾਚਰ ਕੋ ਭਰਤਾ।**

ਕੇਰ = ਦਾ। ਸੁਰਾਸਰ = ਸੁਰ+ਅਸੁਰ = ਦੇਵਤੇ ਤੋਂ ਲੈ ਦੈਂਤ ਤੱਕ। ਨਿਸਦਯੋਸ = ਰਾਤ ਤੇ ਦਿਨ। ਚਰਾਚਰ = ਚਰ+ਅਚਰ = ਜੋ ਚੱਲ ਸਕੇ ਤੇ ਜੋ ਨਾ ਚਲ ਸਕੇ। ਚੇਤਨ ਤੇ ਜੜ੍ਹ ਜੀਵ ਜੰਤੂ, ਪਸ਼ੂ ਪੰਖੀ, ਮਾਨੁੱਖ, ਬ੍ਰਿੱਛ ਬੂਟੇ ਖਾਣੀਆਂ ਆਦਿ। ਭਰਤਾ = ਭਰਨੇ ਵਾਲਾ। ਪਾਲਨ ਵਾਲਾ [ਸੰਸ: ਭਰ੍ਤ੍ਰਿ]

**ਭਰਤਾ ਸਭਿ ਕੋ ਪਰਮੇਸ਼੍ਵਰ ਪੂਰਨ ਦਾਸ ਬਿਨੈ ਨਿਤ ਆਚਰਤਾ।**

ਭਰਤਾ = ਪਤੀ। ਸ੍ਵਾਮੀ [ਸੰਸ: ਭਰ੍ਤ੍ਰ] ਆਚਰਤਾ = ਆਚਰਣ ਵਾਲਾ ਜੋ ਮਰ੍ਯਾਦਾ ਮੂਜਬ ਬੰਨ੍ਹਿਆ ਹੋਵੇ। ਅਨੁਸਾਰੀ, ਅਨੁਕੂਲ। [ਸੰਸ: ਆਚਰਿਤ] (ਅ) ਗ੍ਰਹਣ ਕਰਨ ਵਾਲਾ। (ੲ) ਸਫਲ ਕਰਨ ਵਾਲਾ।

**ਚਰਿਤਾ ਜਿਸ ਕੇ ਨ ਲਖੇ ਪਰ ਹੈਂ ਮੁਨਿ ਸ਼ੇਸ਼ ਗਿਰਾ ਕਹਿ ਅੱਛਰਤਾ।**

ਚਰਿਤਾ = ਚਰਿੱਤ੍ਰ। ਨ ਲਖੇ ਪਰ ਹੈਂ = ਨਹੀਂ ਸਮਝੇ ਜਾ ਸਕਦੇ। ਗਿਰਾ = ਸਰਸ੍ਵਤੀ। ਅੱਛਰਤਾ = ਨਾਸ਼ ਨ ਹੋਣ ਵਾਲਾ [ਸੰਸ: ਅਕਸ਼ਰ] (ਅ) ਅਛਰ, ਅ+ਛਲ = ਜੋ ਛਲਿਆ ਨਾ ਜਾਵੇ। (ੲ) ਅਕਸ਼ਯ = ਜੋ ਨਾਸ਼ ਨਾ ਹੋਵੇ।

**ਛਰਤਾ ਮਤਿ ਕੋ ਲਖਿ ਚਾਤੁਰਤਾ ਤਜਿ, ਆਤੁਰਤਾ ਗਹਿ, ਸੰਕਰਤਾ ॥ ੨ ॥**

ਛਰਤਾ ਮਤਿ ਕੋ = ਛਾਲਨ ਵਾਲਾ ਬੁੱਧੀ ਦਾ, ਮੁਰਾਦ ਹੈ ਜਿਸ ਦੇ ਮਿਲਿਆਂ ਬੁੱਧੀ ਨਾ ਰਹੇ। ਜਦ ਵਾਹਿਗੁਰੂ ਦਾ ਕਿਸੇ ਪ੍ਰਕਾਰ ਝਲਕਾ ਪਵੇ ਤਾਂ ਪਹਿਲਾਂ 'ਮਨ ਤੇ ਬੁੱਧਿ' ਮਾਨੋ ਬਿਲਾ ਜਾਂਦੇ ਹਨ। ਇਸ ਤੋਂ ਮੁਰਾਦ ਵਾਹਿਗੁਰੂ ਦੇ ਅਤਿ ਸੁਹਣੇ ਤੇ ਮਨ ਬੁੱਧੀ ਤੋਂ ਪਰੇ ਹੋਣ ਦੀ ਹੈ। (ਅ) ਸਾਰੀਆਂ ਬੁੱਧੀਆਂ ਨੂੰ ਮਾਤ ਕਰ ਦੇਣ ਵਾਲਾ। (ੲ) ਨਿਯਮ ਤੋਂ ਬਾਹਰ, ਭਾਵ ਬੇਅੰਤ। ਆਤੁਰਤਾ = ਨਿੰਮ੍ਰਤਾ, ਆਜਜ਼ੀ। ਸੰਕਰਤਾ = ਸੰ+ਕਰਤਾ, ਕੱਲਜਾਨ ਕਰਨ ਵਾਲਾ [ਸੰ = ਭਲਜਾਈ, ਕੱਲਜਾਨ। ਕਰਤਾ = ਕਰਨ ਵਾਲਾ]

ਅਰਥ:

ਦੇਵਤੇ (ਤੋਂ ਲੈ) ਦੈਤਾਂ (ਤੱਕ) (ਸਾਰੇ) ਜਗਤ ਦਾ (ਜੋ) ਕਰਤਾਰ ਹੈ, (ਅਤੇ ਜੋ) ਦਿਨ ਰਾਤ ਜੜ੍ਹ ਚੇਤਨ ਨੂੰ ਪਾਲਣ ਵਾਲਾ ਹੈ, (ਫੇਰ ਜੋ) ਸਭ ਦਾ ਸ੍ਵਾਮੀ ਹੈ, (ਉਹ) ਪਰਮੇਸ਼ੁਰ (ਸਾਰੇ ਪਰੀ) ਪੂਰਨ ਹੈ, (ਇਤਨਾਂ ਬੜਾ ਹੋਕੇ ਉਹ ਫਿਰ) ਸਦਾ ਦਾਸਾਂ ਦੀਆਂ ਬੇਨਤੀਆਂ ਦੇ ਅਨੁਕੂਲ ਹੈ। (ਫਿਰ ਇਤਨਾਂ ਬੇਅੰਤ ਹੈ ਕਿ) ਜਿਸਦੇ ਚਰਿੱਤ੍ਰ ਸਮਝੇ ਨਹੀਂ ਜਾ ਸੱਕਦੇ, ਮੁਨੀ ਤੇ ਸ਼ੇਸ਼ ਤੇ ਸਰਸ੍ਵਤੀ (ਜਿਸ ਨੂੰ) ਨਾਸ਼ ਨਾ ਹੋਣ ਵਾਲਾ ਆਖਦੇ ਹਨ। (ਤਾਂਤੇ ਹੇ ਮਨ ਉਸਨੂੰ ਵਰਣਨ ਕਰਨ ਵਿੱਚ ਤੂੰ ਅਪਣੀ) ਚਤੁਰਾਈ ਛੱਡ, (ਉਸਨੂੰ ਪਰਮ) ਸੁੰਦਰ ਜਾਣਕੇ (ਜਾਂ ਮਨ ਬੁਧੀ ਤੋਂ ਪਰੇ ਜਾਣਕੇ) ਨਿੰਮ੍ਰਤਾ ਧਾਰਣ ਕਰ ਤਾਂ ਜੋ (ਉਹ) ਤੇਰਾ ਕੱਲਜਾਨ ਕਰਤਾ ਹੋਵੇ।

੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਕਬਿੱਤ:

ਮਿਟਿ ਕੈ ਬਿਕਾਰਨਿ ਤੇ ਸ਼ਰਨ ਪਰੀਜੈ ਨਿਤ,
ਨਾਮ ਕੇ ਉਚਾਰਨ ਤੇ ਮੋਹ ਜਾਤਿ ਘਟਿ ਕੈ।

ਮਿਟਿਕੈ = ਹਟਕੇ, ਬਚਕੇ, ਦੂਰ ਰਹਿਕੇ। (ਅ) ਮਿਟਿ = ਹਟਣਾ।
ਕੈ = ਕਰ ਜਾਂਦੇ ਹਨ, ਭਾਵ, ਦੂਰ ਹੋ ਜਾਂਦੇ ਹਨ। ਮੋਹ ਜਾਤਿ ਘਟਿਕੈ = ਮੋਹ ਜਾਂਦਾ ਹੈ ਘਟਿਕੈ। ਭਾਵ ਮੋਹ ਘਟ ਜਾਂਦਾ ਹੈ। (ਅ) ਘਟਿਕੈ = ਵਿਚੋਲਾ। ਤੁਕ ਦਾ ਅਰਥ ਬਣੇਗਾ = ਜਿਸ ਵਿਚੋਲੇ ਦਾ ਨਾਮ ਉਚਾਰਨ ਨਾਲ ਮੋਹ ਜਾਂਦਾ ਰਹਿੰਦਾ ਹੈ। ਸਤਿਗੁਰੂ ਜੀ ਨੂੰ ਮਿੱਤ੍ਰ ਵਿਚੋਲਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਹੈ। [ਸੰਸ: ਘਟਕ = ਵਿਚੋਲਾ]

ਘਟ ਕੈ ਮਝਾਰ ਧਯਾਨ ਧਾਰਨਿ ਤੇ, ਪਾਰ ਹੋਹਿ
ਮਨ ਟਿਕ ਜਾਇ ਬਿਸ਼ਿਯਾਨ ਤੇ ਉਲਟਿ ਕੈ।

ਘਟ ਕੈ = ਹਿਰਦੇ ਦੇ, ਦਿਲ ਦੇ। ਬਿਸ਼ਿਯਾਨ = ਵਿਸ਼ਿਆਂ ਦੇ।

ਲਟਕੈ ਨ ਸਿਰ ਤਰਵਾਯੋ ਹ੍ਵੈ ਗਰਭ ਬੀਚ,
ਪਰਜੋ ਬਸਿ ਸਦਾ ਬਹੁ ਬੰਧਨਿ ਬਿਕਟ ਕੈ।
ਕਟਿਕੈ ਸੁ ਦੇਹਿਂ ਮੋਖ, ਐਸੇ ਗੁਰੁ ਨਾਨਕ ਜੀ
ਬੰਦ ਹੌਂ ਪਦਾਰਬਿੰਦ ਇੰਦ੍ਰਿਨਿ ਸਿਮਟਿ ਕੈ ॥੩॥

ਇੰਦ੍ਰਿਨਿ ਸਿਮਟਿਕੈ = ਇੰਦ੍ਰੀਆਂ ਨੂੰ ਸਮੇਟ ਕੇ। ਪੈਰ ਜੋੜਕੇ ਖੜੇ ਹੋ, ਦੁਇ ਹੱਥ ਜੋੜ, ਨੈਣ ਮੁੰਦ, ਗੋਡੇ ਟੇਕ ਕੇ ਚਰਨਾਂ ਤੇ ਸਿਰ ਧਰਿ ਦੇਣਾ ਇੰਦ੍ਰੈ ਸਮੇਟ ਕੇ ਮੱਥਾ ਟੇਕਣਾ ਹੈ, ਮੁਰਾਦ ਹੈ ਸ਼ਰਧਾ ਭੈ ਤੇ ਅਦਬ ਨਾਲ ਨਮਸਕਾਰ ਕਰਨੀ। ਜਿੰਨਾਂ ਵਧੀਕ ਅਦਬ ਅੰਦਰ ਹੁੰਦਾ ਹੈ ਉੱਨੇ ਵਧੀਕ ਇੰਦ੍ਰੇ ਅਚੰਚਲ ਹੁੰਦੇ ਹਨ।

ਅਰਥ:

(ਜਿਸਦੀ) ਨਿਤ ਸ਼ਰਨ ਪਿਆਂ ਵਿਕਾਰ ਮਿਟ ਜਾਂਦੇ ਹਨ, (ਜਿਸਦਾ) ਨਾਮ ਉਚਾਰਨ ਨਾਲ ਮੋਹ ਦੂਰ ਹੋ ਜਾਂਦਾ ਹੈ; ਹਿਰਦੇ ਵਿੱਚ (ਜਿਸਦਾ) ਧਯਾਨ ਧਰਨ ਨਾਲ ਮਨ ਵਿਸ਼ਿਆਂ ਵਲੋਂ ਮੋੜਾ ਖਾਕੇ ਟਿਕ ਜਾਂਦਾ ਹੈ (ਤੇ ਭਵਸਾਗਰ ਤੋਂ) ਪਾਰ ਹੋ ਜਾਈਦਾ ਹੈ, (ਐਸਾ ਕਿ ਫੇਰ) ਪੁੱਠੇ ਸਿਰ ਹੋਕੇ ਗਰਭ ਵਿੱਚ ਲਟਕਣਾ ਨਹੀਂ ਪੈਂਦਾ, (ਗੱਲ ਕੀ ਜਿਨ੍ਹਾਂ ਜਿਨ੍ਹਾਂ) ਕਠਨ ਬੰਧਨਾਂ ਦੇ ਵੱਸ ਜੀਵ ਨਿੱਤ ਪਿਆ ਹੋਇਆ ਹੈ (ਉਨ੍ਹਾਂ ਸਾਰਿਆਂ ਨੂੰ) ਕੱਟ ਕੇ ਜੋ ਮੁਕਤੀ ਦੇਣ ਨੂੰ (ਸਮਰੱਥ) ਹਨ, ਐਸੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਤੇ ਬੜੇ ਅਦਬ ਨਾਲ ਮੈਂ ਨਮਸਕਾਰ ਕਰਦਾ ਹਾਂ।

## ੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਦੋਹਰਾ:

ਕੰਦ ਅਨੰਦ ਬਿਲੰਦ ਕੇ, ਸ਼੍ਰੀ ਗੁਰ ਅੰਗਦ ਚੰਦ।

ਕੰਦ = ਮੂਲ, ਜੜ੍ਹ (ਅ) ਬੱਦਲ। (ੲ) ਆਮ ਤੌਰ ਤੇ 'ਫਲ' ਅਰਥ ਬੀ ਕਰ ਲੈਂਦੇ ਹਨ।

ਚੰਦਨ ਸਮ ਦੁਖ ਘਾਮ ਕੋ, ਬੰਦੌਂ ਬਿਘਨ ਨਿਕੰਦ ॥੪॥

ਨਿਕੰਦ = ਕੱਟ ਦੇਣ ਵਾਲੇ।

ਅਰਥ:

(ਮੈਂ) ਚੰਦ (ਸਮਾਨ ਮਿੱਠੇ ਪ੍ਰਕਾਸ਼ ਦੇ ਦਾਤਾ) ਸ੍ਰੀ ਗੁਰ ਅੰਗਦ ਦੇਵ ਜੀ ਨੂੰ ਨਮਸਕਾਰ ਕਰਦਾ ਹਾਂ ਜੋ ਦੁੱਖ ਰੂਪੀ ਤਪਸ਼ ਨੂੰ ਚੰਦਨ ਸਮਾਨ (ਸੀਤਲਤਾ ਦੇਣਹਾਰੇ ਹਨ), ਬੜੇ ਅਨੰਦ ਦੇ ਮੇਘ ਹਨ, (ਤੇ ਕਵੀਆਂ ਦੇ ਸਾਰੇ) ਬਿਘਨਾਂ ਨੂੰ ਕੱਟ ਦੇਣ ਵਾਲੇ ਹਨ।

## ੫. ਇਸ਼੍ਰ ਗੁਰੂ-ਸ੍ਰੀ ਗੁਰੂ ਅਮਰਦਾਸ ਜੀ-ਮੰਗਲ।

ਦੋਹਰਾ:

**ਮਾਰ ਹੰਕਾਰ ਜੁ ਡਸਤਿ ਨਿਤ, ਤਾਂਹਿ ਸਹਾਇਕ ਮਾਰ।**

ਮਾਰ = ਸੱਪ [ਫਾ: ਮਾਰ] ਮਾਰ = ਕਾਮ, ਕਾਮਨਾ, ਜਿਸ ਨਾਲ ਹੰਕਾਰ ਬਹੁਤ ਵਧਦਾ ਹੈ। [ਸੰ: ਮਾਰ = ਕਾਮ] (ਅ) ਨਾਸ਼।

**ਮਾਰਸਿ ਚਹਿਂ, ਸ੍ਰੀ ਅਮਰ ਭਜਿ; ਨਿਤ, ਜੇ ਬਿਨਾ ਸ਼ੁਮਾਰ ॥੫॥**

ਸ਼ੁਮਾਰ = ਗਿਣਤੀ, ਲੇਖਾ। ਬਿਨਾ ਸ਼ੁਮਾਰ = ਅਲੇਖ, ਭਾਵ ਵਾਹਿਗੁਰੂ ਰੂਪ ਹਨ। (ਅ) ਬਿਨਾਂ+ਸੁ+ਮਾਰ = ਕਾਮਨਾਂ ਤੋਂ ਰਹਿਤ ਹਨ।

ਅਰਥ:

ਹੰਕਾਰ (ਰੂਪੀ) ਸੱਪ ਜੋ ਸਦਾ ਡੰਗਦਾ ਹੈ ਤੇ ਜਿਸਦਾ ਸਹਾਯਕ ਕਾਮ ਹੈ, ਜੇ ਤੂੰ (ਦੁਹਾਂ ਨੂੰ) ਮਾਰਨਾ ਚਾਹੁੰਦਾ ਹੈ ਤਾਂ ਸਦਾ ਸ੍ਰੀ (ਗੁਰੂ) ਅਮਰ ਦੇਵ ਜੀ ਦਾ ਭਜਨ ਕਰ ਜੋ ਅਲੇਖ ਹਨ।

ਹੋਰ ਅਰਥ:

ਐਉਂ ਭੀ ਅਰਥ ਲਾਉਂਦੇ ਹਨ:- ਹੰਕਾਰ (ਰੂਪੀ) ਸਰਪ ਜੋ ਨਿਤ ਡਸਦਾ ਹੈ (ਅਤੇ) ਓਸਦੇ ਸਹਾਯਕ (ਕ੍ਰੋਧ ਤ੍ਰਿਸ਼ਨਾ ਆਦਿ ਜੋ) ਨਾਸ਼ ਕਰਨੇ ਜੋਗ ਹਨ, ਜੇ (ਸਭ ਨੂੰ) ਮਾਰਨਾ ਚਾਹੇਂ ਤਾਂ ਸ੍ਰੀ ਅਮਰ ਜੀ ਨੂੰ ਭਜ, ਜੋ ਨਿੱਤਜ ਤੇ ਬੇਅੰਤ ਹਨ।

## ੬. ਇਸ਼੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ-ਮੰਗਲ।

ਦੋਹਰਾ:

**ਰਾਮਦਾਸ ਸ੍ਰੀ ਸਤਿਗੁਰੂ, ਰੂਪ ਏਕ ਸ੍ਰੀ ਰਾਮ।**

ਰਾਮਦਾਸ = ਸ੍ਰੀ ਗੁਰੂ ਰਾਮਦਾਸ ਜੀ ਚੌਥੇ ਸਤਿਗੁਰੂ, ਪਦ ਦਾ ਅਰਥ ਹੈ:-ਅਕਾਲ ਪੁਰਖ ਜੀ ਦੇ ਭਗਤ। ਏਕ ਸ੍ਰੀ ਰਾਮ = ਓਹ ਸ੍ਰੀ ਰਾਮ ਜੀ ਜੋ ਕੇਵਲ ਇਕ (ਵਾਹਿਦ) ਹਨ। ਭਾਵ ਅਦਤੀ ਪ੍ਰਮਾਤਮਾ। ਅਕਾਲ ਪੁਰਖ। 'ਰੂਪ ਏਕ ਸ੍ਰੀ ਰਾਮ' ਵਿੱਚ ਉਹੋ ਮੁਰਾਦ ਹੈ ਜੋ ਇਸ ਵਾਕ ਵਿੱਚ ਹੈ:- 'ਗੁਰ ਨਾਨਕ ਦੇਵ ਗੋਵਿੰਦ ਰੂਪ।'

**ਰਾਮ ਭ੍ਰਾਤ ਹ੍ਵੈ ਰਿਪੁ ਹਤੇ, ਨਮੋ ਚਰਨ ਅਭਿਰਾਮ ॥੬॥**

ਭ੍ਰਾਤ = ਸਹਾਈ। [ਸੰਸ: ਭ੍ਰਾਤ੍ਰੀ = ਸਹਾਇਕ, ਭਿਰਾਉ। ਧਾਤੂ ਹੈ- ਭ੍ਰੀ = ਸਹਾਯਤਾ ਕਰਨਾ] ਰਾਮ ਭ੍ਰਾਤ = ਰਾਮ ਚੰਦ ਦੇ ਸਹਾਈ। (ਅ) ਬਲਰਾਮ ਦਾ ਭਿਰਾ ਸ੍ਰੀ ਕ੍ਰਿਸ਼ਨ।

ਅਰਥ:

ਸ੍ਰੀ ਸਤਿਗੁਰ ਰਾਮਦਾਸ ਜੀ ਦੇ ਸੁਹਣੇ ਚਰਨਾਂ ਤੇ (ਮੇਰੀ) ਨਮਸਕਾਰ ਹੋਵੇ ਜੋ (ਆਪ ਅਕਾਲ ਪੁਰਖ ਦਾ ਰੂਪ ਹਨ, (ਜਿਨ੍ਹਾਂ ਨੇ ਅਕਾਲ ਪੁਰਖ ਰੂਪ ਵਿਚ) ਸ੍ਰੀ ਰਾਮਚੰਦ ਦੇ ਸਹਾਈ ਹੋਕੇ (ਸੰਤਾਂ ਦੇ) ਵੈਰੀਆਂ ਦਾ ਸੰਘਾਰ ਕੀਤਾ, (ਓਹ ਮੇਰੇ ਵਿਘਨਾਂ ਦਾ ਬੀ ਸੰਘਾਰ ਕਰਨ)।

ਭਾਵ:

'ਰਾਮ ਭ੍ਰਾਤ' ਪਦ ਦੇ ਤ੍ਰੈ ਅਰਥ ਹੋਰ ਹੋ ਸੱਕਦੇ ਹਨ। ੧. ਸ੍ਰੀ ਰਾਮਚੰਦ੍ਰ ਜੀ ਦਾ ਭਿਰਾਉ ਜੋ ਲਛਮਨ ਸੀ, ਪਹਿਲੀ ਤੁਕ ਵਿੱਚ ਜੇ ਕਵਿ ਨੇ ਰਾਮ ਚੰਦ ਦਾ ਰੂਪ ਗੁਰੂ ਜੀ ਨੂੰ ਕਿਹਾ ਹੈ ਤਾਂ

ਹੁਣ ਉਨ੍ਹਾਂ ਨੂੰ 'ਲਛਮਣ ਹੋਕੇ ਵੈਰੀ ਹਤੇ' ਕਹਿਣਾ ਨਜੂਨ ਉਪਮਾ ਦੇਣਾ ਹੈ, ਕਿਉਂਕਿ ਲਛਮਣ ਅਨੁਜ ਸੀ ਤੇ ਭਗਤ ਸੀ ਸ਼੍ਰੀ ਰਾਮ ਜੀ ਦਾ।

ਦੂਸਰਾ ਅਰਥ:

'ਰਾਮ ਭ੍ਰਾਤ' ਦਾ ਹੋ ਸਕਦਾ ਹੈ 'ਪਰਸ਼ੁਰਾਮ ਦਾ ਭਰਾਤਾ।' ਪਰਸ਼ੁਰਾਮ ਨੇ ੨੧ ਵੇਰ ਛੱਤ੍ਰੀ ਕੁਲ ਦਾ ਘਾਤ ਕੀਤਾ ਹੈ, ਤੇ ਕਵਿ ਜੀ ਨੇ ਅਨੇਕਾਂ ਵਾਰ ਸ਼੍ਰੀ ਗੁਰੂ ਜੀ ਨੂੰ ਛੱਤ੍ਰੀ ਕੁਲ ਦਾ ਭੂਸ਼ਣ ਤੇ ਸਿਰਮੌਰ ਕਿਹਾ ਹੈ, ਸੋ ਇਹ ਉਪਮਾਂ ਬੀ ਦੂਸ਼ਤ ਹੋ ਜਾਏਗੀ।

੩. ਜੇ 'ਰਾਮ ਭ੍ਰਾਤ' ਦਾ ਅਰਥ ਬਲਰਾਮ ਦਾ ਭਿਰਾਉ = 'ਕ੍ਰਿਸ਼ਨ ਜੀ' ਲੀਤਾ ਜਾਏ ਤਾਂ ਉੱਪਰ ਜ਼ਿਕਰ ਤੇ ਉਪਮਾਂ ਸ਼੍ਰੀ ਰਾਮਚੰਦ੍ਰ ਦੀ ਸ਼ੁਰੂ ਕੀਤੀ ਗਈ ਹੈ, ਤੇ ਬਿਨਾਂ ਕੋਈ ਸਬੰਧ ਦੱਸੇ ਦੇ ਕ੍ਰਿਸ਼ਨ ਜੀ ਵੱਲ ਜਾ ਪੈਣਾ ਅਸੰਗਤਿ ਹੈ। ਵੈਰੀਆਂ ਦਾ ਹਤ ਕਰਨ ਦਾ ਗੁਣ ਸ਼੍ਰੀ ਰਾਮ ਜੀ ਵਿੱਚ ਮੌਜੂਦ ਸੀ, ਇਸ ਲੋੜ ਵਾਸਤੇ ਬੀ ਸ਼੍ਰੀ ਕ੍ਰਿਸ਼ਨ ਤੇ ਜਾਣ ਦੀ ਲੋੜ ਨਹੀਂ ਸੀ।

ਜੇ ਰਾਮ ਨੇ ਕ੍ਰਿਸ਼ਨ ਹੋਕੇ ਵੈਰੀ ਹਤੇ ਤਾਂ ਬੀ ਉਪਮਾ ਵਧੀ ਨਹੀਂ ਰਾਮ ਹੋਕੇ ਬੀ ਵੈਰੀ ਮਾਰੇ ਸਨ, ਜੇ ਗੁਰੂ ਰਾਮਦਾਸ ਜੀ ਨੇ ਕ੍ਰਿਸ਼ਨ ਹੋਕੇ ਵੈਰੀ ਮਾਰੇ, ਤਾਂ ਬੀ ਉਪਮਾ ਨਾ ਢੁੱਕੀ ਕਿਉਂਕਿ ਗੁਰੂ ਰਾਮਦਾਸ ਜੀ ਨੇ ਸ਼੍ਰੀ ਸਾਹਿਬ ਨਹੀਂ ਫੜੀ, ਵੈਰੀ ਨਹੀਂ ਹਤੇ, ਇਹ ਉਪਮਾ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਪਰ ਢੁੱਕ ਸਕਦੀ ਸੀ।

### ੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਦੋਹਰਾ:

**ਅਰਜਨ ਸਰ ਸੇ ਵਾਕ ਜਿਨ, ਬਿਦਤ ਸੁਜਸ ਅਰਜੰਨ।**

ਅਰਜਨ = ਪਾਂਡਵਾਂ ਵਿੱਚੋਂ ਤੀਸਰੇ ਦਾ ਨਾਮ। ਅਰਜੰਨ = ਅਰਜੁਨ = ਉੱਜਲ (ਦੇਖੋ ਰਾਸ ੧ ਅੰਸੂ ੧ ਦਾ ਅੰਕ ੧੨)।

**ਅਰਜ਼ਨਿ ਦਾਸਨਿ ਕੀ ਸੁਨਤਿ, ਨਮੋ ਗੁਰੂ ਅਰਜੰਨ ॥੭॥**

ਅਰਜ਼ਨਿ = ਅਰਜ਼ਨ = ਅਰਜ਼ੀਆਂ, ਬੇਨਤੀਆਂ (ਦੇਖੋ ਰਾਸ ੧ ਅੰਸੂ ੧ ਅੰਕ ੧੨)। ਸੁਨਤਿ = ਸੁਣਦੇ ਹਨ, ਪ੍ਰਵਾਨ ਕਰਦੇ ਹਨ। ਗੁਰੂ ਅਰਜੰਨ = ਸ਼੍ਰੀ ਗੁਰੂ ਅਰਜਨ ਦੇਵ ਜੀ (ਦੇਖੋ ਰਾਸ ੧ ਅੰਸੂ ੧ ਅੰਕ ੧੨)।

ਅਰਥ:

ਜਿਨ੍ਹਾਂ ਦੇ ਵਾਕ ਅਰਜਨ ਦੇ ਤੀਰਾਂ ਵਰਗੇ (ਅਮੋਘ) ਹਨ, (ਅਤੇ ਜਿਨ੍ਹਾਂ ਦਾ) ਉੱਜਲ ਤੇ ਸ੍ਰੇਸ਼ਟ ਜਸ (ਸਾਰੇ ਸੰਸਾਰ ਵਿੱਚ) ਪ੍ਰਗਟ ਹੋ ਰਿਹਾ ਹੈ, ਜੋ ਦਾਸਾਂ ਦੀਆਂ ਬੇਨਤੀਆਂ ਨੂੰ ਸੁਣਦੇ ਹਨ (ਐਸੇ ਸ਼੍ਰੀ) ਗੁਰੂ ਅਰਜਨ ਦੇਵ ਜੀ ਨੂੰ ਮੇਰੀ ਨਮਸਕਾਰ ਹੋਵੇ।

ਭਾਵ:

ਭਾਵ ਅਰਜਨ ਦੇ ਤੀਰ ਸਰੀਰਾਂ ਨੂੰ ਹਤਨ ਵਿਚ ਪ੍ਰਸਿੱਧ ਹਨ, ਪਰ ਸਤਿਗੁਰਾਂ ਦੇ ਵਾਕ ਅਮੋਘ ਤੀਰ ਉਸਤੋਂ ਸ੍ਰੇਸ਼ਟ ਹਨ ਜੋ ਵਿਕਾਰ ਬ੍ਰਿਤੀ ਨੂੰ ਮਾਰਦੇ ਪਰ ਉੱਚੇ ਜੀਵਨ ਦੇ ਦਾਤੇ ਹਨ।

### ੮. ਇਸ਼੍ਟ ਗੁਰੂ-ਸ਼੍ਰੀ ਗੁਰ ਹਰਿ ਗੋਵਿੰਦ ਜੀ-ਮੰਗਲ।

ਦੋਹਰਾ:

**ਬਿੰਦੁ ਨੀਰ ਪਦ ਪਰਸ ਕੀ, ਪ੍ਰਾਪਤਿ ਮੁਖ ਅਰਬਿੰਦ।**

ਬਿੰਦੁ-ਬੂੰਦ, ਟੇਪਾ, [ਸੰਸ: ਵਿੰਦੁ] ਪਦ = ਪੈਰ। ਪਰਸ = ਸਪਰਸ਼, ਛੁਹ। ਅਰਬਿੰਦ = ਕਮਲ। ਪਦ ਅਰਬਿੰਦ ਨੂੰ ਕੱਠਿਆ ਕਰਕੇ ਅਰਥ ਕਰਨਾ ਹੈ ਐਉਂ-ਪਦ ਅਰਬਿੰਦ ਕੀ ਪਰਸ ਬਿੰਦੁ ਨੀਰ = ਚਰਣਾਂ ਨੂੰ ਛੋਹੀ ਹੋਈ ਜਲ ਦੀ ਬੂੰਦ।

**ਬਿੰਦਕ ਬਿਖੈ ਨਿਹਾਲ ਕਿਯ, ਸ਼੍ਰੀ ਗੁਰ ਹਰਿਗੋਬਿੰਦ ॥੮॥**

ਬਿੰਦਕ = ਥੋੜੇ ਵਿਚ। ਥੋੜੇ ਸਮੇਂ ਵਿੱਚ।

ਅਰਥ:

ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦੇ ਚਰਣ ਕਮਲਾਂ ਨੂੰ ਛੋਹੀ ਹੋਈ ਜਲ ਦੀ ਬੂੰਦ (ਜਿਨ੍ਹਾਂ ਦੇ) ਮੂੰਹ ਨੂੰ ਪ੍ਰਾਪਤਿ ਹੋਈ ਹੈ, ਓਹ ਪਲ ਵਿੱਚ ਨਿਹਾਲ ਹੋ ਗਏ ਹਨ, (ਕਿਵੇਂ ਉਹ ਦਾਤਾ ਜੀ ਉਸ ਨਾਲ ਦਾਸ ਨੂੰ ਬੀ ਨਿਹਾਲ ਕਰਨ)।

ਭਾਵ:

ਚਰਣ ਸਪਰਸ਼ੀ ਜਲ ਬੂੰਦ ਦੀ ਮਹਿਮਾਂ ਕਥਨ ਕਰਨ ਵਿਚ ਅਪਣੀ ਯਾਚਨਾਂ ਸੂਚਤ ਕਰਾਉਣ ਦੀ ਧ੍ਵਨੀ ਹੈ ਇਸ ਵਾਕ ਵਿਚ।

### ੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਦੋਹਰਾ:

**ਰਾਇ ਜਗਤ ਕੇ ਅਵਤਰੇ, ਸੁਖ ਉਪਜੇ ਭਜਿ ਨਾਇ।**

ਰਾਇ ਜਗਤ ਕੇ = ਜਗਤ ਦੇ ਮਹਾਂਰਾਜਾ, ਸ੍ਵਾਮੀ, ਭਾਵ ਈਸ਼੍ਵਰ। (ਅ) ਰਾਜਾ ਰੂਪ ਹੋਕੇ ਜੋ ਅਵਤਾਰੀ ਹੋਏ। ਇਸ਼ਾਰਾ ਹੈ ਸਤਿਗੁਰੂ ਜੀ ਦੇ ਰਾਜ ਦਾਨ ਕਰਨ ਦਾ ਫੂਲ ਕੇ ਆਦਿ ਰਯਾਸਤਾਂ ਦੇ।

**ਨਾਇ ਸੀਸ ਕਰਿ ਬੰਦਨਾ, ਜੈ ਜੈ ਸ਼੍ਰੀ ਹਰਿਰਾਇ ॥੯॥**

ਨਾਇ = ਨਿਵਾਕੇ।

ਅਰਥ:

(ਦੇਖੋ) ਜਗਤ ਦੇ ਸ੍ਵਾਮੀ (ਸੰਸਾਰ ਪਰ) ਅਵਤਾਰ ਧਾਰੀ ਹੋਏ ਹਨ (ਜਿਨ੍ਹਾਂ ਦੇ) ਨਾਮ ਦੇ ਭਜਨ ਕਰਨ ਨਾਲ ਸੁਖ ਉਜਪਦਾ ਹੈ, ਸੀਸ ਨਿਵਾਕੇ (ਉਨ੍ਹਾਂ ਨੂੰ) ਮੱਥਾ ਟੇਕ ਕੇ (ਮੈਂ ਕਹਿੰਦਾ ਹਾਂ) ਹੇ ਸ਼੍ਰੀ ਹਰਿਰਾਇ ਜੀ ਜੈ ਹੋ! ਜੈ ਹੋ!

ਭਾਵ:

ਸ਼੍ਰੀ ਸਪਤਮ ਗੁਰੂ ਜੀ ਦੇ ਵਰਾਂ ਨਾਲ ਫੂਲਕੇ ਰਾਜੇ ਤੇ ਜਗੀਰਦਾਰੀਆਂ ਬਣੀਆਂ, ਇਸ ਸੰਬੰਧ ਵਿਚ ਉਨ੍ਹਾਂ ਨੂੰ 'ਜਗਤ ਦੇ ਰਾਜਾ' ਕਿਹਾ ਹੈ।

### ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੋਹਰਾ:

**ਕ੍ਰਿਸ਼ਨ ਰਿਦਾ ਉੱਜਲ ਕਰਹਿਂ, ਪ੍ਰਥਮ ਰੂਪ ਸ਼੍ਰੀ ਬਿਸ਼ਨੁ।**

ਕ੍ਰਿਸ਼ਨ = ਕਾਲਾ। ਪ੍ਰਥਮ ਰੂਪ ਸ਼੍ਰੀ ਬਿਸ਼ਨੁ = ਉਹ ਸਰੂਪ ਜੋ ਸ਼੍ਰੀ ਵਿਸ਼ਨੂੰ ਜੀ ਤੋਂ ਬੀ ਮੁਹਰਲਾ ਹੈ, ਭਾਵ ਨਿਰੰਕਾਰ। ਵਾਹਿਗੁਰੂ ਜੀ।

(ਅ) ਜਿਸ ਤਰ੍ਹਾਂ ਵਿਸ਼ਨੂੰ ਦੇ ਪਹਿਲੇ ਰੂਪ (ਅਵਤਾਰ) ਭਾਵ ਸ਼੍ਰੀ ਕ੍ਰਿਸ਼ਨ ਜੀ।

**ਬਿਸ ਨ ਰਹਿਤ ਬਿਸ਼ਿਯਾਨ ਕੀ, ਸਿਮਰ ਗੁਰੂ ਹਰਿਕ੍ਰਿਸ਼ਨ ॥੧੦॥**

ਅਰਥ:

ਵਾਹਿਗੁਰੂ ਜੀ ਦੇ ਸਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਾਲੇ ਦਿਲਾਂ ਨੂੰ (ਅਪਣੇ ਧਯਾਨ ਨਾਲ) ਉੱਜਲ ਕਰ ਦਿੰਦੇ ਹਨ, (ਤੇ ਉਨ੍ਹਾਂ ਦੇ) ਸਿਮਰਣ ਨਾਲ ਵਿਸ਼ਿਆਂ ਦੀ ਵਿਸ ਦੂਰ ਹੋ ਜਾਂਦੀ ਹੈ।

ਭਾਵ:

ਇਸ ਦੋਹੇ ਦਾ ਸਿੱਧਾ ਅਰਥ ਐਉਂ ਹੀ ਲੱਗਦਾ ਹੈ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵਾਹਿਗੁਰੂ ਦਾ ਰੂਪ ਹਨ, ਕਾਲੇ ਦਿਲਾਂ ਨੂੰ ਉੱਜਲ ਕਰਦੇ ਹਨ, ਉਨ੍ਹਾਂ ਦੇ ਯਾਦ ਕਰਨ ਨਾਲ ਵਿਸ਼ਿਆਂ ਦੀ ਜ਼ਹਿਰ ਦੂਰ ਹੁੰਦੀ ਹੈ। ਪ੍ਰੰਤੂ ਇੱਕ ਅਰਥ ਇਸ ਦੋਹੇ ਵਿਚ ਹੋਰ ਬੀ ਸਮਝਿਆ ਜਾਂਦਾ ਹੈ। ਪ੍ਰਥਮ ਰੂਪ ਸ੍ਰੀ ਬਿਸ਼ਨ ਤੋਂ ਮੁਰਾਦ ਸ੍ਰੀ ਕ੍ਰਿਸ਼ਨ ਜੀ ਦੀ ਬੀ ਹੈ ਜੋ ਬਿਸ਼ਨੂੰ ਦਾ ਰੂਪ ਪਹਿਲੇ ਜੁਗਾਂ ਵਿਚ ਹੋ ਚੁੱਕੇ ਹਨ। ਓਹ ਆਪ ਰੰਗ ਦੇ ਕ੍ਰਿਸ਼ਨ ਸਨ ਪਰ ਧਿਆਨੀਆਂ ਦੇ ਦਿਲ ਉੱਜਲ ਕਰ ਦੇਂਦੇ ਸਨ ਇਹ ਕਟਾਛ ਇਸ ਵਿਚ ਹੈ। ਪ੍ਰੰਤੂ ਜੋ ਗੋਪੀਆਂ ਦਾ ਪ੍ਰਿਯਤਮ ਰੂਪ ਸ਼੍ਰਿੰਗਾਰ ਰਸੀ ਕਵੀ ਜਨਾਂ ਨੇ ਸ੍ਰੀ ਕ੍ਰਿਸ਼ਨ ਜੀ ਦਾ ਬੰਨ੍ਹਿਆ ਹੈ, ਉਸਦੇ ਕੌਤਕਾਂ ਵਿਚ ਉਨ੍ਹਾਂ ਨੇ ਗੋਪੀਆਂ ਦੇ ਸ਼੍ਰਿੰਗਾਰ ਰਸੀ ਰਤੀ ਭਾਵ ਵਰਣਨ ਕੀਤੇ ਹਨ, ਇਨ੍ਹਾਂ ਸ਼੍ਰਿੰਗਾਰ ਰਸੀ ਕਵਜੋਕਤੀਆਂ ਉੱਤੇ ਸੁਣੌਤ ਸੁੱਟਕੇ ਕਵਿ ਜੀ ਦੱਸਦੇ ਹਨ, ਕਿ ਸ੍ਰੀ ਹਰਿ ਕ੍ਰਿਸ਼ਨ ਜੀ ਦੇ ਸਿਮਰਨ ਕਰਨ ਨਾਲ ਇਹ ਵਾਧਾ ਹੈ ਕਿ ਵਿਸ਼ੇ ਵਾਸ਼ਨਾਂ ਮੂਲੋਂ ਦੂਰ ਹੋ ਜਾਂਦੀ ਹੈ। ਇਹ ਗੁਰੂ ਜੀ ਦੀ ਵਿਸ਼ੇਸ਼ਤਾ ਦਿਖਾ ਰਹੇ ਹਨ।

## ੧੧. ਇਸ਼੍ਟ ਗੁਰੂ-ਸ੍ਰੀ ਗੁਰ ਤੇਗ ਬਹਾਦਰ ਜੀ-ਮੰਗਲ।

ਦੋਹਰਾ:

ਤੇਗ ਬਹਾਦਰ ਸਤਿਗੁਰੂ, ਦੇ ਸ਼ੱਤ੍ਰੁਨਿ ਉਦਬੇਗ।

ਉਦਬੇਗ = ਕਾਹਲੀ, ਸ਼ੋਕ, ਭੈ, ਅਚਰਜ, ਘਬਰਾਹਟ, ਘਬਰਾਹਟ ਭਰਿਆ ਦੁੱਖ ਯਾ ਅਚਰਜ। ਵਿਛੋੜੇ ਦਾ ਅਚਰਜ। [ਸੰਸ: ਉਦ੍ਵੇਗ]

ਬੇਗ ਧਾਰਿ ਰੱਛਹਿਂ ਜਨਨ, ਗਿਰਾ ਦੁਸ਼ਟ ਪਰ ਤੇਗ ॥੧੧॥

ਅਰਥ:

ਸਤਿਗੁਰੂ ਤੇਗ ਬਹਾਦਰ ਜੀ ਵੈਰੀਆਂ ਨੂੰ ਘਬਰਾਹਟ ਭਰੇ ਅਚਰਜ ਵਿਚ ਪਾਉਣ ਵਾਲੇ ਹਨ (ਤੇ ਅਪਣੇ) ਦਾਸਾਂ ਦੀ ਰੱਛਜਾ ਬੜੀ ਕਾਹਲੀ ਨਾਲ ਕਰਨ ਵਾਲੇ ਹਨ, (ਅਤੇ ਉਨ੍ਹਾਂ ਦੀ) ਬਾਣੀ ਦੁਸ਼ਟਾਂ ਉਤੇ ਤਲਵਾਰ ਦਾ ਕੰਮ ਕਰਨ ਵਾਲੀ ਹੈ, (ਆਪ ਮੇਰੀ ਬੀ ਰੱਛਜਾ ਕਰਨ)।

ਭਾਵ:

ਉੱਦ੍ਵੇਗ ਵਿੱਚ ਕਵਿ ਜੀ ਦਾ ਇਸ਼ਾਰਾ ਉਸ ਘਬਰਾਹਟ ਵਾਲੀ ਹੈਰਾਨੀ ਵੱਲ ਹੈ ਜੋ ਵੈਰੀਆਂ ਨੂੰ ਗੁਰੂ ਜੀ ਦਾ ਸੀਸ ਲੈ ਕੇ ਹੋਇਆ ਕਿ ਉਨ੍ਹਾਂ ਦੇ ਠੀਕਰ ਫੋੜਨ ਵੇਲੇ ਭੁਚਾਲ ਆਇਆ, ਅੰਧੇਰੀ ਚੱਲੀ, ਤੇ ਹੋਰ ਐਸੇ ਕੁਦਰਤੀ ਸ਼ੋਕ ਦੇ ਨਿਸ਼ਾਨੇ ਹੋਏ, ਜਿਸਨੇ ਵੈਰੀਆਂ ਨੂੰ ਹੈਰਾਨੀ ਤੇ ਘਬਰਾ ਵਿਚ ਪਾ ਦਿੱਤਾ ਕਿ ਅਸੀਂ ਕਹੀ ਕਰ ਬੈਠੇ ਹਾਂ। ਗੁਰੂ ਜੀ ਨੇ ਸੀਸ ਦੀਨਾਂ ਦੀ ਰੱਛਜਾ ਵਾਸਤੇ ਦਿੱਤਾ ਸੀ, ਇਸ ਕਰਕੇ ਕਹਿੰਦੇ ਹਨ ਕਿ ਦਾਸਾਂ ਦੀ ਰੱਛਜਾ ਕਰਦੇ ਹਨ। ਬੇਗਧਾਰ ਇਸ ਕਰਕੇ-ਕਿ ਆਪ ਛੇਤੀ ਨਾਲ ਆਨੰਦ ਪੁਰੋਂ ਟੁਰਕੇ ਆਪਣੇ ਪ੍ਰੇਮੀਆਂ ਨੂੰ ਮਿਲੇ ਸਨ ਪਿਛੋਂ ਸਰਕਾਰੀ ਸਿਪਾਹੀਆਂ ਦੇ ਆਪ ਹਵਾਲੇ ਹੋਏ ਸਨ। ਬਾਣੀ ਉਨ੍ਹਾਂ ਦੀ ਤਲਵਾਰ ਦਾ ਕੰਮ ਕਰ ਗਈ-ਉਸ ਬਾਤ ਵੱਲ ਇਸ਼ਾਰਾ ਹੈ ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਕਿਹਾ ਸੀ ਕਿ 'ਪੁਜਾ ਦੇ

ਧਰਮ ਵਿਚ ਦਖਲ ਦਿਤਿਆਂ ਤੇ ਸੰਤਾਂ ਫਕੀਰਾਂ ਨੂੰ ਸਤਾਇਆਂ ਆਪਣੇ ਰਾਜ ਦਾ ਅੰਤ ਸਮਝੋ।' ਧੂਨੀ ਵਿਚ ਕਵੀ ਜੀ ਆਪਣੀ ਰੱਛਯਾ ਦੀ ਯਾਚਨਾ ਕਰ ਰਹੇ ਹਨ।

### ੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿਘ ਜੀ-ਮੰਗਲ।

ਦੋਹਰਾ:

ਸਿੰਘ ਮ੍ਰਿਗਨ ਰਿਪੁ ਬ੍ਰਿੰਦ ਕੋ, ਮਹਾਂ ਬਲੀ ਨਰ ਸਿੰਘ।

ਸਿੰਘ = ਸ਼ੇਰ [ਸੰਸ: ਸਿੰਹ] ਨਰ ਸਿੰਘ = ਮਹਾਂਨ ਉੱਚਤਾਈ ਯਾ ਬਲ ਵਾਲਾ ਪੁਰਖ, ਚੋਟੀ ਦਾ ਬਲਵਾਨ [ਸੰਸ: ਨਰਸਿੰਹ = ੧, ਵਿਸ਼ਨੂੰ ਦਾ ਚੌਥਾ ਅਵਤਾਰ ੨. ਸਰਦਾਰ ੩. ਮਹਾਂਨ ਉੱਚਾ ਯਾ ਮਹਾਂਨ ਬਲੀ] ਮਹਾਂਬਲੀ ਨਰ ਸਿੰਘ = ਜੋ ਨਰਾਂ ਵਿਚ ਸ਼ੇਰ ਰੂਪ ਹਨ, ਉਨ੍ਹਾਂ ਤੇ ਬੀ ਮਹਾਂ ਬਲੀ ਹਨ। (ਅ) ਨਰ ਸਿੰਘ ਅਵਤਾਰ ਵਾਂਙੂ ਬਲੀ ਹਨ।

ਸਿੰਘ ਪੰਥ ਕੇ ਮੂਲ ਦ੍ਰਿਢ, ਭਜਿ ਸ਼੍ਰੀ ਗੋਬਿੰਦ ਸਿੰਘ ॥੧੨॥

ਅਰਥ:

ਮ੍ਰਿਗ (ਰੂਪ) ਸਾਰੇ ਵੈਰੀਆਂ ਨੂੰ (ਦਮਨ ਕਰਨ ਲਈ) ਸ਼ੇਰ (ਰੂਪ) ਹਨ, ਮਹਾਂ ਬਲੀਆਂ ਵਿਚ ਚੋਟੀ ਦੇ ਬਲਵਾਨ ਹਨ, ਖਾਲਸਾ ਪੰਥ ਦੇ ਦ੍ਰਿੜ੍ਹ ਮੁੱਢ ਹਨ (ਐਸੇ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਮਰਨ ਕਰ।

### ੧੩. ਸਮਸਤ ਗੁਰ ਮੰਗਲ।

ਦੋਹਰਾ:

ਰਚੋਂ ਰਾਸਿ ਅਬਿ ਤੀਸਰੀ, ਸਤਿਗੁਰ ਸੁਜਸ ਬਿਸਾਲ।
ਨਮਸਕਾਰ ਕਰਿ ਸਭਿਨਿ ਕੋ, ਬਿਘਨ ਬ੍ਰਿੰਦ ਕੋ ਟਾਲਿ ॥੧੩॥

ਅਰਥ:

ਸਤਿਗੁਰ ਦੇ ਮਹਾਂਨ ਜਸ (ਨਾਲ ਭਰੀ ਹੋਈ) ਹੁਣ ਮੈਂ ਤੀਸਰੀ ਰਾਸਿ ਰਚਨ ਲੱਗਾ ਹਾਂ ਤੇ ਸਾਰੇ (ਸਤਿਗੁਰਾਂ) ਨੂੰ ਨਮਸਕਾਰ ਕਰਦਾ ਹਾਂ ਜੋ ਮੇਰੇ ਸਾਰੇ (ਹੋਣ ਵਾਲੇ) ਵਿਘਨਾਂ ਨੂੰ ਟਾਲ ਦੇਣ। [ਮੰਗਲ ਸਮਾਪਤ। ਗੁਰਾਂ ਦੀ ਕਥਾ ਦਾ ਅਰੰਭ]

ਸੁਨਤਿ ਸਿੰਘ ਗੁਰੁ ਕਥਾ ਕੋ, ਪ੍ਰੇਮ ਸਾਥ ਪੁਲਕਾਤਿ।
ਪੀਵਤਿ ਅੰਮ੍ਰਿਤ ਤ੍ਰਿਪਤਿ ਨਹਿਂ, ਰੁਚਿ ਚੌਗੁਨ ਉਪਜਾਤਿ ॥੧੪॥

ਚੌਪਈ:

ਭਾਈ ਰਾਮਕੁਇਰ ਮੁਖ ਚੰਦ। {ਅਲੰਕਾਰ: ਕਥਾ ਦੀ ਮਹਿਮਾ ਦੇ}
ਨਿਕਸਤਿ ਤਿਸ ਤੇ ਸੁਧਾ ਮਨਿੰਦ।
ਜਿਸ ਮਹਿ ਸਦ ਗੁਨ ਕੋ ਸਮੁਦਾਇ।
ਧਰਿ ਹਿਰਦੇ ਜਮ ਭੇਟ ਨ ਪਾਇ ॥੧੫॥
ਕਹਤਿ ਸੁਨਤਿ ਜਿਸ ਅਧਿਕ ਮਹਾਤਮ।

| | |
|---|---|
| ਕਜਾ ਤਿਨ ਮਹਿਮਾ ਧਰੈਂ ਜੁ ਆਤਮ†। | †ਪਾ:-ਨੇਰਾ। |
| ਉਪਜਹਿ ਦਿਨ ਪ੍ਰਤਿ ਚਾਉ ਘਨੇਰਾ। | |
| ਇਕ ਮਨ ਹੋਇ ਸੁਨਹਿਂ ਕਰਿ ਘੇਰਾ† ॥੧੬॥ | †ਪਾ:-ਕਜਾ ਤਿਨ ਮਹਿਮ ਧਜਾਹਿਂ ਜੁ ਆਤਮ। ਘਾਤਨ ਪਾਪਨ ਧਰੈਂ ਜੁ ਆਤਮ। |
| ਰਾਮਕੁਇਰ ਗਿਰਵਰ ਕੇ ਸਮਸਰ। | |
| ਕਥਾ ਜੁ ਉਪਜੀ ਸਲਿਤਾ ਸੁਖ ਕਰਿ। | |
| ਗੁਰ ਜਸੁ ਉਜਲ ਜਲ ਭਰਪੂਰਾ। | |
| ਪ੍ਰੇਮ ਪ੍ਰਵਾਹ ਬਿਮਲ[1] ਵਹੁ ਰੂਰਾ ॥੧੭॥ | [1]ਉੱਜਲ। |
| ਭ੍ਰਮ ਬੇਮੁਖਤਾ ਦ੍ਵੈ ਦਿਢ ਕੂਲਾ[1]। | [1]ਪੱਕੇ ਕਿਨਾਰੇ। |
| ਜਿਨ ਪਰ ਅਵਗੁਨ ਤਰੁ ਗਨ ਫੂਲਾ। | |
| ਪਠਨਿ ਸੁਨਨਿ ਬਲ† ਬੇਗ[1] ਬਿਸਾਲਾ। | [1]ਪ੍ਰਵਾਹ। †ਪਾ:-ਬਰ। |
| ਜਰ ਸਮੇਤ ਭਗਨਤਿ[1] ਤਤਕਾਲਾ ॥੧੮॥ | [1]ਜੜ੍ਹਾਂ ਸਮੇਤ ਤੋੜੀ ਜਾਂਦਾ ਹੈ। |
| ਸਦ ਗੁਨ ਕਮਲ ਬ੍ਰਿੰਦ ਬਿਕਸਾਵਤਿ। | |
| ਮਨ ਸੰਤਨ ਕੇ ਮਧੁਪਨਿ ਭਾਵਤਿ[1]। | [1]ਸੰਤਾਂ ਰੂਪੀ ਭੌਰਿਆਂ ਦੇ ਮਨ ਨੂੰ ਚੰਗੇ ਲਗਦੇ ਹਨ (ਸਦਗੁਨ)। |
| ਸਿੰਘ ਸਕਲ ਜਲਜੰਤੁ ਅਨੰਦਤਿ। | |
| ਕਰਤਿ ਕੇਲ ਗੁਰ ਰਹਤਿ ਅਨਿੰਦਤਿ[1] ॥੧੯॥ | [1]ਨਾ ਨਿੰਦਣੇ ਜੋਗ ਗੁਰੂ ਜੀ ਦੀ (ਕਥਾ ਰੂਪੀ ਨਦੀ ਵਿਚ) ਕੇਲ ਕਰਦੇ ਰਹਿੰਦੇ ਹਨ। (ਅ) ਸਿੰਘ ਸਾਰੇ ਅਨੰਦ ਭਰੇ ਜਲਜੰਤੂ (ਸਮਾਨ) ਗੁਰੂ ਜੀ ਦੀ ਅਨਿੰਦਤ ਰਹਿਣੀ ਦੀ (ਕਥਾ ਸੁਣਨ ਵਿਚ) ਕੇਲ ਕਰਦੇ ਹਨ। |
| ਦਸ ਗੁਰ ਦਸਹੁਂ ਘਾਟ ਜਿਸ ਕੇਰੇ। | |
| ਦੁਖੀ ਤ੍ਰਿਖਾਤੁਰ ਜਨ ਹੁਇ ਨੇਰੇ। | |
| ਗੁਰ ਜਸ ਜਲ ਤੇ ਸਭਿ ਸੁਖ ਪਾਵਹਿਂ। | |
| ਵਿਸ਼ਿਯਨ ਤ੍ਰਿਖਾ ਤੁਰਤ ਬਿਨਸਾਵਹਿਂ[1] ॥੨੦॥ | [1]ਵਿਸ਼ਜਾਂ ਦੀ ਤ੍ਰੇਹ ਛੇਤੀ ਨਾਸ਼ ਕਰਦੇ ਹਨ। |
| ਅੰਤਕ ਘਾਮ ਪੀਰ ਨਹਿਂ ਦੇਈ[1]। | [1]ਗੁਰ ਜਸ ਰੂਪੀ ਜਲ ਵਿਚ ਗਿਆਂ) ਯਮ ਰੂਪੀ ਧੁੱਪ ਪੀੜ ਨਹੀਂ ਦੇਂਦੀ। |
| ਨਿਤਪ੍ਰਤਿ ਨਿਕਟ ਹੋਇ ਜੋ ਸੇਈ। | |
| ਰਾਮਕੁਇਰ ਪਰਬੀਨ ਜੁ ਮਾਲੀ। | |
| ਕੀਰਤਿ ਗੁਰਨਿ ਸਕੇਲਿ ਬਿਸਾਲੀ | |

॥੨੧॥
ਗ੍ਰੰਥ ਬਨਾਵਨਿ ਬਾਗ ਲਗਾਯਹੁ।
ਤਰੁਵਰੁ ਜੇਤਿਕ ਧਜਾਇ ਸੁਹਾਯਹੁ।
ਛੰਦ ਅਨੇਕ ਪ੍ਰਕਾਰਨ ਸ਼ਾਖਾ[1]। [1]ਟਹਿਣੀਆਂ।
ਤੁਕ ਬਹੁ ਪੱਤ੍ਰ ਸਘਨ ਸ਼ੁਭ ਭਾਖਾ[1] ॥੨੨॥ [1]ਸ਼ੁਭ ਭਾਖਾ (ਬੋਲੀ) ਦੀਆਂ ਤੁਕਾਂ ਸੰਘਣੇ ਪੱਤ੍ਰ ਹਨ। (ਅ) ਭਾਖਾ = ਕਹੇ ਹਨ।
ਗੁਣ ਗਨ ਤਿਨ ਮਹਿਂ ਸੁਮਨਸ ਫੂਲੇ।
ਅਰਥ ਸੁਫਲ ਜੁਤਿ, ਭਾਖਨ ਝੂਲੇ।
ਸ਼ਾਂਤਿ ਰਸਾਦਿਕ ਰਸ[1] ਜਿਨ ਮਾਂਹੀ। [1]ਸ਼ਾਂਤੀ ਆਦਿਕ ਰਸ।
ਕਸ਼ਟ ਘਾਮ ਹਤਿ ਛਾਯਾ ਤਾਂਹੀ ॥੨੩॥
ਪ੍ਰੇਮ ਬਾਰਿ ਤੇ ਸਿੰਚਨ ਕਰਿਤਾ।
ਢਿਗ ਨਹਿਂ ਹੋਹਿ ਮੋਹ ਪਸ਼ੁ ਹਰਤਾ[1]। [1]ਮੋਹ ਰੂਪੀ ਹਰਜਾਰ ਪਸ਼ੂ ਨੇੜੇ ਨਹੀਂ ਹੁੰਦਾ। (ਅ) (ਖੇਤੀ ਨੂੰ) ਨਾਸ਼ ਕਰਨ ਵਾਲਾ ਮੋਹ ਰੂਪੀ ਪਸ਼ੂ।
ਅਸ ਉਪਬਨ ਮਹਿਂ ਜੋ ਨਰ ਬਾਸੇ।
ਮੋਖ ਸੁਗੰਧਿ ਸਦਾ ਤਿਨ ਪਾਸੇ ॥੨੪॥

ਦੋਹਰਾ:
ਸਭਿ ਸ਼੍ਰੋਤਾ ਬਚ ਕਹਤਿ ਭੇ, ਹਾਥ ਜੋੜਿ ਹੁਇ ਦੀਨ।
'ਹਰਿ ਗੋਬਿੰਦ ਕੇ ਜਨਮ ਕੀ, ਕਹਹੁ ਕਥਾ ਪਰਬੀਨ' ॥੨੫॥
ਸੁਨਿ ਕੈ ਸਾਹਿਬ ਰਾਮਕੌਰ[†], ਕਹਤਿ ਭਏ ਸੁਖਦਾਇ। [†]ਪਾ:-ਕਉਰ, ਕੁਇਰ।
-ਆਦਿ ਅੰਤ ਸਭਿ ਕਹਤਿ ਹੌਂ, ਸੁਨਹੁਂ ਕਥਾ ਮਨ ਲਾਇ ॥੨੬॥
ਜਹਿਂ ਕਹਿਂ ਗੁਰ ਸਿੱਖੀ ਹੁਤੀ, ਬਿਦਤਜੋ ਏਵ ਪ੍ਰਸੰਗ।
ਸਰਬ ਜਗਤ ਮਹਿਂ ਜਸੁ ਮਹਾਂ, ਕਰਹਿ ਸੁ ਉੱਜਲ ਰੰਗ ॥੨੭॥

ਕਬਿੱਤ:
ਸੁਨੇ ਦੇਸ਼ ਦੇਸ਼ ਹੂੰ ਤੇ ਆਏ ਹੈਂ ਅਸ਼ੇਸ਼ ਸਿਖ

ਭੇਟਨਿ ਬਿਸ਼ੇਸ਼ ਕੋ ਚਢਾਵੈਂ ਪਗ ਸੀਸ ਧਰਿ।
ਗਾਦੀ ਪੈ ਬਿਰਾਜੈਂ ਗੁਰੂ ਅਰਜਨ ਬੈਠੇ ਬੀਚ,
ਕਰਾਮਾਤ ਪੂਰਨ ਸੁ ਜੋਤਿ ਜਗਦੀਸ਼ ਧਰਿ।
ਬਾਂਛਤਿ ਕੋ ਦੇਤਿ ਹੈਂ ਅਨੰਦ ਹੂੰ ਕੋ ਹੇਤ ਹੈ,
ਦੁਖਨਿ ਹਰਿ ਲੇਤਿ ਹੈਂ ਸੁ ਦਾਸਨਿ ਅਸੀਸ ਧਰਿ।
ਕੇਊ ਰਹੈਂ ਪਾਸ ਹਰੈਂ ਜਮ ਹੂੰ ਕੋ ਤ੍ਰਾਸ ਬਹੁ
ਧਾਰੈਂ ਗੁਨ ਰਾਸ ਕੋ, ਨਿਵਾਰੈਂ ਮੋਹ ਰੀਸ[1] ਧਰਿ ॥੨੮॥

[1]ਰੀਸ ਬਰੀਸੀ।

ਸੰਗਤਿ ਪਿਤਾ ਨੈ ਦੀਨਿ, ਥੋਰੀ ਕਛੁ ਆਵੈ ਤਹਾਂ,
ਪ੍ਰਿਥੀਏ ਸੁ ਮਹਾਂਦੇਵ ਹੇਤ ਗੁਜਰਾਨ ਕੇ[1]।

[1]ਸੰਗਤ (ਸਾਰੀ ਤਾਂ) ਪਿਤਾ (ਗੁਰੂ ਰਾਮਦਾਸ ਜੀ) ਨੇ (ਗੁਰੂ ਅਰਜਨ ਜੀ) ਨੂੰ ਦਿੱਤੀ ਸੀ, ਥੋੜੀ ਕੁਛ (ਸੰਗਤ) ਓਥੇ (ਪ੍ਰਿਥੀਏ ਮਹਾਂਦੇਵ ਕੋਲ) ਬੀ ਆਉਂਦੀ ਸੀ (ਪਰ ਉਨ੍ਹਾਂ ਤੋਂ ਮਸਾਂ) ਪ੍ਰਿਥੀਏ ਮਹਾਂਦੇਵ ਨੂੰ ਗੁਜ਼ਾਰੇ ਵਾਸਤੇ (ਭੇਟਾ, ਪ੍ਰਾਪਤ ਹੁੰਦੀ ਸੀ)।

ਕਰਾਮਾਤ ਸਾਹਿਬ ਸੁ ਏਕ ਗੁਰੂ ਅਰਜਨ
ਤਾਂ ਸੋ ਦ੍ਵੈਸ਼ ਠਾਨੈਂ, ਨਹਿਂ ਸਾਕਹੀ ਪਛਾਨ ਕੈ[1]।

[1]ਪਛਾਣ ਨਹੀਂ ਸਕਦੇ (ਅ) ਸਾਕ ਪਛਾਣਦੇ ਹਨ, (ਗੁਰੂ) ਨਹੀਂ (ਪਛਾਣਦੇ)।

ਦਰਬ ਉਦਾਰ ਆਵੈ ਚਲ੍ਯੋ ਦਿਸ਼ ਚਾਰ ਹੂੰ ਤੇ
ਅਨਿਕ ਪਦਾਰਥ ਅਨੂਠੇ ਗਤਿ ਦਾਨ ਕੇ।
ਜਰੀ ਹੂੰ ਨ ਜਾਇ, ਜਰ ਜਾਇਂ[1] ਦੁਖ ਪਾਇ ਕਰਿ
-ਹੁਤੋ ਲਘੁ ਭ੍ਰਾਤ ਭਯੋ ਐਸ਼੍ਵਰਜ ਮਹਾਂਨ ਕੇ- ॥੨੯॥

[1]ਸੜ ਜਾਂਦੇ ਹਨ।

ਕੋਊ ਦਿਨ ਬੀਤ ਗਏ ਗਾਦੀ ਗੁਰਤਾ ਕੀ ਲੀਏ
ਮੇਲਾ ਤਬਿ ਆਯੋ ਮਹਾਂ, ਮੇਖ ਸੰਕ੍ਰਾਂਤ ਕੋ[1]। [1]ਵੈਸਾਖੀ ਦਾ।
ਮਿਲੀ ਦੂਰਿ ਦੂਰਿ ਹੂੰ ਤੇ ਸੰਗਤਿ ਹਜ਼ੂਰ ਗਨ
ਪੂਰਨ ਪਦਾਰਥ ਦਰਬ ਭੂਰ ਭਾਂਤਿ ਕੋ।
ਬੈਠਿ ਗੁਰੂ ਅਰਜਨ ਹੇਰਿ ਕਰੈਂ ਅਰਜ਼ਨਿ[1] [1]ਬੇਨਤੀਆਂ।
ਸਖਾ ਅਰਜਨ[1] ਕੇ ਸਰੂਪ ਸੁਖ ਦਾਤ ਕੋ। [1]ਕ੍ਰਿਸ਼ਨ।
ਭੇਟ ਧਰੈਂ ਆਇ ਆਇ ਜਾਚੈਂ ਚਿਤ ਚਾਇ ਚਾਇ
ਪਾਇ ਪਾਇ ਬਰ ਕੋ ਹਰਖ ਭਰਿ ਜਾਤਿ[1] ਕੋ ॥੩੦॥ [1]ਜਾਂਦੇ ਹਨ।
ਆਯੋ ਸਿਖ ਏਕ ਬਰ ਜੇਵਰ ਕੋ ਲਜਾਇ ਧਰਯੋ,
ਤੇਵਰ[1] ਮਨੋਹਰ ਚਢਾਯੋ ਹਾਥ ਬੰਦ ਕੇ। [1]ਤ੍ਰੈ ਜ਼ਨਾਨੇ ਕੱਪੜੇ।
ਬਿਨਤੀ ਸੁਨਾਈ 'ਦੇਹੁ ਮੰਦਰ ਪੁਚਾਈ ਏਹੁ,
ਭਾਵਨਾ ਪੂਰੇਹੁ[1] ਮੇਰੀ, ਦਾਨੀ ਹੋ ਅਨੰਦ ਕੇ।' [1]ਪੂਰੀ ਕਰੋ।
ਕਹਯੋ ਮਾਨਿ, ਦਾਸ ਕੋ ਪਠਾਯੋ ਸੁ ਅਵਾਸ ਕੋ,
ਬਿਲੋਕਯੋ ਛਬਿ ਰਾਸ ਕੋ ਜੁ ਮੋਲ ਧਨ ਬ੍ਰਿੰਦ ਕੇ।
ਗੰਗਾ ਹਰਖਾਈ, ਅੰਗ ਪਹਿਰੇ ਸੁਹਾਈ ਬਹੁ
ਗੁਰਤਾ ਬਡਾਈ ਜਾਨ ਕੰਤਹਿ ਬਿਲੰਦ ਕੇ ॥੩੧॥

ਸ੍ਵੈਯਾ:

ਸੰਗਤਿ ਬ੍ਰਿੰਦ ਬਿਦਾ ਕਰਿ ਦੀਨਿ

ਦੀਏ ਸਿਰੁਪਾਉ ਜਥੋਚਿਤ ਜਾਨੇ।
ਕੇਤਿਕ ਪੈ ਬਹੁ ਕੀਨਿ ਖੁਸ਼ੀ
ਧਨ ਪੂਤਨ ਕੇ ਜੁ ਮਨੋਰਥ ਠਾਨੇ।
'ਸ੍ਰੀ ਗੁਰ ਅੰਤ ਸਹਾਇਕ ਹੋਵਹੁ'
ਕੇਤਿਕ ਨੈ ਇਹ ਭਾਂਤਿ ਬਖਾਨੇ।
ਕੇਤਿਕ ਸੋ ਸਤਿਨਾਮ ਲਗਾਯਹੁ,
ਕੇਤਿਕ ਗਜ੍ਯਾਨ ਤੇ ਕੀਨਿ ਮਹਾਂਨੇ
॥੩੨॥
ਭਾਂਤਿ ਅਨੇਕਨ ਕੇਰ ਮਨੋਰਥ
ਸਿੱਖਜਨ ਕੇ ਸਭਿ ਪੂਰਨ ਕੀਨੇ।
ਜਾਤਿ ਭਏ ਨਿਜ ਧਾਮਨ ਕੋ,
ਅਭਿਰਾਮ ਕਹੈਂ ਜਸ ਕੋ[1] ਰਸ ਭੀਨੇ।

[1]ਸੁੰਦਰ ਜੱਸ ਕਹਿ ਰਹੇ ਹਨ।

'ਸੁੰਦਰ ਰੂਪ ਸੁਸ਼ੀਲ ਮਹਾਂ
ਬਰ ਦੇਤਿ ਉਦਾਰ ਸਮਾਨ ਨ ਚੀਨੇ।
ਸ੍ਰੀ ਗੁਰ ਨੰਦ[1] ਬਿਲੰਦ ਗੁਣੋ ਕਰਿ,
ਰੂਪ ਮੁਕੰਦ ਅਭੈ ਬਰ ਦੀਨੇ' ॥੩੩॥

[1]ਸ੍ਰੀ ਗੁਰ ਰਾਮਦਾਸ ਜੀ ਦੇ ਸਪੁੱਤ੍ਰ।

ਫੇਰ ਗਏ ਗੁਰ ਮੰਦਰ ਕੋ[1]
ਪਿਖਿ ਗੰਗ ਉਠੀ ਉਰਮੇਂ ਹਰਖਾਈ।
ਤੇਵਰ ਜ਼ੇਵਰ ਕੀ ਸਭਿ ਬਾਤਿ
ਸੁ ਪੂਛਤਿ ਭੀ 'ਕਿਤ ਭੇਟ ਜੁ ਆਈ?
ਕੀਨਿ ਅਜਾਇਬ ਮੋਲ ਮਹਾਂਨ ਕੋ
ਦੇਸ਼ ਕਿਸੂ ਮਹਿਂ ਭਾ ਅਧਿਕਾਈ।
ਰਾਵਰ ਕੇ ਚਰਨਾਂਬੁਜ ਕੋ
ਅਰਪਯੋ ਕਰਿ ਭਾਵਨੀ ਸੋਂ ਛਬਿ ਪਾਈ'
॥੩੪॥

[1]ਗੁਰੂ ਜੀ ਮਹਿਲਾਂ ਨੂੰ ਗਏ।

ਕਬਿੱਤ:
ਭਨੈਂ ਨਿਜ ਭਾਰਜਾ ਸੋਂ 'ਆਰਜਾ[1]!
ਸ੍ਰਵਣ ਕਰਿ,
ਬਡੇ ਗੁਰੂ ਨਾਨਕ ਪ੍ਰਤਾਪ ਸਭਿ ਦੇਸ਼
ਕਰਿ।
ਕਲੀ ਕਾਲ ਭਾਰੀ ਜਾਨਿ ਸਿੱਖੀ

[1]ਹੇ ਸ੍ਰੇਸ਼ਟ ਇਸਤ੍ਰੀ।

ਬਿਸਤਾਰੀ ਆਨਿ,
ਬਿਸੈ ਬਿਸ ਤਾਰੀ[1], ਸਤਿਨਾਮ ਦੇ ਵਿਸ਼ੇਸ਼ੁ ਕਰਿ।
ਆਵੈਂ ਦੂਰਿ ਦੂਰਿ ਤੇ ਉਪਾਇਨ ਕੋ ਭੂਰ ਲਜਾਇ
ਪੂਰਨ ਮਨੋਰਥ ਹਦੂਰ ਮੈਂ ਅਸ਼ੇਸ਼ ਕਰਿ।
ਤਿਨਹੂੰ ਕੇ ਨਾਮ ਕਰਿ ਆਨੈ ਨਿਜ ਧਾਮ ਹੂੰ ਤੇ,
ਚੀਰ ਅਭਿਰਾਮ, ਧਨ ਮੁਕਤਾਦਿ ਬੇਸ[1] ਕਰਿ' ॥੩੫॥

[1]ਵਿਸ਼ਿਆ ਤੋਂ ਸੰਸਾਰ ਤਾਰਿਆ (ਅ) ਵਿਸ਼ਿਆਂ ਦੀ ਵਿਹੁ ਨਾਸ਼ ਕੀਤੀ।

[1]ਵਧੀਆ।

ਮਹਿਮਾ ਉਤੰਗ ਗੁਰੂ ਨਾਨਕ ਕੀ ਸੁਨੀ ਗੰਗ,
ਮਹਾਂ ਪ੍ਰੇਮ ਸੰਗ ਨਮੋ ਕੀਨਿ ਹਾਥ ਬੰਦ ਕੇ।
ਐਸੇ ਰਾਮਦਾਸਪੁਰਿ ਬਾਸ ਕੈ ਬਿਤਾਇ ਸਮੋਂ,
ਦਾਸ ਮਿਲਿ ਆਸ ਧਰਿ ਪਾਸ ਹ੍ਵੈ ਮੁਕੰਦ ਕੇ।
ਜ਼ਰੀਦਾਰ ਅੰਬਰ ਪਟੰਬਰ[1] ਸੁਹਾਇ ਬਡੋ
ਕਬਿ ਕਬਿ ਪਹਿਰੇ, ਸਮੇਤ ਹ੍ਵੈ ਅਨੰਦ ਕੇ।
ਨਾਤੁਰ ਸੁਧਾਰਿ ਧਰੈਂ ਦਾਸੀ ਜੇ ਸੰਭਾਰਿ ਕਰੈਂ,
ਬਚਨ ਉਚਰੈਂ 'ਬਨਜੋ ਲਾਗੇ ਧਨ ਬ੍ਰਿੰਦ ਕੇ' ॥੩੬॥

[1]ਪੱਟ ਦੇ ਬਸਤਰ।

ਗ੍ਰੀਖਮ ਬਿਤਾਈ ਰੁਤਿ ਬਰਖਾ ਕੀ ਆਈ ਪੁਨਿ
ਘਟਾ ਘੁਮਡਾਈ ਜਲ ਜਲਧਰ ਛੋਰਿਤੇ।
ਝਰੀ ਮਿਟਿ ਗਈ ਜਬਿ ਦਾਸੀ ਸੁਧਿ ਲਈ ਤਬਿ,
ਸਭਿ ਪਸ਼ਮੰਬਰ[1] ਪਟੰਬਰ ਲੇ ਭੋਰ ਤੇ।

[1]ਪਸ਼ਮੀਨੇਂ ਦੇ ਬਸਤਰ।

ਆਤਪ ਲਗੈਬੇ ਹੇਤ[1] ਪਾਏ ਸੋ ਨਿਕੇਤ ਪਰ[2],
ਬੈਠੀ ਹੈ ਸੁਚੇਤ ਕਰੈ ਰਾਖੀ ਚਹੁੰ ਓਰ ਤੇ।
ਬੀਥਕਾ ਮੈਂ ਜਾਤਿ ਲੋਕ ਸੁੰਦਰ ਬਿਲੋਕਿ ਕਰਿ
ਸਗਰੇ ਸਰਾਹੈਂ[1] 'ਸਿਖ ਲਯਾਯੋ ਸੁਖ ਲੋਰ ਤੇ[2]' ॥੩੭॥

[1]ਧੁੱਪ ਲਗੌਣ ਵਾਸਤੇ। [2]ਕੋਠੇ ਉੱਤੇ।
[1]ਸਲਾਹੁੰਦੇ ਹਨ। [2]ਲੱਭ ਕੇ (ਅ) ਸੁਖ ਦੀ ਲੋੜ ਵਾਸਤੇ।

ਪ੍ਰਿਥੀਏ ਕੀ ਦਾਸੀ ਦੇਖਿ ਈਰਖਾ ਵਿਸ਼ੇਖ਼ ਕਰਿ,
ਗਈ ਤਿਸ ਭਾਰਜਾ[1] ਕੇ ਪਾਸਿ ਹੈ ਸੁਨਾਇ ਦੀਨ।
'ਤੁਮਰੀ ਦਿਰਾਣੀ ਕੇ ਲੁਭਾਣੀ ਸ਼ੁਭ ਚੀਰ ਹੇਰਿ[1]
ਆਏ ਕਿਸੀ ਦੇਸ਼ ਤੇ ਬਿਸ਼ੇਸ਼ ਧਨੁ ਲਾਇ ਕੀਨ।
ਆਗੇ ਨ ਬਿਲੋਕੇ ਅਸ, ਸੁਨੇ ਹੂੰ ਨ ਕਾਨ ਕਰਿ,
ਕਿਸੀ ਪਾਤਿਸ਼ਾਹ ਢਿਗ ਹੋਹਿੰ ਕਿਧੌਂ ਨਾਂਹਿ ਚੀਨ[1]।
ਊਪਰ ਪਰੇ ਹੈਂ, ਮਹਾਂ ਦਮਕ ਭਰੇ ਹੈਂ,
ਚਾਰੁ ਕੈਸੇ ਕਿਸੂ ਕਰੇ ਹੈਂ[1], ਧਰੇ ਹੈਂ ਭਾਵ ਬੀਨ ਬੀਨ[2]' ॥੩੮॥

[1]ਭਾਵ ਪ੍ਰਿਥੀਏ ਦੀ ਇਸਤ੍ਰੀ ਪਾਸ।
[1]ਲੁਭਾਇ ਗਈ ਮੈਂ ਸੁਹਣੇ ਬਸਤਰ ਦੇਖਕੇ।
[1]ਕਿਸੇ ਪਾਤਸ਼ਾਹ ਕੋਲ ਵੀ ਹੋਣ ਕਿ ਨਾ ਹੋਣ ਇਹ ਜਾਣ ਲੈ।
[1]ਬਣਾਏ ਹਨ। [2]ਕਾਰੀਗਰੀ ਦੇ ਭਾਵ ਚੁਣ ਚੁਣਕੇ।

ਸੁਨਿ ਕੈ ਸ਼ਰੀਕਨਿ ਲਗੀ ਹੈ ਮਨ ਨੀਕ ਨ,
ਅਰੂਢੀ ਨਿਜ ਮੰਦਰ ਪੈ ਸੁੰਦਰ ਨਿਹਾਰਿਓ।
ਸੂਰਜ ਕੀ ਜੋਤਿ ਸੰਗ ਏਕ ਰੰਗ ਹੋਇ ਰਹ੍ਯੋ,
ਜਰੀ ਅੰਗ ਅੰਗ ਮੈਂ, ਨ ਜਰੀ ਜਾਇ ਜਾਰਿਓ[1]।

[1]ਸਹਾਰੀ ਨਾ ਗਈ, ਸਾੜ ਦਿੱਤਾ।

ਝਲਮਲ ਝਲਕਤਿ ਆਗ ਸਮ ਲਾਗਜੋ ਨੈਨ,
ਬੈਨ ਹੂੰ ਨ ਬੋਲ ਸਕੈ ਮਾਨੋ ਉਰ ਫਾਰਿਓ[1]। [1]ਹਿਰਦਾ ਫਟ ਗਿਆ।
ਹੋਈ ਬਿਸੰਭਾਰ[1] ਲੀਨ ਦਾਸੀ ਨੇ ਉਤਾਰਿ ਤਬਿ, [1]ਬਿਨਾਂ ਸੰਭਾਲ ਦੇ, ਬੇਹੋਸ਼।
ਧਾਰਤਿ ਉਦਾਸੀ, ਮਨ ਮਾਨੋ ਕਿਤ ਹਾਰਿਓ ॥੩੯॥
ਬੈਠੀ ਸਾਰੇ ਦਿਨ, ਉਦਬਿਗਨ[1] ਭਈ ਹੈ ਮਨ, [1]ਵਜਾਕੁਲ [ਸੰਸ: ਉਦ੍ਵਿਗ੍ਨ]
ਰੈਨ ਪਰੀ ਜਾਨਿ ਕੈ ਪ੍ਰਿਥੀਆ ਧਾਮ ਆਇਓ।
ਹੇਰਿ ਬਾਲ ਹਾਲ ਕੋ[1] ਬੁਲਾਇ ਕੈ ਬਿਹਾਲ ਕੋ [1]ਇਸਤ੍ਰੀ ਦੇ ਹਾਲ ਨੂੰ।
ਕਹਜੋ ਹੈ 'ਕਿਸ ਖਜਾਲ ਤੇ ਬਿਸਾਦ[1] ਬਡੋ ਪਾਇਓ? [1]ਦੁਖ [ਸੰਸ: ਵਿਸ਼ਾਦ]
ਕੌਨ ਕਾਜ ਭੌਨ ਕੋ ਬਿਗਰ ਗਯੋ? ਮੌਨ ਕਰੀ,
ਕੈਧੌਂ ਕਿਹ ਸੰਗ ਲਰੀ, ਕੈ ਕਛੂ ਗਵਾਇਓ?
ਦੀਜੈ ਸੋ ਬਤਾਇ ਸਭਿ ਚਿੰਤ ਕੋ ਬਿਤਾਇ ਅਬਿ,
ਕੈਸੇ ਪਛੁਤਾਇ ਮੁਰਝਾਇ? ਸਮਝਾਇਓ' ॥੪੦॥
ਸੁਨਿ ਕੈ ਸਨੇਹ ਸਾਨੀ ਬਾਨੀ ਨਿਜ ਕੰਤ ਹੂੰ ਕੀ
ਕਰਮੋ ਕਹਤਿ ਭਈ ਰਿਸ ਧਾਰਿ ਅਤੀਆ।
'ਹਮਰੇ ਸ਼ਰੀਕ ਹੂੰ ਕੇ ਨੀਕੀ ਨੀਕੀ ਭੇਟ ਆਵੈਂ,
ਚੀਰ ਤਾਕੀ ਤੀ ਕੇ[1] ਹੇਰਿ ਹੋਈ [1]ਇਸਤ੍ਰੀ ਦੇ। [2]ਅਸਚਰਜ।

ਬਿਸਮਤੀਆ[2]।
ਝਲਾਝਲ ਝਲਕਤਿ ਡੀਠ ਨ ਠਹਿਰ ਸਕੈ,
ਧੂਨੀ ਜਯੋਂ ਧੁਖਤਿ ਮਮ ਸੁਲਗਤਿ ਛਤੀਆ[1]। [1]ਸੜਦੀ ਹੈ ਛਾਤੀ।
ਹੋਇ ਹੈ ਬਡਾਈ ਨਿਤ, ਹਮਰੀ ਘਟਾਈ,
ਬਾਤ ਸਾਕਨ ਮੈਂ ਬਿਥਰੈ ਜਗੱਤ ਜਿਤ ਕਿਤੀਆ[1] ॥੪੧॥ [1]ਜਿੱਥੇ ਕਿੱਥੇ।
ਕਰਤੇ ਪਿਤਾ ਕੀ ਸੇਵ ਪਾਵਤੇ ਸੁਪਦ ਏਵ,
ਗੁਰਤਾ ਕੋ ਲੇਵ ਗੁਰੁਦੇਵ ਜਗ ਹੋਵਤੇ।
ਛੂਛੇ ਰਹੇ ਜੇਠੇ ਤੁਮ, ਪੈਠੇ[1] ਘਰ ਬੈਠੇ ਰਹੋ, [1]ਪ੍ਰਵੇਸ਼ ਕਰਕੇ।
ਲੇ ਗਯੋ ਅਨੁਜ, ਸੋਈ ਕਾਟੈਂ ਜੇਈ ਬੋਵਤੇ[1]। [1]ਬੀਜਦੇ।
ਅਨਗਿਨ ਧਨੁ ਆਵੈ, ਜਨ ਗਨ ਮਨ ਭਾਵੈ,
ਮੋਦ ਮੈਂ ਸਮਾਵੈ, ਹਮ ਦੀਨ ਹੋਇ ਰੋਵਤੇ।
ਭਈ ਬਿਪਰੀਤਿ ਮਹਾਂ, ਜਰੀ ਹੂੰ ਨ ਜਾਇ ਚੀਤਿ,
ਤੁਮਰੀ ਅਨੀਤ ਹੇਰਿ ਸੁਖ ਮੈਂ ਨ ਸੋਵਤੇ' ॥੪੨॥
ਭਾਰਜਾ ਬਿਲੋਕਿ ਕੈ, ਸ ਸ਼ੋਕ ਬੀਚ ਓਕ ਕੈ,
ਸੁ ਕਰਨ ਪ੍ਰਸੰਨ ਤਿਸ ਬਾਕ ਕੋ ਬਖਾਨਿਓ।
'ਚਿੰਤਾ ਚਿਤ ਚੂਰ ਕਰਿ, ਦੁਖ ਕੋ ਬਿਦਾਰ ਦੂਰ,
ਜਾਨੀਏ ਨ ਕੂਰ ਲੇਹੁ ਸਾਚਿ ਮਨਿ

ਮਾਨਿਓ।
ਜੀਵਤਿ ਹੈਂ ਜਾਵਤਿ ਸੋ ਪਾਵਤਿ ਉਪਾਇਨ ਕੋ
ਸੰਮਤ ਕਿਤਿਕ ਹੋਇ ਅਰਜਨ ਹਾਨਿਓ[1]।
ਜਨਮੈ ਨ ਸੁਤ, ਮ੍ਰਿਤੁ ਪਾਛੈ ਹਮੈ ਹੋਇ ਹਿਤ[1],
ਪਾਵੈਂ ਗੁਰਿਆਈ ਕੋ ਜੋ ਪਦ ਹੈ ਮਹਾਨਿਓ ॥੪੩॥
ਨੰਦ ਕੇ ਅਨੰਦ ਬਿਨ[1] ਵਸਤੂ ਬਿਲੰਦ ਗਨ
ਭਰਜੋ ਜੋ ਸਦਨ ਸਭਿ ਆਪਨੋ ਹੀ ਜਾਨੀਅਹਿ।
ਮਾਲਕ ਨ ਔਰ ਬੈਠਿ ਠੌਰ ਜੇ ਸੰਭਾਰੈਂ ਸੋਊ,
ਯਾਂ ਤੇ ਹਮ ਲੇਹਿੰਗੇ, ਨ ਦੇਹਿੰ ਆਨ ਮਾਨੀਅਹਿ।
ਸਗਰੇ ਪਦਾਰਥ ਅਕਾਰਥ ਸਪੂਤ ਬਿਨ,
ਹਮ ਕੋ ਸਕਾਰਥ ਬਨਹਿਂ[†], ਪਹਿਚਾਨੀਅਹਿ।
ਕੋ ਦਿਨ ਬਡਾਈ ਜਰੋ, ਹੇਰਿ ਕੈ ਨ ਜਰੋ ਤਿਹ,
ਜਰ ਹੀਨ[1] ਜਰ ਕਿਸ ਕਾਜ ਕੀ? ਬਿਗਾਨੀਅਹਿ[2]' ॥੪੪॥

[1]ਬਰਸ ਕਿੰਨਿਆਂ ਤਕ (ਸ੍ਰੀ) ਅਰਜਨ ਜੀ ਦਾ ਅੰਤ ਹੋ ਜਾਏਗਾ।

[1]ਸਾਡਾ ਭਲਾ।

[1]ਪੁੱਤ੍ਰ ਦੀ ਖੁਸ਼ੀ ਬਿਨਾਂ।

[†]ਪਾ:-ਬਨ ਜਿ। ਬਨੈ ਹੈ।

[1]ਜੜ੍ਹ ਤੋਂ ਬਿਨਾਂ ਭਾਵ ਉਹ ਪੁੱਤ੍ਰ ਤੋਂ ਬਿਨਾਂ ਹੈ (ਵੰਸ ਵਧਣ ਦਾ ਮੂਲ ਪੁੱਤ੍ਰ ਹੈ)। [2]ਪੁੱਤ੍ਰ ਹੀਨ ਦਾ ਜ਼ਰ =) ਧਨ ਕਿਸ ਕੰਮ, (ਉਹ ਤਾਂ) ਬਿਗਾਨਾ ਹੈ।

ਸ੍ਵੈਯਾ:
ਯੌਂ ਪ੍ਰਿਥੀਏ ਕਹਿ ਧੀਰਜ ਦੀਨਸਿ
'ਹੋਹੁ ਸੁਚੇਤ ਨ ਚਿੰਤ ਧਰੀਜੈ।
ਬੀਤ ਗਈ ਅਬਿ ਹਾਥ ਨ ਆਵਤਿ,
ਪਾਛਲ ਬਾਤ ਨ ਯਾਦ ਕਰੀਜੈ।
ਅਪਨੀ ਸੰਗਤਿ ਤੇ ਬਿਤ ਆਵਤਿ
ਲੇ ਖਰਚੋ ਪਟ ਚਾਰੁ ਬਨੀਜੈ।

ਜੇਰ ਜਵਾਹਰਿ ਜ਼ੇਵਰ ਕੋ ਕਰਿ
ਤੇਵਰ ਜੇਵਰ ਕੋ ਪਹਿਰੀਜੈ' ॥੪੫ ॥

ਦੋਹਰਾ:

ਇੱਤਜਾਦਿਕ ਕਹਿ ਤੀਯ ਕੋ, ਕਰਿ
ਪ੍ਰਸੰਨ ਤਿਹ ਜੀਯ।
ਰਲਿ ਕੀਨਸਿ ਕੂਰੀ ਰਲੀ[1], ਹੁਇ
ਨਿਸ਼ਚੈ ਲਖਿ ਲੀਯ ॥੪੬॥

[1]ਝੂਠੀ ਖੁਸ਼ੀ ਕੀਤੀ।

ਬੁਰਾ ਚਿਤਵਿ ਕਰਿ ਅਪਰ ਕੋ, ਆਪਨ
ਆਨੰਦ ਠਾਨਿ।
ਪ੍ਰਭੁ ਬਿਪਰਜੈ ਕਰਤਿ[1] ਤਿਸ, ਇਹ ਤੋ
ਬਿਦਤਿ ਜਹਾਨ ॥੪੭॥

[1]ਉਲਟੀ ਕਰਦਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪ੍ਰਿਥੀਏ ਕੋ' ਪ੍ਰਸੰਗ ਬਰਨਨੰ ਨਾਮ ਪ੍ਰਥਮੋਂ ਅੰਸੂ ॥੧॥

## ੨. [ਮਾਤਾ ਜੀ ਦੀ ਸਪੁੱਤ੍ਰ ਹਿਤ ਯਾਚਨਾ ਤੇ ਗੁਰੂ ਜੀ ਦੀ ਆਗਯਾ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਦਾਸੀ ਪ੍ਰਿਥੀਏ ਕੀ ਸੁਨਤਿ, ਦੰਪਤਿ ਕੇ
ਸਭਿ ਬੈਨ।
ਮਨ ਪ੍ਰਸੰਨ ਅਤਿ ਹੀ ਭਈ, ਕਰਿ
ਬਿਚਾਰ ਦਿਨ ਰੈਨ ॥੧॥
ਸ਼੍ਰੀ ਗੁਰ ਅਰਜਨ ਕੀ ਹੁਤੀ, ਇਕ
ਦਾਸੀ ਬੁਧਿਵਾਨ।
ਤਿਹ ਸੋਂ ਕਹ੍ਯੋ ਪ੍ਰਸੰਗ ਸਭਿ, ਜਿਤਨੋ
ਕੀਨ ਬਖਾਨ ॥੨॥
'ਪ੍ਰਿਥੀਏ ਨਿਜ ਤਿਯ ਨਿਕਟ ਹੁਇ,
ਗੁਰ ਅਰਜਨ ਪਰ ਕੋਪ।
ਦਿਯੋ ਸ੍ਰਾਪ -ਸੁਤ ਹੋਹਿ ਨਹਿਂ- ਇਹ
ਰਾਖਹੁ ਉਰ ਗੋਪ ॥੩॥
-ਸਕਲ ਪਦਾਰਥ ਹਮ ਲਹੈਂ, ਜਬਿ ਗੁਰ
ਮ੍ਰਿਤੁ ਕੋ ਪਾਇਂ।
ਗੁਰਿਆਈ ਕੋ ਲੇਹਿਂ ਤਬਿ, ਚਿੰਤਾ
ਕਰਹੁ ਨ ਕਾਇ- ॥੪॥
ਹੋਨਹਾਰ ਨਿਸ਼ਚੈ ਇਹੀ, ਜਾਨੀ ਜਾਤਿ ਸੁ
ਬਾਤ।
ਬੀਤੇ ਸੰਮਤ ਬਹੁਤ ਹੀ, ਨਹਿਂ ਜਨਮ੍ਯੋ
ਗ੍ਰਿਹ ਤਾਤ ॥੫॥
ਯਾਂ ਤੇ ਮਾਲਕ ਇਹੀ ਹੈਂ, ਗੁਰਤਾ ਜੁਤ
ਘਰ ਬਾਰ।
ਨਹਿਂ ਅਪਰਨ ਕੋ ਪ੍ਰਾਪਤੀ, ਦੇਖਹੁ ਰਿਦੈ
ਬਿਚਾਰ' ॥੬ ॥

ਸੋਰਠਾ:

ਗੁਰ ਦਾਸੀ ਸੁਨਿ ਬੈਨ, ਨੈਨ ਭਰੇ ਜਲ
ਕਹਤਿ ਇਮੁ।
'ਦੇ ਪ੍ਰਭੁ! ਸੁਤ ਗੁਰ ਐਨ, ਗੁਰਤਾ

ਇਨ ਕੇ ਹੋਹਿ ਕਿਮ ॥੭॥

ਅਜਹੁ ਨ ਜਰਾ ਅਰੂਢ[1], ਦੰਪਤਿ ਕੀ ਬਯ ਹੈ ਤਰੁਨ।
ਮਤਸਰ ਅਗਨੀ ਗੂਢ, ਜਰਤਿ ਮਰਤਿ ਕਹਿ ਦੁਰਬਚਨ ॥੮॥

[1]ਬੁਢੇਪਾ ਨਹੀਂ ਆਇਆ।

ਬਸਹਿ ਗੁਰੂ ਕੋ ਧਾਮ, ਇਹ ਉਜਰੇ ਜਗ ਫਿਰਹਿੰਗੇ।
ਸੁਤ ਜਨਮਹਿ ਅਭਿਰਾਮ, ਜਿਸੁ ਹੇਰਤਿ ਰਿਪੁ ਡਰਹਿੰਗੇ' ॥੯॥

ਮਿਲਿ ਦਾਸੀ ਇਮ† ਦੋਇ, ਨਿਜ ਨਿਜ ਪਖ ਕੀ ਬਾਤ ਕਰਿ‡।
ਅਪਨੇ ਮੰਦਰਿ ਸੋਇ, ਗਮਨੀ ਚਿੰਤਾ ਰਿਦੈ ਧਰਿ† ॥੧੦॥

†ਪਾ:-ਇਹ। ‡ਪਾ:-ਕਹਿ।

†ਪਾ:-ਲਹਿ।

ਗੁਰ ਅਰਜਨ ਕੇ ਧਾਮ, ਆਨਿ ਸੁਨਾਈ ਤਰਕ ਜੁਤ।
'ਇਮ ਪ੍ਰਿਥੀਏ ਕੀ ਬਾਮ[1], ਬੁਰਾ ਚਿਤਹਿ -ਕਿਮ ਹ੍ਵੈ ਨ ਸੁਤ- ॥੧੧॥

[1]ਇਸਤ੍ਰੀ।

ਸਗਰੋ ਸੁਨਯੋ ਪ੍ਰਸੰਗ, ਤਿਨ ਕੀ ਦਾਸੀ ਨੇ ਭਨਯੋ[1]।
ਭਰੀ ਹਰਖ ਕੇ ਸੰਗ[1], ਮੈਂ ਦੁਖ ਪਾਵਤਿ ਸਿਰ ਧੁਨਯੋ' ॥੧੨ ॥

[1]ਪ੍ਰਿਥੀਏ ਦੀ ਦਾਸੀ ਨੇ ਜੋ ਕਿਹਾ ਸੀ।

[1]ਪ੍ਰਿਥੀਏ ਦੀ ਦਾਸੀ) ਖੁਸ਼ੀ ਨਾਲ ਭਰੀ ਹੋਈ ਸੀ। (ਅ) ਪੰਜਾਬੀ ਵਿਚ ਹਰਖ ਤੇ ਹਿਰਖ, ਰੰਜ ਨੂੰ ਬੀ ਕਹਿੰਦੇ ਹਨ, ਤਦ ਗੁਰ ਦਾਸੀ ਵਲ ਇਸ ਦਾ ਅਰਥ ਲਗੇਗਾ।

ਕਬਿੱਤ:

ਸੁਨਯੋ ਸ਼੍ਰੋਨ ਗੰਗ ਤਾਤਕਾਲ ਚਿਤ ਭਈ ਭੰਗ,
ਲੇਤਿ ਸ੍ਵਾਸ ਦੁਖ ਸੰਗ ਸੋਚਨ ਕੋ ਸੋਚਤੀ।
'ਨੰਦ ਤੇ ਬਿਲੰਦ ਹੀ ਅਨੰਦ ਹੋਤਿ ਬ੍ਰਿੰਦ ਬੀਚ
ਨੰਦ ਹੀਨ ਮੈ ਹੌਂ' ਕਹਿ ਆਸੂਨ ਕੋ ਸੋਚਤੀ[1]।

[1]ਹੰਝੂ ਕੇਰਦੀ।

-ਹਮਰੇ ਸ਼ਰੀਕ ਨਿਤ ਮ੍ਰਿਤੁ ਕੀ ਉਡੀਕ ਕਰੈਂ
ਤਾਂ ਕੀ ਤੀਯ ਸਗਰੇ ਪਦਾਰਥ ਕੋ ਲੋਚਤੀ-।
ਐਸੇ ਮਨ ਗਿਨਤੀ ਗਿਨਤਿ ਬੀਤੇ ਨਿਸ ਦਿਨ,
ਨੀਕੋ ਖਾਨ ਪਾਨ ਚੀਰ ਭੂਖਨ ਨ ਰੋਚਤੀ[1] ॥੧੩॥

[1]ਰੁਚਦੇ ਨਹੀਂ।

ਸਮੈ ਪਾਇ ਸਤਿਗੁਰੂ ਆਏ ਨਿਜ ਮੰਦਰ ਮੈਂ
ਸੁੰਦਰ ਪ੍ਰਯੰਕ ਪੈ ਬਿਰਾਜੇ ਮਨ ਸ਼ਾਂਤਿ ਹੈ।
ਗੰਗਾ ਉਠੀ ਹੇਰਿ ਕਰਿ ਹਾਥ ਜੋਰਿ ਨੇਰ ਕਰਿ,
ਖਰੀ ਹੋਇ ਬਿਨਤੀ ਸੁਨਾਈ ਹਿਤ ਤਾਤ ਹੈ।
'ਕਰਬੋ ਗ੍ਰਿਹਸਤ ਸੁਠ† ਸਦਨ ਸਮਾਨ ਜਾਨੋ,
ਉਪਜੈ ਸਪੂਤ ਇਹ ਦੀਪਕ ਕੀ ਭਾਂਤਿ ਹੈ।
ਨਾਂਹਿ ਤ ਅੰਧੇਰ ਹੋਤਿ, ਦੁਖ ਕੋ ਉਦੋਤ ਨਿਤ,
ਲੋਕ ਪਰਲੋਕ ਮੈਂ ਨ ਸ਼ੋਭਾ ਉਪਜਾਤਿ ਹੈ ॥੧੪॥

†ਪਾ:-ਸੁਨ = ਸੁੰਞਾ।

ਆਪ ਸਰਬੱਗਯ, ਕਯਾ ਮੈਂ ਕਹੌਂ ਅਲਪੱਗਯ ਮਨ,
ਤਉ ਨਿਜ ਦੁਖ ਕੋ ਸੁਨਾਵੌਂ ਮਹਾਂ ਦੀਨ ਹੋਇ।
ਰਾਵਰੇ ਸਹੋਦਰ[1] ਨੇ ਆਪਨੀ ਕ੍ਰਿਸ਼ੋਦਰੀ ਸੋਂ[2]
ਭਨਯੋ ਜਿਮਿ, ਸੁਨਯੋ ਤਿਮ, ਦਾਸੀ

[1]ਵੱਡੇ ਭਾਈ ਜੀ। [2]ਇਸਤ੍ਰੀ ਨੂੰ।

ਸੁਨਿ ਆਈ ਸੋਇ।
-ਪੁੱਤ੍ਰ ਹ੍ਵੈ ਨ ਤਿਨ ਘਰ ਪੀਛੈ ਹਮ ਬਨੈਂ ਗੁਰ
ਸਗਰੇ ਪਦਾਰਥ ਕੋ ਲੇਹਿਂ ਰਮਣੀਕ ਜੋਇ-।
ਸ਼ੋਕ ਮੁਝ ਹੋਤਿ ਹੈ ਤਨੁਜ ਨ ਉਦੋਤ[1] ਹੈ
ਸਭਿਨਿ ਸਿਰ ਮੌਤ ਹੈ ਸਥਿਰ ਜਗੁ ਨਾਂਹੀ ਕੋਇ ॥੧੫॥
ਸਿੱਖਨ ਹਜ਼ਾਰਨ ਕੀ ਕਾਮਨਾ ਕੋ† ਕਰਹੁ ਪੂਰ,
ਵਿੱਤ ਸੁਤ ਆਦਿਕ ਸਕਲ ਸੁਖਦਾਯ ਕੋ।
ਆਪਨੇ ਸਦਨ ਮੈਂ ਸੁ ਨੰਦ ਦੇਹੁ ਗੁਰੂ ਤੁਮ,
ਬੰਸ ਕੋ ਬਿਭੂਖਨ ਅਨੇਕ ਰਿਪੁ ਘਾਯ ਕੋ।
ਹਾਸੀ ਨ ਸ਼ਰੀਕ ਕਰੈਂ ਹੇਰਿਨ ਅਨੰਦ ਧਰੈਂ
ਤੈਸੇ ਬਿਧਿ ਕਰੋ ਅਬਿ ਤੁਮ ਸਭਿ ਲਾਯ ਕੋ।'
ਐਸੇ ਕਹਿ ਬੈਨ, ਕਰੇ ਨੀਚੇ ਜੁਗ ਨੈਨ,
ਭਈ ਲਾਜ ਹੂੰ ਕੋ ਐਨ, ਤੇ ਸੰਕੋਚੀ ਨਿਜ ਕਾਯ ਕੋ[1] ॥੧੬॥
'ਹਮਰੇ ਨ ਤਾਤ ਭਯੋ ਐਸੀ ਤੋ ਕਹਤਿ ਬਾਤ,
ਮੋ ਕੋ ਬਿਨ ਭਾਗ ਜਾਨਿ ਮਾਨਤਿ ਅਨੰਦ[1] ਕੋ।
ਆਪ ਸਮਰੱਥ ਨਾਥ, ਸਭੈ ਬਿਧਿ ਹਾਥ ਬਿਖੈ,
ਕ੍ਰਿਪਾ ਸਾਥ ਕਹੋ ਬਾਕ, ਸੁੰਦਰ ਸੁ ਨੰਦ[1] ਕੋ।

[1]ਪੁੱਤ੍ਰ ਉਪਜਦਾ ਨਹੀਂ।

†ਪਾਠ-ਕੋ-ਕਿਤੇ ਕਿਤੇ ਨਹੀਂ ਹੈ।

[1]ਆਪਣੇ ਸਰੀਰ ਨੂੰ ਸੰਕੋਚਿਆ।

[1]ਸ਼ਰੀਕ ਅਨੰਦ ਮਨਾਉਂਦੇ ਹਨ।

[1]ਸਪੁੱਤ੍ਰ ਦਾ ਸੁਹਣਾ ਵਾਕ ਕਰੋ।

ਕੀਜੈ ਮੋ ਕ੍ਰਿਤਾਰਥ ਸਕਾਰਥੋ ਸਦਨ ਹੋਇ
ਦਾਸੀ ਜਾਨ ਮੇਟੀਅਹਿ ਸੰਕਟ ਬਿਲੰਦ ਕੋ।'
ਧਾਰੀ ਪੁਨਿ ਮੌਨ, ਨਹੀਂ ਬੋਲ੍ਯੋ ਜਾਇ ਬੈਨ ਕੌ ਨ[1],

[1]ਕੋਈ ਬਚਨ।

ਨੈਨਨ ਮੈਂ ਨੀਰ ਔਨਿ ਡਾਰੈ ਬ੍ਰਿੰਦ ਬੁੰਦ ਕੋ[1] ॥੧੭॥

[1]ਪ੍ਰਿਥਵੀ ਪਰ ਸਮੂਹ ਬੂੰਦਾਂ ਨੂੰ।

ਸਤਿਗੁਰ ਹੇਰੀ ਕ੍ਰਿਪਾ ਠਾਨਿ ਕੈ ਘਨੇਰੀ ਤਬਿ,
'ਲਾਲਸ ਬਡੇਰੀ ਜੋ ਪੈ ਕੀਨੀ ਸੁਤ ਲੇਨਿ ਕੀ।
ਰਾਖਾ ਰਹਿ ਘਾਸ ਕੋ ਨ ਗਮਨੈ ਅਵਾਸੁ ਕੋ,
ਦਰਸੁ ਕਰਿ ਤਾਸ ਕੋ ਸ਼ਕਤਿ ਬਰ ਦੇਨਿ ਕੀ।
ਸਾਹਿਬੁ ਸੁ ਬੁੱਢਾ ਨਾਮ, ਮਹਾਂ ਗੁਨ ਬ੍ਰਿੰਦ ਧਾਮ,
ਗ੍ਯਾਨ ਅਭਿਰਾਮ ਸ਼ੇਰ ਮੋਹ ਸਮ ਏਨ ਕੀ[1]।

[1]ਜਿਸ ਦੇ ਸੁੰਦਰ ਗਿਆਨ ਰੂਪੀ ਸ਼ੇਰ ਅੱਗੇ ਮੋਹ ਆਦਿ ਹਰਨ ਵਤ ਹਨ।

ਕੀਜੀਏ ਪ੍ਰਸੰਨ ਬਰ ਲੀਜੀਏ ਸੁ ਧੰਨਿ ਬਨਿ,
ਬਿਨਤੀ ਭਨੀਜੀਏ ਬਡਾਈ ਤਜਿ ਬੈਨ[1]† ਕੀ ॥੧੮॥

[1]ਬਚਨਾਂ ਦੀ ਵਡਾਈ ਤਜਕੇ ਭਾਵ ਨਿੰਮ੍ਰਤਾ ਵਾਲੇ ਲਫਜ਼ਾਂ ਵਿਚ ਬੇਨਤੀ ਕਰੋ। †ਕਿਸੇ ਨੁਸਖੇ ਵਿਚ ਏਥੇ ਪਾਠ ਬੇਨ (= ਵੰਸ਼) ਦੇਖਣ ਵਿਚ ਆਇਆ ਹੈ। ਪਰ ਭਾਈ ਸੰਤੋਖ ਸਿੰਘ ਜੀ ਦੇ ਚਲਾਣੇ ਤੋਂ ੧੯ ਬਰਸ ਦੇ ਅੰਦਰ ਜੋ ਨੁਸਖਾ ਲਿਖਿਆ ਗਿਆ ਹੈ ਉਸ ਵਿਚ ਪਾਠ 'ਬੈਨ' ਹੀ ਅਸਾਂ ਵੇਖਿਆ ਹੈ।

ਸਭਿ ਹੀ ਗੁਰੂ ਕੇ[1] ਪਾਇ ਸੇਵਤਿ ਬਿਤਾਇ ਬੈਸ,
ਗ੍ਰਾਮ ਗੁਰੂ ਧਾਮ ਕੋ ਸੰਭਾਰੈ ਕਾਰ ਤਿਨ ਕੀ।

[1]ਭਾਵ ਪੰਜਾਂ ਹੀ ਗੁਰਾਂ ਦੇ।

ਮਹਾਂ ਸਮਰੱਥ ਹੈ, ਜਿ ਹਾਥ ਧਰੇ ਮੱਥ ਹੈ[1],
ਸਕਲ ਦੁਖ ਲੱਥ ਹੈ, ਬਿਹਾਇ ਚਿੰਤ ਮਨ ਕੀ।
ਪੁਰਵੈ ਮਨੋਰਥ ਪ੍ਰਸੰਨ ਹੋਹਿ ਜਾ ਹੀ ਪਰ,
ਬਾਂਛਤਿ ਕੋ ਦੇਹਿ, ਲਾਜ ਰਾਖ ਹੈ ਸ਼ਰੱਨ ਕੀ।
ਚਿਤ ਮੇ ਅਚਲ ਹੈ, ਬਿਸਾਲ ਧੀ[1] ਪ੍ਰਬਲ ਹੈ,
ਟਹਿਲ ਤਾ ਸਫਲ ਹੈ ਅਟੱਲਤਾ ਬਚਨ ਕੀ' ॥੧੯॥

[1]ਮੱਥੇ ਹੱਥ ਧਰਨਾ, ਇਕ ਤਰੀਕਾ ਹੈ ਰੂਹਾਨੀ ਮਿਹਰ ਦਾ; ਭਾਵ ਹੈ-ਕ੍ਰਿਪਾ ਕਰਨਾ।

[1]ਬੁੱਧੀ।

ਕਬਿੱਤ:

ਐਸੇ ਨਿਜ ਦਾਸ ਕੀ ਪ੍ਰਸੰਸਾ ਕੋ ਪ੍ਰਕਾਸ਼ ਕੀਨਿ
ਗੰਗਾ ਸੁਨਿ ਲੀਨਿ ਆਸਾ ਧਾਰੀ ਉਰ ਨੰਦ ਕੀ।
ਬਾਕ ਪੈ ਬਿਸਾਸ ਕਰਿ ਰਾਤਿ ਕੋ ਨਿਵਾਸ ਕਰਿ
ਉਦਜੋ ਸਪਤਾਸੁ[1] ਤਜਾਰੀ ਕਰੀ ਜਾਨ ਬ੍ਰਿੰਦ ਕੀ[2]।
ਸਜੰਦਨ ਤੁਰੰਗ ਜੋਰਿ[1] ਸੁੰਦਰ ਸਜਾਇ ਰੰਗ,
ਕਲਸ ਉਤੰਗ ਚਾਮੀਕਰ ਦੁਤਿ ਦੁੰਦ[1] ਕੀ।
ਗਾਜੈ ਮੰਦ ਨੀਰਧਰ[1] ਸ਼ਬਦ ਗੰਭੀਰ ਭਯੋ
ਬਾਰਤਾ ਸਕਲ ਕਰੈਂ ਆਨੰਦ ਬਿਲੰਦ ਕੀ ॥੨੦॥
ਦਾਸੀ ਬ੍ਰਿੰਦ ਸਿੱਖਨੀ ਬਹਿਲ ਪੈ ਅਰੂਢ ਚਲੀ
ਮਾਨਵ ਕੀ ਭੀਰ ਸੰਗ ਗਮਨੇ ਸੁ ਰਾਹ

[1]ਸੂਰਜ। [2]ਸਮੂਹ ਅਸਵਾਰੀਆਂ ਦੀ।

[1]ਰਥ ਨੂੰ ਘੋੜੇ ਜੋੜ ਕੇ।

[1]ਦੋਹਾਂ (ਰਥ ਤੇ ਕਲਸ) ਦੀ ਸ਼ੋਭਾ (ਅ) ਦੁਤ ਦੁੰਦ = ਬੜੀ ਸ਼ੋਭਾ।

[1]ਬੱਦਲ ਵਾਂਙੂ।

ਕੋ।
ਮਧੁਰ ਸਨਿਗਧ, ਬਿਸਦ ਹੈ ਬਰਨ ਜਿਸ
ਲੀਨੋ ਪਕਵਾਨ[1] ਹੇਤ ਖਾਨ ਚਿਤ ਰਾਹ ਕੋ।
ਜੋਰ ਭਰੇ ਵਾਹਨ ਖੁਲੇ ਹੈ ਬਹੁ ਦਿਨ ਖਰੇਂ
ਚੰਚਲ ਚਲਾਕੀ ਕਰੈਂ ਦੇਤਿ ਉਤਸਾਹ ਕੋ।
ਬ੍ਰਿੱਧ ਕੋ ਸਥਾਨ ਨੇਰੇ ਰਹਜੋ ਤਬਿ ਪ੍ਰੇਰੇ ਪੰਥ,
ਭਾਜੇ ਘੰਟ ਬਾਜੇ[1] ਛਬਿ ਛਾਜੇ ਸ਼ੁਭ[†] ਬਾਹ ਕੋ ॥੨੧॥

[1]ਤਲੇ ਹੋਏ ਭੋਜਨ ਜੈਸੇ ਪੂਰੀ ਕਚੌਰੀ [ਸੰਸ: ਪਕ੍ਵਾਨ੍ਨ। ]

[1]ਬ੍ਰਿੱਧ ਦਾ ਧਾਮ ਨੇੜੇ ਰਿਹਾ ਤਾਂ (ਉਸ) ਰਸਤੇ ਘੋੜੇ ਚਲਾਏ, ਭੱਜ ਰਹੇ ਘੋੜਿਆਂ ਦੇ ਘੰਟੇ ਵੱਜੇ। [†]ਪਾ:-ਸੁਰ।

ਪੀਛੇ ਤੇ ਬਹਿਲ ਬ੍ਰਿੰਦ ਬਲ ਕੋ ਬਿਲੰਦ ਕਰੈਂ
ਸਗਰੀ ਧਵਾਈ[1] ਧੂਰ ਚਢੀ ਅਸਮਾਨ ਮੈਂ।
ਘੁੰਗਰੂ ਘਮੰਕੇ[1], ਘੋਰੇ ਪੈਰ ਕੋ ਬਜੰਤੇ,
ਨੇਮੀ[1] ਸ਼ਬਦ ਉਠੰਤੇ, ਜਾਨ[2†] ਦੌਰਤਿ ਪਯਾਨ ਮੈਂ।
ਸ਼ੋਰ ਉਠੇ ਜੋਰ, ਖੱਗ ਉਡੇ ਚਹੁੰ ਓਰ ਧਾਏ
ਬਨ ਤੇ ਪਲਾਏ ਮ੍ਰਿਗ ਤ੍ਰਾਸਿ ਤਿਸ ਥਾਨ ਮੈਂ।
ਕੋਊ ਬ੍ਰਿਧ ਪਾਸਿ[1] ਤਾਂ ਸੋ ਪੂਛਜੋ 'ਇਹੁ ਕੌਨ ਆਵੈ?
ਜੀਵ ਭਏ ਬਜਾਕੁਲ ਬਿਸਾਲ ਹੀ ਭਯਾਨ[1] ਮੈਂ' ॥੨੨॥

[1]ਦੁੜਾਈਆਂ (ਬਹਿਲਾਂ)।

[1]ਵਜਦੇ ਹਨ।

[1]ਪਹੀਏ। [2]ਵਾਹਨ। [†]ਪਾ:-ਜਨ।

[1]ਬੁੱਢਾ ਜੀ ਦੇ ਪਾਸ ਸੀ ਕੋਈ।

[1]ਡਰ ਵਿਚ।

ਤਾਂ ਨੇ ਪਹਿਚਾਨ ਕਰਿ, ਬੁੱਢੇ ਸੋਂ ਬਖਾਨ ਕਰਿ,
ਗੁਰੂ ਕੇ ਪਯਾਨ ਕਰਿ ਆਵੈਂ ਇਤ ਓਰ ਕੋ।

ਨਰਨਿ ਕੀ ਭੀਰ ਸੰਗ, ਸ੍ਯੰਦਨ ਤੁਰੰਗ ਲਗੇ,
ਭਾਜੇ ਤੇ ਸ਼ਬਦ ਹੋਤਿ, ਸਕਟ[1] ਸੁ ਜੋਰ ਕੋ।' — [1]ਬਹਿਲਾਂ ਆਦਿ।
ਬੈਨ ਸ਼੍ਰੋਨ ਧਾਰੇ ਤੇ ਉਚਾਰੇ ਬ੍ਰਿਧ ਤਾਂ ਸੋ ਫੇਰ
'ਰਾਮਦਾਸ ਪੁਰੇ ਕਿਨ ਕੀਨੋ ਅਸ ਸ਼ੋਰ ਕੋ।
ਭਾਜਰ[1] ਕੋ ਪਾਇ ਸਮੁਦਾਇ ਨਰ ਲਜਾਇ ਸਾਥ — [1]ਭਾਜੜ।
ਚਲੇ ਕਿਸ ਥਾਨ ਕੋ ਉਠਾਇ ਧੁਨਿ ਘੋਰ ਕੋ?' ॥੨੩॥
ਐਸੇ ਕਹਿ ਦੇਖਨ ਲਗੇ ਹੈਂ ਪੁਨ ਤਾਂਹੀ ਓਰ
ਇਤਨੇ ਮੈਂ ਨੇਰੇ ਆਇ ਤਯਾਗ ਸਭਿ ਯਾਨ[1] ਕੋ। — [1]ਵਾਹਣ ਰਥ ਆਦਿ ਛੱਡਕੇ।
ਗੰਗਾ ਸੰਗ ਦਾਸੀ ਲੀਨਿ, ਦਾਸਨ ਕੋ ਆਗੇ ਕੀਨਿ
ਨਮੋ ਪਾਇ ਠਾਨਿ[1], ਆਗੇ ਧਰਯੋ ਪਕਵਾਨ ਕੋ। — [1]ਚਰਨਾਂ ਤੇ ਮੱਥਾ ਟੇਕਕੇ।
ਸਹਿਜ ਸੁਭਾਇ ਬ੍ਰਿਧ ਬਾਕ ਕੋ ਸੁਨਾਇ ਕਹਯੋ
'ਕੈਸੇ ਆਈ ਮਾਤ! ਕਰਿ ਭਾਜਰ ਮਹਾਨ ਕੋ?'
ਸੁਨੇ ਕੰਪਮਾਨ ਭਈ, ਪੌਨ ਲਗੇ ਕੇਲਾ ਜਿਮ
ਸੁਕਯੋ ਮੁਖ, ਬੋਲੀ ਨਹੀਂ, ਮਹਾਂ ਤ੍ਰਾਸ ਮਾਨ ਕੋ[†] ॥੨੪॥ — [†]ਪਾ:-ਮਾਤ ਤ੍ਰਾਸਰ ਮਹਾਨ ਕੋ।
ਦਾਸੀ ਬੋਲੀ ਹਾਥ ਜੋਰਿ, 'ਸਤਿਗੁਰੂ ਇਤ ਓਰ,
ਆਗਯਾ ਦੈ ਕੈ ਪਠੀ, ਸੁਤ ਲੋਰੈ ਤੁਮ

ਬੈਨ ਤੇ।
ਸਿੱਖਨ ਮੈਂ ਮੁੱਖਿ, ਗੁਰੂ ਨਾਨਕ ਕੋ ਦੇਖਯੋ ਆਪ,
ਗੁਨ ਮੈਂ ਮਹਾਨ ਹੋ, ਸਮਾਨ ਆਨ ਹੈ ਨ ਤੇ।
ਘਾਲੀ ਬਡੀ ਘਾਲ ਭਏ ਬੈਸ ਮੈਂ ਬਿਸਾਲ ਅਬਿ
ਸੰਕਟ ਕਰਾਲ ਕੇ ਕਟੈਯਾ ਦੇਖਿ ਨੈਨ ਤੇ[1]।
ਹੂਜੀਏ ਕ੍ਰਿਪਾਲ ਬਰ ਦੀਜੀਏ ਨਿਹਾਲ ਕਰਿ,
ਜਾਚੈ ਮਾਤ ਬੈਠੀ ਪਦ ਬੰਦੈ ਮਨ ਦੈਨ ਤੇ[1]' ॥੨੫॥

[1]ਕ੍ਰਿਪਾ ਦ੍ਰਿਸ਼ਟੀ ਨਾਲ।

[1]ਮਨ ਦੀ ਦੀਨਤਾ ਨਾਲ।

ਬੁੱਢੇ ਸ਼੍ਰੋਨ ਸੁਨਿ ਕੈ ਜਬਾਬ ਦੀਨ ਭਨਿ ਕੈ
'ਤਨੁਜ[1] ਕਹਾਂ ਮੋਹਿ ਢਿਗ, ਘਾਹੀ[2] ਗੁਰ ਧਾਮ ਕੋ।
ਰਾਖਾ ਰਹੌਂ ਬੀੜ ਕੋ, ਸ਼ਕਤਿ ਮੋ ਮੈਂ ਕਹਾਂ ਅਸ[†],
ਸੇਵਕ ਸਦਾਕੇ ਕਰੈ ਕਾਮ ਅਭਿਰਾਮ ਕੋ।
ਆਪ ਗੁਰੂ ਪੂਰਨ ਹੈਂ ਪੂਰਤਿ ਮਨੋਰਥਨਿ,
ਜਾਚਤਿ ਹਜ਼ਾਰੋਂ ਦਾਸ ਲੇਹਿਂ ਤਿਨ ਨਾਮ ਕੋ।
ਕੋਸ ਹੋਹਿਂ ਸੈਂਕਰੇ ਅਰਾਧੇ ਜਨ ਭੈ ਧਰੇ,
ਸਹਾਇ ਜਾਇ ਕੈ ਕਰੈਂ[1], ਬਿਦਾਰੈਂ ਰਿਪੁ ਬਾਮ ਕੋ[2]' ॥੨੬॥

[1]ਪੁੱਤ੍ਰ। [2]ਮੈਂ ਹਾਂ ਘਾਹੀ।

[†]ਪਾ:-ਏਤੀ ਕਹਾਂ।

[1]ਸੈਂਕੜੇ ਕੋਹਾਂ ਤੋਂ ਦਾਸ ਭੈ ਭੀਤ ਹੋ ਕੇ ਅਰਾਧਨਾ ਕਰਦੇ ਹਨ ਤਾਂ ਗੁਰੂ ਜਾਕੇ ਸਹਾਇਤਾ ਕਰਦੇ ਹਨ। [2]ਟੇਢੇ ਵੈਰੀ ਨੂੰ।

ਮੌਨ ਪੁਨ ਧਾਰੀ ਸੁਨਿ ਗੰਗਾ ਯੌ ਨਿਰਾਸੁ ਭਈ,
ਮਨ ਮੈਂ ਉਦਾਸ ਬਹੁ ਸੰਕਟ ਕੋ ਪਾਇ ਕੈ।

ਦਾਸੀ ਦਾਸ ਬ੍ਰਿੰਦ ਜਾਨ ਸਗਰੇ ਬਿਮਨ[1] ਭਏ,
ਬੋਲਤਿ ਨ ਬੈਨ ਦੀਨੋ ਹਰਖ ਮਿਟਾਇ ਕੈ।
ਨਮੋ ਠਾਨਿ ਠਾਨਿ ਕੈ ਉਠੇਹੈਂ ਚਢਿ ਜਾਨ ਪੈ
ਸੁ ਪੰਥ ਪ੍ਰਸਥਾਨ ਕੈ[1] ਬਿਸਾਲ ਚਿੰਤ ਪਾਇ ਕੈ[†]।
-ਪ੍ਰਿਥੀਏ ਕੋ ਬਾਕ ਹੋਇ ਸਾਚੋ ਸਭਿ-ਜਾਨਜੋ ਮਨ,
-ਉਜਪੈ ਨ ਨੰਦ-, ਚਲੇ ਜਾਤਿ ਮੁਰਝਾਇ ਕੈ ॥੨੭॥
ਆਇ ਗਏ ਰਾਮਦਾਸ ਪੁਰਿ ਮੈਂ, ਉਤਰ ਬਰੇ
ਸਦਨ, ਗੁਰੂ ਜੀ ਦੇਖੇ[1], ਬੰਦਨਾ ਕੋ ਧਾਰਿ ਕਰਿ।
ਕੋਮਲ ਕਮਲ ਕੁਮਲਾਯੋ ਸੋ ਬਦਨ ਹੇਰਿ,
ਪੂਛੀ 'ਸੁਤ ਕਾਮਨਾ ਕੋ ਪਾਈ ਚਿੰਤ ਟਾਰ ਕਰਿ?
ਕੈਸੇ ਤੂ ਬਿਮਨ? ਨਹੀਂ ਆਨੰਦ ਸਮੇਤ ਮਨ,
ਬਾਰਤਾ ਕੋ ਭਨਿ, ਜਿਮ ਆਈ ਤਹਾਂ ਕਾਰ ਕਰਿ।'
ਲੋਚਨ ਮੈਂ ਬਾਰਿ ਭਰਿ, ਊਚੇ ਬਡ ਸ੍ਵਾਸ ਭਰਿ,
ਬਾਰਤਾ ਬਤਾਈ ਮੁਖ ਬਾਕ ਕੋ ਉਚਾਰਿ ਕਰਿ ॥੨੮॥
'ਸੁਨੋ ਪ੍ਰਭੂ! ਰਾਵਰ ਕੇ ਪ੍ਰੇਰੇ ਹਮ ਗਏ ਤਹਾਂ
ਬੰਦਨ ਕੋ ਠਾਨਿ ਕੀਨ ਆਗੇ ਅਰਦਾਸ

[1]ਉਦਾਸ।

[1]ਵਾਹਨਾ ਪਰ ਚੜ੍ਹ ਰਸਤੇ ਤੇ ਚਲਣਾ ਕੀਤਾ। [†]ਸ੍ਰਾਪ ਵਾਲਾ ਪ੍ਰਸੰਗ ਮਹਿਮਾ ਪ੍ਰਕਾਸ਼ ਵਿਚ ਹੈ ਨਹੀਂ।

[1]ਮਾਤਾ ਜੀ ਨੇ) ਦੇਖੇ।

ਕੋ।
ਆਤਮਜ ਰਹ੍ਯੋ ਕਿਤ[1], ਦੀਨਸਿ ਅਹਿਤ[2†], ਮਹਾਂ
-ਭਾਜਰ ਪਰੈਗੀ ਪੁਰਿ ਸੰਕਟ ਪ੍ਰਕਾਸ਼-ਕੋ।
ਐਸੀ ਬਿੱਪਰੀਤ ਭਈ ਚਿੰਤਾ ਬਡ ਚੀਤ ਭਈ,
ਆਈ ਭਯ ਭੀਤ ਭਈ ਆਪਨੇ ਅਵਾਸ ਕੋ।
ਕਲਪ ਤਰੂ ਪੈ ਜਿਮ ਜਾਇ ਕੋ ਜਤਨ ਕਰਿ,
ਪਾਇ ਨ ਪਦਾਰਥ ਗਵਾਇ ਬਿਤ ਪਾਸ ਕੋ[1]' ॥੨੯॥

[1]ਪੁੱਤ੍ਰ ਦਾ (ਵਰ) ਤਾਂ ਕਿਤੇ ਰਿਹਾ। [2]ਭਾਵ ਸਰਾਪ।
†ਪਾ:-ਸ੍ਰਾਪ।

[1]ਕੋਲ ਦਾ ਧਨ ਭੀ ਗੁਆ ਆਏ।

ਬੂਝੀ ਗੁਰ ਗਵਨੀ 'ਤੈਂ ਕੌਨ ਸੇ ਸਮਾਜ ਸੰਗ,
ਕੈਸੇ ਭਾਉ ਕੀਨ, ਭੇਟ ਦੀਨ ਕੌਨ ਜਾਇ ਕਰਿ?'
ਗੰਗਾ ਨੇ ਉਚਾਰੀ 'ਚਢਿ ਰਥ ਅਸਵਾਰੀ ਗਈ,
ਗਾਡੀ ਬਹੁ ਸੰਗ ਲੈ ਕੇ, ਜਨ ਸਮੁਦਾਇ ਕਰਿ।
ਮਧੁਰ, ਸਨਿਗਧ ਪ੍ਰਸਾਦਿ ਕੋ ਅਗਾਰੀ ਧਰ੍ਯੋ,
ਭਨ੍ਯੋ ਹੈ ਮਨੋਰਥ ਸੁ ਦਾਸੀ ਨੇ ਸੁਨਾਇ ਕਰਿ।
ਤਿਨੋਂ ਨੇ ਟਲਾਇ ਕਰਿ, ਸ੍ਰਾਪ ਕੋ ਅਲਾਇ ਕਰਿ
ਸਭੈ ਬਿਸਮਾਇ ਕਰਿ, ਤ੍ਰਾਸ ਉਪਜਾਇ ਕਰਿ' ॥੩੦॥

ਸ੍ਵੈਯਾ ਛੰਦ:

ਸ੍ਰੀ ਗੁਰ ਅਰਜਨ ਸੁਨਿ ਕਰਿ ਪੁਨ

ਕਹਿ,
ਸਿੱਛਾ ਦਈ ਸੁਮਤ ਬਿਸਤਾਰਿ।
'ਪੂਰਨ ਪੁਰਖਨ ਕੇ ਢਿਗ ਜਾਨੋ
ਡਿੰਭ[1] ਨ ਕੀਜੈ ਕਛੂ ਬਿਚਾਰ। [1]ਬਣਾਵਟ।
ਹੋਇ ਦੀਨ ਹੰਕਾਰ ਨਿਵਾਰਹੁ,
ਬਿਨਤੀ ਕੀਜਹਿ ਆਪ ਉਚਾਰ।
ਨਹੀਂ ਜਨਾਵਨ ਆਪਾ ਕਰੀਅਹਿ,
ਬਚਨ ਧੂਰਿ ਕੇ ਬਨ ਅਨੁਹਾਰ[1]' [1]ਵਾਂਙੂ।
॥੩੧॥

ਦੋਹਰਾ:
ਇੱਤਯਾਦਿਕ ਸ਼ੁਭ ਮਤਿ ਕਹੀ, ਸੁਨਿ
ਗੰਗਾ ਪਛੁਤਾਇ।
-ਬਿਨਾ ਬਿਚਾਰੇ ਮੈਂ ਕਰਯੋ, ਤਿਸ ਕੋ
ਫਲ ਦੁਖ ਪਾਇ- ॥੩੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਬੁੱਢੇ ਨਿਕਟ ਗਮਨ' ਪ੍ਰਸੰਗ ਬਰਨਨੰ ਨਾਮ ਦੁਤਿਓ ਅੰਸੂ ॥੨॥

## ੩. [ਮਾਤਾ ਗੰਗਾ ਜੀ ਨੂੰ ਬੁੱਢਾ ਜੀ ਨੇ ਵਰ ਦਿੱਤਾ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:
ਨੀਚ ਬਿਲੋਚਨ ਕਰਿ ਰਹੀ, ਸੋਚਤਿ ਸੋਚ
ਬਿਸਾਲ।
ਕਿਤਿਕ ਦੇਰ ਮਹਿਂ ਧੀਰ ਧਰਿ, ਬੋਲੀ
ਨੰਮ੍ਰਤ ਨਾਲ ॥੧॥
ਸੈਯਾ ਛੰਦ:
'ਸ਼੍ਰੀ ਜਗ ਗੁਰ ਸਰਬੱਗਜ ਸਦਾ ਉਰ
ਸਕਲ ਸ਼ਕਤਿ ਮਹਿਂ ਪੂਰਨ ਭੂਰ।
ਚਹਹੁ ਕਰਹੁ ਨਹਿਂ ਬਿਲਮ ਲਗਹਿ
ਪ੍ਰਭੁ !
ਸਭਿ ਦੇਸ਼ਨ ਮਹਿਂ ਸਭਿਨਿ ਹਦੂਰ।
ਕਰਹਿਂ ਅਰਾਧਨ ਪਹੁਂਚਹੁ ਤਤਛਿਨ,
ਸ਼ਰਧਾਲੂ ਕੀ ਇੱਛਾ ਪੂਰਿ।
ਲਾਖਹੁਂ ਕੇ ਕਾਜਨ ਕਹੁ ਕਰਿਤਾ,
ਬਹੁ ਇਮ ਕਹਹਿਂ, ਨ ਹੌਂ ਕਹਿ ਕੂਰ
॥੨॥
ਬ੍ਰਿਧ ਨੇ ਸੁਜਸ ਆਪ ਕੋ ਉਚਰਯੋ
-ਜਗੁ ਜਾਚਕ ਸੋ ਦੇਵਨ ਹਾਰ-।
ਜੱਦਯਪਿ ਸਮਰਥ ਸਭਿ ਬਿਧਿ ਇਮ ਹੋ
ਤੱਦਪਿ ਆਗਯਾ ਕੀਨਿ ਉਚਾਰਿ।
-ਤਿਨ ਤੇ ਬਰ ਲਿਹੁ ਪੁੱਤ੍ਰ ਚਹਤਿ ਜੋ-
ਸੋ ਮੁਝ ਤੇ ਹੁਇ ਸਕੀ ਨ ਕਾਰ।
ਬਿਗਰਯੋ ਆਪ ਸੁਧਾਰਨ ਕਰੀਅਹਿ
ਸ਼ੁਭ ਸੀਛਾ ਦਿਹੁ, ਮੈਂ ਅਨੁਸਾਰਿ
॥੩॥
ਬਡ ਪੁਰਸ਼ਨ ਕੀ ਸੇਵਾ ਕਰਨੀ
ਇਸ ਮਹਿਂ ਚਹੀਐ ਬੁਧਿ ਅਧਿਕਾਇ।
ਬੰਸੁ ਬਿਭੂਖਨ, ਪੂਖਨ ਸਮਸਰ[1]
ਸੁਤਿ ਹੁਇ, ਅਸ ਮਤਿ ਦਿਹੁ

[1]ਸੂਰਜ ਸਦਰਸ਼।

ਸਿਖਰਾਇ।
ਤਿਮ ਅਬਿ ਕੀਜਹਿ, ਹੇਰ ਪ੍ਰਸੀਜਹਿ,
ਸੁਭ ਬਰ ਲੀਜਹਿ ਚਿੰਤ ਬਿਲਾਇ।
ਬਖਸ਼ਹੁ ਭੂਲ ਲਖਹੁ ਅਨਕੂਲੀ,
ਲਹੌਂ ਮੂਲ ਸੁਖ ਧੂਲੀ ਪਾਇ[1]' ॥੪॥ — [1]ਚਰਨਾਂ ਦੀ ਧੂੜੀ ਜੋ ਸੁਖਾਂ ਦਾ ਮੂਲ ਹੈ।
ਇਮ ਹੁਇ ਦੀਨ ਗੁਰੂ ਜਬ ਬੂਝੇ
ਸ਼ੁਭ ਮਤਿ ਦੇਤਿ ਭਏ ਤਤਕਾਲ।
'ਜਾਟ ਸਿੱਖ[1] ਪੁਨ ਇੰਦ੍ਰੈ ਜਿਤ ਹੈ, — [1]ਬਾਬਾ ਜੀ ਜ਼ਿਮੀਦਾਰ ਸਨ ਸੁਭਾਵਕ ਜ਼ਿਮੀਂਦਾਰ ਲੋਕ ਮਿੱਸੀਆਂ ਰੋਟੀਆਂ, ਗੰਢਿਆਂ, ਲੱਸੀ, ਮੱਖਣ, ਘਿਉ ਨਾਲ ਖੁਸ਼ ਹੁੰਦੇ ਹਨ।
ਤਿਹ ਸੇਵਹੁ ਅਪਨੇ ਕਰ ਨਾਲਿ।
ਧਰਹੁ ਪ੍ਰੇਮ ਆਪਾ ਨ ਜਨਾਵਹੁ,
ਕਰਹੁ ਕਾਰ ਉਠਿ ਭੋਰ ਬਿਸਾਲ।
ਪ੍ਰਥਮ ਸ਼ਨਾਨਹੁ, ਪੁਨ ਕ੍ਰਿਤ ਠਾਨਹੁ,
ਅੰਨ ਸੁਧਾਰਹੁ ਸ਼ੁਭ ਤਿਸ ਕਾਲ ॥੫॥
ਅਰਧ ਚਣਕ ਗੋਧੂਮ[1] ਮਿਲਾਵਹੁ, — [1]ਅੱਧੇ ਛੋਲੇ ਅੱਧੀ ਕਣਕ।
ਪੀਸਹੁ ਆਪੇ ਲੇਹੁ ਪਕਾਇ।
ਮੋਟ ਰੋਟਕਾ ਲਵਣ ਅਮੇਜ਼ੀ[1], — [1]ਲੂਣ ਮਿਲਿਆ ਹੋਯਾ।
ਤਿਹ ਊਪਰ ਬਹੁ ਘ੍ਰਿਤ ਕੋ ਪਾਇ।
ਦਧਿ ਮਥੀਅਹਿ[1] ਥੋਰਾ ਜਲ ਪਾਵਹੁ, — [1]ਰਿੜਕੋ।
ਸੰਘਨੀ ਛਾਛ, ਤਨਕ ਤੁਰਸ਼ਾਇ[1]। — [1]ਸੰਘਣੀ ਲੱਸੀ ਥੋੜ੍ਹੀ ਖੱਟੀ।
ਧੂਪ ਦੇਹੁ ਲਿਹੁ ਬਾਸਨ ਪਾਈ,
ਦੁਇ ਤ੍ਰੈ ਗਠੇ ਸਥੂਲ[1] ਮੰਗਾਇ ॥੬॥ — [1]ਮੋਟੇ ਗੰਢੇ।
ਪਾਇਨਿ ਨਗਨ ਉਪਾਇਨ ਅਸ ਲਿਹੁ,
ਨਿਜ ਸਿਰ ਧਰਿ ਗਮਨਹੁ ਤਿਸ ਪਾਸ।
ਤਜਿ ਗਿਨਤੀ ਬਿਨਤੀ ਕੋ ਭਨੀਅਹਿ
ਹੁਇਂ ਕ੍ਰਿਪਾਲ ਤਬਿ ਸਭਿ ਗੁਨ ਰਾਸਿ।
ਦੇਹਿਂ ਸੁ ਬਰ ਕੋ ਇੱਛਾ ਪੂਰਹਿਂ,
ਲਖਹੁ ਨਿਸੰਸੈ ਲਿਹੁ ਸੁਤ ਆਸਿ[1]। — [1]ਆਸ਼ੀਰਵਾਦ [ਸੰਸ: ਆਸ਼ਿਖ] (ਅ) ਛੇਤੀ [ਸੰਸ: ਆਸ਼ੁ]
ਅਤਿ ਉੱਤਮ ਹੁਇ ਬਲੀ ਬਿਲੰਦਹਿ
ਸੇਵਹਿਂ ਜਿਤਿਕ ਬਨਹਿ ਸਮਦਾਸ[1]' — [1]ਜਿਤਨੇ ਅਤਿ ਉੱਤਮ ਤੇ ਮਹਾਂਬਲੀ (ਲੋਕ) ਹੋਣਗੇ, (ਉਸ ਸਪੁੱਤ੍ਰ) ਦੀ ਸੇਵਾ ਕਰਨਗੇ ਦਾਸਾਂ ਸਮਾਨ ਹੋਕੇ।

॥੭॥
ਸੁਨਿ ਅਨੰਦ ਕਿਯ, ਮਨਹੁ ਨੰਦ ਭਾ
ਨੀਠ ਨੀਠ ਨਿਸ ਕੀਨਿ ਬਿਤੀਤ।
ਜਾਗ੍ਰਤ ਰਹੀ ਚੌਂਪ ਅਤਿ ਉਪਜੀ
ਅੰਮ੍ਰਿਤ ਵੇਲਾ ਮੱਜਨ ਕੀਤਿ।
ਸੁੰਦਰ ਅੰਨ ਸੁਧਾਰਯੋ ਰੁਚਿ ਕਰਿ,
ਪੀਸਨ ਲਗੀ ਆਪ ਉਠਿ ਪ੍ਰੀਤਿ।
ਦਾਸੀ ਜਾਚਿ ਰਹੀ ਬਹੁਤੇਰੀ,
ਤਰਜ ਤਰਜ ਬਰਸੀ ਦਿਢ ਚੀਤ ॥੮॥
ਆਪਹਿ ਕਰੀ ਪਕਾਵਨ ਘ੍ਰਿਤ ਜਤ,
ਪੰਚਨ ਕੋ ਪ੍ਰਸ਼ਾਦਿ ਕਰਿ ਤਯਾਰ।
ਛਾਛ ਧੂਪ ਦੇ ਸੰਘਨੀ ਸ੍ਵਾਦਲ,
ਗਠੇ ਸਹਜ ਨਿਜ ਸਿਰ ਪਰ ਧਾਰਿ।
ਚਰਨ ਨਗਨ ਗਮਨੀ ਤਬਿ ਮਾਰਗ,
ਦਾਸੀ ਦੋਇਕ ਚਲੀ ਪਿਛਾਰਿ।
ਅਪਰ ਬਰਜ ਕਰਿ ਸਰਬ ਹਟਾਏ,
ਤਊ ਦੂਰਿ ਹੁਇ ਗਮਨੇ ਲਾਰ[1] ॥੯॥
ਭਯੋ ਸ਼੍ਰੱਮ[1] ਗਮਨੀ ਜਬਿ ਮਾਰਗ,
ਤਊ ਨ ਲਜਾਵਤਿ ਭੀ ਮਨ ਮਾਂਹਿ।
ਸੀਸ ਉਠਾਯੋ ਦੁਖਤਿ ਭਯੋ ਬਹੁ
ਗਿਨਹਿ ਨਹੀਂ ਚਿਤ ਚੌਂਪ ਸੁ ਤਾਂਹਿ[†]।
ਮਹਿਮਾ ਸਿੱਖਨ ਕੀ ਬਡ ਪਰਖਤਿ
ਧਰਹਿਂ ਭਾਵ ਗੁਰ ਸੇਵਕ ਮਾਂਹਿ।
ਕੌਨ ਵਸਤੁ ਹੈ ਦੁਲਭ ਤਿਨਹੁ ਕਹੁ
ਧੰਨ ਪੁਰਖੁ ਸਭਿ ਬਿਖੈ ਕਹਾਂਹਿਂ
॥੧੦॥
ਪਹੁੰਚੀ ਜਾਇ ਸੁ ਬੀਚ ਬੀੜ ਕੇ
ਆਗੇ ਬ੍ਰਿਧ ਸੋ ਛੁਧਤਿ ਬਿਸਾਲ[1]।
ਤਿਸੁ ਨਿਸੁ ਨਹਿਂ ਭੋਜਨ ਕੋ ਕੀਨਸਿ
ਅਧਿਕ ਤ੍ਰਿਖਤ ਬੈਠਯੋ ਤਿਸ ਕਾਲ।
ਜਬਹਿ ਗੰਗ ਕੋ ਆਵਤਿ ਦੇਖਯੋ

[1]ਕਤਾਰ ਵਿਚ (ਅ) ਨਾਲ।
[1]ਥਕਾਨ।
[†]ਪਾ:-ਚੌਂਪ ਜੁ ਸੁਤ ਚਾਹਿ।
[1]ਬਾਬਾ ਬੁੱਢਾ ਬੜਾ ਭੁੱਖਾ ਸੀ।

ਤਤਛਿਨ ਉਠ੍ਯੋ ਪ੍ਰੀਤਿ ਕੇ ਨਾਲ।
'ਧੰਨ ਮਾਤ ਹੋ! ਉਚਿਤ ਸਦਨ ਗੁਰ,
ਮਮ ਕਾਰਨ ਆਈ ਪਗ ਨਾਲਿ ॥੧੧॥
ਡੋਰੇ ਸਜੰਦਨ ਜੋਗ ਗਮਨ ਹਿਤ
ਪੁਨ ਲ੍ਯਾਈ ਸਿਰਿ ਭਾਰ ਉਠਾਇ।
ਕ੍ਯੋਂ ਨ ਆਸ ਪੂਰਨ ਹੁਇ ਤੇਰੀ,
ਸਭਿ ਤੇ ਬਡੀ, ਬਹੁਰ ਇਮੁ ਆਇ।
ਕਿਸੂ ਪ੍ਰਕਾਰ ਹੰਕਾਰ ਨ ਕੀਨਸਿ,
ਮਨ ਨੀਵੇ ਬਨਿ, ਪ੍ਰੇਮ ਬਢਾਇ।'
ਇਮ ਕਹਿ ਮਿਲ੍ਯੋ, ਉਤਾਰ੍ਯੋ ਸਿਰ ਤੇ,
ਮਾਤ ਜੋਰਿ ਕਰ ਨਮੋ ਕਰਾਇ[1] ॥੧੨॥ [1]ਮਾਤਾ ਜੀ ਨੂੰ ਹੱਥ ਜੋੜਕੇ ਨਮਸਕਾਰ ਕੀਤੀ।
ਮੋਟਿ ਰੋਟਿਕਾ ਗੱਠੇ ਸੰਗ ਕਰਿ
ਬ੍ਰਿਧ ਤਬਿ ਸ੍ਵਾਦਲ ਕਰਿ ਕਰਿ ਖਾਇ।
ਪਾਨਿ ਛਾਛ[1] ਕਰਿ ਕਵਰ[2] ਪਾਇ ਮੁਖ, [1]ਲੱਸੀ। [2]ਬੁਰਕੀ, ਗ੍ਰਾਹੀ।
ਰੁਚਿ ਕਰਿ ਭੋਜਨ ਰਹ੍ਯੋ ਅਘਾਇ।
'ਸੁਤ ਕੋ ਛੁਧਤਿ ਜਨਨਿ ਜਬਿ ਜਾਨਤਿ
ਸਭਿ ਤਜਿ ਕਰਿ ਤਸਿ ਕੌ ਤ੍ਰਿਪਤਾਇ।
ਤਿਮਿ ਹੇ ਮਾਤਾ! ਮੁਹਿ ਤ੍ਰਿਪਤਾਇਸ
ਛੁਧਤਿ ਤ੍ਰਿਖਤਿ ਲਖਿ ਕੈ ਸਹਿਸਾਇ'
॥੧੩॥
ਗੰਗਾ ਸੁਨਿ ਕਰਿ ਬਿਨੈ ਬਿਖਾਨੀ
ਸੁਕਚਤਿ ਦੀਨਮਨਾ ਕਰ ਜੋਰਿ।
'ਗਾਦੀ ਕੋ ਮਾਲਿਕ ਸ਼ੁਭ ਬਖਸ਼ਹੁ
ਸ਼ਰਨਿ ਪਰੀ ਦਾਸੀ ਮੈਂ ਤੋਰ।
ਸ਼੍ਰੀ ਨਾਨਕ ਕੇ ਦਰਸ਼ਨ ਕਰਤਾ
ਸੇਵਤਿ ਭੇ ਗੁਰ ਚਰਨ ਨਿਹੋਰਿ[1]। [1]ਬੈਨਤੀ ਕਰਕੇ।
ਤੁਮਰੇ ਸਮਸਰ ਅਪਰ ਨ ਲਖੀ
ਅਤਿ ਸੰਕਟ ਅੰਧਕਾਰ ਕੇ ਭੋਰ[1] [1]ਸੰਕਟ ਰੂਪੀ ਅੰਧਕਾਰ ਦੀ ਸਵੇਰ (ਹੋ ਆਪ)।
॥੧੪॥
ਭਈ ਅਵੱਗਜਾ ਛਿਮਹੁ ਗੁਰੂ ਸਿਖ!
ਸੇਵ ਕਰਨ ਤੇ ਮੈਂ ਅਨਜਾਨ।

ਕੇਵਲ ਬਡੇ ਪ੍ਰੇਮ ਕੋ ਹੇਰਹਿਂ
ਨਹਿਂ ਕਛੁ ਭੂਖੇ ਖਾਨ ਰੁ ਪਾਨ।'
ਕਹਤਿ ਸੁਨਤਿ ਇਮ ਤ੍ਰਿਪਤਿਯੋ ਬ੍ਰਿਧ ਤਬਿ
ਕਰਿ ਕੇ ਚੁਰੀ ਪਖਾਰੇ ਪਾਨ।
ਤਿਸ ਛਿਨ ਬਹਯੋ ਬਾਯੁ ਬਹੁ ਬਲ ਸੋਂ
ਜਲਧਰ ਗਰਜਯੋ ਗਗਨ ਮਹਾਨ ॥੧੫॥
ਤੜਿਤਾ[1] ਲਸ਼ਕਤਿ ਤੇਜ ਅਧਿਕ ਧਰਿ — [1]ਬਿਜਲੀ।
ਦਸਹੁਂ ਦਿਸ਼ਨਿ ਮਹਿਂ ਕੀਨ ਪ੍ਰਕਾਸ਼।
ਮਨਹੁਂ ਮੇਘ ਹੈ ਸੁਭਟ ਮਹਾਂਬਲਿ,
ਛਟਾ ਖੜਗ ਥਰਕਾਵਤਿ[1] ਪਾਸ। — [1]ਬਿਜਲੀ ਰੂਪ ਤਲਵਾਰ ਲਿਸ਼ਕਾ ਰਿਹਾ ਹੈ।
ਜਨੁ ਹੇਰਤਿ ਬ੍ਰਿਧ ਕੋ ਤਬਿ ਪ੍ਰੇਰਤਿ
-ਬਰ ਕੋ ਦੇਹੁ ਪੂਰੀ ਅਹਿ ਆਸ[1]-। — [1]ਮਾਨੋਂ (ਬਦਲ) ਦੇਖ ਰਿਹਾ ਹੈ ਤੇ ਬ੍ਰਿਧ ਨੂੰ ਪ੍ਰੇਰ ਰਿਹਾ ਹੈ ਕਿ (ਮਾਤਾ ਜੀ ਨੂੰ) ਵਰ ਦੇਕੇ ਆਸਾ ਪੂਰਨ ਕਰੋ।
ਪਿਖਿ ਲੱਛਨ ਬਿਸਮਤ ਹੁਇ ਹਰਖਯੋ
'ਹੁਇ ਹੈ ਨੰਦਨ ਬਲ ਕੀ ਰਾਸਿ' ॥੧੬॥
ਬੋਲਯੋ ਬਡ ਉਤਸਾਹ ਬਢਾਵਤਿ
'ਧੰਨ ਮਾਤ! ਆਵਨ ਭਾ ਤੋਹਿ।
ਬਲੀ ਬਿਸਾਲ ਖੜਗ ਖਰ† ਕਰ ਧਰਿ[1] — [1]ਤਲਵਾਰ ਤਿੱਖੀ ਹੱਥ ਵਿਚ ਧਾਰਨ ਕਰਨ ਵਾਲਾ। †ਪਾ:-ਖਗ = ਖੰਡਾ।
ਮੁਗ਼ਲਨ ਮਾਰ ਗੁਰੂ ਬਡ ਹੋਹਿ।
ਗਾਦੀ ਤਜਹਿ ਤਖਤ ਪਰ ਬੈਠਹਿ
ਅਸ ਲੱਛਨ ਦੀਖਤਿ ਹੈਂ ਮੋਹਿ।
ਰਣ ਪ੍ਰਿਯ, ਰਣ ਘਮਸਾਨ ਮਚਾਵਹਿ,
ਦੁਸ਼ਟ ਖਪਾਵਹਿ ਕਰਿ ਕੈ ਕ੍ਰੋਹਿ[1] ॥੧੭॥ — [1]ਕ੍ਰੋਧ।
ਜਥਾ ਸੁ ਕੰਦਕ[1] ਮੈਂ ਅਬਿ ਫੋਰੇ — [1]ਗੰਢੇ।
ਤਿਮ ਮੁਗ਼ਲਨ ਕੇ ਫੋਰਹਿ ਸੀਸ।
ਜਿਮ ਖੁਧਜਾਰਥੁ[1] ਮੁਝਿ ਤ੍ਰਿਪਤਾਇਸ — [1]ਭੁੱਖੇ।

ਤਿਮ ਤੂੰ ਤ੍ਰਿਪਤਹਿਂ ਆਸੁ ਜੁ ਥੀਸ[1]।

[1]ਤੂੰ ਤ੍ਰਿਪਤੇਂਗੀ, ਆਸਾ ਜੁ (ਧਾਰੀ ਹੋਈ ਹੈ ਪੂਰੀ) ਹੋਵੇਗੀ।

ਪੀਰੀ ਅਰੁ ਮੀਰੀ ਜੁਗ ਧਾਰਹਿ
ਨਾਮ ਸੁ ਹਰਿ ਗੋਵਿੰਦ ਜਗਦੀਸ਼।
ਜੋਧਾ ਪ੍ਰਗਟਹਿ ਸਦਨ ਤੁਮਾਰੇ
ਜੀਤਹਿ ਅਨਗਨ ਸ਼ੱਤ੍ਰੁ ਮਹੀਸ਼ ॥੧੮॥
ਸੁਨਹੁ ਮਾਤ! ਤੈਂ ਸੁਜਸੁ ਲਿਯੋ ਬਹੁ
ਜਨਮਜੋ† ਰਾਮ ਕੌਸ਼ਲਜਾ ਜੈਸ।

†ਪਾ:-ਜਨਜੋ।

ਸ੍ਰੀ ਘਨਸ਼ਜਾਮ ਦੇਵਕੀ ਜਾਏ
ਤੇਰੇ ਭਾਗ ਭਏ ਅਬਿ ਤੈਸ।
ਅਤਿਸ਼ੈ ਪੁੰਨਨਿ ਕੋ ਫਲ ਪ੍ਰਗਟਹਿ
ਸੁੰਦਰ ਰੂਪ ਸਰਬ ਹੀ ਬੈਸ।
ਅੰਗ ਬਿਲੰਦ ਸਭਿਨਿ ਤੇ ਹੋਵਹਿਂ,
ਬਲ ਕੀ ਸਮਤਾ ਹੋਇ ਨ ਹੈਸੁ’ ॥੧੯॥
ਸੋਲਹਿ ਸੈ ਇਕਵੰਜਾ ਸੰਮਤ
ਮਾਸ ਅਸੌਜ ਇਕੀਸਵ[1] ਜਾਨਿ।

[1]੧੬੫੧ ਸੰਮਤ ਅੱਸੂ ਦੀ ੨੧।

ਬੁੱਢੇ ਬਾਕ ਬਖਾਨਜੋ ਤਿਸ ਦਿਨ
ਸੁਨਤਿ ਸ਼੍ਰੋਨ ਭਾ ਅਨਦ ਮਹਾਨ।
‘ਧੰਨੁ ਧੰਨੁ ਸਤਿਗੁਰ ਕੇ ਸਿਖ ਤੁਮ
ਸੇਵਤਿ ਬਾਂਛਤਿ ਦੇਵਤਿ ਦਾਨ।’
ਕਰਿ ਬੰਦਨ ਪੁਨਿ ਪੁਨਿ ਕਰ ਬੰਦਤਿ
ਹਰਖਤਿ ਉਰ ਘਰ ਕੀਨਿ ਪਯਾਨ ॥੨੦॥
ਤਤਛਿਨ ਮਿਲੇ ਦਾਸ ਗਨ ਦਾਸੀ
ਬਿਗਸਤਿ ਬਦਨ ਦੇਖਿ ਸੁਖ ਮਾਨਿ।
[1] ‘ਕਹਹੁ ਮਾਤ ਬਾਂਛਤਿ ਅਬਿ ਪਾਯਹੁ
ਸੇਵੇ ਭਲੀ ਭਾਂਤਿ ਹਿਤ ਠਾਨ?’

[1]ਦਾਸ ਪੁੱਛਦੇ ਹਨ।

ਸਭਿ ਕੋ ਧੀਰਜ ਦੇ ਕਹਿ ਮ੍ਰਿਦੁ ਬਚ,
ਆਈ ਰਾਮਦਾਸਪੁਰਿ ਥਾਨ।
ਸਭਿਨਿ ਗੁਰੂ ਕਹੁ ਧਜਾਨ ਧਾਰਿ ਕਰਿ

ਨਮਹਿ ਚਰਨ ਕਰਿ ਬਿਨੈ ਬਖਾਨਿ
॥੨੧॥
ਜਿਸ ਦਿਨ ਮਾਤ ਗੰਗ ਬਰ ਲੀਨਸਿ
ਤਿਸ ਦਿਨ ਸੁਤ ਚਾਹਤਿ ਸੋ[1] ਜਾਇ।

[1]ਜਿਸ ਕਿਸੇ ਨੂੰ ਪੁੱਤਰ ਦੀ ਕਾਮਨਾ ਹੋਵੇ ਉਹ (ਐਉਂ ਕਰੇ)।

ਤਸ ਪ੍ਰਸ਼ਾਦਿ ਕਰ ਤਿਹ ਥਲ ਪਹੁੰਚਹਿ
ਉਰ ਮੈਂ† ਬ੍ਰਿਧ ਕੋ ਧਯਾਨ ਧਰਾਇ।

†ਪਾ:-ਜਾਚਹਿ।

ਕਰਿ ਅਰਦਾਸਿ ਅਹਾਰ ਸੁ ਬੰਟਹਿ,
ਨਿਜ ਕਰ ਤੇ ਸਭਿ ਸੇਵ ਕਰਾਇ।
ਨੰਦਨ ਬਾਂਛਤਿ ਨੰਦਨ ਪਾਵਹਿ,
ਅਬ ਲੌਂ† ਫਲ ਦਾਇਕ ਵਹਿ ਥਾਇ[1]
॥੨੨॥

[1]ਪੁਤਰ ਦੀ ਇੱਛਾ ਹੋਵੇ ਤਦ ਪੁਤਰ ਮਿਲੇ ਹੁਣ ਤਕ ਫਲ ਨੂੰ ਦੇਣ ਵਾਲਾ ਥਾਇ ਹੈ। †ਪਾ:-ਅਫਲੰ।

ਗ੍ਰਿਹ ਲਗ ਆਵਤਿ ਗੰਗਾ ਪਰ ਸੋਂ
ਥਕਤਿ ਭਈ ਬਹੁ ਮ੍ਰਿਦੁਲ ਸਰੀਰ।
ਅਸਨ ਖਾਨ ਪੁਨਿ ਕੀਨਸਿ ਕੁਛ ਨਹਿੰ,
ਸੂਕੇ ਅਧਰਨ ਪੀਨੋ ਨੀਰ।
ਚਰਨ ਅਰੁਨ ਅਤਿ ਰੁਧਿਰ ਚੁਵਤਿ ਜਨੁ
ਲਪਟੀ ਧੂਰ ਅੰਗੁ ਅਰੁ ਚੀਰ।
ਛੁਧਤਿ ਤ੍ਰਿਖਤਿ ਪੁਨਿ ਸ਼੍ਰਮ ਬਹੁ ਹੋਵਾ
ਤਊ ਪ੍ਰੇਮ ਤੇ ਤਜੀ ਨ ਧੀਰ ॥੨੩॥
ਸਰਬ ਆਰਬਲ ਸੁਖ ਸੋਂ ਬੀਤੀ
ਨਹੀਂ ਬਿਸਾਦਿ ਭਯੋ ਕਬਿ ਕੋਇ।
ਗਮਨ ਪੰਥ ਕੋ ਕਯੋਂ ਕਬਿ ਕੀਨਸਿ,
ਯਾਂ ਤੇ ਅਧਿਕ ਥਕਤਿ ਭਈ ਸੋਇ।
ਨੀਠ ਨੀਠ ਘਰ ਆਨਿ ਪਹੂੰਚੀ
ਪਾਇ ਸੁ ਬਾਂਛਤਿ ਹਰਖਤਿ ਹੋਇ।
ਕਛੂ ਖੇਦ ਕੋ ਗਿਨਤੀ ਨਹੀਂ ਮਨ
ਚਿਰੰਕਾਲ ਕੀ ਚਿੰਤਾ ਖੋਇ ॥੨੪॥
ਉਸ਼ਨ ਉਦਕ[1] ਕਰ ਚਰਨ ਪਖਾਰੇ
ਦਾਸੀ ਬ੍ਰਿੰਦ ਕਰਹਿੰ ਸਭਿ ਸੇਵ।
ਤਬਿ ਲੌ ਸੰਧਯਾ ਭੀ 'ਰਵਿ ਅਸਤਯੋ'

[1]ਤੱਤਾ ਪਾਣੀ।

ਕਹਤਿ ਭਈ 'ਭੋਜਨ ਲਿਹੁ ਜੇਵ[1]।'
[1]ਦਾਸੀਆਂ ਨੇ ਕਿਹਾ ਭੋਜਨ ਛਕ ਲਓ।
[1] 'ਪਤਿ ਦਰਸ਼ਨ ਕਰਿ ਅਸਨ ਅਚੌਂਗੀ
[1]ਮਾਤਾ ਜੀ ਨੇ ਕਿਹਾ।
ਕਰਤਿ ਉਡੀਕਨ ਬੈਠੀ ਏਵ।'
ਸੁਨਿ ਸੁਨਿ ਸਦਨ ਅਨੰਦ ਮਨ ਠਾਨਹਿ
ਇਤਨੇ ਮਹਿਂ ਆਏ ਗੁਰਦੇਵ ॥੨੫॥
ਥਿਤ ਪ੍ਰਯੰਕ ਪਰ ਸਤਿਗੁਰ ਹੋਏ
ਪੁਨ ਪ੍ਰਸੰਗ ਪੂਛਯੋ 'ਕਿਮ ਕੀਨ?।'
ਭਨੀ ਬਾਰਤਾ ਸਰਬ ਛੋਰ ਤੇ
'ਪੁੱਤ੍ਰ ਖੜਗ ਧਾਰੀ ਬਰ ਦੀਨਿ।
ਸੇਵ ਬਿਲੋਕਿ ਪ੍ਰਸੰਨ ਭਏ ਅਤਿ
ਅਧਿਕ ਅਧਿਕ ਕਹਿ ਬਾਕ ਪ੍ਰਬੀਨ[1]।
[1]ਵਡੇ, ਭਾਵ ਬਾਬਾ ਬੁੱਢਾ ਜੀ ਨੇ ਬਚਨ ਕਹੇ।
ਪੀਰੀ ਮੀਰੀ ਬਰਤਹਿ ਦੋਨਹੁਂ
ਡੀਲ ਬਿਲੰਦ, ਸਬਲ ਹੁਇ ਪੀਨ[1] ॥੨੬॥
[1]ਤਕੜੇ।
ਕ੍ਰਿਪਾ ਆਪ ਕੀ ਤੇ ਬਰ ਪਾਇਸ,
ਔਚਕ ਭਏ ਸ਼ਗੁਨ ਸ਼ੁਭ ਆਇ।
ਗਰਜਯੋ ਘਨ ਅਰੁ ਚਮਕੀ ਤੜਿਕਾ
ਤਿਨ ਕੋ ਦੇਖਿ ਬ੍ਰਿੱਧ ਹਰਖਾਇ।
-ਬੈਠਹਿ ਤਖਤ, ਮਹਦ ਹੁਇ ਜੋਧਾ
ਰਣ ਪ੍ਰਿਯ, ਹਨਹਿਂ ਰਿਪੁਨਿ ਸਮੁਦਾਇ।
ਗੁਣ ਬਿਸਾਲ, ਨਿਜ ਬੰਸ ਬ੍ਰਿਧਾਵਹਿ,
ਗੁਰ ਘਰ ਮਹਿਂ ਅਸ ਸੁਤ ਉਪਜਾਇ-' ॥੨੭॥
ਸੁਨਤਿ ਪ੍ਰਸੰਨ ਭਏ ਗੁਰ ਅਰਜਨ
ਮਹਿਮਾ ਸੰਤਨਿ ਕਰਹਿਂ ਉਚਾਰ।
'ਸ਼ੁਸ਼ਕ ਸਥਲ ਜਲ[1] ਪਲ ਮਹਿਂ ਪੂਰੈਂ,
[1]ਸੁੱਕੇ ਹੋਏ ਥਾਂ ਜਲ ਨਾਲ।
ਪੂਰਨ ਸ਼ੁਸ਼ਕ ਕਰਹਿਂ ਇਕ ਬਾਰ।
ਰੰਕ ਰਾਵ ਤੇ, ਰਾਵ ਰੰਕ ਤੇ,
ਮ੍ਰਿਤੁ ਜੀਵਾਇਂ ਜਿਵਤਿ ਦੇਂ ਮਾਰਿ।
ਅਚਲ ਚਲਾਵਹਿਂ, ਚਲਤਿ ਥਿਰਾਵਹਿਂ,
ਬਾਕ ਅਮਿਟ ਹੈਂ, ਪ੍ਰਗਟ ਸੰਸਾਰ

॥੨੮॥
ਅੰਤ ਸੰਤ ਕੋ ਕੋਇ ਨ ਪਾਵਹਿ,
ਸੁਰ ਨਰ ਅਸੁਰ ਜਾਤਿ ਸਭਿ ਹਾਰਿ[†]।

[†]ਸੰਤ ਨੂੰ ਨਿਤ ਅਵਤਾਰ ਕਿਹਾ ਜਾਂਦਾ ਹੈ, ਕਿਉਂਕਿ ਸਦਾ ਜਗਤ ਵਿਚ ਰਹਿੰਦਾ ਹੈ, ਸੰਤ ਉਹ ਹੈ ਜਿਸ ਵਿਚ ਵਾਹਿਗੁਰੂ ਦੀ ਕਲਾ ਵਰਤੇ। ਨਿਰੇ ਅਭ੍ਯਾਸੀ ਯਾ ਤਪਸ੍ਵੀ ਨੂੰ ਸੰਤ ਨਹੀਂ ਕਹੀਦਾ ਤੇ ਨਾ ਹੀ ਨਿਰੇ ਚੇਲੇ ਇਕੱਤ੍ਰ ਕਰਨ ਵਾਲੇ ਨੂੰ ਕਹੀਦਾ ਹੈ। ਭਾਈ ਬੁੱਢਾ ਜੀ ਪੂਰਨ ਸੰਤ ਪੂਰਨ ਗੁਰਮੁਖ ਸੇ। ਓਹ ਗੁਰੂ ਘਰ ਦੇ ਦਾਸ ਭਗਤ ਸੇ, ਪਰ ਮਹਾਂ ਕਲਾਵਾਨ ਤੇ ਸਤਿਗੁਰਾਂ ਦੇ ਪ੍ਰੀਤਮ ਸੇ। ਉਨ੍ਹਾਂ ਦੀ ਮਹਿਮਾ ਸੰਗਤਾਂ ਵਿਚ ਦੱਸਣ ਨਿਮਿੱਤ ਗੁਰੂ ਜੀ ਨੇ ਆਪਣੀ ਭਾਰਜਾ ਨੂੰ ਬੀ ਸੰਤ ਸੇਵਾ ਤੇ ਸੇਵਾ ਤੋਂ ਅਸੀਸ ਲੈਣ ਦੀ ਜਾਚ ਸਿਖਾਈ। ਸਤਿਗੁਰ ਜੀ ਆਪਣੀ ਆਤਮ ਸੱਤ੍ਯਾ ਪਰਉਪਕਾਰ ਪਰ ਤਾਂ ਖਰਚ ਕਰਦੇ ਸੇ, ਪਰ ਆਪਣੇ ਕਿਸੇ ਮਨੋਰਥ ਸਿੱਧੀ ਲਈ ਰੂਹਾਨੀ ਤਾਕਤ ਨਹੀਂ ਸੇ ਵਰਤਦੇ। ਇਸੇ ਲਈ ਆਪਣੇ ਗ੍ਰਿਹ ਪੁੱਤਰ ਲਈ ਆਪ ਰੂਹਾਨੀ ਤਾਕਤ ਵਰਤਕੇ ਵਰ ਦਾਨ ਨਹੀਂ ਦਿੱਤਾ ਤੇ ਆਪਣੀ ਪਿਆਰੀ ਤੇ ਸਭ ਤਰ੍ਹਾਂ ਲਾਇਕ ਪਤਿੱਬ੍ਰਤਾ ਦੇਵੀ ਇਸਤ੍ਰੀ ਨੂੰ ਸਿੱਖੀ ਭਾਵਨਾ ਵਿਚ ਜੱਗ੍ਯਾਸੂ ਬਣਕੇ ਗੁਰ ਨਾਨਕ ਦੇ ਪਰਮ ਪ੍ਰੇਮੀ ਸਿੱਖੀ ਦੇ ਨਮੂਨਾ ਭਾਈ ਬ੍ਰਿੱਧ ਜੀ ਤੋਂ ਵਰ ਯਾਚਨ ਲਈ ਕਿਹਾ ਸੀ। ਬ੍ਰਿੱਧ ਜੀ ਮਾਤਾ ਜੀ ਨੂੰ ਮਾਤਾ ਕਹਿਕੇ ਪੂਰਾ ਅਦਬ ਕਰਦੇ ਹਨ, ਪਰ ਫੇਰ ਸਾਹਿਬਾਂ ਦਾ ਇਸ਼ਾਰਾ ਲਖਕੇ ਅਸ਼ੀਰਵਾਦ ਦੇਂਦੇ ਹਨ।

ਸੰਤ ਹੁਕਮ ਕੋ ਫੇਰ ਨ ਸਾਕਹਿਂ,
ਸਗਰੇ ਸਾਦਰ ਲੇਂ ਸਿਰ ਧਾਰ।
ਬੁੱਢਾ ਸਾਹਿਬ ਤਪ ਕੀ ਮੂਰਤਿ,
ਆਤਮ ਗ੍ਯਾਨੀ ਗੁਨ ਗਨ ਸਾਰ[1]।
ਜਿਹ ਸੇਵੇ ਬਾਂਛਤਿ ਹਇ ਪ੍ਰਾਪਤਿ,
ਦੁਖ ਦਾਰਦਿ ਕੇ ਦੂੰਦ ਬਿਦਾਰ'
॥੨੯॥

[1]ਸਮੂਹ ਸ੍ਰੇਸ਼ਟ ਗੁਣਾਂ ਵਾਲੇ।

ਦੋਹਰਾ:
ਇੱਤ੍ਯਾਦਿਕ ਗੁਨ ਬ੍ਰਿੱਧ ਕੇ, ਬਰਨੇ ਸ਼੍ਰੀ ਮੁਖ ਆਪ।
ਸੁਨਿ ਗੰਗਾ ਬੰਦਨ ਕਰੀ, 'ਧੰਨ ਸਿੱਖ ਨਿਸ਼ਪਾਪ' ॥੩੦॥
ਜਨਮ ਦਾਰਿਦੀ ਘਰ ਬਿਖੈ, ਕਲਪ ਤਰੂ ਜਿਮ ਪਾਇ।
ਤਿਮ ਪ੍ਰਸੰਨ ਗੰਗਾ ਭਈ, ਚਿੰਤਾ ਸਕਲ ਮਿਟਾਇ ॥੩੧॥
ਸੋਰਠਾ:
ਪਤਿ ਕੋ ਅਸਨ ਅਚਾਇ, ਪਰਮ ਪ੍ਰੇਮ ਬੈਠੀ ਨਿਕਟਿ।
ਪੁਨ ਆਪਨਿ ਮੁਖਿ ਪਾਇ, ਚਿਤ ਚਿੰਤਾ

[1]ਕਠਨ।

ਕਾਟੀ ਬਿਕਟ[1] ॥੩੨॥
ਨਿਸ ਮਹਿਂ ਆਨੰਦ ਮਾਨਿ, ਸੁਪਤਿ
ਜਥਾ ਸੁਖ ਹ੍ਵੈ ਰਹੇ।
ਤਿਨ ਪਦ ਬੰਦਨ ਠਾਨਿ, ਕਵਿ ਸੰਤੋਖ
ਸਿੰਘ ਗੁਨ ਕਹੈ ॥੩੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਭਾਈ ਬੁੱਢੇ ਤੇ ਬਰ ਲੇਨ' ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥੩॥

## ੪. [ਸ੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸ੍ਰੀ ਅਰਜਨ ਉਰ ਗੰਗ ਜੁਤ, ਪਰਮ
ਪ੍ਰਸੰਨ ਸੁ ਹੋਇ।
ਚਹਤਿ ਪੁੱਤ੍ਰ ਬਡ ਤੇਜ ਮਯ, ਜਿਹ ਸਮ
ਦੂਤੀ ਨ ਕੋਇ ॥੧॥

ਕਬਿੱਤ:

ਬ੍ਰਿੱਧ ਬਰ ਪਾਇ ਗੰਗ ਗਰਭ ਧਰਜੋ ਹੈ
ਤਬਿ
ਦੰਪਤਿ ਅਨੰਦ ਭਏ, ਦਾਸੀ ਅਰ ਦਾਸ
ਗਨ[1]।
ਔਰ ਹਿਤਕਾਰੀ ਸੁ ਪ੍ਰਸੰਨ ਭਏ ਭਾਰੀ
ਸੁਨਿ
-ਗੁਰੁ ਅਵਤਾਰੀ ਪ੍ਰਗਟੈਗੋ ਜਿਸ ਜਾਸ
ਗਨ।
ਹੋਇਗੀ ਬਧਾਈ, ਹਮ ਬਾਂਛਤਿ ਕੋ
ਪਾਈ, ਤਬਿ
ਲਹੈਂਗੇ ਦਰਸੁ ਕਰੈਂ ਪੂਰਨ ਕੀ ਆਸ
ਗਨ[1]।
ਬਢੈਂਗੇ ਬਿਲਾਸੁ ਗਨ ਹੇਰੈਂਗੇ ਪ੍ਰਕਾਸ਼
ਗਨ,
ਸ਼ੱਤ੍ਰੁ ਹ੍ਵੈ ਉਦਾਸ ਗਨ, ਲਹੈਂਗੇ ਬਿਨਾਸ਼
ਗਨ- ॥੨॥
ਸੰਤਨ ਕੀ ਮਹਿਮਾ ਅਨੰਤ ਹੀ ਬਿਚਾਰੈਂ
ਚਿਤ,
ਸਮ ਭਗਵੰਤ ਕੇ, ਮਿਲੈਂਗੇ ਅੰਤ ਤਾਂਹਿ
ਸੋਂ[1]।
ਗੁਰੁ ਅਰਜਨ ਉਰ ਧਾਰਜੋ -ਜੋ
ਉਚਾਰਜੋ ਸ੍ਰਾਪ
ਤਾਂ ਕੋ ਸੱਤ ਹੋਨਿ ਬਨੈ, ਹੀਨ ਫਲ

[1]ਜਿਸ ਦਾ ਬਹੁਤ ਜਸ ਹੋਵੇਗਾ।

[1]ਸਭ ਦੀ।

[1]ਤਿਸ ਪ੍ਰਭੂ ਨਾਲ।

ਨਾਂਹਿ ਸੋ।
ਪੁੱਤ੍ਰ ਤੇ ਪ੍ਰਥਮ ਭਨਜੋ, ਪ੍ਰਥਮ ਹੀ ਭੋਗਜੋ ਜਾਇ,
ਜੋਗਤਾ ਇਹੀ ਹੈ: ਦੁਖ ਸੁਖ ਸੇਵੈ[1] ਚਾਹਿ ਸੋ।
ਬਚਨ ਅਮਿੱਟ ਹੈ, ਉਪਾਇ ਤੇ ਨ ਹੱਟ ਹੈ,
ਅਨੇਕ ਹੀ ਪਲੱਟਿ ਹੈ, ਨ ਮਿਟੈ ਲਟਕਾਹਿ ਸੋ[1]- ॥੩॥
ਇਤਨੇ ਮੈਂ ਸੁਧਿ ਸੁਨਿ ਸੁਲਹੀ ਕੋ ਆਗਮਨ,
ਬਾਹਨੀ ਸਹੰਸ੍ਰ ਪੰਚ ਸੰਗ ਭਟ ਭੀਰ ਕੀ[1]।
ਪ੍ਰਿਥੀਆ ਕੋ ਮੀਤ, ਤਾਂ ਪੈ ਪੱਤ੍ਰਿਕਾ ਪਠਾਇ ਨੀਤਿ,
'ਹਮਕੋ ਅਨੀਤ ਭਈ, ਰੀਤਿ ਨ ਗਹੀਰ ਕੀ[1]।
ਜੇਠੋ ਮੈਂ ਸੁ ਬੈਠੋ ਰਹਜੋ, ਲਘੁ ਨੇ ਇਕੈਠੋ ਧਨ
ਲੀਨਿ ਗੁਰਿਆਈ ਨ ਸਹਾਇ ਤੋਹਿ ਬੀਰ ਕੀ[1]।'
ਐਸੇ ਸੁਨਿ ਆਯੋ ਸੰਗ ਅਧਿਕ ਸਮਾਜ ਲਜਾਯੋ
ਜੇਨ ਕੇਨ ਰੀਤਿ[1] ਲੀਨਿ ਆਗਜਾ ਜਹਾਂਗੀਰ ਕੀ ॥੪॥
ਕੀਨਸਿ ਖੁਟਾਈ -ਗੁਰੂ ਅਰਜਨ ਬਾਂਧਿ ਲੇਊਂ,
ਰਾਮਦਾਸ ਪੁਰਾ ਲੂਟਿ, ਦੇਊ ਮੈਂ ਸਜਾਇ ਕੋ।
ਮੀਤ ਪਰ ਕਰੋਂ ਉਪਕਾਰ ਕੋ ਸਿਧਾਰਿ ਕਰਿ-

[1]ਭੋਗੀਏ।

[1]ਅਨੇਕ ਹੀ (ਤਰ੍ਹਾਂ) ਬਦਲੀਏ ਤੇ ਲਟਕਾਈਏ (ਭਾਵ ਦੇਰੀ ਪਾਈਏ) ਉਹ ਮਿਟ ਨਹੀਂ ਸੱਕਦੇ।

[1]ਸੈਨਾ ਪੰਜ ਹਜ਼ਾਰ ਨਾਲ ਸੂਰਮਿਆਂ ਦੀ ਭੀੜ ਹੈ।

[1]ਜੋ) ਵਡਿਆਂ ਆਦਮੀਆਂ ਦੀ ਰੀਤੀ ਨਹੀਂ ਉਹ ਅਨੀਤੀ ਹੋਈ ਹੈ।

[1]ਤੈਂ ਸੂਰਮੇਂ ਦੀ।

[1]ਜਿਸ ਕਿਸ ਤਰ੍ਹਾਂ।

ਆਯੋ ਰਿਸ ਧਾਰਿ ਕੈ ਲੈ ਅਨੀ ਸਮੁਦਾਇ ਕੋ।
ਸਾਰੋ ਭੇਵ ਸੁਨਜੋ ਗੁਰਦੇਵ ਸਮੋ ਜਾਨਿ ਲੇਵ[1]

[1]ਜਾਣ ਲਿਆ।

-ਆਇ, ਅਹੰਮੇਵ ਜੁਤ ਜਮਨ ਕੁਦਾਇ ਸੋਂ[1]।

[1]ਜਮਨ = ਯਵਨ (ਆਯੋਨੀਆਂ = ਯੂਨਾਨ ਦਾ ਵਾਸੀ =) ਵਿਦੇਸ਼ੀ, ਮੁਸਲਮਾਨ। ਕੋ+ਦਾਇ+ਸੋਂ = ਖੋਟੀ ਤਰ੍ਹਾਂ ਨਾਲ।

ਹੋਇ ਫਲ ਸ੍ਰਾਪ ਕੋ ਅਵਾਸ ਤਜੈਂ ਆਪ[1] ਕੋ

[1]ਆਪਣਾ।

ਸਮੇਤ ਹ੍ਵੈ ਸੰਤਾਪ, ਪਰੈ ਭਾਜਰ ਸਥਾਇ ਸੋਂ[1]- ॥੫॥

[1]ਦੁਖ ਸਮੇਤ ਹੋਕੇ ਭਾਜੜ ਪਏਗੀ ਇਸ ਥਾਂ ਤੋਂ।

ਘਰ ਕੋ ਸਮਾਜ ਲਾਦਿ, ਨਰਨਿ ਬਿਸਾਦ ਭਯੋ,
ਚਲੇ ਗੁਰੂ ਅਰਜਨ, ਤ੍ਰਾਸ ਧਰਿ ਸੈਨ ਕੋ[1]।

[1]ਘਰ ਦਾ ਸਮਾਨ ਲੱਦਕੇ ਗੁਰੂ ਅਰਜਨ ਜੀ ਤੁਰ ਪਏ, ਲੋਕਾਂ ਨੂੰ ਫੌਜਾਂ ਦਾ ਡਰ ਕਰਕੇ ਵਿਖਾਦ (= ਦੁਖ) ਹੋਇਆ (ਅ) 'ਤ੍ਰਾਸ ਧਰ ਸੈਨਕੋ' ਅੱਗੇ ਜਾਇਗਾ ਕਿ ਸੈਨਾਂ ਦਾ ਡਰ ਕਰਕੇ ਨਗਰ ਦੇ ਲੋਕੀਂ ਬੀ ਨਾਲ ਟੁਰ ਪਏ।

ਨਗਰ ਕੇ ਸੰਗ ਨਰ ਚਲੇ ਹੈਂ ਦੁਖਤਿ ਉਰ,
ਪ੍ਰਿਥੀਏ ਕੋ ਗਾਰਿ ਦੇਤਿ, ਸੁਨੇ ਕਰਿ ਐਨ ਕੋ।
ਗ੍ਰਾਮ ਹੈ ਵਡਾਲੀ ਤਹਾਂ ਜਾਇ ਕੈ ਪ੍ਰਵੇਸ਼ ਭਏ,
ਬਸੇ ਹੈਂ ਅਸ਼ੇਸ਼ ਕੀਨ ਸੈਨ ਜਾਇ ਰੈਨ ਕੋ[†]।

[†]ਆਪਣੀ ਰੱਖਿਆ ਲਈ ਆਤਮ ਬਲ ਨਹੀਂ ਵਰਤਣਾ ਇਹ ਅਸੂਲ ਸਤਿਗੁਰਾਂ ਏਥੇ ਬੀ ਵਰਤਿਆ। ਸਾਧਾਰਨ ਇਨਸਾਨੀ ਮੁਸ਼ਕਲ ਨੂੰ ਇਨਸਾਨੀ ਢੰਗ ਨਾਲ ਹੱਲ ਕਰਨੇ ਲਈ ਆਪ ਉਠਕੇ ਚਲੇ ਗਏ। ਦੂਸਰਾ ਵਿਚ ਭੇਤ ਇਹ ਬੀ ਸੀ ਕਿ ਆਪ ਮਹਾਂ ਤਯਾਗੀ ਸੇ। ਪ੍ਰਿਥੀਏ ਦਾ ਖਿਆਲ ਸੀ ਕਿ ਜ਼ੋਰ ਜ਼ੁਲਮ ਨਾਲ ਰਾਮਦਾਸ ਪੁਰੇ ਤੋਂ ਆਪ ਨੂੰ ਕੱਢਕੇ ਮੈਂ ਫੇਰ ਕਾਮਯਾਬ ਹੋ ਸਕਾਂਗਾ। ਪਰ ਸਤਿਗੁਰਾਂ ਨੇ ਉਹ ਘੜੀ ਆਉਣ ਤੋਂ ਪਹਿਲਾਂ ਹੀ ਕਿ ਜਿਸ ਵਿਚ ਨਗਰ ਦਾ ਘਰ ਬਾਰ ਲੁਟੀਵੇ ਤੇ ਇਸਤ੍ਰੀਆਂ ਆਦਿ ਦੀ ਇਜ਼ਤ ਖਤਰੇ ਵਿਚ ਪਵੇ, ਕਿਨਾਰਾ ਕੀਤਾ ਤੇ ਪ੍ਰਿਥੀਏ ਨੂੰ ਖੁਲ੍ਹਾ ਮੈਦਾਨ ਦੇ ਦਿੱਤਾ ਤੇ ਆਪਣੇ ਬੀਤਰਾਗ ਹੋਣ ਦਾ ਨਕਸ਼ਾ ਬੰਨ ਵਿਖਾਯਾ। ਵਡਾਲੀ ਅੰਮ੍ਰਿਤਸਰੋਂ ਪੱਛੋਂ ਕੁ ਦੇ ਰੁਖ਼ ਨੂੰ ਚਾਰ ਕੁ ਮੀਲ ਤੇ ਹੈ, ਪੁਰਾਣੀ ਹਵੇਲੀ ਤੇ ਅੰਦਰ ਗੁੰਬਦ ਹੇਠ ਥੜਾ ਅਵਤਾਰ ਅਸਥਾਨ ਹੁਣ ਤੱਕ ਹੈ। ਪਿੰਡੋਂ ਬਾਹਰ ਇਕ ਗੁਰਦਵਾਰਾ ਛੇਵੇਂ ਗੁਰਾਂ ਦਾ ਦਮਦਮਾ ਹੈ, ਤੇ ਮੀਲ ਕੁ

ਪਰੇ ਛਿਹਰਟੇ ਦਾ ਖੂਹ ਤੇ ਮੰਦਿਰ ਹੈ ਜਿਥੇ ਬਸੰਤ ਦਾ ਮੇਲਾ ਹਰ ਸਾਲ ਲੱਗਦਾ ਹੈ। ਇਥੇ ਬਹੁਤ ਸਾਰੀ ਜ਼ਿਮੀਂ ਸਤਿਗੁਰਾਂ ਦੇ ਵੇਲੇ ਦੀ ਸੀ, ਜਿਸ ਪਰ ਹੁਣ ਜ਼ਿਮੀਂਦਾਰ ਕਾਬਜ਼ ਸੁਣੀਂਦੇ ਹਨ।

ਗੁਰੂ ਗੁਨ ਗਾਵੈਂ, ਸਤਿਨਾਮ ਸਭਿ ਧਜਾਵੈਂ,
ਸਿਖ ਸੰਗ ਸੁਖ ਪਾਵੈਂ, ਯੌਂ ਅਲਾਵੈ 'ਹਮੈ ਭੈ ਨ ਕੋ' ॥੬॥
'ਸੁਲਹੀ ਜਮਨ[1] ਆਯੋ' ਪ੍ਰਿਥੀਏ ਨੇ ਸੁਨਿ ਪਾਯੋ,
ਸੰਗ ਚਮੂ ਲਜਾਯੋ, ਭਯੋ ਹੇਤ ਮੇਰੇ ਆਵਨੋ।'
ਸ਼ੱਤ੍ਰੁ ਹੈ ਸਹੋਦਰ ਸੁ ਤਜਾਗ ਗਯੋ ਘਰ ਅਬਿ,
ਜਾਇ ਮਿਲੌਂ ਆਗੇ ਕਰੌਂ ਤਿਸੈ ਹਰਖਾਵਨੋ।
ਆਵੈ ਰਾਮਦਾਸਪੁਰਿ ਖੇਚਲ ਕਰੈਗੋ ਬਹੁ,
ਯਾਂ ਤੇ ਰੋਕੋਂ ਜਾਇ, ਭਯੋ ਕਾਜ ਮਨ ਭਾਵਨੋ।
-ਕਰਜੋ ਤਬਿ ਜਾਵਨੋ ਪਦਾਰਥ ਸੁਹਾਵਨੋ ਲੈ,
ਹੋਇ ਗਰਬਾਵਨੋ[1] ਬਿਸਾਲ ਚਿਤਚਾਵਨੋ[2] ॥੭॥
ਮਿਲਜੋ ਜਾਇ ਆਗੇ, ਦੇਖਿ ਦੋਊ ਅਨੁਰਾਗੇ ਮਨ[1],
ਗਰੇ ਸੰਗ ਲਾਗੇ, ਪੁਨ ਬੈਠੇ ਮੁਸਕਾਇ ਕਰਿ।
ਜ਼ਾਫਤ[1] ਕੇ ਹੇਤ ਧਨ ਦੀਨੋ ਹਿਤ ਕੀਨੋ ਬਹੁ
'ਆਏ ਹੋ ਕਰਮ[1] ਧੀਰ ਮੀਤ ਸੁਖਦਾਇ ਕਰਿ[2]।'
ਸੁਲਹੀ ਭਨਤਿ 'ਮੈਂ ਨ ਲੇਵੌਂ ਧਨ,

[1]ਭਿਰਾ।

[1]ਹੰਕਾਰੀ ਹੋ ਕਰਕੇ। [2]ਚਿਤ ਵਿਚ ਚਾ ਕਰਕੇ।

[1]ਪ੍ਰੇਮੀ ਹੋਏ ਮਨ ਕਰਕੇ।

[1]ਰੋਟੀ ਦੇਣੀ [ਅ਼: ਜ਼ਿਆਫ਼ਤ]

[1]ਕ੍ਰਿਪਾ। [2]ਸੁਖਦਾਈ ਕਰਨ ਲਈ।

[1]ਇਹ ਅਣਬਣ ਦੀ ਗੱਲ ਹੈ।

ਅਨਬਨ[1]
ਦੇਨੋ ਬਨੈ ਗੁਰੂ ਤੁਮ ਮਾਨੈ ਜਗ ਭਾਇ ਕਰਿ।
ਬਾਂਛਤਿ ਕੋ ਪਾਇ ਕਰਿ, ਸੀਸ ਕੋ ਨਿਵਾਇ ਕਰਿ
ਭੇਟਨਿ ਚਢਾਇ ਕਰਿ, ਬਨੈਂ ਸਿਖ ਆਇ ਕਰਿ' ॥੮ ॥

ਸੈ੍ਯਾ:
ਪ੍ਰਿਥੀਆ ਸੁਲਹੀ ਸੋਂ ਭਨੈ 'ਸੁਨਿ ਮੀਤ!
ਗੁਰੂ ਘਰ ਕੋ ਇਹ ਜਾਨਿ ਪ੍ਰਸਾਦੂ।
ਧਨ ਦੇਗ਼ ਕੇ ਹੇਤ ਦਯੋ[1] ਤੁਮ ਕੋ,
ਲਿਹੁ ਆਪ, ਕਰੋ ਹਮਰੋ ਅਹਿਲਾਦੂ।
ਬਿਸਵਾਸ ਬਿਸਾਲ ਅਹੈ ਤੁਮਰੇ ਪਰ,
ਦੇਖ ਸਕੋ ਨਹਿਂ ਮੋਰ ਬਿਸਾਦੂ[1]।
ਬਲ ਸੰਗ ਸਹਾਇਕ ਹੋ ਰਿਪੁ ਘਾਇਕ[1]
ਕੋ ਨ ਸਕੈ ਕਰਿ ਮੋ ਸੋਂ ਬਿਬਾਦੂ[1]' ॥੯॥

[1]ਲੰਗਰ ਵਾਸਤੇ।
[1]ਮੇਰਾ ਦੁਖ।
[1]ਵੈਰੀ ਦੇ ਨਾਸ਼ ਕਰਤਾ।
[1]ਮੇਰੇ ਨਾਲ ਝਗੜਾ।

ਕਬਿੱਤ:
ਸੁਲਹੀ ਸਲਾਹੈ 'ਤੁਮ ਸਖਾ ਹੋ ਬਿਸਾਲ ਮੇਰੇ
ਤੇਰੀ ਸੁਧਿ ਸੁਨਿ ਕੈ ਚਢਾਈ ਕਰਿ† ਆਇਊਂ।
ਬੰਧੋਂ ਗੁਰੂ ਅਰਜਨ, ਲੇਹੁਂ ਮੈਂ ਪਕਰਿ ਕਰਿ,
ਰਾਮਦਾਸ ਨਗਰੀ ਕੋ ਸਗਰੀ ਲੁਟਾਇਊਂ।
ਤੋਹਿ ਸੋਂ ਮਿਲਾਪ ਕਰਿ, ਅਧਿਕ ਪ੍ਰਤਾਪ ਕਰਿ,
ਰਿਪੁਨਿ ਸੰਤਾਪ ਕਰਿ, ਸ਼ਾਹੁ ਪਾਸ ਜਾਇਊਂ।

†ਪਾ:-ਚਢਾਇ ਨਰ।

ਸਭਿ ਕੋ ਸੁਨਾਇਊਂ, ਗੁਰੂ ਤੁਮਹਿੰ ਬਨਾਇਊਂ,
ਸਖਾ ਕੋ ਸੁਖਦਾਇਊ ਬਿਸਾਲ ਜਸ ਪਾਇਊਂ'' ॥੧੦॥
ਪ੍ਰਿਥੀਏ ਬਖਾਨੀ 'ਸਾਧ ਸਾਧ[1] ਪ੍ਰੀਤਿ ਠਾਨੀ, ਸ਼ੁਭ — [1]ਸ਼ਾਬਾਸ਼ ਸ਼ਾਬਾਸ਼।
ਕੀਰਤਿ ਮਹਾਨੀ ਜਗ ਭਈ ਸਖਾ ਦੋਇ ਕੀ[1]। — [1]ਦੋਹਾਂ ਮਿੱਤ੍ਰਾਂ ਦੀ।
ਆਗਮਨ ਤੇਰੋ ਸੁਨਿ ਗਯੋ ਹੈ ਪਲਾਇ ਰਿਪੁ
ਪੁਰੀ ਕੋ ਉਜਾਰੁ ਕਿਯੋ, ਵਸਤੂ ਨ ਕੋਇ ਕੀ[1]। — [1]ਕੋਈ (ਕਿਸੇ) ਦੀ ਵਸਤੂ ਨਹੀਂ (ਇਥੇ ਰਹੀ)।
ਮਹਾਂ ਸਮਰੱਥ ਤੁਮ ਨਾਮ ਲੀਏ ਕਾਮ ਹੋਹਿ,
ਆਪ ਚਲਿ ਆਏ ਪੁਨਿ ਚਿੰਤਾ ਕਿਸ ਲੋਇ[1] ਕੀ। — [1]ਪੁਰਸ਼।
ਕ੍ਰਿੱਤ ਕ੍ਰਿੱਤ ਕੀਨਿ[1] ਸਭਿ ਕਾਜ ਕੋ ਸੁਧਾਰ ਦੀਨਿ, — [1]ਨਿਹਾਲ ਕੀਤਾ ਹੈ।
ਮੋ ਪੋ ਉਪਕਾਰ ਕੀਨਿ, ਰੀਤਿ ਤਰੁ ਤੋਇ ਕੀ[1] ॥੧੧ ॥ — [1]ਬ੍ਰਿੱਛ ਤੇ ਜਲ ਦੀ ਰੀਤਿ, ਦੋਇ ਮਿਲ ਇੱਕ ਰੂਪ ਹੁੰਦੇ ਹਨ।

ਸ੍ਵੈਯਾ:

ਮੈਂ ਅਬਿ ਲੋਕ ਬੁਲਾਇ ਮਿਲਾਇਕੈ,
ਫੇਰ ਪੁਰੀ ਕੋ ਬਨਾਇ ਬਸਾਊਂ।
ਜੇ ਉਜਰੇ ਉਜਰੇ ਸੋ ਰਹੋ,
ਪੁਨਿ ਆਇ ਬਸੈਂ ਤਬਿ ਮੈਂ ਨ ਹਟਾਊਂ।
ਆਪ ਪਯਾਨ ਕਰੋ ਘਰ ਕੋ,
ਸੁਖ ਹੋਹਿ ਤੁਮੈਂ ਇਮੁ ਨੀਤ ਮਨਾਊਂ।'
ਸ਼ਾਹੁ ਸੋਂ ਮੇਲ ਰਹੋ ਨਿਤ ਬਾਢਤਿ,
ਚੌਗਨ[1] ਕਾਮ ਅਸੀਸ ਮੈਂ ਗਾਊਂ'' ॥੧੨॥ — [1]ਨਿਤ ਵਧਦਾ ਰਹੇ (ਤੇਰਾ) ਕੰਮ ਚੌਗੁਣਾ ਹੋਵੇ (ਇਹ)।

ਕਬਿੱਤ: — [1]ਸੁਲਹੀ ਨੇ ਸੁਧ ਲੈ ਕੇ ਭਾਵ ਪ੍ਰਿਥੀਏ ਦੀਆਂ ਗੱਲਾਂ ਸੁਣਕੇ।

ਸੁਲਹੀ ਸੁ ਲਹੀ ਸੁਧਿ[1] ਮਹਾਂ ਦੁਰਬੁੱਧੀ ਕੂਰ
ਆਨੰਦ ਬਿਲੰਦ ਤੇ ਬਦਨ ਮੁਸਕਾਇ ਕਰਿ[1]।
'ਗਯੋ ਭਾਜ ਜਾਨਿ ਦੇਹੁ, ਕਾਹੇ ਤਿਸ ਨਾਮ ਲੇਹੁ,
ਰਾਖੋ ਨਿਜ ਗੇਹ ਸਭਿ ਨਗਰੀ ਬਸਾਇ ਕਰਿ।
ਫੇਰ ਬਸੈ ਆਇ ਕਰਿ ਬੈਰ ਕੋ ਲਗਾਇ ਕਰਿ,
ਆਪ ਪੁਜਵਾਇ ਕਰਿ ਧਨ ਸਮੁਦਾਇ ਕਰਿ[1]।
ਦੀਜੈ ਮੋ ਸੁਨਾਇ ਕਰਿ, ਆਵੌਂ ਪੰਥ ਧਾਇ ਕਰਿ,
ਤਬਿ ਹੀ ਗਹਾਇ ਕਰਿ ਦੇਵੋਂ ਮਰਵਾਇ ਕਰਿ' ॥੧੩॥
ਐਸੇ ਕਹਿ ਧੀਰ ਦੀਨ ਮਿਲੇ ਦੋਊ ਬੀਰ ਸਮ[1]
ਪ੍ਰਿਥੀਆ ਪ੍ਰਸੰਨ ਭਯੋ ਨਿਜ ਧਾਮ ਆਇਊ।
ਸੁਲਹੀ ਬਿਤਾਇ ਨਿਸਿ ਔਰ ਕਾਮ ਹੇਤ ਗਯੋ,
ਹੁਤੋ ਪਾਤਿਸ਼ਾਹਿ[1] ਕੋ ਸੁ ਨੀਕੇ ਸੁਧਰਾਇਊਂ[2]।
ਫੇਰ ਦਿੱਲੀ ਪੁਰਿ ਕੋ ਪਯਾਨੋ ਕੀਨ ਮੰਦ ਮਤਿ
ਬਾਹਨੀ ਸਮੀਪ ਤੇ ਅਧਿਕ ਗਰਬਾਇਊ।
-ਚਾਹੌਂ ਚਿਤ ਕਰੌਂ ਸੋਇ, ਆਗੇ ਨਾਂਹੀ ਅਰੈ ਕੋਇ,
ਮਾਨੇ ਤੁਰਕੇਸ਼[1] ਬੈਨ, ਮੈਂ ਜਥਾ ਅਲਾਇਊਂ- ॥੧੪॥

[1]ਹਸਕੇ (ਕਹਿਆ)।

[1]ਭਾਵ ਇਕੱਠਾ ਕਰੇ।

[1]ਭਰਾਵਾਂ ਵਾਂਙੂੰ।

[1]ਜੋ) ਪਾਤਸ਼ਾਹ ਦਾ ਸੀ। [2]ਸੁਧਾਰਨ ਲਈ।

[1]ਭਾਵ ਜਹਾਂਗੀਰ।

ਰਾਮਦਾਸ ਪੁਰੀ ਮੈਂ ਪ੍ਰਿਥੀਆ ਰਹਯੋ ਧਾਮ ਕਰਿ
ਥੋਰੀ ਕੁਛ ਭੇਟ ਆਵੈ ਤਪਯੋ ਰਹੈ ਰਾਤ ਦਿਨ।
ਲਾਲਸਾ ਦਰਬ ਕੀ -ਸਰਬ ਮੋਹਿ ਪੂਜੈਂ ਆਇ
ਬਾਢੈ ਬਡਿਆਈ- ਪਿਤ ਸਮਤਾ ਕੋ ਚਾਹੈ ਮਨ[1]।

[1]ਪਿਤਾ ਜੀ ਦੀ ਬਰਾਬਰੀ ਨੂੰ ਮਨ ਵਿਖੇ ਚਾਹੁੰਦਾ ਹੈ।

ਸੰਗਤਾਂ ਅਨੁਜ ਪਾਸ ਜਾਤਿ ਕੋ[1] ਬਿਲੋਕੈ ਸੁਨੈ,

[1]ਛੋਟੇ ਭਿਰਾ ਪਾਸ ਜਾਂਦੀਆਂ ਨੂੰ।

ਤਯੋਂ ਤਯੋਂ ਬਢੈ ਕ੍ਰੋਧ ਯੁਤ ਈਰਖਾ ਕੋ ਬੋਧ ਬਿਨ[1]।

[1]ਵਿਚਾਰ ਤੋਂ ਬਿਨਾ।

ਜੈਸੇ ਪਟਬੀਜਨੋ ਚਹਤਿ ਰਵਿ ਬੀਜਨੋ
ਨ ਜਾਨੈ ਤੇਜ ਛੀਜਨੋ[1] ਬਿਸਾਲਤਾ ਜਨਾਇ ਜਨੁ ॥੧੫॥

[1]ਜਿਵੇਂ ਟਿਟਾਣਾ (ਮਾਨੋ ਆਪਣੀ ਵਡਿਆਈ ਜਣਾ ਕੇ ਚਾਹਵੇ) 'ਰਵਿ+ਬੀ+ਜਨੋਂ = 'ਕਿ ਮੈਂ ਬੀ ਸੂਰਜ ਜਾਣਿਆ ਜਾਵਾਂ (ਪਰ ਉਹ ਆਪਣੇ) ਚਾਨਣੇ ਦੇ ਛੋਟਾਪਨ ਨੂੰ ਨਹੀਂ ਜਾਣਦਾ। (ਅ) (ਰਵਿ+ਬੀ+ਜਨੋ = ਕਿ) ਸੂਰਜ (ਮੈਂ ਅਪਣਾ ਆਪ) ਜਣਾਵਾਂ, ਪਰ ਨਹੀਂ ਸਮਝਦਾ (ਕਿ ਜਦੋਂ ਆਪ ਜਨਾਉਣ ਲਈ ਮੈਂ ਸੂਰਜ ਸਾਹਮਣੇ ਆਯਾ ਤਾਂ ਮੇਰਾ) ਤੇਜ ਛਿੱਜ ਜਾਵੇਗਾ। (ਦਿਨ ਵੇਲੇ ਟਿਟੈਣੇ ਦੀ ਚਮਕ ਨਹੀਂ ਰਹਿੰਦੀ)। (ੲ) ਬੀਜਨੇ = ਪੱਖਾ। ਟਟੈਣਾ ਚਾਹੁੰਦਾ ਹੈ ਕਿ ਸੂਰਜ (ਮੈਨੂੰ) ਪੱਖਾ ਕਰੇ। (ਪਰ ਨਹੀਂ ਜਾਣਦਾ ਕਿ ਸੂਰਜ ਚੜ੍ਹਦੇ ਸਾਰ ਹੀ ਉਸਦਾ) ਤੇਜ ਛਿੱਜ ਜਾਏਗਾ। (ਸ) ਸੰਭਾਵਨਾ ਇਹ ਬੀ ਹੈ ਕਿ ਏਥੇ ਪਾਠ ਸੀ 'ਰਵਿ ਥੀਜਨੋ' = ਟਟੈਣਾ ਚਾਹੁੰਦਾ ਹੈ ਕਿ ਮੈਂ ਸੂਰਜ ਹੋ ਜਾਵਾਂ। ਪਰੰਤੂ ਜਿਤਨੇ ਨੁਸਖੇ ਲਿਖਤੀ ਅਰ ਛਾਪੇ ਦੇ ਅਸਾਂ ਵੇਖੇ ਹਨ ਸਭਨਾਂ ਵਿਚ ਪਾਠ ਬੀਜਨੋ ਹੈ, ਥੀਜਨੋ ਨਹੀਂ। (ਹ) ਚਹਤਿ+ਰਵਿ+ਬੀ+ਜਨੋਂ = ਮਾਨੋਂ ਚਾਹੁੰਦਾ ਹੈ (ਬੀਅ =) ਦੂਸਰਾ ਸੂਰਜ (ਬਣਨਾ)।

ਪਤਿਸ਼ਾਹ ਪੰਚਮ ਪ੍ਰਪੰਚ ਕੋ ਨ ਰੰਚ ਜਾਨੈ[1]

[1]ਭਾਵ ਗੁਰੂ ਅਰਜਨ ਸਾਹਿਬ ਜੀ ਰੰਚਕ ਭਰ ਬੀ ਛਲ ਨਹੀਂ ਜਾਣਦੇ।

ਸੂਧੋ ਈ ਸੁਭਾਵ ਰਹੇ ਗ੍ਰਾਮ ਤਿਸ ਜਾਇ ਕਰਿ।
ਪਰਉਪਕਾਰ ਹੇਤ ਧਾਰਨ ਸਰੀਰ ਕਰਯੋ
ਜਹਾਂ ਰਹੈ ਤਹਾਂ ਚਹੈਂ ਹਿਤ ਸਮੁਦਾਇ ਨਰ।
ਪੂਰਬ ਕਰਾਏ[1] ਧਾਮ ਬਾਸਿਬੇ ਕੇ ਅਭਿਰਾਮ,

[1]ਬਣਵਾਏ।

ਜੇਤੇ ਮੈਂ ਸੁਖੇਨ ਬਸੈਂ ਤੇਤੋ ਕੀਨਿ ਥਾਇੰ
ਬਰ।
ਗਏ ਸੰਗ ਲੋਕ ਜੇਈ ਬਸੈਂ ਕਰਿ ਓਕ[1]
ਤੇਈ,
ਗੁਰੂ ਕੀ ਸ਼ਰੰਨ ਮੈਂ ਅਸ਼ੋਕ ਸੁਖ ਪਾਇ
ਉਰ ॥੧੬॥

[1]ਘਰ।

ਪੁਨ ਲਗਵਾਯੋ ਕੂਪ ਮਹਿਮਾ ਅਨੂਪ
ਭਨੀ,
ਨਾਮ ਹੈ ਛਿਹਰਟਾ ਅਜੌ ਸੁ ਲਗ
ਜਾਨੀਯਹਿ।
ਮੱਜਨ ਜੋ ਕਰੈਂ ਨਰ, ਪਾਪਨ ਸੋ
ਪਰਹਰਿ[1]
ਜੋਗ ਹ੍ਵੈ ਸੁਰਗ[1] ਕੇ ਸਗਲ ਸੁਖ
ਦਾਨੀਅਹਿ।
ਮਾਸ ਮਾਸ ਪ੍ਰਤਿ ਇਸ਼ਨਾਨੈ ਇਸ ਥਾਨ
ਆਨਿ†
ਨੰਦਨ[1] ਅਨੰਦ ਲਹਿ ਨਾਰੀ ਦੁਖ
ਹਾਨੀਅਹਿ।
ਬਾਂਛਤਿ ਅਪਰ ਲਹੈਂ[1], ਦੋਸ਼ਨੁ ਕੋ ਦਹੈ
ਨਰ,
ਸਤਿਗੁਰੂ ਸ਼ਰਧਾ ਬਿਲੰਦ ਹੋਇ
ਮਾਨੀਅਹਿ ॥੧੭॥

[1]ਦੂਰ ਕਰਕੇ।

[1]ਸ੍ਵਰਗ ਦੇ ਲਾਇਕ।

†ਪਾ:-ਜੋਈ।

[1]ਪੁੱਤ੍ਰ ਦਾ।

[1]ਹੋਰ ਵਾਂਛਤ (ਵਰ) ਲਏਗਾ।

ਕਬਿੱਤ:
ਆਏ ਦੇਸ਼ ਦੇਸ਼ ਤੇ ਬਿਸ਼ੇਸ਼† ਲੇ
ਉਪਾਇਨ ਕੋ
ਬੂਝਿ ਬੂਝਿ ਜਾਤਿ ਹੈਂ ਵਡਾਲੀ ਗੁਰ
ਪਾਸ ਕੋ।
ਅਨਿਕ ਪਦਾਰਥ ਸਕਾਰਥੇ ਕਰਤਿ ਨਰ
ਅਰਪੈਂ ਚਰਨ ਤੀਰ, ਬੋਲੈਂ ਅਰਦਾਸ
ਕੋ।
ਭੀਰ ਭਈ ਰਹੈ ਇਕ ਆਵਤਿ ਹੈ ਜਾਤਿ

†ਪਾ:-ਬਿਸਾਲ।

| | |
|---|---|
| ਕੇਈ, | |
| ਸੇਵਾ ਕੋ ਕਮਾਵੈਂ ਕੇਈ ਹੇਰਿ ਸੁਖਰਾਸ ਕੋ[1]। | [1]ਦੇਖਦੇ ਹਨ ਸੁਖਾਂ ਦੀ ਖਾਣ, ਭਾਵ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ। |
| ਕਰਤੇ ਕਰਾਹੁ ਬਹੁ ਬਰਤੇ ਉਮਾਹ ਹੋਤਿ | |
| ਹਰਤੇ[1] ਉਪਾਧਿ ਗਨ, ਧਰਤੇ ਪ੍ਰਕਾਸ਼[2] ਕੋ ॥੧੮॥ | [1]ਨਾਸ਼ ਕਰਦੇ। [2]ਗਜਾਨ। |
| ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰ ਪੁਰਿ[†], | [†]ਪਾ:-ਪੁਨ। |
| ਧੰਨੀ, ਘੇਪ, ਲੰਮੇ ਦੇਸ਼ ਆਵੈਂ ਦਰਸਾਨਿ ਹਿਤ[1]। | [1]ਦਰਸ਼ਨ ਕਰਨ ਵਾਸਤੇ। |
| ਬਲਖਬੁਖਾਰਾ, ਮੁਲਤਾਨ ਤੇ ਮਹਾਂਨ ਨਰ | |
| ਸੰਗਤਿ ਪਹੂਚੈ ਆਇ ਭੇਟ ਅਰਪਾਨਿ[1] ਹਿਤ। | [1]ਅਰਪਣ। |
| ਔਰ ਦੂਰਿ ਦੂਰਿ ਤੇ ਹਦੂਰ[1] ਪੂਰ ਕਾਮਨਾ ਕੋ | [1]ਹਜ਼ੂਰੀ ਵਿਚੋਂ। |
| ਰੂਰ ਮੁਖ ਦੇਖਤੇ ਜ਼ਰੂਰ ਹਰਖਾਨ ਹਿਤ। | |
| ਸਦਾ ਸੁਖ ਮਾਨਿ ਚਿਤ ਕੋਊ ਰਹੈਂ ਪਾਸ ਨਿਤ, | |
| ਸੇਵਤਿ ਸੁਜਾਨ ਥਿਤ ਲੇਨਿ ਰਿਦੈ ਗਜਾਨ ਹਿਤ ॥੧੯॥ | |
| ਦੁਸ਼ਮਨ ਦੇਖਿ ਦੇਖਿ ਦਾਹ ਹੋਤਿ ਦੁਖੀ ਬਹੁ, | |
| ਜਰੀ ਹੂੰ ਨ ਜਾਇ ਖੁਨਸਾਇੰ ਨਿੰਦੁ ਭਾਖਤੇ। | |
| ਬਕ ਕੇ[1] ਕਰਮ ਕਰੈਂ, ਹੰਸਨਿ ਕੀ ਰੀਸਿ ਧਰੈਂ | [1]ਬਗਲੇ ਦੇ। |
| ਉਘਰੈ ਕਪਟ ਜਾਨੈਂ ਧਨ ਅਭਿਲਾਖ ਤੇ[1]। | [1]ਧਨ ਦੀ ਇੱਛਾ ਵਾਲੇ ਹਨ। |
| ਬਸ ਨ ਬਸਾਇ[1] ਠਾਨੇ ਅਨਿਕ ਉਪਾਇ ਮੂਢ, | [1]ਵਸ ਨਹੀਂ ਚਲਦਾ। |
| ਝੂਠੇ ਹ੍ਵੈ ਬਿਬਾਦ ਤੇ ਮਹਾਂਨ ਮਨ | [1]ਝਗੜਾ ਕਰ ਝੂਠੇ ਹੁੰਦੇ ਹਨ ਤੇ ਬੜਾ ਮਨ ਵਿਚ |

ਮਾਖਤੇ[1]। — ਗੁੱਸਾ ਕਰਦੇ ਹਨ।

ਰਿਦੈ ਗੋਪ ਰਾਖਤੇ ਬਿਲੰਦ ਬਿਸ਼ੈ ਕਾਂਖਤੇ

ਬਡਜੋਂ ਕੀ ਸੀਮ ਨਾਖਤੇ[1] ਨਾ ਸੇਵਾ ਬਿਖੈ ਗਾਖਤੇ[2] ॥੨੦॥ — [1]ਹੱਦ ਲੰਘ ਜਾਂਦੇ ਹਨ। [2]ਭਾਵ ਸੇਵਾ ਵਿਚ ਨਹੀਂ ਲਗਦੇ।

ਸ੍ਵੈਯਾ:

ਗ੍ਰਾਮ ਵਡਾਲੀ ਬਸੇ ਸੁਖ ਸੋਂ

ਨਵ ਮਾਸ ਤਹਾਂ ਇਸ ਭਾਂਤਿ ਬਿਤਾਏ।

ਸਿੱਖ ਸਮੂਹ ਕੀ ਸ਼੍ਰੇਯ ਕਰੈਂ

ਸਤਿਨਾਮ ਰਰੈਂ ਲਿਵ ਦੇਤਿ ਲਗਾਏ।

ਮੇਲਿ ਰਹੈ ਬਹੁ ਸੰਗਤ ਕੋ,

ਧਨਿ ਬ੍ਰਿੰਦ ਪਦਾਰਥ ਭੇਟ ਚੜ੍ਹਾਏ।

ਸੋ ਉਪਕਾਰ ਕੇ ਕਾਰਨ ਸ਼੍ਰੀ ਗੁਰ

ਕੂਪ† ਤੇ ਆਦਿਕ ਦੇਂ ਬਨਵਾਏ ॥੨੧॥ — †ਇਹ ਪੁਰਾਤਣ ਖੂਹ ਵਡਾਲੀ ਸਾਹਿਬ ਵਿਖੇ ਸ਼੍ਰੀ ਜਨਮ ਸਥਾਨ ਗੁਰਦਵਾਰੇ ਦੇ ਦਰਵਜੇ ਦੇ ਸਾਹਮਣੇ ਕੋਲ ਵਾਰ ਹੀ ਹੁਣ ਤਕ ਵਿਦਮਾਨ ਹੈ।

ਦੇਗ ਚਲੈ ਦਿਨ ਰੈਨਿ ਨਿਰੰਤਰ,

ਬ੍ਰਿੰਦ ਮਸੰਦ ਕੀ ਕਾਰ ਗੁਜ਼ਾਰੈਂ।

ਆਪ ਗੁਰੂ ਧਨ ਕੋ ਨ ਛੁਵੈਂ

ਕਰ ਸੇਵਕ ਆਨਿ ਧਰੈਂ ਜੁ ਅਗਾਰੈਂ।

ਲੇਹਿੰ ਸੰਭਾਰ ਪਦਾਰਥ ਜੋ

ਸਭਿ ਪੈ ਖਰਚੈਂ ਜਿਮ ਆਪ ਉਚਾਰੈਂ।

ਕੇਵਲ ਹੇਤ ਸਭੈ ਉਪਕਾਰ ਕੇ,

ਹੇਰਿ ਤ੍ਰਿਲੋਕ† ਪ੍ਰਸੰਸ ਪਸਾਰੈਂ ॥੨੨॥ — †ਪਾ:-ਹੇਰਤਿ ਲੋਕ।

ਮਾਸ ਚਢ੍ਯੋ ਦਸਮੋ ਗ੍ਰਭ ਕੋ

ਜਬਿ ਹੋਤਿ ਭਯੋ ਸੁ ਪ੍ਰਸੂਤ ਸਮੋ।

ਧਾਇ[1] ਜਿ ਸਜਾਨੀ ਬੁਲਾਇ ਲਈ — [1]ਦਾਈ।

ਤਬਿ, ਆਨਿ ਅਸੀਸ ਦੀ ਨੰਦ ਜਮੋ[1]। — [1]ਪੁੱਤਰ ਜੰਮਣ ਦੀ।

ਕੋਸ਼ਠ ਅੰਤਰਿ ਦੀਪਕ ਆਠ

ਦਿਪਾਇ ਧਰੇ ਕਰਿ ਦੂਰਿ ਤਮੋ[1]। — [1]ਅੰਧੇਰਾ ਦੂਰ ਕਰਨ ਲਈ।

ਸੌਨ[1] ਸਭੈ ਸ਼ੁਭ, ਵਾਰ ਨਿਛੱਤ੍ਰਨਿ — [1]ਸ਼ਗਨ।

ਨੌ ਗ੍ਰਿਹ ਆਨਿ ਕੈ ਕੀਨਿ ਨਮੋ[1] ॥੨੩॥ — [1]ਨਵਾਂ ਗ੍ਰੈਹਾਂ ਨੇ ਆਕੇ ਨਮਸਕਾਰ ਕੀਤੀ (ਗੁਰੂ ਜੀ ਨੂੰ)

ਸੰਮਤ ਸੋਲਹਿ ਸੈ ਅਰੁ ਬਾਵਨ
ਹਾੜ ਇਕੀਸਵੀ ਕੋ[1] ਦਿਨ ਸੋਊ।
ਜਾਮਨੀ ਆਧਿ ਬਿਤੀਤਿ ਭਈ ਜਬਿ,
ਪੁੱਖਯ ਨਿਛੱਤ ਸਮੋ ਤਬਿ ਹੋਊ।

[1]੧੬੫੨ ਹਾੜ ਦੀ ੨੧ ਵੀਂ ਦਾ।

ਔਰ ਭਲੇ ਗ੍ਰਿਹ ਰਾਜ ਕੇ ਜੋਗ[1]
ਭਾ ਰੂਪ ਮਨੋਗ ਸੁ ਬਾਲਕ ਜੋਊ।

[1]ਰਾਜ ਗ੍ਰੈਹਾਂ ਦਾ ਮੇਲ।

ਧਾਇਨਿ ਸੇਵਤਿ ਤੇ ਜਨਮਯੋ ਸੁਨੁ[1]
ਦੇਖਿ ਅਨੰਦ ਕਰੈ ਸਭਿ ਕੋਊ ॥੨੪॥

[1]ਪੁੱਤ੍ਰ ਸੰਸ: [ਸੁਨੁ]

ਦੋਹਰਾ:
ਆਦਿਤਵਾਰ[1] ਸੁ ਦਿਨ ਮਹਾਂ, ਥਿਤਿ ਇਕਾਦਸ਼ੀ ਜਾਨਿ।

[1]ਐਤਵਾਰ।

ਸੁਕਲ ਪੱਖਯ ਆਖਾੜ ਕੋ[1], ਪ੍ਰਗਟੇ ਗੁਰੂ ਮਹਾਂਨ ॥੨੫॥

[1]ਚਾਨਣਾ ਪੱਖ ਹਾੜ ਨੂੰ।

ਸ੍ਵੈਯਾ:
ਚਾਰੂ ਪ੍ਰਕਾਸ਼ ਅਵਾਸ[1] ਭਯੋ ਪਿਖਿ ਧਾਇਨ ਬੇ ਬਸਿ ਹ੍ਵੈ ਬਲਿਹਾਰੂ[2]।

[1]ਘਰ ਵਿਚ। [2]ਦਾਈ ਆਪੇ ਤੋਂ ਬਾਹਰ ਹੋ ਕੇ ਬਲਿਹਾਰ ਹੁੰਦੀ ਹੈ।

ਹਾਰੂ ਉਦਯੋ ਮਨ ਕੋ ਜਨੁ ਚੰਦ ਬਿਲੰਦ ਸਰੂਪ ਸੁਭੈ ਸਮ ਮਾਰੂ[1]।

[1]ਮਨ ਨੂੰ ਹਰਨ ਵਾਲਾ ਮਾਨੋਂ ਚੰਦ੍ਰਮਾਂ ਉਦੈ ਹੋਯਾ, ਕਾਮ ਵਾਂਙ (ਜੋ) ਸ੍ਰੇਸ਼ਟ ਸਰੂਪ ਸ਼ੋਭਦਾ ਹੈ। (ਅ) ਹਾਰੂ = ਕਵੀਆਂ। (ਜਨਾਂ ਦੇ ਮਨ ਰੂਪੀ) ਕਵੀਆਂ (ਦੇ ਖਿੜਾਵਨ ਨੂੰ) ਉਚੇ ਚੰਦ੍ਰਮਾਂ ਵਤ ਉਦੇ ਹੋਏ (ਜਿਨ੍ਹਾਂ ਦਾ) ਕਾਮ ਵਰਗਾ (ਸੁੰਦਰ) ਸਰੂਪ ਸ਼ੋਭਦਾ ਹੈ।

ਮਾਰੂ ਰਿਪੂਨ ਕੋ[1], ਸੇਵਕ ਤਾਰਕ, ਮੋਹਨੀ ਮੂਰਤਿ ਬੁੱਧਿਉਦਾਰੂ[2]।

[1]ਵੈਰੀਆਂ ਦੇ ਮਾਰਨਹਾਰ ਦਾ। [2]ਮੋਹ ਲੈਣ ਵਾਲੀ ਸੂਰਤ ਤੇ ਸ੍ਰੇਸ਼ਟ ਬੁੱਧੀ ਵਾਲਾ।

ਦਾਰੂ ਸੁਦੋਸ਼ ਹੁਤਾਸਨ ਭਾ[1] ਬਲ ਪ੍ਰਾਕ੍ਰਮ ਜਾ ਬਿਥਰੈ ਦਿਸ ਚਾਰੂ[2] ॥੨੬॥

[1]ਦੋਸ਼ਾਂ ਰੂਪ ਲਕੜਾਂ (ਨੂੰ) ਅੱਗ ਰੂਪ ਹੋਏ। [2]ਜਿਨ੍ਹਾਂ ਦਾ ਬਲ ਤੇ ਪ੍ਰਾਕ੍ਰਮ ਚਾਰ ਦਿਸ਼ਾ ਵਿਚ ਪਸਰੇਗਾ।

ਦੀਪਕ ਮੰਦ ਬਿਲੰਦ ਪ੍ਰਕਾਸ਼ ਤੈ[1], ਧਾਇ ਭਈ ਬਿਸਮੇ ਹਰਖਾਵਤਿ।
-ਬਾਲ ਅਨੇਕ ਭਏ ਮਮ ਹਾਥ, ਨਹੀਂ ਇਸ ਕੇ ਸਮ ਕੋ ਦੁਤਿ ਪਾਵਤਿ।

[1](ਗੁਰੂ ਜੀ ਦੇ) ਬੜੇ ਪ੍ਰਕਾਸ਼ ਕਰ ਦੀਵੇ ਮੰਦ ਪੈ ਗਏ।

ਸੁੰਦਰ ਸੂਰਤਿ ਸ਼ੋਭ ਤੇ ਪੂਰਤਿ ਸ਼੍ਰੀ ਮੁਖ ਮੰਦ ਮਨੋ ਮੁਸਕਾਵਿਤ[1]।
ਆਪ ਕੋ ਪੀਰ ਨ ਮਾਤ ਕੋ ਪੀਰ, ਸਧੀਰ

[1]ਥੋੜਾ ਥੋੜਾ ਮਾਨੋ ਹਸਦੇ ਹਨ।

ਪ੍ਰਸੰਨਤਾ ਭੂਰ ਉਪਾਵਤਿ- ॥੨੭॥

ਕਬਿੱਤ:

ਬੀਜਰੀ[1] ਪ੍ਰਕਾਸ਼ੈ ਜਿਮ, ਤੇਜ ਕੋ ਉਜਾਸੈ ਤਿਮ,
ਲੋਚਨ ਕੋ ਭਾਸੈ ਤਬਿ ਗੰਗ ਕੋ ਸੁਨਾਯੋ ਹੈ।
'ਜਨਮ੍ਯੋ ਸਪੂਤ' ਸੁਨਿ ਧਾਇਨ ਤੇ ਪੂਤ ਮਨਾ
ਕਲਮਖ ਧੂਤ[1]† ਕੇ ਰਿਦਾ ਸੁ ਹਰਿਖਾਯੋ ਹੈ[2]।
ਬ੍ਰਿੰਦ ਤਾਪ ਤਾਪਤੇ ਸੁ ਪ੍ਰੇਮ ਕੇ ਪ੍ਰਤਾਪ ਤੇ
ਸਦੀਵ ਨਾਮ ਜਾਪਤੇ ਮਨੋਂ ਸੁ ਪ੍ਰਭੁ ਪਾਯੋ ਹੈ।
ਰੰਕ ਨਿਤ ਐਨ ਤੇ ਕਲਪਤਰੁ ਲੈਨਿ ਤੇ ਜਯੋਂ,
ਕੌਨ ਭਨੈ ਬੈਨ ਤੇ ਜਿਤਿਕ ਮੋਦ ਛਾਯੋ ਹੈ[1] ॥੨੮॥
ਚਾਹੈ ਚਿਰਕਾਲ ਕੀ ਜੁ ਕਾਮਨਾ ਬਿਸਾਲ ਕੀ
ਸ਼ਰੀਕਨਿ ਕੇ ਸਾਲ[1] ਕੀ ਬਿਨਾਸੀ ਚਿੰਤ ਮਨ ਕੀ।
ਕਮਲ ਸਮਾਨ ਭੀ ਪ੍ਰਫੁੱਲਿਤਿ ਮਹਾਨ ਤਬਿ
ਬਾਨੀ ਸੁਖਦਾਨੀ ਸੁਨਿ[1] ਜੈਸੇ ਮੋਰ ਘਨ ਕੀ[2]।
ਜਵਰ ਜਰਾਵ ਭੀਨ[1] ਧਾਇ ਕੈ ਸੁ ਹਾਥ ਦੀਨਿ,
ਆਨੰਦ ਉਦਧਿ ਮੀਨ ਰੀਤਿ ਸਖੀ ਜਨ ਕੀ[1]।

[1]ਬਿਜਲੀ।

[1]ਪਾਵਨ [ਸੰਸ: ਕਲਮਖਧੂਤ = ਪਾਪ ਜਿਸਦੇ ਨੇੜੇ ਨਾ ਢੁੱਕ ਸਕਣ]। [2]ਪਵਿੱਤ੍ਰ ਮਨ ਵਾਲੀ ਤੇ ਪਾਵਨ (ਮਾਤਾ ਜੀ) ਦਾ ਦਿਲ ਦਾਈਆਂ ਤੋਂ ਸੁਣਕੇ 'ਸਪੁੱਤ੍ਰ ਜਨਮਿਆ ਹੈ' ਖਿੜ ਗਿਆ। †ਪਾ:-ਕਲਖ ਮਧਤ।

[1]ਜਿਤਨਾ ਅਨੰਦ ਹੋਇਆ ਹੈ ਕੌਨ ਬਚਨਾਂ ਨਾਲ ਕਹੇ।

[1]ਦੁਖ।

[1]ਦਾਈ ਦੀ) ਬਾਣੀ ਸੁਣਕੇ। [2]ਬਦਲ ਦੀ (ਬਾਣੀ) ਸੁਣਕੇ ਜਿਵੇਂ ਮੋਰ।

[1]ਗਹਿਣੇ ਜੜਾਊਆਂ ਨਾਲ ਖਚਤ।

[1]ਸਮੁੰਦ੍ਰ ਵਿਚ ਮੱਛੀ ਵਾਂਝੂ ਦਾਸ। ਦਾਸਾਂ ਦੀ ਰੀਤ ਹੈ। ਭਾਵ, ਦਾਸ ਦਾਸੀਆਂ ਬੜੇ ਅਨੰਦ ਹਨ।

ਚੀਰਨ ਕੋ ਦੇਤਿ ਹੈ ਦਰਬ ਕੋਈ ਲੇਤਿ
ਹੈ,
ਸੁ ਦਾਸੀ ਦੌਰ ਦੌਰ ਕਰੈਂ, ਕਹੈਂ ਜਤੋਂ
ਬਚਨ ਕੀ[1] ॥੨੯ ॥

[1]ਜਿਵੇਂ ਬਚਨ (ਮਾਤਾ ਜੀ) ਕਹਿੰਦੇ ਹਨ।

ਦੋਹਰਾ:
ਅਧਿਕ ਮਹਿਦ ਉਤਸਾਹ ਕੋ, ਗੰਗਾ
ਕੀਨ ਅਨੰਦ।
ਘਰ ਅੰਤਰਿ ਸਭਿ ਇਸੀ ਬਿਧਿ, ਬਖ਼ਸ਼ੀ
ਬਖ਼ਸ਼ ਬਿਲੰਦ ॥੩੦॥
ਸਦਨ ਬਿਖੈ ਮੇਵਜੋ ਨਹੀਂ, ਪੂਰਨ ਹ੍ਵੈ
ਤਤਕਾਲ।
ਨਿਕਸਜੋ ਬਾਹਰ ਉਛਰ ਕਰਿ[1], ਉਤਸਵ
ਸੁਖਦ ਬਿਸਾਲ ॥੩੧॥

[1]ਉੱਛਲਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ੍ਰੀ ਹਰਿ ਗੋਵਿੰਦ ਜਨਮ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਬਾਬਾ ਬੁੱਢਾ ਜੀ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਨ ਆਏ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਇਕ ਦਾਸੀ ਦੌਰਤਿ ਗਈ, ਗੁਰ
ਅਰਜਨ ਜਿਸੁ ਥਾਨ।
ਕਰਤਿ ਉਡੀਕਨਿ ਸੁਤ ਜਨਮ, ਜਾਗਤਿ
ਕ੍ਰਿਪਾ ਨਿਧਾਨ ॥੧॥

ਸੈਯਾ ਛੰਦ:

ਸਿਮਰਹਿਂ ਅਬਿਨਾਸ਼ੀ ਪੁਰਸ਼ੋਤਮ,
'ਸੱਤਜ ਨਾਮ' ਸ਼੍ਰੀ ਬਦਨ ਉਚਾਰ।
ਸੁਠ ਪ੍ਰਯੰਕ ਪਰ ਪ੍ਰਭੁ ਬਿਰਾਜਹਿਂ
ਬੈਠੇ ਏਕਲ ਬੁੱਧਿ ਉਦਾਰ।
ਸੁਧਿ ਦੀਨਸਿ ਦਾਸੀ ਕਹਿ ਬਾਨੀ
'ਸ਼੍ਰੀ ਗੁਰ! ਜਨਮਜੋਂ ਪੁੱਤ੍ਰ ਤੁਮਾਰ।
ਅਤਿ ਅਨੰਦ ਹੁਇ ਸਦਨ ਅੰਦਰੇ
ਉਤਸਵ ਕਰਤਿ ਸਰਬ ਹੀ ਨਾਰਿ'
॥੨॥
ਸੁਤ ਜਨਮਨਿ ਕੋ ਬੈਨ ਸ਼੍ਰੋਨਿ ਸੁਨਿ
ਸ਼੍ਰੀ ਅਰਜਨ ਮਨ ਅਨੰਦ ਉਦਾਰ।
ਹਾਥ ਬੰਦ ਕਰਿ ਬੰਦਨ ਕੀਨਸਿ
ਸ਼੍ਰੀ ਪਰਮੇਸ਼ੁਰ ਧਯਾਨ ਸੁ ਧਾਰਿ।
ਉਮਗਯੋ ਪ੍ਰੇਮ ਛੇਮ ਕੋ ਕਰਤਾ
ਨਿਸ ਦਿਨ ਬਸੈ ਜੁ ਰਿਦੈ ਅਗਾਰ[1]।
ਜਾਮ ਜਾਮਨੀ ਤੇ ਕਿਯ ਮੱਜਨ
ਬਹੁਰ ਬਿਰਾਜੇ ਆਸਨ ਡਾਰਿ ॥੩॥
ਸੁਤ ਪਰਥਾਇ ਸਬਦ ਸ਼ੁਭ ਕੀਨਹੁ,
-ਮਹਾਂ ਪੁਰਖ ਅਵਤਾਰ ਸੁਜਾਨ।
ਅਨਿਕ ਨਰਨ ਪਰ ਪਰਉਪਕਾਰੀ
ਦੈਗੋ ਦੁਸ਼ਟਨ ਦੰਡ ਮਹਾਨ।
ਪੀਰੀ ਅਰੁ ਮੀਰੀ ਕਹੁ ਬਰਤਹਿ
ਨਈ ਰੀਤਿ ਬਿਦਤਾਇ ਜਹਾਨ।

[1]ਰਿਦੇ ਰੂਪੀ ਘਰ ਵਿਚ।

ਪਹਿਰਹਿ ਸ਼ਸਤ੍ਰ ਤਖਤ ਪਰ ਬੈਠਹਿ
ਬੰਸ ਬਧਾਇ ਜੁਗਨਿ ਲਗਿ ਮਾਨ[1] ॥੪ ॥

[1]ਜੁੱਗਾਂ ਤੀਕ ਜਾਣੋ।

ਦੋਹਰਾ:
ਕੁਲ ਭੂਖਨ ਦੂਖਨਿ ਰਿਪੁਨਿ[1], ਪੂਖਨ ਤੇਜ ਪ੍ਰਚੰਡ[2]।

[1]ਸੱਤ੍ਰੂਆਂ ਨੂੰ ਦੁਖ ਦੇਣ ਵਾਲੇ। [2]ਤਿਖੇ ਤੇਜ ਵਾਲੇ ਸੂਰਜ (ਰੂਪ)।

ਤਮ ਦੁਸ਼ਟਨ[1] ਖੈ ਕਰਨਿ ਕੋ, ਦੇ ਸੰਘਰ[2] ਮਹਿਂ ਡੰਡ ॥੫॥

[1]ਦੁਸ਼ਟਾਂ ਰੂਪੀ ਅੰਨ੍ਹੇਰੇ ਨੂੰ। [2]ਜੰਗੀ।

ਸੋਰਠਾ:
ਰਿਦੈ ਅਨੰਦ ਬਿਲੰਦ, ਪ੍ਰਭੁ ਮੁਕੰਦ ਕੋ ਪ੍ਰੇਮ ਉਰ।
ਸ਼ਬਦ ਬਦਤਿ ਸੁਖਕੰਦ, ਆਸਾ ਰਾਗ ਸੁ ਗਾਇ ਗੁਰ ॥੬॥

ਸ੍ਰੀ ਮੁਖਵਾਕ:
ਆਸਾ ਮਹਲਾ ੫ ॥
ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥
ਬਿਲਾਵਲੁ ਮਹਲਾ ੫ ॥
ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹ੍ਹਾਰਿਆ ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ ॥
ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥

ਦੋਹਰਾ:
'ਸਤਿਗੁਰ ਨਾਨਕ ਦੀਨ ਸੁਤ, ਚਿਰਜੀਵੀ ਜਗ ਮਾਂਹਿ।
ਚਿਤ ਅਪੁੱਤ੍ਰ ਕੋ ਸ਼ੋਕ ਹਰਿ[1], ਮੰਗਲ

[1]ਪੁੱਤਰ ਨਾ ਦੇਣ ਦੇ ਸ਼ੋਕ ਨੂੰ ਦੂਰ ਕਰਕੇ।

ਅਨੰਦ ਉਛਾਹਿ ॥੭॥

ਧਰਮ ਕਲਾ[1] ਤੇ ਕੁਲ ਚਲੀ, ਮਨ ਚਿੰਦਜਾ ਫਲ ਪਾਇ।
ਹੁਇ ਪ੍ਰਸੰਨ ਨਾਨਕ ਗੁਰੂ, ਦਾਤ ਨ ਛਪੈ ਛਪਾਇ ॥੮॥

[1]ਧਰਮ ਦਾ ਗੁਣ। (ਅ) ਮ੍ਰਿਯਾਦਾ।

ਬੁੱਢਾ ਸਾਹਿਬ ਸਾਧ ਜਨ, ਕ੍ਰਿਪਾ ਕਰੀ ਦਿਯ ਨੰਦ।
ਬਡੀ ਬੈਸ ਕਲਜਾਣ ਜੁਤਿ, ਹੁਇ ਹੈ ਹਰਿ ਗੋਬਿੰਦ' ॥੯॥

ਸੈਯਾ ਛੰਦ:

ਆਸਾ ਰਾਗ ਸਮੈਂ ਕੋ ਲਖਿ ਕਰਿ
ਗਾਯਹੁ ਸ਼ਬਦ ਪ੍ਰੇਮ ਪ੍ਰਭੁ ਨਾਲ।
ਦੁਤੀ ਬਿਲਾਵਲ ਮੰਗਲ ਸੂਚਕ[1]
ਸਬਦ ਬਨਾਯੋ ਅਨੰਦ ਬਿਸਾਲ।

[1]ਜਣਾਇਕ।

ਉਤਸਵ ਇਮ ਹੋਵਤਿ ਸ਼ੁਭ ਹਰਖਤਿ
ਭਈ ਪ੍ਰਭਾਤਿ ਉਦਯੋ ਅੰਸੁਮਾਲ[1]।
ਗ੍ਰਾਮ ਸਮਸਤ ਬਿਖੈ ਸੁਧਿ ਸੁਖਦਾ
ਭਨਹਿਂ ਸੁਨਹਿਂ ਆਵਹਿਂ ਤਤਕਾਲ ॥੧੦॥

[1]ਸੂਰਜ [ਸੰਸ: ਅੰਸ਼ੁਮਾਲਿਨ੍]

ਬੰਦਨ ਵਾਰ[1] ਹਰਤਿ ਦਲ ਫੂਲਨ
ਅਨਿਕ ਬਰਨ ਕੀ ਰਚਿ ਕਰਿ ਸੋਇ।
ਸ੍ਰੀ ਗੁਰ ਘਰ ਦਰ ਪਰ ਬਹੁ ਬੰਧੀ
ਲਘੁ ਦੁੰਦਭਿ ਮਧੁਰੀ ਧੁਨਿ ਹੋਇ।
ਅਬਲਾ ਲਲਿਤ ਕਲਿਤ ਬਰ ਬਸਤ੍ਰਨਿ[1]
ਜੇਵਰਜ਼ੇਬ[1] ਅਜਾਇਬ ਜੋਇ।
ਦੇਤਿ ਬਧਾਈ ਆਪਸ ਮਹਿਂ ਮਿਲਿ,
ਬੋਲਹਿਂ ਹਰਖ ਭਰੀ ਸਭਿ ਕੋਇ ॥੧੧॥

[1]ਮਕਾਨਾਂ ਦੇ ਅੱਗੇ ਜੋ ਪੱਤ੍ਰਾਂ ਦੀ ਤੋਰਣ ਬਨਾਕੇ ਬੰਨ੍ਹਦੇ ਹਨ ਖੁਸ਼ੀ ਦੇ ਸਮੇਂ।

[1]ਇਸਤ੍ਰੀਆਂ ਸੁਹਣੇ ਤੇ ਸ੍ਰੇਸ਼ਟ ਬਸਤ੍ਰਾਂ ਸਮੇਤ।

[1]ਸ਼ੋਭਾ।

ਮ੍ਰਿਗ ਦ੍ਰਿਗ[1] ਸ੍ਰਿਗ ਗ੍ਰੀਵਾ ਬਰ ਧਾਰੀ[2]

[1]ਮ੍ਰਿਗ ਵਤ ਨੇਤ੍ਰਾਂ ਵਾਲੀਆਂ। [2]ਮਾਲਾ ਗਲੇ ਪਾਈਆਂ ਹਨ [ਸੰਸ: ਸ੍ਰਿਕਾ = ਰਤਨਾਂ ਦੀ ਮਾਲਾ] (ਅ) ਸੰਖ ਵਰਗੀ ਗਰਦਨ ਵਾਲੀਆਂ [ਸੰਸ: ਸ਼੍ਰਿੰਗ = ਸਿੰਗੀ, ਜਿਸ ਨੂੰ ਮੂੰਹ ਨਾਲ ਲਾਕੇ ਫੂਕ ਨਾਲ ਵਜਾਉਂਦੇ ਹਨ,

ਉਸ ਤੋਂ ਲੱਛਣਾਂ ਦੁਆਰਾ-ਸੰਖ]

ਬਿਧੁ ਬਦਨੀ[1] ਕਰਿ ਕਰਿ ਸਿੰਗਾਰ। — [1]ਚਦਰਮਾਂ ਵਤ ਮੁਖ ਵਾਲੀਆਂ।
ਕੋਕਿਲ ਕੰਠੀ[1] ਗਾਵਹਿਂ ਗੀਤਨਿ, — [1]ਕੋਇਲ ਦੇ ਗਲੇ ਵਾਲੀਆਂ।
ਦੇਤਿ ਪਰਸਪਰ ਹਸਿ ਹਸਿ ਗਾਰ[1]। — [1]ਸਿੱਠਣੀਆਂ।
ਦੇਵ ਬਧੂਟੀ[1] ਕਪਟ ਬੇਸ ਧਰਿ — [1]ਦੇਵਤਿਆਂ ਦੀਆਂ ਨਾਰਾਂ, ਅਪੱਸਰਾਂ।
ਮਧੁਰ ਮਧੁਰ ਸੁਰ ਮੰਗਲ ਚਾਰ।
ਭਈ ਭੀਰ ਕੋ ਸਕਿਯ ਪਛਾਨ ਨ
ਸੁੰਦਰ ਮੰਦਿਰ ਜੁਤਿ ਬਿਸਤਾਰ ॥੧੨॥

ਗਗਨ ਗੋਪ ਹੁਇ ਸੁਰ ਬਰ ਆਏ[1] — [1]ਅਕਾਸ਼ ਤੋਂ ਗੁਪਤ ਹੋਕੇ ਸ੍ਰੇਸ਼ਟ ਦੇਵਤੇ ਆਏ।
ਗੁਰ ਮੰਦਰ ਕੋ ਚਰਚਹਿਂ ਚਾਰੁ।
ਮੰਜੁਲ[1] ਫੂਲਨਿ, ਅੰਜੁਲ[2] ਭਰਿ ਭਰਿ, — [1]ਉੱਜਲ। [2]ਬੁੱਕ।
ਚੰਦਨ ਕੇਸਰਿ ਘਸਿ ਘਸਿ ਡਾਰਿ।
ਅਨਿਕ ਸੁਗੰਧਨਿ ਸੀਂਚਹਿ ਰੁਚਿ ਕਰਿ,
ਰਚਿ ਰਚਿ ਰੁਚਿਰ ਕੁਸਮ ਬਿਸਤਾਰ[1]। — [1]ਖਿੰਡਾਵਦੇ ਹਨ।
ਧੂਪ ਧੁਖਾਵਤਿ, ਬੰਦਨ ਧਾਰਿਤ,
ਕਰਤਿ ਸਤੁਤਿ ਕੋ ਬਚਨ ਉਚਾਰਿ
॥੧੩॥

'ਭਾਨੁ ਗਜਾਨ ਕੇ[1] ਸ਼ਾਂਤ ਰੂਪ ਬਰ, — [1]ਗਯਾਨ ਦੇ ਸੂਰਜ।
ਸਤਿ ਸੰਤੋਖ ਛਿਮਾ ਗੁਨ ਬ੍ਰਿੰਦ।
ਸ੍ਰੀ ਅਰਜਨ ਸਿਰਜਨਿ[1] ਸੁਖ ਦਾਸਨਿ — [1]ਰਚਨ ਹਾਰ।
ਮਹਿਮਾ ਮਹਾਂ ਚਰਨ ਅਰਬਿੰਦ।
ਕੇਵਲ[†] ਨਰਨ ਕਲਜਾਨ ਕਾਰਨੇ — [†]ਪਾ:-ਕੇਸ਼ਵ।
ਕਾਯਾਂ ਧਰੀ ਸੁਛੰਦ ਮੁਕੰਦ।
ਜਨਮਜੋ ਪੁੱਤ੍ਰ ਆਪਕੇ ਜੋਧਾ
ਰਣਪ੍ਰਿਯ ਨਾਮ ਸੁ ਹਰਿ ਗੋਵਿੰਦ
॥੧੪॥

ਦਾਹਕ ਦੁਸ਼ਟਨਿ, ਗ੍ਰਾਹਕ ਗੁਨ ਕੋ,
ਚਾਹਕ ਧਰਮ, ਸੁ ਬਾਹੁ ਜਵਾਨ[1†]। — [1]ਬਾਹਾਂ ਵਾਲਾ ਜੁਆਨ, ਭਾਵ ਆਪ ਸੂਰਮਾ ਤੇ ਸੂਰਮੇ ਨਾਲ ਰਖਣ ਵਾਲਾ। (ਅ) ਬੜਾ ਜ੍ਵਾਨ। [†]ਪਾ:-ਬਾਜਨ ਵਾਨ।
ਸ਼ਸਤ੍ਰ ਧਰਹਿਂ ਸੰਗ੍ਰਾਮ ਕਰਹਿਂ ਬਡ,
ਹਨਹਿਂ ਤੁਰਕ ਕੌ ਦਲ ਬਲਵਾਨ।

ਦੀਨਨਿ ਦਾਸਨਿ ਸਹਤ ਉਪਾਸਨਿ
ਤਿਨ ਕੋ[1] ਰੱਛਕ ਹੋਇਂ ਮਹਾਂਨ।
ਨਹੀਂ ਅਰਿਨਿ ਕੋ ਅਰਨਿ ਦੇਹਿੰਗੇ[1],
ਅਰੁਨ ਕਰਹਿਂ ਰਨ ਅਰਨ ਸਮਾਨ[1]' ॥੧੫॥
ਨਮਸਕਾਰ ਕਰਿ ਸੁਰਗ ਸਿਧਾਰੈ,
ਗੁਰ ਕੇ ਚਰਿਤ ਉਚਾਰਤਿ ਜਾਤਿ।
'ਕਲਜੁਗ ਬਿਖੈ ਪ੍ਰਕਾਸ਼ ਪੰਥ ਕੋ,
ਸੱਤਿਨਾਮ ਸਿਮਰਨਿ ਅਵਦਾਤਿ।
ਬਡੇ ਭਾਗ ਨਰ ਅੰਗੀਕਾਰਹਿਂ
ਪਾਵਹਿਂ ਮੁਕਤਿ ਰਿਦੈ ਕਰਿ ਸ਼ਾਂਤਿ।
ਜੋਗ ਭੋਗ ਮਹਿਂ ਹਰਖ ਸੋਗ ਮਹਿਂ
ਸਿਮਰਹਿਂ ਸਦਾ ਹੁਕਮ ਪ੍ਰਭੁ ਦਾਤਿ' ॥੧੬॥
ਜਾਚਿਕ ਜਾਚਤਿ ਜੋ ਚਿਤ ਬਾਂਛਤਿ
ਗੁਰ ਅਰਜਨ ਮਨ ਮਹਦ ਉਦਾਰ।
ਢਾਢੀ, ਡੋਮ, ਭਾਟ[1] ਬਹੁ ਆਏ
ਗਾਇਂ ਕਲਾਵਤ[1] ਮੰਗਲਚਾਰ।
ਦਰਬ ਦੀਨਿ ਲੇ ਆਸ਼ਿਖ ਉਚਰਤਿ
'ਜੀਵਹੁ ਜੁਗ ਜੁਗ ਪੁੱਤ੍ਰ ਤੁਮਾਰ।'
ਬਸਤ੍ਰ ਅੰਨ ਭੂਖਨ ਤੇ ਆਦਿਕ
ਬਖਸ਼ਹਿਂ ਗੁਰੂ ਨ ਲਾਵੈਂ ਬਾਰ ॥੧੭॥
ਤੁਰਹੀ[1] ਢੋਲ ਨਗਾਰੇ ਬਾਜਹਿਂ,
ਮ੍ਰਿਦੁਲ ਮ੍ਰਿਦੰਗ[1] ਰਬਾਬ ਸਤਾਰ।
ਗਾਵਹਿਂ ਸ਼ਬਦ ਰਬਾਬੀ ਰਾਗਨਿ
ਸੱਤਿਨਾਮ ਕੋ ਜਸ ਵਿਸਤਾਰਿ।
ਭਯੋ ਕੁਲਾਹਲ ਕੌਤਕ ਦੇਖਹਿਂ
ਪਾਵਹਿਂ ਨਟ ਬਾਜੀ ਹਿਤ ਧਾਰਿ।
ਅਪਰ ਸਿੱਖ ਸੇਵਕ ਦੇ ਧਨ ਕੋ
ਲੇਂ ਮੰਗਤ ਜੈਕਾਰ ਉਚਾਰਿ ॥੧੮॥
ਕਹਿਂ ਲਗ ਕਹੋਂ ਮਹਿਦ ਉਤਸਾਹੂ

[1]ਭਗਤੀ ਕਰਨ ਵਾਲੇ ਦੀਨ ਦਾਸ (ਜੋ ਹਨ) ਉਨ੍ਹਾਂ ਦੇ।
[1]ਵੈਰੀਆਂ ਨੂੰ ਅੜਨ ਨਹੀਂ ਦੇਣਗੇ।
[1]ਸੂਰਜ ਵਰਗੀ ਲਾਲ ਕਰਨਗੇ ਰਣ (ਭੂਮੀ)।
[1]ਜੱਸ ਦੇ ਗਵੱਯੇ, ਮਿਰਾਸੀ ਤੇ ਭੱਟ।
[1]ਕਲੌਂਤ।
[1]ਤੂਤੀਆਂ।
[1]ਢੋਲ।

ਸਭਿਹਿਨਿ ਰਿਦੇ ਅਨੰਦ ਬਿਲੰਦ।
'ਚਿਰਜੀਵੋ' ਆਸ਼ਿਖ ਮੁਖ ਭਾਖਤਿ
'ਚਿਰੰਕਾਲ ਕੇ ਚਾਹਤਿ ਨੰਦ।
ਪੂਰਨ ਆਸ ਕੀਨਿ ਗੁਰੁ ਨਾਨਕ
ਪਿਖਹੁ ਦ੍ਰਿਗਨਿ ਤੇ ਨਿਤ ਸੁਖਕੰਦ[1]।' [1]ਸੁਖਾਂ ਦੇ ਮੇਘ ਜੀ ਨੂੰ।
ਇਮ ਕਹਿ ਕਹਿ ਜਾਚਕ ਘਰ ਗਮਨੇ
ਸ੍ਰੀ ਅਰਜਨ ਕੋ ਸੁਜਸ ਭਨੰਦ ॥੧੯॥
ਗ੍ਰਾਮ ਵਡਾਲੀ ਘਰ ਘਰ ਮੰਗਲ
ਕਰਤਿ ਹਰਖ ਭਰਿ ਗਨ ਨਰ ਨਾਰਿ।
ਜਾਮ ਦਿਵਸ ਤਬਿ ਚਢਯੋ ਅਨੰਦਤਿ
ਬੁੱਢਾ ਸਾਹਿਬ ਸੰਤ ਉਦਾਰ।
ਲੇ ਗੁਰਦਾਸ ਸੰਗ ਤਬਿ ਆਯਹੁ
ਦਰਸ਼ਨ ਕਾਰਨ ਗੁਰ ਦਰਬਾਰ।
ਉਤਸਵ ਅਧਿਕ ਕੁਲਾਹਲ[1] ਹੋਵਤਿ [1]ਮੰਗਲ ਚਾਰ।
ਲਘੁ ਦੁੰਦਭਿ[1] ਕੀ ਧੁਨਿ ਸੁਨਿ ਚਾਰੁ ॥੨੦॥ [1]ਛੋਟੇ ਧੌਂਸੇ।
ਪੁੱਤ੍ਰ ਜਨਮ ਗੁਰ ਘਰ ਮਹਿਂ ਹੋਯਹੁ
ਸੁਨਤਿ ਅਨੰਦਤਿ ਦਰਸ਼ਨ ਕੀਨਿ।
ਹਾਥ ਬੰਦ ਪਦ ਬੰਦਨ ਕਰਿ ਕੈ
ਬਹੁਰ ਵਧਾਈ ਦਈ ਪ੍ਰਬੀਨ।
'ਚਿਰੰਜੀਵ ਥੀਵਹੁ ਕੁਲ ਭੂਖਨ,
ਸੁਜਸ ਅਦੂਖਨ, ਬਲ ਮਹਿਂ ਪੀਨ।
ਰਾਜ ਸਾਜ ਐਸ਼੍ਵਰਜ ਸਮਾਜੁ[1] [1]ਵਿਭੂਤੀ ਦੀ ਸਮਿੱਗ੍ਰੀ।
ਜੋਗ ਭੋਗ ਦੋਇਨ ਸੁਖ ਲੀਨਿ' ॥੨੧॥
ਸ੍ਰੀ ਅਰਜਨ ਬ੍ਰਿਧ ਕੋ ਬਡ ਆਦਰ
ਮ੍ਰਿਦੁਲ ਬਾਕ ਕਹਿ ਕੀਨਿ ਮਹਾਂਨ।
'ਸ਼੍ਰੀ ਨਾਨਕ ਕੇ ਸੇਵਕ ਤੁਮ ਹੋ,
ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ।
ਭਸਮ ਬਿਖੈ ਪਾਵਕ ਜਿਮ[1] ਛਪ ਰਹਿ, [1]ਜਿਵੇਂ ਸੁਆਹ ਵਿਚ ਅਗਨੀ।
ਸਕਲ ਕਲਾ ਜੁਤਿ ਪੂਰਨ ਗਜਾਨਿ।

ਬਚਨ ਅਮਿਟ, ਦੁਖ ਕਟਹਿ ਬਿਕਟ ਜੋ
ਧੰਨ ਧੰਨ ਤੁਮ ਬਡੇ ਸੁਜਾਨ ॥੨੨॥
ਰਾਵਰਿ ਬਰ ਪ੍ਰਤਾਪ ਇਹ ਹੋਵਾ,
ਦੀਨਸਿ ਦਾਸੀ ਕੋ ਸੁਖਦਾਨ।
ਜਿਸ ਪਰ ਕ੍ਰਿਪਾ ਕਰਹੁ ਹਿਤ ਠਾਨਹੁ,
ਤਿਸ ਕੇ ਚਾਰ ਪਦਾਰਥ ਪਾਨ।
ਤਪ ਮਹਿਂ ਪ੍ਰੀਤਿ ਤਪਹੁ ਤਪ ਦੀਰਘ,
ਗੁਰ ਸਿਖਜਨ ਮਹਿਂ ਮੁੱਖਿ ਮਹਾਨ।
ਤੁਮਰੀ ਮਹਿਮਾ ਕੌਨ ਸਕਹਿ ਕਹਿ
ਸੰਤ ਰੂਪ ਪਰਮੇਸ਼੍ਵਰ ਮਾਨ' ॥੨੩॥
ਸੁਨਿ ਗੁਰਦਾਸ ਗੁਰੂ ਕੇ ਬਾਕਨਿ
ਸਨਮਾਨਤਿ ਬੋਲਯੋ ਕਰ ਬੰਦ।
'ਸਤਜ ਕਹਤਿ ਸਰਬੱਗਜ[1], ਪ੍ਰਭੁ ਤੁਮ
ਪੂਰਨ ਸਭਿ ਗੁਰ ਗਜਾਨ ਬਿਲੰਦ।
ਪੰਚ ਗੁਰਨਿ ਕੇ ਦਰਸ਼ਨ ਪਰਸੇ
ਸੇਵਾ ਕੀਨਸਿ ਲੀਨਿ ਅਨੰਦ।
ਸਰਬ ਪ੍ਰਸੰਨ ਭਏ ਹੈਂ ਇਨ ਪਰ
ਅਪਰ ਨ ਜਨੀਅਤਿ ਇਨਹੁ ਮਨਿੰਦ'
॥੧੪॥
ਇਮ ਬ੍ਰਿਧ ਕੇ ਗੁਨ ਬ੍ਰਿੰਧ ਭਨੇ ਤਬਿ
ਰਹਤਿ ਭਏ ਸ਼੍ਰੀ ਸਤਿਗੁਰ ਪਾਸ।
ਰਾਮਦਾਸ ਪੁਰਿ ਮਹਿਂ ਸੁਧਿ ਪਹੁੰਚੀ
-ਗੁਰ ਅਰਜਨ ਕੇ ਪੁੱਤ੍ਰ ਪ੍ਰਕਾਸ਼-।
ਸੁੰਦਰ ਬਸਤ੍ਰ ਬਿਭੂਖਨ ਪਹਿਰੇ
ਨਰ ਨਾਰਿਨਿ ਤਜਿ ਅਪਨ ਅਵਾਸ।
ਭੇਟ ਜਥੋਚਿਤ[1] ਲੈ ਸਭਿ ਗਮਨੇ
ਚਿਤ ਸਚੌਂਪ ਉਰ ਧਰੇ ਹੁਲਾਸ
॥੨੫॥
ਗ੍ਰਾਮ ਵਡਾਲੀ ਧਾਮ ਗੁਰੂ ਕੇ
ਆਨਿ ਪ੍ਰਵੇਸ਼ੇ ਉਤਸਵ ਹੋਤਿ।
ਭਨਤਿ ਬਧਾਈ, ਅਰਪ ਉਪਾਇਨ,

[1]ਸਰਬ ਪ੍ਰਕਾਰ ਦੀ ਜਾਣਨੇ ਵਾਲੇ।

[1]ਯਥਾ ਯੋਗ।

ਪਾਇਨ ਪਰਹਿਂ ਅਨੰਦ ਉਦੋਤਿ।
'ਅਧਿਕ ਜਤਨ ਤੇ ਨੰਦਨ[1] ਉਪਜਯੋ,
ਚਿਰ ਜੀਵੀ ਹੁਇ ਸ਼੍ਰੀ ਗੁਰ ਜੋਤਿ।
ਚਾਹਤਿ ਸੁਤ ਚਿਤ ਚਿੰਤ ਉਦਧਿ ਵਤ[1]
ਅਸ ਗੰਗਾ ਤਿਸ ਕੇ ਇਹ ਪੋਤ[1]' ॥੨੬॥
ਰਾਮਦਾਸ ਪੁਰਿ ਕੀ ਸਭਿ ਨਾਰੀ
ਮਿਲਿ ਬਾਲਕ ਅਵਲੋਕਨਿ ਚਾਹਿ।
ਤਿਸ ਘਰ ਕੇ ਦਰ ਪਰ ਹੁਇ ਠਾਂਢੀ
ਨਮੋ ਕੀਨਿ ਉਰ ਬਹੁ ਉਤਸਾਹਿ।
'ਸਾਹਿਬਜ਼ਾਦੇ ਕੋ ਸ਼ੁਭ ਦਰਸ਼ਨ
ਦਿਖਰਾਵਹੁ' ਕਹਿਂ ਪ੍ਰੇਮ ਉਮਾਹਿ।
ਧਾਇ ਲਯੋ ਸਿਸ ਦੋਨਹੁ ਕਰ ਪਰ
ਦੇਖਿ ਦੇਖਿ ਕਰਿ ਬਲਿ ਬਲਿ ਜਾਹਿਂ ॥੨੭॥
ਸਭਿ ਨਾਰਿਨਿ ਸੋਂ ਗੰਗ ਉਚਾਰਤਿ
'ਹੇ ਪ੍ਰਿਯ ਸਖੀ੧ ਸੁਨਹੁ ਮਨ ਲਾਇ।
ਬੁੱਢੇ ਸਾਹਿਬ ਦੇ ਹਮ ਕੋ ਬਰ
ਕਰਯੋ ਨਿਹਾਲ ਭਯੋ ਸੁਖਦਾਇ।
ਕੁਲ ਭੂਖਨ ਸਭਿ ਘਰ ਕੋ ਦੀਪਕ
ਸੁੰਦਰ ਸੁਤ ਐਸੋ ਅਬਿ ਪਾਇ।
ਹੇ ਸਜਨੀ! ਇਸ ਰਜਨੀ ਉਪਰ
ਉਮਗ[1] ਉਮਗ ਮਨ ਬਲਿ ਬਲਿ ਜਾਇ' ॥੨੮॥
ਕਰਿ ਦਰਸ਼ਨ ਸੁੰਦਰ ਸਿਸ ਕੇਰਾ
ਅਧਿਕ ਸਰਾਹਤਿ ਰੂਪ ਬਿਸਾਲ।
'ਬ੍ਰਿੱਧ ਕੇ ਬਰ ਤੇ ਬ੍ਰਿੱਧ ਹੋਇ ਬਯ'
ਆਸ਼ਿਖ ਦੇਤਿ ਪ੍ਰੇਮ ਕੇ ਨਾਲ।
ਗੁਰੂ ਦੇਗ ਕੋ ਭੋਜਨ ਅਚਿ ਸਭਿ
ਰਾਮਦਾਸ ਪੁਰਿ ਕੇ ਮਗ ਚਾਲਿ।
ਸੁਜਸ ਪਰਸਪਰ ਉਚਰਤਿ ਹਿਤ ਧਰਿ

[1]ਸਪੁੱਤ੍ਰ।

[1]ਚਿੱਤ ਵਿਚ ਪੁੱਤ੍ਰ ਦੀ ਚਾਹਨਾਂ ਦੀ ਦੋ ਚਿੰਤਾ ਸੀ ਸਮੁੰਦਰ ਵਤ ਸੀ।

[1]ਇਹ (ਪੁੱਤ੍ਰ) ਜਹਾਜ਼ ਸਮਾਨ ਉਸ (ਮਾਤਾ) ਗੰਗਾ ਨੂੰ ਮਿਲਿਆ, ਭਾਵ ਚਿੰਤਾ ਦੂਰ ਹੋਈ।

[1]ਉੱਛਲ ਉੱਛਲਕੇ।

ਪਹੁੰਚੇ ਸਦਨ ਨਾਰਿ ਨਰ ਜਾਲ
॥੨੯॥
ਪੁਨ ਸ੍ਰੀ ਗੁਰ ਸੰਗ ਬੁੱਢਾ ਬੋਲਜੋ
'ਬਾਲਕ ਦਰਸ਼ਨ ਦਿਹੁ ਦਿਖਰਾਇ।
ਮਹਿਦ ਲਾਲਸਾ ਮਨ ਮਹਿਂ ਮੇਰੇ,
ਮਾਤ ਗਰਭ ਤੇ ਭਾ ਚਿਤ ਚਾਇ[1]।

[1]ਦਰਸ਼ਨ ਦੀ ਚਾਉ ਭਰੀ ਲਾਲਸਾ ਸ੍ਰੀ ਮਾਤਾ ਜੀ ਦੇ ਗਰਭ ਧਾਰਨ ਤੋਂ ਹੀ ਲੱਗ ਰਹੀ ਸੀ।

ਜਿਨ ਕੇ ਕਾਰਨ ਭਏ ਸ਼ਗੁਨ ਸ਼ੁਭ
ਪਿਖੇ ਅਚਾਨਕ ਮੈਂ ਬਿਸਮਾਇ।
ਜਿਸ ਹਿਤ ਜਨਨੀ ਭਈ ਨੰਮ੍ਰਿਤਾ
ਅਨਿਕ ਜਤਨ ਤੇ ਅਬਿ ਸੁਤ ਪਾਇ'
॥੩੦॥
ਸ੍ਰੀ ਅਰਜਨ ਕਹਿ ਧਾਇ ਹਕਾਰੀ
'ਲੇਹੁ ਬ੍ਰਿੱਧ ਕੋ ਸੰਗ ਸਿਧਾਰ।
ਅੰਤਰ ਸਦਨ ਦਿਖਾਵਹੁ ਬਾਰਿਕ
ਗੁਰ ਨਾਨਕ ਕੋ ਨਾਮ ਉਚਾਰਿ।
ਅਪਰ ਨ ਡਰ ਕਰੀਅਹਿ, ਹਰਖਾਵਹੁ
ਰੱਛਕ ਸਿਸ ਕੇ ਸ੍ਰੀ ਕਰਤਾਰ।
ਜਿਮ ਉਰ ਕਾਂਖਹਿਂ, ਮੁਖ ਤੇ ਭਾਖਹਿਂ
ਰਹੁ ਇਸ ਆਗਜਾ ਕੇ ਅਨੁਸਾਰਿ'
॥੩੧॥
ਸੁਨਿ ਬ੍ਰਿਧ ਕੋ ਲੇ ਸੰਗ ਸਿਧਾਰੀ,
ਅਜਰ ਬਿਠਾਯਹੁ ਆਸਨ ਡਾਰਿ।
ਗੰਗਾ ਕੋ ਗੁਰ ਹੁਕਮ ਸੁਨਾਯਹੁ
ਹਰਖਤਿ ਹੁਇ ਕਰਿ ਲਿਹੁ ਕਰ ਧਾਰਿ[1]।

[1]ਹਥੀਂ ਚੁੱਕ ਲਿਆ।

'ਬਾਲਕ ਤਿਨ ਕੋ ਮੈਂ ਨਿਤ ਦਾਸੀ
ਕਹੈਂ ਸੁ ਕਰਹੁ ਬਿਹੀਨ ਬਿਚਾਰ।
ਬੁੱਢੇ ਸਾਹਿਬ ਕੋ ਹਮ ਤੇ ਪ੍ਰਿਯ[1]
ਦਰਸਹਿਂ ਨਿਜ ਕਰੁਨਾ ਫਲ ਚਾਰੁ[1]'
॥੩੨॥

[1]ਸਾਡੇ ਨਾਲੋਂ ਪਿਆਰਾ ਹੈ।

[1]ਆਪਣੀ ਕ੍ਰਿਪਾ ਦਾ ਸ੍ਰੇਸ਼ਟ ਫਲ।

ਹਾਥਨ ਪਰ ਥਿਤਿ ਕਰਿ ਸੁੰਦਰ ਸਿਸ
ਘਰ ਕੇ ਦਰ ਲੌ ਲਜਾਈ ਧਾਇ।

ਦੇਖਤਿ ਉਠ੍ਯੋ ਤ੍ਯਾਗ ਬ੍ਰਿਧ ਆਸਨ
ਦੀਰਘ ਦਰਸ਼ਨ[1] ਦਿਖਿ ਹਰਖਾਇ। — [1]ਸ੍ਰੇਸ਼ਟ ਭਾਵ ਲੰਬੀ ਡੀਲ।
ਲਾਲ ਮ੍ਰਿਦੁਲ ਪਦ ਮਨਹੁਂ ਕੋਕਨਦ[1] — [1]ਕਵਲ।
ਉਰਧ ਉਠਾਵਤਿ ਜਨੁ ਦਿਖਰਾਇ।
ਅੰਗ ਬਿਲੰਦ ਸਕਲ ਸ਼ੁਭ ਲੱਛਨ
ਮੱਛ ਅਕਾਰ ਰੇਖ ਕਰ ਪਾਇ[1] ॥੩੩॥ — [1]ਹੱਥ ਤੇ ਪੈਰ ਵਿਚ।
ਰੇਖ ਛੱਤ੍ਰ ਕੀ ਦਾਹਨ ਕਰ ਮਹਿਂ
ਚਮਰੁ ਰੇਖ ਸ਼ੋਭਤਿ ਹੈ ਬਾਮ[1]। — [1]ਖੱਬੇ (ਹੱਥ ਵਿਚ) ਚੌਰ ਰੇਖਾ ਸ਼ੋਭਦੀ ਹੈ।
ਨਖ ਗਨ ਰਕਤ[1] ਸੁਮਿਲਿ ਸਭਿ ਅੰਗੁਰੀ, — [1]ਸਾਰੇ ਨਹੁੰ ਲਾਲ।
ਬ੍ਰਿਤਲਾਕਾਰ[1] ਬਦਨ ਹੈ ਬਾਮ[2]। — [1]ਗੋਲਾਕਾਰ। [2]ਸੁੰਦਰ।
ਰੁਚਿਰ ਚਿਕਰ ਮੇਚਕ ਲਘੁ ਚਿਕ੍ਰਨ[1], — [1]ਸੁਹਣੇ, ਕਾਲੇ, ਛੋਟੇ, ਚਿਕਣੇ ਤੇ ਘੁੰਘਰਾਂ ਵਾਲੇ ਕੇਸ।
ਬਡੇ ਬਿਲੋਚਨ, ਬਰਨੀ ਬਾਮ[1]। — [1]ਵਡੇ ਨੇਤ੍ਰ ਝਿੱਮਣੀਆਂ ਟੇਢੀਆਂ [ਸੰਸ: ਵਰਣ = ਪਰਦਾ] (ਅ) (ਜਿਨ੍ਹਾਂ ਨੇਤ੍ਰਾਂ ਦੀ ਚਿਤਵਨ) ਬਾਂਕੀ ਵਰਣਨ ਹੋਈ ਹੈ।

ਬਾਲਕ ਬਪੁ ਬਿਰਾਜਤਿ ਸ਼੍ਰੀ ਪ੍ਰਭੁ
ਬਰਨਤਿ ਬਾਨੀ, ਬ੍ਰਹਮਾ, ਬਾਮ[1] ॥੩੪॥ — [1]ਸਰਸ੍ਵਤੀ, ਬ੍ਰਹਮਾ ਤੇ ਸ਼ਿਵ [ਸੰਸ: ਵਾਮ = ਸ਼ਿਵ]

ਦੋਹਰਾ:
ਬੰਦਨ ਕਰਿ ਦਰਸੇ ਗੁਰੂ, ਬ੍ਰਿਧ ਕੇ ਬਧ੍ਯੋ ਅਨੰਦ।
ਸਭਿਨਿ ਸੁਨਾਵਤਿ ਨਾਮ ਕਹਿ, ਸ਼ੁਭ ਸ਼੍ਰੀ ਹਰਿਗੋਬਿੰਦ' ॥੩੫॥
ਗੁਰ ਅਰਜਨ ਢਿਗ ਆਇ ਕੈ, ਆਇਸੁ ਲੇ ਹਰਖਾਇ।
ਨਿਜ ਥਲ ਗਮਨ੍ਯੋ ਬੀੜ ਕੋ, ਸੱਤਯਨਾਮ ਲਿਵਲਾਇ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਹਰਿ ਗੋਬਿੰਦ ਜਨਮ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

## ੬. [ਕਰਮੋ ਤੇ ਪ੍ਰਿਥੀਏ ਦੀ ਸਲਾਹ। ਦਾਈ ਲੱਭਣੀ]

ਪ<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>2

ਦੋਹਰਾ:

ਨਿਕਟ ਨਿਕਟ ਜੇ ਗ੍ਰਾਮ ਹੈਂ,
ਸਭਿਨਿ ਸੁਨੀ ਸੁਧਿ ਕਾਨ।
ਮੰਗਤ ਗਨ ਸੰਗਤ[1] ਤਬਹਿ,
ਦੇਤਿ ਬਧਾਈ ਆਨਿ ॥੧॥

[1]ਮੰਗਤੇ ਸਾਰੇ (ਤੇ) ਸੰਗਤ।

ਸ੍ਵੈਯਾ ਛੰਦ:

ਨਾਚਹਿਂ ਹੀਜ[1] ਗਾਇ ਸੁਖ ਰਾਚਹਿਂ,
ਜਾਚਹਿਂ ਧਨ, ਮਾਚਹਿਂ ਨਿਜ ਖੇਲ[1]।
ਢੋਲਕ, ਟਲਕਾ[1] ਘੁੰਘਰੂ, ਤਾਲੀ
ਤਾਲ[1] ਮਿਲਾਇ, ਭਵਾਲੀ ਮੇਲਿ[2]।
ਹਾਥਨਿ ਭਾਵਉ ਸਾਰਤਿ ਸ਼ਾਰਤਿ[1]
ਵਾਰਤਿ ਵਥੁ, ਡਾਰਤਿ ਬਹੁ ਬੇਲ[1]।
ਬੈਠਤਿ ਕਬਹੁਂ ਅਮੈਠਤਿ ਅੰਗਨ[1],
ਭੌਹ ਅਮੈਠਤਿ[1], ਪੈਠਤਿ ਪੇਲ[2] ॥੨॥

[1]ਖੁਸਰੇ।
[1]ਮਦੌਂਦੇ ਹਨ ਅਪਣੇ ਖੇਲ।
[1]ਟੱਲੀਆਂ।
[1]ਹੱਥਾਂ ਦੀ ਤਾਲੀ। [2]ਭੁਵਾਟੜੀ ਲੈਕੇ।
[1]ਉੱਚੇ ਕਰਕੇ ਇਸ਼ਾਰੇ ਕਰਦੇ ਹਨ [ਫਾ: ਇਸ਼ਾਰਤ]
[1]ਵੇਲਾਂ ਪਾਉਂਦੇ ਹਨ।
[1]ਅਕੜਉਂਦੇ ਹਨ ਅੰਗ।
[1]ਭਰਵੱਟੇ ਚਾੜ੍ਹਦੇ ਹਨ। [2]ਧੱਕਾ ਮਾਰਕੇ (ਉਸ ਨੂੰ ਪਰੇ ਕਰ ਉਸਦੀ ਥਾਂ ਆਪ) ਮੱਲ ਲੈਂਦੇ ਹਨ। (ਅ) (ਇਕਨਾਂ ਨੂੰ) ਹਟਾ ਕੇ ਪ੍ਰਵੇਸ਼ ਕਰਦੇ ਹਨ (ਬਹੁਤਿਆਂ ਵਿਚ)

ਹੋਤਿ ਪ੍ਰਸੰਨ ਹੇਰਿ ਗੁਰ ਅਰਜਨ
ਮਨਬਾਂਛਤਿ ਧਨ ਪਾਇ ਸੁ ਜਾਇਂ।
ਇੱਤਜਾਦਿਕ ਉਤਸਵ ਅਤਿ ਬਰਧਤਿ
ਸੇਵਕ ਸਿੱਖ ਰਹੇ ਹਰਖਾਇ।
ਜਿਤਿ ਕਿਤਿ ਪੂਰਨ ਮੋਦ ਮਹਾਂ ਚਿਤ
ਗਾਇ ਸ਼ਬਦ ਪਦ ਗੁਰੂ ਮਨਾਇ।
ਬਹੁ ਨਰ ਨਾਰਿ ਸ਼ਿੰਗਾਰ ਧਾਰਿ ਕਰਿ
ਮਿਲੇ ਵਡਾਲੀ ਮਹਿਂ ਸਮੁਦਾਇ ॥੩॥
ਗ੍ਰਾਮ ਅਲਪ ਉਤਸਵ ਅਤਿ ਬਰਧਜੋ
ਚਹੁਂ ਕੋਦ ਬਹੁ ਮੋਦ ਬਿਥਾਰ।
ਗ੍ਰਾਮ ਨਗਰ ਮਹਿਂ ਸੁਨਿ ਸਿਖ ਸੇਵਕ
ਮਿਲਿ ਮਿਲਿ ਕਰਹਿਂ ਮੰਗਲਾ ਚਾਰ।
ਪ੍ਰਿਥੀਏ ਕੀ ਦਾਸੀ ਸੁਨਿ ਧਾਈ[1]

[1]ਦੌੜੀ।

ਕੀਨਸਿ ਕਰਮੋ ਨਿਕਟ ਉਚਾਰ।
'ਗੁਰ ਅਰਜਨ ਕੇ ਜਨਮਜੋ ਨੰਦਨ
ਜਹਿਂ ਕਹਿਂ ਹੋਇ ਰਹਜੋ ਜੈਕਾਰ ॥੪॥
ਗੁਰ ਕੇ ਓਕ ਬਿਹੀਨ ਰੋਕ ਜੇ
ਕੀਨ ਬਿਲੋਕਨਿ ਸੋ ਕਹਿਂ ਬੈਨ[1]।

[1]ਗੁਰੂ ਦੇ ਘਰ (ਜਿਨ੍ਹਾਂ) ਬਿਨਾਂ ਰੋਕ ਕੇ ਦੇਖਿਆ ਹੈ ਸੋ ਬਚਨ ਕਹਿੰਦੇ ਹਨ।

-ਮੰਦਰ ਕੇ ਅੰਦਰ ਸਿਸ ਸੁੰਦਰ
ਦੇਖਤਿ ਰਹੀ ਨ ਤ੍ਰਿਪਤੇ ਨੈਨ-।
ਅਧਿਕ ਸਰਾਹਤਿ ਰਿਦਾ ਉਮਾਹਤਿ
ਚਾਹਤਿ ਚਿਤ ਹਿਤ ਤੇ ਬਿਛਰੈਂ ਨ।
ਹੋਤਿ ਅਨੰਦ ਬਿਲੰਦ ਵਡਾਲੀ
ਦੇਨਿ ਲੇਨਿ ਬਹੁ ਹ੍ਵੈ ਤਿਨ ਐਨ ॥੫॥
ਬਹੁ ਸੰਗਤਿ ਉਤਸਾਹਤਿ ਗਮਨਤਿ
ਸਦਨ ਗੁਰੂ ਅਰਜਨ ਕੇ ਜਾਇ।
ਦਿਨ ਪ੍ਰਤਿ ਅਧਿਕ ਪ੍ਰਤਾਪ ਵਧਤਿ
ਤਿਨ
ਅਨ ਗਨ ਧਨ ਜਸ ਕੋ ਉਪਜਾਇ।
ਨਿਕਸੇ ਰਾਮਦਾਸ ਪੁਰਿ ਜਬਿ ਤੇ
ਭਏ ਨ ਘਟ, ਐਸ੍ਵਰਜ ਬਧਾਇ[1]।

[1]ਵਧਿ ਗਿਆ ਹੈ।

ਤੁਮਰੇ ਨਰ ਕੁਛ ਥੋਰੇ ਆਵਹਿਂ
ਤਹਾਂ ਉਪਾਇਨ ਬਹੁਤੀ ਆਇ' ॥੬॥
ਦਲਕਜੋ[1] ਰਿਦ ਦਾਸੀ ਤੇ ਸੁਨਿ ਕਰਿ
ਮਨਹੁਂ ਸਰਪ ਤੇ ਡਸੀ ਦੁਖੰਤਿ।

[1]ਫਟ ਗਿਆ।

ਪੀਰੀ ਪਰੀ[1] ਧੀਰ ਉਰ ਹਰਿ ਕਰਿ
ਹੁਇ ਭੈ ਭੀਤ -ਸ਼ਰੀਕ ਬਧੰਤਿ[1]-।

[1]ਪੀਲੀ ਪੈ ਗਈ ਹੈ।

[1]ਭੈ ਕਰ ਦੁਖੀ ਹੋਈ ਸ਼ਰੀਕ ਨੂੰ ਵਧਦੇ (ਦੇਖਕੇ)।

ਬਹਜੋ ਜਾਤਿ ਚਿਤ ਚਿੰਤਾ ਸਲਿਤਾ
ਖਾਨ ਪਾਨ ਕੁਛ ਤਨਕ ਕਰੰਤਿ।
ਦੁਰਬਲਤਾ ਅੰਗਨਿ ਭਈ ਸਗਰੇ
ਉਸ਼ਨ ਸਾਸ ਬਹੁ ਬਾਰ ਭਰੰਤਿ[1] ॥੭॥

[1]ਤੱਤੇ ਸਾਹ ਬਹੁਤ ਵੇਰੀ ਭਰਦੀ ਹੈ।

ਭਈ ਰਾਤਿ ਪਤਿ ਆਇ ਸਮੀਪੀ,
ਮਨ ਸੰਕਟ ਕੋ ਭਨਤਿ ਕਰਾਲ।

'ਹੇ ਗੁਰ ਸੁਤ! ਤੁਮ ਬਾਕ ਬਖਾਨਯੋ
-ਸ਼੍ਰੀ ਅਰਜਨ ਕੇ ਹੋਇ ਨ ਬਾਲ।
ਅਬਿ ਜਨਮਯੋ ਸੁੰਦਰ ਸਮ ਚੰਦਹਿ
ਸਗਰੀ ਕਰਹਿਂ ਸਰਾਹਨਿ ਬਾਲ।
ਅਧਿਕ ਉਪਾਇਨ ਚਢਹਿ ਦਰਬ ਬਹੁ
ਤਿਨ ਦੇ ਮੰਗਤਿ ਭਏ ਨਿਹਾਲ ॥੮॥
ਅਨਿਕ ਰੀਤਿ ਕੇ ਉਤਸਵ ਹੋਵਤਿ
ਬਜਹਿ ਬਧਾਈ ਅਨੰਦ ਬਿਸਾਲ।
ਜਹਿਂ ਕਹਿਂ ਸੁਜਸ ਬਿਥਾਰਯੋ ਅਪਨੋ
ਜਨਮ ਲਾਭ ਲੀਨਸਿ ਇਸ ਕਾਲ[1]। — [1]ਇਸ ਸਮੇਂ ਵਿਚ।
ਬਸਯੋ ਗ੍ਰਾਮ ਸੋ[1], ਤੁਮ ਪਿਤ ਕੇ ਪੁਰਿ — [1]ਭਾਵ ਗੁਰੂ ਅਰਜਨ ਜੀ।
ਤਊ ਨ ਸਮਤਾ ਭੀ ਤਿਸ ਨਾਲ।
ਬਚਨ ਕੂਰ ਪੁਨ ਭਏ ਤੁਮਾਰੇ
ਮੈਂ ਝੂਰਤਿ ਹੇਰਤਿ ਅਸ ਹਾਲ' ॥੯॥
ਪ੍ਰਿਥੀਏ ਭਨਯੋ 'ਜਥਾ ਸੁਤ ਲੀਨਸਿ
ਗਈ ਬ੍ਰਿੱਧ ਢਿਗ ਨਗਨ ਸੁ ਪਾਇ।
ਦੇਖਿ ਸੇਵ ਤਿਸ ਨੇ ਬਰ ਦੀਨਸਿ
ਯਾਂ ਤੇ ਪੁੱਤ੍ਰ ਲੀਯੋ ਹਰਖਾਇ।
ਮੋਹਿ ਬਾਕ ਨਹਿਂ ਝੂਠ ਬਿਚਾਰਹੁ
ਅਪਰ ਜਤਨ ਤੇ ਕਯੋਹੁਂ ਨ ਪਾਇ[1]। — [1]ਹੋਰ ਜਤਨ ਤੇ ਕਿਵੇਂ ਨਹੀਂ ਪਾ ਸਕਦੀ।
ਸ਼੍ਰੀ ਨਾਨਕ ਸੇਵਕ ਨੋ ਦੀਨਹੁਂ
ਜਿਸ ਕੋ ਕੋਇ ਨ ਸਕਹਿ ਮਿਟਾਇ
॥੧੦॥
ਬਡੇ ਪੁਰਖ ਨਿਜ ਸੇਵਾ ਹੇਰਹਿਂ
ਵਸਤੁ ਅਦੇਯ ਜੁ ਦੇਤਿ ਕ੍ਰਿਪਾਲ।
ਜਗ ਗੁਰ ਨੁਖਾ ਪਗਨਿ ਤੇ ਗਮਨੀ
ਬਿਨ ਪਨਹੀ[1], ਸਿਰ ਭਾਰ ਉਠਾਲਿ। — [1]ਜਗਤ ਗੁਰੂ (ਰਾਮ ਦਾਸ) ਜੀ ਦੀ ਨੂੰਹ ਨੰਗੀ ਪੈਰੀਂ ਬਿਨਾ ਜੁੱਤੀ ਦੇ ਗਈ।
ਸਕਲ ਟਹਿਲ ਅਪਨੇ ਕਰ ਕੀਨਸਿ
ਸੁਮਤਿ ਭਈ ਹੁਇ ਖੇਦ ਬਿਸਾਲ।
ਇਸ ਉਪਾਇ ਤੇ ਨੰਦਨ ਪ੍ਰਾਪਤਿ

ਨਾਂਹਿ ਤ ਮਮ ਬਚ ਸਹੈ ਕਰਾਲ[1] ॥੧੧॥ — [1]ਮੇਰੇ ਭਜਾਨਕ ਬਚਨ ਨੂੰ ਸਹਿੰਦੀ।

ਭਯੋ ਪੁੱਤ੍ਰ ਤੋ ਕਜਾ ਅਬਿ ਹੋਯਹੁ
ਰਿਦੇ ਹਮਾਰੇ ਸੱਲਜ[1] ਸਮਾਨ। — [1]ਸਾਡੇ ਰਿਦੈ ਵਿਚ (ਇਹ ਪੁੱਤਰ) ਸੱਲ ਵਾਂਙੂ ਹੈ।
ਨਹੀਂ ਉਖਾਰਹਿਂ ਜਾਵਤ ਇਸ ਕੋ
ਤਾਵਤ ਉਪਜਤਿ ਕਰਕ[1] ਮਹਾਨ। — [1]ਰੜਕ।
ਨੀਂਦ ਨਿਸਾ ਨਹਿਂ ਭੋਜਨ ਦਿਨ ਮਹਿਂ
ਚਿੰਤਾ ਬਧਹਿ ਨਈ ਨਿਤ ਆਨਿ।
ਜਤਨ ਬਨਹਿ ਜਿਮ, ਚਿਤਵਤਿ ਰਹੁ ਤਿਮ
ਕਿਤਿਕ ਦਿਵਸ ਮਹਿਂ ਕਰਹਿਂ ਸੁ ਹਾਨ[1] ॥੧੨॥ — [1]ਨਾਸ਼।

ਜਜੋਂ ਕਜੋਂ ਗੁਰਤਾ ਨਿਜ ਘਰ ਰਾਖਹਿਂ
ਇਸ ਹਿਤ ਠਾਨਹਿਂ ਅਨਿਕ ਉਪਾਇ।
ਜਬਿ ਲੌ ਮਾਤ ਗੋਦ ਮਹਿਂ ਬਾਲਕ
ਤਬਿ ਲੌ ਤ੍ਰਿਯਾ ਜਾਇ ਕੋ ਘਾਇ।
ਕਛੁ ਚਤੁਰਾਈ ਸੋ ਕਰਿ ਪਹੁੰਚਹਿ
ਕਰਹਿ ਸੁ ਘਾਤੁ ਘਾਤ ਕੋ ਪਾਇ[1]। — [1]ਦਾਉ ਪਾਕੇ ਮਾਰ ਦੇਵੇ।
ਅਸ ਇਸਤ੍ਰੀ ਖੋਜਤਿ ਨਿਤ ਰਹੀਅਹਿ,
ਦੇਹੁ ਦਰਬ ਤਿਸ ਲੇਹੁ ਲੁਭਾਇ ॥੧੩॥

ਨਿਜ ਪੁਰਿ ਮਹਿਂ ਹੁਇ ਸੋ ਤਹਿਂ ਪਹੁੰਚਹਿ
ਮਿਸਿ ਕੁਛੁ ਕਰਹਿ ਰਹਹਿ ਤਿਨਿ ਧਾਮ।
ਕੈ ਤਿਸਿ ਗ੍ਰਾਮ ਹੋਹਿ ਬੁਲਵਾਵਹੁ
ਕਰਹੁ ਲੁਭਾਵਨਿ ਦੈ ਕਰਿ ਦਾਮ[1]। — [1]ਦਮੜੇ, ਰਪੱਯੇ।
ਕੈ ਦਾਸੀ ਤਿਸਿ ਰਹੇ ਸਮੀਪੀ
ਸੋ ਸੁਖੇਨ ਹੀ ਕਰਿ ਹੈ ਕਾਮ।
ਖੋਜਤਿ ਰਹਹੁ ਆਜ ਤੇ ਤੈਸੀ
ਬਾਲਕ ਹਨਹਿ ਮਿਲਹਿ ਅਸ ਬਾਮ[1]’ ॥੧੪॥ — [1]ਇਸਤ੍ਰੀ।

ਇਮ ਮਸਲਤ ਕਰਿ ਹਰਖੀ ਕਰਮੋ
ਕਰਮ ਕ੍ਰੂਰ ਮਹਿਂ ਦੁਰਮਤਿ ਧਾਰਿ।
ਅਚਜੋ ਅਸਨ, ਬਿਸਰਾਮੇ ਨਿਸ ਮਹਿਂ
ਚਿਤ ਮਹਿਂ, ਚਿਤਵਤਿ ਅਨਿਕ ਪ੍ਰਕਾਰ।
ਜਹਿਂ ਕਹਿਂ ਬੁੱਧਿ ਕੀਨ ਬਿਸਤਾਰਨਿ[1], [1]ਬੁੱਧੀ ਖਿੰਡਾਵਨੀ ਕੀਤੀ ਭਾਵ ਸੋਚ ਚੜਾਈ।
ਖੋਜਤਿ ਮਨ ਕਰਿ ਤੈਸੀ ਨਾਰਿ।
ਭਈ ਪ੍ਰਭਾਤ ਚਿੰਤ ਗ਼ਲਤਾਨੀ
ਪ੍ਰਿਯ ਦਾਸੀ ਕੋ ਨਿਕਟਿ ਹਕਾਰ
॥੧੫॥
ਮਨ ਕੀ ਬ੍ਰਿਥਾ ਉਚਾਰਨਿ ਕੀਨਸਿ
'ਪੁਰਿ ਮਹਿਂ ਤੇ ਤ੍ਰਿਯ ਐਸੀ ਆਨਿ।
ਲੇ ਕਰਿ ਦਰਬ ਕਾਮੁ ਇਮ ਠਾਨਹਿਂ
ਸ੍ਰੀ ਅਰਜਨ ਕੋ ਨੰਦਨ ਹਾਨਿ।
ਤਿਸ ਕੀ ਨਿਤ ਗੁਜ਼ਰਾਨ ਕਰਾਵਹਿਂ
ਅਸਨ ਬਸਨ ਦੇ ਸਭਿ ਸੁਖ ਦਾਨ।
ਹਿਤ ਕਰਿ ਨਿਤ ਖੋਜਤਿ ਰਹੁ ਚਿਤ
ਕਰਿ
ਇਹ ਮੇਰੋ ਲਖਿ ਕਾਜ ਮਹਾਨ' ॥੧੬॥
ਇਮ ਦਾਸੀ ਕਰਿ ਗੋਪ ਬਾਤ ਕੋ
ਸਨੈ ਸਨੈ ਬੂਝਤਿ ਬਹੁ ਨਾਰਿ।
ਇਤਿ ਸ੍ਰੀ ਅਰਜਨ ਅਤਿ ਉਤਸਾਹਤਿ
ਮੰਗਤਿ ਕੋ ਦੇਂ ਦਰਬ ਅਪਾਰ।
ਸੁਨਿ ਸੁਨਿ ਦੂਰਿ ਦੂਰਿ ਤੇ ਆਵਹਿਂ
ਲੇ ਕਰਿ ਗਮਨਹਿਂ ਸੁਜਸ ਉਚਾਰ।
ਬਡੇ ਭਾਗ ਜੁਤ ਸੁਤ ਸੁਭ ਜਨਮਜੋ
ਜਹਿਂ ਕਹਿਂ ਜਿਸ ਤੇ ਹੁਇ ਜੈਕਾਰ
॥੧੭॥
ਅਧਿਕ ਪ੍ਰਸੰਨ ਹੋਤਿ ਸੁਤ ਹੇਰਤਿ
ਬਲਿਹਾਰੀ ਹੁਇ ਕਰਤਿ ਦੁਲਾਰ।
ਸੁੰਘਤਿ ਮਸਤਕ ਪਰਮ ਪ੍ਰੇਮ ਤੇ
ਬ੍ਰਿਧ ਕੋ ਲਖਹਿਂ ਮਹਾਂ ਉਪਕਾਰ।

ਕੀਨਿ ਛਠੀ ਕੋ ਉਤਸਵ ਭਾਰੀ
ਸਭਿ ਕੋ ਦੀਨਿ ਕਰਾਹ ਅਹਾਰ[1]।
ਬਾਜੇ ਦਰ ਪਰ ਬਾਜਤਿ ਹੈਂ ਬਹੁ
ਸਿਖ ਸੰਗਤਿ ਸੁਖ ਕਰਹਿਂ ਉਦਾਰ
॥੧੮॥
ਦਸ ਦਿਨ ਬੀਤੇ ਪੁਨ ਉਤਸਵ ਭਾ
ਮੰਗਲ ਕਰਹਿ ਅਨੇਕ ਪ੍ਰਕਾਰ।
ਕੁਲ ਕੀ ਸਗਲ ਰੀਤਿ ਸ਼ੁਭ ਕੀਨਸਿ
ਜਥਾ ਬ੍ਰਿਧਨ ਕੇ ਅੰਗੀਕਾਰ[1]।
ਲਘੁ ਦੁੰਦਭਿ ਕੀ ਹੋਤਿ ਮਧੁਰ ਧੁਨਿ
ਸੁਨਿ ਸ਼੍ਰੋਨਨਿ ਤੇ ਅਨੰਦ ਉਦਾਰ।
ਬਜਹਿਂ ਨਫੀਰਨਿ, ਗਾਇਂ ਸਬਦ ਬਿਚ,
ਖਰੇ ਲੋਕ ਉਚਰੈਂ ਜੈਕਾਰ ॥੧੯॥
ਆਦਿ ਬਿਲਾਵਲ ਸੁੰਦਰ ਰਾਗਨਿ
ਗਾਇਂ ਰਬਾਬੀ ਪ੍ਰੇਮ ਲਗਾਇ।
ਸੁਨਿ ਸੁਨਿ ਸਿਖ ਸੇਵਕ ਕੇ ਹਿਰਦੇ
ਦ੍ਰਵਹਿ ਰੀਝ ਹੀ[1] ਮੋਦ ਬਢਾਇ।
ਬਖ਼ਸ਼ਹਿਂ ਬਸਤ੍ਰ ਬਿਭੂਖਨ ਬਹੁ ਬਿਧਿ
ਬਿਰਮਤ[1] ਬੈਠਹਿਂ ਉਠਿ ਨ ਸਕਾਇ।
ਧੰਨ ਧੰਨ ਗੁਰੁ ਧੰਨ ਜਨਮ ਸਿਸ
ਜਿਸ ਤੇ ਦਸ ਦਿਸ਼ ਜਸ ਪਸਰਾਇ
॥੨੦॥
ਬਧਤਿ ਸਰੀਰ ਦੂਜ ਤੇ ਜਸ ਸਸਿ[1]
ਤਿਮ ਤਿਮ ਸੁੰਦਰਤਾ ਅਧਿਕਾਇ।
ਏਕ ਮਾਸ ਬੀਤਯੋ ਤਬਿ ਐਸੇ
ਕਰਤਿ ਦੁਲਾਰ ਮਾਤ ਬਲ ਜਾਇ।
ਰਾਤ ਦਿਵਸ ਸੁਤ ਕੋ ਮੁਖ ਦੇਖਹਿ
ਨਹਿਂ ਲੋਚਨ ਕਯੋਂਹੂੰ ਤ੍ਰਿਪਤਾਇ।
ਬਰਬਸ[1] ਨਿੰਦ੍ਰਾ ਅਧਿਕ ਬਧਹਿ ਜਬਿ
ਸੁਪਤਹਿ, ਛਿੱਪ੍ਰ ਜਾਗ ਕੋ ਪਾਇ
॥੨੧॥

[1]ਕੜਾਹ ਦਾ ਭੋਜਨ।

[1]ਭਾਵ, ਜਿਵੇਂ ਵਡਿਆਂ ਦੀ ਮ੍ਰਿਯਾਦਾ ਸੀ।

[1]ਪ੍ਰੇਮ ਵਿਚ ਗਦਗਦ ਹੁੰਦੇ ਹਨ।

[1]ਪਰਚੇ ਹੋਏ।

[1]ਜਿਵੇਂ ਚੰਦ੍ਰਮਾਂ।

[1]ਜੋਰੋ ਜੋਰੀ।

ਜਨੁ ਪੰਨਗ ਮਨ ਮਨਿ ਸੋਂ ਲਾਗਯੋ[1]
ਅਹਿਨਿਸ ਰਾਖਨ ਮਹਿਂ ਹਿਤਕਾਰ।
ਨਿੰਦ੍ਰਾ ਤੇ ਜਬਿ ਉਘਰਹਿਂ ਲੋਚਨ
ਤਨੁਜ ਬਦਨ ਪਰ ਦ੍ਰਿਸ਼ਟਿ ਪਸਾਰ।
ਪਾਲਤਿ, ਲਾਲਤਿ, ਘਾਲਤਿ ਘਾਲੇ,
ਡਾਲਤਿ ਨਯਨ ਸ਼ਯਾਮਤਾ ਚਾਰੁ[1]।

[1]ਮਾਨੋ ਸਰਪ ਦਾ ਮਨ ਮਣੀ ਨਾਲ ਲਗਾ ਹੈ।

[1]ਪਾਲਦੀ ਹੈ, ਲਡਿਆਉਂਦੀ ਹੈ, ਸੇਵਾ ਕਰਦੀ ਹੈ, ਨੇਤ੍ਰਾਂ ਵਿਖੇ ਸੁਹਣਾਂ ਸੁਰਮਾ ਪਾਉਂਦੀ ਹੈ।

ਝਗਲੀ ਝੀਨ[1] ਮਹੀਨ ਸੂਤ ਕੀ
ਬਰਨ ਬਰਨ ਕੀ ਪਾਇ ਸੁਧਾਰਿ
॥੨੨॥

[1]ਬਰੀਕ ਝਗਲੀ।

ਕੰਚਨ ਕੇ ਕੰਕਨ ਕਰਵਾਇਸ
ਜੁਗ ਜੁਗ ਹੀਰੇ ਜਰੇ ਜਰਾਇ[1]।
ਛੁੱਦ੍ਰਘੰਟਕਾ ਬਾਜਨਵਾਰੀ[1]
ਕਾਰੀਗਰ ਨੇ ਘਰੀ ਸੁਹਾਇ।
ਪਾਵਨ ਪਦਪੰਕਜ ਮਹਿਂ ਨੂਪਰ
ਰੁਣਕਤਿ ਰੁਚਿਰ[1] ਜਿ ਉਰਧ ਉਚਾਇ[2]।

[1]ਦੋ ਦੋ ਹੀਰੇ ਜੜਾਉ ਜੜੇ।

[1]ਤੜਾਗੀ ਵੱਜਣ ਵਾਲੀ।

[1]ਪਵਿੱਤ੍ਰ ਚਰਣ ਕਵਲਾਂ ਵਿਚ ਸੁਹਣੇ ਪਾਉਂਟੇ (ਝਾਂਜਰਾਂ) ਛਣਕਦੇ ਹਨ। [2]ਜਦੋਂ ਉਚੇ ਉਠਾਂਦੇ ਹਨ।

ਛਾਪ ਛਲਾਇਨਿ ਗਰ ਕੇ ਭੂਖਨ
ਸ਼ੋਭਤਿ ਸਭਿ ਹੀ ਸ਼ੁਭ ਪਹਿਰਾਇ
॥੨੩॥

ਸ਼ਯਾਮ ਬਿੰਦੁ[1] ਸੁੰਦਰ ਬਿਚ ਭੌਹਨ
ਸ਼ਯਾਮ ਕੇਸ ਐਸੇ ਛਬਿ ਪਾਇ।
ਅਲ ਕੋ ਬਾਲਕ ਅਲ ਗਨ ਤਜਿ ਕਰਿ
ਧਸਯੋ ਪੰਕ ਅੰਮ੍ਰਿਤ ਕੇ ਆਇ[1]।

[1]ਕਾਲੀ ਬਿੰਦੀ ਭਾਵ ਤਿਲ।

[1]ਭੌਹਾਂ ਦੇ ਸ਼ਯਾਮ ਕੇਸ ਦੇ ਵਿਚਕਾਰਲੇ ਥਾਂ ਬਿੰਦੀ ਐਉਂ ਸ਼ੋਭਦੀ ਹੈ ਜਿਵੇਂ ਭੌਰਿਆਂ ਦਾ ਬੱਚਾ ਭੌਰਿਆਂ ਦੀ ਡਾਰ ਛੱਡ ਕੇ ਅੰਮ੍ਰਿਤ ਦੇ ਪੰਕ ਵਿੱਚ ਆ ਧਸਿਆ ਹੈ। ਭਰਵੱਟੇ ਭੌਰਿਆਂ ਦੀਆਂ ਡਾਰਾਂ ਹਨ, ਬਿੰਦੀ ਭੌਰਿਆਂ ਦਾ ਨਿਆਣਾ ਹੈ, ਭਰਵਟਿਆਂ ਦੇ ਵਿਚਕਾਰਲਾ ਥਾਂ ਤ੍ਰਿਕੁਟੀ ਦਾ ਟਿਕਾਣਾਂ ਹੋਣ ਕਰਕੇ ਅੰਮ੍ਰਿਤ ਦਾ ਪੰਕ ਹੈ। ਪੰਕ ਨਾਮ ਚਿੱਕੜ ਦਾ ਹੈ ਤੇ ਪੰਕ ਨਾਮ 'ਅਤਰ ਫਿਤਨੇ' ਵਰਗੀਆਂ ਚਿਕਨਾਈਆਂ ਦਾ ਬੀ ਹੈ। ਪੰਕ ਤੋਂ ਮੁਰਾਦ ਕਮਲ ਦੀ ਬੀ ਲਈ ਜਾ ਸਕਦੀ ਹੈ, ਜਿਵੇਂ ਸੰਸਕ੍ਰਿਤ ਵਿਚ ਪੰਕਾਵਲੀ ਨਾਮ ਕਮਲਾਂ ਦੀ ਪੰਕਤੀ ਦਾ ਹੈ, ਚਿੱਕੜ ਦੀ ਪੰਕਤੀ ਇਸ ਦਾ ਅਰਥ ਨਹੀਂ ਹੈ। ਸੋ ਅੰਮ੍ਰਿਤ ਦਾ ਕਮਲ ਬੀ ਤ੍ਰਿਕੁਟੀ ਦੇ ਥਾਂ ਨੂੰ ਕਿਹਾ ਜਾ ਸਕਦਾ ਹੈ। (ਅ) (ਮਾਨੋਂ) ਭਵਰਾ ਖੰਭਾਂ ਸਣੇ ਮੱਥੇ ਤੇ ਆ ਬੈਠਾ ਹੈ। ।ਪੰਕ = ਪੰਖ = ਖੰਭ, ਭਾਵ ਭਵਰਾ ਖੰਭਾਂ ਸਮੇਤ। ਅੰਮ੍ਰਿਤ ਚਿੱਟਾ ਹੁੰਦਾ ਹੈ ਤੇ ਤਦ ਸਥਾਨੀ ਮੱਥਾ॥ ਕਈ ਸਿਆਣੇ ਕਹਿੰਦੇ ਹਨ ਕਿ ਭਾਈ ਗੁਰਦਾਸ ਜੀ ਦੇ ੨੯੪ ਕਬਿੱਤ ਵਿਚ ਕੋਟਿਕ ਉਸਤਤਿ ਛਬਿ ਤਿਲ ਕੋ ਪ੍ਰਗਾਸ ਹੈ' ਵਿਚ ਆਏ 'ਤਿਲ' ਪਦ ਤੋਂ ਇਸੇ ਬਿੰਦੀ ਦੀ ਮੁਰਾਦ ਹੈ।

ਡੀਠ ਨ ਲਗਹਿ ਡਰਤਿ ਉਰ ਜਨਨੀ
ਵਾਰਤਿ ਰਾਈ ਲੌਨ ਮੰਗਾਇ।
ਤਿਨਕਾ ਤੋਰਿ ਤੋਰਿ ਕਰਿ ਗੇਰਤਿ
ਰੱਛਕ ਸ਼੍ਰੀ ਨਾਨਕ ਲੇ ਨਾਇ ॥੨੪॥
ਜੇਵਰ ਜਰੇ ਜਵਾਹਰ ਜ਼ਾਹਰ ਜ਼ੇਬ
ਅਜਾਇਬ ਜਬਰ ਜਰੰਤਿ[1]। [1]ਜੜੇ ਹਨ।
ਸੁਵਰਨ ਕੋ ਸੁ ਵਰਨ ਤਨ ਦੁਤਿ ਮਿਲਿ
ਸਮਤਾ ਤੇ ਭੇਵ ਨ ਲਖਿਯੰਤਿ[1]। [1]ਸੋਨੇ ਅਤੇ ਤਨ ਦੇ ਸ੍ਰੇਸ਼ਟ ਰੰਗ ਦੀ ਸ਼ੋਭਾ ਇਕੋ ਜਿਹੇ ਹੋਣ ਕਰਕੇ ਮਿਲ ਗਈ ਹੋਈ ਹੈ ਤੇ ਭੇਦ ਨਹੀ ਜਾਣੀਦਾ।
ਕਰਕਸ ਹੋਤਿ ਸਪਰਸ ਜਾਨੀਯਤ[1] [1]ਛੁਹਣ ਨਾਲ ਖੁਰਦਰਾ ਯਾ ਕਰੜਾ ਜਾਣੀਦਾ ਹੈ।
ਹੈ ਹੀਰਨ ਕੀ ਦਮਕ ਦਿਖੰਤਿ।
ਤਿਨ ਕੀ ਉਪਮਾ ਕਹੌਂ ਕੌਨ ਕੀ
ਮਨ ਭ੍ਰਮ ਹਾਰਜੋ ਲਘੁ ਲਗੰਤ[1] ॥੨੫॥ [1]ਹੋਰ ਉਪਮਾ) ਤੁੱਛ ਲੱਗਦੀ ਹੈ।

ਦੋਹਰਾ:
ਇਸ ਪ੍ਰਕਾਰ ਬ੍ਰਿੱਧਤਿ ਗੁਰੂ, ਸੁੰਦਰ ਸਰਬ ਸਰੀਰ।
ਅੰਗ ਬਿਲੰਦ ਬਿਲੋਕੀਯਤਿ, ਹਰਗੁਬਿੰਦ ਮਤਿਧੀਰ ॥੨੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਹਰਿਗੋਬਿੰਦ ਜਨਮ ਉਤਸਵ' ਬਰਨਨੰ ਨਾਮ ਖਸ਼੍ਟਮੋਂ ਅੰਸੂ ॥੬॥

## ੭. [ਜ਼ਹਿਰ ਦੇਣ ਵਾਲੀ ਦਾਈ ਦੀ ਮੌਤ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਪ੍ਰਿਥੀਏ ਕੀ ਦਾਸੀ ਫਿਰੀ,
ਖੋਜਤਿ ਦੁਰਮਤਿ ਨਾਰਿ।
ਇਕ ਨੇ ਕਹਿ ਧੀਰਜ ਦਈ,
'ਤੋਹਿ ਕਰੌਂ ਮੈਂ ਕਾਰ' ॥੧॥

ਸੈਯਾ ਛੰਦ:

ਰਾਮਦਾਸ ਪੁਰਿ ਬਸਹਿ ਕੁਚਲਣੀ,
ਧਾਇਨ ਕੀ ਕ੍ਰਿਤ ਤੇ ਗੁਜ਼ਰਾਨ।
ਦਾਸੀ ਮਸਲਤ ਅਘੁ ਕੀ ਕਰਿ ਕੈ,
ਕਰਮੋ ਨਿਕਟ ਸੁ ਮੇਲੀ ਆਨਿ[1]। [1]ਆਕੇ ਮਿਲਾਈ।
ਸਾਦਰ ਸਦਨ ਬਿਠਾਇ ਸਮੀਪੀ,
ਪੂਰਬ ਭਾਖਯੋ ਕਸ਼ਟ ਮਹਾਨ[1]। [1]ਭਾਵ ਕਰਮੋ ਨੇ।
'ਅਨੁਜ ਲੀਨਿ ਗੁਰਤਾ ਬਿਪ੍ਰੀਤੀ,
ਜੇਠੋ ਬੈਠੋ ਰਹਯੋ ਸੁਜਾਨ ॥੨॥
ਬਹੁ ਉਪਚਾਰਨ ਤੇ ਨਿਪਜਯੋ ਸੁਤ,
ਤਿਨਹੁਂ ਕੀਨਿ ਉਤਸਵ ਹਰਖਾਇ।
ਕਹੈ ਕਿ -ਗਾਦੀ ਕੋ ਇਹ ਮਾਲਕ,
ਪਾਛੇ ਗੁਰਤਾਂ ਲੇ ਸ਼ੁਭ ਪਾਇ-।
ਪੂਰਬ ਆਸ ਹੁਤੀ ਹਮਰੇ ਮਨ,
-ਸ਼੍ਰੀ ਅਰਜਨ ਜਬਿ ਤਨ ਬਿਨਸਾਇ।
ਸੰਤਤਿ ਨਹੀਂ, ਬਨਹਿਂ ਹਮ ਹੀ ਗੁਰ,
ਚਾਰਹੁਂ ਦਿਸ਼ ਕੇ ਪੂਜ ਕਹਾਇਂ- ॥੩॥
ਜਬਿ ਕੋ ਨੰਦਨ ਤਿਨ ਕੇ ਜਨਮਯੋ
ਤਬਿ ਤੇ ਹਮ ਹੁਇ ਗਏ ਨਿਰਾਸ।
ਅਬਿ ਉਪਾਇ ਅਸ ਕਰਿ ਚਿਤ
ਚਿਤਵਨਿ
ਜਿਸ ਤੇ ਬਾਲਕ ਹੋਇ ਬਿਨਾਸ।
ਪੁਨ ਤਿਨ ਕੇ ਜਨਮੇ ਨ ਆਤਮਜ
ਹਮਰੇ ਕਾਜ ਹੋਇਂ ਸਭਿ ਰਾਸ।

ਦਰਬ ਆਦਿ ਸੁੰਦਰ ਸਭਿ ਵਸਤੂ
ਚਹੁੰ ਦਿਸ਼ ਤੇ ਚਲਿ ਆਇ ਅਵਾਸ
॥੪॥
ਤਬਿ ਤੇਰੀ ਬਹੁ ਕਰਹਿਂ ਜੀਵਕਾ
ਭੋਜਨ ਬਸਨ ਸਕਲ ਪਰਵਾਰ।
ਨਿਜ ਘਰ ਤੇ ਹਮ ਦੇਹਿਂ ਤੋਹਿ ਕਹੁ
ਅਰੁ ਤੇਰੋ ਜਾਨਹਿਂ ਉਪਕਾਰ।
ਮਿਹਰਵਾਨ ਕੇ ਪਿਤਾ ਪਾਸ ਤੇ
ਆਦਰ ਮੈਂ ਕਰਿਵਾਉਂ ਉਦਾਰ।
ਇਹ ਕਾਰਜ ਨਿਜ ਚਾਤੁਰਤਾ ਤੇ
ਕਰਹਿ ਅਬਹਿ ਉਪਜਹਿ ਸੁਖ ਸਾਰ
॥੫॥
ਇਹ ਸ਼ਤ ਲੇਹੁ ਰਜਤਪਨ[1] ਅਬਿਹੂੰ,
ਕਰਹੁ ਕਾਜ ਕੋ ਬਿਲਮ ਬਿਸਾਰਿ।
ਬਾਲਕ ਮ੍ਰਿਤੁ ਹਮਰੋ ਹਿਤ ਲਖਿ ਚਿਤ[1],
ਪੁਨ ਨਹਿਂ ਕਮੀ, ਭਰਹਿਂ ਭੰਡਾਰ।'
ਇਮ ਕਹਿ ਬਸਤ੍ਰ ਆਪਨੋ ਲੇ ਕਰਿ
ਦੀਨਸਿ ਤਿਸ ਕੇ ਊਪਰ ਡਾਰ।
ਅਤਿ ਸਨੇਹ ਕੀ ਬਾਤ ਬਖਾਨਤਿ
ਕਹਿ ਕਹਿ ਕਬਹੂੰ ਭਰਿ ਦ੍ਰਿਗ ਬਾਰਿ[1]
॥੬॥
ਧਾਇ ਕ੍ਰੂਰ ਕਰਮਾ[1] ਅਤਿ ਪਾਪਨਿ
ਸੁਨਿ ਕਰਿ ਹਰਖੀ ਧੀਰਜ ਦੀਨਿ।
'ਦੁਖੀ ਨ ਹੋਹੁ, ਕਰੌਂ ਮੈਂ ਤੌ ਹਿਤ,
ਰਚੌਂ ਕਪਟ, ਕੋ ਲੇਯ ਨ ਚੀਨ[1]।
ਤੁਮਰੇ ਸੁਖ ਤੇ ਹੈ ਸੁਖ ਮੋ ਕਉ
ਖਾਨ ਪਾਨ ਕੀ ਸਭਿ ਸੁਧਿ ਲੀਨਿ।
ਸੋ ਉਠਿ ਗਏ ਕਹਾਂ ਤਿਨ ਸਾਥਹਿ[1],
ਲੇਨਿ ਦੇਨਿ ਕੁਛ ਨਾਂਹਿ ਨ ਕੀਨਿ
॥੭॥
ਚਿਤ ਬਾਂਛਤਿ ਇਹ ਕਾਰਜਿ ਮੋ ਕਉ

[1]ਇੱਕ ਸੌ ਰੁਪੱਯੇ।

[1]ਬਾਲਕ ਦੀ ਮੌਤ ਹੀ ਚਿਤ ਵਿਚ ਸਾਡਾ ਹਿਤ ਜਾਣ।

[1]ਭਰਦੀ ਹੈ ਨੇਤ੍ਰਾਂ ਵਿਚ ਜਲ।

[1]ਖੋਟੇ ਕਰਨਾਂ ਵਾਲੀ।

[1]ਜੋ ਕੋਈ) ਜਾਣ ਨਾ ਸਕੇਗਾ।

[1]ਭਾਵ ਗੁਰੂ ਅਰਜਨ ਜੀ ਚਲੇ ਗਏ ਹਨ ਤਿਨ੍ਹਾਂ ਦਾ (ਸਾਡੇ ਨਾਲ) ਕੀ ਸਾਥ ਹੈ।

ਕਰਿਹੌਂ ਮੈਂ ਅਬਿ ਬਿਲਮ ਬਿਸਾਰਿ।
ਚਿੰਤਾ ਰੰਚਕ ਹੂੰ ਨਹਿੰ ਕੀਜਹਿ
ਨਿਸ਼ਚੈ ਲਖਹੁ ਸੁਧਾਰੀ ਕਾਰ।
ਮੇਰੋ ਦ੍ਰੋਹ ਪ੍ਰਥਮ ਹੀ ਤਿਨ ਸੋਂ
ਅਪਰ ਧਾਇ ਕੋ ਲੀਨਿ ਹਕਾਰ।
ਨਹੀਂ ਅਵਾਹਨ ਮੋ ਕੌ ਕੀਨਸਿ
ਨਹਿੰ ਕੁਛ ਦੀਨਸਿ, ਬਹੁ ਬੁਰਿਆਰ[1] ॥੮॥

[1]ਬਹੁਤ ਬੁਰੀ ਗੱਲ ਕੀਤੀ ਨੇ।

ਲਗਹਿ ਸੂਲ ਮੁਝ ਤਿਨ ਕੇ ਮੰਗਲ[1]
ਸਿਸ ਹਤਿ ਹੋਇ ਮਹਾਂ ਸੁਖ ਮੋਹਿ।'
ਪ੍ਰਿਥੀਏ ਕੀ ਬਾਮਾ ਸਭਿ ਸੁਨਿ ਕੈ
ਕਹੈ ਕਿ 'ਸਾਧ ਸਾਧ[1] ਬਹੁ ਤੋਹਿ।
ਭਯੋ ਭਰੋਸ, ਲਖੀ ਬੁਧਿ ਦੀਰਘ,
ਤੁਝ ਹੀ ਤੇ ਕਾਰਜ ਸਿਧ ਹੋਇ।'
ਇਸ ਪ੍ਰਕਾਰ ਨਿਸ਼ਚੈ ਕਰਿ ਦੋਨਹੁ
ਦੁਰਬੁੱਧਾ ਗਨ ਪਾਪ ਅਰੋਹਿ[1] ॥੯॥

[1]ਤਿਨ੍ਹਾਂ ਦੇ ਖੁਸ਼ੀਆਂ ਤੋਂ ਮੈਨੂੰ ਦੁੱਖ ਲਗਦਾ ਹੈ।

[1]ਸ਼ਾਬਾਸ਼ ਸ਼ਾਬਾਸ਼।

[1]ਮੰਦੀ ਬੁੱਧੀ ਵਾਲੀਆਂ ਸਾਰੇ ਪਾਪ ਜਿਨ੍ਹਾਂ ਦੇ (ਸਿਰ) ਤੇ ਚੜ੍ਹੇ ਹਨ (ਭਾਵ, ਅਤਿ ਪਾਪਣਾਂ)।

ਲੇ ਕੁਛ ਦਰਬ ਸਦਨ ਮਹਿ ਆਈ
ਰੰਗਦਾਰ ਅੰਬਰ ਤਨ ਧਾਰਿ।
ਰੁਚਿਰ ਬਿਭੂਖਨ ਪਹਿਰੇ ਰੁਚਿ ਕਰਿ
ਮੁਖ ਪਖਾਰ ਦ੍ਰਿਗ ਅੰਜਨ ਡਾਰਿ।
ਜ਼ਹਿਰ ਅਜ਼ਾਹਰ[1] ਕਰ ਲੇ ਰਗਰਜੋ
ਨਿਜ ਅਸਤਨ ਜੁਗ ਲੇਪ ਸੁਧਾਰਿ।
ਸੁਸ਼ਕ ਕੀਨਿ ਪੁਨ ਅੰਗੀਆ ਪਹਿਰੀ
ਪੰਥ ਵਡਾਲੀ ਕੇ ਪਗ ਧਾਰਿ† ॥੧੦॥

[1]ਗੁੱਝੀ।

†ਪਾ:-ਡਾਰਿ।

ਦਰਬ ਲੋਭ ਤੇ ਚੌਂਪ ਚੌਗਨੀ
-ਹਤਿ ਸਿਸ ਕੋ ਮੈਂ ਲੇਉਂ ਇਨਾਮ।
ਸਕਲ ਆਰਬਲ ਕੀ ਗੁਜ਼ਰਾਨ ਜੁ
ਹੋਇ ਹੈ ਮੋਹਿ ਕਰੇ ਇਸ ਕਾਮ-।
ਇਤ ਗੰਗਾ ਨੇ ਕਰਿ ਚਾਲੀਸਾ[1]
ਬਰਤਹਿ ਬੰਸ ਰੀਤਿ ਅਭਿਰਾਮ।

[1]ਚਾਲ੍ਹੀਵਾਂ ਦਿਨ ਕਰਕੇ।

ਨਿਤਪ੍ਰਤਿ ਉਤਸਵ ਨਏ ਨਏ ਬਹੁ
ਪ੍ਰਿਯ ਸੁਤ ਜਬਿ ਕੋ ਜਨਮਜੋ ਧਾਮ
॥੧੧॥
ਭਯੋ ਅਨੰਦ ਬਿਲੰਦ ਨੰਦ ਤੇ
ਦਰਬ ਬ੍ਰਿੰਦ ਦੇ ਲੇਤਿ ਅਸੀਸ।
ਬਹੁ ਗ੍ਰਾਮਨਿ ਕੀ ਬਾਮ ਆਇ ਕਰਿ
ਸਿਸੁ ਅਭਿਰਾਮ ਧਾਮ ਮਹਿਂ ਦੀਸ[1]।
ਸਾਦਰ ਤਿਨ ਕੋ ਬਾਂਛਤਿ ਬਖਸ਼ਤਿ
ਡਰਤਿ ਮਾਤ ਨਹਿਂ ਕਹਿਂ ਦੁਰਸੀਸ।
ਸ਼੍ਰੇਯ ਸਹਤ ਜਿਮ ਚਹਤਿ ਕਹਤਿ ਬਚ
ਲਹਤਿ ਮਹਤ ਮੁਦ ਕਰਿ ਬਖਸ਼ੀਸ਼[1]
॥੧੨॥

[1]ਦਰਸ਼ਨ ਕਰਦੀਆਂ ਹਨ।

[1]ਜਿਵੇਂ (ਮਾਤਾ ਜੀ) ਚਾਹੁੰਦੇ ਹਨ (ਇਸਤ੍ਰੀਆਂ) ਕੱਲਜਾਨ ਸਮੇਤ ਬਚਨ ਕਹਿੰਦੀਆਂ ਹਨ ਬੜੀ ਖੁਸ਼ੀ ਜਾਣ ਕਰਕੇ (ਤੇ ਮਾਤਾ ਜੀ) ਬਖਸ਼ੀਸ਼ਾਂ ਕਰਦੇ ਹਨ।

ਦੁਰਾਚਾਰਨੀ ਮੰਗਲ ਸਮਯੇ[1]
ਆਇ ਪ੍ਰਵੇਸ਼ੀ[1] ਗੁਰੂ ਨਿਕੇਤ।
ਅਧਿਕ ਭੀਰ ਨਾਰਿਨਿ ਕੀ ਜਹਿਂ ਕਹਿਂ
ਜਥਾ ਜੋਗ ਆਦਰ ਕਹੁ ਦੇਤਿ।
ਕਿਤਿਕ ਬਾਲ ਕੋ ਦਰਸ਼ਨ ਕਰਤੀ,
ਕਿਤਿਕ ਸਰਾਹਤਿ ਪ੍ਰੀਤ ਸਮੇਤਿ।
ਕੇਤਿਕ ਲੇਤਿ ਉਛੰਗ ਦੁਲਾਰਤਿ[1],
ਕੇਤਿਕ ਬਿਗਸਤਿ ਦੰਤਨਿ ਸੇਤ[1]†
॥੧੩॥

[1]ਸਮੇਂ ਵਿਚ।

[1]ਉਹ ਦਾਈ ਘਰ) ਆ ਵੜੀ।

[1]ਗੋਦੀ ਵਿਚ ਲਡਾਉਂਦੀਆਂ ਹਨ।

[1]ਚਿਟਿਆਂ ਦੰਦਾਂ ਨਾਲ ਹਸਦੀਆਂ ਭਾਵ ਖਿੜ ਖਿੜ ਹੱਸਦੀਆਂ ਹਨ। †ਪਾ:-ਦੰਤਨਿਕੇਤ।

ਦੋਹਰਾ:
ਬਸਤ੍ਰ ਬਿਭੂਖਨ ਦੇਖਿ ਸ਼ੁਭ, ਆਦਰ ਸਾਥ ਬਿਠਾਇ।
ਇਸ ਤ੍ਰਿਨਿ ਕੇ ਸਮੁਦਾਇ ਮੈਂ, ਪੁੱਤ੍ਰਨਿ ਬਾਤ ਚਲਾਇ ॥੧੪॥

ਸੈਯਾ ਛੰਦ:
ਸਭਿਨਿ ਬਿਖੈ ਗੰਗਾ ਮ੍ਰਿਦੁ ਬਚ ਕਹਿ
'ਦੋ ਇਕ ਦਿਨ ਤੇ ਅਨਮਨ ਨੰਦ[1]।
ਅਸਤਨ ਲੇਤਿ ਨ ਰੁਚਿ ਕਰਿ ਮੁਖ ਮਹਿਂ

[1]ਮੁਰਝਾਯਾ ਹੈ ਪੁੱਤ੍ਰ

ਕੋ ਦੁਖ, ਸੁਧਿ ਨਹਿਂ ਮੋਹਿ ਬਿਲੰਦ[1]।

[1]ਕੀ ਕੋਈ ਦੁਖ ਹੈ ਜਿਸ ਦੀ ਮੈਨੂੰ ਬਹੁਤੀ ਸੋਝੀ ਨਹੀਂ।

ਜਿਤਿਕ ਬ੍ਰਿੱਧ ਉਪਚਾਰਨਿ ਭਾਖਤਿ
ਗੁਰਤੀ[1] ਆਦਿ ਦੇਹ[†] ਸੁਖਕੰਦ[2]।

[1]ਗੁੜ੍ਹਤੀ। [2]ਭਾਵ ਸ਼੍ਰੀ ਹਰਿਗੋਬਿੰਦ ਜੀ ਨੂੰ। [†]ਪਾ:-ਦੇਹਿ।

ਘਾਤਿ ਪਾਇ ਕਰਿ ਦੁਸ਼ਟਾ ਬੋਲੀ
ਕ੍ਰਿਸ਼ਨ ਪੂਤਨਾ ਕੇਰਿ[1] ਮਨਿੰਦ ॥੧੫॥

[1]ਪੂਤਨਾਂ ਵਾਂਙੂ ਜੋ ਕ੍ਰਿਸ਼ਨ ਜੀ ਨੂੰ ਜ਼ਹਿਰ ਦੇਣ ਗਈ ਸੀ ਤੇ ਉਨ੍ਹਾਂ ਨੇ ਸੰਘਾਰੀ ਸੀ।

'ਮੋਹਿ ਬਿਖੈ ਗੁਨ ਦਿਯੋ ਪ੍ਰਭੂ ਨੇ
ਬਹੁ ਬਾਲਕ ਤੇ ਮੈਂ ਪਤਿਆਇ[1]।

[1]ਪਤਿਆਇਆ ਹੈ।

ਪਾਨ ਕਰਹਿ ਜੋ ਅਸਤਨ ਮੇਰੇ
ਤਿਸ ਸਿਸ ਕੇ ਦੁਖ ਨਿਕਟਿ ਨ ਆਇ।
ਹਰਹਿ ਅਰੁਚ[1] ਕੋ ਤਤਛਿਨ ਛੁੱਧਤਹਿ[2],

[1]ਅਰੁਚੀ, ਭੁਖ ਨਾ ਲੱਗਣੀ। [2]ਭੁਖ ਲਗ ਪੈਂਦੀ ਹੈ।

ਆਰਬਲਾ ਸੁ ਅਧਿਕ ਬਿਰਧਾਇ।
ਰਹੈ ਨਿਰੋਵਾ ਸੁਖ ਸੋਂ ਬਯ ਮਹਿਂ
ਨਹਿਂ ਔਸ਼ਧਿ ਕੀ ਚਾਹਿ ਰਹਾਇ ॥੧੬॥
ਰਾਮਦਾਸ ਪੁਰਿ ਬਾਸ ਕੀਨਿ ਮੈਂ
ਜਬਿ ਕੇ ਤੁਮ ਆਏ ਇਸ ਥਾਇਂ।
ਮਮ ਗੁਨ ਸੁਨਿ ਕੈ ਪ੍ਰਿਥੀਏ ਆਨੀ
ਸੁਤਵੰਤੀ ਭਯੋ ਸਭਿ ਢਿਗ ਆਇ।
ਇਕ ਦੁਇ ਦਿਨ ਅਸਤਨ ਦੇ ਮੇਰੋ
ਰੁਜ ਗਵਾਇ ਗਮਨੀ ਸਮੁਦਾਇ।
ਭਾਗਵਾਨ ਕੇ ਮੈਂ ਚਲਿ ਜਾਵੌਂ
ਨਿਰਭਾਗਨ ਕੇ ਕੋ ਚਲਿ ਜਾਇ? ॥੧੭॥
ਅਧਿਕ ਚਾਹਿ ਕਰਿ ਤੁਮਰੈ ਆਈ
ਪੁਰੀ ਤੁਹਾਰੀ ਬਸੀ ਜੁ ਆਨਿ।
ਪਰਮੇਸ਼ੁਰ ਤੇ ਮੈਂ ਨਿਤ ਜਾਚੌਂ
-ਸੁਤਵੰਤੀ ਹੁਇ ਤ੍ਰਿਯਾ ਮਹਾਨ।
ਇਸ ਬਿਧਿ ਕਰਿ ਗੁਜ਼ਰਾਨ ਕਰੌਂ ਸਦ
ਦਰਬ ਸਹਤ ਪਾਵੌਂ ਸਨਮਾਨ।

ਜੀਵਨ ਜੋਗ ਪੁੱਤ੍ਰ ਇਹ ਤੇਰੋ
ਮੁਝ ਕੋਛਰ ਮਹਿਂ[1] ਦੀਜਹਿ ਆਨਿ' ॥੧੮॥
ਤਿਸ ਤੇ ਸੁਨਿ ਸਭਿ ਤ੍ਰਿਯਨਿ ਸਰਾਹੀ,
ਬਸਨ ਬਿਭੂਖਨ ਸੁੰਦਰ ਹੇਰਿ।
'ਬਿਨ ਔਸ਼ਧਿ ਰੁਜ ਕੀ ਇਹ ਹਰਤਾ
ਧੰਨ ਤੋਹਿ ਗੁਨ ਲਹਯੋ ਬਡੇਰ।'
ਮਰਜੀ ਸਭਿ ਨਾਰਿਨਿ ਕੀ ਲਖਿ ਕਰਿ
ਮਾਤ ਗੰਗ ਬਿਸਮਾਇ ਘਨੇਰ।
ਦਿਯੋ ਪੁੱਤ੍ਰ ਤਿਸ ਗੋਦ ਪ੍ਰਮੋਦਤਿ
ਦੁਸ਼ਟ ਜੀਅ ਤਿਨ ਕੋ ਸਮ ਸ਼ੇਰ[1] ॥੧੯॥
ਸ਼੍ਰੀ ਗੁਰੁ ਹਰਿਗੁਵਿੰਦ ਚਿਤ ਜਾਨੀ-ਕ੍ਰੂਰ
ਜੁ ਕਰਮਾ ਆਵੇ ਨਾਰਿ-।
ਦਿਨ ਚਾਰਿਕ ਤੇ ਅਨਮਨ ਹੋਏ
ਜਿਸ ਤੇ ਮਾਤ ਚਿੰਤ ਲੇ ਧਾਰਿ।
-ਧਾਇ ਉਛੰਗ ਦੇਹਿਗੀ[1] ਰੁਚਿ ਕਰਿ-
ਯਾਂ ਤੇ ਪੂਰਬ ਬਿਧੀ ਸੁਧਾਰਿ।
-ਦੁਸ਼ਟਨ ਕੇ ਨਾਸ਼ਨ ਕੋ ਮਮ ਤਨ-
ਸਿਸ ਸਰੂਪ ਤੇ ਕਰੀ ਸੁ ਕਾਰਿ ॥੨੦॥
ਧਾਇ ਉਛੰਗ ਗਏ ਹੁਇ ਚੰਚਲ,
ਇਤ ਉਤ ਮੁਖ ਕਰਿ ਅੰਗ ਚਲੰਤਿ।
ਕਛੁ ਰੋਦਨ ਕਰਿ ਬਹੁਰ ਟਿਕੇ ਤਹਿਂ
ਲੋਰੀ ਦੇਤਿ ਮਧੁਰ ਛਲਵੰਤਿ[1]।
ਅੰਗੀਆ ਤੇ ਅਸਤਨ ਕਰਿ ਬਾਹਰ
ਏਕ ਹਾਥ ਸੋਂ ਸਮੁਖ ਕਰੰਤ[1]।
ਦੂਸਰ ਕਰ ਪਰ ਸਿਸ ਕੋ ਸਿਰ ਧਰਿ
ਉਪਰ ਡਾਰਯੋ ਬਸਤ੍ਰ ਦੁਰੰਤ ॥੨੧॥

ਕਬਿੱਤ:

ਤਤਛਿਨ ਅੰਤਰ ਬਸਨ ਅਸਤਨ ਦੇਤਿ,

[1]ਮੇਰੀ ਗੋਦੀ ਵਿਚ।

[1]ਦੁਸ਼ਟ ਜੀਵ (ਜੋ ਹਨ) ਤਿਨ੍ਹਾਂ ਲਈ ਸ਼ੇਰ ਸਮਾਨ (ਸ਼੍ਰੀ ਗੁਰੂ ਹਰਿਗੋਬਿੰਦ ਜੀ)।

[1]ਦਾਈ ਦੀ ਗੋਦੀ ਦੇਣਗੇ (ਮਾਤਾ ਜੀ ਸਾਨੂੰ)

[1]ਭਾਵ ਉਹ ਦਾਈ।

[1]ਸਾਮ੍ਹਣੇ ਕਰਦੀ ਹੈ (ਥਣ)।

ਲੇਤਿ ਨ ਤਨਕ, ਗਹੇ ਹੋਤਿ ਇਤ ਉਤਨਾ[1]।
[1]ਫੜਕੇ (ਅਸਥਨ) ਇਧਰ ਉਧਰ ਹੋ ਜਾਂਦੇ ਹਨ।

ਗਾਢੋ[1] ਜਬਿ ਕੀਨਿ ਤੌ ਪਯੋਧਰ[2] ਕੋ ਲੀਨ ਮੁਖ,
[1]ਜ਼ੋਰ ਨਾਲ ਘੁੱਟਿਆ। [2]ਅਸਥਨ।

ਹਾਥ ਕੋ ਪਸਾਰਿ ਗਹੀ ਛੋਰੀ ਤਬ ਗੁਤਨਾ[1]।
[1]ਫੜੀ ਲਮਕਦੀ ਹੋਈ ਗੁਤ।

ਦੂਜੇ ਹਾਥ ਸਾਥ ਗਹ੍ਯੋ ਦੂਜੋ ਕੁਚ ਦ੍ਰਿਢ ਕਰਿ
ਖੋਟੀ ਕ੍ਰਿਤ ਹੇਤੁ ਆਈ ਲਾਗੇ ਲੋਭ ਭੂਤਨਾ।
ਜਾਂ ਕੋ ਮਨ ਪੂਤ ਨਾ ਲਖ੍ਯੋ ਗੁਰੂ ਸਪੂਤਨਾ,
ਜਿਸੀ ਕੇ ਪੀਰ ਪੂਤਨਾ, ਸੰਘਾਰੀ ਸਮ ਪੂਤਨਾ[1] ॥੨੨॥
[1]ਗੁਰੂ ਜੀ ਦੇ ਸਪੁਤਰ (ਸ਼੍ਰੀ ਹਰਿਗੋਬਿੰਦ ਜੀ) ਨੇ ਜਾਣਿਆਂ ਜਿਸ (ਦਾਈ) ਦਾ ਮਨ (ਪੂਤ+ਨਾ) ਅਪਵਿੱਤ੍ਰ ਹੈ ਤੇ ਜਿਸ ਦੇ (ਜੀ ਵਿਚ) ਪੁੱਤਰ ਦੀ ਪੀੜਾ ਨਹੀਂ, ਪੂਤਨਾ (ਰਾਖਸ਼ਣੀ) ਵਾਂਙੂ (ਉਸਨੂੰ) ਮਾਰਿਆ।

ਗਾਢੇ ਅੰਗ ਪੀਰ ਕਰਿ, ਗਾਢੀ ਉਰ ਪੀਰ ਕਰਿ
ਪ੍ਰਾਨ ਤੇ ਸਰੀਰ ਕਰਿ ਭਿੰਨ ਐਂਚ ਲੀਨਿਓ[1]।
[1]ਅੰਗਾਂ ਨੂੰ ਚੰਗੀ ਤਰ੍ਹਾਂ ਨਪੀੜਕੇ ਤੇ ਪੇਟ ਵਿਚ (ਯਾ ਦਿਲ ਵਿਚ) ਡਾਢੀ ਪੀੜ ਕਰਕੇ ਪ੍ਰਾਣ ਸਰੀਰ ਤੋਂ ਖਿੱਚ ਕਰਕੇ ਅੱਡ ਕਰ ਲੀਤੇ।

ਜੈਸੇ ਪੋਲ ਤੀਲ ਤੇ ਕਿਲਾਲ[1] ਕੋ ਸੁ ਫੂਕ ਨਾਲ
[1]ਪੋਲੀ ਤੀਲੀ ਤੋਂ ਜਲ।

ਖੈਂਚ ਲੇਤਿ ਬਾਲਕ ਸੁਭਾਇਕ ਹੀ ਕੀਨਿਓ[1]।
[1]ਸਹਜ ਸੁਭਾਇਕ ਹੀ (ਤਿਵੇਂ ਸ਼੍ਰੀ ਹਰਿ ਗੋਵਿੰਦ ਜੀ ਨੇ) ਕੀਤਾ।

'ਹਾਇ ਹਾਇ' ਬੋਲਤੀ ਬਿਹਾਲ ਹ੍ਵੈ ਬਿਸਾਲ 'ਬਾਲ!
ਛੋਰੇ ਅਬਿ ਮੋਹਿ ਕੋ, ਪ੍ਰਤਾਪ ਚਿਤ ਚੀਨਿਓ।'
ਲੋਚਨ ਮੈਂ ਨੀਰ ਭਰਿ, ਧੀਰ ਹਰਿ ਚੀਰ ਤਜਿ,
ਪਰੀ ਸਭਿ ਤੀਰ ਧਰ[1], ਪ੍ਰਾਨ ਕਰਿ
[1]ਸਭਿ ਦੇ ਪਾਸ (ਲੰਮੀ) ਪੈ ਗਈ ਧਰਤੀ ਤੇ।

ਹੀਨਿਓ ॥੨੩॥
ਕੂਕਤੀ ਪੁਕਾਰ ਬਿਸੰਭਾਰ ਹ੍ਵੈ ਪਸਾਰ ਅੰਗ,
ਪਰੀ ਮ੍ਰਿਤੁ ਭਈ, ਦ੍ਰਿਗ ਨਿਕਰੇ ਪਰਤਿ ਜਨੁ[1]। — [1]ਮਾਨੋਂ ਅੱਖਾਂ ਨਿਕਲੀਆਂ ਪਈਆਂ ਹਨ।
ਮੁਖ ਤੇ ਝਗੂਰ[1] ਜਾਤਿ, ਪੀਰੀ ਪਰ ਗਈ ਗਾਤ, — [1]ਝੱਗ।
ਭਯੋ ਉਤਪਾਤ, ਹੇਰਿ ਨਾਰੀ ਬਿਸਮਾਈ ਮਨ।
-ਕਹਾਂ ਹੋਇ ਗਯੋ ਬੈਠੀ ਸਭਿਨਿ ਮੈਂ ਲਿਯੋ ਸਿਸੁ-
ਤ੍ਰਾਸ ਉਪਜਯੋ, ਤਜੀ ਦਰ ਜਹਾਂ ਪਰਜੋ ਤਨ[1]। — [1]ਜਿਥੇ (ਦਾਈ ਦਾ) ਸਰੀਰ ਪਿਆ ਸੀ ਉਸ ਥਾਂ ਨੂੰ ਛੱਡਕੇ ਦੂਰ ਚਲੀਆਂ ਗਈਆਂ।
ਗੰਗਾ ਭਯਭੀਤ ਭਈ ਪੁੱਤ੍ਰ ਕੋ ਗਹਨ ਧਾਈ
ਹਾਥਨਿ ਉਚਾਵੈ ਪ੍ਰਿਯਾ ਕ੍ਰਿਪਨ ਕੋ ਮਾਨੋ ਧਨ[1] ॥੨੪॥ — [1]ਹੱਥਾਂ ਨਾਲ ਚੁੱਕਦੀ ਹੈ (ਪੁੱਤ੍ਰ ਨੂੰ) ਜੈਸੇ ਕੰਜੂਸ ਨੂੰ ਧਨ ਪਿਆਰਾ ਹੁੰਦਾ ਹੈ।
ਹਾਥ ਗਹੀ ਬੇਨੀ[1], ਬਲ ਸਾਥ ਨਹਿ ਛੋਰੈਂ ਤਾਂਹਿ — [1]ਗੁੱਤ।
ਮਾਤ ਛੁਟਕਾਵੈ ਕਹਾਂ ਏਤਨੋ ਸੁ ਹੋਇ ਜੋਰ[1]। — [1]ਕਿਥੋਂ ਐਨਾਂ ਬਲ ਹੋਵੇ (ਮਾਤਾ ਜੀ ਵਿੱਚ)।
ਦਾਸੀ ਕੋ ਪੁਕਾਰੈ ਰਿਸ ਭਰੀ 'ਕਯੋਂ ਨ ਆਵੈ ਪਾਸਿ?'
ਕੰਪਤਿ ਸਰੀਰ ਤ੍ਰਾਸ ਧਾਰੇ ਉਤਪਾਤ ਘੋਰ[1]। — [1]ਘੋਰ ਉਪੱਦ੍ਰਵ (ਦੇਖਕੇ) ਡਰੀ ਹੈ।
ਮਿਲੀ ਗਨ ਆਇ, ਨੀਠ ਨੀਠ ਕਰਿ ਛੋਰੀ[1] ਤਬਿ, — [1]ਗੁੱਤ) ਮਸਾਂ ਮਸਾਂ ਛੱਡੀ।
ਕੰਠ ਸੋਂ ਲਗਾਯੋ ਨੰਦ ਪਰਜੋ ਹੈ ਬਿਲੰਦ ਸ਼ੋਰ।
ਪਰੀ ਜਿਸ ਠੌਰ ਅਵਲੋਕਤਿ ਨ ਤਾਂਹੀ ਓਰ[1], — [1]ਤਿਸ ਤਰਫ ਦੇਖਦੀਆਂ ਹੀ ਨਹੀਂ।

ਡਰੀ ਉਰ ਹੋਰ ਧਾਈ ਥਾਨ ਨਿਜ ਛੋਰਿ ਛੋਰਿ ॥੨੫॥
ਮਰੀ ਦੁਰਾਚਾਰਨੀ ਤੇ ਕੁਛਕ ਪ੍ਰਕਾਸ਼ ਭਯੋ
ਬੀਜਰੀ ਕੀ ਰੀਤਿ ਥਰਕਾਈ ਹੈ ਅਜਰ[1] ਬੀਚ।
ਸਭਿ ਕੇ ਬਿਲੋਚਨ ਗਏ ਹੈਂ ਮੁੰਦ ਤੇਹੀ ਛਿਨ,
ਬੋਲਤਿ ਨ ਬੈਨ ਕੋਈ ਹੇਰਿਕੈ ਕਰਮ ਨੀਚ।
ਹਾਥ ਜੁਗ ਪਾਵ ਕੋ ਪਸਾਰ ਕੈ ਪਰੀ ਹੈ ਧਰ
ਦਾਸ ਗਨ ਦਾਸੀ ਮਿਲਿ ਦੇਖੀ ਸੁ ਗ੍ਰਸੀ ਹੈ ਮੀਚ।
ਜੀਵ ਗਯੋ ਊਪਰ ਅਪਰ ਦੇਹਿ ਧਾਰਿ ਕਰਿ
ਮੂਰਛਤਿ ਕੋਈ ਲਖਿ ਤਾਂ ਕੇ ਮੁਖ ਬਾਰ ਸੀਚ[1] ॥੨੬॥

[1]ਵੇਹੜੇ।

[1]ਮੂੰਹ ਵਿਚ ਪਾਣੀ ਪਾਉਂਦੇ ਹਨ।

ਦੋਹਰਾ:
ਇਸ ਪ੍ਰਕਾਰ ਜਬਿ ਮਰਿ ਗਈ, ਅਪਰ ਦੇਹਿ ਧਰਿ ਸੋਇ।
ਛਪਿ ਅਕਾਸ਼ ਮੈਂ ਭੇਦ ਨਿਜ, ਭਨਤਿ ਸੁਨਤਿ ਸਭਿ ਕੋਇ ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਧਾਇ ਮਾਰਨ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

## ੮. [ਦਾਈ ਦੀ ਰੂਹ ਨੇ ਅਪਣੀ ਪਿਛਲੀ ਕਥਾ ਸੁਣਾਈ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਦੂਰੀ ਗਗਨ ਮਹਿਂ ਬਚਨ ਕਹਿ, 'ਡਰਹੁ
ਨ ਮੋ ਤੇ ਕੋਇ।
ਸਭਿ ਪ੍ਰਸੰਗ ਸੁਨਿ ਲੀਜੀਏ, ਭਯੋ ਕਹੌਂ
ਮੈਂ ਸੋਇ ॥੧॥

ਸ੍ਵੈਯਾ ਛੰਦ:

ਪੂਰਬ ਜਨਮ ਮੋਹਿ ਗੰਧਰਬੀ[1],
ਸਕਲ ਸ਼ਕਤਿ ਜੁਤਿ ਮੈਂ ਮਨ ਮਾਨ[1]।
ਗਾਵਨ ਬਿੱਦਜਾ ਬਿਖੈ ਨਿਪੁਨ ਬਹੁ
ਸੁੰਦਰ ਅਤਿ ਸਰੂਪ ਦੁਤਿਵਾਨ।
ਸੁਰਗ ਸਦਾ ਬਿਚਰਤਿ ਸੁਖ ਪਾਵਤਿ
ਇਕ ਦਿਨ ਸੁਰਨਿ ਸਭਾ ਕੇ ਥਾਨ।
ਕਰਤਿ ਗਾਨ ਬਹੁ ਤਾਨ ਮਿਲਾਵਤਿ
ਸੁਨਤਿ ਕਾਨ ਸੋ ਹੁਇ ਬਿਰਮਾਨ[1]
॥੨॥
ਤਬਿ ਸੁਰਗੁਰੁ[1] ਆਯੋ ਕਿਸ ਕਾਰਨ
ਹੇਰਤਿ ਉਠੇ ਸਭਾ ਸੁਰ ਬ੍ਰਿੰਦ।
ਸਾਦਰ ਨਮੋ ਕੀਨਿ ਬਡ ਜਾਨਜੋ
ਬ੍ਰਹਮ ਵਿੱਦਜਾ ਮਹਿਂ ਪੂਰਨ ਬਿਲੰਦ।
ਬੈਠਜੋ ਆਨਿ ਸਭਿਨਿ ਕਹੁ ਦੇਖਤਿ
ਰਾਗ ਰੰਗ ਮਹਿਂ ਭਏ ਅਨੰਦ।
ਮਮ ਦਿਸ਼ਿ ਲਖਿ ਕਰਿ ਜਾਨਿ ਮਾਨ ਬਡ
-ਇਹ ਦੁਸ਼ਟਾਚਾਰਣਿ ਮਤਿ ਮੰਦ
॥੩॥
ਗਾਵਨਿ ਅਰੁ ਸਰੂਪ ਬਡ ਮੇਰੋ
ਇਹੁ ਗੁਨ ਜਾਨਿ ਧਰਤਿ ਹੰਕਾਰ।
ਸੁਰਨਿ ਸਭਾ ਕੋ ਉਚਿਤ ਨ ਦੁਸ਼ਟਾ
ਨਹਿਂ ਮਨ ਜਾਨਜੋ ਮੋਹਿ ਉਦਾਰ।
ਅਪਰ ਸਰਬ ਹੀ ਮਾਨਹਿਂ ਦੀਰਘ

[1]ਸੁਰਗ ਦੀ ਗਾਉਣ ਵਾਲੀ।
[1]ਮੇਰੇ ਮਨ ਵਿਚ ਹੰਕਾਰ ਸੀ।
[1]ਮੋਹਤ ਹੋ ਜਾਵੇ।
[1]ਬ੍ਰਹਸਪਤ।

ਇੰਦ੍ਰ ਆਦਿ ਜੇਤਿਕ ਬਲਿਭਾਰ[1]। — [1]ਭਾਰੀ ਬਲ ਵਾਲੇ।
ਦੰਡ ਜੋਗ ਹੈ ਦੇਉਂ ਸ੍ਰਾਪ ਇਸ
ਗਰਬ ਬਿਨਾਸ਼ਹਿ ਇਸੀ ਪ੍ਰਕਾਰ ॥੪॥
ਇਮ ਬਿਚਾਰ ਕਰਿ ਸ੍ਰਾਪ ਦੀਨਿ ਤਬਿ
-ਮ੍ਰਿਤੁ ਮੰਡਲ ਮਹਿਂ[1] ਜਨਮ ਸੁ ਧਾਰਿ। — [1]ਮਾਤਲੋਕ ਵਿਚ।
ਜਾਇ ਕਰਮ ਧਾਇਨ ਕੇ ਕਰਿ ਕੈ,
ਹੇਤ ਜੀਵਕਾ ਕਰਹੁ ਅਹਾਰ।
ਪਾਪ ਕਮਾਵਹੁ ਜੀਵਨਿ ਦੁਖ ਕਰਿ[1], — [1]ਜੀਵਾਂ ਨੂੰ ਦੁਖ ਦੇ ਕੇ।
ਧਰਹੁ ਦੇਹਿ ਜੇ ਮਹਿਦ ਗਵਾਰ[1]। — [1]ਜੋ ਬੜੇ ਗਵਾਰ ਹਨ (ਉਨ੍ਹਾਂ ਵਿਚ) ਦੇਹ ਧਾਰ।
ਮੱਦ੍ਰ ਦੇਸ਼[1] ਮਹਿਂ ਬਿਚਰਹੁ ਜਿਤ ਕਿਤ — [1]ਭਾਵ ਪੰਜਾਬ।
ਭੋਗਹੁ ਦੁਖ ਹ੍ਵੈ ਕਰਿ ਬੁਰਿਆਰ- ॥੫॥
ਮੈਂ ਕਰ ਜੋਰੇ ਸੁਰ ਗੁਰੂ ਆਗੇ
-ਕਬਿ ਮੇਰੋ ਪੁਨ ਹੋਇ ਉਧਾਰ।
ਗਰਬ ਕੀਨਿ ਤਿਸ ਕੋ ਫਲ ਪਾਯੋ
ਤੁਮ ਕ੍ਰਿਪਾਲ ਹੋ ਸਦਾ ਉਦਾਰ।
ਇਸਤ੍ਰੀ ਮਤਿ ਪੀਛੇ ਸੁਧਿ ਆਵਤਿ
ਨਿਜ ਸਰੂਪ ਗੁਨ ਕੇ ਹੰਕਾਰ[1]। — [1]ਅਪਣੇ ਸਰੂਪ ਤੇ ਗੁਣਾਂ ਦੇ ਹੰਕਾਰ ਵਿਚ।
ਸਾਧੂ ਸਦਾ ਛਿਮਾ ਕੋ ਧਾਰਤਿ
ਅਪਕਾਰੀ[1] ਪਰ ਭੀ ਉਪਕਾਰ- ॥੬॥ — [1]ਬੁਰਾ ਕਰਨ ਵਾਲਾ, ਦ੍ਵੈਖੀ।
ਸੁਰ ਗੁਰੁ ਭਨ੍ਯੋ -ਹੋਹਿਂ ਗੁਰੁ ਅਰਜਨ
ਸ਼੍ਰੀ ਨਾਨਕ ਕੇ ਬੈਠਹਿਂ ਥਾਨ।
ਤਿਨ ਕੋ ਪੁੱਤ੍ਰ ਜਨਮ ਜਬਿ ਧਾਰਹਿ
ਤਿਸ ਕੇ ਸਾਥ ਮੇਲ ਨਿਜ ਠਾਨ।
ਸੋ ਤੇਰੋ ਤਬਿ ਕਰਹਿ ਉਧਾਰਨਿ
ਨਿਜ ਬਲ ਤੇ ਹਾਨਹਿਂਗੋ ਪ੍ਰਾਨ।
ਬਹੁਰ ਸਰੀਰ ਪਰਾਪਤਿ ਹੁਇਗੋ,
ਗੰਧਰਬੀ ਕੋ ਰੂਪ ਮਹਾਨ- ॥੭॥
ਭਯੋ ਪਤਨ[1] ਸੁਰਗੁਰ ਕੇ ਬਚ ਸੁਨਿ, — [1]ਸੁਰਗ ਤੋਂ) ਗਿਰਾਉ ਹੋਇਆ।
ਭਾ ਅੱਗਜਾਨ ਜਨਮ ਕੋ ਪਾਇ।
ਚਿਰੰਕਾਲ ਕੀ ਬਿਚਰਤਿ ਇਤ ਉਤ

ਰਾਮਦਾਸ ਪੁਰਿ ਬਾਸੀ ਆਇ।
ਪ੍ਰਿਥੀਏ ਕੀ ਦਾਸੀ ਮੁਝ ਮਿਲਿ ਕਰਿ
ਕਰਮੋ ਢਿਗ ਪਹੁੰਚਾਈ ਜਾਇ।
ਤਿਸ ਨੇ ਦੀਨਿ ਰਜਤਪਣ ਇਕ ਸ਼ਤ[1], [1]ਇਕ ਸੌ।
ਇਮ ਸਿੱਖਯਾ ਦੇ ਇਹਾਂ ਪਠਾਇ ॥੮॥
-ਸ਼੍ਰੀ ਅਰਜਨ ਨੰਦਨ ਕੋ ਹਤਿ ਕਰਿ,
ਇਹ ਮੋ ਪਰ ਕੀਜਹਿ ਉਪਕਾਰ-।
ਲੋਭ ਲਹਿਰ ਨੇ ਪ੍ਰੇਰਨ ਕੀਨਸਿ
ਮੈਂ ਆਈ ਸੁ ਮਨੋਰਥ ਧਾਰਿ।
ਕਪਟ ਬੇਸ ਧਰਿ ਬਾਲਕ ਨਾਸ਼ਨਿ,
ਜ਼ਹਿਰ ਸਥਨ ਮੈਂ ਲੇਪ ਨਿਕਾਰ[†]। [†]ਪਾ:-ਲੇਪਨ ਪਾਰ।
ਪ੍ਰਭੁ ਅਵਤਾਰ ਪੁੱਤ੍ਰ ਹੈ ਤੇਰੋ,
ਪਕਰਿ ਪਯੋਧਰ ਕੋ ਮੁਝ ਮਾਰਿ ॥੯॥
ਅਬਿ ਮੈਂ ਰੂਪ ਗੰਧਰਬੀ ਪਾਯਹੁ
ਜਾਤਿ ਸੁਰਗੁ ਕੋ, ਨਮੋ ਹਮਾਰ।
ਸ਼ੱਤ੍ਰ ਤੁਮਾਰੋ ਪ੍ਰਿਥੀਆ ਜਾਨਹੁੰ
ਕਰਹਿ ਬੈਰ ਸਗਰੋ ਪਰਵਾਰ।
ਰਹਹੁ ਸੁਚੇਤ ਨ ਕਰਹੁ ਭਰੋਸਾ
ਜਜੋਂ ਕਜੋਂ ਠਾਨਹਿਂਗੋ ਅਪਕਾਰ[1]।' [1]ਵੈਰ।
ਇਮ ਕਹਿ ਗਮਨ ਕੀਨਿ ਨਿਜ ਘਰ ਕੋ,
ਅਤਿ ਪ੍ਰਸੰਨ ਹ੍ਵੈ ਰਿਦੇ ਮਝਾਰ ॥੧੦॥
ਅਜਰ ਬਿਖੈ ਤ੍ਰਿਯ ਬ੍ਰਿੰਦ ਮਿਲੀ ਤਬਿ,
ਸੁਨਿ ਸਭਿ ਭੇਵ ਰਹੀ ਬਿਸਮਾਇ।
'ਧਿਕ ਧਿਕ ਕਰਮੋ ਕੀਨ ਕੁਕਰਮੋ,
ਹਤੇ ਬਾਲ ਕਜਾ ਕਰ ਮੋ ਆਇ[1]। [1]ਹੱਥ ਵਿਚ ਕੀਹ ਆਇਆ।
ਪਰਾਲਬਧ ਪਰ ਨਿਸ਼ਚੈ ਨਾਹਿਨ
ਪਾਪ ਮਤੀ ਉਰ ਮਹਿਂ ਪ੍ਰਗਟਾਇ।
ਪਰਮੇਸ਼ੁਰ ਜਿਨ ਕੇਰ ਸਹਾਈ
ਬੰਕ ਰੋਮ ਕੋ ਕਰਿ ਨ ਸਕਾਇ[1] ॥੧੧॥ [1]ਤਿਨ੍ਹਾਂ ਦਾ ਕੋਈ ਵਾਲ ਵਿੰਗਾ ਬੀ ਨਹੀਂ ਕਰ ਸਕਦਾ।
ਲਗਜੋ ਕਲੰਕ ਕੁਲੀ ਅਕਲੰਕ ਜੁ[1] [1]ਜੋ (ਪ੍ਰਿਥੀਆ) ਅਕਲਕ ਕੁਲ ਨੂੰ ਕਲੰਕ ਹੋ

ਲੱਗਿਆ।

ਮਤਸਰ ਪਾਵਕ ਜਰਤਿ ਮਹਾਨ।
ਬਡੇ ਭਾਗ ਇਨ ਕੇ[1] ਸਭਿ ਰੀਤੀ
[1]ਭਾਵ ਸ੍ਰੀ ਗੁਰ ਅਰਜਨ ਦੇਵ ਜੀ ਦੇ।
ਪਿਤਾ ਪ੍ਰੇਮ ਤੇ ਗੁਰਤਾ ਦਾਨ[1]।
[1]ਭਾਵ ਗੁਰਤਾ ਦੀ ਦਾਤ ਮਿਲੀ।
ਉੱਤਮ ਕਰਮ ਕਰਤਿ ਹੈਂ ਨਿਸ ਦਿਨ
ਸੱਤਿਨਾਮ ਕੋ ਸਿਮਰਨਿ ਠਾਨਿ।
ਚਹੁੰ ਕੋਦ ਤੇ[1] ਸਮ ਪਯੋਦ[2] ਕੇ
[1]ਚਾਰੇ ਤਰਫੋਂ [ਸੰਸ: ਕੌਣ੍]। [2]ਬੱਦਲ।
ਪਾਇ ਪ੍ਰਮੋਦ ਦੇਤਿ ਧਨ ਆਨਿ ॥੧੨॥
ਪਾਵਨ ਪਦ ਪੰਕਜ ਕੋ ਪੂਰਤਿ
ਅਨਗਨ ਸੰਗਤਿ ਭੇਟ ਚੜ੍ਹਾਇ।
ਤਊ ਨ ਮਾਨ ਕਰਹਿਂ ਇਹੁ ਦੰਪਤਿ
ਸਭਿ ਕੋ ਸੁਖ ਦੇ ਸਰਲ ਸੁਭਾਇ।
ਪ੍ਰਭੁ ਅਵਤਾਰ ਪੁੱਤ੍ਰ ਇਨ ਕੇਰਾ,
ਮਹਿਮਾ ਸਭਿ ਮਹਿਂ ਕਹੀ ਸੁਨਾਇ[1]।
[1]ਭਾਵ ਦਾਈ ਸੁਣਾਕੇ ਕਹਿ ਗਈ ਸੀ।
ਮੂਰਖ ਬੁਰਾ ਕੌਨ ਕਰਿ ਸਕਹੀ
ਜਥਾ ਚੰਦ ਕੋ ਚੋਰ ਨਿਕਾਇ[1]' ॥੧੩॥
[1]ਜਿਵੇਂ ਸਾਰੇ ਚੋਰ (ਰਲਕੇ) ਚੰਦ (ਦਾ ਬੁਰਾ ਨਹੀਂ ਕਰ ਸਕਦੇ) [ਸੰਸ: ਨਿਕਾਯ = ਸਾਰ੍ਹੇ]

ਇੱਤਜਾਦਿਕ ਪ੍ਰਿਥੀਏ ਕੋ ਨਿੰਦਤਿ
ਸ੍ਰੀ ਅਰਜਨ ਕੋ ਸੁਜਸ ਭਨੰਤਿ।
ਸੁਤ ਗਰ ਸੰਗ ਲਗਾਯਹੁ ਗੰਗਾ
ਨੀਰ ਬਿਲੋਚਨ ਬੂੰਦ ਢਰੰਤਿ।
ਚੀਤ ਮਹਾਂ ਭਯ ਭੀਤ ਭਈ ਪਿਖਿ
-ਕਯੋਂ ਸੁਤ ਦੀਨਿ- ਰਿਦੇ ਪਛੁਤੰਤਿ।
-ਸ਼ੱਤ੍ਰੁ ਸ਼ਰੀਕ ਬਡੇ ਦੁਰਾਚਾਰੀ
ਕੀਨਿ ਕਪਟ ਕੋ ਨਹੀ ਲਖੰਤਿ- ॥੧੪॥
ਕਹਯੋ ਦਾਸ ਕੋ 'ਪਾਸ ਪਧਾਰਹੁ
ਜਗ ਗੁਰ ਕੋ ਸੁਧਿ ਦੇਹੁ ਸੁਨਾਇ।
ਸ੍ਰੀ ਨਾਨਕ ਕੇ ਪੁੱਤ੍ਰ ਬਚਾਯਹੁ,
ਨਾਂਹਿ ਤ ਹਤਯੋ ਹੁਤੋ ਛਲ ਲਾਇ।
ਅੰਙਣ[1] ਮ੍ਰਿਤਕ ਧਾਇ ਕੋ ਦੇਖਹੁ
[1]ਵੇਹੜੇ ਵਿੱਚ।

ਸੁਧਿ ਸਭਿ ਕਹੀ ਗਗਨ ਮਹਿਂ ਜਾਇ।
ਲੀਨਿ ਕਲੰਕ ਭ੍ਰਾਤ ਇਹ ਤੁਮਰੇ
ਜੋ ਹਮ ਕੋ ਨਹਿਂ ਦੇਖਿ ਸਕਾਇ
॥੧੫॥
ਪੁਰੀ ਉਜਾਰੇ ਗ੍ਰਾਮ ਬਸੇ ਹਮ
ਤਊ ਨ ਬੈਰ ਤਜਹਿ ਅਘਵੰਤਿ।
ਨਿਜ ਕੁਲ ਕੋ ਪੁਨ ਬਾਲਕ ਬਯ ਕੋ
ਹਤਨਿ[1] ਪਾਪ ਕੋ ਨਹੀ ਲਖੰਤਿ।
ਇਕ ਬੁਰਿਆਈ ਸਾਥ ਪ੍ਰੀਤਿ ਹੈ,
ਹਮ ਤਿਸ ਕੋ ਨਹਿਂ ਬੁਰਾ ਕਰੰਤਿ।
ਜਾਹੁ ਛਿੱਪ੍ਰ, ਘਰ ਆਨਹੁ ਹੇਰਹਿਂ
ਅਤਿ ਉਤਪਾਤ ਅਧਿਕ ਦੁਖਵੰਤਿ'
॥੧੬॥
ਸੁਨਤਿ ਦਾਸ ਦੌਰਯੋ ਗੁਰ ਪਾਸਹਿ,
ਵਹਿਰ ਬਿਰਾਜਤਿ ਹੈਂ ਜਿਸ ਥਾਨ।
'ਕ੍ਰਿਪਾ ਨਿਧਾਨ! ਕਹਾਂ ਹੋ ਬੈਠੇ,
ਕਾਰਜ ਬਿਗਰਯੋ ਹੁਤੋ ਮਹਾਨ।
ਸਤਿਗੁਰ ਰਾਖਯੋ ਬੰਸ ਤੁਮਾਰੋ',
ਸਕਲ ਪ੍ਰਸੰਗ ਸੁ ਕੀਨਿ ਬਖਾਨ।
ਸੁਨਤਿ ਉਠੇ ਗੁਰ ਅਰਜਨ ਆਏ
ਕੁਛ ਸਿਖ ਸੇਵਕ ਸੰਗ ਸੁ ਆਨਿ
॥੧੭॥
ਪਰੀ ਅਜਰ ਮਹਿਂ[2] ਧਾਇ ਮ੍ਰਿਤਕ ਹ੍ਵੈ
ਕਹਿ ਗਰਿਵਾਈ ਵਹਿਰ ਉਜਾਰ।
'ਸ਼੍ਰੀ ਨਾਨਕ ਰੱਛਕ ਹੈਂ ਹਮਰੇ
ਘਰ ਬਾਹਰ ਸੰਗੈ ਇਕ ਸਾਰ।
ਕੋ ਬਪੁਰਾ ਨਰ ਬੁਰਾ ਕਰਹਿ ਜੋ
ਜਬਿ ਇਕ ਸ੍ਵਾਮੀ ਰਾਖਨਹਾਰ।'
ਉਮਗ ਪ੍ਰੇਮ ਤੇ ਸ਼ਬਦ ਬਨਾਯਹੁ
ਸੁੰਦਰ ਆਸਾ ਰਾਗ ਮਝਾਰ ॥੧੮॥

ਸ਼੍ਰੀ ਮੁਖਵਾਕ:

[1]ਮਾਰਨ ਦੇ।

ਆਸਾ ਮਹਲਾ ੫ ॥
ਗੁਰ ਪੂਰੇ ਰਾਖਿਆ ਦੇ ਹਾਥ ॥ ਪ੍ਰਗਟੁ ਭਇਆ ਜਨ ਕਾ ਪਰਤਾਪੁ ॥੧॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥
ਸਰਨਿ ਪਰੇ ਸਾਚੇ ਗੁਰਦੇਵ ॥ ਪੂਰਨ ਹੋਈ ਸੇਵਕ ਸੇਵ ॥੨॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ ਕਹੁ ਨਾਨਕ ਗੁਰ ਕਉ ਕੁਰਬਾਨ ॥੩॥੮॥੧੦੨॥

ਦੋਹਰਾ:

†ਇਮ ਸ੍ਰੀ ਨਾਨਕ ਕੀ ਮਹਾਂ, ਕਹੀ ਬਡਾਈ ਚਾਰੁ।
ਪਠਹਿ ਜੁ ਚਿਤਵਹਿ ਚਰਿਤ ਗੁਰ, ਤ੍ਰਾਸ ਨ ਕਿਤ ਤੇ ਧਾਰਿ ॥੧੯॥

ਕਬਿੱਤ:

ਭਯੋ ਅਸ ਕੌਤਕ ਬਿਸਮ ਰਹੇ ਲੋਕ ਸਭਿ
ਪੁੱਤ੍ਰ ਕੋ ਬਿਲੋਕਿ ਭਏ ਦੰਪਤਿ ਅਨੰਦ ਅਤਿ।
ਕੀਨਸਿ ਕਰਾਹੁ[1] ਬਾਂਟ ਦੀਨਸਿ ਉਛਾਹ ਕਰਿ,
ਸਗਰੇ ਗੁਰਨਿ ਕੋ ਲੇ ਨਾਮ ਧਰਿ ਧਯਾਨ ਚਿਤ।
ਰੈਨ ਦਿਨ ਰੱਛਕ, ਦੁਜਨ ਗਨ ਭੱਛਕ,
ਬਿਸਾਲ ਜਸ ਸ੍ਵੱਛਕ, ਜੋ ਸੇਵਕ ਵਛਲ[1] ਨਿਤ।
ਰਿਦੇ ਮੈਂ ਅਰਾਧਤੇ, ਸਕਲ ਸੁਖ ਲਾਧਤੇ,
ਅਨੇਕ ਬਾਧਾ ਬਾਧਤੇ[1] ਸਦੀਵ ਸਤਿਨਾਮ ਹਿਤ ॥੨੦॥

ਸ੍ਵੈਯਾ:

ਗੰਗ ਅਨੰਦ ਸੋਂ ਨੰਦਨ ਕੋ
ਪ੍ਰਤਿਪਾਰਤਿ ਹੋਇ ਸੁਚੇਤ ਸਦਾ।
ਮੰਦਰ ਅੰਦਰ ਸੁੰਦਰ ਪਾਲਨਾ[1]
ਲਾਲਤਿ ਲਾਲ[1] ਝੁਲਾਇ ਤਦਾ।

†ਇਸ ਦੋਹਰੇ ਤੋਂ ਪਹਿਲਾਂ ਕਈ ਨੁਸਖਿਆ ਵਿਚ ਇਹੋ ਜਿਹਾ ਸੋਰਠਾ ਕਰਕੇ ਦਿਤਾ ਹੈ-ਸੋਰਠਾ-ਗੁਰ ਨਾਨਕ ਸੁਤ ਰਾਖਿਓ ਆਪਣੀ ਕਿਰਪਾ ਧਾਰਿ॥ ਭਾਈ ਬ੍ਰਿਧ ਜੀ ਵਰ ਦਿਯੋ 'ਬਰਧਹਿ ਗੁਰ ਪਰਵਾਰ' ॥

[1]ਕੜਾਹ ਪ੍ਰਸ਼ਾਦ।

[1]ਸੇਵਕਾਂ ਦੇ ਪਿਆਰੇ ਹਨ।

[1]ਪੀੜਾਂ ਨੂੰ ਦੂਰ ਕਰਦੇ।

[1]ਪੰਘੂੜਾ।

[1]ਲਡਾਉਂਦੀ ਹੈ ਪੁਤਰ।

ਨਾਰਿਨਿ ਬ੍ਰਿੰਦ ਮੈਂ ਨਾ ਕਬਿ ਲਜਾਵਤਿ
-ਦੇਖਤਿ ਡੀਠ ਲਗੈ ਨ ਕਦਾ।
ਟਾਮਨ ਕੋ ਕਰਿ ਜਾਇ ਨਹੀਂ[1]
ਰਖਵਾਰ ਰਹੋ ਗੁਰ ਰੂਪ ਸਦਾ- ॥੨੧॥

[1]ਟੂਣਾ ਕੋਈ ਨਾ ਕਰ ਜਾਵੇ।

ਤਾਂ ਤੇ ਕਰੇ ਜਲ ਮੱਜਨ ਕੋ
ਮੁਖ ਚਾਰੁ ਪਖਾਰਤਿ, ਲਾਲਤਿ ਹੈ।
ਪੌਂਛਤਿ ਸੂਖਮ ਚੀਰ ਗਹੇ,
ਪਟ ਸੁੰਦਰ ਫੇਰ ਉਢਾਲਤਿ ਹੈ[1]।

[1]ਪਹਿਰਾਂਵਦੀ ਹੈ।

ਬਾਘ ਨਖਾ ਮਢਿ ਕੰਚਨ ਤੇ
ਮਖ਼ਤੂਲ[1] ਗਰੇ ਮਹਿਂ ਡਾਲਤਿ ਹੈ[†]।

[1]ਸ਼ੇਰ ਦਾ ਨਹੁੰ ਮੜ੍ਹਾਕੇ ਸੋਨੇ ਵਿਚ, ਰੇਸ਼ਮ ਦੇ ਤਾਗੇ ਵਿਚ ਪਰੋਕੇ। [†]ਅਸਲ ਗੱਲ ਇਹ ਜਾਪਦੀ ਹੈ ਕਿ ਦਾਈ ਦੇ ਵਿਹੁ ਦੇਣ ਦੇ ਵਾਕਿਆ ਤੋਂ ਬਾਦ ਮਾਤਾ ਜੀ ਦਾ ਸੁਚੇਤ ਰਹਿਣਾ ਸੁਤੇ ਹੀ ਬਾਤ ਸੀ। ਹੋਰ ਨਜ਼ਰਾਂ ਟਪਾਰਾਂ ਤੋਂ ਤਰਨਾਂ ਮਾਤਾ ਜੀ ਜੈਸੇ ਨਾਮੀਆਂ ਵਿਚ ਸੰਭਵ ਨਹੀਂ।

ਯੌਂ ਦਿਨ ਕੇਤਿਕ ਬੀਤ ਗਏ
ਸੁਤ ਪ੍ਰੇਮ ਕਰੇ ਪ੍ਰਤਿਪਾਲਤਿ ਹੈ ॥੨੨॥
ਸ੍ਰੀ ਹਰਿਗੋਬਿੰਦ ਸੁੰਦਰ ਰੂਪ
ਅਨੁਪਮ ਬੈਠਨੇ ਲਾਗਿ ਤਬੈ।
ਸੋਚ ਬਿਮੋਚਤਿ ਲੋਚਨ ਤੇ
ਅਵਿਲੋਕਤਿ ਤੇਜ ਸਮੇਤ ਜਬੈ।
ਲੇਤਿ ਉਛੰਗ[1] ਪਿਤਾ ਗੁਰ ਪੂਰਨ
ਸੰਗਤਿ ਪੰਗਤਿ ਦੇਖਿ ਸਬੈ।

[1]ਗੋਦੀ।

ਜਯੋਂ ਅਜ ਨੰਦਨ ਕੈ ਰਘੁਨੰਦਨ[1]
ਬਾਲਕ ਬੈਸ ਮਹਿਂ ਬੈਠਿ ਫਬੈਂ ॥੨੩॥

[1]ਅਜੇ ਦੇ ਪੁੱਤ੍ਰ ਦਸਰਥ (ਦੀ ਗੋਦ ਵਿਚ) ਜਿਵੇਂ ਰਾਮਚੰਦ੍ਰ ਜੀ।

ਅੰਙਣ ਮੈਂ ਰਿੜਮਾਣ ਭਏ[1],
ਪੁਨ ਦੇਖਿ ਭਲੇ ਕਿਲਕਾਵਤਿ ਹੈਂ[1]।

[1]ਵੇਹੜੇ ਵਿਚ ਰਿੜ੍ਹਦੇ ਹਨ।
[1]ਕਿਲਕਾਰੀਆਂ ਮਾਰਦੇ ਹਨ।

ਜੇ ਘਰ ਬੀਚ ਗਲੀਚਨ ਪੈ
ਇਤ ਆਵਤਿ ਫੇਰਿ ਸੁ ਜਾਵਤਿ ਹੈਂ।
ਬੈਠਤਿ ਹੈਂ ਬਿਚ ਸੰਗਤਿ ਕੇ

ਗਨ ਦਾਸ ਤਬੈ ਬਤਰਾਵਤਿ[1] ਹੈਂ।

[1]ਬਾਤ ਚੀਤ ਕਰਨੀ ਜਿਵੇਂ ਬੱਚਿਆਂ ਨੂੰ ਲਾਡ ਨਾਲ ਗੱਲਾਂ ਪੁੱਛੀਦੀਆਂ ਹਨ।

ਭਾਵਤਿ ਹੈਂ, ਮੁਸਕਾਵਤਿ ਹੈਂ,
ਚਪਲਾਵਤਿ ਹੈਂ, ਸੁ ਹਸਾਵਤਿ ਹੈਂ ॥੨੪॥
ਜੁਗ ਦੰਭ ਸੁਭੰਤਿ[1] ਮਹਾਂ ਦੁਤਿਵੰਤ
ਹੈਂ ਓਸ਼ਟ ਲਾਲ ਬਿਸਾਲ ਸੁਹਾਏ।

[1]ਸ਼ੋਭਦੇ ਹਨ।

ਮੁਕਤਾ ਬਿਬ ਸੰਪਟ ਬਿੱਦ੍ਰਮ ਕੇ
ਬਿਧਿ ਸੁੰਦਰ ਤੇ ਜਨੁ ਬੀਚ ਟਿਕਾਏ[1]।

[1]ਗੁਲੀਆਂ ਦੇ ਡੱਬੇ ਵਿਚ ਦੋ ਮੋਤੀ ਸੁੰਦਰ ਤਰ੍ਹਾਂ ਮਾਨੋ ਵਿਚ ਟਿਕਾਏ ਹਨ।

ਮੁਸਕਾਵਤਿ ਤੇ ਦਿਖਰਾਵਤਿ ਹੈਂ
ਜਨੁ ਅੰਮ੍ਰਿਤ ਬੀਚ ਭਿਗੋਇ ਬਨਾਏ।
ਕਵਿ ਔਰ ਬਨਾਇ ਕਹੈ ਉਪਮਾ
ਜਨੁ ਕੀਰਤਿ ਕੇ ਜੁਗ ਬੀਜ[1] ਦਿਖਾਏ ॥੨੫॥

[1]ਕੀਰਤੀ (ਰੂਪੀ ਬੂਟੇ ਦੇ) ਦੋਵੇਂ ਮਾਨੋਂ ਬੀਜ ਹਨ।

ਅੰਙਨ ਬੀਚ ਫਿਰੈਂ ਗੁਡਲੀ[1]
ਬਹੁ ਭਾਂਤਨਿ ਤੇ ਕਰਿ ਬਾਲਕ ਲੀਲਾ।

[1]ਗੋਡਿਆਂ ਦੇ ਭਾਰ।

ਖੈਂਚਤਿ ਪਾਵਨ ਪਾਵਨ ਪੰਕਜ
ਨੂਪਰ ਕੋ ਰੁਣਕਾਇ ਛਬੀਲਾ[1]।

[1]ਝਾਂਜਰਾਂ ਛਣਕਾਉਂਦੇ ਹਨ ਛਬਿ ਵਾਲੇ।

ਦ੍ਵੈ ਕਰ ਬੰਦ ਕਰੈਂ ਅਭਿਬੰਦਨ
ਦੋਖ ਨਿਕੰਦਨ ਰੂਪ ਗਹੀਲਾ।
ਪਾਇ ਸੁ ਚਾਰੁ ਪਦਾਰਥ ਸੇਵਕ
ਦੇ ਗੁਰਦੇਵ ਅਤੇਵ[1] ਸੁਸ਼ੀਲਾ ॥੨੬॥

[1]ਅਤਿਅੰਤ ਕਰਕੇ।

ਮਾਨੁਖ ਰੂਪ ਧਰਯੋ ਜਗ ਮੈਂ
ਜਿਨ ਭੂਮ ਕੋ ਭਾਰ ਉਤਾਰਨ ਕੋ।
ਆਯੁਧ ਧਾਰਿ ਮਹਾਂ ਬਲ ਸੋਂ
ਤੁਰਕਾਨ ਕੋ ਤੇਜ ਨਿਵਾਰਨਿ ਕੋ।
ਸੇਵਕ ਸੰਤਨ ਕੋ ਸੁਖ ਦੇ
ਉਰ ਗਜਾਨ ਕੀ ਸੀਖ ਸਿਖਾਰਨਿ ਕੋ।
ਬਾਲਕ ਬਯ ਅਬਿ ਕ੍ਰੀੜਤਿ ਹੈਂ,
ਕਰਿ ਕੂਰ[1] ਜਰਾਂ ਸੁ ਉਖਾਰਨ ਕੋ ॥੨੭ ॥

[1]ਕੂੜੇ ਕਰਕੇ (ਤੁਰਕਾਂ ਦੀ)।

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਬਾਲਕ ਲੀਲਾ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

## ੯. [ਸ਼੍ਰੀ ਹਰਿਗੋਵਿੰਦ ਜੀ ਨੇ ਸਰਪ ਨੂੰ ਉਧਾਰਿਆ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਇਸ ਪ੍ਰਕਾਰ ਸ੍ਰੀ ਸਤਿਗੁਰੂ, ਸੰਮਤ ਦ੍ਵੈ ਕੇ ਹੋਇ।
ਗ੍ਰਾਮ ਵਡਾਲੀ ਕ੍ਰੀੜਤੇ[1], ਪਿਖ ਹਰਖਤਿ ਸਭਿ ਕੋਇ ॥੧॥

[1]ਖੇਲ ਕਰਦੇ ਹਨ।

ਸ੍ਵੈਯਾ:

ਪ੍ਰਿਥੀਏ ਪੁਨ ਪ੍ਰੇਰਨਿ ਕੀਨਿ ਹੁਤੋ[1]
ਇਕ ਦਜੋਸ ਬਿਖੈ ਇਕ ਆਇ ਸਪੈਲਾ[1]।
ਬਡ ਨਾਗ[1] ਤਜਜੋ ਸਭਿ ਤੇ ਦੂਰ ਕੈ
ਸੁ ਪ੍ਰੇਵਸ਼ ਭਯੋ ਘਰ ਅੰਤਰਿ ਭੈਲਾ[1]।
ਨਹਿੰ ਮਾਤ ਉਛੰਗ ਟਿਕੈਂ ਹਰਿ ਗੋਵਿੰਦ
ਰੂਪ ਬਿਲੰਦ ਅਨੰਦ ਦੇ ਛੈਲਾ[1]।
ਚਿਤ ਚਾਹਤਿ ਹੈਂ ਤਿਸ ਜੀਵ[1] ਉਧਾਰਨਿ,
ਹ੍ਵੈ ਗੁਡਲੀ ਮਿਸ ਖੇਲਤਿ ਖੇਲਾ[1] ॥੨॥

[1]ਪ੍ਰੇਰਣਾ ਕੀਤਾ ਹੋਇਆ ਸੀ।
[1]ਸੱਪ ਪਾਲਣ ਵਾਲਾ ਜੋਗੀ।
[1]ਫਨੀਅਰ ਸਪ ਤੋਂ ਮੁਰਾਦ ਹੈ।
[1]ਭੈਦਾਇਕ।
[1]ਅਨੰਦ ਦੇਣ ਵਾਲੇ ਸੁੰਦਰ ਰੂਪ ਸ਼੍ਰੀ ਹਰਿਗੋਬਿੰਦ ਜੀ।
[1]ਭਾਵ ਸੱਪ ਨੂੰ।
[1]ਖੇਡ ਦੇ ਬਹਾਨੇ ਖੇਡਦੇ ਹਨ (ਸੱਪ ਨਾਲ)।

ਸ਼ਜਾਮ ਭੁਜੰਗ[1] ਫਿਰੈ ਖੁਡ ਖੋਜਤਿ,
ਪਾਵਤਿ ਹੈ ਨ ਛਪੈ ਜਿਸ ਮਾਂਹੀ।
ਮਾਤ ਕੀ ਡੀਠ ਲਗੀ ਕਿਤ ਔਰ,
ਸੁ ਦਾਸਨਿ ਕਾਰਜ ਕੋ ਬਤਰਾਹੀ[1]।
ਜਾਇ ਕੇ ਬੇਗ ਸਮੇਤ ਤਬੈ
ਗਹਿ ਲੀਨਸਿ ਹਾਥ ਬਿਖੈ ਤਨ ਤਾਂਹੀ[1]।
ਫੁੰਕਰਤੋ ਡਸਿਬੇ ਭਜਿਬੇ ਹਿਤ[1]
ਜੋਰ ਕਰਜੋ ਪੈ ਛੁਟਜੋ ਕਰ ਨਾਂਹੀ ॥੩॥

[1]ਕਾਲਾ ਸੱਪ।
[1]ਦਾਸਾਂ ਨੂੰ ਕੰਮ ਦੱਸ ਰਹੀ ਸੀ।
[1]ਤਿਸ (ਸੱਪ ਦਾ)।
[1]ਡੰਗ ਮਾਰਨ ਤੇ ਭੱਜਣ ਵਾਸਤੇ ਫੁੰਕਾਰਦਾ ਹੈ।

ਸੀਸ ਦਬਾਇਕੈ ਫੇਸ ਦਿਯੋ[1]
ਬਹੁ ਦੀਰਘ ਸੋ ਉਲਟਜੋ ਬਲੁ ਖਾਏ[1]।
ਲਾਂਗੁਲ[1] ਕੋ ਪਟਕਾਇ ਮਰਜੋ ਤਬਿ
ਤਾਂ ਦਿਸ਼ ਮਾਤ ਨੇ ਨੈਨ ਲਗਾਏ।

[1]ਫੇਹ ਦਿਤਾ।
[1]ਵਲ ਖਾਕੇ।
[1]ਪੂਛ।

ਭੈ ਕਰਿ ਭੀਤ ਗਈ ਢਿਗ ਧਾਇ ਕੈ[1],
[1]ਡਰੀ ਹੋਈ ਭੱਜਕੇ।
ਸ੍ਰੀ ਹਰਿਗੋਬਿੰਦ ਦੀਨਿ ਬਗਾਏ[1]।
[1]ਦੂਰ ਸੁੱਟ ਦਿੱਤਾ (ਸੱਪ)।
ਦੂਰ ਪਰਜੋ ਮ੍ਰਿਤੁ ਭੋਗ[1] ਪਸਾਰ ਕੈ,
[1]ਫਣ।
ਭੂਰ ਭਯੰਕਰ ਹ੍ਵੈ ਸਰਲਾਏ[1] ॥੪॥
[1]ਸਿੱਧਾ ਹੋਕੇ
ਮਾਤ ਨੇ ਜਾਇ ਉਛੰਗ ਲੀਏ
ਬਿਸਮਾਇ ਰਹੀ ਸਭਿ ਦੇਖਤਿ ਕਾਂਯਾਂ।
-ਡੰਗ ਹਤਜੋ ਨਹਿਂ ਹੋਇ, ਪਰਜੋ ਮ੍ਰਿਤੁ[1],
[1]ਸੱਪ) ਮੋਯਾ ਪਿਆ।
ਸ੍ਰੀ ਗੁਰ ਨਾਨਕ ਨੰਦ ਬਚਾਯਾ-।
ਅੰਗਨ ਤੇ ਮ੍ਰਿਤਕਾ ਪਟ[1] ਪੌਂਛਤਿ
[1]ਅੰਗਾਂ ਤੋਂ ਮਿਟੀ ਕੱਪੜੇ ਨਾਲ।
ਧੀਰਜ ਤੇ ਮਨ ਫੇਰ ਟਿਕਾਯਾ।
ਹੌਲ ਰਹਜੋ ਉਰ ਰੌਰ ਪਰਜੋ,
ਪੁਨ ਦੌਰਤਿ ਆਵਤਿ ਦਾਸ ਨਿਕਾਯਾ ॥੫॥
ਸ੍ਰੀ ਗੁਰ ਪੈ ਤਬ ਧਾਇ ਕਹਜੋ
'ਇਕ ਨਾਗ ਮਹਾਂ ਨਿਕਸਜੋ ਬਲਿ ਭਾਰੀ।
ਸ੍ਰੀ ਹਰਿ ਗੋਵਿੰਦ ਹਾਥ ਗਹਜੋ
ਤਜਿ ਪ੍ਰਾਨ ਪਰਜੋ ਨਹਿਂ ਜਾਇ ਨਿਹਾਰੀ।
ਨਾਂਹਿ ਛੁਯੋ, ਬਡ ਆਨੰਦ ਭਾ,
ਪਰਮੇਸੁਰ ਆਪ ਭਯੋ ਰਖਵਾਰੀ।'
ਦੇਖਨਿ ਕੋ ਘਰ ਆਵਤਿ ਭੇ
ਸਿਖ ਸਾਥ ਕਛੂ ਬਿਸਮੇ ਨਰ ਨਾਰੀ ॥੬॥

ਦੋਹਰਾ:

ਸ੍ਰੀ ਅਰਜਨ ਜੀ ਜਬਿ ਗਏ,
ਮ੍ਰਿਤਕ ਸਰਪ ਭਾ ਜੋਇ।
ਅਪਰ ਦੇਹਿ ਸੁੰਦਰ ਧਰੀ,
ਕਰੀ ਦਿਖਾਵਨਿ ਸੋਇ ॥੭॥

ਸ੍ਵੈਯਾ:

ਬੂਝਨਿ ਕੀਨਿ ਤਿਸੇ 'ਕਹੁ ਕੌਨ
ਤੂੰ ਕੈਸੇ ਭੁਜੰਗਮ ਕੋ ਤਨ ਪਾਯੋ?
ਕਯੋਂ ਮ੍ਰਿਤੁ ਭਾ, ਕਿਮ ਦੇਹਿ ਲਈ ਅਸ,
ਕਯੋਂ ਕਹੁ ਕਾਰਨ ਹਜਾਂ ਚਲਿ ਆਯੋ?'
ਹਾਥ ਕੋ ਜੋਰਿ ਪ੍ਰਸੰਗ ਸੁਨਾਯਹੁ
'ਪੂਰਬ ਦੇਹ ਮੁਨੀ ਤਪ ਤਾਯੋ।
ਹੁਯੋ ਹੰਕਾਰ ਉਦਾਰ ਮੁਝੇ
-ਨਹਿਂ ਮੋ ਸਮ ਬੇਦ ਕਿਨੂੰ ਨਰ ਗਾਯੋ-
॥੮॥
ਏਕ ਸਮੈਂ ਬਿਚਰੰਤਿ ਹੁਤੋ
ਰਿਖਿ ਨਾਰਦ ਮੋ ਢਿਗ ਆਇ ਗਯੋ।
ਗਜਾਨ ਪ੍ਰਸੰਗ ਭਨੇ ਬਹੁਤੇ,
ਭਗਤੀ ਭਵ ਤਾਰਕ ਨਾਮ ਲਿਯੋ[1]।

[1]ਸੰਸਾਰ ਤੋਂ ਤਾਰਨ ਵਾਲੀ ਭਗਤੀ ਹੈ, ਨਾਮ ਲੈ ਕੇ (ਜੋ ਕਰੀਦੀ ਹੈ)।

ਮੈਂ ਪ੍ਰਸ਼ਨੋਤਰ ਭੂਰ ਕਰੇ
ਗਰਬਜੋ ਉਰ ਮੈਂ ਨਹਿਂ ਮਾਨ ਕਿਯੋ[1]।
ਧਾਰਿ ਰਿਦੈ ਸਮਤਾ ਤਿਹ ਸੋਂ
ਬਚ ਕੂਰ ਕਹੇ ਤਬਿ ਕੋਪ ਭਯੋ ॥੯॥
-ਕਯੋਂ ਤਪਪਾਵਤਿ ਹੈ ਤਨ[†] ਮੂਰਖ!
ਬੇਦ ਰਹੱਸ[1] ਨਹੀਂ ਮਨ ਜਾਨਜੋ।
ਮੋਰ ਅਨਾਦਰ ਕੋ ਫਲ ਪਾਵਹੁ-,
ਤਾਂ ਛਿਨ ਮੈਂ ਇਮ ਸ੍ਰਾਪ ਬਖਾਨਜੋ।
-ਤੂੰ ਕੁਟਲਾਈ ਕਰੇਂ ਅਧਿਕ ਅਰੁ
ਮੋਹਿ ਜੁ ਬਾਕ ਨਹੀਂ ਹਿਤ ਮਾਨਜੋ।
ਯਾਤੇ ਭੁਜੰਗ ਸਰੀਰ ਧਰੋ
ਕਰਿ ਕੋਟਲਤਾ ਸਭਿ ਸੁਧਤ ਹਾਨਜੋ
॥੧੦॥
ਬੇਦ ਪਢਜੋ ਤਨ ਤਾਪ ਤਪਜੋ
ਇਸ ਕੋ ਫਲ ਸ੍ਰਾਪ ਕੇ ਅੰਤ ਮੋਂ ਪਾਵੈਂ।
ਸੰਕਟ ਕੇ ਬਸਿ ਜੀਵਨਿ ਦੇਖਿ,
ਧਰੈਂ ਅਵਤਾਰ ਪ੍ਰਭੁ ਧਰ[1] ਜਾਵੈਂ।

[1]ਨਹੀਂ ਮੰਨਣਾ ਕੀਤਾ।

[†]ਪਾ:-ਮੁਨਿ।

[1]ਭੇਦ, ਤਾਤਪਰਯ।

[1]ਧਰਤੀ ਤੇ।

ਹਾਥ ਛੁਵੈ ਤਿਨ ਕੋ ਤਨ ਤੇਰੇ ਈ
ਤਾ ਛਿਨ ਮੈਂ ਸੁਰ ਲੋਕ ਸਿਧਾਵੈਂ।
ਤੌਂ ਲਗਿ ਜੂਨ ਭੁਜੰਗਮ ਕੀ
ਦੁਖਦਾਇਕ ਧਾਰਿ ਧਰਾ ਬਿਚਰਾਵੈਂ-
॥੧੧॥
ਸ੍ਰੀ ਗੁਰ! ਸੋ ਅਬਿ ਆਇ ਸਮੋਂ,
ਗਹਿ ਮੋਹਿ ਸਪੈਲੇ ਨੇ[1] ਆਨਿ ਕੈ ਛੋਰਾ। [1]ਸੱਪ ਵਾਲੇ ਨੇ।
ਪ੍ਰੇਰਨਿ ਕੀਨਿ ਸ਼ਰੀਕ ਤੁਮਾਰੇ ਨੈ
ਲੋਭ ਦਿਖਾਇ ਕਛੂ ਤਿਸ ਥੋਰਾ।
ਖੋਜਿ ਰਹਯੋ ਖੁਡ ਪਾਈ ਨਹੀਂ,
ਗਹਿ ਲੀਨਿ[1] ਤਬੈ ਬਲ ਤੇ ਸਿਰ ਫੋਰਾ। [1]ਸ੍ਰੀ ਹਰਿ ਗੋਬਿੰਦ ਜੀ ਨੇ) ਫੜ ਲਿਆ।
ਜਾਉਂ ਅਬੈ ਸੁਰਲੋਕ ਜਹਾਂ,
ਗੁਰ ਪੂਰਨ! ਹੋ ਅਭਿਬੰਦਨ ਮੋਰਾ[1]' [1]ਮੇਰੀ ਨਮਸਕਾਰ ਹੋਵੇ (ਆਪ ਨੂੰ)।
॥੧੨॥
ਬ੍ਰਿੰਦ ਖਰੇ ਨਰ ਨਾਰਿ ਸਬੈ
ਸੁਨਿ ਸਾਰੋ ਪ੍ਰਸੰਗ ਰਿਦੈ ਬਿਸਮਾਏ।
ਸ੍ਰੀ ਗੁਰ ਨੇ ਮ੍ਰਿਤੁ ਪੰਨਗ ਕੋ
ਉਚਵਾਇ ਕੈ ਬਾਹਰ ਦੀਨਿ ਦਬਾਏ।
ਕੀਨ ਮਹਾਂ ਉਤਸਾਹਨ ਕੋ
ਧਨ ਦੀਨਸਿ ਰੰਕ ਮਿਲੇ ਸਮੁਦਾਏ।
ਔਰ ਕਰਾਹੁ ਕਰੈਂ ਬਹੁਤੇ
ਗੁਰੁ ਨਾਨਕ ਆਦਿ ਕੇ ਪੈਰ ਮਨਾਏ
॥੧੩॥
ਜਾਤਿ[1] ਸਭੈ ਸੁਧਿ ਲੋਕ ਭਨੈਂ, [1]ਜਾਂਦਿਆਂ ਹੋਇਆਂ।
ਪ੍ਰਿਥੀਏ ਸੁਨਿ ਕੈ ਰਿਸ ਕੋ ਉਪਜਾਈ।
'ਮੂਰਖ ਲੋਗ ਜਿ ਬਾਤ ਸੁਨਾਵਤਿ,
ਝੂਠ ਕਹੈਂ ਸਭਿ ਗਾਥ ਬਨਾਈ।
ਮੋ ਉਰ ਕੋ ਪਰਤੀਤਿ ਨ ਆਵਤਿ,
ਹਾਥ ਮਲੈਂ ਬਿਧਿ ਲੇਤਿ ਉਪਾਈ[1]। [1]ਹੱਥ ਮਲ ਕੇ (ਜਿਵੇਂ ਮਦਾਰੀ ਹੱਥ ਮਲਕੇ ਸ਼ੈਆਂ ਉਪਜਾ ਲੈਂਦਾ ਹੈ) ਤਰੀਕੇ ਬਣਾ ਲੈਂਦੇ ਹਨ।

ਉੱਤਮਤਾ ਨਿਜ ਨੰਦਨ ਕੀ
ਜਗ ਬੀਚ ਬਿਥਾਰਤਿ ਹੀ ਹਰਖਾਈ

॥੧੪॥
ਲੋਭ ਬਧ੍ਯੋ ਮਨ ਮੈਂ ਅਧਿਕਾਇ,
ਪੁਜਾਵਨ ਕੋ ਇਮ ਬਾਤ ਬਨਾਵੈ।
-ਦੇਹਿਂ ਉਪਾਇਨ ਕੋ ਸਮੁਦਾਇ-
ਸੁ ਕੀਰਤਿ ਆਪਨੀ ਲੋਕ ਸੁਨਾਵੈ।
ਕਹਾ ਉਹ ਬਾਲਕ ਜਾਨਤਿ ਨਾ ਕੁਛ,
ਏਕ ਤੇ ਏਕ ਬਡਾਈ ਬਧਾਵੈ।
ਜ੍ਯੋਂ ਧਨ ਆਇ ਉਪਾਇ ਬਨਾਵਤਿ
ਯੌਂ ਛਲਿ ਕੈ ਨਿਜ ਪਾਇ ਪੁਜਾਵੈ'
॥੧੫॥
ਅਪਨੀ ਸੰਗਤ ਹ੍ਵੈ ਇਕਠੀ ਜਬਿ,
ਤੌ ਪ੍ਰਿਥੀਆ ਸਭਿ ਬੀਚ ਸੁਨਾਵੈ।
'ਏ ਛਲ ਕੇ ਕਰਤਾ ਪੁਜਵਾਵਤਿ
ਮੂਰਖ ਲੋਕਨ ਕੋ ਬਿਰਮਾਵੈ।
ਆਪ ਗੁਰੂ ਬਨਿ ਬੈਠਤਿ ਬੀਚਿ,
ਛਲੈ ਧਨ ਕੋ, ਬਹੁ ਦੰਭ ਕਮਾਵੈ।
ਜੋ ਸਿਖ ਮੋਹਿ, ਨਹੀਂ ਦਰਸੋ ਤਿਸ[1]'
ਯੌ ਕਰਿ ਨਿੰਦ ਸਭਾ ਮੈਂ ਬਤਾਵੈ
॥੧੬॥

[1]'ਜੋ ਮੇਰਾ ਸਿੱਖ ਹੈ ਉਹ ਉਸ (ਗੁਰੂ ਅਰਜਨ) ਦਾ ਦਰਸ਼ਨ ਨ ਕਰੇ।

ਸ੍ਵੈਯਾ:
ਸਾਚੋ ਬਨੈ ਨਿਜ ਸੰਗਤਿ ਮੈਂ
ਨਿਤ ਪਾਪ ਕਮਾਵਤਿ ਕੂਰ ਭਨੰਤਾ।
ਨਿੰਦਤਿ ਹੈ ਗੁਰ ਪੂਰਨ ਕੋ
ਉਰ ਧਾਰਿ ਛਿਮਾ ਜੁਊ ਧੀਰਜਵੰਤਾ।
ਹਾਨ ਰੁ ਲਾਭ ਸਮਾਨ ਜਿਨੋ ਕਹੁ,
ਸ਼ੋਕ ਨਹੀਂ ਕਬਿ, ਨ ਹਰਖੰਤਾ।
ਭੋਗ ਮੈਂ ਜੋਗ ਅਰੋਗ ਕਰੈ,
ਜਢ ਲੋਗਨ ਪੈ ਉਪਕਾਰ ਕਰੰਤਾ[1]
॥੧੭॥

[1]'ਗ੍ਰਿਹਸਤ ਵਿਚ ਅਰੋਗ ਜੋਗ ਨੂੰ ਕਰਦੇ ਹਨ ਤੇ ਮੂਰਖ ਲੋਗਾਂ ਤੇ ਉਪਕਾਰ ਕਰਦੇ ਹਨ (ਅ) (ਆਪ) ਭੋਗ ਵਿਚ ਜੋਗ (ਕਰਦੇ ਹਨ ਤੇ ਰੋਗ ਵਿਚ ਫਸੇ ਲੋਕਾਂ ਨੂੰ) ਅਰੋਗਤਾ ਕਰਦੇ ਹੋਏ ਮੂਰਖਾਂ ਤੇ ਉਪਕਾਰ ਕਰਦੇ ਹਨ।

ਸ਼੍ਰੀ ਗੁਰ ਬੈਠਨਿ ਥਾਨ ਗਏ ਜਬਿ
ਗੰਗ ਬਿਲੋਕਤਿ ਹ੍ਵੈ ਬਲਿਹਾਰੀ।
ਨੀਰ ਤੇ ਸਾਰੋ ਸ਼ਰੀਰ ਪਖਾਰਤਿ
ਦਾਸੀ ਜਿ ਤੀਰ ਸੋ ਬਾਤ ਉਚਾਰੀ।
'ਦੇਖਹੁ ਰੀ! ਕਸ ਸੰਕਟ ਭਾ
ਸੁਤ ਮੇਰੋ ਬਚਜੋ ਗਹਿ ਪੰਨਗ ਭਾਰੀ।
ਮੈਂ ਦਿਨ ਰੈਨ ਰਖੌਂ ਢਿਗ ਐਨ ਮੈਂ,
ਹੇਰਤਿ ਹੌਂ ਨਿਜ ਨੈਨ ਅਗਾਰੀ ॥੧੮॥
ਥੋਰੇ ਈ ਕਾਲ ਕਰਜੋ ਇਤਿ ਲੋਚਨ
ਤਾਂ ਫਲ ਹੌਲ ਪਰਜੋ ਉਰਿ ਮੇਰੇ।'
ਯੌਂ ਕਹਿ ਹਾਥ ਰੁਮਾਲ ਧਰੇ
ਮੁਖ ਚੰਦ ਕੋ ਪੌਛਤਿ ਭੀ ਤਿਸ ਬੇਰੇ।
ਸਾਰੋ ਸਰੀਰ ਸੁਧਾਰਿ ਭਲੇ
ਨਵ ਚੀਰ ਨਿਕਾਸ ਕੈ ਲਜਾਈ ਅਛੇਰੇ।
ਨੰਦਨ ਕੋ ਪਹਿਰਾਇ ਅਨੰਦਤਿ
ਸੁੰਦਰ ਰੂਪ ਮੁਕੰਦ ਕੋ ਹੇਰੇ ॥੧੯॥
ਬ੍ਰਿੰਦ ਨੁਛਾਵਰ[1] ਕੀਨਿ ਤਬੈ
ਨਿਜ ਹਾਥ ਤੇ ਦੇਤਿ ਗਰੀਬਨਿ ਕੋ।
ਅੰਮ੍ਰਿਤ ਤੇ ਮਧੁਰੀ ਅਧਿਕੈ
ਅਸ ਲੇਤਿ ਹੈ ਪੁੰਜ ਅਸੀਸਨਿ ਕੋ।
ਬਾਦਤਿ ਪੌਰ[1] ਬਿਖੈ ਬਜਵਾਇ,
ਭਨੈਂ ਦੁਰਬਾਕ ਸ਼ਰੀਕਨਿ ਕੋ[1]।
ਹੋਤਿ ਮਹਾਂ ਉਤਸਾਹ ਤਹਾਂ
ਪ੍ਰਭੁ ਕੇ ਗੁਨ ਗਾਵਤ ਗੀਤਨਿ ਕੋ
॥੨੦॥
ਭੇਦ ਨ ਜਾਨਤਿ ਨੰਦਨ ਕੋ
ਜਿਨ ਪੰਨਗ ਕਾਲੀ[1] ਕੋ ਮਾਨੁ ਮਥਜੋ।
ਕੇਸੀ ਕਰਾਲ, ਬਕਾਸੁਰ, ਕੰਸ
ਹਤੇ ਗਨ ਦੈਂਤ ਮੁਨੀਨਿ ਕਥਜੋ[1]।
ਮੱਲਜ[1] ਚੰਡੂਰ ਹਨਜੋ ਬਲ ਸੋ,

[1]ਬਹੁਤਾ (ਧਨ) ਵਾਰਿਆ।

[1]ਵਾਜੇ ਦਰਵਾਜੇ ਤੇ ਵਜਵਾਏ।

[1]ਲੋਕੀ) ਕਹਿੰਦੇ ਹਨ ਦੁਰਵਾਕ ਸ਼ਰੀਕ (ਪ੍ਰਿਥੀਏ) ਨੂੰ।

[1]ਕਾਲਿਯ ਨਾਮੇ ਨਾਗ ਜਿਸ ਨੂੰ ਕ੍ਰਿਸ਼ਨ ਜੀ ਨੇ ਨੱਥਿਆ ਸੀ।

[1]ਮੁਨੀਆਂ ਨੇ ਏਹ ਵਾਰਤਾ ਕਹੀ ਹੈ।

[1]ਪਹਿਲਵਾਨ।

ਮਘਨਾਥ[1] ਕੋ ਜਾਂਹੀ ਤੇ ਤੇਜ ਅਥਯੋ[2]।
ਜਾਇ ਸੁਯੰਬਰ ਭੂਪਤਿ ਕੇ ਗਨ
ਬੈਲ ਕੋ ਏਕ ਹੀ ਬਾਰ ਨਥਯੋ[1†]
॥੨੧॥

[1]ਮਘਾਂ ਦੇਸ਼ ਦਾ ਰਾਜਾ, ਜਰਾਸਿੰਧ। [2]ਦੂਰ ਹੋਇਆ।
[1]ਸਾਰੇ ਬੈਲਾਂ ਨੂੰ ਇਕੇ ਵਾਰ ਹੀ ਨੱਥਣਾ ਕੀਤਾ।

[†]ਕਵਿ ਜੀ ਏਥੇ ਸ੍ਰੀ ਕ੍ਰਿਸ਼ਨ ਜੀ ਦੇ ਨੱਥੇ ਤੇ ਮਾਰੇ ਦੈਂਤਾਂ ਤੇ ਸ਼ੱਤ੍ਰੂਆਂ ਆਦਿ ਦਾ ਜ਼ਿਕਰ ਕਰਦੇ ਹੋਏ ਇਸ਼ਾਰਾ ਕਰਦੇ ਹਨ ਕਿ ਗੁਰੂ ਜੀ ਉਨ੍ਹਾਂ ਦੇ ਯਾ ਉਸੇ ਤਰ੍ਹਾਂ ਦੇ ਅਵਤਾਰ ਹਨ। ਜੇ ਕਵਿ ਜੀ ਕ੍ਰਿਸ਼ਨ ਜੀ ਨੂੰ ਪੂਰਨ ਅਵਤਾਰ ਸਮਝ ਰਹੇ ਹਨ ਤਾਂ ਗੁਰੂ ਜੀ ਨੂੰ ਉੱਨਾ ਹੀ ਉੱਚਾ ਕਹਿ ਰਹੇ ਹਨ ਤੇ ਜੇ ਗੁਰ ਅਵਤਾਰ ਸਭ ਅਵਤਾਰਾਂ ਤੋਂ ਵੱਡਾ ਹੈ ਤਾਂ ਏਹ ਪ੍ਰਮਾਣ ਦ੍ਰਿਸ਼ਟਾਂਤ ਮਾਤ੍ਰ ਲੈਣੇ ਚਾਹਜੇ, ਗੁਰ ਅਵਤਾਰ ਉਨ੍ਹਾਂ ਤੋਂ ਵਡੇਰਾ ਹੈ। ਸ੍ਰੀ ਕ੍ਰਿਸ਼ਨ ਜੀ ਆਦਿ ਸਾਰੇ ਅਵਤਾਰਾਂ ਨੇ ਗੁਰੂ ਧਾਰਿਆ ਕਿਉਂਕਿ ਓਹ 'ਗੁਰੂ' ਪਦ ਦੇ ਅਵਤਾਰ ਨਹੀਂ ਸਨ। ਗੁਰੂ ਸਾਹਿਬਾਨ 'ਗੁਰੂ ਪਦ ਦੇ ਅਵਤਾਰ ਸਨ, ਇਸੇ ਕਰਕੇ ਓਹ ਆਪਣੇ ਗੁਰੂ ਦਾ ਪਤਾ ਦੇਂਦੇ ਹਨ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ॥' ਇਸ ਨੁਕਤਾ ਖ਼ਯਾਲ ਤੋਂ ਅਵਤਾਰਾਂ ਤੋਂ ਗੁਰੂ ਅਵਤਾਰ ਉੱਚਾ ਹੈ।

ਸ੍ਰੀ ਹਰਿਗੋਵਿੰਦ ਨੰਦਨ ਕੀ
ਮਹਿਮਾ ਕਬਿਹੂੰ ਚਿਤ ਜਾਨਤਿ[1] ਹੈ।
-ਸ੍ਰੀ ਗੁਰ ਪੂਰਨ ਕੇਰ ਸਪੂਤ
ਭਯੋ ਅਵਤਾਰ- ਹੀ ਮਾਨਤਿ ਹੈ।
-ਹੀਨ ਕਰੇ ਬਿਘਨਾਂ ਸਭਿ ਹੂੰ
ਸ਼ਕਤੀ ਅਤਿਵਾਨ- ਪਛਾਨਤਿ ਹੈ।
-ਪੰਨਗ ਭੀਖਨ ਮਾਰ ਦਿਯੋ,
ਹਤਿ ਧਾਇ, ਮਹਾਂ ਬਲ ਠਾਨਤਿ ਹੈ-
॥੨੨॥

[1]ਮਾਤਾ) ਜਾਣਦੀ ਹੈ।

ਮਾਤ ਕਰੈ ਨਿਸ਼ਚੈ ਅਸ ਕੋ ਜਬਿ,
ਸ੍ਰੀ ਹਰਿਗੋਵਿੰਦ ਜਾਨਿ ਰਿਦੇ।
ਮੋਹ ਉਪਾਵਤਿ ਹੈਂ ਤਿਸ ਕੇ
ਕਰਿ ਬਾਲਕ ਰੀਤਿ ਅਨੇਕ ਤਦੇ।
ਹੋਇ ਛੁਧਾਤੁਰ ਜਾਚਤਿ ਭੋਜਨ
ਧੂਰਿ ਲਗਾਵਤਿ ਧਾਇ ਕਦੇ।
ਗੋਦ ਤੇ ਜਾਤਿ ਪ੍ਰਮੋਦ ਭਰੇ
ਚਹੁੰ ਕੋਦ ਫਿਰੈਂ ਰੁਦਯੰਤ ਜਿਦੇ[1]
॥੨੩॥

[1]ਰੋਂਵਦੇ ਹਨ ਜ਼ਿਦ ਕਰਦੇ ਹਨ।

ਬਾਲਕ ਕੀ ਸਮ ਚੰਚਲਤਾ
ਅਵਲੋਕਤਿ ਗੰਗ ਸਪੂਤ ਹੀ ਜਾਨਤਿ।
ਪਾਲਤਿ ਹੈ ਨਿਤ ਲਾਲਤਿ ਹੈ,

ਹਿਤ ਘਾਲਤਿ ਹੈ ਮਨ ਕੋ ਪ੍ਰਿਯ ਮਾਨਤਿ।
ਕੇਤਿਕ ਦਯੋਸ ਬਿਤੀਤ ਭਏ
ਸੁਖ ਸਾਥ ਤਬੈ ਪਗ ਮੈਂ ਬਲ ਠਾਨਤਿ।
ਹੋਤਿ ਖਰੇ[1] ਗੁਨ ਪੁੰਜ ਖਰੇ
ਜਿਨ ਦਾਸ ਤਰੇ ਸਤਿਨਾਮੁ ਬਖਾਨਤਿ ॥੨੪॥
ਸ੍ਰੀ ਚਰਣਾਂਬੁਜ[1] ਤੇ ਚਲਿਬੇ
ਪਗ ਨੂਪਰ ਭੂਪਰ[1] ਦੌਰ ਬਜਾਵੈਂ।
ਕੰਚਨ ਕੀ ਬਰ ਕਿੰਕਨਿ ਹੈ
ਕਟਿ[1] ਹੀਰੇ ਜਰਾਉ ਜਰੇ ਦਮਕਾਵੈਂ।
ਪੀਤ ਗਰੇ ਝਗੁਲੀ ਬਹੁ ਝੀਨ
ਮਹਾਂ ਦੁਤਿ ਤੇ ਤਨ ਚਾਰੁ ਦਿਪਾਵੈ।
ਹਾਥ ਮੈਂ ਕੰਕਨ ਛਾਪ ਛਲਾਯਨਿ
ਸੀਸ ਬਿਭੂਖਨ ਸ਼ੋਭ ਬਢਾਵੈਂ ॥੨੫॥
ਬਾਲਕ ਔਰ ਮਿਲੇ ਤਿਸ ਠੌਰ ਮੈਂ
ਦੌਰਤਿ ਹੈਂ ਅਗੁਵਾ ਪਿਛਵਾਈ।
ਖੇਲਤਿ ਹੈਂ ਬਹੁ ਮੇਲਤਿ ਰੌਰ[1]
ਗੁਰੂ ਹਰਿਗੋਵਿੰਦ ਜੀ ਹਰਖਾਈ।
ਹੋਇ ਇਕੈਠਤਿ ਬੈਠਤਿ ਹੈਂ[1]
ਕਬਿ ਅੰਗ ਅਮੈਠਤਿ ਦੇਤਿ ਪਲਾਈ[1]।
ਸੁੰਦਰ ਮੰਦਰ ਅੰਦਰ ਹ੍ਵੈ
ਕਬਿ ਬਾਹਰ, ਰੋਕਤਿ ਹੈਂ ਭਜ ਜਾਈ ॥੨੬॥
ਗ੍ਰਾਮ ਵਡਾਲੀ ਕੇ ਬਾਲਕ ਜੇ
ਬਡ ਭਾਗ ਭਰੇ ਇਮ ਖੇਲਤਿ ਹੈਂ।
ਸ੍ਰੀ ਹਰਿ ਗੋਵਿੰਦ ਸੰਗ ਮਿਲੇ
ਬਹੁ ਸ੍ਵਾਦ ਕੇ ਭੋਜਨ ਮੇਲਤਿ ਹੈਂ[1]।
ਦਯੋਸ ਸਬੈ ਨਹਿੰ ਪਾਸ ਤਜੈਂ
ਮਿਲਿ ਆਪਸ ਮੈਂ ਬਲ ਰੇਲਤਿ ਹੈਂ।
ਆਪ ਦਿਖਾਇ ਕਰੇ ਕੁਸ਼ਤੀ

[1]ਜਿਨ੍ਹਾਂ ਵਿਚ ਸਾਰੇ ਚੰਗੇ ਗੁਣ ਹਨ (ਉਹ) ਖੜੇ ਹੁੰਦੇ ਹਨ।
[1]ਚਰਣਾ ਕਵਲਾਂ।
[1]ਝਾਂਜਰਾਂ ਪ੍ਰਿਥਵੀ ਤੇ।
[1]ਤੜਾਗੀ ਲੱਕ ਵਿੱਚ।
[1]ਰੌਲਾ ਪਾਉਂਦੇ ਹਨ।
[1]ਅੰਗ ਅਕੜਾਂਵਦੇ ਹਨ, ਦੌੜਦੇ ਹਨ।
[1]ਪਾਂਵਦੇ ਹਨ।
[1]ਧਕੇਲਦੇ ਹਨ।

ਗਹਿ ਹਾਥਨਿ ਸਾਥ ਧਕੇਲਤਿ ਹੈਂ
॥੨੭॥

ਦੋਹਰਾ:

ਇਸ ਪ੍ਰਕਾਰ ਕ੍ਰੀੜਤਿ ਪ੍ਰਭੂ, ਖੇਲਤਿ
ਖੇਲ ਬਿਸਾਲ।
ਮਿਲਹਿਂ ਜਾਲ ਬਾਲਕ ਲਲਿਤ[1], ਨਿਸ
ਮਹਿਂ ਨਿਜ ਨਿਜ ਸਾਲ[2] ॥੨੮॥

[1]ਸੁਹਣੇ। [2]ਰਾਤ ਵੇਲੇ ਆਪੋ ਆਪਣੇ ਘਰ (ਜਾਂਦੇ ਹਨ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਰਪ ਕੋ ਹਤਨ' ਪ੍ਰਸੰਗ ਬਰਨਨੰ ਨਾਮ ਨੌਮੋਂ ਅੰਸੂ ॥੯॥

## ੧੦. [ਰਾਤ ਨੂੰ ਦੇਵਤੇ ਚਰਨ ਪਰਸਨ ਆਏ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਸ੍ਰੀ ਅਰਜਨ ਹੁਇੰ ਜਾਮਨੀ, ਆਵਹਿਂ ਅਜਰ ਮਝਾਰ।
ਬੈਠਿ ਪ੍ਰਯੰਕ ਬਿਰਾਜਤੇ, ਸਭਿ ਸੁਖ ਕੇ ਦਾਤਾਰ ॥੧॥

ਸ੍ਵੈਯਾ:

ਹਾਥ ਕੋ ਜੋਰਿ ਕੈ ਗੰਗ ਬਖਾਨਤਿ
'ਆਪ ਮਹਾਂ ਮਤਿ ਦੇਤਿ ਸਬੈ।
ਮੋਹਿ ਰਿਦਾ ਡਰਪੰਤਿ ਰਹੈ
ਇਸ ਹੇਤੁ ਕਰੌਂ ਬਿਨਤੀ ਸੁ ਅਬੈ।
ਬ੍ਰਿੰਦ ਬਡੇ ਉਤਪਾਤ ਕੇ ਘਾਤਕ
ਆਪ ਸਮ੍ਰੱਥੁ ਜਬੈ ਰੁ ਕਬੈ[1]।

[1]ਸਮੂਹ ਵਡੇ ਉਪੱਦ੍ਰਵਾਂ ਦੇ ਨਾਸ਼ ਕਰਨ ਨੂੰ ਜਦ ਕਦੀ ਆਪ (ਹੀ) ਸਮਰੱਥ ਹੋ।

ਹੋਇ ਨ ਕੋ ਬਿਘਨਾ ਤਿਸ ਥਾਨ
ਜਹਾਂ ਤੁਮ ਨਾਮ ਉਚਾਰਿ ਤਬੈ ॥੨॥
ਆਇ ਬਸੇ ਹਮ ਗ੍ਰਾਮ ਬਿਖੈ
ਕਰਿ ਬ੍ਰਿੰਦ ਉਪਾਇ ਕੋ ਨੰਦਨ ਪਾਯੋ।
ਸੁੰਦਰ ਰੂਪ ਬਿਲੰਦ ਅਨੰਦਕ
ਏਕ ਅਹੈ ਨ ਦੁਤੀ ਉਪਜਾਯੋ।
ਸ਼੍ਰੀ ਗੁਰ ਨਾਨਕ ਆਪ ਦਯਾ ਕਰਿ
ਹਾਥ ਦੈ ਜਾਨਿ ਕੈ ਦਾਸ ਬਚਾਯੋ।
ਧਾਇ[1] ਮਹਾਂ ਅਪਰਾਧਨਿ ਤੇ,
ਇਸ ਪੰਨਗ ਤੇ ਸੁਖ ਸੋਂ ਉਬਰਾਯੋ ॥੩॥

[1]ਦਾਈ।

ਆਪ ਚਲੋ ਅਪਨੇ ਪੁਰਿ ਕੋ
ਤਹਿਂ ਬਾਸ ਕਰੋ ਬਿਘਨੋ ਨਹਿਂ ਹੋਵੈ।
ਸੇਵਕ ਬ੍ਰਿੰਦ ਬਸੈਂ ਸਭਿ ਸੇਵਹਿਂ,
ਚਿੰਤ ਤਹਾਂ ਬਸਿ ਕੈ ਹਮ ਖੋਵੈਂ।
ਈਖਦ[1], ਗ੍ਰਾਮ ਬਿਖੈ ਬਸਤੇ,
ਨਰ ਬ੍ਰਿੰਦ ਨਹੀ ਪੁਰਿ ਜੇਤਿਕ ਜੋਵੈਂ[1]।

[1]ਥੋੜੇ ਜਹੇ।

[1]ਬਹੁਤੇ ਮਨੁੱਖ ਨਹੀਂ ਦੇਖੀਦੇ ਜਿਤਨੇ ਨਗਰ ਵਿੱਚ

ਹੁੰਦੇ ਹਨ।

ਥਾਨ ਬਡੇਰ ਕੇ ਬਾਸ ਕਰੋ
ਸੁਖਰਾਸਿ! ਤਹਾਂ ਨਿਸ਼ਚਿੰਤ ਹੀ ਸੋਵੈਂ'
॥੪॥
ਸ੍ਰੀ ਗੁਰਨਾਥ ਭਨ੍ਯੋ 'ਡਰ ਨਾ ਉਰ,
ਬਾਲਕ ਕੇ ਰਖਵਾਰ ਰਮਾਪਤਿ[1]।
ਭਾਵੀ ਟਰੈ ਨਹਿਂ ਕੋ ਕਿਤ ਜਾਇ,
ਬਨੈ ਤਿਸ ਰੀਤਿ ਮਿਟੈ ਨ ਕਦਾਚਿਤ।
ਆਸ ਕਰੋ ਪਰਮੇਸ਼ਰ ਕੀ
ਜਿਸ ਤੇ ਨਹਿਂ ਔਰ ਬਡੋ ਸੁਖਦਾਹਿਤ[†]।
ਤ੍ਰਾਸ ਬਿਨਾਂ ਕਿਮ ਤ੍ਰਾਸ ਕਰੈ,
ਸਿਮਰੋ ਸਤਿਨਾਮ ਬਿਸਾਲ ਸਦਾ ਚਿਤ
॥੫॥

[1]ਮਾਯਾ ਯਾ ਕੁਦਰਤ ਦਾ ਪਤੀ = ਵਾਹਿਗੁਰੂ।

[†]ਪਾ:-ਦੁਖ ਦਾਹਿਤ।

ਗੂਢ ਮਹਾਂ[1] ਕਪਟੀ ਪ੍ਰਿਥੀਆ
ਨਹਿਂ ਦੇਖਿ ਸਕੈ ਪਰ ਕੀ ਬਡਿਆਈ।
ਬਾਹਰੋ ਪ੍ਰੇਮ ਕਰੇ ਹਿਤ ਭਾਖਤਿ
ਰਾਖਤਿ ਖੋਟ ਰਿਦੈ ਦੁਸ਼ਟਾਈ।
ਹੇਰਤਿ ਹੀ ਹਮ ਕੋ ਦੁਖ ਪਾਵਤਿ
ਯਾ ਹਿਤ ਠਾਨਿ ਅਨੇਕ ਉਪਾਈ।
ਯਾਂ ਤੇ ਰਹੋ ਤਿਸ ਤੇ ਹੁਇ ਦੂਰਿ
ਭਲਿ ਨ ਸ਼ਰੀਕਨਿ ਕੀ ਕੁਟਲਾਈ'
॥੬॥

[1]ਬਹੁਤਾ ਗੁੱਝਾ (ਅ) ਬੜਾ ਭਾਰੀ।

ਯੌਂ ਕਹਿ ਸ੍ਰੀ ਗੁਰ ਤੂਸ਼ਨ ਕੀਨਿ,
ਬਿਚਾਰਤਿ -ਨਾਰਿ ਸੁਭਾਵ ਸ ਤ੍ਰਾਸਾ।
ਸੋਚਤਿ ਹੈ ਸੁਤ ਧਾਰਿ ਸਨੇਹ ਕੋ,
ਜਾਨਤਿ ਹੈ ਨ ਇਹੈ ਬਲ ਰਾਸਾ[1]।
ਧੀਰਜ ਛੋਰਿ ਡਰਾਕੁਲ ਬੋਲਤਿ
ਬਾਕ ਸੁਨੇ ਅਸ ਹੋਤਿ ਉਦਾਸਾ।
ਚਾਹਤਿ ਹੈ ਪੁਰਿ ਮੈਂ ਬਸਿਬੇ
ਕਹੁ ਪਾਸ ਸ਼ਰੀਕਨਿ ਕੇਰ ਅਵਾਸਾ-
॥੭॥

[1]ਭਾਵ ਸ੍ਰੀ ਹਰਿਗੋਵਿੰਦ ਜੀ ਬਲ ਦੀ ਖਾਣ ਹਨ।

ਯੌਂ ਚਿਤ ਮੈਂ ਚਿਤਵੰਤਿ ਦਯਾਨਿਧਿ[1]
ਹੇਤ ਪ੍ਰਸੰਨ ਕੇ ਬੈਨ ਕਹੇ।
'ਬਾਸੁਰ ਕੇਤਿਕ ਬਾਸ ਕਰੋ ਇਤ,
ਫੇਰ ਕਰੈਂ ਚਿਤ ਤੋਰ ਚਹੇ[1]।
ਬਾਲਕ ਕੋ ਪ੍ਰਤਿਪਾਲ ਕਰੋ
ਨਿਤ ਹੋਇ ਬਿਸਾਲ ਅਨੰਦ ਲਹੇ।'
ਗੰਗ ਨੇ ਸ਼੍ਰੋਨ ਸੁਨੀ ਹਰਖੀ ਉਰ
-ਛੋਡਿ ਹੈਂ ਗ੍ਰਾਮ ਕੋ ਬਾਸ ਇਹੇ-
॥੮॥

[1]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ।
[1]ਜੋ ਤੇਰਾ ਚਿੱਤ ਚਾਹੁੰਦਾ ਹੈ ਕਰਾਂਗੇ।

ਯਾ ਬਿਧਿ ਬੋਲਤਿ ਬੂਝਤਿ ਕੋ[1]
ਨਿਸ ਜਾਮ ਗਈ ਕਰਿ ਖਾਨ ਅਹਾਰਾ।
ਫੇਰ ਜਥਾ ਸੁਖ ਸੋਂ ਸੁਪਤੇ
ਉਠਿ ਪ੍ਰਾਤ ਸਮੇਂ ਜਲ ਮੱਜਨ ਧਾਰਾ।
ਤਾਤ ਕੋ ਲਾਲਤਿ ਹੈ ਪ੍ਰਤਿਪਾਲਤਿ
ਭੂਖਨ ਘਾਲਤਿ[1] ਸ਼ੌਕ ਉਦਾਰਾ।
ਸੁੰਦਰ ਚੀਰ ਸਰੀਰ ਬਿਖੈ
ਪਹਿਰਾਵਤਿ ਹੀ ਹਰਖਾਵਤਿ ਭਾਰਾ
॥੯॥

[1]ਗੁਰੂ ਜੀ ਨੂੰ) ਬੋਲਦਿਆਂ ਤੇ ਮਾਤਾ ਜੀ ਨੂੰ ਪੁੱਛਦਿਆਂ।
[1]ਪਾਉਂਦੀ ਹੈ।

ਦਾਸਨ ਪੈ ਨ ਭਰੋਸ ਧਰੈ,
ਅਠ ਜਾਮ ਰਖੈ ਨਿਜ ਨੈਨ ਅਗਾਰੀ।
ਸੋਵਤਿ ਹਾਥ ਲਗਾਇ ਕੈ ਨੰਦਨ
ਔਚਕ ਜਾਗ ਉਠੇ ਡਰ ਧਾਰੀ।
ਨੀਤ[1] ਸਨੇਹ ਅਛੇਹ ਨਵੋਂ[2] ਹੁਇ,
ਡੀਲ ਬਿਸਾਲ ਬ੍ਰਧੈ ਬਲਿ ਭਾਰੀ।
ਸੁੰਦਰ ਸੂਰਤਿ ਸ਼ੋਭਤਿ ਹੈ,
ਨਿਜ ਕੋਛਰ ਲੇ ਕਰਿ ਹ੍ਵੈ ਬਲਿਹਾਰੀ
॥੧੦॥

[1]ਨਿੱਤ। [2]ਇਕ ਰਸ ਨਵਾਂ।

ਕੇਤਿਕ ਦਯੋਸ ਬਿਤੀਤ ਗਏ ਜਬਿ
ਏਕ ਨਿਸਾ ਪਰਿ ਕੈ ਸਭਿ ਸੋਏ।
ਦੇਵ ਮਿਲੇ ਸਮੁਦਾਇ ਤਬੈ
ਸਭਿ ਆਵਨਿ ਕੀਨਿ ਪ੍ਰਮੋਦਤਿ ਹੋਏ।

ਸ਼੍ਰੀ ਹਰਿਗੋਵਿੰਦ ਜਾਨਿ ਤਿਨੋ ਕਹੁ
ਛੋਰਿ ਪ੍ਰਯੰਕ ਉਠੇ ਸਭਿ ਜੋਏ।
ਦ੍ਵੈ ਕਰ ਬੰਦ ਕਰੈਂ ਅਭਿਬੰਦਨ
ਦੂਖ ਨਿਕੰਦਨ ਤੀਰ ਖਰੋਏ ॥੧੧॥
ਨਾਰਦ, ਸਾਰਦ, ਪਾਰਦ ਸੇ ਤਨ[1],
ਸ਼੍ਰੀ ਬ੍ਰਹਮਾ, ਮਘਵਾ, ਜੁਤ ਆਏ।
ਆਠ ਬਸੁ[1] ਅਰ ਰੁੱਦ੍ਰ ਇਕਾਦਸ਼,
ਪਾਵਕ ਅੱਗ੍ਰ ਮਿਲੇ ਸਮੁਦਾਏ।
ਔਰ ਕਹਾਂ ਤਿਨ ਕੀ ਗਿਨਤੀ
ਹੁਇ ਦੇਖਨਿ ਕੋ ਅਵਤਾਰ ਸੁਹਾਏ।
ਚੌਸਠ ਜੋਗਨਿ, ਬੀਰ ਬਵੰਜਨ
ਦ੍ਵੈ ਕਰ ਜੋਰਤਿ ਸੀਸ ਨਿਵਾਏ ॥੧੨॥
'ਨਾਸ਼ਨਿ ਕੋ ਤੁਰਕਾਨਿ ਸਮੂਹ,
ਸਰੀਰ ਧਰਜੋ ਤੁਮ ਅੰਤਰਜਾਮੀ!
ਸੇਵਕ ਸੰਤਨਿ ਕੋ ਪ੍ਰਤਿਪਾਰਨਿ,
ਜੋ ਸਤਿਨਾਮ ਜਪੈ ਨਿਤ ਸ੍ਵਾਮੀ।
ਲੋਕ ਅਨੇਕ ਉਧਾਰਨਿ ਕੋ
ਚਿਤ ਦੇਨਿ ਬਿਬੇਕ ਭਏ ਪਥਗਾਮੀ[1]!
ਸੁਰ ਮਹਾਂ ਭੁਜ ਪੂਰਨ ਸ਼੍ਰੀ ਗੁਰ,
ਸ਼ੱਤ੍ਰੁਨ ਚੂਰਨਿ ਕੋ[1] ਨਿਤ ਕਾਮੀ' ॥੧੩॥
ਕੀਰਤਿ ਕੋ ਬਿਸਤੀਰਤਿ ਯੌ
ਪਦ ਪੂਜਤਿ ਚੰਦਨ ਕੋ ਚਰਚਾਏ।
ਧੂਪ ਧੁਖਾਵਤਿ ਫੂਲ ਚਢਾਵਤਿ
ਔਰ ਸੁਗੰਧਿਨ ਕੋ ਅਰਚਾਏ।
ਕੁੰਕਮ ਸੋਂ ਘਨਸਾਰ[1] ਘਸਾਇ
ਕਰੈਂ ਬਿਨਤੀ ਸੁਰ ਸ੍ਵੈ ਸਮੁਦਾਏ।
'ਜਯੋਂ ਹੁਇ ਆਇਸ ਰਾਵਰ ਕੀ
ਹਮ ਕਾਜ ਕਰੈਂ ਤਿਮ ਦਯੋ ਫੁਰਮਾਏ' ॥੧੪॥

[1]ਪਾਰੇ ਵਤ ਸਰੀਰ ਸਨ ਜਿਨ੍ਹਾਂ ਦੇ।

[1]ਇਕ ਪ੍ਰਕਾਰ ਦੇ ਅੱਠ ਦੇਵਤੇ।

[1]ਰਾਹ ਚੱਲਣ ਵਾਲਿਆਂ (ਭਾਵ ਜੱਗਜਾਸੂਆਂ) ਨੂੰ ਚਿੱਤ ਵਿੱਚ ਬਿਬੇਕ ਦਿੰਦੇ ਹੋ। (ਅ) ਸ਼ੁਭ ਮਾਰਗ ਚਲਾਉਣ ਵਾਲੇ ਹੋ।

[1]ਵੈਰੀਆਂ ਨੂੰ ਨਾਸ਼ ਕਰਨ ਦਾ।

[1]ਕੇਸਰ ਚੰਦਨ ਨਾਲ।

ਚੌਸਠ ਜੋਗਨਿ ਕੀਨਿ ਬਿਨੈ
'ਬਡ ਭੂਖ ਹਮੈ ਨਹਿਂ ਪਾਇਂ ਅਹਾਰਾ।'
ਬੀਰ ਬਵੰਜਨਿ ਬਾਕ ਕਹੇਂ
ਹਮ ਚਾਹਤਿ ਹੈਂ ਬਡ ਜੁੱਧ ਅਖਾਰਾ।'
ਨਾਰਦ ਆਦਿਕ ਪ੍ਰਾਰਥਨਾ ਕਰ
'ਬ੍ਰਿੰਦ ਮਲੇਛ ਬਲੀਨ ਸੰਘਾਰਾ[1]।
[1]ਬਲੀਆਂ ਨੂੰ ਮਾਰਨ ਲਈ।
ਰਾਵਰਿ ਕ੍ਰੁੱਧਤਿ ਜੁੱਧ ਕਰੋ
ਇਮ ਚਾਹਤਿ ਦੇਵਨ ਕੋ ਗਨ ਸਾਰਾ'
॥੧੫॥
ਸ਼੍ਰੀ ਹਰਿ ਗੋਵਿੰਦ ਦੇਤਿ ਅਨੰਦ ਕੋ
ਦੇਵਨ ਬ੍ਰਿੰਦਨ ਸੋਂ ਕਹਿ ਬਾਨੀ।
'ਬੀਰ ਸਭੈ ਤੁਮ ਧਾਰ ਸਰੀਰ ਕੋ
ਧੀਰਜ ਸੋਂ ਬਿਚਰੋ ਧਰਿ ਆਨੀ[1]।
[1]ਧਰਤੀ ਤੇ ਆਕੇ।
ਨਾਰਦ ਕੋ ਦਿਖਰਾਉਂ ਮਹਾਂ ਰਣ,
ਮਾਰਿ ਮਲੇਛ ਕਰੋਂ ਘਮਸਾਨੀ।
ਪੀਵਹੁ ਸ਼੍ਰੋਨਤ ਚੌਸਠ ਜੋਗਨਿ!
ਲੇਹੁ ਡਕਾਰ ਮਹਾਂ ਤ੍ਰਿਪਤਾਨੀ[1] ॥੧੬॥
[1]ਤ੍ਰਿਪਤਿ ਹੋਕੇ।
ਜੁੱਧ ਘਮੰਡ ਪ੍ਰਚੰਡ ਰਚੌਂ,
ਸ਼ਿਵ! ਲੇਹੁ ਬਿਲੰਦ ਹੀ ਮੁੰਡਨਿ ਮਾਲਾ[1]।
[1]ਕਟੇ ਹੋਏ ਸਿਰਾਂ ਦੀ ਮਾਲਾ।
ਕਾਲੀ! ਕਪਾਲ[1] ਭਰੋ ਅਪਨੋ ਪਲ
[1]ਖੱਪਰ।
ਸ਼੍ਰੋਣਤ ਸੰਗ[1] ਉਮੰਗ ਬਿਸਾਲਾ।
[1]ਲਹੂ ਤੇ ਮਾਸ ਨਾਲ।
ਜੋ ਸਭਿ ਦੇਵਨਿ ਕੇ ਮਨਿ ਭਾਵਨਿ
ਸੋ ਕਰਿਹੌਂ ਬਲ ਧਾਰਿ ਕਰਾਲਾ।
ਲਾਲਤਿ ਮਾਤ ਕੋ ਦੇਉਂ ਅਨੰਦ ਸੁ
ਬਾਲਿਕ ਆਰਬਲਾ ਇਸ ਕਾਲਾ
॥੧੭॥
ਜੋ ਸੁਰ ਕੋ ਉਰ ਹੋਇ ਮਨੋਰਥ
ਆਇ ਸਰੀਰ ਧਰੋ ਧਰਿ ਮੈਂ।
ਮੋ ਸੰਗ ਸੈਨ ਬਨੋ ਰਣ ਮੈਂ
ਬਲਵੰਤ ਮਲੇਛਨਿ ਸੰਘਰ ਮੈਂ[1]।
[1]ਦੇ ਯੁੱਧ ਵਿਚ।

ਆਯੁਧ ਕੇਰ ਪ੍ਰਹਾਰ ਕਰੋ
ਉਤਸਾਹਿਤ ਹ੍ਵੈ ਕਰਿ ਕੈ ਬਰ ਮੈਂ।
ਫੇਰ ਪਯਾਨ ਕਰੈਂ ਸੁਰਲੋਕ
ਸੁਧਾਰਿਕੈ ਕਾਜ ਬਸੈਂ ਘਰ ਮੈਂ'
॥੧੮॥
[1] 'ਧੰਨ ਗੁਰੂ ! ਸਭਿ ਦੇਵ ਮਨੋਰਥ
ਪੂਰਨ ਕੋ ਕਰਤਾ ਹਰਖਾਵਤਿ।
ਸ਼ਾਂਤਕੀ ਪੰਚ ਸਰੀਰ ਧਰੇ
ਸਤਿਨਾਮ ਸਨੇਹ ਮੈਂ ਸੇਵਕ ਲਾਵਤਿ।
ਮਾਨਵ ਕੀਨ ਨਿਹਾਲ ਕਰੋਰਨਿ[1]
ਸ਼੍ਰੀ ਪ੍ਰਭੁ ਕੇ ਉਮਗੈਂ ਗੁਨ ਗਾਵਤਿ।
ਪੰਚ ਸਰੂਪ ਅਨੂਪ ਧਰੇ
ਅਬਿ ਪੰਥ ਪ੍ਰਕਾਸ਼ ਕਰੋ ਰਿਪੁ ਘਾਵਤਿ
॥੧੯॥
ਘੋਰ ਮਹਾਂ ਕਲਿ ਕਾਲ ਬਿਖੈ
ਜੁਗ ਆਦਿ ਕੀ ਰੂਰ ਮ੍ਰਿਜਾਦ ਚਲਾਈ[1]।
ਕਜੋਂ ਨ ਚਲੈ, ਸਭਿ ਕੇ ਕਰਤਾ ਤੁਮ
ਆਪ ਭਏ ਜਬਿ ਆਨਿ ਸਹਾਈ।'
ਦੇਵਨਿ ਯੌਂ ਸਿਫਤੀ ਕਰਿ ਦੀਰਘ[1]
ਦੇਖਿ ਸਰੂਪ ਸਭੈ ਬਲਿ ਜਾਈ।
ਦੋਖ ਨਿਕੰਦਨ ਕੋ ਕਰਿ ਬੰਦਨ
ਆਨੰਦ ਕੰਦ ਬਿਲੰਦ ਕਰਾਈ ॥੨੦॥
ਜਾਨਿ ਲਗੇ ਜਬਿ ਗੰਗ ਬਿਲੋਚਨਿ
ਨੀਂਦ ਕੋ ਤਜਾਗਿਤ ਹੀ ਬਿਕਸਾਏ[†]।
ਗੌਨਤਿ[1] ਕੀ ਅਵਿਲੋਕਤਿ ਪੀਠ,
ਅਚੰਭ ਭਈ ਉਰ ਤ੍ਰਾਸ ਕੋ ਪਾਏ।
-ਬ੍ਰਿੰਦ ਏ ਚੋਰ ਗਏ ਭਜ ਕੈ
ਮਮ ਨੰਦਨ ਕੋ ਇਹ ਲੇਵਨਿ ਆਏ।

[1]ਦੇਵਤੇ ਬੋਲੇ।

[1]ਕਰੋੜਾਂ ਹੀ।

[1]ਪਹਿਲੇ ਜੁਗ ਭਾਵ ਸਤਜੁਗ ਦੀ ਸੁੰਦਰ ਮ੍ਰਯਾਦਾ ਟੋਰੀ।

[1]ਭਾਵ ਗੁਰੂ ਜੀ ਦੀ ਬੜੀ ਉਸਤਤਿ ਕੀਤੀ।

[†]ਜਾਗ ਖੁਲ੍ਹਦੇ ਸਾਰ ਪੂਰੀ ਹੋਸ਼ ਆਉਣ ਤੋਂ ਪਹਿਲਾਂ ਕਈ ਵੇਰ ਮਨ ਦੀ ਦਸ਼ਾ ਐਸੀ ਹੁੰਦੀ ਹੈ ਕਿ ਅਭਜਾਸੀਆਂ ਨੂੰ ਤੇ ਕਦੇ ਸਾਧਾਰਨਾਂ ਨੂੰ ਬੀ ਗੁਪਤ ਸਰੂਪ ਨਜ਼ਰੀ ਪੈ ਜਾਂਦੇ ਹਨ।

[1]ਜਾਂਦਿਆਂ ਦੀ।

ਚਾਰੁ ਬਿਭੂਖਨ ਹੀਰਨ ਕੇ ਜੁਤ
ਲੇ ਅਬਿ ਜਾਤਿ ਜਿ, ਕੌਨ ਛੁਟਾਏ-
॥੨੧॥
ਸੇਵਕਨੀ ਸੁਪਤੀ ਜਿ ਸਮੀਪ
ਪੁਕਾਰ ਕੈ ਊਚੇ ਸਮੂਹ ਜਗਾਈ।
'ਕ੍ਯੋਂ ਨ ਬਿਲੋਕਤਿ ਹੋ ਉਠਿ ਕੈ?
ਗਨ ਚੋਰਨਿ ਆਨਿ ਕੈ ਦੀਨਿ ਦਿਖਾਈ।
ਸ਼੍ਰੀ ਹਰਿਗੋਵਿੰਦ ਮੋਹਿ ਤੇ ਦੂਰ
ਹੁਤੇ ਅਬਿ ਮੈਂ, ਗਹਿ ਲੀਨਿ ਉਠਾਈ।
ਦੇਖਤਿ ਮੇਰੇ ਸੁ ਅੰਙਣ ਬੀਚ ਤੇ
ਜਾਗਤੀ ਜਾਨਿ ਗਏ ਸੁ ਪਲਾਈ'
॥੨੨॥
ਦਾਸੀ ਉਠੀ ਤਤਕਾਲ ਫਿਰੀ
ਚਹੁੰ ਕੋਦ ਮੈਂ, ਹੇਰਤਿ ਨਾ ਦਰਸਾਏ[1]।
ਸ਼ੇਸ਼ ਨਿਸਾ ਜਿਤਨੀ ਜੁ ਹੁਤੀ
ਸਭਿ ਜਾਗਤਿ ਮਾਤ ਨੇ ਜਾਮ ਬਿਤਾਏ।
ਬੋਲਤਿ ਬਾਤਨ ਕੋ ਬਤਰਾਵਤਿ[1],
ਤ੍ਰਾਸਤਿ ਨੀਂਦ ਗਈ ਕਿਸ ਥਾਏ।
ਚਿੰਤਤਿ ਚਿੰਤ ਮਹਾਂ ਚਿਤ ਮੈਂ
-ਸੁਤ ਕੋ ਬਿਘਨਾ ਨ ਕਛੂ ਹੁਇ
ਜਾਏ†- ॥੨੩॥

[1]ਚੋਰ) ਨਜ਼ਰ ਨ ਆਏ।

[1]ਬੋਲਦੀ ਹੈ ਤੇ ਗੱਲਾਂ ਕਰਦੀ ਹੈ [ਹਿੰ: ਬਰਤਾਨਾ = ਬਾਤ ਚੀਤ ਕਰਨਾ]

†ਮਾਤਾ ਜੀ ਦਾ ਅਤੁੱਟ ਮੋਹ ਦਿਖਾਉਣ ਤੋਂ ਕਵੀ ਜੀ ਦਾ ਭਾਵ ਹੈ, ਜੋ ਉਹ ਇਨਸਾਨੀ ਵਲਵਲੇ ਦੀ ਬਹੁਲਤਾ ਵਿੱਚ ਹਨ, ਪਰੰਤੂ ਮਾਤਾ ਜੀ ਬੜੇ ਪਤਿੱਬ੍ਰਤ ਤੇ ਬੰਦਗੀ ਵਾਲੇ ਸਨ, ਉਨ੍ਹਾਂ ਦੇ ਫਿਕਰ ਨੂੰ ਸਾਧਾਰਣ ਤਮੋਗੁਣੀ ਚਿੰਤਾ ਨਹੀਂ ਸਮਝਣਾ ਚਾਹੀਏ, ਉਨ੍ਹਾਂ ਦੇ ਅਗਾਧ ਪ੍ਰੇਮ ਨੂੰ ਦਰਸਾਉਣ ਲਈ ਕਵੀ ਜੀ ਇਹ ਤੌਂਖਲੇ ਵਰਣਨ ਕਰਦੇ ਹਨ।

ਭੋਰ ਭਈ ਸਭਿ ਜਾਗਤਿ ਹੀ
ਅਨੁਰਾਗਤਿ ਤਾਤ ਕੋ ਮਾਤ ਦੁਲਾਰੇ।
ਸ਼੍ਰੀ ਹਰਿ ਗੋਵਿੰਦ ਕੇਰ ਪਿਤਾ ਗੁਰ
ਆਇ ਜਬੈ ਨਿਜ ਧਾਮ ਮਝਾਰੇ।
ਭੀਰੁ ਭਯਾਕੁਲ[1] ਭੂਰ ਭਈ
ਭਗਵੰਤ ਸੁ ਕੰਤ ਕੇ ਆਈ ਅਗਾਰੇ।

[1]ਭੈ ਕਰ ਡਰੀ ਹੋਈ [ਸੰਸ: ਭਯ+ਆਕੁਲ਼]

ਹਾਥ ਕੋ ਜੋਰਿ ਨਿਹੋਰਤਿ ਹੈ[1]
'ਤੁਮ ਕ੍ਯੋਂ ਨਹੀਂ ਤਾਤ ਕੋ ਤ੍ਰਾਸੁ
ਬਿਚਾਰੇ ॥੨੪॥
ਜਾਮਨੀ ਮੈਂ ਜਬਿ ਜਾਗਤੀ ਨਹਿਂ ਮੈਂ
ਸੰਕਟ ਹੋਤਿ ਮਹਾਂ ਭਯ ਦਾਏ।
ਚੋਰ ਹੁਤੇ ਸਮੁਦਾਇ ਸੁ ਅੰਙਣ
ਸ੍ਰੀ ਹਰਿ ਗੋਬਿੰਦ ਲੇਨਿ ਕੋ ਆਏ।
ਬੀਚ ਲੀਏ ਸਭਿ ਸੋਂ ਪਰਵਾਰਤਿ
ਆਪਸ ਮੈਂ ਬਹੁ ਬਾਕ ਅਲਾਏ।
ਆਂਖ ਗਈ ਖੁਲ ਮੇਰੀ ਤਬੈ
ਤਤਕਾਲ ਹੀ ਤ੍ਰਾਸ ਤੇ ਦੇਖਿ ਪਲਾਏ[1]
॥੨੫॥
ਮੈਂ ਉਠਿ ਤੁਰਨ ਨੰਦਨ ਲੀਨਸਿ
ਦਾਸੀ ਜਗਾਈ ਬਿਲੋਕਨਿ ਚੋਰਨਿ।
ਧਾਇ ਗਈ ਸਗਰੀ ਦਿਸ਼ ਮਹਿਂ
ਤਿਸ ਨੇ ਬਹੁ ਬੋਲਿ ਦਈ ਸੁਧਿ ਹੋਰਨ[1]।
ਰੌਰ ਪਰ੍ਯੋ ਸੁਨ ਦੌਰਿ ਗਏ ਤਬਿ
ਦਾਸ ਫਿਰੇ ਘਰ ਕੇ ਚਹੁੰ ਕੋਰਨ[1]।
ਕ੍ਯੋਂ ਨ ਚਲੋ ਅਪੁਨੇ ਪੁਰਿ ਕੋ?
ਇਸ ਗ੍ਰਾਮ ਕੋ ਬਾਸ ਕਰੋ ਅਬਿ ਛੋਰਨਿ
॥੨੬॥
ਹੋਤਿ ਮਹਾਂ ਉਤਪਾਤ ਇਹਾਂ
ਸੁਖਬਾਸ ਤਹਾਂ ਪੁਰਿ ਰੂਰ ਜਹਾਂ[1]।
ਮੋਹਿ ਕੋ ਤ੍ਰਾਸ ਬਿਸਾਲ ਰਿਦੇ
ਬਿੱਪ੍ਰੀਤ ਹੀ ਨੀਤ ਭਈ ਅਸਹਾਂ[1]।
ਸ੍ਰੀ ਹਰਿ ਗੋਬਿੰਦ ਨੰਦਨ ਮੇਰੋ ਜੁ
ਹੋਇ ਬਿਲੰਦ ਤੌ ਭੈ ਨ ਕਹਾਂ।
ਚਿੰਤ ਲਹਾਂ ਇਸ ਗ੍ਰਾਮ ਰਹਾਂ,
ਕਰ ਜੋਰ ਕਹਾਂ ਕਰਿ ਮੋਰ ਚਹਾਂ[1]'
॥੨੭॥
ਸ੍ਰੀ ਗੁਰ ਗੰਗ ਕੇ ਬਾਕ ਸੁਨੇ

[1]ਬੇਨਤੀ ਕਰਦੀ ਹੈ।

[1]ਚੋਰ) ਦੌੜ ਗਏ।

[1]ਹੋਰ ਦਾਸੀਆਂ ਨੂੰ।

[1]ਚਹੁੰ ਕੋਨਿਆਂ ਵਿਚ।

[1]ਸੁੰਦਰ ਨਗਰ ਹੈ ਜਿੱਥੇ।

[1]ਐਸੀਆਂ ਨਿੱਤ ਹੀ ਉਲਟ ਰੀਤੀਆਂ ਹੋ ਰਹੀਆਂ ਹਨ। (ਅ) (ਅ+ਸਹਿ) ਜੋ ਸਹੀਆਂ ਨਹੀਂ ਜਾਂਦੀਆਂ।

[1]ਮੇਰੀ ਇੱਛਾ ਪੂਰੀ ਕਰੋ।

ਮੁਸਕਾਵਤਿ ਧੀਰ ਕੇ ਬਾਕ ਕਹੈਂ।
'ਤੇਰੋ ਕਹ੍ਯੋ ਹਮ ਮਾਨਿ ਚਲੈਂ ਪੁਰਿ
ਬੀਚ ਅਵਾਸ ਕੇ ਬਾਸੁ ਚਹੈਂ।
ਤੋ ਸੁਤ ਕੋ ਨਹਿਂ ਤ੍ਰਾਸ ਕਿਸੂ ਥਲ
ਸ਼੍ਰੀ ਪਰਮੇਸ਼ੁਰ ਰੱਛਕ ਹੈਂ।
ਭੋਰ ਕੋ ਪਯਾਨ ਕਰੈਂ ਨਗਰੀ ਨਿਜ,
ਲੇ ਸਗਰੀ ਵਸਤੂ ਜਿ ਅਹੈਂ' ॥੨੮॥

ਦੋਹਰਾ:
ਇਸ ਪ੍ਰਕਾਰ ਕਹਿ ਸ਼੍ਰੀ ਗੁਰੂ, ਤਯਾਰੀ
ਸਕਲ ਕਰਾਇ।
ਸਦਨ ਸਮਾਜ ਸੰਭਾਰਿਓ, ਦਾਸ ਲਗੇ
ਸਮੁਦਾਇ ॥੨੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਦੇਵਨ ਕੋ' ਪ੍ਰਸੰਗ ਬਰਨਨੰ ਨਾਮ ਦਸਮੋਂ ਅੰਸੂ ॥੧੦॥

## ੧੧. [ਸ਼੍ਰੀ ਅੰਮ੍ਰਿਤਸਰ ਵਾਪਸ ਆਏ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਜਬ ਸ਼੍ਰੀ ਅਰਜਨ ਚਲਨਿ ਕੋ, ਕਹਜੋ ਸਭਿਨਿ ਕੇ ਮਾਂਹੁ।
ਦਾਸੀ ਦਾਸ ਸਮੂਹ ਜੇ, ਹਰਖਤਿ ਕੀਨਿ ਉਮਾਹਿ ॥੧॥

ਕਬਿੱਤ:

ਚਾਰੁ ਅਸਵਾਰੀ ਕਰੀ ਸਾਰੀ ਤਬਿ ਤਜਾਰੀ ਤਹਿਂ
ਹੇਰਿ ਨਰ ਨਾਰੀ ਕੋ ਉਛਾਹ ਭਯੋ ਮਨ ਮੈਂ।
ਸਜੰਦਨ ਬਹਲ ਅਰੁ ਸਕਟੇ ਸਮਾਜ ਭਰੇ,
ਦਾਸ ਕਰੇਂ ਕਾਰਜ ਕੋ ਲਾਦੀ ਆਨਿ ਤਿਨ ਮੈਂ[1]।
ਬਡੋ ਬਰਟੋਹੇ ਥਾਰ ਦੀਰਘ ਕਰਾਹੇ ਲੀਨਿ
ਔਰ ਸਭਿ ਬਾਸਨ ਸੰਭਾਰੇ ਤਿਸ ਛਿਨ ਮੈਂ।
ਬਸਨ[1] ਕੇ ਭਾਰ ਭੂਰ ਧਰੇ ਕਰਿ ਪੂਰਨ ਕੋ[2]
ਬ੍ਰਿਖਭ ਕੋ ਜੋਰਿ ਕੀਨਿ ਤੂਰਨ ਗਮਨ ਮੈਂ ॥੨॥
ਸੁੰਦਰ ਸੁਰੰਗ ਸਜਜੋ ਸਜੰਦਨ ਪੈ ਜ਼ਰੀਦਾਰ,
ਊਰਧ ਉਤੰਗ ਦ੍ਵੈ ਕਲਸ ਚਾਮੀਕਰ ਕੇ[1]।
ਚੰਚਲ ਤੁਰੰਗ ਬਲ ਸੰਗ ਭਰੇ ਅੰਗ ਜਿਨ,
ਘੁੰਗਰੂ ਘਮੰਕਤਿ ਸਜਾਏ ਬੀਚ ਗਰ ਕੇ।
ਜੁਲੇ ਸਾਥ ਜੋਰਿ ਕਰ, ਹੇਰੇ ਕਛੂ ਤੋਰ

[1]ਆਕੇ ਲੱਦੀ (ਸਮਿੱਗ੍ਰੀ) ਗੱਡਿਆਂ ਵਿਚ।

[1]ਬਸਤ੍ਰਾਂ। [2]ਪੂਰਨ ਕਰਕੇ।

[1]ਸੋਨੇ ਦੇ।

ਕਰਿ
ਫੇਰੇ ਪੁਨ ਮੋਰ ਕਰਿ ਖਰੇ ਦਰ ਘਰ ਕੇ[1]।
ਸ੍ਰੀ ਹਰਿ ਗੋਬਿੰਦ ਨੰਦ ਲੇ ਕਰਿ ਉਛੰਗ ਗੰਗ
ਆਨੰਦ ਬਿਲੰਦ ਕਰਿ, ਬੈਠੀ ਬੀਚ ਬਰਿ ਕੇ[1] ॥੩॥
ਪਾਲਕੀ ਅਰੂਢ ਭਏ ਗੁਰੂ ਗੁਨ ਗੂਢ ਮਹਾਂ
ਪੰਥ ਪ੍ਰਸਥਾਨੇ ਹਰਖਾਨੇ ਪੁਰਿ ਜਾਨਿ ਕੋ।
ਨੰਦ ਮੁਖ ਚੰਦ ਦੇਖਿ ਗਮਨੈ ਸੁ ਮੰਦ ਮੰਦ,
ਦਾਸੀ, ਦਾਸ, ਬ੍ਰਿੰਦ ਸਿਖ, ਸੰਗਤਾਂ ਮਹਾਨ ਕੋ[1]।
ਰਾਮਦਾਸ ਨਗਰੀ ਮੈਂ ਜਾਇ ਕੈ ਪ੍ਰਵੇਸ਼ ਭਏ,
ਬਾਦਿਤ ਅਸ਼ੇਸ਼ ਬਜਵਾਏ ਹਰਖਾਨ ਕੋ।
ਦੁੰਦਭਿ ਅਲਪ ਸੰਖ ਸ਼ੋਰ ਔ ਨਫੀਰ ਗਨ
ਬਾਜਤਿ ਮ੍ਰਿਦੰਗ ਸੋ ਰਬਾਬੀ ਕਰੈਂ ਗਾਨ ਕੋ ॥੪॥
ਰਹੇ ਤੀਨ ਸੰਮਤ ਵਡਾਲੀ ਗੁਰੂ ਮਹਾਰਾਜ,
ਸਗਰੇ ਸਮਾਜ ਸਾਜ ਪੁਰੀ ਨਿਜ ਆਇ ਗੇ।
ਲੋਕ ਸਮੁਦਾਇ ਗੁਰ ਆਗਮ ਕੋ ਸੁਨਿ ਪਾਇ,
ਭਏ ਇਕ ਥਾਇਂ ਸਭਿ ਹੀ ਕੈ ਮੋਦ ਛਾਇ ਗੇ।
ਆਏ ਅਗੁਵਾਇ, ਧਾਇ ਮਿਲੇ ਚਿਤ

[1]ਘਰ ਦੇ ਦਰ ਤੇ ਆ ਖਲੋਤੇ।
[1]ਵੜਕੇ।
[1]ਬਹੁਤੀਆਂ ਸੰਗਤਾਂ।

ਚਾਇ ਚਾਇ,
ਸ਼ਬਦ ਸੁ ਗਾਇ ਗਾਇ, ਪ੍ਰੇਮ ਉਮਗਾਇ ਗੇ।
ਭੇਟ ਅਰਪਾਇ, ਅਰਦਾਸਨਿ ਸੁਨਾਇ ਕਰਿ,
ਸੀਸ ਕੋ ਨਿਵਾਇ ਕਰਿ ਗੁਰੂ ਪਗ ਲਾਇ ਗੇ ॥੫॥
ਦੇਤਿ ਹੈਂ ਬਧਾਈ, 'ਪੁਰੀ ਆਪਨੀ ਸੁਹਾਈ,
ਬਸੋ ਪੁੱਤ੍ਰ ਕੇ ਸਮੇਤ ਨਿਤ ਦਰਸ ਕੋ ਦੀਜੀਏ।'
ਲੇ ਕਰਿ ਸਿਧਾਰੇ ਸੰਗ ਸਦਨ ਸੁਰੰਗ ਜਹਾਂ,
ਹਾਥ ਜੋਰ ਕਹੈਂ 'ਇਹਾਂ ਸੁਖ ਸੋਂ ਬਸੀਜੀਏ।'
ਸ੍ਰੀ ਹਰਿਗੁਬਿੰਦ ਨੰਦ ਹੇਰਤਿ ਉਛੰਗ[1] ਗੰਗ,
ਸਜੰਦਨ ਤੇ ਉਤਰੀ, ਸੁ ਨਾਰੀ ਕਹੈਂ 'ਜੀਜੀਯੇ[1]।
ਸਦਾ ਮੋਦ ਕੀਜੀਏ ਸੁ ਨਗਰੀ ਥਿਰੀਜੀਏ,
ਉਪਾਇਨ ਕੋ ਲੀਜੀਏ, ਹਮਾਰੇ ਪੈ ਪ੍ਰਸੀਜੀਏ ॥੬॥
ਸਦਨ ਸਮਾਜ ਕੋ ਸੰਭਾਰਿ ਕੈ ਉਤਾਰਿ ਕਰਿ
ਪਿਤਾ ਕੇ ਸਥਾਨ[1] ਪੁਨ ਗੁਰੂ ਨੇ ਗਮਨ ਕੀਨਿ।
ਚਰਨ ਨਗਨ ਕਰਿ ਗੰਗ ਲੇ ਉਛੰਗ ਨੰਦ
ਗਮਨੀ ਹੈ ਸੰਗ[1] ਬਹੁ ਉੱਤਮ ਪ੍ਰਸਾਦਿ ਲੀਨਿ।
ਗਏ ਤਬਿ ਹਾਥ ਬੰਦ, ਬੰਦਨਾ ਕਰੀ ਹੈ

[1]ਸ੍ਰੀ ਹਰਿ ਗੋਬਿੰਦ (ਆਪਣਾ ਪੁੱਤਰ) ਦੇਖਦੀ ਹੈ ਗੋਦ ਵਿਚ।

[1]ਜੀਂਵਦੇ ਰਹੋ।

[1]ਭਾਵ ਸ੍ਰੀ ਹਰਿਮੰਦਰ ਜੀ।

[1]ਗੁਰੂ ਅਰਜਨ ਜੀ) ਨਾਲ।

ਤਹਾਂ
ਅਰਜ਼ ਗੁਜਾਰਿ ਕੈ[1] ਪ੍ਰਸਾਦਿ ਕੋ ਬਰਤਾਇ ਦੀਨਿ। — [1]ਅਰਦਾਸਾ ਕਰਕੇ।
ਫਿਰੇ ਹੈਂ ਪ੍ਰਕਰਮਾ ਤੀਨ[†] ਅਧਿਕ ਅਧੀਨ ਹੋਇ, — [†]ਪਾ:-ਫਿਰਕੈ ਪ੍ਰਕਰਮਾ ਦੀਨਿ।
ਕੁਛਕ ਅਸੀਨ[1] ਪੁਨ ਬੰਦਤ ਸੁ ਮਨ ਦੀਨਿ[2] ॥੭॥ — [1]ਬੈਠਕੇ। [2]ਸੁਹਣੇ ਭਾਵ ਸ਼ਰਧਾ ਵਾਲੇ ਮਨ ਨਾਲ ਨਮਸਕਾਰ ਕੀਤੀ।
ਤੈਸੀ ਬਿਧਿ ਗੰਗ ਸੁਤ ਸੰਗ ਲੈ ਕਰਤਿ ਭਈ
ਪੂਜ ਗੁਰੂ ਥਾਨ ਕੋ ਸਦਨ ਪੁਨਿ ਆਇ ਕੈ।
ਜਗਤ ਮ੍ਰਿਜਾਦ ਹੇਤ ਬਹੁਰੋ ਬਿਚਾਰਜੋ ਉਰ,
-ਜੇਠੋ ਹੈ ਸਹੋਦਰ ਸਮੀਪ ਮਿਲੈਂ ਜਾਇ ਕੈ-।
ਮਧੁਰ ਪ੍ਰਸ਼ਾਦ ਲੀਨਿ ਰਿਦੈ ਅਹਿਲਾਦ ਹਿਤ,
-ਗੋਪ ਬਾਦ ਠਾਨੈ ਨਹਿਂ-, ਐਸੇ ਚਿਤ ਲਜਾਇ ਕੈ[1]! — [1]ਗੁਝੇ ਝਗੜੇ ਨਾ ਕਰੇ (ਪ੍ਰਿਥੀਆ), ਇਸ ਤਰ੍ਹਾਂ (ਦੀ ਗੱਲ) ਚਿਤ ਵਿਚ ਲਿਆਕੇ।
ਚਲੇ ਹਰਖਾਇ ਕੈ ਸ ਦਾਸ ਸਮੁਦਾਇ ਕੈ[1], — [1]ਸਾਰੇ ਦਾਸਾਂ ਸਣੇ।
ਉਪਾਇਨ ਉਠਾਇ ਕੇ ਜਿਠਾਈਤਾ ਰਖਾਇ ਕੈ[1] ॥੮॥ — [1]ਵੱਡਾਪੁਣਾ ਰੱਖਣ ਲਈ।
ਪ੍ਰਿਥੀਏ ਕੇ ਪਾਸ ਜਾਇ ਬੰਦਨ ਕਰੀ ਹੈ ਪਾਇ,
ਆਇਸੁ ਕੋ ਪਾਇ ਬੈਠੇ ਰਾਖਿ ਕੈ ਜਿਠਾਈ ਕੋ।
ਗੰਗਾ ਮ੍ਰਿਦੁ ਬਾਨੀ ਬੋਲਿ ਮਿਲੀ ਹੈ ਜਿਠਾਣੀ ਸਾਥ,
ਟੇਕਜੋ ਮਾਥ, ਨੰਦ ਕੋ ਲਗਾਇ ਤਿਸ ਪਾਈ[1] ਕੋ। — [1]ਤਿਸਦੇ ਚਰਨੀਂ।

ਕਰਮੋ ਨਿਹਾਰਿ ਕਰਿ ਸੁੰਦਰ ਲਿਲਾਰ[1] ਮਹਾਂ
ਦੀਰਘ ਦਰਸ ਭਲੇ ਭਾਗ ਬਡਿਆਈ ਕੋ[1]।
ਟੂਕ ਟੂਕ ਰਿਦਾ ਭਯੋ, ਜਲ ਬਲ ਛਾਰ ਥਿਯੋ,
ਊਪਰ ਕਪਟ ਕੀਯੋ ਦੁਧ ਬਿਖ ਨਜਾਈ ਕੋ[1] ॥੯॥
ਆਸ਼ਿਕ ਕਹਿਤ 'ਚਿਰੰਜੀਵ ਸੁਤ ਹੋਹਿ ਤੋਹਿ'
ਕੁਸ਼ਲ ਪ੍ਰਸ਼ਨ ਕਰਿ ਗੋਦ ਮੈਂ ਬਿਠਾਯੋ ਹੈ।
ਏਤਨੇ ਮੈਂ ਸਤਿਗੁਰ ਦਾਸ ਕੋ ਪਠਾਯੋ ਤਹਾਂ
ਲਜਾਇ ਕਰਿ ਪ੍ਰਿਥੀਏ ਕੇ ਪਾਇੰ ਪਰ ਪਾਯੋ ਹੈ।
'ਆਪ ਕੀ ਕ੍ਰਿਪਾ ਤੇ ਜੈਸੇ ਕ੍ਰਿਪਨ ਲਹੈ ਸੁ ਧਨ,
ਤੈਸੇ ਹੀ ਇਹ ਨੰਦਨ ਸਦਨ ਮੈਂ ਸੁਹਾਯੋ ਹੈ।
ਜਾਨੋ ਨਿਜ ਦਾਸ ਕੀਜੈ ਆਸ਼ਿਖਾ ਪ੍ਰਕਾਸ਼ ਸ਼ੁਭ,
ਉਮਰ ਬਿਸਾਲ ਹੋਇ ਜੈਸੇ ਜਨਮਾਯੋ ਹੈ' ॥੧੦॥
ਦੇਖਤਿ ਬਿਸਮ ਗਯੋ, ਰਿਦੈ ਮਹਾਂ ਗ਼ਮ[1] ਭਯੋ,
ਬਧ੍ਯੋ ਮਨ ਕਮਿ ਥਿਯੋ[1], ਸੁੰਦਰ ਸੁ ਨੰਦ ਜਾਨਿ।
ਮਾਧੁਰੋ ਬਚਨ ਕਹ੍ਯੋ 'ਹੋਵੈ ਚਿਰਜੀਵ ਬਾਲ,
ਆਰਬਲਾ ਅਧਿਕ ਕੋ ਬਿਲੰਦ ਠਾਨਿ।'

[1]ਮਸਤਕ।

[1]ਵਡਿਆਈ ਵਾਲੇ ਭਾਗ ਹਨ।

[1]ਦੁੱਧ ਬਿਖ ਨਜਾਇ, ਭਾਵ ਜਿਵੇਂ ਦੁੱਧ ਵਿਚ ਵਿਹੁ ਲੁਕੀ ਹੁੰਦੀ ਹੈ।

[1]ਚਿੰਤਾ।

[1]ਵਧਿਆ ਹੋਇਆ ਮਨ ਥੋੜਾ ਹੋਯਾ।

ਮੋਰ ਜਿਮ ਬਾਕ ਆਛੇ ਜੀਵਨ ਕੋ ਭੱਛ ਕਾਛੇ,
ਬੰਚਕ ਜਤੋਂ ਕਹੈ ਕਛ ਰਾਖੇ ਕੁਛ ਰਿਦੈ ਆਨ[1]।
ਘਟੇ ਮੁਖ ਦੂਧ ਧਰੈ ਪੇਟ ਬਿਖ ਸੰਗ ਭਰੈ[1],
ਤੈਸੇ ਸੋ ਕਰਮ ਕਰੈ ਸੰਕਟ ਮਹਾਨ ਮਾਨ ॥੧੧॥

[1]ਮੋਰ ਦੇ ਜਿਵੇਂ ਬਚਨ ਅੱਛੇ (ਹੁੰਦੇ ਹਨ) ਪਰ ਜੰਤੂਆਂ ਦਾ ਖਾਣਾ ਚਾਹੁੰਦਾ ਹੈ, ਠੱਗ ਜਿਵੇਂ ਕਹਿੰਦਾ ਕੁਛ ਹੈ ਤੇ ਦਿਲ ਵਿਚ ਹੋਰ ਕੁਛ ਰਖਦਾ ਹੈ।

[1]ਘੜੇ ਦੇ ਮੂੰਹ ਵਿਚ ਦੁੱਧ ਹੋਵੇ ਤੇ ਪੇਟ ਭਾਵ ਅੰਦਰ ਵਿਹੁ ਨਾਲ ਭਰਿਆ ਹੋਵੇ।

[1] 'ਸੰਮਤ ਕਿਤਿਕ ਕੋ ਅਨੰਦ ਸੰਗ ਭਯੋ ਨੰਦ?'
ਗੁਰੂ ਤਬਿ ਕਹ੍ਯੋ 'ਅਬਿ ਤੀਸਰੇ ਬਰਸ ਕੋ।'
ਕੁਸ਼ਲ ਪ੍ਰਸ਼ਨ ਦੋਊ ਦਿਸ਼ਿ ਤੇ ਸਕਲ ਕਹੀ,
ਕੋਊ ਘਟੀ ਬੈਠੇ ਸਿਸ ਅੰਗਨਿ ਪਰਸ ਕੋ।
ਸ਼੍ਰੀ ਹਰਿਗੁਵਿੰਦ ਸੰਗ ਆਪ ਲੇ ਉਠਤਿ ਭਏ,
ਗਮਨੇ ਬਹੁਰ ਮਹਾਂ ਦੇਵ ਕੇ ਦਰਸ ਕੋ।
ਸਦਨ ਪ੍ਰਵੇਸ਼ ਕੀਨਿ ਪਾਇਨ ਪ੍ਰਣਾਮ ਠਾਨਿ
ਮਿਲਿ ਕੈ ਪਰਸਪਰ ਧਾਰਤਿ ਹਰਸ਼ ਕੋ ॥੧੨॥

[1]ਪ੍ਰਿਥੀਏ ਪੁਛਿਆ।

ਸ਼੍ਰੀ ਹਰਿਗੋਵਿੰਦ ਨੰਦ ਪਾਯੋ ਚਰਣਾਰਬਿੰਦ
ਦੇਖਤਿ ਉਠਾਯੋ ਮਹਾਂ ਦੇਵ ਲੀਨਿ ਗੋਦ ਮੈਂ।
ਸੁੰਘਤਿ ਲਿਲਾਰ ਕੋ ਦੁਲਾਰਤਿ ਉਚਾਰਿ ਬਚ,
'ਹੋਹਿ ਮਹਾਂ ਜੋਧਾ ਚਿਰੰਜੀਵੀ ਰਹੋ ਮੋਦ ਮੈਂ।

ਬੰਸ ਕੋ ਬਿਭੁਖਨ, ਅਦੂਖਨ ਹ੍ਵੈ ਪੂਖਨ ਸੋਂ[1],
ਕਟੈਗੋ ਕਲੁਖਨਿ, ਸੱਸ੍ਰੂਖੈ ਚਹੂੰ ਕੋਦ ਮੈਂ[1]।
ਬਡੋ ਹ੍ਵੈ ਹੈ ਡੀਲ, ਤੈਸੇ ਸੁੰਦਰ ਸੁਸ਼ੀਲ ਬਹੁ,
ਸੁਜਸੁ ਪਸਾਰੈ ਤੇ ਬਿਤਾਇ ਬਯ ਬਿਨੋਦ ਮੈਂ' ॥੧੩॥

[1]ਸੂਰਜ ਵਾਂਙੂ।

[1]ਚਹੁੰ ਤਰਫਾਂ ਵਿਚ ਪੁਜਿਆ ਜਾਏਗਾ। [ਸੰਸ: ਸ਼ਸ਼ੂਖਾ = ਸੇਵ੍ਾ]

ਦੋਹਰਾ:
ਇਮ ਕਹਿ ਮਹਾਂ ਪ੍ਰਮੋਦ ਕਰਿ, ਮਹਾਂਦੇਵ ਧਰਿ ਪ੍ਰੀਤਿ।
ਦਰਬ ਨਿਛਾਵਰ ਬਹੁ ਕਿਯੋ, ਨਿਜ ਸੁਤ ਸਮ ਲਖਿ ਚੀਤ ॥੧੪॥

ਕਬਿੱਤ:
ਸ੍ਰੀ ਗੁਰੂ ਉਚਾਰੀ, 'ਭਈ ਕਰੁਨਾ ਤੁਮਾਰੀ ਭਾਰੀ
ਯਾਂ ਤੇ ਸੁਖਕਾਰੀ ਸੁਤ ਕਾਂਖਿਤ ਕੋ ਦੀਨਿਓ।
ਆਪ ਹ੍ਵੈ ਸਹਾਈ, ਲੀਨਿ ਦੁਖ ਤੇ ਬਚਾਈ ਨਿਤ,
ਬਿਘਨ ਬਿਨਾਸ ਕੈ ਪ੍ਰਬਲ ਕੀਨਿ ਹੀਨਿਓ[1]।'
ਮਹਾਂਦੇਵ ਕਹ੍ਯੋ 'ਪਿਤਾ ਸਤਿਗੁਰੂ ਹਮਾਰੇ ਜੋਇ
ਤਿਨ ਕੀ ਕ੍ਰਿਪਾ ਤੇ ਐਸੋ ਪਦ ਮਹਾਂ ਲੀਨਿਓ।
ਸੋਈ ਹ੍ਵੈ ਸਹਾਇ ਨਿਜ ਪਜਾਰੇ ਕੋ ਬਚਾਇ ਲੇਤਿ,
ਸੰਕਟ ਨ ਕੋਊ ਹੋਤਿ ਜਹਾਂ ਪੱਖ ਕੀਨਿਓ' ॥੧੫॥
ਆਪ ਸਮੈਂ ਐਸੇ ਕੁਛ ਬਾਰਤਾ ਕਰਤਿ

[1]ਪ੍ਰਬਲ ਵਿਘਨਾਂ ਦੇ (ਬਲ ਨੂੰ) ਹੀਨ ਕਰਕੇ ਨਾਸ਼ ਕਰ ਦਿੱਤਾ ਜੇ। (ਅ) ਹੀਣਿਆਂ ਨੂੰ ਬਲਵਾਨ ਕਰ ਦਿੱਤਾ।

ਭਏ
ਆਇਸੁ ਕੋ ਪਾਇ ਪੁਨ ਆਏ ਹੈਂ ਸਦਨ
ਕੋ।
ਸੁਖ ਸੋਂ ਬਸੇ ਹੈਂ ਸਭਿ ਸੰਕਟ ਨਸੇ ਹੈਂ,
ਦੇਖਿ ਦਾਸ ਬਿਕਸੇ ਹੈਂ, ਗੁਰ ਬਾਲਕ
ਬਦਨ ਕੋ।
ਖੇਲਤਿ ਅਜਰ ਮਾਂਝ ਪਿਤਾ ਪੈਸਕਾਰ
ਸਾਂਝ
ਬੈਠਤਿ ਘਰੀ ਕ ਦੁਖ ਦਾਸਨ ਕਦਨ ਕੋ।
ਮੰਦਰ ਕੇ ਅੰਦਰਿ ਬਿਰਾਜੈਂ ਰੂਪ, ਸੁੰਦਰ
ਸੁ
ਆਨੰਦ ਬਿਲੰਦ ਕੈ ਲਜਾਵਤਿ ਮਦਨ ਕੋ[1]
॥੧੬॥

[1]ਕਾਮਦੇਵ ਨੂੰ।

ਸ੍ਵਾਦਲ ਅਹਾਰਿ ਦੇਤਿ ਜਾਗੇ ਤੇ ਸਕਾਰ
ਹੋਤਿ,
ਫੇਰ ਜਾਮ ਦਿਨ ਚਢੇ ਭੋਜਨ ਕਰਤਿ ਹੈਂ।
ਖੇਲਤਿ ਪਲਾਵਤਿ ਬਿਭੂਖਨ ਸੁਹਾਵਤਿ
ਹੈਂ,
ਸੀਸਫੂਲ[1] ਹੀਰਨਿ ਜਰਾਵ ਕੋ ਧਰਤਿ
ਹੈਂ।

[1]ਸਿਰ ਦਾ ਇਕ ਗਹਿਣਾ।

ਦੀਰਘ ਬਿਲੋਚਨ ਬਿਲੋਕਤ ਹੈਂ ਜਿਸਿ
ਦਿਸ਼ਿ
ਹੋਤਿ ਹੈਂ ਨਿਹਾਲ ਦੁਖ ਸਾਗਰ ਤਰਤਿ
ਹੈਂ।
ਆਸ ਪਾਸ ਦਾਸ ਰਹੈਂ ਬਾਸ ਮੈਂ ਨਿਵਾਸ
ਕਰੈਂ,
ਰਾਖੈ ਮਾਤ ਤ੍ਰਾਸ ਨ ਬਿਸਾਸ ਕੋ ਪਰਤਿ
ਹੈ[1] ॥੧੭॥

[1]ਵਿਸਾਹ ਉਸ ਨੂੰ ਨਹੀਂ ਪੈਂਦਾ।

ਹੋਤਿ ਰਾਤਿ ਮਾਤ ਨਿਜ ਹਾਥ ਸੋਂ
ਅਚਾਇ ਪੁਨਿ
ਪਾਸ ਲੇ ਸੁਪਤਿ ਪ੍ਰਤਿਪਾਰਤਿ ਹੈ ਪ੍ਰੀਤਿ

ਕਰਿ।
ਹਾਥ ਲਾਇ ਗਾਤ ਸਾਥ ਸੋਵਤਿ ਹੈ,
ਜਾਗੈ ਪ੍ਰਾਤ
ਚੰਦ ਮੁਖ ਧੋਵਤਿ, ਦੁਲਾਰੇ ਮੋਦ ਚੀਤ
ਕਰਿ।
ਨਏ ਨਏ ਰੰਗਦਾਰ ਅੰਬਰ ਪਟੰਬਰ ਲੇ
ਅੰਗ ਮੈਂ ਸੁਰੰਗ ਕਬਿ ਸ਼ਜਾਮ ਕਬਿ
ਪੀਤ ਕਰਿ।
ਐਸੀ ਬਿਧਿ ਨੀਤ ਕਰਿ, ਮਹਾਂ ਮਨ
ਹੀਤ ਕਰਿ[1],
ਉਤਸਾਹ ਰੀਤਿ ਕਰਿ, ਬਸੇ ਪੁਰ ਥੀਤ
ਕਰਿ[1] ॥੧੮॥
ਕੇਤਿਕ ਬਿਤੇ ਹੈਂ ਮਾਸ ਬ੍ਰਿੱਧਤਿ ਪ੍ਰਕਾਸ਼
ਬਯ,
ਹੋਏ ਤੀਨ ਸੰਮਤ[†] ਕੇ ਸ੍ਰੀ ਹਰਿਗੋਵਿੰਦ
ਚੰਦ।
ਗੰਗਾ ਕੇ ਉਮੰਗ ਮਨ ਬੋਲੀ ਸ੍ਰੀ ਗੁਰੂ ਕੇ
ਸੰਗ
'ਬਿਘਨ ਬਿਸਾਲਨਿ ਤੇ ਪ੍ਰਭੂ ਨੇ
ਉਬਾਰਜੋ ਨੰਦ।
ਬ੍ਰਹਮ ਭੋਜ ਕੀਜੈ ਆਪ, ਅਧਿਕ ਪ੍ਰਤਾਪ
ਹੋਇ,
ਜੇਨ ਕੇਨ ਦੀਜੀਏ ਅਹਾਰ ਹ੍ਵੈ ਅਨੰਦ
ਕੰਦ!
ਖਾਇ ਹਰਿਖਾਵੈਂ, ਦੇਖਿ ਆਸ਼ਿਖ
ਅਲਾਵੈਂ,
ਬਹੁ ਜੱਸੁ ਬਿਥਰਾਵੈਂਗੇ ਬਿਲੰਦ ਹੀ
ਨਿਕੰਦ ਦੁੰਦ[1]' ॥੧੯॥
ਬਾਨੀ ਪੁੰਨਸਾਨੀ[1] ਸੁਨਿ ਸਤਿਗੁਰੂ
ਅਰਜਨ
ਹੋਇ ਕੈ ਹਰਖ ਮਨ ਹੁਕਮ ਬਖਾਨਿਓ।

[1]ਪਿਆਰ ਕਰਕੇ।

[1]ਇਸਥਿਤ ਹੋਕੇ।

[†]ਬਾਰ੍ਹਵੇਂ ਛੰਦ ਵਿਚ ਪਿਛੇ ਭੀ ਤਿੰਨ ਸਾਲ ਕਹੇ ਹੋਣਗੇ, ਪਰ ਓਹ ਚੜ੍ਹਦੇ ਤਿੰਨ ਸਾਲ ਕਹੇ ਹੋਣਗੇ, ਹੁਣ ਤਿੰਨ ਵਰ੍ਹੇ ਪੂਰੇ ਹੋਏ ਹੋਸਣ।

[1]ਦੁੱਖਾਂ ਦੇ ਕੱਟਣ ਵਾਲਾ।

[1]ਪੁੰਨ ਨਾਲ ਮਿਲੀ ਹੋਈ।

'ਦੀਜੈ ਪੁੰਜ ਧਨ ਆਵੈਂ ਵਸਤੂ ਅਨੇਕ ਮਨ[1]
ਕੀਜੀਏ ਬਿਸਾਲ[1] ਹੈ੍ਵ ਅਤੋਟ ਅੰਨ ਆਨਿਓ।
ਮਾਨੁਖ ਅਸੰਖ ਆਵੈ, ਭੋਜਨ ਜੋ ਮਨ ਭਾਵੈਂ
ਖਾਵੈਂ ਹਰਖਾਵੈਂ ਕਰੈਂ ਪਾਕ[1] ਕੋ ਮਹਾਨਿਓ।
ਘ੍ਰਿੱਤ ਕੋ ਮੰਗਾਵੋ ਸਰਕਰਾ[1] ਕੋ ਖਰੀਦ ਲਜਾਵੋ,
ਸੁੰਦਰ ਗੁਧੂਮ ਕੋ ਪਿਸਾਵੋ ਜੋ ਪ੍ਰਮਾਨਿਓ[1] ॥੨੦॥
ਦਾਸਨ ਦਰਬ ਦੇਯ ਵਸਤੂ ਮੰਗਾਈ ਸਭਿ
ਧਰੇ ਹੈਂ ਕਰਾਹੇ, ਬਹੁ ਕੀ ਪਕਵਾਨ ਕੋ।
ਕਰਜੋ ਹੈ ਕਰਾਹੁ, ਪੂਪ ਪੂਰਿਕਾ[1] ਕਚੌਰੀ ਬਹੁ,
ਮੋਦਕ ਬਨਾਏ ਜੇਉ ਮੋਦਕ ਮਹਾਨ ਕੋ[1]।
ਮੇਵੇ ਸੋਂ ਅਮੇਜ਼[1] ਕਰਿ ਰਾਇਤਾ ਸਲੌਨ ਬਡੋ,
ਮੂਲਿਕਾ[1], ਬ੍ਰਿੰਦਾਰਕ[2] ਰਿਧਾਏ ਸੰਗ ਖਾਨਿ ਕੋ।
ਭੋਜਨ ਸੋਂ ਕੋਸ਼ਠ ਭਰਾਯੋ ਭਾਂਤਿ ਭਾਂਤਿ ਕਰਿ,
ਸਿੱਖਜ ਕੋ ਬਿਠਾਯੋ ਕਰੈ ਜਪੁਜੀ ਬਖਾਨ ਕੋ ॥੨੧॥
ਪ੍ਰਿਥੀਆ ਸੁ ਪ੍ਰਥਮ ਹਕਾਰਜੋ ਸਨਮਾਨ ਸਾਥ,
ਕਰਮੋ ਬੁਲਾਈ ਸੰਗ ਦਾਸੀ ਚਲਿ ਆਈ ਹੈ।
ਮਹਾਂਦੇਵ ਮੋਦ ਰਿਦੈ ਕਰਿ ਆਯੋ ਆਪ,
ਔਰ ਸਿੱਖ ਸੰਗਤਾਂ ਮਿਲੀ ਜੁ ਸਮੁਦਾਈ

[1]ਅਨੇਕ ਮਣ।
[1]ਖੁੱਲੇ (ਦਿਲ) ਹੋਕੇ।
[1]ਰਸੋਈ।
[1]ਖੰਡ।
[1]ਸੁਹਣੀ ਕਣਕ ਅੰਦਾਜ਼ੇ ਦੀ ਪਿਸਾਵੋ ਭਾਵ ਜੋ ਆਟਾ ਵੇਲੇ ਸਿਰ ਘਟੇ ਨਾ।
[1]ਪੂੜੇ ਪੂਰੀਆਂ।
[1]ਲੱਡੂ ਬਣਾਏ ਮਹਾਂ ਅਨੰਦ ਦੇਣ ਵਾਲੇ।
[1]ਮਿਲਾ ਕਰਕੇ।
[1]ਮੂਲੀਆਂ। [2]ਬਤਾਊਂ।

ਹੈ।
ਬਿੱਪ੍ਰ ਆਏ ਬ੍ਰਿੰਦ ਮਿਲਿ ਸੁਨਿ ਸੁਨਿ ਗ੍ਰਾਮਨਿ ਤੇ,
ਰੰਕ ਭਏ ਅਨਗਨ, ਪੰਕਤਿ ਬਿਠਾਈ ਹੈ।
ਲਗੇ ਹੈਂ ਪਰੋਸਨਿ ਅਸਨ ਕੋ ਅਨੇਕ ਨਰ
'ਲੇਹਿ' 'ਦੇਹਿ[1]' ਬਾਨੀ ਤਹਿਂ ਆਨਨ ਅਲਾਈ ਹੈ ॥੨੨॥

[1]ਲਓ ਜੀ-ਦੇਈਏ ਜੀ।

ਜਿਤਨੋ ਅਸਨ ਖਾਇ ਨਰ ਤ੍ਰਿਪਤਾਇ ਰਹੈਂ
ਏਕ ਬਾਰ ਤੇਤਨੋ ਪਰੋਸਜੋ ਹੈ ਬਨਾਇ ਕਰਿ।
ਕੋਊ ਦੇਹਿ ਮੋਦਕ ਸੁ ਪੂਰਿਕਾ ਕਰਾਹੁ ਦੇਤਿ,
ਪੂਪ ਸੋ ਕਚੌਰੀ ਖਾਇ ਰਹੇ ਤ੍ਰਿਪਤਾਇ ਕਰਿ।
ਦਧਿ ਸੋਂ ਪਕੌਰੀ ਬਰੇ[1] ਜੀਰਕ[2] ਮਿਰਚ ਪਾਇ,
ਧਨੀਆ ਲਵਨ ਸੋਂ ਪਰੋਸੀ ਹੈ ਮਿਲਾਇ ਕਰਿ।

[1]ਦਹੀ ਵਾਲੀਆਂ ਪਕੌੜੀਆਂ ਤੇ ਵੜੇ। [2]ਜੀਰਾ।

ਸਾਦ ਕੋ ਸਰਾਹੈਂ ਅਹਿਲਾਦਤਿ[1] ਉਮਾਹੈਂ ਮਨ,

[1]ਅਨੰਦ ਹੁੰਦੇ ਹਨ।

ਤ੍ਰਿਪਤਿ ਹ੍ਵੈ ਚਾਹੈਂ ਖਾਨਿ[1] ਰਹੇ ਬਿਸਮਾਇ ਕਰਿ ॥੨੩॥

[1]ਰੱਜਕੇ ਬੀ ਖਾਣਾ ਚਾਹੁੰਦੇ ਹਨ।

ਰੰਕਨ ਕੋ ਭੋਜਨ ਦਿਯੋ ਹੈ ਤ੍ਰਿਪਤਾਇ ਕਰਿ,
ਜਾਚਤਿ ਜਿਤਿਕ ਦੇਤਿ ਸਭਿਨਿ ਹਕਾਰ ਕਰਿ।
ਖਾਵਤਿ ਅਘਾਵੈਂ[1], ਬਹੁ ਆਸ਼ਿਖ ਅਲਾਵੈਂ ਗਨ

[1]ਤ੍ਰਿਪਤ ਹੋਕੇ।

'ਸ੍ਰੀ ਹਰਿ ਗੋਵਿੰਦ! ਜੀਵੋ ਜੱਗ ਜੁਗ ਚਾਰ ਕਰਿ।'
ਤਬਿ ਗੁਰੂ ਅਰਜਨ ਮਨ ਕੋ ਉਦਾਰ ਮਹਾਂ,
ਦੱਛਨਾ ਰਜਤਪਨ ਦੀਨਿ ਹੈ ਸੁਧਾਰਿ ਕਰਿ।
ਸੁਜਸੁ ਉਚਾਰੈਂ ਸਾਰੇ ਕਹਿ ਬਿਸਤਾਰੈਂ ਬਹੁ
'ਧੰਨ ਗੁਰੂ ਕੀਨੋ ਮਖ[1] ਉਰ ਕੋ ਉਦਾਰ ਕਰਿ' ॥੨੪॥

[1]ਜੱਗ।

ਦੱਛਨਾ ਕੋ ਲੇਇੰ ਦਿਜ ਆਸ਼ਿਖਾ ਕੋ ਦੇਯ ਬਹੁ
'ਉਮਰ ਬਿਲੰਦ ਹੋਇ ਸੁੰਦਰ ਸੁ ਨੰਦ ਕੀ।'
ਕਰਤੇ ਸਤੁਤਿ ਆਪ ਆਪਨੇ ਸਦਨ ਗਏ
ਪ੍ਰਿਥੀਏ ਕੋ ਭੋਜਨ ਅਚਾਯੋ ਸੰਗ ਬ੍ਰਿੰਦ[1] ਕੀ।

[1]ਸਾਰਿਆਂ ਨਾਲ।

ਕਰਮੋ ਕੋ ਸਾਦਰ ਅਹਾਰ ਦੀਨੋ ਭਾਂਤਿ ਭਾਂਤਿ,
ਊਪਰ ਪ੍ਰਸੰਨ ਰੀਤਿ ਕਪਟ ਬਿਲੰਦ ਕੀ[1]।

[1]ਭਾਵ (ਕਰਮੋਂ) ਉਪਰੋਂ ਪ੍ਰਸੰਨ ਤੇ ਅੰਦਰੋਂ ਬੜਾ ਕਪਟ ਰੱਖਦੀ ਹੈ।

ਮਹਾਂਦੇਵ ਮਹਾਂ ਮੋਦ ਸ਼੍ਰੀ ਹਰਿ ਗੋਵਿੰਦ ਗੋਦ[1]

[1]ਗੋਦ (ਵਿਚ ਲੈ ਲੀਤਾ)।

ਅਚਿਕੈ ਅਸਨ ਕੋ ਮ੍ਰਿਜਾਦ ਜਯੋਂ ਬਿਲੰਦ ਕੀ[1] ॥੨੫॥

[1]ਜਿਵੇਂ ਵੱਡਿਆਂ ਦੀ ਰੀਤ ਹੈ।

ਦੋਹਰਾ:
ਮਹਾਂਦੇਵ ਗੁਰਦੇਵ ਸੁਤ, ਅਹੰਮੇਵ ਜਿਸ ਨਾਂਹਿ।
ਗੁਰਤਾ ਗੁਰੁ ਨਿਜ ਅਨੁਜ ਕੀ[1], ਪਿਖਿ ਪ੍ਰਸੰਨ ਮਨ ਮਾਂਹਿ ॥੨੬॥

[1]ਛੋਟੇ ਭਾਈ ਗੁਰੂ ਦੀ ਗੁਰਿਆਈ।

ਨੰਦਨ ਅਪਨ ਮਨਿੰਦ ਲਖਿ, ਹਰਿ
ਗੁਵਿੰਦ ਸੁਖਕੰਦ।
ਧਰਤਿ ਅਨੰਦ ਬਿਲੰਦ ਕੋ, ਪਿਖਿ
ਚਕੋਰ ਜਿਮ ਚੰਦ ॥੨੭॥

ਸੋਰਠਾ:

ਰਿਦੈ ਮੁਦਤਿ ਅਤਿ ਹੋਇ,
ਅਧਿਕ ਮੁਦਤਿ ਕਰਿ ਅਨੁਜ ਕੋ।
ਜਸ ਬਿਸਤੀਰਤਿ ਸੋਇ,
ਸਦਨ ਗਯੋ ਨਰ ਸੰਗ ਕੁਛ ॥੨੮॥
ਸੁਨਿ ਸੁਨਿ ਆਵਤਿ ਧਾਇ,
ਸਗਰੇ ਨਰ ਗੁਰ ਨਗਰ ਕੇ।
ਬਾਂਛਤਿ ਭੋਜਨ ਖਾਇ,
ਕਰਤਿ ਸਤੁਤਿ ਗਮਨੇ ਸਦਨ ॥੨੯॥
ਬਾਜੇ ਬਜਹਿਂ ਬਿਸਾਲ,
ਅੰਮ੍ਰਿਤ ਵੇਲਾ ਹੋਤਿ ਹੀ।
ਸੰਧਜਾ ਲਗਿ ਸੁਖ ਨਾਲਿ,
ਲਘੁ ਦੁੰਦਭਿਸੁ ਨਫੀਰ[1] ਗਨ ॥੩੦॥
ਮਚਹਿ ਕੁਲਾਹਲ ਜਾਲ,
ਫੈਲਤਿ ਜਸ ਸਤਿਗੁਰ ਮਹਤ।
ਲੇਨੋ ਦੇਨ ਬਿਸਾਲ,
ਹੋਤਿ ਗੁਰੂ ਦਰਬਾਰ ਮਹਿਂ ॥੩੧ ॥

[1]ਤੂਤੀਆਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਗੁਰ ਰਾਮਦਾਸ ਨਗਰ ਪ੍ਰਵੇਸ਼' ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

# ੧੨. [ਸ੍ਰੀ ਹਰਿ ਗੋਵਿੰਦ ਜੀ ਦੇ ਸੀਤਲਾ ਨਿਕਲੀ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਅਤਿ ਉਤਸਾਹ ਬਿਲੋਕ ਕੈ, ਕਰਮੋਂ ਦਿਲ ਦਿਲਗੀਰ।
ਨਰ ਨਾਰਿਨਿ ਤੇ ਸੁਨਤਿ ਜਸ, ਮਨਹੁਂ ਰਿਦਾ ਦੇ ਚੀਰ[1] ॥੧॥

[1]ਚੀਰ ਦਿੰਦਾ ਹੈ (ਗੁਰੂ ਦਾ ਜਸ)।

ਪਾਧੜੀ ਛੰਦ:

ਬਜਿਯੰਤ ਪੌਰ ਬਾਜੇ ਬਿਸਾਲ।
ਸੁਨਿਯੰਤਿ ਸ਼੍ਰੋਨ ਤਬਿ ਹ੍ਵੈ ਬਿਹਾਲ।
ਬਸ ਚਲਹਿ ਨਹੀਂ ਸੰਕਟ ਮਹਾਨ।
ਮਨ ਗਿਨਤਿ ਗਟੀ -ਕਿਮ ਬਿਘਨ ਠਾਨਿ? ॥੨॥

ਉਰ ਸੱਲਜ[1] ਮੋਹਿ ਕਿਮ ਨਿਕਸਿ ਜਾਇ।
ਸ਼੍ਰੀ ਹਰਿ ਗੋਵਿੰਦ ਜਿਮ ਕਾਲ ਖਾਇ।
ਤਬਿ ਅਨੰਦ ਉਦਹਿ, ਰਿਦ ਕਰਕ ਹੋਇ।
ਨਤੁ ਮ੍ਰਿਤਕ ਤੁੱਲ[†] ਹਮ ਜਿਯਨਿ ਜੋਇ[1] ॥੩॥

[1]ਤੀਰ [ਪੰਜਾਬੀ ਸੱਲ = ਤੀਰ, ਛੇਕ, ਚੋਭ ਪੀੜ, ਜ਼ਖਮ। ਸੰਸ: ਸ਼ਰ]

[1]ਸਾਡਾ ਜੀਵਣਾ ਮੁਰਦੇ ਤੁੱਲ ਹੈ। [†]ਪਾ:-ਸਮਾਨ।

ਨਿਤ ਕਰਤਿ ਮਹਾਂ ਮੰਗਲ ਸੁ ਚਾਰ।
ਬਹੁ ਦਰਬ ਆਇ ਭਰਿ ਲਿਯ ਭੰਡਾਰ।
ਲਘੁ ਥਾਨ ਹਮਹੁਂ ਤੇ ਭੇ ਮਹਾਨ।
ਸੁਤ ਭਯੋ ਚੰਦ ਸਮੁ ਲਖਿ ਜਹਾਨ[1] ॥੪॥

[1]ਜਹਾਨ ਜਾਣਦਾ ਹੈ।

ਮੰਗਲ ਕਰੰਤਿ ਗੰਗਾ ਅਨੰਦ।
ਸ਼੍ਰੀ ਹਰਿ ਗੁਬਿੰਦ ਜਿਸ ਸ਼ੋਭ ਨੰਦ।
ਜਬਿ ਬਡੋ ਹੋਇ ਸਮ ਬਲੀ ਸਿੰਘ।
ਸਭਿ ਕੋ ਨਿਵਾਇ ਸੰਤੋਖ ਸਿੰਘ- ॥੫॥

ਇਮ ਰਾਤਿ ਦਿਵਸ ਕਰਤੀ ਬਿਚਾਰ।
ਪਤਿ ਸਾਥ ਦੁਖਤਿ ਬਾਕਨਿ ਉਚਾਰਿ।

'ਕਿਮ ਨਹੀਂ ਚਿੰਤ ਚਿਤ ਮੈਂ ਤੁਮਾਰ।
ਦੀਰਘ ਸ਼ਰੀਕ ਨਿਤ ਹ੍ਵੈ ਉਦਾਰ ॥੬॥
ਇਕ ਪੁੱਤ੍ਰ ਤਿਨਹੁ ਕਿਮ ਦਿਹੁ ਖਪਾਇ[1]।
ਗੁਰਤਾ ਬਹੋਰ ਹਮਰੇ ਸੁ ਆਇ।
ਤੁਮ ਰਹੇ ਬੈਠਿ ਨਹਿਂ ਕਰਿ ਉਪਾਇ।
ਇਹ ਬਡੋ ਕਾਜ ਮਨ ਨਹੀਂ ਲਜਾਇ ॥੭॥

[1]ਨਾਸ਼ ਕਰ ਦਿਓ।

ਜਯੋਂ ਕਯੋਂ ਬ੍ਰਿਤੰਤ ਹਮਰੋ ਬਿਤੀਤ[1]।
ਨਿਜ ਪੁੱਤ੍ਰ ਪੌਤ੍ਰ ਕਯਾ ਕਰਹਿਂ ਰੀਤਿ।
ਹੁਇ ਦਰਬ ਹੀਨ ਮਾਂਗਤਿ ਫਿਰਾਇਂ।
ਸਿਖ ਦੇਂ ਨ ਭੇਟ, ਨਹਿਂ ਲਗਹਿਂ ਪਾਇ ॥੮॥

[1]ਜਿਵੇਂ ਕਿਵੇਂ ਸਾਡਾ ਹਾਲ ਤਾਂ ਬਿਤੀਤ ਹੋ ਜਾਵੇਗਾ।

ਤਬਿ ਅਪਨ ਬਡਨਿ ਕੋ ਖੋਟ ਜਾਨਿ।
ਮੁਰਝਾਇ ਝੂਰ ਕਯਾ ਕ੍ਰਿੱਤ ਠਾਨਿ[1]।
ਅਬਿ ਤੋ ਉਪਾਇ ਜੇ ਕਰਹਿਂ ਆਪ।
ਅਸ ਜੁਗਤਿ ਠਾਨਿ ਤਿਨ ਪੁੱਤ੍ਰ ਖਾਪ[1] ॥੯॥

[1]ਕੀ ਕੰਮ ਕਰੇਗੀ (ਸਾਡੀ ਔਲਾਦ)।

[1]ਨਾਸ਼ ਕਰੋ।

ਗੁਰਤਾ ਬਹੋਰ ਹਮ ਬੰਸੁ ਪਾਇ।
ਸਭਿ ਸਿੱਖਯ ਦੇਹਿਂ ਧਨ, ਲਗਹਿਂ ਪਾਇ।
ਕਰਿ ਸਕਹਿਂ ਕਛੂ ਤੌ ਬਿਲਮ ਟਾਰਿ।
ਅਸ ਕਰਿ ਉਪਾਇ ਤਿਨ ਪੁੱਤ ਮਾਰਿ' ॥੧੦॥
ਸਭਿ ਸੁਨੇ ਪ੍ਰਿੱਥੀਏ ਬਚਨ ਕਾਨ।
ਤਬਿ ਦਈ ਧੀਰ ਤਿਸ ਕੋ ਬਖਾਨ।
'ਮਤ ਕਰਹੁ ਚਿੰਤ, ਨਹਿਂ ਜਿਯਹਿ ਸੋਇ।
ਹੈ ਬਾਲ ਅਲਪ ਨਹਿਂ ਬਡੋ ਹੋਇ ॥੧੧॥
ਤਿਹ ਨਿਕਸਿ ਸੀਤਲਾ ਕਰਹਿ ਹਾਨ।

ਮਮ ਬਚਨ ਪਤਾ[1] ਅਬਿ ਲੇਹੁ ਜਾਨਿ।
ਤਿਸ ਤੇ ਜਿ ਬਚਹਿ ਨਹਿਂ ਮ੍ਰਿੱਤੁ ਹੋਇ।
ਤੌ ਮੈਂ ਉਪਾਵ ਅਸ ਕਰਹੁਂ ਕੋਇ ॥੧੨॥

[1]ਪਰਤਾਵਾ।

ਜਿਸ ਤੇ ਬਿਨਾਸਿ ਸ੍ਰੀ ਹਰਿਗੁਵਿੰਦ।
ਹਮ ਪੁੱਤ੍ਰ ਪੌਤ੍ਰ ਸਭਿ ਹ੍ਵੈਂ ਅਨੰਦ।
ਅਬ ਆਇ ਨਿਕਟਿ ਬਿਧਿ ਹ੍ਵੈ ਸੁਖੈਨ[1]।
ਇਸ ਹਤੌਂ ਰੀਤਿ ਕਰਿ ਜੇਨ ਕੇਨ[1]' ॥੧੩॥

[1]ਹੁਣ ਆ ਵਸੇ ਹਨ ਸਾਡੇ ਨੇੜੇ, ਹੁਣ ਵਿਧੀ ਕੋਈ ਸੌਖੀ ਬਣ ਪਵੇਗੀ।

[1]ਜਿਸ ਕਿਸ ਤਰ੍ਹਾਂ।

ਕਰਮੋਂ ਸੁਨੰਤਿ ਬੋਲੀ ਕੁਬੈਨ।
'ਤੁਮਰੋ ਬਚੰਨ ਬਰਕਤ ਸੁ ਹੈ ਨ।
ਭਾ ਪ੍ਰਥਮ ਕੂਰ ਕਹਿ -ਹ੍ਵੈ ਜਰੂਰ[1]-।
ਮੈਂ ਸੁਨਤਿ ਜਾਂਹਿ ਕਿਯ ਹਰਖ ਭੂਰ ॥੧੪॥

[1]ਕਿਹਾ ਸੀ (ਜੋ) ਜ਼ਰੂਰ ਹੋਵੇਗਾ।

ਤੁਮ ਘਟਤਿ ਜਾਤਿ ਐਸ੍ਵਰਜ ਮਾਂਹਿ।
ਸੋ ਬ੍ਰਧੈ ਸਦਾ, ਕੋ ਕਸ਼ਟ ਨਾਂਹਿ।
ਐਸੇ ਬਿਲੋਕਿ ਮੁਝ ਚਿੰਤ ਹੋਤਿ।
ਦਿਨ ਰੈਨ ਐਨ[1] ਸੰਕਟ ਉਦੋਤਿ' ॥੧੫॥

[1](ਸਾਡੇ) ਘਰ।

ਕਹਿ ਪ੍ਰਿਥੀਆ 'ਅਬਿ ਕੈ ਦੇਖਿ ਲੇਹੁ।
ਸੁਖ ਹੋਹਿ ਤੋਹਿ ਜਯੋਂ ਮੈਂ ਕਹੇਹੁ।'
ਇਮ ਸਦਾ ਕਰਤਿ ਦੰਪਤਿ ਬਿਚਾਰ।
ਕੁਛ ਕਰੈਂ ਕਪਟ ਮਿਲਿ ਬਚ ਉਚਾਰਿ ॥੧੬॥

ਨਿਤ ਚਿਤਹਿਂ ਖੋਟ ਕਿਮ ਹ੍ਵੈ ਅਨਰਥ।
ਨਹਿਂ ਕਰਾਮਾਤ ਕੀ ਕੁਛ ਸਮਰਥ।
ਇਤਿ ਅਰਜਨ ਗੁਰੁ ਸਰਲੈ ਸੁਭਾਇ।
ਉਪਕਾਰ ਕਰਨ ਇਕ ਰਿਦੈ ਲਜਾਇ ॥੧੭॥

ਲੋਕਨਿ ਅਨੇਕ ਕੀ ਕਰਤਿ ਸ਼੍ਰੇਯ।
ਸਤਿਨਾਮ ਦੇਤਿ ਕਿਸ ਗਜਾਨ ਦੇਯ।

ਸ੍ਰੀ ਹਰਿਗੁਬਿੰਦ ਆਨੰਦ ਕੰਦ।
ਖੇਲਤਿ ਬ੍ਰਿਧੰਤਿ ਜਿਮ ਦੂਜ ਚੰਦ ॥੧੮॥
ਮ੍ਰਿਦੁ ਬਚਨ ਤੋਤਲੇ ਮੁਖ ਕਹੰਤਿ।
ਸੁਨਿ ਮਧੁਰ ਸ੍ਰੋਨ ਕੋ ਸੁਖਦਵੰਤ[1]। [1]ਸੁਖ ਦੇਣ ਵਾਲੇ।
ਗੰਗਾ ਅਨੰਦ ਕਰਤੀ ਦਲਾਰ।
ਗਰ ਸੰਗ ਲਾਇ ਸੁੰਘਤਿ ਲਿਲਾਰ ॥੧੯॥
ਸੁਨਿ ਬਾਕ ਤੋਤਰੇ ਤ੍ਰਿਪਤਿ ਹ੍ਵੈ ਨ।
ਪੁਨਿ ਪੁਨਿ ਬੁਲਾਇ ਸੁੰਦਰ ਸੁ ਬੈਨ।
ਮੁਖ ਚੰਦਿ ਦੇਖਿ ਕਰਿ ਨਹਿਂ ਅਘਾਇ।
ਪਿਤ ਨਿਕਟ ਗਏ ਚਿਤ ਆਕੁਲਾਇ ॥੨੦॥
ਬਹੁ ਬਾਰ ਪਠਾਵਹਿ ਨਿਕਟਿ ਦਾਸ।
ਸੁਧਿ ਸੁਨਤਿ ਪੁਨਹਿ ਪੁਨ ਲਜਾਇ ਪਾਸ।
ਜਿਮ ਧੇਨੁ ਵਤਸ ਲਘੁ[1] ਨਹਿਂ ਤਜੰਤਿ। [1]ਜਿਵੇਂ ਗਊ ਛੋਟਾ ਵੱਛਾ।
ਤਿਮਿ ਮਹਾਂ ਪ੍ਰੀਤਿ ਦਿਨ ਦਿਨ ਬ੍ਰਿਧੰਤਿ ॥੨੧॥
ਤਜਿ ਮਾਤ ਗੋਦ ਕੋ ਨਿਕਸਿ ਧਾਇਂ।
ਤਬਿ ਅਲੰਕਾਰ ਮ੍ਰਿਦੁ ਧੁਨਿ ਉਠਾਇਂ।
ਪਗ ਨੂਪਰ ਭੂ ਪਰ ਚਲਤਿ ਬਾਜ।
ਕਟਿ ਕਿੰਕਨਿ[1] ਕੰਚਨ ਬਰ ਬਿਰਾਜ ॥੨੨॥ [1]ਲੱਕ ਵਿਚ ਤੜਾਗੀ।
ਹੀਰਨਿ ਜਰਾਉ ਕਰ ਕਟਕ[1] ਸ਼ੋਭ। [1]ਹੱਥ ਵਿਚ ਕੜੇ।
ਦੁਤਿ ਦੇਖਿ ਰੁਚਿਰ ਕਿਸ ਕੇ ਨ ਲੋਭ।
ਬਿਚ ਅਜਰ ਚਾਰੁ ਦੌਰਤਿ ਫਿਰੰਤਿ।
ਸਿਰ ਸੀਸ ਫੂਲ[1] ਸੁੰਦਰ ਸੁਭੰਤਿ ॥੨੩॥ [1]ਚੌਂਕ ਤੋਂ ਛੋਟਾ ਸਿਰ ਦਾ ਇਕ ਸੋਨੇ ਦਾ ਗਹਿਣਾ।
ਸੂਖਮ ਸੁ ਚੀਰ ਗਰ ਪੀਰ ਰੰਗ।
ਗੋਟਾ ਸੁ ਲਾਗ ਸਭਿ ਕੋਰ ਸੰਗ[1]। [1]ਕਿਨਾਰਿਆਂ ਨਾਲ।

| | |
|---|---|
| ਚਮਕਹਿਂ ਸੁ ਫੂਲ ਤਿਸ ਕੇ[1] ਬਨਾਇ। | [1]ਭਾਵ ਗੋਟੇ ਦੇ। |
| ਗਰ ਕੰਧ ਜੁਗਲ[1] ਪਰ ਬਹੁ ਸੁਹਾਇ ॥੨੪॥ | [1]ਗਲੇ ਤੇ ਦੁਹਾਂ ਮੋਢਿਆਂ ਤੇ। |
| ਮਧੁਰੇ ਸੁ ਬੋਲ ਕ੍ਰੀੜਾ ਕਰੰਤਿ। | |
| ਜੋ ਕਰਹਿ ਦਰਸ ਉਰ ਮੁਦ ਧਰੰਤਿ। | |
| ਤਨ ਗੌਰ ਰੰਗ ਲੋਚਨ ਬਿਸ਼ਾਲ। | |
| ਅਰਬਿੰਦ ਪਾਂਖਰੀ ਸੇਤ ਲਾਲ[1] ॥੨੫॥ | [1]ਕਵਲ ਦੀ ਪੰਖੜੀ ਵਤ ਚਿੱਟੇ ਤੇ ਲਾਲ। |
| ਭੁਜ ਹੈਂ ਪ੍ਰਲੰਬ ਕੰਧੇ ਉਤੰਗ[1]। | [1]ਬਾਹਾਂ ਲੰਮੀਆਂ ਮੋਢੇ ਉੱਚੇ। |
| ਬਰ ਸੁਮਿਲ ਆਂਗੁਰੀ ਨਖ[1] ਸੁਰੰਗ। | [1]ਨੌਂਹ। |
| ਮੁਖ ਮੰਡਲ ਪਰ ਕੁੰਡਲ ਡੁਲੰਤਿ। | |
| ਸੁੰਦਰ ਸੁ ਕੇਚ ਮੇਚਕ[1] ਸੁਭੰਤਿ ॥੨੬॥ | [1]ਕਾਲੇ। |
| ਨਿਤ ਪ੍ਰਤਿ ਨਵੀਨ ਇਮ ਹ੍ਵੈ ਅਨੰਦ। | |
| ਬਿਤ ਗਏ ਦਜੋਸ ਤਨ ਹ੍ਵੈ ਬਿਲੰਦ। | |
| ਜਬਿ ਭਏ ਬਰਖ ਪੰਚੈ ਬਿਤੀਤ। | |
| ਕ੍ਰੀੜਤਿ ਬਿਸਾਲ ਹਰਖੰਤਿ ਚੀਤ ॥੨੭॥ | |
| ਇਕ ਦਿਨ ਚਢ੍ਯੋ ਸੁ ਜ੍ਵਰ[1] ਹਰਿ ਗੋਵਿੰਦ। | [1]ਤਾਪ। |
| ਤਬਿ ਰਹੇ ਪੌਢਿ ਚਿਤ ਮਾਤ ਚਿੰਦ[1]। | [1]ਚਿੰਤਾ ਵਿਚ ਹੋ ਗਈ ਮਾਤਾ। |
| ਪੁਨਿ ਦਿਵਸ ਤੀਸਰੇ ਭੀ ਦਿਖਾਇ। | |
| ਜਿਹ ਨਾਮ ਸੀਤਲਾ[1] ਜਗਤ ਗਾਇ ॥੨੮॥ | [1]ਮਾਤਾ (ਚੀਰਕ) ਦੀ ਬੀਮਾਰੀ। |
| ਬਹੁ ਸਘਨ ਨਿਕਸਿ ਬਿਸਫੋਟ[1] ਬ੍ਰਿੰਦ। | [1]ਫਿਮਣੀਆਂ, ਤਾਲੇ। |
| ਕੋ ਦਿਖਤਿ ਛੋਟ ਕੋ ਹ੍ਵੈ ਬਿਲੰਦ। | |
| ਇਕ ਬਾਰ ਸਰਬ ਭਾ ਤਨ ਸੁਲਾਲ। | |
| ਨਹਿਂ ਛੂਛ ਥਾਨ[1] ਕੀਨੇ ਬਿਹਾਲ ॥੨੯॥ | [1]ਖਾਲੀ ਕੋਈ ਥਾਂ ਨਾ ਰਿਹਾ। |
| ਪੌਢੇ ਪ੍ਰਯੰਕ ਪਰ ਦਿਵਸੁ ਰਾਤਿ। | |
| ਬਿਸਫੋਟ ਸਘਨ ਤੇ ਸੋਜ ਗਾਤ[1]। | [1]ਸੋਜ ਸਰੀਰ ਪਰ ਹੋ ਗਈ। |
| ਕਰ ਚਰਨ ਤਰਵ ਪਰ ਜੀਹ ਮਾਂਹਿ[1]। | [1]ਹੱਥ ਤੇ ਚਰਨਾਂ ਦੀ ਤਲੀਆਂ ਪਰ ਤੇ ਜੀਹਬਾ ਵਿਚ। |

ਸਘਨੀ ਸੁ ਖਰ ਚੁੰਚ ਜਾਂਹਿ[1] ॥੩੦॥

[1]ਜਿਨ੍ਹਾਂ ਦੀਆਂ ਨੋਕਾਂ ਤਿੱਖੀਆ ਹਨ, ਵਾ ਲਾਲ ਹਨ। ਮਾਤਾ ਦੇ ਛਾਲਿਆਂ ਦੇ ਮੂੰਹ ਪਹਿਲਾਂ ਸੁਰਖ ਹੀ ਹੁੰਦੇ ਹਨ।

ਲੋਚਨ ਦੁ ਬੀਚ ਮੀਚੇ ਗਏ ਸੁ।
ਉਘਰੰਤਿ ਨਹੀਂ ਦਿਖਿਯਤਿ ਨ ਲੇਸ਼।
ਰਹਿ ਬੈਠ ਨਿਕਟ ਤਜਿ ਧੀਰ ਗੰਗ।
ਬਹੁ ਬਾਰਿ ਪੁੱਤ੍ਰ ਕੇ ਦਿਖਤਿ ਅੰਗ ॥੩੧॥
ਜਿਮ ਹੋਵੈ ਸਾਗਰ ਮਹਿਂ ਜਹਾਜ[†]।
ਕਿਹ ਲਾਦ ਲੀਨਿ ਸਭਿ ਘਰ ਸਮਾਜ।
ਬਹਿ ਬਾਯੁ ਕੁਫੇਰੀ[1] ਹੇਰਿ ਤਾਂਹਿ।
ਇਕ ਪ੍ਰਭੁ ਆਸ ਤਿਮ ਚਿੰਤ ਮਾਂਹਿ ॥੩੨॥

[†]ਪਾ:-ਜਿਮ ਹੋਇ ਸਾਗਰ ਮਹਿ ਅਤਿ ਜਹਾਜ।

[1]ਉਪੁੱਠੀ।

ਗੁਰ ਅਰਜਨ ਤਬਿ ਦਿਜਬਰ ਬੁਲਾਇ।
ਦੁਰਗਾ ਸੁ ਪਾਠ ਪਢਿਬੇ ਲਗਾਇ।
ਕੁਛ ਦੁਰਗਿਆਣੇ[†] ਥਲ ਬਿਠਾਇ।
ਸਭਿ ਧੂਪ ਦੀਪ ਤਿਨ ਕੋ ਦਿਵਾਇ ॥੩੩॥

[†]ਪਾ:-ਦੇਖੋ ਇਸੇ ਰਾਸ ਦੇ ਅੰਸੂ ੧੪ ਅੰਕ ੧੧ ਵਿਖੇ 'ਦੁਰਗਿਆਣਿ' ਪਦ ਹੀ ਹੇਠਲੀ ਟੂਕ।

ਪੂਜਾ ਜੁ ਸੌਜ ਸਭਿ ਭੇਜਿ ਦੀਨਿ।
ਸੰਪਟ ਸੁ ਪਾਠ ਪਢਤੇ ਪ੍ਰਬੀਨ।
ਕੁਛ ਸਦਨ ਬਿਠਾਏ ਬੋਲਿ ਬ੍ਰਿੱਪ।
ਸਭਿ ਚਹਿਂ -ਅਰੋਗ, ਸੁਖ ਹੋਹਿ ਛਿੱਪ੍ਰ- ॥੩੪॥
ਸਗਰੇ ਉਦਾਸ ਦਾਸੀ ਜੁ ਦਾਸ।
ਜੇ ਨਗਰ ਲੋਕ ਬਿਨਤੀ ਪ੍ਰਕਾਸ਼।
ਥਲ ਦੁਰਗਿਆਣੇ[†] ਪ੍ਰਾਤ ਜਾਇ।
ਬਹੁ ਬਿਨੈ ਬਾਕ ਕਹਿ ਸੀਸ ਨਜਾਇ[1] ॥੩੫॥

[†]ਪਾ:-ਦੇਖੋ ਇਸੇ ਰਾਸ ਦੇ ਅੰਸੂ ੧੪ ਅੰਕ ੧੧ ਵਿਖੇ 'ਦੁਰਗਿਆਣਿ' ਪਦ ਹੀ ਹੇਠਲੀ ਟੂਕ।

[1]ਨਿਵਾਉਂਦੇ ਹਨ।

'ਤਨ ਕੁਸ਼ਲ ਕਰਹੁ ਸ੍ਰੀ ਹਰਿ ਗੁਵਿੰਦ।
ਹਮ ਬਹੁਰ ਬਿਲੋਕੈਂ ਸਸਿ ਮਨਿੰਦ।'
ਬਹੁ ਕਰਤਿ ਜਤਨ ਯੁਤਿ ਚਿੰਤ ਗੰਗ।

ਨਿਤ ਹੋਮ ਹੋਤਿ ਬਹੁ ਘ੍ਰਿੱਤ ਸੰਗ
॥੨੬॥
ਸਰਕਾਰਾ[1] ਡਾਰਿ ਜਵ ਤਿਲ ਮਿਲਾਇ। [1]ਖੰਡ।
ਖਾਰਕ[1] ਬਦਾਮ ਵਿਚ ਅਗਨਿ ਪਾਇ। [1]ਛੁਹਾਰੇ।
ਸ਼ੁਭ ਦੇ ਅਹਾਰ ਕੰਨਜਾ ਬੁਲਾਇ।
ਭੂਖਨ ਸੁ ਦੇਤਿ ਚੁਨਰੀ[1] ਉਢਾਇ [1]ਚੁੰਨੀਆਂ।
॥੩੭॥
ਸਭਿ ਹਰਖ ਧਾਰਿ ਬੋਲਤਿ ਅਸੀਸ।
ਚਿਰੰਜੀਵ ਕਰਹਿ ਸੁਤ ਤੋਹਿ ਈਸ਼।
ਜਯ ਮਾਤ ਚੰਡਿਕਾ ਹੁਇ ਸਹਾਇ।
ਜਿਨ ਹਤੇ ਦੁਸ਼ਟ ਸੰਤਨ ਬਚਾਇ'
॥੩੮॥
ਦਿਜ ਏਕ ਕਾਲ ਭੋਜਨ ਕਰੰਤਿ।
ਹੁਇ ਸੁਚ ਸ਼ਰੀਰ ਦੁਰਗਾ ਜਪੰਤਿ।
ਇਸ ਰੀਤਿ ਜਤਨ ਬਹੁ ਕਰਤਿ ਗੰਗ।
ਦ੍ਰਿਗ ਮੁੰਦੇ ਦੇਖਿ ਅਰੁ ਸੋਜ ਅੰਗ
॥੩੯॥
ਬਹੁ ਡਰਤਿ ਰਿਦੇ ਚਿੰਤਾ ਬਿਲੰਦ।
'ਮਮ ਪੁੱਤ੍ਰ ਏਕ ਜਨੁ ਚਾਰੁ ਚੰਦ।
ਹੈ ਜਿਤਕ ਹਮਾਰੋ ਗਨ ਕੁਟੰਬ।
ਪ੍ਰਿਯ ਸਭਿਨਿ ਰਿਦੇ ਇਕ ਇਹ ਅਲੰਬ
॥੪੦॥
ਜਿਮ ਕ੍ਰਿਪਨ ਜਤਨ ਕਰਿ ਧਨ
ਉਪਾਇ।
ਤਿਮ ਅਧਿਕ ਚਾਹ ਤੇ ਨੰਦ ਪਾਇ।
ਪ੍ਰਭੁ ਪਾਰਬ੍ਰਹਮ ਰੱਛਕ ਅਕਾਲ।
ਅਬਿ ਹੁਇਂ ਸਹਾਇ ਮੁਝ ਪਰ ਕ੍ਰਿਪਾਲ!
॥੪੧॥
ਗੁਰ ਨਾਨਕ! ਸਿਸ[1] ਨਿਜ ਦਾਸ ਜਾਨ। [1]ਬਾਲਕ ਨੂੰ।
ਹੋਵਹੁ ਸਹਾਇ ਸਭਿ ਕਸ਼ਟ ਹਾਨਿ।
ਸ਼ੁਭ ਰਹੋ ਚਾਰੁ ਲੋਚਨ ਬਿਸਾਲ।

ਨਹਿੰ ਅੰਗ ਭੰਗ ਕੀਜਹਿ ਕ੍ਰਿਪਾਲ!
॥੪੨॥
ਹੁਇ ਮਾਤ ਸੀਤਲਾ! ਬਹੁ ਪ੍ਰਸੰਨ।
ਮਮ ਪੁੱਤ੍ਰ ਰੱਛ ਹੋ ਸੁਖ ਸਪੰਨ।'
ਇਮ ਕਰਤਿ ਬੇਨਤੀ ਗੰਗ ਮਾਤ।
ਦਿਨ ਲਘੁ ਅਹਾਰ ਨਹਿੰ ਸੁਪਤਿ ਰਾਤਿ
॥੪੩॥
ਚਿੰਤਾ ਬਿਲੰਦ ਜਿਸ ਕੇ ਰਹੰਤਿ।
ਬਹੁ ਕਸ਼ਟ ਪੁੱਤ੍ਰ ਕੇ ਤਨ ਲਹੰਤਿ।
ਜੋ ਪ੍ਰਭੁ ਆਪ ਸਭਿ ਦੁਖਨਿ ਖੋਇ।
ਤਿਸ ਦੇਹਿ ਕਸ਼ਟ ਅਸ ਹੈ ਨ ਕੋਇ
॥੪੪॥
ਤੱਦਪਿ ਜੁ ਧਰਜੋ ਮਾਨੁਖ ਸਰੀਰ।
ਅਨੁਸਾਰਿ ਤਾਂਹਿ ਵਰਤਹਿ ਸੁ ਧੀਰ।
ਦਿਨ ਤੀਨ ਬਿਤੇ ਨਿਕਸੀ ਜੁ ਬ੍ਰਿੰਦ।
ਸਭਿ ਭਰੀ[1], ਊਚ ਹ੍ਵੈ ਕਰਿ ਬਿਲੰਦ [1]ਮਾਤਾ ਭਰ ਗਈ।
॥੪੫॥
ਦੋਹਰਾ:
ਇਸ ਪ੍ਰਕਾਰ ਪਰਿਵਾਰ ਸਭਿ, ਚਿੰਤਾ
ਧਰਤਿ ਉਦਾਸ।
ਨਿਸ ਦਿਨ ਪ੍ਰਭੁ ਅਰਾਧਤੇ, 'ਸੰਕਟ
ਹੋਹਿਂ ਬਿਨਾਸ਼' ॥੪੬॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸੀਤਲਾ ਕੋ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

## ੧੩. [ਪ੍ਰਿਥੀਏ ਦੀ ਝੂਠੀ ਗੋਂਦ। ਸਤਿਗੁਰਾਂ ਤੇ ਭਰੋਸਾ ਰੱਖਣ ਤੇ ਸੀਤਲਾ ਮੁੜੀ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਇਤ ਕੁਟੰਬ ਸਭਿ ਚਿੰਤ ਜੁਤ, ਮਹਾਂਦੇਵ ਤੇ ਆਦਿ।
ਚਿਤ ਚਾਹਤਿ ਹੁਇ ਕੁਸ਼ਲ ਤਨ, ਪੁਨਹਿਂ ਪਿਖੈਂ ਅਹਿਲਾਦ ॥੧॥

ਪਾਧੜੀ ਛੰਦ:

ਉਤ ਪ੍ਰਿਥੀਆ ਰਿਦੈ ਅਨੰਦ ਧਾਰਿ।
ਕਰਮੋ ਸਮੀਪ ਬਾਕਨਿ ਉਚਾਰਿ।
'ਅਬਿ ਹੇਰਿ ਭਯੋ ਜਿਮ ਤਿਨਹੁਂ ਨੰਦ।
ਨਹਿ ਜਿਯਨ ਆਸ, ਸ਼ੋਕਤਿ ਬਿਲੰਦ[1] ॥੨॥

ਸਤਿ ਬਾਕ ਮੋਰ ਅਜਹੂੰ ਨ ਜਾਨਿ[1]।
ਜਿਮ ਕਹ੍ਯੋ ਪ੍ਰਥਮ ਮੈਂ ਕੋਪ ਠਾਨਿ।
ਤਿਮ ਭਈ ਸੀਤਲਾ ਨਿਕਸਿ ਭੂਰ।
ਅਬਿ ਹੋਇ ਮ੍ਰਿਤੁ ਤਿਸ ਕੀ ਜ਼ਰੂਰ ॥੩॥

ਮੈਂ ਕਈ ਬਾਰ ਲੀਨੋ ਪਤਜਾਇ।
ਮੁਖ ਕਹੌਂ ਬਾਕ ਨਹਿਂ ਨਿਫਲ ਜਾਇ।
ਬਲ ਕਰਾਮਾਤ ਕੋ ਮੋਹਿ ਮਾਂਹਿ।
ਅਰਜਨ ਲਖੈ ਇਕ, ਔਰ ਨਾਂਹਿ[1] ॥੪॥

ਸੋ ਡਰਤਿ ਰਹਤਿ ਮੋ ਤੇ ਬਿਸਾਲ।
ਪਦ ਕਰਹਿ ਬੰਦਨਾ ਮਿਲਿਨਿ ਕਾਲ।
ਨਹਿਂ ਮਹਾਂਦੇਵ ਤੇ ਭੈ ਕਰੰਤਿ।
ਭੋਰਾ[1] ਸੁਭਾਉ ਨਹਿਂ ਕੁਛ ਬੁਲੰਤਿ ॥੫॥

ਸੁਤ ਮਰੇ ਪਿਛਾਰੀ ਬਨਹਿ ਦੀਨ।
ਪੁਨ ਨਹੀਂ ਨਿਪਜਿ ਹੈ ਆਸ ਹੀਨ।'
ਸੁਨਿ ਕੰਤ ਬੈਨ ਕਰਮੋ ਸੁ ਚੈਨ।
ਉਰ ਹਰਖ ਧਾਰਿ ਪਰਫੁੱਲ੍ਯ ਨੈਨ

[1]ਸ਼ੋਕ ਕਰਦੇ ਹਨ ਬਹੁਤਾ।

[1]ਅਜੇ ਬੀ ਨਹੀਂ ਜਾਣਦੀ?

[1]ਹੋਰ ਕੋਈ ਨਹੀਂ ਜਾਣਦਾ।

[1]ਭੋਲਾ।

॥੬॥
'ਇਮ ਬਚਨ ਸਾਚ ਤੁਮਰੋ ਜਿ ਹੋਇ।
ਇਸ ਸਮ ਉਛਾਹ ਨਹਿਂ ਅਪਰ ਕੋਇ।
ਜਿਸ ਨਿਕਟਿ ਬੀਸ ਦਸ ਗ੍ਰਾਮ ਰਾਜ।
ਬਡ ਹੋਇ ਖਰਚ ਤੂਟਯੋ ਸਮਾਜ ॥੭॥
ਤਿਸ ਢਿਗ ਅਚਾਨਕੈ ਬਨਿ ਸੁ ਜਾਇ।
ਸਭਿ ਚੱਕ੍ਰਵਰਤਿ ਕੋ ਰਾਜ ਪਾਇ[1]।

[1]ਜਿਸ ਪਾਸ ਦਸ ਵੀਹ ਪਿੰਡਾਂ ਦਾ ਰਾਜ ਹੋਵੇ, ਉਸ ਦਾ ਖਰਚਾ ਬੜਾ ਹੋਵੇ ਤੇ ਸਮਾਜ ਟੁੱਟਿਆ ਹੋਵੇ, ਤਿਸ ਪਾਸ ਅਚਾਨਕ ਜੇ (ਐਸੀ ਵਾਰਤਾ) ਬਣ ਜਾਵੇ ਜੋ ਉਹ ਸਾਰੇ ਚੱਕ੍ਰਵਰਤਿ ਦਾ ਰਾਜ ਪਾ ਲਵੇ।

ਇਸ ਬਿਧਿ ਉਛਾਹ ਹਮਰੇ ਸੁ ਹੋਇ।
ਗੁਰਤਾ ਸੁ ਪਾਇ ਹਮ ਬੰਸ ਜੋਇ ॥੮॥
ਸੰਮਤ ਹਜ਼ਾਰ ਲਗ ਹੋਹਿਂ ਪੂਜ।
ਜਗ ਜਿਹ ਸਮਾਨਨਹਿਂ ਔਰ ਦੂਜ।
ਪੂਜੰਤਿ ਪਾਇ ਬਨਿ ਸਿੱਖਜ ਬ੍ਰਿੰਦ।
ਬੰਦੈਂ ਅਨੰਦ ਚੰਦਹਿ ਮਨਿੰਦ[1]' ॥੯॥

[1]ਚੰਦਰਮਾਂ ਵਾਂਙੂ ਨਮਸਕਾਰ ਕਰ ਅਨੰਦ ਹੋਣਗੇ।

ਇਮ ਚਿਤਹਿਂ ਪਾਪ -ਕਿਮ ਹੁਇ ਅਨਰਥ-।
ਜਿਨ ਕੇਰ ਠਟਨ ਸਭਿ ਹ੍ਵੈ ਬਿਅਰਥ[1] ॥੧੦॥

[1]ਜਿਸ (ਪ੍ਰਿਥੀਏ) ਦੇ ਠਟੇ ਸਭ (ਖਿਆਲ) ਵਿਅਰਥ ਹੋਣੇ ਹਨ।

ਬਡ ਪੀਤਿ ਪਾਪ ਸੋਂ ਦਿਵਸ ਰੈਨ।
ਪਰਹੈ ਸੁ ਨਰਕ ਇਮ ਜਾਨਿ ਭੈ ਨ।
ਇਕ ਕੈ ਅਨੰਦ ਦੁਰਿ ਦੁਰਿ ਕਰੰਤਿ[1]।

[1]ਇਨ, ਭਾਵ ਪ੍ਰਿਥੀਏ ਦੇ (ਘਰ) ਲੁਕ ਲੁਕ ਕੇ ਅਨੰਦ ਕਰਦੇ ਹਨ।

ਬਹੁ ਦੁਸ਼ਟ ਬੁੱਧਿ ਪਰ ਦੁਖ ਚਹੰਤਿ।
ਇਸ ਲੋਕ ਅਜਸ[1] ਨਹਿਂ ਡਰਹਿਂ ਕੂਰ।

[1]ਅਪਜੱਸ।

ਪਰਲੋਕ ਨਰਕ ਪ੍ਰਾਪਤਿ ਜ਼ਰੂਰ ॥੧੧॥
ਸ੍ਰੀ ਹਰਿਗੁਵਿੰਦ ਜੀ ਦਿਵਸ ਪੰਚ।
ਦੁਖ ਭਯੋ ਅਧਿਕ ਸੁਖ ਹ੍ਵੈ ਨ ਰੰਚ।
ਬਿਸਫੋਟ ਭਯੇ ਇਕਬਾਰ ਬਿੰਦ।
ਚਮਕਹਿਂ ਬਿਸਾਲ ਮੁਕਤਾ ਮਨਿੰਦ ॥੧੨॥

ਨਹਿਂ ਖਾਨ ਪਾਨ ਨਹਿਂ ਬਾਕ ਭਾਖ।
ਤੂਸ਼ਨ ਰਹੰਤਿ, ਨਹਿਂ ਖੋਲਿ ਆਂਖ।
ਕਰਿ ਮ੍ਰਿਦੁਲ ਸੇਜ ਤੂਲਾਦਿ ਪਾਇ[1]। [1]ਰੂਈ ਆਦਿ ਪਾ ਕੇ।
ਦਿਸ਼ਿ ਦੁਤਿਯ ਮਸੇ ਪਾਸੋ ਫਿਰਾਇ[1] ॥੧੩॥ [1]ਮਸਾਂ ਮਸਾਂ ਦੂਜੀ ਤਰਫ ਪਾਸਾ ਫੇਰਦੇ ਹਨ।
ਕੋ ਗਹੈ ਅੰਗ ਪਿਲ ਪਿਲ ਕਰੰਤਿ।
ਇਕ ਪਾਸ ਪਰੇ ਚਿਰ ਲੌਂ ਬਿਤੰਤਿ।
ਪਿਖਿ ਮਾਤ ਗੰਗ ਚਿੰਤਾ ਬਿਲੰਦ।
'ਸਤਿਗੁਰ ਸਹਾਇ ਹ੍ਵੈ ਅਨੰਦ ਕੰਦ ॥੧੪॥
ਮੈਂ ਦੀਨ ਬਹੁਤ ਇਹ ਦਰਬ ਮੋਰ।
ਦੁਖ ਹਰਹੁ ਆਪ ਇਹ ਅਧਿਕ ਘੋਰ।
ਕਰੁਨਾ ਨਿਧਾਨ ਜ਼ਾਹਰ ਜਹਾਨ।
ਦੀਨਾਨ ਨਾਥ! ਸੁਖ ਕਰਿ ਸੁਜਾਨ' ॥੧੫॥
ਦਿਨ ਰੈਨ ਬੈਨ ਬਿਨ ਚੈਨ ਏਵ।
ਗੰਗਾ ਭਨੰਤਿ ਜਸੁ ਦੇਵ ਦੇਵ[1]। [1]ਦੇਵਤਿਆਂ ਦੇ ਦੇਵ (ਅਕਾਲ ਪੁਰਖ) ਦਾ।
ਦੀਰਘ ਉਸਾਸ ਲੇ ਬਾਰ ਬਾਰ।
ਦ੍ਰਿਗ ਭਰਤਿ ਢਰਤਿ ਬਹੁ ਬੂੰਦ ਬਾਰਿ[1] ॥੧੬॥ [1]ਜਲ।
ਸੁਤ ਅੰਗ ਬਿਲੋਕਤਿ ਟਕ ਲਗਾਇ।
ਕਬਿ ਅਵਨਿ ਪਿਖਹਿਂ ਨਿਸ਼ਚਲ ਰਹਾਇ[1]। [1]ਪ੍ਰਿਥਵੀ ਵਲ ਦੇਖਕੇ ਅਚਲ ਰਹਿ ਜਾਂਦੇ ਹਨ।
ਬਹੁ ਭਈ ਦੂਬਰੀ ਦੇਹਿ ਜਾਂਹਿ।
ਰਹਿ ਬੈਠਿ ਨਿਕਟ ਮੁਖ ਮੌਨ ਤਾਂਹਿ ॥੧੭॥
ਇਮ ਪੰਚ ਦਿਵਸ ਲਗ ਦੁਖ ਬਿਸਾਲ।
ਸਭਿ ਕੁਟੰਬ ਦਾਸ ਦਾਸੀਨ ਜਾਲ।
ਨਹਿਂ ਕਰਤਿ ਕੋਇ ਰੁਚਿ ਸੋਂ ਅਹਾਰ।
ਉਦਬਿਗਨ[1] ਰਿਦੇ ਕਰਿ ਨਹਿਂ ਸੰਭਾਰਿ ॥੧੮॥ [1]ਵਿਆਕੁਲ।

ਨਿਸ ਮੈਂ ਨ ਸੁਪਤਿ ਬਹ ਰਹਤਿ ਜਾਗ।
ਕਰਿ ਗੰਗ ਪੁੱਤ੍ਰ ਬਾਤੈਂ ਸੁਭਾਗ[1]।

[1]ਸੁਭਾਗੇ ਪੁਤਰ ਦੀਆਂ ਬਾਤਾਂ ਕਰਦੇ ਹਨ (ਦਾਸ ਦਾਸੀਆਂ ਆਦਿ)। (ਅ) 'ਹੇ ਸੁਭਾਗੇ ਗੰਗ ਪੁਤਰ! ਗੱਲਾਂ ਬਾਤਾਂ ਕਰੋ ਨਾਂ।'

ਗੁਰ ਅਰਜਨ ਢਿਗ ਭਾਖੰਤਿ ਜਾਇ।
'ਦਿਨ ਰੈਨ ਗੰਗ ਨਹਿਂ ਅਸਨ ਖਾਇ' ॥੧੯॥
ਸੁਨਿ ਦੇਤਿ ਧੀਰ 'ਨਹਿਂ ਕਰਹੁ ਤ੍ਰਾਸ।
ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰ ਨਾਨਕ ਇਨ ਕੇ ਨਿਤ ਸਹਾਇ।
ਜਿਨ ਨਾਮ ਜਪੇ ਸਭਿ ਕਸ਼ਟ ਜਾਇ' ॥੨੦॥
ਬਹੁ ਇਸ ਪ੍ਰਕਾਰ ਤਿਸ ਕੋ ਸੁਨਾਇਂ।
ਹਹਿ ਏਕ ਪੁੱਤ੍ਰ ਕਿਮ ਚੈਨ ਪਾਇ।
ਜਬਿ ਦਿਵਸ ਖਸ਼ਟਮੋ ਭਾ ਬਿਤੀਤ।
ਤਿਸ ਰਾਤਿ ਫਿਰੀ ਮੁਰਝਾਨ ਕੀਤਿ[1] ॥੨੧॥

[1]ਮੁਰਝਾਕ (ਮਾਤਾ) ਮੋੜਾ ਖਾ ਗਈ।

ਤਬਿ ਭਈ ਪ੍ਰਾਤ ਉਦਿਯੰਤਿ ਭਾਨੁ।
ਸ੍ਰੀ ਹਰਿ ਗੁਬਿੰਦ ਅਖਿਯਾਂ ਮਹਾਨ।
ਬਿਕਸੇ ਬਿਸਾਲ ਜਨੁ ਕਮਲ ਪੱਤ੍ਰ।
ਪਿਖਿ ਮਾਤ ਅਨੰਦ ਅਤਿ ਭਾ ਬਚਿੱਤ੍ਰ ॥੨੨॥
ਕੁਛ ਭਾ ਭਰੋਸ -ਦ੍ਰਿਗ ਰਹਿਂ ਅਦੋਸ਼[1]।
ਸੁਤ ਕੋ ਸਰੀਰ ਕੀ ਆਇ ਹੋਸ਼-।

[1]ਸਾਬਤ।

ਕੁਛ ਅਲਪ ਕੀਨਿ ਮੁਖ ਖਾਨ ਪਾਨ।
ਪਿਖਿ ਸਭਿ ਕੁਟੰਬ ਬਡ ਮੋਦ ਠਾਨਿ ॥੨੩॥
ਉਰ ਭੇ ਸਧੀਰ ਬੋਲਤਿ ਪ੍ਰਸੰਨ।
ਸਭਿ ਕਹੈਂ 'ਗੁਰੂ ਨਾਨਕ ਸੁ ਧੰਨ।
ਦੁਖ ਸਮਯ ਆਨ ਹੋਏ ਸਹਾਇ।
ਨਿਜ ਦਾਸ ਜਾਨਿ ਲੀਨਸਿ ਬਚਾਇ' ॥੨੪॥

ਸੁਨਿ ਮਹਾਂਦੇਵ ਸੁਧਿ ਹੇਤਿ ਆਇ।
ਨਿਤ ਚਿੰਤ ਕਰਤਿ ਸੁਖ ਕੋ ਮਨਾਇ[1]।
ਗੁਰ ਅਰਜਨ ਢਿਗ ਬੈਠ੍ਯੋ ਸੁ ਆਇ।
ਕਰਿ ਨਮੋ ਸਹਤ ਆਦਰ ਬਿਠਾਇ ॥੨੫॥
'ਸੁਧਿ ਦੇਹੁ ਬਾਲ ਕੀ ਸੁਖ ਸਰੀਰ।
ਹਮ ਸੁਨੀ ਅਬਹਿ ਮਿਟਿ ਗੀ ਸੁ ਪੀਰ।
ਬਿਸਫੋਟ ਅਹੈਂ ਕਿਸ ਬਿਧਿ, ਬਤਾਇ?
ਬਰ ਬਚੇ ਨੇਤ੍ਰ ਸ਼ੁਭ ਮੁਖ ਸੁਹਾਇ' ॥੨੬॥
ਸੁਨਿ ਸ਼੍ਰੌਨ ਗੁਰੂ ਅਰਜਨ ਭਨੰਤਿ।
'ਤੁਮ ਹੋ ਬਿਸ਼ਾਲ ਕਰੁਨਾ ਕਰੰਤਿ।
ਤਹਿਂ ਸਕਲ ਕੁਸ਼ਲ ਸਹਿਜੇ ਸੁਭਾਇ।
ਉਪਜੰਤਿ ਮੋਦ, ਨਹਿਂ ਬਿਘਨ ਆਇ ॥੨੭॥
ਅਬ ਮੁਰੀ ਸੀਤਲਾ ਸਭਿ ਸਰੀਰ।
ਮੁਰਝਾਇ ਸਕਲ ਬਿਸਫੋਟ ਪੀਰ।
ਦੀਨਾਨ ਨਾਥ ਹੋਏ ਸਹਾਇ।
ਦ੍ਰਿਗ ਲਿਏ ਆਪ ਕਰ ਦੈ ਬਚਾਇ ॥੨੮॥
ਕੁਛ ਲਗ੍ਯੋ ਕਰਨਿ ਅਬਿ ਖਾਨ ਪਾਨ।
ਹੁਇ ਹੈ ਅਰੋਗ ਅੰਗਨਿ ਮਹਾਨ।
ਜਬਿ ਅਏ ਪ੍ਰਥਮ ਸੁਧਿ ਲੇਨਿ ਆਪ।
ਤਬਿ ਥੇ ਬਿਹਾਲ ਸਭਿ ਤਨ ਸੰਤਾਪ ॥੨੯॥
ਤੁਮ ਦਯਾ ਸਾਥ ਸਭਿ ਸੁਖ ਸਰੀਰ।
ਅਬਿ ਗਈ ਬਹੁਤ ਮਿਟਿ ਅੰਗ ਪੀਰ।'
ਸੁਨਿ ਮਹਾਂਦੇਵ ਹ੍ਵੈ ਕਰਿ ਅਨੰਦ।
ਤਬਿ ਦਈ ਆਸ਼ਿਖਾ 'ਸੁਖ ਬਿਲੰਦ' ॥੩੦॥
ਪੁਨ ਆਯੋ ਪ੍ਰਿਥੀਆ ਕਪਟ ਧਾਰਿ।

[1]ਚਿੰਤਾ ਕਰਦਿਆਂ ਨੇ ਸੁਖ ਮਨਾਇਆ। (ਅ) ਨਿੱਤ ਚਿੰਤਾ ਵਿਚ ਰਹਿੰਦਾ ਸੀ, ਪਰ ਮਨਾਉਂਦਾ ਸੁਖ ਸੀ।

ਉਰ ਮੈਂ ਅਨਰਥ ਮੁਖ ਮ੍ਰਿਦੁ ਉਚਾਰਿ।
ਸਨਮਾਨ ਸਾਥ ਗੁਰ ਨਮਹਿ ਕੀਨਿ।
ਬਹੁ ਭਾਉ ਧਾਰਿ ਬੈਠਾਇ ਲੀਨਿ
॥੩੧॥
'ਸੁਧਿ ਦੇਹੁ ਨੰਦ ਕੀ ਹੋਹਿ ਜੈਸ।
ਬਹੁ ਦੁਖਦ ਸੀਤਲਾ ਮਾਂਹਿ ਭੈ ਸੁ[1]। — [1]ਭੈ ਹੁੰਦਾ ਹੈ (ਅ) ਸਾਨੂੰ ਡਰ ਸੀ।
ਦ੍ਰਿਗ ਮੁੰਦੇ, ਖੋਲਬੇ ਨਾਂਹਿ ਕੀਨਿ।
ਸੁਖ ਕਰੈ ਈਸ਼, ਨਹਿਂ ਹੋਹਿ ਹੀਨ'
॥੩੨॥
ਗੁਰ ਕਹਜੋ 'ਪ੍ਰਭੁ ਹੋਵਹਿਂ ਸਹਾਇ।
ਤੁਮਰੀ ਕ੍ਰਿਪਾ ਸੁ ਦੈ ਹੈਂ ਬਚਾਇ।
ਜੀਵਨਿ ਅਧੀਨ[1] ਇਹ ਨਾਂਹਿ ਕਾਰ। — [1]ਜੀਵਾਂ ਦੇ ਵਸ ਵਿਚ।
ਈਸ਼ੁਰ ਜਿਵਾਇ ਕੈ ਦੇਹਿ ਮਾਰ
॥੩੩॥
ਇਕ ਆਸ ਪ੍ਰਭੁ ਕੀ ਧਰਹਿਂ ਚੀਤ।
ਜੋ ਸਕਲ ਜਗਤ ਦੁਖ ਸੁਖਹਿ ਕੀਤ[1]।' — [1]ਦੁਖ ਸੁਖ ਦਾ ਕਰਤਾ ਹੈ।
ਇਮ ਸੁਨੀ ਪ੍ਰਿੱਥੀਏ ਜਾਨਿ ਲੀਨਿ।
-ਨਹਿਂ ਕੁਸ਼ਲ ਇਨਹੁਂ ਕੇ ਕਸ਼ਟ ਭੀਨ-
॥੩੪॥
ਮੁਖ ਸ਼ੋਕਵਾਨ ਕਰਿ ਕੈ ਦਿਖਾਇ।
ਚਿਤ ਮੈਂ ਅਨੰਦ ਅਧਿ ਕੈ ਬਧਾਇ।
ਉੱਠ ਗਯੋ ਸਦਨ ਕਪਟੀ ਬਿਸਾਲ।
ਰਿਦ ਮੈਂ ਗੁਨੰਤਿ -ਨਹਿਂ ਜਿਯੇ ਬਾਲ-
॥੩੫॥
ਇਮ ਭਯੋ ਦਿਵਸ ਸਪਤਮ ਬਿਤੀਤ।
ਸ਼੍ਰੀ ਹਰਿ ਗੁਬਿੰਦ ਤਨ ਅਨੰਦ ਥੀਤ[1]। — [1]ਹੋਇਆ।
ਰੁਚਿ ਸੰਗ ਕੀਨਿ ਤਬਿ ਖਾਨ ਪਾਨ।
ਬਿਕਸੇ ਮਨੋਗ[1] ਲੋਚਨ ਮਹਾਨ ॥੩੬॥ — [1]ਸੁਹਣੇ।
ਤਬਿ ਲਗੇ ਸ਼ੁਸ਼ਕ ਹੋਵਨਿ ਸੁਖੇਨ।
ਬਿਸਫੋਟ ਹੁਤੇ ਭਰਿ ਭੂਰ ਜੇਨ[1]। — [1]ਜੋ ਬਹੁਤੇ ਭਰੇ ਸਨ।
ਤਨ ਪ੍ਰਥਮ ਚਰਮ ਜੁਤ ਸ਼ੁਸ਼ਕ ਹੋਇ।

ਸਭਿ ਗਏ ਉਤਰ ਨਹਿਂ ਦਿਖਤਿ ਕੋਇ ॥੩੭॥
ਸੁਖ ਸੰਗ ਗੰਗ ਸੁਤ ਤਨ ਪਖਾਰ।
ਮੁਖ ਚੰਦ ਧੋਇ ਕਰਿ ਉਸ਼ਨ ਬਾਰ[1]।
ਸਭਿ ਦਾਸ ਅਪਰ ਦਾਸੀ ਸੁ ਆਇ।
ਹਰਖਾਇ ਬਾਕ ਕੋ ਕਹਿਂ ਸੁਨਾਇ ॥੩੮॥

[1]ਗਰਮ ਜਲ ਨਾਲ।

ਦੋਹਰਾ:
'ਲੇਹੁ ਬਧਾਈ ਪੁੱਤ੍ਰ ਕੀ, ਉਰ ਪ੍ਰਮੋਦ ਕੋ ਧਾਰਿ।'
ਜਿਤ ਕਿਤ ਅਤਿ ਉਤਸਾਹ ਤੇ, ਸੁਨਿ ਕਰਿ ਨਰ ਗਨ ਨਾਰਿ ॥੩੯॥
ਕਰਿ ਸ਼ਨਾਨ ਨਿਜ ਨੰਦ ਕੋ, ਭੂਖਨ ਬਸਤ੍ਰ ਉਢਾਇ।
ਮਾਤ ਹੋਤਿ ਬਲਿਹਾਰਨੇ, ਨਵੋਂ ਜਨਮ ਜਨੁ ਪਾਇ ॥੪੦॥
ਸ੍ਰੀ ਅਰਜਨ ਕੇ ਨਿਕਟਿ ਤਬਿ, ਲ੍ਯਾਏ ਦਾਸ ਉਠਾਇ।
ਪਦ ਪੰਕਜ ਪਰ ਪਾਇ ਕਰਿ, ਰਿਦੈ ਅਨੰਦ ਬਧਾਇ ॥੪੧॥
ਨੰਦਨ ਦਿਖ੍ਯੋ ਅਨੰਦ ਜੁਤ, ਗੋਦ ਲੀਨਿ ਬੈਠਾਇ।
ਸਿਰ ਪਰ ਧਰਿ ਕਰ ਕਮਲ ਕੋ, ਆਸ਼ਿਖ ਦੀ ਹਰਖਾਇ ॥੪੨॥
ਚਾਰੁ ਬਿਲੋਚਨ ਹੇਰਿ ਕਰਿ, ਅਰੁ ਸੁਖ ਸਕਲ ਸਰੀਰ।
ਕਰ੍ਯੋ ਸ਼ਬਦ ਅਰਜਨ ਗੁਰੂ, ਜੋ ਧੀਰਨ ਮਹਿਂ ਧੀਰ ॥੪੩॥

ਸ੍ਰੀ ਮੁਖਵਾਕ:
ਗਉੜੀ ਮਹਲਾ ੫ ॥
ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥

ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥

ਦੋਹਰਾ:

'ਸ਼੍ਰੀ ਨਾਨਕ ਗੁਰਦੇਵ ਨੈ, ਕਰੇ ਸੁ ਨੈਨ ਪ੍ਰਕਾਸ਼।
ਰੱਛਾ ਕੀਨਸਿ ਹਾਥਿ ਦੈ, ਲਖਿ ਪੂਰੀ ਮਮ ਆਸ[1] ॥੪੪॥

[1]ਮੇਰੀ ਆਸਾ ਜਾਣਕੇ ਪੂਰੀ ਕੀਤੀ।

ਪੂਰਨ ਸੇਵਾ ਜਾਨਿ ਕਰਿ, ਭਰਮ ਬਿਦਾਰਜੋ ਦੂਰ।
ਨਿਸ਼ਚੈ ਅਪਨੇ ਕਰਿ ਲਏ, ਸਭਿ ਨਿੰਦਕ ਕਰਿ ਕੂਰ ॥੪੫॥
ਨਿਕਸੀ ਅਤਿਸ਼ੈ ਸੀਤਲਾ, ਤਿਸ ਤੇ ਹ੍ਵੈ ਰਖਵਾਰ।
ਦਾਸ ਉਧਾਰਜੋ ਆਪਨੋ, ਪਾਰਬ੍ਰਹਮ ਕਰਤਾਰ ॥੪੬॥
ਸ਼੍ਰੀ ਗੁਰ ਨਾਨਕ ਨਾਮ ਕੌ, ਜਪਤਿ ਹੋਇ ਚਿਰੰਜੀਵ।
ਸਾਧੁ ਬ੍ਰਿਧ ਕੇ[1] ਵਾਕ ਤੇ, ਦੁਖ ਹਰਿ ਅੰਮ੍ਰਿਤ ਪੀਵ' ॥੪੭॥

[1]ਸੰਤ (ਬਾਬਾ) ਬੁੱਢੇ ਦੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸੀਤਲਾ ਕੋ' ਪ੍ਰਸੰਗ ਬਰਨਨੰ ਨਾਮ ਤ੍ਰਿਯੋਦਸ਼ਮੋਂ ਅੰਸੂ ॥੧੩॥

## ੧੪. [ਸੀਤਲਾ ਕੋ ਪ੍ਰਸੰਗ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਪੁਨ ਗੰਗਾ ਮਨ ਮੋਦ ਕਰਿ,
ਚਹਤਿ ਸੀਤਲਾ ਪੂਜ।
ਸਭਿ ਤਯਾਰੀ ਕਰਿਵਾਇ ਕਰਿ
ਲੇ ਸੁਤ ਜਨੁ ਸਸਿ ਦੂਜ ॥ ੧ ॥

ਪਾਧੜੀ ਛੰਦ:

ਪਰਵਾਰ ਸਰਬ ਪ੍ਰਿਥਮੈ ਮਿਲਾਇ।
ਕਰਮੋ ਜਿਠਾਨਿ ਭੇਜੀ ਬੁਲਾਇ।
ਸ਼੍ਰੀ ਹਰਿਗੁਬਿੰਦ ਇਸ਼ਨਾਨ ਕੀਨਿ।
ਇਮ ਕਹਯੋ ਜਾਇ ਦਾਸੀ ਪ੍ਰਬੀਨ ॥੨॥
'ਦੁਰਗਾ ਸੁ ਪੂਜਨੇ ਜਾਤਿ ਮਾਤ।
ਅਬਿ ਚਲਹੁ ਆਪ ਭੀ ਤਹਿਂ ਬੁਲਾਤਿ।'
ਸੁਨਿ ਕਰਿ ਦੁਖੀ ਸੁ ਹਿਰਦੈ ਕੁਭਾਗ।
ਜਨੁ ਡਸੀ ਸਰਪ ਬਿਖ ਚਢਨਿ ਲਾਗਿ ॥੩॥
ਸੋਚਤਿ ਬਿਸਾਲ, ਨਿਸ਼ਚਲ ਸਰੀਰ[1]। 
ਨਹਿਂ ਉਠਯੋ ਜਾਤਿ ਦ੍ਰਿਢ ਗੂਢ ਪੀਰ[1]। 
ਪੁਨ ਕਿਤਿਕ ਦੇਰ ਮਹਿਂ ਹੁਇ ਤਯਾਰ।
ਪਹਿਰੇ ਨ ਵਸਤ੍ਰ ਕੁਛ ਰੰਗਦਾਰ ॥੪॥
ਨਹਿਂ ਅਲੰਕਾਰ ਪਹਿਰੇ ਸੁ ਚਾਰੁ।
ਚਲਿ ਗਈ ਸਦਨ ਜਹਿਂ ਬ੍ਰਿੰਦ ਨਾਰਿ।
ਦਾਸੀ ਕਿਤੇਕ ਜਹਿਂ ਲੀਨ ਸੰਗ।
ਮਿਲਿ ਰਹੀ ਬੈਠ ਹ੍ਵੈ ਨਿਕਟ ਗੰਗ ॥੫॥
ਸ਼੍ਰੀ ਹਰਿ ਗੁਬਿੰਦ ਲੇ ਗੋਦ ਮਾਇ[1]।
ਕਰਮੋ ਚਰੰਨ ਮਸਤਕ ਟਿਕਾਇ।
ਉਰ ਕਪਟ ਸੁ ਮੁਖ ਤੇ ਬਚ ਭਨੰਤਿ।
'ਚਿਰੰਜੀਵ ਹੋਹੁ ਸੁੰਦਰ ਸੁਭੰਤਿ' ॥੬॥

[1]ਸਰੀਰ ਚਲਣੋਂ ਰਹਿ ਗਿਆ।
[1]ਗੁੱਝੀ ਡਾਢੀ ਪੀੜਾ ਹੋਈ।
[1]ਮਾਤਾ ਜੀ।

ਪਠਿ ਦਾਸ ਪ੍ਰਿਥੀਆ ਪੁਨ ਬੁਲਾਇ।
ਅਰ ਮਹਾਂਦੇਵ ਸਾਦਰ ਮਿਲਾਇ।
ਇਨ ਆਦਿ ਅਪਰ ਨਰ ਨਾਰਿ ਬ੍ਰਿੰਦ।
ਪੁਰਿ ਕੇਰ ਮਿਲੇ ਕਰਿ ਕਰਿ ਅਨੰਦ ॥੭॥
ਸਭਿ ਪਹਿਰ ਬਿਭੂਖਨ ਚਾਰੁ ਚੀਰ।
ਘਰ ਬਿਖੈ ਕੀਨ ਮਿਲਿ ਭੂਰ ਭੀਰ।
ਬਹੁ ਦੇਤਿ ਬਧਾਈ ਆਨਿ ਆਨਿ।
ਸਨਮਾਨ ਠਾਨਿ ਗੰਗਾ ਮਹਾਨ ॥੮॥
ਜਿਨਿ ਕੰਠ ਕੋਕਿਲਾ ਗਾਇੰ ਗੀਤ।
ਬਹੁ ਕਰਿ ਉਛਾਹ ਧਰਿ ਹਰਖ ਚੀਤ।
ਮੁਖ ਹਸਤਿ ਚਲਤਿ ਜੇ ਹਸਤਿ ਚਾਲਿ।
ਜਨੁ ਅਨੰਦ ਉਦਧਿ ਮਹਿਂ ਮੀਨ ਜਾਲ ॥੯॥
ਇਕਠੇ ਸੁ ਹੋਇ ਨਰ ਏਕ ਥਾਨ।
ਗਮਨੇ ਸੁ ਅੱਗ੍ਰ ਉਰ ਹਰਖ ਠਾਨਿ।
ਸ੍ਰੀ ਹਰਿ ਗੁੋਬਿੰਦ ਲੇ ਗੰਗ ਸੰਗ।
ਸਭਿ ਤ੍ਰਿਯਾ ਗਾਵਤੀ ਮਨ ਉਮੰਗ ॥੧੦॥
ਦਿਸ਼ ਪਸ਼ਚਮ ਪੁਰਿ ਤੇ ਗਮਨ ਠਾਨਿ।
ਤਹਿਂ ਦੁਰਗਿਆਣਿ ਦੁਰਗਾ ਸਥਾਨ।[*]

[*]ਸ਼੍ਰੀ ਹਰਿ ਗੋਵਿੰਦ ਜੀ ਨੂੰ ਸੀਤਲਾ ਨਿਕਲਨੇ ਪਰ ਗੁਰੂ ਘਰ ਵਿਚ 'ਖਰ ਬਾਹਿਨੀ ਦੇਵੀ' ਜਿਸ ਦਾ ਨਾਮ ਸੀਤਲਾ ਸੱਦਦੇ ਹਨ ਅਰਾਧੀ ਗਈ ਸੀ ਯਾ ਵਾਹਿਗੁਰੂ ਜੀ ਦੀ ਅਰਾਧਨਾ ਹੋਈ ਸੀ, ਇਸ ਗੱਲ ਦੀ ਖੋਜ ਵਿਚ ਸਭ ਤੋਂ ਵਡਮੁੱਲੀ ਤੇ ਨਿਸਚਜਾਤਮ ਉਗਾਹੀ ਸਤਿਗੁਰੂ ਗੁਰੂ ਅਰਜਨ ਦੇਵ ਜੀ ਦੀ ਆਪਣੀ ਹੋ ਸਕਦੀ ਹੈ, ਜੋ ਸਾਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੀ ਹੈ। ਆਪ ਫੁਰਮਾਉਂਦੇ ਹਨ:
ਨੇਤ੍ਰ ਪਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥
ਨਾਨਕ ਨਾਮੁ ਜਪੈ ਸੋ ਜੀਵੈ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥
ਜਿਸ ਵਿਚ ਸਪਸ਼ਟ ਹੈ ਕਿ ਸੀਤਲਾ ਰੋਗ ਤੋਂ ਰੱਖਣ ਵਾਲਾ ਪਾਰਬ੍ਰਹਮ ਪਰਮੇਸ਼ੁਰ ਹੈ।
ਸਦਾ ਸਦਾ ਹਰਿ ਜਾਪੈ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥
ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ ਰਹਾਉ ॥

ਪ੍ਰਭੁ ਕਰਣ ਕਾਰਣ ਸਮਰਾਥਾ ॥ ਹਰਿ ਸਿਮਰਤ ਸਭੁ ਦੁਖੁ ਲਾਥਾ ॥
ਆਪਣੇ ਦਾਸ ਕੀ ਸੁਣੀ ਬੇਨੰਤੀ ॥ ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥
ਇਸ ਤੋਂ ਬੀ ਸਿੱਧ ਹੋ ਗਿਆ ਕਿ ਕੇਵਲ ਹਰਿਨਾਮ ਦਾ ਅਰਾਧਨ ਹੋਇਆ ਹੈ, ਤੇ ਰੱਖਣ ਵਾਲਾ ਵਾਹਿਗੁਰੂ ਆਪ ਸੀ। ਫਿਰ ਫੁਰਮਾਉਂਦੇ ਹਨ:
ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥
ਫਿਰ ਸੋਰਠਿ ਮਹਲਾ ੫ ਵਿਚ ਵਾਕ ਹੈ: 'ਹਰਿ ਗੋਵਿੰਦੁ ਪ੍ਰਭਿ ਰਾਖਿਆ।'
ਪੁਨ: 'ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ।'
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਆਪ ਬੱਧੀ ਸੀ। ਜੇ ਸੀਤਲਾ ਉਪਾਸਕ ਹੁੰਦੇ ਤਾਂ ਇਹ ਸ਼ਬਦ ਨਾਮ ਦੇਵ ਜੀ ਦਾ ਬੀੜ ਵਿਚ ਨਾ ਚਾੜ੍ਹਦੇ।
"ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨ ਉਹੁ ਛਾਰ ਉਡਾਵੈ ॥੧॥"
ਸ੍ਰੀ ਗੁਰੂ ਜੀ ਦੀ ਆਪਣੀ ਉਗਾਹੀ ਦੇ ਹੁੰਦਿਆਂ ਹੋਰ ਕਿਸੇ ਖ਼ੋਜ ਦੀ ਲੋੜ ਬਾਕੀ ਨਹੀਂ ਰਹਿੰਦੀ, ਫਿਰ ਮਾਤਾ ਜੀ ਵਲ ਤੱਕੋ, ਤਾਂ ਮਾਤਾ ਗੰਗਾ ਜੀ ਪੂਰਨ ਪਤਿੱਬ੍ਰਤ ਗੁਰਬਾਣੀ ਦੇ ਪ੍ਰੇਮੀ ਤੇ ਨਾਮੀ ਪ੍ਰਸਿੱਧ ਸਨ, ਓਹ ਕਦ ਪਤੀ ਵਿਸ਼੍ਵਾਸ਼ ਦੇ ਉਲਟ ਜਾ ਸਕਦੇ ਸਨ। ਜਿਨ੍ਹਾਂ ਦੇ ਪਤੀ ਨੂੰ ਜਗਤ ਗੁਰ ਤੇ ਪਰਮੇਸ਼ੁਰ ਰੂਪ ਮੰਨਦਾ ਸੀ, ਉਹਨਾਂ ਦਾ ਪੱਥਰਾਂ ਤੇ ਮੂਰਖਾਂ ਦੇ ਮਗਰ ਫਿਰਨਾ ਕਿਆਸ ਵਿਚ ਨਹੀਂ ਆ ਸਕਦਾ। ਜਦ ਕਦੇ ਬਾਲ ਸ੍ਰੀ ਹਰਿਗੋਬਿੰਦ ਜੀ ਨੂੰ ਕੋਈ ਖੇਚਲ ਯਾ ਫੇਰ ਖੇਚਲ ਤੋਂ ਰਖਿਆ ਹੋਈ ਹੈ, ਤਦੋਂ ਹੀ ਮਾਤਾ ਜੀ ਨੇ ਗੁਰ ਨਾਨਕ ਜੀ ਨੂੰ ਯਾਦ ਕੀਤਾ ਹੈ ਦੇਖੋ ਰਾਸ ੩. ਅੰਸੂ ੯. ਅੰਕ ੫ ਸੱਪ ਤੋਂ ਬਚਣੇ ਪਰ ਮਾਤਾ ਜੀ ਕਹਿੰਦੇ ਹਨ- ਸ੍ਰੀ ਗੁਰ ਨਾਨਕ ਨੰਦ ਬਚਾਇਆ। ਫਿਰ ਰਾਸ ੩, ਅੰਸੂ ੧੦ ਅੰਕ ੫ ਵਿਚ ਗੁਰੁ ਨਾਨਕ ਦੇਵ ਜੀ ਦੀ ਰੱਛਾ ਦਾ ਮੰਨਣਾ ਕਰਦੇ ਹਨ, ਗੁਰੂ ਅਰਜਨ ਦੇਵ ਜੀ ਜਿਥੇ ਨਾਮ ਜਪਣ ਓਥੇ ਵਿਘਨ ਕੋਈ ਨਹੀਂ ਰਹਿੰਦਾ ਦਾ ਇਕਰਾਰ ਕਰਦੇ ਹਨ। ਹੁਣ ਕਵਿ ਜੀ ਦੇ ਆਪਣੇ ਖਿਆਲ ਦੇਖੋ, ਜਦ ਸ੍ਰੀ ਹਰਿ ਗੋਵਿੰਦ ਜੀ ਦਾ ਖੇਦ ਵਧਦਾ ਹੈ ਤਦ ਮਾਤਾ ਜੀ ਬੜੇ ਉਦਾਸ ਹੁੰਦੇ ਹਨ ਤੇ ਉਸ ਉਦਾਸੀਨਤਾ ਵਿਚ ਸਤਿਗੁਰਾਂ ਅੱਗੇ ਉਹਨਾਂ ਦੀ ਐਉਂ ਅਰਦਾਸ ਕਵਿ ਜੀ ਵਰਣਨ ਕਰਦੇ ਹਨ: ਪਿਖ ਮਾਤ ਰੰਗ ਚਿੰਤਾ ਬਿਲਦ।
...'ਸਤਿਗੁਰ ਸਹਾਇ ਹ੍ਵੈ ਅਨੰਦ ਕੰਦ ॥੧੪॥
ਮੈਂ ਦੀਨ ਬਹੁਤ ਇਹ ਦਰਬ ਮੋਰ। ਦੁਖ ਹਰਹੁ ਆਪ ਅਧਿਕ ਘੋਰ।
ਕਰੁਨਾਨਿਧਾਨ ਜ਼ਾਹਰ ਜਹਾਨ! ਦੀਨਾਨ ਨਾਥ ਸੁਖ ਕਰਿ ਸੁਜਾਨ!' ॥੧੫॥
ਦਿਨ ਰੈਨ ਬੈਨ ਬਿਨ ਚੈਨ ਏਵ। ਗੰਗਾ ਭਨੰਤਿ ਜਸ ਦੇਵ ਦੇਵ।
ਸਤਿਗੁਰ ਅਰਜਨ ਦੇਵ ਜੀ ਮਾਤਾ ਜੀ ਦੀ ਉਦਾਸੀ ਦੇਖ ਧੀਰਜ ਦਿੰਦੇ ਹਨ:
ਸੁਨਿ ਦੇਤਿ ਧੀਰ 'ਨਹਿਂ ਕਰਹੁ ਤ੍ਰਾਸ। **ਇਕ** ਪਾਰਬ੍ਰਹਮ ਕੀ ਧਰਹੁ ਆਸ।
ਗੁਰ ਨਾਨਕ ਇਨ ਕੇ ਨਿਤ ਸਹਾਇ। ਜਿਨ ਨਾਮ ਜਪੇ ਸਭਿ ਕਸ਼ਟ ਜਾਇ' ॥੨੦॥
ਫਿਰ ਜਦ ਸ੍ਰੀ ਹਰਿਗੋਵਿੰਦ ਜੀ ਦਾ ਸਰੀਰ ਅਰੋਗ ਹੋਣ ਲੱਗਦਾ ਹੈ ਤਦ ਘਰ ਦੇ ਸਾਰੇ ਦਾਸ ਦਾਸੀਆਂ ਐਉਂ ਬਿਨਯ ਕਰਦੇ ਹਨ:
...ਸਭਿ ਕਹੈਂ 'ਗੁਰੂ ਨਾਨਕ ਸੁ ਧੰਨ!
ਦੁਖ ਸਮਯ ਆਨਿ ਹੋਏ ਸਹਾਇ। ਨਿਜ ਦਾਸ ਜਾਨਿ ਲੀਨਸਿ ਬਚਾਇ' ॥੨੪॥
ਫਿਰ ਸ੍ਰੀ ਮਹਾਂਦੇਵ ਜੀ ਖਬਰ ਪੁੱਛਣ ਆਉਂਦੇ ਹਨ ਤਾਂ ਉਹਨਾਂ ਦੇ ਉੱਤਰ ਵਿਖੇ ਸਤਿਗੁਰੂ ਜੀ ਫੁਰਮਾਉਂਦੇ ਹਨ:

'ਦੀਨਾਨ ਨਾਥ ਹੋਏ ਸਹਾਇ॥ ਦ੍ਰਿਏ ਲਗੇ ਆਪ ਕਰ ਦੈ ਬਚਾਇ' ॥੨੮॥

ਇੱਤਜਾਦਿ ਪ੍ਰਿਥੀਏ ਜੀ ਦੇ ਆਕੇ ਸੁਧ ਲੈਣ ਦੇ ਉੱਤਰ ਵਿਚ ਸਤਿਗੁਰੂ ਅਰਜਨ ਦੇਵ ਜੀ ਦਾ ਉੱਤਰ ਇਸ ਪ੍ਰਕਾਰ ਕਵੀ ਜੀ ਨੇ ਦਿੱਤਾ ਹੈ:

ਗੁਰ ਕਹਯੋ 'ਪ੍ਰਭੁ ਹੋਵਹਿ ਸਹਾਇ। ਤੁਮਰੀ ਕ੍ਰਿਪਾ ਸੁ ਦੈ ਹੈਂ ਬਚਾਇ....॥੩੩॥

ਇਕ ਆਸ ਪ੍ਰਭੂ ਕੀ ਧਰਹਿਂ ਚੀਤ। ਜੋ ਸਕਲ ਜਗਤ ਦੁਖ ਸੁਖਹਿ ਕੀਤਿ।'

ਫਿਰ ਸਤਿਗੁਰੂ ਜੀ ਦੇ ਉਚਰੇ 'ਨੇਤ੍ਰ ਪਰਗਾਸ ਕੀਆ ਗੁਰਦੇਵ' ਸ਼ਬਦ ਦਾ ਅਰਥ ਆਪਣੀ ਕਵਿਤਾ ਵਿਚ ਕਵੀ ਜੀ ਐਉਂ ਦਿੰਦੇ ਹਨ:

'ਸ੍ਰੀ ਨਾਨਕ ਗੁਰਦੇਵ ਨੈ ਕਰੇ ਸੁ ਨੈਨ ਪ੍ਰਕਾਸ਼। ਰੱਛਾ ਕੀਨਸਿ ਹਾਥ ਦੈ ਲਖਿ ਪੂਰੀ ਮਮ ਆਸ ॥੪੪॥

ਪੂਰਨ ਸੇਵਾ ਜਾਨਿ ਕਰਿ ਭਰਮ ਬਿਦਾਰਯੋ ਦੂਰਿ। ਨਿਸ਼ਚੈ ਅਪਨੈ ਕਰ ਲਏ ਸਭਿ ਨਿੰਦਕ ਕਰਿ ਕੂਰ ॥੪੫॥

ਨਿਕਸੀ ਅਤਿਸ਼ੈ ਸੀਤਲਾ ਤਿਸਤੇ ਹ੍ਵੈ ਰਖਵਾਰ॥ ਦਾਸ ਉਧਾਰਯੋ ਆਪਨੋ ਪਾਰਬ੍ਰਹਮ ਕਰਤਾਰ ॥੪੬॥

ਸ੍ਰੀ ਗੁਰ ਨਾਨਕ ਨਾਮ ਕੋ ਜਪਤ ਹੋਇ ਚਿਰਜੀਵ॥ ਸਾਧੂ ਬ੍ਰਿਧ ਕੇ ਵਾਕ ਤੇ ਦੁਖ ਹਰਿ ਅੰਮ੍ਰਿਤ ਪੀਵ ॥੪੭॥

ਗੁਰੂ ਘਰ ਵਿਚ ਦੇਵੀ ਦੀ ਜੋ ਥਾਉਂ ਹੈ ਉਹ ਇਤਿਹਾਸ ਵਿਚ ਪ੍ਰਗਟ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਦੇਵੀ ਝਾੜੂ ਦੇਂਦੀ ਰਹੀ, ਸ੍ਰੀ ਪਾਵਣ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਨੂੰ ਮਿਲਣ ਤੋਂ ਪਹਿਲਾਂ ਦੇਵੀ ਦੇ ਭਗਤ ਸਨ, ਦੇਵੀ ਦੀ ਸੰਗਤ ਲੈ ਕੇ ਦਰਸ਼ਨਾਂ ਨੂੰ ਜਾਂਦੇ, ਰਾਹ ਵਿਚ ਗੁਰੂ ਸਾਹਿਬ ਜੀ ਦੇ ਦੀਦਾਰ ਕੀਤੇ, ਦੇਵੀ ਦੀ ਸੰਗਤ ਨੂੰ ਛੱਡ ਦਿੱਤਾ, ਦੇਵੀ ਦੁਆਰੇ ਜਾਣੋਂ ਨਾਂਹ ਕਰ ਦਿੱਤੀ ਤੇ ਸਤਿਗੁਰਾਂ ਦੇ ਚਰਨਾਂ ਵਿਚ ਠਹਿਰ ਗਏ। ਭਾਈ ਭਗੀਰਥ ਨੇ ਦੇਵੀ ਛੱਡਕੇ ਗੁਰੂ ਨਾਨਕ ਜੀ ਦੀ ਸ਼ਰਨ ਲਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਨ੍ਹਾਂ ਬਾਬਤ ਸੀਤਲਾ ਨਿਕਲਣ ਸਮੇਂ ਦੁਰਗਾ ਦੀ ਪੂਜਾ ਹੋਣੀ ਕਵਿ ਜੀ ਨੇ ਲਿਖੀ ਹੈ ਦਬਿਸਤਾਨ ਮਜ਼ਾਹਬ ਵਿਚ ਇਕ ਪ੍ਰਸੰਗ ਇਨ੍ਹਾਂ ਦੇ ਸਮੇਂ ਦਾ ਲਿਖਿਆ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਮੂਲੋਂ ਦੇਵੀ ਉਪਾਸਕ ਨਹੀਂ ਸੇ। ਗੁਰ ਅਰਜਨ ਦੇਵ ਜੀ ਗੁਰ ਨਾਨਕ ਦੇਵ ਜੀ ਦੀ ਗੱਦੀ ਤੇ ਸਨ, ਇਕ ਨਾ-ਬੁਤਪ੍ਰਸਤ ਮਜ਼ਹਬ ਦੇ ਆਗੂ ਹੋਕੇ ਕਦੇ ਗੁਰੂ ਜੀ ਬੁਤਪ੍ਰਸਤੀ ਕਰ ਸਕਦੇ ਸੇ?

ਫਿਰ ਗੁਰੂ 'ਰਾਮਦਾਸ ਚੱਕ' ਤਦੋਂ ਨਵਾਂ ਬੱਝਾ ਸੀ ਲਗਪਗ ਗਿਆਰਾਂ ਕੁ ਵਰ੍ਹੇ ਹੋਏ ਸਨ ਤੇ ਹਰਿਮੰਦਰ ਤਾਂ ਹੁਣੇ ਹੀ ਬਣਿਆ ਸੀ, ਨਵੀਂ ਵੱਸੋਂ ਅਤਿ ਥੋੜ੍ਹੀ ਸੀ, ਓਥੇ ਵਸੋਂ ਤੋਂ ਦੋ ਮੀਲ ਪਰੇ ਉਜਾੜ ਵਿਚ ਦੁਰਗਾ ਮੰਦਰ ਬਣਨਾ ਕਦੋਂ ਸੰਭਵ ਸੀ? ਕਿਲ੍ਹੇ ਸ਼ਹਿਰਾਂ ਦੀ ਰੱਛਾ ਵਾਸਤੇ ਸ਼ਹਿਰਾਂ ਤੋਂ ਵਿੱਥ ਤੇ ਵਸਾਏ ਜਾਂਦੇ ਸਨ, ਗੁਰੂ ਹਰਿਗੋਬਿੰਦ ਜੀ ਨੇ ਲੋਹਗੜ੍ਹ ਦਾ ਕਿਲਾ ਬਨਾਯਾ; ਇਹ ਮੰਦਰ ਏਸ ਕਿਲੇ ਤੋਂ ਬੀ ਪਰੇ ਹੈ। ਕਦੇ ਹੋ ਸਕਦਾ ਹੈ ਕਿ ਏਡੀ ਦੂਰ, ਏਡੀ ਉਜਾੜ ਵਿਚ ਏਨੀ ਥੋੜ੍ਹੀ ਤੇ ਨਵੀਂ ਵਸੋਂ ਵਾਲਿਆਂ ਦਾ ਜੋ ਸਾਰੇ ਬੁਤ ਪ੍ਰਸਤੀ ਦੇ ਵਿਰੋਧੀ (ਸਿਖ) ਹੋਣ ਤੇ ਹਰਿਮੰਦਰ ਦੇ ਉਪਾਸਕ ਹੋਣ, ਕਿਸੇ ਹੋਰ ਦਿਉਤੇ ਦਾ ਮੰਦਰ ਏਡੀ ਛੇਤੀ ਬਣ ਜਾਵੇ। ਜਦੋਂ ਕਿ ਕਵਿ ਜੀ ਆਪ ਹੀ ਲਿਖਦੇ ਹਨ ਕਿ ਤਦੋਂ ਵਸੋਂ ਸਿਖਾਂ ਤੇ ਸਿਖਾਂ ਦੇ ਪੁੱਤ੍ਰਾਂ ਦੀ ਵਸਾਈ ਹੈਸੀ (ਦੇਖੋ ਸ੍ਰੀ ਗੁ: ਪ੍ਰ: ਸੂ: ਰਾਸ ੨ ਅੰਸੂ ੪੬ ਅੰਕ ੧੪ ਤੋਂ ੧੮ ਤੇ ਅੰਸੂ ੫੪ ਅੰਕ ੧੦)। ਪਠਾਣੀ ਤੇ ਮੁਗਲ ਸਮੇਂ ਵਿਚ ਪੰਜਾਬ ਦੇ ਸਭ ਬੁੱਤ ਮੰਦਰ ਸਦੀਆਂ ਵਿਚ ਢਾਹੇ ਜਾ ਚੁੱਕੇ ਸਨ, ਕਿਤੇ ਲੁਕੇ ਛਿਪੇ ਘਰਾਂ ਤੇ ਗਲੀਆਂ ਦੇ ਫੇਰਾਂ ਵਿਚ ਮਰਜੰਗੀਆਂ ਰੱਖਕੇ ਗੁਜ਼ਾਰਾ ਕਰਦੇ ਸਨ ਯਾ ਪਹਾੜਾਂ ਵਿਚ ਹਿੰਦੂ ਰਜਵਾੜਿਆਂ ਦੇ ਵਿਚ ਟਿਕਾਣੇ ਸਨ। ਦੇਖ ਲਓ ਪੰਜਾਬ ਵਿਚ ਕੋਈ ਪ੍ਰਾਚੀਨ ਬੁਤ ਮੰਦਰ ਨਹੀਂ ਤੇ ਦੱਖਣੀ ਹਿੰਦ ਸਾਰਾ ਭਰਿਆ ਪਿਆ ਹੈ। ਪੰਜਾਬ ਦੇ ਬੁਤ ਮੰਦਰ ਤਦ ਤੋਂ ਮੁੜਕੇ ਬਣਨੇ ਅਰੰਭ ਹੋਏ ਜਦੋਂ ਦਸਮ ਪਾਤਸ਼ਾਹ ਜੀ ਤੋਂ ਪਿਛੋਂ ਸਿਖ

ਜ਼ੋਰ ਵਧਿਆ ਤੇ ਮੁਸਲਮਾਨੀ ਘਟਿਆ, ਤੇ ਸਿਖਾਂ ਨੇ ਧਰਮ ਦੀ ਆਜ਼ਾਦੀ ਹਿੰਦੂਆਂ ਨੂੰ ਪੂਰੀ ਪੂਰੀ ਦੇ ਦਿੱਤੀ।

ਦੁਰਗਿਆਣੇ ਦੀ ਪੜਤਾਲ ਕਰੀਏ ਤਾਂ ਇਹ ਤਲਾਬ ਹੈ ਜਿਸ ਦੀ ਸ਼ਹਿਰ ਦੀ ਦਿਸ਼ਾ ਦੀ ਬਾਹੀ ਵਲ ਦੋ ਥੰਮਾਂ ਦੇ ਵਿਚਕਾਰ ਇਕ ਦੀਵਾਰ ਉਤੇ ਇਹ ਖੁਤਬਾ ਲਿਖਿਆ ਹੈ: 'ਬਾਨੀਏ ਤਾਲਾਬ ਦੁਰਗਿਆਣਾਂ ਲਾਲਾ ਬਾਂਸ਼ੀ ਰਾਮ ਵਲਦ ਸ਼ਿਵ ਰਾਮਦਾਸ ਬਿਨ ਮਾਲੀ ਮੱਲ ਬਿਨ ਮਨੀ ਰਾਮ ਉਰਫ ਭਸੀਨ ਖੱਤਰੀ ਸਾਕਨ ਲਾਹੌਰ ਗੁਜਰ ਤਾਲਵਾੜਾ ਮਿਨ ਇਬਤਦਾਏ ਅੱਵਲ ਮਾਘ ਸੰ. ੧੯੦੫ ਬਿ.। ਹਿਜਰੀ ੧੨੬੫ ਬਿਨਾ ਕਰਦਹ ਸ਼ੁਦ।'

ਇਸ ਤੋਂ ਪਤਾ ਲੱਗਾ ਕਿ ਦੁਰਗਿਆਣੇ ਦਾ ਤਲਾ ੧੯੦੫ ਬਿ. ਵਿਚ ਬਣਿਆਂ ਹੈ। ਸੀਤਲਾ ਮੰਦਰ ਦੀ ਇਮਾਰਤ ਦੱਸਦੀ ਹੈ ਕਿ ਇਹ ਬਹੁਤ ਪਹਿਲੇ ਦਾ ਨਹੀਂ, ਨਾਲੇ ਜੇ ਕੁਛ ਅਰਸਾ ਪਹਿਲੇ ਦਾ ਹੋਵੇ ਤਾਂ ਬੀ ਮਿਸਲਾਂ ਦੇ ਸਮੇਂ ਤੋਂ ਪੁਰਾਣਾ ਕਿਵੇਂ ਬੀ ਨਹੀਂ ਹੈ, ਇਸ ਦੀ ਇਮਾਰਤ ਤੋਂ ਬੀ ਇਹ ਤਸੱਲੀ ਹੋ ਜਾਂਦੀ ਹੈ। ਜਦੋਂ ਕਿ ਅੰਮ੍ਰਿਤਸਰ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਤੇ ਹਿੰਦੂ ਲੋਕ ਸਲਾਮਤੀ ਸਮਝਕੇ ਏਥੇ ਬਹੁਤ ਆ ਬਸੇ ਸੇ। ਜਿਸ ਪਾਸੇ ਏਹ ਮੰਦਰ ਹੈ ਸ਼ਹਿਰ ਦੀ ਵਸੋਂ ਵਿਸ਼ੇਸ਼ ਹਿੰਦੂ ਹੈ, ਸਿੱਖ ਅਤਿ ਥੋੜੇ ਹਨ। ਤਦੋਂ ਇਸ ਮੰਦਰ ਨੂੰ ਸੀਤਲਾ ਮੰਦਰ ਕਹਿੰਦੇ ਸਨ ਜੋ ਹੁਣ ਤਕ ਬੀ ਆਖਦੇ ਹਨ। ਦੁਰਗਿਆਣਾ ਨਾਮ ਤਲਾ ਲੱਗਕੇ ਤਲਾ ਦਾ ਵੱਜਿਆ ਹੈ (ਦੇਖੋ ਉੱਪ੍ਰਲਾ ਖੁਤਬਾ)। ਅੰਕ ੧੧ ਵਿਚ ਜੋ ਪਦ ਦੁਰਗਿਆਣਾ ਵਰਤਿਆ ਗਿਆ ਹੈ ਇਹ ੧੯੦੫ ਤੋਂ ਪਿਛੋਂ ਪਿਆ ਨਾਮ ਹੈ। ਹੁਣ ਤਕ ਦੁਰਗਿਆਣੇ ਤੋਂ ਭਾਵ ਇਸ ਤਾਲਾਬ ਦਾ ਹੀ ਹੁੰਦਾ ਹੈ। ਕਵਿ ਜੀ ਲਿਖਦੇ ਹਨ 'ਤਹਿਂ ਦੁਰਗਿਆਣਿ ਦੁਰਗਾ ਸਥਾਨ'-ਉਥੇ ਦੁਰਗੁਆਣੇ ਦੁਰਗਾ ਦਾ ਸਥਾਨ ਹੈ, ਜਿਸ ਵਿਚ ਦੁਰਗਾ ਸਥਾਨ ਦਾ ਤਟੱਸਥ ਲੱਛਣ ਦੁਰਗਿਆਣਾ ਦਿੱਤਾ ਹੈ। ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ੧੯੦੦ ਬਿ. ਵਿਚ ਸਮਾਪਤ ਹੋਕੇ ਕਵਿ ਜੀ ਪ੍ਰਲੋਕ ਪਿਆਨਾ ਕਰ ਚੁੱਕੇ ਸੇ। ਉਨ੍ਹਾਂ ਦੇ ਗ੍ਰੰਥ ਵਿਚ ਉਹ ਨਾਮ (ਦੁਰਗਿਆਣਾ) ਵਰਤੀਣਾ ਜੋ ਕਵੀ ਜੀ ਦੇ ਪ੍ਰਲੋਕ ਗਮਨ ਤੋਂ ਪੰਜ ਸਾਲ ਪਿਛੋਂ ਪਿਆ ਹੈ, ਬੜਾ ਪੱਕਾ ਸੰਸਾ ਉਤਪਤ ਕਰਦਾ ਹੈ ਕਿ ਇਹ ਸਾਰਾ ਲੇਖ ਸੀਤਲਾ ਪੂਜਨ ਦਾ ਆਖੇਪਕ ਹੈ।

ਸੀਤਲਾ ਪੂਜਨ ਵਾਲੇ ਦਿਨ ਮਿੱਠੀਆਂ ਬੇਹੀਆਂ ਰੋਟੀਆਂ ਵੰਡਦੇ ਹਨ, ਕੜਾਹ ਕਰਨਾ ਤਾਂ ਕਿਤੇ ਰਿਹਾ ਉਸ ਦਿਨ ਗਰਮ ਸ਼ੈ ਵਰਤਨੀ ਮਨ੍ਹੇ ਹੈ, ਕੰਞਕਾਂ ਨੂੰ ਚੌਲ ਬੀ ਬੇਹੇ ਦੇਂਦੇ ਹਨ। ਇਸ ਤੋਂ ਬੀ ਪਤਾ ਲੱਗਦਾ ਹੈ ਕਿ ਇਹ ਪ੍ਰਸੰਗ ਕੋਈ ਮਹਾਨ ਕਵੀ ਨਹੀਂ ਲਿਖ ਰਿਹਾ, ਪਰ ਕੋਈ ਛੋਟਾ ਲੇਖਕ ਆਖੇਪ ਕਰ ਰਿਹਾ ਹੈ ਤੇ ਵਿਚ ਅਣਜਾਣੇ ਭੁੱਲਾਂ ਛੱਡੀ ਜਾ ਰਿਹਾ ਹੈ, (ਦੇਖੋ ਅੰਕ ੧੭)। **ਯਾਦ ਰਹੇ**-ਦੁਰਗਿਆਣੇ ਦੇ ਤਲਾ ਪਾਸ ਮਸਾਣ ਹੋਣ ਕਰਕੇ ਇਹ ਤਲਾ ਨੜੋਇਆਂ ਦੇ ਇਸ਼ਨਾਨਾਂ ਦਾ ਕੰਮ ਦੇਂਦਾ ਸੀ। ਇਹ ਜੋ ਦੁਰਗਿਆਣੇ ਤੇ ਤਾਲਾਬ ਦੇ ਵਿਚ ਮੰਦਰ ਤੇ ਪੁਲ ਬਣਿਆ ਹੈ ਇਹ ਸੰ: ੧੯੮੨ ਬਿ: ਵਿਚ ਸਾਡੇ ਦੇਖਦਿਆਂ ਬਣਿਆਂ ਹੈ। ਕਈ ਇਕ ਹਿੰਦੂਆਂ ਨੇ ਸ਼੍ਰੀ ਦਰਬਾਰ ਸਾਹਿਬ ਦੇ ਵਕਤ ਦੇ ਪ੍ਰਬੰਧਕਾਂ (ਨਵੀਨ ਅਕਾਲੀਆਂ) ਨਾਲ ਗੁੱਸੇ ਵਿਚ ਭਰਕੇ ਤੇ ਕਿਸੇ ਚੁੱਕ ਵਿਚ ਆਕੇ ਦਰਬਾਰ ਸਾਹਿਬ ਦੀ ਨਕਲ ਤੇ ਇਹ ਮੰਦਰ ਰਚਿਆ।

ਬਹੁ ਸੰਗ ਸੁ ਬਾਦਿਤ[1] ਤਬ ਬਜਾਇ। [1]ਵਾਜੇ।

ਲਘੁ ਦੁੰਦਭਿ[1] ਬਾਜਤਿ ਧੁਨਿ ਉਠਾਇ ॥੧੧॥ [1]ਛੋਟੇ ਧੌਂਸੇ।

ਕਰ ਝਾਂਝ ਨਫੀਰਨਿ ਸ਼ਬਦ ਹੋਤਿ।

ਲੇ ਪਟਹਿ[1] ਪਣਵ[2] ਧੁਨਿ ਉਚ ਉਦੋਤਿ। [1]ਨਿੱਕਾ ਜਿਹਾ ਨਗਾਰਾ [ਸੰਸ: ਪਟਹ]। [2]ਡੱਫਾਂ-[ਸੰਸ: ਪਣਵ]

ਇੱਤਯਾਦਿ ਅਨਿਕ ਬਾਜੇ ਬਜਾਇ।

ਸਭਿ ਚਲੇ ਜਾਤਿ ਮਾਰਗ ਸੁਹਾਇ
॥੧੨॥
ਤ੍ਰਿਯ[1] ਸਹਤ ਪ੍ਰਿੱਥੀਆ ਪਿਖਿ ਉਛਾਹ। — [1]ਭਾਵ ਕਰਮੋਂ।
ਜਨੁ ਚੁਭਤਿ ਸੂਲ ਉਰ ਦ੍ਰਿਗਨਿ ਮਾਂਹਿ।
ਬਹੁ ਕਸ਼ਟ ਰਿਦੇ ਮੁਖ ਮਧੁਰ ਭਾਖਿ।
ਕਹਿ ਤਨਕ ਬਾਤ ਨਤੁ ਮੌਨ ਰਾਖਿ
॥੧੩॥
ਨਹਿਂ ਸਮੁਖ ਕਿਸੀ ਕੇ ਆਂਖ ਜੋਰ।
ਇਮ ਚਲੇ ਜਾਤਿ ਦੁਰਗਜਾਨਿ ਓਰ।
ਪਹੁੰਚੇ ਸਮੀਪ ਥਲ ਰੁਚਿਰ ਭੌਨ[1]। — [1]ਦੇਵੀ ਦੇ ਮੰਦਰ।
ਸਭਿ ਕੀਨਿ ਬੰਦਨਾ ਔਨਿ ਔਨਿ[1] — [1]ਧਰਤੀ ਤੇ ਨਿਉਂਕੇ।
॥੧੪॥
ਪੂਜਕ ਸੁ ਬਿੱਪ੍ਰ ਬੈਠਯੋ ਸਥਾਨ।
ਦੇ ਪ੍ਰਥਮ ਬੰਧਾਈ ਧੁਜ ਮਹਾਨ[1]। — [1]ਮਹਾਨ ਧੁਜਾ (ਬ੍ਰਹਮਣਾਂ) ਨੂੰ ਦੇ ਕੇ ਪਹਿਲੇ ਬੰਨ੍ਹਵਾਈ।
ਚੰਦਨ ਸੁਗੰਧਿ ਧੂਪਨਿ ਧੁਖਾਇ।
ਬਡ ਫੂਲ ਮਾਲ ਸੁੰਦਰ ਚਢਾਇ
॥੧੫॥
ਪਟ ਪਾਟ ਕੋ[1] ਸੁ ਚੋਲਾ ਬਿਸਾਲ। — [1]ਪੱਟ ਦੇ ਬਸਤ੍ਰ ਦਾ।
ਧਰਿ ਚੰਡਿ ਉਪਰ ਜੁ ਰੰਗ ਲਾਲ†। — †ਸੀਤਲਾ ਨਿਕਲੀ ਤੇ ਰੋਗੀ ਨੂੰ ਹਨੇਰੇ ਵਿਚ ਰਖਦੇ ਸੇ ਤੇ ਦਰਵਾਜ਼ੇ ਅਗੇ ਲਾਲ ਕਪੜੇ ਤਾਣਦੇ ਸੇ। ਮਤਲਬ ਸੀ ਲਾਲ ਰੋਸ਼ਨੀ ਰੋਗੀ ਤੇ ਪਵੇ। ਹੁਣ ਪੱਛਮ ਤੋਂ ਬੀ ਆਵਾਜ਼ ਆ ਰਹੀ ਹੈ ਕਿ ਸੀਤਲਾ ਗ੍ਰਸੇ ਨੂੰ ਲਾਲ ਰੋਸ਼ਨੀ ਵਿਚ ਰਖਿਆਂ ਬਹੁਤ ਛੇਤੀ ਆਰਾਮ ਆਉਂਦਾ ਹੈ।
ਗਨ ਪੂੰਗ ਨਾਲੀਅਰ[1] ਸੋ ਚੜ੍ਹਾਇ। — [1]ਸੁਪਾਰੀਆਂ ਤੇ ਨਲੇਰ।
ਹਰਖੰਤਿ ਕੀਨਿ ਸਭਿ ਜਗਤ ਮਾਇ
॥੧੬॥
ਕੀਨਸ ਕਰਾਹੁ ਤਹਿਂ ਬਾਂਟ ਦੀਨਿ।
ਗਨ ਲੋਕ ਸੰਗ ਸਭਿਹੂਨਿ ਲੀਨਿ।
ਦਿਜ ਪਾਠਕ ਤਿਨ ਕੋ ਦਰਬ ਦੇਯ।
ਸ਼ੁਭ ਬਸਤ੍ਰ ਮਧੁਰ ਭੋਜਨ ਅਚੇਯ
॥੧੭॥

ਸਭਿ ਕੋ ਪ੍ਰਸੰਨ ਕਰਿ ਹ੍ਵੈ ਪ੍ਰਸੰਨ[1]।
ਕਹਿਂ 'ਮਾਤ ਭਗਵਤੀ ਧੰਨਿ ਧੰਨਿ!'
ਇਕ ਬਾਰ ਕੀਨਿ ਜੈ ਕਾਰ ਬੋਲ।
ਪੁਨ ਹਟੇ ਨਗਰ ਦਿਸ਼ ਬਾਂਧਿ ਟੋਲ ॥੧੮॥

[1]ਪ੍ਰਸੰਨ ਹੋਏ ਮਾਤਾ ਜੀ ਆਦਿ।

ਬਜਿਯੰਤਿ ਬਾਜ ਸੁਨਿਯੰਤਿ ਦੂਰਿ।
ਦਿਜਿਯੰਤਿ[1] ਦਾਨ ਦੀਨਾਨ ਭੂਰ[†]।
ਗਾਵੰਤਿ ਗੀਤ ਧਰਿਮੋਦ ਚੀਤ।
ਪੁਰਿ ਮੈਂ ਪ੍ਰਵੇਸ਼ ਕਰਿ ਬੰਸ ਰੀਤਿ ॥੧੯॥

[1]ਦੇਂਦੇ ਹਨ। [†]ਪਾ:-ਦੁਖਯੰਤ ਕੂਰ = ਕੂੜੇ (ਪੁਰਸ਼) ਦੁਖੀ ਹੁੰਦੇ ਹਨ।

ਘਰ ਆਨਿ ਅਧਿਕ ਸਨਮਾਨ ਕੀਨਿ[1]।
ਬਹੁ ਕਰਿ ਕਰਾਹੁ ਸਭਿ ਪਾਨ ਦੀਨ।
ਬਧਾਈ ਸਹਤ ਆਸ਼ਿਖ ਉਚਾਰ।
'ਸ਼੍ਰੀ ਹਰਿ ਗੋਵਿੰਦ ਕੀ ਬਯ ਉਦਾਰ' ॥੨੦॥

[1]ਸੰਬੰਧੀਆਂ ਦਾ)।

ਕੰਨਜਾ ਹਕਾਰਿ ਦੀਨਸਿ ਅਹਾਰ।
ਸੁਭਿ ਬਸਤ੍ਰ ਬਿਭੂਖਨ ਦੇਯ ਚਾਰੁ।
ਤਿਨ ਕੋ ਪ੍ਰਸੰਨ ਕੀਨਸਿ ਮਹਾਨ।
ਸਭਿ ਦੇ ਅਸੀਸ ਮ੍ਰਿਦੁ ਬਚ ਬਖਾਨ ॥੨੧॥
ਦਿਜ ਘਰ ਜੁ ਪਾਠ ਕਰਤੇ ਪ੍ਰਬੀਨ।
ਤਿਨ ਕੋ ਪ੍ਰਸੰਨ ਕਰਿ ਦਰਬ ਦੀਨਿ।
ਸਭਿ ਅਪਰ ਜਾਤਿ ਜਾਚਿਕ ਜਿ ਆਇ।
ਸਨਮਾਨ ਸਾਥ ਤਿਨ ਧਨ ਦਿਵਾਇ ॥੨੨॥

ਦੋਹਰਾ:
ਭਯੋ ਕੁਲਹਾਲ ਗੁਰੂ ਘਰ,
ਲੇਨਿ ਦੇਨਿ ਕੀ ਭੀਰ।
ਸੁਤ ਪਰ ਵਾਰਤਿ[1] ਦਰਬ ਬਹੁ,
ਬਖਸ਼ਤਿ ਸੁੰਦਰ ਚੀਰ ॥੨੩॥

[1]ਵਾਰਦੇ ਹਨ।

ਪਾਧੜੀ ਛੰਦ:

ਉਤਸਾਹ ਅਧਿਕ ਗੁਰ ਘਰ ਕਰੰਤਿ।
ਸਿਖ ਮਿਲਹਿਂ ਆਇ ਪੂਜਾ ਚਢੰਤਿ।
ਨਰ ਨਾਰਿ ਸਭਿਨਿ ਮਹਿਂ ਜਸੁ ਬਿਸਾਲ।
ਮਿਲਿ ਸਕਲ ਕਹਤਿ ਸੁਖਦਾ ਰਸਾਲ[1] ॥੨੪॥

[1]ਸੁਖਾਂ ਦੇ ਦਾਤੇ ਦਾ ਸੁੰਦਰ (ਜਸ)।

ਪੁਨ ਖੁਸ਼ੀ ਹੋਤਿ ਨਿਤਿ ਪ੍ਰਤਿ ਮਹਾਨ।
ਦਿਨ ਪ੍ਰਤਿ ਕਰਾਹੁ ਹੁਇ ਕਰਹਿਂ ਖਾਨ।
ਅਰਦਾਸ ਹੋਤਿ ਬਾਂਛਤਿ ਜੁ ਕੋਇ।
ਕਰੁਨਾਨਿਧਾਨ[1] ਪੂਰੰਤਿ ਸੋਇ ॥੨੫॥

[1]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ।

ਸਭਿ ਦੇਸ਼ ਦੇਸ਼ ਮਹਿਂ ਤਜਿ ਮਸੰਦ।
ਗੁਰ ਕਾਰ ਚਲੀ ਆਵਹਿ ਬਿਲੰਦ।
ਸਿਖ ਮੁੱਖਿ ਤਿਨਹੁਂ ਸਿਰਪਾਉ ਦੇਤਿ।
ਬਹੁ ਸੰਗਿ ਸੰਗਤਾਂ ਸੋਇ ਲੇਤਿ ॥੨੬॥

ਦੇਸ਼ਨਿ ਬਿਦੇਸ਼ ਬਡਿ ਟੋਲ ਬਾਂਧਿ।
ਧਨ ਲੇ ਪਹੁੰਚ ਗੁਰ ਕੋ ਅਰਾਧਿ।
ਅਤਿ ਦੁਲਭ ਪਦਾਰਥ ਆਇ ਪਾਸ।
ਅਰਪੰਤਿ ਦੀਨ ਹੁਇ ਦਰਬ ਰਾਸ ॥੨੭॥

ਹੁਇ ਦੀਪਮਾਲ ਸੰਕ੍ਰਾਂਤ ਮੇਖ[1]।
ਸਿਖ ਸੰਗਤਿ ਤਬਿ ਆਵਹਿ ਵਿਸ਼ੇਖ਼।
ਗੁਰ ਤੀਰ ਭੀਰ ਭਰਿ ਜਾਇ ਭੂਰ।
ਇਕ ਦਰਸ਼ਨ ਹਿਤ ਆਵਹਿਂ ਜ਼ਰੂਰ ॥੨੮॥

[1]ਵਿਸਾਖੀ।

ਸਭਿ ਘਟਨਿ ਜਾਨਿ[1] ਗਨ ਸਿੱਖਜ ਆਇ[2]।
ਬਾਂਛਤਿ ਸੁ ਦੇਤਿ ਆਨੰਦ ਉਪਾਇ।
ਉਪਦੇਸ਼ ਦੇਤਿ ਸਤਿਨਾਮ ਕੇਰ।
ਸਿਮਰੰਤਿ ਸਿੱਖ ਸ਼ਕਤੀ ਬਡੇਰ ॥੨੯॥

[1]ਸਭ ਘਟਾਂ ਦੇ ਜਾਣਨਹਾਰ, ਭਾਵ ਸ੍ਰੀ ਗੁਰੂ ਅਰਜਨ ਜੀ ਆਏ ਹੋਏ ਸਾਰੇ ਸਿਖਾਂ ਨੂੰ। [2]ਪ੍ਰਭੂ ਦਾ ਕੀਤਾ ਜਾਣਕੇ।

'ਤਜਿ ਕਾਮ ਕ੍ਰੋਧ ਮਦ ਲੋਭੁ ਮੋਹੁ।

ਅਪਮਾਨ ਮਾਨ ਇਕ ਰਸਹਿ ਹੋਹੁ।
ਹੌਂਮੈਂ ਨਿਵਾਰ ਭਾਣਾ ਸੁ ਮੰਨ।
ਪ੍ਰਭੁ ਕਰਯੋ ਜਾਨਿ ਨਿਤ ਰਹੁ ਪ੍ਰੰਸਨ
॥੩੦॥
ਨਹਿੰ ਅਪਰ ਕੋਇ ਦੁਖ ਸੁਖ ਜੁ ਦੇਯ।
ਕਰਤਾਰ ਪੁਰਖ ਤਿਸ ਨਾਮ ਲੇਯ।
ਅੰਨਜਾਇ ਕਰਤਿ ਨਹਿੰ ਕਬਹੁ ਜੋਇ।
ਸਭਿ ਜਥਾ ਜੋਗ ਕ੍ਰਿਤ ਕਰਹਿ ਸੋਇ
॥੩੧॥
ਅਸ ਦੀਨ ਬੰਧੁ ਤਿਸ ਕਰਹੁ ਮੀਤ।
ਪੁਨ ਚਿੰਤ ਛੋਰਿ ਧਰਿ ਨਾਮ ਚੀਤ।'
ਇਸ ਭਾਂਤਿ ਦੇਤਿ ਉਪਦੇਸ਼ ਸਾਰ।
ਉਰ ਧਰਹਿਂ ਜ ਨਰ ਤਿਨ ਭੇ ਉਧਾਰ
॥੩੨॥
ਸਿਖ ਕਰਾਮਾਤ ਜੁਤ ਭੇ ਕਿਤੇਕ।
ਨਹਿਂ ਤਜਹਿਂ ਗੁਰੂ ਪਗ ਧਰਹਿਂ ਟੇਕ।
ਅੰਮ੍ਰਿਤ ਬਧੀਕ ਜਬਿ ਸਾਦ ਪਾਇ।
ਅਸ ਕੌਨ ਮੂਢ ਤਹਿਂ ਤਯਾਗ ਜਾਇ
॥੩੩॥
ਸਿਖ ਰਹੈਂ ਪਾਸ ਸੇਵੰਤਿ ਸੇਵ।
ਗੁਰ ਲਖੈਂ ਸਕਲ ਦੇਵਾਨ ਦੇਵ।
ਉਰ ਹਰਖ ਸ਼ੋਕ ਜਿਨ ਕੇ ਨ ਲੇਸ਼।
ਨਰ ਰੂਪ ਸੁ ਨਟ ਜਯੋਂ ਕਾਛ ਬੇਸ[1]
॥੩੪॥
ਨਿਤਪ੍ਰਤਿ ਪ੍ਰਤਾਪ ਹੋਵਤਿ ਬਿਸਾਲ।
ਜਿਨ ਬਡੇ ਭਾਗ ਨਿਤ ਰਹਤਿ ਨਾਲ।
ਧਨ ਬ੍ਰਿੰਦ ਆਇ ਨਹਿਂ ਛੁਵਤਿ ਹਾਥ।
ਸਭਿ ਦੇ ਲਗਾਇ ਉਪਕਾਰ ਸਾਥ
॥੩੫॥
ਸੁਨਿ ਜਸੁ ਬਿਸਾਲ ਦ੍ਰੋਹੀ ਜੁ ਕੂਰ।
ਬਿਨ ਅਗਨ ਜਰਤਿ ਦੁਖ ਪਾਇੰ ਭੂਰ।

[1]ਮਨੁੱਖ ਰੂਪ ਹੈ, (ਗੁਰੂ ਜੀ ਨੇ) ਨਟ ਵਾਂਙੂ ਭੇਸ ਬਣਾਇਆ ਹੈ।

ਦੁਰਬੁੱਧਿ ਮੂਢ ਬਿਨ ਹੇਤੁ ਦ੍ਰੋਹ।
ਮਤਸਰ ਮਹਾਨ ਕਰਿ ਨਿਫਲ ਕ੍ਰੋਹ[1] ॥੩੬॥

[1]ਕ੍ਰੋਧ।

ਕੋ ਕਹੈ ਤਿਨਹੁਂ ਕੇ ਸੰਗ ਜਾਇ।
'ਤਜਿਮਾਨ ਕਜੋਂ ਨ ਪਗ ਪਰਹੁ ਆਇ।
ਉਰ ਅਨੰਦ ਲਹਹੁ ਦੁਖ ਹ੍ਵੈ ਨ ਕੋਇ।
ਸਗਰੇ ਪਦਾਰਥਨਿ ਲੇਹਿ ਸੋਇ' ॥੩੭॥

ਕਜਾ ਕਰਹਿ ਜੰਤੁ ਜਿਨ ਕੇ ਨ ਭਾਗ।
ਜਸ ਸੁਨਤਿ ਜਰਤਿ ਉਰ ਹੀਨ ਆਗ[1]।

[1]ਬਿਨਾ ਅਗਨ ਹੀ ਹਿਰਦੇ ਵਿਚ ਪਏ ਸੜਦੇ ਹਨ।

ਤਜੋਂ ਤਜੋਂ ਪ੍ਰਤਾਪ ਗੁਰ ਕੋ ਬਧੰਤਿ।
ਕਿਸ ਜਤਨ ਸੂਰ ਮੂਰਖ ਛਪੰਤਿ[1] ॥੩੮॥

[1]ਛਪਾ ਸਕਦੇ ਹਨ? ਭਾਵ, ਨਹੀਂ ਛਪਾ ਸਕਦੇ।

ਪੁਰਿ ਰਾਮਦਾਸ ਕੇ ਹੋਇ ਭੀਰ।
ਬਹੁ ਬਸਨ ਲਾਗਿ[1] ਲਖਿ ਗੁਰਨਿ ਤੀਰ।

[1]ਵੱਸਣ ਲਗੇ।

ਸਿਖ ਮਨ ਬਿਕਾਰ ਮ੍ਰਿਗ ਤਿਨਹੁਂ ਸਿੰਘ[1]।
ਅਸ ਗੁਰੂ ਦਰਸ ਸੰਤੋਖ ਸਿੰਘ ॥੩੯॥

[1]ਸਿਖਾਂ ਦੇ ਮਨ ਦੇ ਬਿਕਾਰ ਰੂਪੀ ਜੋ ਹਰਨ ਹੈ ਤਿਨ੍ਹਾਂ ਨੂੰ (ਗੁਰੂ ਜੀ ਦਾ ਦਰਸ਼ਨ) ਸ਼ੇਰ ਰੂਪ ਹੈ।

ਦੋਹਰਾ:

ਕੁਛਕ ਦਿਵਸ ਬੀਤਤਿ ਭਏ, ਗੁਰ ਕੋ ਇਸੀ ਪ੍ਰਕਾਰ।
ਸੁਨਿ ਸ਼੍ਰੋਤਾ ਆਗਲ ਕਥਾ, ਦੇ ਜੁ ਪਦਾਰਥ ਚਾਰ ॥੪੦॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸੀਤਲਾ ਪੂਜਨ' ਪ੍ਰਸੰਗ ਬਰਨਨੰ ਨਾਮ ਚੌਦਸ਼ਮੋਂ ਅੰਸੂ ॥੧੪॥

## ੧੫. [ਬ੍ਰਾਹਮਣ ਵਲੋਂ ਜ਼ਹਿਰ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਲਘੁ ਦੁੰਦਭਿ ਦੁਇ ਸਮੈਂ ਮੈਂ,
ਬਾਜਤਿ ਗੁਰ ਕੇ ਪੌਰ।
ਸਬਦ† ਨਫੀਰਨ ਕੋ ਮਿਲਹਿ,
ਗਾਇੰ ਸਬਦ ਸਿਰਮੌਰ ॥੧॥

†ਪਾ:-ਸਦਨ।

ਨਿਸਾਨੀ ਛੰਦ:

ਬਜਹਿ ਕੁਲਾਹਲਿ[1] ਹੋਤਿ ਹੈ, ਮੰਗਲ ਉਪਜੰਤੇ†।
ਪਤਨੀ ਪ੍ਰਿਥੀਏ ਕੀ ਸੁਨੀ, ਉਰ ਸ਼ੋਕ ਬ੍ਰਧੰਤੇ।
ਨਹਿਂ ਨ ਬਡਾਈ ਸਹਿ ਸਕਹਿ, ਦੁਖ ਪ੍ਰਾਪਤਿ ਭਾਰੀ।
ਨਹਿਂ ਪੂਰੀ ਮਨ ਭਾਵਨੀ, ਦੁਸ਼ਟਾਂ ਜੋ ਧਾਰੀ ॥੨॥

[1]ਵਾਜੇ) ਵਜਦਿਆਂ ਮੰਗਲ। †ਇਹ ਰਿਵਾਜ (ਨਵੀਨ) ਅਕਾਲੀਆਂ ਨੇ ਬੰਦ ਕੀਤਾ ਹੈ, ਹੁਣ ਤਾਈਂ ਇਹ ਵਾਜੇ ਦਰਸ਼ਨੀ ਦਰਵਾਜੇ ਤੋਂ ਬਾਹਰ ੭.੮ ਵਜੇ ਸਵੇਰੇ ਵਜਿਆ ਕਰਦੇ ਸਨ।

ਅਨਿਕ ਉਪਾਵਨਿ ਚਿਤਵਤੀ, ਚਿੰਤਾ ਗ਼ਲਤਾਨੀ।
ਬਸ ਨ ਬਸਾਵਹਿ ਬੁਰੇ ਪਰ[1], ਦੁਰਮਤੀ ਅਯਾਨੀ।
-ਜਤਨ ਬਾਦ ਹੀ ਜਾਤਿ ਹੈ, ਨਹਿਂ ਪੂਰਜੋ ਕਾਜਾ।
ਅਬਿ ਦਿਨ ਪ੍ਰਤਿ ਬਹੁ ਬਧਤਿ ਹੈ, ਸਭਿ ਰੀਤਿ ਸਮਾਜਾ ॥੩॥

[1]ਵੱਸ ਨਹੀਂ ਚਲਦਾ ਗੁਰੂ ਜੀ ਦੇ ਬੁਰਾ ਕਰਨੇ ਪਰ।

ਤਸੁ ਲਾਯਕ ਸਭਿ ਰੀਤਿ ਤੇ, ਸੁੰਦਰ ਬਲ ਭਾਰੀ।
ਕਿਤਿਕ ਬਰਖ ਮਹਿਂ ਹੋਇ ਹੈ, ਸੁਧਿ ਲੇਹਿ ਸੰਭਾਰੀ।
ਗੁਰਤਾ ਰਹਿ ਹੈ ਤਿਨਹੁਂ ਢਿਗ, ਕੁਲ ਚਲਹਿ ਅਗਾਰੀ।
ਹਮ ਛੂਛੇ ਜਿਸ ਭਾਂਤਿ; ਤਿਮ, ਸੰਤਤੀ

ਹਮਾਰੀ ॥੪॥
ਕਹਾਂ ਕਰਹਿੰਗੇ ਬਾਪੁਰੇ[1], ਜਾਚਹਿਂ ਘਰ ਜਾਈ।
ਰਲੀਆਂ ਪਿਖਹਿਂ ਸ਼ਰੀਕ ਕੀ, ਦੀਰਘ ਦੁਖ ਪਾਈ।
ਅਬਿ ਤੋ ਥੋਰੇ ਜਤਨ ਤੇ, ਹੋਇ ਆਵਤਿ ਕਾਜਾ।
ਹਰਿ ਗੋਬਿੰਦ ਇਕ ਹਤੇ ਤੇ, ਸਗਰੇ ਸੁਖ ਸਾਜਾ ॥੫॥
ਲਘੁ ਦਰਖਤ ਜਬਿ ਉਗਤਿ ਹੈ, ਬਲ ਅਲਪ ਉਖਾਰੇ[1]।
ਗਾਢੋ ਹੋਵਹਿ ਮੂਲ ਤੇ, ਨਰ ਲਗਿ ਤਬਿ ਹਾਰੇ-।
ਇੱਤਯਾਦਿਕ ਚਿੰਤਾ ਕਰਹਿਂ, ਨਿਸ ਬਾਸੁਰ ਸੋਊ।
ਜਿਮ ਪਪੀਲਕਾ ਸੈਲ[1] ਕੋ, ਚਹਿ ਭਗਨਤਿ ਕੋਊ ॥੬॥
ਇਕ ਦਿਨ ਪ੍ਰਿਥੀਆ ਬੈਠਿ ਕਰਿ, ਨਿਜ ਪਤਨੀ ਪਾਸੁ।
ਕਰਤਿ ਬਡਾਈ ਆਪਨੀ, ਸੁਖ ਸਹਤ ਬਿਸਾਲੁ।
'ਅਰਜਨ ਗੁਰੂ ਕਹਾਵਤੇ, ਮਮ ਪਦ ਸਿਰ ਧਾਰੇ।
ਕਿਮ ਸਿਖ ਹਮਰੇ ਤਾਂਹਿ ਕੇ, ਹੁਇਂ ਨੰਮ੍ਰਿ ਅਗਾਰੇ ॥੭॥
ਜੋ ਸਿਖ ਹੈ ਸ਼ੁਭ ਮਤੀ ਜੁਤਿ, ਮੋ ਹੂ ਕਹੁ ਮਾਨੈ।
ਕਰਾਮਾਤਿ ਸਾਹਿਬ ਲਖੈ, ਗਨ ਭੇਟਨਿ ਆਨੈ।
ਬਾਂਛਤਿ ਪਾਵਹਿਂ ਕਾਮਨਾ, ਬਹੁ ਕਹਤਿ ਸੁਨਾਏ।

[1]ਵਿਚਾਰੇ।
[1]ਥੋੜੇ ਬਲ (ਨਾਲ) ਉੱਖੜ ਜਾਂਦਾ ਹੈ।
[1]ਪਹਾੜ।

-ਅਮੁਕ ਸਥਲ ਜਹਿਂ ਬਿਖਮ ਥੋ, ਤਹਿਂ ਭਏ ਸਹਾਏ[1]-' ॥੮॥
ਇਮ ਸੁਨਿ ਕੈ ਕਰਮੋ ਖਿਝੀ, 'ਕਜਾ ਕਰਤਿ ਬਡਾਈ।
ਏਕ ਸੱਲ ਛਾਤੀ ਠੁਕਜੋ, ਸੋ ਨਹਿਂ ਨਿਕਸਾਈ।
ਜਤਨ ਅਨੇਕਨਿ ਕਰਿ ਥਕਜੋ, ਸਭਿ ਬਾਦ ਗਏ ਹੈਂ।
ਲਖਹੁ ਨ ਸੰਕਟ ਅਤਿ ਬਡੇ, ਨਿਤ ਬ੍ਰਿਧਤਿ ਭਏ ਹੈਂ ॥੯॥
ਪ੍ਰਥਮ ਭਨਜੋ ਤੁਮ ਬਾਕ ਕੋ, -ਸੁਤ ਨਹਿਂ ਉਪਜੈ ਹੈ-।
ਕੂਰੋ ਭਯੋ ਨ ਕਛੁ ਫੁਰਜੋ, ਅਬਿ ਸੋ ਮੁਦਤੈ ਹੈਂ[1]।
-ਗੁਰਤਾ ਹਮਰੇ ਆਇ ਹੈ-, ਸੋ ਭੀ ਨਹਿਂ ਹੋਵਾ।
ਚਹਤਿ ਹੁਤੋ -ਹਤਿ ਹੋਹਿਗੋ- ਅਬਿ ਮ੍ਰਿਖਾ[1] ਸੁ ਜੋਵਾ ॥੧੦॥
ਜਤਨ ਧਾਇ ਕੇ ਪਠਨ ਕੋ, ਤਬਿ ਭਯੋ ਸੁ ਬਾਦੂ[1]।
ਪ੍ਰਾਨ ਬਿਨਾਸੇ ਤਿਸੀ ਕੇ, ਬਾਲਕ ਅਹਿਲਾਦੂ[1]।
ਬਹੁਰ ਸਰਪ ਕੈ ਤ੍ਰਾਸ ਤੇ, ਜੀਵਤਿ ਹੀ ਜੋਵਾ।
ਪਰਾਲਬਧ ਕੇ ਬੇਗ ਤੇ, ਤਿਸ ਕੋ[1] ਹਤਿ ਹੋਵਾ ॥੧੧॥
ਕਹਜੋ -ਨਿਕਸਿ ਹੈ ਸੀਤਲਾ, ਸਿਸ ਪ੍ਰਾਨ ਬਿਨਾਸੈਂ-।
ਸਕਲ ਅੰਗ ਸੁੰਦਰ ਰਹੇ, ਕੁਛ ਬਿਘਨ ਨ ਤਾਸੈ[1]।
ਇਹ ਸਭਿ ਤੁਮਰੇ ਬਾਕ ਥੇ, ਕਜੋਂਹੂੰ ਨ

[1]ਅਮੁਕੇ ਥਲ ਵਿਖੇ ਜਦ ਔਖ ਬਣੀ ਸੀ ਤਾਂ ਸਹਾਈ ਹੋਇਆ ਸੀ।
[1]ਅਨੰਦ ਹੁੰਦੇ ਹਨ।
[1]ਝੂਠਾ (ਵਾਕ)।
[1]ਬਿਅਰਥ।
[1]ਅਨੰਦ (ਰਿਹਾ)।
[1]ਭਾਵ ਸੱਪ ਦਾ।
[1]ਤਿਸ ਨੂੰ।

ਸਚ ਥੀਵੇ।
ਜਿਸਹਿ ਚਹਿਤਿ ਸੰਘਾਰਿਬੇ, ਬਿਨ ਰੁਜ ਸੋ ਜੀਵੇ ॥੧੨॥
ਜਿਸਕੀ ਚਿੰਤਾ ਰਾਤਿ ਦਿਨ, ਬਾਸਹਿ ਉਰ ਮੇਰੇ।
ਧੂਨ ਸਮ ਛਾਤੀ ਧੁਖਤਿ, ਰਿਪੁ ਘਾਤੀ ਹੇਰੇ[1]।
ਅਪਨ ਬਡਾਈ ਬਾਦ ਹੀ, ਕਿਮ ਅਪ ਸੁਨਾਵੈਂ।
ਜਿਸ ਤੇ ਸਗਰੀ ਕੁਲ ਦੁਖਹਿ, ਸੋ ਚੀਤ ਨ ਆਵੈ' ॥੧੩॥
ਸੁਨਿ ਪ੍ਰਿਥੀਏ ਧੀਰਜ ਦਈ, ਬਹੁ ਬਿਧਿ ਸਮੁਝਾਈ।
'ਬਚੇ ਪ੍ਰਾਨ ਤਿਸ ਪੁੱਤ੍ਰ ਕੇ, ਬਹੁ ਕਰੇ ਉਪਾਈ।
ਪਾਠ ਕਰੇ ਬਹੁ ਚੰਡਿ ਕੇ, ਦਿਜ ਹ੍ਵੈ ਸਮੁਦਾਈ।
ਦਾਨ ਦੀਨਿ ਅਨਗਿਨਤਿ ਹੀ, ਮਮ ਬਚ ਨਿਫਲਾਈ[1] ॥੧੪॥
ਤਉ ਸੁਨਹੁ ਮਮ ਬਾਕ ਕੋ, ਤੈਂ ਚਹਿ ਤਿਹ ਹਾਨਾ[1]।
ਸੋ ਕਾਰਜ ਮੈ ਕਰਹੁਂਗੋ, ਬਚ ਹੈਂ ਨਹਿੰ ਪ੍ਰਾਨਾ।
ਪ੍ਰਥਮ ਜਤਨ ਸਭਿ ਬਾਦ ਭੇ, ਇਹੁ ਹੋਇ ਨ ਬਾਦੂ।
ਪਹੁੰਚਹਿ ਜਮ ਕੇ ਧਾਮ ਕੋ, ਤੁਝ ਹੁਇ ਅਹਿਲਾਦੂ ॥੧੫॥
ਸੱਲਜ ਉਖਾਰੋਂ ਬੰਸ ਕੋ, ਗੁਰਤਾ ਹਮ ਲੈ ਹੈਂ।
ਦੇਸ਼ ਬਿਦੇਸ਼ਨਿ ਸ਼ਕਲ ਤੇ, ਪੂਜਾ ਕਰਵੈ ਹੈਂ।

[1]ਨਾਸ਼ ਯੋਗ ਵੈਰੀ ਨੂੰ ਦੇਖਕੇ।

[1]ਨਿਸ਼ਫਲ ਕਰ ਦਿੱਤਾ।

[1]ਤੂੰ (ਜੋ) ਤਿਸਦਾ ਨਾਸ਼ ਚਾਹੁੰਦੀ ਹੈਂ।

ਬੇਦੀ ਤੇਹਣ ਬੰਸ ਮਹਿਂ, ਭੱਲਜਨ ਕੇ ਨਾਂਹੀ।
ਗੁਰਤਾ ਸੋਢਨਿ ਕੇ ਅਹੈ, ਹਮ ਤੀਨਹੁੰ ਮਾਂਹੀ ॥੧੬॥
ਮਹਾਂਦੇਵ ਭੋਰੋ ਅਹੈ, ਨਹਿਂ ਚਾਹ ਕਰੰਤਾ।
ਅਰਜਨ ਹੁਇ ਬਿਨ ਪੁੱਤ੍ਰ ਤੇ, ਅਧਿਕੈ ਦੁਖਵੰਤਾ।
ਬੈਸ ਬਿਤੇ ਤਨ ਬਿਨਸ ਹ੍ਵੈ, ਇਸਥਿਰ ਨਹਿਂ ਕੋਈ।
ਪੁਨ ਹਮ ਹੀ ਗੁਰ ਹੋਹਿਂਗੇ, ਕੋ ਦੁਤਿਯ ਨ ਹੋਈ[1] ॥੧੭॥

[1]ਦੂਜਾ ਕੋਈ ਨਹੀਂ ਹੋਵੇਗਾ।

ਤਜਹੁ ਚਿੰਤ ਉਰ ਹਰਖ ਧਰਿ, ਲਖਿ ਸਚੁ ਮਮ ਬਾਨੀ।
ਬਿਖ ਦੈ ਕਰਿ ਬਾਲਕ ਹਤੋਂ, ਸਭਿ ਕੇ ਅਗਵਾਨੀ[1]।

[1]ਸਭ ਦੇ ਸਾਹਮਣੇ।

ਬਿੱਪ੍ਰ ਖਿਡਾਵਾ ਇਕ ਅਹੈ, ਹਰਿਗੋਵਿੰਦ ਕੇਰਾ।
ਦੇ ਕਰਿ ਦਰਬ ਲੁਭਾਇਹੌਂ, ਮਾਨਹਿ ਬਚ ਮੇਰਾ' ॥੧੮॥
ਸੁਨਿ ਕਰਮੋ ਇਸ ਜਤਨ ਕੋ, ਜਾਨਜੋ -ਹਤਿ ਹੋਵੈ।
ਸੱਲ ਰਿਦੇ ਚਿਰਕਾਲ ਕੋ, ਇਸ ਬਿਧਿ ਤੇ ਖੋਵੈ-।
ਕਰਿ ਮਸਲਤਿ ਮੋਦਤਿ ਉਠੇ, ਹਰਿ ਚਿੰਤ ਮਹਾਨੀ।
ਜਾਨਜੋ ਕਾਰਜ ਹੁਇ ਗਯੋ, ਹਰਿਗੋਵਿੰਦ ਹਾਨੀ ॥੧੯॥
ਇਕ ਦੁਇ ਦਿਨ ਬੀਤੇ ਜਬਹਿ, ਕੁਛ ਅਵਸਰ ਪਾਯੋ।
ਪਰੀ ਰਾਤਿ ਪਠਿ ਦਾਸ ਕੋ, ਸੋ ਬਿੱਪ੍ਰ

ਬੁਲਾਯੋ।
ਸਨਮਾਨਯੋ ਮ੍ਰਿਦੁ ਬੈਨ ਤੇ, ਨਿਜ ਨਿਕਟ ਬਿਠਾਯੋ।
'ਸ਼ੁਭ ਸੁਭਾਵ ਤੇਰੋ ਅਹੈ, ਹਮਰੇ ਉਰ ਭਾਯੋ ॥੨੦॥
ਹਮ ਦੇਖਤਿ ਹੈਂ ਨਿਤਾਪ੍ਰਤਿ, ਬਹੁ ਸੇਵ ਕਰੰਤਾ।
ਰਾਤ ਦਿਵਸ ਬਿਚਰਤਿ ਰਹੈਂ, ਇਤ ਉਤ ਹਿਤਵੰਤਾ।
ਤੋਹਿ ਰਾਖਿਬੇ ਪਾਸ ਕੋ, ਚਿਤ ਚਹਤਿ ਹਮਾਰੋ।
ਕਰਵਾਵਹਿ ਗੁਜ਼ਰਾਨ ਕੋ, ਨਿਤ ਰਖਹਿਂ ਸੁਖਾਰੋ ॥੨੧॥
ਸ਼੍ਰੀ ਅਰਜਨ ਤੁਛ ਦੇਤਿ ਹੈਂ, ਠਾਨੇ ਬਡਿ ਸੇਵਾ[1]।
ਨਹਿਂ ਪਰਖਤਿ ਤੁਝ ਕਿਰਤਿ[†] ਕੋ[1], ਹਮ ਜਾਨਹਿਂ ਭੇਵਾ।'
ਬਿੱਪ੍ਰ ਭਨਯੋ 'ਸੁਨਿ ਗੁਰੂ ਜੀ! ਚਾਹਤਿ ਗੁਜ਼ਰਾਨਾ।
ਜੁ ਕਛੁ ਕਰਹਿਂ[†] ਕਾਰਜ ਕਰੌਂ, ਆਲਸ ਬਿਸਰਾਨਾ ॥੨੨॥
ਅਪਰ ਥਾਨ ਨਹਿਂ ਜੀਵਕਾ, ਮੈਂ ਭਯੋ ਖਿਡਾਵਾ।
ਜਾਗ੍ਰਤਿ ਰਾਖੌਂ ਗੋਦ ਮਹਿਂ, ਬਹੁ ਕਰਿ ਪਰਚਾਵਾ।
ਖਰੋ ਫਿਰਤਿ ਹੌਂ ਸਦਨ ਮਹਿਂ, ਜੰਘਾਂ ਥਕਿ ਜੈ ਹੈਂ।
ਰਾਖਤਿ ਉਰਧ ਉਠਾਇ ਕੈ, ਨਹਿਂ ਬੈਠਨ ਦੈਹੈਂ[†] ॥੨੩॥
ਦੀਰਘ ਥੁਲ[1] ਸਰੀਰ ਹੈ, ਜਿਸ ਭਾਰ ਘਨੇਰਾ।

[1]ਤਲਬ) ਥੋੜ੍ਹੀ ਦੇਂਦੇ ਹਨ ਤੇ (ਤੂੰ) ਸੇਵਾ ਬਹੁਤ ਕਰਦਾ ਹੈਂ।

[1]ਸੇਵਾ ਦੀ) ਤੇਰੀ ਕਿਰਤ ਨੂੰ। [†]ਪਾ:-ਕਰਤ ਹੋ।

[†]ਪਾ:-ਕਹਹੁ।

[†]ਪੰਜ ਬਰਸ ਦੇ ਬਾਲਕ ਨੂੰ ਕੌਣ ਚੁਕੀ ਫਿਰਦਾ ਹੈ?

[1]ਬੜਾ ਮੋਟਾ।

ਕਰੌਂ ਖਿਲਾਵਨਿ ਗੋਦ ਲੈ, ਪਰਚਾਇ ਬਡੇਰਾ।
ਅਪਰਨਿ ਢਿਗ ਨਹਿਂ ਜਾਤਿ ਹੈ, ਰਹਿ ਕੋਛਰ[1] ਮੋਰੀ।
ਸੁਖ ਸੋਂ ਰਾਖਤਿ ਖੇਲਤੇ, ਜਾਤਿ ਨ ਕਿਤ ਓਰੀ' ॥੨੪॥
ਪੁਨ ਪ੍ਰਿਥੀਆ ਕਹਿਬੇ ਲਗਯੋ, 'ਕਾਰਜ ਇਕ ਮੇਰਾ।
ਸਿੱਧ ਹੋਤਿ ਸੋ ਤੋਹਿ ਤੇ, ਲਿਹੁ ਧਨ ਬਹੁਤੇਰਾ।
ਏਕ ਬਾਰਿ ਕਰਿ ਲੇਹਿਂ ਜੇ, ਸੁਖ ਹੁਇ ਬਯ ਸਾਰੀ।
ਕਰਨ ਸੁਖਾਰੋ ਤੋਹਿ ਕੇ, ਅਪਰਨਿ ਕਹੁ ਭਾਰੀ' ॥੨੫॥
ਬਿੱਪ੍ਰ ਕਹਯੋ 'ਅਸ ਕਾਜ ਕਯਾ, ਮੋ ਤੇ ਬਨਿ ਜਾਵੈ।
ਜਿਸ ਤੇ ਦਰਬ ਸਮੂਹ ਦਿਹੁ, ਤੁਮਰੇ ਚਿਤ ਭਾਵੈ।
ਕਯੋਂ ਨ ਕਰਹੁਂਗੋ ਮੈਂ ਤਿਸੈ, ਜਿਸ ਤੇ ਸੁਖ ਪਾਊਂ।
ਅਪਨੋ ਹਿਤ ਸਗਰੇ ਚਹਤਿ, ਕਯਾ ਰੰਕ ਜੁ ਰਾਊ' ॥੨੬॥
ਕਹਿ ਪ੍ਰਿਥੀਆ 'ਪ੍ਰਥਮੇ ਸਪਥ, ਕਰਿ ਲੇਹਿ ਜਨੇਊ[1]।
ਮੈਂ ਭੀ ਉਚਰੌਂ ਸਪਥ ਕੋ, ਤੁਝ ਕੋ ਧਨ ਦੇਊਂ।
ਮੋਰ ਤੋਰ ਚਹੁਂ ਸ੍ਰੌਨ ਤੇ, ਸੁਨਿ ਹੈ ਨਹਿਂ ਪੰਚੋ[1]।
ਦੋਨੋ ਕੋ ਬਿਸਵਾਸ ਹੁਇ, ਸੰਸੈ ਨਹਿਂ ਰੰਚੋ ॥੨੭॥
ਸਪਥ ਕਰਨਿ ਤੇ ਹੋਤਿ ਦ੍ਰਿੜ੍ਹ, ਸੰਦੇਹਿ

[1]ਕੁਛੜ, ਗੋਦੀ।

[1]ਸੌਂਹ ਖਾਹ ਹੱਥ ਵਿਚ ਜਨੇਊ ਲੈਕੇ।

[1]ਪੰਜਵਾਂ (ਕੰਨ) ਨਾ ਸੁਣੇ।

ਨ ਹੋਵੈ।
ਧੀਰਜ ਉਪਜੈ ਦੁਹਨਿ ਕੇ, ਸਿਧ ਕਾਰਜ ਜੋਵੈਂ।
ਲੇਹੁ ਜਨੇਊ ਹਾਥ ਗਹਿ, ਨਹਿਂ ਕਹੂੰ ਬਖਾਨੋ।
ਤਨ ਮਨ ਤੇ ਬਲ ਬੁੱਧਿ ਤੇ, ਤੁਮਰੋ ਹਿਤ ਠਾਨੋ' ॥੨੮॥
ਸੁਨਤਿ ਬਿੱਪ੍ਰ ਨੇ ਬਚ ਕਹੇ ਗਹਿ ਹਾਥ ਜਨੇਊ।
'ਗੋਪ ਬਾਤ ਜਿਮ ਤੁਮ ਕਹੋ, ਨਹਿਂ ਕਹੂੰ ਕਹੇਊ[1]।
ਜੇ ਮੁਝ ਤੇ ਹੁਇ ਆਇ ਹੈ, ਤੌ ਮੈਂ ਕਰਿ ਦੈਹੌਂ।
ਨਾਂਹਿ ਤ ਇਸ ਕੀ ਸਪਥ ਮੁਝ, ਨਹਿਂ ਆਨ ਸੁਨੈ ਹੌਂ' ॥੨੯॥
ਸੁਨਿ ਪ੍ਰਿਥੀਏ ਧੀਰਜ ਭਈ, ਨਿਜ ਕਪਟ ਸੁਨਾਵਾ।
'ਹੇ ਦਿਜ! ਅਬਿ ਉਪਕਾਰ ਕਰਿ, ਧਨ ਲਿਹੁ ਮਨ ਭਾਵਾ।
ਹਰਿਗੋਬਿੰਦ ਕੋ ਦੇਹੁ ਬਿਖ, ਇਹ ਕਾਰਜ ਮੇਰਾ।
ਸੱਲਜ ਰਿਦੈ ਕਰਤਾ ਕਰਕ, ਦੁਖ[1] ਦਿਖੇ ਘਨੇਰਾ ॥੩੦॥
ਸ੍ਰੀ ਅਰਜਨ ਸੁਤ ਬਿਨ ਰਹੈ, ਗੁਰਤਾ ਹਮ ਪਾਵਹਿਂ।
ਨਾਂਹਿ ਤ, ਇਨ ਤੇ ਬੰਸ ਤੇ, ਕਯੋਂਹੁੰ ਨ ਕਰ ਆਵਹਿ।
ਲੇਹੁ ਰਜਤਪਣ ਪੰਚ ਸੈ, ਹਮ ਤੇ ਤਤਕਾਲਾ।
ਸਰਬ ਆਰਬਲ ਲਗਿ ਰਹਹੁ, ਸੁਖ ਦੇਹਿਂ ਬਿਸਾਲਾ' ॥੩੧॥

[1]ਨਹੀਂ ਕਿਸੇ ਨੂੰ ਕਹਾਂਗਾ।

[1]ਪੀੜਾ ਕਰਦਾ ਹੈ।

ਸੁਨਿ ਦਿਜ ਨੇ ਤੂਸ਼ਨਿ ਕਰੀ, ਪੁਨ ਪ੍ਰਿਥੀਆ ਭਾਖੈ।
'ਮੋਹਿ ਜਨੇਊ ਕੀ ਸਪਥ, ਧਨ ਕਹਜੋ ਨ ਰਾਖੈਂ[1]।
ਅਪਰ ਰੀਤਿ ਖਾਤਰਜਮਾ[1], ਜਿਮ ਹੋਵਹਿ ਤੇਰੀ।
ਹਮ ਨਹਿਂ ਕੂਰ ਬਖਾਨਤੇ, ਕਜੋਂ ਚਿੰਤ ਘਨੇਰੀ ॥੩੨॥
ਇਹੁ ਕਰਨੋ ਤੁਝ ਕੋ ਸੁਗਮ, ਨਿਤ ਰਖਹਿਂ ਉਛੰਗਾ।
ਕਿਸਹੂੰ ਬਿਧਿ ਮੁਖ ਦੀਜੀਏ, ਨਹਿਂ ਦੇਖਹਿ ਗੰਗਾ।
ਅਪਰ ਨ ਕੋ ਰਖਵਾਰ ਹੈ, ਤੁਝ ਪਰ ਬਿਸਵਾਸਾ।
ਦੇ ਬਿਖ ਮ੍ਰਿਤਕ ਕਰੀਜੀਏ, ਕਹਿ -ਸੂਲ ਪ੍ਰਕਾਸ਼ਾ[1]- ॥੩੩॥
ਕੋਇ ਨ ਜਾਨੈ ਬਿਖ ਦਈ, ਸਭਿ ਸੂਲ ਪਛਾਨਹਿ।
ਤੋ ਕਹੁ ਨਹਿਂ ਕਿਹ ਭਾਂਤਿ ਡਰ, ਹਮ ਪਖ ਕੋ ਠਾਨਹਿਂ।
ਜੇ ਕੋਈ ਤਵ ਨਾਮ ਲੇ, ਡਾਂਟਹੁ ਬਹੁ ਤਾਂਹੀ।
ਨਤੁ ਆਵਹੁ ਹਮਰੇ ਸਦਨ, ਕਿਸ ਦੇਵਹਿਂ ਨਾਂਹੀ[1]' ॥੩੪॥
ਦਰਬ ਲੋਭ ਤੇ ਫਿਰ ਗਯੋ, ਦਿਜ ਮੂਢ ਬਡੇਰਾ।
ਕਹਜੋ: 'ਗੰਗ ਸੁਧਿ ਨਿਤ ਰਖੈ, ਲਖਿ ਸੰਝ ਸਵੇਰਾ।
ਨਹੀਂ ਅਪਰ ਕੀ ਚੌਕਸੀ[1], ਲਾਗੇ ਨਿਜ ਕਾਜਾ।
ਘਰ ਅੰਤਰਿ ਮੈਂ ਰਾਖਤੋ, ਜਹਿਂ ਸਕਲ

[1]ਕਿਹਾ ਹੋਯਾ ਧਨ ਨਹੀਂ ਰੱਖਾਂਗਾ।

[1]ਤਸੱਲੀ।

[1]ਕਹਿਣਾ ਕਿ ਸੂਲ ਪ੍ਰਗਟਿਆ ਹੈ।

[1]ਕਿਸੇ ਤਰ੍ਹਾਂ (ਅਸੀ ਤੈਨੂੰ) ਨਹੀਂ ਦੇਵਾਂਗੇ (ਉਨ੍ਹਾਂ ਦੇ ਹੱਥ)।

[1]ਖਬਰਦਾਰੀ।

ਸਮਾਜਾ' ॥੩੫॥
ਕਹਿ ਪ੍ਰਿਥੀਆ 'ਬਲ ਬੁੱਧਿ ਕਰਿ, ਛਲ ਠਾਨਹੁ ਐਸੇ।
ਘਰ ਮਹਿਂ ਬਿਖ ਦਿਹੁ ਲਖੈ ਨਹਿਂ, ਗੰਗਾ ਕਿਮ ਜੈਸੇ।
ਪੁਨ ਤੁਝ ਕੋ ਕਿਛੁ ਡਰ ਨਹੀਂ, ਆਵਹੁ ਮੁਝ ਪਾਸੂ।'
ਇਸ ਪ੍ਰਕਾਰ ਦਿਜ ਦ੍ਰਿਢ ਕਿਯੋ, ਸਭਿ ਦੇ ਭਰਵਾਸੂ ॥੩੬॥
ਅਪਰ ਬਹੁਤ ਮਸਲਤ ਕਰੀ, ਕਹਿਂ ਲਗਿ ਲਿਖਿ[1] ਸੋਊ।
ਕਪਟ ਕਰਨਿ ਕਹੁ ਪਾਪ ਮੈ[1], ਪਾਪੀ ਬਡ ਦੋਊ।
ਬਹੁਤ ਬਾਤ ਪਰਪੱਕਜ ਕਰਿ, ਦਿਜ ਗੁਰ ਘਰ ਆਵਾ।
ਪ੍ਰਿਥੀਏ ਨੇ ਜੋ ਬਿਖ ਦਈ, ਸੋ ਸਿਰ ਧਰਿ ਲਜਾਵਾ ॥੩੭॥
ਦੋਹਰਾ:
ਪਾਹਨ ਸੋਂ ਪੀਸਨੀ ਕਰੀ, ਅਤਿ ਸੂਖਮ ਤਿਸ ਰਾਤਿ।
ਪੁਰੀ ਬਾਂਧਿ ਸਿਰ ਮਹਿਂ ਧਰੀ, ਉਠਿ ਕਰਿ ਦੈਹੌਂ ਪ੍ਰਾਤ- ॥੩੮॥
ਰੈਨ ਸੈਨ ਕਰਿ ਪਰਿ ਰਹੇ, ਐਨ ਗੁਰੂ ਕੇ ਬਿੱਪ੍ਰ।
ਪ੍ਰਾਤ ਹੋਤਿ ਜਾਗਤਿ ਭਏ, ਕਰਜੋ ਪਾਪ ਚਹਿ ਛਿੱਪ੍ਰ ॥੩੯॥
ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਬਿੱਪ੍ਰ ਬਿਖ ਦੈਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥੧੫॥

[1]ਮੈਂ) ਲਿਖਾਂ।

[1]ਪਾਪ ਵਿਚ ਕਪਟ ਕਰਨ ਨੂੰ। (ਅ) ਪਾਪ ਰੂਪ।

## ੧੬. [ਕੁੱਤਾ ਜ਼ਹਿਰ ਵਾਲਾ ਦਹੀਂ ਖਾ ਮਰ ਗਿਆ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਭਈ ਪ੍ਰਾਤ ਉਠਿ ਬਿੱਪ੍ਰ ਨੇ ਹਰਿ ਗੋਬਿੰਦ ਲੇ ਗੋਦ।
ਇਤ ਉਤ ਲਗ੍ਯੋ ਖਿਲਾਵਨੇ ਗੰਗਾ ਦਿਖਤਿ ਪ੍ਰਮੋਦ ॥੧॥

ਨਿਸਾਨੀ ਛੰਦ:

ਦਾਸੀ ਦਧਿ ਲ੍ਯਾਵਤਿ ਭਈ, ਬਹੁ ਮਧਰ ਮਲਾਈ[1]।
ਅਲਪ ਕਟੋਰਾ ਰਜਤ[1] ਕੋ, ਜਿਸ ਮਹਿਂ ਨਿਤ ਖਾਈ।
ਤਬਿ ਦਿਜ ਨਿਜ ਕਰ ਮੋਂ ਲਿਯੋ, ਸਭਿ ਆਂਖ ਬਚਾਏ।
ਘਰ ਊਪਰ ਘਰ[1] ਗਯੋ ਤਹਿਂ, ਨਹਿਂ ਅਪਰ ਦਿਖਾਏ ॥੨॥
ਧਰ੍ਯੋ ਕਟੋਰਾ ਤਾਕ ਮਹਿਂ[1], ਸੋ ਪੁਰੀ ਨਿਕਾਰੀ।
ਦਧਿ ਮਹਿਂ ਦੀਨਸਿ ਝਾਰਿ ਕਰਿ, ਬਿਚ ਅੰਗੁਰੀ ਮਾਰੀ।
ਨੀਕੋ ਦਿਯੋ ਮਿਲਾਇ ਕੈ, ਨਹਿਂ ਲਖੀਅਹਿ ਨਜਾਰੇ।
ਧਰਕਤਿ ਛਾਤੀ ਤ੍ਰਾਸ ਕਰਿ, ਇਤ ਉਤਹਿ ਨਿਹਾਰੇ ॥੩॥
ਬਿੱਪ੍ਰ ਛਿੱਪ੍ਰ ਕੋ ਕਰਤਿ ਭਾ, ਗਹਿ ਹਾਥ ਕਟੋਰਾ।
ਲਗ੍ਯੋ ਪਿਲਾਵਨਿ ਉਪਰੇ, ਕਰਿ ਮੁਖ ਕੀ ਓਰਾ।
ਸ੍ਰੀ ਗੁਰ ਹਰਿਗੋਬਿੰਦ ਜੀ, ਸਭਿ ਅੰਤਰਜਾਮੀ।
ਨਾਕ ਐਂਠ ਫੇਰ੍ਯੋ ਬਦਨ, ਲਖਿ ਕੈ

[1]ਮਿੱਠੀ ਮਲਾਈ ਵਾਲੀ ਦਹੀਂ।

[1]ਚਾਂਦੀ ਦਾ।

[1]ਭਾਵ ਚੁਬਾਰੇ ਤੇ।

[1]ਬਾਰੀ ਵਿਚ।

[1]ਬ੍ਰਹਮਣ ਦੀ ਖੁਟਿਆਈ।

ਦਿਜ ਖਾਮੀ[1] ॥੪॥
ਦਿਜ ਨੇ ਬਲ ਤੇ ਮੋਰ ਮੁਖ, ਕਿਯ ਸਮੁਖ ਕਟੋਰਾ।
ਬਾਕ ਕ੍ਰੂਰ ਤੇ ਝਿਰਕਤੋ, 'ਹਾਊ ਇਤ ਓਰਾ।
ਆਵਹਿ[1] ਗਹਿ ਲੈ ਜਾਇਗੋ, ਨਾਤੁਰ ਦਧਿ ਪੀਜੈ।
ਅਧਿਕ ਮਧੁਰ ਹੈ ਸ੍ਵਾਦ ਮੈਂ, ਨਹਿਂ ਦੇਰਿ ਕਰੀਜੈ' ॥੫॥
ਹਰਿਗੋਬਿੰਦ ਸ਼੍ਰੀ ਗੁਰ ਤਬੈ, ਜਾਨਜੋ - ਮੁਖ ਲਾਵੈ[1]।
ਛਲ ਤੇ ਬਲ ਕੋ ਕਰਤਿ ਹੈ, ਬਿਖ ਦੂਜਨ[1] ਪਿਲਾਵੈ-।
ਨਿਜ ਕਰ ਸੋਂ ਬਿਖ ਦਧੀ ਮਿਲਿ[1], ਦੀਨੋ ਸੁ ਹਟਾਈ।
ਨਿਕਟ ਨ ਮੁਖ ਕੋ ਕਰਤਿ ਭੇ, ਇਤ ਉਤ ਫਿਰਿ ਜਾਈ ॥੬॥
ਬਿੱਪ੍ਰ ਕ੍ਰੋਧ ਕੋ ਕਰਿ ਤਬਹਿ, ਤਾੜਤਿ ਝਿੜਕੰਤਾ।
ਗਹੇ ਹਾਥ ਦ੍ਵੈ ਹਾਥ ਇਕ, ਬਲ ਸਕਲ ਕਰੰਤਾ।
ਦੁਤਿਯ ਹਾਥ ਸੋਂ ਦਧਿ ਗਹਜੋ, ਮੁਖ ਬਲ ਕਰਿ ਲਾਯੋ।
ਨੇਤ੍ਰ ਦਿਖਾਵਤਿ ਲਾਲ ਕਰਿ, ਬਡ ਤ੍ਰਾਸ ਉਪਾਯੋ ॥੭॥
ਹਰਿ ਗੋਬਿੰਦ ਮੁਖ ਬਲ ਧਰੇ, ਚਿੰਘਾਰ ਪੁਕਾਰੀ[1]।
ਸ਼ੋਰ ਕਰਜੋ ਊਚੇ ਮਹਾਂ, ਰੋਦਤਿ ਰਵ ਭਾਰੀ[1]।
ਦਧੀ ਲਗਾਈ ਅਧਰ ਸੋਂ, ਦਿਜ ਅਧਮ ਸੁ ਜੋਰੇ[1]।

[1]ਹਊਆ ਇਸ ਪਾਸਿਓਂ ਆਵੇਗਾ।

[1]ਮੂੰਹ ਨੂੰ ਲਾਂਵਦਾ ਹੈ।

[1]ਦੁਰਜਨ। ਖੋਟਾ।

[1]ਵਿਹੁ ਨਾਲ ਮਿਲੀ ਦਹੀਂ।

[1]ਚੀਕ ਮਾਰੀ।

[1]ਭਾਰੀ ਅਵਾਜ਼ ਨਾਲ ਰੋਏ।

[1]ਹੋਠਾਂ ਨਾਲ ਦਿਜ ਪਾਪੀ ਨੇ ਜੋਰੋ ਜੋਰੀ।

ਤਊ ਸ਼ਬਦ ਅਤਿ ਸਿਸ ਕਰਯੋ, ਇਤ
ਉਤ ਮੁਖ ਮੋਰੇ ॥੮॥
ਕਰ ਪਕਰੇ ਕਰਿ ਜੋਰ ਸੋਂ, ਦਧਿ ਦਿਸ਼ਿ
ਮੁਖ ਫੇਰੈ।
'ਕਯਾ ਹੋਵਤਿ ਹੈ ਤੋਹਿ ਕੋ', ਊਚੇ ਇਮ
ਟੇਰੈ।
'ਜੇ ਨਹਿਂ ਪੀਵਤਿ ਅਬਿ ਭਲਾ, ਆਵਤਿ
ਹੈ ਹਾਊ[1]।
ਗਹਿ ਲੇਵਹਿ, ਛੋਰਹਿ ਨਹੀਂ, ਮੈਂ ਤੋ
ਚਲਿ ਜਾਊਂ' ॥੯॥
ਫੇਰ ਘੇਰ ਬਹੁ ਕਰਤਿ ਹੈ, ਕਬਿਹੂੰ
ਪਰਚਾਵੈ।
ਹਾਥ ਗ੍ਰੀਵ ਦਿਢ ਗਹਿ ਰਹਯੋ, ਦਧਿ
ਸਮੁਖ ਲਿਜਾਵੈ।
-ਏਕ ਬਾਰਿ ਕਿਮ ਪੀਯ ਲੇ-, ਚਾਹਤਿ
ਚਿਤ ਮਾਂਹੀ।
-ਬਹੁਰ ਕਰਹਿ ਰੋਦਨ ਅਧਿਕ, ਮੁਝ ਕੋ
ਡਰ ਨਾਂਹੀ- ॥੧੦॥
ਕੰਪਤਿ ਕਰ ਤ੍ਰਾਸਤਿ ਰਿਦਾ, ਧੀਰਜ
ਸਭਿ ਨਾਸ਼ਾ।
-ਰੁਦਤਿ ਪਸਾਰਤਿ ਬਦਨ ਜਬਿ, ਦਧਿ
ਕਰਿ ਮੁਖ ਪਾਸਾ।
ਪਾਵੌਂ, ਕਿਮਹੁੰ ਲੰਘਾਇ ਲੇ,
ਉਦਰੰਤਰਿ[1] ਜਾਵੈ।
ਪੁਨ ਚੋਰੀ ਛਪਿ ਜਾਇਗੀ, ਕਾਰਜ ਬਨਿ
ਆਵੈ- ॥੧੧॥
ਰੁਦਤਿ ਪੁਕਾਰੇ ਊਚ ਤਬਿ, ਦੇ ਦੂਰਿ
ਸੁਨਾਈ।
ਸ਼੍ਰੋਨ ਪਰੀ ਧੁਨਿ ਗੰਗ ਕੇ, ਬੈਠੀ ਜਿਸ
ਥਾਈਂ।
ਆਤੁਰ ਸ਼ਬਦ ਦੁਖਾਰਤੋ, ਜੋ ਸੁਨਯੋ ਨ

[1]ਹਊਆ।

[1]ਪੇਟ ਵਿਚ।

ਜਾਈ।
ਦੌਰਤਿ ਸ੍ਰੀ ਅਰਜਨ ਨਿਕਟ, ਤੂਰਨ ਚਲਿ ਆਈ ॥੧੨॥
'ਹਰਿ ਗੁਵਿੰਦ ਕਿਤ ਰੁਦਤਿ ਹੈ, ਬਹੁ ਬਜਾਕੁਲ ਬਾਨੀ।
ਸੁਨਿਯਤਿ ਊਚ ਪੁਕਾਰਤੋ, ਅਤਿ ਸੰਕਟ ਸਾਨੀ।'
ਸ੍ਰੀ ਗੁਰ ਭਾਖਤਿ 'ਪ੍ਰਾਤ ਤੇ[1], ਦਿਜ ਗੋਦੀ ਲੀਨੋ।
ਊਪਰ ਲੇ ਘਰ ਮਹਿਂ ਗਯੋ, ਕੁਛ ਜਾਇ ਨ ਚੀਨੋ' ॥੧੩॥
ਹੌਲ ਪਿਖ੍ਯੋ ਉਰ ਗੰਗ ਕੇ, ਗੁਰ ਦਾਸ[1] ਪਠਾਯੋ।
'ਛਿੱਪ੍ਰ ਬਿਲੋਕਹਿ ਜਾਇ ਕਰਿ, ਕੈਸੇ ਰੁਦਨਾਯੋ।'
ਦੌਰਤਿ ਦਾਸ ਪਹੁਚਿਓ, ਜਹਿਂ ਏਕਲ ਠਾਂਢੇ[1]।
ਹਾਥ ਬਿਖੈ ਦਧਿ ਲੈ ਰਹ੍ਯੋ, ਛੋਰੇ ਕਰ ਗਾਢੇ[1] ॥੧੪॥
'-ਰੁਦਨਾਯੋ ਕਿਮ[1] ਬਿੱਪ੍ਰ! ਤੁਮ-, ਗੁਰ ਸੁਨਿ ਕਰਿ ਪੂਛਾ।'
ਕਹਤਿ ਸੁ 'ਮੈਂ ਦਧਿ ਪਜਾਵਤੋ', ਬੋਲਤਿ ਛਬਿ ਛੂਛਾ[1]।
'ਨਹਿਂ ਪੀਵਤਿ ਇਮ ਜਾਨਿ ਕੈ, ਝਿਰਕ੍ਯੋ ਡਰਪਾਯੋ।
ਤੂੰ ਭੀ ਪਿਖਿ ਅਬਿ ਖਰੋ ਰਹੁ' ਪੁਨ ਮੁਖ ਢਿਗ ਲਜਾਯੋ ॥੧੫॥
ਹਾਥ ਸਾਥ ਤੇ ਹਟਕਿ ਕੈ, ਪਿਖਿ ਨਾਕ ਚਢਾਯੋ[1]।
ਦੇਖਿ ਦਾਸ ਨਿਜ ਨੈਨ ਤੇ, ਗੁਰ ਤੀਰ ਬਤਾਯੋ।

[1]ਸਵੇਰ ਤੋਂ।

[1]ਗੁਰੂ ਜੀ ਨੇ ਦਾਸ।

[1]ਇਕੱਲਾ ਖੜਾ ਹੈਸੀ।

[1]ਤਕੜੇ ਹਥ (ਫੜੇ ਹੋਏ) ਛੋੜ ਦਿੱਤੇ।

[1]ਕਿਉਂ ਰੁਵਾਇਆ ਈ?

[1]ਭਾਵ ਮੂੰਹ ਦਾ ਰੰਗ ਉੱਡਿਆ ਹੋਇਆ (ਬ੍ਰਹਮਣ ਦਾ)।

[1]ਭਾਵ ਸ੍ਰੀ ਹਰਿਗੋਵਿੰਦ ਜੀ ਨੇ।

ਬਹੁ ਪਠਜੋ 'ਅਬਿ ਜਾਇ ਕੈ, ਆਨਹੁਂ ਹਮ ਪਾਸੇ।
ਕਜੋਂ ਨਹਿਂ, ਪੀਵਤਿ ਦਧੀ ਕੋ, ਬਡ ਰੁਦਨ ਪ੍ਰਕਾਸ਼ੇ ॥੧੬॥
ਦਧਿ ਸਮੇਤ ਆਨਹੁਂ ਦੁਹਨਿ, ਕਜਾ ਕਾਰਨ ਹੋਵਾ।
ਅਪਨਿ ਹਦੂਰ ਖਵਾਇ ਹੈਂ, ਦੇਖਹੁ ਕਿਮ ਰੋਵਾ।'
ਦਾਸ ਗਜੋ ਤਿਸ ਪਾਸ ਪੁਨਿ, ਆਨੇ ਗੁਰ ਤੀਰਾ।
ਬਿਨਾ ਲਖੇ[1] ਦਿਜ ਮੂਢ ਕੇ, ਬਿਨਸਜੋ ਸਭਿ ਧੀਰਾ ॥੧੭॥
ਸ੍ਰੀ ਗੁਰੁ ਅਰੁ ਗੰਗਾ ਖਰੀ, ਨੰਦਨ ਕੋ ਹੇਰਾ।
ਝਲਕਤਿ ਨੇਤ੍ਰ ਬਿਸਾਲ ਜੁਗ, ਜਲ ਭਰਜੋ ਘਨੇਰਾ।
ਮੁਖ ਬਜਾਕੁਲ ਕੁਛ ਅਧਰ ਸੋਂ, ਦਧਿ ਲਾਗਿ ਰਹਜੋ ਹੈ।
ਸੁਬਕਤਿ ਰੋਦਤਿ[1] ਅਧਿਕ ਹੀ, ਬਹੁ ਕਸ਼ਟ ਲਹਜੋ ਹੈ ॥੧੮॥
ਪਿਤ ਕੀ ਦਿਸ਼ਾ ਬਿਲੋਕਤੇ, ਅਜ਼ਮਤ ਤੇ ਜਾਨੋ।
-ਦੁਸ਼ਟ ਬਿੱਪ੍ਰ ਬਿਖ ਦੇਤਿ ਹੈ-, ਸਮਝਾਵਿਤ ਮਾਨੋ।
ਪਕਰ ਬਿਖੈ ਮਨ ਗੰਗ ਕੋ[1]-, ਕੁਛ ਕਾਰਣ ਭਾਰੀ।
ਇਸ ਪ੍ਰਕਾਰ ਖੋਟੋ ਰੁਦਨ, ਨਹਿਂ ਕੀਨਿ ਅਗਾਰੀ- ॥੧੯॥
ਸ੍ਰੀ ਅਰਜਨ ਸਭਿ ਜਾਨਿ ਕੈ, ਬੂਝਜੋ ਦਿਜ ਤਾਂਈ।
'ਕਜੋਂ ਨਹਿ ਪੀਵਤਿ ਦਧੀ ਕੋ, ਬਾਲਕ

[1]ਗੁਰੂ ਅਰਜਨ ਜੀ ਦੇ ਲਖੇ ਬਿਨਾਂ ਹੀ।

[1]ਡੁਸਕਾਰੇ ਮਾਰਦੇ ਰੋਂਦੇ ਹਨ।

[1]ਗੰਗਾ ਦਾ ਮਨ ਪਕੜ ਵਿਚ ਆਇਆ, ਭਾਵ ਸੋਚ ਫੁਰੀ।

ਰੁਦਨਾਈ?'
ਬਿੱਪ੍ਰ ਭਨਜੋ 'ਨਿਤ ਪਿਯਤ ਜਿਮ, ਤਿਮ ਆਜ ਪਿਲਾਵੌਂ।
ਕਰਤਿ ਹਟਾਵਨਿ ਹਾਥ ਤੇ, ਜਬਿ ਮੁਖ ਢਿਗ ਲਜਾਵੌਂ ॥੨੦॥
ਮੁਖ ਫੇਰਤਿ ਨਹਿਂ ਸਮੁਖ ਹ੍ਵੈ, ਮੈਂ ਕਹਿ ਡਰਪਾਯੋ।
ਰੁਦਨ ਪੁਕਾਰ ਅਚਾਨਕੈ, ਕਿਮ ਨਹੀਂ ਲਖਾਯੋ[1]।'

[1]ਕਿਉਂ ਅਚਾਨਕ ਰੋਣਾ ਕਰਦੇ ਹਨ ਇਹ ਨਹੀਂ ਜਾਣੀਦਾ।

ਭਨਜੋ ਗੁਰੂ ਨੇ ਸੁਨਿ ਸਕਲ, 'ਅਬਿ ਨਿਕਟ ਹਮਾਰੀ।
ਦਧੀ ਪਿਲਾਵਹੁ ਸਹਿਜ ਸੋਂ, ਹੁਇ ਸਿਸੁ ਅਨੁਸਾਰੀ' ॥੨੧॥
ਇਮ ਸ਼੍ਰੀ ਗੁਰ ਕੇ ਬਾਕ ਸੁਨਿ, ਦਿਜ ਉਰ ਹਰਖਾਯੋ।
-ਦੇਵੌਂ ਬਿਖ ਇਨ ਦੇਖਤੇ, ਅਵਸਰ ਸ਼ੁਭ ਪਾਯੋ।
ਕਪਟ ਨ ਮੇਰੋ ਅਬਿ ਲਖਹਿਂ, ਸ਼ੁਭ ਕਾਰਜ ਹੋਵਾ।
ਜਾਨਹਿੰਗੇ ਮ੍ਰਿਤੁ ਸੂਲ ਤੇ, ਦਧਿ ਸਭਿ ਨੇ ਜੋਵਾ- ॥੨੨॥
ਤਬਿ ਧੀਰਜ ਧਰਿ ਦਧੀ ਕੋ, ਮੁਖ ਕੇ ਢਿਗ ਢੋਵਾ[1]।

[1]ਕੋਲ ਕੀਤਾ।

-ਪੀਵਹਿਗੋ ਅਬਿ, ਮ੍ਰਿੱਤੁ ਹੋਇ-, ਡਰ ਉਰ ਤੇ ਖੋਵਾ।
ਭ੍ਰਿਕੁਟੀ ਕੁਟਲ[1] ਚਢਾਇ ਕਰਿ, ਦ੍ਰਿਗ ਕ੍ਰੂਰ ਦਿਖਾਏ[2]।

[1]ਭਾਵ ਟੇਢੀਆਂ। [2]ਭਾਵ ਸ਼੍ਰੀ ਗੁਰੂ ਹਰਿਗੋਬਿੰਦ ਜੀ ਨੇ।

ਹਟਕਜੋ ਬਾਸਨ ਹਾਥ ਤੇ[1], ਰਿਸ ਕੁਛ ਉਪਜਾਏ ॥੨੩॥

[1]ਬਰਤਨ ਹੱਥਾਂ ਨਾਲ ਪਰੇ ਕੀਤਾ।

ਹਰਿਗੁਬਿੰਦ ਜਬਿ ਇਮ ਕਰੀ, ਸ਼੍ਰੀ ਅਰਜਨ ਜਾਨੀ।

-ਕਪਟ ਦਧੀ ਮਹਿਂ ਕੁਛ ਕਰਜੋ, ਦਿਜ
ਦੁਰਮਤਿ ਠਾਨੀ-।
ਲੇ ਕਰਿ ਅਪਨੀ ਗੋਦ ਮਹਿਂ, ਪ੍ਰਿਯ
ਨੰਦ[1] ਬਿਠਾਯੋ।

[1]ਪਿਆਰਾ ਪੁੱਤ੍ਰ।

ਦ੍ਰਿਗ ਪੌਂਛਤਿ ਦੇ ਪਜਾਰ ਕੋ, ਸੁਖ
ਮਧੁਰ ਅਲਾਯੋ ॥੨੪॥
ਦਿਜ ਕਰ ਤੇ ਦਧਿ ਕਰ ਲਈ, ਪਜਾਵਨ
ਪੁਨ ਲਾਗੇ।
ਹਰਖਤਿ ਦਿਜ ਭੀ ਕਹਤਿ ਹੈ
'ਕਰੀਅਹਿ ਮੁਖ ਆਗੇ।'
ਜਬਹਿ ਕਟੋਰਾ ਢਿਗ ਬਦਨ, ਸ੍ਰੀ ਗੁਰ
ਨੇ ਕੀਨੋ।
ਨੀਚ ਬਿਲੋਚਨ ਕਰਿ ਰਹੇ, ਹਟਕਜੋ,
ਨਹਿਂ ਪੀਨੋ[1] ॥੨੫॥

[1]ਰੋੜ ਦਿੱਤਾ ਤੇ ਪੀਤਾ ਨਾਂ।

ਦਿਖਿ ਦਿਜ ਬਿਸਮੈ ਹੁਇ ਰਹਜੋ-,
ਅਜ਼ਮਤ ਇਨ ਮਾਂਹੀ।
ਦਧੀ ਸਦੋਸ਼[1] ਪਛਾਨਿ ਕੈ, ਲਾਵਤਿ ਮੁਖ
ਨਾਂਹੀ।

[1]ਦੂਸ਼ਣ ਵਾਲੀ ਦਹੀਂ।

ਕੁਛ ਹੁਇ ਜਾਇ ਨ ਅਸ ਅਬੈ[1], ਮਮ
ਕਪਟ ਉਘਾਰੈ-।

[1]ਹੁਣ ਐਸੀ ਕੁਛ (ਗੱਲ) ਨਾ ਹੋ ਜਾਵੇ ਕਿ।

ਤ੍ਰਸਤਿ ਭਯੋ ਪੁਨ ਮਨ ਬਿਖੈ, ਬਹੁ ਗਟੀ
ਬਿਚਾਰੈ ॥੨੬॥
ਅਲਪ ਜਾਤਿ[1] ਕੂਕਰ ਹੁਤੋ, ਪਿਸਤਾ
ਕਹਿਂ ਜਾਂਹੀ।

[1]ਛੋਟੇ (ਕੱਦ ਵਾਲੀ) ਜਾਤ ਦਾ।

ਜਿਸ ਪ੍ਰਯੰਕ ਪਰ ਗੁਰ ਥਿਰਹਿਂ, ਤਿਸ
ਤਰੈ ਰਹਾਹੀ।
ਵਹਿਰ ਚਲਤਿ ਕਿਤ ਸੰਗ ਹੁਇ, ਪਗ
ਪੰਕਜ ਤੀਰਾ।
ਰਹਤਿ ਹਦੂਰ ਸਦੀਵ ਹੀ, ਜਿਹ ਭਾਗ
ਗਹੀਰਾ ॥੨੭॥
ਕਰਜੋ ਹਕਾਰਨ ਸ੍ਵਾਨ ਕੋ, ਪਰਯੰਕ ਤਰੇ

ਹੈ।
ਨਿਕਸਜੋ ਪੂੰਛ ਹਿਲਾਵਤੋ, ਦ੍ਰਿਘ ਸਮੁਖ ਕਰੇ ਹੈ।
ਤਿਸ ਕੇ ਬਾਸਨ[1] ਗੁਰੂ ਨੇ, ਦਧਿ ਕਰ ਤੇ ਪਾਈ।
ਸੁੰਘਤਿ ਹੀ ਤਿਸ ਤੇ ਹਟਜੋ, ਮੁਖ ਤਨਕ ਨ ਲਾਈ ॥੨੮॥

[1]ਤਿਸ (ਕੁੱਤੇ) ਦੇ ਭਾਂਡੇ ਵਿਚ।

ਅਜ਼ਮਤ ਗੁਰ ਕੇ ਸ੍ਵਾਨ ਮਹਿਂ, ਜੂਠੋ ਨਿਤ ਖੈਹੈ[1]।
ਬਿਖ ਜਾਨੀ ਅਚਵੀ ਨਹੀਂ, ਗੁਰ ਕੋ ਸਮਝੈ ਹੈ।
ਸਿਰ ਹਿਲਾਇ ਖਰਕਾਇ ਕੈ, ਅਪਨੇ ਜੁਗ ਕਾਨਾ।
-ਬਿਖ ਸਮੇਤ ਇਹੁ ਦਧੀ ਹੈ, ਮੈਂ ਕਰੌਂ ਨ ਖਾਨਾ ॥੨੯॥

[1]ਖਾਂਦਾ ਸੀ।

ਅਪ ਗਤਿ ਮੇਰੀ ਹੋਇਗੀ, ਖੋਟੀ ਮ੍ਰਿਤੁ ਪਾਵੌਂ।
ਦੁਸ਼ਟ ਦਿਜਾਧਮ[1] ਕੀ ਕ੍ਰਿੱਤ, ਕੈਸੇ ਇਸ ਖਾਵੌਂ-।
ਕ੍ਰਿਯਾ ਕਰਤਿ ਕੋ ਪਰਖ ਕੈ, ਗੁਰ ਬਾਕ ਅਲਾਏ।
'ਤੂੰ ਹਮਰੇ ਨਿਤ ਸੰਗ ਹੈਂ, ਇਤ ਉਤ ਸਭਿ ਥਾਏਂ ॥੩੦॥

[1]ਪਾਪੀ ਬ੍ਰਹਮਣ।

ਨਹਿਂ ਬਿਛਰਹਿਂ ਸ਼ੁਭ ਹੋਇ ਗਤਿ, ਸੰਦੇਹ ਨ ਕੀਜੈ।
ਬਿਦਤਹਿ ਕਪਟ ਜਿ ਦੁਸ਼ਟ ਹ੍ਵੈ, ਦਧਿ ਅਬਿ ਸਭਿ ਪੀਜੈ।'
ਇਸ ਪ੍ਰਕਾਰ ਗੁਰ ਤੇ ਸੁਨਤਿ, ਤਜਿ ਮ੍ਰਿਤੁ ਕੋ ਤ੍ਰਾਸਾ।
ਬਿਨ ਬਿਲੰਬ ਸਭਿ ਹੀ ਦਧੀ, ਪੀ ਕਰਿ ਤ੍ਰਿਪਤਾਸਾ[1] ॥੩੧॥

[1]ਭਾਵ ਕੁੱਤਾ ਦਹੀਂ ਪੀ ਗਿਆ।

ਬੈਠਿ ਗਈ ਗੰਗਾ ਨਿਕਟਿ, ਦਿਜ ਦੁਸ਼ਟ ਬਿਠਾਵਾ।
ਅਪਰ ਦਾਸ ਸਿਖ ਪਾਸ ਗਨ, ਬੈਠੇ ਤਿਸ ਥਾਵਾ।
ਹੇਰਤਿ ਬਿਸਮਤਿ ਚਿਤ ਸਮਸਤ, ਕਾਰਣ ਕਯਾ ਹੋਈ।
ਬਿੱਪ੍ਰ ਬਦਨ ਤਬਿ ਪੀਤ ਭਾ, ਸਭਿ ਧੀਰਜ ਖੋਈ ॥੩੨॥
-ਧਰਾ ਪ੍ਰਵੇਸ਼ਯੋ, ਜਾਇ ਨਹਿਂ, ਨਭ ਉੱਡਯੋ ਨ ਜਾਈ।
ਕਪਟ ਖੁਟਾਈ ਕ੍ਰਿਤੀ ਮਮ, ਸਭਿਹੂੰ ਲਖਿ ਪਾਈ-।
ਧਰਿ ਮੁਖ ਮੌਨ ਬਿਲੋਕਤੇ, ਬੋਲਤਿ ਨਹਿਂ ਕੋਈ।
ਅੰਤਰਜਾਮੀ ਧੰਨਿ ਗੁਰ, ਉਰ ਸਭਿ ਸੁਧਿ ਹੋਈ ॥੩੩॥
ਘਟੀ ਏਕ ਮਹਿਂ ਸ੍ਵਾਨ ਸੋ, ਗਿਰ ਪਰਯੋ ਜੁ ਠਾਂਢਾ।
ਤਰਫਤਿ ਮਾਰਤਿ ਪਗਨਿ ਕਹੁ, ਸੰਕਟ ਬਡ ਬਾਢਾ।
ਲਾਗੁਲ ਐਂਠਤਿ[1] ਬੈਠਿ ਕਬਿ, ਪੈਠਤਿ ਘਰ ਜਾਈ[2]।
ਸ਼ਬਦ ਕਰਤਿ ਕਬਿ ਆਇ ਕੈ, ਆਗੈ ਲਿਟ ਜਾਈ ॥੩੪॥
ਲਾਲ ਬਿਲੋਚਨ ਹੁਇ ਗਏ, ਵਯਾਕੁਲਤਾ ਪਾਏ।
ਇਸ ਪ੍ਰਕਾਰ ਸੰਕਟ ਲਹਯੋ, ਸਭਿ ਕੇ ਅਗੁਵਾਏ।
ਕੇਤਿਕ ਚਿਰ ਮਹਿਂ ਮਰਿ ਰਹਯੋ, ਮੁਖ ਦੀਨਿ ਪਸਾਰੇ।
ਦੰਤ ਨਿਕਾਸੇ ਵਹਿਰ ਕੋ, ਗਿਰ ਗੁਰੂ

[1]ਪੂਛ ਅਕੜਾਂਦਾ ਹੈ। [2]ਪ੍ਰਵੇਸ਼ ਕਰਦਾ ਹੈ ਘਰ ਵਿਚ ਜਾਕੇ।

ਅਗਾਰੇ ॥੩੫॥
ਪਗ ਪੰਕਜ ਤਬਿ ਆਪਨੋ, ਕੂਕਰ ਕੇ
ਛ੍ਵਾਵਾ।
ਗਯੋ ਬਿਕੁੰਠ ਬਿਬਾਨ ਚਢਿ, ਉੱਤਮ
ਪਦ ਪਾਵਾ।
ਸਭਿ ਦੇਖਤਿ ਵਿਸਮਾਇ ਗੇ, ਕਰਿ
ਹਾਹਾਕਾਰਾ।
ਹਰਿ ਗੋਵਿੰਦ ਉਬਰੇ ਭਲੇ, ਜਨ[1] ਸੁਖਦ
ਉਦਾਰਾ ॥੩੬॥

[1]ਦਾਸਾਂ ਦੇ।

ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਆ ਰਾਸੇ 'ਬਿਖ ਦੈਨ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

## ੧੭. [ਮਰੇ ਦਿਜ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਜਾਨਿ ਖੋਟ ਦਿਜ ਦੁਸਟ ਕੋ,
ਸ਼੍ਰੀ ਗੁਰ ਸਹਿ ਨ ਸਕਾਇ।
ਕ੍ਰੋਧ ਕਰਜੋ ਦੇਖਤਿ ਭਏ,
ਜਬਹਿ ਸ੍ਵਾਨ ਮ੍ਰਿਤੁ ਪਾਇ ॥੧॥

ਕਬਿੱਤ:

'ਜੈਸੋ ਦੁਖ ਪਾਯੋ ਸ੍ਵਾਨ ਦੂਜਨ ਮਹਾਨ ਦਿਜ!
ਭਯੋ ਪ੍ਰਾਨ ਹਾਨ ਅਬਿ ਹੇਰਤਿ ਅਗਾਰੀ ਤੋਹਿ।
ਤੈਸੇ ਪਾਇ ਸੰਕਟ ਬਿਸਾਲ ਤਾਤਕਾਲ ਫਲ,
ਮੂਰਖ ਅਜਾਨ! ਜਾਨਿ[1] ਤੇਰੋ ਤਨ ਨਾਸ਼ ਹੋਹਿ।'
ਐਸੇ ਗੁਰ ਬੈਨ ਭਨੇ ਸੁਨੇ ਸ਼੍ਰੌਨ ਮੂਢ ਬਿੱਪ੍ਰ,
ਉਠਜੋ ਸੂਲ ਤੇਹੀ ਛਨ ਗਿਰਜੋ ਧਰ ਭਯੋ ਮੋਹਿ[1]।
ਲਿਟਤਿ ਕਰਤਿ 'ਹਾਇ ਹਾਇ, ਨ ਸਹਾਇ ਅਬਿ'
ਪਰਜੋ ਅਰਿਰਾਇ[1] ਦੁਖ ਪਾਇ ਜੋ ਧਰਤਿ ਦ੍ਰੋਹਿ ॥੨॥
ਏਕ ਘਟੀ ਸੂਲ ਭਯੋ, ਸੰਕਟ ਬਿਸਾਲ ਦਯੋ,
ਫੇਰ ਮਰਿ ਗਯੋ ਹਾਥ ਪਾਇਨਿ[1] ਪਸਾਰਿ ਕਰਿ।
ਮਰੇ ਦੋਊ ਹੇਰਿ ਕਰਿ, ਬਿਸਮੇ ਬਡੇਰ ਸਭਿ
ਕਹੈਂ ਬਾਕ 'ਪ੍ਰਭੁ ਨੇ ਬਚਾਯੋ ਹਿਤ ਧਾਰਿ

[1]ਜਾਣ ਲੈ।

[1]ਉਸੇ ਖਿਨ ਸੂਲ ਉਠਿਆ ਤੇ ਮੂਰਛਤ ਹੋਕੇ ਧਰਤੀ ਤੇ ਡਿਗ ਪਿਆ।

[1]ਅਰੜਾ ਕਰਕੇ।

[1]ਪੈਰਾਂ ਨੂੰ।

ਕਰਿ।
ਪਾਪੀ ਇਨ ਕੀਨ ਕਹਾਂ ਠਾਨਿ ਕੈ ਕਪਟ ਮਹਾਂ
ਬਿਖ ਕੋ ਪਿਲਾਇ ਰਹਾ, ਪੀਓ ਨ, ਪੁਕਾਰ ਕਰਿ[1]।
ਅੰਸ ਜਗਦੀਸ਼ ਕੀ ਸ਼ਰੀਰ ਧਰਜੋ ਆਇ ਕਰਿ,
ਨੰਦਨ ਤੁਮਾਰੋ ਕਰਾਮਾਤ ਕੋ ਉਦਾਰ ਕਰਿ ॥੩॥

[1]ਪੁਕਾਰ ਕੀਤੀ (ਭਾਵ ਗੁਰੂ ਹਰਿਗੋਬਿੰਦ ਜੀ ਨੇ)।

ਆਪ ਅਵਤਾਰ ਤੁਮ ਸਮ ਜਾਯੋ ਆਤਮਜ[1],
ਅਪਰ ਜਿ ਹੋਤਿ ਮਾਰਿ ਦੇਤਿ ਨ ਬਚਤਿ ਹੈ।
ਲੇ ਗਜੋ ਇਕਾਕੀ, ਬਿਖ ਪਾਇ ਕੈ ਦਧੀ ਕੋ ਮੂਢ
ਓਜ ਤੇ ਪਿਲਾਇ ਰਹਜੋ, ਕਜੋਂ ਹੂੰ ਨ ਅਚਤਿ ਹੈ[1]।
ਸ੍ਰੀ ਹਰਿਗੋਵਿੰਦ ਕੀਨਿ ਜਤਨ ਬਿਲੰਦ ਆਪ,
ਮਾਰਜੋ ਮਹਾਂ ਪਾਪੀ, ਪਾਪ ਪਾਵਕ ਤਚਤਿ ਹੈ[1]।
ਆਜ ਭੀ ਜਨਮ ਨਯੋ ਭਯੋ ਬਡ ਭਾਗ ਜੁਤ,
ਉਘਰਿਓ ਕਪਟ ਕੈਸੇ ਮੂਢ ਤੇ ਪਚਤਿ[1] ਹੈ ॥੪॥

[1]ਆਪਣੇ) ਵਰਗਾ ਪੈਦਾ ਕੀਤਾ ਹੈ ਸਪੁੱਤ੍ਰ।

[1]ਨਾਂ ਪੀਤੀ (ਸ੍ਰੀ ਬਾਲਕ ਜੀ ਨੇ)।

[1]ਅਗਨੀ ਵਿਚ ਤਪਦਾ ਹੈ।

[1]ਮੂਰਖ ਤੋਂ ਕਿਵੇਂ ਪਚ ਸਕਦਾ ਹੈ ਭਾਵ ਕਪਟ ਨਹੀਂ ਲੁਕ ਸਕਿਆ।

ਕੀਨਿ ਕਜੋਂ ਕੁਕਰਮ ਅਧਰਮੀ ਭਰਮ ਕਰਿ
ਕੌਨੇ ਸਿਖਲਾਯੋ ਬਿਖ ਦੈ ਕੈ ਸਿਸੁ ਮਾਰਨੋ।
ਮਹਾਂ ਦੁਰਬੁੱਧੀ ਨਹੀਂ ਪਾਪ ਕੀ ਪਛਾਨ ਕਰੀ,

ਦਿਜ ਕੋ ਜਨਮ, ਪੈ ਚੰਡਾਰ ਕ੍ਰਿਤ ਕਾਰਨੋ[1]।
ਜੈਸੇ ਕਾਜ ਕਰਜੋ ਤੈਸੋ ਪਾਯੋ ਹੈ ਬਿਲੰਬ ਬਿਨ,
ਮੂਰਖ ਮਹਾਨ ਕੀਨਿ ਕਾਹੂੰ ਨੇ ਸਿਖਾਰਨੋ।'
ਪਰਜੋ ਹੈ ਕਰੂਪ ਹੇਰਿ ਸ੍ਰੀ ਗੁਰੂ ਜੀ ਤਿਸੀ ਬੇਰ
ਸ਼ਬਦ ਬਨਾਯੋ ਫੇਰ ਕੀਨਸਿ ਉਚਾਰਨੋ ॥੫॥

[1]ਚੂਹੜੇ ਦਾ ਕੰਮ ਕੀਤਾ।

ਸ੍ਰੀ ਮੁਖਵਾਕ:
ਭੈਰਉ ਮਹਲਾ ੫ ॥
ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥

ਕਬਿੱਤ:

ਪਾਪੀ ਦਿਜ ਮਰਜੋ, ਸੂਲ ਕਰਜੋ ਈਸ਼ ਮਹਾਂਰਾਜ
ਪਰਜੋ ਫਲ ਭਰਜੋ ਦੁਖ, ਜੀਵਬੇ ਕੀ ਹਾਨ ਕੀਨਿ[1]।
ਜੈਸੇ ਮਾਤ ਪਿਤ ਨਿਜ ਪੁੱਤ੍ਰ ਕੋ ਬਚਾਇ ਲੇਤਿ
ਤੈਸੇ ਨਿਜ ਦਾਸ ਕੋ ਭਯੋ ਹੈ ਰਖਵਾਰ ਚੀਨਿ।
ਨਿੰਦਕ ਹਮਾਰੇ ਜੇ ਸ਼ਰੀਕਨਿ ਕਲੰਕ ਮਹਾਂ,
ਕਾਰੋ ਮੁਖ ਕਾਰਸ ਪਖਾਰੇ ਤੇ ਨ ਹੋਇ ਹੀਨ[1]।
ਦਿਨੋ ਦਿਨ ਹ੍ਵੈ ਸਵਾਈ ਪ੍ਰਭੂ ਨੇ ਲਗਾਈ ਅਸੁ

[1]ਭਾਵ ਮਰ ਗਿਆ।

[1]ਮਹਾਂ ਕਲੰਕ ਰੂਪ ਕਾਲਖ ਨਾਲ ਮੂੰਹ ਕਾਲਾ ਹੈ ਧੋਤਿਆਂ ਕਾਲਖ ਨਹੀਂ ਉਤਰੇਗੀ।

ਕੁਲ ਤੇ ਨ ਜਾਇ, ਅਪਜਸ ਯੌਂ ਕਮਾਇ
ਲੀਨਿ ॥੬॥
ਦਾਸ ਸਿੱਖ ਬ੍ਰਿੰਦ ਦੇਖਿ ਨਿੰਦਤਿ ਅਸ਼ੇਖ
ਤਸ
-ਕਲੁਖ ਬਿਸ਼ੇਖ਼ ਕੀਨਿ, ਕੌਨੇ
ਸਿਖਲਾਇ ਕਰਿ?
ਕਾਂ ਕੇ ਬਿਨ ਪ੍ਰੇਰੇ[1] ਕਯੋਂ ਕਰਤਿ ਦਿਜ
ਲੋਭ ਬਿਨ?-
ਸਭਿਨਿ ਕੋ ਮਮ ਇਨ ਆਵੈ ਬਿਸਮਾਇ
ਕਰਿ।
ਸ੍ਰੀ ਹਰਿਗੋਬਿੰਦ ਚੰਦ ਆਰਜਾ ਬਿਲੰਦ
ਇਨ,
ਕੋਨ ਪ੍ਰਾਨ ਭੰਗ ਸਕੈ ਪ੍ਰਭੁ ਜੇ ਸਹਾਇ
ਕਰਿ।
ਦਾਸਨ ਕੇ ਗੋਪ[1] ਤਾਸ ਨੰਦ ਕੋ ਉਬਾਰੋ
ਕਯੋਂ ਨ,
ਭਏ ਅਵਤਾਰ ਗੁਰੂ ਨਾਨਕ ਜੀ ਆਇ
ਕਰਿ ॥੭॥
ਕੂਕਰ ਬਿਲੋਕ ਕਰਿ ਕ੍ਰਿਪਾ ਕੋ ਕਰਤਿ
ਗੁਰ,
ਗੁਨ ਕੋ ਉਚਰ ਕਰਿ ਦਾਸਨਿ ਸੁਨਾਯੋ
ਹੈ।
'ਰਹਯੋ ਹਮ ਸੰਗ, ਜਬਿ ਬੈਠਤਿ ਪ੍ਰਯੰਕ
ਪਰ,
ਤਰੇ ਰਹੈ ਪਰ[1], ਨਹਿੰ ਅਪਰ ਸਿਧਾਯੋ
ਹੈ।
ਪਨਹੀ ਕੋ ਪਾਵਤਿ ਨਿਹਾਰਤਿ ਉਠਤਿ
ਚਲੈ,
ਖਰੇ ਹੇਰਿ ਖਰੋ ਰਹੈ ਲਾਂਗੁਲ ਹਿਲਾਯੋ
ਹੈ।
ਐਸੋ ਮਤਵਾਨ ਸ੍ਵਾਨ ਦੁਲਭ ਨ ਆਵੈ

[1]ਕਿਸਦੇ ਪ੍ਰੇਰੇ ਬਿਨਾਂ।

[1]ਰੱਖਯਾ ਕਰਨ ਵਾਲੇ [ਸੰਸ: ਗੋਪ = ਰਖ੍ਯਕ]

[1]ਹੇਠਾਂ ਪਿਆ ਰਹੇ।

ਪਾਨ'
ਆਗਜਾ ਦੀਨਿ ਖੱਫਨ ਸੋਂ ਛਿੱਤ ਮੇ
ਦਬਾਯੋ ਹੈ ॥੮॥
ਪਰਜੋ ਦਿਜ ਹੇਰਿ, ਫੇਰ ਗੰਗਾ ਕਰ ਜੋਰ
ਕਹੈ
'ਮਰਜੋ ਇਹ ਪਾਪੀ, ਪੈ ਪ੍ਰਗਟ ਪਾਪ
ਭਯੋ ਨਾਹਿ।
ਕੌਨ ਹੇਤ ਬਿਖ ਦੇਯ ਮਾਰਜੋ ਚਹੈ ਨੰਦ
ਮੇਰੋ,
ਯਾਂ ਕੋ ਕੌਨ ਕਾਜ ਹੋਤਿ ਠਾਨੈ ਪਾਪ
ਜਿਸੀ ਚਾਹਿ?
ਕੈਧੋ ਸਿਖਲਾਯੋ ਕਿਨ, ਬਨੇ ਜੋਊ
ਦੁਸ਼ਮਨ,
ਆਗੈ ਉਤਪਾਤ ਕੀਨਿ, ਬਸਤਿ[1] ਵਡਾਲੀ
ਮਾਂਹਿ?
ਨਿਰਨੈ ਭਯੋ ਨ ਏਹਿ, ਸਭਿ ਕੋ ਸੰਦੇਹ
ਰਹਜੋ,
ਗਯੋ ਤਜਾਗ ਦੇਹਿ ਕੋ ਬਤਾਇ ਦੇਹਿ
ਬਾਤ ਯਾਹਿ ॥੯॥
ਆਪ ਕੇ ਬਚਨ ਤੇ ਉਠਜੋ ਹੈ ਸੂਲ,
ਮਰਜੋ ਏਹਿ
ਪ੍ਰਭੁ ਜੀ, ਜਿਵਾਵੋ, ਨਹਿਂ ਮਾਰਨ
ਕਰੀਜੀਏ।
ਏਕ ਦਿਜ ਦੇਹਿ ਦੂਜੇ ਖੋਇ ਹੈ ਸੰਦੇਹ
ਸਭਿ,
ਛਲ ਕੋ ਬਤਾਇ ਦੇਹਿ, ਬੂਝਿ ਇਸ
ਲੀਜੀਏ।
ਸਭਿ ਕੋ ਪ੍ਰਤੀਤਿ ਆਇ, ਦੇਯਗੋ
ਸੁਨਾਇ,
ਨਹਿਂ ਗੋਪ ਕੋ ਰਖਾਇ[1], ਇਸ ਮੁੱਖ ਤੇ
ਸੁਨੀਜੀਏ।

[1](ਜਦੋਂ) ਵਸਦੇ ਸੀ।

[1]ਛਿਪਾ ਨਹੀਂ ਰੱਖੇਗਾ।

ਆਪ ਕੇ ਸ਼ਰੀਕ ਬਿਨ ਪਾਪ ਅਸ ਕਰੈ ਕੌਨ,
ਤਊ ਬ੍ਰਿੰਦ ਲੋਕਨ ਮੈਂ ਦਿਜ ਤੇ ਕਹੀਜੀਏ ॥੧੦॥
ਔਰ ਸੁਨੋ ਬਾਤ, ਲੋਕ ਨਿੰਦਾ ਕੋ ਬਖਾਨ ਕਰੈਂ
ਬਿਪ੍ਰ ਮਾਰਜੋ ਧਾਮ ਬਿਖੈ, ਭੇਦ ਨ ਸਕੈਂਗੇ ਜਾਨਿ।
ਧੇਨੁ ਦਿਜ ਰੱਛਕ ਹੈ ਬਿਰਦ ਤੁਮਾਰੋ ਭਾਰੋ,
ਛਮੋ ਅਪਰਾਧ ਆਪ ਪਾਪੀ ਪੈ ਕ੍ਰਿਪਾ ਕੋਠਾਨ।
ਸਹਜ ਸੁਭਾਵ ਹੈ ਕ੍ਰਿਪਾਲਤਾ ਬਿਸਾਲ ਧਰੋ,
ਬਿਨੈ ਮੇਰੀ ਮਾਨੀਏ, ਸਦੀਵ ਤੁਮ ਰਾਖੋ ਮਾਨ[1]।
ਕਰਜੋ ਜਿਮ ਭਰਜੋ ਤਿਮ, ਮਰਜੋ ਧਰਿ ਪਰਜੋ ਅਬਿ
ਡਰਜੋ ਨ ਸ਼ਰੀਕ ਟਰਜੋ ਜਰਜੋ ਨ ਹਰਜੋ ਨ ਮਾਨ[1]' ॥੧੧॥
ਗੰਗਾ ਕੇ ਬਚਨ ਸੁਨਿ ਬੋਲੇ ਗੁਰੂ ਅਰਜਨ,
'ਪਾਪੀ ਦੰਡ ਦੇਨਿ ਜੋਗ ਦੋਸ਼ ਨ ਪਛਾਨ ਕੋਇ[1]।
ਬਾਲਕ ਹਤਨਿ ਪੁਨ ਨਿਮਕ ਹਮਾਰੋ ਖਾਇ,
ਫੇਰ ਗੁਰੂ ਧਾਮ ਕੋ ਅਦਾਇਬ ਨ ਕੀਨਿ ਜੋਇ।
ਐਸੋ ਬਡੋ ਕਲਮਲ ਧਾਰੀ ਨ ਗਿਲਾਨ ਮਨ[1],
ਕੌਨ ਜਾਨੈ ਕੈਸੇ ਕੀਨਿ ਮੂਰਖ ਨਿਲਾਜ

[1]ਮਾਣ।

[1]ਜਰਿਆ ਨਹੀਂ ਤੇ ਮਾਨ (ਆਪ ਦਾ) ਨਹੀਂ ਹਰ ਸਕਿਆ।

[1]ਇਸ ਵਿਚ ਕੋਈ ਦੋਸ਼ ਨਾ ਪਛਾਣੋ।

[1]ਨਹੀਂ ਨਫਰਤ ਹੈ ਮਨ ਵਿਚ ਜਿਸ ਦੇ (ਐਸੇ ਪਾਪ ਕਰਮ ਵਲੋਂ)।

ਹੋਇ।
ਕਯੋਂ ਤੂੰ ਇਮ ਬਾਤ ਕਹੈਂ ਬਿੱਪ੍ਰ ਕੋ ਜਿਵਾਯੋ ਚਹੈਂ?
ਕਾਸ਼ਟ ਮੈਂ ਪਾਇ ਦਹੈਂ, ਲੇਹਿ ਫਲ ਮ੍ਰਿੱਤੁ ਸੋਇ[1]' ॥੧੨॥

[1]ਦੇਹ (ਮ੍ਰਿਤੂ) ਦਾ ਦੰਡ ਨਾ ਦੇਵੇ।

ਗੁਰੂ ਬਾਕ ਸੁਨਿ ਕੈ ਬਖਾਨੀ ਗੰਗ ਬਾਨੀ ਪੁਨ,
'ਸੁਨੀ ਮੈਂ ਕਹਾਨੀ ਕਾਨ ਬਡੇ ਪੁਰਖਾਨ ਕੀ।
ਤੁਮ ਸੋਂ ਭਨਤਿ ਨ ਬਨਤਿ ਮਹਾਂ ਮਤਿ ਆਪ,
ਤਉ ਸੁ ਪ੍ਰਸੰਗ ਪਾਇ, ਕਹੌਂ ਹਠ ਠਾਨਿ ਕੀ।
ਦਿਜ ਦੋਸ਼ਵਾਨ ਹੋਇ ਦੇਹਿ ਕੋ ਨ ਦੰਡ ਦੇਹਿ
ਅਪਰ ਅਨੇਕ ਬਿਧਿ ਠਾਨੈ ਜਿਮ ਜਾਨਿ[1] ਕੀ[†]।

[1]ਜਿਵੇਂ (ਠੀਕ) ਜਾਣੋ। [†]ਅੰਕ ੧੨ ਵਿਚ ਕਵਿ ਜੀ ਨਜਾਉਂ ਦੀ ਗੱਲ ਲਿਖ ਰਹੇ ਹਨ ਤੇ ਅੰਕ ੧੩ ਵਿਚ ਹਿੰਦੂ ਮਤ ਦੀ ਗੱਲ ਲਿਖਦੇ ਹਨ। ਹਿੰਦੂ ਰਾਜ ਸਮੇਂ ਬ੍ਰਾਹਮਣਾਂ ਦਾ ਉਹ ਜ਼ੋਰ ਸੀ ਕਿ ਖੂਨ ਕਰਨ ਤੇ ਬ੍ਰਾਹਮਣ ਨੂੰ ਜਾਨੋਂ ਨਹੀਂ ਸਨ ਮਾਰਦੇ।

ਖੋਟਨਿ ਕੋ ਖੋਟ ਪ੍ਰਗਟਾਵੈਗੋ ਸੁ ਦਿਜ ਜੀਵਿ[1],

[1]ਜੀਉਂ ਕਰਕੇ।

ਯਾਂ ਤੇ ਮੇਰੀ ਬੇਨਤੀ ਸੁ ਮਾਨੋ ਤਿਯ ਬਾਨ ਕੀ[1]' ॥੧੩॥

[1]ਇਸਤ੍ਰੀ ਸੁਭਾਵ ਦੀ।

ਸ਼੍ਰੀ ਗੁਰੂ ਸੁ ਜਾਨੀ, ਬਿਨੈ ਠਾਨੀ ਮਨ ਮਾਨੀ, ਪੁਨ
ਮੰਤ੍ਰ ਸਤਿਨਾਮ ਕੋ ਪਠਯੋ ਹੈ ਜਲ ਹਾਥ ਲੀਨਿ।
ਛਿਰਕਯੋ ਬਦਨ ਪਰ ਸਗਰੇ ਸ਼ਰੀਰ ਫੇਰ,
ਜੀਵ ਉਠਯੋ ਮੂਢ ਮਤਿ ਕਪਟ ਜੁ ਗੂਢ ਕੀਨਿ[†]।

†ਬ੍ਰਾਹਮਣ ਦਾ ਆਪਣੇ ਪਾਪ ਦਾ ਇਕਰਾਰ ਕਰਨਾ ਤਾਂ ਉਸ ਵੇਲੇ ਕੁਦਰਤੀ ਬਾਤ ਸੀ, ਸਿਰੋ ਫੜੇ ਜਾ ਕੇ ਆਪਣੇ ਪ੍ਰਾਣ ਬਚਾਉਣ ਲਈ ਉਸ ਦਾ ਤਰਲਾ ਜ਼ਰੂਰ ਸੱਚ ਦਾ ਇਕਰਾਰ ਕਰਵਾਉਂਦਾ ਹੈ ਤਾਂਹੀ ਖਿਮਾਂ ਦਾ ਯਾਚਕ ਬਣਾਉਂਦਾ ਹੈ।

ਜੈਸੇ ਗਾਢਿ ਨਿੰਦ੍ਰਾ ਮੈਂ ਸੁਪਤਿ ਚਿਰਕਾਲ ਹੂੰ ਕੋ
ਜਾਗਿ ਪਰਜੋ ਤਾਤਕਾਲ ਸਾਰੀ ਸੁਧਿ ਤੈਸੇ ਚੀਨਿ।
ਹੇਰੇ ਚਹੂੰ ਓਰ ਬੈਠੇ ਨਰ ਪਰਵਾਰ ਕਰਿ,
ਸਿਮਰੀ ਖੁਟਾਈ, ਨਿਜ ਲੋਚਨ ਨਿਵਾਇ ਦੀਨਿ ॥੧੪॥
ਧਾਰੀ ਉਰ ਸ਼ਰਮ, ਅਧਰਮੀ ਸੋਂ ਗੁਰੂ ਭਨੈਂ
'ਕੈਸੇ ਤੂੰ ਭਰਮ ਕੈ ਕੁਕਰਮ ਕਮਾਯੋ ਹੈ?
ਲੀਨਿ ਧਨ ਧਾਨ, ਕੀਨਿ ਖਾਨਪਾਨ ਨੀਕੀ ਰੀਤਿ,
ਐਸੀ ਬਿਪਰਤਿ ਬਿਖੈ ਕਿਮ ਤੂੰ ਲੁਭਾਯੋ ਹੈ?
ਕੌਨ ਕਾਜ ਤੋਹਿ ਹੋਤਿ, ਪਾਪ ਕੋ ਉਦੋਤਿ ਜਬਿ,
ਕੈਧੋਂ ਕੁਛ ਦੀਨਿ ਕਿਨਿ ਪਾਪ ਸਿਖਲਾਯੋ ਹੈ?
ਸਾਚ ਹੀ ਬਤਾਉ, ਨਹਿਂ ਕੀਜੀਏ ਵਲਾਉ, ਮੂਢ!
ਛੋਰਜੋ ਤੋਹਿ ਮਾਰਬੇ ਕੋ ਯਾਂ ਨੇ[1] ਬਖ਼ਸ਼ਾਯੋ ਹੈ' ॥੧੫॥ [1]ਭਾਵ ਮਾਤ ਗੰਗਾ ਜੀ ਨੇ।
ਸੁਨਿ ਕੈ ਦਿਜਾਧਮ[1] ਸਮੁਖ ਨ ਕਰਤਿ ਡੀਠ, [1]ਪਾਪੀ ਬ੍ਰਾਹਮਣ।
ਨੀਠ ਨੀਠ ਊਪਰ ਕੋ ਲੋਚਨ ਉਠਾਇ ਹੈ।
ਕੰਪਤਿ ਸਰੀਰ, ਉਰ ਧੀਰਜਿ ਨ[1], ਤ੍ਰਾਸ [1]ਨਹੀਂ ਹੈ।

ਮਹਾਂ
ਭਯੋ ਭਯਭੀਤ† ਕੌਨ ਪੀਰ[1] ਉਪਜਾਇ ਹੈ। [1]ਸੂਲ। †ਪਾ:-ਭਯਭੀਰ।
ਮ੍ਰਿਤਕ ਹ੍ਵੈ ਪਰਜੋ ਤਬਿ ਮ੍ਰਿਤਕਾ ਲਗੀ ਹੈ ਗਾਤ,
ਮੁਖ ਮੇਂ ਝਗੂਰ[1], ਸੀਸ ਪਾਗ ਤੇ ਨੰਗਾਇ ਹੈ[2]। [1]ਝੱਗ। [2]ਨੰਗਾ ਹੈ।
ਮਾਨਹੁ ਨਰਕ ਤੇ ਨਿਕਾਸਿ ਕੇ ਬਿਠਾਯੋ ਅਘੀ,
ਪੀਤ ਮੁਖ ਲੋਟਿਬੇ ਤੇ ਭਯੋ ਬਿਕੁਲਾਇ[1] ਹੈ ॥੧੬॥ [1]ਬਿਆਕੁਲ।
ਸੂਲ[1] ਨੇ ਸੰਕਟ ਦੀਯੋ ਸੂਲ[2] ਜਜੋਂ ਚੁਭੇ ਹੈ ਤਨ, [1]ਪੇਟ ਪੀੜ। [2]ਲੰਮਾ ਕੰਡਾ।
ਭਯੋ ਅਸ ਸੂਲ[1] ਨ ਬਿਲੋਕਜੋ ਜਾਇ ਪਾਤ ਕੀ। [1]ਕਲੇਸ਼।
ਬੋਲਜੋ ਹਾਥ ਜੋਰ ਕਰਿ ਚੋਰ ਸਮ ਘੋਰ ਅਘੀ,
'ਛੋਰ ਤੇ ਬਤਾਵੌਂ ਬਾਤ ਭਈ ਜਿਮ ਘਾਤ ਕੀ।
ਪ੍ਰਿਥੀਏ ਬੁਲਾਯੋ ਮੋਹਿ, ਬੋਲਿ ਕੈ ਲੁਭਾਯੋ ਧ੍ਰੋਹਿ,
ਠਾਨੈ ਬਹੁ ਦ੍ਰੋਹ[1], ਕ੍ਰੋਹ[2] ਮਹਾਂ ਉਤਪਾਤ ਕੀ। [1]ਵੈਰ। [2]ਕ੍ਰੋਧ।
ਮੇਰੋ ਸਨਮਾਨ ਕਰਿ, ਮਧੁਰ ਬਖਾਨ ਕਰਿ,
ਸੀਛਜਾ ਯੌਂ ਮਹਾਨ ਕਰਿ, ਬਾਰਤਾ ਸੁ ਰਾਤਿ ਕੀ[1] ॥੧੭॥ [1]ਇਹ ਅੱਜ ਰਾਤ ਦੀ ਗੱਲ ਹੈ।
-ਪੰਚ ਸੈ ਰਜਤਪਨ ਦੇਵੌਂ ਏਕ ਬਾਰ ਗਿਨ,
ਫੇਰ ਸੁਧਿ ਲੇਉਂ ਤੇਰੀ ਸਦਾ ਗੁਜ਼ਰਾਨ ਕੀ-।

ਭਾਵੀ ਤਬਿ ਪ੍ਰੇਰਯੋ ਮੋਹਿ, ਮਾਨ ਲੀਨਿ ਭਨੀ ਤਿਨ[1],
ਸੰਖੀਆ ਮੰਗਾਇ ਕਰਿ ਦੀਨ ਨਿਜ ਪਾਨ ਕੀ[1]।
ਲਯਾਯੋ ਮੈਂ ਰਗਰ, ਪੁਰੀ ਬਾਂਧਿ ਕਰਿ ਧਰੀ ਸਿਰ,
ਭੋਰ ਹੋਤਿ ਦਧਿ ਮੈਂ ਮਿਲਾਈ ਹੇਤ ਖਾਨ ਕੀ[1]।
ਮੱਤ ਮੇਰੀ ਹਾਨ ਕੀ[1], ਦ੍ਰਿੜਾਈ ਪਾਪ ਠਾਨ ਕੀ,
ਭ੍ਰਮਾਈ ਯੌਂ ਅਜਾਨ ਕੀ[1] ਨ ਕੀਨਿ ਬਾਤ ਸਜਾਨ ਕੀ ॥੧੮॥
ਸ੍ਰੀ ਹਰਿ ਗੁਬਿੰਦ, ਕਰਾਮਾਤ ਮੈਂ ਬਿਲੰਦ, ਜਾਨਿ
ਪਾਨ ਤੇ ਹਟਾਇ, ਨਹੀਂ ਪਾਨ ਕਰੀ ਤਯਾਗ ਦੀਨਿ।
[1]ਦੇਨਿ ਬਿਖ ਕਾਰਨ ਉਚਾਰਨ ਕਰਯੋ ਹੈ ਸਭਿ,
ਆਪ ਹੋ ਕ੍ਰਿਪਾਲ ਛਿਮਾ ਛਿਤ ਕੇ ਸਮਾਨ ਚੀਨਿ।
ਲੋਭੁ ਕੀ ਲਹਿਰ ਨੇ ਕਹਿਰ ਉਪਜਾਯੋ ਉਰ,
ਪਤਿਤ ਉਧਾਰਨ ਕੋ ਰਾਵਰਿ ਬਿਰਦ ਕੀਨਿ[1]।
ਬਖਸ਼ੋ ਖ਼ਤਾ ਕੋ, ਕਹਯੋ ਸਾਚ ਮੈਂ ਪਤਾ ਕੋ ਅਬਿ,
ਕਰੋ ਨ ਭਰੋਸ ਵਾਂ ਕੋ[1] ਪਾਪ ਮੈਂ ਪ੍ਰਬੀਨ ਪੀਨ' ॥੧੯॥
ਸੈਯਾ:
ਸ੍ਰੀ ਗੁਰ ਨੇ ਸੁਨਿ ਸਾਚ ਭਨਯੋ ਜਬਿ[1]
ਹੋਏ ਕ੍ਰਿਪਾਲ ਬਖਾਨਤਿ ਬੈਨਾ।

[1]ਉਸਦੀ ਆਖੀ।
[1]ਆਪਣੀ ਹੱਥੀਂ।
[1]ਖਾਣ ਲਈ।
[1]ਨਾਸ਼ ਕੀਤੀ।
[1]ਮੈਂ ਮੂਰਖ ਦੀ।
[1]ਜਾਣ ਕਰਕੇ, ਹੱਥ ਨਾਲ ਹਟਾ ਦਿੱਤੀ।
[1]ਤੁਸਾਂ ਨੇ ਆਪਣਾ ਬਿਰਦ ਬਨਾਯਾ ਹੈ-ਪਤਿਤ ਉਧਾਰਨ।
[1]ਭਾਵ ਪ੍ਰਿਥੀਏ ਦਾ।
[1](ਬ੍ਰਾਹਮਣ ਨੇ) ਜਦ ਸੱਚ ਬੋਲ ਦਿੱਤਾ ਤਾਂ।

'ਕੀਨਿ ਖਤਾ ਜਿਨ ਕੀ ਤੁਝ ਨੇ
ਤਿਨ ਆਗੈ ਬਿਨੈ ਕਰਿ ਹ੍ਵੈ ਮਨ ਦੈਨਾ[1]। — [1]ਦੀਨ ਮਨ ਹੋਕੇ।
ਸੋ ਬਖਸ਼ੈਂ, ਸ਼ਰਨੀ ਪਰੀਏ,
ਅਪਰਾਧ ਅਸਾਧਨ[1], ਤੇ ਜਿਨ ਭੈ ਨਾ। — [1]ਅਸਾਧ ਅਪ੍ਰਾਧ = ਘੋਰ ਪਾਪ (ਅ) ਅਸਾਧੂਆਂ ਭਾਵ ਦੁਸ਼ਟਾਂ ਦੇ ਪਾਪਾਂ ਤੋਂ।

ਮਾਤ ਕੀ ਗੋਦ ਮੈਂ ਬੈਠੇ ਬਿਰਾਜਤਿ
ਜਾਂਹੀ ਕੇ ਨਾਮ ਤੇ ਹ੍ਵੈ ਸੁਖ ਚੈਨਾ'
॥੨੦॥
ਸ੍ਰੀ ਹਰਿਗੋਬਿੰਦ ਕੀ ਦਿਸ਼ ਹ੍ਵੈ
ਦਿਜ ਬੇਨਤੀ ਵਾਕ ਕਹੇ ਸਮੁਦਾਈ।
'ਸੇਵਕ ਮੈਂ ਸਭਿ ਸੇਵ ਕਰੌਂ ਤੁਮ,
ਦੇਵਨ ਦੇਵ ਸਭੈ ਜਗਰਾਈ[1]! — [1]ਦੇਵਤਿਆਂ ਦੇ ਦੇਵ ਜਗਤ ਦੇ ਰਾਜੇ ਹੋ।
ਮੈਂ ਮਤਿਹੀਨ ਕਰਜੋ ਅਪਰਾਧ
ਛਮੋ ਪ੍ਰਭੁ ਆਪ ਪਰਜੋ ਸ਼ਰਨਾਈ[1]।' — [1]ਸ਼ਰਨੀ ਆਇ ਕਰਕੇ।
ਯੌਂ ਕਹਿਕੇ ਪਗ ਪੰਕਜ ਊਪਰ
ਸੀਸ ਧਰਜੋ ਧਰਿ ਕੈ ਅਗਵਾਈ
॥੨੧॥
ਸੰਮਤ ਸ੍ਰੀ ਪਿਤ ਕੋ ਚਿਤ ਜਾਨਿ[1] — [1]ਪਿਤਾ ਜੀ ਦੀ ਮਰਜ਼ੀ ਚਿਤ ਵਿਚ ਜਾਣਕੇ।
ਦਯਾਨਿਧਿ ਬਾਨ[1] ਤਬੈ ਹੁਇ ਆਈ। — [1]ਸੁਭਾਵ।
ਕੀਨਿ ਮਹਾਂ ਅਪਰਾਧ ਜਿਨੇ
ਬਖਸ਼ਜੋ ਬਿਨਤੀ ਸੁਨਿ ਕੈ ਸਹਸਾਈ[1]। — [1]ਛੇਤੀ।
ਨਾਥ[1] ਨੇ ਹਾਥ ਪਸਾਰ ਤਬੈ — [1]ਸ੍ਰੀ ਹਰਿਗੋਬਿੰਦ ਜੀ।
ਤਿਹ ਮਾਥ ਧਰਜੋ ਦੁਤਿ ਸਾਥ[1] ਸੁਹਾਈ। — [1]ਸੁੰਦਰਤਾ ਨਾਲ।
ਏਕ ਗਰੀਬ ਨਿਵਾਜ ਗੁਰੂ ਬਿਨ
ਆਨ ਕੇ ਬੀਚ ਕਹਾਂ ਬਡਿਆਈ
॥੨੨॥
ਐਸੋ ਬਡੋ ਅਪਰਾਧ ਕਰਜੋ ਜਿਨ
ਪ੍ਰਾਨ ਕੇ ਹਾਨ ਲੌ ਕੀਨਿ ਉਪਾਈ[1]। — [1]ਪ੍ਰਾਨ ਹਨਨ ਦਾ ਉਪਾਉ ਕੀਤਾ।
ਪਾਤਕ ਬਾਲਕ ਘਾਤਕ ਕੋ ਪੁਨਿ
ਅੰਨ ਤੇ ਲੌਨ ਗੁਰੂ ਘਰ ਖਾਈ।
ਸੋ ਤਤਕਾਲ ਬਿਨੈ ਸੁਨਿ ਕੈ
ਕਰਿ ਦੀਨੋ ਨਿਹਾਲ ਪਿਖੈਂ ਸਮੁਦਾਈ।

ਏਕ ਗਰੀਬ ਨਿਵਾਜ਼ ਗੁਰੂ ਬਿਨ
ਆਨ ਕੇ ਬੀਚ ਕਹਾਂ ਬਡਿਆਈ
॥੨੩॥

ਦੋਹਰਾ:
ਇਸ ਪ੍ਰਕਾਰ ਬਖਸ਼ਜੋ ਸੁ ਦਿਜ, ਗੁਰੂ
ਗਰੀਬ ਨਿਵਾਜ਼।
ਮਾਤਾ ਪਿਤਾ ਦੇਖਤਿ ਅਨੰਦ, ਅਰੁ ਸਿਖ
ਦਾਸ ਸਮਾਜ ॥ ॥ ੨੪॥
ਮਹਿਮਾ ਮਹਾਂ ਪ੍ਰਮਾਨ ਤੇ, ਮਹਾਂਪੁਰਖ
ਸੁਖਕੰਦ[1]।
ਗੁਰ ਘਰ ਮਹਿਂ ਅਵਤਾਰ ਲਿਯ, ਸ੍ਰੀ
ਹਰਿਗੋਵਿੰਦ ਚੰਦ ॥੨੫॥
ਭਯੋ ਨਰਨ ਸਮੁਦਾਇ ਤਹਿਂ, ਬੈਠਿ ਰਹੇ
ਪਰਵਾਰ।
ਬਿਸਮਹਿਂ ਅਘਿ ਦੀਰਘ ਪਿਖਜੋ,
ਬਖਸ਼ਜੋ ਬਹੁਰ ਉਦਾਰ ॥੨੬॥
'ਦਾਤਾ ਹੋਵੈਂ ਅਧਿਕ ਹੀ, ਜਬੈ ਤਨੂੰ
ਬਲ ਜ੍ਵਾਨ[1]।
ਕਰਹਿਂ ਨਿਹਾਲ ਅਨੇਕ ਹੀ, ਜੋ ਇਨ ਕੇ
ਬਿਦਮਾਨ[1]' ॥੨੭॥
ਇੱਤਜਾਦਿਕ ਕੀਰਤਿ ਕਰਤਿ, ਭਰਤਿ
ਹਰਖ ਉਰ ਬੀਚ।
ਕ੍ਰੋਰ† ਜਤਨ ਕੋਈ ਕਰਹੁ, ਕਿਮ ਹੁਇ
ਇਨ ਕੀ ਮੀਚ ॥੨੮॥
ਧਾਇ ਹਤੀ, ਪੰਨਗ ਹਨਜੋ, ਦਿਜ ਕੋ
ਕੀਨ ਬਿਨਾਸ਼।
ਉਲਟ ਪਰਤਿ ਹੈ ਤਿਨਹੁਂ ਪਰ, ਬੁਰਾ ਜੁ
ਚਹਿਂ ਕਰਿ ਆਸ ॥੨੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਤ੍ਰਿਤਿਯ ਰਾਸੇ 'ਬਿੱਪ੍ਰ ਮ੍ਰਿਤਕ ਜੀਵਾਲਬੋ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

[1]ਸੁਖਾਂ ਦੇ ਮੇਘ।

[1]ਜਦੋਂ ਸਰੀਰ ਬਲੀ ਤੇ ਜਵਾਨ ਹੋਵੇਗਾ।

[1]ਜੋ ਸਾਹਮਣੇ ਆਵੇਗਾ।

†ਪਾ:-ਕੋਟ।

## ੧੮. [ਪ੍ਰਿਥੀਏ ਦਾ ਝਗੜਨਾ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:
ਸਗਰੇ ਸੁਨਤਿ ਪ੍ਰਸੰਗ ਕੋ,
ਦਿਜ ਮੂਰਖ ਚਹੁੰ ਓਰ।
ਬੋਲੇ ਸ਼੍ਰੀ ਅਰਜਨ ਗੁਰੂ,
'ਕੀਨ ਜੁ ਤੈਂ ਅਘ ਘੋਰ ॥੧॥

ਸ੍ਵੈਯਾ:
ਸੋ ਪ੍ਰਿਥੀਏ ਮੁਖ ਪੈ ਕਹਿ ਹੈਂ[1]
ਤਿਹ ਦੇਹੁ ਮਨਾਇ ਭਨੀ ਜਿਮ ਬਾਨੀ।
ਪੰਚ ਸੈ ਦੇਨਿ ਕਹੇ ਤੁਝ ਕੋ,
ਬਿਖ ਕੀ ਜਿਮ ਤਾਂਹੀ ਨੇ ਸੀਖਿ ਸਿਖਾਨੀ।
ਪਾਪ ਮਤੀ ਜਿਸ ਕੇ ਨਿਤ ਹੈ ਚਿਤ,
ਈਰਖਾ ਆਗਿ ਹੈਂ ਦਾਹਿ ਮਹਾਨੀ।
ਸੰਕਟ ਘੋਰ ਘਨੋ ਹੁਇ ਦੇਖਤਿ
ਕੀਰਤਿ ਕੋ ਸੁਨਿ ਕੈ ਸੁਖ ਹਾਨੀ' ॥੨॥
ਬਿੱਪ੍ਰ ਕਹ੍ਯੋ 'ਸੁਨਿ ਸ੍ਰੀ ਗੁਰ ਪੂਰਨ!
ਜ੍ਯੋਂ ਤਿਸਨੇ ਮੁਝ ਕੋ ਸਮੁਝਾਈ।
ਤ੍ਯੋਂ ਤਿਸ ਆਨਨ ਪੈ ਉਚਰੌਂ,
ਮਮ ਨਾਸ਼ ਕੀਓ ਅਸ ਸੀਖ ਸਿਖਾਈ।
ਮੈਂ ਗੁਜ਼ਰਾਨ ਕਰੌਂ ਤੁਮਰੇ ਘਰ,
ਭੂਰ ਕਲੰਕ ਦੀਓ ਦੁਖਦਾਈ।
ਭਾਵੀ ਨੇ ਪ੍ਰੇਰਨ ਕੀਨਿ ਬੁਰੇ ਮਹਿਂ,
ਦੋਨਹੁਂ ਲੋਕ ਮੈਂ ਲੀਨਿ ਗਵਾਈ' ॥੩॥

ਦੋਹਰਾ:
ਸ਼੍ਰੀ ਅਰਜਨ ਦਿਜ ਸੋਂ ਕਹ੍ਯੋ,
'ਮਹਾਂ ਮੂਢ ਕਜਾ ਕੀਨਿ?
ਸਾਹਿਬਜ਼ਾਦੇ ਮੋਲ ਕੋ,
ਪੰਚ ਸਹਸ ਕਰਿ ਦੀਨਿ' ॥੪॥
ਬਹੁਰ ਕਹ੍ਯੋ ਸੰਗ ਦਾਸਿ ਕੇ,

[1]ਮੂੰਹ ਤੋਂ ਕਹੇਂਗਾ?

'ਧਾਮ ਪ੍ਰਿਥੀਏ ਜਾਇ।
ਆਨਹੁਂ ਸਾਥ ਹਕਾਰ ਕੈ,
ਲੇ ਕਰਿ ਹਮਰੋ ਨਾਇ ॥੫॥

ਕਬਿੱਤ:
ਕਰੋ ਸਨਮਾਨ ਬੋਲਿ ਮਧੁਰ ਮਹਾਨ
ਸਾਥਿ ਆਨੋ ਹਮ ਧਾਮ ਕੋ ਪ੍ਰਸੰਨਤਾ
ਉਪਾਇ ਮਨ।'
ਗਯੋ ਸੁਨਿ ਦਾਸ ਬੈਠੋ ਪ੍ਰਿਥੀਆ ਅਵਾਸ
ਜਿਸ,
ਸੀਸ ਕੋ ਨਿਵਾਇ ਅਭਿਬੰਦਨ[1] ਸੁ
ਕੀਨਿ ਤਿਨ।
'ਆਪ ਕੋ ਹਕਾਰਨ ਕਰਜੋ ਹੈ ਗੁਰੂ
ਅਰਜਨ,
ਅਬਿ ਹੀ ਉਠੀਜੈ, ਚਲਿ ਮਿਲੀਏ
ਬਿਲੰਬ ਬਿਨ।'
ਸੁਨਿ ਕੈ ਹਰਖ ਕਰਿ, ਗਮਨਜੋ ਗੁਰੂ ਕੇ
ਘਰਿ,
ਮੋਹਿ ਸਾਥ ਕਾਜ ਕੌਨ?' ਬੂਝਜੋ ਦਾਸ
ਸਾਥ 'ਭਨਿ[1]' ॥੬॥
[1] 'ਮੋਹਿ ਕੋ ਨ ਸੁਧਿ ਕੋਈ, ਪਠਜੋ
ਚਲਿ ਆਯੋ ਇਤ'
ਐਸੇ ਬਾਤ ਬੋਲਤਿ ਸੁ ਆਯੋ ਗੁਰ ਧਾਮ
ਕੋ।
ਕੋਠੇ ਮੈਂ ਬਿਠਾਯੋ ਦਿਜ ਬੋਲੀਏ ਨ ਬਾਕ
ਤੁਮ
ਹਮਰੇ ਬੁਲਾਇ ਬਿਨ, ਬੈਠ ਇਕ ਜਾਮ
ਕੋ।'
ਬਿੱਪ੍ਰ ਨੇ ਅਲਾਯੋ, 'ਜਿਮ ਆਪ ਨੇ
ਬਤਾਯੋ
ਤਿਮ ਕਰੋਂ, ਬੈਠਿ ਰਹੌਂ ਜਬਿ ਲੇਹੁ ਮਮ
ਨਾਮ ਕੋ।

[1]ਨਮਸਕਾਰ।

[1]ਕਹੁ।

[1]ਦਾਸ ਬੋਲਿਆ।

ਤਬਿ ਮੈਂ ਛਪੀ ਨ ਰਾਖੌਂ, ਜਥਾਰਥ ਸੋਈ ਭਾਖੌਂ,
ਮੁਕਰ ਨ ਦੇਯ ਹੌਂ, ਬਿਗਾਰਜੋ ਜਿਮੁ ਕਾਮ ਕੋ' ॥੭॥
ਇਤਨੇ ਮੈਂ ਪ੍ਰਿਥੀਆ ਪਹੁੰਚਜੋ ਗੁਰੂ ਪਾਸ ਆਨਿ,
ਹੇਤ ਸਨਮਾਨ ਕੇ ਉਠੇ ਹੈਂ ਕੀਨਿ ਬੰਦਨਾ।
ਮਧੁਰ ਮਹਾਨ ਕੋ ਬਖਾਨਿ ਕੈ ਬਿਠਾਯੋ ਤੀਰ,
ਆਪ ਤੇ ਅਧਿਕ ਕਰਿ ਜਾਨਿ ਦੁਖਕੰਦਨਾ[1]।
ਨੰਮ੍ਰਿ ਹੋਇ ਬੋਲੇ 'ਭ੍ਰਾਤ ਹਮਰੇ ਬਿਸਾਲ ਤੁਮ,
ਆਦਰ ਸਥਾਨ ਸਦਾ ਕਹੈਂ ਹਮ ਮੰਦ ਨਾ[1]†।
ਦ੍ਵੈਸ਼ ਕੋ ਨ ਲੇਸ਼ ਲਖਿ, ਆਪ ਤੇ ਵਿਸ਼ੇਸ਼ ਹਮ
ਜਾਨਤਿ ਅਸ਼ੇਸ਼ ਤੁਮ, ਬਨਤਿ ਬਿਲੰਦ ਨਾ[1] ॥੮॥
ਬਡੋ ਭ੍ਰਾਤ ਪਿਤਾ ਕੇ ਸਮਾਨ ਜਗ ਜਾਨਿਯਤਿ,
ਹਿਤ ਕੋ ਕਰਤਿ, ਇਹੀ ਬਾਰਤਾ ਪ੍ਰਮਾਨ ਕੀ।
ਬੈਰ ਮਨ ਠਾਨੈ ਤੋ ਹਮਾਰੇ ਸੰਗ ਹੋਹਿ ਤੇਰੋ,
ਬਾਲਕ ਅਦੋਸ਼, ਨਹੀਂ ਮਿੱਤ੍ਰ ਸ਼ੱਤ੍ਰ ਜਾਨ ਕੀ।
ਖੋਟੋ ਕਾਮੁ ਕੀਨਿ ਬਿਖ ਦਧੀ ਸੋਂ ਦਿਵਾਇ ਦੀਨ,
ਬਿੱਪ੍ਰ ਕੋ ਲੁਭਾਇ ਲੀਨਿ, ਪ੍ਰੇਰਜੋ ਦੁਰ

[1]ਦੁਖਾਂ ਦੇ ਕੱਟਣ ਵਾਲੇ ਗੁਰੂ ਜੀ ਨੇ।

[1]ਸ਼ੁਭ ਕਹਿੰਦੇ ਹਾਂ। †ਪਾ:-ਕਰੈਂ ਹਮ ਬੰਦਨਾ।

[1]ਤੁਸੀਂ ਵਡੇ ਨਹੀਂ ਬਣਦੇ।

ਬਾਨ ਕੀ।
ਲਾਜ ਨ ਜਹਾਨ ਕੀ, ਨ ਕੀਨਿ ਕੁਲ ਕਾਨ ਕੀ,
ਨ ਰੀਤਿ ਦਯਾਵਾਨ ਕੀ, ਨ ਪਾਪ ਕੀ ਪਛਾਨ ਕੀ ॥੯॥
ਜਮ ਕੋ ਜਾਨਜੋ ਨ ਕਲੰਕ ਕੋ ਪ੍ਰਮਾਨਜੋ,
ਹ੍ਵੈ ਅਜਾਨ ਹਿਤ ਹਾਨਜੋ[1], ਕਾਜ ਠਾਨਜੋ ਮਤਿਮੰਦ ਕੋ।

[1]ਪਿਆਰ ਦੂਰ ਕੀਤਾ।

ਰਾਖੇ ਗੁਰੂ ਨਾਨਕ ਸਹਾਇ ਭਏ ਆਨ ਕਰਿ,
ਤੇਰੇ ਮੁਖ ਕਾਲਖ ਲਗਾਈ ਜਿਮ ਚੰਦੁ ਕੋ।
ਮਿਟੈ ਨ ਪਖਾਰੀ, ਦਿਨੋ ਦਿਨ ਹੋਇ ਕਾਰੀ ਬਹੁ,
ਅਪਜਸ ਭਾਰੀ ਦੁਖ ਕਾਰੀ ਲੈਂ ਬਿਲੰਦ ਕੋ[1]।

[1]ਵਡਾ ਤੇ ਦੁਖਦਾਈ। ਅਪਜਸ ਲਵੇਂਗਾ।

ਹੰਸਨ ਕੇ ਕੀਚ, ਜਿਮ ਕਾਲਮਾ ਕਮਲ ਬੀਚ
ਤਿਮ ਬੁਧਿ ਨੀਚ ਤੇਰੀ, ਕਰੈਂ ਛੰਦ ਬੰਦ ਕੋ[1] ॥੧੦॥

[1](ਤੂੰ ਐਉਂ ਹੈ ਜਿਵੇਂ) ਹੰਸਾਂ ਨੂੰ ਚਿੱਕੜ (ਯਾ ਜਿਵੇਂ) ਕਮਲ ਵਿੱਚ ਕਾਈ, ਇਸ ਤਰ੍ਹਾਂ ਤੇਰੀ ਬੁੱਧੀ ਨੀਚ ਹੈ ਜੋ ਤੂੰ ਛਲਵਲ ਕਰਦਾ ਹੈਂ। [ਕਾਲਮਾ = ਕਾਈ੍] ਭਾਵ ਇਹ ਕਿ ਗੁਰੂ ਘਰ ਹੰਸ ਤੇ ਕਮਲ ਵਤ ਮੈਲ ਰਹਤ ਤੇ ਕਾਈ ਰਹਤ ਹੈ, ਪਰ ਤੂੰ ਮੈਲ ਤੇ ਕਾਈ ਵਤ ਹੈਂ। ਹੰਸ ਤੇ ਕਮਲ ਮੈਲ ਦੇ ਨਾਲ ਮੈਲੇ ਕਾਲੇ ਨਹੀਂ ਹੁੰਦੇ, ਓਹ ਅੱਵਲ ਤਾਂ ਉਨ੍ਹਾਂ ਨੂੰ ਛੁਹੰਦੇ ਨਹੀਂ ਜੇ ਛੁਹਣ ਤਾਂ ਓਪ੍ਰੇ ਰਹਿੰਦੇ ਹਨ, ਉਨ੍ਹਾਂ ਦੀ ਨਿਰਮਲਤਾ ਅਛਾਦਨ ਨਹੀਂ ਹੁੰਦੀ, ਜੈਸੇ ਫੁਰਮਾਯਾ ਹੈ:- 'ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੈ ਮੈਲੁ ਨ ਲਾਗੈ ਜਲਾ॥'

ਲਾਗਜੋ ਏਕ ਅੰਕ[1] ਹੀ ਕਲੰਕ ਮੁਖ ਤੇਰੋ ਅਬਿ,
ਰਹੈ ਚਿਰਕਾਲ, ਦਹੈ ਚਿੱਤ ਕੁਲ ਸੁਨਿ ਸੁਨਿ।
ਖੋਟੋ ਤੁਝ ਜਾਨੈਂ, ਮੌਨ ਠਾਨੈ, ਨ ਬਖਾਨੈ ਕਛੁ,
ਸੰਗਤਾਂ ਮਝਾਰ ਪਛੁਤਾਵੈਂ ਸੀਸ ਧੁਨਿ

[1]ਇਕਵਾਰਗੀ ਹੀ।

ਧੁਨਿ।
ਸੁਨੈਂ ਗੁਰਸਿੱਖ, ਦੀਨੀ ਬਾਲਕ ਕੋ ਬਿਖ ਇਨ,
ਚਾਹੈਂਗੇ ਨ ਮੁਖ ਪਿਖਿ, ਦੋਸ਼ ਮਹਾਂ ਗੁਨਿ ਗਨਿ।
ਨਿੰਦ ਕੋ ਉਚਾਰੈਂ, ਤੇਰੀ ਕ੍ਰਿਤ ਕੋ ਧਿਕਾਰੈਂ ਸਭਿ,
ਫੈਲੈ ਜਗ ਸਾਰੈ, ਭਨੈਂ ਆਪਸ ਮੈਂ ਪੁਨਿ ਪੁਨਿ' ॥੧੧॥
ਕ੍ਰੋਧ ਕਰਿ ਲੋਭ ਸੋਂ ਹੰਕਾਰ ਧਰਿ ਬੋਲਜੋ ਤਬਿ
'ਝੂਠੇ ਉਪਾਲੰਤ ਦੇਤਿ ਆਪ ਤੇ ਬਨਾਇ ਕਰਿ।
ਹਮਰੋ ਬਿਗਾਰਜੋ ਕਹਾਂ ਜਾਂ ਤੇ ਬਿਖ ਦੇਨਿ ਚਹਾ†,
ਮੇਰੋ ਨਾਮ ਕੌਨ ਲੇਤਿ ਦ੍ਵੈਸ਼ ਉਪਜਾਇ ਕਰਿ?
ਕੋਊ ਨਹਿਂ ਪ੍ਰੇਰਜੋ ਕਬਿ, ਕੂਰ ਕਜੋਂ ਕਹਤਿ ਤੁਮ,
ਦੇਖਿ ਨ ਸਕਹੁ ਤੁਹਮਤ[1] ਦਜੋ ਉਠਾਇ ਕਰਿ।
ਹਾਥਨ ਕੋ ਮਲ ਕਰਿ[1] ਬਾਤਨ ਬਨਾਇ ਲੇਤਿ,
ਕੌਨ ਕਰਜੋ ਕਾਮ[1] ਨਾਮ ਦੀਜੀਏ ਸੁਨਾਇ ਕਰਿ' ॥੧੨॥
ਬੋਲੇ ਗੁਰੁ ਅਰਜਨ 'ਸੇਵਕ! ਉਠਹੁ ਅਬਿ,
ਸਾਂਕੁਰ ਕੋ ਛੋਰਿਕੈ[1] ਕਿਵਾਰੋਂ ਕੋ ਉਘਾਰ ਦੇਹੁ।'
ਤਾਤਕਾਲ ਉਠਿ ਕੈ ਨਿਕਾਰਜੋ ਦਿਜ, ਬੈਠੋ ਆਇ

†ਪਾ:-ਕਹਾ।
[1]ਊਜ।
[1]ਭਾਵ ਜਿਵੇਂ ਮਦਾਰੀ ਹੱਥ ਮਲਕੇ ਚੀਜ਼ਾਂ ਰਚ ਲੈਂਦਾ ਹੈ।
[1]ਕਿਸਨੇ (ਇਹ) ਕੰਮ (ਜ਼ਹਿਰ ਦੇਣ ਦਾ) ਕੀਤਾ ਹੈ।
[1]ਕੁੰਡਾ ਖੋਲ੍ਹਕੇ।

ਪ੍ਰਿਥੀਏ ਕੇ ਸਨਮੁਖ, ਚਪੇ[1] ਦੋਊ ਚੋਰ ਜੇਹ। [1]ਸ਼ਰਮਿੰਦੇ ਹੋਏ।
ਲੋਚਨ ਕੋ ਜੋਰੈ ਨਹਿਂ, ਬੋਲਜੋ ਮੁਖ ਲੋਰੇ ਨਹਿਂ,
ਛਪੁਨ ਕੋ[1] ਟੋਰੈ ਦਾਵ, ਪਾਵਤਿ ਨ ਮਿਸ ਕੇਹ[2]। [1]ਲੁਕਣੇ ਦਾ। [2]ਬਹਾਨਾ ਕੋਈ ਨਹੀਂ ਲੱਭਦਾ।
ਉਘਰਜੋ ਕਪਟ, ਜਾਤਿ ਨਿਘਰਜੋ ਪ੍ਰਿਥੀ ਕੇ ਬੀਚ[1], [1]ਧਰਤੀ ਵਿਚ ਨਿੱਘਰਦਾ ਜਾਂਦਾ ਹੈ।
ਮੁਖ ਪੈ ਖੁਟਾਈ ਕੀ ਸ਼ਰਮ ਬਰਖਾਇ ਮੇਂਹ[1] ॥੧੩॥ [1]ਭਾਵ, ਮੁੜ੍ਹਕਾ।
ਬੋਲਜੋ ਦਿਜ 'ਮੂਢ! ਕਜੋਂ ਕਰਾਯੋ ਥੋ ਕਪਟ ਗੂਢ,
ਕੈਸੇ ਗੁਰ ਬੰਸ ਮੈਂ ਜਨਮ ਤੁਮ ਲੀਨਿਓ?
ਆਪ ਪਾਪ ਕੂਪ ਮੈਂ ਡੁਬਿਤ ਮੋ ਕੋ ਸੰਗ ਗਹਿ,
ਕਰਾਮਾਤ ਸਾਹਿਬ ਸੋਂ ਬੈਰ ਬਡ ਕੀਨਿਓ।
ਕਿਮ ਨਿਬਹੋਗੇ ਦੁਊ ਲੋਕ ਸੁਖ ਖੋ ਗੇ, ਸਭਿ
ਨਿੰਦਾ ਜੁਤ ਹੋਗੇ, ਦੁਖ ਭੋਗੋਗੇ[†] ਮਲੀਨਿਓਂ! [†]ਪਾ:-ਭੋਗੇਗੋ।
ਮੁਕਰਤਿ ਕੈਸੇ? ਮੋ ਸੋਂ ਕਹਜੋ ਰਾਤਿ ਜੈਸੇ
ਅਬਿ ਸਭਿਨਿ ਮੈਂ ਤੈਸੇ ਕਹੁ, ਪਾਪ ਮੈਂ ਪ੍ਰਬੀਨਿਓ!' ॥੧੪॥
ਸੁਨਿ ਕੈ ਕੁਟਲ ਬਡੋ ਕਪਟਨ ਮਾਨੈ, ਪੁਨਿ
ਲੋਚਨ ਨ ਨੀਚ ਕਰੈ, ਬੋਲਤਿ ਕਠੋਰ ਬੈਨ।
'ਕਹਾਂ ਭਯੋ ਦਿਜ ਕੋ ਸਿਖਾਇ ਕੈ

ਕਹਾਯੋ ਕੂਰ,
ਉਪਾਲੰਭ ਦੇਤਿ, ਤਪਤਾਵੈ ਮਨ ਮੋਹਿ ਭੈ
ਨ।
ਨਿੰਦਾ ਕੋ ਬਿਥਾਰੈ ਜਗ, ਲੋਕਨ ਮੈਂ ਬਨੈ
ਠਗ,
ਆਪ ਕੋ ਪਜਾਵੈ, ਅਗ ਪਾਸ ਤੇ[1] ਦਰਬ
ਲੈਨ।
ਕਰੈ ਉਤਪਾਤਿ, ਮੈਂ ਨ ਡਰੋਂ ਇਨ
ਬਾਤਨਿ ਤੇ,
ਘਾਤਨਿ ਬਨਾਵੈ ਸਗਰੇਨ ਕੋ ਸੁਨਾਇ
ਦੈਨਿ[1]' ॥੧੫॥
ਜਾਨ ਬਡੋ ਢੀਠੁ, ਅਵਿਲੋਕ ਕੈ ਨਿਠੁਰ
ਡੀਠ,
-ਪਾਪ ਯਾਂਕੋ ਮੀਠ ਹੈ- ਬਿਚਾਰਯੋ ਗੁਰੂ
ਅਰਜਨ।
-ਔਗੁਨ ਕਰਤ ਨਹੀਂ ਲਾਜ ਕੋ ਧਰਤਿ,
ਪੁਨਿ ਬਕਤਿ ਕਠੋਰ, ਬਨੈ ਬਾਤਨ ਮੈਂ
ਸੁਰਜਨ[1]।
ਆਨਨ ਪੈ ਭਨੈ ਦਿਜ, ਮਾਨਤਿ ਨ, ਕਰੈ
ਜਿਦ,
ਉਲਟੋ ਸੁ ਕ੍ਰੋਧ ਹੋਤਿ ਦੁਰਮਤਿ
ਦੁਰਜਨ।
ਜਾਂ ਕੈ ਹਿਤ ਪਾਪ ਧਰੈ, ਔਗੁਨ ਅਨੇਕ
ਕਰੈ
ਸੋ ਤੋ ਨਹੀਂ ਪਾਵੈ ਦਈ ਗੁਰਤਾ ਜੁ ਗੁਰ
ਜਨ- ॥੧੬॥
ਫੇਰ ਬੋਲਯੋ ਪਾਪ ਮਤਿ 'ਅਬਿ ਲੌ ਨ
ਕੀਨ ਕੁਛ,
ਉੱਦਮ ਕਰੈ ਹੌਂ ਅਸ ਅਧਿਕ ਬਿਚਾਰਿ
ਕੈ।
ਪੁੱਤ੍ਰ ਕੇ ਸਮੇਤ ਤੋਹਿ ਜਮ ਕੇ ਨਿਕੇਤ

[1]ਮੂਰਖਾਂ ਤੋਂ।

[1]ਸਾਰਿਆਂ ਨੂੰ ਸੁਨਾਵਣ ਲਈ ਦਾਉ ਰਚਦਾ ਹੈ।

[1]ਚਤੁਰ।

ਪਠੋਂ
ਕੋਊ ਦਿਨ ਬੀਤ, ਲੇਹੁ ਠੀਕ ਉਰਧਾਰਿ ਕੈ।
ਮੈਂ ਤੋ ਬਡੋ ਪੂਤ ਤਜਾਗ ਦੀਨਸਿ ਪਿਤਾ ਨੈ ਆਪ,
ਬੈਸ ਮੇਂ ਅਲਪ ਲੀਨਿ ਗੁਰਤਾ ਹੰਕਾਰ ਕੈ।
ਕੋਈ ਤੋ ਕਰੈਗੋ ਨਜਾਇ, ਕੈਸੇ ਕੈ ਅੰਨਜਾਇ ਹੋਇ
ਨਾਤੁਰ ਅੰਧੇਰ ਪਰੈ ਜਗ ਅਬਿਚਾਰ ਕੈ[1]' ॥੧੭॥

[1]ਵਿਚਾਰ ਤੋਂ ਬਿਨਾਂ।

ਸ੍ਰੀ ਗੁਰੂ ਬਖਾਨੀ 'ਕੁਛ ਨਈ ਨਹਿੰ ਰੀਤਿ ਠਾਨੀ,
ਆਦਿ ਹੂੰ ਤੇ ਚਲੀ ਆਇ ਬਿਦਤ ਜਗੱਤ ਹੈ।
ਭਏ ਗੁਰੂ ਨਾਨਕ ਸਪੁੱਤ੍ਰ ਦੋਇ ਮਹਾਂ ਮਤ[1]
ਸੇਵਾ ਨਹਿੰ ਲਗੇ, ਲੀਨਿ ਸੇਵਾ ਜੋ ਲਗੱਤਿ ਹੈ[1]।
ਦੂਜੇ ਗੁਰੂ ਅੰਗਦ ਉਦਾਰ ਚਿਤ ਗਜਾਨ ਰੂਪ
ਦੋਨੋ ਸੁਤ ਦੀਨਿ ਨਹੀਂ, ਲੀਨਿਜੋ ਭਗਤਿ ਹੈ[1]।
ਤੀਜੇ ਗੁਰੂ ਅਮਰ ਬਿਰਾਜੇ[1], ਤਿਨ ਦੋਇ ਨੰਦ
ਛੂਛੇ ਰਹੇ, ਆਨ ਥਾਨ[1] ਜੋਤਿ ਸੁ ਜਗਤਿ ਹੈ[2] ॥੧੮॥

[1]ਮਹਾਂ ਮੱਤੇ ਹੋਏ।

[1]ਲੈ ਲਈ (ਉਨ੍ਹਾਂ ਨੇ) ਜੋ ਸੇਵਾ ਵਿੱਚ ਲੱਗੇ ਰਹੇ (ਭਾਵ ਗੁਰੂ ਅੰਗਦ ਦੇਵ ਜੀ ਨੇ)।

[1]ਲੀਤੀ (ਉਸਨੇ) ਜੋ ਭਗਤ ਸੀ।

[1]ਗੱਦੀ ਬੈਠੇ।

[1]ਭਾਵ ਗੁਰੂ ਰਾਮਦਾਸ ਜੀ। [2]ਜਾ ਜਗੀ ਹੈ।

ਚੌਥੇ ਗੁਰੂ ਰਾਮਦਾਸ ਪਰਮ ਪ੍ਰਕਾਸ਼ਵਾਨ,
ਸੇਵਾ ਕਰੀ ਜਾਨਿ ਕੈ ਬਿਠਾਇ ਗਾਦੀ ਹਮ ਕੋ।
ਜਥਾ ਜੋਗ ਜਾਨੈ, ਕੋ ਅਜੋਗ ਕੋ ਬਖਾਨੈ

ਇਸੁ,
ਜਹਾਂ ਕਹਾਂ ਮਾਨੈ ਨਹਿਂ ਪਾਵੈ[1] ਅਬਿ ਤੁਮ ਕੋ।
ਈਰਖਾ ਕਰੇ ਤੇ ਏਕ ਰਿਦੇ ਕੋ ਸੰਤਾਪ ਲੇਹਿਂ,
ਦੇਖਿ ਦੇਖਿ ਪਾਇ ਦੁਖਿ, ਪਾਇ ਨਹੀ ਸਮ ਕੋ।
ਜਤਨ ਅਨੇਕ ਤੇ ਬਿਬੇਕ ਹੀਨ ਗੁਰੂ ਹ੍ਵੈ ਨ,
ਕੈਸੇ ਭਾਰ ਧਾਰਿ ਹੈ[1], ਬਿਚਾਰ, ਤਜਾਗ ਗ਼ਮ ਕੋ' ॥੧੯॥
ਸੁਨਿ ਕੈ ਸੁ ਪਾਯੋ ਦੁਖਿ, ਬੋਲਜੋ ਕਰਿ ਲਾਲ ਮੁਖਿ
'ਬੈਠਨਿ ਨ ਦੇਊਂ ਸੁਖਿ ਬਾਤਿ ਜੋ ਬਨਾਈ ਅਬਿ।
ਲਘੂਨ ਕੇ ਪਾਸ ਤੇ ਖਸੋਟਤੋ ਜੋ ਬਲੀ ਹੋਇ
ਜੈਸੇ ਕੈਸੇ ਮਾਰ ਲੇਤਿ, ਜਾਨਤਿ ਹੈਂ ਲੋਕ ਸਬਿ।
ਪਿਤਾ ਕੀ ਕਰੀ ਕੋ ਫੇਰ ਦੇਤਿ ਹੈਂ ਸੁ ਬਲ ਪਾਇ,
ਤਿਸੀ ਅਨੁਸਾਰ ਬਨ ਜਾਤਿ ਹੈ ਕਹੈਂ ਜੁ ਸਬਿ।
ਨਿਬਲ ਪੈ ਛੋਰੈ ਕੌਨ, ਮੈਂ ਤੋ ਰਹਜੋ ਮੌਨਿ ਧਰਿ,
ਦੇਖਿ ਹੈਂ ਤਮਾਸ਼ੋ ਅਬਿ ਜੋਰਿ ਕਰਿ ਲੇਊਂ ਜਬਿ' ॥੨੦॥
[1] 'ਬਲੀ ਜੇ ਅਨੀਤਿ ਕਰੈ, ਮਤਿ ਬਿੱਪ੍ਰੀਤ ਧਰੈ,
ਤਾਂ ਕੋ ਪ੍ਰਭੂ ਹਰੈ, ਹਾਰ ਜਾਤਿ ਹੈ ਹੰਕਾਰ ਤੇ।

[1]ਨਹੀਂ ਪ੍ਰਾਪਤ ਹੋਵੇਗੀ।

[1]ਕਿਵੇਂ (ਗੁਰਤਾ ਦੇ) ਭਾਰ ਨੂੰ ਧਾਰ ਸਕਦਾ ਹੈ।

[1]ਗੁਰੂ ਅਰਜਨ ਜੀ ਬੋਲੇ।

ਭਯੋ ਹਰਣਾਖਸ ਪ੍ਰਹਲਾਦ ਸੋਂ ਵਿਰੋਧੀ ਬਡੋ,
ਇੰਦ੍ਰ ਕੋ ਨਿਕਾਸ ਦੀਨਿ ਆਯੁਧ ਪ੍ਰਹਾਰ ਤੇ[1]। [1]ਸ਼ਸਤ੍ਰ ਮਾਰਕੇ।
ਸਹਿ ਨ ਸਕਹਿ ਜਗਤੇਸ਼ ਨਰਸਿੰਘ ਭਯੋ
ਲਾਗੀ ਨ ਬਿਲੰਬ ਕੁਛ ਨਖਨ ਸੋਂ ਮਾਰਤੇ।
ਬਹੁਰ ਸੁਗ੍ਰੀਵ ਸੰਗ ਬਾਲੀ ਬਲ ਕੀਨਿ ਮਹਾਂ,
ਰਾਮਚੰਦ ਆਗੇ ਨਹੀਂ ਅਟਕਿਓ ਬਿਦਾਰਤੇ ॥੨੧॥
ਕਪਟ ਪ੍ਰਬੀਨ! ਏ ਪੁਰਾਤਨ ਕਹਾਨੀ ਸੁਨਿ,
ਔਰ ਭਯੋ ਰਾਵਨ ਬਿਸਾਲ ਬਲਵਾਨ ਹੈ।
ਜਹਾਂ ਕਹਾਂ ਓਜ ਤੇ ਅਨੀਤਿ ਮਹਾਂ ਠਾਨੀ ਜਗ,
ਇੰਦ੍ਰ ਆਦਿ ਦੇਵ, ਨਰ ਦੇਵਨ ਕੋ[1] ਹਾਨ ਹੈ। [1]ਰਿਸ਼ੀਆਂ ਨੂੰ, (ਅ) ਬ੍ਰਹਮਣਾਂ ਨੂੰ (ੲ) ਰਾਜਿਆਂ ਨੂੰ।
ਤਾਪਸੀ ਸੁ ਬੇਸ ਧਰਿ ਰਾਘਵ[1] ਬਿਸ਼ੇਸ਼ ਬਲ [1]ਰਾਮਚੰਦਰ।
ਕੁਟੰਬ ਅਸੇਸ ਜੁਤ ਕੀਨ ਅਵਸਾਨ ਹੈ[1]। [1]ਸਾਰੇ ਕੁਟੰਬ ਸਣੇ (ਰਾਵਨ ਨੂੰ) ਨਾਸ਼ ਕੀਤਾ।
ਗੰਜਨ ਗਰਬ, ਰਿਪੁ ਭੰਜਨ ਬਿਲੰਦ ਓਜ[1], [1]ਬੜੇ ਬਲੀ ਵੈਰੀ ਦਾ ਨਾਸ਼ ਕਰਨਾ।
ਰੰਜਨ ਭਗਤ ਮਧੁਸੂਦਨ ਕੀ ਬਾਨ ਹੈ[1] ॥੨੨॥ [1]ਪ੍ਰਸੰਨ ਕਰਨਾ ਭਗਤਾਂ ਨੂੰ ਪ੍ਰਮੇਸ਼ਰ ਦੀ ਬਾਨ ਹੈ।
ਪਾਪਮਤੀ! ਔਰ ਸੁਨਿ ਗੁਨਿ ਮਧੁ ਸੂਦਨ ਕੇ,
ਭਯੋ ਹੈ ਦੁਜੋਧਨ ਨਰੇਸ਼ ਕੌਰਵਾਨ ਕੋ[1]। [1]ਕੌਰਵਾਂ ਦਾ ਰਾਜਾ।
ਪਾਂਡਵ ਨਿਕਾਰਿ ਕੈ ਹੰਕਾਰ ਕੋ ਉਦਾਰ ਕਰਿ,
ਸਾਰੋ ਰਾਜ ਲੀਨਿ ਜਾਨੈ ਮੋਹਿ ਨ ਸਮਾਨ [1]ਮੇਰੇ ਤੁੱਲ ਕੋਈ ਨਹੀਂ।'

ਕੌ[1]।
ਬਲ ਤੇ ਅਨੀਤਿ ਕਰਿ, ਬੁਧਿ ਬਿੱਪ੍ਰੀਤਿ ਕਰਿ,
ਭਾਨੁਜ ਕੋ[1] ਮੀਤ ਕਰਿ ਮਹਾਂ ਮਨ ਮਾਨ ਕੋ।
ਜੰਗ ਬੀਚ ਹਾਰਯੋ, ਮਾਰ ਡਾਰਯੋ, ਨ ਸੰਭਾਰਯੋ ਬਲ,
ਕੌਨ ਨ ਬਿਦਾਰਯੋ ਜੋ ਹੰਕਾਰਯੋ ਅਘ ਠਾਨਿ ਕੋ ॥੨੩॥
ਬਡੇ ਬਡੇ ਗਿਨੈ ਲਘੁ ਭਏ ਤਿਨ ਕੌਨ ਭਨੈ,
ਦੁੱਜਨ ਗੁਮਾਨੀ ਹਨੈ, ਬਾਨ ਭਗਵਾਨ ਕੀ।
ਤੂੰ ਤੋ ਏਕ ਜੰਤ ਕਹਾਂ ਬਲ ਕੋ ਗਰਬ ਧਰੈਂ,
ਬਾਂ ਕੋ ਰੋਮ ਹੋਇ ਹੈ ਨ ਜਤਨ ਮਹਾਨ ਕੀ[1]।
ਸਗਰੇ ਤੁਰਕ ਮਿਲਿ ਆਵੈਂ ਨ ਗੁਰਾਈ ਪਾਵੈਂ
ਬਾਦ ਸਭਿ ਜਾਵੈਂ, ਪਛੁਤਾਵੈਂ ਹਿਤ ਹਾਨ ਕੀ।
ਐਸੇ ਮਨ ਜਾਨਿ ਕੈ, ਬਿਚਾਰ ਉਰ ਠਾਨਿ ਕੈ,
ਸਮਝ ਲੇਹੁ ਸਜਾਨਿ ਕੈ, ਸਮਾਨ ਮਤਿਵਾਨ ਕੀ[1] ॥੨੪॥

ਦੋਹਰਾ:
ਰਤਕ ਨੈਨ ਦੁਰਬੈਨ ਕਹਿਂ, ਭੈ ਨ ਹਮੈ, ਛਲ ਐਨ!
ਪਾਇ ਹੈਂ ਨ ਕੁਛ ਲਾਭ ਕੋ, ਰੈਨ ਸੈਨ ਕਰਿ ਚੈਨ' ॥੨੫॥

ਕਬਿੱਤ:

[1]ਕਰਣ ਨੂੰ।

[1]ਤੈਥੋਂ) ਵਿੰਗਾ ਵਾਲ ਨਹੀਂ ਹੋ ਸਕਦਾ ਬਡੇ ਜਤਨ ਕੀਤਿਆਂ ਬੀ।

[1]ਬੁੱਧੀਵਾਨਾਂ ਵਾਂਙੂ।

ਸੁਨਿ ਜਰ ਗਯੋ, ਦੁਖ ਥਿਯੋ ਤਪਤਯੋ ਉਰ
ਪ੍ਰਿਥੀਆ ਕਹਤਿ ਭਯੋ ਆਂਖੈ ਕਰਿ ਲਾਲ ਕੋ।
'ਪ੍ਰਿਥੀਆ ਕਹਾਵੋਂ ਤਬ, ਪੁੱਤ੍ਰ ਕੇ ਸਮੇਤ ਜਬਿ
ਤੁਮਰੋ ਬਿਨਾਸ਼ ਕਰੌਂ, ਸਾਲਤਿ ਬਿਸਾਲ ਕੋ[1]। [1]ਵਡੇ ਦੁਖਦਾਈ ਨੂੰ।
ਜਾਇ ਦਿੱਲੀ ਪੁਰਿ ਮੈਂ ਪੁਕਾਰੋਂ ਜਹਾਂਗੀਰ ਆਗੈ,
ਸਗਰੀ ਅਨੀਤ ਕੋ ਸੁਨਾਵੌਂ ਤੋਹਿ ਹਾਲ ਕੋ।
ਮੈਂ ਤੋ ਠਾਨਿ ਟਾਲ ਕੋ, ਨ ਆਨਜੋ ਇਤ ਖਿਆਲ ਕੋ,
ਕਰੌਂ ਸੁ ਅਬਿ ਘਾਲਿ ਕੋ[1] ਤੁਰਕ ਪਠੌਂ ਜਾਲ ਕੋ ॥੨੬॥ [1]ਮਿਹਨਤ ਕਰਾਂਗਾ।
ਭਾਰਜਾ ਤਨੂਜ ਕੇ ਸਮੇਤ ਤਿਸੀ ਥਾਨ
ਬੈਠਿ ਪਕਰ ਮੰਗਾਊਂ ਖੇਦ ਸਾਥ ਤਤਕਾਲ ਕੋ।
ਦੁਖਤਿ ਪੁਕਾਰੈਂ ਜਬਿ, ਛੂਟਬੋ ਨ ਹੋਇ ਕਿਮਿ,
ਤਬਿ ਫਲ ਪੈ ਹੈਂ ਮੇਰੀ ਆਂਖ ਭਈ ਲਾਲ ਕੋ।
ਗੁਰਤਾ ਨ ਛੋਰੌਂ ਫੇਰ ਲੈਹੋਂ ਕਰਿ ਜੋਰ ਮਹਾਂ,
ਸੁਖ ਸੋਂ ਸੁਪਤ ਸਿੰਘ ਛੇਰਜੋ ਤੈਂ ਕਰਾਲ ਕੋ।
ਜੈਸੇ ਹਾਥ ਨਾਲ ਕੋ[1] ਪਕਰ ਲੇ ਬਿਸਾਲ ਕੋ [1]ਕੋਈ।
ਨ ਜਾਨੈ ਬਿਖੀ ਬਜਾਲ ਕੋ[1], ਸੁ ਐਸੇ ਜਾਨ ਹਾਲ ਕੋ' ॥੨੭॥ [1]ਵੱਡੇ ਸੱਪ ਨੂੰ।

ਸ਼੍ਰੀ ਗੁਰੂ ਬਖਾਨੀ 'ਜਗਦੀਸ਼ ਜਿਮ ਠਾਨੀ ਬਿਧਿ,
ਸੋਈ ਹਮ ਮਾਨੀ ਸੁਖ ਖਾਨੀ ਮਨ ਜਾਨਿ ਕੈ।
ਸ਼੍ਰੀ ਹਰਿ ਗੋਬਿੰਦ ਇਨ ਪੌਤ੍ਰ ਹ੍ਵੈ[1] ਬਿਲੰਦ ਬਲੀ,
ਪੰਥ ਕੋ ਪ੍ਰਕਾਸੈਗੋ ਬਿਸਾਲ ਤੇਜ ਸਾਨ ਕੈ।
ਸਿੱਖਨ ਕੋ ਸਿਖ ਤੇਰੋ ਬੰਸ ਬਨ ਜੈ ਹੈ ਮਿਲਿ,
ਪਾਇ ਅਸ ਹੀਨਤਾ ਜੁ ਭਾਖੈਂ ਤੂੰ ਮਹਾਨ ਕੈ।
ਅਚਲ ਕਲੰਕ ਤੇਰੇ ਅਮਿਟ ਮਯੰਕ ਕੇ ਜਯੋਂ[1],
ਸੁਨਿ ਸੁਨਿ ਦੁਖੈ[1] ਤੇਰੇ ਦੋਸ਼ ਬੁਰੋ ਮਾਨਿ ਕੈ ॥੨੮॥

[1]ਭਾਵ ਗੁਰੂ ਗੋਬਿੰਦ ਸਿੰਘ ਜੀ ਹੋਣਗੇ।

[1]ਨਾ ਮਿਟਣ ਵਾਲਾ ਚੰਦ੍ਰਮਾ ਦਾ ਹੈ ਜਿਵੇਂ।

[1]ਤੇਰੀ ਵੰਸ਼) ਦੁਖੇਗੀ।

ਦੋਹਰਾ:

ਕਰਤਿ ਪਾਪ ਸੁਕਚਤਿ ਨਹੀਂ, ਦੁਰਮਤਿ ਮਤਸਰ ਧਾਰਿ।
ਬਨਿ ਬਨਿ ਦੀਨਿ ਸੁ ਬੇਨਤੀ, ਭਾਖਹੁ ਤੁਰਕ ਅਗਾਰ' ॥੨੯॥
ਅਧਿਕ ਸਪਰਧਾ[1] ਬਧਿ ਚਲੀ, ਕਹਿ ਸੁਨਿ ਬਾਕ ਕਠੋਰ।
ਗਾਰਿ ਦੇਤਿ ਪ੍ਰਿਥੀਆ ਉਠਯੋ, ਗਮਨਯੋ ਨਿਜ ਘਰ ਓਰ ॥੩੦॥
ਨਰਕ ਪਰਨ ਕੀ ਕਰਤਿ ਮਤਿ, ਚਿੰਤਾ ਨਦੀ ਬਿਸਾਲ।
ਬਹਯੋ ਜਾਤਿ ਡੂਬਤਿ ਸਕਲ, ਕਲਿਮਲ ਕਲਿਤ ਕਰਾਲ ॥੩੧॥

[1]ਈਰਖਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪ੍ਰਿਥੀਆ ਗੁਰ ਝਗਰਨ' ਪ੍ਰਸੰਗ ਬਰਨਨੰ ਨਾਮ ਅਸ਼ਟਦਸ਼ਮੋਂ ਅੰਸੂ ॥੧੮॥

# ੧੯. [ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਪ੍ਰਿਥੀਆ ਗਮਨਤਿ ਧਾਮ ਕੋ,
ਹਟਿ ਫਿਰ ਠਾਂਢੋ ਹੋਇ।
ਕਹਿਨ ਲਗਜੋ ਕਰਿ ਕ੍ਰੋਧ ਕੋ,
'ਧਨ ਦੇ ਤੁਝ ਸਭਿ ਕੋਇ ॥੧॥

ਸ੍ਰੈਯਾ ਛੰਦ:

ਸੁਖ ਕੀ ਨੀਂਦ ਨ ਸੋਵਤਿ ਦੇਵੋਂ
ਕਰਿ ਪੁਕਾਰ ਮੈਂ ਪਕਰਿ ਮੰਗਾਇ।
ਸੁਤ ਬਨਿਤਾ ਜੁਤ ਖੇਦਤਿ ਕਰਿ ਕੈ
ਤੁਰਕਨਿ ਤੇ ਤੁਝ ਕੋ ਮਰਵਾਇ।'
ਮੂਛਨ ਪਰ ਨਿਜ ਕਰ ਕੋ ਫੇਰਤਿ,
'ਤੌਂ ਮੈਂ ਪ੍ਰਿਥੀਆ ਨਾਮ ਕਹਾਇ।
ਮਿਲਿਨਿ ਹੋਇ ਤਬਿ ਹੂੰ ਤੁਮਰੈ ਸੰਗ,
ਰਾਖਹੁ ਯਾਦ ਬਿਸਰ ਜਿਨ ਜਾਇ[1]' [1]ਭੁੱਲ ਨਾ ਜਾਣਾ।
॥੨॥
ਇਮ ਸੁਨਿ ਸਤਿਗੁਰ ਕਰਜੋ ਧਿਕਾਰਨਿ
'ਕਰਮ ਕਰਨਿ ਕੋ ਧਿਕ ਧਿਕ ਤੋਹਿ।
ਪੁਨ ਤੇਰੇ ਬਾਕਨਿ ਕੋ ਧਿਕ ਧਿਕ,
ਕਰਨਿ ਪੈਜ ਕੋ ਧਿਕ ਧਿਕ ਹੋਹਿ।
ਮੁਖ ਕੋ ਧਿਕ ਧਿਕ, ਮੂਛਨਿ ਧਿਕ
ਧਿਕ,
ਕੁਲ ਕੀ ਰੀਤ ਤਜੀ ਧਿਕ ਜੋਹਿ।
ਪਰਹਿ ਨਰਕ ਮਹਿਂ ਤਾਰਹਿ ਨਹਿਂ ਕੋ[1], [1]ਤੈਨੂੰ ਤਾਰੇਗਾ ਕੋਈ ਨਹੀਂ।
ਗਨ ਕਲਿਮਲ ਕਰਿਤਾ ਉਰ ਕ੍ਰੋਹਿ[1]†' [1]ਰਿਦੇ ਦਾ ਕ੍ਰੋਧੀ।
॥੩॥

†ਪਿਛਲੀ ਸਾਰੀ ਬਾਤ ਚੀਤ ਵਿਚ ਕਵਿ ਜੀ ਦੀ ਕਵਿਤਾ ਦਾ ਕਮਾਲ ਹੈ, ਪਰ ਸੁਖਮਨੀ ਸਾਹਿਬ ਦੇ ਰਚਨਹਾਰ ਜੀ ਸਹਿਨ ਸ਼ੀਲਤਾ ਦੇ ਪੁੰਜ ਆਪਣੀ ਸਾਰੀ ਬਾਣੀ ਤੋਂ ਅੰਮ੍ਰਿਤ ਦਾ ਚਸ਼ਮਾ ਤੇ ਪ੍ਰੇਮ ਦਾ ਰੂਪ ਖਿਮਾਂ ਦਾ ਘਰ ਪ੍ਰਗਟ ਹੋ ਰਹੇ ਸ਼੍ਰੀ ਗੁਰੂ ਅਰਜਨ ਦੇਵ ਦੀ ਦੇ ਵਾਕ ਬਹੁੰ ਉੱਚੇ ਹੋਣੇ ਹਨ। ਅੱਗੇ ਚੱਲਕੇ ਅੰਸੂ ੨੧ ਅੰਕ ੨੫ ਵਿਖੇ ਗੁਰੂ ਜੀ ਆਪ ਆਖ ਰਹੇ ਹਨ:- 'ਹਮ ਨਹਿ ਬੁਰਾ ਕਹਜੋ ਤਿਸ ਲੇਸ਼।' ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਅੱਖੀਂ ਡਿੱਠਾ ਹੈ ਓਹ ਉਨ੍ਹਾਂ ਬਾਬਤ ਦੱਸਦੇ ਹਨ:- 'ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ' ॥ ਪੁਨ: ਗੁਰੂ ਅਰਜਨ ਜੀ 'ਮੇਦਨਿ ਭਰੁ ਸਹਤਾ' ॥ ਪੁਨ: 'ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ

ਬਾਸੁ ਜਾਕੋ ਹਿਤੁ ਨਾਮ ਸਿਉ ॥ ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੋ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥ ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੋ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥ ਮਥੁਰਾ ਕੋ ਪ੍ਰਭੁ ਸ੍ਰਬਮਯ ਅਰਜੁਨ ਗੁਰੁ ਭਗਤਿ ਹੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥

ਗਮਨਜੋ ਪ੍ਰਿਥੀਆ ਗਾਰਿ ਨਿਕਾਸਤਿ
ਸਦਨ ਪ੍ਰਵੇਸ਼ਜੋ ਰਿਦਾ ਤਪੰਤਿ।
ਗਿਨਤੀ ਗਿਨਤਿ ਅਨੇਕ ਭਾਂਤਿ ਕੀ
-ਨਹਿਂ ਪੁਰਿ ਬਸੌਂ- ਚਿੱਤ ਚਿਤਵੰਤਿ।
-ਆਇ ਸੰਗਤਾਂ ਮੁਖ ਪਰ ਮੇਰੇ
ਨਿੰਦਾ ਭਾਖਹਿੰਗੇ ਅਤਜੰਤ।
ਸਹੀ ਨ ਜਾਇ, ਬਿਗਾਰ ਹੋਹਿਗੋ,
ਪਰਹਿ ਰਾਰ ਤਿਸ ਕਾਲ ਤੁਰੰਤ ॥੪॥
ਤਿਸ ਕੇ ਸਿਖ ਸੰਗਤਿ ਬਹੁ ਆਵਹਿਂ
ਅਨਗਨ ਧਨ ਆਨਹਿਂ ਮਨ ਚਾਇ।
ਅਲਪ ਹੋਹਿ ਮੁਝ ਢਿਗ ਤਬ ਹਾਰੌਂ[1]
ਘਰ ਪ੍ਰਵਿਸ਼ਹਿਂ ਲੁਟਿਨ ਲੈ ਜਾਇਂ।
ਜਹਾਂ ਪ੍ਰਬਲ ਰਿਪੁ ਨਿਤਪ੍ਰਤਿ ਢਿਗ ਰਹਿ
ਤਹਿਂ ਕੇ ਕੁਸ਼ਲ ਚਹਹਿ ਕਿਸ ਭਾਇ।
ਸਰਪ ਸ਼ੇਰ ਕੋ ਜਥਾ ਸਮੀਪੀ[1]
ਇਕ ਦਿਨ ਮਹਿਂ ਕਬਿਹੂੰ ਬਿਨਸਾਇ ॥੫॥
ਪੁੱਤ੍ਰ ਭਾਰਜਾ ਸੰਗ ਲਿ ਚਲਿ ਹੌਂ
ਦਿੱਲੀ ਪੁਰੀ ਪਹੁੰਚਿ ਇਕ ਬਾਰੁ।
ਸੁਲਹੀ ਸੋਂ ਮਿਲਿ ਮਸਲਤ ਕਰਿ ਕੈ
ਜਹਾਂਗੀਰ ਢਿਗ ਕਰੌਂ ਪੁਕਾਰ।
ਜਹਿਂ ਮੈਂ ਜਾਉਂ ਸਿੱਖ ਤਹਿਂ ਮੇਰੇ
ਆਨੈਂਗੇ ਸਭਿਹੀ ਉਪਹਾਰ।
ਤਿਨ ਤੇ ਕਰਿ ਗੁਜ਼ਰਾਨ ਨਿਬਾਹੌਂ
ਰਹੇ ਇਕੱਤ੍ਰ ਸਰਬ ਪਰਵਾਰ- ॥੬॥
ਮਿਲਿ ਦਾਰਾ ਸੋਂ ਮਸਲਤ ਕੀਨਸਿ
'ਨਗਰੀ ਤਜਾਗ ਚਲਹੁ ਕਿਸ ਥਾਨ।
ਬਢੀ ਸਪਰਧਾ ਹਮਰੀ ਅਤਿਸ਼ੈ

[1]ਮੇਰੇ ਪਾਸ ਥੋੜ੍ਹੀ (ਸੰਗਤਿ) ਹੋਵੇਗੀ ਤਦ ਮੈਂ ਹਾਰ ਜਾਵਾਂਗੀ।

[1]ਨੇੜੇ ਰਹਿਣ ਵਾਲਾ।

ਇਹਾਂ ਬਸਨਮੈਂ ਕੁਸ਼ਲ ਨ ਜਾਨਿ।
ਬਡੇ ਬਿਗਾਰ ਭਏ ਤੇ ਪੂਰਬ
ਗਮਨ ਕਰਹੁ ਇਹ ਮਹਾਂ ਸਿਯਾਨ।
ਤਜਾਰੀ ਕਰਹੁ ਬਿਲੰਬ ਨ ਠਾਨਹੁ,
ਨਾਂਹਿ ਤ ਹੋਇ ਆਨ ਕੀ ਆਨ[1]' ॥੭॥

[1]ਹੋਰ ਦੀ ਹੋਰ (ਅ) ਪਲ ਵਿਚ ਹੋਰ (ਕੁਛ) ਹੋ ਜਾਏਗਾ। ਸ਼ੁਧ ਪਾਠ 'ਆਨ ਕੀ ਹਾਨਿ' ਲਗਦਾ ਹੈ, ਭਾਵ ਇਜ਼ਤ ਦੀ ਹਾਨੀ ਹੋਵੇਗੀ।

ਇਸ ਪ੍ਰਕਾਰ ਜਬਿ ਮਤੋ ਮਤਾਯਹੁ[1]
ਭਾਗਨਿ ਕੀ ਤਜਾਰੀ ਕਰਿ ਲੀਨਿ।
ਸਰਬ ਪੁਰੀ ਮਹਿਂ ਰੌਰਾ ਪਰ ਗਯੋ
'ਭਾਜ ਚਲਯੋ ਪ੍ਰਿਥੀਆ ਡਰ ਕੀਨਿ।
ਸ਼੍ਰੀ ਹਰਿਗੋਵਿੰਦ ਕੋ ਬਿਖ ਦੀਨਸਿ,
ਉਘਰਯੋ ਕਪਟ, ਲਾਜ ਭਯ ਭੀਨ[1]।
ਸਾਹਿਬਜ਼ਾਦੇ ਅਜ਼ਮਤ ਬਲ ਤੇ
ਅਪਨੋ ਆਪ ਬਚਾਯਹੁ ਚੀਨਿ' ॥੮॥

[1]ਸਲਾਹ ਕੀਤੀ।

[1]ਸ਼ਰਮ ਤੇ ਡਰ ਨਾਲ ਭਰਿਆ।

ਮਿਲਿ ਮਿਲਿ ਨਰ ਦੁਰਿ ਦੁਰਿ[1] ਕਰਿ ਬਾਂਤੈ
'ਮਾਰਨਿ ਹਿਤ ਛਲ ਬਲ ਬਡ ਧਾਰਿ।
ਗੁਰ ਸੁਤ ਮਹਾਂਦੇਵ ਘਰ ਬੈਠੌਂ
ਸੁਨਯੋ ਸ਼੍ਰੌਨ ਮਹਿਂ ਸਭਿ ਦੁਰਚਾਰ[1]।
ਕਰ ਮੀਜਤਿ[1] ਸਿਰ ਧੁਨਿ ਧੁਨਿ ਢੋਰਤਿ[2]
-ਕਹਾਂ ਕਰਮ ਕੀਨਸਿ ਬੁਰਿਆਰ[1]।
ਧਨ ਕਾਰਨ ਦਾਰੁਨ ਕ੍ਰਿਤ ਠਾਨਹਿ
ਨਿੰਦਾ ਬਿਦਤਹਿ ਜਗਤ ਮਝਾਰ- ॥੯॥

[1]ਛੁਪ ਛੁਪ ਕੇ।

[1]ਮਾੜਾ ਕੰਮ।

[1]ਹੱਥ ਮਲਕੇ। [2]ਢਿੱਲਾ ਛੱਡਣਾ, ਭਾਵ ਚਿਤ ਦ੍ਰਿੜ੍ਹ ਨ ਰਹਿਆ। [ਹਿੰਦੀ, ਢਾਰਨਾਂ, ਢੋਰਨਾ = ਡੁਲਹਣਾ, ਢਾਲਨਾ]

[1]ਭੈੜੇ ਨੇ।

ਬੈਠਯੋ ਪਛੁਤਾਵਤਿ ਘਰ ਅਪਨੈ
ਇਤਨੈ ਮਹਿਂ ਇਕ ਮਾਨਵ ਆਇ।
'ਪ੍ਰਿਥੀਆ ਸਣ ਪਰਵਾਰ ਤਜਾਰ ਭਾ
ਦਿਲੀ ਬਿਖੈ ਪੁਕਾਰੂ ਜਾਇ।'
ਕੀਨਿ ਸੁਨਾਵਨਿ, ਹੌਲ ਉਠਯੋ, ਤਬਿ,

ਤੁਰਨ ਪਗ ਪਨਹੀ ਕੋ ਪਾਇ।
ਗਯੋ ਉਤਾਇਲ ਕਰਿ ਕੈ ਬਰਜਨਿ[1]
ਸਰਲ ਰਿਦਾ ਜਿਹ ਸਹਿਜ ਸੁਭਾਇ
॥੧੦॥
ਦਸਕ ਦਾਸ ਜਿਹ ਸਾਥ ਗਏ ਚਲਿ
ਦੇਖ੍ਯੋ ਘਰ ਪ੍ਰਿਥੀਏ ਕੋ ਜਾਇ।
ਅਸਵਾਰੀ ਗਨ ਤਯਾਰੀ ਹੋਵਤਿ
ਸਭਿ ਵਸਤੂ ਕੇ ਭਾਰ ਬੰਧਾਇ।
ਸਕਲ ਸਕਟ ਮਹਿਂ ਲਾਦਤਿ ਸਾਂਭਤਿ
ਹੇਰਤਿ ਲੋਕ ਖਰੇ ਸਮੁਦਾਇ।
ਵਹਿਨ ਸਦਨ ਤੇ ਕੋ ਥਿਤਿ ਅੰਤਰ,
ਕੇਤਿਕ ਪੌਰ ਸਥਿਰ ਦਰਸਾਇ ॥੧੧॥
ਮੰਦ ਮੰਦ ਕਹਿਂ ਆਪਸ ਮਹਿਂ ਨਰ
'ਪ੍ਰਿਥੀਆ ਮਹਾਂ ਉਪੱਦ੍ਰਵ ਮੂਲ।
ਤਪਤਿ ਵਿਸ਼ੇਸ਼ ਦ੍ਵੈਸ਼ ਕੋ ਠਾਨਤਿ
ਅਘ ਅਸ਼ੇਸ਼ ਤੇ ਡਰਹਿ ਨ ਭੂਲ[1]।
ਗਾਦੀ ਪਰ ਬੈਠੇ ਗੁਰ ਅਰਜਨ
ਤਬਿ ਕੋ ਹੋਤਿ ਭਯੋ ਪ੍ਰਤਿਕੂਲ।
ਹਾਥ ਨਹੀਂ ਕੁਛ ਪ੍ਰਾਪਤਿ ਹੋਵਤਿ
ਜਿਸ ਪਰ ਨਹਿਂ ਭੇ ਪਿਤ ਅਨਕੂਲ
॥੧੨॥
ਅਬਿ ਉਤਪਤਿ ਕਰਨਿ ਕਹੁ ਗਮਨਤਿ
ਵਿਖ ਕੀ ਬਾਤ ਬਿਦਤਿ ਗਈ ਹੋਇ।
ਦਬ੍ਯੋ ਲਾਜ ਤੇ ਰਹਿ ਨ ਸਕੈ ਪੁਰਿ,
ਨਿੰਦਹਿਂ ਨਰ ਨਾਰੀ ਸਭਿ ਕੋਇ।
ਸੁੰਦਰ ਸ਼੍ਰੀ ਹਰਿਗੋਬਿੰਦ ਬਾਲਿਕ
ਅਨੁਜ ਨੰਦ[1] ਮੰਦਰ ਗੁਨ ਜੋਇ।
ਤਿਸ ਹਤਿਬੇ ਕੋ ਚਾਹਤਿ ਨਿਤ ਪ੍ਰਤਿ
ਮਤਿ ਹਤਿ ਭਈ ਦੁਖਤਿ ਪਿਖਿ ਸੋਇ[1]
॥੧੩॥
ਪ੍ਰਿਥਮ ਧਾਇ ਪੁਨ ਪੰਨਗ ਛੋਰਾ

[1]ਹੋੜਨ ਲਈ।

[1]ਭੁੱਲਕੇ ਭੀ।

[1]ਛੋਟੇ ਭਾਈ ਭਾਵ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤ੍ਰ।

[1]ਦੁਖੀ ਹੁੰਦਾ ਹੈ ਦੇਖਕੇ ਸੋ (ਪ੍ਰਿਥੀਆ)।

ਅਬਿ ਕੁਕਰਮ ਇਹ ਕੀਨਿ ਮਹਾਨ।
ਗੁਰ ਸੁਤ ਕੇ ਸਹਾਇ ਪਰਮੇਸ਼ੁਰ
ਦਿਪਤਿ ਜੋਤਿ ਮੁਖ ਮੰਡਲ ਜਾਨਿ।'
ਇੱਤਯਾਦਿਕ ਸਭਿ ਕਰਤਿ ਬਾਰਤਾ
ਅਧਿਕ ਭੀਰ ਹੋਈ ਤਹਿਂ ਆਨਿ।
ਮਹਾਂਦੇਵ ਘਰ ਮਾਂਹਿ ਪ੍ਰਵੇਸ਼ਜੋ
ਮਹਾਂ ਉਪੱਦ੍ਰਵ ਚਾਹਤਿ ਹਾਨਿ[1] ॥੧੪॥ [1]ਦੂਰ ਕਰਨਾ।
ਭ੍ਰਾਤ ਬਿਸਾਲ ਪਿਖਯੋ ਕਰਿ ਬੰਦਨ
ਭਰਯੋ ਕ੍ਰੋਧ ਸੋਂ ਰਿਦਾ ਤਪੰਤਿ।
ਰਕਤ ਨੇਤ੍ਰ ਕੁਛ ਆਂਸੂ ਝਲਕਤਿ
ਜਿਸ ਕੋ ਮਨ ਸਮ ਬਿਹੰਗ ਉਡੰਤਿ।
ਅਨਿਕ ਖੋਟ ਸੰਕਲਪ ਉਠਾਵਤਿ
ਚਹੈ ਸਭਿਨਿ ਕੇ ਪ੍ਰਾਨ ਨਿਹੰਤਿ।
ਕਹਿ ਦਾਸਨਿ ਤਯਾਰੀ ਕਰਿਵਾਵਤਿ
ਬਿਪਤਾ ਪਰੀ ਉਜਰ ਗਮਨੰਤਿ[1] ॥੧੫॥ [1]ਉੱਜੜਕੇ ਜਾਂਦਾ ਹੈ।
ਮਹਾਂਦੇਵ ਮਨ ਮਹਾਂ ਕ੍ਰੋਧ ਪਿਖਿ
ਹਾਥ ਜੋਰਿ ਕਹਿ ਬਿਨੈ ਸਮਾਨ।
'ਕਿਤ ਕਹੁ ਤਯਾਰੀ ਆਪ ਕਰਾਵਤਿ?
ਸਣ ਪਰਵਾਰ ਜਾਹੁ ਕਿਸ ਥਾਨ?
ਘਰ ਕੀ ਵਸਤੁ ਸਮਸਤ ਬੰਧਾਵਹੁ
ਮਨਹੁ ਪੁਰੀ ਕਬਿ ਪਿਖਹੁ ਨ ਆਨਿ[1]। [1]ਕਦੇ ਭੀ ਆਣਕੇ ਨਹੀਂ ਦੇਖੋਗੇ।
ਕਾਰਨ ਕੌਨ ਭੌਨ ਕੋ ਤਯਾਗਹੁ?
ਭੌ ਨ ਕਿਸੀ ਕੋ ਇਹ ਠਾਂ ਮਾਨਿ[1]' ॥੧੬॥ [1]ਇਸ ਥਾਂ ਕਿਸੇ ਦਾ ਡਰ ਨਾ ਮੰਨੋ।
ਕਹਿ ਪ੍ਰਿਥੀਆ 'ਦਿੱਲੀ ਪੁਰਿ ਗਮਨੌਂ
ਜਹਾਂਗੀਰ ਕੇ ਪਹੁੰਚਹੁੰ ਪਾਸਿ।
ਕਰਿ ਪੁਕਾਰ ਮੈਂ ਅਖਿਲ ਸੁਨਾਵੌਂ
ਪਠੌਂ ਤੁਰਕ ਗਨ ਇਨਹੁੰ ਅਵਾਸ।
ਸੁਤ ਬਨਿਤਾ ਜੁਤ ਅਰਜਨ ਕੋ ਤਬਿ
ਪਕਰ ਲੇਹਿੰਗੇ ਦੇ ਦੁਖਰਾਸ।

ਤਹਾਂ ਮੰਗਾਵੋਂ, ਕੈਦ ਕਰਾਵੌਂ,
ਮਨਵਾਵੌਂ ਤਬਿ ਜੋ ਮਮ ਆਸ'
॥੧੭॥
ਸੁਨਿ ਤਬਿ ਮਹਾਂਦੇਵ ਕਰ ਜੋਰੇ
'ਹਮ ਦੋਨਹੁ ਤੁਵ ਅਨੁਜ ਲਗੰਤਿ।
ਬੈਸ ਬਿਖੈ ਲਘੁ ਸੁਮਤਿ ਬਿਖੈ ਲਘੁ,
ਸੁਤ ਸਮਾਨ ਹਮ ਲਖਹੁ ਸੁਚਿੰਤ[1]। [1]ਚਿਤ ਵਿਚ ਜਾਣੋ (ਅ) ਸੁਹਣੇ ਖਿਆਲ ਨਾਲ।
ਤੁਮ ਹੋ ਬਡੇ ਸਿਯਾਨੇ ਬਯ ਮਹਿਂ
ਬੁਧਿ ਬਿਸਾਲ ਸਭਿ ਰੀਤਿ ਮਹੰਤ[1]। [1]ਵੱਡੇ।
ਰੱਛਾ ਹਮਰੀ ਜਿਮ ਕਿਮ ਕਰੀਅਹਿ
ਅਹੈ ਜੋਗਤਾ ਇਮ ਲਖਿਯੰਤਿ ॥੧੮॥
ਪਿਤ ਸਮ ਤੁਮ ਪ੍ਰਤਿਪਾਲਕ ਹੋਵਹ
ਲਾਯਕ ਇਸੀ ਬਾਤ ਕੇ ਜਾਨਿ।
ਉਚਿਤ ਨਹੀਂ ਉਤਪਾਤ ਕਰਨਿ ਕੇ
ਬਨਹੁ ਪੁਕਾਰੂ[1] ਪਿਖਹਿ ਜਹਾਨ। [1]ਫਰਿਆਦੀ।
ਧਰਹੁ ਨ ਰਿਦੈ ਈਰਖਾ ਤਪ ਕਰਿ[1] [1]ਗੁੱਸੇ ਹੋ ਕੇ।
ਹ੍ਵੈ ਕਰਿ ਪਿਤਾ ਪ੍ਰਸੰਨ ਮਹਾਨ।
ਗੁਰਤਾ ਦਈ ਜਗਤ ਗੁਰ ਕੀਨਸਿ
ਲਖਜੋ ਜੋਗ ਬੈਠਾਇਸ ਥਾਨ ॥੧੯॥
ਹਮ ਤੁਮ ਕੋ ਚਹਿਯਤਿ ਅਬਿ ਇਸ
ਬਿਧਿ
ਅਖਲ ਮਸੰਦ ਸੰਗਤਾਂ ਸੰਗ।
ਸਭਿ ਕੋ ਲੇ ਤਿਨ ਪਗ ਸਿਰ ਧਾਰਹੁ
ਪਿਤ ਆਯਸੁ ਕਹੁ ਮਾਨਿ ਅਭੰਗ।
ਇਕ ਤੌ ਪਿਤਾ ਦੂਸਰੇ ਗੁਰ ਹੈਂ
ਤਿਨ ਕੇ ਬਾਕ ਬਿਲੰਦ ਉਤੰਗ।
ਹੁਇ ਸਪੂਤ ਕੈਸੇ ਨਹਿਂ ਮਾਨਹਿਂ,
ਸਮਝ ਬਿਚਾਰਹੁ ਰਿਦੈ ਨਿਸੰਗ
॥੨੦॥
ਉਠਿ ਅਬਿ ਚਲਹ ਸਾਥ ਮੈਂ ਤੁਮਰੇ
ਤਿਨ ਕੇ ਪਗ ਪਰ ਨਮਹਿ ਕਰੇਹੁ।

ਨਾਂਹਿ ਤ ਜਗ ਸਭਿ ਹਾਸੀ ਕਰਿ ਹੈ
ਅਪਜਸ ਸਿਖ ਸੰਗਤਿ ਤੇ ਲੇਹੁ।
ਜਿਸ ਹਿਤ ਅਘ ਠਾਨਿਤਿ ਨਹਿਂ ਤ੍ਰਾਸਤਿ
ਸੋਧਨ ਕਿਸ ਕੇ ਸੰਗ ਨ ਕੇਹੁ[1]।
ਸੁਤ ਬਨਿਤਾ ਹਿਤ ਕਰਿ ਉਤਪਾਤਨਿ
ਅੰਤ ਸਮੈਂ ਨਹਿਂ ਸਾਥੀ ਏਹੁ ॥੨੧॥

[1]ਕਿਸੇ ਤਰ੍ਹਾਂ।

ਇਨ ਸਨੇਹ ਕੋ ਮਿੱਥ੍ਯਾ ਜਾਨਹੁ,
ਮੇਰੋ ਕਹ੍ਯੋ ਬਚਨ ਲਿਹੁ ਮਾਨਿ।
ਮਿਲਹੁ ਪ੍ਰੇਮ ਕਰਿ ਤਜਹੁ ਬਿਰੋਧਾ
ਆਗੈ ਥਿਤਿ ਹੁਇ ਜੋਰਹੁ ਪਾਨ।
ਕਰੇ ਕਪਟ ਅਘ ਸੋਂ ਬਖਸ਼ਾਵਹੁ
ਜਿਸ ਤੇ ਹੋਇ ਨ ਤ੍ਰਾਸ ਨਿਦਾਨ[1]।
ਤਿਨ ਮਹਿਂ ਪਰਮ ਜੋਤਿ ਪਰਕਾਸ਼ਤਿ
ਗੁਰ ਨਾਨਕ ਤ ਆਦਿ ਜੁ ਜਾਨਿ' ॥੨੨॥

[1]ਅੰਤ ਨੂੰ।

ਸੁਨਿ ਪ੍ਰਿਥੀਆ ਬੋਲ੍ਯੋ ਬਿਰਮਾਵਤਿ[1]
'ਮਹਾਂਦੇਵ! ਮੇਰੇ ਬਚ ਮਾਨਿ।
ਚਲਹੁ ਸੰਗ ਮਮ ਦਿੱਲੀ ਪੁਰਿ ਮਹਿਂ
ਤੁਝ ਕੋ ਗੁਰੂ ਬਨਾਇੰ ਮਹਾਨ।
ਸਭਿ ਕੋਈ ਪੂਜਹਿ ਤੁਵ ਚਰਨਨਿ
ਅਨਗਨ ਧਨ ਅਰਪਹਿਂ ਗਨ ਆਨਿ।
ਹਮ ਦੋਨਹੁ ਭ੍ਰਾਤਾ ਸੁਖ ਪਾਵਹਿਂ
ਵਹਿ ਏਕਾਕੀ ਹੋਵਹਿ ਹਾਨ' ॥੨੩॥

[1]ਮਹਾਂਦੇਵ ਜੀ ਨੂੰ) ਭਰਮਾਵਣ ਲਈ।

ਦੋਹਰਾ:

ਮਹਾਂਦੇਵ ਭਾਖ੍ਯੋ ਬਹੁਰ,
'ਮੁਝ ਕਿਮ ਗੁਰਤਾ ਹੋਇ।
ਪਿਤਾ ਪ੍ਰਸੰਨ ਨ ਮੈਂ ਬਡੋ[1],
ਲੇ ਬੈਠ੍ਯੋ ਹੈ ਸੋਇ' ॥੨੪॥

[1]ਨਾ ਮੈਂ ਵਡਾ ਹਾਂ ਤੇ ਨਾ ਮੇਰੇ ਪਰ ਪਿਤਾ ਪ੍ਰਸੰਨ ਹਨ।

ਸ੍ਵੈਯਾ ਛੰਦ:

ਪ੍ਰਿਥੀਆ ਭਨਹਿ 'ਸੁਨਹੁ ਹਿਤ

[1]ਭਲੇ ਦੇ ਬਚਨ।

ਬਾਕਨਿ[1],
ਚਲਿ ਮੇਰੇ ਹ੍ਵੈ ਕਰਿ ਅਨੁਸਾਰ।
ਜਹਾਂਗੀਰ ਸੋਂ ਮਿਲਿਕੈ ਭਾਖੌਂ
-ਕੀਜੈ ਨੀਕੋ ਨਜਾਉਂ ਹਮਾਰ।
ਵਸਤੁ ਪਿਤਾ ਕੀ ਗਾਦੀ ਕੇ ਜੁਤ
ਬਡੇ ਪੁੱਤ੍ਰ ਕੋ ਹੈ ਅਧਿਕਾਰ।
ਸੋ ਮੁਝ ਕੋ ਅਬਿ ਆਪ ਦਿਵਾਵਹੁ
ਇਕਨੇ ਦਾਬ ਲੀਨਿ ਬਲਿਕਾਰ[1]- ॥੨੫॥ [1]ਬਲ ਕਰਕੇ।
ਜੇ ਕਰਿ -ਵਸਤੂ ਕੇ ਅਧਿਕਾਰੀ
ਸਗਲੇ ਨੰਦਨ- ਕਹੈ ਬਨਾਇ।
ਤਉ ਸੁ ਦੀਰਘ[1] ਗਾਦੀ ਲੇਵੈ [1]ਵੱਡਾ (ਭਿਰਾ)।
ਇਸ ਮੈ ਕਛੂ ਨ ਸੰਸੈ ਆਇ।
ਸੋ ਮੈਂ ਤਜਾਗੀ ਮਹਾਂਦੇਵ ਹਿਤ
ਇਸ ਕੋ ਟੀਕਾ ਦੇ ਹਰਖਾਇ।
ਪਾਤਿਸ਼ਾਹ ਤੇ ਕਹਿ ਗੁਰ ਕਰਿ ਹੈਂ
ਸਭਿ ਸੰਗਤਿ ਤੁਝ ਪੂਜੈ ਪਾਇ ॥੨੬॥
-ਮੈਂ ਸਭਿ ਤੇ ਬਡ ਅਰਜਨ ਹੈ ਲਘੁ,
ਦੋਨਹੁੰ ਕੋ ਬਿਬਾਦ ਬਡ ਜਾਨਿ।
ਨਹਿਂ ਦੋਨਹੁੰ ਕੇ[1] ਗਾਦੀ ਪਾਵਹਿ [1]ਦੋਹਾਂ ਵਿਚੋਂ ਕੋਈ।
ਯਾਂ ਤੇ ਮੱਧਜਮ ਕਰਹੁ ਮਹਾਨ[1]। [1]ਵਿਚਕਾਰਲੇ ਨੂੰ ਵਡਾ ਕਰੋ।
ਮਹਾਂਦੇਵ ਹੈ ਮਹਾਂਦੇਵ ਸਮ[1] [1]ਸ਼ਿਵਜੀ ਵਾਂਙੂ।
ਭੋਰਾ ਮਨ, ਨਹਿਂ ਛਲ, ਨਹਿਂ ਮਾਨ[†]। [†]ਪਾ:-ਮਨ ਮਾਨ।
ਯਾਂ ਤੇ ਹਮ ਇਸ ਪਰ ਸਭਿ ਖੁਸ਼ ਹੈਂ
ਜਗ ਗੁਰਤਾ ਕੇ ਉਚਿਤ ਪ੍ਰਮਾਨ[1]- ॥੨੭॥ [1]ਭਲੀ ਪ੍ਰਕਾਰ ਜਾਣੋ।
ਇਮ ਕਹਿ ਕੈ ਤੁਝ ਕਰਿ ਗੁਰ ਲਜਾਵਹਿਂ
ਕੀਜਹਿ ਤਜਾਰੀ ਹਮਰੇ ਸੰਗ।
ਦੋਨਹੁੰ ਮਿਲੈ, ਭਲੀ ਬਿਧਿ ਬਨਿ ਹੈ,
ਮਿਲਹਿ ਤੋਹਿ ਪਦ ਅਧਿਕ ਉਤੰਗ।

ਅਗਨਿ ਸਮਾਨ ਮੋਹਿ ਕਹੁ ਜਾਨਹੁ
ਤੁਝ ਸਮੀਰ ਤੇ ਮਚਿਹ ਅਭੰਗ।
ਅਸ ਕੋ ਕਾਰਜ ਫੇਰ ਨ ਸਿਧਿ ਹ੍ਵੈ
ਹਮ ਤੁਮ ਜਬਿ ਹੋਏ ਇਕ ਰੰਗ'
॥੨੮॥
ਮਹਾਂਦੇਵ ਸੁਨਿ ਕੈ ਬਿਕਸਾਨੋ
'ਭਲੋ ਮਨਾਵਨ ਆਯੋ ਤੋਹਿ।
ਸਭਿ ਸੁਖ ਪਾਵਤਿ ਨਿਜ ਘਰ ਬੈਠੇ
ਇਕ ਭੀ ਚਿੰਤਾ ਨਹਿਂ ਮਨ ਮੋਹਿ।
ਲਗਜੋ ਬਿਗਾਰਨਿ ਕੋ ਉਪਦੇਸ਼ਨਿ[1]
ਜਿਸ ਤੇ ਸੰਕਟ ਅਤਿਸ਼ੈ ਹੋਹਿ।
ਮੈਂ ਨਹਿਂ ਮਾਨੋਂ ਦ੍ਵੈਸ਼ ਨ ਠਾਨੋ
ਅਰਜਨ ਗੁਰੂ, ਨ ਰਾਗ, ਨ ਦ੍ਰੋਹਿ
॥੨੯॥
ਸੁਨਹੁ ਭ੍ਰਾਤ ਇਕ ਬਾਤ ਨੀਤਿ ਕੀ
ਅਤਿ ਉਤਪਾਤ ਚਹਤਿ ਚਿਤ ਠਾਨਿ।
ਘਰ ਫੂਟੇ ਬਡ ਸੰਕਟ ਹੋਵਤਿ
ਲਘੁਤਾ ਪਾਵਤਿ ਹ੍ਵੈ ਜੁ ਮਹਾਨ।
ਜਹਿਂ ਕਹਿਂ ਹਾਸੀ ਕਰਹਿਂ ਜਗਤ ਮਹਿਂ
ਪੁਨ ਅਪਜਸ ਕੋ ਪਾਇ ਅਜਾਨ।
ਪ੍ਰਥਮ ਬਿਸਾਲ ਬਲੀ ਜਗ ਉਪਜੇ
ਭਦ ਭਏ ਤੇ[1] ਪ੍ਰਾਪਤਿ ਹਾਨ ॥੩੦॥
ਮਿਲਿਨਿ ਬਿਖੈ ਗੁਨ ਅਨਿਕ ਭਾਂਤਿ ਕੇ
ਫੂਟਨਿ ਬਿਖੈ ਸੁ ਅਵਗੁਨ ਬ੍ਰਿੰਦ।
ਕਰਹੁ ਖੁਸ਼ਾਮਦ ਤੁਰਕਨਿ ਕੇਰੀ
ਦੇਹੁ ਦਰਬ ਰਿਸ਼ਵਤੀ ਬਿਲੰਦ।
ਭ੍ਰਾਤ ਪਰਸਪਰ ਜਹਿਂ ਜਹਿਂ ਬਿਗਰੇ
ਤਹਿਂ ਤਹਿਂ ਅਪਦਾ ਪਰਿ[1] ਦੁਖਵੰਦ[†]।
ਬਿਦਤਿ ਬਾਤ ਤੁਮ ਜਾਨਹੁ ਕਸੋਂ ਨਹਿਂ
ਛਿਮਾਂ ਕਰਨਿ ਹੀ ਸਭਿ ਸੁਖਕੰਦ
॥੩੧॥

[1]ਮੈਨੂੰ ਭੀ ਵਿਗਾੜ ਦੇਣ ਦਾ ਉਪਦੇਸ਼ ਦੇਣ ਲੱਗਾ ਹੈਂ।

[1]ਫੁੱਟ ਪੈ ਜਾਣ ਤੇ।

[1]ਪੈਂਦੀ ਹੈ। [†]ਪਾ:-ਦੁੰਦ।

ਬਿਗਰੇ ਬਾਲੀ ਭ੍ਰਾਤ ਸੁਗ੍ਰੀਵ ਜੁ
ਤਿਨ ਮਹੁਂ ਭਯੋ ਬਡੇ ਕੋ ਨਾਸ਼।
ਰਾਵਣ ਨਾਸ਼ ਬਿਭੀਖਨ ਕੀਨਸਿ
ਬੇਦ ਰਾਖਸ਼ਨਿ ਕਰਤਿ ਪ੍ਰਕਾਸ਼[1]।
ਕੌਰਵ ਪਾਂਡਵ ਹਠਿ ਕਰਿ ਨਿਸ਼ਠੁਰ
ਸੰਘਰ ਕਰਿ ਬਿਨਸੇ ਬਲ ਰਾਸਿ।
ਇਮ ਬਡਿਯਨਿ ਕੀ ਦਸ਼ਾ ਭਈ ਜਬਿ
ਅਲਪਨਿ[†] ਕੀ ਗਿਨਤੀ ਕਹੁ ਕਯਾ ਸੁ ॥੩੨॥

[1]ਰਾਖਸ਼ਾਂ ਦਾ ਭੇਦ ਪ੍ਰਗਟ ਕੀਤਾ।

[†]ਮਹਾਂਦੇਵ ਜੀ ਪ੍ਰਿਥੀਏ ਨੂੰ ਤੇ ਆਪ ਨੂੰ ਕਹਿ ਰਹੇ ਹਨ, ਇਸ ਅਲਪਨ ਪਦ ਵਿਚ ਗੁਰੂ ਅਰਜਨ ਦੇਵ ਜੀ ਨੂੰ ਨਹੀਂ ਗਿਣ ਰਹੇ, ਹੁਣੇ ਹੀ ਉਨ੍ਹਾਂ ਨੂੰ ਗੁਰੂ ਤੇ ਵਡੇ ਮੰਨਕੇ ਆਏ ਹਨ।

ਘਰ ਕੀ ਬਾਤ ਵਹਿਰ ਪਰਕਾਸ਼ਨਿ
ਕਰਹਿਂ ਪਰਸਪਰ ਨਿੰਦ ਬਖਾਨ।
ਹੌਰੇ ਅਰੁ ਖੋਟੇ ਸਭਿ ਭਾਖਹਿਂ,
ਬਿਨਸਹਿ ਗੌਰ, ਬਡਾਈ, ਮਾਨ[1]।
ਖਰਚਹਿਂ ਧਨ, ਚਿਤ ਚਿੰਤਾ ਚਿਤਵਹਿਂ
ਅਸ਼ਟ ਜਾਮ ਲੌ ਦੁਖ ਗ਼ਲਤਾਨ।
ਬਿਨੈ ਕਰਨਿ ਅਰੁ ਦੀਨ ਹੋਨਿ ਬਹੁ
ਇਨ ਫਲ ਬਿਨ ਪਾਇ ਨ ਕੁਛ ਪਾਨ[1] ॥੩੩॥

[1]ਗੌਰਵਤਾ, ਵਡਿਆਈ ਤੇ ਮਾਨ ਨਾਸ਼ ਹੋ ਜਾਏਗਾ।

[1]ਇਨ੍ਹਾਂ ਫਲਾਂ ਬਿਨਾਂ ਹੱਥ ਕੁਛ ਨਾ ਪਾਏਂਗਾ।

ਸ਼੍ਰੀ ਨਾਨਕ ਤੇ ਆਦਿ ਗੁਰੂ ਸਭਿ
ਜਗ ਮਹਿਂ ਮਹਿਮਾ ਇਨਹੁ ਮਹਾਨ।
ਅਦਬ ਕਰਹਿਂ ਸਭਿ ਸੀਸ ਨਿਵਾਵੈਂ
ਪਾਤਿਸ਼ਾਹ ਆਦਿਕ ਨਰ ਜਾਨਿ।
ਜਬਿ ਤੁਮ ਗਏ ਪੁਕਾਰ ਕਰਨਿ ਕਹੁ
ਝਗਰੋ ਦੁਇ ਦਿਸ਼ ਰਿਸ ਅਤਿ ਠਾਨਿ।
ਫੇਰ ਨ ਪੂਜਹਿਂ ਬੰਦਨ ਠਾਨਹਿਂ,
ਜਾਨਹਿਂਗੇ ਧਨ ਕੇ ਹਿਤਵਾਨ ॥੩੪॥
ਇੱਤਜਾਦਿਕ ਔਗੁਨ ਹੈਂ ਲਾਖਹੁਂ,
ਤਜਹੁ ਬਿਰੋਧ ਸਰਲ ਉਰ ਹੋਇ।
ਕਰਹੁ ਪਰਸਪਰ ਬੰਦਨ ਭ੍ਰਾਤਾ
ਅਤਿ ਅਨੰਦ ਘਰ ਮਹਿਂ ਲਿਹੁ ਦੋਇ।

ਕਮੀ ਪਦਾਰਥ ਕੀ ਕੁਛ ਨਾਂਹਿਨ
ਸ਼੍ਰੀ ਗੁਰ ਕਰੀ ਕਮਾਈ ਜੋਇ।
ਗੁਨ ਹੈਂ ਅਧਿਕ ਮੇਲ ਜੇ ਠਾਨਹੁ
ਸੁਜਸੁ ਜਗਤ ਮਹਿਂ ਕਹਿਂ ਸਭਿ ਕੋਇ’
॥੩੫॥

ਦੋਹਰਾ:
ਮਹਾਂਦੇਵ ਇਮ ਮਹਾਂਮਤਿ, ਮਹਾਂ ਕੁਟਿਲ
ਸਮੁਝਾਇ।
ਚਿੱਕ੍ਨ ਬਾਸਨ ਬੂੰਦ ਜਿਮ[1], ਛੁਈ ਨ
ਮਨ ਕੁਛ ਲਜਾਇ ॥੩੬॥

[1]ਥਿੰਧੇ ਭਾਂਡੇ ਨੂੰ (ਪਾਣੀ ਦੀ) ਬੂੰਦ ਵਾਂਗ।

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ ‘ਪ੍ਰਿਥੀਆ ਸਮੁਝਾਵਨ ਕੋ’ ਪ੍ਰਸੰਗ ਬਰਨਨੰ ਨਾਮ ਏਕ ਊਨ ਬਿੰਸਤੀ ਅੰਸੂ ॥੧੯॥

## ੨੦. [ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸੁਨਿ ਕੈ ਪ੍ਰਿਥੀਆ ਲਖਹਿ ਮਨ, -ਇਹ
ਭੋਰੋ ਮਤਿ ਨਾਹਿ।
ਆਲਸ ਕੀ ਲਾਲਸ ਜਿਸੇ, ਰਹੈ ਬੈਠਿ† ਘਰ ਮਾਂਹਿ- ॥੧॥

†ਪਾ:-ਪੈਠਿ।

ਸ੍ਵੈਯਾ ਛੰਦ:

'ਮਹਾਂਦੇਵ ਤੁਮ ਸੁਨੋ ਭ੍ਰਾਤ ਜੀ!
ਜੇ ਅਬਿ ਉੱਦਮ ਕਰਿਹੌਂ ਨਾਂਹਿ।
ਸ਼ੱਤ੍ਰੁ ਸਹੋਦਰ ਨੇ ਸਭਿ ਲੀਨਸਿ
ਹਮਰੋ ਬੰਸ ਕਹਾਂ ਤੇ ਖਾਹਿ।
ਜੇ ਅਬਿ ਮੁਝ ਤੇ ਲਈ ਗਈ ਨਹਿਂ
ਪੁਨ ਗੁਰਤਾ ਕਿਮ ਕੋ ਲੇ ਪਾਹਿ।
ਮੈਂ ਸਮਰਥ ਹੌਂ ਲੈਬੇ ਕੋ ਇਹ,
ਬਿਲਮ ਜਾਨਿ ਕੀ ਦਿੱਲੀ ਮਾਂਹਿ ॥੨॥
ਮੇਰੋ ਕਜਾ ਬਿਗਰੈਗੋ ਕਹੁ ਤੂੰ
ਮਹਿਮਾ ਇਸ ਕੀ ਜਗਤ ਬਿਸਾਲ।
ਦਰਬ ਪਦਾਰਥ ਅਧਿਕ ਅਨੂਠੇ[1]
ਚਹੁਂਦਿਸ਼ਿ ਤੇ ਆਵੈਂ ਤਤਕਾਲ।
ਝਗਰਤਿ ਕੈਦ ਹੋਇ ਤਬਿ ਹੌਰਾ
ਹੇਰਹਿਂਗੇ ਨਰ ਦੇਸ਼ਨਿ ਜਾਲ।
ਪੁਨਹਿ ਉਪਾਇਨ ਅਰਪਹਿਂਗੇ ਨਹਿਂ
ਕਿਤਿਕ ਦਿਵਸ ਮਹਿਂ ਹੁਇ ਅਸ ਹਾਲ ॥੩॥
ਹਮ ਦੋਨਹੁਂ ਲਘੁ ਐਸ਼੍ਵਰਜ ਮਾਂਹੀ,
ਗਾਦੀ ਬੈਠਿ ਭਯੋ ਧਨਵਾਨ।
ਚਹੁਂਦਿਸ਼ਿ ਤੇ ਗਨ ਸੰਗਤਿ ਸਿੱਖਨ
ਅਨਗਨ ਦਰਬ ਵਸਤੁ ਦੇਂ ਆਨਿ।
ਤੂੰ ਕਿਮ ਜਰਹਿਂ, ਜਰਹਿਂ ਨਹਿਂ ਉਰ ਮੈਂ[1]

[1]ਅਣੋਖੇ।

[1]ਤੂੰ ਕਿਵੇਂ ਸਹਾਰਦਾ ਹੈਂ (ਮੈਂ ਤਾਂ) ਦਿਲ ਵਿਚ ਨਹੀਂ ਸਹਾਰਦਾ (ਅ) ਤੂੰ ਕਿਸ ਤਰ੍ਹਾਂ ਸਹਾਰਦਾ ਹੈਂ ਦਿਲ ਵਿਚ ਸੜਦਾ ਨਹੀਂ।

ਹਮ ਤੀਨਹੁੰ ਇਕ ਪਿਤਕੇ ਜਾਨਿ।
ਇਕ ਮਾਲਕ ਦ੍ਵੈ ਰਹੈਂ ਸੁ ਛੂਛੇ
ਇਮ ਅਨੀਤਿ ਤੂੰ ਮਨ ਮਹਿਂ ਮਾਨਿ
॥੪॥
ਪਾਤਿਸ਼ਾਹ ਪਹਿ ਕਰੌਂ ਪੁਕਾਰਨਿ
ਗੁਰਤਾ ਲੇਵੌਂ ਤੁਰਨ ਛੀਨਿ।
ਸੁਖ ਸੋਂ ਨਹੀਂ ਬਾਸਿਬੇ ਦੇਵੌਂ,
ਸੰਕਟ ਪਰਹਿ ਹੋਹਿ ਬਹੁ ਦੀਨ।
ਮਹਾਂਦੇਵ! ਤੁਮ ਭੋਰੇ ਅਤਿਸ਼ੈ
ਹਾਨ ਲਾਭ ਕੀ ਸਮਝ ਬਿਹੀਨ।
ਮੋਹਿ ਕਹੈ ਕੋ ਇਸੀ ਸਮੇਂ ਕੌ
ਝੁਰਹਿਂਗੋ -ਮੈਂ ਕਸੋਂ ਨਹਿਂ ਕੀਨਿ-
॥੫॥
ਸ੍ਰੀ ਅਰਜਨ ਨਿਜ ਛਲ ਬਲ ਕਰਤਾ
ਤੁਮ ਸੂਧੇ ਛਲ ਸਕਹੁ ਨ ਜਾਨਿ।
ਤੁਝ ਪ੍ਰਸੰਨ ਕਰਿ ਦੇਤਿ ਨੰਮ੍ਰ ਹੁਇ[1]
ਤ੍ਰਾਸ ਧਰਤਿ -ਇਹ ਝਗਰ ਨ ਠਾਨਿ-।
ਤੀਨਹੁੰ ਹਮ ਜਿਸ ਕੇ ਅਧਿਕਾਰੀ
ਲੇ ਬੈਠਯੋ ਏਕਲ ਸੁਖ ਮਾਨਿ।
ਸਭਿ ਮਸੰਦ ਕਹਿ ਕਹਿ ਅਪਨਾਏ
ਚਹੁੰਦਿਸ਼ਿ ਤੇ ਧਨ ਆਇ ਮਹਾਨ
॥੬॥
ਅਬਿ ਉਪਾਵ ਹੁਇ ਸਕੈ, ਸੰਗ ਚਲਿ,
ਕਸੋਂ ਚੁਕਤਿ ਚਿਤ ਚੌਕ ਸੁ ਚੀਨਿ[1]।
ਤੇਰੋ ਅਧਿਕ ਪ੍ਰਤਾਪ ਵਧਹਿਗੋ
ਹਮ ਭੀ ਤੁਝ ਤੇ ਹੋਵਹਿਂ ਹੀਨ।
ਤੁਝ ਪਰ ਮੈਂ ਸੁਪ੍ਰਸੰਨ ਅਧਿਕ ਨਿਤ
ਗੁਰੂ ਬਨਹਿਂ ਬੈਠਹਿਂ ਦੁਤਿ ਲੀਨਿ।
ਚਹੁੰ ਦਿਸ਼ ਕੀ ਸੰਗਤਿ ਮਿਲਿ ਪੂਜਹਿ
ਅਨਿਕ ਉਪਾਇਨ ਅਰਪਨ ਕੀਨਿ
॥੭॥

[1]ਨੀਵੇਂ ਹੋਕੇ ਤੁਹਾਨੂੰ ਪ੍ਰਸੰਨ ਕਰ ਦੇਂਦੇ ਹਨ।

[1]ਸਾਵਧਾਨ ਚਿੱਤ ਹੋਕੇ ਦੇਖ ਕਿਉਂ ਭੁੱਲਦਾ ਹੈਂ?

ਛਲਕਾਰੀ ਉਰ ਕਪਟ ਕਰਹਿ ਨਿਤ
ਮੋਹਿ ਨ ਨੀਕੋ ਲਾਗਹਿ ਸੋਇ।
ਪਿਖਿ ਸਰੂਪ ਕੰਟਕ ਚਖ ਚੁਭਤੇ
ਚਿਤ ਮਹਿਂ ਚਹਤਿ ਨ ਚਿਤਵਨਿ ਹੋਇ[1]।

[1]ਗੁਰੂ ਅਰਜਨ ਦੇਵ ਜੀ ਦੀ) ਸੂਰਤ ਦੇਖਕੇ ਨੇਤ੍ਰੀਂ ਕੰਡਾ ਚੁਭਦਾ ਹੈ, ਚਿੱਤ ਵਿਚ ਚਾਂਹਵਦਾ ਹਾਂ ਦਿੱਸੇ ਹੀ ਨਾਂ।

ਸੁਜਸ ਬਾਕ ਤਿਸ ਕੇ ਅਤਿ ਤੀਖਨ
ਬਾਨ ਸਮਾਨ ਕਾਨ ਲਗਿ ਦੋਇ।
ਰਿਦ ਕੋ ਬੇਧਤਿ ਕਰਕਤਿ[1] ਨਿਸ ਦਿਨ
ਤਿਹ ਸੁਨਿ ਬਚਨ ਇਸੀ ਸਮ ਜੋਇ ॥੮॥

[1]ਰੜਕਦੇ ਹਨ।

ਮਹਾਂਦੇਵ ਤੇਰੋ ਬਡ ਕਾਰਜ
ਹਮਰੇ ਬਾਦ ਪਰੇ[1] ਬਨਿ ਆਇ।
ਜਯੋਂ ਕਯੋਂ ਕਰਿ ਦੇਂ ਤੁਹਿ ਬਡਿਆਈ
ਸ਼ਾਹ ਨਿਕਟ ਗੁਨ ਬਡੇ ਸੁਨਾਇ।
ਖਰਚੋਂ ਦਰਬ ਆਪਨੋ ਮੈਂ ਸਭਿ
ਜਹਾਂ ਦੇਨਿ ਕਾਰਜ ਬਨਿ ਜਾਇ।
ਝਗਰੋਂ ਮੈਂ ਜਹਿਂ ਹੋਇ ਅਦਾਲਤਿ
ਤੁਮ ਬੈਠੇ ਰਹੁ ਸਹਿਜ ਸੁਭਾਇ’ ॥੯॥

[1]ਝਗੜਾ ਪੈਣ ਕਰਕੇ।

ਸੁਨਿ ਕਰਿ ਮਹਾਂਦੇਵ ਕਰ ਜੋਰੇ
‘ਬਡੇ ਭ੍ਰਾਤ! ਬਿਨਤੀ ਮਮ ਮਾਨ।
ਤਜਹੁ ਬਿਰੋਧ ਮਿਲਹੁ ਘਰ ਮਾਂਹੂ
ਅਪਰ ਨਹੀਂ ਇਸ ਬਾਤ ਸਮਾਨ।
ਪੂਰਬ ਪਿਤਾ ਕਰੀ ਤਿਹ ਸਿਮਰਹੁ,
ਜਿਯਤਿ ਆਪ ਹੀ ਕੀਨਿ ਮਹਾਨ।
ਹਮ ਤੁਮ ਕਰਤਿ ਬਿਲੋਕਨਿ[1] ਤਬਿ ਹੂੰ
ਬੈਠਾਯੋ ਗਾਦੀ ਸ਼ੁਭ ਥਾਨ ॥੧੦॥

[1]ਸਾਡੇ ਤੁਸਾਡੇ ਦੇਖਦਿਆਂ।

ਛਲ ਬਲ ਕੋ ਕਰਿ ਆਪ ਨ ਲੀਨੀ
ਸੇਵਾ ਕਰਤ ਰਹਯੋ ਪਿਤ ਪਾਸ।
ਤਿਨ ਰਜਾਇ ਮਹਿਂ ਰਾਜ਼ੀ ਰਹਿਨੋ
ਇੱਤਯਾਦਿਕ ਜਿਸ ਮਹਿਂ ਗੁਨ ਰਾਸ।

ਰਹਿ ਅਨੁਸਾਰਿ ਨ ਆਪ ਜਨਾਯਹੁ
ਬਿਨੈ ਕਰਤਿ ਸਮ ਦਾਸਨਿ ਦਾਸ।
ਅਜਰ ਜਰਨਿ ਅਰ ਕਰਨਿ ਭਜਨ ਬਹੁ
ਸੇਵਤਿ ਕਰੇ ਪ੍ਰਸੰਨ ਪਿਤਾ ਸੁ ॥੧੧॥
ਬੋਲਨ ਬਨਹਿ ਤੁਮਾਰੋ ਤਬਿਹੂੰ,
ਅਬਿ ਇਸ ਕੋ ਨਹਿਂ ਬਨਹਿ ਉਪਾਉ।
ਕਯੋਂ ਅਬਿ ਬਾਦ ਬਾਦ ਬਡ ਬਦਤੇ[1]

[1]ਵਿਰੋਧ ਦੇ ਬਚਨ ਕਹਿੰਦੇ ਹੋ (ਅ) ਬ੍ਰਿਥਾ ਝਗੜੇ ਦੇ ਬਚਨ ਕਹਿੰਦੇ ਹੋ।

ਸੁਭ ਗੁਨ ਅਬਿ ਨਿਜ ਮਨ ਮਹਿਂ ਲਜਾਉ।
ਅਪਰ ਸੁਜਸ ਅਰ ਅਪਰ ਪ੍ਰਤਾਪੂ[1]

[1]ਦੂਜੇ ਦਾ ਜਸ ਤੇ ਦੂਜੇ ਦਾ ਪ੍ਰਤਾਪ।

ਸੁਨਿ ਕਰਿ ਸਦਾ ਰਿਦੇ ਹਰਖਾਉ।
ਪਰ ਸੁਖ ਸੰਪਦ ਕਰਹੁ ਬਿਲੋਕਨਿ
ਨਿਜ ਸੁਖ ਸਮ ਤਿਸ ਕਰਿ ਚਿਤ ਚਾਉ ॥੧੨॥
ਪਰ ਦੁਖ ਦੇਖਿ ਦਯਾ ਕਹੁ ਠਾਨਹੁੰ
ਮਾਨਹੁੰ ਸਭਿ ਕੋ ਅਪਨ ਸਮਾਨ।
ਇਮ ਗੁਰਮੁਖ ਸੰਤਨ ਕੋ ਮਾਰਗ
ਸੇ ਪਰਲੋਕ ਲਹੈਂ ਸਨਮਾਨ।
ਬੇਮੁਖ ਸਾਕਤ ਕੇ ਮਨ ਅਵਗੁਣ
ਸੋ ਤਜਾਗਹੁ ਨਹਿਂ ਕਬਿਹੂੰ ਠਾਨਿ।
[1]ਸੁਨਹਿ ਅਪਰ ਜਸ ਤਪਹਿ ਅਧਿਕ ਤਿਸ,

[1]ਇਥੋਂ ਅਗੇ ਸਾਕਤਾਂ ਦੇ ਲੱਛਣ ਕਹਿੰਦੇ ਹਨ।

ਨਿਸ ਬਾਸੁਰ ਚਿੰਤਾ ਗ਼ਲਤਾਨ ॥੧੩॥
ਅਪਰਨਿ ਕੈ ਸੰਪਦ ਸੁਖ ਦੇਖਹਿ
ਨਾਹਕ ਦੁਖ ਤਿਨ ਕੈ ਉਪਜਾਇ।
ਜੇ ਉਪਜਰਿ ਬਿਗਰਹਿ ਕਿਸ ਕਾਰਜ
ਨਿਜ ਹਿਤ ਤੇ ਚੌਗੁਨ ਹਰਖਾਇ।
ਸ਼ੱਤ੍ਰੁ ਮਿਤ੍ਰ ਸਮ ਕੋ ਹੁਇ ਆਛੋ
ਪਿਖਤਿ ਸੁਨਤਿ ਹੀ ਜ੍ਵਰ ਚਢਿ ਜਾਇ[1]।

[1]ਸ਼ੱਤਰੂ, ਮਿੱਤ੍ਰ ਤੇ ਸਮ (ਜੋ ਨਾਂ ਮਿੱਤ੍ਰ ਹੋਵੇ ਨਾਂ ਸ਼ੱਤਰੂ, ਕਿਸੇ ਦਾ) ਭਲਾ ਹੋਵੇ, ਉਨ੍ਹਾਂ ਨੂੰ ਦੇਖ ਸੁਣਕੇ ਮਾਨੋਂ ਤਾਪ ਚੜ੍ਹ ਜਾਂਦਾ ਹੈ।

ਜਤਨ ਕਰਹਿ ਅਰ ਬਾਕਨ ਬੋਲਹਿ
ਜਿਸ ਤੇ ਕਿਸ ਕੋ ਬਿਗਰ ਸੁ ਜਾਇ
॥੧੪॥
ਸ੍ਰੀ ਅਰਜਨ ਕੋ ਸੁਜਸ ਈਸੁਰਜ
ਆਦਿ ਆਤਮਜ ਸਭਿ ਸੁਖ ਹੇਰਿ।
ਜਰਹੁ ਨ ਜੂਰ ਸੋਂ, ਜਰਹੁ ਰਿਦੈ ਅਬਿ,
ਅਜਰ ਜਰਨ ਗੁਨ ਬਡ ਤਿਸ ਕੇਰ।
ਕਰਾਮਾਤ ਸਾਹਿਬ ਸਭਿ ਰੀਤਨਿ
ਨਹੀਂ ਜਨਾਵਤਿ ਵਿਘਨ ਬਡੇਰ[1]।
ਪੁਨ ਹਮਰੋ ਸ਼ੁਭ ਭ੍ਰਾਤ ਸਹੋਦਰ
ਤਿਸ ਗੁਨ ਤੇ ਗੁਨ ਸਭਿਨਿ ਘਨੇਰ[1]†
॥੧੫॥

[1]ਵਡੇ ਵਿਘਨ ਦੇ ਹੁੰਦਿਆਂ ਭੀ।

[1]ਤਿਸ ਗੁਣ ਕਰਕੇ (ਸਾਡੇ) ਸਾਰਿਆਂ ਦੇ ਗੁਣਾਂ ਵਿਚੋਂ ਅਧਿਕ ਹਨ (ਅ) ਸਾਡਾ ਨਿੱਕਾ ਭਿਰਾ ਹੈ ਉਸ ਦੇ (ਚੰਗੇ) ਗੁਣ ਹੋਣ ਕਰਕੇ ਸਾਨੂੰ ਸਾਰਿਆਂ ਨੂੰ ਵੱਡਾ (ਗਨ =) ਲਾਭ ਭਾਵ ਮਾਣ ਹੈ। †ਪਾ:-ਤਿਸ ਗੁਨ ਹਮ ਤੇ ਸਭਿਨਿ ਘਨੇਰ।

ਦੋਹਰਾ:
ਇਮ ਬਿਚਾਰ ਮੇਰੋ ਕਹਯੋ[1], ਮਿਲਹੁ
ਬਿਰੋਧ ਬਿਸਾਰ।
ਤਿਸ ਤੇ ਗੁਰਤਾ ਲੇਹਿਂ ਕਿਮ, ਕੋ ਬਲ
ਕਰਹੁ ਉਚਾਰ' ॥੧੬॥

[1]ਮੇਰਾ ਕਹਿਣਾ ਵਿਚਾਰਕੇ।

ਸ੍ਵੈਯਾ ਛੰਦ:
ਸੁਨਤਿ ਸ਼੍ਰੋਨ ਮਹਿਂ ਪ੍ਰਿਥੀਆ ਉਚਰਤਿ
'ਬਲ ਬਿਸਾਲ ਸੁਨਿ ਜਸ ਮੁਝ ਮਾਂਹਿ।
ਇਤ ਤੇ ਚਲਿ ਦਿੱਲੀ ਪੁਰਿ ਪਹੁੰਚੌਂ,
ਸੁਲਹੀ ਸੰਗ ਮਿਲੌਂ ਕਰਿ ਚਾਹਿ।
ਮਿੱਤ੍ਰ ਬਿਸਾਲ ਬਲੀ ਸਭਿ ਲਾਯਕ
ਮੋਹਿ ਕਹੇ ਕਹੁ ਉਲੰਘਤਿ ਨਾਂਹਿ।
ਕਰਹਿ ਮਨੋਰਥ ਪੂਰਨ ਤਤਛਿਨ
ਜਹਾਂਗੀਰ ਕੇ ਨਿਕਟਿ ਸੁ ਜਾਹਿ
॥੧੭॥
ਮੋਹਿ ਕਾਜ ਅਪਨੋ ਹੀ ਜਾਨਹਿਂ,
ਆਯਹੁ ਪ੍ਰਿਥਮੈ ਜਬਿ ਇਸ ਥਾਨ।

ਇਕ ਮੇਰੇ ਹੀ ਕਾਰਨ ਕਰਿ ਕੈ
ਸਰਬ ਬ੍ਰਿਤਾਂਤ ਲੀਨਿ ਤੁਮ ਜਾਨਿ।
ਪੁਰਿ ਤੇ ਨਿਕਸ੍ਯੋ ਬਸ੍ਯੋ[1] ਬਡਾਲੀ, — [1]ਭਾਵ ਗੁਰੂ ਅਰਜਨ ਜਾ ਵੱਸਜਾ ਸੀ।
ਤਬਿ ਮੈਂ ਕਹ੍ਯੋ ਗਯੋ[1] ਨਿਜ ਥਾਨ। — [1]ਭਾਵ ਸੁਲਹੀ ਗਿਆ।
ਨਹਿਂ ਕੁਛ ਭਾਖ੍ਯੋ ਮੈਂ ਤਬਿ ਰਾਖ੍ਯੋ,
ਅਬਿ ਕਾਂਖ੍ਯੋ[1] ਬੈਰੀ ਮੁਝ ਠਾਨਿ ॥੧੮॥ — [1]ਮੈਂ ਤਦੋਂ ਕੁਛ ਨਾ ਕਹਿਆ (ਤੇ ਨਾ ਹੀ) ਰੱਖਿਆ (ਸੁਲਹੀ ਨੂੰ ਇਥੇ) ਹੁਣ (ਗੁਰੂ ਅਰਜਨ ਨੇ) ਮੈਨੂੰ ਵੈਰੀ ਜਾਣਕੇ ਘੂਰਿਆ ਹੈ। [ਹਿੰਦੀ: ਕਾਂਖਨਾ = ਗੁਰ ਗੁਰ ਕਰਨਾ, ਘੂਰਨਾ] (ਅ) ਕਾਂਖੀ ਕਰਨਾ = ਤਪਨਾ।

ਜਹਾਂਗੀਰ ਸੋਂ ਕਹਿ ਇਕ ਬਾਰੀ
ਪਕਰ ਮੰਗਾਵਹਿਗੋ ਤਤਕਾਲ।
ਅਪਨੀ ਕਰੌਂ ਕਾਮਨਾ ਪੂਰਨ
ਬਹੁਰ ਬਸੋ ਮੈਂ ਸਦਨ ਸੰਭਾਲਿ।
ਯਾਂਹੀ ਤੇ ਤੁਝ ਕੋ ਅਬਿ ਭਾਖੌਂ
ਚਲਹੁ ਸੰਗ ਲਿਹੁ ਸੁ ਪਦ ਬਿਸਾਲਿ[1]। — [1]ਵੱਡਾ ਮਰਤਬਾ।
ਕਰੌਂ ਸਪਥ ਜੇ ਨਹਿਂ ਬਿਸਾਸ ਹੁਇ
ਕਰਿ ਤਜਾਰੀ ਮਾਰਗ ਪਦ ਡਾਲਿ[1] ॥੧੯॥ — [1]ਪੈਰ ਰੱਖ।
ਤੁਝ ਘਰ ਲਛਮੀ ਬਿਨਾਂ ਜਤਨ ਤੇ
ਆਵਤਿ ਹੈ ਨਹਿਂ ਦੇਹੁ ਕਿਵਾਰ[1]। — [1]ਤਖ਼ਤੇ ਨਾ ਢੋ।
ਲਾਭ ਰਾਜ ਹੁਇ ਚੱਕ੍ਰਵਰਤਿ ਕੋ[1] — [1]ਚੱਕ੍ਰਵਰਤੀ ਦਾ ਰਾਜ ਪ੍ਰਾਪਤ ਹੋਵੇ।
ਗ੍ਰਹਨ ਕਰਤਿ ਕ੍ਯੋਂ ਨਹੀਂ ਸੰਭਾਰਿ।
ਚਹੁੰਦਿਸ਼ਿ ਕੀ ਸੰਗਤਿ ਚਲਿ ਆਵਹਿ
ਪੂਜਹਿਂ ਪਾਇਨ ਦੇਂ ਉਪਹਾਰ।
ਅਪਨੇ ਮਨ ਮਹਿਂ ਸਮੁਝਤਿ ਕ੍ਯੋਂ ਨਹਿਂ,
ਚਲਨਿ ਸੰਗ ਮੁਝ ਹੋਵਹੁ ਤਜਾਰ' ॥੨੦॥
ਮਹਾਂਦੇਵ ਕਹਿ 'ਗੁਰਤਾ ਜਗ ਕੀ
ਮੈਂ ਲੇਵੌਂ, ਕੈ ਤੁਮ ਲਿਹੁ ਪਾਇ।
ਸਿੱਖਜਨਿ ਕੇ ਮਨ ਕੀ ਗਤਿ ਬੂਝਤਿ
ਕੌਨ ਕਰਹਿਗੋ? ਦੇਹੁ ਬਤਾਇ।

ਅਜ਼ਮਤ ਅਜ਼ਮਾਇਸ਼ ਬਿਨ ਸੰਗਤਿ
ਨਿਵਹਿਂ ਨਹੀਂ ਕਿਮ ਕਰਹੁ ਉਪਾਇ।
ਫਿਰ ਬੈਠਹਿਂ[1], ਨਹਿਂ ਪੂਜਨ ਆਵਹਿਂ,
ਗਾਦੀ ਭ੍ਰਿਸ਼ਟ[1] ਹੋਇ ਤਬਿ ਜਾਇ
॥੨੧॥

[1]ਸੰਗਤਾਂ ਮੂੰਹ ਫੇਰ ਬੈਠਣਗੀਆਂ।
[1]ਅਪਵਿੱਤ੍ਰ।

ਸ਼੍ਰੀ ਨਾਨਕ ਸ਼੍ਰੀ ਅੰਗਦ ਪੂਰਨ
ਸ਼੍ਰੀ ਗੁਰੁ ਅਮਰਦਾਸ ਜੇ ਜਾਨਿ।
ਸ਼੍ਰੀ ਮਤਿ[1] ਰਾਮਦਾਸ ਪਿਤ ਹਮਰੇ
ਤਿਨ ਮਹੁਂ ਜੋਤਿ ਏਕ ਹੀ ਮਾਨਿ।
ਪਰਮਜੋਤਿ ਸੋਈ ਅਬਿ ਚੀਨਹੁ
ਸ਼੍ਰੀ ਅਰਜਨ ਮੈਂ ਦਿਪਤਿ[1] ਮਹਾਨ।
ਤਿਨਹੁ ਛੋਰ ਕਿਮ ਸੰਗਤਿ ਆਵਹਿ
ਜਹਿਂ ਅਜ਼ਮਤ ਬਿਨ ਲੇਹਿਂ ਪਛਾਨ
॥੨੨॥

[1]ਸੁਭਾਇਮਾਨ।
[1]ਪ੍ਰਕਾਸ਼ਦੀ ਹੈ।

ਆਪ ਅਛਤ ਹੀ ਥਾਪਜੋ ਗੁਰ ਕਰਿ,
ਸਕਲ ਜੋਤਿ ਪੂਰਨ ਤਿਸ ਮਾਂਹੀ।
ਅਜਰ ਜਰਜੋ ਨਹਿਂ ਕਰਤਿ ਜਨਾਵਨ
ਪ੍ਰਾਨ ਹਾਨ ਲੌਂ ਨਹੀਂ ਦਿਖਾਹਿਂ।
ਗੁਰੂ ਹੋਨਿ ਕੀ ਇਹੈ ਬਡਾਈ
ਅਨਿਕ ਬਿਘਨ ਤੇ ਚਾਲਹਿ ਨਾਂਹਿ[1]।
ਜੇ ਮਤਿਵਾਨ ਪਛਾਨ ਲੇਤਿ ਸੇ,
ਨਿਤ ਸੇਵਤਿ ਪਦ ਪੰਕਜ ਤਾਂਹਿ
॥੨੩॥

[1]ਚਲਾਇਮਾਨ ਨਹੀਂ ਹੁੰਦੇ।

ਇੱਤਜਾਦਿਕ ਅਸਮੰਜਸ ਲਖਿ ਕੈ
ਤਜਹੁ ਬਿਰੋਧ ਲੋਭ ਮਦ ਕਾਮ।
ਸਰਲ ਸੁਭਾਇ ਹੋਇ ਕਰਿ ਮਿਲੀਐ
ਬੈਠਹੁ ਕੁਸ਼ਲ ਸਹਤ ਨਿਜ ਧਾਮ।
ਬੈਰ ਕਰੇ ਬਿਗਰੈ ਤੁਝ ਕਾਰਜ
ਅਪਜਸ ਜਗ ਮਹਿਂ ਕਹਿਂ ਨਰ ਬਾਮ।
ਮਤ ਨਿਦਾਨ ਬਨਿ ਮਤ ਨਿਦਾਨ ਕਰਿ[1],

[1]ਮੂਰਖ ਨਾ ਬਣ, ਓੜਕ ਨਾ ਕਰ, ਭਾਵ ਅਤਿ ਨਾ ਕਰ। (ਅ) ਅੰਤ ਨਾ ਕਰ ਭਾਵ ਆਪਣਾ ਨਾਸ਼ ਨਾ ਕਰ। [ਫਾ: ਨਾਦਾਨ = ਇਆਣਾ। [ਸੰਸ: ਨਿਦਾਨ =

ਅੰਤ, ਸਮਾਪਤੀ]

ਰਿਦਾ ਸੁੱਧ ਕਰਿ ਸਿਮਰਹੁ ਰਾਮ' ॥੨੪॥

ਪ੍ਰਿਥੀਆ ਭਨਹਿ 'ਹੋਹਿ ਕਿਮ ਤੇ ਕਿਮ[1],
ਇਸ ਕੇ ਸੰਗ ਨ ਕਰਿਹੌਂ ਮੇਲਿ।
ਬਿਗਰ ਪਰੇ ਪੁਨ ਨਿਮਹਿ ਨਹੀਂ ਕਿਮ[1],
ਮੁਝ ਸੋਂ ਬੈਰ ਨਹੀਂ ਕੁਛ ਖੇਲ[1]।
ਫਲ ਪੈ ਹੈ ਲਖਿ ਲੈ ਹੈ ਸੋ ਤਬਿ,
ਅਬਿ ਤੋ ਗਰਬ ਕਰੈ ਸਭਿ ਪੇਲਿ[1]।
ਚਲਹੁ ਸਾਥਿ ਨਹਿੰ ਬੈਠ ਰਹੋ ਘਰ,
ਹਮ ਨਹਿੰ ਕਰੈਂ ਤੋਹਿਕੀ ਗੇਲ[1]' ॥੨੫॥

[1]ਕੁਝ ਦਾ ਕੁਝ ਹੋ ਜਾਵੇ।
[1]ਜਦ ਲੜ ਪਏ ਫਿਰ ਹੁਣ ਮੈਂ ਕਿਵੇਂ ਬੀ ਨਿਵਾਂਗਾ ਨਹੀਂ।
[1]ਤਮਾਸ਼ਾ।
[1]ਸਭ ਨੂੰ ਦਬਾਕੇ।
[1]ਪਿੱਛਾ।

ਮਹਾਂਦੇਵ ਕਹਿ 'ਮੈਂ ਨਹਿੰ ਚਾਹੌਂ,
ਨਹਿੰ ਹਮਰੇ ਪਿਖਿ ਹੋਇ ਸੰਤਾਪ।
ਗੁਰਤਾ ਕੀ ਸਮਰਥਤਾ ਨਾਂਹਿਨ,
ਕ੍ਰੋ ਕਰਤਿ ਨਹੀਂ ਉਰ ਦਾਪ[1]।
ਦੇਖਿ ਦੇਖਿ ਕਰਿ ਦਹਿਨ ਹੋਤਿ ਚਿਤ,
ਰਹੋ ਤੁਮਾਰੇ ਹੀ ਇਕ ਪਾਪ।
ਪਰ ਕੋ ਬੁਰਾ ਨ ਹਮ ਕੋ ਭਾਵਹਿ
ਕਰਹੁ ਤਥਾ ਜਿਮ ਜਾਨਹੁ ਆਪ' ॥੨੬॥

[1]ਦਿਲ ਵਿਚ ਹੰਕਾਰ [ਸੰਸ: ਦਰ੍ਪ]।

ਸੁਨਿ ਪ੍ਰਿਥੀਏ ਕਰਿ ਕੁਟਿਲ ਭ੍ਰਿਕੁਟਿ ਕੋ
ਨਿਸ਼ਠੁਰ ਬੋਲਜੋ ਦੁਸ਼ਟ ਬਿਸਾਲ।
'ਹੋਸ਼ ਭਈ ਫਰਮੋਸ਼ ਤੋਹਿ[1] ਸਭਿ
ਕਹਾਂ ਲਖਹਿਂ ਇਨ ਬਾਤਨਿ ਖਜਾਲ।
ਜਾਨਿ ਲਈ ਮਨ ਕੀ ਗਤਿ ਤੋ ਸਭਿ
ਅਰਜਨ ਕੋ ਹਿਮਾਯਤੀ ਹਾਲ[1]।
ਤਿਸ ਕੇ ਗੁਨ ਗਨ, ਅਵਗੁਨ ਹਮਰੇ
ਬਰਨਤਿ ਰਹਜੋ ਸਰਬ ਕੀ ਕਾਲ'

[1]ਮਤ ਤੇਰੀ ਮਾਰੀ ਗਈ ਹੈ।
[1]ਮਦਦਗਾਰ ਇਸ ਸਮੇਂ।

॥੨੭॥
ਮਹਾਂਦੇਵ ਬੋਲੵੋ 'ਹਮ ਪੱਖੀ
ਸ੍ਰੀ ਅਰਜਨ ਕੇ ਨਿਤ ਅਨੁਸਾਰਿ।
ਬੈਸ ਅਲਪ ਹੈ ਗੁਨ ਮਹਿਂ ਦੀਰਘ
ਅਰ ਪਿਤ ਆਗਜਾ ਕੀਨਿ ਉਚਾਰ।
ਸ੍ਰੀ ਗੁਰ ਰਾਮਦਾਸ ਜੋ ਦੀਨਸਿ
ਕੌਨ ਮਿਟਾਇ ਸਕੈ ਬਲਿ ਭਾਰਿ[1]।
ਭਨਤਿ ਪੂਤ ਮਨ[1] -ਸੋ ਸਪੂਤ ਹੁਇ
ਪਿਤਾ ਬਚਨ ਜੋ ਲੇ ਸਿਰ ਧਾਰਿ-
॥੨੮॥
ਇਹ ਸਭਿ ਕਾਮ ਕਪੂਤ ਕੂਰ ਕੇ
ਪਿਤਾ ਬਾਕ ਕੋ ਚਹਿਂ ਉਲਟਾਇ।
ਕ੍ਰੋਧੀ ਕੁਟਿਲ[1], ਕ੍ਰਿਤਘਨੀ, ਕਾਇਰ,
ਕੁਚਿਲ[1], ਕਠੋਰ, ਕੁਮਤਿ, ਕੁਟਲਾਇ[2]।
ਇਸ ਤੇ ਪਰੇ ਦੋਸ਼ ਕੋ ਗਨੀਅਹਿ
ਜੋ ਤੁਮ ਕਰਯੋ ਚਹਤਿ ਚਿਤ ਚਾਇ।
ਇਕ ਦਿਸ਼ਿ ਪੁੰਜ ਪਾਪ ਕੋ ਧਰੀਅਹਿ
ਤਵ ਕੁਕਰਮ ਕੋ ਨਹਿਂ ਸਮੁਤਾਇ
॥੨੯॥
ਸ੍ਰੀ ਨਾਨਕ ਕੋ ਰੂਪ[1] ਜਗਤ ਗੁਰੁ
ਸੰਤ ਸੁਮਤਿ ਸਮ ਬ੍ਰਿਤੀ[1] ਸੁਜਾਨ।
ਜਗਤੇਸ਼ੁਰ ਅਵਤਾਰ ਬਿਦਤ ਬਹੁ,
ਕਰਯੋ ਹਜ਼ਾਰਨਿ ਕੋ ਕੱਲਜਾਨ।
ਗੁਨ ਗਨ ਧਰਤਿ, ਪਿਤਾ ਪੁਨ ਹਮਰੋ
ਤਿਨਹੁਂ ਬਿਠਾਯੋ ਅਪਨ ਸਥਾਨ।
ਤਿਨ ਕੇ ਬਾਕ ਚਹਤਿ ਉਲਟਾਏ,
ਨਹਿਂ ਆਗਜਾ ਮਾਨਹਿਂ, ਕਰਿ ਮਾਨ[1]
॥੩੦॥
ਪਿਤ ਸਥਾਨ ਬੈਠਯੋ ਤਿਸ ਨਿੰਦਹਿਂ,
ਬਿੰਦਹਿਂ ਬਡਿਆਈ ਕੁਛ ਨਾਂਹਿ।
ਜਥਾ ਹੰਸ ਕੋ ਬਕ ਡਰਪਾਵੈ,

[1]ਭਾਰੀ ਬਲਵਾਨ।

[1]ਪਵਿੱਤ੍ਰ ਆਤਮਾ (ਮਹਾਤਮਾਂ) ਕਹਿੰਦੇ ਹਨ।

[1]ਕਪਟੀ।

[1]ਮੈਲਾ ਭਾਵ ਮੈਲੇ ਮਨ ਵਾਲਾ। [2]ਨਾ ਟਲਣ ਵਾਲਾ (ਬੁਰੇ ਪਾਸਿਓਂ)। ਨਾ ਮੁੜਨ ਵਾਲਾ (ਕੁ+ਟਲਾਇ)।

[1]ਭਾਵ ਗੁਰੂ ਅਰਜਨ ਜੀ)।

[1]ਹਰਖ ਸ਼ੋਕ ਵਿਚ) ਇਕ ਰਸ ਬ੍ਰਿਤੀ।

[1]ਹੰਕਾਰ। (ਅ) ਉਨ੍ਹਾਂ ਦਾ ਸਨਮਾਨ ਕਰਕੇ ਆਗਜਾ ਨਹੀਂ ਮੰਨਦਾ ਤੂੰ।

ਮਸ਼ਕ ਗਰੁੜ ਕੋ[1] ਦਾਬਨਿ ਚਾਹਿ। — [1]ਮੱਛਰ ਗਰੁੜ ਨੂੰ।
ਸਜਾਲ ਸ਼ੇਰ ਕੋ ਕਰਹਿ ਡਰਾਵਨਿ,
ਪਟਬੀਜਨਿ ਚਹਿ ਰਵਿ ਸਮਤਾਹਿ[1]। — [1]ਬਰੱਬਰੀ।
ਤਥਾ ਮਨੋਰਥ ਮਨ ਮਹਿਂ ਠਾਨਤਿ
ਸ੍ਰੀ ਅਰਜਨ ਪਰ ਕਰਿ ਉਤਸਾਹਿ ॥੩੧॥
ਕਰਾਮਾਤਿ ਸਾਹਿਬ ਸੋ ਪੂਰਨ
ਧੀਰਜ ਅਜਰ ਜਰਨ, ਛਿਮਵਾਨ।
ਅਜ਼ਮਤਿ ਛੂਛਾ[1] ਰਿਦੈ ਅਧੀਰਜ, — [1]ਤੂੰ ਕਰਾਮਾਤ (ਤੋਂ) ਖਾਲੀ ਹੈਂ।
ਛਿਮਾ ਨ ਰੰਚਕ ਤੋ ਮਹਿਂ ਜਾਨਿ।
ਸੋ ਗੌਰਾ ਤੂੰ ਹੌਰਾ ਅਤਿਸ਼ੈ,
ਸੋ ਊਜਲ ਤੂੰ ਮਲਿਨ ਮਹਾਨ।
ਸਰਲ ਮ੍ਰਿਦੁਲ ਹਰਿ ਰੂਪ ਪ੍ਰਗਟ ਸੋ,
ਕੁਟਿਲ ਕਠੋਰ ਜੀਵ ਨਿਜ ਮਾਨ' ॥੩੨॥

ਦੋਹਰਾ:
ਸੁਨਿ ਪ੍ਰਿਥੀਆ ਜਰ ਬਰ ਗਯੋ, ਜਰ ਨ ਸਕ੍ਯੋ ਬਚ ਸਾਚ।
ਰਕਤ ਨੇਤ੍ਰ ਫਰਕਤਿ ਅਧਰ, ਭ੍ਰਿਕੁਟਿ ਕੁਟਿਲ[1] ਜਿਸ ਨਾਚਿ ॥੩੩॥ — [1]ਟੇਢੀਆਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤਿਤਿਯ ਰਾਸੇ 'ਮਹਾਂਦੇਵ ਪ੍ਰਿਥੀਆ ਸੰਬਾਦਿ' ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਮਹਾਂਦੇਵ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸੰਬਾਦ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਪ੍ਰਿਥੀਆ ਸੁਨਤਿ ਕਠੋਰ[1] ਕਹਿ, 'ਕਹਜੋ ਨ ਬੂਝੈ ਬੈਨ[2]।

ਭੋਰਾ[1] ਮੂਰਖ ਕੋ ਕਹੈਂ, ਯਾਂ ਤੇ ਤੁਝ ਮਤਿ ਹੈ ਨ ॥੧॥

ਸ੍ਰੈਯਾ ਛੰਦ:

ਇਨ ਬਾਤਨਿ ਕੋ ਤੂੰ ਕਜਾ ਜਾਨਹਿਂ
ਬਰਹਿਂ ਸਦਨ ਦੁਰਿ ਬੈਠਿ ਰਹੰਤਿ।
ਸੁਮਤਿਵੰਤ ਮਹਿਂ ਬੋਲ ਨ ਆਵਹਿ
ਤੋਂ ਇਹ ਕਾਰਜ ਕਹਾਂ ਲਖੰਤਿ[1]।
ਜਾਹਰ ਜਿਨਹੁ ਜਵਾਹਰ ਦਿਖਯ ਨ
ਸੋ ਕਿਮ ਹੋਵਹਿ ਪਰਖਨਿਵੰਤਿ[1]।
ਜਿਨ ਅਜਾਨ ਕੀ ਸੰਗਤਿ ਬਰਤੀ
ਸੋ ਕਿਮ ਭੇਦ ਲਖਹਿ ਬੁਧਿਵੰਤਿ[1] ॥੨॥

ਤੁਝ ਸਮ ਨੇ[1] ਕਰਿ ਸਤੁਤਿ ਫੁਲਾਯਹੁ
ਗਰਬ ਧਰਤਿ ਯਾਂ ਤੇ ਮਨਿ ਚਾਹਿ।
ਤੋਂ ਸਮੇਤ ਹੀ ਪਕਰ ਮੰਗਾਵੌਂ
ਤਬਿ ਤੁਮਰੀ ਅਜ਼ਮਤਿ ਲਖਿ ਜਾਹਿ।
ਲਘੁ ਦੀਰਘ ਤਬਿ ਜਾਨਿ ਪਰੈਗੋ
ਜਬਿ ਹੋਵਹੁ ਤੁਰਕਨਿ ਬਸਿ ਮਾਂਹਿ।
ਮਾਨਹਿਂ ਕੌਨ ਕਹਜੋ ਕਬਿ ਤੇਰੋ
ਜਿਸ ਮਹਿਂ ਰੰਚਕ ਭੀ ਮਤਿ ਨਾਂਹਿ ॥੩॥

ਉਠਿ ਅਬਿ ਜਾਹੁ ਨਿਕਟ ਨਹਿਂ ਬੈਠਹੁ
ਸਠ ਕੀ ਬਾਤ ਸੁਨੌਂ ਨਹਿਂ ਕਾਨ।
ਜਸ ਦ੍ਰੋਹੀ ਅਰਜਨ ਹੈ ਮੇਰੋ,
ਤਸ ਤੂੰ ਹੈਂ ਅਬਿ ਲੀਨਿ ਪਛਾਨ।
ਮੈਂ ਹਿਤ ਕਰੌਂ, ਅਜਾਨ ਨ ਜਾਨਹਿ,

[1]ਕੌੜੇ ਬਚਨ। [2]ਕਹੇ ਬਚਨ ਸਮਝਦਾ ਨਹੀਂ (ਮਹਾਂਦੇਵ)।

[1]ਭੋਲਾ।

[1]ਕੀ ਜਾਣਦਾ ਹੈਂ?

[1]ਪਰਖਨ ਵਾਲਾ।

[1]ਬੁਧਿਵਾਨਾਂ ਦਾ।

[1]ਤੇਰੇ ਵਰਗਿਆਂ ਨੇ (ਗੁਰੂ ਅਰਜਨ ਜੀ ਨੂੰ)।

ਜਿਮ ਪਸੁ ਕੈ ਪਟ ਭੂਖਨ ਠਾਨਿ।
ਉਲਟੋ ਸ੍ਰਿੰਗਨਿ[1] ਚਹਤਿ ਚੁਭਾਵਨਿ,
ਮੈਂ ਤੁਝ ਜਾਨਜੋ ਤਿਸੈ ਸਮਾਨ' ॥੪॥
ਮਹਾਂਦੇਵ ਨੇ ਭਨਜੋ ਬਾਕ ਤਬਿ
'ਸ਼੍ਰੀ ਅਰਜਨ ਪੱਖੀ ਇਮ ਜਾਨਿ।
ਸ਼੍ਰੀ ਗੁਰੁ ਨੇ ਗੁਰਤਾ ਜਬਿ ਦੀਨਸਿ
ਸਭਿ ਸੰਗ ਆਗਜਾ ਕੀਨਿ ਬਖਾਨ।
ਚਰਨ ਪਰਹੁ ਅਨੁਸਾਰਿ ਰਹਹੁ ਇਨ
-ਹਮ ਨੇ ਤਬਿ ਹੀ ਲੀਨਸਿ ਮਾਨਿ।
ਪਿਤ ਗੁਰ ਹਰਿ ਅਵਤਾਰ ਸੰਤ ਮਨ[1]
ਹਮ ਨ ਹਟਾਵਹਿਂ ਤੋਹਿ ਸਮਾਨ ॥੫॥
ਆਸਮਾਨ ਕੋ ਬਾਨ ਪ੍ਰਹਾਰਹਿ
ਉਲਟਿ ਲਗੈ ਤਿਸ ਹੂੰ ਕੇ ਆਇ।
ਸੈਲਨਿ ਸਾਥ ਮਾਥ ਜੋ ਮਾਰਹਿ
ਭਗਨਿ ਹੋਹਿ ਸਿਰਿ, ਕਛੁ ਨ ਬਸਾਇ[1]।
ਸ਼ੇਰ ਸਰਪ ਕੇ ਦਸਨ ਗਹੈ ਜੋ,
ਪਾਵਕ ਜ੍ਵਲਤ[1] ਹਾਥ ਦੇ ਪਾਇ।
ਪਾਹਨ ਬਾਂਧੇ ਸੰਗ ਗ੍ਰੀਵ ਕੇ
ਤਰਬੋ ਚਹੈ ਭੁਜਨ ਬਲ ਲਾਇ ॥੬॥
ਤਿਮ ਤੇਰੋ ਬਿਰਤਾਂਤ ਸੁ ਜਨਿਯਤਿ
ਯਾਂ ਤੇ ਕਰਿ ਬਿਚਾਰ ਬਚ ਮਾਨਿ।
ਸ਼੍ਰੀ ਗੁਰ ਪਿਤ ਕੋ ਬਾਕ ਅਟਲ ਰਹਿ
ਜਿਤ ਕਿਤ ਤੇ ਤੂੰ ਪਾਵਹਿਂ ਹਾਨਿ।
ਅਪਨੋ ਹਿਤ ਲਖਿ ਸੁਤ ਬਨਿਤਾ ਜੁਤਿ
ਬਸਹੁ ਸੁ ਨਿਤ ਚਿਤ ਆਨੰਦ ਠਾਨਿ।
ਮੇਲ ਕਰਹੁ ਨਹਿਂ ਅਪਜਸ ਪਾਵਹੁ,
ਹਰਖਹੁ ਹੇਰਿ ਲਖਹੁ ਪਿਤ ਥਾਨਿ'
॥੭॥
ਪ੍ਰਿਥੀਆ ਭਨਹਿ 'ਭਯੋ ਮਸਤਾਨਾ
ਜਿਮ ਬਾਲਕ ਬਯ ਤਿਮ ਅਨਜਾਨ।
ਜੋ ਮੁਝ ਦਹੈ ਕਹੈਂ ਬਚ ਤੈਸੋ,

[1]ਸਿੰਗਾਂ ਨੂੰ।
[1]ਸ਼ਾਂਤਾਤਮਾ।
[1]ਕੁਛ ਵੱਸ ਨਹੀਂ ਚਲੇਗਾ।
[1]ਅਗਨੀ ਬਲਦੀ ਵਿਚ।

ਚਹੈਂ ਰਹੌਂ ਤਿਸ ਦਾਸ ਸਮਾਨ[1]। — [1]ਚਾਹੁੰਦਾ ਹੈਂ ਤਿਸ (ਗੁਰੂ ਅਰਜਨ ਜੀ) ਦੇ ਦਾਸ ਵਾਂਙੂ ਮੈਂ ਰਹਵਾਂ।

ਮੈਂ ਨਹਿੰ ਮੂਰਖ ਕਰੌਂ ਜਤਨ ਅਬਿ
ਗੁਰਤਾ ਲੈਹੌਂ ਛੀਨਿ ਮਹਾਨ।
ਰਹੌਂ ਇਕਾਕੀ ਤੁਮ ਹੁਇ ਦੋਨਹੁ
ਕਰਹੁ ਉਪਾਉ ਹੋਹੁਗੇ ਹਾਨ' ॥੮॥
ਮਹਾਂਦੇਵ ਕਹਿ 'ਨਿਜ ਹਿਤ ਕਹੁ ਲਹਿ,
ਪਰਹੁ ਪਾਇ ਮਿਲਿ ਬਸਹੁ ਸੁਖੈਨ।
ਕਾਮ, ਕ੍ਰੋਧ, ਮਦ, ਮਾਨ, ਲੋਭ ਤੇ
ਅਬਿ ਜੇ ਨਹਿੰ ਮਾਨਹਿੰ ਮਮ ਬੈਨ।
ਦੁਖ ਤੇ ਤਰ[1] ਦੁਖ ਲਹਹਿੰ ਅਨਿਕ ਬਿਧਿ, — [1]ਵੱਧ, ਅਤਯੰਤ।
ਅਪਜਸੁ ਤੇ ਅਪਜਸੁ ਬਿਨ ਚੈਨ।
ਦੁਹੂੰ ਲੋਕ ਬਿਗਰਹਿਂ ਪਛੁਤਾਵਹਿਂ
ਹਾਥ ਨ ਆਇ ਸਮੋ ਜੁਤਿ ਐਨ[1]' ॥੯॥ — [1]ਸਮਾਂ ਸਮੇਤ ਘਰ ਦੇ।
ਪ੍ਰਿਥੀਆ ਜਰਯੋ, ਜਰਯੋ ਨਹਿਂ ਬਚ ਕੋ
'ਕਿਉਂ ਝਖਵਾਉ[1] ਕਰਤਿ ਉਠਿ ਜਾਹੁ।' — [1]ਬਕਵਾਸ ਕਰਨਾਂ ਹੈ।
ਇਮ ਕਹਿ ਮੌਨ ਧਰੀ ਰਿਸਿ ਉਰ ਭਰਿ
ਸਨਮੁਖ ਨਹਿਂ ਦੇਖਤਿ ਦੁਖ ਮਾਂਹੁ।
ਹੋਨਹਾਰ ਕੋ ਰਿਦੈ ਬਿਚਾਰਯੋ
ਮਹਾਂਦੇਵ ਦਿਖਿ ਤਿਸ ਕੇ ਦਾਹੁ[1]। — [1]ਉਸ ਦਾ ਸਾੜ ਦੇਖਕੇ।
'ਚਿੰਤਾ ਸਰ[1] ਕੋ ਮੀਨ ਬਨਹੁ ਨਿਤ' — [1]ਚਿੰਤਾ ਰੂਪੀ ਤਾਲਾਬ।
ਸ੍ਰਾਪ ਦਿਯੋ ਕ੍ਰੁੱਧਤਿ ਹ੍ਵੈ ਤਾਂਹੁ ॥੧੦॥
ਤਜਿ ਤਿਸ ਕੋ ਉਠਿ ਸਦਨ ਸਿਧਾਰਯੋ
ਬਧਯੋ ਬਖੇਰਾ ਮਨ ਅਕੁਲਾਇ।
-ਨਾਮ ਪਿਤਾ ਗੁਰੁ ਰਾਮਦਾਸ ਕੇ
ਤੁਰਕਨ ਸੋਂ ਮਿਲਿ ਕਜਾ ਕਹਿ ਜਾਇ।
ਦਿੱਲੀਪਤਿ ਅਕਬਰ ਤੇ ਆਦਿਕ
ਸ੍ਰੀ ਗੁਰੁ ਅਮਰ ਚਰਨ ਸਿਰ ਲਾਇ।

ਅਬੈ ਨਿਲਾਯਕ[1] ਤਿਨ ਕੇ ਆਗੇ
ਚਲੇ ਪੁਕਾਰੂ[1] ਬਾਹੁ ਉਠਾਇ ॥੧੧॥
ਮੈਂ ਸਮੁਝਾਇ ਰਹ੍ਯੋ ਬਹੁਤੇਰਾ
ਏਕ ਨ ਮਾਨੀ ਮਨਿ ਮਤਿਮੰਦ।
ਹੋਨਹਾਰ ਕੋ ਜਾਨਹਿਂ ਕਜਾ ਹੁਇ,
ਕਰਿ ਬਿਖ ਦੈਬੋ ਪਾਪ ਬਿਲੰਦ[1]।
ਚਿਤਵਿਤ ਸਦਾ ਅਨਰਥਨਿ ਬੀਤਹਿ[1]
ਉਰ ਹੰਕਾਰ, ਨ ਮੋਹਿ ਮਨਿੰਦ[1]-।

[1]ਭਾਵ ਪ੍ਰਿਥੀਆ।
[1]ਫਰਿਆਦੀ।
[1]ਕੀਤਾ ਹੈ ਵਿਹੁ ਦੇਣ ਦਾ ਬੜਾ ਪਾਪ।
[1]ਪਾਪ ਚਿਤਵਦਿਆਂ (ਆਯੂ) ਬੀਤਦੀ ਹੈ।
[1]ਦਿਲ ਵਿਚ ਹੰਕਾਰ ਹੈ ਕਿ ਮੇਰੇ ਮਨਿੰਦ (ਕੋਈ) ਨਹੀਂ।

ਇਸ ਪ੍ਰਕਾਰ ਬੀਚਾਰਤਿ ਚਿਤ ਮਹਿਂ
ਗਯੋ ਸਦਨ ਮਹਿਂ ਸਦਾ ਅਨੰਦ
॥੧੨॥
ਨਿਜ ਘਰ ਤੇ ਪੁਨਿ ਮਹਾਂਦੇਵ ਚਲਿ
ਸ਼੍ਰੀ ਅਰਜਨ ਕੇ ਪਹੁੰਚ੍ਯੋ ਤੀਰ।
ਦੇਖਿ ਬਿਸਾਲ ਭ੍ਰਾਤ ਕੋ ਤਤਛਿਨ
ਖਰੇ ਭਏ ਸਨਮਾਨ ਗਹੀਰ[1]।
ਬੰਦਨ ਕਰਿ ਕੈ ਆਪਸ ਮਾਂਹੀ
ਬੈਠੇ ਦੋਨਹੁਂ ਮਹਦ ਸਧੀਰ।
ਸਰਲ ਮ੍ਰਿਦੁਲ ਰਿਦ ਅਦਬ ਜੁਕਤਿ
ਬੁਧਿ
ਮਿਲੇ ਪ੍ਰਮੋਦਤਿ ਪਿਖਿ ਦ੍ਵੈ ਬੀਰ
॥੧੩॥

[1]ਆਦਰ ਲਈ ਗਹੀਰ (ਗੁਰੂ ਅਰਜਨ ਦੇਵ ਜੀ)।

ਗੋਦਿ ਪ੍ਰਮੋਦਤਿ[1] ਸ਼੍ਰੀ ਹਰਿਗੋਬਿੰਦ
ਰੱਖ੍ਯਾ ਸ਼ਬਦ ਬਨਾਵਤਿ ਹੇਰਿ।
ਸ਼੍ਰੀ ਸਤਿਗੁਰ ਅਰੁ ਸ਼੍ਰੀ ਪਰਮੇਸ਼ੁਰ
ਇਨ ਕੋ ਜਸ ਜਿਨਿ ਬਿਖੈ ਬਡੇਰ।
'ਭਏ ਦਾਸ ਰਖਵਾਰੇ ਆਇ
ਸੁ ਹਾਥ ਦੇਇ ਰਾਖੇ ਬਹੁ ਬੇਰ।
ਮਾਤ ਪਿਤਾ ਜਿਮ ਸੁਤ ਕੋ ਰਾਖਹਿਂ
ਅਸ਼ਟ ਜਾਮ ਚਿਤਵਤਿ ਫਿਰ ਫੇਰ'
॥੧੪॥
ਇੱਤ੍ਯਾਦਿਕ ਤਿਨ ਬਿਖੈ ਅਰਥ ਰਖਿ

[1]ਗੋਦ ਵਿਚ ਅਨੰਦ ਸਮੇਤ (ਹਨ)।

ਕੀਨਸਿ ਅਪਨੀ ਬਿਨੈ ਬਖਾਨ।
ਇਸ ਪ੍ਰਕਾਰ ਕੇ ਸ਼ਬਦ ਬਨਾਏ
ਜਿਨ ਮਹਿਂ ਪ੍ਰੇਮ ਪ੍ਰਵਾਹ ਮਹਾਨ।
ਸ੍ਰੀ ਗ੍ਰਿੰਥ ਸਾਹਿਬ ਕੇ ਬਿਚ ਲਿਖਿ,
ਰਾਖੇ ਸਿੱਖਨ ਹਿਤ ਕੱਲਜਾਨ†।

†ਪਾ:-ਸ੍ਰੀ ਗ੍ਰਿੰਥ ਸਾਹਿਬ ਬਿਚ ਰਾਖੇ ਪਠਹਿਂ ਸਿੱਖਯ ਪਾਵਹਿਂ ਕੱਲਜਾਨ।

ਜ਼ਾਹਰ ਅਰਥ ਜਿਨਹੁਂ ਕਹੁ ਭਾਸਹਿ
ਲੋਕ ਪ੍ਰਲੋਕ ਬਿਖੈ ਸੁਖਦਾਨਿ ॥੧੫॥
ਨਿਜ ਸਿੱਖਨ ਸੋ ਮਹਿੰਮਾ ਪ੍ਰਭੁ ਕੀ
ਕਰਤਿ ਸੁਨਾਵਤਿ ਪ੍ਰੇਮ ਬਿਸਾਲ।
'ਪਾਠ ਪਠਹਿਂ ਰੱਛਜਾ ਜਹਿਂ ਚਾਹਹਿਂ,
ਹੋਇਂ ਸਹਾਇ ਦਯਾਲ ਤਤਕਾਲ।'
ਮਹਾਂਦੇਵ ਇਤਨੇ ਮਹਿਂ ਆਏ
ਸੁਧਿ ਕੋ ਲੇਨਿ ਕੁਸ਼ਲ ਹਿਤ ਨਾਲਿ।
ਸ੍ਰੀ ਹਰਿਗੋਬਿੰਦ ਕੋ ਕਰਿ ਦਰਸ਼ਨ
ਮਨ ਮਾਨਜੋ -ਹਮ ਭਏ ਨਿਹਾਲ
॥੧੬॥
ਸ੍ਰੀ ਗੁਰੁ ਰਾਮਦਾਸ ਕੁਲ ਪ੍ਰਾਚੀ
ਉੱਦਜਤਿ ਚੰਦ ਮਨਿੰਦ[1] ਅਨੰਦ।

[1]ਕੁਲ ਰੂਪੀ ਪੂਰਬ ਦਿਸ਼ਾ ਵਿਚ ਪ੍ਰਕਾਸ਼ ਹੋਏ ਹਨ ਚੰਦ ਵਾਂਙ (ਪੂੰਨਜਾਂ ਦਾ ਚੰਦ ਪੂਰਬੋਂ ਚੜ੍ਹਦਾ ਹੈ)।

ਉੱਜਲ ਦਿਪਹਿ ਜਾਮਨੀ ਸਿੱਖੀ[1]
ਗਜਾਨਵਾਨੁ ਸਿਖ ਜੁਤਿ ਉਡ ਬ੍ਰਿੰਦ।

[1]ਨਿਰਮਲ ਪ੍ਰਕਾਸ਼ ਰਹੀ ਹੈ ਸਿਖੀ ਰੂਪੀ ਰਾਤ।

ਸੰਗਤਿ ਦੇਸ਼ ਬਿਦੇਸ਼ਨਿ ਕੀ ਗਨ
ਕਾਨਨਿ ਕੈਰਵ ਕੋ ਬਿਗਸੰਦ[1]।

[1]ਕਵੀਆਂ ਦੇ ਬਨ ਨੂੰ ਖਿੜੌਂਦੇ ਹਨ।

ਦੁਸ਼ਟ ਪ੍ਰਫੁੱਲਿਤ ਹੁਇ ਜਿਤ ਕਿਤ
ਜੋ ਮੁਰਝਾਵਹਿਂ ਮੁਖਮੰਦ ਅਰਬਿੰਦ[1]
॥੧੭॥

[1]ਕਵਲ ਵਤ (ਰਾਤ ਨੂੰ ਕਵਲ ਬੰਦ ਹੁੰਦਾ ਹੈ)।

[1]ਜਿਮ ਕੱਸ਼ਪ[2] ਘਰ ਸੂਰਜ ਜਨਮਜੋ

[1]ਹੁਣ ਸੂਰਜ ਦਾ ਰੂਪਕ ਬੰਨ੍ਹਣ ਲਗੇ ਹਨ। [2]ਰਿਖੀ ਦਾ ਨਾਮ ਸੀ।

ਸ੍ਰੀ ਅਰਜਨ ਕੇ ਹਰਿਗੋਬਿੰਦ।
ਨਿਸਾ ਅਬਿੱਦਜਾ ਨਾਸ਼ਨਿ ਕੀਨਸਿ
ਅੰਧ ਉਲੂਕ ਜਿ ਨਿੰਦਕ ਨਿੰਦ।
ਸੰਤ ਅਨੰਤ ਕਮਲ ਬਿਕਸੰਤਹਿ

ਚਪੇ[1] ਚੋਰ ਦ੍ਰੋਹੀ ਦੁਖ ਬ੍ਰਿੰਦ। — [1]ਖਿਝਦੇ ਹਨ, ਲੱਜਤ ਹੁੰਦੇ।
ਤੁਰਕ ਤੇਜ ਤਮਪਤਿ ਕੋ ਤਾੜਤਿ[1] — [1]ਗੁਰੂ ਹਰਿਗੋਬਿੰਦ ਰੂਪੀ ਸੂਰਜ) ਤੁਰਕ ਤੇਜ ਦੇ ਚੰਦ੍ਰਮਾਂ ਨੂੰ ਤਾੜਨਾਂ ਕਰਦਾ ਹੈ [ਤਮਪਤਿ = ਚੰਦ੍ਰਮਾ]
ਤ੍ਰਿਸਕ੍ਰਿਤ ਤਾਰਨਿ ਬੀਰਨਿ ਵ੍ਰਿੰਦ[1]- ॥੧੮॥ — [1]ਨਿਰਾਦਰ ਕਰਦੇ ਹਨ ਸੂਰਮਿਆਂ ਰੂਪ ਤਾਰਿਆਂ ਦਾ।
ਇਮ ਅਨੁਮਾਨਤਿ ਮਹਾਂਦੇਵ ਮਨ
ਪ੍ਰੇਮ ਕਰੇ ਬਹੁ ਲੀਨਿ ਉਛੰਗ[1]। — [1]ਗੋਦੀ ਵਿਚ।
'ਮੋਹਿ ਸੁਨਾਵਹੁ ਦ੍ਰੋਹਿ ਦੁਸ਼ਟ ਕੋ
ਧ੍ਰੋਹੁ ਕੀਨਿ ਜਿਮ ਮਿਲਿ ਦਿਜ ਸੰਗ।
ਰੱਖਜਕ ਪਾਰਬ੍ਰਹਮ ਗੁਰੁ ਨਾਨਕ
ਕਿਮ ਸਹਾਇ ਕੀਨਸਿ ਮ੍ਰਿਦ ਅੰਗ।
ਪ੍ਰਿਥਕ ਕਰਜੋ ਕਿਮ ਜਨਨੀ ਦਾਸਨਿ[1], — [1]ਦਾਸ ਅਤੇ ਮਾਤਾ ਤੋਂ (ਬ੍ਰਾਹਮਣ ਨੇ)।
ਤਜਾਗ ਸਰਬ ਹੀ ਭਏ ਨਿਸੰਗ[1]' ॥੧੯॥ — [1]ਬੇਫਿਕਰ।
ਸ਼੍ਰੀ ਅਰਜਨ ਕਹਿ 'ਦਿਜ ਇਹ ਬੈਠਜੋ
ਇਸ ਕੋ ਬੂਝ ਲੇਹੁ ਸਭਿ ਬਾਤ।
ਏਕਾਕੀ ਸਭਿਹਿਨ ਤੇ ਕੀਨਸਿ
ਊਪਰ ਲੇ ਗਮਨਜੋ ਦਧਿ ਖ੍ਵਾਤ[1]। — [1]ਦਹੀ ਖੁਵਾਵਣ ਲਈ।
ਸਹਿਜ ਸੁਭਾਇਕ ਰਹੇ ਸਕਲ ਨਰ
ਲਖਜੋ ਨ ਕਿਨਹੂੰ ਇਹ ਬਿਰਤਾਂਤ।
ਰੋਦਤਿ ਊਚ ਪੁਕਾਰਤਿ ਜਬਿਹੂੰ
ਅਨਵਾਯੋ ਹਮਨੇ ਤਿਸ ਭਾਂਤਿ ॥੨੦॥
ਦਧੀ ਖੁਲਾਇ ਰਹੇ ਨਹਿਂ ਖਾਈ,
ਕੂਕਰ ਖਾਈ ਮਰਜੋ ਤੁਰੰਤ।'
ਮਹਾਂਦੇਵ ਸੋਂ ਦਿਜ ਨੇ ਭਾਖੀ
'ਡੂਬਤਿ ਪ੍ਰਿਥੀਆ ਪਾਪ ਕਰੰਤਿ।
ਮੁਝ ਕੋ ਭੀਗਹਿ ਲਗਜੋ ਡੁਬਾਵਨਿ
ਅਪਨੇ ਸੰਗ ਅਧਿਕ ਅਘਵੰਤਿ।
ਕਰਾਮਾਤ ਸਾਹਿਬ ਗੁਰਨੰਦਨ
ਅੰਤਰਜਾਮੀ ਸਰਬ ਲਖੰਤਿ ॥੨੧॥
ਪਾਪ ਜਾਨਿ ਕੈ ਅਚਜੋ ਨ ਮੁਖ ਮਹਿਂ,

ਮੈਂ ਬਚ ਰਹ੍ਯੋ ਸੁ ਨਰਕ ਪਰੰਤਿ[1]। — [1]ਨਰਕ ਪੈਣ ਤੋਂ।
ਅਧਮ ਉਧਾਰਨ ਬਿਰਦ[1] ਸੰਭਾਰ੍ਯੋ, — [1]ਨੀਚਾਂ ਨੂੰ ਤਾਰਣ ਵਾਲਾ ਧਰਮ।
ਬਖਸ਼੍ਯੋ, ਕ੍ਰਿਪਾ ਕਰੀ ਭਗਵੰਤ।
ਕੌਨ ਕੌਨ ਗੁਨ ਇਨ ਕੇ ਉਚਰੌਂ,
ਜਾਨੇ ਪਰੈਂ ਅਬੈ ਅਘਹੰਤਿ[1]। — [1]ਹੁਣ ਤੋਂ ਹੀ ਜਾਣੇ ਪੈਂਦੇ ਹਨ ਕਿ ਇਹ ਪਾਪ ਨਾਸ਼ਕ ਹਨ।

ਮਹਾਂਪੁਰਖ ਅਵਤਾਰ ਜੁ ਪੂਰਨ
ਕਾਜ ਕਰਨ ਹਿਤ ਨਰ ਤਨਵੰਤਿ'
॥੨੨॥
ਬਿਸਮੈ ਮਹਾਂਦੇਵ ਪੁਨਿ ਭਾਖੀ
'ਮੈਂ ਸਮੁਝਾਇ ਰਹ੍ਯੋ ਅਬਿ ਜਾਇ।
ਅਘ ਦੀਰਘ ਨੈ ਤਿਸੈ ਦਬਾਯਹੁ
ਸੁਨਿ ਸ਼ੁਭ ਬਾਤ ਨਹੀਂ ਮਨ ਲਜਾਇ।
ਦਿੱਲੀ ਗਮਨਹਿ ਤੁਰਕ ਅਗਾਰੀ
ਦੀਨ ਹੋਹਿਗੋ ਬਿਨੈ ਅਲਾਇ।
ਹਮਰੇ ਬਡਿਯਨ ਕੇ ਪਗ ਪਰਤੇ
ਅਸ ਬਡਿਆਈ ਲਖਹਿ ਨ ਕਾਇ
॥੨੩॥
ਬਡੋ ਬੈਸ ਮਹਿਂ ਅਲਪ ਬੁਧਿ ਜਿਸ,
ਪਾਪ ਬਾਦ[1] ਬਿਨ ਬੋਲਤਿ ਨਾਂਹਿ। — [1]ਤੇ ਲੜਾਈ।
ਕਪਟ ਲਪਟ ਘਟ[1], ਦਪਟ ਧ੍ਰੋਹ ਨਿਤ[2] — [1]ਛਲ ਨਾਲ ਲਪੇਟਿਆ ਹੈ ਰਿਦਾ। [2]ਨਿਤ ਹੀ ਧ੍ਰੋਹ ਕਰਕੇ ਘੂਰਦਾ ਹੈ। (ਅ) ਧ੍ਰੋਹ ਕਰਕੇ ਦਬ ਰਿਹਾ ਹੈ (ਅੰਦਰੋਂ)।

ਮਤਸਰ ਪਾਵਕ ਮਹਿਂ ਜਰ ਜਾਹਿ।
ਕੁਟਿਲ ਬਡੋ ਨਹਿਂ ਸਮਝਹਿ ਕੈਸੇ
ਇਤਨੇ ਔਗੁਨ ਹੁਇਂ ਜਿਸ ਮਾਂਹਿ।
ਮਾਨੁਖ ਕੀ ਗਿਨਤੀ ਕਹੁ ਕਸਾ ਹੈ,
ਬ੍ਰਹਮਾ ਸਕੈ ਨ ਤਿਹ ਸਮੁਝਾਹਿ'
॥੨੪॥
ਸ਼੍ਰੀ ਅਰਜਨ ਕਹਿ 'ਸੁਨਹੁ ਭ੍ਰਾਤ ਜੀ!
ਨਾਹਕ ਹਮ ਸੋਂ ਠਾਨਹਿਂ ਦ੍ਵੈਸ਼।
ਤਦਪਿ ਕਰਹਿ ਤੌ ਹਮ ਸੋਂ ਕਰਿਹੈ,

ਬਾਲਕ ਸੋਂ ਕਜਾ ਕਪਟ ਵਿਸ਼ੇਸ਼।
ਕਾਰਸ[1] ਮੁਖ ਤੇ ਲੱਜਿਤਿ ਹੁਇ ਕਰਿ
ਰਹਿ ਨ ਸਕਹਿ ਕਹਿ ਅਜਸੁ ਅਸ਼ੇਸ਼।
ਅਪਨੀ ਖੁਸ਼ੀ ਜਾਤਿ ਪੁਰਿ ਤਜਿ ਕੈ
ਹਮ ਨਹਿਂ ਬੁਰਾ ਕਹਜੋ ਤਿਸ ਲੇਸ਼ੁ[1]'
॥੨੫॥
ਇੱਤਜਾਦਿਕ ਕੁਛ ਅਪਰ ਬਾਰਤਾ
ਕਰਿ ਕੈ ਮਹਾਂਦੇਵ ਗ੍ਰਿਹ ਆਇ।
ਹਰਿਗੋਵਿੰਦ ਨਿਜ ਨੰਦ ਅਨੰਦਕ
ਗੋਦ ਬਿਠਾਇ ਗੰਗ ਬਲਿ ਜਾਇ।
ਦੀਨਨਿ ਦਾਨ ਦੀਨਿ ਸੁਤ ਕੁਸ਼ਲੀ[1]
ਜਾਨਤਿ -ਨਯੋ ਜਨਮ ਇਨ ਪਾਇ-।
ਰੰਕਨ ਤੇ ਆਸ਼ਿਖ ਗਨ ਲੀਨਸਿ
ਅਧਿਕ ਸੁਧਾ ਤੇ ਮਾਧੁਰਤਾਇ[1] ॥੨੬॥
ਸਰਬ ਗੁਰਨਿ ਹਿਤ ਕੀਨ ਤਿਹਾਵਲ
ਸ਼੍ਰੀ ਅਰਜਨ ਜੀ ਧਰਿ ਕਰਿ ਪਾਸ।
'ਭਏ ਸਹਾਇਕ ਆਨ ਦਾਸ ਕੇ'
ਕਰਿਵਾਵਤਿ ਭੇ ਤਬਿ ਅਰਦਾਸਿ।
ਸੰਗਤਿ ਸਗਰੀ ਕਰੀ ਹਕਾਰਨਿ
ਬਰਤਾਯਹੁ ਤਿਨ ਮਹਿਂ ਸੁਖਰਾਸ।
ਜੈ ਜੈ ਕਾਰ ਉਚਾਰਨਿ ਕਰਤੇ
ਮਹਿਮਾ ਮਹਾਂ ਸੁ ਪ੍ਰੇਮ ਪ੍ਰਕਾਸ਼ ॥੨੭॥
ਦੋਹਰਾ:
ਇਸ ਪ੍ਰਕਾਰ ਉਤਸਾਹ ਕੋ, ਸਿਖ ਸੰਗਤਿ ਗੁਰ ਧਾਮ।
ਸ਼ਬਦ ਕੀਰਤਨ ਹੋਤਿ ਹੈ, ਸਿਮਰਤਿ ਸਭਿ ਸਤਿਨਾਮੁ ॥ ੨੮ ॥
'ਧੰਨ ਧੰਨ' ਗੁਰ[1] ਕੋ ਕਹੈਂ, 'ਜਹਿਂ ਕਹਿਂ ਕਰਹਿਂ ਸਹਾਇ।
ਅੰਗ ਸੰਗ ਨਿਜ ਦਾਸ ਕੇ, ਬਿਘਨ ਛੁਹਨਿ ਨਹਿਂ ਪਾਇ' ॥ ੨੯ ॥

[1]ਕਾਲਖ।
[1]ਰੰਚਕ ਬੀ।
[1]ਪੁੱਤ੍ਰ ਦੇ ਅਨੰਦ ਲਈ।
[1]ਅੰਮ੍ਰਿਤ ਨਾਲੋਂ ਬਹੁਤ ਮਿੱਠੀਆਂ (ਅਸ਼ੀਰਵਾਦਾਂ)।
[1]ਮਰਣ ਤਕ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਮਹਾਂਦੇਵ ਗੁਰ ਕੋ ਸੰਬਾਦ' ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

## ੨੨. [ਪ੍ਰਿਥੀਆ ਸੁਲਹੀ ਨੂੰ ਮਿਲਿਆ। ਹੇਹਰਿ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਇਸ ਪ੍ਰਕਾਰ ਸ਼੍ਰੀ ਗੁਰ ਸਦਨ, ਅਤਿ
ਉਤਸਾਹ ਜੁ ਕੀਨਿ।
ਅਧਿਕ ਤਿਹਾਵਲ ਬਰਤਹੀ, ਭਈ ਭੀਰ
ਸੁਖ ਪੀਨ ॥੧॥

ਸੈਯਾ:

ਲਘੁ ਦੁੰਦਭਿ ਕੀ ਧੁਨਿ ਬਾਜਤਿ ਹੈ
ਬਹੁ ਨਾਦ ਨਫੀਰਨਿ ਕੇ ਸੰਗਿ ਭਾਰੀ।
ਘਰਿ ਪੌਰ ਕੁਲਾਹਲ ਹੋਇ ਰਹ੍ਯੋ
ਸਭਿ ਆਸ਼ਿਖ ਦੇਤਿ ਮਿਲੇ ਨਰ ਨਾਰੀ।
ਪ੍ਰਿਥੀਏ ਕਹੁ ਗਾਰ ਨਿਕਾਰਤਿ ਹੈਂ
'ਨਿਤ ਪਾਪ ਬਿਖੈ ਰਤਿ ਜੋ ਦੁਰਚਾਰੀ।
ਹਰਿਗੋਬਿੰਦ ਕੋ ਬਿਖ ਦੀਨਿ ਅਬੈ,
ਪਰਮੇਸ਼ੁਰ ਹਾਥ ਦੈ ਲੀਨਿ ਉਬਾਰੀ
॥੨॥
ਮੁਖ ਕਾਰਖ ਲਾਗਿ ਗਈ ਤਿਸ ਕੇ,
ਮਰਿਬੇ ਲਗਿ ਜਾਇ ਨ ਕੈਸੇ ਪਖਾਰੀ।
ਸ਼ਰਮ੍ਯੋ ਘਰਿ ਬੀਚ ਦੁਰ੍ਯੋ ਮਤਿ
ਮੂਰਖ ਬਾਦ ਹੀ ਬੈਰ ਕਰੇ ਹਿਤ ਟਾਰੀ।
ਗੁਰ ਨਾਨਕ ਕੀ ਇਹ ਜੋਤਿ ਬਿਰਾਜਤਿ,
ਹੈ ਗੁਨ ਪੂਰਨ ਜੇ ਸ਼ੁਭ ਕਾਰੀ।
ਛਲ ਬ੍ਰਿੰਦ ਕਰੇ ਨ ਛਲੇ[1] ਕਿਸ ਰੀਤਿ,
ਸਦਾ ਸਰਬੱਗ੍ਯ, ਕ੍ਰਿਤੱਗ੍ਯ ਉਦਾਰੀ[1]'
॥੩॥

[1]ਨਾ ਛਲੇ ਗਏ (ਸ਼੍ਰੀ ਹਰਿਗੋਬਿੰਦ ਜੀ)।

[1]ਜੋ ਸਦਾ ਸਰਬੱਗ ਹਨ, ਕੀਤੇ ਕਰਮਾਂ ਨੂੰ ਜਾਣਨ ਵਾਲੇ ਹਨ ਚੰਗੀ ਤਰ੍ਹਾਂ। (ਅ) ਬੜੇ ਅਹਿਸਾਨ ਮੰਨਣ ਵਾਲੇ ਹਨ।

ਏ ਬਤੀਆਂ ਸੁਨਿ ਕੈ ਸਭਿ ਹੀ
ਤਿਸ ਕੇ ਪੱਖ ਕੇ ਸਭਿ ਜਾਇ ਸੁਨਾਵੈਂ।
'ਲੋਕ ਹਜਾਰੋਂ ਹੀ ਗਾਰ ਨਿਕਾਰਤਿ
ਕੀਨਿ ਮਹਾਂ ਅਘ ਬਾਕ ਅਲਾਵੈਂ।
ਯੌਂ ਉਤਸਾਹ ਕਰੈਂ ਬਹੁ ਭਾਂਤਿਨਿ

ਬਾਦਿਤ ਭਾਂਤਿ ਅਨੇਕ ਬਜਾਵੈ।
ਭੀਰ ਰਹੀ ਭਰਿ, ਪੂਰਨਿ ਭਾ ਘਰਿ,
ਭੂਰ ਤਿਹਾਵਲ ਕੋ ਬਰਤਾਵੈਂ' ॥੪॥

ਕਬਿੱਤ:

ਪ੍ਰਿਥੀਆ ਸੁਨੰਤਿ ਮਨ ਗਿਨਤੀ ਗਿਨੱਤ ਬਹੁ
-ਕਾਜ ਨਹਿਂ ਸਿੱਧ ਭਯੋ ਸੱਲ ਰਹ੍ਯੋ ਛੱਤੀਆਂ[1]।
ਨਿਫਲ ਉਪਾਇ ਗਏ, ਠਾਨਤਿ ਅਨੇਕ ਭਏ
ਉਲਟੋ ਕਲੰਕ ਲਏ, ਜਾਨ੍ਯੋ ਜਿਤ ਕਿੱਤੀਆ।
ਬਿੱਪ੍ਰ ਮਤਿਹੀਨ ਬਿਖ ਦਾਵ ਤੇ ਨ ਦੀਨਿ ਜਿਨਿ,
ਜਾਮਨੀ ਮੈਂ ਜਾਨਤੋ ਨ ਤਮ ਭਏ ਅੱਤੀਆ[1]।
ਹੋਤਿ ਕ੍ਰਿਤ[1] ਕ੍ਰਿਤ ਜਬਿ ਬੈਰੀ ਮ੍ਰਿਤੁ ਦੇਖਿ ਲੇਤਿ,
ਬਚ੍ਯੋ ਨਿਜ ਭਾਗਨਿ ਤੇ ਭਲੀ ਭਾਲ ਰੱਤੀਆ[1] ॥੫॥

[1]ਛਾਤੀ ਵਿਚ।

[1]ਰਾਤ ਵਿੱਚ ਅਤਯੰਤ ਅੰਨ੍ਹੇਰਾ ਹੋਇਆਂ (ਜੋ ਵਿਹੁ ਦੇਂਦਾ) ਤਾਂ ਨਾ ਜਾਣਦੇ।

[1]ਮੈਂ ਖੁਸ਼ ਹੁੰਦਾ।

[1]ਮੱਥੇ ਦੀ ਰੱਤੀ ਚੰਗੀ ਸੀ।

ਕਬਿੱਤ:

ਨਿੰਦਕ ਬਨੇ ਹੈਂ ਨਰ, ਘਰ ਘਰ ਕਹੈਂ ਪੁਰਿ,
ਸੁਨਿਓ ਨ ਜਾਇਗੋ ਬਿਸਾਲ ਬੈਰ ਚੀਨਿਓ-।
ਐਸੇ ਚਿੰਤਾ ਠਾਨਿ ਕੈ ਅਧਿਕ ਦੁਖ ਮਾਨਿ ਕੈ,
ਕਹਤਿ ਨਿਜ ਲੋਕਨ ਸੋਂ 'ਤਯਾਰੀ ਸਭਿ ਕੀਨਿਓ।
ਲਾਦ ਲੇਹੁ ਆਜ, ਨਹੀ ਰਹੈ ਸ਼ੇਸ਼ ਕਾਜ ਕੁਛ,

ਸਗਰੇ ਸਮਾਜ ਕੀ ਸੰਭਾਰ ਕਰਿ
ਲੀਨਿਓ।
ਬਡੀ ਭਨੁਸਾਰ ਤੇ ਸਿਧਾਰ ਪਰੈਂ ਪੰਥ
ਬੀਚ,
ਦੇਖਿ ਹੈਂ ਨ ਬੋਲ ਹੈਂ ਸੁ ਰੌਲ ਹੋਇ
ਹੀਨਿਓ[1]' ॥੬॥

[1]ਰੌਲਾ ਦੂਰ ਹੋਵੇਗਾ ਭਾਵ ਚੁੱਪ ਚਾਪ।

ਸ੍ਵੈਯਾ:
ਤਿਸ ਬਾਸੁਰ ਮੈਂ ਸਭਿ ਤਜਾਰੀ ਕਰਾਇ
ਕਹ੍ਯੋ[†] 'ਤੁਮ ਮੈਂ ਪੁਰਿ ਤੇ ਨਿਕਸੈ ਹੌਂ।
ਨਰ ਨੇਰਿ ਕੈ ਛੇਰਿ ਨ ਕੋਈ ਕਰੈ
ਸੁਨਿ ਬਾਕ ਕਠੋਰ ਕੌਂ ਹੌਂ ਨ ਸਹੈਹੌਂ।
ਬਿਗਰੇ ਨਰ ਨਾਰਿ ਜਿ ਗਾਰਿ
ਨਿਕਾਰਤਿ,
ਪੱਖਜ ਕੋ ਧਾਰਤਿ ਜਿ ਦਿਖ ਪੈਹੌਂ।
ਸੁਨਿ ਲੋਕ ਹਮਾਰੇ ਦੁਖੈਂ ਤਿਨ ਤੇ,
ਰਿਸ ਧਾਰਿ ਕੈ ਰਾਰ ਨ ਹ੍ਵੈ, ਚਲਿ ਜੈ
ਹੌਂ' ॥੭॥

[†]ਪਾ:-ਰਹ੍ਯੋ।

ਸ੍ਵੈਯਾ:
ਪੈਠ੍ਯੋ ਨਿਕੇਤ ਮੈਂ ਬੈਠਿ ਰਹ੍ਯੋ ਸੁ
ਪ੍ਰਤੀਖਤਿ -ਸਾਂਝ ਪਰੋ ਸਹਿਸਾਈ[1]-।
ਚਿੰਤ ਮਹਾ, ਨਹਿੰ ਭੋਜਨ ਕੀਨਿ,
ਅਬੋਲ[1] ਇਕਾਂਤ ਭਯੋ ਇਕ ਥਾਈਂ।
ਦੁੰਦਭਿ ਆਦਿਕ ਬਾਦਿਤ ਕੋ ਸੁਨਿ
ਸੇਲ ਲਗੈ ਜਨੁ ਸੂਲ ਉਠਾਈ।
ਸੋ ਕਰਕੈ ਉਰ ਮੋ ਸਰਕੈ,
ਗਰਕੈ ਦੁਖ ਮੈਂ ਡਰ ਕੈ ਥਰਕਾਈ[1]
॥੮॥

[1]ਸੰਧਜਾਂ ਪਵੇ ਛੇਤੀ।

[1]ਬਿਨਾਂ ਬੋਲੇ ਤੇ।

[1]ਸੋ ਕਰਕ (ਪੀੜਾ) ਦਿਲ ਵਿਚ ਸਰਕਦੀ (ਹੁੰਦੀ) ਹੈ ਤੇ ਦੁਖ ਵਿੱਚ ਗ਼ਰਕ ਹੋਕੇ (ਪ੍ਰਿਥੀਆ) ਡਰ ਕਰਕੇ ਕੰਬਦਾ ਹੈ।

ਸ੍ਵੈਯਾ:
ਭਾਨੁ ਅਥਯੋ[1], ਤਮ ਛਾਇ ਗਯੋ,
ਕਰਮੋ ਕਰ ਮੋ ਗਹਿ[1] ਭੋਜਨ ਲਜਾਈ।
ਧੀਰਜ ਦੀਨਿ ਪ੍ਰਬੋਧਨ ਕੀਨਿ,

[1]ਸੂਰਜ ਅਸਤ ਹੋਯਾ।

[1]ਹਥ ਵਿਚ ਫੜਕੇ।

'ਪ੍ਰਬੀਨ ਮਹਾਂ ਤੁਮ ਕਰੋਂ ਦੁਚਿਤਾਈ?
ਜਾਨਤਿ ਹੈਂ ਸਭਿ ਲੋਕ ਬਿਲੋਕਤਿ
ਜੋ ਪਤਿਸ਼ਾਹ ਸਮੀਪ ਸਦਾਈ।
ਜਾਇ ਕੈ ਫੇਰ ਨਿਕਾਸਿ ਦਿਹੋ ਪੁਰਿ,
ਆਪ ਬਸੋ ਹਟਿ ਤੂਰਨ ਆਈ ॥੯॥

ਸ੍ਵੈਯਾ:
ਚਿੰਤ ਨਿਵਾਰਿ ਕਰੋ ਪੁਰਸ਼ਾਰਥ,
ਹੋਇ ਸਕਾਰਥ ਜਾਨਿ ਤੁਮਾਰੋ।
ਉੱਦਮ ਤੇ ਬਿਨ ਪ੍ਰਾਪਤਿ ਹ੍ਵੈ ਨਹਿਂ,
ਸੋ ਅਬਿ ਸੱਲਜ ਸਮੂਲ ਉਖਾਰੋ।
ਲੇ ਪਤਿਸ਼ਾਹਿ ਕਿ ਸੈਨ ਬਡੀ,
ਪਕਰਾਇ ਦਿਜੈ, ਨਤੁ ਦੂਰ ਉਜਾਰੋ।
ਪੀਵਤਿ ਜੋ ਦਧਿ, ਜੀਵਤਿ ਨਾ ਇਮਿ,
ਥੀਵਤਿ ਨਾ ਪੁਰਿ ਰੌਰ ਉਦਾਰੋ'
॥੧੦॥

ਸ੍ਵੈਯਾ:
ਯਾ ਬਿਧਿ ਬਾਕ ਅਨੇਕ ਕਹੇ, ਸੁਨਿ
ਹਾਨੀ ਕਛੂ ਦਿਲ ਤੇ ਦਲਗੀਰੀ[1]। — [1]ਦੂਰ ਹੋਈ ਦਿਲਗੀਰੀ।
ਕੀਨ ਅਹਾਰ ਕੋ, ਬ੍ਰਿੰਦ ਬਿਚਾਰਤਿ
-ਮੇਲ ਕਰੌਂ ਜੁ ਸਭਾ ਜਹਾਂਗੀਰੀ।
ਹੋਹਿਂ ਸਹਾਇਕ ਮੇਰੇ ਸਭੈ,
ਕਹਿ ਕੈ ਜੁ ਸੁਨਾਵਹਿਂਗੇ ਮਮ ਪੀਰੀ[1]। — [1]ਵਡਿਆਈ।
ਦੇ ਧਨ ਕੋ ਅਪਨੇ ਕਰਿ ਹੌਂ
ਇਹੁ ਬੈਠੋ ਰਹੈ ਨ ਪਠੈ ਲਿਖਿ ਚੀਰੀ[1]- — [1]ਇਹ ਗੁਰੂ ਅਰਜਨ ਬੈਠੇ ਹੀ ਰਹਿੰਦੇ ਹਨ ਕਿਸੇ ਨੂੰ ਚਿੱਠੀ ਬੀ ਲਿਖਕੇ ਨਹੀਂ ਪਾਉਣ ਜੋਗੇ। (ਅ) (ਜੇ ਪਾਤਸ਼ਾਹ ਨੇ) ਚਿੱਠੀ ਲਿਖ ਘਲੀ ਤਾਂ ਇਹ (ਗੁਰ ਅਰਜਨ ਏਥੇ) ਬੈਠਾ ਨਹੀਂ ਰਹੇਗਾ।
॥੧੧॥

ਸ੍ਵੈਯਾ:
ਰੈਨ ਕੋ ਨੈਨ ਮੈਂ ਨੀਂਦ ਨਹੀਂ
ਵਿਚ ਐਨ[1] ਕੇ ਸੈਨ[2] ਰਹ੍ਯੋ ਪਰ ਕੈ। — [1]ਘਰ। [2]ਸੌਂ।
ਪਾਪ ਬਿਖੈ ਅਨੁਰਾਗਤਿ[1] ਜਾਗਤਿ — [1]ਲੱਗਾ ਹੋਯਾ।
ਲਾਗਤਿ ਨਾ ਪਲਕੈਂ ਥਿਰਿਕੈ[1]। — [1]ਟਿਕ ਕੇ ਪਲਕਾਂ ਨਹੀਂ ਲਗਦੀਆਂ।

ਸ਼ੋਕਤਿ[1] ਪ੍ਰਾਤ ਉਡੀਕਤਿ ਹੀ
ਨਿਸ ਚਾਰ ਘਟੀ ਤੇ ਚਲ੍ਯੋ ਚਰਿ ਕੈ[1]।
ਸੇਵਕ ਦਾਸੀ ਲੀਏ ਬਨਿਤਾ ਸੰਗਿ
ਔਰ ਸਮਾਜ ਸਭੈ ਭਰਿਕੈ ॥੧੨॥
ਪੰਥ ਪਰੇ ਇਕ ਦ੍ਵੈ ਦਿਨ ਮੈਂ
ਜਬਿ ਹੋਤਿ ਭਯੋ ਸੁਧਿ ਕਾਹੂ ਦਈ[1]।
'ਹੈ ਸੁਲਹੀ ਇਤ ਓਰ ਅਬੈ,
ਪਤਿਸ਼ਾਹ ਕੇ ਪਾਸ ਨ ਸੋ ਸੁਨਈ[1]।'
ਹੋਤਿ ਭਯੋ ਸੁ ਪ੍ਰਸੰਨ ਰਿਦੈ ਮਹਿਂ
-ਕਾਰਜ ਮੋਹਿ ਬਨੈ ਦੁਨਈ[1]।
ਹੇਹਰੀ ਗ੍ਰਾਮ ਬਿਖੈ ਉਤਰ੍ਯੋ
ਦਿਨ ਕੇਤਿਕ ਕੋ, ਕੁਛ ਕਾਰ ਲਈ'
॥੧੩॥
ਯੌਂ ਸੁਨਿ ਕੈ ਸੁਲਹੀ ਕੋ ਤਬੈ
ਮਨ ਆਨੰਦ ਧਾਰਿ ਕੈ ਪੰਥ ਪਯਾਨੋ।
ਭਾਂਤਿ ਅਨੇਕ ਗਿਨੈ ਗਿਨਤੀ
ਨਿਜ ਕਾਰਜ ਸਿੱਧ ਭਯੋ ਪਹਿਚਾਨੋ।
ਜਾਤਿ ਭਯੋ ਉਤਲਾਵਤਿ ਹੀ
ਉਤਪਾਤ ਸੋਂ ਹੇਤ ਰਿਦੈ ਜਿਨ ਠਾਨੋ।
ਆਪਨੇ ਲੋਕਨਿ ਸੋਂ ਇਮ ਬੋਲਤਿ
'ਮੋਰ ਮਨੋਰਥ ਪੂਰਨ ਜਾਨੋ' ॥੧੪॥
ਕਬਿੱਤ:
ਸੁਲਹੀ ਨਿਕਟ[1], ਮੇਰੋ ਮੀਤ ਹੈ ਅਮਿਟ ਮਹਾਂ,
ਮਿਲਿ ਕੈ ਬਿਕਟ ਰਿਪੁ ਛਿੱਪ੍ਰ ਗਹਿਵਾਇ ਹੌਂ[1]।
ਪੁੱਤ੍ਰ ਕੇ ਸਮੇਤ ਜਾਇ ਪਕਰੇ ਨਿਕੇਤ ਵਿਖੈ,
ਮੋਚਨ ਕੋ ਹੇਤੁ ਕੋਊ ਹੋਇ ਨ, ਸਿਖਾਇ ਹੌਂ[1]।
ਕਾਰਾਗ੍ਰਿਹ[1] ਰਹੈ, ਲੇਊਂ ਸਗਰੇ ਮੈਂ

[1]ਸ਼ੋਕ ਕਰਦਾ।
[1]ਚਾਰ ਘੜੀਆਂ ਰਾਤ ਰਹਿੰਦਿਆਂ ਚੜ੍ਹਕੇ ਚਲਿਆ।
[1]ਰਾਹ ਵਿਚ ਪਿਆਂ ਹੋਇਆਂ ਜਦ ਇੱਕ ਦੋ ਦਿਨ ਹੋਏ (ਤਦ) ਕਿਸੇ ਨੇ ਖਬਰ ਆ ਦਿੱਤੀ।
[1]ਸੁਣੀਂਦਾ।
[1]ਦੂਣਾ।
[1]ਹੁਣ ਤਾਂ) ਸੁਲਹੀ ਨੇੜੇ ਹੀ ਹੈ।
[1]ਟੇਢਾ ਵੈਰੀ ਛੇਤੀ ਫੜਾ ਦੇਵਾਂਗਾ।
[1]ਗੁਰੂ ਅਰਜਨ ਜੀ ਨੂੰ) ਛੁਡਾਉਣ ਦਾ ਕੋਈ ਉਪ੍ਰਾਲਾ ਨਾ ਹੋ ਸਕੇ, ਇਹ (ਸੁਲਹੀ ਨੂੰ) ਸਿਖਾਵਾਂਗਾ।
[1]ਬੰਦੀ ਖਾਨੇ ਵਿਚ।

ਗ੍ਰਿਹ ਛੀਨਿ,
ਜੈਸੇ ਲਘੁ ਗ੍ਰਹ ਪਰ ਗ੍ਰਹ ਬਲੀ[1], ਜਾਇ ਹੌਂ।
ਜਤਨ ਬਿਹੀਨ ਹੋਇ, ਸਭਿਨਿ ਤੇ ਦੀਨ ਹੋਇ,
ਮੇਰੇ ਹੀ ਅਧੀਨ ਹੋਇ, ਤਬਿ ਸੁਖ ਪਾਇ ਹੌਂ' ॥੧੫॥

[1]ਜਿਵੇਂ ਹਲਕੇ ਗ੍ਰਹਿ ਉਤੇ ਬਲੀ ਗ੍ਰਹਿ (ਉਸ ਨੂੰ ਮਾਤ ਕਰਦਾ ਹੈ)।

ਐਸੇ ਬਾਤ ਕਹਿ ਕਹਿ 'ਹੋਵੌਂ ਗੁਰੂ ਲਹਿ ਲਹਿ[1]'
ਲੋਭ ਧਨ ਚਹਿ ਚਹਿ ਠਾਨਤਿ ਹੰਕਾਰ ਕੋ।
ਦੇਤਿ ਹੈ ਦਿਲਾਸੇ ਨਿਜ ਲੋਕ ਭਰਵਾਸੋ ਹੇਤੁ
ਕਰਤਿ ਨਿਸ਼ਾ[1] ਸੋ ਉਰ ਨਿਸ਼ਚੇ ਉਦਾਰ ਕੋ।

[1]ਲਹ ਲਹ ਕਰਦਾ = ਸੁਹਣਾ

[1]ਤਸੱਲੀ।

ਹੇਹਰੀ ਪਹੂਚਯੋ ਜਾਇ ਡੇਰਾ ਕੀਨਿ ਥਾਇੰ ਕਿਸ,
ਨਿਸ ਬਿਸਰਾਮ ਕੀਨਿ ਉਠਯੋ ਭੁਨਸਾਰ ਕੋ।
ਮੱਜਨ ਕੈ ਨੀਰ ਚੀਰ ਪਹਿਰੇ ਸਰੀਰ ਸੁਭ,
ਸੁਲਹੀ ਕੇ ਤੀਰ ਪਠਯੋ ਨਰ ਸੁਧਿ ਸਾਰ ਕੋ[1] ॥੧੬॥

[1]ਖਬਰ ਸਾਰ ਦੇਣ ਲਈ।

ਗਯੋ ਪੁਨ ਆਪ ਕਹਯੋ 'ਅਧਿਕ ਪ੍ਰਤਾਪ ਹੋਹੁ,
ਸ਼ੱਤ੍ਰੁਨਿ ਸੰਤਾਪ ਪਰੇ' ਬੈਠਯੋ ਤਿਸ ਤੀਰ ਹੋਇ।
ਸੁਲਹੀ ਨੇ ਬੂਝਯੋ 'ਕੌਣ ਕਾਰਜ ਉਰਝ ਰਹਯੋ
ਕੈਸੇ ਚਲਿ ਆਇ ਹੋ ਸੁਨਾਵੋ ਬੀਰ! ਬਾਤ ਸੋਇ।

ਸੇਵਕ ਨ ਪਠਯੋ ਤਹਾਂ ਬੈਠੇ ਰਹੇ ਹੁਤੇ ਆਪ[1], — [1]ਸੇਵਕ ਕਿਉਂ ਨਾ ਭੇਜ ਦਿੱਤਾ ਆਪ ਉੱਥੇ ਹੀ ਬੈਠੇ ਰਹਿੰਦੇ।
ਕਾਰਜ ਤੁਮਾਰੋ ਕਰਿ ਦੇਤਿ ਸੋ ਕਹਿਤ ਜੋਇ।
ਸਦਾ ਅਨੁਸਾਰ ਹੈ, ਸੋ ਸਖਤਾ[1] ਬਿਚਾਰ ਹੈ, — [1]ਮਿੱਤ੍ਰਤਾ।
ਬਿਲਮ ਨਹੀਂ ਧਾਰਿਹੈਂ, ਸੁਧਾਰਿਹੈਂ ਕਹੀਜੈ ਕੋਇ[1]' ॥੧੭॥ — [1]ਭਾਵ, ਜੋ ਕਹਿੰਦਾ ਸੰਵਾਰ ਦੇਂਦੇ।
ਪ੍ਰਿਥੀਆ ਕਹਤਿ 'ਗੁਰੂ ਰਾਖੈ ਤੇਰੀ ਪਤਿ ਨਿਤ,
ਮੇਰੈ ਬਿਸਵਾਸ ਚਿਤ ਥਿਤਿ[1] ਯੌਂ ਹਮੇਸ਼ ਕੋ। — [1]ਚਿਤ ਵਿੱਚ ਟਿਕਿਆ ਹੋਯਾ ਹੈ।
ਮੇਰੋ ਕਾਜ ਆਪਨੋ ਸਮਾਨ ਨੀਕੋ ਜਾਨਿ ਕਰਿ,
ਛਿੱਪ੍ਰ ਹੀ ਸੁਧਾਰਿ ਦੇਤਿ ਪ੍ਰੇਮ ਕੈ ਬਿਸ਼ੇਸ਼ੁ ਕੋ।
ਕਪਟ ਬਿਹੀਨ ਪ੍ਰੇਮ ਨਿਬਹੈ ਤੁਮਾਰੋ ਭਾਰੋ,
ਹਿਰਦੇ ਹਮਾਰੇ ਤੈਸੋ ਭੇਦ ਹੈ ਨ ਲੇਸ਼ ਕੋ।
ਆਗੇ ਤੁਮ ਗਏ ਜਬਿ ਛੋਡ ਗਯੋ ਪੁਰੀ ਤਬਿ,
ਜਾਇ ਬਸਯੋ ਗ੍ਰਾਮ ਮੈਂ ਸਮਾਜ ਲੈ ਅਸ਼ੇਸ਼ ਕੋ ॥੧੮॥
ਆਪ ਸੰਗਿ ਮਿਲਯੋ ਆਇ ਤਬਿ ਮੈਂ ਰਹਯੋ ਸੁ ਪੁਰਿ,
ਸੰਮਤ ਬਿਤਾਇ ਤੀਨ ਗ੍ਰਾਮ ਤਜਿ ਆਯੋ ਹੈ[1]। — [1]ਭਾਵ ਗੁਰੂ ਅਰਜਨ ਜੀ।
ਹਮ ਸੋਂ ਸਨੇਹ ਠਾਨਿ ਪੁਰੀ ਬਸਯੋ ਆਨਿ ਕਰਿ,
ਬੀਤੇ ਹੈਂ ਬਰਖ ਦੋਇ ਮਹਾਂ ਸੁਖ ਪਾਯੋ

ਹੈ।
ਬਡੋ ਭ੍ਰਾਤ ਮੈ ਹੌਂ ਗੁਰੂ ਪਦ ਅਧਿਕਾਰ ਮੇਰੋ
ਪਿਤਾ ਨੇ ਅਜੋਗ ਕਰਿ ਗਾਦੀ ਸੋ ਬਿਠਾਯੋ ਹੈ।
ਦੇਤਿ ਨ ਦਰਬ, ਆਪ ਰਾਖਤਿ ਸਰਬ,
ਉਰ ਧਾਰਤਿ ਗਰਬ ਕੋ, ਸਮਾਜ ਅਧਿਕਾਯੋ ਹੈ ॥੧੯॥
ਸ਼ਾਹ ਕੋ ਨ ਜਾਨੈ, ਨਹੀਂ ਹਾਕਮ ਕੋ ਮਾਨੈ ਕਬਿ,
ਤ੍ਰਾਸ ਕੋ ਨ ਠਾਨੈ, ਮਾਨ ਮਨ ਮੈਂ ਬਧਾਇ ਕਰਿ।
ਆਇ ਚਾਰ ਓਰ ਤੇ ਉਪਾਇਨ ਅਨੇਕ ਭਾਂਤਿ
ਦੇਤਿ ਸਭਿ ਜਾਤਿ ਬਹੁ ਸੀਸ ਕੋ ਨਿਵਾਇ ਕਰਿ।
ਮੋ ਸੋਂ ਕਰੈ ਬਾਦ ਉਰ ਧਾਰਿ ਕੈ ਪ੍ਰਮਾਦ[1] ਬਡੋ,
ਲੋਕ ਪੁਰੀ ਆਦਿ ਕੇ ਸਭਿਨਿ ਸਿਖਰਾਇ ਕਰਿ।
ਨਿੰਦਾ ਕੋ ਕਰਾਇ ਮੇਰੀ, ਸਿੱਖਜਨ ਬਿਗਾਰ ਦੇਤਿ,
ਪੂਜਾ ਹਾਨ[1] -ਦੂਜਾ ਹ੍ਵੈ ਨ- ਆਪਿ ਕੋ ਬਡਾਇ ਕਰਿ[2] ॥੨੦॥
ਜੋਰਿ ਪਾਇ ਮੇਰੇ ਪੈ ਅਵਾਸ ਤੇ ਨਿਕਾਸਿ ਦੀਨਿ,
ਆਪਨੋ ਪ੍ਰਕਾਸ਼ ਕੀਨਿ ਤ੍ਰਾਸ ਹੀਨ ਹੋਇ ਕੈ।
ਨਿਕਸਜੋ ਨਿਰਾਸ੍ਰੋ ਮੈਂ ਆਸਰੋ ਨਿਹਾਰਜੋ ਏਕ,
ਸਖਾ ਹੋ ਬਡੇਰੇ ਤੁਮ ਆਯੇ ਇਮ ਜੋਇ

[1]ਹੰਕਾਰ।

[1]ਮੇਰੀ ਪੂਜਾ ਨਾਸ਼ ਕੀਤੀ ਹੈ। [2]ਆਪਣੇ ਆਪ ਨੂੰ ਵਡਿਆਉਂਦਾ ਹੈ।

[1]ਤੱਕ ਕੇ।

ਕੈ[1]।
ਤੇਰੇ ਬਿਨ ਕੋਊ ਨ ਸਹਾਇਕ ਹਮਾਰੋ ਜਗ,
ਤੋਹੀ ਕੋ ਅਸੀਸ ਦੇਤਿ ਨੀਤ ਅਵਿਲੋਇ ਕੈ[1]।
ਗਾਦੀ ਹੈ ਪਿਤਾ ਕੀ ਪਦ ਊਚ ਗੁਰਤਾ ਕੀ ਸ਼ੁਭ,
ਮੋਹੀ ਕੋ ਦਿਵਾਇ ਦੇਹੁ ਦੋਇਨ ਤੇ ਖੋਇ ਕੈ' ॥੨੧॥
ਸੁਲਹੀ ਪਠਾਨ ਕ੍ਰੋਧ ਧਾਰਿ ਕੈ ਮਹਾਨ ਭਨੈ,
'ਅਬਿ ਲਗਿ ਤੇਰੇ ਸੰਗਿ ਬਾਦਿ ਸੋ ਉਠਾਵਹੀ?
ਸਮਝੋ ਨ ਜੋਰ, ਨ ਬਿਲੋਕਯੋ ਹਮ ਓਰ ਤਿਨ,
ਮਾਲਕ ਮੁਲਕ ਕੋ ਨ ਜਾਨਿ ਤ੍ਰਾਸ ਪਾਵਹੀ?
ਤੇਰੇ ਹੇਤੁ ਗਯੋ ਤਬਿ, ਸਖਾ ਹੈਂ ਲਗਤਿ† ਨੀਕੇ,
ਗਯੋ ਪੁਰਿ ਛੋਰ ਸੋ ਪ੍ਰਸੰਗ ਬਿਸਰਾਵਹੀ[1]?
ਦੇਉਂ ਮੈਂ ਸਜਾਇ, ਇਸ ਬਾਤ ਕੀ, ਸਮ੍ਰੱਥ ਮੋਹਿ[1],
ਤਊ ਪਾਤਸ਼ਾਹਿ ਪਾਸ ਜਾਇ ਕੈ ਸੁਨਾਵਹੀ ॥੨੨॥
ਫੇਰ ਗਹਿ ਲੈ ਹੈਂ, ਨ ਸੰਦੇਹ ਉਪਜੈ ਹੈ,
ਸਭਿ ਗੁਰਤਾ ਕੋ ਦੈ ਹੈਂ ਤੁਝ, ਕੋਇ ਨ ਮਿਟਾਵਈ।
ਅਬਿ ਮੋਹਿ ਕਾਜ ਸੌਂਪ ਭੇਜਯੋ ਮਾਝੇ ਦੇਸ਼ ਪਰ,
ਦਰਬ ਸਰਬ ਕੋ ਮੰਗਾਵੌਂ ਏਕ ਥਾਂਵਈ।

[1]ਦੇਖ ਕਰਕੇ।

†ਪਾ:-ਲਖਤਿ।

[1]ਭੁਲਾ ਬੈਠ ਹੈ?

[1]ਮੇਰੇ ਵਿਚ ਤਾਕਤ ਹੈ।

ਕਰੋਂ ਉਗਰਾਹੀ ਬ੍ਰਿੰਦ ਪੈਸੇ ਪਾਤਿਸ਼ਾਹੀ ਲੇਵੌਂ,
ਰਹੌਂ ਚਿਰਕਾਲ ਮੈਂ ਬਿਸਾਲ ਧਨ ਪਾਵਈਂ।
ਫੇਰ ਦਿੱਲੀ ਜਾਵਈਂ, ਪ੍ਰਸੰਗ ਕੋ ਸੁਨਾਵਈਂ,
ਸ਼ਿਤਾਬ ਬੁਲਵਾਵਈ ਸੋ ਨਜਾਉਂ ਕੋ ਚੁਕਾਵਈ ॥੨੩॥
ਝਗਰੇ ਮਿਟਾਇ ਸਿਖ ਸਗਰੇ ਸ਼ਰਨਿ ਪਾਇ,
ਨਗਰੀ ਬਿਠਾਇ ਗੁਰੂ ਤੋਹਿ ਕੋ ਬਨਾਵਈ।
ਕਰੌਂ ਉਪਕਾਰ ਨਿਜ ਸਖਾ ਪੈ ਜਗਤ ਜਾਨੈ,
ਸਕਲ ਉਪਾਇਨ ਕੋ ਲੇਹੁ ਹਰਖਾਵਈ।
ਹੋਇ ਕੈ ਅਸ਼ੱਤ੍ਰੁ[1] ਫਲ ਲੀਜੈ ਮ੍ਰਿੱਤ ਹੋਨ ਹੂੰ ਕੋ,
ਐਸ਼੍ਵਰਜ ਬਚਿੱਤ੍ਰ ਪਾਇ ਮੋਦ ਉਪਜਾਵਈ।
ਕੇਤਿਕ ਦਿਵਸ ਬਾਸ ਕੀਜੀਏ ਸਮੀਪ ਮੋਹਿ,
ਕਾਜ ਫੇਰ ਹੋਹਿ ਤੇਰੋ ਦਿੱਲੀ ਜਬਿ ਜਾਵਈ ॥੨੪॥
ਹੇਹਰ ਜੋ ਗ੍ਰਾਮ ਇਹ ਪਾਤਸ਼ਾਹਿ ਦੀਨੋ ਮੋਹਿ,
ਦੇਵੌਂ ਸੋਈ ਤੋਹਿ, ਬਾਸ ਸੁਖ ਸੋਂ ਕਰੀਜੀਏ।
ਕਰੋ ਗੁਜ਼ਰਾਨ ਸਿੱਖ ਸੰਗਤਾਂ ਮਹਾਨ ਹੋਹਿੰ,
ਦੂਜਾ ਨ ਸਮਾਨ ਪੂਜਾ ਨਿਜ ਕਰਵੀਜੀਏ।'

[1]ਸ਼ੱਤ੍ਰੂ ਰਹਤ ਹੋ ਕੇ।

ਪ੍ਰਿਥੀਆ ਸੁਨਤਿ ਮਨ ਆਨੰਦ ਉਪਾਯੋ ਬਹੁ
ਸੁਲਹੀ ਸੋਂ ਭਾਖੵੋ 'ਮੇਰੇ ਬਾਕ ਕੋ ਸੁਨੀਜੀਏ।
ਸੁਖੀ ਨਿਤ ਥੀਜੀਏ, ਪ੍ਰਤਾਪ ਮੈਂ ਬਧੀਜੀਏ,
ਮਨੋਰਥ ਪੁਰੀਜੀਏ, ਸਮੇਤ ਜਸ ਜੀਜੀਏ ॥੨੫॥
ਗੁਰੂ ਅੰਗ ਸੰਗ ਹੋਇ ਸੰਕਟ ਨਿਵਾਰੈ ਸੋਇ,
ਬਡੋ ਉਪਕਾਰ ਜੋਇ ਮੇਰੇ ਪਰ ਠਾਨਿਓ।
ਦੀਨੋ ਸ਼ੁਭ ਗ੍ਰਾਮ ਕਰੋਂ ਬਾਸਬੇ ਕੋ ਧਾਮ ਇਹਾਂ,
ਆਠੋ ਜਾਮ ਤੇਰੀ ਸ਼੍ਰੇਯ[1] ਮੁਖ ਤੇ ਬਖਾਨਿਓ। [1]ਸੁਖ।
ਏਕ ਕਾਮ ਔਰ ਸੁਨਿ ਤਾਲ ਬਨਵਾਯੋ ਤਿਨ,
ਆਇੰ ਸਿਖ ਸੰਗਤਾਂ ਮਹਾਂਨ ਹੀ ਸ਼ਨਾਨਿਓ।
ਤੈਸੇ ਮੇਰੇ ਮਨ ਹੈ ਤੜਾਗ ਕੋ ਬਨਾਇ ਦੇਊਂ,
ਭਲੀ ਇਹ ਬਾਤ ਹੈ ਮਨੋਰਥ ਉਠਾਨਿਓ ॥੨੬॥
ਹੋਹੁ ਜੇ ਪ੍ਰਸੰਨ ਆਪ, ਆਪ[1]† ਨਿਰਮਲ ਜਾਂ ਮੈਂ [1]ਪਾਣੀ। †ਪਾ:-ਆਬ।
ਐਸੋ ਤਾਲ ਸੁੰਦਰ ਬਿਸਾਲ ਬਨਿ ਜਾਇ ਹੈ।'
ਸੁਲਹੀ ਨੇ ਭਨੵੋ 'ਇਹੁ ਨੀਕੀ ਬਾਤਿ ਠਾਨੀ ਚਿਤ,
ਸਭਿ ਕੋ ਸੁਖਦ ਹੈ ਅਨੇਕ ਨਰ ਨ੍ਹਾਇ ਹੈਂ।

ਖਗ ਮ੍ਰਿਗ ਨੀਰ ਪਾਨ[1] ਪੁੰਨ ਹੈ ਮਹਾਨ ਯਾਂ ਕੋ,
ਰਚੀਏ ਤੜਾਗ ਚਾਰੋਂ ਭਾਗ ਤੇ[1] ਸੁਹਾਇ ਹੈ।
ਜੈਸੇ ਬਡੀ ਸੰਗਤਾਂ ਸੁ ਪ੍ਰੇਮ ਤੇ ਸ਼ਨਾਨੈਂ ਤਹਾਂ,
ਤੈਸੇ ਤੇਰੋ ਹੋਇ ਹੈ ਸੁਜਸ ਪਸਰਾਇ ਹੈ' ॥੨੭॥
ਐਸੇ ਕਹਿ ਸੁਲਹੀ ਨੇ ਦੀਨਸਿ ਦਰਬ ਤਬਿ,
'ਮੇਰੋ ਪੁੰਨ ਹੋਇਗੋ ਤੜਾਗ ਬਨਿ ਜਾਇ ਹੈ।'
ਪ੍ਰਿਥੀਏ ਨੇ ਭਾਖਿ ਕੈ ਪਟਾ ਸੁ ਲਿਖਵਾਯੋ ਗ੍ਰਾਮ,
ਰਚੇ ਨਿਜ ਧਾਮ ਕੀਨਿ ਬਾਸ ਸੁਖ ਪਾਇ ਹੈ।
ਆਵੈ ਲਗਵਾਏ ਨਿਤ ਠਾਨਤੋ ਉਪਾਇ ਬਡੋ
ਸਮਤਾ ਕੋ ਚਾਹੈ ਸੁਧਾਸਰ ਜਯੋਂ ਸੁਹਾਇ ਹੈ।
-ਆਵੈਗੀ ਉਪਾਇਨ ਅਨੇਕ ਹੀ ਪ੍ਰਕਾਰ ਕਰਿ,
ਮੇਲ ਹੋਇ ਤੀਰਥ ਕੋ ਮਿਲੈਂ ਸਮੁਦਾਇ ਹੈ- ॥੨੮॥

ਦੋਹਰਾ:
ਲਗਯੋ ਕਰਾਵਨਿ ਤਾਲ ਕੋ, ਧਰਿ ਉਤਸਾਹ ਬਿਸਾਲ।
ਖਰਚਹਿ ਦਰਬ ਸੁ ਸਰਬ ਕੋ, ਗੁਰ ਕੀ ਮਤਸਰ ਨਾਲ ॥੨੯॥
-ਸ਼੍ਰੀ ਅਰਜਨ ਕੇ ਸਮ ਬਨੌਂ-, ਕਰਤਿ ਪਖੰਡ ਅਨੇਕ।

[1]ਪੀਵਨਗੇ।
[1]ਚਹੁੰ ਤਰਫਾਂ ਤੋਂ।

ਅਜ਼ਮਤ ਪਾਵੈ ਕਹਾਂ ਤੇ, ਗਜਾਨ ਬਿਹੀਨ
ਬਿਬੇਕ ॥੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪ੍ਰਿਥੀਆ ਸੁਲਹੀ ਸੋਂ ਮਿਲਨਿ' ਪ੍ਰਸੰਗ ਬਰਨਨੰ ਨਾਮ ਦੁਇ ਇੰਸਤੀ ਅੰਸੂ ॥੨੨॥

## ੨੩. [ਪ੍ਰਿਥੀਏ ਨੇ ਹੇਹਰ ਵਿਖੇ ਤਾਲ ਲਗਵਾਇਆ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਸ੍ਰੀ ਗੁਰ ਸੋਂ ਮਤਸਰ ਧਰਤਿ, ਰਚਤਿ
ਦੰਭ ਬਹੁ ਭਾਂਤਿ।
ਲਾਗਿ ਤੜਾਗ ਬਨਾਵਨੇ, ਕਹਿ ਕਹਿ
ਮਹਿਮਾ ਬਾਤਿ ॥੧॥

ਨਿਸਾਨੀ ਛੰਦ:

ਖਰਚਤਿ ਦਰਬ ਬਿਸਾਲ ਕੋ, ਆਵੇ
ਲਗਵਾਏ।
ਬ੍ਰਿੰਦ ਮਿਹਨਤੀ ਲਗਿ ਪਰੇ, ਬਹੁ ਕਾਰ
ਕਰਾਏ।
ਖਨਜੋ ਤੁਰਤ ਬਡ ਤਾਲ ਕੋ, ਮ੍ਰਿਤਕਾ
ਨਿਕਸਾਈ।
ਚਹੁੰਦਿਸ਼ਿ ਤੇ ਇਕਸਾਰ ਕਰਿ, ਚਿਨਤੀ[1] ਲਗਵਾਈ ॥੨॥
ਦਿਨ ਸਗਰੇ ਬੈਠਜੋ ਰਹੈ, ਕਹਿ ਕਹਿ
ਕਰਿਵਾਵੈ।
ਦੇਤਿ ਮਜੂਰੀ ਸੰਝ ਕੋ, ਭੁਨਸਾਰ
ਲਗਾਵੈ।
ਗਨ ਕਾਰੀਗਰ ਚਿਨਤਿ ਹੈਂ, ਸੁੰਦਰਤਾ
ਸੰਗਾ।
ਦੇਖਿ ਦੇਖਿ ਹਰਖਹਿ ਰਿਦੈ, ਧਰਿ ਬਡੀ
ਉਮੰਗਾ ॥੩॥
ਕਰਤਿ ਸੁਧਾਸਰ ਰੀਸ ਕੋ, ਤਿਸ ਹੀ
ਬਿਧਿ ਕੀਨੋ।
ਮੰਦਰ ਤੀਰ ਤੜਾਗ ਕੇ, ਸ਼ੁਭ ਰਚਨਾ
ਚੀਨੋ।
ਹਰਿ ਮੰਦਰ ਸਮ ਦਰ[1] ਕਰੇ, ਕਹਿ
ਆਪ ਬਤਾਵੈ।
ਕਹਿ ਕਹਿ ਛਿੱਪ੍ਰ[1] ਕਰਾਵਤੋ, ਧਨ ਦੇ

[1]ਉਸਾਰੀ।

[1]ਦਰਵੱਜੇ।

[1]ਛੇਤੀ।

ਹੁਲਸਾਵੈ ॥੪॥
ਮਾਨ ਸਰੋਵਰ ਬਿਮਲ ਜਲ, ਘਰ ਹੰਸਨਿ ਕੇਰਾ।
ਤਿਮ ਅੰਮ੍ਰਿਤਸਰ ਕੀਰਤਨਿ, ਗਨ ਸੰਤ ਬਸੇਰਾ।
ਕਮਲ ਪ੍ਰਫੁੱਲਿਤ ਬਹੁ ਬਰਨ, ਦਿਪਤਾਵਤਿ ਸ਼ੋਭਾ।
ਸੱਤਿਨਾਮੁ ਹਰਿ ਰਾਮ ਪ੍ਰਭੁ, ਅਲਿ ਜਨ ਗਨ ਲੋਭਾ[1] ॥੫॥

[1]ਦਾਸ ਰੂਪ ਭੌਰੇ ਲੁਭਾਇਮਾਨ ਹਨ।

ਬਿਚ ਸੁੰਦਰ ਮਕਰੰਦ ਹੈ, ਆਨੰਦ ਸੰਦੋਹਾ[1]।

[1]ਸਮੂਹ ਅਨੰਦ।

ਲਘੁ ਦੀਰਘ ਦਲ ਬ੍ਰਿੰਦ ਹੈਂ, ਸਦ ਗੁਨ ਗਨ ਸੋਹਾ।
ਜਹਿਂ ਪਰਾਗ[1] ਸ਼ਰਧਾ ਸੁਭਗ, ਚਹੁਂਦਿਸ਼ਿ ਪਸਰੰਤੀ।

[1]ਪੁਸ਼ਪ ਧੂੜੀ।

ਸੁਠ ਮ੍ਰਿਣਾਲ[1] ਗੁਰ ਚਰਨ ਕੀ, ਪ੍ਰੀਤੀ ਉਪਜੰਤੀ ॥੬॥

[1]ਸੁੰਦਰ ਕਮਲ ਡੰਡੀ ਹੈ (ਜੋ)।

ਮੁਕਤਾ ਮੁਕਤਿ[1] ਅਨੇਕ ਹੀ, ਲੈ ਸੰਤ ਮਰਾਲਾ।

[1]ਮੁਕਤੀ ਰੂਪੀ ਮੋਤੀ।

ਮਿਲਹਿ ਬਿਨੋਦ ਪ੍ਰਮੋਦ ਤੇ[1], ਚਹੁਂ ਕੋਦ ਬਿਸਾਲਾ।

[1]ਮਿਲਕੇ ਪ੍ਰਸੰਨਤਾ ਨਾਲ ਅਨੰਦ ਕਰਦੇ ਹਨ।

ਬਕ ਸਮ ਪ੍ਰਿਥੀਆ ਦੇਖਿ ਕੈ, ਚਿਤ ਚਾਉ ਉਠਾਵਾ।
ਪਿਖਿ ਛਪੜੀ ਢਿਗ ਗ੍ਰਾਮ ਕੀ, ਚੀਕਰ ਬਿਥਰਾਵਾ ॥੭॥
ਸਮਤਾ ਮਾਨਸ ਕੀ ਰਚਹਿ[1], ਮਾਨਸ ਹਰਿਖਾਵੈ।

[1]ਮਾਨ ਸਰੋਵਰ ਦੀ ਰਚੇ ਤੇ।

ਮਾਨਸ[1] ਮੂਰਖ ਬ੍ਰਿੰਦ ਕੋ[2], ਧਨ ਹਿਤ ਬਿਰਮਾਵੈ।

[1]ਮਨ ਵਿਚ। [2]ਮੂਰਖਾਂ ਮਨੁੱਖਾਂ ਦੇ ਸਮੂਹ।

ਭੇਕ[1] ਅਨੇਕ ਜਿ ਅਵਗੁਨਾਂ, ਤਿਨ ਸੋਂ ਬਹੁ ਛਾਵਾ[2]।

[1]ਡੱਡੂ। [2]ਪੂਰਤ ਹੈ।

ਮਤਸਰ, ਤ੍ਰਿਸ਼ਨਾ, ਦ੍ਵੈਸ਼, ਰਿਸ; ਸਮੁਦਾਇ ਰਹਾਵਾ ॥੮॥
ਇਸ ਪ੍ਰਕਾਰ ਪ੍ਰਿਥੀਆ ਕਰਹਿ, ਹਿਤ ਠਗਿਬੇ ਮੂਢਾ।
ਬੁੱਧਿਵਾਨ ਕਿਮ ਭਰਮ ਹੈਂ, ਜਿਨ ਕੋ ਰਿਦ ਗੂਢਾ[1]।

[1]ਗੂੜ੍ਹ (ਆਸ਼ੇ ਵਾਲਾ)।

ਮੰਦਰਿ ਚਾਰੁ ਬਨਾਇ ਕੈ ਅੰਦਰਿ ਤਿਹ ਬੈਸੇ।
ਲਖਹਿ ਕਿ ਸੰਗਤਿ ਆਇ ਹੈ, ਅੰਮ੍ਰਿਤਸਰ ਜੈਸੇ ॥੯॥
ਸੁਲਹੀ ਅਰੁ ਪ੍ਰਿਥੀਆ ਮਿਲਹਿਂ, ਦੇਖਹਿਂ ਹਰਖਾਵਹਿਂ।
ਅਧਿਕ ਸਰਾਹੈਂ ਤਾਲ ਕੋ, ਨਿਜ ਨਰਨਿ ਸੁਨਾਵੈਂ।
ਮੱਜਹਿਂ ਲਾਖਹੁਂ ਨਰ ਇਹਾਂ, ਤੀਰਥ ਹੁਇ ਭਾਰੀ।
ਮਹਿਮਾਂ ਪਸਰਹਿਗੀ ਅਧਿਕ, ਹੇਰਹਿਂ ਨਰੁ ਨਾਰੀ ॥੧੦॥
ਸ਼੍ਰੀ ਅੰਮ੍ਰਿਤਸਰ ਤੇ ਬਡੋ, ਇਹ ਹੋਇ ਪ੍ਰਭਾਊ।
ਭਲੇ ਦੇਸ਼ ਮਹਿਂ ਬਨਜੋ ਬਰ, ਮਾਨਵ ਸਮੁਦਾਊ[1]।

[1]ਮੰਨਣਗੇ ਸਾਰੇ (ਲੋਕ)।

ਮੂਰਖ ਭਾਵੀ ਨਹਿਂ ਲਖਹਿ, ਸਭਿ ਹੋਇ ਖੁਆਰੂ[1]।

[1]ਖਰਾਬ ਹੋ ਜਾਏਗਾ।

ਸੂਕਹਿ ਜਲ ਢਹਿ ਜਾਇਗੋ, ਮੰਦਰ ਸਮ ਬਾਰੂ[1†] ॥੧੧॥

[1]ਰੇਤ ਵਾਂਗ। [†]ਹੇਹਰਿ ਲਾਹੌਰ ਦੇ ਜ਼ਿਲੇ ਵਿਚ ਹੈ ਮੁਗਲਪੁਰੇ ਤੋਂ ਬਰਕੀ ਤੇ ਕਰਬਾਠ ਤੋਂ ਹੇਹਰ ਪੁਜੀਦਾ ਹੈ, ਛਾਂਗੇ ਮਾਂਗੇ ਤੋਂ ਬੀ ਰਾਹ ਸੁਣੀਦਾ ਹੈ। ਇਥੇ ਪ੍ਰਿਥੀਏ ਦਾ ਰਚਿਆ ਮੰਦਰ, ਤਾਲ ਤੇ ਉਨ੍ਹਾਂ ਦੀ ਸਮਾਧ ਹੈ। ਤਾਲ ਅਕਸਰ ਸੁੱਕਾ ਪਿਆ ਰਹਿੰਦਾ ਤੇ ਵੈਰਾਨ ਹੈ।

ਬਿਨ ਅਜ਼ਮਤ ਜਾਨਹਿ ਕੁਤੋ[1], ਕਜਾ ਹੋਇ ਅਗਾਰੀ।

[1]ਕਿਵੇਂ, ਕੀਕੂੰ।

ਗ੍ਯਾਨ ਬਿਲੋਚਨ ਉਰ ਨਹੀ, ਅੰਧੇ ਦੁਖ ਭਾਰੀ।
ਕੋਇ ਕੋਇ ਸਿਖ ਤਿਸੀ ਕੋ, ਚਲਿ ਕਰਿ ਤਹਿਂ ਆਵੈ।
ਕਰਿ ਸਨਮਾਨ ਬਖਾਨਤੋ[1], 'ਜੋ ਨਰ ਸਰ ਨ੍ਹਾਵੈ[2] ॥੧੨॥

[1]ਪ੍ਰਿਥੀਆ ਉਸ ਨੂੰ) ਕਹਿੰਦਾ ਹੈ। [2]ਸਰੋਵਰ ਵਿਚ ਇਸ਼ਨਾਨ ਕਰੇਗਾ।

ਮਨ ਬਾਂਛਤਿ ਫਲ ਪਾਇ ਹੈ, ਸਭਿ ਪਾਪ ਉਤਾਰੇ।'
ਇੱਤ੍ਯਾਦਿਕ ਮਹਿਮਾ ਮਹਾਂ, ਨਰ ਮਿਲਹਿਂ ਉਚਾਰੈ।
ਜਤਨ ਕਰਤਿ ਬਹੁ ਭਾਂਤਿ ਕੇ, ਹਾਰ੍ਯੋ ਦੁਖ ਪਾਏ।
ਮੇਲਾ ਲਗ੍ਯੋ ਨ ਤਾਲ ਕੋ, ਨਹਿਂ ਭੇ ਸਮਦਾਏ[1] ॥੧੩॥

[1]ਇਕੱਠ ਨਾ ਹੋਯਾ।

ਸੁਧਾ ਸਰੋਵਰ ਸੰਗਤਾਂ, ਨਿਤ ਪ੍ਰਤਿ ਬਹੁ ਆਵੈਂ।
ਕਰਹਿਂ ਸ਼ਨਾਨ ਸਭਾਵਨੀ, ਮਨ ਬਾਂਛਤਿ ਪਾਵੈਂ।
ਸ਼ੁਭ ਦਿਨ ਮੇਲਾ ਨਰਨਿ ਕੋ, ਮਿਲਿ ਜਾਇਂ ਹਜ਼ਾਰੋ।
ਚਾਰਹੁਂ ਦਿਸ਼ਿ ਤੇ ਆਵਤੇ, ਬਹੁ ਦੇ ਉਪਹਾਰੋ ॥੧੪॥
ਜਰਹਿ ਰਿਦੇ ਮੈਂ ਜਰਹਿ ਨਹਿਂ, ਸੁਨਿ ਚਿੰਤ ਰਖੰਤਾ।
ਪਚ[1] ਹਾਰ੍ਯੋ ਮਹਿਮਾ ਕਹਤਿ, ਓੜਕ ਪਛੁਤੰਤਾ।

[1]ਖਪ।

ਪ੍ਰਿਥੀਏ ਕੇ ਸਿਖ ਰੰਕ ਜੇ, ਕਬਿ ਕਬਿ ਚਲਿ ਜਾਵੈਂ।
ਆਇਂ ਬਿਨਾ ਉਤਸਾਹ ਤੇ, ਬਾਂਛਤਿ ਨਹਿਂ ਪਾਵੈਂ ॥੧੫॥
ਸ਼੍ਰੀ ਅਰਜਨ ਕੀ ਸੰਗਤਾਂ, ਅੰਮ੍ਰਿਤਸਰ ਜੈ

ਹੈਂ।
ਮਿਲਹਿਂ ਮੇਖ ਸ਼ੰਕ੍ਰਾਂਤ ਕੋ, ਧਰਿ ਸ਼ਰਧਾ ਨੈ ਹੈਂ।
ਮਨ ਬਾਂਛਤਿ ਕੋ ਪਾਵਤੇ, ਨਿਤ ਅਤਿ ਉਤਸਾਹੂ।
ਦੁੰਦਭਿ ਅਲਪ ਨਫੀਰ ਗਨ, ਬਾਜਤਿ ਧੁਨਿ ਤਾਂਹੂ ॥੧੬॥
ਬਜਹਿਂ ਰਬਾਬ ਮ੍ਰਿਦੰਗ ਗਨ, ਸ਼ੰਖਨਿ ਕੇ ਸ਼ੋਰਾ।
ਗਾਵਹਿਂ ਰਾਗਨਿ ਮਹਿ ਸ਼ਬਦ, ਫਿਰਿ ਕਰਿ ਚਹੁਂ ਓਰਾ।
ਜਾਮ ਤ੍ਰਿਜਾਮਾ ਰਹੇ ਤੇ[1], ਮੰਗਲ ਨਿਤ ਹੋਵੈ।
ਬਰਤਹਿ ਬਹੁਤ ਕਰਾਰ ਸਭਿ, ਗੁਰ ਦਰਸ਼ਨ ਜੋਵੈਂ ॥੧੭॥
ਜਾਮ ਦਿਵਸ ਕੇ ਚੜ੍ਹੇ ਲੌਂ, ਮੇਲਾ ਰਹਿ ਭਾਰੀ।
ਅਰਪਹਿਂ ਅਨਿਕ ਉਪਾਇਨਾ, ਹੋਵਤਿ ਬਲਿਹਾਰੀ।
ਗਾਇਂ ਰਬਾਬੀ ਸ਼ਬਦ ਕੋ, ਰਾਗਨਿ ਚਤੁਰਾਈ।
ਖਰੇ ਕਰਹਿਂ ਅਰਦਾਸ ਕੋ, ਬਾਂਛਤਿ ਸਭਿ ਪਾਈ ॥੧੮॥
ਹੋਤਿ ਕੁਲਾਹਲ ਮਿਲਹਿਂ ਨਰ, ਸਿਮਰਨ ਪ੍ਰਭੁ ਕੇਰਾ।
ਜੈ ਜੈਕਾਰ ਉਚਾਰਤੇ, ਕਰਿ ਚਹੁਂਦਿਸ਼ਿ ਫੇਰਾ।
ਨਈ ਨਈ ਨਿਤ ਸੰਗਤਾਂ, ਆਵਹਿਂ ਚਲਿ ਦੂਰੀ।
ਪ੍ਰੇਮ ਪਰਮ ਪੁਲਕਾਵਲੀ, ਹੁਇ ਮਿਲਤਿ ਹਦੂਰੀ[1] ॥੧੯॥

[1]ਪਹਿਰ ਰਾਤ ਰਹੀ ਤੇ।

[1]ਗੁਰੂ ਜੀ ਦੇ ਹਜ਼ੂਰ।

ਕੇਤਿਕ ਉਤਸਵ ਦੇਖਿ ਕੈ, ਪ੍ਰਿਥੀਏ ਢਿਗ ਜਾਵੈਂ।
ਮੰਗਲ ਸਗਲ ਸੁਨਾਵਤੇ, ਬਹੁ ਬਿਧਿ ਗੁਨ ਗਾਵੈਂ।
'ਅਧਿਕ ਦਰਬ ਆਵਹਿ ਚਲਯੋ, ਗਿਨਤੀ ਕੁਛ ਨਾਂਹੀ।
ਦੇਨਿ ਲੇਨਿ ਅਤਿ ਹੋਤਿ ਹੈ, ਸ੍ਰੀ ਅਰਜਨ ਤਾਂਹੀ ॥੨੦॥
ਤੁਮ ਢਿਗ ਭਾਗ ਹਜ਼ਾਰਵੋਂ, ਆਇ ਨ ਧਨ ਕੋਈ।
ਸੰਗਤਿ ਦੇਸ਼ ਬਿਦੇਸ਼ ਤੇ, ਭਰਿ ਭੀਰਹਿ ਸੋਈ[1]।
ਕੋ ਕੋ[1] ਮੰਗਲ ਤਿਨਹੁਂ ਕੇ[2], ਤੁਮ ਨਿਕਟ ਸੁਨਾਵੈਂ।
ਦਿਨ ਪ੍ਰਤਿ ਲਖਮੀ ਬਰਖਤੀ, ਸਭਿ ਅਨੰਦ ਉਪਾਵੈਂ ॥੨੧॥
ਇਕ ਆਵਤਿ, ਇਕ ਜਾਤਿ ਹੈਂ, ਇਕ ਕੀਨਸਿ ਡੇਰਾ।
ਇਕ ਦਰਸ਼ਨ ਕਹੁ ਦਰਸਤੇ, ਦੇ ਦਰਬ ਘਨੇਰਾ।
ਏਕ ਸੁਨਤਿ ਰਾਗਨਿ ਸ਼ਬਦਿ, ਇਕ ਆਪੇ ਗਾਵੈਂ।
ਏਕ ਪ੍ਰਕਰਮਾਂ ਦੇਤਿ ਹੈਂ, ਇਕ ਸੀਸ ਨਿਵਾਵੈਂ ॥੨੨॥
ਇਕ ਕਰਤੇ ਇਸ਼ਨਾਨ ਕੋ, ਕਰਿ ਅਦਬ ਉਦਾਰਾ।
ਇਕ ਕੀਰਤਿ ਮੁਖ ਤੇ ਕਰਤਿ -ਗੁਰ ਅਰਜਨ ਭਾਰਾ-।
ਏਕ ਟਹਿਲ ਕੋ ਕਰਤਿ ਹੈਂ, ਇਕ ਬਰ ਕੋ ਲੇਵੈਂ।
ਇਕ ਸੁਤ ਬਿਤ ਕੋ ਪਾਵਤੇ, ਪਗ ਪੰਕਜ

[1]ਭੀੜ ਭਰੀ ਰਹਿੰਦੀ ਹੈ ਓਥੇ।

[1]ਕੇਹੜਾ ਕੇਹੜਾ। [2]ਭਾਵ ਗੁਰੂ ਅਰਜਨ ਜੀ ਦੇ।

ਸੇਵੈਂ ॥੨੩॥
ਗੁਰਤਾ ਭਾਸਹਿ ਬਿਦਤ ਤਹਿਂ, ਜੈਕਾਰ ਉਚਾਰੈਂ।
ਕੀਰਤ ਅਤਿ ਬਿਸਤਰਤਿ ਹੈ, ਬੁਧਿ ਗਜਾਨ ਬਿਚਾਰੈ।'
ਇੱਤਜਾਦਿਕ ਨਰ ਆਇ ਕੈ, ਬਿਰਤਾਂਤ ਸੁਨਾਵੈਂ।
ਸੁਨਿ ਸੁਨਿ ਪ੍ਰਿਥੀਆ ਬਹੁ ਖਿਝਹਿ, ਮਨ ਮਹਿਂ ਪਛੁਤਾਵੈ ॥੨੪॥
ਅਪਨੋ ਸ਼੍ਰਮ ਜੇਤੋ ਕਰਜੋ, ਸਭਿ ਬਾਦ ਪਛਾਨੈ।
ਲਾਖਹੁੰ ਧਨ ਕੋ ਖਰਚ ਭਾ, ਬੇਅਰਥ ਸੁਮਾਨੈ।
-ਲਘੁਤਾ ਮੋ ਕਹੁ ਇਹੁ ਨਈ[1], ਦੁਖਦਾਯਕ ਹੋਈ।
ਸਭਿ ਜਾਨਹਿੰਗੇ -ਗੁਰ ਨਹੀਂ-, ਸਰ[1] ਬਸਜੋ ਨ ਕੋਈ ॥੨੫॥
ਮੇਲਾ ਲਗਜੋ ਨ ਪੁਰਬ ਕੇ, ਨਰ ਬ੍ਰਿੰਦ ਨ ਆਵੈਂ।
ਮਹਿਮਾ ਨਹਿਂ ਬਿਸਤ੍ਰਿਤਿ ਭਈ, ਨਹਿਂ ਸ਼ਰਧਾ ਲਜਾਵੈਂ।
ਬਡੇ ਉਦਾਰਤਾ ਮੈਂ ਕਰੀ, ਖਰਚਜੋ ਧਨ ਭਾਰੀ।
ਅਲਪ ਦਿਨਨਿ ਮਹਿਂ ਬ੍ਰਿੰਦ ਨਰ, ਲਗਿ ਕੀਨਸਿ ਤਜਾਰੀ ॥੨੬॥
ਸੁੰਦਰ ਬਨਜੋ ਤੜਾਗ ਬਡ, ਨਹਿਂ ਕੀਮਤਿ ਜਾਨੀ।
ਯਾਂ ਤੇ ਸੰਗਤਿ ਆਇ ਨਹਿਂ, ਨਹਿਂ ਸ਼ਰਧਾ ਠਾਨੀ।
ਦਰਬ ਲਗਾਯਹੁ ਜਿਤਿਕ ਮੈਂ, ਲਾਖਹੁੰ ਲਗਿ[1] ਯਾ ਮੈ।

[1]ਨਵੀਂ।
[1]ਤਲਾਵ।
[1]ਲੱਖਾਂ ਤਕ।

ਪੂਜਾ ਮਹਿਂ ਨਹਿਂ ਤਿਤਿਕ ਹੁਇ, ਬੀਸਕ ਬਰਸਾ ਮੈਂ[1]- ॥੨੭॥
ਇਮ ਪ੍ਰਿਥੀਆ ਨਿਤਪ੍ਰਤਿ ਚਿਤਹਿ, ਚਿੰਤਾ ਚਿਤ ਮਾਂਹੀ।
ਕੀਰਤਿ ਸੁਨਹਿ ਸ਼ਰੀਕ ਕੀ, ਨਿਸ ਦਿਨ ਸੁਖ ਨਾਂਹੀ।
ਸੁਲਹੀ ਸੋਂ ਕਬਿ ਕਬਿ ਮਿਲੈ, ਦੁਖ ਕਹਤਿ ਸੁਨਾਵੈ।
'ਜਬ ਦਿੱਲੀ ਪੁਰਿ ਚਲਹੁਗੇ, ਕਾਰਜ ਬਨ ਜਾਵੈ ॥੨੭॥
ਜਾਵਤਿ ਗਾਦੀ ਗੁਰੂ ਕੀ, ਸ੍ਰੀ ਅਰਜਨ ਪਾਹੀ।
ਤਾਵਤਿ ਮਮ ਕੀਰਤਿ ਕਹਾਂ, ਪੂਜਾ ਹੁਇ ਨਾਂਹੀ।
ਅਜ਼ਮਤਿ ਹੋਇ ਨ ਮੋਹਿ ਮਹਿਂ, ਨਹਿਂ ਸ਼ਰਧਾ ਧਾਰੈਂ।
ਆਇ ਨ ਬੰਦਨ ਕਰਤਿ ਹੈਂ, ਨਹਿਂ ਦੇਂ ਉਪਹਾਰੈਂ ॥੨੯॥
ਤੋਹਿ ਕਰੇ ਤੇ ਮੋਹਿ ਕਹੁ, ਬਡ ਬਧਹਿ ਪ੍ਰਤਾਪਾ।
ਸਿਖ ਸੰਗਤਿ ਸਭਿ ਆਇ ਹੈਂ, ਕਰਿਹੈਂ ਮਮ ਜਾਪਾ।
ਜਬਿ ਲੌ ਦਿੱਲੀ ਜਾਇ ਕੇ, ਗਹਿ ਲੇਤਿ ਨ ਤਾਂਹੀ।
ਤਬਿ ਲੌ ਮੇਰੋ ਸੁਖ ਕਹਾਂ, ਚਿੰਤਾ ਦੁਖ ਮਾਂਹੀ ॥੩੦॥
ਤੁਝ ਪ੍ਰਤਾਪ ਤੇ ਬਨ ਗਯੋ, ਇਹ ਸੁੰਦਰ ਤਾਲਾ।
ਸਭਿ ਜਗ ਮਹਿਂ ਪਸਰਯੋ ਮਹਾਂ, ਤੁਵ ਸੁਜਸੁ ਬਿਸਾਲਾ।
ਦੂਰ ਦੂਰ ਕੀ ਸੰਗਤਾਂ, ਆਵਹਿਂ

[1]ਵੀਹ ਵਰ੍ਹਿਆਂ ਦੀ ਪੂਜਾ ਵਿਚ ਤਿਤਨਾ ਧਨ ਨਹੀਂ ਹੋਣਾ (ਅ) ਵੀਹਵਾਂ ਹਿੱਸਾ।

ਦਰਸੰਤੀ।
ਕੀਰਤਿ ਤੋਹਿ ਉਚਾਰਤੀ, ਆਸੀਸ ਦਿਵੰਤੀ ॥੩੧॥
ਬਧਯੋ ਪੁੰਨ ਤੇਰੋ ਮਹਾਂ, ਗੁਰ ਕੇ ਘਰ ਮਾਂਹੀ।
ਹਲਤਿ ਪਲਤਿ ਸੁਧਰੇ ਦੁਊ, ਜਮ ਕੋ ਦੁਖ ਨਾਹੀ।
ਤੁਵ ਸਮਾਨ ਤੁਰਕਨਿ ਬਿਖੈ, ਦਿਖਿਯਤਿ ਨਹਿਂ ਕੋਈ।
ਧੰਨ ਮਾਤ ਪਿਤ ਜਨਯੋ ਜਿਨ, ਉਧਰੇ ਸੇ ਦੋਈ' ॥੩੨॥
ਨਿਜ ਤਰੀਫ ਸੁਲਹੀ ਸੁਨੀ, ਫੂਲਤਿ ਚਿਤ ਮਾਂਹੀ।
ਕਹਨਿ ਲਗਯੋ 'ਮੈਂ ਕਰੌਂਗੋ, ਦਿੱਲੀ ਜਬਿ ਜਾਹੀ।
ਕੇਤਿਕ ਦਿਨ ਮਹਿਂ ਚਲਹਿਂਗੇ, ਮਿਲਿ ਕਰਿ ਢਿਗ ਸ਼ਾਹੂ।
ਖੋਲਹਿਂ ਸਗਰੀ ਬਾਰਤਾ, ਬਿਦਤਹਿ ਸਭਿ ਕਾਹੂ ॥੩੩॥
ਗੁਰਤਾ ਤੁਝ ਕੋ ਦੇਯ ਹੈਂ ਬਹੁ ਕਰਿ ਬਡਿਆਈ।
ਸ੍ਰੀ ਅਰਜਨ ਕੋ ਲੇਹਿਂ ਗਹਿ, ਨਹਿਂ ਸਕਹਿ ਛੁਰਾਈ।
ਅਲਪ ਰਹਯੋ ਇਸ ਦੇਸ਼ ਕੋ, ਧਨ ਸੰਚਯੋ ਸਾਰੋ[1]।

[1]ਜੋ ਰੁਪਿਆ ਦੇਸ ਤੋਂ ਮੈਂ ਕੱਠਾ ਕਰਨ ਆਯਾ ਸਾਂ ਉਹ) ਸਾਰਾ ਕੱਠਾ ਹੋ ਗਿਆ ਹੈ। ਥੋੜਾ ਬਾਕੀ ਰਹਿ ਗਿਆ ਹੈ।

ਕਈ ਲਾਖ ਅਰਪਨ ਕਰਹਿਂ, ਢਿਗ ਸ਼ਾਹੁ ਉਦਾਰੋ ॥੩੪॥
ਚਿੰਤਾ ਮੁਝ ਤੁਝ ਕਾਜ ਕੀ, ਦਿਨ ਰੈਨ ਲਗੀ ਹੈ।
ਜਬਿ ਲੌ ਕਰੌਂ ਨ ਜਾਇ ਕੈ, ਬੁਧਿ ਮੋਰ ਦਗੀ[1] ਹੈ।'

[1]ਸੜ ਰਹੀ ਹੈ।

ਇਸ ਪ੍ਰਕਾਰ ਬਹੁ ਬਾਰ ਹੀ, ਮਿਲਿ
ਕਰਿ ਕਹਿਂ ਦੋਊ।
ਸ਼੍ਰੀ ਅਰਜਨ ਕੀਰਤਿ ਸੁਨਹਿਂ, ਦੁਖ
ਪ੍ਰਾਪਤਿ ਸੋਊ ॥੩੫ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪ੍ਰਿਥੀਏ ਤਾਲ ਲਗਾਵਨ' ਪ੍ਰਸੰਗ ਬਰਨਨੰ ਨਾਮ ਤ੍ਰੈਬਿੰਸਤੀ ਅੰਸੂ ॥੨੩॥

## ੨੪. [ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਇਸ ਪ੍ਰਕਾਰ ਸੋਂ ਦੁਸ਼ਟਤਾ, ਦੋਨਹੁਂ ਚਿਤ ਚਿਤਵੰਤਿ।
ਸ਼੍ਰੀ ਅਰਜਨ ਅਪਨੇ ਰਿਦੈ, ਸਰਲ ਸੁਭਾਵ ਬ੍ਰਤੰਤ[1] ॥੧॥

[1]ਵਰਤਦੇ ਹਨ।

ਨਿਸਾਨੀ ਛੰਦ:

-ਹਮਰੇ ਪਿਤ ਕੋ ਪੁੱਤ੍ਰ ਹੈ, ਪੁਨ ਬੈਸ ਬਿਸਾਲਾ।
ਨਿਕਸਜੋ ਪੁਰਿ ਤੇ ਉਜਰ ਕੈ, ਤਜਿ ਗਯੋ ਦੁਖਾਲਾ[1]।

[1]ਦੁਖੀ ਹੋਇਆ।

ਅਪਜਸੁ ਬਿਖ ਕੇ ਦੈਨ ਕੋ, ਸੁਨਿ ਸਹਿ ਨ ਸਕਜੋ ਹੈ।
ਅਪਰ ਉਪਾਵ ਨ ਕੁਛ ਬਨਜੋ, ਉਠਿ ਜਾਨਿ ਤਕਜੋ ਹੈ ॥੨॥
ਹਮਰੋ ਰਾਖਾ ਏਕ ਨਿਤ, ਸ਼੍ਰੀ ਪ੍ਰਭੁ ਕਰਤਾਰਾ।
ਬੁਰੋ ਕੌਣ ਕਰਿ ਸਾਕ ਹੈ, ਹੁਇ ਬੰਕ ਨ ਬਾਰਾ[1]।

[1]ਵਿੰਗਾ ਵਾਲ ਨਹੀਂ ਹੋਵੇਗਾ।

ਅਬਿ ਹਕਾਰ ਕਰਿ ਤਿਸੀ ਕਹੁ, ਪੁਰਿ ਬਿਖੈ ਬਸਾਵੈਂ।
ਦੇਹਿਂ ਬਡਾਈ ਤਾਂਹਿ ਬਹੁ, ਕਹਿ ਜਸ ਹਰਖਾਵੈਂ ॥੩॥
ਉਜਰਜੋ ਵਹਿਰ ਜੁ ਫਿਰਤਿ ਹੈ, ਹਮਰੀ ਭੀ ਨਿੰਦਾ।
-ਨਹੀਂ ਭ੍ਰਾਤ ਕੋ ਪਿਖਿ ਸਕੈਂ, ਕਾਢਜੋ ਕਰਿ ਚਿੰਦਾ[1]।

[1]ਚਿੰਤਾਤੁਰ।

ਗੁਰਤਾ ਦੀਨੀ ਪਿਤਾ ਨੇ, ਨਗਰੀ ਇਨ[1] ਛੀਨੀ।

[1]ਭਾਵ ਗੁਰੂ ਅਰਜਨ ਨੇ।

ਦੇਖ ਸਕਹਿਂ ਨਹਿਂ ਨਿਕਟ ਕੀ, ਕਢਿ

[1]ਦੁਖ ਦਿੱਤਾ (ਅ) ਵਾਧਾ ਕੀਤਾ।

ਬਾਧਾ ਕੀਨੀ[1] ॥੪॥
ਤ੍ਰਿਸਕਾਰਜੋ ਬਡ ਭ੍ਰਾਤ ਕੋ, ਕੀਨਿ ਨ ਸਨਮਾਨਾ।
ਧਨ ਕੇ ਲੋਭੀ ਗੁਰ ਭਏ, ਇਸ ਬਿਧਿ ਤੇ ਜਾਨਾ।
ਇੱਤਜਾਦਿਕ ਨਰ ਭਨਤਿ ਹੈਂ, -ਸ਼੍ਰੀ ਗੁਰੂ ਬਿਚਾਰੀ।
-ਭੱਲੇ ਬੇਦੀ ਤਿਹੁਣ ਕੁਲ, ਇਮ ਕਰਤਿ ਉਚਾਰੀ ॥੫॥
ਹਮ ਪਰ ਅਵਗੁਨ ਧਰਤਿ ਹੈਂ, ਨਹਿਂ ਭੇਵ ਲਖੰਤੇ।
ਯਾਂ ਤੇ ਲਜਾਵਨਿ ਉਚਿਤ ਹੈ, ਅਪਜਸਹਿਂ ਮਿਟੰਤੇ-।
ਦਯਾਸਿੰਧੁ ਪੁਨ ਦਯਾ ਮਹਿਂ, ਇਸ ਰੀਤਿ ਬਿਚਾਰੈਂ।
-ਵਹਿਰ ਫਿਰਤਿ ਦੁਖ ਪਾਇ ਹੈ, ਯੁਤ ਸਭਿ ਪਰਵਾਰੈ- ॥੬॥
ਬਹੁਰ ਬਿਚਾਰਤਿ ਗੁਰੂ ਜੀ, -ਤੁਰਕਨਿ ਢਿਗ ਜਾਨਾ।
ਕਰਹਿਂ ਪੁਕਾਰ ਸੁ ਨਜਾਉਂ ਹਿਤ, ਭਾ ਕਸ਼ਟ ਮਹਾਨਾ।
ਹਮ ਲਗਿ ਆਵਹਿਂਗੇ ਦੁਸ਼ਟ, ਇਹ ਬਾਤ ਨ ਨੀਕੀ।
ਬਿਦਤਹਿ ਬਡੋ ਬਿਰੋਧ ਤਬਿ, ਹੁਇ ਕੀਰਤਿ ਫੀਕੀ[1]- ॥੭॥
ਇਤਨੇ ਕਾਰਨ ਰਿਦੇ ਮਹਿਂ, ਸ਼੍ਰੀ ਗੁਰੂ ਬਿਚਾਰੇ।
ਨਿਸ਼ਚੈ ਕੀਨਸਿ ਇਹ ਮਤੋ, -ਅਬਿ ਤਿਸੈ ਹਕਾਰੇਂ-।
ਨਿਕਟ ਬੁਲਾਵਨਿ ਕੀਨਿ ਤਬਿ, ਭਾਈ ਗੁਰਦਾਸੂ।

[1]ਗੁਰੂ ਘਰ ਦੀ) ਕੀਰਤੀ।

ਸਮੁਝਾਈ ਸਭਿ ਬਾਰਤਾ, ਬੈਠਾਇ ਸੁ ਪਾਸੂ ॥੮॥
'ਭ੍ਰਾਤਾ ਪ੍ਰਿਥੀਆ ਹੇਰਹੀ, ਤਹਿਂ ਤੁਮ ਚਲਿ ਜਾਵੋ।
ਬਚਨ ਕਹਹੁ ਸਨਮਾਨ ਸੋਂ, ਨਗਰੀ ਨਿਜ ਲਜਾਵੋ।
-ਆਇ ਉਪਾਇਨ ਅਨਿਕ ਬਿਧਿ, ਧਨ ਵਸਤੁ ਮਹਾਨਾ।
ਸੋ ਸਭਿ ਤੁਝ ਕਉ ਅਰਪ ਹੈਂ, ਬਰਤਹੁ ਹਮ ਸਾਨਾ[1] ॥੯॥
ਤਜਹੁ ਬਿਰੋਧ ਸੁ ਕ੍ਰੋਧ ਕੋ, ਬਡ ਕਲਹਾ ਮੂਲੰ।
ਹਮ ਨਹਿਂ ਰਾਖੈਂ ਭੇਦ ਕੋ, ਨਿਤ ਤਵ ਅਨੁਕੂਲੰ।
ਹੁਇ ਨਿਸ਼ ਕਪਟ ਚਲੀਜੀਏ, ਮਾਲਕ ਸਭਿ ਕੇਰੇ।
ਚਹਹੁ ਭਲਾ ਸਭਿਹੂੰਨਿ ਕੋ, ਹਰਖਹੁ ਸੁਖ ਹੇਰੇ ॥੧੦॥
ਬਡ ਸਥਾਨ, ਅਬਿ ਹੂਜੀਏ, ਉਰ ਸਰਲ ਸੁਭਾਉ।
ਅਵਗੁਨ ਅਲਪਨਿ[1] ਕੇ ਤਜਹੁ, ਰੱਛਹੁ ਸਭਿ ਕਾਉ।
ਤੁਵ ਆਇਸੁ ਮਹਿਂ ਸਭਿ ਚਲਹਿਂ, ਹਮ ਆਦਿਕ ਜੇਤੇ।
ਕਲਹਿ ਕੁਟੰਬ ਕੀ ਭਲੀ ਨਹਿਂ, ਕੀਜਹਿ ਚਿਤ ਚੇਤੇ[1] ॥੧੧॥
ਹਾਰੇ ਤੇ ਸੁਖ[†] ਹੋਤਿ ਹੈ, ਜੀਤੇ ਦੁਖ ਹੋਈ।
ਅਪਜਸੁ ਪਸਰਹਿ ਸਕਲ ਮਹਿਂ, ਧਿਕ ਜੀਵਨ ਸੋਈ।
ਸਤਿਗੁਰ ਗਾਦੀ ਬਡੀ ਹੈ, ਇਸ ਲਾਇਕ

[1]ਸਾਡੇ ਵਾਂਙੂ ਵਰਤੋ (ਅ) ਸਾਡੇ ਨਾਲ ਮਿਲ ਕਰ ਵਰਤੋਂ ਕਰੋ।

[1]ਛੋਟਿਆ ਦੇ।

[1]ਚਿਤ ਵਿਚ ਵਿਚਾਰ ਕਰੋ।

[†]ਪਾ:-ਦੁਖ।

ਹੂਜੇ।
ਸਿਖ ਸੇਵਕ ਸਜਾਨੋ ਸੁਮਤਿ, ਜਿਹ ਪਿਖਿ ਸਭਿ ਪੂਜੇ ॥੧੨॥
ਪੁਨਿ ਪਰਲੋਕ ਬਿਸਾਲ ਸੁਖ, ਸ਼ੁਭ ਗੁਨ ਤੇ ਹੋਵੈ।
ਦੋਨਹੁ ਥਲ ਮੁਖ ਉਜਲਾ, ਦੁਖ ਕਬਹੁੰ ਨ ਜੋਵੈ-।
ਇੱਤਜਾਦਿਕ ਸਮੁਝਾਇ ਕਰਿ, ਭਾਈ ਗੁਰਦਾਸੁ !
ਬਡੇ ਭ੍ਰਾਤ ਕੋ ਆਨੀਏ ਗਮਨਹੁ ਅਬਿ ਪਾਸੁ' ॥੧੩॥
ਸੁਨਿ ਕਰਿ ਜੁਗ ਕਰ ਜੋਰ ਕਰਿ, ਤਬਿ ਬਿਨੈ ਬਖਾਨੀ।
'ਸ਼੍ਰੀ ਗੁਰ ਜੀ ਮੈਂ ਜਾਇ ਹੋਂ, ਆਇਸੁ ਕੋ ਮਾਨੀ।
ਲਖਹੁਂ ਪਰੰਤੁ[1] ਨ ਆਇ ਹੈ, ਗਨ ਅਵਗੁਨ ਧਾਰੀ।
ਭਲਾ ਭਨੈਂ[1] ਸਮੁਝਹਿ ਬੁਰਾ, ਸਭਿ ਸੁਮਤਿ ਬਿਸਾਰੀ' ॥੧੪॥
ਇਮ ਕਹਿ ਕਰਿ ਪਗ ਕਮਲ ਪਰ, ਨਿਜ ਸੀਸ ਲਗਾਯੋ।
ਪ੍ਰੇਮ ਸਹਤ ਬੰਦਤਿ ਭਯੋ, ਚਲਿ ਬਾਹਰ ਆਯੋ।
ਕਿਤਿਕ ਦਾਸ ਨਿਜ ਸਾਥ ਲੇ, ਮਗ ਕੀਨਿ ਪਿਆਨਾ।
ਕਿਤਿਕ ਦੇਰ ਮਹਿਂ ਗਯੋ ਚਲਿ, ਹੇਹਰਿ ਜਿਸ ਥਾਨਾ ॥੧੫॥
ਡੇਰਾ ਕੀਨਸਿ ਗ੍ਰਾਮ ਮਹਿਂ, ਤਿਸ ਨਿਸ ਬਿਸਰਾਮਾ।
ਅਗਲੇ ਦਿਨ ਇਸ਼ਨਾਨ ਕਰਿ, ਗਰ ਪਹਿਰਜੋ ਜਾਮਾ।

[1]ਤੋਂ ਭੀ ਜਾਣਦਾ ਹਾਂ।
[1]ਭਲਾ ਕਹਿਆਂ।

ਗਮਨਜੋ ਪ੍ਰਿਥੀਏ ਨਿਕਟ ਤਬਿ, ਕਰਿ
ਬੰਦਨ ਬੈਸਾ।
ਕਹਜੋ ਬ੍ਰਿਤੰਤ ਸ ਬੇਨਤੀ, ਗੁਰ ਕੋ
ਮਤਿ ਜੈਸਾ ॥੧੬॥
'ਰਾਮਦਾਸ ਸ਼੍ਰੀ ਸਤਿਗੁਰੂ, ਸ਼ੁਭ ਗੁਨ
ਸਭਿ ਧਾਮੂ।
ਜਗਤ ਆਨ[1] ਜਿਨ ਮਾਨਹੀ, ਸਮਤਾ ਸ਼੍ਰੀ
ਰਾਮੂ[2]।
ਜੇਠੇ ਤਿਨ ਕੇ ਪੁੱਤ੍ਰ ਤੁਮ, ਉੱਜਲ ਕੁਲ
ਕੇਰੇ।
ਗਾਦੀ ਸ਼੍ਰੀ ਨਾਨਕ ਗੁਰੂ, ਸਮ ਦੂਤੀ ਨ
ਹੇਰੇ ॥੧੭॥
ਮਹਾਂ ਪੁਰਖ ਸਤਿਗੁਰ ਅਮਰ, ਅਜ਼ਮਤ
ਕੇ ਪੂਰੇ।
ਆਨ ਨ ਸਮਸਰ ਜਿਨਹੁਂ ਕੇ, ਗਜਾਨੀ
ਗੁਨ ਰੂਰੇ।
ਸੋ ਤੁਮ ਜਨਨੀ ਕੇ ਪਿਤਾ[1], ਗੁਰਤਾ
ਜਿਨ ਦੀਨੀ।
ਨਾਨਕ ਦਾਦਕ ਦੁਉ ਕੁਲ, ਉੱਜਲ ਜਗ
ਚੀਨੀ ॥੧੮॥
ਉਚਿਤ ਤਿਨਹੁ ਕੇ ਕਰਮ ਸ਼ੁਭ,
ਚਹਿਯਤਿ ਤੁਮ ਹੀ ਕੋ।
ਜਿਨ ਕੋ ਜਗਤ ਸਰਾਹਿਹੀ, ਅਸ
ਕਰੀਅਹਿ ਨੀਕੋ।
ਸੋਢਿ ਬੰਸ ਮਹਿਂ ਜਨਮ ਹੈ, ਛੱਤ੍ਰੀ
ਬਡਬਾਹੂ[1]।
ਤੁਰਕਨਿ ਆਗੈ ਬੇਨਤੀ, ਹਤਿ ਹੁਇ
ਉਤਸਾਹੂ ॥੧੯॥
ਯਾਂ ਤੇ ਸ਼੍ਰੀ ਅਰਜਨ ਗੁਰੂ, ਬਹੁ ਕਰਿ
ਸਨਮਾਨਾ।
ਕਰਜੋ ਹਕਾਰਨਿ ਆਪ ਕੋ, ਬਸੀਯਹਿ

[1]ਈਨ। [2]ਰੱਬ ਦੀ ਤੁੱਲ।

[1]ਭਾਵ ਸ਼੍ਰੀ ਗੁਰੂ ਅਮਰਦਾਸ ਜੀ।

[1]ਬਡੀ ਭੁਜਾਂ ਵਾਲੇ, ਭਾਵ ਸੂਰਬੀਰ।

ਨਿਜ ਥਾਨਾ।'
ਗੁਰ ਕੀ ਕਹਵਤ ਸਕਲ ਹੀ, ਗੁਰਦਾਸ ਸੁਨਾਈ।
'ਬੀਤੀ ਗਈ ਸੁ ਜਾਨਿ ਦਿਹੁ, ਸੁਧਿਤਾ ਅਗੁਵਾਈ[1] ॥੨੦॥
ਮਿਲਹੁ ਸਕਲ ਨਿਜ ਸਦਨ ਮਹਿਂ, ਕਰਿ ਲੀਜਹਿ ਮੇਲਾ।
ਆਨ ਪਰਹਿ ਬਿਪਤਾ ਬਹੁਤ, ਫਿਰ ਫੁਟਹਿ ਇਕੇਲਾ[1]।
ਲੇਹੁ ਦਰਬ ਸਭਿ ਵਸਤੁ ਕੋ, ਮਾਲਿਕ ਤੁਮ ਹੋਏ।
ਅਪਨੇ ਕਰ[1] ਸੋਂ ਦੀਜੀਏ, ਹਮ ਨੰਮ੍ਰ[2] ਖਰੋਏ' ॥੨੧॥
ਜਬਿ ਸਭਿ ਕਹਿ ਗੁਰਦਾਸ ਜੀ, ਗਾਥਾ ਸਮੁਝਾਈ।
ਸੁਨਤਿ ਕੁਪਯੋ ਪ੍ਰਿਥੀਆ ਅਧਿਕ, ਜੁਗ ਭੌਂਹ ਚਢਾਈ।
ਲਾਲ ਆਂਖ ਦਿਖਰਾਵਤੋ, ਓਠਨਿ ਫਰਕਾਵੈ।
ਬੋਲਿ ਨ ਆਵਤਿ ਕ੍ਰੋਧ ਮਹਿਂ, ਬਹੁ ਸ੍ਵਾਸ ਚਢਾਵੈ ॥੨੨॥
ਲਗਯੋ ਨਿਕਾਸਨਿ ਗਾਰਿ ਬਹੁ, ਕਹਿ ਬਾਕ ਕਠੋਰਾ।
'ਪੂਰਬ ਕਪਟ ਬਿਸਾਲ ਕਰਿ, ਅਪਮਾਨ[1] ਸੁ ਮੋਰਾ।
ਤੁਹਮਤ ਝੂਠ ਲਗਾਇ ਕੈ, ਨਿੰਦਾ ਬਿਦਤਾਈ।
ਸਭਿ ਲੋਕਨ ਕੇ ਪਾਸ ਤੇ, ਬਹੁ ਗਾਰਿ ਦਿਵਾਈ ॥੨੩॥
ਅਬਹਿ ਮਨਾਵਨਿ ਕੋ ਪਠਯੋ, ਛਲ ਔਰ ਉਠਾਵਾ।

[1]ਅਗੇ ਲਈ ਸਫਾਈ (ਰਹੇ ਆਪੋ ਵਿਚ)।

[1]ਕਿਉਂਕਿ ਇਕੱਲੇ ਤੇ) ਵਿਪਦਾ ਬਹੁਤ ਆਣ ਪੈਂਦੀ ਹੈ ਤੇ ਇਕੱਲਾ ਫਿਰ ਮਾਰਿਆ ਜਾਂਦਾ ਹੈ।

[1]ਹੱਥ। [2]ਨੀਵੇਂ।

[1]ਨਿਰਾਦਰ ਕੀਤਾ।

ਪ੍ਰਿਥਮ ਨਿਕਾਸ੍ਯੋ ਪੁਰੀ ਤੇ, ਉਤਸਾਹ ਬਧਾਵਾ।
ਅਬਿ ਲੌ ਤੁਮ ਕੋ ਨਹਿਂ ਲਗੀ, ਬਾਯੂ ਕੁਛ ਤਾਤੀ।
ਗਰਬਤਿ ਬੈਠ੍ਯੋ ਸਦਨ ਮਹਿਂ, ਕਰਿ ਸੀਤਲ ਛਾਤੀ ॥੨੪॥
ਪ੍ਰਿਥੀ ਅਨਾਦਰ ਪ੍ਰਿਥੀਆ, ਸੁਲਹੀ ਮਿਲਿ ਬੀਜੰ।
ਲਗ੍ਯੋ ਜੁ ਤਾਲ ਪ੍ਰਤਾਪ ਭਾ, ਇਹ ਸੀਚਨ ਕੀਜੰ[1]।

[1]ਪ੍ਰਿਥੀਏ ਦਾ ਅਨਾਦਰ (ਇਹ) ਪ੍ਰਿਥਵੀ ਹੈ ਤੇ ਸੁਲਹੀ ਦਾ ਮਿਲਣਾ ਬੀਜ ਸਮਾਨ ਹੈ, ਜੋ ਤਲਾਬ ਲੱਗਾ ਤੇ ਪ੍ਰਤਾਪ ਹੋਇਆ ਹੈ, ਇਹ ਸਿੰਚਨਾ ਕੀਤਾ ਹੈ (ਉਸ ਬੀਜ ਨੂੰ)।

ਦਿੱਲੀ ਕੋ ਜਬਿ ਗਮਨ ਹ੍ਵੈ, ਤਰਵਰ ਉਗਵੈ ਹੈ[1]।

[1](ਉਹ) ਬ੍ਰਿੱਛ ਉਗੇਗਾ।

ਜਹਾਂਗੀਰ ਸੋਂ ਮੇਲ ਮਮ, ਊਚੋ ਬਧਿ ਜੈਹੈ ॥੨੫॥
ਜਬਿ ਮੈਂ ਕਰੌਂ ਪੁਕਾਰ ਤਿਸ, ਕੁਸਮਨ ਜੁਤ ਫੂਲੇ।
ਰਿਸਹਿ ਸ਼ਾਹਿ ਬਡ ਗੰਧ ਹੁਇ, ਮਮ ਪੱਖਜ ਸੁ ਝੁਲੈ।
ਅਰਜਨ ਕੋ ਮੰਗਵਾਇ ਗਹਿ, ਫਲ ਲਾਗਹਿ ਭਾਰੂ।
ਮੈਂ ਗੁਰਤਾ ਤਬਿ ਲੇਯ ਹੌਂ, ਇਹ ਪਾਕਹਿ ਚਾਰੂ[1] ॥੨੬॥

[1](ਇਹ ਫਲ) ਪੱਕੇਗਾ ਸੁਹਣਾ।

ਚਹੁੰਦਿਸ਼ ਕੀ ਸੰਗਤਿ ਮਹਾਂ, ਅਰਪਹਿ ਧਨ ਆਈ।
ਪਸਰਹਿ ਜਸੁ ਸਭਿ ਜਗਤ ਮਹਿਂ, ਹੁਇ ਬਡ ਬਡਿਆਈ।
ਇਹ ਫਲ ਲੈਬੇ ਹੇਤੁ ਮੈਂ, ਕਰਿ ਰਹ੍ਯੋ ਉਪਾਊ।
ਤਬਿ ਜਾਨਹੁਗੇ ਤੁਮ ਰਿਦੈ, ਜਬਿ ਮੈਂ ਕਰ ਪਾਊਂ ॥੨੭॥

ਅਬਿ ਤੇ ਹੀ ਲਾਗਯੋ ਡਰਨਿ, ਸੰਗ ਮਿਲਯੋ ਨ ਸ਼ਾਹੁ।
-ਮਿਟਹਿ ਬਾਤ ਮੈਂ ਗੁਰ ਰਹੌਂ[1]-, ਯਾ ਤੇ ਪਠਿ ਪਾਹੁ[2]।

[1]ਭਾਵ ਗੁਰੂ ਅਰਜਨ ਜੀ ਕਹਿੰਦੇ ਹਨ) ਮੈਂ ਗੁਰ ਬਣਿਆਂ ਰਹਾਂ ਤੇ ਇਹ ਬਾਤ ਮਿਟ ਜਾਵੇ। [2]ਇਸ ਲਈ (ਤੁਹਾਨੂੰ) ਭੇਜਿਆ ਹੈ ਪਾਸ (ਮੇਰੇ)।

ਏਵ ਨਹੀਂ ਕੁਛ ਲੇਵ ਹੌਂ, ਛਲ ਤੁਮ ਨੇ ਠਾਨਾ।
ਸੰਕਟ ਭੋਗਹਗੇ ਬਡੇ, ਤਬਿ ਮੈਂ ਸੁਖ ਮਾਨਾ ॥੨੮॥
ਬਿਨਾਂ ਦੀਏ ਤੁਮ ਕਸ਼ਟ ਕੋ, ਪੈਹੌਂ ਜਗ ਰਾਜੁ[1]।

[1]ਜੇ) ਜਗਤ ਦਾ ਰਾਜ ਪਾ ਲਵਾਂ।

ਹੋਹਿ ਨ ਮੋਹਿ ਪ੍ਰਸੰਨਤਾ, ਸੋ ਨਹਿਂ ਕਿਛੁ ਕਾਜੁ।
ਕੋਟਿ ਜਤਨ ਜੇ ਕਰਹੁਗੇ, ਨਹਿਂ ਮਿਟਹਿ ਉਪਾਧਾ।
ਗੁਰਤਾ ਲਿਉਂ, ਪਰੰਤੁ ਸੁਨਿ, ਦੇ ਅਰਜਨ ਬਾਧਾ[1]' ॥੨੯॥

[1]ਪੀੜਾ।

ਸੁਨਿ ਕੈ ਪੁਨਿ ਗੁਰਦਾਸ ਨੇ, ਕਰ ਜੋਰ ਬਖਾਨਾ।
'ਰਾਮਦਾਸ ਗੁਰ ਏਕ ਕੇ, ਨੰਦਨ ਮਤਿਵਾਨਾ।
ਤੀਨਹੁ ਭ੍ਰਾਤਾ ਮਿਲਹੁ ਅਬਿ, ਸੁਖ ਸਭਿ ਹੀ ਲੈਹੋ।
ਨਹੀਂ ਪਦਾਰਥ ਕੀ ਕਮੀ, ਰਲਿ ਮਿਲਿ ਕੇ ਖੈ ਹ ॥੩੦॥
ਤੀਨਹੁ ਮਹਿਂ ਕਿਹ ਕਸ਼ਟ ਹੁਇ, ਸਭਿ ਹੋਹੁ ਦੁਖਾਰੇ।
ਭ੍ਰਾਤਪਨੇ ਕੋ ਮੋਹ ਤਬਿ, ਬਿਦਤਾਇ ਤੁਮਾਰੇ[1]।

[1]ਪ੍ਰਗਟ ਹੋਵੇਗਾ ਤੁਹਾਡੇ ਵਿਚ।

ਜਾਨਿ ਦੇਹੁ ਰਿਸ ਪਾਛਲੀ, ਜਿਮ ਕਿਸ ਬਿਧਿ ਹੋਈ।
ਕੋ ਜਾਨੈ ਕਿਨ ਬੁਰਾ ਕਿਯ, ਪਰਹਰੀਏ

ਸੋਈ ॥੩੧॥
ਚਲਹੁ ਆਪ ਹੁਇ ਸਰਲ ਉਰ, ਨਿਜ ਪੁਰੀ ਬਸੀਜੈ।
ਮਿਲਿ ਦਿਹੁ ਦਰਸ਼ਨ ਸੰਗਤਾਂ, ਭੇਟਾ ਗਨ ਲੀਜੈ।
ਸ੍ਰੀ ਅਰਜਨ ਨਿਤ ਨੰਮ੍ਰ ਹੈਂ, ਛਲ ਝੂਠ ਬਿਹੀਨਾ।
ਦਯਾ ਛਿਮਾ ਜੁਤ, ਗਯਾਨ ਨਿਧਿ, ਸਭਿ ਗੁਨਨਿ ਪ੍ਰਬੀਨਾ' ॥੩੨॥
ਸੁਨਿ ਜਸੁ ਕੌ ਪ੍ਰਿਥੀਆ ਜਰਯੋ, ਬਚ ਊਚੋ ਭਾਖਾ।
'ਚਲਯੋ ਜਾਹੁ ਬੋਲਹੁ ਨਹੀਂ, ਮੈਂ ਆਦਰ ਰਾਖਾ।
ਨਤੁ ਐਸੀ ਕਰਿਵਾਇ ਹੌਂ, ਜਰਤੇ ਕਹੁ ਜਾਰੈਂ[1]।
ਭਰਯੋ ਖੁਟਾਈ ਸੋਂ ਸਦਾ, ਸ਼ੁਭ ਸ਼ੀਲ ਉਚਾਰੈਂ ॥੩੩॥
ਸ਼ੱਤ੍ਰੂ ਮਹਾਂ ਮੇਰੋ ਬਨਯੋ, ਸੁਤਿ ਜੁਤ ਕੌ ਮਾਰੌਂ।
ਗੁਰਤਾ ਲੈ ਕੈ ਬਹੁਰ ਮੈਂ, ਪ੍ਰਸੰਨਤਾ ਧਾਰੌਂ।
ਤੋਹਿ ਕਹੇ ਕਯਾ ਹੋਤਿ ਹੈ, ਜਸ ਹੈ ਤਸ ਜਾਨੋਂ[1]।
ਰਾਤ ਦਿਵਸ ਚਿੰਤਾ ਵਿਖੈ, ਹਤਿ ਕੈ ਸੁਖ ਠਾਨੋਂ[1]' ॥੩੪॥
ਤਬਿ ਭਾਈ ਗੁਰਦਾਸ ਨੇ, ਕਰਿ ਕ੍ਰੋਧ ਬਖਾਨਯੋ।
'ਸ੍ਰੀ ਅਰਜਨ ਰਵਿ ਜਗ ਦਿਖਤਿ, ਖਲ ਪਿਚਕ[1] ਨ ਜਾਨਯੋ।
ਸੰਤ ਤਾਮਰਸ[1] ਬਿਕਸਤੇ, ਸਭਿ ਨਰ ਸੁਖ ਪਾਵੈਂ।

[1]ਸੜਦੇ ਨੂੰ ਸਾੜਦਾ ਏਂ।

[1]ਜੈਸਾ ਹੈ ਤੈਸਾ ਜਾਣਦਾ ਹਾਂ।

[1]ਗੁਰੂ ਅਰਜਨ ਜੀ ਨੂੰ) ਮਾਰਕੇ ਹੀ ਸੁਖ ਪਾਵਾਂਗਾ।

[1]ਉੱਲੂ (ਰੂਪ) ਮੂਰਖਾਂ ਨੇ।

[1]ਕਵਲ, ਲਾਲ ਰੰਗ ਦਾ ਕਮਲ।

ਤਸਕਰ ਨਿੰਦਕ ਦੁਖਤਿ ਕਹਿਂ, ਨਹਿਂ ਸੋ ਘਟਿ ਜਾਵੈਂ[1] ॥੩੫॥

[1]ਨਿੰਦਕਾਂ ਰੂਪ ਚੋਰ ਦੁਖੀ ਹੋ ਕੇ ਜੋ ਕਹਿੰਦੇ ਹਨ ਸੋ (ਗੁਰੂ ਅਰਜਨ ਜੀ ਦਾ) ਕੁਛ ਘਟ ਨਹੀਂ ਜਾਵੇਗਾ।

ਨਾਮ ਪ੍ਰਿਥੀਆ ਚੰਦ ਤੂੰ, ਫੀਕੋ ਪਰਿ ਜੈ ਹੈਂ।
ਤੁਝ ਪੱਖੀ ਉਡਗਨ ਛਿਪਹਿਂ, ਸੋ ਦ੍ਰਿਸ਼ਟਿ ਨ ਐ ਹੈਂ।
ਅਬਿ ਬਚ ਮੋਹਿ ਨ ਮਾਨਿ ਹੈਂ, ਪਛੁਤਾਇਂ ਘਨੇਰਾ।
ਬਸ ਨ ਚਲਹਿਗੋ ਤੋਹਿ ਕਛੁ, ਬਲ ਲਾਇ ਬਡੇਰਾ ॥੩੬॥
ਅਜਰ ਲਰਜੋ ਅਜ਼ਮਤ ਮਹਾਂ, ਨਹਿਂ ਕਹੂੰ ਦਿਖਾਵੈਂ[1]।

[1]ਭਾਵ ਗੁਰੂ ਅਰਜਨ ਜੀ ਨਹੀਂ ਦਿਖਾਉਂਦੇ ਅਜ਼ਮਤ।

ਨਾਤੁਰ ਬੰਕ ਬਿਲੋਕਬੇ, ਸਭਿ ਜਗ ਬਿਨਸਾਵੈਂ।
ਧੰਨ ਰਿਦਾ ਤਿਨ ਕੋ ਮਹਾਂ, ਬਲ ਇਤਨੋ ਪਾਏ।
ਅਪਰ ਨਰਨਿ ਕੀ ਸਮ ਰਹਤਿ, ਸ਼ਕਤੀ ਗੁਪਤਾਏ ॥੩੭॥
ਕਹਤਿ ਹੁਤੋ ਤੁਵ ਹਿਤ ਮਹਾਂ, ਮਾਨਹਿ ਸੁਖ ਪਾਈ[1]।

[1]ਗੁਰੂ ਅਰਜਨ ਜੀ) ਕਹਿੰਦੇ ਸੀ ਤੇਰਾ ਭਲਾ (ਜਾਣਕੇ) ਜੋ ਮੰਨੇਗਾ ਤਾਂ ਸੁਖ ਪਾਏਂਗਾ।

ਤੁਰਕ ਅੱਗ੍ਰ ਬਿਨਤੀ ਕਰਹਿਂ, ਹੋਇ ਨ ਲਘੁਤਾਈ[1]।

[1]ਛੁਟਿਆਈ ਨ ਹੋਵੇ ਤੇਰੀ।

ਘਰਿ ਬੈਠੇ ਹੋਵਹਿਂ ਗੁਰੂ, ਮਾਨਹਿਂ ਬਹੁ ਦੇਸਾ[1]।

[1]ਘਰ ਬੈਠੇ ਹੀ ਤੂੰ ਵੱਡਾ ਹੋ ਜਾਹ, ਤੇ ਦੇਸ਼ ਬੀ ਵਡਾ ਮੰਨਣ ਲਗ ਜਾਏਗਾ। ਏਥੇ ਗੁਰ ਪਦ ਪਿਛਲੀ ਤੁਕ ਵਿਚ ਆਈ ਲਘੁਤਾਈ ਦੇ ਮੁਕਾਬਲੇ ਤੇ ਘਰ ਬੈਠੇ ਗੁਰੁਤਾ = ਵਡਜਾਈ ਪਾਣ ਦੇ ਭਾਵ ਤੇ ਆਯਾ ਹੈ। ਸ਼ਲੇਖ ਨਾਲ ਗੁਰਪੁਣੇ ਦਾ ਭਾਵ ਬੀ ਲਿਆ ਜਾ ਸਕਦਾ ਹੈ।

ਕਰਹਿ ਬਿਨੋਦ ਅਨੇਕ ਹੀ, ਬਨ ਸਭਿਨਿ ਬਿਸ਼ੇਸ਼ਾ ॥੩੮॥
ਨਾਂਹਿਤ ਤਰੁਵਰੁ ਤੋਹਿ ਕਹਿ, ਤਿਹ ਕਟਨਿ ਕੁਠਾਰਾ[1]।

[1]ਨਹੀਂ ਤਾਂ ਬ੍ਰਿੱਛ (ਜੋ) ਤੂੰ ਕਹਿਆ ਹੈ, ਤਿਸਦੇ ਕੱਟਣ ਨੂੰ ਕੁਹਾੜਾ ਰੂਪ ਹੈ (ਗੁਰੂ ਜੀ ਦਾ ਵਾਕ)।

ਏਕ ਬਾਕ ਮੁਖ ਤੇ ਕਹੈਂ, ਸਭਿ ਹੁਇ
ਜਰਿ ਛਾਰਾ।
ਮਹਿਮਾ ਨਹੀਂ ਪਛਾਨਤੋ, ਭ੍ਰਾਤਾ ਕਰਿ
ਜਾਨੈਂ।
ਕਯੋਂ ਲੋਕ ਰੁ ਪਰਲੋਕ ਗਤਿ, ਹਠਿ
ਠਾਨਯੋ ਹਾਨੈ' ॥੩੯॥

ਦੋਹਰਾ:

ਇਸ ਪ੍ਰਕਾਰ ਗੁਰਦਾਸ ਨੇ, ਕਹਯੋ ਬਾਕ
ਸਭਿ ਰੀਤਿ।
ਮਹਾਂ ਕਸ਼ਟ ਕੋ ਧਾਰਿਹੀ, ਆਵਹਿ ਨਹੀਂ
ਪ੍ਰਤੀਤ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਭਾਈ ਗੁਰਦਾਸ ਪ੍ਰਿਥੀਆ ਸੰਬਾਦ' ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

## ੨੫. [ਭਾਈ ਗੁਰਦਾਸ ਜੀ ਵਾਪਸ ਆਏ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਨਿਸਾਨੀ ਛੰਦ:

ਬਾਕ ਸੁਨੇ ਗੁਰਦਾਸ ਕੇ, ਪ੍ਰਿਥੀਆ ਤਪਤਾਯੋ।
'ਹ੍ਵੈ ਕਰਿ ਤੂੰ ਉਪਦੇਸ਼ਟਾ[1], ਸਮੁਝਾਵਨਿ ਆਯੋ।
ਇਨ ਬਾਤਨਿ ਕੋ ਕਯਾ ਲਖਹਿਂ, ਬੁਧਿ ਕਹਾਂ ਬਿਚਾਰੀ।
ਤ੍ਰਾਸ ਪਾਇ ਤ੍ਰਿਸਕਾਰ ਕੋ, ਗਹਿਬੇ[1] ਡਰ ਭਾਰੀ ॥੧॥

[1]ਉਪਦੇਸ਼ ਦੇਣ ਵਾਲਾ।

[1]ਫੜੇ ਜਾਣ ਦਾ (ਗੁਰੂ ਅਰਜਨ ਜੀ ਨੂੰ)।

ਹੇਤੁ ਮਨਾਵਨਿ ਦੀਨ ਭੇ, ਪਿਖਿ ਤੁਰਕ ਬਲੀ ਹੈ।
ਹ੍ਵੈ ਨ ਪੁਕਾਰੂ ਸ਼ਾਹਿ ਢਿਗ, ਪਤਿ ਰਹਤਿ ਭਲੀ ਹੈ[1]।
ਕਰਾਮਾਤ ਤਿਸ ਕੀ ਕਹੈਂ, ਜੋ ਡਰਤਿ ਬਿਸਾਲਾ।
ਮੈਂ ਨ ਲਖੋਂ ਤੂੰ ਬਹੁ ਲਖੈਂ, ਸੰਗ ਜੋ ਲਘੁਕਾਲਾ[1] ॥੨॥

[1]ਤਾਂ ਪਤ ਭਲੀ ਰਹਿੰਦੀ ਹੈ (ਇਹ ਗੁਰੂ ਅਰਜਨ ਜੀ ਕਹਿੰਦੇ ਹਨ)।

[1]ਜੋ ਥੋੜੇ ਸਮੇਂ ਦਾ ਨਾਲ (ਰਹਿੰਦਾ ਹੈ ਗੁਰੂ ਅਰਜਨ ਜੀ ਦੇ)। (ਅ) (ਮੈਂ)। ਜੋ ਛੁਟਪਨ ਤੋਂ ਨਾਲ (ਰਹਿੰਦਾ ਆਯਾ ਹਾਂ)।

ਮੈਂ ਨਹਿ ਮਾਨੌਂ, ਨਹਿਂ ਚਲੌਂ, ਨਹਿ ਮਿਲੌਂ ਕਦਾਪੀ।
ਪ੍ਰਗਟ ਕਰਯੋ ਸਭਿ ਜਗਤ ਮਹਿਂ, ਮੋ ਕਹੁ ਬਡ ਪਾਪੀ।
ਕਾਸ਼ਟ ਸ਼ੁਸ਼ਕ ਸਮਾਨ ਮੈਂ, ਨਿਤ ਇਹੀ ਸੁਭਾਉ।
ਟੂਟ ਜਾਇ ਨਹਿਂ ਨੰਮ੍ਰ ਹ੍ਵੈ, ਇਹ ਠੀਕ ਸੁਨਾਊਂ ॥੩॥
ਕਯੋ ਬਹੁ ਬਾਤ ਬਨਾਵਤੋ, ਨਹਿਂ ਕਰਿਹੌਂ ਮੇਲਾ।
ਸੋ ਭ੍ਰਾਤਾ ਦੋਨੋਂ ਮਿਲੇ, ਮੈਂ ਅਹੌਂ ਇਕੇਲਾ।

ਅਜ਼ਮਤ ਮੇਰੀ ਦੇਖੀਏ, ਸ਼ੁਭ ਤਾਲ ਖਨਾਵਾ।
ਲਾਖਹੁੰ ਧਨ ਖਰਚਨਿ ਕਰਜੋ, ਥਲ ਨਵੋਂ ਬਨਾਵਾ ॥੪॥
ਨਿਤਪ੍ਰਤਿ ਮਹਿਮਾ ਅਧਿਕ ਹ੍ਵੈ, ਮੇਲਾ ਲਗਿ ਭਾਰੇ।
ਸੁਲਹੀ ਆਦਿਕ ਨੰਮ੍ਰ ਭੇ, ਕਜਾ ਅਪਰ ਬਿਚਾਰੇ।
ਜਹਾਗੀਰ ਸੋਂ ਜਬਿ ਮਿਲੌਂ, ਬਲ ਅਜ਼ਮਤ ਧਾਰੌਂ।
ਨੰਮ੍ਰ ਕਰੌਂ ਨਿਜ ਅੱਗ੍ਰ ਮੈਂ, ਪਾਵਨ ਪਰ ਡਾਰੌਂ ॥੫॥
ਜੁ ਕਛ ਕਹੌਂ ਕਰਵਾਇ ਹੌਂ, ਸਭਿ ਕਾਜ ਬਨਾਵੈਂ[1]।
ਸੁਲਹੀ ਸਮ ਉਮਰਾਵ ਸਭਿ, ਨਿਜ ਸੀਸ ਝੁਕਾਵੈਂ।
ਅਪਨ ਪ੍ਰਤਾਪ ਦਿਖਾਇ ਕੈ, ਪਗ ਪਰ ਜਬਿ ਪਾਵੌਂ।
ਅਜ਼ਮਤ ਇਸ ਕੋ ਨਾਮ ਹੈ, ਸਭਿ ਕਰਿ ਦਿਖਰਾਵੋਂ ॥੬॥
ਅਰਜਨ ਕੀ ਸਮ ਨਾਂਹਿ ਮੇਂ, ਪਿਤ ਕੇਰ ਸਥਾਨੰ[1]।
ਤਿਹ ਬਨਾਇ ਪੁਜਵਾਇ ਪਗ, ਕਜਾ ਅਚਰਜ ਜਾਨੰ[1]।
ਅਜ਼ਮਤਿ ਤਿਨ ਕਿਸ ਥਾਨ ਮਹਿਂ, ਕਹੁ ਕਬਹਿ ਲਗਾਈ।
ਹੁਇ ਪ੍ਰਸੰਨ ਪਿਤ ਸਤਿਗੁਰੂ, ਦੀਨਸਿ ਬਡਿਆਈ' ॥੭॥
ਸੁਨਿ ਭਾਖੀ ਗੁਰਦਾਸ ਨੇ, 'ਕਜੋਂ ਕਹਿ ਬਿਨ ਜਾਨੇ[1]।
ਸ੍ਰੀ ਨਾਨਕ ਕੀ ਜੋਤਿ ਲੈ, ਅੰਗਦ

[1]ਬਣਵਾਵਾਂਗੇ।

[1]ਪਿਤਾ ਜੀ ਦਾ ਜੋ ਥਾਂ ਹੈ।

[1]ਤਿਸ ਨੂੰ ਬਣਾ ਕੇ (ਆਪਣੇ) ਪੈਰ ਪੁਜਵਾਏ ਹਨ (ਇਸ ਵਿਚ) ਕੀ ਅਸਚਰਜ ਜਾਣਦਾ ਹੈ।

[1]ਜਾਣੇ ਬਿਨਾਂ ਤੂੰ ਕਿਉਂ ਕਹਿੰਦਾ ਹੈਂ।

ਬਰੁਸਾਨੇ।
ਕਰਿ ਸੇਵਾ ਗੁਰ ਅਮਰ ਜੀ, ਬੈਠੇ ਤਿਸੁ ਗਾਦੀ।
ਜੋਤਿ ਪ੍ਰਕਾਸ਼ੀ ਤਬਿ ਵਹੀ, ਤਿਮ ਕੀਨਿ ਅਬਾਦੀ ॥੮॥
ਰਾਮਦਾਸ ਜੀ ਜਬਿ ਟਿਕੇ, ਸੋ ਜੋਤਿ ਪ੍ਰਕਾਸ਼ੀ।
ਦਾਸ ਉਧਾਰੇ ਬਿਦਤ ਬਹੁ, ਤੁਮ ਪਿਖਿ ਰਹਿ ਪਾਸੀ।
ਜੋਤ ਜਗਤਿ ਸੋਈ ਅਬਹਿ, ਸ਼੍ਰੀ ਅਰਜਨ ਮਾਂਹੀ।
ਬਿਘਨ ਅਨਿਕ ਜੇ ਕਰਿ ਪਰਹਿਂ, ਬਿਦਤਾਵਤਿ ਨਾਂਹੀ[1] ॥੯॥
ਸਿਰ ਲਗਿ ਹਾਨੀ ਹੋਇ ਭੀ, ਨਹਿਂ ਸ਼ਕਤਿ ਦਿਖਾਵੈਂ।
ਭਾਵੀ ਈਸ਼ੁਰ ਕੀ ਲਖਹਿਂ, ਸਭਿ ਬਿਧਿ ਹਰਖਾਵੈਂ।
ਇਮ ਲਖਿ ਕ੍ਰੋਧ ਰੁ ਲੋਭ ਤਜਿ, ਹੁਜੈ ਮਮ ਸੰਗਾ।
ਆਗੈ ਆਵੈਂ ਲੈਨਿ ਕੋ, ਕਰਿ ਮਾਨ ਉਤੰਗਾ ॥੧੦॥
ਬਯ ਲਘੁ ਤਾਊ ਲਖੀਜੀਯੇ, ਗਾਦੀ ਪਰ ਸੋਈ।
ਨਮੋ ਉਚਿਤ ਸਭਿ ਕੇ ਅਹੈਂ, ਬਡ ਤੇ ਬਡ ਹੋਈ।
ਮੈਂ ਆਯਹੁ ਹਿਤ ਕਹਨਿ ਕੋ, ਸੋ ਕਹਜੋ ਘਨੇਰੇ।
ਕੀਜੈ ਕ੍ਰਿਤ ਬਿਚਾਰ ਕੈ, ਜਯੋਂ ਮਨ ਹੁਇ ਤੇਰੇ ॥੧੧॥
ਹੁਇ ਨ ਸਕਹਿ ਕੁਛ ਤੋਹਿ ਤੇ, ਹਲਕੋ ਪਰ ਜੈ ਹੈਂ।

[1]ਭਾਵ ਕਰਾਮਾਤ ਨਹੀਂ ਦਿਖਾਲਦੇ।

ਅਬਿ ਕੇ ਬਿਛੁਰੇ ਭ੍ਰਾਤ ਤੇ, ਨਹਿਂ ਬੰਸ ਮਿਲੈ ਹੈਂ।
ਨੀਕੀ ਨਹੀਂ ਉਪਾਧਿ ਹੈ, ਢਿਗ ਤੁਰਕ ਪੁਕਾਰਾ[1]। [1]ਪੁਕਾਰ ਕਰਨੀ।
ਲਗਿ ਨਹਿਂ ਜਾਇ ਕਲੰਕ ਕੁਛ, ਨਹਿਂ ਸਕਹੁ ਉਤਾਰਾ' ॥੧੨॥
ਸੁਨਿ ਪ੍ਰਿਥੀਆ ਚਮਕਯੋ ਪੁਨਹਿ, ਕਯੋਂ ਬਾਤ ਬਨਾਵੈਂ।
ਏਕਾ ਏਕੀ ਕੀਏ ਬਿਨ[1], ਹਮ ਮਿਲਹਿਂ ਨ ਜਾਵੈਂ। [1]ਇੱਕ ਇੱਕਰੀ ਕੀਤੇ ਬਿਨਾਂ।
ਮੁਝ ਸੋਂ ਮਿਲਿਬੇ ਆਸ ਕੋ, ਮਨ ਨਾਂਹਿ ਨ ਰਾਖੋ।
ਗਹਿਵਾਵੋਂ ਮਰਵਾਇ ਹੌਂ, ਉੱਦਮ ਅਸ ਕਾਂਖੋ[1] ॥੧੩॥ [1]ਇਹੋ ਜਿਹਾ ਉੱਦਮ ਚਾਂਹਵਦਾ ਹਾਂ।
ਸਹਤ ਪੁੱਤ੍ਰ ਕੇ ਕੈਦ ਮੋਂ, ਜਬਿ ਪਰਿਹੈਂ ਜਾਈ।
ਤਬਿ ਮੈਂ ਹਰਖੋਂ ਸੁਖ ਕਰੌਂ, ਉਰ ਚਿੰਤ ਮਿਟਾਈ।'
ਜਾਨਯੋ ਤਬਿ ਗੁਰਦਾਸ ਨੇ -ਇਹ ਅਧਿਕ ਕਠੋਰਾ।
ਤੁੰਮਾ ਨਿੰਮ ਨ ਮਧੁਰ ਹੁਇ, ਜੋ ਉਪਜਤਿ ਕੌਰਾ[1] ॥੧੪॥ [1]ਪੈਦਾ ਹੁੰਦਾ ਹੀ ਕੌੜਾ ਹੁੰਦਾ ਹੈ।
ਗੁਰ ਘਰ ਜਨਮਯੋ ਤੌ ਕਹਾਂ, ਸੰਗਤਿ ਨਿਤ ਠਾਨੀ[1]। [1]ਭਾਵੇਂ ਗੁਰੂ ਘਰ ਜਨਮਿਆਂ ਸੰਗਤ (ਬੀ) ਕੀਤੀ ਪਰ ਕੀ ਹੋਇਆ।
ਪਾਥਰ ਕਯੋਂਹੁ ਨ ਭਿੱਜਈ, ਚਿਰ ਰਹਿ ਵਿਚ ਪਾਨੀ।
ਅਪਨੀ ਅਗਨਿ ਨ ਤਜਾਗਹੀ, ਨਿਸ਼ਠੁਰ, ਮ੍ਰਿਦੁ ਨਾਂਹੀ[1]। [1]ਪੱਥਰ) ਕਠੋਰ ਰਹਿੰਦਾ ਹੈ ਕੋਮਲ ਨਹੀਂ ਹੁੰਦਾ।
ਕੋਟ ਜਤਨ ਕੋਊ ਕਰਹੁ, ਪਰਕ੍ਰਿੱਤਿ[1] ਨ ਜਾਹੀ- ॥੧੫॥ [1]ਸੁਭਾਉ।
ਭਯੋ ਨਿਰਾਸ ਬਿਥਾਰ ਇਮ, ਉਠਿ ਕਰਿ

ਭਾ ਠਾਂਢਾ।
'ਪ੍ਰਥਮ ਕਲੰਕ ਜੁ ਲਗਯੋ ਬਡਿ, ਅਬਿ ਕੀਨਸਿ ਗਾਢਾ।
ਦੁਖ ਪਾਵਹੁ, ਹੁਇ ਹਾਨ ਕੋ, ਨੀਕੀ ਨਹਿਂ ਮਾਨੀ।
ਅਪਜਸ ਬਿਥਰਯੋ ਜਗਤ ਮਹਿਂ, ਇਹ ਨਰਕ, ਨਿਸ਼ਾਨੀ ॥੧੬॥
ਗੁਰੂ ਕਹਾਯੋ ਚਹਿਤ ਹੈਂ, ਬਿਨ ਗੁਨ ਅੱਗਜਾਨੀ।
ਸਜਾਨੇ ਪੁਰਖ ਨ ਮਾਨਿ ਹੈਂ, ਲਿਹੁ ਨਿਸ਼ਚੈ ਜਾਨੀ।'
ਉਠਤਿ ਕਹਯੋ, ਸੁਨਿ ਕੈ ਜਰਯੋ, ਬਹੁ ਕਾਢਤਿ ਗਾਰੀ।
ਆਸਨ ਪਰ ਤੇ ਉਛਲਤੋ, ਉਰ ਸੁਮਤਿ ਬਿਸਾਰੀ ॥੧੭॥
ਕਹਤਿ ਅਨੁੱਚਤ ਬਹੁਤ ਹੀ, ਬੋਲਯੋ ਪੁਨ ਭਾਈ[1]।
'ਰਾਮਦਾਸ ਸ਼੍ਰੀ ਸਤਿਗੁਰੂ, ਸਰਬੱਗ ਸਦਾਈ।
ਤੁਝ ਕੋ ਸ਼ਕਤੀ ਨਹਿਂ ਦਈ, ਸ਼ੁਭ ਰਿਦੈ ਬਿਚਾਰੀ।
ਅਜਰ ਜਰਨ ਜਾਨਯੋ ਨਹੀਂ, ਹੌਰਾ ਧ੍ਰਿਤ ਹਾਰੀ[1] ॥੧੮॥
-ਇਹ ਕੁਛ ਤੇ ਕੁਛ ਕਰਹਿਗੋ, ਅਜ਼ਮਤ ਕੋ ਪਾਏ।
-ਯਾਂ ਤੇ ਛੂਛਾ ਰਾਖਿਓ, ਨਿਜ ਥਲ ਨ ਟਿਕਾਏ।
ਅਬ ਤੇਰੀ ਪ੍ਰਕ੍ਰਿੱਤਿ ਲਖਿ, ਮਨ ਮਹਿਂ ਦ੍ਰਿੜ ਜਾਨੀ।
ਉਚਿਤ ਕਰੀ ਸ਼੍ਰੀ ਸਤਿਗੁਰੂ, ਸਭਿ ਮਹਿਂ ਬਿਦਤਾਨੀ' ॥੧੯॥

[1]ਪ੍ਰਿਥੀਏ) ਨੇ ਅਨੁਚਤ (ਗੱਲਾਂ) ਕਹੀਆਂ (ਤਦ) ਫਿਰ ਭਾਈ ਗੁਰਦਾਸ ਬੋਲਿਆ।

[1]ਧੀਰਜ ਹਾਰਨ ਵਾਲਾ।

ਗਾਰਿ ਨਿਕਾਰਤਿ ਕੋ ਤਜ੍ਯੋ, ਇਮ ਕਹਿ ਚਲਿ ਆਯੋ।
-ਬਡੀ ਦੁਸ਼ਟਤਾ ਇਸ ਰਿਦੇ, ਹਿਤ ਨਹਿਂ ਚਿਤ ਲ੍ਯਾਯੋ-।
ਹੋਇ ਤ੍ਯਾਰ ਮਾਰਗ ਪਰ੍ਯੋ, ਰਿਸ ਕੋ ਬਿਸਰਾਏ।
ਸ੍ਰੀ ਅਰਜਨ ਕੇ ਬ੍ਰਿੰਦ ਗੁਨ, ਸਿਮਰਤਿ ਹਰਖਾਏ ॥੨੦॥
-ਧੰਨ ਰਿਦਾ ਗੰਭੀਰ ਤਿਨ, ਰਤਨਾਕਰ ਜੈਸੇ[1]।

[1]ਸਮੁੰਦਰ ਵਤ।

ਸੀਤਲ ਤਪਤ ਨ ਬਧਤਿ ਕਮਿ[1], ਇਕ ਰਸ ਬ੍ਰਿਤਿ ਤੈਸੇ।

[1]ਠੰਢ ਤੇ ਤਪਸ਼ ਵਧਦੀ ਘਟਦੀ ਨਹੀਂ। (ਅ) ਸੀਤਲ ਹੈ, ਗਰਮ ਨਹੀਂ, ਵਧਦਾ ਨਹੀਂ ਘਟਦਾ ਨਹੀਂ।

ਕਾਮ, ਕ੍ਰੋਧ, ਮਦ, ਲੋਭ, ਦੁਖ; ਇੱਤ੍ਯਾਦਿ ਬਿਕਾਰਾ।
ਇਨ ਤੇ ਛੁਭਤਿ ਨ ਹੋਤਿ ਕਬ, ਰਸ ਅਨਦ ਮਝਾਰਾ- ॥੨੧॥
ਪੰਥ ਚਲਤਿ ਚਿਤ ਚਿਤਵਤੋ, ਬਧਿ ਪ੍ਰੇਮ ਬਿਸਾਲਾ[1]।

[1]ਵਧਿਆ ਬਹੁਤ ਪ੍ਰੇਮ।

ਨੀਰ ਬਿਲੋਚਨ ਤੇ ਸ੍ਰਵ੍ਯੋ, ਗਦ ਗਦ ਤਿਸ ਕਾਲਾ।
ਸ੍ਰੀ ਗੁਰ ਪਗ ਪੰਕਜ ਮ੍ਰਿਦੁਲ, ਉਰ ਬਿਖੈ ਬਸਾਏ।
ਸੁੰਦਰ ਦਰਸ਼ਨ ਦੇਖਿਬੇ, ਮਨ ਮਹਿਂ ਅਕੁਲਾਏ ॥੨੨॥
ਪੰਥ ਚਲਤਿ ਭਾ ਸ਼ੀਘ੍ਰ ਹੀ, ਦਿਸ਼ਿ ਅੰਮ੍ਰਿਤ ਤਾਲਾ[1]।

[1]ਸ਼੍ਰੀ ਅੰਮ੍ਰਿਤਸਰ।

ਪਹੁੰਚ੍ਯੋ ਤੂਰਨ ਜਾਇ ਕੈ, ਸ਼੍ਰੀ ਗੁਰ ਕੀ ਸ਼ਾਲਾ[1]।

[1]ਅਸਥਾਨ।

ਬੰਦਨ ਪਦ ਅਰਬਿੰਦ ਕਰਿ, ਲੋਚਨ ਭਰਿ ਹੇਰੇ।
ਪਰਮ ਪ੍ਰੇਮ ਪੁਲਕਾਵਲੀ, ਆਨੰਦ

ਉਮਗੇਰੇ ॥੨੩॥
ਸ਼੍ਰੀ ਅਰਜਨ ਜੀ ਦੇਖਿ ਕੈ, ਸੁਧਿ ਬੂਝਤਿ ਕੀਨੀ।
'ਕਹਹੁ ਭ੍ਰਾਤ ਕੀ ਬਾਰਤਾ, ਕੈਸੀ ਗਤਿ ਚੀਨਿ?
ਕਿਸ ਪ੍ਰਕਾਰ ਕੋ ਮਤਿ ਅਹੈ, ਆਵਨਿ ਇਸ ਥਾਨਾ[1]।
ਦੁਸ਼ਟ ਸੁਭਾਵ ਤਿਆਗਿਓ, ਮਾਨਜੋ ਕਿ ਨ ਮਾਨਾ?' ॥੨੪॥

[1]ਇਸ ਥਾਂ ਆਵਣ ਦਾ ਮਤ।

ਹਾਥ ਬੰਦਿ ਭਾਈ ਕਹਜੋ, 'ਤੁਮ ਪਰਬਲ ਮਾਯਾ[1]।
ਜੋਗੀ ਮੁਨਿ ਜਨ ਆਦਿ ਤੇ, ਕੋ ਕੋ ਨ ਭ੍ਰਮਾਯਾ।
ਜਥਾ ਭਵਿੱਖਜਤ ਕ੍ਰਿੱਤ ਕੋ, ਕਰਿਬੇ ਕੋ ਚਾਹੀ।
ਤਿਸ ਪ੍ਰਕਾਰ ਹੀ ਬਨ ਸਕਹਿ, ਹੁਇ ਅਨਤੈ[1] ਨਾਂਹੀ ॥੨੫॥

[1]ਤੁਸਾਡੀ ਮਾਯਾ ਪ੍ਰਬਲ ਹੈ। ਇਕ ਵਾਕ ਆਪ ਨੂੰ ਈਸ਼ਰ ਰੂਪਤਾ ਵਿਚ ਕਹਿ ਰਹੇ ਹਨ।

[1]ਹੋਰ ਤਰ੍ਹਾਂ।

ਜਿਸ ਪਰ ਕਰੁਨਾ ਨਿਜ ਕਰਹੁ, ਦੇ ਹਾਥ ਬਚਾਵੋ।
ਨਿੰਦਕ ਦੁਰਜਨ ਸਿੰਧ ਭਾਵ, ਤਿਸ ਬਿਖੈ ਡੁਬਾਵੋ।
ਕਿਮ ਉਧਾਰ ਤਿਨ ਹੁਇ ਸਕੈ, ਗੋਤੇ ਨਿਤ ਖਾਵੈਂ।
ਪੋਤ[1] ਨ ਪ੍ਰਾਪਤਿ ਹੋਤਿ ਹੈ, ਕਿਮ ਤਟ ਪਰ ਆਵੈਂ ॥੨੬॥

[1]ਜਹਾਜ਼।

ਜਥਾ ਕ੍ਰਿਆ ਬੋਲਨਿ ਗਤੀ, ਪਾਖੰਡ ਕਰੰਤਾ।
ਜਿਮ ਦੁਰਜਨਤਾ ਕਰਤਿ ਹੈ, ਜਿਮ ਲੋਭ ਧਰੰਤਾ।
ਜਿਮ ਪ੍ਰਲੋਕ ਮਹਿਂ ਗਤੀ ਹੁਇ, ਜਿਨ ਮਨ ਕੋ ਪਾਪੀ।

ਪਰ ਜਸੁ ਪਰ ਐਸ਼੍ਵਰਜੁ ਪਿਖਿ, ਜਿਮ ਹ੍ਵੈ ਸੰਤਾਪੀ ॥੨੭॥
ਵਾਰ ਕਰੀ ਪਰਿਥਾਇ ਤਿਸ, ਹੈ ਜਥਾ ਬਿਕਾਰੀ[1]।

[1]ਜਿਸ ਤਰ੍ਹਾਂ ਦਾ ਔਗੁਣੀ ਪ੍ਰਿਥੀਆ ਹੈ।

ਤਿਮ ਬਨਾਇ ਕਰਿ ਮਗ ਬਿਖੈ, ਆਨੀ ਲਿਖਿ ਸਾਰੀ।
ਸੋ ਸੁਨੀਅਹਿ ਸਭਿ ਜਾਨੀਅਹਿ, ਮੈਂ ਕਰੌਂ ਉਚਾਰੀ।
ਸੁਭ ਗੁਣ ਜਿਸ ਮਹਿਂ ਲੇਸ਼ ਨਹਿਂ, ਹੰਕਾਰ ਅਫਾਰੀ[1]' ॥੨੮॥

[1](ਨਾਲ) ਆਫਰਿਆ ਹੋਇਆ ਹੈ।

ਦੋਹਰਾ:
ਹੈ ਛਤੀਸਵੀਂ ਵਾਰ ਜੋ ਗਿਰਾ ਕਰੀ ਗੁਰਦਾਸ।
ਲਗਜੋ ਸੁਨਾਵਨਿ ਖੋਟ ਤਿਹ ਸ਼੍ਰੀ ਸਤਿਗੁਰ ਕੇ ਪਾਸ ॥੨੯॥

ਨਿਸਾਨੀ ਛੰਦ:
'ਕਾਲੇ ਮੁਖ ਮੀਣਾ ਭਯੋ, ਬਡ ਦੰਭ ਕਮਾਵੈ।
ਬੇਖ ਬਾਕ ਸ਼ੁਭ ਮੋਰ ਕੇ, ਜੀਵਨਿ ਚੁਨਿ ਖਾਵੈ[1]।

[1](ਜਿਵੇਂ) ਮੋਰ ਦਾ ਭੇਖ ਤੇ ਬਚਨ ਸ਼ੁਭ ਹੁੰਦੇ ਹਨ ਤੇ ਖਾਂਦਾ ਹੈ ਜੀਵਾਂ ਨੂੰ ਚੁਣਕੇ (ਤਿਵੇਂ ਪ੍ਰਿਥੀਆ ਹੈ)।

ਗਜਾਨ ਹੀਨ ਗੁਰ ਬਨਤਿ ਹੈ, ਕੋ ਨਮੋ ਨ ਠਾਨੇ।
ਖੋਟੀ ਸੰਗਤਿ ਮੀਣਿਆ, ਗੁਰ ਨਿੰਦ ਬਖਾਨੈਂ ॥੩੦॥
ਦੁਰਮਤਿ ਜੀਵਤਿ ਕਰਤਿ ਹੈ, ਜਬਿ ਗਹਿ ਜਮ ਮਾਰੇ।
ਕੂੜੁ ਕੁਪੱਤਾ ਹੋਹਿਂਗੋ, ਦੁਖ ਸਹਹਿਂ ਕਰਾਰੇ।'
ਇੱਤਜਾਦਿਕ ਜਿਸ ਮਹਿਂ ਕਹਜੋ[1], ਸਭਿ ਵਾਰ ਸੁਨਾਈ।

[1]ਇਸ ਪ੍ਰਕਾਰ ਦਾ ਭਾਵ ਹੈ ੩੬ ਵੀਂ ਵਾਰ ਵਿਚ।

'ਨਹਿਂ ਮਾਨਹਿਂ ਸ਼੍ਰੀ ਗੁਰੂ ਜੀ! ਸੋ ਦੁਸ਼ਟ

ਬਡਾਈ ॥੩੧॥
ਸਿਕਤਾ ਮਹਿਂ ਤੇ ਜਤਨ ਕਰਿ, ਤੇਲ ਜੁ ਨਿਕਸਾਵੈ।
ਕਮਠ[1] ਪੀਠ ਪਰ ਭਾਂਤਿ, ਕਿਸ ਬਹੁ ਬਾਰ ਜਮਾਵੈ[2]।

[1]ਕੱਛੂ। [2]ਵਾਲ ਉਗਾਵੇ।

ਸਿਰ ਪਰ ਰਾਸ਼ਭ ਸਸੇ ਕੇ[1], ਉਗਵਾਇ ਵਿਖਾਨਾ[2]।

[1]ਗਧੇ ਤੇ ਸਹੇ ਦੇ। [2]ਸਿੰਗ [ਸੰਸ: ਵਿਖ਼ਾਣ]

ਤੌ ਦੁਸ਼ਟਨਿ ਕੇ ਰਿਦੇ ਮਹਿਂ, ਗੁਨ ਕਰਹਿ ਮਹਾਨਾ[1] ॥੩੨॥

[1]ਮਹਾਨ ਗੁਣ (ਘਰ) ਕਰਨਗੇ।

ਜੇ ਸਰਪਨਿ ਮਨ ਮ੍ਰਿਦੁਲਤਾ, ਕਯੋਂ ਹੂੰ ਹੁਇ ਜਾਈ।
ਤਉ ਦੁਸ਼ਟਨਿ ਕੇ ਸਰਲਤਾ, ਉਰ ਮਹਿਂ ਉਪਜਾਈ[1]।

[1]ਪੈਦਾ ਹੋਵੇਗੀ।

ਆਵਹਿ ਬ੍ਰਹਮਾ ਆਪ ਭੀ, ਕੁਟਿਲੰ ਸਮੁਝਾਵੈ।
ਤਉ ਨ ਤਜਿ ਹੈਂ ਮੂਢਤਾ, ਨਹਿਂ ਗੁਨ ਮਨ ਲਜਾਵੈਂ ॥੩੩॥
ਮੈਂ ਬਹੁ ਬਾਰੀ ਬਿਨੈ ਕਰਿ, ਬੰਦੇ ਜੁਗ ਪਾਨਾ।
-ਕਰਹੁ ਮੇਲ ਤਜਿ ਬੈਰ ਕੋ-, ਇਕ ਕਹਜੋ ਨ ਮਾਨਾ।
ਉਲਟੋ ਗਾਰਿ ਨਿਕਾਰਤੋ, ਬਹੁ ਕਹਸਿ ਕਠੋਰਾ।
ਅਤਿ ਅਜੋਗ ਬੋਲਤਿ ਭਯੋ, ਤਪਤਜੋ ਨਹਿਂ ਥੋਰਾ ॥੩੪॥
ਸ਼ਾਮ ਦਾਮ ਕੀ ਰੀਤਿ[1] ਸਭਿ, ਕਹਿ ਬਹੁਤ ਸੁਨਾਈ।

[1]ਸ਼ਾਮ ਦਾਮ ਤੋਂ ਮੁਰਾਦ ਨੀਤੀ ਦੀ ਹੈ ਕਿ ਨਿੰਮ੍ਰਤਾ ਨਾਲ ਧਰਮ ਦੀ ਗੱਲ ਦੱਸਣ ਤੋਂ ਛੁਟ ਮੈਂ ਨੀਤੀ ਦੇ ਪਹਿਲੂ ਬੀ ਦਿਖਾਕੇ ਸਮਝਾਇਆ ਕਿ ਮਿਲਾਪ ਚੰਗਾ ਹੈ।

ਏਕ ਨ ਮਾਨੀ ਭਲੀ ਕਰਿ, ਠਾਨੀ ਕੁਟਿਲਾਈ।
ਇਕ ਸਮ ਬਸੁਧਾ ਸ਼ੁਭ ਕਰਿਯ,

[1]ਪ੍ਰਿਥਵੀ ਸ੍ਰੇਸ਼ਟ ਪੱਧਰੀ ਕਰੀਏ ਤੇ ਕੋਮਲਤਾ ਬਹੁਤ

ਮ੍ਰਿਦੁਤਾ ਬਹੁ ਭਾਂਤੀ[1]। ਤਰ੍ਹਾਂ (ਕਰੀਏ ਪਰ)।
ਬੱਕ੍ਰ ਚਲਹਿ ਪੰਨਗ ਤਹਾਂ[1], ਇਮ ਕੁਟਲਨਿ ਬਾਤੀ ॥੩੫॥
[1]ਭਾਵ ਸਾਫ ਤੇ ਕੋਮਲ ਜ਼ਮੀਨ ਤੇ ਬੀ ਸੱਪ ਟੇਢਾ ਚਲੇਗਾ।

ਸੁਨਹੁ ਗੁਰੂ ਜੀ ਵਾਰ ਇਹ, ਲਿਖਿ ਤਹਾਂ ਪਠਾਈ[1]।
[1](ਮੈਂ) ਭੇਜ ਦਿੱਤੀ ਹੈ।
ਨਿਜ ਔਗੁਨ ਨਹਿਂ ਪਰਖ ਹੈ, ਮੁਹਿ ਬੁਰਾ ਅਲਾਈ।
ਪਠਿ ਕੈ ਜਾਨਹਿਗੇਂ ਭਲੇ, ਜੋ ਦੋਸ਼ ਉਚਾਰੇ।
ਇਹੀ ਭੇਟ ਤਿਹ ਜੋਗ ਥੀ, ਮੈਂ ਪਠੀ ਬਿਚਾਰੇ[1]' ॥੩੬॥
[1]ਵਿਚਾਰਕੇ।

ਸੁਨਿ ਸ਼੍ਰੀ ਗੁਰ ਅਰਜਨ ਕਹਜੋ, 'ਕੁਟਿਲ ਜੁ ਮਤ ਨੀਚਾ।
ਅੱਗ੍ਰ ਤਿਨਹੁ ਕੇ ਨਿਮਨਿ ਜੋ, ਹੁਇ ਦੋਸ਼ਨਿ ਸੀਚਾ[1]।
[1]ਨਿਵਣਾ ਦੋਸ਼ਾਂ ਨੂੰ ਸਿੰਜਣਾਂ ਹੈ।
ਦੁਖਦ ਬੁਰੋ ਤਿਹ ਜਾਨੀਏ, ਅਬਿ ਲਿਹੁ ਪਤਿਆਈ।
ਭਲੀ ਬਾਤ ਨਹਿਂ ਹੋਤਿ ਹੈ, ਦੇਵਤਿ ਬੁਰਿਆਈ ॥੩੭॥

ਨਿਜ ਪਿਤ ਕੋ ਸੁਤ ਜਾਨਿ ਕੈ, ਕਰਿ ਹੇਤ ਹਕਾਰਾ।
-ਡਰਪਤਿ ਮੁਝ ਤੇ- ਦੋਸ਼ ਦਿਯ, ਹੰਕਾਰ ਅਫਾਰਾ[1]।
[1]ਆਫਰਿਆ ਹੋਯਾ ਹੈ।
ਅਬਿ ਨਹਿਂ ਕਛੂ ਕਹੀਜੀਏ, ਸੋ ਕਰਹੁ[1] ਪੁਕਾਰਾ।
[1]ਕਰਣ ਦਿਹੋ।
ਸ਼੍ਰੀ ਗੁਰੁ ਨਾਨਕ ਕੋ ਕਰਹਿਂ, ਸੋਈ ਹੁਇ ਕਾਰਾ ॥੩੮॥

ਤੁਰਕਨਿ ਆਗੈ ਦੀਨ ਬਨਿ, ਬਿਨਤੀ ਨਿਤ ਠਾਨੈ।
ਬਡਿਯਨਿ ਕੀ ਬਡਤਾ ਜੁ ਥੀ, ਨਹਿਂ ਰਿਦੈ ਪਛਾਨੈ।

ਮਤਿ ਮੂਰਖ ਹੌਰਾ ਭਯੋ, ਨਿਜ ਧਰਮ ਬਿਗਾਰਾ।
ਹਾਥ ਕਛੂ ਨਹਿੰ ਆਵਹੀ, ਮਲ ਛਾਨਹਿ ਛਾਰਾ[1]' ॥੩੯ ॥

[1]ਹੱਥ ਕੁਛ ਨਹੀਂ ਆਵੇਗਾ (ਸਗੋਂ ਹੱਥ) ਮਲੇਗਾ ਤੇ ਖਾਕ ਛਾਣੇਗਾ ਭਾਵ ਪਛੁਤਾਏਗਾ।

ਦੋਹਰਾ:
ਇਮ ਕਹਿ ਸ਼੍ਰੀ ਗੁਰ ਮੌਨ ਧਰਿ, ਕਹ੍ਯੋ ਬਾਕ ਨਹਿੰ ਫੇਰ।
ਭਾਣਾ ਸ਼੍ਰੀ ਕਰਤਾਰ ਕੋ, ਜਾਨਹਿੰ ਨੀਕੋ ਹੇਰਿ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਆ ਰਾਸੇ 'ਭਾਈ ਗੁਰਦਾਸ ਕੋ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

## ੨੬. [ਜਹਾਂਗੀਰ ਨੂੰ ਪ੍ਰਿਥੀਆ ਮਿਲਿਆ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਪ੍ਰਿਥੀਆ ਪਾਛੇ ਦੁਖੀ ਹੁਈ, ਚਿਤਵਿਤ ਚਿਤ ਅਤਿ ਚਿੰਤ।
ਨਹੀਂ ਸੁਹਾਵਤਿ ਅਪਰ ਕੁਛ, ਗਿਨਤੀ ਗਿਨਤਿ ਅਨੰਤ ॥੧॥

ਚੌਪਈ:

ਨੀਂਦ ਨ ਆਵਤਿ ਸੋਚਤਿ ਸੋਚਨਿ।
ਨਿਸ ਮਹਿਂ ਮਿਲਤਿ ਨ ਪਲਕ ਬਿਲੋਚਨ[1]।

[1]ਨੇਤ੍ਰਾਂ ਦੀਆਂ ਪਲਕਾਂ। (ਅ) ਪਲ ਭਰ ਲਈ ਅੱਖਾਂ ਨਹੀਂ ਮਿਟੀਂਦੀਆਂ।

ਮਹਦ ਕਸ਼ਟ ਅਪਨੋ ਮਹਿਂ ਕਲਪਤ[1]।

[1]ਬਹੁਤੇ ਦੁੱਖ ਕਰਕੇ ਆਪਣੇ ਆਪ ਵਿਚ ਪਿਆ ਕਲਪਦਾ ਹੈ।

ਬਿਨਾਂ ਅਰਥ ਮਤਿ ਮੂਰਖ ਜਲਪਤਿ[1] ॥੨॥

[1]ਬਿਨਾਂ ਮਤਲਬ ਮੂਰਖ ਸੜਦਾ ਹੈ।

ਦਿਵਸ ਬਿਖੈ ਨਹਿਂ ਭੋਜਨ ਭਾਵਤਿ।
ਗਟੀ ਉਤਾਰਤਿ ਏਕ ਚਢਾਵਤਿ।
ਦੁਰਬਲ ਭਯੋ ਕ੍ਰਾਂਤਿ ਤੇ ਖਾਲੀ।
ਉਰ ਸੁਲਗਤਿ ਲਕਰੀ ਜਿਮ ਆਲੀ[1] ॥੩॥

[1]ਗਿੱਲੀ [ਪੰਜਾ: ਅੱਲਾ = ਕੱਚਾ]

ਸ੍ਰੀ ਅਰਜਨ ਪ੍ਰਭੁਤਾ ਬਹੁ ਭਾਂਤੀ।
ਚੁਭਤਿ ਸੇਲ ਸਮ ਰੜਕਤਿ ਛਾਤੀ।
ਸ੍ਰੀ ਹਰਿ ਗੋਬਿੰਦ ਕੀ ਸੁੰਦਰਤਾਈ।
ਨਿਤ ਚਿਤਵਤਿ ਫਿਰਗੀ ਜ਼ਰਦਾਈ ॥੪॥

ਮਤਸਰ ਪਾਵਕ ਪੁੰਜ ਪ੍ਰਜੁਲਤੀ।
ਪੂਜਾ[1] ਅਧਿਕ ਹੋਤਿ ਨਹਿਂ ਭੁਲਤੀ।

[1]ਭਾਵ ਗੁਰੂ ਅਰਜਨ ਜੀ ਦੀ) ਪੂਜਾ।

ਬਧ੍ਯੋ ਗੁਰੂ ਕਹਿ ਅਧਿਕ ਪ੍ਰਤਾਪੂ।
ਨਿਤ ਜਿਮ ਤੇਈਆ ਤਾਪ ਸੰਤਾਪੂ[1] ॥੫॥

[1]ਦੁੱਖ ਦੇਂਦਾ ਹੈ (ਪ੍ਰਿਥੀਏ ਨੂੰ)।

ਪੁਨ ਪਾਛੇ ਭਾਈ ਗੁਰਦਾਸੂ।
ਕਰਿ ਕੇ[1] ਵਾਕ ਪਠੀ ਢਿਗ ਤਾਸੂ।

[1]ਬਣਾ ਕੇ।

ਘਾਇ ਲਗੇ[1] ਅੰਗ ਅੰਗ ਬਿਸਾਲਾ।
ਤਿਨ ਪਰ ਮਨਹੁਂ ਲਵਨ ਘਸਿ ਡਾਲਾ ॥੬॥

[1]ਜ਼ਖਮ ਲਗੇ ਹੋਏ ਸਨ।

ਜਨੁ ਪਾਕੇ ਬ੍ਰਿਣ[1] ਗਾਢੀ ਪੀਰਾ।

[1]ਫੋੜਾ।

ਪਾਇ ਮਰਚ ਚੂਰਨ ਦੇ ਚੀਰਾ[1]।

[1]ਮਾਨੋਂ ਪੱਕੇ ਹੋਏ ਫੋੜੇ ਦੀ ਕਰੜੀ ਪੀੜਾ ਹੋ ਰਹੀ ਸੀ ਚੀਰਾ ਦੇ ਕੇ ਮਿਰਚਾਂ ਦਾ ਚੂਰਨ ਪਾ ਦਿੱਤਾ ਹੈ।

ਰਾਤਿ ਦਿਵਸ ਚਿੰਤਾ ਗ਼ਲਤਾਨੇ।
ਬੈਠਯੋ ਨਿਕਟ ਨਹੀਂ ਨਰ ਜਾਨੇ[1] ॥੭॥

[1]ਨੇੜੇ ਬੈਠਿਆ ਹੋਇਆ ਆਦਮੀ ਭੀ ਨਹੀਂ ਜਾਣ ਸੱਕਦਾ।

ਉਡਯੋ ਰਹੈ ਮਨ ਗਹੈ ਨ ਥਿਰਤਾ[1]।

[1]ਟਿਕਾਉ ਨਹੀਂ ਪਕੜਦਾ।

ਵਹਯੋ ਜਾਤ ਨਿਤ ਚਿੰਤਾ ਸਰਿਤਾ।
ਬਹੁਤ ਭਾਂਤਿ ਕਰਮੋ ਸਮੁਝਾਵੈ।
'ਰੁਚਿ ਸੋਂ ਭੋਜਨ ਕਯੋਂ ਨਹਿਂ ਖਾਵੈਂ ॥੮॥
ਹਮਰੀ ਭੀ ਹੋਵਤਿ ਗੁਜ਼ਰਾਨਾ।
ਆਨਤਿ ਸਿੱਖ ਉਪਾਇਨ ਨਾਨਾ।
ਕਰਤੇ ਰਹੋ ਮਹਦ ਉਦਯੋਗਾ[1]।

[1]ਉੱਦਮ।

ਜਿਮ ਸ਼ਰੀਕ ਹੁਇ ਹਾਣਤਿ ਜੋਗਾ[1] ॥੯॥

[1]ਨਾਸ਼ ਦੇ ਯੋਗ।

ਮਿਲਹੁ ਸਲਾਹ ਕਰਹੁ ਸੁਲਹੀ ਸੋਂ।
ਦਿੱਲੀ ਪਹੁੰਚਨਿ ਹੁਇ ਜਲਦੀ ਸੋਂ।'
ਕਬ ਕਬ ਕਰਮੋ ਧੀਰਜ ਦੇਤਿ।
ਬਾਤੈਂ ਕਰਤਿ ਅਸਨ ਕਰਿ ਲੇਤਿ ॥੧੦॥
ਸੁਲਹੀ ਸਾਥ ਸੁ ਕਬਹਿ ਇਕੈਠਹਿ[1]।

[1]ਕਦੇ ਕਦੇ ਇਕੱਠੇ ਹੁੰਦੇ ਹਨ।

ਸੰਕਟ ਕਰਤਿ ਨਿਵੇਦਨਿ ਬੈਠਹਿ।
'ਨਿਸ ਦਿਨ ਦਰਬ ਉਪਾਇਨ ਨਾਨਾ।
ਅਰਪਹਿਂ ਅਰਜਨ ਕੇ ਢਿਗ ਆਨਾ ॥੧੧॥
ਧਨੀ ਸਮਾਜ ਪ੍ਰਤਾਪ ਨਿਧਾਨਾ[1]।

[1]ਧਨੀ ਤੇ ਸਮਾਜ ਤੇ ਪ੍ਰਤਾਪ ਦਾ ਖਜ਼ਾਨਾ ਹੋ ਗਿਆ ਹੈ।

ਬਧਤਿ ਬਧਤਿ ਬਧਿ ਗਯੋ ਮਹਾਨਾ।
ਚਲਨ ਸ਼ਾਹੁ ਢਿਗ ਠਟਹੁ ਉਪਾਉ।

ਕਰਿ ਲੀਜਹਿ ਕਾਰਜ ਰਹਿ ਕਾਊ[1] ॥੧੨॥

[1]ਜੇ ਕੋਈ ਰਹਿੰਦਾ ਹੈ।

ਮੋਰ ਮਨੋਰਥ ਤਹਿਂ ਤੇ[1] ਪੂਰੇ।

[1]ਭਾਵ ਜਹਾਂਗੀਰ ਤੇ।

ਸ਼ਾਹੁ ਸੰਗਿ ਹੁਇ ਮਿਲਿਨਿ ਹਦੂਰੇ।
ਤੂੰ ਸਮ ਸਖਾ ਰਹਤਿ ਚਿਤ ਆਸਾ।
ਕਰਹਿਂ ਕਾਜ ਮੁਝ ਮਨ ਭਰਵਾਸਾ[1] ॥੧੩॥

[1]ਮੇਰੇ ਚਿੱਤ ਵਿਚ ਆਸ ਹੈ ਕਿ ਤੂੰ ਮੇਰਾ ਮਿੱਤ੍ਰ (ਜਹਾਂਗੀਰ ਪਾਸ) ਰਹਿੰਦਾ ਹੈਂ, ਮੇਰਾ ਕੰਮ ਕਰ ਦੇਵੇਂਗਾ, ਮੇਰਾ ਭਰੋਸਾ ਹੈ।

ਤੋਹਿ ਅਲੰਬ ਬਿਲੰਬ ਬਿਹੀਨਾ।
ਆਇ ਕਦੰਬ ਮੋਹਿ ਗੁਰ ਕੀਨਾ[1]।

[1]ਆਕੇ ਸਾਰੇ (ਲੋਕਾਂ ਨੇ) ਮੈਨੂੰ ਗੁਰੂ ਧਾਰਨ ਕੀਤਾ ਹੈ। [ਸੰਸ: ਕਦਮ = ਸਮੂਹ]

ਦੀਨੇ ਸਰਬ ਭਾਂਤਿ ਸੁਖ ਜੈਸੇ।
ਲੈ ਦੇਵਹੁ ਗੁਰਤਾ ਚਲਿ ਤੈਸੇ' ॥੧੪॥
ਸੁਲਹੀ ਕਹ੍ਯੋ 'ਰਾਖਿ ਬਿਸਵਾਸਾ।
ਦਿੱਲੀ ਚਲੇ ਪੁਰਵ[1] ਤੁਮ ਆਸਾ।

[1]ਚਲਿਆਂ ਪੂਰੀ ਹੋਵੇਗੀ।

ਕਰਿ ਲੀਨਸਿ ਕਾਰਜ ਮੈਂ ਸਾਰੇ।
ਅਬਹਿ ਪ੍ਰਤੀਖਤਿ ਸ਼ਾਹੁ ਹਕਾਰੇ ॥੧੫॥
ਆਵਹਿ ਖਤ ਕਛੁ ਥੋਰਨਿ ਦਿਨ ਮੈਂ।
ਤੂਰਨ ਚਲਹਿਂ ਅਨੰਦ ਕਰਿ ਮਨ ਮੈਂ।'
ਇਸ ਪ੍ਰਕਾਰ ਦੇ ਧੀਰਜ ਰਾਖੇ।
ਦੇਤਿ ਦਰਬ ਅਰ ਮਾਧੁਰ ਭਾਖੇ ॥੧੬॥
ਕੇਤਿਕ ਦਿਨ ਪੁਨ ਜਬਹਿ ਬਿਤਾਏ।
ਪ੍ਰਿਥੀਆ ਮਹਿਤ ਰਹਤਿ ਅਕੁਲਾਏ[1]।

[1]ਪ੍ਰਿਥੀਆ ਬਹੁਤ ਘਬਰਾਯਾ ਰਹਿੰਦਾ ਹੈ।

ਸੁਲਹੀ ਨੇ ਜੋ ਦੂਤ ਪਠਾਯੋ।
ਇਤਨੇ ਮਹਿਂ ਚਲਿ ਸੋ ਤਹਿਂ ਆਯੋ ॥੧੭॥
ਜਹਾਂਗੀਰ ਭੇਜਾ ਪਰਵਾਨਾ।
'ਜੋ ਪੈਸਾ ਉਗਰਾਹ[1] ਮਹਾਨਾ।

[1]ਉਗ੍ਰਾਹਿਆ ਹੈ।

ਸੋ ਲੇ ਕਰਿ ਆਵਹੁ ਮੁਝ ਓਰਾ।
ਖਤ ਦੇਖਤਿ ਨਹਿਂ ਰਹੁ ਥਿਤਿ ਥੋਰਾ[1]' ॥੧੮॥

[1]ਥੋੜਾ ਬੀ ਨਾ ਠਹਿਰ।

ਸੁਨਿ ਸੁਲਹੀ ਕਰਿ ਹਰਖ ਬਿਸਾਲਾ।
ਸੌਜ ਸਕੇਲਿ[1] ਲਲਿਤ[†] ਤਤਕਾਲਾ। [1]ਇਕੱਠੀ ਕਰਕੇ। [†]ਪਾ:-ਚਲੇ।
ਅਪਨੀ ਸਭਿ ਤਜਾਰੀ ਕਰਿਵਾਇਸ।
ਦਰਬ ਅਧਿਕ ਹੀ ਸੰਗ ਲਦਾਇਸ ॥੧੯॥
ਬਲੀ ਤੁਰੰਗ ਮਤੰਗਨਿ ਲੀਨਸਿ।
ਵਸਤ੍ਰ[†] ਬਿਭੂਖਨ ਸੁੰਦਰ ਕੀਨਸਿ। [†]ਪਾ:-ਸ਼ਸਤ੍ਰ।
ਨਜ਼ਰ ਦੇਨਿ ਵਸਤੂ ਬਹੁ ਮੋਲਾ।
ਸੰਚਨ ਕਰੀ ਦੇਸ਼ ਢੰਢੋਲਾ ॥੨੦॥
ਸੁਨਿ ਪ੍ਰਿਥੀਆ ਨਿਜ ਅੰਗ ਨ ਮਾਵਤਿ।
ਭਰਜੋ ਹਰਖ ਹੰਕਾਰ ਬਧਾਵਤਿ।
ਸਰਬ ਪ੍ਰਕਾਰ ਕੀਨਿ ਨਿਜ ਤਜਾਰੀ।
ਸੇਵਕ ਸਿੱਖ ਬ੍ਰਿੰਦ ਸੰਗਾਰੀ[1] ॥੨੧॥ [1]ਨਾਲ ਲਏ।
ਬਹੁ ਮੋਲੇ ਬਸਤ੍ਰਨਿ ਬਨਵਾਇਸ।
ਮਿਲਨਿ ਸ਼ਾਹੁ ਹਿਤੁ ਬੇਸ ਸਜਾਇਸ।
ਚਢਿ ਸੁਲਹੀ ਸੋਂ ਪ੍ਰਿਥੀਆ ਮਿਲਜੋ।
ਦਿੱਲੀ ਸਮੁਖ ਪੰਥ ਕੋ ਚਲਜੋ ॥੨੨॥
ਸਭਿ ਪਰਵਾਰ ਹੇਹਰੀ ਰਹਜੋ।
-ਗੁਰਤਾ ਲੇਹਿਂ- ਚਾਉ ਚਿਤ ਚਹਜੋ।
ਬਹੁ ਉਤਸਾਹ ਕਰਤਿ ਸੁਖ ਪਾਈ।
ਜਨੁ ਗੁਰਤਾ ਲੀਨਸਿ ਬਡਿਆਈ[1] ॥੨੩॥ [1]ਗੁਰਿਆਈ ਦੀ ਵਡਿਆਈ।
ਸੁਲਹੀ ਪ੍ਰਿਥੀਆ ਮਾਰਗ ਪਰੇ।
ਲੋਕ ਹਜ਼ਾਰਹੁਂ ਸੰਗੀ ਕਰੇ।
ਮਜ਼ਲ ਕਰਤਿ ਮਾਰਗ ਉਲੰਘਾਏ[1]। [1]ਲੰਘੇ।
ਦਿੱਲੀ ਨਗਰ ਜਾਇ ਨਿਕਟਾਏ ॥੨੪॥
ਡੇਰਾ ਕਰਜੋ ਆਪਨੇ ਥਾਨਾ।
ਪ੍ਰਿਥੀਆ ਉਤਰਜੋ ਢਿਗ ਹਿਤ ਠਾਨਾ।
ਦਿਵਸ ਆਗਲੇ ਹਜ਼ਰਤ ਪਾਸ।
ਮਿਲਜੋ ਜਾਇ[1] ਲੇ ਕਰਿ ਧਨ ਰਾਸ ॥੨੫॥ [1]ਭਾਵ ਸੁਲਹੀ ਮਿਲਿਆ।

ਦੀਨਸਿ ਨਜ਼ਰ ਤੁਰੰਗ ਮਤੰਗੇ।
ਸੁੰਦਰ ਅਪਰ ਵਸਤੁ ਦਈ ਸੰਗੇ।
ਕੀਨਹੁਂ ਸ਼ਾਹੁ ਪ੍ਰਸੰਨ ਬਿਸਾਲਾ।
ਭੇਟ ਦਿਖਾਵਤਿ ਭਾ ਜਿਸ ਕਾਲਾ ॥੨੬॥
ਦਿਵਸ ਦੂਸਰੇ ਮਿਲ੍ਯੋ ਸੁ ਫੇਰੀ।
ਕਰੀ ਸਿਪਾਰਸ ਪ੍ਰਿਥੀਏ ਕੇਰੀ।
'ਸਤਿਗੁਰ ਰਾਮਦਾਸ ਕੋ ਨੰਦਨ।
ਬਡੋ ਜੁ ਲੋਕ ਕਰਹਿਂ ਬਹੁ ਨੰਦਨ ॥੨੭॥
ਸੋ ਮਿਲਿਬੇ ਕਹੁ ਚਲਿ ਕਰਿ ਆਯੋ।'
ਜਹਾਂਗੀਰ ਨੇ ਸੁਨਤਿ ਬੁਲਾਯੋ।
'ਸ੍ਰੀ ਨਾਨਕ ਕੋ ਘਰ ਬਡ ਊਚਾ†।
ਜਿਸ ਕੀ ਸਮਸਰ ਕੋ ਨ ਪਹੂਚਾ ॥੨੮॥
ਭਏ ਅਧੀਨ ਜੁ ਬਡੇ ਹਮਾਰੇ।
ਕਰਿ ਨਿਜ ਮਿਹਰ ਕਾਜ ਗਨ ਸਾਰੇ।
ਗਯੋ ਪਦਰ ਮਮ ਗੋਇੰਦਵਾਲ।
ਸ੍ਰੀ ਗੁਰ ਅਮਰ ਹੁਤੇ ਤਿਸ ਕਾਲ ॥੨੯॥
ਮਿਲਿ ਕੈ ਤਿਨਹੁ ਬੰਦਗੀ ਕੀਨਿ।
ਕੇਤਿਕ ਭੂਮਿ ਉਪਾਇਨ ਦੀਨਿ।
ਅਲਪ ਆਰਬਲ ਹੁਤੀ ਹਮਾਰੀ।
ਮੁਲਾਕਾਤ ਸੋ ਯਾਦ ਨਿਹਾਰੀ[1] ॥੩੦॥
ਇੱਤਜਾਦਿਕ ਜਸ ਸਤਿਗੁਰ ਕੇਰਾ।
ਜਹਾਂਗੀਰ ਨੇ ਕਹਸਿ ਬਡੇਰਾ।
ਇਤਨੇ ਮਹਿਂ ਪ੍ਰਿਥੀਆ ਚਲਿ ਗਇਊ।
ਮਿਲ੍ਯੋ ਸ਼ਾਹ ਸੋਂ ਆਸ਼ਿਖ ਦਇਊ ॥੩੧॥
ਸੁਲਹੀ ਨੇ ਪੁਨ ਕੀਨਿ ਬਡਾਈ।
ਪਾਤਸ਼ਾਹੁ ਤੇ ਭੇਟ ਦਿਵਾਈ।

†ਪਾ:-ਸ੍ਰੀ ਗੁਰੂ ਨਾਨਕ ਕੋ ਘਰ ਊਚਾ।

[1]ਮੁਲਾਕਾਤ (ਮੈਂ) ਦੇਖੀ ਹੈ ਸੋ (ਮੇਰੇ) ਯਾਦ ਹੈ।

ਬੈਠ੍ਯੋ ਨਿਕਟ ਹੋਛਤਾ ਹੇਰੀ[1]। [1]ਨੇੜੇ ਬੈਠਿਆਂ ਹੋਛਾਪਣ ਦੇਖਿਆ (ਪਾਤਸ਼ਾਹ ਨੇ)।
-ਕਹਾਂ ਗਰੁਵਤਾ ਗੁਰਤਾ ਕੇਰੀ-
॥੩੨॥
ਹਜ਼ਰਤ ਜਬਿ ਮੁਲਾਹਜੇ ਭਇਊ[1]। [1]ਮੁਲਾਕਾਤ ਹੁੰਦਿਆਂ ਹੀ।
ਅਪਨਿ ਹਵਾਲ ਤਬਹਿ ਕਹਿ ਦਇਊ[1]। [1]ਭਾਵ ਪ੍ਰਿਥੀਏ ਨੇ।
'ਮੈਂ ਬਡ ਨੰਦਨ ਹੌਂ ਫਰਿਆਦੀ।
ਉਚਿਤ ਮੋਹਿ ਕਉ ਬੈਠਿਬਿ ਗਾਦੀ
॥੩੩॥
ਸਰਬ ਸਮਾਜ ਅਲਪ ਨੇ ਲੀਨਸਿ।
ਪੁਰਿ ਤੇ ਮੁਝ ਨਿਕਾਰ ਕਰਿ ਦੀਨਸਿ।
ਗੁਰੂ ਬਨ੍ਯੋ ਨਿਜ ਚਰਨ ਪੁਜਾਇਸਿ।
ਅਨ ਗਨ ਧਨ ਸਿੱਖਜਨਿ ਤੇ ਪਾਇਸਿ
॥੩੪॥
ਮੋਹਿ ਨ ਦੇਤਿ ਆਪ ਹੀ ਰਾਖੈ।
-ਅਪਰ ਕਵਨ ਹੈ- ਗਰਬਤਿ ਭਾਖੈ।
ਮੈਂ ਧਰਿ ਤ੍ਰਾਸ ਆਪ ਕੋ ਭਾਰੀ।
ਠਾਨੀ ਤਿਸ ਕੇ ਸਾਥ ਨ ਰਾਰੀ[1] [1]ਲੜਾਈ।
॥੩੫॥
ਸੋ ਨਿਰਭੈ ਨਹਿਂ ਜਾਨਹਿ ਕਾਹੂੰ।
ਬੈਠ੍ਯੋ ਸਦਨ ਗਰਬ ਮਨ ਮਾਂਹੂ।
ਚਿਤ ਤੇ ਤੁਮਰੋ ਤ੍ਰਾਸ ਬਿਸਾਰ੍ਯੋ।
ਕਹ੍ਯੋ ਨ ਮਾਨਹਿਂ, ਮੈਂ ਕਹਿ ਹਾਰ੍ਯੋ
॥੩੬॥
ਮੈਂ ਰਾਵਰਿ ਕੀ ਦਿਸਿ ਚਲਿ ਆਯੋ।
ਤਉ ਨ ਸੰਕਤਿ[1] ਕੁਛ ਡਰ ਪਾਯੋ। [1]ਸ਼ੰਕਾ ਕਰਕੇ।
ਕੀਜਹਿ ਹਮਰੋ ਨ੍ਯਾਇੰ ਨਿਬੇਰਾ।
ਤੁਮ ਕੋ ਕੀਨਿ ਖ਼ੁਦਾਇ ਬਡੇਰਾ
॥੩੭॥
ਨ੍ਯਾਉਂ ਕਰਨ ਤੇ ਤਖਤ ਬਿਰਾਜਾ।
ਇਹੀ ਧਰਮ ਤੁਮ ਕੋ ਉਪਰਾਜਾ[1]।' [1]ਬਣਦਾ ਹੈ (ਅ) ਪੈਦਾ ਕੀਤਾ ਹੈ।
ਸੁਨਿ ਹਜ਼ਰਤ ਅਚਰਜ ਉਰ ਧਾਰਾ।

-ਇਹ ਅਜੋਗ ਕਜਾ ਇਨਹੁ ਉਚਾਰਾ ॥੩੮॥
ਸ਼ਾਂਤਿ ਮਤੀ ਸਤਿਗੁਰ ਕੀ ਗਾਦੀ।
ਤਿਨ ਮਹੁਂ ਰਾਰ ਕੁਤੋ ਫਰਿਆਦੀ[1]।

[1]ਤਿਨਾਂ ਵਿਚ ਲੜਾਈ ਫਰਿਆਦ (ਹੋਣਾਂ) ਕਿੱਥੇ ਹੋ ਸਕਦਾ ਹੈ।

ਜੇਕਰਿ ਕਲਹਿ ਆਪ ਮਹਿਂ ਡਾਰੇ।
ਕਹਾਂ ਅਪਰ ਨਰ ਅਹੈਂ ਬਿਚਾਰੇ ॥੩੯॥
ਦੇਖਹੁ ਕਜਾ ਅਚਰਜ ਇਹ ਮਾਯਾ।
ਲਘੁ ਦੀਰਘ ਨਰ ਜਾਂਹਿ ਭ੍ਰਮਾਯਾ-।
ਰਿਦੈ ਬਿਚਾਰਤਿ ਹਜ਼ਰਤ ਐਸੇ।
ਕਤਿਕ ਦੇਰ ਰਹਿ ਤੂਸ਼ਨਿ ਬੈਸੇ ॥੪੦॥
ਦੋਹਰਾ:
ਗਾਦੀ ਪਾਵਤਿ ਏਕ ਹੀ, ਅਪਰ ਫਿਰਾਦੀ ਹੋਤਿ।
ਕਿਮ ਸ਼ਾਦੀ ਹੁਇ ਸਭਿਨਿ ਕੇ, ਮਤਸਰ ਹ੍ਰਿਦੇ ਉਦੋਤਿ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸ 'ਜਹਾਂਗੀਰ ਸੋਂ ਪ੍ਰਿਥੀਆ ਮਿਲਿਨਿ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

## ੨੭. [ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ। ਕੋਠਾ ਬਨਾਯਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਬਹੁ ਬਿਚਾਰਿ ਹਜ਼ਰਤ ਕਰਜੋ, ਸਿਮਰੀ ਪੂਰਬ ਬਾਤ।
ਸੁਨਜੋ ਹੁਤੋ ਕਿਸ ਪਾਸ ਤੇ, ਸ਼੍ਰੀ ਗੁਰ ਕੇਰ ਬ੍ਰਿਤਾਂਤ ॥੧॥

ਸ੍ਵੈਯਾ ਛੰਦ:

-ਰਾਮਦਾਸ ਸ਼੍ਰੀ ਸਤਿਗੁਰ ਪੂਰਨ
ਗਾਦੀ ਪਰ ਲਘੁ ਸੁਤ ਬੈਠਾਇ।
ਆਪ ਸਮਾਇ ਗਏ ਸਚਖੰਡ ਸੁ
ਬਡ ਸੁਤ ਪਰ ਨ ਪ੍ਰਸੰਨ ਰਹਾਇ।
ਸੇਵਾ ਕਰੀ ਨ, ਯਾਂ ਤੇ ਛੂਛੋ,
ਗੁਰਤਾ ਦਈ ਨ ਸਭਿ ਸੁਖਦਾਇ-।
ਸੋ ਸਿਮਰਨ ਕਰਿ ਜਹਾਂਗੀਰ ਉਰ
ਬੋਲਜੋ ਸਭਿ ਸੋਂ ਦੀਨਿ ਸੁਨਾਇ ॥੨॥
'ਸ਼੍ਰੀ ਨਾਨਕ ਘਰ ਕੇ ਹਮ ਸੇਵਕ
ਕਿਮ ਸ੍ਵਾਮੀ ਕੋ ਕਰਿ ਹੈਂ ਨਜਾਇ।
ਸ਼੍ਰੀ ਸਤਿਗੁਰ ਹੀ ਕਰਹਿਂ ਨਿਬੇਰਨਿ
ਇਹੀ ਭਾਵਨਾ ਰਿਦੈ ਬਸਾਇ।
ਘਟਿ ਘਟਿ ਮਹਿਂ ਸਭਿ ਅੰਤਰਿਜਾਮੀ,
ਸੁਨਹਿ ਪੁਕਾਰ, ਨ ਬਿਰਥੀ ਜਾਇ।
ਸ਼੍ਰੀ ਗੁਰ ਰਾਮਦਾਸ ਨੇ ਆਪਹਿ
ਲਖਿ ਲਾਯਕ ਲਘੁ ਸੁਤ ਬੈਠਾਇ ॥੩॥
ਤਿਨ ਕੀ ਕਰੀ ਨ ਮੇਟਹਿਂ ਹਮ ਕਿਮ[1]
ਜਿਮ ਜੀਵਤਿ ਹੀ ਗਏ ਨਿਬੇਰ।
ਗੁਰਤਾ ਉਚਿਤ ਤੋਹਿ ਕੋ ਦੇਖਤਿ
ਦੇਤਿ ਭਲੇ, ਨ ਹੁਤੋ ਕੁਛ ਬੈਰ।
ਕਰਿ ਸੰਤੋਖ ਨੰਮ੍ਰਿ ਚਿਤ ਹੋਵਹੁ
ਉਚਿਤ ਤੁਮਹੁ ਤਿਹ[1] ਲਾਗਹੁ ਪੈਰ।

[1]ਕਿਵੇਂ ਬੀ।

[1]ਭਾਵ ਗੁਰੂ ਅਰਜਨ ਜੀ ਦੇ।

ਗੁਨ ਮਹਿਂ ਬਡੋ, ਬਡੋ ਸੋ ਜਾਨੋ,
ਲਘੁ ਗੁਣ ਮਹਿਂ ਤਿਹ ਲਘੁ ਹੀ ਹੇਰ ॥੪॥
ਗਜ ਦੀਰਘ ਲਘੁ ਸ਼ੇਰ ਹੇਰੀਯਤਿ,
ਮ੍ਰਿਗਪਤਿ ਨਾਮ ਅਧਿਕ ਗੁਨ ਜਾਨਿ[1]। [1]ਹਾਥੀ ਬੜਾ ਤੇ ਸ਼ੇਰ ਛੋਟਾ ਦੇਖੀਦਾ ਹੈ ਪਰ ਸ਼ੇਰ ਦਾ ਨਾਮ ਮਿਗਪਤਿ ਗੁਣ ਦੇ ਵਾਧਾ ਕਰਿ ਹੀ ਜਾਣੋ।
ਫਟਕ[1] ਬਡੋ ਨਹਿਂ ਗ੍ਰਹਨ ਕਰਹਿ ਕੋ, [1]ਬਿਲੌਰ।
ਹੀਰਾ ਉੱਜਲ ਲੇ ਹਿਤ ਠਾਨਿ।
ਸੰਖ ਅਸੰਖ[1] ਨ ਪਹਿਰਹਿ ਕੋਊ [1]ਸੰਖ ਬੇਗਿਣਤ ਹਨ।
ਮੁਕਤਾ ਦਿਪਤਿ ਬਿਭੂਖਨਿ ਥਾਨਿ[1]। [1]ਪਰ ਮੋਤੀ ਪਕ ਸ਼ਦ ਹਨ ਗਹਿਣਿਆਂ ਦੇ ਥਾਂ ਵਿਚ।
ਪੀਤਰ ਪਰਹਰਿ ਹੋਹਿ ਘਨੇਰੋ[1] [1]ਪਿੱਤਲ (ਭਾਵੇਂ) ਬਹੁਤਾ ਹੋਵੇ ਉਸ ਨੂੰ ਦੂਰ ਸੁਟਦੇ ਹਨ।
ਕੰਚਨ ਥੋਰ ਧਰਹਿਂ ਨਿਜ ਪਾਨ ॥੫॥
ਗੁਨ ਤੇ ਬਡੋ ਇਸੀ ਤੇ ਜਾਨਹੁ
ਪਿਤਾ ਤੁਮਾਰੇ ਪਰਖਨਿ ਕੀਨਿ।
ਅਪਰ ਨ ਤਿਨਹੁ ਸਮਾਨ ਜੌਹਰੀ,
ਅਲਪ ਬਿਸਾਲ ਲੇਤਿ ਸ਼ੁਭ ਚੀਨਿ।
ਕਰੀ ਤਿਨਹੁ ਕੀ ਹਮ ਕਿਮ ਮੇਟਹਿਂ
ਮਹਾਂਪੁਰਖ ਗੁਨ ਗਨ ਮਹਿਂ ਪੀਨਿ।
ਜਿਨ ਕੌ ਨਮਸਕਾਰ ਨਿਤ ਕਰਨੀ
ਕਿਮ ਸਮਤਾ ਚਾਹੈ ਜੁ ਪ੍ਰਬੀਨ[1]' ॥੬॥ [1]ਜੋ ਚਤਰ ਹੈ।
ਪ੍ਰਿਥੀਆ ਸੁਨਿ ਹਜ਼ਰਤ ਕੇ ਬਾਕਨਿ
ਤਪਤਜੋ ਚਿਤ ਮਹਿਂ ਅਤਿ ਦੁਖ ਪਾਇ।
ਕਹਨਿ ਲਗਜੋ 'ਮੈਂ ਲਰ ਕੈ ਨਿਕਸਜੋ
ਅਬਿ ਕੈਸੇ ਕਰਿ ਤਿਸ ਥਲ ਜਾਇ।
ਕੋ ਮੁਖ ਲੇ ਕਰਿ ਤਿਸ ਦਿਖਰਾਵੌਂ
ਨਹੀਂ ਮਿਲੌ ਮੈਂ ਕਿਸੀ ਉਪਾਇ।
ਕਰੋ ਧਕੇਲਨਿ ਦੇਤਿ ਨਜਾਉਂ ਨਹਿਂ
ਤੌ ਮੇਰੋ ਕੁਛ ਬਸ ਨ ਬਸਾਇ[1]' ॥੭॥ [1]ਦਾਰਾ ਨਹੀਂ।
ਜਹਾਂਗੀਰ ਪ੍ਰਿਥੀਏ ਕੀ ਸੁਨਿ ਕਰਿ
ਪੁਨ ਬੋਲਜੋ 'ਕਜੋਂ ਤੂੰ ਤਪਤਾਇ?
ਪਿਤ ਪ੍ਰਸੰਨ ਕਰਿ ਤਿਸ ਨੇ ਲੀਨਸਿ

ਕਜੋਂ ਤੇਰੇ ਉਰ ਦਾਹ[1] ਲਗਾਇ।
ਸੇਵਾ ਕਰੀ ਨ ਅਪਨਿ ਬਡਨਿ ਕੀ
ਅਬਿ ਕਜਾ ਹੁਇ, ਠਾਨੈਂ ਜਿ ਉਪਾਇ।
ਲਗਹੁ ਪਾਇ ਤਿਸ, ਕਰਹੁ ਗੁਜ਼ਾਰਾ,
ਮੈਂ ਨਿਜ ਹੁਕਮ ਨ ਤਹਾਂ ਅਲਾਇ'
॥੮॥
ਇਮ ਕਰਿ ਕ੍ਰੋਧ ਸ਼ਾਹੁ ਨੇ ਭਾਖੀ
ਅਪਰ ਖਜਾਲ ਪੁਨਿ ਦ੍ਰਿਸ਼ਟਿ ਲਗਾਇ।
ਇਸ ਕੀ ਦਿਸ਼ਿ ਨਹਿਂ ਮੁਖ ਕੋ ਕੀਨਸਿ
ਬੈਠਜੋ ਤਬ ਹੀ ਗ੍ਰੀਵ ਨਿਵਾਇ।
ਕਿਸ ਕੀ ਦਿਸ਼ਿ ਦੇਖਤਿ ਨਹਿਂ, ਰਿਸ
ਉਰ,
ਬ੍ਰੀੜਾ[1] ਬਡੀ ਬਹੁਰ ਉਪਜਾਇ।
ਚਿਤ ਮਹਿਂ ਚਿਤਵਤਿ ਚਿੰਤਾ ਅਤਿਸ਼ੈ
ਪਸ਼ਚਾਤਾਪ ਅਧਿਕ ਹੀ ਪਾਇ ॥੯॥
ਅਵਨੀ ਖਨਤਿ ਨਖਨਿ ਸੋਂ, ਝੂਰਤਿ,
ਦੁਖ ਪਾਵਤਿ ਕੁਛ ਬੋਲ ਸਕੈ ਨ।
ਕਿਤਿਕ ਕਾਲ ਬੈਠਜੋ ਮੁਰਝਾਵਤਿ
ਪੁਨਿ ਗਮਨੇ ਸਭਿ ਨਿਜ ਨਿਜ ਐਨ।
ਡੇਰੇ ਮਹਿਂ ਪ੍ਰਿਥੀਆ ਚਲਿ ਆਯਹੁ
ਪਰਜੋ ਆਇ[1] ਨਹਿਂ ਬੋਲਤਿ ਬੈਨ।
ਬਦਨ ਛਾਦਿ ਕਰਿ ਲੇ ਬਡ ਸ੍ਵਾਸਨਿ
ਭਰਿ ਭਰਿ ਜਲ ਆਵਤਿ ਜੁਗ ਨੈਨ
॥੧੦॥
ਖਾਨ ਪਾਨ ਨਹਿਂ ਭਾਵਤਿ ਕੈਸੇ
ਚਿੰਤਾ ਮਹਿਂ ਦਿਨ ਰੈਨ ਬਿਹਾਇ†।
ਇਕ ਦ੍ਵੈ ਮਾਸ ਭਏ ਇਸ ਰੀਤਿ ਸੁ
ਨਹੀਂ ਸ਼ਾਹੁ ਨੇ ਯਾਦ ਕਰਾਇ।
ਕਬਹੂੰ ਨਹੀਂ ਬੁਲਾਇ ਪਠਾਯੋ
ਨਹਿ ਸਨਮਾਨਜੋ ਪੁਨਿ ਕਿਸ ਭਾਇ।
ਯਾਂ ਤੇ ਅਧਿਕ ਚਿੰਤ ਮਨ ਠਾਨਤਿ

[1]ਸਾੜ।
[1]ਲੱਜਾ।
[1]ਆਕੇ ਲੰਮਾ ਪੈ ਗਿਆ।
†ਪਾ:-ਬਿਤਾਇ।

ਚਿਤਵਤਿ ਚਿਤ ਮਹਿਂ ਅਨਿਕ ਉਪਾਇ
॥੧੧॥
ਇਕ ਦਿਨ ਸੁਲਹੀ ਕੇ ਸੰਗਿ ਮਿਲ ਕੈ
ਅਪਨੋ ਕਸ਼ਟ ਕਹਜੋ ਤਬਿ ਰੋਇ।
'ਪਾਤਸ਼ਾਹ ਨੇ ਕਛੁ ਨ ਕੀਨਸਿ
ਜਿਸ ਕੀ ਆਸ ਸਦਾ ਥਿਤ ਹੋਇ[1]।
ਅਬਿ ਕਜਾ ਕਰਹਿਂ ਉਪਾਵ ਬਤਾਵਹੁ
ਜਿਸ ਤੇ ਰਹਿ ਆਵੈ ਪਤ ਜੋਇ।
ਕਿਸ ਮਿਸ ਕਰਿ ਦਿੱਲੀ ਤੇ ਨਿਕਸਹਿਂ,
ਰਹਜੋ ਲਾਭ, ਆਗਲ ਹੀ ਖੋਇ[1]†'
॥੧੨॥
ਸੁਲਹੀ ਕਹਜੋ 'ਨ ਬਸ ਕੁਛ ਮੇਰੇ,
ਪਾਤਿਸ਼ਾਹ ਸਮਝਹਿ ਪਖਵਾਨ[1]।
ਮਿਲਹੁ ਦੋਇ ਉਮਰਾਵ ਹੇਰਿ ਕਰਿ
ਇਕ ਕੋ ਨਾਮ ਸੁ ਅਬਦੁਲ ਖਾਨ।
ਦੁਤਿਯ ਮੁਹੰਮਦ ਖਾਨ ਜਾਨੀਅਹਿ
ਕੁਛ ਰਿਸ਼ਵਤ[1] ਦੀਜਹਿ ਤਿਨ ਪਾਨ।
ਕਰਹਿਂ ਸਿਪਾਰਸ਼ ਦੋਨੋਂ ਇਹ ਜਬਿ,
ਸਿੱਧ ਕਾਜ ਅਪਨੋ ਤਬਿ ਜਾਨਿ'
॥੧੩॥
ਸੁਨਿ ਪ੍ਰਿਥੀਏ ਨੇ ਜਤਨ ਸੁ ਠਾਨਜੋ
ਮੁਲਾਕਾਤ ਤਿਨ ਸੋਂ ਠਹਿਰਾਇ।
ਮੁਹਰ ਤੀਨ ਸਤ[1] ਰਿਸ਼ਵਤਿ ਦੀਨਸਿ,
ਦੀਨ ਬਦਨ ਹੁਇ ਬਿਨਤੀ ਗਾਇ।
'ਦੋਇ ਮਾਸ ਕੋ ਅਰਸਾ ਗੁਜ਼ਰਜੋ
ਸ਼ਾਹਿ ਨਹੀਂ ਸਿਮਰਜੋ ਨ ਬੁਲਾਇ।
ਆਯੋ ਨਜਾਉਂ ਲੇਨਿ ਗੁਰਿਆਈ,
ਸੋ ਤੋ ਰਹੀ, ਪ੍ਰਥਮ ਪਤਿ ਜਾਇ[1]
॥੧੪॥
ਅਬਿ ਤੁਮ ਕਹਿ ਸਨਮਾਨ ਕਰਾਵਹੁ
ਬਡੀ ਬਾਤ ਗੁਰਤਾ ਖੁਸਵਾਇ[1]।

[1]ਟਿਕੀ ਹੋਈ ਸੀ।

[1]ਹੋਰ) ਲਾਭ ਹੋਣਾਂ ਤਾਂ ਕਿਤੇ ਰਿਹਾ ਅਗਲਾ ਹੀ ਗੁਆ ਲਿਆ। †ਪਾ:-ਪ੍ਰਥਮ ਜੁ ਲਈ ਖੋਇ।

[1]ਪੱਖੀ।

[1]ਵੱਢੀ [ਫਾ: ਰਿਸ਼ਵਤ]

[1]ਤਿੰਨ ਸੌ।

[1]ਪਹਿਲੀ ਆਬਰੋ ਬੀ ਚਲੀ ਗਈ।

[1]ਵਡੀ ਗੱਲ ਇਹ ਹੈ (ਗੁਰੂ ਅਰਜਨ ਦੀ) ਗੁਰਤਾ ਖੁਹਾਵੋ।

ਆਪ ਸ਼ਾਹੁ ਕਹਿ ਮੋਹਿ ਬਿਠਾਵਹਿ,
ਇਮ ਤੋ ਕਾਰਜ ਸਿਧ ਹੁਇ ਜਾਇ।
ਨਾਂਹਿ ਤ ਗ੍ਰਾਮ ਦੇਹਿ ਕਰਿ ਆਦਰ
ਤਹਾਂ ਬਸੌਂ ਜਹਿਂ ਸ਼ਾਹਿ ਬਸਾਇ।
ਇਮ ਭੀ ਰਹਿ ਆਵਤਿ ਹੈ ਮੇਰੀ,
ਇਹ ਉਪਕਾਰ ਕਰਹੁ ਚਿਤ ਲਾਇ ॥੧੫॥
ਫੇਰਿ ਸਦਾ ਮੈਂ ਤੁਮ ਕੋ ਦੇਵੌਂ
ਗੁਰ ਘਰ ਕੋ ਜਸ ਹੁਇ ਸਿਰੁਪਾਇ[1]। — [1]ਜਿਵੇਂ ਹੁੰਦਾ ਹੈ ਸਿਰੋਪਾਉ।
ਕਰਹੁ ਖੁਦਾਇ ਰਾਹ ਇਹ ਕਾਰਜ,
ਬਡੋ ਸਬਾਬ[1] ਹੋਇ ਸੁਖਦਾਇ। — [1]ਪੁੰਨ [ਫਾ: ਸਵਾਬ]
ਚਾਤੁਰਤਾ ਜੁਤ ਹਜ਼ਰਤ ਫੇਰਹੁ
ਲਖਹਿ ਨ ਜਿਸ ਤੇ[1], ਲੇਹੁ ਮਨਾਇ। — [1]ਜਿਸ ਕਰ ਜਾਣੇ ਨਹੀਂ।
ਸੁਮਤਿਵੰਤਿ ਇਹ ਪੱਖੀ ਪਰਖਹਿ
ਸੁਲਹੀ ਕੋ ਪਰਖਯੋ ਜਿਸ ਭਾਇ[1]' ॥੧੬॥ — [1]ਇਹ ਸੁਮਤ ਵਾਲਾ (ਬਾਦਸ਼ਾਹ) ਪੱਖੀਆਂ ਨੂੰ ਪਰਖ ਲੈਂਦਾ ਹੈ ਜਿਸ ਤਰ੍ਹਾਂ ਸੁਲਹੀ ਨੂੰ ਪਰਖ ਲਿਆ ਹੈ। ਭਾਵ ਇਸ ਤਰ੍ਹਾਂ ਗੱਲ ਕਰੋ ਜਿਸ ਤਰ੍ਹਾਂ ਬਾਦਸ਼ਾਹ ਤੁਹਾਨੂੰ ਮੇਰਾ ਪੱਖੀ ਨਾ ਜਾਣੇ।

ਉਮਰਾਵਨਿ ਸੁਨਿ ਖਾਤਰ ਕੀਨਸਿ
'ਹਮ ਹਜ਼ਰਤ ਕੋ ਲਖਹਿਂ ਸੁਭਾਇ।
ਇਸ ਬਿਧਿ ਕਹਹਿਂ ਨ ਜਾਨਹਿ ਮਨ ਮੈਂ[1] — [1]ਕਹਾਂਗੇ ਕਿ (ਬਾਦਸ਼ਾਹ) ਮਨ ਵਿਚ ਨਹੀਂ ਜਾਣ ਸਕੇਗਾ (ਸਾਨੂੰ ਤੇਰਾ ਪੱਖੀ)।
ਅਰੁ ਤੇਰੋ ਕਾਰਜ ਬਨ ਜਾਇ।
ਨਜਾਉਂ ਬਿਚਾਰਤਿ ਬਹੁਤ ਬੇਰ ਲਗਿ
ਦੇਸ਼ ਬਿਖੈ ਹੋਇ ਨ ਕੁਨਿਆਇ।
ਰੰਕ ਧਨੀ ਨਰ ਨਾਰਿ ਨੀਚ ਉਚ
ਸਭਿ ਕੀ ਆਪ ਸੁਨਹਿ ਚਿਤ ਲਾਇ ॥੧੭॥
ਗ੍ਰਾਮ ਦੇਨਿ ਤੋ ਮਾਨਿ ਲੇਹਿਗੋ
ਗਾਦੀ ਦੇਨਿ ਬਿਖੈ ਸੰਦੇਹਿ।
ਨਿਰਨੇ ਨੀਕੇ ਨਜਾਉਂ ਨਿਬੇਰਹਿ
ਤਿਸ ਤੇ ਤੁਝੇ ਨ ਪਹੁੰਚਹਿ ਕੇਹ[1]। — [1]ਜੇ) ਨਿਰਨੇ ਕਰਕੇ ਠੀਕ ਨਿਆਉਂ ਦਾ ਨਿਬੇੜਾ

ਕਰੇਗਾ ਤਾਂ ਉਸ ਨਾਲ ਤੈਨੂੰ ਕੁਛ ਨਹੀਂ ਪ੍ਰਾਪਤ ਹੋਵੇਗਾ।

ਪਿਤਾ ਪ੍ਰਬੀਨ ਪ੍ਰਸੰਨ ਹੋਇ ਕਰਿ
ਲਘੁ ਸੁਤ ਕੋ ਦੀਨਸਿ ਕਰਿ ਨੇਹ।
ਨਜਾਉਂ ਕਰਤਿ ਨਹਿਂ ਸੁਨਹਿਂ ਸਿਪਾਰਸ਼,
ਜਥਾ ਜੋਗ ਮਹਿਂ ਪ੍ਰੀਤਿ ਕਰੇਹਿ[1] ॥੧੮॥

[1]ਭਾਵ ਜੋ ਗੱਲ ਠੀਕ ਹੈ ਉਸ ਨਾਲ ਪ੍ਰੀਤ ਕਰਦਾ ਹੈ।

ਨਜਾਉਂ ਕਰਨਿ ਕੀ ਬਾਤ ਸੁਨਾਵਹਿਂ,
ਗੁਰਨੰਦਨ! ਸੁਨਿ ਦੇਕਰਿ ਕਾਨਿ[1]।
ਘੰਟਾ ਸਿਰ ਪਰ ਲਰਕਤਿ ਨਿਸ ਦਿਨ
ਰਹਿ ਬਜਾਰ ਮਹਿਂ ਰਜੁ ਮਹਾਨ[1]।
ਇਕ ਦਿਨ ਜਲ ਪਾਖਰ[1] ਕਉ ਲਾਦੇ
ਬ੍ਰਿਖਭ[1] ਅਗਾਰੀ ਕਰਤਿ ਪਯਾਨ।
ਜਲ ਦਾਨੀ[1] ਤਿਹ ਪੀਛੇ ਹਾਂਕਤਿ
ਚਲਤਿ ਚਲਤਿ ਆਏ ਤਿਸ ਥਾਨ ॥੧੯॥

[1]ਅਗੋਂ ਜਹਾਂਗੀਰ ਦੇ ਨਿਆਂ ਦੇ ਹਾਲ ਸੁਣਾਉਂਦੇ ਹਨ।
[1]ਲੰਬੀ ਰਸੀ ਬਜ਼ਾਰ ਵਿਚ ਰਹਿੰਦੀ ਹੈ।
[1]ਜਲ ਦੀਆਂ ਮਸ਼ਕਾਂ, ਪਖਾਲਾਂ।
[1]ਬੈਲ।
[1]ਮਾਸ਼ਕੀ।

ਬ੍ਰਿਖਭ ਚਰਨ ਸੋਂ ਰੱਜੁ ਲਾਗੀ
ਐਂਚੀ ਗਈ ਸੁ ਘੰਟਾ ਹਾਲਿ[1]।
ਬਾਜਤਿ ਨਾਦ ਭਯੋ ਤਿਸ ਕੇਰਾ
ਹਜ਼ਰਤ ਬੈਠਯੋ ਤਰੇ ਕ੍ਰਿਪਾਲ[1]।
ਸੁਨਤਿ ਸ਼ਬਦ ਕੋ ਕਹਯੋ -ਲੇਹੁ ਸੁਧਿ-
ਦੌਰੇ ਮਾਨਵ ਗਨ ਤਤਕਾਲ।
ਖੋਜਨਿ ਲਗੇ ਬਿਲੋਕਯੋ ਨਹਿਂ ਸੋ[1],
ਇਤ ਉਤ ਬੂਝਤਿ ਭੇ ਨਰ ਜਾਲ ॥੨੦॥

[1]ਹਿੱਲ ਪਿਆ।
[1]ਕ੍ਰਿਪਾਲੂ ਬਾਦਸ਼ਾਹ ਹੇਠ ਬੈਠਿਆ ਸੀ।
[1]ਭਾਵ ਘੰਟਾ ਹਿਲਾਉਣ ਵਾਲਾ।

ਇਕ ਨੇ ਕਹਯੋ -ਬ੍ਰਿਖਭ ਪਗ ਲਾਗਯੋ
ਰੱਜੁ ਚਲਿ ਘੰਟਾ ਠਣਕਾਰ-।
ਸੁਨਿ ਹਜ਼ਰਤ ਕੋ ਸੁਧਿ ਕਰਿ ਦੀਨਸਿ-
ਨਹਿਂ ਕਿਸ ਨਰ ਨੇ ਕੀਨਿ ਪੁਕਾਰ।
ਜਲ ਦਾਨੀ ਕੇ ਬੈਲ ਚਰਨ ਲਗਿ
ਹਾਲ ਗਯੋ ਉਠਿ ਨਾਦਿ ਉਦਾਰ।

ਜਥਾ ਜੋਗ ਤੁਮ ਪ੍ਰਜਾ ਬਸਹਿ ਸੁਖ
ਨਿਬਲ ਸਬਲ ਸਭਿ ਹੁਇ ਇਕਸਾਰ-
॥੨੧॥
ਜਹਾਂਗੀਰ ਨੈ ਪੁਨਹਿ ਪਠਾਏ
-ਆਨਹੁ ਬ੍ਰਿਖਭ ਲਦਜੋ ਤਿਸੁ ਭਾਂਤਿ।
ਜਿਮ ਗਮਨਤਿ ਪਗ ਰਜੁ ਐਂਚਲੀ[1] — [1]ਖਿੱਚ ਲਈ।
ਦੁਖਤਿ ਪੁਕਾਰ ਕਰੀ ਜਿਮ ਜਾਤਿ[1]। — [1]ਜਾਂਦਿਆਂ।
ਬਿਨ ਦੁਖ ਮਮ ਘੰਟਾ ਨ ਹਿਲਾਵਤਿ
ਕਰਹੁਂ ਨਜਾਉਂ ਤਿह ਪਿਖਿ ਬਿਰਤਾਂਤ-।
ਮਤਿ ਬਿਸਮਤਿ ਨਰ ਗਏ ਦੌਰ ਕਰਿ
ਜਹਾਂ ਬੈਲ ਅਰ ਥੋ ਜਲਦਾਤ[੪] ॥੨੨॥
ਤਿਸੀ ਰੀਤਿ ਸੋਂ ਬ੍ਰਿਖਭ ਲਦਾਯੋ
ਹਾਂਕਹਿ ਪਾਛੇ ਗਮਨਜੋ ਸੋਇ।
ਆਨਜੋ ਪਾਤਸ਼ਾਹ ਜਹਿਂ ਬੈਠਜੋ,
ਸਭਾ ਲਗੀ ਦੇਖਤਿ ਸਭਿ ਕੋਇ।
ਹਜ਼ਰਤ ਕਹਜੋ -ਬੈਲ ਕੋ ਹਕ ਹੈ
ਲਈ ਉਠਾਇ ਪਖਾਲੈਂ ਦੋਇ।
ਬਹੁਰ ਤੀਸਰੀ ਲਾਦਨਿ ਕੀਨਸਿ
ਇਹ ਅੱਨਜਾਇ ਇਸੀ ਸੰਗਿ ਹੋਇ
॥੨੩॥
ਯਾਂ ਤੇ ਮਮ ਘੰਟਾ ਠਣਕਾਰਜੋ,
ਹੋਇ ਦੁਖੀ ਇਮ ਕੀਨਿ ਪੁਕਾਰ।
ਅਬਿ ਤੇ ਆਗੇ ਸਭਿ ਬ੍ਰਿਖਭਨਿ ਕੋ
ਲਾਦਹੁ ਦੋਖਿ ਪਖਾਲੈਂ ਭਾਰ[1]। — [1]ਕੇਵਲ) ਦੋ ਮਸ਼ਕਾਂ ਦਾ ਭਾਰ।
ਬਹੁਰ ਤੀਸਰੀ ਧਰਹਿ ਜੁ ਊਪਰਿ
ਹੋਹਿ ਗੁਨਾਹੀ ਕੈਦ ਮਝਾਰ।
ਸਭਿਹਿਨਿ ਕਹੁ ਇਮ ਸੁਧਿ ਕਰਿ ਦੀਜੈ
-ਸ਼ਾਹੁ ਕੀਨਿ ਤਬਿ ਹੁਕਮ ਉਚਾਰ
॥੨੪॥
ਬਡ ਧਰਮੱਗਜ ਨਜਾਉਂ ਜਹਿਂ ਪਸ਼ੁਯਨਿ[1] — [1]ਜਿਸ ਨੇ ਪਸ਼ੂਆਂ ਦਾ ਨਿਆਉਂ ਕੀਤਾ।
ਮਾਨੁਖ ਕੀ ਤੌ ਕਜਾ ਹੈ ਬਾਤ'[†]। — [†]ਕਵੀ ਜੀ ਨੂੰ ਪੂਰਾ ਪਤਾ ਨਹੀਂ ਲੱਗਾ। ਵੇਖੋ ਰਾਸ ੪ ਅੰਸੂ ੩੭ ਦੇ ਅੰਕ ੪੮ ਦੀ ਹੇਠਲੀ ਟੂਕ।

ਇਮ ਸੁਨਿ ਪ੍ਰਿਥੀਆ ਦੁਖਤਿ ਭਯੋ ਉਰ
ਗੁਰਤਾ ਆਸ ਤਜਾਗ ਪਛੁਤਾਇ।
-ਇਸ ਢਿਗ ਜਤਨ ਹੋਇ ਨਹਿਂ ਸਕਿਯਤਿ
ਮਤਿ ਸੂਖਮ[1] ਨਿਰਨੈ ਅਵਦਾਤਿ।

[1]ਸੂਖਮ ਮਤ ਨਾਲ ਸਾਫ ਨਿਰਨੇ ਕਰਦਾ ਹੈ। [ਸੰਸ: ਅਵਦਾਤ = ਸਾਫ, ਨਿਰੋਲ਼]

ਤਉ ਗ੍ਰਾਮ ਦੇ ਆਦਰ ਠਾਨਹਿਂ
ਇਸ ਮਹਿਂ ਭੀ ਮਮ ਪਤਿ ਰਹਿ ਜਾਤਿ-
॥੨੫॥
ਲੇ ਰਿਸ਼ਵਤ ਹਜ਼ਰਤ ਢਿਗ ਗਮਨੇ
ਸੁਲਹੀ ਅਪਨੇ ਸੰਗਿ ਮਿਲਾਇ।
ਕਹਿ ਕਰਿ ਪ੍ਰਿਥੀਆ ਨਿਕਟ ਹਕਾਰਜੋ
ਲਗੇ ਤਾਰੀਫ ਕਰਨਿ ਸਮੁਦਾਇ।
'ਪ੍ਰਥਮ ਭਏ ਸ਼੍ਰੀ ਨਾਨਕ ਇਨ ਕੇ
ਹਿੰਦੂ ਤੁਰਕ ਮੁਰੀਦ ਬਨਾਇ।
ਰਾਮਦਾਸ ਗੁਰ ਤਿਨ ਗਾਦੀ ਪਰ
ਬੈਠੇ ਸੁਜਸੁ ਜਗਤ ਪਰਛਾਇ ॥੨੬॥
ਗੁਰ ਘਰ ਸਾਗਰ ਸਮਸਰ ਡਰਹਰਿ[1]

[1](ਜਮਾਂ ਦੇ) ਡਰ ਨੂੰ ਦੂਰ ਕਰਨ ਵਾਲਾ ਗੁਰੂ ਦਾ ਘਰ ਸਮੁੰਦਰ ਸਮ ਹੈ। (ਅ) (ਭੈ) ਸਾਗਰ (ਸੰਸਾਰ) ਵਿਚ (ਡਰ ਹਰਿ =) ਅਭੈ (ਸਾਗਰ) ਗੁਰੂ ਕਾ ਘਰ ਹੈ। (ੲ) ਗੁਰੂ ਘਰ ਰੂਪੀ ਸਾਗਰ ਵਿਚ ਪ੍ਰਿਥੀਆ ਰੂਪੀ ਚੰਦ੍ਰਮਾਂ ਡਲ੍ਹਕਾਂ ਮਾਰ ਰਿਹਾ ਹੈ।

ਪ੍ਰਿਥੀਚੰਦ ਭਾ ਚੰਦ ਮਨਿੰਦ।
ਦੇਸ਼ ਬਿਦੇਸ਼ਨਿ ਕੇ ਨਰ ਮਾਨੈਂ
ਸੀਸ ਨਿਵਾਇ ਚਰਨ ਅਰਬਿੰਦ।
ਅਜ਼ਮਤ ਕਰਿ ਤਿਨ ਹੋਤਿ ਸਹਾਇਕ
ਸੁਜਸ ਬਿਲੰਦ ਕਰਹਿਂ ਨਰ ਬ੍ਰਿੰਦ।
ਸ਼੍ਰੀ ਨਾਨਕ ਕੀ ਜੋਤਿ ਇਨਹੁਂ ਮਹੁਂ
ਜਾਨੀ ਪਰਹਿ ਗੁਨਹਿ ਬਖਸ਼ਿੰਦ[1]
॥੨੭॥

[1]ਗੁਨਾਹਾਂ ਦੇ ਬਖਸ਼ਾਉਣੇ ਵਾਲੀ।

ਸਨਮਾਨਤਿ ਪਤਿਸ਼ਾਹ ਰਹੇ ਸਭਿ,
ਇਹ ਚਲਿ ਕਰਿ ਆਯਹੁ ਤੁਮ ਦ੍ਵਾਰ।
ਨਜਾਉਂ ਨਿਬੇਰਨਿ ਕੀਜਹਿ ਨੀਕੇ

ਕਰੋ ਬਿਦਾ ਦੇ ਕਰਿ ਉਪਹਾਰ।
ਨਾਂਹਿ ਤ ਮਹਿਮਾ ਇਸ ਘਟਿ ਜਾਵਹਿ,
ਸਿੱਖ ਤਜਹਿਂ ਨਹਿਂ ਕਰਹਿਂ ਜੁਹਾਰ।
ਇਹ ਭੀ ਪੁੰਨ ਆਪ ਕੇ ਘਰ ਕੋ
ਕਰਹਿ[1] ਖੁਦਾਇ ਬੰਦਗੀਚਾਰੁ ॥੨੮॥ — [1]ਕਰੇਗਾ (ਪ੍ਰਿਥੀਆ)।
ਜਥਾ ਜੋਗ ਬੈਠਾਵਨਿ ਕਰਿਯਹਿ
ਮਾਨਵ ਲਾਖਹੁਂ ਮਾਨਹਿਂ ਯਾਂਹਿ।
ਪਰੰਪਰਾ[1] ਇਹ ਗੁਰ ਕੇ ਘਰ ਕੀ — [1]ਆਦ ਤੋਂ ਚਲੀ ਆਂਵਦੀ ਮ੍ਰਿਯਾਦਾ।
ਨਿਸ਼ਚਲ ਰਾਖਹੁ ਮਿਟਹਿ ਜੁ ਨਾਂਹਿ।
ਰਾਵਰਿ ਕੀ ਕੀਰਤਿ ਜਗ ਬਿਥਰਹਿ
ਅਧਿਕ ਭਲਾ ਹੋਵੈ ਦਰਗਾਹਿ।'
ਜਹਾਂਗੀਰ ਨੇ ਸੁਨਿ ਪਹਿਚਾਨੀ
-ਰਿਸ਼ਵਤ ਲਈ ਇਨਹੁ[1] ਇਸ ਪਾਹਿ ॥੨੯॥ — [1]ਭਾਵ ਉਮਰਾਵਾਂ ਨੇ।
ਪ੍ਰਥਮ ਨ ਪ੍ਰਿਥੀਏ ਕੀ ਕੁਛ ਭਾਖੀ
ਆਜ ਤਰੀਫ ਕਰਤਿ ਛਲ ਸੰਗਿ।
ਦੇ ਕਰਿ ਦਰਬ ਬਿਗਾਰਤਿ ਲੋਕਨਿ
ਭਰਯੋ ਖੁਟਾਈ ਸੰਗ ਕੁਢੰਗ[1]। — [1]ਖੋਟੀ ਤਰ੍ਹਾਂ (ਪ੍ਰਿਥੀਆ)।
ਗੁਰਤਾ ਕੋ ਅਧਿਕਾਰ ਨ ਇਸ ਕੋ
ਗਯਾਨ ਆਦਿ ਗੁਨ ਨਹਿਂ ਸ਼ੁਭ ਅੰਗ।
ਤਉ ਗੁਰੂ ਕੋ ਨੰਦਨ ਹੋਯਹੁ-
ਇਮ ਬਿਚਾਰ ਚਹਿ ਮਾਨ ਉਤੰਗ[1] ॥੩੦॥ — [1]ਭਾਵ (ਗੁਰੂ ਘਰ ਦਾ) ਮਾਨ ਉੱਚਾ ਰੱਖਣਾ ਚਾਹੁੰਦਾ ਹੈ।
ਬੋਲਯੋ ਜਹਾਂਗੀਰ 'ਲਿਹੁ ਗ੍ਰਾਮਹਿ
ਮੈਂ ਅਪਨੀ ਦਿਸ਼ਿ ਤੇ ਇਹ ਦੀਨਿ।
ਕਰਹੁ ਧਾਮ ਤਹਿਂ ਬੈਠਿ ਕੁਟੰਬ ਜੁਤ
ਸ਼੍ਰੀ ਅਰਜਨ ਢਿਗ ਜਾਹੁ ਨ, ਚੀਨ।
ਲਵਪੁਰਿ ਕੋ ਹਮ ਜਬਿ ਚਲਿ ਆਵਹਿਂ
ਜੁਗ ਭ੍ਰਾਤਨਿ ਤੇ ਸੁਨਹਿਂ ਜੁ ਕੀਨਿ।
ਅਬਿ ਤੇ ਦ੍ਵੈਸ਼ ਨ ਠਾਨਹੁਂ ਤਿਨ ਸੰਗ,
ਨਿਜ ਗੁਜ਼ਾਰਨ ਹਮਹੁ ਤੇ ਲੀਨਿ'

॥੩੧॥
ਇਮ ਕਹਿ ਪਟਾ ਲਿਖਾਇ ਬਿਦਾ ਕਿਯ
'ਮਿਲਹੁ ਹਮੈਂ ਜਬਿ ਲਵਪੁਰਿ ਆਇ।'
ਕੁਛਕ ਹਰਖ ਕਰਿ ਪ੍ਰਿਥੀਆ ਆਯਹੁ
ਦਿੱਲੀ ਨਗਰੀ ਤੇ ਨਿਕਸਾਇ।
ਗਮਨਤਿ ਦੇਸ਼ ਮਾਲਵੇ ਪ੍ਰਾਪਤਿ[1],
ਤਹਾਂ ਗ੍ਰਾਮ ਲੀਨਸਿ ਹਰਖਾਇ।
ਸੀਸ ਨਿਵਾਵਤਿ ਆਦਿਕ ਪ੍ਰਿਥੀਆ
ਸੁੰਦਰ ਕੋਠਾ ਲੀਨਿ ਬਨਾਇ[1] ॥੩੨॥

[1]ਮਾਲਵੇ ਦੇਸ਼ ਪਹੁੰਚਿਆ।

[1]ਸੁੰਦਰ ਕੋਠਾ (ਮੰਦਰ) ਬਣਾਇਆ ਤੇ ਪ੍ਰਿਥੀਆ ਆਦਿਕ (ਉਸ ਦੇ ਸੰਗੀ) ਉਸ ਨੂੰ ਮੱਥਾ ਟੇਕਦੇ ਹਨ (ਜਿਵੇਂ ਸ੍ਰੀ ਦਰਬਾਰ ਸਾਹਿਬ ਨੂੰ ਗੁਰੂ ਅਰਜਨ ਜੀ ਤੇ ਸੰਗਤਾਂ ਨਿਵਾਂਵਦੇ ਸਨ)। (ਅ) ਆਦਿਕ = ਪਹਿਲਿਆਂ ਨੂੰ ਭਾਵ ਪਹਿਲਿਆਂ ਚਹੁੰ ਗੁਰੁ ਸਾਹਿਬ ਨੂੰ ਸੀਸ ਨਿਵਾਕੇ ਕੋਠਾ ਬਣਾ ਲਿਆ।

ਤਿਸ ਕੀ ਸੰਗਜਾ ਤੇਸੋ ਕਹੀਅਹਿ
ਸੋਢੀ ਕੋਠੇ ਕੇ[1] ਬਿਦਤਾਇ।
ਇਸਤ੍ਰੀ ਪੁੱਤ੍ਰ ਬਸਾਇ ਹਰਖ ਜੁਤਿ
ਅਪਨੀ ਪੂਜਾ ਬੈਠਿ ਕਰਾਇ।
ਥੋਰੀ ਸੰਗਤਿ ਆਵਤਿ ਚਲਿ ਕਰਿ
ਦੇਤਿ ਉਪਾਇਨ ਕੁਛਕ ਚਢਾਇ।
ਕਰਿ ਗੁਜ਼ਰਾਨਿ ਬਿਤਾਇ ਸਮੋ ਨਿਜ
ਪਟਬੀਜਨ ਸਮ ਚਮਕ ਦਿਖਾਇ
॥੩੩॥

[1]ਸੋਢੀਆਂ ਦਾ ਕੋਠਾ।

ਦੋਹਰਾ:
ਜਤਨ ਠਾਨਿ ਬਿਧਿ ਅਨਿਕ ਕੇ, ਹਾਰ
ਪਚਜੋ[1] ਦੁਖ ਪਾਇ।
ਸਮੁਤਾ ਚਹਿ ਜਗਨਾਥ ਸੋਂ[1], ਕਜੋਂ ਕਰਿ
ਪਹੁੰਚਜੋ ਜਾਇ ॥੩੪॥

[1]ਖਪ ਗਿਆ।

[1]ਭਾਵ ਗੁਰੂ ਅਰਜਨ ਜੀ ਦੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਆ ਰਾਸੇ 'ਪ੍ਰਿਥੀਆ ਕੋਠਾ ਪਾਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਠਾਕੁਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਇਮ ਪ੍ਰਸੰਗ ਰਿਸ ਢੰਗ ਕੋ[1], ਪ੍ਰਿਥੀਏ ਕਿਯੋ ਨਿਸੰਗ।
ਰੰਗ ਰੰਗ ਕੀ ਕਥਾ ਅਬਿ, ਗੁਰ ਕੀ ਸੁਨਿ ਹਿਤ ਸੰਗ ॥੧॥

[1]ਗੁੱਸੇ ਦੇ ਢੰਗ ਦਾ ਇਸ ਤਰ੍ਹਾਂ ਦਾ ਪ੍ਰਸੰਗ।

ਹਾਕਲ ਛੰਦ:

ਸ੍ਰੀ ਸਤਿਗੁਰ ਅਰਜਨ ਪਾਛੇ[1]।
ਬਹੁ ਕਰੇ ਉਛਾਹ ਸੁ ਆਛੇ।
ਸੁਤ ਜਨਮ ਨਵੋ ਜਨੁ ਹੋਵਾ।
ਦੁਖ ਬਿਘਨ ਬ੍ਰਿੰਦ ਕੋ ਖੋਵਾ ॥੨॥

[1]ਗੁਰੂ ਅਰਜਨ ਜੀ ਦੇ ਪਿਛੋਂ।

ਬਹੁ ਦਾਨ ਦੀਨਿ ਕਰਿ ਪ੍ਰੇਮਾ।
ਅਭਿਲਾਖਿ ਪੁੱਤ੍ਰ ਕੀ ਛੇਮਾ।
ਮੁਖ ਮੰਡਲ ਸੁੰਦਰ ਚੰਦੂ।
ਪਿਖਿ ਹਰਖਤਿ ਆਨੰਦ ਕੰਦੂ[1] ॥੩॥

[1]ਭਾਵ ਗੁਰੂ ਅਰਜਨ ਜੀ।

ਦ੍ਰਿਗ ਦਲ ਬਿਲੰਦ ਅਰਬਿੰਦੂ[1]।
ਦੁਤਿ ਕਲਿਕਾ ਰਦਨ ਮਨਿੰਦੂ[1]।
ਹਰਖੰਤਿ ਦਾਸ ਪਿਖਿ ਬ੍ਰਿੰਦੂ।
ਕਰਿ ਪ੍ਰੇਮ ਤੁਰਕ ਅਰੁ ਹਿੰਦੂ ॥੪॥

[1]ਨੇਤਰ ਕਵਲ ਦੇ ਦਲਾਂ ਵਾਂਗ ਚੌੜੇ ਹਨ।
[1]ਦੰਦਾਂ ਦੀ ਸ਼ੋਭਾ ਕਲੀਆਂ ਵਰਗੀ ਹੈ।

ਦਿਨ ਰੈਨ ਨੈਨ ਕੇ ਆਗੇ।
ਰਖਿ ਜਨਨੀ ਆਨ ਨ ਤਜਾਗੇ[1]।
ਕਰਿ ਭਲੀ ਭਾਂਤਿ ਤਕਰਾਈ।
ਨਿਜ ਹਾਥ ਅਹਾਰ ਖੁਵਾਈ ॥੫॥

[1]ਇਕ ਖਿਣ ਨਹੀਂ ਛੱਡਦੀ।

ਬਿਸਵਾਸ ਨ ਕਰਤੀ ਕੈਸੇ।
ਰਖਿ ਪਲਕ ਬਿਲੋਚਨ ਜੈਸੇ[1]।
ਰਹਿ ਰਾਤਿ ਬਿਖੈ ਰਖਵਾਰੀ।
ਨਰ ਜਾਗਤਿ ਖਰੋ ਨਿਹਾਰੀ ॥੬॥

[1]ਜਿਵੇਂ ਪਲਕਾਂ ਅੱਖਾਂ ਨੂੰ ਰਖਦੀਆਂ ਹਨ।

ਉਰ ਤ੍ਰਾਸ ਧਾਰਿ ਕਰਿ ਗੰਗਾ।
ਸੁਤ ਪਾਲਤਿ ਦੀਰਘ ਅੰਗਾ।
ਹਰਿ ਗੋਬਿੰਦ ਛੈਲ ਛਬੀਲਾ[1]।

[1]ਬਾਂਕਾ, ਸੁੰਦਰ।

ਕਰਿ ਬਾਲਪਨੇ ਕੀ ਲੀਲਾ ॥੭॥
ਪਦ ਪੰਕਜ ਆਂਙਣ ਦੌਰੈ।
ਗਹਿ ਬਾਲਕ ਲੇ ਭਰਿ ਕੌਰੈ[1]।
[1]ਬਾਲਕਾਂ ਨੂੰ ਜੱਫੀ ਭਰਕੇ ਫੜ ਲੈਂਦੇ ਹਨ।
ਬਹੁ ਕਰੇ ਭੇਰ ਤਰ ਢਾਹੈ।
ਜੁਗ ਬਾਹੈਂ ਓਜ ਨਿਵਾਹੈ[1] ॥੮॥
[1]ਦੋ ਭੁਜਾਂ ਦੇ ਬਲ ਨਾਲ ਨਿਵਾ ਦੇਂਦੇ ਹਨ।
ਬਹੁ ਖੇਲਿ ਖੇਲ ਰਸ ਰਾਤੇ[1]।
[1]ਖੇਲ ਦੇ ਰਸ ਵਿਚ ਰੱਤੇ ਬਹੁਤ ਖੇਲਦੇ ਹਨ।
ਕਰ ਚਰਨ ਕਮਲ ਜਨੁ ਰਾਤੇ[1]।
[1]ਹੱਥ ਤੇ ਚਰਨ ਮਾਨੋ ਲਾਲ ਕਮਲ ਹਨ।
ਇਮ ਖੇਲਤਿ ਪਿਤ ਢਿਗ ਆਵੈਂ।
ਸਭਿ ਸਭਾ ਮੋਦ ਉਪਜਾਵੈਂ ॥੯॥
ਪਿਖਿ ਲੱਛਨ ਅੰਗ ਬਿਸਾਲਾ।
'ਗੁਰ ਭਾਰੇ ਹੋਹਿ ਕ੍ਰਿਪਾਲਾ।'
ਕੋ ਕਹੈ 'ਸੂਰ ਬਡ ਹੋਵੈ।
ਗਨ ਦੁਸ਼ਟਨਿ ਕੀ ਜਰ ਖੋਵੈ' ॥੧੦॥
ਕੋ ਕਹੈ 'ਡੀਲ ਬਲਵਾਨਾ।
ਕਿਸ ਨਰ ਕੋ ਅਸ ਨਹਿਂਜਾਨਾ[1]।
[1]ਕਿਸੇ ਮਨੁੱਖ ਦੀ ਐਸੀ (ਡੀਲ) ਨਹੀਂ ਜਾਣੀਦੀ।
ਭੁਜ ਹੋਇਂ ਪ੍ਰਲੰਬਿਤ ਭਾਰੀ।
ਉਰ ਆਯੁਤ ਯੁਤ ਬਿਸਤਾਰੀ[1]' ॥੧੧॥
[1]ਛਾਤੀ ਚੌੜੀ ਵਿਸਤਾਰ ਸਹਤ।
ਸਭਿ ਦੇਖਿ ਦੇਖਿ ਸੁਖ ਪਾਵੈਂ।
ਇਮ ਸ੍ਰੀ ਗੁਰ ਦਯੋਸ ਬਿਤਾਵੈਂ।
ਨਿਤ ਬਰਧਤਿ ਡੀਲ ਬਿਸਾਲਾ।
ਬਡ ਆਯੁਤ ਸੁੰਦਰ ਭਾਲਾ ॥੧੨॥
ਸ੍ਰੀ ਅਰਜਨ ਸਭਿ ਦਿਨ ਮਾਂਹੀ[1]।
[1]ਹਰਿ ਰੋਜ।
ਤਜਿ ਆਲਸ ਜਾਮ ਨਿਸਾ ਹੀ।
ਸੁਚ ਕ੍ਰਿਯਾ ਪ੍ਰਾਤ ਹਿਤਕਾਰੀ[1]।
[1]ਸਵੇਰ ਦੀ ਸੌਚ ਆਦਿ ਕ੍ਰਿਆ ਚੰਗੀ ਤਰ੍ਹਾਂ ਕਰਕੇ।
ਪੁਨ ਬੈਠਹਿਂ ਆਸਨ ਮਾਰੀ ॥੧੩॥
ਥਿਤਿ ਅਪਨ ਸਰੂਪ ਮਝਾਰਾ।
ਮਨ ਰਾਖਹਿਂ ਰੋਕਿ ਉਦਾਰਾ।
ਇਕ ਦਯੋਸ ਪ੍ਰਾਤ ਜਬਿ ਹੋਈ।
ਉਠਿ ਕ੍ਰਿਆ ਕਰਤਿ ਭੇ ਸੋਈ ॥੧੪॥
ਜਲ ਕੂਪ ਪ੍ਰਥਮ ਇਸ਼ਨਾਨੇ।

ਸ੍ਰੀ ਅੰਮ੍ਰਿਤਸਰ ਪੁਨ ਪਜਾਨੇ।
ਸਿਖ ਗਜਾਨੀ ਕੇਤਿਕ ਸੰਗੇ।
ਕੋ ਸੱਤਜਨਾਮ ਰਤਿ ਰੰਗੇ ॥੧੫॥
ਨਿਸ ਦਜੋਸ ਲਗੀ ਲਿਵ ਜੀਹਾ[1]।
[1]ਰਸਨਾ ਕਰ (ਅ) ਜਿਨ੍ਹਾਂ ਦੀ।
ਪ੍ਰਭੁ ਦਰਸ਼ਨ ਕੀ ਉਰ ਈਹਾ[1]।
[1]ਇੱਛਾ।
ਸਭਿ ਸੁਧਾ ਸਰੋਵਰ ਮੱਜੇ।
ਬਹੁ ਜਨਮਨਿ ਕੇ ਅਘ ਭੱਜੇ ॥੧੬॥
ਪੁਨਿ ਸ੍ਰੀ ਗੁਰ ਕੀਨਿ ਸ਼ਨਾਨਾ।
ਗਰ ਸੂਖਮ ਬਸਤ੍ਰ ਮਹਾਨਾ[1]।
[1]ਗੱਲ ਬਹੁਤ ਬਰੀਕ ਬਸਤ੍ਰ ਹਨ।
ਪਗ ਪੰਕਜ ਗਮਨੇ ਸੁੰਦਰ।
ਹਿਤ ਦਰਸ਼ਨ ਸ੍ਰੀ ਹਰਿ ਮੰਦਰ ॥੧੭॥
ਨਿਜ ਪਿਤ ਕੋ ਕਲਪਿ[1] ਸਥਾਨਾ।
[1]ਸੁਹਣਾ।
ਹੁਇ ਨੰਮ੍ਰ ਪ੍ਰਨਾਮ ਸੁ ਠਾਨਾ।
ਸ੍ਰੀ ਰਾਮਦਾਸ ਧਰਿ ਧਜਾਨਾ।
ਪੁਲਕਾਵਲਿ ਦੇਹਿ ਮਹਾਨਾ ॥੧੮॥
ਜਲ ਭਰਜੋ ਬਿਲੋਚਨ ਬੀਚਾ।
ਬਹਿ ਆਂਸੂ ਆਨਨ ਸੀਚਾ[1]।
[1]ਮੂੰਹ ਭਿੱਜ ਗਿਆ।
ਰੁਕਿ ਕੰਠਿ ਨ ਬੋਲਜੋ ਜਾਈ।
ਬਡ ਪ੍ਰੇਮ ਦੇਹਿ ਬਿਸਰਾਈ[1] ॥੧੯॥
[1]ਦੇਹ ਦੀ ਸੁਰਤ ਭੁੱਲ ਗਈ।
ਚਿਰ ਕਿਤਿਕ ਬਿਖੈ[1] ਧਰਿ ਧੀਰਾ।
[1]ਚਾਰ ਵਾਰੀ (ਪ੍ਰਕ੍ਰਮਾਂ)।
ਪਰਕਰਮਾ ਫਿਰੇ ਗਹੀਰਾ।
ਕਰਿ ਚਤੁਰ ਬਾਰ ਹਰਿ ਮੰਦਰਿ।
ਬਰ ਬੈਠ ਬਿਰਾਜੇ ਅੰਦਰ ॥੨੦॥
ਥਿਤਿ[1] ਕਿਤਿਕ ਕਾਲ ਦਰਸਾਏ।
[1]ਬੈਠਕੇ।
ਪੁਨਿ ਉਠਿ ਕਰਿ ਬਾਹਰਿ ਆਏ।
ਕਰ ਨਮੋ ਸੇਤ ਪੁਰ[1] ਚਾਲੇ।
[1]ਪੁਲ ਤੇ।
ਦਰਸ਼ਨੀ ਜੁ ਪੌਰ ਬਿਸਾਲੇ ॥੨੧॥
ਤਹਿੰ ਫਿਰ ਕਰਿ ਠਾਂਢੇ ਹ੍ਵੈਕੇ।
ਹਰਿ ਮੰਦਿਰ ਦਿਸ਼ਾ ਚਿਤੈ ਕੈ।
ਕਰਿ ਬੰਦਨ ਪ੍ਰੇਮ ਸਮੇਤਾ।
ਪੁਨ ਸਰ ਪਰਕਰਮਾ[1] ਹੇਤਾ ॥੨੨॥
[1]ਸਰੋਵਰ ਦੀ ਪ੍ਰਕ੍ਰਮਾਂ।

ਗੁਰ ਗਮਨੈਂ ਮੰਦਹਿਂ ਮੰਦੇ।
ਦੇ ਦਰਸ਼ਨ ਦਾਸ ਅਨੰਦੇ।
ਜਹਿਂ ਝੂਲਤਿ ਦੀਹ ਨਿਸ਼ਾਨਾ।
ਕਰਿ ਨਮੋ ਚਲੇ ਅਗਵਾਨਾ ॥੨੩॥
ਮੁਖ ਉੱਤਰ ਦਿਸ਼ ਕਰਿ ਜਾਏ।
ਸਿਰ ਬਾਇਬ[1] ਕੋਨ ਨਿਵਾਏ। [1]ਉਤਰ ਪੱਛਮ ਦੀ ਕੋਨ।
ਪੁਨਿ ਪੂਰਬ ਮੁਖ ਕਰਿ ਚਾਲੇ।
ਸਿਖ ਬ੍ਰਿੰਦਗਮਨ ਕਰਿ ਨਾਲੇ ॥੨੪॥
ਤਹਿਂ ਇਕ ਦਿਜ ਦੇਖ੍ਯੋ ਐਸਾ।
ਸਰ ਸੁਧਾ ਤੀਰ ਪਰ ਬੈਸਾ।
ਧਰਿ ਆਗੈ ਸਾਲਗਰਾਮੂ।
ਬਹੁ ਭਾਂਤਿ ਕਰਤਿ ਪਰਣਾਮੂ ॥੨੫॥
ਘਸਿ ਚੰਦਨ ਕੋ ਚਰਚਾਨਾ।
ਇਕ ਘੰਟਾ ਧਰ੍ਯੋ ਮਹਾਨਾ।
ਪਾਟੰਬਰ ਊਪਰ ਪੀਤਾ।
ਦਿਜ ਬੈਠ੍ਯੋ ਥਿਤਿ ਨਹਿਂ ਚੀਤਾ[1] ॥੨੬॥ [1]ਚਿਤ ਇਸਥਿਤ ਨਹੀਂ।
ਘਰ ਕਾਰਜ ਚਿਤਵਿ ਅਨੇਕਾ।
ਉਰ ਤ੍ਰਿਸ਼ਨਾ ਧਨ ਕੀ ਏਕਾ।
ਬਡ ਰਚ੍ਯੋ ਪਖੰਡ ਮਝਾਰੀ[1]। [1]ਬੜਾ ਪਖੰਡ ਵਿਚ ਰਚਿਆ ਹੈ।
ਬਕ ਧ੍ਯਾਨ[1] ਲਗਾਵਤਿ ਤਾਰੀ ॥ ॥੨੭॥ [1]ਬਗਲੇ ਦੇ ਧਿਆਨ ਵਾਂਙ।
ਤਿਹ ਪਿਖਿ ਗੁਰ ਗਏ ਅਗਾਰੀ।
ਦਿਜ ਉਰਮਹਿਂ ਤਬਿ ਰਿਸ ਧਾਰੀ।
-ਨਹਿਂ ਠਾਕੁਰ ਦਿਸ਼ਿ ਕਰ ਬੰਦੇ।
ਨਹਿਂ ਮੁਹਿ ਨਿਮਿ ਕੀਨਿ ਅਨੰਦੇ[1] ॥੨੮॥ [1]ਨਾ ਮੇਰੀ ਵੰਨੇ ਨਿਉਂਕੇ (ਮੈਨੂੰ) ਖੁਸ਼ ਕੀਤਾ।
ਹੁਇ ਨਿਕਟਿ ਗਏ ਪੁਨਿ ਆਗੇ।
ਤਿਮ ਸਿੱਖ ਸਕਲ ਸੰਗ ਲਾਗੇ।
ਸਨਮਾਨ ਨ ਰਾਖ੍ਯੋ ਮੋਰਾ।
ਨਹਿਂ ਦੇਖ੍ਯੋ ਠਾਕੁਰ ਓਰਾ- ॥੨੯॥

ਇਮ ਚਿਤਵਤਿ ਬਿੱਪ੍ਰ ਬਿਸਾਲਾ।
ਤਪਯੋ ਰਿਸ ਮਤਸਰ ਜ੍ਵਾਲਾ[1]।
[1]ਗੁੱਸੇ ਤੇ ਈਰਖਾ ਦੀ ਅਗਨੀ ਨਾਲ ਤਪ ਗਿਆ।
ਪਰਕਰਮਾ ਕਰਿ ਗੁਰ ਸ੍ਵਾਮੀ।
ਦਿਜ ਉਰ ਲਖਿ[1] ਅੰਤਰਜਾਮੀ ॥੩੦॥
[1]ਰਿਦੇ ਦੀ ਜਾਣਕੇ।
ਫਿਰ ਸਰੁਵਰ ਕੇ ਚਹੁੰ ਓਰਾ।
ਪੁਨ ਆਇ ਦਰਸ਼ਨੀ ਪੌਰਾ।
ਕਰਿ ਬੰਦਨ ਬਹੁਰੋ ਆਏ।
ਜਹਿਂ ਦਿਜ ਨੇ ਦੰਭ ਰਚਾਏ ॥੩੧॥
ਸਭਿ ਸਿੱਖ ਦਾਸ ਸਮੁਦਾਯਾ।
ਅਵਿਲੋਕਯੋ ਬਿੱਪ੍ਰ ਸਮਾਯਾ[1]।
[1]ਮਾਯਾ ਸਹਤ।
ਗਿਨਿ ਤਿਲਕ ਸੁ ਦ੍ਵਾਦਸ਼ ਲਾਏ[1]।
[1]੧੨ ਅੰਗਾਂ ਤੇ ੧੨ ਨਾਮ ਲੈ ਕੇ ੧੨ ਵਾਰ ਤਿਲਕ ਵੈਸ਼ਨਵ ਲਗਾਂਦੇ ਹਨ।
ਬਿਚ ਗੋਮੁਖਿ[1] ਹਾਥ ਉਠਾਏ ॥੩੨॥
[1]ਗੋਮੁਖੀ।
ਬਡਿ ਆਸਨ ਤਰੇ ਡਸਾਯੋ।
ਜੁਤਿ ਸੰਖ ਸਮਾਜ[1] ਟਿਕਾਯੋ।
[1]ਸਮੱਗ੍ਰੀ (ਠਾਕੁਰਾਂ ਦੀ)।
ਗੁਰ ਬੋਲੇ ਪਿਖਿ ਤਿਸ ਓਰੀ।
'ਕਹੁ ਬਿੱਪ੍ਰ ਕਹਾਂ ਮਤਿ ਤੋਰੀ?
॥੩੩॥
ਕਜਾ ਕਲਪਤਿ[1] ਮਨਿ ਮਹਿਂ ਆਈ?
[1]ਕਲਪਦਿਆਂ।
ਕਿਮ ਰਿਸ ਕੀ ਦਸ਼ਾ ਬਸਾਈ?
'ਸੁਨਿ ਬਿੱਪ੍ਰ ਭਨਜੋ ਅਭਿਮਾਨੀ।
'ਹਮ ਠਾਕੁਰ ਸੇਵਾ ਠਾਨੀ ॥੩੪॥
ਪੁਨ ਦਿਜਬਰ ਜਨਮ ਹਮਾਰਾ।
ਤਿਮ ਛਤ੍ਰੀ ਬੰਸ ਤੁਮਾਰਾ।
ਚਲਿ ਗਏ ਸਮੀਪ ਅਗਾਰੇ।
ਨਹਿਂ ਹਮ ਕੋ ਬੰਦਨ ਧਾਰੇ ॥੩੫॥
ਨਹਿਂ ਸਾਲਗਰਾਮ ਸੁ ਮਾਨਾ।
ਪਰਣਾਮ ਨ ਨਿਵ ਕਰਿ ਠਾਨਾ।
ਗੁਰ ਗਾਦੀ ਪਰ ਤੁਮ ਬੈਸੇ।
ਅਭਿਮਾਨ ਭਯੋ ਮਨਿ ਤੈਸੇ' ॥੩੬॥
ਸੁਨਿ ਬੋਲੇ ਗੁਰੂ ਪ੍ਰਬੀਨੂ।

'ਸ਼ੁਭ ਕਰਮਨ ਤੇ ਤੁਮ ਹੀਨੂ।
ਕਰਿ ਦੰਭ ਦਿਖਾਵਾ ਸਾਰੋ[1]। [1]ਦੰਭ ਦਾ ਦਿਖਾਵਾ ਸਾਰਾ ਕਰਦਾ ਹੈਂ।
ਨਹਿੰ ਸਮਝੈਂ ਸਾਰ ਅਸਾਰੋ ॥੩੭॥
ਘਰ ਕਾਰਜ ਕੂਰ ਪਸਾਰਾ[1]। [1]ਘਰ ਦੇ ਕੰਮਾਂ ਦਾ ਜੋ ਕੂੜਾ ਪਸਾਰਾ ਹੈ।
ਮਨ ਤਹਾਂ ਫਸਾਇ ਜੰਜਾਰਾ।
ਇਹ ਠਾਕੁਰ ਸੇਵਾ ਸਾਚੀ।
ਤਜਿ ਦਈ, ਨ ਮਤਿ ਮਹਿਂ ਰਾਚੀ[1] ॥੩੮॥ [1]ਰਚੀ ਨਾ (ਠਾਕੁਰ ਸੇਵਾ)।
ਮਨ ਹੋਤਿ ਜਿ ਠਾਕੁਰ[1] ਮਾਂਹੀ। [1]ਏਥੇ ਅਰਥ ਵਾਹਿਗੁਰੂ ਹੈ।
ਹਮ ਕਰਤਿ ਨਮੋ ਲਖਿ ਤਾਂਹੀ।
ਸਭਿ ਜਾਨਿ ਪਖੰਡ ਬਿਸਾਲਾ।
ਹਮ ਚਲੇ ਗਏ ਤਿਸ ਕਾਲਾ' ॥੩੯॥
ਸੁਨਿ ਦਿਜ ਨੇ ਮਨ ਮੇ ਜਾਨੀ।
-ਗੁਰੂ ਪੂਰਨ ਅਜ਼ਮਤ ਵਾਨੀ।
ਸਭਿ ਅੰਤਰਿ ਕੀ ਲਖਿ ਲੀਨੀ।
ਅਭਿਬੰਦਨ ਤੌਂ ਨਹਿਂ ਕੀਨੀ ॥੪੦॥
ਇਹ ਕਰਹਿ ਮੋਹਿ ਕੱਲਜਾਨਾ।
ਸਿਖ ਬਨੌਂ ਗੁਰੂ ਅਗਵਾਨਾ।
ਲਖਿ ਭਲੇ ਤਊ ਚਿਤ ਮਾਹੀ।
ਇਨ ਸੰਗ ਕਰੌਂ ਚਰਚਾ ਹੀ ॥੪੧॥
ਪੁਨ ਪੀਛੈ ਬਨ ਹੌਂ ਦਾਸਾ-।
ਇਮ ਲਖਿ ਕੈ ਬਾਕ ਪ੍ਰਕਾਸਾ।
'ਮੁਝ ਬਿਖੈ ਤ ਅਵਗੁਨ ਜਾਨਾ।
ਕਿਮ ਠਾਕੁਰ ਕੋ ਨਹਿਂ ਮਾਨਾ? ॥੪੨॥
ਇਸ ਮਹਿਂ ਕਜਾ ਦੋਸ਼ ਪਛਾਨਾ?'
ਸੁਨਿ ਸਤਿਗੁਰ ਸ਼ਬਦ ਬਖਾਨਾ।
ਜਿਹ ਬਿਖੈ ਦੰਭ ਕੋ ਨਾਸ਼ਾ।
ਬਡ ਠਾਕੁਰ ਰੂਪ ਪ੍ਰਕਾਸ਼ਾ ॥੪੩॥

ਸ੍ਰੀ ਮੁਖਵਾਕ:

ਰਾਮਕਲੀ ਮਹਲਾ ੫ ॥

ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥
ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥

ਹਾਕਲ ਛੰਦ:

'ਪਠਿ ਕਥਾ ਸੁਨਾਇ ਸੁ ਟੀਕਾ।
ਉਰ ਰਾਮ ਨ ਪ੍ਰੇਮ ਨਜੀਕਾ।
ਜਗ ਦੰਭ ਦਿਖਾਇ ਠਗੰਤਾ।
ਇਮ ਦੁਸ਼ਤਰ[1] ਨਹੀਂ ਤਰੰਤਾ ॥੪੪॥ [1]ਕਠਨ ਪ੍ਰਪੰਚ ਨੂੰ।
ਤੁਮ ਸਿਲਾ ਰੂਪ ਪ੍ਰਭੁ[1] ਚੀਨਾ। [1]ਪ੍ਰਭੂ ਨੂੰ ਪੱਥਰ ਰੂਪ ਕਰਕੇ।
ਜੋ ਘਟ ਘਟ ਬਯਾਪ ਪ੍ਰਬੀਨਾ।
ਬ੍ਰਹਮੰਡ ਕੋਟ ਆਧਾਰਾ।
ਸਭਿ ਮੰਗਤਿ ਕੋ ਦਾਤਾਰਾ ॥੪੫॥
ਬਡ ਸ਼ੇਸ਼ ਸਾਰਦਾ ਨੀਤਾ[1]। [1]ਸ਼ੇਸ਼ਨਾਗ ਸਰਸ੍ਵਤੀ ਨਿੱਤਹੀ।
ਬ੍ਰਹਮਾਦਿਕ ਸਭਿ ਜੋ ਕੀਤਾ।
ਸਭਿ ਧਯਾਵਤਿ ਗੁਨਨਿ ਬਿਸਾਲਾ।
ਨਹਿਂ ਅੰਤ ਲਖਹਿ ਤ੍ਰਈ ਕਾਲਾ
॥੪੬॥
ਸਤ[1] ਮਹਿਦ ਮਹਿਦ ਮਹੀਆਨਾ। [1]ਨਿਸ਼ਚੈ ਕਰਕੇ (ਅ) ਤ੍ਰਿਕਾਲ ਅਬਾਧ।
ਜਹਿਂ ਪਾਰਾਵਾਰ ਨ ਜਾਨਾ।
ਜੋ ਸਭਿ ਸੈ ਰਿਜਕ ਪੁਚਾਵੈ।
ਗਜ ਕੀਟੀ ਆਦਿਕ ਖਾਵੈ ॥੪੭॥
ਜਿਹ ਲਾਖਹੁੰ ਸੁਰਪਤਿ ਦੇਵੰ[1]। [1]ਇੰਦ੍ਰ ਆਦਿ ਦੇਵਤੇ।
ਸਸਿ ਸੂਰਜ ਸ਼ੰਕਰ ਸੇਵੰ।
ਛਿਤ ਪਾਵਕ ਪੌਨ ਰੁ ਪਾਨੀ।
ਬ੍ਰਹਮਾਦਿਕ ਲਾਖਹੁੰ ਗਯਾਨੀ ॥੪੮॥
ਥਲ ਤੀਨ ਲੋਕ ਮਹਿਂ ਪੂਰਾ।
ਕੋ ਨਹੀਂ ਤਿਸੀ ਬਿਨ ਊਰਾ[1]। [1]ਤਿਸ ਤੋਂ ਬਿਨਾਂ ਕੋਈ ਊਣਾਂ ਥਾਂ ਨਹੀਂ।
ਸੋ ਐਸੇ ਬਡਿ ਮਹਾਂਰਾਜਾ।

ਜਿਹ ਨਿਮਖ ਬਿਖਾ ਜਗ ਸਾਜਾ
॥੪੯॥
ਤਿਹ ਕਲਪਜੋ ਪਾਹਨ ਮਾਂਹੀ।
ਜੜ੍ਹ ਅਲਪ ਸ਼ਕਤਿ ਕੁਛ ਨਾਂਹੀ।
ਕੁਛ ਲੇਯ ਨ ਦੇਯ ਨ ਖਾਹੀ।
ਅਸ ਪ੍ਰਭੁ ਕੋ ਅਸ ਬਡਿਆਹੀ ॥੫੦॥
ਦਿਜ ਜਾਤਿ ਮਹਾਂ ਅਭਿਮਾਨਾ।
ਲਖਿ ਦੰਭੀ ਤੋਹਿ ਨ ਮਾਨਾ।
ਉਰ ਕਿਤਿਕ ਕ੍ਰੋਧ ਤੁਵ ਹੋਵਾ।
ਜੋ ਬਡ ਤੇ ਲਘੁ ਕਰਿ ਜੋਵਾ[1] ॥੫੧॥

[1]ਤੇਰੀ) ਜਾਤ ਬ੍ਰਹਮਣ (ਹੈ ਜੋ ਤੂੰ ਸਭ ਤੋਂ) ਵੱਡੀ (ਸਮਝਕੇ ਉਸਦੇ) ਅਭਿਮਾਨ ਵਿਚ ਹੈਂ, (ਅਸਾਂ) ਤੈਨੂੰ ਦੰਭੀ ਹੋਣ ਕਰਕੇ ਮਾਨ ਨਹੀਂ ਦਿੱਤਾ, ਤਾਂ ਤੈਨੂੰ ਕਿੰਨਾਂ ਗੁੱਸਾ ਆਇਆ ਹੈ (ਹੁਣ ਸੋਚ ਕਿ) ਉਹ ਵਾਹਿਗੁਰੂ ਜੋ ਸਭ ਤੋਂ ਵੱਡਾ ਹੈ ਤੂੰ ਤਿਸਨੂੰ ਛੋਟਾ ਕਰ ਦੇਖਿਆ ਹੈ (ਅਗਲੇ ਅੰਕ ਵਿਚ ਇਹ ਖਿਆਲ ਪੂਰਾ ਕਰਦੇ ਹਨ)।

ਪ੍ਰਭੁ ਸਭਿ ਤੇ ਬਡੋ ਬਡੇਰੋ।
ਸੋ ਪਾਹਨ ਇਹ ਮਤਿ ਤੇਰੋ[1]।
ਸਭਿਹੂੰ ਤੇ ਲਘੁ ਕਰਿ ਦੀਨਾ[1]।
ਕਿਮ ਹੋਵਹਿ ਪ੍ਰਭੁ ਪ੍ਰਸੀਨਾ ॥੫੨॥

[1]ਸੋ ਪ੍ਰਮਾਤਮਾਂ ਇਹ ਪੱਥਰ ਹੈ, ਇਹ ਤੇਰੀ ਮਤਿ ਹੈ।

[1]ਭਾਵ ਪ੍ਰਭੂ ਨੂੰ।

ਜਗਿ ਪਾਤਸ਼ਾਹ ਬਡ ਜੋਈ।
ਤਿਹ ਮੀਆਂ ਕਹਿ ਕੈ ਕੋਈ।
ਮਨ ਲਖੈ -ਕਰੌਂ ਬਡਿਆਈ-।
ਕਿਮ ਰੀਝਹਿ? ਦੇਹੁ ਬੁਝਾਈ ॥੫੩॥
ਅਸਿ ਮੇਰੋ ਠਾਕੁਰ ਜੋਈ।
ਸਭਿਹਿਨਿ ਤੇ ਊਪਰਿ ਸੋਈ।
ਤਿਹ ਰੂਪ ਸੁਨਹੁ ਦਿਜ ਕਾਨਾ।'
ਤਬਿ ਸ਼੍ਰੀ ਗੁਰ ਸ਼ਬਦ ਬਖਾਨਾ ॥੫੪॥

ਸ੍ਰੀ ਮੁਖਵਾਕ:

ਆਸਾ ਮਹਲਾ ੫ ॥

ਆਠ ਪਹਰ ਉਦਕ ਇਸਨਾਨੀ ॥ ਸਦ ਹੀ ਭੋਗੁ ਲਗਾਇ ਸੁਗਿਆਨੀ ॥
ਬਿਰਥਾ ਕਾਹੂ ਛੋਡੈ ਨਾਹੀ ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥੧॥
ਸਾਲਗਿਰਾਮੁ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥੧॥ ਰਹਾਉ ॥

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ ਆਸਨੁ ਜਾ ਕਾ ਸਦਾ ਬੈਕੁੰਠ ॥
ਜਾ ਕਾ ਚਵਰੁ ਸਭ ਊਪਰਿ ਝੂਲੈ ॥ ਤਾ ਕਾ ਧੂਪੁ ਸਦਾ ਪਰਫੁਲੈ ॥੨॥
ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ ਅਭਗ ਸਭਾ ਸੰਗਿ ਹੈ ਸਾਧਾ ॥
ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥੩॥
ਜਿਸਹਿ ਪਰਾਪਤਿ ਤਿਸ ਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥
ਹਾਥਿ ਚੜਿਓ ਹਰਿ ਸਾਲਗਿਰਾਮੁ ॥ ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥

ਹਾਕਲ ਛੰਦ:

'ਇਹ ਠਾਕਰ ਹਮਰੋ ਭਾਰਾ।
ਜੋ ਸਭਿ ਕੋ ਸਦਾ ਸੰਭਾਰਾ[1]। — [1]ਸੰਭਾਲਦਾ ਹੈ।
ਪ੍ਰਭਿ ਊਚਹਿ ਊਚਹਿ ਊਚਾ।
ਜਿਹ ਸਮਸਰ ਕੋ ਨ ਪਹੂਚਾ ॥੫੫॥
ਹਮ ਰਿਦ ਮਹਿਂ ਸਦਾ ਬਸਾਯੋ।
ਨਿਸ ਦਯੋਸ ਨ ਕਬਹਿ ਭੁਲਾਯੋ।
ਗਨ ਦੀਨ ਬੰਧੁ ਜਗ ਨਾਥਾ।
ਨਿਜ ਸੇਵਕ ਕੇ ਨਿਤ ਸਾਥਾ ॥੫੬॥
ਕਰਿ ਪ੍ਰਗਟ ਅਪਨਮੌ ਰੂਪਾ[1]। — [1]ਆਪਣੇ ਆਪ ਦਾ ਰੂਪ ਪ੍ਰਗਟ ਕਰਦਾ ਹੈ।
ਹੁਇ ਭਗਤਨਿ ਕੇ ਅਨੁਰੂਪਾ[1]। — [1]ਅਨੁਸਾਰ।
ਜਬਿ ਭੀਰ ਪਰਹਿ ਕਿਤ ਆਈ।
ਦੇ ਆਪਨਿ ਹਾਥ ਬਚਾਈ ॥੫੭॥
ਹੈ ਭਗਤਿ ਵਛਲ ਤਿਸ ਨਾਮੂ।
ਗਨ ਦੀਨ ਬੰਧੁ ਅਭਿਰਾਮੂ।
ਸੋ ਸਦਾ ਗਰੀਬ ਨਿਵਾਜਾ।
ਬਹੁ ਅਧਮ ਉਧਾਰਨ ਕਾਜਾ ॥੫੮॥

ਕਬਿੱਤ:

ਪ੍ਰਭੁ ਮਧੁਸੂਦਨ, ਗੋਬਿੰਦ, ਦਯਾ ਨਿਧਿ, ਹਰਿ,
ਮਾਧਵ, ਮੁਕੰਦ, ਦੁਖ ਦੁੰਦ ਕੇ ਕਟੈਯਾ ਹੈ।
ਸ੍ਰੀ ਪਤਿ ਅਖਿਲ[1] ਪਤਿ ਮਹਦ, ਜਗਤ ਪਤਿ, — [1]ਸਾਰਿਆਂ ਦਾ।
ਸੀਤਾ ਪਤਿ, ਰਮਾ ਪਤਿ, ਸੇਵਕ ਸਹੈਯਾ ਹੈ।

ਈਸ਼ਰ, ਅਨੰਦ ਰੂਪ, ਅਚੁੱਤ[1], ਅਨੂਪ ਗੁਰ,
ਭੂਪਨ ਕੋ ਭੂਪਤ ਹੰਕਾਰ ਕੇ ਹਰੈਯਾ ਹੈ।
ਪਾਰਬ੍ਰਹਮ ਪੂਰਨ ਅਨੇਕ ਰਿਪੁ ਚੂਰਨ[1],
ਅਨੰਤ ਕਰਤਾਰ, ਸਭਿ ਜੀਵਨ ਦਿਵੈਯਾ ਹੈ' ॥੫੯॥

[1]ਅਗਿੜ।

[1]ਨਾਸ਼ ਕਰਨ ਵਾਲਾ।

ਦੋਹਰਾ:

ਇਸ ਪ੍ਰਕਾਰ ਠਾਕੁਰ ਪ੍ਰਭੂ, ਸਾਲਿਗਰਾਮ ਬਿਸਾਲ।
ਸ੍ਰੀ ਗੁਰ ਅਰਜਨ ਬਰਨਿਓ, ਸੁਨਤਿ ਬਿੱਪ੍ਰ ਤਿਸ ਕਾਲ[†] ॥੬੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰਾਸੇ 'ਬਿੱਪ੍ਰ ਪ੍ਰਸੰਗ' ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

[†]ਉਪਰੋਕਤ ਦੋਵੇਂ ਸ੍ਰੀ ਮੁਖਵਾਕ ਸ਼ਬਦ ਮੂਰਤੀ ਪੂਜਾ ਦਾ ਖੰਡਨ ਜਿਸ ਜ਼ੋਰ ਨਾਲ ਕਰਦੇ ਹਨ ਓਹ ਸਪਸ਼ਟ ਹੈ, ਇਹ ਪਹਿਲਾ ਸ਼ਬਦ ਦੱਸਦਾ ਹੈ ਕਿ ਇਹ ਹੋਇਆ ਭੀ ਕਿਸੇ ਠਾਕੁਰ ਪੂਜਾ ਅਭਿਮਾਨੀ ਬ੍ਰਾਹਮਣ ਪਰਿਥਾਂਇ ਹੈ। ਪ੍ਰੰਤੂ ਪ੍ਰਕ੍ਰਮਾ ਵਿਚ ਬ੍ਰਾਹਮਣ ਦਾ ਠਾਕੁਰ ਲੈਕੇ ਬੈਠਣ ਦੀ ਸੰਭਾਵਨਾ ਕਵੀ ਜੀ ਆਪਣੇ ਸਮੇਂ ਦੀ ਗੁਰੂ ਜੀ ਦੇ ਸਮੇਂ ਤੇ ਲੈ ਗਏ ਹਨ। ਕਵੀ ਜੀ ਦੇ ਸਮੇਂ ਡੋਗਰੇ ਤੇ ਭੇਖੀ ਸਿੱਖਾਂ ਦਾ ਜ਼ੋਰ ਵਧ ਰਿਹਾ ਸੀ, ਤੇ ਓਹ ਸਿੱਖੀ ਨੂੰ ਬ੍ਰਾਹਮਣੀ ਰੰਗ ਵਿਚ ਰੰਗ ਰਹੇ ਸਨ, ਉਨ੍ਹਾਂ ਦੇ ਦਬਾਉ ਹੇਠ ਹੀ ਠਾਕੁਰ ਲੈ ਕੇ ਬ੍ਰਾਹਮਣ ਪ੍ਰਕ੍ਰਮਾਂ ਵਿਚ ਬੈਠਣੇ ਅਰੰਭ ਹੋਏ ਸੇ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤਾਂ ਅਜੇ ਹੁਣੇ ਹੀ ਮੰਦਰ ਬਣਿਆ ਸੀ, ਸ਼ਹਿਰ ਨਿੱਕਾ ਜਿਹਾ ਚੱਕ ਸੀ, ਜਿਥੇ ਸਿਖ ਵਪਾਰੀ ਕਿਰਤੀ ਲੋਕਾਂ ਦੀ ਬਹੁਲਤਾ ਸੀ। ਗੁਰੂ ਜੀ ਦੀ ਸੰਪ੍ਰਦਾਇ ਸ੍ਰੀ ਗੁਰ ਨਾਨਕ ਦੇਵ ਜੀ ਤੋਂ ਬੁਤਪ੍ਰਸਤ ਨਹੀਂ ਸੀ, ਬ੍ਰਾਹਮਣਾਂ ਦਾ ਬਹੁਲਤਾ ਵਿਚ ਹੋਣਾ, ਨਵੀਨ ਬਣੇ ਮੰਦਰ ਦੇ ਦੁਆਲੇ, ਮਾਲਕ ਦੇ ਸਾਹਮਣੇ ਸਾਲਗਰਾਮ ਲੈ ਬੈਠਣਾ ਤੇ ਮਾਲਕ ਅੱਗੇ ਨਾ ਝੁਕਣਾ ਸਗੋਂ ਉਨ੍ਹਾਂ ਤੋਂ ਮੱਥੇ ਦੀ ਆਸ ਕਰਨੀ ਅਸੰਭਵ ਬਾਤਾਂ ਹਨ। ਸਾਡੇ ਦੇਖਦੇ ਠਾਕੁਰਾਂ ਵਾਲੇ ਬ੍ਰਹਮਣ ਮਾਮੂਲੀ ਸਰਬ੍ਰਾਹਾਂ ਦੇ ਪ੍ਰਕ੍ਰਮਾਂ ਵਿਚ ਆਯਾਂ ਉਠ ਉਠ ਕੇ ਅਦਬ ਕਰਦੇ ਹੁੰਦੇ ਸਨ। ਫਿਰ ਗੁਰੂ ਜੀ ਦੇ ਸ਼ਬਦ ਤੋਂ ਤਸੱਲੀ ਹੋ ਜਾਂਦੀ ਹੈ ਕਿ ਬੁੱਤਾਂ ਦਾ ਡੱਬਾ ਪ੍ਰਕ੍ਰਮਾਂ ਵਿਚ ਦੇਖਦੇ ਗੁਰੂ ਜੀ ਕਦੇ ਉਸ ਨੂੰ ਓਥੇ ਨਾ ਰਹਿਣ ਦੇਂਦੇ। ਅਮ੍ਰਿਤ ਵਾਹਿਗੁਰੂ ਦੇ ਮੰਦਰ ਵਿਚ ਦੀਨ ਦਾ ਵਾਲੀ ਆਪ ਕਦ ਬੁਤ ਰੱਖਣ ਦੇਂਦਾ ਸੀ। ਮਹਿਮਾਂ ਪ੍ਰਕਾਸ਼ ਵਿਚ ਬੀ ਇਹ ਪ੍ਰਸੰਗ ਨਹੀਂ ਹੈ।

## ੨੯. [ਬ੍ਰਾਹਮਣ ਸਿੱਖ ਹੋਯਾ। ਸ਼ਹਿਰ ਦੇ ਬਾਣੀਆਂ ਨੇ ਬੇਨਤੀ ਕੀਤਾ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸੁਨਿ ਕਰਿ ਬੋਲ੍ਯੋ ਬਿੱਪ੍ਰ ਤਬਿ, 'ਭਾਖਾ ਬਾਨੀ ਏਹਿ।
ਸੰਸਕ੍ਰਿਤ ਹਮ ਕਹੁ ਰੁਚਹਿ, ਪਠਹਿਂ ਸੁਨਹਿਂ ਧਰਿ ਨੇਹਿ ॥੧॥

ਹਾਕਲ ਛੰਦ:

ਪਰਮਾਣ[1] ਕਰਹਿਂ ਤਿਸ ਕੇਰਾ।
ਕੱਲ੍ਯਾਣ ਸੁ ਦੇਤਿ ਉਚੇਰਾ।
ਸੁਰ ਬਾਨੀ ਜਾਨਹੁਂ ਸੋਈ।
ਪਠਿ ਬਿੱਦ੍ਯਾ ਲੇ ਸਭਿ ਕੋਈ[1] ॥੨॥

[1]ਭਾਵ ਉਸ ਨੂੰ ਮੰਨਦੇ ਹਾਂ।

[1]ਸਭ ਕੋਈ ਪੜ੍ਹਕੇ (ਬ੍ਰਹਮ) ਵਿਦਿਆ ਪ੍ਰਾਪਤ ਕਰਦਾ ਹੈ।

ਕ੍ਯਾ ਭਾਖਾ ਤੇ ਹੁਇ ਜਾਵੈ।
ਜਿਹ ਲੋਕ[1] ਨਹੀਂ ਮਨ ਲ੍ਯਾਵੈਂ।
ਕਿਮ ਕਰਿ ਹੈ ਸ਼ੁਭ ਗਤਿ ਏਹੀ?
ਜਿਸ ਬਿਖੈ ਜੁਗਤਿ ਨਹਿਂ ਕੇਹੀ' ॥੩॥

[1]ਭਾਵ ਪੰਡਿਤ ਲੋਕ।

ਸੁਨਿ ਬੋਲੇ ਗੁਰੂ ਪ੍ਰਬੀਨਾ।
'ਬਿਨ ਭਾਖਾ ਸੰਸਕ੍ਰਿਤ[†] ਹੀਨਾ[1]।
ਜਗ੍ਯਾਸੁ ਨਹਿਨ ਉਧਾਰੈ।
ਕਿਮ ਭਗਤ ਗ੍ਯਾਨ ਸਿਖ[1] ਧਾਰੈ ॥੪॥

[1]ਭਾਖਾ ਤੋਂ ਬਿਨਾਂ ਸੰਸਕ੍ਰਿਤ ਹੀਣੀ (ਮੁਹਤਾਜ) ਹੈ।
[†]ਪਾ:-ਸਹਸਕ੍ਰਿਤ।

[1]ਦੀ) ਸਿਖਿਆ।

ਜਬਿ ਪਠਹੁ ਸ਼ਲੋਕ ਉਚਾਰੀ[1]।
ਨਹਿਂ ਸਮਝੈ ਕੋ ਨਰ ਨਾਰੀ।
ਬਿਚ ਭਾਖਾ ਅਰਥ ਬਖਾਨੇ।
ਤਬਿ ਸਭਿ ਅਜਾਨ ਭੀ ਜਾਨੇ ॥੫॥

[1]ਜਦੋਂ ਪੜ੍ਹਕੇ (ਤੁਸੀਂ) ਸ਼ਲੋਕ ਉਚਾਰਦੇ ਹੋ।

ਬਿਨ ਭਾਖਾ ਸਰਜੋ ਨ ਕਾਮੂ।
ਉਪਦੇਸ਼ ਨ ਭਾ ਅਭਿਰਾਮੂ।
ਕੱਲ੍ਯਾਨ ਨ ਸਿਖ ਕੋ ਕੀਨਾ।
ਜਿਸ ਬਿਨਾ ਭਈ ਫਲ ਹੀਨਾ ॥੬॥
ਲਖਿ ਮੂਲ ਸੁ ਭਾਖਾ ਯਾਂ ਤੇ[1]।
ਜਿਹ ਪਠੇ ਸਕਲ ਬਰੁਸਾਤੇ।

[1]ਯਾਂ ਤੇ ਭਾਖਾ ਨੂੰ ਹੀ ਮੂਲ ਜਾਣੋ।

ਬਿਨ ਸੰਸਕ੍ਰਿੱਤ ਜੋ ਭਾਖਾ।
ਬਿਚੁ ਭਗਤਿ ਗਜਾਨੁ ਜਿਸ ਰਾਖਾ ॥੭॥
ਸਭਿ ਸਮਝ ਲੇਹਿ ਨਰ ਨਾਰੀ।
ਗਤਿ ਕਾਰਜ ਲੇਹਿਂ ਸੁਧਾਰੀ।
ਇਹ ਇਕਲੀ ਦੇ ਕਲਜਾਨਾ।
ਜੋ ਸੁਨਹਿ ਕਮਾਇ ਸੁ ਜਾਨਾ ॥੮॥
ਪਠਿ ਕਰਹਿ ਬਿਚਾਰ ਸੁਖੈਨਾ।
ਸ਼ੁਭ ਪਠਠਿ ਕਠਨ ਕੁਛ ਹੈ ਨਾ[1]।
ਦਿਨ ਥੋਰਨਿ ਲਹਿ ਕੱਲਜਾਨਾ।
ਸੁਨਿ ਪਠਹਿਂ ਕਮਾਵਹਿਂ ਨਾਨਾ ॥੯॥

[1]ਭਾਖਾ ਦਾ ਪੜ੍ਹਨਾ ਸ਼ੁਭ ਹੈ ਤੇ ਕਠਨ ਕੁਛ ਨਹੀਂ।

ਦੋਹਰਾ:
ਚਾਹਤਿ ਨਹੀ ਸਹਾਇਤਾ, ਸੰਸਕ੍ਰਿਤ ਕੀ ਏਹੁ।
ਕਟਕ ਮੋਹ ਕੋ ਬਿਕਟ ਜੋ, ਕਾਟਹਿ ਲੇਹਾ ਦੇਹੁ[1] ॥੧੦॥

[1]ਕਠਨ ਮੋਹ ਦੀ ਸੈਨਾ ਨੂੰ ਜੋ ਕਟਦੀ ਹੈ ਲੈ ਦੇਕਰ ਭਾਵ ਫੜ ਲੌ ਫੜ ਲੌ ਕਰਕੇ (ਅ) ਫੌਰਨ, ਹੱਥੋ ਹੱਥੀ।

ਜਥਾ ਸੁਭਟ ਅਤਿਰਥੀ[1] ਹੁਇ, ਲਰਤਿ ਨ ਚਹਤਿ ਸਹਾਇ।
ਅਨਗਿਨ ਸ਼ੱਤ੍ਰੂ ਸੈਨ ਕੋ, ਨਾਸਹਿ ਜੁੱਧ ਮਚਾਇ ॥੧੧॥

[1]ਅਤਿਰਥੀ ਸੂਰਮਾ।

ਸੰਸਕ੍ਰਿੱਤਿ ਤੁਮਰੀ ਜੁ ਹੈ, ਰਥੀ ਮਹਾਂਰਥਿ ਦੋਇ[1]।
ਚਹਿ ਸਹਾਇ ਰਨ ਮਹਿਂ ਲਰਹਿ, ਇਕ ਮਹਿਂ ਸ਼ਕਤਿ ਨ ਹੋਇ ॥੧੨॥

[1]ਰਥੀ ਹੈ ਤੇ ਦੂਜੀ (ਭਾਖਾ) ਮਹਾਰਥੀ ਹੈ।

ਭਾਖਾ ਕੋ ਸੋ ਸੰਗ ਨਿਜ, ਸਿੱਖਜਨ ਕੋ ਸਮੁਝਾਇ।
ਮੋਹ ਕਟਕ ਤਬਿ ਜੀਤ ਹੈ, ਗਤਿ ਦੇ ਜੌਨ ਕਮਾਇ ॥੧੩॥
ਜੇ ਕਰਿ ਸੁਰਬਾਨੀ ਕਹੈਂ, ਇਸ ਕੋ ਫਲ ਅਧਿਕਾਇ।
ਤਾਂ ਪਰਿ ਪੰਡਿਤ ਕਾਨ ਸੁਨਿ, ਦੇਹਿਂ

ਸੰਦੇਹਿ ਮਿਟਾਇ ॥੧੪॥

ਸਤਿਗੁਰ ਪ੍ਰਭੁ ਪ੍ਰਿਯ ਭਗਤ ਜੇ, ਤਿਨ ਕੇ ਬਾਕ ਸਮਾਨ[1]।
ਸੁਰਬਾਨੀ ਨਹਿਂ ਹੋਤਿ ਹੈ, ਇਹ ਤੋ ਬਿਦਤ ਜਹਾਨ ॥੧੫॥

[1]ਸਦਰਸ਼।

ਕਰਮ ਕਾਂਡ ਮੈਂ ਸੁਰ ਚਹੈਂ, ਨਰ ਕੋ ਦੇ ਉਪਦੇਸ਼।
ਸੁਰਗ ਨਰਕ ਫਿਰ ਫਿਰ ਜਨਮ, ਸੁਖ ਦੁਖ ਲਹੈ ਬਿਸ਼ੇਸ਼ ॥੧੬॥

ਸਤਿਗੁਰ ਗ੍ਯਾਨ ਦ੍ਰਿੜਾਇ ਕਰਿ, ਬੰਧਨ ਕਾਟਹਿ ਜੀਵ[1]।
ਯਾਂ ਤੇ ਜਾਨਹੁ ਮਿਸਰ ਜੁ! ਕੋ ਘਟਿ, ਕੋ ਬਧਿ ਥੀਵ[1]? ॥੧੭॥

[1]ਜੀਵ ਦੇ।

[1]ਕਿਹੜੀ (ਬਾਣੀ) ਘਟ ਹੈ ਤੇ ਕਿਹੜੀ ਵਧ, ਭਾਵ ਸ੍ਰੇਸ਼ਟ ਹੈ।

ਸ਼ੁਭ ਉਪਦੇਸ਼ ਜੁ ਸ਼੍ਰੇਯਦੇ, ਸੰਸਕ੍ਰਿਤ ਭਾਖਾ ਕੋਇ[1]।
ਕਹੇ ਕੁਰੀਤਿ ਜੁ ਦੁਹਨਿ ਮਹਿਂ, ਮਾਨੇ[1] ਅਧੁਗਤਿ ਹੋਇ ॥੧੮॥

[1]ਸੰਸਕ੍ਰਿਤ ਤੇ ਭਾਖਾ ਵਿਚੋਂ ਕੋਈ।

[1]ਮੰਨਿਆਂ।

ਪਾਤ੍ਰ ਮਝਾਰ ਅਹਾਰ ਸ਼ੁਭ, ਖੈਬੇ ਤ੍ਰਿਪਤੀ ਜਾਂਹਿ[1]।
ਜੇ ਬਿਖ ਪਾਇ ਅਚਾਈਏ, ਮ੍ਰਿਤਕ ਨਰਕ ਕੌ ਪਾਂਹਿ ॥੧੯॥

[1]ਜਿਸਦੇ ਖਾਣ ਨਾਲ ਰੱਜ ਹੁੰਦਾ ਹੈ।

ਕਿਮ ਸੰਸਕ੍ਰਿੱਤਿ ਕੋ ਅਧਿਕਤਾ, ਕਹੈਂ, ਲਹੈ ਨਹਿਂ ਰੀਤਿ[1]।
ਪਠਿਬੇ ਤੇ ਹੰਕਾਰ ਹ੍ਵੈ, ਨਹੀਂ ਨੰਮ੍ਰਤਾ ਚੀਤ ॥੨੦॥

[1]ਰੀਤੀ ਨੂੰ ਨਾ ਜਾਣਦਾ ਹੋਇਆ ਕਿਵੇਂ ਤੂੰ ਸੰਸਕ੍ਰਿਤ ਦੀ ਵਿਸ਼ੇਸ਼ਤਾ ਕਹਿੰਦਾ ਹੈਂ।

ਬਿਨਾ ਗਰੀਬੀ ਭਗਤਿ ਨਹਿਂ, ਜਿਸ ਤੇ ਕਲਿ ਮਹਿਂ ਸ਼੍ਰੇਯ[1]।
ਟਿੱਬਹਿ ਊਚ ਨ ਜਾਮਈ, ਕ੍ਰਿਸ਼ੀ[1] ਬੀਜ ਜੋ ਦੇਯ ॥੨੧॥

[1]ਕਲਜੁਗ ਵਿਚ ਮੁਕਤੀ ਹੁੰਦੀ।

[1]ਉਚੇ ਟਿਬੇ ਤੇ ਜੰਮਦੀ ਹੀ ਨਹੀਂ ਖੇਤੀ।

ਸੰਸਕ੍ਰਿੱਤ ਕੀ ਬਾਰਤਾ, ਅਪਰ ਸੁਨਹੁ ਮਨ ਲਾਇ।

ਮੁਨਸਬ[1] ਹੋਇ ਬਿਚਾਰੀਏ, ਕਰਿਬੇ ਪੱਖਜ ਬਿਹਾਇ[2] ॥੨੨॥

[1]ਨਜਾਉਂ ਕਰਤਾ। [2]ਪੱਖ ਕਰਨਾ ਦੂਰ ਕਰਕੇ।

ਕਿਹ ਕਿਹ ਕੋ[1] ਅਧਿਕਾਰ ਹੈ, ਸਭਿਨਿ ਸੁਨਾਵਹੁ ਨਾਂਹਿ।

[1]ਸੰਸਕ੍ਰਿਥ ਵਿਚ) ਕਿਸੇ ਕਿਸੇ ਨੂੰ।

ਬਿਚ ਅਧਿਕਾਰਨਿ ਬੁਧਿ ਬਡ[1], ਤੌ ਸਮਝਹਿ ਕਛੁ ਤਾਂਹਿ ॥੨੩॥

[1]ਅਧਿਕਾਰੀਆਂ ਵਿਚੋਂ ਬੀ ਬੜੀ ਬੁਧੀ (ਵਾਲਾ ਹੋਵੇ)।

ਸੁਮਤਿਵੰਤ ਅੱਭਜਾਸਹੀ[1], ਤੌ ਪਠਿ ਜਾਨੈ ਸੋਇ।

[1]ਅਭਜਾਸ ਕਰਦਾ ਹੈ।

ਕਰਿ ਅੱਭਜਾਸ ਕਮਾਇ ਕੌ, ਤਿਸ ਕੋ ਫਲ ਤਬਿ ਹੋਇ ॥੨੪॥

ਲਾਖਹੁੰ ਮਹਿਂ ਨਰ ਪਾਇ ਕੋ, ਜੇ ਸਭਿ ਬਿਧਿ ਬਨਿ ਜਾਇ[1]।

[1]ਜੇ (ਪੜ੍ਹ ਲੈਣ ਦੀਆਂ) ਸਾਰੀਆਂ ਬਿਧੀਆਂ ਬਣ ਜਾਣ ਤਾਂ ਲੱਖਾਂ ਵਿਚੋਂ ਕੋਈ (ਇਕ) ਮਨੁਖ (ਸੰਸਕ੍ਰਿਤ ਪੜ੍ਹਕੇ) ਪਰਮੇਸ਼ੁਰ ਨੂੰ ਪਾਉਂਦਾ ਹੈ।

ਅਪਨਿ ਸ਼੍ਰੇਯ ਸੋ ਕਰਿ ਸਕਹਿ, ਅਪਰਨਿ ਕੋ ਕਜਾ ਪਾਇ[1] ॥੨੫॥

[1](ਉਸਤੋਂ) ਹੋਰਨਾਂ ਨੂੰ ਕੀ ਪ੍ਰਾਪਤ ਹੋ ਸਕਦਾ ਹੈ।

ਜਥਾ ਕੂਪ ਕੋ ਨੀਰ ਲੇ, ਇਕ ਨਰ ਬੋਵੈ ਖੇਤ।

ਸਿੰਚਤਿ ਸ਼੍ਰਮ ਕਰਿ ਨਿਤਾ ਪ੍ਰਤਿ, ਤੌ ਕੁਛ ਨਿਜ ਕਰ ਲੇਤ ॥੨੬॥

ਅਬਿ ਭਾਖਾ ਕੀ ਬਾਤ ਸੁਨਿ, ਸਰਬ ਜਾਤਿ ਅਧਿਕਾਰ।

ਲਘੁ ਦੀਰਘ ਬੁਧਿ ਸਭਿ ਸੁਨੈਂ, ਸਮਝੈਂ ਸਾਰ ਅਸਾਰ ॥੨੭॥

ਬਹੁਤ ਨਹੀਂ ਅੱਭਜਾਸ ਚਹਿਂ, ਥੋਰਨਿ ਦਿਨ ਮਹਿਂ ਜਾਨਿ।

ਊਚ ਨੀਚ ਪਠਿ ਕਿਧੋਂ ਸੁਨਿ, ਭਗਤਿ ਕਰਹਿਂ ਹਿਤ ਠਾਨਿ ॥੨੮॥

ਸਭਿ ਪਾਵਹਿਂ ਕੱਲਜਾਨ ਕੋ, ਜਾਤਿ ਸਨਾਤਿ[1] ਅਨੇਕ।

[1]ਜਾਤ = ਚਾਰ ਵਰਨ। ਸਨਾਤ = ਚਾਰ ਵਰਨ ਤੋਂ ਨੀਵੇਂ ਚੰਡਾਲ ਆਦਿ।

ਸਿਮਰਨ ਕਰਿ ਸਤਿਨਾਮ ਕੋ, ਸਾਰ ਅਸਾਰ ਬਿਬੇਕ[1] ॥੨੯॥

[1]ਦਾ) ਵਿਚਾਰ।

ਜੈਸੇ ਜਲਧਰ[1] ਉਮਡਿ ਕੈ, ਬਰਖਾ ਕਰਿ

[1]ਬੱਦਲ।

ਇਕ ਸਾਰ।
ਸੁੱਧਿ ਮਲਿਨ ਉਚ ਨੀਚ ਥਲ, ਜਲ ਪ੍ਰਾਪਤਿ ਪਰ ਧਾਰ[1] ॥੩੦॥
ਪਸੁ ਪੰਛੀ ਸਭਿ ਥਲ ਬਿਖੈ, ਸੁਖ ਪਾਯੋ ਸਭਿ ਜੀਵ।
ਬਨ ਤ੍ਰਿਣ ਹਰੀਆਵਲਿ ਭਏ, ਤਪਤ ਮਿਟੀ ਹਿਤ ਥੀਵ[1] ॥੩੧॥
ਪੁਰਿ ਗ੍ਰਾਮਨਿ ਖੇਤਨਿ ਬਿਖੈ, ਸਭਿ ਪ੍ਰਮੁਦਤਿ ਇਕਸਾਰ।
ਤ੍ਰਿਪਤਿ ਭਏ ਇਕ ਬਾਰਹੀ, ਜਹਿਂ ਕਹਿਂ ਕਹਿਂ ਜੈਕਾਰ ॥੩੨॥
ਸ੍ਰੀ ਗੁਰ ਕੀ ਬਾਣੀ ਤਥਾ, ਸਭਿ ਜਾਤਿਨਿ ਇਕ ਸਾਰ।
ਊਚ ਨੀਚ ਪਠਿ ਕਿਧੌਂ ਸੁਨਿ, ਭਏ ਸ਼੍ਰੇਯ ਅਧਿਕਾਰ ॥੩੩॥
ਮਲਿਨ ਕਿਧੌਂ ਸੁਚ ਹੋਇ ਕਰਿ[1], ਸਿਮਰਹਿ ਸ਼੍ਰੀ ਸਤਿਨਾਮ।
ਪ੍ਰਾਪਤਿ ਹੋਵਹਿ ਮੁਕਤਿ ਤਿਨ, ਬਿਧਿ ਸੁਖੇਨ ਅਭਿਰਾਮ[1] ॥੩੪॥
ਜਲਧਰ ਬਰਖਾ ਅਧਿਕ ਹ੍ਵੈ, ਕਿਧੌਂ ਕੂਪ ਜਲ ਹੋਇ।
ਪੰਡਿਤ ਕਹਹੁ ਬਿਚਾਰ ਕੈ, ਪੱਖਜ ਨ ਕੀਜੈ ਕੋਇ' ॥੩੫॥
ਇੱਤਯਾਦਿਕ ਸੁਨਿ ਬਾਕ ਕੋ, ਬੋਲ ਨ ਦਿਜਤੇ ਆਇ।
ਮੁਨਸਬ ਹੁਇ ਪਖ ਤਯਾਗ ਕਰਿ, ਕਰਿ ਬਿਚਾਰਿ ਸੁਖ ਪਾਇ ॥੩੬॥
ਬਾਦ ਛੋਰਿ ਗੁਰ ਓਰ ਪਿਖ, ਜੁਗ ਕਰ ਜੋਰਿ ਬਖਾਨ।
'ਤੁਮ ਦਾਤਾ ਸਭਿ ਜਗਤ ਕੇ, ਹਮਰੋ ਬਾਦ ਗੁਮਾਨ ॥੩੭॥

[1]ਧਾਰ ਪੈਕੇ।
[1]ਸੁਖ ਹੁੰਦਾ ਹੈ।
[1]ਮਲੇ ਅਥਵਾ ਸੁੱਦੇ ਹੋਕੇ।
[1]ਸੁੰਦਰ ਸੌਖੀ ਬਿਧੀ ਕਰਕੇ।

ਸਿੱਖਜ ਕਰਹੁ, ਦੁਰਮਤਿ ਹਰਹੁ, ਮੋ
ਕਹੁ ਲਖਿ ਕਰਿ ਦਾਸ।
ਕ੍ਰਿਪਾ ਸਿੰਧੁ ਮੈਂ ਬੂੰਦ ਸਮ, ਕਹਾ
ਕਰਿਹੌਂ ਸਮ ਤਾਸੁ[1] ॥੩੮॥
ਬਡੇ ਭਾਗ ਜਾਗੇ ਅਬਹਿ, ਮੇਲ ਭਯੋ
ਤੁਮ ਸਾਥ।
ਦੇ ਆਪਨਿ ਉਪਦੇਸ਼ ਕੋ, ਕੀਜਹਿ ਮੋਹਿ
ਸਨਾਥ' ॥੩੯॥
ਇਮ ਕਹਿ ਪਗ ਪੰਕਜ ਗਹੇ, ਤਜਾਗ
ਜਾਤਿ ਹੰਕਾਰ।
ਸੰਕਟ ਬਸਿ ਨਿਜ ਜੀਵ ਲਖਿ
-ਗੁਰ ਪੂਰਨ ਅਵਤਾਰ[1] ॥੪੦॥
ਕਰਹਿਂ ਉਧਾਰਨਿ ਕਸ਼ਟ ਤੇ, ਬੰਧਨ
ਕਾਟਹਿ ਮੋਰ।
ਮਹਾਂ ਕ੍ਰਿਪਾਲ ਸੁਸ਼ੀਲ ਹੈਂ, ਹਰਹਿਂ
ਆਪਦਾ ਘੋਰ- ॥੪੧॥
ਦੀਨ ਭਯੋ ਬਿਨਤੀ ਭਨਤਿ, ਭਾਉ
ਭਗਤਿ ਚਿਤ ਭੀਨ।
ਭਾਗ ਭੂਰ ਜਿਸ ਭਾਲ ਕੇ, ਜਾਗੇ
ਕਲਮਲ ਹੀਨ ॥੪੨॥
ਸ੍ਰੀ ਸਤਿਗੁਰ ਅਰਜਨ ਭਨਜੋ, 'ਤੁਮ
ਉੱਤਮ ਦਿਜ ਜਾਤਿ।
ਸਿਮਰਹੁ ਸ੍ਰੀ ਸਤਿਨਾਮ ਕੋ, ਲਿਵ
ਲਗਾਇ ਦਿਨ ਰਾਤ' ॥੪੩॥
ਬਿੱਪ੍ਰ ਕਹਜੋ 'ਤ੍ਰਿਸਕਾਰ ਮੈਂ, ਤੁਮਰੋ
ਕੀਨਿ ਮਹਾਨ।
ਬਖਸ਼ਹੁ ਮੇਰੀ ਭੂਲ ਕੋ, ਦਾਤਾ ਸਕਲ
ਜਹਾਨ ॥੪੪॥
ਸੁੰਦਰ ਪਦ ਅਰਬਿੰਦ ਮ੍ਰਿਦੁ, ਜਲ ਸੋਂ
ਇਨਹੁ ਪਖਾਰਿ[1]।
ਦੀਜੈ ਮੈਂ ਮੁਖ ਪਾਨ ਕਰਿ, ਬਨੌਂ ਸਿੱਖ

[1]ਮੈਂ ਕੀ ਕਰ ਸਕਦਾ ਹਾਂ (ਆਪਦੀ) ਬਰਾਬਰੀ।

[1]ਗੁਰੂ ਜੀ ਪੂਰਨ ਅਵਤਾਰ ਹਨ।

[1]ਧੋਕੇ।

ਹਿਤ ਧਾਰਿ' ॥੪੫॥
ਸ਼੍ਰੀ ਗੁਰੁ ਅਰਜਨ ਦੇਵ ਨੇ, ਜਾਨਯੋ ਸ਼ਰਧਾ ਮਾਂਹਿ।
ਚਰਣਾਂम੍ਰਿਤ ਦੇ ਦਾਸ ਕਿਯ, ਸਭਿ ਬਿਕਾਰ ਹਰਿ ਤਾਂਹਿ ॥੪੬॥
ਲਿਵ ਲਾਗੀ ਸਤਿਨਾਮ ਸੋਂ, ਰਸਨਾ ਨੇ ਰਸ ਪਾਇ।
ਅਧਿਕਾਰੀ ਭਾ ਗਯਾਨ ਕੋ, ਸ਼੍ਰੀ ਗੁਰ ਕਰੁਨਾ ਪਾਇ ॥੪੭॥
ਚਾਰ ਪਦਾਰਥ ਪਾਇ ਕੈ, ਦਿਜਬਰ ਭਯੋ ਨਿਹਾਲ।
ਸੁਜਸੁ ਕਰਤਿ ਗੁਰ ਕੋ ਸਦਾ, ਮਹਿਮਾ ਲਖੀ ਬਿਸਾਲ ॥੪੮॥
ਬਿੱਪ੍ਰ ਸੰਗ ਪਰਸੰਗ ਇਮ, ਹੋਯੋ ਗੁਰੂ ਕ੍ਰਿਪਾਲ[1]।
ਅਬਿ ਆਗਲ ਇਤਿਹਾਸ ਕੋ, ਸ਼੍ਰੋਤਾ! ਸੁਨੋ ਰਸਾਲ[1] ॥੪੯॥
ਕਿਤਿਕ ਸਮਾਂ ਬੀਤਯੋ ਤਹਾਂ, ਰਹੇ ਗੁਰੂ ਇਸ ਰੀਤਿ।
ਸਿੱਖ੍ਯ ਹੋਇਂ ਬਹੁ ਆਨ ਕਰਿ, ਪਗ ਪੰਕਜ ਕਰਿ ਪ੍ਰੀਤਿ ॥੫੦॥
ਸ਼੍ਰੀ ਅੰਮ੍ਰਿਤਸਰ ਕੇ ਨਗਰ, ਬਹੁਤ ਬਸਾਵਨਿ ਕੀਨਿ।
ਸੇਵਹਿਂ ਸ਼੍ਰੀ ਗੁਰ ਦੇਵ ਕੋ, ਅਹੰਮੇਵ ਤੇ ਹੀਨ ॥੫੧॥
ਸੁਧਾ ਸਰੋਵਰ ਏਕ ਦਿਸਿ, ਦੂਜੀ ਦਿਸ਼ ਨਿਜ ਧਾਮ।
ਰਚਯੋ ਬਜ਼ਾਰ ਦੁਕਾਨ ਕਰਿ, ਹੋਤਿ ਬਨਜ ਕੋ ਕਾਮ ॥੫੨॥
ਧਨੀ ਬਨਕ ਬਹੁ ਬਸੇ ਤਹਿਂ, ਗੁਰ ਕੇ ਬਾਕਨਿ ਮਾਨਿ।

[1]ਕ੍ਰਿਪਾਲ ਦਾ।
[1]ਸੁੰਦਰ (ਇਤਿਹਾਸ)ਨੂੰ।

ਸੌਦਾ ਲੇ ਸਭਿ ਭਾਂਤਿ ਕੋ, ਪੂਰਨ ਕਰਹਿਂ
ਦੁਕਾਨ ॥੫੩॥
ਇਕ ਦਿਨ ਇਕਠੇ ਬਨਕ ਹੁਇ, ਸਭਿ
ਆਏ ਗੁਰ ਪਾਸਿ।
ਪ੍ਰਥਮ ਨਮੋ ਕਰਿ ਕਹਤਿ ਭੇ, ਹਾਥ
ਜੋਰਿ ਅਰਦਾਸ ॥੫੪॥
'ਸ੍ਰੀ ਗੁਰ ਤੁਮਰੇ ਮਾਨਿ ਬਚ, ਬੈਠੇ
ਰਚਯੋ ਬਜ਼ਾਰ[1]।
ਨਹੀਂ ਬਨਜ ਕੁਛ ਹੋਤਿ ਹੈ, ਖਾਵਹਿਂ
ਕੁਤੋ ਅਹਾਰ ॥੫੫॥
ਨਹਿਂ ਗਾਹਕ ਆਵਹਿਂ ਕਬਹੁਂ, ਬਿਕਹਿ
ਬਸਤੁ ਨਹਿਂ ਕਾਹਿ।
ਬਿਨ ਲੇਵਾ ਦੇਵੀ ਕਰੇ, ਦਰਬ ਕਹਾਂ ਤੇ
ਪਾਂਹਿਂ' ॥੫੬॥
ਸੁਨਿ ਸ੍ਰੀ ਅਰਜਨ ਨਾਥ ਜੀ, ਬਨਕਨਿ
ਸੰਗ ਬਖਾਨ।
'ਨਿਤਪ੍ਰਤਿ ਸ੍ਰੀ ਦਰਬਾਰ ਮਹਿਂ, ਮਸਤਕ
ਟੇਕਹੁ ਆਨਿ ॥੫੭॥
ਇਕ ਬਿਰਾਟਿਕਾ[1] ਦੋਇ ਤ੍ਰੈ, ਚਹੁ
ਪੰਚਮ ਲੇ ਹਾਥ।
ਯਥਾ ਸ਼ਕਤਿ ਧਨ ਭੇਟ ਦਿਹੁ, ਭਾਉ
ਭਗਤਿ ਕੇ ਸਾਥ ॥੫੮॥
ਬਹੁਰ ਕਰਹੁ ਬਿਵਹਾਰ ਕੋ, ਸਗਰੇ
ਬਾਸੁਰ ਮਾਂਹਿ।
ਸੰਧਯਾ ਪੁਨਿ ਬੰਦਨ ਕਰਹੁ, ਦੇਹੁ
ਪ੍ਰਦੱਛਨ ਜਾਹਿ[1] ॥੫੯॥
ਹੋਹਿ ਬਨਜ ਨਿਜ ਅਧਿਕ ਹੀ, ਧਨੀ
ਬਨਹੁ ਸੁਖੁਪਾਇ।
ਪੁੱਤ੍ਰ ਪੌਤ੍ਰ ਜੁਤ ਫਲਹੁਗੇ, ਸੰਸੈ ਦੇਹੁ
ਮਿਟਾਇ' ॥੬੦॥
ਸੁਨਿ ਕੈ ਸਭਿ ਕਰ ਜੋਰਿ ਕੈ, ਮਾਨਿ

[1]ਬੈਠੇ ਹਾਂ (ਜੋ ਤੁਸਾਂ) ਬਾਜ਼ਾਰ ਬਣਾਯਾ ਹੈ।

[1]ਕਉਡੀ।

[1]ਪ੍ਰਕਰਮਾ ਜਾਕੇ।

ਤਿਸੀ ਬਿਧਿ ਕੀਨਿ।
ਚਲਯੋ ਬਨਜ ਧਨ ਗਨ ਭਯੋ, ਪ੍ਰਾਪਤਿ ਭੇ ਸੁਖ ਪੀਨ† ॥੬੧॥

†ਇਹੋ ਜਿਹਾ ਪ੍ਰਸੰਗ ਰਾਸ ਦੋ, ਅੰਸੂ ੫੪, ਅੰਕ ੨੭ ਵਿਚ ਬੀ ਆ ਚੁੱਕਾ ਹੈ। ਹੋ ਸਕਦਾ ਹੈ ਕਿ ਹੋਰਨਾਂ ਵਪਾਰੀਆਂ ਦੁਬਾਰਾ ਬਿਨੈ ਕੀਤੀ ਹੋਵੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਬਿੱਪ੍ਰ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿਸੰਤੀ ਅੰਸੂ ॥੨੯॥

## ੩੦. [ਸ਼੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਚੌਪਈ:

ਸ਼੍ਰੀ ਗੁਰੁ ਹਰਿ ਗੋਬਿੰਦ ਜੀ, ਖੇਲਤਿ ਲਰਕਨਿ ਸੰਗ।
ਅਜਰ ਬਿਹਾਰਤਿ[1] ਦੌਰਤੇ, ਦੇਖਤਿ ਜਨਨੀ ਗੰਗ ॥੧॥

[1]ਵੇਹੜੇ ਵਿਚ ਵਿਚਰਦੇ ਹਨ।

ਤੋਟਕ ਛੰਦ:

ਤਨ ਭੂਖਨ ਚਾਰੁ ਅਦੂਖਨ ਕੇ।
ਪਿਖਿ ਨਾਸ਼ਕ ਬ੍ਰਿੰਦ ਕਲੂਖਨਿ ਕੇ।
ਸੁਖ ਦੇਤਿ ਮਹਾਂ ਸਿਖ ਦਾਸਨਿ ਕੋ।
ਰਹਿਂ ਸੰਗ[1] ਅੱਗਜਾਨ ਬਿਨਾਸ਼ਨ ਕੋ ॥੨॥

[1]ਅੰਗ ਸੰਗ ਰਹਿਕੇ (ਅ) (ਕਈ) ਸਿਖ ਨਾਲ ਰਹਿੰਦੇ ਹਨ।

ਦਰਸੰਤਿ ਭਲੇ ਪਰਸੰਤਿ ਪਗੰ।
ਹਰਖੰਤਿ ਰਿਦੈ ਹਰਿ ਪੰਥ ਲਗੰ[1]।
ਫਲ ਦੇਖਨਿ ਕੋ[1] ਬਡ ਪਾਵਤ ਹੈਂ।
ਤਜਿ ਬ੍ਰਿੰਦ ਬਿਕਾਰ ਸੁਹਾਵਤਿ ਹੈਂ ॥੩॥

[1]ਪਰਮੇਸ਼ੁਰ ਦੇ ਰਾਹ ਲਗਦੇ ਹਨ।

[1]ਦਰਸ਼ਨ ਦਾ ਫਲ।

ਇਮ ਕੇਤਿਕ ਦਯੋਸ ਬਿਤੀਤ ਗਏ।
ਬਡ ਡੀਲ ਸ਼ਰੀਰ ਸੁ ਹੋਤਿ ਭਏ।
ਤਨ ਧਾਰਨਿ ਕੋ[1] ਜਿਨ ਸ੍ਵਾਂਗ ਲਯੋ।
ਨਿਰਬਾਹਤਿ ਤੈਸਿਯ ਰੀਤਿ ਕਯੋ ॥੪॥

[1]ਮਨੁਖ ਸਰੀਰ ਧਾਰਨ ਦਾ।

ਇਤਕ ਦਯੋਸ ਚਢ੍ਯੋ ਤਨੁ ਤਾਪ ਮਹਾਂ।
ਬਹੁਕੰਪਤਿ ਅੰਗ ਸੰਤਾਪ ਲਹਾ।
ਬਹੁ ਬਾਰਹਿ ਬਾਰਿ[1] ਸੁ ਪਾਨਿ ਕਰੈਂ।
ਮੁਖ ਸੁਕਤਿ ਜਾਤਿ ਨ ਹੋਤਿ ਥਿਰੇ[1] ॥੫॥

[1]ਬਹੁਤ ਵੇਰੀ ਜਲ।

[1]ਟਿਕਾਉ ਨਹੀਂ ਹੁੰਦਾ।

ਪਿਖਿ ਗੰਗ ਸੁ ਬਜਾਕੁਲ ਨੰਦਨ ਕੋ।
ਸੁਧਿ ਭੇਜ ਦਈ ਜਗਬੰਦਨ ਕੋ।
ਢਿਗ ਬੈਠਿ ਰਹੀ ਦੁਖ ਪਾਵਤਿ ਹੈ।
ਪ੍ਰਿਯ ਪੁੱਤ੍ਰ ਪਿਖੈ ਤਪਤਾਵਤ ਹੈ[1] ॥੬॥

[1]ਪਿਆਰੇ ਪੁੱਤ੍ਰ ਦਾ ਤਾਪ ਦੇਖਕੇ ਦੁਖੀ ਹੁੰਦਾ ਹੈ (ਅ) ਤਪਤਾਵਤ ਹੈ = .......ਨੂੰ ਤਪਾ ਰਿਹਾ ਹੈ।

ਨਿਜ ਹਾਥ ਲਗਾਇ ਰਹੀ ਤਨ ਕੋ।
ਸੁਧਿ ਬੂਝਤਿ, ਪੀਰ ਬਡੀ ਮਨ ਕੋ।
ਇਤਨੇ ਮੈਂ ਸ਼੍ਰੀ ਗੁਰ ਆਪ ਅਏ।
ਨਿਜ ਨੰਦਨ ਦੇਖਿ ਸਮੀਪ ਭਏ ॥੭॥
ਮਨ ਬ੍ਯਾਕੁਲ ਗੰਗ ਬਿਸ਼ਾਲ ਲਖੀ।
ਦ੍ਰਿਗ ਢੋਰਤਿ[1] ਹੇਰਤਿ ਨੰਦ ਦੁਖੀ।

[1]ਹੰਝੂ ਆਂਵਦੇ ਹਨ।

ਤਜਿ ਖਾਨ ਰੁ ਪਾਨ ਬਿਸੂਰਤਿ ਹੈ।
ਚਿਤ ਚਿੰਤ ਮਨੋ ਇਹ ਮੂਰਤਿ ਹੈ[1] ॥੮॥

[1]ਚਿਤ ਵਿਚ ਚਿੰਤਾ ਕਰ (ਐਸੀ ਦਿਸਦੀ ਹੈ) ਮਾਨੋ ਇਹ (ਚਿੰਤਾ ਦੀ) ਮੂਰਤੀ ਹੈ।

ਨਹਿਂ ਆਨ ਬਿਖੈ ਮਨ ਕਾਰਜ ਕੋ[1]।

[1]ਨਹੀਂ ਹੋਰ ਕਿਸੇ ਕੰਮ ਵਿਚ ਮਨ (ਲਗਦਾ)।

ਇਮ ਸੰਕਟ ਦੇਖਿ ਜੁ ਆਰਜ ਕੋ[1]।

[1]ਸੌ ਭਾਗ ਸੁਪਤਨੀ ਦਾ [ਸੰ: ਆਰ੍ਯਾ = ਸ੍ਰੇਸ਼ਟ ਇਸਤ੍ਰੀ]

ਢਿਗ ਬੈਠਿ ਗਏ ਕਰੁਨਾ ਕਰਿ ਕੈ।
ਸੁਤਿ ਦੇਹ ਸੁ ਤਾਪ ਰਹ੍ਯੋ ਚਰਿ ਕੈ ॥੯॥
ਗਨ ਦਾਸ ਪਿਖੇ ਦੁਖ ਪਾਵਤਿ ਹੈਂ।
ਮੁਰਝਾਇ ਕਛੂ ਨ ਸੁਹਾਵਤਿ ਹੈ।
ਸਭਿਹੂੰਨਿ ਮਨੋ ਜਰ ਜੀਵਨ ਕੀ[1]।

[1]ਮਾਨੋ ਸਾਰਿਆਂ ਦੇ ਜੀਵਨ ਦੀ ਜੜ ਹਨ (ਹਰਿ ਗੋਵਿੰਦ ਜੀ, ਕਿਉਂਕਿ ਉਨ੍ਹਾਂ ਦੇ ਸੰਕਟ ਨਾਲ ਸਾਰੇ ਮੁਰਝਾ ਗਏ ਹਨ)।

ਮਨ ਆਨੰਦ ਦੀਰਘ ਥੀਵਨ ਕੀ[1] ॥੧੦॥

[1]ਮਨ ਅਤਯੰਤ ਅਨੰਦ ਹੋਣ ਦੀ ਬੀ (ਜੜ੍ਹ ਹਨ)।

ਇਮ ਸ਼੍ਰੀ ਗੁਰ ਦੇਖਿ ਬਿਸ਼ੇਖ ਦੁਖੀ[1]।

[1]ਭਾਵ ਦਾਸਾਂ ਨੂੰ ਤੇ ਪਰਵਾਰ ਨੂੰ।

ਪਰਵਾਰ ਅਧਾਰ ਸਭੀ ਬਿਲਖੀ[1]।

[1]ਸਾਰੇ ਪਰਵਾਰ ਦਾ ਆਸਰਾ (ਸ਼੍ਰੀ ਹਰਿ ਗੋਬਿੰਦ ਜੀ) ਮੁਰਝਾਏ ਹੋਏ ਹਨ।

ਤਜਿ ਆਨ ਉਪਾਵ ਬਡੇ ਜਗ ਕੇ।
ਪਰਮੇਸ਼ੁਰ ਪ੍ਰੀਤ ਰਹੀ ਲਗ ਕੇ ॥੧੧॥
ਸਤਿਨਾਮ ਸੁ ਮੰਤ੍ਰ ਮਹਾਂ ਜਪਿ ਕੈ।
ਬਡ ਦਾਰੁਨ ਕਾਰਨ ਜੇ ਤਪ ਕੈ[1]।

[1]ਜੋ ਭ੍ਯਾਨਕ ਤਪ (ਦੀ ਨਵਿਰਤੀ ਦਾ) ਬਡਾ ਕਾਰਨ ਹੈ (ਸਤਿਨਾਮ)।

ਕਰ ਸ਼੍ਰੀ ਗੁਰ ਫੇਰਨਿ ਕੀਨਿ ਜਬੈ।
ਮੁਖ ਪੈ ਤਨ ਪੈ, ਹਤਿ ਤਾਪ ਤਬੈ ॥੧੨॥

ਨ ਰਹ੍ਯੋ ਤਪ ਯੌਂ ਤਤਕਾਲ ਹਯੋ।
ਉਠਿ ਸ਼੍ਰੀ ਹਰਿ ਗੋਬਿੰਦ ਬੈਠਿ ਗਯੋ।
ਜਿਮ ਪੂਰਬ ਖੇਲਤਿ ਮੋਦ ਧਰੇ।
ਤਿਸ ਰੀਤਿ ਮਹਾਂ ਹਰਿਖੰਤਿ ਫਿਰੇ ॥੧੩॥
ਪਰਵਾਰ ਨਿਹਾਰਿ ਅਨੰਦ ਭਯੋ।
ਸਮੁਦਾਇ ਮਿਲੇ ਉਤਸਾਹ ਕਯੋ।
ਸਭਿ ਸ਼੍ਰੀ ਗੁਰ ਕੋ ਕਰ ਜੋਰ ਕਹੈਂ।
'ਦੁਖ ਬ੍ਰਿੰਦ ਤੁਮਾਰਿ ਅਧੀਨ ਰਹੈਂ ॥੧੪॥
ਜਿਮ ਰਾਵਰ ਕੀ ਲਖਤੇ ਮਰਜ਼ੀ।
ਤਿਮ ਹੋਤਿ ਸਭੈ, ਭਨਤੇ ਅਰਜ਼ੀ।
ਨਹਿਂ ਆਪ ਕਛੂ ਕਰਿ ਸਾਕਤਿ ਹੈਂ।
ਪਦਧੂਲ ਜਮਾਦਿਕ ਤਾਕਤਿ ਹੈਂ[1]' ॥੧੫॥

[1]ਜਮ ਆਦਿਕ ਤਕਦੇ ਹਨ (ਆਪਦੀ) ਚਰਨ ਧੂੜ ਨੂੰ।

ਸੁਨਿ ਸ਼੍ਰੀ ਗੁਰ ਨਾਮ ਬਿਸ਼ੇਸ਼ਤਿ ਹੈਂ[1]।
ਸਿਖ ਸੰਗਤਿ ਕੋ ਉਪਦੇਸ਼ਤਿ ਹੈਂ।
'ਇਹ ਮੰਤ੍ਰ ਮਹਾਂ ਸਤਿਨਾਮ ਅਹੈ।
ਨਿਜ ਜੀਹ ਜਪੈ ਜੁ ਅਰੋਗ ਚਹੈ ॥੧੬॥

[1]ਨਾਮ ਦੀ ਵਿਸ਼ੇਸ਼ਤਾ ਕਹਿੰਦੇ ਹਨ।

ਤਨ ਤਾਪ ਕਹਾਂ ਇਸ ਤੇ ਜੁ ਰਹੈ।
ਜਗ[1] ਤੀਨਹੁ ਤਾਪ ਨਿਖਾਪਦ ਹੈ[2]।

[1]ਜਗਤ ਦੇ। [2]ਤਿਨ੍ਹਾਂ ਤਾਪਾਂ ਨੂੰ ਖਪਾ ਦੇਣ ਵਾਲਾ ਹੈ। (ਅ) ਖਾਪ+ਦਹੈ = ਖਪਾਕੇ ਦਾਹ ਕਰ ਦੇਂਦਾ ਹੈ।

ਮੁਖਿ ਧੰਨ, ਜਪੈ ਸਤਿਨਾਮ ਸਦਾ।
ਕਿਹ ਸੰਕਟ ਹੋਨਿ ਨ ਦੇਤਿ ਕਦਾ ॥੧੭॥
ਬਡ ਭਾਗ ਭਰੇ ਲਿਵ ਲਾਵਤਿ ਹੈਂ।
ਦੁਖ ਲੋਕ ਪ੍ਰਲੋਕ ਨਸਾਵਤਿ ਹੈਂ।'
ਕਹਿਂ ਸਿੱਖਜਨ ਸਾਥ 'ਬਿਕਾਰ ਤਜੋ।
ਸਤਿਨਾਮ ਭਜੋ, ਸਤਿਨਾਮ ਭਜੋ' ॥੧੮॥
ਦੋਹਰਾ:

ਇਮ ਕਹਿ ਸ੍ਰੀ ਅਰਜਨ ਗੁਰੂ, ਸ਼ਬਦ
ਬਨਾਵਨਿ ਕੀਨਿ।
ਸਤਿਗੁਰ ਅਰੁ ਸਤਿਨਾਮ ਕੀ, ਮਹਿਮਾ
ਜਿਨ ਮਹਿਂ ਪੀਨ ॥੧੯॥

ਸ੍ਰੀ ਮੁਖਵਾਕ:
ਸੋਰਠਿ ਮਹਲਾ ੫ ॥
ਮੇਰਾ ਸਤਿਗੁਰੁ ਰਖਵਾਲਾ ਹੋਆ ॥
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥
ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥
ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥੧॥
ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥
ਸੋਰਠਿ ਮਹਲਾ ੫ ॥
ਤਾਪੁ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥
ਸਰਬ ਕਲਿਆਣ ਪ੍ਰਭਿ ਕੀਨੇ ॥ ਕਰਿ ਕਿਰਪਾ ਆਪਿ ਦੀਨੇ ॥੧॥
ਬੇਦਨ ਸਤਿਗੁਰਿ ਆਪਿ ਗਵਾਈ ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ ਰਹਾਉ ॥
ਜੋ ਮੰਗਹਿ ਸੋ ਲੇਵਹਿ ॥ ਪ੍ਰਭ ਅਪਣਿਆ ਸੰਤਾ ਦੇਵਹਿ ॥
ਹਰਿ ਗੋਵਿਦੁ ਪ੍ਰਭਿ ਰਾਖਿਆ ॥ ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥
ਸੋਰਠਿ ਮਹਲਾ ੫ ॥
ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥
ਗੁਰਿ ਪੂਰੈ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥੧॥
ਪਰਮੇਸਰੁ ਆਪਿ ਹੋਆ ਰਖਵਾਲਾ ॥
ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥
ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥
ਅਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥੨॥
ਪ੍ਰਭਿ ਅਪਨਾ ਬਿਰਦੁ ਸਮਾਰਿਆ ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥੩॥
ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥
ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥

ਦੋਹਰਾ:

ਇੱਤਜਾਦਿਕ ਬਹੁ ਸ਼ਬਦ ਸੁਭ, ਕਰੇ
ਅਪਰ ਗਤਿਦਾਇ।
ਰਾਗ ਬਿਲਾਵਲ ਆਦਿ ਜੇ, ਦਿਯੇ ਗ੍ਰੰਥ
ਮਹਿਂ ਪਾਇ ॥੨੦॥
ਜੋ ਜਿਸ ਸੰਕਟ ਪਰ ਕਹਜੋ, ਪਢਹਿ ਜਿ

ਸਿਖ ਮਨ ਲਾਇ।
ਸ਼ਰਧਾ ਤੇ ਦੁਖ ਖੈ ਕਰਹਿ, ਇਹੀ ਮਨੋਰਥ ਗਾਇ ॥੨੧॥
ਸਰਬ ਇਹਾਂ ਹਮ ਨਹਿਂ ਲਿਖੇ, ਅਰਥ ਪ੍ਰਗਟ ਤਿਨ ਕੇਰ।
ਸ੍ਰੀ ਗ੍ਰਿੰਥ ਸਾਹਿਬ ਪਠੇ, ਜਾਨੇ ਜਾਂਹਿ ਘਨੇਰ ॥੨੨ ॥

ਤੋਟਕ ਛੰਦ:

ਪੁਨ ਸ੍ਰੀ ਗੁਰੁ ਜੱਗ ਅਰੰਭ ਕਰ੍ਯੋ।
ਮਿਸ਼ਟਾਨ ਮੰਗਾਇ ਮਹਾਨ ਧਰ੍ਯੋ।
ਸਿਖ ਜਾਇ ਚਹੂੰ ਦਿਸ਼ ਘ੍ਰਿੱਤ ਲਯੋ।
ਪੁਨਿ ਗੋਧੁਮ ਸੁਖਮ ਚੂਨ[1] ਕਿਯੋ ॥੨੩॥
ਪਕਵਾਨ ਪਕਾਵਨਿ ਪੁੰਜ ਲਗੇ।
ਸਭਿ ਦ੍ਯੋਸ ਪਕ੍ਯੋ ਪੁਨਿ ਰੈਨ ਜਗੇ।
ਗਨ ਮੋਦਕ ਮੋਦਕ ਓਘ ਕਰੇ[1]।
ਬਹੁ ਪੂਪ ਪਕੇ ਕਰਿ ਰਾਸ ਧਰੇ ॥੨੪॥
ਦਧਿ ਸੰਗਿ ਪਕੌਰਨਿ ਮੇਲਿ ਭਲੇ[1]।
ਮਰਚਾਦਿ ਮਿਸਾਲ ਬਿਸਾਲ ਰਲੇ।
ਕਰ ਰਾਸ ਤਿਹਾਵਲ ਤ੍ਯਾਰ ਧਰ੍ਯੋ।
ਬਹੁ ਭਾਂਤਨਿ ਮੇਵ ਅਮੇਜ਼ ਕਰ੍ਯੋ ॥੨੫॥
ਨਿਵਤਾ ਕਹਿ ਦੀਨ ਚਹੂੰ ਬਰਨਾ।
'ਸਭਿਹੂੰਨਿ ਅਹਾਰ ਇਹਾਂ ਕਰਨਾ।'
ਦਰਵੇਸ਼ ਅਸ਼ੇਸ਼ ਬੁਲਾਇ ਲਏ।
ਗ੍ਰਿਹਸਤੀ ਉਚ ਨੀਚ ਹਜ਼ੂਰ ਅਏ ॥੨੬॥
ਬਡ ਮੇਲ ਭਯੋ ਗਿਨਤੀ ਨ ਰਹੀ।
ਸੁਧਿ ਜਾਤਿ ਭਈ ਜਿਸ ਗ੍ਰਾਮ ਲਹੀ[1]।
ਸੁਨਿ ਸਾਧ ਫਕੀਰ ਸੁ ਬ੍ਰਿੰਦ ਚਲੇ।

[1]ਕਣਕ ਦਾ ਬਰੀਕ ਆਟਾ।

[1]ਢੇਰ ਸਾਰੇ ਲੱਡੂ ਬਹੁਤਾ ਅਨੰਦ ਦੇਣ ਵਾਲੇ ਬਣਾਏ।

[1]ਦਹੀਂ ਵਿਚ ਪਕੌੜੀਆਂ ਚੰਗੀ ਤਰ੍ਹਾਂ ਮਿਲਾਈਆਂ (ਅ) ਦਹੀਂ ਵਿਚ ਪਕੌੜੀਆਂ ਤੇ ਭੱਲੇ ਪਾਏ।

[1]ਜਿਸ ਪਿੰਡ ਨੇ ਖਬਰ ਸੁਣੀ।

ਘਰ ਸ੍ਰੀ ਗੁਰ ਕੇ ਸਭਿ ਆਇ ਮਿਲੇ ॥੨੭॥
ਗਨ ਜਾਤਿ ਗ੍ਰਿਹੀ ਸੁਨਿ ਆਇ ਗਏ।
ਚਹੁੰ ਕੋਦ ਪ੍ਰਮੋਦਤਿ ਟੋਲ ਭਏ।
ਕਰਿ ਪੰਕਤ ਰੀਤਿ ਅਨੇਕਨਿ ਕੀ।
ਬਿਚ ਥਾਉਂ ਸੁ ਭੋਜਨ ਟੇਕਨ ਕੀ[1] ॥੨੮॥
ਇਕ ਜਾਤਿ ਕਰੀ ਇਕ ਥਾਨ ਸਬੈ†।
ਕਰਿ ਪਾਂਤਿ ਜੁਦੀ ਸੁ ਜੁਦੀ ਸੁ ਤਬੈ।
ਸਭਿ ਪੰਥਨਿ[1] ਸੰਤ ਤਥਾ ਕਰਿ ਕੈ।
ਥਿਤਿ ਨਜਾਰਿਯ ਨਜਾਰਿਯਤਾ ਧਰਿ ਕੈ ॥੨੯॥
ਬਹੁ ਭਾਂਤਿਨਿ ਕੇ ਪਕਵਾਨ ਦਏ।
ਸ਼ੁਭ ਸ੍ਵਾਦ ਹੁਤੇ ਰੁਚਿ ਸਾਥ ਖਏ।
ਮੁਖ ਧੰਨਹਿ ਧੰਨ ਭਨੈਂ ਗੁਰ ਕੋ।
ਬਡ ਭੋਜਨ ਦੀਨਿ, ਨ ਭੀ ਥੁਰ ਕੋ[1] ॥੩੦॥
ਜਿਸ ਨਾਮ ਭਨੇ ਦੁਖ ਜਾਤਿ ਘਨੇ।
ਤਿਨ ਕੋ ਅਭਿਬੰਦਨ ਦੇਖਿ ਬਨੇ।
ਸਭਿ ਆਸ਼ਿਖ ਦੇਤਿ 'ਅਨੰਦ ਲਵੋ।
ਹਰਿਗੋਵਿੰਦ ਬੈਸ ਬਿਸਾਲ ਹੁਵੋ ॥੩੧॥
ਗੁਰ ਬੰਸ ਚਲੋ ਤਬਿ ਲੌ ਅਵਨੀ।
ਜਬਿ ਲੌਂ ਉਡਮਾਲ ਫਿਰੈ ਰਵਨੀ।
ਸਸਿ ਸੂਰਜ ਜਾਵਤ ਜੋਤਿ ਧਰੈਂ।
ਸਲਿਤਾ ਜਲ ਸਾਗਰ ਬੀਚ ਭਰੈ ॥੩੨॥
ਜੁਗ ਕੀ ਮਿਰਜਾਦ ਜਬੈ ਲਗਿ ਹੈ।

[1]ਰੱਖਣ ਦੀ।

†ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਚਾਰੇ ਵਰਨਾਂ ਦਾ ਇਕ ਪੰਗਤ ਵਿਚ ਪ੍ਰਸ਼ਾਦ ਛਕਣਾ ਗੁਰੂ ਘਰ ਵਿਚ ਕਵਿ ਜੀ ਆਪ ਲਿਖ ਆਏ ਹਨ ਹੁਣ ਜਾਤੀ ਭੇਦ ਕਰਨਾ ਕਵਿ ਜੀ ਨਹੀਂ ਲਿਖ ਸਕਦੇ। ਇਹ ਸਤਰਾਂ ਆਖੇਪਕ ਜਾਪਦੀਆਂ ਹਨ।

[1]ਮਤਾਂ ਦੇ।

[1]ਕੋਈ ਥੁੜਾ ਨਾ ਰਹੀ।

ਕਮਲਾਸਨ ਕੀ ਰਚਨਾ ਜਗ ਹੈ।
ਤਬਿ ਲੌ ਗੁਰ ਬੰਸ ਰਹੋ ਥਿਰ ਕੈ।
ਜਗ ਮੈਂ ਜਸੁ ਦੀਰਘ ਬੀਥਿਰ ਕੈ[1] ॥੩੩॥
ਗੁਰ ਨੰਦਨ ਹੋਹਿ ਅਰੋਗ ਸਦਾ।
ਬਿਘਨਾ ਨਹਿਂ ਬਜਾਪ ਸਕਾਹਿ ਕਦਾ।'
ਮਨ ਬਾਂਛਤਿ ਭੋਜਨ ਖਾਂਹਿਂ ਘਨੇ।
ਉਰ ਮੋਦਤਿ ਬ੍ਰਿੰਦ ਅਸੀਸ ਭਨੇ ॥੩੪॥
ਪੁਨ ਦੀਨਨਿ ਦਾਨ ਦਯੋ ਧਨ ਕੋ।
ਗਨ ਹੋਤਿ ਭਏ ਨ ਕਰੀ ਗਨ ਕੋ[1]।
ਸਭਿਹੂੰਨਿ ਦਯੋ ਹਰਖੰਤਿ ਭਏ।
ਜੈਕਾਰ ਉਚਾਰਿਤ ਨਾਦ ਥਯੇ ॥੩੫॥
ਬਹੁਰੋ ਗੁਰ ਹੋਇ ਤਯਾਰ ਚਲੇ।
ਹਰਿਮੰਦਿਰ ਹੈ ਜਿਸ ਥਾਨ ਭਲੇ।
ਉਚਵਾਇ ਪ੍ਰਸਾਦਿ ਸੰਬੂਹ ਲਯੋ।
ਹਰਿ ਗੋਵਿੰਦ ਨੰਦਨ ਸੰਗ ਥਯੋ ॥੩੬॥
ਪਿਤ ਕੇਰ ਸਥਾਨ ਮਹਾਨ ਮਹਾਂ।
ਹਿਤ ਪੂਜਨਿ ਕੇ ਚਲਿ ਜਾਤਿ ਤਹਾਂ।
ਪਹੁੰਚੇ ਗਰ ਅੰਚਰ ਡਾਰਿ[1] ਖਰੇ।
ਪਿਤ ਧਯਾਨ ਕਰੇ ਉਰ ਪ੍ਰੇਮ ਭਰੇ ॥੩੭॥
ਕਰਿ ਬੰਦਨ ਦੋਸ਼ ਨਿਕੰਦਨ ਕੋ।
ਪੁਨ ਸ਼੍ਰੀ ਹਰਿਗੋਬਿੰਦ ਨੰਦਨ ਕੋ।
ਸ਼ਰਧਾ ਧਰਿ ਮਾਥ ਟਿਕਾਇ ਦਯੋ।
ਬਯ ਦੀਰਘ ਕੋ ਬਰ ਜਾਚ ਲਯੋ ॥੩੮॥
ਕਰ ਜੋਰਿ ਖਰੇ ਅਰਦਾਸ ਭਈ।
ਧਰਿ ਭਾਉ ਪ੍ਰਦੱਛਨ ਫੇਰ ਦਈ।
ਬਹੁ ਨੰਮ੍ਰ ਭਏ ਗੁਰ ਪੂਜਿ ਫਿਰੇ[1]।

[1]ਫੈਲਾ ਕਰਕੇ।
[1]ਕੋਈ ਗਿਣਤੀ ਨਹੀਂ ਸੀ ਕਰ ਸਕਦਾ।
[1]ਪੱਲਾ ਗਲ ਵਿਚ ਪਾਕੇ।
[1]ਪੂਜਕੇ ਮੁੜੇ।

ਜੁਤ ਮੰਗਲ ਕੇ ਉਤਸਾਹ ਕਰੇ ॥੩੯॥
ਨਿਜ ਧਾਮ ਬਿਖੈ ਪੁਨ ਆਇ ਗਏ।
ਬਹੁ ਗਾਵਤਿ ਗੀਤ ਅਨੰਦ ਭਏ।
ਬਹੁ ਭਾਂਤਿ ਸੁ ਬਾਦਿਤ ਬਾਜਤਿ ਹੈਂ।
ਬਹੁ ਭਾਂਤਿ ਸੁ ਮੰਗਲ ਸਾਜਤਿ ਹੈਂ ॥੪੦॥
ਬਹੁ ਭਾਂਤਿ ਪ੍ਰਮੋਦਤਿ ਹੋਵਤਿ ਹੈਂ।
ਨਰ ਨਾਰਿ ਖੁਸ਼ੀ ਉਰ ਜੋਵਤਿ ਹੈਂ।
ਲਘੁ ਦੁੰਦਭਿ ਕੀ ਧੁਨਿ ਬਾਜ ਰਹੀ।
ਨਹਿਂ ਕਾਨ ਪਰੈ ਕੁਛ ਬਾਤ ਕਹੀ ॥੪੧॥
ਸ਼ਰਨਾਇ ਨਫੀਰਨਿ ਹੋਤਿ ਧੁਨੀ।
ਗਨ ਭਾਟ ਕਲਾਵਤ ਗਾਇ ਗੁਨੀ।
ਕਵਿ ਛੰਦ ਬਨਾਇ ਸੁਨਾਵਤਿ ਹੈਂ।
ਗੁਰ ਤੇ ਮਨ ਬਾਂਛਤਿ ਪਾਵਤਿ ਹੈਂ ॥੪੨॥
ਬਡ ਪੌਰ ਕੁਲਾਹਲ ਹੋਵਤਿ ਹੈ।
ਗੁਰ ਹੇਰਿ ਕਲੂਖਨਿ ਖੋਵਤਿ ਹੈਂ।
ਬਡਭੀਰ ਭਰੀ ਨਰ ਨਾਰਿਨਿ ਕੀ।
ਬਹੁ ਮੰਗਲ ਰੀਤਿ ਉਚਾਰਨਿ ਕੀ ॥੪੩॥
ਨਿਜ ਨੰਦਨ ਗੰਗ ਨਿਹਾਰਤਿ ਹੈ।
ਧਨ ਲੇ ਸਿਰ ਪੈ ਬਹੁ ਵਾਰਤਿ ਹੈ।
ਗਨ ਮੰਗਤ ਕੋ ਪਿਖਿ ਦੇਵਤਿ ਹੈ।
ਗਨ ਆਸ਼ਿਖ ਮਾਧੁਰ ਲੇਵਤਿ ਹੈ ॥੪੪॥
ਹਰਿਗੋਵਿੰਦ ਚੰਦ ਮਨਿੰਦ ਮਹਾਂ।
ਉਛਲ੍ਯੋ ਜਲ ਬ੍ਰਿੰਦ ਅਨੰਦ ਤਹਾਂ[1]।
ਨਰ ਨਾਰਿ ਭਏ ਜਲਜੰਤੁ ਸਭੈ।
ਇਮ ਹੋਤਿ ਕੁਲਾਹਲ ਭੂਰ ਤਬੈ ॥੪੫॥

[1]ਗੁਰੂ ਘਰ ਰੂਪ ਸਮੁੰਦ੍ਰ ਤੋਂ) ਤਹਾਂ ਸਮੂਹ ਅਨੰਦ ਰੂਪ ਜਲ ਉਛਲਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਹਰਿਗੋਵਿੰਦ ਤਾਪ' ਪ੍ਰਸੰਗ ਬਰਨਨੰ ਨਾਮੁ ਤ੍ਰਿੰਸਤੀ ਅੰਸੂ ॥੩੦॥

# ੩੧. [ਸ਼੍ਰੀ ਹਰਿਗੋਵਿੰਦ ਜੀ ਪੜ੍ਹਨੇ ਬੈਠੇ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਕੀਨਸਿ ਦਜੋਸ ਬਿਤੀਤ।
ਨੰਦਨ ਹਰਿ ਗੋਵਿੰਦ ਜੀ, ਤਨ ਬਿਲੰਦ ਮੁਦ ਚੀਤ[1] ॥੧॥

[1]ਪੁੱਤਰ ਹਰਗੋਵਿੰਦ ਜੀ ਦਾ ਸਰੀਰ ਤੇ ਪ੍ਰਸੰਨ ਮਨ (ਦੇਖਕੇ)। 'ਬਿਲੋਕ' ਪਦ ਅਗਲੀ ਤੁਕ ਵਿਚ ਹੈ। (ਅ) ਸਰੀਰ ਵਧਦਾ (ਦੇਖਕੇ) ਚਿਤ ਵਿਚ ਪ੍ਰਸੰਨ ਹੁੰਦੇ ਹਨ।

ਹਾਕਲ ਛੰਦ:

ਪ੍ਰਿਯ ਪੁੱਤ੍ਰ ਬਿਲੋਕ ਬਿਚਾਰੈਂ।
ਸ਼੍ਰੀ ਅਰਜਨ ਇਮ ਉਰਧਾਰੈਂ।
-ਚਟਸਾਲ[1] ਬਿਸਾਲ ਬਿਠਾਵੈਂ।
ਤਹਿੰ ਬੈਠਤਿ ਬਿੱਦਯਾ ਪਾਵੈਂ ॥੨॥

[1]ਪਾਠਸ਼ਾਲਾ।

ਕਿਸ ਥਾਨ ਪਠੈਂ- ਸੁ ਬਿਚਾਰੀ।
ਪੁਨ ਮਨ ਮੈਂ ਬੈਸੋ ਧਾਰੀ।
-ਜੋ ਹਮਰੋ ਭ੍ਰਾਤ ਬਡੇਰੋ।
ਉਰ ਸਰਲ ਸੁਸ਼ੀਲ ਘਨੇਰੋ ॥੩॥
ਸ਼ੁਭ ਮਹਾਂਦੇਵ ਜਿਸ ਨਾਮੂ-।
ਚਲਿ ਗਏ ਤਿਸੀ ਕੇ ਧਾਮੂ।
ਕਰਿ ਬੰਦਨ ਸਾਦਰ ਬੈਸੇ।
ਬਲਦੇਵ[1] ਅੱਗ੍ਰ ਹਰਿ[2] ਜੈਸੇ ॥੪॥

[1]ਕ੍ਰਿਸ਼ਨ ਜੀ ਦਾ ਵਡਾ ਭਾਈ। [2]ਕ੍ਰਿਸ਼ਨ।

ਮ੍ਰਿਦੁ ਬਿਨੈ ਸਪ੍ਰੇਮ† ਬਖਾਨੇ।
'ਤੁਮ ਭ੍ਰਾਤਾ ਅਹੋ ਮਹਾਨੇ।
ਸਮ ਪਿਤਾ ਸਦੀਵ ਹਮਾਰੇ।
ਗੁਨ ਅਉਗਨ ਕੋ ਨ ਚਿਤਾਰੇ ॥੫॥

†ਪਾ:-ਸਮੇਤ।

ਹਰਿ ਗੋਬਿੰਦ ਦਾਸ ਤੁਮਾਰਾ।
ਗਨ ਬਿਘਨ ਬਿਦਾਰ ਉਬਾਰਾ।
ਅਬਿ ਲਾਯਕ ਪਠਿਬੇ ਸੋਊ।
ਜੋ ਬਿੱਦਯਾ ਲੇਵਹਿ ਕੋਊ ॥੬॥
ਤੁਮ ਆਪ ਦੇਹੁ ਫੁਰਮਾਈ।
ਹਿਤ ਬਿੱਦਯਾ ਜਹਾਂ ਪਠਾਈ।'

ਸੁਨਿ ਮਹਾਂਦੇਵ ਮਤਿ ਦੀਹਾ[1]। — [1]ਬੜੀ ਮਤਿ ਵਾਲੇ।
ਕਹਿ 'ਕਰਹੁ ਨ ਅਨਤੈ ਈਹਾ[1] ॥੭॥ — [1]ਹੋਰ ਦੀ ਇਛਾ।
ਜਿਨ ਦੀਨਸਿ ਪੁੱਤ੍ਰ ਤੁਮਾਰਾ।
ਜਟ ਬੁੱਢਾ ਬੁੱਧਿ ਉਦਾਰਾ।
ਸਮਰੱਥ ਮਹਾਂ ਜਿਸ ਮਾਂਹੀ।
ਕਹਿ ਬਾਕ ਅੰਨਥਾ[1] ਨਾਂਹੀ ॥੮॥ — [1]ਖਾਲੀ।
ਬਡ ਕਰਾਮਾਤ ਮਹਿਂ ਪੂਰਾ।
ਗਨ ਹਤਨਿ ਬਿਕਾਰਨਿ ਸੂਰਾ[1]। — [1]ਵਿਕਾਰਾਂ ਦੇ ਨਾਸ਼ ਕਰਨ ਨੂੰ ਸੂਰਮਾ।
ਤਿਸ ਬਿਨਾ ਨ ਕਹੂੰ ਬਿਠਾਵਹੁ।
ਜਿਮ ਚਾਹਹੁ ਤਥਾ ਪਢਾਵਹੁ' ॥੯॥
ਸੁਨਿ ਮਹਾਂਦੇਵ ਕੀ ਬਾਨੀ।
ਸ੍ਰੀ ਅਰਜਨ ਸਾਦਰ ਮਾਨੀ।
ਸਿਖ ਪੰਚ ਸਮੀਪ ਹਕਾਰੇ।
ਤਿਨ ਸੰਗ ਸੁ ਬਾਕ ਉਚਾਰੇ ॥੧੦॥
'ਜਹਿਂ ਬੁੱਢਾ ਸ਼ੁਭ ਮਤਿ ਬਾਸਾ।
ਚਲਿ ਜਾਹੁ ਤਿਨਹੁ ਕੇ ਪਾਸਾ।
ਕਰ ਜੋਰਿ ਨਿਹੋਰਹੁ ਤਾਹੀ।
ਕਰਿ ਨਮੋ ਕਮਲ ਪਗ ਪਾਹੀ ॥੧੧॥
ਪੁਨ ਲੀਜੈ ਨਾਮ ਹਮਾਰਾ।
ਤੁਮ ਕੌ ਨਿਜ ਪਾਸ ਹਕਾਰਾ।
ਸਨਮਾਨ ਸਹਤ ਲੇ ਆਵੋ।
ਅਬਿ ਤੂਰਨ ਤਹਿਂ ਚਲਿ ਜਾਵੋਂ' ॥੧੨॥
ਸੁਨਿ ਸਿੱਖਨ ਸੀਸ ਨਿਵਾਵਾ।
ਚਲਿ ਗਏ ਹੁਤੋ ਜਿਸ ਥਾਵਾ।
ਮਿਲਿ ਤਿਸੇ ਬੰਦਨਾ ਕੀਨੀ।
ਗੁਰ ਆਇਸੁ ਪੁਨਿ ਕਹਿ ਦੀਨੀ ॥੧੩॥
ਸੁਨਿ ਬੁੱਢਾ ਬਿਕਸਜੋ ਅੰਗਾ।
ਉਠਿ ਭਯੋ ਤਿਨਹੁ ਕੇ ਸੰਗਾ।
ਸ੍ਰੀ ਅਰਜਨ ਜਹਾਂ ਬਿਰਾਜੇ।

ਜਿਨ ਗਿਰਾ ਸੁਨੇ ਅਘ ਭਾਜੇ ॥੧੪॥
ਤਹਿਂ ਬੁੱਢਾ ਚਲਿ ਕਰਿ ਆਯੋ।
ਪਦ ਪੰਕਜ ਸੀਸ ਨਿਵਾਯੋ।
ਗੁਰ ਦੇਖਿ ਤਬੈ ਹੁਇ ਠਾਂਢੇ।
ਸਨਮਾਨਤਿ ਆਨੰਦ ਬਾਢੇ ॥੧੫॥
'ਤਨ ਕੁਸ਼ਲ ਅਨੰਦ ਤੁਮਾਰੇ।
ਚਿਤ ਪ੍ਰਭੁ ਸੋਂ ਰਚਯੋ ਉਦਾਰੇ।
ਉਪਕਾਰ ਹੇਤੁ ਤੁਮ ਦੇਹਾ।
ਉਰ ਆਤਮ ਗਯਾਨ ਅਛੇਹਾ ॥੧੬॥
ਸੁਨਿ ਬੁੱਢੇ ਬਾਕ ਬਖਾਨਾ।
'ਤਨ ਮਾਨੁਖ ਤੁਮ ਨੇ ਠਾਨਾ।
ਜਗ ਜਾਤਿ ਨਰਕ[1] ਦੁਖ ਪਾਏ। — [1]ਨਰਕ ਜਾਂਦਾ।
ਤਿਨ ਹੇਤੁ ਉਧਾਰਨ ਆਏ ॥੧੭॥
ਛਪਿ ਰਹੇ ਅਲਪ ਮਤਿ ਹੀ ਤੇ[1]। — [1]ਥੋੜੀ ਬੁੱਧੀ ਵਾਲਿਆਂ ਤੋਂ।
ਬੁਧਿਵੰਤ ਲਖੈ ਸਭਿ ਚੀਤੇ।'
ਗੁਰ ਤਬਹਿ ਪ੍ਰਸਾਦ ਮੰਗਾਯੋ।
ਮਨ ਪੰਚ ਤੋਲ ਕਰਿ ਲਯਾਯੋ ॥੧੮॥
ਰਖਿ ਬੁੱਢੇ ਪ੍ਰਾਤ ਅਗੇਰੇ।
ਸ਼ੁਭ ਬਾਕ ਭਨੇ ਤਿਸ ਬੇਰੇ।
'ਇਹ ਸਕਲ ਪ੍ਰਸਾਦਿ ਬ੍ਰਤਾਓ।
ਹਰਿ ਗੋਵਿੰਦ ਆਪਿ ਪਢਾਉ ॥੧੯॥
ਗੁਰਮੁਖੀ ਸੁ ਬਿੱਦਯਾ ਦੀਜੈ।
ਸਿਸਉ ਪਰ ਕਰੁਨਾ ਕੀਜੈ।
ਪੱਟੀ ਲਿਖਿ ਪੈਤੀਂ ਸਾਰੀ।
ਸਿਖਰਾਵਹੁ ਮੁਖਹੁਂ ਉਚਾਰੀ' ॥੨੦॥
ਪੁਨਿ ਸਾਹਿਬ ਬੁੱਢੇ ਭਾਖਾ।
'ਮੈਂ ਜਾਟ, ਘਾਸ ਕੋ ਰਾਖਾ[†]। — [†]ਨਿੰਮ੍ਰਤਾ ਨਾਲ ਕਹਿ ਰਹੇ ਹਨ, ਗੁਰੂ ਕੇ ਸਾਰੇ ਪਿੰਡਾਂ ਦੇ ਆਪ ਕਾਰਦਾਰ ਹਨ। ਆਪਣੇ ਟਿਕਾਣੇ ਹੁਣ ਕਾਫੀ ਜ਼ਿਮੀਂਦਾਰੀ ਹੈ, ਪਰਮਾਰਥ ਵਿਚ ਪੂਰਨ ਪਦ ਤੇ ਹਨ ਤੇ ਸ਼ਕਤੀਮਾਨ ਹਨ, ਤੈ ਅਨਿੰਨ ਸਿਖ ਹਨ।
ਮੁਝ ਪਢਨੋ ਕਛੂ ਨ ਆਵੈ।
ਕਯਾ ਜਾਨੌ, ਕਹਾਂ ਪਢਾਵੈਂ[1] ॥੨੧॥ — [1]ਕਿਵੇਂ ਪੜ੍ਹਾਈਦਾ ਹੈ।

ਜੋ ਆਪ ਪਢਹਿ[1] ਸੁ ਪਢਾਈ।
ਅਨਪਢ ਕਜਾ ਦੇਹਿ ਸਿਖਾਈ।'
ਸ੍ਰੀ ਅਰਜਨ ਸੁਨਿ ਕਰਿ ਭਾਖੈਂ।
'ਤੁਮ ਸਕਲ ਸ਼ਕਤਿ ਕੋ ਰਾਖੇ ॥੨੨॥
ਅਸ ਵਸਤੁ ਕੌਨ ਜਗ ਮਾਂਹੀ।
ਜੋ ਤੁਮ ਕਹੁ ਆਵਤਿ ਨਾਹੀ।
ਨਹਿਂ ਆਇ ਜੁ ਰਿਦੈ ਤੁਮਾਰੇ।
ਸੋ ਭਈ ਨ ਜਗਤ ਮਝਾਰੇ ॥੨੩॥
ਜੋ ਭਈ ਪ੍ਰਪੰਚਹਿ ਮੱਧੇ।
ਸੋ ਤੁਮਹਿ ਬਿਦਤਿ ਸਭਿ ਸੁੱਧੇ।
ਨਹਿਂ ਕੀਜਹਿ ਅਪਰ ਵਲਾਉ[1]।
ਸਰਬੱਗਜ ਤਤੱਗਜ[1] ਸਦਾਉ ॥੨੪॥

[1]ਪੜ੍ਹਿਆ ਹੋਵੇ।

[1](ਨਿੰਮ੍ਰਤਾ ਵਾਲਾ) ਟਲਾਵਾ।

[1]ਸਭਿ ਕੁਛ ਜਾਣਨ ਵਾਲੇ ਤੇ ਤੱਤ ਨੂੰ ਜਾਨਣ ਵਾਲੇ ਹੋ।

ਸ਼ੁਭ ਦਜੋਸ ਮਹੂਰਤ† ਆਜੂ।

†ਇਥੇ ਮਹੂਰਤ ਦਾ ਅਰਥ ਉਹ ਸ਼ੁਭ ਸਮਾਂ ਨਹੀਂ ਜੋ ਤਾਰਿਆਂ ਨਛੱਤ੍ਰਾਂ ਦੀ ਗੇਣਤੀ ਤੇ ਨੀਯਤ ਕੀਤਾ ਜਾਂਦਾ ਹੈ, ਪਰੰਤੂ ਸ੍ਰੀ ਗੁਰੂ ਜੀ ਦੇ ਆਪਣੇ ਅਨੁਭਵ ਦਾ ਸ਼ੁਭ ਸਮਾਂ ਹੈ, ਜਿਸ ਨੂੰ ਆਪਨੇ ਬਰਕਤਵੰਦਾ ਕਰ ਲਿਆ ਸੋ ਸ਼ੁਭ ਦਿਨ, ਸੋ ਸ਼ੁਭ ਮਹੂਰਤ। ਇਸ ਰਾਸ ਦੇ ਅੰਸੂ ੩੨ ਦੇ ੨੨ ਤੋਂ ੫ ਅੰਕਾਂ ਵਿਚ ਕਵਿ ਜੀ ਆਪ ਦੱਸਦੇ ਹਨ ਕਿ ਸ੍ਰੀ ਗੁਰੁ ਅਰਜਨ ਦੇਵ ਜੀ ਤੇ ਆਪਦੇ ਸਿੱਖ (ਤਾਰਿਆਂ ਨਿਛੱਤ੍ਰਾਂ ਦੀ ਗੇਣਤੀ ਵਾਲੇ) ਮਹੂਰਤ ਦੀ ਲੋੜ ਨਹੀਂ ਰੱਖਦੇ ਸਨ।

ਜੋ ਕਰਿਯ ਸੁ ਪੂਰਵੈ ਕਾਜੂ।
ਕਹਿ ਸ੍ਰੀ ਗੁਰ ਨਾਨਕ ਨਾਮੂ।
ਦਿਹੁ ਬਿੱਦਜਾ ਅਬਿ ਅਭਿਰਾਮੂ'
॥੨੫॥
ਜਸੁ ਸਤਿਗੁਰ ਜਬਹਿ ਬਖਾਨਜੋ।
ਤਬਿ ਬੁੱਢੇ ਸਾਹਿਬ ਮਾਨਜੋ।
ਉਰ ਹੁਇ ਪ੍ਰਸਾਦਿ[1] ਤਤਕਾਲਾ।
ਵਰਤਾਇ ਪ੍ਰਸਾਦਿ ਬਿਸਾਲਾ ॥੨੬॥
ਗੁਰ ਅੱਗ੍ਰ ਨਿਵਾਯੋ ਮਾਥਾ।
ਗਹਿ ਪਟੀਆ ਅਪਨੈ ਹਾਥਾ।
ਸਭਿ ਪੈਂਤੀ ਲਿਖਿ ਕਰਿ ਦੀਨੀ।
ਹਰਿ ਗੋਵਿੰਦ ਜੀ ਕਰ ਲੀਨੀ ॥੨੭॥
ਕਹਿ ਪ੍ਰਿਥਮੈ, ਓਅੰਕਾਰਾ।
ਸਤਿਗੁਰੂ ਪ੍ਰਸਾਦਿ[1] ਉਚਾਰਾ।

[1]ਕ੍ਰਿਪਾਲ, ਪ੍ਰਸੰਨ।

[1]ਭਾਵ, ੴ ਸਤਿਗੁਰ ਪ੍ਰਸਾਦਿ।

ਸਭਿ ਅੱਖਰ ਆਦਿ ਉਕਾਰਾ[1]। — [1]'ੳ' ਤੋਂ ਆਦਿ।
ਪਠਿ ਲੀਨੇ ਅੰਤ ੜਕਾਰਾ[1] ॥੨੮॥ — [1]ਅੰਤ 'ੜ' ਤਕ।
ਦਿਨ ਪ੍ਰਥਮ ਪਠਤਿ ਭਏ ਏਤਾ।
ਪੁਨ ਦੁਜੋਸ ਦੁਤੀ ਕਰਿ ਚੇਤਾ।
ਪਠਿ ਲੀਨਿ ਮੁਹਾਰਨਿ ਸਾਰੀ।
ਲਗ ਲਾਗੇ ਜਥਾ ਉਚਾਰੀ[1] ॥੨੯॥ — [1]ਜਿਵੇਂ ਲਗਾਂ ਮਾਤ੍ਰਾਂ ਲਗੀਆਂ ਹਨ (ਅ) ਜਿਵੇਂ ਲਗਾਂ ਲਾ ਕੇ ਉਚਾਰੀਦੀ ਹੈ।

ਦਿਨ ਤ੍ਰਿਤੀਏ ਪਾਵਤਿ ਨਾਂਵੇ।
ਜਿਮ ਬੁੱਢਾ ਬਾਕ ਅਲਾਵੈ।
ਪਟੀਆ ਲਿਖਿ ਨਾਵਨਿ[1] ਪੂਰੀ। — [1]ਨਾਵਿਆਂ ਨਾਲ।
ਮੁਖ ਬਾਨੀ ਉਚਰਤਿ ਰੂਰੀ ॥੩੦॥
ਸਭਿ ਬਿੱਦਯਾ ਕਾਰਨ ਜੋਈ[1]। — [1]ਭਾਵ ਸ੍ਰੀ ਹਰਿ ਗੋਬਿੰਦ ਜੀ।
ਲਗਿ ਪਢਨਿ ਗੁਰਮੁਖੀ ਸੋਈ।
ਤਨੁ ਮਾਨੁਖ ਧਾਰਯੋ ਜੈਸੇ।
ਨਿਰਬਾਹ ਸ੍ਵਾਂਗ ਕਹੁ ਤੈਸੇ ॥੩੧॥
ਪੁਨ ਪੋਥੀ ਪਢਨਿ ਸੁ ਲਾਗੇ[11]।
ਸਭਿ ਦੇਖਤਿ ਅਚਰਜ ਪਾਗੇ।
ਨਹਿਂ ਮਹਿਮਾ ਜਿਨਹੁਂ ਪਛਾਨੀ।
ਤਿਨ ਭਈ ਬੁੱਧਿ ਬਿਸਮਾਨੀ ॥੩੨॥
ਕੁਛ ਦੇਰ ਨ ਲਾਗੀ ਐਸੇ।
ਜਨੁ ਪਢੇ ਪ੍ਰਥਮ, ਪਢਿ ਤੈਸੇ।
ਸ੍ਰੀ ਅਰਜਨ ਸੁਨਤਿ ਅਨੰਦੇ।
ਸੁਤ ਬਾਚਕ[1] ਭਯੋ ਬਿਲੰਦੇ ॥੩੩॥ — [1]ਪੜ੍ਹਨੇ ਵਾਲਾ।
ਜੋ ਲੇ ਕਰਿ ਹਾਥ ਪਢਾਵੈਂ।
ਤਤਕਾਲ ਸੁ ਬਾਚ ਸੁਨਾਵੈ।
ਪੁਨ ਬਹੁਤ ਪ੍ਰਸ਼ਾਦ ਮੰਗਾਯੋ।
ਸਭਿ ਬੁੱਢੇ ਅੱਗ੍ਰ ਰਖਾਯੋ ॥੩੪॥
ਹਰਿ ਗੋਵਿੰਦ ਪਦ ਪਰ ਡਾਰਾ।
ਗੁਰ 'ਕੀਨਸਿ ਬੁੱਧਿ ਉਦਾਰਾ।
ਸਭਿ ਬਿੱਦਯਾ ਰਿਦੈ ਬਸਾਈ।'
ਭੇ ਨੰਮ੍ਰ ਤਿਸੇ ਅਗਵਾਈ ॥੩੫॥

ਸਭਿ ਸੰਗਤਿ ਮਹਿਂ ਬਰਤਾਵਾ।
ਪਕਵਾਨ ਮਹਾਂ ਮਨ ਭਾਵਾ।
ਸ੍ਰੀ ਅਰਜਨ ਪੁਨਿ ਧਨ ਲੀਨਾ।
ਗਨ ਦੀਨਨਿ ਦਾਨ ਸੁ ਦੀਨਾ ॥੩੬॥
ਉਤਸਾਹ ਕੀਨਿ ਤਿਸਕਾਲਾ।
ਲਘੁ ਦੁੰਦਭਿ ਬਜੇ ਬਿਸਾਲਾ।
ਸ਼ਰਨਾਇ ਸੁ ਝਾਂਝ[1] ਨਫੀਰੰ।
ਬਡ ਬੱਜੀ ਧੌਂਸਿ ਗਹੀਰੰ ॥੩੭॥
ਹਰਿਗੋਬਿੰਦ ਜੀ ਪ੍ਰਿਯ ਲਾਗੇ।
ਅਵਲੋਕਤਿ ਨਰ ਬਡਭਾਗੇ।
ਤਬਿ ਬੁੱਢਾ ਜੀ ਅਨੁਰਾਗੇ।
ਉਰ ਬਿਸਰਜੋ ਸਭਿ ਬੈਰਾਗੇ ॥੩੮॥
ਭਰਿ ਅੰਕ ਬਦਨ ਅਵਿਲੋਕੇ।
ਮਨ ਪ੍ਰੇਮ ਰੁਕਤਿ ਨਹਿਂ ਰੋਕੇ।
ਉਰ ਹਿਤ ਕਰਿ ਸੁੰਘਤਿ ਮਾਥਾ।
ਬਰ ਦੇਤਿ ਭਯੋ ਹਿਤ ਸਾਥਾ ॥੩੯॥
'ਬਡ ਬੀਰ, ਕਸਹੁ ਕਟਿ ਭਾਥਾ।
ਗਰ ਖੜਗ, ਧਨੁਖ ਦ੍ਰਿੜ੍ਹ ਹਾਥਾ।
ਰਿਪੁ ਮਾਰਹੁ ਕਰਿ ਘਮਸਾਨਾ।
ਨਹਿਂ ਪ੍ਰਤਿਭਟ ਹੋਵਹਿ ਆਨਾ[1] ॥੪੦॥
ਕਰਿ ਸੰਘਰ ਸ਼ੱਤ੍ਰੁਨਿ ਮਾਰੋ।
ਜਸੁ ਪਸਰਹਿ ਬਿਜੈ ਤੁਮਾਰੋ।
ਬਲ ਅਤੁਲਤ ਬਾਹੁ ਬਿਸਾਲਾ।
ਹੁਇ ਦੀਰਘ ਡੀਲ ਕ੍ਰਿਪਾਲਾ' ॥੪੧॥

ਕਬਿੱਤ:

ਜੈਸੇ ਰਾਮਚੰਦ ਪਰ ਕੌਸਕ[1] ਮੁਨਿੰਦ੍ਰ ਬਰ
ਹੋਇ ਕੈ ਪ੍ਰਸੰਨ ਮਨ ਬਿੱਦਜਾ ਸਿਖਰਾਇ ਕੈ।
ਦੀਨੇ ਬਰ ਔਰ ਸਭਿ ਮੰਤ੍ਰ ਸਿਰਮੌਰ ਜੇਤੇ

[1]ਝਾਂਜੇ, ਵੱਡੇ ਛੈਣੇ।

[1]ਹੋਰ (ਤੁਹਾਡੇ) ਵਰਗਾ ਸੂਰਮਾਂ ਨਹੀਂ ਹੋਵੇਗਾ। [ਸੰਸ: ਪ੍ਰਤਿਭਟ = ਮੁਕਾਬਲੇ ਦਾ ਸੂਰਮਾ]

[1]ਵਿਸ਼ਵਾ ਮਿੱਤ੍ਰ।

ਅਖਿਲ ਪਢਾਏ ਤਾਤਕਾਲ ਚਿਤ ਚਾਇਕੈ।
ਤੈਸੇ ਹਰਿ ਗੋਬਿੰਦ ਬਿਲੰਦ ਬਿੱਦਜਾ ਦਈ ਸਭਿ
ਔਰ ਬਰ ਕਹੇ ਉਰ ਪ੍ਰੇਮ ਉਮਗਾਇ ਕੈ।
ਬੁੱਢੇ ਹ੍ਵੈ ਪ੍ਰਸੰਨ ਸੁਭ ਆਸ਼ਿਖ ਬਖਾਨੀ ਧੰਨ,
ਭਯੋ ਉਤਸਾਹ ਚਹੁੰ ਦਿਸ਼ਿ ਰਹ੍ਯੋ ਛਾਇਕੈ ॥੪੨॥

ਦੋਹਰਾ:

ਬਿੱਦਜਾ ਦਈ ਸਿਖਾਇ ਸ਼ੁਭ[†], ਬਾਨੀ ਪੜ੍ਹਿਬੇ ਕੇਰ।
ਬਾਚਕ ਹੋਏ ਸਕਲ ਕੇ, ਪਢਤਿ ਨ ਲਾਵਤਿ ਦੇਰ ॥੪੩॥

[†]ਪਾ:-ਸਭਿ।

ਸ਼ਸਤ੍ਰਨ ਕੀ ਬਿੱਦਜਾ ਮਹਾਂ, ਤਿਸ ਕੋ ਬਰ ਦੇ ਦੀਨਿ।
'ਬਾਨ ਪ੍ਰਹਾਰਨਿ ਅਨਿਕ ਬਿਧਿ, ਐਂਚਨਿ ਧਨੁਖ ਪ੍ਰਬੀਨ ॥੪੪॥
ਖੜਗ ਪ੍ਰਹਾਰਨਿ ਸਿਪਰ ਗਹਿ, ਤਨ ਬਚਾਇ ਕਰਿ ਦਾਵ।
ਇਤ ਉਤ ਹੋਵਨਿ ਸਮੁਖ ਪੁਨਿ, ਗਨ ਸ਼ੱਤ੍ਰਨਿ ਕਰਿ ਘਾਵ[1] ॥੪੫॥

[1]ਵਾਰ ਕਰਨਾ। ਨਾਸ਼ ਕਰਨਾ।

ਸ੍ਵੈਯਾ:

ਹੋਨਿ ਮਹਾਂ ਅਸਵਾਰ ਤੁਰੰਗਮ
ਦੀਰਘ ਛਾਲ ਕੁਦਾਇ ਭਜਾਵੈਂ।
ਫੇਰਨ, ਮੰਡਲ ਕੇਰ ਭ੍ਰਮਾਵਨਿ,
ਲੈ ਬਰਛਾ[1] ਅਰਿ ਓਰ ਚਲਾਵੈਂ।
ਹਾਥ ਤੁਫੰਗ[1] ਗਹੈਂ ਕਹਿ ਤਯਾਰ,
ਪਲਾਵਤਿ ਜਾਤਿ[1] ਛੁਟੇ ਰਿਪੁ ਘਾਵੈਂ।'
ਔਰ ਜਿਤੇ ਇੱਤਯਾਦਿਕ ਜੋ ਬਰ,

[1]ਗੋਲਾਕਾਰ ਫੇਰ ਕੇ ਬਰਛਾ ਲੈ ਕੇ ਤੇ ਭ੍ਰਮਾਕੇ।
[1]ਬੰਦੂਕ।
[1]ਦੌੜਦਿਆਂ ਜਾਂਦਿਆਂ।

ਦੇਤਿ ਭਯੋਸੁ 'ਕਰੇਬਿਨ ਆਵੈਂ[1]' ॥੪੬॥

[1]ਵਰ ਦਿੱਤਾ ਕਿ ਬਿਨਾਂ ਕੀਤੇ ਦੇ (ਸ਼ਸਤ੍ਰ ਵਿਦਯਾ) ਆਵੇਗੀ।

ਦਜੋਸ ਪ੍ਰਤੀ ਹਰਿ ਗੋਵਿੰਦ ਚੰਦ,
ਬਿਲੰਦ ਸਰੀਰ ਅਨੰਦ ਬ੍ਰਿਧਾਵੈ।
ਨੰਦਨ ਕੋ ਪਿਖਿ ਗੰਗ ਉਮੰਗਤਿ,
ਆਪ ਸੁਨੈ ਨਿਜ ਪਾਸ ਪਢਾਵੈਂ[1]।

[1]ਸੁਣਦੀ ਹੈ ਆਪਣੇ ਪਾਸ ਬਿਠਾਕੇ ਪੜ੍ਹਾਕੇ।

ਗੋਦ ਬਿਠਾਇ ਪ੍ਰਮੋਦਤਿ ਹੈ[1]

[1]ਅਨੰਦ ਹੁੰਦੀ ਹੈ।

ਅਤਿ ਪ੍ਰੇਮ ਵਧਯੋ ਸੁਨਿ ਕੈ ਬਲਿ ਜਾਵੈ।
ਚਾਹਤਿ ਹੈ ਕੁਸ਼ਲੀ ਸੁਤ ਕੀ,
ਗੁਰ ਨਾਨਕ ਨਾਮ ਲੈ ਸੀਸ ਝੁਕਾਵੈ ॥੪੭॥

ਦੋਹਰਾ:

ਇਮ ਦਿਨ ਪ੍ਰਤਿ ਉਤਸਾਹ ਜੁਤ,
ਬਧਤਿ ਸਰੀਰ ਬਿਲੰਦ।
ਮਾਤਾ ਪਿਤਾ ਚਕੋਰ ਸਮ, ਸ਼੍ਰੀ ਹਰਿ ਗੋਬਿੰਦ ਚੰਦ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਹਰਿ ਗੋਬਿੰਦ ਪਢਨਿ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

## ੩੨. [ਪੰਡਿਤ। ਪੈੜੇ ਨੇ ਪ੍ਰਾਣ ਸੰਗਲੀ ਲਿਆਂਦੀ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:
ਪੈੜਾ ਮੋਖਾ ਸਿਖ ਹੁਤੋ, ਸ੍ਰੀ ਸਤਿਗੁਰ ਕੇ ਪਾਸ।
ਸਵੇ ਨਿਸ ਦਿਨ ਗੁਰਨਿ ਕੋ, ਸਿੱਖੀ ਰਿਦੈ ਪ੍ਰਕਾਸ਼ ॥੧॥
ਚੌਪਈ:
ਪੰਡਿਤ ਕਾਸ਼ੀ ਤੇ ਇਕ ਆਵਾ।
ਸ੍ਰੀ ਅਰਜਨ ਸੋ ਪਾਸ ਟਿਕਾਵਾ।
ਕਰਹਿ ਕਾਮਨਾ ਬਿੱਪ੍ਰ ਬਿਸਾਲਾ।
-ਕਰੌਂ ਸੁਨਾਵਨਿ ਕਥਾ ਰਸਾਲਾ ॥੨॥
ਪਾਛੇ ਦਛਨਾ ਲੇਵੌਂ ਮੋਖ।
ਦੈ ਹੈਂ ਗਜਾਨ ਰੁ ਸਤ ਸੰਤੋਖ-।
ਦਿਜ ਮਨ ਕੀ ਸਗਰੀ ਗੁਰ ਜਾਨੀ।
ਰਾਖਯੋਂ ਨਿਕਟ ਰਹਜੋ ਸੁਖ ਮਾਨੀ ॥੩॥
ਕੇਤਿਕ ਮਾਸ ਬਿਤੇ ਜਬਿ ਪਾਸਾ।
ਤਿਸੀ ਮਨੋਰਥ ਕੀ ਧਰਿ ਆਸਾ।
ਪੁਨ ਸ੍ਰੀ ਗੁਰ ਕਹਿਂ 'ਕਥਾ ਅਲਾਵਹੁ।
ਬੇਦਨਿ ਕੀ ਉਪਨਿਸ਼ਧ[1] ਸੁਨਾਵਹੁ' ॥੪॥
ਦਿਜ ਸੁਨਿ ਹਰਖਯੋ ਲਾਗਯੋ ਕਰਨੇ।
ਬ੍ਰਹਮ ਰੂਪ ਕੋ ਜਿਸ ਮਹਿਂ ਨਿਰਨੇ।
ਕਥਾ ਹੋਤਿ ਨਿਤ ਨੇਮ ਧਰਾਈ[1]।
ਇਕ ਦਿਨ ਆਯੋ ਸਾਲੋ ਭਾਈ ॥੫॥
ਅਨੰਨ[1] ਹੋਇ ਗੁਰ ਪਗ ਲਪਟਾਨਾ।
ਅਤਿ ਆਦਰ ਤਿਹ ਸ੍ਰੀ ਗੁਰ ਠਾਨਾ।
'ਸਾਲੋ ਹੈ ਮੁਝ ਪਰਮ ਪਿਆਰਾ।
ਅਨੰਨ ਭਗਤ' ਗੁਰ ਮੁਖੋਂ ਉਚਾਰਾ ॥੬॥
ਸੁਨਿ 'ਅਨੰਨ' ਬਚ ਗੁਰ ਤੇ ਪੰਡਿਤ।

[1]ਗਿਆਨ ਦੇ ਪੁਸਤਕ ਹਨ।
[1]ਨੇਮ ਕਰਕੇ ਭਾਵ, ਰੋਜ਼।
[1]ਕੇਵਲ ਗੁਰੂ ਪਰਾਇਣ।

-ਹਮਹਿਂ ਅਨੰਨਤਾ ਕਰੋਂ ਨਹਿਂ ਮੰਡਤ[1]।
[1]ਸਾਨੂੰ ਅਨੰਨਪਣੇ (ਦੇ ਪਦ) ਨਾਲ ਕਿਉਂ ਨਹੀਂ ਸ਼ਸ਼ੋਭਿਤ ਕਰਦੇ?

ਵੇਦ ਸਿਧਾਂਤ ਕਥਾ ਜੁ ਸੁਨਾਵੈਂ।
ਹਮ ਕੋ ਨਹਿਂ ਅਨੰਨ ਮੁਖ[†] ਗਾਵੈਂ- ॥੭॥
[†]ਪਾ:-ਹਮ ਅਨੰਨ ਸਿੱਖਜ ਨਿਗੁਨ।

ਪੰਡਿਤ ਮਨ ਮਹਿਂ ਐਸ ਬਿਚਾਰੀ।
-ਕਿਮ ਪਰਤਾਵਾ ਲਿਹੁ ਮਨ ਧਾਰੀ-।
ਪੰਡਿਤ ਮਨ ਕੀ ਸ਼੍ਰੀ ਗੁਰ ਜਾਨੈਂ।
ਸੁਨਨਿ ਕਥਾ ਨਿਤ ਉੱਦਮ ਠਾਨੈਂ[1] ॥੮॥
[1]ਕਥਾ ਸੁਣਨ ਦਾ ਨਿਤ ਉੱਦਮ ਕਰਦੇ ਹਨ।

ਹੁਤੀ ਸਮੀਪ[1] ਸੁ ਅਖਿਲ ਸੁਨਾਈ।
[1]ਜੋ ਪੋਥੀ) ਪਾਸ ਸੀ।

ਗੁਰ ਬੂਝਯੋ 'ਆਗੇ ਸਮੁਦਾਈ।
ਸੋ ਭੀ ਕੀਜੈ ਹਮਹੁ ਸੁਨਾਵਨਿ।'
ਬਿੱਪ੍ਰ ਭਨਯੋ 'ਪੁਸਤਕ ਇਸ ਥਾਵ ਨ ॥੯॥
ਸਦਨ ਹਮਾਰੇ ਸਭਿ ਲਿਖਵਾਈ[1]।
[1]ਲਿਖੀ ਪਈ ਹੈ।

ਦਿਹੁ ਆਇਸ ਤੌਂ ਲੇਹੁਂ ਮੰਗਾਈ।'
ਸਤਿਗੁਰ ਕਹਯੋ 'ਅਨਾਵਹੁ ਸਾਰੀ।
ਉਪਨਿਸ਼ਧਨਿ ਪੁਨ ਕਰਹੁ ਉਚਾਰੀ' ॥੧੦॥
ਸੁਨਿ ਦਿਜ ਨਿਜ ਸੁਤ ਲਗਯੋ ਪਠਾਵਨਿ।
ਭਲੋ ਮਹਰਤ ਪਿਖਿ ਮਨ ਭਾਵਨ[1]।
[1]ਮਨ ਭਾਂਵਦਾ।

ਪੂਜਾ ਕਰਿ ਗਣੇਸ਼ ਕੀ ਪਾਛੇ।
ਸਭਿ ਬਿਧਿ ਸ਼ੁਭ ਕਰਿ ਗਮਨਯੋ ਆਛੇ ॥੧੧॥
ਲੇ ਕਰਿ ਗੁਰ ਤੇ ਖਰਚ ਸੁ ਪੰਥ[1]।
[1]ਰਾਹ ਦਾ।

ਚਲਯੋ ਬਿੱਪ੍ਰ ਸੁਤ ਲੇਬੇ ਗ੍ਰੰਥ।
ਖਰ[1] ਸਨਮੁਖਿ ਹੁਇ ਦਾਏਂ ਬਾਏਂ।
[1]ਗਧਾ।

ਸ਼ਬਦ ਕਰਯੋ ਅਪਸ਼ਗਨ ਦਿਖਾਏ ॥੧੨॥
ਹਟਿ ਆਯੋ ਤਬਿ ਸ਼੍ਰੀ ਗੁਰ ਸੁਨਯੋ।

ਬਿੱਪ੍ਰ ਬੁਲਾਇ ਬਾਕ ਬਰ ਭਨਜੋ।
'ਭਗਤ ਅਨੰਨ ਕਹਾਵਤਿ ਪੰਡਿਤ।
ਖਰ ਤੇ[1] ਜਾਤ੍ਰਾ ਕੀਨਸਿ ਖੰਡਤਿ ॥੧੩॥

[1]ਖੋਤੇ (ਦੇ ਸ਼ਬਦ) ਤੋਂ ਹੀ।

ਗਣਪਤਿ ਆਦਿ ਪੰਚਾਂਗ[1] ਮਨਾਏ।

[1]ਗਣੇਸ਼ ਆਦਿ ਮਨਾਏ ਤੇ ਪੱਤ੍ਰੀ (ਤੋਂ ਤਿੱਥ ਵਾਰ ਸੋਧੇ) (ਅ) ਗਣੇਸ਼ ਆਦਿਕਾਂ ਨੂੰ ਪੰਜ ਅੰਗਾਂ ਕਰਕੇ ਮਨਾਕੇ। ਉਹ ਪੰਚ ਅੰਗ (ਮੱਥਾ ਟੇਕਣ ਦੇ) ਏਹ ਹਨ-ਗੋਡੇ, ਹੱਥ, ਧਰਤੀ ਤੇ ਟੇਕ ਕੇ ਫੇਰ ਅੱਖਾਂ ਦੇਵਤਾ ਤੇ ਟਿਕਾ ਕੇ ਮੂੰਹੋਂ ਕਹਿਣਾ ਨਮਸਕਾਰ ਹੈ।

ਤਿਨ ਪਰ ਨਿਹਚਾ ਨਹੀ ਟਿਕਾਏ।
ਸਿੱਖ ਅਨੰਨ ਭਗਤ ਹੈਂ ਮੇਰੇ।
ਜੇ ਨ ਪ੍ਰਤੀਤ, ਲੇਹੁ ਅਬਿ ਹੇਰੇ' ॥੧੪॥
ਪੈੜੇ ਕੋ ਬੁਲਾਇ ਕਰਿ ਭਨਿਓ।
ਦੇਸ਼ ਸੰਗਲਾਦੀਪ ਜਿ ਸੁਨਿਓ।
ਪ੍ਰਾਂਨ ਸੰਗਲੀ ਪੋਥੀ ਤਹਾਂ।
ਲੇ ਆਵਹੁ ਗਮਨਹੁ ਮਗ ਮਹਾਂ' ॥੧੫॥
-ਸ੍ਰੀ ਨਾਨਕ ਸਤਿਗੁਰ ਤਹਿਂ ਗਏ।
ਗੁਰਮਤਿ ਮਹਾਂ ਦ੍ਰਿੜ੍ਹਾਵਤਿ ਭਏ।
ਨ੍ਰਿਪਤਿ ਸਹਸ ਨਰ ਦੇਸ਼ ਤਿਸੀ ਕੇ।
ਸਿੱਖੀ ਧਾਰਨ ਕੀਨਸਿ ਨੀਕੇ ॥੧੬॥
ਸ਼੍ਰੀ ਨਾਨਕ ਕੀ ਕ੍ਰਿਪਾ ਬਿਸਾਲਾ।
ਸੱਤਿਨਾਮ ਦੇ ਕਰੇ ਨਿਹਾਲਾ।
ਜਿਮ ਤਹਿਂ ਗਏ ਕਰੀ ਜਿਮ ਲੀਲਾ।
ਜਿਮ ਉਪਦੇਸ਼ਜੋ ਨ੍ਰਿਪਤਿ ਸੁਸ਼ੀਲਾ[1] ॥੧੭॥

[1]ਸੀਲ ਸੁਭਾਉ ਵਾਲਾ।

ਤਹਾਂ[1] ਪ੍ਰਸੰਗ ਸਗਲ ਇਹ ਜਾਨੋ।
ਪ੍ਰਾਨ ਸੰਗਲੀ ਰਚਨਿ ਮਹਾਨੋ।
ਹਮਰੋ ਸਿਖ ਆਵੈ ਤਿਸ ਦੀਜੈ।
ਤਬਿ ਲਗਿ ਇਹਾਂ ਰਾਖਿਬੋ ਕੀਜੈ- ॥੧੮॥

[1]ਤਿਥੋਂ ਦਾ।

ਸਿਮਰਿ ਬਾਤ ਇਹ ਅਰਜਨ ਨਾਥਾ।
ਪੈੜੇ ਕੋ ਕਹਿ ਦਈ ਸੁ ਗਾਥਾ।
ਲਿਖ੍ਯੋ ਹੁਕਮਨਾਮਾ ਜਿਮ ਭਾਯੋ।
ਗੁਰ ਪ੍ਰਸੰਨ ਹ੍ਵੈ ਕਰ[1] ਪਕਰਾਯੋ ॥੧੯॥ [1]ਹੱਥ।
'ਸ਼੍ਰੀ ਨਾਨਕ ਪੋਥੀ ਤਿਸ ਥਾਈਂ।'
ਰਾਹ ਹਕੀਕਤ ਸਕਲ ਸੁਨਾਈ।
'ਪੋਥੀ ਦੇਹਿ ਸੁ ਖੋਲਹੁ ਨਾਂਹੀ।
ਹਟਹੁ ਲੇਹੁ[1] ਆਵਹੁ ਹਮ ਪਾਹੀ' ॥੨੦॥ [1]ਲੈਕੇ।
ਇਕ ਸਿਖ ਰਾਖੇ ਪੈਸੇ ਪਾਂਚ।
ਸੋ ਖਰਚੀ ਦੀਨੀ ਗੁਰਸਾਚ।
ਸਗਰ ਬਾਤ ਸਮੁਝਾਇ ਪਠਾਯੋ।
ਸੁਨਿ ਆਇਸੁ ਤਤਕਾਲੁ ਸਿਧਾਯੋ ॥੨੧॥
ਪੰਡਿਤ ਕੋ ਦਿਖਾਇ ਤਬਿ ਕਹ੍ਯੋ।
'ਗਮਨ੍ਯੋ ਸਿੱਖ ਭਲੇ ਤੈਂ ਲਹ੍ਯੋ।
ਵਾਰ ਮਹੂਰਤ ਤਿਥਿ ਨਹਿਂ ਪੂਛਾ।
ਬਿਨਾ ਖਰਚ ਤੇ ਮਨ ਨਹਿਂ ਛੂਛਾ[1] ॥੨੨॥ [1]ਮਨ ਖਾਲੀ ਨਹੀਂ ਸੀ ਭਾਵ ਸਿਦਕ ਭਰਿਆ ਸੀ।
ਨਿਸ਼ਚਾ ਏਕ ਕਰਨਿ ਅਰਦਾਸ।
ਨਿਤ ਜਾਨਤਿ ਜਹਿਂ ਕਹਿਂ ਗੁਰ ਪਾਸ।
ਭਗਤ ਅਨੰਨ ਕਹਾਵਤਿ ਐਸੇ।
ਗੁਰ ਬਿਨ ਅਪਰ ਨ ਮਾਨਹਿ ਕੈਸੇ ॥੨੩॥
ਗਨ ਦੇਵਨਿ ਪਰ ਨਿਸ਼ਚਾ ਤੇਰਾ।
ਤਜ੍ਯੋ ਸੋ ਪਿ ਸੁਨਿ ਰਵ ਖਰ ਕੇਰਾ[1]।' [1]ਖੋਤੇ ਦੀ ਅਵਾਜ਼।
ਪ੍ਰਭੁ[1] ਗੁਰਦਾਸ ਭਾਈ ਪ੍ਰਤਿ ਗਾਇ। [1]ਭਾਵ ਗੁਰੂ ਅਰਜਨ ਜੀ ਨੇ।
'ਯਹਿ ਪ੍ਰਸੰਗ ਕੇ ਕਬਿਤ ਬਨਾਇ' ॥੨੪॥
ਸੁਨਿ ਭਾਈ ਜੁਗ ਕਬਿਤ ਬਨਾਏ।

ਅਨੰਨ ਭਗਤ ਪਰਿਥਾਇ ਸੁਹਾਏ।
ਸੋ ਅਬਿ ਇਸ ਥਾਂ ਲਿਖੈਂ ਬਨਾਈ†।

†ਦੋ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਅਣਮਿਲਵਾਂ ਇਸ ਪ੍ਰਕਾਰ ਹੈ:-੧. ਸੋ ਮੈਂ ਇਹ ਥਾਂ ਲਿਖੋਂ ਬਨਾਈ। ਭਾਈ ਕੀ ਬਾਨੀ ਮੈਂ ਆਹੀ। ੨. ਸ੍ਰੀ ਗੁਰੂ ਸਿੱਖੀ ਭਗਤ ਅਨੰਨ। ਜਿਹ ਗੁਰ ਅਰਪਜੋ ਤਨ ਮਨ ਧੰਨ। ੩. ਜੁਗ ਕਬਿੱਤ ਸੋ ਇਹਾਂ ਲਿਖਾਊਂ। ਸ੍ਰੀ ਗੁਰ ਕਥਾ ਸੁਨਾਇ ਰਿਝਾਊਂ।

ਪਠਿ ਕਰਿ ਜਾਨੋ ਗੁਰ ਸਿਖ ਭਾਈ*
॥੨੫॥

ਭਾਈ ਗੁਰਦਾਸ ਜੀ ਵਾਚ ॥
ਕਬਿੱਤ:
ਬੈਸਨੋ ਅਨੰਨਿ ਬ੍ਰਹਮੰਨਿ ਸਾਲਗ੍ਰਾਮ ਸੇਵਾ,
ਗੀਤਾ ਭਾਗਵਤ ਸ੍ਰੋਤਾ ਏਕਾਕੀ ਕਹਾਵਈ।
ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛਿ,
ਕਰਤ ਗਵਨ ਸੁ ਮਹੂਰਤ ਸੋਧਾਵਈ।
ਬਾਹਰਿ ਨਿਕਸਿ ਗਰਧਬ ਸ੍ਵਾਨ ਸਗਨੁ ਕੈ,
ਸੰਕਾ ਉਪਰਾਜਿ ਬਹੁਰਿ ਘਰਿ ਆਵਹੀ।
ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ,
ਦੁਬਧਾ ਅਛਿਤ ਨ ਪਰਮ ਪਦੁ ਪਾਵਹੀ ॥੪੪੭॥
ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ,
ਪਤਬ੍ਰਤ ਏਕ ਟੇਕ[1] ਦੁਬਿਧਾ ਨਿਵਾਰੀ ਹੈ।

[1]ਪਤਿਬ੍ਰਤ (ਧਰਮ) ਗ੍ਰਹਣ ਕਰਕੇ ਇਕ ਟੇਕ ਉਤੇ ਨਹੀਂ ਰਹਿ ਸਕਦਾ।

ਪੂਛਤ ਨ ਜੋਤਕ ਅਉ ਬੇਦ ਥਿਤਿ ਬਾਰ ਕਛੁ,
ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰ ਧਾਰੀ ਹੈ।
ਜਾਨਤ ਨ ਸਗਨ ਲਗਨ ਆਨ ਦੇਵ ਸੇਵ,
ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ।
ਸਿਖ ਸੰਤ ਬਾਲਕ[1] ਸ੍ਰੀ ਗੁਰ ਪ੍ਰਤਿਪਾਲਕ ਹੁਇ,
ਜੀਵਨਮਕਤਿ ਗਤਿ ਬ੍ਰਹਮ ਬਿਚਾਰੀ ਹੈ ॥੪੪੮॥

[1]ਬਾਲਕ ਵਤ ਹਨ।

ਚੌਪਈ:
ਨਿਰਨੈ ਕਰਿ ਦਿਜ ਨੇ ਤਬਿ ਜਾਨੇ।
'ਬਾਕ ਜਥਾਰਥ ਆਪ ਬਖਾਨੇ।'
ਸ਼ਾਂਤਿ ਭਈ ਸੁਨਿ ਗੁਰਿ ਰਵ[1] ਦਿਜ ਕੋ। [1]ਸ਼ਬਦ।
ਬਹੁਰ ਨ ਸੰਸਾ ਪ੍ਰਾਪਤਿ ਰਿਦ ਕੋ
॥੨੬॥
ਮਸਤਕ ਟੇਕ ਸਿਮਰਿ ਗੁਰ ਗਯੋ[1]। [1]ਪੈੜਾ ਮੋਖਾ) ਗਿਆ।
ਸਭਿ ਮਗ ਉਲੰਘ ਪਹੁਚਤਿ ਭਯੋ†।

†ਇਸ ਤੋਂ ਅਗੇ ਇਕ ਲਿਖਤੀ ਨੁਸਖੇ ਵਿਚ ਇਹ ਪਾਠ ਵਾਧੂ ਹੈ:-ਦੀਪ ਸੰਗਲਾ ਪਰਮ ਸੁਹਾਵਾ। ਬਨ ਉਪਬਨ ਨਿਰਖਿਯ ਸੁਖ ਦਾਵਾ। ਵਿਵਿਧਿ ਫੂਲ ਫਲ ਸੰਕਲ ਤਰੁ ਹੈਂ। ਭਉਰ ਗੁੰਜਾਰਿਤ ਪਰਮ ਸੁਖ ਭਰਿ ਹੈਂ। ਮੋਰ ਚਕੋਰ ਕਰਹਿਂ ਰਵ ਸੁੰਦਰ। ਸੁਕ ਪਿਕ ਆਇ ਬਿਚਰ ਤਹਿ ਦੁੰਦਰ।

ਪੁਰਿ ਸ਼ਿਵਨਾਭ ਪ੍ਰਵੇਸ਼ਨਿ ਕੀਨਾ।
ਨ੍ਰਿਪਤਿ ਪ੍ਰਸੰਗ ਬੂਝਿ ਸਭਿ ਲੀਨਾ
॥੨੭॥
'ਮਯਾ ਮੇਦਨੀ ਤਿਸ ਕੋ ਨਾਮ।
ਚਲਤਿ ਪੰਥ ਸ਼ੁਭ ਗੁਨ ਗਨ ਧਾਮ।
ਪੁੰਨਵਾਨ ਰਾਜਾ ਧਰਮੱਗਜ।
ਗੁਰ ਕੋ ਸਿੱਖ ਬਿਸਾਲ ਤਤੱਗਜ
॥੨੮॥
ਸ਼੍ਰੀ ਨਾਨਕ ਸਿਖ ਨ੍ਰਿਪ ਸ਼ਿਵਨਾਭ।
ਤਿਸ ਕੋ ਇਹ ਪੋਤਾ ਜਸੁ ਲਾਭ[1]†।

[1]ਜਸ ਨੂੰ ਪ੍ਰਾਪਤ ਹੋਇਆ।

†ਇਸ ਥਾਵੇਂ ਛਾਪੇ ਦੇ ਨੁਸਖੇ ਵਿਚ ਦੋ ਤੁਕਾਂ ਵਾਧੂ ਹਨ, ਜਿਨ੍ਹਾਂ ਦਾ ਪਾਠ ਇਹ ਹੈ:-ਰਾਜੇ ਰਾਇ ਸਿੰਘ ਕਾ ਬੇਟਾ। ਤਿਹ ਸੋਂ ਚਹਿਤ ਕਰੀ ਮੈਂ ਭੇਟਾ। ਇਹ ਦੋ ਤੁਕਾਂ ਸਾਡੇ ਪਾਸ ਦੇ ਪੰਜ ਲਿਖਤੀ ਨੁਸਖਿਆਂ ਵਿਚ ਹੀ ਨਹੀਂ ਹਨ ਤੇ ਨਾਲੇ ੨੯ ਅੰਕ ਦੀ ਚੌਪਈ ਦੇ ਛੇ ਚਰਣ ਬਣ ਜਾਣ ਕਰਕੇ ਬੀ ਵਾਧੂ ਪ੍ਰਤੀਤ ਦੇਂਦੀਆ ਹਨ।

ਸੁਨਿ ਸਭਿ ਪੌਰਦਾਰ ਢਿਗ ਜਾਇ।
'ਗੁਰੂ ਨਿਕਟ ਤੇ ਮੈਂ ਚਲਿ ਆਇ
॥੨੯॥
ਲਿਖ੍ਯੋ ਹੁਕਮ ਨਾਮਾ ਮੈਂ ਲ੍ਯਾਯੋ।
ਸੁਧਿ ਭੂਖਤਿ ਕੋ ਦੇਹੁ ਸੁਨਾਯੋ।'
ਜਬਿ ਨ੍ਰਿਪ ਸੋਂ ਸਭਿ ਕਹੀ ਹਕੀਕਤ।
ਪਿਤਾ ਪਿਤਾਮੇ ਤੇ ਜੁ ਉਡੀਕਤਿ
॥੩੦॥
ਤਤਛਿਨ ਉਠ੍ਯੋ ਅਗਾਉ ਆਯੋ।
ਕਰਿ ਆਦਰ ਅੰਤਰਿ ਪ੍ਰਵਿਸ਼ਾਯੋ।
ਸ਼ੁਭ ਆਸਨ ਪਰ ਨਿਕਟ ਬਿਠਾਇ।
ਨ੍ਰਿਪ ਜੁਤ ਸਭਿਹਿਨਿ ਬੰਦੇ ਪਾਇ
॥੩੧॥
ਜਬੈ ਹੁਕਮਨਾਮਾ ਇਨ ਦੀਨਾ।
ਭਯੋ ਹਰਖ ਸਿਰ ਪਰ ਧਰਿ ਲੀਨਾ।
ਕਹਿ ਨ੍ਰਿਪ ਨਿਜ ਦਾਸਨਿ ਕੈ ਸੰਗਿ।
'ਕਰੋ ਸਕਲ ਮੰਗਲ ਛਬਿ ਰੰਗਿ[1]

[1]ਰੰਗ ਰੰਗ ਦੀ ਸ਼ੋਭਾ।

॥੩੨॥
ਨਗਰ ਬਿਖੈ ਸਭਿ ਕੋ ਕਹਿ ਦੀਜੈ।
ਬਹੁਤ ਭਾਂਤਿ ਕੇ ਉਤਸਵ ਕੀਜੈ।
ਲਘੁ ਦੁੰਦਭਿ ਆਦਿਨ ਬਜਿੰ ਬਾਜੇ।
ਬੰਦਨ ਵਾਰ ਫੂਲ ਦਰਵਾਜੇ' ॥੩੩॥
ਸਭਿ ਪੁਰਿ ਕੇ ਨਰ ਲਏ ਅਕੋਰ।
ਆਏ ਨ੍ਰਿਪ ਢਿਗ ਤਬਿ ਕਰ ਜੋਰਿ।
ਕਰਜੋ ਤਿਹਾਵਲ ਬ੍ਰਿੰਦ ਅਨਾਯੋ।
ਬਹੁ ਸੁਗੰਧਿ ਫੂਲਨਿ ਬਰਸਾਯੋ ॥੩੪॥
ਨਰਨ ਹਜ਼ਾਰਨ ਮਹਿਂ ਨ੍ਰਿਪ ਲੈ ਕੇ।
ਪਠਜੋ ਹੁਕਮਨਾਮਾ ਸੁਖ ਪੈ ਕੈ।
ਧੂਪ ਧੁਖਾਵਤਿ ਸੰਖ ਬਜਾਏ।
ਬਹੁ ਸੁਗੰਧਿ ਚੰਦਨ ਚਰਚਾਏ ॥੩੫॥
'ਪੈੜੇ[1] ਸਿਖ ਕੋ ਦੇਖਨਿ ਕੀਜੈ[2]।
ਪ੍ਰਾਨ ਸੰਗਲੀ ਇਸ ਕੋ ਦੀਜੈ।
'ਪਠਿ ਸੁਨਿ ਕੈ ਸਭਿ ਹੀ ਹਰਖਾਏ।
ਭਾਂਤਿ ਭਾਂਤਿ ਕੀ ਭੇਟ ਚੜ੍ਹਾਏ ॥੩੬॥
ਕਹਿਂ ਕਹੌਂ ਉਛਾਹ ਸੁ ਕਰਜੋ।
ਦਰਸ਼ਨ ਜਨੁ ਸਤਿਗੁਰੂ ਨਿਹਰਜੋ
ਸਿੱਖੀ ਰੀਤਿ ਦੇਖਿ ਕਰਿ ਤਹਾਂ।
ਅਚਰਜ ਸਹਸ ਸੁ ਪੈੜਾ ਰਹਾ ॥੩੭॥
ਧੰਨ ਗੁਰੂ ਨਾਨਕ ਨਿਰਧਾਰਜੋ।
ਅਵਨੀ ਮੰਡਲ ਸਗਲ ਉਧਾਰਜੋ।
ਕੇਤਿਕ ਦਿਨ ਰਹਿ ਸਭਿ ਸੁਖ ਪਾਏ।
ਪੁਨ ਚਲਿਬੇ ਹਿਤ ਬਾਕ ਅਲਾਏ ॥੩੮॥
ਬਹੁ ਮੋਲੀ ਵਥੁ ਨ੍ਰਿਪ ਨੈ ਦੀਨਿ।
ਪ੍ਰਾਨ ਸੰਗਲੀ ਸੌਂਪਨਿ ਕੀਨਿ।
ਅਪਨੀ ਬਿਨੈ ਲਿਖੀ ਅਰਦਾਸ।
'ਮਮ ਮਸਤਕ ਤੁਮ ਚਰਨਨਿ ਪਾਸਿ ॥੩੯॥

[1]ਸ੍ਰੀ ਗੁਰੂ ਜੀ ਵਲੋਂ ਹੁਕਮਨਾਮੇ ਵਿਚ ਇਹ ਲੇਖ ਸੀ।
[2]ਦੇਖਦਿਆਂ ਹੀ।

ਮੰਜੀ ਪਰ ਬੈਠੇ ਨ੍ਰਿਪ ਜੋਈ।
ਗੁਰੂ ਜਾਨਿ ਪੂਜੈ ਸਭਿ ਕੋਈਂ।
ਲੇ ਪੋਥੀ ਹੁਇ ਬਿਦਾ ਪਧਾਰਾ।
-ਸਤਿਗੁਰ ਮਹਿਮਾ ਮਹਾਂ- ਬਿਚਾਰਾ ॥੪੦॥
ਬਡ ਪ੍ਰਤਾਪ ਪੂਰਨ ਸਭਿ ਭੂ ਪਰ।
ਜਹਿਂ ਕਹਿਂ ਛਾਇ ਰਹਯੋ ਸਭਿ ਊਪਰ।
ਮਗ ਮਹਿਂ ਆਵਤਿ ਸੰਗਤਿ ਹੇਰੇ।
ਇਸ ਕੀ ਪੂਜਾ ਹੋਤਿ ਬਡੇਰੇ ॥੪੧॥
ਕ੍ਰਮ[1] ਕਰਿ ਲੰਘਯੋ ਪੰਥ ਬਿਸਾਲਾ।
ਗੰਗਾ ਤੀਰ ਆਇ ਜਿਹ ਕਾਲਾ।
ਏਕ ਸਾਧ ਤਾਂ ਕੋ ਤਬਿ ਦੇਖਾ।
ਸਿਰ ਪੋਥੀ ਲਖਿ ਅਚਰਜ ਪੇਖਾ ॥੪੨॥
ਨਿਰਾਧਾਰ[1] ਪੋਥੀ ਸਿਰਿ ਆਵੈ।
ਦੇਖੀ ਸਾਧ ਨ ਕਿਸਿ ਦ੍ਰਿਸ਼ਟਾਵੈ।
ਦਿਖਿ ਅਜ਼ਮਤ ਭਾ ਆਵਤਿ ਸਾਥ।
ਕਰਿ ਡੇਰਾ ਪੂਛੀ ਸਭਿ ਗਾਥ ॥੪੩॥
'ਕੌਨ ਅਹੋ ਤੁਮ ਕਹਿਂ ਤੇ ਆਏ?
ਕੈਸੀ ਪੋਥੀ ਦੇਹੁ ਦਿਖਾਏ?
ਕਰੋ ਕ੍ਰਿਪਾ ਮੁਹਿ ਸਾਧੂ ਜਾਨਿ।
ਮੈਂ ਆਯੋ ਦਰਸ਼ਨ ਇਛ ਠਾਨਿ' ॥੪੪॥
ਸੁਨਿ ਕਰਿ ਪੈੜੇ ਬਿਨਤੀ ਠਾਨੀ।
'ਸਿੰਗਲ ਦੀਪ ਤੇ ਪੋਥੀ ਆਨੀ।
ਅੰਮ੍ਰਿਤਸਰ ਗੁਰ ਅਰਜਨ ਧੀਰ।
ਚਲਿ ਦੇਖਹੁ ਤੁਮ ਤਿਨ ਕੇ ਤੀਰ ॥੪੫॥
ਗੁਰ ਆਗਯਾ ਮੁਝ ਖੋਲਹੁ ਨਾਂਹੀ।
ਯਾਂ ਤੇ ਤੁਮ ਪਹਿ ਬਿਨਤੀ ਪ੍ਰਾਹੀ।'
ਸੁਨਿ ਬਚ ਸਾਧ ਰਿਦੈ ਅਸ ਠਾਨੀ।

[1]ਹੌਲੀ ਹੌਲੀ।

[1]ਬਿਨਾ ਆਸਰੇ ਉੱਪਰ ਸਿਰ ਤੋਂ।

-ਚਲਿ ਦੇਖੌਂ ਗੁਰ ਕੇ ਨਿਕਟਾਨੀ- ॥੪੬॥
ਨਿਸ ਬਿਤੀਤ ਕਰਿ ਪ੍ਰਾਤਿ ਸ਼ਨਾਨੇ।
ਗੰਗ ਮਾਤ ਪਦ ਬੰਦ[1] ਸਿਧਾਨੇ।
ਪੈੜਾ ਸਾਧ ਜੁਗਮ ਚਲਿ ਆਵੈਂ।
ਮਗ ਮੈਂ ਚਰਚਾ ਕਰਿ ਬਿਗਸਾਵੈਂ ॥੪੭॥

[1]ਭਾਵ ਸਾਧ ਨੇ।

ਪੈੜੇ ਉਪਜਯੋ ਕੁਛ ਹੰਕਾਰਾ।
ਗੁਰ ਕ੍ਰਿਪਾ ਬਡ ਕਾਰਜ ਸਾਰਾ[1]।
ਆਨਿ ਸੁਧਾਸਰ ਡੇਰਾ ਠਾਨਾ।
ਪੈੜਾ ਅਪਨੇ ਧਾਮ ਸਿਧਾਨਾ ॥੪੮॥

[1]ਸੰਪੂਰਣ ਕੀਤਾ।

ਪੋਥੀ ਖੋਲਿ ਪਠੀ ਤਿਨ ਸਾਰੀ।
ਕਲਾ ਜੋਗ ਕੀ ਸਕਲ ਉਚਾਰੀ।
ਦੁਲਭ ਬਾਤ ਅਦਭੁਤ ਗਤਿ ਦੇਖਿ।
ਸਾਧੇ ਜਿਸ ਅਜ਼ਮਤ ਜੁ ਵਿਸ਼ੇਖ਼[1] ॥੪੯॥

[1]ਜਿਸ ਦੇ ਸਾਧਨਾਂ ਕੀਤਿਆਂ ਬੜੀ ਕਰਾਮਾਤ ਹੁੰਦੀ ਹੈ।

ਪ੍ਰਭੁ ਮਾਇਆ ਤਿਹ ਚਿਤ ਭਰਮਾਇਸਿ।
ਕੁਛ ਪ੍ਰਸੰਗ ਨਿਜ ਸਦਨ ਦੁਰਾਇਸਿ।
ਗੁਰ ਪਦ ਆਨ ਬੰਦਨਾ ਕੀਨਿ।
ਪੋਥੀ ਭੇਟਾ ਪਾਤੀ ਦੀਨਿ ॥੫੦॥
ਅੰਤਰਜਾਮੀ ਗੁਰੂ ਪ੍ਰਬੀਨ।
ਤਿਨਹਿ ਕਰੀ ਜੋ ਸਭਿ ਲਖਿ ਲੀਨਿ।
ਖੋਲਿ ਬਿਲੋਕੀ ਪਠਿ ਕਰਿ ਸੋਈ।
ਅਨਿਕ ਬਿਧਿਨਿ ਸਿਧਿ ਦਾਇਕ ਜੋਈ ॥੫੧॥
ਆਦਿ ਅੰਤ ਲੌ ਪਠਿ ਕਰਿ ਸਾਰੀ।
ਜਿਸ ਤੇ ਅਜ਼ਮਤ ਲਹਿਂ ਕਰਿ ਭਾਰੀ।
ਸ੍ਰੀ ਅਰਜਨ ਤਬਿ ਰਿਦੈ ਬਿਚਾਰੀ।
-ਜੀਵ ਮੰਦ ਮਤਿ ਹੁਇਂ ਕਲਿ ਭਾਰੀ ॥੫੨॥
ਪੋਥੀ ਪੜਹਿਂ ਬੁੱਧਿ ਫਿਰ ਜਾਇ।

ਗ੍ਯਾਨ ਹੀਨ ਜਗ ਸਿੱਧ ਕਹਾਇੰ।
ਯਾਂ ਤੇ ਉਚਿਤ ਨ ਪੋਥੀ ਰਾਖਨ-।
ਰਿਸ ਕਰਿ ਪੈੜੇ ਕੋ ਕਿਯ ਭਾਖਨਿ ॥੫੩॥
'ਜੋ ਪ੍ਰਸੰਗ ਇਸ ਤੇ ਨਿਕਸਾਯੋ।
ਸੋ ਭੀ ਚਹੀਏ ਇਹਾਂ ਮਿਲਾਯੋ।'
ਸੋ ਮੰਗਾਇ ਜਲ ਕਰਯੋ ਪ੍ਰਵਾਹਿ।
ਅਚਰਜ ਦੇਖਿ ਭਏ ਸਭਿ ਤਾਂਹਿ ॥੫੪॥
ਦੇਖਿ ਸਾਧ ਬਿਸਮਤ ਹੁਇ ਭਾਰੀ।
ਗੁਰ ਪਦ ਨਿਕਟ ਸੁ ਬਿਨੈ ਉਚਾਰੀ।
'ਮਹਾਂਰਾਜ! ਮੁਝ ਸੁਨਿ ਅਰਦਾਸ।
ਦੂਰਹੁੰ ਤੇ ਆਵਾ ਧਰਿ ਆਸ ॥੫੫॥
ਪੜ੍ਹੋਂ ਲਿਖੌਂ ਪੋਥੀ ਗੁਰ ਜੋਈ[1]।
ਲਾਭ ਅਧਿਕ ਯਾਂ ਤੇ ਮੁਹਿ ਹੋਈ।'
ਦੇਖਿ ਸਾਧ ਧੀਰਜ ਮਨ ਖੋਯੋ।
ਸੀਸ ਚਰਨ ਧਰਿ ਨੰਮ੍ਰੀ ਹੋਯੋ ॥੫੬॥
ਸਾਧ ਦਸ਼ਾ ਦਿਖਿ ਗੁਰੂ ਕ੍ਰਿਪਾਲ।
'ਜਉ ਇੱਛਾ ਕਢਿ ਲਿਹੁ ਤਤਕਾਲ।'
ਸ਼ੀਘ੍ਰ ਪ੍ਰਵਿਸ਼ ਜਲ ਕਢਿ ਕਰ ਲੀਨੀ।
ਹੁਇ ਪ੍ਰਸੰਨ ਗੁਰ ਤਾਂ ਕੋ ਦੀਨੀ ॥੫੭॥⚐

[1]ਪੜ੍ਹਾਂਗਾ, ਜੋ ਪੋਥੀ ਗੁਰੂ ਜੀ ਨੇ ਲਿਖੀ ਹੈ (ਅ) ਗੁਰੂ ਕੀ ਜੋ ਪੋਥੀ ਹੈ ਇਸ ਨੂੰ ਪੜ੍ਹਾਂ ਲਿਖਾਂਗਾ।

⚐ਪ੍ਰਾਣ ਸੰਗਲੀ ਦੀ ਸਭ ਤੋਂ ਪੁਰਾਣੀ ਲਿਖਤ ਪੁਰਾਤਣ ਜਨਮ ਸਾਖੀ ਵਿਚ ਹੈ ਜੋ ਛੇਵੇਂ ਸਤਿਗੁਰਾਂ ਦੇ ਵੇਲੇ ਲਿਖੀ ਗਈ ਜਾਪਦੀ ਹੈ। (ਵੇਖੋ ਪੁਰਾਤਣ ਜਨਮਸਾਖੀ ਟੈਪ ਦੇ ਛਾਪੇ ਦੀ) ਇਸ ਵਿਚ ਪ੍ਰਾਣ ਸੰਗਲੀ ਇਉਂ ਸ਼ੁਰੂ ਹੁੰਦੀ ਹੈ:-ਉਨਮਨ ਸੁੰਨ ਸੁੰਨ ਸਭ ਕਹੀਐ। ਉਨਮਨ ਹਰਖ ਸੋਗ ਨਹੀਂ ਰਹੀਐ। ੨੨ ਪਉੜੀਆਂ ਹਨ। ਪਰ ਜੋ ਲਿਖਤ ਦੀਆਂ ਪੋਥੀਆਂ ਦੇਖਣ ਵਿਚ ਆਈਆਂ ਹਨ, ਉਨ੍ਹਾਂ ਵਿਚ ਇਸਦੇ ੧੩ ਧਿਆ ਹਨ ਯਥਾ:-੧ ਸੁੰਨ ਮਹਲ ਦੀ ਕਥਾ। ੨. ਪਰਮ ਤਤ। ੩. ਪ੍ਰਾਨ ਪਿੰਡ। ੪. ਹਾਟਕਾ। ੫. ਨਉ ਨਾੜੀ। ੬. ਪੰਚ ਤਤ। ੭. ਜੋਗ ਮਾਰਗ। ੮. ਕਾਲ ਬਾਚ ਨਿਰਜੋਗ। ੯. ਆਸਾ ਜੋਗ ਬੈਰਾਗ। ੧੦. ੳਨਮ ਸੁੰਨ। ੧੧. ਨਿਰਜੋਗ ਭਗਤੀ। ੧੨. ਗੁਰ ਉਸਤਤ। ੧੩. ਸਚ ਖੰਡ ਕੀ ਯੁਗਤੀ। ਸ਼੍ਰੀ ਸੰਤ ਸਪੂਰਨ ਸਿੰਘ ਜੀ ਦੀ ਟਿੱਪਣੀ ਕੀਤੀ ਹਿੰਦੀ ਵਿਚ ਛਪੀ ਪ੍ਰਾਣ ਸੰਗਲੀ ਦੇ ੨੧ ਧਿਆਇ ਹਨ = ੧. ਓਂਕਾਰ ਸਭਕਾ ਮੂਲ। ੨. ਨਉਨਾੜੀ। ੩. ਪੰਚ ਤਤ। ੪. ਸੁੰਨ ਮਹਲ। ੫. ਪ੍ਰਮ ਤਤ। ੬. (ੳ) ਪ੍ਰਵਾਨ

ਪਿੰਡ। (ਅ) ਸਿਧ ਗੋਸ਼ਟ। ੭. ਜੋਗ ਮਾਰਗ। ੮. ਰੰਗ ਮਾਲਾ ਜੋਗ ਨਿਧੀ। ੯. ਹਾਟਕਾ। ੧੦. ਨਿਹਬਾਨ। ੧੧. ਉਦਾਸ ਕਰਮ ਜੋਗ ਬੈਰਾਗ। ੧੨. ਯੋਗ ਬੈਰਾਗ ਸਚਖੰਡ ਦੀ ਯੁਗਤੀ ੧੩. ਗੋਸਟ ਰਾਮਾਨੰਦ। ੧੪. ਸ਼ਨ ਤੇ ਉਤਪਤੀ। ੧੫. ਸਤਿਗੁਰ ਉਸਤਤਿ। ੧੬. ਕਾਲ ਬਾਚ ਨਿਰਜੋਗ ਭਗਤੀ। ੧੭. ਕਲਾਵਤੀ ਬਾਣੀ। ੧੮. ਨਿਰਜੋਗ ਭਗਤਿ। ੧੯. ਛੋਟੀ ਰਤਨ ਮਾਲਾ। ੨੦. ਵਡੀ ਰਤਨ ਮਾਲਾ। ੨੧. ਜੀਵ ਕੀ ਨਸੀਹਤ ਕੇ ਲਾਇਕ।

ਪ੍ਰਾਣ ਸੰਗਲੀ ਜੋ ਗੁਰੂ ਨਾਨਕ ਦੇਵ ਜੀ ਨੇ ਸ਼ਿਵਨਾਭ ਜੋਗ ਦਿੱਤੀ ਦਸੀਦੀ ਹੈ, ਇਹੋ ਹੈ ਕਿ ਨਹੀਂ? ਇਹ ਗੱਲ ਲੱਭਣੀ ਕਠਨ ਹੈ ਜਦ ਕਿ ਗੁਰੂ ਜੀ ਨੇ ਉਹ ਜਲ ਵਿਚ ਪ੍ਰਵਾਹ ਦਿਤੀ, ਚਾਹੇ ਸਾਧੂ ਨੇ ਭਿਜੀ ਕੋਈ ਫੇਰ ਕੱਢੀ ਵੀ ਲਿਖੀ ਹੈ, ਪਰ ਗੁਰੂ ਜੀ ਦਾ ਇਸ ਨੂੰ ਸ੍ਵੀਕਾਰ ਨਾ ਕਰਨਾ ਚਾਹੇ ਕਿਸੇ ਕਾਰਨ ਕਰਕੇ ਸੀ ਤੇ ਫੇਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਚਾੜ੍ਹਨਾ ਦਸਦਾ ਹੈ ਕਿ ਇਹ ਗੁਰਬਾਣੀ ਦਾ ਦਰਜਾ ਨਹੀਂ ਰੱਖਦੀ। ਖੋਜ ਦੀ ਅੱਖ ਨਾਲ ਦੇਖਿਆਂ ਮੌਜੂਦਾ ਪ੍ਰਾਣ ਸੰਗਲੀ ਦੀ ਇਬਾਰਤ ਦਾ ਤਰਜ਼ ਗੁਰਬਾਣੀ ਨਾਲ ਘੱਟ ਟਾਕਰਾ ਖਾਂਦਾ ਹੈ, ਉਦਾਸੀ ਸੰਤਾਂ ਦੀਆਂ ਰਚਨਾਵਾਂ ਦੇ ਵਧੇਰੇ ਨੇੜੇ ਢੁਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਚਾੜ੍ਹਨ ਦੀ ਕਥਾ ਤੋਂ ਨਿਸ਼ਚੇ ਕਰਨਾ ਚਾਹੀਏ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰ ਨਾਨਕ ਦੇਵ ਜੀ ਦੀ ਬਾਣੀ ਨਹੀਂ ਜਚੀ ਨਹੀਂ ਤਾਂ ਇਹ ਹੋ ਨਹੀਂ ਸੀ ਸਕਦਾ ਕਿ ਗੁਰ ਨਾਨਕ ਦੇਵ ਜੀ ਦੀ ਬਾਣੀ ਦਾ ਗੁਰੂ ਅਰਜਨ ਦੇਵ ਜੀ ਕਦੇ ਰਤਾ ਬੀ ਤ੍ਰਿਸਕਾਰ ਕਰਦੇ। ਓਹ ਜ਼ਰੂਰ ਬੀੜ ਵਿਚ ਇਸ ਨੂੰ ਚਾੜ੍ਹਦੇ ਤੇ ਹੁਣ ਜੋ ਉਸ ਸਮਰੱਥ ਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਚਾੜ੍ਹੀ, ਚਾਹੇ ਇਹ ਉਹੋ ਹੈ ਯਾ ਹੋਰ, ਇਹ ਗੁਰਬਾਣੀ ਦਾ ਦਰਜਾ ਨਹੀਂ ਰਖਦੀ। ਅਗਲੇ ਅੰਸੂ ਤੋਂ ਪਤਾ ਲਗੇਗਾ ਕਿ ਗੁਰੂ ਜੀ ਨੇ ਗੁਰਬਾਣੀ ਨੂੰ ਕੱਚੀਆਂ ਬਾਣੀਆਂ ਵਿਚ ਰਲ ਜਾਣ ਤੋਂ ਨਿਖੇੜਾ ਦੇਣ ਲਈ ਗੁਰੂ ਗ੍ਰੰਥ ਸਾਹਿਬ ਰਚਣ ਦਾ ਉੱਦਮ ਕੀਤਾ ਹੈ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਪ੍ਰਾਣ ਸੰਗਲੀ ਨੂੰ ਦੇਖਦੇ ਸਾਰ ਬੀੜ ਦਾ ਕੰਮ ਅਰੰਭਣ ਦਾ ਇਕ ਕਾਰਣ ਇਹੋ ਪ੍ਰਾਣ ਸੰਗਲੀ ਸੀ ਜਿਸ ਨੂੰ ਆਪ ਨੇ ਗੁਰਬਾਣੀ ਨਾ ਪਾਕੇ ਸ੍ਵੀਕਾਰ ਨਹੀਂ ਕੀਤਾ ਤੇ ਫਿਰ ਗੁਰਬਾਣੀ ਨੂੰ ਅਲਗ ਕਰਕੇ ਸੰਹਤਾ ਬੰਨ੍ਹ ਦੇਣ ਦਾ ਉੱਦਮ ਚਾ ਲਿਆ, ਤੇ ਬੀੜ ਬੰਨ੍ਹ ਦਿੱਤੀ।

ਕੇਤਿਕ ਸਮੈ ਸੇਵ ਪੁਨ ਕਰੀ।
ਉਰ ਸ਼ਰਧਾ ਅਤਿ ਗੁਰ ਮਹਿਂ ਧਰੀ।
ਪੈੜਾ ਖਰੋ ਅੱਗ੍ਰ ਕਰ ਜੋਰਿ।
ਖਿਮਾ ਕਰੀ ਸਤਿਗੁਰੂ ਬਹੋਰਿ ॥੫੮॥
ਭੂਲ ਚੂਕ ਅਪਨੀ ਬਖਸ਼ਾਈ।
ਰਾਹ ਹਕੀਕਤ ਸਕਲ ਸੁਨਾਈ।
ਸੋ ਬੰਨੋ ਸਿਖ ਲਿਖੀ ਗਿਰੰਥ।
ਜਾਨਤਿ ਤਾਂ ਕੋ ਸਗਲੋ ਪੰਥ ॥੫੯॥

ਦੋਹਰਾ:

ਸ੍ਰੀ ਗੁਰ ਹਰਿਗੋਬਿੰਦ ਕੇ, ਨਿਕਟ
ਰਹਿਓ ਚਿਰਕਾਲ।
ਆਗਜਾਕਾਰੀ ਹੋਇ ਕਰਿ, ਪੈੜਾ ਭਯੋ

†ਇਕ ਲਿਖਤੀ ਨੁਸਖੇ ਵਿਚ ਇਹ ਸਾਰਾ ਅੰਸੂ ਹੀ ਹੈ

ਨਿਹਾਲ† ॥੬੦॥ ਨਹੀਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪੰਡਤ ਅਰ ਪੈੜੇ ਕੌ ਪ੍ਰਾਣ ਸੰਗਲੀ ਲਿਆਵਨ' ਪ੍ਰਸੰਗ ਬਰਨਨੰ ਨਾਮ ਬਤੀਸਮੋਂ ਅੰਸੂ ॥੩੨॥

## ੩੩. [ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋ ਪੋਥੀਆਂ ਲੈਣ ਗਏ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਆਗੇ ਸਤਿਗੁਰ ਕੀ ਕਥਾ, ਕਹੌਂ ਜਥਾ ਮਤਿ ਹੋਇ।
ਤਥਾ ਸੁਨਹੁ ਸ੍ਰੋਤਾ ਨਿਪੁਨ! ਮਥਾ ਸਾਰ ਹੈ ਜੋਇ ॥੧॥

ਸ੍ਰੀ ਗ੍ਰਿੰਥ ਸਾਹਿਬ ਸ਼ਬਦ, ਕਰਹਿਂ ਬੀੜ ਕੋ ਏਕ[1]।

[1]ਸ਼ਬਦ ਇਕ (ਥਾਂ ਕਰਕੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ (ਗੁਰੂ ਜੀ) ਕਰਨਗੇ।

ਗਿਰਾ ਪੰਚ ਪਤਿਸ਼ਾਹਿ ਕੀ, ਪੂਰਨ ਆਦਿ ਬਿਬੇਕ[1] ॥੨॥

[1]ਗਿਆਨ ਆਦਿ ਕਰ ਪੂਰਨ।

ਨਿਸਾਨੀ ਛੰਦ:

ਇਮ ਸ੍ਰੀ ਅਰਜਨ ਸਤਿਗੁਰੂ, ਤਹਿਂ ਸਮਾਂ ਬਿਤਾਯੋ।

ਗੁਜਾਨ ਸ਼ਿਰੋਮਣਿ ਧੀਰ ਬਡ[†], ਬਚ ਮਧੁਰ ਸੁਹਾਯੋ।

[†]ਪਾ:-ਧੀਰ ਮ੍ਰਿਦੁ।

ਉਪਮਾ ਰਤਨਾਕਰ[1] ਦਿਪਹਿ, ਗੰਭੀਰ ਬਿਸਾਲਾ।

[1]ਸਮੁੰਦਰ।

ਸਿਖ ਸੇਵਕ ਜਲ ਜੰਤੁ ਗਨ, ਆਕੁਲਤ ਉਜਾਲਾ[1][†] ॥੩॥

[1]ਸਿਖ ਸੇਵਕ ਸਾਰੇ ਜਲ ਜੰਤੂ ਹਨ (ਤੇ ਸਮੁੰਦਰ ਦੀ) ਵਿਆਕੁਲਤਾ (ਲਹਿਰਾਂ ਸਮਾਨ ਹੈ) ਪ੍ਰਕਾਸ਼ (ਦਾ ਲਹਿਰਾਉ) [ਸੰਸ: ਆਕੁਲਿਤ = ਚੰਚਲ, ਵਿਆਕੁਲ] (ਅ) (ਇਸ ਸਮੁੰਦਰ ਵਿਚ) ਜਲ ਜੰਤੂਆਂ ਸਮਾਨ ਸਿੱਖ ਵਿਚਰ ਰਹੇ ਹਨ। [ਆਕੁਲਤਾ = ਚੰਚਲਤਾ ਭਾਵ ਵਿਚਰਨਾ। ਉਜਾਲਨਾ = ਪ੍ਰਕਾਸ਼ਨਾ, ਹੋਂਦ, ਹੋਣਾ]। [†] ਪਾ:-ਸਿੱਖ ਸੇਵਕ ਜਲ ਜੰਤੁ ਸੇ ਸੋਭਤਿ ਤਿਹਕਾਲ।

ਸਤਿ, ਸੰਤੋਖ, ਸੁਸ਼ੀਲਤਾ, ਸੁਚ, ਸੁੰਦਰਤਾਈ।

ਦਯਾ, ਛਿਮਾ, ਮੁਦਤਾ, ਮਹਾਂ; ਕੋਮਲ, ਸਰਲਾਈ[1]।

[1]ਸੁਧਤਾਈ।

ਅਨਸੂਯੂ[1], ਧੀਰਜ, ਧਰਮ, ਗੁਨ ਆਦਿਕ ਗਜਾਨਾ।

[1]ਈਰਖਾ ਰਹਤ।

ਰਤਨ ਬਿਸਾਲ ਪ੍ਰਕਾਸ਼ਤੇ, ਜਾਤੀ ਇਹ

[1]ਪਿੱਛੇ ਜੋ ਗੁਣ ਗਿਣੇ ਹਨ) ਇਹ ਨਾਨਾ ਜਾਤਿ ਦੇ ਰਤਨ ਪ੍ਰਕਾਸ਼ਦੇ ਹਨ।

ਨਾਨਾ[1] ॥੪॥

ਸਾਰ ਅਸਾਰ ਬਿਚਾਰਿਬੋ, ਗੰਭੀਰ ਸੁ ਨੀਰਾ[1]।

[1]ਇਹੀ) ਡੂੰਘਾ ਜਲ ਹੈ।

ਪ੍ਰੇਮ ਛੋਭ ਤੇ ਭਗਤਿ ਨਿਤਿ, ਬੀਚੀ ਸੁਖ ਸੀਰਾ[1]।

[1]ਗੁਰੂ ਰੂਪ ਸਮੁੰਦ੍ਰ ਵਿਚ ਪ੍ਰੇਮ ਰੂਪ ਛੋਭ ਤੋਂ ਨਿੱਤ ਭਗਤੀ ਰੂਪੀ ਲਹਿਰਾਂ ਸੀਤਲ ਤੇ ਸੁਖਦਾਈ (ਉਠਦੀਆ ਹਨ)।

ਸੰਤ ਹੰਸ ਬਿਲਸਤਿ ਸਦਾ, ਜਮ ਤਾਪ ਬਿਹਾਏ[1]।

[1]ਦੂਰ ਹੁੰਦਾ ਹੈ।

ਛੇਮ ਅਨੇਕਨਿ ਕੋ ਕਰੈਂ, ਇਮ ਸਿੰਧੁ ਸੁਹਾਏ ॥੫॥

ਸ਼ਬਦ ਕਰਤਿ ਚਿਤ ਚਿਤਵਤੇ, -ਇਕ ਥਾਨ ਲਿਖੀਜੈ[1]।

[1]ਇਕ ਥਾਂ ਲਿਖੀ ਜਾਵੇ।

ਪਠਹਿਂ ਸੁਨਹਿਂ ਸਿਖ ਸੁਖ ਲਹਹਿਂ, ਸਿਖੀ ਥਿਰ ਥੀਜੈ[†]।

[†]ਪਾ:-ਬਿਥਰੀਜੈ।

ਇਕ ਦਿਨ ਬੈਠੇ ਗੁਰੂ ਜੀ, ਬਹੁ ਸਭਾ ਲਗਾਏ।
ਉਪਦੇਸ਼ਤਿ ਸਤਿਨਾਮ ਕੋ, ਚਖ ਕਰੁਨਾ ਛਾਏ ॥੬॥
ਇਕ ਸਿਖ ਬੋਲਯੋ ਜੋਰਿ ਕਰਿ, 'ਗੁਰ ਜੀ ਸੁਨਿ ਲੀਜੈ।
ਪ੍ਰਿਥੀਆ ਆਦਿਕ ਅਪਰ ਬਹੁ, ਤਿਨ ਕਰਮ ਲਖੀਜੈ।
ਆਪ[1] ਬਨਾਵਤਿ ਸ਼ਬਦ ਕੋ, ਨਿਜ ਬੁਧਿ ਅਨੁਸਾਰੀ।

[1]ਭਾਵ ਪ੍ਰਿਥੀਆ ਆਦਿਕ।

ਸ੍ਰੀ ਨਾਨਕ ਕੋ ਨਾਮ ਸ਼ੁਭ, ਧਰਿ ਦੇਤਿ ਮਝਾਰੀ ॥੭॥
ਕੋਈ ਸਕੈ ਪਛਾਨ ਕਰਿ, ਕੋ ਸਕਹਿ ਨ ਜਾਨੀ।
ਅਲਪ ਮਤੀ ਆਸ਼ੈ ਗੁਰੂ, ਕਿਮ ਸਕਹਿਂ ਬਖਾਨੀ।
ਰਲ ਜੈਹੈਂ ਇਮ ਸਕਲ ਹੀ, ਗੁਰਮਤਿ ਬਿਗਰੈ ਹੈ।

ਕੋ ਕਿਸ ਬਿਧਿ ਕੋ ਕਿਸੁ ਬਿਧਿ, ਬਾਣੀ ਉਚਰੈ ਹੈ ॥੮॥
ਕਰਹੁ ਜਤਨ ਅਸ ਮਿਲੈ ਨਹਿਂ, ਸੁੰਦਰ ਗੁਰਬਾਨੀ।'
ਸੁਣਿ ਇਕ ਸਿਖ ਬੋਲਜੋ, ਬਹੁਰ 'ਦਿਹੁ ਸੰਸੈ ਹਾਨੀ।
-ਬਾਣੀ ਕੱਚੀ ਗੁਰੁ ਬਿਨਾ- ਗੁਰ ਅਮਰ ਬਖਾਨੀ।
ਕਿਮ ਸਮਝਹਿਂ ਸਿਖ ਤਿਸੀ ਕੋ, ਸੁਨਿ ਪਠਹਿਂ ਸੁਜਾਨੀ[1] ॥੯॥
ਸਿਖ ਗੁਰਦਾਸ ਜਿ ਆਦਿ ਹੈਂ, ਜਿਨ ਗਿਰਾ ਬਨਾਈ।
ਸਤਿਗੁਰ ਕੋ ਜਸੁ ਜਿਸ ਬਿਖੈ, ਗੁਰਮਤੀ ਦ੍ਰਿੜ੍ਹਾਈ।
ਪਰਮੇਸ਼ਰ ਸੰਬੰਧਨੀ, ਅਰੁ ਜੇ ਅਵਿਤਾਰਾ।
ਕਰੀ ਇਨਹੁ[1] ਕੀ ਜਿਨ ਕਥਾ, ਸੰਗ੍ਰਾਮ ਅਖਾਰਾ[2] ॥੧੦॥
ਪੜਹਿ ਸੁਨਹਿਂ ਸਿਖ ਕੈ ਨਹੀਂ, ਦੀਜਹਿ ਉਪਦੇਸ਼ਾ?'
ਬੋਲੇ ਕ੍ਰਿਪਾ ਨਿਧਾਨ ਗੁਰ, ਪਿਖਿ ਕਟਤਿ ਕਲੇਸ਼ਾ।
'ਗੁਰਬਾਣੀ ਸਰਬੋਤਮਾ, ਨਿਤਪ੍ਰਤਿ ਅੱਭਜਾਸੈ।
ਅਰਥ ਬਿਚਾਰੈ ਦ੍ਰਿੜ੍ਹੈ ਮਨ, ਅੱਗਜਾਨਹਿਂ ਗ੍ਰਾਸੈ[1] ॥੧੧॥
ਅੰਮ੍ਰਿਤ ਵੇਲਾ ਉਠਿ ਪਠਹਿ, ਕਰਿ ਕੰਠ ਘਨੇਰੇ।
ਮਹਾਂ ਮਹਾਤਮ ਪ੍ਰਾਪਤੀ, ਮਨ ਪ੍ਰੇਮ ਬਡੇਰੇ।
ਬਾਣੀ ਅਪਰ ਕਵੀਨ ਕੀ, ਮੱਧਜਮ ਸੋ

[1]ਹੁਣ ਪੜ੍ਹਕੇ ਸੁਜਾਨ ਸਿੱਖ।

[1]ਭਾਵ ਅਵਤਾਰਾਂ ਦੀ। [2]ਯੁਧ ਅਖਾੜਿਆਂ ਦੀ ਕਥਾ।

[1]ਗ੍ਰਸ ਲੈਂਦੀ ਹੈ ਭਾਵ ਨਾਸ਼ ਕਰਦੀ ਹੈ।

ਜਾਨੋ।
ਅਵਤਾਰਨਿ ਪ੍ਰਭੁ ਕੋ ਕਥਨ, ਗੁਣ ਆਦਿਕ ਗਜਾਨੋ ॥੧੨॥
ਗੁਰਬਾਣੀ ਸੋ ਮਤ ਮਿਲਹਿ, ਕੈ ਜਸੁ ਗੁਰ ਕੇਰਾ।
ਪਠਹਿ ਸੁਨਹਿ ਸੋ ਭੀ ਸੁਖਦ[1], ਸਿਮਰਹਿ ਸਭਿ ਬੇਰਾ।
ਬਾਣੀ ਅਪਰ ਅਨੇਕ ਹੈਂ, ਬਹੁ ਭਾਂਤਿ ਕਹਾਣੀ।
ਸਤਿਗੁਰ ਮਤ ਕੇ ਬਾਹਰੀ, ਗਣ[†] ਅਵਗੁਣ ਸਾਣੀ ॥੧੩॥
ਸੁਨਹੁ ਨ ਪਠਹੁ ਨ ਪ੍ਰੇਮ ਕਰਿ, ਅਵਗਤੀ ਪੁਚਾਵੈ।
ਪਰਚਾ ਕਰਹੁ ਸੁ ਛੇਮ ਕੋ, ਜੋ ਦੁਖ ਬਿਨਸਾਵੈ।
ਜੋ ਬਾਣੀ ਗੁਰਦਾਸ ਕੀ, ਗੁਰ ਮਹਿਮਾ ਭਾਰੀ।
ਸਿੱਖੀ ਪ੍ਰਾਪਤਿ ਪਠੇ ਤੇ, ਇਮ ਲੇਹੁ ਬਿਚਾਰੀ' ॥੧੪॥
ਇਮ ਕਹਿ ਲਗੇ ਬਿਚਾਰਨੇ, ਜਗ ਕੀ ਕੱਲਜਾਨਾ।
ਪਿਖੀ ਭਵਿੱਖਤ ਬਾਰਤਾ -ਹਮ ਹੁਇੰ ਦਸ ਥਾਨਾ[1]।
ਪਾਛੇ ਸਿੱਖੀ ਕਿਮ ਰਹੈ, ਕਿਹ ਟੇਕੈਂ ਮਾਥਾ।
ਸ਼ਬਦ ਨਿਰਾਲੇ ਕਿਮ ਰਹੈਂ, ਮਿਲਹਿਂ ਨ ਕਿਹ ਸਾਥਾ- ॥੧੫॥
ਇਮ ਬਿਚਾਰ ਬੋਲੇ ਗੁਰੂ, 'ਤਟ ਨਦੀ ਬਿਪਾਸਾ।
ਨਗਰੀ ਗੋਇੰਦਵਾਲ ਹੈ, ਸ੍ਰੀ ਸਤਿਗੁਰੁ ਬਾਸਾ[1]।

[1]ਸੁਖਦਾਇਕ।
[†]ਪਾ:-ਗੁਣ।
[1]ਦਸ ਅਵਤਾਰ।
[1]ਵੱਸੇ ਹਨ।

ਤਿਸ ਮਹਿਂ ਮੋਹਨ ਅਬਿ ਬਸਹਿ, ਬਡ
ਮਸਤ ਸੁਭਾਉ।
ਬਾਣੀ ਚਹੁੰ ਪਤਿਸ਼ਾਹ ਕੀ, ਕੀਨਸਿ
ਇਕ ਥਾਊਂ ॥੧੬॥
ਬਡੋ ਪੁੱਤ੍ਰ ਗੁਰ ਅਮਰ ਕੋ, ਕਿਸ ਕਾਨ
ਨ ਠਾਨੇ।
ਸਕਲ ਸ਼ਬਦ ਤਿਸ ਪਾਸਿ ਤੇ, ਕੋ[1] ਕਿਸ
ਬਿਧਿ ਆਨੈ।
ਕੋ ਉਪਾਇ ਕਰਿ ਪਾਇ, ਹਮ ਸਗਰੀ
ਗੁਰਬਾਣੀ।
ਬੀੜ ਕਰਹਿਂ ਪੁਨ ਏਕ ਥਲ, ਹਿਤ ਜਗ
ਕੱਲਜਾਣੀ' ॥੧੭॥
ਸਭਾ ਬੀਚ ਬੈਠ੍ਯੋ ਹੁਤੋ, ਭਾਈ
ਗੁਰਦਾਸੁ।
ਸੁਨਤਿ ਕਹ੍ਯੋ ਕਰ ਜੋੜ ਕਰਿ, 'ਹੌਂ
ਪਹੁੰਚੌਂ ਪਾਸੁ।
ਪੋਥੀ ਸਗਰੀ ਆਨਿ ਹੌਂ[1], ਆਇਸੁ
ਨਿਜ ਦੀਜੈ।
ਮੋਹਨ ਮਿਲਿ ਔ ਮੋਹਰੀ, ਮੋ ਕਹੁ
ਸਮਝੀਜੈ[1]' ॥੧੮॥
ਸ੍ਰੀ ਅਰਜਨ ਸੁਨਿ ਬਾਕ ਕੋ, ਉਰ
ਗਰਬਤਿ ਜਾਨਾ।
-ਬਿਨਾ ਨਾਮ ਇਸ ਕੇ ਲਿਏ, 'ਮੈਂ
ਲਯਾਉਂ' ਬਖਾਨਾ[1]-।
'ਜਾਹੁ' ਕਹ੍ਯੋ ਤਿਸ ਕਾਲ ਮਹਿਂ, ਗੁਰ
ਰਿਦੈ ਬਿਚਾਰੀ।
-ਬਾਣੀ ਹਾਥ ਨ ਆਇ ਹੈ, ਹੁਇ ਨਿਰ
ਹੰਕਾਰੀ- ॥੧੯॥
ਤਬਿ ਭਾਈ ਹੁਇ ਤਯਾਰ ਕੋ, ਮਾਰਗ ਸੋ
ਲੀਨਾ।
ਦੋਇ ਦਯੋਸ ਗਮਨਯੋ ਗਯੋ, ਦੱਖਣ ਮੁਖ

[1]ਕੋਈ।

[1]ਲਿਆਂਵਦਾ ਹਾਂ।

[1]ਮੋਹਨ ਅਤੇ ਮੋਹਰੀ ਜੀ ਨੂੰ ਮਿਲਕੇ (ਪੋਥੀਆਂ ਲੈ ਆਯਾ) ਹੀ ਮੈਨੂੰ ਜਾਣੋ।

[1]ਸਾਡੀ ਵਲੋਂ ਇਸ ਭਾਵ ਭਾਈ ਗੁਰਦਾਸ ਦਾ ਨਾਮ ਲਏ ਬਿਨਾਂ (ਇਸਨੇ) ਕਿਹਾ ਹੈ-ਮੈਂ ਲਿਆਵਾਂ।

ਕੀਨਾ।
ਪਹੁੰਚਯੋ ਗੋਇੰਦਵਾਲ ਤਬਿ, ਤਹਿਂ ਪਿਖੀ ਸੁ ਬਾਪੀ।
ਮੱਜਨ ਕਰਿ ਕੈ ਸਿਮਰਿ ਗੁਰ, ਪਿਖਿ ਨਿਰਮਲ ਆਪੀ[1] ॥੨੦॥
ਪੁਨਹ ਚੁਬਾਰੇ ਚਲਿ ਗਯੋ, ਜਹਿਂ ਭਿਰੇ ਕਿਵਾਰਾ।
ਲਗਿ ਸਮਾਧਿ ਆਸਨ ਕਰੇ, ਨਹਿਂ ਦੇਹਿ ਸੰਭਾਰਾ।
ਜਾਮ ਦਿਵਸ ਕੇ ਰਹੇ ਤੇ, ਪਹੁੰਚਯੋ ਤਹਿਂ ਭਾਈ।
ਬਹੁ ਪ੍ਰਕਾਰ ਕੀ ਬੇਨਤੀ, ਕਰਿ ਊਚ ਸੁਨਾਈ ॥੨੧॥
'ਸੁਧਾ ਸਰੋਵਰ ਨਗਰ ਤੇ, ਮੈਂ ਚਲਿ ਕਰਿ ਆਯੋ।
ਸ੍ਰੀ ਅਰਜਨ ਕਿਸ ਕਾਜ ਕੋ, ਤੁਮ ਨਿਕਟ ਪਠਾਯੋ।
ਦਰਸ਼ਨ ਮੋ ਕਹੁ ਦੀਜੀਏ, ਉਘਰਾਇ ਕਿਵਾਰੋ[1]।
ਭੂਖਨ ਕੁਲ ਸ੍ਰੀ ਅਮਰ ਕੇ, ਗੁਨ ਗਯਾਨ ਉਦਾਰੋ! ॥੨੨॥
ਗੁਰ ਨੰਦਨ! ਬੰਦਨ ਉਚਿਤ, ਕੰਦਨ ਦੁਖ ਦੋਸ਼ਾ।
ਦਰਸ਼ਨ ਤੇ ਅਘ ਕਟਤਿ ਹੈਂ, ਸਭਿ ਦਾਸ ਭਰੋਸਾ।
ਲਖਿ ਹਸਤਾਮਲ[1] ਆਤਮਾ, ਦ੍ਰਿੜ ਗਯਾਨ ਸਦੀਵਾ।
ਰਹੈ ਜੋਗ ਆਰੂਢ ਬ੍ਰਿਤਿ, ਇਕ ਰਸ ਨਿਤ ਥੀਵਾ ॥੨੩॥
ਦਰਸ਼ਨ ਦਿਹੁ ਅਰਜ਼ਿਨਿ[1] ਸੁਨਹੁ, ਸ੍ਰੀ ਅਰਜਨ ਕਾਮੂ।

[1]ਨਿਰਮਲ ਜਲ ਦੇਖਕੇ ਇਸ਼ਨਾਨ ਕੀਤਾ।

[1]ਖੋਲ੍ਹ ਕੇ ਤਖਤੇ।

[1]ਹਥ ਤੇ ਆਵਲੇ ਵਾਂਗ।

[1]ਬੇਨਤੀਆਂ ਨੂੰ।

ਅਰਜਨ ਜਸੁ ਵਿਸਤ੍ਰਿੱਤ[1] ਜੋ, ਗੁਨ ਗਨ ਕੋ ਧਾਮੂ।'
ਇਸ ਪ੍ਰਕਾਰ ਸਭਿ ਜਾਮਨੀ, ਬਿਨਤੀ ਬਹੁ ਠਾਨੀ।
ਨੰਦਨ ਸ਼੍ਰੀ ਗੁਰ ਅਮਰ ਕੋ, ਨਹਿਂ ਬੋਲ੍ਯੋ ਬਾਨੀ ॥੨੪॥

[1]ਉੱਜਲ (ਜਿਨ੍ਹਾਂ ਦਾ) ਫੈਲ ਰਿਹਾ ਹੈ ਜਸ।

ਭਈ ਭੋਰ ਲਖਿ ਔਰ ਨੇ, ਭਾਈ[1] ਸਮਝਾਯੋ।
'ਇਹ ਮਨ ਮਸਤ ਸਦੀਵ ਹੈਂ, ਨਹਿਂ ਬੁਲਤਿ ਬੁਲਾਯੋ।

[1]ਭਾਵ ਭਾਈ ਗੁਰਦਾਸ ਜੀ ਨੂੰ।

ਮਰਜ਼ੀ ਅਪਨੀ ਕਰਤਿ ਹੈਂ, ਨਹਿਂ ਗ਼ਰਜ਼ੀ[1] ਕਾਹੂ।

[1]ਲੋੜਵੰਦ।

ਅਰਜ਼ੀ ਸੁਨਹਿ ਨ ਕਹੇ ਤੇ, ਹਰਿ ਜੀ ਮਨ ਮਾਂਹੂ[1]' ॥੨੫॥

[1]ਬੇਨਤੀ ਕਹਿਣ ਤੇ ਸੁਣਦੇ ਨਹੀਂ ਹਨ ਤੇ ਮਨ ਵਿਚ ਪਰਮੇਸ਼ੁਰ (ਜਪਦੇ ਹਨ)।

ਦਰ ਖੁਲਾਵਨੇ ਹੇਤੁ ਕੋ, ਬਹੁ ਕਰੋ ਉਪਾਊ।
ਪਚਿ ਹਾਰ੍ਯੋ ਗੁਰਦਾਸ ਤਬਿ, ਬਸ ਚਲ੍ਯੋ ਨ ਕਾਊ।
ਉਰ ਉਦਾਸ ਬਹੁ ਹੋਇ ਕੈ, ਬ੍ਰੀੜਾ[†] ਉਪਜਾਈ।

[†]ਪਾ:-ਪੀੜਾ।

-ਕਛੁ ਨ ਕਾਜ ਭਾ ਮੈਂ ਅਯੋ, ਅਬਿ ਕਸਾ ਮੁਖ ਜਾਈ[1]- ॥੨੬॥

[1]ਕੀ ਮੂੰਹ ਲੈ ਕੇ ਜਾਵਾਂ।

ਸੁਧਾ ਸਰੋਵਰ ਮਗ ਪਰ੍ਯੋ, ਪਹੁੰਚ੍ਯੋ ਪੁਨ ਆਈ।
ਸ਼੍ਰੀ ਅਰਜਨ ਰਾਜਹਿਂ ਜਹਾਂ, ਨਿਜ ਗ੍ਰੀਵ ਨਿਵਾਈ।
ਕਹੀ ਜੋਰ ਕਰ ਬਾਰਤਾ, 'ਮੈਂ ਕਰੇ ਉਪਾਊ।
ਦਰ ਕਿਵਾਰ ਖੋਲੇ ਨਹੀਂ, ਬਸ ਚਲ੍ਯੋ ਨ ਕਾਊ ॥੨੭॥
ਰਹ੍ਯੋ ਪੁਕਾਰਤਿ ਸਭਿ ਨਿਸਾ, ਕੁਛ

ਬਾਕ ਨ ਬੋਲਾ।
ਲਿਯੋ ਆਪ ਕੋ ਨਾਮ ਭੀ, ਦਰ ਤਊ ਨ ਖੋਲਾ।
ਅਮਰ ਅੰਸ ਜੇ ਅਪਰ ਥੇ, ਤਿਨ ਮੁਝ ਸਮੁਝਾਯੋ।
-ਮਸਤ ਰਹੈਂ ਇਹ ਤੋ ਸਦਾ-, ਕਹਿ ਮੋਹਿ ਹਟਾਯੋ[1]' ॥੨੮॥
ਤਬਿ ਸਾਹਿਬ ਬੁੱਢੇ ਸੁਨਜੋ, 'ਕਾਰਜ ਨਹਿਂ ਹੋਵਾ।'
-ਕੋ ਅਬਿ ਗਮਨਹਿ ਪਾਸ ਤਿਸ, ਨਹਿਂ ਦੂਸਰ ਜੋਵਾ।
ਆਪ ਜਾਇਂ ਸ੍ਰੀ ਗੁਰ ਕਿਧੌਂ, ਤਬਿ ਕਾਜ ਬਨੈ ਹੈ-।
ਇਮ ਬਿਚਾਰ ਉਰ ਸਭਾ ਮਹਿਂ, ਨਿਜ ਅਰਜ਼ ਭਨੈ ਹੈ ॥੨੯॥
'ਮੈਂ ਗਮਨੌਂ ਭਨੀਏ ਹੁਕਮ', ਸ੍ਰੀ ਗੁਰ ਮੁਸਕਾਏ।
'ਭਲੀ ਬਾਤ, ਤੁਮ ਜਾਹੁ ਜੇ[1], ਕਾਰਜ ਬਨਿ ਜਾਏ।'
ਸੁਨਿ ਸ੍ਰੀ ਸਤਿਗੁਰ ਬਾਕ ਕੋ, ਬੁੱਢਾ ਗਮਨਾਯੋ।
ਸਨੇ ਸਨੇ ਮਾਰਗ ਚਲਜੋ, ਤਿਸ ਪੁਰਿ ਮਹਿਂ ਆਯੋ ॥੩੦॥
ਕਰਿ ਸ਼ਨਾਨ ਜਲ ਬਾਵਲੀ, ਹਰਖਜੋ ਮਨ ਮਾਂਹੀ।
ਗਯੋ ਚੁਬਾਰੇ ਕੋ ਬਹੁਰ, ਮੋਹਨ ਕੇ ਪਾਹੀ।
ਭਿਰੇ ਕਪਾਟ ਬਿਲੋਕ ਕੈ, ਪੁਨ ਊਚ ਉਚਾਰਾ[†]।
'ਗੁਰੂ ਅਮਰ ਕੇ ਸੁਤ ਬਡੇ! ਦਿਹੁ ਦਰਸ ਉਦਾਰਾ ॥੩੧॥

[1]ਮੈਨੂੰ ਮੋੜ ਦਿੱਤਾ।
[1]ਜੇ ਤੇਰੇ ਗਿਆਂ।
[†]ਪਾ:-ਪੁਕਾਰਾ।

ਸ਼੍ਰੀ ਅਰਜਨ ਭੇਜ੍ਯੋ ਮੁਝੇ, ਬੁੱਢਾ ਮਮ ਨਾਮੂ।
ਕ੍ਰਿਪਾ ਕਰਹੁ ਸੁਨਿ ਲੀਜੀਏ, ਕੀਜੈ ਪੁਨ ਕਾਮੂ।'
ਰਹ੍ਯੋ ਪੁਕਾਰ ਨ ਸੁਨ੍ਯੋ ਕਿਛੁ, ਨ ਕਿਵਾਰ ਉਘਾਰ੍ਯੋ।
ਨਹਿਂ ਬੋਲ੍ਯੋ ਕਿਸ ਭਾਂਤਿ ਕਰਿ, ਭਾਈ ਪਛਿਹਾਰ੍ਯੋ ॥੩੨॥
ਕਰ ਸੋਂ ਦੁਹੂੰ ਕਪਾਟ ਕੋ, ਖਰਕਾਵਨਿ ਕੀਨੋ।
ਜੋਰ ਲਾਇ ਜੋਹਨ ਕਰੇ, ਬਹੁ ਦ੍ਰਿੜ੍ਹ ਕਰਿ ਦੀਨੋ[1]।
ਜਤਨ ਰਹ੍ਯੋ ਕਰਿ ਖੁਲੇ ਨਹਿਂ, ਅੰਤਰ[1] ਨਹਿਂ ਬੋਲਾ।
ਬੁੱਢਾ ਰਿਦੈ ਬਿਚਾਰਤੋ, -ਕਿਮ ਲੇ ਦਰ ਖੋਲਾ- ॥੩੩॥
ਬਲ ਤੇ ਚੁਥੀ ਖੈਂਚ ਕੇ, ਬਹੁ ਬਾਰ ਹਲਾਈ।
ਇਤ ਉਤ ਕਰਿ ਕੈ ਜ਼ੋਰ, ਤੇ ਬਾਹਰ ਨਿਕਸਾਈ।
ਈਟਾਂ ਕੁਛਕ ਉਖੇਰ ਕੈ, ਲਿਯ ਖੋਲ ਕਿਵਾਰਾ।
ਅੰਤਰ ਜਾਇ ਪ੍ਰਵਿਸ਼ਿਓ, ਬਿਨ ਸ਼ੰਕ ਉਦਾਰਾ[1] ॥੩੪॥
ਸ਼੍ਰੀ ਮੋਹਨ ਬੈਠੇ ਜਹਾਂ, ਪਦਮਾਸਨ ਧਾਰੀ।
ਲਗੀ ਸਮਾਧਿ ਅਖੰਡ ਰਸੁ, ਨਹਿਂ ਦੇਹਿ ਸੰਭਾਰੀ।
ਕਾਸ਼ਟ ਕੇਰ ਸਮਾਨ ਦ੍ਰਿੜ੍ਹ, ਰਿਜੁ[1†] ਹ੍ਵੈ ਕਰਿ ਬੈਸਾ।
ਅਚਲ ਅੰਗ ਸਗਰੇ ਕਰੇ, ਥਿਤਿ ਕਾਸ਼ਟ

[1]ਬਹੁਤ ਪੱਕੇ ਕਰਕੇ ਦਿੱਤੇ ਹੋਏ ਸੀ ਜੋਰ ਲਗਾ ਕੇ ਜੋਹੇ = ਦੇਖੇ।

[1]ਅੰਦਰੋਂ।

[1]ਸ੍ਰੇਸ਼ਟ (ਬਾਬਾ ਬੁੱਢਾ ਜੀ)।

[1]ਸਿੱਧਾ [ਸੰਸ: ਰਿਜੁ]। † ਪਾ:-ਥਿਰ।

ਜੈਸਾ ॥੩੫॥
ਲਘੁ ਸਿਰ ਪਰ ਸ਼ੁਭ ਕੇਸ਼ ਹੈਂ, ਚਹੁੰ ਦਿਸ਼ਨਿ ਬਖੇਰੇ[1]।
ਸਦਾ ਰਹੈ ਜੋ ਨਗਨ ਹੀ, ਮਨ ਮਸਤ ਬਡੇਰੇ।
ਬੁੱਢਾ ਬਿਸਮਯ ਹੁਇ ਰਹ੍ਯੋ, ਅਵਿਲੋਕਨਿ ਕੀਨਾ।
ਰਹ੍ਯੋ ਹਿਲਾਇ ਸਰੀਰ ਕੋ, ਆਸਨ ਆਸੀਨਾ[1] ॥੩੬॥
ਲਗੀ ਸਮਾਧਿ ਅਗਾਧਿ ਹੀ, ਨਹਿਂ ਪੌਨ ਉਤਾਰਾ।
ਇਤ ਉਤਰਹ੍ਯੋ ਹਿਲਾਇ ਬਹੁ, ਨਹਿਂ ਭਈ ਸੰਭਾਰਾ।
ਸ਼ਬਦ ਸੁਨ੍ਯੋ ਜਬਿ ਅਪਰ ਨੇ, ਦਰ ਖੋਲਨਿ ਕੋਰਾ।
ਸੁਧਿ ਦੀਨਸਿ ਤਿਨ ਮੋਹਰੀ, ਆਯੋ ਤਿਸ ਬੇਰਾ ॥੩੭॥
ਨਮੋ ਕਰਤਿ ਬੁੱਢਾ ਪਿਖ੍ਯੋ, ਪਦ ਗਹਤਿ ਹਿਲਾਵੈ।
ਦੌਰਤਿ ਆਏ ਮੋਹਰੀ, ਕਹਿ ਬਾਕ ਸੁਨਾਵੈਂ।
'ਕ੍ਯੋਂ ਛੇਰਤਿ ਹੋ ਇਨਹੁ ਕੋ, ਨਿਤ ਮਸਤ ਸੁਭਾਊ।
ਬਡ ਲਘੁ ਨਹੀਂ ਬਿਚਾਰਤੋ, ਨਹਿਂ ਦੇਖਹਿਂ ਕਾਊ ॥੩੮॥
ਸ੍ਰਾਪ ਆਇ ਨਿਸ਼ਠੁਰ ਭਨਹਿਂ, ਹੇਰਤਿ ਰਿਸ ਧਾਰੈਂ।
ਕਰ ਨ ਸਪਰਸਹੁ ਅੰਗ ਇਨ, ਨਹਿਂ ਨਯਨ ਉਘਾਰੈ[1]।
ਨਿਜ ਸੁਭਾਉ ਮਹਿਂ ਮਸਤ ਰਹਿ, ਕਿਹ ਸੰਗ ਨ ਬੋਲੈ।

[1]ਖਿੰਡੇ ਹੋਏ।

[1]ਆਸਨ ਤੇ ਟਿਕੇ ਹੋਏ ਨੂੰ।

[1]ਨਹੀਂ ਖੁਹਲਦਾ।

ਬੈਠ੍ਯੋ ਅੰਤਰਿ ਇਮ ਰਹੈ, ਕਬਿ ਕਬਿ
ਦਰ ਖੋਲੈ ॥੩੯॥
ਜੁਗ ਹਾਥਨਿ ਭੋਜਨ ਕਰੈ, ਜਬਿ ਤਜਹਿ
ਸਮਾਧਾ।
ਨਾਂਹਿ ਤ ਬੈਠੇ ਇਸੀ ਬਿਧਿ, ਅਨਗਾਧ
ਅਗਾਧਾ[1]।'

[1]ਅਗਾਧ ਭਾਵ ਅਥਾਹ ਪਰਮੇਸ਼ੁਰ ਵਿਚ ਲਿਵਲੀਣ। [ਸੰਸ: ਅਗਾਧ = ਅਥਾਹ। ਅਨੁਗਾਹ, ਅਨੁਗਾਧ = ਗਰਕ, ਡੁਬਿਆ]

ਸੁਨਿ ਬੁੱਢੇ ਤਿਸ ਦਿਸ਼ਾ ਕੋ, ਬੰਦਨ ਪੁਨ
ਕੀਨੀ।
ਨਮੋ ਮੋਹਰੀ ਕੋ ਕਰੀ, ਮਹਿਮਾ ਬਡ
ਚੀਨੀ ॥੪੦॥
-ਗੁਰਬਾਣੀ ਹਾਥ ਨ ਲਗਹਿ-, ਉਰ
ਬਿਖੈ ਬਿਚਾਰਾ।
ਚਲ੍ਯੋ ਸੁਧਾਸਰ ਕੋ ਬਹੁਰ, ਗੁਰ ਕੇ
ਦਰਬਾਰਾ।
ਸ਼੍ਰੀ ਅਰਜਨ ਸੋਂ ਮਿਲ੍ਯੋ ਤਬਿ, ਪਦ
ਬੰਦਨ ਠਾਨੀ।
ਕਹੀ ਬਾਰਤਾ ਸਕਲ ਹੀ, 'ਪਾਇ ਨ
ਗੁਰਬਾਨੀ ॥੪੧॥
ਨਹਿਂ ਸਮਾਧਿ ਤਿਸ ਕੀ ਖੁਲਹਿ,
ਜਾਚਹਿ ਕਿਸ ਪਾਸੀ।
ਕੋ ਦੇਵਹਿ ਸਭਿ ਪੋਥੀਆਂ, ਕਿਸ ਕਰਹਿ
ਹੁਲਾਸੀ।
ਤੋਰਿ ਕਿਵਾਰ ਪ੍ਰਵੇਸ਼ਿਓ, ਬਹੁ ਭਾਂਤਿ
ਹਿਲਾਯੋ।
ਧ੍ਯਾਨ ਖੁਲ੍ਯੋ ਨਹਿਂ ਤਿਸੀ ਕਹੁ, ਮੈਂ
ਹਟਿ ਕਰਿ ਆਯੋ' ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਬੁੱਢੇ ਕੋ ਪੋਥੀਆਂ ਲੈਣ ਭੇਜਣ ਅਰੁ ਗੋਇੰਦਵਾਲ ਆਗਵਨ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅੰਸੂ ॥੩੩॥

## ੩੪. [ਸ਼੍ਰੀ ਗੁਰੂ ਅਰਜਨ ਜੀ ਪੋਥੀਆਂ ਲੈਣ ਗਏ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਸੁਨਿ ਬੁਢੇ ਕੇ ਬਚਨ ਕੋ,
-ਮਿਲਹਿ ਨ ਖੁਲਹਿ ਧਿਆਨ।
ਤਿਸ ਪਰ ਬਸ ਕੈਸੇ ਚਲਹਿ,
ਕਹਯੋ ਸੁਨਹਿ ਨਹਿਂ ਕਾਨ ॥੧॥

ਅੜਿੱਲ:

ਦਰ ਕੇ ਭੇਰ ਕਿਵਾਰ, ਸਮਾਧਿ ਲਗਾਵਤੋ।
ਨਿਤ ਹੀ ਮਸਤ ਸੁਭਾਵ, ਨ ਕੋਇ ਬੁਲਾਵਤੋ।
ਰਹੈਂ ਦੂਰ ਲਹਿ ਤ੍ਰਾਸ, ਸਮੀਪ ਨ ਜਾਤਿ ਕੋ।
ਹੈ ਕ੍ਰੋਧਤਿ ਉਚਰੈ ਸ੍ਰਾਪ, ਸੁ ਚਹਤਿ ਇਕਾਂਤ ਕੋ ॥੨॥
ਹਮਰੇ ਪਿਤ ਕੇ ਸਾਥ, ਰਿਸਾਵਤਿ ਹੀ ਰਹਯੋ।
ਗੁਰਤਾ ਪ੍ਰਾਪਤਿ ਨਾਂਹਿ, ਦ੍ਵੈਸ਼ ਯਾਂ ਤੇ ਚਹਯੋ।
ਸ਼੍ਰੀ ਗੁਰ ਤਿਨ ਕੇ ਪਿਤਾ, ਬਿਰਧ ਤਨ ਬਯ ਮਹਾਂ।
ਹੋ ਕਹਯੋ ਨ ਮਾਨਯੋ ਬਾਕ, ਪ੍ਰੇਮ ਤੇ ਬਹੁ ਕਹਾ ॥੩॥
ਇਸ ਕਾਰਨ ਤੇ ਦੁਲਭ, ਸ਼ਬਦ ਸਭਿ ਗੁਰਨਿ ਕੇ-।
ਸ਼੍ਰੀ ਅਰਜਨ ਚਿਤਵੰਤ, ਕਾਜ ਨਿਜ ਪੂਰਨ ਕੇ[1]।
-ਆਪ ਜਾਇ ਚਲਿ ਪਾਸ, ਸੁ ਕੀਰਤਿ ਕੋ ਕਹੈਂ।
ਹੋ ਸੁਨੇ ਜਿ ਹੋਇ ਪ੍ਰਸੰਨ, ਪੋਥੀਆਂ

[1]ਆਪਣੇ ਕੰਮ ਦੇ ਪੂਰਾ ਕਰਨੇ ਲਈ।

ਸਭਿ ਲਹੈਂ ॥੪॥
ਬਿਨ ਹਮਰੇ ਤਹਿਂ ਗਏ, ਹਾਥ ਨਹਿਂ ਆਵਈ।
ਅਪਰ ਨ ਕਿਸਹੂੰ ਪਾਸ, ਜਿ ਤਹਾਂ ਲਿਖਾਵਈਂ।
ਉਚਰਹਿਂ ਸੁਜਸੁ ਬਿਸਾਲ, ਪ੍ਰਸੰਨ ਜਿ ਹੋਵਈ।
ਹੋ ਸਾਦਰ ਦੇਹਿਂ ਬੁਲਾਇ, ਕ੍ਰੋਧ ਉਰ ਖੋਵਈ ॥੫॥
ਬਡਿਅਨਿ ਇਹੈ ਸੁਭਾਵ, ਸਰਲਤਾ ਜਾਨਿ ਕੈ।
ਸੁਜਸੁ ਸੁਨਤਿ ਰਿਸ ਹਾਨਿ, ਕਹਜੋ ਲੇਂ ਮਾਨਿ ਕੈ।
ਧਰੈਂ ਸੁ ਉਰ ਬਿਸਵਾਸ, ਕਾਜ ਹੁਇ ਜਾਵਈ।
ਹੋ ਯਾਂ ਤੇ ਚਲਿਬੌ ਬਨਹਿ, ਨ ਸੰਸੈ ਆਵਈ- ॥੬॥
ਸ੍ਰੀ ਗੁਰ ਅਰਜਨ ਨਾਥ, ਬਿਸਾਲ ਬਿਚਾਰਿ ਕੈ।
-ਕਰਿਬੋ ਬਨਹਿਂ ਜਰੂਰ, ਆਲਸੋ ਟਾਲਿ ਕੈ।
ਸਭਿ ਜਗ ਪਰ ਉਪਕਾਰ, ਬੀੜ ਸ੍ਰੀ ਗ੍ਰੰਥ ਕੀ।
ਹੋ ਬਿਦਤਹਿ ਕਲਿ ਮਹਿਂ ਅਧਿਕ, ਰੀਤਿ ਸ਼ੁਭ ਪੰਥ ਕੀ ॥੭॥
ਜਿਯਤ ਜੀਵਕਾ ਬਨਹਿ, ਸੁ ਲਾਖਹੁਂ ਨਰਨ ਕੀ[1]।
ਸੁਨਿ ਕਰਿ ਪਠਹਿਂ ਕਮਾਹਿਂ, ਪ੍ਰੀਤ ਪ੍ਰਭੁ

[1]ਜਿਯਤ ਜੀਵਿਕਾ = ਜੀਵਨ ਦੀ ਰੋਜ਼ੀ ਭਾਵ ਮਨ ਦਾ ਅਧਾਰ, ਰੂਹਾਨੀ ਜੀਵਨ ਦੀ ਟੇਕ ਗੁਰਬਾਣੀ ਬਣੇਗੀ (ਅ) ਜੀਵਨ ਤੇ ਰੋਜ਼ੀ। ਜੀਵਨ ਤੋਂ ਮੁਰਾਦ ਮਨ ਦਾ ਆਧਾਰ ਹੈ ਤੇ ਜੀਵਿਕਾ ਤੋਂ ਮੁਰਾਦ ਗੁਰਬਾਣੀ ਲਿਖਣ ਵਾਲੇ ਦੀ ਰੋਜ਼ੀ ਸੰਗਤਾਂ ਵਲੋਂ ਪ੍ਰਬੰਧ ਹੋ ਜਾਇਆ ਕਰੂ।

ਚਰਨ ਕੀ।
ਅੰਤ ਮੁਕਤਿ ਕੋ ਲੇਹਿਂ, ਨ ਸੰਸੈ ਹੋਇ
ਹੈ।
ਹੋ ਰਾਵ ਰੰਕ ਊਚ ਨੀਚ, ਜਪਾਵਹਿ
ਕੋਇ ਹੈ- ॥੮॥
ਇਮ ਬਿਚਾਰ ਕਰਿ ਗੁਰੁ, ਸੁ ਬਾਕ
ਬਖਾਨਿਓ।
'ਤਯਾਰੀ ਹਮਰੀ ਕਰਹੁ, ਪ੍ਰਾਤ
ਪ੍ਰਸਥਾਨਿਓ[1]।'
ਜਾਨਿ ਲਈ ਸਭਿਹੂੰਨਿ, ਸੁ ਨਿਸਾ
ਬਿਤਾਇ ਕੈ।
ਹੋ ਪ੍ਰਾਤ ਕੀਨਿ ਇਸ਼ਨਾਨ, ਸੁਧਾਸਰ
ਜਾਇ ਕੈ ॥੯॥
ਸਭਿ ਗੁਰੁ ਆਦਿ ਮਨਾਇ, ਅਰੂਢੇ
ਪਾਲਕੀ।
ਜਿਨ ਕੀ ਕ੍ਰਿਪਾ ਸੁ ਦ੍ਰਿਸ਼ਟਿ, ਪੀਰ
ਨਹਿਂ ਕਾਲ ਕੀ[1]।
ਸਿੱਖ ਸੰਗ ਸਮੁਦਾਇ, ਦਾਸ ਸ਼ੋਭਤਿ
ਚਲੇ।
ਹੋ ਮਨਹੁ ਚੰਦ੍ਰਮਾਂ ਸਾਥ, ਤਾਰਕਾ ਗਨ
ਭਲੇ ॥੧੦॥
ਸਨੇ ਸਨੇ ਚਲਿ ਆਇ, ਸੁ ਗੋਇੰਦਵਾਲ
ਕੋ।
ਜਹਾਂ ਬਿਪਾਸਾ ਨਦੀ, ਪ੍ਰਵਾਹੁ ਬਿਸਾਲ
ਕੋ।
ਬਾਪੀ ਮੱਜਨ ਕੀਨਿ, ਧਯਾਨ ਸਤਿਗੁਰ
ਧਰੇ।
ਹੋ ਤਿਸ ਛਿਨ ਸ੍ਰੀ ਗੁਰ ਅਮਰ, ਆਨਿ
ਆਗੈ[†] ਖਰੇ ॥੧੧॥
ਸ੍ਰੀ ਅਰਜਨ ਅਵਿਲੋਕ, ਚਰਨ
ਅਰਬਿੰਦ ਕੋ।

[1]ਸਵੇਰੇ ਚੱਲਣ ਦੀ।

[1]ਮੌਤ ਦੀ ਪੀੜ ਨਹੀਂ (ਰਹਿੰਦੀ)।

[†]ਪਾ:-ਅੱਗ੍ਰੇ।

ਬੰਦਨ ਠਾਨਿ ਸੁ ਪ੍ਰੇਮ, ਅਨੰਦ ਬਿਲੰਦ ਕੋ।
ਗਦ ਗਦ ਗਿਰਾ ਰੁਮੰਚ, ਬਿਲੋਚਨ ਜਲ ਭਰੇ।
ਹੋ ਬਿਨਤੀ ਬਹੁਰ ਬਖਾਨ, ਨੰਮ੍ਰ ਜੁਤਿ ਹੁਇ ਖਰੇ ॥੧੨॥
ਸਿਰ ਪਰ ਧਰਿ ਕਰਿ ਹਾਥ, ਹਰਖ ਉਰ ਧਾਰਿ ਕੈ।
ਸ਼੍ਰੀ ਅਰਜਨ ਸੋਂ ਭਨਜੋ, 'ਕਾਜ ਲਿਹੁ ਸਾਰਿ ਕੈ।
ਕੀਰਤਿ ਮੋਹਨ ਕਰਹੁ, ਪੋਥੀਆਂ ਲੀਜੀਏ।
ਹੋ ਸ੍ਰੇਸ਼ਟ ਉੱਦਮ ਅਹੈ, ਬੀੜ ਸਭਿ ਕੀਜੀਏ ॥੧੩॥
ਰਹੋ ਨੰਮ੍ਰਤਾ ਸੰਗ, ਜਿ ਮੋਹਨ ਕੁਛ ਕਹੈ।
ਸਹਿ ਕਰਿ ਬਾਕ ਕਠੋਰ, ਲੇਹੁ ਜੋ ਚਿਤ ਚਹੈ।
ਕਹਿ ਨਿਸ਼ਠੁਰ ਪਛੁਤਾਇ[1], ਨੰਮ੍ਰ ਹੁਇ ਜਾਇ ਹੈ।
ਹੋ ਮਾਨਹਿ ਤੁਮਰੋ ਕਹਜੋ, ਨ ਬਹੁਰ ਹਟਾਇ ਹੈ' ॥੧੪॥
ਇਮ ਕਹਿ ਸ਼੍ਰੀ ਗੁਰ ਅਮਰ, ਸੁ ਅੰਤਰ ਧਜਾਨਿਯੇ।
ਸ਼੍ਰੀ ਅਰਜਨ ਸੁਨਿ ਕਾਨ, ਅਨੰਦ ਮਹਾਨਿਯੇ।
ਡੇਰਾ ਦੀਨਿ ਉਤਾਰ, ਸਕਲ ਇਕ ਥਾਨ ਮੈਂ।
ਹੋ ਗਮਨੇ ਪੁਰਿ ਮੈਂ ਆਪ, ਤੰਬੂਰਾ ਪਾਨ ਮੈਂ[1] ॥੧੫॥
ਗੁਰ ਸੁਤ ਮੋਹਨ ਜਹਾਂ, ਚੁਬਾਰੇ ਮੈਂ

[1]ਮੋਹਨ) ਕਰੜੇ ਵਾਕ ਕਹਿਕੇ ਪਛੁਤਾਏਗਾ ਤੇ।

[1]ਹੱਥਾਂ ਵਿਚ।

ਰਹੈ।
ਤਿਸ ਨੀਚੇ ਜੋ ਗਰੀ[1], ਜਾਇ ਤਿਹ ਠਾਂ ਲਹੇ[2]।
ਭੂਤਲ ਬੈਠੇ ਆਪਿ, ਸਿੱਖ ਤਬਿ ਦੇਖਿ ਕੈ।
ਹੋ ਦੌਰੇ ਆਸਨ ਲੇਨਿ, ਸੁ ਬਿਸਮ ਬਿਸੇਖ ਕੈ ॥੧੬॥

[1]ਗਲੀ। [2]ਦੇਖਕੇ।

ਸਫੈਂ[1] ਗਲੀਚੇ ਆਦਿ, ਜੁ ਲਜਾਇ ਬਿਛਾਵਨੇ।

[1]ਫੂੜੀਆਂ।

ਮ੍ਰਿਦੁਲ ਬਾਕ ਕਹਿ ਸਭਿਨਿ, ਕਰੇ ਸੁ ਹਟਾਵਨੇ[1]।

[1]ਗੁਰੂ ਜੀ ਨੇ ਹਟਾਏ।

ਤੰਬੂਰਾ ਸੁਰ ਠਾਨਿ, ਲਗੇ ਪੁਨਿ ਗਾਵਨੇ।
ਹੋ ਗੌੜੀ ਰਾਗ ਅਲਾਪ, ਮਧੁਰ ਸੁਰ ਭਾਵਨੇ[1] ॥੧੭॥

[1]ਭਾਂਵਦੀ ਮਿੱਠੀ ਸੁਰ।

ਦੋਹਰਾ:

ਸ਼ਬਦ ਬਨਾਵਤਿ ਜਾਤਿ ਹੈਂ, ਗਾਵਤਿ ਗੌੜੀ ਰਾਗ।
ਕਬਿ ਊਚੀ ਧੁਨਿ ਹੋਤਿ ਹੈ, ਕਬਿ ਧੁਨਿ ਸਹਿਜੇ ਲਾਗਿ ॥੧੮॥

ਸ੍ਰੀ ਮੁਖਵਾਕ:
ਗਉੜੀ ਮਹਲਾ ੫ ॥
ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥

ਅੜਿੱਲ:

ਮੋਹਨ ਧੁਨਿ ਸੁਨਿ ਕਾਨ, ਜਾਨਿ ਬਿਰਤਾਂਤ ਕੋ।
ਚੌਬਾਰੇ ਕੇ ਬਿਖੈ, ਜੁ ਤਾਕੀ ਬਾਤ ਕੋ[1]।
ਸੋ ਖੋਲੀ ਤਤਕਾਲ,
ਗਰੀ ਦਿਸ਼ਿ ਮੁਖ ਕਰਜੋ।

[1]ਜੋ ਤਾਕੀ ਹਵਾ ਲਈ (ਲੱਗੀ ਸੀ)।

ਹੋ ਸ੍ਰੀ ਅਰਜਨ ਦਿਸ਼ਿ,
ਦੇਖਿ ਬਾਕ ਕੋ ਉਚਰਯੋ ॥੧੯॥
'ਪ੍ਰਥਮ ਹਮਾਰੀ ਵਸਤੁ,
ਲਈ ਪਿਤ ਪਾਸ ਤੇ।
ਕੁਲ ਭੱਲਜਾਨ ਕੀ ਹੁਤੀ,
ਗੁਰੁਤਾ ਜਾਸ ਤੇ[1]।

[1]ਜਿਸ ਵਸਤੁ) ਨਾਲ ਭੱਲਿਆਂ ਦੀ ਕੁਲ ਵਡਿਆਈ ਸੀ।

ਲੀਨਸਿ ਸੋਢੀ ਸੇਵ,
ਨ ਹਮ ਢਿਗ ਸੋ ਰਹੀ।
ਹੋ ਹੁਤੇ ਤੀਨ ਤੁਮ ਭ੍ਰਾਤ,
ਨ ਸਮਤਾ ਮਨ ਲਹੀ ॥੨੦॥
ਪਿਤਾ ਗਏ ਬੈਕੁੰਠ,
ਬਿਰੋਧ ਉਠਾਇਓ।
ਪਾਟਕ ਘਰਿ ਮਹਿਂ ਪਾਇ,
ਜੁ ਕਪਟ ਕਮਾਇਓ।
ਭ੍ਰਾਤਾ ਹੁਤੋ ਬਿਸਾਲ,
ਨਿਕਾਸਜੋ ਧਾਮ ਤੇ।
ਹੋ ਬੈਠਜੋ ਗੁਰ ਬਨਿ ਆਪ,
ਨ ਲੀਨਸਿ ਸ਼ਾਮ ਤੇ[1] ॥੨੧॥

[1]ਸੁਲਹ ਨਾਲ।

ਲਾਜ ਨ ਧਾਰਿਹੁ ਆਪ,
ਅਬੈ ਚਲਿ ਆਇਓ।
ਸਭਿ ਗੁਰੂਅਨਿ ਕੇ ਸ਼ਬਦ,
ਲੈਨਿ ਹਿਤ ਧਾਇਓ।
ਅਪਰ ਜਤਨ ਰਹਿ ਰਹਜੋ,
ਨ ਬਸ ਕੁਛ ਚਾਲਿਓ।
ਹੋ ਭੂਤਲ ਬੈਠਿ ਗਲੀਨਿ, ਪਖੰਡ ਬਿਸਾਲਿਓ ॥੨੨॥
ਨ੍ਰਿਗੁਨ ਬਿਹੀਨੋ ਲਾਜ, ਨਿਸ਼ੰਕ ਸਮਾਇਆ[1]।

[1]ਸ਼ੰਕਾ ਨਹੀਂ ਕਰਦੇ ਤੇ ਮਾਇਆ ਸਹਿਤ ਹੋ।

ਜਹਿਂ ਕਹਿਂ ਢੀਠ ਕਰੰਮ,
ਕਰੇ ਨ ਸ਼੍ਰਮਾਇਆ[1]।

[1]ਸ਼ਰਮ ਨਹੀਂ ਕਰਦੇ।

ਭੇਉ ਨ ਜਾਨਹਿਂ ਤੋਹਿ,
ਠਗਤਿ ਹੈ† ਜਗਤ ਕੋ।

†ਬਾਬੇ ਮੋਹਨ ਜੀ ਨੇ ਇਸੇ ਰਾਸ ਦੇ ਅੰਸੂ ੩੫ ਅੰਕ ੩੪ ਵਿਚ ਦਸਿਆ ਹੈ ਕਿ ਜੋ ਵਾਕ ਪਿਛੇ ਮੈਂ ਕਹੇ ਹਨ, ਕੇਵਲ ਆਪ ਜੀ ਦੀ ਪ੍ਰੀਖਿਆ ਲਈ ਕਹੇ ਸਨ, ਇਨ੍ਹਾਂ ਦੂਸ਼ਨਾਂ ਦੀ ਅਸਲੀਅਤ ਕੋਈ ਨਹੀਂ।

ਹੋ ਸਦਾ ਦਿਖਾਇ ਅਧੀਨ,
ਅਪਨਪੌਂ ਭਗਤਿ ਕੌਂ' ॥੨੩॥
ਨਿੰਦਾ ਉਸਤਤਿ ਬਜਾਜ[1]
ਬਚਨ ਮੋਹਨ ਕਹੇ[1]।

[1]ਪਦਾਂ ਤੋਂ ਨਿੰਦਾ ਸਾਫ ਪਈ ਦਿੱਸੇ, ਪਰ ਭਾਵ ਯਾ ਦੂਸਰੇ ਅਰਥਾਂ ਤੋਂ ਉਸਤਤ ਨਿਕਲੇ ਉਹ 'ਨਿੰਦਾ ਬਜਾਜ ਸਤੁਤੀ' ਕਹੀਂਦੀ ਹੈ। ਇਹ ਕਾਵ੍ਯ ਦਾ ਇਕ ਅੰਲਕਾਰ ਹੈ। ਇਨ੍ਹਾਂ ਪਿਛਲੇ ਨਿੰਦਾ ਦੇ ਵਾਕਾਂ ਵਿਚ ਉਸਤਤੀ ਐਉਂ ਹੈ:- ਭੱਲਿਆਂ ਦੀ ਕੁਲ ਵਿਚ ਗੁਰੁਤਾ (ਗੁਰੂ ਗਦੀ) ਸੀ, ਜੋ ਸਾਡੀ ਵਸਤੂ ਸੀ ਪਰ ਤੁਸਾਂ ਸੇਵਾ ਕਰਕੇ ਲੈ ਲਈ। ਭਾਵ ਅਸਾਂ ਸੇਵਾ ਨਹੀਂ ਕੀਤੀ, ਤੁਸਾਂ ਕੀਤੀ। ਸੇਵਾ ਕਰਕੇ ਲੈਣਾ ਸ਼ੁਭ ਮਰਯਾਦਾ ਹੈ ਇਸ ਕਰਕੇ ਸਤੁਤੀ ਹੈ। ਤੁਸੀਂ ਤਿੰਨ ਭਿਰਾ ਸੇ ਪਰ ਤੁਹਾਡੇ ਮਨ ਦੀ ਬ੍ਰੱਬਰੀ (ਸਮਤਾ) ਕੋਈ ਨਹੀਂ ਕਰ ਸਕਿਆ, ਭਾਵ ਤੁਸਾਂ ਦਾ ਚਿੱਤ ਵਿਸ਼ਾਲ ਹੈ, (੨੦) ਪਿਤਾ ਪਰਲੋਕ ਗਏ (ਪ੍ਰਿਥੀਏ ਵਿਰੋਧ ਕੀਤਾ, ਪਰ) ਤੁਸਾਂ ਵਿਰੋਧ (ਚਿਤੋਂ) ਉਠਾ ਦਿੱਤਾ, (ਪ੍ਰਿਥੀਏ ਨੇ ਭਾਵੇਂ) ਘਰ ਵਿਚ ਪਾਟਕ ਪਾਕੇ ਕਪਟ ਕਮਾਇਆ, (ਪਰ ਤੁਸਾਂ) ਵਡਾ ਭਿਰਾ (ਜਾਣਕੇ ਆਪਣੇ ਆਪ ਨੂੰ) ਘਰੋਂ ਕਢਿਆ (ਭਾਵ ਵਡਾਲੀ ਜਾ ਰਹੇ) ਸੇ, ਗੁਰ ਹੋ ਬੈਠੇ ਤੁਸਾਂ ਪਰ ਆਪੇ ਨਹੀਂ ਬਣ (ਬੈਠੇ ਸੇ), (ਸਗੋਂ) ਮ੍ਰਿਦੁਲਤਾ ਨਾਲ ਲੀਤੀ (ਗੁਰਿਆਈ)। (੨੧) ਗੁਰੂ ਸਾਹਿਬਾਂ ਦੇ ਸਾਰੇ ਸ਼ਬਦ ਲੈਣ ਵਾਸਤੇ ਤੁਸੀਂ ਹੁਣ ਆਪ ਚਲਕੇ ਆਏ ਹੋ, (ਇਸ ਵਿਚ ਰਤਾ) ਲਾਜ ਨਹੀਂ ਮੰਨੀ, ਜਦ ਹੋਰ ਜਤਨ ਕਰਨ ਨਾਲ ਵੱਸ ਨਹੀਂ ਗਿਆ ਤਾਂ ਗਲੀ ਵਿਚ ਭੁੰਞੇ ਬੈਠਣੋਂ ਨਹੀਂ ਟਲੇ ਹੋ, ਤੁਸੀਂ ਪਾਪਾਂ ਦੇ ਬੜੇ ਖੰਡਨ ਵਾਲੇ ਹੋ [ਪਾਖੰਡ = ਪਾਪ ਖੰਡਨ ਵਾਲੇ ਅਥਵਾ ਪਾਖੰਡ = ਮਤ, ਪੰਥ ਸੰਪ੍ਰਦਾਯ। ਇਹ ਸਨਾਤਨ ਅਰਥ ਹਨ। ਮਾੜੇ ਅਰਥ ਪਿਛੋਂ ਟੁਰੇ ਹਨ। ਭਾਵ ਪੰਥ ਦੀ ਖਾਤਰ ਤੁਸੀਂ ਗਲੀ ਵਿਚ ਭੁੰਞੇ ਆ ਬੈਠੇ ਹੋ] (੨੨) (ਤਿੰਨਾਂ) ਗੁਣਾਂ ਤੋਂ ਅਤੀਤ ਹੋ, ਲੋਕ ਲਾਜ ਤੇ ਉਚ ਪਦਵੀ (ਤੋਂ ਨੀਵੇਂ ਹੋਣ ਦੀ) ਸ਼ੰਕਾ ਤੋਂ ਖਾਲੀ ਹੋ ਤੇ ਮਾਇਆ ਦੇ ਸੁਆਮੀ ਹੋ। ਜਿਥੇ ਕਿਤੇ (ਢੀਠ =) ਕਠਨ ਅਥਵਾ ਹਿੰਮਤ ਦੀ ਲੋੜ ਰੱਖਣ ਵਾਲੇ ਕੰਮ ਆ ਪਏ ਹਨ (ਤੁਸੀਂ ਉਨ੍ਹਾਂ ਦੇ ਕਹੇਨ =) ਕਰਨ ਵਿਚ (ਸ਼ਰਮਾਇਆ) ਪੂਰਾ ਜ਼ੋਰ ਲਾਇਆ ਹੈ (ਅ) ਦ੍ਰਿੜਤਾ ਨਾਲ (ਭਗਤਾਂ ਲਈ) ਨੀਵੇਂ ਕਰਮ ਕਰਦਿਆਂ (ਭੀ) ਆਪ ਨੂੰ ਲੱਜਾ ਨਹੀਂ ਆਈ। (ਜਿਵੇਂ ਗੁਰੂ ਆਦਿ ਦੇ ਰੂਪ ਵਿਚ ਆਪ ਨੇ ਉਚ ਕੁਲ ਦੇ ਹੋ ਕੇ ਸ਼ੂਦ੍ਰ ਲਾਲੋ ਦੇ ਘਰ ਅੰਨ ਪਾਯਾ, ਜੋ ਉਸ ਸਮੇਂ ਮਹਾਨ ਲੱਜਿਆ ਦਾ ਕੰਮ ਸੀ)। ਤੇਰੇ ਭੇਤ ਨੂੰ (ਕੋਈ) ਨਹੀਂ ਜਾਣਦਾ ਤੂੰ ਜਗਤ ਨੂੰ (ਠਗ =) ਮੋਹ ਲਿਆ, ਕਿਵੇਂ? ਆਪਣੇ ਆਪ ਨੂੰ ਸਦਾ (ਅਪਣੇ) ਭਗਤਾਂ ਦੇ ਅਧੀਨ ਬਣਾਕੇ।

ਗੁਰ ਅਰਜਨ ਕਹੀ ਜਾਨਿ,
ਅਪਰ ਨਹਿਂ ਕਿਸ ਲਹੇ।
ਸੁਨਤਿ ਤੰਬੂਰਾ ਹਾਥ,
ਬਹੁਰ ਗਾਵਨਿ ਕਰਜੋ।
ਹੋ ਜਿਸ ਮੈਂ ਕੀਰਤਿ ਦੀਹ,
ਸ਼੍ਰਵਨਿ ਮੈਂ ਰਵ[1] ਪਰਜੋ ॥੨੪॥

[1]ਸ਼ਬਦ।

ਸ੍ਰੀ ਮੁਖਵਾਕ:

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥

ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥੨॥

ਚੌਪਈ:

ਇਮ ਸੁਨਿ ਕਰਿ ਜਸੁ ਆਪਨ ਕੇਰਾ।
ਭਯੋ ਪ੍ਰਸੰਨ ਕ੍ਰਿਪਾਲ ਘਨੇਰਾ।
ਮਨ ਮਹਿਂ ਲਾਗਿ ਬਿਚਾਰਨ ਮੋਹਨ।
-ਚਤਰ ਗੁਰੂ[1] ਮੂਰਤਿ ਇਹ ਸੋਹਨ ॥੨੫॥

[1]ਚਾਰ ਗੁਰੂ ਸਾਹਿਬਾਂ ਦੀ।

ਕ੍ਰੋਧ ਈਰਖਾ ਆਦ ਬਿਕਾਰਾ।
ਇਨ ਮਹਿਂ ਕੋ ਨਹਿਂ ਪਰੈ ਨਿਹਾਰਾ।
ਕਰੇ ਸ਼ੱਤ੍ਰੁਤਾ ਸੋ ਪਛੁਤਾਵਹਿ।
ਸੇਵਹਿ ਪ੍ਰੀਤ ਸਕਲ ਸੁਖ ਪਾਵਹਿ ॥੨੬॥

ਕਟਕ ਬਾਕ ਸੁਨਿ ਕੈ ਅਬਿ ਮੇਰੇ।
ਰਹੇ ਅਛੋਭ ਸਿੰਧੁ ਸਮ ਹੇਰੇ।
ਸ਼ਾਂਤਿ ਰਿਦਾ ਸਮਤਾ ਮੁਝ ਸਾਥ।
ਗਾਇ ਸ਼ਬਦ ਸ੍ਰੀ ਅਰਜਨ ਨਾਥ ॥੨੭॥

ਸ੍ਰੀ ਗੁਰ ਅਮਰ ਪਿਤਾ ਕੇ ਬੈਨ।
ਕੀਨਿ ਬਿਗਾਰ ਜਿ ਮਾਨੇ ਮੈ ਨ[1]।

[1]ਮੈਂ ਜੋ ਗੁਰੁ ਪਿਤਾ ਅਮਰਦੇਵ ਜੀ ਦੇ ਬਚਨ ਨਹੀਂ ਮੰਨੇ ਸਨ ਜੋ ਵਿਗਾੜ ਕੀਤਾ ਸੀ।

ਅਬਿ ਨਹਿਂ ਉਚਿਤ ਬਿਗਾਰਨਿ ਬਾਤੀ।
ਕਰੌਂ ਸੁਧਾਰਨਿ ਹੁਇ ਸੁਖ ਸ਼ਾਂਤੀ ॥੨੮॥

ਜਗ ਮਹਿਂ ਨਿੰਦਾ ਪੂਰਬ ਲਈ।
ਅਬਿ ਸੁਧਰੈ ਗੁਰਬਾਨੀ ਦਈ[1]-।

[1]ਦਿਤਿਆਂ।

ਇਮ ਬਿਚਾਰ ਕਰ ਲੇ ਕਰਿ ਪੋਥੀ।
ਮਤਿ ਤਜਿ ਦੀਨਿ ਪ੍ਰੇਮ ਤੇ ਥੋਥੀ[1] ॥੨੯॥

[1]ਪ੍ਰੇਮ ਹੀਨ ਬੁੱਧੀ ਛਡ ਦਿੱਤੀ।

ਨਿਜ ਚੌਬਾਰੇ ਬਾਹਰ ਆਯੋ।
ਸ੍ਰੀ ਅਰਜਨ ਕੋ ਤਬਿ ਦਰਸਾਯੋ।
-ਚਤੁਰ ਗੁਰੂ ਕੀ ਜੋਤਿ ਕ੍ਰਿਪਾਲਾ।
ਇਨ ਮਝਾਰ ਸੋ ਬਸਹਿ ਬਿਸਾਲਾ-
॥੩੦॥
ਦੇਖਿ ਸਰੂਪ ਸੁ ਹੋਇ ਪ੍ਰਸੰਨ।
ਕਹਜੋ ਕਿ 'ਸ੍ਰੀ ਅਰਜਨ ਤੁਮ ਧੰਨ।'
ਸਤਿਗੁਰ ਦੇਖਜੋ ਮੋਹਨ ਆਯੋ।
ਪੁਨ ਤੀਜੋ ਪਦ ਸ਼ਬਦ ਅਲਾਯੋ ॥੩੧॥

ਸ੍ਰੀ ਮੁਖਵਾਕ:
ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥

ਚੌਪਈ:
ਸੁਨਤਿ ਗਾਇਬੋ ਪ੍ਰੇਮ ਸਮੇਤਾ।
ਤਾਲਨਿ ਅਰੁ ਮਾਧੁਰਯ ਨਿਕੇਤਾ[1]।
ਗਾਵਤਿ ਰੁਕਜੋ ਕੰਠ ਜਲ ਨੈਨਾ।
ਭਏ ਪ੍ਰੇਮ ਤੇ ਗਦ ਗਦ ਬੈਨਾ ॥੩੨॥
ਮੋਹਨ ਦੇਖਿ ਦਸ਼ਾ ਇਸ ਭਾਂਤੀ।
ਭਗਨੀ ਸੁਤ ਤੇ[1] ਲਹਿ ਸੁਖ ਛਾਤੀ।
ਅਤਿ ਪ੍ਰਸੰਨ ਮੋਹਨ ਮਨ ਭਇਊ।
ਸ਼ਬਦ ਬ੍ਰਿੰਦ ਆਗੇ ਧਰਿ ਦਇਊ
॥੩੩॥
ਪਦ ਅਰਬਿੰਦਨ ਪਰ ਸਿਰ ਧਰਜੋ।
ਨਹੀਂ ਉਠਾਵਨਿ ਕੋ ਪੁਨ ਕਰਜੋ।
ਅਪਨ ਕ੍ਰੂਰਤਾ ਚਹਿ ਬਖਸ਼ਾਵਨ।
ਆਗੈ ਪਾਛੈ ਕੀਨਿ ਅਭਾਵਨਿ[1] ॥੩੪॥
ਸ੍ਰੀ ਅਰਜਨ ਅਵਿਲੋਕਨਿ ਕੀਨਾ।

[1]ਮਿਠਾਸ ਦਾ ਘਰ।

[1]ਭੈਣ ਦੇ ਪੁੱਤ੍ਰ ਭਾਵ ਗੁਰੂ ਅਰਜਨ ਜੀ ਤੋਂ।

[1]ਸਨਮੁਖ ਯਾ ਕੰਡ ਪਿਛੋਂ ਜੋ ਨਿਰਾਦਰ ਕੀਤਾ ਹੋਇਆ ਸੀ।

ਨਿਰ ਹੰਕਾਰ ਸੁ ਨੰਮ੍ਰਿ ਅਧੀਨਾ।
ਕਹ੍ਯੋ ਬਾਕ 'ਅਨੁਚਿਤ ਨਹਿਂ ਕਰੀਅਹਿ।
ਬਡ ਸਥਾਨ ਹੋ ਆਪ ਬਿਚਰੀਅਹਿ[1] ॥੩੫॥
ਹਮਰੀ ਜਨਨੀ ਕੇ ਬਡ ਭ੍ਰਾਤਾ।
ਲਾਗਤਿ ਹੋ ਮਾਤੁਲ ਸੁਖਦਾਤਾ।
ਪਿਤਾ ਤੁਮਾਰੋ ਗੁਰੁ ਗੰਭੀਰ।
ਨਿਜ ਸੇਵਕ ਕੀ ਕਾਟਤਿ ਪੀਰ ॥੩੬॥
ਤਿਨ ਕੇ ਨੰਦਨ ਤੁਮ ਬਡਭਾਗੇ।
ਜੋਗ ਵਿਰਾਗ ਗ੍ਯਾਨ ਅਨੁਰਾਗੇ।
ਨਮੋ ਉਚਿਤ ਯਾਂ ਤੇ ਹਮ ਜਾਨੇ।
ਬਿਸ਼ਯ ਬਾਸ਼ਨਾ ਮਨ ਤੇ ਹਾਨੇ ॥੩੭॥
ਜੇ ਮਾਤੁਲ ਸਨਬੰਧ ਬਿਚਾਰੈਂ।
ਬੰਦਨ ਠਾਨਹਿਂ ਉਚਿਤ ਹਮਾਰੇ।
ਯਾਂ ਤੇ ਅਨੁਚਿਤ ਨਹੀਂ ਕਰੀਜਹਿ।
ਪਦ ਪਰ ਹਮਰੀ ਬੰਦਨ ਲੀਜਹਿ' ॥੩੮॥
ਸੁਨਿ ਗੁਰ ਨੰਦਨ ਮੋਹਨ ਕਾਨਾ।
ਧਰੇ ਨੰਮ੍ਰਤਾ ਬਾਕ ਬਖਾਨਾ।
'ਸ਼੍ਰੀ ਅਰਜਨ ਭਗਨੀ ਸੁਤ ਮੇਰੇ !
ਪਰਸੌਂ ਚਰਨ ਕਮਲ ਅਬਿ ਤੇਰੇ ॥੩੯॥
ਭੂਲ ਪਰੀ ਮੁਝ ਤੇ ਬਹੁ ਪਹਿਲੇ।
ਬਖਸ਼ਹੁ ਅਬਿ ਕੀਜਹਿ ਨਿਤ ਸਹਿਲੇ[1]।
ਸਮਾਂ ਉਡੀਕਤਿ ਸੋ ਅਬਿ ਆਵਾ।
ਕ੍ਰਿਪਾ ਕਰਹੁ ਦੁਖ ਬਨ ਤੁਮ ਦਾਵਾ' ॥੪੦॥

ਦੋਹਰਾ:
ਇਸ ਪ੍ਰਕਾਰ ਮੋਹਨ ਜਬਹਿ, ਕਹੀ ਗਿਰਾ ਮਨ ਨੀਵ।

[1]ਵਿਚਾਰ ਕਰੋ।

[1]ਸੁਖੀ।

ਸਭਿਨਿ ਸੁਨਨ ਹਿਤ ਬੂਝਿਓ, ਸ੍ਰੀ
ਅਰਜਨ ਸੁਖ ਸੀਵ[1] ॥੪੧॥

[1]ਸੁਖ ਦੀ ਹਦ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਮੋਹਨ ਪੋਥੀਆਂ ਦੇਨਿ' ਪ੍ਰਸੰਗ ਬਰਨਨੰ ਨਾਮ ਚਤਰਤ੍ਰਿੰਸਤੀ ਅੰਸੂ ॥੩੪॥

## ੩੫. [ਗੁਰਬਾਣੀ ਦੀਆਂ ਪੋਥੀਆਂ ਲਈਆਂ। ਮੋਹਨ ਜੀ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ
ਅਗਲਾ ਅੰਸੂ>>੩੬

ਦੋਹਰਾ:

'ਸ਼੍ਰੀ ਮਾਤੁਲ ਤੁਮ ਆਪ ਹੋ, ਬਖਸ਼ਨ ਜੋਗ ਬਿਸਾਲ।
ਕੋ ਔਗੁਨ ਤੁਮ ਬਿਖੈ ਰਹਿ, ਪੂਰਨ ਗੁਨ ਸਭਿ ਕਾਲ' ॥੧॥

ਚੌਪਈ:

ਸ਼੍ਰੀ ਅਰਜਨ ਤੇ ਸੁਨਿ ਇਮ ਕਹਜੋ।
ਪ੍ਰਥਮ ਪ੍ਰਸੰਗ ਸਰਬ ਤੁਮ ਲਹਜੋ।
ਤਉ ਸੁਨਹੁ ਸਭਿ ਤੁਮੈ ਸੁਨਾਵੌਂ।
ਪੁਨਹਿ ਢੀਠਤਾ[1] ਨਿਜ ਬਖਸ਼ਾਵੌਂ ॥੨॥ [1]ਬੇ ਅਦਬੀ।
ਮਹਾਂ ਪੁਰਖੁ ਪੂਰਨ ਗੁਨ ਗਜ਼ਾਨੀ।
ਹਮਰੇ ਪਿਤਾ ਭਏ ਸੁਖ ਦਾਨੀ।
ਸ਼੍ਰੀ ਗੁਰ[1] ਰਾਮਦਾਸ ਬਡਭਾਗੇ। [1]ਭਾਵ ਸ਼੍ਰੀ ਗੁਰ ਅਮਰਦਾਸ ਜੀ ਨੇ।
ਪਰਮ ਪ੍ਰੇਮ ਤੇ ਸੇਵਾ ਲਾਗੇ ॥੩॥
ਆਪਾ ਨਹੀਂ ਜਨਾਵਨਿ ਕੀਨਸਿ।
ਨਿਰਹੰਕਾਰ ਗਰੀਬੀ ਲੀਨਸਿ।
ਸਭਿ ਗੁਨ ਪੂਰਨ ਸ਼੍ਰੀ ਗੁਰ ਜਾਨੇ।
ਸਭਿ ਔਗਨ ਅਪਨੇ[1] ਮਹਿਂ ਮਾਨੇ ॥੪॥ [1]ਭਾਵ ਗੁਰੂ ਰਾਮਦਾਸ ਜੀ ਨੇ।
ਜੇ ਦਿਨ ਕੋ ਕਹਿਂ[1] ਆਧੀ ਰਾਤ। [1]ਭਾਵ ਗੁਰੂ ਅਮਰ ਦੇਵ ਜੀ।
ਤਿਉਂ ਮਾਨਹਿਂ ਭਾਖੀ -ਸਤ ਬਾਤ[1]-। [1]ਮੰਨਦੇ ਸਨ (ਗੁਰੂ ਰਾਮਦਾਸ ਜੀ) ਸਤ ਬਚਨ ਕਹਿਕੇ।
ਨਿਸ ਦਿਨ ਸੇਵਾ ਮਹੁਂ ਅਨੁਰਾਗੇ।
ਸਰਬ ਭਾਂਤਿ ਜਗ ਕਾਰਜ ਤਜਾਗੇ ॥੫॥
ਅਪਨੋ ਪਿਤ ਹਮ ਜਾਨਤਿ ਰਹੇ।
ਈਸ਼ੁਰ ਆਪ, ਭੇਵ ਨਹਿਂ ਲਹੇ।
ਜੇ ਕੁਛ ਜਾਨਤਿ ਭੇ ਬਡਿਆਈ।
ਤਉ ਪਿਤਾ ਲਖਿ[1] ਹਮ ਸੁਖਦਾਈ [1]ਪਿਤਾ ਹੀ ਜਾਣਿਆਂ।

॥੬॥
ਸੇਵ ਨ ਕੀਨਸਿ, ਕਹਯੋ ਨ ਮਾਨਯੋ।
-ਹਮਰੋ ਪਿਤਾ- ਗਰਬ ਇਮ ਠਾਨਯੋ।
ਸ਼੍ਰੀ ਗੁਰ ਰਾਮਦਾਸ ਪਰ ਯਾਂ ਤੇ।
ਭਏ ਪ੍ਰਸੰਨ ਰਿਦੈ ਹਰਖਾਤੇ ॥੭॥
ਜਬਿ ਗੁਰਤਾ ਦੇਵਨਿ ਤਿਨ ਲਾਗੇ।
ਸਭਿ ਤੇ ਅਧਿਕ ਜਾਨਿ ਅਨੁਰਾਗੇ।
ਪ੍ਰਿਥਮ ਹਕਾਰਨਿ ਕੀਨਸਿ ਮੋਹੀ।
ਕਹਿ -ਇਨ ਪਗ ਲਗਿ, ਸਭਿ ਸੁਖ ਹੋਹੀ ॥੮॥
ਗੁਰਤਾ ਉਚਿਤ ਜਾਨਿ ਹਮ ਦੀਨਸਿ।
ਅਜਰ ਜਰਨ ਇਨ ਉਰ ਲਖਿ ਲੀਨਸਿ।
ਅਧਿਕ ਸਭਿਨਿ ਤੇ ਇਨ ਬਡਿਆਈ।
ਪੁਰਹਿ ਕਾਮਨਾ ਲਗਹਿ ਜੁ ਪਾਈ- ॥੯॥
ਮੈਂ ਗਰਬਤਿ ਨੇ ਏਕ ਨ ਮਾਨੀ।
-ਹਮ ਪਿਤ ਕੇ ਸੁਤ- ਯੌਂ ਕਰਿ ਜਾਨੀ।
ਗਯੋ ਸਮੀਪ ਨ ਲਾਗਯੋ ਪਾਈ।
-ਹਮ ਘਰ ਗੁਰਤਾ- ਲਖਿ ਬਡਿਆਈ ॥੧੦॥
-ਸੋਢੀ ਰਹਤਿ ਅਲੰਬ ਹਮਾਰੇ-।
ਲਘੁ ਅਪਨੇ ਤੇ ਤਾਂਹਿ ਬਿਚਾਰੇ।
ਪੁਨਹਿ ਮੋਹਰੀ ਲਘੁ ਸੁਤ ਜੋਊ।
ਪਿਤ ਨੇ ਕਰਯੋ ਹਕਾਰਨਿ ਸੋਊ ॥੧੧॥
ਕਹਯੋ ਸੁ -ਰਾਮਦਾਸ ਕੇ ਚਰਨੀਂ।
ਬੰਦਨ ਕਰਹੁ ਪਰਹੁ ਇਨ ਸ਼ਰਨੀਂ-।
ਸੁਨਿ ਕੈ ਪਿਤ ਆਇਸੁ ਨਹਿਂ ਫੇਰੀ।
ਧਰਯੋ ਚਰਨ ਪਰ ਸਿਰ ਤਿਸ ਬੇਰੀ ॥੧੨॥
ਪਿਖਯੋ ਪੁੱਤ੍ਰ ਲਘੁ ਪਾਇਨ ਲਾਗਾ।

ਹੁਇ ਪ੍ਰਸੰਨ ਕਹਿ -ਭਾ ਬਡਭਾਗਾ।
ਰਿੱਧਿ ਸਿੱਧਿ ਨਵ ਨਿੱਧਿ ਅਨੰਦ।
ਪੁੱਤ੍ਰ ਮੋਹਰੀ ਪਾਇੰ ਬਿਲੰਦ[1] ॥੧੩॥

[1]ਪਾਵੇਂਗਾ ਬੜੀ।

ਰਾਖਿ ਲਈ ਭੱਲਜਾਨ ਕੁਲ ਕੇਰੀ।
ਸੰਤਤਿ ਤੇਰੀ ਫਲਹਿ ਘਨੇਰੀ।
ਸਭਿ ਸੁਖ ਪਾਵਹਿਂ ਜਾਵਦ ਜੀਵਹਿਂ।
ਅੰਤ ਹਮਾਰੇ ਨਿਕਟੀ ਥੀਵਹਿਂ- ॥੧੪॥
ਇਮ ਬਰ ਦੇ ਕਰਿ ਕਰਜੋ ਨਿਹਾਲ।
ਪਾਇ ਸਕਲ ਸੁਖ ਪਿਤ ਬਚ ਨਾਲ।
ਰਾਮਦਾਸ ਕੋ ਦੇ ਕਰਿ ਟੀਕਾ।
ਕਰਜੋ ਪਿਯਾਨ ਆਪਨੋ ਨੀਕਾ ॥੧੫॥
ਸ਼੍ਰੀ ਗੁਰ ਰਾਮਦਾਸ ਤਿਨ ਪਾਛੇ।
ਬੈਠਿ ਸੁਹਾਵਤਿ ਗਾਦੀ ਆਛੇ।
ਸਰਬ ਰੀਤਿ ਗੁਰਤਾ ਬਿਦਤਾਈ।
ਰੀਝ ਖੀਝ ਹੋਹਿ ਨ ਨਿਫਲਾਈ[1] ॥੧੬॥

[1]ਰੀਝ = ਪ੍ਰਸੰਨਤਾ ਭਾਵ ਵਰ ਤੇ ਖੀਝ = ਖਿਝਣਾ ਭਾਵ ਸਰਾਪ, ਨਿਸ਼ਫਲ ਨਹੀਂ ਸੀ ਹੋਇਆ।

ਚਹੁੰ ਦਿਸ਼ਿ ਤੇ ਆਵਨ ਲਗਿ ਪੂਜਾ।
ਬਢਜੋ ਪ੍ਰਤਾਪ ਨ ਸਮਸਰ ਦੂਜਾ।
ਕਰੇ ਹਜ਼ਾਰਹੁਂ ਦਾਸ ਨਿਹਾਲੂ।
ਦੁਸ਼ਟਨਿ ਦੀਨਸਿ ਕਸ਼ਟ ਕਰਾਲੂ ॥੧੭॥
ਦੇਖਿ ਤਿਨਹੁ ਚਿਤ ਬਜਾਪੀ ਚਿੰਤਾ[1]।

[1]ਭਾਵ ਮੈਨੂੰ।

-ਹਮ ਛੂਛੇ ਇਹਿ ਭੇ ਭਗਵੰਤਾ[1]-।

[1]ਭਾਗ ਵਾਲੇ ਹੋ ਗਏ।

ਭਯੋ ਦੀਨ ਮੈਂ ਗਨਮਜੋ ਤਹਿਂਵਾ।
ਪਿਤ ਬੈਠਕ ਚਵਬਾਰੋ[1] ਜਹਿਂਵਾ ॥੧੮॥

[1]ਪਿਤਾ ਦੀ ਬੈਠਕ ਦਾ ਚੁਬਾਰਾ।

ਭਾਖੀ ਹਾਥ ਜੋਰਿ ਤਬ ਅਰਜ਼ੀ[1]।

[1]ਬੇਨਤੀ।

-ਹੇ ਪਿਤ! ਮੈਂ ਨ ਚਲਜੋ ਤੁਮ ਮਰਜ਼ੀ।
ਤਪਤ ਰਹੌਂ ਮੈ ਦਿਨ ਅਰੁ ਰਾਤੀ।
ਜਿਮ ਮਲੀਹ[1] ਨਿਤ ਸੁਲਗਤਿ ਛਾਤੀ

[1]ਸੁੱਕੀਆਂ ਮੇੜਣਾ, ਸੁਕੇ ਗੋਹਿਆਂ ਦਾ ਚੂਰਾ।

॥੧੯॥

ਲਖੇ ਨ ਸਰਬ ਕਲਾ ਸਮਰੱਥ।

ਕਰਹੁ ਨਿਹਾਲ ਧਰਹੁ ਸਿਰ ਹੱਥ।

ਰਾਈ ਮੇਰੁ[1] ਮੇਰੁ ਕੋ ਰਾਈ। — [1]ਰਾਈ ਤੋਂ ਪਰਬਤ।

ਤਤਛਿਨ ਤੁਮ ਕਰਿ ਦੇਹੁ ਗੁਸਾਈਂ

॥੨੦ ॥

ਭੁਜੰਗ ਛੰਦ:

ਗੁਰੂ ਰੂਪ ਸਾਰੇ ਜਗੰ ਬੀਚ ਬਜਾਪੇ।

ਨਿਜੰ ਸਿੱਖਜ ਦਾਸਾਨਿ ਤੇ ਤਾਪ ਖਾਪੇ।

ਪ੍ਰਭੂ, ਈਸ਼, ਗਜਾਨੰ, ਗੁਨੰ ਕੇਰ ਧਾਮੰ।

ਨਿਰੀਹੰ[1], ਨ੍ਰਿਬਾਣੰ[2], ਸਦਾ ਹੀਨ ਕਾਮੰ[3] — [1]ਨਿਰਇੱਛਤ। [2]ਨਿਰਬੰਧ। [3]ਕਾਮਨਾ ਤੋਂ ਰਹਤ।

॥੨੧॥

ਦਯੋ ਨਾਮ ਦਾਨੰ ਮਹਾਂ ਮੂਢ ਤਾਰੇ।

ਇਸੀ ਲੋਕ ਪੂਜਾ[1], ਪ੍ਰਲੋਕੰ ਉਬਾਰੇ। — [1]ਪੁਜਵਾਕੇ।

ਸਦਾ ਦੁੰਦ ਹੀਨਾ ਗ੍ਰਿਹੀ ਹ੍ਵੈ ਉਦਾਸੀ[1]। — [1]ਗ੍ਰਿਹਸਤ ਵਿਚ ਉਦਾਸ ਹੋ ਕੇ।

ਕਰੋ ਜੋਗ ਭੋਗੰ[1], ਅਲੇਪੰ, ਅਨਾਸ਼ੀ — [1]ਜੋਗ ਤੇ ਭੋਗ (ਦੋਵੇਂ) ਕੀਤੇ।

॥੨੨॥

ਜਨੰ ਦੀਨਬੰਧੂ[1] ਸਦਾ ਸਿੱਖਜ ਪਜਾਰੇ। — [1]ਦਾਸਾਂ ਦੀਨਾਂ ਦਾ ਰਖਵਾਰਾ।

ਮੁਕੰਦੰ ! ਨਮੋ ਪਾਦ ਕੰਜੰ ਤੁਮਾਰੇ।

ਦਯਾ ਸਿੰਧੁ ! ਦਾਸਾਨਿ ਹੋਵੈਂ ਸਹਾਈ।

ਰਿਦੈ ਕੀ ਲਖੈਂ ਕਾਮਨਾ ਦੇਂ ਪੁਜਾਈ

॥੨੩॥

ਅਨੰਦੰ ਕਿ ਕੰਦੰ, ਨਿਕੰਦੰ ਬਿਕਾਰਾ।

ਮਹਾਂ ਮੋਹ ਕੁੰਭੀ[1] ਬਲੀ ਸ਼ੇਰ ਭਾਰਾ[2]। — [1]ਮੋਹ ਰੂਪ ਹਾਥੀ ਨੂੰ। [2]ਤੁਸੀਂ ਹੋ ਸ਼ੇਰ।

ਅਹੰਕਾਰ ਨਾਗੰ ਬਿਹੰਗੇ ਸੁ ਤਾਂਹੀ[1]। — [1]ਅਹੰਕਾਰ ਰੂਪ ਸਰਪ ਨੂੰ ਗਰੜ ਤੁੱਲ ਹੋ।

ਮਹਾਂ ਲੋਭ ਵੰਨ੍ਹੀ ਭਏ ਨੀਰ ਵਾਹੀ[1] — [1]ਅਗਨੀ ਨੂੰ ਪਾਣੀ ਵਤ ਹੋ।

॥੨੪॥

ਗੁਰੂ[1] ਸੇਵ ਠਾਨੈ ਪ੍ਰਸੰਨੰ ਕਰੇ ਹੈਂ। — [1]ਭਾਵ ਗੁਰੂ ਅੰਗਦ ਜੀ ਦੀ।

ਨਿਜੰ ਜੋਤਿ ਥਾਪਾਵਤਾਰੰ[1] ਧਰੇ ਹੈਂ। — [1]ਥਾਪ ਕੇ ਗੁਰ ਅਵਤਾਰ।

ਭਏ ਮੌਰ ਬੇਦੀਨਿ[1] ਦੰਭੰ ਬਿਨਾਸ਼ੀ। — [1]ਸ਼ਿਰੋਮਣੀ ਬੇਦੀਆਂ ਵਿਚ।

ਵਹੀ ਜੋਤਿ ਜਾਗੀ ਇਹਾਂ ਤੇਜ ਰਾਸੀ

॥੨੫॥
ਪ੍ਰਸੀਦੋ ਪ੍ਰਭੋ ! ਨਾਮ ਕੀ ਲਾਜ ਰਾਖੋ।
ਛਿਮੋ ਦੋਸ਼ ਮੇਰੇ ਨਿਜੰ ਦਾਸ ਲਾਖੋ[1]।
ਨਮੋ ਸਾਂਤਿ ਚੀਤੰ, ਨਮੋ ਗਜਾਨ ਨੀਤੰ।ਮਨੋ ਦਾਸ ਮੀਤੰ, ਨਮੋ ਸੁੱਭ੍ਰ ਗੀਤੰ[2] ॥੨੬॥

[1]ਜਾਣੋ। [2]ਸ੍ਵੱਛ (ਆਪਦੇ) ਸ਼ਬਦ ਹਨ।

ਬਿਨੰਤੀ ਸੁਨੀਜੈ ਕ੍ਰਿਪਾ ਆਪ ਕੀਜੈ।
ਭਈ ਭੂਲ ਮੋ ਤੇ ਰਿਦੈ ਨਾ ਧਰੀਜੈ।
ਬਿਗਾਰੈਂ ਸਦਾ, ਕਾਜ ਪੁੱਤ੍ਰਾਨਿ ਕੇਰਾ[1]।

[1]ਸਦਾ ਵਿਗਾੜਦੇ ਹਨ ਇਹ ਪੁੱਤ੍ਰਾਂ ਦਾ ਕੰਮ ਹੈ।

ਸੁਧਾਰੈ ਪਿਤਾ, ਪੈ ਦੁਲਾਰੈ ਘਨੇਰਾ[1] ॥੨੭॥

[1]ਪਿਤਾ ਸੁਧਾਰਦਾ ਹੈ ਫਿਰ ਬਹੁਤਾ ਪਿਆਰਦਾ ਹੈ।

ਲਖੈ ਆਪਨੋ, ਨੀਕ ਪੰਥੈ ਚਲਾਵੈ[1]ਂ।

[1]ਅਪਣਾ ਜਾਣ ਕੇ ਚੰਗੇ ਰਾਹ ਟੁਰਾਂਵਦਾ ਹੈ।

ਸਦਾ ਜੈ, ਸਦਾ ਜੈ, ਸਦਾ ਤੋਹਿ ਗਾਵੈਂ।
ਨਮੋ ਲੇਹੁ ਮੇਰੀ, ਗੁਰੂ ਰੂਪ ਸੋਹੇ।
ਸਮਾਨੰ ਨ ਆਨੰ[1] ਅਨੰਦੰ ਸੰਦੋਹੇ[2]- ॥੨੮॥

[1]ਹੋਰ (ਆਪ ਦੇ) ਕੋਈ ਸਮਾਨ ਨਹੀਂ। [2]ਆਨੰਦ ਸਮੂਹ ਯਾ ਅਨੰਦ ਸਹਤ ਹੋ [ਸੰਸ: ਸੰਦੋਹ]

ਦੋਹਰਾ:
ਇਮ ਅਸ਼ਟਕ ਜਬਿ ਮੈਂ ਕਹਜੋ, ਭਏ ਪ੍ਰਸੰਨ ਬਿਸਾਲ।
ਬੀਚ ਚੁਬਾਰੇ ਤੇ ਸ਼ਬਦ, ਨਿਕਸਤਿ ਭਾ ਤਿਸ ਕਾਲ ॥੨੯॥
ਚੌਪਈ:
ਸੁਨੋ ਪੁੱਤ੍ਰ ਮੈ ਭਯੋ ਪ੍ਰਸੰਨੇ।
ਕਹੌਂ ਬਾਕ ਲੀਜੈ ਮਨਮੰਨੇ।
ਸਭਿ ਸਤਿਗੁਰਨਿ ਸ਼ਬਦ ਜੇ ਰਾਸੀ।
ਸੋ ਸੰਭਾਰਿ ਰਾਖਿ ਨਿਜ ਪਾਸੀ ॥੩੦॥
ਰਾਮਦਾਸ ਕੋ ਨੰਦਨ ਗਜਾਨੀ।
ਚਹੈ ਬੀੜ ਕਰਿਬੋ ਇਕ ਬਾਨੀ।
ਗੁਰਬਾਨੀ ਕੋ ਖੋਜਹਿ ਸੋਈ।
ਤੁਝ ਬਿਨ ਅਪਰ ਥਾਨ ਨਹਿਂ ਹੋਈ ॥੩੧॥

ਅਪਰ ਲੇਨਿ ਆਵਹਿਂ ਨਹਿਂ ਦੀਜਹਿ।
ਬਹੁਰ ਸੁ ਮਿਲਹਿ ਪ੍ਰੇਮ ਕੋ ਕੀਜਹਿ।
ਰਾਮਦਾਸ ਕੋ ਨਮੋ ਨ ਧਾਰੀ।
ਬਨਿ ਤਿਨ ਸੁਤ ਕੇ ਨੰਮ੍ਰ ਅਗਾਰੀ ॥੩੨॥
ਚਰਨ ਪਰਹੁ ਹ੍ਵੈ ਨਿਰਹੰਕਾਰਾ।
ਸੋ ਤਬਿ ਰੱਖਜਕ ਬਨਹਿ ਤੁਮਾਰਾ।
ਅਪਰ ਨ ਗਿਨਤੀ ਗਿਨੀਅਹਿ ਕੋਈ।
ਸਤਿਗੁਰ ਰੂਪ ਜਾਨੀਅਹਿ ਸੋਈ ॥੩੩॥
ਰਹ੍ਯੋ ਪ੍ਰਤੀਖਨਿ ਕਰਤਿ ਬਿਸਾਲਾ।
ਪ੍ਰਾਪਤਿ ਭਯੋ ਆਨਿ ਸੋ ਕਾਲਾ।
ਕਹ੍ਯੋ ਕਠੋਰ ਹੇਤੁ ਪਤੀਆਵਨਿ।
ਲਖਿ ਲੀਨੇ ਤੁਮ ਸੋ ਮਨ ਭਾਵਨ[1] ॥੩੪॥
ਚਰਨ ਕਮਲ ਕੀ ਸ਼ਰਨ ਪਰਨ ਦਿਹੁ।
ਪੋਥੀ ਸਾਂਭਤਿ ਰਹ੍ਯੋ ਇਸਹਿ ਲਿਹੁ।
ਪਰੀ ਭੂਲ ਬਖਸ਼ਾਵਨਿ ਕਰਿਹੌਂ।
ਤਪਤ ਰਿਦੈ ਚਿਰ ਕੀ ਅਬਿ ਹਰਿਹੌਂ' ॥੩੫॥
ਸ਼੍ਰੀ ਅਰਜਨ ਸੁਨਿ ਕਰਿ ਸਭਿ ਕਾਰਨ।
ਮਾਤੁਲ ਸਾਥਹਿ ਕੀਨਿ ਉਚਾਰਨ।
'ਹਮ ਗਰਜ਼ੀ ਕਹਿਨੋ ਚਿਤ ਅਰਜ਼ੀ[1]।
ਅੱਗ੍ਰ ਕਰੋ ਜਿਮ ਹ੍ਵੈ ਤੁਮ ਮਰਜ਼ੀ ॥੩੬॥
ਹਮ ਹੈਂ ਅਲਪ ਸਰਬ ਹੀ ਰੀਤੀ।
ਤੁਮ ਬਿਸਾਲ ਚਿਤ ਧਾਰਤਿ ਪ੍ਰੀਤੀ।
ਰਾਵਰਿ ਬਾਕ ਨ ਜਾਇ ਹਟਾਯੋ।
ਹਮ ਬਾਲਿਕ, ਕਰਿ ਜਿਮ ਮਨ ਭਾਯੋ' ॥੩੭॥
ਸੁਨਿ ਮੋਹਨ ਪਰਮੁਦਤਿ ਬਿਸਾਲਾ।

[1]ਮੈਂ ਲਖ ਲਿਆ ਹੈ ਤੁਸੀਂ ਉਹੀ ਮਨ ਨੂੰ ਪਜਾਰੇ ਲਗਣ ਵਾਲੇ ਹੋ (ਗੁਰੂ)।

[1]ਬੇਨਤੀ ਕਹਿਣ ਯੋਗ ਹਾਂ [ਕਹਿਨ ਉਚਿਤ]

ਗੁਰ ਕੇ ਚਰਨ ਪਰਯੋ ਤਿਸ ਕਾਲਾ।
ਹਾਥ ਜੋਰਿ ਨੰਮ੍ਰੀ ਅਤਿ ਭਇਊ।
'ਬਖਸ਼ਹੁ ਗੁਨਹਿ ਭੂਲ ਜੋ ਗਇਊ'
॥੩੮॥
ਨੰਮ੍ਰ ਭਯੋ ਮਾਤੁਲ ਕੋ ਹੇਰਾ।
ਸ਼੍ਰੀ ਅਰਜਨ ਬਰ ਦੇ ਤਿਸ ਬੇਰਾ।
ਚਤਰਥ ਪਦ ਕੋ ਪੂਰਨ ਕਰਿਓ।
ਮੋਹਨ ਖੇਦ ਸਰਬ ਪਰਹਰਿਓ ॥੩੯॥

ਸ਼੍ਰੀ ਮੁਖਵਾਕ:

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥

ਚੌਪਈ:

'ਆਇ ਪ੍ਰਥਮ ਭਾਈ ਗੁਰਦਾਸੂ।
ਸਾਹਿਬ ਬੁੱਢਾ ਤੁਮਰੇ ਪਾਸੂ।
ਤਿਨ ਕੋ ਮਾਨ ਹਰਯੋ ਨਹਿਂ ਦੀਨਿ।
ਸੋ ਪੋਥੀ ਸਭਿ ਹਮ ਨੇ ਲੀਨਿ ॥੪੦॥
ਜਿਸ ਲਗਿ ਜਗਤ ਸਿਮਰਿ ਸਤਿਨਾਮੂ।
ਹੋਇ ਉਧਾਰ ਪਾਇ ਸੁਖ ਧਾਮੂ।
ਸ਼੍ਰੀ ਮੋਹਨ! ਤੁਮ ਧੰਨ ਮਹਾਨਾ।
ਗੁਰਬਾਣੀ ਕੀਨਸਿ ਇਕ ਥਾਨਾ ॥੪੧॥
ਲੋਕ ਹਜ਼ਾਰਨਿ ਪਰ ਉਪਕਾਰੀ।
ਪਠਹਿਂ ਸੁਨਹਿਂ ਉਤਰਹਿਂ ਭਵ ਪਾਰੀ।
ਮਹਾਂ ਪੁਰਖ ਕੋ ਜਗ ਮਹਿ ਹੋਵਨ।
ਪਰ ਉਪਕਾਰ ਹੇਤੁ ਦੁਖ ਖੋਵਨਿ'
॥੪੨॥
ਸੁਨਿ ਮੋਹਨ ਹੁਇ ਸਰਲ ਉਚਾਰੀ।
'ਅਬਿ ਮੈਂ ਆਇਸੁ ਚਹੌਂ ਤੁਮਾਰੀ।
ਹੋਇ ਦਾਸ ਅਬਿ ਸੰਗ ਚਲੈ ਹੌਂ।

ਅਪਰਨਿ ਸਮ ਤਹਿੰ ਸੇਵ ਕਮੈ ਹੌਂ ॥੪੩॥
ਰਹੌਂ ਸਮੀਪ ਚਰਨ ਅਰਬਿੰਦਾ।'
ਇਮ ਕਹਿ ਬਾਢਯੋ ਪ੍ਰੇਮ ਬਿਲੰਦਾ।
ਸਾਗਰ ਸਮ ਉਛਰਯੋ ਉਰ ਮਾਂਹੀ।
ਪੂਰਨ ਚੰਦ ਗੁਰੁ ਪਿਖਿ[1] ਤਾਂਹੀ ॥੪੪॥

[1]ਗੁਰੂ (ਅਰਜਨ ਰੂਪ) ਪੂਰਨਮਾਸ਼ੀ ਦੇ ਚੰਦ੍ਰਮਾਂ ਨੂੰ ਦੇਖਕੇ।

ਗਦਗਦ ਗਿਰਾ ਨੇਤ੍ਰ ਜਲ ਛਾਵਾ।
ਦੇਹਿ ਰੋਮ ਹਰਖਣ ਹੁਇ ਆਵਾ[1]।

[1]ਭਾਵ ਰੋਮਾਂਚ ਹੋ ਗਏ।

ਲਖਯੋ ਪ੍ਰੇਮ ਤੇ ਬਿਹਬਲ ਭਾਰੀ।
ਸ੍ਰੀ ਅਰਜਨ ਤਬਿ ਗਿਰਾ ਉਚਾਰੀ ॥੪੫॥
'ਮੋਹਨ ਮਾਤੁਲ ਜੀ! ਤੁਮ ਸਜਾਨੇ।
ਪੂਰਨ ਗੁਨਨਿ ਮਹਾਨ ਸੁ ਗਜਾਨੇ।
ਬੀਚ ਚੁਬਾਰੇ ਧਰਹੁ ਸਮਾਧਿ।
ਸਾਧਹੁ ਦਿਨ ਪ੍ਰਤਿ ਅਗਮ ਅਗਾਧ ॥੪੬॥
ਸ੍ਰੀ ਨਾਨਕ ਕੋ ਮੰਤ੍ਰ ਜਪੀਜਹਿ।
ਉਧਰਹੁ ਆਪ ਬੰਸ ਉਧਰੀਜਹਿ।
ਹਮ ਦਿਸ਼ਿ ਦਯਾ ਕਰਤਿ ਨਿਤ ਰਹੀਯਹਿ।
ਇਸ ਹੀ ਥਲ ਹਮਰੀ ਸੁਧਿ ਲਹੀਯਹਿ' ॥੪੭॥
ਆਗਜਾ ਮਾਨੀ ਮੋਹਨਿ ਸੋਈ।
ਸ੍ਰੀ ਅਰਜਨ ਗੁਰ ਉਚਰੀ ਜੋਈ।
ਪਰਕਰਮਾ[1] ਚਹੁੰ ਦਿਸ਼ਿ ਫਿਰਿ ਦੀਨੀ।

[1]ਭਾਵ ਗੁਰੂ ਜੀ ਦੀ ਪ੍ਰਕਰਮਾਂ।

ਪਰਮ ਪ੍ਰੇਮ ਤੇ ਬੰਦਨ ਕੀਨੀ ॥੪੮॥
ਅਪਨ ਚੁਬਾਰੇ ਪਹੁੰਚਯੋ ਜਾਈ।
ਪ੍ਰਥਮ ਸਮਾਨ ਸਮਾਧਿ ਲਗਾਈ।
ਬਾਣੀ ਮਧਮਾ[1] ਸਾਥ ਪਠੰਤਾ।

[1]ਭਾਵ ਦਿਲ ਨਾਲ ਪਾਠ ਕਰਨਾ [ਬਾਣੀਆਂ ੪ ਹਨ:- ਪਰਾ, ਪਸ਼ਯੰਤੀ, ਮੱਧਮਾ, ਬੈਖਰੀ]

ਸ੍ਰੀ ਨਾਨਕ ਕੋ ਮੰਤ੍ਰ ਕਮੰਤਾ[1] ॥੪੯॥

[1]ਕਮਾਉਂਦਾ ਸੀ।

ਦੋਹਰਾ:
ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਸਬਦ
ਪੋਥੀਆ ਲੀਨਿ।
ਹਰਖਤਿ ਸ਼੍ਰੀ ਗੁਰ ਅਮਰ ਕੌ, ਨਮੋ
ਧ੍ਯਾਨ ਕਰਿ ਕੀਨਿ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪੋਥੀਆ ਲੈਨਿ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿਸੰਤੀ ਅੰਸੂ ॥੩੫॥

## ੩੬. [ਬਾਬਾ ਮੋਹਰੀ ਜੀ ਮਿਲੇ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਕਰਿ ਕਾਰਜ ਅਰਜਨ ਗੁਰ,
ਪਰਮ ਪ੍ਰਸੰਨਤਾ ਪਾਇ।
ਕਰਯੋ ਚਹਤਿ ਬਡ ਬੀੜ ਕੋ,
ਸਭਿ ਬਾਨੀ ਇਕ ਥਾਇੰ[1] ॥੧॥

[1]ਸਾਰੀਆਂ ਬਾਣੀਆਂ ਇੱਕ ਥਾਂ (ਕਰਕੇ) ਵੱਡੀ ਬੀੜ ਬਣਾਣੀ ਚਾਹੁੰਦੇ ਹਨ।

ਚੌਪਈ:

ਚਲਨਿ ਸੁਧਾਸਰ ਕੀ ਕਰਿ ਤਯਾਰੀ।
ਸੁਨੀ ਮੋਹਰੀ ਨੇ ਸੁਧਿ ਸਾਰੀ।
'ਅਤਿ ਪ੍ਰਸੰਨ ਮੋਹਨ ਹੁਇ ਗਇਊ।
ਪਰਯੋ ਚਰਨ ਪੁਸਤਕ ਸਭਿ ਦਇਊ' ॥੨॥
-ਮਹਾਂ ਮਸਤ ਜੋ ਕਿਸਹਿ ਨ ਮਾਨਹਿ।
ਸਭਿ ਸੋਂ ਅਨਰਸ ਬਾਕ ਬਖਾਨਹਿ।
ਕਿਮ ਇਨ ਕੇ ਹੋਯਹੁ ਅਨੁਸਾਰੀ?
ਕਰੀ ਨਮੋ ਪੁਨ ਚਰਨ ਅਗਾਰੀ ॥੩॥
ਜੋ ਗੁਰ ਰਾਮਦਾਸ ਕੇ ਆਗੇ।
ਨਿਮਯੋ ਨਹੀਂ ਪਿਤ ਬਾਕਨਿ ਤਯਾਗੇ।
ਯਾਂ ਤੇ ਗੁਰ ਅਰਜਨ ਬਡਿਆਈ।
ਆਦਿ ਨਿੰਮ੍ਰਤਾ ਕੁਛ ਲਖਿ ਪਾਈ[1] ॥੪॥

[1]ਗੁਰੂ ਅਰਜਨ ਜੀ ਦੀ ਗੌਰਵਤਾ ਤੇ ਨਿੰਮ੍ਰਤਾ ਆਦਿ (ਬਾਬੇ ਮੋਹਨ ਨੇ) ਕੁਛਕ ਜਾਣ ਪਾਈ ਹੈ।

ਜੋ ਚਾਰਹੁ ਸਤਿਗੁਰ ਮੈਂ ਜੋਤਿ।
ਸੋ ਗੁਰ ਅਰਜਨ ਬਿਖੈ ਉਦੋਤ-।
ਇਮ ਬੀਚਾਰ ਮੋਹਰੀ ਆਯੋ।
ਦੇਖਿ ਦੂਰ ਹੀ ਤੇ ਹਰਖਾਯੋ ॥੫॥
ਜਾਇ ਪ੍ਰਦਛਨਾ ਦੀਨਸਿ ਗੁਰ ਕੀ।
ਬੰਦਤਿ ਭਯੋ ਪ੍ਰੀਤਿ ਕਰਿ ਉਰ ਕੀ।
'ਸ਼੍ਰੀ ਅਰਜਨ ਗੁਰ! ਗਯਾਨ ਉਦਾਰੇ।
ਕ੍ਰਿਪਾ ਕਰਹੁ ਘਰ ਚਲਹੁ ਹਮਾਰੇ ॥੬॥

ਜਥਾ ਬਿਦਰ ਕੇ ਗਏ ਨਿਕੇਤ।
ਦਈ ਬਡਾਈ ਪ੍ਰੀਤਿ ਸਮੇਤ।
ਪ੍ਰੇਮ ਰਿਦੇ ਕੋ ਦੇਖਨਿ ਕਰੋ।
ਯਾਂ ਤੇ ਦੀਨ[1] ਧਾਮ ਪਗ ਧਰੋ' ॥੭॥ [1]ਮੈਂ) ਗਰੀਬ ਦੇ।
ਇਸ ਪ੍ਰਕਾਰ ਕਰਿ ਬਹੁ ਬਡਿਆਈ।
ਪਰਜੋ ਅਗਾਰੀ ਪਦ ਲਪਟਾਈ।
ਭਯੋ ਪ੍ਰੇਮ ਤੇ ਬਿਹਬਲ ਭਾਰੀ।
ਸ੍ਰੀ ਅਰਜਨ ਅਸ ਦਸ਼ਾ ਨਿਹਾਰੀ ॥੮॥
ਕੀਨਿ ਉਠਾਵਨ ਬਾਕ ਬਖਾਨਾ।
ਹਮਰੇ ਮਾਤੁਲ[1] ਅਹੋ ਮਹਾਨਾ। [1]ਮਾਮੇਂ।
ਸ਼੍ਰੀ ਗੁਰ ਅਮਰਦਾਸ ਕੇ ਨੰਦਨ।
ਜਿਨ ਦੇਖਤਿ ਹੁਇ ਪਾਪ ਨਿਕੰਦਨ ॥੯॥
ਹਮਰੀ ਕੁਲ ਸਭਿ ਤਿਨ ਕੇ ਦਾਸ।
ਜਿਨਹੁੰ ਕ੍ਰਿਪਾ ਤੇ ਭਏ ਪ੍ਰਕਾਸ਼।
ਨਿਸ ਦਿਨ ਤਿਨ ਕੋ ਨਾਮ ਜਪੀਜਹਿ।
ਜਗ ਗੁਰ ਮਹਿਦ ਮਹਾਨ ਲਖੀਜਹਿ ॥੧੦॥
ਯਾਂ ਤੇ ਨਮੋ ਉਚਿਤ ਤੁਮ ਅਹੋ।
ਮਮ ਪਦ ਗਹਨ ਅਨੁਚਤਾ ਲਹੋ।
ਸੇਵੌਂ ਰਜ ਪਗ ਕਮਲ ਤੁਮਾਰੀ।
ਕ੍ਰਿਪਾ ਕਰਹੁ ਲਖਿ ਕੈ ਅਨੁਸਾਰੀ' ॥੧੧॥
ਸੁਨਤਿ ਮੋਹਰੀ ਜੁਗ ਕਰ ਜੋਰੇ।
'ਮੋਹਿ ਉਚਿਤ ਤੁਮ ਚਰਨ ਨਿਹੋਰੇ।
ਪਾਛਲ ਜਨਮ ਹੁਤੋ ਅਕ੍ਰੂਰ[1]।

[1]ਇੱਕ ਯਾਦਵ ਜੋ ਸ਼੍ਰੀ ਕ੍ਰਿਸ਼ਨ ਜੀ ਦਾ ਚਾਚਾ ਤੇ ਮਿੱਤ੍ਰ ਸੀ। ਸੱਤ੍ਰਾਜਿਤ ਬੀ ਯਾਦਵ ਸੀ ਜਿਸਨੇ ਸੂਰਜ ਦੀ ਤਪੱਸਯਾ ਕਰਕੇ ਸਯਮਤਕ ਮਣੀ ਪ੍ਰਾਪਤ ਕੀਤੀ ਸੀ, ਇਸ ਕੀ ਕੰਨਯਾਂ ਸੱਤਯਭਾਮਾ ਕ੍ਰਿਸ਼ਨ ਨੂੰ ਵਿਆਹੀ ਸੀ। ਸੱਤ੍ਰਾਜਿੱਤ ਤੋਂ ਇਹ ਮਣੀ ਪ੍ਰਾਸੇਨਾ ਨੂੰ ਮਿਲੀ ਉਸ ਤੋਂ ਸ਼ੇਰ ਨੂੰ ਤੇ ਫੇਰ ਜਾਮਵੰਤ ਨੂੰ ਤੇ ਜਾਮਵੰਤ ਤੋਂ ਲੜ ਕੇ ਸ਼੍ਰੀ ਕ੍ਰਿਸ਼ਨ ਨੇ ਸੱਤ੍ਰਾਜਿੱਤ ਨੂੰ ਦਿਵਾਈ। ਇਸਨੇ ਅਕ੍ਰੂਰ ਨੂੰ ਰੱਖਣ ਲਈ ਦੇ ਦਿੱਤੀ। ਅੱਕ੍ਰੂਰ ਤੋਂ ਫੇਰ ਸਤਯਭਾਮਾ ਨੂੰ ਸ਼੍ਰੀ ਕ੍ਰਿਸ਼ਨ ਨੇ ਦਿਵਾਈ ਆਦਿ। ਇਹ ਮਣੀ ਕਹਿੰਦੇ ਸਨ ਅੱਠ ਭਾਰ ਸੋਨੇ ਦੇ ਰੋਜ਼ ਦੇਂਦੀ ਸੀ ਤੇ ਵਿਘਨਾਂ ਤੋਂ ਰੱਖਿਆ ਕਰਦੀ ਸੀ।

ਤਬਿ ਭੀ ਰਾਵਰਿ ਕੇਰ ਹਦੂਰ ॥੧੨॥
ਕ੍ਰਿਸ਼ਨ ਚੰਦ ਤੁਮ ਅੰਤਰਜਾਮੀ।
ਰੱਛਕ ਸੇਵਕ ਕੇ ਸਦ ਸ੍ਵਾਮੀ।
ਮਣਿ ਕਾਰਣ ਮੁਝ ਤੇ ਭਈ ਭੂਲ।
ਕਿਤਿਕ ਕਾਲ ਬਰਤਜੋ ਪ੍ਰਤਿਕੂਲ† ॥੧੩॥

†ਮੋਹਰੀ ਜੀ ਨੂੰ ਅੱਕ੍ਰੂਰ ਦਾ ਅਵਤਾਰ ਤੇ ਗੁਰੂ ਜੀ ਨੂੰ ਕ੍ਰਿਸ਼ਨ ਅਵਤਾਰ ਦੱਸਕੇ ਕਵਿ ਜੀ ਇੱਕ ਪੌਰਾਣਕ ਕਥਾ ਦਾ ਜ਼ਿਕਰ ਕਰ ਰਹੇ ਹਨ। ਮੋਹਰੀ ਜੀ ਅਪਣੇ ਉਸ ਜਨਮ ਦੀ ਭੁੱਲ ਦੀ ਖਿਮਾ ਮੰਗ ਰਹੇ ਹਨ। ਐਸੇ ਪ੍ਰਸੰਗਾਂ ਤੋਂ ਸਤਿਗੁਰੂ ਜੀ ਦੀ ਅਪਾਰ ਆਤਮ ਸੱਤਿਆ ਤੇ ਮਿਹਰਾਂ ਤੋਂ ਮੋਹਰੀ ਜੈਸੇ ਸ਼ੁਭ ਸ਼ਰੀਰਾਂ ਦਾ ਲਾਭਵੰਦ ਹੋਣਾ ਪ੍ਰਯੋਜਨ ਲੈਣਾ ਚਾਹੀਏ। ਭਾਈ ਨੰਦ ਲਾਲ ਜੀ ਨੇ ਕਿਹਾ ਹੈ ਕਿ ਹਜ਼ਾਰਾਂ ਰਾਮ ਤੇ ਕ੍ਰਿਸ਼ਨ ਗੁਰੂ ਜੀ ਚਰਨਾਂ ਨੂੰ ਚੁੰਮਣ ਵਾਲੇ ਹਨ:-ਸਦ ਹਜ਼ਾਰਾਂ ਰਾਮ ਵ ਰਾਜਾ ਵ ਕਾਨ੍ਹ ਵ ਕਿਸ਼ਨ ਖਾਕ ਬੋਸੇ ਅਕਦਾਮਸ਼।

ਸੋ ਅਬਿ ਛਿਮਾ ਧਾਰਿ ਬਖਸ਼ੀਜੈ।
ਚਲਹੁ ਸਦਨ ਮਮ ਇਛ ਪੁਰੀਜੈ।
ਅਬਿ ਕੇ ਬਿਛੁਰੇ ਹੋਇ ਨ ਮੇਲਾ।
ਕਰਹੁ ਕ੍ਰਿਪਾ ਮਝ ਲੇਹੁ ਸਕੇਲਾ[1] ॥੧੪॥

[1]ਮਿਲਾ ਲਵੋ।

ਅੰਤ ਸਮੈ ਪਰਲੋਕ ਮਝਾਰੀ।
ਨਿਜ ਸਮੀਪ ਰਾਖੋ ਹਿਤ ਧਾਰੀ।'
ਸ੍ਰੀ ਅਰਜਨ ਸੁਨਿ ਕੈ ਤਿਹ ਸਮੈਂ।
ਕਹਜੋ 'ਅੰਤ ਕੋ ਮਿਲਿ ਹੈਂ ਹਮੈ ॥੧੫॥
ਸ੍ਰੀ ਗੁਰ ਅਮਰਦਾਸ ਅਨੁਸਾਰੀ।
ਮਾਨਜ ਬਾਕ ਰਹਜੋ ਹਿਤ ਧਾਰੀ।
ਤਬਿ ਹੂੰ ਬਖਸ਼ੇ ਸਰਬ ਪ੍ਰਕਾਰਾ।
ਸਦਾ ਸਮੀਪੀ ਰਹੈਂ ਹਮਾਰਾ' ॥੧੬॥
ਇਮ ਕਹਿ ਭੇ ਪ੍ਰਸੰਨ ਜਗਨਾਥ।
ਗਮਨੇ ਸਦਨ ਮੋਹਰੀ ਸਾਥ।
ਮਾਤੁਲ ਕੀ ਪਤਨੀ ਸੰਗ ਮਿਲੇ।
ਤੂਰਨ ਉਠੀ ਹਰਖ ਕਰਿ ਭਲੇ ॥੧੭॥
ਨਮੋ ਕਰਤਿ ਕੋ ਆਸ਼ਿਖ ਦੀਨਿ।
ਪੁਨਹਿ ਨਿਛਾਵਰ ਕਰ ਤੇ ਕੀਨ।
ਬਸਤ੍ਰ ਬਿਭੂਖਨ ਦਰਬ ਬਿਸਾਲਾ।

ਵਾਰ ਵਾਰ ਕਰਿ ਦੇ ਤਿਸ ਕਾਲਾ ॥੧੮॥
ਬੂਝੀ ਕੁਸ਼ਲ ਮਧੁਰ ਬਚ ਸੰਗਾ।
'ਸੁਖ ਕੇ ਸਹਤ ਅਹੈ ਸ਼ੁਭ ਗੰਗਾ?
ਪੁੱਤ੍ਰ ਤੁਮਾਰੋ ਹਰਿਗੋਬਿੰਦ।
ਬਾਲ ਅਵਸਥਾ, ਅਹੈ ਅਨੰਦ? ॥੧੯॥
ਕੁਸ਼ਲੀ ਸਕਲ ਅਪਰ ਪਰਵਾਰਾ?
ਸਭਿ ਸੁਖ ਸਾਥ ਸ਼ਰੀਰ ਤਮਾਰਾ?'
ਸ੍ਰੀ ਅਰਜਨ ਸੁਨਿ ਕੈ ਸਭਿ ਸ੍ਰੌਨ।
ਕਹਜੋ 'ਕ੍ਰਿਪਾ ਤੁਮਰੀ ਸੁਖ ਭੌਨ ॥੨੦॥
ਤੁਮ ਹੋ ਬਡੇ ਆਸ਼ਿਖ ਦੇਹੁ।
ਯਾਂ ਤੇ ਸਭਿ ਸੁਖ ਹਮਰੇ ਗ੍ਰੇਹੁ।'
ਇਮ ਸੁਨਿ ਮਾਤੁਲ ਪਤਨੀ ਫੇਰ।
ਕਹਿ ਕਰੁਨਾ ਜੁਤ ਬਾਕ ਬਡੇਰ ॥੨੧॥
'ਰਾਮਦਾਸ ਅਰ ਬੀਬੀ ਭਾਨੀ।
ਗਮਨੇ ਜੁਗ[1] ਬੈਕੁੰਠ ਸਥਾਨੀ। [1]ਦੋਵੇਂ।
ਤਬਿ ਤੇ ਤੁਮ ਨੇ ਹਮੈ ਭੁਲਾਯੋ।
ਕਬਹੁੰ ਨ ਕਛੁ ਸੰਦੇਸ਼ ਪਠਾਯੋ ॥੨੨॥
ਮਿਲੇ ਨ ਪ੍ਰੇਮ ਧਾਰਿ ਕਬਿ ਆਈ।
ਮਨਹੁ ਤਜਾਗ ਕੀਨਹੁ ਕਿਸ ਥਾਈਂ।'
ਇਮ ਬੋਲਤਿ ਰੋਦਨਿ ਕੋ ਠਾਨਾ।
ਸਿਮਰਿ ਸਿਮਰਿ ਪਾਛਲ ਸੁਖ ਨਾਨਾ ॥੨੩॥
'ਸਭਿ ਪਰਵਾਰ ਮਿਲਜੋ ਤਬਿ ਰਹਜੋ।
ਅਬਹਿ ਬਿਛੋਹਾ[1] ਕਿਤਨ ਕ ਲਹਜੋ। [1]ਜੁਦਾਇਗੀ।
ਭੱਲਜਾਨ ਕੁਲ ਕੇ ਭੂਖਨ[1] ਪਾਸ। [1]ਭਾਵ ਸ੍ਰੀ ਗੁਰ ਅਮਰਦਾਸ ਜੀ।
ਸਭਿ ਇਕਠੇ ਰਹਿੰ ਏਕ ਅਵਾਸ ॥੨੪॥
ਅਬਿ ਅਸ ਸਮਾਂ ਮਿਲਨਿ ਕਬਿ ਹੋਵਾ[1]। [1]ਕਦੇ (ਪ੍ਰਾਪਤ) ਹੋਇਆ ਹੈ।

ਬਹੁ ਦਿਨ ਮਹਿੰ ਤੁਮ ਦਰਸ਼ਨ ਜੋਵਾ।'
ਮਾਤੁਲ ਪਤਨੀ ਰੋਦਤਿ ਹੇਰੀ।
ਸ਼੍ਰੀ ਗੁਰ ਨੇਤ੍ਰ ਅੱਸ਼੍ਰ ਤਬਿ ਗੇਰੀ
॥੨੫॥
ਫਸੇ ਮੋਹ ਨਰ ਰੋਦਤਿ ਜੈਸੇ।
ਛਾਯੋ ਨੀਰ ਬਿਲੋਚਨ ਤੈਸੇ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ।
ਮੁਖ ਪਰਪੁਲਤ ਅੱਸ਼੍ਰ ਕੋ ਬਾਰੀ[1] [1]ਮੁਖ ਭਿੱਜ ਗਿਆ ਹੰਝੂਆਂ ਦੇ ਜਲ ਨਾਲ।
॥੨੬॥
ਨਿਜ ਪਤਨੀ ਅਰ ਗੁਰ ਕੋ ਹੇਰਾ।
ਬਾਕ ਮੋਹਰੀ ਕਹਿ ਤਿਸ ਵੇਰਾ।
'ਰੋਦਨ ਐਸੇ ਕਯੋਂ ਤੁਮ ਠਾਨਾ?
ਜਗਤ ਮੇਲਿ ਨਦਿ ਤਰੀ ਸਮਾਨਾ[1] [1]ਨਦੀ ਵਿਖੇ ਬੇੜੀ ਵਤ।
॥੨੭॥
ਮਿਲਨਿ ਅੰਤ ਮਹਿੰ[1] ਹੋਤਿ ਬਿਯੋਗਾ। [1]ਮਿਲਨੇ ਦੇ ਅੰਤ ਵਿੱਚ।
ਪਰਾਰਬਧ ਕੇ ਬਸਿ ਸਭਿ ਲੋਗਾ।
ਪ੍ਰਭੁ ਸਰੂਪ ਜੋ ਪਿਤਾ[1] ਹਮਾਰੇ। [1]ਭਾਵ ਸ਼੍ਰੀ ਗੁਰੂ ਰਾਮਦਾਸ ਜੀ।
ਤਿਮ ਸ਼੍ਰੀ ਅਰਜਨ ਪਿਤਾ ਉਦਾਰੇ
॥੨੮॥
ਅਪਨੇ ਸਦਨ ਬਿਕੁੰਠ ਸਿਧਾਰੇ।
ਸੋਚਨਿ ਜੋਗ ਨ ਸੋ ਸੁਖ ਭਾਰੇ।
ਮਨਮਤਿ ਉਰਝੇ[1] ਭਗਤਿ ਬਿਹੀਨੇ। [1]ਖਚਤ।
ਕਬਹੁੰ ਨ ਪ੍ਰਭੁ ਕੋ ਸਿਮਰਨਿ ਕੀਨੇ
॥੨੯॥
ਸੋ ਸੋਚਨਿ ਕੇ ਜੋਗ ਮਹਾਨਾ।
ਧਰਮ ਤਜਾਗ ਜਿਨ ਕਿਯ ਅਘ ਨਾਨਾ।
ਨਹਿੰ ਸਤਿਗੁਰ ਕੀ ਸੇਵ ਕਮਾਈ।
ਸਤਿਗੁਰ ਗਿਰਾ[1] ਨ ਰਿਦੈ ਬਸਾਈ [1]ਬਾਣੀ।
॥੩੦॥
ਨਿਸ ਦਿਨ ਪਚੀ ਕੁਟੰਬ ਮਝਾਰੇ।
ਕੂੜ ਬੋਲਿ ਸੰਚਹਿੰ ਧਨ ਭਾਰੇ।

ਤਪ ਤੀਰਥ ਜਿਨ ਕੀਨਿ ਨ ਕੋਊ।
ਸੋਚਨਿ ਜੋਗ ਜਾਨੀਯਹਿ ਸੋਊ ॥੩੧॥
ਸੁਪਨਹਿ ਕਬਿ ਸਤਿਸੰਗ ਨ ਸੇਵਾ।
ਗੁਨ ਬਿਹੀਨ ਅਫਰੇ ਅਹੰਮੇਵਾ।
ਰਿਦੇ ਦਯਾ ਨਹਿਂ ਦੀਨਹੁ ਦਾਨਾ।
ਸੇ ਸੋਚਨਿ ਕੇ ਜੋਗ ਮਹਾਨਾ ॥੩੨॥
ਮਿਲੇ ਕੁਸੰਗ ਕਮਾਇਂ ਬਿਕਾਰਾ।
ਰਿਦੇ ਸਦਾ ਸਤਿਨਾਮ ਬਿਸਾਰਾ।
ਤਜੇ ਸੁ ਪੰਥ ਕੁਮਾਰਗ ਚਾਲਾ।
ਸੋ ਸੋਚਨਿ ਕੇ ਜੋਗ ਬਿਸਾਲਾ' ॥੩੩॥
ਇੱਤਜਾਦਿਕ ਕਹਿ ਕੋਮਲ ਬਾਨੀ।
ਸਮੁਝਾਈ ਨਿਜ ਪਤਨਿ ਮਹਾਨੀ।
'ਜਲ ਪ੍ਰਵਾਹ ਮਿਲਿ ਤ੍ਰਿਣ ਬਿਛੁਰੈ ਹੈਂ।
ਤਥਾ ਥੂਲ ਤਨ ਕੀ ਗਤਿ ਐਹੈ
॥੩੪॥
ਪਰਾਰਬਧ ਕੋ ਬੇਗ ਸੁ ਪਾਇ।
ਮਿਲਿ ਬਿਛੁਰਤਿ ਦੇਹੀ ਇਸ ਭਾਇ।
ਸੁਨਹੁ ਸੁਬ੍ਰਿਤੇ[1]! ਇਮ ਉਰ ਜਾਨਿ।
ਰੋਦਨਿ ਸ਼ੋਕ ਕਰਹੁ ਸਭਿ ਹਾਨਿ'
॥੩੫॥
ਬਚਨ ਮੋਹਰੀ ਕੇ ਸਮ ਭਾਨੁ।
ਸ਼ੋਕ ਤਿਮਰ ਕੋ ਕੀਨਸਿ ਹਾਨੁ।
ਧਰਿ ਧੀਰਜ ਸਭਿ ਬੈਠੇ ਪਾਸ।
ਬਹੁ ਬਿਧਿ ਕੋ ਕਿਯ ਬਾਕ ਬਿਲਾਸ
॥੩੬॥
ਨੰਦ ਮੋਹਰੀ ਕੋ ਜੁ ਅਨੰਦੁ।
ਆਇ ਕਰੀ ਬੰਦਨ ਕਰ ਬੰਦਿ।
ਸ਼੍ਰੀ ਗੁਰ ਅਰਜਨ ਬਹੁ ਸਤਿਕਾਰਾ।
ਪਾਸ ਬਿਠਾਯੋ ਆਨੰਦ ਧਾਰਾ ॥੩੭॥
ਅਤਿ ਹਰਖਤਿ ਚਿਤ ਸਭਿ ਪਰਵਾਰੂ।
ਕਰਿਵਾਵਤਿ ਭੇ ਤਜਾਰ ਅਹਾਰੂ।

[1] ਹੇ ਸ੍ਰੇਸ਼ਟ ਬ੍ਰਿਤੀ ਵਾਲੀ।

ਸਾਦਰ ਚੌਂਕੀ ਚਾਰੁ ਡਸਾਈ।
ਤਿਸ ਪਰ ਸਤਿਗੁਰੂ ਦੀਨਿ ਬਿਠਾਈ
॥੩੮॥
ਨਾਨਾ ਰਸ ਕੇ ਭੋਜਨ ਪਾਏ।
ਥਲ ਬਿਸਾਲ ਧਰਜੋ ਅਗੁਵਾਏ।
ਬਾਨੀ ਮਧੁਰ ਮੋਹਰੀ ਕਹੈ।
ਅਸਨ ਅਚਾਵਤਿ ਦਰਸ਼ਨ ਲਹੈ
॥੩੯॥
ਸਕਲ ਕੁਟੰਬ ਅਚਜੋ ਮਿਲਿ ਫੇਰੀ।
ਰਾਤ੍ਰਿ ਬਿਖੈ ਸੁਠ ਸੇਜ ਬਡੇਰੀ।
ਸੁਪਤਿ ਹੇਤੁ ਸ਼੍ਰੀ ਗੁਰ ਕੋ ਦਈ।
ਇਮ ਸੁਖ ਸੋਂ ਪ੍ਰਾਤੀ ਪੁਨ ਭਈ
॥੪੦॥
ਜਾਇ ਬਾਵਲੀ ਕੀਨਿ ਸ਼ਨਾਨਾ।
ਪਠਿ ਜਪੁਜੀ ਸ਼੍ਰੀ ਨਾਨਕ ਧਜਾਨਾ।
ਲੀਨਿ ਮੋਹਰੀ ਅਪਨੇ ਸਾਥ।
ਗਮਨੇ ਸ਼੍ਰੀ ਗੁਰ ਅਰਜਨ ਨਾਥ ॥੪੧॥
ਅਪਰ ਲੋਕ ਗਨ ਸੰਗ ਸਿਧਾਏ।
ਪਾਸ ਬਿਪਾਸਾ ਪਿਖਿ ਹਰਖਾਏ।
ਸੁੰਦਰ ਹੈ ਪ੍ਰਵਾਹ ਜਿਸ ਕੇਰੇ।
ਨਾਦਤਿ ਖਗ ਚਕਵਾਦਿ[1] ਘਨੇਰੇ
॥੪੨॥
ਦੁਊ ਦੇਹੁਰੇ ਦੇਖਨਿ ਕਰੇ।
ਕਮਲ ਕਲੀ ਸਮ[1] ਸੁੰਦਰ ਖਰੇ।
ਪਿਖੇ ਦੂਰ ਤੇ ਉੱਜਲ ਐਸੇ।
ਭਾਦੋਂ ਮਾਸ ਖੁੰਬ ਜੁਗ ਜੈਸੇ ॥੪੩॥
ਜਨਨੀ ਪਿਤ ਅਰ ਪਿਤ ਨਿਜ ਜੋਊ।
ਨੇਤ੍ਰ ਭਰਜੋ ਜਲ ਸਿਮਰੇ ਦੋਊ।
ਭਰੇ ਪ੍ਰੇਮ ਪੁਲਕਾਵਲਿ ਹੋਈ।
ਗਏ ਸਮੀਪ ਸੰਗ ਸਭਿ ਕੋਈ ॥੪੪॥
ਪੂਰਬ ਸ਼੍ਰੀ ਗੁਰ ਅਮਰ ਸਥਾਨੀ।

[1]ਚਕਵੇ ਆਦਿ ਪੰਛੀ।

[1]ਕਮਲ ਦੀ (ਬੰਦ) ਕਲੀ ਵਰਗੇ।

ਬੰਦਨ ਕੀਨਿ ਜੋਰ ਜੁਗ ਪਾਨੀ।
ਬਹੁਰ ਪ੍ਰਕਰਮਾਂ ਦੀਨਸਿ ਫਿਰਿ ਕੈ।
ਮਸਤਕ ਧੂਲ ਲਗਾਵਨਿ ਕਰਿ ਕੈ
॥੪੫॥
ਬੈਠੇ ਪੁਨਹਿ ਕਰਾਹੁ ਮੰਗਾਯੋ।
ਕਰਿ ਅਰਦਾਸ ਤਹਾਂ ਵਰਤਾਯੋ।
ਨਿਕਟਿ ਦੇਖਿ ਸੁੰਦਰ ਕੋ ਕਹਜੋ।
'ਹੇ ਸ਼ੁਭ ਮਤਿ! ਤੁਮ ਸਭਿ ਕਿਛੁ ਲਹਜੋ
॥੪੬॥
ਸ੍ਰੀ ਗੁਰੁ ਅਮਰਦਾਸ ਜਿਸ ਭਾਂਤੀ।
ਗੁਰਤਾ ਤਿਲਕ ਦੀਨਿ ਸੁਖ ਸ਼ਾਂਤੀ।
ਗੁਰੂ ਭਏ ਜਿਮ ਪਿਤਾ ਹਮਾਰੇ।
ਸੋ ਬਨਾਇ ਅਬਿ ਕਰਹੁ ਉਚਾਰੇ'
॥੪੭॥
ਸੁਨਿ ਸੁੰਦਰ ਨੇ ਸੱਦ ਬਨਾਵਾ।
ਸ੍ਰੀ ਅਰਜਨ ਕੋ ਸਕਲ ਸੁਨਾਵਾ।
ਹੁਇ ਪ੍ਰਸੰਨ ਸੋ ਲੀਨਿ ਲਿਖਾਈ।
ਕਹਜੋ 'ਗ੍ਰਿੰਥ ਮੈਂ ਧਰਹਿਂ ਬਨਾਈ
॥੪੮॥
ਅੰਤ ਸਮੈ ਇਸ ਪਾਠ ਜੁ ਕਰਿਹੀ।
ਅੰਤਕ ਪੀਰ[1] ਤਿਨਹੁੰ ਕੀ ਟਰਿਹੀ।'
ਇਮ ਕਹਿ ਤਹਿਂ ਤੇ ਗਮਨੇ ਆਗੇ।
ਪਿਖਜੋ ਦੇਹੁਰਾ ਪਿਤ ਦੁਤਿ ਜਾਗੇ
॥੪੯॥
ਨਮਹਿ ਕਰਤਿ ਪਰਕਰਮਾਂ ਦੀਨਸਿ।
ਤਹਾਂ ਪ੍ਰਸ਼ਾਦਿ ਬ੍ਰਤਾਵਨ ਕੀਨਸਿ।
ਪਿਤ ਕੋ ਕਰਜੋ ਧਜਾਨ ਸੁਖ ਪਾਏ।
ਆਨੰਦ ਤੇ ਲੋਚਨ ਜਲ ਛਾਏ[†] ॥੫੦॥

[1]ਜਮ ਦੀ ਪੀੜਾ।

[†]ਇਸ ਅੰਸੂ ਵਿਚ ਦੋ ਤ੍ਰੈ ਵਾਰ ਸ੍ਰੀ ਗੁਰ ਅਰਜਨ ਦੇਵ ਜੀ ਦੇ ਨੇਤ੍ਰਾਂ ਵਿਚ ਜਲ ਆਯਾ ਲਿਖਿਆ ਹੈ। ਇਹ ਦਸ਼ਾ ਮੋਹ ਦੀ ਨਹੀਂ, ਨਾ ਕਿਸੇ ਵਲੇਵੇ ਦੀ ਹੈ, ਆਤਮ ਅਵਸਥਾ ਵਿਚ ਬੜੇ ਉੱਚੇ ਰੱਬੀ ਜੋਤ ਜੀ ਇਨਸਾਨੀ ਹ੍ਰਿਦੇ ਦੀ ਵਲਵਲੇ ਵਾਲੀ ਡੂੰਘਾਈਆਂ ਵਿਚ ਬੀ ਆਪ ਅਤਿ ਪ੍ਰਸੀਜਨ ਵਾਲੇ ਸੇ। ਮਾਮੀ ਜੀ ਦੇ ਪਿਛਲੇ ਪ੍ਰਸੰਗ ਕਰਨ ਤੇ ਵੱਡਿਆਂ ਲਈ ਅਤਿ ਉੱਚੇ ਪਿਆਰ ਤੇ ਵਲਵਲੇ ਨੇ, ਪਿਤਾਮਾਂ ਤੇ ਪਿਤਾ ਜੀ ਦੀ ਸਮਾਧਿ ਉੱਤੇ

ਉਨ੍ਹਾਂ ਵਾਹਿਗੁਰੂ ਰੂਪ ਸਦਾ ਜਾਗਤੀ ਜੋਗ ਬੀਤਰਾਗ ਸਰੂਪਾਂ ਲਈ ਉਹ ਉੱਚਾ ਸੁੱਚਾ ਵਲਵਲਾ ਪ੍ਰੇਮ ਦਾ ਲੰਘਿਆ ਹੈ ਜੋ ਹਰ ਕਿਸੇ ਨੂੰ ਨਸੀਬ ਨਹੀਂ। ਗਜਾਨ ਤੇ ਬ੍ਰਹਮ ਗਜਾਨ ਜੇ ਖੁਸ਼ਕ ਵਸਤੂ ਹਨ ਤਾਂ ਸਾਰੇ ਪੱਥਰ ਬ੍ਰਹਮ ਗਜਾਨੀ ਸਮਝਣੇ ਚਾਹੀਏ। ਜੋ ਆਪ ਅਸਲੀ ਗਜਾਨ ਦਾ ਨੂਰ ਹੋਵੇ ਉਸ ਵਿਚ ਅਤਿ ਉੱਚੇ ਪ੍ਰੇਮ ਦਾ ਨਿਵਾਸ ਜ਼ਰੂਰ ਹੁੰਦਾ ਹੈ। ਇਹ ਉਸ ਮਹਾਨ ਸੱਚੇ ਤੇ ਮਹਾਨ ਡੂੰਘੇ ਪ੍ਰੇਮ ਵਲਵਲੇ ਦੇ ਦਰਸ਼ਨ ਹਨ। ਆਤਮ ਗਜਾਨ ਤੇ ਪ੍ਰੇਮ ਇਕੱਠੇ ਵਸਦੇ ਹਨ।

ਸਰਬ ਰੀਤੀ ਸ਼ੁਭ ਕਰਿ ਕੈ ਫਿਰੇ।
ਮੰਦ ਮੰਦ ਆਵਤਿ ਭੇ ਘਰੇ।
ਬੈਠਿ ਕਰਜੋ ਸੁਖ ਸੰਗ ਅਹਾਰਾ।
ਸ਼੍ਰੀ ਗੁਰ ਅਰਜਨ ਪਰਮ ਉਦਾਰਾ
॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ਼੍ਰੀ ਅਰਜਨ ਪੋਥੀਆਂ ਲੈਨਿ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਤ੍ਰਿੰਸਤੀ ਅੰਸੂ ॥੩੬॥

## ੩੭. [ਖਡੂਰ ਸਾਹਿਬ ਦਾਤੂ ਜੀ ਮਿਲੇ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਨਿਕਟ ਮੋਹਰੀ ਆਦਿ ਨਰ, ਬੈਠੇ ਸਭਿ
ਸੁਖ ਪਾਇ।
ਸ਼੍ਰੀ ਅਰਜਨ ਤਿਸ ਛਿਨ ਬਿਖੈ, ਬੋਲੇ
ਮੁਖ ਮੁਸਕਾਇ ॥੧॥

ਸ੍ਵੈਯਾ ਛੰਦ:

'ਮਾਤੁਲ ਜੀ! ਆਗਜਾ ਅਬਿ ਦੀਜਹਿ
ਸੁਧਾ ਸਰੋਵਰ ਕਰਹਿਂ ਪਯਾਨ।
ਕਾਰਜ ਭਯੋ ਹਮਾਰੋ ਪੂਰਨ
ਕ੍ਰਿਪਾ ਤੁਮਾਰੀ ਤੇ ਹਿਤ ਠਾਨਿ[1]।
ਚਤੁਰ ਗੁਰਨਿ ਕੀ ਬਾਨੀ ਪ੍ਰਾਪਤਿ
ਸਭਿ ਕੋ ਕਰਿ ਹੈਂ ਏਕ ਸਥਾਨ।
ਜਿਸ ਕੋ ਪਠਿ ਸੁਨਿ ਅਰਥ ਬਿਚਾਰਨਿ
ਰਿਦੈ ਬਸਾਇ ਪਾਇਂ ਕੱਲਜਾਨ ॥੨॥

[1]ਬਾਬੇ ਮੋਹਨ ਜੀ ਨੇ) ਪ੍ਰੇਮ ਕੀਤਾ ਹੈ।

ਪੁਨਿ ਮਾਤੁਲ ਜੇਸ਼ਟ ਕੋ ਦਰਸ਼ਨ
ਪ੍ਰੇਮ ਸੰਗ ਮਿਲਿਬੋ ਕਰਿ ਲੀਨਿ।
ਬਹੁਰ ਕ੍ਰਿਪਾ ਕਰਿ ਮੇਲਿ ਆਪ ਕੋ
ਮਹਾਂ ਲਾਭ ਹੋਵਾ ਮਨ ਚੀਨਿ।
ਸਕਲ ਕੁਟੰਬ ਅਲੰਬ ਹਮਾਰੋ[1]
ਹਰਖ ਪਰਸਪਰ ਦਰਸ਼ਨ ਕੀਨਿ।
ਦ੍ਵੈ ਸਤਿਗੁਰ ਕੇ ਪੂਜਿ† ਦੇਹੁਰੇ
ਮੱਜਨ ਬਾਪੀ ਆਨੰਦ ਦੀਨਿ†' ॥੩॥

[1]ਸਾਡੇ ਸਾਰੇ ਕੁਟੰਬ ਦਾ ਆਸਰਾ ਹੋ।

†ਜਦੋਂ ਲੋਕ ਮੁਰਾਦਾਂ ਪੁੱਗਨ ਲਈ ਯਾ ਦੁਖ ਤੇ ਕਸ਼ਟ ਭਰੇ ਹਨੇਰੇ ਮੋਹ ਦੇ ਵੇਗ ਵਿਚ ਮੜ੍ਹੀਆਂ ਪੂਜਦੇ ਹਨ ਤਾਂ ਸਤਿਗੁਰ ਦੇ ਘਰ ਵਿਚ ਇਸ ਦੀ ਮਨਾਹੀ ਹੈ, ਪਰ ਜਦ ਭਗਵੰਤ ਰੂਪ ਮਹਾਂ ਪੁਰਖਾਂ ਦੇ ਦੇਹੁਰੇ ਦੇ ਦਰਸ਼ਨ ਕਰਕੇ ਵੈਰਾਗ ਤੇ ਪ੍ਰੇਮ ਦਾ ਵਲਵਲਾ ਜਾਗੇ ਤਾਂ ਇਹ ਪੁੰਨ ਰੂਪ ਹੈ, ਸੱਚੇ ਵੈਰਾਗ ਨਾਲ ਮਨ ਲਿਸ਼ਕਦਾ ਹੈ ਤੇ ਸੁੱਚੇ ਪ੍ਰੇਮ ਨਾਲ ਉਚਾ ਹੁੰਦਾ ਹੈ। ਇਸ ਸੱਚੇ ਮਨੋਵੇਗ ਦੀ ਦਸ਼ਾ ਵਿਚ ਦੋ ਸਤਿਕਾਰ ਪਿਆਰਿਆਂ ਲਈ ਤੇ ਉਨ੍ਹਾਂ ਦੇ ਅਸਥਾਨ ਲਈ ਉਪਜਦਾ ਹੈ ਇਹ ਬੀ ਕੁਦਰਤੀ ਮਨੋਭਾਵਨਾ ਹੈ। ਮੜ੍ਹੀਆਂ ਦੀ ਮੁਰਦਾਰ, ਰਸਮੀ ਤੇ ਮੁਰਾਦਾਂ ਮੰਗਣ ਵਾਲੀ ਪੂਜਾ ਮਾੜੀ ਹੈ ਉਚੇ ਭਾਵ ਤੇ ਵਲਵਲੇ ਜਾਗ ਪੈਣ ਵਾਲੀ ਹਾਲਤ ਮਾੜੀ ਨਹੀਂ ਕਹੀ ਜਾ ਸਕਦੀ।

ਸੁਨਤਿ ਮੋਹਰੀ ਜੁਗ ਕਰੇ ਜੋਰੇ
ਗੁਰਤਾ ਗਾਦੀ ਪਰ ਥਿਤਿ ਆਪ।

ਯਾਂ ਤੇ ਤੁਮ ਸਭਿ ਤੇ ਹੋ ਦੀਰਘ
ਬੰਦਨੀਯ ਬਡ ਦਿਪਹਿ ਪ੍ਰਤਾਪ।
ਇਹ ਠਾਂ ਬਾਸ ਕਰੋ ਸੁਖ ਪਾਵਹੁ
ਹਮ ਦਰਸ਼ਹਿਂ ਗਨ ਦੋਖਨ ਖਾਪ।
ਸੰਗਤਿ ਆਇ ਉਪਾਇਨ ਅਰਪੈ
ਸਭਿ ਦੇਸ਼ਨਿ ਕੀ ਮਿਲਹਿ ਕਲਾਪ[1]' ॥੪॥

[1]ਸਮੂਹ [ਸੰਸ: ਕਲਾਪ = ਸਮੂਹ]

ਸ਼੍ਰੀ ਅਰਜਨ ਕਹਿਂ 'ਮਾਤੁਲ ਜੀ! ਸੁਨਿ
ਹਮ ਤੁਮਾਰੀ ਆਇਸੁ ਅਨੁਸਾਰਿ।
ਇਕ ਪਰੰਤੁ ਕਾਰਨ ਲਖਿ ਲੀਜਹਿ
ਬ੍ਰਿੱਧ ਗੁਰੂ ਜੋ ਪਿਤਾ ਤੁਮਾਰ।
ਹਮਰੇ ਪਿਤ ਕੋ ਆਗਜਾ ਦੀਨਸਿ
-ਸਰ ਕੀ ਜਾਇ ਕਰਾਵਹੁ ਕਾਰ।
ਅੰਦਰ ਹਰਿ ਮੰਦਰਿ ਰਚਿ ਸੁੰਦਰ
ਸੇਵ ਸੰਭਾਰਹੁ ਸਰਬ ਪ੍ਰਕਾਰ- ॥੫॥
ਬ੍ਰਿੱਧ ਗੁਰੂ ਕੇ ਹਮ ਸਭਿ ਸੇਵਕ
ਕਰਿ ਨ ਸਕਹਿਂ ਤਿਨ ਆਗਜਾ ਭੰਗ।
ਪਿਤ ਪਾਛੇ ਹਮ ਟਹਿਲ ਸੰਭਾਰੀ
ਕਰਤਿ ਸੁਧਾਸਰ ਕੀ ਹਿਤ ਸੰਗ।
ਯਾਂ ਤੇ ਬਾਸ ਉਚਿਤ ਹੈ ਤਿਹ ਠਾਂ
ਮਾਨਿ ਗੁਰੂ ਕੇ ਬਾਕ ਨਿਸੰਗ।
ਇਹ ਠਾਂ ਉਹ ਠਾਂ ਭੇਦ ਨ ਕੋਊ
ਦੋਨਹੁ ਗੁਰ ਸਥਾਨ ਇਕ ਰੰਗ ॥੬॥
ਆਗੇ ਜਿਮ ਆਗਜਾ ਹੁਇ ਤੁਮਰੀ
ਤਿਮ ਹਮ ਕਰਿ ਹੈਂ ਹਰਖ ਉਪਾਇ।'
ਸੁਨਤਿ ਮੋਹਰੀ ਲਖੀ ਸੁ ਨੀਕੇ
'ਜਥਾ ਜੋਗ ਤੁਮ ਕਹੀ ਬਨਾਇ।
ਤੱਦਪਿ ਜਾਮਨਿ ਤੀਨ ਬਸੀਜਹਿ,
ਦਰਸਹਿਂ, ਦਿਹੁ ਦਰਸ਼ਨ ਸਮੁਦਾਇ।
ਪੁਨ ਪ੍ਰਸਥਾਨਹੁ, ਮਨ ਸੁਖ ਮਾਨਹੁਂ,
ਠਾਨਹੁਂ ਸੇਵ, ਸ਼ਨਾਨਹੁ ਜਾਇ' ॥੭॥

ਮਾਨਿ ਮੋਹਰੀ ਮਾਤੁਲ ਕੇ ਬਚ
ਸ੍ਰੀ ਅਰਜਨ ਪੁਨਿ ਕੀਨਿ ਨਿਵਾਸ।
ਸੇਵਾ ਕੇ ਬਸਿ ਹ੍ਵੈ ਕਰਿ ਬਾਸੇ
ਮਿਲਿ ਸਭਿ ਬੈਠਹਿਂ ਧਰਹਿਂ ਹੁਲਾਸ।
ਭਗਤਿ ਵਿਰਾਗ ਗਜਾਨ ਕੀ ਚਰਚਾ
ਕਰਹਿਂ ਮਧੁਰ ਸ਼ੁਭ ਬਾਕ ਪ੍ਰਕਾਸ਼।
ਜਥਾ ਜੋਗ ਉੱਤਰ ਦੇ ਸਭਿ ਕੌ
ਅਨਿਕ ਭਾਂਤਿ ਕੇ ਮੁਦਤਿ ਬਿਲਾਸ[1] ॥੮॥

[1]ਬਿਲਾਸ ਕਰ ਪ੍ਰਸੰਨ ਹੁੰਦੇ ਸਨ।

ਤੀਨ ਦਿਵਸ ਸ੍ਰੀ ਅਰਜਨ ਬਸਿ ਕਰਿ
ਜਥਾ ਜੋਗ ਸਭਿ ਕੋ ਹਰਖਾਇ।
ਜਾਚੀ ਬਿਦਾ ਨਿੰਮ੍ਰਤਾ ਅਤਿ ਕਰਿ
'ਮਾਤੁਲ ਜੀ! ਅਬਿ ਦੇਹੁ ਰਜਾਇ।
ਸੁਧਾ ਸਰੋਵਰ ਪਹੁਂਚਯੋ ਚਾਹਿਤ
ਕਹੇ ਆਪ ਕੇ ਰਹਿ ਇਹ ਥਾਇਂ।'
ਕਹਤਿ ਮੋਹਰੀ 'ਜਯੋਂ ਨਿਜ ਇੱਛਾ,
ਬਹੁਰ ਮਿਲਹੁ ਕਬਿ ਦੇਹੁ ਬਤਾਇ?' ॥੯॥

ਸ੍ਰੀ ਗੁਰ ਕਹਯੋ 'ਕਰੋ ਜਬਿ ਸਿਮਰਨਿ
ਤਬਿ ਤੁਮਰੀ ਆਇਸੁ ਅਨੁਸਾਰ।
ਹੋਹਿ ਮੇਲ ਦਰਸ਼ਨ ਹਮ ਕਰਿ ਹੈਂ
ਸਦਾ ਨਿਹਾਲ ਸੁ ਬੁੱਧਿ ਉਦਾਰ!'
ਮਾਤੁਲ ਪਤਨੀ[1] ਦੀਨਿ ਸੰਦੇਸਾ
'ਮੋ ਦਿਸ਼ ਤੇ ਅਸ ਕਰਹੁ ਉਚਾਰ।
ਰਾਮ ਸੱਤਿ† ਗੰਗਾ ਕੋ ਕਹਿਨੀ,
ਹਰਿ ਗੋਬਿੰਦ ਕੋ ਦੀਜੈ ਪਜਾਰ† ॥੧੦॥

[1]ਮਾਮੀ ਜੀ ਨੇ।

†ਇਹ ਬੀ ਕਵਿ ਜੀ ਦੇ ਆਪਣੇ ਇਰਦ ਗਿਰਦ ਦੇ ਰਿਵਾਜ ਦੀ ਗੱਲ ਹੈ, ਮੋਹਰੀ ਜੀ ਦੀ ਇਸਤ੍ਰੀ ਵਡੇ ਥਾਂ ਹੈ, ਸ਼੍ਰੀ ਗੰਗਾ ਜੀ ਨੂਹਾਂ ਦੀ ਥਾਵੇਂ ਹਨ, ਸੋ ਇਸ ਹਿਸਾਬ ਉਨ੍ਹਾਂ ਨੂੰ 'ਅਸੀਸ' ਦੇਣੀ ਚਾਹੀਦੀ ਸੀ। ਜੇ ਮੋਹਰੀ ਜੀ ਦੀ ਇਸਤ੍ਰੀ ਨਿਜ ਨੂੰ ਸਿੱਖ ਮੰਨੇ ਤੇ ਸ਼੍ਰੀ ਗੰਗਾ ਜੀ ਨੂੰ ਗੁਰੂ ਪਤਨੀ ਤਾਂ 'ਪੈਰੀ ਪੌਣਾ' ਘੱਲਣਾ ਚਾਹੀਦਾ ਸੀ, ਕਿਉਂਕਿ ਭਾਈ ਗੁਰਦਾਸ ਜੀ ਤੋਂ ਪਤਾ ਲੱਗਦਾ ਹੈ ਕਿ ਤਦੋਂ ਗੁਰ ਸਿੱਖਾਂ ਵਿਚ ਰਿਵਾਜ ਇਹੋ ਸੀ ਤੇ ਸਿੱਖਾਂ ਵਲੋਂ ਗੁਰੂ ਜਾਂ ਗੁਰੂ ਪਤਨੀ ਲਈ ਮੱਥਾ ਟੇਕਣਾ ਹੀ ਯੋਗ ਸੀ।

ਸਭਿ ਕੀ ਕੁਸ਼ਲ ਬੂਝਨੀ ਨੀਕੋ
ਹਮ ਕੋ ਸਿਮਰੋ ਅਪਨੇ ਜਾਨਿ।
ਨਿਜ ਸੁਤ ਕੋ ਜਬਿ ਬਜਾਹੁ ਰਚਾਵਹੁ
ਹਮਹਿ ਹਕਾਰਹੁ, ਚਾਹਿ ਮਹਾਨ[1]।' [1]ਬੜੀ ਚਾਹ ਹੈ (ਸਾਨੂੰ)।
'ਆਛੀ ਬਾਤ' ਕਹੀ[1], ਕਰਿ ਬੰਦਨ, [1]ਸਤਿਗੁਰ ਨੇ) ਆਖੀ।
ਬਿਦਾ ਹੋਇ ਕਿਯ ਵਹਿਰ ਪਯਾਨ।
ਸ੍ਰੀ ਗੁਰ ਅਮਰ ਚੁਬਾਰੇ ਗਮਨੇ
ਤਪੇ ਜਹਾਂ[1], ਤਿਸ ਦਰਸ਼ਨ ਠਾਨਿ ॥੧੧॥ [1]ਜਿੱਥੇ ਤਪ ਕੀਤਾ ਸੀ।
ਕਹਜੋ ਮੋਹਰੀ ਸੋਂ 'ਇਕ ਖਾਸਾ[1] [1]ਪਾਲਕੀ।
ਹਿਤ ਪੋਥਿਨਿ ਕੇ ਦੇਹੁ ਮੰਗਾਇ।'
ਮਾਨਿ ਬਾਕ ਤਤਕਾਲ ਅਨਾਯਹੁ
ਤਿਸ ਪਰ ਪੁਸਤਕ ਧਰੇ ਬਨਾਇ।
ਸਿੱਖਜਨਿ ਹਰਖ ਸਿਕੰਧ ਉਠਾਯਹੁ
ਧੁਨਿ ਸੰਖਨਿ ਕੀ ਅਧਿਕ ਉਠਾਇ।
ਤੁਰਹੀ ਲਘੁ ਦੁੰਦਭਿ ਬਜਵਾਏ
ਜੈ ਜੈ ਸ਼ਬਦ ਭਯੋ ਚਹੁੰ ਘਾਇ ॥੧੨॥
ਪਦ ਅਰਬਿੰਦ ਨਗਨ ਹੀ ਗਮਨੇ
ਸ੍ਰੀ ਅਰਜਨ ਖਾਸੇ ਪਿਛਵਾਇ।
ਆਦਿ ਮੋਹਰੀ ਅਪਰ ਸਕਲ ਹੀ
ਕਹੈਂ 'ਚਢਹੁ ਸਿਵਕਾ ਸੁਖ ਪਾਇ।'
ਭਨਜੋ ਗੁਰੂ 'ਇਨ ਰੂਪ ਚਤੁਰ ਗੁਰ
ਇਨ ਕੋ ਆਦਰ ਜਿਤੋ ਕਰਾਇ।
ਲੋਕ ਪ੍ਰਲੋਕ ਅਨੰਦ ਤਿਤਿਕ ਲਹਿ,
ਬਿਘਨ ਬਿਨਾਸ਼ਨ ਹੁਇੰ ਸਮੁਦਾਇ' ॥੧੩॥
ਏਕ ਕੋਸ ਲਗਿ ਸਕਲ ਗਏ ਸੰਗਿ
ਪੁਨ ਸ੍ਰੀ ਅਰਜਨ ਥਿਤਿ ਤਿਸ ਥਾਨੁ।
ਚਰਨ ਮੋਹਰੀ ਕੇ ਸਿਰ ਧਰਿ ਕੈ
ਭਾਂਤਿ ਭਾਂਤਿ ਕੀ ਬਿਨੈ ਬਖਾਨਿ।
ਕਹਿ ਬਹੁ ਬਾਰਿ ਹਟਾਏ ਪੁਰਿ ਕੋ

ਪੁਨ ਸਭਿ ਕੋ ਕਰਿ ਕੈ ਸਨਮਾਨ।
ਮੋਰਨਿ ਕਰੇ, ਆਪ ਪਗ ਗਮਨੇ
ਸੰਖਨਿ ਅਰੁ ਜੈ ਸ਼ਬਦ ਬਖਾਨਿ ॥੧੪॥
ਮੰਦ ਮੰਦ ਚਲਿ ਉਤਸਵ ਕਰਕੇ
ਗ੍ਰਾਮ ਖਡੂਰ ਪਹੂਚੇ ਜਾਇ।
ਸ਼੍ਰੀ ਅੰਗਦ ਜੀ ਜਹਾਂ ਦੇਹੁਰਾ
ਪ੍ਰੇਮ ਸਹਤ ਤਹਿਂ ਸੀਸ ਨਿਵਾਇ।
ਚਾਰ ਪ੍ਰਦੱਛਨ ਦੇ ਪ੍ਰਸਾਦ ਬਹੁ
ਕਰਿ ਅਰਦਾਸ ਸਭਿਨਿ ਬਰਤਾਇ।
ਧ੍ਯਾਨ ਧਾਰਿ ਕਰਿ ਬਿਨੈ ਭਾਖਿ ਕਰਿ
ਮਹਾਂ ਸੁਜਸ ਕੋ ਕਥ੍ਯੋ ਬਨਾਇ ॥੧੫॥
ਪੁਨ ਕਰੀਰ ਕੋ ਦਰਸ਼ਨ ਕੀਨਸਿ
ਬੰਦਤਿ ਚਤੁਰ ਪ੍ਰਦਛਨਾ ਦੀਨਿ।
ਸ਼੍ਰੀ ਅੰਗਦ ਕੋ ਨੰਦਨ ਦਾਤੂ
ਸੁਨਿ ਸੁਧਿ ਸ਼੍ਰੀ ਗੁਰ ਅਰਜਨ ਚੀਨ।
ਹੋਇ ਅਨੰਦ ਬਿਲੰਦ ਰਿਦੇ ਮਹਿਂ
ਆਇ ਮਿਲ੍ਯੋ ਮਨ ਪ੍ਰੇਮ ਨਵੀਨ।
ਹਿਤ ਸਨਮਾਨ ਅੱਗ੍ਰ ਤੇ ਉਠਿ ਕਰਿ
ਮਿਲੇ ਪਰਸਪਰ ਨਮਤਾ[1] ਕੀਨਿ ॥੧੬॥

[1]ਨਮਸਕਾਰ।

ਜਬਿ ਦਾਤੂ ਨੇ ਧਰ੍ਯੋ ਚਰਨ ਸਿਰ
ਨਿਜ ਕਰ ਪਰ ਸ਼੍ਰੀ ਗੁਰ ਨੇ ਲੀਨਿ।
ਆਪ ਨਮੋ ਕਰਿ ਪਾਸ ਬਿਠਾਏ
ਕਹ੍ਯੋ ਬਾਕ 'ਕ੍ਯੋਂ ਅਨੁਚਿਤ ਕੀਨਿ?
ਗੁਰ ਕੇ ਗੁਰ ਗੁਰ ਨੰਦਨ ਹੋ ਤੁਮ[1],

[1]ਭਾਵ ਗੁਰੂ ਰਾਮਦਾਸ ਜੀ ਦੇ ਗੁਰੂ ਗੁਰੂ ਅਮਰਦਾਸ ਜੀ, ਤਿਨ੍ਹਾਂ ਦੇ ਗੁਰੂ, ਗੁਰੂ ਅੰਗਦ ਦੇਵ ਜੀ ਦੇ ਸਪੁੱਤ੍ਰ ਹੋ ਤੁਸੀਂ।

ਹਮ ਹੈਂ ਆਪ ਦਾਸ ਮਨ ਚੀਨ।
ਸੇਵਨਿ ਉਚਿਤ ਚਰਨ ਰਜ ਰਾਵਰਿ,
ਸਦਾ ਤੁਮਾਰੇ ਅਹੈਂ ਅਧੀਨ' ॥੧੭॥
ਸੁਨਿ ਦਾਤੂ ਕਰ ਜੋਰਿ ਕਹਤਿ ਭਾ

'ਆਪਿ ਸੁਨਹੁ ਮੇਰੋ ਬਿਰਤੰਤ।
ਹਤਿ ਹੰਕਾਰ ਭਯੋ ਮੈਂ ਜੈਸੋ
ਅਰ ਤੁਮਰੋ ਆਗਮ ਚਿਤਵੰਤ।
ਸ੍ਰੀ ਗੁਰ ਅਮਰ ਲੀਨਿ ਜਬਿ ਗੁਰਤਾ
ਭਈ ਈਰਖਾ ਮੁਝ ਅਤਯੰਤਿ।
ਤਿਨ ਕੀ ਮਹਿਮਾ ਪਾਵਕ ਸਮਸਰ
ਸ਼ੁਸ਼ਕ ਤ੍ਰਿਣਨ ਜਯੋਂ ਰਿਦਾ ਜਰੰਤਿ
॥੧੮॥
ਦੇਸ਼ ਬਿਦੇਸ਼ਨਿ ਕੀ ਬਡ ਸੰਗਤਿ
ਨਰ ਨਾਰੀ ਆਵਹਿਂ ਸਮੁਦਾਇ।
ਅਨਿਕ ਉਪਾਇਨ ਪਾਇਨ ਅਰਪਹਿਂ
ਮਨ ਬਾਂਛਤਿ ਸਭਿ ਹੀ ਫਲ ਪਾਇ।
ਮੋ ਕਹੁ ਦੁਖਤਿ ਦੇਖਿ ਕਰਿ ਗਮਨੇ,
ਗੋਇੰਦਵਾਲ ਬਸੇ ਪੁਨ ਜਾਇ।
ਤਹਿਂ ਭੀ ਅਧਿਕ ਭੀਰ ਹੁਇ ਨਿਤਪ੍ਰਤਿ
ਮਹਿਮਾ ਪੂਰਨ ਭੀ ਚਹੁੰਘਾਇ ॥੧੯॥
ਇਕ ਖੱਤ੍ਰੀ ਮਮ ਮਿੱਤ੍ਰ ਹੁਤੋ ਬਹੁ
ਇਕ ਦਿਨ ਆਇ ਕਹਯੋ ਇਮ ਬੈਨ।
-ਤੁਮ ਤੋ ਪੁੱਤ੍ਰ ਕਹਾਵਤਿ ਗੁਰ ਕੇ
ਕੁਛ ਰਚਨਾ[1] ਤੁਮਰੇ ਢਿਗ ਹੈ ਨ।
ਸੰਗਤਿ ਆਇ ਨ ਅਰਪਹਿ ਧਨ ਕੋ,
ਨਮੋ ਨ ਕਰਤਿ ਆਇ ਕੋ ਐਨ।
ਰਹੇ ਰੰਕ ਸਮ ਬੈਠਿ ਦਾਰਿਦੀ
ਬਿਨ ਉੱਦਮ ਆਲਸ ਦਿਨ ਰੈਨ
॥੨੦॥
ਕਿਸੀ ਥਾਨ ਕੋ ਖੱਤ੍ਰੀ ਕੋਊ
ਗੁਰੂ ਬਨਯੋ ਨਿਜ ਪਦ ਪੁਜਵਾਇ।
ਹੁਤੋ ਟਹਿਲੀਆ ਤੁਮਰੇ ਘਰ ਕੋ
ਅਬਿ ਸਮਾਜ ਅਧਿਕੈ ਬਿਰਧਾਇ[1]।
ਭਏ ਮ੍ਰਿਤਕ ਜੀਵਤਿ ਹੀ ਜਗ ਤੁਮ
ਜਿਨ ਕੋ ਨਾਮ ਨਹੀਂ ਬਿਦਤਾਇ।

[1]ਰੌਣਕ।

[1]ਬਹੁਤ ਵਧਾ ਰਿਹਾ ਹੈ।

ਅਹੋ ਨਿਲਾਯਕ! ਲੇਤਿ ਨ ਤਿਸ ਤੇ
ਜੋ ਅਬਿ ਬੈਠਜੋ ਬਹੁ ਧਨ ਪਾਇ-
॥੨੧॥
ਸਰਪ ਸਮਾਨ ਹੁਤੋ ਮਨ ਪੂਰਬ
ਤਿਸ ਕੇ ਬਾਕਨਿ ਛੇਰਨ ਕੀਨਿ[1]। [1]ਛੇੜ ਦਿੱਤਾ।
ਗੁਰੂ ਅਮਰ ਕੋ ਡਸਨਿ ਹੇਤੁ ਮੈਂ
ਕਸ਼ਟ ਦੇਨਿ ਕੋ ਉੱਦਮ ਲੀਨਿ।
ਬਾਕ ਬਾਨ ਸੇ[1] ਗਡੇ ਰਿਦੇ ਮਮ [1]ਵਾਕ ਤੀਰਾਂ ਵਰਗੇ।
ਦੁਖ ਕੋ ਧਾਰਤਿ ਧੀਰਜ ਛੀਨਿ।
ਤ੍ਰਿਣ ਮਨ ਜਰਤਿ ਕ੍ਰੋਧ ਬਡ ਅਗਨੀ
ਮਨਹੁਂ ਘ੍ਰਿੱਤ ਤਨ ਊਪਰ ਦੀਨਿ
॥੨੨॥
ਹੋਤਿ ਸੁਸ਼ੀਲ ਸੰਗ ਲਹਿ ਖੋਟੇ
ਬਿਗਰ ਜਾਤਿ ਸ਼ੁਭ ਮਤਿ ਬਿਸਰਾਇ।
ਰਿਸ ਤੇ ਗੋਇੰਦਵਾਲ ਪਹੁਚਜੋ
ਸਭਾ ਬਿਖੈ ਦੇਖੇ ਤਬਿ ਜਾਇ।
ਮਨੋ ਗਜਾਨ ਕੋ ਭਾਨੁ ਪ੍ਰਕਾਸ਼ੈ
ਚਹੁਂ ਦਿਸ਼ਿ ਸਦ ਗੁਨ ਜਨ[1] ਸਮੁਦਾਇ। [1]ਸ੍ਰੇਸ਼ਟ ਗੁਣਾਂ ਵਾਲੇ ਦਾਸ।
ਅਵਗੁਨ ਉਡਗਨ ਨਿਸਾ ਅਵਿੱਦਜਾ
ਨਹਿਂ ਪੱਯਤਿ ਸਭਿ ਗਏ ਪਲਾਇ
॥੨੩॥
ਇਕ ਕਰ ਜੋਰਿ ਬੰਦਨਾ ਕਰਿਹੀਂ,
ਏਕ ਉਪਾਇਨ ਅਰਪਹਿਂ ਆਨਿ।
ਏਕ ਬਰ ਜਾਚਤਿ ਬਾਂਛਤਿ ਚਿਤ ਕੋ,
ਇਕ ਬੂਝਤਿ ਅਪਨੀ ਕੱਲਜਾਨ।
ਏਕ ਸ਼ਬਦ ਕੋ ਪਠੈਂ ਬਿਚਾਰੈਂ
ਗਾਇਂ ਰਬਾਬੀ ਰਾਗਨਿ ਤਾਨ।
ਇਕ ਅਰਦਾਸ ਕਰਤਿ ਹੈਂ ਠਾਂਢੇ
ਮੰਗਲ ਹੋਤਿ ਅਨੇਕ ਬਿਧਾਨ ॥੨੪॥
ਅਧਿਕ ਪ੍ਰਤਾਪ ਬਿਲੋਕਿ ਜਰਜੋ ਨਹਿਂ,
ਜਰਜੋ ਕ੍ਰੋਧ ਕੀ ਅਗਨਿ ਮਝਾਰ।

ਤੁਰਨ ਕਰਤਿ ਉਲੰਘਜੋ ਸਭਿ ਕੋ
ਜਾਇ ਗੁਰੂ ਕੇ ਲਾਤ ਪ੍ਰਹਾਰਿ।
ਕਹੀ ਕਠੋਰ ਗਿਰਾ ਬਹੁ ਬਿਧਿ ਕੀ
ਦਈ ਅਨੇਕ ਪ੍ਰਕਾਰਨਿ ਗਾਰਿ।
ਨਿਬਲ ਸ਼ਰੀਰ ਅਵਸਥਾ ਬ੍ਰਿਧ ਬਡ
ਸਹਜੋ ਨ ਗਜੋ ਘਾਤ[1] ਤਿਸ ਬਾਰ ॥੨੫॥

[1]ਚੋਟ, ਸੱਟ।

ਵੱਖਜ ਸਥਲ ਮਹਿਂ[1] ਘਾਤ ਲਾਤ ਕੋ
ਲਗਤਿ ਗਿਰੇ ਪ੍ਰਿਥਵੀ ਪਰ ਜਾਇ।
ਹਾਹਾਕਾਰ ਸਭਾ ਮਹਿਂ ਹੋਵਾ
ਸਿੱਖਜਨਿ ਗਹਿ ਭੁਜ ਦਏ ਬਿਠਾਇ।
ਉਠਤਿ ਭਈ ਸੁਧਿ ਮਮ ਪਗ ਪਕਰੇ
ਸਨੇ ਸਨੇ ਮਲਿ ਮ੍ਰਿੱਦੁਲਤਾਇ[1]।
ਕਹਿਨ ਲਗੇ -ਮਮ ਅੰਗ ਨਿਠੁਰ ਬਡ
ਕਰਤਿ ਕਾਰ ਕੋ ਬੈਸ ਬਿਤਾਇ ॥੨੬॥

[1]ਵੱਖੀ ਵਾਲੇ ਥਾਂ ਵਿਚ।

[1]ਨਰਮਾਈ ਨਾਲ ਮਲੇ (ਸ਼੍ਰੀ ਗੁਰੂ ਅਮਰ ਦੇਵ ਜੀ ਨੇ)।

ਤੁਮ ਨਿਤ ਬੈਠੇ ਮ੍ਰਿਦੁ ਪਦ ਪੰਕਜ[1]
ਪੀੜਤਿ ਹੁਏ ਲਾਗਿ ਮਮ ਅੰਗ।
ਕਰੀ ਅਵੱਗਜਾ, ਤੁਮ ਕੋ ਦੇਖੇ
ਉਠਜੋ ਨ ਮੈਂ ਆਦਰ ਕੇ ਸੰਗ।
ਜਥਾ ਜੋਗ ਤਾੜਨ ਕਿਯ ਮੁਝ ਕੋ
ਗੁਰ ਕੇ ਨੰਦਨ ਬੁੱਧਿ ਉਤੰਗ।
ਆਪ ਕਰੋ ਫੁਰਮਾਵਨਿ ਕੋ ਅਬਿ,
ਸੇਵਾ ਠਾਨਹੁਂ ਰਿਦੈ ਉਮੰਗ ॥੨੭॥

[1]ਤੁਸਾਡੇ ਸਦਾ (ਆਰਾਮ ਨਾਲ) ਬੈਠਿਆਂ ਦੇ ਕੋਮਲ ਹਨ ਚਰਨ ਕਵਲ।

ਮੈਂ ਗੁਰ ਦਾਸ[1] ਗੁਰੂ ਸੁਤ ਕੋ ਤੁਮ
ਗੁਰ ਸਮ ਲਖੋਂ ਆਪ ਕੋ ਨੀਤ।
ਕ੍ਰੋਧ ਨਿਵਾਰਿ ਛਿਮਹੁ ਅਪਰਾਧੂ
ਉਰ ਸਾਧੂ ਸੇਵਕ ਮਮ ਚੀਤ[1]।
ਦਾਸਨਿ ਦਾਸ ਪਛਾਨਹੁ ਮੋ ਕੌ
ਕੀਨਿ ਕ੍ਰਿਪਾਲ ਬਿਸਾਲ ਸੁ ਨੀਤ।

[1]ਗੁਰੂ ਦਾ ਦਾਸ ਹਾਂ।

[1]ਆਪ ਦਾ) ਰਿਦਾ ਸਾਧੂ (ਸ੍ਰੇਸ਼ਟ) ਹੈ, ਮੈਨੂੰ ਸੇਵਕ ਜਾਣੋਂ।

ਅਪਨਿ ਜਾਨਿ ਕੇ ਤਾੜਤਿ ਭੇ ਮੁਝ
ਦੇਖਿ ਬਿਕਾਰਨਿ[1] ਮਤਿ ਬਿਪਰੀਤ- ॥੨੮॥
ਮੈਂ ਸੁਨਿ ਕ੍ਰੋਧਤਿ ਬਾਕ ਕਹ੍ਯੋ ਤਬਿ
-ਭਲੌ ਆਪਨੋ ਇਸ ਮਹਿਂ ਜਾਨਿ।
ਨਰਨਿ ਅਚੰਭ ਦਿਖਾਯ ਦੰਭ ਕਿਯ
ਮੋ ਕਹੁ ਨਹੀਂ ਸੁਹਾਇ ਮਹਾਨ।
ਇਹ ਸਭਿ ਤ੍ਯਾਗ ਅਪਰ ਥਲ ਗਮਨਹੁ
ਟਿਕਹੁ ਨ, ਮੇਰੋ ਭਨ੍ਯੋ ਪਛਾਨ।
ਛਲ ਸੋਂ ਮਮ ਪਿਤ ਕੀ ਕਰਿ ਸੇਵਾ
ਗੁਰਤਾ ਲੀਨਿ ਗਰੀਬੀ ਠਾਨਿ ॥੨੯॥
ਮੋਹਿ ਪਿਤਾ ਕੋ ਭੋਰ[1] ਸੁਭਾਉ,
ਛਲ ਚਾਤੁਰਤਾ ਲਖੀ ਨ ਤੋਹਿ।
ਅਜ਼ਮਤ ਆਦਿਕ ਠਗ ਕਰਿ ਲ੍ਯਾਯਹੁ
ਰਚ੍ਯੋ ਪਖੰਡ ਅਧਿਕ ਧਨ ਹੋਹਿ।
ਵਸਤੁ ਹਮਾਰੀ ਤੈਂ ਕਿਮ ਧਾਰੀ,
ਯਾਂ ਤੇ ਮੁਝ ਆਵਤਿ ਮਨ ਰੋਹਿ[1]।
ਭਲੋ ਚਹੈ ਤੌਂ ਰਹੋਂ ਨਹੀਂ ਅਬਿ,
ਲਹੈਂ ਕਸ਼ਟ ਬਚ ਮਨੈਂ ਨ ਮੋਹਿ[1]- ॥੩੦॥
ਸੁਨਿ ਕਠੋਰ ਬਾਨੀ ਅਸ ਮੇਰੀ
ਸਰਲ ਰਿਦੈ ਬੋਲੇ ਹਿਤ ਠਾਨਿ।
-ਅਬਿ ਤੇ ਆਗੇ ਕਰੌਂ ਤਥਾ ਮੈਂ
ਜਥਾ ਰਜਾਇ ਆਪ ਕੀ ਜਾਨਿ।
ਦਾਸ ਤੁਮਾਰੋ ਕ੍ਰੋਧ ਨਿਵਾਰੋ
ਮੁਝ ਪਰ ਹੋਹੁ ਪ੍ਰਸੰਨ ਮਹਾਨ-।'
ਇਮ ਕਹਿ ਨਮੋ ਕਰੀ ਕਰ ਜੋਰੇ
ਕਵਿ ਸੰਤੋਖ ਸਿੰਘ ਕਰਤਿ ਬਖਾਨਿ ॥੩੧॥
ਦੋਹਰਾ:
ਨਿਸਾ ਪਰੀ ਆਸਨ ਅਪਨ ਗੁਰੂ

[1]ਔਗੁਣਾਂ ਨੂੰ ਵੇਖਕੇ।
[1]ਭੋਲਾ।
[1]ਗੁੱਸਾ।
[1]ਮੇਰਾ ਬਚਨ ਨਾਂ ਮੰਨੇਗਾ ਤਾਂ ਕਸ਼ਟ ਪਾਏਂਗਾ।

ਬਿਰਾਜੇ ਜਾਇ।
ਬਿਸਮਤਿ ਗਮਨੇ ਅਪਰ ਨਰ ਸ਼੍ਰੀ ਗੁਰੁ
ਧੰਨ ਸੁਹਾਇ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਦਾਤੂ ਮਿਲਿਨਿ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਦਾਤੂ ਜੀ ਦੇ ਪੈਰ ਦਾ ਦਰਦ ਹਟਾਯਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਨਿਸਾਨੀ ਛੰਦ[1]: — [1]ਦਾਤੂ ਜੀ ਸੁਣਾਉਂਦੇ ਹਨ।

'ਅਰਧ ਨਿਸਾ ਮਹਿਂ ਸ਼੍ਰੀ ਗੁਰੂ, ਘਰ ਤਜਾਗ ਚਲੈ ਹੈਂ।
ਗ੍ਰਹਨ ਕਰੀ ਨਹਿਂ ਵਸਤੁ ਕੁਛ, ਨਹਿਂ ਕਿਸੂ ਮਿਲੇ ਹੈਂ।
ਪਨਹੀ ਬਿਨ ਪਗ ਕਮਲ ਤੇ, ਮਾਰਗ ਪ੍ਰਸਥਾਨੇ।
ਰਿਦੈ ਬਿਚਾਰਤਿ-ਕਿਤ ਚਲਹਿਂ, ਬੈਠਹਿਂ ਕਿਸ ਥਾਨੇ ॥੧॥
ਮਾਨਵ ਮਿਲਹਿਂ ਨ ਆਨਿ ਜਹਿਂ, ਨਹਿਂ ਛੂਟੈ ਧਜਾਨਾ।
ਨਹਿਂ ਬੋਲਹਿਂ, ਨਹਿਂ ਕਲਹਿ ਕਰਿ[1], ਕੁਛ ਬਿਘਨ ਨ ਠਾਨਾ। — [1]ਕਲੇਸ਼ ਕਰਨ।
ਏਕਾਕੀ[1] ਬੈਠਹਿਂ ਕਹੂੰ, ਪ੍ਰਭੁ ਕੋ ਸਿਮਰੈ ਹੈ। — [1]ਇਕਾਂਤ ਵਿਚ।
ਵਹਿਰ ਉਪਾਧਿ ਅਨੇਕ ਹ੍ਵੈ, ਇਕ ਰਸੁ ਬਿਸਰੈ ਹੈਂ[1]- ॥੨॥ — [1]ਇਕ ਦਮ (ਉਪਾਧੀਆਂ) ਵਿਸਰ ਜਾਣਾਂ।
ਏਵ ਬਿਚਾਰਤਿ ਚਲਤਿ ਮਗ, ਬਾਸਰ ਕੇ ਗ੍ਰਾਮੂ।
ਆਇ ਪਹੂਚੇ ਛਿਨਕ ਮਹਿਂ, ਦੇਖਯੋ ਇਕ ਧਾਮੂ।
ਕੋਠਾ ਹੁਤੋ ਗੁਪਾਲ ਕੋ[1], ਤਹਿਂ ਕੇਤਿਕ ਦੂਰੀ। — [1]ਗੁਆਲੇ ਦਾ।
ਤਿਸ ਕੋ ਦਰ ਮੂੰਦਨਿ ਕਰਯੋ, ਲਿਖਿ ਕੇ ਬਿਧਿ ਰੂਰੀ ॥੩॥
-ਜੋ ਦਰ ਖੋਲਹਿ ਆਨਿ ਕੇ, ਤਿਸ ਦੋਸ਼ ਲਗੈਹੈ।
ਨਹੀਂ ਸਿੱਖ, ਤਿਸ ਕੇ ਨ ਗੁਰ; ਨਹਿਂ ਸ਼੍ਰੇਯ ਪਗੈ ਹੈ[1]। — [1]ਮੁਕਤੀ ਨਹੀਂ ਪਾਵੇਗਾ।

ਬਿਗਰੈ ਲੋਕ ਪ੍ਰਲੋਕ ਤਿਸ, ਹਮ ਹ੍ਵੈ ਨ
ਸਹਾਏ-।
ਇਮ ਲਿਖਿ ਕੇ ਦਰ ਊਪਰੇ, ਅੰਤਰ
ਪ੍ਰਵਿਸ਼ਾਏ ॥੪॥
ਤਿਸ ਕੋਠੇ ਮਹਿਂ ਛਪਿ ਗਏ, ਪਦਮਾਸਨ
ਕੀਨਾ।
ਲਗੀ ਸਮਾਧਿ ਅਗਾਧਿ ਹੀ, ਏਕਹਿ ਰਸ
ਭੀਨਾ।
ਗੋਇੰਦਵਾਲ ਪ੍ਰਭਾਤਿ ਭੀ, ਤਹਿਂ ਗੁਰੂ ਨ
ਪਾਯੋ।
ਖੋਜਤਿ ਸਿੱਖਯ ਅਨੇਕ ਹੀ, ਕਿਤਹੁਂ ਨ
ਦਰਸਾਯੋ ॥੫॥
ਸ਼੍ਰੀ ਅਰਜਨ ਗੁਰ! ਸ਼੍ਰੋਨ ਸੁਨਿ, ਮੈਂ
ਭਯੋ ਅਨੰਦੇ[1]।

[1]ਮੈਂ ਕੰਨੀਂ ਸੁਣਕੇ ਅਨੰਦ ਹੋਯਾ।

ਸਭਿ ਵਸਤੂ ਧਨ ਆਦਿ ਜੇ, ਕਰਿ
ਅਪਨਿ ਬਿਲੰਦੇ।
ਬਸਤ੍ਰ ਬਿਭੂਖਨ ਪਹਿਰ ਕੇ, ਕਰਿ ਉਰ
ਹੰਕਾਰਾ।
ਗਾਦੀ ਪਰ ਬੈਠਤਿ ਭਯੋ, ਧਨ ਲੋਭ ਸੁ
ਧਾਰਾ ॥੬॥
ਕਰਤਿ ਰਹਯੋ ਪਰਤੀਖਨਾ, ਕੋ ਆਇ ਨ
ਪਾਸਾ।
ਨਹੀਂ ਉਪਾਇਨ ਕਿਨ ਦਈ, ਨਹਿਂ
ਪੂਜੀ ਆਸਾ।
ਭੂਲਯੋ ਔਚਕ ਆਇ ਜੋ, ਅਵਲੋਕ
ਪਧਾਰੇ[1]।

[1]ਦੇਖਕੇ (ਮੈਨੂੰ) ਚਲਾ ਜਾਵੇ।

ਰੁਖ ਮਿਲਿਬੇ ਕੋ ਨਹਿਂ ਕਰੈ, ਨਹਿਂ ਗੁਰੂ
ਨਿਹਾਰੈ[1] ॥੭॥

[1]ਗੁਰੂ (ਅਮਰ ਦੇਵ ਜੀ) ਨੂੰ ਅੱਗੇ ਨਾ ਬੈਠਾ ਦੇਖਕੇ। (ਅ) ਗੁਰੂ ਰੂਪ (ਮੈਨੂੰ) ਨਹੀਂ ਸੀ ਦੇਖਦਾ।

-ਗੁਣ ਬਿਹੀਨ ਪੂਜਾ ਕਹਾਂ, ਬਿੱਦਯਾ
ਬਿਨ ਮਾਨਾ।
ਜੀਤ ਕਹਾਂ ਬਿਨ ਸੂਰਤਾ, ਮਨ ਥਿਤ

ਬਿਨ ਧਜਾਨਾ।
ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾਂ ਨ ਰਾਜੂ।
ਗਜਾਨ ਕਹਾਂ ਬਿਨ ਸਤਿਗੁਰੂ, ਸ਼ੋਭਾ ਬਿਨ ਲਾਜੂ[1] ॥੮॥

[1]ਸ਼ਰਮ ਤੋਂ ਬਿਨਾਂ ਸ਼ੋਭਾ ਕਿੱਥੇ।

ਬਿਨ ਜਹਾਜ ਤਰਿਬੋ, ਕਹਾਂ ਸਾਗਰ ਅਸਗਾਹੂ।
ਭਗਤਿ ਕਹਾਂ ਬਿਨ ਪ੍ਰੇਮ ਕੇ, ਪਗ ਪੰਕਜ ਮਾਹੂ।
ਕਵਿਤਾ ਬਿਨ ਕੀਰਤਿ ਕਹਾਂ, ਜਸੁ ਬਿਨਾ ਨ ਦਾਨਾ[1]।

[1]ਦਾਨ ਬਿਨਾਂ ਜਸ ਨਹੀਂ ਹੁੰਦਾ।

ਮੁਕਤਿ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨ ਗਾਨਾ[1] ॥੯॥

[1]ਰਾਗ ਗਾਉਣਾ।

ਸਦਗੁਣ ਬਿਨਾ ਨ ਸ਼੍ਰੇਯ ਹੈ, ਸ਼ਰਧਾ ਬਿਨ ਸੇਵਾ।
ਮੰਤ੍ਰ ਸਿੱਧਿ ਬਿਨ ਜਪੁ† ਕਹਾਂ, ਬਰ ਬਿਨਾ ਨ ਦੇਵਾ[1]।

[1]ਵਰ (ਦੇਣ ਦੀ ਸ਼ਕਤੀ ਤੋਂ) ਸੱਖਣਾ ਦੇਵਤਾ ਕੀ ਹੈ।
†ਜਪ ਦਾ ਭਾਵ ਇਥੇ ਸਿਮਰਣ ਨਹੀਂ, ਪਰ ਮੰਤ੍ਰ ਉਚਾਰਣ ਹੈ।

ਬਿਨ ਸਿੱਖੀ ਤਰਿਬੋ ਕਹਾਂ, ਜਗ ਸਾਗਰ ਭਾਰਾ।
ਦਜੋਸ ਕਹਾਂ ਸੂਰਜ ਬਿਨਾ-, ਮੈਂ ਏਵ ਬਿਚਾਰਾ ॥੧੦॥
ਨਮੋ ਨ ਕੀਨੀ ਸਿੱਖ ਕਿਹ[1], ਕਿਤ ਰਹਜੋ ਸੁ ਦੈਬੋ[2]।

[1]ਕਿਸੇ ਵੀ ਸਿੱਖ ਨੇ। [2]ਭੇਟਾ) ਦੇਣਾ ਤਾਂ ਕਿਤੇ ਰਿਹਾ।

ਸੁਨਤਿ ਖਿਝਹਿਂ ਸਭਿ ਮਨ ਬਿਖੈ, ਕਜਾ ਤਿਨ ਤੇ ਲੈਬੋ[1]।

[1]ਮੇਰਾ ਨਾਮ ਹੀ) ਸੁਣ ਕੇ ਸਾਰੇ ਮਨ ਵਿਚ ਖਿਝਦੇ ਸਨ, ਮੈਂ ਉਨ੍ਹਾਂ ਤੋਂ ਕੀ ਪ੍ਰਾਪਤਿ ਕਰ ਸਕਦਾ ਸਾਂ।

ਗੁਰਤਾ ਗਾਦੀ ਜਿਸਹਿ ਢਿਗ, ਤਿਸ ਹੀ ਕੀ ਪੂਜਾ।
ਬਿਨ ਅਜ਼ਮਤ ਕੈਸੇ ਪੁਜਹਿਂ[1], ਬੈਠੇ ਜੇ ਦੂਜਾ ॥੧੧॥

[1]ਕੀਕੂੰ ਪੁਜਵਾ ਸਕਦਾ ਹੈ।

ਗੁਰੂ ਅਮਰ ਕੇ ਸਦਨ ਤੇ, ਮੈਂ ਸਭਿ ਕੁਛ ਲੀਨਾ।

ਦਰਬ ਸਰਬ ਲੇ ਗਰਬ ਹਤਿ, ਚਲਿਬੋ ਮਗ ਕੀਨਾ[1]। [1]ਹੰਕਾਰ ਟੁੱਟ ਗਿਆ ਤੇ ਚੱਲਣ ਦਾ ਰਾਹ ਲਿਆ।
ਲੋਭ ਧਾਰਿ ਮੈਂ ਲੇ ਲਚਜੋ, ਬੇਸਰ[1] ਬਹੁ ਲਾਦੀ। [1]।
ਦੁਇ ਤ੍ਰੈ ਸੇਵਕ ਸੰਗ ਥੇ, ਅਤਿ ਭਾ ਅਹਿਲਾਦੀ ॥੧੨॥
ਦੋਇ ਘਟੀ ਜਬਿ ਦਿਨ ਰਹਜੋ, ਮਾਰਗ ਪ੍ਰਸਥਾਨੇ।
ਅਪਨੇ ਸਦਨ ਖਡੂਰ ਕੋ, ਚਿਤ ਚਾਹਤਿ ਜਾਨੇ।
ਬਹੁ ਧਨ ਲੈ ਗਮਨਜੋ ਜਬੈ, ਦਿਨਮਣਿ[1] ਅਸਤਾਯੋ। [1]।
ਅੰਧਕਾਰ ਭਾ ਜਗਤ ਮੈਂ, ਦਿਸਹੂੰ ਦਿਸ਼ਿ ਛਾਯੋ ॥੧੩॥
ਪਹੁੰਚਜੋ ਨਹੀਂ ਖਡੂਰ ਮੈਂ, ਰਹਿ[1] ਦੂਰ ਕਿਤੇਕਾ। [1]।
ਤਸਕਰ ਭੈਦਾਯਕ ਮਿਲੇ, ਤਿਹ ਸਮੈ ਅਨੇਕਾ[1]। [1](ਚੋਰ)।
ਦੇਖਤਿ ਸ਼ਸਤ੍ਰ ਉਠਾਇ ਕੈ, ਮਾਰਨਿ ਕੋ ਆਏ।
ਤ੍ਰਾਸ ਪਾਇ ਤਿਨ ਪਾਸ ਤੇ, ਮਮ ਦਾਸ ਪਲਾਏ ॥੧੪॥
ਮੈਂ ਡਰ ਧਰਿ ਬੋਲਜੋ ਤਬੈ, -ਕਜੋਂ ਮਾਰੋ ਮੋਹੀ।
ਧਨ ਕਾਰਨ ਮਾਰਨ ਕਰਹੁ, ਲਿਹੁ ਜੇਤਿਕ ਹੋਹੀ-।
ਛੀਨ ਲੀਨਿ ਵਸਤੁ ਸਕਲ, ਨਹਿੰ ਬੋਲਨਿ ਦੀਨੋ।
ਪੁਨ ਸਰੀਰ ਕੇ ਚੀਰ ਸਭਿ, ਕਿਯ ਤਿਨ ਤੇ ਹੀਨੋ ॥੧੫॥
ਅਤਿਸ਼ੈ ਸੰਕਟ ਪਾਇ ਕੈ, ਨਿਜ ਆਇ

ਨਿਕੇਤਾ।
ਚਿੰਤਾ ਸਲਿਤਾ ਚਿਤ ਬਹ੍ਯੋ, ਮਨ ਸ਼ੋਕ ਸਮੇਤਾ।
-ਕਰਨਿ ਅਵੱਗਯਾ ਬਡਨਿ ਕੀ, ਕੈਸੇ ਸੁਖ ਪਾਵੈ।
ਕਟਹਿ ਤਰੋਵਰ ਕੋ ਜਬੈ, ਪੁਨਿ ਫਲ ਕਿਮ ਖਾਵੈ ॥੧੬॥
ਤੋਰਹਿ ਤਰੀ ਜੁ ਤੋਇ ਮਹਿਂ[1], ਕਿਮ ਤਰਹਿ ਸੁਖਾਰੋ।
ਸਦਨ ਢਾਹਿ ਪੁਨ ਬਸਨ ਚਹਿ, ਮਤਿਮੰਦ ਗਵਾਰੋ-।
ਇਮ ਚਿਤਵਤਿ ਚਿੰਤਾ ਮਹਾਂ, ਸਭਿ ਵਸਤੁ ਗਵਾਏ।
ਬਹੁਤ ਬਿਸੂਰਤਿ ਬੈਠਿ ਕਰਿ, ਨਹਿਂ ਕਿਸੂ ਬਤਾਏ ॥੧੭॥
ਤਬਿ ਤੇ ਮੇਰੀ ਲਾਤ ਮਹਿਂ, ਹੁਇ ਪੀੜ ਘਨੇਰੀ।
ਅਸਥੀ ਕੋ ਚੀਰਹਿ ਮਨਹੁਂ, ਦੁਖ ਦੇਤਿ ਬਡੇਰੀ।
ਕਿਤਿਕ ਕਾਲ ਬੀਤਤਿ ਭਯੋ, ਗੁਰ ਖੋਜਯੋ ਸਾਰੇ[1]।
ਬੁੱਢੇ ਆਦਿਕ ਸਿੱਖ ਸਭਿ, ਲਜਾਏ ਤਿਸ ਬਾਰੇ ॥੧੮॥
ਤਿਸੀ ਰੀਤਿ ਬੈਠੇ ਬਹੁਰ, ਬਰ ਗੁਰਤਾ ਗਾਦੀ।
ਮਿਲਿ ਸਭਿਹਿਨਿ ਬਹੁ ਭਾਂਤਿ ਕੀ, ਕੀਨੀ ਸ਼ੁਭ ਸ਼ਾਦੀ।
ਜਦਪਿ ਲਾਤ ਮਹਿਂ ਪੀਰ ਬਹੁ, ਅਤਿਸ਼ੈ ਦੁਖ ਪਾਊਂ।
ਲਾਜ ਭਾਰ ਤੇ[1] ਦਬ ਰਹ੍ਯੋ, ਨਹਿਂ ਨਿਕਟ ਸਿਧਾਊਂ ॥੧੯॥

[1]ਜਲ ਵਿਚ ਬੇੜੀ ਤੋੜੇ।

[1]ਨੇ।

[1]ਦੇ ਭਾਰ ਨਾਲ।

ਕਰਨਿ ਖੁਟਾਈ ਦੁਖ ਲਹੈ[1], ਜਗ ਬਿਖੈ ਲਜਾਵਹਿਂ[2]।
ਮਹਾਂ ਪੁਰਖ ਕੇ ਤੀਰ ਪੁਨ, ਕਿਮ ਨਹੀਂ ਸਿਧਾਵਹਿ।
ਚਿਰਕਾਲ ਪੀਰਾ ਸਹੀ, ਪਰ ਗਯੋ ਨ ਪਾਸੂ।
ਚਲਨਿ ਲਗੇ ਸ੍ਰੀ ਅਮਰ ਜਬਿ, ਬੈਕੁੰਠ ਅਵਾਸੂ ॥੨੦॥

[1]ਲਈਦਾ ਹੈ। [2]ਸ਼ਰਮਸਾਰ ਕਰਦੀ ਹੈ।

ਹੁਇ ਨਿਲਾਜ ਦੁਖ ਬਡੇ ਤੇ, ਮੈਂ ਨਿਕਟ ਸਿਧਾਰਾ।
ਖਰੋ ਅਗਾਰੀ ਹੋਇ ਕਰਿ, ਕਰ ਜੋਰਿ ਉਚਾਰਾ।
-ਅਪਰਾਧੀ ਮੈਂ ਆਪ ਕੋ, ਅਬਿ ਚਲਿ ਕਰਿ ਆਵਾ।
ਛਮੋ ਅਵੱਗਜਾ ਕਰੀ ਜੋ, ਬਹੁ ਸੰਕਟ ਪਾਵਾ ॥੨੧॥

ਮਹਾਂ ਪੁਰਖ ਉਰ[1] ਬੈਰ ਇਮ, ਜਿਉਂ ਨੀਰ ਲਕੀਰਾ[2]।

[1](ਦੇ) ਰਿਦੇ ਵਿਚ। [2]ਜਿਵੇਂ ਪਾਣੀ ਵਿਚ ਲਕੀਰ ਹੁੰਦੀ ਹੈ।

ਪਾਹਨ ਰੇਖਾ ਪ੍ਰੀਤ ਦ੍ਰਿਢ[1], ਅਸ ਭਾਖਹਿਂ ਧੀਰਾ।

[1]ਮਹਾਂ ਪੁਰਖਾਂ ਦੀ ਪ੍ਰੀਤ ਪੱਕੀ ਹੁੰਦੀ ਹੈ ਪੱਥਰ ਦੀ ਰੇਖਾਂ ਵਾਂਗੂ।

ਮੰਦ ਮਤੀ ਮੈਂ ਸ਼ਰਨ ਹੌਂ, ਤੁਮ ਦੀਨ ਦਯਾਲਾ-।
ਇਮ ਬਿਨਤੀ ਸੁਨਿ ਸ੍ਰੀ ਗੁਰੂ, ਬੋਲੇ ਤਿਸ ਕਾਲਾ ॥੨੨॥
-ਹੋਵਹਿ ਸ੍ਰੀ ਗੁਰ ਰਾਮਦਾਸ, ਸੋਢੀ ਕੁਲ ਟੀਕਾ।
ਸ੍ਰੀ ਅਰਜਨ ਸੁਤ ਤਿਨਹੁ ਕੋ, ਗੁਨ ਗਨ ਤੇ ਨੀਕਾ।
ਸੋ ਖਡੂਰ ਪ੍ਰਵਿਸ਼ਹਿ ਜਬਹਿ, ਹੋਵਹਿ ਤੁਮ ਮੇਲਾ।
ਚਰਨ ਦੁਹੇਲਾ[1] ਦੇਖਿ ਕੈ, ਸੋ ਕਰਹਿਂ

[1]ਦੁਖੀ। [2]ਸੁੱਖੀ।

ਸੁਹੇਲਾ[2]- ॥੨੩॥
ਸੁਨਿ ਕੈ ਤਿਨ ਤੇ ਆਇ ਘਰ, ਨਿਤ ਕਰਤਿ ਉਡੀਕਾ।
-ਕਬਿ ਦਰਸ਼ਨ ਨਿਜ ਦੇਹਿੰਗੇ, ਕਰਿ ਹੈਂ ਪਦ ਨੀਕਾ[1]-।
ਆਨਿ ਕ੍ਰਿਤਾਰਥ ਅਬਿ ਕਿਓ, ਕਾਟਹੁ ਮਮ ਪੀਰਾ।
ਸ਼੍ਰੀ ਨਾਨਕ ਅੰਗਦ ਅਮਰ, ਤੁਮ ਹੀ ਪ੍ਰਭੁ ਧੀਰਾ ॥੨੪॥
ਚਰਨ ਸ਼ਰਨ ਪਰਨੇ ਦਿਹੋ, ਪੂਰਹੁ ਉਰ ਆਸਾ।
ਨਹਿਨ ਹਟਾਵਨਿ ਕੀਜੀਏ, ਜੈਸੇ ਨਿਜ ਦਾਸਾ।'
ਸ਼੍ਰੀ ਅਰਜਨ ਸੁਨਿ ਪੁਨ ਭਨ੍ਯੋ 'ਜਿਮ ਚਾਹ ਤੁਮਾਰੀ।
ਕਰਹੁ ਤਥਾ ਥਲ ਵਡੇ ਹੋ, ਹਮ ਸਿੱਖ ਅਗਾਰੀ[1] ॥੨੫॥
ਸਕੈਂ ਹਟਾਇ ਨ ਤੁਮ ਕ੍ਰਿਤੀ, ਕਰ ਬੰਦਤਿ ਆਗੇ[1]।
ਗੁਰ ਗੁਰ ਗੁਰ ਕੇ ਪੁੱਤ੍ਰ ਸੁਭ, ਬਡ ਬੁੱਧਿ ਸੁਭਾਗੇ।
ਤਬਿ ਦਾਤੂ ਕਰ ਜੋਰ ਕੈ, ਚਰਨੀ ਲਪਟਾਯੋ।
ਸ਼੍ਰੀ ਅਰਜਨ ਕਰ ਫੇਰਿ ਕੈ, ਦੁਖ ਲਾਤ ਹਟਾਯੋ ॥੨੬॥
ਚਿਰੰਕਾਲ ਕੀ ਪੀਰ ਬਡ, ਛਿਨ ਬਿਖੈ ਨਿਵਾਰੀ।
ਮਨ ਪ੍ਰਸੰਨ ਦਾਤੂ ਭਯੋ, ਮਹਿਮਾ ਉਰ ਧਾਰੀ।
ਕਹਿਤੇ ਸੁਨਤਿ ਪ੍ਰਸੰਗ ਕੋ, ਸੂਰਜ ਅਸਤਾਯੋ।

[1]ਚਰਣ ਵੱਲ ਕਰਣਗੇ।

[1]ਅਸੀਂ ਪਹਿਲਾਂ ਦੇ (ਆਪ ਦੇ ਘਰ ਦੇ) ਸਿੱਖ ਹਾਂ।

[1](ਤੁਹਾਡੇ) ਅੱਗੇ ਹੱਥ ਜੋੜਕੇ।

ਨਾਨਾ ਬਿੰਜਨੁ[1] ਤਯਾਰਿ ਕਰਿ, ਸ੍ਰੀ ਗੁਰੁ ਅਚਵਾਯੋ ॥੨੭॥

[1]ਭੋਜਨ।

ਭਗਤਿ ਬਿਬੇਕ ਬਿਗਯਾਨ[1], ਕੀ ਚਰਚਾ ਬਹੁ ਕੀਨੀ।

[1]ਗਿਆਨ ਵਿਚਾਰ।

ਨਾਸ਼ਵੰਤ ਦ੍ਰਿਸ਼ਮਾਨ ਸਭਿ, ਸੱਤਾ ਸਤਿ ਚੀਨੀ[1]।

[1]ਚੇਤਨ) ਸੱਤਾ ਹੀ ਸੱਤ ਜਾਣੀ।

ਸਾਰ ਅਸਾਰ ਬਿਚਾਰ ਕਰਿ, ਨਿਸ਼ਚੈ ਠਹਿਰਾਯੋ।
ਪਾਰਬ੍ਰਹਮ ਪਰਮਾਤਮਾ, ਪਰਪੰਚ ਸੁਹਾਯੋ[1] ॥੨੮॥

[1]ਸਾਰ ਤੇ ਅਸਾਰ ਨੂੰ ਵਿਚਾਰ ਕੇ ਇਹ ਗੱਲ ਨਿਸ਼ਚੇ ਵਿੱਚ ਧਾਰਨ ਕੀਤੀ ਕਿ ਸਾਰੇ ਪ੍ਰਪੰਚ ਵਿੱਚ ਪਾਰਬ੍ਰਹਮ ਪ੍ਰਮਾਤਮਾ ਹੀ ਸੁਹਾ ਰਿਹਾ ਹੈ।

ਸੁਠ ਪ੍ਰਯੰਕ ਪੁਨ ਸੁਪਤਿ, ਭੇ ਸ੍ਰੀ ਅਰਜਨ ਨਾਥਾ।
ਜਾਮ ਜਾਮਨੀ ਤੇ ਜਗੇ, ਸੁਚਿ ਕਰਿ ਜਲ ਸਾਥਾ।
ਪੁਨਿ ਦਾਸੂ ਕੇ ਦਰਸ ਕੋ, ਗਮਨੇ ਤਿਸ ਡੇਰੇ।
ਲਗੀ ਸਮਾਧਿ ਅਗਾਧਿ ਹੀ, ਬਿਨ ਬਾਧ[1] ਬਡੇਰੇ ॥੨੯॥

[1]ਭਾਵ ਅਖੰਡ।

ਬ੍ਰਿਤਿ ਅਖੰਡ ਨਿਸ਼ਚਲ ਟਿਕੀ, ਕੋਠੇ ਸ਼ੁਭ ਮਾਂਹੀ।
ਕੀਨਿ ਉਥਾਨ ਹਿਲਾਇ ਕੈ, ਕਰਿ ਜਤਨੁ ਸੁ ਤਾਂਹੀ।
ਬਿਕਸੇ ਕਮਲ ਬਿਲੋਚਨੈ, ਹਾਲੀ ਮੁਖ ਜੀਹਾ।
ਸ਼੍ਰੀ ਅਰਜਨ ਚਰਨੀ ਪਰੇ, ਬਿਨਤੀ ਕਰਿ ਦੀਹਾ ॥੩੦॥
ਦਾਸੂ ਨੇ ਦੇਖੇ ਜਬੈ, ਕਰ ਬੰਦਿ ਅਗਾਰੀ।
ਬੰਦੇ ਪਰ ਅਰਬਿੰਦ ਮ੍ਰਿਦੁ, ਮੁਖ ਗਿਰਾ ਉਚਾਰੀ।
'ਬਿਚ ਸਮਾਧਿ ਕੇ ਧਯਾਨ ਜਿਹ, ਮੈਂ

ਨਿਤਪ੍ਰਤਿ ਠਾਨਾ।
ਸੋ ਸਰੂਪ ਤੁਮ ਹੀ ਅਹੋ, ਮਹਿਦੇ ਮਹੀਆਨਾ ॥੩੧॥
ਸ੍ਰੀ ਨਾਨਕ ਅਵਤਾਰ ਹੋ, ਇਕ ਜੋਤਿ ਬਿਰਾਜੇ।
ਕਲਿ ਮਹਿਂ ਨਰਨਿ ਉਧਾਰ ਹਿਤ, ਨਿਜ ਤਨ ਉਪਰਾਜੇ।'
ਸ੍ਰੀ ਗੁਰ ਕਹਿਂ 'ਤੁਮ ਬਹੁ ਬਡੇ, ਹਮ ਬਾਲ ਤਿਹਾਰੇ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਰਹਹੁ, ਦੁਖ ਕਾਟਨਿ ਹਾਰੇ! ॥੩੨॥
ਇਕ ਰਸ ਬ੍ਰਿਤੀ ਅਖੰਡ ਸ਼ੁਭ, ਚਿਰਕਾਲ ਟਿਕਾਈ।
ਸਰਬ ਭਾਂਤਿ ਸਮਰਥ ਬਡੇ, ਸਭਿ ਸ਼ਕਤੀ ਪਾਈ।
ਚਹਹੁ ਸੁ ਕਰਹੁ ਨ ਦੇਰ ਲਗਿ, ਬਿਚ ਚਉਦਹਿ ਲੋਕਾ।
ਨਹਿਂ ਆਗਜਾ ਕੋ ਫੇਰਹੀ, ਚਹਿਂ ਦਰਸ ਬਿਲੋਕਾ' ॥੩੩॥
ਤਬਿ ਦਾਸੂ ਨੇ ਬਚ ਕਹ੍ਯੋ 'ਪੂਰਹੁ ਮਮ ਆਸਾ।
ਚਿਰੰਕਾਲ ਕੋ ਤਨ ਤਜੇ[1], ਇਸ ਚਹੌਂ ਨ ਬਾਸਾ।
ਸ੍ਰੀ ਨਾਨਕ ਕੇ ਪਾਸ ਮੈਂ, ਚਾਹਤਿ ਅਬਿ ਜਾਯੋ।
ਅਪਨੋ ਬਾਕ ਭਨੀਜੀਏ, ਹੁਇ ਮੁਝ ਮਨ ਭਾਯੋ' ॥੩੪॥
ਸ੍ਰੀ ਗੁਰ ਬੋਲੇ 'ਹੋਹਿ ਇਮ, ਕੇਤਿਕ ਦਿਨ ਮਾਂਹੀ।
ਤਨ ਤਜਿ ਗਮਨਹੁ ਬੇਗ ਸੋ, ਸ੍ਰੀ ਨਾਨਕ ਪਾਹੀ।

[1]ਭਾਵ, (ਇਹ) ਪੁਰਾਣਾ ਸਰੀਰ ਛਡ ਦਿਆਂ।

ਅਜਰ ਜਰਨ ਧੀਰਜ ਧਰਨ, ਸ੍ਰੀ ਅੰਗਦ ਰੂਪਾ।
ਤੁਮ ਤਿਨ ਕੇ ਬਡ ਪੁੱਤ੍ਰ ਹੋ, ਚਿਤ ਸ਼ਾਂਤਿ ਅਨੂਪਾ ॥੩੫॥
ਦਾਸ ਜਾਨਿ ਕ੍ਰਿਪਾ ਕਰੋ, ਅਪਨੇ ਨਿਤ ਜਾਨੋ।
ਸੀਖ ਸਿਖਾਵੋ ਸ਼ੁਭ ਮਤੀ, ਜਿਮ ਪੰਥ ਮਹਾਨੋ[1]।'

[1]ਜਿਵੇਂ (ਸਿੱਖੀ ਦੇ) ਮਹਾਨ ਮਾਰਗ ਵਿੱਚ ਚੱਲਣਾ ਹੈ।

ਇਮ ਕਹਿ ਠਾਨੀ ਨਮੋ ਪਦ, ਪਰਕਰਮਾ ਦੀਨੀ।
ਅਪਰ ਭਨੀ ਬਹੁ ਬੇਨਤੀ, ਮਹਿਮਾ ਬਡ ਚੀਨੀ ॥੩੬॥
ਆਇਸੁ ਲੇ ਨਿਕਸੇ ਸਦਨ, ਭੇ ਚਲਿਬੇ ਤਜਾਰੂ।
ਤਬਿ ਦਾਤੂ ਕਰ ਜੋਰਿ ਕੈ, ਇਮ ਬਾਕ ਉਚਾਰੂ।
'ਸ੍ਰੀ ਅੰਮ੍ਰਿਤਸਰ ਸਮ ਲਖਹੁ, ਬਸਿਯਹਿ ਇਸ ਥਾਨੂ।
ਮਿਲੇ ਰਹੈਂ ਹਰਖੈਂ ਦਰਸ, ਗੁਨ ਗਯਾਨ ਨਿਧਾਨੂ' ॥੩੭॥
ਸੁਨਿ ਧੀਰਜ ਸਤਿਗੁਰ ਦਈ, ਹੁਇ ਤਯਾਰ ਚਲੇ ਹੈਂ।
ਖਾਸੇ[1] ਪਰ ਪੁਸਤਕ ਸ਼ੁਭਤਿ, ਸ਼ੁਭ ਚਮਰ[2] ਢੁਲੇ ਹੈ।

[1]ਪਾਲਕੀ। [2]ਚੌਰ।

ਰਾਗੀ ਕਰਤੇ ਕੀਰਤਨ, ਬਹੁ ਸਾਜ ਬਜਾਏ।
ਤਬਿ ਸੰਖਨਿ ਕੀ ਧੁਨਿ ਭਈ, ਸੁਮਨਸ ਬਰਸਾਏ ॥੩੮॥
ਲਘੁ ਦੁੰਦਭਿ ਮ੍ਰਿਦੁ ਬਾਜਤੇ, ਤੁਰਹੀ ਸੁ ਨਫੀਰੀ।
ਜੈ ਜੈ ਕਾਰ ਉਚਾਰਤੇ, ਚਹੁੰਦਿਸ਼ਿ ਮਹਿਂ

ਭੀਰੀ।
ਕਰਤਿ ਮੰਗਲਾਚਾਰ ਕੋ, ਬਹੁ ਧੂਪ ਧੁਖਾਵੈਂ।
ਮੰਦ ਮੰਦ ਸ੍ਰੀ ਸਤਿਗੁਰੂ, ਪਾਛੇ ਤਿਸ ਜਾਵੈਂ ॥੩੯॥
ਏਕ ਕੋਸ ਚਲਿ ਕੈ ਟਿਕੇ, ਦਾਤੂ ਸੰਗ ਭਾਖੀ।
'ਹਟਹੁ ਆਪ ਕਰੁਨਾ ਕਰਹੁ, ਪੂਰੀ ਅਭਿਲਾਖੀ[1]।
ਸਿਮਰਹੁ ਅਪਨੇ ਜਾਨਿ ਕੈ, ਹਮ ਦਾਸ ਤਿਹਾਰੇ।'
ਕਰੀ ਪਰਸਪਰ ਬੰਦਨਾ, ਉਰ ਪ੍ਰੇਮ ਉਦਾਰੇ ॥੪੦॥
ਸ੍ਰੀ ਦਾਤੂ ਘਰ ਕੋ ਹਟਜੋ, ਮਨ ਆਨੰਦ ਹੋਵਾ।
ਚਤੁਰ ਗੁਰੂ ਕੋ ਰੂਪ ਅਬਿ, ਸ੍ਰੀ ਅਰਜਨ ਜੋਵਾ।
ਮਹਿਮਾ ਮਹਾਂ ਬਿਚਾਰਤੋ -ਬਡ ਅਜ਼ਮਤ ਵਾਨਾ।
ਬਹੁਰ ਗਰੀਬੀ ਕੇ ਸਹਤ, ਨਿਤ ਕ੍ਰਿਪਾ ਨਿਧਾਨਾ- ॥੪੧॥
ਸ੍ਰੀ ਸਤਿਗੁਰ ਪਗ ਨਗਨ ਤੇ, ਪਾਛੇ ਪ੍ਰਸਥਾਨੇ।
ਆਗੇ ਖਾਸਾ ਪੋਥੀਅਨਿ, ਸਿਖ ਕੰਧ ਪਯਾਨੇ।
ਚਮਰ ਚਾਰੁ ਦੁਹ ਦਿਸ਼ਿ ਢੁਰਤਿ, ਬਹੁ ਸੰਖ ਬਜਾਵੈਂ।
ਇਮ ਮੰਗਲ ਕੋ ਕਰਤਿ ਹੀ, ਉੱਤਰ ਦਿਸ਼ਿ ਜਾਵੈਂ ॥੪੨॥
ਸਨੇ ਸਨੇ ਸਭਿ ਹੀ ਚਲਤਿ, ਮਨ ਨੰਮ੍ਰ ਕਰੰਤੇ।

[1](ਤੁਹਾਡੀ) ਚਾਹ ਪੂਰੀ ਹੋ ਗਈ ਹੈ।

ਸ੍ਰੀ ਅਰਜਨ ਉਰ ਭਾਉ ਪਿਖਿ,
ਬਲਿਹਾਰ ਹੁਵੰਤੇ।
ਸੁਧਾ ਸਰੋਵਰ ਕੋਸ ਦੁਇ, ਜਬਿ ਰਹਜੋ
ਅਗਾਰੇ।
ਸੌਚਿ[1] ਕਰਨਿ ਹਿਤ ਸਭਿ ਟਿਕੇ, ਖਾਸਾ
ਸੁ ਉਤਾਰੇ ॥੪੩॥
ਜਾਮ ਦਿਵਸ ਬਾਕੀ ਰਹਜੋ, ਥਿਤ ਭੇ
ਜਿਸ ਕਾਲਾ।
ਕਰੀ ਸੌਚਿ ਸਭਿ ਹੂੰ ਤਹਾਂ, ਉਰ ਹਰਖ
ਬਿਸਾਲਾ।
ਪ੍ਰਵਿਸ਼ੇ ਚਾਹਤਿ ਨਿਜ ਪੁਰੀ, ਕਰਿ
ਕਾਰਜ ਆਏ।
ਸੰਖਨ ਬਾਦਿਤ ਸ਼ਬਦ ਕੋ, ਧੁਨਿ ਊਚ
ਉਠਾਏ ॥੪੪॥

[1]ਸੁਚ, ਪਵਿੱਤ੍ਰਤਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ ਖਡੂਰ ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਸ੍ਰੀ ਅੰਮ੍ਰਿਤਸਰ ਪੁੱਜੇ। ਇਕਾਂਤ ਥਾਂ ਪਸੰਦ ਕੀਤੀ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਦੋਇ ਕੋਸ ਪਰ ਟਿਕ ਗੁਰੂ, ਥਕੇ ਪੰਥ ਪ੍ਰਸਥਾਨ[1]।
ਕੀਨਿ ਭਲੇ ਬਿਸਰਾਮ ਕੋ, ਹ੍ਵੈ ਸੁਚਿ ਥਿਤ ਤਿਸ ਥਾਨ ॥੧॥

[1]ਰਾਹ ਚਲਦੇ ਥੱਕ ਗਏ।

ਚੌਪਈ:

ਦ੍ਰਿਗ ਮੁੱਦ੍ਰਤਿ[1] ਕਰਿ ਠਾਨ੍ਯੋ ਧ੍ਯਾਨੁ।
ਬੈਠੇ ਨਿਸ਼ਚਲ ਗ੍ਯਾਨ ਨਿਧਾਨੁ।
ਸੁਧਾ ਸਰੋਵਰ ਪੁਰਿ ਸੁਧਿ ਹੋਈ।
ਗੁਰ ਆਗਮਨਿ ਸੁਨ੍ਯੋ ਸਭਿ ਕੋਈ ॥੨॥

[1]ਨੈਣ ਬੰਦ ਕਰਕੇ।

ਸ੍ਰੀ ਹਰਿਗੋਬਿੰਦ ਚੰਦ ਅਨੰਦੇ।
ਬਦਨ ਸਦਨ ਛਬਿ ਖਿਰ੍ਯੋ ਬਿਲੰਦੇ।
ਪਾਇ ਕਿਰਨ ਸੁਧਿ ਪ੍ਰਾਤ[1] ਮਨਿੰਦਾ।
ਭਏ ਪ੍ਰਫੁੱਲਿਤਿ ਦ੍ਰਿਗ ਅਰਬਿੰਦਾ ॥੩॥

[1]ਖਬਰ ਰੂਪ ਕਿਰਨ ਨੂੰ ਪਾਕੇ ਸਵੇਰ ਵਾਂਙੂੰ।

ਸੁਨਿ ਸਾਹਿਬ ਬੁੱਢਾ ਹਰਖਾਏ।
ਸਿਖ ਗੁਰਦਾਸ ਆਦਿ ਸਮੁਦਾਏ।
'ਜਿਸ ਕਾਰਜ ਗਮਨੇ ਕਰਿ ਆਏ।'
ਸੁਨਿ ਗੰਗਾ ਮਨ ਆਨੰਦ ਪਾਏ ॥੪॥
'ਪੁਸਤਕ ਸਭਿ ਖਾਸੇ ਪਰ ਲ੍ਯਾਵਤਿ।
ਆਪ ਗੁਰੂ ਪਨਹੀ ਬਿਨ ਆਵਤਿ।
ਇਮ ਸੁਨਿ ਬਡ ਉਤਸਾਹ ਬਧਾਵਾ।
ਸੁਮਨਸ ਚੰਦਨ ਧੂਪ ਧੁਖਾਵਾ ॥੫॥
ਲੇ ਸੰਗ ਸ੍ਰੀ ਗੁਰ ਹਰਿ ਗੋਬਿੰਦ।
ਚਲੇ ਅਗਾਊ ਜੁਤ ਸਿਖ ਬ੍ਰਿੰਦ।
ਮਧੁਰ ਪ੍ਰਸ਼ਾਦਿ ਅਧਿਕ ਸੰਗ ਲੀਨਾ।
ਸ੍ਰੀ ਗੁਰ ਸਮੁਖ ਪਯਾਨੋ ਕੀਨਾ ॥੬॥
ਪਰਮ ਪ੍ਰੇਮ ਕੋ ਜਾਲ ਫਸਾਏ।

ਮਨਹੁ ਮੀਨ ਗਨ ਐਂਚਤਿ ਆਏ।
ਪੁਰਿ ਕੇ ਨਰ ਗਨ ਸੁਨਿ ਸਮੁਦਾਏ।
ਦੇਖਨਿ ਦਰਸ ਗੁਰੂ ਕਹੁ ਧਾਏ ॥੭॥
ਜੋ ਨਿਤਪ੍ਰਤਿ ਹਿਤ ਕਰਿ ਦਰਸੈ ਹੈਂ[1]।
ਸੋ ਬਹੁ ਦਿਨ ਮੈਂ ਦਰਸ਼ਨ ਪੈ ਹੈਂ[1]।

[1]ਦਰਸ਼ਨ ਕਰਦੇ ਸਨ।

[1]ਉਨ੍ਹਾਂ ਨੇ ਅੱਜ) ਬਹੁਤ ਦਿਨਾਂ ਪਿੱਛੋਂ ਦਰਸ਼ਨ ਪਾਉਣਾ ਹੈ।

ਗਏ ਧਾਇ ਕਰਿ ਚੌਂਪ ਉਮੰਗੇ।
ਰੁਚਿਰ ਉਪਾਇਨ ਲੇ ਕਰਿ ਸੰਗੇ ॥੮॥
ਸਭਿ ਨਰ ਸ੍ਰੀ ਹਰਿਗੋਬਿੰਦ ਸਾਥ।
ਦਰਸੇ ਸਤਿਗੁਰ ਅਰਜਨ ਨਾਥ।
ਪਾਇਨ ਜਾਇ ਉਤਾਇਲ ਪਰੇ।
ਨਿਜ ਨਿਜ ਸਭਿਨਿ ਅਕੋਰੈਂ ਧਰੇ ॥੯॥
ਸਭਿਨਿ ਬਿਲੋਚਨ ਕਮਲ ਸਰੀਖੇ।
ਭਏ ਪ੍ਰਫੁੱਲਜਤਿ ਰਵਿ ਗੁਰ ਦੀਖੇ।
ਸ੍ਰੀ ਹਰਿਗੋਬਿੰਦ ਅੰਕ ਬਿਠਾਏ।
ਪਿਖਤਿ ਅਨੰਦ ਬਿਲੰਦ ਬਧਾਏ ॥੧੦॥
ਸਾਹਿਬ ਬੁੱਢਾ ਅਰੁ ਗੁਰਦਾਸ।
ਬੂਝੀ ਕੁਸ਼ਲ ਤਿਨਹੁਂ ਕੇ ਪਾਸ।
ਹਾਥ ਜੋਰਿ ਤਬਿ ਸਕਲ ਬਖਾਨੈਂ।
'ਕ੍ਰਿਪਾ ਆਪ ਕੀ ਤੇ ਸੁਖ ਠਾਨੈਂ ॥੧੧॥
ਘਰ ਰਾਵਰ ਕੇ ਅਰੁ ਸਭਿ ਥਾਈਂ।
ਕੁਸ਼ਲ ਅਨੰਦ ਰਹੈਂ ਸਮੁਦਾਈ।'
ਪੁਸ਼ਪ ਪ੍ਰਸਾਦਿ ਸਿੱਖ ਗਨ ਲਯਾਏ।
ਕਹਿ ਪੁਸਤਕ ਪਰ ਸੋ ਚਢਿਵਾਏ ॥੧੨॥
ਧੂਪ ਧੁਖਾਵਤਿ ਸੰਖ ਬਜਾਏ।
ਜੈ ਜੈ ਮੰਗਲ ਸ਼ਬਦ ਉਠਾਏ।
ਇਮ ਸਭਿ ਹੀ ਜਬਿ ਮਿਲੇ ਅਗਾਊ।

ਹਰਖੇ ਦੁਹਿਦਿਸ਼ਿ ਹੇਰਤਿ ਭਾਉ
॥ ੧੩ ॥
ਕਿਰਤਨ ਕਰਤਿ ਸਿੱਖ ਅਗੁਵਾਈ।
ਸਮੁਖ ਸੁਧਾਸਰ ਗਮਨੇ ਜਾਈ।
ਚੌਰ ਢੁਰਤਿ ਉਤਸਾਹ ਬਧਾਵਤਿ।
ਸੰਗਤਿ ਸੰਗ ਗੁਰੂ ਛਬਿ ਪਾਵਤਿ
॥ ੧੪ ॥
ਚਤੁਰ ਘਟੀ ਦਿਨ ਰਹਜੋ ਚਲੇ ਹੈਂ।
ਸਿੱਖਜ ਆਇ ਸਮੁਦਾਇ ਮਿਲੇ ਹੈਂ।
ਇਕ ਦਿਸ਼ ਸੰਖ ਨਫੀਰੀ[1] ਬਾਜਤਿ।
ਲਘੁ ਦੁੰਦਭਿ ਮਧੁਰੀ ਘਨ ਲਾਜਤਿ
॥ ੧੫ ॥

[1]ਤੂਤੀਆਂ।

ਸ਼੍ਰੀ ਅਰਜਨ ਸ਼੍ਰੀ ਹਰਿ ਗੋਬਿੰਦ।
ਸ਼ੋਭਤਿ ਪੋਥਿਨਿ ਜੁਤ ਸਿਖ ਬ੍ਰਿੰਦ।
ਬ੍ਰਹਮਾ ਬਿਸ਼ਨ ਅਮਰ[1] ਇੰਦ੍ਰਾਦਿ।
ਮਨਹੁ ਬੇਦ ਕੀ ਕਰਨਿ ਮ੍ਰਿਜਾਦਿ
॥ ੧੬ ॥

[1]ਦੇਵਤਾ।

ਇਕਠੇ ਹੁਇ ਉਤਸਾਹਿਤ ਚਾਲੇ।
ਨਗਰ ਸੁਧਾਸਰ ਬੈਕੁੰਠ ਆਲੇ[1]†।

[1]ਬੈਕੁੰਠ ਘਰ। †ਇਹ ਦ੍ਰਿਸ਼ਟਾਂਤ ਮਾਤ੍ਰ ਹਨ, ਕਿਉਂਕਿ ਕਵਿ ਜੀ ਇਕੋ ਸਾਹਿਤ ਦੇ ਜਾਣੂ ਹਨ, ਸੋ ਉਸੇ ਦੇ ਦ੍ਰਿਸ਼ਟਾਂਤ ਵਰਤਦੇ ਹਨ। ਦ੍ਰਿਸ਼ਟਾਂਤ ਦਾ ਸਦਾ ਇੱਕ ਅੰਗ ਕਵੀ ਜਨ ਲੈਂਦੇ ਹਨ।

ਖਾਸਾ ਫੂਲ ਮਾਲ ਜੁਤ ਆਗੇ।
ਸ਼੍ਰੀ ਗੁਰ ਜੁਤ ਸਿਖ ਪਾਛਹਿ ਲਾਗੇ
॥ ੧੭ ॥
ਜੈ ਜੈ ਸ਼ਬਦ ਕਰਤਿ ਚਲਿ ਜਾਹੀਂ।
ਪਹੁੰਚਤਿ ਭਏ ਜਾਇ ਕਰਿ ਪਾਹੀ।
ਸੁਧਾ ਸਰੋਵਰ ਪੂਰਬ ਪਾਸੇ।
ਥੜਾ ਨਾਮ ਅਬਿ ਲਗਹੁ ਪ੍ਰਕਾਸ਼ੇ†
॥ ੧੮ ॥

†ਥੜਾ ਸਾਹਿਬ ਪੂਰਬ ਦੱਖਣ ਦਿਸ਼ਾ ਦੇ ਵਿਚਾਲੇ, ਦੁਖ ਭੰਜਨੀ ਤੋਂ ਅੱਗੇ ਤੇ ਅਠਸਠ ਤੀਰਥ ਤੋਂ ਉਰੇ ਹੈ। ਇਸ ਪੁਰਾਤਨ ਤੇ ਆਦਿ ਅਸਥਾਨ ਨੂੰ ਢਾਹ ਕੇ ਨਵੀਨ ਅਕਾਲੀ ਅੰਦੋਲਨ ਨੇ ਪੌਣਾ ਬਣਾ ਦਿੱਤਾ ਸੀ, ਸੰਗਤ ਦੀ ਅਵਾਜ਼ ਉੱਠਣ ਤੇ ਹੁਣ ਫੇਰ ਥੜਾ ਸਾਹਿਬ ਰਚ ਦਿੱਤਾ ਗਿਆ ਹੈ। ਪਹਿਲੀ ਇਮਾਰਤ ਇਤਨੀ ਪੱਕੀ ਸੀ

ਇਕ ਇੱਟ ਬੀ ਸਾਬਤ ਨਹੀਂ ਸੀ ਉੱਖੜ ਸਕੀ, ਬਾਜ਼ੇ ਵੇਲੇ ਉਖੇੜਨ ਵਾਲਿਆਂ ਨੂੰ ਬਾਰੂਦ ਦੀ ਸਹਾਇਤਾ ਬੀ ਲੈਣੀ ਪਈ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀਆਂ ਇਮਾਰਤਾਂ ਐਸੀਆਂ ਪੱਕੀਆਂ ਸਨ। ਵਿਸ਼ੇਸ਼ ਲਈ ਦੇਖੋ ਰਾਸਿ ੨ ਅੰਸੂ ੪੦ ਦੇ ਅੰਕ ੪ ਦੀ ਟੂਕ।

ਤਹਾਂ ਸਥਾਪਤਿ ਕਰਿ ਪੋਥੀਨ।
ਟਿਕੇ ਨਿਕਟ ਗੁਰ ਆਨੰਦ ਭੀਨ।
ਸੰਗਤਿ ਜਨ ਸੁਨਿ ਕਰਿ ਚਲਿ ਆਏ।
ਮਨ ਬਾਂਛਤਿ ਸਭਿਹਿਨਿ ਤਬਿ ਪਾਏ ॥੧੯॥
ਅਧਿਕ ਭੀਰ ਸਤਿਗੁਰ ਢਿਗ ਹੋਈ।
ਦਰਸ਼ਨ ਕਰਿ ਗਮਨਤਿ ਸਭਿ ਕੋਈ।
ਬਹੁਤ ਪ੍ਰਸਾਦਿ ਲਜਾਇ ਬਰਤਾਵਾ।
ਸਭਿਹਿਨਿ ਕੇ ਮਨ ਆਨੰਦ ਛਾਵਾ ॥੨੦॥
ਸੰਧਜਾ ਕਰਿ[1] ਸਤਿਗੁਰ ਤਿਸ ਥਾਨੂ।
ਬ੍ਰਿੱਧ ਸਾਥ ਤਬਿ ਬਾਕ ਬਖਾਨੂ।
'ਆਪ ਰਹਹੁ ਪੁਸਤਕ ਕੇ ਪਾਸ।
ਲੇ ਕਰਿ ਅਪਰ ਸਾਥਿ ਗਨ ਦਾਸ ॥੨੧॥
ਜਾਗ੍ਰਨ ਕਰਹੁ ਸਿਮਰ ਸਤਿਨਾਮ।
ਕਿਰਤਨ ਹੋਇ ਸੁ ਚਾਰਹੁੰ ਜਾਮ।'
ਸ਼੍ਰੀ ਹਰਿ ਗੋਬਿੰਦ ਕਉ ਲੇ ਸਾਥ।
ਨਮੋ ਕੀਨਿ ਸ਼੍ਰੀ ਅਰਜਨ ਨਾਥ ॥੨੨॥
ਉਠਤਿ ਪ੍ਰਦਛਣਾ ਦਿਸ਼ਿ ਕਹੁ ਆਏ।
ਪੌਰ ਦਰਸ਼ਨੀ ਸੀਸ ਨਿਵਾਏ।
ਅੰਦਰ ਬਰ ਹਰਿ ਮੰਦਰ ਗਏ।
ਚਤੁਰ ਪ੍ਰਦਛਨਾ ਫਿਰ ਤਹਿੰ ਦਏ ॥੨੩॥
ਖਰੇ ਹੋਇ ਕਰਿ ਸ਼੍ਰੀ ਦਰਬਾਰ।
ਹਾਥ ਜੋਰਿ ਕਰਿ ਬਿਨੈ ਉਚਾਰ।
ਨਮਸਕਾਰ ਕਰਿ ਕੈ ਬਹੁ ਭਾਉ।
ਹਟੇ ਬਹੁਰ ਜਿਨ ਪ੍ਰੇਮ ਸੁਭਾਉ ॥੨੪॥
ਸ਼੍ਰੀ ਹਰਿ ਗੋਬਿੰਦ ਸੰਗ ਸੁਹਾਏ।

[1]ਸੰਝ ਦੇ ਹੋਣ ਕਰਕੇ।

ਮੰਦ ਮੰਦ ਅਪਨੇ ਘਰ ਆਏ।
ਦਾਸੀ ਦਾਸ ਆਨਿ ਪਗ ਲਾਗੇ।
ਬੂਝੀ ਕੁਸ਼ਲ ਗੁਰੂ ਰਸ ਪਾਗੇ[1] ॥੨੫॥
ਅੰਤਰ ਪ੍ਰਵਿਸ਼ੇ ਉਠਿ ਸ੍ਰੀ ਗੰਗਾ।
ਆਨਿ ਲਗੀ ਪਾਇਨ ਕੇ ਸੰਗਾ।
ਸੁਤ ਕੋ ਲੇ ਪ੍ਰਯੰਕ ਪਰ ਬੈਸੇ।
ਰਾਮਚੰਦ ਕੋ ਦਸਰਥ ਜੈਸੇ ॥੨੬॥
ਮਾਤੁਲ ਪਤਨੀ[1] ਕੇ ਸੰਦੇਸ਼।
ਅਪਰ ਬਾਰਤਾ ਬਿਤੀ ਅਸ਼ੇਸ਼।
ਸਨੇ ਸਨੇ ਗੰਗਾ ਕੋ ਸ਼੍ਰੌਨ[1]।
ਕੀਨਿ ਸੁਨਾਵਨਿ ਗੁਰ ਸੁਖ ਭੌਨ ॥੨੭॥
ਤਬਿ ਗੰਗਾ ਮਨ ਆਨੰਦ ਪਾਏ।
ਨਿਕਟ ਬੈਠਿ ਭੋਜਨ ਅਚਵਾਏ।
ਨਿਜ ਕਰ ਤੇ ਠਾਨਤਿ ਬਹੁ ਸੇਵਾ।
ਮਹਿਮਾ ਜਾਨਹਿ ਸ੍ਰੀ ਗੁਰ ਦੇਵਾ ॥੨੮॥
ਸੁਪਤਿ ਹੇਤੁ ਪਰਯੰਕ ਅਰੂਢੇ।
ਇਕ ਪਰ[1] ਹਰਿ ਗੋਬਿੰਦ ਗੁਨ ਗੂਢੇ।
ਸੁਖ ਸੋਂ ਸੈਨ ਕਰੀ ਨਿਸ ਮਾਂਹੀ।
ਰਹੀ ਜਾਮ ਜਾਗੇ ਗੁਨ ਗ੍ਰਾਹੀ ॥੨੯॥
ਸਤਿ ਚੇਤਨ ਆਨੰਦ ਸਰੂਪਾ।
ਤਿਸ ਮਹਿਂ ਨਿਸ਼ਚਲ ਬ੍ਰਿਤੀ ਅਨੂਪਾ।
ਪ੍ਰਥਮ ਸੌਚ ਕਰਿ ਕੈ ਮਨ ਪਾਵਨਿ।
ਪੁਨਹੁ ਕੀਨਿ ਜਲ ਲੇ ਰਦ ਧਾਵਨ[1] ॥੩੦॥
ਕੂਪ ਨੀਰ ਤੇ ਮੱਜਨ ਠਾਨਿ।
ਪੁਨ ਦੁਖਭੰਜਨਿ ਕੀਨਿ ਸ਼ਨਾਨ।
ਥੜੇ ਜਾਇ ਬੈਠੇ ਸੁਖ ਭੌਨ।
ਅਜਪਾ ਜਾਪ ਜਪਯੋ ਕਰਿ ਮੌਨਿ ॥੩੧॥

[1]ਪ੍ਰੇਮ ਵਿੱਚ ਰਤੇ ਹੋਇਆਂ ਨੇ।
[1]ਮਾਮੀ।
[1]ਕੰਨੀਂ।
[1]ਇਕ (ਪਲੰਘ) ਤੇ।
[1]ਦੰਦ ਧੋਣਾ, ਦਾਤਣ ਕਰਨਾ।

ਪੁਨ ਪ੍ਰਾਚੀ ਦਿਸ਼ਿ ਭੀ ਅਰੁਨਾਈ[1]। [1]ਪੂਰਬ ਦਿਸ਼ਾ ਵਲ ਲਾਲੀ।
ਤਿਮਰ ਨਸ਼੍ਯੋ ਚਟਿਕਾ[1] ਚੁਹਕਾਈ। [1]ਚਿੜੀਆਂ।
ਕਮਲ ਬਿਲੋਚਨ ਬਿਕਸੇ ਦੋਈ।
ਉਠੇ ਪ੍ਰਭੂ ਪ੍ਰਭਾਤਿ ਲਖਿ ਹੋਈ ॥੩੨॥
ਬਡੀ ਪ੍ਰਕਰਮਾਂ ਫਿਰ ਕਰਿ ਆਏ।
ਪੌਰ ਦਰਸ਼ਨੀ ਸੀਸ ਨਿਵਾਏ।
ਪੁਨਹ ਜਾਇ ਦਰਬਾਰ ਸੁ ਬੰਦੇ।
ਚਤੁਰ ਪ੍ਰਦਛਨਾ ਕੀਨਿ ਅਨੰਦੇ ॥੩੩॥
ਇਮ ਦਰਸ਼ਨ ਕਰਿ ਫਿਰ ਪੁਨ ਆਏ।
ਬੈਠਿ ਥੜੇ ਪਰ ਗੁਰੂ ਸੁਹਾਏ।
ਮਨਹੁ ਸ਼ੰਭੁ[1] ਥਿਤ ਗੁਰ ਕੈਲਾਸ਼ਾ। [1]ਸ਼ਿਵ ਜੀ।
ਸੁਰ ਜਿਮ ਸਿਖ ਬੈਸੇ ਚਹੁਂ ਪਾਸਾ ॥੩੪॥
ਸੰਗਤਿ ਆਇ ਲਗ੍ਯੋ ਦੀਵਾਨ।
ਬੀਚ ਬਿਰਾਜਹਿਂ ਕ੍ਰਿਪਾ ਨਿਧਾਨ।
ਸ੍ਰੀ ਮੁਖ ਤੇ ਬੋਲੇ ਬਚ ਐਸੇ।
ਨਿਕਸੇ ਕਮਲ ਖਿਰੇ ਅਲਿ ਜੈਸੇ[1] ॥੩੫॥ [1]ਖਿੜੇ ਕਵਲਾਂ ਤੋਂ ਜਿਵੇਂ ਭੌਰੇ ਨਿਕਲਦੇ ਹਨ।
'ਚਿਤ ਦੈ ਸੁਨਿ ਭਾਈ ਗੁਰਦਾਸ!
ਪਰ ਉਪਕਾਰ ਬਡੋ ਸੁਖ ਰਾਸਿ।
ਦੇਖਿ ਦੇਖਿ ਕਰਿ ਸਭਿ ਪੋਥੀਨ।
ਕਰਹੁ ਗ੍ਰਿੰਥ ਸਾਹਿਬ ਰਸ ਭੀਨ ॥੩੬॥
ਸੁਮਤਿ ਬਿਲੋਚਨ ਜਿਨ ਕੇ ਨਾਂਹਿ ਨ।
ਸਮ ਦਮ ਸਬਲ ਸੁ ਬਾਹਨਿ ਜਾਂਹਿ ਨ[1]। [1]ਸਮ ਦਮ ਰੂਪ ਬਲਵਾਨ ਭੁਜਾਂ ਜਿਨ੍ਹਾਂ ਦੇ ਨਹੀਂ।
ਤਪ, ਮਖ ਪਗ ਤੇ[1] ਜੇ ਨਰ ਹੀਨੇ। [1]ਤਪ ਤੇ ਯੱਗ ਰੂਪੀ ਪੈਰਾਂ ਤੋਂ।
ਤਿਨ ਹਿਤੁ ਸੇਤੁ ਰਚਹੁ ਹਿਤ ਦੀਨੇ[1] ॥੩੭॥ [1]ਪੁਲ ਰਚੋ ਪਿਆਰ ਨਾਲ।
ਸਾਗਰ ਅਗਨਿ ਸੰਸਾਰ ਅਗਾਹੂ।
ਜਿਸ ਪੁਲ ਆਸ਼੍ਰੈ ਇਹ[1] ਤਰ ਜਾਹੂ। [1]ਭਾਵ ਸੰਸਾਰ।

ਸੋ ਚਿਤਲਾਇ ਬਨਾਵਨਿ ਕੀਜਹਿ।
ਨਰ ਅਸੰਖ ਕੋ ਹਿਤ ਕਰਿ ਦੀਜਹਿ[1] ॥੩੮॥ [1]ਭਲਾ ਕਰ ਦੇਵੋ।
ਮਹਾਂ ਪੁਰਖ ਕੋ ਜਗ ਤਨ ਧਾਰਨਿ।
ਅਨ ਗਨ ਨਰਨ ਸ੍ਰੇਯ ਕੇ ਕਾਰਨ[1]। [1]ਮਨੁੱਖਾਂ ਦੇ ਕਲਿਆਨ ਦੇ ਵਾਸਤੇ (ਹੁੰਦਾ ਹੈ)।
ਯਾਂ ਤੇ ਅਬਿ ਕੋ ਥਾਨ ਨਿਹਾਰੋ।
ਹੋਇ ਇਕਾਕੀ ਸੁੰਦਰ ਸਾਰੋ ॥੩੯॥
ਜਿਹ ਹੇਰਤਿ ਹੁਇ ਹਰਖ ਬਿਸਾਲਾ।
ਹਰਿਆਵਲਿ ਅਵਨੀ ਤਰੁ ਜਾਲਾ[1]। [1]ਬਹੁਤੇ ਬ੍ਰਿੱਖ।
ਜਲ ਸਮੀਪ ਹੁਇ ਸੁੰਦਰ ਛਾਯਾ।
ਸਘਨ ਹਰਿਤ ਦਲ ਹੁਇੰ ਸਮੁਦਾਯਾ' ॥੪੦॥
ਸੁਨਿ ਭਾਈ ਗੁਰਦਾਸ ਅਲਾਵਹਿ।
'ਜੋ ਥਲ ਕ੍ਰਿਪਾ ਸਿੰਧੁ ਕੋ ਭਾਵਹਿ।
ਸੋ ਆਛੋ ਹੁਇ ਬੈਠਨਿ ਜੋਗ।
ਜਹਾਂ ਨ ਪਹੁੰਚ ਸਕਹਿਂ ਸਭਿ ਲੋਗ' ॥੪੧॥
ਸੁਨਿ ਸ੍ਰੀ ਅਰਜਨ ਆਪਹਿ ਚਲੇ।
ਖੋਜਨਿ ਥਾਨ ਬੈਠਿਬੋ ਭਲੇ।
ਸੰਗ ਚਲੇ ਬੁੱਢਾ ਗੁਰਦਾਸ।
ਕਿਤਿਕ ਸਿੱਖ ਜੇ ਗਜਾਨ ਨਿਵਾਸ ॥੪੨॥
ਚਲੇ ਸੁਧਾਸਰ ਤੇ ਦਿਸ਼ਿ ਪ੍ਰਾਚੀ[1]। [1]ਪੂਰਬ ਦਿਸ਼ਾ ਵਲ।
ਮਤਿ ਉਪਕਾਰ ਬਿਖੈ ਜਿਨ ਰਾਚੀ।
ਇਕ ਉਤ ਫਿਰ ਕਰਿ ਸਥਲ ਨਿਹਾਰੇ।
ਜਹਿਂ ਤਰੁ ਸੰਘਨੇ ਤਹਾਂ ਪਧਾਰੇ ॥੪੩॥
ਕਿਤਿਕ ਕਾਲ ਬਿਚਰਤਿ ਤਿਤਿ ਓਰਾ।
ਨਹਿਂ ਪਾਈ ਬੈਠਿਬਿ ਕੀ ਠੌਰਾ।
ਚਲਦਲ[1] ਖਰੇ ਹਰੇ ਦਿਖਿ ਦੂਰੇ। [1]ਪਿੱਪਲ।
ਗਮਨਤਿ ਪਹੁੰਚੇ ਸ੍ਰੀ ਗੁਰ ਪੂਰੇ

॥੪੪॥

ਕਬਿੱਤ:

ਬਦਰੀ[1] ਅਨੇਕ ਖਰੀ ਹਰੀ ਹਰੀ ਸ਼ੋਭ ਖਰੀ,

[1]ਬੇਰੀਆਂ।

ਘਾਮ ਕੀ ਤਪਤ ਹਰੀ[1], ਹੇਰੀ ਏਕ ਢਾਲ ਕੀ[2]।

[1]ਨਾਸ਼ (ਕੀਤੀ)। [2]ਦੇਖੀਆਂ ਇਕੋ ਤਰ੍ਹਾਂ ਦੀਆਂ।

ਜੰਡ ਹੈ ਅਖੰਡ ਗਨ, ਠਾਂਢੀ ਹੈ ਕਰੀਰ ਭੀਰ[1]

[1]ਸੰਘਣੀਆਂ।

ਚਲਦਲ ਚਲਾਚਲ ਦਲ ਕਲ ਜਾਲ ਕੀ[1]।

[1]ਪਿੱਪਲ ਦੇ ਚੰਚਲ ਸੁੰਦਰ ਸਮੂਹ ਪੱਤੇ।

ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ,

ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ[1]।

[1]ਭਾਵ ਨਵੀਂ ਉੱਗੀ ਹੋਈ।

ਧਰਾ ਜਲ ਨਾਲ ਕੀ[1], ਬਿਟਪ ਜੁਤ ਡਾਲ ਕੀ,

[1]ਧਰਤੀ ਦੇ ਨਾਲ ਜਲ ਹੈ।

ਪਸਿੰਦ ਮੈਂ ਕ੍ਰਿਪਾਲ ਕੀ, ਪ੍ਰਮੁਦਤ[1] ਬਿਸਾਲ ਕੀ ॥੪੫॥

[1]ਅਨੰਦ ਦੇਂਦੀ ਹੈ।

ਸ੍ਵੈਯਾ:

ਸ੍ਰੀ ਗੁਰ ਦੇਖਿ ਕਹ੍ਯੋ ਗੁਰਦਾਸ ਕੋ,

'ਪੰਚਬਟੀ† ਸਮ ਥਾਨ ਨਿਹਾਰਾ।

†ਮੁਰਾਦ ਹੈ ਐਸੀ ਏਕਾਂਤ ਥਾਂ ਜੈਸੀ ਤ੍ਰੇਤੇ ਯੁਗ ਵਿਚ ਨਾਸਕ ਵਿਚ ਗੋਦਾਵਰੀ ਦੇ ਕਿਨਾਰੇ ਪੰਚਬਟੀ ਦਾ ਟਿਕਾਣਾ ਏਕਾਂਤ ਸੀ ਤੇ ਰਮਣੀਕ ਸੀ ਜਿਸ ਨੂੰ ਐਸਾ ਦੇਖਕੇ ਰਾਮ ਜੀ ਟਿਕੇ ਸਨ। ਟਿਕਾਣਾ ਹੁਣ ਬੀ ਹੈ।

ਬੀਚ ਧਰਾ ਇਕ ਸਾਰ ਜਹਾਂ,

ਤਹਿਂ ਬੈਠਨਿ ਚਾਹਤਿ ਚਿੱਤ ਹਮਾਰਾ।

ਤੰਬੂ ਕਨਾਤ ਇਹਾਂ ਲਗਵਾਵਹੁ

ਭਾਖਿ ਮੰਗਾਵਹੁ ਦਾਸ ਹਕਾਰਾ।

ਹੈ ਸੁਖਵੰਤ ਇਕੰਤ ਮਹਾਂ,

ਚਹੁੰ ਓਰ ਖਰੇ ਤਰੁ ਚਾਰੁ ਹਜ਼ਾਰਾ' ॥੪੬॥

ਯੌਂ ਸੁਨਿ ਕੈ ਗੁਰਦਾਸ ਭਨ੍ਯੋ

'ਸੋਈ ਥਾਨ ਭਲੋ ਜਹਿਂ ਆਪ ਕੋ ਭਾਵੈ।

ਮੋ ਮਨ ਭੀ ਹਰਖਾਵਤਿ ਹੈ,
ਜਲ ਹੈ, ਥਲ ਨੀਵੇ ਸੁ ਭੂਮ ਸੁਹਾਵੈ।
ਪੰਚ ਬਟੀ ਸਮ ਆਪ ਕਹੋ
ਅਤਿ ਹੋਇ ਮਹਾਤਮ ਜੋ ਦਰਸਾਵੈ।'
ਯੌਂ ਕਹਿ ਤੰਬੂ ਕਨਾਤ ਮੰਗਾਇ
ਲਗਾਵਤਿ ਭੇਦ ਕੋ ਆਪ ਬਤਾਵੈਂ
॥੪੭॥
ਸ਼੍ਰੀ ਗੁਰ ਫੇਰ ਕਹਜੋ 'ਹਮ ਜਾਤਿ,
ਸੰਵਾਰਿ[1] ਸਥਾਨ ਸੁ ਤਜਾਰ ਕਰੋ। — [1]ਸੰਵਾਰਕੇ।
ਜਾਵਦ ਫੇਰ ਸੁ ਆਵੈਂ ਇਹਾਂ
ਤਬਿ ਲੌ ਕਰਿ ਤੰਬੂ ਕਨਾਤ ਖਰੋ[1]।' — [1]ਖੜੇ ਕਰੋ।
ਦੇਯ ਨਿਦੇਸ਼ ਅਸ਼ੇਸ਼ ਤਿਸੇ[1] — [1]ਆਗਿਆ ਦੇ ਕੇ ਸਾਰੀ ਤਿਸ (ਭਾਵ ਭਾਈ ਗੁਰਦਾਸ ਜੀ) ਨੂੰ।
ਤਬਿ ਆਪ ਹਟੇ ਚਲਿ ਆਇ ਘਰੋ।
ਦੇਤਿ ਸਦਾ ਨਿਜ ਸਿੱਖਜਨ ਕੋ ਸੁਖ
ਦੇਵ ਗੁਰੂ ਨਿਤ ਧਜਾਨ ਧਰੋ[1] ॥੪੮॥ — [1]ਦੇਤਿ ਸਦਾ......... ਸੁਖ ਦੇਵ ਗੁਰੂ = ਗੁਰਵੇਦ ਜੀ ਸੁਖ ਦੇਂਦੇ ਸਨ ਸਦਾ ਸਿੱਖਾਂ ਨੂੰ (ਉਨ੍ਹਾਂ ਦਾ) ਨਿੱਤ ਧਿਆਨ ਧਰੋ (ਅ) ਸੁਖਦੇਵ ਗੁਰੂ = ਸੁਖਦਾਤੇ ਗੁਰੂ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਪੋਥੀਨ ਲੇਨ ਸੁਧਾਸਰ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸੂ ॥੩੯॥

# ੪੦. [ਰਾਮ ਸਰ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਤਬਿ ਭਾਈ ਗੁਰਦਾਸ ਨੇ, ਦਾਸ ਬੁਲਾਏ ਪਾਸ।
ਸ੍ਰੀ ਗੁਰ ਕੀ ਆਇਸੁ ਕਹੀ, ਸੁਨਤਿ ਹੁਲਾਸ ਪ੍ਰਕਾਸ਼ ॥੧॥

ਚੌਪਈ:

ਮਿਲਿ ਬ੍ਰਿੰਦਨ ਸਮ ਕੀਨਸਿ ਅਵਨੀ।
ਚਹੁੰ ਦਿਸ਼ਿ ਹਰਿਆਵਲਿ ਥਿਤਿ ਰਵਨੀ[1]। [1]ਸੁਹਣੀ।
ਡੋਰਨਿ ਤਾਨ[1] ਖਰੋ ਕਿਯ ਤੰਬੂ। [1]ਤਾਣਕੇ।
ਨੰਮ੍ਰ ਸਥਾਨ ਨਿਕਟ ਕਛੁ ਅੰਬੂ[1] ॥੨॥ [1]ਜਲ।
ਕਰਿ ਕਨਾਤ ਠਾਢੀ ਤਹਿਂ ਗਾਢੀ।
ਚਹੁੰ ਕੋਦ ਸੁੰਦਰ ਦੁਤਿ ਬਾਢੀ।
ਜਲ ਕੋ ਬਹੁ ਛਿਰਕਾਵ ਕਰਾਵਾ।
ਪੁਨ ਗੁਲਾਬ ਬੂੰਦਨ ਬਰਸਾਵਾ ॥੩॥
ਚਹੁੰ ਦਿਸ਼ਿ ਚੰਦਨ ਚਰਚਜੋ ਚਾਰੂ।
ਬਹੁ ਖੁਸ਼ਬੋਇ ਉਠਤਿ ਮਹਿਕਾਰੂ[1]। [1]ਖੁਸ਼ਬੋ ਦੀ ਮਹਿਕਾਰ।
ਆਨਿ ਬਾਗ ਤੇ ਸੁੰਦਰ ਬੂਟੇ।
ਕਰੇ ਲਗਾਵਨਿ ਸੁਮਨਸੁ ਜੁਟੇ[1] ॥੪॥ [1]ਫੁੱਲਾਂ ਨਾਲ ਜੁੜੇ ਹੋਏ।
ਬਰਨ ਬਰਨ ਕੇ ਫੂਲ ਪ੍ਰਫੁੱਲਜਤਿ।
ਬਾਯੁ ਬਹਤਿ ਸ਼ਾਖਾ ਜਿਨ ਝੁੱਲਜਤਿ।
ਸਕਲ ਸਥਲ ਤੇ ਰੇਣੁ[1] ਦਬਾਈ। [1]ਧੂੜ।
ਕੰਟਕ, ਸ਼ੁਸ਼ਕ ਸੁ ਤ੍ਰਿਣਨਿ ਹਟਾਈ[1] ॥੫॥ [1]ਕੰਡੇ ਤੇ ਸੁੱਕੇ ਕੱਖ ਦੂਰ ਕੀਤੇ।
ਥਲ ਕਨਾਤ ਅੰਤਰ ਬਰ[1] ਜੇਤਾ। [1]ਅੰਦਰ ਵਾਰ ਦਾ।
ਛਾਯੋ ਰੁਚਿਰ ਫਰਸ਼ ਤੇ ਤੇਤਾ।
ਤੰਬੂ ਕੇ ਅੰਤਰ ਚੰਦੋਵਾ।
ਝਾਲਰਦਾਰ ਝਲਕਤੋ ਹੋਵਾ ॥੬॥
ਰੇਸ਼ਮ ਡੋਰ ਬੰਧਿ ਕਰਿ ਤਾਨਾ[1]। [1]ਤਾਣਿਆਂ (ਚੰਦੋਆ)

ਜਰੀ ਚਿੱਤ੍ਰ ਚਿੱਤ੍ਰਤਿ ਜਿਹ ਨਾਨਾ[1]।
ਰੰਗ ਦਾਰ ਅੰਬਰ ਲੇ ਔਰ।
ਤੰਬੂ ਕੇ ਅੰਤਰ ਚਹੁਂ ਓਰ ॥੭॥
ਗੋਲ ਸਰਲ ਸੁੰਦਰ ਸ਼ੁਭ ਰੰਗ।
ਖਰੀ ਖਰੀ[1] ਦ੍ਵੈ ਚੋਬ ਉਤੰਗ।
ਊਪਰ ਕਲਸ ਸੁਨਹਿਰੀ ਸ਼ੋਭਾ।
ਜਨੁ ਜੁਗ ਕਮਲ ਕਲੀ ਛਬਿ ਲੋਭਾ[1] ॥੮॥
ਐਸੋ ਥਾਨ ਕੀਨਿ ਰਮਨੀਕੋ।
ਜਿਹ ਦੇਖਤਿ ਹੁਇ ਆਨੰਦ ਜੀ ਕੋ।
ਰਾਖੇ ਕੇਤਿਕ ਦਾਸ ਬਿਠਾਏ।
ਗੁਰ ਢਿਗ ਤਬਿ ਗੁਰਦਾਸ ਸਿਧਾਏ ॥੯॥
ਉਤ ਸ੍ਰੀ ਅਰਜਨ ਢਿਗ ਪੋਥੀਨ।
ਬਸਹਿਂ ਪ੍ਰੇਮ ਕਰਿ ਭਾਉ ਪ੍ਰਬੀਨ[1]।
ਬੈਠਿ ਥੜੇ ਦੀਵਾਨ ਲਗਾਵੈਂ।
ਸਭਿ ਸੰਗਤਿ ਕੋ ਦਰਸ ਦਿਖਾਵੈਂ ॥੧੦॥
ਜਾਇ ਕੀਨਿ ਅਰਦਾਸ ਅਗਾਰੀ।
'ਸ਼੍ਰੀ ਗੁਰ! ਭਯੋ ਸਥਾਨ ਤਯਾਰੀ।
ਚਹੁਂ ਦਿਸ਼ਿ ਤੇ ਰਮਣੀਕ ਬਨਾਵਾ।
ਬ੍ਰਿੰਦ ਤਰੋਵਰੁ ਜਹਿਂ ਦ੍ਰਿਸ਼ਟਾਵਾਂ' ॥੧੧॥
ਸੁਨਿ ਸ਼੍ਰੀ ਅਰਜਨ ਸਭਿ ਪੋਥੀਨ।
ਲੇ ਗਮਨੇ ਉਤਸਾਹੁ ਸੁ ਕੀਨਿ।
ਖਾਸੇ ਕੋ ਉਚਵਾਇ ਚਲੇ ਹੈਂ।
ਦੁਹਿਂ ਦਿਸ਼ਿ ਸੁੰਦਰ ਚਮਰ ਢੁਲੇ ਹੈਂ ॥੧੨॥
ਮੁਕਤਾ ਗਨ ਪਰ ਮਨਹੁਂ ਮਰਾਲ।
ਉਡਤਿ ਭ੍ਰਮਤਿ ਨਿਕਟ ਨ ਡਰ ਨਾਲ।
ਸਿਖ ਸੰਗਤਿ ਲੈ ਫੂਲਨਿ ਮਾਲਾ।

[1]ਜਰੀ ਦੇ ਨਾਨਾ ਚਿੱਤ੍ਰ ਜਿਥੇ ਚਿੱਤਰੇ ਹੋਏ ਹਨ।

[1]ਚੰਗੀਆਂ ਖੜੀਆਂ ਕੀਤੀਆਂ।

[1]ਕਮਲਾਂ ਦੀ ਕਲੀ ਭਾਵ ਬੰਦ ਕਮਲਾਂ ਦੀ ਸ਼ੋਭਾ ਲੁਭਾਇਮਾਨ ਹੋ ਰਹੀ ਹੈ, ਭਾਵ ਦੋਹਾਂ ਕਲਸਾਂ ਦੀ ਸੁੰਦਰਤਾ ਦੋ ਕਮਲਾਂ ਦੀ ਬੰਦ ਕਲੀ ਵਤ ਹੈ।

[1]ਪ੍ਰਬੀਲ ਭਾਉ ਵਾਲੇ ਸ਼੍ਰੀ ਗੁਰ ਅਰਜਨ ਦੇਵ ਜੀ

ਲਰਕਾਈ ਚਹੁੰ ਦਿਸ਼ਨਿ ਬਿਸਾਲਾ ॥੧੩॥
ਧੂਪ ਧੁਖਾਵਤਿ ਜਾਤਿ ਅਗਾਰੀ।
ਧੁਨਿ ਮਿਲਿ ਜੈ ਜੈ ਕਾਰ ਉਚਾਰੀ।
ਹੋਤਿ ਭਯੋ ਸੰਖਨ ਕੋ ਸ਼ੋਰਾ।
ਕਰਹਿਂ ਕੀਰਤਨ ਮਿਲਿ ਮਿਲਿ ਜੋਰਾ[1] ॥੧੪॥

[1]ਜੋਰ ਨਾਲ (ਅ) ਜੋਟੀਆਂ ਦੇ ਸ਼ਬਦ ਪੜ੍ਹਨੇ, ਅਰਥਾਤ ਗੌਣ ਵਾਲਿਆਂ ਦੇ ਦੋ ਹਿੱਸੇ ਹੋ ਜਾਣੇ ਇੱਕ ਨੇ ਪਹਿਲੋਂ ਦੂਏ ਨੇ ਮਗਰ ਉਸ ਨੂੰ ਫੇਰ ਗਾਉਣਾ।

ਲਘੁ ਦੁੰਦਭਿ ਮਿਲਿ ਸੰਗ ਨਫੀਰਾ।
ਕਰਤਿ ਬਜਾਵਨਿ ਭੀ ਬਡ ਭੀਰਾ।
ਇਮ ਉਤਸਾਹ ਕਰਤਿ ਗੁਰ ਚਾਲੇ।
ਗਮਨੇ ਸਿੱਖਯ ਸੁ ਪ੍ਰੇਮ ਬਿਸਾਲੇ ॥੧੫॥
ਸਨੇ ਸਨੇ ਤਿਸ ਥਾਨ ਪਹੁਚੇ।
ਚਲਦਲ ਸਦਲ[1] ਝੁਲਤਿ ਜਹਿਂ ਊਚੇ।

[1]ਪਤਿਆਂ ਸਮੇਤ ਪਿੱਪਲ।

ਸੁੰਦਰ ਚਹੁੰ ਦਿਸ਼ਿ ਬਨਯੋ ਨਿਹਾਰਾ।
ਲਪਟੈਂ ਛੁਟਤਿ ਅਧਿਕ ਮਹਿਕਾਰਾ ॥੧੬॥
ਅਧਿਕ ਪ੍ਰਸੰਨ ਭਏ ਪਿਖਿ ਸਾਰੇ।
ਅੰਤਰ ਖਾਸਾ ਦੀਨਿ ਉਤਾਰੇ।
ਖੁਸ਼ੀ ਕਰੀ ਊਪਰ ਗੁਰਦਾਸ।
ਬੈਠੇ ਸਤਿਗੁਰ ਧਰੇ ਹੁਲਾਸ ॥੧੭॥
ਸਿਖ ਸੰਗਤਿ ਬੈਠੇ ਤਿਸ ਥਾਨਿ।
ਗੁਰ ਕੇ ਚਹੁੰਦਿਸ਼ਿ ਲਗਯੋ ਦਿਵਾਨ।
ਸਮੁਖ ਸਥਾਨ ਨੰਮ੍ਰ ਕੁਛ ਨੀਰਾ।
ਤਿਸ ਪਿਖਿ ਬੋਲੇ ਸਤਿਗੁਰ ਧੀਰਾ ॥੧੮॥
'ਨਿਜ ਦਾਸਨਿ ਕੇ ਹਿਤ ਕੱਲਜਾਨ।
ਅਲਪ ਰਚਹੁ ਸਰ ਸੁੰਦਰ ਥਾਨ।
ਜਿਤਿਕ ਨਿਕਾਸਹਿਂ ਕਾਰ ਇਹਾਂ ਕੀ।
ਕਿਤਿਕ ਮਲਿਨਤਾ[1] ਨਾਸਹਿ ਤਾਂ ਕੀ ॥੧੯॥

[1]ਪਾਪਾਂ ਰੂਪੀ) ਮੈਲ।

ਸੇਵਾ ਕਰਹਿ ਤੀਰਥਨਿ ਕੇਰੀ।
ਦੁਹਿ ਲੋਕਨਿ ਲਹਿ ਸ਼੍ਰੇਯ ਘਨੇਰੀ।'
ਸ਼੍ਰੀ ਅਰਜਨ ਕੋ ਸੁਨਿ ਫੁਰਮਾਵਨਿ।
ਸੰਗਤਿ ਉਠੀ ਕਾਰ ਨਿਕਸਾਵਨਿ ॥੨੦॥
ਏਕ ਜਾਮ ਲੌ ਕਰੀ ਨਿਕਾਸਨਿ।
ਰਚਜੋ ਅਲਪ ਸਰ ਮਿਲਿ ਬਹੁ ਦਾਸਨਿ।
ਪਿਖਿ ਸੰਧਯਾ ਸਭਿ ਗੁਰੂ[1] ਹਟਾਏ।
ਸੰਗਤਿ ਥਿਤਿ ਹੁਇ ਬਾਕ ਅਲਾਏ ॥੨੧॥
'ਸ਼੍ਰੀ ਗੁਰ ਜੀ! ਤੀਰਥ ਇਸ ਕੇਰਾ।
ਧਰਹੁ ਨਾਮ ਹੁਇ ਬਿਦਿਤ ਬਡੇਰਾ।'
ਸੁਨਿ ਬੁੱਢੇ ਕੋ ਬੂਝਨ ਠਾਨਾ।
'ਕੌਨ ਨਾਮ ਇਸ ਕਰਹਿਂ ਬਖਾਨਾ? ॥੨੨॥
ਹੁਇ ਸਾਰਥ[1] ਫਲਦਾਯਕ ਭਾਰੀ।
ਮੱਜਤਿ ਅਘ ਕੀ ਮੈਲ ਉਤਾਰੀ[1]।'
'ਸ਼੍ਰੀ ਗੁਰ ਤੁਮ ਸਰਬੱਗਜ ਬਿਸਾਲਾ।
ਲਖਹੁ ਬ੍ਰਿਤਾਂਤ ਜੁ ਹੁਇ ਤ੍ਰੈ ਕਾਲਾ ॥੨੩॥
ਰਾਵਰਿ ਅਛਤਿ ਨ ਸਮਰਥ ਕਾਹੂ।
ਧਰਹੁ ਨਾਮ ਜਿਮ ਹੁਇ ਮਨ ਮਾਂਹੂ।'
ਸ਼੍ਰੀ ਅਰਜਨ ਸਭਿ ਸੁਨਤਿ ਉਚਾਰਾ।
'ਪੰਚਬਟੀ ਥਿਤ ਰਾਮ ਉਦਾਰਾ ॥੨੪॥
ਇਹਾਂ ਰਾਮ ਕੋ ਨਾਮ ਸੁ ਬਾਸਾ[1]।
ਰਚਹਿਂ ਗ੍ਰਿੰਥ ਸਾਹਿਬ ਸੁਖ ਰਾਸਾ।
ਨਾਮ ਸੁ ਨਾਮੀ ਭੇਦ ਨ ਕੋਈ।
ਏਕ ਰੂਪ ਜਾਨਤਿ ਸਭਿ ਲੋਈ ॥੨੫॥
ਰਾਮਨਾਮ ਕੀ ਮਹਿਮਾ ਮਹਾਂ।
ਰਚਹਿਂ ਗ੍ਰਿੰਥ ਸਾਹਿਬ ਜੀ ਇਹਾਂ।
ਯਾਂ ਤੇ ਨਾਮ ਰਾਮਸਰ ਹੋਵਾ।

[1]ਸਭ (ਦਾਸਾਂ) ਨੂੰ ਗੁਰੂ ਜੀ ਨੇ।

[1]ਸਹਿਤ ਅਰਥ ਦੇ।

[1]ਉਤਾਰੇ।

[1]ਰਾਮ ਦਾ ਨਾਮ ਵਸਿਆ ਹੈ।

ਅੱਗੇ ਚੱਲਕੇ ਅੰਕ ੨੭ ਦੇ ਪਿਛੋਂ ਕਵਿ ਜੀ ਉਹ ਸ਼ਬਦ ਦੇਂਦੇ ਹਨ ਜਿਸ ਵਿਚ ਰਾਮਸਰ ਦਾ ਜ਼ਿਕਰ ਹੈ, ਉਚੇ ਪੰਚਬਟੀ ਤੇ ਰਾਮ ਚੰਦ੍ਰ ਜੀ ਦਾ ਕੋਈ ਵਰਣਨ ਯਾ ਰੂਪਕ ਨਹੀਂ ਹੈਂ। ਇਹ ਦ੍ਰਿਸ਼ਟਾਂਤ ਕਵਿ ਜੀ ਦੀ ਆਪਣੀ ਕਾਵਯ ਸ਼ਾਰਦਾ ਦੇ ਚਮਤਕਾਰ ਹਨ। ਸਤਿਗੁਰੂ ਜੀ ਇਸ 'ਰਾਮ' ਦੇ ਤਾਂ ਉਪਾਸਕ ਸਨ:- 'ਰਮਤ ਰਾਮੁ ਸਭ ਰਹਿਓ ਸਮਾਇ' ॥.......'ਰਾਮ ਰਾਮ ਵੀਸਰਿ ਨਹੀਂ ਜਾਇ' ॥ [ਗੋਂਡ ਮ: ੫] ਪਰ ਪੰਚਬਟੀ ਦੇ ਸ਼੍ਰੀ ਰਾਮ ਦੇ ਉਪਾਸਕ ਨਹੀਂ ਸਨ, ਯਥਾ- 'ਹੋਰਿ ਕੇਤੇ ਰਾਮ ਰਵਾਲ' ॥ ਅਸਲ ਕਾਰਣ ਇਹ ਹੈ ਕਿ ਜੋ ਨਗਰੀ ਵਸਾਈ ਸੀ ਜਿਸਦਾ ਨਾਮ ਹੁਣ ਅੰਮ੍ਰਿਤਸਰ ਹੈ ਉਸਦਾ ਤਦੋਂ ਨਾਮ ਸੀ ਰਾਮਦਾਸ ਚਕ, ਰਾਮਦਾਸ ਪੁਰ' ਸ਼੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੇ ਯਥਾ 'ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ' ॥ ਸਰੋਵਰ ਦਾ ਨਾਮ 'ਸ਼੍ਰੀ ਅੰਮ੍ਰਿਤਸਰ' ਧਰਿਆ ਸੀ, ਤੇ ਸਰੋਵਰ ਦੇ ਵਿਚਲੇ ਮੰਦਰ ਦਾ ਨਾਮ ਹਰਿਮੰਦਰ ਰਖਿਆ ਸੀ। ਇਸ ਨਵੇਂ ਤਲਾ ਦਾ ਨਾਮ ਆਪਣੇ ਪਿਤਾ ਜੀ ਦੇ ਨਾਮ ਤੇ ਹੀ 'ਰਾਮਸਰ' ਰੱਖਿਆ ਸੀ। 'ਅੰਮ੍ਰਿਤਸਰ' ਨੂੰ ਕਈ ਵੇਰ ਗੁਰੂ ਜੀ 'ਰਾਮਦਾਸ ਸਰੋਵਰ' ਬੀ ਕਹਿੰਦੇ ਸਨ, ਪਰ ਇਹ ਅੰਮ੍ਰਿਤਸਰ ਦਾ ਦੂਸਰਾ ਨਾਮ ਅਰਥਾਤ ਸੰਕੇਤਕ ਸੰਗਯਾ ਪਦ ਹੋ ਕੇ ਨਹੀਂ ਵਰਤੀਂਦਾ ਸੀ, ਸਗੋਂ ਇਹ ਯੋਗਕ ਪਦ ਸੀ ਤੇ ਵਿਸ਼ੇਸ਼ਨ ਹੋ ਕੇ ਵਰਤਿਆ ਜਾਂਦਾ ਸੀ, ਜਿਸਦਾ ਅਰਥ ਹੁੰਦਾ ਸੀ ਉਹ ਸਰੋਵਰ ਜੋ ਸ਼੍ਰੀ ਗੁਰੂ ਰਾਮਦਾਸ ਜੀ ਨੇ ਅਰੰਭਿਆ ਸੀ। ਯਥਾ:- 'ਸੰਤਹੁ ਰਾਮ ਦਾਸ ਸਰੋਵਰੁ ਨੀਕਾ' ਆਦਿ। ਅੰਮ੍ਰਿਤਸਰ ਨਾਮ ਤੀਸਰੀ ਪਾਤਸ਼ਾਹੀ ਨੇ ਦਿੱਤਾ ਸੀ, ਤੇ ਆਪ ਨੇ ਹੀ ਸ਼੍ਰੀ ਗੁਰੂ ਰਾਮਦਾਸ ਜੀ ਨੂੰ ਇਥੇ ਸਰੋਵਰ ਰਚਣ ਦੀ ਆਗਿਆ ਦਿੱਤੀ ਸੀ, ਨਿਸ਼ਾਨ, ਪਤੇ ਤੇ ਲੱਛਣ ਦੱਸੇ ਸਨ। ਅਸਲ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਟਿਕਾਣੇ ਸਥਾਨ ਸਰੋਵਰ ਰਚਣ ਦੀ ਆਗਿਆ ਦੂਸਰੇ ਸਾਹਿਬਾਂ ਨੂੰ ਦਿੱਤੀ ਤੇ ਉਨ੍ਹਾਂ ਤੀਸਰੇ ਸਾਹਿਬਾਂ ਨੂੰ, ਪੁਰਾਤਨ ਇਤਿਹਾਸ ਵਿਚ ਇਸ ਪ੍ਰਕਾਰ ਹੈ। ਸੋ ਅੰਮ੍ਰਿਤਸਰ ਨਾਮ ਆਦਿ ਸਾਹਿਬਾਂ ਦਾ ਦਿੱਤਾ ਹੋਇਆ ਹੋਵੇ ਤਾਂ ਅਚਰਜ ਨਹੀਂ। ਜਾਪਦਾ ਹੈ ਕਿ ਸੁਲਤਾਨਪੁਰੋਂ ਉਠਕੇ ਸੈਦ ਪੁਰ ਨੂੰ ਜਾਂਦੇ ਹੋਏ ਤੇ ਫੇਰ ਕਰਤਾਰ ਪੁਰੋਂ ਬਹੁਤ ਵੇਰ ਆਦਿ ਗੁਰੂ ਜੀ ਏਥੇ ਆਕੇ ਇਕਾਂਤ ਵਾਸਾ ਕਰਦੇ ਰਹੇ ਹਨ (ਵੇਖੋ ਰਾਸ ੨ ਵਿਖੇ ਅੰਸੂ ੧੧, ਅੰਕ ੪੩ ਤੇ ਅੰਸੂ ੩੦ ਅੰਕ ੭ ਦੀਆਂ ਹੇਠਲੀਆਂ ਟੂਕਾਂ)।

ਪਾਤਕ ਘਾਤਕ ਮੱਜਤਿ ਜੋਵਾ[1]' ॥੨੬॥

[1]ਦਰਸ਼ਨ ਤੇ ਇਸ਼ਨਾਨ ਤੋਂ ਪਾਪਾਂ ਦਾ ਨਾਸ਼ ਕਰਤਾ ਹੈ [ਜੋਵਾ = ਦਰਸ਼ਨ੍] (ਅ) ਇਸ਼ਨਾਨ ਕਰਦਿਆਂ ਪਾਪਾਂ ਦਾ ਨਾਸ਼ ਕਰਤਾ ਦੇਖਿਆ।

ਸੁਨਿ ਸੰਗਤਿ ਸਗਰੀ ਹਰਖਾਈ।
ਹਾਥ ਜੋਰਿ ਕਰਿ ਗ੍ਰੀਵ ਨਿਵਾਈ।
ਤਿਸ ਪਰਿਥਾਇ ਸਬਦ ਗੁਰ ਕੀਨਾ।
ਨਾਮ ਮਹਾਤਮ ਕੋ ਧਰਿ ਦੀਨਾ ॥੨੭॥

ਸ੍ਰੀ ਮੁਖਵਾਕ:
ਗਉੜੀ ਮਹਲਾ ੫ ॥
ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥
ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥੩॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥

ਚੌਪਈ:

'ਮੱਜਤਿ ਜਲ ਇਹ ਸ਼ਬਦ ਪਠੰਤਾ।

ਤਿਸ ਤੀਰਥ ਕੋ ਫਲ ਸੁ ਲਹੰਤਾ।
'ਸੁਨਿ ਕੈ ਸੰਗਤਿ ਬਾਕ ਬਿਲਾਸੇ।
ਮਸਤਕ ਟੇਕਤਿ ਪਰਮ ਹੁਲਾਸੇ ॥੨੮॥
ਸਤਿਗੁਰ ਆਗਜਾ ਸਭਿ ਕੋ ਦਈ।
'ਦਿਨ ਮਣਿ[1] ਅਥਯੋ ਨਿਸਾ ਅਬਿ ਭਈ।
ਸ੍ਰੀ ਹਰਿ ਗੋਬਿੰਦ ਕੇ ਸੰਗ ਜਾਵਹੁ।
ਗਮਨਹੁ ਨਗਰ ਬਿਖੈ ਸੁਖ ਪਾਵਹੁ' ॥੨੯॥

[1]ਸੂਰਜ।

ਬਿਦਾ ਕਰੇ ਸਭਿ ਸੋਂ ਇਮ ਕਹਯੋ।
ਢਿਗ ਗੁਰਦਾਸੁ ਰੁ ਬੁੱਢਾ ਰਹਯੋ।
ਸ੍ਰੀ ਹਰਿ ਗੋਬਿੰਦੁ ਚੰਦ ਨਿਕੇਤ[1]।
ਸਦਨ ਪ੍ਰਵੇਸ਼ੇ ਸਭਿਨਿ ਸਮੇਤ ॥੩੦॥

[1]ਚੰਦ ਨਿਕੇਤ = ਸੀਤਲਤਾ ਦਾ ਘਰ, (ਅ) ਚੰਦਨ ਕੇਤੁ = ਚੰਦਨ ਦੀ ਧ੍ਵਜਾ।

ਕਰਿ ਬੰਦਨ ਸਭਿ ਅਪਨੇ ਧਾਮ।
ਗਏ ਸਿੱਖਯ ਕੀਨਸਿ ਬਿਸਰਾਮ।
ਸ੍ਰੀ ਅਰਜਨ ਡੇਰੇ ਮਹਿਂ ਰਹੇ।
ਜਿਨ ਦਰਸ਼ਨ ਦੁਖ ਦਾਰਿਦ ਦਹੇ ॥੩੧॥
ਸੇਵਕ ਕਿਤਿਕ ਰਹੇ ਹਿਤ ਸੇਵਾ।
ਅਹੈਂ ਸਮੀਪੀ ਜੇ ਗੁਰਦੇਵਾ।
ਸੂਪਕਾਰ ਕਰਿ ਤਯਾਰ ਅਹਾਰੇ।
ਕੀਨਿ ਸੁਨਾਵਨਿ ਖਰੋ ਅਗਾਰੇ ॥੩੨॥
ਆਇਸੁ ਲੇ ਕਰਿ ਥਾਰ ਮਝਾਰਾ।
ਕੀਨਿ ਪਰੋਸਨਿ ਰੁਚਿਰ ਅਹਾਰਾ।
ਸ੍ਰੀ ਗੁਰ ਕੋ ਤਬਿ ਜਾਇ ਅਚਾਯੋ।
ਪੀਛੇ ਸਭਿ ਸਿੱਖਯਨਿ ਮੁਖ ਪਾਯੋ ॥੩੩॥
ਬੀਤੀ ਜਾਮਨਿ ਘਟਿਕਾ ਚਾਰੀ।
ਨਿਕਟਿ ਹੋਇ ਗੁਰਦਾਸ ਉਚਾਰੀ।
'ਸੁਨਹੁ ਕ੍ਰਿਪਾਲ ਸਘਨ ਬਨ ਮਹਾਂ।
ਸਸਿ ਕਰ[1] ਭੀ ਨਹਿਂ ਪ੍ਰਵਿਸ਼ਹਿ ਇਹਾਂ

[1]ਚੰਦ੍ਰਮਾਂ ਦੀ ਕਿਰਨ।

॥੩੪॥
ਰਾਮਚੰਦ ਜਿਮ ਕਾਨਨ ਸੇਵਾ[1]।
ਭਈ ਜਾਮਨੀ ਤੁਮ ਗਤਿ ਏਵਾ।
ਬਾਂਛਤਿ ਜਥਾ ਇਕਾਂਕੀ ਹੋਵਨਿ।
ਤਥਾ ਸਥਲ ਇਹ ਕੀਨਸਿ ਜੋਵਨਿ ॥੩੫॥

[1]ਬਨ ਨੂੰ ਸੇਵਿਆ ਭਾਵ ਬਨਾਂ ਵਿਚ ਰਹੇ ਸੇ।

ਕਮਲਾਸਨ ਤੁਮਰੋ ਹਿਤ ਜਾਨਿ।
ਪ੍ਰਥਮ ਰਚਯੋ ਇਹ ਰੁਚਿਰ ਸਥਾਨ।'
ਕਹਤਿ ਗੁਰੂ 'ਸੁਨ ਹੇ ਗੁਰਦਾਸ!
ਮਹਿਮਾ ਇਸ ਥਲ ਮਹਾਂ ਪ੍ਰਕਾਸ਼[1] ॥੩੬॥

[1]ਪ੍ਰਗਟ ਹੋਵੇਗੀ।

ਰਚਨਾ ਅਨਿਕ ਭਾਂਤਿ ਕੀ ਹੋਵੈ।
ਪ੍ਰਗਟੈ ਗੁਰ ਪ੍ਰਤਾਪ ਰਿਪੁ ਖੋਵੈ[1]।'

[1]ਗੁਰੂ ਦਾ ਪ੍ਰਤਾਪ ਪ੍ਰਗਟੇਗਾ ਤੇ ਸ਼ੱਤ੍ਰੂ ਦਾ ਨਾਸ਼ ਹੋਵੇਗਾ। ਇਹ ਭਵਿੱਖਤ ਵਾਕ ਓਦੋਂ ਪੂਰੇ ਹੋਏ ਜਦੋਂ ਬੇਥੇ ਰਾਮਰੌਣੀ ਖਾਲਸੇ ਨੇ ਸਾਜੀ ਤੇ ਮਗਰੋਂ ਰਾਮਗੜ੍ਹ ਬਣਾਯਾ, ਤਦੋਂ ਕਈ ਵੇਰ ਦੁਸ਼ਮਨ ਦਲ ਹਾਰ ਖਾਕੇ ਇਥੋਂ ਗਏ।

ਇਸ ਪ੍ਰਕਾਰ ਕਹਿ ਬਚ ਅਕਲੰਕ।
ਭਏ ਅਰੂਢਨਿ ਰੁਚਿਰ ਪ੍ਰਯੰਕ ॥੩੭॥
ਆਸਤਰਨ[1] ਬਰ ਬਿਸਦ ਬਿਸਾਲੇ।
ਸੇਜਬੰਦ ਸੁੰਦਰ ਦੁਤਿਵਾਲੇ।
ਚਮਕਤਿ ਜਥਾ ਚਾਂਦਨੀ ਅੰਬਰ।
ਤਥਾ ਲੀਨਿ ਊਪਰ ਸੁਭ ਅੰਬਰ[1] ॥੩੮॥

[1]ਵਿਛੌਣਾ [ਸੰਸ: ਆਸ੍ਤਰਣ]

[1]ਆਕਾਸ਼ ਵਿਚ ਚਾਂਦਨੀ।

ਪੌਢਿ ਜਥਾ ਸੁਤ ਸੁਪਤਿ ਕ੍ਰਿਪਾਲਾ।
ਜਾਮ ਜਾਮਨੀ ਰਹਿ ਜਿਸ ਕਾਲਾ।
ਸੌਚ ਸ਼ਨਾਨ ਕੀਨਿ ਪੁਨ ਧਯਾਨਾ।
ਸ੍ਰੀ ਨਾਨਕ ਕੋ ਸਿਮਰਨਿ ਠਾਨਾ ॥੩੯॥
ਅਰਨੋਦਾਯ[1] ਹੋਯਹੁ ਲਖਿ ਤਾਸੂ।
ਢਿਗ ਹਕਾਰਿ ਬੁੱਢਾ ਗੁਰਦਾਸੂ।
ਕਹਯੋ ਮਨੋਰਥ ਆਪਨਿ ਜੀ ਕਾ।

[1]ਪਹੁ ਫੁਟਾਲਾ।

ਜਿਸ ਤੇ ਹੋਇ ਸਭਿਨਿ ਕੋ ਨੀਕਾ
॥੪੦॥
'ਹੋਨ ਇਕਾਕੀ ਹਮ ਅਬਿ ਚਾਹਤਿ।
ਹਿਤ ਦਰਸ਼ਨ ਸਭਿ ਸਿੱਖਜ ਉਮਾਹਤਿ।
ਯਾਂ ਤੇ ਸਾਹਿਬ ਬੁੱਢਾ ਜਾਵਉ।
ਸਭਿ ਸੰਗਤਿ ਕੋ ਤਹਾਂ ਟਿਕਾਵਉ
॥੪੧॥
ਸੁਧਾ ਸਰੋਵਰ ਬਰ ਹਰਿ ਮੰਦਿਰ।
ਪਠਹੁ ਸੁਨਹੁ ਸੁੰਦਰ ਤਿਸ ਅੰਦਰ।
ਹਮਰੇ ਦਰਸ਼ਨ ਸਮਸਰ ਜਾਨਹੁ।
ਨਹਿਂ ਸੰਸੈ ਇਸ ਮੈਂ ਕੁਛ ਠਾਨਹੁ
॥੪੨॥
ਆਪ ਰਹਹੁ ਤੁਮ ਤਿਹ ਠਾਂ ਜਾਇ।
ਸਭਿ ਸੰਗਤਿ ਰਾਖਹੁ ਅਟਕਾਇ।
ਮਨ ਬਾਂਛਤਿ ਸਿੱਖਨਿ ਕੋ ਦੀਜਹਿ।
ਹਮਰੇ ਸਮਸਰ ਸਕਲ[1] ਕਰੀਜਹਿ — [1]ਸਾਡੇ ਵਾਂਙੂ ਸਾਰੀ (ਰੀਤੀ)।
॥੪੩॥
ਕਾਰ ਸਮਸਤ[1] ਤੋਰਬੋ ਕਰਨੀ। — [1]ਸਾਰਾ ਕੰਮ।
ਸਭਿ ਸੰਗਤਿ ਕੋ ਧੀਰਜ ਕਰਨੀ।'
ਆਇਸੁ ਮਾਨਿ ਜੋਰ ਕਰਿ ਹਾਥ।
ਸੀਸ ਚਰਨ ਧਰਿ ਪ੍ਰੇਮ ਕਿ ਸਾਥ
॥੪੪॥
ਬੁੱਢਾ ਤਬਿ ਚਲਿ ਕਰਿ ਪੁਰਿ ਆਯੋ।
ਸਿਖ ਸੰਗਤਿ ਕੋ ਹੁਕਮ ਸੁਨਾਯੋ।
ਜਿਮ ਸ਼੍ਰੀ ਅਰਜਨ ਆਗਜਾ ਦਈ।
ਤਿਸੀ ਰੀਤਿ ਨਿਸ ਦਿਨ ਕ੍ਰਿਤ ਕਈ
॥੪੫॥
ਸਭਿ ਸੰਗਤਿ ਅੰਮ੍ਰਿਤਸਰ ਨਾਵੈ।
ਦਰਸਨ ਸ਼੍ਰੀ ਹਰਿਮੰਦਰ ਜਾਵੈ।
ਮੇਲਿ[1] ਕੀਰਤਨ ਹੋਤਿ ਬਿਸਾਲਾ। — [1]ਮਿਲਕੇ। ਕੀਰਤਨ ਤੇ ਮੇਲ = ਸੰਗਤ ਦਾ ਇਕੱਠ।
ਬੈਠਹਿ ਬੁੱਢਾ ਬਿਚ ਸਭਿ ਕਾਲਾ

॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਰਾਮਸਰ ਹੋਨ' ਪ੍ਰਸੰਗ ਬਰਨੰਨ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਨਿਕਟ ਰਹਯੋ ਗੁਰਦਾਸ ਇਕ,
ਲਿਖਨਿ ਸੁਨਨਿ ਕੇ ਹੇਤੁ।
ਕੇਤਿਕ ਸੇਵਕ ਅਪਰ ਜੇ,
ਬੈਠਹਿਂ ਹੋਹਿ ਸੁਚੇਤ ॥੧॥

ਚੌਪਈ:

ਨਿਕਟ ਨ ਪਹੁੰਚਹਿਂ ਬਿਨਾ ਬੁਲਾਏ।
ਚਹੁੰ ਦਿਸ਼ਿ ਬੈਠੇ ਕਰਿ ਚੁਕਸਾਏ।
ਜੋ ਮਾਨਵ ਆਵਹਿਂ ਅਨਜਾਨੇ।
ਬਰਜਹਿਂ ਤਿਨਹਿਂ ਨ ਢਿਗ ਦੇਂ ਜਾਨੇ ॥੨॥
ਇਮ ਏਕਾਕੀ ਹ੍ਵੈ ਗੁਰ ਪੂਰੇ।
ਤਬਿ ਗੁਰਦਾਸ ਹਕਾਰਿ ਹਦੂਰੇ।
ਨਿਕਟ ਬਿਠਾਇ ਮਨੋਰਥ ਭਾਖਾ।
'ਸੁਨਿ ਭਾਈ ਹਮਰੀ ਅਭਿਲਾਖਾ ॥੩॥
ਰਚਹੁ ਗ੍ਰਿੰਥ ਕੀ ਬੀੜ ਉਦਾਰੀ।
ਲਿਖਿ ਅੱਖਰ ਗੁਰਮੁਖੀ ਮਝਾਰੀ।
ਸ਼੍ਰੀ ਨਾਨਕ ਪੱਟੀ ਜੁ ਬਨਾਈ।
ਪੈਂਤੀ ਅੱਖਰ ਕਰੇ ਸੁਹਾਈ ॥੪॥
ਤਿਨ ਮਹਿਂ ਲਿਖਹੁ ਸਰਬ ਗੁਰਬਾਨੀ।
ਪਠਿਬੇ ਬਿਖੈ ਸੁਖੈਨ ਮਹਾਨੀ।
ਜਿਨ ਕੀ ਬੁੱਧਿ ਮਹਿਦ ਅਧਿਕਾਈ।
ਬਹੁ ਅੱਭ੍ਯਾਸਹਿਂ ਬਿੱਦ੍ਯਾ ਪਾਈ ॥੫॥
ਬਹੁਰ ਬਰਖ ਲਗਿ ਪਠਹਿਂ ਬਿਚਾਰਹਿਂ।
ਸੋ ਤਬ ਜਾਨਹਿਂ ਸਾਰ ਅਸਾਰਹਿ।
ਤਿਸ ਤਤ ਕੋ ਗੁਰਮੁਖੀ ਮਝਾਰੀ।
ਲਿਖਹਿਂ ਸੁਗਮ ਸ਼ਰਧਾ[1] ਉਰਧਾਰੀ ॥੬॥
ਸਹਸਕ੍ਰਿਤ ਅਰ ਤੁਰਕਨਿ ਭਾਸ਼ਾ।

[1]ਇੱਛਾ। [ਸੰਸ: ਸ਼੍ਰੱਦ੍ਧਾ = ਇੱਛਾ, ਭਾਵਨਾ, ਭਰੋਸਾ]

ਇਸ ਮਹਿਂ ਲਿਖਿ ਲੈ ਹੈਂ ਬੁਧਿਰਾਸਾ।
ਸਭਿ ਊਪਰ ਪਸਰਹਿ ਇਹ ਧਾਈ[1]। [1]ਦੌੜ ਕੇ ਫੈਲੇਗੀ।
ਜਿਮ ਜਲ ਪਰ ਸੁ ਚਿਕਨਤਾ ਪਾਈ[1] ॥੭॥ [1]ਜੀਕੁਣ ਪਾਣੀ ਤੇ ਥਿੰਧਿਆਈ ਪਾਈ (ਜਾਵੇ ਤਾਂ ਓਹ ਖਿੱਲਰ ਜਾਂਦੀ ਹੈ)।
ਕਿਰਤ ਕਰਤਿ ਗ੍ਰਹਸਤੀ ਮਤਿ ਥੋਰੀ।
ਸੁਗਮ ਪਠਹਿਂ ਬਿਦ੍ਯਾ ਜਿਨ ਲੋਰੀ[1]। [1]ਜਿਸ ਨੂੰ ਵਿੱਦ੍ਯਾ ਲੋੜੀਂਦੀ ਹੈ।
ਪ੍ਰਗਟਹਿ ਗਾਡੀ ਰਾਹੁ ਬਿਸਾਲਾ।
ਚਲਹਿ ਜੁ, ਨਹਿਂ ਭੂਲਹਿ ਕਿਸ ਕਾਲਾ ॥੮॥
ਲਿਖਹੁ ਗੁਰਮੁਖੀ ਅੱਖਰ ਯਾਂ ਤੇ।
ਸਗਲ ਜਗਤ ਮਹਿਂ ਹੁਇ ਬੱਖ੍ਯਾਤੇ।
ਸ਼ਰਧਾਵੰਤੇ ਪਠਹਿਂ ਸੁਖੈਨ।
ਜਾਨਹਿਂ ਹਰਿ ਸਿਮਰਨ ਗਤਿ ਦੈਨ[1] ॥੯॥ [1]ਮੁਕਤੀ ਦਾਤਾ ਹੈ।
ਇਨ ਕੀ ਮਹਿਮਾ ਮਹਾਂਭਿਰਾਮੂ।
ਬਿਦਤਹਿ ਜਗ ਗੁਰਮੁਖੀ ਸੁ ਨਾਮੂ।
ਦੇਖਹਿਂ ਪਠਹਿਂ ਲਿਖਹਿਂ ਸਨਮਾਨਹਿਂ।
ਨਿਜ ਪਾਤਕ ਘਾਤਕ ਹਿਤ ਠਾਨਹਿ[1] ॥੧੦॥ [1]ਪਾਪ ਨਾਸ਼ ਕਰਤਾ (ਜਾਣਕੇ) ਪ੍ਰੇਮ ਕਰਨਗੇ।
ਚਤੁਰ ਗੁਰੂ ਕੇ ਸ਼ਬਦ ਮੁਕੰਦੇ।
ਪਿਖਿ ਪੋਥੀ ਤੁਮ ਲਿਖਹੁ ਅਨੰਦੇ।
ਸਭਿ ਬੇਦਨਿ ਕੋ ਸਾਰ ਨਿਕਾਰਾ[†]।

[†]ਵੇਦਾਂ ਨੂੰ ਸਮੁੰਦਰ ਵਾਂਞੂ ਤੇ ਗੁਰਬਾਣੀ ਨੂੰ ਰਤਨ ਵਾਂਞੂ ਕਿਹਾ ਹੈ, ਸਮੁੰਦਰ ਖਾਰਾ ਹੈ ਤੇ ਉਸ ਦਾ ਜਲ ਕੀਮਤੀ ਬੀ ਨਹੀਂ, ਪਰ ਰਤਨ ਹੱਥ ਆ ਗਈ ਸ਼ੈ ਹੈ, ਸੁਹਣੀ ਹੈ ਤੇ ਕੀਮਤੀ ਹੈ। ਪਰੰਤੂ ਜੇ ਇਸ ਦਾ ਅਰਥ ਗੁਰਬਾਣੀ ਨੂੰ ਵੇਦਾਂ ਦਾ ਟੀਕਾ ਮਾਤ੍ਰ ਕਹਿਣਾ ਹੈ ਤਾਂ ਇਹ ਗੁਰਬਾਣੀ ਦੇ ਵਿਰੁੱਧ ਹੈ, ਕਿਉਂਕਿ ਸਤਿਗੁਰੂ ਜੀ ਨੇ ਬਾਣੀ ਨੂੰ ਇਲਹਾਮ, ਅਰਥਾਤ ਵਾਹਿਗੁਰੂ ਵਲੋਂ ਆਈ ਦੱਸਿਆ ਹੈ। ਯਥਾ: 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' ॥ 'ਧੁਰ ਕੀ ਬਾਣੀ ਆਈ' ਤਥਾ: 'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ' ॥ ਅੰਕ ੧੪ ਵਿਚ ਕਵਿ ਜੀ ਦੱਸਦੇ ਹਨ ਕਿ ਗੁਰੂ ਜੀ ਦੇ ਹਿਰਦੇ ਨੂੰ ਬ੍ਰਹਮਾ ਆਦਿਕ ਲਖ ਨਹੀਂ ਸਕਦੇ, ਤੇ ਬ੍ਰਹਮਾ ਵੇਦਾਂ ਦਾ ਕਰਤਾ ਹੈ, ਸੋ ਗੁਰੂ ਜੀ ਦਾ ਹਿਰਦਾ ਜਿਥੋਂ ਬਾਣੀ ਨਿਕਲੀ ਬ੍ਰਹਮਾ ਦੀ ਸਮਝ ਤੋਂ ਉੱਪਰ ਹੈ, ਫਿਰ ਬਾਣੀ ਵੇਦਾਂ ਦਾ ਸਾਰ ਕੀਕੂੰ ਹੋਈ। ਅੰਕ ੨੫, ੨੬ ਵਿਚ ਕਵਿ ਜੀ ਵੇਦ ਦਾ ਅਰਥ ਕਰਦੇ ਹਨ-ਬ੍ਰਹਮ ਨੂੰ ਜਾਣਨ ਦਾ ਨਾਮ ਵੇਦ ਹੈ, ਸੋ ਬ੍ਰਹਮ ਦਾ ਗਿਆਨ ਜੋ ਹੈ ਉਹ ਗੁਰਬਾਣੀ ਜ਼ਰੂਰ ਹੈ। ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧ੍ਯਾਯ ੫੨ ਅੰਕ ੭੭, ਫਿਰ ਅਧ੍ਯਾ: ੩੭ ਅੰਕ ੫੧ ਤੇ ਇਸੇ ਅੰਸੂ ਦੇ ਅੰਕ ੫੦ ਦੀ ਹੇਠਲੀ ਟੂਕ।

ਮਥ ਸਾਗਰ ਜਿਮ ਰਤਨ ਉਦਾਰਾ[1] [1]ਜਿਵੇਂ ਸ੍ਰੇਸ਼ਟ ਰਤਨ (ਕੱਢੇ ਸਨ)।

॥੧੧॥
ਸ਼੍ਰੀ ਨਾਨਕ ਸ਼੍ਰੀ ਅੰਗਦ ਨਾਮੂ।
ਸ਼੍ਰੀ ਗੁਰ ਅਮਰ ਅਪਰ ਸ਼੍ਰੀ ਰਾਮੂ[1]।
ਪ੍ਰਿਥਕ ਪ੍ਰਿਥਕ ਲਿਖਿ ਇਨ ਕੀ ਬਾਨੀ।
ਪਠਿ ਕਰਿ ਆਪ ਲੇਹੁ ਪਹਿਚਾਨੀ'
॥੧੨॥
ਸੁਨਿ ਭਾਈ ਗੁਰਦਾਸ ਉਚਾਰੀ।
'ਕਹਾ ਬੁੱਧਿ ਪ੍ਰਭੁ ਇਤੀ ਹਮਾਰੀ।
ਮੈਂ ਅਲਪੱਗ ਜੀਵ ਕਿਮ ਜਾਨੌਂ।
ਗੁਰ ਕੀ ਗਿਰਾ ਅਗਮ ਗਤਿ ਮਾਨੌ
॥੧੩॥
ਰਿਦਾ ਅਗਾਧ ਅਬਾਧ ਗੰਭੀਰਾ।
ਗਿਰਾ ਰੂਪ ਸੋਈ ਗੁਰ ਧੀਰਾ।
ਬ੍ਰਹਮਾਦਿਕ ਲਖਿ ਸਕੈਂ ਨ ਕੋਊ।
ਮੋ ਮਹਿਂ ਕਹਾਂ ਇਤੀ ਮਤਿ ਹੋਊ
॥੧੪॥
ਜੇ ਕਰਿ ਹੋਵਹੁ ਆਪ ਸਹਾਈ।
ਲਖਹੁਂ ਤਿਤਿਕ ਜੋ ਦੇਹੁ ਲਖਾਈ।'
ਸੁਨਿ ਪ੍ਰਸੰਨ ਹੁਇ ਬਰ ਕੋ ਦੀਨਾ।
ਸ਼੍ਰੀ ਗੁਰ ਪਰਮ ਕ੍ਰਿਪਾਲ ਪ੍ਰਬੀਨਾ
॥੧੫॥
ਜਥਾ ਪੁੱਤ੍ਰ ਹੋਵੈ ਘਰ ਬਾਹਰ[1]।
ਅੰਤਰ ਮਾਤਾ ਪਿਤਾ ਅਜਾਹਰਿ[1]।
ਅਪਰ ਕੁਟੰਬ ਜੁ ਬੋਲਹਿ ਬਾਤੀ।
ਜਾਨ ਲੇਹਿ ਬਾਲਕ ਬੱਖਜਾਤੀ ॥੧੬॥
ਕੋ ਨਰ ਬੂਝਹਿ ਅੰਤਰ ਭੌਨ[1]।
-ਕੌਨ ਕੌਨ ਬੋਲਹਿ? ਕਹਿ ਤੌਨ-।
ਤਬਿ ਬਾਲਕ ਸੁਨਿ ਜੌਨ ਅਲਾਵੈ।
ਪ੍ਰਿਥਕ ਪ੍ਰਿਥਕ ਕਰਿ ਤਾਂਹਿ ਬਤਾਵੈ
॥੧੭॥
-ਇਹ ਮਮ ਪਿਤਾ ਬਾਕ, ਇਹ ਮਾਤਾ।

[1]ਸ਼੍ਰੀ ਰਾਮਦਾਸ ਜੀ।
[1]ਘਰ ਤੋਂ ਬਾਹਰ ਹੋਵੇ ਪੁੱਤਰ।
[1]ਲੁਕੇ ਹੋਏ ਹੋਣ।
[1]ਘਰ ਦੇ ਅੰਦਰੋਂ।

ਇਹ ਭਗਨੀ ਬਚ, ਇਹ ਕਹਿ ਭ੍ਰਾਤਾ-।
ਇਮ ਸਮਝਹਿਂਗੇ ਹੁਇ ਸਵਧਾਨਾ।
ਲਿਖਿ ਗੁਰਬਾਨੀ ਸੁਫਲ ਮਹਾਨਾ' ॥੧੮॥
ਇਮ ਸੁਨਿ ਕੈ ਭਾਈ ਗੁਰਦਾਸੂ।
ਧਰਜੋ ਸੀਸ ਪਗ ਪੰਕਜ ਪਾਸੂ।
ਕ੍ਰਿਪਾ ਦ੍ਰਿਸ਼ਟਿ ਗੁਰ ਕੀ ਤਬਿ ਪਾਈ।
ਤੀਨ ਕਾਲ ਗਜਾਤਾ ਹੁਇ ਆਈ ॥੧੯॥
ਕਾਗਦ ਕੇ ਸੁਧਾਰ ਕਰਿ ਪਤਰੇ।
ਰੁਚਿਰ[1] ਪ੍ਰਮਾਨ ਕੀਨਿ ਤਬਿ ਕਤਰੇ[2]।
ਪਾਇ ਨੀਰ ਸਜਾਹੀ ਕਰਿ ਤਜਾਰੀ।
ਗੁਰੂ ਸਿਮਰ ਲੇਖਣ[1] ਕਰ ਧਾਰੀ ॥੨੦॥
ਸ਼੍ਰੀ ਅਰਜਨ ਪੋਥੀ ਤਬਿ ਖੋਲੀ।
ਹੇਤ ਲਿਖਾਵਨਿ ਗਿਰਾ ਅਮੋਲੀ।
ਪ੍ਰਥਮ ਸਿਮਰ ਸ਼੍ਰੀ ਨਾਨਕ ਨਾਮੂ।
ਨਮੋ ਕੀਨਿ ਧਰਿ ਧਜਾਨ ਭਿਰਾਮੂ ॥੨੧॥
ਪੂਰਬ ਸ਼੍ਰੀ ਜਪੁਜੀ ਲਿਖਵਾਈ।
ਰੁਚਿਰ ਮੰਗਲਾ ਚਰਨ ਸੁਹਾਈ।
ਪੌੜੀ ਸਾਢੇ ਚਾਰ[1] ਉਚਾਰੀ।
ਪਾਰਬ੍ਰਹਮ ਬਰਨਨ ਸੁਖਕਾਰੀ ॥੨੨॥
ਡੇਢ ਬਿਖੈ ਗੁਰ ਮਹਿਮਾ ਕਹੀ।
ਕੀਨਿ ਮੰਗਲਾ ਚਰਨੈ ਸਹੀ।
'ਜੇ ਜੁਗ ਚਾਰੇ' ਲਿਖੀ ਸੁ ਫੇਰੇ।
ਇਸ ਮਹਿਂ ਭਨਜੋ ਵਿਰਾਗ ਬਡੇਰੇ ॥੨੩॥
ਸ਼੍ਰਵਨ ਮਹਾਤਮ ਚਾਰ ਮਝਾਰੀ।
ਪੁਨਹਿ ਮਨਨ ਭਾਖਜੋ ਬਿਚ ਚਾਰੀ।
ਨਿੱਧਜਾਸਨ 'ਪੰਚੇ ਪਰਵਾਨ।'

[1]ਸੁੰਦਰ। [2]ਇਕ ਅੰਦਾਜ਼ੇ ਦੇ ਕੀਤੇ ਕਤਰਕੇ।

[1]ਕਲਮ।

[1]ਚਾਰ (ਪੌੜੀਆਂ) ਵਿਚ।

ਇਸ ਮਹਿਂ ਨੀਕੇ ਕੀਨਿ ਬਖਾਨ ॥੨੪॥

'ਤੂੰ ਸਦਾ ਸਲਾਮਤਿ ਨਿਰੰਕਾਰ।'

ਸਾਖਯਾਤ ਪਰ ਇਹ ਤੁਕ ਚਾਰ[1]।

[1]'ਪੰਚ ਪਰਵਾਨ' ਅਤੇ 'ਅਸੰਖ' ਦੀਆਂ ਤਿੰਨ ਪਉੜੀਆਂ ਤੇ ਇਨ੍ਹਾਂ ਦੇ ਅੰਤ ਵਾਲੀ ਤੁਕ ਬ੍ਰਹਮ ਦੀ ਸਾਖਸ਼ਾਤਕਾਰਤਾ ਪਰ ਹੈ।

ਇਹ ਕ੍ਰਮ ਪ੍ਰਿਥਮੈ ਬਰਨਨ ਕਰਜੋ।

ਜਪ ਅਰੁ ਬੇਦ ਅਰਥ ਇਕ ਧਰਜੋ ॥੨੫॥

ਬ੍ਰਹਮ ਜਾਨਿਬੇ ਕੇ ਇਹ ਨਾਮੂ[†]।

[†]ਕਵਿ ਜੀ ਦੱਸਦੇ ਹਨ ਕਿ ਪਦ ਜਪੁ ਅਤੇ ਵੇਦ ਦਾ ਇਕੋ ਅਰਥ ਹੈ, ਅਰ ਉਹ ਅਰਥ ਹੈ = ਬ੍ਰਹਮ ਨੂੰ ਜਾਣਨਾ। ਵੇਦ ਸੰਸਕ੍ਰਿਤ ਪਦ ਹੈ, ਇਸ ਦਾ ਧਾਤੂ ਹੈ ਵਿਦ੍ = ਜਾਣਨਾ। ਵੇਦ = ਗਜਾਨ, ਬ੍ਰਹਮ ਗਿਆਨ। ਕਵੀ ਜੀ ਆਪਣੇ ਜਪੁਜੀ ਦੇ ਟੀਕੇ ਵਿਚ ਪਦ-ਜਪ-ਦੇ ਅਰਥ ਐਉਂ ਲਿਖਦੇ ਹਨ:-ਜਪ = ਜਾਨ ਪਾਰਬ੍ਰਹਮ ਕੇ ਸਰੂਪ ਕੋ, (ਸਫਾ ੧੬)। ਪੁਨਾ, ਜਪ = ਜਾਣ ਆਪਨੇ ਸਰੂਪ ਕੋ (ਸਫਾ ੧੭)। ਇਸ ਜਪ ਪਦ ਨੂੰ ਕਵੀ ਜੀ ਨੇ ਸੰਸਕ੍ਰਿਤ ਪਦ-ज्ञाप-ਦਾ ਪੰਜਾਬੀ ਰੂਪ ਸਮਝਿਆ ਹੈ, ਇਸ ਪਦ 'ਗਜਪ' ਦਾ ਅਰਥ ਹੈ = ਜਾਣਨਾ। 'ਗਜਪ' ਦਾ ਧਾਤੂ ਹੈ। ਗਜਾ = ਜਾਣਨਾ। 'ਜਪ' ਤੇ 'ਗਜਪ' ਵਿਚ ਫਰਕ ਨਹੀਂ ਸਮਝਣਾ ਚਾਹੀਏ, ਕਿਉਂਕਿ ਸੰਸਕ੍ਰਿਤ ਦਾ ज्ञ ਅੱਖਰ ਪੰਜਾਬੀ ਵਿਚ 'ਗਜ' ਕਰਕੇ ਲਿਖੀ ਦਾ ਹੈ, ਪਰੰਤੂ ਇਸ ਦਾ ਉਚਾਰਨ 'ਗਗੇ' ਨਾਲ ਠੀਕ ਨਹੀਂ, ਕਿਉਂਕਿ 'ਜ' ਤੇ 'ਞ' ਦੇ ਮੇਲ ਤੋਂ ज्ञ ਅੱਖਰ ਬਣਿਆਂ ਹੈ ਤੇ ਇਸ ਦਾ ਉਚਾਰਨ 'ਜ' ਤੇ 'ਞ' ਤੋਂ ਵੱਖਰਾ ਨੱਕ ਵਿਚ ਬੋਲੇ ਜਾਣ ਵਾਲੇ ਜੱਜੇ ਵਾਂਙੂ ਹੈ, ਸੋ ਪੰਜਾਬੀ ਦਾ ਜਪ ਤੇ ਸੰਸਕ੍ਰਿਤ ਦਾ ज्ञाप ਬਹੁਤ ਨੇੜੇ ਦੀ ਉਚਾਰਣ ਦੀ ਸਾਂਝ ਰੱਖਦੇ ਹਨ, (ਜ੍ਰਪ, ਜਪ) ਇਸ ਤਰ੍ਹਾਂ 'ਜਪ' ਤੇ 'ਵੇਦ' ਪਦ ਤੇ ਅਰਥ ਹਨ = ਜਾਣਨਾ।

ਦੋਨਹੁ ਪਦ ਸਮਸਰ ਅਭਿਰਾਮੂ।

ਯਾਂ ਤੇ ਪ੍ਰਥਮ ਨਾਮ 'ਜਪੁ' ਰਾਖਜੋ।

ਸਭਿ ਗੁਰਬਾਣੀ ਕੋ ਇਹ ਭਾਖਜੋ[1] ॥੨੬॥

[1]ਸਾਰੀ ਗੁਰਬਾਣੀ (ਭਾਵ ਜਿਤਨੀ ਜਪੁਜੀ ਸਾਹਿਬ ਵਿਚ ਹੈ) ਦਾ ਨਾਮ ਇਹ 'ਜਪ' ਕਥਨ ਕੀਤਾ।

ਕਹਿਂ ਲਗ ਕਹੌ ਮਹਾਤਮ ਬਾਨੀ।

ਜੋ ਸਭਿ ਕੀ ਸਿਰਮੌਰ ਬਖਾਨੀ।

ਅਪਰ ਨ ਉੱਤਮ ਜਿਸ ਤੇ ਕੋਈ।

ਅਰੁ ਸੁਖੇਨ ਹੀ ਪ੍ਰਾਪਤਿ ਹੋਈ ॥੨੭॥

ਪ੍ਰਥਮ ਰਾਗ ਸ੍ਰੀ ਗੁਰ ਰਾਗ ਲਿਖਾਵਾ।

ਘਰ ਅਨੇਕ ਮਹਿਂ ਜਾਇ ਜੁ ਗਾਵਾ।

ਕਿਤਿਕ ਲਿਖੇ ਜਬਿ, ਬੂਝਤਿ ਭਏ[1]।

[1]ਗੁਰੂ ਜੀ) ਨੇ ਪੁੱਛਿਆ।

'ਕਹੁ ਗੁਰਦਾਸ ਜਾਨਿ ਭੀ ਲਏ?' ॥੨੮॥

ਹਾਥ ਜੋਰਿ ਕੈ ਬਾਕ ਬਖਾਨਜੋ।

'ਰਾਵਰ ਕੀ ਕਰੁਨਾ ਤੇ ਜਾਨਯੋ।
ਪਤਿ ਕੋ ਬਚ ਬਹੁ ਨਰਨ ਮਝਾਰੀ।
ਲੇਤਿ ਪਛਾਨ ਦੁਰੀ[1] ਜਿਮ ਨਾਰੀ ॥੨੯॥

[1]ਛੁਪੀ ਹੋਈ।

ਤਿਮ ਪੋਥੀ ਪਰ ਤੇ ਗੁਰ ਬੈਨ।
ਲਿਖੇ ਪਛਾਨ ਚਤੁਰ ਗੁਰ ਜੈਨ[1]।
ਅਪਰਨ ਕੇ ਜੋ ਸ਼ਬਦ ਬਨਾਏ।
ਪਰਖਿ ਪਰਖਿ ਕਰਿ ਸਰਬ ਹਟਾਏ' ॥੩੦॥

[1]ਜੋ ਸਨ।

ਕਹਿ ਇਮ ਗਯੋ, ਇਕਾਕੀ[1] ਭਏ।
ਭਗਤ ਜੁ, ਆਨਿ ਦਿਖਾਈ ਦਏ।
ਜਿਨ ਦੇਖਨਿ ਤੇ ਹੋਤਿ ਉਧਾਰਾ।
ਸਤਿਗੁਰ ਦੀਨਨ ਕਰਿ ਪ੍ਰਤਿਪਾਰਾ ॥੩੧॥

[1]ਇਕੱਲੇ।

ਪਦ ਅਰਬਿੰਦ ਬੰਦਨਾ ਕੀਨਸਿ।
ਦਰਸ ਬਿਲੋਕਿ ਪ੍ਰੇਮ ਚਿਤ ਭੀਨਸਿ।
ਸਭਿ ਠਾਂਢੇ ਹੁਇ ਸਤੁਤਿ ਉਚਾਰੀ।
'ਪਾਰਬ੍ਰਹਮ ਤੁਮ ਨਰ ਤਨ ਧਾਰੀ ॥੩੨॥
ਘੋਰ ਜਾਨਿ ਕਲਿਜੁਗ ਕੋ ਕਾਲਾ।
ਆਪ ਅਵਤਰੇ ਪ੍ਰਭੁ ਕ੍ਰਿਪਾਲਾ।
ਭਗਤ ਵਛਲ ਬਸਿ ਪ੍ਰੇਮ ਗੁਸਾਈਂ।
ਸ੍ਰੀ ਅਰਜਨ ਪੰਚਮ ਤਨ ਪਾਈ ॥੩੩॥

ਭੁਜੰਗ ਛੰਦ:
ਮਹਾਰਾਜ ਰਾਜਾਨਿ ਰਾਜਾ[1] ਬਿਰਾਜੋ।
ਸਭੈ ਲੋਕ ਜਾਚੈਂ ਸੁ ਦਾਤਾ ਸਮਾਜੋ[1]।
ਕਲੀ ਕਾਲ ਮੈਂ ਨਾਮ ਕੋ ਦਾਨ ਦੈ ਹੋ।
ਅਨੇਕਾਨਿ ਦਾਸਾਨਿ ਕੋ ਤਾਰ ਲੈਹੋ ॥੩੪॥

[1]ਮਹਾਰਾਜਿਆਂ ਦੇ ਰਾਜਿਆਂ ਦੇ ਰਾਜੇ।

[1]ਸਾਰਿਆਂ ਦੇ ਦਾਤਾ।

ਮਹਾਂ ਸਿੰਧੁ ਬੰਨ੍ਹੀ[1] ਦਝੈਂ ਮੂੜ੍ਹ ਮਾਨੀ।

[1]ਅਗਨੀ।

ਤੁਹੀ ਏਕ ਰਾਖਾ ਕ੍ਰਿਪਾ ਜਾਂਹਿ ਠਾਨੀ।
ਸੁਪੰਥੰ ਸੁਖੇਨੰ ਦਿਖਾਵੋ ਸੰਦੋਹਾ[1]। [1]ਸਭ ਨੂੰ।
ਬਿਕਾਰੰ ਬਿਦਾਰੋ ਜਪੇ ਨਾਸ਼ ਮੋਹਾ[1] ॥੩੫॥ [1]ਮੋਹ ਨਾਸ਼ ਹੁੰਦਾ ਹੈ।
ਤੁਹੀ ਬ੍ਰਹਮ ਗ੍ਯਾਨੀ, ਬ੍ਰਹਮੰ ਰੂਪ ਤੇਰੋ।
ਤੁਹੀ ਏਕ ਈਸ਼ੰ ਸਭੈ ਲੋਕ ਚੇਰੋ।
ਤੁਹੀ ਏਕ ਰੂਪੰ, ਤੁਹੀ ਰੂਪ ਨਾਨਾ।
ਤੁਹੀ ਜੀਵਕਾ ਦੇਂ, ਕਰੈਂ ਜੀਵ ਖਾਨਾ[1] ॥੩੬॥ [1]ਜੀਵ ਖਾਣਾ ਕਰਦੇ ਹਨ।
ਕਰੀ ਸੇਵ ਹੇਰੋ ਕਰਾਮਾਤ ਦਾਨੀ।
ਗੁਨੱਗ੍ਯੰ[1] ਸਰੱਬਗ੍ਯੰ, ਕ੍ਰਿਤੱਗ੍ਯੰ ਪ੍ਰਮਾਨੀ[2]। [1]ਗੁਨਗਿਆਤਾ। [2]ਕੀਤੇ ਦੇ ਜਾਨਣ ਵਾਲੇ ਭਲੀ ਪ੍ਰਕਾਰ ਜਾਣੇ ਜਾਂਦੇ ਹੋ।
ਅਮਾਨੰ ਸਮਾਨੰ ਸਮਾਨੰ ਬ੍ਰਿਤੀ ਹੈ[1]। [1]ਅ+ਮਾਨ = ਨਿਰਾਦਰ, ਸ+ਮਾਨ = ਆਦਰ ਵਿਚ, ਸਮਾਨ = ਇਕੋ ਜਿਹੀ ਬ੍ਰਿਤੀ ਹੈ (ਆਪ ਦੀ)।
ਉਦਾਰੰ ਅਪਾਰੰ ਨ ਕੈਸੇ ਮਿਤੀ ਹੈ ॥੩੭॥
ਤੁਹੀ ਦੀਨ ਬੰਧੁ, ਦਯਾਵਾਨ, ਦਾਤਾ।
ਭਏ ਬੰਸ ਬੇਦੀਨਿ ਬੀਚੈ ਬਖ੍ਯਾਤਾ।
ਪੁਨੰ 'ਅੰਗਦੰ' ਰੂਪ ਹੋਏ ਗੁਸਾਈਂ।
ਪਿਤਾ ਮੋਹਰੀ ਕੇ[1] ਤ੍ਰਿਤੀ ਦੇਹ ਗਾਈ ॥੩੮॥ [1]ਗੁਰ ਅਮਰਦੇਵ।
ਗੁਰੂ ਰਾਮਦਾਸੰ ਪ੍ਰਕਾਸ਼ੇ ਬਹੋਰੀ।
ਭਏ ਪੰਚਮੇ ਆਪ ਰੂਪੰ ਬਹੋਰੀ।
ਸਦਾ ਸ਼ਾਂਤਿ ਚਿੱਤੰ, ਛਿਮਾਵੰਤਿ, ਧੀਰੰ।
ਰਸੰ ਏਕ ਬ੍ਰਿੱਤੀ, ਅਬੈਰੰ, ਅਭੀਰੰ[1] ॥੩੯॥ [1]ਨਿਰਭਉ (ਜੋ ਭੀਰੂ ਨਾ ਹੋਵੇ)।
ਜਨੰ ਸੱਤਿਨਾਮੰ ਕ੍ਰਿਪਾ ਠਾਨਿ ਦੀਨੰ।
ਦੁਊ ਲੋਕ ਕੋ ਤ੍ਰਾਸ ਕੀਨੰ ਸੁ ਹੀਨੰ।
ਲਖੈਂ ਨਾਂਹਿ ਤੋ ਕੇ ਭ੍ਰਮੰ ਧਾਰਿ ਮੂਢਾ।
ਮਹਾਂ ਸੂਖਮੰ ਰੂਪ ਗੂਢਾਨ ਗੂਢਾ[1] ॥੪੦॥ [1]ਗੁੱਝਿਆਂ ਤੋਂ ਗੁੱਝੇ।
ਸਦਾ ਜੈ, ਸਦਾ ਜੈ, ਸਦਾ ਜੈ, ਅਨੰਦੋ।

ਨਮਸਤੰ, ਨਮਸਤੰ, ਨਮਸਤੰ, ਬਿਲੰਦੋ!
ਸੁਧਾ ਬਾਕ ਬਕਤ੍ਰੰ[1] ਸੁ ਚੰਦੈ ਮਨਿੰਦੋ। [1]ਮੂੰਹ [ਸੰਸ: ਵਕ੍ਤ੍ਰ]
ਰਿਦੈ ਨਾਮ ਬਾਸੇ ਬਰੰ ਦੈ[1] ਗੁਬਿੰਦੋ!' [1]ਵਰ ਦਾਤੇ।
॥੪੧॥

ਦੋਹਰਾ:
ਇਮ ਅਸ਼ਟਕ ਭਗਤਨਿ ਭਨਜੋ, ਪਢਹਿ ਜੁ ਨਿਤ ਕਰਿ ਪ੍ਰੇਮ।
ਸੁਤ ਬਿਤਾਦਿ ਮਨ ਬਾਂਛਤੇ, ਪਾਵਹਿਂ ਜਨ ਜੁਤ ਖੇਮ[1] ॥੪੨॥ [1]ਮੋਖ।

ਚੌਪਈ:
ਸੁਨਿ ਸ਼੍ਰੀ ਅਰਜਨ ਠਾਂਢੇ ਹ੍ਵੈ ਕੇ।
ਮਧੁਰ ਬਾਕ ਤੇ ਆਦਰ ਕੈ ਕੈ।
ਸਕਲ ਬਿਠਾਏ ਨਿਕਟ ਅਨੰਦੇ।
ਬੂਝਨਿ ਕਰੇ 'ਭਗਤ ਤੁਮ ਬ੍ਰਿੰਦੇ ॥੪੩॥
ਸਗਰੇ ਅਪਨੋ ਨਾਮ ਸੁਨਾਵੋ।
ਪੁਨਿ ਆਗਮ ਕੋ ਹੇਤੁ ਬਤਾਵੋ।
ਕਿਸ ਪ੍ਰਕਾਰ ਤੁਮ ਕਰੁਨਾ ਕਰੀ।
ਮਹਾਂ ਸੁਫਲ ਮਿਲਿਬੇ ਤੁਮ ਘਰੀ[1]' ॥੪੪॥ [1]ਸੁਫਲ ਘੜੀ।
ਕਹਜੋ ਕਬੀਰ ਜੋਰਿ ਜੁਗ ਹਾਥ।
'ਸੁਨਹੁ ਸਕਲ ਸ਼੍ਰੀ ਅਰਜਨ ਨਾਥ।
ਬੇਣੀ, ਨਾਮੁ, ਦੇਵ, ਰਵਿਦਾਸ।
ਪੀਪਾ, ਸਧਨਾ, ਸੈਣ ਪ੍ਰਕਾਸ਼ ॥੪੫॥
ਭੀਖਨ, ਧੰਨਾ ਅਰੁ ਜੈਦੇਵ।
ਬਿੱਪ੍ਰ ਤ੍ਰਿਲੋਚਨ, ਸ਼੍ਰੀ ਗੁਰਦੇਵ!
ਪਰਮਾਂਨੰਦ, ਰਾਮਾਨੰਦ ਜਾਨੋ।
ਮੈਂ ਜੁ ਕਬੀਰ, ਫਰੀਦ ਪ੍ਰਮਾਨੋ ॥੪੬॥
ਸੂਰਦਾਸ, ਜੁਤ ਪੰਦ੍ਰਹਿ ਕਹੀਐ।
ਚਾਰ ਅਪਰ ਇਨ ਨਾਮ ਸੁ ਲਹੀਐ।
ਮੂਸਨ, ਮਸਕਨ, ਸੰਮਨ ਏਹੋ।

ਚੌਥੇ ਦਾਸ ਜਮਾਲ ਲਖੈ ਹੌ† ॥੪੭॥

†ਗਿਆਨੀ ਜਨ ਚਉਬੋਲਿਆਂ ਵਿਚ ਚਾਰ ਭਗਤਾਂ ਦੇ ਨਾਮ ਦੱਸਦੇ ਹਨ, ਮੂਸਨ, ਸੰਮਨ, ਜਮਾਲ, ਪਤੰਗ, ਏਥੇ ਮਸਕਨ ਤੋਂ ਮੁਰਾਦ ਪਤੰਗ ਹੈ, ਕਿਉਂਕਿ ਪਦ ਮਸ਼ਕਨ ਤੇ ਮਸ਼ਕ ਦਾ ਅਰਥ ਹੈ = ਮੱਛਰ, ਪਤੰਗਾ। ਕਿਸੇ ਇਕ ਨੁਸਖੇ ਵਿਚ ਪਾਠਾਂਤ੍ਰ ਇਸ ਪ੍ਰਕਾਰ ਬੀ ਹੈ 'ਪਤੰਗ ਸੁ ਮੂਸਨ ਸੰਮਨ ਏਹੋ।'

ਅਬਿ ਆਗਮਨ ਕਾਜ[1] ਸੁਨਿ ਲੀਜਹਿ। [1]ਆਵਣ ਦਾ ਕਾਰਜ।

ਉਰ ਬਿਚਾਰ ਪੁਨ ਪੂਰਨ ਕੀਜਹਿ।

ਬੇਦ ਕਹੈ ਨਾਰਾਇਨ ਸ੍ਵਾਸ[1]। [1]ਵੇਦ ਨੂੰ ਨਾਰਾਇਨ ਦੇ ਸ੍ਵਾਸ ਕਹਿੰਦੇ ਹਨ।

ਕਮਲਾਸਨ ਸ਼ੁਭ ਕੀਨਿ ਪ੍ਰਕਾਸ਼ ॥੪੮॥

ਬਹੁਰ ਬਜਾਸ ਬਿਸਤਾਰ ਬਨਾਵਾ।

ਨਰਨ ਉਧਾਰਨ ਹੇਤੁ ਉਪਾਵਾ[1]। [1]ਉਤਪਤ ਕੀਤਾ।

ਤਿਨ ਮਹਿਂ ਬਾਮ ਦੇਵ† ਤੇ ਆਦਿ। †ਤਿੰਨਾਂ (ਵੇਦਾਂ) ਵਿਚ ਵਾਮ ਦੇਵ ਆਦਿਕ ਦੀਆਂ ਸਾਖੀਆਂ ਤੇ ਮੁਨੀਆਂ ਦੇ ਝਗੜੇ ਲਿਖੇ ਹਨ, ਦੇਖੋ ਯਜੁਰ ਵੇਦ ਦੀ ਸ੍ਵੇਤਾ-ਸ੍ਵਤਰ ਉਪਨਿਖਦ ਆਦਿਕ।

ਸਾਖੀ ਲਿਖੀ ਮਨੀਨ ਬਿਬਾਦ ॥੪੯॥

ਤਿਨ ਬੇਦਨਿ ਕੋ ਦੂਸਰ ਰੂਪ।

ਰਚਨ ਲਗੇ ਮਤੁ ਗ੍ਰਿੰਥ ਅਨੂਪ†।

†ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਬਤ ਭਾਈ ਗੁਰਦਾਸ ਜੀ ਦਾ ਆਸ਼ਯ ਇਸ ਪ੍ਰਕਾਰ ਹੈ:- ਸਿੰਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ ਭਾਗਵਤ ਬੇਦ ਬਿਆਕਰਣ ਗੀਤਾ। ਸ਼ੇਸ਼, ਮਰਜੇਸ਼, ਅਖਲੇਸ਼, ਸੁਰ, ਮਹੇਸ਼, ਮੁਨਿ, ਜਗਤੁ ਅਰ ਭਗਤ ਸੁਰ ਨਰ ਅਤੀਤਾ। ਗਿਆਨੁ ਅਰੁ ਧਿਆਨੁ ਉਨਮਾਨ ਉਨਮਨ ਉਕਤਿ ਰਾਗ ਨਾਦਿ ਦਿਜ ਸੁਰਮਤਿ ਨੀਤਾ। ਅਰਧ ਲਗ ਮਾਤ੍ਰ ਗੁਰ ਸ਼ਬਦ ਅੱਖਰ ਮੇਕ ਅਗਮ ਅਗਾਧ ਮੀਤਾ ॥੪੪੦॥ [ਕਬਿੱਤ ਸਵੱਯੇ ਭਾਈ ਗੁਰਦਾਸ ਜੀ]

ਲਿਖਹੁਂ ਇਹਾਂ ਸਾਖੀ ਭਗਤਨਿ ਕੀ।

ਭਈ ਬਾਰਤਾ ਜਿਮ ਪ੍ਰਭੁ ਜਨ ਕੀ[1] ॥੫੦॥ [1]ਪ੍ਰਭੂ ਦੇ ਦਾਸਾਂ ਦੀ।

ਕਲਿਜੁਗ ਘੋਰ ਮੰਦ ਮਤਿ ਜਾਨੇ।

ਤਿਨ ਹਿਤ ਰਚਹੁ ਸੁਖੇਨ ਮਹਾਨੇ।

ਇਸ ਮਹਿਂ ਸ਼ਬਦ ਲਿਖਾਇ ਹਮਾਰੇ।

ਉਪਦੇਸ਼ਨ ਹਿਤ ਦਿਹੁ ਬਿਸਤਾਰੇ' ॥੫੧॥

ਸ਼੍ਰੀ ਅਰਜਨ ਸੁਨਿ ਭਗਤਨਿ ਬਿਨਤੀ।

ਹੇਤੁ ਲਿਖਾਵਨਿ ਕੀਨਸਿ ਗਿਨਤੀ।

'ਸਭਿਹਿਨਿ ਸੋਂ ਸ਼੍ਰੀ ਗੁਰ ਫੁਰਮਾਯੋ।

'ਪ੍ਰਥਮ ਜੁ ਤੁਮ ਨੇ ਕਛੂ ਬਨਾਯੋ

॥੫੨॥
ਸੋ ਨ ਚਢਾਵਹਿਂ ਗ੍ਰਿੰਥ ਮਝਾਰੀ।
ਰਚਹੁ ਅਬਹਿ ਇਸ ਕੇ ਅਨੁਸਾਰੀ।
ਜਥਾ ਕ੍ਰੱਮ ਬਾਨੀ ਸੁ ਬਨਾਓ।
ਪ੍ਰਿਥਕ ਪ੍ਰਿਥਕ ਬਿਚ ਰਾਗ ਲਿਖਾਓ'
॥੫੩॥
ਸੁਨਿ ਹਰਖੇ ਸਭਿ ਭਗਤ ਬਿਸਾਲਾ।
'ਧੰਨ ਧੰਨ' ਉਚਰਹਿਂ ਤਿਸ ਕਾਲਾ।
ਲਗੇ ਬਨਾਵਨਿ ਗਿਰਾ ਨਵੀਨ।
ਬੈਠਿ ਸਮੀਪੀ ਗੁਰੂ ਪ੍ਰਬੀਨ ॥੫੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਭਗਤਨ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

## ੪੨. [ਭਗਤ ਬਾਣੀ ਚੜ੍ਹਾਈ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਸ੍ਰੀ ਅਰਜਨ ਅਰਜ਼ਿਨ[1] ਸੁਨਹਿਂ,
ਅਰਜੁਨ[1] ਜਸੁ ਉਪਜਾਇ।
ਸਮੈ ਦੁਪਹਿਰੀ ਲਗਿ ਗੁਰੂ,
ਬੈਠਿ ਗ੍ਰਿੰਥ ਲਿਖਵਾਇਂ ॥੧॥

[1]ਬੇਨਤੀਆਂ।
[1]ਉੱਜਲ।

ਚੌਪਈ:

ਸੁਧਾ ਸਰੋਵਰ ਪੁਨ ਚਲਿ ਆਵਹਿਂ।
ਕਰਹਿਂ ਪ੍ਰਦੱਛਨ ਸੀਸ ਨਿਵਾਵਹਿਂ।
ਬੈਠਹਿਂ ਜਬਹਿ ਸੰਗਤਾਂ ਬ੍ਰਿੰਦ।
ਦਰਸਹਿਂ ਸਤਿਗੁਰ ਚੰਦ ਮਨਿੰਦ ॥੨॥
ਹਰਿਮੰਦਰ ਮਹਿਂ ਹੁਇ ਦਰਬਾਰੇ।
ਥਿਤਿ ਮਸੰਦ ਅਰਦਾਸ ਉਚਾਰੇਂ।
ਆਇਂ ਉਪਾਇਨ ਪਾਇਨ ਅਰਪਹਿਂ।
ਸੁਰ ਸਮੁਦਾਇ[1] ਜਾਇਂ ਜਿਮ ਹਰਿ ਪਹਿ[2] ॥੩॥

[1]ਸਾਰੇ ਦੇਵਤੇ। [2]ਪਾਸ।

ਦਯਾ ਧਾਰਿ ਦਰਸ਼ਨ ਕੋ ਦੇਤਿ।
ਸਿਖ ਦੇਖਤਿ ਮਨ ਬਾਂਛਤਿ ਲੇਤਿ।
ਏਕ ਜਾਮ ਤਹਿਂ ਬੈਠਿ ਬਿਤਾਵਹਿਂ।
ਪੁਨ ਤੰਬੂ ਦਿਸ਼ਿ ਕੋ ਚਲਿ ਆਵਹਿਂ ॥੪॥
ਰਾਤਿ ਦਿਵਸ ਬੀਤਹਿ ਬਿਚ ਡੇਰੇ।
ਸ਼ਬਦ ਬਨਾਇ ਲਿਖਾਇਂ ਘਨੇਰੇ।
ਭਗਤਿ ਵਿਰਾਗ ਗਜਾਨ ਗੁਨ ਸਾਨੀ[1]।
ਨਾਨਾ ਬਿਧਿਨਿ ਬਨਾਵਹਿਂ ਬਾਨੀ ॥੫॥

[1]ਮਿਲੀ ਹੋਈ।

ਇਸ ਪ੍ਰਕਾਰ ਨਿਤਪ੍ਰਤਿ ਵਿਵਹਾਰੇ।
ਕਿਤਿਕ ਦਿਵਸ ਸਤਿਗੁਰੂ ਗੁਜ਼ਾਰੇ।
ਲਿਖੇ ਸ਼ਬਦ ਭਗਤਨਿ ਕੇ ਜਬੈ।
ਕਹਿ ਗੁਰਦਾਸ ਬਿਸਮ ਉਰ[1] ਤਬੈ ॥੬॥

[1]ਅਸਚਰਜ ਚਿੱਤ ਹੋਕੇ।

'ਪੰਚੋਂ ਪਾਤਿਸ਼ਾਹਿ ਕੀ ਗਿਰਾ।
ਅੰਤ ਨਾਮ ਸ੍ਰੀ ਨਾਨਕ ਧਰਾ।
ਅਬਹਿ ਆਪ ਭਗਤਨਿ ਕੇ ਨਾਮੂ।
ਅੰਤ ਸ਼ਬਦ ਕੇ ਧਰਹੁ ਭਿਰਾਮੂ ॥੭॥
ਦੀਖਤਿ ਇਹਾਂ ਭਗਤ ਨਹਿਂ ਕੋਈ।
ਸ੍ਰੀ ਗੁਰ ਜੀ ਸੰਸੈ ਦਿਹੁ ਖੋਈ।'
ਸ੍ਰੀ ਅਰਜਨ ਤਬਿ ਬਾਕ ਬਖਾਨੇ।
'ਜੇ ਚਿਤ ਚਾਹਤਿ ਇਸ ਕਹੁ ਜਾਨੇ[1] ॥੮॥ — [1]ਇਸ ਬਾਤ ਨੂੰ ਜਾਣਿਆਂ।
ਜੋ ਤਵ ਸਮੈਂ ਆਗਮਨ ਕੇਰੋ[1]। — [1]ਤੇਰੇ ਆਵਣ ਦਾ ਵੇਲਾ ਹੈ।
ਪ੍ਰਾਤ ਦੁ ਘਟਿਕਾ ਆਉ ਅਗੇਰੋ[1]। — [1]ਦੋ ਘੜੀਆਂ ਪਹਿਲੋਂ।
ਤਬਿ ਸੰਸੈ ਤੁਵ ਹੋਹਿ ਬਿਨਾਸ਼ੀ।'
ਸੁਨਿ ਗੁਰਦਾਸ ਲਹਯੋ ਸੁਖ ਰਾਸੀ ॥੯॥
ਵਹਿਰ ਕਨਾਤ ਕਿਤਿਕ ਥਲ ਤਯਾਗਾ।
ਤਹਿਂ ਭਾਈ ਕੋ ਤੰਬੂ ਲਾਗਾ।
ਲਿਖਨਿ ਸਮੈਂ ਹਜ਼ੂਰ ਚਲਿ ਆਵਹਿ।
ਨਾਤੁਰ ਤਿਸ ਮਹਿਂ ਦਿਵਸ ਬਿਤਾਵਹਿ ॥੧੦॥
ਸੁਨਿ ਸਤਿਗੁਰ ਕੇ ਬਾਕ ਅਛੇਰੇ।
ਤਬਿ ਭਾਈ ਗਮਨਯੋ ਨਿਜ ਡੇਰੇ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਰਹੀ ਜਾਮ ਕਿਯ ਸੌਚ ਬਨਾਈ ॥੧੧॥
ਗੁਰ ਢਿਗ ਪਹੁੰਚਨਿ ਸਮੈਂ ਲਖਾਯੋ[1]। — [1]ਜਾਣਿਆਂ।
ਦ੍ਵੈ ਘਟਿਕਾ ਆਗੈਂ ਚਲਿ ਆਯੋ।
ਤਿਸ ਛਿਨ ਸਤਿਗੁਰ ਕੇ ਚਹੁੰ ਦਿਸ਼ ਮੈਂ।
ਚਰਚਾ ਕਰਤਿ ਭਗਤ ਪ੍ਰਭੁ ਰਸ ਮੈਂ ॥੧੨॥
ਸਹਿਮ ਰਹਯੋ ਠਾਂਢੋ ਤਿਸ ਥਾਈਂ।
ਜਹਿਂ ਦਰ ਹੁਤੋ ਆਇਬੇ ਜਾਈ[1]। — [1]ਆਵਣ ਜਾਣ ਦਾ।
ਉਠੇ ਭਗਤ ਨਿਜ ਸਦਨ ਸਿਧੈਬੇ।

ਤਬਿ ਗੁਰਦਾਸ ਸਰਬ ਦਰਸੈਬੇ[1] ॥੧੩॥

[1]ਸਭ ਦਾ ਦਰਸ਼ਨ ਕੀਤਾ।

ਭਗਤ ਕਬੀਰ ਆਦਿ ਜੇ ਸਗਰੇ।
ਦੇਖਤਿ ਜਾਨੇ -ਅਬਿ ਇਹ ਡਗਰੇ[1]-।

[1]ਰਾਹ ਪੈ ਚਲੇ ਹਨ [ਡਗਰੇ = ਰਾਹ ਪੈਣਾਂ]

ਧਾਇ ਪਰਜੋ ਚਰਨਨਿ ਸਭਿਹੀ ਕੇ।
ਜੋਰਿ ਹਾਥ ਬੰਦਨ ਕਰਿ ਨੀਕੇ ॥੧੪॥
ਤਬਿ ਸਭਿ ਭਗਤਨਿ ਇਸ ਕੋ ਬੰਦਜੋ।
ਕੁਸ਼ਲ ਪ੍ਰਸ਼ਨ ਤੇ ਅਧਿਕ ਅਨੰਦਜੋ।
ਨਿਜ ਨਿਜ ਨਾਮ ਸੁਨਾਵਨਿ ਕਰਜੋ।
ਮਿਲੇ ਸਕਲ, ਉਰ ਸੰਸੈ ਹਰਜੋ ॥੧੫॥
ਬਹੁਰ ਆਪਨੇ ਧਾਮ ਸਿਧਾਰੇ।
ਡਰ ਧਰਿ ਕਰਿ ਗੁਰਦਾਸ ਬਿਚਾਰੇ।
-ਹਮ ਢਿਗ ਪਹੁੰਚਹੁ, ਗੁਰ ਫੁਰਮਾਯੋ।
ਮੈਂ ਨਹਿਂ ਗਯੋ ਨ ਦਰਸ਼ਨ ਪਾਯੋ- ॥੧੬॥
ਤਬਿ ਤੂਰਨ ਹੀ ਨਿਕਟ ਪਯਾਨਾ।
ਬੰਦਨ ਕੀਨਿ ਬੰਦਿ ਜੁਗ ਪਾਨਾ।
ਮਹਿਮਾ ਲਖੀ ਮਹਿਦ ਮਹੀਯਾਨਾ[1]।

[1]ਵਡਿਆਂ ਤੋਂ ਵੱਡੇ ਭਾਵ ਗੁਰੂ ਅਰਜਨ ਦੇਵ ਜੀ ਦੀ।

ਖਰੋ ਹੋਇ ਗੁਰ ਸੁਜਸੁ ਬਖਾਨਾ ॥੧੭॥
'ਨਿਰੰਕਾਰ ਕੇ ਤੁਮ ਆਕਾਰਾ।
ਸਰਗੁਨ ਰੂਪ ਬਿਸ਼ਨੁ[1] ਤਨ ਧਾਰਾ[†]।

[1]ਪਰਮੇਸ਼ੁਰ।

[†]ਵਿਸ਼ਨੂੰ ਦੇ ਅਵਤਾਰ ਸਤਿਗੁਰੂ ਜੀ ਨੂੰ ਕਹਿਣ ਵਿਚ ਕਵੀ ਜੀ ਅਪਣੇ ਨੁਕਤਾ ਖਿਆਲ ਤੋਂ ਉਨ੍ਹਾਂ ਨੂੰ ਸਭ ਤੋਂ ਉੱਚਾ ਵਰਣਨ ਕਰ ਰਹੇ ਹਨ, ਪਰੰਤੂ ਭਾਈ ਗੁਰਦਾਸ ਜੀ ਦੱਸਦੇ ਹਨ: ਪਾਰਬ੍ਰਹਮ ਗੁਰ ਰੂਪ ਹੋਇ ਸਾਧ ਸੰਗਤ ਗੁਰ ਸ਼ਬਦ ਸਮਾਯਾ (ਵਾ: ੬, ਪੰ: ੨) ਪੁਨ: ਧੰਨ ਧੰਨ ਸਤਿਗੁਰ ਪੁਰਖ ਨਿਰੰਕਾਰ ਆਕਾਰ ਬਨਾਇਆ, (ਵਾ: ੬, ਪੌ: ੧੬) ਪੁਨਾ: ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ (ਵਾ ੧੩, ਪੌ: ੨੫) ਵਿਸ਼ਨੂੰ ਬਾਬਤ ਭਾਈ ਗੁਰਦਾਸ ਜੀ ਦੱਸਦੇ ਹਨ: ਬਿਸ਼ਨੈ ਦਸ ਅਵਤਾਰ ਨਾਵ ਗਣਾਇਆ। ਕਰ ਕਰ ਅਸੁਰ ਸੰਘਾਰ ਵਾਦ ਵਧਾਇਆ (ਵਾ: ੧੪, ਪੌ: ੪) ਕਵੀ ਸੰਤੋਖ ਸਿੰਘ ਜੀ ਆਪ ਇਸੇ ਰਾਸ ਦੇ ਅੰਸੂ ੫੪ ਅੰਕ ੧੮ ਵਿਚ ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਗੁਰੂ ਨਾਨਕ ਦੇਵ ਜੀ ਵਿਸ਼ਨੂੰ ਦਾ ਅਵਤਾਰ ਸਨ ਕਿ ਜਨਕ ਦਾ, ਉੱਤਰ ਦੇਂਦੇ ਹਨ ਕਿ- 'ਪਾਰਬ੍ਰਹਮ ਅਚਰਜ ਜਿਸ ਚਰਿਤਾ। ਸਭਿ ਜਗ ਕਰਤਾ ਭਰਤਾ ਹਰਤਾ ॥੧੭॥ ਧਰਜੋ ਆਨਿ ਸ੍ਰੀ ਨਾਨਕ ਰੂਪ ॥'

ਸਤਿਗੁਰ ਮਹਿਂ ਬਾਵਨ ਬਪੁ ਪਾਵਨਿ[1]।

[1]ਸਰੀਰ ਧਾਰਿਆ।

ਮਾਪੇ ਤੀਨ ਲੋਕ ਤ੍ਰੈ ਪਾਵਨਿ[1] ॥੧੮॥
ਤ੍ਰੇਤੈ ਰਘੁਵਰ ਰੂਪ ਸੁਹਾਵਨ।
ਘਾਇ ਅਗਿਨ[1] ਰਾਖਸ਼ ਯੁਤ ਰਾਵਨ।
ਦ੍ਵਾਪੁਰ ਹੋਏ ਕ੍ਰਿਸ਼ਨ ਮੁਰਾਰੀ।
ਸ਼ੱਤ੍ਰੁਨ ਸੈਨ ਅਸੰਖ ਸੰਘਾਰੀ ॥੧੯॥
ਅਬਿ ਕਲਿਜੁਗ ਕੋ ਕਾਲ ਨਿਹਾਰਾ।
ਗੁਰੂ ਰੂਪ ਆਪਨਿ ਕੋ ਧਾਰਾ।
ਹਮ ਨਰ ਮੰਦ ਮਤੀ ਨਹਿਂ ਜਾਨੈਂ।
ਤੁਮਰੀ ਮਹਿਮਾ ਮਹਿਦ ਮਹਾਨੈ ॥੨੦॥
ਬਖਸ਼ਹੁ ਭੂਲ ਦਯਾ ਸਿੰਧੁ ਮੇਰੀ।
ਦਾਸ ਜਾਨਿ ਰਖਿ ਲਾਜ ਬਡੇਰੀ।'
ਸ਼੍ਰੀ ਅਰਜਨ ਸੁਨਿ ਕੈ ਤਿਸ ਕਾਲਾ।
ਬੋਲੇ ਹੋਇ ਪ੍ਰਸੰਨ ਬਿਸਾਲਾ ॥੨੧॥
'ਤੁਝ ਪਰ ਖੁਸ਼ੀ ਸੁਨਹੁ ਬਡਭਾਗੇ!
ਮਨ ਬਾਂਛਤਿ ਲੀਜਹਿ ਅਬਿ ਮਾਂਗੇ।
ਤੁਝ ਤੇ ਨਹੀਂ ਅਦੇਯ ਹਮਾਰੇ।
ਸੇਵਕ ਪ੍ਰੇਮੀ ਹਮਹੁਂ ਪਿਆਰੇ' ॥੨੨॥
ਤਬਿ ਕਰ ਜੋਰਿ ਕਹ੍ਯੋ ਗੁਰਦਾਸ।
'ਭਗਤ ਜੁ ਆਵਤਿ ਹੈਂ ਤੁਮ ਪਾਸ।
ਸ਼੍ਰੀ ਗੁਰ ਆਪ ਜਥਾ ਤਿਨ ਦਰਸਹੁ।
ਚਰਚਾ ਕਰਹੁ ਸਰੀਰ ਸਪਰਸ਼ਹੁ ॥੨੩॥
ਤਥਾ ਦਰਸ ਮੈਂ ਤਿਨ ਕੋ ਪਾਊਂ।
ਗ੍ਯਾਨ ਵਾਕ ਕੋ ਕਹੌਂ ਕਹਾਊਂ।'
ਸੁਨਤਿ 'ਤਥਾਸਤੁ' ਸ਼੍ਰੀ ਗੁਰ ਕਹ੍ਯੋ।
ਸੁਨਿ ਗੁਰ ਵਾਕ ਅਨੰਦ ਉਰ ਲਹ੍ਯੋ ॥੨੪॥
ਬਹੁਰ ਲਿਖਾਵਨਿ ਲਗੇ ਮੁਕੰਦ।
ਭਰੇ ਪ੍ਰੇਮ ਸੋਂ ਸ਼ਬਦ ਸੁ ਬ੍ਰਿੰਦ।
ਜਬਹਿ ਰਾਗ ਕੋ ਭੋਗ ਸੁ ਆਵੈ।

[1]ਤਿੰਨ ਕਦਮਾਂ ਕਰਕੇ।

[1]ਅਣਗਿਣਤ।

ਤਬਹਿ ਭਗਤ ਨਿਜ ਸ਼ਬਦ ਲਿਖਾਵੈਂ
॥੨੫॥
ਦਾਸ ਸਿੱਖ ਕੋ ਅਪਰ ਨ ਜਾਇ।
ਗੁਰ, ਗੁਰ ਦਾਸ, ਭਗਤ ਸਮੁਦਾਇ।
ਜਿਸ ਭਵਜਲ ਮਹਿਂ ਜੀਵ ਦੁਹੇਲੇ।
ਕਰਹਿਂ ਤਿਨਹੁ ਹਿਤ ਤਰਨ ਸੁਹੇਲੇ
॥੨੬॥

ਭਗਤਾਂ ਦਾ ਇਹ ਪ੍ਰਸੰਗ ਕਿ ਉਹ ਆਪ ਸਤਿਗੁਰਾਂ ਦੇ ਪਾਸ ਆਏ; ਅਨਹੋਣੀ ਬਾਤ ਨਹੀਂ। ਧਰਮ ਦੀ ਨੀਂਹ 'ਨਾ ਦਿੱਸਣ ਵਾਲੇ ਜਗਤ' ਪਰ ਵਿਸ਼ਵਾਸ਼ ਤੇ ਇਸ ਅਮੰਨੇ ਪਰ ਹੈ ਕਿ ਮਰਣ ਦੇ ਬਾਦ ਪ੍ਰਾਣੀ ਦੀ ਜੀਵਕਲਾ ਦੀ ਮ੍ਰਿਤੂ ਨਹੀਂ ਹੋ ਜਾਂਦੀ, ਸਰੀਰ ਦੇ ਮਰ ਜਾਣ ਬਾਦ ਰੂਹ ਜਾਂ ਭੌਰ ਜਾਂ ਜੀਉ ਜੀਉਂਦਾ ਹੈ। ਆਤਮਕ ਅਰੂੜ੍ਹ ਅਵਸਥਾ ਦੇ ਲੋਕ ਆਪਣੇ ਮਨ ਦੀ ਉੱਚਤਾਈ ਵਿਚ ਨਾ ਦਿੱਸਣ ਵਾਲੇ ਜਗਤ ਦੇ ਲੋਕਾਂ ਨਾਲ ਸੰਬੰਧ, ਮੇਲ ਜੋਲ ਰੱਖਦੇ ਹਨ। ਏਹ ਗੱਲਾਂ ਆਪਣੀ ਸ੍ਵਦੇਸ਼ੀ ਆਤਮ ਵਿੱਦਯਾ ਦੇ ਅਨੁਕੂਲ ਹਨ, ਪਰੰਤੂ ਹੁਣ ਪੱਛਮ ਵਿਚ ਬੀ, ਜਿਸ ਦੀਆਂ ਹੋਛੀਆਂ ਨਕਲਾਂ ਕਰਨ ਲਈ ਬੀ ਸਾਰੀਆਂ ਪ੍ਰਾਧੀਨ ਕੌਮਾਂ ਬੇਵਸੀਆਂ ਬਿਨਾਂ ਤੱਤ੍ਵ ਬਿਚਾਰ ਦੇ ਭਜਦੀਆਂ ਹਨ, ਇਹ ਗੱਲਾਂ ਨਾ ਕੇਵਲ ਸਾਧਾਰਨ ਲੋਕ, ਬਲਕੇ ਵੱਡੇ ਵੱਡੇ ਸਾਇੰਸ ਵੇਤਾ ਮੰਨ ਰਹੇ ਹਨ ਅਰ ਦਾਇਰੇ ਬੰਨ੍ਹ ਬੰਨ੍ਹ ਏਕਾਗ੍ਰਤਾ ਤੇ ਪ੍ਰਾਰਥਨਾ ਵਿਚ ਬੈਠ ਬੈਠ ਮਰ ਚੁੱਕੇ ਪ੍ਰਾਣੀਆਂ ਦੇ ਮੇਲ-ਜੋਲ ਸੰਦੇਸੇ ਆਦਿ ਕਰਤਬ ਕਰਕੇ ਪੁਸਤਕਾਂ ਵਿਚ ਛਾਪ ਰਹੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਭਗਤਾਂ ਦੀਆਂ ਲਿਖਤੀ ਬਾਣੀਆਂ ਦਾ ਹੋਣਾ ਕੁੱਛ ਅਚਰਜ ਵਾਲੀ ਗੱਲ ਨਹੀਂ, ਜਿਨ੍ਹਾਂ ਨੇ ਗੋਇੰਦਵਾਲ ਜਾਕੇ ਪਹਿਲਾ ਸੰਚਾ ਗੁਰਬਾਣੀ ਦਾ ਜਿਸ ਭੀ ਹਾਲ ਵਿਚ ਸੀ ਉਹ ਲਿਆਂਦਾ। ਉਹਨਾਂ ਨੇ ਗੁਰਬਾਣੀ ਦਾ ਬਾਕੀ ਸਾਰਾ ਸਾਮਾਨ ਜੋ ਜਿੱਥੇ ਜਿੱਥੇ ਮਿਲ ਸਕਦਾ ਸੀ, ਇਕੱਠਾ ਕੀਤਾ। ਭਗਤਾਂ ਦੇ ਅਨੇਕ ਸ਼ਬਦ, ਭਜਨ ਆਭੰਗ ਪੁਰਾਤਣ ਹਿੰਦੀ ਆਦਿ ਲਿਪੀਆਂ ਵਿਚ ਮਿਲਦੇ ਸਨ ਅਤੇ ਗੁਰੂ ਘਰ ਵਿਚ ਬੀ ਹੈਸਨ। ਪਰੰਤੂ ਮੁਸ਼ਕਲ ਸੀ ਤਾਂ ਇਹ ਕਿ ਆਪੋ ਵਿਚ ਨੁਸਖਿਆਂ ਦੇ ਪਾਠ ਮੇਲ ਨਹੀਂ ਮਿਲਦੇ ਤੇ ਨਿਰਣੇ ਕਰਨਾ ਕਿ ਕਿਹੜੀ ਬਾਣੀ ਠੀਕ ਹੈ ? ਕਠਨ ਹੋ ਜਾਂਦਾ ਹੈ। ਖੋਜ ਪੜਤਾਲ ਦੇ ਕਈ ਤ੍ਰੀਕੇ ਹਨ ਜਿਨ੍ਹਾਂ ਨਾਲ ਅਸਲੀਅਤ ਦੇ ਨੇੜੇ ਅੱਪੜਨ ਦਾ ਜਤਨ ਹੁੰਦਾ ਹੈ, ਸੋ ਸਾਰਾ ਸਤਿਗੁਰੂ ਜੀ ਦੇ ਆਪਣੇ ਉੱਚੇ, ਉੱਜਲ ਦਿਮਾਗ ਨੇ ਕਰ ਲਿਆ ਹੋਣਾ ਹੈ ਜ਼ਰੂਰ। ਪਰੰਤੂ ਏਥੇ ਕੰਮ ਹੈਸੀ ਆਤਮਕ, ਤੇ ਧ੍ਰੁਵਾ ਪਰਮ ਪਾਵਨ 'ਧਰਮ ਪੁਸਤਕ' ਦਾ ਬੰਨ੍ਹਣਾ ਸੀ, ਇਸ ਲਈ ਸਤਿਗੁਰ ਜੀ ਨੇ ਮੂਲੋਂ ਨਿਸ਼ਚਿੰਤ ਹੋ ਜਾਣ ਲਈ ਆਪਣੀ ਆਤਮਕ ਸ਼ਕਤੀ ਨੂੰ ਵਰਤਕੇ ਭਗਤਾਂ ਦੀ ਸਦਗਤੀ ਨੂੰ ਪ੍ਰਾਪਤ ਆਤਮਾਵਾਂ ਨਾਲ ਵਿਚਾਰ ਕਰ ਲੈਣਾ ਇਕ ਜ਼ਰੂਰੀ ਅੰਗ ਇਸ ਵੇਲੇ ਸਮਝਿਆ। ਸੋ ਉਹਨਾਂ ਨੇ ਭਗਤਾਂ ਦੀ ਬਾਣੀ ਜੋ ਆਪ ਨੂੰ ਸਹੀ ਜਾਪਦੀ ਸੀ ਭਗਤਾਂ ਤੋਂ ਸੁਧਵਾ ਲੈਣੀ ਯਾ ਸਹੀ ਬਾਣੀ ਉਹਨਾਂ ਤੋਂ ਉਚਰਵਾ ਲੈਣੀ, ਸਿੱਧਾ ਰਸਤਾ ਸੱਚ ਨੂੰ ਅਪੜਨ ਦਾ ਇਖਤਿਆਰ ਕੀਤਾ। ਦੂਸਰੇ ਭਗਤਾਂ ਦਾ ਆਪੂੰ ਇਸ ਵੇਲੇ ਆ ਜਾਣਾਂ ਤੇ ਮਦਦ ਦੇਣੀ ਬੀ ਅਸਚਰਜ ਗੱਲ ਨਹੀਂ, ਕਿਉਂਕਿ ਜੋ ਕੰਮ ਭਗਤ ਜੀ ਛੋਟੇ ਦਾਇਰੇ ਵਿਚ ਕਰ ਗਏ ਸੇ। ਉਸੇ ਮਹਾਨ ਕੰਮ ਦੀ ਪੂਰਨਤਾ ਗੁਰ ਜਯੋਤੀ ਆਪ ਇਸ ਵੇਲੇ ਕਰ ਰਹੀ ਸੀ। ਆਤਮ ਵਿੱਦਯਾ ਦੇ ਅਭਯਾਸੀ ਪਾਰਲੌਕਿਕ ਬਾਤਾਂ ਨੂੰ ਨਿਸ਼ਚੇ ਸੰਭਵ ਜਾਣਦੇ ਹਨ ਕਿਉਂਕਿ ਉਹਨਾਂ ਦੇ ਜੀਵਨਾਂ ਵਿਚ ਐਸੇ ਤਜਰਬੇ ਆ ਜਾਂਦੇ ਹਨ ਜੋ ਪਾਰਲੌਕਿਕ ਜੀਵਨ ਨੂੰ ਸਾਬਤ ਕਰ ਦਿੰਦੇ ਹਨ।

ਬਾਣੀ ਨੂੰ ਸੁੱਧ ਕਰਕੇ ਦਰਜ ਕਰਨ ਦੀ ਵਿਸ਼ੇਸ਼ ਲੋੜ ਇਸ ਕਰਕੇ ਸੀ ਕਿ ਲੋਕੀ ਬਾਣੀਆਂ ਆਪ ਰਚ ਰਚ ਵਡਿਆਂ ਦੇ ਨਾਂਵ ਵਿਚ ਪਾ ਕੇ ਅਸਲ ਨੂੰ ਗਲਤ ਮਲਤ ਕਰ ਦਿੰਦੇ ਸਨ। ਗੁਰੂ ਨਾਨਕ ਦੇਵ ਜੀ

ਦੇ ਨਾਮ ਤੇ ਬਾਣੀ ਰਚੀ ਜਾਂਦੀ ਦੇਖ ਕੇ ਗੁਰੂ ਅਰਜਨ ਦੇਵ ਜੀ ਨੇ ਨਿਰੋਲ ਗੁਰਬਾਣੀ ਦਾ ਸੰਚਯ ਕੀਤਾ ਸੀ, ਅਜੇ ਪੰਜਾਹ ਸੱਠ ਵਰ੍ਹੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੱਚਖੰਡ ਪਯਾਨਾ ਕੀਤਿਆਂ ਹੋਇਆ ਸੀ ਕਿ ਇਹ ਅਨਰਥ ਹੋਣ ਲੱਗ ਪਿਆ ਸੀ। ਮਾਨੁੱਖੀ ਨੁਕਤੇ ਤੋਂ ਪੜਤਾਲ ਤੇ ਨਿਰਣੇ ਦੇ ਸਾਮਾਨ ਗੁਰੂ ਜੀ ਪਾਸ ਮੌਜੂਦ ਸਨ ਤੇ ਪੜਤਾਲ ਆਸਾਨ ਸੀ, ਤੇ ਆਤਮਕ ਨੁਕਤੇ ਤੋਂ ਉਹ ਆਪ ਆਤਮ ਤੱਤ੍ਵੇਤਾ ਤੇ ਪਰਮ ਪਰਾਵਰ ਨਾਥ ਸਨ, ਉਹਨਾਂ ਦੀ ਅੰਤਰ ਮੁਖੀ ਦ੍ਰਿਸ਼ਟੀ ਸਾਰਿਆਂ ਹੀ ਨਿਰਣਿਆਂ ਨੂੰ ਕਰ ਲੈਣ ਲਈ ਸਮਰੱਥ ਸੀ। ਇਸੀ ਤਰ੍ਹਾਂ ਭਗਤਾਂ ਦੀ ਬਾਣੀ ਵਿਚ ਤਾਂ ਆਖੇਪ ਬੇਹੱਦ ਹੋ ਚੁੱਕੇ ਸਨ ਉਹਨਾਂ ਦੀ ਛਾਂਟ ਕਰਕੇ ਸੋਧੀ ਹੋਈ ਨੂੰ ਆਤਮ ਬਲ ਨਾਲ ਭਗਤਾਂ ਤੋਂ ਸਹੀ ਕਰਕੇ ਉਹਨਾਂ ਦੀ ਸ਼ੁੱਧ, ਨਿਰਸੰਸੈ ਬਾਣੀ ਬੀੜ ਵਿਚ ਚਾੜ੍ਹੀ। ਇਹ ਗੱਲ ਜ਼ਰੂਰੀ ਨਹੀਂ ਕਿ ਉਹਨਾਂ ਦੀ ਸਾਰੀ ਬਾਣੀ ਚਾੜ੍ਹੀ ਹੋਵੇ। ਹੋ ਸਕਦਾ ਹੈ ਕਿ ਸਾਰੀ ਹੋਵੇ, ਹੋ ਸਕਦਾ ਹੈ ਕਿ ਹੋਰ ਬੀ ਬਾਣੀ ਹੋਵੇ, ਜੋ ਭਗਤਾਂ ਦੀ ਹੋਵੇ ਤੇ ਚਾਹੋ ਓਹ ਆਖੇਪਾਂ ਵਾਲੀ ਹੋਵੇ। ਇਹ ਬੀ ਸੰਭਵ ਹੈ ਕਿ ਭਗਤਾਂ ਨੇ ਨਵੀਨ ਬਾਣੀ ਬੀ ਕੋਈ ਉਸ ਵੇਲੇ ਰਚਕੇ ਲਿਖਾਈ ਹੋਵੇ, ਪਰ ਜਿੰਨੀ ਬਾਣੀ ਬੀੜ ਵਿਚ ਚਾੜ੍ਹੀ ਗਈ ਹੈ ਉਹਨਾਂ ਭਗਤਾਂ ਦੀ ਆਪਣੀ ਹੈ ਤੇ ਇਸ ਵਿਚ ਉਨ੍ਹਾਂ ਦੇ ਆਸ਼ੇ, ਜੀਵਨ ਵਿਚ ਉੱਨਤੀ ਦੇ ਅੱਡ ਅੱਡ ਤਜਰਬੇ ਤੇ ਸਮੇਂ ਦੇ ਭਾਵ, ਤੇ ਅੰਤ ਉੱਚ ਪਦ ਪ੍ਰਾਪਤੀ ਪਰ ਸਾਈਂ ਦਰੋਂ ਗੁਰੂ ਜਯੋਤੀ ਤੋਂ ਪ੍ਰਾਪਤ ਗਯਾਨ ਦੇ ਭਾਵ ਆ ਗਏ ਹਨ। ਭਾਈ ਸ਼ੰਕਰ ਦਿਆਲ ਜੀ ਫੈਜ਼ਾਬਾਦੀ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿਚ ਲਿਖਦੇ ਹਨ ਕਿ ਅਰਸ਼ਾਂ ਵਿਚ 'ਗੁਰੂ ਜਯੋਤੀ' ਇਕ ਸੰਸਾਰ ਦੀ ਸਿਖਯਾ ਦਾਤਾ ਰੱਬੀ ਸ਼ਕਤੀ ਹੈ। ਇਸ ਦੀ ਤਾਬਿਆ ਸਾਰੇ ਭਗਤ ਤੇ ਇਲਹਾਮੀ ਸਿਖਯਾ ਦਾਤੇ (ਅਵਤਾਰ ਤੇ ਨਬੀ ਆਦਿ) ਆਕੇ ਕੰਮ ਕਰਦੇ ਰਹੇ ਹਨ। ਇਨ੍ਹਾਂ ਪਰ ਗੁਰੂ ਜਯੋਤੀ ਵੱਲੋਂ ਬਾਣੀ ਉੱਤਰਦੀ ਰਹੀ ਹੈ। ਜਿਤਨੇ ਐਸੇ ਮਹਾਂ ਪੁਰਖ ਹੋਏ ਸਾਰਿਆਂ ਨੂੰ ਸ਼ਰੀਰ ਵਿਚ ਆਕੇ ਸ਼ਰੀਰ ਵਾਲੇ ਗੁਰੂ ਦੀ ਲੋੜ ਪਈ। ਇਸ ਕਰਕੇ ਏਹ ਸਭ ਗੁਰੂ ਜਯੋਤੀ ਦੀਆਂ ਕਾਇਮ ਮੁਕਾਮ ਵਯਕਤੀਆਂ ਸਨ। ਅਖੀਰ ਕਲਜੁਗ ਵਿਚ ਉਹ 'ਗੁਰੂ ਜਯੋਤੀ' ਆਪ ਪ੍ਰਗਟ ਹੋਈ ਤੇ 'ਗੁਰੂ ਨਾਨਕ' ਕਹਾਈ। ਇਸ ਜਯੋਤੀ ਨੂੰ ਸ਼ਰੀਰ ਧਾਰਕੇ ਬੀ ਸ਼ਰੀਰ ਧਾਰੀ ਗੁਰੂ ਧਾਰਨ ਨਹੀਂ ਕਰਨਾ ਪਿਆ। ਗੁਰੂ ਜੀ ਨੇ ਆਪ ਫੁਰਮਾਇਆ ਹੈ- 'ਅਪਰੰਪਰ ਪਾਰਬ੍ਰਹਮ ਪਰਮੇਸੁਰ ਨਾਨਕ ਗੁਰ ਮਿਲਿਆ ਸੋਈ ਜੀਉ' ॥ ਪੁਨ- 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ' ਆਦਿ ਵਾਕਾਂ ਤੋਂ ਭਾਈ ਸ਼ੰਕਰ ਦਿਆਲ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਮਹਾਨਤਾ ਸਿੱਧ ਕੀਤੀ ਹੈ। ਜੋ ਬਾਣੀ ਸਤਿਗੁਰਾਂ ਨੇ ਆਪ ਰਚੀ ਉਹ ਗੁਰੂ ਜਯੋਤੀ ਦੀ ਰਚਨਾ ਹੈ ਜੋ ਭਗਤਾਂ ਦੀ ਬਾਣੀ ਬੀੜ ਵਿਚ ਚੜ੍ਹੀ ਉਹ ਉਸੇ ਗੁਰੂ ਜਯੋਤੀ ਜੀ ਦੇ ਅਰਸ਼ਾਂ ਤੋਂ ਭਗਤਾਂ ਨੂੰ ਬਖਸ਼ੇ ਗਿਆਨ ਤੋਂ ਬਣੀ ਬਾਣੀ ਹੈ, ਇਸੇ ਕਰਕੇ ਭਗਤ ਬਾਣੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ- 'ਭਗਤਿ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ' ॥

ਸ੍ਰੀ ਮੁਖ ਤੇ ਜਿਮ ਉਚਰ ਸੁਨਾਵਹਿਂ।
ਭਾਈ ਲਿਖਤਿ ਬਾਯੁ ਸਮ ਜਾਵਿਹ।
ਤੂਰਨ ਲਿਖਹਿ ਅਟਕ ਨਹਿਂ ਪਰੈ।
ਥੋਰੇ ਕਾਲ ਕਾਜ ਬਹੁ ਕਰੈ ॥੨੭॥
ਆਸ਼ੈ ਸਬਦਨਿ ਕੋ ਜਬਿ ਜਾਨਹਿ।
ਨਾਂਹਿ ਤ ਗੁਰ ਕੋ ਬੂਝਨ ਠਾਨਹਿ।
ਤਬਹਿ ਲਿਖਹਿ ਤਤਕਾਲ ਲਿਖਾਰੀ[1]।
ਸ੍ਰੀ ਮੁਖ ਤੇ ਸੁਭ ਜਥਾ ਉਚਾਰੀ ॥੨੮॥

[1]ਭਾਵ ਭਾਈ ਗੁਰਦਾਸ ਜੀ।

ਇਕ ਦਿਨ ਭਾਨੁ ਆਇ ਮੱਧਜਾਨਾ[1]। [1]ਦੁਪਹਿਰੇ।
ਸ੍ਰੀ ਗੁਰ ਗਏ ਸੁਧਾਸਰ ਥਾਨਾ।
ਦੇ ਦਰਸ਼ਨ ਬਹੁਰੋ ਮੁਰਿ ਆਏ।
ਜਾਮ ਦਿਵਸ ਬੈਠੇ ਹਰਖਾਏ ॥੨੯॥
ਬਾਵਨ ਅਖਰੀ ਕਰੀ ਬਨਾਵਨਿ।
ਉਚਰਤਿ ਮੁਖ ਤੇ ਹੇਤ ਲਿਖਾਵਨਿ।
ਆਦਿ ਅੰਤ ਧਰਿ ਏਕ ਸ਼ਲੋਕ।
ਮਹਿਮਾ ਸਤਿਗੁਰ ਕੀ ਸੁਖ ਓਕ ॥੩੦॥
ਲਿਖਿ ਪਠਿ ਕੈ ਪ੍ਰਸੰਨ ਭਾ ਭਾਈ।
ਕਹਿਨਿ ਲਗਯੋ 'ਬਹੁ ਰੁਚਿਰ ਬਨਾਈ।
ਸੁੰਦਰ ਪਾਠ ਅਰਥ ਜਹਿਂ ਰਾਖਾ।
ਸੁਨਿ ਸ੍ਰੀ ਅਰਜਨ ਪੁਨ ਬਚ ਭਾਖਾ ॥੩੧॥
'ਸ੍ਰੀ ਪਰਮੇਸੁਰ ਕੀਰਤਿ ਠਾਨੀ।
ਰੁਚਿਰ ਬਿਭੂਖਨ ਤਿਸੁ ਗੁਰਬਾਨੀ।
ਜੋ ਇਹੁ ਬਾਵਨ ਬਰਨੀ ਬਨੀ[1]। [1]ਬਾਵਨ ਅੱਖਰੀ ਬਾਣੀ ਹੈ।
ਸ਼ੁਭਤਿ ਜਰਾਊ ਹੀਰਨਿ ਮਨੀ[1] ॥੩੨॥ [1]ਮਣੀਆਂ ਕਰਕੇ।
ਜੇਬ ਜਵਾਹਰ[1] ਜਰਯੋ ਜਰਾਊ। [1]ਸ਼ੋਭਾ ਵਾਲਾ ਰਤਨ।
ਤਿਹ ਜੇਵਰ ਕੇ ਸਮ ਛਬਿ ਪਾਊ।
ਪਾਠਕ[1] ਭੁਗਤਿ ਮੁਕਤਿ ਕੀ ਦਾਤਾ। [1]ਪੜ੍ਹਨ ਵਾਲੇ ਨੂੰ।
ਹਲਤਿ ਪਲਤਿ ਸੁਖ ਜਿਨ ਰਸ ਜਾਤਾ' ॥੩੩॥
ਕਹਤਿ ਸੁਨਤਿ ਬਚ ਇਸੀ ਪ੍ਰਕਾਰੇ।
ਭਈ ਜਾਮਨੀ ਤਮ ਘਨ ਸਾਰੇ[1]। [1]ਸਾਰੇ ਸੰਘਣਾ ਅੰਨ੍ਹੇਰਾ ਹੋਇਆ।
ਭਾਈ ਗਯੋ ਆਪਨੇ ਡੇਰੇ।
ਗੁਰੂ ਬਿਚਾਰਨਿ ਕੀਨਿ ਬਡੇਰੇ ॥੩੪॥
-ਜਿਸ ਕੋ ਪਠਹਿਂ ਸਿੱਖ ਕਰਿ ਨੇਮ।
ਕੰਠ ਕਰੇ ਨਿਤਪ੍ਰਤਿ ਜੁਤਿ ਪਰੇਮ।
ਜਿਮ ਗੀਤਾ ਸਭਿ ਸ਼ਾਸਤ੍ਰਨਿ ਸਾਰ।
ਬੇਦ ਸਾਰ ਤਿਮ ਲੇਹਿਂ ਨਿਕਾਰ[†]

॥੩੫॥

†ਕੇਵਲ ਦ੍ਰਿਸ਼ਟਾਂਤ ਮਾਤ੍ਰ -ਵਡਿਆਈ- ਅਰਥ ਸਮਝਣੇ ਚਾਹੀਏ। ਵੇਦਾਂ ਵਿਚ ਤਾਂ ਸੰਸਾਰੀ ਲੋੜਾ ਦੀਆਂ ਅਰਜ਼ੋਈਆਂ, ਚੰਦ, ਸੂਰ, ਅਗਨੀ ਆਦਿ ਦੇ ਮੋਹਿਲੇ ਹਨ, ਹਾਂ ਉਪਨਿਖਦਾਂ ਵਿਚ ਗਿਆਨ ਦਾ ਜ਼ਿਕਰ ਹੈ। ਬੇਦ ਦਾ ਅਰਥ ਹੁਣੇ ਹੀ ਕਵਿ ਜੀ ਗਜ਼ਾਨ ਕਰਕੇ ਆਏ ਹਨ (ਦੇਖੋ ਇਸੇ ਰਾਸ ਦਾ ਅੰਸੂ ੪੧ ਅੰਕ ੨੬ ਤੇ ਉਸ ਦੀ ਟੂਕ) ਗੁਰੂ ਜੀ ਜੋ ਬਾਣੀ ਉਚਾਰਦੇ ਸੇ ਸਿੱਧੇ ਅਨੁਭਾਵ ਦ੍ਵਾਰਾ ਵਾਹਿਗੁਰੂ ਜੀ ਤੋਂ ਗਿਆਨ ਪ੍ਰਾਪਤ ਕਰਕੇ ਸਾਡੀ ਬੋਲੀ ਵਿਚ ਸਾਨੂੰ ਦਾਨ ਕਰਦੇ ਸੇ।

ਨਰਨ ਉਧਾਰਨ ਹਿਤ ਅਸ ਬਾਨੀ।
ਚਹਿਯਹਿ ਰਚੀ ਮਹਿਦ ਸੁਖ ਦਾਨੀ-।
ਜਾਮ ਜਾਮਨੀ ਜਾਗਹਿਂ ਜਾਵਤ।
ਇਹੀ ਬਚਾਰ ਕਰਤਿ ਰਹਿਂ ਤਾਵਤ
॥੩੬॥
ਬਹੁਤ ਜਥਾ ਸੁਖ ਸ੍ਰੀ ਗੁਰ ਸੋਏ।
ਜਿਨ ਬਹੁ ਦਾਸਨਿ ਕੇ ਦੁਖ ਖੋਏ।
ਜਾਮ ਨਿਸਾ ਤੇ ਜਾਗਤਿ ਸ੍ਵਾਮੀ।
ਕਰੀ ਸੌਚ ਸਭਿ ਅੰਤਰ ਜਾਮੀ ॥੩੭॥
ਦੰਤ ਧਾਵਨੀ[1] ਕੀਨਿ ਬਨਾਇ। [1]ਦਾਤਣ।
ਪੁਨ ਗਮਨ ਗੁਰ ਸਹਿਜ ਸੁਭਾਇ।
ਤੰਬੂ ਭਾਈ ਕੇ ਤਬਿ ਆਏ।
ਚਲੇ ਤਾਂਹਿ ਕੋ ਸਾਥ ਰਲਾਏ ॥੩੮॥
ਰਾਮ ਸਰੋਵਰ ਤੀਰਥ ਤੀਰ।
ਕੀਨਿ ਸ਼ਨਾਨ ਗੁਰੂ ਗੰਭੀਰ।
ਪੁਨ ਤਿਹ ਠਾਂ ਗੁਰਦਾਸ ਸ਼ਨਾਨਾ।
ਬਸਤ੍ਰ ਪਹਿਰ ਕਰਿ ਥਿਤਿ ਤਿਸ ਥਾਨਾ
॥੩੯॥
ਰਾਮ ਤਾਲ ਕੀ ਕੋਨ ਇਸਾਨ[1]। [1]ਪੂਰਬ ਤੇ ਉੱਤਰ ਦੀ ਵਿੱਚਲੀ ਦਿਸ਼ਾ।
ਇਕ ਬਦਰੀ[1] ਸੁਭ ਖਰੀ ਸਥਾਨ। [1]ਬੇਰੀ।
ਕ੍ਰਿਪਾ ਸਿੰਧੁ ਅਵਿਲੋਕਨਿ ਕੀਨੇ।
ਤਿਸ ਤਰੁ ਕੇ ਤਰ ਤਬਿ ਆਸੀਨੇ[1] [1]ਇਸਥਿਤ ਹੋਏ।
॥੪੦॥
ਸਨਮੁਖਿ ਬੈਠਿ ਗਯੋ ਗੁਰਦਾਸ।
ਸ਼੍ਰੀ ਗੁਰ ਕੀਨਸਿ ਬਾਕ ਪ੍ਰਕਾਸ਼।
'ਸਮਾਂ ਘੋਰ ਕਲਜੁਗ ਕੋ ਆਯੋ।

ਕਟਕ ਬਿਕਾਰਨਿ ਕੋ ਜਗ[1] ਛਾਯੋ ॥੪੧॥ — [1]ਵਿਕਾਰਾਂ ਦੀ ਸੈਨਾਂ ਜੱਗ ਵਿੱਚ।

ਤਿਨ ਕੋ ਪਾਇ ਪਾਪ ਨਰ ਕਰਿਈਂ।
ਅੰਤ ਕਾਲ ਬਿਚ ਨਰਕ ਸੁ ਪਰਿਈਂ।
ਭੋਗ ਮਹਾਂ ਦੁਖ ਸੰਮਤ ਘਨੇ।
ਤਹਾਂ ਸਹਾਇਕ ਕੋਇ ਨ ਬਨੇ ॥੪੨॥

ਜਿਨ ਹਿਤ ਪਾਪਨਿ ਕਰਤਿ ਅਨੇਕ।
ਤਿਨ ਮਹਿਂ ਤਹਾਂ ਨ ਪਹੁੰਚਯੋ ਏਕ[1]। — [1]ਭਾਵ ਇਕ ਸੰਬੰਧੀ ਬੀ।
ਬਹੁ ਦੂਤਨਿ[†] ਤੇ ਲਹੈਂ ਸਜਾਈਂ। — [†]ਪਾ:-ਦੂਖਨਿ।
ਭੋਗ ਪਾਪ ਫਲ ਪੁਨ ਨਿਕਸਾਈ ॥੪੩॥

ਸ਼ਸ਼ਿ ਕਰ[1] ਸੋਂ ਮਿਲਿ ਤ੍ਰਿਣਨਿ ਮਝਾਰੀ। — [1]ਚਦ੍ਰਮਾਂ ਦੀ ਕਿਰਨ।
ਆਇ ਪਰਤਿ ਦੁਖ ਪਾਵਤਿ ਭਾਰੀ।
ਅੰਨ ਤ੍ਰਿਣਨਿ ਮਹਿਂ ਮਿਲਿ ਸੋ ਜਾਇ।
ਪੁਨ ਦੇਹੀ ਤਿਸ ਕੋ ਮੁਖ ਖਾਇ ॥੪੪॥

ਦੰਤਨ ਤਰੇ ਕਸ਼ਟ ਕੋ ਪਾਵਹਿ।
ਪੁਨਹ ਉਦਰ ਮਹਿਂ ਜਾਇ ਸਮਾਵਹਿ।
ਤਹਿਂ ਜਠਰਾਗਨਿ ਤੇ ਤਪਤਾਇ।
ਪ੍ਰਥਕ ਹੋਇ ਰਸ ਤਹਿਂ ਮਿਲਿ ਜਾਇ ॥੪੫॥

ਜਾਇ ਨਸਾ[1] ਮਹਿਂ ਰੁਧਿਰ ਬਨੈ ਹੈ। — [1]ਨਾੜੀ।
ਇਮ ਹੀ ਸਪਤ ਧਾਤ ਮਹਿਂ ਜੈ ਹੈ।
ਪੁਨਹ ਰੇਤ[1] ਸੋਂ ਮਿਲਿ ਨਿਕਸਾਵਹਿ। — [1]ਬੀਰਜ [ਸੰਸ: ਰੇਤਸ੍]
ਛਿੱਦ੍ਰ ਜੋਨਿ ਕੇ[1] ਤਬਿ ਪ੍ਰਵਿਸ਼ਾਵਹਿ ॥੪੬॥ — [1]ਇਸਤ੍ਰੀ ਦੇ ਗੁਪਤ ਅੰਗ ਦੇ ਛੇਕ ਵਿੱਚ।

ਗਰਭ ਬਿਖੈ ਦੁਖ ਗਿਨੇ ਨ ਜਾਂਹੀ।
ਬਿਸ਼ਟਾ ਮੂਤ੍ਰ ਮਿਲ੍ਯੋ ਬਸਿ[1] ਤਾਂਹੀ। — [1]ਵਸਦਾ ਹੈ।
ਜਬਿ ਨਿਕਸਤਿ ਪੁਨਿ ਜੋਨੀ ਦ੍ਵਾਰਾ।
ਛਿੱਦ੍ਰ ਛੋਟਿ ਦੁਖ ਲਹਤਿ ਅਪਾਰਾ ॥੪੭॥

ਇਮ ਜਨਮੈਂ ਤਨ ਪਾਇ ਬਹੋਰੀ।
ਮਰਹਿ ਫੇਰਿ ਕਰਿ ਕਰਿ ਅਘ ਘੋਰੀ।
ਤਨਕ ਮਾਤ੍ਰ ਸੰਕਟ ਇਹ ਕਹੇ।
ਗਿਨੇ ਨ ਜਾਇਂ ਜਿਤਕ ਇਹ ਲਹੇ† ॥੪੮॥

†ਇਹ ਕਸ਼ਟਾਂ ਦਾ ਕਵੀ ਜੀ ਨੇ ਚੰਗਾ ਭੈਦਾਇਕ ਨਕਸ਼ਾ ਬੱਧਾ ਹੈ।

ਯਾਂ ਤੇ ਰਚਹਿਂ ਏਕ ਅਸ ਬਾਨੀ।
ਨਿਤ ਜਿਸ ਪਠਤਿ ਹੋਹਿਂ ਅਘ ਹਾਨੀ।
ਰਿਦੇ ਬਸਾਇ ਕਮਾਵੈ ਜੋਈ।
ਬਹੁਰ ਨ ਜਨਮ ਮਰਨ ਤਿਸ ਹੋਈ' ॥੪੯॥

ਇੱਤਯਾਦਿਕ ਬਹੁ ਬਾਕ ਬਿਲਾਸੇ।
ਉਪਕਾਰੀ ਗੁਰ ਕੀਨਿ ਪ੍ਰਕਾਸ਼ੇ।
ਇਤਨੇ ਮਹਿਂ ਪ੍ਰਭਾਤਿ ਹੁਇ ਆਈ।
ਭਯੋ ਪ੍ਰਕਾਸ਼ ਚਿਰੀ ਚੁਹਕਾਈ[1] ॥੫੦॥

[1]ਪੰਛੀ ਬੋਲੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰਾਸੇ 'ਭਗਤਨ ਕੇ ਆਗਮਨ' ਪ੍ਰਸੰਗ ਬਰਨਨੰ ਨਾਮ ਦ੍ਵੈ ਚੱਤ੍ਵਾਰਿੰਸਤੀ ਅੰਸੂ ॥੪੨॥

## ੪੩. [ਸੁਖਮਨੀ। ਸੱਤਾ ਬਲਵੰਡ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਰਾਮਤਾਲ ਈਸਾਨ ਦਿਸ਼[1], ਬੈਠੇ ਗੁਰੂ ਕ੍ਰਿਪਾਲ।
ਰਚਨਿ ਲਗੇ ਤਬ ਸੁਖਮਨੀ, ਦੇ ਸੁਖ ਕਰਤਿ ਨਿਹਾਲ ॥੧॥

[1]ਪੂਰਬ ਉੱਤਰ ਦੀ ਵਿਚਲੀ ਦਿਸ਼ਾ।

ਚੌਪਈ:

ਪ੍ਰਥਮ ਸ਼ਲੋਕ[1] ਗੁਰੁ ਪਗ ਬੰਦੇ।
ਕੀਨਿ ਮੰਗਲਾਚਰਨ ਬਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ।
ਅਸ਼ਟਪਦੀ ਮਹਿਂ ਰਚੀ ਬਡੇਰ ॥੨॥

[1]ਪਹਿਲੇ ਸ਼ਲੋਕ ਵਿਚ।

ਨਾਮ ਮਹਾਤਮ ਮਹਿਦ ਮਹਾਨਾ।
ਬਹੁ ਬਿਧਿ ਸੋਂ ਸਤਿਗੁਰੂ ਬਖਾਨਾ।
ਬ੍ਰਹਮ ਗਜਾਨੀ ਉਰ ਭਗਤ ਵਿਰਾਗੀ।
ਸਾਧ ਸੰਗਤਿ ਜਿਨ ਕੀ ਲਿਵ ਲਾਗੀ ॥੩॥
ਕਹਜੋ ਮਹਾਤਮ ਅਤਿ ਤਿਨ ਕੇਰਾ।
ਸੰਤਨਿ ਰਿਪੁ ਕੋ[1] ਕਸ਼ਟ ਬਡੇਰਾ।
'ਨਿਰਗੁਨ ਆਪ ਸਰਗੁਨ ਭੀ ਓਹੀ।
ਕਲਾਧਾਰ ਜਿਨ ਸਗਲੀ ਮੋਹੀ' ॥੪॥

[1]ਸੰਤ ਦੇ ਦੋਖੀ ਨੂੰ।

ਤੱਤ੍ਵੰ ਮਸੀ[1] ਬਾਕ ਇਹ ਭਾਖਾ।
ਇਮ ਸ਼੍ਰੁਤਿ ਸਾਰ ਆਨਿ ਸਭਿ ਰਾਖਾ[†]।

[1]ਭਾਵ ਤੂੰ ਬ੍ਰਹਮ ਹੈ।

[†]ਸਤਿਗੁਰੂ ਜੀ ਨੇ ਆਪ ਸੁਖਮਨੀ ਨੂੰ ਕਿਸੇ ਸ਼੍ਰੁਤੀ ਦਾ ਸਾਰ ਨਹੀਂ ਆਖਿਆ, ਉਨ੍ਹਾਂ ਨੇ ਫੁਰਮਾਯਾ ਹੈ:- 'ਉੱਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ।' ਜਿਸਦੇ ਅਰਥ ਹਨ ਕਿ ਸਾਧੂ ਬਚਨ (ਦੁਆਰਾ ਪ੍ਰਗਟੇ ਹਨ) ਭਾਵ ਇਹ ਕਿ ਵਾਹਿਗੁਰੂ ਜੀ ਦਾ ਤੱਤ੍ਵ ਗਿਆਨ ਅਸਾਂ ਨੇ ਆਪ ਵਰਣਨ ਕੀਤਾ ਹੈ। ਹਾਂ ਤੱਤ੍ਵ ਗਜਾਨ ਨਾਲ ਜੇ ਉਪਨਿਖਦ ਸ਼ਾਸਤ੍ਰ, ਜਿੰਦਾਵਸਤੂ, ਸਾਮ, ਕੁਰਾਨ ਅੰਜੀਲ ਦੇ ਓਹ ਵਾਕ ਜੋ ਸੱਤ ਹਨ ਮਿਲਨਗੇ ਤਾਂ ਇਨ੍ਹਾਂ ਦਾ ਇਸ ਤਰ੍ਹਾਂ ਦਾ ਮਿਲਨਾ ਉਨ੍ਹਾਂ ਵਿਚੋਂ ਕਿਸੇ ਦਾ ਸਾਰ ਕੱਢਕੇ ਲਿੱਖਣ ਦੇ ਅਰਥ ਨਹੀਂ ਰੱਖਦਾ। ਵਿਸ਼ੇਸ਼ ਲਈ ਵੇਖੋ ਇਸੇ ਰਾਸ ਦੇ ਅੰਸੂ ੪੧ ਅੰਕ ੫੦ ਤੇ ਅੰਸੂ ੪੨ ਅੰਕ ੨੬ ਦੀ ਹੇਠਲੀ ਟੂਕ।

ਕਰਿ ਸੁਖਮਨੀ ਅੰਤ ਮਹਿਂ ਆਪੂ।
ਕਹਜੋ ਮਹਾਤਮ ਅਧਿਕ ਪ੍ਰਤਾਪੂ ॥੫॥
ਸਭਿ ਤੇ ਊਚ ਪਾਇ ਅਸਥਾਨ।

ਨਿਤ ਪਾਠਕ ਮਿਟਿ ਆਵਨਿ ਜਾਨਿ।
ਮੈਂ ਮਹਿਮਾ ਕਯਾ ਕਰਵ ਬਖਾਨੀ।
ਗੁਰ ਸਰਬੱਗ ਕਹੀ ਸੁ ਮਹਾਨੀ[1] ॥੬॥ — [1]ਬੜੀ (ਮਹਿਮਾ)।
ਪ੍ਰਾਤ ਸਮੇਂ ਇਕ ਮਨ ਕਰਿ ਪਾਠ।
ਮਿਟਹਿ ਪਾਪ ਕ੍ਰਿਤ ਜਾਮ ਜੁ ਆਠ[1]। — [1]ਕੀਤੇ ਹੋਏ ਅੱਠ ਪਹਿਰ ਦੇ।
ਜਨਮ ਮਰਨ ਤਿਨ ਕੋ ਕਟਿ ਜਾਇ।
ਪਠਿ ਪ੍ਰਭੁ ਚਰਨਨਿ ਰਹੇ ਸਮਾਇ ॥੭॥
ਜਹਾਂ ਬੈਠਿ ਸੁਖਮਨੀ ਉਚਾਰੀ।
ਤਿਸ ਕੇ[†] ਦਰਸ਼ਨ ਹੁਇ ਫਲ ਭਾਰੀ[‡]। — [†]ਪਾ:-ਤਿਸ ਥਲ। [‡]ਰਾਮਸਰ ਦੇ ਕਿਨਾਰੇ ਪੂਰਬੋਤਰ ਦਿਸ਼ਾ ਵੰਨੇ ਬੇਰੀ ਹੇਠ ਇਕ ਟਿਕਾਣਾ ਅਜੇ ਤੱਕ ਵੱਖਰਾ ਸੁਖਮਨੀ ਰਚਨ ਦੀ ਯਾਦਗਾਰ ਵਿੱਚ ਕਾਇਮ ਹੈ।
ਸਭਿ ਲਿਖਵਾਇ ਉਠੇ ਗੁਰੂ ਪੂਰੇ।
ਪਰਉਪਕਾਰ ਚਰਿਤ ਜਿਨ ਰੂਰੇ ॥੮॥
ਇਸੀ ਪ੍ਰਕਾਰ ਨਿਤਾਪ੍ਰਤਿ ਬਾਨੀ।
ਲਿਖਵਾਵਹਿਂ ਰਚਿ ਰਚਿ ਗੁਨਖਾਨੀ।
ਬਹੁਰ ਕਥਾ ਔਰੈ ਇਕ ਹੋਈ।
ਬਰਨੀ ਬਨੈ[1] ਇਹਾਂ ਅਬਿ ਸੋਈ ॥੯॥ — [1]ਕਥਨ ਕਰਨੀ ਬਣਦੀ ਹੈ।
ਰਾਮਕਲੀ ਸ਼ੁਭ ਰਾਗ ਮਝਾਰ।
ਡੋਮ[1] ਬਨਾਈ ਲਿਖੀ ਸੁ ਵਾਰ। — [1]ਭਾਵ ਸੱਤੇ ਬਲਵੰਡ।
ਲੱਧਾ ਸਿੱਖ ਤਿਨਹੁਂ ਲੇ ਆਵਾ।
ਸ਼੍ਰੀ ਗੁਰ ਕੋ ਦਰਸ਼ਨ ਕਰਿਵਾਵਾ ॥੧੦॥
ਸੁਨਿ ਸਿੱਖਨਿ ਬੂਝੀ ਸਭਿ ਗਾਥਾ।
'ਸਰਬ ਬ੍ਰਿਤਾਂਤ ਕਰਹੁ ਹਮ ਸਾਥਾ।'
ਸੁਨਿ ਸ਼੍ਰੋਤਨਿ ਤੇ ਸਕਲ ਪ੍ਰਸੰਗ।
ਕੀਨਿ ਉਚਾਰਨ ਹਿਤ ਕੇ ਸੰਗ ॥੧੧॥
ਹੁਤੋ ਡੂਮ[1] ਬਲਵੰਡ ਮਹਾਨਾ। — [1]ਇਕ ਗਾਉਣ ਵਜਾਉਣ ਵਾਲੀ ਜਾਤ ਜਿਸਨੂੰ ਹਿੰਦੂ ਨੀਚ ਜਾਤ ਗਿਣਦੇ ਹਨ। ਮਿਰਾਸੀ।
ਸੱਤਾ ਤਿਸ ਕੋ ਅਨੁਜ[1] ਸੁਜਾਨਾ। — [1]ਛੋਟਾ ਭਾਈ।
ਦਾਰਿਦ ਤੇ ਦੁਹੂੰਅਨਿ ਦੁਖ ਪਾਯੋ।

ਕਰੇ ਯਤਨ ਧਨ ਹਾਥ ਨ ਆਯੋ ॥੧੨॥
ਤਬਿ ਬਲਵੰਡ ਦੇਸ਼ ਕਿਤ ਗਯੋ।
ਫਿਰਜੋ ਬਹੁਤ ਕੁਛ ਦਰਬ ਨ ਪਯੋ।
ਸੱਤਾ ਸਤਿਗੁਰ ਪਾਸ ਰਹਜੋ ਹੈ।
ਕਰਹਿ ਕੀਰਤਨ ਅਨੰਦ ਲਹਜੋ ਹੈ ॥੧੩॥
ਸੁਖ ਸੋਂ ਕੀਨਸਿ ਨਿਜ ਗੁਜ਼ਰਾਨ।
ਪਾਇ ਦਰਬ ਕਰਿ ਪਹਿਰਨ ਖਾਨ।
ਕਿਤਿਕ ਸਿੱਖਜ ਅਰਦਾਸ ਕਰਾਵਹਿਂ।
ਸਤਿਗੁਰ ਘਰ ਤੇ ਸਭਿ ਕੁਛ ਪਾਵਹਿਂ ॥੧੪॥
ਫਿਰ ਬਲਵੰਡ ਬਿਦੇਸ਼ ਮਝਾਰੇ।
ਨਿਰਧਨ ਹੀ ਆਯੋ ਗੁਰਦ੍ਵਾਰੇ।
ਦੁਖੀ ਹੋਇ ਕਰਿ ਬਹੁ ਅਕੁਲਾਯੋ।
ਸ਼੍ਰੀ ਅਰਜਨ ਜਸ ਕਵਿਤ ਬਨਾਯੋ ॥੧੫॥

ਕਬਿੱਤ:
'ਆਯੋ ਨਿਜ ਦ੍ਵਾਰੇ, ਦਯਾ ਕਲਪ ਤਰ ਥਾਰੇ[1] ਭਾਰੇ
ਬਿਰਦ ਬਿਲੰਦ, ਦੀਨ ਦਰਦ ਬਿਦਾਰੋ ਹੋ।
ਦ੍ਰੋਪਤੀ ਉਧਾਰੀ, ਗਜ ਗ੍ਰਾਹ[1] ਤੇ ਛੁਟਾਰੀ,
ਭੀਰ ਰਾਖਸ਼ਨਿ ਮਾਰੀ ਵੈਰੀ ਦੇਵਨਿ ਨਿਹਾਰੇ ਹੋ[1]।
ਪ੍ਰਹਲਾਦ ਮੋਚਨ, ਬਿਲੋਚਨ ਸੁ ਪੁੰਡਰੀਕ[1],
ਪੋਚ ਬਲਮੀਕ ਜਸ ਸੋਚ ਕੀਯੋ ਚਾਰੋ ਹੋ[1]।
ਗਨਕਾ ਗਿਨੀ ਹੈ, ਕੌਨ ਤੀਰਥ ਪਰਸ

[1]ਕਲਪ ਬ੍ਰਿੱਛ ਆਪਦੇ।

[1]ਤੰਦੂਆ।

[1]ਦੇਵਤਿਆਂ ਦੇ ਵੈਰੀ ਦੇਖਕੇ (ਸਮਝਕੇ)।

[1]ਪ੍ਰਹਿਲਾਦ ਦੇ ਛੁਡਾਣ ਵਾਲੇ, ਨੇਤ੍ਰ ਕਵਲ ਵਤ।

[1]ਨੀਚ ਬਾਲਮੀਕ ਦਾ ਜੱਸ ਵਿਚਾਰ ਕੇ ਚਾਰ ਦਿਸ਼ਾ ਵਿਚ ਕੀਤਾ ਹੈ। (ਅ) ਸੋਚ = ਪਵਿੱਤ੍ਰ।

ਆਈ,
ਜੈਸੇ ਏ ਉਧਾਰੋ ਤੈਸੇ ਮੋਹਿ ਕੋ ਉਧਾਰੋ
ਹੋ' ॥੧੬॥

ਚੌਪਈ:

ਕ੍ਰਿਪਾ ਸਿੰਧੁ ਕੇ ਨਿਕਟ ਉਚਾਰਾ।
'ਅਬਿ ਅਲੰਬ ਮੈਂ ਲੀਨਿ ਤੁਮਾਰਾ।
ਸੁਨਿ ਸ਼੍ਰੀ ਗੁਰ ਨੇ ਧੀਰਜ ਦੀਨਸਿ।
'ਪੂਰਨ ਹੁਇ ਜੁ ਮਨੋਰਥ ਕੀਨਸਿ
॥੧੭॥
ਰਹੁ ਹਮ ਨਿਕਟ ਕੀਰਤਨ ਕਰੋ।
ਅਨੁਜ ਸਹਤ ਰਾਗਨਿ ਸੁਰ ਭਰੋ।
ਚਲਹਿ ਇਹਾਂ ਗੁਜ਼ਰਾਨ ਤੁਮਾਰੀ।
ਲਹਹੁ ਪਦਾਰਥ ਹੁਇ ਅਨੁਸਾਰੀ'
॥੧੮॥
ਇਮ ਕਹਿ ਗੁਰ ਧਨ ਦੀਨਿ ਬਿਸਾਲਾ।
ਲੇ ਆਇਸੁ ਘਰ ਗਾ ਤਿਸ ਕਾਲਾ।
ਪੁਨਹ ਸਮੀਪ ਗੁਰੂ ਕੇ ਆਵਾ।
ਮਿਲਯੋ ਅਨੁਜ ਯੁਤ ਕਿਰਤਨ ਗਾਵਾ
॥੧੯॥
ਸੁਨਿ ਸਤਿਗੁਰੂ ਪ੍ਰਸੰਨ ਉਦਾਰਾ।
ਨਾਮ 'ਰਾਇ ਬਲਵੰਡ' ਉਚਾਰਾ।
ਹਰਖਤਿ ਹੁਇ ਹੁਇ ਰੁਚਿ ਸੋਂ ਗਾਵੈਂ।
ਦੋਨਹੁੰ ਭ੍ਰਾਤ ਸੁ ਰਸ[1] ਅਧਿਕਾਵੈ
॥੨੦॥
ਰਾਗ ਰਾਗਨੀ ਕਰਿ ਅਨੁਰਾਗੇ।
ਗਾਵਹਿੰ ਸੁੰਦਰ ਸਭਿ ਸ਼ੁਭ ਲਾਗੇ[1]।
ਸਿੱਖ ਸਰਾਹਨ ਕਰਹਿੰ ਸੁਨੰਤੇ।
ਤਜੋਂ ਤਜੋਂ ਸੋ ਅਹੰਕਾਰ ਕਰੰਤੇ ॥੨੧॥
ਇਸ ਬਿਧਿ ਕੇਤਿਕ ਕਾਲ ਬਿਤਾਯੋ।
ਦਿਨ ਪ੍ਰਤਿ ਉਰ ਹੰਕਾਰ ਬਧਾਯੋ।
ਕ੍ਰਿਪਾ ਸਿੰਧੁ ਨੇ ਤਿਨ ਗਤਿ ਜਾਨੀ।

[1]ਪ੍ਰੇਮ ਸਹਿਤ।

[1]ਸਾਰਿਆਂ ਨੂੰ ਚੰਗੇ ਲਗਦੇ ਹਨ।

-ਹੋਛੇ ਡੂਮ ਜਾਤਿ, ਭਏ ਮਾਨੀ ॥੨੨॥
ਆਦਿ ਅੰਤ ਕੀ ਦਸ਼ਾ ਬਿਸਾਰੀ।
ਹਮ ਬਿੱਦਯਾ ਬਡ, ਭੇ ਹੰਕਾਰੀ[1]। [1]ਅਸਾਂ ਪਾਸ ਬਡੀ ਵਿੱਦਯਾ ਹੈ ਇਸ ਤਰ੍ਹਾਂ (ਮਨ ਵਿਚ ਸੋਚਕੇ) ਹੰਕਾਰੀ ਹੋਏ ਹਨ।
ਗੁਰੂ ਗਰੀਬ ਨਿਵਾਜ ਨ ਜਾਨਾ।
ਗਾਇ ਨੀਕ ਹਮ ਭਏ ਮਹਾਨਾ- ॥੨੩॥
ਹੰਕਾਰਤਿ ਕੁਛ ਸਮੈ ਬਿਤਾਵਾ।
ਭਗਨੀ ਕੋ ਸੁ ਬਯਾਹ ਤਬਿ ਆਵਾ।
ਯੁਗ ਭ੍ਰਾਤਾ ਸਤਿਗੁਰ ਢਿਗ ਗਏ।
ਮੁਖ ਤੇ ਕਰਤਿ ਸੁਜਸੁ ਕੋ ਭਏ ॥੨੪॥
'ਦਾਸ ਜਾਨਿ ਹਮ ਕਾਰਜ ਕੀਜਹਿ।
ਦਰਬ ਬਿਸਾਲ ਆਪ ਅਬਿ ਦੀਜਹਿ।
ਜਿਸ ਤੇ ਕਰਹਿਂ ਬਯਾਹੁ ਹਮ ਭਾਰਾ।
ਪਿਖਹਿਂ ਸੁਨਹਿਂ ਹੁਇ ਸੁਜਸੁ ਤੁਮਾਰਾ' ॥੨੫॥
ਗੁਰੂ ਕਹਯੋ 'ਚਿੰਤਾ ਦਿਹੁ ਟਾਰਾ।
ਸ੍ਰੀ ਨਾਨਕ ਕੋ ਅਤੁਟ ਭੰਡਾਰਾ।
ਪ੍ਰਾਤਕਾਲ ਜੇਤਿਕ ਧਨ ਆਵਹਿ।
ਸਿਖ ਸੰਗਤਿ ਹਮ[1] ਆਨਿ ਚਢਾਵਹਿ ॥੨੬॥ [1]ਸਾਨੂੰ।
ਸੋ ਸਭਿ ਹੀ ਤੁਮ ਲੇਹੁ ਸੰਭਾਰੀ।
ਸਤਿਗੁਰ[†] ਕਾਰਜ ਸਰਬ ਸੁਧਾਰੀ[1]। [1]ਸੁਧਾਰਨਗੇ। [†]ਐਸੇ ਥਾਈਂ ਜਦ ਗੁਰੂ ਜੀ ਇਹ ਪਦ ਵਰਤਦੇ ਹਨ, ਤਾਂ ਮੁਰਾਦ ਸ੍ਰੀ ਗੁਰੂ ਰਾਮਦਾਸ ਯਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੁੰਦੀ ਹੈ। (ਦੇਖੋ ਅੰਕ ੩੧)
ਦੁਹੂੰ ਸੁਨਤਿ ਮਨ ਆਨੰਦ ਪਾਏ।
ਗੁਰ ਜਸ ਉਚਰਤਿ ਸਦਨ ਸਿਧਾਏ ॥੨੭॥
ਜਾਮਨਿ ਬਿਤੀ ਪ੍ਰਾਤਿ ਜਬਿ ਹੋਈ।
ਦਰਸ਼ਨ ਕਰਨਿ ਆਇ ਸਭਿ ਕੋਈ।

ਸਿਖ ਸੰਗਤਿ ਦੇ ਮਿਲਹਿਂ ਅਕੋਰ।
ਬੰਦੈਂ ਚਰਨ ਕਮਲ ਕਰ ਜੋਰਿ ॥੨੮॥
ਸਭਿ ਦਿਨ ਕੀ ਪੂਜਾ ਗਿਨਿ ਜਬੈ।
ਭਯੋ ਰਜਤਪਨ ਇਕ ਸੌ ਤਬੈ।
ਦੁਹੂੰ ਭ੍ਰਾਤ ਕੋ ਸਗਰੇ ਦੀਨਿ।
ਗਰਬੇ ਮੂਢ ਨਹੀਂ ਤਬਿ ਲੀਨਿ ॥੨੯॥
ਦਿਏ ਬਗਾਇ[1] ਗੁਰੂ ਕੇ ਆਗੇ।
'ਹਮ ਸੋਂ ਕਰਨਿ ਮਸ਼ਕਰੀ ਲਾਗੇ।
ਕਜਾ ਹਮ ਲੈ ਕੇ ਬਜਾਹ ਰਚਾਵਹਿਂ।
ਧਨ ਬਹੁ ਘਰ ਤੇ ਕਜੋਂ ਨ ਦਿਵਾਵਹਿਂ ॥੩੦॥
ਸੁਨਤਿ ਸਤਿਗੁਰੂ ਧੀਰਜ ਦੀਨਿ।
'ਪੂਰਹਿ ਸ਼੍ਰੀ ਨਾਨਕ ਇਛ ਕੀਨਿ।
ਲਿਹੁ ਧਨ ਇਤੋ, ਨਿਬਾਹਹੁ ਕਾਰ।
ਕਰਤਿ ਕੀਰਤਨ ਲਹਹੁ ਉਦਾਰ[1] ॥੩੧॥
ਸਤਿਗੁਰ ਘਰ ਤੇ ਨਿਤ ਤੁਮ ਲੇਨਾ।
ਏਕ ਬਾਰ ਨਹਿਂ ਕੀਨਸਿ ਦੇਨਾ।
ਸਦਾ ਤੁਮਾਰੀ ਸਾਂਝ ਹਮਾਰੇ।
ਨਹਿਂ ਫੇਰਹੁ ਲੀਜਹੁ ਇਹੁ ਪਜਾਰੇ!' ॥੩੨॥
ਬਹੁਤ ਨੰਮ੍ਰਤਾ[1] ਕਰਿ ਗੁਰ ਕਹਜੋ।
ਤਬਿ ਸਭਿ ਦਰਬ ਹਾਥ ਨਿਜ ਗਹਜੋ।
ਲੇ ਗਮਨੇ ਮਤਿਮੰਦ ਨਿਕੇਤ।
ਬੋਲਤਿ ਭੇ ਗੁਰ ਨਿੰਦ ਸਮੇਤ ॥੩੩॥
'ਨਹੀਂ ਆਜ ਤੇ ਨਿਕਟ ਪਧਾਰਹਿਂ।
ਨਹੀਂ ਕੀਰਤਨ ਕਬਹੁਂ ਉਚਾਰਹਿ।
ਹਮਰੋ ਕਾਰਜ ਸਰਜੋ ਨ ਕੋਈ।
ਗੁਰ ਸਮੀਪ ਰਹਿ ਕਜਾ ਪੁਨਿ ਹੋਈ' ॥੩੪॥
ਇਮ ਕਹਿ ਕਰਿ ਦ੍ਵੈ ਰਹੇ ਅਵਾਸ।

[1]ਵਗਾਹ ਮਾਰੇ।

[1]ਕੀਰਤਨ ਕਰਦੇ ਬਹੁਤ (ਧਨ) ਲਵੋਗੇ (ਹੋਰ)।

[1]ਨਰਮੀ।

ਨਹਿਂ ਗਮਨੇ ਸ੍ਰੀ ਸਤਿਗੁਰ ਪਾਸ।
ਦਿਵਸ ਆਗਲੇ ਜਬਿ ਹੀ ਜਾਨੇ।
ਸਿੱਖਜਨਿ ਸੋਂ ਤਬਿ ਬਾਕ ਬਖਾਨੇ ॥੩੫॥
'ਨਹੀਂ ਰਬਾਬੀ ਚਲਿ ਕਰਿ ਆਏ।
ਜਾਹੁ ਸਦਨ ਤੇ ਲ਼ਯਾਉ ਬੁਲਾਏ।'
ਗੁਰ ਆਗਯਾ ਸੁਨਿ ਸਿੱਖ ਸਿਧਾਰੇ।
ਜਾਇ ਘਰੋ ਤਿਨ ਸਾਥ ਉਚਾਰੇ ॥੩੬॥
'ਉਠਹੁ ਚਲਹੁ ਬਡਭਾਗ ਤੁਮਾਰਾ।
ਸਤਿਗੁਰ ਸਿਮਰਤਿ ਤੁਮਹੁ ਹਕਾਰਾ।
ਪਰਮ ਪ੍ਰਸੰਨ ਬਿਰਾਜਤਿ ਜਹਿਂਵਾ।
ਤੂਰਨ ਲਿਹੁ† ਦਰਸ਼ਨ ਅਬਿ ਤਹਿਂਵਾ' ॥੩੭॥

†ਪਾ:-ਚਲਹੁ।

ਸੁਨਿ ਸੱਤੇ ਬਲਵੰਡਹਿ ਕਹਯੋ।
'ਗੁਰ ਢਿਗ ਜਾਇ ਕਹਾਂ ਹਮ ਲਹਯੋ[1]।
ਜਬਿ ਹਮ ਕਿਰਤਨ ਕਰਹਿਂ ਬਨਾਇ।
ਆਇ ਦੀਵਾਨ ਸਰਬ ਲਗ ਜਾਇ ॥੩੮॥

[1]ਅਸਾਂ ਕੀ ਲੈਣਾ ਹੈ।

ਸ੍ਰੀ ਅਰਜਨ ਵਿਚ ਬੈਠਹਿਂ ਆਈ।
ਗੁਰੂ ਗੁਰੂ ਕਹਿਂ ਸਭਿ ਲਗਿ ਪਾਈ।
ਅਨਿਕ ਉਪਾਇਨ ਆਨਿ ਚਢਾਵਹਿਂ।
ਹੇਰਿ ਹੇਰਿ ਕਰਿ ਸੁਜਸੁ ਅਲਾਵਹਿਂ ॥੩੯॥
ਗੁਰਤਾ ਗਾਦੀ ਕੋ ਹਮੁ ਮੂਲ।
ਨਹਿਂ ਜਬਿ ਜਾਇਂ ਹੋਇ ਪ੍ਰਤਿਕੂਲ[1]।

[1]ਜਦ ਅਸੀਂ ਨਾ ਗਏ ਤਾਂ ਸਾਰੇ ਉਲਟ ਹੋ ਜਾਣਗੇ, ਅਥਵਾ (ਗੱਦੀ) ਉਲਟ ਜਾਏਗੀ।

ਤਿਨ ਕੋ ਗੁਰੂ ਨ ਕਹਿ ਹੈ ਕੋਇ।
ਧਨ ਕੀ ਪੂਜਾ ਕਿਤ ਤੇ ਹੋਇ ॥੪੦॥
ਹਮ ਬਿਨ ਬੈਠਯੋ ਰਹੈ ਇਕਾਂਕੀ।
ਮਹਿਮਾ ਸਕਲ ਜਾਇ ਹੈ ਤਾਂ ਕੀ[1]।'
ਸੁਨਤਿ ਸਿੱਖ ਨੇ ਪੁਨ ਸਮਝਾਏ।

[1]ਭਾਵ ਗੁਰੂ ਜੀ ਦੀ।

'ਸੁਮਤਿ ਬਿਸਾਰਿ ਕਹਾਂ ਗਰਬਾਏ ॥੪੧॥
ਕਹਾ ਅਨਬਨ ਬੋਲਹੁ ਮੁਖ ਬਾਨੀ।
ਕਹਿ ਬਾਵਰ, ਕੈ ਜਿਮ ਮਦ ਪਾਨੀ[1]।
ਤੁਮ ਸਤਿਗੁਰ ਤੇ ਸ਼ੋਭਹੁ ਭਲੇ।
ਕਰਹੁ ਕੀਰਤਨ ਤਿਨ ਕੋ ਮਿਲੇ ॥੪੨॥
ਜਗਤ ਬਿਖੈ ਤੁਮਰੀ ਬਡਿਆਈ।
ਬਹੁਰੋ ਦਰਬ ਲੇਹੁ ਸਮੁਦਾਈ।
ਉਠਹੁ ਚਲਹੁ ਮਾਨਹੁ ਬਚ ਮੇਰਾ।
ਤੁਮ ਪਰ ਗੁਰੂ ਪ੍ਰਸੰਨ ਘਨੇਰਾ' ॥੪੩॥
ਇਸ ਪ੍ਰਕਾਰ ਸਿਖ ਕਹਿ ਬਹੁ ਹਾਰਜੋ।
ਨਹੀਂ ਚਲਨਿ ਕੋ ਮੂਢ ਉਚਾਰਜੋ।
ਜਾਇ ਗੁਰੂ ਕੇ ਨਿਕਟ ਉਚਾਰੇ।
'ਨਹਿਂ ਆਵਤਿ ਬਿਨਮਤਿ[1] ਹੰਕਾਰੇ' ॥੪੪॥
ਸੁਨਿ ਸਤਿਗੁਰ ਸਿਖ ਔਰ ਪਠਾਵਾ।
ਲੇਨਿ ਹੇਤ ਤਿਨ ਸਦਨ ਸਿਧਾਵਾ।
'ਚਲਹੁ ਰਬਾਬੀ ਗੁਰੂ ਹਕਾਰਤਿ।
ਢਿਗ ਚਲਿ ਨਿਜ ਦੁਖ ਕਜੋਂ ਨ ਉਚਾਰਿਤ ॥੪੫॥
ਨੌ ਨਿਧ ਰਿਧਿ ਸਿਧਿ ਰਮਾ[1] ਬਡੇਰੀ।
ਸ਼੍ਰੀ ਗੁਰ ਕੋ ਰੁਖ਼ ਨਿਤਪ੍ਰਤਿ ਹੇਰੀ[1]।
ਜਿਸ ਦਿਸ਼ਿ ਸ਼ਾਰਤਿ ਆਪ ਉਸਾਰਤਿ[1]।
ਤਿਸ ਢਿਗ ਜਾਤਿ[1] ਬਿਲਮ ਨਹਿਂ ਧਾਰਤਿ ॥੪੬॥
ਅਸ ਪ੍ਰਭੁ ਕੋ ਤੁਮ ਤਜਾਗਤਿ ਕੈਸੇ।
ਸਮਝ ਸੁ ਮਿਲਹੁ, ਪ੍ਰਤੀਖਤਿ ਬੈਸੇ[1]।'

[1]ਕਹਿੰਦੇ ਹੋ ਜਿਵੇਂ (ਕਹਿੰਦਾ ਹੈ) ਸ਼ੁਦਾਈ ਅਥਵਾ ਸ਼ਰਾਬੀ।

[1]ਮੂਰਖ।

[1]ਲਛਮੀ।

[1]ਦੇਖਦੀ ਹੈ।

[1]ਇਸ਼ਾਰਾ ਆਪ ਕਰਦੇ ਹਨ।

[1]ਜਾਂਦੀਆਂ ਹਨ (ਰਿੱਧੀਆਂ ਸਿੱਧੀਆਂ)।

[1]ਕਿਸੇ ਨੂੰ ਝੂਠੇ ਕਰਨ ਲਈ ਜਾਣਾ ਗੁਰ ਸਭਾਵ ਦੇ ਵਿਰੁੱਧ ਹੈ। ਵਾਹਿਗੁਰੂ ਜੀ ਦੇ ਕੀਰਤਨ ਦਾ ਜੋ ਪਿਆਰ ਤੇ ਅਦਬ ਸਤਿਗੁਰਾਂ ਦੇ ਹਿਰਦੇ ਵਿਚ ਹੈਸੀ, ਉਹ ਕਾਰਨ ਸੀ ਇਤਨੀ ਮਿਹਰ ਦਾ। ਇਹ ਗੱਲ ਅਗਲੇ ਅੰਸੂ ਦੇ

ਛੰਦ ੨ ਤੇ ੩ ਵਿਚ ਕਵਿ ਜੀ ਆਪ ਨਿਰੂਪਣ ਕਰਦੇ ਹਨ। ਫੇਰ ਅਰਥ ਬਣੂੰ:-(ਲੋਕ) ਉਹਨਾਂ ਨੂੰ ਬਹੁਤ ਝੂਠਾ ਕਰ ਰਹੇ ਹਨ।

ਦੋਨਹੁ ਭ੍ਰਾਤ ਗਰਬ ਧਰਿ ਕਹƒਯੋ।
'ਤਿਨ ਢਿਗ ਹਮਹੁ ਕਛੂ ਨਹਿਂ ਲਹƒਯੋ
॥੪੭॥
ਨਹੀਂ ਜਾਇਂ ਅਬਿ ਕੈਸੇ ਪਾਸ।
ਤਿਨ ਕੋ ਤਜਿ ਹਮ ਰਹੈਂ ਅਵਾਸ।
ਕੇਤੇ ਜਤਨ ਬਨਾਵਹੁ ਕੋਈ।
ਗੁਰ ਸੰਗ ਹਮਰੋ ਮੇਲ ਨ ਹੋਈ'
॥੪੮॥
ਸੁਨਿ ਕਠੋਰ ਬਾਨੀ ਤਿਨ ਕੇਰੀ।
ਕਹƒਯੋ ਜਾਇ ਗੁਰ ਕੋ ਤਿਸ ਬੇਰੀ।
'ਪ੍ਰਭੁ ਜੀ ਨਹਿਂ ਮਾਨੈਂ ਕਿਮ ਮੂਢੇ।
ਰਹƒਯੋ ਗਰਬ ਮਦ ਰਿਦੇ ਅਰੂਢੇ'
॥੪੯॥
ਸੁਨਿ ਸ਼੍ਰੀ ਅਰਜਨ ਛਿਮਾ ਨਿਧਾਨਾ।
ਝੂਠੇ ਤਿਨ ਕੋ ਕਰਨਿ ਮਹਾਨਾ*।
ਆਪ ਚਲਨਿ ਕੋ ਬƒਯੋਂਤ ਬਿਚਾਰਾ।
-ਤਿਨ ਕੇ ਬਿੱਦƒਯਾ ਕੋ ਅਹੰਕਾਰਾ
॥੫੦॥
ਸਾਦਰ ਆਨਹਿਂ ਤਿਨ ਕੋ ਜਾਇ।
ਬਹੁਰੋ ਦਰਬ ਦੇਹਿਂ ਸਮੁਦਾਇ।
ਕਰਹਿਂ ਕੀਰਤਨ ਗੁਰ ਜਸੁ ਗਾਵਹਿਂ।
ਸਿਖ ਸੰਗਤਿ ਕੇ ਰਿਦੈ ਬਸਾਵਹਿਂ
॥੫੧॥
ਚਹੀਅਹਿ ਰੁਚਿਰ ਰਬਾਬੀ ਹਮੈ।
ਕਰਹਿਂ ਕੀਰਤਨ ਦੋਨਹੁ ਸਮੈ-।
ਇਮ ਬਿਚਾਰ ਕਰਿ ਭੇ ਗੁਰ ਤƒਯਾਰੀ।
ਜਿਨ ਸੁਭਾਵ ਪਰ ਕਵਿ ਬਲਿਹਾਰੀ
॥੫੨ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸੱਤੇ ਬਲਵੰਡ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

## ੪੪. [ਸੱਤਾ ਬਲਵੰਡ। ਭਾਈ ਲੱਧਾ ਪਰਉਪਕਾਰੀ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਧਰਮਸਾਲ ਸਾਲੋ ਜਹਾਂ, ਤਿਸ ਕੇ ਨਿਕਟ ਨਿਕੇਤ।
-ਆਪ ਜਾਇ ਆਨਹਿਂ ਤਿਨਹਿ, - ਗਮਨੇ ਗੁਰ ਇਸ ਹੇਤੁ ॥੧॥

ਨਿਸਾਨੀ ਛੰਦ:

ਗਮਨੇ ਸ਼੍ਰੀ ਅਰਜਨ ਤਬਹਿ, ਤਿਨ ਸਦਨ ਮਝਾਰੇ।
ਕਰਨਿ ਹੇਤੁ ਆਦਰ ਸ਼ਬਦ, ਸੋ ਗਾਵਨ ਹਾਰੇ।
ਸ਼੍ਰੀ ਨਾਨਕ ਤੇ ਆਦਿ ਗੁਰ, ਸਭਿਹਿਨਿ ਇਹੑ ਰਾਖੇ।
ਗਾਇ ਗੁਰੂ ਕੇ ਸਬਦ ਕੋ, ਸਿਖ ਸੁਨਹਿਂ ਭਿਲਾਖੇ[1] ॥੨॥
ਬਹੁਤਨਿ ਕੋ ਕੱਲਜਾਨ ਹੈ, ਸੁਨਿਬੇ ਅਰੁ ਗਾਏ।
ਬਹੁਰੋ ਆਦਰ ਸ਼ਬਦ ਕੋ, ਬੀਚਾਰਤਿ ਜਾਏ।
ਪੌਰ ਪ੍ਰਵੇਸ਼ੇ ਸਦਨ ਮਹਿਂ, ਸ਼੍ਰੀ ਅਰਜਨ ਠਾਂਢੇ।
ਦੇਖਿ ਨ ਆਦਰ ਉਠਿ ਕਰਯੋ, ਉਰ ਗਰਬ ਜੁ ਬਾਢੇ ॥੩॥
ਬੈਠਿ ਰਹੇ ਦੋਨਹੁ ਮੁਗਧ, ਮੁਖ ਧਰਿ ਕਰਿ ਮੌਨਾ।
ਮਹਿਮਾ ਲਖਹਿਂ ਨ ਗੁਰੂ ਕੀ, ਚਲਿ ਆਏ ਭੌਨਾ[1]।
ਸੱਤੇ ਅਰੁ ਬਲਵੰਡ ਕੋ, ਸ਼੍ਰੀ ਅਰਜਨ ਭਾਖੀ।
'ਕੋ ਕਾਰਨ ਐਸੇ ਭਯੋ, ਜਿਸ ਤੇ ਰਿਸ

[1]ਚਾਹ ਨਾਲ।

[1]ਕਿ ਸਾਡੇ ਘਰ ਤੁਰ ਕੇ ਆਏ ਹਨ।

ਰਾਖੀ? ॥੪॥
ਆਵਨ ਜਾਨੋ ਦਰਬ ਹੈ, ਨਹਿਂ ਥਿਰਤਾ ਪੈ ਹੈ।
ਇਸ ਤੇ ਰਿਸ ਤੁਮ ਕਯੋਂ ਕਰੀ, ਪੁਨ ਬਹੁਤੋ ਦੈ ਹੈਂ।
ਸ਼੍ਰੀ ਨਾਨਕ ਕੋ ਕੋਸ਼[1] ਹੈ, ਕਮਤੀ ਕੁਛ ਨਾਂਹੀ।
ਸ਼ਰਧਾ ਧਰਿ ਕਿਰਤਨ ਕਰਹੁ, ਆਵਹਿ ਤੁਮ ਪਾਹੀ[1]' ॥੫॥
ਸੁਨਿ ਬੋਲਯੋ ਬਲਵੰਡ ਤਬਿ, 'ਹਮ ਪਿਖਯੋ ਨ ਕੋਈ।
ਕਹਾਂ ਖਜ਼ਾਨੋ ਹੈ ਧਰਯੋ, ਤੁਮ ਭਾਖਤਿ ਜੋਈ।
ਇਕ ਸਹੰਸ ਮੇਂ ਬਯਾਹੁ ਹੁਇ, ਸੌ ਹਮ ਨੇ ਪਾਏ।
ਨਹਿਂ ਗਮਨਹਿਂ ਤੁਮ ਨਿਕਟ ਅਬਿ, ਕਯਾ ਲੇਹਿਂ ਕਮਾਏ ॥੬॥
ਅਪਰ ਥਾਨ ਰਹਿ ਕਰਿ ਕਹੂੰ, ਨਿਜ ਰਾਗ ਸੁਨਾਵੈਂ।
ਲੇਹਿਂ ਦਰਬ ਉਰ ਭਾਵਤੋ, ਕਹਿ ਤਾਨ ਰਿਝਾਵੈਂ।
ਜਿਤੇ ਬਰਖ ਤੁਮ ਢਿਗ ਰਹੇ, ਬਿੱਦਯਾ ਨਿਜ ਖੋਈ।
ਸੁਨਿ ਰੀਝਤਿ ਜਾਨਤਿ ਗੁਨਨਿ, ਪੈ ਮੌਜ ਨ ਕੋਈ[1] ॥੭॥

ਸ਼੍ਰੀ ਨਾਨਕ ਪੂਰਬ ਭਏ, ਜਗ ਕਿਨਹੁਂ ਨ ਜਾਨਯੋ।
ਮਰਦਾਨਾ ਜਬਿ ਰਾਖਿਓ, ਸਭਿ ਮਹਿਂ ਪ੍ਰਗਟਾਨਯੋ।
ਸ਼੍ਰੀ ਅੰਗਦ ਗੁਰੁ ਅਮਰ ਜੀ, ਤੁਮਰੋ

[1]ਖਜ਼ਾਨਾ।

[1]ਭਾਵ ਧਨ ਤੁਹਾਡੇ ਪਾਸ ਆ ਜਾਏਗਾ।

[1]ਸਾਡੇ) ਗੁਣਾਂ ਨੂੰ ਜਾਣਦੇ ਤੇ ਸੁਣਕੇ ਰੀਝਦੇ ਬੀ ਰਹੇ ਹੋ, ਪਰੰਤੂ (ਅਸਾਂ) ਕੋਈ ਮੌਜ ਨਹੀਂ ਮਾਣੀ। (ਅ) ਤੁਹਾਡੀ ਮੌਜ (= ਦਰਯਾ ਦਿਲੀ-ਸਖਾਵਤ-ਅਸਾਂ ਪਰ) ਕੋਈ ਨਹੀਂ ਹੋਈ।

ਪਿਤ ਜੋਈ।
ਪ੍ਰਗਟ ਰਬਾਬੀ ਕਰਤਿ ਭੇ, ਇਮ ਲਖੈ ਨ ਕੋਈ ॥੮॥
ਤੁਮ ਢਿਗ ਹਮ ਕਿਰਤਨ ਕਰੈਂ, ਗੁਰ ਮਹਿਮਾ ਗਾਵੈਂ।
ਸੁਨਿ ਸੁਨਿ ਸਿਖ ਬਹੁ ਦੇਸ਼ ਕੇ, ਬਸਤੂ ਗਨ ਲਜਾਵੈਂ।
ਗੁਰੂ ਗੁਰੂ ਉਚਰਹਿਂ ਤੁਮੈ, ਪੂਜਹਿਂ ਧਨ ਆਨੈਂ।
ਸੁਨਿ ਕਰਿ ਹਮਰੇ ਰਾਗ ਕੋ, ਸੰਗਤਿ ਸਭ ਮਾਨੈ ॥੯॥
ਇਤਨੋ ਗੁਨ ਹਮਰੋ ਮਹਾਂ, ਕੁਛ ਜਾਨਜੋ ਨਾਂਹੀ।
ਨਾਂਹਿ ਤ ਆਧੀ ਭੇਟ ਕੋ, ਦਿਹੁ ਹਮ ਘਰ ਮਾਂਹੀ।
ਅਬਿ ਜਾਨੀ ਪਰਿ ਹੈ ਭਲੇ, ਕਿਮ ਗੁਰੂ ਕਹਾਵੋ।
ਵਸਤੁ ਹਜ਼ਾਰਹੁਂ ਦਰਬ ਬਹੁ, ਕੈਸੇ ਤੁਮ ਪਾਵੋ ॥੧੦॥
ਹਮ ਅਬਿ ਰਹਿ ਕੇ ਅਪਰ ਢਿਗ, ਲੇਂ ਗੁਰੂ ਬਨਾਈ।
ਪੂਜਾ ਹੋਵਹਿ ਤਿਸੀ ਕੀ, ਮਾਨਹਿਂ ਸਮੁਦਾਈ।
ਹਮ ਅਧੀਨ ਕਰਿਬੋ ਗੁਰੂ, ਨਹਿਂ ਤੁਮ ਨੇ ਜਾਨਾ।
ਅਬਿ ਪੀਛੇ ਪਛੁਤਾਇ ਹੋ, ਮਨਤਾ ਹੁਇ ਹਾਨਾ ॥੧੧॥
ਜਹਾਂ ਰਾਗ ਹਮ ਕਰਹਿਂਗੇ, ਗੁਰੁ ਤਿਸੈ ਬਨਾਵਹਿਂ।
ਤੁਮਰੇ ਨਿਕਟ ਨ ਜਾਹਿਂਗੇ, ਏਕਲ ਰਹਿ ਜਾਵਹਿਂ[1]।'

[1]ਤੁਸੀਂ ਇਕੱਲੇ ਰਹਿ ਜਾਓਗੇ।

ਸ੍ਰੀ ਅਰਜਨ ਚਿਤ ਸ਼ਾਂਤਿ ਅਤਿ, ਬਹੁ
ਛਿਮਾ ਨਿਧਾਨਾ।
ਨਿਜ ਨਿੰਦਾ ਤੇ ਛੁਭਤਿ ਨਹਿਂ, ਸੁਨਿ
ਕਛੁ ਨ ਬਖਾਨਾ ॥੧੨॥
ਸ੍ਰੀ ਨਾਨਕ ਤੇ ਆਦਿ ਕੀ, ਜਬਿ ਨਿੰਦ
ਸੁਨਾਈ।
ਕਰਿ ਧਿਕਾਰ ਨਿਕਸੇ ਸਦਨ, ਰਿਸ ਉਰ
ਮੈਂ ਛਾਈ।
'ਬੇਦੀ ਕੁਲ ਕੇ ਤਿਲਕ ਕੀ, ਨਿੰਦਾ ਤੁਮ
ਕੀਨੀ।
ਫਿਟ ਜਾਵਹਿਗੀ ਦੇਹਿ ਤੁਮ, ਰੁਜ ਤੇ
ਹੁਇ ਹੀਨੀ[1]' ॥੧੩॥
ਇਮ ਕਹਿ ਸਤਿਗੁਰ ਆਇ ਕਰਿ, ਥਲ
ਥੜੇ[1] ਸੁਹਾਏ।
ਸਭਿ ਸੰਗਤਿ ਇਕਠੀ ਭਈ, ਦੀਵਾਨ
ਲਗਾਏ।
ਸਿੱਖਨਿ ਕੋ ਆਇਸੁ ਦਈ, 'ਤੁਮ ਰਾਗ
ਸੁਨਾਵਹੁ।
ਗਾਵਹੁ ਸ਼ਬਦ ਸੁ ਤਾਨ ਜੁਤਿ, ਵਿੱਦਜਾ
ਇਹੁ ਪਾਵਹੁ' ॥੧੪॥
ਗਹਜੋ ਦੁਤਾਰਾ ਸਿੱਖ ਕਿਹ, ਕਿਨ ਗਹੀ
ਰਬਾਬੰ।
ਹੁਇਨਿ ਸ਼ੰਕ ਗਾਵਨਿ ਲਗੇ, ਸਭ ਭਏ
ਅਜਾਬੰ[1]।
ਬਚਨ ਮਾਨਿਬੇ[1] ਗੁਰੂ ਕੋ, ਬਿੱਦਜਾ ਸਭਿ
ਪਾਈ।
ਜਾਨਤਿ ਹੁਤੇ ਨ ਰਾਗ ਕੋ, ਗਾਵਤਿ
ਬਿਸਮਾਈ ॥੧੫॥
ਸੁਨਿ ਸਿੱਖਨਿ ਕੇ ਰਾਗ ਕੋ, ਗੁਰ ਭਏ
ਪ੍ਰਸੰਨਾ।
ਬਰ ਦੀਨੋ 'ਤੁਮ ਪ੍ਰੇਮ ਜੁਤ, ਹਮਰੋ ਬਚ

[1]ਨਿਕਾਰੀ।

[1]ਥੜਾ ਸਾਹਿਬ (ਦੁਖਭੰਜਨੀ ਕੋਲ ਵਾਲਾ)।

[1]ਅਚਰਜ।

[1]ਮੰਨਕੇ।

ਮੰਨਾ।
ਅਬਿ ਤੇ ਬਿੱਦਜਾ ਰਾਗ ਕੀ, ਸਿੱਖਨਿ ਮਹਿਂ ਆਈ[†]।
ਗਾਵਹਿਂ ਸੁਨਹਿਂ ਸੁ ਪ੍ਰੀਤ ਧਰਿ, ਲੇਂ ਸ਼ੁਭ ਗਤਿ ਪਾਈ ॥੧੬॥
ਡੋਮ ਜਾਤਿ ਪਛੁਤਾਇ ਹੈਂ, ਤ੍ਰਿਸ਼ਨਾ ਡਹਿਕਾਏ।
ਲੀਏ ਸਬਦ ਘਰ ਘਰ ਫਿਰਹਿਂ, ਨਹਿਂ ਹੁਇਂ ਤ੍ਰਿਪਤਾਏ।
ਪਾਇਂ ਅਨਾਦਰ ਜਿਤ ਕਿਤੀ, ਬਿਨ ਕਹੇ ਸੁ ਜਾਵੈਂ।
ਤਊ ਨ ਸਿਖ ਮੁਖ ਲਾਇ ਹੈਂ, ਦੁਖ ਲਹਿ ਅਕੁਲਾਵੈਂ' ॥੧੭॥
ਗੁਰ ਸਿੱਖਨਿ ਕੋ ਬਰ ਦਿਯੋ, ਬਿੱਦਜਾ ਸ਼ੁਭ ਪਾਈ।
ਸ੍ਰਾਪ ਡੂਮ ਮੂਢਨਿ ਲਹਯੋ, ਭਾਵੀ ਕਰਿਵਾਈ।
ਨਿਤਪ੍ਰਤਿ ਕਿਰਤਨ ਸਿਖ ਕਰਹਿਂ, ਤਜੋਂ ਤਜੋਂ ਸ਼ੁਭ ਗਾਵੈਂ।
ਸੰਗਤਿ ਕੋ ਬਡ ਪ੍ਰੇਮ ਹੁਇ, ਮਨ ਸ਼ਬਦ ਟਿਕਾਵੈਂ ॥੧੮॥
ਪਟਨੇ ਕੀ ਸੰਗਤਿ ਮਹਾਂ, ਦਰਸ਼ਨ ਹਿਤ ਆਈ।
ਕਰ ਬੰਦਨ ਸਤਿਗੁਰੂ ਕੋ, ਬਹੁ ਭੇਟ ਚੜ੍ਹਾਈ।
ਸੱਤੇ ਅਰੁ ਬਲਵੰਡ ਕੋ, ਤਿਨ ਬੂਝਨਿ ਠਾਨਾ।
'ਕਹਾਂ ਗਏ ਪ੍ਰਭੁ ਜੀ! ਅਬੈ, ਨਹਿਂ ਕਰਤੇ ਗਾਨਾ?' ॥੧੯॥
ਗੁਰ ਬੋਲੇ 'ਸੋ ਫਿਟਿ ਗਏ, ਨਹਿਂ ਪਚਯੋ ਹੰਕਾਰਾ।

[†]ਭਾਵ ਰਾਗੀ ਸੰਪਰਦਾ ਟਰੀ।

ਗਰਬਤਿ ਮੂਰਖ ਨਿੰਦ ਕਹਿਂ, ਲਹਿਂ ਕਸ਼ਟ ਉਦਾਰਾ।
ਤਿਨ ਕੇ ਮਸਤਕ ਜੋ ਲਗਹਿ, ਸੋ ਸਿਖ ਦੁਖ ਪਾਵਹਿ।
ਨਿਕਟ ਹਮਾਰੇ ਤਿਨਹੁ ਕੀ, ਨਹਿਂ ਅਰਜ਼ ਕਰਾਵੈ ॥੨੦॥
ਕਰਹਿ ਸਿਪਾਰਸ਼ ਜਬਹਿ ਕੋ, ਹਮ ਦੇਹਿਂ ਸਜਾਈ।
ਤਿਸ ਕੋ ਮੁਖ ਕਾਲਾ ਕਰਹਿਂ, ਸਿਰ ਕੋ ਮੁੰਡਵਾਈ।
ਬਹੁਰ ਚਢਾਵਹਿਂ ਗਧੇ ਪਰ, ਪੁਰਿ ਫੇਰਹਿਂ ਸਾਰੇ।
ਢੋਲ ਬਜਹਿ ਤਿਹ ਸੰਗ ਤਬਿ, ਨਰ ਨਾਰਿ ਨਿਹਾਰੇ†' ॥੨੧॥

†ਤਦੋਂ ਇਹ ਸਜਾ ਦਾ ਇਕ ਰਿਵਾਜ ਸੀ, ਇਸ ਦਾ ਨਾਂ ਸੀ 'ਨਸ਼ਰ ਕਰਨਾ', ਗੁਰੂ ਵਾਕ ਇਨਾਂ ਹੀ ਹੋਇਆ ਹੋਣਾ ਹੈ, ਕਿ ਉਸ ਨੂੰ ਨਸ਼ਰ ਕਰਾਂਗੇ ਮਹਾਂ ਪੁਰਖ ਥੋੜੇ ਅੱਖਰ ਬੋਲਦੇ ਹਨ। ਅਜ ਕਲ 'ਨਸ਼ਰ ਕਰਨ' ਦੇ ਅਰਥ ਬਦਨਾਮ ਕਰਨਾ ਰਹਿ ਗਿਆ ਹੈ।

ਸੁਨਿ ਸ੍ਰੀ ਅਰਜਨ ਕੇ ਬਚਨ, ਸੰਗਤਿ ਬਿਸਮਾਈ।
ਸੀਸ ਧੁਨਹਿ ਹੋਈ ਬੁਰੀ, ਪੁਨ ਪੁਨ ਪਛੁਤਾਈ।
ਗੁਰ ਆਇਸੁ ਇਸ ਭਾਂਤਿ ਕੀ, ਸਭਿ ਮਹਿਂ ਬਿਦਤਾਨੀ।
ਤਿਨ ਕੇ ਮੁਖ ਕੋ ਲਗਹਿ ਨਹਿਂ, ਬੋਲਹਿ ਨਹਿਂ ਬਾਨੀ ॥੨੨॥
ਉਪਜਜੋ ਰੋਗ ਸ਼ਰੀਰ ਮਹਿਂ, ਥੋਰਨ ਦਿਨ ਮਾਂਹੀ।
ਦੁਖ ਦਾਰਿਦ ਤੇ ਗ੍ਰਸਤਿ ਭੇ, ਸੁਖ ਕਿਤਹੂੰ ਨਾਂਹੀ।
ਜਹਿਂ ਕਹਿਂ ਜਾਚਨਿ ਜਾਤਿ ਜਬਿ, ਇਨ ਦਿਸ਼ਿ ਨਹਿਂ ਦੇਖੈਂ।
ਕ੍ਰੋਧ ਹੋਇ ਗਾਰੀ ਕਢਹਿਂ, ਦੈਬੋ ਕਿਸ

[1]ਦੇਣਾਂ ਤਾਂ ਕਿਸੇ ਲੇਖੇ ਰਹਿਆ।

ਲੇਖੈ[1] ॥੨੩॥
ਕਰਹਿਂ ਅਨਾਦਰ ਸ੍ਵਾਨ ਸਮ, ਘਰ ਤੇ ਨਿਕਸਾਵੈਂ[1]।
ਵਹਿਰ ਜਾਇ, ਤਹਿਂ ਭੀ ਤਥਾ, ਨਹਿਂ ਆਦਰ ਪਾਵੈਂ।
ਪਰਮੇਸ਼ੁਰ ਅਰੁ ਸਤਿਗੁਰੂ, ਇਨ ਤੇ ਹੰਕਾਰੇ।
ਦੁਹਿ ਲੋਕਨ ਦੁਖ ਪਾਇਂ ਸੋ, ਕੋ ਨਹੀਂ ਉਬਾਰੇ ॥੨੪॥
ਇਨ ਹੂੰ ਕੀ ਸ਼ਰਨੀ ਪਰੇ, ਬਿਨਤੀ ਭਨਿ ਦੀਨਾ[1]।
ਮਨ ਭਾਵਹਿ ਬਖਸ਼ਹਿਂ ਤਿਸਹਿਂ, ਨਤੁ ਦੁਖ ਮਹਿਂ ਲੀਨਾ।
ਸਗਰੇ ਜਗ ਤਜਾਗੇ ਜਬਹਿ, ਨਹਿਂ ਬੈਠਨਿ ਪਾਵੈਂ।
ਭੀਖ ਸਰੀਖੀ ਨਹਿਂ ਪਰਹਿ[1], ਤ੍ਰਿਸਕ੍ਰਿਤ[2] ਜਿਤ ਜਾਵੈਂ ॥੨੫॥
ਪਛੁਤਾਏ ਦੁਖ ਪਾਇ ਕੈ, ਗੁਰ ਮਹਿਮਾ ਜਾਨੀ।
ਸਿੱਖਜਨਿ ਪਹਿ ਬਿਨਤੀ ਭਨਤਿ, ਕਿਨਹੂੰ ਨਹਿਂ ਮਾਨੀ।
'ਕਾਰੋ ਮੁਖ ਕਰਿਵਾਇ ਜੋ, ਸੋ ਕਰਹਿ ਬਖਾਨੇ।
ਤੁਮ ਸ੍ਰਾਪੇ ਸ੍ਰੀ ਸਤਿਗੁਰੂ, ਹੰਕਾਰ ਜਿ ਠਾਨੇ' ॥੨੬॥
ਬੈਠ ਬਿਸੂਰਤਿ ਘਰ ਬਿਖੈ, -ਹਮਨੇ ਕਜਾ ਕੀਨਾ।
ਆਇ ਆਪ ਸ੍ਰੀ ਸਤਿਗੁਰੂ, ਨਹਿਂ ਆਦਰ ਦੀਨਾ।
ਕਹਿ ਕਠੋਰ ਨਿੰਦਾ ਕਰੀ, ਕਜਾ ਥੇ ਹਮ ਕੀਰੇ[1]।

[1]ਕੱਢ ਦੇਂਦੇ ਹਨ।

[1]ਕਹੇ ਆਜਜ਼ ਹੋਕੇ।

[1]ਭਿੱਖਜਾ ਜਿਹੀ (ਨਖਿੱਧ ਚੀਜ਼) ਬੀ ਨਹੀਂ ਪੈਂਦੀ। [2]ਤ੍ਰਿਸਕਾਰ ਹੁੰਦਾ ਹੈ।

[1]ਕੰਗਲੇ, ਤੁੱਛ।

ਝੂਠੇ ਧਾਰਿ ਗੁਮਾਨ ਕੋ, ਨਹਿਂ ਲਖਜੋ ਗਹੀਰੇ ॥੨੭॥
ਪਾਤਿਸ਼ਾਹਿ ਪੰਚੇ ਗੁਰੂ, ਸਮ ਭਾਨੁ ਪ੍ਰਕਾਸ਼ੇ।
ਜਗ ਮਹਿਂ ਅਰਜੋ ਨ ਅੱਗ੍ਰ ਕੋ, ਰਿਪੁ ਸ੍ਰਾਪ ਬਿਨਾਸੇ।
ਮੂਰਤਿ ਇਹੀ ਖੁਦਾਇ ਕੀ, ਜਿਸ ਕੋ ਅਪਮਾਨਾ।
ਹਮ ਕੋ ਸੁਖ ਕਿਮ ਹੋਇ ਹੈ, ਗੁਰ ਸ੍ਰਾਪ ਬਖਾਨਾ ॥੨੮॥
ਭਾਵੀ ਨੇ ਪ੍ਰੇਰਨਿ ਕਰਜੋ, ਉਰ ਭਯੋ ਹੰਕਾਰਾ।
ਹਮ ਹੈਂ ਸਭਿ ਹੀ ਤੇ ਬਡੇ, ਇਮ ਭਾ ਮਦ ਭਾਰਾ।
ਗੁਰੂ ਸਭਾ ਸਨਮਾਨ ਹ੍ਵੈ[1], ਹਮ ਜਰਜੋ ਨ ਸੋਈ।
ਘੋਰ ਆਪਦਾ ਮੈਂ ਪਰੇ, ਨਹਿਂ ਰੱਖਜਕ ਕੋਈ- ॥੨੯॥
ਇਕ ਦਿਨ ਬੈਠੇ ਝੂਰਤੇ, ਮਨ ਮਹਿਂ ਇਮ ਆਈ।
-ਲੱਧਾ ਸਿੱਖ ਲਹੌਰ ਮੈਂ, ਤਿਹ ਬਡ ਬਡਿਆਈ।
ਕਈ ਬਾਰ ਗੁਰਦਾਸ ਨੇ, ਸ਼ੁਭ ਸਤੁਤਿ ਉਚਾਰੀ।
ਤਿਸ ਕੇ ਸਮ ਦੂਸਰ ਨਹੀਂ, ਅਸ ਪਰਉਪਕਾਰੀ ॥੩੦॥
ਸੋ ਬਖਸ਼ਾਵਹਿਗੋ ਹਮੈਂ, -ਨਿਸ਼ਚੈ ਅਸ ਠਾਨੀ।
ਲਵਪੁਰਿ ਕੋ ਗਮਨੇ ਜੁਗਲ, ਸਭਿ ਕਰਿ ਮਦ ਹਾਨੀ[1]।
ਏਕ ਨਿਸਾ ਬਸਿ ਪੰਥ ਮਹਿਂ, ਪਹੁੰਚੇ

[1]ਸਭਾ ਵਿਚ ਆਦਰ ਹੁੰਦਾ ਸੀ।

[1]ਹੰਕਾਰ ਦੂਰ ਕਰਕੇ।

ਤਿਸ ਥਾਈਂ।
ਫਿਰਤਿ ਮਿਲਹਿਂ ਸਿਖ ਗਰੀ ਮਹਿਂ,
ਇਤ ਉਤ ਟਰਿ ਜਾਂਈ ॥੩੧॥
ਕੋ ਸਿਖ ਬਦਨ ਦੁਰਾਇ ਨਿਜ, ਅੰਚਰ
ਕੋ ਡਾਰੈ।
ਨਹਿਂ ਦਿਖਾਇ ਮੁਖ ਆਪਨੋ, ਨਹਿਂ
ਤਿਨਹੁਂ ਨਿਹਾਰੈ।
ਮਹਾਂ ਅਘੀ ਸਮ ਜਾਨਿ ਕੈ, ਬੋਲੈ ਨਹਿਂ
ਕੋਈ।
-ਇਹ ਗੁਰ ਤੇ ਸ੍ਰਾਪਤਿ ਮਹਾਂ, ਕਿਤ
ਮਿਲੈ ਨ ਢੋਈ- ॥੩੨॥
ਪਹੁਂਚੇ ਲੱਧੇ ਕੇ ਸਦਨ, ਕਿਨ ਜਾਇ
ਸੁਨਾਵਾ।
'ਸੱਤੇ ਜੁਤ ਬਲਵੰਡ ਜੋ, ਤੇਰੇ ਗ੍ਰਿਹ
ਆਵਾ।
ਦੌਰਿ ਪੌਰ ਪਟ ਭੇਰਿ ਕੈ[1], ਅੰਤਰ ਹੁਇ
ਬੈਸਾ।
ਫਿਟਕੇ ਸ਼੍ਰੀ ਅਰਜਨ ਗੁਰੂ, ਦੁਖ ਬਾਢਜੋ
ਤੈਸਾ ॥੩੩॥
ਪੌਰ ਖਰੇ ਹੁਇ ਕੌਰ ਲਗਿ[1], ਬਹੁ ਬਿਨੈ
ਬਖਾਨੀ।
'ਤ੍ਰਾਹਿ ਤ੍ਰਾਹਿ ਸ਼ਰਨੀ ਪਰੇ, ਸੁਨਿ[1]
ਸਿਫਤ ਮਹਾਨੀ।
ਗੁਰ ਸਿੱਖਜਨਿ ਮਹਿਂ ਨਾਮ ਤੁਵ, ਕਹਿਂ
-ਪਰਉਪਕਾਰੀ-।
ਕਰਿ ਸਹਾਇਤਾ ਦੀਨ ਲਖਿ, ਕਟਿ
ਬ੍ਰਿਥਾ ਹਮਾਰੀ ॥੩੪॥
ਲਾਜ ਨਾਮ ਕੀ ਰਾਖੀਏ, ਅਰਦਾਸ
ਸੁਨੀਜੈ।
ਏਕ ਬੇਰ ਸ਼੍ਰੀ ਗੁਰ ਨਿਕਟਿ, ਹਮਰੀ
ਸੁਧਿ ਦੀਜੈ।

[1]ਬੰਦ ਕਰਕੇ।
[1]ਕੌਲੇ ਨਾਲ ਲੱਗ ਕੇ।
[1]ਸੁਣੀ ਹੈ।

ਆਨ ਥਾਨ ਤੁਝ ਬਿਨਾ ਨਹਿਂ, ਜਿਸ ਕੇ
ਢਿਗ ਜਾਵੈਂ।
ਦਰ ਤੇਰੇ ਹਮ ਪਰ ਰਹੇ, ਕਰਿ ਜਸੋਂ
ਉਰ ਭਾਵੈ ॥੩੫॥
ਮਾਰਹੁ ਕਿਧੌਂ ਜਿਵਾਇ ਦਿਹੁ, ਹਮ
ਤੋਹਿ ਅਧੀਨਾ।
ਘਰ ਨਿਕਸੇ ਤਕ ਸ਼ਰਨ ਤੁਵ, ਕੀਜਹਿ
ਦੁਖ ਹੀਨਾ।'
ਇਸ ਪ੍ਰਕਾਰ ਬਹੁ ਬੇਨਤੀ, ਕਰਿ
ਕੇਤਿਕ ਕਾਲਾ।
ਬੈਠਿ ਰਹੇ ਦਰ ਪਰ ਤਬਹਿ, ਹੁਇ
ਲਜਤਿ ਬਿਸਾਲਾ ॥੩੬॥
ਲੱਧਾ ਚਿਤਵਤਿ ਚਿਤ ਬਿਖੈ, -ਮੈਂ ਕਿਯ
ਉਪਕਾਰਾ।
ਸਭਿ ਤਜਿ ਮੇਰੇ ਦਰ ਪਰੇ, ਇਨ ਕਾਰਜ
ਭਾਰਾ[1]।

[1]ਜੋ ਮੈਂ ਉਪਕਾਰ ਕੀਤੇ ਹਨ ਤਾਂ ਸਭ (ਥਾਂ) ਛੱਡਕੇ ਮੇਰੇ ਦਰ ਆ ਪਏ ਹਨ, ਪਰ ਇਨ੍ਹਾਂ ਦਾ ਕੰਮ ਵੱਡਾ (ਔਖਾ) ਹੈ।

ਕਹਨਿ ਬਨਹਿ ਨਹਿਂ ਨਿਕਟ ਗੁਰ, ਮੁਖ
ਕਰਿ ਹੈਂ ਕਾਰੋ।
ਕਿਮ ਕਾਰਜ ਇਨ ਕੋ ਬਨਹਿ, ਨਹਿਂ ਕੋ
ਉਪਚਾਰੋ- ॥੩੭॥
ਬਹੁਰ ਬਿਚਾਰਜੋ -ਆਪ ਹੀ, ਕਰਿਹੌਂ
ਮੁਖ ਕਾਰਾ।
ਚਢਿ ਗਰਧਬ ਪਰ[1] ਜਾਇ ਹੌਂ, ਗੁਰ ਕੇ
ਦਰਬਾਰਾ।

[1]ਖੋਤੇ ਤੇ।

ਤੌ ਕਹਿਬੋ ਨੀਕੋ ਅਹੈ, ਬਨਿ ਹੈ ਇਨ
ਕਾਜੂ।
ਦੇਖਹਿਂ ਪ੍ਰਥਮ ਸਜਾਇ ਕੋ, ਗੁਰ ਦੇਹਿਂ
ਨਿਵਾਜੂ- ॥੩੮॥
ਕਰਿ ਨਿਸ਼ਚੈ ਦਰ ਖੋਲਿ ਕੈ, ਅੰਤਰ
ਪ੍ਰਵਿਸ਼ਾਏ।
ਧੀਰ ਦੀਨਿ 'ਕਰਿ ਹੌਂ ਜਤਨ, ਗੁਰ

ਇੱਛ ਪੁਰਾਏ।'
ਤਿਸ ਦਿਨ ਰਾਖੇ ਪਾਸ ਨਿਜ, ਪੁਨ ਉਠਜੋ ਸਕਾਰਾ।
ਪੁਰਬ ਮੂੰਡ ਮੁੰਡਾਇਕੈ, ਮੁਖ ਕੀਨਸਿ ਕਾਰਾ ॥੩੯॥
ਗਰਧਬ ਕਰਿ ਭਾਰਾ ਲਿਯੋ[1], ਹੁਇ ਤਿਸ ਅਸਵਾਰੋ।
ਸੰਗ ਢੋਲ ਬਜਵਾਇਓ, ਨਰ ਪਿਖਹਿ ਹਜ਼ਾਰੋਂ।
ਮਗ ਨਿਸ ਬਸਿ ਗੁਰ ਕੀ ਪੁਰੀ, ਆਗਲ ਦਿਨ ਆਯੋ।
ਪ੍ਰਥਮ ਪ੍ਰਕਰਮਾਂ ਨਗਰ ਕੀ, ਕਰਿ ਕੈ ਪ੍ਰਵਿਸ਼ਾਯੋ ॥੪੦॥
ਕੌਤਕ ਹੇਤੁ ਬਿਲੋਕਬੇ, ਨਰ ਭੇ ਸਮੁਦਾਯਾ।
ਗਰੀ ਗਰੀ ਫਿਰ ਨਗਰ ਮਹਿਂ, ਨਿਜ ਬੇਖ ਦਿਖਾਯਾ।
ਨਰ ਨਾਰੀ ਬਾਲਕ ਤਰੁਨ, ਬ੍ਰਿਧ ਸਕਲ ਨਿਹਾਰਾ।
ਜਸੁ ਪਸਰਜੋ ਸਭਿ 'ਧੰਨ' ਕਹਿਂ, 'ਕਿਯ ਬਡ ਉਪਕਾਰਾ ॥੪੧॥
ਕੌਨ ਸਕੈ ਕਰਿ ਇਸ ਬਿਧੀ, ਪਰ ਹੇਤੁ ਬਿਸਾਲਾ।
ਧੰਨ ਗੁਰੂ ਕੇ ਸਿੱਖ ਹੈਂ, ਜੋ ਪਰਮ ਕ੍ਰਿਪਾਲਾ।
ਹਾਨ ਲਾਭ ਪਤਿ ਆਪਨੀ, ਨਹਿਂ ਨੈਕ ਬਿਚਾਰਾ।
ਪੂਰਨ ਸ੍ਰੀ ਗੁਰ ਬਾਕ ਕੋ, ਇਮ ਬੇਖ ਸੁਧਾਰਾ' ॥੪੨॥
ਢੋਲ ਬਜੈ ਸੁਨਿ ਸ਼ਬਦ ਕੋ, ਹੇਰਹਿਂ ਨਰ ਨਾਰੀ।

[1]ਭਾੜੇ ਕਰ ਲਿਆ।

ਗਰੀ ਗਰੀ ਫਿਰਿ ਸਭਿ ਪੁਰੀ, ਸਿਖ
ਪਰਉਪਕਾਰੀ।
ਥੜੇ ਸੁਹਾਵਤਿ ਗੁਰੂ ਜੀ, ਇਮ ਸੁਨਿ ਕੈ
ਕਾਨਾ।
ਤਿਤ ਕੋ ਗਰਧਬ ਪ੍ਰੇਰਿ ਕੈ, ਆਯੋ
ਸਮੁਹਾਨਾ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਲਧੇ ਆਵਨ' ਪ੍ਰਸੰਗ ਬਰਨਨੰ ਨਾਮ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਸੱਤਾ ਬਲਵੰਡ ਬਖਸ਼ੇ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਲੱਧਾ ਪਰਪਉਕਾਰ ਹਿਤ, ਸ਼ੰਕ ਨਹੀਂ
ਮਨ ਕੀਨਿ।
-ਇਨ ਕੋ ਬਖਸ਼ਹਿਂ ਸ਼੍ਰੀ ਗੁਰੂ, ਕਜਾ
ਮੇਰੋ ਹੁਇ ਹੀਨ ॥੧॥

ਸੈਯਾ ਛੰਦ:

ਸੀਸ ਮੁੰਡਾਇ ਬਾਲ ਪੁਨ ਬਿਰਧਹਿਂ,
ਮੁਖ ਕਾਰੋ ਲਿਉਂ ਨੀਰ ਪਖਾਰ।
ਪਰ ਕਾਰਜ ਕਾਂਯਾਂ ਜੇ ਆਵਹਿ[1]
ਸਫਲ ਜਨਮ ਹੋਵਹਿ ਤਿਸ ਬਾਰ-।
ਰਿਦੈ ਬਿਖੈ ਚਿਤਵਹਿ ਉਪਕਾਰਹਿ
ਸਤਿਗੁਰ ਚਰਨ ਪ੍ਰੇਮ ਕੋ ਧਾਰਿ।
ਅਧਿਕ ਭੀਰ ਸੰਗ ਢੋਲ ਬਜਤਿ ਬਡ
ਸ਼ੋਰ ਹੋਤਿ ਬੋਲਤਿ ਨਰ ਨਾਰਿ ॥੨॥

[1]ਪਰਾਏ ਕਾਰਜ ਲਈ ਜੇ ਸਰੀਰ (ਕੰਮ) ਆਵੇ।

ਆਯੋ ਨਿਕਟ ਸੁਨੀ ਧੁਨਿ ਸ਼੍ਰੀ ਗੁਰੂ
ਬੂਝਨਿ ਲਗੇ ਲੋਕ ਜੇ ਤੀਰ।
'ਕੋ ਆਵਤਿ ਬਡ ਸ਼ੋਰ ਮਚਾਵਤਿ
ਢੋਲ ਬਜਾਵਤਿ ਲਖਿਯਤਿ ਭੀਰ?
ਕੌਨ ਦੇਸ਼ ਕੀ ਸੰਗਤਿ ਹੈ ਇਹ
'ਸਭਿ ਲਖਿ ਪੂਛਤਿ ਗੁਨੀ ਗਹੀਰ[1]।
ਹਾਥ ਜੋਰਿ ਸਿਖ ਕਹੀ ਬਾਰਤਾ
'ਸਿੱਖੀ ਧੰਨ ਸਿਦਕ ਪ੍ਰਭੁ ਧੀਰ!
॥੩॥

[1]ਭਾਵ ਸ਼੍ਰੀ ਗੁਰੂ ਜੀ।

ਲੱਧਾ ਗੁਰਮੁਖ ਪਰਉਪਕਾਰੀ
ਬਾਕ ਗੁਰੂ ਤੇ ਬੇਖ ਬਨਾਇ।
ਗਧੇ ਅਰੂਢਜੋ, ਕਰਿ ਮੁਖ ਕਾਰੋ,
ਸੀਸ ਮੁੰਡਾਇ ਢੋਲ ਬਜਵਾਇ।
ਫਿਰਜੋ ਨਗਰ ਤਿਸ ਕੇ ਹਿਤ ਹੇਰਨਿ
ਆਵਹਿ ਲੋਕ ਬ੍ਰਿੰਦ ਬਿਸਮਾਇ।'

ਇਤਨੇ ਮਹਿਂ ਸਨਮੁਖ ਭਾ ਗੁਰ ਕੇ,
ਦਰਸ਼ਨ ਦੇਖਤਿ ਪ੍ਰੇਮ ਬਧਾਇ ॥੪॥
ਹਾਥ ਬੰਦਿ ਕਰਿ ਬੰਦਨ ਕੀਨਸਿ
ਪਦ ਅਰਬਿੰਦਹਿ ਦ੍ਰਿਸ਼ਟਿ ਲਗਾਇ।
ਗਰਧਬ ਚਢ੍ਯੋ ਸਤੁਤਿ ਕੋ ਉਚਰਤਿ
'ਕ੍ਰਿਪਾ ਨਿਧਾਨ ਨਾਮ ਤੁਮ ਗਾਇ।
ਪਤਿਤਨਿ ਪਾਵਨ, ਅਧਮ ਉਧਾਰਨ,
ਗੁਰੂ ਗਰੀਬ ਨਿਵਾਜ ਅਲਾਇ।
ਦਾਸ ਬ੍ਰਿੰਦ ਬਖਸ਼ਿੰਦ ਬਿਲੰਦੇ
ਚੰਦ ਮਨਿੰਦ ਅਨੰਦ ਉਪਾਇ ॥੫॥
ਰਿਸ ਪ੍ਰਸੰਨਤਾ[1] ਸਫਲ ਤੁਮਾਰੀ, — [1]ਗੁੱਸਾ ਤੇ ਮਿਹਰ।
ਛਿਮਹੁ ਭੁਲ ਨਿਜ ਦਾਸ ਪਛਾਨਿ।
ਆਗਜਾ ਮਾਨਿ ਪ੍ਰਥਮ ਕੀ ਇਮ ਕਿਯ,
ਅਪ ਸਜ਼ਾਇ ਉਚਿਤ ਕੁਛ ਜਾਨਿ।
ਸੋ ਦੀਜਹਿ ਨਹਿਂ ਦੇਰਿ ਕਰੀਜਹਿ,
ਪੁਨ ਮੈਂ ਅਰਜ਼ ਗੁਜ਼ਾਰਨਿ ਠਾਨਿ[1]। — [1]ਅਰਜ਼ ਕਰਾਂ।
ਦੀਨ ਬੰਧੁ ਪ੍ਰਭੁ ਦਯਾ ਸਿੰਧੁ ਗੁਰ!
ਬੁਧਿ ਅੰਧੇ ਕਹੁ[1] ਦੇ ਦ੍ਰਿਗ ਗਯਾਨ' ॥੬॥ — [1]ਬੁੱਧੀ ਦੇ ਅੰਨ੍ਹੇ ਨੂੰ।
ਸ੍ਰੀ ਅਰਜਨ ਅਵਲੋਕਨਿ ਕੀਨਸਿ
ਲੋਚਨ ਜਲ ਪੂਰਨ ਹੁਇ ਆਇ।
'ਗੁਰ ਮਾਰੇ ਕਉ ਸਿੱਖਯ ਬਚਾਵਹਿਂ,
ਸਿੱਖ ਮਾਰਹਿ ਤਿਸ ਨਹਿਂ ਕਿਤ ਥਾਇਂ।
ਤਪਤ ਹਤਹਿ ਤਰੁ[1] ਜਲ ਮਿਲਿ ਜੀਵੈ, — [1]ਬ੍ਰਿੱਛ।
ਜਲ ਤੇ ਹਤਿ[1] ਹੁਇ ਤਬਿ ਸੁਸਕਾਇ। — [1]ਜਲ ਦਾ ਮਾਰਿਆ।
ਘਾਵ ਸੁਗਮ ਲਾਗੇ ਹੁਇ ਜੀਵਨ[1], — [1]ਸਹਿ ਸੁਭਾ ਜ਼ਖਮ ਲੱਗਿਆਂ ਤਾਂ ਜੀਵਣਾ ਹੋ ਸਕਦਾ ਹੈ।
ਛਲ[1] ਤੇ ਬਚਹਿ ਨ ਪ੍ਰਾਨ ਨਸਾਇ' ॥੭॥ — [1]ਵਿਸਾਹ ਕੇ ਜੇ ਕੁਈ ਵਾਰ ਕਰੇ ਤਾਂ (ਅ) 'ਮਹੁਰਾ' ਤੇ 'ਮੁਰਦਾਰ ਜ਼ਖਮ' ਬੀ ਅਰਥ ਕਰਦੇ ਹਨ।
ਸਿਖ ਸੰਗਤ ਕੋ ਇਮ ਸੁਨਾਇ ਕਰਿ
ਭਏ ਪ੍ਰੇਮ ਬਸਿ ਕਹ੍ਯੋ ਨ ਜਾਇ।

ਪਠੇ ਦਾਸ ਖਰ ਤੇ ਉਤਰਾਯਹੁ
ਪੁਨ ਸ਼ਨਾਨ ਨੀਕੇ ਕਰਿਵਾਇ।
ਪਟ ਪਹਿਰਾਇ ਨਿਕਟ ਤਬਿ ਆਯੋ
ਗੁਰ ਪਗ ਪੰਕਜ ਰਹਿ ਲਪਟਾਇ।
ਬੂਝਯੋ 'ਕਹੁ ਲੱਧਾ! ਕਿਸ ਕਾਰਨ
ਇਹ ਅਨਬਨ ਤਨ ਬੇਖ ਬਨਾਇ?'
॥੮॥
'ਤੁਮ ਅੰਤਰਯਾਮੀ ਸਭਿ ਜਾਨੋਂ
ਛਪੀ ਬਾਰਤਾ ਜਗ ਨਹਿਂ ਕੋਇ।
ਆਗਯਾ ਮਾਨਿ ਤਊ ਮੈਂ ਭਾਖੌਂ
ਹੁਤੇ ਆਪ ਕੇ ਬਚ ਕਿਯ ਸੋਇ[1]। [1]ਜੋ ਆਪ ਦੇ ਬਚਨ ਸੀ ਸੋਈ ਕੀਤਾ ਹੈ।
-ਕਰਹਿ ਅਰਜ ਤਿਸ ਗਧੇ ਚਢਾਵਹਿਂ,
ਮੁਖ ਕਾਰੋ ਠਾਨਹਿਂ, ਪਿਖਿ[1] ਲੋਇ। [1]ਦੇਖਣਗੇ।
ਮੂੰਡ ਮੁੰਡਾਇ ਸਜਾਇ ਦੇਹਿਂ ਅਸ,
ਯਾਂ ਤੇ ਇਨ ਸੰਗੀ ਨਹਿਂ ਹੋਇ- ॥੯॥
ਮੈਂ ਰਾਵਰ ਕੇ ਬਚਨ ਕਮਾਏ
ਪੂਰਬ ਕਰਿ ਕੁਬੇਖ[1] ਫਿਰਿ ਆਇ। [1]ਖੋਟਾ ਰੂਪ।
ਅਰਜ਼ ਕਰੌਂ ਪਸ਼ਚਾਤ ਕ੍ਰਿਪਾ ਨਿਧਿ!
ਸੁਨਹੁ ਗੁਰੂ ਬਖਸ਼ਿੰਦ ਸੁਭਾਇ।
ਸੱਤਾ ਅਰੁ ਬਲਵੰਡ ਦੁਖਿਤ ਅਤਿ
ਚਿਤ ਕੋ ਗਰਬ ਗਯੋ ਬਿਨਸਾਇ।
ਭਏ ਰੰਕ ਰੋਗੀ ਬਹੁ ਆਤੁਰ
ਹੋਤਿ ਦੀਨ ਜਿਸ ਕਿਸ ਪਹਿ ਜਾਇ
॥੧੦॥
ਭੂਲ ਛਿਮਾਪਨ ਕਰਹੁ ਗੁਰੂ ਜੀ!
ਨਿਜ ਪਗ ਪੰਕਜ ਲੇਹੁ ਮਿਲਾਇ।'
ਸ੍ਰੀ ਅਰਜਨ ਸਭਿ ਸਭਾ ਸਹਤ ਤਬਿ
ਉਪਕਾਰੀ ਬਡ ਲਖਯੋ ਸੁਭਾਇ।
'ਇਤੋ ਖੇਦ ਕਯੋਂ ਪ੍ਰਾਪਤਿ ਹੋਵਾ,
ਜੇ ਹਮ ਕੋ ਤੂੰ ਕਹਤਿ ਬਨਾਇ।
ਬਖਸ਼ ਦੇਤਿ ਤੁਵ ਬਾਕਨਿ ਤੇ ਹਮ

ਬਿਨ ਹੰਕਾਰ ਭਏ ਲਖਿ ਪਾਇ ॥੧੧॥
ਬਿੱਦਯਾ ਮਦ ਤੇ ਮੂਰਖ ਅੰਧੇ
ਉਚਿਤ ਸਜ਼ਾਇ ਦੁਹਨਿ ਕੋ ਚੀਨ।
ਕਰੇ ਨਿਕਾਸਨਿ ਗਰਬ ਹਰਨਿ ਕੋ
ਅਬਿ ਤੈਂ ਤਿਨ ਕੀ ਰੱਛਯਾ ਕੀਨਿ।
ਲੇਹੁ ਬੁਲਾਇ ਉਬਾਰੋ ਦੁਖ ਤੇ
ਜੇ ਹੰਕਾਰ ਭਯੋ ਉਰ ਹੀਨ।
ਲੋਹ ਪਾਇ ਕਰ ਤਪਨ ਅਗਨਿ ਕੀ
ਮ੍ਰਿਦੁਤਾ ਗਹਹਿ[1], ਸੁ ਲਖਹੁ ਪ੍ਰਬੀਨ' ॥੧੨॥
ਤਬਿ ਲੱਧੇ ਹਰਖਤਿ ਨਰ ਭੇਜਯੋ
ਸ੍ਰੀ ਸਤਿਗੁਰ ਢਿਗ ਲਏ ਬੁਲਾਇ।
ਗਰ ਅੰਚਰ ਕਰ ਜੋਰਿ ਦੀਨ ਕਹਿ
'ਸ਼ਰਨ ਸ਼ਰਨ ਰਾਖਹੁ ਸੁਖਦਾਇ!'
ਪਰੇ ਅਗਾਰੀ ਗਹਿ ਪਗ ਪੰਕਜ
ਦ੍ਰਿਗ ਤੇ ਨਿਕਰਤਿ ਜਲ ਘਿਘਿਆਇ।
'ਛਿਮਹੁ ਛਿਮਹੁ ਪ੍ਰਭੁ ਹਮਹੁ ਆਪ ਅਬਿ
ਕਰੀ ਉਚਿਤ ਇਹ ਦਈ ਸਜ਼ਾਇ' ॥੧੩॥
ਸ੍ਰੀ ਅਰਜਨ ਤਬਿ ਕਹਯੋ ਤਿਨਹੁ ਕਹੁ
'ਸਿੱਖ ਲੱਧੇ ਕੋ ਭਾ ਉਪਕਾਰ।
ਇਸ ਕੇ ਕਹੇ ਬਖਸ਼ ਤੁਮ ਦੀਨੇ,
ਬਹੁਰ ਬਿਕਾਰ ਨ ਕਰਹੁ ਹੰਕਾਰ।
ਅਧਿਕ ਹੁਤੇ ਅਪਰਾਧੀ ਦੋਨੋ
ਸ੍ਰੀ ਨਾਨਕ ਗੁਰ ਨਿੰਦ ਉਚਾਰਿ।
ਤਉ ਛਿਮਾ ਇਸ ਨੇ ਕਰਿਵਾਈ
ਨਤੁ ਦੁਹ ਲੋਕਨਿ ਕਸ਼ਟ ਹਜਾਰ†' ॥੧੪॥
ਪੁਨ ਲੱਧੇ ਬਹੁ ਬਿਨਤੀ ਕੀਨਸਿ
'ਤਨ ਅਰੋਗ ਇਨ ਕੇ ਕਹਿ ਦੇਹੁ।

[1]ਲੋਹਾ ਅੱਗ ਦੀ ਤਪਸ਼ ਨੂੰ ਪਾ ਕੇ ਨਰਮ ਹੋ ਜਾਂਦਾ ਹੈ।

†ਪਾ:-ਮਝਾਰ।

ਗਾਵਨਿ ਉਚਿਤ ਸਭਾ ਮਹਿ ਤਬਿ ਹੁਇੰ
ਪੂਰਬ ਸਮਸਰ ਜਬਹਿ ਬਨੇਹੁ।'
ਸ੍ਰੀ ਅਰਜਨ ਭਾਖਯੋ 'ਇਨ ਦੋਇਨ
ਗੁਰ ਨਿੰਦਾ ਕਿਯ ਭਾ ਦੁਖ ਦੇਹੁ।
ਸੋ ਅਪਰਾਧ ਨਿਵਾਰਨਿ ਹੁਇ ਜਬਿ,
ਮਿਟਹਿ ਰੋਗ ਤਬਿ ਨਿਰਸੰਦੇਹੁ
॥੧੫॥
ਜਿਸ ਮੁਖ ਤੇ ਨਿੰਦਾ ਇਨ ਭਾਖੀ
ਤਿਸ ਤੇ ਗੁਰ ਜਸੁ ਕਰਹਿਂ ਬਖਾਨ।
ਇਹ ਉਪਚਾਰ ਰੋਗ ਤਨ ਬਿਨਸੈ,
ਹੋਹਿ ਸ਼ਰੀਰ ਸੁ ਪ੍ਰਥਮ ਸਮਾਨ।'
ਤਬਿ ਲੱਧੇ ਦੋਨਹੁ ਸੰਗ ਭਾਖਯੋ
'ਅਬਿ ਦੁਖ ਭੰਜਨਿ[1] ਕਰਹੁ ਸ਼ਨਾਨ।
ਬ੍ਰਹਮ ਰੁਪ ਸ੍ਰੀ ਨਾਨਕ ਬਰਨਹੁ
ਗੁਰ ਬਨਿ ਤਾਰਯੋ ਜਿਨਹੁ ਜਹਾਨ
॥੧੬॥
ਭਿੰਨ ਭਿੰਨ ਪੁਨ ਪੰਚਹੁੰ ਗੁਰ ਕੀ
ਨਿਜ ਬਾਨੀ ਤੇ ਕੀਰਤਿ ਗਾਉ।
ਹੁਇ ਨਿਸ਼ਕਪਟ ਗਰਬ ਕੋ ਪਰਹਰਿ
ਸਤਿ ਸੰਗਤਿ ਮਹਿਂ ਬਹੁਰ ਸਮਾਉ।'
ਸੁਨਿ ਹਰਖੇ ਜਨੁ ਅੰਮ੍ਰਿਤ ਬਰਖੇ,
ਦੁਖ ਦਾਰਿਦ ਉਰ ਸਰਬ ਬਿਲਾਉ।
ਸ੍ਰੀ ਦੁਖਭੰਜਨ ਮੱਜਨ ਕੀਨਹੁ
ਸਿਮਰਿ ਨਾਮ ਸ੍ਰੀ ਗੁਰ ਕਰਿ ਭਾਉ
॥੧੭॥
ਸ੍ਰੀ ਅਰਜਨ ਕੇ ਪੁਨ ਹੁਇ ਸਨਮੁਖ
ਠਾਂਢੇ ਭਏ ਸੁ ਦਰਪ ਨਿਕੰਦ[1]।
ਰੁਚਿਰ ਰਾਗਨੀ ਰਾਮਕਲੀ ਵਿਚ
ਕਈ ਵਾਰ ਉਰ ਧਾਰਿ ਅਨੰਦ।
ਪੌੜੀ ਚਾਰ ਮਝਾਰ ਕਹਯੋ ਸ਼ੁਭ
ਸ੍ਰੀ ਨਾਨਕ ਕੋ ਸੁਜਸ ਬਿਲੰਦ।

[1]ਦੁਖ ਭੰਜਨੀ ਸਾਹਿਬ (ਅੰਮ੍ਰਿਤ ਸਰੋਵਰ) ਵਿਚ।

[1]ਹੰਕਾਰ ਦੂਰ ਕਰਕੇ।

ਹੁਤੀ ਜਥਾ ਮਤਿ ਤਥਾ ਕਥਯੋਂ ਤਬਿ
ਹੋਨਿ ਕ੍ਰਿਤਾਰਥ ਸ੍ਵਾਰਥਵੰਦ[1] ॥੧੮॥
ਇਕ ਇਕ ਪੌੜੀ ਚਤੁਰ ਗੁਰੂ ਕੀ
ਸੁੰਦਰ ਕੀਰਤਿ ਕਹੀ ਬਨਾਇ।
ਸ੍ਰੀ ਅਰਜਨ ਪਰਤੱਖ ਅੱਗ੍ਰ ਥਿਤ
ਹਾਥ ਜੋਰ ਸਭਿ ਦਈ ਸੁਨਾਇ।
ਭਏ ਪ੍ਰਸੰਨ ਵਾਰ ਕੋ ਸੁਨ ਕੈ
ਤਬਿ ਸ੍ਰੀ ਗ੍ਰਿੰਥ ਲਿਖੇ ਲਿਖਵਾਇ।
ਰੋਗ ਛੀਨ ਭਾ ਤਨ ਨਵੀਨ ਸ਼ੁਭ,
ਲੋਕ ਬਿਲੋਕਿ ਰਹੇ ਬਿਸਮਾਇ ॥੧੯॥
ਪਠਹਿ ਸੁਨਹਿ ਜੋ ਵਾਰ ਪ੍ਰੇਮ ਕਰਿ
ਤਨ ਕੇ ਰੁਜ ਤਿਸ ਕੇ ਹੁਇਂ ਹਾਨ।
ਨਿਤਪ੍ਰਤਿ ਨੇਮ ਕਰਹਿ ਮੁਖ ਉਚਰਹਿ
ਗੁਰ ਕੀ ਸ਼ਰਧਾ ਵਧਹਿ ਮਹਾਨ।
ਮਨ ਬਾਂਛਤਿ ਕੋ ਦੇਤਿ ਗੁਰੂ ਜਸੁ
ਧਰਹਿ ਪ੍ਰੇਮ ਕਰਿ ਰੂਪ ਜੁ ਧਜਾਨ।
ਅਸ ਕੋ ਵਸਤੁ ਜੋ ਹਾਥ ਨ ਆਵੈ
ਪਾਠ ਕਰੈ ਸ੍ਰੀ ਗ੍ਰਿੰਥ ਮਹਾਨ ॥੨੦॥
ਸਭਾ ਲਗੀ ਸ੍ਰੀ ਅਰਜਨ ਜੀ ਤਬਿ
ਲੱਧੇ ਕੀ ਉਪਮਾ ਬਡ ਕੀਨਿ।
'ਧੰਨ ਸਿੱਖਜ ਪੁਨ ਪਰਉਪਕਾਰੀ
ਪਰ ਹਿਤ ਜਿਨਹੁ ਲਾਜ ਤਜਿ ਦੀਨ।
ਕਰ ਨ ਸਕਹਿ ਕੋ ਕਰਜੋ ਸੁ ਐਸੇ,
ਜਾਨੇ ਭਏ ਰਬਾਬੀ ਦੀਨ।
ਦ੍ਵੈ ਪੁਰਿ ਬਿਖੈ ਕੁਬੇਖ ਦਿਖਾਯੋ
ਅਰਜ਼ ਗੁਜ਼ਾਰ ਕੀਏ ਦੁਖ ਹੀਨ ॥੨੧॥
ਸਾਰ ਮਹਾਂ[1] ਸਿਮਰਨਿ ਸਤਿਨਾਮੁ
ਕਾਰ ਮਹਾਂ ਕਰਿਬੇ ਉਪਕਾਰ।
ਇਨ ਦੋਨਹੁ ਬਿਨ ਮਾਨੁਖ ਤਨ ਧਿਕ
ਸਮੋ ਬਿਤਾਵਹਿ ਲਖਹਿ ਨ ਸਾਰ।

[1]ਕ੍ਰਿਤਾਰਥ ਹੋਣ ਦੇ ਸ੍ਵਾਰਥਵਾਨਾਂ ਨੇ।

[1](ਸਭ ਤੋਂ) ਵੱਡੀ ਸ੍ਰੇਸ਼ਟ ਗੱਲ ਇਹ ਹੈ।

ਪੂਛ ਸੀਂਗ ਬਿਨ ਪਸੂ ਜਨਮ ਤਿਨ,
ਆਏ ਬਾਦ ਬੀਚ ਸੰਸਾਰ।
ਅੰਤ ਸਮੇਂ ਜਮਦੂਤ ਗਹੈ ਦਿੜ,
ਝੂਰਤਿ ਗਮਨਹਿਂ ਦ੍ਵੈ ਕਰ ਝਾਰਿ
॥੨੨॥
ਪੁੰਨ, ਦਾਨ, ਤਪ, ਮਖ[1] ਕੋ ਕਰਿਬੋ,
ਹੋਤਿ ਨ ਪਰਉਪਕਾਰ ਸਮਾਨ।
ਕਲਮਲ ਕਰਨਿ ਅਨਕਤਿ ਰੀਤੀ
ਕ੍ਰਿਤਘਣ ਕੇ ਸਮ ਕੋਇ ਨ ਜਾਨਿ।
ਰਹਨਿ ਅਹਿੰਸ, ਧਰਮ ਸਭਿ ਕੀਨੇ,
ਹਿੰਸਾ ਕਰੇ ਪਾਪ ਪਹਿਚਾਨ।
ਯਾਂ ਤੇ ਨਿਤ ਚਿਤਵਹਿ ਉਪਕਾਰੂ
ਧਨ ਤੇ ਤਨ ਤੇ ਮਨ ਤੇ ਠਾਨਿ'
॥੨੩॥

[1]ਯੱਗ।

ਨਰ ਸ਼ੁਭ ਸਭਾ ਸਭੈ ਸੁਨਿ ਸ਼੍ਰੌਨਨਿ[1]
ਗੁਰ ਬਾਕਨਿ ਪਰ ਨਿਸ਼ਚਾ ਕੀਨਿ।
ਸੱਤਿਨਾਮ ਕੋ ਸਿਮਰਨ ਠਾਨੈਂ
ਪਰਉਪਕਾਰ ਕਰਨਿ ਹਿਤ ਚੀਨ।
ਪੁਨ ਲੱਧਾ ਦਿਨ ਕੇਤਿਕ ਰਹਿ ਕਰਿ
ਜਾਚੀ ਬਿਦਾ ਹੋਇ ਕਰਿ ਦੀਨ।
'ਦਾਸਨਿ ਦਾਸ ਦਯਾਨਿਧਿ ਜਾਨਹੁ
ਔਗੁਨ ਕੇ ਸਮੇਤ ਗੁਨ ਹੀਨ[1] ॥੨੪॥

[1]ਸ਼ੁਭ ਸਭਾ ਵਿਚ ਸਾਰੇ ਮਨੁੱਖਾਂ ਨੇ ਕੰਨੀਂ ਸੁਣਕੇ।

[1]ਗੁਣਾਂ ਤੋਂ ਰਹਿਤ ਹਾਂ।

ਸਿੱਖਯ ਤੁਮਾਰੋ ਕਹੈ ਜਗਤ ਮੁਝ
ਲਾਜ ਬਿਰਦ ਕੀ ਰਾਖਨ ਹਾਰ।'
ਸੁਨਿ ਪ੍ਰਸੰਨ ਸ਼੍ਰੀ ਅਰਜਨ ਹੋਏ
ਕੀਨਸਿ ਬਿਦਾ ਸੁ ਮ੍ਰਿਦੁਲ ਉਚਾਰ।
ਪਦ ਅਰਬਿੰਦ ਬੰਦਨਾ ਠਾਨੀ
ਕੀਨਿ ਪ੍ਰਦੱਛਨ ਫਿਰਿ ਚਹੁੰ ਬਾਰ[1]।
ਪੁਨ ਹਰਿਮੰਦਰਿ ਅੰਦਰ ਗਮਨਜੋ
ਤਹਿਂ ਬੰਦਨ ਕੀਨਸਿ ਹਿਤ ਧਾਰਿ
॥੨੫॥

[1]ਚਾਰ ਵੇਰੀ।

ਲਵਪੁਰਿ ਕੋ ਗਮਨਯੋ ਉਰ ਹਰਖਤਿ
ਗੁਰ ਜਸੁ ਦੀਰਘ ਕਰਤਿ ਬਖਾਨ।
ਸਗਰੇ ਨਗਰ ਉਚਾਰਤਿ ਜਿਤ ਕਿਤ
ਨਿਜ ਸਿੱਖਨਿ ਪਰ ਕਰੁਨਾ ਠਾਨਿ।
ਇਤ ਸ਼੍ਰੀ ਅਰਜਨ ਰਚਤਿ ਗ੍ਰਿੰਥ ਨਿਤ
ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ
ਲਗੇ ਵਾਰ ਕਰਿਬੇ ਸੁਖਦਾਨ ॥੨੬॥
ਪੌੜੀ ਤੀਨ ਉਚਾਰਨਿ ਕੀਨੀ
ਸੂਪਕਾਰ ਤਬਿਹੂੰ ਚਲਿ ਆਇ।
'ਪ੍ਰਭੁ ਜੀ! ਭੋਜਨ ਅਬਿ ਤਯਾਰ ਹੈ
ਰਾਵਰ ਕੀ ਜਿਮ ਹੋਇ ਰਜਾਇ।'
ਹਿਤ ਅਹਾਰ ਕੇ ਆਦਰ ਕਰਿਬੇ
ਸ਼੍ਰੀ ਗੁਰ ਹਟੇ, ਨ ਬਹੁਰ ਬਨਾਇ[1]। [1]ਫਿਰ ਨਹੀਂ ਬਣਾਈ।
ਅਚਯੋ ਅਨਾਇ ਤ੍ਰਿਪਤ ਤਬਿ ਹ੍ਵੈ ਕਰਿ
ਨਿਜ ਸੰਗਤਿ ਮਹਿਂ ਇਹੁ ਬਿਦਤਾਇ
॥੨੭॥
ਤਿਤਨੀ ਰਹੀ ਨ ਬਹੁਰ ਬਨਾਈ
ਅਪਰ ਖਯਾਲ ਮਹਿਂ ਗੇ ਬਿਰਮਾਇ[1]। [1]ਪਰਚ ਗਏ।
ਸੱਤੇ ਅਰ ਬਲਵੰਡ ਕਥਾ ਕੋ
ਕੇਤਿਕ ਸਿੱਖ ਕਹੈਂ ਇਸ ਭਾਇ।
ਸ਼੍ਰੀ ਗੁਰ ਅਮਰ ਹਦੂਰ ਭਏ ਹੈਂ
ਤਿਨਹੁ ਨਿਕਾਸੇ ਪੁਨਹੁ ਮਿਲਾਇ।
ਸੋ ਮਿੱਥਯਾ ਇਮ ਲਖੀ ਜਾਤਿ ਹੈ
ਨੀਕੇ ਨਿਰਨੈ ਕੀਨਿ ਬਨਾਇ[†] ॥੨੮॥

[†]ਮਹਿਮਾਂ ਪ੍ਰਕਾਸ਼ ਵਿਚ ਇਹ ਕਥਾ ਤੀਸਰੇ ਪਾਤਸ਼ਾਹ ਦੇ ਸਮੇਂ ਹੋਈ ਲਿਖੀ ਹੈ। ਦੂਸਰੇ ਪਾਤਸ਼ਾਹ ਦੇ ਸਮੇਂ ਹੋਈ ਦੀ ਬੀ ਸੂਹ ਲਗਦੀ ਹੈ। ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦੀ ੨੫ਵੀਂ ਪੌੜੀ ਵਿਚ ਭਾਈ ਲੱਧਾ ਪਰਉਪਕਾਰੀ ਪੰਚਮ ਪਾਤਸ਼ਾਹ ਦੇ ਸਮੇਂ ਹੋਏ ਸਿਖਾਂ ਵਿਚ ਲਿਖੇ ਹਨ, ਜਿਸ ਤੋਂ ਬੀ ਸਪਸ਼ਟ ਹੈ ਕਿ ਇਹ ਪ੍ਰਸੰਗ ਪੰਜਵੀਂ ਪਾਤਸ਼ਾਹੀ ਦੇ ਸਮੇਂ ਦਾ ਹੈ। ਇਸ ਵਿਸ਼ੇ ਤੇ ਵਿਸ਼ੇਸ਼ ਵਿਚਾਰ ਅਤੇ 'ਸਤੇ ਬਲਵੰਡ ਦੀ ਵਾਰ' ਦੇ ਟੀਕੇ ਲਈ ਪੜ੍ਹੋ ਖਾਲਸਾ ਟ੍ਰੈਕਟ ਸੁਸਾਇਟੀ ਦਾ 'ਟ੍ਰੈਕਟ ਨੰ: ੩੯੧, -ਟਿੱਕੇ ਦੀ ਵਾਰ।' ਅਤੇ 'ਅਸ਼ਟ ਗੁਰ ਚਮਤਕਾਰ' ਭਾਗ ੧।

ਰਚੀ ਵਾਰ ਗੁਰ ਕੀਰਤਿ ਕੀ ਤਿਨ

ਲਿਖੇ ਬੀਚ ਪੰਚੇ ਪਤਿਸ਼ਾਹੁ।
ਪ੍ਰਥਮ ਹੁਤੇ[1] ਜੇ ਕਹਤਿ ਕੁਤੋ[2] ਇਮ,

[1]ਜੇ ਪਹਿਲੇ (ਸੱਤਾ ਬਲਵੰਡ) ਹੁੰਦੇ। [2]ਤਾਂ ਕਿਵੇਂ ਕਹਿੰਦੇ ਐਉਂ ਭਾਵ ਪੰਜਾਂ ਗੁਰਾਂ ਦੀ ਮਹਿਮਾ।

ਯਾਂ ਤੇ ਸ਼੍ਰੀ ਅਰਜਨ ਕੇ ਪਾਹਿ।
ਨਹੀਂ ਸੰਦੇਹ ਕੀਜੀਏ ਕੋਈ
ਸਿੱਖ ਬਿਚਾਰਹੁ ਨਿਜ ਮਨ ਮਾਂਹਿ।
ਕਵਿ ਸੰਤੋਖ ਸਿੰਘ ਸਿਮਰਹੁ ਸਤਿਗੁਰ
ਕਥਾ ਸੁਨੋ ਚਿਤ ਉਚਟਹੁ ਨਾਂਹਿ[1] ॥੨੯॥

[1]ਉਦਾਸ ਨ ਹੋਵੋ।

ਦੋਹਰਾ:

ਨਿਤਪ੍ਰਤਿ ਸ਼੍ਰੀ ਅਰਜਨ ਗੁਰੂ, ਬਾਨੀ ਰਚਹਿਂ ਨਵੀਨ।
ਪਰਮੇਸ਼ੁਰ ਕੋ ਸੁਜਸੁ ਬਹੁ, ਕੈ ਸੁਭ† ਸੰਤ ਪ੍ਰਬੀਨ ॥੩੦॥

†ਪਾ:-ਸਭਿ।

'ਸਿਮਰਨਿ ਕਰਿ ਸਤਿਨਾਮ ਕੋ, ਨਰ ਤਨ ਬਾਦ ਨ ਖੋਇ।
ਕਰੋ ਸਫਲ ਲਗਿ ਕੈ ਅਚਲ, ਤੁਮ ਕੋ ਸਭਿ ਸੁਖ ਹੋਇ' ॥੩੧॥
ਬਹੁਤ ਭਾਂਤਿ ਕੇ ਸੁਜਸ ਜੁਤਿ, ਲਿਖਵਾਵਹਿ ਉਪਦੇਸ਼।
ਅਪਨੇ ਮਨ ਪਰ ਕਿਤਿਕ ਕਹਿਂ, ਸਿੱਖਜਨਿ ਹਰਨਿ ਕਲੇਸ਼ ॥੩੨॥
ਲਾਖਹੁਂ ਨਰ ਪਠਿ ਸੁਨਨਿ ਕਰਿ, ਗੁਰਮਤਿ ਕੋ ਉਰ ਧਾਰਿ।
ਛੋਡਿ ਸਕਲ ਜੰਜਾਲ ਕੋ, ਹੋਏ ਭਵਜਲ ਪਾਰ ॥੩੩ ॥

ਚੌਪਈ:

ਸ਼੍ਰੀ ਅਰਜਨ ਸਮ ਪਰਉਪਕਾਰੀ।
ਹੁਯੋ ਨ ਹੈ, ਹੋਹਿ ਨ ਹਿਤਧਾਰੀ।
ਦੋਨੋ ਬਡੇ ਜਹਾਜ[1] ਬਨਾਏ।

[1]ਭਾਵ ਸ਼੍ਰੀ ਦਰਬਾਰ ਸਾਹਿਬ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ।

ਭਰਿ ਭਰਿ ਪੂਰ ਸੁ ਪਾਰ ਲੰਘਾਏ

॥੩੪॥
ਸ਼੍ਰੀ ਅੰਮ੍ਰਿਤਸਰ ਬਿਚ ਹਰਿਮੰਦਰਿ।
ਰਚਨਾ ਬਹੁ ਬਨਾਇ ਕਰਿ ਸੁੰਦਰ।
ਸ਼੍ਰੀ ਗ੍ਰਿੰਥ ਸਾਹਿਬ ਰਚਿ ਦੂਜਾ।
ਨਿਜ ਥਲ ਥਿਤ ਕਰਿ ਠਾਨੀ ਪੂਜਾ
॥੩੫॥
ਇਨ ਦੋਨਹੁ ਕੇ ਆਸ਼੍ਰਿਤ ਹ੍ਵੈ ਕੈ।
ਕਰਤਿ ਜੀਵਕਾ[1] ਬਹੁ ਸੁਖ ਪੈ ਕੈ।
ਇਮ ਇਸ ਲੋਕ ਭਲਾ ਬਹੁ ਕੇਰਾ।
ਕਰਜੋ ਗੁਰੂ ਅਰਜਨ ਹਿਤ ਹੇਰਾ
॥੩੬॥
ਸ਼ਰਧਾ ਧਰਹਿਂ ਸੁਧਾਸਰ ਮੱਜਹਿਂ।
ਪਾਪ ਕਮਾਤੇ ਸਭਿ ਹੀ ਭਜਹਿਂ।
ਹਰਿ ਮੰਦਿਰ ਮਹਿਂ ਹਰਿ ਜਸੁ ਗਾਏ।
ਕੈਧੋਂ ਬੈਠਿ ਸੁਨਹਿਂ ਮਨ ਲਾਏ ॥੩੭॥
ਅਘ ਕੋ ਤਜਿ ਕਰਿ ਸ਼ੁਭ ਗਤਿ ਲੀਨਾ।
ਇਮ ਪਰਲੋਕ ਭਲਾ ਗੁਰ ਕੀਨਾ।
ਯਾਂ ਤੇ ਇਨ ਸਮਸਰ ਉਪਕਾਰੀ।
ਅਪਰ ਨ ਸੁਨਜੋ ਨ ਕਬਹੁਂ ਨਿਹਾਰੀ
॥੩੮॥
ਧੰਨ ਗੁਰੂ ਅਰਜਨ ਗੁਨ ਖਾਨੀ।
ਪਰਉਪਕਾਰ ਰੈਨ ਦਿਨ ਠਾਨੀ।
ਬਾਰ ਬਾਰ ਤਿਨ ਕੇ ਪਗ ਨਮੋ।
ਕਰਹੁ ਸਹਾਇ ਅੰਤ ਕੇ ਸਮੋ ॥੩੯॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਆ ਰਾਸੇ 'ਸੱਤੇ ਬਲਵੰਡ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

[1](ਸਿੱਖ) ਕਰਦੇ ਹਨ ਜੀਵਨ ਦਾ ਨਿਰਬਾਹ (ਆਤਮਕ ਅਥਵਾ ਸਰੀਰਕ)।

## ੪੬. [ਕਾਨ੍ਹਾ, ਪੀਲੋ, ਅਦਿ ਭਗਤ ਆਏ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:
ਬਿਦਾ ਹੋਇ ਲੱਧਾ ਗਯੋ,
ਪੁਰਿ ਲਹੌਰ ਕੀ ਓਰ।
ਸਦਨ ਪ੍ਰਵੇਸ਼ਜੋ ਜਾਇ ਕਰਿ,
ਮਿਲੇ ਸਿੱਖ ਕਰ ਜੋਰਿ ॥੧॥
ਸੈਯਾ ਛੰਦ:
ਕਰਹਿਂ ਪਰਸਪਰ ਨਮੋ ਭਾਉ ਧਰਿ
ਬੂਝਹਿਂ ਕੁਸ਼ਲ ਬਹੁਰ ਗੁਰ ਗਾਥ।
'ਕਿਮ ਪਰਚਤਿ ਸਿੱਖਜਨਿ ਦੇ ਦਰਸ਼ਨ,
ਕਿਸ ਥਲ ਬੈਠਤਿ ਹੈਂ ਜਗ ਨਾਥ?
ਤੁਮ ਚਲਿ ਗਏ ਪ੍ਰਸੰਗ ਭਯੋ ਕਿਮ,
ਕਹਜੋ ਕਹਾਂ[1] ਤਬਿ ਸ਼੍ਰੀ ਮੁਖ ਸਾਥ। — [1]ਕੀਹ?
ਕੌਨੇ ਬੇਸ[1] ਤੇ ਮਿਲੇ ਪ੍ਰਥਮ ਗੁਰ — [1]ਭੇਖ।
ਹਾਥ ਜੋਰਿ ਜਬਿ ਟੇਕਜੋ ਮਾਥ' ॥੨॥
ਲੱਧੇ ਕਹਜੋ 'ਕਹਾਂ ਲਗਿ ਕਹਿ ਹੌਂ
ਸ਼੍ਰੀ ਅਰਜਨ ਕੇ ਗੁਨ ਬਿਸਥਾਰਿ।
ਏਕ ਜੀਹ ਕਜਾ ਬਪੁਰੀ ਸਮਰਥ
ਉਚਰੇ ਜਾਇਂ ਨ, ਧਰੌਂ ਹਜ਼ਾਰ[1]। — [1]ਹਜ਼ਾਰ (ਜੀਭ) ਧਾਰਿਆਂ ਬੀ।
ਨੀਰਧ ਸੇ[1] ਗੰਭੀਰ ਧੀਰ ਧਰਿ — [1]ਸਮੁੰਦ੍ਰਵਤ।
ਸਦਾ ਸੁਸ਼ੀਲ ਛਬੀਲੇ ਚਾਰੁ।
ਕਰਤਿ ਉਧਾਰਨਿ ਨਰਨਿ ਹਜ਼ਾਰਨਿ
ਇਹ ਤੋ ਸਦਾ ਬਰਤ ਬਿਵਹਾਰ[1] ॥੩॥ — [1]ਸਦਾ ਵਰਤਦਾ ਹੈ ਵਿਹਾਰ (ਅ) ਇਸ ਵਿਵਹਾਰ ਦਾ ਤਾਂ ਸਦਾ ਵਰਤ ਹੀ ਲਗ ਰਹਿਆ ਹੈ।
ਗੁਨ ਅਨਗਿਨ, ਕਜਾ ਗਿਨਤੀ ਭਨਿ ਹੌਂ,
ਇਕ ਗੁਨ ਪਿਖਿ ਮੈਂ ਹੁਇ ਬਲਿਹਾਰ।
ਧਨ ਤੇ ਤਨ ਤੇ ਮਨ ਤੇ ਦਿਨ ਪ੍ਰਤਿ
ਕਰੁਨਾ ਕਲਿਤ[1] ਕਰਤਿ ਉਪਕਾਰ। — [1]ਕ੍ਰਿਪਾ ਸਹਤ।
ਪ੍ਰਥਮ ਸੁਧਾਸਰ ਸਿਰਜਜੋ ਸੁੰਦਰ
ਸ਼ੋਭਤਿ ਚਹੁੰ ਦਿਸ਼ਿ ਤੇ ਇਕਸਾਰ।

ਕਲਮਲ ਟਾਰਹਿਂ ਮੱਜਨ ਧਾਰਹਿਂ
ਨਾਮ ਉਚਾਰਹਿਂ ਸੰਝ ਸਕਾਰ ॥੪॥
ਅਬਿ ਸ਼੍ਰੀ ਨਾਨਕ ਆਦਿ ਜਿ ਬਾਨੀ
ਅਨਿਕ ਜਤਨ ਤੇ ਕਰਿ ਇਕ ਥਾਇਂ।
ਤਿਸਹਿ ਮਿਲਾਇ ਸ਼ਬਦ ਸਮੁਦਾਇ ਜਿ
ਰਚਤਿ ਰੁਚਿਰ ਨਿਤਪ੍ਰਤਿ ਸੁਖਦਾਇ।
ਠਟਜੋ ਚਹਤਿ ਹੈਂ ਬੀੜ ਬਡੇਰੀ
ਬਨਹਿ ਗ੍ਰਿੰਥ ਸਾਹਿਬ ਛਬਿ[1] ਪਾਇ। — [1]ਸ਼ੋਭਾ।
ਆਪ ਅਛਤ[1] ਅਰੁ ਪਾਛੇ ਕਲਿ ਮਹਿਂ — [1]ਆਪਣੇ ਹੁੰਦਿਆਂ।
ਜਿਸ ਕੋ ਪਠਿ ਸੁਨਿ ਮੋਹ ਨ ਸਾਇ
॥੫॥
ਗਾਡੀ ਮਗ[1] ਸਿੱਖੀ ਬਿਸਤਾਰੀ — [1]ਭਾਵ ਸੁਖੱਲਾ ਰਾਹ।
ਮਨੋ ਨਿਸ਼ਾਨ ਤੁੰਗ[1] ਛਬਿ ਧਾਰ। — [1]ਉੱਚਾ।
ਪਠਤਿ ਸੁਨਤਿ ਮਨ ਦ੍ਰਵਤਿ ਸੁਚਿਤ
ਹੁਇ[1] — [1]ਸਾਵਧਾਨ ਹੋ ਕੇ।
ਸ਼ੁਭ ਕੱਲਜਾਨ ਬਤਾਇ ਸੁਖਾਰਿ।
ਸਿੱਖ ਸਿਮਰਿ ਸਤਿਨਾਮ ਸੁਖਾਰੇ
ਸਕਲ ਸੁਖਨਿ ਲਹਿ ਸ਼੍ਰੇਯ[1] ਉਦਾਰ[2]। — [1]ਮੁਕਤੀ। [2]ਸ੍ਰੇਸ਼ਟ।
ਕਰਾਮਾਤ ਜ਼ਾਹਰ ਜਿਸ ਮਹਿਂ ਨਿਤ
ਕਰਤਿ ਗੁਰੂ ਅਬਿ ਇਹ ਉਪਕਾਰ
॥੬॥
ਭਗਤ ਬ੍ਰਿੰਦ ਆਵਤਿ ਨਿਤਪ੍ਰਤਿ ਢਿਗ,
ਸੋ ਬਾਨੀ ਨਿਜ ਨਈ ਬਨਾਇਂ।
ਪ੍ਰਥਮ ਸ਼ਬਦ ਬਿਚ ਰਾਗ ਗੁਰਨਿ ਕੇ
ਪੀਛੇ ਭਗਤ ਅਪਨਿ ਲਿਖਵਾਇ।
ਲਿਖਜੋ ਗਯੋ ਬਹੁ, ਤਨਕ[1] ਰਹਜੋ ਅਬਿ — [1]ਥੋੜਾ।
ਇਸੀ ਖਜਾਲ ਮਹਿਂ ਗੁਰ ਬਿਰਮਾਇ[1]।' — [1]ਪਰਚ ਰਹੇ ਹਨ।
ਪੁਰਿ ਮਹਿਂ ਲੱਧੇ ਸਕਲ ਸੁਨਾਈ
ਸੁਨਿ ਸੁਨਿ ਜਹਿਂ ਕਹਿਂ ਭੀ ਬਿਦਤਾਇ
॥੭॥
ਲਵਪੁਰਿ ਤਿਸੀ ਸਮੇਂ ਮਹਿਂ ਹੋਤੇ

ਚਤੁਰ ਭਗਤ ਸ਼ੁਭ ਪੰਥ ਮਝਾਰ।
ਇਕ ਕਾਨ੍ਹਾ ਛੱਜੂ ਕਹਿਂ ਦੂਜੋ
ਸ਼ਾਹਿ ਹੁਸੈਨ ਸੁ ਪੀਲੋ ਚਾਰ।
ਬਿਥਰਯੋ ਗੁਰ ਬਿਰਤਾਂਤ ਨਗਰ ਮਹਿਂ,
ਇਨਹਿਂ ਸੁਨਯੋ ਤਬਿ ਸਰਬ ਪ੍ਰਕਾਰ।
'ਭਗਤਨਿ ਬਾਨੀ ਲਿਖੀ ਗ੍ਰਿੰਥ ਮਹਿਂ'
ਇਮ ਸੁਨਿ ਇਨ ਕੈ ਛੋਭ ਉਦਾਰ[1] ॥੮॥ [1]ਬਹੁਤ ਘਬਰਾ ਹੋਇਆ।
-ਸ਼੍ਰੀ ਨਾਨਕ ਗਾਦੀ ਪਰ ਬੈਠੇ
ਸ਼੍ਰੀ ਅਰਜਨ ਪਰਤਾਪ ਮਹਾਨ।
ਸੁਮਤਿਵੰਤ, ਸਰਬੱਗਜ, ਸਧੀਰਜ,
ਸਦ ਗੁਨ[1] ਕਹਿਂ ਲਗਿ ਕਰੈ ਬਖਾਨ। [1]ਸ੍ਰੇਸ਼ਟ ਗੁਨ।
ਅਪਰ ਭਗਤ ਜੇ ਸਰਬ ਹਕਾਰੇ,
ਹਮਹਿਂ ਹਕਾਰਨਿ ਕਯੋਂ ਨਹਿਂ ਠਾਨਿ।
ਇਹ ਕਜਾ ਕੀਨਿ- ਬਿਚਾਰਤਿ ਚਿਤ ਮੈਂ
ਭਏ ਸੰਦੇਹ ਕੁਛਕ ਰਿਸਵਾਨ ॥੯॥
ਇਕ ਦਿਨ ਚਾਰੋਂ ਮਿਲੇ ਪਰਸਪਰ
ਇਸ ਬ੍ਰਿਤਾਂਤ ਹਿਤ ਕਰਤਿ ਉਚਾਰ।
'ਬਨਯੋ ਗ੍ਰਿੰਥ ਸਾਹਿਬ ਪਰਮਾਰਥ
ਗਿਨੇ ਗਏ ਜੇ ਭਗਤ ਉਦਾਰ।
ਸਗਲ ਜਗਤ ਮਹਿਂ ਇਹੁ ਬਿਸਤੀਰਹਿ
ਜਿਮ ਸਿੱਖੀ ਜਹਿਂ ਕਹਿਂ ਬਿਸਤਾਰ।
ਹਮਰੋ ਨਾਮ ਲਿਖਯੋ ਨਹਿਂ ਜੇ ਤਹਿਂ
ਬਿਦਤਹਿ ਨਹਿਂ[1] ਪਾਛੇ ਸੰਸਾਰ ॥੧੦॥ [1]ਪ੍ਰਗਟੇਗਾ ਨਹੀਂ (ਸਾਡਾ ਨਾਮ)।
ਇਸ ਕੋ ਜਤਨ ਕਰਹੁ ਜਿਮ ਹੋਵਹਿ,
ਅਪਨੇ ਸ਼ਬਦ ਲਿਖਾਵੋਂ ਤਾਂਹਿ।
ਕਾਨ੍ਹੇ ਭਨਯੋ 'ਕੌਨ ਸੁਧਿ ਲਯਾਯੋ
ਪ੍ਰਥਮੈ ਨਿਰਨੈ ਕਰਿ ਲਿਹੁ ਤਾਂਹਿ।'
ਕਹਿ ਪੀਲੋ 'ਲੱਧਾ ਸਿਖ ਇਕ ਹੈ,
ਗਾ ਉਪਕਾਰ ਹੇਤੁ ਗੁਰ ਪਾਹਿ।
ਤਿਸ ਨੇ ਦੇਖਤਿ ਸੁਨਯੋ ਪ੍ਰਸੰਗ ਇਹ

ਨਿਸ਼ਚੈ ਕੀਨਸਿ, ਮਿੱਥਯਾ ਨਾਂਹਿ'
॥੧੧॥
ਸ਼ਾਹੁ ਹੁਸੈਨ ਭਨਯੋ 'ਤਿਹ ਸਿੱਖ ਕੋ
ਬੂਝਹੁ ਅਪਨਿ ਹਦੂਰ ਬੁਲਾਇ।
ਬਹੁਰ ਉਪਾਵ ਕਰਹਿਂ ਜਿਮ ਹੋਵਹਿ
ਸਰਬ ਪ੍ਰਸੰਗ ਸੁ ਦੇਯ ਸੁਨਾਇ।'
ਤਬਿ ਛੱਜੂ ਨੇ ਦਾਸ ਪਠਾਯੋ
ਲੱਧਾ ਕਰਯੋ ਅਵਾਹਨਿ[1] ਜਾਇ।
ਗਮਨਯੋ ਭਗਤਨਿ ਕੇ ਢਿਗ ਹਰਖਤਿ,
ਮਿਲਯੋ ਚਰਨ ਪਰ ਸੀਸ ਨਿਵਾਇ
॥੧੨॥
'ਕਹੁ ਲੱਧਾ! ਸਤਿਗੁਰੂ ਬਾਰਤਾ
ਕਿਸ ਪਰਚੇ ਮਹਿਂ ਦਿਵਸ ਬਿਹਾਇਂ।
ਕਯਾ ਦੇਖਯੋ ਤੈਂ ਤਹੀ ਜਾਇ ਕਰਿ
ਸੋ ਹਮ ਕੋ ਸਭਿ ਦੇਹੁ ਸੁਨਾਇ।'
ਹਾਥ ਜੋਰਿ ਕਰਿ ਕਹੀ ਸਰਬ ਤਿਨ
'ਅਬਿ ਬਾਨੀ ਕੋ ਰਹੇ ਬਨਾਇ।
ਰੈਨ ਦਿਵਸ ਹੁਇ ਇਸ ਕੇ ਤਤਪਰ
ਨਾਨਾ ਭਾਂਤਿਨਿ ਸ਼ਬਦ ਲਿਖਾਇਂ
॥੧੩॥
ਪੰਚ ਗੁਰਨਿ ਕੀ ਪ੍ਰਥਮ ਲਿਖਤਿ ਹੈਂ
ਤਿਨ ਪੀਛੇ ਸਭਿ ਭਗਤ ਲਿਖਾਇਂ।
ਆਦਿ ਕਬੀਰ ਪ੍ਰਤੱਛ ਹੋਇ ਕਰਿ
ਨਵੇਂ ਸ਼ਬਦ ਨਿਜ ਦੇਤਿ ਬਨਾਇ।
ਗਨ ਰਾਗਨਿ ਮਹਿਂ ਲਿਖਤਿ ਜਾਤਿ ਬਹੁ
ਹੈ ਭਾਈ ਗੁਰਦਾਸ ਜਿ ਨਾਇ।
ਬਨਯੋ ਗ੍ਰਿੰਥ ਬਡ ਜਨੁ ਜਹਾਜ ਹੈ
ਭਉਜਲ ਤੇ ਪਾਰ ਜੁ ਉਤਰਾਇ
॥੧੪॥
ਬਹੁਤ ਬਨਯੋ, ਕੁਛ ਰਹਯੋ ਤਨਕ ਅਬਿ,
ਕੇਤਿਕ ਦਿਵਸ ਬਿਖੈ ਹੁਇ ਤਯਾਰ।'

[1]ਸੱਦਿਆ।

ਸੁਨਿ ਕਾਨ੍ਹਾ ਪੂਛਨਿ ਪੁਨ ਲਾਗਜੋ
'ਭਗਤ ਆਗਵਨ ਕਿਸੁ ਪ੍ਰਕਾਰ?
ਗੁਰੂ ਅਵਾਹਨ ਤੇ ਸੋ ਆਏ,
ਕਿਧੌਂ ਅਵਾਹਨ ਬਿਨ ਤਿਸ ਬਾਰ[1]?
ਕੋ ਦਰਸਤਿ ਹੈ ਤਿਨ ਸਰੂਪ ਕੋ,
ਕਿਤ ਬੈਠੈਂ ਇਹ ਸਕਲ ਉਚਾਰ'
॥੧੫॥
ਲੱਧੇ ਭਨਜੋ 'ਇਕਾਂਤ ਭਏ ਗੁਰ
ਬਨ ਮਹਿਂ ਵਹਿਰ ਸੁ ਡੇਰਾ ਲਾਇ।
ਪ੍ਰਥਮ ਰਾਗ ਸ੍ਰੀ ਰਾਗ ਬਖਾਨਜੋ[†]
ਤਬਹਿ ਭਗਤ ਆਏ ਸਮੁਦਾਇ।
ਸ੍ਰੀ ਅਰਜਨ ਸੋਂ ਕਰਿ ਸੰਬਾਦ ਸੁਭ
ਪੁਨ ਗੁਰਦਾਸ ਸਰੂਪ ਦਿਖਾਇ।
ਤਿਸ ਢਿਗ ਕਹਤਿ ਲਿਖਤਿ ਸੋ ਜਾਵਹਿ
ਇਸ ਪ੍ਰਕਾਰ ਅਬਿ ਲੌ ਲਿਖਵਾਇ'
॥੧੬॥
ਇਮ ਕਹਿ ਲੱਧਾ ਗਯੋ ਸਦਨ ਕੋ
ਪੁਨਹਿ ਪਰਸਪਰ ਕਰਤਿ ਬਿਚਾਰਾ।
'ਬਿਨਾ ਹਕਾਰਨਿ ਤੇ ਸੋ ਪਹੁੰਚੇ,
ਤੁਮ ਭੀ ਚਲਹੁ ਸੁ ਇਸੀ ਪ੍ਰਕਾਰ।
ਨਿਜ ਬਾਨੀ ਸ੍ਰੀ ਗ੍ਰਿੰਥ ਚਢਾਵੋ
ਰਹੈ ਨਾਮ ਥਿਰ ਜਗਤ ਮਝਾਰ।
ਮਨ ਆਸ਼ੈ ਕੋ ਸਭਿ ਹੀ ਜਾਨਹਿਂ
ਲਿਖਵਾਵਹੁ ਕਹਿ ਸਬਦ ਮਝਾਰ'
॥੧੭॥
ਇਮ ਸਲਾਹ ਕਰਿ ਨਿਸਾ ਬਿਤਾਈ
ਭਈ ਪ੍ਰਾਤ ਕਾਨ੍ਹਾ ਅਸਵਾਰ।
ਤੀਨਹੁੰ ਅਪਰ ਗਮਨ ਕੋ ਠਾਨਜੋ
ਜਿਨ ਕੇ ਉਰ ਕੁਛ ਕੁਛ ਹੰਕਾਰ।
ਪੰਥ ਜਾਮਨੀ ਏਕ ਬਿਤਾਈ
ਅਗਲੇ ਦਿਨ ਗੁਰਪੁਰੀ ਮਝਾਰ।

[1]ਤਿਸ ਵੇਰੀ।

[†]ਪਾ:-ਬਨਾਯੋ।

ਆਇ ਪ੍ਰਵੇਸ਼ੇ, ਮਾਨ ਵਿਸ਼ੇਸ਼ੇ[1],
ਪਹੁੰਚੇ ਸ੍ਰੀ ਗੁਰ ਕੇ ਦਰਬਾਰ ॥੧੮॥
ਹਰਿਮੰਦਰਿ ਸੁੰਦਰ ਕੇ ਅੰਦਰ
ਸ੍ਰੀ ਗੁਰ ਸ਼ੋਭਤਿ ਬਹੁ ਤਿਸ ਕਾਲ।
ਲਖੇ ਮਾਨ ਜੁਤ ਭਗਤ ਆਗਵਨ
ਆਗੇ ਠਾਂਢੇ[1] ਭਏ ਕ੍ਰਿਪਾਲ।
ਬੰਦਨ ਠਾਨਿ ਪਰਸਪਰ ਹਰਖਤਿ,
ਕਹਿ ਬੈਠਾਰੇ ਸਭਿ ਹਿਤ ਨਾਲ।
ਸ੍ਰੀ ਅਰਜਨ ਸਾਦਰ ਕਹਿ ਮਾਧੁਰ
'ਸਭਿਹਿਨਿ ਕਰੁਨਾ ਕੀਨਿ ਬਿਸਾਲ ॥੧੯॥
ਦਰਸ਼ਨ ਦੀਨਿ ਕ੍ਰਿਤਾਰਥ ਕੀਨਸਿ,
ਪਰਮਾਰਥ ਮਨ ਭੀਨਸਿ ਨੀਤਿ।
ਬਿਚਰਹੁ ਨਰਨਿ ਉਧਾਰਨਿ ਕਾਰਨ,
ਕਰੇ ਨਿਹਾਰਨਿ ਹੁਇ ਸੁਖ ਚੀਤ।
ਮਿਲਹੁ ਸਧਾਰਨ ਮੋਹੁ ਬਿਦਾਰਨ[1],
ਦਾਰੁਨ ਦੁਖ ਟਾਰਨਿ ਕੀ ਰੀਤਿ।
ਤਾਰਨ ਤਰਨਿ ਸ਼ਰਨ ਪ੍ਰਤਿਪਾਰਨ,
ਜੀਤ ਬਿਕਾਰਨਿ ਤੇ ਬਿੱਪ੍ਰੀਤ[1] ॥੨੦॥
ਕਾਰਨ ਕਵਨ ਆਪ ਆਗਵਨੁ
ਗੁਰ ਭਵਨੁ[1] ਮਿਲਿ ਕਰਿ ਸਮੁਦਾਇ?'
ਸਭਿ ਮਹਿਂ ਅਧਿਕ ਹੰਕਾਰੀ ਕਾਨ੍ਹਾ
ਕਾਨਿ ਸੁਨਤਿ ਜਸੁ ਮਨ ਉਮਗਾਇ।
'ਆਵਨਿ ਹੇਤੁ ਨਿਕੇਤ ਬਿਖੈ ਤੁਮ
ਹਮਰੋ ਭਯੋ ਲਖਹੁ ਇਸ ਭਾਇ।
ਸੁਨਯੋ ਤਹਾਂ ਬਡ ਰਚਯੋ ਗ੍ਰਿੰਥ ਜੀ
ਬਾਨੀ ਪੰਚ ਗੁਰੁਨਿ ਬਨਾਇ ॥੨੧॥
ਗਨ ਭਗਤਨਿ ਕੇ ਸ਼ਬਦ ਲਿਖਾਏ
ਸਭਿ ਰਾਗਨ ਕੇ ਬਿਖੈ ਬਨਾਇ[1]।
ਤਿਨ ਸਭਿ ਕੇ ਨਹਿਂ ਦੇਹ ਗ੍ਰੇਹ ਅਬਿ,
ਜਗ ਮਹਿਂ ਬਿਦਤ ਨਹੀਂ ਬਹੁ ਥਾਇਂ।

[1]ਬਹੁਤ ਹੰਕਾਰ ਨਾਲ।
[1]ਖੜੇ।
[1]ਸਾਧਾਰਣ ਮਿਲਕੇ ਮੋਹ ਨਾਸ਼ ਕਰਦੇ ਹੋ।
[1]ਉਲਟ ਕਰਨ ਵਾਲੇ ਵਿਕਾਰਾਂ ਤੇ ਆਪਦੀ ਜਿੱਤ ਹੈ।
[1]ਗੁਰ ਘਰ ਵਿਚ।
[1]ਭਾਵ ਸੁਹਣੀ ਤਰ੍ਹਾਂ।

ਬਾਦ ਰਹੈਂ ਠਾਨਤਿ ਬਹੁ ਹਿੰਦੂ
ਤੁਰਕ ਨ ਚੀਨਿ ਸਕਹਿਂ ਸਮੁਦਾਇ।
ਕਹਾਂ ਭਏ ਨਰ ਲਖਹਿਂ ਨ ਤਿਨ ਕੋ
ਹੁਤੇ ਕੌਨ, ਕਿਮ ਭਏ ਸੁ ਭਾਇ?
॥੨੨॥
ਹਮ ਜੀਵਤਿ ਆਨੰਦ ਰਸ ਪੀਵਤਿ
ਬਿਦਤ ਸੁ ਥੀਵਤਿ[1] ਜਗਤ ਮਝਾਰ। [1]ਪ੍ਰਗਟ ਹੋ ਰਹੇ ਹਾਂ।
ਜਾਨਹਿਂ ਰਾਉ ਰੰਕ ਮਹਿਂ ਸਗਰੇ
ਮਾਨਹਿਂ ਬਚਨ ਚਰਨ ਸਿਰ ਧਾਰਿ।
ਆਗਜਾ ਲਖੈਂ ਬੇਦ ਸਮ ਹਮਰੀ,
ਕਰਿ ਨਹਿਂ ਸਕਹੈ ਕੋ ਹਟਕਾਰ[1]। [1]ਹਟਾਵਣਾ।
ਇਮ ਬਿਸਤਰਤਿ ਸੁਜਸੁ ਸਭਿ ਦਿਸ਼ਿ
ਮਹਿਂ,
ਤੁਮ ਕਝਾ ਨਹਿਂ ਜਾਨਤਿ ਇਹ ਸਾਰ
॥੨੩॥
ਬਾਨੀ ਲਿਖੀ ਮ੍ਰਿਤਕ ਜੇ ਹੁਇਗੇ,
ਹਮ ਜੀਵਤਿ ਕੀ ਸੁਧਿ ਨਹਿਂ ਲੀਨਿ।
ਜੇ ਹਮਰੇ ਤੁਮ ਸ਼ਬਦ ਲਿਖਹੁ ਨਹਿਂ,
ਕਿਮ ਪ੍ਰਮਾਨ[1] ਹੁਇ ਗ੍ਰੰਥ ਨਵੀਨ। [1]ਮੰਨਣ ਯੋਗ।
ਸੁਨਹਿਂ ਨ, ਪਢਹਿਂ ਨ, ਕਹਜੋ ਨ
ਮਾਨਹਿਂ,
ਲਿਖਹਿਂ ਨ ਜੇ ਨਰ ਅਧਿਕ ਪ੍ਰਬੀਨ।
ਯਾਂ ਤੇ ਨੀਕੀ ਬਾਤਿ ਨ ਕੀਨਸਿ
ਤੁਮ ਹੋ ਜਗ ਗੁਰ, ਲੀਜਹੁ ਚੀਨਿ'
॥੨੪॥
ਬੋਲੇ ਸ੍ਰੀ ਅਰਜਨ 'ਹਮ ਬਾਨੀ
ਜਿਤ ਕਿਤ ਹੁਤੀ ਕਰੀ ਇਕ ਥਾਇਂ।
ਬ੍ਰਿੰਦ ਭਗਤ ਸੋ ਲਖਿ ਕਰਿ ਆਏ
ਤਿਨ ਸੋਂ ਕਹਜੋ ਸੁ ਹਮ ਸਮੁਝਾਇ।
ਗੁਰਬਾਨੀ ਅਨੁਸਾਰ ਬਨਾਈ
ਦੇਖਿ ਮਿਲਤਿ ਕੋ ਦਈ ਲਿਖਾਇ।

ਤੁਮ ਅਬਿ ਆਏ ਕਰਹੁ ਸ਼ਬਦ ਨਿਜ
ਸੁਨੈ ਉਚਿਤ ਤਬਿ ਲੇਹਿਂ ਚਢਾਇ'
॥੨੫॥
ਬ੍ਰਹਮ ਗਜ੍ਯਾਨ ਕੋ ਮਨ ਅਭਿਮਾਨਾ
ਸੁਨਿ ਕਾਨ੍ਹਾ ਉਰ ਹਰਖਤਿ ਹੋਇ†। †ਪਾ:-ਜੋਇ।
ਜਾਨ੍ਯੋ -ਗੁਰੁ ਅਨੁਸਾਰਿ ਹਮਾਰੇ,
ਮੈਂ ਕਜ੍ਯਾ ਲਘੁ ਹੌਂ ਲਖਹਿਂ ਨ ਜੋਇ[1]। [1]ਮੈਂ ਕਿਆ (ਕੋਈ) ਛੋਟਾ (ਭਗਤ) ਹਾਂ (ਮੈਨੂੰ) ਨਹੀਂ ਜਾਣਦੇ। (ਅ) ਕਿਤੇ ਇਹ ਨਾ ਲਖ ਲੈਣ ਕਿ ਮੈਂ ਛੋਟਾ ਹਾਂ, ਤਾਂਤੇ।
ਬਾਨੀ ਕਰੌਂ ਬਨਾਵਨ ਅਪਨੀ
ਬ੍ਰਹਮ ਗਜ੍ਯਾਨ ਕੇ ਬਿਖੈ ਪਰੋਇ।
ਬਿਦਤਹਿ ਜਿਤ ਕਿਤ- ਚਿਤ ਇਮ
ਚਿਤਵਤਿ
ਬੋਲ੍ਯੋ ਸ਼ਬਦ ਅਹੰਬ੍ਰਹਮ[1] ਸੋਇ [1]ਮੈਂ ਬ੍ਰਹਮ ਹਾਂ।
॥੨੬॥

ਕਾਨ੍ਹਉ ਵਾਚ† ॥ †ਪਾ:-ਕਾਨ੍ਹੋ ਵਾਚ।
ਓਹੀ ਰੇ ਮੈਂ ਓਹੀ ਰੇ।
ਜਾਂਕਉ ਬੇਦ ਪੁਰਾਨ ਸਭਿ ਗਾਵੈਂ ਖੋਜਤਿ ਖੋਜ ਨ ਕੋਈ ਰੇ।
ਜਾਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ।
ਬ੍ਰਹਮਾ ਬਿਸਨੁ ਮਹੇਸ ਅਰਾਧਹਿਂ ਸਭਿ ਕਰਦੇ ਜਾਕੀ ਸੇਵਾ ਰੇ।
ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ ॥੧॥

ਸ੍ਵੈਯਾ ਛੰਦ:
ਇਮ ਆਸ਼ੈ ਜਬਿ ਅਪਨ ਜਨਾਯਹੁ
ਸ਼੍ਰੀ ਅਰਜਨ ਸੁਨਿ ਦੀਨਿ ਹਟਾਇ।
'ਹਮਰੇ ਇਹੁ ਪਰਮਾਣ ਨ ਹੁਇ ਹੈ,
ਪਠੈਂ ਸਿੱਖ ਹੰਕਾਰ ਬਢਾਇਂ।
ਹੈ ਤੋ ਸਹੀ, ਤਊ ਨਰ ਕਲਿ ਕੇ
ਬਿਗਰਹਿਂ ਲਗਹਿ ਬਿਕਾਰਨਿ ਧਾਇ[1]। [1]ਵਿਕਾਰਾਂ ਵਿਚ ਧਾ ਕੇ ਲੱਗਣਗੇ।
ਗਤਿ ਕਿਤ ਰਹੀ[1] ਨਰਕ ਹੁਇਂ ਪ੍ਰਾਪਤਿ, [1]ਮੁਕਤੀ ਤਾਂ ਕਿਤੇ ਰਹੀ।
ਯਾਂ ਤੇ ਹਮ ਨਹਿਂ ਇਸੈ ਚਢਾਇਂ
॥੨੭॥
ਇਸ ਪਰ ਸੁਨਿ ਦ੍ਰਿਸ਼ਟਾਂਤ ਹਮਾਰੋ,
ਬ੍ਰਹਮ ਗਜ੍ਯਾਨ ਅਰੁ ਘਿੱਤ੍ਰ ਸਮਾਨ[1]। [1]ਇਕੋ ਜਿਹੇ ਹਨ।

ਕਫੀ ਹੰਕਾਰੀ[1] ਖਾਇ ਗ੍ਰਹਨ ਕਰਿ
[1]ਬਲਗਮ ਵਾਲਾ, ਹੰਕਾਰੀ।
ਛਾਤੀ ਬੋਝ ਬਧਹਿ, ਬਡ ਮਾਨ।
ਪਿੱਤੀ[1] ਸਹਤ ਬਿਕਾਰੀ[2] ਜੇ ਨਰ
[1]ਗਰਮੀ ਵਾਲਾ, ਵਿਕਾਰੀ।
ਬਿਖੈ ਲਗੈ ਅਤੀਸਾਰ[1] ਮਹਾਨ।
[1]'ਵਿਸ਼ਜ ਲੱਗ ਜਾਣ' ਰੂਪੀ ਦਸਤਾਂ ਦਾ ਰੋਗ।
ਪੁਸ਼ਟ ਹੋਨ ਗਤਿ[1] ਪ੍ਰਾਪਤਿ ਹੋਇ ਨ
[1]ਤਕੜਾ ਹੋਣ ਰੂਪੀ ਮੁਕਤੀ।
ਰੋਗੀ ਕਸ਼ਟ ਨਰਕ ਪਹਿਚਾਨ ॥੨੮॥
ਸੁਖ ਤੇ ਰਹਜੋ ਮਹਾਂ ਦੁਖ ਪਾਵਹਿ
ਯਾਂ ਤੇ ਹਮਰੇ ਨਹੀਂ ਪ੍ਰਮਾਨ।
ਸੋ ਬ੍ਰਹਮ ਗਜਾਨ ਘ੍ਰਿੱਤ ਕੋ ਲੇ ਕਰਿ
ਮਿਸ਼ਰੀ ਭਗਤਿ[1] ਮਿਲਾਵਨ ਠਾਨਿ।
[1]ਭਗਤੀ ਰੂਪ ਮਿਸਰੀ।
ਸੁਖਦਾਯਕ ਸਭਿ ਨਰ ਕੋ ਜਾਨਹੁ
ਇਸ ਪ੍ਰਕਾਰ ਕਰਿ ਲੇ ਕੱਲਜਾਨ।
ਅਹੰ ਬ੍ਰਹਮ ਤਉ ਉਰ ਮਹਿਂ ਬਾਸੇ
ਮੁਖ ਤੇ ਕਹੈ ਦਾਸ ਦਾਸਾਨਿ[1] ॥੨੯॥
[1]ਦਿਲ ਵਿਚ ਤਾਂ 'ਅਹੰਬ੍ਰਹਮ' ਵੱਸੇ ਮੂੰਹੋਂ ਆਖੇ ਮੈਂ ਦਾਸਾਂ ਦਾ ਦਾਸ ਹਾਂ (ਇਹ ਸਾਡਾ ਮਤ ਹੈ)।

ਇਹ ਮਤ ਹਮਰੋ ਮਿਲੇ ਨ ਤੁਮ ਸੋਂ,
ਗ੍ਰਿੰਥ ਬਿਖੈ ਕਿਮ ਦੇਹਿਂ ਲਿਖਾਇ।
ਸ਼ਬਦ ਬਿਰੋਧੀ ਮਿਲਹਿਂ ਨ ਇਕ ਥਲ,
ਰਾਖਹੁ ਆਪ ਲਿਖਹੁ ਕਿਤ ਥਾਇੰ।
ਗੁਰ ਘਰੁ ਨੰਮ੍ਰ ਥਾਨ ਮਹਿਂ ਜਾਨਹੁ
ਨੰਮ੍ਰ ਹੋਹਿ ਸੋ ਮਿਲਿ ਕਰਿ ਜਾਇ[1]।
[1]ਸੋ (ਗੁਰੂ ਘਰ ਨਾਲ) ਮਿਲ ਜਾਂਦਾ ਹੈ।
ਊਚੋ ਸਦਾ ਤ੍ਰਾਸ ਕੋ ਪਾਵਹਿ,
ਬਾਯੁ ਆਦਿ ਤੇ ਸੰਕਟ ਪਾਇ'
॥੩੦॥
ਬਚਨ ਬਿਲਾਸ ਸੁਨੇ ਜਬਿ ਗੁਰ ਕੇ
ਉੱਤਰ ਫੁਰਜੋ ਨ, ਰਹਜੋ ਬਿਚਾਰ।
ਸਭਾ ਬਿਖੈ ਖਿਝ ਕਰਿ ਰਿਸ ਧਾਰੀ
ਲਾਲ ਬਿਲੋਚਨ ਕਰਿ ਤਿਸ ਬਾਰ।
'ਸਭਿ ਮਹਿਂ ਕਰਜੋ ਨਿਰਾਦਰ ਮੇਰੋ,
ਆਯੋ ਲਖਿ ਨ ਕਰਜੋ[†] ਸਤਿਕਾਰ।
[†]ਪਾ:-ਕਿਯੋ।
ਜੁਕਤਿ ਉਕਤਿ ਕਰਿ[1] ਸਬਦ[2] ਹਟਾਯਹੁ
[1]ਉਕਤੀ ਜੁਕਤੀ ਭਾਵ ਟਾਲ ਮਟੋਲੇ ਕਰਕੇ। [2](ਮੇਰਾ) ਸ਼ਬਦ।

ਸਭਿ ਬੇਦਨਿ ਕੋ ਜਿਸ ਮਹਿਂ ਸਾਰ[1]' ॥੩੧॥

[1]ਸਿਧਾਂਤ।

ਕਹਤਿ ਭਯੋ 'ਅਬਿ ਸਹਹੁ ਸ੍ਰਾਪ ਮਮ
ਤ੍ਰਿਸਕਾਰਨਿ ਕੋ ਲਿਹੁ ਫਲ ਪਾਇ।
ਤੁਮਰੋ ਹੋਇ ਨਿਰਾਦਰ ਅਤਿਸ਼ੈ
ਤੁਰਕਨਿ ਘਰ ਤੇ ਮਿਲਹਿ ਸਜ਼ਾਇ।
ਜਿਹ ਸਜ਼ਾਇ ਤੇ ਪ੍ਰਾਨ ਬਿਨਾਸ਼ਹਿਂ
ਪਰਹੁ ਰਿਪੁਨ ਬਸਿ ਜੇ ਦੁਖਦਾਇ।
ਸੁਤ ਬਨਿਤਾ ਸੋਂ ਮਿਲਨਿ ਨ ਹੋਵਹਿ
ਅੰਤ ਸਮੋ ਐਸੋ ਬਨਿ ਜਾਇ' ॥੩੨॥
ਸੁਨਿ ਸ੍ਰੀ ਅਰਜਨ ਰਿਦੈ ਬਿਚਾਰੀ
-ਇਸਨੇ ਦੀਨਹੁਂ ਸ੍ਰਾਪ ਉਦਾਰ।
ਪ੍ਰਥਮ ਮਾਨ ਧਰਿ ਆਵਨਿ ਕੀਨੋ
ਭਗਤ ਆਪ ਤੇ ਅਲਪ ਬਿਚਾਰਿ[1]।

[1]ਕਬੀਰ ਆਦ) ਭਗਤਾਂ ਨੂੰ ਆਪ ਤੋਂ ਛੋਟਾ ਸਮਝਕੇ।

ਸ਼ਬਦ ਭਨਜੋ ਅਹੰਕਾਰ ਮਹਾਂ ਜੁਤਿ
ਪਢਹਿ ਸੁਨਹਿ ਸੁ ਕਰਹਿ ਹੰਕਾਰ।
ਅਮਿਲ ਜਾਨ ਕਰਿ ਦਯੋ ਹਟਾਇ ਸੁ
ਇਸ ਨੇ ਕਰਜੋ ਕ੍ਰੋਧ ਦੁਖਕਾਰ ॥੩੩॥
ਹਮ ਜੇ ਸ੍ਰਾਪ ਦੇਹਿਂ ਨਹਿਂ ਇਸ ਕੋ
ਅਫਰ ਜਾਇਗੋ ਦੀਰਘ ਮਾਨ[1]।

[1]ਬਹੁਤਾ ਹੰਕਾਰ ਨਾਲ ਆਫਰ ਜਾਏਗਾ।

ਗਨ ਭਗਤਨਿ ਕੋ ਅਲਪ ਜਾਨਿਬੇ
ਜੇ ਨ ਮਿਲੈ ਫਲ ਇਸੇ ਮਹਾਨ[1]-।

[1]ਕਬੀਰ ਆਦ) ਭਗਤਾਂ ਨੂੰ ਆਪ ਤੋਂ ਛੋਟਾ ਸਮਝਣ ਦਾ ਫਲ ਜੇ ਇਸ ਨੂੰ ਨਾਂ ਮਿਲਿਆ।

ਇਮ ਬਿਚਾਰਿ ਉਰ, ਬੋਲੇ ਸ੍ਰੀ ਗੁਰ,
'ਹਮ ਲਹੌਰ ਤੁਝ ਦੇਹਿਂ ਨ ਜਾਨਿ।
ਰਾਖਹਿਂ ਵਹਿਰ ਮ੍ਰਿੱਤੁ ਕੋ ਪਾਵਹਿਂ
ਅਵਗਤਿ ਮਰਹਿਂ ਹੋਇ ਹੈਰਾਨ†' ॥੨੪॥

†ਮਹਿਮਾ ਪ੍ਰਕਾਸ਼ ਵਿਚ ਕਾਨ੍ਹੇ ਦਾ ਸ੍ਰਾਪ ਦੇਣਾ ਤੇ ਗੁਰੂ ਜੀ ਦਾ ਪ੍ਰਤੀ ਸ੍ਰਾਪ ਦੇਣਾ ਨਹੀਂ ਲਿਖੇ। ਕਾਨ੍ਹੇ ਨੇ ਧਮਕੀ ਦਿੱਤੀ ਹੈ ਕਿ:- 'ਬਾਦਸ਼ਾਹ ਸੋਂ ਕਰ ਫਰਜਾਦ। ਸਤਿਗੁਰ ਸੰਗ ਕਰੋਂਗਾ ਵਾਦ।' ਫਿਰ ਉਸਦੀ ਮੌਤ ਰੱਬ ਉੱਤੋਂ ਢੈਹਕੇ ਨਹੀਂ ਲਿਖੀ, ਪਰ:- 'ਕਾਨ੍ਹਾ ਜਾਤ ਲਾਹੌਰ ਕੋ ਰਹਾ' ਤਹਾਂ ਦੇਖ ਬਨ ਇਕੰਤ ਮਗ ਮਾਂਹ। ਕਰ ਸਮਾਧ ਬੈਠਾ ਵੈ ਤਾਂਹਿ। ਭੂਲ ਜੁਕਤ ਤਬ ਫਟਿਓ ਕਪਾਲ। ਗੁਰ ਵਿਰੋਧ ਜੋਗ ਭਿਆ ਕਾਲ। ਨਿਰਵੈਰ ਨਾਲ ਜੋ ਵੈਰ ਕਮਾਵੈ। ਤਾਕੀ ਘਾਲ ਬ੍ਰਿਥਾ ਸਭ ਜਾਵੈ।' ਇਧਰ ਇਸੇ ਵੇਲੇ ਗੁਰੂ ਜੀ ਲੰਗਰ ਵਿਚ ਆਏ ਤਾਂ ਲਾਂਗਰੀ ਨੇ

ਕੜਛਾ ਤੌਲੇ ਤੇ ਝਾੜਿਆ, ਖੜਾਕ ਸੁਣਕੇ ਗੁਰੂ ਜੀ ਤ੍ਰਬ੍ਰਕ ਕੇ ਬੋਲੇ:- 'ਇਹ ਕੜਛਾ ਕਾਨ੍ਹੇ ਸਿਰ ਲਾਗਾ। ਫੂਟਿਓ ਸੀਸ ਪ੍ਰਾਨ ਤਿਸ ਭਾਗਾ।' ਗੋਇਆ ਉਧਰ ਵਾਕਿਆ ਹੋਇਆ, ਇਧਰ ਸਤਿਗੁਰ ਜੀ ਦੀ ਦਿਬ ਦ੍ਰਿਸ਼ਟਿ ਵਿਚ ਨਜ਼ਰ ਆਯਾ। ਸ੍ਰਾਪ ਕੋਈ ਨਹੀਂ ਹੋਏ।

ਸੁਨਿ ਕੈ ਪੁਨ ਕਾਨ੍ਹਾ ਭਨਿ ਬੈਨਨਿ
'ਬਰਖ ਪੰਚ ਸੈ ਉਮਰ ਬਿਸਾਲ।
ਬਿਘਨ ਅਨੇਕ ਸਮੀਪ ਨ ਆਵਹਿਂ
ਜੋਗ ਅਭ੍ਯਾਸ ਕਰੋਂ ਸਭਿ ਕਾਲ।
ਕਾਲ ਜਾਲ ਜਹਿਂ ਪੋਹਿ ਨ ਸਾਕਹਿ
ਅਸ ਮਠ ਮਹਿਂ ਬਾਸੋਂ ਨਿਸਚਾਲਿ[1]।
ਮੈ ਨ ਮਰੋਂ, ਤੁਮ ਸ੍ਰਾਪ ਬਿਫਲ ਹ੍ਵੈ,
ਦਸਮ ਦ੍ਵਾਰ ਕੀ ਕਰੋਂ ਸੰਭਾਲ' ॥੩੫॥

[1]ਅਚੱਲ।

ਸ੍ਰੀ ਅਰਜਨ ਕਹਿ 'ਜੌਨ ਮਠੀਲੀ[1]
ਬਸ ਕਰਿ ਧਾਰਤਿ ਬਡ ਅਭਿਮਾਨ।
ਸੋ ਫੂਟਹਿਗੀ, ਬਸਹਿਂ ਕਹਾਂ ਫੁਨ,
ਕਰਹੁ ਅਬਹਿ ਪਰਲੋਕ ਪਯਾਨ।
ਜਿਯਬੋ ਆਸ ਨ ਧਰਿ, ਨਿਰਾਸ ਬਨਿ,
ਹਾਡ ਪਿੰਜਰੇ ਪ੍ਰੇਮ ਨ ਠਾਨਿ।
ਜੀਵਤਿ ਰਹ੍ਯੋ ਸਮੈਂ ਬਹੁਤੇਰੋ
ਜਿਸ ਤੇ ਉਰ ਹੰਕਾਰ ਮਹਾਨ' ॥੩੬॥

[1]ਜਿਸ ਦੇਹ ਰੂਪੀ ਮਠੀਲੀ ਵਿਚ।

ਦੋਹਰਾ:
ਕਿਤਿਕ ਕਾਲ ਤੁਸ਼ਨਿ ਭਏ†, ਸਭਾ ਬਿਖੈ ਸਭਿ ਕੋਇ।
ਬਿਸਮੇ ਸੁਨਿ ਕੈ ਸ੍ਰਾਪ ਬਡਿ, ਹੋਨੀ ਹੋਇ ਸੁ ਹੋਇ ॥੩੭॥

†ਪਾ:-ਰਹੇ।

ਰਿਦਾ ਗਿਰਾ ਹਿਤ ਮੇਲਿਬੇ, ਮਿਲੇ ਹੁਤੇ ਇਕ ਥਾਨ[1]।
ਭਾਵੀ ਨੇ ਐਸੀ ਕਰੀ, ਬਧ੍ਯੋ ਬਿਯੋਗ ਮਹਾਨ ॥੩੮॥

[1]ਰਿਦੇ (ਦਾ ਭਾਵ) ਤੇ ਬਾਣੀ ਦੇ ਮੇਲਣ ਵਾਸਤੇ ਇਕ ਥਾਂ ਤੇ ਮਿਲੇ ਸਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਕਾਨ੍ਹਾ ਆਦਿਕ ਭਗਤਨਿ ਆਵਨ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

## ੪੭. [ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਤ, ਸਲੋਕ ਸਹੰਸਕ੍ਰਿਤੀ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਕਿਤਿਕ ਕਾਲ ਤੂਸ਼ਨ ਰਹੇ,
ਸਭਾ ਨ ਬੋਲਜੋ ਕੋਇ।
ਸ੍ਰੀ ਅਰਜਨ ਪੀਲੋ ਦਿਸ਼,
ਕੀਨਿ ਬਿਲੋਚਨ ਜੋਇ[1] ॥੧॥

[1]ਨੇਤ੍ਰ ਕਰਕੇ ਦੇਖਿਆ।

ਸੈਯਾ ਛੰਦ:

'ਪੀਲੋ[†] ਭਗਤ! ਆਪਨੋ ਮਤ ਕਹੁ
ਹਮਹਿ ਸੁਨਾਵੋ ਸ਼ਬਦ ਬਨਾਇ।
ਜਿਸ ਤੇ ਗੁਰਮਤਿ ਹੁਇ ਉਪਦੇਸ਼ਨਿ
ਸਿਮਰਹਿ ਪਰਮੇਸ਼ੁਰ ਲਿਵ ਲਾਇ।
ਹੋਇ ਸ਼੍ਰੇਯ ਮਗ ਲਹਹਿਂ ਸੁਗਮ ਹੀ
ਭਾਉ ਭਗਤਿ ਕੇ ਸੰਗ ਮਿਲਾਇ।'
ਸੁਨਤਿ ਸਭਾ ਮਹਿਂ ਸ਼ਬਦ ਬਖਾਨਜੋ
ਪੀਲੋ ਅਪਨੋ ਮਤੋ ਸੁਨਾਇ ॥੨॥

[†]ਇਹ ਪੀਲੋ ਭਗਤ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਯਾ ਹੈ। ਇਕ ਪੀਲੋ ਮੁਸਲਮਾਨ ਕਵੀ ਹੋਇਆ ਹੈ, ਓਹ ਬਹੁਤ ਪਿਛੋਂ ਹੋਇਆ ਹੈ।

ਪੀਲੋ ਵਾਚੁ:

ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ।
ਓਨਾਂ ਚਿੱਕੜ ਪਾਵ ਨ ਬੋੜਿਆ ਨਾ ਆਲੂਦ ਭਏ[1] ॥

[1]ਉਨ੍ਹਾਂ (ਸੰਸਾਰ ਰੂਪੀ) ਚਿੱਕੜ ਵਿਚ ਪੈਰ ਨਹੀਂ ਡੋਬਿਆ ਤੇ ਨਾ ਹੀ ਮੈਲੇ ਹੋਏ (ਵਿਸ਼ਿਆਂ ਦੀ ਮੈਲ ਨਾਲ)।

ਸੈਯਾ ਛੰਦ:

'ਇਹ ਭੀ ਨਹਿਂ ਪ੍ਰਮਾਨ ਹਮ ਕਰਿ ਹੈਂ
ਜਿਸ ਮਹਿਂ ਨਹੀਂ ਭਗਤਿ ਉਪਦੇਸ਼।
ਸ੍ਰੀ ਕਰਤਾਰ ਕੇਰ ਇਹ ਭਾਣਾ
ਜੰਮਣ ਮਰਣਾ ਸੀਸ ਅਸੇਸ[1]।
ਪਾਇ ਜਨਮ ਨਰ ਲਾਭ ਲੇਯ ਸ਼ੁਭ,
ਭਜਹਿ ਸਦਾ ਸਤਿਨਾਮੁ ਵਿਸ਼ੇਸ਼।
ਮਾਨਹਿ ਹੁਕਮ ਖਸਮ ਕੋ ਨੀਕੋ
ਤਯਾਗਹਿ ਹਉਮੈਂ ਸਹਤ ਕਲੇਸ਼[1] ॥੩॥

[1]ਸਾਰਿਆਂ ਦੇ ਸਿਰ ਹੈ।

[1]ਕਲੇਸ਼ ਸਹਿਤ ਹਉਮੈਂ ਨੂੰ।

ਦੋਹਰਾ:

ਛੱਜੂ! ਕਹੁ ਮਤ ਆਪਨੋ,

ਜਸ ਨਿਸ਼ਚਾ ਮਨ ਕੀਨਿ।
'ਗੁਰ ਆਇਸੁ ਕੋ ਮਾਨਿ ਕਰਿ,
ਬੋਲਜੋ ਸ਼ਬਦ ਨਵੀਨ ॥੪॥

ਛੱਜੂ ਵਾਚ:
ਕਾਗਦ ਸੰਦੀ ਪੂਤਲੀ ਤਊ ਨ ਤ੍ਰਿਯਾ ਨਿਹਾਰ।
ਯੌਂ ਹੀ ਮਾਰ ਲਿਜਾਵਹੀ ਜਥਾ ਬਲੋਚਨਿ ਧਾਰ[1] ॥੧॥ [1]ਬਲੋਚਾਂ ਦੀ ਧਾੜ।

ਸ੍ਵੈਯਾ ਛੰਦ:
'ਛੱਜੂ ਭਗਤ ਸੁਨੋ ਮਤਿ ਹਮਰੋ
ਪੰਥ ਰਚਜੋ ਕਰਿਬੇ ਸਤਿਸੰਗ।
ਸਿਮਰਹਿਂ ਮਿਲਿ ਕਰਿ ਸ੍ਰੀ ਪਰਮੇਸੁਰ
ਗ੍ਰਿਹਸਤ ਬਿਖੈ ਲਿਵ ਲਾਇਂ ਅਭੰਗ[1]। [1]ਇਕ ਰਸ।
ਕਾਰ ਧਰਮ ਕੀ ਕਰਿ ਗੁਜ਼ਰਾਨਹਿਂ,
ਸੇਵਹਿ ਸੰਤਨਿ ਸਹਤ ਉਮੰਗ।
ਭਾਉ ਭਗਤਿ ਕਰਿ ਜਗਤ ਸੁ ਤਰਿ ਹੈਂ,
ਸੱਤਿਨਾਮ ਕੋ ਚਢਿਬੋ ਰੰਗ ॥੫॥
ਗ੍ਰਿਹਸਤ ਬਿਨਾਂ ਨਹਿਂ ਅਪਰ ਜਤਨ ਅਬਿ
ਬਨ ਮੈਂ ਛੁਧਿਤ ਰਹਜੋ ਨਹਿਂ ਜਾਇ।
ਨਗਰ ਨਿਕਟ ਜਬਿ ਰਹਨਿ ਲਗੇ ਇਹੁ
ਨਰ ਨਾਰੀ ਮਿਲਿ ਹੈਂ ਸਮੁਦਾਇ।
ਮਿਲੇ ਬੀਚ ਮਨ ਨਹਿਂ ਬਿਕਾਰ ਹੁਇ
ਅਸ ਬਿਰਲੋ ਜਗ ਮਹਿਂ ਕੋ ਆਇ[1]। [1]ਵਿਚ ਮਿਲਕੇ ਮਨ ਵਿਕਾਰੀ ਨਾ ਹੋਵੇ (ਕਿਸੇ ਤਜਾਗੀ ਦਾ ਜੋ ਨਗਰ ਨੇ ਨੇੜੇ ਰਹਿੰਦਾ ਹੋਵੇ) ਐਸਾ ਕੋਈ ਵਿਰਲਾ ਹੈ।
ਕਿਮ ਨਹਿਂ ਤ੍ਰਿਯ ਕੋ ਪਿਖਹਿਂ ਤਜਾਗ ਕਰਿ[1], [1]ਤਿਆਗ ਧਾਰਨ ਕਰਕੇ ਕਿਵੇਂ ਨਾ ਇਸਤ੍ਰੀ ਨੂੰ ਵੇਖੇਗਾ।
ਯਾਂ ਤੇ ਗ੍ਰਹਸਤ ਬਿਖੈ ਪ੍ਰਭੁ ਪਾਇਂ ॥੬॥
ਨਿਜ ਤਨ ਤੇ ਸ਼੍ਰਮ ਕਰੈਂ ਖਾਟ ਧਨ[1] [1]ਭਾਵ, ਮਿਹਨਤ ਕਰਕੇ ਧਨ ਖੱਟੇ।
ਬਹੁਰ ਬਾਂਟ ਕਰਿ ਭੋਜਨ ਖਾਇਂ।
ਬਿਨ ਹੰਕਾਰ ਕਰਹਿ ਸਤਿਸੰਗਤਿ
ਪੰਗਤਿ ਬੈਠਿ ਭਗਤਿ ਕਰਿ ਭਾਇ।

ਸ੍ਰੀ ਪ੍ਰਭੁ ਕੀ ਇਕ ਸ਼ਰਨਿ ਬਿਨਾਂ ਅਬਿ
ਅਪਰ ਜਤਨ ਕੋ ਸਮੋ ਨ ਕਾਇ।
ਯਾਂ ਤੇ ਗ੍ਰਿਹਸਤ ਬਿਖੈ ਉਪਦੇਸ਼ਨ
ਕਰਤਿ ਕਿਰਤ ਹਰਿ ਨਹਿਂ ਬਿਸਰਾਇ'
॥੭॥

ਦੋਹਰਾ:

ਆਇਸੁ ਗੁਰ ਕੀ ਪਾਇ ਕਰਿ,
ਬੋਲੵੋ ਸ਼ਾਹੁ ਹੁਸੈਨ।
ਸਭਾ ਬਿਖੈ ਸਭਿ ਹੀ ਸੁਨਹਿਂ,
ਤਿਸ ਕੀ ਦਿਸ਼ ਕਰਿ ਨੈਨ ॥੮॥

ਸ਼ਾਹੁ ਹੁਸੈਨੋ ਬਾਚ:
ਚੁੱਪ ਵੇ ਅੜਿਆ ਚੁੱਪ ਵੇ ਅੜਿਆ।
ਬੋਲਣ ਦੀ ਨਹੀਂ ਜਾਇ ਵੇ ਅੜਿਆ।
ਸੱਜਣਾ ਬੋਲਣ ਦੀ ਜਾਇ ਨਾਹੀਂ।
ਅੰਦਰ ਬਾਹਰ ਹਿੱਕਾ ਸਾਈਂ। ਕਿਸਨੂੰ ਆਖ ਸੁਣਾਈ।
ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈਂ।
ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਬਲਿ ਜਾਂਹੀ ॥੧॥

ਸ੍ਵੈਯਾ ਛੰਦ:

ਸ੍ਰੀ ਅਰਜਨ ਮੁਸਕਾਵਤ ਬੋਲੇ
ਕਰੁਨਾ ਭਰੇ ਰਸੀਲੇ ਨੈਨ।
'ਭਲਾ ਕਹੵੋ ਚੁਪ ਕਰਹੁ ਰਿਦੈ ਰਖਿ,
ਰਹਹੁ ਅਬੋਲੇ ਸ਼ਾਹ ਹੁਸੈਨ!'
ਇਹ ਤੀਨਹੁ ਸ੍ਰੀ ਗੁਰ ਕੇ ਸਨਮੁਖ
ਪ੍ਰਤਿ ਉੱਤਰ ਕੋ ਕਹੵੋ ਨ ਬੈਨ।
ਭਏ ਪ੍ਰਥਮ ਹੀ ਸ੍ਰਾਪ ਘੋਰ ਬਹੁ
ਯਾਂ ਤੇ ਸ਼ਾਂਤਿ ਕੀਨਿ ਮਨ ਚੈਨ ॥੯॥
ਅਨਰਸ[1] ਭਯੋ ਸੰਗ ਸ੍ਰੀ ਗੁਰ ਕੇ
ਉਠਿ ਕਰਿ ਗਮਨੇ ਲਵਪੁਰਿ ਓਰ।
ਸ੍ਰੀ ਅੰਮ੍ਰਿਤਸਰ ਨਹੀਂ ਬਾਸ ਕਿਯ,
ਬਸ ਨ ਚਲੵੋ ਕੁਛ ਲਖਿ ਗੁਰ ਜੋਰ[1]।
ਨਿਜ ਆਵਨਿ ਕੋ ਕਰਿ ਪਛੁਤਾਵਨਿ
-ਲਹਯੋ ਅਨਾਦਰ ਸ੍ਰਾਪ ਜੁ ਘੋਰ।

[1]ਅਜੋੜ।

[1]ਗੁਰੂ ਜੀ ਦਾ (ਆਤਮਕ) ਬਲ ਜਾਣਕੇ।

| | |
|---|---|
| ਰਹਿਤ ਸਦਨ ਅਪਨੇ ਚਿਤ ਹਰਖਤਿ | |
| ਕਿਮ ਆਵਤਿ ਇਮ ਹੁਇ ਇਸ ਠੌਰ[1]– | [1]ਜੇ ਜਾਣਦੇ) ਇਉਂ ਇਥੇ ਹੋਣੀ ਹੈ ਤਾਂ ਕਿਉਂ ਆਂਵਦੇ। |
| ॥੧੦॥ | |
| ਤਬਿ ਸਜੰਦਨ ਮਹਿਂ ਕਾਨ੍ਹਾ ਚਢਿ ਕਰਿ | |
| ਬੈਠ੍ਯੋ ਪਦਮਾਸਨ ਕਉ ਮਾਰਿ। | |
| ਮਹਾਂ ਯੋਗ ਅੱਭ੍ਯਾਸੀ ਬਲ ਤੇ | |
| ਪੌਨ ਚਢਾਈ ਦਸਮੇਂ ਦ੍ਵਾਰ। | |
| ਸ਼੍ਰੀ ਅਰਜਨ ਕੇ ਸ੍ਰਾਪ ਕਹੇ ਤੇ | |
| ਚਿਤਵਤਿ ਚਿਤ ਮਹਿਂ ਬਹੁ ਡਰ ਧਾਰਿ। | |
| ਨਹਿਂ ਸਰੀਰ ਸੁਧਿ ਟਿਕੇ ਸ੍ਵਾਸ ਜਬਿ | |
| ਗਮਨੇ ਮਾਰਗ ਭਗਤ ਸੁ ਚਾਰ ॥੧੧॥ | |
| ਚਲਤਿ ਕੁਸੌਨ[1] ਮਾਨਿ ਕਰਿ ਤੀਨਹੁ | [1]ਖੋਟੇ ਸ਼ਗਨ। |
| ਜਾਨੀ ਮਨ –ਹੁਇ ਬਿਘਨ ਮਹਾਨ। | |
| ਸਗਰੇ ਬਾਸੁਰ ਗਮਨੇ ਮਾਰਗ | |
| ਕੇਤਿਕ ਘਟੀ ਰਹ੍ਯੋ ਦਿਨ[†] ਆਨ। | [†]ਪਾ:–ਤਬ। |
| ਲਵਪੁਰਿ ਲਗੇ ਬਿਲੋਕਨਿ ਤਬਿਹੂੰ | |
| ਤ੍ਰਾਸ ਛੋਰ ਕਰਿ ਭੀ ਸੁਖ ਮਾਨ। | |
| ਸੂਤ ਜਾਤਿ[1] ਸਜੰਦਨ ਕੋ ਪ੍ਰੇਰਤਿ | [1]ਰਥਵਾਹੀ ਜਾਂਦਾ ਹੈ। |
| ਅਤਿ ਤੁਰਨਤਾ ਚਲਿਬੇ ਠਾਨਿ ॥੧੨॥ | |
| ਤਿਸ ਛਿਨ ਮਹਾਂ ਪ੍ਰਭੰਜਨ ਗਮਨੀ[1], | [1]ਹਨੇਰੀ ਵਗੀ। |
| ਭੰਜਨ ਬ੍ਰਿੱਛ ਅਨੇਕਨਿ ਕੇਰ[1]। | [1]ਅਨੇਕਾਂ ਬ੍ਰਿੱਛਾਂ ਦੇ ਭੰਨਣ ਵਾਲੀ। |
| ਕੰਕਰ ਸਹਤ ਧੂਲ ਬਹੁ ਉਡ ਕਰਿ | |
| ਪਸਰੀ ਜਿਤ ਕਿਤ ਗਗਨ[1] ਬਡੇਰ। | [1]ਅਕਾਸ਼ ਵਿਚ। |
| ਲੋਕਨਿ ਪਸੁਨਿ ਬਿਲੋਚਨ[1] ਮੂੰਦੇ, | [1]ਲੋਕਾਂ ਤੇ ਪਸ਼ੂਆਂ ਦੇ ਨੇਤ੍ਰ। |
| ਆਗੇ ਪਾਛੇ ਜਾਇ ਨ ਹੇਰ। | |
| ਬ੍ਯਾਕੁਲ ਕਰੇ ਜੀਵ ਬਹੁ ਜਿਸ ਨੇ | |
| ਬਡੀ ਅੰਧੇਰੀ ਕੀਨਿ ਅੰਧੇਰ[1] ॥੧੩॥ | [1]ਵਡੀ ਅੰਧੇਰੀ ਨੇ ਅਨ੍ਹੇਰਾ ਕਰ ਦਿੱਤਾ। |
| ਤ੍ਰਾਸ ਕਰੇ ਵਾਹਨ ਤਿਹ ਬਿਦਕੇ[1] | [1]ਤ੍ਰਹਕੇ। [ਹਿੰਦੀ, ਬਿਦਕਨਾ = ਫਟਨਾ, ਚੀਰਨਾ] |
| ਇਤ ਉਤ ਫਿਰੇ ਭ੍ਰਮਤ ਤਜਿ ਰਾਹੁ। | |
| ਜੋਰ ਜਤਨ ਕਰਿ ਹਾਥ ਡੋਰ ਧਰਿ | |
| ਬਹੁਤ ਸਾਰਥੀ ਰੋਕਹਿ ਤਾਂਹੁ। | |

ਬਿਖਮ ਥਾਨ ਤਬਿ ਉਲਟਯੋ ਰਥ, ਗਿਰ
ਕਾਨ੍ਹਾ, ਪਰਯੋ ਭੂਮ ਕੇ ਮਾਂਹੁ।
ਨਹਿਂ ਸੁਧਿ ਲਈ ਗਈ ਕਿਸਹੂੰ ਤੇ
ਕਰਹਿਂ ਉਚਾਵਨਿ ਜੇ ਤਿਸ ਪਾਹੁ
॥੧੪॥
ਵਾਹਨ ਦੌਰਤਿ ਰਥ ਕੋ ਐਂਚਤਿ
ਕਾਨ੍ਹੇ ਕੇ ਸਿਰ ਪਰ ਸੋ ਜਾਇ।
ਫੂਟਯੋ ਨਿਕਸੀ ਮਿੱਝ ਸੀਸ ਤੇ
ਤਤਛਿਨ ਗਏ ਪ੍ਰਾਨ ਬਿਨਸਾਇ।
ਆਪ ਨਹੀਂ ਤਨ ਕੀ ਸੁਧਿ ਮਾਂਹੂ
ਜਿਸ ਤੇ ਉਠਿ ਇਤ ਉਤਹਿ ਬਚਾਇ।
ਸੂਨੋ ਸੰਜਦਨ ਹੇਰਿ ਸਾਰਥੀ
ਟਿਕ ਸੋ ਰਹਯੋ ਨਹੀਂ ਸੁਧਿ ਪਾਇ
॥੧੫॥
ਬਾਯੁ ਬਿਸਾਲ ਬਹੁਰ ਤਤਕਾਲਹਿ
ਹਟੀ ਧੂਲ ਜੁਤਿ, ਬਿਮਲ ਅਕਾਸ਼।
ਖੋਲਿ ਬਿਲੋਚਨ ਲਗੇ ਬਿਲੋਕਨ
ਮਾਰਤੰਡ ਕੋ ਭਯੋ ਪ੍ਰਕਾਸ਼।
ਦੇਖਯੋ ਪਰਯੋ ਸੀਸ ਜਿਸ ਫੂਟਯੋ
ਸ਼੍ਰੀ ਗੁਰ ਬਚ ਤੇ ਪ੍ਰਾਨ ਬਿਨਾਸ਼।
ਹਾਹਾਕਾਰ ਸੁ ਕਰਤਿ ਉਠਾਯੋ
ਲੇ ਪੁਰਿ ਗਮਨੇ ਤਨ ਬਿਨ ਸ੍ਵਾਸ
॥੧੬॥
ਸਸਕਾਰਯੋ ਮਿਲਿ ਨਰਨਿ ਉਚਾਰਯੋ
'ਕਹਾਂ ਭਯੋ ਇਸ ਬੈਸ ਮਹਾਨ?
ਸਕਲ ਪ੍ਰਸੰਗ ਸੁਨਾਯਹੁ ਲਵਪੁਰਿ
ਤੀਨਹੁ ਭਗਤ[1] ਸੁ ਬਾਕ ਬਖਾਨਿ। [1]ਤਿੰਨਾਂ ਭਗਤਾਂ ਨੇ।
ਸੁਨਿ ਸਭਿ ਸਤਿਗੁਰ ਲਖਯੋ ਪ੍ਰਤਾਪੀ
ਕਹਿਬ ਰਾਮ ਚੰਦ ਕੇ ਬਾਨ[1]। [1]ਗੁਰੂ ਜੀ ਦਾ) ਕਹਿਣਾ (ਭਾਵ ਵਾਕ) ਅਮੋਘ ਹਨ ਰਾਮਚੰਦ੍ਰ ਜੀ ਦੇ ਬਾਣਾਂ ਵਤ।
ਨਿਸ਼ਫਲ ਹੋਹਿਂ ਨ ਸੁਖ ਦੁਖ ਦਾਇਕ,
ਅਚਰਜ ਭਯੋ ਬਡੋ ਸਭਿ ਜਾਨਿ[1] [1]ਕਾਨ੍ਹੇ ਦੀ ਮੌਤ ਹੋਣ ਦਾ) ਵੱਡਾ ਅਚਰਜ ਹੋਇਆ ਹੈ,

॥੧੭॥ ਸਭ ਨੇ ਜਾਣਿਆਂ।

ਕੌਨ ਅਰੈ ਸਤਿਗੁਰ ਕੇ ਆਗੈ,
ਅਮਰ ਮਰੈ ਅਚਲ ਜੁ ਚਲਿ ਜਾਇ[1]। [1]ਜੋ ਅਮਰ ਹਨ ਸੋ ਮਰ ਜਾਂਦੇ ਹਨ ਤੇ ਅਚਲ ਜੋ ਹਨ ਸੋ ਚਲਾਇਮਾਨ ਹੋ ਜਾਂਦੇ ਹਨ, (ਭਾਵ ਗੁਰੂ ਜੀ ਅਗੇ ਕੋਈ ਗੱਲ ਅਨਹੋਣੀ ਨਹੀਂ)।

ਬਡ ਅਥਾਹਿ ਕੋ ਥਾਹਿ ਦੇਤਿ ਕਰਿ,
ਮਹਾਂਬਲੀ ਤਤ ਛਿਨ ਨਿਬਲਾਇ[1]। [1]ਨਿਰਬਲ ਹੋ ਜਾਂਦਾ ਹੈ।
ਮੇਰੁ ਬਡਾਈ ਰਾਈ ਠਾਨਤਿ,
ਪਾਤਿਸ਼ਾਹ ਕੋ ਰੰਕ ਬਨਾਇ।
ਮਹਾਂ ਸੂਰਮਾ ਕਾਇਰ ਹੋਵਹਿ
ਗੁਰ ਰਿਸ ਤਨਕ ਜਿ ਦ੍ਰਿਸ਼ਟਿ ਚਲਾਇ[1] [1]ਗੁਰੂ ਜੀ ਜੇ ਗੁੱਸੇ ਨਾਲ ਥੋੜੀ ਜਿਹੀ ਨਿਗਾਹ ਕਰਨ।
॥੧੮॥
ਇਮ ਬ੍ਰਿਤਾਂਤ ਭਾ ਚਾਰੁਨ ਭਗਤਨਿ
ਇਤੇ ਸ਼੍ਰੀ ਗੁਰੁ ਗ੍ਰਿੰਥ ਲਿਖਾਇ।
ਰਾਗ ਪ੍ਰਭਾਤੀ ਲਗਿ ਸੁ ਸਬਦ ਸ਼ੁਭ
ਗਾਵਨਿ ਰੀਤੀ ਦਏ ਬਨਾਇ।
ਬਹੁਰ ਸ਼ਲੋਕ ਜੁ ਸਹੰਸ ਕ੍ਰਿੱਤ ਕੇ
ਸੋ ਗੁਰੁਦਾਸ ਲਿਖੇ ਹਰਖਾਇ।
ਜਿਮ ਇਹੁ ਬਨੇ ਪ੍ਰਸੰਗ ਸੁ ਉਚਰੋਂ
ਸ਼੍ਰੋਤਨਿ ਕੇ ਸੰਦੇਹ ਮਿਟਾਇ ॥੧੯॥
ਕਾਂਸ਼ੀ ਤੇ ਇਕ ਦਿਨ ਦ੍ਵੈ ਪੰਡਿਤ
ਚਲਿ ਆਏ ਸ਼੍ਰੀ ਅਰਜਨ ਪਾਸ।
ਕ੍ਰਿਸ਼ਨ ਲਾਲ ਹਰਿਲਾਲ ਨਾਮ ਤਿਨਿ
ਭਗਤ ਗੁਰੂ[†] ਕੇ ਗੁਨਨਿ ਨਿਵਾਸ। [†]ਪਾ:-ਪ੍ਰਭੁ।
ਸਤਿਗੁਰ ਕੋ ਬਹੁ ਭਾਉ ਧਰਤਿ ਉਰ
ਦਰਸ਼ਨ ਕਰਿਬੇ ਕੀ ਜਿਨ ਪਯਾਸ।
ਚਿਤ ਚਾਹਤਿ ਪਰਲੋਕ ਸੁਖਨਿ ਕੋ
ਜਗ ਕੇ ਤਯਾਗ ਬਿਖੇ ਬਿਲਾਸ[1] [1]ਵਿਸ਼ਯ ਵਿਲਾਸ਼।
॥੨੦॥
ਆਨਿ ਮਿਲੇ ਪਗ ਬੰਦਨਿ ਕਰਿ ਕੈ
ਬੈਠਿ ਨਿਕਟ ਦਰਸ਼ਨ ਦਰਸੰਤਿ।
ਸ਼੍ਰੀ ਅਰਜਨ ਜੀ ਬਹੁ ਸਨਮਾਨੇ

ਬੂਝਨਿ ਕੀਨਸਿ ਤਿਨਹੁ ਤੁਰੰਤ।
'ਦਿਜਬਰ! ਕਹਾਂ ਸਦਨ ਹੈਂ ਤੁਮਰੇ?
ਕਿਹ ਸਥਾਨ ਗਮਨੇ ਹਿਤਵੰਤ?
ਕੌਨ ਕਾਜ ਅਰ ਨਾਮ ਕੌਨ ਹੈ,
ਬੇਸ ਬੇਸ ਦੀਖਤਿ ਮਤਿਵੰਤ[1]?' ॥੨੧॥

[1]ਸੁੰਦਰ ਸਰੂਪ ਵਾਲੇ ਤੇ ਅਕਲ ਵਾਲੇ ਦਿਸਦੇ ਹੋ [ਫਾ: ਬੇਸ਼ = ਬਹੁਤ। ਚਿੰ: ਬੇਸ = ਭੇਖ]

ਹਾਥ ਜੋਰਿ ਕਰਿ ਦੁਉ ਸਹੋਦਰ
ਬੋਲੇ ਬਾਕ ਸੁ ਬਿਨਤੀ ਸੰਗ।
'ਆਪ ਅਹੋ ਤੁਮ ਅੰਤਰਜਾਮੀ
ਬਿਨਾ ਭਨੇ ਸਭਿ ਲਖਹੁ ਪ੍ਰਸੰਗ।
ਤਦਪਿ ਕਹੈਂ ਤੁਮ ਬੂਝਨਿ ਕੀਨਸਿ,
ਕਾਂਸ਼ੀ ਬਸਹਿ ਤੀਰ ਪੁਰਿ ਗੰਗ।
ਸੁਜਸੁ ਸੁਨਜੋ ਰਾਵਰ ਕੋ ਦੀਰਘ
ਦਰਸ਼ਨ ਹਿਤ ਆਏ ਦੁਖ ਭੰਗ[1] ॥੨੨॥

[1]ਦੁਖ ਨਾਸ਼ ਕਰਨ ਲਈ।

ਏਕ ਸਮੈਂ ਸ਼੍ਰੀ ਨਾਨਕ ਪਹੁੰਚੇ
ਕਾਂਸ਼ੀ ਬਿਖੈ ਬਿਰਾਜੇ ਜਾਇ।
ਬਹੁ ਦਿਜਬਰ ਤਬਿ ਚਰਚਾ ਕੀਨਿ
ਸੁਨਿ ਕੈ ਸਕਲ ਰਹੇ ਹਰਖਾਇ।
ਹੁਤੋ ਪਿਤਾਮਾ ਹਮਰੋ ਤਿਸ ਛਿਨ
ਭਾਉ ਭਗਤਿ ਬਹੁ ਕੀਨਿ ਬਨਾਇ।
ਤਬਿ ਉਪਦੇਸ਼ ਗੁਰੂ ਜੀ ਦੀਨਸਿ
ਸੱਤਿਨਾਮ ਲਿਵ ਦਈ ਲਗਾਇ ॥੨੩॥
ਅਪਨੇ ਕਰੇ ਸ਼ਲੋਕ ਚਾਰ ਤਬਿ
ਕਰਿ ਕਾਗਦਿ ਪਰ ਦਿਏ ਲਿਖਾਇ।
ਲਿਖੇ ਪਿਤਾਮੇ ਕੇ ਸੋ ਘਰ ਮਹਿਂ
ਹੇਰ ਹਮੋਂ ਸੋ ਕੰਠ ਕਰਾਇ।
ਜਿਨ ਮਹਿਂ ਦੰਭ ਨਿਕੰਦਨ ਕੀਨਸਿ,
ਉਰ ਕੋ ਸਾਚ ਸੁ ਲੇਖੇ ਪਾਇ[1]।'

[1]ਜੋ ਰਿਦੇ ਦਾ ਸੱਚਾ ਹੈ ਸੋਈ ਲੇਖੇ ਪੈਂਦਾ ਹੈ।

'ਪੜ ਪੁਸਤਕ ਅਰ ਸੰਧਯਾ ਬਾਦੰ'
ਇੱਤਯਾਦਿਕ ਪਠਿ ਦਏ ਸੁਨਾਇ

॥੨੪॥
'ਤੁਮ ਨੇ ਕਰੇ ਸੁ ਹਮੈ ਲਿਖਾਵਹੁ
ਨਾਂਹਿ ਤ ਦੀਜੈ ਅਬਹਿ ਬਨਾਇ।
ਜਿਸ ਤੇ ਗੁਰਮਤ ਕੋ ਹਮ ਧਰਿ ਕੈ
ਸੱਤਿਨਾਮ ਭਜਿ ਪ੍ਰਭੁ ਗੁਨ ਗਾਇਂ।
ਸਾਰ ਕਰਹੁ ਉਪਦੇਸ਼ਨਿ[1] ਸ੍ਰੀ ਗੁਰ[†]!
ਉਰ ਉੱਜਲ ਜਿਸ ਤੇ ਹੁਇ ਜਾਇ।
ਨਿਜ ਮੁਖ ਸੰਗ ਸ਼ਲੋਕ ਰਚਹੁ ਬਰ
ਸਹੰਸਕ੍ਰਿਤੀ ਕੀ ਰੀਤੀ ਪਾਇ' ॥੨੫॥
ਸੁਨਿ ਦਿਜਬਰ ਤੇ ਪ੍ਰੀਤਿ ਹੇਰਿ ਕਰਿ
ਸ੍ਰੀ ਅਰਜਨ ਜੀ ਤਬਹਿ ਬਨਾਇ।
ਸਭਿ ਸ਼ਲੋਕ ਕਿਯ ਸਹਸਕ੍ਰਿਤੀ ਮਹਿਂ
ਬਹੁਰੋ ਗਾਥਾ[†] ਰੁਚਿਰ ਸੁਹਾਇ।

[1]ਸ੍ਰੇਸ਼ਟ ਉਪੇਦਸ਼ਾਂ ਨੂੰ ਕਰੋ। [†]ਪਾ:-ਸਤਿਗੁਰੂ।

[†]ਸਹਸਕ੍ਰਿਤੀ ਸਲੋਕ ਤੇ ਗਾਥਾ ਦੋ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਇਹ ਸੰਸਕ੍ਰਿਤ ਨਹੀਂ ਹਨ, ਪਰ ਉਸ ਤੋਂ ਭਿੰਨ ਪ੍ਰਾਕ੍ਰਿਤ ਤੇ ਉਸ ਸਮੇਂ ਦੀ ਸਾਧੂ ਭਾਸ਼ਾ ਦੇ ਰੂਪ ਹਨ, ਇਸੇ ਕਰਕੇ ਸਿਰਨਾਵਾ 'ਸਹਿਸਕ੍ਰਿਤ' ਤੇ 'ਗਾਥਾ' ਹੈ। ਵਿਸ਼ੇਸ਼ ਵੇਰਵਾ ਵਿਸਥਾਰ ਨਾਲ ਸਮਝਣ ਲਈ ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼ (ਖਾਲਸਾ ਟ੍ਰੈਕਟ ਸੁਸਾਇਟੀ) ਵਿਚ ਪਦ- 'ਪ੍ਰਾਕ੍ਰਿਤ', 'ਗਾਥਾ' ਤੇ 'ਸਹਸ ਕ੍ਰਿਤ।'

ਸੁਨਿ ਦ੍ਵੈ ਭ੍ਰਾਤ ਅਨੰਦਤਿ ਹ੍ਵੈ ਕਰਿ
ਗੁਰ ਕੇ ਚਰਨ ਰਹੇ ਲਪਟਾਇ।
ਪ੍ਰਭੁ ਪ੍ਰੇਮ ਕੋ ਰਸ ਜਿਨ ਆਯਹੁ
ਸੱਤਿਨਾਮ ਸਿਮਰਨ ਮਨ ਭਾਇ
॥੨੬॥
ਜਬਹਿ ਬੰਦਨਾ ਕੀਨਸਿ ਗੁਰ ਪਗ
ਮਨ ਮਹਿਂ ਬਧਯੋ ਅਨੰਦ ਬਿਲੰਦ।
ਉਸਤਤਿ ਕਰਤਿ ਭਏ ਸ੍ਰੀ ਅਰਜਨ
'ਰਾਮਚੰਦ ਤੁਮ ਰੂਪ ਮੁਕੰਦ।
ਕੰਸ ਬਿਨਾਸ਼ਕ ਕ੍ਰਿਸ਼ਨ ਆਪ ਹੋ
ਸ੍ਰੀ ਨਾਨਕ ਕੀ ਜੋਤਿ ਸੁਛੰਦ।
ਤੁਹੀ ਤ੍ਰਿਅੰਬਕ[1] ਕਾਸ਼ੀ ਪੁਰਿ ਮਹਿਂ,
ਤਾਰਕ ਮੰਤ੍ਰ ਦੇਤਿ ਸੁਖਕੰਦ ॥੨੭॥
ਦੂਰੇ ਰਹਹੁ ਨਹਿਂ ਜਾਨਿ ਸਕਹਿਂ ਸਭਿ
ਜਿਸ ਪਰ ਆਪ ਹੋਤਿ ਅਨਕੂਲ।

[1]ਸ਼ਿਵ ਰੂਪ।

ਸੋ ਰਾਵਰਿ ਕੋ ਰੂਪ ਪਛਾਨਹਿਂ
ਏਕ ਤੁਹੀ ਸਭਿ ਜਗ ਕੋ ਮੂਲ।
ਅਜ[1], ਅਬਿਨਾਸ਼ੀ, ਲਛਮੀ ਦਾਸੀ, [1]ਅਜਨਮਾ।
ਕਰਹੁ ਬਿਨਾਸ਼ੀ ਜੇ ਪ੍ਰਤਿਕੂਲ[1]। [1]ਜੋ ਉਲਟੇ ਹਨ।
ਬਿਧ ਹੁਇ ਰਚੋ, ਬਿਸ਼ਨ ਹੁਇ ਪੋਖਹੁ[1], [1]ਪਾਲਦੇ ਹੋ।
ਰੁੱਦ੍ਰ ਹੋਇ ਜਗ ਹਰਹੁ[1] ਅਭੂਲ' [1]ਨਾਸ਼ ਕਰਦੇ ਹੋ।
॥੨੮॥
ਸੁਨਿ ਪ੍ਰਸੰਨ ਉਰ ਸਤਿਗੁਰ ਹ੍ਵੈ ਕਰਿ
ਕਹ੍ਯੋ 'ਜਾਚੀਯੇ ਨਿਜ ਅਭਿਲਾਖ।
ਆਸਾ ਧਰੇ ਦੂਰ ਤੇ ਆਏ
ਪੂਰਨ ਕਰੋ ਨ ਗੁਪਤੀ ਰਾਖ।
ਦੌਨ ਸਹੋਦਰ ਤਬਿ ਕਰ ਜੋਰੇ
ਪਰਮ ਪ੍ਰੇਮ ਕਰ ਬਿਨਤੀ ਭਾਖਿ।
'ਦਰਸ਼ਨ ਤੇ ਕਾਰਜ ਭੇ ਪੂਰਨ,
ਨਹੀਂ ਰਹੀ ਕਯੋਂ ਹੂੰ ਉਰ ਕਾਂਖ[1] [1]ਕਿਸੇ ਤਰ੍ਹਾਂ ਦੀ ਇੱਛਾ ਚਿਤ ਵਿਚ।
॥੨੯॥
ਅਪਨੋ ਸਿਦਕ ਸਦਾ ਉਰ ਦੇਵਹੁ
ਜਗਤ ਕੁਬੰਧਨਿ ਸਰਬ ਮਿਟਾਇ।
ਚਰਨ ਆਪ ਕੇ ਮਨ ਮਹਿਂ ਬਾਸਹਿਂ,
ਨਿਸ ਦਿਨ ਸਿਮਰਹਿਂ ਹਰਿ ਗੁਨ
ਗਾਇ।'
ਸੁਨਤਿ ਸਤਿਗੁਰੁ ਕਹ੍ਯੋ 'ਤਥਾਸਤੁ'
ਬਰ ਕੋ ਪਾਇ ਰਹੇ ਹਰਿਖਾਇ।
ਕੇਤਿਕ ਦਿਨ ਬਸਿ ਕਰਿ ਅੰਮ੍ਰਿਤਸਰ
ਹੁਇ ਪੁਨ ਬਿਦਾ ਗਏ ਨਿਜ ਥਾਇਂ
॥੩੦॥
ਸੋ ਸਲੋਕ ਲਿਖਵਾਵਨਿ ਕੀਨੇ
ਸ੍ਰੀ ਅਰਜਨ ਰਾਗਨਿ ਕੇ ਅੰਤ।
ਬਹੁਰ ਪਿਖ੍ਯੋ ਗੁਰਦਾਸ ਲਿਖਾਰੀ
ਬੋਲੇ ਸ੍ਰੀ ਗੁਰ ਬਦਨ ਸੁਭੰਤਿ।
'ਨਿਜ ਬਾਨੀ ਤੈਂ ਕੀਨਿ ਬਨਾਵਨਿ

ਆਨ ਦਿਖਾਵੋ ਗੁਰ ਜਸੁ ਵੰਤ[1]।' — [1]ਗੁਰਾਂ ਦੇ ਜਸ ਵਾਲੀ।
ਤਿਸ ਛਿਨ ਭਗਤ ਸਮੀਪ ਹੁਤੇ ਸਭਿ
ਚਰਚਾ ਕਰਤਿ ਅਲੇਖ ਬਿਅੰਤ[1] — [1]ਪਰਮੇਸ਼ਰ ਦੀ।
॥੩੧॥
ਮਾਨਿ ਬਚਨ ਗੁਰਦਾਸ ਗਯੋ ਤਬਿ
ਨਿਜ ਡੇਰੇ ਤੇ ਲਜਾਵਨ ਕੀਨਿ।
ਬੈਠਿ ਪਾਠ ਕਰਿ ਤਬਹਿ ਸੁਨਾਈ
ਜਿਸ ਮਹਿਂ ਮਹਿਮਾ ਗੁਰੂ ਪ੍ਰਬੀਨ।
ਭਗਤ ਬ੍ਰਿੰਦ ਜੁਤਿ ਸਤਿਗੁਰ ਸੁਨਿ ਕੈ
ਭਏ ਪ੍ਰਸੰਨ ਸਲਾਹਤਿ ਚੀਨਿ।
ਸ੍ਰੀ ਮੁਖ ਤੇ ਤਬਿਹੂੰ ਫੁਰਮਾਯਹੁ
'ਲਿਖਹੁ ਗ੍ਰੰਥ ਮਹਿਂ ਰਚੀ ਜੁ ਬੀਨ[1]' — [1]ਚੁਣਕੇ।
॥੩੨॥
ਸੁਨਿ ਗੁਰਦਾਸ ਹਾਥ ਕੋ ਜੋਰਤਿ
'ਮੈਂ ਰਾਵਰਿ ਦਾਸਨ ਕੋ ਦਾਸ।
ਸੇਵਕ ਅਵਨੀ ਤਲ ਮਹਿਂ ਬੈਸਹਿ,
ਸਾਹਿਬ ਉਚਿਤੈ ਤਖਤ ਬਿਲਾਸ।
ਤਿਮ ਅੰਤਰ[1] ਬਾਨੀ ਮਹਿਂ ਹੋਵਤ, — [1]ਭੇਦ।
ਕਿਤ ਪਟਬੀਜਨ[1] ਕਿਤ ਸਪਤਾਸੁ[2]। — [1]ਟਿਟਾਣਾ। [2]ਸੂਰਜ।
ਕਿਮ ਸਮਤਾ ਹੁਇ ਤੁੱਛ ਕੀਟ ਮੈਂ,
ਆਪ ਮਹਿਦ ਤੇ ਮਹਿਦ ਪ੍ਰਕਾਸ਼
॥੩੩॥
ਤੀਨ ਬੇਰ ਫੁਰਮਾਯਹੁ ਸਤਿਗੁਰ
ਬਿਨੈ ਸਹਤ ਭਾਈ ਕਰ ਬੰਦਿ।
ਅਲਪ ਆਪ ਕੋ ਲਖਿ ਕਰਿ ਉਰ ਮਹਿਂ
ਨਹਿਂ ਸਮਤਾ ਚਾਹਤਿ ਜਗ ਬੰਦ[1]। — [1]ਜਗਤ ਦੇ ਬੰਦਨ ਯੋਗ ਜੀ ਦੀ।
ਅਤਿ ਪ੍ਰਸੰਨ ਹੁਇ ਬਰ ਗੁਰ ਦੀਨਹੁ
'ਤੁਵ ਬਾਨੀ ਫਲ ਹੋਇ ਬਿਲੰਦ।
ਪਢਤਿ ਸੁਨਤਿ ਗੁਰਸਿੱਖੀ ਪ੍ਰਾਪਤਿ
ਸ਼ਰਧਾ ਸਤਿਗੁਰ ਬਧਹਿ ਮੁਕੰਦ'
॥੩੪॥

ਦੋਹਰਾ:

ਹਾਥ ਜੋਰਿ ਚਰਨੀ ਪਰਜੋ, ਤਬਿ ਭਾਈ ਗੁਰਦਾਸ।
ਬਰ ਬਾਨੀ ਕੋ ਗੁਰ ਦਯੋ[1], ਅਨਦ ਬਿਲੰਦ ਪ੍ਰਕਾਸ਼ ॥੩੫॥

[1](ਭਾ: ਗੁਰਦਾਸ ਦੀ) ਬਾਣੀ ਨੂੰ ਗੁਰੂ ਜੀ ਨੇ ਵਰ ਦਿੱਤਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਕਾਨ੍ਹਾ ਆਦਿ ਭਗਤ ਗਵਨ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ ॥੪੭॥

## ੪੮. [ਵੇਦ ਭੱਟਾਂ ਦਾ ਰੂਪ ਧਰ ਆਏ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਭਗਤ ਬਿਰਾਜਤਿ ਨਿਕਟ ਗੁਰ, ਦਰਸ਼ਨ
ਤੇ ਸੁਖ ਪਾਇ।
ਮਨਹੁਂ ਸ਼ਾਂਤਿ ਚਿਤ ਸ਼ਿਵ ਥਿਰਯੋ†, ਬੀਚ
ਮੁਨਿਨਿ ਸਮੁਦਾਇ ॥੧॥

ਸ੍ਵੈਯਾ ਛੰਦ:

ਮਨਹੁ ਗ੍ਯਾਨ ਨਿਜ ਤਨ ਧਰਿ ਬੈਠ੍ਯੋ
ਸਦ ਗੁਨ ਨਿਕਟ ਭਗਤ ਇਸ ਭਾਇ[1]।
ਸ਼੍ਰੀ ਅਰਜਨ ਦਰਸ਼ਨ ਜਨੁ ਅੰਮ੍ਰਿਤ
ਪੁਟਨਿ ਬਿਲੋਚਨ ਪੀਵਤਿ ਜਾਇ।
ਨਹਿਂ ਤ੍ਰਿਪਤਹਿਂ ਹਿਤ ਕਰਿ ਢਿਗ
ਬੈਠਹਿਂ
ਸੁਨਹਿਂ ਬਚਨ ਤਯੋਂ ਤਯੋਂ ਹਰਖਾਇਂ।
ਮਹਾਂ ਸੁਸ਼ੀਲ ਪ੍ਰੇਮਿ ਪਰਿਪੂਰਣ
ਪ੍ਰਭੁ ਸਿਮਰਨ ਉਪਦੇਸ਼ ਬਤਾਇ ॥੨॥
ਲਖ੍ਯੋ ਸਮਾਂ ਤਬਿ ਬਿਦਾ ਭਗਤ ਹੁਇ
ਅਪਨੇ ਅਪਨੇ ਥਾਨ ਪਯਾਨ।
ਪੁਨ ਆਏ ਸਭਿ ਬੇਦ ਦੇਹ ਧਰਿ
ਸ਼੍ਰੀ ਅਰਜਨ ਕੋ ਬੰਦਨ ਠਾਨਿ।
ਚਾਹਤਿ ਭੇ ਗੁਰ ਕਰ੍ਯੋ ਸੁ ਚਿਤਮੈਂ[1]
ਅਨਿਕ ਭਾਂਤਿ ਕੀ ਉਸਤਤਿ ਠਾਨਿ।
ਜਿਸ ਕਾਰਨ ਅਵਤਰੇ ਜਗਤ ਮਹਿਂ
ਤਿਸ ਕੀ ਉਰ ਅਭਿਲਾਖ ਮਹਾਂਨ
॥੩॥

ਦੋਹਰਾ:

ਸੁਨਿ ਸ੍ਰੋਤਨਿ ਸੁਖ ਪਾਇ ਕਰਿ,
ਬੂਝੀ ਕਥਾ ਬਿਚਾਰ।
'ਬੇਦ ਧਰ੍ਯੋ ਨਰ ਦੇਹ ਕੋ,
ਇਹ ਕਹੀਯਹਿ ਬਿਸਤਾਰ' ॥੪॥

†ਪਾ:-ਵਿਸਥਰਯੋ।

[1]ਇਸ ਤਰ੍ਹਾਂ ਭਗਤ (ਬੈਠੇ ਹਨ)।

[1]ਚਿੱਤ ਵਿਚ ਗੁਰੂ ਧਾਰਨ ਕਰਨਾ ਚਾਹਿਆ।

ਵੇਦਾਂ ਦਾ ਭੱਟਾਂ ਦਾ ਰੂਪ ਧਾਰਨ ਕਰਕੇ ਅਵਤਾਰਾਂ ਦੀ ਉਸਤਤੀ ਕਰਨ ਲਈ ਆਉਣਾ ਹਿੰਦੂਆਂ ਦੀਆਂ ਪ੍ਰਮਾਣੀਕ ਪੁਸਤਕਾਂ ਵਿਚ ਬੀ ਲਿਖਿਆ ਹੈ, ਜਿਹਾ ਕਿ ਤੁਲਸੀ ਕ੍ਰਿਤ ਰਾਮਾਇਣ ਦੇ ਉੱਤਰ ਕਾਂਡ ਅੰਕ ੨੭ ਵਿਚ ਲਿਖਿਆ ਹੈ ਕਿ ਜਦ ਮਹਾਰਾਜਾ ਰਾਮ ਚੰਦਰ ਜੀ ਬਨਬਾਸ ਤੋਂ ਮੁੜ ਕੇ ਅਜੁਧਯਾ ਜੀ ਪੁੱਜ ਤਖਤ ਤੇ ਬੈਠੇ ਤਦ:- ਭਿੰਨ ਭਿੰਨ ਉਸਤਤਿ ਕਰੀ-ਗੇ ਸੁਰ ਨਿਜ ਨਿਜ ਧਾਮ। ਵੰਦੀ ਵੇਸ਼ ਧਰਿ ਵੇਦ ਤਬ ਆਏ ਜਹਿਂ ਸ੍ਰੀ ਰਾਮ ॥੨੭॥ ਪ੍ਰਭੁ ਸ੍ਰਬੱਗਯ ਕੀਨਹਿ ਅਤੀ ਆਦਰ ਕ੍ਰਿਪਾ ਨਿਧਾਨ। ਲਖਯੋ ਨ ਕਾਹੂ ਮਰਮ ਕਛੁ ਲਗੇ ਕਰਨ ਗੁਣ ਗਾਨ ॥੨੮॥
ਅਰਥ: 'ਜਦੋਂ ਤਰ੍ਹਾਂ ਤਰ੍ਹਾਂ ਦੀ ਉਸਤਤੀ ਕਰਕੇ ਦੇਵਤੇ ਆਪੋ ਆਪਣੇ ਧਾਮਾਂ ਵਿਚ ਪਹੁੰਚੇ ਤਾਂ ਵੇਦ ਭੱਟਾਂ ਦਾ ਰੂਪ ਧਾਰ ਆਏ, ਜਿਥੇ ਸ੍ਰੀ ਰਾਮ ਚੰਦਰ ਜੀ ਸਨ, ਪ੍ਰਭੂ ਸਰਬੱਗਯ (ਰਾਮ ਚੰਦ੍ਰ ਜੀ) ਨੇ ਬੜਾ ਆਦਰ ਕੀਤਾ, ਹੋਰ ਕਿਸੇ ਨੇ ਭੇਦ ਨਾ ਜਾਣਿਆਂ। ਉਹ (ਭੱਟ) ਗੁਣ ਗਾਇਨ ਕਰਨ ਲੱਗੇ।' ਸ੍ਰੀ ਮਤ ਭਾਗਵਤ ਪੁਰਾਨ ਦੇ ਦਸਮ ਸਕੰਧ ਸਤਾਈਸਵੇਂ ਅਧ੍ਯਾਯ ਵਿਚ ਭੀ ਵੇਦਾਂ ਦੀ ਉਸਤਤੀ ਕਰਨ ਦਾ ਪ੍ਰਸੰਗ ਹੈ, ਉਥੇ ਭੀ ਵੇਦਾਂ ਨੂੰ 'ਵੰਦੀ ਜਨ' ਕਿਹਾ ਹੈ।

ਸ੍ਵੈਯਾ ਛੰਦ:

ਸੁਨਹੁ ਸਿੱਖ ਸਤਿਗੁਰ ਕੀ ਮਹਿਮਾ
ਜਿਸ ਤੇ ਮਨ ਬਾਂਛਤਿ ਫਲ ਪਾਇ।
ਸਭਿ ਬੇਦਨਿ ਅਵਤਾਰ ਧਰ੍ਯੋ ਜਿਮ
ਸੋ ਪ੍ਰਸੰਗ ਸਭਿ ਦੇਉਂ ਸੁਨਾਇ।
ਕਾਂਸ਼ੀ ਬਾਸ ਸ਼੍ਰੁਤਿ ਸਭਿ ਠਾਨਤਿ
ਸਭਿ ਬਿੱਦ੍ਯਾ ਕੋ ਜਹਿਂ ਸਮੁਦਾਇ[1]।

[1]ਕਾਂਸ਼ੀ ਵਿਚ ਸਾਰੇ ਵੇਦ ਵਾਸਾ ਕਰਦੇ ਹਨ ਤੇ ਜਿਥੇ ਸਾਰੀਆਂ ਵਿਦ੍ਯਾਵਾਂ ਦਾ ਇਕੱਠ ਹੈ।

ਨਿਰਨੇ ਹੋਤਿ ਬ੍ਰਹਮ ਕੋ ਨਿਤਪ੍ਰਤਿ
ਪਢਹਿਂ ਬਿਚਾਰਹਿਂ ਬਧਿ ਬਿਰਧਾਇ[1]
॥੫॥

[1]ਵਧਦੀ ਹੈ।

ਬਾਸ ਕਰਤਿ ਇਕ ਸਮੈ ਬੇਦ ਤਹਿਂ
ਅਤਿਸ਼ੈ ਰਿਦੇ ਕੀਨਿ ਹੰਕਾਰ।
-ਨਿਰਨੋ ਹਮ ਤੇ ਹੋਤਿ ਬ੍ਰਹਮ ਕੋ
ਕਰਹਿਂ ਬਿਚਾਰਨ ਸਾਰ ਅਸਾਰ।
ਨਾਤੁਰ ਅੰਧਕਾਰ ਬਿਸਤਰਿ ਹੈ,
ਹਮ ਤੇ ਜਗਤ ਪ੍ਰਕਾਸ਼ ਉਦਾਰ।
[1]ਅੱਗ੍ਯਾਨੀ ਮਨ ਲਹਹਿ ਗ੍ਯਾਨ ਕੋ,
ਪਾਇ ਮੁਕਤਿ ਕੋ, ਬੰਧਨ ਟਾਰਿ-
॥੬॥

[1]ਜਗਤ ਵਿਚ ਸ੍ਰੇਸ਼ਟ ਪ੍ਰਕਾਸ਼ ਹੁੰਦਾ ਹੈ।

ਪਾਰਬ੍ਰਹਮ ਨੇ ਲਖਿ ਬੇਦਨਿ ਗਤਿ
ਜਿਨ ਕੇ ਭਯੋ ਹੰਕਾਰ ਬਿਕਾਰ।
-ਇਹੀ[1] ਜਨਮ ਦੇ ਜਗ ਮਹਿਂ ਫਿਰਿ

[1]ਭਾਵ ਇਹ ਹੰਕਾਰ।

ਫਿਰਿ
ਸਕਲ ਵਿਕਾਰਨਿ ਮੂਲ ਉਦਾਰ।
ਇਨ ਉਰ ਤੇ ਅਬਿ ਕਰੌਂ ਉਖਾਰਨਿ[1]-
[1]ਹੰਕਾਰ) ਉਖਾੜ ਦਿਆਂ।
ਕ੍ਰਿਪਾ ਸਿੰਧੁ ਇਸ ਬਿਧਿ ਉਰ ਧਾਰਿ।
ਭਈ ਗਗਨ ਬਾਨੀ ਤਬਿ ਇਨ ਕੋ
'ਨਰ ਸਰੀਰ ਕੋ ਲਿਹੁ ਅਵਤਾਰ ॥੭॥
ਤੁਮਰੇ ਉਰ ਹੰਕਾਰ ਬਿਕਾਰ ਜੁ,
ਨਿਸ਼ਫਲ ਕਰਹੁ[1], ਜਾਨਿ ਇਮ ਲੇਹੁ।
[1]ਤੁਹਾਡੇ ਦਿਲ ਵਿਚ ਹੰਕਾਰ ਦਾ ਵਿਕਾਰ ਹੈ (ਇਹ ਤੁਸੀਂ) ਨਿਸ਼ਫਲ (ਹੰਕਾਰ) ਕਰ ਰਹੇ ਹੋ।
ਗੁਰ ਬਿਨ ਰਿਦੈ ਪ੍ਰਕਾਸ਼ ਨ ਹੋਵਤਿ
ਯਾਂ ਤੇ ਮੂਲ ਸਤਿਗੁਰੁ ਦੇਹੁ[1]।
[1]ਪ੍ਰਕਾਸ਼) ਦਾ ਮੁੱਢ ਸਤਿਗੁਰਾਂ ਦੀ ਦੇਹ ਹੈ।
ਤੁਮਰੋ ਖੇਦ ਬਿਨਸ ਕਰਿ ਜਾਵਹਿ
ਕਰਹੁ[1] ਗੁਰੂ ਜਿਤ ਕਿਤ ਦ੍ਰਿਸ਼ਟੇਹੁ[2]।
[1]ਧਾਰਨ ਕਰੋ। [2]ਦੇਖਕੇ।
ਸਤਿਗੁਰ ਬਿਨਾ ਨ ਸ਼ਾਂਤੀ ਪੱਯਤਿ
ਯਾਂ ਤੇ ਬਨਹੁ ਸਿੱਖ ਹਿਤ ਦੇਹੁ[1] ॥੮॥
[1]ਹਿਤ ਦੇਕੇ ਸਿਖ ਬਣੋ।
ਇਕ ਇਕ ਬੇਦ ਚਤੁਰ ਬਪੁ ਧਾਰਹੁ
ਬ੍ਰਹਮਾ ਤੁਮ ਸੰਗ ਨਰ ਤਨ ਪਾਇ।
ਰੱਛਕ ਸਦਾ ਹੋਤਿ ਜਿਤ ਕਿਤ ਇਹ
ਤੁਮਰੋ ਬਿਘਨ ਸਕਲ ਬਿਨਸਾਇ।'
ਗਗਨ ਗਿਰਾ ਇਮ ਕਹਜੋ, ਮੌਨ ਪੁਨਿ,
ਸੁਨਿ ਸਭਿ ਬੇਦ ਰਹੇ ਬਿਸਮਾਇ।
ਕਮਲਜ[1] ਸਹਤ ਬਿਚਾਰਨਿ ਕਰਿ ਕੈ
[1]ਬ੍ਰਹਮਾ।
ਛਿਤ ਅਵਤਰੇ ਸਰੂਪ ਬਨਾਇ ॥੯॥
ਇਕ ਇਕ ਬੇਦ ਚਤੁਰ ਬਪੁ ਧਾਰੇ
ਪ੍ਰਗਟ ਨਾਮ ਤਿਨ ਕਹੌਂ ਅਸੰਸ[1]।
[1]ਸੰਸੇ ਤੋਂ ਬਿਨਾਂ।
ਪੂਰਬ ਸ਼ਜਾਮ ਬੇਦ ਕੇ ਇਹ ਭੇ
-ਮਥਰਾ, ਜਾਲਪ, ਬੱਲ, ਹਰਬੰਸ-।
ਪੁਨ ਰਿਗਬੇਦ -ਕੱਲਜ, ਜੱਲ, ਨੱਲ ਤ੍ਰੈ,
ਕਲਸਹਾਰ- ਚੌਥੇ ਗਿਨਿ ਅੰਸ।
ਭਏ ਜੁਜਰ ਕੇ -ਟੱਲਜ, ਸੱਲਜ, ਪੁਨ,

ਜੱਲਜ, ਭੱਲਜ- ਉਪਜੇ ਦਿਜ ਬੰਸ
॥੧੦॥
ਬਹੁਰ ਅਥਰਬਣ -ਦਾਸ ਰੁ ਕੀਰਤਿ,
ਗਿਨਿ[1] ਗਇੰਦ, ਸਦਰੰਗ ਸੁ ਚਾਰ-। [1]ਗਿਣੋ।
ਕਮਲਾਸਨ[6] ਕੋ ਭਿੱਖਾ ਨਾਮ ਸੁ
ਇਨ ਸਭਿ ਤੇ ਭਾ ਅਧਿਕ ਉਦਾਰ।
ਬਿੱਪ੍ਰ ਸਰੀਰ ਭਾਟ ਲਈ ਸੰਗਜਾ,
ਬਡੇ ਬੈਸ ਮਹਿਂ ਭੇ ਇਕ ਸਾਰ।
ਹੋਇ ਇਕੱਤ੍ਰ ਲਗੇ ਗੁਰ ਖੋਜਨਿ
ਦੇਸ਼ ਬਿਦੇਸ਼ਨਿ ਮਹਿਂ ਹਿਤ ਧਾਰਿ
॥੧੧॥
ਪੰਥ ਜਿਤੇ ਜਗ ਬਿਖੈ ਪ੍ਰਬਿਰਤੇ
ਸਭਿ ਕੇ ਨਿਕਟ ਕਰਤਿ ਪ੍ਰਸਥਾਨ।
ਗਿਰੀ ਪੁਰੀ[1] ਆਦਿਕ ਸੰਨਯਾਸੀ [1]ਗਿਰੀ ਤੇ ਪੁਰੀ ਸੰਨਯਾਸੀਆਂ ਦੀਆਂ ਕਿਸਮਾਂ ਹਨ।
ਤਿਨ ਤੇ ਸੁਨਹਿਂ ਬੈਨ ਹਿਤ ਠਾਨਿ।
ਜੋਗ ਅੱਭਯਾਸੀ ਅਰੁ ਕੰਨਪਾਟੇ[†] [†]ਪਾ:-ਕੰਨਿਫਾੜੇ।
ਦੋਨੋ ਢਿਗ ਕਿਯ ਸੰਗ ਮਹਾਨ[1]। [1]ਦੋਹਾਂ ਪਾਸ ਜਾਕੇ ਬੜਾ ਸਤਿਸੰਗ ਕੀਤਾ।
ਬ੍ਰਹਮਚਾਰੀ, ਤਪਸੀ, ਬੈਰਾਗੀ
ਅਪਰ ਕਿਤਿਕ ਕੋ ਕਰੈ ਬਖਾਨਿ
॥੧੨॥
ਸੰਮਤ ਏਕ ਫਿਰੇ ਜਗ ਖੋਜਤਿ
ਜੇ ਸਾਧਿਕ ਪਰਲੋਕ ਉਦਾਰ[1]। [1]ਸ੍ਰੇਸ਼ਟ ਪ੍ਰਲੋਕ ਦੇ ਸਾਧਨਾਂ ਕਰਨੇ ਵਾਲੇ।
ਕਹਿ ਨਿਜ ਬਚਨ, ਸ਼ਾਂਤਿ ਦੇ ਚਿਤ ਕੋ
ਐਸੋ ਕਤਹੂੰ ਨਹੀਂ ਨਿਹਾਰ।
ਦੇਸ਼ ਬਿਦੇਸ਼ਨਿ ਸਗਰੇ ਫਿਰ ਕਰਿ
ਭਏ ਉਦਾਸ ਗਏ ਜਬਿ ਹਾਰ।
ਉਤਰਯੋ ਗਰਬ, ਅਹੈਂ ਹਮ ਜਗ ਮਹਿਂ
ਤਊ ਨ ਦੇਖਯੋ ਬਿਨਾ ਬਿਕਾਰ ॥੧੩॥
ਯਾਂ ਤੇ ਸਤਿਗੁਰ ਸਭਿ ਤੇ ਦੀਰਘ
ਜਿਨ ਕੇ ਮਿਲਤਿ ਸ਼ਾਂਤਿ ਚਿਤ ਪਾਇ।
ਬਿਨਾਂ ਗਰਬ ਤੇ ਸਰਬ ਭਏ ਜਬਿ

ਸੁਧਾ ਸਰੋਵਰ ਕੀ ਦਿਸ਼ਿ ਆਇ।
ਮਹਿਮਾ ਸੁਨਤਿ ਅਨੇਕ ਲੋਕ ਤੇ
ਸ੍ਰੀ ਅਰਜਨ ਸਤਿਗੁਰ ਸੁਖਦਾਇ।
ਭਿੱਖੇ ਸਹਤ ਸਕਲ ਹੀ ਮਿਲਿ ਕੈ
ਦਰਸ਼ਨ ਹਿਤ ਚਿਤ ਚੌਂਪ ਬਢਾਇ
॥੧੪॥
ਗੁਨ ਕੋ ਸੁਨਤਿ ਸ਼ਾਂਤਿ ਹੁਇ ਆਈ
ਸ੍ਰੀ ਅਰਜਨ ਕੋ ਸਿਮਰਤਿ ਨਾਮ।
ਸਭਿ ਪਹੁੰਚੇ ਹਰਿਮੰਦਰਿ ਮੈਂ ਜਬਿ
ਦਰਸ਼ਨ ਪਿਖ੍ਯੋ ਅਜਬ ਅਭਿਰਾਮ।
ਸ਼੍ਯਾਮ ਸਰੂਪ ਅਨੂਪ ਚਤੁਰਭੁਜ
ਸੁੰਦਰ ਬਦਨ ਸੁ ਛਬਿ ਕੋ ਧਾਮ।
ਮਹਾਂ ਜੋਤਿ ਜਾਗਤਿ ਚਹੁਂ ਦਿਸ਼ਿ ਮਹਿਂ
ਕਰਤਿ ਅਨੇਕ ਸੁ ਨੰਮ੍ਰਿ ਪ੍ਰਣਾਮ[1]
॥੧੫॥
ਕਮਲਾ ਕਰ ਕਮਲਨਿ ਪਦ ਕਮਲ ਜਿ
ਮ੍ਰਿਦੁਲ ਪਲੋਸਤਿ ਪ੍ਰੀਤ ਬਿਸਾਲ[1]।
ਸੁਭਤਿ ਸੇਖ ਸਾਈਂ[1] ਬਡ ਸ਼ੋਭਾ,
ਦ੍ਰਿਗ ਬਿਸਤਰਤਿ ਕੋਰ ਜੁਗ ਲਾਲ[1]।
ਪੀਤੰਬਰ ਸਭਿ ਅੰਗ ਬਿਭੂਖਨ
ਬਡੇ ਬਿਭੂਖਤਿ ਗਰ ਬਨਮਾਲ[1]।
ਸੀਸ ਕਿਰੀਟ[1], ਕੇਸ ਮ੍ਰਿਦੁ ਮੇਚਕ
ਘੁੰਘਰਿਆਰੇ ਸ਼ੋਭਤਿ ਭਾਲ ॥੧੬॥

ਦੋਹਰਾ:

ਬੇਦ ਸਰੂਪ ਜਿ ਬਿੱਪ੍ਰ ਬਰ, ਹਰਿ ਸਰੂਪ
ਤਿਨ ਦੀਖਿ[1]।
ਅਪਰ ਨਹੀਂ ਕਾਹੂੰ ਲਖ੍ਯੋ, ਦੇਨਿ ਹੁਤੀ
ਤਿਨ ਸੀਖ[1] ॥੧੭॥

ਸ੍ਵੈਯਾ ਛੰਦ:

ਅਸ ਸਰੂਪ ਦੇਖਤਿ ਬਿਸਮਾਏ

[1]ਗੁਰੂ ਜੀ ਨੂੰ ਲੋਕੀਂ ਮੱਥਾ ਟੇਕਦੇ ਹਨ।

[1]ਲੱਛਮੀ ਹੱਥ ਕਮਲਾਂ ਨਾਲ ਚਰਨ ਕਮਲ ਜੋ ਕੋਮਲ ਹਨ ਬੜੀ ਪ੍ਰੀਤ ਨਾਲ ਝਸਦੀ ਹੈ।

[1]ਮਹਾਂ ਵਿਸ਼ਨੂੰ [ਸੰਸ: ਸ਼ੇਸ਼ ਸ਼ਾਯਿਨ = ਸ਼ੇਸ਼ਨਾਗ ਤੇ ਸੈਣ ਵਾਲਾ]

[1]ਨੇਤ੍ਰ ਚੌੜੇ, ਕੋਨੇ ਦੋਵੇਂ ਲਾਲ ਹਨ।

[1]ਗਲੇ ਵਿਚ ਬੈਜੰਤੀ ਮਾਲਾ।

[1]ਸਿਰ ਤੇ ਮੁਕਟ।

[1]ਭਾਵ ਵੇਦਾਂ ਨੇ ਗੁਰੂ ਜੀ ਨੂੰ ਮਹਾਂ ਵਿਸ਼ਨੂੰ ਰੂਪ ਦੇਖਿਆ।

[1]ਤਿਨ੍ਹਾਂ ਨੂੰ ਸਿੱਖਿਆ ਦੇਣੀ ਸੀ (ਤਦ ਕਰ ਇਹੋ ਜਿਹਾ ਆਪਣਾ ਸਰੂਪ ਦਿਖਲਾਯਾ)।

ਹਰਿ ਮੰਦਿਰ ਮਹਿਂ ਸੁੰਦਰ ਸ਼ੋਭ।
ਮਹਾਂ ਬਿਸ਼ਨੁ ਕੋ ਰੂਪ ਮਨੋਹਰ
ਜਿਸਹਿ ਧ੍ਯਾਨ ਧਰਿ ਜੋਗੀ ਲੋਭ[1]। [1]ਲੁਭਾਇਮਾਨ ਹੁੰਦੇ ਹਨ।
ਉਸਤਤਿ ਕਰਨਿ ਲਗੇ ਹੁਇ ਠਾਂਢੇ
ਜਿਨਿ ਕੈ ਭਯੋ ਪ੍ਰੇਮ ਕੋ ਛੋਭ।
ਨਮਸਕਾਰ ਪੁਨਿ ਪੁਨਿ ਪਗ ਪੰਕਜ
ਰਿਦਾ ਪਰਮ ਗੰਭੀਰ ਅਛੋਭ ॥੧੮॥

ਭੁਜੰਗ ਛੰਦ:

'ਦਯਾ ਸਿੰਧੁ ਦੀਨਾਨਿ ਬੰਧੂ ਕ੍ਰਿਪਾਲਾ!
ਨਮੋ ਪਾਦ ਕੰਜੰ ਅਭੰਜੰ[1] ਉਜਾਲਾ[2]। [1]ਨਾਸ਼ ਤੋਂ ਰਹਤ। [2]ਪ੍ਰਕਾਸ਼ ਰੂਪ।
'ਅਜੈ[1] ਹੋ, ਅਨਾਸ਼ੀ, ਅਨਾਦੀ, ਅਨੂਪੰ। [1]ਜੋ ਜਿੱਤਿਆ ਨਾ ਜਾਵੇ।
ਮਹਾਂਰਾਜ ਰਾਜਾਨ ਕੇ ਰਾਜ ਰੂਪੰ
॥੧੯॥
ਸਭੈ ਬੀਚ ਬਾਸੋ, ਅਲੇਪੰ ਸਦਾ ਹੋ।
ਅਜੋਨੀ ਅਛੈ ਏਕ ਰੂਪੰ ਅਜਾ ਹੋ[1]। [1]ਜਨਮ ਰਹਤ।
ਕਥੇ ਮੋ ਨ ਆਵੈ, ਕਥੈ ਕੌਨ ਤੋਹੀ।
ਨਿਰਾਲੰ, ਬਚਿੱਤ੍ਰ ਨਿਰਾਲੰਬ ਹੋਹੀ
॥੨੦॥
ਸਭੀ ਤੋਹਿ ਮੇਂ, ਤੂ ਸਭੇ ਮੈਂ ਬਿਰਾਜੈਂ।
ਅਕਾਸ਼ੰ ਜਥਾ ਏਕ ਸਾਰੇ ਸੁ ਛਾਜੈਂ[1]। [1]ਫਬ ਰਹਿਆ ਹੈਂ।
ਬ੍ਰਹਮੰਡੰ ਅਖੰਡੰ ਤੁਮੀ ਦੇਹਿ ਧਾਰੀ।
ਦੁਊ ਨੈਨ ਭਾਨੂ ਸਸੀ ਜੋਤਿ ਭਾਰੀ[1] [1]ਭਾਰੀ ਜੋਤ ਵਾਲੇ।
॥੨੧॥
ਦਿਸ਼ਾ ਸ਼੍ਰੌਨ ਤੇਰੇ ਨਭੰ ਸੀਸ ਗਾਵੈਂ।
ਮਹਾਂ ਪੁੰਨ ਅੱਗ੍ਰੰ ਪ੍ਰਿਸ਼੍ਰੀ ਪਾਪ ਥਾਵੈਂ[1]। [1]ਮਹਾਂ ਪੁੰਨ ਆਪ ਦਾ ਅਗਲਾ ਭਾਗ ਹੈ ਤੇ ਪਾਪ ਪਿੱਠ ਦਾ ਥਾਂ ਹੈ।
ਮਹਾਂ ਸਿੰਧੁ ਕੁੱਖੀ, ਤਰੂ ਰੋਮ ਬ੍ਰਿੰਦੰ।
ਅਹੈ ਪਾਇ ਪਾਤਾਲ, ਤੋਹੀ ਮੁਕੰਦੰ
॥੨੨॥
ਗੁਰੂ ਨਾਨਕੰ ਬੰਸ ਬੇਦੀਨਿ ਮਾਂਹੀ।
ਨਰੰ ਦੇਹਿ ਧਾਰੀ ਜਪੈਂ ਜਾਪ ਜਾਂਹੀ।
ਕਲੀ ਮੈਂ ਦਯਾ ਧਾਰਿ ਨਾਮੰ ਜਪਾਯੋ।

ਕਰਯੋ ਪੰਥ ਸਿੱਖੀ ਤਰੇ ਜਾਂਹਿ ਪਾਯੋ ॥੨੩॥
ਗੁਰੂ ਅੰਗਦੰ ਰੂਪ ਹੋਏ ਕ੍ਰਿਪਾਲਾ।
ਕਰਾਮਾਤ ਕਾਹੂੰ ਨ ਦੀਨੀ ਬਿਸਾਲਾ।
ਜਰਯੋ ਜੋਰ ਦੀਹੰ[1] ਰਿਦੇ ਮੈਂ ਗਹੀਰੰ[2]।
ਉਧਾਰੇ ਮਹਾਂ ਸਿੱਖ ਦੇ ਨਾਮ ਧੀਰੰ ॥੨੪॥
ਪਿਤਾ ਮੋਹਰੀ ਕੇ ਧਰੀ ਦੇਹਿ ਫੇਰੀ।
ਮਹਾਂ ਪੰਥ ਸਿੱਖੀ ਬਿਥਾਰੀ ਘਨੇਰੀ।
ਚਹੂੰ ਚੱਕੇ ਮੈਂ ਕੀਰਤੀ ਚਾਰੁ ਹੋਈ।
ਦਈ ਬ੍ਰਿੰਦ ਮੰਜੀ ਗੁਰੂ ਕੀਨਿ ਸੋਈ ॥੨੫॥
ਗੁਰੂ ਰਾਮਦਾਸੰ ਪ੍ਰਕਾਸ਼ੇ ਬਿਸਾਲਾ।
ਕਲੀ ਘੋਰ ਅੰਧੇਰ ਕੀਨੋ ਉਜਾਲਾ।
ਤਿਨੋ ਕੇ ਭਏ ਨੰਦ ਰੂਪੰ ਤੁਮਾਰਾ।
ਨਮਸਤੰ ਨਮਸਤੰ ਨਮਸਤੰ ਉਦਾਰਾ' ॥੨੬॥

[1]ਬੜੀ ਭਾਰੀ ਬਲ। [2]ਡੂੰਘੇ।

ਦੋਹਰਾ:
ਇਮ ਅਸ਼ਟਕ ਉਸਤਤਿ ਕਰੀ, ਪਠਿ ਮਨ ਬਾਂਛਤਿ ਪਾਇ।
ਦੀਨ ਹੋਇ ਪੁਨ ਸਕਲ ਹੀ, ਰਹੇ ਚਰਨ ਲਪਟਾਇ ॥੨੭॥
ਸ੍ਵੈਯਾ ਛੰਦ:
ਸ਼੍ਰੀ ਅਰਜਨ ਤਬਿ ਨਿਜ ਸਰੂਪ ਕੋ
ਸਭਿ ਹੀ ਦਿਜਨਿ ਦਿਖਾਵਨਿ ਕੀਨਿ।
ਬੂਝਤਿ ਭਏ, 'ਕੌਨ ਤੁਮ ਕਾਰਜ
ਉਰ ਬਾਂਛਤਿ ਲਿਹੁ ਜਾਚਿ ਪ੍ਰਬੀਨ।
ਕਹਾਂ ਬਸਤਿ, ਗਮਨੇ ਅਬਿ ਕਿਤ ਕੋ,
ਹਮ ਢਿਗ ਆਏ ਕਸਾ ਚਿਤ ਚੀਨਿ।'
ਮੁੱਖਜ ਹੁਤੋ ਸਭਿਹਿਨਿ ਮਹਿਂ ਭਿੱਖਾ
ਬੋਲਯੋ ਬਾਕ ਹੋਇ ਕਰਿ ਦੀਨ ॥੨੮॥

ਭਿੱਖੋ ਵਾਚ† ॥

[†]ਕਈ ਨੁਸਖਿਆਂ ਵਿਚ ਇਹ ਪਾਠ ਨਹੀਂ ਹੈ।

[‡]ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥

[‡]ਇਹ ਸਵੈਯਾ ਗੁਰੂ ਗ੍ਰੰਥ ਜੀ ਵਿਚ ਤੀਜੇ ਮਹੱਲੇ ਦੇ ਸਵੈਯਾਂ ਵਿਚ ਹੈ। ਭਿਖਾ ਭੱਟ ਤੀਜੇ ਗੁਰਾਂ ਕੋਲ ਆਯਾ, ਦੇਖੋ ਰਾਸ ੩ ਅੰਸੂ ੫੭ ਅੰਕ ੧੮।

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ[1] ਰਹਤ ਕੋ ਖੁਸੀ ਨ ਆਯਉ ॥

[1]ਕਹਿਣੇ ਵਾਲਿਆਂ ਦੀ ਕਹਵਤ ਸੁਣੀ।

ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ[1] ਹਉ ਕਿਆ ਕਹਉ ॥

[1]ਭਾਵ ਔਗਨ, ਵਯੰਗ ਨਾਲ ਕਿਹਾ ਹੈ।

ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥

**ਸਵੈਯਾ ਛੰਦ:**

'ਆਪ ਗੁਰੂ ਬਨ ਦੀਖਯਾ ਦੀਜਹਿ
ਸਿੱਖਯ ਕਰਹੁ ਉਚਰਹੁ ਉਪਦੇਸ਼।
ਖੋਜਤਿ ਫਿਰੇ ਜਗਤ ਮਹਿਂ ਜਿਤ ਕਿਤ
ਲੇਨਿ ਸ਼ਾਂਤਿ ਹਿਤ ਪੰਥ ਵਿਸ਼ੇਸ਼[1]। — [1]ਬਹੁਤ ਮਜ਼ਹਬਾਂ ਵਿਚ।
ਸ਼੍ਰਮਤ ਭਏ ਨਹਿਂ ਪ੍ਰਾਪਤਿ ਹੋਵਾ,
ਬਾਸੀ[1] ਹਮ ਕਾਸ਼ੀ ਪੁਰਿ ਦੇਸ਼। — [1]ਵੱਸਣ ਵਾਲੇ।
ਅਪਰ ਬਾਸ਼ਨਾ ਚਿਤ ਮਹਿਂ ਕੋਇ ਨ
ਕਯਾ ਜਾਚਹਿਂ ਮਿਥਿਆ ਜੁ ਅਸ਼ੇਸ਼'
॥੨੯॥
ਸ਼੍ਰੀ ਅਰਜਨ ਸੁਨਿ ਭਨਯੋ 'ਬੇਦ ਤੁਮ!
ਨਰ ਤਨ ਧਾਰਿ ਆਇ ਹਮ ਪਾਸ।
ਤੁਮ ਸਭਿ ਕਰਹੁ ਬ੍ਰਹਮ ਕੋ ਨਿਰਨੈ
ਪਾਰਬ੍ਰਹਮ ਕੋ ਸੁਜਸੁ ਪ੍ਰਕਾਸ਼।
ਅਬਿ ਸਰੀਰ ਮਾਨਵ ਕੋ ਪਾਯਹੁ
ਕੁਛ ਹੰਕਾਰ ਭਯੋ ਫਲ ਤਾਸ[1]। — [1]ਮਨੁੱਖ ਸਰੀਰ ਹੰਕਾਰ ਦਾ ਫਲ ਹੈ।
ਬ੍ਰਹਮ ਰੂਪ ਸ਼੍ਰੀ ਨਾਨਕ ਕਲਿ ਮਹਿਂ
ਨਰ ਸਰੂਪ ਹੁਇ ਤਾਰੇ ਦਾਸ ॥੩੦॥
ਨਰ ਤਨ ਤੁਮਰੋ, ਨਰ ਤਨ ਸੋਈ[1], — [1]ਭਾਵ ਗੁਰੂ ਨਾਨਕ ਜੀ।
ਨਰ ਭਾਖਾ[1] ਕੋ ਰਚਹੁ ਸੁਧਾਰਿ। — [1]ਨਰਬਾਣੀ ਭਾਵ ਜੋ ਬਾਣੀ ਬੋਲਚਾਲ ਵਿਚ ਹੋਵੇ।
ਜਿਸ ਮਹਿਂ ਜਸੁ ਗੁਰ ਨਾਨਕ ਕੇਰਾ
ਕਰਹੁ ਅਬੈ ਨਿਜ ਬਦਨ ਉਚਾਰਿ।

ਬਹੁਰ ਸਿੱਖਜ ਹਮ ਤੁਮ ਕੋ ਕਰਿ ਹੈਂ
ਪਾਵਹੁ ਚਿਤ ਸ਼ਾਂਤੀ ਸੁਖ ਸਾਰ[1]। [1]ਸ੍ਰੇਸ਼ਟ ਸੁਖ।
ਰਹਹਿ ਸਥਿਰ ਜਗ ਬਿਖੈ ਨਾਮ ਤੁਮ
ਲਿਖਹਿਂ ਗ੍ਰਿੰਥ ਮਹਿਂ ਬਨਜੋ ਉਦਾਰ'
॥੩੧॥
ਸੁਨਿ ਕਰਿ ਉਰ ਹਰਖਤਿ ਸਭਿ ਹ੍ਵੈ
ਕਰਿ
ਹਾਥ ਜੋਰਿ ਕੈ ਬੂਝਨਿ ਕੀਨਿ।
'ਕ੍ਰਿਪਾ ਸਿੰਧੁ ਕਿਸੁ ਚਾਲ ਰਚਹਿਂ ਸੋ
ਪ੍ਰਥਮ ਬਤਾਵਹੁ ਹਮ ਲੇਂ ਚੀਨਿ।
ਤਿਸੀ ਰੀਤਿ ਸਭਿ ਕਰੈਂ ਬਨਾਵਨਿ
ਸ਼੍ਰੀ ਗੁਰ ਕੀਰਤਿ ਰੁਚਿਰ ਨਵੀਨ।
ਮਹਾਂ ਲਾਭ ਹਮ ਕੋ ਇਹ ਹੁਇ ਹੈ
ਰਾਵਰ ਕ੍ਰਿਪਾ ਧਾਰਿ ਕੈ ਦੀਨ[1]' [1]ਆਪ ਦੀਨ (ਜਾਣ) ਕੇ ਕ੍ਰਿਪਾ ਧਾਰੋ (ਅ) (ਗੁਰ ਕੀਰਤੀ ਕਰਨ ਦੀ ਦਾਤ) ਆਪ ਜੀ ਨੇ ਕ੍ਰਿਪਾ ਧਾਰ ਕੇ ਦਿੱਤੀ ਹੈ।
॥੩੨॥

ਸ਼੍ਰੀ ਅਰਜਨ ਸੁਨਿ ਆਪ ਬਨਾਏ
ਪ੍ਰਥਮ ਸਵੱਯੇ ਸੋ ਲਿਖਵਾਇ।
ਬਹੁਰ ਸਮਸਤ ਭਾਟ ਗੁਰ ਸਿਮਰੇ
ਕਰਤਿ ਭਏ[1] ਮਨ ਕੋ ਉਮਗਾਇ। [1]ਸਿਮਰ ਕਰਕੇ ਰਚਣ ਲਗੇ (ਸਵਈਏ)।
ਸ਼੍ਰੀ ਨਾਨਕ ਕੋ ਸੁਜਸੁ ਆਦਿ ਮਹਿ
ਬਹੁ ਪ੍ਰਕਾਰ ਤਿਨ ਬਿਖੈ ਬਨਾਇ।
ਬ੍ਰਹਮ ਰੂਪ ਕਰਿ ਬਰਨਨ ਕੀਨੇ
ਸ਼ਿਵ ਬ੍ਰਹਮਾਦਿਕ ਜਿਸ ਕੋ ਗਾਇਂ
॥੩੩॥
ਬਹੁਤ ਚਾਲ ਕੇ ਕਰੇ ਸਵੱਯੇ
ਦੇਸ਼ਨਿ ਕੀ ਭਾਖਾ ਬਿਚ ਸੋਇ।
ਮਹਾਂ ਮਹਾਤਮ ਕੀਨਿ ਉਚਾਰਨ
ਪਠੇ ਸੁਨੇ ਫਲ ਦੀਰਘ ਹੋਇ।
ਜਿਸ ਕੋ ਨੇਤਿ ਨੇਤਿ ਨਿਤ ਸ਼੍ਰੁਤਿ[1] ਕਹਿ [1]ਵੇਦ।
ਤਿਸ ਕੋ ਬਰਨ ਸਕਹਿ ਕਹੁ ਕੋਇ।
ਸ਼ੇਖ ਸ਼ਾਰਦਾ[1] ਅੰਤ ਨ ਪਾਵਹਿਂ [1]ਸ਼ੇਸ਼ਨਾਗ ਤੇ ਸਰਸ੍ਵਤੀ।

ਸਦਾ ਸੁ ਖੋਜਹਿਂ ਜੋਗੀ ਜੋਇ ॥੩੪॥
ਪੁਨ ਸ਼੍ਰੀ ਅੰਗਦ ਕੋ ਜਸੁ ਬਰਨ੍ਯੋ
ਬਹੁ ਪ੍ਰਕਾਰ ਕੇ ਗੁਨ ਬਿਦਤਾਇ।
ਕੀਰਤਿ ਸ਼੍ਰੀ ਗੁਰ ਅਮਰਦਾਸ ਕੀ
ਨਿਜ ਬਾਨੀ ਮਹਿਂ ਰੁਚਿਰ ਬਨਾਇ।
ਕੁਸਮ ਬਸੰਤ ਤਰੰਗ ਗੰਗ ਕੇ
ਗੁਨ ਬਿਅੰਤ ਇੱਤਯਾਦਿ ਜਨਾਇ।
ਜਿਨ ਕੇ ਸਮਸਰ ਅਪਨ ਨਹੀਂ ਕੋ
ਤਿਨ ਕੀ ਉਪਮਾ ਤਿਨ ਬਨਿ ਆਇ
॥੩੫॥
ਸ਼੍ਰੀ ਗੁਰੁ ਰਾਮਦਾਸ ਗੁਨ ਰਾਸੀ
ਤਿਨ ਕੀ ਕੀਰਤਿ ਰਚੀ ਬਿਸਾਲ।
ਧੰਨ ਧੰਨ ਸਤਿਗੁਰ ਜਗ ਸ੍ਵਾਮੀ
ਜਿਨ ਦੇਖ੍ਯੋ ਅਘ ਓਘ ਸੁ ਟਾਲਿ।
ਪੁਨ ਸ਼੍ਰੀ ਅਰਜਨ ਸੁਜਸੁ[1] ਬਨਾਯੋ
ਏਕੋ ਜੋਤਿ ਪੰਚ ਗੁਰ ਨਾਲ।
ਧਰਮ ਧੁਜਾ ਧਰਨੀ ਸਮ ਧੀਰਜ[1]
ਪਰਉਪਕਾਰੀ ਪਰਮ ਕ੍ਰਿਪਾਲ ॥੩੬॥
ਇਕ ਸੌ ਬਾਈ ਰਚੇ ਸਵੈਯੇ
ਪੰਚਹੁਂ ਗੁਰ ਕੋ ਸੁਜਸ ਬਨਾਇ।
ਸ਼੍ਰੀ ਅਰਜਨ ਕੋ ਕੀਨਿ ਸੁਨਾਵਨਿ
ਪਰਮ ਪ੍ਰੇਮ ਮਨ ਮਹਿਂ ਉਪਜਾਇ।
ਪਦ ਅਰਬਿੰਦ ਕਰੀ ਪੁਨ ਬੰਦਨ
ਦੀਨ ਭਏ ਭਾਟ ਜੁ ਸਮੁਦਾਇ।
ਚਿਤ ਮਹਿਂ ਚਾਹਤਿ ਸਿਖ ਬਨਿਬੇ ਕਉ
ਜਾਚਤਿ ਸ਼ਾਂਤਿ ਸੁ ਚਿਤ ਮਹਿਂ ਆਇ
॥੩੭॥
ਭਏ ਪ੍ਰਸੰਨ ਬਹੁਤ ਸ਼੍ਰੀ ਅਰਜਨ
ਤਿਨ ਕੀ ਕ੍ਰਿੱਤ[1] ਗ੍ਰਿੰਥ ਲਿਖਵਾਇ।
ਮਨ ਬਾਂਛਤਿ ਬਰ ਦੀਨਿ ਸਭਿਨਿ ਕੋ
ਸਿੱਖ੍ਯ ਕਰੇ ਸ਼ਾਂਤੀ ਉਪਜਾਇ।

[1]ਦਾ ਜਸ।

[1]ਧਰਮ ਦੀ ਧੁਜਾ ਧਰਤੀ ਵਤ ਧੀਰਜ।

[1]ਰਚੀ ਹੋਈ (ਬਾਣੀ)।

**ਭ੍ਰਮ ਪਰਹਰਜੋ, ਭਏ ਸਭਿ ਨਿਰਮਲ,**
**ਸ੍ਰੀ ਗੁਰ ਜਸੁ ਤੇ ਇਹੁ ਫਲ ਪਾਇ।**
**ਕੇਤਿਕ ਦਿਨ ਮੈਂ ਨਿਜ ਤਨ ਤਜਿ ਕੈ**
**ਬੇਦ ਰੂਪ ਹੋਏ ਤਿਸ ਭਾਇ ॥੩੯॥**

ਕਵਿ ਜੀ ਨੇ ਭੱਟਾਂ ਨੂੰ ਏਥੇ ਵੇਦਾਂ ਦੇ ਅਲੰਕਾਰ ਵਿਚ ਵਰਣਨ ਕੀਤਾ ਹੈ। ਮੁਰਾਦ ਇਹ ਜਾਪਦੀ ਹੈ ਕਿ ਏਹ ਭੱਟ ਵੇਦ ਪਾਠੀ ਪੰਡਿਤ ਸੇ। ਸੰਸਕ੍ਰਿਤ ਵੇਤਾ ਵਿਦਵਾਨਾਂ ਵਿਚ ਮਹਾਨ ਵਿਦਵਾਨਾਂ ਦੀ ਪਿਛਲੇ ਸਮੇਂ ਵਿਚ 'ਭੱਟ' ਸੰਗਯਾ ਰਹੀ ਹੈ। ਕਈ ਵੇਦ ਸ਼ਾਸਤ੍ਰ ਵੇਤਾ ਵਿਦਵਾਨ 'ਭੱਟਾਚਾਰਯ' ਕਰਕੇ ਸੱਦੇ ਜਾਂਦੇ ਸਨ, ਜੈਸਾ ਕਿ ਪੂਰਵ ਮਿਮਾਂਸਾ ਦਾ ਸੰਸਕ੍ਰਿਤ ਵਿਚ ਵਾਰਤਿਕ ਕਾਰ ਭੱਟਾਚਾਰਯ ਹੈ, ਅਸਲ ਨਾਮ ਇਨ੍ਹਾਂ ਦਾ ਕੁਮਾਰਿਲ ਸੀ, ਪ੍ਰੰਤੂ ਵਿਦ੍ਵਤਾ ਦੇ ਕਾਰਨ 'ਕੁਮਾਰਿਲ ਭੱਟਾਚਾਰਯ' ਜਾਂ 'ਭੱਟ' ਕਹਿਲਾਏ, ਜੈਸਾ ਕਿ ਅੱਜ ਕੱਲ ਪ੍ਰਾਗ, ਸ਼ਾਸਤ੍ਰੀ ਆਦਿ ਆਖੀਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਭੱਟਾਚਾਰਯਾਂ ਨੂੰ ਵਿਦਯਾ ਦਾ ਅਹੰਕਾਰ ਹੋ ਗਿਆ ਜਾਪਦਾ ਹੈ, ਸਦਗਤੀ ਕੇਵਲ ਵਿਦਯਾ ਨਾਲ ਨਾ ਮਿਲੀ ਤੱਕਕੇ ਇਹ ਸੱਚੇ ਗੁਰੂ ਦੀ ਭਾਲ ਵਿਚ ਟੁਰੇ ਤੇ ਸਤਿਗੁਰਾਂ ਦੇ ਦੁਆਰੇ ਆਕੇ ਸੁਖੀ ਹੋਏ। ਇਹ ਗੱਲ ਇਹਨਾਂ ਦੇ ਰਚੇ ਸਵਈਆਂ ਤੋਂ ਵਿੱਦਤ ਹੋ ਰਹੀ ਹੈ। ਇਹ ਗੱਲ ਖੋਜ ਤਲਬ ਹੈ ਕਿ ਇਹ ਸਾਰੇ ਪੰਜਵੇਂ ਸਤਿਗੁਰਾਂ ਪਾਸ ਆਏ ਸੇ? ਜੈਸੇ ਕਿ ਕਵੀ ਜੀ ਦੇ ਆਪਣੇ ਲਿਖੇ ਅਨੁਸਾਰ 'ਭਿੱਖਾ ਜੀ' ਤੀਜੇ ਸਤਿਗੁਰਾਂ ਦੇ ਪਾਸ ਆਏ ਸਨ, ਦੇਖੋ ਰਾਸ ੩ ਅੰਸੂ ੫੭ ਦਾ ੧੯ ਛੰਦ ਅਤੇ ਭਾ: ਗੁ: ਵਾ: ੧੧ ਪੌ: ੨੧ ਭਗਤ ਰਤਨਾਵਲੀ। ਸਵੱਯਾਂ ਵਿਚ ਭੱਟਾਂ ਨੇ ਆਪਣੇ ਤਜਰਬੇ ਬੜੀ ਰਸੀਲੀ ਤੇ ਉੱਚ ਦਰਜੇ ਦੀ ਰਚਨਾਂ ਵਿਚ ਦੱਸੇ ਹਨ। ਸਵਈਆਂ ਤੋਂ ਇਕ ਹੋਰ ਉਗਾਹੀ ਮਿਲਦੀ ਹੈ ਕਿ ਵਿਦਵਾਨ ਮੁਤਲਾਸ਼ੀਆਂ (ਜਗਜਾਸੂਆਂ ਨੇ) ਸਾਰੇ ਫਿਰ ਕੇ ਅੰਤ ਏਥੇ ਆ ਕੇ ਆਪਣੇ ਤਜਰਬੇ ਨਾਲ ਸਤਿਗੁਰਾਂ ਨੂੰ ਵਾਹਿਗੁਰੂ ਰੂਪ ਸਹੀ ਕੀਤਾ ਤੇ ਉਗਾਹੀ ਭਰੀ। ਇਹ ਬੜਾ ਭਾਰੀ ਇਤਿਹਾਸਕ ਨੁਕਤਾ ਹੈ ਕਿ ਸ੍ਰੀ ਗੁਰੂ ਜੀ ਆਪਣੇ ਹੀਨ-ਹਯਾਤ 'ਸਤ ਦੇ ਖੋਜੀਆਂ' ਤੋਂ ਰੱਬੀਅਤ ਵਾਲੇ ਤੇ 'ਗੋਬਿੰਦ ਰੂਪ' ਮੰਨੇ ਗਏ। ਇਹ ਨਹੀਂ ਕਿ ਜੀਉਂਦੇ ਜੀ ਤਾਂ ਆਪ ਸਾਧਾਰਨ ਲੋਕ ਸਨ ਤੇ ਸਮੇਂ ਦੇ ਬੀਤਣ ਨੇ ਇਹ ਕੁਛ ਕੀਤਾ। ਜਿਸ ਤਰ੍ਹਾਂ ਕਿ ਕਈ ਅਵਤਾਰਾਂ ਬਾਬਤ ਕਿਹਾ ਜਾ ਰਿਹਾ ਹੈ। ਸਗੋਂ ਜੀਉਂਦੇ ਜੀ ਖੋਜੀਆਂ ਤੇ ਵਿਦਵਾਨਾਂ ਨੇ, ਗੁਰੂ ਸਾਹਿਬਾਂ ਨੂੰ 'ਗੋਬਿੰਦ ਰੂਪ' ਸਹੀ ਕਰ ਲਿਆ ਸੀ।

ਭੱਟਾਂ ਨੇ ਜੋ ਸਵਈਏ ਰਚੇ ਹਨ 'ਗੁਰੂ ਪਦ' ਲਈ ਰਚੇ ਹਨ, ਉਹ ਗੁਰੂ ਜਜੋਤੀ ਦੀ ਉਹਨਾਂ ਨੇ ਸਾਖ ਭਰੀ ਤੇ ਸਤੁਤੀ ਕੀਤੀ ਹੈ, ਚਾਹੋ ਉਹਨਾਂ ਦੇ ਰਹਿਣ ਵੇਲੇ ਗੁਰ ਗਾਦੀ ਤੇ ਕੋਈ ਗੁਰੂ ਸਾਹਿਬ ਸਨ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਤ ਕਰਤਾ ਗੁਰੂ ਅਰਜਨ ਦੇਵ ਜੀ ਦਾ ਸਾਰਿਆਂ ਨੂੰ ਬੀੜ ਵਿਚ ਸ਼ਾਮਲ ਕਰਨਾ ਉਹਨਾਂ ਦੇ ਦੈਵੀ ਫਰਜ਼ ਦੀ ਅਦਾਇਗੀ ਸੀ, ਜਿਵੇਂ ਉਹਨਾਂ ਦੀ ਰਚੀ ਬਾਣੀ ਪੰਜਵੇਂ ਗੁਰੂ ਨਾਨਕ ਦੀ ਬਾਣੀ ਹੈ ਤੇ ਮਹਲਾ ੫ ਦੇ ਸਿਰਲੇਖ ਹੇਠਾਂ ਰੱਬੀ ਬੀੜ ਵਿਚ ਉਸ ਦਾ ਚਾੜ੍ਹਨਾ ਉਹਨਾਂ ਦੇ ਗੁਰੂ ਪਦ ਦਾ ਫਰਜ਼ ਸੀ, ਤਿਵੇਂ ਸਵਈਏ ਮਹਲੇ ੫ ਬੀ ਪੰਜਵੇਂ ਗੁਰ ਨਾਨਕ ਦੇ ਸਵਈਏ ਹਨ, ਉਹਨਾਂ ਦੀ ਬੀੜ ਵਿਚ ਚਾੜ੍ਹਨਾ ਉਹਨਾਂ ਦਾ ਗੁਰੂ ਪਦ ਦਾ ਫਰਜ਼ ਸੀ। ਰਾਜਾ 'ਰਾਜਾ ਪਦ' ਦੇ ਫਰਜ਼ ਅਦਾ ਕਰਦਾ ਕਿਸੇ ਸ਼ਖਸੀ ਨਿੰਮ੍ਰਤਾ ਦੇ ਖਿਆਲ ਨਾਲ ਉਹਨਾਂ ਫਰਜ਼ਾਂ ਨੂੰ ਅਦਾ ਕਰਨੋਂ ਰੁਕੇ ਤਾਂ ਹਰਜ ਹੁੰਦਾ ਹੈ, ਤਿਵੇਂ ਗੁਰੂ ਪਦ ਦੇ ਸੱਚੇ ਪਾਤਸ਼ਾਹ ਨੂੰ 'ਗੁਰੂ ਜਜੋਤੀ ਪਦ' ਦੇ ਫਰਜ਼ ਅਦਾ ਕਰਨੇ ਜ਼ਰੂਰੀ ਸਨ।

**ਲਿਖੇ ਸਮਸਤ ਸਵੈਯੇ ਸੋਊ**
**ਸ੍ਰੀ ਗ੍ਰਿੰਥ ਸਾਹਿਬ ਕੇ ਮਾਂਹਿ।**
**ਅੰਤ ਸਰਬ ਕੇ ਲਿਖਿ ਮੁੰਦਾਵਣੀ**

ਮੁੰਦ੍ਰਤਿ[1] ਮੁਹਰ ਲਗੀ ਜਨੁ ਵਾਹਿ[2]।

[1]ਬੰਦ ਕੀਤੀ। ਮੁੰਦਾਵਣੀ ਪਦ ਦੇ ਅਰਥ ਖੋਜ ਲਈ ਦੇਖੋ ਗੁਰੂ ਗ੍ਰੰਥ ਕੋਸ਼ (ਖਾ: ਟ੍ਰੈਕਟ ਸੁ: ਸਫਾ ੧੬੬੮)। [2]ਜਾਣੋ ਉਹ (ਬਾਣੀ ਨੂੰ)।

ਭੋਗ ਸਕਲ ਬਾਣੀ ਕੋ ਪਾਯਹੁ
ਮਹਿਮਾ ਜਿਸ ਕੀ ਕਹੀ ਨ ਜਾਇ।
ਭਵਜਲ ਭੈਰਵ ਕੋ ਜਹਾਜ ਬਡ
ਪ੍ਰਭੁ ਕ੍ਰਿਪਾ ਤੇ ਪਾਰ ਪਰਾਇ ॥੩੯॥
ਰਾਗਮਾਲ ਸ਼੍ਰੀ ਗੁਰ ਕੀ ਕ੍ਰਿਤ ਨਹਿਂ
ਹੈ ਮੁੰਦਾਵਣੀ ਲਗਿ ਗੁਰ ਬੈਨ।
ਇਸ ਮਹਿਂ ਨਹਿਂ ਸੰਸੈ ਕੁਛ ਕਰੀਅਹਿ
ਜੇ ਸੰਸੈ ਅਵਿਲੋਕਹੁ ਨੈਨ।
ਮਾਧਵ ਨਲ ਆਲਮ ਕਵਿ ਕੀਨਸਿ
ਤਿਸ ਮਹਿਂ ਨ੍ਰਿਤਕਾਰੀ ਕਹਿ ਤੈਨ[1]।
ਰਾਗ ਰਾਗਨੀ ਨਾਮ ਗਿਨੇ ਤਹਿਂ
ਯਾਂ ਤੇ ਸ਼੍ਰੀ ਅਰਜਨ ਕ੍ਰਿਤ ਹੈ ਨ ॥੪੦॥
ਇਹ ਸੁਧਿ ਨਹੀਂ ਲਿਖੀ ਇਹ ਗੁਰ ਨੇ
ਕਿਧੌਂ ਸਿੱਖ ਕਾਹੂ ਲਿਖਿ ਦੀਨਿ।[*]

[1]ਤਿਸ ਨੇ।

[*]ਕਵਿ ਜੀ ਨੇ ਆਲਮ ਕਵਿ ਦੀ ਪੋਥੀ ਦੀ ਪੂਰੀ ਖੋਜ ਕੀਤੇ ਬਿਨਾਂ ਇਹ ਕੁਛ ਲਿਖ ਦਿੱਤਾ ਹੈ, ਆਖਦੇ ਹਨ ਕਿ ਇਹ ਭੁੱਲ ਸ਼ੋਭਾ ਸਿੰਘ ਨੇ ਕਰਵਾਈ ਸੀ। ਭੁੱਲ ਦਾ ਕਾਰਨ ਓਹ ਸੰਮਤ ਸੀ ਜੋ ਆਲਮ ਦੀ ਪੋਥੀ ਦੇ ਦੀਬਾਚੇ ਵਿਚ ੯੯੧ ਹਿਜਰੀ ਦਿੱਤਾ ਸੀ। ਇਸ ਸੰਮਤ ਨੂੰ ਭੁਲੇਖੇ ਨਾਲ ਆਲਮ ਦੀ ਪੋਥੀ ਦਾ (ਜੋ ਸੰਸਕ੍ਰਿਤ ਦਾ ਹਿੰਦੀ ਤਰਜਮਾ ਹੈ) ਸੰਮਤ ਸਮਝ ਲਿਆ ਗਿਆ ਸੀ, ਹਾਲਾਂ ਕਿ ਇਹ ਸੰਮਤ ਅਸਲ ਸੰਸਕ੍ਰਿਤ ਪੁਸਤਕ ਦਾ ਹੈ ਜੋ ਕਵੀ ਜੋਧ ਨੇ ਅਕਬਰ ਦੇ ਸਮੇਂ ਰਚਿਆ ਸੀ। ਆਲਮ ਕਵੀ ਨੇ ਆਪਣੀ ਰਚਨਾਂ ਰਚਣ ਦਾ ਸੰਮਤ ਅਪਣੀ ਪੋਥੀ ਦੇ ਅਖੀਰ ਤੇ ੧੭੭੪ ਬਿ: ਦਿੱਤਾ ਹੈ। ਸ਼੍ਰੀ ਮਾਨ ਗਜਾਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲਿਆਂ ਨੇ ਰਾਗ ਮਾਲਾ ਤੇ ਬੜੀ ਡੂੰਘੀ ਤੇ ਚਿਰ ਕਾਲ ਤਕ ਸ਼ੋਭਾ ਯੋਗ ਖੋਜ ਕੀਤੀ ਹੈ। ਉਸ ਅਨੁਸਾਰ ਉਨ੍ਹਾਂ ਨੇ ਪੰਜ ਸ਼ਲੋਕ ਜੋਧ ਕਵਿ ਦੇ ਦੀਬਾਚੇ ਵਿਚੋਂ ਦਿੱਤੇ ਹਨ, ਜਿਨ੍ਹਾਂ ਦਾ ਭਾਵ ਆਲਮ ਕਵਿ ਦੇ ਤਰਜਮੇ ਨਾਲ ਟਾਕਰਾ ਖਾਂਦਾ ਹੈ ਤੇ ਨਿਰਸੰਸੇ ਕਰ ਦੇਂਦਾ ਹੈ ਕਿ ੯੯੧ ਹਿ: ਸੰਨ ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਦਾ ਹੈ। ਯਥਾ:- ਮਾਧਵਾਨਲ ਕਾਂਮ ਕੰਦਲਾ ਚਰਿੱਤ੍ਰ[†]।

[†]ਸੰਸਕ੍ਰਿਤ ਮਾਧਵਾਨਲ ਕਾਮ ਕੰਦਲਾ ਵਿਸ਼ੇਸ਼ ਖੋਜ ਨਾਲ ਸਾਨੂੰ ਪ੍ਰਾਪਤ ਹੋ ਗਈ ਹੈ। ਹੁਣ ਸ਼ਲੋਕਾਂ ਦੇ ਪਾਠ ਉਸ ਨਾਲ ਸੋਧਕੇ ਦੇ ਰਹੇ ਹਾਂ।

[‡]ਪ੍ਰਣਮਯ ਤਤਪਰੰ ਬ੍ਰਹਮ ਚਤੁਰਾਨਨ ਤ: ਪਰਮ੍।

[‡]ਇਨ੍ਹਾਂ ਦੀਬਾਚੇ ਦੇ ਸ਼ਲੋਕਾਂ ਦੇ ਭਾਵ ਨੂੰ ਆਲਮ ਕਵੀ ਨੇ ਆਪਣੇ ਟੀਕੇ ਵਿਚ ਜਿਵੇਂ ਲਿਖਿਆ ਹੈ ਇਨ੍ਹਾਂ ਟੁਕਾਂ ਵਿਚ ਦੇਂਦੇ ਹਾਂ:-ਪ੍ਰਿਥਮੇਂ ਪਾਰਬ੍ਰਹਮ ਕੋ ਪਰਨੋ। ਪੁਨ ਕਿਛ ਜਗਤ ਰੀਤ ਰਸ ਬਰਨੋ। ਅਰਥ:

(ਪਹਿਲੋਂ ਮੈ) ਤਤਪਰ ਬ੍ਰਹਮ ਨੂੰ ਪ੍ਰਣਾਮ ਕਰਦਾ ਹਾਂ ਜੋ 'ਬ੍ਰਹਮ' ਕਿ ਬ੍ਰਹਮਾ ਤੋਂ ਭੀ ਪਰੇ ਹੈ।
ਸਰ੍ਵਸਜੁਤ ਜਗਨ੍ਨਾਥੰ ਭੂਤਾਦਿਨਾਂ ਪ੍ਰਵਰ੍ਤਕਮਮ੍ ॥੧॥
ਅਰਥ:
ਜੋ ਸਰਬ ਬਜਾਪੀ ਤੇ ਜਗਤ ਦਾ ਸ੍ਵਾਮੀ ਹੈ (ਤੇ ਅਕਾਸ਼ ਆਦਿਕ) ਭੂਤਾਂ ਦੀ ਪ੍ਰਵਿਰਤੀ ਕਰਨੇ ਵਾਲਾ ਹੈ।
†ਆਦਜੰਤਾ ਭਜਾਂ ਵਿਹੀਨਨ੍ਹ ਧਾਰਯਚ੍ ਚਰਾਚਰਮ੍ਹ।
†ਜਾਕੀ ਆਦਿ ਅੰਤ ਨਹ ਜਾਨੀ।
ਅਰਥ:
ਆਦਿ ਅੰਤ ਤੋਂ ਰਹਿਤ, ਚੱਲ ਤੇ ਅਚਲ ਦਾ ਧਾਰਨ ਕਰਤਾ (ਹੈ)।
†ਅਗ੍ਰਯਮਤਿ ਮਤਾਂ ਗਜੇਯਮ ਗਜੇਯ ਮਲਿਨਾਤਮਨਾਮ੍ ॥੨॥
†ਪਾਰਬ੍ਰਹਮ ਪੂਰਨ ਪਤਿ ਸ੍ਵਾਮੀ। ਘਟ ਘਟ ਰਹਿਓ ਸੁ ਅੰਤਰਯਾਮੀ। ਘਟ ਘਟ ਰਹੈ ਲਖੈ ਨਹਿ ਕੋਈ। ਜਾਕੀ ਆਦਿ ਅੰਤ ਨਹਿ ਜਾਨੀ। ਪੰਡਤ ਕਥਾ ਗਿਆਨ ਸੁਨਮਾਨੀ। ਗਿਆਨੀ ਹੋਇ ਸੁ ਗੁਰਮੁਖ ਧਿਆਵੈ। ਖੋਜੀ ਹੋਇ ਸੁ ਖੋਜਤ ਪਾਵੈ।
ਅਰਥ:
ਜੋ ਸਭ ਦਾ ਆਗੂ, ਸੂਖਮ ਬੁਧੀ ਵਾਲੇ ਦੇ ਜਾਨਣੇ ਯੋਗ, ਅਰ ਮਲੀਨ ਆਤਮਾ ਵਾਲੇ ਦੇ ਨਾਂ ਜਾਨਣੇ ਯੋਗ ਹੈ।
ਸਰ੍ਵਦਾ ਸਰ੍ਵ ਸੇਵਜੰਹਿ ਸਰ੍ਵ ਸ਼ਾਕਿਮ ਤਨ੍ਮਯਮ੍ ॥
ਅਰਥ:
ਸਰਬਦਾ ਕਾਲ ਸਰਬ ਜੀਵਾਂ ਦੇ ਸੇਵਨੇ ਯੋਗ ਹੈ ਤੇ ਸਰਬਦਾ ਸਾਖੀ ਜਗਤ ਰੂਪ ਹੈ।
ਰਸਬੰਧਾ ਜਗਦ ਰੀਤਿੰ ਕਥਯਾਮਿ ਯਥਾ ਮਤਿ ॥੩॥
ਅਰਥ:
ਜਿਸ ਰਸ ਕਰ ਜਗਤ ਬੰਧਾਇਮਾਨ ਹੈ ਸੋ ਜਗਤ ਰੀਤੀ ਮੈਂ ਕਥਨ ਕਰਦਾ ਹਾਂ, ਜੈਸੀ ਮੇਰੀ ਮਤੀ ਹੈ।
ਸਮਾਸ਼੍ਰਿਤਜ† ਜਗਤਪਤਿੰ ਮਹਾਰਾਜ ਮਹਾਬਲਮ੍ ॥
†ਪਾਠਾਂਤ੍ਰ, ਸਮਾਸ਼੍ਰਤਜ।
ਅਰਥ:
ਭਲੀ ਪ੍ਰਕਾਰ ਜਗਤ ਦੇ ਪਤੀ ਨੂੰ ਆਸਰੇ ਕਰਕੇ ਜੋ (ਹੁਣ) ਮਹਾਰਾਜਾ ਤੇ ਬਲ ਵਾਲਾ ਹੈ (ਭਾਵ ਐਸੇ ਬਲ ਵਾਲਾ ਜੋ ਅਕਬਰ ਹੈ)।
ਮਹਾ ਤੇਜੋ ਯੁਤੰ ਨਾਥਮੇਕ ਛਤ੍ਰ ਧਰੰ ਪਰਮ੍ ॥੪॥
ਅਰਥ:
ਬਡੇ ਤੇਜ ਦੇ ਯੁਕਤ, ਪ੍ਰਜਾ ਦਾ ਸ੍ਵਾਮੀ, ਅਦੁਤੀ ਛੱਤ੍ਰਧਾਰੀ ਤੇ ਉਤਕ੍ਰਿਸ਼ਟ ਹੈ (ਅਕਬਰ)।
ਸ਼ਤ੍ਰੁ ਜਾਤ ਜਿਤੰ ਦਰਸ਼ ਪ੍ਰਜਾ ਧਰਮ੍ ਸੁਰਕਸ਼ਕਮ੍ ॥
ਅਰਥ:
ਜਿਸਨੇ ਸਰਬ ਸ਼ੱਤ੍ਰੂ ਜੀਤ ਲੀਤੇ ਹਨ, ਤੇ ਪ੍ਰਜਾ ਦੇ ਧਰਮ ਦੀ ਪਾਲਨਾ ਕਰਨੇ ਵਾਲਾ ਹੈ।
†ਇੰਦ੍ਰਪ੍ਰਸਥ ਪਤਿੰ ਭੂਪੰ ਰਾਜੰ ਮਹਾ ਵਰਮ੍ ॥੫॥
†ਚੌ:। ਜਗਪਤਿ ਰਾਜ ਕੋਟਿ ਜੁਗ ਕੀਜੈ। ਸ਼ਾਹ ਜਲਾਲ ਛਤ੍ਰ ਪਤਿ ਜੀਜੈ। ਦਿਲੀਪਤਿ ਅਕਬਰ ਸੁਲਤਾਨ। ਸਪਤ ਦੀਪ ਮੈਂ ਜਾਕੀ ਆਨ।
ਅਰਥ:
ਦਿੱਲੀ ਦਾ ਪਤੀ ਤੇ ਭੂਪਾਲ ਹੈ ਤੇ ਰਾਜਿਆਂ ਦਾ ਰਾਜਾ ਤੇ ਸ੍ਰੇਸ਼ਟ ਹੈ।

ਕੋਟਿ ਯੁਗ ਸਹਸ੍ਰਾਣਿ ਜੀਵਯਤੁ ਮਹੀਤਲੇ।
ਅਰਥ:
ਕਈ ਕ੍ਰੋੜਾਂ ਹਜ਼ਾਰਾਂ ਯੁੱਗਾਂ ਤੱਕ ਭੂਮੀ ਪਰ ਜੀਂਵਦਾ ਰਹੇ।
†ਟੋਡਰਾਮਲਜ ਸੰ ਸੇਵਜੰ ਯਕਸ਼੍ ਕਿਨ੍ਰ ਸੇਵਕਮ੍ ॥੬॥
†ਆਗੇ ਨੈਬ ਮਹਾ ਮਨ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮੱਲ ਛੱਤ੍ਰੀ॥੫॥ ਦੋ: ਗੁਣ ਗੰਧ੍ਰਬ ਕਿੰਨਰ ਸਬੈ ਜੱਛ ਰਹੇ ਹ੍ਵੈ ਚੇਰ। ਦੰਡ ਭਰੇ ਸੇਵਾ ਕਰੇਂ ਬਾਸਕ ਇੰਦ੍ਰ ਕੁਬੇਰ। ਚੌ:॥ ਇਕ ਛਤਰਾਜ ਬਿਧਾਤੇ ਕੀਨਾ। ਕਤਹੂੰ ਦੁਰਜਨ ਰਹੋ ਨ ਚੀਨਾ॥੪॥
ਅਰਥ:
ਟੋਡਰ ਮਲ ਵਜ਼ੀਰ ਜਿਸ ਦੀ ਸੇਵਾ ਕਰਦਾ ਹੈ, ਅਰਥਾਤ ਟੋਡਰ ਮਲ ਆਪਦਾ ਵਜ਼ੀਰ ਹੈ, ਤੇ ਜੱਛ ਕਿੰਨਰ ਆਪਦੇ ਸੇਵਕ ਹਨ।
ਇੰਦ੍ਰਾਦਿ ਰੁਚਿ ਮਨੁਨੁ ਮਕਬਰੰ ਵਰੰ ਨ੍ਰਿਪਮ੍ ॥
ਅਰਥ:
ਇੰਦ੍ਰ ਆਦਿਕ ਦੇਵਿਤਿਆਂ ਵਿਚ ਰੁਚੀ ਵਾਲਾ ਅਕਬਰ ਨਾਮੇ ਸ਼ੁਭ ਨਰਪਾਲਕ।
੯ ੯ ੧
ਦ੍ਵਿ ਨਵ ਚਨ੍ਦ੍ਰ ਮਿਤੇ ਬ੍ਰੇ ਯਾਵਨੇ ਭਾਖ਼ਜਤੇ ਕਥਾ॥੭॥
ਅਰਥ:
†ਦੋ ਨਾਏਂ ਤੇ ਏਕਾ (੯੯੧) ਅਰਥਾਤ ਸੰਮਤ ੯੯੧ ਯਾਵਨੀ (ਹਿਜਰੀ) ਵਿਚ ਮੈਂ (ਮਾਧਵਾਨਲ ਤੇ ਕਾਮਕੰਦਲਾ ਦੀ) ਕਥਾ ਕਹਿੰਦਾ ਹਾਂ।
†ਸੰਨ ਨੌਂ ਸੈ ਏਕਾਨਵਿ ਆਹੀ। ਕਰੋ ਕਥਾ ਅਬ ਬੋਲੋ ਤਾਹੀ।... ਪੁਹਪਾ ਵਤੀ ਨਗਰ ਇਕ ਸੁਨਾ। ਗੋਬਿੰਦ ਚੰਦ ਰਾਇ ਬਹੁ ਗੁਨਾ।
ਕਾਚਿਤ ਪੁਸ਼੍ਪਾਵਤੀ ਸ਼੍ਰੁਤਾ ਰਾਜਧਾਨੀ ਸ਼ੁਭਾ ਖਲੁ ॥
ਅਰਥ:
ਕੋਈਕ ਪੁਸ਼ਪਾਵਤੀ ਨਗਰੀ ਸੁਣੀ ਹੈ ਨਿਸ਼ਚੇ ਕਰ ਸ਼ੁਭ ਰਾਜਧਾਨੀ।
ਗੋਵਿੰਦ ਚੰਦ ਸੰ ਰਕਜਾ ਯਥੇਂਦ੍ਰੇਣਾਮਰਾਵਤੀ॥੮॥
ਅਰਥ:
ਗੋਵਿੰਦ ਚੰਦ ਰਾਜਾ ਜਿਸ ਨਗਰੀ ਦੀ ਰੱਖਜਾ ਕਰਨੇ ਵਾਲਾ ਹੈ, ਜੈਸੇ ਦੇਵਪੁਰੀ ਦੀ ਇੰਦਰ ਰਖਿਆ ਕਰਦਾ ਹੈ।
ਹੁਣ ਸਿੱਧ ਹੋ ਗਿਆ ਕਿ ੯੯੧ ਹਿਜਰੀ ਸੰਮਤ ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਦੀ ਹੈ। ੯੯੧ ਹਿਜਰੀ ਦੀ ਬਿਕ੍ਰਮੀ ਸੰਮਤ ੧੬੪੦ ਬਣਦਾ ਹੈ, ਉਸ ਨੂੰ ਜਦ ਆਲਮ ਦੇ ਉਲਥੇ ਕਰਨ ਦਾ ਸੰਮਤ ਸਮਝ ਲਿਆ ਤਾਂ ਭੁਲੇਖਾ ਲੱਗਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ੨੧ ਵਰ੍ਹੇ ਪਹਿਲਾਂ ਆਲਮ ਦੀ ਰਾਗ ਮਾਲਾ ਮੌਜੂਦ ਸੀ, ਕਿਉਂਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ੧੬੬੧ ਸੰਮਤ ਬਿ: ਵਿਚ ਬੱਝੀ ਹੈ। ਇਸ ਹਿਸਾਬ ਆਲਮ ਦੀ ਰਚਨਾਂ ਪਹਿਲੋਂ ਹੋਈ ਜਾਪਦੀ ਸੀ ਜਿਸ ਤੋਂ ਸਾਰਿਆਂ ਨੇ ਟਪਲਾ ਖਾਧਾ ਸੀ ਕਿ ਰਾਗ ਮਾਲਾ ਇੱਕੀ ਵਰ੍ਹੇ ਪਹਿਲੋਂ ਮੌਜੂਦ ਸੀ, ਤੇ ਸੰਸੇ ਕਰਨ ਵਾਲਿਆਂ ਨੇ ਖਿਆਲ ਬਣਾ ਲਿਆ ਕਿ ਕਿਸੇ ਨੇ ਕਿਸੇ ਤਰ੍ਹਾਂ ਓਥੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਗਈ। ਫਿਰ ਸੁਆਦ ਦੀ ਗਲ ਇਹ ਹੈ ਕਿ ਜੋਧ ਕਵੀ ਦੇ ਪੁਸਤਕ ਵਿਚ (ਜੋ ੯੯੧ ਹਿ: ਦਾ ਰਚਿਤ ਹੈ) ਰਾਗ ਮਾਲਾ ਹੈ ਹੀ ਨਹੀਂ। ਜੋ ਖੋਜ ਹੁਣ ਕੀਤੀ ਗਈ ਹੈ ਦੱਸਦੀ ਹੈ ਕਿ ਆਲਮ ਦਾ ਸਮਾਂ ੧੭੧੨ ਬਿ: ਸੰਮਤ ਤੋਂ ੧੭੭੪ ਬਿ: ਤਕ ਦਾ ਲਿਖਤੀ ਸਬੂਤਾਂ ਨਾਲ ਸਹੀ ਹੈ। ਸੋ ਸਦੀ ਤੋਂ ਵਧੀਕ ਮਗਰੋਂ ਜੋ ਸ਼ੈ ਰਚੀ ਗਈ ਉਸ ਦਾ ਕੋਈ ਹਿੱਸਾ ਸਦੀ ਪਹਿਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀਕੂੰ ਦਰਜ ਹੋ

ਸਕਦਾ ਸੀ, ਚਾਹੇ ਉਹ ਭਾਈ ਗੁਰਦਾਸ ਵਾਲੀ ਬੀੜ ਸੀ, ਚਾਹੇ ਭਾਈ ਬੰਨੋ ਵਾਲੀ ਸੀ। ੧੭੭੪ ਤਕ ਹਜ਼ਾਰਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਗਏ, ਸੰਮਤਾਂ ਵਾਲੀਆਂ ਬੀੜਾਂ ਮੌਜੂਦ ਹਨ, ਸਭ ਪਰ ਰਾਗ ਮਾਲਾ ਹੈ।

ਆਲਮ ਬਾਬਤ ਵਿਸ਼ੇਸ਼ ਖੋਜ ਇਸ ਪ੍ਰਕਾਰ ਹੈ। ਸ਼ਿਵ ਸਿੰਹ ਸਰੋਜ ਨਾਮੇ ਹਿੰਦੀ ਕਵੀਆਂ ਦੇ ਹਾਲਾਤ ਦੀ ਪੋਥੀ ਵਿਚ ਆਲਮ ਕਵਿ ਦਾ ਸੰਮਤ ੧੭੧੨ ਦਿੱਤਾ ਹੈ।

ਨਾਗਰੀ ਪ੍ਰਚਾਰਨੀ ਸਭਾ ਬਨਾਰਸ ਨੇ 'ਹਿੰਦੀ ਸ਼ਬਦ ਸਾਗਰ' ਅਰਥਾਤ 'ਹਿੰਦੀ ਭਾਸ਼ਾ ਦਾ ਇਕ ਵ੍ਰਿਹਤ ਕੋਸ਼' ਨਾਮ ਦਾ ਗ੍ਰੰਥ ੪੮ ਸੰਚੀਆਂ ਵਿਚ ਪ੍ਰਕਾਸ਼ਤ ਕੀਤਾ ਹੈ, ਇਹ ਕੋਸ਼ ਲੱਖ ਕੁ ਰੁਪਏ ਦੇ ਖਰਚ ਨਾਲ ੨੦ ਕੁ ਸਾਲਾਂ ਵਿਚ ਸਮਾਪਤ ਹੋਇਆ ਹੈ। ਇਸ ਕੋਸ਼ ਦੇ ਤਿਆਰ ਕਰਾਉਣ ਵਿਚ ਕਈ ਹਿੰਦੂ ਰਾਜਿਆਂ ਤੇ ਯੂ. ਪੀ. ਦੀ ਗਵਰਨਮੈਂਟ ਨੇ ਮਾਇਕ ਸਹਾਇਤਾ ਦਿੱਤੀ ਤੇ ਪ੍ਰਸਿੱਧ ਪੰਡਿਤਾਂ ਨੇ ਤਿਆਰ ਕੀਤਾ ਹੈ। ਇਸ ਕੋਸ਼ ਦੀ ਪ੍ਰਸਤਾਵਨਾ ਦੇ ਪੰਨੇ ੧੭੨ ਤੇ ਆਲਮ ਕਵਿ ਦਾ ਕਵਿਤਾ ਕਾਲ ੧੭੪੦ ਬਿ: ਤੋਂ ੧੭੬੦ ਬਿ: ਤਕ ਦਾ ਦਿੱਤਾ ਹੈ, ਇਸ ਤੋਂ ਸਹੀ ਹੋਇਆ ਕਿ ਇਸ ਪ੍ਰਸਤਾਵਨਾ ਦੇ ਵਿਦਵਾਨ ਲੇਖਕਾਂ ਨੂੰ ਆਲਮ ਕਵਿ ਦੇ ਰਚਿਤ ਪੁਸਤਕ ੧੭੪੦ ਤੋਂ ੧੭੬੦ ਤੱਕ ਦੇ ਦੇਖਣ ਵਿਚ ਆਏ ਹਨ।

ਹੁਣ ਵਿਸ਼ੇਸ਼ ਖੋਜ ਇਸ ਪਾਸੇ ਲਿਜਾਂਦੀ ਹੈ ਕਿ ਮਾਧਵਾਨਲ ਕਾਮ ਕੰਦਲਾਂ ਨੂੰ ਆਲਮ ਨੇ ਕਿਸ ਸੰਮਤ ਵਿਚ ਉਲਥਾ ਕੀਤਾ? ਆਲਮ ਜੀ ਦੀ ਮਾਧਵਾਨਲ ਕਾਮ ਕੰਦਲਾ ਦੇ ਅੰਤ ਵਿਚ (ਨਾਗਰੀ ਅਖਰਾਂ ਵਿਚ ਲਿਖਤੀ ਦੀ ਮਿਲੀ ਇਕ ਪੁਰਾਤਨ ਪੋਥੀ ਵਿਚ) ਉਸ ਦਾ ਸੰਮਤ ਓਹਨਾਂ ਨੇ ਆਪ ਇੰਜ ਲਿਖਿਆ ਹੈ:-

੪ ੭ ੭ ੧

ਦੋਹਰਾ:

ਬੇਦ ਦ੍ਵੀਪ ਮੁਨਿ ਇੰਦ ਧਰਿ ਸਵਿਤਾ ਜੁਵਤਿ ਗਤਾਨ।
ਹੰਸ ਵਾਰ ਥਿਤ ਅਸ਼ਟਮੀ ਸ਼ਾਕਾ ਬਿੱਕ੍ਰਮ ਜਾਨ॥

ਅਰਥਾਤ:

ਸੰਮਤ ੧੭੭੪ ਬਿ: ਮਹੀਨਾ ਭਾਦ੍ਰੋਂ, ਦਿਨ ਐਤ, ਸੁਦੀ ਪੱਖ ਦੀ ਅਸ਼ਟਮੀ ਸੀ। ਅਸੀਂ ਹੁਣ ਏਥੇ ਅੱਪੜੇ ਕਿ ੧੭੧੨ ਸੰਮਤ ਲੈ ਕੇ ੧੭੭੪ ਤਕ ਕਵਿ ਆਲਮ ਇਸ ਸੰਸਾਰ ਵਿਚ ਸੇ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਤੋਂ ੧੧੩ ਸਾਲ ਪਿੱਛੋਂ ਮਾਧਵਾਨਲ ਕਾਮ ਕੰਦਲਾ ਕਿੱਸਾ ਉਸ ਨੇ ਲਿਖਿਆ ਹੈ। 'ਸ਼ਿਵ ਸਿੰਹ ਸਰੋਜ' 'ਹਿੰਦੀ ਸ਼ਬਦ ਸਾਗਰ' ਤੇ ਆਲਮ ਕਵਿ ਦੀ ਆਪਣੀ ਲਿਖਤ 'ਮਾਧਵਾ ਨਲ ਕਾਮ ਕੰਦਲਾ' ਦੇ ਵਿਚ ਦਿਤੇ ਸੰਮਤਾਂ ਤੋਂ ਇਹ ਬੀ ਸਪਸ਼ਟ ਹੋ ਗਿਆ ਕਿ ਆਲਮ ਕਵਿ ਦਸਮ ਪਾਤਸ਼ਾਹ ਦੇ ਸਮੇਂ ਹੋਇਆ ਹੈ। ਇਸ ਗਲ ਨੂੰ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਮੰਨਿਆ ਹੈ ਤੇ ਇਹੋ ਗੱਲ ਸੌ ਸਾਖੀ ਤੇ ਬਾਬਾ ਸੁਮੇਰ ਸਿੰਘ ਜੀ ਦੇ ਗੁਰ ਬਿਲਾਸ ਵਿਚ ਵੀ ਇਉਂ ਹੀ ਮੰਨੀ ਗਈ ਹੈ, ਸੋ ਆਲਮ ਦਾ ਸਮਾਂ ਗੁਰੂ ਦਸਮੇਸ਼ ਜੀ ਦੇ ਸਮੇਂ ਨਾਲ ਟਾਕਰਾ ਖਾਂਦਾ ਇਧਰੋਂ ਬੀ ਸਿਧ ਹੋ ਗਿਆ ਤੇ ਉੱਪਰ ਲਿਖੇ ਸਿਖ ਇਤਿਹਾਸਕਾਰਾਂ ਨੇ ਆਲਮ ਨੂੰ ਦਸਮ ਗੁਰੂ ਜੀ ਦੇ ਦਰਬਾਰ ਆਇਆ ਮੰਨਿਆਂ ਹੈ। ੫੨ ਕਵੀਆਂ ਵਿਚ ਇਸ ਦਾ ਨਾਮ ਦਰਜ ਹੈ।

ਹੁਣ ਵਿਚਾਰ ਇਥੇ ਸਫਾ ਅੱਪੜ ਗਈ ਕਿ ਜੋ ਪੋਥੀ ਮਾਧਵਾਨਲ ਦੀ ੧੧੩ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਮਗਰੋਂ ਰਚੀ ਗਈ, ਸੋ ਉਸ ਦੀ ਦਿਤੀ ਰਾਗ ਮਾਲਾ ਅਸੰਭਵ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੧੩ ਸਾਲ ਆਪਣੇ ਰਚੇ ਜਾਣ ਤੋਂ ਬੀ ਪਹਿਲਾਂ ਚੜ੍ਹ ਸਕੇ। ੯੯੧ ਹਿ: ਵਾਲੀ ਜੋਧ ਕਵੀ ਦੀ ਸੰਸਕ੍ਰਿਤ ਕਾਮ ਕੰਦਲਾ ਵਿਚ ਰਾਗ ਮਾਲਾ ਹੈ ਹੀ ਨਹੀਂ। ੯੯੧ ਹਿਜਰੀ ਅਰਥਾਤ ੧੬੪੦ ਬਿ: ਤੋਂ ਹੀ ਟਪਲਾ ਮੈਕਾਲਫ ਨੇ ਖਾਧਾ ਹੈ, ਪਰ ਫਿਰ ਬੀ ਭਾਈ ਸੰਤੋਖ ਸਿੰਘ ਤੇ ਮੈਕਾਲਫ ਦੋਵੇਂ ਆਪਣੀ ਹੈਰਾਨੀ ਤੇ ਅਗਜਾਨਤਾ ਆਪ ਜ਼ਾਹਰ ਕਰਦੇ ਹਨ ਕਿ 'ਪਤਾ ਨਹੀਂ ਲਗਦਾ

ਕਿਵੇਂ ਇਹ ਪਵਿੱਤ੍ਰ ਬੀੜ ਵਿਚ ਚੜ੍ਹ ਗਈ।' ਉਹਨਾਂ ਨੂੰ ਜੇ ਇਹ ਪਤਾ ਹੁੰਦਾ ਕਿ ੯੯੧ (੧੬੪੦ ਬਿ:) ਸੰਮਤ ਸੰਸਕ੍ਰਿਤ ਪੁਸਤਕ ਦਾ ਹੈ, ਆਲਮ ਤਾਂ ੧੭੧੨ ਤੋਂ ੧੭੭੪ ਬਿ: ਸੰਮਤ ਵਿਚ ਹੋਇਆ ਹੈ ਤਾਂ ਉਹਨਾਂ ਦੀ ਹੈਰਾਨੀ ਦੂਰ ਹੋ ਜਾਂਦੀ ਤੇ ਜੋ ਕੁਛ ਲਿਖਿਆ ਹੈ ਨੇ ਨਾ ਲਿਖਦੇ।

ਫਿਰ ਆਲਮ ਆਪਣੇ ਦੀਬਾਚੇ ਵਿਚ ਲਿਖਦਾ ਹੈ ਕਿ 'ਮੈਂ ਸੰਸਕ੍ਰਿਤ ਦਾ ਤਰਜਮਾਂ ਕੀਤਾ ਹੈ, ਕੁਛ ਪਰਾਈ ਰਚਨਾਂ ਵਿਚ ਪਾਈ ਹੈ ਕੁਛ ਆਪ ਜੋੜੀ ਹੈ। ਇਸ ਤੋਂ ਬੀ ਸਹੀ ਹੁੰਦਾ ਹੈ ਕਿ ਰਾਗਮਾਲਾ ਉਸ ਨੇ ਪਰ ਕ੍ਰਿਤ ਲਈ ਹੈ।

ਯਥਾ:

"ਕਿਛ ਆਪਨ ਕਿਛ ਪਰ ਕ੍ਰਿਤ ਚੋਰੇ। ਯਥਾਸ਼ਕਤ ਕੇ ਅੱਖਰ ਜੋਰੇ।"

ਆਲਮ ਦਸਮੇਂ ਪਾਤਸ਼ਾਹ ਦੇ ਕਵੀਆਂ ਵਿਚ ਹੋਇਆ ਹੈ, ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਉਸ ਨੇ ਗੁਰੂ ਦਰਬਾਰ ਕਈ ਵੇਰ ਸੁਣੀ ਹੋਊ, ਸੋ ਸੱਚ ਦੇ ਨੇੜੇ ਤੋਂ ਨੇੜੇ ਇਹ ਗੱਲ ਜਾਪਦੀ ਹੈ ਕਿ ਉਸ ਨੇ ਇਹ ਸੁਣੀ ਹੋਈ ਗੁਰੂ ਰਾਗਮਾਲਾ ਆਪਣੀ ਰਚਨਾ ਵਿਚ ਲਿਖ ਦਿੱਤੀ। (ਵਿਸਥਾਰ ਲਈ ਦੇਖੋ ਗਜਾਨੀ ਸਾਹਿਬ ਸਿੰਘ ਜੀ ਧਮਧਾਣ ਨਿਵਾਸੀ ਜੀ ਦੀ ਨਵੀਨ ਖੋਜ 'ਰਾਗਮਾਲਾ ਪ੍ਰਬੋਧ' ਅਤੇ ਖਾ: ਟ੍ਰੈ: ਸੁਸਾਇਟੀ ਦਾ 'ਗੁਰੂ ਗ੍ਰੰਥ ਕੋਸ਼' ਅੰਤਕਾ ੨।)

ਰਾਗਮਾਲਾ ਦੇ ਪਦ ਜੋੜ (ਹਿਜੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹਨ। ਕਰਤਾਰ ਪੁਰ ਵਾਲੀ ਬੀੜ ਵਿਚ ਰਾਗਮਾਲਾ ਤੇ ਬਾਕੀ ਸਾਰੀ ਬਾਣੀ ਦੀ ਲਿਖਤ ਇਕੋ ਹੱਥ ਦੀ ਹੈ।

ਦੂਜਾ ਟਪਲਾ ਮੁੰਦਾਵਣੀ ਦਾ ਅਰਥ ਮੁਹਰ ਛਾਪ ਕਰਨਾ ਹੈ। ਮੁੰਦਾਵਣੀ ਲਫਜ਼ ਹੁਣ ਤਕ ਪੋਠੋਹਾਰ ਵਿਚ ਬੋਲਦੇ ਹਨ। ਜੰਞ ਵੇਲੇ ਥਾਲ ਬੰਨ੍ਹਣ ਵੇਲੇ ਦੀ ਬੁਝਾਰਤ ਨੂੰ ਮੁੰਦਾਵਣੀ ਕਹਿੰਦੇ ਹਨ, ਜੋ ਬੁੱਝੇ ਬਿਨਾਂ ਜੰਞ ਰੋਟੀ ਨਹੀਂ ਖਾ ਸਕਦੀ। ਸੋਰਠਿ ਰਾਗ ਵਿਚ ਮੁੰਦਾਵਣੀ ਹੈ, ਜੇ ਮੁਹਰ ਛਾਪ ਹੁੰਦੀ ਤਾਂ ਸੋਰਠ ਤੇ ਹੀ ਭੋਗ ਪੈ ਜਾਂਦਾ। ਓਥੇ ਮੁੰਦਾਵਣੀ ਮੁੰਦਾਵਣੀ ਹੈ, ਏਥੇ ਮੁੰਦਾਵਣੀ ਖੁਹਲੀ ਹੈ। ਮੁੰਦਾਵਣੀਆਂ ਦੋਹਾਂ ਵਿਚ ਥਾਲ ਤੇ ਥਾਲ ਵਿਚ ਪਰੋਸੇ ਭੋਜਨਾਂ ਦਾ ਕਥਨ ਹੈ, ਜਿਸ ਤੋਂ ਸਫੁਟ ਹੈ ਕਿ ਇਹ ਮੁੰਦਾਵਣੀ ਜੰਞ ਦੀ ਰੋਟੀ ਵੇਲੇ ਦਾ ਅਲੰਕਾਰ ਵਰਤਿਆ ਹੈ। (ਵਿਸਥਾਰ ਲਈ ਦੇਖੋ ਖਾ: ਟ੍ਰੈ: ਸੁਸੈਟੀ ਦਾ ਗੁਰੂ ਗ੍ਰੰਥ ਕੋਸ਼ ਪਦ-ਮੁੰਦਾਵਣੀ)। ਮੁੰਦਾਵਣੀ ਦੇ ਸ਼ਲੋਕ ਦਾ ਭਾਵ ਇਹ ਹੈ ਕਿ ਸਿੱਖ ਨੂੰ ਹਰ ਵੇਲੇ ਕਰਨ ਯੋਗ ਕੰਮ, ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਅੰਸ਼, 'ਸਤ ਸੰਤੋਖ, ਅੰਮ੍ਰਿਤ ਨਾਮ' ਇਸ ਬਾਣੀ ਵਿਚ ਦੱਸਿਆ ਹੈ।

ਰਾਗ ਨਾਮ ਸਭਿ ਜਾਨਹਿਂ ਰਾਗੀ
ਇਹ ਕਾਰਨ ਲਿਖ ਦਈ ਪ੍ਰਬੀਨ।
ਸ੍ਰੀ ਗੁਰ ਗਿਰਾ ਨਾਮ ਹਰਿ ਕੇ ਬਿਨ
ਸੰਤਨ ਮਹਿਮਾ ਬਿਨ ਨਹਿਂ ਕੀਨਿ[1]।

[1]ਬੀੜ ਦੇ ਆਦਿ ਵਿਚ ਦੋ ਤਤਕਰੇ, ਬੀੜ ਦੇ ਵਿਚ ਰਾਗਾਂ ਦੇ ਸਿਰਨਾਵੇਂ; ਧੁਨਾਂ, ਘਰ ਆਦਿ ਪਤੇ; ਸ਼ੁਧ, ਜੋੜ ਆਦਿ ਨਿਸ਼ਾਨ; ਮੌਜੂਦ ਹਨ ਤਿਵੇਂ ਗੁਰਮਤ ਸੰਗੀਤ ਦੀ ਕੁੰਜੀ ਰਾਗਮਾਲਾ ਆ ਗਈ।

ਭਰਜੋ ਮਹਦ ਫਲ ਪਠਿਬੇ ਸੁਨਿਬੇ
ਲਿਖਿਬੇ ਗੁਨਿਬੇ, ਚਹੈ ਸੁ ਲੀਨ
॥੪੧॥
ਧੰਨ ਜਨਮ ਜਿਨ ਲਿਖ੍ਯੋ ਭਾਉ ਧਰਿ
ਸਫਲ ਹਾਥ ਅਪਨੇ ਕਰਿ ਤਾਂਹਿ।

ਪਠਹਿ ਪ੍ਰੇਮ ਤੇ ਹਰਖਹਿ ਉਰ ਮਹਿਂ
ਪੁਲਕਹਿ ਝਲਕਹਿ ਜਲ ਦ੍ਰਿਗ ਮਾਂਹਿ।
ਹਰਖਹਿਂ ਜਨੁ, ਅੰਮ੍ਰਿਤ ਕੋ ਬਰਖਹਿਂ,
ਤਰਕਹਿਂ[1] ਬਿਸ਼ਯ, ਗੁਨਨਿ ਅਵਿਗਾਹਿ[2]।
ਸੇ ਨਰ ਪਰੇ ਪਾਰ, ਨਹਿਂ ਜਨਮਹਿਂ
ਸੁਨਹਿਂ ਏਕ ਮਨ ਥਿਰਤਾ ਪਾਹਿਂ ॥੪੨॥

[1]ਤਿਆਗਦੇ ਹਨ। [2]ਗੁਣਾਂ ਨੂੰ ਵਿਚਾਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਭਾਟਨਿ ਕੋ ਪ੍ਰਸੰਗ' ਬਰਨੰਨ ਨਾਮ ਅਠਤਾਲੀਸਮੋ[†] ਅੰਸੂ ॥੪੮॥

[†]ਇਥੇ ਪਾਠ 'ਸੈਤਾਲੀਸਮੋ' ਸੀ, ਪਰ ਸੈਂਤਾਲੀਸਵਾ ਅੰਸੂ ਪਿਛੇ ਆ ਚੁੱਕਾ ਹੈ, ਇਸ ਕਰਕੇ ਅਸਾਂ ਅੰਸੂਆਂ ਦੀ ਤਰਤੀਬ ਅਨੁਸਾਰ ਪਾਠ ਅਠਤਾਲੀਸਮੋਂ ਕਰ ਦਿੱਤਾ ਹੈ, ਤੇ ਅਗਲੇ ਅੰਸੂਆਂ ਦੀ ਤਰਤੀਬ ਭੀ ਅਸਾਂ ਠੀਕ ਕਰ ਦਿਤੀ ਹੈ। ਹੋਰ ਕਈ ਲਿਖਤੀ ਨੁਸਖਿਆਂ ਵਿਚ ਬੀ ਤੇ ਕਿਧਰੇ ਕਿਧਰੇ ਇਸ ਰਾਸ ਵਿਚ ਬੀ ਅੰਸੂਆਂ ਦੀ ਤਰਤੀਬ ਗ਼ਲਤ ਹੈ।

# ੪੯. [ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਭਯੋ ਗ੍ਰਿੰਥ ਸਾਹਿਬ ਰੁਚਿਰ, ਭੋਗ ਪਾਇਬੇ ਹੇਤ।
ਅਨਿਕ ਭਾਂਤਿ ਉਤਸਾਹ ਕੀ, ਤਯਾਰੀ ਕਰੀ ਸੁਚੇਤ ॥੧॥

ਤੋਟਕ ਛੰਦ:

ਬਹੁ ਕੀਨਿ ਤਿਹਾਵਲ ਮੇਲਿ ਭਯੋ।
ਸਭਿ ਸੰਗਤਿ ਸ਼੍ਰੌਨ ਸੁਨਾਇ ਦਯੋ।
ਅਬਿ ਗ੍ਰੰਥ ਸਪੂਰਨ ਹੋਇ ਗਯੋ।
ਦਰਸੈਂ ਸਭਿ ਆਨਿ ਉਛਾਹ ਕਯੋ ॥੨॥

ਨਰ ਨਾਰਿ ਅਨੰਦ ਬਿਲੰਦ ਕਰੇ।
ਸਰ ਰਾਮ ਜਹਾਂ ਤਹਿਂ ਆਨ ਥਿਰੇ।
ਲਘੁ ਦੁੰਦਭਿ ਬਾਜਿ[1] ਨਫੀਰਨ ਸੋਂ। [1]ਵੱਜੀ।
ਬਡ ਹੋਤਿ ਕੁਲਾਹਲ ਭੀਰਨਿ ਸੋਂ ॥੩॥

ਉਤਸਾਹਤਿ ਸੰਗਤਿ ਆਵਤਿ ਹੈ।
ਬਹੁ ਭਾਂਤਿ ਪ੍ਰਸਾਦਨਿ ਲਯਾਵਤਿ ਹੈ।
ਫਲ ਫੂਲਨਿ ਕੋ ਨਿਜ ਹਾਥ ਧਰੇ।
ਸੁਭਿ ਚੀਰ ਸ਼ਰੀਰ ਸਭੇ ਪਹਿਰੇ ॥੪॥

ਲਖਿ ਸ਼੍ਰੀ ਗੁਰ ਏਕਲ ਬੈਠਿ ਰਹੈਂ।
ਤਬਿ ਆਇ ਕਲੀ[1] ਇਮ ਬਾਕ ਕਹੈ। [1]ਕਲਜੁਗ ਨੇ।
ਕਰਿ ਕੀਰਤਿ ਕੋ ਕਰ ਜੋਰਿ ਰਹਯੋ।
'ਗੁਰ ਜੀ ਅਵਤਾਰ ਉਦਾਰ ਲਹਯੋ ॥੫॥

ਅਬਿ ਮੋਹਿ ਸਮੋਂ ਜਗ ਮੋਂ ਬਰਤਯੋ।
ਗਨ ਔਗੁਨ ਮਾਨਵ ਕੇ ਕਰਤਯੋ[1]। [1]ਮਨੁਖਾਂ ਦੇ ਬਹੁਤੇ ਪਾਪ ਕਰਦਿਆਂ।
ਸਠ ਕ੍ਰੂਰ ਕਲੁਖਨ ਪ੍ਰੀਤ ਮਹਾਂ[1]। [1]ਮੂਰਖਾਂ ਤੇ ਨਿਰਦਈਆਂ ਦੀ ਪਾਪਾਂ ਵਿਚ ਪ੍ਰੀਤੀ ਬਹੁਤ ਹੈ।
ਸੁਭ ਮਾਰਗ ਤਯਾਗ ਜਹਾਂ ਰੁ ਕਹਾਂ ॥੬॥

ਤੁਮ ਗ੍ਰਿੰਥੈ ਰਚਯੋ ਗੁਨ ਪੂਰਨ ਹੈ।
ਉਰ ਬ੍ਰਿੰਦ ਬਿਕਾਰਨਿ ਚੂਰਨ ਹੈ।
ਜਗ ਮੈਂ ਮਗ ਸ਼੍ਰੇਯ ਦਿਖਾਵਨਿ ਕੋ।
ਸਤਿਨਾਮ ਮੁਕੰਦ ਜਪਾਵਨਿ ਕੋ ॥੭॥
ਸਤਿ ਸੰਗਤਿ ਕੋ ਬਿਸਤਾਰ ਮਹਾਂ।
ਪਸਰੈ ਗੁਰ ਸਿੱਖਯ ਜਹਾਂ ਰੁ ਕਹਾਂ।
ਅਬਿ ਮੋਹਿ ਸਥਾਨ ਬਤਾਇ ਦਿਜੈ।
ਜਹਿਂ ਬਾਸ ਕਰੌਂ, ਤੁਮ ਮੇਲਿ ਲਿਜੋ ॥੮॥
ਬਿਨ ਆਇਸੁ ਰਾਵਰ ਕੀ ਕਰਿਬੇ।
ਬਲ ਨਾ ਮੁਝ ਪਾਇ ਕਹੂੰ ਧਰਿਬੇ[1]।

[1]ਕਿਧਰੇ ਪੈਰ ਧਰਨ ਦੀ ਮੇਰੇ ਵਿਚ ਤਾਕਤ ਹੀ ਨਹੀਂ ਰਹੀ।

ਇਸ ਕਾਰਨ ਤੇ ਤੁਮ ਪਾਸ ਅਯੋ।
ਹਿਤ ਬਾਸਿਬ[1] ਕੇ ਬਿਨਤੀ ਸੁ ਕਿਯੋ ॥੯॥

[1]ਵੱਸਣ।

ਜਹਿਂ ਗ੍ਰੰਥ ਸੁ ਪਾਠ ਕਰੈਂ ਧੁਨਿ ਕੋ।
ਬਲ ਹੀਨ ਬਨੌਂ ਤਬਿ ਹੀ ਸੁਨਿ ਕੋ।
ਤੁਮ ਸੰਗਤਿ ਬੀਚ ਬਸੌਂ ਜਬਿਹੂੰ।
ਅਸ ਕਾਲ ਬਤਾਇ ਦਿਜੈ ਅਬਿ ਹੂੰ ॥੧੦॥
ਸ਼ਰਨੀ ਤੁਮ ਆਨਿ ਪਰਯੋ ਲਖਿਯੋ।
ਮਮ ਦੀਨ ਅਨਾਥ ਦਿਸ਼ਾ ਪਿਖਿਯੋ[1]।'

[1]ਮੈਂ ਦੀਨ ਤੇ ਅਨਾਥ ਵੱਲ ਤੱਕੋ।

ਇਮ ਬਾਕ ਕਲੀ ਜਬਿ ਦੀਨ ਲਹੇ।
ਤਬਿ ਸ਼੍ਰੀ ਗੁਰ ਹੋਇ ਪ੍ਰਸੰਨ ਕਹੇ ॥੧੧॥
'ਸਤਿਨਾਮ ਉਚਾਰਨਿ ਹੋਤਿ ਜਹਾਂ।
ਕਬਿ ਪਾਇ[1] ਨ ਧਾਰੋ ਜਾਇ ਤਹਾਂ।

[1]ਪੈਰ।

ਜਬਿ ਆਇ ਕਰਾਹੁ ਸਭਾ ਧਰਿਯੇ।
ਅਰਦਾਸ ਖਰੇ ਹੁਇ ਕੈ ਕਰਿਯੇ ॥੧੨॥
ਬਰਤਾਵਨਿ ਲਾਗਿ ਸੁ ਆਪਸ ਮੈਂ।
ਜੁਤ ਰੌਰ ਪ੍ਰਵੇਸ਼ਹੁ ਤਾਂਹਿ ਸਮੈ।

ਬਰਤਾਵਤਿ ਜਾਵਤ ਸੰਗਤਿ ਮੈਂ।
ਰਹੁ ਤਾਵਤ ਬਾਸਹੁ ਪੰਗਤਿ ਮੈਂ'
॥੧੩॥
ਇਮ ਆਇਸੁ ਪਾਇ ਕਲੀ ਹਰਖਜੋ।
ਅਬਿ ਲੌ ਤਿਹ ਕਾਲ ਬਿਖੈ[1] ਪਰਖਜੋ।
ਜਬਿ ਹੋਇ ਤਿਹਾਵਲ ਆਵਤਿ ਹੈ।
ਬਡ ਰੌਰ ਕਰੇ ਬਰਤਾਵਤਿ ਹੈਂ ॥੧੪॥
ਪੁਨ ਸ੍ਰੀ ਗੁਰ ਬੈਠਿ ਦਿਵਾਨ ਲਗਜੋ।
ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਜੋ।
ਸਭਿ ਬੀਚ ਸੁਹਾਵਤਿ ਗ੍ਰੰਥ ਧਰਜੋ।
ਕਰਿ ਸੇਵਕ ਸੁੰਦਰ ਚੌਰ ਫਿਰਜੋ
॥੧੫॥
ਲਗਿ ਢੇਰ ਪ੍ਰਸ਼ਾਦਿ ਗਯੋ ਸੁ ਤਹਾਂ।
ਬਹੁ ਲਜਾਵਤਿ ਸਿੱਖ ਅਨੰਦ ਮਹਾਂ।
ਸ਼ੁਭ ਫੂਲਨਿ ਮਾਲ ਬਿਸਾਲ ਕਰੇ।
ਬਹੁ ਰੰਗਨਿ ਕੇ ਬਿਚ ਗੁੰਫ ਧਰੇ
॥੧੬॥
ਗਰ ਸ਼੍ਰੀ ਗੁਰ ਕੇ ਸਿਖ ਪਾਵਤਿ ਹੈਂ।
ਬਹੁ ਭਾਂਤਿਨ ਫੂਲ ਚਢਾਵਤਿ ਹੈਂ।
ਸ਼ੁਭ ਮਾਲ ਸੁ ਫੂਲ ਬਿਸਾਲ ਲਏ।
ਗੁਰ ਗ੍ਰੰਥ ਸਮੀਪ ਚਢਾਇ ਦਏ
॥੧੭॥
ਬਹੁ ਧੂਪ ਸੁ ਆਗਿ ਧੁਖਾਵਤਿ ਹੈਂ।
ਘਸਿ ਚੰਦਨ ਕੇਸਰ ਪਾਵਤਿ ਹੈਂ।
ਚਰਚੈਂ ਅਰਚੈਂ[1] ਸਿਖ ਪ੍ਰੀਤ ਧਰੈ।
ਗਨ ਸੰਖ ਬਜਾਵਤਿ ਫੂਕ ਭਰੈਂ ॥੧੮॥
ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ।
ਜਯਕਾਰ ਸਭੈ ਇਕ ਬਾਰ ਰਰੈਂ।
ਕਰ ਧਾਰਿ ਰਬਾਬ ਸਤਾਰ ਬਜੈ।
ਸਬਦਾਨਿ ਸੁ ਗਾਇ ਸੁ ਰਾਗ ਸਜੈ[1]
॥੧੯॥

[1]ਤਿਸ ਸਮੇਂ, ਭਾਵ ਕੜਾਹ ਪ੍ਰਸ਼ਾਦ ਸਮੇਂ ਵਿਚ।

[1]ਛਿੜਕਨਾ ਪੂਜਣਾ।

[1]ਰਾਗਾਂ ਵਿਚ ਸਜਾਕੇ।

ਬਹੁ ਭੀਰ ਭਈ ਦਿਸ਼ਿ ਚਾਰਹੁੰ ਮੈਂ।
ਹੁਇ ਮੰਗਲਤਾ ਉਤਸਾਹੁ ਸਮੈ।
ਬਰਤਜੋ ਸੁ ਪ੍ਰਸਾਦਿ ਕਲੀ ਪ੍ਰਵਿਸ਼ਜੋ।
ਬਡ ਰੌਰ ਪਰਜੋ ਸਭਿ ਬੀਚ ਧਸਜੋ†
॥੨੦॥

†ਬਹੁਤੀਆਂ ਭੀੜਾਂ ਵਿਚ ਕੜਾਹ ਪ੍ਰਸ਼ਾਦ ਵਰਤਣ ਸਮੇਂ ਦੇ ਕੁਲਾਹਲ ਦਾ ਇਕ ਅਲੰਕਾਰਕ ਵਰਣਨ ਹੈ। ਜਿਸ ਸਮੇਂ ਦੀ ਇਹ ਵਾਰਤਾ ਦੱਸੀ ਹੈ ਤਦੋਂ ਕੜਾਹ ਪ੍ਰਸ਼ਾਦ ਸਤਿਗੁਰਾਂ ਦੀ ਮਿਹਰ ਸਮਝ ਕੇ ਹਰ ਕੋਈ ਪਿਆਰ ਨਾਲ ਲੈਣ ਦਾ ਚਾਹਵਾਨ ਹੁੰਦਾ ਸੀ, ਜਿਸ ਸਮੇਂ ਕਵਿ ਜੀ ਹੋਏ ਹਨ ਤਦੋਂ 'ਮੈਨੂੰ ਬਹੁਤ ਗੱਫਾ ਮਿਲੇ ਤੇ ਛੇਤੀ ਮਿਲੇ' ਭਾਵ ਪ੍ਰਵੇਸ਼ ਕਰ ਰਿਹਾ ਸੀ। ਇਹ ਅਲੰਕਾਰ ਵਰਣਨ ਗਾਲਬਨ ਕਵਿ ਜੀ ਤੋਂ ਪੁਰਾਣਾ ਹੈ ਤੇ ਉਨ੍ਹਾਂ ਸੁਣਕੇ ਤੇ ਪ੍ਰਸਾਦ ਸਮੇਂ ਲੋਭੀ ਯਾਚਕਾਂ ਦਾ ਦ੍ਰਿਸ਼ਯ ਦੇਖਕੇ ਲਿਖਿਆ ਹੈ। ਸ਼ਾਯਦ ਪ੍ਰਯੋਜਨ ਇਹ ਹੋਵੇ ਕਿ ਉਸ ਰੌਲੇ ਨੂੰ ਕਲਜੁਗ ਆਯਾ ਸਮਝਕੇ ਲੋਭੀ ਲੋਕ ਸ਼ਾਂਤੀ ਨਾਲ ਪ੍ਰਸ਼ਾਦ ਲੈ ਲਿਆ ਕਰਨ।

ਤਬਿ ਸ਼੍ਰੀ ਗੁਰ ਜਾਨਿ ਗਏ ਕਲਿ ਕੋ।
ਨਿਜ ਹੇਰਿ ਸਮਾਂ ਕਿਯ ਹੈ ਬਲ ਕੋ।
ਬਡ ਹੋਤਿ ਕੁਲਾਹਲ ਮੰਗਲ ਕੋ।
ਤਿਹ ਕਾਲ ਕਿਯੋ ਕਲਿ ਦੰਗਲ ਕੋ[1] — [1]ਕਲਯੁਗ ਨੇ ਦੰਗਾ ਫਸਾਦ।
॥੨੧॥

ਸਭਿ ਸੰਗਤਿ ਨੇ ਦਰਸ਼ੰਨ ਕਰਜੋ।
ਪਗ ਪੰਕਜ ਪੈ ਨਿਜ ਸੀਸ ਧਰਜੋ।
ਪੁਨ ਜਾਤਿ ਭਏ ਨਿਜ ਧਾਮਨਿ ਕੋ।
ਹਰਖੰਤਿ ਲਗੇ ਨਿਜ ਕਾਮਨਿ ਕੋ
॥੨੨॥

ਗਨ ਮੰਗਤ ਕੋ ਗੁਰ ਦੇਖਿ ਤਬੈ।
ਧਨ ਦੇਤਿ ਭਏ ਕਰ[1] ਲੀਨਿ ਸਭੈ। — [1]ਹੱਥ ਵਿਚ।
ਨਹਿਂ ਛੂਛ ਗਯੋ ਗੁਰ ਕੇ ਦਰ ਤੇ।
ਪਟ[1] ਦੀਨਿ ਕਿਸੂ ਇਛ ਜੋ ਧਰਤੇ[2] — [1]ਬਸਤ੍ਰ। [2]ਰਖਦੇ ਸੀ।
॥੨੩॥

ਨਰ ਬ੍ਰਿੰਦ ਜੁ ਬਾਦਿ[1] ਬਜਾਵਤਿ ਹੈਂ। — [1]ਵਾਜੇ।
ਗਨ ਰਾਗਨਿ ਕੋ ਮੁਖ ਗਾਵਤਿ ਹੈਂ।
ਸਭਿ ਕੌ ਧਨ ਦੀਨਿ ਪ੍ਰਸੰਨ ਕਰੇ।
'ਸੁਤ ਜੀਵਹੁ' ਆਸ਼ਿਖਤਾ[1] ਉਚਰੇ — [1]ਅਸ਼ੀਰਵਾਦ।
॥੨੪॥

ਇਮ ਗ੍ਰਿੰਥ ਸਮਾਪਤਿ ਆਪ ਕਰਜੋ।
ਬਹੁ ਭਾਂਤਿ ਮਹਾਤਮ ਕੋ ਉਚਰਜੋ।

'ਸਰ ਰਾਮ ਸ਼ਨਾਨਹਿਂ ਆਨਿ ਨਰੰ।
ਦਰਸੈਂ ਇਸ ਥਾਨ ਜੁ ਭਾਉ ਧਰੰ ॥੨੫॥
ਗਨ ਪਾਪਨਿ ਖਾਪਤਿ[1] ਸੋ ਛਿਨ ਮੈਂ। [1]ਨਾਸ਼ ਕਰਾ ਲੈਣਗੇ।
ਗੁਰ ਕੀ ਸ਼ਰਧਾ ਬਰਧੈ[1] ਮਨ ਮੈਂ।' [1]ਵਧੇਗੀ।
ਉਠਿ ਸ਼੍ਰੀ ਗੁਰ ਆਵਤਿ ਭੇ ਪੁਰਿ[1] ਕੋ। [1]ਸ਼ਹਿਰ।
ਗੁਰਦਾਸ ਸਮੇਤ ਸੁਧੀ ਉਰ ਕੋ[1] ॥੨੬॥ [1]ਸ੍ਰੇਸ਼ਟ ਬੁੱਧੀ ਵਾਲੇ ਭਾਈ ਗੁਰਦਾਸ ਸਮੇਤ।
ਲਿਯ ਸੰਗ ਸੁ ਗ੍ਰਿੰਥਹਿ ਆਪਨਿ ਕੈ[1]। [1]ਆਪਣੇ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਏ।
ਹਰਿ ਮੰਦਰਿ ਮੈਂ ਬਰ[1] ਥਾਪਨਿ ਕੈ[2]। [1]ਸ੍ਰੇਸ਼ਟ। [2]ਸਥਾਪਨ ਕੀਤਾ।
ਹੁਇ ਪੂਜ ਸਦਾ ਇਸ ਥਾਨ ਬਿਖੈ।
ਬਹੁਰੋ ਸਮੁਦਾਇ ਪਠੈਂ ਸੁ ਲਿਖੈਂ ॥੨੭॥
ਇਸ ਭਾਂਤਿ ਕਰਜੋ ਘਰ ਫੇਰ ਗਏ।
ਪਦ ਬੰਦਤਿ ਗੰਗ ਅਨੰਦੁ ਕਿਏ।
ਨਿਸ ਬਾਸੁ ਕਰੈਂ ਘਰ ਫੇਰ ਸਦਾ।
ਹਰਿ ਮੰਦਰਿ ਆਵਹਿਂ ਪ੍ਰਾਤ ਜਦਾ[1] ॥੨੮॥ [1]ਸਵੇਰ ਹੁੰਦੀ ਹੈ ਜਦੋਂ।
ਤਹਿਂ ਬੈਠਹਿਂ ਦਯੋਸ ਬਿਤਾਵਤਿ ਹੈਂ।
ਗੁਰਦਾਸ ਤਿ[1] ਪਾਠ ਕਰਾਵਤਿ ਹੈਂ। [1]ਤੋਂ।
ਤਬਿ ਆਪ ਸੁਨੈਂ ਸਿਖ ਹੋਇਂ ਘਨੇ।
ਧਰਿ ਪ੍ਰੇਮ ਮਹਾਂ ਸਤਿਨਾਮ ਭਨੇਂ ॥੨੯॥
ਨਿਤ ਰੀਤਿ ਇਸੀ ਸੁ ਬਿਤੀਤ ਕਰੈਂ।
ਦਰਸੈ ਗਨ ਸੰਗਤਿ ਮੋਦ ਭਰੈ[1]। [1]ਅਨੰਦ ਨਾਲ ਪੂਰਤ।
ਬਹੁ ਦੇਸ਼ ਬਿਦੇਸ਼ਨਿ ਤੇ ਚਲਿ ਕੈ।
ਅਰਪੈਂ ਧਨ ਆਨਿ ਗੁਰੂ ਮਿਲਿ ਕੈ ॥੩੦॥
ਪਰਸੀ ਇਹੁ ਬਾਤ ਜਹਾਂ ਰੁ ਕਹਾਂ।
ਗੁਰ ਗ੍ਰਿੰਥ ਰਚਯੋ ਫਲ ਜਾਂਹਿ ਮਹਾਂ।
ਕਰਿ ਚਾਉ ਧਰੈਂ ਉਰ ਭਾਉ ਨਰੰ[1]। [1]ਪੁਰਸ਼।

ਸਭਿ ਆਇ ਬਿਲੋਕਨਿ ਪਾਸ ਗੁਰੰ
॥੩੧॥
ਕਰਿ ਪ੍ਰੀਤਿ ਸੁਨੈਂ ਸਤਿਨਾਮ ਜਪੈਂ।
ਤਿਨ ਪਾਪ ਕਲਾਪਨਿ[1] ਤਾਪ ਖਪੈਂ[2]। [1]ਸਮੂਹ। [2]ਨਾਸ਼ ਹੁੰਦੇ ਹਨ।
ਨਿਜ ਧਾਮਨਿ ਜਾਇ ਸੁਨਾਇੰ ਤਬੈ।
ਦਰਸੈਂ ਹਮ ਭੀ[1] ਉਮਗੰਤਿ ਸਭੈ [1]ਦਰਸ਼ਨ ਕਰੀਏ ਅਸੀਂ ਬੀ।
॥੩੨॥
ਦੋਹਰਾ: [†]ਪਾ:-ਕੀ।
ਮਾਂਗਟ ਵਾਸੀ ਸਿੱਖ੍ਯ ਜੋ[†], ਬੰਨੋ ਜਿਸ
ਕੋ ਨਾਮ।
ਬਹੁ ਸੰਗਤਿ ਲੇ ਸੰਗ ਨਿਜ, ਦਰਸੈ[1] [1]ਦਰਸ਼ਨ ਨੂੰ ਆਯਾ।
ਗੁਰ ਅਭਿਰਾਮ ॥੩੩॥
ਚੌਪਈ:
ਸੁਨਿ ਬੰਨੋ ਸਗਰੀ ਗੁਰ ਕਥਾ।
ਕਰਜੋ ਗ੍ਰਿੰਥ ਸਭਿ ਬੇਦਨਿ ਮਥਾ।
ਗਨ ਸੰਗਤਿ ਲੇ ਕਰਿ ਤਬਿ ਆਯੋ।
ਧਰੀ ਉਪਾਇਨ ਪਗ ਲਪਟਾਯੋ
॥੩੪॥
ਸਭਿ ਸੰਗਤਿ ਨੇ ਦਰਸ਼ਨ ਕੀਨਸਿ।
ਸੁਨਹਿਂ ਗ੍ਰਿੰਥ ਸਾਹਿਬ ਹਿਤ ਦੀਨਸਿ[1]। [1]ਪ੍ਰੇਮ ਕਰਕੇ।
ਕੇਤਿਕ ਦਿਨ ਬਾਸੇ ਗੁਰ ਤੀਰ[1]। [1]ਪਾਸ।
ਲਿਯੇ ਸੰਗ ਸੰਗਤਿ ਕੀ ਭੀਰ ॥੩੫॥
ਭਯੋ ਤਯਾਰ ਗਰ ਅੰਚਰ ਡਾਰੀ।
ਬਿਨਤੀ ਸ਼੍ਰੀ ਗੁਰ ਅੱਗ੍ਰ ਉਚਾਰੀ।
'ਨਾਮ ਗਰੀਬ ਨਿਵਾਜ ਤੁਮਾਰਾ।
ਨਿਸ ਬਾਸੁਰ ਠਾਨਤਿ ਉਪਕਾਰਾ
॥੩੬॥
ਕਲਿ ਕੇ ਨਰਨਿ ਉਧਾਰਨਿ ਕਾਰਨ।
ਸਮ ਜਹਾਜ ਕਿਯ ਗ੍ਰਿੰਥ ਸੁਧਾਰਨਿ।
ਸਭਿ ਦਾਸਨਿ ਕਹੁ ਰਾਖਤਿ ਮਾਨੁ[1]। [1]ਮਾਨ।
ਮਨ ਬਾਂਛਤਿ ਦਿਹੁ ਕ੍ਰਿਪਾ ਨਿਧਾਨੁ

॥੩੭॥
ਦੀਜਹਿ ਗ੍ਰਿੰਥ ਸਾਹਿਬ ਹਮ ਮਾਂਗਾ[1]। [1]ਮਾਂਗਵਾਂ।
ਸਭਿ ਸਿੱਖਨਿ ਕੋ ਮਨ ਅਨੁਰਾਗਾ।
ਦੇਸ਼ ਬਿਖੈ ਸੰਗਤਿ ਸਮੁਦਾਈ।
ਦਰਸ਼ਨ ਕਰਯੋ ਚਹਤਿ ਹਿਤ ਲਾਈ
॥੩੮॥
ਅਬਿ ਲੌ ਲਿਖ੍ਯੋ ਗਯੋ ਨਹੀਂ ਦੂਜਾ।
ਜਿਸ ਲੇ ਜਾਹਿਂ ਕਰਹਿਂ ਤਿਹ ਪੂਜਾ।
ਸਭਿ ਸੰਗਤਿ ਕੀ ਹੈ ਇਹ ਬਿਨਤੀ।
ਘਰ ਤੇ ਚਲਤਿ ਕੀਨਿ ਇਮ ਗਿਨਤੀ'
॥੩੯॥
ਸੁਨਿ ਸ਼੍ਰੀ ਅਰਜਨ ਰਿਦੇ ਬਿਚਾਰੀ।
-ਇਹ ਜਾਚਨ ਇਨ ਕੀਨਸਿ ਭਾਰੀ।
ਕਿਮ ਹਮ ਦੇਯ ਸਕਹਿਂ ਇਕ ਹੋਵਾ।
ਨਹਿਂ ਦੇਂ ਸਿੱਖ੍ਯ ਮਾਨ ਕੋ ਖੋਵਾ[1]- [1]ਸਿੱਖ ਦਾ ਮਾਨ ਖੋਇਆ ਜਾਂਦਾ ਹੈ।
॥੪੦॥
ਦੂਜੋ ਲਿਖ੍ਯੋ ਜਾਇ ਇਸ ਜੈਸੇ।
ਤੌ ਸੁਖੈਨ ਦੈਬੋ ਇਹ ਲੈਸੇ[1]। [1]ਤਦ ਦੇਣਾ ਤੇ ਇਨ੍ਹਾਂ ਦਾ ਲੈਣਾ ਸੁਖੈਨ ਹੈ।
ਅਬਿ ਤੋ ਤਯਾਰ ਏਕ ਹੀ ਅਹੈ।
ਕਿਸ ਪ੍ਰਕਾਰ ਇਹ ਸਿਖ ਸੋਂ ਕਹੈਂ
॥੪੧॥
ਇਕ ਤੋ ਸੰਗਤਿ ਕੋ ਮੁਹਰੇਲੀ।
ਆਇ ਸੰਗ ਬਹੁ ਹੋਇ ਸਕੇਲੀ।
ਦੂਜੈ ਪ੍ਰੇਮੀ ਅਹੈ ਮਹਾਨਾਂ।
ਨਹੀਂ ਦੇਹਿਂ ਤੋ ਹਤਿ ਹੁਇ ਮਾਨਾ
॥੪੨॥
ਕਿਤਿਕ ਕਾਲ ਤੁਸ਼ਨਿ ਭਗਵੰਤੇ।
-ਦੇਹਿਂ ਕਿ ਨਹੀਂ- ਰਿਦੇ ਚਿਤਵੰਤੇ।
ਪੁਨ ਬੋਲੇ ਸ਼੍ਰੀ ਗੁਰੂ ਗੁਸਾਈਂ।
'ਬਿਖਮ ਬਾਤ ਇਹ ਬੰਨੋ ਭਾਈ!
॥੪੩॥

ਬਿਨਤੀ ਕਰਤਿ ਰਹ੍ਯੋ ਹੁਇ ਠਾਂਢੋ।
ਲੈਬੇ ਗ੍ਰਿੰਥ ਪ੍ਰੇਮ ਉਰ ਬਾਢੋ।
ਅਹੈ ਏਕ ਕਿਮ ਦਿਯੋ ਨ ਜਾਈ।
ਤਬਿ ਤੇਰੋ ਮਾਨ ਸੁ ਘਟ ਜਾਈ ॥੪੪॥
ਅਨਬਨ ਬਨੀ ਕਹੈਂ ਕਜਾ ਤੋਹੀ।
ਅਬਿ ਸੁਨਿ ਲੇਹੁ ਨੀਕ[1] ਜਿਮ ਹੋਹੀ।
ਅਪਨੀ ਪੁਰੀ ਰਾਖਿ ਇਕ ਰਾਤੀ।
ਲੇ ਕਰਿ ਹਟਹੁ ਹੋਇ ਜਬਿ ਪ੍ਰਾਤੀ ॥੪੫॥
ਦੁਤਿਯ ਰਾਤਿ ਰਾਖਹੁ ਨਹਿਂ ਕੈਸੇ।
ਅਬਿ ਲੇ ਜਾਹੁ ਲਜਾਇ ਪੁਨ ਤੈਸੇ।
ਅਦਬ ਸਾਥ ਰਾਖਹੁ ਚੁਕਸਾਈ।
ਸੰਗਤਿ ਅਲਿਬਾਲਹਿ[1] ਸਮੁਦਾਈ' ॥੪੬॥
ਇਮ ਕਹਿ ਦਯੋ ਗ੍ਰਿੰਥ ਲੇ ਚਾਲਾ।
ਸੰਗਤਿ ਜਿਸ ਕੇ ਸੰਗ ਬਿਸਾਲਾ।
ਨਿਕਸਿ ਗੁਰੂ ਪੁਰਿ[1] ਰਿਦੈ ਬਿਚਾਰਾ।
-ਕਿਮ ਇਹ ਲਿਖ੍ਯੋ ਜਾਇ ਅਬਿ ਸਾਰਾ ॥੪੭॥
ਏਕ ਨਿਸਾ ਗੁਰ ਆਇਸੁ ਭਨੀ।
ਲਿਖ੍ਯੋ ਜਾਇ ਕਿਮ ਹੈ ਅਨਬਨੀ।
ਤਬਿ ਬਿਚਾਰ ਉਰ ਮਹਿਂ ਹੁਇ ਆਵਾ।
-ਡੇਰਾ ਕਰਹਿਂ ਕੋਸ ਇਕ ਠਾਵਾ ॥੪੮॥
ਤਬਹਿ ਲਿਖਾਰੀ ਦੀਏ ਲਗਾਇ।
ਲਿਖਹੁ ਸ਼ਿਤਾਬੀ ਅਰੁ ਸਮੁਦਾਇ।
ਅਪਨ ਪੁਰੀ ਲਗਿ ਇਕ ਇਕ ਕੋਸ।
ਡੇਰਾ ਗਰਤਿ ਲਿਖ੍ਯੋ ਆਧੋਸੁ[1] ॥੪੯॥
ਇਕ ਨਿਸ ਬਸਿ ਕਰਿ ਨਿਜ ਘਰ ਮਾਂਹੂੰ।

[1]ਭਲੀ (ਬਾਤ)।

[1]ਵੇਸ਼ਟਤ, ਚਾਰੋਂ ਪਾਸੇ।

[1]ਅੰਮ੍ਰਿਤਸਰ ਤੋਂ।

[1]ਅੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ।

ਹੋਏ ਕੋਸ ਇਕ ਡੇਰਾ ਰਾਹੂ[1]।
ਤਿਸੀ ਪ੍ਰਕਾਰ ਸੁਧਾਸਰ ਆਏ।
ਆਵਤਿ ਜਾਂ ਤੇ ਸਰਬ ਲਿਖਾਏ ॥੫੦॥
ਕੇਤਿਕ ਸ਼ਬਦ ਲਿਖੇ ਅਧਿਕਾਈ।
ਆਏ ਪੁਨ ਸ੍ਰੀ ਗੁਰ ਅਗਵਾਈ।
ਜੁਗਲ ਗ੍ਰਿੰਥ ਸਾਹਿਬ ਧਰਿ ਦੀਨੇ।
ਅਧਿਕ ਜੁ ਹੁਤੇ ਸੁਨਾਵਨਿ ਕੀਨੇ ॥੫੧॥
ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ।
'ਲਿਖਿ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿਂ ਰਖਹੁ ਲਿਖਾਵੋ।
ਨਹਿਂ ਇਕ ਗ੍ਰਿੰਥ ਬਿਖੈ ਸੋ ਪਾਵੋ ॥੫੨॥ ⚐

[1]ਰਾਹ ਵਿਚ ਡੇਰਾ ਕੀਤਾ।

⚐ਇਹ ਬੀ ਪਰੰਪਰਾ ਤੋਂ ਗੱਲ ਚਲੀ ਆਈ ਹੈ ਕਿ ਭਾਈ ਬੰਨੋ ਦੀ ਬੀੜ ਨੂੰ ਗੁਰੂ ਜੀ ਨੇ ਇਸੇ ਵੇਲੇ 'ਖਾਰੀ ਬੀੜ' ਕਿਹਾ। ਇਹ ਬੀੜ ਮਾਂਗਟ ਜ਼ਿਲਾ ਗੁਜਰਾਤ ਵਿਚ ਹੈ, ਓਥੇ ਗੁਰਦਵਾਰਾ ਹੈ ਤੇ ਉਹੋ ਬੀੜ ਭਾਈ ਬੰਨੋ ਜੀ ਵਾਲੀ ਮੌਜੂਦ ਹੈ, ਇਸ ਪਰ ਬੀ ਰਾਗ ਮਾਲਾ ਮੌਜੂਦ ਹੈ। ਬਹੁਤੇ ਉਤਾਰੇ ਪੁਰਾਤਨ ਏਸੇ ਬੀੜ ਦੇ ਮਿਲਦੇ ਹਨ, ਕਿਉਂਕਿ ਇਹ ਬੀੜ ਉਤਾਰੇ ਲਈ ਸੌਖੀ ਲੱਭਦੀ ਸੀ, ਅਸਲੀ ਬੀੜ ਨਿਤਾਪ੍ਰਤਿ ਸ੍ਰੀ ਹਰਿਮੰਦਰ ਜੀ ਵਿਖੇ ਪ੍ਰਕਾਸ਼ਤ ਹੁੰਦੀ ਸੀ, ਉਤਾਰਿਆਂ ਦਾ ਸਮਾਂ ਨਹੀਂ ਬਣਦਾ ਸੀ, ਫਿਰ ਭਾਈ ਗੁਰਦਾਸ ਜੀ ਵਾਲੀ ਬੀੜ ਧੀਰਮਲੀਆਂ ਦੇ ਹੱਥ ਆ ਗਈ ਤਾਂ ਇਨ੍ਹਾਂ ਨੇ ਇਸ ਡਰ ਕਰਕੇ ਕਿ ਹੋਰ ਇਸ ਨਾਲ ਦੀਆਂ ਨਾ ਵਧਣ ਉਤਾਰੇ ਲੱਗਦੇ ਚਾਰੇ ਨਹੀਂ ਕਰਨ ਦਿੱਤੇ। ਦਸਮੇਂ ਪਾਤਸ਼ਾਹ ਜੀ ਨੇ ਦਮਦਮੇਂ ਜੋ ਬੀੜ ਉਚਾਰੀ ਉਸਤੋਂ ਚਾਰ ਯਾ ਪੰਜ ਉਤਾਰੇ ਹੋਏ ਤੇ ਫਿਰ ਪ੍ਰਚਾਰ ਵਧਿਆ। ਦਮਦਮੇਂ ਸਾਹਿਬ ਇਕ ਬੀੜ ਸੁਣੀਂਦੀ ਹੈ ਜੋ ਕਰਤਾਰ ਪੁਰ ਵਾਲੀ ਨਾਲ ਬਾਬਾ ਦੀਪ ਸਿੰਘ ਜੀ ਨੇ ਸੋਧੀ ਸੀ। ਕਿਤੇ ਕਿਤੇ ਕੋਈ ਟਾਵਾਂ ਨਮੂਨਾ ਹੈ ਕਿ ਲਿਖਤੀ ਬੀੜ ਵਿਚ ਅਖੀਰਲੀ ਤਰਤੀਬ ਕੁਛ ਬਦਲੀ ਦਿਸਦੀ ਹੈ, ਓਹ ਕਾਰੇ ਯਾ ਭੁੱਲਾਂ ਹਨ ਯਾ ਓਹ ਮਨਮਤਾਂ ਦੇ ਹਨ। ਅੰਮ੍ਰਿਤਸਰ ਠਾਕਰਾਂ ਦੇ ਡੇਰੇ ਇਕ ਸਾਧੂ ਸੋਭਾ ਸਿੰਘ ਨੇ ਰਾਗਮਾਲਾ ਤੋਂ ਬਿਨਾਂ ਬੀੜ ਲਿਖੀ ਸੀ, ਪੰਥ ਨੇ ਅਕਾਲ ਤਖਤ ਸਾਹਿਬ ਇਕੱਤ੍ਰ ਹੋਕੇ ਸ੍ਰਾਪ ਦਿੱਤਾ, ਉਸਦੀ ਜ਼ਬਾਨ ਬੰਦ ਹੋ ਗਈ, ਫੇਰ ਤਖਤ ਸਾਹਿਬ ਆਕੇ ਭੁੱਲ ਬਖਸ਼ਾਈ ਤਾਂ ਵੱਲ ਹੋਇਆ। ਇਹ ਗੱਲ ਅਸਾਂ ਆਪ ਬਿਰਧਾਂ ਤੋਂ ਸੁਣੀ ਹੈ ਜਿਨ੍ਹਾਂ ਨੂੰ ਨਿਜ ਪਤਾ ਇਸ ਵਾਕਿਆ ਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਤਬਦੀਲੀ ਦਾ ਕੋਈ ਵਸੀਕਾਰ ਕਿਸੇ ਇਕ ਯਾਂ ਬਹੁਤਿਆਂ ਨੂੰ ਨਹੀਂ ਹੈ। ਭਸੌੜ ਦੇ ਬਾਬੂ ਤੇਜਾ ਸਿੰਘ ਨੇ ਕੁਛ ਸਮਾਂ ਹੋਇਆ ਤਾਂ ਰਾਗਮਾਲਾ ਬਿਨਾਂ ਬੀੜ ਛਾਪਣ ਦੀ ਵਿਉਂਤ ਵਿਉਂਤੀ ਤੇ ਕੋਰਸਾਂ ਦੇ ਬਹਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਛਾਪੀਆਂ, ਰਾਗਮਾਲਾ ਨਾ ਛਾਪੀ ਤੇ ਹੋਰ ਬੀ ਵਾਧੇ ਘਾਟੇ ਕੀਤੇ। ਇਸ ਉਤੇ ਪੰਥ ਵਿਚ ਅਤਿ ਨਾਰਾਜ਼ਗੀ ਫੈਲੀ। ਗੁਣੀਆਂ, ਗਜਾਨੀਆਂ, ਸੰਤਾਂ, ਮਹੰਤਾਂ, ਗੁਰਦਵਾਰਿਆਂ ਦੇ ਸੇਵਕਾਂ, ਡੇਰੇਦਾਰਾਂ, ਸਿੰਘ ਸਭਾਵਾਂ, ਸਾਰੇ ਦੀਵਾਨਾਂ, ਪੰਥਕ ਆਸ਼ਮਾਂ, ਤਖਤ ਸਾਹਿਬਾਨ ਤੇ ਸਿੱਖ ਸੰਪ੍ਰਦਾਵਾਂ, ਸੰਗਤਾਂ ਵਲੋਂ ਸਖਤ ਸਜ਼ਾ ਦੇਣ ਦੇ ਗੁਰਮਤੇ ਆਏ। ਸ਼੍ਰੋਮਣੀ ਗੁਰਦਵਾਰਾ ਕਮੇਟੀ ਨੇ ਸਮੂਹ ਪੰਥ ਦਾ ਇਕੱਠ ੧੦

ਜੁਲਾਈ ੧੯੨੮ ਈ: ਨੂੰ ਅਕਾਲਬੁੰਗੇ ਸਾਹਿਬ ਕੀਤਾ ਤੇ ਬਾਬੂ ਜੀ ਨੂੰ ਪੰਥ ਤੋਂ ਖਾਰਜ ਕੀਤਾ ਗਿਆ। ਇਸ ਫ਼ੈਸਲੇ ਅਨੁਸਾਰ ਜੋ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਇਆ ਇਹ ਹੈ:-

ੴ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਅਕਾਲ ਜੀ ਸਹਾਇ

ਹੁਕਮਨਾਮਾ

ਵੱਲੋਂ

ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਹੈ ਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਿਰਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤਿ ਵਿਰੁੱਧ ਕਾਰਵਾਈਆਂ ਕੀਤੀਆਂ ਹਨ।

ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।

ਕੋਈ ਸਿੱਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ, ਨਾ ਆਪਣੇ ਪਾਸ ਰੱਖੇ, ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਯਾ ਹੋਰ ਜਿਸ ਕਿਸੇ ਪਾਸ ਹੋਣ ਉਹ ਸ੍ਰੀ ਅਕਾਲ ਤਖਤ ਸਾਹਿਬ ਘੱਲ ਦੇਣ।

੨੬ ਸਾਵਣ ਸੰ: ਨਾਨਕਸ਼ਾਹੀ ੪੫੯

ਬਿਕ੍ਰਮੀ ੧੯੮੫

੯ ਅਗਸਤ ਸੰ: ਈਸਵੀ ੧੯੨੮

ਮੋਹਰ ਸ੍ਰੀ ਅਕਾਲ ਤਖ਼ਤ ਸਾਹਿਬ।

ਰਾਗਮਾਲਾ ਸੰਬੰਧੀ ਖੋਜ ਲਈ ਦੇਖੋ ਪਿਛਲੇ ਅੰਸੂ ਦੇ ਅੰਕ ੪੧ ਦੀ ਟੂਕ ਤੇ ਖਾ: ਟ੍ਰੈ: ਸੁ: ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਅੰਤਕਾ ੨।

**ਯਾ ਤੇ ਭਈ ਬੀੜ ਦ੍ਵੈ ਗ੍ਰਿੰਥ।**
**ਲਿਖਤਿ ਪਢਤਿ ਸ੍ਰੀ ਸਤਿਗੁਰ ਪੰਥ।**
**ਸੁਨਤਿ ਪਠਤਿ ਜਿਨ ਰਿਦੈ ਬਸਾਈ।**
**ਤਿਨ ਪਰ ਕਵਿ ਪੁਨ ਪੁਨ ਬਲਿ ਜਾਈ**
॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸ੍ਰੀ ਗ੍ਰਿੰਥ ਸਾਹਿਬ ਬੀੜ ਪ੍ਰਸੰਗ' ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਸ਼੍ਰੀ ਹਰਿਮੰਦਰ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਕਿਤਿਕ ਕਹਤਿ ਹੈਂ ਗ੍ਰਿੰਥ ਕੋ, ਜਿਲਤ ਬੰਧਾਵਨਿ ਕਾਜ[1]।
ਭੇਜਯੋ ਲਵਪੁਰਿ ਨਗਰ ਕੋ, ਗੁਰੁ ਗਰੀਬ ਨਿਵਾਜ ॥੧॥
ਤਹਿਂ ਆਵਤਿ ਜਾਂ ਤੇ ਲਿਖਯੋ ਬੰਨੋ ਗ੍ਰਿੰਥ ਦੁਤੀਯ।
ਮਹਿਮਾ ਸ਼੍ਰੀ ਸਤਿਗੁਰੂ ਕੀ ਸਭਿ ਬਿਧਿ ਉੱਤਮ ਥੀਯ ॥੨॥

ਸ੍ਵੈਯਾ:

ਸੰਮਤ ਸੋਲਹਿ ਸੈ ਇਕ ਸਾਠਹਿ
ਭਾਦਵ ਕੀ ਸੁਦਿ ਏਕਮ ਜਾਨੋ।
ਗ੍ਰਿੰਥ ਸਮਾਪਤਿ ਸ਼੍ਰੀ ਗੁਰ ਕੀਨਿ
ਮਹਾਂ ਉਤਸਾਹ ਗੁਰੂ ਘਰ ਠਾਨੋ।
ਸੰਗਤਿ ਦੇਸ਼ ਬਿਦੇਸ਼ਨਿ ਕੀ
ਸੁਨਿ ਕੈ ਮਨ ਆਨੰਦ ਦੀਰਘ ਮਾਨੋ।
ਦੇਖਨਿ ਆਵਤਿ ਭਾਉ ਬਧਾਵਤਿ
ਕੋ ਲਿਖਵਾਵਨਿ ਕੋ ਹਿਤਵਾਨੋ[1] ॥੩॥
ਬੰਨੋ ਆਦਿਕ ਹੈਂ† ਸਿੱਖ ਸੰਗਤਿ
ਸ਼੍ਰੀ ਗੁਰ ਬੈਠਿ ਦਿਵਾਨ ਲਗਾਯੋ।
ਸ਼੍ਰੀ ਹਰਿ ਗੋਬਿੰਦ ਪਾਸ ਬਿਰਾਜਤਿ
ਚੰਦ ਮਨੋ ਪਰਵਾਰ ਸੁਹਾਯੋ।
ਸੀਖ[1] ਲਗੇ ਸਭਿ ਕੋ ਤਬਿ ਦੇਵਨਿ
ਸ਼੍ਰੇਯ ਭਰਯੋ ਬਚ ਯੌਂ ਫੁਰਮਾਯੋ।
'ਗ੍ਰਿੰਥ ਜਹਾਜ ਸੁ ਭੌਜਲ ਕੋ
ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ ॥੪॥
ਸ਼੍ਰੀ ਗੁਰ ਕੇਰ ਸਰੀਰ ਜੁਊ
ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ।

[1]ਲਈ।

[1]ਪ੍ਰੇਮੀ।

†ਪਾ:-ਬੰਨੋ ਤੇ ਆਦਿਕ।

[1]ਸਿੱਖਿਆ।

ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ
ਉੱਤਮ ਹੈ ਸਭਿ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂ ਤੇ ਹੈ ਦੀਰਘ
ਸਾਹਿਬ ਜਾਨਿ ਅਦਾਇਬ ਕੈ ਹੈ।
ਪੂਜਹੁ ਚੰਦਨ ਕੇਸਰ ਕੋ ਘਸਿ
ਧੂਪ ਧੁਖਾਇ ਕੈ ਫੂਲ ਚਢੈ ਹੈ ॥੫॥
ਜੋ ਲਿਖਿ ਲੇਹਿ ਭਲੇ ਤਬਿ ਸੋਧਹਿ
ਅਖਰ ਸੋਂ ਲਗ ਕੀ ਚੁਕਸਾਈ।
ਪਾਠ ਸਮਸਤ ਕਰੈ ਬੁਧਿ ਸੋਂ
ਪਿਖਿ ਪੂਰਬ ਕੇ ਸਮ ਲੇਹਿ ਬਨਾਈ।
ਆਪ ਤੇ ਘਾਟ ਨ ਬਾਧ ਕਰੈ,
ਜਿ ਕਰੈ, ਹੁਇ ਮੂਰਖ ਸੋ ਪਛੁਤਾਈ।
ਔਰ ਬਨਾਇ ਨਵੋਂ ਨ ਲਿਖੈ[1]
ਬਿਚ ਕਾਬਜ, ਰਚੈ, ਸੁ ਰਚੌ ਪ੍ਰਿਥਕਾਈ[1] ॥੬॥
ਚੌਦਹਿ ਲੋਕ ਤੇ ਹੋਇ ਬਲੀ,
ਬਲ ਕੋ ਜਰ[1] ਜਾਇ ਰਿਦੇ ਮਹਿਂ ਜੋਈ।
ਸੋ ਉਪਕਾਰ ਕੇ ਕਾਰਨ ਕੋ
ਸਿਰ ਦੇ ਹੁਇ ਸੰਮੁਖ ਧੀਰ ਧਰੋਈ।
ਆਪਨੀ ਬਾਨੀ ਚਢਾਵਹਿ ਸੋ
ਇਕ, ਹੋਇ ਇਸੋ[1] ਨਹਿਂ ਦੂਸਰ ਕੋਈ।
ਪੂਜਹਿ ਜੋ ਇਛ ਧਾਰਿ ਸੁ ਪੂਜਹਿ[1]
ਸ੍ਰੇਯ ਲਹੈ ਜਮ ਪੀਰ ਨ ਹੋਈ ॥੭॥
ਬੇਦ ਪੁਰਾਨ ਮਹਾਂਨ ਮਹਾਤਮ
ਜਾਂਹਿ ਬਖਾਨ ਕਰੈਂ ਸਮੁਦਾਏ।
ਅੰਤ ਨ ਪਾਵਤਿ ਸ਼ੇਸ਼ ਨ ਸ਼ਾਰਦ
ਨੇਤਿ ਹੀ ਨੇਤਿ ਅਸ਼ੇਸ਼ ਬਤਾਏ।
ਜੋ ਸਰਬੋਤਮ ਜੋ ਸਰਬਾਸ੍ਰਿਯ
ਤਾਂਹੀ ਕੇ ਨਾਮ ਇਸੀ ਮਹਿਂ ਗਾਏ।
ਨਾਮ ਸੁ ਨਾਮੀ ਕੋ ਭੇਦ ਨਹੀਂ

[1]ਹੋਰ ਨਵੀਂ ਕਵਿਤਾ ਬਣਾਕੇ ਨਾ ਲਿਖੇ।
[1]ਜੇ ਕੁਈ ਕੁਛ ਰਚੇ ਤਾਂ ਵਖਰਾ ਰਖੇ ਬੀੜ ਵਿਚ ਨਾ ਚਾੜ੍ਹੇ।
[1]ਸਹਾਰ।
[1]ਐਸਾ।
[1]ਜੋ ਇੱਛਾ ਧਾਰਕੇ ਪੂਜੇਗਾ ਸੋ (ਉਸ ਦੀ) ਪੂਰਨ ਹੋਵੇਗੀ।

ਇਹ ਮੂਰਤਿ ਸ੍ਰੀ ਕਰਤਾਰ ਸੁਹਾਏ
॥੮॥
ਜੇਤਿਕ ਗ੍ਰੰਥ ਅਦਾਇਬ ਰਾਖਹਿ
ਤੇਤਿਕ ਹੀ ਫਲ ਪਾਵਹਿਗੋ।
ਧੂਪ ਧੁਖਾਇ ਘਸਾਇ ਕੈ ਚੰਦਨ
ਕੇਸਰ ਕੋ† ਅਰਚਾਵਹਿਗੋ। †ਪਾ:-ਸੋ।
ਭਾਵਨੀ ਧਾਰਿ ਕੈ ਚਾਹਿ ਉਮਾਹਤਿ[1] [1]ਖੁਸ਼ੀ ਨਾਲ ਚਾਹਕੇ।
ਦਯੋਸ ਪ੍ਰਤੀ ਦਰਸਾਵਹਿਗੋ।
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ
ਹੀ[1] ਉਪਦੇਸ਼ ਬਸਾਵਹਿਗੋ ॥੯॥ [1]ਹਿਰਦੇ ਵਿਚ।
ਦੇਖਤਿ ਹੀ ਕਰ ਜੋਰਿ ਦੁਊ
ਮਨ ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ।
ਔਰਨਿ ਕੋ ਉਪਦੇਸ਼ ਕਰੈ
ਲਿਖਿ ਆਪ ਇਸੇ ਕੌ ਲਿਖਾਵਹਿਗੋ।
ਪ੍ਰੇਮ ਕਰੈ ਘਰ ਮੈਂ ਅਸਥਾਪਹਿ
ਪਾਠ ਸੁਨੇ ਹਰਖਾਵਹਿਗੋ।
ਸੋ ਜਗ ਬੰਧਨ ਛੇਦਨ ਕੈ
ਨਰ ਅੰਤ ਗਤੀ ਸ਼ੁਭ ਪਾਵਹਿਗੋ
॥੧੦॥
ਕਾਰਜ ਹੋਇ ਸੰਪੂਰਨ ਬਾਂਛਤਿ
ਪਾਠ ਕਰੈ ਕਿ ਕਰਵਾਹਿਗੋ।
ਭੋਗ ਪਰੇ ਕਰਿਵਾਇ ਤਿਹਾਵਲ
ਆਪ ਖਰੋ ਹੁਇ ਜਾਵਹਿਗੋ।
ਹਾਥ ਕੋ ਜੋਰਿ ਕਰੈ ਅਰਦਾਸ
ਮਨੋਰਥ ਕੋ ਮਨ ਲਜਾਵਹਿਗੋ।
ਕਯੋਂ ਨ ਕਹੋ ਤਿਹ ਪੂਰਨ ਹ੍ਵੈ
ਚਿਤ ਚਾਹਤਿ ਸੋ ਨਰ ਪਾਵਹਿਗੋ
॥੧੧॥
ਸਿੱਖ ਸਰੀਰ ਤਜੈ ਤਿਸ ਪੀਛਹਿ
ਗ੍ਰੰਥ ਕੋ ਪਾਠ ਕਰਾਵਹਿਗੋ।
ਪੋਸ਼ਸ਼[1] ਕੋ ਅਰਪੈ ਤਬਿ ਪਾਠਕ [1]ਪੌਸ਼ਾਕ।

ਭੋਜਨ ਚਾਰੁ ਖੁਲਾਵਹਿਗੋ।
ਔਰ ਜਥਾ ਸ਼ਕਤੀ ਤਿਹ ਸੇਵਹਿ
ਲਜਾਇ ਕਰਾਹੁ ਬ੍ਰਤਾਵੈਗੋ।
ਸੋ ਸਿਖ ਹੋਇ ਸੁਖੇਨ ਮਹਾਂ,
ਪਰਲੋਕ ਬਿਖੈ ਹਰਖਾਵਹਿਗੋ ॥੧੨॥
ਔਰ ਕਹਾਂ ਲਗਿ ਜੇ ਜਗ ਕਾਰਜ
ਪਾਠ ਕਰੇ ਸਿਧ ਹੋਵਹਿੰਗੇ।
ਸੰਤ ਮਹੰਤ ਚਹੈ ਰਿਦ ਯੌਂ†
ਪਠਿ ਪ੍ਰੇਮ ਕਰੇ ਪ੍ਰਭ ਜੋਵਹਿੰਗੇ[1]।
ਦਯੋਸ ਨਿਸਾ ਸਿਮਰੈਂ ਸਤਿਨਾਮ
ਕਿ ਗ੍ਰਿੰਥ ਪਠੈਂ ਅਘ ਖੋਵਹਿੰਗੇ।
ਅੰਤ ਸਮੈ ਜਮ ਕੋ ਨ ਪਿਖੈਂ
ਮਿਲਿ ਆਇ ਹਮੈ ਸੁ ਅਲੋਵਹਿੰਗ'
॥੧੩॥

ਦੋਹਰਾ:

ਬੈਠੇ ਸ੍ਰੀ ਗੁਰ ਰਾਮ ਸਰ, ਬੰਨੋ ਆਨਯੋ ਗ੍ਰਿੰਥ।
ਤਹਾਂ ਮਹਾਤਮ ਇਹ ਕਹਯੋ, ਦੇਨਿ ਸੀਖ ਨਿਜ ਪੰਥ ॥੧੪॥

ਚੌਪਈ:

ਤਯਾਰ ਭਯੋ ਜਬਿ ਜਿਲਤ ਬੰਧਾਈ।
ਬੁੱਢੇ ਸੋਂ ਗੁਰ ਗਿਰਾ ਅਲਾਈ।
'ਕਹੋ ਗ੍ਰਿੰਥ ਸਾਹਿਬ ਕਿਸ ਥਾਨਾ।
ਨਿਤ ਸ਼ੋਭਹਿ ਜਹਿਂ ਮਹਿਦ ਮਹਾਨਾ'
॥੧੫॥
ਹਾਥ ਜੋਰਿ ਤਿਨ ਤਬਹਿ ਬਖਾਨੋ।
'ਸ੍ਰੀ ਗੁਰ! ਤੁਮ ਤੇ ਕੌਨ ਸਿਆਨੋ।
ਤਊ ਸੁਨਹੁ ਸਰ ਸੁਧਾ[1] ਮਝਾਰਾ।
ਹਰਿ ਮੰਦਿਰ ਸੁੰਦਰ ਦਰਬਾਰਾ ॥੧੬॥

†ਪਾ:-ਚਹੈ ਰਿਦ ਯੌਂ = ਰਿਦੇ ਵਿਚ ਚਾਹ ਕਰਕੇ, ਐਓਂ ਪ੍ਰੇਮ ਨਾਲ ਪਾਠ ਕਰਨਗੇ।

[1]ਸੰਤ ਤੇ ਮਹਾਨ ਪੁਰਖ ਜੋ ਇਉਂ ਨਹੀਂ ਚਾਹੁੰਦੇ, (ਜਿਵੇਂ ਪਿਛਲੀ ਤੁਕ ਵਿਚ ਕਿਹਾ ਹੈ) ਓਹ ਪ੍ਰੇਮ ਨਾਲ ਪਾਠ ਕਰਕੇ (ਨਿਸ਼ਕਾਮ ਹੋਣ ਕਰਕੇ) ਪ੍ਰਭੂ ਜੀ ਨੂੰ ਵੇਖਣਗੇ।

[1]ਅੰਮ੍ਰਿਤਸਰ।

ਸਦਾ ਸਥਾਪਨਿ ਗ੍ਰਿੰਥ ਸੁ ਲਾਇਕ।
ਸ਼ੋਭਹਿਗੋ ਇਮ ਤਹਾਂ ਸੁਭਾਇਕ।
ਸਿਹਜਾ ਸ਼ੇਸ਼ ਸਮੁੰਦ੍ਰ ਮਝਾਰੇ।
ਜਥਾ ਸ਼ੇਖ਼ ਸਾਂਈ[1] ਛਬਿ ਧਾਰੇ ॥੧੭॥ [1]ਮਹਾਂ ਵਿਸ਼ਨੂੰ।
ਮਨਹੁ ਬੀਚ ਬੈਕੁੰਠ ਸੁ ਮੰਦਿਰ।
ਬਿਸ਼ਨੁ ਬਿਰਾਜਹਿ ਛਬਿ ਸੋਂ ਅੰਦਰ।'
ਸੁਨਤਿ ਪ੍ਰਸੰਨ ਗੁਰੂ ਬਹੁ ਭਏ।
-ਜਥਾ ਜੋਗ ਇਨ ਬਰਨਨ ਕਏ ॥੧੮॥
ਬਨਜੋ ਸੁਧਾਸਰ ਬਿਚ ਹਰਿ ਮੰਦਿਰ।
ਇਹ ਸਮ ਨਹੀਂ ਤ੍ਰਿਲੋਕੀ ਅੰਦਰਿ।
ਤਥਾ ਗ੍ਰਿੰਥ ਸਾਹਿਬ ਸ਼ੁਭ ਰਚਜੋ।
ਸਰਬੋਤਮ ਹਰਿ ਨਾਮਨਿ ਖਚਜੋ[1] ॥੧੯॥ [1]ਜੜਿਆ ਹੋਇਆ।
ਉਚਿਤ ਮੇਲ ਦੋਨਹੁ ਕੋ[1] ਬਨੈ। [1]ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਹਰਿਮੰਦਰ ਜੀ ਦਾ।
ਨਿਸ ਬਾਸੁਰ ਹਰਿ ਕਿਰਤਨ ਭਨੈਂ-।
'ਸੁਨਿ ਗੁਰਦਾਸ! ਸੁ ਬਾਕ ਹਮਾਰੇ।
ਸ੍ਰੀ ਗੁਰ ਰਾਮਦਾਸ ਦਰਬਾਰੇ ॥੨੦॥
ਦਿਨ ਪ੍ਰਤਿ ਬਧਹਿਂ ਸਮਾਜ ਬਡੇਰੇ।
ਦੁਖ ਦਾਰਿਦ ਕੋ ਆਇ ਨ ਨੇਰੇ।
ਹਰਿ ਮੰਦਿਰ ਹਰਿ ਰੂਪ ਬਿਲੰਦਾ।
ਸੇਵਹਿਂ ਸੇਵਕ ਬ੍ਰਿੰਦ ਮੁਕੰਦਾ ॥੨੧॥
ਲਛਮੀ ਨਿਸ ਬਾਸੁਰ ਇਸ ਸੇਵਹਿ।
ਸ਼ਰਧਾ ਧਰਹਿਂ ਦਾਸ ਫਲ ਲੇਵਹਿਂ।
ਆਜ ਬਾਸ ਇਸ ਥਲ ਹੀ ਕੀਜਹਿ।
ਹੋਤਿ ਪ੍ਰਾਤ ਕੋ ਤਹਿਂ ਗਮਨੀਜਹਿ' ॥੨੨॥
ਸਭਿਨਿ ਅਹਾਰ ਕਰਜੋ ਸ਼ੁਭ ਖਾਨਾ।
ਭੂਮ ਸੈਨ ਕੀਨਸਿ ਤਿਸ ਥਾਨਾ।
ਗ੍ਰਿੰਥ ਸਾਹਿਬ ਆਦਰ ਕੇ ਹੇਤੁ।
ਭੂਤਲ ਸੈਨੇ[1] ਗੁਰੂ ਸਮੇਤ ॥੨੩॥ [1]ਪ੍ਰਿਥਵੀ ਪਰ ਸੁੱਤੇ।

ਰਿਦੈ ਬਿਚਾਰਨਿ ਸ੍ਰੀ ਗੁਰ ਕਰੈਂ।
-ਟਹਿਲ ਗ੍ਰਿੰਥ ਕੀ ਕੌਨ ਸੁਧਰੈ।
ਬੇਦੀ ਤੇਹਣ ਭੱਲੇ ਬੰਸ।
ਸੋਢੀ ਜੇ ਕੁਲ ਕੇ ਅਵਤੰਸ[1] ॥੨੪॥
ਨਿਜ ਕੁਲ ਕੋ ਇਨ ਕੋ ਹੰਕਾਰਾ।
ਕਰਿ ਨ ਸਕਹਿੰਗੇ ਸੇਵ ਉਦਾਰਾ।
ਇਹ ਸੇਵਕ ਕੀ ਵਸਤੁ ਸਦੀਵਾ।
ਨਿਰਹੰਕਾਰ ਜਿਨਹੁ ਮਨ ਨੀਵਾ ॥੨੫॥
ਸੇਵਾ ਬਿਖੈ ਨਿਪੁਨ ਜੋ ਹੋਇ।
ਕਰੀਅਹਿ ਇਹਾਂ ਸਥਾਪਨਿ ਸੋਇ।
ਸ੍ਰੀ ਨਾਨਕ ਕੋ ਦਰਸ਼ਨ ਕੀਨਿ।
ਅਸ ਬੁੱਢਾ ਬਿਚ ਸੇਵ ਪ੍ਰਬੀਨ- ॥੨੬॥
ਇਮ ਬਿਚਾਰ ਕਰਿ ਨਿੰਦ੍ਰਾ ਪਾਈ।
ਜਾਗੇ ਜਾਮਨਿ ਜਾਮ ਰਹਾਈ।
ਬੁੱਢਾ ਪੁਨ ਗੁਰਦਾਸ ਸੁ ਜਾਗੇ।
ਸ੍ਰੀ ਗੁਰ ਚਰਨ ਪ੍ਰੇਮ ਮਹਿਂ ਪਾਗੇ ॥੨੭॥
ਸੌਚ[1] ਰਾਮਸਰ ਕੀਨਿ ਸ਼ਨਾਨਾ।
ਬੱਦ੍ਰੀ ਤਰ[1] ਬੈਠੇ ਕਰਿ ਧਯਾਨਾ।
ਦ੍ਵੈ ਘਟਿਕਾ ਲਖਿ ਅੰਮ੍ਰਿਤ ਕਾਲਾ।
ਸ੍ਰੀ ਅਰਜਨ ਬਚ ਕਹਯੋ ਰਸਾਲਾ ॥੨੮॥
'ਬੁੱਢਾ ਨਿਜ ਸਿਰ ਪਰ ਧਰਿ ਗ੍ਰਿੰਥ।
ਆਗੇ ਚਲਹੁ ਸੁਧਾਸਰ ਪੰਥ।'
ਮਾਨਿ ਬਾਕ ਲੈ ਭਯੋ ਅਗਾਰੇ।
ਚਮਰ ਗੁਰੂ ਅਰਜਨ ਕਰ ਧਾਰੇ ॥੨੯॥
ਸੰਖ ਅਨਿਕ ਲਘੁ ਦੁੰਦਭਿ[1] ਬਾਜੇ।
ਜੈ ਜੈ ਕਾਰ ਉਚ ਸੁਰ ਗਾਜੇ।

[1]ਸ਼੍ਰੋਮਣੀ।

[1]ਪਵਿੱਤ੍ਰ ਹੋ ਕੇ।

[1]ਬੇਰੀ ਹੇਠ।

[1]ਧੌਂਸੇ।

ਸੁੰਦਰ ਸ੍ਰੀ ਹਰਿ ਗੋਵਿੰਦ ਚੰਦ।
ਸੰਗ ਚਲਤਿ ਹੁਇ ਸ਼ੋਭ ਬਿਲੰਦ
॥੩੦॥
ਹਰਿ ਮੰਦਿਰ ਮਹਿਂ ਜਾਇ ਪਹੁੰਚੇ।
ਰਾਗੀ ਰਾਗ ਕਰਤਿ ਸੁਰ ਊਚੇ।
ਮੰਜੀ ਸਹਤ ਗ੍ਰਿੰਥ ਤਹਿਂ ਥਾਪਿ।
ਬੈਠੇ ਨਿਕਟ ਗੁਰੂ ਤਬਿ ਆਪਿ
॥੩੧॥
ਵਾਰ ਭੋਗ ਕੋ ਸੁਨਿ ਮਨ ਲਾਈ।
ਸ੍ਰੀ ਅਰਜਨ ਪੁਨ ਗਿਰਾ ਅਲਾਈ।
'ਬੁੱਢਾ ਸਾਹਿਬ ਖੋਲਹੁ ਗ੍ਰਿੰਥ।
ਲੇਹੁ ਅਵਾਜ਼ ਸੁਨਹਿ ਸਭਿ ਪੰਥ'
॥੩੨॥
ਸੁਨਿ ਗੁਰ ਬਚਨ ਰੁਚਿਰ ਮਨਲਾਯਕ।
ਸੱਤ ਬਾਕ ਮੁਖ ਜਲਜ ਅਲਾਇਕ[1]।
ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ।
ਲੇ ਅਵਾਜ਼ ਬੁੱਢਾ ਮੁਖ ਬੋਲਾ[†] ॥੩੩॥

[1]ਮੁਖ ਕਵਲ ਤੋਂ ਕਹਿਆ।

[†]ਦੋ ਲਿਖਤੀ ਨੁਸਖਿਆਂ ਵਿਚ ਅੰਕ ੩੩ ਦੀ ਚੌਪਈ ਦੀਆਂ ੬ ਤੁਕਾਂ ਹਨ, ਬਾਕੀ ਦੀਆਂ ਦੋ ਵਾਧੂ ਤੁਕਾਂ ਦਾ ਪਾਠ ਇਉਂ ਹੈ:-ਸੂਹੀ ਰਾਗ ਛੰਤ ਸੋ ਆਯੋ। ਭਾਈ ਬੁੱਢੇ ਪਾਠ ਸੁਨਾਯੋ।

ਸ੍ਰੀ ਮੁਖਵਾਕ:
ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

ਚੌਪਈ:
ਸੁਨਿ ਸਭਿਹੂੰ ਤਬਿ ਸੀਸ ਨਿਵਾਯੋ।
ਦੀਨ ਬੰਧੁ ਪ੍ਰਭੁ ਤਿਨ[†] ਲਖਿ ਪਾਯੋ।
ਸ੍ਰੀ ਗੁਰ ਕਰ ਤੇ ਚਮਰ ਫਿਰੰਤਾ।
ਬੁੱਢਾ ਜਪੁਜੀ ਪਾਠ ਕਰੰਤਾ ॥੩੪॥

[†]ਪਾ:-ਨਿਤ।

ਸੰਗਤਿ 'ਧੰਨ ਧੰਨ' ਸੁਨਿ ਕਹੈ।
ਅਧਿਕ ਅਨੰਦ ਪ੍ਰੇਮ ਤੇ ਲਹੈ।
ਜਪੁਜੀ ਭੋਗ ਪਾਇ ਜੈਕਾਰਾ।
ਸੀਸ ਨਿਵਾਵਤਿ ਸਭਿਨਿ ਉਚਾਰਾ ॥੩੫॥
ਅਤਿ ਅਨੰਦ ਸ਼੍ਰੀ ਅਰਜਨ ਨਾਥ।
ਭਏ ਕ੍ਰਿਤਾਰਥ ਮਾਨਿ[1] ਸਨਾਥ।
ਅਧਿਕ ਪ੍ਰੇਮ ਤੇ ਗਦ ਗਦ ਹੋਏ।
ਗੁਨ ਗਨ ਸ਼੍ਰੀ ਪਰਮੇਸ਼ੁਰ ਜੋਏ ॥੩੬॥
ਹਰਿਮੰਦਿਰ ਤੇ ਨਿਕਸਿ ਅਗਾਰੀ।
ਹਰਿ ਕੀਰਤਿ ਬਹੁ ਭਾਂਤਿ ਉਚਾਰੀ।
ਸਿਹਜਾ ਸ਼ੇਸ਼ ਬਿਕੁੰਠ ਮਹਾਨਾ।
ਬ੍ਰਹਮ ਲੋਕ ਸ਼ਿਵਲੋਕ ਸਥਾਨਾ ॥੩੭॥
ਸ੍ਵੇਤ[1] ਦੀਪ ਤਜਿ ਲੋਕਾ ਲੋਕ[2]।
ਪੁਰੀ ਅਜੁੱਧਯਾ ਆਦਿ ਅਸ਼ੋਕ।
ਪੁਨ ਦੁਆਰਿਕਾ ਆਦਿਕ ਥਾਨ।
ਸਭਿ ਕੋ ਤਜਿ ਕਰਿ ਸ਼੍ਰੀ ਭਗਵਾਨ ॥੩੮॥
ਸ਼੍ਰੀ ਗੁਰ ਰਾਮਦਾਸ ਦਰਬਾਰਾ।
ਆਨਿ ਬਸੇ ਇਸ ਥਾਨ ਉਦਾਰਾ।
ਕਲੀ ਕਾਲ ਮਹਿਂ ਇਸੀ ਸਮਾਨ।
ਨਾਂਹਿਨ ਆਨ[1] ਸਥਾਨ ਮਹਾਨ[†] ॥੩੯॥
ਤੀਨ ਲੋਕ ਪਤਿ ਜਹਾਂ ਬਿਰਾਜੇ।
ਭੋਗਵਤੀ[1†] ਸੁਰ ਪੁਰਿ ਪਿਖਿ ਲਾਜੇ।
ਸਭਿ ਸਥਾਨ ਕੀ ਸ਼੍ਰੀ[1] ਚਲਿ ਆਈ।
ਆਨਿ ਵਸੀ ਸ਼੍ਰੀ ਗੁਰ ਸ਼ਰਨਾਈ

[1]ਕ੍ਰਿਤ ਕ੍ਰਿਤ ਮੰਨਕੇ।

[1]ਇਕ ਦੀਪ ਦਾ ਨਾਮ। [2]ਇਕ ਪਰਬਤ ਦਾ ਨਾਮ।

[1]ਹੋਰ। [†]ਕਵੀ ਜੀ ਦਾ ਭਾਵ ਇਹ ਹੈ ਕਿ ਸ਼੍ਰੀ ਦਰਬਾਰ ਸਾਹਿਬ ਸਭ ਅਸਥਾਨਾਂ ਤੋਂ ਉੱਤਮ ਹੈ, ਸਾਰੇ ਹੋਰ ਤੀਰਥ ਇਸ ਤੋਂ ਨੀਵੇਂ ਹਨ।

[1]ਨਾਗਾਂ ਦੀ ਰਾਜਧਾਨੀ ਜੋ ਪਤਾਲ ਵਿਚ ਵਸਦੇ ਹਨ। (ਅ) ਪਤਾਲ ਗੰਗਾ, (ੲ) ਇਕ ਤੀਰਥ ਦਾ ਨਾਮ। [†]ਜੇ ਨਾਗ ਤੋਂ ਨਾਗ ਚਿੰਨ੍ਹ ਵਾਲੀ ਮਨੁੱਖ ਜਾਤੀ ਸਮਝੀ ਜਾਵੇ ਤਾਂ ਉਨ੍ਹਾਂ ਦੀ ਰਾਜਧਾਨੀ ਰੈਕਸਿਲਾ ਸੀ, ਜੋ ਅਸ਼ੋਕ ਦੇ ਸਮੇਂ ਬੀ ਘੁੱਘ ਵਸਦੀ ਸੀ। ਇਸ ਦੇ ਖੰਡਰ ਹੁਣੇ ਲਭੇ ਹਨ ਸਰਾਇਕਾਲਾ ਦੇ ਪਾਸ।

[1]ਲੱਛਮੀ।

॥੪੦॥
'ਧੰਨ ਧੰਨ ਸ੍ਰੀ ਗੁਰ ਦਰਬਾਰਾ।
ਪਈਯਤਿ ਜਹਾਂ ਪਦਾਰਥ ਚਾਰਾ।'
ਇਮ ਉਤਸਾਹਤਿ ਦਿਵਸ ਬਿਤਾਯੋ।
ਸੰਧ੍ਯਾ ਭਈ ਤਰਨਿ ਅਸਤਾਯੋ[1] [1]ਸੂਰਜ ਛਿਪ ਗਿਆ।
॥੪੧॥
ਬੁੱਢੇ ਬੂਝਨਿ ਕੀਨਸਿ ਤਬੈ।
'ਗ੍ਰਿੰਥ ਰਹੈ ਕਿਤ[1] ਨਿਸ ਮਹਿਂ ਅਬੈ? [1]ਕਿਥੇ।
ਜਹਾਂ ਆਪ ਕੀ ਆਇਸੁ ਹੋਇ।
ਕਰਹਿਂ ਸਿੱਖ ਮਿਰਜਾਦਾ ਸੋਇ'
॥੪੨॥
ਸ੍ਰੀ ਗੁਰ ਕਹ੍ਯੋ 'ਪ੍ਰਭੁ ਦਰਬਾਰਾ।
ਗ੍ਰਿੰਥ ਪ੍ਰਮੇਸ਼ੁਰ ਕੋ ਅਵਤਾਰਾ।
ਡੇਢ ਜਾਮ ਜਾਮਨਿ ਜਬਿ ਜਾਇ।
ਪਠਹਿਂ ਸੋਹਿਲਾ ਕਿਰਤਨ ਗਾਇ
॥੪੩॥
ਬਹੁਰੋ ਲੇ ਜਾਵਹੁ ਅਸਵਾਰਾ।
ਜਿਸੀ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤ ਮਾਨ[1]। [1]ਆਦਰ।
ਜਾਮ ਡੇਢ ਜਾਮਨਿ ਰਹਿ ਆਨ ॥੪੪॥
ਸ੍ਰੀ ਹਰਿਮੰਦਿਰ ਤਬਹਿ ਸ਼ਨਾਨਹੁ।
ਫਰਸ਼ ਅਨੇਕ ਭਾਂਤਿ ਕੇ ਠਾਨਹੁ।
ਦੀਪਕ ਸਦਾ ਘ੍ਰਿੱਤ ਕੋ ਬਾਰੋ।
ਜਾਮ ਨਿਸਾ ਜਬਿ ਰਹੀ ਨਿਹਾਰੋ
॥੪੫॥
ਰਾਗੀ ਆਸਾ ਵਾਰ ਸੁ ਗਾਵਹਿਂ।
ਅਨਿਕ ਰਾਗ ਕੇ ਸ਼ਬਦ ਸੁਨਾਵਹਿਂ।
ਦ੍ਵੈ ਘਟਿਕਾ ਜਾਮਨਿ ਰਹਿ ਜਬੈ।
ਆਨਹੁ ਸ੍ਰੀ ਗ੍ਰਿੰਥ ਸਾਹਿਬ ਤਬੈ
॥੪੬॥
ਵਾਰ ਭੋਗ ਤੇ ਖੋਲਿ ਪਢੀਜੈ।

ਇਸੀ ਪ੍ਰਕਾਰ ਕਾਰ ਨਿਤ ਕੀਜਹਿ।'
ਇਮ ਕਹਿ ਸ਼੍ਰੀ ਗੁਰ ਬੈਠਿ ਰਹਾਏ।
ਚੌਂਕੀ ਸੁਨੀ ਕਾਨੜਾ ਗਾਏ ॥੪੭॥
ਬਹੁਰ ਸੋਹਿਲਾ ਪਠਿ ਕਰਿ ਪਾਸਿ।
ਉਠਿ ਤਬਿ ਸਭਿ ਕੀਨਸਿ ਅਰਦਾਸ।
ਬੁੱਢੇ ਗ੍ਰਿੰਥ ਲੀਨ ਸਿਰ ਧਾਰੀ।
ਚਵਰ ਕਰਹਿਂ ਗੁਰ ਵਾਰੰਵਾਰੀ ॥੪੮॥
ਸੰਖਨਿ ਕੀ ਧੁਨਿ ਕੀਨਿ ਬਿਸਾਲਾ।
ਬਾਦਿਤ ਅਪਰ ਬਜੇ ਤਿਸ ਕਾਲਾ।
ਰਹੈਂ ਕੋਠਰੀ ਮਹਿਂ ਗੁਰ ਸਦਾ।
ਗਮਨਹਿਂ ਸਦਨ ਆਪਨੇ ਕਦਾ ॥੪੯॥
ਤਿਹ ਸਥਾਨ ਲੇ ਕਰਿ ਜਬਿ ਗਏ।
ਸੁਠ ਪ੍ਰਯੰਕ ਤਬਿ ਡਾਸਤਿ ਭਏ।
ਸੇਜ ਬੰਦ ਗੁੰਫੇ ਬਡ ਜ਼ਰੀ।
ਸੁੰਦਰ ਫੂਲਨਿ ਮਾਲਾ ਧਰੀ ॥੫੦॥
ਤਹਾਂ ਨਿਵਾਸ ਗ੍ਰਿੰਥ ਕੌ ਕੀਨੋ।
ਸ਼੍ਰੀ ਗੁਰ ਭੂਤਲ[1] ਨਿਕਟ ਅਸੀਨੋ[2]।
ਕਬਿ ਕਬਿ ਸਦਨ ਆਪਨੇ ਜਾਹਿਂ।
ਨਾਂਹਿ ਤ ਰਹੈਂ ਗ੍ਰਿੰਥ ਕੇ ਪਾਹਿ ॥੫੧॥
ਸ਼੍ਰੀ ਗ੍ਰਿੰਥ ਸਾਹਿਬ ਕੀ ਕਥਾ।
ਭਈ ਜਥਾ ਉਚਰੀ ਮੈਂ ਤਥਾ।
ਸੁਨਤਿ ਪਠਤਿ ਚਿਤ ਬਾਂਛਤਿ ਦਾਤਾ।
ਗੁਰ ਪਗ ਰਤਿ ਤੇ ਆਤਮ ਗਜਾਤਾ ॥੫੨॥

[1]ਪ੍ਰਿਥਵੀ ਪਰ। [2]ਇਸਥਿਤ ਹੋਏ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਤਿਗੁਰੁ ਮਹਾਤਮ ਪ੍ਰਕਾਸ਼ ਸ਼੍ਰੀ ਗ੍ਰਿੰਥ ਸਾਹਿਬ' ਬਰਨਨੰ ਨਾਮ ਪੰਚਾਸਮੋ ਅੰਸੂ ॥੫੦॥

## ੫੧. [ਭਾਈ ਤਿਲੋਕੇ ਦੀ ਕਾਠ ਦੀ ਤਲਵਾਰ। ਭਾਈ ਕਟਾਰੂ ਦਾ ਘੱਟ ਵੱਟਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

ਸ੍ਰੀ ਸਤਿਗੁਰ ਇਕ ਦਿਨ ਥਿਰੇ, ਸੰਗਤਿ ਦਰਸਤਿ ਆਇ।
ਸਿੱਖ ਤਿਲੋਕਾ ਨਾਮ ਜਿਸ, ਚਰਨ ਕਮਲ ਸਿਰ ਲਾਇ ॥੧॥

ਚੌਪਈ:

ਹਾਥ ਜੋਰਿ ਤਿਨ ਅਰਜ਼ ਗੁਜਾਰੀ।
'ਮੈਂ ਆਯੋ ਪ੍ਰਭੁ ਸ਼ਰਨ ਤੁਮਾਰੀ।
ਜਿਸ ਤੇ ਮੇਰੋ ਹੁਇ ਕੱਲਜਾਨਾ।
ਜੁਗ ਲੋਕਨਿ ਮਹਿਂ ਅਨੰਦ ਮਹਾਨਾ ॥੨॥
ਅਸ ਮੁਝ ਕਉ ਦੀਜਹਿ ਉਪਦੇਸ਼।
ਸੁਨਤਿ ਕਮਾਵਤਿ ਨਸਹਿਂ ਕਲੇਸ਼।'
ਸੁਨਿ ਸਤਿਗੁਰ ਕਰਿ ਦਯਾ ਸੁਨਾਈ।
'ਸਤਿਨਾਮ ਸੋਂ ਰਹੁ ਲਿਵਲਾਈ ॥੩॥
ਉਠਤਿ ਬੈਠਤਿ ਆਵਤਿ ਜਾਂ ਤੇ।
ਨਹਿਂ ਸਿਮਰਨ ਤਜਾਗਹੁ ਦਿਨ ਰਾਤੇ।
ਪਰਮੇਸ਼ੁਰ ਭਾਣੇ ਕੋ ਮਾਨਿ।
ਹਰਖਹੁ -ਭਲੀ ਕਰਹਿ- ਇਮ ਜਾਨਿ[1] ॥੪॥
ਦੋਸ਼ ਅਰੋਪਹੁ ਕੋਇ ਨ ਪ੍ਰਭੁ ਮੈਂ।
ਜੋ ਬਜਾਪਕ ਨਭ ਕੀ ਸਮ ਸਭਿ ਮੈਂ।
ਤਨ ਹੰਤਾ ਕੋ ਤਜਿ ਅੱਭਜਾਸ।
ਸਨੈ ਸਨੈ ਲਖਿ ਰੂਪ ਪ੍ਰਕਾਸ਼ ॥੫॥
ਰਹੁ ਅਹਿੰਸ[1] ਕਰਿ ਸਭਿ ਪਰ ਦਯਾ।
ਕਿਸ ਕੋ ਨਹੀਂ ਦੁਖਾਵਹੁ ਹਿਯਾ।
ਜਥਾ ਲਾਭ ਕੀਜਹਿ ਸੰਤੋਸ਼ਾ[1]।
ਤਜਹੁ ਬਿਕਾਰ ਆਦਿ ਜੇ ਰੋਸਾ[1]' ॥੬॥
ਇਮ ਸਤਿਗੁਰ ਤੇ ਲੇ ਉਪਦੇਸ਼।

[1]ਇਹ ਜਾਣਕੇ ਖੁਸ਼ ਹੋਵੋ ਕਿ (ਪਰਮੇਸ਼ੁਰ) ਭਲੀ ਕਰਦਾ ਹੈ।

[1]ਜੀਵ ਘਾਤ ਨਾ ਕਰਨਾ।

[1]ਸੰਤੋਖ।

[1]ਕ੍ਰੋਧ ਆਦਿਕ।

ਗਮਨਜੋ ਗਜ਼ਨੀ ਅਪਨੋ ਦੇਸ਼।
ਮੁ.ਗਲ ਚਾਕਰੀ ਤਹਾਂ ਕਰੰਤਾ।
ਵਹਿਰ ਅਰੂਢੇ ਸੰਗ ਰਹੰਤਾ ॥੭॥
ਲੇਤਿ ਰਜਤਪਣ ਨਿਤ ਪੰਚਾਸ†।

†ਯਾਰਵੀਂ ਵਾਰ ਦਾ ਟੀਕਾ (ਸਿਖ ਭਗਤ ਮਾਲਾ) ਵਿੱਚ ਪੰਜ ਰੁਪੈ ਰੋਜ਼ ਲਿਖਿਆ ਹੈ।

ਆਯੁਧ ਧਰੇ ਰਹਤਿ ਤਿਸ ਪਾਸਿ।
ਚਢਯੋ ਮੁ.ਗਲ ਇਕ ਦਯੋਸ ਸ਼ਿਕਾਰ।
ਸੰਗ ਤਿਲੋਕਾ ਅਸੁ[1] ਅਸਵਾਰ ॥੮॥ [1]ਘੋੜੇ ਤੇ।
ਮੁ.ਗਲ ਅਗਾਰੀ ਮ੍ਰਿਗਨਿ ਪਲਾਈ[1]। [1]ਹਰਨੀ ਦੌੜੀ।
ਪੀਛੇ ਲਾਗੇ ਤੁਰੰਗ ਧਵਾਈ[1]। [1]ਦੌੜਾਕੇ।
ਜਬਹਿ ਤਿਲੋਕੇ ਕੀਨਸਿ ਨੇਰ।
ਘੋਰਾ ਮਿਲਯੋ ਨਿਕਟਿ ਤਬਿ ਹੇਰਿ ॥੯॥
ਖੈਂਚ ਖੜਗ ਕੋ ਤਾਂ ਪਰ ਝਾਰਾ।
ਮ੍ਰਿਗਨੀ ਗਰਭ ਦੁਧਾ ਕਰਿ ਡਾਰਾ[1]। [1]ਗਰਭਵਤੀ) ਹਰਨੀ ਦਾ ਗਰਭ ਦੋ ਟੋਟੇ ਕਰ ਦਿੱਤਾ।
ਜੁਗ ਅਰਭਕ[1] ਬਿਚ ਤੇ ਗਿਰ ਪਰੇ। [1]ਦੋਵੇਂ ਬੱਚੇ।
ਕਿਤਿਕ ਕਾਲ ਮਹਿਂ ਤਰਫਤਿ ਮਰੇ ॥੧੦॥
ਦੇਖਿ ਤਿਲੋਕੇ ਕਰੁਨਾ ਠਾਨੀ[1]। [1]ਤਰਸ ਆਯਾ।
'ਧਿਕ ਧਿਕ' ਅਪਨੇ ਕਰਮ ਬਖਾਨੀ।
-ਐਸੋ ਪਾਪ ਅਚਾਨਕ ਲਏ।
ਇਕ ਤੇ ਹਤੇ ਤੀਨ ਮਰਿ ਗਏ- ॥੧੧॥
ਗੁਰ ਉਪਦੇਸ਼ ਕਰਯੋ ਤਬਿ ਸਿਮਰਨ।
-ਦਯਾ ਕਰਹੁ ਨਹਿਂ ਹਨੋ ਜੀਵ ਗਨ-।
- ਸੋ ਮੁਝ ਤੇ ਨਹਿਂ ਗਯੋ ਕਮਾਯੋ।
ਯਾਂ ਤੇ ਦੋਸ਼ ਅਧਿਕ ਮੈਂ ਪਾਯੋ ॥੧੨॥
ਸ਼ਸਤ੍ਰ ਪਾਸ ਤੇ ਅਘ ਹੁਇ ਆਵੈ।
ਤਯਾਗਨਿ ਕਰੌਂ ਨ ਪੁਨ ਕੋ ਘਾਵੈ[1]-। [1]ਨਾ ਫੇਰ ਕਿਸੇ ਨੂੰ ਮਾਰਾਂ।
ਚਿਤ ਬਿਚਾਰ ਤਰਵਾਰ ਹਟਾਈ।
ਤੇਗ ਕਾਠ ਕੀ ਕਰਿ ਗਰ[1] ਪਾਈ ॥੧੩॥ [1]ਗਲੇ (ਵਿੱਚ)।

ਕਿਤਿਕ ਦਿਵਸ ਗਰ ਰਾਖੀ ਸੋਈ।
ਹੁਤੋ ਤਿਲੋਕੇ ਕੋ ਰਿਪੁ ਕੋਈ।
ਤਿਸ ਨੇ ਸਕਲ ਭੇਦ ਕੋ ਪਾਇ।
ਚਾਰੀ[1] ਕਰੀ ਮੁਗ਼ਲ ਢਿਗ ਜਾਇ ॥੧੪॥ [1]ਚੁਗਲੀ।

ਕਹੈ 'ਤਿਲੋਕਾ ਬਡੋ ਸਿਪਾਹੀ।
ਤੇਗ਼ ਕਾਠ ਕੀ ਰਾਖਤਿ ਪਾਹੀ।
ਲੋਹ ਮੂਠ ਊਪਰ ਦਿਖਰਾਈ।
ਲਹੈ ਦਰਬ[1] ਕੋ ਕਰਿ ਚਤੁਰਾਈ' ॥੧੫॥ [1]ਲੈਂਦਾ ਹੈ ਧਨ।

ਸੁਨਤਿ ਮੁਗ਼ਲ ਨਹਿਂ ਮਾਨੀ ਬਾਨੀ।
'ਸੂਰ ਤਿਲੋਕਾ ਮਹਾਂ ਗੁਮਾਨੀ।
ਮੈਂ ਸਾਦਰ ਰਾਖੋਂ ਦੇ ਧਨ ਕੋ।
ਜਾਨੋਂ ਕਾਜ ਕਰਹਿ ਬਡ ਰਨ[1] ਕੋ' ॥੧੬॥ [1]ਜੰਗ ਦਾ।

ਪੁਨਹਿ ਮੁਗ਼ਲ ਸੰਗ ਚੁਗਲ[1] ਉਚਾਰੈ। [1]ਨਿੰਦਕ।
'ਆਪ ਸਭਾ ਲਾਵਹੁ ਇਕ ਬਾਰੈ।
ਤਬਹਿ ਅਚਾਨਕ ਲਿਹੁ ਨਿਕਸਾਈ।
ਦੇਖੀ ਪਰੈ ਹੋਇ ਜਸੁ ਪਾਈ[1] ॥੧੭॥ [1]ਜੈਸੀ ਪਾਈ ਭਾਵ ਪਹਿਨੀ ਹੋਵੇਗੀ ਤਿਹੋ ਜਿਹੀ ਦਿੱਸ ਪਵੇਗੀ।

ਜੇ ਕਰਿ ਤੇਗ਼ ਕਾਠ ਕੀ ਹੋਇ।
ਦੇਹੁ ਨ ਦਰਬ ਬਿਨੌਕਰ ਸੋਇ[1]। [1]ਨੌਕਰੀ ਤੇ ਖਾਰਜ ਕਰਦਿਓ ਉਸਨੂੰ।
ਹੋਇ ਜਿ ਲੋਹਾ[1] ਖੜਗ ਪ੍ਰਕਾਸ਼। [1]ਲੋਹੇ ਦੀ।
ਤੌ ਲਿਹੁ ਦੰਡ ਜਿ ਹੁਇ ਮਮ ਪਾਸ' ॥੧੮॥

ਸੁਨਤਿ ਮੁਗ਼ਲ ਕੈ ਸੰਸਾ ਭਯੋ।
ਸਕਲ ਦਿਵਾਨ ਲਾਇ ਨਿਜ ਲਯੋ।
ਖੜਗ ਸਿਪਰ ਧਰਿ ਬ੍ਰਿੰਦ ਸਿਪਾਹੀ।
ਬੈਠੇ ਸਹਤ ਤਿਲੋਕੇ, ਪਾਹੀ ॥੧੯॥

-ਨਹੀਂ ਨਿਰਾਦਰ ਇਸ ਕੋ ਹੋਇ-।
ਰਿਦੈ ਬਿਚਾਰ ਮੁਗ਼ਲ ਕਿਯ ਸੋਇ।
ਪ੍ਰਥਮ ਖੜਗ ਨਿਜ ਖੈਂਚਿ ਦਿਖਾਯੋ।

ਪੁਨ ਦੂਸਰ ਕੋ ਕਹਿ ਨਿਕਸਾਯੋ ॥੨੦॥
ਪੁਨਹ ਕਹੀ 'ਸਭਿ ਸੁਭਟ! ਕ੍ਰਿਪਾਨ।
ਕਰਹੁ ਦਿਖਾਵਨਿ ਅਲਪ ਮਹਾਨ[1]।'
ਸੁਨਤਿ ਮੁਗ਼ਲ ਤੇ ਡਰਤਿ ਤਿਲੋਕੇ।
-ਕਹੈ ਕਹਾਂ ਮਮ ਖੜਗ ਬਿਲੋਕੇ[1]- ॥੨੧॥

[1]ਛੋਟੇ ਵਡੇ ਸੂਰਮੇ।

[1]ਮੇਰੀ ਤਲਵਾਰ ਨੂੰ ਵੇਖਕੇ ਕੀਹ ਕਹੇਗਾ (ਮੁਗਲ) (ਅ) ਕਿਥੇ ਹੈ ਮੇਰੀ ਤਲਵਾਰ, ਵੇਖਕੇ ਕਹੇਗਾ (ਮੁਗਲ)।

ਤਬਿ ਸਤਿਗੁਰ ਉਰ ਸਿਮਰਨਿ ਕਰੇ।
-ਮੈਂ ਉਪਦੇਸ਼ ਆਪ ਕੋ ਧਰੇ।
ਰਹੌਂ ਅਹਿੰਸ ਤਜੀ ਤਰਵਾਰ।
ਉਘਰਹਿ ਪਰਦਾ ਸਭਾ ਮਝਾਰ ॥੨੨॥
ਅਬਿ ਮੇਰੀ ਤੁਮ ਕਰਹੁ ਸਹਾਈ।
ਜਥਾ ਦ੍ਰੋਪਤੀ ਲਾਜ ਬਚਾਈ।
ਪਰਦਾ ਸਭਾ ਬਿਖੈ ਤਿਸ ਰਾਖਾ।
ਪੁਰੀ ਨ ਦੁਸ਼ਟਨਿ ਕੀ ਅਭਿਲਾਖਾ ॥੨੩॥
ਤਿਮ ਮੇਰੀ ਅਬਿ ਲਾਜ ਰਖੀਜੈ।
ਸਭਾ ਬਿਖੈ ਕਰਿ ਖੜਗ ਦਿਖੀਜੈ।
ਨਾਂਹਿ ਤ ਹੇਰਹਿ ਕਾਠ ਕ੍ਰਿਪਾਨ।
ਕਰਹਿ ਮੁਗ਼ਲ ਮੇਰੀ ਤਬਿ ਹਾਨਿ- ॥੨੪॥
ਮਨ ਹੀ ਮਨਹਿ ਮਨਾਵਤਿ ਗੁਰ ਕੋ।
ਦਹਲ ਰਹ੍ਯੋ[1] ਨਹਿਂ ਧੀਰਜ ਉਰ ਕੋ।
ਤਬਿ ਸਤਿਗੁਰ ਨਿਜ ਦਾਸ ਬਿਚਾਰਾ।
ਭਏ ਸਹਾਯਕ ਲਾਇ ਨ ਬਾਰਾ ॥੨੫॥

[1]ਕੰਬ ਰਹਿਆ।

ਜਬਿ ਸਭਿ ਕੇ ਇਮ ਖੜਗ ਬਿਲੋਕੇ।
ਕਹ੍ਯੋ ਕਿ 'ਤੂੰ ਭਿ ਦਿਖਾਉ ਤਿਲੋਕੇ!
ਕਿਸ ਪ੍ਰਕਾਰ ਕੋ ਰਾਖਤਿ ਪਾਸ।
ਕੋ ਤਕਮਾ† ਕਰਿ ਹੈਂ ਨਿਰਜਾਸ[1]' ॥੨੬॥

[1]ਕਿਸ ਛਾਪ ਦੀ ਹੈ ਨਿਰਨੇ ਕਰੀਏ। †ਤੁਰਕੀ ਪਦ ਹੈ:-ਤਮਗ਼ਾ = ਨਿਸ਼ਾਨ, ਮੁਹਰ। ਮਹਸੂਲ ਲੈ ਕੇ ਪਾਤਸ਼ਾਹੀ ਮੁਹਰ ਸ਼ੈਆਂ ਤੇ ਲਗਦੀ ਸੀ, ਜਿਸਤੋਂ ਪਛਾਨ ਹੋ ਜਾਂਦੀ ਸੀ ਕਿ ਇਹ ਸ਼ੈ ਕਿਸ ਸਿੱਕੇ ਯਾ

ਦੇਸ਼ ਦੀ ਹੈ। ਹੁਣ ਤਮਗ਼ਾ ਇਜ਼ਤ ਦੇ ਵਾਧੇ ਦਾ ਇਕ ਨਿਸ਼ਾਨ ਹੁੰਦਾ ਹੈ।

ਕਹਜੋ ਤਿਲੋਕੇ 'ਤਕਮਾ[1] ਗੁਰ ਕੋ।
ਮੋਰ ਖੜਗ ਪਰ ਨਹੀਂ ਅਪਰ ਕੋ।
ਜਸ ਸਤਿਗੁਰ ਨੇ ਦੀਨਸਿ ਮੋਹੀ।
ਵਹਿਰ ਨਿਕਾਸਿ ਦਿਖਾਵੋਂ ਤੋਹੀ' ॥੨੭॥

[1]ਮੁਹਰ।

'ਵਾਹਿਗੁਰੂ' ਕਹਿ ਖੈਂਚ ਨਿਕਾਰਾ।
ਨਿਕਸੇ ਭਯੋ ਪ੍ਰਕਾਸ਼ ਉਦਾਰਾ।
ਅਸ ਤੀਖਨ ਧਾਰਾ ਅਸਿ[1] ਕੇਰੀ।
ਨਹੀਂ ਅਪਰ ਕੇ ਇਸ ਬਿਧਿ ਹੇਰੀ ॥੨੮॥

[1]ਤਲਵਾਰ।

ਹੇਰਤਿ ਹਰਖਜੋ ਮੁਗਲ ਬਿਸਾਲਾ।
ਦੁਗਨਾ ਰੋਜ਼ ਕਰਜੋ ਤਿਸਕਾਲਾ।
ਦੰਡ ਭਯੋ ਤਿਸ ਚੁਗਲ ਉਦਾਰਾ।
ਮੁਖ ਕਾਰਾ ਕਰਿ ਵਹਿਰ ਨਿਕਾਰਾ ॥੨੯॥

ਅਤਿ ਸ਼ਰਧਾ ਧਰਿ ਸਤਿਗੁਰ ਮਾਂਹੀ।
ਕੇਤਿਕ ਦਿਨ ਮਹਿਂ ਆਯੋ ਪਾਹੀ।
'ਧੰਨ ਧੰਨ' ਕਹਿ ਚਰਨੀ ਪਰਜੋ।
ਪੁਨਹ ਪ੍ਰਸੰਗ ਸੁਨਾਵਨਿ ਕਰਜੋ ॥੩੦॥

ਸੁਨਤਿ ਸਭਾ ਮਹਿਂ ਸਤਿਗੁਰ ਕਹਜੋ।
'ਦਯਾ ਕਰਨਿ ਪ੍ਰਣ ਤੈਂ ਨਿਰਬਹਜੋ।
ਕਜੋਂ ਨ ਹੋਹਿਂ ਤਬਿ ਗੁਰੂ ਸਹਾਈ।
ਗੁਰ ਬਾਨੀ ਮਨਮਾਨਿ[1] ਕਮਾਈ' ॥੩੧॥

[1]ਮਨ ਵਿਖੇ ਮੰਨ ਕੇ।

ਸਗਰੇ ਸਿੱਖਨਿ ਸੁਨਜੋ ਪ੍ਰਸੰਗ।
'ਧੰਨ ਗੁਰੂ' ਕਹਿ ਸ਼ਰਧਾ ਸੰਗ।
ਕੇਤਿਕ ਦਿਨ ਰਹਿ ਗਯੋ ਤਿਲੋਕਾ।
ਸਿੱਖ ਕਟਾਰੂ ਦਰਸ ਬਿਲੋਕਾ ॥੩੨॥
ਬੰਦਨ ਕਰੀ ਚਰਨ ਅਰਬਿੰਦ।

ਠਾਂਢੇ ਹੁਇ ਜਸੁ ਕਰਜੋ ਬਿਲੰਦ।
'ਬਨੋ ਸਹਾਇਕ ਤੁਮ ਜਗਨਾਯਕ।
ਸਿੱਖਨਿ ਕੇ ਗਨ ਬਿਘਨ ਨਸਾਇਕ'
॥੩੩॥
ਬੂਝਤਿ ਭਯੋ 'ਦੇਹੁ ਉਪਦੇਸ਼।
ਜਿਸ ਕਰਿ ਸਗਰੇ ਮਿਟੈਂ ਕਲੇਸ਼।
ਸੂਬਾ ਕਾਬਲ ਬਿਖੈ ਰਹਾਈ।
ਹੇਤ ਜੀਵਕਾ ਮੈਂ ਧਤਵਾਈ' ॥੩੪॥
ਸਤਿਗੁਰ ਕਹਜੋ 'ਘਾਟ ਨਹਿਂ ਦੀਜੈ।
ਸੱਤਿਨਾਮ ਕੋ ਸਿਮਰਨਿ ਕੀਜੈ।
ਦੇਹੁ ਦਸੌਂਧ ਗੁਰੂ ਹਿਤ ਸਦਾ।
ਦਾਰਿਦ ਸਦਨ ਹੋਹਿ ਨਹਿਂ ਕਦਾ'
॥੩੫॥
ਸੁਨਿ ਕਰਿ ਅਪਨੇ ਧਾਮ ਸਿਧਾਰਾ।
ਕਰਹਿ ਸਦਾ ਅਪਨੀ ਤਹਿਂ ਕਾਰਾ।
'ਗੁਰ ਗੁਰ' ਜਪਹਿ ਨ ਤੋਲਹਿ ਘਾਟ।
ਏਕ ਬਨਕ[1] ਨੇ ਦੀਨਸਿ ਬਾਟ[2]
॥੩੬॥

[1]ਬਾਣੀਏ। [2]ਵੱਟਾ।

ਪੈਸੇ ਪੰਚ ਘਾਟ ਸੋ ਅਹਾ।
ਨਹੀਂ ਕਟਾਰੂ ਉਰ ਮੈਂ ਲਹਾ।
ਨਿਤ ਤੋਲਤਿ ਤਿਸ ਕੇ ਸੰਗ ਦੇਈ।
ਜਾਇ ਘਾਟ ਜੋ ਆਇ ਸੁ ਲੇਈ[1]
॥੩੭॥

[1]ਜੋ ਆਕੇ ਲੈਂਦਾ ਹੈ (ਉਸ ਦਾ) ਘਟ ਜਾਂਦਾ ਹੈ।

ਇਕ ਨੇ ਤੋਲਜੋ ਹੋਇਸਿ ਘਾਟ।
ਲਖਜੋ ਕਟਾਰੂ ਕੋ ਘਟ ਬਾਟ।
ਚਾਰੀ[1] ਜਾਇ ਉਚਾਰੀ ਤਾਂਹਿ।
'ਤੋਲਤਿ ਘਾਟ ਸਭਿਨਿ ਕੇ ਪਾਹਿ'
॥੩੮॥

[1]ਚੁਗਲੀ।

ਸੁਨਿ ਸੂਬੇ ਰਿਸ ਕਰਿ ਬੁਲਵਾਯੋ।
ਪੁਨ ਕਹਿ ਬਾਟ ਧਰਾ ਅਨਵਾਯੋ[1]।

[1]ਉਸਨੇ ਵੱਟਿਆਂ ਦਾ ਧੜਾ ਮੰਗਵਾਯਾ। (ਅ) ਫੇਰ ਆਖਕੇ ਵੱਟਾ ਮੰਗਾਕੇ ਰੱਖਿਆ।

'ਅਪਰ ਸੰਗ ਇਸ ਤੋਲਨਿ ਕੀਜੈ।

ਮੋਹਿ ਰੂਬਰੋ ਇਸ ਪਿਖਿ ਲੀਜੈ'
॥੩੯॥
ਤਬਹਿ ਕਟਾਰੂ ਉਰ ਡਰਪਾਯੋ।
ਸਤਿਗੁਰੂ ਧਜਾਨ ਧਰਜੋ ਜਸੁ ਗਾਯੋ।
-ਨਹਿਂ ਸਹਾਇ ਇਸ ਥਲ ਕਿਸ ਕੇਰੀ।
ਅਬਿ ਰਾਵਰ ਕੀ ਆਸ ਬਡੇਰੀ ॥੪੦॥
ਅਘ ਅਨਜਾਨਪਨੇ ਮਹਿਂ ਕੀਨਿ।
ਸੋ ਨ ਬਿਚਾਰਹੁ ਮੈਂ ਜਨ ਦੀਨ।
ਏਕ ਭਰੋਸਾ ਮੋ ਕਹੁ ਭਾਰੀ।
ਆਸ ਨ ਦੂਜੀ ਸ਼ਰਨ ਤਿਹਾਰੀ-
॥੪੧॥
ਇਤ ਸਤਿਗੁਰ ਬਡ ਸਭਾ ਮਝਾਰੀ।
ਬੈਠੇ ਦਰਸਤਿ ਹੈਂ ਨਰ ਨਾਰੀ।
ਇਕ ਸਿਖ ਪੈਸੇ ਪੰਜ ਚਢਾਏ।
ਧਰਿ ਕਰ ਪਰ ਤੋਲਤਿ ਲੇ ਦਾਏਂ[1] [1]ਹੱਥ ਵਿੱਚ ਲੈ ਕੇ (ਕਦੇ) ਸੱਜੇ (ਵਿਖੇ) ਤੋਲਦੇ ਹਨ।
॥੪੨॥
ਪੁਨਹੁ ਬਾਮ ਕਰ ਪਰ ਧਰਿ ਤੋਲੇ[1]। [1]ਫਿਰ ਖੱਬੇ ਹੱਥ ਤੇ ਰੱਖਕੇ ਤੋਲਦੇ ਹਨ।
ਦੇਖਿ ਦਾਸ ਢਿਗ ਤਬਿਹੂੰ ਬੋਲੇ।
'ਸ਼੍ਰੀ ਸਤਿਗੁਰ ਮਾਯਾ ਨਿਤ ਆਵਤਿ।
ਹੇਮ ਰਜਤ[1] ਕਰ ਕਬਿ ਨ ਛੁਹਾਵਤਿ [1]ਸੋਨਾ ਚਾਂਦੀ।
॥੪੩॥
ਪੈਸੇ ਪੰਚ ਆਜ ਕਰ ਲੀਏ।
ਦਾਹਨਿ ਬਾਮ ਧਰਹੁ ਹਿਤ ਕੀਏ।
ਇਹ ਕਾਰਨ ਕਜਾ ਉਚਰਹੁ ਸ੍ਵਾਮੀ!
ਇਤ ਉਤ ਧਰਤਿ ਨ ਹਮ ਕੁਛ ਜਾਮੀ[1]' [1]ਜਾਣਦੇ ਹਾਂ।
॥੪੪॥
ਸ਼੍ਰੀ ਗੁਰ ਕਹਜੋ 'ਸਿੱਖ ਕੋ ਬਾਟ।
ਪੂਰਾ ਕਰਹਿਂ ਇਤੋ ਸੋ ਘਾਟ।
ਪਲਰੋ ਦੌਨ ਤਰਾਜ਼ੂ ਕੇਰ।
ਤੋਲਤਿ ਹੈ ਇਤ ਉਰ ਨਰ ਫੇਰਿ
॥੪੫॥

ਯਾਂ ਤੇ ਹਮ ਦੋਨਹੁ ਕਰ ਧਰੈਂ।
ਸਿਖ ਕੋ ਬਾਟ ਸੁ ਪੂਰਾ ਕਰੈਂ।
ਨਾਮ ਕਟਾਰੂ ਕਾਬਲ ਮਾਂਹਿ।
ਬਾਟ[2] ਘਟ ਅਨਜਾਨੇ ਤਾਂਹਿ' ॥੪੬॥
ਇਮ ਸਤਿਗੁਰ ਸਿੱਖਨਿ ਮਹਿਂ ਕਹ੍ਯੋ।
ਪੂਰਾ ਬਾਟ ਜੁ ਸੂਬੇ ਲਹ੍ਯੋ।
ਭਯੋ ਕਟਾਰੂ ਪਰ ਸੁ ਪ੍ਰਸੰਨ।
'ਦੁਸ਼ਟ ਚੁਗਲ ਝੂਠਾ, ਤੂੰ ਧੰਨ' ॥੪੭॥
ਕਰ੍ਯੋ ਕੋਸ਼ ਪਤਿ ਸੌਂਪ੍ਯੋ[1] ਕੋਸ਼।
ਲਖ੍ਯੋ -ਮਾਤਬਰ[1] ਇਹੁ ਬਿਨ ਦੋਸ਼-।
ਕਿਤਿਕ ਮਾਸ ਬੀਤੇ ਤਬਿ ਆਯੋ।
ਗੁਰ ਦਰਸ਼ਨ ਕਰਿ ਸੀਸ ਨਿਵਾਯੋ ॥੪੮॥
'ਬਿਖਮ ਥਾਨ ਮਹਿਂ ਭਏ ਸਹਾਈ।
ਜਹਾਂ ਨ ਪਹੁੰਚਹਿ ਬਾਪ ਨ ਮਾਈ।'
ਬੂਝ੍ਯੋ ਸਿੱਖਨ ਕਹ੍ਯੋ ਪ੍ਰਸੰਗ।
ਜਾਨ੍ਯੋ ਸਭਿਨਿ 'ਗੁਰੂ ਨਿਤ ਸੰਗ' ॥੪੯॥
-ਜਿਮ ਪੈਸੇ ਕਰ ਬਾਏਂ ਦਾਏ।
ਸਤਿਗੁਰ ਧਾਰੇ- ਸਭਿਨਿ ਬਤਾਏ[†]।
ਸੁਜਸੁ ਬਿਸਦ ਗੁਰ ਪਸਰ੍ਯੋ ਸਾਰੇ।
ਸਿੱਖ ਹੋਤਿ ਹੈਂ ਆਨਿ ਹਜ਼ਾਰੇ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਇਕਪੰਚਾਸਮੋ ਅੰਸੂ ॥੫੧॥

[1]ਖਜ਼ਾਨਾ ਸੌਂਪਕੇ ਖਜ਼ਾਨਚੀ ਕੀਤਾ।
[1]ਇਤਬਾਰ ਵਾਲਾ।
[†]ਇਸ ਪ੍ਰਸੰਗ ਦਾ ਭਾਵ ਇਹ ਹੈ ਕਿ ਨੀਯਤ ਜਦ ਰਾਸ ਹੈ ਤੇ ਅਣਜਾਣੇ ਭੁੱਲ ਹੋਈ ਹੈ ਤਾਂ ਸਤਿਗੁਰ ਦਾ ਬਿਰਦ ਬਖਸ਼ਿੰਦ ਹੈ ਤੇ ਸਹਾਈ ਹੁੰਦਾ ਹੈ।

## ੫੨. [ਭਾਈ ਪੁਰੀਆ, ਚੂਹੜ ਤੇ ਭਾਈ ਪੈੜਾ, ਦੁਰਗਾ ਪ੍ਰਤਿ ਉਪਦੇਸ਼]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:
ਪੁਰੀਆ ਚੂਹੜ ਚੌਧਰੀ,
ਹੁਤੇ ਗ੍ਰਾਮ ਕੇ ਦੋਇ।
ਸ੍ਰੀ ਅਰਜਨ ਕੋ ਸੁਜਸੁ ਸੁਨਿ,
ਕਾਂਖੀ ਗਤਿ ਕੇ ਹੋਇ ॥੧॥
ਚੌਪਈ:
ਸ਼ਰਧਾ ਧਰਿ ਆਏ ਗੁਰਦ੍ਵਾਰੇ।
ਕਰ ਜੋਰੇ ਸ਼ੁਭ ਦਰਸੁ ਨਿਹਾਰੇ।
ਪਦ ਅਰਬਿੰਦ ਬੰਦਨਾ ਕਰੀ।
ਜਥਾ ਸ਼ਕਤਿ ਭੇਟ ਸੁ ਢਿਗ ਧਰੀ ॥੨॥
ਬੈਠੇ ਆਗਜ਼ਾ ਪਾਇ ਅਗਾਰੀ।
ਹਿਤ ਬੂਝਨ ਅਰਦਾਸ ਉਚਾਰੀ।
'ਸੁਨਹੁ ਗਰੀਬ ਨਿਵਾਜ ਕ੍ਰਿਪਾਲਾ।
ਬਿਤਜੋ ਪ੍ਰਤੀਖਤਿ ਹਮ ਚਿਰਕਾਲਾ ॥੩॥
ਆਵਨਿ ਕੋ ਚਾਹਤਿ ਚਿਤ ਰਹੇ।
ਕਾਰਜ ਅਨਿਕ ਪ੍ਰਕਾਰਨਿ ਅਹੇ।
ਹਮ ਪਰ ਅਬਿ ਕਰੁਨਾ ਤੁਮ ਹੋਈ।
ਸ਼ਰਨ ਪਰੇ ਸ਼ਰਧਾ ਧਰਿ ਦੋਈ ॥੪॥
ਗ੍ਰਾਮ ਚੌਧਰਤਾ ਕਾਰ ਜੁ ਪਾਵੈਂ।
ਤਿਨ ਮਹਿਂ ਹਮ ਬਹੁ ਝੂਠ ਕਮਾਵੈਂ।
ਸ੍ਰੀ ਗੁਰ ਜੀ! ਕਿਮ ਹੋਇ ਉਧਾਰਾ।
ਸੁਨਜੋ ਚਹਤਿ ਉਪਦੇਸ਼ ਤੁਮਾਰਾ' ॥੫॥
ਸ੍ਰੀ ਅਰਜਨ ਸੁਨਿ ਕੈ ਸਿਖ ਅਰਜ਼ਿਨਿ[1]।
ਕ੍ਰਿਪਾ ਕਰੀ ਜਿਨ ਕੋ ਜਸੁ ਅਰਜੁਨ[1]।
ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰਾ।
'ਤਜਾਗਹੁ ਝੂਠ, ਕ੍ਰੋਧ, ਅਹੰਕਾਰਾ

[1]ਬੇਨਤੀਆਂ।

[1]ਉੱਜਲ।

॥੬॥
ਝੂਠ ਸਮਾਨ ਪਾਪ ਨਹਿਂ ਕੋਈ।
ਨਹੀਂ ਝੂਠ ਤੇ ਸ਼ੁਭ ਗਤਿ ਹੋਈ।
ਕਲਿ ਕੋ ਕੂਰ ਕਹੈਂ ਅਗਵਾਨੀ[1]। [1]ਕਲਜੁਗ ਵਿਖੇ ਝੂਠ ਆਗੂ ਕਹੀਦਾ ਹੈ।
ਕੂਰ ਬਿਕਾਰਨਿ ਕੀ ਰਜਧਾਨੀ[1] ॥੭॥ [1]ਝੂਠ ਵਿਕਾਰਾਂ ਦੀ ਰਾਜਧਾਨੀ ਹੈ।
ਜੋ ਕਰਿ ਨੇਮ ਕੂਰ ਨਹਿਂ ਕਹੈਂ।
ਤਿਨ ਕੋ ਮੁਕਤਿ ਸੁਗਮ ਹੀ ਅਹੈ।
ਭੂਲ ਨ ਕੂਰ ਭਨੇ ਗੁਰ ਸਿੱਖ।
ਕਸ਼ਟ ਸਹਤ ਨਹਿਂ ਭਵਹਿ ਭਵਿੱਖ[1]' [1]ਅੱਗੇ ਨੂੰ ਦੁਖੀ ਨਹੀਂ ਹੁੰਦਾ।
॥੮॥
ਗੁਰ ਤੇ ਸੁਨਿ ਪੁਰੀਆ ਪੁਨ ਭਨੈ।
'ਕੂਰ ਬਿਨਾ ਨਹਿਂ ਚੌਧਰ ਬਨੈ।
ਝੂਠ ਬਿਨਾ ਨ ਹੋਇ ਗੁਜ਼ਰਾਨ।
ਝਗਰੇ ਪਰਹਿਂ ਅਨਿਕ ਹੀ ਆਨਿ'
॥੯॥
ਸ੍ਰੀ ਅਰਜਨ ਸੁਨਿ ਤਬਹਿ ਕ੍ਰਿਪਾਲਾ।
ਕਹ੍ਯੋ 'ਕਰਹੁ ਨਿਜ ਪੁਰਿ ਧ੍ਰਮਸਾਲਾ।
ਕਥਾ ਕੀਰਤਨ ਰੀਤਿ ਚਲਾਓ।
ਗੁਰ ਕੋ ਸ਼ਬਦ ਸੁਨਹੁ ਅਰੁ ਗਾਓ
॥੧੦॥
ਦੋਨਹੁ ਸਮੈਂ ਜਾਹੁ ਤਿਸ ਥਾਨ।
ਚਤੁਰ ਚਤੁਰ ਘਟਿਕਾ ਹਿਤ ਠਾਨਿ[1]। [1]ਚਾਰ ਚਾਰ ਘੜੀਆਂ ਪ੍ਰੇਮ ਕਰਕੇ।
ਗੁਰਬਾਨੀ ਕੀ ਕਥਾ ਸੁਨੀਜੈ।
ਇਕ ਚਿਤ ਹੁਇ ਕਰਿ ਪ੍ਰੇਮ ਰਖੀਜੈ
॥੧੧॥
ਸਗਰੇ ਦਿਨ ਜੋ ਝੂਠ ਕਮਾਓ।
ਧਰਮਸਾਲ ਮਹਿਂ ਆਨਿ ਲਿਖਾਓ।
ਏਕ ਮਾਸ ਲਗ ਕਾਗਦ ਸਾਰੋ।
ਕਰਹੁ ਇਕੱਤ੍ਰ ਭਲੇ ਨਿਰਧਾਰੋ ॥੧੨॥
ਜਬਹੁ ਅਮੱਸਜਾ ਕੋ ਤੁਮ ਆਵੋ।
ਸੋ ਕਾਗਦ ਅਪਨੈ ਸੰਗ ਲਜਾਵੋ।

ਝੂਠ ਮਹੀਨੇ ਬੋਲਹੁ ਜੇਤੇ।
ਹਮਹਿ ਸੁਨਾਵਹੁ ਮਿਲਿ ਕਰਿ ਤੇਤੇ ॥੧੩॥
ਕਰਹੁ ਪੁੰਨ ਸੋ ਭੀ ਲਿਖਿ ਕਰਿ ਕੈ।
ਆਨਿ ਸੁਨਾਵਹੁ ਸਕਲ ਉਚਰਿ ਕੈ।'
ਸੁਨਿ ਉਪਦੇਸ਼ ਨਮੋ ਕਰਿ ਗੁਰ ਕੋ।
ਕਿਤਿਕ ਦਿਵਸ ਮਹਿਂ ਗਮਨੇ ਪੁਰਿ ਕੋ ॥੧੪॥
ਜਿਮ ਗੁਰ ਕਹ੍ਯੋ ਰਚੀ ਧ੍ਰਮਸਾਲ।
ਕਥਾ ਕੀਰਤਨ ਹੁਇ ਜੁਗ ਕਾਲ[1]।
ਕਹ੍ਯੋ ਝੂਠ ਸੋ ਕਰਹਿਂ ਲਿਖਾਵਨਿ।
ਸਤਿ ਸੰਗਤਿ ਮਹਿਂ ਹੁਇਂ ਸ਼ਰਮਾਵਨਿ ॥੧੫॥
ਪੁਨ ਜਬਿ ਕੂਰ ਬੋਲਿਬੇ ਲਗੈਂ।
ਰਿਦੈ ਬਿਚਾਰਹਿਂ-ਕਹਾ ਕਹਿਂ ਅਗੈ[1]-।
ਕਬਿ ਹਟ ਜਾਇਂ ਕਬਹਿ ਕਹਿਂ ਕੂਰ।
ਪੁਨ ਚਲਿ ਆਵਹਿਂ ਗੁਰੂ ਹਜ਼ੂਰ ॥੧੬॥
ਲਗਹਿਂ ਸੁਨਾਵਨਿ ਲੱਜਿਤ ਹੋਇ।
ਤਊ ਹੁਕਮ ਬਸਿ ਗੁਰ ਕੇ ਦੋਇ।
ਸਭਿ ਕਾਗਦ ਕੋ ਦੇਹਿਂ ਸੁਨਾਇ।
ਪੀਛੇ ਰਹੈਂ ਅਧਿਕ ਪਛੁਤਾਇ ॥੧੭॥
ਖਸ਼ਟ ਮਹੀਨੇ ਬੀਤੇ ਜਬੈ।
ਤਜਾਗ੍ਯੋ ਗਯੋ ਝੂਠ ਤਬਿ ਸਭੈ।
ਇਕ ਤੇ ਨਰਨਿ ਬਿਖੈ ਬਡਿਆਈ।
ਸਭਾ ਮਝਾਰ ਗੁਰੂ ਅਗੁਵਾਈ ॥੧੮॥
ਲੱਜਿਤ ਹੋਇ ਬਿਸੂਰਨਿ ਫੇਰ[1]।
ਯਾਂ ਤੇ ਤਜਾਗ ਦੀਨਿ ਇਕ ਬੇਰ।
ਭਲੇ ਕਰਮ ਕਰਿਬੇ ਰੁਚਿ ਜਾਗੀ।
ਗੁਰ ਉਪਦੇਸ਼ ਨਾਮ ਲਿਵਲਾਗੀ ॥੧੯॥

[1]ਦੋਨੋਂ ਵੇਲੇ।

[1](ਗੁਰੂ ਜੀ ਦੇ) ਅੱਗੇ।

[1]ਫਿਰ ਪਛੁਤਾਵਣਾ ਪਏਗਾ।

ਨੀਕੇ ਪੰਥ ਪਰੇ ਬੁਧਿ ਆਈ[1]। [1]ਭਲੇ ਰਸਤੇ ਪੈ ਗਏ (ਤਾਂ) ਬੁਧਿ ਆ ਗਈ।
ਪ੍ਰਭੁ ਡਰ ਤੇ ਤਯਾਗੀ ਬੁਰਿਆਈ।
ਸਤਿ ਸੰਗਤਿ ਮਿਲਿ ਜਨਮ ਸੁਧਾਰੇਂ।
ਥਿਰਹਿਂ ਬਹੁਤ ਸਤਿਗੁਰ ਕੇ ਦ੍ਵਾਰੇ ॥੨੦॥
ਸੇਵਾ ਬਿਖੈ ਲਗੇ ਕਰਿ ਪ੍ਰੇਮ।
ਪ੍ਰਾਪਤਿ ਭਈ ਅੰਤ ਕੋ ਛੇਮ[1]। [1]ਮੁਕਤੀ।
ਇਕ ਪੈੜਾ ਪੁਨ ਦੁਰਗਾ ਆਯੋ।
ਸ੍ਰੀ ਅਰਜਨ ਕੋ ਸੀਸ ਨਿਵਾਯੋ ॥੨੧॥
ਬੈਠੇ ਸਨਮੁਖ ਅਰਜ਼ ਗੁਜ਼ਾਰੀ।
'ਕਰਹੁ ਪ੍ਰਭੁ ਕੱਲਯਾਨ ਹਮਾਰੀ।
ਸਿੱਖ ਹਜ਼ਾਰੋਂ ਸੇਵ ਕਮਾਈ।
ਹਮ ਨੇ ਸੁਨੀ ਪਰਮਗਤਿ ਪਾਈ ॥੨੨॥
ਜਿਸ ਬਿਧਿ ਹਮਰੇ ਮਿਟਹਿਂ ਕਲੇਸ਼।
ਸ੍ਰੀ ਮੁਖ ਤੇ ਕੀਜਹਿ ਉਪਦੇਸ਼।'
ਉਰ ਸ਼ਰਧਾ ਤਿਨ ਕੇ ਦਿਢ ਜਾਨੀ।
ਸਤਿਗੁਰ ਗਤਿ ਦਾ ਗਿਰਾ ਬਖਾਨੀ ॥੨੩॥
'ਪੂਰਬ ਜਨਮ ਦਾਨ ਜਿਨ ਕੀਨੇ।
ਤਨ ਧਰਿ ਤਿਨਹੁਂ ਪਦਾਰਥ ਲੀਨੇ।
ਦੇਹ ਅਰੋਗ, ਸੁਸ਼ੀਲਾ ਨਾਰੀ।
ਪੁੱਤ੍ਰ ਉਪੰਨਹਿ ਆਇਸੁ ਕਾਰੀ[1] ॥੨੪॥ [1]ਆਗਯਾਕਾਰੀ।
ਪਸੁ ਮਹਿਖੀ[1] ਧੇਨੁ[2] ਸਮੁਦਾਏ। [1]ਮੱਝੀਆਂ। [2]ਗਊਆਂ।
ਦਰਬ ਅੰਨ ਸਭਿ ਸੁਖ ਜੁਤ ਪਾਏ।
ਫਲ ਪੂਰਬਲੇ ਪੁੰਨਨਿ ਕੇਰਾ।
ਜਨਮ ਧਾਰਿ ਭੋਗਹਿਂ ਇਸ ਬੇਰਾ ॥੨੫॥
ਜੋ ਨਰ ਗੁਰਮੁਖ ਪਾਇ ਪਦਾਰਥ।
ਜਨਮ ਸਹਤ ਨਿਜ ਕਰਹਿਂ ਸਕਾਰਥ।

ਜਹਿਂ ਸਤਿਸੰਗਤਿ ਕੋ ਹੁਇ ਮੇਲਿ।
ਕਥਾ ਕੀਰਤਨ ਕੋ ਰਸੁ ਝੇਲ[1] ॥੨੬॥ — [1]ਪ੍ਰਵਾਹ।
ਤਿਨ ਕਹੁ ਭੋਜਨ ਚਾਰ ਪ੍ਰਕਾਰਾ[1]। — [1]ਚਾਰ ਪ੍ਰਕਾਰ ਦੇ ਭੋਜਨ ਐਉਂ ਗਿਣੇ ਹਨ:- ਭੱਖ: ਚੱਬੇ ਜਾਣ ਵਾਲੇ ਜੈਸੇ ਦਾਣੇ, ਤਲੀ ਹੋਈ ਦਾਲ। ਭੋਜ: ਖਾਧੇ ਜਾਣ ਵਾਲੇ ਜੈਸੇ ਰੋਟੀ। ਚੋਸਾ: ਚੂਪੇ ਜਾਣ ਵਾਲੇ ਜੈਸੇ ਅੰਬ। ਲੇਹਜ: ਪੀਤੇ ਜਾਣ ਵਾਲੇ ਜੈਸੇ ਦੁੱਧ। ਚਬੇ, ਚਿਥੇ ਚੂਸੇ ਤੇ ਪੀਤੇ ਜਾਣ ਵਾਲੇ।
ਸ੍ਵਾਦ, ਸਨਿਗਧ, ਮਧੁਰ, ਰਸਵਾਰਾ[1]। — [1]ਰਸਾਂ ਵਾਲੇ।
ਪੰਕਤਿ ਮਹਿਂ ਕਰ ਸੋ ਬਰਤਾਇ।
ਮੁਦਤ ਹੋਇ ਸਾਦਰ ਅਚਵਾਇ ॥੨੭॥
ਮ੍ਰਿਦੁਲ ਗਿਰਾ ਕਹਿ ਬਾਰੰਬਾਰਾ।
ਤ੍ਰਿਪਤਾਵਹੁ ਦੇ ਭਲੇ ਅਹਾਰਾ।
ਕਰ ਅਰੁ ਚਰਨ ਪਖਾਰਿ ਬਿਠਾਵੈ।
ਘਾਮ[1] ਸ੍ਵੇਦ[2] ਤੇ ਬਾਯੁ ਝੁਲਾਵੈ ॥੨੮॥ — [1]ਧੁੱਪ। [2]ਮੁੜ੍ਹਕਾ।
ਜਬਿ ਲੌ ਧਨ ਚਲਿ ਆਇ ਵਧੇਰੇ।
ਨਿਤ ਤ੍ਰਿਪਤਾਵੈ ਸੰਤ ਘਨੇਰੇ।
ਪਾਛਲ ਬਚਜੋ ਅਹਾਰ ਸੁ ਖਾਵੈ।
ਮਹਾਂ ਪੁਨੀਤ ਪੁਨੀਤ ਬਨਾਵੈ ॥੨੯॥
ਗਨ ਪਾਤਕ[1] ਕੋ ਘਾਤਕ ਹੋਇ। — [1]ਪਾਪਾਂ।
ਪੁੰਨ ਬਿਸਾਲ ਬਧਾਵੈ ਸੋਇ।
ਇਸ ਬਿਧਿ ਜੇ ਨਿਤ ਨਹਿਂ ਬਨਿ ਆਵੈ।
ਤੌ ਦਿਨ ਪੁਰਬ[1] ਮਾਸ ਮਹਿਂ ਪਾਵੈ ॥੩੦॥ — [1]ਤਿਉਹਾਰ ਦਾ।
ਪੂਰਣਮਾਸਿ, ਦਰਸ[1], ਸੰਕ੍ਰਾਂਤਿ। — [1]ਮੱਸਿਆ।
ਇੱਤਜਾਦਿਕ ਜੇ ਨਾਨਾ ਭਾਂਤਿ।
ਗੁਰ ਸਿੱਖਨਿ ਕੋ ਕਰਹਿ ਅਹਾਰੇ।
ਪਠਹਿਂ ਚੁਰੋ[1] ਜਬਿ ਪਾਨ ਪਖਾਰੇ[2] ॥੩੧॥ — [1]ਚੁਲਾ ਪੜ੍ਹਨਾ। [2]ਹੱਥ ਧੋਵਨ।
ਤਬਿ ਸਤਿਗੁਰ ਕੋ ਧਾਰਹਿ ਧਜਾਨ।
ਬਿਨੈ ਬਖਾਨਹਿ ਬਨਿ ਬਿਨ ਮਾਨ[1]। — [1]ਹੰਗਤਾ ਬਿਨਾਂ।
ਕਰ ਜੋਰੈ ਉਰ ਮਹਿਂ ਇਮ ਕਹੈ।

-ਇਹ ਪ੍ਰਸਾਦਿ ਪ੍ਰਭੁ ਤੇਰੋ ਅਹੈ-
॥੩੨॥
ਸਭਿ ਸਿੱਖਨ ਕੋ ਬੰਦਨ ਕਰੈ।
-ਅਚਜੋ ਗੁਰਨਿ- ਇਮ ਸ਼ਰਧਾ ਧਰੈ।
ਪਰਬ ਸਰਬ ਜੇ ਮਾਸ ਮਝਾਰ।
ਨਹਿਂ ਬਨਿ ਆਵਹਿ ਦੇਨਿ ਅਹਾਰ
॥੩੩॥
ਦਰਸ[੧੧] ਕਿਧੌਂ ਸੰਕ੍ਰਾਂਤਿ ਸੁ ਦਿਨ ਮੈਂ।
ਤ੍ਰਿਪਤਾਵਹਿ ਗੁਰ ਸਿੱਖ ਸਦਨ ਮੈ[†]।

[†]ਸ਼ੋਕ ਹੈ ਕਿ ਇਹ ਸ਼ੁਭ ਕਰਮ ਸਿਖਾਂ ਵਿਚੋਂ ਘੱਟ ਰਹੇ ਹਨ। ਪਛਮੀ ਰੀਸਾਂ ਪ੍ਰਧਾਨ ਹੋ ਰਹੀਆਂ ਹਨ।

ਬਹੁਰ ਵਸਤ੍ਰ ਆਛੇ ਬਨਿਵਾਵੈ[†]।

[†]ਪਾ:-ਬਨਿਆਵੈ।

ਸੰਤ ਕਿ ਸਿੱਖ ਕਸ਼ਟ ਕੋ ਪਾਵੈ
॥੩੪॥
ਸੀਤ ਕਾਲ ਮਹਿਂ ਕਰਿ ਪਹਿਰਾਇ।
ਲੇਫ ਨਿਹਾਲੀ ਤੂਲ ਡਲਾਇ[1]।

[1]ਰੂਈਂ ਪਾਕੇ।

ਕੈ ਕੰਬਰ[1] ਦੇ ਹੇਰਿ ਨਗਨ ਕੋ।

[1]ਕੰਬਲ।

ਛਾਦਨਿ ਕਰਹਿ ਗ਼ਰੀਬਨਿ ਤਨਕੋ
॥੩੫॥
ਕਰਨਿ ਦਾਨ ਇਸ ਬਿਧਿ ਕੇ ਦੋਇ[1]।

[1]ਅੰਨ ਤੇ ਬਸਤ੍ਰ ਦੇ ਦੋਵੇਂ ਦਾਨ।

ਸਰਬ ਕਰੈ ਇਹ ਅਤਿ ਹਿਤ ਹੋਇ।
ਜਥਾ ਸ਼ਕਤਿ ਇਹ ਸਭਿ ਕੇ ਜੋਗ।
ਗ੍ਰਿਹਸਤ ਧਰਮ ਧਾਰਜੋ ਜਿਸ ਲੋਗ
॥੩੬॥
ਬਚਨ ਕਹਜੋ ਸ੍ਰੀ ਨਾਨਕ ਧੀਰ।
'ਪੁੰਨ ਦਾਨ ਕਾ ਕਰੈ ਸਰੀਰ।
ਸੋ ਗਿਰਹੀ ਗੰਗਾ ਕਾ ਨੀਰ।'
ਧਰਮ ਗ੍ਰਿਹਸਤ ਕੋ ਦਾਨ ਗਹੀਰ[1]

[1]ਗ੍ਰਿਹਸਤੀ ਦਾ ਦਾਨ ਕਰਨਾ ਹੀ ਵੱਡਾ ਧਰਮ ਹੈ।

॥੩੭॥
ਜਜੋਂ ਕਜੋਂ ਕਰਿ ਦਿਨ ਰੈਨ ਮਝਾਰਾ।
ਵਸਤ੍ਰ ਨਗਨ ਕੋ[1], ਛੁਧਤਿ ਅਹਾਰਾ[2]।

[1]ਨੰਗੇ ਨੂੰ। [2]ਤੇ) ਭੁੱਖੇ ਨੂੰ ਭੋਜਨ।

ਪੁੰਨ ਅਪਰ ਬਹੁ ਬਿਧਿ ਕੇ ਅਹੈਂ।
ਤਊ ਨ ਸਮਤਾ ਇਸ ਕੀ ਲਹੈਂ

॥੩੮॥
ਦਾਨ ਸ਼ਾਂਤਕੀ ਇਹ ਸੁਖਦਾਈ।
ਭਗਤਿ ਉਪਾਵਹਿਂ, ਕਸ਼ਟ ਮਿਟਾਈ।'
ਇਮ ਸਤਿਗੁਰ ਉਚਰਜੋ ਉਪਦੇਸ਼।
ਪੈੜੇ ਦੁਰਗੇ ਸੁਨਜੋ ਅਸ਼ੇਸ਼ ॥੩੯॥
ਬੰਦਨ ਕੀਨਿ ਸਦਨ ਕੋ ਗਏ।
ਗੁਰ ਕੋ ਕਹਜੋ ਕਮਾਵਤਿ ਭਏ।
ਬਹੁ ਸਿਖ ਆਵੈਂ, ਦੇਹਿਂ ਅਹਾਰਾ।
ਸਾਦਰ ਕਹੈਂ ਭਾਉ ਬਡ ਧਾਰਾ ॥੪੦॥
ਕੇਤਿਕ ਦਜੋਸ ਬਿਤੇ ਇਮ ਕਰਤੇ।
ਪਰਬ ਦਿਵਸ ਗੁਰ ਜਾਇ ਨਿਹਰਤੇ।
ਖਰਚ ਬਡੋ ਘਰ ਆਮਦ ਥੋਰੀ।
ਯਾਂ ਤੇ ਕਢਜੋ ਕਰਜ਼ ਧਨ ਔਰੀ[1] ॥੪੧॥
ਇਕ ਦਿਨ ਬਹੁ ਸੰਗਤਿ ਚਲਿ ਆਈ।
ਨਹਿਂ ਕੁਛ ਘਰ ਮਹਿਂ ਦੇ ਜੁ ਖੁਵਾਈ।
ਦਯੋ ਨ ਕਰਜ਼ ਬਨਕ ਨੇ ਜਬੈ।
ਕੁਛਕ ਬਿਭੂਖਨ ਤ੍ਰਿਯ ਕੇ ਤਬੈ ॥੪੨॥
ਬੇਚ ਤਾਂਹਿ ਕੋ ਅਸਨ ਬਨਾਵਾ।
ਸਭਿ ਸੰਗਤਿ ਕੋ ਘਰ ਅਚਵਾਵਾ।
ਅਗਲੇ ਦਿਵਸ ਹੇਤ ਨਹਿਂ ਰਹਜੋ।
ਨਹਿਂ ਉਰ ਡੋਲੇ, ਧੀਰਜ ਲਹਜੋ ॥੪੩॥
ਵਹਿਰ ਭੂਮਿਕਾ ਜਬਿਹੀ ਗਯੋ।
ਕਰ ਸੋਂ[1] ਥਾਨ ਖਨਜੋ ਲਖਿ ਲਯੋ।
ਇਕ ਬਾਸਨ ਦੀਨਾਰਨਿ[1] ਭਰਜੋ।

[1]ਹੋਰ ਧਨ (ਲੈਕੇ)।

[1]ਹੱਥ ਨਾਲ।

[1]ਮੁਹਰ [ਦੀਨਾਰ = ਕਾਨੂਨ ਇਸਲਾਮ ਵਿਚ 'ਦੀਨਾਰ' ਢਾਈ ਰੁਪੈ ਦਾ ਸਿੱਕਾ ਹੈ। 'ਦੀਨਾਰ ਸੁਰਖ' ਸੋਨੇ ਦਾ ਸਿੱਕਾ ਹੈ। ਸੰਸਕ੍ਰਿਤ ਵਿਚ = ਸੋਨੇ ਦਾ ਸਿੱਕਾ ਹੈ, ਸੋਨੇ ਦਾ ਇਕ ਵਜ਼ਨ ਜੋ ੩੨ ਰਤੀਆਂ ਦਾ ਬੀ ਮੰਨਿਆ ਹੈ, ਤੇ ੨ ਤੋਲੇ ਦਾ ਬੀ। ਯੂਨਾਨੀ ਵਿਚ 'ਡਿਨਾਰਿਅਸ' ਇਸਦਾ ਰੂਪ ਹੈ। ਸੰਸਕ੍ਰਿਤ ਪ੍ਰਾਚੀਨ ਗ੍ਰੰਥਾਂ ਵਿਚ ਬੀ 'ਦੀਨਾਰ' ਪਦ ਆਇਆ

ਹੈ।

ਤਹਿਂ ਨਿਕਾਸ ਘਰਿ ਲਜਾਵਨਿ ਕਰਜੋ
॥੪੪॥
ਕਰਜ਼ ਉਤਾਰਿ ਬਿਭੂਖਨ ਸਾਰੇ।
ਘਰਿਵਾਏ ਸ਼ੁਭ, ਕਰਤਿ ਅਹਾਰੇ।
-ਦਯੋ ਦਰਬ ਪ੍ਰਭੁ ਨੇ- ਇਮ ਜਾਨਾ।
ਬਸਤ੍ਰ ਅਹਾਰ ਦੀਨਿ ਗਨ ਦਾਨਾ
॥੪੫॥
ਗੁਰਬਾਣੀ ਪਠਿ ਭਗਤਿ ਕਰੰਤੇ।
ਸ੍ਰੀ ਅਰਜਨ ਕੋ ਆਇ ਦਿਖੰਤੇ।
ਸੁਨਿ ਸਤਿਗੁਰ ਨੇ ਧਨ ਬਿਰਤਾਂਤ।
ਬਚਨ ਕਰਜੋ 'ਜੋ ਬੰਡਤਿ ਖਾਤ[1] [1]ਵੰਡ ਕੇ ਖਾਂਦਾ ਹੈ।
॥੪੬॥
ਵਾਹਿਗੁਰੂ ਤਿਸ ਥੁੜਨਿ ਨ ਦੇਤਿ।
ਸਰਬ ਪਦਾਰਥ ਹੋਤਿ ਨਿਕੇਤ।'
ਸੱਤਿਨਾਮ ਸਿਮਰਤਿ ਗਤਿ ਪਾਈ।
ਅੰਤ ਸਮੈ ਗੁਰ ਭਏ ਸਹਾਈ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਦੁਇ ਪੰਚਾਸਮੋ ਅੰਸੂ ॥੫੨॥

## ੫੩. [ਬਾਲਾ ਕਿਸ਼ਨਾ ਆਦਿ ਸਿੱਖਾਂ ਪ੍ਰਤੀ ਉਪਦੇਸ਼]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਝਿੰਗੁਣ ਹੁਤੇ ਸੁ ਜਾਤ ਕੇ, ਬਾਲਾ ਕਿਸ਼ਨਾ ਨਾਮ।
ਸੰਸਕ੍ਰਿਤ ਬਿੱਦਜਾ ਬਿਖੈ, ਪੰਡਿਤ ਬਡ ਅਭਿਰਾਮ ॥੧॥

ਚੌਪਈ:

ਸੋ ਜਬਿ ਕਥਾ ਕਰਤਿ ਨਰ ਮਾਂਹੀ।
ਸੁਨਹਿਂ ਬ੍ਰਿੰਦ ਉਰ ਹਰਖੁ ਉਪਾਹੀਂ।
ਆਛੀ ਰੀਤਿ ਸੁਨਾਵਤਿ ਕਰਿਹੀਂ।
ਰੀਝਹਿਂ ਸਗਰੇ ਸੁਜਸੁ ਉਚਰਿਹੀਂ ॥੨॥
ਤਿਨਹੁਂ ਪਿਖੇ -ਸਿਖ ਜਾਤਿ ਘਨੇਰੇ।
ਬਾਂਛਤਿ ਪਾਇਂ ਗੁਰੂ ਮੁਖ ਹੇਰੇ[1]।
ਸੁਨਿ ਉਪਦੇਸ਼ ਤਜਾਗ ਲਬ ਰੋਸ[1]।
ਧਰਹਿਂ ਰਿਦੈ ਮਹਿਂ ਸਤਿ ਸੰਤੋਸ਼- ॥੩॥
ਇੱਤਜਾਦਿਕ ਗੁਨ ਰਿਦੈ ਬਿਚਾਰੇ।
ਗੁਰ ਦਰਸ਼ਨ ਕੇ ਹੇਤੁ ਸਿਧਾਰੇ।
ਸ਼੍ਰੀ ਅਰਜਨ ਕੇ ਢਿਗ ਚਲਿ ਆਏ।
ਨਮੋ ਠਾਨਿ ਬੈਠੇ ਸਮੁਹਾਏ ॥੪॥
ਬੋਲੇ ਬਹੁਰ 'ਆਪ ਸਤਿਗੁਰ ਹੋ।
ਉਪਦੇਸ਼ੋ ਗੁਨ ਸਿੱਖਨ ਉਰ ਹੋ[1]।
ਖੋਸ਼ਟ ਸ਼ਾਸਤ੍ਰਨਿ ਮਤ ਕੋ ਜਾਨਹਿਂ[1]।
ਕਥਾ ਪੁਰਾਨ ਮਹਾਨ ਬਖਾਨਹਿਂ ॥੫॥
ਸ਼੍ਰੋਤਾ ਕੋ ਹਮ ਦੇਤਿ ਰਿਝਾਇ।
ਸਰਬ ਪ੍ਰਸੰਨਹਿਂ ਸੁਜਸੁ ਅਲਾਇ।
ਤਊ ਹਮਾਰੇ ਮਨ ਮਹਿਂ ਸ਼ਾਂਤਿ।
ਨਹਿਂ ਉਪਜਤਿ, ਹੁਇ ਮਤ ਅਵਦਾਤਿ[1] ॥੬॥

[1]ਦਰਸ਼ਨ ਕਰਕੇ।

[1]ਲਾਲਚ ਤੇ ਗੁੱਸਾ।

[1]ਸਿੱਖਾਂ ਦੇ ਰਿਦੇ ਵਿਚ ਗੁਣਾਂ (ਦੇ ਧਾਰਨ ਕਰਨ ਦਾ) ਉਪਦੇਸ਼ ਕਰਦੇ ਹੋ।

[1]ਅਸੀਂ) ਜਾਣਦੇ ਹਾਂ।

[1]ਉੱਜਲ ਬੁਧਿ ਹੋਕੇ ਸ਼ਾਂਤੀ ਨਹੀਂ ਪੈਦਾ ਹੁੰਦੀ।

ਸਿੱਖ ਆਪ ਕੇ ਸ਼ਾਂਤੀ ਪਾਇੰ।
ਅਜ਼ਮਤ ਜੁਤਿ ਲਹਿ ਗੁਨ ਸਮੁਦਾਇ।
ਕ੍ਰਿਪਾ ਕਰਹੁ ਇਹ ਭੇਦ ਬਤਾਵੋ।
ਰਿਦੈ ਹਮਾਰੇ ਸ਼ਾਂਤਿ ਉਪਾਵੋ ॥੭॥
ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨਾ।
'ਮਨ ਕਾਰਨ ਗੁਨ ਅਵਗੁਨ ਜਾਨਾ[1]।

[1]ਗੁਣ ਔਗੁਣ ਦਾ ਕਾਰਨ ਮਨ ਹੀ ਜਾਣੋ।

ਬਿੱਦਜਾ ਪਠਨਿ ਲਗੇ ਤੁਮ ਜਬਿ ਤੇ।
ਮਨ ਤ੍ਰਿਸ਼ਨਾ ਉਪਜਾਇਸਿ ਤਬਿ ਤੇ ॥੮॥
ਬਹੁ ਬਿੱਦਜਾ ਹਮ ਪਠਹਿਂ[1] ਬਨਾਇ।

[1]ਪੜ੍ਹਾਂਗੇ।

ਦਰਬ ਸਮੂਹ ਲੇਹਿਂ ਉਪਜਾਇ।
ਦ੍ਰਿਢ ਸੰਕਲਪ ਤਥਾ ਹੀ ਰਹਜੋ।
ਕਰਿ ਕਰਿ ਕਥਾ ਦਰਬ ਹੀ ਲਹਜੋ ॥੯॥
ਨਿਜ ਮਨ ਕੇ ਸਮਝਾਵਨਿ ਕਾਰਨ।
ਪਠੀ ਨ ਬਿੱਦਜਾ ਕਿਯ ਨ ਬਿਚਾਰਨਿ।
ਕਥਾ ਕਰਤਿ ਧਨ ਮਹਿਂ ਮਨ ਰਹੈ[†]।

[†]ਕਥਾ ਕਰਨ ਵਾਲੇ ਤੇ ਕੀਰਤਨੀਏਂ ਗੁਰ ਸਿੱਖਾਂ ਨੂੰ ਇਸ ਉਪਦੇਸ਼ ਤੋਂ ਲਾਭ ਲੈਣਾ ਚਾਹੀਏ।

ਕਿਮ ਸ਼ਾਂਤੀ ਗੁਨ ਗਨ[1] ਕੋ ਲਹੈ ॥੧੦॥

[1]ਸ਼ਾਂਤੀ ਦੇ ਸਾਰੇ ਗੁਣ।

ਅਬਿ ਤੇ ਕਰਹੁ ਅਗਾਰੀ ਐਸੇ।
ਸਮਝਾਵਨਿ ਹਿਤ ਲੋਕਨਿ ਜੈਸੇ।
ਅਨਿਕ ਭਾਂਤਿ ਕੀ ਕਰਿ ਚਤੁਰਾਈ।
ਕਰਹੁ ਰਿਝਾਵਨਿ ਠਾਨਿ ਉਪਾਈ ॥੧੧॥
ਤੈਸੇ ਮਨ ਸਮਝਾਵਨਿ ਕਾਰਨ।
ਪਠਿ ਬੇਦਾਂਤ ਸੁ ਕਰਹੁ ਬਿਚਾਰਨਿ।
ਇਸ ਉੱਦਮ ਮਹਿਂ ਬਹੁ ਜਬਿ ਲਾਗੋ।
ਸਿਮਰਹੁ ਸੱਤਿਨਾਮ ਅਨੁਰਾਗੋ[1] ॥੧੨॥

[1]ਅਨ+ਰਾਗ = ਰਾਗ ਤੋਂ ਬਿਨਾ ਹੋ ਕੇ ਵੈਰਾਗ (ਬ੍ਰਿਤੀ) ਨਾਲ (ਅ) ਅਨੁਰਾਗੋ = ਪ੍ਰੇਮ ਨਾਲ।

ਮਾਸ ਮਾਸ ਮਹਿਂ ਦਰਸਹੁ ਗੁਰ ਕੋ।
ਆਇ ਬ੍ਰਿਤੰਤ ਬਤਾਵਹੁ ਉਰ ਕੋ[1]।

[1]ਦਿਲ ਦਾ ਹਾਲ।

ਸੁਖ ਦੁਖ ਜੋ ਪਈਯੈ ਪਰਲੋਕ।
ਤਿਸ ਕੋ ਲਖਹੁ, ਲੇਹੁ ਮਨ ਰੋਕ[1] ॥੧੩॥

[1]ਸੁਖ ਦੁਖ ਜੋ (ਮਰਕੇ) ਪਰਲੋਕ ਵਿਚ ਪਾਉਣਾ ਹੈ ਤਿਨਾਂ ਨੂੰ ਇਥੋਂ ਦੇ ਕੀਤੇ ਕਰਮਾਂ ਦਾ ਫਲ) ਜਾਣੋ (ਇਹ ਜਾਣਕੇ) ਮਨ ਨੂੰ ਰੋਕ ਲਓ।

ਬਸਹਿ ਰਿਦੈ[1] ਮਨ ਕੀ ਸਭਿ ਜਾਨਹਿ।

[1]ਰਿਦੇ ਵਿਚ ਵਸਣ ਵਾਲਾ (ਪਰਮੇਸ਼ਰ)।

ਸੋ ਪਰਮੇਸੁਰ ਲਖਿ ਸਭਿ ਥਾਨਹਿ[1]।'

[1]ਸਭ ਥਾਵਾਂ ਵਿਚ।

ਸ੍ਰੀ ਮੁਖ ਤੇ ਸੁਨਿ ਪੰਡਿਤ ਦੋਊ।
ਮਾਨੇ ਬਾਕ ਬਿਚਾਰਤਿ ਸੋਊ ॥੧੪॥
ਮਨ ਕੋ ਸਮੁਝਾਵਨਿ ਪੁਨਿ ਲਾਗੇ।
ਸਨੈ ਸਨੈ ਤ੍ਰਿਸ਼ਨਾਦਿਕ ਤਜਾਗੇ।
ਸਤਿਗੁਰ ਸੰਗ ਕਰਤਿ ਭੇ ਨੀਤ।
ਸੱਤਿਨਾਮ ਸੰਗ ਲਾਗੀ ਪ੍ਰੀਤਿ ॥੧੫॥
ਹੋਤਿ ਭਯੋ ਤਿਨ ਕੋ ਕੱਲਜਾਨੇ।
ਗੁਰ ਕੇ ਸਿੱਖ ਹੋਇ ਮਨ ਮਾਨੇ।
ਨਾਮ ਸਮੁੰਦਾ ਇਕ ਚਲਿ ਆਯੋ।
ਸ੍ਰੀ ਅਰਜਨ ਕੋ ਸੀਸ ਨਿਵਾਯੋ ॥੧੬॥
ਬੈਠਿ ਨਿਕਟ ਮੁਖ ਬਾਕ ਬਖਾਨੇ।
'ਗੁਰੂ ਗਰੀਬ ਨਿਵਾਜ ਸੁਜਾਨੇ।
ਸਨਮੁਖ ਬੇਮੁਖ ਕਹੀਅਹਿ ਕੌਨ?
ਆਪ ਬਖਾਨਹੁ ਲੱਛਨ ਦੌਨ[1] ॥੧੭॥

[1]ਦੋਹਾਂ ਦੇ।

ਜਿਸ ਤੇ ਮੈਂ ਜਾਨੌਂ ਮਨ ਮਾਂਹੀ।
ਸਨਮੁਖ ਬਨੌਂ, ਬਿਮੁਖ ਹੁਇ ਨਾਂਹੀ।
ਸੁਨਿ ਗੁਰ ਕਹਜੋ 'ਹੋਤਿ ਬਡ ਸ਼ਾਹੂ।
ਕਾਰਜ ਕਰਨਿ ਪਠਾਵਹਿ ਕਾਹੂ ॥੧੮॥
ਬੁਧਿ ਤੇ ਬਲ ਤੇ ਪ੍ਰੇਮ ਲਗਾਇ।
ਜੋ ਕਾਰਜ ਕੋ ਲੇਤਿ ਬਨਾਇ।
ਸੋ ਸਨਮੁਖ ਆਵਤਿ ਚਲਿ ਸ਼ਾਹੂ।
ਨਹੀਂ ਕਰਹਿ ਬੇਮੁਖ ਲਖਿ ਤਾਂਹੂ ॥੧੯॥
ਵਾਹਿਗੁਰੂ ਤਿਮ ਪਠਜੋ ਨਰਨਿ ਕੋ।
ਨਾਮ ਦਾਨ ਇਸ਼ਨਾਨ ਕਰਨਿ ਕੋ।
ਪਾਛਲ ਰਾਤਿ ਨੀਂਦ ਕੋ ਤਜਾਗੇ।

ਕਰਹਿ ਸੌਚ ਮੱਜਨ ਅਨੁਰਾਗੇ ॥੨੦॥
ਅੰਮ੍ਰਿਤ ਵੇਲੇ ਨਿਤ ਸਤਿਨਾਮੁ।
ਸਿਮਰਹਿ ਪ੍ਰੀਤਿ ਧਰਹਿ ਨਿਸ਼ਕਾਮੁ।
ਗੁਰਬਾਣੀ ਪਠਿ ਰਿਦੇ ਬਿਚਾਰਹਿ।
ਤਰਨਿ[1] ਉਦੇ ਨਿਜ ਕਾਜ ਸੰਭਾਰਹਿ ॥੨੧॥ [1]ਸੂਰਜ।
ਮੁਖ ਮਹਿਂ ਕਿਧੌਂ ਰਿਦੇ ਸਤਿਨਾਮੂ।
ਸਦਾ ਸੰਭਾਰਹਿ ਕਰਤੇ ਕਾਮੂ।
ਜਿਨਹੁਂ ਨ ਮਨ ਤੇ ਪ੍ਰਭੁ ਬਿਸਾਰਯੋ।
ਸਤਿ ਸੰਗਤਿ ਮਿਲਿਬੇ ਹਿਤ ਧਾਰਯੋ ॥੨੨॥
ਜਥਾ ਸ਼ਕਤਿ ਨਿਤ ਦੇਤੇ ਦਾਨ।
ਨਗਨਿ ਛੁਧਤਿ ਕੋ ਦੇਖਿ ਸੁਜਾਨ।
ਜਿਨ ਜਗ ਮਹਿਂ ਇਮ ਕਾਜ ਬਨਾਯੋ।
ਬੰਧੇ ਦੁਖ ਪ੍ਰਾਪਤਿ ਬਹੁਬੇਰੀ।
ਬਿਨ ਗੁਰ ਕਰੁਨਾ ਛੂਟਤਿ ਨਾਂਹੀ।
ਪਚੇ ਪਰਹਿਂ ਪਰਵਾਰਨਿ ਮਾਂਹੀ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਸਸ਼ਟੀ ਅੰਸੂ ॥੬੦॥

## ੬੧. [ਧੁੱਟੇ ਜੋਧਾ ਆਦਿ ਸਿੱਖਾਂ ਪ੍ਰਤੀ ਉਪਦੇਸ਼]

੬੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੨

ਦੋਹਰਾ:

ਧੁੱਟੇ ਜੋਧਾ ਜਾਮ† ਦ੍ਵੈ ਸ੍ਰੀ ਅਰਜਨ ਢਿਗ ਆਇ।
ਕਰਿ ਬੰਦਨ ਬੈਠੇ ਤਬੈ ਬੂਝੇ ਸਹਿਜ ਸੁਭਾਇ ॥੧॥

†ਪਾ:-ਸੂਦ। ੧੧ ਵੀਂ ਵਾਰ ਵਿਚ 'ਜੋਧਾ ਤੇ ਜਾਮੂ ਧੁੱਟੇ' ਲਿਖਿਆ ਹੈ।

ਚੌਪਈ:

'ਸ੍ਰੀ ਗੁਰ! ਇਮ ਹੈ ਹੁਕਮ ਤੁਮਾਰੋ।
-ਮਨ ਇਕਾਗ੍ਰ ਕਰਿ ਭਜਨ ਸੁਧਾਰੋ-।
ਕਰਿ ਹਾਰੇ ਹਮ ਅਨਿਕ ਉਪਾਇ।
ਨਹੀਂ ਇਕਾਗਰਤਾ ਮਨ ਪਾਇ' ॥੨॥
ਸੁਨਿ ਸਤਿਗੁਰ ਕਹਿ ਉੱਤਰ ਤਿਨ ਕੋ।
'ਪ੍ਰਥਮ ਨ ਲਖਹੁ[1] ਸੁਭਾਵ ਜਿ ਮਨ ਕੋ।
ਲਗੇ ਪਛਾਨਨਿ ਅਬਿ ਗਤਿ ਅੰਤਰਿ[1]।
ਇਸੀ ਜਤਨ ਮਹਿਂ ਰਹੋ ਨਿਰੰਤਰ ॥੩॥

[1]ਨਹੀਂ ਸੀ ਜਾਣਦੇ।
[1]ਅੰਦਰ =) ਦਿਲ ਦੀ ਹਾਲਤ।

ਨਿਕਸਹਿ ਮਨ ਪੁਨ ਜੋਰਹੁ[1] ਆਨਿ।
ਪੁਨ ਪੁਨ ਰੋਕਹੁ ਬਨਿ ਸਵਧਾਨ।
ਸਹਿਜ ਸੁਭਾਇਕ ਥਿਰਤਾ ਹੋਇ।
ਪਾਵਹੁ ਸ੍ਰੇਯ ਕਸ਼ਟ ਗਨ ਖੋਇ' ॥੪॥
ਸੁਨਿ ਉਪਦੇਸ਼ ਜਤਨ ਤਿਮ ਠਾਨਾ।
ਸੋ ਪ੍ਰਾਪਤਿ ਹੋਏ ਕੱਲਜਾਨਾ।
ਮੰਞ ਕੇ ਸੰਗ ਪਿਰਾਣਾ ਆਯੋ।
ਸਤਿਗੁਰ ਆਗੇ ਸੀਸ ਨਿਵਾਯੋ ॥੫॥
'ਦਿਹੁ ਉਪਦੇਸ਼ ਹੋਹਿ ਕਲਜਾਨੇ।'
ਸ੍ਰੀ ਮੁਖ ਤੇ ਸ਼ੁਭ ਵਾਕ ਬਖਾਨੇ।
'ਸਰਵਰ ਕੇ ਮੁਰੀਦ ਤੁਮ ਦੋਊ।
ਸਿੱਖੀ ਕਠਨ ਕਮਾਇ ਨ ਸੋਊ[1]' ॥੬॥
ਕਹਨਿ ਲਗੇ 'ਤੁਮ ਦਰਸ਼ਨ ਭਯੋ।
ਤਬਿ ਤੇ ਹਮਰੋ ਮਨ ਫਿਰਿ ਗਯੋ।

[1]ਜੋੜੋ (ਨਾਮ ਵਿਚ)।
[1]ਕਮਾ ਨਹੀਂ ਹੋਣੀ।

ਹਿੰਦੁ ਜਨਮ ਹਮ ਤੁਰਕ ਮਨਾਵੈਂ।
ਗਯੋ ਧਰਮ ਪਰਲੋਕ ਗਵਾਵੈਂ" ॥੭॥
ਸੁਨਿ ਗੁਰ ਕਹ੍ਯੋ 'ਜਾਹੁ ਨਿਜ ਧਾਮ।
ਪ੍ਰਥਮ ਢਾਹੁ ਸੁਲਤਾਨ ਮੁਕਾਮ।
ਪੁਨ ਆਵਹੁ ਹਮ ਸਿੱਖ ਬਨਾਵੈਂ।
ਸ਼ੁਭ ਅਪਨੋ ਉਪਦੇਸ਼ ਬਤਾਵੈਂ" ॥੮॥
ਸੁਨਤਿ ਜਾਇ ਤਿਸ ਥਾਨ ਬਿਦਾਰਾ[1]।
ਗੁਰ ਢਿਗ ਆਇ ਪ੍ਰਸੰਗ ਉਚਾਰਾ।
ਸ਼੍ਰੀ ਮੁਖ ਤੇ ਸੇਵਾ ਫੁਰਮਾਈ।
'ਮੰਞ ਵਹਿਰ ਤੇ ਈਂਧਨ ਲਜਾਈ ॥੯॥
ਤੂੰ ਚੁੱਲ੍ਹੇ ਝੋਕਨਿ ਪਰ ਰਹੋ।
ਇਹ ਸਿੱਖਨਿ ਕੀ ਸੇਵਾ ਲਹੋ।
ਅੰਤਹਿਕਰਨ ਸ਼ੁੱਧ ਹੁਇ ਜਬੈ।
ਹਮ ਉਪਦੇਸ਼ ਬਤਾਵਹਿਂ ਤਬੈ ॥੧੦॥
ਨਿਤ ਗੁਰ ਸ਼ਬਦ ਸੁਨਹੁ ਮਨ ਲਾਇ।
ਕਥਾ ਕੀਰਤਨ ਹੁਇ ਜਿਸ ਥਾਇਂ।
ਸਿੱਖਨਿ ਜੂਠੇ ਬਾਸਨ ਜੋਇ।
ਕਰਹੁ ਪਖਾਰਨਿ ਮਾਞਨਿ ਸੋਇ' ॥੧੧॥
ਸੁਨਿ ਕਰਿ ਸੇਵ ਲਗੇ ਹਰਖਾਇ।
ਚਿਰੰਕਾਲ ਗੁਰ ਸੰਗਤਿ ਪਾਇ।
ਭਯੋ ਪਿਰਾਣਾ ਸਿੱਧ ਬਿਸਾਲਾ।
ਬ੍ਰਹਮ ਗਜ੍ਯਾਨ ਲਹਿ ਸਦਾ ਸੁਖਾਲਾ ॥੧੨॥
ਅੰਤ ਪ੍ਰਯੰਤ ਰਹ੍ਯੋ ਗੁਰ ਤੀਰ।
ਸੇਵੇ ਸ਼੍ਰੀ ਹਰਿ ਗੋਵਿੰਦ ਧੀਰ।
ਕਥਾ ਮੰਞ ਕੀ ਅਪਰ ਸਥਾਨ।
ਬਰਨਨਿ ਕਰੀ† ਸੁਨਹੁ ਸਿਖ ਕਾਨ ॥੧੩॥
ਹਮਜ਼ਾ ਜੱਜਾ[1] ਮਿਲਿ ਜੁਗ ਭ੍ਰਾਤ।

[1]ਢਾਹਿਆ।

†ਦੇਖੋ ਦੂਜੀ ਰਾਸ, ਅੰਸੂ ੪੩ ਤੇ ੪੪।

[1]ਨਾਮ।

ਬਾਲਾ[੩] ਮਰਵਾਹਾ[1] ਵੱਖਜਾਤ। — [1]ਜਾਤ ਹੈ।
ਅਪਰ ੳਹਰੀ[੪] ਨਾਨੋ[੩] ਆਯੋ।
ਸੂਰੀ ਹੁਤੋ ਚੌਧਰੀ[1] ਗਾਯੋ ॥੧੪॥ — [1]ਸੂਰੀ ਚਉਧਰੀ।
ਸ਼੍ਰੀ ਅਰਜਨ ਕੇ ਪਹੁੰਚੇ ਪਾਸ।
ਬੰਦਨ ਕਰਿ ਭਾਖੀ ਅਰਦਾਸ।
'ਗੁਰੂ ਗ਼ਰੀਬ ਨਿਵਾਜ ਮਹਾਨਾ!
ਬੀਚ ਪੁਰਾਨ ਸੁਨੵੋ ਹਮ ਕਾਨਾ ॥੧੫॥
-ਕਾਸ਼ੀ ਕੇਰ ਮਹਾਤਮ ਭਾਰੇ।
ਮਰੇ ਤਹਾਂ ਮੁਕਤੀ ਲੇ ਸਾਰੇ।
ਸ਼ਿਵ ਕੇ ਨਿਕਟ ਵਾਸ ਕੋ ਪਾਵੈ।
ਜਨਮ ਮਰਨ ਕੋ ਕਸ਼ਟ ਮਿਟਾਵੈ- ॥੧੬॥
ਆਪ ਸੁਧਾਸਰ ਮਹਿਮਾ ਭਾਖੀ।
ਸ਼੍ਰੀ ਗ੍ਰੰਥ ਸਾਹਿਬ[†] ਮਹਿਂ ਰਾਖੀ। — [†]ਪਾ:-ਸ਼੍ਰੀ ਸਾਹਿਬ ਸਬਦੋਂ।
ਕਹੋ ਮਹਾਤਮ, ਹੈ ਇਸ ਜੈਸੇ[1]। — [1]ਜੈਸੇ ਇਸਦਾ ਹੈ।
ਨਿਰਨੇ ਕਰਹੁ ਲਹੈਂ ਸਿਖ ਤੈਸੇ' ॥੧੭॥
ਸ਼੍ਰੀ ਅਰਜਨ ਜੀ ਸੁਨਤਿ ਵਖਾਨਾ।
'ਤੀਰਥ ਰਚਨਿ ਸੁਧਾਸਰ ਠਾਨਾ।
ਇਸ ਕੇ ਗਿਰਦੇ ਦ੍ਵਾਦਸ਼ ਕੋਸ।
ਤੀਰਥ ਤੀਨ ਲੋਕ ਕੇ ਜੋ ਸੁ[1] ॥੧੮॥ — [1]ਜੋ ਹੈਨ।
ਕਲਿਯੁਗ ਤੇ ਧਰਿ ਕਰਿ ੳੁਰ ਤ੍ਰਾਸ।
ਸਗਰੇ ਆਵਹਿਂ ਕਰਹਿਂ ਨਿਵਾਸ।
ਸਭਿ ਕੋ ਫਲ ਇਸ ਥਲ ਤੇ ਹੋਇ।
ਬਾਸ ਕਰਹਿਂ ਇਹ ਠਾਂ ਨਰ ਜੋਇ ॥੧੯॥
ਬੀਚ ਬਨੵੋ ਸੁੰਦਰ ਹਰਿਮੰਦਿਰ।
ਨਿਸ ਦਿਨ ਸੱਤਿਨਾਮ ਜਿਸ ਅੰਦਰ।
ਸ਼੍ਰੀ ਗੁਰ ਕੀ ਬਾਣੀ ਸ਼ੁਭ ਰਰੈਂ।
ਜਿਸ ਮਹਿਂ ਨਾਮ ਮਹਾਤਮ ਧਰੈਂ[†] — [†]ਪਾ-ਜਿਸਤੇ ਨਾਮ ਮਹਾਤਮ ਕਰੈਂ।

॥੨੦॥
ਨਾਮ ਰੁ ਨਾਮੀ ਭੇਦ ਨ ਕੋਈ।
ਯਾਂ ਤੇ ਬਾਸ ਪ੍ਰਮੇਸ਼ੁਰ ਹੋਈ।
ਜਿਮ ਗੰਗਾ ਮਹਿਂ ਮੁਖ ਹਰਿਦ੍ਵਾਰ।
ਤਿਮ ਹਰਿ ਪੌਰ[1] ਇਹਾਂ ਨਿਰਧਾਰ ॥੨੧॥

[1]ਹਰਕੀ ਪੌੜੀ।

ਨਿਰਗੁਣ ਰੂਪ ਨਾਮ ਬ੍ਰਹਮ ਗ੍ਯਾਨ[1]।

[1]ਬ੍ਰਹਮ ਗਿਆਨ (ਦੀ ਪ੍ਰਾਪਤੀ ਦਾ ਕਾਰਨ) ਨਿਰਗੁਣ ਰੂਪ ਨਾਮ।

ਸਗੁਨ ਸਰੂਪ[1] ਆਪ ਭਗਵਾਨ।

[1]ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਦੋਨਹੁਂ ਬਾਸ ਕਰਹਿਂ ਜਬਿ ਇਸਮੈ।
ਮੱਜਿਤ ਦਰਸਤਿ ਅਘ ਰਹਿ ਕਿਸ ਮੈਂ? ॥੨੨॥
ਦਿਨਪ੍ਰਤਿ ਬਸਹਿ ਬਧਹਿ ਅਧਿਕਾਇ।
ਲਛਮੀ ਸ਼ਰਨ ਬਸਹਿ ਇਸ ਆਇ।
ਜਹਿ ਸ਼੍ਰੀ ਕਰਤਾ ਪੁਰਖ ਅਕਾਲ।
ਬਿਧਿ ਸ਼ਿਵ ਬਸਹਿਂ ਪ੍ਰਭੂ ਕੇ ਨਾਲ ॥੨੩॥
ਪੁਨ ਸੁਰ ਐਸੋ ਕੋਇ ਨ ਅਹੈ।
ਆਨਿ ਇਹਾਂ ਨਹਿਂ ਬਾਸੋ ਲਹੈ।
ਹਰਿ ਕੇ ਨਿਕਟ ਅਧਿਕ ਫਲ ਸਾਰੇ।
ਅਪਰ ਨ ਕੋ ਸਮਤਾ ਇਸ ਧਾਰੇ[1] ॥੨੪॥

[1]ਹੋਰ ਕੋਈ ਬਰਾਬਰੀ ਇਸਦੀ ਨਹੀਂ ਰੱਖਦਾ।

ਹਰਿ ਮੰਦਿਰ ਮਹਿਂ ਨਿਤ ਸਤਿਨਾਮੁ।
ਸਿਮਰਹਿ ਸੁਨਹਿ ਸੁ ਮਨ ਬਿਸਰਾਮ[1]।

[1]ਮਨ ਟਿਕ ਜਾਂਦਾ ਹੈ।

ਕਰਤਿ ਪ੍ਰੇਮ ਕੋ ਛੇਮ ਲਹੈਗੇ।
ਬ੍ਰਹਮ ਗ੍ਯਾਨ ਤੇ ਕਸ਼ਟ ਦਹੈਂਗੇ ॥੨੫॥
ਤੀਨਹੁਂ ਤਾਪ ਨਿਵਾਰਨਿ ਕਰੈਂ।
ਅੰਤਹਕਰਨ ਮਹਾਂ ਮਲ ਹਰੈਂ।
ਬ੍ਰਹਮ ਗ੍ਯਾਨ ਕੋ ਲਹਿਂ ਨਿਸ਼ਕਾਮ।
ਪੂਰਹਿਂ ਕਾਮਨਾ ਜੋ ਸਹਿਕਾਮ ॥੨੬॥
ਅੰਮ੍ਰਿਤਸਰ ਪਰਕਰਮਾਂ ਮਾਂਹਿ।

ਪਗ ਪਗ ਮਹਿਂ ਸੌ ਤੀਰਥ ਆਹਿ।
ਸੂਖਮ ਰੂਪ ਧਾਰਿ ਤਟ ਰਹੈਂ।
ਨਿਜ ਨਿਜ ਪਾਵਨਤਾ ਕੋ ਚਹੈਂ ॥੨੭॥
ਕਾਲਾ ਸਿੱਖ ਮੇਹਰਾ ਔਰ।
ਸਣੇ ਨਿਹਾਲੂ ਰਹਿਂ ਗਿਰ ਠੌਰ[1]। [1]ਪਹਾੜਾਂ ਵਿੱਚ ਰਹਿੰਦੇ ਸਨ।
ਸੋ ਬੰਦਨ ਕਰਿ ਬੈਠੇ ਪਾਸ।
ਸੁਨਿ ਪ੍ਰਸੰਗ ਕੋ ਬਾਕ ਪ੍ਰਕਾਸ਼ ॥੨੮॥
'ਕਹੋ ਪ੍ਰਭੂ ! ਕਰਿ ਸੰਸੇ ਹਾਨੀ।
ਬਸਹਿਂ ਤਾਮਸੀ ਇਹਾਂ ਜਿ ਪ੍ਰਾਨੀ।
ਕਰਹਿਂ ਪਾਪ, ਨਹਿਂ ਅਦਬ ਰਖੰਤੇ।
ਸੋ ਕਿਸਬਿਧਿ ਕੀ ਗਤੀ ਲਹੰਤੇ?'
॥੨੯॥
ਸ੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਬਸਹਿਂ ਜਿ ਮਹਿਮਾ ਨਹਿਂ ਮਨ ਚੀਨਿ।
ਠਾਨਹਿਂ ਪਾਪ, ਨ ਜਾਨਹਿਂ ਮੂਢ।
ਸੁਨਹਿਂ ਨ ਸੱਤਿਨਾਮ ਬਹੁ ਰੂਢ
॥੩੦॥
ਤ੍ਰਿਗਧ ਜੋਨਿ[1] ਮਰਿ ਇਹ ਠਾਂ ਪਾਵੈਂ। [1]ਟੇਢੀਆਂ ਜੂਨਾਂ।
ਕੂਕਰ ਕਾਕ, ਭੂੰਡ, ਬਨਿ ਜਾਵੈਂ।
ਮੂਖਕ, ਸਰਪ ਬਨਹਿਂ ਅਘ ਭੋਗਹਿਂ।
ਪੁਨ ਨਰ ਇਸ ਥਲ ਬਨਹਿਂ ਅਰੋਗਹਿ[1] [1]ਅਰੋਗ ਮਨੁਖ ਬਣਨਗੇ।
॥੩੧॥
ਪੁਨ ਭਗਤੀ ਕੋ ਪ੍ਰਾਪਤ ਸੋਇ।
ਛੁਟਹਿ ਚੁਰਾਸੀ, ਗੌਨ ਨ ਹੋਇ।'
ਸੁਨਿ ਸਭਿ ਸਿੱਖਨਿ ਸੀਸ ਨਿਵਾਯੋ।
'ਧੰਨ ਗੁਰੂ ਤੀਰਥ ਪ੍ਰਗਟਾਯੋ' ॥੩੨॥
ਦੋਹਰਾ:
ਕਾਲੌ ਸੀ ਬਡ ਸੂਰਮਾਂ, ਕੱਕਾ ਜਿਸ ਕੀ
ਜਾਤਿ।
ਸ੍ਰੀ ਅਰਜਨ ਕੋ ਨਮੋ ਕਰਿ, ਬੂਝਤਿ
ਭਯੋ ਬ੍ਰਿਤਾਂਤ ॥੩੩॥

ਚੌਪਈ:
'ਮਰਹਿ ਜੁੱਧ ਮਹਿਂ ਜੋਧਾ ਜੋਇ।
ਕੋ ਪਦ ਤਿਸ ਕੋ ਪ੍ਰਾਪਤਿ ਹੋਇ?
ਕਹਾਂ ਜਾਇ ਸੁਖ ਕੇਤਿਕ ਪਾਵੈ?'
ਸੁਨਿ ਸ਼੍ਰੀ ਮੁਖ ਤੇ ਤਾਂਹਿ ਬਤਾਵੈਂ ॥੩੪॥
'ਧਰਮ ਬੀਰਤਾ ਜਿਸਨੇ ਧਾਰਾ।
ਨ੍ਰਿਭੈ ਰਹਿਨ ਸੰਗ੍ਰਾਮ ਮਝਾਰਾ।
-ਜੀਤਜੋ ਸ਼ੱਤ੍ਰ ਚਹਤਿ ਚਿਤ ਮਰਜੋ।
ਮਰਤਿ ਜਿ ਸੱਤਿਨਾਮ ਉਰ ਧਰਜੋ ॥੩੫॥
ਪ੍ਰਾਪਤਿ ਹੋਤਿ ਪਰਮਗਤਿ ਸੋਇ।
ਜਨਮ ਜਨਮ ਕੇ ਪਾਪਨਿ ਖੋਇ।
ਬਿਨ ਸਿਮਰਨ ਰਿਸੁ ਰਿਪੁ ਪਰ ਧਾਰਿ।
ਮਾਰਿ ਮਾਰਿ ਮੁਖ ਕਰਤਿ ਉਚਾਰਿ ॥੩੬॥
ਬਿਨਾਂ ਤ੍ਰਾਸ ਤੇ ਤਨ ਤਜਿ ਦੇਤਿ।
ਹਤਿ ਹਤਿ ਸ਼ਸਤ੍ਰ ਪਰਹਿ ਰਣਖੇਤ।
ਜੋਗੀ ਸਮ ਭੇਦੇ ਰਵਿ ਮੰਡਲ।
ਪੁਨ ਪਹੁੰਚਹਿ ਜਹਿਂ ਬਸਹਿ ਅਖੰਡਲ[1] ॥੩੭॥ [1]ਇੰਦ੍ਰ।
ਗਨ ਬਿਰੰਗਨਾ[1] ਸੇਵਤਿ ਆਇ। [1]ਅਪੱਸਰਾਂ।
ਬਿਬਧ ਬਿਧਿਨਿ ਕੇ ਬਿਬਧ ਜਿ ਥਾਇਂ[1]। [1]ਕਈ ਤਰ੍ਹਾਂ ਦੇ ਦੇਵਤਿਆਂ ਦੇ ਜੋ ਥਾਂ ਹਨ।
ਚਾਮੀਕਰ ਕੇ ਮੰਦਰ ਬੀਚ।
ਰਾਗ ਸੁਨਾਵਹਿਂ ਬਹੁ ਸੁਖ ਸੀਚ[1] ॥੩੮॥ [1]ਸੁਖਾਂ ਨਾਲ ਮਿਲਿਆ।
ਇੱਤਯਾਦਿਕ ਸੁਖ ਅਨਿਕ ਪ੍ਰਕਾਰ।
ਸੁਰ ਤਨ ਹ੍ਵੈ ਰਹਿਂ ਸ੍ਵਰਗ ਮਝਾਰ।
ਧਰਮ ਬਡੋ ਇਹ ਆਯੁਧਧਾਰੀ[1]। [1]ਸ਼ਸਤ੍ਰ ਧਾਰੀ ਹੋਣਾ।
ਨਹਿਂ ਸ਼ੱਤ੍ਰਨ ਦਿਖਾਇ ਪਿਛਾਰੀ ॥੩੯॥

| | |
|---|---|
| ਦੋਨਹੁ ਲੋਕ ਸੁਰ ਭੁਜ ਤਰੈ[1]। | [1]ਦੋਹਾਂ ਲੋਕਾਂ (ਦੇ ਸੁਖ) ਸੂਰਮੇ ਦੀਆਂ ਭੁਜਾਂ ਹੇਠ ਹਨ। |
| ਜੀਤਹਿ, ਪ੍ਰਿਥਵੀ ਰਾਜ ਸੁ ਕਰੈ। | |
| ਮਰੈ, ਸ੍ਵਰਗ ਕੇ ਸੁਖ ਕੋ ਪਾਵਹਿ। | |
| ਚਾਮੀਕਰ ਕੇ ਸਦਨ ਬਸਾਵਹਿ ॥੪੦॥ | |
| ਰੁਚਿਰ ਪ੍ਰਯੰਕਨਿ ਸੇਜ ਸੁਖਾਲੇ। | |
| ਭੋਗੇ ਭੋਗ ਅਨੰਦ ਬਿਸਾਲੇ[†]। | [†]ਪਾ:-ਲੇ ਜਾਲੇ। |
| ਇਮ ਜਾਨਹੁ ਜੋਧਾ ਗਤਿ ਭਲੇ। | |
| ਸਮੁਖ ਲਹੇ ਤੇ[†] ਸ਼ੁਭ ਪਦ ਮਿਲੇ[‡]' ॥੪੧॥ | [†]ਪਾ:-ਨ੍ਰਿਭੈ ਹੋਨਿ ਤੇ। [‡]ਇਥੇ ਕਵਿ ਜੀ ਨੇ ਦੱਸਿਆ ਹੈ ਕਿ ਜੋਧਾ ਅਭੈ ਹੋਣ ਨਾਲ ਰਜੋਗੁਣੀ ਉਚਤਾਨ ਵਿਚ ਜਾਂਦਾ ਹੈ ਇਸ ਕਰਕੇ ਸੁਖਾਂ ਦੇ ਭੋਗ ਪਾਉਂਦਾ ਹੈ, ਪਰ ਜਦੋਂ (ਸਮੁਖ ਹੋਯਾ ਭਾਵ) ਵਾਹਿਗੁਰੂ ਸਨਮੁਖ ਹੋਯਾ ਜੂਝ ਮਰਦਾ ਹੈ ਤਦੋਂ ਮੁਕਤ ਫਲ ਪਾਉਂਦਾ ਹੈ ਜੈਸਾ ਕਿ ਉਪਰ ਅੰਕ ੩੫, ੩੬ ਵਿਚ ਦਸਿਆ ਹੈ। |

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਸਸ਼ਟੀ ਅੰਸੂ ॥੬੧॥

## ੬੨. [ਸੇਠਾ ਉਗਵੰਦਾ ਆਦਿ ਸਿੱਖਾਂ ਪ੍ਰਤਿ ਉਪਦੇਸ਼]

੬੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੩

ਦੋਹਰਾ:

ਸੇਠਾ ਉਗਵੰਦਾ ਦੁਉ, ਅਪਰ ਸਭਾਗਾ
ਤੀਨ।
ਚੂਹਣੀਏ ਪੁਰਿ ਮਹਿਂ ਬਸਹਿਂ ਜਾਤਿ
ਅਰੋੜੇ ਚੀਨ ॥੧॥

ਚੌਪਈ:

ਸਿੱਖਨਿ ਕੀ ਸੇਵਾ ਨਿਤ ਕਰੈਂ।
ਨਿਸ ਮਹਿਂ ਜਾਗ ਗੁਰੂ ਉਰ ਧਰੈਂ।
ਛੁਧਿਤਿ ਸਿੱਖ ਕੋ ਦੇਤਿ ਅਹਾਰਾ।
ਹੇਰਿ ਨਗਨ ਕੋ ਬਸਤ੍ਰ ਉਦਾਰਾ ॥੨॥
ਸ਼੍ਰੀ ਅਰਜਨ ਕੋ ਬੰਦਨ ਠਾਨੀ।
ਹਾਥ ਜੋਰਿ ਅਰਦਾਸ ਬਖਾਨੀ।
'ਭੋਜਨ ਇਹਾਂ ਦੇਤਿ ਘਰ ਮਾਂਹੀ।
ਪਿਤਰਨ ਕੋ ਪਹੁਂਚਤਿ ਕੈ ਨਾਂਹੀ?'
॥੩॥
ਸ਼੍ਰੀ ਮੁਖ ਤੇ ਤਿਨ ਸਾਥ ਬਖਾਨਾ।
'ਪਹੁਂਚਤਿ ਪਿੱਤ੍ਰਨ ਹਿਤ ਜੇ ਦਾਨਾ।
ਸ਼੍ਰੀ ਨਾਨਕ ਕੋ ਕਹ੍ਯੋ ਪ੍ਰਮਾਨ।
ਸੋ ਸ਼ਲੋਕ ਸਮਝਹੁ ਤਿਮ ਜਾਨਿ' ॥੪॥

ਸ੍ਰੀ ਮੁਖਵਾਕ:

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥

ਚੌਪਈ:

ਸੁਨਿ ਸਿੱਖਨਿ ਪੁਨ ਕੀਨਿ ਸੰਦੇਹ।
'ਪ੍ਰਾਨੀ ਇਹਾਂ ਅਹਾਰ ਸੁ ਦੇਹਿ।
ਪਿਤਰ ਸੁਰਗ ਕੈ ਨਰਕ ਮਝਾਰੀ।
ਕਿਧੌਂ ਜੂਨ ਕੈਸੇ ਕੋ ਧਾਰੀ[1] ॥੫॥
ਤਹਿਂ ਪਹੁਂਚਹਿ ਕਿਮ? ਸੰਸੈ ਇਹੀ।'
ਪੁਨ ਸਤਿਗੁਰ ਉੱਤਰ ਦਿਯ ਸਹੀ।
'ਜਬਿ ਪਿਤਰਨਿ ਕੋ ਦਿਨ ਚਲਿ ਆਵੈ।
ਤਿਨ ਹਿਤ ਕਰਿ ਭੋਜਨ ਜੋ ਖ੍ਵਾਵੈ

[1]ਅਥਵਾ ਕਿਸੇ ਤਰ੍ਹਾਂ ਦੀ ਕੋਈ ਜੂਨ ਧਾਰ ਚੁੱਕਾ ਹੋਵੇ।

॥੬॥

ਪਿਤਰ ਬਰਨ ਚਾਰਨ ਸਮੁਦਾਇ।
ਬਿੱਪ੍ਰਨਿ ਬਿਖੈ ਪ੍ਰਵੇਸ਼ਹਿਂ ਆਇ।
ਸਿੱਖਨ ਕੈ ਗਨ ਪਿਤਰ ਜੁ ਅਹੈਂ।
ਸੋ ਸਿੱਖਨਿ ਮਹਿਂ ਬਾਸੋ ਲਹੈਂ ॥੭॥
ਜਥਾ ਚੰਗ[1] ਬੰਧੀ ਸੰਗ ਡੋਰ।
ਡੋਲਤ[1] ਜਹਿਂ ਕਹਿਂ ਨਭ ਕੀ ਓਰ।
ਡੋਰ[1] ਬੰਧਿ ਦੀਪਕ ਪਹੁੰਚਾਵੈ।
ਤਿਮ ਪਿਤਰਨਿ ਕੀ ਬਿਧਿ ਬਨਿ ਆਵੈ

[1]ਗੁੱਡੀ।
[1]ਉਡਦੀ ਹੈ।
[1]ਮੋਹ ਦੀ ਡੋਰ।

॥੮॥

ਮੋਹ ਡਰ ਨਿਜ ਸੰਤਤਿ ਸੰਗ।
ਬੰਧੇ ਰਹਤਿ ਦੂਰ ਸਮ ਚੰਗ।
ਪਿਤਰ ਦੇਵਤਾ ਜੇ ਸਭਿ ਕੇਰੇ।
ਲੇ ਲੇ ਸੋ ਅਹਾਰ ਤਿਸ ਬੇਰੇ ॥੯॥
ਸੁਰਗ ਕਿ ਨਰਕ ਜੂਨ ਕੇ ਮਾਂਹੀ।
ਸੁਰ ਜੇ ਪਿਤਰ ਪੁਚਾਵਹਿਂ ਤਾਂਹੀ†।

†ਸ਼੍ਰਾਧ ਇਕ ਹਿੰਦੂ ਰੀਤੀ ਹੈ, ਜਿਸ ਵਿਚ ਮਰੇ ਹੋਏ ਪਿਤਰਾਂ ਨੂੰ ਤ੍ਰਿਪਤ ਕਰਨ ਵਾਸਤੇ ਅੰਨ ਆਦਿਕ ਦੇਂਦੇ ਹਨ। ਇਹ ਗਲ ਬਿਨਾਂ ਸੋਚੇ ਸਮਝੇ ਰਸਮ ਮਾਤ੍ਰ ਜਾਰੀ ਹੈ। ਇਸ ਪਰ ਗੁਰਬਾਣੀ ਪ੍ਰਮਾਣ ਹੈ-ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥ [ਵਾ: ਮਾਝ ਮ: ੧] ਪੁਨ: ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ਪੁਨਾ:- ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ। ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ [ਵਾ: ਆਸਾ ਮਃ ੧] ਇਨ੍ਹਾਂ ਤੁਕਾਂ ਵਿਚ ਸ੍ਰਾਧ ਨਿਸ਼ੇਧ ਹੈ। ਖਾਣੇ ਪੀਣੇ ਦੇ ਪਦਾਰਥ ਕਾਂ, ਕੁੱਤੇ, ਬਾਹਮਣ ਖਾ ਜਾਂਦੇ ਹਨ। ਸ੍ਰਾਧ ਕਰਨ ਵਾਲੇ ਜੀਉਂਦੇ ਪਿਤਰਾਂ ਨੂੰ ਰੁਲਾਉਂਦੇ ਹਨ, ਮਰਿਆਂ ਨਮਿੱਤ ਸ੍ਰਾਧ ਕਰਦੇ ਹਨ, ਪ੍ਰੇਮ ਹੈ ਨਹੀਂ ਤੇ ਰਸਮ ਪ੍ਰਸਤੀ ਬਾਕੀ ਹੈ ਜੋ ਨਿਸ਼ਫਲ ਹੈ, ਪਰ ਜੇ ਪ੍ਰੇਮ ਹੋਵੇ ਤਾਂ ਮਰ ਗਏ ਵੱਡਿਆਂ ਮਗਰੋਂ ਕਰਨ ਯੋਗ ਕੋਈ ਕਰਮ ਗੁਰ ਸਿੱਖਾਂ ਵਿਚ ਹੈ? ਇਸ ਦਾ ਉੱਤਰ ਇਹ ਵਾਕ ਹਨ:- 'ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ' ॥ ਪੁਨਾ:- 'ਮ੍ਰਿਤੁ ਪਾਛੈ ਇਹ ਰੀਤ ਸੁ ਕਰੋ। ਗੁਰੁ ਗ੍ਰੰਥ ਕਾ ਪਾਠ ਸੁ ਧਰੋ' (ਗੁਰ ਬਿਲਾਸ ਪਾ: ੬)। ਗੁਰ ਸਿੱਖਾਂ ਵਿਚ ਅਪਨੀ ਸਦਗਤੀ ਲਈ ਸਦਾ ਨਾਮ ਸਿਮਰਨ ਵਿੱਚ ਰਹਿਣਾ ਮੁੱਖ ਉਪਦੇਸ਼ ਹੈ। 'ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ' ॥ 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥' [ਆਸਾ ਵਾ: ਮਃ੧] ਪਰੰਤੂ ਪਜਾਰ ਵਾਲੇ ਜੋ ਅਪਣੇ ਬਜ਼ੁਰਗਾਂ ਨਮਿੱਤ ਤੇ ਪਿਆਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭੋਗ ਕੀਰਤਨ ਕਰਨ ਕਰਾਣ, ਅਰਦਾਸੇ ਸੋਧਨ, ਦਾਨ ਦੇਣ ਸਭ ਵਿਹਤ ਹੈ। ਮਰ ਜਾਣ ਨਾਲ ਪ੍ਰਾਣੀ ਅੰਤ ਨਹੀਂ ਹੋ ਜਾਂਦੇ ਉਹ ਜੀਉਂਦੇ ਹਨ, ਅਰ ਪਿਆਰ ਦੀਆਂ ਤਾਰਾਂ ਟੁਟਦੀਆਂ ਨਹੀਂ ਹਨ। ਓਹਨਾਂ ਲੋਕਾਂ ਨੂੰ ਸੂਖਮ ਭਾਵ, ਪਿਆਰ ਦੀ ਤਾਰ ਤੇ ਅੱਪੜਦੇ ਹਨ ਤੇ ਵਾਹਿਗੁਰੂ ਦਾ ਕੀਰਤਨ ਸਿਮਰਣ ਇਥੇ ਉੱਥੇ ਸਹਾਈ ਹੈ। ਯਥਾ- 'ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ' ॥ ਤਥਾ 'ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਖੀ ਬਖਸਾਇ' ॥ ਬਾਕੀ ਰਹੀ ਨਿਰੀ ਲੋਕਾ ਰੀਤ, ਸੋ ਕਵੀ ਜੀ ਪਿੱਤ੍ਰਾਂ ਨਮਿੱਤ ਪਿੰਡ ਪੱਤਲ ਆਦਿ ਦੇਣੇ ਤੇ ਉਨ੍ਹਾਂ ਦਾ ਸਗਵਾਂ ਪਿਤਰ

ਲੋਕ ਪੁੱਜਨਾਂ ਦੋਹਾਂ ਗੱਲਾਂ ਦੀ ਸਿੱਖਾਂ ਨੂੰ ਲੋੜ ਨਹੀਂ ਪਿਛੇ ਆਪ ਹੀ ਲਿਖ ਆਏ ਹਨ, ਦੇਖੋ ਰਾਸ ੩ ਅੰਸੂ ੬੦ ਛੰਦ ੨੦ ਅਤੇ ੩੯ ਤੋਂ ੪੨ ਤੱਕ।

ਸੁਨਿ ਤੀਨਹੁ ਨਿਸ਼ਚੈ ਮਨ ਕੀਨਾ।
ਜਿਮ ਸ਼੍ਰੀ ਸਤਿਗੁਰ ਤੇ ਸੁਨਿ ਲੀਨਾ ॥੧੦॥

ਦੋਹਰਾ:

ਪੈੜਾ ਜਾਤਿ ਚੰਡਾਲੀਆ,
ਜੇਠਾ ਸੇਠੀ ਆਨ।
ਸ਼੍ਰੀ ਅਰਜਨ ਕੀ ਸ਼ਰਨ ਤਕ,
ਬੰਦਨ ਕੀਨਸਿ ਜਾਨ† ॥੧੧॥

†ਪਾ:-ਠਾਨ, ਆਨ।

ਚੌਪਈ:

ਇਮ ਅਪਨੀ ਅਰਦਾਸ ਬਖਾਨੀ।
'ਰਾਵਰਿ ਕੀ ਬਾਨੀ ਹਮ ਮਾਨੀ।
ਧਰਮ ਕਿਰਤ ਤੇ ਕਰਹਿਂ ਕਮਾਈ।
ਸਿੱਖਨਿ ਸਾਥ ਬਾਂਟਿ ਹਮ ਖਾਈਂ[1] ॥੧੨॥

[1]ਵੰਡਕੇ ਖਾਂਦੇ ਹਾਂ।

ਮਿਲਿ ਦਿਜ ਹਮ ਸੋਂ ਤਰਕ ਕਰੰਤੇ।
ਕਹਿਂ -ਹਿੰਸਾ ਨਿਤ ਪੰਚ ਕਰੰਤੇ[1]।

[1]ਬ੍ਰਾਹਮਣ ਕਹਂਦੇ ਹਨ ਕਿ ਪੰਜ ਹਿੰਸਾ ਨਿਤ ਕਰੀਦੀਆਂ ਹਨ।

ਉਖਲੀ, ਕੂਟਣ[1], ਪੀਸਣ ਚਾਕੀ[2]।

[1]ਜਿਸ ਵਿੱਚ ਚਾਵਲ ਛੜੀਦੇ ਹਨ ਉਸ ਵਿਚ ਕੁਟਣਾ।
[2]ਚੱਕੀ ਵਿਚ ਪੀਹਣਾ।

ਬਢਨੀ ਫੇਰਨਿ[1] ਲੇਪਨਤਾ ਕੀ ॥੧੩॥

[1]ਝਾੜੂ ਫੇਰਨਾ।

ਚੁਲ੍ਹੇ ਮਹਿਂ ਪਾਵਕ ਜੋ ਜਾਰਨਿ।
ਅਰੁ ਜਲੁ ਤੇ ਹੋਵਹਿ ਅਘ ਕਾਰਨ।
ਅਗਨਿ ਅਹੁਤਿ ਪੰਚ ਹਮ ਦੇਤਿ[1]।
ਦੋਸ਼ ਨਿਵਾਰਨਿ ਸੋ ਕਰਿ ਲੇਤਿ ॥੧੪॥

[1]ਅਸੀਂ ਅਗ ਵਿਚ ਪੰਜ ਅਹੁਤੀਆਂ ਦੇਂਦੇ ਹਾਂ।

ਪੀਛੇ ਪਾਵਨ ਭੋਜਨ ਕਰੈਂ।
ਤੁਮ ਨਹਿਂ ਕਰਹੁ ਪੰਚ ਅਘ ਧਰੈਂ-।'
ਸ਼੍ਰੀ ਅਰਜਨ ਸੁਨਿ ਤਿਨ ਸਮੁਝਾਯੋ।
'ਜੋ ਅਹਾਰ ਤੁਮ ਸਿੱਖਨਿ ਖ੍ਵਾਯੋ ॥੧੫॥
ਵਾਹਿਗੁਰੂ ਕੋ ਨਾਮ ਭਨੰਤੇ।

ਪੀਛੇ ਆਪ ਬੈਠਿ ਅਚਵੰਤੇ।
ਇਸ ਤੇ ਪਾਵਨ ਹੋਤਿ ਅਹਾਰਾ।
ਅਗਨਿ ਦੇਵਤਾ ਬਦਨ ਮਝਾਰਾ[1] ॥੧੬॥

[1]ਮੁਖ ਵਿਚ।

ਨਾਰਾਯਣ ਚੇਤਨ ਸਭਿ ਮਾਂਹੀ।
ਸੂਰਜ ਸਭਿ ਕੇ ਦ੍ਰਿਗ ਮਹਿਂ ਆਹੀ।
ਬੀਚ ਨਾਸ਼ਕਾ ਅਸ੍ਵਿਨਿ ਕੁਮਾਰ।
ਦਿਸ਼ ਪਾਲਕ ਹੈਂ ਸ਼੍ਰਵਣ ਮਝਾਰ ॥੧੭॥
ਰਸਨਾ ਬਿਖੈ ਬਰਨ ਕੋ ਬਾਸ।
ਰੋਮ ਬਨਾਸਪਤੀ ਲਖਿ ਰਾਸ।
ਹਾਥਨਿ ਮਹਿਂ ਸੁਰਪਤਿ ਥਿਤਿ ਅਹੈ।
ਗੁਦਾ ਦੇਵਤਾ ਜਮ ਕੋ ਕਹੈ ॥੧੮॥
ਪਰਜਾਪਤੀ ਲਿੰਗ ਕੋ ਜਾਨਹੁ।
ਚਰਨਨਿ ਮਹਿਂ ਪ੍ਰਭੁ ਬਿਸ਼ਨੁ ਪਛਾਨਹੁ।
ਪੌਨ ਤੁਚਾ ਮਹਿਂ ਇਮ ਸੁਰ ਸਾਰੇ।
ਬਾਸ ਕਰੰਤਿ ਸ਼ਰੀਰ ਮਝਾਰੇ ॥੧੯॥
ਵਾਹਿਗੁਰੂ ਕਹਿ ਜਬਿ ਮੁਖ ਪਾਵੈ।
ਸਰਬ ਸੁਰਨਿ ਕੋ ਤਬਿ ਤ੍ਰਿਪਤਾਵੈ।
ਸਿੱਖਨਿ ਕੋ ਗੁਰ ਹਿਤ ਕਰਿ ਦੇਯ।
ਪੁੰਨਯ ਮਹਾਂ ਫਲ ਸੋ ਨਰ ਲੇਯ ॥੨੦॥
ਕਰਿ ਅਰਦਾਸ ਪ੍ਰਸਾਦਿ ਬ੍ਰਤਾਵੈ।
ਤਿਨ ਤੇ ਅਘੁ ਅਰੁ ਬਿਘਨ ਨਸਾਵੈ†।

†ਪਾ:-ਨ ਆਵੈ।

ਪ੍ਰਭੁ ਸਭਿ ਸੁਰ ਕੋ ਮੂਲ ਮਹਾਨਾ।
ਤਿਸ ਤ੍ਰਿਪਤੇ ਸਭਿ ਸੁਰ ਤ੍ਰਿਪਤਾਨਾ† ॥੨੧॥

†ਕਵਿ ਜੀ ਨੇ ਇਹ ਉੱਤਰ, ਪ੍ਰਸ਼ਨ ਕਰਤਿਆਂ ਨੂੰ ਉਨ੍ਹਾਂ ਦੇ ਅਪਣੇ ਨੁਕਤਾ ਖਿਆਲ ਤੋਂ ਨਿਰੁੱਤਰ ਕਰਨ ਦੇ ਤ੍ਰੀਕੇ ਵਾਲਾ ਦਿੱਤਾ ਹੈ। ਗੁਰਮਤ ਦਾ ਅਸੂਲ ਤਾਂ ਪਹਿਲੀ ਤੁਕ ਵਿਚ ਆ ਗਿਆ ਹੈ। ਸਿਖ ਉਹ ਹੈ ਜਿਸ ਨੇ ਨਾਮ ਸਿਮਰਣ ਦੀ ਸਿੱਖਯਾ ਲਈ ਹੈ, ਜੋ ਨਾਮ ਜਪਣ ਦੇ ਤਰਲੇ ਵਿਚ ਰਹਿੰਦਾ ਹੈ, 'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।' 'ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ' ॥ ਸੋ ਨਾਮ ਸਾਰੇ ਪਾਪਾਂ ਦੀ ਮੈਲ ਨੂੰ ਮਨ ਬੁੱਧੀ ਤੋਂ ਕਟਦਾ ਹੈ। ਨਾਮ ਜਪਣ ਵਾਲੇ ਦੇ ਸਾਰੇ ਪਾਪ ਧੋਪਦੇ ਰਹਿੰਦੇ ਹਨ (ਅੱਗੇ ਦੇਖੋ ਛੰਦ ੩੪ ਤੋਂ ੩੭ ਤੱਕ) ਮਨ ਨਿਰਮਲ ਹੋ ਕੇ ਆਪਾ ਸਾਈਂ ਨਾਲ ਜੁੜਦਾ ਜਾਂਦਾ ਹੈ। ਇਸ ਤਰ੍ਹਾਂ ਪਾਪਾਂ ਦਾ ਬਲ

ਆਪ ਹੀ ਪੈਣੋਂ ਹਟ ਜਾਂਦਾ ਹੈ। ਉਖਲੀ ਤੇ ਚੱਕੀ ਤੇ ਝਾੜੂ ਲੇਪਨ, ਅੱਗ ਬਾਲਣ ਤੇ ਪਾਣੀ ਪੀਣ ਵਿੱਚ ਅਨਿੱਛਤ ਹਿੰਸਾ ਹੈ, ਜੈਨੀ ਯਾ ਬ੍ਰਹਮਣੀ ਮਤ ਵਾਲੇ ਇਸ ਨੂੰ ਪਾਪ ਗਿਣਨ ਪਰ ਇਹ ਉਨ੍ਹਾਂ ਦੀ ਵਾਲ ਦੀ ਖੱਲ ਉਤਾਰਨ ਵਾਲੀ ਗੱਲ ਹੈ। ਜੋ ਕੁਛ ਬੀ ਉਹ ਹੈ, ਸੋ ਹੈ, ਇਧਰ ਤਾਂ ਨਾਮ ਪ੍ਰੇਮੀਆਂ ਦਾ ਨਾਮ ਸਿਮਰਣ ਦਾ ਸਾਧਨ ਸਭ ਅਹੁਤੀਆਂ ਤੋਂ ਸ੍ਰੇਸ਼ਟ ਹੈ ਤੇ ਸਰਬ ਪਾਪ ਨਿਵਾਰਕ ਹੈ। ਨਾਮ ਜਪਕੇ ਅਹਾਰ ਖਾਣ ਨਾਲ ਪਵਿੱਤ੍ਰ ਦੱਸਣ ਵਿਚ ਨਾਮ ਨੂੰ ਹੀ ਪਾਪ ਹਰਤਾ ਦੱਸਿਆ ਹੈ।

ਜਥਾ ਮੂਲ ਤਰੁ[1] ਸਿੰਚਨ ਕਰੇ।
ਪੱਤ੍ਰ ਪੁਸ਼ਪ ਸ਼ਾਖਾ ਹੁਇਂ ਹਰੇ।'
ਸੁਨਿ ਸਿੱਖਨਿ ਨਿਸ਼ਚੈ ਉਰ ਪਾਯੋ।
ਸਤਿਗੁਰ ਆਗੈ ਸੀਸ ਝੁਕਾਯੋ ॥੨੨॥

[1]ਬਿੱਛ ਦਾ ਮੁੱਢ।

ਗੁਰਦਿੱਤਾ ਸਿਖ, ਲਟਕਣ ਘੂਰਾ।
ਹੁਤੋ ਸਰਾਫ ਕਟਾਰਾ ਰੂਰਾ।
ਮਿਲਿ ਭਗਵਾਨਾ ਚਾਰਹੁੰ ਆਏ।
ਸ਼੍ਰੀ ਅਰਜਨ ਪਗ ਸੀਸ ਝੁਕਾਏ ॥੨੩॥
ਬੂਝਯੋ 'ਨਾਮ ਜਪਹਿਂ ਹਮ ਕੌਨ?
ਜਿਸ ਤੇ ਪ੍ਰਾਪਤਿ ਹੁਇ ਸੁਖ ਭੌਨ।'
ਸ਼੍ਰੀ ਮੁਖ ਕਹਯੋ 'ਨਾਮ ਪ੍ਰਭੁ ਸਾਰੇ।
ਭਉਜਲ ਪਾਰ ਉਤਾਰਨ ਹਾਰੇ ॥੨੪॥
ਸ਼੍ਰੀ ਨਾਨਕ ਨਿਜ ਸਿੱਖਨਿ ਹੇਤੁ।
ਵਾਹਿਗੁਰੂ ਸਿਰਜਯੋ ਨਿਤ ਚੇਤ[1]।

[1]ਸਿਮਰਣ ਲਈ।

ਚਤੁਰ ਵ੍ਯੂਹ ਜਿਮ ਪ੍ਰਭੁ ਕੇ ਰੂਪ[1]।

[1]ਵਿਸ਼ਨੂੰ ਸਹਸ੍ਰ ਨਾਮ ਦੇ ਟੀਕਾਕਾਰ ਨੇ ਵਿਸ਼ਨੂੰ ਦੇ ਚਾਰ ਰੂਪ ਮੰਨੇ ਹਨ:-ਸਰੀਰ ਪੁਰਖ, ਛੰਦ ਪੁਰਖ, ਦੇਵ ਪੁਰਖ, ਮਹਾਂ ਪੁਰਖ।

ਤਿਮ ਇਹ ਚਾਰਹੁੰ ਬਰਨ ਅਨੂਪ[1] ॥੨੫॥

[1]ਭਾਵੇਂ ਕਿ ਚਾਰੇ ਅੱਖਰ ਹੀ ਸੁੰਦਰ ਹਨ ਤੇ ਨਾਮੀ ਦਾ ਰੂਪ ਹਨ ਕਿਉਂਕਿ ਉਸਦੇ ਲਖਾਯਕ ਹਨ।

ਜਥਾ ਚੂਮ ਕੇ ਚਾਰਹੁੰ ਅੰਗ।
ਇਮ ਇਹ ਬਰਨ ਸ਼ੱਤ੍ਰੁ ਅਘ ਭੰਗ।
ਚਾਰਹੁੰ ਬੇਦਨਿ ਕੋ ਮਥਿ ਸਾਰ।
ਸੁੰਦਰ ਬਰਨ ਰਚੇ ਗੁਰ ਚਾਰ ॥੨੬॥
ਚਹੁੰ ਦਿਸ਼ਿ ਤੇ ਦਿਢ ਮਨਹੁੰ ਜਹਾਜ[†]।

[†]ਚਹੁੰ ਦਾ ਵਿਸਥਾਰ ਵੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੬੯ ਤੋਂ ੭੫ ਤੱਕ, ਵਾਹਿਗੁਰੂ ਮਹਾਤਮ ਦੇ ਛੰਦ ਮੰਗਲਾਂ ਵਿੱਚ।

ਕਲਿ ਮਹਿਂ ਸਿੱਖ ਉਬਾਰਨਿ ਕਾਜ।
ਜਪਹਿਂ ਨਿਰੰਤਰ ਮਹਿਮਾ ਜਾਨਿ।

ਤਿਨ ਕੋ ਕਰਤਬ ਰਹ੍ਯੋ ਨ ਆਨ
॥੨੭॥
ਵਾਹਿਗੁਰੂ ਜਿਨ ਰਿਦੈ ਬਸਾਯੋ।
ਚਾਰ ਪਦਾਰਥ ਕਰ ਤਲ[1] ਪਾਯੋ।
ਕਹੈਂ ਕਹਾਂ ਲਗਿ ਏਹ ਮਹਾਤਮ।
ਸਿਮਰਤਿ ਪ੍ਰਾਪਤਿ ਗ੍ਯਾਨ ਸੁ ਆਤਮ'
॥੨੮॥
ਸੁਨਿ ਮਹਿਮਾ ਸਿਖ ਸਿਮਰਨਿ ਲਾਗੇ।
ਸਤਿਗੁਰ ਮਿਲੇ ਭਾਗ ਜਿਨ ਜਾਗੇ।
ਧੌਣ[1] ਮੁਰਾਰੀ ਰਹਿ ਰਵਿਤਾਸ[2]।
ਆਯੋ ਸ਼੍ਰੀ ਅਰਜਨ ਕੇ ਪਾਸ ॥੨੯॥
ਕਰਿ ਤਿਹ ਸਮੇ ਨਮੋ ਢਿਗ ਬੈਸਾ।
ਹਾਥ ਜੋਰਿ ਬੂਝ੍ਯੋ ਕਹਿ ਐਸਾ।
'ਆਪ ਜੁ ਬਾਨੀ ਕੀਨਿ ਉਚਾਰਨਿ।
ਪਠੈਂ ਸੁਨੈਂ ਹਮ ਕਰਹਿਂ ਬਿਚਾਰਨਿ
॥੩੦॥
ਤਊ ਨ ਦੁਰਮਤਿ ਮਨ ਤੇ ਹਾਨੀ।
ਇਹ ਕ੍ਯਾ ਕਾਰਨ? ਸਕਹਿਂ ਨ ਜਾਨੀ।'
ਸ਼੍ਰੀ ਮੁਖ ਤੇ ਬੋਲੇ ਭਲ ਭਾਂਤਿ।
'ਉੱਜਲ ਬਸਤ੍ਰ ਰੰਗ ਚਢਿ ਜਾਤਿ
॥੩੧॥
ਨਹਿਂ ਮਲੀਨ ਕੋ ਰੰਗ ਚਢਤਿ ਹੈ।
ਜੇ ਪਖਾਰ[1] ਕਰਿ ਮੈਲ ਕਢਤਿ ਹੈ।
ਪੁਨ ਤਿਸ ਕੋ ਰੰਗ ਚਢਹਿ ਸੁ ਨੀਕੋ।'
ਸੁਨਿ ਸਿਖ ਪੁਨ ਬੂਝਤਿ ਗੁਰ ਜੀ ਕੋ
॥੩੨॥
'ਮਨ ਸੂਖਮ ਕੋ ਧੋਵਹਿਂ ਕੈਸੇ?
ਹਮ ਅਨਜਾਨ, ਬਤਾਵਹੁ ਤੈਸੇ।'
ਸ਼੍ਰੀ ਮੁਖ ਤੇ ਕਹਿ ਪ੍ਰਥਮ ਬਤਾਯੋ।
'ਸ਼੍ਰੀ ਨਾਨਕ ਜਪ ਪਾਠ ਬਨਾਯੋ
॥੩੩॥

[1]ਹੱਥ ਦੀ ਤਲੀ ਤੇ।

[1]ਜਾਤ ਹੈ। [2]ਪਿੰਡ ਦਾ ਨਾਮ, ਰੁਹਤਾਸ।

[1]ਧੋ ਕੇ।

ਸ੍ਰੀ ਮੁਖਵਾਕ:
ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥

ਚੌਪਈ:

ਤਨ ਅਰੁ ਬਸਤ੍ਰ ਸਥੂਲ ਜੁ ਹੋਇ।
ਜਲ ਸਾਬੁਨ ਸੰਗ ਲਈਐ ਧੋਇ।
ਮਤਿ ਅਰ ਅਘ ਸੂਖਮ ਇਹ ਜਾਨਿ।
ਮਨ ਕੋ ਕਰਹਿਂ ਮਲੀਨ ਮਹਾਨ ॥੩੪॥
ਸੱਤਿਨਾਮ ਭੀ ਸੂਖਮ ਅਹੈ।
ਸਿਮਰਨਿ ਤੇ ਸਗਰੀ ਮਲ ਲਹੈ।
ਪ੍ਰਭੁ ਮਹਿਂ ਪ੍ਰੇਮ ਰੰਗ ਚਢਿ ਜਾਇ।
ਏਕ ਰੂਪ ਹੁਇ ਬਹੁਰ ਮਿਲਾਇ ॥੩੫॥
ਸ਼ਰਧਾ ਅਰੁ ਧੀਰਜ ਉਰ ਧਰੋ[1]।
ਗੁਰਬਾਨੀ ਪਠਿ ਸੁਨਿ, ਗੁਨਿ ਧਰੋ।
ਸਿਮਰਹੁ ਨਾਮ ਪਾਪ ਮਲ ਜਾਇ।
ਸਨੋ ਸਨੈ ਗੁਰਮਤਿ ਲਿਹੁ ਪਾਇ ॥੩੬॥
ਜਨਮ ਅਨੇਕਨਿ ਕੇ ਅਘ ਬ੍ਰਿੰਦ।
ਕਰਹੁ ਭਜਨ ਸਭਿ ਹੋਇ ਨਿਕੰਦ[1]।'
ਸੁਨਿ ਸਿੱਖਨਿ ਸ਼ਰਧਾ ਧਰਿ ਧੀਰ।
ਲਾਗੇ ਸਿਮਰਨ ਕਰਨਿ ਗਹੀਰ ॥੩੭॥
ਆਡਿਤ ਸੁਇਨੀ[1] ਸਿਖ ਚਲਿ ਆਯੋ।
ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋਰਿ ਅਰਦਾਸ ਉਚਾਰੀ।
'ਬ੍ਰਿੱਤਿ ਹਮਾਰੀ ਸ਼ਸਤ੍ਰਨ ਧਾਰੀ ॥੩੮॥
ਜਿਮ ਉਧਾਰ ਹਮਰੋ ਹੁਇ ਜਾਇ।
ਕ੍ਰਿਪਾ ਕਰਹੁ ਉਪਦੇਸ਼ ਬਤਾਇ।'
ਸ੍ਰੀ ਅਰਜਨ ਤਬਿ ਸੁਮਤਿ ਬਤਾਈ।

[1]ਵਿਚਾਰਕੇ ਧਾਰਨ ਕਰੇ।

[1]ਨਾਸ਼।

[1]ਆਡਤ ਨਾਮ ਤੇ ਸੁਇਨੀ ਜਾਤ ਸੀ।

'ਧਰਮ ਜੁੱਧ ਕੀਜਹਿ ਧ੍ਰਿਤ ਪਾਈ
॥੩੯॥
ਰਣ ਕਰਤੇ ਪ੍ਰਭੁ ਸੋਂ ਰਖਿ ਧਯਾਨ।
ਲਰੇ ਬਿਸ਼ਨੁ ਜਿਮ ਸਾਰੰਗਪਾਨਿ[1]†।

[1]ਧਨੁਖ ਹੱਥ ਵਿਚ ਲੈ ਕੇ।

†ਕਵਿ ਜੀ ਨੇ ਵਿਸ਼ਨੂੰ ਜੀ ਦੇ ਜੋਧਾ ਰੂਪ ਦਾ ਧਯਾਨ ਦ੍ਰਿਸ਼ਟਾਂਤ ਮਾਤ੍ਰ ਦੱਸਿਆ ਹੈ ਕਿਉਂਕਿ ਇਸ ਉਪਦੇਸ਼ ਵੇਲੇ ਸਿੱਖਾਂ ਵਿਚ ਸ਼ਸਤ੍ਰ ਵਿੱਦਯਾ ਹੈ ਨਹੀਂ ਸੀ। ਜਦੋਂ ਖੜਗ ਧਾਰੀ ਗੁਰੂ ਹਰਿ ਗੋਬਿੰਦ ਜੀ ਤੇ ਸਾਰਿੰਗ ਪਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਧਯਾਨਿਸ਼ਟ ਜੀ ਨੇ ਧਰਮ ਜੁੱਧ ਰਚਾਏ ਹਨ ਤਾਂ ਗੁਰ ਸਿਖਾਂ ਨੂੰ ਅਪਣੇ ਇਸ਼ਟ ਦੇਵ ਜੀ ਦੀ ਜੋਧਾ ਮੂਰਤੀ ਦਾ ਧਯਾਨ ਹੀ ਕੇਵਲ 'ਵਿਹਤਧਯਾਨ' ਹੋ ਸਕਦਾ ਹੈ।

ਅਸੁਰਨਿ ਗਨ ਕੋ ਕੀਨਿ ਸੰਘਾਰ।
ਗਦਾ ਪਾਨਿ ਕੋ ਤਬਿ[1] ਉਰ ਧਾਰਿ
॥੪੦॥

[1]ਤਦ ਹੱਥ ਵਿਚ ਗਦਾ ਵਾਲੇ (ਵਿਸ਼ਨੂੰ) ਨੂੰ।

ਸੰਕਟ ਦੇਹਿ ਗਰੀਬਨਿ ਜੋਇ।
ਤਿਹ ਸੋ ਲਰਹੁ ਧਰਮ ਬਹੁ ਹੋਇ।
ਜਿਸ ਕੋ ਲੂਣ ਖਾਇ ਤਿਸ ਹੇਤੁ।
ਪੀਠ ਨ ਦੀਜਹਿ ਜਬਿ ਰਣ ਖੇਤ
॥੪੧॥
ਸ੍ਵਾਮੀ ਕਾਰਜ ਹਿਤ ਦੇ ਪ੍ਰਾਨ।
ਦੋਨਹੁ ਲੋਕਨਿ ਸੁਜਸੁ ਮਹਾਨ।
ਪਰਮਸ਼ੁਰ ਕੇ ਸਿਮਰਨ ਧਰੇ।
ਬਿਜੈ ਲਹੈ ਮੁਖ ਉੱਜਲ ਕਰੇ†'
॥੪੨॥

†ਸਤਿਗੁਰ ਜੀ ਨੇ ਜੀਵਨ ਦੇ ਹਰ ਕਮਾਮ ਵਿਚ ਪਰਮੇਸ਼ੁਰ ਨਾਲ ਲਗੇ ਰਹਿਣ ਦਾ ਰੰਗ ਲਾਯਾ ਹੈ। ਜੋਧੇ ਨੂੰ ਕਿਹਾ ਹੈ ਕਿ ਅਧਰਮ ਦਾ ਜੁੱਧ ਨਹੀਂ ਕਰਨਾ, ਧਰਮ ਦੀ ਖਾਤਰ ਲੜੋ, ਸੋ ਇਹ ਪਰਉਪਕਾਰ ਹੈ, ਗਰੀਬਾਂ ਨੂੰ ਸੰਕਟ ਦੇਣ ਹਾਰੇ ਨੂੰ ਜੇ ਉਹ ਨਾ ਟਲੇ ਤਾਂ ਲੜਕੇ ਹਟਾਓ, ਸ੍ਵਾਮੀ ਦੀ ਖਾਤਰ ਲੜਨਾ ਪਏ ਤਾਂ ਲੂਣ ਹਲਾਲ ਕਰੋਂ ਪਰ ਸਿਮਰਨ ਸਦਾ ਅੰਦਰ ਰਹੇ। ਸਤਿਗੁਰ ਜੀ ਨੇ ਸਿਪਾਹੀ ਜੀਵਨ ਨੂੰ ਵਾਹਿਗੁਰੂ ਸਿਮਰਨ ਤੋਂ ਅਨਧਿਕਾਰੀ ਨਹੀਂ ਬਨਾਯਾ। ਇਸਦਾ ਇਹ ਅਰਥ ਨਹੀਂ ਕਿ ਜਗਤ ਵਿਚ ਲੜਾਈ ਤੇ ਵਿਰੋਧ ਦਾ ਉਪਦੇਸ਼ ਹੈ, ਪਰ ਜਗਤ ਵਿਚ ਜਦ 'ਜਰਵਾਣਾ ਬ੍ਰਿਤੀ' ਪਾਪ ਕਰਦੀ ਹੈ ਤਾਂ ਉਸਦਾ ਰੋਕਣਾ ਧਰਮ ਹੈ ਤੇ ਉਸ ਰੋਕ ਵਿਚ ਜੁੱਧ ਅਵਸ਼ੋਂ ਆਉਂਦਾ ਹੈ।

ਸੁਨਿ ਸਿੱਖਯਾ ਤੈਸੇ ਉਰ ਧਾਰੀ।
ਲਾਗਯੋ ਗੁਰ ਕੀ ਸੇਵ ਮਝਾਰੀ।
ਲਾਲਾ ਸੇਠੀ, ਚੂਹੜ, ਸਾਈਂ।
ਸੰਗ ਨਿਹਾਲੂ ਗੁਰਮਤਿ ਪਾਈ ॥੪੩॥
ਲਿਵ ਲਗਾਇ ਕਰਿ ਸ਼ਬਦ ਸੁ ਗਾਵੈਂ।
ਇਕ ਮਨ ਹੁਇ ਕਰਿ ਅਰਥ ਸੁਨਾਵੈਂ।

ਕਰਹਿਂ ਬਿਚਾਰ ਮ੍ਰਿਦੁਲ ਮਨ ਹੋਇ।
ਪ੍ਰਭੁ ਕੋ ਰਾਖਹਿਂ ਰਿਦੈ ਪਰੋਇ ॥੪੪॥
ਤਿਨ ਕੇ ਬਚਨ ਸੁਨਹਿ ਜੋ ਆਯਾ।
ਸਭਿ ਪਰ ਪਰੈ ਤਿਨਹੁ ਕੀ ਛਾਯਾ।
ਮਨ ਖੋਟੇ ਭੀ ਹੁਇਂ ਤਬਿ ਖਰੇ।
ਭਲੇ ਕਰਮ ਕਰਿਬੇ ਹਿਤ ਧਰੇ ॥੪੫॥
ਸ੍ਰੀ ਮੁਖ ਤੇ ਬੋਲੇ ਬਚ ਪੂਤ[1]।
'ਜੋ ਨਰ ਕਰਹਿ ਭਲੀ ਕਰਤੂਤ।
ਜਿਮ ਅਰਪਨਿ ਉਪਦੇਸ਼ ਉਚਾਰੈ।
ਤਿਮ ਨਿਸ਼ਚੈ ਅਪਨੈ ਉਰ ਧਾਰੇ ॥੪੬॥
ਤਿਨ ਕੀ ਛਾਯਾ ਸਭਿ ਪਰ ਜਾਇ।
ਸੁਨਹਿਂ ਬਾਕ ਜੇ ਰਿਦੈ ਬਸਾਇ।
ਬਹੁਤਿਨਿ ਕੋ ਉਧਾਰ ਸੋ ਕਰੇ।'
ਤਿਸ ਪਰ ਤੁਕ ਸ੍ਰੀ ਮੁਖਹੁਂ ਉਚਰੇ ॥੪੭॥

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥
(ਮਲਾਰ ਮਃ ੧)

ਚੌਪਈ:
'ਜੋ ਪਢਿ ਕਰਿ ਉਪਦੇਸ਼ ਬਤਾਵੈ।
ਆਪ ਨਹੀਂ ਸ਼ੁਭ ਕਰਮ ਕਮਾਵੈ।
ਤਿਸ ਕੀ ਛਾਯਾ ਪਰਹਿ ਨ ਕਿਸ ਪੈ।
ਸ਼੍ਰਵਨ ਕਰੇ, ਕੁਛ, ਹੋਇ ਨ ਤਿਸ ਪੈ' ॥੪੮॥
ਇਮ ਸਤਿਗੁਰ ਸੋ ਸਿੱਖ ਸਰਾਹੇ।
ਜਿਨ ਕੋ ਪ੍ਰੇਮ ਗੁਰੂ ਪਗ ਮਾਂਹੇ।
ਸੁਨਿ ਅਪਰਨਿ ਗੁਨ ਸ਼ੁਭ ਉਰ ਧਾਰੇ।
ਚਹੁਂ ਦਿਸ਼ਿ ਮਹਿਂ ਗੁਰ ਕੋ ਜੈਕਾਰੇ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਦੁਇ ਸਸ਼ਟੀ ਅੰਸੂ ॥੬੨॥

[1]ਪਵਿੱਤ੍ਰ।

# ੬੩. [ਰਾਮਾ ਝੰਝੀ ਆਦਿ ਸਿੱਖਾਂ ਪ੍ਰਤੀ ਉਪਦੇਸ਼]

੬੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੪

ਦੋਹਰਾ:

ਇਕ ਰਾਮਾ ਝੰਝੀ[1] ਹੁਤੋ, ਹੇਮੂ ਸੁਇਨੀ[2†] ਦੋਇ।
ਜੱਟੂ ਭੰਡਾਰੀ[3] ਤ੍ਰਿਤੀ, ਸ਼ਾਹਦਰੇ ਰਹਿ ਸੋਇ ॥੧॥

[1]ਨਹੀਂ ਹੁੰਦਾ (ਅਸਰ)। [2]ਜਾਤ। [†]ਪਾ:-ਸੋਈ।

ਚੌਪਈ:

ਸ੍ਰੀ ਅਰਜਨ ਕੀ ਸ਼ਰਨੀ ਆਏ।
ਪਦ ਅਰਬਿੰਦਨਿ ਸੀਸ ਨਿਵਾਏ।
ਪ੍ਰਸ਼ਨ ਕਰਯੋ 'ਹਮ ਸੁਨਤਿ ਹਮੇਸ਼।
ਕਿਰਤਨ ਕਥਾ ਰੁਚਿਰ ਉਪਦੇਸ਼ ॥੨॥
ਉਰ ਮਹਿਂ ਨਹਿਂ ਠਹਿਰਹਿ ਠਹਿਰਾਏ।
ਕਿਮ ਕੱਲਜਾਨ ਅੰਤ ਕੋ ਪਾਏਂ।'
ਸ੍ਰੀ ਮੁਖ ਤੇ ਸ਼ੁਭ ਬਾਕ ਬਖਾਨਾ।
'ਪੂਰਬ ਸੁਨਹਿ ਪ੍ਰੇਮ ਕਰਿ ਕਾਨਾ[1] ॥੩॥

[1]ਭਾਵ ਸ੍ਰਵਨ ਕਰੇ।

ਕਰਹਿ ਮਨਨ[1], ਨਿੱਧਯਾਸਨ[2] ਫੇਰ।

[1]ਮੰਨਣਾਂ। [2]ਹੋਰ ਬ੍ਰਿਤੀਆਂ ਤਿਆਗ ਕੇ ਉਸ ਦਾ ਰੂਪ ਹੋ ਜਾਣਾ। ਬਾਬ ਬਾਰ ਸਿਮਰਣ।

ਤੀਨੋ ਜਬਿ ਇਕੱਤ੍ਰ ਇਨ ਹੇਰਿ।
ਤਬਿ ਠਹਿਰਹਿ ਸਿਖ ਕੇ ਉਰ ਮਾਂਹਿ।
ਰਹੈ ਬਿਚਾਰਤਿ ਬਿਸਰਹਿ ਨਾਂਹਿ ॥੪॥
ਸ੍ਰਵਨ ਕਰਨਿ ਹੈ ਦੋਇ ਪ੍ਰਕਾਰ।
ਸੁਨਹਿ ਸਥਿਤ[1] ਸਤਿਸੰਗ ਮਝਾਰ।

[1]ਬੈਠਕੇ।

ਮਨ ਦਹਿਦਿਸ਼ਿ ਮਹਿਂ ਦੌਰਤਿ ਫਿਰੈ।
ਕਹਾਂ ਕਹਹਿ ਕੁਛ ਰਿਦੈ ਨ ਧਰੈ ॥੫॥
ਤਨਕ ਪੁੰਨ ਇਸ ਸ੍ਰਵਨ ਬਖਾਨਿ।
ਜਾਨਹੁ ਭੂਤਨ ਅਗਨਿ ਸਮਾਨ[1]।

[1]ਭੂਤਾਂ ਦੀ ਅਗਨੀ ਸਮਾਨ (ਇਸਦਾ ਫਲ) ਜਾਣੋ।

ਪਾਪ ਦਗਧ ਨਹਿਂ ਇਸ ਤੇ ਹੋਇਂ।
ਇਕ ਮਨ ਹੋਇ ਸੁਨਹਿ ਸਿਖ ਜੋਇ ॥੬॥
ਸੋ ਚੁੱਲ੍ਹੇ ਕੀ ਅਗਨਿ ਬਿਚਾਰ।

ਸਭਿ ਕਾਰਜ ਕੋ ਦੇਤਿ ਸਵਾਰ।
ਜੇ ਕਰਿ ਤਿਸ ਪਰ ਜਲ ਦੇ ਪਾਇ।
ਬੁਝਹਿ ਤੁਰਤ ਨਹਿਂ ਤਪਤ ਰਹਾਇ ॥੭॥
ਤਿਮ ਘਰ ਕੇ ਕਾਰਜ ਪਰ ਜਾਇਂ[1]। [1](ਜਦੋਂ) ਪੈ ਜਾਣ (ਉਹ)।
ਸੱਤਿਨਾਮ ਕੋ ਦੇਂ ਬਿਸਰਾਇ।
ਸ਼੍ਰਵਨ ਪਿਛਾਰੀ ਮਨਨ ਜਿ ਹੋਇ।
ਪਾਵਕ ਤੜਿਤਾ[1] ਕੀ ਸਮ ਹੋਇ ॥੮॥ [1]ਬਿਜਲੀ ਦੀ ਅਗਨੀ।
ਜਲ ਅਸੰਖ ਮਹਿਂ ਬਾਸੋ ਤਾਂਹਿ।
ਤੇਜ ਹਾਨ ਕਰਿ ਬੁਝਹਿ ਸੁ ਨਾਂਹਿ[1]। [1]ਨਾ ਤੇਜਹਾਨ ਹੁੰਦਾ ਹੈ ਨਾ ਬੁਝਦੀ ਹੈ।
ਕਰਿ ਕੈ ਸ਼੍ਰਵਣ ਜੁ ਧਰਹਿ ਬਿਚਾਰੇ।
ਕਾਜ ਕਰਤਿ ਸੋ ਨਹੀਂ ਬਿਸਾਰੇ ॥੯॥
ਰਾਖਹਿ ਸਿਮਰਨਿ ਸੋ ਸਭਿ ਕਾਲ।
ਜੇ ਨਿੱਧਯਾਸਨ ਕਰਹਿ ਸੰਭਾਲ।
ਸੁਨਹਿਂ ਬਿਚਾਰਹਿ ਲਗਜੋ ਕਮਾਵਨਿ।
ਤਨ ਮਨ ਤੇ ਹੋਵਹਿ ਬਹੁ ਪਾਵਨ ॥੧੦॥
ਸੋ ਬੜਵਾਨਲ[1] ਭਈ ਪ੍ਰਕਾਸ਼। [1]ਸਮੁੰਦਰ ਦੀ ਅਗਨੀ।
ਰਹੈ ਸਿੰਧੁ ਜਲ ਕਰਹਿ ਬਿਨਾਸ਼।
ਜਲ ਬ੍ਰਿੰਦਨਿ ਤੇ ਬੁਝਹਿ ਸੁ ਨਾਂਹਿ।
ਜਲ ਪਾਪਨਿ ਨਿਤ ਕਰਤੀ ਦਾਹਿ ॥੧੧॥
ਤਥਾ ਸਥਿਰ ਹੋਵਹਿ ਨਿਤ ਗਜਾਨ।
ਸ਼੍ਰੀ ਸਤਿਗੁਰ ਤੇ ਸੁਨਿ ਕਰਿ ਕਾਨ।
ਉਰ ਸਾਖਜਾਤਕਾਰ ਜਿਨ ਕੀਨਾ।
ਨਭ ਸਮ ਸਭਿ ਮਹਿਂ ਬ੍ਰਹਮ ਸੁ ਚੀਨਾ ॥੧੨॥
ਯਾਂ ਤੇ ਪ੍ਰਥਮ ਸ਼੍ਰਵਣ ਤੁਮ ਕਰੋ।
ਮਨਨ ਬਹੁਰ ਨਿੱਧਯਾਸਨ ਧਰੋ।
ਉਰ ਸੱਖਜਾਤਕਾਰ ਹੁਇ ਜਾਇ।
ਜਨਮ ਮਰਨ ਦੁਖ ਅਖਲ ਬਿਲਾਇ

॥੧੩॥
ਜੀਵਨ ਮੁਕਤਿ ਹੋਇ ਬਿਚਰੈ ਹੋ।
ਪ੍ਰਲੈ ਕਾਲ ਕੀ ਅਗਨਿ ਜਿਮੈ ਹੋ[1]।
ਸਰਬ ਭਸਮ ਕਰਿ ਆਪੇ ਰਹੈ।
ਬ੍ਰਹਮ ਰੂਪ ਮਹਿਂ ਇਕਤਾ ਲਹੈ
॥੧੪॥
ਸ਼੍ਰੀ ਗੁਰ ਕੋ ਤਾਯਾ ਸੰਹਾਰੀ।
ਜਿਸ ਕੇ ਗਮਨੇ ਸਦਨ ਮਝਾਰੀ।
ਰਾਮਦਾਸ ਸਤਿਗੁਰੂ ਪਠਾਏ।
ਬਜਾਹ ਭਤੀਜੇ ਜੰਞ ਚੜ੍ਹਾਏ ॥੧੫॥
ਸੋ ਬਹੁ ਬ੍ਰਿੱਧ ਹੋਇ ਕਰਿ ਆਵਾ।
ਚਹਤਿ ਸ਼੍ਰੇਯ ਜਗ ਦੁਖ ਲਖਿ ਪਾਵਾ।
ਮਿਲਿ ਕਰਿ ਰਹ੍ਯੋ ਸੁਧਾਸਰ ਮਾਂਹੀ।
ਕਰਨਿ ਸੇਵ ਸਤਿਗੁਰ ਕੀ ਚਾਹੀ
॥੧੬॥
ਬਡੋ ਜਾਨਿ ਕਰਿ ਦੇਤਿ ਹਟਾਇ।
ਸਿੱਖਨਿ ਸੇਵਾ ਕਰਹਿ ਬਨਾਇ।
ਚਰਨ ਪਖਾਰਹਿ, ਹਾਂਕਰਿ ਪੌਨ।
ਬਾਸਨ ਮਾਂਜਿਹ ਜੂਠੇ ਭੌਨ ॥੧੭॥
ਭਗਤਿ ਰਿਦੈ ਅਕ੍ਰੂਰ[1] ਸਮਾਨਾ।
ਜਥਾ ਕ੍ਰਿਸ਼ਨ ਮਹਿਂ ਨਿਸ਼ਚੈ ਠਾਨਾ।
ਤਿਮ ਸ਼੍ਰੀ ਅਰਜਨ ਕੋ ਮਨਜਾਨੈ।
ਪ੍ਰਥਮ ਜਨਮ ਕੀ ਗਜਾਤ ਪਛਾਨੈ
॥੧੮॥
ਇਸ ਬਿਧਿ ਦੇਖਿ ਦਜਾ ਕੋ ਠਾਨੀ।
ਨਿਕਟਿ ਹਕਾਰ੍ਯੋ ਗੁਰੂ ਬਖਾਨੀ।
'ਤੁਮ ਹੋ ਬਡੇ ਲਗਤਿ ਹੋ ਤਾਏ।
ਹਮ ਕੋ ਚਹਿਯਤਿ ਸੇਵ ਕਮਾਏ'
॥੧੯॥
ਸੁਨਿ ਕਰ ਜੋਰੇ ਅਰਜ਼ ਗੁਜਾਰੀ।
'ਮੱਛ ਕੱਛ ਬਾਵਨ ਤਨ ਧਾਰੀ।

[1]ਜਿਵੇਂ ਹੁੰਦੀ ਹੈ।

[1]ਸ਼੍ਰੀ ਕ੍ਰਿਸ਼ਨ ਜੀ ਦਾ ਚਾਚਾ।

ਸ੍ਰੀ ਨਰਸਿੰਘ ਰਾਮ ਅਵਤਾਰਾ।
ਕ੍ਰਿਸ਼ਨ ਰੂਪ ਪੁਨ ਤੁਮ ਨੇ ਧਾਰਾ ॥੨੦॥
ਇਕ ਦਿਨ ਅਰਜਨ ਬਿਨੈ ਸੁਨਾਈ।
-ਮਮ ਤੁਮ ਨਾਮ ਏਕ ਹੁਇ ਜਾਈ।
ਹੇ ਪ੍ਰਭੁ ਕਬਿ ਇਮ ਭੀ ਬਨਿ ਆਵੈ।
ਮੋਰ ਨਾਮ ਕਰਿ ਤੁਮੈ ਬੁਲਾਵੈਂ ॥੨੧॥
ਮਨ ਭੀ ਮਿਲ੍ਯੋ, ਮਿਲ ਤਨ ਰਹੇ।
ਨਾਮ ਭਿੰਨ ਹੀ[1] ਸਭਿ ਜਗ ਕਹੇ।
ਇਹ ਮੇਰੇ ਚਿਤ ਚਾਉ ਮਹਾਨੇ।
ਤੁਮਰੋ ਅਰਜਨ ਨਾਮ ਬਖਾਨੇਂ[1]- ॥੨੨॥

[1]ਨਾਮ (ਕ੍ਰਿਸ਼ਨ ਤੇ ਅਰਜਨ) ਵੱਖਰਾ ਵੱਖਰਾ।

[1]ਕਹਿਣ (ਲੋਗ)।

ਸੁਨਿ ਰਾਵਰ ਨੇ ਹੋਇ ਪ੍ਰਸੰਨ।
ਕਹ੍ਯੋ -ਮੋਹਿ ਤੇ ਨਹਿਂ ਤੂੰ ਭਿੰਨ।
ਤਵ ਸੰਕਲਪ ਹੋਇ ਹੈ ਸਾਚਾ।
ਮੋਹਿ ਭਾਵਨੀ ਮਹਿਂ ਨਿਤ ਰਾਚਾ ॥੨੩॥
ਕਲੀਕਾਲ ਮਹਿਂ ਜਬਿ ਤਨ ਧਰੈਂ।
ਅਰਜਨ ਨਾਮ ਹਮਾਰੋ ਪਰੈ-।
ਸੋ ਤੂੰ ਪੁਰਖ ਮਹਿਦ ਮਹੀਆਨ[1]।
ਨਾਨਾ ਚਲਿਤ ਕਰਹਿਂ ਹਿਤ ਠਾਨਿ[†] ॥੨੪॥

[1]ਬੜਿਆਂ ਤੋਂ ਬੜੇ।

[†]ਕਵਿ ਜੀ ਦੀ ਪੌਰਾਣਿਕ ਅਖਾਯਕਾਂ ਤੇ ਪ੍ਰਸੰਗਾਂ ਦੀ ਵਾਕਫੀ ਨਾਲ ਡੁੱਲ ਡੁੱਲ ਪੈ ਰਹੀ ਯਾਦ ਸ਼ਕਤੀ ਹਰ ਸਮੇਂ ਓਥੋਂ ਦੇ ਦ੍ਰਿਸ਼ਟਾਂਤ ਪ੍ਰਮਾਣ ਤੇ ਜੁਗਤੀਆਂ ਲੈ ਆਉਂਦੀ ਹੈ, ਇਨ੍ਹਾਂ ਦੇ ਕੇਵਲ ਅਲੰਕਾਰ ਭਾਵ ਲੈਣੇ ਚਾਹੀਏ। ਤਾਯਾ ਸੰਹਾਰੀ ਜੀ ਦੇ ਮਨ ਦੀ ਉਹ ਨਿੰਮ੍ਰਤਾ ਜੋ ਉਨ੍ਹਾਂ ਨੂੰ ਭਤੀਜੇ ਲਈ ਹੋ ਰਹੀ ਹੈ ਉਸਨੂੰ ਕਵਿ ਜੀ ਸਫੁਟ ਕਰਕੇ ਜਣਾ ਰਹੇ ਹਨ। ਯਾਰਵੀਂ ਵਾਰ ਦੇ ਟੀਕਾ ਵਿਚ ਇਹ ਕ੍ਰਿਸ਼ਨ ਵਾਲਾ ਪ੍ਰਸੰਗ ਨਹੀਂ ਹੈ, ਓਥੇ ਨਿਰੇ ਏਹ ਪਦ ਹੈਨ 'ਅੱਕ੍ਰੂਰ ਦੀ ਨਿਆਈਂ ਰਿਦਾ ਉਸਦਾ ਭਗਤ ਹੈਸੀ।'

ਨਿਜ ਮਾਯਾ ਕਰਿ ਬੰਚਹੁ ਨਾਂਹੀ।
ਅਪਨੀ ਸ਼ਰਧਾ ਦਿਹੁ ਮਨ ਮਾਂਹੀ।
ਗੁਰ ਸਿੱਖੀ ਕੋ ਦੀਜਹਿ ਦਾਨ।
ਜਿਸਕੀ ਮਹਿਮਾ ਸਮ ਨਹਿਂ ਆਨ' ॥੨੫॥

ਸੁਨਿ ਪ੍ਰਸੰਨ ਤਬਿ ਸਾਹਿਬ ਹੋਏ।
ਨੀਵੇਂ ਮਨ ਤਾਘੇ ਕਹੁ ਜੋਏ।
ਦੀਨਸਿ ਬਰ 'ਸਿੱਖੀ ਤੁਮ ਪਾਵੋ।
ਬ੍ਰਹਮ ਗਜਾਨ ਤੇ ਕਸ਼ਟ ਮਿਟਾਵੋ'
॥੨੬॥
ਭਯੋ ਨਿਹਾਲ ਤਬਹਿ ਸੰਹਾਰੀ।
ਗਤਿ ਪਾਈ ਬ੍ਰਹਮ ਗਜਾਨ ਸੁਖਾਰੀ।
ਸਾਈਂ ਦਿੱਤਾ ਝੰਝੀ ਜੋਇ।
ਸੈਦੋ ਜਾਟ ਲਵਪੁਰੀ ਸੋਇ ॥੨੭॥
ਅਪਰ ਸਿੱਖ ਲਵਪੁਰਿ ਕੇ ਸਾਰੇ।
ਸ੍ਰੀ ਗੁਰੂ ਅਮਰ ਦੇਵ ਕੋ ਧਾਰੇ।
ਕਰੇ ਪ੍ਰਸੰਨ ਸਰਬ ਹੀ ਰੀਤਿ।
ਸ੍ਰੀ ਮੁਖ ਤੇ ਬੋਲੇ ਪਿਖਿ ਪ੍ਰੀਤ ॥੨੮॥
'ਹਮ ਪ੍ਰਸੰਨ ਤੁਮ ਜਾਚਹੁ ਬਰ ਕੋ।
ਕਰਹੁ ਮਨੋਰਥ ਪੂਰਨ ਉਰ ਕੋ।'
ਸਭਿ ਸਿੱਖਨਿ ਮਿਲਿ ਭਲੇ ਬਿਚਾਰਾ।
ਹਾਥ ਜੋਰਿ ਗੁਰ ਨਿਕਟ ਉਚਾਰਾ
॥੨੯॥
'ਪ੍ਰਥਮ ਗੁਰੂ ਨਾਨਕ ਪੁਰਿ ਆਏ।
ਪਿਖਜੋ ਕਸਾਬਪੁਰਾ ਸੁ ਰਿਸਾਏ।
ਲਖਜੋ ਪਾਪ ਹੁਇ ਘੋਰ ਮਹਾਨਾ।
ਸ੍ਰਾਪਤਿ ਕੀਨਸਿ ਏਵ ਬਖਾਨਾ ॥੩੦॥

ਸ੍ਰੀ ਮੁਖਵਾਕ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥

ਚੌਪਈ:

ਤਬਿ ਕੇ ਪੁਰਿ ਮਹਿਂ ਨਰ ਦੁਖ ਪਾਵੈਂ।
ਸਵਾ ਪਹਿਰ ਲਗਿ ਬਾਦਿ ਉਠਾਵੈਂ।
ਲਰਹਿਂ ਪਰਸਪਰ ਝਗਰਹਿਂ ਮਾਨੀ[1]। [1]ਹੰਕਾਰੀ।
ਕੇਤਿਕ ਹੋਇ ਪ੍ਰਾਨ ਲਗਿ ਹਾਨੀ
॥੩੧॥
ਮਹਾਂ ਸੰਤਾਪ ਨਾਇ ਨਰ ਰਹੈਂ।

ਜ਼ਹਿਰ ਸਮਾਨ ਆਪ ਮਹਿਂ ਕਹੈਂ।
ਅਬਿ ਸੋ ਸ੍ਰਾਪ ਮਿਟਾਵਨਿ ਕਰੀਅਹਿ।
ਸਤਿ ਸੰਗਤਿ ਇਸ ਸਮੇਂ[1] ਨਿਹਰੀਅਹਿ' [1]ਇਸ ਵੇਲੇ ਦੀ ਸਤਿਸੰਗਤਿ ਦੀ (ਬੇਨਤੀ)।
॥੩੨॥
ਸ਼੍ਰੀ ਗੁਰ ਅਮਰ ਸੁਨਤਿ ਬਚ ਭਾਖਾ।
'ਬਰ ਦੁਹਸਾਧਜ[1] ਕਰੀ ਅਭਿਲਾਖਾ। [1]ਕਠਨ ਸਾਧਨੇ ਯੋਗ।
ਤਉ ਦੇਨਿ[1] ਕੋ ਪ੍ਰਥਮ ਬਖਾਨਾ।' [1]ਵਰ ਦੇਣ ਲਈ।
ਬੋਲੇ ਬਹੁਰ ਕ੍ਰਿਪਾਲ ਸੁਜਾਨਾ ॥੩੩॥

ਸ੍ਰੀ ਮੁਖਵਾਕ:

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥

ਇਹ ਸਲੋਕ ਕਹਿ ਸ੍ਰਾਪ ਮਿਟਾਯੋ।
ਤਬਿ ਤੇ ਸਭਿ ਲੋਕਨਿ ਸੁਖ ਪਾਯੋ।
ਤਬਿ ਸੈਦੋ ਅਰੁ ਸਾਂਈ ਦਿੱਤਾ।
ਸ਼੍ਰੀ ਅਰਜਨ ਸੋਂ ਮਿਲੇ ਪਵਿੱਤਾ
॥੩੪॥
ਇਹ ਪ੍ਰਸੰਗ ਕਹਿ ਸਕਲ ਸੁਨਾਯੋ।
'ਲਵਪੁਰਿ ਕੇ ਨਰ ਗਨ ਬਰ ਪਾਯੋ।
ਹਮ ਆਏ ਤੁਮਰੀ ਸ਼ਰਣਾਈ।
ਦੇਹੁ ਸ਼੍ਰੇਯ ਉਪਦੇਸ਼ ਬਨਾਈ' ॥੩੫॥
ਸੁਨਿ ਸ਼੍ਰੀ ਅਰਜਨ ਤਿਨਹੁ ਉਚਾਰਾ।
'ਨਿਤ ਕੀਜਹਿ ਗੁਰ ਸ਼ਬਦ ਬਿਚਾਰਾ।
ਵਾਹਿਗੁਰੂ ਕਰਿ ਗਯਾਨ ਪਛਾਨੋ।
ਨਿਰਗੁਣ ਸਰਗੁਣ ਇਕ ਕਰਿ ਜਾਨੋ
॥੩੬॥
ਤੁਮਰੀ ਰਸਨਾ ਤੇ ਜੋ ਸੁਨੈ।
ਤਿਸ ਕੋ ਭੀ ਮਨ ਦ੍ਰਵਹਿ ਸੁ ਗੁਨੈ।
ਜਨਮ ਮਰਨ ਮਹਿਂ ਬਹੁਰ ਨ ਆਵੋ।
ਭਗਤਿ ਕਰਹੁ ਬ੍ਰਹਮ ਗਯਾਨ ਸੁ ਪਾਵੋ'
॥੩੭॥
ਸੁਨਿ ਦੋਨਹੁਂ ਪਦ ਬੰਦਨ ਕਰੀ।
ਜਨਮ ਸਫਲ ਜਾਨਯੋ ਤਿਸ ਘਰੀ।

ਨਾਨੂ ਰਾਜ ਸੁ ਕਾਲੂ ਆਨਿ।
ਹੁਤੋ ਕੋਹਲੀ ਹਾੜੀ ਜਾਨਿ ॥੩੮॥
ਸ੍ਰੀ ਅਰਜਨ ਪਦ ਕਰਿ ਕੈ ਨਮੋ।
ਬੋਲੇ ਹਾਥ ਜੋਰਿ ਤਿਹ ਸਮੋ।
'ਇਕ ਪਠਿ ਸੁਨਿ ਕੈ ਸ਼ਬਦ ਤੁਮਾਰਾ।
ਭਲੇ ਕਰਮ ਕਰਿ ਜਨਮ ਸੁਧਾਰਾ ॥੩੯॥
ਇਕ ਐਸੇ ਪਠਿ ਕੇ ਹੁਇਂ ਮਾਨੀ।
ਭੋਗੈਂ ਬਿਸ਼ਯਨਿ ਨਾਰਿ ਬਿਰਾਨੀ[1]।
ਅਪਰ ਬੁਰੇ ਕਰਮਨ ਕੋ ਕਰੈਂ।
ਪਠਿ ਕਰਿ ਲੋਕਨਿ ਤੇ ਧਨ ਹਿਰੈਂ ॥੪੦॥
ਤਿਨ ਕੀ ਦਸ਼ਾ ਹੋਤਿ ਹੈ ਕੌਨ?'
ਸੁਨਿ ਬੋਲੇ ਗੁਰ ਕਰੁਣਾ ਭੌਨ।
'ਪਠਹਿਂ ਸਨਹਿਂ ਜੇ ਹਿਤ ਕੱਲਜਾਨਾ।
ਸੁਭ ਕਰਮੀ ਕਿ ਕਰੈਂ ਗੁਜ਼ਰਾਨ[1] ॥੪੧॥
ਅਰਥ ਲਖੈਂ ਦੁਰਮਤਿ ਕੋ ਤਜਾਗੈਂ।
ਸੱਤਿਨਾਮ ਸਿਮਰਨਿ ਅਨੁਰਾਗੈਂ।
ਤਿਨ ਕੋ ਜਨਮ ਮਰਨ ਮਿਟਿ ਜਾਇ।
ਗੁਰ ਸਮੀਪਤਾ ਸੋ ਨਰ ਪਾਇਂ ॥੪੨॥
ਪਠਹਿਂ ਲੇਨਿ ਧਨ ਕੋ ਧਰਿ ਲੋਭਾ।
ਕਰਹਿਂ ਕੁ ਕਰਮਨਿ ਪ੍ਰਾਪਤਿ ਸੋਭਾ[1]।
ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ।
ਬੀਨ ਬੀਨ ਕਿਰਮਨਿ ਕੋ ਖਾਇ ॥੪੩॥
ਤਿਮ ਤਿਨ ਨਰ ਕੀ ਕ੍ਰਿੱਤ ਪਛਾਨੋ।
ਪਠਿ ਸੁਨਾਇ ਲੇਂ ਦਰਬ ਮਹਾਨੋ।
ਕਰਹਿਂ ਕੁਕਰਮ ਭੋਗ ਤ੍ਰਿਯ ਪਰ ਕੋ।
ਸਿਮਰਹਿਂ ਨਹਿਂ ਸਤਿਨਾਮ ਸੁ ਬਰ[1] ਕੋ ॥੪੪॥

[1]ਪਰਾਈ ਇਸਤ੍ਰੀ।

[1]ਅਤੇ) ਸ਼ੁਭ ਕਰਮੀਆਂ ਵਾਂਙੂ ਜੀਵਨ ਬਸਰ ਕਰਦੇ ਹਨ।

[1]ਸ਼ੋਭਾ ਦੀ ਪ੍ਰਾਪਤੀ ਲਈ।

[1]ਸ੍ਰੇਸ਼ਟ।

ਨਰਕ ਸਿਧਾਰਹਿਂ, ਗੁਰ ਨ ਸਹਾਇ।
ਬਿਨ ਸਹਾਇਤਾ ਬਹੁ ਦੁਖ ਪਾਇਂ।'
ਸੁਨਿ ਸਿੱਖਨਿ ਗੁਰ ਬਾਕ ਬਿਸਾਲਾ।
ਲਗੇ ਸੁਕਰਮਨਿ ਗਨ ਤਿਸ ਕਾਲਾ
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮੁ ਤ੍ਰੈਸਸ਼ਟੀ ਅੰਸੂ ॥੬੩॥

## ੬੪. [ਕੱਲਜਾਣ, ਭਾਨੂੰ ਆਦਿ ਸਿੱਖਾਂ ਪ੍ਰਤਿ ਉਪਦੇਸ਼]

੬੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੫

ਦੋਹਰਾ:

ਸੂਦ[1] ਸੂਰ[2] ਕੱਲਜਾਨ ਇਕ, ਆਯੋ ਸਤਿਗੁਰ ਤੀਰ।
ਪਗ ਪੰਕਜ ਪਰ ਨਮੋ ਕਰਿ ਕਹੀ ਅਰਜ਼ ਉਰ ਧੀਰ ॥੧॥

[1]ਜਾਤੀ। [2]ਸੂਰਮਾ।

ਚੌਪਈ:

'ਸੁਨਹੁ ਗੁਰੂ ਜੀ ਮੈਂ ਰਣ ਖੇਤ।
ਨ੍ਰਿਭੈ ਰਹੌਂ ਰਿਪੁ ਹਤਿਬੇ ਹੇਤ।
ਦੋਨਹੁਂ ਦਲ ਮੁਕਾਬਲੇ ਧਰੇ।
ਜਬਿਹੂੰ ਸ਼ਸਤ੍ਰ ਚਲਨਿ ਲਗਿ ਪਰੇ ॥੨॥
ਤਬਿ ਰਿਪੁ ਸੈਨਾ ਮਹਿਂ ਬਰ ਜਾਵੌਂ।
ਕਰਿ ਪ੍ਰਹਾਰ ਬਲ ਤੇ ਰਿਪੁ ਘਾਵੌਂ।
ਪੁਨ ਨਿਜ ਦਲ ਮਹਿਂ ਆਨਿ ਪ੍ਰਵੇਸ਼ੌਂ।
ਕਰੌਂ ਪਲਾਵਨਿ ਸ਼ੱਤ੍ਰ ਵਿਸ਼ੇਸ਼ੋ ॥੩॥
ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰੇ।
'ਸੁਗਮ ਅਹੈ ਦਲ ਰਿਪੁ ਦਲ ਮਾਰੇ[1]†।

[1]ਵੈਰੀ ਦੇ ਸਮੂਹ ਦਲ (ਸੈਨਾ) ਨੂੰ ਮਾਰਨਾ। †ਪਾ:- ਰਿਪੁ ਗਨ ਦਲ ਮਾਰੈ।

ਇਸ ਕੋ ਸਦਾ ਸੱਤਿ ਅੱਗਜਾਨ।
ਕਾਮ ਕ੍ਰੋਧ ਆਦਿਕ ਭਟ ਜਾਨਿ ॥੪॥
ਲੇ ਗੁਰ ਸ਼ਬਦ ਸ਼ਸਤ੍ਰ ਬਲਧਰਿ ਕੈ।
ਇਨਹੁਂ ਪ੍ਰਹਾਰਹਿ ਰਿਦੇ ਬਿਚਰਿ ਕੈ।
ਮਹਾਂ ਸੂਰਮਾਂ ਕਹੀਐ ਸੋਇ।
ਸੁਖ ਅਨਾਸ਼ ਇਨ ਨਾਸ਼ੇ[1] ਹੋਇ ॥੫॥

[1]ਇਨ੍ਹਾਂ ਦੇ ਨਾਸ਼ ਕੀਤਿਆਂ।

ਅਸ ਬਿਰਲੇ ਜੋਧਾ ਬਲਵੰਤ।
ਮਨ ਰਿਪੁ ਕੋ ਕਰਿ ਜਤਨ ਗਹੰਤਿ।'
ਇਸ ਪਰ ਏਕ ਸ਼ਲੋਕ ਬਨਾਯੋ।
ਸ਼੍ਰੀ ਮੁਖ ਤੇ ਤਬਿ ਭਾਖਿ ਸੁਨਾਯੋ ॥੬॥

ਸ੍ਰੀ ਮੁਖਵਾਕ:

ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥

ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ ॥
ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥
ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੋੁਪਾਲ ਕੀਰਤਨਹ ॥
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ ॥੨੯॥

ਚੌਪਈ:

'ਮਨ ਜੀਤੇ ਸੋ ਸੂਰ ਕਹਾਵੈ।
ਪ੍ਰਭੁ ਦਰਗਾਹਿ ਮਾਨ ਬਹੁ ਪਾਵੈ।
ਨਰ ਸੁਰ ਤਿਸ ਕੋ ਸੁਜਸੁ ਬਖਾਨੈਂ।
ਸੁਖ ਅਬਿਨਾਸ਼ੀ ਮਿਲਹਿ ਮਹਾਨੈ ॥੭॥
ਹਾਥ ਜੋਰ ਤਬਿ ਕਹਿ ਕੱਲਜਾਨਾ।
'ਕ੍ਰਿਪਾ ਆਪ ਕੀ ਜਿਸ ਪਰ ਜਾਨਾ।
ਸੋ ਅਸ ਜੋਧਾ ਮਨ ਕੋ ਗਹੈ।
ਚਰਨ ਕਮਲ ਸੋਂ ਲਪਟਜੋ ਰਹੈ' ॥੮॥
ਕਹਜੋ ਗੁਰੂ 'ਸਿਮਰਹੁ ਸਤਿਨਾਮੁ।
ਸੁਭਟ ਬਨਹਿਂ ਤੈਸੇ ਅਭਿਰਾਮ।'
ਸੁਨਿ ਕਰਿ ਗੁਰ ਸੇਵਾ ਕਹੁ ਲਾਗਜੋ।
ਸਤਿਸੰਗਤ ਮਿਲਿਬੇ ਅਨੁਰਾਗਜੋ ॥੯॥
ਭਾਨੂ ਭਗਤ ਗੁਰੂ ਸਿਖ ਭਾਰਾ।
ਕਰਹਿ ਸ਼ਬਦ ਕੋ ਸਦਾ ਬਿਚਾਰਾ।
ਜੋ ਬਿਚ ਅਰਥ, ਸੁ ਆਪ ਕਮਾਵੈ।
ਪੁਨ ਅਪਰਨਿ ਉਪਦੇਸ਼ ਸੁਨਾਵੈ ॥੧੦॥
ਤਿਸ ਕੀ ਰਸਨਾ ਤੇ ਜੋ ਸੁਨੈ।
ਭਾਉ ਭਗਤਿ ਉਪਜਹਿ ਮਨ ਗੁਨੈ[1]।
ਸ਼੍ਰੀ ਅਰਜਨ ਢਿਗ ਕਿਨਹੁ ਬਖਾਨਾ।
'ਪੁਰ ਮੁਹਿਜੰਗ[1] ਬਸਹਿ ਅਨਜਾਨਾ[2] ॥੧੧॥
ਮਹਾਂ ਦੁਸ਼ਟ ਗੁਰ ਨਿੰਦਾ ਕਰੈ।
ਸਿੱਖਨਿ ਗਨ ਕੋ ਤਰਕਨਿ ਧਰੈ।'
ਸ਼੍ਰੀ ਮੁਖ ਤੇ ਭਾਨੂੰ ਸੰਗ ਭਾਖਾ।

[1]ਮਨ ਵਿਚ ਵਿਚਾਰਿਆਂ।

[1]ਭਾਵ ਹੈ ਮੁਜੰਗ ਤੋਂ, ਜੋ ਤਦੋਂ ਲਾਹੌਰ ਦੇ ਪਾਸ ਪਿੰਡ ਸੀ ਤੇ ਹੁਣ ਨਾਲ ਰਲਗਿਆ ਹੈ, ਛੇਵੇਂ ਗੁਰਾਂ ਦਾ ਗੁਰਦੁਆਰਾ ਬੀ ਉਥੇ ਹੈ। [2]ਇਕ ਅੱਗਜਾਨੀ।

'ਮੁਹਜੰਗੀ[2] ਗਮਨਹੁ ਧਰਿ ਕਾਂਖਾ ॥੧੨॥
ਨਰ ਗਨ ਕੋ ਗੁਰਮਤਿ ਸਿਖਰਾਵਹੁ।
ਨਰਕ ਪਰਨਿ ਤੇ ਜਾਇ ਬਚਾਵਹੁ।'
ਸੁਨਿ ਆਗਜਾ ਗੁਰ ਕੀ ਤਬਿ ਗਯੋ।
ਸ਼ਬਦ ਬਿਚਾਰ ਸੁਨਾਵਤਿ ਭਯੋ ॥੧੩॥
ਕ੍ਰਿਸ਼ਨਾ ਸੇਠੀ ਹੁਤੋ ਸੰਗੀਨਾ[1]†।

[1]ਸੇਠੀ ਸੰਗੀਨਾ। †ਭਾ: ਗੁਰਦਾਸ ਮੂਜਬ:- 'ਕ੍ਰਿਸ਼ਨਾ ਤੇ ਸੇਠ ਸੰਗੀਨਾ' ਇਸ ਮੂਜਬ ਪਾਠ ਚਾਹੀਏ 'ਕ੍ਰਿਸ਼ਨਾ ਹੁਤੋ ਸੇਠ ਸੰਗੀਨਾ।'

ਸੁਨਿ ਗੁਰਮਤਿ ਕੋ ਭਯੋ ਪ੍ਰਬੀਨਾ।
ਸੁਤ ਬਨਿਤਾ ਜੁਤ ਭਾਉ ਧਰੰਤੇ।
ਭਾਨੂੰ ਕੀ ਸਭਿ ਸੇਵ ਕਰੰਤੇ ॥੧੪॥
ਹੋਤਿ ਪ੍ਰਭਾਤਿ ਸਬਦ ਕੀ ਕਥਾ।
ਪੁਨ ਸੰਧਜਾ ਕੋ ਕਰਿਹੀਂ ਤਥਾ।
ਬਹੁਰ ਕੀਰਤਨ ਮਿਲਿ ਸਭਿ ਕਰੈਂ।
ਸਤਿਗੁਰ ਮਹਿਂ ਪੁਨ ਸ਼ਰਧਾ ਧਰੈਂ ॥੧੫॥
ਇਕ ਭਾਨੁ ਕੇ ਗਮਨੇ[1] ਤਹਾਂ।

[1]ਜਾਣ ਨਾਲ।

ਸਤਿਸੰਗਤਿ ਹੋਈ ਸ਼ੁਭ ਮਹਾਂ।
ਬਾਂਟਿ ਅਥਿੱਤਨਿ[1] ਕਰਹਿ ਅਹਾਰਾ।

[1]ਗਰੀਬ ਮੁਹਤਾਜਾਂ ਨੂੰ।

ਸੱਤਿਨਾਮ ਕੋ ਸਿਮਰਨਿ ਧਾਰਾ ॥੧੬॥
ਲਵਪੁਰਿ ਮਹਿਂ ਲੱਧਾ ਉਪਕਾਰੀ।
ਭਾਉ ਭਗਤਿ ਜਿਨ ਬਹੁ ਉਰਧਾਰੀ।
ਬੁੱਧੂ ਕੇਰ ਪਜਾਵਾ ਕਾਚੋ।
ਦਰ ਪਰ ਲੱਖੂ ਸ੍ਰਾਪ ਉਬਾਚੋ[1] ॥੧੭॥

[1]ਲੱਖੂ ਨੇ ਸ੍ਰਾਪ ਕਹਿਆ ਸੀ।

ਸ੍ਰੀ ਗੁਰ ਪ੍ਰੇਰਜੋ ਲੱਧਾ ਗਯੋ।
ਲੱਖੂ ਕੋ ਪ੍ਰਸੰਨ ਕਰਿ ਲਯੋ।
ਕਹਜੋ ਤਿਸੈ 'ਨਿਜ ਬਾਕ ਹਟਾਵੋ।
ਬੁੱਧੂ ਰਿਣੀ[1], ਆਪ ਲਖਿ ਪਾਵੋ ॥੧੮॥

[1]ਕਰਜ਼ਾਈ।

ਪਕਹਿ ਪਚਾਵਾ ਬਰ ਕੋ ਦੀਜੈ।
ਕ੍ਰਿਪਾ ਕਰਹੁ ਗੁਰ ਸਿੱਖ ਜਾਨੀਜੈ।'

ਸੁਨਿ ਲੱਧੇ ਕੇ ਬਚ ਉਪਕਾਰੀ।
ਸਿਖ ਲੱਖੂ ਲਖਿ ਰਿਣ ਦੁਖ ਭਾਰੀ ॥੧੯॥
ਕਹµੋ ਵਾਕ 'ਸੋ ਪਲਟਹਿ ਨਾਂਹੀ।
ਪਿੱਲੀ ਈਂਟ ਤਾਂਹਿ ਬਿਕ ਜਾਂਹੀ।
ਜਿਮ ਪਾਕੀ ਤੇ ਧਨ ਕੋ ਪਾਵੈਂ।
ਤਥਾ ਬਿਕਹਿਂ, ਰਿਣ ਸਭਿ ਉਤਾਰਵੈ' ॥੨੦॥
ਲਵਪੁਰਿ ਮਹਿਂ ਲੱਧਾ† ਇਸ ਭਾਂਤਿ।
ਪਰਉਪਕਾਰ ਕਰਹਿ ਬੱਖਜਾਤ।
ਲੱਖੂ ਰਹੈ ਪਟੋਲੀ ਤਾਂਹਿ।
ਗੁਰੂ ਧਜਾਨ ਨਿਸ ਦਿਨ ਮਨ ਮਾਂਹਿ ॥੨੧॥
ਇਕ ਤੀਰਥ ਅਰੁ ਮੂਲਾ ਬੇਰੀ।
ਸਿੱਖ ਮੁਕੰਦਾ ਮਿਲਿ ਤਿਸ ਬੇਰੀ।
ਚੌਥ ਨਿਹਾਲੂ ਜੋ ਸੁਨਿਆਰਾ।
ਮਿਲਿ ਆਏ ਗੁਰ ਕੇ ਦਰਬਾਰਾ ॥੨੨॥
ਕਰਿ ਬੰਦਨ ਕੋ ਬੈਠੇ ਪਾਸ।
ਹਾਥ ਜੋਰਿ ਕੀਨਿ ਅਰਦਾਸ।
'ਸਿੱਖ ਆਪ ਕੇ ਅਨਿਕ ਪ੍ਰਕਾਰੇ।
ਸ਼ਬਦ ਕੀਰਤਨ ਕਥਾ ਉਚਾਰੇਂ ॥੨੩॥
ਇਕ ਤੇ ਸੁਨਤਿ ਸੁ ਮਨ ਦ੍ਰਵ ਜਾਵੈ[1]।
ਇਕ ਕੋ ਕਹµੋ ਸਮੀਪ ਨ ਜਾਵੈ।'
ਸ੍ਰੀ ਮੁਖ ਤੇ ਸ਼ੁਭ ਜੁਗਤਿ ਬਖਾਨੀ।
'ਹੀਰਾ ਫਟਕ ਦੁ ਏਕ ਸਮਾਨੀ ॥੨੪॥
ਹੀਰਾ ਨਿਜ ਪ੍ਰਕਾਸ਼ ਦਿਖਰਾਵੈ।

†ਇਹ ਲੱਧਾ ਪਰਉਪਕਾਰੀ ਉਹੋ ਹੈ ਜਿਸ ਨੇ ਸੱਤਾ ਬਲਵੰਡ ਬਖ਼ਸ਼ਵਾਏ ਸਨ। ਪਿਛੇ ਰਾਸ ੨ ਅੰਸੂ ੪੮ ਵਿਚ ਲੱਖੂ ਦਾ ਜ਼ਿਕਰ ਬਖਸ਼ਣ ਵੇਲੇ ਨਹੀਂ ਆਯਾ। ਗੁਰੂ ਜੀ ਨੇ ਆਪ ਪਿੱਲੀਆਂ ਪੱਕੀਆਂ ਦੇ ਭਾ ਵਿਕਣ ਦਾ ਵਰ ਦਿੱਤਾ ਹੈ।

[1]ਪੰਘਰ ਜਾਂਦਾ ਹੈ।

ਸਰਬ ਰੰਗ ਕੇ ਊਪਰ ਛਾਵੈ।
ਫਟਕ ਪ੍ਰਕਾਸ਼ ਪਰਹਿ ਨਹਿਂ ਕਾਹੂ।
ਅੰਤਰ ਇਤੋ ਦੁਹਨਿ ਕੇ ਮਾਂਹੂ ॥੨੫॥
ਤਿਮ ਗੁਰਮੁਖ ਕੀ ਕਰੋ ਪਛਾਨ।
ਜਿਸ ਸੰਗਤਿ ਮਹਿਂ ਕਰਹਿਂ ਬਖਾਨ।
ਤਿਨ ਕੋ ਤੇਜ ਸਭਿਨਿ ਪਰ ਛਾਵੈ।
ਕਯੋਂਕਿ ਸਦਾ ਸੋ ਸਚੁ ਕਮਾਵੈ ॥੨੬॥
ਜੇ ਨਰ ਹੌਰੇ ਅਰੁ ਕੁਰਿਆਰੇ।
ਸੋ ਕੁਸੰਗ ਮਹਿਂ ਬਨਹਿਂ ਉਦਾਰੇ।
ਸ਼ੁਭ ਨਰ ਪਰ ਤਿਹ ਛਾਇ ਨ ਤੇਜ।
ਸਤਿ ਸੰਗਤਿ ਕੋ ਜਿਨਹੁ ਮਜੇਜ[1] ॥੨੭॥

[1]ਮਿਜ਼ਾਜ, ਭਾਵ ਹੰਕਾਰ।

ਜਿਸ ਕੇ ਰਿਦੈ ਸ਼ਬਦ ਗੁਰ ਕੇਰਾ।
ਭਯੋ ਪ੍ਰਵੇਸ਼ ਮਹਾਂ ਸੁਖ ਹੇਰਾ।
ਸੋ ਰਸਨਾ ਤੇ ਜਬੈ ਬਖਾਨੈ।
ਸ਼੍ਰੋਤਾ ਸੁਨਤਿ ਸ਼ਾਂਤਿ ਕੋ ਠਾਨੈ ॥੨੮॥
ਤ੍ਰਿਸ਼ਨਾ ਤਪਤਿ ਤਜੈਂ, ਸੁਖ ਪਾਵੈਂ।
ਸਤਿਸੰਗਤਿ ਸਿਮਰਨਿ ਮਨ ਭਾਵੈ।
ਲਖਹਿ -ਜੁ ਮਮ ਤੇ ਬੁੱਧਿ ਉਤੰਗ।
ਚਹਿਯਹਿ ਕਰਯੋ ਤਾਂਹਿ ਸ਼ੁਭ ਸੰਗ- ॥੨੯॥
ਗੁਰ ਬਾਕਨਿ ਕੋ ਰਿਦੈ ਬਸਾਵੈ।
ਜੇ ਅਸ ਨਰ ਕੁਸੰਗ ਕਬਿ ਪਾਵੈ।
ਨਹਿਂ ਬਿਗਰੈ ਨਿਸ਼ਚਾ ਦ੍ਰਿੜ ਰਹੇ।
ਜਥਾ ਅਚਲ ਇਕ ਥਲ ਥਿਰ ਅਹੇ ॥੩੦॥
ਜਿਮ ਚੰਦਨ ਬਾਵਨ ਤਰੁ ਸੀਤਲ।
ਚਹੁਂਦਿਸ਼ਿ ਮਹਿਂ ਅਹਿ[1] ਲਪਟੈਂ ਹੀ ਤਲ।

[1]ਸੱਪ।

ਤਉ ਨ ਸੀਤ[1] ਤਜਿ ਬਿਖ ਕੋ ਲੇਤਿ।
ਸਰਪਨ ਕੋ ਸੀਤਲ ਕਰਿ ਦੇਤਿ

[1]ਸੀਤਲਤਾ।

॥੩੧॥
ਤਿਮ ਗੁਰਮੁਖ ਜੇ ਧਸਹਿਂ ਕੁਸੰਗ।
ਤਹਿਂ ਭੀ ਦੇਤਿ ਆਪਨੋ ਰੰਗ।
ਤਿਨ ਕੇ ਅਵਗੁਨ ਆਪ ਨ ਕਰੈਂ।
ਸ਼ੁਭ ਗੁਨ ਕਹਿ ਕਹਿ ਉਰ ਮਹੁਂ ਧਰੈਂ'
॥੩੨॥
ਸੁਨਿ ਸਿੱਖਨਿ ਸਭਿ ਸੀਸ ਨਿਵਾਯੋ।
ਜਥਾ ਜੋਗ ਸ੍ਰੀ ਗੁਰੂ ਬਤਾਯੋ।
ਇਸ ਪ੍ਰਕਾਰ ਨਿਤ ਹੋਤਿ ਉਚਾਰ।
ਸ੍ਰੀ ਅਰਜਨ ਸਿਖ ਕਰਤਿ ਉਧਾਰ
॥੩੩॥
ਫੈਲਯੋ ਸੁਜਸੁ ਬਿਦੇਸ਼ ਅਸ਼ੇਸ਼।
ਚਹੁਂਦਿਸ਼ਿ ਕੇ ਨਰ ਆਇ ਹਮੇਸ਼।
ਇਕ ਦਿਨ ਬੈਠੇ ਸਭਾ ਬਿਸਾਲ।
ਬਡੇ ਬਡੇ ਸਿਖ ਭਗਤ ਰਸਾਲ[1] [1]ਰਸੀਏ।
॥੩੪॥
ਚਲਯੋ ਜ਼ਿਕਰ[1] 'ਸਿਖ ਬਹੁ ਕਿਸ ਦੇਸ਼? [1]ਪ੍ਰਸੰਗ।
ਕਹਿਂ ਸਤਿਸੰਗਤਿ ਭਾਉ ਵਿਸ਼ੇਸ਼।
ਜਿਸ ਜਿਸ ਜੋ ਜੋ ਦੇਖਨਿ ਕੀਨਾ।
ਕਰਯੋ ਸੁਨਾਵਨਿ ਜਸ ਜਸ ਚੀਨਾ
॥੩੫॥
ਕਿਤਿਕ ਸਿੱਖ ਸ੍ਰੀ ਗੁਰ ਸੋਂ ਕਹੈਂ।
'ਦੇਸ਼ ਗਿਰਨਿ[1] ਕਸ਼ਮੀਰ ਜੁ ਅਹੈ। [1]ਪਹਾੜੀ ਦੇਸ਼।
ਤਰਕਤਿ ਪੰਡਿਤ ਤਹਾਂ ਮਹਾਨੀ।
ਪਢਨਿ ਦੇਤਿ ਨਹਿਂ ਸਤਿਗੁਰ ਬਾਨੀ
॥੩੬॥
-ਸੰਸਕ੍ਰਿਤ ਸੁਰ ਬਾਨੀ ਜਾਨਹੁ।
ਮਨੁਖ ਗਿਰਾ ਭਾਖਾ ਇਹ ਮਾਨਹੁ।
ਕਯੋਂ ਤੁਮ ਪਠਹੁ, ਕਹਾਂ ਫਲ ਲਾਗੇ[1]? [1]ਕੀ ਫਲ ਲੱਗੇਗਾ।
ਨਿੱਤ ਨਮਿਤ ਕੇ ਕਰਮਨਿ ਤਜਾਗੇ-
॥੩੭॥

ਇੱਤਯਾਦਿਕ ਸਭਿਹੂੰਨ ਸੁਨਾਵੈਂ।
ਗੁਰਮਤਿ ਸਿੱਖੀ ਤੇ ਸੁ ਹਟਾਵੈਂ।'
ਸ੍ਰੀ ਅਰਜਨ ਸੁਨਿ ਸਭਾ ਮਝਾਰਾ।
ਮਾਧੋ ਸੋਢੀ ਨਿਕਟ ਹਕਾਰਾ ॥੩੮॥
ਸ੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਗੁਰਮਤਿ ਮਹਿਂ ਤੂੰ ਅਹੈਂ ਪ੍ਰਬੀਨ।
ਅਬਿ ਹਮ ਤੋਹਿ ਬਚਨ ਕੇ ਮਾਂਹੀ।
ਪਾਈ ਸ਼ਕਤਿ ਮਿਟਹਿ ਕਬਿ ਨਾਂਹੀ ॥੩੯॥
ਪਰਬਤ ਬਿਖੈ ਦੇਸ਼ ਕਸ਼ਮੀਰ।
ਸਿੱਖੀ ਜਾਇ ਦ੍ਰਿੜਾਵਹੁ ਧੀਰ।
ਗੁਰਮਤਿ ਕੋ ਕੀਜਹਿ ਬਿਸਤਾਰ।
ਸਿਮਰਹਿਂ ਸੱਤਿਨਾਮ ਸੁਖ ਸਾਰ' ॥੪੦॥
ਸੁਨਿ ਮਾਧੋ ਪੁਨ ਬਾਕ ਬਖਾਨੇ।
'ਤਹਾਂ ਭਗਤਿ ਕੋ ਬਿੱਪ੍ਰਨ ਜਾਨੇਂ।
ਕਰਮ ਕਾਂਡ ਮੈਂ ਸੋ ਲਪਟਾਏ।
ਨਹਿਂ ਉਪਾਸਨਾ ਮਨ ਮਹਿਂ ਲਯਾਏਂ' ॥੪੧॥
ਕਹ੍ਯੋ ਗੁਰੂ 'ਸੋ ਭਗਤੀ ਜਾਨੈਂ[1]।
ਨਹੀਂ ਕਮਾਵਤਿ ਜਿਮ ਅਨਜਾਨੈ।
ਪਹੁਂਚਹਿਂ ਜਬਿ, ਤੁਵ ਦਰਸ਼ਨ ਪੈ ਹੈਂ।
ਰਿਦੈ ਉਪਾਸਨ ਕੋ ਉਪਜੈ ਹੈਂ ॥੪੨॥
ਸੰਸਕ੍ਰਿਤ ਜਿਮ ਬਿੱਪ੍ਰਨਿ ਪਜਾਰੀ।
ਪਠੈਂ ਸੁਨੈਂ ਮਾਨਹਿਂ ਉਰ ਧਾਰੀ।
ਤਿਮ ਸਿੱਖਨਿ ਕੇ ਸਤਿਗੁਰ ਬਾਨੀ।
ਸੁਨਤਿ ਸ਼੍ਰੋਨ ਜਿਹਂ ਮਤਿ ਹਰਖਾਨੀ' ॥੪੩॥
ਲੇ ਗੁਰ ਆਇਸੁ ਹ੍ਵੈ ਕਰਿ ਤਯਾਰੀ।
ਗਮਨ੍ਯੋ ਗੁਰਮਤਿ ਦੇਨਿ ਪਹਾਰੀ[1]।
ਗੁਰ ਸ਼ਬਦਨਿ ਕੀ ਪੋਥੀ ਲੀਨਿ।

[1]ਉਹ ਭਗਤੀ ਨੂੰ ਜਾਨ ਲੈਣਗੇ।

[1]ਪਹਾੜੀਆਂ ਨੂੰ।

ਅਰਥ ਕਰਨਿ ਮਹਿਂ ਸੁਮਤਿ ਪ੍ਰਬੀਨ
॥੪੪॥
ਪੁਰਿ ਮਹਿਂ ਕਰਜੋ ਜਾਇ ਕਿਤ ਡੇਰਾ।
ਉਪਦੇਸ਼ਨਿ ਲਾਗਜੋ ਜਿਸ ਬੇਰਾ।
ਮਿਲਿ ਪੰਡਿਤ ਮਾਧੋ ਢਿਗ ਆਏ।
'ਭਾਖਾ ਕੀ ਨ ਕਥਾ ਹਮ ਭਾਏ[1]' [1]ਚੰਗੀ ਨਹੀਂ ਲੱਗਦੀ।
॥੪੫॥
ਸੁਰ ਬਾਨੀ ਤਜਿ ਕਿਮ ਇਹ ਧਾਰੈਂ।
ਨਹਿਂ ਆਵਤਿ ਇਮ ਰਿਦੈ ਹਮਾਰੈ।'
ਸੁਨਿ ਮਾਧੋ ਤਬਿ ਜੁਗਤਿ ਬਖਾਨੀ।
'ਜਿਸ ਨਰ ਲਾਗੀ ਖੁਧਾ ਮਹਾਂਨੀ
॥੪੬॥
ਸੋ ਜਿ ਪ੍ਰਤੀਖਹਿ ਕੰਚਨ ਬਾਸਨ[1]। [1]ਸੋਨੇ ਦਾ ਬਰਤਨ।
ਕਰਹਿ ਜਤਨ ਤੇ ਪੂਜਹਿ ਆਸ ਨ[1]। [1]ਆਸ਼ਾ ਪੂਰੀ ਨਹੀਂ ਹੋਵੇਗੀ।
ਪ੍ਰਾਨ ਹਾਨਿ ਤਬਿ ਲੌ ਹੁਇ ਜਾਤਿ।
ਬਿਨ ਤਿਸ ਮਿਲੇ ਨ ਭੋਜਨ ਖਾਤਿ
॥੪੭॥
ਦੂਸਰ ਛੁਧਿਤਿ ਅਹਾਰ ਨਿਹਾਰਾ।
ਜਿਸ ਕਿਸ ਬਾਸਨ ਸੁਚ ਮਹਿਂ ਧਾਰਾ[1]। [1]ਜਿਸ ਕਿਸੇ ਸੁੱਚੇ ਬਰਤਨ ਵਿਖੇ ਰਖਿਆ।
ਅਚਹਿ ਅਨੰਦ ਹੋਇ ਕਰਿ ਜੀਵਤਿ।
ਸਰਬ ਭਾਂਤਿ ਕੋ ਸਮਰਥ ਥੀਵਤਿ
॥੪੮॥
ਮਹਾਂ ਜਤਨ ਤੇ ਲਹਿ ਸੁਰ ਬਾਨੀਂ।
ਪੁਨ ਹੰਕਾਰ ਹੋਤਿ ਉਰ ਆਨੀ।
ਸੋਈ ਭਗਤਿ ਗਜਾਨ ਬਿਚ ਭਾਖਾ[1]। [1]ਭਾਸ਼ਾ ਵਿਚ ਉਹੋ ਭਗਤੀ ਤੇ ਗਜਾਨ ਹੈ।
ਜਿਸ ਕੋ ਮੁਕਤਿ ਹੋਨਿ ਅਭਿਲਾਖਾ
॥੪੯॥
ਗੁਰਮਤਿ ਪਾਇ ਸੁ ਹੋਇ ਨਿਹਾਲ।
ਬ੍ਰਹਮ ਗਜਾਨੁ ਅਰੁ ਘ੍ਰਿਤ ਸਮ ਚਾਲ[1]। [1]ਇਕੋ ਜਿਹੀ ਰੀਤ ਹੈ।
ਜਿਸ ਕਿਸ ਬਾਸਨ ਰਹੈ ਪੁਨੀਤ।
ਅੰਗੀਕਾਰਹਿਂ ਸਭਿ ਧਰਿ ਪ੍ਰੀਤਿ

॥੫੦॥
ਤਿਮ ਕਿਸ ਜਾਤਿ ਬਰਨ ਕਿਸ ਹੋਇ।
ਬ੍ਰਹਮ ਗਜਾਨ ਲਹਿ ਬੁਧਿ ਸਭਿ ਕੋਇ।
ਸੁਰ ਬਾਨੀ[1] ਤੁਮ ਪ੍ਰਥਮ ਬਿਚਾਰੋ।
ਪੁਨ ਭਾਖਾ ਮਹਿਂ ਅਰਥ ਉਚਾਰੋ
॥੫੧॥
ਭਾਖਾ ਬਿਨ ਜੋ ਕਾਮ ਤੁਹਾਰਾ।
ਪੂਰਨ ਭਯੋ ਨ, ਲੇਹੁ ਬਿਚਾਰਾ।
ਸੱਤਿਨਾਮ ਫਲਦਾਯਕ ਚਾਰ[1]।
ਗੁਰਮੁਖ ਸਿਮਰਹਿ ਹੋਇ ਉਧਾਰ
॥੫੨॥
ਜਾਤਿ ਮਾਨ ਧਰਿ ਜਨਮ ਨ ਖੋਵਹੁ।
ਕਰਹੁ ਭਗਤਿ ਪ੍ਰਭੁ ਸਭਿ ਮਹਿਂ
ਜੋਵਹੁ।'
ਕਹਿ ਪੰਡਤ 'ਹਮ ਭਾਖਾ ਕਹੈਂ।
ਮੂਢਨਿ[1] ਸਮੁਝਾਵਨਿ ਕੋ ਚਹੈਂ'
॥੫੩॥
ਸੁਨਿ ਮਾਧੋ ਨੇ ਫੇਰ ਬਖਾਨਾ।
'ਪਾਰਬ੍ਰਹਮ ਕਰਤਾਰ ਮਹਾਨਾ।
ਜਿਸ ਕੇ ਸ੍ਵਾਸ ਬੇਦ ਸਭਿ ਜੋਵਾ।
ਸੋ ਸਰੂਪ ਸ੍ਰੀ ਨਾਨਕ ਹੋਵਾ ॥੫੪॥
ਕਲਿ ਮਹਿਂ ਮਤਿ ਬਿਹੀਨ ਨਰ ਜਾਨੇ।
ਭਾਖਾ ਬਿਖੈ ਕਹਜੋ ਕਲਜਾਨੇ।
ਗੁਰੂ ਸ਼ਬਦ ਤੇ ਹੁਇ ਮਨ ਨੀਵਾ।
ਸੰਸਕ੍ਰਿਤ ਤੇ ਮਾਨ ਬਧੀਵਾ ॥੫੫॥
ਜਿਨ ਮਾਨੀ ਸ੍ਰੀ ਸਤਿਗੁਰ ਬਾਨੀ।
ਸਰਬ ਸ਼ਕਤਿ ਜੁਤ ਭੇ ਬ੍ਰਹਮ ਗਜਾਨੀ।
ਦੇਸ਼ ਬਿਦੇਸ਼ਨਿ ਮਹਿਂ ਬਿਦਤਾਏ।
ਛਪੇ ਨਹੀਂ ਉਬਰੇ ਸਮੁਦਾਏ' ॥੫੬॥
ਇੱਤਜਾਦਿਕ ਕਹਿ ਬਹੁ ਸਮੁਝਾਏ।
ਬਚਨ ਪ੍ਰਤਾਪ ਭਏ ਸਿਖ ਆਏ।

[1]ਦੇਵ ਬਾਣੀ ਭਾਵ ਸੰਸਕ੍ਰਿਤ।
[1]ਧਰਮ ਅਰਥ ਕਾਮ ਮੋਖ।
[1]ਮੂਰਖਾਂ ਨੂੰ।

ਕਥਾ ਕੀਰਤਨ ਦੋਨਹੁ ਕਾਲ।
ਸੁਨਹਿਂ ਕਰਹਿਂ ਧਰਿ ਪ੍ਰੇਮ ਬਿਸਾਲ
॥੫੭॥
ਧਰਮਸਾਲ ਪੁਰਿ ਬਿਖੈ ਬਨਾਈ।
ਸੇਵਹਿਂ ਸਤਿਸੰਗਤਿ ਸਮੁਦਾਈ।
ਸਿੱਖਨਿ ਸੇਵ ਹੋਨਿ ਤਬਿ ਲਾਗੀ।
ਭਏ ਗੁਰੂ ਪਗ ਕੇ ਅਨੁਰਾਗੀ ॥੫੮॥
ਲੇ ਗੁਰ ਕਾਰ ਦਰਸ ਕੋ ਆਵੈਂ।
ਹੋਤਿ ਨਿਹਾਲ ਪਰਮ ਸੁਖ ਪਾਵੈਂ।
ਇਮ ਸਿੱਖੀ ਬਿਥਰੀ ਕਸ਼ਮੀਰ।
ਸਿਮਰਹਿਂ ਸੱਤਿਨਾਮ ਧਰਿ ਧੀਰ
॥੫੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਚਤਰ ਸ਼ਸ਼ਟੀ ਅੰਸੂ ॥੬੪॥

## ੬੫. [ਭਾਈ ਰੂਪ ਚੰਦ, ਭੀਵਾ ਆਦਿ ਸਿੱਖਾਂ ਪ੍ਰਤਿ ਉਪਦੇਸ਼]

੬੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੬

ਦੋਹਰਾ:

ਰੂਪ ਚੰਦ ਭੀਵਾ ਜੁਗਲ, ਬਸਹਿਂ ਸਿਰ੍ਹੰਦ ਮਝਾਰ।
ਕਿਰਤ ਕਰਹਿਂ ਸਿੱਖਨਿ ਮਿਲਹਿਂ, ਬਾਂਟਤਿ ਅਚਹਿਂ ਅਹਾਰ ॥੧॥

ਚੌਪਈ:

ਪੂਰਬ ਦਿਵਸ ਮਹਿਂ ਅਸਨ ਬਨਾਵਹਿ।
ਸਿੱਖਨਿ ਕੋ ਧਰਿ ਭਾਉ ਅਚਾਵਹਿਂ।
ਏਕ ਮੁਗ਼ਲ ਤਿਨ ਕੇ ਢਿਗ ਆਇ।
ਸੌਂਪੀ ਦੀਨਾਰ ਜੁ ਸਮੁਦਾਇ ॥੨॥
ਧਰਿ ਦਿੱਲੀ ਕੋ ਗਮਨ੍ਯੋ ਸੋਇ।
ਲਿਖ੍ਯੋ ਵਹੀ ਪਰ ਨਹਿਂ ਇਨ ਦੋਇ[1]। [1]ਇਨ੍ਹਾਂ ਦੋਹਾਂ ਨੇ।
ਬਿਸਰ ਗਏ ਨਹਿਂ ਰਿਦੈ ਸੰਭਾਰੀ।
ਧਰੀ ਰਹੀ ਜਹਿਂ ਧਰਿ ਇਕ ਬਾਰੀ[1] ॥੩॥ [1]ਜਿੱਥੇ ਇਕ ਵੇਰ ਰੱਖੀ ਸੀ।
ਪੰਚ ਮਾਸ ਮਹਿਂ ਹਟਿ ਸੁ ਆਯੋ।
ਦੋਨਹੁਂ ਕੋ ਨਿਜ ਬਦਨ ਦਿਖਾਯੋ।
ਹਿਤ ਜਾਚਨਿ ਧਨ ਬਾਕ ਸੁਨਾਵਾ।
'ਮੈਂ ਤੁਮਰੇ ਢਿਗ ਧਰਿ ਗਮਨਾਵਾ[1]' ॥੪॥ [1]ਧਰ ਗਿਆ ਸਾਂ।
ਵਹੀ ਖੋਲਿ ਦੇਖਤਿ ਨਿਜ ਲਿਖ੍ਯੋ।
ਨਹੀਂ ਨਾਵ ਮੁਗਲਹਿ ਕੋ[1] ਪਿਖ੍ਯੋ। [1]ਵਹੀ ਵਿਚ ਨਾਮ ਨੂੰ।
'ਹਮਰੇ ਪਾਸ ਧਰੀ ਨਹਿਂ ਤੋਹੀ।
ਵਹੀ ਨਾਮ ਕੋ ਪਿਖ੍ਯੋ ਨ ਮੋਹੀ' ॥੫॥
ਝਗਰਤਿ ਝਗਰਤਿ ਕਰੇ ਸ਼ਿਤਾਬ।
ਹਿਤ ਨਜਾਉਂ ਢਿਗ ਗਏ ਨਬਾਬ।
ਤਹਾਂ ਤੇਲ ਕੋ ਧਰ੍ਯੋ ਕਰਾਹਾ।
ਤਪਤ ਕਰ੍ਯੋ ਪਾਵਹੁ ਕਰ ਮਾਹਾ[1] ॥੬॥ [1]ਵਿਚ ਹੱਥ ਪਾਵਣ ਲਈ।
ਪੰਚ ਮੁਹਰ ਕੋ ਕਰਨਿ ਪ੍ਰਸਾਦਿ।
ਸਿੱਖਨਿ ਗੁਰਸੁਖ ਸੁੱਖੀ ਆਦਿ[1]। [1]ਪਹਿਲੇ ਸਿੱਖਾਂ ਨੇ ਗੁਰੂ ਦੀ ਸੁੱਖਣਾ ਸੁੱਖੀ।

ਮੁਗ਼ਲ ਸ਼ੀਰਨੀ ਪੀਰਨਿ ਮਾਨੀ।
'ਬਾਂਟਨਿ ਕਰੋਂ ਦਰੂਦ' ਬਖਾਨੀ ॥੭॥
ਦੋਨਹੁਂ ਕੇ ਕਰ ਪਰਜੋ ਕਰਾਹੇ।
ਸਿਖ ਕਰ ਬਚਜੋ, ਮੁਗਲ ਕੋ ਦਾਹੇ।
ਕਰਿ ਕੂਰਾ ਸੋ ਵਹਿਰ ਨਿਕਾਰਾ।
ਭੀਵਾ ਅਪਨੇ ਸਦਨ ਸਿਧਾਰਾ ॥੮॥
ਰੂਪਚੰਦ ਭ੍ਰਾਤਾ ਸੋਂ ਕਹਜੋ।
'ਕਜੋਂ ਧਨ ਮੁਗ਼ਲ ਮਾਂਗਬੋ ਚਹਜੋ[1]?'

[1]ਮੁਗਲ ਨੇ ਸਾਥੋਂ ਕਿਉਂ ਧਨ ਮੰਗਣਾ ਚਾਹਿਆ ਸੀ (ਕੁਛ ਕਾਰਨ ਹੋਊ)।

ਤਬਿ ਦੋਨੋਂ ਨੇ ਸਕਲ ਦੁਕਾਨ।
ਖੋਜਨਿ ਕਰੀ ਸਕਲ ਅਸਥਾਨ ॥੯॥
ਕਿਸ ਬਾਸਨ ਮਹਿਂ ਤੇ ਸੋ ਪਾਈ।
ਮੁਹਰ ਵਾਂਸਣੀ ਮਹਿਂ ਸਮੁਦਾਈ।
ਬਹੁਰ ਬਿਸੂਰਤਿ ਸ਼ੀਘ੍ਰ ਗਏ ਤਹਿਂ।
ਮੁਗ਼ਲ ਸਚਿੰਤ[1] ਮਹਾਂਦੁਖ ਸੋਂ ਜਹਿਂ ॥੧੦॥

[1]ਸਹਤ ਚਿੰਤਾ।

[1] 'ਬਿਸਰ ਗਏ ਹਮ ਖੋਜੀ ਆਛੇ।
ਭਰੀ ਵਾਂਸਣੀ ਪ੍ਰਾਪਤਿ ਪਾਛੇ।
ਲਿਹੁ ਅਪਨੀ ਦੁਖ ਦੂਰ ਕਰੀਜੈ।
ਛਿਮਹੁ ਭੂਲ ਹਮਰੀ, ਸੁਖ ਲੀਜੈ' ॥੧੧॥

[1]ਓਹ ਬੋਲੇ।

ਬਿਸਮਤਿ ਮੁਗ਼ਲ ਕਹੀ ਮੁਖ ਬਾਨੀ।
'ਕਿਸ ਕੀ ਤੁਮ ਮੰਨਤ ਤਬਿ ਮਾਨੀ?'
ਭੀਵੇ ਕਹਜੋ 'ਮੁਹਰ ਹਮ ਪਾਂਚੇ।
ਸੁੱਖੀ ਸੁੱਖ[1] ਸਤਿਗੁਰੂ ਸਾਚੇ' ॥੧੨॥

[1]ਸੁਖਣਾਂ।

ਕਾਮਲ ਗੁਰੂ ਮੁਗ਼ਲ ਮਨਜਾਨਿ।
ਕਹਜੋ 'ਚਲਹੁ ਲੇ ਮੁਝ ਗੁਰ ਥਾਨਿ।'
ਦੋਨਹੁ ਭ੍ਰਾਤ ਸੰਗ ਲੇ ਤਾਂਹੀ।
ਆਏ ਸ਼ੀਘ੍ਰ ਗੁਰੂ ਕੇ ਪਾਹੀ ॥੧੩॥
ਮਸਤਕ ਟੇਕਿ ਬੈਠਿ ਕਰਿ ਬੂਝੇ।
'ਇਹ ਬਿੱਪ੍ਰੀਤਿ ਭਈ ਉਰ ਸੂਝੇ[1]?

[1]ਸਾਡੇ ਦਿਲ ਨੂੰ ਪਤਾ ਲੱਗੇ ਕਿ ਇਹ ਉਲਟੀ (ਕਿਉਂ) ਹੋਈ?

ਸਾਚੋ ਝੂਠ, ਝੂਠ ਭਾ ਸਾਚੋ!'
ਸੁਨਿ ਸ੍ਰੀ ਸਤਿਗੁਰ ਬਚਨ ਉਬਾਚੋ
॥੧੪॥
'ਇਸ ਕੋ ਨਹਿਂ ਸੁਧਿ ਦਰਬ ਤੁਹਾਰੇ।
ਪਰਜੋ ਸਿੱਖ ਪੁਨ ਸ਼ਰਨ ਹਮਾਰੇ।
ਲਿਯੋ ਉਬਾਰ ਆਪਨੋ ਜਾਨੇ।
ਤੁਵ ਬਹੁ ਪੀਰ ਨ ਰੱਛਜਾ ਠਾਨੇ[1]' [1]ਤੇਰੇ ਬਹੁਤੇ ਪੀਰਾਂ ਨੇ ਰੱਖਿਆ ਨਾ ਕੀਤੀ।
॥੧੫॥
ਸੁਨਿ ਕਰਿ ਮੁਗ਼ਲ ਪਰਜੋ ਸ਼ਰਨਾਈ।
ਭਯੋ ਸਿੱਖ ਗੁਰਮਤਿ ਚਿਤ ਪਾਈ।
'ਧੰਨ ਧੰਨ' ਕਹਿ ਜਹਿਂ ਕਹਿਂ ਸਾਰੇ।
ਸਤਿਗੁਰ ਕੋ ਬਡ ਸੁਜਸੁ ਉਚਾਰੇ
॥੧੬॥
ਇਕ ਪਰਤਾਪੂ ਸਿਖ ਚਲਿ ਆਯੋ।
ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋੜਿ ਅਰਜ਼ੀ ਇਮ ਕਹੀ।
'ਹਮਰੀ ਬ੍ਰਿੱਤਿ[1] ਸ਼ਸਤ੍ਰ ਕੀ ਅਹੀ [1]ਕਾਰ ਵਿਹਾਰ।
॥੧੭॥
ਜਿਸ ਬਿਧਿ ਹ੍ਵੈ ਪ੍ਰਾਪਤਿ ਕੱਲਜਾਨਾ।
ਆਪ ਕਰੋ ਉਪਦੇਸ਼ ਮਹਾਨਾ।'
ਸ੍ਰੀ ਮੁਖ ਤੇ ਤਬਿ ਤਿਸ ਕੋ ਭਾਖਾ।
'ਆਇ ਕਾਲ ਜਬਿ, ਕੋਇ ਨ ਰਾਖਾ
॥੧੮॥
ਜੇ ਕਰਿ ਕਾਲ ਨਹੀਂ ਇਸ ਆਵਾ।
ਤੌ ਰਾਖੇ ਨਿਤ ਕਾਲ ਰਹਾਵਾ[1]। [1]ਕਾਲ ਹੀ ਰਾਖਾ ਰਹਿੰਦਾ ਹੈ।
ਯਾਂ ਤੇ ਧਰੈ ਧਰਮ ਨਿਜ ਜੋਧਾ।
ਨਹੀਂ ਜੁੱਧ ਮਹਿਂ ਤਜਾਗਹਿ ਕ੍ਰੋਧਾ[1]
॥੧੯॥

[1]ਜੁੱਧ ਵਿਚ ਬੀ ਕ੍ਰੋਧਾਤੁਰ ਹੋਕੇ (ਅਪਣੇ ਧਰਮ ਨੂੰ) ਨਾ ਤਿਆਗੇ। ਜੋ ਪਹਿਲੀ ਤੁਕ ਵਿਚ ਕਿਹਾ ਹੈ ਕਿ ਜੋਧਾ ਧਰਮ ਧਾਰਨ ਕਰੇ, ਜੋਧੇ ਦਾ ਧਰਮ ਹੈ ਉਤਸਾਹ, ਉਤਸਾਹ ਹੁੰਦਾ ਹੈ ਪਰਸੁਆਰਥ ਵਿਚ। ਅਪਣੀ ਜਾਨ ਦੀ ਧਰਮ ਹਿਤ ਪਰਵਾਹ ਨਾ ਕਰੇ, ਕਿਉਂਕਿ ਕਾਲ ਜਦ ਤਕ ਨਹੀਂ ਆਯਾ, ਕਾਲ ਹੀ ਇਸ ਦਾ ਰਾਖਾ ਹੈ, ਕਾਲ ਆਏ ਬਿਨ ਮਰ ਨਹੀਂ ਸਕਦਾ।

ਸੰਤ, ਅਤਿਥ, ਦਿਜ, ਧੇਨੁ, ਰੰਕ।
ਜੋ ਇਨ ਕੋ ਦੁਖ ਦੇਹਿ ਅਤੰਕ[1]। [1]ਦੁਖ ਦੇਵੇ ਯਾ ਡਰ।
ਤਹਾਂ ਧਰਮ ਕੋ ਜੰਗ ਮਚਾਵੈ।
ਘਨੇ ਕਿ ਥੋਰੇ ਨਹਿਂ ਮਨ ਲਜਾਵੈ ॥੨੦॥
ਜਥਾ ਸ਼ਕਤਿ ਕਰਤੋ ਰਹਿਦਾਨ।
ਖਾਨ ਪਾਨ ਬਸਤ੍ਰਨਿ ਧਨ ਜਾਨਿ।
ਕਰਿਬੇ ਦਾਨ ਸ਼ਸਤ੍ਰ ਕੇ ਮਾਂਹੀ।
ਬਰਕਤ ਹੋਤਿ ਨਿਫਲ ਹੁਇ ਨਾਂਹੀ ॥੨੧॥
ਸੁਜਸੁ ਜਗਤ ਕਹਿ ਸੁਧਾ ਸਮਾਨ।
ਬਿਖ ਸਮ ਅਪਜਸੁ ਕਰਹਿ ਸੁ ਹਾਨ।'
ਸੁਨਿ ਪ੍ਰਸੰਨ ਭਾ ਰਿਦੈ ਪ੍ਰਤਾਪੂ[1]। [1]ਸਿਖ ਦਾ ਨਾਮ।
ਨਮੋ ਕਰੀ ਗੁਰ ਲਖਯੋ ਪ੍ਰਤਾਪੂ[1] ॥੨੨॥ [1]ਪ੍ਰਤਾਪ ਨੂੰ ਦੇਖਕੇ।
ਨੰਦਾ ਵਿੱਠੜ[1] ਸ੍ਵਾਮੀ ਦਾਸ। [1]ਜਾਤ।
ਬਸਹਿਂ ਥਨੇਸਰ ਕਰੈਂ ਅਵਾਸ।
ਕਰਹਿਂ ਧਰਮ ਕੇ ਜੁਤ ਵਿਵਹਾਰਾ।
ਕਹੈਂ ਜੁ ਮੋਲ ਸੁ ਏਕੋਬਾਰਾ ॥੨੩॥
'ਇਕਸੁਖਨੀ[1]' ਤਿਨ ਕੋ ਭਾ ਨਾਮ। [1]ਇਕ ਬੋਲ ਵਾਲੇ।
ਚਲਿ ਆਏ ਸਤਿਗੁਰ ਕੀ ਸ਼ਾਮ।
ਕਰਿ ਬੰਦਨ ਬੈਠੇ ਹੁਇ ਪਾਸ।
'ਇਕ ਸੁਖ਼ਨੀ' ਭਾ ਜ਼ਿਕਰ ਪ੍ਰਕਾਸ਼ ॥੨੪॥
ਸ੍ਰੀ ਅਰਜਨ ਗੁਰਦੇਵ ਬਖਾਨਾ।
'ਇਸ ਤੇ ਹੀ ਹੁਇ ਤੁਮ ਕਲਜਾਨਾ।
ਝੂਠ ਬਰਾਬਰ ਪਾਪ ਨ ਦੂਜਾ।
ਸਾਚ ਸਮਾਨ ਪੁੰਨ ਨਹਿਂ ਪੂਜਾ[1] ॥੨੫॥ [1]ਪੁਜਦਾ।
ਸਿੱਖਨਿ ਕੀ ਸੇਵਾ ਨਿਤ ਕਰੋ।
ਗੁਰਮਤਿ ਸਦਾ ਰਿਦੈ ਉਰਧਰੋ।

ਸੀਤ ਕਾਲ ਮਹਿਂ ਦੀਜਹਿ ਚੀਰ।
ਭਲੇ ਕਰਮ ਮਹਿਂ ਕੀਜਹਿ ਧੀਰ[1]' ॥੨੬॥

[1]ਇਸਥਿਤੀ (ਅ) ਧੀ = ਬੁੱਧੀ, ਰ = ਇੰਦ੍ਰੀਆਂ। ਭਾਵ ਚੰਗੇ ਕਰਮਾਂ ਵਿਚ ਬੁੱਧੀ ਤੇ ਇੰਦ੍ਰੀਆਂ ਨੂੰ ਲਾਵਣਾ ਕਰੇ।

ਗੁਰ ਕੋ ਬਚਨ ਮਾਨਿ ਘਰਿ ਆਏ।
ਸਿੱਖਨਿ ਕੀ ਸੇਵਾ ਮਨ ਲਾਏ।
ਸੁਤ ਬਨਿਤਾ ਸਭਿ ਕੇ ਉਰ ਭਾਉ।
ਮਿਲਹਿਂ ਸਿੱਖ ਸੰਗ ਮਧੁਰ ਸੁਭਾਉ ॥੨੭॥
ਗੁਰਬਾਨੀ ਸੰਗ ਪਜ਼ਾਰ ਕਰੰਤੇ।
ਪਠੈਂ ਸੁਨੈਂ ਤਿਸ ਪੰਥ ਚਲੰਤੇ।
ਚਰਨ ਪਖਾਰਹਿਂ ਸਿੱਖਨਿ ਕੇਰੇ।
ਭੋਜਨ ਬਸਤ੍ਰਨਿ ਦਾਨ ਘਨੇਰੇ ॥੨੮॥
ਇਮ ਕਰਤੇ ਹੀ ਭਯੋ ਉਧਾਰ।
ਪਾਇ ਪਰਮਪਦ ਗੁਰ ਦਰਬਾਰ।
ਗੋਪੀ ਮਹਿਤਾ ਨੱਥਾ ਔਰ।
ਭਾਊ ਮੋਕਲ ਮਿਲਿ ਇਕ ਠੌਰ ॥੨੯॥
ਢਿੱਲੀ ਮੰਡਲ ਗੁਰ ਢਿਗ ਆਏ।
ਬੰਦਨ ਕਰਿ ਸੁਭ ਦਰਸ਼ਨ ਪਾਏ।
ਹਾਥ ਜੋਰਿ ਪਰਸੰਗ ਬਖਾਨਾ।
'ਬਾਣੀ ਰਚੀ ਆਪ ਬਿਧਿ ਨਾਨਾ ॥੩੦॥
ਪਢਤਿ ਸੁਨਤਿ ਮਨ ਕੋ ਸੁਖਦੇਤਿ।
ਪ੍ਰੇਮ ਬਧਾਵੈ ਦੁਖ ਹਰਿ ਲੇਤਿ[1]।

[1]ਦੁਖ ਨਾਸ਼ ਕਰ ਦਿੰਦੀ ਹੈ।

ਬਿਸ਼ਿਯਨਿ ਤੇ ਸ਼ਾਂਤੀ ਉਪਜਾਵੈ।
ਸੱਤਿਨਾਮ ਕੋ ਸਿਮਰਨਿ ਭਾਵੈ ॥੩੧॥
ਕੇਤਿਕ ਅਪਰਨਿ ਕੀਨਸਿ ਬਾਨੀ।
ਬਹੁ ਬਿਧਿ ਤੇ ਚਾਤੁਰਤਾ ਸਾਨੀ[1]।

[1]ਚਤੁਰਾਈ ਨਾਲ ਮਿਲੀ ਹੋਈ।

ਤਿਨ ਤੇ ਮਨ ਨਹਿਂ ਦ੍ਰਵੈ ਸੁਨੇਤੇ[1]।

[1]ਸੁਣਦਿਆਂ।

ਪ੍ਰੇਮ ਨ ਉਪਜਹਿ ਰਿਦੈ ਭਨੇ ਤੇ[1]' ॥੩੨॥

[1]ਪੜ੍ਹਨੇ ਨਾਲ।

ਸ੍ਰੀ ਮੁਖ ਤੇ ਫੁਰਮਾਵਨਿ ਕੀਨਾ।
'ਗੁਰ ਬਾਨੀ ਮਹਿਂ ਸ਼ਕਤਿ ਪ੍ਰਬੀਨਾ।
ਜਿਨ ਪ੍ਰਾਨੀ ਚਾਹਯੋ ਕੱਲਜਾਨਾ।
ਸੋ ਜੇ ਪਠਹਿ ਸੁਨਹਿਂ ਸ਼ੁਭ ਕਾਨਾ ॥੩੩॥
ਫਲ ਬਿਸਾਲ ਤਿਸ ਪ੍ਰਾਪਤਿ ਹੋਇ।
ਬਹੁ ਅੱਭਯਾਸ ਕਰਹਿ ਨਰ ਜੋਇ।
ਸੋ ਹੁਇ ਜਾਤਿ ਮੁਕੰਦ ਪਰਾਯਨ[1]।
ਸਿਮਰਨ ਕਰਹਿ ਕੁਸੰਗਹਿ ਪਾਇ ਨ ॥੩੪॥
ਜਗ ਮਹਿਂ ਪਾਇ ਕਾਮਨਾ ਸੁਖੀ।
ਨਹਿਂ ਪ੍ਰਲੋਕ ਮਹਿਂ ਕੈਸੇ ਦੁਖੀ।'
ਤਿਨ ਸਿੱਖਨਿ ਸੁਨਿ ਕੈ ਸੁਖ ਪਾਯੋ।
ਗੁਰਬਾਨੀ ਸੰਗ ਪ੍ਰੇਮ ਬਧਾਯੋ ॥੩੫॥
ਮਹਿਤਾ ਸਕਤੂ ਸਿੱਖ ਨਿਹਾਲੂ।
ਬਸਹਿਂ ਆਗਰੇ ਸੁਮਤਿ ਬਿਸਾਲੂ।
ਦਰਸ਼ਨ ਸ੍ਰੀ ਅਰਜਨ ਕੇ ਆਏ।
ਬੰਦਨ ਕਰਿ ਕੈ ਬੈਠਿ ਅਲਾਏ ॥੩੬॥
'ਬਿੱਪ੍ਰ ਕਰਮਕਾਂਡੀ ਇਮ ਕਹੈਂ।
-ਬਿਨ ਸ਼ੁਭ ਕਰਮ ਨ ਸ਼ੁਭ ਗਤਿ ਲਹੈਂ।
ਨਿੱਤ ਕਰਮ ਤਰਪਣ ਗਾਇੱਤ੍ਰੀ।
ਸੰਧਯਾ, ਪੂਜਾ, ਦੇਹ ਪਵਿੱਤ੍ਰੀ[1] ॥੩੭॥
ਕਰਮ ਨਮਿੱਤ ਸ਼੍ਰਾਧ[1] ਅਰੁ ਖਯਾਹੁ[2]।
ਪਿੰਡ ਪਤਲ ਦਸ ਗਾਤ੍ਰ[1] ਜਿ ਆਹੁ-।
ਜੋ ਗਯਾਨੀ ਸੋ ਅਪਰ ਬਖਾਨੇਂ।
ਕਰਮ ਸਹਤ ਤਨ ਮਿੱਥਯਾ ਮਾਨੇ ॥੩੮॥
ਗਯਾਨ ਬਿਨਾ ਗਤਿ ਪਾਇ ਨ ਕੋਈ।
ਬੇਦ ਨੇਮ ਕਰਿ- ਉਚਰੈ ਸੋਈ।

[1]ਵਾਹਿਗੁਰੂ ਆਸਰੇ।

[1]ਭਾਵ ਇਸ਼ਨਾਨ, ਕਿਉਂਕਿ ਇਸ ਨਾਲ ਦੇਹ ਪਵਿੱਤ੍ਰ ਹੁੰਦੀ ਹੈ।

[1]ਪਿਤ੍ਰ ਪੱਖ ਵਿਚ ਪਿਤ੍ਰਾਂ ਨਮਿੱਤ ਅੰਨ ਆਦਿ ਦੇਣਾ।
[2]ਜਿਸ ਦਿਨ ਕੋਈ ਪ੍ਰਾਣੀ ਮਰੇ ਉਸੇ ਦਿਨ ਹਰ ਸਾਲ ਦੇ ਸਾਲ ਉਸਦੇ ਨਮਿੱਤ ਅੰਨ ਪ੍ਰਸਾਦਿ ਦੇਣਾ।

[1]ਮ੍ਰਿਤਕ ਸਬੰਧੀ ਇਕ ਕਰਮ ਜੋ ਮਰਨ ਪਿਛੋਂ ਦਸ ਦਿਨਾਂ ਤਕ ਹੁੰਦਾ ਰਹਿੰਦਾ ਹੈ।

ਹਮ ਕਿਸ ਗ੍ਰਹਨ ਕਰੈਂ ਹਿਤ ਧਾਰਿ।'
ਸ੍ਰੀ ਮੁਖ ਤੇ ਤਬਿ ਕੀਨਿ ਉਚਾਰ
॥੩੯॥
'ਜਿਮ ਦੁਭਾਸ਼ੀਆ[1] ਬੀਚ ਜਹਾਜ।
[1]ਦਲਾਲ, ਵਕੀਲ। ਦੋ ਬੋਲੀਆਂ ਜਾਣਨ ਵਾਲਾ।
ਦੇਤਿ ਕਰਾਇ ਬਨਜ ਕੋ ਕਾਜ।
ਤਿਮ ਸਤਿਨਾਮ ਮਹਾਂ ਅਭਿਰਾਮ।
ਦੋਨਹੁ ਕੋ ਗਤਿ ਦੇ ਸੁਖ ਧਾਮ ॥੪੦॥
ਗਜਾਨੀ ਕੇ ਨਿਤ ਹੋਇ ਸਹਾਇ।
ਦ੍ਰਿੜ੍ਹ ਰਾਖਤਿ ਹੈ ਗਜਾਨ ਬਨਾਇ।
ਅਹੰ ਬ੍ਰਹਮ[1] ਇਹ ਬ੍ਰਿੱਤਿ ਸਦੀਵਾ।
[1]ਮੈਂ ਬ੍ਰਹਮ ਹਾਂ।
ਬਿਸਰਿ ਨ ਦੇਤਿ ਪ੍ਰਪੱਕੈ ਥੀਵਾ[1]
[1]ਪੱਕੀ ਹੁੰਦੀ ਹੈ।
॥੪੧॥
ਕ੍ਰਮ ਕਾਂਡੀ ਕੋ ਕਰਿ ਨਿਸ਼ਕਾਮ।
ਅੰਤਹਿਕਰਣ ਬਿਮਲ ਅਭਿਰਾਮ।
ਬਹੁਰ ਗਜਾਨ ਕੀ ਪ੍ਰਾਪਤਿ ਕਰੈ।
ਸ਼ਕਤਿ ਬਿਸਾਲ ਨਾਮ ਪ੍ਰਭੁ ਧਰੈ
॥੪੨॥
ਤਾਂ ਤੇ ਤੁਮਹੁ ਵਾਹਿਗੁਰੂ ਨਾਮ।
ਸਿਮਰਨਿ ਕਰਹੁ ਲਹਹੁ ਸੁਖਧਾਮ।'
ਸੁਨਿ ਤਿਨ ਗੁਰ ਤੇ ਨਾਮ ਸੰਭਾਰਾ।
ਅੰਤ ਪਰਮ ਪਦ ਲਹਜੋ ਸੁਖਾਰਾ
॥੪੩॥
ਇਕ ਗੜੀਅਲ ਅਰੁ ਮਥਰਾ ਦਾਸ।
ਆਇ ਦਰਸ ਕੀਨੋ ਗੁਰ ਪਾਸ।
ਢੋਵਹਿਂ ਪੋਟ[1] ਕਿਰਤਿ ਇਹ ਧਰੈਂ।
[1]ਪੰਡਾਂ, ਭਾਰ।
ਗੁਰਸਿੱਖੀ ਕੋ ਧਾਰਨਿ ਕਰੈਂ ॥੪੪॥
ਸੁਤ ਬਨਿਤਾ ਜੁਤ ਸਿੱਖਨਿ ਸੇਵੈਂ।
ਜਥਾ ਸ਼ਕਤਿ ਭੋਜਨ, ਪਟ[1] ਦੇਵੈਂ।
[1]ਤੇ) ਬਸਤ।
ਨਿਜ ਕੁਟੰਬ ਸੋ ਕਹਜੋ ਬਨਾਈ।
'ਹਮ ਪੀਛੇ ਜੇ ਕੋ ਸਿਖ ਆਈ
॥੪੫॥

ਜਿਮ ਹਮ ਸੇਵੈਂ ਤਿਮ ਤੁਮ ਸੇਵੌਂ।
ਭੋਜਨ ਬਸਨ ਦੇਖਿ ਕਰਿ ਦੇਵੌਂ।'
ਤਬਿ ਸਿੱਖਨਿਗਨ ਗੁਰ ਕੇ ਪਾਸ।
ਦੋਨਹੁਂ ਕੋ ਕਿਯ ਸੁਜਸੁ ਪ੍ਰਕਾਸ਼ ॥੪੬॥
'ਸੇਵਾ ਕੇ ਰੰਗ ਮਹਿਂ ਇਹ ਰਾਤੇ।
ਤੁਮ ਸਮ ਲਖੈਂ ਜੁ ਸਿਖ ਘਰ ਜਾਂ ਤੇ।
ਸੁਨਿ ਬਹੁ ਖੁਸ਼ੀ ਕੀਨਿ ਤਿਸਕਾਲ।
ਜਨਮ ਮਰਨ ਤਜਿ ਭਏ ਨਿਹਾਲ ॥੪੭॥
ਸਕਲ ਸ਼ਕਤਿ ਜੁਤ ਤਤਛਿਨ ਭਏ।
ਅੰਤ ਪਰਮਪਦ ਸੋਂ ਮਿਲਿ ਗਏ।
ਗੰਗਾ ਸਹਗਲ[1] ਜੋਧਾ ਮਹਾਂ।
ਆਯੋ ਸ੍ਰੀ ਅਰਜਨ ਜੀ ਜਹਾਂ ॥੪੮॥
ਬੰਦਨ ਕਰਿ ਬੈਠਯੋ ਜਬਿ ਪਾਸ।
ਸ੍ਰੀ ਮੁਖ ਤੇ ਤਬਿ ਕੀਨਿ ਪ੍ਰਕਾਸ਼।
'ਤੁਮ ਮਲੇਛ ਕੇ ਚਾਕਰ ਅਹੋ।
ਇਹ ਕੁਛ ਭਲੀ ਬਾਤ ਨਹਿਂ ਲਹੋ ॥੪੯॥
ਜੇ ਤੁਮ ਕਹੋ ਜੀਵਕਾ ਨਾਂਹੀ।
ਰਹੀਯਹਿ ਸ੍ਰੀ ਹਰਿਗੋਵਿੰਦ ਪਾਹੀ।
ਹੁਇ ਸਗਰੇ ਪਰਵਾਰ ਗੁਜ਼ਾਰਾ।
ਅਰੁ ਸਿਮਰਹੁ ਸਤਿਨਾਮ ਸੰਭਾਰਾ ॥੫੦॥
ਦੁਨੀਆਂ ਕੇ ਕਾਰਜ ਹੁਇਂ ਪੂਰੇ।
ਦੀਨ ਬਿਖੈ ਉੱਜਲ ਮੁਖ ਰੂਰੇ।'
ਸੁਨਿ ਗੰਗਾ ਸਹਗਲ ਹਰਖਾਯੋ।
-ਦੁਹੂ ਲੋਕ ਮਹਿਂ ਗੁਰ ਅਪਨਾਯੋ ॥੫੧॥
ਇਸ ਤੇ ਅਪਰ ਨ ਆਛੀ ਬਾਤ-।
ਰਹਤਿ ਭਯੋ ਸੂਰਾ ਬੱਖਜਾਤ।

[1]ਜਾਤੀ।

ਜਬਿ ਰਣ ਰਚਿ ਸ੍ਰੀ ਹਰਿ ਗੋਬਿੰਦ।
ਹਤੇ ਤੁਰਕ ਬਹੁ ਬਲੀ ਬਿਲੰਦ ॥੫੨॥
ਨਹੀਂ ਪੀਠ ਰਿਪੁ ਕੋ ਦਿਖਰਾਈ।
ਇਮ ਕਰਤੇ ਤੇ ਸ਼ੁਭ ਗਤਿ ਪਾਈ।
ਅਪਰ ਅਨੇਕ ਸੂਰਮਾ ਆਏ।
ਪਿਖਿ ਗੰਗੇ ਕਹੁ ਮੋਦ ਬਢਾਏ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਪੰਚ ਸ਼ਸ਼ਟੀ ਅੰਸੂ ॥੬੫॥

## ੬੬. [ਹਰਬੰਸ ਤਪਾ ਮੁਰਾਰੀ ਆਦਿ ਸਿੱਖਾਂ ਪ੍ਰਤਿ ਉਪਦੇਸ਼]

੬੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੭

ਦੋਹਰਾ:

ਹੁਤੋ ਤਪਾ ਹਰਿਬੰਸ ਇਕ,
ਸੇਵ ਕਰਹਿ ਧ੍ਰਮਸਾਲ।
ਥਕਤਿ ਜੁ ਸਿਖ ਤਿਸ ਕੇ ਚਰਨ,
ਧੋਇ ਤਪਤ ਜਲ ਨਾਲ ॥੧॥

ਚੌਪਈ:

ਦੇਖਿ ਛੁਧਿਤਿ ਭੋਜਨ ਅਚਵਾਵੈ।
ਨਿਸਾ ਸੁਪਤਿ ਕੇ ਪਾਂਇ ਦਬਾਵੈ।
ਸੀਤਕਾਲ ਭੂਰੇ ਤਬਿ ਦੇਤਿ।
ਧਰਮਸਾਲ ਲੇਪਨ ਕਰਿ ਲੇਤਿ ॥੨॥
ਜਾਗਹਿ ਪ੍ਰਥਮ ਜੁ ਪਾਛਲਿ ਰਾਤੀ।
ਜਲ ਕਰਿ ਤਪਤ ਨੁਲ੍ਹਾਇ[1] ਪ੍ਰਭਾਤੀ। [1]ਨਵਾਵ੍ਹੇ, ਇਸ਼ਨਾਨ ਕਰਾਵੇ।
ਪਢਤਿ ਰਹੈ ਪੁਨ ਸਤਿਗੁਰ ਬਾਨੀ।
ਇਮ ਸੇਵਾ ਕੋ ਠਾਨਿ ਮਹਾਨੀ ॥੩॥
ਕਵਿ ਗੁਰਦਾਸ ਕੀਨਿ ਜੋ ਬਾਨੀ।
ਇਕ ਦਿਨ ਪਢਤਿ ਹੁਤੋ ਰੁਚਿ ਠਾਨੀ।
ਕਿਤਿਕ ਸਿੱਖ ਬੋਲੇ ਤਿਸ ਪਾਹੀ।
'ਗੁਰਬਾਨੀ ਕਯੋਂ ਪਢਿਹੈਂ ਨਾਂਹੀ?
॥੪॥
ਅਪਰ ਕਵਿਨਿ ਕੀ ਸਿੱਖ ਨਹਿਂ ਪੜ੍ਹੈਂ।
ਸਤਿਗੁਰ ਸਬਦ ਪ੍ਰੀਤ ਤੇ ਰੜ੍ਹੈ[1]।' [1]ਰਰੈ = ਪੜੇ।
ਝਗਰ ਪਰਸਪਰ ਗੁਰ ਢਿਗ ਆਏ।
ਬਾਦ ਪ੍ਰਸੰਗ[1] ਜੁ ਸਕਲ ਸੁਨਾਏ ॥੫॥ [1]ਝਗੜੇ ਦਾ ਪ੍ਰਸੰਗ।
'ਇਹ ਸਭਿ ਬਰਜਤਿ ਤਰਕਤਿ ਅਹੀ।
ਪਢਨਿ ਗਿਰਾ, ਗੁਰਦਾਸ ਜੁ ਕਹੀ।'
ਸੁਨਿ ਸ਼੍ਰੀ ਅਰਜਨ ਬਾਕ ਉਚਾਰਾ।
'ਜਿਸ ਮਹਿਂ ਸ਼੍ਰੀ ਗੁਰ ਸੁਜਸੁ ਉਚਾਰਾ
॥੬॥
ਸੱਤਿਨਾਮ ਕੀ ਮਹਿਮਾ ਕਹੀ।

ਤਿਸ ਕਹੁ ਪਢਹੁ ਸੁ ਤਰਕਹੁ ਨਹੀਂ।
ਸਤਿਗੁਰ ਸਮਤਾ ਚਰਹਿ ਜਿ ਮੂਢ।
ਕਿਮ ਲਖਿ ਸਕੈ ਜਿ ਆਸ਼ੈ ਗੂਢ ॥੭॥
ਸੋ ਨਹਿਂ ਪਢਹੁ ਕਰਹੁ ਤਿਸ ਤਰਕ[1]। [1]ਤਿਆਗਣਾ ਕਰੇ।
ਜੋ ਸਿਖ ਪਢਹਿ ਪਰਹਿ ਮਤਿ ਫਰਕ[1]। [1]ਬੁੱਧੀ ਵਿਚ ਫਰਕ ਪਏਗਾ।
ਅਪਰ ਜਿ ਗੁਰਬਾਨੀ ਅਨੁਸਾਰ।
ਕੈ ਬਰਨਨ ਜਿਹ ਪ੍ਰਭੁ ਅਵਤਾਰ[1] ॥੮॥ [1]ਯਾ ਕਥਨ ਹੋਵੇ ਜਿਸ ਵਿੱਚ ਪ੍ਰਭੂ ਅਵਤਾਰ ਦਾ।
ਸਤਿਗੁਰ ਹਰਿ ਸਬੰਧਨੀ ਬਾਨੀ।
ਪਢਹੁ ਸੁਨਹੁ ਨਿਸ਼ਚੈ ਉਰ ਠਾਨੀ।
ਮਤਸਰ ਕਰਿ ਗੁਰ ਸੋਂ ਜਿਨ ਕਰੀ।
ਕੈ ਬਿਸ਼ਿਯਨਿ ਕੈ ਨਰ ਕਥ ਧਰੀ[1]† ॥੯॥ [1]ਪਰਮੇਸ਼ੁਰ ਸਿਮਰਨ ਤੋਂ ਬਿਨਾਂ) ਮਨੁੱਖਾਂ ਦੀ ਬਣਾਈ ਹੋਈ ਵਿਸ਼ਿਆਂ ਦੀ ਕਥਾ (ਕਿੱਸੇ ਆਦਿਕ)। †ਪਾ:- ਨਰ ਕਬਿ ਧਰੀ = ਨਰਾਂ ਦੀ ਕਵਿਤਾ ਰਚੀ ਹੋਈ।
ਤਿਨ ਕੌ ਪਢਨਿ ਬਾਦਿ ਹੈ ਐਸੇ।
ਬਿਨ ਬਰਖਾ ਘਨ ਗਰਜਤਿ ਜੈਸੇ।
ਜਿਸ ਮਹਿਂ ਗੁਰ ਅਰੁ ਹਰਿ ਤਰਕੰਤੇ[1]। [1]ਤਰਕਣਾ ਕੀਤੀ ਹੈ।
ਨਰਕ ਪਰਹਿਂ ਜੇ ਪਢਹਿਂ ਸੁਨੰਤੇ ॥੧੦॥
ਅਰੁ ਕੀਨਸਿ ਗੁਰਦਾਸ ਜੁ ਬਾਨੀ।
ਗੁਰਬਾਨੀ ਕੇ ਆਸ਼ੈ ਸਾਨੀ।
ਐਸੀ ਪਠਬੇ ਗੁਰਮਤਿ ਪਾਵੈ।
ਸਤਿਗੁਰ ਸ਼ਰਧਾ ਰਿਦੈ ਵਧਾਵੈ ॥੧੧॥
ਸਿੱਖੀ ਕੋ ਪ੍ਰਾਪਤਿ ਨਰ ਹੋਇ।
ਹਰਿ ਗੁਰ ਜਸੁ ਤਰਕਹੁ ਨਹਿਂ ਕੋਇ।
ਰੁਚਿ ਸੋਂ ਪਢਹੁ ਸੁਨਹੁ ਸੁਖ ਪਾਵਹੁ।
ਗੁਰ ਕੀ ਪ੍ਰਭੁ ਕੀ ਕਥਾ ਸੁਨਾਵਹੁ† ॥੧੨॥

†ਗੁਰੂ ਅਮਰਦੇਵ ਜੀ ਪਹਿਲਾ ਹੀ ਧ੍ਰੁਵਾ ਬੰਨ੍ਹ ਚੁਕੇ ਸਨ:- 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥ ਪੰਚਮ ਸਤਿਗੁਰਾਂ ਨੇ ਏਥੇ ਭਾਈ ਗੁਰਦਾਸ ਆਦਿ ਦੀ ਬਾਣੀ ਵਿਹਤ ਕੀਤੀ ਹੈ ਕਿ ਜਿਸ ਵਿੱਚ ਗੁਰੂ, ਗੁਰਬਾਣੀ ਤੇ ਵਾਹਿਗੁਰੂ ਦਾ ਜਸ ਹੋਵੇ ਓਹ ਪੜ੍ਹੋ ਓਹ

ਗੁਰਬਾਣੀ ਦਾ ਦਰਜਾ ਨਹੀਂ ਰਖਦੀ ਪਰ ਗੁਰਬਾਣੀ ਵਿਚ ਪ੍ਰੀਤ ਦਿੜ੍ਹਾਵਨ ਵਾਲੀ ਪ੍ਰਮਾਣੀਕ ਸਿਖ ਬਾਣੀ ਹੈ। ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀ, ਦੋਇ ਪ੍ਰਮਾਣੀਕ ਬਾਣੀਆਂ ਹਨ।

ਸ੍ਰੀ ਅਰਜਨ ਤੇ ਸੁਨਿ ਸਭਿ ਮਾਨੀ।
ਪਠਨਿ ਲਗੇ ਗੁਰ ਕ੍ਰਿੱਤ ਮਹਾਨੀ।
ਅਣਦ[੫] ਮੁਰਾਰੀ[1] ਸੁਮਤਿ ਮਹਾਨੀ। [1]ਨਾਮ।
ਮਹਾਂਪੁਰਖ ਸਿਖ ਆਤਮਗਜਾਨੀ ॥੧੩॥
ਨਾਨੋ[੪] ਲਟਕਣ[੪] ਜਾਤਿ ਸੁਜਾਨਾ। ਨਾਨੋ ਲਟਕਣ ਜਾਤ ਦੇ ਬਿੰਦਰਾ (ਅ) ਬਿੰਦਰਾਊ ਨੂੰ-ਬਿੰਦ ਰਾਇ-ਨਾਮ ਬੀ ਮੰਨ ਲੈਂਦੇ ਹਨ।
ਬਿੰਦੁਰਾਉ[੬] ਸਿਖ ਮਿਲਿ ਕੱਲਜਾਨਾ[੪]।
ਆਲਮਚੰਦੁ[੪] ਹਾਂਡਾ[1] ਜੁ ਉਚਾਰਾ। [1]ਜਾਤੀ।
ਤਾਲਵਾੜ[੫] ਬਹੁਰੋ ਸੈਸਾਰਾ[੪] ॥੧੪॥
ਸਭਿ ਮਿਲਿ ਕਰਿ ਜਿਨਿ ਮਨਿ ਜੱਗਜਾਸੀ।
ਆਏ ਸ੍ਰੀ ਅਰਜਨ ਕੇ ਪਾਸੀ।
ਕਰਿ ਬੰਦਨ ਕੋ ਅਰਜ਼ ਗੁਜ਼ਾਰੀ।
'ਗੁਰੂ ਗਰੀਬ ਨਿਵਾਜ ਮੁਰਾਰੀ! ॥੧੫॥
ਦਿਹੁ ਉਪਦੇਸ਼ ਹਰਹੁ ਦੁਖ ਭਾਰਾ।
ਸ਼ਰਨ ਪਰੇ ਸਭਿ ਕਰਹੁ ਉਧਾਰਾ।'
ਸ੍ਰੀ ਸਤਿਗੁਰ ਜੀ ਬਾਕ ਪ੍ਰਕਾਸ਼ਾ।
'ਕਰਹੁ ਸ਼ਬਦ ਕੋ ਨਿਤ ਅੱਭਜਾਸਾ ॥੧੬॥
ਸਿਖ ਸੰਤਨਿ ਕੀ ਸੇਵਾ ਧਰੀਅਹਿ।
ਸੱਤਿਨਾਮ ਕੋ ਸਿਮਰਨਿ ਕਰੀਅਹਿ।'
ਸੁਨਤਿ ਗੁਰੂ ਤੇ ਸਭਿਨਿ ਬਖਾਨਾ।
'ਹਮ ਜਬਿ ਸਬਦ ਸੁਨਹਿਂ ਦੇ ਕਾਨਾ ॥੧੭॥
ਤਬਿ ਮਨ ਨਿੰਮ੍ਰ ਸਿਮਰਿ ਸਤਿਨਾਮ।
ਪੁਨ ਬਿਵਹਾਰ ਕਰਹਿਂ ਜਬਿ ਧਾਮ।
ਬਿਸਰ ਜਾਤਿ ਨਹਿਂ ਚਿਤ ਮਹਿਂ ਰਹੈ।'
ਸੁਨਿ ਸਤਿਗੁਰ ਤਿਨ ਸੋਂ ਤਬਿ ਕਹੈਂ

॥੧੮॥
'ਅਜਹੁੰ ਤੁਮਾਰੇ ਉਰ ਅੱਭਜਾਸ[1]। — [1]ਵਿਹਾਰਾਂ ਦਾ) ਅਭਜਾਸ।
ਨਹਿਂ ਦ੍ਰਿੜ੍ਹ ਭਯੋ ਕਰਹੁ ਨਿਰਜਾਸ।
ਅਨਿਕ ਜਨਮ ਦੁਰਮਤਿ ਬਿਵਹਾਰਾ।
ਸੋ ਅੱਭਜਾਸ ਬਲੀ ਉਰ ਧਾਰਾ ॥੧੯॥
ਗੁਰੂ ਸ਼ਬਦ ਮਹਿਂ ਅਬਿ ਅੱਭਜਾਸਾ।
ਭਯੋ ਅਲਪ ਹੀ, ਨਹੀਂ ਪ੍ਰਕਾਸ਼ਾ।
ਬਹੁ ਦਿਨ ਕੋ ਦ੍ਰਿੜ੍ਹ ਤਨ ਅਭਿਮਾਨ।
ਸਨੈ ਸਨੈ ਕੀਜਹਿ ਇਸ ਹਾਨਿ ॥੨੦॥
ਪਠਨਿ ਸ੍ਰਵਨਿ ਨਿਤ ਕਰਹੁ ਬਿਸਾਲਾ।
ਦ੍ਰਿੜ੍ਹ ਅੱਭਜਾਸ ਸ਼ਬਦ ਜਿਸ ਕਾਲਾ।
ਹੋਇ ਬਿਸਿਮਰਨ ਤਨ ਅਭਿਮਾਨ।
ਤਬਿ ਤੁਮਰੀ ਹੋਵੈ ਕੱਲਜਾਨ ॥੨੧॥
ਨੀਰ ਪ੍ਰਵਾਹ ਹੋਤਿ ਹੈ ਜੈਸੇ।
ਸਨੈ ਸਨੈ ਉਲਟਹਿ ਬਿਧਿ ਕੈਸੇ[1]। — [1]ਕਿਸੇ ਬਿਧ ਨਾਲ।
ਕਰੇ ਜਤਨ ਬਹੁ ਅਨ ਥਲ ਬਹੈ[1]। — [1]ਬਹੁਤਾ ਜਤਨ ਕੀਤਿਆਂ ਦੂਜੀ ਥਾਂ ਵਗਦਾ ਹੈ।
ਨਾਂਹਿ ਤ ਪ੍ਰਥਮ ਥਾਨ ਹੀ ਰਹੈ ॥੨੨॥
ਪੂਰਬ ਕਰੀਅਹਿ ਮਨ ਨੀਵਾਣ।
ਪਾਵਹੁ ਬੰਧ ਬ੍ਰਿੱਤਿ ਬ੍ਰਹਮ ਗਜਾਨ[1]। — [1]ਬ੍ਰਿਤੀ ਨੂੰ ਬ੍ਰਹਮ ਗਜਾਨ ਦਾ ਬੰਨ੍ਹ ਪਾਵੋ।
ਸਤਿ ਸੰਤੋਖ ਆਦਿ ਗੁਨ ਧਰੇ।
ਇਨ ਜਤਨਹੁ ਤੇ ਸੇ ਮੁਰ ਪਰੇ[1] ॥੨੩॥ — [1]ਭਾਵ ਖੋਟੇ ਵਿਵਹਾਰਾਂ ਦਾ ਅੱਭਜਾਸ ਮੁੜ ਪਏਗਾ।
ਜਬਿ ਪ੍ਰਵਾਹਿ ਇਤਿ ਦਿਸ਼ਿ ਕੋ ਭਯੋ।
ਬਹੁਰ ਉਪਾਇ ਨ ਕੁਛ ਰਹਿ ਗਯੋ।
ਪ੍ਰਾਪਤਿ ਹੋਇ ਸੁਖੇਨ ਅਨੰਦ।
ਨਹੀਂ ਸੁ ਬਜਾਪਹਿਂ ਦੁਖਦਾ ਦੁੰਦ[1]' ॥੨੪॥ — [1]ਦੁਖ ਦੇਣ ਦੂੰਦ।
ਸ੍ਰੀ ਗੁਰ ਤੇ ਸੁਨਿ ਭਗਤਿ ਸੁ ਠਾਨੀ।
ਭਯੋ ਮੁਰਾਰੀ ਆਤਮ ਗਜਾਨੀ।
ਭਾਨੂ ਸੁਘੜ† ਸੁ ਜਗਨਾ ਨੰਦ। — †ਵਾਰ ਵਿੱਚ ਪਾਠ 'ਸੁਹੜ' ਹੈ।

ਆਇ ਗੁਰੂ ਅਰਜਨ ਪਦ ਬੰਦਿ
॥੨੫॥
ਬੈਠਤਿ ਅਪਨਿ ਬ੍ਰਿਤੰਤ ਬਖਾਨਾ।
'ਹਮ ਰੋਕਹਿਂ ਇੰਦ੍ਰੀ ਅਰੁ ਪ੍ਰਾਨਾ।
ਸਿਮਰਨ ਕਰਹਿਂ ਸਮੇਤ ਉਪਾਇ।
ਚਹਤਿ ਰਿਦੈ ਪ੍ਰਭੁ ਲਿਵ ਲਗਿ ਜਾਇ
॥੨੬॥
ਜਬਹਿ ਪਦਾਰਥ ਕੁਛ ਦ੍ਰਿਸ਼ਟਾਵੈ।
ਤਬਿ ਹਮਰੋ ਮਨ ਤਹਿਂ ਚਲਿ ਜਾਵੈ।'
[1]'ਵਾਸ਼ਨ ਛੈ[2], ਅਰੁ ਮਨ ਕੋ ਨਾਸ਼।
ਤੱਤ੍ਵ ਗ੍ਯਾਨ, ਤੀਨਹੁ ਨਿਰਜਾਸ[1]
॥੨੭॥
ਵਾਰ ਵਾਰ ਅੱਭ੍ਯਾਸਹੁ ਇਨ ਕੋ।
ਕਰਹੁ ਜਤਨ ਨਿਤ ਗਹੀਅਹਿ ਮਨ
ਕੋ।'
ਸੁਨਿ ਬਿਨਤੀ ਸਤਿਗੁਰ ਸੋਂ ਠਾਨੀ।
'ਦਿਹੁ ਉਪਦੇਸ਼ ਕਹਹੁ ਮੁਖ ਬਾਨੀ
॥੨੮॥
ਜਿਸ ਤੇ ਮਨ ਕੋ ਹਮ ਠਹਿਰਾਵੈਂ।
ਆਤਮ ਗ੍ਯਾਨ ਮੁਕਤਿ ਦਾ ਪਾਵੈਂ।'
ਸ਼੍ਰੀ ਅਰਜਨ ਤਬਿ ਜਤਨ ਬਖਾਨਾ।
'ਮਨ ਕੋ ਹੈ ਤੁਰੰਗ ਇਹ ਪ੍ਰਾਨਾ[1]
॥੨੯॥
ਇਨ ਤੇ ਚਪਲ ਹੋਤਿ ਨਹਿਂ ਥਿਰੈ।
ਪ੍ਰਾਨ ਪ੍ਰਥਮ ਤੌਂ ਅੰਤਰ ਬਰੈ।
ਬਹੁਰ ਉਥਤਿ ਊਪਰ ਕੋ ਆਵੈ।
ਉਠਤਿ ਸਮੇਂ ਮਨ ਕੋ ਚਪਲਾਵੈ[1]
॥੩੦॥
ਤਾਂ ਤੇ ਤ੍ਰਿਕੁਟੀ ਪ੍ਰਾਣ ਟਿਕਾਵੋ।
ਮਨ ਕੋ ਨਾਸ਼ ਰੀਤਿ ਇਸ ਪਾਵੋ।
ਸਕਲ ਜਗਤ ਕੋ ਮਿਥ੍ਯਾ ਮਾਨੋ।

[1]ਗੁਰੂ ਜੀ ਬੋਲੇ। [2]ਵਾਸ਼ਨਾ ਨੂੰ ਨਾਸ਼ ਕਰ ਦੇਵੋ।
[1]ਤਿੰਨੇ ਤੱਤ (ਦੀਆਂ ਬਾਤਾਂ) ਹਨ। (ਅ) ਤਿੰਨੇ ਨਿਸਚੇ ਕਰੋ।
[1]ਪ੍ਰਾਨ ਮਨ ਦਾ ਘੋੜਾ ਹਨ।
[1]ਚੰਚਲ ਕਰਦਾ ਹੈ।

ਮ੍ਰਿਗ ਤ੍ਰਿਸ਼ਨਾ ਮਾਨਿੰਦ ਪਛਾਨੋ
॥੩੧॥
ਅਖਲ ਪਦਾਰਥ ਝੂਠੇ ਜਾਨੇ।
ਤਬਿਹੂੰ ਹੋਤਿ ਵਾਸ਼ਨਾ ਹਾਨੇ।
ਨਿਤਪ੍ਰਤਿ ਨਿਰਨੈ ਬ੍ਰਹਮ ਕਰੀਜੈ।
ਤਨ ਇੰਦ੍ਰੈ ਤੇ ਪਰੇ ਲਖੀਜੈ ॥੩੨॥
ਬੁਧਿ ਕਰਿ ਉਚਿਤ ਜਾਨਿਬੇ ਅਹੈ।
ਇੰਦ੍ਰੈ ਥੂਲ ਨ ਤਿਸ ਕੌਂ[1] ਲਹੈਂ। [1]ਭਾਵ ਬ੍ਰਹਮ ਨੂੰ।
ਸਤਿਗੁਰ ਸਬਦ ਸਾਰ ਵੇਦਾਂਤ[†]।

[†]ਸਤਿਗੁਰ ਦੀ ਬਾਣੀ ਵਿੱਚ ਨਾਮ ਦਾ ਅੱਭਯਾਸ ਵਾਹਿਗੁਰੂ ਜੀ ਵਿੱਚ ਸੰਜੋਗ, ਵਾਹਿਗੁਰੂ ਪ੍ਰਾਪਤ ਹੋ ਸਾਰੇ ਉਸਦੇ ਦਰਸ਼ਨ ਆਦਿ ਬ੍ਰਹਮ ਦ੍ਰਿਸ਼ਟੀ ਦੇ ਵੇਰਵੇ ਆਏ ਹਨ, ਪਰ ਨਿਰਾ 'ਦਿਮਾਗੀ ਘੋੜ ਦੌੜ ਦਾ ਵੇਦਾਂਤ' ਜਿਸਨੇ ਵਿੱਦਯਾ ਅਭਿਮਾਨੀ ਪੰਡਿਤ ਤੇ ਆਚਰਣ ਤੋਂ ਬੇਪਰਵਾਹ ਨਿਜ ਨੂੰ ਬ੍ਰਹਮ ਕਹਿਣ ਵਾਲੇ ਦੁਰਚਾਰੀ ਪੈਦਾ ਕੀਤੇ ਹਨ, ਸਤਿਗੁਰ ਨੇ ਕਿਤੇ ਪ੍ਰਤਿਪਾਦਨ ਨਹੀਂ ਕੀਤਾ। ਸਤਿਗੁਰ ਦੇ ਜ਼ਿੰਦਗੀ ਬਖਸ਼ ਉਪਦੇਸ਼ ਨੂੰ ਹਰ ਥਾਂ ਵੇਦਾਂਤ ਦੀ ਵਯਾਖਯਾ ਕਰਕੇ ਵਰਣਨ ਕਰਨ ਨਾਲ ਇਹ ਅਕਸਰ ਟਪਲਾ ਲੱਗ ਜਾਂਦਾ ਹੈ ਤੇ ਸਿੱਖ ਬੀ ਬਾਣੀ ਨਾਮ ਸਿਮਰਨ ਛੋਡਕੇ ਇਨ੍ਹਾਂ ਵਹਿਮਾਂ ਵਿੱਚ ਉੱਠ ਖਲੋਂਦੇ ਹਨ ਕਿ ਅਸੀਂ ਬ੍ਰਹਮ ਹਾਂ, ਹਾਲਾਂਕਿ ਮਨ ਅਜੇ ਮੈਲਾਂ ਤੇ ਖਿੰਡਾਉਂ ਤੋਂ ਬੀ ਸਾਫ ਨਹੀਂ ਹੋਇਆ ਹੁੰਦਾ। ਕਵੀ ਜੀ ਆਪ ਬੀ ਗਿਆਨ ਤੋਂ ਪਹਿਲਾਂ ਨਾਮ ਅੱਭਯਾਸ ਜ਼ਰੂਰੀ ਦੱਸਦੇ ਹਨ ਤੇ ਨਾਮ ਦੀ ਤਾਸੀਰ ਦੀ ਪਰਖ ਇਸੇ ਰਾਸ ਦੇ ਅੰਸੂ ੬੭ ਅੰਕ ੧੯ ਤੋਂ ੨੨ ਵਿੱਚ ਖੋਲ੍ਹੀ ਹੈ ਨੇ।

ਕਰਹੁ ਬਿਚਾਰਨਿ ਹੁਇ ਸੱਖਯਾਤ[1] [1]ਪ੍ਰਗਟ ਹੋਵੇਗਾ (ਬ੍ਰਹਮ)।
॥੩੩॥
ਛੈ ਹੁਇ ਵਾਸ਼ਨ ਮਨਹਿ ਬਿਨਾਸ਼।
ਤੀਸਰ ਆਤਮਗਯਾਨ ਪ੍ਰਕਾਸ਼।
ਇਹੈ ਸਹਾਇਕ ਆਪਸ ਮਾਂਹੀ।
ਜੀਵਨ ਮੁਕਤਿ ਜੁ ਧਾਰੈਂ ਪਾਹੀ
॥੩੪॥
ਜਥਾ ਸ਼ਾਹੁ ਕੇ ਸੂਬੇ ਤੀਨ।
ਤੀਨਹੁ ਥਲ ਕ ਪਠਵਨਿ ਕੀਨਿ।
ਤਬ ਤਿਨ ਕੋ ਸਿੱਖਯਾ ਸਿਖਰਾਈ।
-ਤੀਨਹੁ ਮਿਲਹੁ ਪਰਸਪਰ ਜਾਈ
॥੩੫॥
ਦੁਸ਼ਮਨ ਬਲੀ ਅਹੈ ਸਮੁਦਾਈ।
ਪ੍ਰਥਮ ਸਿਰੰਦ ਕਰਹੁ ਤਕਰਾਈ।
ਪੁਨਿ ਤੀਨਹੁ ਲਵਪੁਰਿ ਕੋ ਸਾਧਿ।

ਤਸਕਰ ਦੁਸ਼ਟ ਲੇਹੁ ਸਭਿ ਬਾਂਦਿ ॥੩੬॥
ਪੁਨ ਤੀਨਹੁ ਕਸ਼ਮੀਰ ਸਿਧਾਵੋ।
ਤਿਸ ਕੋ ਸਾਧੋ ਅਪਨਿ ਬਨਾਵੋ।
ਪੁਨ ਤੀਨਹੁ ਗਮਨਹੁ ਹੁਇ ਜੁਦੇ।
ਤ੍ਰੈ ਪੁਰਿ ਕਰਹਿਂ ਰਾਜ ਸ਼ੁਭ† ਤਦੇ[1] ॥੩੭॥

[1]ਤਦ ਨਗਰਾਂ ਦਾ ਰਾਜ ਚੰਗੀਤਰ੍ਹਾਂ ਕਰੋਗੇ। †ਪਾ:-ਸਭਿ।

ਜੁਦੇ ਜੁਦੇ ਜੇ ਪ੍ਰਥਮ ਸਿਧਾਰੋ।
ਹੋਹਿ ਨ ਬਿਜੈ ਕਾਜ ਉਰ ਧਾਰੋ।
ਤੀਨਹੁ ਮਿਲੇ ਕਰਹੁ ਸਭਿ ਕਾਰ-।
ਲਖਿ ਇਹੁ ਤੀਨਹੁ[1] ਤਿਸੀ ਪ੍ਰਕਾਰ ॥੩੮॥

[1]ਭਾਵ ਵਾਸ਼ਨਾ ਛੈ, ਮਨੋ ਨਾਸਤੇ ਬ੍ਰਹਮ ਗਿਆਨ।

ਨ੍ਰਿਪ ਅੱਗਜਾਨ ਜੁ ਚਮੂੰ ਬਿਕਾਰ[1]।

[1]ਅਗਿਆਨ ਰਾਜੇ ਦੀ ਜੋ ਸੈਨਾ ਹੈ ਵਿਕਾਰਾਂ ਦੀ।

ਸਭਿ ਥਲ ਲੀਨ ਗੁਨਨਿ ਬਿਦਾਰ[1]।

[1]ਗੁਣਾਂ ਨੂੰ ਦੂਰ ਕਰਕੇ।

ਖੈ ਵਾਸ਼ਨ ਅਰ ਮਨ ਕੋ ਨਾਸ਼।
ਤੱਤ੍ਵ ਗਜਾਨ ਇਨ ਕਰਿ ਅੱਭਜਾਸ ॥੩੯॥
ਸਾਸ ਸਾਸ ਸਿਮਰਹੁ ਸਤਿਨਾਮ।
ਸਬਦ ਬਿਚਾਰਿ ਲਹੋ ਬਿਸਰਾਮ।'
ਸੁਨਿ ਸਗਰੇ ਮਨ ਆਨੰਦ ਪਾਏ।
ਤਿਮ ਕੀਨਸਿ ਜਿਮ ਗੁਰੂ ਬਤਾਏ ॥੪੦॥
ਜੈਤ[1] ਸਿੰਗਾਰੂ[3] ਜੁਗ ਸਿਖ ਭਾਰੀ।

[1]ਨਾਮ।

ਜੋਧਾ ਬਡੇ ਨ੍ਰਿਭੈ ਉਪਕਾਰੀ।
ਸ਼੍ਰੀ ਅਰਜਨ ਤਿਨ ਸੰਗ ਉਚਾਰਾ।
'ਹਮ ਸਰੂਪ ਜੋ ਖਸ਼ਟਮ ਧਾਰਾ ॥੪੧॥
ਧਰੈਂ ਸ਼ਸਤ੍ਰ ਦੇ ਦੁਸ਼ਟਨ ਦੰਡ।
ਕਰੈਂ ਤੁਰਕ† ਗਨ ਕੋ ਖੰਡ ਖੰਡ।

†ਪਾ:-ਦੁਸ਼ਟ।

ਆਯੁਧ ਬਿੱਦਜਾ[1] ਕਰਿ ਅੱਭਜਾਸ।

[1]ਸ਼ਸਤ੍ਰ ਵਿੱਦਜਾ।

ਮੀਰਨਿ ਕੀ ਮੀਰੀ ਲੇਂ ਪਾਸ ॥੪੨॥
ਸ਼ਬਦ ਪ੍ਰੀਤਿ ਕਰਿ ਚਿਤ ਇਮ ਦੇਇਂ।

ਪੀਰਨਿ ਕੀ ਪੀਰੀ ਹਰਿ ਲੇਇਂ।
ਨ੍ਰਿਪ ਕੋ ਲਵਣ ਖਾਤਿ ਹੈ ਜੋਇ।
ਨਿਜ ਸਰੀਰ ਕੋ ਅਰਪਹਿ ਸੋਇ ॥੪੩॥
ਹਲਤ ਪਲਤ ਮਹਿਂ ਹਮ ਸੁਖ ਦੈਹੈਂ।
ਇਹਾਂ ਭੁਗਤਿ ਉਤ ਮੁਕਤੀ ਪੈ ਹੈ।
ਮਹਾਂ ਘੋਰ ਕਲਿਜੁਗ ਕੋ ਕਾਲ।
ਨਿਜ ਸਿੱਖਨਿ ਹਮ ਲੇਹਿਂ ਸੰਭਾਲਿ ॥੪੪॥
ਤੁਮ ਅਬਿ ਹਰਿਗੋਬਿੰਦ ਢਿਗ ਰਹੀਏ।
ਆਗਜਾ ਮਾਨਿ ਸਰਬ ਸੁਖ ਲਹੀਏ।
ਤਿਨ ਕੇ ਸੰਗ ਯੁੱਧ ਕੋ ਕਰਿ ਕੈ।
ਤੁਰਕਨਿ ਹਤੋ ਸ਼ਸਤ੍ਰ ਕਰ ਧਰਿ ਕੈ†' ॥੪੫॥

†ਇਹ ਚੌਪਈ ਅੰਕ ੪੫ ਇਕ ਲਿ: ਨੁਸਖੇ ਵਿਚ ਮਿਲੀ ਹੈ। ਪਰ ਇਹ ਸਹੀ ਅਸਲੀ ਹੁੰਦੀ ਹੈ ਹੋਰਨਾਂ ਲਿਖਾਰੀਆਂ ਤੋਂ ਰਹਿ ਗਈ ਜਾਪਦੀ ਹੈ।

ਹਾਥ ਜੋਰਿ ਸੋ ਮਾਨਤਿ ਭਏ।
ਸ਼੍ਰੀ ਹਰਿ ਗੋਬਿੰਦ ਢਿਗ ਚਲਿ ਗਏ।
ਰਹੇ ਸਮੀਪ ਸ਼ਸਤ੍ਰ ਧਰਿ ਸੂਰੇ।
ਵਿੱਦਜਾ ਅੱਭਜਾਸਹਿਂ ਗੁਰਪੂਰੇ ॥੪੬॥
ਕਿਤਿਕ ਕਾਲ ਬੀਤਜੋ ਢਿਗ ਰਹੇ।
ਲੇ ਪ੍ਰਵਾਨਗੀ ਗੁਰ ਕੇ ਕਹੇ[1]।

[1]ਪ੍ਰਵਾਨਗੀ (ਆਗਜਾ) ਲੈ ਕੇ ਤੇ ਗੁਰੂ ਜੀ ਦੇ ਆਖਿਆਂ।

ਅਪਨੇ ਸਦਨ ਰਹੇ ਦੁਇ ਮਾਸ।
ਇਕ ਜੋਗੀ ਮਿਲਿ ਕਰਿ ਤਿਨ ਪਾਸ ॥੪੭॥
ਭਯੋ ਪ੍ਰਸੰਨ ਰਸਾਇਨ ਦੀਨਿ।
ਇਕ ਬਿਲ ਭਰਜੋ ਹਰਖ ਕਰਿ ਲੀਨਿ।
ਸੋ ਬਿਚਾਰਿ ਕਰਿ ਢਿਗ ਲੈ ਆਇ।
ਗੁਰ ਖ਼ਸ਼ਮ† ਕੋ ਸੋ ਅਰਪਾਏ ॥੪੮॥

†ਪਾ:-ਗੁਰ ਪੰਚਮ।

ਲਗੇ ਸੁਨਾਵਨਿ 'ਗੁਨ ਇਹ ਭਾਰੇ।
ਦਯੋ ਸਿੱਧ ਨੇ ਪਾਰਦ ਮਾਰੇ[1]।

[1]ਮਾਰਿਆ ਹੋਇਆ ਪਾਰਾ।

ਬਾਵਨ ਤੋਲੇ ਰੱਤੀ ਪਾਉ[1]†।

[1]੫੨ ਤੋਲੇ (ਤਾਂਬੇ) ਵਿੱਚ ਰੱਤੀ ਭਰ (ਪਾਰਾ ਮਾਰਿਆ ਹੋਇਆ) ਪਾਓ। †ਸਿੱਖਾਂ ਦੀ ਭਗਤਮਾਲ ਵਿਚ 'ਇਕ

ਰੱਤੀ ਮਣ ਤਾਂਬੇ ਵਿਚ ਪਾਈਐ' ਲਿਖਿਆ ਹੈ।

ਸੁੰਦਰ ਕੰਚਨ ਕਰਤਿ ਸੁਹਾਉ ॥੪੯॥
ਇਕ ਚਾਵਰ ਭਰ ਨਰ ਜੇ ਖਾਵੈ।
ਛੁਧਾ ਸਵਾ ਮਣ ਕੀ ਹੁਇ ਜਾਵੈ।
ਗਜ ਸਮ ਬਲ ਕੋ ਧਾਰਨਿ ਕਰੇ।
ਰੋਗ ਸਰਬ ਤਨ ਕੇ ਪਰਹਰੇ' ॥੫੦॥
ਸ੍ਰੀ ਹਰਿ ਗੋਵਿੰਦ† ਉਚਰਜੋ ਤਿਨ ਕੋ।

†ਪਾ:-ਸ੍ਰੀ ਗੁਰ ਪੰਚਮ। ਪਰੰਤੂ ੧੧ ਵੀਂ ਵਾਰ ਦੇ ਟੀਕੇ ਵਿਚ ਗੁਰੂ ਹਰਿਗੋਬਿੰਦ ਜੀ ਹੀ ਲਿਖਿਆ ਹੈ।

'ਜਿਨ ਮਾਰਜੋ ਪਾਰਦ ਸਮ ਮਨ ਕੋ।
ਪਾਰੇ ਸਾਥ ਨ ਸੋ ਹਿਤ ਧਰਤਿ।
ਜੋ ਤਾਂਬੇ ਤੇ ਕੰਚਨ ਕਰਤਿ ॥੫੧॥
ਮਨ ਮਾਰੇ ਗੁਨ ਪਾਇ ਅਨੂਪ।
ਜੀਵ ਬਨਹਿ ਪਰਮੇਸ਼ੁਰ ਰੂਪ।
ਤਉ ਕਾਮਨਾ ਪੁਰਹਿਂ[1] ਤੁਮਾਰੀ।'
ਇਕ ਚਾਵਰ ਭਰ ਵਹਿਰ ਨਿਕਾਰੀ ॥੫੨॥

[1]ਪੂਰਨ ਕਰਦੇ ਹਾਂ।

ਊਪਰ ਤਰੇ ਪਾਨ ਦ੍ਵੈ[1] ਦੈ ਕੈ।
ਕਰਜੋ ਖਾਨ ਸਤਿਗੁਰ ਕਰ ਲੈ ਕੈ।
ਪੁਨ ਬਿਲ ਅੰਮ੍ਰਿਤਸਰ ਮਹਿਂ ਗੇਰਾ।
ਕਰਿ ਮੁਰਾਤਬਾ ਤਿਨਹਿ ਉਚੇਰਾ ॥੫੩॥

[1]ਦੋ ਪਾਨ (ਦੇ ਪੱਤੇ)।

ਅਤਿ ਸਮੀਪ ਅਪਨੇ ਕਰਿ ਲੀਨਿ।
ਬਖਸ਼ੀ ਸ਼ਕਤਿ ਮਹਾਂ ਬਲ ਕੀਨਿ।
ਪਰੇ ਜਹਾਂ ਤੁਰਕਨਿ ਸੰਗ੍ਰਾਮੁ।
ਤਹਿਂ ਤਹਿਂ ਕਰੇ ਬਡੇ ਤਿਨ ਕਾਮੁ ॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟ ਸਸ਼ਟੀ ਅੰਸੂ ॥੬੬॥

## ੬੭. [ਜੈਤਾ ਨੰਦਾ ਆਦਿ ਸਿੱਖਾਂ ਪ੍ਰਤਿ ਉਪਦੇਸ਼। ਤਰਨ ਤਾਰਨ]

੬੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੮

ਦੋਹਰਾ:
ਜੈਤਾ ਨੰਦਾ ਸਿੱਖ ਦ੍ਵੈ, ਸੰਗ ਪਿਰਾਗਾ ਹੋਇ।
ਸ਼੍ਰੀ ਅਰਜਨ ਕੇ ਚਰਨ ਢਿਗ, ਆਇ ਨਿਵੇਂ ਤ੍ਰੈ ਸੋਇ ॥੧॥
ਚੌਪਈ:
ਹਾਥ ਜੋਰਿ ਕਰਿ ਅਰਜ਼ ਗੁਜਾਰੀ।
'ਕੀਜਹਿ ਅਸ ਉਪਦੇਸ਼ ਉਚਾਰੀ।
ਜਿਸ ਤੇ ਅਪਰ ਨ ਕਰਤਬ ਰਹੈ।
ਧਰਹਿਂ ਰਿਦੈ ਆਛੋ ਪਦ ਲਹੈ' ॥੨॥
ਸ਼੍ਰੀ ਮੁਖ ਤੇ ਉਪਦੇਸ਼ ਬਖਾਨਾ।
'ਇੰਦ੍ਰੈ ਰੋਕਹੁ ਬਨਿ ਸਵਧਾਨਾ।
ਸ੍ਵਾਸ ਸ੍ਵਾਸ ਸਿਮਰਹੁ ਅਠ ਜਾਮ।
ਸਭਿ ਤੇ ਊਚ ਵਾਹਿਗੁਰੂ ਨਾਮ ॥੩॥
ਜਬਹਿ ਟਿਕਹਿ ਨਹਿਂ ਬ੍ਰਿਤਿ ਨਿਹਾਰੋ[1]। [1]ਜਦ ਦੇਖੋ ਕਿ ਬ੍ਰਿਤੀ ਨਹੀਂ ਟਿਕਦੀ।
ਆਵਹਿ ਵਹਰ[1] ਤ ਸ਼ਬਦ ਉਚਾਰੋ। [1](ਬ੍ਰਿਤੀ) ਬਾਹਰ ਜਦ ਆਵੇ।
ਰਾਖੋ ਪਰਚਾ ਸਤਿਗੁਰ ਬਾਨੀ।
ਤਿਸ ਹੀ ਤੇ ਹੋਵਹੁ ਬ੍ਰਹਮ ਗਜਾਨੀ' ॥੪॥
ਸ਼੍ਰੀ ਸਤਿਗੁਰੂ ਤੇ ਸੁਨਿ ਉਪਦੇਸ਼।
ਲਗੇ ਕਰਨਿ ਤਿਸ ਰੀਤਿ ਹਮੇਸ਼।
ਬਿੱਪ੍ਰਨਿ ਦੇਖਿ ਕਹਜੋ 'ਕਜਾ ਕੀਨਾ?
ਕਰਮ ਕਾਂਡ ਸਗਰੋ ਤਜਿ ਦੀਨਾ ॥੫॥
ਨਿੱਤ ਨਮਿੱਤ ਕਰਮ ਸਭਿ ਤਜਾਗੇ।
ਭ੍ਰਿਸ਼ਟ ਭਏ ਤੁਮ ਕਿਸ ਮਗ ਲਾਗੇ?'
ਗਨ ਪੰਡਿਤ ਮਹਿਂ ਤਿਨਹੁਂ ਬਖਾਨਾ।
'ਮਿਲਜੋ ਹਮਹਿਂ ਸਤਿਗੁਰੂ ਮਹਾਨਾ ॥੬॥
ਤਬਿ ਤੇ ਮ੍ਰਿਤਕ ਪਿਤਾ ਅੱਗਜਾਨ[1]। [1]ਅੱਗਜਾਨ ਰੂਪੀ ਪਿਤਾ ਮਰ ਗਿਆ।

ਜਨਮਜੋ ਘਰ ਸਪੂਤ ਬ੍ਰਹਮ ਗਜਾਨ।
ਮਰਨ ਜਨਮ ਤੇ ਸੂਤਕ ਭਯੋ।
ਤਬਿ ਤੇ ਕਰਮ ਕਾਂਡ ਮਿਟਿ ਗਯੋ ॥੭॥
ਨਹੀਂ ਕਰਮ ਲੇਖੇ ਸੁ ਲਗੰਤੇ।
ਜਿਨ ਕੇ ਸੂਤਕ ਹੋਤਿ ਭਨੰਤੇ।
ਤੁਮ ਤੇ ਹੀ ਹਮ ਸੁਨਿ ਇਸ ਭਾਂਤਿ।
ਤਜਾਗੇ ਕਰਮ ਜਾਨਿ ਬੱਖਜਾਤਿ ॥੮॥
ਕਹਹੁ ਜਿ ਸੂਤਕ ਥੋਰੋ ਰਹੈ[1]।
ਗੁਰ ਕੀ ਆਗਜਾ ਇਸ ਬਿਧਿ ਅਹੈ।
-ਨਾਭੀ ਤੇ ਜਬਿ ਉਪਜਹਿਂ ਸ੍ਵਾਸ।
ਤਬਿ ਤੋ ਜਨਮ ਸੁ ਹੋਤਿ ਪ੍ਰਕਾਸ਼ ॥੯॥
ਵਹਿਰ ਨਾਸਕਾ ਤੇ ਨਿਕਸਾਇ।
ਤਬਿ ਤਿਨ ਕੋ ਮਰਨ ਹੁਇ ਜਾਇ।
ਸੂਤਕ ਬਿਨਾ ਕਰਮ ਕੋ ਸਮੈ[1]।
ਰਹੈ ਬਿਚਾਰ, ਨ ਪ੍ਰਾਪਤਿ ਹਮੈਂ ॥੧੦॥
ਸ੍ਵਾਸ ਸ੍ਵਾਸ ਮਹਿਂ ਨਾਮ ਅਧਾਰਾ।
ਰਾਖਤਿ ਹੈਂ[1]' ਸਤਿਗੁਰੂ ਉਚਾਰਾ।
ਸੁਨਤਿ ਬਿੱਪ੍ਰ ਤੂਸ਼ਨ ਹੁਇ ਰਹੇ।
ਰਹੇ ਬਿਚਾਰ, ਨ ਉੱਤਰ ਲਹੇ ॥੧੧॥
ਹੁਤੋ ਪਾਠਿਕਾ[1] ਨਾਮ ਤਿਲੋਕਾ।
ਤੋਤਾ ਮਹਿਤਾ ਜਿਸ ਮਨ ਰੋਕਾ।
ਦਰਸ਼ਨ ਸ਼੍ਰੀ ਅਰਜਨ ਕੇ ਆਏ।
ਪਦ ਸਮ ਪਦਮਨਿ ਸੀਸ ਨਿਵਾਏ ॥੧੨॥
ਹਾਥ ਜੋਰਿ ਮੁਖ ਬਾਕ ਉਚਾਰਾ।
'ਸ਼੍ਰੀ ਸਤਿਗੁਰ ਉਪਦੇਸ਼ ਤੁਮਾਰਾ।
-ਰਾਮ ਨਾਮ ਸਿਮਰੋ ਲਿਵ ਲਾਈ[†]।

[1]ਜੇ ਕਹੇ ਸੂਤਕ ਤਾਂ ਥੋੜਾ (ਚਿਰ) ਰਹਿੰਦਾ ਹੈ।

[1]ਕਰਮ ਕਰਨ ਦਾ ਸਮਾਂ।

[1]ਨਾਮ ਦਾ ਆਧਾਰ ਰੱਖਦੇ ਹਾਂ।

[1]ਪਾਠ ਕਰਨ ਵਾਲਾ।

[†]ਰਾਮ ਨਾਮ ਤੋਂ ਮੁਰਾਦ ਪਰਮੇਸ਼ੁਰ ਦਾ ਨਾਮ ਹੈ, ਨਾਂਕਿ ਪਦ-ਰਾਮ-ਦਾ ਸਿਮਰਣ, ਕਿਉਂਕਿ ਥਾਂ ਥਾਂ ਕਵਿ ਜੀ ਸਿਮਰਣ ਵਾਸਤੇ ਪਦ-ਵਾਹਿਗੁਰੂ-ਦੀ

ਵਿਸ਼ੇਸ਼ਤਾ ਦੱਸਦੇ ਚਲੇ ਜਾ ਰਹੇ ਹਨ ਕਿਉਂਕਿ ਹੋਰ ਨਾਮ ਹਨ, ਪਰ ਵਾਹਿਗੁਰੂ ਗੁਰਮੰਤ੍ਰ ਹੈ।

ਇਸ ਤੇ ਨਹੀਂ ਨਰਕ ਮਹਿਂ ਜਾਈ- ॥੧੩॥
ਇਮ ਸੁਨਿ ਬਿੱਪ੍ਰ ਤਰਕਨਾ[1] ਕਰੈਂ।
-ਜੇ ਸਿਮਰਨਿ ਤੇ ਨਰਕ ਨ ਪਰੈਂ।
ਸਭਿ ਜਗ ਰਾਮ ਨਾਮ ਕੋ ਲੇਤਿ।
ਕਜੋਂ ਪੁਨ ਨਰਕ ਪਾਇ ਕਰਿ ਦੇਤਿ ॥੧੪॥
ਜੇ ਇਹ ਸਾਚੁ ਹੋਇ ਜਿਮਿ ਕਹੈਂ।
ਕਜੋਂ ਪ੍ਰਭੁ ਨਰਕ ਬਨਾਵਨਿ ਚਹੈ।
ਸਗਰੇ ਮੁਕਤਿ ਪਾਇਂ ਜਪਿ ਰਾਮ।
ਨਿਸ਼ਫਲ ਕਰੇ ਸੁਰਗ ਕੇ ਧਾਮ ॥੧੫॥
ਨਰਕ ਸੁਰਗ ਦੋਨਹੁਂ ਨਹੀਂ ਚਹੀਯਹਿ।
ਜੇ ਸਿਮਰਨਿ ਤੇ ਮੁਕਤੀ ਲਹੀਯਹਿ।'
ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰੇ।
'ਨਿਸ਼ਚੈ ਰਾਮ ਜਪਤਿ ਹੈਂ ਸਾਰੇ† ॥੧੬॥
ਨਹਿਂ ਪ੍ਰਤੀਤ ਅਰੁ ਮਨ ਨ ਇਕਾਗਰ।
ਕਿਮ ਕਲਜਾਨਹਿਂ ਪਾਇ ਉਜਾਗਰ।
ਕਹਹੁ ਦਿਜਨਿ ਸੰਗ ਏਹੁ ਬ੍ਰਿਤਾਂਤ।
ਰਾਖਸ਼ ਗਹਜੋ[1] ਮ੍ਰਦਾਨਾ ਜਾਤਿ ॥੧੭॥
ਕਰਜੋ ਤੇਲ ਕੋ ਤਪਤ ਕਰਾਹਾ।
ਤਿਸ ਮੈਂ ਕੌਡੇ ਪਾਵਨਿ ਚਾਹਾ।
ਸ਼੍ਰੀ ਨਾਨਕ ਉਪਦੇਸ਼ਜੋ ਨਾਮ[1]।
ਸਿਮਰਜੋ ਮਰਦਾਨੇ ਸੁਖ ਧਾਮ ॥੧੮॥
ਤਤਛਿਨ ਸੀਤਲ ਭਯੋ ਕਰਾਹਾ।
ਨਾਮ ਪ੍ਰਤਾਪ ਬਿਦਤ ਜਗ ਮਾਂਹਾ।
ਕਹਹੁ ਦਿਜਨਿ ਸੋ ਅਬਿ ਕੇ ਜਾਇ।
-ਜੇ ਤੁਮ ਸਿਮਰਜੋ ਰਾਮ ਬਨਾਇ

[1]ਨਫਰਤ (ਅ) ਹੁੱਜਤਾਂ।

†ਯਥਾ ਗੁਰਵਾਕ:-ਰਾਮ ਨਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ। ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ ਤਥਾ: ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥

[1]ਫੜਿਆ ਸੀ।

[1]ਉਪਦੇਸ਼ਿਆ ਹੋਯਾ ਨਾਮ।

॥੧੯॥
ਕਰਹੁ ਤਪਾਵਨਿ ਤੇਲ ਕਰਾਹਾ।
ਹਮ ਤੁਮ ਪਾਵਹਿਂ ਕਰ[1] ਤਿਸ ਮਾਂਹਾ। [1]ਹੱਥ।
ਇਕ ਸਮ ਸਭਿਨਿ ਰਾਮ ਕੋ ਸਿਮਰਨਿ।
ਤੌ ਅਬਿ ਮਿਲਿ ਕੈ ਕੀਜਹਿ ਪਰਖਨਿ
॥੨੦॥
ਜਗ ਤ੍ਰਿਸ਼ਨਾ ਮਹਿਂ ਤਪਤ ਕਰਾਹੇ[1]। [1]ਤ੍ਰਿਸ਼ਨਾ (ਰੂਪ) ਤੱਤੇ ਕੜਾਹੇ ਵਿਚ।
ਦਹੀਯਤਿ ਨਿਤ, ਨਹਿਂ ਨਿਕਸਨਿ ਪਾਹੇ।
ਗੁਰਮੁਖ ਕੋ ਗੁਰ ਬਖਸ਼ਹਿ ਨਾਮ।
ਹਰਿ ਤ੍ਰਿਸ਼ਨਾ, ਮਨ ਲਹਿ ਬਿਸਰਾਮ'
॥੨੧॥
ਸੁਨਿ ਕਰਿ ਸ਼੍ਰੀ ਗੁਰ ਤੇ ਸੋ ਗਏ।
ਪੰਡਿਤ ਬ੍ਰਿੰਦ ਮਿਲਤ ਜਬਿ ਭਏ।
ਸਕਲ ਪ੍ਰਸੰਗ ਸੁਨਾਯਹੁ ਜਬੈ।
ਸੰਕਮਾਨ[1] ਦਿਜ ਹ੍ਵੈ ਕਰਿ ਤਬੈ ॥੨੨॥ [1]ਸ਼ੰਕਾ ਵਾਲੇ, ਭਾਵ ਕੜਾਹੇ ਵਿਚ ਹਥ ਪਾਉਣੋਂ ਡਰ ਗਏ।
ਕੂਰੇ ਭਏ ਹਾਥ ਨਹਿਂ ਘਾਲਾ।
ਇਮ ਸਤਿਗੁਰੂ ਪ੍ਰਤਾਪ ਬਿਸਾਲਾ।
ਤਰਕ ਕਰਨ ਤੇ ਕੀਨਸਿ ਮੌਨ।
ਜਾਨੀ ਮਹਿਮਾ ਬਡ ਗੁਰ ਭੌਨ ॥੨੩॥
ਇਕ ਸਿਖ ਜੜੀਆ ਸਾਂਈ ਦਾਸ।
ਕਰਿ ਗੁਰ ਨਮੋ ਬੈਠਿ ਕਰਿ ਪਾਸ।
ਹਾਥ ਜੋਰਿ ਅਰਦਾਸ ਬਖਾਨੀ।
'ਮੈਂ ਬਹੁ ਸਿੱਖਨਿ ਸੇਵਾ ਠਾਨੀ ॥੨੪॥
ਧਾਰਨ ਕਰਜੋ ਰਿਦੈ ਉਪਦੇਸ਼।
ਸੇਵੌਂ ਤੁਮਰੇ ਚਰਨ ਹਮੇਸ਼।
ਤਊ ਸ਼ਬਦ ਸੁਨਿਬੇ ਕੇ ਕਾਲ।
ਨਹਿਂ ਮਨ ਠਹਿਰਤਿ ਚਪਲ ਬਿਸਾਲ
॥੨੫॥
ਆਪ ਕਹਜੋ -ਮਨ ਕਰਹੁ ਇਕਾਗਰ।
ਪਠਹੁ ਸੁਨਹੁ ਗੁਰ ਸ਼ਬਦ ਉਜਾਗਰ-।'
ਸੁਨਿ ਸ਼੍ਰੀ ਮੁਖ ਤੇ ਜਤਨ ਬਤਾਯੋ।

'ਮਨ ਗਤਿ ਕੌ ਅਬਿ ਤੌ ਲਖਿ ਪਾਯੋ ॥੨੬॥
ਟਿਕੈ ਕਿ ਨਹੀਂ ਜਾਨ ਸਭਿ ਲੀਨੋ।
ਇਸ ਬਿਧਿ ਕੋ ਪੂਰਬ ਨਹਿਂ ਚੀਨੋ।
ਜਬਿ ਮਨ ਜਾਇ ਕਿਤਹਿ ਲਖਿ ਪਾਵਹੁ[1]।
ਤਬਿ ਤਿਸ[†] ਮਿੱਥਜਾ ਵਸਤੁ ਦਿਖਾਵਹੁ ॥੧੭॥
ਬਹੁਰ ਮੋਰਿ ਕਰਿ ਸ਼ਬਦ ਮਿਲਾਵਹੁ।
ਜੇ ਚਲਿ ਜਾਵੈ ਫੇਰ ਹਟਾਵਹੁ।
ਜਿਮ ਅਰੀਅਲ ਅਸੁ[1] ਕੋ ਅਸਵਾਰ।
ਸਨੈ ਸਨੈ ਤਿਹ ਅੱਗ੍ਰ ਦਿਖਾਰਿ ॥੨੮॥
ਮੋਰਿ ਬਹੁਰ ਬਾਗਨਿ ਕੋ ਫੇਰਹਿ।
ਫੇਰ ਫੇਰਿ ਨਿਜ ਮਰਜ਼ੀ ਪ੍ਰੇਰਹਿ।
ਕਰਹਿ ਸੁਧਾਰਨਿ ਹਿਤ ਕੋ ਦੈਹੈ[1]।
ਅਰਹਿ ਜਿ, ਤ੍ਰਾਸ ਤਾਂਹਿ ਉਪਜੈ ਹੈ ॥੨੯॥
ਇਸ ਬਿਧਿ ਫੇਰ ਫੇਰ[1] ਮਨ ਜੋਰਹੁ।
ਸੁੱਧ ਹੋਇ ਲਹਿ ਸ੍ਵਾਦਿ, ਨ ਮੋਰਹੁ[1]।'
ਸੁਨਿ ਗੁਰ ਤੇ ਕੀਨਸਿ ਬਿਧਿ ਤੈਸੇ।
ਸਨੇ ਸਨੇ ਮਨ ਬਸਿ ਹੁਇ ਜੈਸੇ ॥੩੦॥
ਆਪਾ ਨਹਿਂ ਜਨਾਇ ਗੁਰ ਆਗੇ।
ਨਿਸ ਦਿਨ ਰਹੇ ਸੇਵ ਮਹਿਂ ਲਾਗੇ।
ਇਮ ਸ਼੍ਰੀ ਗੁਰ ਅੰਮ੍ਰਿਤਸਰ ਮਾਂਹੀ।
ਸਿੱਖਨਿ ਕੋ ਉਪਦੇਸ਼ ਕਰਾਹੀਂ[†] ॥੩੧॥
ਗੋਇੰਦਵਾਲ ਜਾਨਿ ਕੋ ਚਾਹਾ।
ਸੰਤਤਿ ਗੁਰੂ ਅਮਰ ਕੇ ਪਾਹਾ।
ਕਰਿ ਤਜਾਰੀ ਸਿਖ ਸੰਗ ਬਿਸਾਲ।

[1]ਜਾਣ ਲਵੋ।
[†]ਪਾ:-ਨਰਕਦ।
[1]ਅੜੀ ਵਾਲੇ ਘੋੜੇ ਦਾ।
[1]ਸੁਧਾਰਦਾ ਹੈ ਦਿਲਾਸਾ ਦੇਕੇ।
[1]ਮੋੜ ਮੋੜਕੇ।
[1]ਜਦ ਮਨ ਸੁੱਧ ਹੋ ਕੇ (ਨਾਮ ਦੇ) ਸ੍ਵਾਦ ਨੂੰ ਲਹੇ ਤਦ ਫਿਰ ਨਾ ਮੋੜੋ ਭਾਵ ਲੱਗਾ ਰਹਿਣ ਦਿਓ।
[†]ਛਾਪੇ ਦੇ ਨੁਸਖੇ ਵਿਖੇ ਇਹ ਚੌਪਈ ਨਹੀਂ ਹੈ।

ਜਿਨ ਮਹਿਂ ਬ੍ਰਹਮ ਗਯਾਨੀ ਮੁਖ ਜਾਲ ॥੩੨॥
ਬ੍ਰਿਧ ਤੇ ਆਦਿ ਸੇਵ ਗੁਰ ਭੀਨੇ।
ਗਮਨ ਹੇਤੁ ਸਭਿਹਿਨਿ ਮਨ ਕੀਨੇ।
ਸ਼੍ਰੀ ਅਰਜਨ ਗੁਰ ਗੁਨਨਿ ਉਦਾਰ।
ਨਿਤਪ੍ਰਤਿ ਚਾਹਤਿ ਪਰਉਪਕਾਰ ॥੩੩॥
ਜਿਮ ਸੂਰਜ ਕਰ ਮਹਾਂ ਪ੍ਰਕਾਸ਼।
ਸਕਲ ਜਗਤ ਕੋ ਦੇ ਸੁਖਰਾਸਿ।
ਨਿੰਦਕ ਦੁਸ਼ਟ ਉਲੂਕ ਨ ਜਾਨਹਿਂ।
ਅੰਧ ਬਨਹਿਂ ਨਿਜ ਬੁਰਾ ਸੁ ਠਾਨਹਿਂ ॥੩੪॥
ਚਢਿ ਖਾਸੇ ਪਰ ਸਤਿਗੁਰੂ ਚਲੇ।
ਮਾਤਾ ਜੀ ਕਰਿ ਬੰਦਨ ਮਿਲੇ।
'ਰਹਹੁ ਸਦਨ' ਦੇ ਧੀਰਜ ਤੁਰੇ।
ਸਨੈ ਸਨੈ ਮਗ ਚਲਿਬੋ ਕਰੇ ॥੩੫॥
ਕਿਤਿਕ ਕੋਸ ਗਮਨੇ ਥਿਤ ਹੋਏ।
ਉਤਰੇ ਸੁੰਦਰ ਥਲ ਕੋ ਜੋਏ।
ਜਹਾਂ ਤਰਨ ਤਾਰਨ ਇਸਥਾਨ।
ਤੀਰਥ ਦੇਖਯੋ ਲਾਇ ਧਿਆਨ ॥੩੬॥
ਨਰ ਨਾਰੀ ਸ਼ਨਾਨ ਤੇ ਪਾਵਨ[1]। — [1]ਪਾਵਨਗੇ।
ਸ਼ਰਧਾ ਕਰੇ ਕਾਮਨਾ ਪਾਵਨ[1]। — [1]ਪੈਰਾਂ ਨਾਲ ਪ੍ਰੇਮ ਕਰਕੇ ਰਸਤੇ ਵਿਚ ਚੱਲਣਗੇ।
ਮਾਰਗ ਚਲਹਿਂ ਭਾਵ ਤੇ ਪਾਵਨ।
ਮਿਟਹਿਂ ਰੋਗ ਗਨ, ਆਨੰਦ[†] ਪਾਵਨ[1] ॥੩੭॥ — [1]ਪਾਵਨਗੇ। [†]ਪਾ:-ਆਦਿਕ = ਸਾਰੇ ਰੋਗ ਆਦਿਕ ਦਾ ਪਾਵਨਾ ਮਿਟ ਜਾਏਗਾ।
ਇਕ ਤੌਂ ਪਲਾਸੁਰ ਤਹਿਂ ਗ੍ਰਾਮ।
ਖਾਨਵਾਲ ਦੂਸਰ ਕੋ ਨਾਮ।
ਇਨ ਤੇ ਆਦਿਕ ਗ੍ਰਾਮ ਜਿ ਔਰ।
ਲਰਤਿ ਪਰਸਪਰ ਰਹਿਂ[1] ਤਿਸ ਠੌਰ ॥੩੮॥ — [1]ਲੜਦੇ ਰਹਿੰਦੇ ਸਨ।
ਬਹੁ ਨਰ ਮਰਹਿ ਪਰਹਿ ਸੰਗ੍ਰਾਮ।

ਕਰਤੇ ਦ੍ਵੈਖ ਜਾਹਿਂ ਜਮ ਧਾਮ।
ਤਿਨ ਕੋ ਮਹਾਂ ਬਿਲੋਕਯੋ ਝੇਰਾ।
ਸ੍ਰੀ ਗੁਰ ਅਰਜਨ ਕੀਨਸਿ ਡੇਰਾ
॥੩੯॥
ਅਗਲੇ ਦਿਨ ਗ੍ਰਾਮੀਨ ਹਕਾਰੇ।
ਲਰਨ ਬਿਖੈ ਬਹੁ ਦੋਸ਼ ਉਚਾਰੇ।
'ਇਕ ਤੌਂ ਤੁਮਰੀ ਮਿਟਹਿ ਲਰਾਈ।
ਦੁਤੀਏ ਧਨ ਲੇਵਹੁ ਮਨ ਭਾਈ
॥੪੦॥
ਤ੍ਰਿਤੀਏ ਗੁਰ ਕੋ ਕਾਰਜ ਇਹਾਂ।
ਚਤੁਰਥ ਨਰ ਪ੍ਰਾਪਤਿ ਫਲ ਮਹਾਂ।
ਦੇਹੁ ਭੂਮਿਕਾ ਗੁਰ ਘਰ ਕੋ ਅਬਿ।
ਦਰਬ ਮੋਲ ਤੇ ਲਿਹੁ ਦੁਗੁਨਾ ਲਬ[1]' [1]ਜੇ) ਲੋਭ ਹੈ।
॥੪੧॥
ਖਾਨ ਵਾਲ ਕੇ ਖੱਤ੍ਰੀ ਜਾਤਿ।
ਪਲਾਸੂਰ ਰੰਘਰ ਬੱਖਜਾਤ।
-ਮਿਟੈ ਕਲਹਿ ਸਭਿ ਨੇ ਮਨ ਜਾਨ੍ਯੋ।
ਕਹਿਬੋ ਸ੍ਰੀ ਅਰਜਨ ਕੋ ਮਾਨ੍ਯੋ
॥੪੨॥
ਦੀਏ ਰਜਤਪਣ ਲੱਛ ਪ੍ਰਕਾਸ਼।
ਅਧਿਕ ਸਹੰਸ੍ਰ ਸਪਤ ਪੰਚਾਸਿ[1]। [1]ਇਕ ਲੱਖ ਸਤਵੰਜਾ ਹਜ਼ਾਰ।
ਲਈ ਭੂਮਿਕਾ ਮੋਲ ਘਨੇਰੀ।
ਦੀਨਸਿ ਦਰਬ ਬ੍ਰਿੰਦ ਤਿਸ ਬੇਰੀ
॥੪੩॥
ਰਹਿਨ ਲਗੇ ਸ੍ਰੀ ਗੁਰ ਤਿਸ ਥਾਨ।
ਚਿਤਵਹਿਂ ਪਰ ਉਪਕਾਰ ਮਹਾਨ।
ਜਿਮ ਸੂਰਜ ਸਭਿਹਿਨਿ ਸੁਖ ਦੇਤਿ।
ਦੁਖਦ ਅੰਧੇਰਾ ਜਗ ਹਰਿ ਲੇਤਿ
॥੪੪॥
ਜਥਾ ਚੰਦ੍ਰਮਾ ਨਿਜ ਕਰ ਕਰਿ ਕੈ[1]। [1]ਆਪਣੀਆਂ ਕਿਰਨਾਂ ਕਰਕੇ।
ਸਭਿ ਔਸ਼ਧਿ[1] ਮਹਿਂ ਰਸ ਕੋ ਭਰਿ ਕੈ। [1]ਭਾਵ, ਦਵਾਈ ਦੀਆਂ ਬੂਟੀਆਂ।

ਜਿਸ ਤੇ ਜੀਵ ਤ੍ਰਿਪਤ ਜਗ ਹੋਇਂ।
ਤਥਾ ਕਰਹਿਂ ਗੁਰ ਹਿਤ ਸਭਿ ਕੋਇ[1] ॥੪੫॥
ਤਾਲ ਤਰਨ ਤਾਰਨ ਚਹਿ ਲਾਯੋ।
ਸਕਲ ਮਸੰਦਨਿ ਸਾਥ ਬਤਾਯੋ।
ਲਗੇ ਕਰਾਵਨਿ ਬਹੁ ਬਿਧਿ ਤਜਾਰੀ।
ਲਗੇ ਮਜੂਰ ਕਰੇਂ ਗਨ ਕਾਰੀ ॥੪੬॥
ਚੂਨਾ ਅਧਿਕ ਈਂਟਕਾ ਹੇਤੁ।
ਸ੍ਰੀ ਅਰਜਨ ਜੀ ਗਨ ਧਨ ਦੇਤਿ।
ਪੁਨਹਿ ਖਨਨ ਹਿਤ ਕਰਨਿ ਮਹੂਰਤ[†]।
ਭਏ ਤਜਾਰ ਸਤਿਗੁਰ ਹਿਤ ਪੂਰਤਿ ॥੪੭॥
ਪੰਚਾਂਮ੍ਰਿਤ ਘਨੋ ਕਰਵਾਯੋ।
ਸਿਖ ਸੰਗਤ ਤਹਿਂ ਬ੍ਰਿੰਦ ਬੁਲਾਯੋ।
ਅਨਿਕ ਪ੍ਰਕਾਰਨਿ ਕੇ ਉਤਸਾਹ।
ਹੋਤਿ ਪ੍ਰਸੰਨ ਸਿੱਖਜ ਮਨ ਮਾਂਹਿ ॥੪੮॥
ਲਗਜੋ ਦਿਵਾਨ ਅਧਿਕ ਗੁਰ ਪਾਸ।
ਬੋਲੇ ਬਾਕ 'ਕਰਹੁ ਅਰਦਾਸ।'
ਭਾਈ ਬੁੱਢੇ ਕਹੁ ਕਿਯ ਖਰਜੋ।
ਬ੍ਰਹਮ ਸਰੂਪ ਬਿਖੈ ਚਿਤ ਜੁਰਜੋ ॥੪੯॥
ਮਹਾਂ ਸ਼ਕਤਿ ਧਰਿ ਸਿੱਖਜ ਮਹਾਨਾ।
ਕਰ ਤਲ ਫਲ ਸਮ ਰੂਪ ਸੁ ਜਾਨਾ[1]।
ਰਾਤਿ ਦਜੋਸ ਜਿਸ ਰਹੈ ਸਮਾਧਿ।
ਦਾਤ ਸ਼ਾਂਤਿ ਜੁਤ ਰਿਦਾ ਅਗਾਧਿ ॥੫੦॥

[1]ਸਭ ਕਿਸੇ ਦਾ ਭਲਾ ਗੁਰੂ ਜੀ ਕਰਦੇ ਹਨ।

[†]ਮਹੂਰਤ ਦਾ ਭਾਵ ਇੱਥੇ ਭਾਈ ਸਾਹਿਬ ਨੇ ਅਗਲੀਆਂ ਤੁਕਾਂ ਵਿਚ ਆਪ ਦੱਸਿਆ ਹੈ ਜੋ ਕੜਾਹ ਪ੍ਰਸਾਦਿ ਕਰਕੇ ਭਾਈ ਬੁੱਢੇ ਸਾਹਿਬ ਜੀ ਤੋਂ ਅਰਦਾਸਾ ਸੁਧਾਕੇ ਕਾਰਜ ਨੂੰ ਅਰੰਭਿਆ। ੧੭ ਵੈਸਾਖ ਸੰ: ੧੬੪੭ ਬਿ: ਨੂੰ ਮੰਦਰ ਤੇ ਨਗਰ ਦੀ ਨੀਂਹ ਧਰੀ (ਖਾ: ਤਵਾ:)

[1]ਹੱਥ ਦੀ ਤਲੀ ਵਿਖੇ ਫਲ ਵਾਂਙ ਸ੍ਵੈ ਸਰੂਪ ਨੂੰ (ਜਿਸਨੇ) ਜਾਣਿਆ ਹੈ।

ਖਰੋ ਭਯੋ ਜਬਿ ਗੁਰੂ ਅਗਾਰੀ।
ਹਿਤ ਅਰਦਾਸ ਕਰਨਿ ਸੁਖਕਾਰੀ।
ਖੱਤ੍ਰੀ ਇਕ ਦੇਵੀਚੰਦ ਨਾਮ।
ਗੋਇੰਦਵਾਲ ਹੁਤੋ ਜਿਸ ਧਾਮ ॥੫੧॥
ਦਰਸ਼ਨ ਹੇਤੁ ਗੁਰੂ ਕੇ ਆਵਾ।
ਏਕ ਰੁਪੱਯੋ ਤਾਂਹਿ ਤੁਰਾਵਾ[1]। [1]ਭਨਾਇਆ।
ਆਧੇ ਟਕੇ ਰਾਖਿ ਨਿਜ ਪਾਸ।
ਅਰਧ ਲਏ ਹਿਤ ਗੁਰ ਅਰਦਾਸ ॥੫੨॥
ਗੁਰ ਕੈ ਜਾਇ ਅਗਾਰੀ ਧਰੇ।
ਹਾਥ ਬੰਦਿ ਕਰਿ ਬੈਠਨਿ ਕਰੇ।
ਸ਼੍ਰੀ ਅਰਜਨ ਅਵਿਲੋਕਿ ਉਚਾਰੀ।
'ਭਾਈ ਬੁੱਢਾ! ਲੇਹੁ ਨਿਹਾਰੀ ॥੫੩॥
ਪੂਰਨ ਤਾਲ ਸਕਲ ਬਿਧਿ ਹੋਇ।
ਰਿਦੇ ਹਮਾਰੇ ਆਇ ਨ ਕੋਇ[1]। [1]ਕੋਈ ਨਹੀਂ ਆਂਵਦੀ।
ਆਧੀ ਭੇਟ ਪ੍ਰਥਮ ਹੀ ਆਈ।
ਆਧੋ ਰਹੈ ਇਹੀ ਲਖਿ ਪਾਈ ॥੫੪॥
ਪੁਰਸ਼ੋਤਮ ਕੀ ਜਥਾ ਰਜਾਇ।
ਹੋਇ ਤਥਾ ਨਹਿੰ ਅਪਰ ਉਪਾਇ।'
ਕਰਿ ਅਰਦਾਸ ਤਿਹਾਵਲ ਕੇਰੀ।
ਸਿਮਰੇ ਸਭਿ ਸਤਿਗੁਰ ਤਿਸ ਬੇਰੀ ॥੫੫॥
ਕਰਜੋ ਮਹੂਰਤ ਖਨਨਿ ਲਗਾਏ।
ਸਿੱਖਜ ਮਿਹਨਤੀ ਨਰ ਸਮੁਦਾਏ।
ਤੀਰਥ ਕੀ ਸੁ ਹੋਨਿ ਲਗਿ ਕਾਰੀ[1]। [1]ਕਾਰ।
ਕਾਰੀਗਰ ਬੁਲਾਇ ਮਤਿ ਭਾਰੀ ॥੫੬॥
ਈਂਟਨਿ ਕੇ ਆਵੇ ਲਗਵਾਏ।
ਚੂਨਾ ਤਜਾਰ ਕਰਹਿੰ ਸਮੁਦਾਏ।
ਤਾਲ ਬਿਸਾਲ ਅਰੰਭਨਿ ਕੀਨਾ।
ਮਨੋ ਮਾਨਸਰ ਹੋਇ ਨਵੀਨਾ ॥੫੭॥
ਸ਼ਿਲਪੀ[1] ਲਗੇ ਚਿਨਨਿ ਸੰਪਾਨਿ[2]। [1]ਕਾਰੀਗਰ। [2]ਪੌੜੀਆਂ।

ਲਾਵਹਿਂ ਚੁਨੋ ਈਟ ਮਹਾਨ।
ਕਹ੍ਯੋ ਮਸੰਦਨਿ ਸੋਂ ਗੁਰ ਬੈਨ।
'ਕਰਵਾਵਹੁ ਕਾਰਜ ਸੁਭ ਦੈਨ[1] ॥੫੮॥
ਸਤਿਗੁਰ ਕੇ ਘਰ ਤੋਟਿ ਨ ਕਾਈ।
ਮਿਹਨਤ ਦੇਹੁ ਮਜੂਰ ਸਵਾਈ।
ਜਿਸ ਤੇ ਹੋਇ ਅਖਲ ਇਹੁ ਤਾਲ।
ਤਥਾ ਕਰਹੁ ਤੁਮ ਸੁਮਤਿ ਸੰਭਾਲ' ॥੫੯॥
ਇਸ ਬਿਧਿ ਹੁਕਮ ਪਾਇ ਗੁਰ ਕੇਰਾ।
ਕਹਿ ਕਹਿ ਕੋ ਨਿਕਰਾਇਂ† ਬਡੇਰਾ[1]।
ਸ਼ਿਲਪਨਿ ਤੇ ਸੁ ਕਰਾਵਤਿ ਰਹੈਂ।
'ਚੂਨਾ ਈਟ ਪੁਚਾਵਹੁ' ਕਹੈਂ ॥੬੦॥
ਕਬਿ ਕਬਿ ਸ਼੍ਰੀ ਗੁਰ ਦੇਖਹਿਂ ਜਾਈ।
ਲਗੇ ਕਾਰ ਜਹਿਂ ਸਿਖ ਸਮੁਦਾਈ।
ਨਿਜ ਕੱਲਜਾਨ ਚਹੈਂ ਕਰਿ ਸੇਵਾ।
ਜਿਸ ਤੇ ਹੁਇ ਪ੍ਰਸੰਨ ਗੁਰਦੇਵਾ ॥੬੧॥
ਇਸ ਬਿਧਿ ਕੇਤੇ ਦਿਵਸ ਬਿਤਾਏ।
ਸ਼੍ਰੀ ਅਰਜਨ ਉਪਕਾਰ ਕਰਾਏ।
ਪੂਰਬ ਦਿਸ਼ਿ ਕੀ ਬਨਹਿਂ ਸੁਪਾਨ।
ਨਰਨਿ ਭੀਰ ਬਹੁ ਹੁਇ ਤਿਸ ਥਾਨ ॥੬੨॥
ਆਵਹਿ ਸੰਗਤਿ ਕਾਬਲ ਕੇਰੀ।
ਬਲਖ ਬੁਖਾਰੇ ਨਗਰ ਘਨੇਰੀ।
ਧੰਨੀ ਘੇਪ ਪਿਸ਼ੌਰ ਜਿ ਬਾਸੀ।
ਪੁਰਿ ਮੁਲਤਾਨ, ਸ਼ਿਕਾਰ ਪੁਰਾ ਸੀ ॥੬੩॥
ਇਤ ਦੱਖਣ ਅਰ ਪੂਰਬ ਕੇਰੀ।
ਸੰਗਤਿ ਦਰਸ਼ੈ ਆਇ ਬਡੇਰੀ।
ਕਿਤਿਕ ਦੇਸ਼ ਗਿਨੀਅਹਿ ਜਗ ਕੇਰੇ।

[1]ਦੇਕੇ (ਪਦਾਰਥ)।

[1]ਆਖ ਆਖ ਕੇ ਵੱਡਾ ਨਿਕਲਵਾਉਂਦੇ ਹਨ (ਤਲਾ)।
†ਪਾ:-ਕਾਜ ਕਰਾਇਂ। ਕੋ ਜਿ ਕਰਾਇਂ।

ਜੇ ਆਵਤਿ ਗੁਰ ਦਰਸ਼ਨ ਹੇਰੇ ॥੬੪॥
ਤੀਰਥ ਕਾਰ ਕਰਹਿਂ ਸੋ ਆਇ।
ਤਿਸ ਪਰ ਹੋਵਤਿ ਖੁਸ਼ੀ ਸਿਵਾਇ।
ਸਤਿਗੁਰ ਕੋ ਰੁਖ਼ ਦੇਖਹਿਂ ਜਯੋਂ ਜਯੋਂ।
ਖਨਹਿਂ ਕਾਰ ਕਰਿ ਹੈਂ ਨਰ ਤਯੋਂ ਤਯੋਂ
॥੬੫॥
ਇਸ ਬਿਧਿ ਕੇਤੇ ਮਾਸ ਬਿਤਾਏ।
ਪੂਰਬ ਦਿਸ਼ਿ ਸੌਪਾਨ ਬਨਾਏ।
ਕੇਤਿਕ ਖਨੀ ਭੂਮਕਾ ਤਹਾ।
ਗੁਰੂ ਕਾਮ -ਤੀਰਥ ਹੁਇ ਮਹਾਂ[1]-
॥੬੬॥

[1]ਗੁਰੂ ਜੀ ਦੀ ਇੱਛਾ ਹੈ ਇਹ ਬੜਾ ਤੀਰਥ ਹੋਵੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਤਰਨ ਤਾਰਨ' ਪ੍ਰਸੰਗ ਬਰਨਨੰ ਨਾਮ ਸਪਤ ਸਸ਼ਟੀ ਅੰਸੂ ॥੬੭॥

## ੬੮. [ਤਰਨ ਤਾਰਨ ਸਰੋਵਰ]

੬੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੯

ਦੋਹਰਾ:

ਦਿਨ ਦਿਨ ਪ੍ਰਤਿ ਤੀਰਥ ਬਨਤਿ,
ਸਤਿਗੁਰ ਕਰਹਿਂ ਤਗੀਦ।
ਆਪ ਆਪਨੇ ਕਾਜ ਕਰਿ, ਸੰਧ੍ਯਾ ਹੋਤ ਰਸੀਦ[1] ॥੧॥

[1]ਪਹੁੰਚਦੇ ਹਨ (ਆਪਣੇ ਘਰੀਂ) (ਅ) ਜਾਂ ਸੰਧ੍ਯਾ ਨੂੰ ਆਪੋ ਆਪਣੇ ਕੀਤੇ ਕੰਮਾਂ ਨੂੰ (ਲਿਖਾਕੇ) ਰਸੀਦ (ਰੁੱਕਾ) ਲੈਂਦੇ ਹਨ।

ਚੌਪਈ:

ਨਿਤ ਪ੍ਰਤਿ ਸਤਿਗੁਰ ਸੁਧਿ ਸਭ ਲਹੈਂ।
'ਕਰਹੁ ਭਲੇ ਤੂਰਨ' ਤਿਨ ਕਹੈਂ।
ਈਂਟਨਿ ਕੇ ਸਮੁਦਾਇ ਪਜਾਵੈ।
ਬਹੁ ਨਰ ਲਾਗੇ ਤਿਨਹਿ ਪਕਾਵੈਂ ॥੨॥
ਤਹਾਂ ਨੂਰਦੀਂ ਤੁਰਕ ਹੰਕਾਰੀ।
ਸਿਫਤੀ ਪਰਵਦਿਗਾਰ[1] ਬਿਸਾਰੀ।

[1]ਪਰਮਾਤਮਾ ਦੀ।

ਹੁਤੋ ਤਹਾਂ ਤੇ ਕੋਸ ਅਢਾਈ।
ਚਿਨਵਾਵਤਿ ਸੋ ਅਪਨਿ ਸਰਾਈ ॥੩॥
ਰਹਿਤੋ ਹੁਤੋ ਦਿਲੀਸ਼ੁਰ ਤੀਰ।
ਯਾਂ ਤੇ ਗਰਬਤਿ ਮੂਢ ਅਧੀਰ।
ਤਿਸ ਕੇ ਚਿਨਤਿ ਈਂਟ ਥਰ ਗਈ।
ਕਿਤ ਤੇ ਹਾਥ ਨ ਆਵਤਿ ਭਈ ॥੪॥
ਅਟਕ ਰਹੀ ਤਿਸ ਕਾਰ ਉਸਾਰੀ[1]।

[1]ਉਸਾਰੀ ਦੀ ਕਾਰ।

ਖੋਜਿ ਰਹੇ ਨਹਿਂ ਨਿਕਟ ਨਿਹਾਰੀ।
ਤਬਿ ਕਿਸਹੂੰ ਨੇ ਤਿਹ ਸੋਂ ਕਹ੍ਯੋ।
'ਸੁਨਹੁ ਕਾਜ ਮੈਂ ਤੁਮਰੋ ਲਹ੍ਯੋ ॥੫॥
ਸ਼੍ਰੀ ਗੁਰ ਰਾਮਦਾਸ ਕੇ ਨੰਦ।
ਕਰਿਵਾਵਤਿ ਹੈਂ ਤਾਲ ਬਿਲੰਦ।
ਤਿਨ ਕੇ ਆਵੇ ਭਏ ਤਯਾਰ।
ਬਡੀ ਈਂਟਕਾ ਪਾਕੀ ਸਾਰ ॥੬॥
ਸੋ ਅਨਵਾਇ ਲੇਹੁ ਇਸ ਥਾਨ।
ਸਰੈ ਕਾਰ ਤੁਮਰੋ ਹਿਤ ਠਾਨਿ[1]।

[1]ਤੁਹਾਡਾ ਕੰਮ ਸਰ ਜਾਏਗਾ, ਪ੍ਰੇਮ ਕਰਕੇ (ਇਹ ਬਾਤ ਮੈਂ ਕਹੀ ਹੈ)।

ਅਪਰ ਨਿਕਟਿ ਦ੍ਰਿਸ਼ਟੀ ਨਹਿਂ ਆਵੈ।

ਦੂਰਿ ਹੋਹਿਂ ਤੌ ਕੌਨ ਸੁ ਲ੍ਯਾਵੈ' ॥੭॥
ਖੋਜਾ ਨੂਰ ਦੀਨ ਸੁਨਿ ਰਹ੍ਯੋ।
ਨਹੀਂ ਬਾਕ ਲ੍ਯਾਵਨਿ ਤਬਿ ਕਹ੍ਯੋ।
ਹੁਤੋ ਅਮਾਨਤ ਖਾਨ ਪਠਾਨ।
ਸੋ ਭੀ ਚਿਨਵਾਵਤਿ ਇਕ ਥਾਨ ॥੮॥
ਹੁਤੋ ਤਰਨ ਤਾਰਨ ਜੀ ਨੇਰੇ।
ਚਹਤਿ ਈਂਟਕਾ ਚਿਨਨਿ ਘਨੇਰੇ[1]। — [1]ਚਿਨਣੇ ਲਈ ਬਹੁਤੀਆਂ।
ਗ੍ਰਾਮ ਨੁਰੰਗਾਬਾਦ ਮਝਾਰ।
ਰਾਹਕ ਬਸਤਿ ਧਨਾਢ ਉਦਾਰ ॥੯॥
ਤਿਸ ਕੋ ਬੂਝਨਿ ਕੀਨਿ ਪਠਾਨ।
'ਕਿਤ ਤੇ ਆਇ ਈਂਟਕਾ ਪਾਨ?
ਮੈਂ ਸਰਾਇ ਅਬਿ ਲਾਗਿ ਬਨਾਵਨਿ।
ਪਾਤਿਸ਼ਾਹਿ ਕੀਨਸਿ ਫੁਰਮਾਵਨਿ ॥੧੦॥
ਸਭਿ ਉਮਰਾਵਨਿ ਕਹੁ ਦਿਯ ਥਾਨ।
ਨਿਜ ਨਾਮਨਿ ਪਰ ਕਰਹਿਂ ਮਕਾਨ।
ਨੂਰਦੀਨ ਖੋਜੇ ਢਿਗ ਜਾਇ[1]। — [1](ਪਠਾਨ ਕਹਿੰਦਾ ਹੈ ਜ਼ਿਮੀਂਦਾਰ ਨੂੰ) ਕਿ ਤੂੰ ਨੂਰ ਦੀਨ ਖੋਜੇ ਪਾਸ ਜਾਹ।
ਦੇਹਿ ਈਂਟ, ਕੈ ਦੇਹਿ ਬਤਾਇ' ॥੧੧॥
ਸੁਨਤਿ ਚੌਧਰੀ ਕਰਿ ਅਹਿਲਾਦ।
ਗ੍ਰਾਮ ਜੁ ਬਸੈ[1] ਨੁਰੰਗਾਬਾਦ। — [1]ਬਸਦਾ ਸੀ।
-ਇਸ ਕੈ ਆਇ ਈਂਟਕਾ ਹਾਥ।
ਮੈਂ ਭੀ ਲੇਊਂ ਇੱਛਤਿ ਸਾਥ[1]- ॥੧੨॥ — [1]ਨਾਲ ਹੀ ਲੋੜ ਮੂਜਬ ਮੈਂ ਬੀ ਲੈ ਲਵਾਂਗਾ।
ਸੁਨਿ ਕੈ ਨੂਰਦੀਨ ਢਿਗ ਗਯੋ।
ਜਹਾਂ ਸਰਾਇ ਚਿਨਾਵਤਿ ਭਯੋ।
ਕਹੀ ਅਮਾਨਤ ਖਾਂ ਕੀ ਬਾਤ।
ਸੁਨਿ ਕੈ ਬੋਲ੍ਯੋ ਸਮ ਮੁਸਕਾਤ[1] ॥੧੩॥ — [1]ਸਮਾਨ ਭਾਵ ਥੋੜਾ ਜਿਹਾ ਹੱਸਕੇ।
'ਹਮ ਕੋ ਤੁਮ ਤੇ ਚਾਹਿ ਘਨੇਰੀ।
ਕਰਹਿਂ ਟੋਰ ਬਹੁ ਥਾਨਨਿ ਹੇਰੀ।
ਸ੍ਰੀ ਅਰਜਨ ਗੁਰ ਹਿੰਦੁ ਬਿਸਾਲ।

ਸੋ ਕਰਿਵਾਵਤਿ ਇਹ ਠਾਂ ਤਾਲ
॥੧੪॥
ਆਵੇ ਤਿਨਹੁ ਬ੍ਰਿੰਦ ਲਗਵਾਏ।
ਬਡੀ ਈਂਟ ਅਰੁ ਭਲੇ ਪਕਾਏ।
ਖਾਨ ਕਾਜ ਅਰੁ ਹੋਇ ਹਮਾਰੋ।
ਮਿਲਿ ਕੈ ਲਿਹੁ ਨਹਿਂ ਕਰਹਿ ਪੁਕਾਰੋ
॥੧੫॥
-ਦੇਹੁ ਉਧਾਰੀ- ਕਹਿ ਕੈ ਲੇਹੁ।
ਜਬਰੀ ਤੁਮ ਸੋਂ ਕਰੈਂ ਨ ਕੇਹੁ।'
ਇਮ ਮਸਲਤ ਕਰਿ ਆਪਸ ਮਾਂਹੀ।
ਫਿਰਤਿ[1] ਚੌਧਰੀ ਨੇ ਠਹਿਰਾਹੀ ॥੧੬॥
ਆਇ ਵਹਿਰ ਤੇ ਲਿਏ ਪਜਾਵੈ।
ਨਿਜ ਨਿਜ ਗ੍ਰਾਮਨਿ ਈਂਟ ਢੁਵਾਵੇ।
ਸਿੱਖ ਕੁਲਾਲ ਆਇ ਗੁਰ ਪਾਸ।
ਹਾਥ ਜੋਰਿ ਕੀਨਸਿ ਅਰਦਾਸ ॥੧੭॥
'ਤੁਰਕ ਸਮੂਹ ਵਹਿਰ ਚਲਿ ਆਏ।
ਹੁਕਮ ਕਰਤਿ ਹਮ ਸਾਥ ਅਲਾਏ।
-ਨੂਰੋ ਦੀਨ ਅਮਾਨਤ ਖਾਨ।
ਦੋਨਹੁਂ ਨਿਕਟ ਚਿਨਾਇਂ ਮਕਾਨ
॥੧੮॥
ਚਾਹਿ ਈਂਟਕਾ ਤਿਨ ਕਹੁ ਭਈ।
ਕਰਿ ਉਧਾਰ ਤੁਮ ਤੇ ਹਮ ਲਈ-।
ਇਹ ਕਹਿ ਲਗੇ ਲਦਾਵਨਿ ਗਾਡੇ।
ਗਿਨਤੀ ਮਿਨਤੀ ਦੀਨਸਿ ਛਾਡੇ'
॥੧੯॥
ਸੁਨਿ ਬੋਲੇ ਸ੍ਰੀ ਅਰਜਨ ਨਾਥ।
'ਹਮ ਕੋ ਕਜਾ ਹੈ ਗਿਨਤੀ ਸਾਥ।
ਜਹਾਂ ਈਟਕਾ ਲਗੈ ਹਮਾਰੀ।
ਤਹਿਂ ਕੀ ਲਿਆਵਹਿਂ ਜੜਾਂ ਉਖਾਰੀ
॥੨੦॥
ਸਰਬ ਕੋਟ ਚਹੁਂ ਗਿਰਦ ਬਿਸਾਲਾ।

[1]ਫੇਰੇ ਦੀ ਉਜਰਤ।

ਢਹਿ ਆਵਹਿਂ ਇਹ ਠਾਂ ਜਿਸ ਕਾਲਾ।
ਤਬਿ ਇਹ ਪੂਰਨ ਹੋਇ ਤੜਾਗ।
ਕਰਹਿ ਸਿੱਖ ਮੇਰੋ ਬਡ ਭਾਗ ॥੨੧॥
ਤੁਰਕ ਸਕਲ ਜੀ ਜਹਾਂ ਉਖਾਰਹਿ।
ਸਨਮੁਖ ਲੜਹਿ ਤਾਂਹਿ ਕੋ ਮਾਰਹਿ।
ਬ੍ਰਿਧਹਿ ਤੇਜ ਹਿੰਦਨਿ ਕੋ ਜੋਰ।
ਤਬਿ ਇਹ ਤਾਲ ਹੋਇ ਚਹੁੰ ਓਰ ॥੨੨॥
ਮੇਲਾ ਹੋਇ ਅਮੱਸਜਾ ਭਾਰੀ।
ਲਹੈਂ ਕਾਮਨਾ ਲੋਕ ਉਦਾਰੀ।
ਰੋਗ ਬ੍ਰਿੰਦ ਕੋ ਬਰਜਨਿ ਕਰਿਹੀਂ।
ਨਾਮ -ਤਾਰਨਤਾਰਨ- ਸੁ ਉਚਰਿਹੀਂ ॥੨੩॥
ਦਰਸ ਮਾਸ ਭਾਦ੍ਰੋਂ ਪਦ[1] ਜੋਇ।
ਜਹਾਂ ਮਹਾਤਮ ਇਸ ਕੋ ਹੋਇ।
ਸਗਰੇ ਪਾਪ ਬਿਦਾਰਨਿ ਕਰੈ।
ਸ਼ਰਧਾ ਧਰਿ ਸ਼ਨਾਨ ਜੇ ਧਰੈ' ॥੨੪॥
ਇਮ ਕਹਿ ਸਤਿਗੁਰ ਤੂਸ਼ਨ ਰਹੇ।
ਚਲਨਿ ਭੋਰ ਕੋ ਚਿਤ ਮਹਿਂ ਚਹੇ।
ਤਿਸ ਦਿਨ ਡੇਰੋ ਤਹੀਂ ਟਿਕਾਏ।
ਸ੍ਰੀ ਅਰਜਨ ਚਿਤ ਸ਼ਾਂਤਿ ਬ੍ਰਿਧਾਏ ॥੨੫॥
ਨਹੀਂ ਸ੍ਰਾਪ ਤਬਿ ਕ੍ਰੂਰ ਉਚਾਰਸਿ।
ਜਿਸ ਤੇ ਦੁਸ਼ਟ ਦਗਧ ਹ੍ਵੈ ਛਾਰਸਿ।
ਛਿਮਾਵਾਨ ਮਹਿਂ ਸ੍ਰੇਸ਼ਟ ਰੂਪ।
ਮਹਾਂ ਸ਼ਕਤਿ ਧਰਿ ਧੀਰ ਅਨੂਪ ॥੨੬॥
ਸਮ ਦਮ ਕੇ ਜੁਤ ਰਿਦਾ ਉਦਾਰ।
ਧਰਮ ਆਤਮਾ ਸਹਤ ਬਿਚਾਰ।
ਮਨਹੁ ਧਰਮ ਕੀ ਧੁਜਾ ਸਰੀਰ।
ਪਰਉਪਕਾਰੀ ਪਰਮ ਅਭੀਰ[1] ॥੨੭॥

[1]ਭਾਦ੍ਰੋਂ ਦੇ ਮਹੀਨੇ ਦੀ ਮੱਸਜਾ।

[1]ਮਹਾਨ ਸੂਰਮੇ।

ਜਮ ਬਸਿ ਜੀਵ ਨਰਕ ਮੋ ਪਰਤੇ।
ਤਿਨ੍ਹੋ ਬਿਲੋਕਤਿ ਕਰੁਨਾ ਕਰਤੇ।
ਭਲੇ ਪੰਥ ਪਰ ਸੁਖ ਕੋ ਪਾਵੈਂ।
ਇਸ ਪ੍ਰਕਾਰ ਕੇ ਬਜੋਂਤ ਬਨਾਵੈਂ ॥੨੮॥

ਤੀਰਥ ਕੀ ਤਬਿ ਕਾਰ ਹਟਾਇ।
ਲਖਜੋ[1] ਭਵਿੱਖਜਤ ਜਿਮ ਹ੍ਵੈ ਜਾਇ।
ਅਜਰ ਜਰਨ ਨਿਸਠਤਿ[1] ਬ੍ਰਹਮ ਗਜਾਨੀ।
ਮੋਹ ਬਿਦਾਰਨਿ ਉਚਰਤਿ ਬਾਨੀ ॥੨੯॥

[1]ਜਾਣਿਆਂ।

[1]ਦ੍ਰਿੜ੍ਹ, ਪੂਰਨ ਸਿੱਧ ਅਵਸਥਾ [ਸੰਸ: ਨਿਸ਼੍ਰਿਤ]

ਨੈਨ ਰਸੀਲੇ ਕਰੁਨਾ ਰਸੇ।
ਜਿਨ ਮਹਿਂ ਪ੍ਰੇਮ ਰਹੈ ਨਿਤ ਬਸੇ।
ਜਗ ਗੁਰਤਾ ਬਰ ਤਖਤ ਬਿਰਾਜੇ।
ਦਰਸਹਿਂ ਸਹਿ ਸ਼ਰਧਾ ਅਘ ਭਾਜੇ ॥੩੦॥

ਨੂਰੋ ਦੀਨ ਅਮਾਨਤ ਖਾਨ।
ਤਿਨਹੁਂ ਸੁਨੀ ਸੁਧਿ ਸਗਰੀ ਕਾਨ।
'ਤੀਰਥ ਕਰਿਬੇ ਤੇ ਹਟਿ ਰਹੇ।
ਕੂਚ ਕਰਨਿ ਚਲਿਬੇ ਚਿਤ ਚਹੇ ॥੩੧॥

ਮਿਲਿ ਦੋਨੋ ਇਕ ਮਨੁਜ ਪਠਾਵਾ।
-ਸ਼ਾਹੁ ਸੁਨੈ ਨਹਿਂ- ਚਿਤ ਡਰ ਪਾਵਾ।
ਆਇ ਗੁਰੂ ਕੇ ਕਹਜੋ ਅਗਾਰੀ।
'ਤੁਮ ਕਜੋਂ ਬਰਜੀ ਤਾਲ ਉਸਾਰੀ[†] ॥੩੨॥

[†]ਇਸਦਾ ਇਹ ਭਾਵ ਨਹੀਂ ਕਿ ਮੰਦਰ ਨਹੀਂ ਸੀ ਬਣਿਆਂ ਯਾ ਸਰੋਵਰ ਨਹੀਂ ਸੀ ਖਨਿਆਂ ਗਿਆ। ਤਾਲ ਦਾ ਕੁਛ ਹਿਸਾ ਪੱਕਾ ਬਣ ਰਿਹਾ ਸੀ ਜਦੋਂ ਇੱਟਾਂ ਲੁੱਟੀਆਂ ਗਈਆਂ ਸਨ।

ਜਿਤਿਕ ਪਜਾਵੇ ਪਰ ਲਗਿ ਦਰਬਾ।
ਕਹਿ ਹਮ ਤੇ ਅਬਿ ਲੀਜਹਿ ਸਰਬਾ।
ਅਪਰ ਈਂਟਕਾ ਦੇਹੁ ਚਢਾਇ।
ਕਰਤਿ ਕਾਰ[1] ਸਗਰੀ ਪਕ ਜਾਇਂ

[1]ਭਾਵ ਤਲਾ ਦੀ ਗਾਰ ਕਢਦਿਆਂ ਤਕ।

॥੩੩॥
ਆਗੈ ਕੋ ਹਮ ਲੇਹਿਂ ਨ ਕੋਈ।
ਬੈਠੇ ਰਚਹੁ ਅਪਨਿ ਸਰ ਜੋਈ।
ਬਨੀ ਜ਼ਰੂਰਤ ਹਮ ਕੋ ਭਾਰੀ।
ਸ਼ਾਹੁ ਨਿਦੇਸ਼[1] ਜੁ ਸ਼ੀਘ੍ਰ ਉਚਾਰੀ [1]ਹੁਕਮ।
॥੩੪॥
-ਰਹੁ ਸਰਾਇ ਤੁਰਤ ਹੀ ਤਜਾਰੇ-।
ਯਾਂ ਤੇ ਆਵੇ ਲਏ ਤੁਮਾਰੇ।
ਤਿਸ ਕੋ ਲੀਜੈ ਮੋਲ ਸਵਾਯਾ।
ਦਿਹੁ ਆਇਸੁ ਪੁਨ ਲਗਹਿਂ ਪਜਾਯਾ'
॥੩੫॥
ਸ੍ਰੀ ਅਰਜਨ ਪੁਨ ਕੀਨਿ ਬਖਾਨ।
'ਕਰਜੋ ਮੋਲ ਬਲ ਲਾਇ ਮਹਾਨ[1]। [1]ਬਹੁਤ ਬਲ ਦਾ ਲਾਵਣਾ ਰੂਪ ਮੁੱਲ ਤੁਸਾਂ ਕੀਤਾ ਹੈ।
ਸੋਈ ਮੋਲ ਦੇਹਿਂ ਹਮ ਤੁਮੈ।
ਜਬਿ ਹੀ ਆਇ ਜਾਇਗੋ ਸਮੈ ॥੩੬॥
ਹਮਰੇ ਸਿਖ ਹ੍ਵੈ ਹੈਂ ਬਲਿਭਾਰੀ।
ਨਿਜ ਬਲ ਕਰਿ ਲੇ ਨੀਵ ਉਖਾਰੀ।
ਢਹੈਂ ਸਦਨ ਜੇ ਪਾਕ ਬਨਾਏ।
ਇਹੀ ਈਂਟਕਾ ਲਾਗਹਿਂ ਆਏ[†]
॥੩੭॥
[†]੧੯੨੩ ਨੂੰ ਖੁਸ਼ਾਲ ਸਿੰਘ ਫੈਜ਼ੁੱਲਾ ਪੁਰੀਏ ਦੇ ਪੁੱਤ੍ਰ ਸਰਦਾਰ ਬੁਧ ਸਿੰਘ ਨੇ ਤੇ ਜੱਸਾ ਸਿੰਘ ਰਾਮਗੜੀਏ ਨੇ ਇਹ ਵਾਕ ਪੂਰੇ ਕੀਤੇ। ਫਿਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਰੋਵਰ ਦੇ ਦੋ ਪਾਸਿਆਂ ਦੀ ਤੇ ਪ੍ਰਕ੍ਰਮਾਂ ਦੀ ਤੇ ਹੋਰ ਸੇਵਾ ਪੂਰੀ ਕੀਤੀ ਗਈ। ਕੰਵਰ ਨੌਨਿਹਾਲ ਸਿੰਘ ਨੇ ਮੁਨਾਰਾ ਬਣਵਾਯਾ ਤੇ ਪ੍ਰਕਰਮਾ ਪੱਕੀ ਕੀਤੀ।
ਜਿਮ ਬਲ ਮੋਲ[1] ਤੁਮਹੁ ਨੇ ਦੀਨਿ। [1]ਬਲ ਰੂਪ ਮੁੱਲ।
ਈਂਟ ਪਜਾਵਨਿ ਕੀ ਸਭਿ ਲੀਨ।
ਸੋ ਬਲ ਮੋਲ ਦੇਹਿਂਗੇ ਤੁਮ ਕੋ।
ਤਬੈ ਤਜਾਰ ਤੀਰਥ ਹੁਇ ਹਮ ਕੋ
॥੩੮॥
ਅਬਿ ਤੇ ਜਾਇ ਕਹਹੁ ਇਹ ਬਾਤ।
ਤੀਰਥ ਬਨਹਿਂ ਤੁਰਕ ਕਰ ਘਾਤਿ[1]।' [1]ਤੁਰਕਾਂ ਦਾ ਨਾਸ਼ ਕਰਕੇ।
ਸੁਨਿ ਕੈ ਰਿਸ ਜੁਤਿ ਗੁਰ ਕੇ ਬੈਨ।
ਗਮਨਜੋ ਸੋ ਨਰ ਕਰਿ ਤਰ ਨੈਨ

॥੩੯॥
ਸਭਾ ਬਿਖੈ ਸਭਿਹੂੰਨਿ ਸੁਨਾਈ।
ਸੁਨਿ ਕਰਿ ਨੂਰਦੀਨ ਰਿਸ ਖਾਈ।
'ਕਜ਼ਾ ਕਰਿ ਲੇਹਿ ਕਹੈ ਜੇ ਐਸੇ।'
ਲਗਯੋ ਚਿਨਾਵਨਿ ਮੂਰਖ[1] ਤੈਸੇ [1]ਭਾਵ ਨੂਰ ਦੀਨ।
॥੪੦॥
ਸ਼੍ਰੀ ਗੁਰ ਕਰਯੋ ਕੂਚ, ਹਟਿ ਆਏ।
ਰਾਮਦਾਸ ਪੁਰਿ ਬਿਖੈ ਸੁਹਾਏ।
ਸ਼੍ਰੀ ਗੁਰ ਹਰਿਗੁਬਿੰਦ ਸੰਗ ਮਿਲੇ।
ਅੰਕ ਬਿਠਾਇ ਪ੍ਰੇਮ ਕਰਿ ਭਲੇ ॥੪੧॥
ਅਪਰ ਸਰਬ ਸਿਖ ਕਰਿ ਕਰਿ ਬੰਦਨ।
ਦਰਸਹਿਂ ਦਰਸ਼ਨ ਦੋਸ਼ ਨਿਕੰਦਨ।
ਭਈ ਰੈਨ ਮੰਦਨ ਨਿਜ ਗਏ।
ਮਿਲੇ ਸਕਲ ਆਨੰਦ ਮਨ ਭਏ
॥੪੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ 'ਤਰਨ ਤਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਸਸ਼ਟੀ ਅੰਸੂ ॥੬੮॥

# ੬੯. [ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ]

੬੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਏਕ ਸਿੱਖ ਸਤਿਗੁਰ ਨਿਕਟ,
ਗੁਰਮੁਖ ਤਿਸ ਕੋ ਨਾਮ।
ਹਾਥ ਜੋਰਿ ਬਿਨਤੀ ਕਰੀ,
'ਮੈਂ ਰਾਵਰ ਕੀ ਸਾਮ ॥੧॥

ਚੌਪਈ:

ਗੁਰ ਸਨਮੁਖ ਸਿਖ[1] ਮਾਨਹਿਂ ਭਾਨਾ।
ਮੋਹਿ ਦਿਖਾਵਹੁ ਦਿਖਿ ਦੁਖ ਹਾਨਾ।'
ਸੁਨਿ ਸ਼੍ਰੀ ਅਰਜਨ ਗਿਰਾ ਉਚਾਰੀ।
'ਪੁਰ ਗੁਜਰਾਤ ਸੁਨਾਮ ਭਿਖਾਰੀ[†] ॥੨॥
ਤਿਹ ਦਰਸਹੁ ਅਬਿ ਕਰਹੁ ਪਯਾਨਾ।
ਗੁਰਮੁਖ ਗੁਰ ਬਚ ਮਾਨਿ ਮਹਾਨਾ[1]।'
ਚਲ੍ਯੋ ਬਿਚਾਰਤਿ -ਸਿਖ ਬਡ ਹੋਇ।
ਸਤਿਗੁਰ ਆਪ ਬਤਾਯਹੁ ਜੋਇ ॥੩॥
ਪ੍ਰਭੁ ਭਾਣਾ ਕਿਮ ਮਾਨਤਿ ਰਹੈ।
ਕਹਾਂ ਕ੍ਰਿਤ ਕਰਿ ਬ੍ਰਿੱਤ[†] ਕੋ ਲਹੈ[1]-।
ਮਗ ਉਲੰਘ ਪਹੁੰਚ੍ਯੋ ਗੁਜਰਾਤ।
ਨਾਮ ਭਿਖਾਰੀ ਪੂਛ੍ਯੋ ਜਾਤਿ ॥੪॥
ਗ੍ਰਿਹ ਮੈਂ ਗਯੋ ਸੁ ਮੰਗਲ ਹੇਰਾ[1]।
ਗਾਵੈਂ ਤ੍ਰਿਯਾ ਬਜਾਹੁ ਸੁਤ ਕੇਰਾ।
ਕਿਰਤ ਕਮਾਵਤਿ ਪਿਖ੍ਯੋ ਭਿਖਾਰੀ।
ਸੀਵਤਿ ਸਤਰੰਜੀ ਜੋ ਫਾਰੀ[1] ॥੫॥
'ਪੈਰੀ ਪੈਣਾ' ਕਹਿ ਥਿਰ[1] ਗੁਰਮੁਖ।
'ਪਠ੍ਯੋ ਮੋਹਿ ਗੁਰ ਨੇ ਭੋ ਸਨਮੁਖ!'
ਸੁਨਤਿ ਭਿਖਾਰੀ ਉਠਿ ਸਨਮਾਨਾ।
ਨਮਹਿ ਕੀਨਿ ਬੈਠਾਵਨਿ ਠਾਨਾ ॥੬॥
ਨਿਜ ਕਾਰਜ ਲਾਗ੍ਯੋ ਜਿਸ ਕਾਲਾ।
ਗੁਰਮੁਖ ਉਰ ਬਿਸਮਾਇ ਬਿਸਾਲਾ।

[1]ਗੁਰੂ ਦੇ ਸਨਮੁਖ ਸਿਖ (ਜੋ)।

[†]ਭਾਈ ਗੁਰਦਾਸ ਜੀ ਦੀ ੧੧ਵੀਂ ਵਾਰ ਵਿਚ ਇਹ ਪ੍ਰਸੰਗ ਛੇਵੇਂ ਗੁਰਾਂ ਦੇ ਸਿੱਖਾਂ ਵਿਚ ਹੈ।

[1]ਬਹੁਤ ਮੰਨਣ ਵਾਲੇ।

[1]ਕੀ ਕਿਰਤ ਕਰਕੇ ਉਪਜੀਵਕਾ ਤੋਰਦਾ ਹੈ। [†]ਪਾ:- ਕਿਰਤ ਕਰ ਬਿਤ।

[1]ਉਤਸਾਹ ਦੇਖਿਆ।

[1]ਦਰੀ ਜੋ ਪਾਟੀ ਹੋਈ ਸੀ।

[1]ਬੈਠਿਆ।

ਲਖ੍ਯੋ ਭਿਖਾਰੀ ਨੇ ਮਨ ਤਾਹੂੰ।
ਉਠ੍ਯੋ ਪਕਰ ਕੈ ਤਿਸ ਕੀ ਬਾਹੂੰ ॥੭॥
ਸੌਂਜ ਬਜਾਹ ਕੀ ਲਗ੍ਯੋ ਦਿਖਾਵਨਿ।
'ਇਹ ਸੁਤ ਹਿਤ ਕਿਯ ਬਸਤ੍ਰ ਸਿਵਾਵਨਿ।
ਇਹ ਭੂਖਨ ਕੋ ਗਢੈ[1] ਸੁਨਾਰਾ।
ਪੁੱਤ੍ਰ ਸਨੁਖਾ ਕੇਰ ਸ਼ਿੰਗਾਰਾ ॥੮॥
ਇਹਾਂ ਪਰੀ ਪਿਖਿ ਅਧਿਕ ਮਿਠਾਈ।
ਅਨੇਕ ਪ੍ਰਕਾਰ ਕਰਹਿਂ ਹਲਵਾਈ।
ਆਗੈ ਮ੍ਰਿਤਕ ਹੇਤ ਕੀ ਤਜਾਰੀ।
ਖਫਨ ਰੁ ਸੀਢੀ[1] ਧਰੀ ਸੁਧਾਰੀ' ॥੯॥
ਗੁਰਮੁਖਿ ਬਿਸਮਤਿ ਪੂਛਨ ਕਰ੍ਯੋ।
'ਇਹ ਸਮਾਜ ਕਿਸ ਕਾਰਨ ਧਰ੍ਯੋ?'
ਕਹ੍ਯੋ ਭਿਖਾਰੀ 'ਫੇਰ ਬਤਾਵੈਂ।
ਜਬਿ ਸਮਾਜ ਇਹੁ ਕਾਰਜ ਆਵੈ[1]' ॥੧੦॥
ਇਮ ਕਹਿ ਆਯੋ ਪ੍ਰਥਮ ਸਥਾਨ।
ਸਤਰੰਜੀ ਕੋ ਸਿਯਤਿ ਮਹਾਨ।
ਗੁਰਮੁਖ ਬਿਸਮਤਿ ਉਰ ਮੈਂ ਰਹ੍ਯੋ।
-ਸਤਿਗੁਰ ਨੇ ਇਸ ਕੋ ਜਸੁ ਕਹ੍ਯੋ ॥੧੧॥
ਗ੍ਰਿਹ ਕੈ ਧੰਧੈ ਪਚੀ[1] ਮਹਾਨਾ।
ਕਰਹਿ ਭਗਤਿ ਕਿਮ ਮਾਨਹਿਂ ਭਾਨਾ-।
ਨਿਸਾ ਭਈ ਕਿਯ ਸੇਵ ਭਿਖਾਰੀ।
ਖਾਨ ਪਾਨ ਦਿਯ ਸੇਜ ਸੁਖਾਰੀ ॥੧੨॥
ਭਈ ਪ੍ਰਾਤ ਤਬਿ ਚਢੀ ਜਨੇਤ[1]।
ਆਨ੍ਯੋ ਸੁਤ ਕਰਿ ਨੁਖਾ ਸਮੇਤ।
ਸਭਿ ਬਿਧਿ ਕੇ ਬਾਜੇ ਬਜਵਾਏ।
ਬਜਾਹ ਸਮਾਜ ਸਕਲ ਕਰਿ ਆਏ ॥੧੩॥

[1]ਘੜਦਾ ਹੈ।
[1]ਸਿੜ੍ਹੀ, ਤਖਤਾ।
[1]ਸਮੱਗ੍ਰੀ ਕੰਮ ਆਵੇਗੀ।
[1]ਖਚਿਤ।
[1]ਬਾਰਾਤ।

ਸਦਨ ਆਇ ਦਿਨ ਦ੍ਵੈ ਕ ਬਿਤੇ ਜਬਿ।
ਸੂਲ ਉਠੇ ਨਿਸ ਪੁੱਤ੍ਰ ਮਰਯੋ ਤਬਿ।
ਗਾਵਤਿ ਹੁਤੀ ਤ੍ਰਿਯਾ ਸੋ ਰੋਈ।
ਖਫਨ ਜੁ ਲੀਨਿ ਭਿਖਾਰੀ ਸੋਈ
॥੧੪॥
ਤਿਸ ਸੀਢੀ ਪਰ ਪਾਯਹੁ ਨੰਦ।
ਦਾਹੁ ਕਰਯੋ ਕਰਿ ਕਾਠ ਬਿਲੰਦ।
ਕਿਰਤਨ ਕਰਿ ਪ੍ਰਸਾਦਿ ਬਰਤਾਯੋ।
ਬ੍ਰਿਤਿ ਜਿਹ ਸਮ ਹਟਿ ਕਰਿ ਘਰ ਆਯੋ
॥੧੫॥
ਸਤਰੰਜੀ ਜੋ ਸਿਯਤਿ[1] ਡਸਾਈ।
ਲੋਕ ਆਇ ਬੈਠੇ ਸਮੁਦਾਈ।
ਦਿਨ ਮਹਿਂ ਗੁਰਮੁਖ ਰਹਯੋ ਨਿਹਾਰਤਿ।
ਭਾ ਅਚਰਜ ਇਹ ਰਿਦੈ ਬਿਚਾਰਤਿ
॥੧੬॥
ਪਿਖਿ ਨਿਸ ਬਿਖੈ ਇਕਾਂਤ ਭਿਖਾਰੀ।
ਮਿਲਿ ਗੁਰਮੁਖ ਤਬਿ ਗਿਰਾ ਉਚਾਰੀ।
'ਸੁਤ ਕੀ ਮ੍ਰਿਤੁ ਜਾਨਤਿ ਜੇ ਉਰ ਮੈਂ।
ਨੁਖਾ ਵਜਾਹਿ ਕਯੋਂ ਆਨੀ ਘਰ ਮੈਂ?
॥੧੭॥
ਖਰਚਯੋਂ ਧਨ ਉਤਸਵ ਬਹੁ ਕਰਯੋ।
ਦਿਨ ਦੋ ਇਕ ਮਹਿਂ ਸਭਿ ਪਰਹਰਯੋ।
ਤੁਵ ਮਹਿਂ ਸ਼ਕਤਿ ਜਿ ਹੁਤੀ ਇਤੀ ਨ।
ਸਤਿਗੁਰ ਤੇ ਜਾਚਤਿ ਹੁਇ ਦੀਨ
॥੧੮॥
ਕ੍ਰਿਪਾ ਨਿਧਾਨ ਸਿਦਕ ਪਿਖਿ ਤੇਰਾ।
ਪੁੱਤ੍ਰ ਜਿਯਨਿ ਬਰ ਦੇਤਿ ਅਛੇਰਾ।
ਸੰਕਟ ਹੋਤਿ ਨ ਏਤੋ ਘਰ ਮੈਂ।
ਰੁਦਤਿ ਕੁਟੰਬ ਪ੍ਰੀਤਿ ਕਰਿ ਉਰ ਮੈਂ
॥੧੯॥
ਇਹੁ ਸੰਸੈ ਮਨ ਮੋਹਿ ਬਿਸਾਲਾ।

[1]ਸੀਉਂਦਾ ਸੀ।

ਸ਼ਕਤਿ ਸਹਤ ਸਹਿ[1] ਕਸ਼ਟ ਕਰਾਲਾ।'
[1]ਤ੍ਰਾਣ ਹੁੰਦਿਆਂ ਸਹਾਰਿਆ ਹੈ।
ਸੁਨਤਿ ਭਿਖਾਰੀ ਗਿਰਾ ਉਚਾਰੀ।
'ਇਹ ਮਨਮੁਖ ਕੀ ਰੀਤਿ ਬਿਚਾਰੀ ॥੨੦॥
ਜਥਾ ਜੋਗ ਪਰਮੇਸ਼ੁਰ ਕਰੈ।
ਤਿਸ ਮਹਿਂ ਦੁਖ ਸੰਸੈ ਜੋ ਧਰੈ।
ਜਤਨ ਕਰਹਿ ਭਾਵੀ ਕੋ ਮੇਟਨਿ।
ਤਿਸ ਕੋ ਪ੍ਰਭੁ ਸੰਗ ਕਬਹੁੰ ਨ ਭੇਟਨਿ ॥੨੧॥
ਜੈਸੀ ਇੱਛਾ ਹੁਇ ਭਗਵਾਨ।
ਤਿਸ ਮਹਿਂ ਕੀਜਹਿ ਹਰਖ ਮਹਾਨ।
ਸਭਿ ਸੋਂ ਸਮ ਪ੍ਰਭੁ ਬੈਰ ਨ ਪ੍ਰੀਤਿ।
ਕਰਮ ਹੇਰਿ ਫਲ ਦੇਹਿ ਸੁ ਨੀਤ ॥੨੨॥
ਕਸ਼ਟ ਆਇ ਕਰਿ ਸ਼ਕਤਿ ਹਰਾਵੈਂ[1]।
[1]ਜੇ ਦੁਖ ਆ ਬਣੇ ਤੇ ਸ਼ਕਤੀ ਕਰਕੇ ਦੂਰ ਕਰੇ।
ਪਾਪ ਕਰੇ ਸੋ ਫਲ ਭੁਗਤਾਵੈ[1]।
[1]ਤਾਂ) ਪਾਪ ਕਰਦਾ ਹੈ ਤੇ ਉਸਦਾ ਫਲ ਭੋਗਣਾ ਪੈਂਦਾ ਹੈ।
ਹੋਇ ਸੁਖੀ ਕਹਿ ਸੰਕਟ ਦੇਤਿ[1]।
[1]ਕੋਈ ਸੁਖੀ ਹੋਵੇ ਉਸਨੂੰ ਕਹਿਕੇ ਦੁਖ ਦੇਵੇ ਭਾਵ ਸ੍ਰਾਪ ਦੇਵੇ।
ਸੋ ਪਿ ਨ ਦਰਗਹਿ ਆਦਤ ਲੇਤਿ ॥੨੩॥
ਨ੍ਰਿਪਮਾਯਕ ਜੋ ਕਰਹਿ ਸੁ ਭਾਵੈ[1]।
[1]ਮਾਯਾਵੀ ਰਾਜਾ ਜੋ ਕਰੇ ਸੋ ਭਾ ਜਾਵੇ ਸੇਵਕ ਨੂੰ।
ਸੋ ਸੇਵਕ ਤਿਸ ਤੇ ਸੁਖ ਪਾਵੈ।
ਜੇ ਮਹਿਪਤਿ ਕ੍ਰਿਤ ਮਹਿਂ ਦੇ ਦੋਸ਼ੁ।
ਰਿਸਹਿ ਤਾਂਹਿ ਪਰ ਲਖਹਿ ਬਿਹੋਸ਼ੁ[1] ॥੨੪॥
[1]ਮੂਰਖ।
ਇਮ ਅਲਪੱਗਜਨਿ ਕੀ ਕ੍ਰਿਤ ਮਾਂਹੀ।
ਪ੍ਰਭੁ ਸਰਬੱਗ ਜਥੋਚਿਤ ਆਹੀਂ[1]।
[1]ਜੈਸੇ ਯੋਗ ਹੋਵੇ ਤੈਸੇ ਕਰਦਾ ਹੈ।
ਬਿਨਾ ਕਰਮ ਸੁਖ ਦੁਖ ਨਹਿਂ ਦੇਤਿ।
ਭੁਗਤਹਿ[1] ਸੋਇ ਜਿ ਬੀਜਹਿ ਖੇਤ ॥੨੫॥
[1]ਜੀਵ) ਭੁਗਤਦਾ ਹੈ।
ਇਮ ਬਿਚਾਰ ਜਿਸ ਕੇ ਉਰ ਹੋਇ।

ਪ੍ਰਭੁ ਕ੍ਰਿਤ ਪਰ ਨਿਤ ਹਰਖਹਿ ਸੋਇ।
ਤਿਸ ਕੋ ਸਨਮੁਖ ਕਹੈਂ ਜੁ ਸੰਤ।
ਤਰਕਹਿਂ ਮਨਮੁਖ ਦੁਖ ਲਹਿਂ ਅੰਤ ॥੨੬॥
ਸਤਿਗੁਰ ਤੇ ਨਿਤ ਜਾਚਿਯ ਐਸੇ।
ਪ੍ਰਭੁ ਕ੍ਰਿਤ ਪਰ ਅਨੰਦ ਲਹਿ ਜੈਸੇ।
ਨਾਸ਼ਵੰਤ ਦ੍ਰਿਸ਼ਮਾਨ ਪਦਾਰਥ।
ਇਨ ਲਗਿ ਜਨਮ ਨ ਖੋਇ ਅਕਾਰਥ ॥੨੭॥
ਮਮ ਸੁਤ ਨੁਖਾ ਕਰਮ ਜਿਮ ਕੀਨਿ।
ਸੋ ਭਿ ਸੁਨਹੁ ਕਰਿ ਸੰਸੈ ਹੀਨ।
ਤਪਸੀ ਹੁਤੋ ਪ੍ਰਥਮ ਕੇ ਜਨਮਾ।
ਪੁਰਿ ਤੇ ਜਾਚਿ ਖਾਇ ਰਹਿ ਬਨ ਮਾਂ[1] ॥੨੮॥ [1]ਬਨ ਵਿਚ।
ਤਪ ਕਰਿ ਪਰਮੇਸ਼ੁਰ ਆਰਾਧੇ।
ਮਹਾਂ ਜਤਨ ਤੇ ਇੰਦ੍ਰਿਯ ਸਾਧੇ।
ਇਕ ਦਿਨ ਪੁਰਿ ਤੇ ਚਲ੍ਯੋ ਅਘਾਈ।
ਬਾਰਬਧੂ ਲਖਿ[1] ਰੂਪ ਲੁਭਾਈ ॥੨੯॥ [1]ਵੇਸ਼ਵਾ ਦੇਖਕੇ।
ਤਪਸੀ ਦੇਖਤਿ ਮਨ ਬਿਰਮਾਯੋ।
ਹਠ ਕਰਿ ਮਿਲ੍ਯੋ ਨ, ਬਨ ਗਮਨਾਯੋ।
ਕਾਲ ਕ੍ਰਿਯਾ ਐਸੀ ਤਹਿਂ ਭਈ।
ਦੁਹੂੰ ਦੇਹਿ ਸਿਮਰਤਿ ਛੁਟਿ ਗਈ ॥੩੦॥
ਤਪ ਫਲ ਤੇ ਇਹ ਮਮ ਸੁਤ ਹੋਵਾ।
ਸਿਮਰਿ ਪ੍ਰਭੂ ਕੋ ਸੰਕਟ ਖੋਵਾ।
ਬਾਰਮੁਖਾ[1] ਇਹ ਨੁਖਾ ਭਈ ਹੈ। [1]ਵੇਸ਼ਵਾ।
ਤਪਸੀ ਰਤਿ ਤੇ[1] ਸੁਮਤਿ ਲਈ ਹੈ ॥੩੧॥ [1]ਤਪੱਸ੍ਵੀ ਨਾਲ ਪ੍ਰੀਤ ਹੋਣ ਕਰਕੇ।
ਸਿਖ ਸੰਗਤਿ ਕੀ ਸੇਵ ਕਮਾਵੈ।
ਅੰਤ ਬਿਖੈ ਉੱਤਮ ਪਦ ਪਾਵੈ।
ਤਾਂ ਤੇ ਭੋ ਗੁਰਮੁਖ! ਸੁਨਿ ਲੀਜੈ।

ਭਾਣਾ ਮਾਨਨਿ ਮਨ ਥਿਰ ਕੀਜੈ ॥੩੨॥
ਸੱਤਿਨਾਮ ਕੋ ਸਿਮਰਨ ਕਰਨੋ।
ਤਨ ਹੰਤਾ ਕੋ ਰਿਦੈ ਬਿਸਰਨੋ।
ਮੁਕਤੀ ਕੇ ਸਾਧਨ ਏ ਤੀਨ।
ਕਹੈਂ ਗੁਰੂ ਅਰੁ ਸੰਤ ਪ੍ਰਬੀਨ' ॥੩੩॥
ਸੁਨਿ ਗੁਰਮੁਖ ਨੇ ਬਾਕ ਭਿਖਾਰੀ।
ਦ੍ਵੈ ਕਰ ਜੋਰਿ ਬੰਦਨਾ ਧਾਰੀ।
'ਧੰਨ ਧੰਨ ਬਡ ਬੁੱਧਿ ਬਿਚੱਛਨ।
ਨਾਮ ਮੋਹਿ ਗੁਰਮੁਖ ਤਵ ਲੱਛਨ[1] ॥੩੪॥

[1]ਨਾਮ ਤਾਂ ਮੇਰਾ ਗੁਰਮੁਖ ਹੈ ਲੱਛਨ (ਗੁਰਮੁਖਤਾ ਦੇ) ਤੇਰੇ ਹਨ।

ਜਸ ਦੇਖਯੋ ਮੈਂ ਚਹਿ ਮਨ ਪਾਵਨ[1]।

[1]ਪਵਿੱਤ੍ਰ ਮਨਵਾਲਾ ਜਿਹੋ ਜਿਹਾ ਵੇਖਿਆ ਚਾਹੁੰਦਾ ਸੀ।

ਤਸ ਸਤਿਗੁਰ ਮੁਝ ਕੀਨਿ ਦਿਖਾਵਨਿ।
ਤੁਝ ਦਰਸ਼ਨ ਤੇ ਪਾਪ ਮਿਟਾਵੈ।
ਸਦਾ ਗੁਰੂ ਕੇ ਉਰ ਮਹਿਂ ਭਾਵੈ' ॥੩੫॥
ਇਮ ਉਸਤਤਿ ਕਰਿ ਬਾਰੰਬਾਰ।
ਦੀਨ ਹੋਇ ਚਰਨਨਿ ਸਿਰ ਧਾਰਿ।
ਭਯੋ ਬਿਸਰਜਨਿ[1] ਗੁਰ ਪੁਰਿ ਆਯੋ[2]।

[1]ਵਿਦਾ। [2]ਸ੍ਰੀ ਅੰਮ੍ਰਿਤਸਰ।

ਨਿਸ਼ਚੈ ਪਿਖਿ ਸਿਖ ਕੋ ਬਿਸਮਾਯੋ ॥੩੬॥
ਸ੍ਰੀ ਅਰਜਨ ਬੈਠੇ ਜਿਸ ਥਾਈਂ।
ਪਗ ਪੰਕਜ ਪਰ ਗ੍ਰੀਵ ਨਿਵਾਈ।
ਮੁਸ਼ਕਾਵਤਿ ਸ੍ਰੀ ਮੁਖ ਸੋਂ ਕਹ੍ਯੋ।
'ਕੈਸੋ ਸਿਖ ਜਾਇ ਤੈਂ ਲਹ੍ਯੋ?
॥੩੭॥
ਕੈਸੀ ਰਹਤਿ ਰਹੈ ਕਿਮ ਸੇਵਹਿ?
ਕਿਮ ਉਰ ਨਿਸ਼ਚੈ ਦੁਖ ਸੁਖ ਖੇਵਹਿ[1]?'

[1]ਸਹਾਰਦਾ ਹੈ।

ਸੁਨਿ ਕਰਿ ਹਾਥ ਜੋਰਿ ਕਰਿ ਬੋਲਾ।
'ਸ੍ਰੀ ਪ੍ਰਭੁ! ਤੁਮਰੇ ਸਿੱਖ ਅਡੋਲਾ

॥੩੮॥
ਮਹਿਮਾ ਜਿਨ ਕੀ ਕਹੀ ਨ ਜਾਇ।
ਦੁਖ ਸੁਖ ਮੈਂ ਇਕ ਸਮ ਹਰਖਾਇ†।'

†ਇਸ ਪ੍ਰਕਾਰ ਦਾ ਇਕ ਪ੍ਰਸੰਗ ਪਿਛੇ ਸ਼ਹਬਾਜ਼ ਪੁਰ ਦੇ ਭਾਈ ਸੰਮਨ ਦਾ ਆ ਚੁੱਕਾ ਹੈ, ਦੇਖੋ ਇਸੇ ਪੁਸਤਕ ਦਾ ਪੰਨਾ ੨੧੭੯।

ਸਕਲ ਪ੍ਰਸੰਗ ਕਹਯੋ ਤਿਸ ਕੇਰਾ।
ਜਥਾ ਭਿਖਾਰੀ ਕੋ ਘਰ ਹੇਰਾ ॥੩੯॥
ਜਿਸ ਪਰ ਆਪ ਪ੍ਰਸੰਨਤਾ ਹੋਇ।
ਅਸ ਨਿਸਚਾ ਧਾਰਹਿ ਉਰ ਸੋਇ।'
ਕ੍ਰਿਪਾ ਨਿਧਾਨ ਸੁਨਤਿ ਹਰਖਾਏ।
ਸੁਜਸੁ ਦਾਸ ਨਿਜ ਕੋ ਸੁਨਿ ਪਾਏ ॥੪੦॥
ਸਿੱਖਨਿ ਪ੍ਰਿਯ ਨਿਤ ਬਨਹਿਂ ਸਹਾਈ।
ਲੋਕ ਪ੍ਰਲੋਕਹਿਂ ਲੇਹਿਂ ਬਚਾਈ।
ਕਵਿ ਸੰਤੋਖ ਸਿੰਘ ਕਰਿ ਗੁਰੂ ਬੰਦਨ।
ਕ੍ਰਿਪਾ ਧਾਰਿ ਗਨ ਬਿਘਨ ਨਿਕੰਦਨ[1] ॥੪੧॥

[1]ਕ੍ਰਿਪਾ ਕਰਕੇ (ਮੇਰੇ) ਸਾਰੇ ਬਿਘਨਾਂ ਦਾ ਨਾਸ਼ ਕਰਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰਾਸੇ ਕਵਿ ਸੰਤੋਖ ਸਿੰਘ ਵਿਰਚਤਾਯਾਂ ਭਾਖਾਯਾਂ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕੋਨ ਸਪ੍ਤੀ ਅੰਸੂ ॥੬੯॥

[ਤੀਜੀ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਚੌਥੀ Raas 4

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji's Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

# ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

# ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

# ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੁ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

# ਤਤਕਰਾ ਰਾਸਿ ਚੌਥੀ

# ਰਾਸਿ ਚੌਥੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ ‘ਕਵਿ ਚੂੜਾਮਣਿ’ ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ‘ਸ੍ਰੀ ਗੁਰ ਪ੍ਰਤਾਪ ਸੂਰਜ’ ਗ੍ਰੰਥਾਵਲੀ ਹੈ। ‘ਸ੍ਰੀ ਗੁਰ ਪ੍ਰਤਾਪ ਸੂਰਜ’ ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ ‘ਨਾਭਾ’ ਜੀ ਦੀ ਮਹਾਨ ਰਚਨਾ ‘ਗੁਰ ਸ਼ਬਦ ਰਤਾਨਾਕਰ ਮਹਾਨਕੋਸ਼’, ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ ‘ਫਰੀਦਕੋਟ ਵਾਲਾ ਟੀਕਾ’ ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ‘ਸ੍ਰੀ ਗੁਰ ਪ੍ਰਤਾਪ ਸੂਰਜ’ ਗ੍ਰੰਥਾਵਲੀ ਵਿੱਚੋਂ ਸ੍ਰੀ ‘ਨਾਨਕ ਪ੍ਰਕਾਸ਼’ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੯ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਚੌਥੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਚੌਥੀ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬ ੩੭ ੩੮ ੩੯ ੪੦ ੪੧
੪੨ ੪੩ ੪੪ ੪੫ ੪੬ ੪੭ ੪੮ ੪੯ ੫੦ ੫੧
੫੨ ੫੩ ੫੪ ੫੫ ੫੬ ੫੭ ੫੮ ੫੯ ੬੦ ੬੧
੬੨ ੬੩ ੬੪ ੬੫ ੬੬

# ਤਤਕਰਾ ਰਾਸਿ ਚੌਥੀ

## ਰਾਸਿ ਚੌਥੀ


੧ ਅੰਸੂ ੧. [ਮੰਗਲਾਚਰਣ]

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਵਿੰਦ ਜੀ-ਮੰਗਲ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਵਿੰਦ ਸਿੰਘ ਜੀ-ਮੰਗਲ।

੧੨. ਸਮਸਤ ਗੁਰ ਮੰਗਲ ਤੇ ਬਿਨਯ।

** [ਸ਼੍ਰੀ ਸਤਿਗੁਰਾਂ ਦੀ ਕਥਾ ਦਾ ਆਰੰਭ]

੨ ੨. [ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ]

੩ ੩. [ਸਗਾਈ ਦੀ ਤਿਆਰੀ ਦਿਲੀ ਦੀ ਸੰਗਤ ਨੇ ਅਰਦਾਸ ਲਿੱਖੀ]

੪ ੪. [ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ]

੫ ੫. [ਸੰਗਤਿ ਦੀ ਅਰਦਾਸ ਪੁੱਜੀ। ਸਗਾਈ ਮੋੜ ਦਿੱਤੀ]

੬ ੬. [ਦੋ ਸਗਾਈਆਂ ਕੱਠੀਆਂ ਹੋਣੀਆਂ]

੭ ੭. [ਵਿਵਾਹ ਦੀ ਤਿਆਰੀ]

੮ ੮. [ਚੰਦੂ ਦਾ ਵੈਰ ਵਧਿਆ]

੯ ੯. [ਵਿਆਹ ਦੀ ਤਿਆਰੀ ਮੇਲ ਦਾ ਆਵਣਾ]

੧੦ ੧੦. [ਬਰਾਤ ਦੀ ਚੜ੍ਹਾਈ]

੧੧ ੧੧. [ਬਰਾਤ ਦਾ ਢੁਕਾਉ]

੧੨ ੧੨. [ਬਰਾਤ]

੧੩ ੧੩. [ਬਰਾਤ]

੧੪ ੧੪. [ਬਰਾਤ ਵਾਪਸ ਆਈ]

੧੫ ੧੫. [ਮੇਲ ਦੀ ਵਿਦੈਗੀ]

੧੬ ੧੬. [ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ]

੧੭ ੧੭. [ਸੁਲਹੀ ਚੜ੍ਹਕੇ ਆਇਆ]

੧੮ ੧੮. [ਸੁਲਹੀ ਸੜ ਮੋਇਆ]

੧੯ ੧੯. [ਚੰਦੂ ਦੀ ਪ੍ਰਿਥੀਏ ਨੂੰ ਚਿੱਠੀ]

| | |
|---|---|
| ੨੦ | ੨੦. [ਚੰਦੂ ਨਾਲ ਪ੍ਰਿਥੀਏ ਦਾ ਮੇਲ] |
| ੨੧ | ੨੧. [ਗੋਇੰਦਵਾਲ ਜਾਣਾ] |
| ੨੨ | ੨੨. [ਮਹਾਂਦੇਵ ਜੀ ਦਾ ਪ੍ਰਲੋਕ ਗਮਨ] |
| ੨੩ | ੨੩. [ਸ਼੍ਰੀ ਗੁਰੂ ਜੀ ਦੇ ਗੁਣ] |
| ੨੪ | ੨੪. [ਜਹਾਂਗੀਰ ਕਸ਼ਮੀਰ ਨੂੰ] |
| ੨੫ | ੨੫. [ਸੁਲਬੀ ਦਾ ਨਾਸ਼] |
| ੨੬ | ੨੬. [ਪ੍ਰਿਥੀਆ ਪ੍ਰਲੋਕ ਗਮਨ] |
| ੨੭ | ੨੭. [ਸ਼ੋਕ। ਚੰਦੂ। ਜਹਾਂਗੀਰ] |
| ੨੮ | ੨੮. [ਸ਼੍ਰੀ ਚੰਦ ਜੀ ਨੇ ਭੇਟ ਮੰਗੀ] |
| ੨੯ | ੨੯. [ਖੁਸਰੋ ਦਾ ਆਗਮਨ] |
| ੩੦ | ੩੦. [ਸ਼੍ਰੀ ਹਰਿ ਗੋਬਿੰਦ ਜੀ ਪ੍ਰਤਿ ਉਪਦੇਸ਼] |
| ੩੧ | ੩੧. [ਸ਼੍ਰੀ ਗੁਰ ਅਰਜਨ ਜੀ ਲਾਹੌਰ ਆਏ] |
| ੩੨ | ੩੨. [ਭਾਈ ਸੱਧੂ ਦੇ ਘਰ ਅਰਥ ਮੱਲ ਜੀ ਮਿਲੇ] |
| ੩੩ | ੩੩. [ਜਹਾਂਗੀਰ, ਚੰਦੂ ਦੇ ਘਰ ਪੁੱਜੇ] |
| ੩੪ | ੩੪. [ਚੰਦੂ ਗ੍ਰਹ ਕਸ਼ਟ। ਤਪਤ ਨੀਰ] |
| ੩੫ | ੩੫. [ਚੰਦੂ ਦੀ ਨੂੰਹ। ਬਾਰੂ ਤਪਤ] |
| ੩੬ | ੩੬. [ਤਪਤ ਲੋਹ। ਚੰਦੂ ਦੀ ਨੂੰਹ] |
| ੩੭ | ੩੭. [ਕਸ਼ਟ। ਸਚਖੰਡ ਗਵਨ] |
| ੩੮ | ੩੮. [ਸੱਚਖੰਡ ਗਵਨ] |
| ੩੯ | ੩੯. [ਸ਼੍ਰੀ ਅੰਮ੍ਰਿਤਸਰ ਪੰਜੇ ਸਿੱਖ ਪੁੱਜੇ] |
| ੪੦ | ੪੦. [ਸ਼੍ਰੀ ਗੁਰ ਹਰਿ ਗੁਵਿੰਦ ਜੀ ਨੇ ਪ੍ਰਣ ਕੀਤਾ] |
| ੪੧ | ੪੧. [ਦਸਤਾਰ ਬੰਦੀ] |
| ੪੨ | ੪੨. [ਅਕਾਲ ਬੁੰਗਾ ਰਚਿਆ] |
| ੪੩ | ੪੩. [ਤਖਤ ਤੇ ਬਿਰਾਜਮਾਨ] |
| ੪੪ | ੪੪. [ਖਸ਼ਟਮ ਗੁਰੂ ਜੀ ਦਾ ਵੀਰ ਰਸੀ ਰੂਪਕ] |
| ੪੫ | ੪੫. [ਉਤਸਾਹ, ਬਖਸ਼ਿਸ਼ ਆਦਿਕ ਬਿਲਾਸ] |
| ੪੬ | ੪੬. [ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ] |
| ੪੭ | ੪੭. [ਦੂਤ ਵਾਪਸ ਦਿੱਲੀ ਆਏ] |
| ੪੮ | ੪੮. [ਜਹਾਂਗੀਰ ਪਾਸ ਚੁਗਲੀ] |
| ੪੯ | ੪੯. [ਜਹਾਂਗੀਰ ਦਾ ਸੱਦਾ। ਗੁਰੂ ਘਰ ਵਿਚ ਮਸਲਤ।] |
| ੫੦ | ੫੦. [ਦਿੱਲੀ ਜਾਣ ਦੀ ਤਿਆਰੀ] |
| ੫੧ | ੫੧. [ਦੋ ਕੋਹਾਂ ਤੇ ਡੇਰਾ] |
| ੫੨ | ੫੨. [ਗੁਰੂ ਜੀ ਦਿੱਲੀ ਪੁੱਜੇ] |
| ੫੩ | ੫੩. [ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼] |

| | |
|---|---|
| ੫੪ | ੫੪. [ਜਹਾਂਗੀਰ ਨਾਲ ਮੇਲ।] |
| ੫੫ | ੫੫. [ਜਹਾਂਗੀਰ ਨਾਲ ਸ਼ਿਕਾਰ। ਸ਼ੇਰ ਮਾਰਿਆ] |
| ੫੬ | ੫੬. [ਦਿੱਲੀ ਤੋਂ ਕੂਚ] |
| ੫੭ | ੫੭. [ਸੱਚਾ ਪਾਤਸ਼ਾਹ। ਘਾਹੀ] |
| ੫੮ | ੫੮. [ਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ] |
| ੫੯ | ੫੯. [ਦੁਰਗ ਗੁਆਲੀਅਰ ਪ੍ਰਵੇਸ਼] |
| ੬੦ | ੬੦. [ਗੁਆਲੀਅਰ ਨਿਵਾਸ। ਪ੍ਰੇਮੀ ਸਿੱਖਾਂ ਦੀ ਸਲਾਹ] |
| ੬੧ | ੬੧. [ਰਾਤੀਂ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ] |
| ੬੨ | ੬੨. [ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼] |
| ੬੩ | ੬੩. [ਵਜ਼ੀਰ ਖਾਂ ਲੈਣ ਆਯਾ। ਰਾਜਿਆਂ ਨੂੰ ਧੀਰਜ] |
| ੬੪ | ੬੪. [ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ] |
| ੬੫ | ੬੫. [ਵਜ਼ੀਰ ਖਾਂ ਵਾਪਸ ਆਇਆ] |
| ੬੬ | ੬੬. [ਬੰਦੀ ਛੋੜ ਜੀ ਦਿੱਲੀ ਆਏ] |

# ਰਾਸ਼ਿ ਚੌਥੀ ਚੱਲੀ

ੴ ਸਤਿਗੁਰ ਪ੍ਰਸਾਦਿ ॥

## ਅਥ ਚਤੁਰਥ ਰਾਸਿ ਬਰਨਨੰ।

### ਅੰਸੂ ੧. [ਮੰਗਲਾਚਰਣ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

**ਬੀਨ ਦੰਡ ਪਾਣੀਨ ਮਹਿਂ†, ਸਰਬੋਤਮਾ ਪ੍ਰਬੀਨ।**

ਬੀਨ ਦੰਡ = ਵੀਣਾ ਦੰਡੇ ਸਮੇਤ, ਤੁੰਬੇ ਤੋਂ ਲੈ ਉੱਪਰਲੇ ਸਿਰੇ ਤੱਕ ਸਾਰਾ ਸਾਜ਼। [ਸੰਸ: ਵੀਣਾ ਦੰਡ] (ਅ) ਵੀਣਾ ਡੰਡੇ ਦੇ ਸਮਾਨ ਫੜੀ ਹੈ ਜਿਸ ਨੇ।

†ਪਾ:-ਪ੍ਰਾਣੀ ਨਮਹਿ, ਬਾਣੀ ਨਮਹਿ।

**ਬੀਨ ਬੀਨ ਬਿਘਨਨਿ ਹਨਹੁ, ਦਾਤੀ ਸੁਮਤਿ ਕਵੀਨ ॥੧॥**

† 'ਬੀਨ ਦੰਡ ਪਾਣੀਨ ਮਹਿਂ' ਦਾ ਅਰਥ 'ਨਾਰਦ' ਕਰਕੇ ਐਉਂ ਬੀ ਖਿਚ ਮਾਰਦੇ ਹਨ ਕਿ ਨਾਰਦ ਸ਼ਾਰਦਾ ਨੂੰ ਸਰਬੋਤਮਾ ਪ੍ਰਬੀਨ ਆਖਦਾ ਹੈ, ਆਦਿ।

ਅਰਥ:

(ਜਿਸ ਦੇ) ਹੱਥਾਂ ਵਿਚ ਵੀਣਾਂ (ਤੇ ਵੀਣਾਂ ਦਾ) ਦੰਡ ਫੜਿਆ ਹੈ, (ਅਤੇ ਜੋ) ਸਭ ਤੋਂ ਉੱਤਮ (ਤੇ ਸਭ ਵਿੱਦਯਾ ਵਿਚ) ਨਿਪੁਨ ਹੈ (ਅਤੇ ਜੋ) ਕਵੀਆਂ ਨੂੰ ਸ੍ਰੇਸ਼ਟ ਮਤਿ ਦੀ ਦਾਤੀ ਹੈ, (ਹੇ ਐਸੀ ਸ਼ਾਰਦਾ! ਮੇਰੇ ਇਸ ਮਹਾਨ ਕੰਮ ਵਿਚ ਪੈ ਸਕਣ ਵਾਲੇ ਸਾਰੇ) ਵਿਘਨਾਂ ਨੂੰ ਚੁਣ ਚੁਣ ਕੇ ਨਾਸ਼ ਕਰ ਦਿਓ।

ਹੋਰ ਅਰਥ:

ਤੁਕ ੧, ਪਾ:-ਬੀਨ ਦੰਡ ਪਾਣੀ ਨਮਹਿਂ†' = ਜੋ ਹੱਥ ਵਿਚ ਵੀਣਾ ਦੰਡ ਧਾਰਨ ਵਾਲੀ ਹੈ ਉਸ ਨੂੰ ਮੇਰੀ ਨਮਸਕਾਰ ਹੈ।

ਭਾਵ:

ਦੂਜੀ ਤੁਕ ਵਿੱਚ ਕਵਿ ਜੀ ਨੇ ਵਿਘਨਾਂ ਦੇ ਮਾਰਨ ਦਾ ਜ਼ਿਕਰ ਕੀਤਾ ਹੈ, ਮਾਰੀਦਾ ਅਕਸਰ ਡੰਡੇ ਨਾਲ ਹੈ, ਤੇ ਸਰਸ੍ਵਤੀ ਕੋਮਲ ਉਨਰਾਂ ਦੀ ਦੇਵੀ ਹੈ, ਉਸ ਪਾਸੋਂ ਮਾਰਨ ਯਾ ਦੰਡ ਦੇਣ ਦਾ ਕਰੜਾ ਕੰਮ ਹੋ ਹੀ ਨਹੀਂ ਸਕਦਾ, ਪਰ ਕਵਿ ਜੀ ਨੂੰ ਲੋੜ ਹੈ ਅਪਣੇ ਵਿਘਨਾਂ ਨੂੰ ਤਾੜਨਾ ਕਰਵਾਣ ਦੀ, ਇਸ ਲਈ ਯਾਚਨਾ ਕਰਦੇ ਹੋਏ ਇਕ ਕਟਾਖ ਨਾਲ ਵੀਣਾਂ ਨੂੰ ਵੀਣਾਂ ਦੰਡ ਕਹਿਕੇ, ਡੰਡੇ ਦੇ ਦੰਡ ਦੇਣ ਦੀ ਧੁਨੀ ਸੱਟਦੇ ਹਨ। ਹੁਣ ਸੰਸਾ ਹੁੰਦਾ ਹੈ ਕਿ ਵੀਣਾ ਦੇ ਦੰਡੇ ਨਾਲ ਤਾਂ ਹਰਨ ਨੂੰ ਬੀ ਤਾੜਨਾ ਕਰਨੀ ਕਠਨ ਹੈ, ਸਰਸ੍ਵਤੀ ਵੀਣਾਂ ਨੂੰ ਸੋਟਾ ਬਣਾ ਕੇ ਵਿਘਨਾਂ ਨੂੰ ਕੀਕੂੰ ਮਾਰੇਗੀ। ਇਥੇ ਧੁਨੀ ਬੀਣਾਂ ਦੇ ਅਪਨੇ ਸ੍ਵੈਧਰਮ ਦੇ ਕਰਮ ਵੱਲ ਲੈ ਜਾਂਦੀ ਹੈ ਕਿ ਵੀਣਾਂ ਤੋਂ ਰਾਗ ਹੁੰਦਾ ਹੈ, ਰਾਗ ਦੀ ਸੁਤੇ ਤਾਸੀਰ ਹੈ ਇੱਕਸ੍ਵਰਤਾ ਉਤਪਤ ਕਰਨੀ, ਬੇਸ੍ਵਰਤਾ ਤੇ ਘਬਰਾ ਨੂੰ ਦੂਰ ਕਰਨਾ। ਜਦੋਂ ਇੱਕਸ੍ਵਰਤਾ, ਅਡੋਲਤਾ, ਰਸ ਮਗਨਤਾ ਸ਼ਾਰਦਾ ਦੇ ਸੰਗੀਤ ਦੇ ਅਸਰ ਨਾਲ ਹੋ ਜਾਏਗੀ ਤਾਂ ਵਿਘਨ, ਜੋ ਹਿਲਾਉ ਖਿੰਡਾਉ ਬੇਸੁਰੀ ਹਾਲਤ ਬਿਨਾ ਹੋ ਨਹੀਂ ਸਕਦੇ, ਆਪ ਹੀ ਨਾਸ਼ ਹੋ ਜਾਣਗੇ। ਪਰਤੱਖ ਵਿਚ ਬੀ ਦੇਖੋ ਕਿ ਸਰਪ ਆਦਿ ਸੰਗੀਤ ਉੱਤੇ ਮਸਤ ਹੋਕੇ ਡੰਗ ਮਾਰਨਾ ਭੁੱਲ ਜਾਂਦੇ ਹਨ ਤਿਵੇਂ ਸ਼ਾਰਦਾ ਸੁਮਤੀ ਦੀ ਦਾਤੀ, ਪ੍ਰਬੀਨ, ਉੱਤਮ

ਵਜਕਤੀ ਤੇ ਸਾਹਿਤਜ ਦੀ ਆਗੂ ਹੈ ਉਹ ਅਪਣੇ ਉਚੇ ਗੁਣਾਂ ਨਾਲ ਵਿਘਨਾਂ ਨੂੰ ਮੂਰਛਿਤ ਕਰਕੇ ਮਾਰ ਦੇਵੇ।

### ੨. ਇਸ਼੍ਰ ਗੁਰੁ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਚੌਪਈ:

ਕਰੁਨਾ ਆਕਰ, ਕਲਮਲ ਹਰਨਾ। ਆਕਰ = ਖਾਣ।
ਹਰਿਨਾਮਾ ਚਿਤ ਨੀਤ ਸਿਮਰਨਾ।
ਮਰਨਾ ਜਨਮਨ ਇਵ ਜਗ ਤਰਨਾ।
ਤਰੁਨਾਪਨ ਬਿਰਖਾਨਹਿਂ ਕਰਨਾ ॥੨॥ ਤਰੁਨਾਪਨ = ਜੁਵਾਨੀ।
ਬੰਦਿ ਹਾਥ ਸਤਿਗੁਰ ਸੁਖਕੰਦ।
ਕੰਦਲ ਦਾਸਨ ਦੇਤਿ ਅਨੰਦ। ਕੰਦਲ = ਸਮੂਹ।
ਨੰਦਨ ਕਾਲੂ ਕੇਰਿ ਮੁਕੰਦ।

ਨੰਦਨ ਕਾਲੂ ਕੇਰਿ = ਮਹਿਤਾ ਕਾਲੂ ਜੀ ਦੇ ਸਪੁੱਤ੍ਰ, ਭਾਵ ਸ਼੍ਰੀ ਗੁਰੂ ਨਾਨਕ ਦੇਵ ਜੀ। ਮੁਕੰਦ = ਮੁਕਤੀ ਦਾਤਾ।

ਕੰਦਨ ਬਿਘਨ, ਸਦਾ ਜਗਬੰਦ ॥੩॥

ਜਗਬੰਦ = ਜਗਤ ਤੋਂ ਬੰਦਨਾ ਯੋਗ। ਜਗਤ ਦੇ ਪੂਜਜ।

ਅਰਥ:

ਮਿਹਰ ਦੀ ਖਾਣ, ਪਾਪਾਂ ਦੇ ਹਰਨ ਵਾਲੇ (ਜਿਨ੍ਹਾਂ ਨੇ ਜਗਤ ਨੂੰ ਸਿਖਾਯਾ ਕਿ) ਹਰੀ ਦਾ ਨਾਮ ਸਦਾ ਚਿੱਤ ਵਿਚ ਸਿਮਰਨਾਂ (ਐਉਂ ਕਰਦਿਆਂ ਤੁਸਾਨੂੰ) ਜੰਮਣਾ ਮਰਨਾ ਨਹੀਂ (ਪਵੇਗਾ, ਹਾਂ ਸਗੋਂ) ਐਉਂ ਜਗਤ ਤੋਂ ਤਰਨਾ (ਪ੍ਰਾਪਤ ਹੋਵੇਗਾ ਅਤੇ) ਜੁਆਨੀ ਨੂੰ ਸਫਲ ਕਰਨਾ (ਤੁਸੀਂ ਨਾਮ ਜਪਕੇ ਸਿਖ ਲਓਗੇ ਐਸੇ ਸਿੱਖਜਾ ਦਾ ਤੇ) ਸੁਖਾਂ ਦੇ ਮੂਲ, ਮੁਕਤੀ ਦਾਤੇ ਸਤਿਗੁਰੂ ਨਾਨਕ ਦੇਵ ਜੀ (ਅੱਗੇ) ਹੱਥ ਜੋੜ (ਕੇ ਪ੍ਰਣਾਮ ਹੈ, ਜੋ) ਦਾਸਾਂ ਨੂੰ ਸਾਰੇ ਸੁਖ ਦੇਂਦੇ ਹਨ†, ਬਿਘਨਾਂ ਦੇ ਨਾਸ਼ ਕਰਨ ਵਾਲੇ ਹਨ ਅਰ ਸਦਾ ਤੋਂ ਜਗਤ ਦੇ ਪੂਜਜ ਹਨ। †ਅਥਵਾ ਸਾਰੇ ਦਾਸਾਂ ਨੂੰ ਆਨੰਦ ਦਾਤੇ ਹਨ।

### ੩. ਇਸ਼੍ਰ ਗੁਰੁ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਚੌਪਈ:

ਅੰਗਦ ਗੁਰੂ ਸਹਾਇਕ ਸੰਗ।
ਸੰਗਤਿ ਸੇਵਤਿ ਸਹਤ ਉਮੰਗ।
ਮੰਗਤਿ ਸਿੱਖ ਮੁਕਤਿ ਹਰਿ ਰੰਗ।

ਮੁਕਤਿ ਹਰਿ ਰੰਗ = ਹਰੀ ਦੇ ਰੰਗ (ਪ੍ਰੇਮ) ਵਾਲੀ ਮੁਕਤੀ। ਬੰਧਨਾਂ ਤੋਂ ਛੁਟ ਜਾਣ ਮਾਤ੍ਰ ਮੁਕਤੀ ਨਾਂ, ਪਰ ਵਾਹਿਗੁਰੂ ਦੇ ਪ੍ਰੇਮ ਵਾਲੀ ਮੁਕਤੀ। ਯਥਾ-ਮੁਕਤਿ ਬਪੁੜੀ ਭੀ ਗਿਆਨੀ ਤਿਆਗੇ। ਤਥਾ-ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ॥ (ਅ) 'ਜੀਉਂਦਿਆਂ ਹਰੀ ਰੰਗ' ਤੇ 'ਮਰਕੇ ਮੁਕਤੀ' ਮੰਗਦੇ ਹਨ।

ਰੰਗਤਿ ਬ੍ਰਹਮ ਗਜਾਨ ਪ੍ਰਭੁ ਅੰਗ ॥੪॥

ਬ੍ਰਹਮ ਗਜਾਨ ਪ੍ਰਭੁ ਅੰਗ = ਪ੍ਰਭੂ ਦੀ ਪ੍ਰੀਤੀ ਵਾਲਾ ਬ੍ਰਹਮ ਗਜਾਨ। [ਅੰਗ = ਪੱਖ, ਪ੍ਰਿਯ, ਪਜਾਰ] ਉਹ ਬ੍ਰਹਮ ਗਜਾਨ ਜੋ ਵਾਹਿਗੁਰੂ ਜੀ ਨਾਲ-ਠਾਕੁਰੁ ਏਕੁ ਸਬਾਈ ਨਾਰਿ-ਦੇ ਭਾਵ ਤੋਂ ਪੂਰਨ ਪ੍ਰੇਮ ਦੁਆਰਾ ਪ੍ਰਾਪਤਿ ਹੋਵੇ।

ਅਰਥ:

(ਸ਼੍ਰੀ) ਅੰਗਦ (ਦੇਵ ਜੀ ਸਿੱਖਾਂ ਦੇ) ਸਹਾਈ ਤੇ (ਅੰਗ) ਸੰਗ ਹਨ, (ਆਪ ਨੂੰ) ਸੰਗਤ ਖੁਸ਼ੀਆਂ ਨਾਲ ਸੇਂਵਦੀ ਹੈ, ਸਿੱਖ (ਆਪ ਤੋਂ) ਵਾਹਿਗੁਰੂ ਪ੍ਰੇਮ ਵਾਲੀ ਮੁਕਤੀ ਮੰਗਦੇ ਹਨ, (ਤੇ ਆਪ ਤ੍ਰੁਠਕੇ ਉਨ੍ਹਾਂ ਪ੍ਰੇਮੀ ਯਾਚਕਾਂ ਨੂੰ) ਪ੍ਰਭੂ ਦੇ ਪ੍ਰੀਤੀ ਵਾਲੇ ਬ੍ਰਹਮ ਗਜਾਨ ਵਿਚ ਰੰਗ ਦੇਂਦੇ ਹਨ।

### ੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

**ਦੀਨ ਦਯਾਲੁ ਸੇਵਤਿ† ਜਿਨ ਲੀਨਿ।**

ਦੀਨ ਦਯਾਲੁ = ਜੋ ਗ਼ੀਬਾਂ ਪਰ ਮਿਹਰ ਕਰੇ, ਭਾਵ ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ ਹੈ। ਜਿਨ੍ਹਾਂ ਦੇ ਰਸਤੇ ਤੇ ਦੀਨ ਦੁਖੀ ਰੋਗੀ ਰਾਹ ਵਿਚ ਬੈਠਦੇ ਸਨ, ਜਿਨ੍ਹਾਂ ਤੇ ਨਜ਼ਰ ਪੈ ਜਾਵੇ ਉਹ ਸੁਖੀ ਹੋ ਜਾਂਦੇ ਹਨ। †ਪਾ:-ਦੀਨਨ ਦਯਾਲ ਸੇਵ।

**ਲੀਨ ਪ੍ਰੇਮ ਮਹਿਂ, ਕਬਹੁੰ ਦੁਖੀ ਨ।**

ਕਬਹੁੰ ਦੁਖੀ ਨ = ਕਦੇ ਨਹੀਂ ਦੁਖੀਆਂ ਦਾ ਦੁੱਖ ਸਹਾਰ ਸਕੇ। ਇਹ ਸੰਖੇਪ ਪਦ ਕਹਿਕੇ ਗੁਰੂ ਅਮਰ ਦੇਵ ਜੀ ਦੀ ਜਗਤ ਤੜਪਨਾ ਵੇਖਕੇ ਤ੍ਰੁੱਠਣ ਦੀ ਮਿਹਰ ਵੱਲ ਇਸ਼ਾਰਾ ਹੈ। (ਅ) ਇਸ ਦਾ ਇਹ ਅਰਥ ਬੀ ਕਰਦੇ ਹਨ ਜੋ ਆਪ ਕਦੇ ਦੁਖੀ ਨਹੀਂ ਹੋਏ।

**ਖੀਨ ਮੋਹ ਭੇ ਗਜਾਨ ਪ੍ਰਬੀਨ†।**

ਖੀਨ ਮੋਹ ਭੇ ਗਜਾਨ ਪ੍ਰਬੀਨ = ਇਸ ਦਾ ਅਰਥ ਬੀ ਗੁਰੂ ਜੀ ਪਰ ਲਾਉਂਦੇ ਹਨ ਕਿ ਜਿਨ੍ਹਾਂ ਦਾ ਮੋਹ ਨਾਸ਼ ਹੋਯਾ ਤੇ ਗਜਾਨ ਵਿਚ ਪ੍ਰਬੀਨ ਹੋਏ। ਪਰ ਇਹ ਨਜੂਨੋਪਮਾ ਹੈ, ਉਹ ਸਦਾ ਨਿਰਮੋਹ ਤੇ ਸਦਾ ਗਜਾਨ ਪ੍ਰਬੀਨ ਸੇ। ਸਤਿਗੁਰੂ ਜੀ ਨੂੰ ਮਿਲਨ ਤੋਂ ਪਹਿਲਾਂ ਦੀ ਜਗਜਾਸਾ ਅਵਸਥਾ 'ਮਨੁਖ ਨਾਟ' ਸੀ ਗੁਰਸਿੱਖੀ ਦਾ ਆਦਰਸ਼ ਦਿਖਾਉਣ ਵਾਸਤੇ। †ਤੀਸਰੀ ਤੁਕ ਦਾ ਅਰਥ ਅਖੀਰ ਤੇ ਲੱਗਦਾ ਹੈ।

**ਬੀਨ ਸੁ ਅਮਰ ਗੁਰੂ ਸੁਖ ਦੀਨਿ ॥੫ ॥**

ਬੀਨ = ਦੇਖ, ਦੇਖਕੇ, ਜਿਨ੍ਹਾਂ ਨੇ ਡਿੱਠਾ ਭਾਵ ਦਰਸ਼ਨ ਕੀਤਾ। [ਫਾਰਸੀ, ਬੀਂ = ਦੇਖ]

ਅਰਥ:

ਜਿਨ੍ਹਾਂ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ (ਉਨ੍ਹਾਂ ਦੀ) ਸੇਵਾ ਕਰਕੇ (ਪਰਮ ਪਦ) ਲੀਤਾ (ਜੋ ਸਦਾ) ਪ੍ਰੇਮ ਵਿਚ ਲੀਨ ਰਹੇ (ਜਿਨ੍ਹਾਂ ਨੇ) ਕਦੇ ਨਾਂ ਦੁਖੀਆਂ ਦਾ (ਦੁਖ ਸਹਾਰਿਆ, ਐਸੇ) ਸ਼੍ਰੀ ਗੁਰੂ ਅਮਰ ਜੀ ਦੇ (ਜਿਨ੍ਹਾਂ ਦੁਖੀਆਂ ਨੇ) ਦਰਸ਼ਨ ਕੀਤੇ (ਉਨ੍ਹਾਂ ਨੂੰ ਆਪ ਨੇ) ਸੁਖ ਦਿਤੇ (ਤੇ ਉਹ) ਮੋਹ ਤੋਂ ਛੁਟਕੇ ਗਜਾਨ ਵਿਚ ਨਿਪੁਨ ਹੋ ਗਏ।

### ੫. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਦੋਹਰਾ:

**ਮਾਨਿ ਮਾਨਿ ਪਦ ਪਦਮ ਕੋ, ਪਾਨ ਜੋਰਿ ਸਨਮਾਨ।**
**ਮਾਨਸ ਮੈਂ ਹਰਿਦਾਸ ਸੁਤ, ਬਸਹੁ ਸਦਾ ਮਮ ਮਾਨ ॥੬॥**

ਮਾਨਿ = ਮਾਣ ਦੇਕੇ, ਭਾਵ ਟਿਕਾਕੇ, ਬਿਰਾਜਮਾਨ ਕਰਾਕੇ। ਆਏ ਨੂੰ ਮਾਣ ਦੇਣਾ ਹੁੰਦਾ ਹੈ ਬਿਰਾਜਮਾਨ ਕਰਾਉਣਾ। ਮਾਨਿ = ਮਨ ਵਿਚ [ਸੰਸ: ਮਾਨਸ = ਮਨ] ਮਾਨਸ = ਮਾਨ ਸਰੋਵਰ (ਅ) ਮਨ।

ਹਰਿਦਾਸ ਸੁਤ = ਸ਼੍ਰੀ ਹਰਿਦਾਸ ਜੀ ਦੇ ਸਪੁੱਤ੍ਰ ਜੋ ਸ਼੍ਰੀ ਗੁਰੂ ਰਾਮਦਾਸ ਜੀ ਸਨ। ਮਾਨ = ਮਨ ਵਿਚ, [ਸੰਸ: ਮਾਨਸ] (ਅ) ਆਦਰ। ਮਾਨਯੋਗ।

ਅਰਥ:

(ਆਪ ਦੇ) ਚਰਨਾਂ ਕਮਲਾਂ ਨੂੰ (ਆਪਣੇ) ਮਨ ਵਿਚ ਟਿਕਾਕੇ, ਆਦਰ ਨਾਲ ਹੱਥ ਜੋੜਕੇ (ਬਿਨੈ ਹੈ ਕਿ ਹੇ) ਗੁਰੂ ਰਾਮਦਾਸ ਜੀ ਮੇਰੇ ਮਨ ਰੂਪੀ ਮਾਨਸਰੋਵਰ ਵਿਚ ਸਦਾ ਵਸੋ।

ਹੋਰ ਅਰਥ:

੨ ਤੁਕ-ਹੇ ਮੇਰੇ ਮਾਨਯੋਗ ਗੁਰੂ ਰਾਮਦਾਸ ਜੀਓ! ਸਦਾ ਬਸੋ ਮੇਰੇ ਮਾਨਸ (ਮਨ) ਵਿਖੇ। (ਅ) ਹੇ ਮੇਰੇ ਮਾਨ = ਪੂਜ, ਗੁਰੂ ਭਾਵ ਇਸ਼੍ਟ ਗੁਰੂ।

ਭਾਵ:

ਆਪ ਦੇ ਚਰਨਾਂ ਦਾ ਧਿਆਨ ਤਾਂ ਜੋੜਕੇ ਟਿਕਾਕੇ ਚਿੱਤ ਰੂਪੀ ਮਾਨਸਰੋਵਰ ਵਿਚ ਮੈਂ ਕਮਲਾਂ ਵਾਂਙ ਵਸਾ ਲੈਂਦਾ ਹਾਂ, ਭਾਵ ਪ੍ਰਯਤਨ ਸਿੱਧ ਬਾਤ ਤਾਂ ਹੋ ਜਾਂਦੀ ਹੈ, ਹੁਣ ਯਾਚਨਾ ਇਹ ਹੈ ਕਿ ਆਪ ਇਸ ਦਿਲ ਨੂੰ ਸਦਾ ਦਾ ਆਪਣਾ ਨਿਵਾਸ ਬਣਾ ਲਓ ਜੋ ਸੁਭਾਵਕ ਮੇਰਾ ਮਨ ਉਸ ਰੂਪ ਅਨੂਪਮ ਦਾ ਨਿਵਾਸ ਸਥਾਨ ਬਣਕੇ ਅਨੰਦ ਮਗਨ ਰਹੇ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਸੋਰਠਾ:

ਹਰ ਹਰ ਬਿਘਨ ਬਿਕਾਰ, ਹਰਿ ਹਰਿ ਲਿਵ ਉਰ ਦੇ ਅਧਿਕ।
ਧਿਕ ਤਿਨ ਜਨ ਬਹੁ ਬਾਰ, ਗੁਰ ਅਰਜਨ ਬਚ ਪਰਹਰਹਿਂ ॥੭॥

ਅਰਥ:

ਹਰ (ਪ੍ਰਕਾਰ ਦੇ) ਵਿਘਨਾਂ ਨੂੰ ਤੇ ਹਰ (ਪ੍ਰਕਾਰ) ਦੇ ਵਿਕਾਰਾਂ ਨੂੰ ਦੂਰ ਕਰਕੇ ਹਰਿ (ਨਾਮ ਦੀ) ਵਧਵੀਂ ਲਿਵ ਦਿਲਾਂ ਵਿਚ ਦਾਨ ਕਰਨ ਵਾਲੇ, ਗੁਰੂ ਅਰਜਨ ਦੇਵ ਜੀ ਦੇ ਬਚਨਾਂ ਦਾ ਜੋ ਤਯਾਗ ਕਰਦੇ ਹਨ ਉਨ੍ਹਾਂ ਨੂੰ ਵਾਰ ਵਾਰ ਧ੍ਰਿਕਾਰ ਹੈ। (ਭਾਵ, ਵਾਹਿਗੁਰੂ ਇਸ ਭੁੱਲ ਤੋਂ ਸਭ ਨੂੰ ਬਚਾਵੇ)।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਵਿੰਦ ਜੀ-ਮੰਗਲ।

ਸੁੰਦਰ ਸ਼ੁਭਤਿ ਬਿਲੰਦ, ਮਦ ਨ ਰਹ੍ਯੋ ਮਨ ਮਦਨ ਕੇ।
ਸ਼੍ਰੀ ਹਰਿ ਗੋਵਿੰਦ ਚੰਦ, ਬੰਦਨ ਪਦ ਦੁਤਿ ਸਦਨ ਕੇ ॥੮॥

ਬਿਲੰਦ ਸੁੰਦਰ = ਡਾਢੇ ਸੁਹਣੇ। (ਅ) ਸ਼ੁਭਤ ਬਿਲੰਦ = ਬਹੁਤ ਹੀ ਸ਼ੋਭ ਰਹੇ। ਮਦ = ਮਾਨ। ਮਦਨ = ਕਾਮਦੇਵ।

ਦੁਤਿਸਦਨ = ਛਬੀ ਦਾ ਘਰ।

ਅਰਥ:

ਸ਼੍ਰੀ (ਗੁਰੂ) ਹਰਿ ਗੋਵਿੰਦ ਜੀ (ਇਤਨੇ) ਡਾਢੇ ਸੁਹਣੇ, ਸ਼ੋਭਾ ਵਾਲੇ ਤੇ ਚੰਦ (ਸਮਾਨ ਉੱਜਲ) ਹਨ ਕਿ (ਦਰਸ਼ਨ ਕਰਕੇ) ਕਾਮ (ਦੇਵਤਾ) ਦੇ ਜੀ ਵਿਚ (ਬੀ ਆਪਣੀ ਸੁੰਦਰਤਾ ਦਾ) ਮਾਨ ਨ ਰਿਹਾ, ਉਹਨਾਂ ਦੇ ਚਰਣ (ਕਵਲ) ਛਬੀ ਦਾ ਘਰ ਹਨ (ਜਿਨ੍ਹਾਂ ਨੂੰ ਮੈਂ) ਬੰਦਨਾਂ ਕਰਦਾ ਹਾਂ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

ਕਰੇ ਰੰਕ ਤੇ ਰਾਇ, ਸੇਵਕ ਸੇਵਤਿ ਪਾਸ ਜੇ।
ਸ਼੍ਰੀ ਸਤਿਗੁਰ ਹਰਿਰਾਇ, ਹਤੀ ਦੁਖਦ ਜਮ ਪਾਸ ਜੇ ॥੯ ॥

ਕਰੇ ਰੰਕ ਤੇ ਰਾਇ = ਕੰਗਾਲੋਂ ਰਾਜੇ ਬਣਾ ਦਿੱਤੇ। ਕੰਗਾਲੋਂ ਰਾਜੇ ਕੀਤਾ।

ਜਮਪਾਸ = ਜਮ ਦੀ ਫਾਹੀ।

ਅਰਥ:

ਸ਼੍ਰੀ ਸਤਿਗੁਰੂ ਹਰਿਰਾਇ ਜੀ ਨੇ (ਆਪਣੇ) ਸੇਵਕਾਂ ਨੂੰ, ਜਿਨ੍ਹਾਂ ਨੇ ਪਾਸ ਰਹਿਕੇ ਸੇਵਾ ਕੀਤੀ, ਕੰਗਾਲੋਂ ਰਾਜੇ ਬਣਾ ਦਿੱਤਾ, (ਅਤੇ) ਜੋ ਜਮ ਦੀ ਦੁਖਦਾਈ ਫਾਹੀ ਹੈ (ਤਿਸ ਨੂੰ ਬੀ) ਤੋੜ ਦਿੱਤਾ (ਉਹ ਮੈਨੂੰ ਬੀ ਜਮ ਫਾਸ ਤੋਂ ਰੱਖ ਲੈਣ)।

ਹੋਰ ਅਰਥ:

ਕੰਗਾਲਾਂ ਨੂੰ ਰਾਜੇ ਬਣਾ ਦਿੱਤਾ, ਤੇ ਜਿਨ੍ਹਾਂ ਸੇਵਕਾਂ ਨੇ ਨਿਕਟ ਵਰਤੀ ਹੋ ਕੇ ਸੇਵਾ ਕੀਤੀ ਉਹਨਾਂ ਨੂੰ ਮੁਕਤੀ ਦਾਨ ਦਿੱਤਾ ਭਾਵ: ਭੋਗ ਤੇ ਮੋਖ ਦੋਵੇਂ ਦਾਨ ਦਿੱਤੇ।

੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੇਹਿ ਅਵਸਥਾ ਬਾਲ, ਬਡੇ ਗੁਨਨਿ ਮਹਿਂ ਅਵਤਰੇ।
ਤਰੇ ਸੇਵ ਨਰ ਬਾਲ, ਸ਼੍ਰੀ ਹਰਿ ਕ੍ਰਿਸ਼ਨ ਸੁਜਸ ਕਰੇ ॥੧੦॥

ਬਾਲ = ਬਾਲਿਕ ਅਵਸਥਾ। ਸੇਵ = ਸੇਵਕ।

ਬਾਲ = ਇਸਤ੍ਰੀ, [ਸੰਸ: ਬਾਲਾ]

ਅਰਥ:

ਸ਼੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਦੀ) ਸਰੀਰਕ ਅਵਸਥਾ ਤਾਂ ਬਾਲਕ (ਹੈ, ਪਰ ਆਪ) ਗੁਣਾਂ ਵਿਚ ਵਡੇ (ਤੇ ਧੁਰ ਤੋਂ) ਅਵਤਾਰ ਹੋਏ ਹਨ। (ਕੀਹ) ਮਰਦ (ਕੀਹ) ਤ੍ਰੀਮਤ ਆਪ ਦਾ ਜਸ ਕਰਨ ਵਾਲੇ ਸਾਰੇ (ਹੀ) ਸੇਵਕ ਤਰ ਗਏ ਹਨ।

ਹੋਰ ਅਰਥ:

(੧) (ਗੁਰੂ ਹਰਿ ਕ੍ਰਿਸ਼ਨ ਜੀ ਦੀ) ਦੇਹ ਦੀ ਅਵਸਥਾ ਤਾਂ ਬਾਲਕ ਹੈ, ਪਰ ਗੁਣਾਂ ਵਿਚ ਅਵਤਾਰਾਂ ਤੋਂ ਵੀ ਵਡੇ ਹਨ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਧਰਮ ਜਗਤ ਰਖਿ ਲੀਨਿ, ਤ੍ਰਿਣ ਸਮ ਅਪਨੋ ਦੀਨਿ ਸਿਰ।
ਸਿਰਰ ਨ ਦੀਨਿ ਪ੍ਰਬੀਨ, ਤੇਗ ਬਹਾਦੁਰ ਧੀਰ ਗੁਰ ॥੧੧॥

ਤ੍ਰਿਣ = ਤਿਨਕਾ। ਸਿਰਰ = ਗੁੱਝਾ ਭੇਦ [ਅ: ਸੱਰ] ਯਥਾ-ਸੀਸ ਦੀਆ ਪਰ ਸਿਰਰ ਨ ਦੀਆ [ਸ਼੍ਰੀ ਮੁਖਵਾਕ ਪਾਤਸ਼ਾਹੀ ੧੦ ਬਚਿੱਤ੍ਰ ਨਾਟਕ] (ਅ) ਪੰਜਾਬੀ ਸਿਰਰ = ਹਠ, ਧਾਰਨ ਕੀਤਾ ਧਰਮ।

ਪ੍ਰਬੀਨ = ਲਾਇਕ, ਭਾਵ ਆਤਮ ਵਿਦਯਾ ਵਿਚ ਨਿਪੁੰਨ। ਧੀਰ = ਜੋ ਕਿਸੇ ਹਾਲਤ ਵਿਚ ਦਿਲ ਨੂੰ ਹਿੱਲਣ ਨਾ ਦੇਵੇ ਤੇ ਦਾਨਾਈ ਨੂੰ ਹੱਥੋਂ ਜਾਣ ਨ ਦੇਵੇ। ਧੀਰਜੀ ਤੇ ਦਾਨਾ।

ਅਰਥ:

(ਸ਼੍ਰੀ ਸਤਿ) ਗੁਰੂ ਤੇਗ ਬਹਾਦਰ ਜੀ (ਬੜੇ) ਧੀਰ ਤੇ ਪ੍ਰਬੀਨ ਹਨ (ਜਿਨ੍ਹਾਂ ਨੇ ਆਪਣਾ) ਸਿਰਰ ਨਹੀਂ ਦਿੱਤਾ (ਪਰ) ਜਗਤ ਵਿਖੇ ਧਰਮ ਨੂੰ ਰੱਖ ਲਿਆ (ਇਸ ਰਖਿਆ ਵਿਚ ਚਾਹੇ) ਆਪਣਾ ਸਿਰ (ਦੇਣਾ ਪਿਆ ਜੋ ਉਨ੍ਹਾਂ ਨੇ) ਤਿਣਕ ਸਮਾਨ ਦੇ ਦਿੱਤਾ।

ਹੋਰ ਅਰਥ:

ਆਪਣੇ ਸਿਰ ਨੂੰ (ਇਨ੍ਹਾਂ ਸੁਖੈਨ) ਦਿਤਾ ਜਿਵੇਂ ਤਿਣਕਾ (ਪਰ) ਆਪਣਾ ਭੇਦ ਨਹੀਂ ਦਿੱਤਾ। (ਐਸਾ ਕਰਨ ਵਿਚ) ਜਗਤ ਵਿਚ ਧਰਮ ਨੂੰ ਰੱਖ ਲਿਆ। (ਤਾਂ ਤੇ) ਆਪ ਸ਼੍ਰੀ ਗੁਰੂ ਤੇਗ ਬਹਾਦਰ ਜੀ (ਬੜੇ) ਧੀਰ ਤੇ ਪ੍ਰਬੀਨ (ਦਾਤੇ) ਹਨ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਵਿੰਦ ਸਿੰਘ ਜੀ-ਮੰਗਲ।

ਸ੍ਵੈਯਾ:

ਜੋ ਜਗ ਮੈਂ ਤਨ ਹਿੰਦੁ ਅਹੈਂ, ਸਭਿ ਪੈ ਉਪਕਾਰ ਬਿਸਾਲ ਕਰਜੋ।
ਮਾਨਹਿਂ ਜੇ ਨ, ਅਘੀ ਨਹਿਂ ਕੋ ਸਮ, ਜਾਇ ਨਿਰੈਪਦ† ਬੀਚ ਪਰਜੋ।
ਬੀਰ ਬਲੀ ਗੁਰ ਗੋਬਿੰਦ ਸਿੰਘ, ਮਹਾਂ ਤੁਰਕਾਨ ਕੋ ਤੇਜ ਹਰਜੋ।
ਹਿੰਦ ਥਿਰਜੋ, ਬਡ ਜੰਗ ਜੁਰਜੋ, ਭਟ ਬ੍ਰਿੰਦ ਮਰਜੋ, ਰਸ ਬੀਰ ਭਰਜੋ ॥੧੨॥

ਤਨ ਹਿੰਦੁ = ਸਰੀਰ ਦਾ ਹਿੰਦੂ, ਹਿੰਦੂ ਜਨਮ ਹੈ।

ਨਿਰੈਪਦ = ਨਰਕ ਦਾ ਟਿਕਾਣਾ (ਅ) ਪੂਯੋਦ (ਨਾਮੇ) ਨਰਕ (ਵਿਚ) [ਸੰਸ: ਨਿਰਯ = ਨਰਕ। ਪੂਯੋਦ = ਜਿਥੇ ਗੰਦਾ ਪਾਣੀ ਹੋਵੇ (ਸੋ ਨਰਕ)]

†ਪਦ = ਪੈਰ, ਪੈਖੜ, ਜਗਾ, ਟਿਕਾਣਾ, ਦਰਜਾ, ਪਦਵੀ, ਲਫਜ਼, ਫਿਕਰਾ, ਛੰਦ ਦਾ ਹਿੱਸਾ ਆਦਿ।

ਹਿੰਦੁ ਥਿਰਯੋ = ਹਿੰਦੂ ਧਰਮ ਥਿਰ ਰਹਿ ਗਿਆ, ਬਚ ਗਿਆ। ਭਟ = ਸੂਰਮੇ।

ਅਰਥ:

ਜਗਤ ਵਿਖੇ ਜੋ ਬੀ ਹਿੰਦੂ ਜਨਮ ਦੇ ਹੈਨ ਸਭ ਤੇ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਬੜਾ ਉਪਕਾਰ ਕੀਤਾ ਹੈ (ਪਰ) ਜੇ (ਕੋਈ ਉਹਨਾਂ ਵਿਚੋਂ) ਨਾ ਮੰਨੇ (ਤਾਂ ਉਸ ਦੇ) ਵਰਗਾ ਕੋਈ ਪਾਪੀ ਨਹੀਂ (ਉਹ) ਜਾ ਕੇ ਨਰਕ ਵਿਚ ਪਏਗਾ।

(ਸ਼੍ਰੀ) ਗੁਰੂ ਗੋਬਿੰਦ ਸਿੰਘ ਜੀ (ਬੜੇ) ਬਲੀ ਤੇ ਬੀਰ (ਹੋਏ ਹਨ ਜਿਨ੍ਹਾਂ ਨੇ) ਤੁਰਕਾਂ ਦੇ ਬੜੇ ਤੇਜ ਨੂੰ ਨਾਸ਼ ਕੀਤਾ (ਚਾਹੋ) ਬੜਾ ਜੰਗ ਮਚਾਉਣਾ ਪਿਆ (ਤੇ ਉਸ ਵਿਚ) ਸਮੂਹ ਸੂਰਮੇ ਮਰੇ (ਪਰ) ਹਿੰਦੂ (ਧਰਮ) ਨੂੰ ਬਚਾ ਦਿਤਾ (ਤੇ ਸਿੱਖ ਧਰਮ ਵਿਚ) ਬੀਰ ਰਸ ਭਰ ਦਿਤਾ।

## ੧੨. ਸਮਸਤ ਗੁਰ ਮੰਗਲ ਤੇ ਬਿਨਯ।

ਦੋਹਰਾ:

ਆਗੇ ਦਸ ਪਤਿਸ਼ਾਹ ਕੇ, ਸਿਖ ਸੰਗਤ ਗੁਰ ਦਾਸ।
ਨਮਸਕਾਰ ਮੇਰੀ ਸਭਿਨਿ, ਸੁਨਹੁ ਇਹੀ ਅਰਦਾਸ ॥੧੩॥
ਸਤਿਗੁਰ ਚਰਨ ਸਰੋਜ ਕੋ, ਮਾਨਸ ਮਾਨਸ ਹੋਇ।
ਮਾਨਸ ਜਨਮ ਸਕਾਰਥਾ, ਮਾਨਸ ਤਰ ਹੈ ਸੋਇ ॥੧੪॥

ਗੁਰਦਾਸ = ਗੁਰੂ ਜੀ ਦੇ ਸੇਵਕ। ਸਰੋਜ = ਕਵਲ।

ਮਾਨਸ = ਮਾਨ ਸਰੋਵਰ। ਮਾਨਸ = ਮਨ।

ਮਾਨਸ ਜਨਮ = ਮਨੁੱਖ ਜਨਮ। [ਸੰਸ: ਮਾਨੁਖ਼] ਮਾਨਸ = ਮਾਨ ਸਹਤ।

ਅਰਥ:

ਦਸੋ ਪਾਤਿਸ਼ਾਹਾਂ (ਗੁਰੂ ਸਾਹਿਬਾਂ ਤੇ ਉਨ੍ਹਾਂ) ਦੇ ਸਿਖ ਸੰਗਤਾ (ਤੇ ਸਭਨਾਂ) ਗੁਰੂ ਜੀ ਦੇ ਦਾਸਾਂ ਅਗੇ ਨਮਸਕਾਰ ਕਰਕੇ (ਬਿਨੇ ਕਰਦਾ ਹਾਂ ਕਿ) ਮੇਰੀ ਇਹੋ ਅਰਦਾਸ ਸੁਣੋ (ਕਿ) ਮੇਰਾ ਮਨ ਮਾਨ ਸਰੋਵਰ ਹੋਵੇ ਅਤੇ ਸਤਿਗੁਰੂ ਜੀ ਦੇ ਚਰਣ (ਉਸ ਵਿਚ) ਕਮਲਾਂ ਸਮਾਨ ਹੋਣ (ਜਿਸ ਨਾਲ ਕਿ ਮੇਰਾ) ਮਾਨੁੱਖਾ ਜਨਮ ਸਫਲ ਹੋਵੇ (ਤੇ ਮੈਂ) ਮਾਨ ਸਹਤ (ਇਸ ਭੌਜਲ ਨੂੰ) ਤਰ ਜਾਵਾਂ।

ਹੋਰ ਅਰਥ:

(ਚੌਥੀ ਤੁਕ) (ਮੇਰਾ) ਮਨੁਖਾ ਜਨਮ ਸਫਲ ਹੋਵੇ, (ਕਿਉਂਕਿ ਸੋਇ =) ਉਹ (ਸਤਿਸੰਗਤ) (ਮਾਨਸਤਰੁ =) ਕਲਪ ਬ੍ਰਿੱਛ ਹੈ।

ਚੌਪਈ:

ਸਭਿ ਸੰਤਨ ਕੋ ਕਰਿ ਕਰਿ ਬੰਦਨ।
ਕਹੂੰ ਕਥਾ ਸਭਿ ਬਿਘਨ ਨਿਕੰਦਨ।
ਤੀਨ ਰਾਸਿ ਮੈਂ ਪੂਰਨ ਕਰੀ।
ਕਥਾ ਗੁਰਨਿ ਕੀ ਸੁੰਦਰ ਧਰੀ ॥੧੫॥

ਅਰਥ:

ਸਮੂਹ ਸੰਤਾਂ ਨੂੰ ਬੰਦਨਾ ਕਰ ਕਰ (ਮੈਂ ਹੁਣ) ਸਾਰੇ ਬਿਘਨਾਂ ਦੇ ਨਾਸ਼ ਕਰਨ ਵਾਲੀ (ਅੱਗੋਂ ਦੀ ਕਥਾ) ਕਹਿੰਦਾ ਹਾਂ। (ਅੱਗੇ) ਮੈਂ ਤਿੰਨ ਰਾਸਾਂ ਪੂਰਨ ਕੀਤੀਆਂ ਹਨ। (ਜਿਨ੍ਹਾਂ ਵਿਖੇ) ਗੁਰਾਂ ਦੀ ਸੁੰਦਰ ਕਥਾ (ਸੁਆਰ ਕੇ) ਧਰੀ ਹੈ।

[ਮੰਗਲ ਸਮਾਪਤ ॥ ]

[ਸ੍ਰੀ ਸਤਿਗੁਰਾਂ ਦੀ ਕਥਾ ਦਾ ਆਰੰਭ]

ਪੂਛਨੋ ਸਭਿ ਸਿੱਖਨ ਹਿੱਤ ਕਰਿ ਕੈ।
'ਕਥਾ ਗੁਰਨਿ ਕੀ ਕਹੋ ਬਿਚਰਿ ਕੈ।'
ਰਾਮ ਕੁਇਰ ਸੋ ਸਕਲ ਉਚਾਰੀ।
ਸੁੰਦਰ ਬਿਧਿ ਜੁਤਿ ਬਹੁ ਬਿਸਤਾਰੀ ॥੧੬॥
ਤਿਸ ਪ੍ਰਸੰਗ ਤੇ ਸਿੱਖਨਿ ਕਥਾ।
ਜਥਾ ਹੁਤੀ ਗਨ ਬਰਨੀ ਤਥਾ[1]।

[1]ਭਾਵ ਭਾਈ ਰਾਮ ਕੌਰ ਜੀ ਦੇ ਪ੍ਰਸੰਗ ਤੋਂ (ਲੈਕੇ) ਸਿੱਖਾਂ ਦੀ ਕਥਾ ਜਿਸ ਤਰ੍ਹਾਂ ਦੀ ਉਹ ਹੈਸੀ (ਮੈਂ) ਸਾਰੀ ਵਰਣਨ ਕਰ ਦਿੱਤੀ ਹੈ।

ਸਭਿ ਸਿੰਘਨਿ ਕੋ ਅਧਿਕ ਰਿਝਾਵਾ।
ਉਰ ਸੰਬੂਹਨਿ ਚਾਵ ਬਧਾਵਾ ॥੧੭॥
ਕਥਾ ਸੁਨਨਿ ਪਰ ਮਨ ਰੁਚਿ ਜਾਗੀ।
ਗੁਰ ਪਗ ਪੰਕਜ ਕੇ ਅਨੁਰਾਗੀ।
ਸਭਿਨਿ ਸੁਜਸੁ ਕੋ ਬਰਨਨ ਕੀਨਾ।
'ਰਾਮਕੁਇਰ ਸਰਬੱਗਜ ਪ੍ਰਬੀਨਾ! ॥੧੮॥
ਭੂਤ ਭਵਿੱਖਜਤ ਕੇਰਿ ਬ੍ਰਿਤਾਂਤ।
ਹਸਤਾਮਲ ਸਮ ਜਿਸ[1] ਉਰ ਗਜਾਤ।

[1]ਜਿਸ (ਬ੍ਰਿਤਾਂਤ ਦੀ) ਗਜਾਤ (ਆਪ ਦੇ) ਦਿਲ ਵਿਚ ਹੈ।

ਕਥਾ ਸੁਨਾਇ ਅਨੰਦ ਬਿਲੰਦੇ।
ਬ੍ਰਿਧ ਕੋ ਬੰਸ ਉਦਧਿ ਤੁਮ ਚੰਦੇ ॥੧੯॥
ਜਾਤਿ ਅਖੇਰ ਨਿਤਾਪ੍ਰਤਿ ਬਾਹਰ।
-ਦਰਸੋ ਨਿਤ- ਕਲਗੀਧਰ ਜ਼ਾਹਰ।
ਅਵਚਲ ਨਗਰ ਜਾਤਿ ਗੁਰ ਕਹਜੋ।
ਸੰਗ ਨ ਤਜਾਗਤਿ ਜਬਿ ਚਿਤ ਲਹਜੋ[1] ॥੨੦॥

[1]ਜਦ ਦਸ਼ਮੇਸ਼ ਪਿਤਾ ਜੀ ਨੇ ਚਿਤ ਵਿਚ ਜਾਣਿਆਂ ਸਾਡਾ ਸੰਗ ਨਹੀਂ ਛੱਡਦਾ।

-ਹਮਰੇ ਦਰਸ਼ਨ ਕੋ ਨਿਤ ਚਾਹਤਿ।
ਇਸ ਹਿਤ ਚਲਿਬੇ ਸਾਥ ਉਮਾਹਤਿ[1]।

[1]ਸਾਥ ਚੱਲਣ ਨੂੰ ਉਤਸ਼ਾਹ ਕਰਦਾ ਹੈ।

ਯਾਂ ਤੇ ਤੋਰ ਮਨੋਰਥ ਜੋਈ।
ਸਦਨ ਬਸਹੁ ਪੂਰਹਿਂ[1] ਹਮ ਸੋਈ ॥੨੧॥

[1]ਪੂਰਨ ਕਰਾਂਗੇ।

ਵਹਿਰ ਅਖੇਰ ਚਢਹੁ ਤਹਿਂ ਦਰਸਹੁ।
ਜਥਾ ਸੰਗ ਤੈਸੇ ਇਤ[1] ਪਰਸਹੁ-।
ਯਾਂ ਤੇ ਤੁਮ ਕੋ ਦਰਸ਼ਨ ਦੇਤਿ।
ਸ਼੍ਰੀ ਗੋਬਿੰਦ ਸਿੰਘ ਗਜਾਨ ਨਿਕੇਤ ॥੨੨॥
ਸਿੰਘ ਤੁਮਾਰੋ ਦਰਸ਼ਨ ਕਰਿਹੀਂ।
ਜਨਮ ਸਕਾਰਥ ਕੇ ਅਨੁਸਰ ਹੀ[1]।
ਦੂਸਰ ਗੁਨ ਤੁਮ ਕਥਾ ਸੁਨਾਵਹੁ।
ਸਤਿਗੁਰ ਗੁਨ ਗਨ ਬਰਨ ਰਿਝਾਵਹੁ ॥੨੩॥
ਤੁਮ ਹੋ ਧੰਨ ਸਦਾ ਜੁਗ ਲੋਕ।
ਹਮ ਭੀ ਧੰਨ ਜਿ ਦਰਸ ਬਿਲੋਕਿ[1]।
ਇਹ ਰਾਵਰ ਕੋ ਬਡ ਉਪਕਾਰਾ।
ਕਥਾ ਸੁਨਾਈ ਕਰਿ ਵਿਸਤਾਰਾ ॥੨੪॥
ਅਬਿ ਆਗਲ ਇਤਿਹਾਸ ਬਖਾਨਹੁ।
ਹਰਿਗੁਬਿੰਦ ਜਿਮ ਉਤਸਵ ਠਾਨਹੁ।
ਸ਼੍ਰੀ ਅਰਜਨ ਜਿਮ ਕੀਨਿ ਚਲਾਨੋ।
ਕਰਿ ਚੰਦੂ ਕੋ ਚਲਨ ਬਹਾਨੋ[1] ॥੨੫॥
ਸਕਲ ਕਥਾ ਬਿਸਤਾਰ ਸੁਨਾਵਹੁ।
ਹਮਹਿ ਨਿਹਾਲ ਕਰਹੁ ਹਰਖਾਵਹੁ।'
ਇਮ ਸਿੰਘਨਿ ਕੀ ਸੁਨਿ ਕਰਿ ਬਿਨੈ।
ਰਾਮਕੁਇਰ ਗਨ ਆਨੰਦ ਸਨੈ ॥੨੬॥
ਸ਼੍ਰੋਤਨਿ ਕੋ ਬਹੁ ਭਾਂਤਿ ਸਰਾਹਜੋ।
ਜਿਨ ਬਹੁ ਸਿੱਖੀ ਧਰਮ ਨਿਬਾਹਜੋ।
'ਜਨਮ ਸਫਲ ਅਪਨੋ ਕਰਿ ਲੀਨਸਿ।
ਕਥਾ ਸੁਨਨਿ ਪਰ ਚਿਤ ਹਿਤ ਦੀਨਸਿ ॥੨੭॥
ਤੁਮਰੇ ਉਰ ਕੋ ਨਿਸ਼ਚਾ ਹੇਰੇ।
ਅਧਿਕ ਅਨੰਦ ਉਮਗਤੋ ਮੇਰੇ।
ਰੁਚਿ ਅਨੁਸਾਰ ਕਹੋਂ ਇਤਿਹਾਸਾ।
ਸਰਬ ਖਾਲਸਾ ਸ਼ੁਭ ਸਭਿ ਪਾਸਾ ॥੨੮॥
ਸ਼੍ਰੀ ਅਰਜਨ ਕੋ ਸੁਨਹੁ ਚਲਾਨਾ।

[1]ਇਥੇ ਹੀ।

[1]ਭਾਵ, ਜਨਮ ਨੂੰ ਸਫਲਾ ਕਰਦੇ ਹਨ।

[1]ਆਪ ਦਾ) ਦਰਸ਼ਨ ਦੇਖਿਆ ਹੈ।

[1]ਆਪਣੇ ਸੰਸਾਰ ਤੋਂ) ਚਲੇ ਜਾਣ ਦਾ ਬਹਾਨਾ ਚੰਦੂ ਨੂੰ ਬਣਾਕੇ।

ਪੁਨ ਸ਼੍ਰੀ ਹਰਿਗੋਬਿੰਦ ਅੱਖਜਾਨਾ[1]।
ਪੂਰਬ ਬਜਾਹ ਹੋਨਿ ਕੀ ਕਥਾ।
ਬਰਨਨ ਕਰੌਂ ਭਈ ਬਿਧਿ[†] ਜਥਾ ॥੨੯॥
ਤੁਰਕੇਸ਼ੁਰ ਕੇ ਸੰਗ ਮਿਲਾਪਨਿ।
ਚੰਦੂ ਪਾਪੀ ਕੋ ਪੁਨਿ ਖਾਪਨ।
ਦਿੱਲੀਪਤ ਕੇ ਰਹਿਬੋ ਸੰਗ।
ਬਿਗਰ ਪਰੇ ਤਬਿ ਜੁਟੇ ਜੰਗ ॥੩੦॥
ਸੈਨਾ ਤੁਰਕਨਿ ਕੀ ਗਨ ਘਾਈ।
ਬਚੇ ਸੂਰ ਸੇ ਗਏ ਪਲਾਈ।
ਦੇਸ਼ ਮਾਲਵੇ ਮਹਿਂ ਗੁਰ ਗਏ।
ਅਨਿਕ ਬਿਲਾਸ ਕਰਤਿ ਤਹਿਂ ਭਏ ॥੩੧॥
ਇੱਤਜਾਦਿਕ ਸਤਿਗੁਰ ਕੀ ਕਥਾ।
ਭਈ ਜਥਾ ਮੈਂ ਬਰਨੌਂ ਤਥਾ।
ਮਹਾਂ ਮਹਾਤਮ ਸੁਨਿਬੇ ਕੇਰਾ।
ਸ਼ਰਧਾ ਸਹਤ, ਨ ਹੁਇ ਜਗ ਫੇਰਾ ॥੩੨॥
ਸਤਿਗੁਰ ਕੋ ਪਦ ਪੰਕਜ ਪ੍ਰੇਮੁ।
ਵਧਹਿ, ਦੇਤਿ ਜੋ ਜੋਗ ਸੁ ਛੇਮੁ[1]।
ਸੁਤ ਬਿਤ ਆਦਿ ਕਾਮਨਾ ਜੋਈ।
ਸ਼੍ਰੋਤਨਿ ਕੋ ਸਭਿ ਦੇਵਤਿ ਸੋਈ ॥੩੩॥
ਦੇਹਿ ਅਰੋਗ, ਰੋਗ ਕੋ ਘਾਤਕ।
ਅਨਿਕ ਭਾਂਤਿ ਕੇ ਪਾਤਕ ਹਾਤਕ।
ਮ੍ਰਿਤਕ ਪਿਛਾਰੀ ਬਰਨੰ ਜੋਇ[1]।
ਤਿਹ ਪਰਲੋਕ ਬਿਖੈ ਗਤਿ ਹੋਇ ॥੩੪॥
ਸੰਕਟ ਸਕਲ ਨਾਸ਼ ਕੋ ਕਰਤਾ।
ਮਹਾਂ ਧਰਮ ਕੋ ਉਰ ਮਹਿਂ ਧਰਤਾ।
ਸ਼ਰਧਾ ਕਰਿ ਜੋ ਸੁਨੈ ਸੁਨਾਵੈ।
ਅੰਤ ਸਮੇਂ ਗੁਰੁ ਤੇ ਗਤਿ ਪਾਵੈ' ॥੩੫॥

[1]ਪ੍ਰਸੰਗ, ਕਥਾ।
[†]ਪਾ:-ਜਬ।
[1]ਜੋਗ ਤੇ ਖੇਮ = ਅੱਪ੍ਰਾਪਤਿ ਦੀ ਪ੍ਰਾਪਤੀ ਤੇ ਪ੍ਰਾਪਤੀ ਦੀ ਰੱਖਯਾ।
[1]ਮਰ ਗਏ ਸਿੱਖ ਦੇ ਪਿਛੋਂ (ਕਥਾ) ਕਹੇਗਾ ਜੋ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮੰਗਲਾ ਚਰਨ' ਪ੍ਰਸੰਗ ਬਰਨਨੰ ਨਾਮੁ ਪ੍ਰਥਮੋਂ ਅੰਸੂ ॥੧॥

## ੨. [ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਸੁਨਹੁ ਕਥਾ ਸਵਧਾਨ ਹ੍ਵੈ, ਸ਼੍ਰੋਤਾ ਸਿਖ ਸਮੁਦਾਇ।
ਵਧਹਿ ਬਖੇਰਾ ਜਾਂਹਿ ਤੇ ਮਿਲਨਿ ਤੁਰਕ[1] ਬਨਿਆਇ ॥੧॥

[1]ਤੁਰਕ ਨਾਲ ਮਿਲਨਾ।

ਸ੍ਵੈਯਾ:

ਰਾਜ ਕਰੈ ਸਗਰੀ ਛਿਤ ਕੋ[1]
ਜਿਨ ਆਇਸੁ ਮੇਟਿ ਸਕਹਿ ਨਹਿਂ ਕੋਊ।
ਦੀਰਘ ਕੋਟ ਚਮੂ ਜਿਸ ਪੈ,
ਨ ਮਵਾਸਿ ਰਹਯੋ ਅਸ ਭਾਖਹਿ ਜੋਊ।
ਭੂਪਤਿ ਪੂਰਬ ਦੱਛਨ ਕੋ
ਪੁਨ ਪੱਛਮ ਕੇ ਨ੍ਰਿਪ ਸੈਲ ਜਿ[1] ਹੋਊ।
ਆਨ[1] ਕੋ ਮਾਨਿ ਕੈ, ਡਾਨੁ[2] ਕੋ ਦੇਤਿ,
ਕਿ ਸੇਵ ਕਰੈਂ ਰਹਿਂ ਹਾਜਰ ਸੋਊ ॥੨॥

[1]ਭਾਵ ਸਾਰਾ ਉਤਰੀ ਹਿੰਦੁਸਤਾਨ ਤੇ ਅਫਗਾਨਿਸਤਾਨ ਆਦਿ।

[1]ਪਹਾੜੀ ਰਾਜੇ।

[1]ਈਨ। [2]ਡੰਡ, ਡੰਨ।

ਕਬਿੱਤ:

ਦਿੱਲੀਪਤਿ ਭਯੋ ਜਹਾਂਗੀਰ ਜਿਸ ਨਾਮ ਕਹੈਂ
ਅਧਿਕ ਪ੍ਰਤਾਪ ਤੁਰਕੇਸ਼ਰ ਕੋ ਜਾਨਿਯੇ।
ਕੋਸ਼ ਮੈਂ ਦਰਬ ਮਹਾਂ ਦੇਤਿ ਲੇਤਿ ਜਹਾਂ ਕਹਾਂ
ਅਪਰ ਸਮਾਜ ਕਹਾਂ ਗਿਨਿਬੇ ਮੈਂ ਆਨਿਯੇ।
ਚਾਰੋਂ ਦਿਸ਼ਿ ਮਾਂਹਿ ਤ੍ਰਾਸ ਜੁੱਧ ਤੇ ਨਿਰਾਸ ਭਏ
ਹਾਥ ਬੰਦਿ ਆਨਿ ਪਾਸਿ ਜੀਵਨਿ ਕੋ ਠਾਨਿਯੇ[1]।
ਰੰਕ ਦੇਹਿ ਰਾਜਾ ਕਰਿ, ਰਾਜਾ ਕੋ ਬਨਾਵੈ ਰੰਕ
ਐਸੋ ਪਾਤਿਸ਼ਾਹਿ ਭਯੋ ਐਸ਼੍ਵਰਜ ਮਹਾਨਿਯੇ ॥੩॥

[1]ਗੁਜ਼ਰਾਨ ਕਰਦੇ ਹਨ।

ਕਬਿੱਤ:

ਤਾਂ ਕੋ ਹੈ ਦਿਵਾਨ ਏਕ ਚੰਦੂ ਨਾਮ ਅਬਿਬੇਕ[1]
ਗੁਰੂ ਪਰਮੇਸ਼੍ਵਰ ਮਹਾਤਮ ਨ ਜਾਨਈ।
ਮਾਯਾ ਮਦ ਮਾਤੋ, ਮੂਢ ਕੁਮਤਿ ਅਰੂਢ ਰਹੈ,

[1]ਮੂਰਖ।

ਹੁਕਮ ਚਲਾਵਤਿ ਹੰਕਾਰ ਕੈ ਮਹਾਨਈ।
ਪਾਤਸ਼ਾਹੀ ਲੋਕ ਸਭਿ ਮਾਨੈ ਆਨ ਠਾਨੈ ਨਮੋ,
ਚਾਹੈ ਜਿਮ ਕਰੈ ਤਿਮ ਦੇਸ਼ ਜਿਸ ਮਾਨਈ।
ਏਕ ਸੁਤਾ ਭਈ ਤਾਂ ਕੋ ਨਾਮ ਰਾਖ੍ਯੋ ਸਦਾ ਕੌਰ
ਕਲਹਾਵਤਰੀ ਦੋਨੋ ਲੋਕ ਪਿਤ ਹਾਨਈ[1] ॥੪॥

[1]ਲੜਾਈਂ ਨੇ ਜਨਮ ਲਿਆ ਹੈ (ਮਾਨੋਂ) ਤੇ ਲੋਕ ਪ੍ਰਲੋਕ ਪਿਤਾ ਦਾ ਹਾਨ ਕਰਨ ਵਾਲੀ ਹੈ।

ਕਬਿੱਤ:
ਸਾਤਮੇ ਬਰਖ ਬਿਖੈ ਸੁਤਾ ਜਬਿ ਹੇਰੀ ਨਿਜ
-ਕਰੋਂ ਸਨਬੰਧ ਕਹੂੰ- ਐਸੇ ਮਨ ਆਨਿਓ।
ਬਿੱਪ੍ਰ ਕੋ ਬੁਲਾਯੋ ਸਮਝਾਯੋ ਮਿਲਿ ਦੰਪਤਿ ਨੇ
'ਸੰਪਤਿ† ਹਮਾਰੇ ਸਮ ਸਦਨ ਮਹਾਂਨਿਓ।
ਊਚੀ ਕੁਲ ਹੋਇ, ਲੇਹੁ ਬ੍ਰਿੰਦ ਪੁਰਿ ਜੋਇ ਤੁਮ,
ਸੁੰਦਰ ਸਰੂਪ ਬਰ ਖੋਜੋ ਸਭਿ ਥਾਨਿਓ।
ਤੀਨੋ[1] ਹ੍ਵੈ ਇਕੱਤ੍ਰ ਤੌ ਬਚਿੱਤ੍ਰ ਬਾਤਿ ਜਾਨੋ ਮਨ,
ਆਲਸ ਨ ਕੀਜੈ ਫਿਰਿਬੇ ਕੋ ਹਿਤ ਠਾਨਿਓ ॥੫॥

†ਪਾ:-ਉੱਤਮ।

[1]ਪਿੱਛੇ ਕਹੇ ਤਿੰਨੇ, ਸੰਪਤ ਵਾਲਾ ਘਰ, ਉਚੀ ਕੁਲ ਤੇ ਵਰ ਸੁੰਦਰ।

ਕਬਿੱਤ:
ਹਮ ਸਮ ਧਨੁ ਹੋਇ, ਊਚੋ ਬੰਸ ਸ਼ੁੱਧ ਹੋਇ,
ਸੁੰਦਰ ਸਰੂਪ ਹੋਇ ਬਹੁ ਦੇਖਿ ਲੀਜੀਏ।
ਦੇਸ਼ਨਿ ਬਿਦੇਸ਼ ਬਿਖੈ ਬਿਚਰੋ ਬਿਸ਼ੇਸ਼ ਕਰਿ,
ਹੇਰਹੁ ਅਸ਼ੇਸ਼ ਜੇ ਨਰੇਸ਼ ਬੇਸ਼ ਕੀਜੀਏ[1]।

[1]ਬੇਸ-) ਵਧੀਆ ਰਾਜੇ ਦੇਖਣ ਦਾ (ਕੰਮ) ਕੀਜੀਏ। (ਅ) ਜੋ ਰਾਜਿਆਂ ਨੇ ਭੇਸ ਕੀਤੇ ਹਨ ਸਾਰੇ ਦੇਖੋ। (ੲ) ਏਸ = ਵਾਸ, ਵਸੇਬਾ ਭਾਵ ਰਜਾਸਤਾਂ ਵਿਚ ਦੇਖਣਾ ਕਰੋ।

ਕਾਹੂ ਕਾਮਦਾਰ[1] ਹੋਇ, ਬਡੋ ਬਿਵਹਾਰ ਹੋਇ,
ਜਾਹਰ ਉਦਾਰ ਹੋਇ, ਮਿਲਿ ਕੈ ਜਨੀਜੀਏ।
ਐਸੇ ਪੈ ਪਤੀਜੀਏ, ਨ ਸੰਸੈ ਕੋ ਰਖੀਜੀਏ,
ਮੋ ਲਾਜ ਕੋ ਪਿਖੀਜੀਏ, ਸੁ ਨਾਤੋ[1] ਤਹਾਂ

[1]ਉਨ੍ਹਾਂ ਰਾਜਿਆਂ ਦਾ ਕੋਈ) ਮੁਸਾਹਿਬ।

[1]ਸਾਕ।

ਦੀਜੀਏ' ॥੬॥

ਕਬਿੱਤ:

ਚੰਦੂ ਕੇ ਬਚਨ ਸੁਨਿ ਬਿੱਪ੍ਰ ਨੇ ਸੁ ਮਾਨਿ ਮਨ
ਭਨ੍ਯੋ 'ਤੇਰੇ ਭਾਗ ਧੰਨ ਤੈਸੀ ਤੁਵ ਜਾਤਿਕੀ[1]।
ਫਿਰੈਂ ਦੇਸ ਦੇਸ਼ ਮੈਂ ਬਿਲੋਕੈਂਗੇ ਅਸ਼ੇਸ਼ ਹਮ,
ਉੱਤਮਤਾ ਖੋਜੈਂਗੇ ਸਮਾਨ ਤੁਵ ਜਾਤਿ ਕੀ[1]।
ਮੇਰੋ ਜਜਮਾਨ, ਧਨ ਲੈਹੌਂ ਸਨਬੰਧ ਬਨੈ,
ਹੋਇ ਜਸੁ ਬ੍ਰਿੰਦ ਗੰਧਿ ਜਥਾ ਜਲ ਜਾਤਿ ਕੀ[1]।
ਕੀਜੈ ਬਿਦਾ ਮੋਹਿ, ਤੋਹਿ ਕਾਜ ਸ਼ੁਭ ਹੋਹਿ,
ਜੋਹਿ ਸ਼ਗੁਨ ਅਨੂਠੇ, ਅਬਿ ਸਮੈਂ ਚਲਿ ਜਾਤਿ ਕੀ[1] ॥੭॥

[1]ਧੀ [ਸੰਸ: ਜਾਤਕ। ਪੋਠੋਹਾਰੀ ਪੰਜਾਬੀ ਜਾਤਕ = ਬੱਚਾ, ਜਾਤਕੜੀ = ਬੱਚੀ]

[1]ਤੇਰੀ ਕੁਲ ਦੇ ਸਮਾਨ।

[1]ਜੈਸੇ ਕਵਲ ਦੀ ਸੁਗੰਧੀ ਹੁੰਦੀ ਹੈ।

[1]ਚਲੇ ਜਾਣੇ ਦਾ।

ਕਬਿੱਤ:

ਨਾਉ[1] ਕੀਨਿ ਸਾਥ ਨਿਤ ਸੇਵਾ ਕਰੈ ਹਾਥ ਨਿਜ,
ਔਰ ਦਾਸ ਕਰੇ ਸੰਗ ਅਧਿਕ ਸਮਾਜ ਤੇ।
ਨਗਰ ਨਗਰ ਪ੍ਰਤਿ ਖੋਜਤਿ ਫਿਰਤਿ ਬਰ,
ਰੈਨ ਕੋ ਬਸੇਰਾ ਕਰਿ ਹੇਰੈਂ ਸਭਿ ਸਾਜ ਤੇ[1]।
ਜਹਾਂ ਆਛੀ ਕੁਲ ਤਹਾਂ ਧਨ ਮੇਂ ਨ ਤੁੱਲ ਹੋਤਿ,
ਜਹਾਂ ਧਨ ਤੁੱਲ ਤਹਾਂ ਕੁਲ ਨਹੀਂ ਰਾਜਤੇ[1]।
ਜਹਾਂ ਧਨ ਕੁਲ ਮੈਂ ਸੁ ਤੁੱਲਤਾ ਮਿਲਤਿ ਆਇ,
ਬਾਲਕ ਬਿਹੀਨ ਰੂਪ[1] ਹੇਰਤਿ ਕੁ ਕਾਜ ਤੇ ॥੮॥

[1]ਨਾਈ।

[1]ਸਭ ਤਰ੍ਹਾਂ ਨਾਲ।

[1]ਐਸ਼੍ਵਰਜ ਵਾਲੀ ਨਹੀਂ। (ਅ) ਮੇਲ ਨਹੀਂ ਖਾਂਦੀ।

[1](ਓਥੇ) ਨੀਂਗਰ ਕੋਝਾ (ਮਿਲਦਾ ਹੈ)।

ਕਬਿੱਤ:

ਪੁਰਿ ਪੁਰਿ ਹੇਰਤਿ ਫਿਰਤਿ ਨਰ ਪੂਛਿ ਲੇਤਿ
'ਛੱਤ੍ਰੀ ਹੈ ਧਨਾਢਿ ਧਾਮ ਸੁੰਦਰ ਸਪੂਤ ਹੋਇ।
ਸ਼ਾਹ ਕੋ ਸਚਿਵ ਤਾਂ ਕੀ ਸੁਤਾ ਕੋ ਸਬੰਧ ਚਹੈ
ਜਾਂ ਕੇ ਬਡੇ ਭਾਗ ਜਗ ਮਿਲੈ ਇਸਥਾਨ ਸੋਇ।

ਹੁਕਮ ਮਹਾਨ ਚਾਰੋਂ ਦਿਸ਼ਿ ਮੈਂ ਬਖਾਨ ਕਰੈ
ਅਨਗਨ ਸੰਪਤਾ ਕੋ ਪ੍ਰਾਪਤਿ ਸਦਾਈ ਜੋਇ।
ਹੇਰਿ ਹਮ ਰਹੇ ਨਹੀਂ ਸੁੱਧਿ ਕਹੂੰ ਲਹੇ ਅਸ,
ਫਿਰੇ ਮਨ ਢਹੇ, ਨਹੀਂ ਪਾਯੋ ਕਿਤਿ ਸਮ[1] ਕੋਇ' ॥੯॥

[1]ਬਰੱਬਰ ਦਾ।

ਕਬਿੱਤ:
ਫਿਰੇ ਚਾਰ ਓਰ ਮੈਂ ਲਹੌਰ ਪੁਰਿ ਗਏ ਪੁਨ,
ਕਹਤੋ ਬਹੁ ਲੋਕਨਿ ਮੈਂ 'ਦਿੱਲੀ ਹੂੰ ਤੇ ਆਏ ਹੈਂ।
ਚੰਦੂ ਕੇ ਮਨਿੰਦ ਹਮ ਖੋਜਤਿ ਬਿਲੰਦ ਫਿਰੇ
ਪ੍ਰਾਪਤਿ ਨ ਭਯੋ ਬਹੁ ਥਾਨ ਮੈਂ ਸੁਨਾਏ ਹੈਂ।'
ਹੁਤੇ ਕੁਛ ਸਿਖ ਤਿਨੋ ਗੁਰੂ ਕੀ ਸਿਫਤਿ ਕੀਨਿ,
'ਧਨ ਅਨਗਨ ਨਿਤ ਸੰਗਤਿ ਚਢਾਏ ਹੈਂ।
ਉੱਤਮ ਮਹਾਨ ਜਿਨੈ ਮਾਨਤਿ ਜਹਾਂਨ ਬਹੁ
ਜ਼ਾਹਰ ਬਿਸਾਲ ਜਸੁ ਸਭਿ ਤੇ ਸੁਹਾਏ ਹੈਂ ॥੧੦॥

ਕਬਿੱਤ:
ਧਨ ਅਰੁ ਬੰਸ ਤੇ ਬਿਦਤ ਜਿਮ ਕਹ੍ਯੋ ਤਿਮ
ਤਿਨਿ ਕੋ ਸਪੁੱਤ੍ਰ ਭਯੋ ਤਾਂ ਕੀ ਸੁਨਿ ਗਾਥ ਕੋ।
ਰਾਜ ਚਿੰਨ੍ਹ ਅੰਗ ਮੈਂ, ਅਨੰਗ ਕੋ ਸਰੂਪ ਮਾਨੋ,
ਬਾਹੁ ਹੈਂ ਪ੍ਰਲੰਬ[1], ਮੁਖ ਰੂਪ ਨਿਸਨਾਥ ਕੋ[2]।
ਲੋਚਨ ਬਿਸਾਲ ਤੇ ਬਿਲੋਕਤਿ ਨਿਹਾਲ ਕਰੈਂ
ਚਾਰ ਓਰ ਸੰਗਤਾਂ ਨਿਵਾਵੈਂ ਪਗ ਮਾਥ ਕੋ।
ਸੁਤਾ ਕੇ ਸਹਤ ਚੰਦੂ ਭਾਗ ਜੇ ਮਹਤ ਹੋਇ
ਬਨੈ ਸਨਬੰਧ ਤਬਿ ਸਤਿਗੁਰੂ ਸਾਥ ਕੋ' ॥੧੧॥

[1]ਬਾਂਹਵਾਂ ਲੰਬੀਆਂ। [2]ਚੰਦ੍ਰਮਾਂ ਵਤ।

ਕਬਿੱਤ:
ਸੁਨਿ ਦਿਜਬਰ ਉਰ ਹਰਖ ਅਧਿਕ ਧਰਿ
-ਹੂਰੋ ਬਰ ਗੁਰੂ ਪਾਯੋ, ਬਿਚਰਤਿ ਗਏ

[1]ਫਿਰਦੇ ਥੱਕ ਗਏ ਹਾਂ।

ਹਾਰਿ[1]।
ਰੂਪਵਤੀ ਕੰਨਜਾ ਹੁਤੀ ਬਾਲਕ ਸੁਨਜੋ ਸੁ ਤੈਸੋ,
ਦੇਰਿ ਨ ਬਨਤਿ ਅਬਿ ਗਮਨੈਂ ਤਿਨੋ ਕੇ ਦ੍ਵਾਰਿ-।
ਜਾਨੁ ਪੈ ਅਰੂਢ ਕਰਿ, ਆਨੰਦ ਅਰੂਢ ਕਰਿ[1],
ਪੰਥ ਮੈਂ ਪਯਾਨੇ ਬਾਤ ਚਿੱਤ ਮੈਂ ਬਿਚਾਰਿ ਚਾਰੁ।
ਰਾਮਦਾਸ ਪੁਰੀ ਮੈਂ ਪ੍ਰਵੇਸ਼ ਭਏ ਆਨਿ ਕਰਿ,
ਸੁਧਾਸਰ ਹੇਰਿ ਕੈ ਪ੍ਰਸੰਨਤਾ ਵਿਸ਼ੇਸ਼ ਧਾਰਿ ॥ ੧੨ ॥

[1]ਖੁਸ਼ੀ ਪ੍ਰਗਟ ਕਰਕੇ।

ਸ੍ਵੈਯਾ:
ਅੰਦਰ ਸ਼੍ਰੀ ਹਰਿਮੰਦਿਰ ਕੇ
ਗੁਰੁ ਸੁੰਦਰ ਰੂਪ ਬਿਰਾਜਤਿ ਹੈ।
ਸੰਗਤਿ ਆਵਤਿ ਹੈ ਇਕ ਜਾਤਿ,
ਨਿਹਾਰਤਿ ਹੀ ਅਘ ਭਾਜਤਿ ਹੈਂ।
ਗਾਵਤਿ ਰਾਗ ਰਬਾਬੀ ਘਨੇ,
ਥਿਰੁ ਆਗੇ ਸੁ ਬਾਦਤਿ ਬਾਜਤਿ ਹੈਂ।
ਹੋਤਿ ਅਨੇਕਨਿ ਕੀ ਅਰਦਾਸ
ਮਨੋਰਥ ਸੇਵਕ ਸਾਜਤਿ ਹੈਂ[1] ॥ ੧੩ ॥

[1]ਪਾਂਵਦੇ ਹਨ।

ਸ੍ਵੈਯਾ:
ਦੇਖਿ ਪ੍ਰਤਾਪ ਬਿਸਾਲ ਗੁਰੂ ਕਹੁ
ਬਿੱਪ੍ਰ ਅਨੰਦ ਲਹਜੋ ਉਰ ਭਾਰੀ।
-ਚੰਦੂ ਮਨਿੰਦ ਹੈ ਕੈਧੋਂ ਬਿਲੰਦ ਹੈ[1],
ਮਾਨਤਿ ਬੰਦਨ ਕੈ ਨਰ ਨਾਰੀ-।
ਸ਼੍ਰੀ ਹਰਿ ਗੋਵਿੰਦ ਏਤਨੇ ਮੈਂ
ਤਹਿਂ ਆਇ ਗਏ ਦੁਤਿ ਦੀਰਘ ਧਾਰੀ।
ਸੰਗਤਿ ਦੇਖਤਿ ਪ੍ਰੇਮ ਬਿਸੇਖ
ਅਸ਼ੇਖ਼ ਖਰੇ ਹੁਇ ਆਦਰ ਕਾਰੀ[1] ॥ ੧੪ ॥

[1]ਸਗੋਂ ਉਸ ਤੋਂ ਵਡੇ ਹਨ।

[1]ਆਦਰ ਕਰਨ ਨੂੰ।

ਕਬਿੱਤ:
ਕੋਕਨਦ[1] ਪਦ ਮ੍ਰਿਦੁ ਰਕਤ ਛਬੀਲੇ ਅਤਿ,

[1]ਲਾਲ ਕਵਲ ਵਾਂਙ।

ਹੀਰਨਿ ਕੀ ਪੰਗਤਿ ਜਯੋਂ ਨਖ ਹੈਂ ਅਨੰਦ ਕਰਿ[1]।

[1]ਅਨੰਦ ਕਰਨ ਵਾਲੇ।

ਚਿਕਨ ਅਕਾਰ ਏਕ ਸਾਰ ਜੁਗ ਜੰਘ ਨੀਕੇ[1],

[1]ਦੋਵੇਂ ਲੱਤਾਂ ਇਕ ਸਾਰ ਸੁਹਣੀਆਂ ਸੁਪਾਰੀ ਦੇ ਬੂਟੇ ਵਾਂਙੂ [ਸੰਸ:-ਚਿਕ੍ਕਣ = ਸੁਪਾਰੀ ਦਾ ਪੰਡ਼, ਸੁਪਾਰੀ]

ਗੁਲਫ ਸੁਜਾਨੁ ਗ੍ਰਿੰਥ ਨਿਠਰ ਬਿਲੰਦ ਕਰਿ[1]।

[1]ਗਿਟਿਆਂ ਤੇ ਗੋਡਿਆਂ ਦੀਆਂ ਗੰਢਾਂ, ਪੀਡੀਆਂ ਤੇ ਵੱਡੀਆਂ ਹਨ। [ਸੰਸ: ਗੁਲ = ਗਿੱਟਾ] [ਸੰਸ: ਜਾਨੁ = ਗੋਡਾ]

ਤ੍ਰਿਵਲੀ ਉਦਰ ਪਰ, ਨਾਭਿਕਾ ਗੰਭੀਰ ਸ਼ੁਭ,
ਆਯੁਤ ਸੁ ਛਾਤੀ ਦ੍ਵੈ ਉਤੰਗ ਹੈਂ ਸਿਕੰਧ ਕਰਿ।
ਗਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ,
ਕੁੰਜਰ ਕੀ ਸੁੰਡ ਜਿਮ ਸ਼੍ਰੀ ਹਰਿ ਗੋਵਿੰਦ ਕਰ ॥ ੧੫ ॥

ਕਬਿੱਤ:

ਹਾਥ ਦ੍ਵੈ ਪਾਥੋਜ ਸਮ ਪੱਲਵ ਸੇ ਪਲਵਨਿ
ਤਾਂ ਪੈ ਨਗ ਸੁਚੇ ਖਚਿ ਨਖਿਨ ਕੀ ਪੰਗਤੀ[1]।

[1]ਦੋਵੇਂ ਹੱਥ ਕਵਲ ਵਰਗੇ ਹਨ ਤੇ ਉਂਗਲੀਆਂ ਨਵੀਆਂ ਪੰਖੜੀਆਂ ਜਿਹੀਆਂ ਹਨ, ਤਿਨ੍ਹਾਂ ਉੱਤੇ ਨਹੁੰਆਂ ਦੀ ਪੰਗਤੀ (ਐਉਂ ਸ਼ੋਭ ਰਹੀ ਹੈ ਜਿਵੇਂ) ਸੁੱਚੇ ਨਗ ਜੜੇ ਹੋਏ ਹੁੰਦੇ ਹਨ।

ਚੰਦ੍ਰਮਾ ਬਦਨ ਸਭਿ ਸੁਖਮਾ ਸਦਨ, ਜਾਂ ਮੈਂ
ਉੱਜਲ ਰਦਨ[1] ਓਠ ਸੁੰਦਰ ਸੁਰੰਗਤੀ[2]।

[1]ਦੰਦ। [2]ਸੁਹਣੇ ਰੰਗ ਦੇ ਸੁੰਦਰ ਬੁੱਲ੍ਹ।

ਪੰਕਜ ਕੀ ਪਾਂਖੁਰੀ ਸਰੀਖੀ ਆਂਖਿ ਤੀਖੀ ਤੀਖੀ,
ਪਿਖਨਿ ਤਿਰੀਛੇ ਤੇ ਨਿਹਾਲ ਕਰੈਂ ਸੰਗਤੀ[1]।

[1]ਤ੍ਰਿੱਛੇ ਦੇਖਣ ਨਾਲ ਭਾਵ ਕ੍ਰਿਪਾ ਦ੍ਰਿਸ਼ਟੀ ਦੇਖਣੇ ਨਾਲ ਨਿਹਾਲ ਕਰਦੇ ਹਨ ਸੰਗਤਾਂ ਨੂੰ।

ਚਿਬੁਕ[1] ਅਮੋਲ, ਗੋਲ ਮ੍ਰਿਦੁਲ ਕਪੋਲ ਜੁਗ,

[1]ਠੋਡੀ।

ਕੁੰਡਲ ਕੀ ਡੋਲ ਪੈ ਅਤੋਲ ਸ਼੍ਰੀ ਉਮੰਗਤੀ[1] ॥ ੧੬ ॥

[1]ਕੁੰਡਲਾਂ ਦੀ ਲਟਕ ਉੱਪਰ ਬਿਅੰਤ ਸ਼ੋਭਾ ਉਮਗ ਰਹੀ ਹੈ।

ਕਬਿੱਤ:

ਮੰਡਿਤ ਬਿਭੂਖਨਿ[1], ਅਦੂਖਨਿ ਹੈਂ ਅੰਗ ਸਾਰੇ,

[1]ਪਾਏ ਹੋਏ ਹਨ ਗਹਿਣੇ।

ਦੀਰਘ ਸੁ ਡੀਲ[1], ਸ਼ੁਭ ਸ਼ੀਲ[2] ਮੈਂ ਪ੍ਰਕਾਸ਼ ਤੇ।

[1]ਕੱਦ ਲੰਬਾ ਹੈ। [2]ਸੁਹਣੇ ਸੁਭਾਵ।

ਨੀਕੀ ਉਸ਼ਨੀਕ[1] ਸੋਹੈ, ਜਿਗਾ ਕੀ ਜਲੂਸ[2]

[1]ਦਸਤਾਰ [ਸੰਸ: ਉਸ਼੍ਣੀਖ]। [2]ਪ੍ਰਕਾਸ਼।

ਜੋ ਹੈ
ਹੇਰਤਿ ਹੀ ਮਨ ਮੋਹੈ ਸਿੱਖ ਆਸ ਪਾਸਿ ਤੇ।
ਮੋਤਿਨਿ ਕੀ ਮਾਲ ਹੀਰੇ ਖਚਤਿ ਬਿਸਾਲ ਚੀਰੇ
ਕੋਰਦਾਰ ਰੁਰ ਚਹੂੰ ਓਰਿ[1], ਬਿਖੈ ਭਾਸਤੇ।

[1]ਸੁਹਣੇ ਹੀਰੇ ਪਹਿਲਦਾਰ ਕਰਨ ਲਈ ਚੀਰੇ ਹੋਏ ਯਾ ਪਹਲਦਾਰ ਹੀਰੇ। [ਹੀਰੇ ਨੂੰ ਜਿਨੇ ਵਧੀਕ ਨੁੱਕਰਦਾਰ ਪਹਿਲ ਕੱਢੇ ਜਾਣ ਉਨ੍ਹਾਂ ਵਧੀਕ ਚਮਕਦਾ ਹੈ]

ਤਮ ਕੋ ਬਿਨਾਸ਼ਤੇ, ਅਨੰਦ ਕੋ ਉਜਾਸਤੇ[1]

[1]ਪ੍ਰਕਾਸ਼ ਕਰਦੇ।

ਸੁ ਗਜਾਨ ਮੈਂ ਬਿਲਾਸਤੇ, ਉਧਾਰ[1] ਦਾਸ ਵਾਸਤੇ ॥੧੭ ॥

[1]ਦਾਸਾਂ ਦੇ ਉਧਾਰ ਵਾਸਤੇ ਗਿਆਨ ਵਿੱਚ (ਮਾਨੋ) ਬਿਲਾਸ ਕਰਦੇ ਹਨ, ਭਾਵ ਇਹ ਕਿ ਇਸ ਤਰ੍ਹਾਂ ਦੇ ਨਿਰਮਲ ਗਜਾਨ ਦੇ ਦਾਤੇ ਹਨ ਗੁਰੂ ਜੀ ਜਿਸ ਤਰ੍ਹਾਂ ਦੇ ਕਿ ਗਲੇ ਵਿਚ ਹੀਰੇ ਹਨ।

ਕਬਿੱਤ:
ਸ਼੍ਰੀ ਹਰਿ ਗੋਵਿੰਦ ਅੰਗ ਸੁੰਦਰ ਬਿਲੰਦ ਸਭਿ,
ਦੇਖਿ ਕੇ ਸੁ ਦਿੱਜਨ ਅਨੰਦ ਉਰ ਧਾਰਿਓ।
-ਭਾਗ ਬਲੀ ਚੰਦੂ ਹੈ ਜਮਾਤਾ ਅਸ ਪਾਯੋ ਜਿਨਿ,
ਉੱਜਲ ਸੁ ਬੰਸ ਅਵਤੰਸ ਕੋ ਨਿਹਾਰਿਓ।
ਧਨ ਕੀਨ ਗਿਨਤੀ, ਕਰਤਿ ਬਹੁ ਬਿਨਤੀ
ਚਢਾਵੈਂ ਚੀਰ ਭੂਖਨ, ਗੁਰੁ ਸੁ ਜਗ ਸਾਰਿਓ।
ਹਾਥ ਬੰਦਿ ਬੰਦਨਾ ਪਦਾਰਬਿੰਦ ਕਰੈਂ ਬ੍ਰਿੰਦ,
ਸਭਿ ਬਿਧਿ ਅਧਿਕ ਸਮਾਜ ਬਿਸਤਾਰਓਿ ॥੧੮॥
ਸ੍ਵੈਯਾ:
ਸ਼੍ਰੀ ਹਰਿ ਗੋਵਿੰਦ ਪਾਸ ਪਿਤਾ
ਥਿਤਿ ਸੋਹਤਿ ਹੈਂ ਸਿਖ ਸੇਵਕ ਮਾਂਹੂ।
ਜਯੋਂ ਕਮਲਾਸਨ[1] ਸੋਂ ਪਦਮਾਪਤਿ

[1]ਬ੍ਰਹਮਾਂ।

ਦੇਵਨਿ ਬ੍ਰਿੰਦ ਮੈਂ ਸੋਭਿ ਉਮਾਹੁ-।
ਸੰਗਤਿ ਸੋਂ ਦਿਜ ਬੂਝਨਿ ਕੀਨਿ
'ਬਤਾਵਹੁ ਜਾਤਿ ਸੁ ਗੋਤ ਜਿ ਤਾਂਹੂ?
ਚਾਹਤਿ ਹੈ ਸਨਬੰਧ ਕਰਯੋ ਹਮ,
ਸ਼ਾਹੁ ਦਿਵਾਨ ਸੁਤਾ ਹਿਤ ਯਾਹੂ[1]' ॥੧੯॥

[1]ਭਾਵ, ਦੀਵਾਨ ਦੀ ਧੀ ਦਾ ਏਥੇ, (ਅ) ਇਨ੍ਹਾਂ ਨਾਲ....।

ਦੋਹਰਾ:

ਸੰਗਤਿ ਸਿੱਖਨਿ ਤਬਿ ਕਹਜੋ, 'ਸੋਢਿ ਬੰਸ ਸਿਰ ਮੋਰ।
ਬਡੇ ਭਾਗ ਜਾਗੇ ਜਿਸੇ, ਤਿਸ ਪ੍ਰਾਪਤਿ ਅਸ ਠੌਰ ॥੨੦॥
ਜਗਤ ਗੁਰੂ ਘਰ ਆਇ ਜੇ, ਜਗ ਮਾਤਾ ਬਨਿ ਜਾਇ।
ਪੂਜਨੀਯ ਇਹ ਸਰਬ ਕੋ, ਅਨਗਨ ਭੇਟ ਚਢਾਇਂ' ॥੨੧॥

ਚੌਪਈ:

ਦਿਜ ਨਾਈ ਦੋਨਹੁਂ ਸੁਨਿ ਕਰਿ ਕੈ।
ਮਹਾਂ ਪ੍ਰਤਾਪ ਸੁ ਨੈਨ ਨਿਹਰਿ ਕੈ।
ਕਹਤਿ ਪਰਸਪਰ 'ਐਸੋ ਥਾਨ।
ਪ੍ਰਾਪਤਿ ਹੋਇ ਨ ਫਿਰਿਯ ਜਹਾਨ ॥੨੨॥
ਜਿਮ ਚੰਦੂ ਨੇ ਹਮਹੁਂ ਜਨਾਯੋ।
ਸੋ ਤੀਨਹੁਂ[1] ਸ਼ੁਭ ਇਤ ਦ੍ਰਿਸ਼ਟਾਯੋ।'
ਇਮ ਨਿਸ਼ਚੈ ਕਰਿ ਕੈ ਮਨ ਮਾਂਹੂ।
ਬਹੁਰ ਜਨਾਇਹੁ ਸ਼੍ਰੀ ਗੁਰੁ ਪਾਹੂ ॥੨੩॥
'ਸ਼ਾਹੁ ਦਿਵਾਨ ਸੁਤਾ ਕੋ ਨਾਤਾ।
ਕਰਜੋ ਚਹਤਿ ਹਮ ਤੁਮਰੇ ਤਾਤਾ।
ਹੇਰਿ ਚਲੇ ਅਬਿ ਦਿੱਲੀ ਜਾਇਂ।
ਸਭਿ ਬ੍ਰਿਤਾਂਤ ਕੋ ਤਹਾਂ ਸੁਨਾਇਂ ॥੨੪॥
ਦੇਰਿ ਨਹੀਂ ਤੁਰਨਿ ਹਟਿ ਆਵੈਂ।
ਹਮ ਉੱਤਮ ਸਨਬੰਧ ਬਨਾਵੈਂ।'
ਸ੍ਰੀ ਅਰਜਨ ਦੋਨਹੁਂ ਸੰਗ ਭਾਖਾ।
'ਹੋਵਹਿ ਸੋ, ਜੁ ਰਾਮ ਰਚਿ ਰਾਖਾ ॥੨੫॥
ਪਰਮੇਸ਼ੁਰ ਸਭਿ ਬਨਤ ਬਨਾਈ।
ਭਲੀ ਜੁ ਹੋਇ ਕਰਤਿ ਬਿਧਿ ਸਾਈਂ।'
ਇਮ ਕਹਿ ਲਾਗਿ ਦੇਨਿ ਜਬਿ ਲਾਗੇ।
ਲਿਯੋ ਨ ਤਿਨਹੁ, ਕਹਤਿ ਗੁਰੁ ਆਗੇ ॥੨੬॥
'ਜਬਿ ਐ ਹੈਂ ਹਮ ਦੂਸਰ ਬਾਰੀ।
ਤਬਿ ਕਰਿ ਹੈਂ ਜਿਮ ਆਪ ਉਚਾਰੀ।'

[1]ਭਾਵ ਧਨਾਢ ਘਰ, ਕੁਲ ਉੱਚੀ, ਸੁੰਦਰ ਵਰ।

ਮਸਤਕ ਟੇਕਿ ਬਿਸਰਜਨ ਹੋਏ।
ਗਮਨੇ ਤੁਰਨਿ ਦਿੱਲੀ ਦੋਏ ॥੨੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਸਗਾਈ ਦੀ ਤਿਆਰੀ ਦਿਲੀ ਦੀ ਸੰਗਤ ਨੇ ਅਰਦਾਸ ਲਿੱਖੀ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਦਿਜ ਗਮਨਜੋ ਦਿੱਲੀ ਦਿਸ਼ਾ, ਸਨੈ ਸਨੈ ਮਗ
ਜਾਇ।
ਪਹੁੰਚੇ ਚੰਦੂ ਕੇ ਸਦਨ, ਆਸ਼ਿਖ ਦਈ
'ਵਧਾਇ' ॥੧॥

ਸ੍ਰੈਯਾ ਛੰਦ:

ਬੈਠਿ ਸਮੀਪ ਸੁਨਾਵਨਿ ਕੀਨਸਿ
'ਬਿਚਰੇ ਜਹਿਂ ਕਹਿਂ ਪੁਰਿ ਸਮੁਦਾਇ।
ਨਹਿਂ ਪਾਯਹੁ ਸਨਬੰਧ ਕਿਸੀ ਥਲ
ਲਵਪੁਰਿ ਤੇ ਸੁਧਿ ਕੋ ਪੁਨ ਪਾਇ।
ਪਿਖਜੋ ਪਹੁੰਚਿ ਕੈ ਭਲੋ ਠਿਕਾਨੋ
ਸੋਢੀ ਬੰਸ ਬਿਦਤਿ ਸਭਿ ਥਾਇਂ।
ਸ਼੍ਰੀ ਰਘੁਬਰਿ ਕੀ ਕੁਲ ਅਕਲੰਕ ਜੁ
ਜਗਤ ਪੂਜਯ ਅਬਿ ਗੁਰੁ ਸੁਖਦਾਇ ॥੨॥
ਕੁਲ ਆਛੀ, ਧਨ ਗਨ ਬਰ ਸੁੰਦਰ
ਤੋਹਿ ਕਹਜੋ ਜਸ ਦੇਖਜੋ ਜਾਇ।
ਤਵ ਤਨੁਜਾ ਕੇ ਭਾਗ ਬਡੇ ਲਖਿ
ਬਨਹਿ ਪੂਜਯ ਜਗ ਮਾਤ ਕਹਾਇ।
ਸੋ ਘਰ ਊਨ ਨ ਕਿਸ ਹੂੰ ਬਿਧਿ ਕਰਿ
ਹਮ ਤੌਂ ਹੇਰਿ ਰਹੇ ਹਰਖਾਇ।
ਇਤਿ ਤੂੰ ਬਡੋ ਦਿਵਾਨ ਸ਼ਾਹ ਕੋ
ਉਤ ਜਗ ਗੁਰ ਜਿਮ ਚਹੈਂ ਬਨਾਇ ॥੩॥
ਤਿਨੁ ਬਿਨੁ ਅਪਰ ਖੋਜ ਹਮ ਥਾਕੇ
ਨਹਿਂ ਪਾਯਹੁ ਬਿਚਰੇ ਬਹੁ ਦੇਸ਼।
ਸ਼੍ਰੀ ਨਾਨਕ ਗਾਦੀ ਪਰ ਥਿਤ ਹੈ
ਸ਼੍ਰੀ ਅਰਜਨ ਗੁਰੁ ਨਾਮ ਕਹੇ ਸੁ।
ਮਹਾਂ ਪ੍ਰਤਾਪ ਪੂਜਤੇ ਚਹੁੰ ਦਿਸ਼ਿ
ਦਰਬ ਬਿਭੂਖਨ ਚਢਹਿ ਵਿਸ਼ੇਸ਼।
ਭੀਰ ਹਜ਼ਾਰਨਿ ਲੋਕਨਿ ਕੀ ਰਹਿ,
ਕਰਹਿਂ ਨਮੋ ਧਰਿ ਭਾਉ ਅਸ਼ੇਸ਼ੁ ॥੪॥

ਬਰ ਕੀ ਸੂਰਤ ਸੁੰਦਰ ਅਤਿਸ਼ੈ
ਮਨਹੁਂ ਕ੍ਰਿਸ਼ਨ ਕੇ ਇਹ ਅਵਤਾਰ[†]।

[†]ਇਕ ਬ੍ਰਾਹਮਨ ਸਭ ਤੋਂ ਵੱਡੀ ਉਪਮਾ ਆਪਣੇ ਨਿਸ਼ਚੇ ਵਿੱਚ ਇਹੋ ਹੀ ਦੇ ਸਕਦਾ ਹੈ।

ਅਪਰ ਬਿਖੈ ਦੁਤਿ[1] ਐਸੀ ਹੋਇ ਨ
ਜਿਨਹੁਂ ਹੇਰਿ ਮੋਹਤਿ ਨਰ ਨਾਰਿ।
ਦੇਖਤਿ ਰਹੇ ਖਰੇ ਇਕ ਟਕ ਸੋਂ
ਬੰਦਨ ਕਰਿ ਹੋਵਤਿ ਬਲਿਹਾਰਿ।
ਬੀਚ ਸਭਾ ਉਡਗਨਿ ਮਹਿਂ ਦੀਪਤਿ
ਚੰਦ ਅਮੰਦ ਬਿਲੰਦ ਉਦਾਰਿ ॥੫॥

[1]ਸੁੰਦਰਤਾ।

ਦੋਹਰਾ:

ਨਵ ਸੰਮਤ ਕੀ ਬੈਸ ਹੈ, ਸਜਹਿਂ ਬਿਭੂਖਨਿ ਬ੍ਰਿੰਦ।
ਸੁੰਦਰ ਦੀਹ ਸਰੀਰ ਸਿਸ, ਬਰ[1] ਸ਼੍ਰੀ ਹਰਿ ਗੋਬਿੰਦ ॥੬॥

[1]ਵਰ ਦਾ ਬਾਲ (ਅਵਸਥਾ ਵਿਚ ਹੀ) ਸੁਹਣਾਂ ਲੰਮਾਂ ਸਰੀਰ ਹੈ।

ਸ੍ਵੈਯਾ ਛੰਦ:

ਸੁਨਿ ਦਿਵਾਨ ਜੀ ਭਾਗ ਆਪਨੇ
ਜਗ ਮਹੁਂ ਸਭਿ ਤੇ ਧੰਨ ਨਿਹਾਰਿ।
ਜਿਸ ਕੋ ਭਯੋ ਜਮਾਤਾ ਐਸੋ
ਸੇਵਹਿਂ ਮਿਲਿ ਕੈ ਲੋਕ ਹਜ਼ਾਰਿ।
ਸੁਧਾ ਸਰੋਵਰ ਮਹਿਂ ਹਰਿਮੰਦਰ
ਧਨ ਲਗਾਇ ਗਨ ਕੀਨਸਿ ਤਜਾਰਿ।
ਤਿਸ ਮਹਿਂ ਬੈਠਿ ਸੁਹਾਵਤ ਨਿਤਪ੍ਰਤਿ
ਚਹੁਂਦਿਸ਼ਿ ਕੀ ਸੰਗਤ ਦੇ ਕਾਰ' ॥੭॥
ਚੰਦੂ ਸੁਨਤਿ ਅਨਖ ਕੋ ਕਰਿ ਕੈ
ਦਰਬ ਜਾਤਿ ਕੋ ਉਰ ਹੰਕਾਰ।
ਨੀਕ ਨ ਮਾਨੀ ਕੀਨਿ ਬਖਾਨੀ
'ਨਹਿਂ ਜਾਨੀ ਤੁਮ ਨੇ ਨਿਰਧਾਰਿ।
ਸਦਨ ਅਢਾਈ[1] ਉੱਤਮ ਖੱਤ੍ਰੀ
ਮੈਂ ਤਿਨ ਮੋ ਊਚੀ ਕੁਲਿ ਚਾਰੁ।
ਸੋਢੀ ਬੰਸ ਸ਼੍ਰੀਣ ਸੋ ਖੱਤ੍ਰੀ
ਨੀਵੇਂ ਥਲ ਹਮ ਤੇ ਉਰਧਾਰਿ ॥੮॥
ਹਮ ਉੱਤਮ ਚੌਬਾਰੇ ਸਮ ਹੈਂ
ਸਭਿ ਘਰ ਤੇ ਊਚੋ ਜਿਮਿ ਹੋਇ।

[1]ਢਾਈ ਘਰ, ਖੱਤ੍ਰੀਆਂ ਦੀ ਇਕ ਜਾਤ ਦੀ ਵੰਡ ਹੈ।

ਕਹਾਂ ਸ੍ਰੀਣ ਹਮ ਤੇ ਬਹੁ ਨੀਚੇ
ਜਥਾ ਸਦਨ ਕੀ ਮੋਰੀ ਜੋਇ।
ਤਨਿਯਾ ਈਂਟ ਚੁਬਾਰੇ ਕੀ ਮਮ
ਮੋਰੀ[1] ਸਮ ਕੁਲ ਮਹਿਂ ਦੀ ਸੋਇ। [1]ਮੇਰੀ ਪੁੱਤ੍ਰੀ।
ਜਥਾ ਜੋਗ ਨਹਿਂ ਕਛੂ ਬਿਚਾਰਯੋ
ਅਸਮੰਜਸ ਜਾਨੈ ਸਭਿ ਕੋਇ ॥੯॥
ਈਂਟ ਚੁਬਾਰੇ ਕੀ ਸਭਿ ਸਿਰ ਪਰਿ
ਮੋਰੀ ਲਗੀ ਜੁ ਸਭਿ ਤੇ ਨੀਵ।'
ਤੀਨ ਬਾਰ ਤਕਰਾਰ ਕਰਯੋ ਇਮ
ਪੁਨ ਬੋਲਯੋ 'ਧੰਨ ਕਜਾ ਢਿਗ ਥੀਵ[1]। [1]ਧਨ ਕੋਲ ਕੀ ਹੋਣਾ ਹੈ।
ਗੁਜਰ ਫਕੀਰਨਿ ਜੈਸੀ ਤਿਸ ਕੀ
ਪੂਜਾ ਲੇਹਿ ਅਹਾਰ ਕਰੀਵ[1]। [1]ਕਰਦੇ ਹੋਣਗੇ।
ਆਨਿ ਚਢਾਵਹਿਂ ਤੌ ਧਨ ਪਾਵਹਿਂ
ਨਾਂਹਿ ਤ ਬੈਠੇ ਰਹੈਂ ਸਦੀਵ ॥੧੦॥
ਦੇਸ਼ ਪਰਗਨਾ ਨਹੀਂ ਅਜਾਰੈ[1] [1]ਠੇਕਾ।
ਨਹਿਂ ਦਿਵਾਨ ਕਿਸਿ ਹੀ ਮਹਿਪਾਲ।
ਨਹੀਂ ਘਨੋ ਬਿਵਹਾਰ ਚਲਾਵਹਿਂ,
ਜਹਿਂ ਤੇ ਆਵਹਿ ਦਰਬ ਬਿਸਾਲ।
ਮੈਂ ਦਿਵਾਨ ਬਡ ਪਾਤਿਸ਼ਾਹਿ ਕੋ
ਜਿਤ ਕਿਤ ਮੇਰੋ ਹੁਕਮ ਅਟਾਲ[1]। [1]ਅਟੱਲ ਹੈ।
ਮਹਾਂ ਪਿਦਾਇਸ਼ਿ ਧਨ ਕੀ ਮੇਰੈ
ਡਰਤਿ ਲੋਕ ਮੁਝ ਲਖੈਂ ਕਰਾਲ ॥੧੧॥
ਯਾਂ ਤੇ ਭੀ ਮਮ ਸਮ ਕੋ ਨਾਂਹਿਨ,
ਤੁਮ ਨੇ ਕੀਨਸਿ ਕਹਾਂ ਬਿਚਾਰ?
ਜਾਤਿ ਨਹੀਂ ਬਿਵਹਾਰ ਪਛਾਨਯੋ
ਨਹਿਂ ਜਾਨਯੋ ਮੁਝ ਜਥਾ ਉਦਾਰ[1]। [1]ਭਾਵ, ਅਮੀਰ।
ਹੁਇ ਅਨਜਾਨ ਬਖਾਨਹੁ ਮਹਿਮਾ
ਕਜਾ ਤਿਸ ਕੋ ਤੁਮ ਲੀਨਿ ਨਿਹਾਰ।
ਸਿਖ ਰੰਕਨਿ ਕੀ ਭੀਰ ਰਹੈ ਢਿਗ
ਇਹ ਪ੍ਰਭਾਵ ਇਕ ਕੀਨਿ ਉਚਾਰ ॥੧੨॥
ਕਰਯੋ ਸੁ ਕਰਯੋ ਮਾਨਿ ਮੈਂ ਲੀਨਸਿ
ਇਸ ਕੋ ਹੇਤੁ ਸੁਨਹੁ ਦੇ ਕਾਨ।

ਸੁਤਾ ਸਬੰਧ ਕਰਨਿ ਕੇ ਕਾਰਨਿ
ਪਠਹਿ ਬਿੱਪ੍ਰ ਕੋ ਅਪਨੈ ਥਾਨ।
ਜਹਿਂ ਕਰ ਆਇ ਉਚਿਤ ਸੋ ਮਾਨਨਿ
ਕਰਜੋ ਸਬੰਧ ਜਿ ਦੇਯ ਬਖਾਨ[1]।

[1]ਧੀ ਦਾ ਨਾਤਾ ਕਰਨ ਲਈ ਅਪਣੇ ਥਾਂ ਬ੍ਰਹਮਨ ਨੂੰ ਘੱਲੇ, ਜਿੱਥੇ ਉਹ ਨਾਤਾ ਕਰ ਆਵੇ ਠੀਕ ਮੰਨ ਲਵੇ, ਜੋ ਉਹ ਕਹਿ ਦੇਵੇ ਕਿ ਮੈਂ ਨਾਤਾ ਕਰ ਆਯਾ ਹਾਂ।

ਨਹਿਂ ਮਾਨਹਿ ਤੌ ਦੋਸ਼ ਲਗਹਿ ਤਿਹ
ਤਨਿਯਾ ਪਤਿ ਕੋ ਦੁਤੀਆ ਠਾਨਿ ॥੧੩॥
ਪ੍ਰਥਮ ਕਹਜੋ ਜਹਿਂ ਪਤਿ ਸੋ ਹੋਯਹੁ
ਯਾਂ ਤੇ ਤੁਮ ਨੇ ਕੀਨਸਿ ਜੋਇ।
ਕੁਲ ਹੁਇ ਹੀਨ ਦਰਬ ਤੇ ਹੀਨ ਜੁ,
ਭਯੋ ਜਮਾਤਾ ਅਬਿ ਮਮ ਸੋਇ।
ਜਗਤ ਰੀਤਿ ਬਿਗਰਹਿ ਅਬਿ ਫੇਰੇ[1]

[1]ਮੋੜਿਆਂ।

ਭਲਾ ਨ ਮਾਨਹਿਂਗੋ ਸੁਨਿ ਕੋਇ।
ਅਪਨਿ ਥਾਨ ਕਰਿ[1] ਨਾਤੇ ਹਿਤ ਮੈਂ

[1]ਅਪਨੀ ਥਾਂ ਕਰਕੇ।

ਪਠਜੋ ਬਿੱਪ੍ਰ ਤਵ ਕਰਜੋ ਸੁ ਹੋਇ[1]' ॥੧੪॥

[1]ਜੋ) ਤੈਂ ਕੀਤਾ ਸੋ ਹੋਵੇ।

ਇੱਤਜਾਦਿਕ ਕੁਛ ਅਪਰ ਬਡਾਈ
ਅਪਨੀ ਕਹੀ ਧਾਰਿ ਹੰਕਾਰ।
ਕਹਜੋ 'ਸਗਨ ਕੋ ਅਬਿ ਲੇ ਗਮਨਹੁ
ਜਥਾ ਜੋਗ ਜੈਸੋ ਬਿਵਹਾਰ।'
ਚੰਦੂ ਦਾਰਾ ਨੇ ਸਭਿ ਦੀਨਸਿ
ਚਲਜੋ ਪੰਥ ਦਿਜ ਆਨੰਦ ਧਾਰਿ।
-ਸਮਾਧੀ ਮਿਲੇ ਮਹਾਤਮ ਜਾਨੈ[1]

[1]ਬ੍ਰਹਮਨ ਬਿਚਾਰਦਾ ਹੈ ਕਿ ਕੁੜਮ ਮਿਲਿਆਂ ਚੰਦੂ ਉਨ੍ਹਾਂ ਦੇ ਮਹਾਤਮ ਨੂੰ ਸਮਝੇਗਾ...।

ਅਬਿ ਦਿਵਾਨ ਇਮ ਕਰਤਿ ਉਚਾਰਿ- ॥੧੫॥
ਜਬਿ ਚੰਦੂ ਗੁਰ ਨਿੰਦ ਉਚਾਰੀ
ਕੇਤਿਕ ਗੁਰੁ ਸਿੱਖ ਹੁਤੇ ਸੁ ਪਾਸਿ।
ਭਈ ਸੰਝਿ ਸਭਿ ਸੰਗਤਿ ਇਕਠੀ
ਧ੍ਰਮਸਾਲਾ ਮਹਿਂ ਭਜਨ ਪ੍ਰਕਾਸ਼[1]।

[1]ਸਿਮਰਨ ਕਰਨ ਲਈ।

ਸਭਿ ਮੈਂ ਬਿਦਤਿ ਕੀਨਿ ਬਿਰਤੰਤ ਸੁ
'ਸ਼ਾਹੁ ਸਚਿਵ ਜਿਹੁ ਸੁਮਤਿ ਬਿਨਾਸ਼[1]।

[1]ਬਾਦਸ਼ਾਹ ਦੇ ਮੰਤ੍ਰੀ (ਦੀ) ਜਿਸਦੀ ਸ੍ਰੇਸ਼ਟ ਮਤੀ ਨਾਸ਼

(ਹੋ ਗਈ ਹੈ)।

ਨਿਜ ਤੇ ਲਘੁ ਕਹਿ ਨਾਤਾ ਭੇਜਯੋ
ਸੁਤਾ ਆਪਨੀ ਕੋ ਨਿਰਜਾਸ ॥੧੬॥
ਜਰੀ ਨ ਜਾਇ ਅਜੋਗ ਕਹੀ ਜਿਮ,
ਸਭਿ ਸੰਗਤਿ ਸੁਨੀਯਹਿ ਮਨ ਲਾਇ।
ਤੁਮਹਿ ਉਚਿਤ ਸੁਧਿ ਲਿਖਿਬੇ ਗੁਰੁ ਕੋ
ਖੱਤ੍ਰੀ ਪਤਿਤ, ਨ ਭਗਤਿ ਨ, ਭਾਇ।
ਧਨ ਮਦ ਤੇ ਅੰਧਾ ਬਡ ਦੁਰਮਤਿ
ਤੁਮ ਮਹਿਂ ਨਹੀ ਭਾਵਨਾ ਲਜਾਇ।
ਕਰੇ ਅਰੋਪਨਿ ਦੋਸ਼ ਮੂਢ ਮਤਿ
ਅਪਨੋ ਆਪਿ ਜਾਨਿ ਅਧਿਕਾਇ' ॥੧੭॥
ਸੁਨਿ ਸਿੱਖਨਿ ਸਭਿ ਸਹੇ ਨ ਕੈਸੇ
ਮਸਲਤਿ ਕਰਿਕ ਭਏ ਇਕੰਤ।
'ਛਪਿਕੈ ਲਿਖਹੁ, ਨ ਸੁਨਹਿ ਦੁਸ਼ਟ ਕਿਸ[1],
ਜੈਸੇ ਇਹਾਂ ਭਯੋ ਬਿਰਤੰਤ।'
ਲਗੇ ਲਿਖਨਿ ਅਰਦਾਸ ਆਪਨੀ
'ਸ਼੍ਰੀ ਸ਼੍ਰੀ ਸ਼੍ਰੀ ਸਤਿਗੁਰ ਭਗਵੰਤ!
ਉਪਕਾਰੀ ਜਗ ਤਾਰਨ ਸਮਰਥ
ਹਰਿ ਅਵਤਾਰ ਸਹਾਇਕ ਸੰਤ ॥੧੮॥
ਲਿਖਤੁਮ[1] ਸਭਿ ਦਿੱਲੀ ਕੀ ਸੰਗਤਿ
ਸਤਿਗੁਰ ਕੇ ਸਨਮੁਖ ਅਰਦਾਸਿ।
ਸ਼ਾਹਿ ਦਿਵਾਨ ਸੁਤਾ ਕੋ ਨਾਤਾ
ਭੇਜਯੋ ਅਹੈ ਤੁਮਾਰੇ ਪਾਸਿ।
ਆਪ ਹੰਕਾਰੀ ਬਨਯੋ ਚੁਬਾਰਾ
ਤੁਮਹਿ ਕਹਯੋ ਮੋਰੀ ਸੰਕਾਸ[1]।
ਬਿਨ ਸ਼ਰਧਾ ਤੇ ਮੂਰਖ ਬੋਲਯੋ
ਇੱਤਯਾਦਿਕ ਨਿੰਦਾ ਕਰਿ ਰਾਸ ॥੧੯॥
ਹਮ ਕੋ ਨਹਿਂ ਸੁਖਾਇ ਤਿਸ ਕਹਿਬੋ
ਬਸਿ ਨਹਿ ਚਲਯੋ ਸੁ ਲਿਖਯੋ ਬ੍ਰਿਤੰਤ।
ਸੁਤਾ ਨ ਸਾਕਤ ਕੀ ਤੁਮ ਲੀਜਹੁ
ਇਹ ਸੰਗਤਿ ਕੋ ਅਹੈ ਮਤੰਤ[1]।'
ਪਠਯੋ ਦੂਤ 'ਤੁਰਨਿ ਚਲਿ ਪਹੁੰਚਹੁ

[1]ਕਿਸੇ ਪ੍ਰਕਾਰ।
[1]ਲਿਖਦੀ ਹੈ।
[1]ਸਦਰਸ਼।
[1]ਸਲਾਹ।

ਜਬਿ ਲੌ ਬਿੱਪ੍ਰ ਨ ਤਿਲਕ ਕਢੰਤਿ।
ਤਬਿ ਲੌ ਸੁਧਿ ਦਿਹੁ ਸ਼੍ਰੀ ਸਤਿਗੁਰੁ ਕੋ
ਜਥਾ ਦੁਸ਼ਟ ਜਾਨਹਿਂ ਭਗਵੰਤ[1] ॥੨੦॥

[1]ਭਾਵ-ਗੁਰੂ ਸਾਹਿਬ ਜੀ (ਚੰਦੂ ਦੀ) ਦੁਸ਼ਟਤਾ ਨੂੰ ਜਾਣ ਲੈਣ।

ਪਠੇ ਦਿਵਾਨ ਬਿੱਪ੍ਰ ਅਰੁ ਨਾਊ
ਭਈ ਛੀਂਕ ਚਲਤੇ ਅਗੁਵਾਇ।
ਬਾਮ ਅੰਗ ਫਰਕਤਿ ਦਿਜ ਜਾਨਨੇ
-ਹੋਇ ਬਿਘਨ ਕੋ ਲਖ੍ਯੋ ਨ ਜਾਇ[1]-।

[1]ਜਾਣਿਆ ਨਹੀਂ ਜਾਂਦਾ।

ਬਿਨ ਉਤਸਾਹ ਗਵਨ ਕੋ ਠਾਨਤਿ
ਨਹੀਂ ਨੀਕਤਾ ਕਿਤ ਲਖਿ ਪਾਇ[1]।

[1]ਨਹੀਂ ਚੰਗਿਆਈ ਕੋਈ ਦੇਖੀ।

ਰਾਮਦਾਸ ਪੁਰਿ ਆਇ ਪ੍ਰਵੇਸ਼ੇ
ਸੁਧਿ ਸਤਿਗੁਰੁ ਕੋ ਦੀਨਿ ਸੁਨਾਇ ॥੨੧॥
ਜਬਿ ਤੇ ਪ੍ਰਥਮ ਆਨਿ ਸੁਧਿ ਦੀਨਿਸ
ਤਬਿ ਤੇ ਸ਼੍ਰੀ ਗੰਗਾ ਸੁਖ ਮਾਨਿ।
ਨਿਤਪ੍ਰਤਿ ਪੋਸ਼ਿਸ਼ ਬਰਨ ਬਰਨ ਕੀ
ਸੁਤ ਕੋ ਪਹਿਰਾਵਹਿ ਰੁਚਿ ਠਾਨਿ।
ਮੁਕਤਾ ਮਾਲ ਬਿਸਾਲ ਗਰੇ ਮਹਿਂ
ਕੰਚਨ ਜਰੇ ਜਵਾਹਰਿ ਜਾਨਿ।
ਅੰਗਦ[1] ਮਹਿਂ ਹੀਰੇ ਬਹੁ ਮੋਲੇ
ਨਵਰਤਨੇ ਦਮਕਤਿ ਦੁਤਿ ਖਾਨਿ ॥੨੨॥

[1]ਬੁਹੱਟੇ।

ਛਾਪ ਛਲਾਯਨਿ ਕੰਚਨ ਕੇ ਬਹੁ
ਖਚੇ ਰਤਨ ਸੁੰਦਰ ਕਰ ਮਾਂਹਿ।
ਅੰਕ ਬਿਠਾਇ ਬੰਦਨ ਕੋ ਦੇਖਤਿ
ਹਾਰਤਿ ਦੁਲਾਰ ਮੋਦ ਉਪਜਾਹਿ।
ਰਲੀਆਂ[1] ਕਰਹਿ ਨਵੀਂ ਨਿਤ ਬਹੁਤੀ
ਤ੍ਰਿਯਾ ਵਧਾਈ ਆਵਤਿ ਪ੍ਰਾਹਿਂ[1]।

[1]ਖੁਸ਼ੀਆਂ।

[1]ਆਕੇ ਕਹਿੰਦੀਆਂ ਹਨ।

ਦੇਤਿ ਆਸ਼ਿਖਾ 'ਨੰਦਨ ਤੇਰੋ
ਜੁਗੁ ਜੁਗੁ ਜੀਵਹੁ ਦੁਖ ਕਬਿ ਨਾਂਹਿ'
॥੨੩॥
ਚੰਦੂ ਸੁਤਾ ਸਬੰਧ ਪ੍ਰਤੀਖਤਿ[1]
'ਕਬਿ ਆਵੈ ਦਿਜਬਰ ਇਸ ਥਾਇਂ।
ਤਿਸ ਦਿਨ ਪਰ ਬਲਿਹਾਰ ਸਖੀ ਰੀ

[1]ਮਾਤਾ) ਉਡੀਕਦੀ ਹੈ।

ਜਬਿ ਮੇਰੋ ਸੁਤ ਤਿਲਕ ਕਢਾਇ।
ਉਤਸਵ ਰਚੈਂ ਅਨੇਕ ਬਿਧਨਿ ਕੇ
ਢੋਲਕ ਬਜਹਿ, ਨਾਗਰੀ[1] ਗਾਇਂ।
ਜਗ ਗੁਰੁ ਬਖਸ਼ਿਸ਼ ਦੀਨਨਿ ਕਰਿ ਹੈਂ,
ਮਚਹਿ ਕੁਲਾਹਲ ਨਰ ਸਮੁਦਾਇ' ॥੨੪॥

[1]ਇਸਤ੍ਰੀਆਂ।

ਦੋਹਰਾ:
'ਆਜ ਕਾਲ ਦਿਜ ਆਇ ਹੈ, ਉਤਸਵ ਰਚਹਿਂ ਬਿਸਾਲ।'
ਇਮ ਸਖੀਅਨ ਮਹਿਂ ਬੈਠਿ ਕਰਿ, ਗੰਗਾ ਚਹੈ ਉਤਾਲ ॥੧੫॥

ਸ੍ਵੈਯਾ ਛੰਦ:
ਦਿਜ ਦਿੱਲੀ ਤੇ ਆਇ ਸੁਧਾਸਰ
ਸ਼੍ਰੀ ਅਰਜਨ ਸੁਨਿ ਕੈ ਕਹਿ ਦੀਨਿ।
'ਗਮਨਹੁ ਦਾਸ ਜਥੋਚਿਤ ਸੇਵਾ
ਕਰਹੁ ਭਲੋ ਜੈਸੇ ਚਿਤ ਚੀਨਿ।
ਮੋਦਕ ਆਦਿਕ ਦਿਹੁ ਪਕਵਾਨਾ[1]
ਸੂਖਮ ਚਾਵਰ ਘ੍ਰਿਤ ਮਲ ਹੀਨਿ।'
ਰੁਚਿਰ ਪ੍ਰਯੰਕ ਦਏ ਪਹੁੰਚਾਈ
ਆਸਤਰਨਿ ਸੋਂ ਛਾਦਨਿ ਕੀਨਿ ॥੨੬॥

[1]ਤਲੀਆਂ ਹੋਈਆਂ ਚੀਜ਼ਾਂ, ਪੂੜੀਆਂ ਆਦਿਕ।

ਦੋਹਰਾ:
ਖਰੇ ਕਰੇ ਢਿਗ ਦਾਸ ਗਨ, ਸੇਵਾ ਸਰਬ ਪ੍ਰਕਾਰ।
ਕਰਿਵਾਈ ਸ਼੍ਰੀ ਸਤਿਗੁਰੂ, ਲਖਿ ਲੌਕਿਕ ਬਿਵਹਾਰਿ ॥੨੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ ਪ੍ਰਸੰਗ' ਬਰਨਨੰ ਨਾਮ ਤੀਸਰੋ ਅੰਸੂ ॥੩॥

## ੪. [ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:
ਗਮਨੀ ਸੁਧਿ ਗੰਗਾ ਨਿਕਟ,
'ਲਾਗੀ ਸੋ ਅਬਿ ਆਇ।'
ਸ਼੍ਰੀ ਜਗ ਗੁਰੁ ਸੋਂ ਬੂਝਿ ਕੇ,
ਉਤਸਵ ਕੀਨਿ ਸੁਹਾਇ ॥੧॥
ਚੌਪਈ:
ਨਾਰਿ ਸੁਹਾਗਣਿ ਬ੍ਰਿੰਦ ਹਕਾਰੀ।
ਬਸਨ ਬਿਭੂਖਨ ਸੁੰਦਰ ਧਾਰੀ।
ਮੰਗਲ ਮੂਲ ਧਰਾਯੋ ਢੋਲਿ।
ਬਾਜਨਿ ਲਗਯੋ ਗਾਇ ਸੁਠਿ ਬੋਲਿ ॥੨॥
ਲਘੁ ਨਿਸ਼ਾਨ ਅਰੁ ਬਜੀ ਨਫੀਰੈਂ[1]। [1]ਤੂਤੀਆਂ।
ਪਹਿਰੈਂ ਚੀਰ ਨਵੀਨ ਸਰੀਰੈਂ।
ਕੋਕਿਲ ਕੰਠੀ ਮਿਲਿ ਮਿਲਿ ਟੋਲੀ।
ਉਮਗ ਅਨੰਦ ਬਧਾਈ ਬੋਲੀ ॥੩॥
ਮਾਨਿ ਸੌ ਗੁਨੀ ਸੀਸ ਚਢਾਵਤਿ।
ਗੰਗਾ ਅਨੰਦ ਕਹ੍ਯੋ ਨਹਿਂ ਜਾਵਤਿ।
ਬਾਦਿਤ ਬਜਤਿ ਹਰਖ ਭਰਪੂਰਾ।
ਜਹਿਂ ਕਹਿਂ ਉਤਸਵ ਹੋਵਤਿ ਰੂਰਾ ॥੪॥
ਸੂਖਮ ਬਸਨ ਕੁਸੁੰਭੀ ਬਰਨ।
ਪਹਿਰਨਿ ਕਰੇ ਰੁਚਿਰ ਆਭਰਨ[1]। [1]ਗਹਿਣੇ।
ਮਧੁਰ ਬਚਨ[†] ਤੇ ਚੰਪਕ ਬਰਨੀ[1]। [1]ਚੰਬੇ ਵਤ ਰੰਗ ਵਾਲੀਆਂ। [†]ਪਾ:-ਬਰਨ।
ਗਾਰੀ ਦੇਤਿ[+] ਮਿਲੀ ਗਨ ਤਰੁਨੀ ॥੫॥
ਪੂਰਨ ਭਵਨ ਭਯੋ ਮੁਦ ਠਾਨਤਿ।
ਸਭਿਹਿਨਿ ਕੋ ਗੰਗਾ ਸਨਮਾਨਤਿ।
ਮ੍ਰਿਦੁਲ ਗਿਰਾ ਤੇ ਨਿਕਟਿ ਬਿਠਾਵਤਿ।
ਉਮਗ ਉਮਗ ਸਗਰੀ ਤ੍ਰਿਯ ਗਾਵਤਿ ॥੬॥
ਕਹੈਂ ਬ੍ਰਿੰਦ ਨਰ ਨਾਰੀ ਐਸੇ।
'ਬਿਤਹਿ ਜਾਮਨੀ ਤੂਰਨ ਕੈਸੇ।
ਹੋਤਿ ਪ੍ਰਾਤ ਕੇ ਉਤਸਵ ਨਾਨਾ।
ਮੰਗਲ ਕੌਤਿਕ ਪਿਖਹਿਂ ਮਹਾਨਾ ॥੭॥

ਸਭਿ ਤੇ ਹੈਂ ਬਡਿਭਾਗ ਹਮਾਰੇ।
ਸ਼੍ਰੀ ਹਰਿ ਗੋਬਿੰਦ ਚੰਦ ਨਿਹਾਰੇ।
ਸ਼ਾਦੀ ਕੋ[1] ਨਿਕਸਾਵਹਿਂ ਟੀਕਾ।
ਮਾਨੁਖ ਜਨਮ ਹੋਇ ਹਮ ਨੀਕਾ' ॥੮॥
ਲੇਨਿਹਾਰ ਤ੍ਰਿਯ ਆਵਤਿ ਕੇਈ।
ਹਰਖ ਧਰਤਿ ਗੰਗਾ ਧਨ ਦੇਈ।
ਕਿਸਹੂੰ ਬਸਨ ਦੇਤਿ ਹਿਤ ਧਰੈ।
ਕਿਸੈ ਬਿਭੂਖਨ ਦੈਬੋ ਕਰੈ ॥੯॥
ਕਿਸਹੂੰ ਦੇਤਿ ਅਧਿਕ ਮਿਸ਼ਟਾਨ।
ਕਿਹ ਸੋਂ ਮਾਧੁਰ ਕਰਤਿ ਬਖਾਨ।
ਭਈ ਪ੍ਰਥਮ ਸ਼ਾਦੀ ਜਗ ਗੁਰ ਕੇ।
ਦੇਤਿ ਚੌਗੁਨੋ ਧਨ ਮੁਦਿ ਕਰਿ ਕੈ ॥੧੦॥
ਬਾਦਤਿ ਕੇਰਿ ਬਜਾਵਨ ਹਾਰੇ।
ਅਪਰ ਕਿਤੇ ਜੋ ਜਾਚਿਕ ਦ੍ਵਾਰੇ।
ਡੂਮ ਭਾਟ ਜੁਤਿ ਦੇਖਿ ਸਰਬ ਕੋ।
ਲੇਤਿ ਬਧਾਈ ਦੇਤਿ ਦਰਬ ਕੋ ॥੧੧॥
ਦੀਪਮਾਲ ਤਿਸ ਕਾਲ ਬਿਸਾਲਾ।
ਹੋਤਿ ਭਈ ਸਭਿ ਥਾਨ ਉਜਾਲਾ।
ਸੁਧਾ ਸਰੋਵਰ ਸ਼੍ਰੀ ਹਰਿਮੰਦਰ।
ਪੁਰਿ ਅਰੁ ਬਿਪਨੀ[1] ਕੇ ਥਲ ਸੁੰਦਰ ॥੧੨॥
ਜਨੁ ਉਤਸਵ ਧਰਿ ਕਰਿ ਨਿਜ ਰੂਪ।
ਰਾਮਦਾਸ ਪੁਰਿ ਆਇ ਅਨੂਪ।
ਮੰਗਲ ਰੀਤਿ ਜਿਤਿਕ ਜਗ ਅਹੈ।
ਸਭਿ ਹੀ ਕਰੀ ਜਥਾ ਬ੍ਰਿਧ ਕਹੈ[1] ॥੧੩॥
ਖਾਨ ਪਾਨ ਕਰਿ ਕੈ ਨਰ ਨਾਰੀ।
ਗੁਰੁ ਘਰ ਮੰਗਲ ਤੇ ਮੁਦ ਧਾਰੀ।
ਨਾਨਾ ਗੀਤਨਿ ਗਾਇ ਸੁਨਾਵੈਂ।
ਗਾਰੀ ਦੇਤਿ[†] ਅਧਿਕ ਮਨ ਭਾਵੈਂ ॥੧੪॥

[1]ਖੁਸ਼ੀ ਭਾਵ ਮੰਗਣੀ ਦਾ।

[1]ਮੰਡੀ ਭਾਵ ਬਜਾਰ ਦੁਕਾਨਾਂ।

[1]ਜਿਵੇਂ ਵਡਿਆਂ ਨੇ ਕਹੀ। (ਅ) ਬਾਬਾ ਬੁੱਢਾ ਜੀ ਨੇ ਜੋ ਕਹੀ।

[†]ਗੁਰਬਾਣੀ ਗਾਇਨ ਦੇ ਉਪਦੇਸ਼ਟਾ ਸਤਿਗੁਰੂ ਦੇ ਗ੍ਰਿਹ 'ਗਾਲੀਆਂ ਦੇਣੀਆਂ' ਕਵੀ ਜੀ ਦੇ ਵਕਤ ਦੇ ਪ੍ਰਚਲਨ ਰਿਵਾਜ ਦਾ ਵਰਣਨ ਭਾਵੇਂ ਹੋਵੇ, ਪਰ ਅਸਲ ਗਲ ਇਹ ਨਹੀਂ ਜਦ ਕਿ ਛੇਵੇਂ ਸਤਿਗੁਰੂ ਜੀ ਦੇ ਅਵਤਾਰ ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ ਕਿ:- 'ਗੁਰਬਾਣੀ ਸਖੀ ਅਨੰਦੁ ਗਾਵੈ ॥' [ਆਸਾ ਮ: ੫]

ਅਰਥਾਤ ਗੁਰਬਾਨੀ ਘਰ ਵਿਚ ਸਖੀਆ ਗਾਂਦੀਆਂ ਹਨ, ਤਾਂ ਕੁੜਮਾਈ ਦੇ ਸਮੇਂ ਗਾਲੀਆਂ ਕਿਥੋਂ ਆ ਸਕਦੀਆਂ ਸਨ।

ਅਰਧ ਰਾਤਿ ਲਗਿ ਗਾਵਤਿ ਰਹੀ।
ਪ੍ਰਾਤ ਪ੍ਰਤੀਖਤਿ ਨਿੰਦ੍ਰਾ ਲਹੀ।
ਕੋ ਹਰਖਤਿ ਬਹੁ ਸੁਪਤਜੋ ਨਾਂਹੀ।
ਦੇਖਹਿਂ ਉਤਸਵ ਮੁਦ ਉਰ ਮਾਂਹੀ ॥੧੫॥
ਜਾਮ ਜਾਮਨੀ ਸ਼੍ਰੀ ਗੁਰੁ ਜਾਗੇ।
ਕ੍ਰਿਯਾ ਸੌਚ ਸਭਿ ਕਰਿਬੇ ਲਾਗੇ।
ਸ਼੍ਰੀ ਹਰਿ ਮੰਦਿਰ ਕੋ ਇਸ਼ਨਾਨਾ।
ਫਰਸ਼ ਫਨੂਸ[1] ਕਏ ਸਵਧਾਨਾ ॥੧੬॥

[1]ਵਿਛਾਈ ਤੇ ਝਾੜ।

ਗਾਵਤਿ ਰਾਗੀ ਆਸਾਵਾਰ।
ਰਾਗ ਰਾਗਨੀ ਸ਼ਬਦ ਮਝਾਰ।
ਸ਼੍ਰੀ ਪਰਮੇਸ਼ੁਰ ਸਿਮਰਿ ਬਿਸਾਲਾ।
ਸੁਖਦਾਯਕ ਗਾਯਕ ਸਬਿ ਕਾਲਾ ॥੧੭॥
ਸਤਿਗੁਰੁ ਬੀਚ ਬਿਰਾਜੇ ਜਾਇ।
ਸਿੱਖਨਿ ਕੋ ਸਰੂਪ ਦਿਖਲਾਇ।
ਕਰੇ ਨਿਹਾਲ ਅਧਿਕ ਫਲ ਦੀਨਿਸਿ।
ਮਾਨੁਖ ਜਨਮ ਲਾਭ ਸਿਖ ਲੀਨਿਸ[1] ॥੧੮॥

[1]ਸਿੱਖਾਂ ਨੇ ਲਿਆ।

ਪ੍ਰਾਤ ਹੋਤਿ ਲੌ ਕਿਰਤਨ ਹੋਯੋ।
ਸਿਖ ਸੰਗਤਿ ਗੁਰੁ ਦਰਸ਼ਨ ਜੋਯੋ।
ਦਿਵਸ ਚਢੇ ਦਿਜਬਰ ਕਹਿ ਸੋਇ।
'ਲੇਹੁ ਬੁਲਾਇ ਜੋਤਕੀ[1] ਜੋਇ ॥੧੯॥

[1]ਜੋਤਸ਼ੀ।

ਥਿੱਤੀ ਵਾਰ ਮਹੂਰਤ ਆਛੋ।
ਤਿਸ ਕੇ ਸਾਥ ਪੂਛਬੋ[1] ਬਾਂਛੋ।'
ਸ਼੍ਰੀ ਅਰਜਨ ਤਬਿ ਲੌਕਿਕ ਰੀਤਿ†।

[1]ਉਸ ਤੋਂ ਪੁੱਛਣਾ ਕਰੋ।

†ਕਵਿ ਜੀ ਦੇ ਸਮੇਂ ਲੌਕਿਕ ਰੀਤੀ ਦੇ ਨਾਮ ਹੇਠਾਂ ਸਿੱਖਾਂ ਦੇ ਵੱਡੇ ਘਰਾਣਿਆਂ ਵਿਚ ਬ੍ਰਾਹਮਣ ਪ੍ਰਵੇਸ਼ ਕਰ ਰਹੇ ਸਨ ਤੇ ਥਿੱਤ ਵਾਰ ਲਗਨ ਦੇ ਭਰਮਾਂ ਦਾ ਜਾਲ ਮੁੜ ਵਿਛਾ ਰਹੇ ਸਨ। ਇਸ ਵੇਲੇ ਜੇ ਕੋਈ ਚੰਗਾ ਸਿੱਖ ਮਨ੍ਹੇਂ ਕਰੇ ਤਾਂ ਪੋਲੇ ਜਹੇ 'ਇਹ ਐਵੇਂ ਲੋਕਾਚਾਰ ਹੈ' ਕਹਿਕੇ ਟਾਲ ਦਿੰਦੇ ਸਨ, ਆਪਣੇ ਸਮੇਂ ਦੀ ਇਹੋ ਬ੍ਰਿਤੀ ਕਵਿ ਜੀ ਨੇ ਸਤਿਗੁਰਾਂ ਦੇ ਵੇਲੇ ਬੀ ਪ੍ਰਵਿਰਤ ਖਿਆਲ ਕਰ ਲਈ ਹੈ। ਇਹ ਕਦੇ ਨਹੀਂ ਹੋ ਸਕਦਾ ਕਿ ਗੁਰ ਨਾਨਕ ਦੀ ਗੱਦੀ ਦੇ ਮਾਲਕ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦੇ ਸੰਕਲਤ ਕਰਤਾ, ਆਪ ਬਾਣੀ ਦੇ ਬੋਹਿਥ, ਭਾਈ ਗੁਰਦਾਸ ਦੇ ਸਿਰਤਾਜ ਗੁਰੂ ਕਦੇ ਲਗਨਾਂ ਮਹੂਰਤਾਂ ਦੇ ਭਰਮ ਵਿਚ ਫਸਦੇ, ਅਰ ਲੌਕਿਕ ਰੀਤ ਨੂੰ ਆਪਣੇ ਬੱਧੇ ਅਸੂਲਾਂ ਦੇ ਸਾਹਮਣੇ ਕੋਈ ਥਾਂ ਦੇਂਦੇ। ਦੇਖੋ ਸ਼੍ਰੀ ਗੁਰੂ ਗ੍ਰੰਥ ਜੀ ਦੇ ਮਹਾਂ ਵਾਕ:-ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ [ਆਸਾ ਮਃ ੫] ਪੁਨਾ:- 'ਨਾਮੁ ਹਮਾਰੇ ਸਉਣ ਸੰਜੋਗ' [ਭੈਃ ਮਃ ੫]॥ ਪੁਨਾ:- 'ਪ੍ਰਭੁ ਹਮਾਰੈ ਸਾਸਤ੍ਰ ਸਉਣ॥ [ਭੈਃ ਮਃ ੫] ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੇ [ਵਡ: ਵਾਰ ਮ: ੧]॥ ਗੁਰੂ ਅਰਜਨ ਦੇਵ ਜੀ ਦਾ ਆਪਣਾ ਸ਼੍ਰੀ ਮੁਖ ਵਾਕ ਹੈ

"ਦੁਤੀਆ ਤਿਆਗੀ ਲੋਗਾ ਰੀਤਿ" [ਆਸਾ ਮਃ ੫] ਜਦ ਗੁਰੂ ਜੀ ਲੋਕਾ ਰੀਤਿ ਆਪ ਦਸਦੇ ਹਨ ਕਿ ਅਸਾਂ ਤਿਆਗ ਦਿੱਤੀ ਹੈ ਤਾਂ ਫੇਰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਹੈ। ਕੁੜਮਾਈ ਦੇ ਚਾਉ ਵਿੱਚ ਜੋ ਕੁਛ ਮਾਤਾ ਗੰਗਾ ਜੀ ਦਾ ਵਰਤਾਉ ਦੱਸਿਆ ਗਿਆ ਹੈ ਉਹ ਬੀ ਆਪਣੇ ਸਮੇਂ ਦੀਆਂ ਸਿੱਖ ਰਾਣੀਆਂ ਵਾਲਾ ਹੈ, ਪਤਿਬ੍ਰਤ ਧਰਮ ਦੀ ਮੂਰਿਤ, ਲੰਗਰ ਦੀ ਸੇਵਾ ਕਰਨੇ ਵਾਲੀ ਮਾਤਾ ਨਾਮ ਸਿਮਰਣ ਦੀ ਅਵਧੀ ਸਨ ਤੇ ਉਹਨਾਂ ਦੇ ਚਾਉ ਮਲ੍ਹਾਰ ਕਿਸੇ ਆਤਮ ਰੰਗ ਤੇ ਰਸਾਂ ਵਾਲੇ ਹੁੰਦੇ ਸਨ ਨਾਕਿ ਵਾਹਿਗੁਰੂ ਭੁਲਾਉਣ ਵਾਲੇ ਤੇ ਲੋਕਾਚਾਰੀ ਦੇ।

ਸੁਨਿ ਦਿਜ ਤੇ ਕਰਿ ਆਨੰਦ ਚੀਤਿ ॥੨੦॥
ਤਤਛਿਨ ਗਨਕ ਹਕਾਰਨਿ ਕੀਨਾ।
ਜੋਤਿਸ਼ ਬਿਖੈ ਬਿਲੰਦ ਪ੍ਰਬੀਨਾ।
ਚਾਵਰ ਥਾਲ[1] ਪੂਰਿ ਕਰਿ ਸਾਰੋ। [1]ਚਾਵਲਾਂ ਦਾ ਥਾਲ।
ਪੁਨ ਤਿਸ ਬਿਖੈ ਦਰਬ ਕਿਛੁ ਡਾਰੋ ॥੨੧॥
ਧਰਿ ਦਿਜ ਆਗੈ ਬੂਝਨਿ ਕੀਨਾ।
ਪਿਖੇ ਮੁਹੂਰਤ ਦੋਸ਼ ਬਿਹੀਨਾ।
ਹਰਿਗੁਵਿੰਦ ਕੀ ਹੋਇ ਸਗਾਈ।
ਲਾਗੀ ਬੈਠੇ ਆਇ ਇਥਾਈਂ' ॥੨੨॥
ਸੁਨਤਿ ਗਣਕ ਹਰਖਾਇ ਬਿਚਾਰਾ।
ਹੇ ਸਤਿਗੁਰੂ ਸਭਿ ਕੁਛ ਤੁਮ ਧਾਰਾ[1]। [1]ਧਾਰਨ ਕੀਤਾ ਭਾਵ ਰਚਿਆ ਹੈ।
ਦਿਵਸ ਆਜ ਕੋ ਉੱਤਮ ਲਹੈ[1]। [1]ਜਾਣੀਦਾ ਹੈ।
ਅਗਹਨ ਸੁਦੀ ਸਪਤਮੀ ਅਹੈ[1] ॥੨੩॥ [1]ਮੱਘਰ ਸਪਤਮੀ ਚਾਨਣੇ ਪੱਖ ਦੀ।
ਸਪਤ ਘਰੀ ਦਿਨ ਜਬਿ ਚਢਿ ਆਵੈ।
ਉੱਤਮ ਸਮੋ ਲਗਨਿ[1] ਤਬਿ ਪਾਵੈ।' [1]ਲਗਨ ਦਾ।
ਸੁਨਿ ਸਤਿਗੁਰੂ ਤਬਿ ਦਾਸ ਪਠਾਏ।
ਸਕਲ ਸਮੱਗ੍ਰੀ ਤੂਰਨ ਲ੍ਯਾਏ ॥੨੪॥
ਮਹਾਂਦੇਵ ਕੋ ਪ੍ਰਥਮ ਬੁਲਾਯੋ।
ਸਨਮਾਨਤਿ ਨਿਜ ਨਿਕਟਿ ਬਿਠਾਯੋ।
ਸਮੈਂ ਉਚਿਤ ਬੋਲਤਿ ਮੁਸਕਾਵਤਿ[1]। [1]ਬੁੱਲ੍ਹਾਂ ਵਿਚ ਹੱਸਕੇ।
ਕੁਲ ਕੀ ਰੀਤਿ ਬਿਲੰਦ ਬਤਾਵਤਿ ॥੨੫॥
ਪੁਰਿ ਕੇ ਪੈਂਚ ਹਕਾਰਨਿ ਕੀਨੇ।
ਦਿਜਬਰ ਅਪਰ[1] ਬੁਲਾਇ ਪ੍ਰਬੀਨੇ। [1]ਹੋਰ।
ਪੁਨਿ ਬਜਾਰ ਤੇ ਬਣਕ[1] ਬੁਲਾਏ। [1]ਬਾਣੀਏਂ ਭਾਵ ਵਿਹਾਰੀ ਲੋਕ।
ਕਰਿ ਕਰਿ ਟੋਲਿ ਸਕਲ ਚਲਿ ਆਏ ॥੨੬॥
ਸਾਲੋ ਅਰੁ ਬੁੱਢਾ ਕਲਿਆਨ।

ਉੱਮਰਸ਼ਾਹੁ ਮਹਾਨ ਦਿਵਾਨ।
ਹੁਤੇ ਮਸੰਦ ਬਿਲੰਦ ਸੁ ਬ੍ਰਿੰਦ।
ਆਇ ਬੰਦਨਾ ਕਰਿ ਕਰ ਬੰਦਿ ॥੨੭॥
ਸਿਖ ਸੰਗਤਿ ਸੁਨਿਸੁਨਿ ਸਮੁਦਾਇ।
ਲਗੀ ਸਭਾ ਸਭਿ ਰਹੀ ਸੁਹਾਇ।
ਨੌਬਤਿ ਬਾਜਤਿ ਅਨੰਦ ਉਪਾਵਤਿ।
ਮੰਗਲ ਸ਼ਬਦ ਕਲਾਵਤਿ[1] ਗਾਵਤਿ ॥੨੮॥
ਬਜਹਿ ਨਫੀਰੀ[1] ਨਾਦ ਉਠਾਵੈਂ।
ਠਾਂਢੇ ਭਾਟ ਕਬਿੱਤ ਸੁਨਾਵੈਂ।
ਸ਼੍ਰੀ ਅਰਜਨ ਬਿਚ ਸਭਾ ਬਿਰਾਜੇ।
ਜਿਮ ਉਡਗਨਿ ਮਹਿਂ ਨਿਸਪਤਿ ਸਾਜੇ ॥੨੯॥
ਚਮਰ ਢੁਰਤਿ ਹੈ ਬਾਰੰਬਰੀ।
ਲੇ ਜਨੁ ਬਿਸਦ ਮਰਾਲ ਉਡਾਰੀ।
ਸੇਤ ਬਸਤ੍ਰ ਸਤਿਗੁਰੂ ਗਰ ਪਾਏ।
ਮਨੋ ਸਮੇਟ ਚੰਦ੍ਰਿਕਾ ਲਜਾਏ[1] ॥੩੦॥
ਸ਼ਾਂਤਿ ਸਰੂਪ ਸੁਸ਼ੀਲ ਸਧੀਰ।
ਬਦਨ ਪ੍ਰਫੁੱਲਿਤ ਗੁਨੀਗਹੀਰ।
ਪਠਜੋ ਦਾਸ ਤਬਿ[†] 'ਦਿਜ ਪਹਿ ਜਾਵੋਂ।
ਸਮੋਂ ਨੀਕ ਅਬਿ ਲੇ ਕਰਿ ਆਵੋ' ॥੩੧॥
ਗਜਾਨਵਾਨ ਸਿਖ ਸਭਾ ਮਝਾਰੇ।
ਚਹੁੰਦਿਸ਼ਿ ਮਹਿਂ ਗੁਰੁ ਕੇ ਪਰਵਾਰੇ।
ਬ੍ਰਹਮ ਲੋਕ ਮਹਿਂ ਬ੍ਰਹਮਾ ਜੈਸੇ।
ਸੁਰਗਨ ਸਹਤ ਬਿਰਾਜਹਿਂ ਤੈਸੇ ॥੩੨॥
ਨਾਰ ਨਾਗਰੀ ਕੋਕਿਲ ਬੈਨੀ।
ਗਾਵਹਿਂ ਗੀਤਿ ਪ੍ਰਫੁੱਲਿਤਿ ਨੈਨੀ।
ਇਕ ਬੈਠੀ ਢਿਗ ਢੋਲ ਬਜਾਵੈਂ।
ਮੰਗਲ ਗੀਤ ਬਨਾਇ ਸੁਨਾਵੈਂ[†] ॥੩੩॥

[1]ਗਵੱਯੇ, ਭੱਟੀ।

[1]ਤੂਤੀਆਂ।

[1]ਮਾਨੋਂ ਚਾਂਦਨੀ ਸਮੇਟ ਕਰਕੇ ਲਿਆਂਦੀ ਹੈ।

[†]ਪਾ:-ਤ੍ਰਬ।

[†]ਡੂੰਮਣੀਆਂ ਆਦਿਕਾਂ ਦੇ ਗਾਣੇ ਬਜਾਣੇ ਬੀ ਕਵਿ ਜੀ ਆਪਣੇ ਸਮੇਂ ਦੇ ਸਿੱਖ ਰਾਜਸੀ ਘਰਾਣਿਆਂ ਵਾਲੇ ਸਤਿਗੁਰ ਦੇ ਦਰਬਾਰ ਵਿੱਚ ਖਯਾਲ ਕਰ ਰਹੇ ਹਨ। ਪਰ ਉਹ ਸਮਾਂ ਹੋਰ ਸੀ ਤੇ ਤਦੋਂ ਦੇ ਆਨੰਦ ਹੋਰ ਸਨ। ਇਹ ਬਾਤਾਂ ਸਹੀ ਨਹੀਂ। ਇਹ ਤਸਵੀਰ ਸਿੱਖ ਰਾਜ ਵਿਚ ਅੰਨਜਮਤਿ ਰੀਤਾਂ ਦੇ ਪ੍ਰਵੇਸ਼ ਦੇ ਸਮੇਂ ਦੀ ਹੈ, ਸਤਿਗੁਰ ਦੇ ਸਮੇਂ ਦੀ ਨਹੀਂ।

ਸਤਿਗੁਰੂ ਜੀ ਦੇ ਸਮੇਂ ਪੁਰਾਣੇ ਗੀਤਾਂ ਦੇ ਤਿਆਗ ਤੇ ਗੁਰਬਾਣੀ ਦਾ ਪ੍ਰਚਾਰ ਸੀ, ਇਸੇ ਲਈ ਘੋੜੀਆਂ ਆਦਿ ਸਿਰਲੇਖ ਲਿਖਕੇ ਸਤਿਗੁਰੂ ਜੀ ਆਪ ਗੁਰਬਾਣੀ ਰਚਦੇ ਤੇ ਪ੍ਰਚਾਰਦੇ ਸਨ।

ਇਕਿ ਨਾਚਤਿ ਹੈਂ ਪਾਇ ਭਵਾਲੀ।
ਬਿਹਸਿ ਬਜਾਵਤਿ ਹੈਂ ਇਕ ਤਾਲੀ[1]। [1]ਤਾੜੀਆਂ।
ਰੁਣ ਰੁਣਾਟ ਭੂਖਨਿ ਝੁਨਕਾਰੇ।
ਭਰੀ ਹਰਖ ਨਿਜ ਅੰਗ ਉਸਾਰੈਂ[1] ॥੩੪॥ [1]ਉਭਾਰਦੀਆਂ ਹਨ।
ਇਮ ਘਰ ਵਹਿਰ ਅਨੰਦ ਬਿਸਾਲਾ।
ਮਿਲੇ ਲੋਕ ਸ਼੍ਰੀ ਗੁਰੁ ਢਿਗ ਜਾਲਾ।
ਬੈਠੇ ਕਿਤਿਕ ਭੀਰ ਬਡ ਹੋਈ।
ਚਹੁੰਦਿਸ਼ਿ ਖਰੇ ਭਏ ਥਿਰ ਕੋਈ ॥੩੫॥
ਸਭਿ ਹੀ ਕਰਤਿ ਮਨੋਰਥ ਜੀਕਾ।
ਹੇਰਹਿਂ ਹਰਿ ਗੋਵਿੰਦ ਹੁਇ ਟੀਕਾ।
ਬਾਸਨਿ ਭਰੇ ਮੋਦਕਨਿ ਕੇਰੇ[1]। [1]ਲੱਡੂਆਂ ਦੇ।
ਲਜਾਇ ਲਜਾਇ ਕਰਿ ਧਰਹਿਂ ਘਨੇਰੇ ॥੩੬॥
ਅਸ ਉਤਸਵ ਹੋਵਤਿ ਸਮੁਦਾਏ।
ਦਿਜ ਨਾਉ ਤਿਸ ਥਲ ਚਲਿ ਆਏ।
ਦੇਖਿ ਸਭਾ ਕੋ ਹਰਖ ਧਰੰਤੇ।
ਆਸ਼ਿਖਬਾਦ[1] ਬਿਲੰਦ ਭਨੰਤੇ ॥੩੭॥ [1]ਅਸ਼ੀਰਵਾਦ।
ਸ਼੍ਰੀ ਸਤਿਗੁਰੂ ਅਰਜਨ ਜੀ ਦੇਖਿ।
ਬੈਠਾਰੇ ਸਨਮਾਨ ਵਿਸ਼ੇਖਿ।
ਪੂਰਜੋ ਚੌਂਕ ਗਣਕ ਨੇ ਤਬੈ।
ਗਣਪਤਿ ਗ੍ਰਹ ਥਾਪਨਿ ਕਰਿ ਸਬੈ[†] ॥੩੮॥

[†]ਗੁਰੂ ਜੀ ਇੱਕ ਅਕਾਲ ਦੇ ਉਪਾਸਕ ਸਨਗੇ। ਉਹ ਹੋਰਸ ਦੀ ਪੂਜਾ ਕਦੇ ਨਹੀਂ ਸੇ ਕਰਦੇ ਯਥਾ:- 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ' ॥ ਪੁਨਾ- 'ਏਕੋ ਜਪਿ ਏਕੋ ਸਾਲਾਹਿ' ॥ ਦੇ ਕਹਿਣ ਵਾਲੇ ਸਾਹਮਣੇ ਗਨੇਸ਼ ਥਾਪਨਾਂ ਕਹਿਣਾ ਕਵਿ ਉਕਤੀ ਮਾਤ੍ਰ ਹੈ। ਤਥਾ 'ਏਕ ਨਾਮ ਕੋ ਥੀਓ ਪੂਜਾਰੀ' ॥ ਪੁਨਾ:- 'ਨਾਨਕ ਪੂਜੈ ਹਰਿ ਹਰਿ ਦੇਵਾ' ॥ ਪੁਨਾ:- 'ਸੌਨ ਸਭੈ ਸ਼ੁਭ ਵਾਰ ਨਿਛੱਤ੍ਰਨਿ ਨੌਂ ਗ੍ਰੈਹ ਆਨਿਕੈ ਕੀਨਿ ਨਮੋ। '[ਰਾ: ੩ ਅੰ: ੪, ਅੰਕ ੨੩] ਜਦ ਛੇਵੇ ਗੁਰਾਂ ਦੇ ਅਵਤਾਰ ਸਮੇਂ ਸਿੰਘਾਂ ਵਾਂਗ ਨਛਤ੍ਰਾਂ ਤੇ ਨੌਂ ਗ੍ਰਹਾਂ ਨੇ ਆਕੇ ਮੱਥਾ ਟੇਕਿਆ ਸੀ ਤਾਂ ਹੁਣ ਵਿਆਹ ਸਮੇਂ ਓਹ ਪੂਜਾ ਕਰਾਉਨ ਵਾਲੇ ਪੁਜਾਯੋਗ ਕੀਕੂੰ ਹੋ ਗਏ? ਤਾਂ ਤੇ ਏਹ ਲੇਖ ਜਾਂ ਆਖੇਪਕ ਹਨ ਯਾ ਕਵਿ ਜੀ ਤੋਂ ਕਿਸੇ ਹੋਰ ਅਸਰ ਯਾ ਦਬਾਉ ਨੇ ਲਿਖਵਾਏ ਹਨ, ਹਰ ਹਾਲ ਇਹ ਗੁਰਮਤ ਅਨਕੂਲ ਨਹੀਂ ਹਨ।

ਚੰਦਨ ਕੀ ਚੌਂਕੀ ਮੰਗਵਾਇ।
ਸਭਿ ਮਹਿਂ ਗੁਰੁ ਢਿਗ ਦਈ ਡਸਾਇ।
ਲੌਕਿਕ ਬੈਦਕ ਰੀਤਿ ਬਡੇਰੀ[†]। [†]ਦੇਖੋ ਇਸੇ ਅੰਸੂ ਦੇ ਅੰਕ ੨੦ ਦੀ ਹੇਠਲੀ ਟੂਕ।

ਦਿਜਿ ਕਹਿ ਕਰਿਵਾਇਸਿ ਤਿਸ ਬੇਰੀ
॥੩੯ ॥

ਦੋਹਰਾ:

'ਕਰਿਹੁ ਹਕਾਰਨਿ ਇਹ ਸਮੇਂ, ਸਮੈਂ ਸ੍ਰੀ
ਹਰਿਗੋਵਿੰਦ ਚੰਦ।'
ਇਮ ਕਹਿ ਕਰਿ ਦਿਜ ਗਣਕ ਤਬਿ, ਪਠਯੋ
ਦਾਸ ਮਤਿਵੰਦ ॥੪੦॥
ਬਸਨ ਬਿਭੂਖਨ ਪਹਿਰਤੇ, ਕਰਿ ਸ਼ਨਾਨ
ਜਿਸ ਥਾਨ।
ਤਹਾਂ ਜਾਇ ਕਰਿ ਕਹਤਿ ਭਾ, 'ਚਲਹੁ
ਆਪਿ ਸੁਖਦਾਨਿ!' ॥੪੧॥

ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਨਾਮ ਚਤੁਰਥੋ ਅੰਸੂ
॥੪॥

## ੫. [ਸੰਗਤਿ ਦੀ ਅਰਦਾਸ ਪੁੱਜੀ। ਸਗਾਈ ਮੋੜ ਦਿੱਤੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਗੰਗਾ ਰਿਦੇ ਅਨੰਦ ਕਰਿ,
ਨੰਦਨ ਹਰਿ ਗੋਵਿੰਦ।
ਬਸਨ ਬਿਭੂਖਨ ਮੋਲ ਬਹੁ,
ਪਹਿਰਾਵਤਿ ਸੁਖਕੰਦ ॥੧॥

ਸ੍ਵੈਯਾ ਛੰਦ:

ਸੂਖਮ ਬਸਤ੍ਰ ਗਰੇ ਮੈਂ ਜਾਮਾ
ਜਿਸ ਕੇ ਬੀਚ ਦਿਪਤਿ ਤਨ ਚਾਰੁ।
ਚੀਰਾ ਰਕਤ ਸੁਹਾਵਤਿ ਸਿਰ ਪਰਿ
ਜ਼ਰੀਦਾਰੁ ਹੈ ਸ਼ੋਭ ਅਪਾਰ†। — †ਪਾ:- ਜੁਗ ਛੋਰ ਉਦਾਰ।
ਪਰਜੋ ਸਿਕੰਧਨਿ[1] ਪਰ ਦੁਕੂਲ[2] ਸੁਭ — [1]ਮੋਢੇ। [2]ਦੁਪੱਟਾ।
ਦਮਕਤਿ ਗੋਟਾ ਜੁਤਿ ਬਿਸਤਾਰੁ।
ਹੀਰੇ ਚੀਰੇ ਕੋਰਦਾਰ ਬਰ
ਜਰੇ ਜਵਾਹਰਿ ਜਿਗਾ ਮਝਾਰ ॥੨॥
ਕੁੰਡਲ ਡੋਲ ਕਪੋਲਨਿ ਊਪਰਿ
ਮੁਕਤਾ ਗੋਲਿ ਜਿ ਮੋਲਿ ਬਿਸਾਲ।
ਤਿਮ ਮੋਤਨਿ ਕੀ ਮਾਲ ਗਰੇ ਮਹਿਂ
ਉੱਜਲ ਦਮਕਤਿ ਹੈ ਦੁਤਿ[1] ਜਾਲ। — [1]ਕ੍ਰਾਂਤਿ।
ਕੰਚਨ ਕੇ ਅੰਗਦ ਅਰੁ ਕੰਕਨ
ਜ਼ੇਬ ਜਬਰ ਤੇ ਜਟਤਿ ਉਜਾਲ।
ਛਾਪ ਛਲਾਯਨਿ ਤੇ ਛਬਿ ਛਾਕਤਿ[1] — [1]ਫਬ ਰਹੀ ਹੈ।
ਸਰਬ ਸਰਾਹਤਿ ਹੇਰਤਿ ਬਾਲ[1] ॥੩॥ — [1]ਬਾਲਕ ਰੂਪ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਦੇਖਕੇ ਸਲਾਹੁੰਦੇ ਹਨ ਸਾਰੇ।

ਨਿਜ ਕਰ ਤੇ ਲੇ ਜਨਨੀ ਅੰਜਨ[1] — [1]ਸੁਰਮਾਂ।
ਆਂਜੇ[1] ਕਮਲ ਪੱਤ੍ਰ ਸਮ ਨੈਨ। — [1]ਸਵਾਰੇ ਭਾਵ ਸੁਰਮਾਂ ਪਾਇਆ।
ਰਾਈ ਲਵਨ ਵਾਰਤੀ ਊਪਰ
ਡਰਤਿ ਰਿਦੇ ਕਿਸ ਡੀਠ ਲਗੈ ਨ†।

†ਕਵਿਤਾ ਵਿਚ ਸਮਾਂ ਬੰਨ੍ਹਣ ਲਈ ਸਾਰੇ ਅੰਗ ਪੂਰੇ ਹੋ ਰਹੇ ਹਨ, ਅਸਲੀਅਤ ਇਹ ਹੈ ਕਿ ਮਾਤਾ ਗੰਗਾ ਜੀ ਨਾ ਡਰਨ ਵਾਲੇ ਸਨ, ਨਾਂ ਭਰਮਾਂ ਵਿੱਚ ਫਸੇ ਸਨ, ਉਹ ਤਾਂ ਨਾਮ ਦੇ ਪ੍ਰੇਮੀ ਤੇ ਪਤੀ ਵਿੱਚ ਪਰਮੇਸ਼ੁਰ ਜੀ ਨੂੰ ਦੇਖਣ ਵਾਲੇ ਸਨ। ਖੁਸ਼ਾਮਦੀ ਟਹਿਲਣਾਂ ਤੇ ਫੁਸਲਾਣ ਵਾਲੇ ਬ੍ਰਹਮਨਾਂ ਦੀਆਂ ਭਰਮਾਈਆਂ ਸਿੱਖ ਰਾਜ ਘਰਾਣਿਆਂ ਦੀਆਂ ਇਸਤ੍ਰੀਆਂ ਦਾ ਰੂਪਕ ਇਹ ਠੀਕ ਹੈ। ਕਵਿ ਜੀ ਦੇ ਸਮੇਂ ਸਿੱਖਾਂ ਵਿਚ ਐਸ਼੍ਵਰਜ ਪ੍ਰੇਮੀ ਹੁੰਦੇ ਜਾਣ ਕਰਕੇ ਸਹਿਜੇ ਸਹਿਜੇ ਤੇ ਬੇ-ਮਲੂਮੀ ਗਿਰਾਉ ਦੀ ਗਰਦਸ਼ ਘਰਾਂ ਵਿਚ ਵੜ ਰਹੀ ਸੀ। ਅਸਲ ਜੋ ਗੁਰੂ ਜੀ ਦੇ ਸਮੇਂ ਵਰਤਿਆ ਹੈ ਓਹ ਗੁਰਬਾਣੀ ਵਿੱਚ

ਸਪਸ਼ਟ ਲਿਖਿਆ ਹੈ 'ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ' ।ਬਿਲਾ: ਮ: ੫॥ ॥ ਗੁਰੂ ਅਰਜਨ ਦੇਵ ਜੀ ਦੇ ਇਸ ਸਪਸ਼ਟ ਉਪਦੇਸ਼ ਦੇ ਸਾਹਮਣੇ ਕਦੇ ਮਾਤਾ ਜੀ ਨਜ਼ਰਾਂ ਟਪਾਰਾਂ ਤੋਂ ਨਹੀਂ ਸਨ ਡਰ ਸਕਦੇ।

ਪਿਖਤ ਅਨੰਦ ਬਿਲੰਦ ਰਿਦੈ ਲਹਿ,
ਇਮਿ ਸਜਾਇ† ਤ੍ਰਿਯ ਜੁਤ ਬਿਚ ਐਨ।
ਕਰੇ ਸੰਗ ਦਾਸਨਿ ਲੇ ਗਮਨੇ
ਜਹਾਂ ਸਭਾ ਸਤਿਗੁਰੂ ਸੁਖ ਦੈਨ ॥੪॥
ਸ਼੍ਰੀ ਅਰਜਨ ਬਿਨ ਉਠੇ ਸਰਬ ਹੀ
ਹੇਰਿ ਪ੍ਰਤਾਪ ਨ ਬੈਠਯੋ ਜਾਇ।
ਹਾਥ ਜੋਰਿ ਕਰਿ ਬੰਦਨ ਠਾਨਹਿ
ਚਹੁੰਦਿਸ਼ਿ ਤੇ ਦੇਖਤਿ ਹਰਖਾਇਂ।
ਪਿਤ ਕੋ ਨਮੋ ਕੀਨਿ ਭੇ ਠਾਂਢੇ
ਦਿਜਬਰ ਨੇ ਕਹਿ ਲਏ ਬਿਠਾਇ।
ਚੌਂਕੀ ਪਰ ਸ਼ੋਭਤਿ ਇਮ ਲਖਿਯਤਿ
ਸੁਰ ਸਮੁਦਾਇ ਸਹਤ ਸੁਰਰਾਇ ॥੫॥
ਰੂਪ ਬਿਲੋਕਤਿ ਦੇਤਿ ਆਸ਼ਿਖਾ
'ਜੁਗ ਜੁਗ ਜਿਵਹੁ ਗੁਰੂ ਕੋ ਨੰਦ!
ਇਹ ਉਤਸਵ ਹਮ ਹੇਰਨਿ ਕਰਿਹੈਂ
ਬਹੁਰ ਬਜਾਹ ਕੋ ਹੋਹਿ ਬਿਲੰਦ।
ਸ਼ਾਹੁ ਦਿਵਾਨ ਧਨੀ ਹੁਇ ਅਤਿਸ਼ੈ,
ਇਤ ਸਤਿਗੁਰ ਕੋ ਘਰ ਧਨਵੰਦ।
ਮੰਗਲ ਹੋਹਿਂ ਬ੍ਰਿੰਦ ਨਰ ਸੁਖ ਲਹਿਂ
ਭਯੋ ਮੇਲਿ ਸਮ ਕੋ ਅਬਿ ਦੁੰਦ[1]' ॥੬॥
ਪਾਂਧੇ ਤਬਿ ਅਭਿਖੇਕ[1] ਕਰਾਯਹੁ
ਪੂਰਬ ਗਨਪਤਿ ਕੋ ਕਰਿ ਮਾਨਿ[1]।
ਅਪਰ ਗ੍ਰਹਨਿ ਕੋ ਕਰਿ ਅਭਿ ਸੇਚਨਿ[1]†
ਭਰੀ ਭੀਰ ਮਾਨਵ ਗਨ ਆਨਿ।
ਸਤਿਗੁਰੂ ਮੁਖ ਦਿਸ਼ਿ ਨਯਨ ਲਗਾਏ
ਦਰਸ਼ਨ ਕਰਤਿ ਹਰਖ ਉਰ ਠਾਨਿ।
ਕੋ ਬੈਠੇ ਕੋ ਖਰੇ ਤਹਾਂ ਮਿਲਿ
ਨਰ ਭੇ ਅਨਗਨ ਥੋਰਿਯ ਥਾਨ ॥੭॥
ਇਤਨੇ ਮਹਿਂ ਦਿੱਲੀ ਤੇ ਸੰਗਲ

†ਪਾ:-ਸੋ ਜਾਇ।

[1]ਦੁਹਾਂ ਇਕੋ ਜਿਹਾਂ ਦਾ ਮੇਲ ਹੋਇਆ ਹੈ।

[1]ਪੂਜਨ ਕਰਾਯਾ।

[1]ਮਨਾਕੇ।

[1]ਪੂਜਨ। †ਦੇਖੋ ਪਿਛਲੇ ਅੰਸੂ ਦੇ ਅੰਕ ੩੮ ਦੀ ਹੇਠਲੀ ਟੂਕ।

ਪਠਜੋ ਦੂਤ ਆਯੋ ਬਹੁ ਚਾਲ।
ਸ਼੍ਰੀ ਅਰਜਨ ਕੇ ਨਿਕਟ ਪਹੂੰਚਜੋ
ਹਾਥ ਜੋਰਿ ਕਰਿ ਨੰਮ੍ਰੀ ਭਾਲ।
'ਮਹਾਰਾਜ ਅਰਦਾਸ ਏਕ ਹੈ
ਮੈਂ ਲਜਾਯਹੁ ਅਬਿ ਲੇਹੁ ਸੰਭਾਲਿ।
ਹੋਇ ਇਕੰਤ ਬ੍ਰਿਤੰਤ ਲਖੀਜੈ
ਪੁਨ ਕੀਜਹਿ ਜੇ ਕਾਜ ਬਿਸਾਲ ॥੮॥
ਤੂਰਨ ਹੇਰਹੁ, ਦੇਰਿ ਨ ਠਾਨਹੁ,
ਸਗਨ ਬਾਤਿ ਕਰੀਅਹਿ ਪਸ਼ਚਾਤਿ।'
ਸੁਨਤਿ ਉਠੇ ਸਤਿਗੁਰ ਤਿਸ ਛਿਨ ਮਹਿਂ,
ਬੈਠਜੋ ਸਿੱਖ ਏਕ, ਸਭਿ ਗਜਾਤ[1]।   [1]ਜੋ ਸਭ ਜਾਣਦਾ ਸੀ।
ਭੂਤ ਭਵਿੱਖਜਤਿ ਬਰਤਹਿ ਜਾਨਤਿ
ਬੇਪਰਵਾਹੁ ਸਦਾ ਚਿਤ ਸ਼ਾਂਤਿ।
ਮਗਨ ਰਹੈ ਗੁਰੁ ਸ਼ਬਦ ਬਿਖੈ ਨਿਤ
ਮਨ ਗੁਰੁ ਚਰਨ ਬਿਖੈ ਦਿਨ ਰਾਤਿ ॥੯॥
ਉਠਤਿ ਦੇਖਿ ਕਰਿ ਬੋਲਜੋ ਗੁਰੁ ਸੌਂ,
'ਛਪੀ ਨ ਰਹੈ ਪ੍ਰਭੋ ਇਹ ਬਾਤਿ।
ਸ਼ਰਧਾ ਹੀਨ ਹੰਕਾਰਿ ਪਾਤਕੀ
ਤਿਸ ਕੀ ਸੁਤਾ ਨ ਲਿਹੁ ਹਿਤ ਤਾਤ।
ਟੱਕਰ ਹਤਹਿ ਚੁਬਾਰੇ ਸੋਂ ਨਿਤ
ਮੋਰੀ ਮਹਿਂ ਮਰਿ ਹੈ ਪਛੁਤਾਤਿ[1]।   [1]ਪਸਚਾਤਾਪ ਕਰਕੇ।
ਜਿਸੇ ਛਪਾਯਹੁ ਚਾਹਤਿ ਹੋ ਅਬਿ
ਸੋ ਬਿਦਤਹਿ ਸਭਿ ਮਹਿਂ ਭਲਿ ਭਾਂਤਿ
॥੧੦॥
ਕੂਕਰ ਕੂਰਤਿ ਕੀ ਸਮ ਪਾਪੀ[1]   [1]ਕੁੱਤੇ ਦੇ ਵਾਂਙੂ ਪਾਪੀ ਕੂਕਦਾ ਹੈ।
ਗਜਰਾਜਨਿ ਗੁਰੁ ਕਮੀ ਨ ਹੋਇ।
ਸਾਕਤਿ ਸੰਗ ਨ ਬਨਿ ਹੈ ਤੁਮ ਸੋਂ,
ਇਮ ਬਿਚਾਰ ਕਰਿ ਤਜਾਗਹੁ ਸੋਇ।'
ਸੁਨਤਿ ਲੋਕ ਰਿਸ ਕਰਿ ਤਿਸ ਹਟਕਤਿ
'ਤੂਸ਼ਨਿ ਰਹੋ ਕਹੁ ਨ ਬਚ ਕੋਇ।
ਅਤਿ ਸ਼ਾਦੀ ਮਹਿਂ ਬਿਖ ਸਮ ਕਹਿਬੋ
ਉਚਿਤ ਨ ਤੋਹਿ ਲੇਹੁ ਅਵਿਲੋਇ- ॥੧੧॥

ਅੰਤਰਿਜਾਮੀ ਸ਼੍ਰੀ ਅਰਜਨ ਤਬਿ
ਉਚੋ ਕਰਯੋ ਹਾਥ ਅਰਬਿੰਦ।
'ਧੀਰਜ ਧਰਹੁ ਕਰਹਿਂ ਹਮ ਐਸੇ
ਬੈਠੇ ਗਾਵਹੁ ਗੁਨ ਗੋਬਿੰਦ।'
ਹੁਇ ਇਕੰਤ ਬਿਰਤੰਤ ਪਢ੍ਯੋ ਸਭਿ
ਲਖੀ ਖੁਟਾਈ ਕੀਨਿ ਜੁਮੰਦ।
'ਸਭਿ ਸੰਗਤਿ ਕੋ ਇਹੀ ਮਨੋਰਥ
ਨਹਿਂ ਨਾਤਾ ਲੀਜਹਿ ਜਗਬੰਦ!' ॥੧੨॥
ਪਠਿ ਅਰਦਾਸ ਸਭਾ ਮਹਿਂ ਆਏ
ਹੇਰਿ ਉਠੇ ਮਾਨਵ ਸਮੁਦਾਇ।
ਨਿਜ ਗਾਦੀ ਪਰ ਬੈਠਿ ਬਿਰਾਜੇ
ਜਗਤ ਗੁਰੂ ਸਿੱਖਜਨਿ ਸੁਖਦਾਇ।
ਮਹਾਂਦੇਵ ਆਦਿਕ ਸੋਂ ਬੂਝ੍ਯੋ
'ਖੱਤ੍ਰੀ ਦੁਸ਼ਟ ਹੰਕਾਰ ਬਧਾਇ।
ਬੋਲ ਬਿਗਾਰ ਬਿਸਾਲ ਭਯੋ ਬਹੁ
ਨਹਿਂ ਨਾਤੋ ਲੇਨੋ ਬਨਿ ਆਇ' ॥੧੩॥
ਮਹਾਂਦੇਵ, ਬ੍ਰਿਧ[1], ਸਾਲ੍ਹੋ ਆਦਿਕ
ਸਭਿਨਿ ਸਲਾਹ ਦਈ ਤਿਸ ਭਾਇ।
'ਰਾਵਰ ਜਾਨਤਿ ਮੂਢ ਗੁਮਾਨੀ
ਤਿਹ ਸਬੰਧ ਨੀਕੋ ਨ ਸੁਹਾਇ।'
ਗ੍ਰਿਹ ਅਭਿਖੇਕਤਿ ਬੋਲ੍ਯੋ ਪਾਂਧਾ
'ਸੁੰਦਰ ਸਮੋ ਨ ਇਹ ਬਿਤ ਜਾਇ।
ਤਿਲਕ ਕਰਾਵਹੁ ਅਬਿ ਨਿਜ ਸੁਤ ਕੇ
ਬਨਹਿ ਸਬੰਧ ਬਿਘਨ ਬਿਨਸਾਇ[1] ॥੧੪॥
ਦਿਹੁ ਆਇਸੁ ਦਿਜ ਕਰਹਿ ਸਗੁਨ ਕੋ
ਸਭਿ ਕੀ ਲਾਲਸ ਪੂਰੀ ਹੋਇ।'
ਭਏ ਬਿਰੁਖ[1] ਸ਼੍ਰੀ ਅਰਜਨ ਬੋਲੇ
'ਤਿਸ ਕੀ ਸਮਤਾ ਹਮੈਂ ਨ ਜੋਇ।
ਲੈਬੌ ਉਚਿਤ ਨਹੀਂ ਇਹ ਨਾਤਾ
ਜਾਤਿ ਦਰਬ ਹੰਕਾਰੀ ਸੋਇ।
ਉਚੋ ਬਨ੍ਯੋ ਚੁਬਾਰਾ ਮਦ ਤੇ
ਚਹੁੰਦਿਸ਼ਿ ਤੇ ਦੁਖ ਦੇ ਸਭਿ ਕੋਇ ॥੧੫॥

[1]ਬਾਬਾ ਬੁੱਢਾ।

[1]ਨਾਸ਼ ਹੋ ਜਾਣਗੇ।

[1]ਬੇਪ੍ਰਵਾਹ।

ਜੋ ਉਚੋ ਤਿਹ ਗਿਰਬੇ ਕੋ ਡਰੁ,
ਪਰਹਿ ਗਾਜ ਜਰ ਰਹੈ ਨ ਜਾਇ[1]। [1]ਬਿਜਲੀ ਪਿਆਂ ਉਹ ਸੜਨੋ ਬਚ ਨਹੀਂ ਸਕਦਾ (ਅ) ਉਸਦੀ ਜੜ੍ਹ ਨਾ ਰਹੇਗੀ।

ਹਮ ਸਮ ਹਮ ਕੋ ਆਨਿ ਮਿਲਹਿ ਕੋ,
ਬਨਹੁ ਚੁਬਾਰਾ ਭਾਲ ਭਨਾਇ[1]। [1]ਮੱਥਾ ਭਨਾਵੇ।
ਸਤਿਗੁਰੁ ਕੋ ਘਰ ਮਾਣ ਨਿਮਾਣਿਨਿ
ਮਾਨੀ ਜਬਿ ਕਬਿ ਲਹੈ ਸਜਾਇ।
ਨੰਮ੍ਰਿ ਹੋਇ ਨੰਮ੍ਰਨਿ ਸੋਂ ਮਿਲਿ ਹੈ,
ਦੁਹਿ ਦਿਸ਼ਿ ਰਸ ਰਹਿ, ਪ੍ਰਮੁਦ[1] ਉਪਾਇ' ॥ ੧੬ ॥ [1]ਅਨੰਦ।
ਸਤਿਗੁਰੁ ਗਿਰਾ ਜ੍ਵਾਲ[1] ਸੀ ਨਿਕਸੀ [1]ਅਗਨੀ।
ਸਫਲ ਸਤੇਜ[1] ਪ੍ਰਕਾਸ਼ ਬਿਸਾਲ। [1]ਸਹਤ ਤੇਜ ਦੇ।
ਨਰ ਨਾਰਨਿ ਕੋ ਹਰਖ ਸੁ ਕਾਨਨ[1] [1]ਖੁਸ਼ੀ ਰੂਪੀ ਬਨ।
ਸੁਨਤਿ ਦਿਯੋ ਇਕ ਛਿਨ ਮਹਿਂ ਜਾਲ।
ਰਿਦੇ ਬਿਸਮ -ਇਹ ਭਈ ਕਹਾਂ ਗਤਿ !
ਕਜਾ ਕਰਤੇ ਕਜਾ ਬਰਤੀ ਚਾਲ।
ਕਮਲ ਬਾਟਿਕਾ[1] ਹੁਤੇ ਲਗਾਵਤਿ [1]ਕਮਲਾਂ ਦੀ ਬਗੀਚੀ।
ਉਦੈ ਕੰਟਕਾ ਥਿਰੀ ਸਡਾਲ[1] ॥ ੧੭ ॥ [1]ਕੰਡਜਾਲੀ (ਬੂਟੀ) ਡਾਲੀਆਂ ਸਣੇ ਉੱਗ ਪਈ।
ਉਗਵਨਿ ਲਗੀ ਅਨੰਦ ਬੇਲਿ ਇਹ
ਕਿਸ ਗਜ ਨੇ ਮਰਦੀ[1] ਤਤਕਾਲ-। [1]ਮਲ ਦਿੱਤੀ।
ਸਭਿ ਇਸਤਿਨਿ ਕੋ ਭਯੋ ਭੰਗ ਮਨ,
ਤਜਿ ਗਾਵਨਿ ਚਹਿ ਸੁਨਜੋ ਉਤਾਲ।
ਬਾਦਤ ਬਜਤਿ ਥਿਰੇ ਇਕ ਬਾਰੀ
ਕੋ ਬੂਝਤਿ ਕੋ ਭਾਖਤਿ ਹਾਲ।
-ਸ਼ਾਹੁ ਦਿਵਾਨ ਦਰਪ ਕੋ ਉਰ ਧਰਿ
ਗੁਰੁ ਲਘੁ[1] ਕਹਿ ਨਿਜ ਬਨਜੋ ਬਿਸਾਲ ॥ ੧੮ ॥ [1]ਗੁਰੂ ਜੀ ਨੂੰ ਛੋਟਾ।
ਅਬਿ ਸੁਧਿ ਪਾਇ ਬਿਰੁਖ[1] ਗੁਰੁ ਹੋਏ, [1]ਮੁਖ ਮੋੜ ਲਿਆ।
ਨਹਿਂ ਨਾਤਾ ਤਿਹ ਸੁਤਾ ਮਨੰਤਿ।
ਰਹੇ ਬੈਠਿ ਲਾਗੀ ਚਿਤ ਚਿੰਤਾ
ਇਮ ਕੁਸੂਤ[1] ਬਰਤਜੋ ਦੁਖਵੰਤਿ।- [1]ਬੁਰਾ ਕੰਮ।
ਬਿਸਮੇ ਨਰ ਨਾਰੀ ਤਜਿ ਹਰਖਨਿ

ਚੰਦੂ ਕੋ ਸਭਿ ਖੋਟ ਭਨੰਤਿ।
'ਕਾਰਣ ਕਰਣ ਗੁਰੂ ਸਮਰੱਥ
ਇਨ ਕੀ ਸਮਤਾ ਕੁਤੋ[1] ਚਹੰਤਿ ॥੧੯॥ [1]ਕਿਵੇਂ।
ਗਰਬ ਕਹਾਂ ਇਨ ਆਗੈ ਤਿਸਿ ਕੋ,
ਕਹੇ ਬਾਕ[1] ਸੁਖ ਦੁਖ ਨਰ ਪਾਇ। [1]ਗੁਰੂ ਜੀ ਦੇ) ਬਚਨ ਕਹਿਆਂ।
ਪਾਤਸ਼ਾਹ ਕੋ ਰੰਕ ਕਰਹਿਂ ਦ੍ਰੁਤਿ[1] [1]ਛੇਤੀ।
ਰੰਕ ਸ਼ਾਹ ਕੀ ਪਦਵੀ ਪਾਇ।
ਅਜ਼ਮਤਿ ਅਜਰ ਜਰੀ ਉਰ ਅੰਤਰ
ਨਹਿਂ ਕਾਹੂ ਸੋਂ ਕਰਹਿਂ ਲਖਾਇ।
ਜਿਨ ਕੋ ਸੇਵਕ ਸਕਲ ਸ਼ਕਤਿ ਜੁਤਿ
ਜਿਮ ਚਾਹੈ ਤਿਮ ਲੇਤਿ ਬਨਾਇ ॥੨੦॥
ਸ਼੍ਰੀ ਨਾਨਕ ਕੋ ਮਹਾਂ ਪ੍ਰਤਾਪ ਜੁ
ਸੂਰਜ ਸਮ ਜਗ ਬਿਦਤਿ ਪ੍ਰਕਾਸ਼।
ਚੰਦੂ ਪੇਚਕ[1] ਸੋਂ ਨਹਿਂ ਜਾਨਯੋ [1]ਉੱਲੂ।
ਬੁੱਧ ਬਿਲੋਚਨ ਮੰਦ ਮਹਾਂ ਸੁ।
ਨਿਸ ਮਹਿਂ ਚਮਕ ਜੀਂਗਨਾ[1] ਜੈਸੇ [1]ਟਿਟਾਹਣਾਂ।
ਰਵਿ ਕੋ ਨਿੰਦੈ ਧਰਹਿ ਹੁਲਾਸ।
ਤੈਸੇ ਜਾਨਿ ਪਰੈ ਸੋ ਮੂਰਖ
ਚਾਹਿਸਿ ਅਪਨੋ ਕਰਯੋ ਬਿਨਾਸ਼' ॥੨੧॥
ਇਮ ਚਰਚਾ ਲੋਕਨਿ ਮਹਿਂ ਬਿਥਰੀ
ਦਿਜ ਲਾਗੀ ਨੇ ਕਹਯੋ ਸੁਨਾਇ।
'ਸ਼੍ਰੀ ਗੁਰੂ ! ਤਜਹੁ ਕ੍ਰੋਧ ਤੁਮ ਸਜਾਨੇ
ਜਿਸ ਕੀ ਸੁਤਾ ਆਪ ਕੇ ਆਇ।
ਕਹਾਂ ਹੰਕਾਰ ਕਰਹਿਗੋ ਤੁਮ ਸੋਂ
ਕਰ ਜੋਰਹਿ ਅਰੁ ਸੀਸ ਨਿਵਾਇ।
ਛਿਮਾ ਕਰਾਵਹਿ ਊਚੇ ਜਾਨਹਿ
ਪਿਤਾ ਸੁਤਾ[1] ਕੋ ਇਮ ਬਨਿ ਆਇ ॥੨੨॥ [1]ਪੁਤ੍ਰੀ ਦੇ ਪਿਤਾ ਨੂੰ।
ਕਿਤੋ ਬਡੋ ਹੁਇ ਤਨੀਯਾਂਪਿਤ[1] ਜੋ, [1]ਧੀ ਦਾ ਪਿਉ।
ਨੰਮ੍ਰਿ ਹੋਨਿ ਹੀ ਜਦ ਕਦ ਜਾਨਿ।
ਨਰ ਰੰਕਨਿ ਕੇ ਕਹੇ ਨ ਹਟਿਯੇ
ਨਾਤਾ ਲੇਹੁ ਬਡੇ ਸੋ ਥਾਨਿ।

ਲਛਮੀ ਆਇ ਕਿਵਾਰ ਨ ਦੀਜਹਿ
ਰਿਦੇ ਅਨੰਦ ਧਰਿ ਲਿਹੁ ਸਨਮਾਨ।
ਸ਼ਾਹ ਦਿਵਾਨ ਮਹਾਨ ਧਨੀ ਸੋ
ਉੱਤਮ ਜਾਤਿ ਇਤੇ ਗੁਨ ਮਾਨਿ' ॥੨੩॥
ਸ਼੍ਰੀ ਅਰਜਨ ਕਹਿਂ 'ਤਿਸ ਕੇ ਧਨ ਤੇ
ਹਮ ਨਹਿਂ ਧਨੀ ਬਨਹਿਂ ਕਿਸ ਭਾਇ।
ਚੰਦੂ ਕੈ ਸਮ ਹੋਇ ਸੁ ਲੈਹੇ
ਖੋਜਹੁ ਜਗ ਮਹਿਂ ਦੇਹੁ ਪਠਾਇ।
ਹਮੈਂ ਗਰੀਬ ਆਨ ਕੋ ਮਿਲਿ ਹੈ
ਜਿਸ ਮਹਿਂ ਹੋਹਿ ਨ ਗਰਬ ਬਲਾਇ[1]।
ਮਿਲਿ ਸੁਖ ਪਾਵੈਂ ਨਿਤ ਹਰਖਾਵੈਂ
ਜਹਿਂ ਹੰਕਾਰ ਨਹੀਂ ਦੁਖਦਾਇ' ॥੨੪॥

[1]ਹੰਕਾਰ ਰੂਪੀ ਬਲਾਇ।

ਦੋਹਰਾ:
ਸਤਿਗੁਰੁ ਕੋ ਰੁਖ ਦੇਖਿ ਕੈ, ਸਭਿ ਸੰਗਤਿ
ਭਈ ਮੌਨ।
-ਸਾਕਤ ਸੁਤਾ ਨ ਲੇਹਿਂਗੇ, ਨਹਿਂ ਸ਼ਰਧਾ
ਗੁਰੁ ਭੌਨ- ॥੨੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਬਰਨਨੰ ਨਾਮੁ ਪੰਚਮੋਂ ਅੰਸੂ ॥੫॥

## ੬. [ਦੋ ਸਗਾਈਆਂ ਕੱਠੀਆਂ ਹੋਣੀਆਂ]

ਪ<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>2

ਦੋਹਰਾ:

ਕਹਨਿ ਸੁਨਨਿ ਬਹੁ ਤਬਿ ਭਯੋ, ਠਹਿਰ੍ਯੋ
ਅੰਤਿ ਮਤੰਤ।
'ਨਹਿਂ ਨਾਤਾ ਹਮ ਲੇਇ ਹੈਂ, ਹੰਕਾਰੀ
ਕੁਲਵੰਤ[1]' ॥੧॥

[1]ਕੁਲ ਵਾਲੇ ਹੰਕਾਰੀ ਦਾ।

ਚੌਪਈ:

ਦਿਜ ਨਾਈ ਸੁਨਿ ਜੁਗਲ ਬਿਸੂਰਤਿ।
ਜਨੁ ਚਿੰਤਾ ਇਹ ਧਾਰੀ ਮੂਰਤਿ।
ਕਹਿ ਬਹੁ ਰਹੇ ਨਹੀਂ ਗੁਰੁ ਮਾਨੀ।
ਕਹਿਬੋ ਸੰਗਤਿ ਕੋ ਪ੍ਰਿਯ ਜਾਨੀ[1]† ॥੨॥

[1]ਪਿਆਰਾ ਜਾਣਿਆਂ।

†ਦਿੱਲੀ ਦੀ ਸੰਗਤਾਂ ਦਾ ਲਿਖਿਆ, ਤੇ ਦੀਵਾਨ ਵਿਚ ਜੁੜੀ ਸੰਗਤ ਦਾ ਆਖਿਆ ਸਤਿਗੁਰ ਜੀ ਨੇ ਨਹੀਂ ਮੋੜਿਆ। ਜਾਣਦੇ ਸਨ ਕਿ ਇਕ ਰਾਜਸੀ ਆਦਮੀ ਨਾਲ ਵਿਗਾੜ ਸੁਖਦਾਈ ਨਹੀਂ ਪਰ ਮੋਈਆਂ ਸੁਰਤਾਂ ਵਿਚ ਜਾਨਾਂ ਪਾਉਣ ਵਾਲੇ, ਮਰ ਮਿਟੀ ਪ੍ਰਜਾ ਨੂੰ ਅਸੂਲ ਪ੍ਰਸਤੀ ਸਿਖਾਉਣ ਵਾਲੇ, ਸੰਗਤ ਨੂੰ ਸਨਮਾਨਣ ਵਾਲੇ ਸਤਿਗੁਰੂ ਨੇ ਸੰਗਤ ਦਾ ਕਿਹਾ ਪ੍ਰਵਾਨ ਕੀਤਾ ਤੇ ਕਿਸੇ ਤੌਖਲੇ ਤੇ ਭੈ ਤੋਂ ਭੈਭੀਤ ਨਹੀਂ ਹੋਏ।

ਜਬਿ ਸ੍ਰੀ ਅਰਜਨ ਏਵ ਉਚਾਰਾ।
'ਹਮਹਿ ਮਿਲਹਿ ਕੋ ਨਿਰਹੰਕਾਰਾ।'
ਡੱਲੇ ਕੀ ਵਾਸੀ ਸਿੱਖ ਬੈਸੇ।
ਸੁਨ੍ਯੋ ਬਖਾਨ੍ਯੋ ਸਤਿਗੁਰ ਜੈਸੇ ॥੩॥
ਸ੍ਰੀ ਗੁਰੁ ਅਮਰਦਾਸ ਕੇ ਪਾਸਿ।
ਭਾਈ ਪਾਰੋ ਭਯੋ ਪ੍ਰਕਾਸ਼।
ਜਨਮ੍ਯੋ ਤਿਸ ਕੇ ਬੰਸ ਮਝਾਰੇ।
ਨਾਮ ਨਰਾਇਣਦਾਸ ਉਚਾਰੇ ॥੪॥
ਕ੍ਰਿਪਾ ਦ੍ਰਿਸ਼ਟਿ ਸਿੱਖਨਿ ਦਿਸ਼ ਜਾਨੀ।
ਨਿਜ ਮਨ ਮਹਿਂ ਗਿਨਤੀ ਤਬਿ ਠਾਨੀ।
-ਸੁਤਾ ਸਪਤ ਸੰਮਤ ਕੀ ਮੇਰੀ।
ਨਾਤਾ ਦੇਉਂ ਜਿ ਨਹਿਂ ਗੁਰੁ ਫੇਰੀ ॥੫॥
ਨਿਰਹੰਕਾਰ ਗਰੀਬ ਜਿ ਹੋਇ।
ਦੇ ਨਾਤਾ ਹਮ ਲੈਹੈਂ ਸੋਇ।
ਇਮ ਸ੍ਰੀ ਗੁਰੁ ਨੇ ਬਾਕ ਬਖਾਨਾ।
ਸਫਲਹਿ ਸੋਇ ਹੋਇ ਨਹਿਂ ਹਾਨਾ ॥੬॥
ਕਹੌਂ ਅਬਹਿ ਬਿਚ ਸਕਲ ਸਮਾਜਾ।

ਸ਼੍ਰੀ ਸਤਿਗੁਰੁ ਰਾਖਹਿਂ ਮਮ ਲਾਜਾ।
ਇਸ ਜਗ ਮਹਿਂ ਤੌ ਅਹੈ ਸੁਹੇਲੀ[1]।
ਬਿਚ ਪ੍ਰਲੋਕ ਕੇ ਰਖਨਿ ਦੁਹੇਲੀ ॥੭॥
ਰਾਖਹਿਂ ਤਹਾਂ ਸਹਾਇਕ[1] ਹੋਇਂ।
ਬਿਦਤਿ ਬਾਤ ਕੁਛ ਛਪੀ ਨ ਸੋਇ।
ਯਾਂ ਤੇ ਸਤਿਗੁਰੁ ਪਰ ਭਰਵਾਸਾ।
ਪੂਰਨਿ ਕਰਹਿਂ ਮੋਹਿ ਮਨ ਆਸਾ ॥੮॥
ਭਾਈ ਪਾਰੋ ਕੋ ਬਰੁ ਭਯੋ।
ਸ਼੍ਰੀ ਗੁਰੁ ਅਮਰਦਾਸ ਜੀ ਦਯੋ।
'ਗੁਰੁ ਘਰ ਸੋਂ ਤੁਵ ਕੁਲ ਕੋ ਨਾਤਾ।
ਹੁਇ ਹੈ ਆਗੈ ਜਗ ਬੱਖਜਾਤਾ' ॥੯॥
ਸੋ ਅਬਿ ਸਮਾ ਆਨਿ ਕਰਿ ਹੋਵਾ।
ਔਚਕ ਹੀ ਮੰਡਲ[1] ਮਹਿਂ ਜੋਵਾ-।
ਇੱਤਜਾਦਿਕ ਬਹੁ ਰਿਦੇ ਬਿਚਾਰਾ।
ਸਾਰ ਅਸਾਰ ਕਰਜੋ ਨਿਰਧਾਰਾ ॥੧੦॥
ਖਰੋ ਭਯੋ ਜੋਰੇ ਜੁਗ ਹਾਥ।
'ਹੇ ਪ੍ਰਭੁ! ਮੁਝ ਕੋ ਲਖਹੁ ਅਨਾਥ।
ਪਾਰੋ ਬੰਸ ਬਿਖੈ ਜਨਮਜੋ।
ਡੱਲੇ ਕੀ ਵਾਸੀ ਮੈਂ ਥਿਯੋ ॥੧੧॥
ਸੁਭ ਖੱਤ੍ਰੀ ਹੌਂ ਦਾਸ ਤੁਮਾਰਾ।
ਮੁਝ ਨਿਕੇਤ ਨਹਿਂ ਦਰਬ ਉਦਾਰਾ।
ਬਡਜੋਂ ਸਹਤ ਹਮ ਗੁਰ ਸ਼ਰਨਾਈ।
ਮਮ ਪੁੱਤ੍ਰੀ ਕੀ ਲੇਹੁ ਸਗਾਈ ॥੧੨॥
ਸੰਮਤ ਸਪਤ ਆਰਬਲ ਹੋਇ।
ਹਰਿ ਗੋਬਿੰਦ ਦਾਸੀ ਬਨਿ ਸੋਇ।
ਲਾਜ ਬਿਨਾਂ ਮੈਂ ਸਭਾ ਮਝਾਰੀ।
ਬਿਨਤੀ ਸ਼ਰਧਾ ਸਹਤ ਉਚਾਰੀ ॥੧੩॥
ਰਾਖਹੁ ਲਾਜ ਮੋਹਿ ਭਰਵਾਸਾ।
ਯਾਂ ਤੇ ਕਹੀ ਆਪਨੀ ਆਸਾ।'
ਸ਼੍ਰੀ ਅਰਜਨ ਸੁਨਿ ਭਏ ਪ੍ਰਸੰਨ।
'ਭਲੇ ਸਮੇਂ ਬੋਲਜੋ ਸਿਖ ਧੰਨ! ॥੧੪॥
ਉਤਸਵ ਕੋ ਸਮਾਜ ਬਰ ਜੁਰਜੋ।

[1](ਲੱਜਾ ਰਖਣੀ) ਸੁਖੱਲੀ ਹੈ।

[1]ਮਦਦਗਾਰ।

[1]ਸਭਾ।

ਸੋ ਤੈਂ ਨਾਂਹਿਨ ਬਿਰਥਾ ਕਰਜੋ।
ਮੰਗਲ ਨੌਕਾ ਜਜੋਂ ਬਿਚਿ ਧਾਰਿ[1]।
ਡੂਬਤਿ ਹੁਤੀ ਲਗਾਈ ਪਾਰਿ ॥੧੫॥
ਮਹਿਮਾ ਗੁਰੁ ਸਿੱਖਨਿ ਕੀ ਮਹਾਂ।
ਕੋ ਸਮਤਾ ਕਰਿ ਸਕਹਿ ਨ ਤਹਾਂ।
ਸਤਿਗੁਰੂ ਕੋ ਸਿੱਖਨਿ ਸੋਂ ਮੇਲਾ।
ਸਕਲ ਥਾਨ ਮਹਿਂ ਹੋਤਿ ਸੁਹੇਲਾ ॥੧੬॥
ਹੰਕਾਰੀ ਮਨਮੁਖ ਨਰ ਜੋਇ।
ਸਤਿਗੁਰੁ ਸੰਗ ਮੇਲ ਨਹਿਂ ਹੋਇ।
ਜੇ ਕਰਿ ਮਿਲਹਿ ਉਠਹਿ ਉਤਪਾਤ।
ਜਜੋਂ ਰਵਿ ਰਾਹੁ[1] ਗਗਨ ਮਿਲਿ ਜਾਤਿ ॥੧੭॥
ਯਾਂ ਤੇ ਸ਼੍ਰੀ ਨਾਨਕ ਸੁਖਦਾਈ।
ਸਿੱਖਨਿ ਸੋਂ ਹਮ ਬਣਤਿ ਬਣਾਈ।'
ਦੈਵਗ[1] ਸੋਂ ਸ਼੍ਰੀ ਅਰਜਨ ਭਾਖਾ।
'ਪੂਰਨ ਕਰਹੁ ਸਭਿਨਿ ਅਭਿਲਾਖਾ ॥੧੮॥
ਇਹ ਨਾਤਾ ਲੀਜੈ ਹਿਤ ਸਾਥ।
ਦਿਹੁ ਟੀਕਾ ਹਰਿਗੋਵਿੰਦ ਮਾਥ।'
ਚਹਿਯ ਸਮਿੱਗ੍ਰੀ ਜੋ ਸਮੁਦਾਈ।
ਤੁਰਤ ਨਰਾਇਣ ਦਾਸ ਮੰਗਾਈ ॥੧੯॥
ਪਾਈ ਹਰਿ ਗੁਵਿੰਦ ਕੀ ਝੋਰੀ।
ਭਈ ਸਭਿਨਿ ਕੇ ਖੁਸ਼ੀ ਨ ਥੋਰੀ।
ਕਰਜੋ ਨਿਕਾਸਨਿ ਮਸਤਕ ਟੀਕਾ।
ਅੱਛਤ[1] ਸਹਤ ਬਿਰਾਜਤਿ ਨੀਕਾ ॥੨੦॥

ਦੋਹਰਾ:
ਕੇਸਰ ਤਿਲਕ ਸੁ ਦੇਵ ਗੁਰੁ, ਤਿਸ ਕੇ ਮੰਡਲ[†] ਆਇ।
ਅੱਛਤ ਜਨੁ ਸੀਸ ਕਲਾ ਗਨ, ਤ੍ਰਾਸ ਰਾਹੁ ਤੇ ਪਾਇ[1] ॥੨੧॥

ਚੌਪਈ:

[1]ਖੁਸ਼ੀ ਰੂਪੀ ਬੇੜੀ (ਨਦੀ ਦੀ) ਧਾਰਾ ਵਿੱਚ।
[1]ਸੂਰਜ ਤੇ ਰਾਹੂ।
[1]ਜੋਤਸ਼ੀ ਨੂੰ।
[1]ਚਾਵਲ।
[†]ਪਾ:-ਮੰਗਲ।
[1]ਕੇਸਰ ਦਾ ਤਿਲਕ ਸੋ ਬ੍ਰਹਸਪਤ ਹੈ (ਕਜੋਂ ਕਿ ਬ੍ਰਹਸਪਤ ਦਾ ਪੀਲਾ ਰੰਗ ਹੁੰਦਾ ਹੈ) ਤਿਸ ਦੇ ਅਸਥਾਨ ਵਿੱਚ ਚਾਵਲ ਮਾਨੋ ਚੰਦ੍ਰਮਾ ਦੀਆਂ ਸਾਰੀਆਂ ਕਲਾਂ ਰਾਹੂ ਤੋਂ ਡਰ ਪਾ ਕੇ ਆਈਆਂ ਹਨ।

'ਧੰਨ ਧੰਨ' ਸਭਿ ਸਭਾ ਬਖਾਨਾ।
ਦਾਸ ਨਰਾਇਣ ਬਹੁ ਸਨਮਾਨਾ।
ਹਰੀ ਚੰਦ ਇਕ ਖੱਤ੍ਰੀ ਔਰ।
ਲੰਮ ਗੋਤ ਬੈਠਯੋ ਤਿਸ ਠੌਰ ॥੨੨॥
ਤਿਹ ਬਿਲੋਕ[1] ਤਿਨ ਰਿਦੈ ਬਿਚਾਰਾ।
-ਇਸ ਤੇ ਆਛੀ ਅਪਰ ਨ ਕਾਰਾ।
ਮਮ ਘਰ ਸੁਤਾ ਸੁ ਅਰਪਨਿ ਕਰੌਂ।
ਇਸ ਸਮੈਂ ਮਹਿਂ ਉਚਿਤ, ਨ ਟਰੌਂ- ॥੨੩॥

[1]ਭਾਵ ਨਰਾਇਣ ਦਾਸ ਜੀ ਨੂੰ ਵੇਖਕੇ।

ਖਰੇ ਹੋਇ ਸੋ ਬਿਨਤੀ ਕਹੈ।
'ਦ੍ਵੈ ਸੰਮਤਿ ਕੀ ਦੁਹਿਤਾ[1] ਅਹੈ।
ਸੋ ਮੈਂ ਚਹੌਂ ਦਿਯੋ ਤੁਮ ਪਾਸੀ।
ਹਰਿਗੋਵਿੰਦ ਕੀ ਬਨਿ ਹੈ ਦਾਸੀ ॥੨੪॥
ਆਪਿ ਅਨਾਥਨਿ ਕੇ ਹੋ ਨਾਥ।
ਯਾਂ ਤੇ ਕਹੌਂ ਜੋਰਿ ਜੁਗ ਹਾਥ।
ਕੀਜਹਿ ਅੰਗੀਕਾਰ ਸਗਾਈ।
ਮਨ ਬਚ ਕ੍ਰਮ ਤੇ ਮੈਂ ਸ਼ਰਨਾਈ' ॥੨੫॥

[1]ਦੋ ਸਾਲ ਦੀ ਪੁੱਤ੍ਰੀ।

ਸ਼੍ਰੀ ਅਰਜਨ ਸੁਨਿ ਕੈ ਸਿਖ ਬਿਨਤੀ।
ਭਏ ਪ੍ਰੇਮ ਵਸਿ ਤਜਿ ਸਭ ਗਿਨਤੀ।
ਭਨਯੋ ਬਾਕ 'ਇਹ ਭੀ ਲੈ ਲੇਹੁ।
ਆਸਾ ਸਿੱਖਨਿ ਕੀ ਪੂਰੇਹੁ ॥੨੬॥
ਲੇਨਾ ਦੇਨਾ ਸਾਥ ਹਮਾਰੇ।
ਗੁਰੂ ਸਿੱਖਨਿ ਕੀ ਸਾਂਝ ਉਦਾਰੇ।'
ਹਰੀ ਚੰਦ ਤਬਿ ਹੋਇ ਨਜੀਕਾ।
ਦਿਯੋ ਸਗਨ ਅਰੁ ਕਾਢਯੋ ਟੀਕਾ ॥੨੭॥
ਲੋਕ ਹਜ਼ਾਰਹੁਂ ਅਦਭੁਤ ਹੇਰੇ।
ਸਭਿ ਕੇ ਉਮਗਯੋ ਅਨੰਦ ਬਡੇਰੇ।
ਕਹੈਂ ਪਰਸਪਰ ਚੌਂਪ ਵਧਾਈ।
'ਇਕ ਤਜਾਗੇ ਭਈ ਦੋਇ ਸਗਾਈ ॥੨੮॥
ਸਤਿਗੁਰੁ ਕੇ ਘਰ ਕਮੀ ਨ ਕੋਈ।
ਕਜਾ ਚੰਦੂ ਤੇ ਧਨੀ ਸੁ ਹੋਈ[1]।

[1]ਧਨੀ ਚੰਦੂ ਤੋਂ ਕੀ ਹੋਣਾ ਸੀ।

ਲੇਨੋ ਦੇਨਿ ਹਜ਼ਾਰਨਿ ਕੇਰਾ।
ਸਭਿ ਤੇ ਸਤਿਗੁਰੁ ਸਦਨ ਉਚੇਰਾ ॥੨੯॥
ਜੇ ਕਰਿ ਤਿਸ ਕੇ ਹੋਵਤਿ ਨਾਤਾ।
ਕਬਹੁੰ ਉਠਤਿ ਮਹਿਤ ਉਤਪਾਤਾ।
ਸ਼ਾਹੁ ਦਿਵਾਨੀ ਤੇ ਹੰਕਾਰਾ।
ਬੋਲੇ ਤੇ ਕਬਿ ਪਰਤਿ ਬਿਗਾਰਾ ॥੩੦॥
ਸਹੈਂ ਨ ਗੁਰੂ ਬਾਕ ਹੰਕਾਰੀ।
ਚੰਦੂ ਰਿਦੇ ਅਸ਼ਰਧਾ ਧਾਰੀ।
ਯਾਂ ਤੇ ਭਲੋ ਭਯੋ ਬੱਖਜਾਤਾ।
ਲਿਯੋ ਨ ਤਿਸ ਤਨੁਜਾ ਕੋ ਨਾਤਾ ॥੩੧॥
ਤਤਛਿਨ ਜੁਗ ਨਾਤੇ ਹੁਇ ਗਏ।
ਕਹੈਂ ਪਰਸਪਰ ਹਰਖਤਿ ਭਏ।
ਜਨੁ ਗਨ ਰੰਕਨਿ ਸੁਰਤਰੁ ਲੀਓ।
ਛੀਨਿ ਸਭਿਨਿ ਤੇ ਪੁਨ ਤਿਨ ਦੀਓ ॥੩੨॥
ਬੋਈ ਕਿਧੌਂ ਅਨੰਦ ਕੀ ਬਾਰੀ[1]।
ਸੂਕਤਿ ਹੁਤੀ[1] ਸੀਂਚਿ ਬਰ ਬਾਰੀ। '
ਇਸ ਪ੍ਰਕਾਰ ਮੰਗਲ ਪੁਨ ਹੋਯੋ।
ਸਕਲ ਸਮਾਜ ਅਨੰਦ ਕਰਿ ਜੋਯੋ ॥੩੩॥
ਹਰਖਤਿ ਚਿਤ ਗਾਵਤਿ ਪਿਕ ਬੈਨੀ।
ਉਮਗ ਉਮਗ ਕਰਿ ਪੰਕਜ ਨੈਨੀ।
ਨੌਬਤਿ ਬਾਜਤਿ ਸਹਤ ਨਫੀਰਨਿ।
ਬੋਲਤਿ ਭਾਟ ਸੁਜਸੁ ਵਿਸਤੀਰਨਿ ॥੩੪॥
ਤੰਬੂਰਾ ਮਿਰਦੰਗ ਬਜਾਵਤਿ।
ਗੀਤ ਕਲਾਵਤਿ ਗਾਵਤਿ ਭਾਵਤਿ।
ਡੋਮ ਆਦਿ ਮੰਗਤ ਜਨ ਸਾਰੇ।
ਸਤਿਗੁਰੁ ਕੋ ਜੈਕਾਰ ਉਚਾਰੇ ॥੩੫॥
ਲੇ ਆਇਸੁ ਤਬਿ ਉਠੇ ਮਸੰਦ।
ਮੋਦਕ ਧਰੇ ਪਤਾਸੇ ਬ੍ਰਿੰਦ।
ਮਿਸਰੀ ਕੇ ਬਹੁ ਥਾਰ ਸੁਧਾਰੇ।
ਮੇਵਾ ਗਰੀ ਬਦਾਮ ਛੁਹਾਰੇ ॥੩੬॥
ਸਭਿ ਬਰਤਾਏ ਸਭਾ ਮਝਾਰੇ।

[1]ਬਗੀਚੀ।

[1]ਸੁੱਕ ਰਹੀ ਸੀ।

ਭਰਿ ਭਰਿ ਅੰਜੁਲੁ ਦੇ ਜਨ ਸਾਰੇ।
ਅਧਿਕ ਭੀਰ ਹੇਰੀ ਗੁਰ ਜਬੈ।
ਗਨ ਬਰਤਾਵੇ ਲਾਯਸਿ ਤਬੈ ॥੩੭॥
'ਸਭਿ ਕੋ ਪਹੁੰਚਹਿ' ਕਹ੍ਯੋ ਸੁਨਾਈ।
ਬਰਤੀ ਤੁਰਤ ਸਮੂਹ ਮਿਠਾਈ।
ਸਭਿ ਹੀ 'ਧੰਨ ਧੰਨ ਗੁਰੁ' ਕਹੈਂ।
'ਤੁਮਰੇ ਸਮ ਤੁਮ ਹੀ ਪ੍ਰਭੁ ਅਹੈਂ' ॥੩੮॥
ਸ਼੍ਰੀ ਅਰਜਨ ਸਭਿ ਲਾਗ ਦਿਵਾਏ।
ਦਾਨ ਮਾਨ ਦੇ ਕਰਿ ਹਰਖਾਏ।
ਅਨੰਦ ਉਦਧਿ ਜਨੁ ਵਧ੍ਯੋ ਅਨੰਤ।
ਸਿਖ ਸੰਗਤਿ ਨਰ ਭੇ ਜਲ ਜੰਤੁ ॥੩੯॥
ਉਦ੍ਯੋ ਅਨੰਦ ਚੰਦ ਕੈ[1] ਅਬੈ।
ਕੁਮਦ ਚਕੋਰ ਭਏ ਨਰ ਸਭੈ।
ਚੰਦੂ ਕੇ ਲਾਗੀ ਜੇ ਦੋਇ।
ਚਕਵਾ ਸਮ ਦੁਖ ਪ੍ਰਾਪਤਿ ਸੋਇ ॥੪੦॥
ਲਖਿ ਅਨੁਚਿਤ ਗੁਰੁ ਰਿਦੈ ਬਿਚਾਰਾ।
ਤਿਨ ਦੋਇਨ ਕੋ ਨਿਕਟ ਹਕਾਰਾ।
'ਸਮੈ ਹਰਖ ਕੋ ਸਭਿ ਹਰਖਾਏ।
ਤੁਮ ਮਨ ਭੰਗ ਸਚਿੰਤ ਦਿਸਾਏ ॥੪੧॥
ਲਿਹੁ ਧਨ ਗਨ ਮਨ ਅਨੰਦ ਕਰੀਜੈ।
ਚੰਦੂ ਕੋ ਬ੍ਰਿਤੰਤ ਕਹਿ ਦੀਜੈ।
ਜੋ ਸੰਜੋਗ ਬਿਧਾਤਾ ਜੋਰੰ[1]।
ਸੋਈ ਹੋਇ, ਨ ਕਿਸ ਕੋ ਜੋਰੰ[1]' ॥੪੨॥
ਦਿਜ ਨੇ ਕਹ੍ਯੋ 'ਜੋਗਤਾ ਨਾਂਹੀ।
ਜੇ ਸਬੰਧ ਤੁਮ ਸੋਂ ਹੁਇ ਜਾਹੀ।
ਤੌ ਲੈਬੋ ਹਮ ਕੋ ਬਨਿ ਜਾਇ।
ਇਮ ਨਹਿਂ ਲੇਹਿਂ ਦੇਹੁ ਸਮੁਦਾਇ' ॥੪੩॥
ਇਸ ਬਿਧਿ ਜਥਾ ਜੋਗ ਸਭਿ ਕੀਨਿ।
ਸ਼੍ਰੀ ਅਰਜਨ ਸਤਿਗੁਰੂ ਪ੍ਰਬੀਨ।
ਸੁਤ ਕੋ ਆਇਸੁ ਉਠਿਬੇ ਦਈ।
ਸਭਾ ਸਰਬ ਨਿਜ ਨਿਜ ਥਲ ਗਈ ॥੪੪॥

[1]ਚੰਦ੍ਰਮਾ ਰੂਪ ਹੋਕੇ।

[1]ਜੋੜਦਾ ਹੈ।

[1]ਕਿਸੇ ਦਾ ਜ਼ੋਰ ਨਹੀਂ (ਚੱਲਦਾ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ਸਗਾਈ ਕੋ ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

## ੭. [ਵਿਵਾਹ ਦੀ ਤਿਆਰੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਸ੍ਰੀ ਹਰਿਗੋਵਿੰਦ ਚੰਦ ਤਬਿ, ਬਦਨ ਪ੍ਰਫੁੱਲਜ ਬਿਲੰਦ।
ਰੁਖ਼ ਲਖਿ ਪਿਤ ਸਤਿਗੁਰੂ ਕੋ, ਉਠੇ ਸੁ ਦੇਤਿ ਅਨੰਦ ॥੧॥

ਤੋਟਕ ਛੰਦ:

ਜਨਨੀ ਗਨ ਤ੍ਰੀਯਨਿ ਬੀਚ ਹੁਤੀ।
ਜਿਸ ਭਾਲ ਜਗੀ ਬਡ ਭਾਗ ਰਤੀ[1]।
ਹਿਤ ਬੰਦਨ ਕੇ ਤਿਸ ਥਾਨ ਚਲੇ।
ਉਰ ਧਾਰਿ ਅਨੰਦ ਬਿਲੰਦ ਭਲੇ ॥੨॥
ਪਦ ਮੰਦਹ ਮੰਦ ਧਰੇ ਧਰਨੀ।
ਬਡ ਲੋਚਨ ਤੇ ਕੁਟਿਲੈਂ ਬਰਨੀ[1]।
ਜੁਤਿ ਸੁੰਦਰਤਾ ਬਹੁ ਸ਼ੋਭ ਧਰੇ।
ਘਰ ਪੌਰ ਬਿਖੈ ਤਬਿ ਜਾਇ ਬਰੇ ॥੩॥
ਗਨ ਤ੍ਰੀਯਨਿ ਦੇਖਿ ਵਿਸ਼ੇਖ਼ ਸੁਖੰ।
ਹਰਖਾਇ ਬਿਲੋਕਤਿ ਚਾਰੁ ਮੁਖੰ।
ਕਰਿ ਜੋਰਿ ਨਮੋ ਸਭਿ ਧਾਰਤਿ ਹੈਂ।
ਗੁਰੁ ਨੰਦ ਗੁਰੂ ਸੁ ਬਿਚਾਰਤਿ ਹੈਂ ॥੪॥
ਸੁਤ ਗੰਗ ਉਮੰਗਹਿ ਸੰਗ ਪਿਖ੍ਯੋ।
ਗੁਰ ਬੰਸਹਿਕੋ ਅਵਿਤੰਸ਼ ਲਖ੍ਯੋ।
ਪਦਬੰਦਤਿ ਕੋ ਗਹਿ ਅੰਕ ਲਯੋ।
ਨਹਿਂ ਜਾਇ ਕਹ੍ਯੋ ਜੁ ਅਨੰਦ ਭਯੋ ॥੫॥
ਮੁਖ ਸੂੰਘਤਿ ਧਾਰਿ ਦੁਲਾਰ[1] ਘਨੋ।
ਕਿਸਿ ਰੰਕ ਲਹੀ ਨਿਧਿ ਬ੍ਰਿੰਦ ਮਨੋ।
'ਸੁਤ! ਜੀਵਹੁ, ਪੁੰਜ ਬਿਘੰਨ ਹਨੋ।'
ਇਮ ਆਸ਼ਿਖ ਦੇਤਿ ਸੁ ਪ੍ਰੀਤ ਸਨੋ ॥੬॥
ਨਿਜ ਅੰਕ ਬਿਠਾਇ ਸੁ ਨੰਦਨ ਕੋ।
ਸਭਿ ਨਾਰਿ ਪਿਖ੍ਯੋ ਜਗ ਬੰਦਨ ਕੋ।
ਬਹੁ ਆਸ਼ਿਖ ਦੇਤਿ ਵਧਾਇਨਿ ਕੋ।
'ਬਯ ਦੀਰਘ, ਸੰਕਟ ਹੋਇ ਨ ਕੋ' ॥੭॥

[1]ਭਾਗਾਂ ਦੀ ਮਣੀ, [ਦੇਖੋ ਗੁਰੁ ਗ੍ਰੰਥ ਕੋਸ਼] ਭਾਗਾਂ ਦੀ ਸ਼ੋਭਾ।

[1]ਟੇਢੀਆਂ ਝਿੰਮਣੀਆਂ।

[1]ਲਾਡ।

ਮਿਲਿ ਕੋ ਅਬਲਾ[1] ਪਗ ਕੰਜ ਛੁਵੈਂ। [1]ਇਸਤ੍ਰੀ।
ਅਵਿਲੋਕਤਿ ਕੇ ਸਿਰ ਨੰਮ੍ਰ ਹੁਵੈਂ।
ਮਨ ਭਾਵਤਿ ਗੀਤਨ ਗਾਵਤਿ ਹੈਂ।
ਪਟ ਭੂਖਨ ਚਾਰੁ ਸੁਹਾਵਤਿ ਹੈਂ ॥੮॥
ਇਮ ਹੋਤਿ ਭਯੋ ਉਤਸਾਹੁ ਮਹਾਂ।
ਗੁਰ ਕੋ ਪੁਰਿ ਮੋਦ ਜਹਾਂ ਸੁ ਕਹਾਂ।
ਨਰ ਨਾਰਿ ਮਿਲੇ ਅਵਿਲੋਕਨਿ ਕੋ।
ਹਰਖਾਇ ਗਏ ਸਭਿ ਓਕਨ ਕੋ[1] ॥੯॥ [1]ਘਰਾਂ ਨੂੰ।
ਗਨ ਮੰਗਤਿ ਕੋ ਧਨ ਦੀਨ ਮਹਾਂ।
ਸਭਿਹੂੰ ਜਸੁ ਕੀਨਿ ਗਏ ਸੁ ਜਹਾਂ।
ਨਰ ਬਾਜ ਬਜਾਵਤਿ ਜੇ ਗਨ ਕੋ[1]। [1]ਕੌਣ ਗਿਣੇ?
ਸਮੁਦਾਇ ਪ੍ਰਮੋਦਤਿ ਲੇ ਧਨ ਕੋ ॥੧੦॥
ਇਸ ਭਾਂਤਿ ਬਿਤਾਇ ਭਲੇ ਦਿਨ ਕੋ।
ਕਰਿ ਖਾਨ ਰੁ ਪਾਨ ਜੁ ਜਾਮਨਿ ਕੋ।
ਸੁਪਤੇ ਸੁਖ ਸਾਥ ਸਭੇ ਤਬਿ ਹੂੰ।
ਤਜਿ ਨੀਂਦ ਪ੍ਰਭਾਤਿ ਭਈ ਜਬਿ ਹੂੰ ॥੧੧॥

ਦੋਹਰਾ:
ਦਿੱਲੀ ਕੋ ਗਮਨਜੋ ਤਬੋ,
ਦਿਜ ਨਾਈ ਲੈ ਸੰਗ।
ਮਹਾਂ ਦੁਖਤਿ ਚਿਤ ਮਹਿਂ ਚਲਤਿ,
ਭਯੋ ਜਾਂਹਿ[1] ਮਨ ਭੰਗ ॥੧੨॥ [1]ਜਿਸਦਾ।

ਤੋਟਕ ਛੰਦ: [1]ਮਾਨੋ ਘਾਟਾ ਪੈ ਗਿਆ।
ਬਿਵਹਾਰ ਮਨੋ ਬਡ ਘਾਟ ਪਯੋ[1]।
ਸਮ ਬਾਨਿਕ[1] ਚਿੰਤ ਬਿਲੰਦ ਲਯੋ। [1]ਬਾਣੀਏ ਵਾਂਙੂ।
ਉਦਤਜੋ ਜਨੁ ਬਾਗ ਲਗਾਵਨਿ ਕੋ।
ਛਿਤਿ ਛੀਨਿ ਲਈ ਪਛੁਤਾਵਨਿ ਕੋ ॥੧੩॥
ਕਿ ਜਹਾਜ ਭਰਜੋ ਜਲ ਡੂਬ ਗਯੋ।
ਨ ਬਚਜੋ ਕੁਛ, ਯੋਂ ਦੁਖ ਤਾਂਹਿ ਭਯੋ।
ਮੁਰਝਾਇ ਰਹਜੋ ਕਹਿ ਸੰਗਨਿ ਕੋ।
'ਬਿਗਰੀ ਬਹੁ ਬਾਤਿ ਨਿਰੰਗਨ ਕੋ[1] ॥੧੪॥ [1]ਰੰਗ ਰਹਿਤ ਹੋ ਗਈ।

ਸ਼ੁਭ ਮੇਲਿ ਬਿਖੈ ਬਡ ਭੰਗ ਭਯੋ।
ਸਮ ਦੋਇਨਿ ਬੀਚ[1] ਬਿਗਾਰ ਕਿਯੋ। [1]ਬਰਾਬਰ ਦੇ ਦੋਹਾਂ ਵਿੱਚ।
ਜਿਮ ਚੰਦੁ ਕਹ੍ਯੋ ਤਿਮ ਸ਼੍ਰੌਨ ਸੁਨ੍ਯੋ[1]। [1]ਭਾਵ, ਗੁਰੂ ਜੀ ਨੇ।
ਰਿਸ ਤੇ ਨਹਿਂ ਲੇਹਿਂ, ਕੁਵਾਕ ਭਨ੍ਯੋ[1]' ॥੧੫॥ [1](ਕਿਉਂ ਜੋ) ਚੰਦੂ ਨੇ ਕੁਵਾਕ ਕਹੇ ਹਨ।
ਇਮ ਸੋਚਤਿ ਬੋਲਤਿ ਸ਼ੋਕ ਧਰੇ।
ਪੁਨਿ ਚੰਦੁ ਜਹਾਂ ਤਹਿਂ ਪਜਾਨੁ ਕਰੇ।
ਜਬਿ ਸ਼੍ਰੀ ਗੁਰੁ ਬੈਠਿ ਦਿਵਾਨ ਕਿਯੋ।
ਤਬਿ ਆਇ ਨਰਾਇਣ ਦਾਸ ਗਯੋ ॥੧੬॥
ਕਰ ਜੋਰਿ ਕਹੀ ਬਿਨਤੀ ਗੁਰੁ ਕੋ।
'ਪ੍ਰਭੁ ਮੋਰ ਮਨੋਰਥ ਯੌਂ ਉਰ ਕੋ।
ਦਿਜ ਦੈਵਗ[1] ਲੇਹੁ ਬੁਲਾਇ ਇਹਾਂ। [1]ਜੋਤਸ਼ੀ।
ਦਿਨ ਬਜਾਹ ਬਿਚਾਰਨਿ ਬੈਠਿ ਮਹਾਂ ॥੧੭॥
ਬਿਨੁ ਦੋਸ਼ਨਿ ਦਜੋਸ[1] ਬਤਾਇ ਜਬੈ। [1]ਬਿਨਾ ਦੂਸ਼ਨ ਦੇ ਦਿਨ।
ਹਰਿਗੋਵਿੰਦ ਬਜਾਹ ਉਮਾਹ ਤਬੈ।
ਲਿਹੁ ਆਪਿ ਪ੍ਰਭੂ ! ਨਹਿਂ ਦੇਰਿ ਕਰੋ।
ਗਨ ਜੇ ਵਸਤੂ ਮੰਗਵਾਇ ਧਰੋ ॥੧੮॥
ਉਤ ਮੈਂ ਸੁਨਿ ਕੈ ਘਰਿ ਜਾਇ ਅਬੈ।
ਇਕਠੀ ਗਨ ਸੌਜ ਕਰਾਇ ਸਬੈ।'
ਸੁਨਿ ਪਾਸ ਨਰਾਇਣ ਦਾਸਹਿ ਤੇ।
ਸਿਖ ਸੰਗਤਿ ਮੋਦ ਪ੍ਰਕਾਸ਼ਹਿਤੇ ॥੧੯॥
ਤਬਿ ਸ਼੍ਰੀ ਗੁਰ ਬਿੱਪ੍ਰ ਬੁਲਾਇ ਲਿਯੋ।
ਨਿਜ ਪਾਸ ਬਿਠਾਇ ਸੁ ਮਾਨ ਕਿਯੋ।
ਭਰਿ ਅੱਛਤ ਥਾਰ ਧਰ੍ਯੋ ਧਨ ਕੋ।
ਕਹਿ 'ਸੋਧਹੁ ਬਜਾਹਨਿ ਕੇ ਦਿਨ ਕੋ ॥੨੦॥
ਇਮ ਚਾਹਿ ਨਰਾਇਣ ਦਾਸ ਧਰੈ।
ਸੁਧਿ ਦਜੋਸ ਬਤਾਵਹੁ ਜਾਨਿ ਪਰੈ।
ਬਿਨ ਦੋਸ਼ ਬਨੈ ਅਸ ਨੀਕ ਅਹੈ।
ਦੁਹ ਪਾਸਨਿ ਤੇ ਰਸ ਰੀਤਿ ਰਹੈ ॥੨੧॥
ਸੁਨਿ ਬਿੱਪ੍ਰ ਲਯੋ ਪਤਰਾ[1] ਕਰ ਮੈਂ। [1]ਤਿੱਥ ਪੱਤ੍ਰਕਾ।

ਦਿਨ ਦੇਖਿ ਬਿਚਾਰਤਿ ਭਾ ਉਰ ਮੈਂ।
ਗ੍ਰੈਹ ਵਾਰ ਨਿਛੱਤ੍ਰਨਿ ਰਾਸਿਨਿ ਕੋ[1]।
ਦਿਨ ਜਾਨਿ ਸੁ ਬਜਾਹ ਪ੍ਰਕਾਸ਼ਨਿ ਕੋ
॥੨੨॥

[1]ਸਾਰੇ ਨਿਛੱਤ੍ਰਾਂ ਨੂੰ (ਅ) ਨਿਛੱਤ੍ਰਾਂ ਤੇ ਰਾਸ਼ੀਆਂ ਨੂੰ।

ਗੁਰੁ ਸੰਗ ਭਨ੍ਯੋ 'ਜੁਗ ਮਾਸ ਬਿਤੇ।
ਹੁਇ ਮਾਘ ਸੁਦੀ ਦਸਮੀ ਸੁ ਹਿਤੇ।
ਸੁਧਿ ਦ੍ਯੋਸ ਅਹੈ ਤਬਿ ਬਜਾਹ ਕਰੋ।
ਰੁਤਿ ਸੁੰਦਰ ਹੈ ਨਿਸ਼ਚੈ ਸੁਧਰੋ' ॥੨੩॥

ਦੋਹਰਾ:

ਇਮ ਸਾਹਾ ਸੁਧਵਾਇ ਕਰਿ[†], ਸੁਨ੍ਯੋ
ਨਰਾਇਨਦਾਸ।

[†]ਪਿਛੇ ਬਹੁਤ ਥਾਈਂ ਦੱਸ ਆਏ ਹਾਂ ਕਿ 'ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਉਪਰਿ ਏਕੰਕਾਰੁ' ॥ ਬਾਣੀ ਦੇ ਉਚਾਰਨ, ਪ੍ਰਚਾਰਨ ਤੇ ਮੰਨਣ ਵਾਲੇ ਆਪ ਕਦੋਂ ਅਪਣੇ ਵਾਕਾਂ ਦੇ ਵਿਰੁੱਧ ਟੁਰ ਸਕਦੇ ਸਨ? ਇਹ ਮੰਨਣੇ ਯੋਗ ਗੱਲਾਂ ਨਹੀਂ ਹਨ। ਦੇਖੋ ਸਤਿਗੁਰ ਜੀ ਦੇ ਇਸ ਵਿਸ਼ੇ ਤੇ ਵਾਕ ਜੋ ਕਵਿ ਜੀ ਨੇ ਆਪ ਰਾਸ ੩ ਅੰਸੂ ੩੨ ਵਿਚ ਐਉਂ ਲਿਖੇ ਹਨ:-ਭਗਤ ਅਨੰਨ ਕਹਾਵਤਿ ਪੰਡਿਤ। ਖਰ ਤੇ ਜਾਤ੍ਰਾ ਕੀਨਸਿ ਖੰਡਤਿ। ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਸਚਾ ਨਹੀਂ ਟਿਕਾਏ। ਸਿੱਖ ਅਨਿੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ; ਲੇਹੁ ਅਬਿ ਹੇਰੇ॥੧੪॥ [ਰਾਸ ੩ ਅੰਸੂ ੩੨] ਪੁਨ- 'ਪੰਡਿਤ ਕੋ ਦਿਖਾਇ ਤਬਿ ਕਹ੍ਯੋ। ਗਮਨ੍ਯੋ ਸਿੱਖ ਭਲੇ ਤੈਂ ਲਹ੍ਯੋ। ਵਾਰ ਮਹੂਰਤ ਤਿਥਿਨਹਿਂ ਪੂਛਾ। ਬਿਨਾਂ ਖਰਚ ਤੇ ਮਨ ਨਹਿਂ ਛੂਛਾ॥੨੨॥ ਨਿਸਚਾ ਏਕ ਕਰਨਿ ਅਰਦਾਸ। ਨਿਤ ਜਾਨਹਿਂ ਜਹਿਂ ਕਹਿਂ ਗੁਰ ਪਾਸ। ਭਗਤਿ ਅਨੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿ ਜੈਸੇ॥੨੩॥ ਗਨ ਦੇਵਨ ਪਰ ਨਿਸ਼ਚਾ ਤੇਰਾ। ਤਜ੍ਯੋ ਸੋ ਪਿ ਸੁਨਿ ਰਵ ਖਰ ਕੇਰਾ।' [ਰਾਸ ੩ ਅੰਸੂ ੩੨] ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਰਾਸ ਦੇ ਅੰਸੂ ੪ ਅੰਕ ੩੯ ਦੀ ਹੇਠਲੀ ਟੂਕ।

ਕਰਿ ਨਿਸ਼ਚੈ ਹਰਖਤ ਭਯੋ, ਖਰੇ ਕਰੀ
ਅਰਦਾਸਿ ॥੨੪॥

ਤੋਟਕ ਛੰਦ:

'ਦਿਹੁ ਆਇਸੁ ਜਾਉਂ ਅਵਾਸਿ ਅਬੈ।
ਗਨ ਸੌਜਨਿ ਤਜਾਰ ਕਰਾਉਂ ਸਬੈ।'
ਕਰਿ ਬੰਦਨ ਕੋ ਤਤਕਾਲ ਗਯੋ।
ਅਪਨੇ ਘਰ ਪ੍ਰਾਪਤਿ ਹੋਤਿ ਭਯੋ ॥੨੫॥
ਬਿਰਤਾਂਤ ਕੁਟੰਬਹਿ ਸੰਗਿ ਕਹ੍ਯੋ।
ਸੁਨਿ ਕੈ ਸਭਿ ਨੇ ਮਨ ਮੋਦ ਲਹ੍ਯੋ।
ਨਿਜ ਭਾਗ ਬਿਸਾਲਹਿ ਧੰਨ ਲਖੈ।
ਘਰ ਸ਼੍ਰੀ ਗੁਰੁ ਆਇ ਸਰੂਪ ਪਿਖੈ ॥੨੬॥
ਸਭਿ ਸੰਗ੍ਰਹਿ ਸੌਜ ਕਰੰਤਿ ਭਏ।
ਹਿਤ ਬਜਾਹ ਉਛਾਹ ਅਨੰਦ ਲਏ।

ਇਤ ਸ਼੍ਰੀ ਗੁਰੁ ਸੰਗਹਿ ਸੰਗਤਿ ਹੈ।
ਮਿਸ਼ਟਾਨ ਮੰਗਾਇ ਉਮੰਗਤਿ ਹੈਂ ॥੨੭॥
ਪਿਤ ਥਾਨ ਥਪ੍ਯੋ ਹਰਿਮੰਦਰ ਕੋ।
ਹਿਤ ਪੂਜਨਿ ਕੇ ਚਲਿ ਸੁੰਦਰ ਕੋ।
ਸਿਖ ਸੇਵਕ ਭੀਰ ਸੁ ਸਾਥ ਮਹਾਂ।
ਤਟ ਤੀਰਥ ਪੌਰ[1] ਪਹੁੰਚਿ ਤਹਾਂ ॥੨੮॥ [1]ਪੌੜਾਂ ਉੱਪਰ।
ਹਰਿਗੋਵਿੰਦ ਨਾਰਿ ਅਨੇਕ ਮਿਲੀ।
ਨਿਜ ਸੰਗਿ ਕਰੇ ਤਹਿਂ ਗੰਗ ਚਲੀ।
ਗੁਰੁ ਅੱਗ੍ਰ ਭਏ ਪਸ਼ਚਾਤਿ ਇਹੀ।
ਗੁਰੁ ਨਾਨਕ ਨਾਮ ਉਚਾਰਤਿ ਹੀ ॥੨੯॥
ਦਰਬਾਰ ਕਿ ਦ੍ਵਾਰਿ ਨਮੋ ਕਰਿ ਕੈ।
ਪਰਦੱਛਨ ਦੀਨਿ ਸਭੀ ਫਿਰਿ ਕੈ।
ਸਭਿ ਹੋਇ ਖਰੇ ਅਰਦਾਸ ਕਰੀ।
ਬਰ ਫੂਲਨਿ ਕੀ ਬਰਖਾ ਸੁ ਝਰੀ ॥੩੦॥
ਬਹੁ ਧੂਪ ਧੁਖਾਵਤਿ ਦੇਵਤਿ ਹੈਂ।
ਕਰ ਜੋਰਤਿ ਸ੍ਰੀ ਗੁਰੁ ਸੇਵਤਿ ਹੈਂ।
ਬਰਤਾਇ ਪ੍ਰਸਾਦਿ ਸਮੂਹ ਦਿਯੋ।
ਪਿਖਿ ਮੰਗਲ ਕੌ ਹਰਖੰਤਿ ਹਿਯੋ[1] ॥੩੧॥ [1]ਹਿਰਦੇ।
ਕਰ ਬੰਦਿ ਕਰੈਂ ਅਭਿਬੰਦਨ ਕੋ[1]। [1]ਬੰਦਨਾ ਯੋਗ ਨੂੰ।
ਗੁਰੁ ਨਾਮ ਜਪੈਂ ਅਭਿਨੰਦਨ ਕੋ[1]। [1]ਅਨੰਦ ਹੁੰਦੇ ਹਨ, ਯਾ ਹੋਣ ਲਈ।
ਇਮ ਗੰਗ ਲਿਏ ਨਿਜ ਨੰਦਨ ਕੋ[1]। [1]ਪੁੱਤ੍ਰ ਨੂੰ।
ਝੁਕ ਬੰਦਤਿ ਹੈਂ ਜਗ ਬੰਦਨ ਕੋ[1] ॥੩੨॥ [1]ਜਗਤ ਦੇ ਬੰਦਨ ਯੋਗ ਨੂੰ।
ਪੁਨ ਆਇ ਨਿਕੇਤ ਅਨੰਦ ਭਰੀ।
ਕੁਲ ਰੀਤਿ ਹੁਤੀ ਸਭਿ ਹੀ ਸੁ ਕਰੀ।
ਮਿਸ਼ਟਾਨਿ ਦਿਯੋ ਸਭਿ ਕੇ ਘਰ ਮੈਂ।
ਰਹਿ ਊਚ ਜੁ ਨੀਚ ਗੁਰੂ ਪੁਰਿ ਮੈਂ ॥੩੩॥
ਇਮ ਮੰਗਲ ਔ ਕੁਲ ਰੀਤਿ ਜਿਤੀ।
ਹਰਖਾਇ ਕਰੀ ਤਬਿ ਗੰਗ ਤਿਤੀ।
ਜਸੁ ਫੈਲਤਿ ਭਾ ਤਿਸ ਦੇਸ਼ ਮਹਾਂ।
ਧਨ ਲੇ ਉਚਰੰਤਿ ਜਹਾਂ ਸੁ ਕਹਾਂ ॥੩੪॥
ਪੁਨ ਸ਼੍ਰੀ ਗੁਰ ਸੌਜ ਮੰਗਾਵਤਿ ਹੈਂ।
ਹਿਤ ਬਜਾਹ ਅਵਾਸ ਰਖਾਵਤਿ ਹੈਂ।

ਬਹੁ ਗ੍ਰਾਮਨਿ ਤੇ ਘ੍ਰਿਤ ਲੇਤਿ ਭਏ।
ਧਨ ਪਾਸ ਮਸੰਦਨਿ ਕੇ ਸੁ ਦਏ ॥੩੫॥
ਪੁਰਿ ਭੂਰਨਿ ਮੈਂ ਧਨ ਭੇਜਿ ਦਿਯੋ।
ਮਿਸ਼ਟਾਨ ਮਹਾਂਨ ਮੰਗਾਇ ਲਯੋ।
ਬਡ ਬਾਸਨਿ ਲੇ ਕਰਿ ਪੂਰਿ ਧਰੇ।
ਗਨ ਮੇਵਨਿ ਕੀ ਸੁ ਖਰੀਦ ਕਰੇ ॥੩੬॥
ਪਸ਼ਮੰਬਰ[1] ਕੇਤਿਕ ਮੋਲਿ ਲਿਯੇ।
ਬਹੁ ਸੂਖਮ ਅੰਬਰ ਬ੍ਰਿੰਦ ਕਿਯੇ।
ਗਨ ਜਾਤ ਪਟੰਬਰ ਲੀਨਿ ਭਲੇ।
ਜਿਨ ਲਾਗਿ ਜ਼ਰੀ ਬਹੁ ਭਾਵ ਮਿਲੇ[1] ॥੩੭॥
ਸਿਖ ਸੰਗਤਿ ਔਰ ਮਸੰਦਨਿ ਕੋ।
ਪੁਰਿ ਪੈਂਚ ਅਨੇਕ ਬਿਲੰਦਨਿ ਕੋ।
ਜਿਨਿ ਦੇਨਿ ਬਨੈ ਹਿਤ ਮਾਨਿ ਘਨੇ।
ਸੁ ਖਰੀਦ ਕਰੇ ਤਿਨ ਕੌਨ ਗਿਨੇ ॥੩੮॥

ਦੋਹਰਾ:
ਸਾਹਾ ਜਾਨਿ ਸਮੀਪ ਕੋ, ਸਭਿ ਤਯਾਰੀ ਕਰਿ ਲੀਨਿ।
ਅੰਨ ਅਧਿਕ ਸੰਚੈ ਕਰਯੋ, ਜਹਿਂ ਕਹਿਂ ਧਨ ਗਨ ਦੀਨ ॥੩੯॥
ਰਿਦੇ ਅਨੰਦ ਬਿਲੰਦ ਤੇ, ਗੰਗਾ ਧਾਰਿ ਉਮੰਗ।
ਪ੍ਰਥਮ ਬਯਾਹ ਲਖਿ ਚੌਂਪ ਚਿਤਿ, ਕਰਤਿ ਅਧਿਕ ਗਨ ਰੰਗ ॥੪੦॥
ਜਾਇ ਨਰਾਇਣ ਦਾਸ ਘਰ, ਜਥਾ ਸ਼ਕਤਿ ਕੋ ਧਾਰਿ।
ਸਰਬ ਵਸਤੁ ਸੰਚੈ ਕਰੀ, ਹੈ ਜੁ ਅਨੇਕ ਪ੍ਰਕਾਰ ॥੪੧॥
ਹਿਤ ਦਾਇਜ[1] ਕੇ ਦੇਨਿ ਕੋ, ਕਰਨਿ ਸਮੂਹ ਅਹਾਰ।
ਅੰਨ ਬਸਨ ਭੂਖਨ ਭਲੇ, ਕੀਨਸਿ ਸਗਰੇ ਤਯਾਰ ॥੪੨॥

[1]ਪਸ਼ਮੀਨੇ ਦੇ ਬਸਤ੍ਰ।

[1]ਮਹਿੰਗੇ ਭਾਉ ਨੂੰ ਜੋ ਮਿਲੇ [ਭਾਉ = ਨਿਰਖ]

[1]ਦਾਜ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਚੰਦੂ ਦਾ ਵੈਰ ਵਧਿਆ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਦਿਜ ਨਾਈ ਛੂਛੇ ਹਟੋ ਤਿਨ ਕੋ ਸੁਨੋ ਬ੍ਰਿਤੰਤ।
ਮਹਾਂ ਦੁਖਤਿ ਗਮਨਤਿ ਭਏ ਰਿਦੇ ਅਧਿਕ
ਪਛੁਤੰਤ ॥੧॥

ਚੌਪਈ:

ਸਨੈ ਸਨੈ ਦਿੱਲੀ ਪੁਰਿ ਗਏ।
ਮਗ ਮਹਿਂ ਕਿਨਹੁਂ ਲੂਟਿ ਜਨੁ ਲਏ।
ਘਰ ਖੱਤ੍ਰੀ ਕੇ ਪਹੁੰਚੇ ਜਾਇ।
ਜਹਾਂ ਮੂਢ ਬੈਠਯੋ ਗਰਬਾਇ ॥੨॥
ਗਿਲਮਿ ਗਲੀਚੇ[1] ਫਰਸ਼ ਬਿਸਾਲਾ।
ਬੈਠਿਕ ਮੈਂ ਬੈਠਯੋ ਖੁਸ਼ਹਾਲਾ।
ਬਡ ਉਪਧਾਨ[1] ਧਰਯੋ ਜਿਹ ਪਾਛੇ।
ਸਗਰੇ ਸੇਤ ਬਸਤ੍ਰ ਤਨੁ ਕਾਛੇ[1] ॥੩॥
ਬੈਠੇ ਲਿਖਿਨਹਾਰ ਢਿਗ ਬ੍ਰਿੰਦ।
ਕਿਤਿਕ ਖੁਸ਼ਾਮਦ ਕਰਤਿ ਬਿਲੰਦ।
ਕਾਰਜ ਅਰਥੀ ਮਾਨਵ ਕੇਈ।
ਜੋਰਤਿ ਹਾਥਨਿ ਜਾਚਤਿ ਸੇਈ ॥੪॥
ਬਡੀ ਕਚਹਿਰੀ ਮਹਿਂ ਸੋ ਬੈਸਾ।
ਉੱਤਰ ਦੇਤਿ ਜੋਗ ਜਿਸ ਜੈਸਾ।
ਬਿੱਪ੍ਰ ਅਸ਼ੀਰਬਾਦ ਕਹਿ 'ਜੀਵਹੁ।
ਚਿਰੰਕਾਲ ਜਸੁ ਜੁਤਿ ਜਗ ਥੀਵਹੁ' ॥੫॥
ਮੁਖ ਮੁਰਝਾਯੋ ਬਹੁ ਦਿਜ ਕੇਰਾ।
ਚੰਦੂ ਤਬਹਿ ਬਿਲੋਚਨ ਹੇਰਾ।
'ਪਾਂਇ ਲਗਹਿ[1], ਪਾਂਧਾ! ਕਹੁ ਬਾਤੀ।
ਤੁਝ ਦੇਖਤਿ ਧਰਕਤਿ ਮੁਝ ਛਾਤੀ ॥੬॥
ਫਰਕਤਿ ਬਾਂਮ ਅੰਗ ਤਨ ਮੇਰੇ।
ਨਹੀਂ ਸ਼ਗੁਨ ਕੁਛ ਆਛੇ ਹੇਰੇ।
ਬਦਨ ਸਚਿੰਤ ਦੇਖਿ ਕਰਿ ਤੋਹੀ।
ਅਤਿ ਸੰਸੈ ਹੋਵਤਿ ਉਰ ਮੋਹੀ ॥੭॥
ਪੰਥ ਚਲਤਿ ਵਸਤੂ ਚੁਰਵਾਈ।

[1]ਨਰਮ ਵਿਛੌਣੇ ਤੇ ਕਾਲੀਨ [ਫ਼ਾ: ਗਿਲੀਮ = ਕਬੰਲੀ, ਗੱਦਾ। ਫ਼: ਗ਼ਾਲੀਚਹ = ਕਾਲੀਨ]

[1]ਤਕੀਆ, ਸਿਰਹਾਣਾ।

[1]ਸਜਾਏ ਹੋਏ।

[1]ਪੈਰੀ ਪੈਂਦਾ ਹਾਂ।

ਕਿਧੌਂ ਅਪਰ ਕਾਰਜ ਬਿਗਰਾਈ।
ਮੁਦਿ ਜੁਤ ਮਿਲਿਬੋ ਚਹੀਅਹਿ ਤੇਰਾ।
ਪਠਜੋ ਹੁਤੋ ਸ਼ਾਦੀ ਹਿਤ ਮੇਰਾ ॥੮॥
ਜਿਸ ਮਹਿਂ ਤੁਝ ਕੋ ਲਾਭ ਬਿਸਾਲਾ।
ਅਸ ਕਾਰਜ ਮਹਿਂ ਤੂੰ ਇਸ ਕਾਲਾ।
ਸਮੈ ਹਰਖ ਕੇ ਮੁਖ ਮੁਰਝਾਯੋ।
ਦੇਖਤਿ ਮੋ ਕੋ ਅਚਰਜ ਆਯੋ ॥੯॥
ਸ਼ੁਭ ਕਾਰਜ ਸੋ ਬਨਜੋ ਕਿ ਨਾਂਹੀ?
ਕਹੁ ਪਾਂਧਾ ਸਭਿ ਬਿਧਿ ਮੁਝ ਪਾਹੀ।'
ਸੁਨਿ ਚੰਦੂ ਤੇ ਬਿੱਪ੍ਰ ਉਚਾਰਾ।
'ਸੁਨਹੁ ਇਕੰਤ ਹੋਇ ਕਰਿ ਸਾਰਾ' ॥੧੦॥
ਸੰਸੈ ਜੁਤ ਉਠਿ ਕਰਿ ਤਤਕਾਲਾ।
ਬੈਠਜੋ ਸਭਿ ਤੇ ਹੋਇ ਨਿਰਾਲਾ।
ਦਿਜ ਨੇ ਢਿਗ ਹੁਇ ਸਕਲ ਸੁਨਾਯੋ।
'ਹੇ ਜਜਮਾਨ! ਸੁ ਹੁਇ ਪ੍ਰਭੁ ਭਾਯੋ[1] ॥੧੧॥

[1]ਸੋ ਹੋਂਵਦੀ ਹੈ (ਜੋ) ਪ੍ਰਭੂ ਨੂੰ ਚੰਗੀ ਲਗਦੀ ਹੈ।

ਹਮ ਨਾਤਾ ਜਬਿ ਲੇ ਕਰਿ ਗਏ।
ਸ਼ੁਭ ਦਿਨ ਤਬਹਿ ਸੁਧਾਵਤਿ ਭਏ।
ਸਕਲ ਸਮਾਜ ਮਿਲਜੋ ਤਤਕਾਲਾ।
ਲੋਕ ਹਜ਼ਾਰਹੁਂ ਅਨੰਦ ਬਿਸਾਲਾ ॥੧੨॥
ਬਾਲਕ ਚੌਂਕੀ ਆਨਿ ਬਿਠਾਯਹੁ।
ਗਾਵਨਿ ਬਾਦਤਿ ਸਕਲ ਰਚਾਯਹੁ।
ਹਮਹਿਂ ਬੁਲਾਯੋ ਗਮਨੇ ਤੀਰ।
ਜਹਿਂ ਗੁਰੁ ਅਪਰ ਨਰਨਿ ਕੀ ਭੀਰ ॥੧੩॥
ਨੌ ਗ੍ਰਿਹ ਗਨਪਤਿ ਹੁਤੋ ਮਨਾਯਹੁ।
ਤਿਲਕ ਕਰਨਿ ਕੋ ਜਬਿ ਉਦਤਾਯਹੁ।
ਦਿੱਲੀ ਤੇ ਤਬਿ ਪਠਈ ਪਾਤੀ[1]।
ਚਲਤਿ ਹਮਹਿ ਤੁਮ ਕਹੀ ਜੁ ਬਾਤੀ ॥੧੪॥

[1]ਭੇਜੀ ਗਈ ਪੱਤ੍ਰਿਕਾ।

ਮੋਰੀ ਅਰੁ ਦ੍ਰਿਸ਼ਟਾਂਤ ਚੁਬਾਰਾ।
ਨਿਜ ਬਡਤਾ[1] ਕੇ ਹੇਤੁ ਉਚਾਰਾ।

[1]ਬਡਿਆਈ।

ਕਿਹ ਸੁਨਿ ਕੈ ਲਿਖਿ ਭੇਜਯੋ ਸਾਰੋ।
ਸੋ ਪਠਿ ਕੈ ਲਖਿ ਤੁਵ ਹੰਕਾਰੋ ॥੧੫॥
ਜਰੀ ਨ ਬਾਤ, ਨ ਲਖੀ ਬਡਾਈ।
ਤੂਰਨ ਹਮ ਸੋਂ ਗਿਰਾ ਅਲਾਈ।
-ਰਹੈ ਚੁਬਾਰੋ ਸੋ ਦੁਖ ਪਾਵਹਿ।
ਮਾਰਹਿ ਟੱਕਰ ਭਾਲ ਭਨਾਵਹਿ- ॥੧੬॥
ਕੇਤਿਕ ਸਿੱਖ ਕਹਯੋ ਬਖਯਾਤਾ।
-ਨਹਿਂ ਲਿਹੁ ਇਸ ਕਿਰਾੜ ਕੋ ਨਾਤਾ-।
ਪ੍ਰਥਮ ਭਯੋ ਤੈਂ ਬੋਲ ਬਿਗਾੜ।
ਸਹੀ ਨ ਤਿਨਹੁ ਸੁ ਦੀਨਿ ਉਘਾੜ[1] ॥੧੭॥

[1]ਪ੍ਰਗਟ ਕਰ ਦਿੱਤੀ।

ਕਜਾ ਕਹੀਅਹਿ ਬਡ ਕਾਜ ਬਿਗਾਰਾ।
ਨਹਿਂ ਸਵਰਯੋ ਮੈਂ ਬਹੁਤ ਉਚਾਰਾ।
ਕਹਤਿ ਭਏ, -ਜੋ ਸਮ ਹੈ ਮੋਰੀ[1]।
ਸਮ ਮੋਰੀ ਕੇ ਮਿਲਹਿ ਸੁ ਮੋਰੀ[1]- ॥੧੮॥

[1]ਜੋ ਮੋਰੀ ਦੇ ਸਮਾਨ ਹੈ।

[1]ਉਹ ਮੇਰੇ ਸਮਾਨ ਹੈ ਸੋ ਮੇਰੇ ਤਾਈਂ ਮਿਲੇਗਾ (ਅ) ਓਹ ਮੋਰੀ ਨੂੰ ਮੋਰੀ ਵਾਂਗ ਆ ਮਿਲੇਗਾ।

ਇਮ ਸੁਨਿ ਬਹੁਤ ਥਾਨਿ ਕੀ ਸੰਗਤਿ।
ਬੈਠੀ ਬ੍ਰਿੰਦ ਬਿਲੋਕ ਉਮੰਗਤਿ।
ਤਿਨ ਮਹਿਂ ਤੇ ਇਕ ਉਠਿ ਕਰਿ ਖੱਤ੍ਰੀ।
ਹਾਥ ਜੋਰਿ ਕਹਿ ਗਿਰਾ ਬਚਿੱਤ੍ਰੀ ॥੧੯॥
-ਸਪਤ ਬਰਖ ਕੀ ਦੁਹਿਤਾ ਮੇਰੀ।
ਲਿਹੁ ਨਾਤਾ ਗੁਰ ਕਰਹੁ ਨ ਦੇਰੀ-।
ਬਾਲਕ ਤਿਲਕ ਕਰਯੋ ਤਤਕਾਲਾ।
ਤਿਮ ਹੀ ਉਤਸਵ ਰਹਯੋ ਬਿਸਾਲਾ ॥੨੦॥
ਖੱਤ੍ਰੀ ਔਰ ਉਠਯੋ ਇਕ ਪਾਛੇ।
ਸੰਗ ਗੋਤ ਨਿਜ ਕਹਿ ਕਰਿ ਆਛੇ।
ਤਬਿ ਹੀ ਦੂਜੀ ਕਰੀ ਸਗਾਈ।
ਦੇਖਤਿ ਦੁਗਨੀ ਬਜੀ ਬਧਾਈ ॥੨੧॥
ਨਾਤਾ[1] ਤੋਹਿ ਸੁਤਾ ਕੋ ਫੇਰਾ।
ਚਲਯੋ ਉਪਾਇ ਨਹੀਂ ਕੁਛ ਮੇਰਾ।'
ਸੁਨਿ ਅਨਖਯੋ[1] ਚੰਦੂ ਮਤਿ ਹੀਨ।
ਤਪਤਿ ਰਿਦਾ ਤੂਸ਼ਨਿ ਦੁਖਭੀਨ ॥੨੨॥

[1]ਸਾਕ।

[1]ਅਣਖ ਵਿੱਚ ਆਯਾ ਭਾਵ ਖਿਝਿਆ।

ਬਾਨ ਸਮਾਨ ਲੈਨ ਦਿਜ ਕੇਰੇ।
ਲਗੇ ਰਿਦੇ ਭਏ ਦੁਖਤਿ ਬਡੇਰੇ।
ਕਹਤਿ ਭਯੋ 'ਪਾਂਧਾ! ਸੁਨਿ ਲੇਹੁ।
ਜਯੋਂ ਕਯੋਂ ਸਾਕ ਤਿਸੀ ਥਲ ਦੇਹੁ ॥੨੩॥
ਐਸੀ ਬਿਦਤਿ ਹੋਇ ਨਹਿਂ ਜਾਇ।
-ਹਟਯੋ ਸਾਕ ਲਾਗੀ ਮੁਰਿ ਆਇ-।
ਯਾਂ ਤੇ ਤੂਰਨਿ ਅਬ ਚਲਿ ਜਾਵਹੁ।
ਮੈਂ ਪੱਤ੍ਰੀ ਲਿਖਿ ਦੇਉਂ ਸਿਧਾਵਹੁ ॥੨੪॥
-ਮੋਹਿ ਦਿਵਾਨ ਸ਼ਾਹ ਕੋ ਜਾਨਹੁ।
ਭਲੀ ਬਾਤ ਨਾਤੋ ਅਬ ਮਾਨਹੁ-।
ਇਮ ਡਰਾਇ ਕਰਿ ਦੀਜਹੁ ਪਾਤੀ।
ਜਿਸ ਤੇ ਧਰਕ ਉਠੈ ਤਿਸ ਛਾਤੀ ॥੨੫॥
ਮ੍ਰਿਦੁਲ ਕਠੋਰ ਕਹਹੁ ਬਿਧਿ ਦੋਈ।
-ਅਬਿ ਨਾਤੋ ਇਹ ਲੇਹਿ ਨ ਕੋਈ।
ਯਾਂ ਤੇ ਤੁਮ ਢਿਗ ਪੁਨਹੁ ਪਠਾਵਾ-।'
ਇਸ ਪ੍ਰਕਾਰ ਦਿਜ ਕੋ ਸਮੁਝਾਵਾ ॥੨੬॥
ਪਾਤੀ ਲਿਖਨਿ ਲਗਯੋ ਪਨ ਚੰਦੂ।
'ਲਿਖਤੁਮ ਸ਼ਾਹੁ ਦਿਵਾਨੁ ਬਿਲੰਦੂ।
ਸ਼੍ਰੀ ਅਰਜਨ! ਰਿਸ ਕੈਸੇ ਕਰੀ?
ਸਹਜ ਸੁਭਾਇਕ ਮੈਂ ਜੁ ਉਚਰੀ ॥੨੭॥
ਕਿਨਹੂੰ ਅਧਿਕ ਵਧਾਇ ਸੁਨਾਈ।
ਜਾਤ ਗੋਤ ਉੱਤਮ ਲਘੁਤਾਈ।
ਕਜਾ ਹੁਇ ਗਯੋ ਜੁ ਮੈਂ ਕਹਿ ਦੀਨਿ।
ਜਥਾ ਜੋਗ ਲਿਹੁ ਮਨ ਮਹਿਂ ਚੀਨਿ ॥੨੮॥
ਕਹਾਂ ਭਯੋ ਜੇ ਅਪਰ ਸਗਾਈ।
ਧਨੀ ਪੁਰਖ ਕੈ ਬਹੁ ਹੁਇ ਜਾਈਂ।
ਜੇ ਹਮਰੋ ਸਨਬੰਧ ਤੁਮਾਰੇ।
ਕਾਰਜ ਦੇਉਂ ਅਨੇਕ ਸੁਧਾਰੇ ॥੨੯॥
ਨਾਂਹਿ ਤ ਜੇ ਕਰਿ ਲੇਹੁ ਨ ਨਾਤਾ।
ਤੌ ਮੇਰੋ ਬੈਰੀ ਬੱਖਯਾਤਾ।
ਤੁਮਰੇ ਸਿੱਖਨ ਕੂਕਰ ਕਹਯੋ।
ਸੋ ਸੁਨਿ ਮੈਂ ਹਿਰਦੇ ਦੁਖ ਲਹਯੋ ॥੩੦॥

ਕੂਕਰ ਹੋਇ ਲਗੌਂ ਤੁਮ ਗੈਲ[1]।
[1]ਪਿੱਛੇ।
ਤਬਿ ਜਾਨਹੁ ਜਬਿ ਹੁਇ ਫਲ ਫੈਲ[1]।
[1]ਫਲ ਫਲੇਗਾ।
ਅਬਿ ਲੌ ਰਸ ਹੈ ਹਮ ਤੁਮ ਮਾਂਹਿ।
ਅਧਿਕ ਬਿਰੋਧ ਬਧਾਵਹੁ ਨਾਂਹਿ ॥੩੧॥
ਮੋ ਸੋਂ ਦ੍ਵੈਸ਼ ਰਚਹਿ ਬਿਨ ਜਾਨੇ।
ਸੋ ਆਸ਼ਾ ਜੀਵਨਿ ਕਿਮ ਠਾਨੇ।
ਸ਼ਾਹੁ ਦਿਵਾਨ ਮਰਾਤਬ ਮੋਹਿ।
ਕਹੌਂ ਬਾਕ ਮਾਨਹਿਂ ਤਿਮ ਹੋਹਿ[1] ॥੩੨॥
[1](ਬਾਦਸ਼ਾਹ) ਮੰਨਦਾ ਹੈ ਤੇ ਤਿਵੇਂ ਹੀ ਹੁੰਦਾ ਹੈ।
ਕਨਕਾ ਅਬਹਿ ਹੁਤਾਸਨ ਦ੍ਵੈਸ਼[1]।
[1]ਕਿਣਕਾ ਵਤ ਵੈਰ ਦੀ ਅਗਨੀ।
ਸਮਝਹੁ ਕੀਜਹੁ ਨਹੀਂ ਵਿਸ਼ੇਸ਼।'
ਇੱਤਜਾਦਿਕ ਲਿਖਿ ਕੇ ਬਿਚ ਪਾਤੀ।
ਲਖਿ ਅਨੀਤ ਕੋ ਸੁਲਗਤਿ ਛਾਤੀ ॥੩੩॥
ਏਕ ਨਿਸਾ ਦਿੱਲੀ ਦਿਜ ਰਹ੍ਯੋ।
'ਬਡੀ ਪ੍ਰਾਤ ਚਲਿ' ਚੰਦੂ ਕਹ੍ਯੋ।
ਪਸ਼ਚਮ ਮੁਖ ਕਰਿ ਗਮਨ੍ਯੋ ਤਬੈ।
ਸਨੈ ਸਨੈ ਮਗ ਉਲੰਘ੍ਯੋ ਸਬੈ ॥੩੪॥
ਗੁਰੁਪੁਰਿ ਬਿਖੈ ਪ੍ਰਵੇਸ਼੍ਯੋ ਆਇ।
ਨਿਸ ਪਰਿ ਗਈ ਬਸ੍ਯੋ ਇਕ ਥਾਇਂ।
ਭਈ ਪ੍ਰਾਤ ਗੁਰੁ ਸਭਾ ਲਗਾਈ।
ਸੰਗਤਿ ਸਿਖ ਮਸੰਦ ਸਮੁਦਾਈ ॥੩੫॥
ਬਿੱਪ੍ਰ ਆਇ ਕਰਿ ਆਸ਼ਿਖ ਦੀਨਿ।
ਪਾਤੀ ਬੈਠਿ ਅੱਗ੍ਰ ਕੋ ਕੀਨਿ।
ਲੇ ਸਿਖ ਗੁਰੁ ਕੇ ਕਰ ਪਕਰਾਈ।
ਖੋਲਿ ਪਢੀ ਚੰਦੂ ਚਤੁਰਾਈ ॥੩੬॥
ਜਾਨਿ ਕੁਟਿਲਤਾ ਮੂਰਖ ਕੇਰੀ।
ਉੱਤਰ ਕਹਤਿ ਭਏ ਤਿਸ ਬੇਰੀ।
'ਮਾਨਨੀਯ ਗੁਰੁ ਸਿੱਖ ਹਮਾਰੇ।
ਕਰਹਿਂ ਤਥਾ ਇਹ[1] ਜਥਾ ਉਚਾਰੇਂ ॥੩੭॥
[1]ਭਾਵ ਸਿੱਖ।
ਸ਼੍ਰੀ ਨਾਨਕ ਆਦਿਕ ਗੁਰੁ ਸਾਰੇ।
ਜਾਨਤਿ ਰਹੇ ਇਨਹੁ ਬਹੁ ਪਜਾਰੇ।
ਹਮ ਭੀ ਮਾਨਤਿ ਹੈਂ ਸਿਖ ਬਾਕ।
ਕਹ੍ਯੋ ਤਿਨਹੁ -ਨਹਿਂ ਲੀਜਹਿ ਸਾਕ-

॥੩੮॥
ਸੋ ਕਿਮ ਫੇਰਿ ਸਕਹਿਂ ਮਨ ਜਾਨੋ।
ਤੁਮ ਕਜੋਂ ਅਬਿ ਐਸੇ ਹਠ ਠਾਨੋ।
ਅਪਰ ਥਾਨ ਨਾਤਾ ਕਰਿ ਦੀਜਹਿ।
ਜੋ ਅਪਨੇ ਸਮਸਰ ਲਖਿ ਲੀਜਹਿ ॥੩੯॥

ਦੋਹਰਾ:
ਸੁਤ, ਤਿਯ, ਧਨ, ਤਨ ਆਦਿ ਸਭਿ,
ਤਜਿਤਿ ਨ ਲਾਵੈਂ ਦੇਰਿ।
ਸਿੱਖ ਬਚਨ ਕੋ ਤਜਾਗਬੋ,
ਤਊ ਨ ਹਮਤੇ ਹੇਰਿ† ॥੪੦॥

†ਦੇਖੋ ਸਤਿਗੁਰ ਜੀ ਸਿੱਖ ਨੂੰ ਕਿੰਨਾਂ ਪਿਆਰ ਕਰਦੇ ਹਨ। ਇਹੋ ਬਿਰਦ ਦਸਾਂ ਗੁਰਾਂ ਦਾ ਰਿਹਾ ਹੈ। ਸ਼੍ਰੀ ਮੁਖ ਵਾਕ ਹੈ:- 'ਜਨੁ ਨਾਨਕੁ ਧੂੜਿ ਮੰਗੈ ਤਿਸੁ ਸਿਖ ਕੀ' ਫੇਰ ਸ਼੍ਰੀ ਮੁਖ ਵਾਕ ਉਚਾਰਿਆਂ:- 'ਮੋ ਗ੍ਰਹ ਮੈ ਤਨ ਤੇ ਮਨ ਤੇ ਧਨ ਲੌ ਸਭ ਹੈ ਇਨ ਹੀ ਕੋ।' ਪਰ ਏਹ ਯਾਦ ਰਹੇ ਕਿ ਇਸ ਸਮੇਂ ਨਾਮ ਨਾਲ ਜਾਗੇ ਹੋਏ ਲਿਵ ਵਾਲੇ ਬੰਦੇ ਹੁੰਦੇ ਸਨ। ਸਾਈਂ ਤੋਂ ਟੁੱਟੀ ਸੁਰਤ ਵਾਲੇ ਸਾਕਤ ਨਰ ਨਹੀਂ ਸਨ ਹੁੰਦੇ।

ਚੌਪਈ:
ਹੋਇ ਸਿੱਖਜ ਏਤੋ ਪਦ ਪਾਏ।
ਸਕਲ ਜਗਤ ਕੇ ਪੂਜ ਬਨਾਏ।
ਸਿਖ ਕੇ ਸਮਸਰ ਅਪਰ ਨ ਪਜਾਰੋ।
ਸਾਸਿ ਸਾਸਿ ਮਹਿਂ ਸਿੱਖ ਸੰਭਾਰੋਂ ॥੪੧॥
ਪੂਜਨੀਯ ਹੈਂ ਸਿੱਖਜ ਮਹਾਂਨ।
ਤਨ ਧਨ ਮੇਰੋਂ ਹੈਂ ਸਿੱਖ ਪ੍ਰਾਨ।
ਸਿੱਖਨਿ ਕੀ ਕਰੁਨਾ ਸੁਖ ਪੱਯੈ।
ਕਹਜੋ ਤਿਨਹੁ ਕੋ ਕਿਮ ਹਟਕੱਯੇ ॥੪੨॥
ਬਿਸ਼ਨੁ ਭਗਤ ਵਤਸਲ ਭਗਵਾਨ[1]।
ਜਿਮ ਤਿਨ ਕੇ ਪ੍ਰਿਯ ਭਗਤ ਮਹਾਂਨ।
ਤਥਾ ਹਮਾਰੈ ਸਿੱਖਨਿ ਕੇਰੀ।
ਸ਼੍ਰੀ ਸਤਿਗੁਰੂ ਸੋਂ ਪ੍ਰੀਤਿ ਘਨੇਰੀ ॥੪੩॥

[1]ਭਗਤਾਂ ਦਾ ਪਿਆਰਾ ਵਿਸ਼ਨੂੰ ਭਗਵਾਨ ਹੈ।

ਹਮ ਤੇ ਲਿਯੋ ਜਾਇ ਨਹਿਂ ਨਾਤਾ।
ਕਹੁ ਦਿਜ ਚੰਦੂ ਕਹੁ ਬੱਖਜਾਤਾ।'
ਸੁਨਤਿ ਬਿੱਪ੍ਰ ਨੇ ਗਿਰਾ ਬਖਾਨੀ।
'ਸ਼ਾਹੁ ਦਿਵਾਨ ਅਧਿਕ ਹਠ ਮਾਨੀ[1]
॥੪੪॥
ਪਰਹਿ ਬੈਰ ਬਹੁ ਕਾਜ ਬਿਗਾਰੇ।

[1]ਹੰਕਾਰੀ।

ਚਹੈ ਸੁ ਕਰੈ ਮਹਾਂ ਬਲ ਧਾਰੇ।
ਹਟੀ ਸਗਾਈ ਸਮ ਦੁਖ ਔਰਿ।
ਨਹੀਂ ਹੋਤਿ ਜਾਨਹਿਂ ਸਭਿ ਠੌਰਿ ॥੪੫॥
ਹਿਤ ਰਾਵਰ[1] ਕੋ ਮੈਂ ਸ਼ੁਭ ਕਹਜੋ।
[1]ਆਪਦੇ ਭਲੇ ਲਈ।
ਜਥਾ ਭਵਿੱਖਜਤਿ ਬਰਤਹਿ ਲਹਜੋ[1]।
[1]ਅੱਗੇ ਨੂੰ ਵਰਤਦੀ ਜਾਣੀ ਹੈ।
ਲਿਹੁ ਨਾਤਾ ਹੁਇ ਸ਼ਾਂਤਿ ਬਿਖੇਰਾ।
ਨਾਂਹਿ ਤ ਇਸ ਫਲ ਕਸ਼ਟ ਘਨੇਰਾ ॥੪੬॥
ਸਮਾ ਚੁਕੇ ਪਛੁਤਾਵਨਿ ਰਹੇ।
-ਭਲੋ ਨ ਕਰਜੋ- ਆਪਿ ਕੋ ਕਹੇਂ[1]।
[1](ਉਸ ਵੇਲੇ) ਜੋ ਕੀਤਾ ਸੀ ਚੰਗਾ ਨਹੀਂ ਸੀ-ਇਉਂ ਆਪਣੇ ਆਪ ਨੂੰ (ਪਿਛੋਂ) ਕਹੀਦਾ ਹੈ।
ਯਾਂ ਤੇ ਮਾਨਿ ਲੇਹੁ ਮਤਿ ਮੇਰਾ।
ਦੁਹ ਦਿਸ਼ਿ ਵਧਹਿ ਪ੍ਰਮੋਦ ਬਡੇਰਾ ॥੪੭॥
ਨਤੁ ਸੰਸੈ ਜੀਵਨਿ ਮਹਿਂ ਹੋਇ।
ਜੇਤੋ ਬਲ ਕਰਿ ਹੈ ਸਭਿ ਕੋਇ।'
ਸੁਨਿ ਸ਼੍ਰੀ ਅਰਜਨ ਦਿਜ ਤੇ ਬਾਤਿ।
ਬੋਲੇ ਸ਼੍ਰੀ ਮੁਖ ਤੇ ਮੁਸਕਾਤਿ ॥੪੮॥
'ਹਮ ਕਿਸਹੂੰ ਸੋ ਬੈਰ ਨ ਕਰੈਂ।
ਕਿਸ ਕੋ ਬੁਰੋ ਨ ਹਿਰਦੈ ਧਰੈਂ।
ਕਰਹਿ ਨ੍ਰਿਵੈਰ ਸੰਗ ਜੋ ਬੈਰ।
ਤਿਸ ਕੇ ਜੁਗ ਲੋਕਨਿ ਕਜਾ ਖੈਰ? ॥੪੯॥
ਸਭਿ ਕੋ ਪਤਿ ਪਰਮੇਸ਼ੁਰ ਅਹੈ।
ਸੁਖ ਦੁਖ ਕੀ ਸੁਧਿ ਜਗ ਕੀ ਲਹੈ।
ਭਲਾ ਬੁਰਾ ਜੋ ਕਰਮ ਕਰੰਤੇ।
ਤਿਨ ਤੇ ਸੁਖ ਦੁਖ ਜੀਵ ਧਰੰਤੇ ॥੫੦॥
ਚਿਤਵਤਿ ਬੁਰਾ, ਬੁਰਾ ਫਲ ਪਾਵੈ।
ਇਹੀ ਨੇਮ ਪ੍ਰਭੁ ਤੇ ਬਨਿ ਆਵੈ।
ਪਰ ਕੋ ਖਨਹਿ ਕੂਪ ਹਿਤ ਬੁਰੇ[1]।
[1]ਪਰਾਏ ਦੇ ਬੁਰੇ ਲਈ ਖੂਹ ਖੋਦੇ।
ਝੇਰੇ[1] ਗਿਰੈ ਸੁ ਬਹੁ ਦੁਖ ਭਰੈ' ॥੫੧॥
[1]ਖਾਤੇ ਵਿਖੇ।
ਇਮ ਕਹਿ ਤੂਸ਼ਨਿ ਭਏ ਗੁਸਾਈਂ।
ਦਿਜ ਉਠਿ ਗਯੋ ਬਹੁਤ ਪਛੁਤਾਈ।
ਦਿੱਲੀ ਪੁਰਿ ਕੋ ਹੋਇ ਨਿਰਾਸ।
ਚੰਦੂ ਕੋ ਸੁਧਿ ਦਈ ਅਵਾਸ ॥੫੨॥

ਦੋਹਰা:

ਚੰਦੂ ਸੁਨਿ ਜਰ ਬਰ ਗਯੋ -ਨੈਕ ਨ ਮਾਨਯੋ ਤ੍ਰਾਸ।
ਕਰੀ ਜਾਤਿ ਮੈਂ ਹੀਨਤਾ[1], ਹਤੌਂ ਜਤਨ ਨਿਰਜਾਸ- ॥੫੩॥
ਗੁਰੁ ਘਰ ਸੋਂ ਰਚਿ ਦ੍ਵੈਸ਼ ਕੋ, ਬੁਰੀ ਕਰਨਿ ਤਬਿ ਲਾਗਿ।
ਘਾਤਿ ਬਿਚਾਰਤਿ ਪਿਖਤਿ ਨਿਤ, ਚੁਗਲੀ ਉਗਲ ਕੁਭਾਗ ॥੫੪॥
ਬਹੁਰ ਕਥਾ ਇਹ ਕਹੈਂਗੇ, ਦੁਸ਼ਟੀ ਦੁਸ਼ਟ ਜੁ ਕੀਨਿ।
ਸ਼੍ਰੀ ਹਰਿ ਗੋਵਿੰਦ ਬਜਾਹੁ ਕੋ, ਸ਼੍ਰੋਤਾ ਸੁਨਹੁ ਪ੍ਰਬੀਨ ॥੫੫॥

[1]ਮੇਰਾ ਡਰ (ਗੁਰੂ ਜੀ ਨੇ) ਨਹੀਂ ਮੰਨਿਆ, ਮੇਰੀ ਜਾਤ (ਭਾਈਆਂ) ਵਿਚ ਹੀਨਤਾ ਕੀਤੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

## ੯. [ਵਿਆਹ ਦੀ ਤਿਆਰੀ ਮੇਲ ਦਾ ਆਵਣਾ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:
ਬਾਸੁਰ ਕਿਤਿਕ ਬਿਤਾਇ ਕਰਿ, ਸ੍ਰੀ ਗੁਰ ਅਰਜਨ ਨਾਥ।
ਚਿਤਵਤਿ ਨੰਦਨ ਬਜਾਹ† ਕੋ, ਬਡਿ ਉਤਸਵ ਕੇ ਸਾਥ ॥੧॥

ਨਿਸ਼ਾਨੀ ਛੰਦ:
ਅਗਹਨਿ[1] ਬੀਤਯੋ ਮਾਸ ਜਬਿ, ਪੁਨ ਪੂਸ[2] ਸੁ ਆਯੋ।
ਸਮੈ ਇਹਾਂ ਉਤਸਾਹ ਕੋ, ਜਾਨਯੋ ਨਿਯਰਾਯੋ।
ਮਹਾਂਦੇਵ ਸੋਂ ਮਿਲਿ ਗੁਰੂ, ਬੈਠੇ ਇਕ ਥਾਨਾ।
ਕਰੀ ਵਾਰਤਾ ਬਹੁਤ ਹੀ, ਪਰਸੰਗ ਜਿ ਨਾਨਾ ॥੨॥
ਬਹੁਰ ਬਜਾਹ ਕੀ ਬਾਤਿ ਕੋ, ਸਭਿ ਜ਼ਿਕਰ ਸੁਨਾਯੋ।
'ਏਕ ਮਾਸ ਹੀ ਬਿਚਿ ਰਹਯੋ, ਦਿਨ ਨਿਕਟ ਸੁ ਆਯੋ।
ਬਡੋ ਭ੍ਰਾਤ ਅਬਿ ਦੂਰਿ ਹੈ, ਬਡ ਧਰਤਿ ਬਿਰੋਧਾ।
ਨੰਮ੍ਰ ਭਏ, ਨਹਿਂ ਮਾਨਹੀ, ਰਾਖਹਿ ਉਰ ਕ੍ਰੋਧਾ ॥੩॥
ਚਹਿਯਹਿ ਅਬਹਿ ਬੁਲਾਵਨੋ, ਇਹੁ ਉਚਿਤ ਮਹਾਨਾ।
ਸਹਤ ਕੁਟੰਬ ਸੁ ਆਵਨੋ, ਹੋਵਹਿ ਇਸ ਥਾਨਾ।'
ਮਹਾਂਦੇਵ ਬੋਲਯੋ ਸੁਨਤਿ, 'ਭੇਜਹੁ ਲਿਖਿ ਪਾਤੀ।
ਕੋ ਨਰ ਆਛੋ ਜਾਇ ਕੈ, ਆਨਹਿ ਭਲਿ ਭਾਂਤੀ ॥੪॥
ਸਨਮਾਨਹੁ ਸਭਿ ਰੀਤਿ ਤੇ, ਹੈ ਭ੍ਰਾਤ ਬਡੇਰੋ।
ਜਯੋਂ ਕਯੋਂ ਕਰਿ ਤਿਸ ਆਨਿਯੈ, ਆਛੀ

†ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਵਾਹਾਂ ਪਰ ਦੇਖੋ ਰਾਸ ੫ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।

[1]ਮੱਘਰ। [2]ਪੋਹ ਦਾ ਮਹੀਨਾ।

ਬਿਧਿ ਹੇਰੋ।
ਪਰਨੇ[1] ਮਰਨੇ ਮਹਿੰ ਸਰਬ, ਸਨਬੰਧਿ[2] ਮਿਲੰਤੇ।
ਇਹੀ ਜਗਤ ਕੀ ਰੀਤਿ ਹੈ, ਸਭਿ ਨਰ ਬਰਤੰਤੇ ॥੫॥

[1]ਵਿਵਾਹ। [2]ਸੰਬੰਧੀ।

ਸ਼ਾਦੀ ਤੁਮਰੈ ਸਦਨ ਹੈ, ਰੂਠੇ ਸੁ ਮਨਾਓ[1]।
ਭ੍ਰਾਤਾ ਕਰਹੁ ਇਕੱਤ੍ਰ ਸਭਿ, ਬਡਿਤਾ ਜਿਮ ਪਾਓ।

[1]ਰੁੱਸਿਆਂ ਨੂੰ ਮਨਾਓ।

ਸ਼ੋਭਾ ਹੈਬਹੁ ਮੇਲਿ ਕੀ, ਬੰਧੁਪ ਸਮੁਦਾਯਾ[1]।
ਜਾਤਿ ਬਿਖੈ ਸੋ ਬਡਾ ਹੁਇ, ਸਭਿ ਸੋਂ ਬਨਿ ਆਯਾ ॥੬॥

[1]ਸਾਰੇ ਸੰਬੰਧੀਆਂ ਦੇ ਮੇਲ ਦੀ ਸ਼ੋਭਾ ਹੈ।

ਮਹਾਂਦੇਵ ਕੇ ਬਾਕ ਕੋ, ਸਤਿਗੁਰੁ ਨੇ ਮਾਨਾ।
ਲਿਖੀ ਪੱਤ੍ਰਿਕਾ ਤਬਹਿ ਗੁਰੁ, ਬਡਿਆਇ ਮਹਾਨਾ।
'ਮਿਹਰਵਾਨ ਨੰਦਨ ਜਥਾ, ਹਰਿ ਗੋਵਿੰਦ ਤੈਸੇ।
ਬਜਾਹ ਸਮਾਂ ਇਨ ਕੋ ਅਬਹਿ, ਭੇਜਜੋ ਲਿਖਿ ਜੈਸੇ ॥੭॥
ਅਪਨਿ ਜਾਨਿ ਆਵਹੁ ਇਹਾਂ, ਤੁਮ ਕਾਜ ਰਚਾਵੋ।
ਜਿਮ ਆਇਸੁ ਦਿਹੁ ਕਰਹਿੰ ਤਿਮ, ਜਿਸ ਤੇ ਜਸੁ ਪਾਵੋਂ।
ਕ੍ਰੋਧ ਬਿਰੋਧ ਨ ਕੀਜੀਏ, ਹਮ ਕੋ ਲਘੁ ਜਾਨੋ।
ਹਾਨ ਲਾਭ ਤੁਮ ਕੋ ਅਹੈ, ਜਸੁ ਅਪਜਸੁ ਸਾਨੋ[1] ॥੮॥

[1]ਜਸ ਅਪਜਸ ਸਣੇ।

ਹਮ ਲਘੁ ਤੁਮ ਭ੍ਰਾਤਾ ਬਡੇ, ਸਗਰੀ ਬਿਧਿ ਜਾਨੋ।
ਚਤੁਰ ਮਹਾਂ ਬਿਵਹਾਰ ਮਹਿਂ, ਸਭਿ ਤੇ ਨਹਿਂ ਛਾਨੋ[1]।'

[1]ਸਭ ਨੂੰ ਪਤਾ ਹੈ ਤੁਸੀਂ ਵਿਹਾਰ ਵਿਚ ਸਿਆਣੇ ਹੋ।

ਇੱਤਯਾਦਿਕ ਲਿਖਿ ਸਿਖ ਪਠਯੋ, ਜੰਗਲ[1] ਦਿਸ਼ਿ ਜਾਹੀ।

[1]ਮਾਲਵਾ।

ਗ੍ਰਾਮ ਨਾਮ ਕੋਠਾ ਅਹੈ, ਬਾਸਹਿ ਤਿਸ ਮਾਂਹੀ ॥੯॥
ਕਾਵਰਿ[1] ਭਰਿ ਪਕਵਾਨ ਕੀ, ਸੰਗ ਕਰੇ ਕਹਾਰਾ।
ਗਮਨੇ ਲੇ ਕਰਿ ਪੰਥ ਕੋ, ਗੇ ਸਲਿਤਾ ਪਾਰਾ।
ਉਲੰਘ ਬਿਪਾਸਾ ਸਤੁਦ੍ਰਵਾ, ਕੋਠੇ ਕਹੁ ਆਏ।
ਜਹਿਂ ਪ੍ਰਿਥੀਆ ਬੈਠ੍ਯੋ ਸੁਨ੍ਯੋ, ਤਿਸ ਨਿਕਟ ਸਿਧਾਏ ॥੧੦॥
ਅਗ੍ਰ ਮਿਠਾਈ ਕੋ ਧਰ੍ਯੋ, ਪਾਤੀ ਕਰ ਦੀਨੀ।
ਗੁਰੁ ਦਿਸ਼ਿ ਤੇ ਬੰਦਨ ਕਰੀ, ਬਹੁ ਧਰੀ ਅਧੀਨੀ।
ਪਾਤੀ ਖੋਲ੍ਹੀ ਪਠੀ ਜਬਿ, ਦੁਖ ਰਿਦਾ ਪਰੋਯੋ।
ਚਿਤਵਤਿ -ਸਭਿ ਬਿਧਿ ਭ੍ਯੋ ਬਡ[1], ਸੁਤ ਬ੍ਯਾਹ ਸੰਜੋਯੋ[2] ॥੧੧॥
ਵਧਤਿ ਗਯੋ ਦਿਨ ਪ੍ਰਤਿ ਅਧਿਕ, ਨਹਿਂ ਚਲ੍ਯੋ ਉਪਾਊ।
ਕਿਮ ਗਹਾਇ ਮਰਵਾਇ ਹੌਂ, ਕੋ ਘਾਤ ਨ ਪਾਊਂ-।
ਇਮ ਮਨ ਮਹਿਂ ਸੰਕਟ ਲਹ੍ਯੋ, ਪਠਿ ਕੈ ਪੁਨ ਪਾਤੀ।
ਉਤਸਵ ਸੁਨਿ ਕੈ ਅਨੁਜ ਕੌ, ਜਨੁ ਫਾਟਤਿ ਛਾਤੀ ॥੧੨॥
ਮੁਖ ਤੇ ਕਹਿ ਸਿਖ ਸਾਥਿ ਤਬਿ, 'ਕੋ ਹਮਰੋ ਭਾਈ?
ਦੁਸ਼ਮਨ ਜਾਨਤਿ ਹੌਂ ਮਹਾਂ, ਤਿਹ ਸਾਂਝਿ ਨ ਕਾਈ।
ਘਰ ਦਰ ਮੇਰੋ ਲੁਟਿ ਕੈ, ਪੁਰਿ ਵਹਿਰ ਨਿਕਾਸਾ।
ਤੁਹਮਤ ਲਾਇ ਤੁਫਾਨ ਕੀ[1], ਸਭਿ ਬਿਖੈ ਪ੍ਰਕਾਸ਼ਾ ॥੧੩॥
ਮਹਾਂ ਕਠੋਰ ਨਿਲਾਜ ਹੈ, ਘਟ ਕਪਟ

[1]ਵਹਿੰਗੀ।

[1]ਸਭ ਤਰ੍ਹਾਂ ਵੱਡੇ ਹੋ ਗਏ ਹਨ। [2]ਰਚਾਇਆ ਹੈ।

[1]ਤੂਫਾਨ ਦੀ, ਭਾਵ ਭਾਰੀ ਤੁਹਮਤ ਲਾਕੇ।

ਬਿਸਾਲਾ।
ਮੁਖ ਤੇ ਮੀਠਾ ਉੱਜਲਾ, ਅੰਤਰ ਤੇ ਕਾਲਾ।
ਪਾਇ ਪਿਤਾ ਕੀ ਵਸਤੁ ਕੋ, ਬਡ ਮਾਲਿਕ ਹੋਵਾ।
ਤਿਸ ਕੋ ਫਲ ਪਾਯੋ ਨਹੀਂ, ਸੰਕਟ ਨਹਿੰ ਜੋਵਾ ॥੧੪॥
ਮੇਲ ਹਮਾਰੋ ਰਹਿ ਚੁਕਯੋ, ਨਹਿੰ ਬਦਨ ਮਿਲੈ ਹੈਂ[1]।
ਸ਼ਾਹੁ ਪਾਸ ਗ੍ਰਹਿਵਾਇ ਕਰਿ, ਅਵਿਲੋਕ ਸੁ ਲੈਂ ਹੈਂ।
ਉਰ ਗ਼ਰੂਰ ਗੁਰੁਤਾ ਲਹੈ[1], ਨਹਿੰ ਜਾਨੈ ਆਨਾ।
ਸ਼ਾਹੁ ਦਿਵਾਨ ਮਹਾਨ ਸੋਂ, ਜਿਨ ਬਾਦ ਉਠਾਨਾ ॥੧੫॥
ਕਹਾਂ ਅਲਪ ਹਮ, ਕਹਾਂ ਸੋ, ਜਹਿਂ ਬੈਰ ਲਗਾਯੋ।
ਨਿਜ ਜੀਵਨਿ ਨਹਿੰ ਚਾਹਤੋ, ਦਿਲ ਕੁਤੋ ਬੰਧਾਯੋ[1]।
ਮੈਂ ਜਾਵੌਂ ਜਬਿ ਬਜਾਹ ਮੈਂ, ਚੰਦੂ ਸੁਨਿ ਲੈ ਹੈ।
ਕਰਹਿ ਬੈਰ ਮੋ ਸੋਂ ਤਬਹਿ, ਸਭਿ ਕਿਛੁ ਬਿਗਰੈ ਹੈ ॥੧੬॥
ਯਾਂ ਤੇ ਮੈਂ ਕਿਮ ਜਾਇ ਹੌਂ, ਪੁਨ ਦੁਸ਼ਮਨ ਮੇਰਾ।
ਨਹਿੰ ਭ੍ਰਾਤਾ ਮਨ ਜਾਨਤੋ, ਛਲ ਕਰਤਿ ਬਡੇਰਾ।
ਲੈ ਜਾਵੋ ਮਿਸ਼ਟਾਨ ਕੋ, ਮੈਂ ਨਾਂਹਿਨ ਜਾਵੌਂ।
ਜੀਵਤਿ ਮਿਲੌਂ ਨ ਪ੍ਰੀਤਿ ਕਿਰ, ਛਾਤੀ ਤਪਤਾਵੌਂ ॥੧੭॥
ਉਠਹੁ ਜਾਹੁ ਮਮ ਪਾਸ ਤੇ, ਨਹਿੰ ਬਿਲਮ ਲਗੀਜੈ।
ਅਨਿਕ ਜਤਨ ਤੇ ਨਹਿੰ ਮਿਲੌਂ, ਅਬਿ ਜਾਇ ਕਹੀਜੈ।'

[1]ਮੂੰਹ ਨਹੀਂ ਲੱਗਾਂਗੇ।

[1]ਗੁਰਿਆਈ ਲੈ ਕੇ ਰਿਦੇ ਵਿਚ ਹੰਕਾਰ ਹੈ।

[1]ਦਿਲ (ਪਤਾ ਨਹੀਂ) ਕਿੱਥੇ ਲੱਗਾ ਹੈ, ਭਾਵ ਕਿਥੋਂ ਐਡਾ ਹੀਆ ਕੀਤਾ ਨੇ।

ਇਤਜਾਦਿਕ ਕਹਿ ਕ੍ਰੋਧ ਸੋਂ, ਸਿਖ ਦਿਯੋ ਉਠਾਈ।
ਕਾਵਰ ਸਭਿ ਮਿਸ਼ਟਾਨ ਕੀ, ਹਟਿ ਕਰਿ ਪੁਰਿ ਆਈ ॥੧੮॥
ਆਇ ਸਿੱਖ ਸਤਿਗੁਰੂ ਕੋ, ਬੰਦਨ ਪਦ ਕੀਨੀ।
ਪ੍ਰਿਥੀਏ ਕੀ ਸਭਿ ਬਾਰਤਾ, ਥਿਤਿ ਹੁਇ ਕਹਿ ਦੀਨੀ।
'ਕ੍ਰੋਧ ਬਿਸਾਲ ਕਰਾਲ ਤਿਸ, ਉਰ ਬੈਰ ਧਰੰਤਾ।
ਚਾਹਤਿ ਹੈ ਗਹਿਵਾਇਬੋ, ਪ੍ਰਾਨਨ ਕੋ ਹੰਤਾ' ॥੧੯॥
ਸੁਨਿ ਸ਼੍ਰੀ ਅਰਜਨ ਜਾਨਿ ਕਰਿ, ਤੁਸ਼ਨਿ ਹੀ ਠਾਨੀ।
ਬੁਰਾ ਭਲਾ ਕਿਛੁ ਨਹਿਂ ਕਹ੍ਯੋ, ਭਾਵੀ ਅਸਮਾਨੀ।
ਮਹਾਂਦੇਵ ਕੋ ਫੇਰ ਤਬਿ, ਨਿਜ ਨਿਕਟ ਬੁਲਾਯੋ।
ਬਡੇ ਭ੍ਰਾਤ ਬਿਰਤੰਤ ਕੋ, ਕਹਿ ਸਕਲ ਸੁਨਾਯੋ ॥੨੦॥
'ਤਿਹ ਸੋਂ ਮੇਲ ਨ ਬਨਤਿ ਹੈ, ਟੂਟ੍ਯੋ ਨਹਿਂ ਥੋਰਾ।
ਜੋ ਚਾਹਤਿ ਹੈ ਰਿਸ ਧਰੇ, ਹਤਿ ਪ੍ਰਾਨਨਿ ਮੋਰਾ।
ਪੁਸ਼ਤਨਿ ਲੌਂ[1] ਕਿਮ ਮਿਲਹਿ ਨਹਿਂ, ਐਸੀ ਤਿਨ ਕੀਨੀ।
ਗਯੋ ਪੁਕਾਰੂ ਫਿਰਿ ਰਹ੍ਯੋ, ਰਿਸ ਤਜੀ ਨ, ਚੀਨੀ' ॥੨੧॥
ਮਹਾਂਦੇਵ ਨੇ ਸੁਨਿ ਭਨ੍ਯੋ, 'ਕ੍ਰੋਧੀ ਸੋ ਮਾਨੀ।
ਉਚਿਤ ਰੀਤਿ ਤੁਮ ਨੇ ਕਰੀ, ਅਨਉਚਿਤ ਨ ਮਾਨੀ।
ਹੇਰਿ ਹੇਰਿ ਐਸ਼੍ਵਰਜ ਕੋ, ਦੁਖ ਪਾਇ ਘਨੇਰੇ।

[1]ਪੀੜ੍ਹੀਆਂ ਤਕ।

ਸਮਤਾ ਚਾਹਤਿ ਕਿਮ ਲਹੇ, ਨਹਿਂ ਭਾਗ ਬਡੇਰੇ' ॥੨੨॥
ਸ਼੍ਰੀ ਅਰਜਨ ਜੀ ਪੁਨ ਭਨਜੋ, 'ਸਭਿ ਮੇਲ ਬੁਲਾਵੈਂ।
ਗੋਇੰਦਵਾਲ ਖਡੂਰ ਤੇ, ਸੁਨਿ ਕਰਿ ਚਲਿ ਆਵੈਂ।'
ਕਾਵਰ ਭਰੇ ਕਹਾਰ ਗਨਿ, ਪਠਿਏ ਪਕਵਾਨਾ।
ਲਿਖੀ ਪੱਤ੍ਰਿਕਾ ਸਭਿਨਿ ਸੋ, ਕਰਿ ਪ੍ਰੇਮ ਮਹਾਨਾ ॥੨੩॥
'ਸਰਬ ਸੰਗਿ ਪਰਵਾਰ ਲੇ, ਇਤਿ ਦਿਸ਼ਿ ਕੋ ਆਵੋ।
ਹਰਿ ਗੋਵਿੰਦ ਵਿਵਾਹੁ ਲਖਿ, ਨਹਿਂ ਦੇਰ ਲਗਾਵੋ।'
ਗੋਇੰਦਵਾਲ ਪਠਾਇਓ, ਸਿਖ ਦੇ ਕਰਿ ਪਾਤੀ।
ਮਿਲਜੋ ਜਾਇ ਕਰਿ ਮੋਹਰੀ, ਸੁਨਿ ਸੀਤਲ ਛਾਤੀ ॥੨੪॥
ਸਭਿ ਕੁਟੰਬ ਹਰਖਤਿ ਭਯੋ, ਨਿਜ ਉਤਸਵ ਜਾਨਾ।
ਤਥਾ ਜਾਇ ਦਾਤੂ ਨਿਕਟ, ਬਿਰਤਾਂਤ ਬਖਾਨਾ।
ਸੁਨਤਿ ਸੁਧਾਸਰ ਕੋ ਚਹਜੋ, ਕਰਿਬੇ ਪ੍ਰਸਥਾਨਾ।
ਤਜਾਰ ਸਰਬ ਪਰਵਾਰ ਭਾ, ਕਰਿ ਹਰਖ ਮਹਾਨਾ ॥੨੫॥
ਪੁਨ ਅਪਨੇ ਸਸੁਰਾਰ ਘਰ, ਇਕ ਮਨੁਜ ਪਠਾਵਾ।
ਮਉ[1] ਸੁ ਗ੍ਰਾਮ ਕੋ ਨਾਮ ਤਿਹ, ਸੁਧਿ ਸਕਲ ਸੁਨਾਵਾ।
ਕ੍ਰਿਸ਼ਨ ਚੰਦ[1] ਆਨੰਦ ਲਹਿਂ, ਧਨਵੰਤੀ[2] ਦਾਰਾ।

[1]ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹੁਰੇ ਪਿੰਡ ਦਾ ਨਾਮ ਸੀ ਜੋ ਤਸੀਲ ਫਲੌਰ ਵਿਚ ਹੈ।

[1]ਪੰਚਮ ਗੁਰੂ ਜੀ ਦੇ ਸਹੁਰੇ ਦਾ ਨਾਮ। [2]ਨਾਮ ਸੀ ਪੰਚਮ ਸਾਹਿਬਾਂ ਦੀ ਸੱਸ ਦਾ।

ਦੋਹਿਤ ਕੋ ਉਤਸਵ ਸੁਨਜੋ, ਕੀਨਿਸਿ ਬਡ ਤਜਾਰਾ ॥੨੬॥
ਬ੍ਰਿੰਦ ਮਸੰਦ ਹਕਾਰਿ ਗੁਰੁ, ਆਇਸੁ ਫੁਰਮਾਈ।
'ਤਜਾਰ ਸਮਿੱਗ੍ਰੀ ਕਰਹੁ ਸੁਭ, ਚਹਿਯ ਜੁ ਸਮੁਦਾਈ।
ਚੰਦੋਏ ਬਹੁ ਮੋਲ ਕੇ, ਝਾਲਰ ਝਮਕੰਤੀ।
ਖੀਨਖਾਫ ਲਾਗਹਿ ਜ਼ਰੀ, ਸੁੰਦਰ ਦੁਤਿਵੰਤੀ ॥੨੭॥
ਰੇਸ਼ਮ ਕੀ ਡੋਰੈਂ ਲਗੀ, ਬਹੁ ਬਰਨ ਬਨਾਵੌਂ।
ਮਖ਼ਮਲ ਕੇ ਸਭਿ ਫਰਸ਼ ਕੋ, ਗਨ ਦਰਬ ਲਗਾਵੌਂ।
ਕਰੌਂ ਕਨਾਤ ਬਨਾਤ ਕੀ, ਤੰਬੂ ਜੁ ਬਿਸਾਲਾ।
ਚਾਂਦੀ ਕੀ ਚੋਬੈਂ ਰੁਚਿਰ, ਕੀਜੈ ਦਰਹਾਲਾ[1] ॥੨੮॥

[1]ਛੇਤੀ।

ਸਜੰਦਨ ਸਕਟਨਿ ਤਜਾਰ ਹੁਇ, ਜੋ ਚਹਿਯ ਕਰਾਵੋ।
ਆਤਸ਼ਬਾਜੀ ਹੋਹਿ ਬਹੁ, ਤਿਨ ਦਰਬ ਦਿਵਾਵੋ।
ਜ਼ੀਨ ਤੁਰੰਗਨਿ ਕੇ ਨਵੇਂ, ਲੀਜਹਿ ਬਡਿ ਮੋਲੇ।
ਅਲੰਕਾਰ ਘਰਿਵਾਇ ਕਰਿ, ਸਾਜਹੁ ਸਭਿ ਟੋਲੇ' ॥੨੯॥
ਲਘੁ ਨੌਬਤ ਆਇਸੁ ਦਈ, ਦਿਨ ਰੈਨ ਬਜਾਵੋ।
ਤੂਤੀ ਅਪਰ ਨਫੀਰੀਆਂ, ਨਿਜ ਸੰਗਿ ਮਿਲਾਵੋ।
ਡਫ ਬਾਜਤਿ ਜੁਤ ਬੰਸਰੀ, ਬਡ ਧੌਂਸ ਗਹੀਰੰ[1]।

[1]ਭਾਰੀ ਧੌਂਸਾ।

ਪਟਹ ਪਣਵ[1] ਕੀ ਧੁਨਿ ਉਠਹਿ, ਸੁਨਿ ਹੋਵਹਿ ਭੀਰੰ ॥੩੦॥

[1]ਪਟਹ = ਵਡਾ ਨਗਾਰਾ। ਪਣਵ = ਛੋਟੇ ਢੋਲ।

ਬਜਹਿ ਢੋਲ ਅਰੁ ਬੰਸਰੀ, ਦਿਨ ਪ੍ਰਤਿ

ਗੁਰੁਦ੍ਵਾਰੇ।
ਮਹਾਂ ਕੁਲਾਹਲ ਹੋਤਿ ਹੈ, ਸੁਨਿ ਹਰਖਤਿ ਭਾਰੇ।
ਅਨਿਕ ਕਰਾਹੇ ਧਰਿ ਦਏ, ਪਕਵਾਨ ਪਕਾਵੈਂ।
ਭਾਂਤਿ ਭਾਂਤਿ ਕੀ ਸ੍ਵਾਦਿ ਮਹਿਂ, ਮੇਵੇ ਸੁ ਮਿਲਾਵੈਂ ॥੩੧॥
ਮੋਦਕ, ਖੁਰਮੇ, ਅਰੁ ਬਰੇ, ਦਧਿ ਲਵਨਿ ਰਲਾਏ।
ਚਿਰਵੇ[1] ਬਡੇ ਜਲੇਬ ਜੁਤਿ, ਇੱਤਜਾਦਿ ਬਨਾਏ।
ਮੇਲ ਲਗਜੋ ਆਵਨਿ ਤਬੈ, ਹਰਖਤਿ ਨਰਨਾਰੀ।
ਪਹਰਿ ਬਿਭੂਖਨ ਬਸਨ ਸੁਭ, ਬਡਿ ਸ਼ੋਭਾ ਧਾਰੀ ॥੩੨॥
ਗੁਇੰਦਵਾਲ ਤੇ ਮੋਹਿਰੀ, ਇਸਤ੍ਰੀ ਗਨ ਲਜਾਯੋ।
ਰਿਦੇ ਅਨੰਦ ਅਨੰਦ[1] ਮਿਲਿ, ਸੰਸਰਾਮ ਸੁ ਆਯੋ।
ਸੁੰਦਰ[1] ਜੁਤਿ ਗਮਨੇ ਸਕਲ, ਸਜੰਦਨ ਚਢਿ ਚਾਲੇ।
ਕਿਤਿਕ ਅਰੂਢੇ ਸਕਟ ਪਰ, ਸ਼ਿੰਗਾਰ ਬਿਸਾਲੇ ॥੩੩॥
ਉਤਰੇ ਨਿਕਟ ਖਡੂਰ ਮੈਂ, ਦਾਤੂ ਘਰ ਜਾਏ।
ਕਰੀ ਸੇਵ ਸਭਿ ਭਾਂਤਿ ਕੀ, ਨਿਸ ਤਹਾਂ ਬਿਤਾਏ।
ਉਠੇ ਪ੍ਰਾਤ ਕਰਿਬੇ ਗਮਨ, ਰਥ ਸਕਟ ਸੁ ਜੋਰੇ।
ਅਰੂਢੇ ਬਾਡ ਚੌਂਪ ਜੁਤਿ, ਚਲਿ ਗੁਰੁ ਪੁਰਿ ਓਰੇ ॥੩੪॥
ਸਭਿ ਕੁਟੰਬ ਕੋ ਸੰਗ ਲੇ, ਦਾਤੂ ਭਾ ਤਜਾਰੀ।
ਚਢਿ ਚਢਿ ਅਪਨੇ ਜਾਨੁ ਪਰਿ, ਗਮਨੇ ਹਿਤ

[1]ਝੋਨਾ ਉਬਾਲ ਤੇ ਕੁੱਟਕੇ ਕਢੇ ਚਾਵਲ ਜਿਸ ਦੀ ਖੀਰ ਸ੍ਵਾਦੀਕ ਹੁੰਦੀ ਹੈ।

[1]ਬਾਬਾ ਅਨੰਦ ਜੀ ਅਨੰਦ ਹਿਰਦੇ ਨਾਲ।

[1]ਬਾਬਾ ਸੁੰਦਰ ਜੀ।

ਧਾਰੀ।
ਦੋਨਹੁੰ ਥਲ ਤੇ ਚਾਲਿ ਕਰਿ, ਗੁਰ ਨਗਰੀ ਆਏ।
ਕੂਪ ਸ਼ਨਾਨੇ ਪ੍ਰਥਮ ਪੁਨ, ਅੰਮ੍ਰਿਤਸਰ ਨ੍ਹਾਏ ॥੩੫॥
ਹਰਿ ਮੰਦਿਰ ਸੁੰਦਰ ਸਭਿਨਿ, ਬੰਦਨ ਕੋ ਕੀਨੀ।
ਦਰਸ਼ਨ ਕਰਿ ਜਸੁ ਉਚਰਤੇ, ਪਰਦਛਨਾ ਦੀਨੀ।
ਪੁਨਿ ਸਤਿਗੁਰੁ ਕੇ ਸਦਨ ਕੋ, ਗਮਨੇ ਸਮੁਦਾਈ।
ਮਿਲਿ ਮਿਲਿ ਕਰਤਿ ਪ੍ਰਣਾਮ ਕੋ, ਬਹੁ ਭਨੈਂ ਬਡਾਈ ॥੩੬॥
ਜਥਾ ਜੋਗ ਅਰਜਨ ਗੁਰੂ, ਸਗਰੇ ਸਨਮਾਨੇ।
ਸੁੰਦਰ ਸਦਨ ਨਿਵੇਸ ਦੇ[1], ਬਚ ਮਧੁਰ ਬਖਾਨੇ।
ਮਹਾਂ ਦੇਵ ਸੋਂ ਮਿਲੇ ਸਭਿ, ਧਰਿ ਪ੍ਰੇਮ ਉਦਾਰਾ।
ਕਰਤਿ ਪਰਸਪਰ ਬੰਦਨਾ, ਨਿਜ ਕੁਸ਼ਲ ਉਚਾਰਾ ॥੩੭॥
ਬੁੱਢਾ ਅਰੁ ਗੁਰੁਦਾਸ ਜੁਤ, ਮਿਲਿ ਆਨੰਦ ਪਾਏ।
ਸਾਲ੍ਹੋ ਆਦਿ ਮਸੰਦ ਗਨ, ਸਭਿ ਸੀਸ ਨਿਵਾਏ।
ਜਹਾਂ ਕਹਾਂ ਕੀ ਸੰਗਤਾਂ, ਸੁਨਿ ਸੁਨਿ ਚਲਿ ਆਈ।
ਧਰਹਿਂ ਅਕੋਰ ਅਨੇਕ ਬਿਧਿ, ਗੁਰੁ ਨਿਕਟਿ ਰਹਾਈ ॥੩੮॥
ਅਨਗਨ ਨਰ ਕੀ ਭੀਰ ਭੀ, ਉਤਸਵ ਹੁਇ ਭਾਰੀ।
ਭੋਜਨ ਬਨਿਹੈ ਤਜਾਰ ਬਹੁ, ਜਿਨ ਸ੍ਵਾਦ ਉਦਾਰੀ।

[1]ਡੇਰਾ ਦਿੱਤਾ।

ਦਿਨ ਪ੍ਰਤਿ ਅਧਿਕ ਅਨੰਦ ਭਾ, ਕੋ ਕਹੈ ਬਨਾਈ।
ਹਰਿ ਗੁਵਿੰਦ ਜੀ ਤਬਿ ਅਏ, ਨਿਜ ਗ੍ਰੀਵ ਨਿਵਾਈ ॥੩੯॥
ਸ੍ਵਾਪਦ ਪੰਥ ਬਿਖੈ ਭਖਿ ਜਾਵੈ[1]' ॥੨੭॥

[1]ਸ਼ੇਰ ਰਾਹ ਵਿਚ ਕੁੱਤੇ ਨੂੰ ਖਾ ਜਾਵੇ [ਸੰਸ: ਸ਼੍ਵਾਪਦ = ਕੋਈ ਹਿੰਸਕ ਜੰਤੂ]

ਸੁਨਤਿ ਬ੍ਰਿੰਦ ਆਨੰਦ ਬਿਲੰਦੇ।
-ਸਤਿਗੁਰੁ ਬਾਕ ਅਮੋਘ ਹੁਵੰਦੇ-।
ਭਏ ਨ ਚਿੰਤ ਨ ਹੌਲ ਉਠਾਵਾ।
ਮਨਹੁ ਮਰਜੋਈ ਸੋ ਲਖਿ ਪਾਵਾ ॥੨੮॥
ਸੰਗਤਿ ਕੋ ਸੁਨਿ ਕੈ ਹਲਕਾਰਾ।
ਦਿੱਲੀ ਪੁਰਿ ਕੋ ਤੁਰਤ ਪਧਾਰਾ।
ਪਹੁੰਚਿ ਸੁਨਾਯੋ ਸ਼੍ਰੀ ਗੁਰ ਬੈਨ।
ਸਭਿ ਕੈ ਮਨ ਉਪਜੀ ਤਬਿ ਚੈਨਿ ॥੨੯॥
-ਪਹੁੰਚਹਿ ਨਹੀਂ ਸੁਧਾਸਰ ਜਾਇ।
ਮਾਰਗ ਮਹਿਂ ਹ੍ਵੈ ਬਿਘਨ ਬਿਲਾਇ[1]-।

[1]ਭਾਵ ਨਾਸ਼ ਹੋ ਜਾਵੇਗਾ।

ਅਚਲ ਮੇਰੁ ਸਮ ਲਖਿ ਗੁਰੁ ਬਾਨੀ।
ਸਗਰੀ ਸੰਗਤਿ ਸੁਨਿ ਹਰਿਖਾਨੀ ॥੩੦॥

ਅਬਿ ਸੁਨੀਅਹਿ ਸੁਲਹੀ ਕੀ ਬਾਤਿ।
ਬਹੁ ਅਪਸ਼ਗਨ ਭਏ ਬੱਖਜਾਤਿ।
ਫਰਕੇ ਭੁਜਾ ਬਿਲੋਚਨ ਬਾਮੂ।
ਸਿਰ ਬਾਇਸ[1] ਬੈਠਯੋ ਦੁਖ ਧਾਮੂ ॥੩੧॥ — [1]ਕਾਂ।
ਨਿਕਸਤਿ ਛੀਂਕ ਭਈ ਦਿਸਿ ਦਾਏਂ।
ਵਹਿਰ ਕੁਫੇਰੋ ਹਰਣ ਪਲਾਏ[1]। — [1]ਬਾਹਿਰ (ਨਿਕਲਿਆਂ) ਹਰਣ (ਕੁਫੇਰੋ =) ਸੱਜੇ ਯਾ ਸਾਹਮਣੇ ਤੋਂ ਆ ਕੇ ਖੱਬੇ ਪਾਸੇ ਦੌੜ ਗਿਆ, ਭਾਵ ਏਹ ਅਪਸ਼ਗੁਨ।
ਹੁਤੇ ਜੁ ਸੰਗੀ ਤਿਹ ਸਮੁਝਾਯੋ।
'ਗਨ ਕੁਸੌਨ ਕੋ ਹਮ ਲਖਿ ਪਾਯੋ ॥੩੨॥
ਸੁਖ ਸਰੀਰ ਕੀ ਚਹਿਯ ਤੁਮਾਰੇ।
ਇਨ ਕੋ ਫਲ ਦੁਰਦਸ਼ਾ ਬਿਚਾਰੇ।
ਹਮ ਇਹ ਸਭਿ ਪਤਿਆਵਨਿ ਕੀਨੇ।
ਬੁਰਾ ਕਰੇ ਬਿਨ ਹੋਇਂ ਨ ਹੀਨੇ' ॥੩੩॥
ਸੁਨਿ ਸੁਲਹੀ ਬੋਲ੍ਯੋ ਮਨਮਾਨੀ।
'ਕਹਾਂ ਬਿਚਾਰਿ ਕਰਤਿ ਹੋ ਬਾਨੀ।
ਮੈਂ ਕਯਾ ਚਲ੍ਯੋ ਜੁੱਧ ਕਿਤ ਕਰਿਬੇ।
ਜਿਸ ਤੇ ਅਸ ਸੰਸੈ ਤੁਮ ਧਰਿਬੇ ॥੩੪॥
ਅਪਨੇ ਦੇਸ਼ ਗਮਨ ਹਮ ਕੀਨਿ।
ਸਗਰੋ ਅਹੈ ਰਿਪੁਨਿ ਤੇ ਹੀਨਿ।
ਇਕ ਹਿੰਦੁਨਿ ਗੁਰੁ ਸੋਂ ਮਮ ਬੈਰ।
ਤਿਸ ਗਹਿ ਲੇਹੁ ਅਪਰ ਸਭਿ ਖ਼ੈਰ ॥੩੫॥
ਅਹੈ ਫਕੀਰਨਿ ਕੇ ਸਮ ਸੋਈ।
ਆਯੁਧ ਧਰਤਾ ਤੀਰ ਨ ਕੋਈ[1]। — [1]ਸ਼ਸਤ੍ਰਧਾਰੀ ਪਾਸ ਕੋਈ ਨਹੀਂ।
ਪ੍ਰਥਮ ਸਖਾ ਸੋਂ ਮਿਲਿ ਹੌਂ ਅਪਨੇ।
ਦੇਸ਼ ਬਿਖੈ ਮੁਝ ਤ੍ਰਾਸ ਨ ਸੁਪਨੇ ॥੩੬॥
ਪੁਨ ਮਾਝੇ ਤੇ ਲੈ ਧਨ ਘਨੋ।
ਚਹੌਂ ਸੁ ਗਹੌਂ ਕਿਧੋਂ ਤਿਸ ਹਨੋਂ।
ਸ਼ਾਹੁ ਸਮੀਪ ਸਹਾਇਕ ਮੇਰਾ।
ਚੰਦੂ ਬਲੀ ਦਿਵਾਨ ਬਡੇਰਾ ॥੩੭॥
ਮੈਂ ਅਪਸ਼ਗੁਨ ਬਿਚਾਰੌਂ ਕੈਸੇ।
ਕੋ ਹੁਇ ਸਨਮੁਖ[1]? ਲਖੌਂ ਨ ਐਸੇ।' — [1]ਕੌਣ ਸਾਹਮਣੇ ਹੋਵੇਗਾ।
ਇਮ ਕਹਿ ਸਨੇ ਸਨੇ ਮਗ ਚਾਲਾ।

ਦੁਸ਼ਟ ਰਿਦੇ ਹੰਕਾਰ ਬਿਸਾਲਾ ॥੩੮॥
ਪੁੱਤ੍ਰ ਸਖਾ ਸਭਿ ਸੰਗ ਲਏ ਹੈਂ।
ਦਿਵਸ ਚਲਹਿ ਥਿਰ ਨਿਸਾ ਭਏ ਹੈਂ।
ਗਮਨਤਿ ਮਗ ਸਗਰੋਂ ਉਲੰਘਾਯਹੁ।
ਕੋਠੇ ਗ੍ਰਾਮ ਦਿਸ਼ਾ ਸਮੁਹਾਯਹੁ[1] ॥੩੯॥
ਏਕ ਮਜ਼ਲ ਨਰ ਪਠ੍ਯੋ ਅਗਾਰੀ।
ਪ੍ਰਿਥੀਏ ਕੋ ਸੁਧਿ ਜਾਇ ਉਚਾਰੀ।
'ਸੁਲਹੀ ਸਖਾ ਤੋਹਿ ਚਲਿ ਆਯਹੁ।
ਮਿਲਨਿ ਹੇਤੁ ਹਿਯਰੋ ਲਲਚਾਯਹੁ'
॥੪੦॥
ਸੁਨਿ ਫੁਲ੍ਯੋ ਜਨੁ ਗੁਰੁਤਾ ਪਾਈ।
-ਅਬਿ ਮੇਰੋ ਦੇ ਕਾਮ ਬਨਾਈ-।
ਸਗਲ ਭਾਤਿ ਕੀ ਠਾਨਿਸਿ ਤਯਾਰੀ।
ਤ੍ਰਿਣ ਅਰੁ ਅੰਨ ਸੰਚਿ ਕਰਿ ਭਾਰੀ ॥੪੧॥
ਨਿਸਿ ਕੋ ਜਾਗਤਿ ਰਹ੍ਯੋ ਅਨੰਦਤਿ।
ਬੋਲਤਿ ਕਰਤਿ ਉਡੀਕ ਬਿਲੰਦਤਿ।
ਭਈ ਪ੍ਰਾਤ ਸੁਲਹੀ ਢਿਗ ਆਯੋ।
ਸੁਨਿ ਕਰਿ ਆਗੇ ਲੈਨਿ ਸਿਧਾਯੋ ॥੪੨॥
ਕੇਚਿਤ ਮਾਨਵ ਲੀਨੇ ਸੰਗਿ।
ਮਿਲ੍ਯੋ ਜਾਇ ਕਰਿ ਧਰੇ ਉਮੰਗ।
ਦੋਨਹੁੰ ਉਤਰ ਗਲੇ ਸੋਂ ਲਾਗੇ।
ਬੂਝਤਿ ਕੁਸ਼ਲ ਰਿਦੇ ਅਨੁਰਾਗੇ ॥੪੩॥
ਹਰਖ ਪਰਸਪਰ ਮਿਲਿ ਕਰਿ ਕੀਨੋ।
ਪੁਨ ਪ੍ਰਿਥੀਏ ਆਸ਼ਿਖ[1] ਗਨ ਦੀਨੋ।
'ਸਤਿਗੁਰ ਕਰਹਿ ਮਰਾਤਬ ਊਚੋ।
ਵਧਹੁ, ਮਿਲਹੁ ਜੋ ਤੁਮ ਮਨ ਰੂਚੋ[1] ॥੪੪॥
ਸਦਾ ਸਹਾਇ ਅੰਗ ਸੰਗ ਰਹੈ।
ਸ਼ਾਹੁ ਖੁਸ਼ੀ ਕਰਿ ਕਰਿ ਨਿਤ ਚਹੈ।'
ਕਹਿ ਸੁਲਹੀ 'ਬਡਿ ਕ੍ਰਿਪਾ ਤੁਮਾਰੀ।
ਅਭਿਲਾਖਾ ਸਭਿ ਪੂਰਵ[1] ਹਮਾਰੀ ॥੪੫॥
ਕਾਰਜ ਤੋਰ ਮੋਰਿ ਉਰ ਰਹੈ।
ਕਰੌਂ ਪੂਰ ਅਬਿ ਕੈ ਜਿਮ ਅਹੈ।

[1]ਸਾਹਮਣੇ ਆਇਆ ਭਾਵ ਨੇੜੇ ਆਇਆ।

[1]ਅਸ਼ੀਰਵਾਦਾਂ।

[1]ਮਨਮੰਨੀ ਮੁਰਾਦ ਮਿਲੇ।

[1]ਪੂਰਨ ਹੁੰਦੀ ਹੈ।

ਝਗਰੋ ਪਾਛੇ ਛੋਰ ਨ ਜਾਊਂ।
ਮੈਂ ਆਯੋ ਤੁਝ ਗੁਰੂ ਬਨਾਊਂ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਹੀ ਆਗਵਨ' ਪ੍ਰਸੰਗ ਬਰਨਨੰ ਨਾਮ੍ਰ ਸਪਤ ਦਸਮੋਂ ਅੰਸੂ ॥੧੭॥

## ੧੮. [ਸੁਲਹੀ ਸੜ ਮੋਇਆ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:
ਉਤਰਯੋ ਕੋਠੇ ਗ੍ਰਾਮ ਤੇ, ਵਹਿਰ ਸੈਨ ਜਿਹ
ਸੰਗਿ।
ਸੇਵਾ ਸਭਿ ਬਿਧਿ ਕੀ ਕਰੀ, ਪ੍ਰਿਥੀਏ ਧਾਰਿ
ਉਮੰਗ ॥੧॥

ਚੌਪਈ:
ਜ਼ਜਾਫ਼ਤ[1] ਹੇਤੁ ਦਰਬ ਲੈ ਗਯੋ।
ਜਾਇ ਸੁ ਡੇਰੇ ਪ੍ਰਾਪਤਿ ਭਯੋ।
ਤੰਬੂ ਮੈਂ ਮਿਲਿ ਕੈ ਸੋ ਦਯੋ।
'ਗੁਰੁ ਘਰ ਕੁਨਕਾ' ਭਾਖਤਿ ਭਯੋ ॥੨॥
ਸੁਲਹੀ ਕਹਿ 'ਸਭਿ ਕ੍ਰਿਪਾ ਤੁਮਾਰੀ।
ਕਯੋਂ ਧਨ ਧਰਯੋ ਸੁ ਲ੍ਯਾਇ ਅਗਾਰੀ।'
ਨਹੀਂ ਲੇਤਿ ਬਰਬਸ ਇਨ ਦੀਨੋ।
ਸੇਵਾ ਤੇ ਪ੍ਰਸੰਨ ਅਤਿ ਕੀਨੋ ॥੩॥
ਮਸਲਤਿ ਹਿਤ ਇਕੰਤ ਹੁਇ ਬੈਸੇ।
ਕਹਿ ਪ੍ਰਿਥੀਆ 'ਅਬਿ ਕਰਿਹੋ ਕੈਸੇ?
ਦਿਨ ਪ੍ਰਤਿ ਧਨੀ ਅਧਿਕ ਰਿਪੁ ਹੋਵਾ।
ਖਰਚਯੋ ਬਹੁ ਸੁਤ ਬਯਾਹੁ ਸੰਜੋਵਾ[1] ॥੪॥
ਸ਼ਾਹੁ ਤ੍ਰਾਸ ਭੀ ਨਾਂਹਿਨ ਮਾਨਹਿ।
ਉਮਰਾਵਨਿ ਕੋ ਕਛੁ ਨ ਜਾਨਹਿ।
ਸ਼ਾਹੁ ਦਿਵਾਨ ਸੁਤਾ ਕੋ ਨਾਤਾ।
ਮੋਰਯੋ ਕਹਿ ਕੁਕਰ ਬੱਖਜਾਤਾ ॥੫॥
ਸੋਹਿ ਅਚਰਜ ਹੋਇ ਤਿਸ ਦੇਖੇ।
ਸਭਿ ਸੋਂ ਕਰਹਿ ਹੰਕਾਰ ਵਿਸ਼ੇਖੇ।
ਅਬਿ ਲੌਂ ਰੋਮ ਨ ਬਾਂਕੋ ਹੋਵਾ।
ਵਧਤਿ ਪ੍ਰਤਾਪ ਅਧਿਕ ਹੀ ਜੋਵਾ' ॥੬॥
ਸੁਨਿ ਸੁਲਹੀ ਨੇ ਧੀਰਜ ਦੀਨੋ।
'ਸ਼ਾਹੁ ਸੰਗ ਆਵਤਿ ਕਹਿ ਲੀਨੋ।
ਬਹੁਰ ਚੰਦੂ ਕੋ ਸਕਲ ਜਨਾਈ।
ਸ਼ਾਹੁ ਸਮੀਪੀ ਰਹਹਿ ਸਹਾਈ ॥੭॥

[1]ਪ੍ਰਾਹੁਣਚਾਰੀ। ਪ੍ਰੀਤੀ ਭੋਜਨ।

[1]ਰਚਾਕੇ।

ਪਹੁੰਚਤਿ ਸ੍ਰੀ ਅਰਜਨ ਗਹਿ ਲੈ ਹੌਂ।
ਕਰਿ ਬੰਧਨ[1] ਕਿਸ ਦੁਰਗ ਗਿਰੈ ਹੌਂ।
ਇਕ ਦੁਇ ਮਾਸ ਰਖੌਂ ਬਿਧਿ ਐਸੇ।
ਹੇਰਿ ਲੇਉਂ ਨਰ ਗਨ ਕਹਿਂ ਜੈਸੇ[1] ॥੮॥
ਜਬਿ ਮਿਟ ਜਾਇ ਕਹਿਨ ਤੇ ਬ੍ਰਿੰਦ।
ਰੁਖ਼ ਲਖਿ ਲੈਹੌਂ ਸ਼ਾਹ ਬਿਲੰਦ।
ਤਿਹ ਪਾਛੈ ਹੁਇ ਕੈਦ ਮਝਾਰੀ।
ਕਹਿ ਕਿਹ ਸੋਂ ਤਬਿ ਦੈਹੌਂ ਮਾਰੀ ॥੯॥
ਤੋਹਿ ਬਨੈ ਹੌਂ ਗੁਰੁ ਜਗ ਕੇਰਾ।
ਚਹੁੰ ਦਿਸ਼ਿ ਤੇ ਧਨ ਮਿਲਹਿ ਘਨੇਰਾ।
ਸੰਗਤਿ ਸਕਲ ਪਾਇਂ ਤਵ ਪੂਜਹਿ।
ਸੁਤ ਜੁਤਿ ਰਹਿਨ ਦੇਉਂ ਨਹਿਂ ਦੂਜਹਿ ॥੧੦॥
ਨਿਜ ਬਲ ਤਬਹਿ ਸਫਲਤਾ ਪਾਊਂ।
ਤੁਵ ਰਿਪੁ ਸੁਤ ਜੁਤਿ ਜਬਿ ਮਰਵਾਊਂ।
ਨਾਂਹਿ ਤ ਧਿਕ ਜੀਵਨ ਹੈ ਮੇਰਾ।
ਦਿਯੋ ਸਖਾ ਕੋ ਸੁਖ ਨ ਬਡੇਰਾ ॥੧੧॥
ਗਹਿਨ ਤਿਸੈ ਪੂਰਬ ਅਭਿਲਾਖਾ।
ਗਯੋ ਵਡਾਲੀ ਮਹਿਂ ਤਬਿ ਰਾਖਾ।
ਨਹਿਂ ਤ ਕਰਤਿ ਕਾਜ ਤਬਿ ਸਾਰਾ।
ਅਬਿ ਲੌ ਹੁਤੋ ਕਬੀ ਕਉ ਮਾਰਾ ॥੧੨॥
ਤੋਰੀ ਬਾਤ ਨ ਚੰਦੁ ਜਨਾਈ।
ਰਿਪੁ ਮਾਰੇ ਤਬਿ ਦੇਉਂ ਮਿਲਾਈ।
ਸ਼ਾਹੁ ਸੰਗ ਅਰੁ ਸੰਗ ਦਿਵਾਨ।
ਬਨਿ ਜੈ ਹੈ ਤੁਵ ਬਾਤ ਮਹਾਨ' ॥੧੩॥
ਇਮ ਮਸਲਤ ਸੁਨਿ ਸਦਨ ਸਿਧਾਰਾ।
ਸੁਲਹੀ ਸੁਪਤਜੋ ਨਿਸਾ ਮਝਾਰਾ।
ਪ੍ਰਾਤ ਭਈ ਕਰਿ ਸੌਚ ਸ਼ਨਾਨਾ।
ਦਿਵਸੁ ਚਰੇ ਤਿਸ ਨਿਕਟ ਪਯਾਨਾ ॥੧੪॥
ਬੈਠਿ ਗਯੋ ਤਹਿਂ ਸਹਿਜ ਸੁਭਾਇ।
ਬਾਤ ਕਹਤਿ ਨਿਜ ਕੋ ਬਡਿਆਇ।
'ਸੁਨਹੁ ਸਖਾ! ਉਪਕਾਰ ਤਿਹਾਰੋ।

[1]ਕੈਦ।

[1]ਲੋਕਾਂ ਨੂੰ ਵੇਖ ਲਵਾਂਗਾ ਕਿ ਕੀ ਕਹਿੰਦੇ ਹਨ।

ਗ੍ਰਾਮ ਦਿਵਾਯਹੁ, ਬਸੇ ਮਝਾਰੋ ॥੧੫॥
ਸੁਖ ਕੋ ਪਾਇ ਕਰਜੋ ਨਿਜ ਥਾਨਾ।
ਕੀਨਿ ਚਿਨਾਵਨਿ ਮਹਿਲ ਮਹਾਨਾ।
ਬਡੇ ਜਤਨ ਤੇ ਲਗੇ ਪਚਾਵੇ।
ਪਾਕ ਈਂਟਿਕਾ ਸਦਨ ਬਨਾਵੈ ॥੧੬॥
ਕ੍ਰਿਪਾ ਠਾਨਿ ਕਰਿ ਆਪਿ ਨਿਹਾਰੋ।
ਮੋਹਿ ਅਨੰਦ ਕੋ ਅਪਨਿ ਬਿਚਾਰਹੁ।
ਲੋਕ ਬਸਾਏ ਕ੍ਰਿਖੀ ਬਿਸਾਲਾ।
ਆਇ ਪਿਦਾਇਸ਼ ਬਹੁ ਸਭਿ ਕਾਲਾ ॥੧੭॥
ਫਿਰ ਕਰਿ ਦੇਖਹੁ ਚਢਹੁ ਤੁਰੰਗ।
ਮੈਂ ਚਢਿ ਚਲੌਂ ਕਾਲਿ ਕੋ ਸੰਗਿ।
ਆਜ ਪਿਖੋ ਮੰਦਰ ਅਰੁ ਆਵੇ[1]।
ਤੁਮਹੁਂ ਦਿਖਾਇ ਹਰਖ ਮੁਝ ਆਵੈ' ॥੧੮॥
ਇਮ ਸੁਨਿ ਸੁਲਹੀ ਆਨੰਦ ਧਾਰਾ।
ਭਯੋ ਬਿਲੋਕਨਿ ਕੋ ਤਬਿ ਤਯਾਰਾ।
ਪੁੱਤ੍ਰ ਸਖਾ ਸਗਰੇ ਸੰਗਿ ਚਾਲੇ।
ਬਸਤ੍ਰ ਸ਼ਸਤ੍ਰ ਤਨ ਪਹਿਰਿ ਬਿਸਾਲੇ ॥੧੯॥
ਪ੍ਰਿਥੀਏ ਕੋ ਕਰ ਸੋਂ ਕਰ[1] ਗਹਯੋ।
ਪ੍ਰਿਥਮ ਗ੍ਰਾਮ ਕੋ ਹੇਰਨਿ ਚਹਯੋ।
ਸਨੈ ਸਨੈ ਅੰਤਰਿ ਚਲਿ ਗਏ।
ਮੰਦਰ ਸਕਲ ਨਿਹਾਰਤਿ ਭਏ ॥੨੦॥
ਅਨਿਕ ਭਾਂਤਿ ਕੀ ਬਾਤਿਨਿ ਕਰਤੇ।
ਇਤ ਉਤ ਪ੍ਰੇਰਤਿ ਹੇਰਤਿ ਫਿਰਤੇ।
ਗ੍ਰਾਮ ਦਿਖਾਯੋ ਜਿਤਿਕ ਬਸਾਯੋ।
ਤਹਿਂ ਤੇ ਪੁਨ ਬਾਹਰ ਨਿਕਸਾਯੋ ॥੨੧॥
ਚਲੇ ਪਚਾਵਨਿ ਕੀ ਦਿਸ਼ਿ[1] ਫੇਰਿ।
ਦੀਖਤਿ ਲਗੇ ਜੁ ਊਚੇ ਢੇਰਿ।
ਪ੍ਰਿਥੀਏ ਕੀ ਸਰਾਹ ਕੋ ਕਰਤਾ।
-ਮੋ ਮਹਿਂ ਪ੍ਰੀਤ ਬਿਸਾਲ- ਬਿਚਰਿਤਾ

[1]ਪੰਜਾਵੇ

[1]ਹੱਥ ਵਿੱਚ ਹੱਥ।

[1]ਆਵਿਆਂ ਵੱਲ।

॥੨੨॥
ਜਬਿ ਆਵੇ ਪਰ ਲਗੇ ਅਰੂਢਨਿ।
ਨਿਕਟ ਮੀਚ ਆਈ ਤਿਨ ਮੂਢਨਿ।
ਪ੍ਰਿਥੀਏ ਕੋ ਪਿਸ਼ਾਬ ਤਬਿ ਆਯੋ।
ਤਜਾਗਨਿ ਲਗਜੋ ਰਹਜੋ ਪਿਛਵਾਯੋ
॥੨੩॥
ਸੁਲਹੀ ਨਿਜ ਸੰਗਨਿ ਸੋਂ ਕਹੈ।
'ਚਲਹੁ ਉਚੇਰੇ ਸਭਿ ਦਿਸ਼ਿ ਲਹੈਂ।
ਖਰੇ ਹੋਇ ਚਹੁੰਦਿਸ਼ਿ ਕੋ ਹੇਰੈਂ।
ਪਹੁੰਚਹਿ ਦ੍ਰਿਸ਼ਟਿ ਦੂਰਿ ਅਰੁ ਨੇਰੈ'
॥੨੪॥
ਇਮ ਕਹਿ ਚਢਜੋ ਬੇਗ ਤੇ ਮਾਨੀ।
ਨਹਿਂ ਨੀਕੇ ਥਲਿ ਪਿਖਿ ਅਗਵਾਨੀ।
ਦੌਰਜੋ ਜਾਤਿ ਸੰਗ ਸਭਿ ਲੀਏ।
ਏਕ ਸ੍ਵਾਸ ਚਢਿ ਹੈਂ ਹਠਿ ਕੀਏ ॥੨੫॥
ਹੋਨਿਹਾਰ ਨੇ ਮਤਿ ਬਿਚਲਾਈ।
ਸਨੇ ਸਨੇ ਨਹਿਂ ਕੀਨਿ ਚਢਾਈ।
ਸ਼੍ਰੀ ਅਰਜਨ ਜੀ ਸ਼ਬਦ ਬਨਾਯੋ।
ਦੀਨੋ ਸ੍ਰਾਪ ਸਮੈ ਸੋ ਆਯੋ ॥੨੬॥
ਊਪਰ ਛਾਰ ਦਿਖਾਈ ਪਰੈ।
ਤਰੈ ਤਿਸੀ ਕੇ ਪਾਵਕ ਜਰੈ।
ਊਪਰ ਕਛੁਕ ਭਸਮ ਕਰਿ ਹੇਰਾ।
ਤਰੈ ਪੋਲਿ ਧਸਿ ਜਾਨਿ[1] ਘਨੇਰਾ ॥੨੭॥

[1]ਬੜਾ ਪੋਲ ਸੀ ਧਸ ਜਾਣ ਨੂੰ।

ਜਿਦਤਿ ਪਰਸਪਰ ਧਾਇ ਪਹੂਚੇ।
ਚਢੇ ਪਚਾਵੇ ਚੋਟੀ ਊਚੇ।
ਗੁਰੂ ਬਾਕ ਤੇ ਧਸਿ ਗਜੋ ਐਸੇ।
ਪ੍ਰਾਨ ਹਾਨ ਤੇ ਬਚੈ ਨ ਜੈਸੇ ॥੨੮॥
ਧਸਤਿ ਭਸਮ ਤੇ ਉਛਰਜੋ ਬਲ ਤੇ।
ਨਿਕਸਜੋ ਗਯੋ ਨਹੀਂ ਤਿਸ ਥਲ ਤੇ।
ਬਹੁਰ ਗਿਰਜੋ ਤਿਸ ਹੀ ਮਹਿਂ ਜਾਏ।
ਸਾਥੀ ਗਹਿਨ ਹੇਤੁ ਉਤਲਾਏ ॥੨੯॥
ਹਾਇ ਹਾਇ ਕਰ ਤੇ ਤਰਫ਼ਰਜੋ[1]।

[1]ਤੜਫਿਆ।

ਉਛਰਿ ਉਛਰਿ ਤਿਸ ਹੀ ਮਹਿਂ ਪਰਜੋ।
ਹੁਤੋ ਹਾਥ ਮਹਿਂ ਖਰ ਗੰਡਾਸਾ।
ਉਛਲਤਿ ਗਿਰਜੋ ਤਾਂਹਿ ਕੇ ਪਾਸਾ ॥੩੦॥
ਜਹਾਂ ਗਿਰੀ ਗ੍ਰੀਵਾ ਤਹਿਂ ਧਾਰਾ।
ਤਤਛਿਨ ਧਰ ਤੇ ਸਿਰ ਕਟਿ ਡਾਰਾ।
ਅਗਨਿ ਸਾਥ ਤਨ ਭਰਥਾ ਭਯੋ[†]।
ਕਿਸ ਤੇ ਨਹੀਂ ਨਿਕਾਸਜੋ ਗਯੋ[*] ॥੩੧॥
ਉਤਲਾਵਤਿ ਨਰ ਬਸ ਨ ਬਸਾਵੈ।
ਨਿਕਟਿ ਨ ਹੋਤਿ ਇਤੇ ਉਤ ਜਾਵੈਂ।
ਪਹੁੰਚਜੋ ਨਹੀਂ ਨਿਕਾਸਨ ਵਾਰੋ।
ਦੂਰਿ ਹਟੇ ਕੁਛ ਚਲਜੋ ਨ ਚਾਰੋ[1] ॥੩੨॥
ਆਪ ਜਲਨਿ ਤੇ ਗਾਤਿ ਬਚਾਵੈਂ।
ਸੋ ਜਲਿ ਗਯੋ ਨ ਕੋ ਨਿਕਸਾਵੈ।
ਰੋਦਤਿ ਊਚੇ ਕਰਤਿ ਪੁਕਾਰੂ।
'ਮਰਜੋ ਜਰਤਿ ਹਮਰੋ ਸਿਰਦਾਰੂ' ॥੩੩॥
ਪ੍ਰਿਥੀਆ ਸੁਨਿ ਦੌਰਤਿ ਚਢਿ ਗਯੋ।
ਕਰਜੋ ਬਿਲੋਕਨਿ ਭੁਰਥਾ ਭਯੋ।
ਬਡੇ ਜਤਨ ਤੇ ਤਬਿ ਨਿਕਸਾਵਾ।
ਚਰਬੀ ਸੇਤ[1] ਦੇਹਿ ਦਰਸਾਵਾ ॥੩੪॥
'ਹਾਇ ਹਾਇ' ਕਹਿ ਪ੍ਰਿਥੀਆ ਰੋਯੋ।
'ਕਾਰਨ ਕੌਨ ਅਚਾਨਕ ਹੋਯੋ।'
ਮਿਹਰਵਾਨ ਕੇ ਸਹਤ ਪੁਕਾਰੈ।
ਅੱਸ੍ਰ ਬਿਲੋਚਨ ਤੇ ਗਨ ਡਾਰੈ ॥੩੫॥
'ਮਰਜੋ ਕੁਮੌਤ' ਸੰਗਿ ਕੇ ਕਹੈਂ।
'ਯਾ ਖ਼ੁਦਾਇ ਦੋਜ਼ਕ ਇਹ ਲਹੈ।
ਦਫਨ ਕਰਨਿ ਕੋ ਤੁਰਕ ਇਮਾਨ[1]।
ਜਰਜੋ ਮਰਜੋ[1] ਦੁਖ ਲਹੈ ਮਹਾਨ' ॥੩੬॥
ਬਹੁਰ ਦੁਸ਼ਾਲਾ ਤਿਸ ਪਰ ਡਾਲਾ।
ਖਾਟ ਪਾਇ ਕਰਿ ਵਹਿਰ ਨਿਕਾਲਾ।
ਕਬਰ ਖੋਦ ਕਰਿ ਤਹਿਂ ਦਫਨਾਯੋ।

[†]ਕਈ ਨੁਸਖਿਆਂ ਵਿਚ ਇਹ ਦੋਵੇਂ ਤੁਕਾਂ ਨਹੀਂ ਹਨ। ਇਕ ਲਿਖਤੀ ਵਿਚ ਇਨ੍ਹਾਂ ਦੀ ਥਾਵੇਂ ਪਾਠ ਇਉਂ ਹੈ:-ਮਰਜੋ ਕੁਮੌਤ ਅਗਨਿ ਮਹਿ ਦਹਜੋ। ਪਰਮੇਸੁਰ ਗੁਰ ਬਚ ਨਿਬਹਯੋ।

[1]ਵੱਸ ਨਹੀਂ ਚਲਦਾ।

[1]ਚਿੱਟੀ।

[1]ਤੁਰਕਾਂ ਦਾ ਧਰਮ ਹੈ।

[1]ਸੜਕੇ ਜੋ ਮਰੇ।

ਸਭਿ ਮਹਿਂ ਸ਼ੋਕ ਅਧਿਕ ਬਿਦਤਾਯੋ ॥੩੭॥
ਜਥਾ ਪੁੱਤ੍ਰ ਭ੍ਰਾਤਾ ਹਿਤਕਾਰੀ।
ਮਰੇ ਹੋਤਿ ਸ਼ੋਕਤਿ ਦੁਖ ਭਾਰੀ।
ਤਿਮ ਪ੍ਰਿਥੀਏ ਨੇ ਸੰਕਟ ਪਾਵਾ।
ਚਿਤਵਹਿ -ਮੁਝ ਕਲੰਕ ਇਹ ਆਵਾ- ॥੩੮॥
ਸੁਲਹੀ ਸੁਤ ਰੁਦਯੰਤਿ ਪੁਕਾਰਾ।
'ਪ੍ਰਿਥੀਏ ਨੇ ਪਿਤ ਜਾਰਤਿ[1] ਮਾਰਾ।
ਭਲੋ ਸਖਾਪਨਿ ਕੋ ਫਲ ਦੀਨਾ।
ਮੈਂ ਅਬਿ ਚਹੌਂ ਤੋਹਿ ਸੰਗ ਕੀਨਾ[1] ॥੩੯॥
ਛਲ ਕਰਿ ਜਾਰਯੋ ਅਗਨਿ ਭਖਾਏ।
ਛਾਦਿ ਛਾਰ[1] ਚਢਿਵਾਇ ਪਚਾਏ।
ਮੈਂ ਕਜਾ ਤੋਹਿ ਕਪਟ ਨਹਿਂ ਜਾਨੌਂ।
ਇਸ ਕੋ ਪਲਟਾ ਤਿਸ ਬਿਧਿ ਠਾਨੌਂ' ॥੪੦॥
ਇੱਤਜਾਦਿਕ ਸੁਨਿ ਪ੍ਰਿਥੀਆ ਡਰਯੋ।
ਚਹੈ ਰਿਦੈ ਤਿਸ ਹਰਖਨਿ ਕਰਯੋ।
ਕਰ ਕੋ ਜੋਰਤਿ ਬਿਨੈ ਬਖਾਨੈ।
'ਤੁਝ ਤੇ ਅਧਿਕ ਹਿਤੂ ਹਮ ਮਾਨੈ ॥੪੧॥
ਹੋਨਿਹਾਰ ਕੋ ਲਖੈ ਨ ਕੋਈ।
ਅਚਵਤਿ ਸੁਧਾ ਹਲਾਹਲ ਹੋਈ।
ਪਾਲਿਯ ਧੇਨੁ ਦੂਧ ਕੇ ਲੈਬੇ।
ਜਿਮ ਹੁਇ ਸ਼ੇਰ ਉਠੇ ਤਨ ਖੈਬੇ ॥੪੨॥
ਕਹੌਂ ਕਹਾਂ ਕੁਛ ਬਾਤਿ ਨ ਕਹਿਬੇ।
ਮੁਝ ਤਜਿ ਚਢਯੋਂ ਤੁਰਤਿ ਭਾ ਦਹਿਬੇ[1]।
ਅਪਰ ਅਨੇਕ ਦੀਵਨਾ ਲਹਿ ਲਹਿ।
ਸਮੁਝਾਵਤਿ ਬਹੁ ਭਾਂਤਿਨਿ ਕਹਿ ਕਹਿ ॥੪੩॥
ਤਿਨ ਸੰਗਨਿ ਕੋ ਗਨ ਧਨ ਦੀਨੋ।
ਨੀਠਿ ਨੀਠਿ ਪਰਚਾਵਨਿ ਕੀਨੋ।
ਅਪਰ ਦੁਸ਼ਾਲੇ ਬਸਤ੍ਰ ਅਛੇਰੇ।

[1]ਸਾੜ ਕੇ।

[1]ਵੈਰ [ਫਾ: ਕੀਨਹ] (ਅ) ਕੀਤਾ।

[1]ਢਕ ਕੇ ਸਵਾਹ ਨਾਲ।

[1]ਸੜ ਗਿਆ।

ਬਾਜੀ ਚਪਲ ਜੁ ਮੋਲ ਬਡੇਰੇ ॥੪੪॥
ਦਰਬ ਸਮੇਤ ਬਿਨੈ ਬਹੁ ਕੀਨਿ।
ਸੁਲਹੀ ਸੁਤ ਕੋ ਪ੍ਰਿਥੀਏ ਦੀਨਿ।
ਕੋ ਦਿਨ ਰਹਿ ਕਰਿ ਦਿੱਲੀ ਗਯੋ।
ਜਹਾਂਗੀਰ ਕੇ ਢਿਗ ਕਹਿ ਦਿਯੋ ॥੪੫॥
'ਜਰਜੋ ਅਚਾਨਕ ਆਵੇ ਜਾਇ।
ਹੋਨਿਹਾਰ ਨਹਿਂ ਮਿਟਹਿ ਕਦਾਇ।'
ਪ੍ਰਿਥੀਆ ਰਹਜੋ ਬਿਸੁਰਤਿ ਭਾਰੋ।
ਸ਼੍ਰੀ ਅਰਜਨ ਸ੍ਰਾਪਜੋ ਤਨ ਜਾਰੋ ॥੪੬॥
ਕੈਸੇ ਬਚਹਿ ਜੁ ਦੋਖੀ ਗੁਰੁ ਕੋ।
ਕੌਨ ਬਚਾਇ, ਹਤਜੋ ਸੋ ਧੁਰ ਕੋ[1]।
ਸ੍ਰਾਪ ਦਿਯੋ[†] ਗੁਰੁ ਸਬਦ ਬਨਾਇ।

[1]ਧੁਰ ਦੇ ਮਾਰੇ ਹੋਏ ਨੂੰ।

[†]ਜਾਪਦਾ ਹੈ ਕਿ ਸੰਗਤ ਦੇ ਬਹੁਤ ਘਬਰਾ ਤੋਂ ਸਤਿਗੁਰਾਂ ਨੇ ਅਗੰਮ ਵਾਚਕੇ ਪਹਿਲੋਂ ਹੀ ਸਹਜ ਸੁਭਾਵ ਦਸ ਦਿੱਤਾ ਸੀ ਕਿ ਸੁਲਹੀ ਦੀ ਮੌਤ ਆਈ ਹੈ ਏਥੇ ਨਹੀਂ ਅੱਪੜੇਗਾ। ਜਦ ਮਰੇ ਦੀ ਖਬਰ ਆਈ ਤਾਂ ਇਹ ਸ਼ਬਦ ਉਚਾਰਿਆ, ਜਿਸ ਵਿਚ ਸਾਈਂ ਦਾ ਸ਼ੁਕ੍ਰੀਆ ਹੈ, ਤੇ ਸੁਲਹੀ ਦੀ ਮ੍ਰਿਤੂ ਦਾ ਹਾਲ ਹੈ। ਇਹ ਸ੍ਰਾਪ ਨਹੀਂ, ਜੈਸੇ ਕਵੀ ਜੀ ਆਪ ੫੦ ਅੰਕ ਵਿਚ ਉਪਰ ਦਸਦੇ ਹਨ, 'ਖਿਮਾ ਨਿਧਾਨ ਗੁਰੁ ਨਹਿਂ ਰਿਸੇ।' ਆਪ ਪ੍ਰਮੇਸ਼ੁਰ ਨਾਸਹਿ ਤਿਸੈ।

ਸੋ ਮੈਂ ਲਿਖਜੋ ਬਨਹਿ ਇਸ ਥਾਇਂ ॥੪੭॥

ਸ੍ਰੀ ਮੁਖਵਾਕ:
ਬਿਲਾਵਲੁ ਮਹਲਾ ੫ ॥
ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥

ਦੋਹਰਾ:
ਸ੍ਰੀ ਅਰਜਨ ਕੋ ਬੁਰਾ ਨਿਤ; ਚਿਤਵਤਿ[1], ਚਿਤਵਤਿ ਮੀਚ[2]।
ਬਸ ਨ ਬਸਾਯਹੁ ਮੂਢ ਕੇ, ਪਰਜੋ ਸੁ ਦੋਜਕ ਬੀਚ[†] ॥੪੮॥

[1]ਵਿਚਾਰਦਾ ਸੀ। [2](ਪਰ ਉਸਨੂੰ) ਮੌਤ ਤੱਕ ਰਹੀ ਸੀ।

[†]ਮੁਸਲਮਾਨਾਂ ਵਿਚ ਸੜਨ ਦੀ ਮੌਤ ਨਾਪਾਕ ਮੌਤ ਹੈ। ਹਿੰਦੂਆਂ ਵਿਚ ਬੀ ਅਪਗਤ ਗਿਣਦੇ ਹਨ।

ਚੌਪਈ:
ਗੁਰ ਦੋਖੀ ਕੀ ਦੁਰਗਤਿ ਹੋਇ।
ਹਿੰਦੂ ਕਿਧੌਂ ਤੁਰਕ ਹ੍ਵੈ ਕੋਇ।
ਇੰਦ੍ਰ ਆਦਿ ਗੁਰੁ ਦੋਖ ਨ ਤਿਸ਼ਟੈ[1]।

[1]ਇੰਦ੍ਰ ਆਦੀ ਵੀ ਗੁਰੂ ਜੀ ਦਾ ਦੋਖ (ਕਰਕੇ) ਇਸਥਤ ਨਹੀਂ ਰਹਿੰਦਾ।

ਦੁਖ ਸਜਾਇ ਲਹਿ ਪਦ ਤੇ ਭ੍ਰਿਸ਼ਟੈ
॥੪੯॥
ਖਿਮਾ ਨਿਧਾਨ ਗੁਰੂ ਨਹਿਂ ਰਿਸੈ।
ਆਪਿ ਪ੍ਰਮੇਸ਼ੁਰ ਨਾਸਹਿ ਤਿਸੈ।
ਹੁਇ ਦਰਗਾਹ ਬਿਖੈ ਮੁਖ ਕਾਰਾ।
ਮਰਿ ਕੁਮੌਤ ਪਰਿ ਨਰਕ ਮਝਾਰਾ ॥੫੦॥
ਸਭਿ ਪੁੰਨਨਿ ਕੋ ਹੋਇ ਬਿਨਾਸ਼ੀ।
ਜਨਮਹਿਂ ਮਰਹਿ ਪਰਹਿ ਜਮ ਫਾਸੀ।
ਇਮ ਸੁਲਹੀ ਗੁਰ ਦੋਖੀ ਮਰਜੋ।
ਘੋਰ ਨਰਕ ਮਹਿਂ ਤਤਛਿਨ ਪਰਜੋ ॥੫੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਹੀ ਨਸ਼ਟ' ਪ੍ਰਸੰਗ ਬਰਨਨੰ ਨਾਮੁ ਅਸ਼ਟ ਦਸਮੋਂ ਅੰਸੂ ॥੧੮॥

## ੧੯. [ਚੰਦੂ ਦੀ ਪ੍ਰਿਥੀਏ ਨੂੰ ਚਿੱਠੀ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਪਹੁੰਚੀ ਕੇਤਿਕ ਦਜੋਸ ਮਹਿਂ,
ਸੁਧਿ ਸਤਿਗੁਰੁ ਕੇ ਪਾਸਿ।
ਮਿਲਿ ਸੰਗਤਿ ਉਤਸਵ ਕੀਯੋ,
ਦੁਸ਼ਟ ਮਹਾਂ ਲਖਿਨਾਸ਼ ॥੧॥

ਚੌਪਈ:

ਪੰਚਾਂਮ੍ਰਿਤ ਕਰਿਵਾਇ ਘਨੇਰਾ।
ਸਤਿਗੁਰ ਕੋ ਜਸ ਕਰਹਿਂ ਉਚੇਰਾ।
ਬਾਰਿ ਬਾਰਿ ਸੋ ਸ਼ਬਦ ਪਠੰਤਿ।
ਜਿਸ ਤੇ ਸੁਲਹੀ ਮਰਜੋ ਦੁਖੰਤਿ ॥੨॥
ਧੀਰਜ ਧਾਰਿ ਭਰੋਸਾ ਕਰਿਹੀ।
ਲਘੁ ਬਿਸਾਲ ਕਹਿ ਸ਼੍ਰੀਗੁਰੁ ਪੁਰਿਹੀ[1]।
'ਬਡੋ ਦੁਸ਼ਟ ਕੋ ਭਯੋ ਬਿਨਾਸ਼ਿ।
ਹੁਇ ਨਿਚਿੰਤ ਭੋਗਹੁ ਸੁਖ ਰਾਸਿ ॥੩॥
ਧੰਨ ਧੰਨ ਸ਼੍ਰੀ ਅਰਜਨ ਗੁਰੂ।
ਬਾਕ ਸਿੰਘ ਜਿਨ ਕੇ ਰਿਪੁ ਰੁਰੂ[1]।
ਬ੍ਰਹਮ ਅਸਤ੍ਰ ਸਮ ਜਥਾ ਕਹੰਤੇ[1]।
ਕੋਟਿ ਜਤਨ ਤੇ ਬਚਹਿ ਨ, ਹੰਤੇ' ॥੪॥
ਜਬਿ ਤੇ ਸੁਲਹੀ ਜਰ ਮਰਿ ਗਯੋ।
ਚਿੰਤੋਦਿਧ ਮਹਿਂ ਪ੍ਰਿਥੀਆ ਭਯੋ।
ਗਟੀ ਅਨੇਕ ਉਤਾਰ ਚਢਾਵਹਿ।
ਨਿਸ ਬਾਸੁਰ ਝੁਰਤਿ ਦੁਖ ਪਾਵਹਿ ॥੫॥
-ਹੁਤੋ ਅਲੰਬ ਸੈਲ ਸਮ[1] ਮੋਰਾ।
ਭਾਵੀ ਬੱਜ੍ਰ[1] ਅਚਾਨਕ ਫੋਰਾ।
ਜਿਸ ਨੇ ਮੇਰੋ ਮਾਨ ਬਧਾਯੋ।
ਗ੍ਰਾਮ ਸ਼ਾਹੁ ਤੇ ਕਹਿ ਦਿਲਵਾਯੋ ॥੬॥
ਸਦਾ ਚਹਤਿ ਰਹਿ ਕਰਿਬੇ ਆਛੋ[1]।
ਮੈਂ ਤਿਸ ਤੇ ਨਿਤ ਨਿਜ ਹਿਤ ਬਾਂਛੋ[1]।
ਜਿਸ ਅਲੰਬ ਹੌਂ ਸਦਾ ਸੁਖਾਰੋ।
ਕਰਤਿ ਪ੍ਰਤੀਖਨ ਅਨੁਜ ਸੰਘਾਰੋ ॥੭॥

[1]ਸ੍ਰੀ ਅੰਮ੍ਰਿਤਸਰ ਦਾ ਛੋਟਾ ਬੜਾ ਕਹਿੰਦਾ ਹੈ।

[1]ਜਿਨ੍ਹਾਂ ਦੇ ਬਚਨ ਸ਼ੇਰ ਰੂਪ ਹਨ ਸ਼ੱਤ੍ਰੂ ਰੂਪ ਮ੍ਰਿਗਾਂ ਲਈ।

[1]ਜਿਵੇਂ ਬ੍ਰਹਮ ਅਸਤ੍ਰ ਹੋਵੇ ਉਸਦੇ ਸਮਾਨ ਬਚਨ ਕਹਿੰਦੇ ਹਨ।

[1]ਪਹਾੜ ਜੇਡਾ।

[1]ਭਾਈ ਰੂਪ ਬੱਜਰ ਨੇ।

[1]ਭਲਾ ਕਰਨਾ ਚਾਹੁੰਦਾ ਰਹਿੰਦਾ ਸੀ।

[1]ਆਪਣਾ ਲਾਭ ਚਾਹੁੰਦਾ ਸਾਂ।

ਸ਼ਾਹੁ ਸਭਾ ਸਭਿ ਅਪਨੀ ਜਾਨਤਿ।
ਇਸ ਬੈਠੇ ਪਿਖਿ ਬੁਰਾ ਨ ਠਾਨਤਿ[1]।

[1]ਇਸਨੂੰ ਬੈਠਾ ਵੇਖਿ ਮੇਰਾ ਕੋਈ ਬੁਰਾ ਨਹੀਂ ਸੀ ਕਰ ਸਕਦਾ।

ਸ਼ੱਤ੍ਰੂ ਕੇ ਘਰ ਸ਼ਾਦੀ ਹੋਵੈ।
ਮੁਝ ਤੇ ਅਬਹਿ ਤ੍ਰਾਸ ਕੋ ਖੋਵੈ ॥੮॥
ਅਪਨੀ ਅਜ਼ਮਤਿ ਨਰਨ ਜਨਾਵੈ।
ਕਹਿ ਕਹਿ ਸੰਗਤਿ ਤੇ ਪੁਜਵਾਵੈ।
ਤਿਸ ਕੋ ਸੁਤ ਲੇ ਗੁਰੁਤਾ ਗਾਦੀ।
ਮਨ ਭਾਵਤਿ ਲਖਿ ਠਾਨਹਿ ਸ਼ਾਦੀ ॥੯॥
ਮਿਹਰਵਾਨ ਮਮ ਸੁਤ ਕਯਾ ਕਰੈ।
ਹੇਰਿ ਸ਼ਰੀਕਨਿ ਕੋ ਦੁਖ ਭਰੈ।
ਬਿਪਦਾ ਪਰੀ ਆਨਿ ਕਰਿ ਮੋਹੀ।
ਅਬਿ ਮਮ ਕੌਨ ਆਸਰੋ ਹੋਹੀ ॥੧੦॥
ਨਹੀਂ ਸ਼ਰੀਰਨਿ ਕੋ ਬਿੱਸ੍ਵਾਸ।
ਸੁਲਹੀ ਸਮ ਛਿਨ ਮਹਿਂ ਹੁਇ ਨਾਸ਼।
ਮੁਝ ਪਾਛੇ ਸੁਤ ਕੋਇ ਇਕੇਲਾ।
ਕਿਸ ਕੇ ਰਹੈ ਅਲੰਬ ਸੁਹੇਲਾ ॥੧੧॥
ਅਪਰ ਉਪਾਇ ਬਨਤਿ ਨਹਿਂ ਕੋਈ।
ਇਕ ਚੰਦੂ ਅਰਜਨ ਰਿਪੁ ਹੋਈ।
ਤਿਸ ਦਿਵਾਨ ਸੋਂ ਕੌਨ ਮਿਲਾਵੈ।
ਕਹਿ ਗੁਰ[1], ਮੇਰੋ ਸੁਜਸੁ ਸੁਨਾਵੈ ॥੧੨॥

[1](ਮੈਨੂੰ) ਗੁਰੂ ਕਹਿਕੇ।

ਜਿਸ ਤੇ ਅਦਬ ਸਾਥ ਮੁਹਿ ਮਿਲੇ।
ਕਰੌਂ ਚਿਨਾਰੀ ਦਿੱਲੀ ਚਲੇ।
ਤਿਸ ਕੋ ਲੇ ਅਲੰਬ ਮੈ ਰਹੋਂ।
ਅਨੁਜ ਸੰਘਾਰਨਿ ਕੀ ਬਿਧਿ ਕਹੋਂ- ॥੧੩॥
ਇੱਤਜਾਦਿਕ ਨਿਤ ਗਣੀ ਗਿਨੰਤਾ।
ਸਿਮਰਿ ਸਿਮਰਿ ਸੁਲਹੀ ਪਛੁਤੰਤਾ।
-ਅਬਿ ਗਮਨਤਿ ਹੀ ਰਿਪੁ ਗਹਿ ਲੇਤੋ।
ਕਰਿ ਕੈ ਕੈਦ ਮਾਰਿ ਪੁਨ ਦੇਤੋ ॥੧੪॥
ਸੋ ਨਹਿਂ ਭਯੋ ਆਪ ਮਰਿ ਗਯੋ।
ਭਾਵੀ ਆਇ ਅਚਾਨਕ ਹਯੋ[1]-।

[1]ਨਾਸ਼ ਕੀਤਾ।

ਉਤ ਚੰਦੂ ਦੁਖੀਆ ਪਛੁਤਾਵੈ।
ਦੇਖਹਿ ਸੁਤਾ ਬਦਨ ਮੁਰਝਾਵੈ ॥੧੫॥
ਇਤਨੇ ਮਹਿਂ ਸੁਧਿ ਕਿਸੇ ਸੁਨਾਈ।
'ਹਰਿ ਗੁਵਿੰਦ ਲਿਯ ਬਜਾਹ ਕਿ ਥਾਂਈ।
ਦਰਬ ਬ੍ਰਿੰਦ ਖਰਚਜੋ ਤਿਹ ਸਮੇ।
ਚਹੁੰ ਦਿਸ਼ਿ ਕੇ ਨਰ ਅਨਗਨ ਨਮੈ[1]' ॥੧੬॥

[1]ਨਮਸਕਾਰ ਕਰਦੇ ਹਨ।

ਸੁਨਤਿ ਮਨੋ ਕਿਨ ਬਰਛੀ ਮਾਰੀ।
ਮੁਖ ਅਛਾਦ ਪੌਢਜੋ ਤਿਸ ਬਾਰੀ।
ਚਿਤਵਤਿ -ਤਨਿਯਾ ਰਹੀ ਕੁਮਾਰੀ।
ਜਾਤਿ ਬਿਖੈ ਪਤਿ ਗਈ ਹਮਾਰੀ ॥੧੭॥
ਨਾਤਾ ਹਟਜੋ ਨ ਲੈਹੈ ਕੋਈ[†]।

[†]ਇਹ ਗੱਲ ਕੁਛ ਵਾਧੂ ਜੇਹੀ ਹੈ। ਮੰਗਾਂ ਛੁਟੀਆਂ ਹੋਰਥੇ ਮੰਗ ਹੋ ਜਾਂਦੀਆਂ ਹਨ।

ਮੁਸ਼ਕਲ ਆਨਿ ਮੋਹਿ ਕਹੁ ਹੋਈ।
ਤਨੀਆ ਦੁਖ ਦੇਖਨਿ ਤੇ ਆਛੋ।
ਪ੍ਰਾਨ ਹਾਨ ਅਪਨੇ ਕੋ ਬਾਂਛੋਂ ॥੧੮॥
ਧਿਕ ਜੀਵਨ ਮੇਰੋ ਜਗ ਮਾਂਹੀ।
ਜਿਸ ਤਨੀਆ ਪਤਿ ਪ੍ਰਾਪਤਿ ਨਾਂਹੀ।
ਨਾਤਾ ਫੇਰਜੋ ਰਹਜੋ ਸੁਖਾਰੋ।
ਸੋ ਮੁਝ ਤੇ ਨਹਿਂ ਗਯੋ ਸੰਘਾਰੋ ॥੧੯॥
ਸ਼ਾਹੁ ਦਿਵਾਨ ਹੁਕਮ ਮਮ ਚਲੈ।
ਲੋਕ ਹਜ਼ਾਰੋਂ ਮੋ ਕਹੁ ਮਿਲੈਂ।
ਜਿਸ ਨੇ ਤ੍ਰਾਸ ਤਨਕ ਨਹੀਂ ਮਾਨਾ।
ਮੈ ਨ ਤਿਦਾਰਕ ਤਿਸ ਸੋਂ ਠਾਨਾ[1] ॥੨੦॥

[1]ਤਿਸਦਾ ਪ੍ਰਬੰਧ ਨਾ ਕੀਤਾ, [ਅ: ਤਦਾਰਕ]

ਪ੍ਰਿਥੀਆ ਭ੍ਰਾਤ ਬਡੇਰੋ ਅਹੈ।
ਕੋਠੇ ਗ੍ਰਾਮ ਸੁਨਜੋ ਸੋ ਰਹੈ।
ਲਿਖਜੋ ਪਟਾ ਮੈਂ, ਦੀਨੋ ਜਬੈ[1]।
ਤਿਸ ਕੋ ਤ੍ਰਾਸਦ ਲਿਖਿ ਹੌਂ ਅਬੈਂ[1] ॥੨੧॥

[1]ਜਦ (ਪਾਤਸ਼ਾਹ ਨੇ ਗ੍ਰਾਮ) ਦਿੱਤਾ ਸੀ।

[1]ਭਾਵ ਪ੍ਰਿਥੀਏ ਨੂੰ ਭੈ ਦੇ ਕੇ ਹੁਣ ਲਿਖਦਾ ਹਾਂ।

ਅਨੁਜ ਆਪਨੇ ਕੋ ਸਮੁਝਾਵੈ।
ਨਾਂਹਿ ਤ ਕੋਠਾ ਗ੍ਰਾਮ ਛਿਨਾਵੈ[1]।
ਦੇਉਂ ਬਿਗਾਰ ਕਾਰ ਮੈਂ ਸਾਰੋ।
ਸਹਤ ਕੁਟੰਬ ਗਹੌਂ ਦੁਖ ਭਾਰੋ[1] ॥੨੨॥

[1]ਖੁਹਾ ਲਵੇਗਾ।

[1]ਭਾਰੀ ਦੁੱਖ (ਦੇਕੇ)।

ਨਿਰਭੈ ਕੀਨਿ ਅਨਾਦਰ ਮੋਰਾ।
ਕਹਿ ਸ ਕਠੋਰ ਬਿੱਪ੍ਰ ਕੋ ਮੋਰਾ-।
ਲਿਖੀ ਪੱਤ੍ਰਿਕਾ ਅਪਨੋ ਜੋਰਾ।
'ਅਬਿ ਲਗਿ ਕਹੌਂ ਹਾਥ ਮੈ ਜੋਰਾ[1] ॥੨੩॥ — [1]ਜੋੜਕੇ।
ਨਾਤਾ ਮੋਰ ਸੁਤਾ ਨਹਿਂ ਮੋਰਿ[1]। — [1]ਮੇਰੀ ਪੁੱਤ੍ਰੀ ਦਾ ਸਾਕ ਨਾ ਮੋੜੋ।
ਯਾਂ ਤੇ ਕਹੌਂ ਨਿਹੋਰ ਨਿਹੋਰ[1]। — [1]ਬੇਨਤੀ ਕਰਕੇ।
ਅਬਿ ਲਗਿ ਮੈਂ ਕੁਛ ਨਹਿਂ ਨ ਬਿਗਾਰਾ।
ਹੋਵੈ ਗੋ ਸਨਬੰਧ ਬਿਚਾਰਾ[1]' ॥੨੪॥ — [1](ਇਹ ਮੈਂ) ਵਿਚਾਰਿਆ ਹੈ।
ਇੱਤਜਾਦਿਕ ਲਿਖਿ ਕਰਿ ਪਠਿ ਪਾਤੀ।
ਨਿਸ ਦਿਨ ਦੁਖ ਤੇ ਸੁਲਗਤਿ ਛਾਤੀ।
ਚਲਿ ਦਿੱਲੀ ਤੇ ਤਬਿ ਹਲਕਾਰਾ।
ਆਯਹੁ ਕੋਠੇ ਗਰਾਮ ਮਝਾਰਾ ॥੨੫॥
ਪ੍ਰਿਥੀਆ ਬੈਠਜੋ ਜਾਇ ਨਿਹਾਰਜੋ।
ਹੁਤੋ ਪੱਤ੍ਰ ਤਿਸ ਆਗੇ ਡਾਰਜੋ।
ਪਠਿ ਕੈ ਹਰਖ ਕਸ਼ਟ ਜੁਗ ਧਾਰੇ।
ਪੁਨਹਿ ਬਾਕ ਭਾਖੇ ਹਲਕਾਰੇ ॥੨੬॥
'ਤੁਮ ਕਿਮ ਬੈਠਿ ਰਹੈ ਸੁਖ ਮਾਨੇ?
ਸ਼ਾਹੁ ਦਿਵਾਨ ਬੈਰਿ ਕੋ ਠਾਨੇ।
ਨਹਿ ਅਪਨੋ ਤੁਮ ਜੀਵਨਿ ਚਾਹਾ।
ਜਿਸ ਕੋ ਹੁਕਮ ਦੇਸ਼ ਕੇ ਮਾਹਾਂ ॥੨੭॥
ਸੁਪਤੋ ਕਿਮ ਨਿਚਿੰਤ ਹਠਿ ਕਰਿ ਕੈ।
ਝੋਰੀ ਮਹਿਂ ਬਿਖਧਰ[1] ਕੋ ਧਰਿ ਕੈ। — [1]ਸਰਪ।
ਅਬਿ ਲਗਿ ਲਖੈ ਸਬੰਧ ਬਨੈ ਹੈ।
ਨਤੁ ਪਤਿਸ਼ਾਹੁ ਸੁਨਾਇ ਗਹੈ ਹੈ[1] ॥੨੮॥ — [1]ਫੜਾ ਦੇਵੇਗਾ।
ਕਿਸ ਕੇ ਬਲ ਅਲੰਬ ਕੋ ਲੀਏ।
ਬੈਠੇ ਬਿਨਾ ਤ੍ਰਾਸ ਕਰਿ ਹੀਏ[1]।' — [1]ਹਿਰਦੇ ਵਿੱਚ।
ਸੁਨਿ ਪ੍ਰਿਥੀਏ ਡਰੁ ਕੀਨਿ ਘਨੇਰਾ।
-ਬਿਗਰ ਨ ਜਾਇ ਅਨੁਜ ਸੰਗ ਮੇਰਾ[1] ॥੨੯॥ — [1]ਛੋਟੇ ਭਾਈ ਪਿੱਛੋਂ ਮੇਰੇ ਨਾਲ ਬੀ ਨਾ ਵਿਗੜ ਜਾਵੇ (ਚੰਦੂ)।
ਮੈਂ ਅਤਿ ਬੁਰਾ ਕੀਨਿ ਬਿਲਮਾਯੋ।
ਅਪਨਿ ਦ੍ਵੈਸ਼ ਕੋ ਨਹੀਂ ਲਖਾਯੋ।
ਭ੍ਰਾਤਾ ਜਾਨਿ ਗਹੈ ਜਬਿ ਆਈ।

ਪਤਿ ਬਿਗਰੇ ਕਜਾ ਬਨਹਿ ਉਪਾਈ ॥੩੦॥
ਚੰਦੂ ਸੰਗ ਬੈਰ ਤਿਸ ਕੇਰਾ[1]।
ਇਸ ਮਹਿਂ ਭਲਾ ਭਯੋ ਅਤਿ ਮੇਰਾ।
ਤਉ ਜਨਾਏ ਬਿਨ ਨਿਜ ਦ੍ਵੈਖ।
ਮੋ ਕਹੁ ਬੁਰਾ ਬਨਹਿ ਸੁ ਵਿਸ਼ੇਖ਼- ॥੩੧॥
ਇਮ ਬਿਚਾਰ ਚਾਰ[1] ਜੁ ਸਨਮਾਨਾ।
ਦੀਨ[1] ਬਾਕ ਤਿਹ ਸਾਥ ਬਖਾਨਾ।
'ਜਿਨ ਚੰਦੂ ਕੇ ਸੰਗ ਬਿਗਾਰੀ।
ਸੋ ਤੋ ਮੋਰ ਸ਼ੱਤ੍ਰੂ ਹੈ ਭਾਰੀ ॥੩੨॥
ਜੇ ਤਿਹ ਸੰਗ ਕਰਨਿ ਕੁਛ ਚਾਹੋ।
ਬਨੌਂ ਸਹਾਇਕ ਸਦਾ ਉਮਾਹੋ।
ਮੋ ਕਹੁ ਇਸ਼ਟ[1] ਹਤਨਿ ਤਿਸ ਕੇਰਾ।
ਇਸ ਬਿਧਿ ਦੇਹੁ ਸੰਦੇਸਾ ਮੋਰਾ ॥੩੩॥
ਜਿਸ ਦਿਨ ਗਹਹੁ ਕਿ ਮਾਰਉ ਤਾਂਹਿ।
ਉਤਸਵ ਕਰੌਂ ਅਪਨਿ ਘਰ ਮਾਂਹਿ।
ਮੈਂ ਚਾਹਤਿ ਹੌਂ ਨਿਤਪ੍ਰਤਿ ਮਾਰਾ।
ਨਹੀਂ ਪਰੰਤੁ ਚਲਹਿ ਮਮ ਚਾਰਾ ॥੩੪॥
ਮੈਂ ਪਿਤ ਕੋ ਸੁਤ ਅਹੌਂ ਬਡੇਰਾ।
ਸਭਿ ਤੇ ਲਘੁ ਸੋ ਲਖਹੁ ਖੁਟੇਰਾ।
ਬਲ ਛਲ ਕਰਿ ਸਭਿ ਵਸਤੁ ਸੰਭਾਰੀ।
ਬਨਿ ਬੈਠਜੋ ਆਪੇ ਅਧਿਕਾਰੀ ॥੩੫॥
ਚਹੁੰ ਦਿਸ਼ ਕੇ ਨਰ ਦਰਬ ਚਢਾਵੈਂ।
ਭਯੋ ਧਨੀ ਬਹੁ, ਉਰ ਗਰਬਾਵੈ।
ਛੀਨ ਲੀਨਿ ਮੇਰੋ ਅਧਿਕਾਰਾ।
ਪਿਤ ਪੁਰਿ ਤੇ ਕਹਿ ਵਹਿਰ ਨਿਕਾਰਾ ॥੩੬॥
ਤੁਮ ਸਮ ਨੇ ਮੁਹਿ ਸ਼ਾਹੁ ਮਿਲਾਵਾ।
ਏਕ ਗ੍ਰਾਮ ਤਬਿ ਤਿਸ ਤੇ ਪਾਵਾ।
ਸਾਥ ਗਰੀਬੀ ਕਰੌਂ ਗੁਜ਼ਾਰਾ।
ਲਖਿ ਮੁਝ ਅਪਨੋ ਕੀਜਹਿ ਪਜਾਰਾ ॥੩੭॥

[1]ਚੰਦੂ ਦਾ ਤਿਸ (ਗੁਰੂ ਅਰਜਨ ਜੀ) ਨਾਲ ਵੈਰ ਹੈ।
[1]ਹਲਕਾਰੇ ਨੂੰ।
[1]ਨਿੰਮ੍ਰਤਾ ਦੇ।
[1]ਇਸ਼ਟ = ਵਾਂਛਤ, ਭਾਵ ਮੇਰੇ ਮਨ ਦੀ ਮੁਰਾਦ ਹੈ।

ਹਮ ਤੋ ਤੁਮਰੇ ਨਿਤ ਅਨੁਸਾਰੇ।
ਤਿਹ ਭ੍ਰਾਤਾ ਲਖਿ ਦਿਹੁ ਨ ਬਿਗਾਰੇ[1]।

[1]ਭਾਵ, ਉਸਦਾ ਭਿਰਾ ਸਮਝਕੇ ਮੇਰਾ ਨੁਕਸਾਨ ਨਾ ਕਰਨਾ।

ਮਿਹਰਵਾਨਗੀ ਹਮ ਪਰ ਕਰੀਏ।
ਨਿਜ ਸ਼ੱਤ੍ਰੂ ਕੋ ਪਕਰਿ ਸੰਘਰੀਏ' ॥੩੮॥
ਇੱਤਜਾਦਿਕ ਲਿਖਿ ਕੈ, ਹਲਕਾਰੇ।
ਕੁਛੁਕ ਦਰਬ ਦੇ ਆਦਰ ਧਾਰੇ।
ਖਾਨ ਪਾਨ ਆਛੇ ਕਰਿਵਾਇ।
ਗੁਰੂ ਦ੍ਵੈਸ਼ ਕੋ ਬਹੁ ਸਮਝਾਇ ॥੩੯॥
ਚਾਰ[2] ਬਿਸਰਜਨ ਕਰਜੋ ਅਨੰਦੇ।
ਜਾਨਜੋ -ਅਬਿ ਹ੍ਵੈ ਕਾਜ ਬਿਲੰਦੇ।
ਜਥਾ ਅਚਾਨਕ ਸੁਲਹੀ ਮਰਜੋ।
ਤਥਾ ਕਾਜ ਮਮ ਗੁਰੂ ਸੁਧਰਜੋ- ॥੪੦॥
ਹਰਖ ਕਰਤਿ ਚਿਤਵਤਿ ਨਿਤ ਐਸੇ।
-ਚੰਦੂ ਬਿਗਰਿ ਗਹੈ ਗੁਰ ਜੈਸੇ-।
ਦਿੱਲੀ ਬਰਜੋ ਜਾਇ ਹਲਕਾਰਾ।
ਪਾਤੀ ਦੇਤਿ ਬ੍ਰਿਤਾਂਤ ਉਚਾਰਾ ॥੪੧॥
'ਅਨੁਜ ਸਾਥ ਸੋ ਬੈਰ ਧਰੰਤਾ।
ਪ੍ਰਾਨ ਹਾਨ ਲੌ ਜਤਨ ਕਰੰਤਾ।
ਸੁਲਹੀ ਤੇ ਚਾਹਤਿ ਗਹਿਵਾਯੋ।
ਸੋ ਮਰਿ ਕਰਿ ਜਮ ਧਾਮ ਸਿਧਾਯੋ ॥੪੨॥
ਅਬਿ ਬਾਂਛਤਿ ਉਰ, ਹਤਹਿ ਦਿਵਾਨ।
ਮੋ ਸਮੀਪ ਬਹੁ ਬਾਰ ਬਖਾਨ।
ਮੇਲਿ ਚਹਤਿ ਹੈ ਰਾਵਰਿ ਸੰਗ।
ਕਰਹਿ ਜਤਨ ਗਹਿਬੇ ਗੁਰ ਅੰਗ[1] ॥੪੩॥

[1]ਗੁਰੂ ਜੀ ਦਾ ਸਰੀਰ।

ਆਪ ਹਕਾਰੋ ਤੂਰਨ ਆਵੈ।
ਅਨਿਕ ਭਾਂਤਿ ਕੀ ਘਾਤ ਬਤਾਵੈ।
ਤੁਮ ਕੋ ਹੁਇ ਸੁਖੈਨ ਗਹਿ ਲੇਨੋ।
ਚਹਹੁ ਸਜਾਇ ਕਰਹੁ ਤਬਿ ਦੇਨੋ ॥੪੪॥
ਕੈ ਕੰਨਜਾਂ ਕੋ ਲੇਹੈ ਨਾਤਾ।
ਕੈ ਮਾਨਹਿ ਨਿਜ ਪ੍ਰਾਨਨਿ ਘਾਤਾ।
ਕਰਹੁ ਜਤਨ ਰਹਿ ਆਵਹਿ ਲਾਜਾ।

ਸੁਧਰਹਿ ਨੀਕੇ ਬਿਗਰਯੋ ਕਾਜਾ' ॥੪੫॥
ਸੁਨਿ ਕਰਿ ਚੰਦੂ ਹਰਖਤਿ ਹੋਵਾ।
-ਲੇਉਂ ਬੈਰ ਸਹਿਜੇ- ਤਬਿ ਜੋਵਾ।
-ਜੇ ਰਿਪੁ ਘਰ ਮਹਿਂ ਭੇਦ[1] ਪਰੰਤਾ।
ਤੌਂ ਸੁਖੇਨ ਹੀ ਕਾਜ ਬਨੰਤਾ ॥੪੬॥
ਜਥਾ ਅੱਸ਼੍ਰ ਨਿਕਸਹਿਂ ਚਖਦ੍ਵਾਰੇ[1]†।
ਅੰਤਰ ਦੁਖ ਲਖਿਯਤਿ ਬਿਧਿ ਸਾਰੇ।
ਤਜੋਂ ਰਿਪੁ ਕੋ ਸਭਿ ਭੇਦ ਬਤਾਵੈ।
ਭ੍ਰਾਤਾ ਫਟਿ ਕਰਿ ਜੇ ਮਿਲਿ ਜਾਵੈ[1] ॥੪੭॥
ਕਹਿਨ ਸ਼ਾਹੁ ਸੋਂ ਬਨੈ ਬਹਾਨੋ।
ਭ੍ਰਾਤ ਪੁਕਾਰੂ[1] ਦੁਖੀ ਮਹਾਨੋ।
ਯਾਂ ਤੇ ਅਬਿ ਬੁਲਾਇ ਕਰਿ ਤੂਰਨ।
ਕਰੋਂ ਮਨੋਰਥ ਅਪਨੋ ਪੂਰਨ- ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪ੍ਰਿਥੀਏ ਸੋਂ ਚੰਦੂ' ਪ੍ਰਸੰਗ ਬਰਨਨੰ ਨਾਮ ਊਨ ਬਿੰਸਤੀ ਅੰਸੂ ॥੧੯॥

[1]ਫੁੱਟ, ਨਫਾਕ।

[1]ਜਿਵੇਂ ਅੱਖਾਂ ਰਸਤੇ ਅਥਰੂ (ਬਾਹਰ) ਨਿਕਲਣ (ਤਾਂ ਦਿਲ ਦਾ ਸਾਰਾ ਦੁਖ ਲਖ ਲਈਦਾ ਹੈ)। †ਕਵਿ ਜੀ ਦੀ ਆਲਾ ਦਿਮਾਗ਼ੀ ਦਾ ਇਕ ਨਮੂਨਾ ਹੈ।

[1]ਭਾਈ ਜੇ (ਗੁਰੂ ਅਰਜਨ ਨਾਲੋਂ) ਫਟ ਕਰਕੇ (ਸਾਡੇ ਨਾਲ) ਮਿਲ ਜਾਵੇ।

[1]ਫਰਿਆਦੀ ਹੈ।

## ੨੦. [ਚੰਦੂ ਨਾਲ ਪ੍ਰਿਥੀਏ ਦਾ ਮੇਲ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਲਿਖੀ ਪੱਤ੍ਰਿਕਾ ਤਬਿ ਭਲੇ, ਅਪਨਿ
ਜਨਾਯਹੁ ਪਜਾਰ।
'ਆਵਹੁ ਮੋਹਿ ਸਮੀਪ ਅਬਿ, ਦ੍ਵੈਸ਼ ਜਿ
ਇਸੀ ਪ੍ਰਕਾਰ[1] ॥੧॥

ਚੌਪਈ:

ਰਚੌਂ ਜਤਨ ਮਿਲਿ ਸੰਗ ਤੁਮਾਰੇ।
ਗਹਿ ਲੈਹੋਂ ਤਤਛਿਨ ਤਿਸ ਮਾਰੇ।
ਮੈਂ ਜਿ ਸਹਾਯਕ ਹੋਯਹੁ ਤੇਰਾ।
ਬਨੈ ਕਾਜ, ਤਜਿ ਕਸ਼ਟ ਬਡੇਰਾ' ॥੨॥
ਇੱਤਜਾਦਿਕ ਲਿਖਿ ਚਾਰ[1] ਪਠਾਵਾ।
'ਮਿਲਹੁ ਆਨਿ, ਕਹੁ ਜਿਮ ਗਹਿ ਜਾਵਾ[1]।'
ਪੰਥ ਉਲੰਘਤਿ ਕੋਠੇ ਆਯੋ।
ਮਿਲਿ ਪ੍ਰਿਥੀਏ ਸੋਂ ਸਕਲ ਸੁਨਾਯੋ ॥੩॥
'ਤੁਵ ਦਿਸ਼ਿ ਤੇ ਮੈਂ ਬਹੁ ਸਮੁਝਾਯੋ।
ਸੁਨਿ ਹਰਖਜੋ ਅਬਿ ਨਿਕਟ ਬੁਲਾਯੋ।
ਮਿਲਹੁ, ਦੁਹਨਿ ਕੋ ਸੁਧਰੈ ਕਾਜੂ।
ਉਠੋ ਚਰਨ ਧਰਿ ਮਗ ਮਹਿਂ ਆਜੂ ॥੪॥
ਨਹਿਂ ਬੂਝੋ ਪਾਂਧਾ[1] ਚਲਿ ਪਰੀਅਹਿ।
ਅਪਨਿ ਮਨੋਰਥ ਪੂਰਨ ਕਰੀਅਹਿ।'
ਸੁਨਿ ਪ੍ਰਿਥੀਏ ਨਹਿਂ ਬਿਲਮ ਲਗਾਈ।
ਬੜਵਾ ਪਰ ਕਾਠੀ ਬੰਧਵਾਈ ॥੫॥
ਮਿਹਰਵਾਨ ਸੋਂ ਕਰਿ ਕਰਿ ਪਜਾਰੂ।
ਛੋਰਜੋ ਕਰਿ ਚੌਕਸ ਪਰਵਾਰੂ।
'ਅਬਿ ਕੇ ਜਾਇ ਲੇਯ ਹੌਂ ਗਾਦੀ।
ਸ਼ਾਹੁ ਦਿਵਾਨ ਭਯੋ ਬਹੁ ਬਾਦੀ[1]' ॥੬॥
ਕਹਿ ਇੱਤਜਾਦਿਕ ਕਰਮੋ ਸੰਗ।
ਧੀਰਜ ਦੇ ਕਰਿ ਚਲਜੋ ਉਮੰਗ।
ਚਲੈ ਦੂਰ ਮਗ ਬਾਸੁਰ ਸਾਰੇ[1]।
ਨਿਸ ਮਹਿਂ ਬਸੈ ਕੁਕਰਮ ਚਿਤਾਰੇ ॥੭॥

[1]ਜੇ ਵੈਰ ਇਸੇ ਤਰ੍ਹਾਂ ਦਾ ਹੈ।

[1]ਦੂਤ, ਹਲਕਾਰਾ।

[1]ਆਕੇ ਮਿਲ ਤੇ ਕਹੁ ਜਿਵੇਂ ਫੜਿਆ ਜਾਵੇ।

[1]ਪਾਂਧਾ ਨਾ ਪੁੱਛ, ਭਾਵ ਦੇਰੀ ਨਾ ਕਰ।

[1]ਵੈਰੀ (ਸ੍ਰੀ ਅਰਜਨ ਜੀ ਦਾ)।

[1]ਰਸਤੇ ਵਿਚ ਦੂਰ (ਮੰਜ਼ਲ) ਤੱਕ ਚਲਦਾ ਹੈ।

ਥੋਰਨਿ ਦਿਨ ਮਹਿਂ ਦਿੱਲੀ ਗਯੋ।
ਪ੍ਰਵਿਸ਼ਜੋ ਕਿਤ ਨਿਵੇਸ ਕਰਿ ਦਯੋ।
ਪਠਜੋ ਦਾਸ ਤਬਿ ਚੰਦੂ ਪਾਸ।
'ਆਯੋ ਮੈਂ ਉਰ ਧਰੈ ਹੁਲਾਸ' ॥੮॥
ਸੁਨਿ ਸੁਧ ਕੋ ਨਿਜ ਨਿਕਟ ਬੁਲਾਯੋ।
ਜਾਇ ਦਾਸ ਨੇ ਤਬੈ ਸੁਨਾਯੋ।
'ਗਮਨਹੁ ਤੁਰਤ, ਕਾਜ ਬਨਿ ਆਯੋ।'
ਸੁਨਿ ਪ੍ਰਿਥੀਆ ਮਨ ਮਹਿਂ ਹਰਖਾਯੋ ॥੯॥
ਸੂਖਮ ਬਹੁ ਪਾਲਨਿ ਕੋ ਜਾਮਾ[1]।
ਪਹਿਰ ਪਾਗ ਬਾਂਧੀ ਅਭਿਰਾਮਾ।
ਪੁਨ ਚੰਦੂ ਕੇ ਦੈਬੇ ਹੇਤ।
ਜਿਮ ਸਿਰਪਾਉ ਗੁਰੂ ਸਿਖ ਦੇਤਿ ॥੧੦॥
ਅਧਿਕ ਮੋਲ ਕੀ ਪਾਗ ਮੰਗਾਈ।
ਜਰੀ ਛੋਰ ਦ੍ਵੈ ਬਹੁਤਿ ਲਗਾਈ[1]।
ਤੈਸੇ ਲਿਯੋ ਦੁਕੂਲ[1] ਅਛੇਰਾ।
ਤਿਸ ਹਿਤ ਖਰਚਜੋ ਮੋਲ ਬਡੇਰਾ ॥੧੧॥
ਦਾਸ ਪਾਸ ਤੇ ਸੋ ਉਚਵਾਏ।
ਅਪਰ ਬਸਤ੍ਰ ਤੇ ਲੀਨਿ ਦੁਰਾਏ।
ਕਛੁਕ ਸੰਗ ਨਰ ਪਹੁੰਚਜੋ ਜਾਈ।
'ਆਵਤਿ ਹੈ' ਸੁਧਿ ਅੱਗ੍ਰ ਪਠਾਈ ॥੧੨॥
ਖਰੋ ਭਯੋ ਚੰਦੂ ਜਬਿ ਹੇਰਾ।
ਮਿਲੇ ਭੁਜਨਿ ਭਰਿ ਜੁਗ ਤਿਸ ਬੇਰਾ।
ਪੁਨ ਬੈਠੇ ਇਕ ਆਸਨ ਦੋਊ।
ਦੇਖਿ ਪਰਸਪਰਿ ਹਰਖਤਿ ਸੋਊ ॥੧੩॥
ਪ੍ਰਥਮ ਪ੍ਰਿੱਥੀਏ ਪ੍ਰਿਥਕ ਕਰਨਿ ਕੀ[1]।
ਕਹੀ ਬਾਰਤਾ ਜਥਾ ਗੁਰਨਿ ਕੀ।
'ਮੈਂ ਜੇਸ਼ਟ ਸੁਤ ਬੈਠੇ ਰਹਿਓ।
ਬਲ ਛਲ ਤੇ ਗੁਰਤਾ ਪਦ ਲਹਿਓ ॥੧੪॥
ਹੁਤੇ ਨਾਨਕੇ ਗੋਇੰਦਵਾਲ।
ਤਿਨ ਕੋ ਪੱਖੀ ਕੀਨਿ ਬਿਸਾਲ।
ਇਕ ਭੱਲਾ ਤਹਿਂ ਤੇ[1]† ਗੁਰਦਾਸ।

[1]ਬਹੁਤ ਪੱਲਿਆਂ ਵਾਲਾ ਬ੍ਰੀਕ ਜਾਮਾਂ।

[1]ਦੋਹਾਂ ਪੱਲਿਆਂ ਤੇ ਜ਼ਰੀ ਬਹੁਤ ਲੱਗੀ ਹੋਈ।

[1]ਦੁਪੱਟਾ।

[1]ਪਹਿਲੋਂ ਪ੍ਰਿਥੀਏ ਨੇ (ਆਪਣੇ ਆਪ ਨੂੰ ਗੁਰਿਆਈ ਗੱਦੀ ਤੋਂ) ਅੱਡ ਕੀਤੇ ਜਾਣ ਦੀ।

[1]ਤਿਥੋਂ ਦਾ। †ਪਾ:ਮਾਤੁਲ।

ਸੋ ਲੇ ਲੇ ਸੰਗਤਿ ਤਿਸ ਪਾਸਿ ॥੧੫॥
ਕਰੇ ਮਿਲਾਵਨਿ ਧਨ ਅਰਪਾਵੈ।
ਕਹਿ ਕਹਿ† ਮਹਿਮਾ ਅਧਿਕ ਬਧਾਵੈ। †ਪਾ:-ਤਾਕੀ।
ਦੇਸ਼ ਬਿਦੇਸ਼ਨਿ ਮਹਿਂ ਪ੍ਰਗਟਾਯੋ।
ਧਨੀ ਹੋਇ ਕਰਿ ਗਰਬ ਬਢਾਯੋ ॥੧੬॥
ਤੁਹਮਤਿ ਮੁਹਿ ਤੁਫਾਨ ਕੀ ਲਾਏ।
ਪਿਤ ਪੁਰਿ ਬਸਤਿ ਹੁਤੇ ਨਿਕਸਾਏ।
ਸੁਲਹੀ ਹੁਤੋ ਸਹਾਇਕ ਮੇਰਾ।
ਮਰਯੋ ਅਚਾਨਕ ਦੁਖਦ ਬਡੇਰਾ[1] ॥੧੭॥ [1]ਬੜਾ ਦੁਖ ਦੇ ਗਿਆ।
ਅਬਿ ਅਲੰਬ ਮੈਂ ਗਹਯੋ ਤੁਹਾਰੋ।
ਬਾਂਹ ਗਹੇ ਕੀ ਲਾਜ ਬਿਚਾਰੋ।
ਸੁਤ ਜੁਤ ਹਤਹੁ ਕਿ ਕੈਦ ਕਰੀਜੈ।
ਨਾਤਾ ਫੇਰਨਿ ਕੋ ਫਲ ਦੀਜੈ ॥੧੮॥
ਗੁਰਤਾ ਗਾਦੀ ਮੈਂ ਅਧਿਕਾਰੀ।
ਮੋਹਿ ਦਿਵਾਵਹੁ ਕਰੁਨਾ ਧਾਰੀ।'
ਸੁਨਿ ਚੰਦੂ ਨੈ ਧੀਰਜ ਦੀਨਿ।
'ਅਬਿ ਨ ਚਿੰਤ ਕਰਿ ਚੀਤ ਮਲੀਨ[1] ॥੧੯॥ [1]ਚਿੰਤਾ ਨਾਲ ਚਿੱਤ ਮੈਲਾ ਨਾ ਕਰ।
ਮੇਰੇ ਸੰਗ ਬੈਰ ਨਹਿਂ ਬਾਧਾ[1]। [1]ਮੇਰੇ ਨਾਲ (ਉਸ ਨੇ) ਵੈਰ ਨਹੀਂ ਵਧਾਯਾ (ਯਾ ਬੰਨ੍ਹਿਆਂ, ਸਗੋਂ)।
ਚਾਹਤਿ ਨਿਜ ਪ੍ਰਾਨਨਿ ਕੋ ਬਾਧਾ[1]। [1]ਆਪਣੇ ਪ੍ਰਾਣਾਂ ਦਾ ਨਾਸ਼ (ਮੈਥੋਂ ਕਰਵਾਉਣਾ) ਚਾਹਿਆ ਹੈ।
ਸਕਲ ਬਿਨਾਸੋਂ ਤਿਸ ਹੰਕਾਰਾ।
ਕਾਰਾਗ੍ਰਿਹਿ ਮਹਿਂ ਪਰੈਂ ਦੁਖਾਰਾ ॥੨੦॥
ਦਿਉਂ ਸਜਾਇ ਨਾਤਾ ਮਨਵਾਊਂ।
ਤੌਂ ਚੰਦੂ ਮੈਂ ਨਾਮ ਕਹਾਊਂ।
ਕਰੌਂ ਦੀਨ ਦੁਖ ਤੇ ਸਭਿ ਭਾਂਤੀ।
ਤਿਸ ਬਾਸੁਰ ਹੁਇ ਸੀਤਲ ਛਾਤੀ ॥੨੧॥
ਜਾਤਿ ਬਿਖੈ ਪਤਿ ਮੋਰ ਬਿਗਾਰੀ।
ਦੁਹਿਤਾ ਸਾਕ ਹਟਯੋ ਦੁਖਭਾਰੀ।
ਜਾਵਤਿ[1] ਲਵਪੁਰਿ ਕੋ ਨਹਿਂ ਜਾਵਤਿ। [1]ਭਾਵ ਜਦ ਤੱਕ ਸ਼ਾਹ ਲਾਹੌਰ ਨਹੀਂ ਜਾਂਦਾ।
ਤਾਵਤਿ ਸੁਖ, ਮੈਂ ਸਾਚ ਬਤਾਵਤਿ ॥੨੨॥
ਅਬੈ ਸ਼ਾਹੁ ਕੋ ਦਿਉਂ ਉਪਦੇਸ਼।

ਹੋਇ ਪ੍ਰਵੇਸ਼ ਸੁ ਮਾਝੇ ਦੇਸ਼।
ਤਹਾਂ ਜਾਇ ਕਰਿ ਜਤਨ ਬਨਾਵੌਂ।
ਕਰਿ ਫਰੇਬ ਕੋ ਨਿਕਟ ਬੁਲਾਵੌਂ ॥੨੩॥
ਏਕ ਬਾਰ ਨਿਜ ਘਰਿ ਮਹਿਂ ਬਾਰ[1]। [1]ਵਾੜਕੇ।
ਦੈ ਦੈ ਹੌਂ ਪੁਨ ਬਾਰ ਕਿਵਾਰਿ[1]। [1]ਬੂਹੇ ਦੇ ਤਖ਼ਤੇ।
ਜਥਾ ਬਜਾਧ ਕੋ ਜਾਰ ਪਸਾਰ[1]। [1]ਜਿਵੇਂ ਕੋਈ ਬੱਧਕ ਜਾਲ ਫੈਲਾਉਂਦਾ ਹੈ।
ਕਰੈ ਫਸਾਵਨਿ ਬਿਹੰਗ ਉਦਾਰ ॥੨੪॥
ਤਿਸ ਪਾਛੇ ਗੁਰਤਾ ਬਰ ਗਾਦੀ।
ਪਹੁੰਚਹਿ ਤੋਹਿ ਕਰੋ ਨਿਤ ਸ਼ਾਦੀ।
ਰਹਜੋ ਪ੍ਰਤੀਖਤਿ ਏਤੋ ਸਮੈਂ।
ਹਠਿ ਕੋ ਤਜਾਗਿ ਮੋਹਿ ਦਿਸਿ ਨਮੈਂ[1] ॥੨੫॥ [1]ਨਿਵੇਂਗਾ।
ਨਾਂਹਿ ਤ ਅਬਿ ਲਗਿ ਮੈਂ ਗਹਿਵਾਵਤਿ।
ਜਿਮ ਚਾਹਤਿ ਤਿਸ ਤੇ ਮਨਵਾਵਤਿ।
ਕੈ ਲੇ ਨਾਤਾ, ਕੈ ਦੇ ਪ੍ਰਾਨ।
ਨਿਸ਼ਚੈ ਹੁਇ ਹੈ ਇਹੀ ਨਿਦਾਨ[1]' ॥੨੬॥ [1]ਅੰਤ ਨੂੰ।
ਸੁਨਿ ਸੁਨਿ ਪ੍ਰਿਥੀਆ ਅੰਗ ਨ ਮਾਵੈ।
ਕਰਿ ਅਨੰਦ ਚੰਦੂ ਬਡਿਆਵੈ।
'ਤੁਮ ਮਾਲਿਕ ਜਗ ਕੇ ਸਮਰੱਥ।
ਬਖਸ਼ਨਿ ਹਤਨਿ ਨਰਨਿ ਬਿਚ ਹੱਥ' ॥੨੭॥
ਇਮ ਬਕ[1] ਸਮ ਅਘ ਚਿਤਵਤਿ ਦੋਊ। [1]ਬਗਲੇ।
ਸਿਰੇਪਾਉ ਚਹਿ ਦੈਬੋ ਸੋਊ।
ਬਹੁਤ ਮੋਲ ਕੋ ਜਰੀ ਬਿਸਾਲਾ।
'ਗੁਰੁ ਘਰ ਕੋ ਲਿਹੁ ਰਹੋ ਸੁਖਾਲਾ' ॥੨੮॥
ਸਾਦਰ ਚੰਦੂ ਨੇ ਤਬਿ ਲੀਨਿ।
ਸਿਰ ਪਰ ਧਰਿ ਕਰਿ ਆਨੰਦ ਕੀਨਿ।
ਦਰਬ ਮੰਗਾਇ ਅਰਪਨਾ ਕਰੇ।
ਹਾਥ ਜੋਰਿ ਨੰਮ੍ਰਜੋ ਹਿਤ ਧਰੇ ॥੨੯॥
ਪ੍ਰਿਥੀਏ ਨਿਸ਼ਚੈ ਕੀਨਸਿ ਤਬੈ।
-ਗੁਰਤਾ ਪ੍ਰਾਪਤਿ ਮੋ ਕੌ ਅਬੈ।

ਸੁਲਹੀ ਤੇ ਇਹ ਅਹੈ ਮਹਾਨ।
ਮਾਲਿਕ ਮੁਲਕਨਿ ਸ਼ਾਹੁ ਦਿਵਾਨ[1]- ॥੩੦॥
ਕਰਜੋ ਸਖਾਪਨਿ ਸੁਖ ਕੋ ਪਾਏ।
ਚਿਤਹਿ ਮਨੋਰਥ ਹੁਇ ਦੁਖਦਾਏ[1]।
ਕੇਤਿਕ ਦਿਨ ਤਬਿ ਦਿੱਲੀ ਰਹਜੋ।
ਨਿਤ ਚੰਦੂ ਮਿਲਿ ਹੁਇ ਹਿਤ ਲਹਜੋ ॥੩੧॥
ਸਦਨ ਜਾਨਿ ਕੋ ਪੁਨ ਚਿਤ ਚਾਹਾ।
ਗਮਨਜੋ ਸ਼ਾਹੁ ਸਚਿਵ ਕੇ ਪਾਹਾ।
ਸਾਦਰ ਬੈਠੇ ਮਸਲਤਿ ਕਰੈਂ।
ਸ੍ਰੀ ਅਰਜਨ ਸੰਗ ਅਘ ਕੋ ਧਰੈਂ ॥੩੨॥
'ਮੋ ਕਹੁ ਦੇਹੁ ਬਿਦਾ, ਘਰ ਜਾਵੌਂ।
ਬੀਤਜੋ ਚਿਰ, ਕੁਟੰਬ ਸੁਧਿ ਪਾਵੌਂ।
ਰਹੌਂ ਪ੍ਰਤੀਖਤਿ ਪੰਥ ਤੁਮਾਰਾ।
ਆਵਨਿ ਮਹਿਂ ਨਹਿਂ ਕਰਹੁ ਆਵਾਰਾ ॥੩੩॥
ਏਕ ਆਸਰੋ ਹਮ ਨੇ ਹੇਰਾ।
ਤੁਮ ਤੇ ਕਾਰ ਸੁਧਰ ਹੈ ਮੇਰਾ।
ਬਾਰਿ ਬਾਰਿ ਕਜਾ ਕਹੌਂ ਬਨਾਈ।
ਜਾਨਤਿ ਸਭਿ ਬਿਧਿ ਕੀ ਚਤੁਰਾਈ ॥੩੪॥
ਜਜੋਂ ਕਜੋਂ ਕਰਹੁ ਸ਼ਾਹੁ ਕੋ ਤਜਾਰੀ।
ਲਵਪੁਰਿ ਥਿਰਹੁ ਆਇ ਜਿਸ ਬਾਰੀ।
ਰਾਵਰਿ ਸੰਗ ਮਿਲੌਂ ਮੈਂ ਆਈ।
ਤਹਿਂ ਲੈ ਹੈਂ ਸਭਿ ਬਾਤ ਬਨਾਈ ॥੩੫॥
ਮੈਂ ਪੁਕਾਰ ਕਰਿ ਹੌਂ ਤਿਸ ਥਾਨਾ।
ਬਨਹਿ ਬੁਲਾਵਨਿ ਕੇਰ ਬਹਾਨਾ।
ਲਵਪੁਰਿ ਮਹਿਂ ਨਿਜ ਘਰ ਲੇ ਜਾਵਹੁ।
ਮਨ ਭਾਵਤਿ ਰਿਪੁ ਸੰਗ ਕਰਾਵਹੁ' ॥੩੬॥
'ਚੰਦ ਰੋਜ਼ ਮਹਿਂ' ਚੰਦੂ ਕਹੈ।

[1]ਮੁਲਕਾਂ ਦੇ ਮਾਲਿਕ ਸ਼ਾਹ ਦਾ ਦੀਵਾਨ।

[1]ਦੁਖਦਾਈ ਮਨੋਰਥ ਚਿਤਵਦਾ ਹੈ।

'ਹਮਰੋ ਆਵਨਿ ਹੁਇ ਤਹਿਂ ਰਹੈ'।

'ਥੋੜੇ ਦਿਨਾਂ ਵਿਚ ਸਾਡਾ ਆਵਣਾ ਹੋਵੇਗਾ, ਓਥੇ (ਅਸੀਂ) ਰਹਾਂਗੇ।

ਬਿਲਮ ਨਹੀਂ ਬਹੁ, ਜਾਨਹੁ ਸਾਚੀ।
ਹੁਇ ਪੂਰਨ ਜਿਸ ਮਹਿਂ ਰੁਚਿ ਰਾਚੀ ॥੩੭॥
ਮਿਲਹੁ ਆਇ, ਸਭਿ ਕਾਰ ਸੁਧਾਰੈਂ।
ਗੁਰਤਾ ਦੇਹਿਂ ਸ਼ੱਤ੍ਰ ਕੋ ਮਾਰੈਂ।'
ਮਹਾਂ ਦੁਸਟ ਸੋਂ ਮਸਲਤਿ ਕਰਿ ਕੈ।
ਭਯੋ ਬਿਸਰਜਨ ਸੁਖ ਉਰ ਭਰਿ ਕੈ ॥੩੮॥
ਦਿੱਲੀ ਤੇ ਹੈ੍ ਕਰਿ ਅਸਵਾਰ।
ਗਮਨਜੋ ਤੂਰਨ ਮਗ ਪਗ ਡਾਰਿ।
ਪਹੁੰਚਜੋ ਕੋਠੇ ਗ੍ਰਾਮ ਮਝਾਰਾ।
ਮਿਲਜੋ ਆਨਿ ਅਪਨੇ ਪਰਵਾਰਾ ॥੩੯॥
ਮਿਹਰਵਾਨ ਕੋ ਲੇ ਕਰਿ ਗੋਦ।
ਬੈਠਜੋ ਪ੍ਰਿਥੀਆ ਪਾਇ ਪ੍ਰਮੋਦ।
ਚੰਦੂ ਸੰਗ ਮਿਲਨਿ ਹਰਖਾਵਨਿ।
ਸਭਿ ਕਰਮੋ ਢਿਗ ਕਰਜੋ ਬਤਾਵਨਿ ॥੪੦॥
'ਕੇਚਿਤ ਦਿਨ ਮਹਿਂ ਗੁਰਤਾ ਗਾਦੀ।
ਹਮ ਢਿਗ ਆਇ ਹੋਹਿ ਸਭਿ ਸ਼ਾਦੀ।
ਪ੍ਰਥਮ ਸਹਾਇਕ ਭਯੋ ਬਿਨਾਸ਼।
ਅਬਿ ਚੰਦੂ ਹਮ ਕਰਹਿ ਹੁਲਾਸ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਮਿਲਨਿ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਗੋਇੰਦਵਾਲ ਜਾਣਾ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਸ੍ਰੀ ਅਰਜਨ ਜਗ ਸਤਿਗੁਰੂ, ਸੰਗਤਿ ਕਰਤਿ
ਉਧਾਰ।
ਸਹਤ ਅਨੰਦ ਬਿਲੰਦ ਕੇ, ਕਿਤਿਕ ਕਾਲ ਕੋ
ਟਾਰਿ ॥੧॥

ਸ੍ਵੈਯਾ ਛੰਦ:

ਸਿੱਖਜ ਹਜ਼ਾਰੋਂ ਸ਼ਰਨੀ ਪਰਿ ਹੈਂ
ਸੱਤਿਨਾਮ ਕੋ ਦੇ ਉਪਦੇਸ਼।
ਅਜ਼ਮਤਿ ਜੁਤਿ ਬਹੁ ਜੀਵ ਮੁਕਤਿ ਭੇ
ਕਾਟੇ ਬੰਧਨ ਕੁਮਤਿ ਕਲੇਸ਼।
ਸੇਵਾ ਕਰਿ ਕਰਿ ਸ਼ਰਧਾ ਧਰਿ ਧਰਿ
ਪਾਤਕ ਹਰਿ ਹਰਿ ਭਏ ਵਿਸ਼ੇਸ਼।
ਕਿਤਿਕ ਸਮੀਪ ਰਹਤਿ ਨਹਿਂ ਗਮਨਤਿ,
ਦਰਸ਼ਨ ਕੋ ਸੁਖ ਲਹੈਂ ਅਸ਼ੇਸ਼ ॥੨॥
ਅਪਰ ਦੇਸ਼ ਕਰਿਬੇ ਕਿਰਤਾਰਥ
ਕਿਤਿਕ ਬਿਸਰਜਨ ਹ੍ਵੈ ਚਲਿ ਜਾਇ।
ਰਿਦੇ ਧਜਾਨ ਗੁਰੂ ਰੂਪ ਬਸਾਵਹਿਂ,
ਨਿਸ਼ਚਲ ਮਤਿ ਕਰਿ ਨਹੀਂ ਡੁਲਾਇ।
ਮਿਲਹਿ ਤਿਨਹੁ[1] ਉਪਦੇਸ਼ਤਿ ਸਿੱਖੀ, — [1]ਭਾਵ ਗੁਰ ਸਿੱਖਾਂ ਨੂੰ।
ਅਸਿ ਤੇ ਤਿੱਖੀ[1] ਜੋ ਅਧਿਕਾਇ। — [1]ਖੰਡੇ ਤੋਂ ਤਿੱਖੀ।
ਗੁਰੂ ਭਾਣੇ ਕਹੁ ਮਾਨੈਂ ਸੁਖ ਸੋਂ
ਇਕ ਸਮ ਬ੍ਰਿਤੀ ਨ ਸ਼ੋਕ ਉਪਾਇ ॥੩॥
ਜਹਿਂ ਕਹਿਂ ਗੁਰ ਕੀ ਬਾਣੀ ਬਿਥਰੀ,
ਸੁਥਰੀ ਕਰਹਿਂ ਕੰਠ ਹਰਖਾਇ।
ਪਾਤਕ ਦਾਦਰ ਗਨ ਕੋ ਅਹਨੀ[1], — [1]ਮਾਰੇ ਪਾਪਾਂ ਰੂਪ ਡੱਡੂਆਂ ਨੂੰ ਸੱਪਣੀਵਤ।
ਦਹਨੀ ਬਿਘਨ ਬਿਪਨ ਸਮੁਦਾਇ[1]। — [1]ਸਾਰੇ ਬਿਘਨਾਂ ਦੇ ਬਨ ਨੂੰ ਸਾੜਨ ਵਾਲੀ ਭਾਵ ਅੱਗ।
ਮ੍ਰਿਗਨਿ ਬਿਕਾਰ ਬ੍ਰਿੰਦ ਕੋ ਸ਼ੇਰਨਿ[1], — [1]ਸਮੂਹ ਵਿਕਾਰਾਂ ਰੂਪੀ ਹਰਨਾਂ ਨੂੰ (ਜੋ) ਸ਼ੇਰਨੀ ਵਤ (ਨਾਸ਼ਕ) ਹੈ।
ਪ੍ਰੇਰਨਿ ਮਨ ਕੀ ਪ੍ਰਭੁ ਦਿਸਿ ਧਾਇ[1]। — [1]ਦੌੜਦੇ ਮਨ ਨੂੰ ਪ੍ਰਭੂ ਤਰਫ ਪ੍ਰੇਰਣ ਵਾਲੀ।
ਬ੍ਰਹਮ ਗਜਾਨ ਕੀ ਸੁਗਮ ਸੁ ਜਨਿਨੀ[1], — [1]ਸੁਖੈਨ ਹੀ ਬ੍ਰਹਮ ਗਜਾਨ ਉਪਜਾਵਣ ਵਾਲੀ।
ਹਨਨੀ ਮੋਹ, ਜਨਨਿ[1] ਸੁਖਦਾਇ ॥੪॥ — [1]ਦਾਸਾਂ ਦੇ।

ਪਾਠਕ ਪੁੰਜ ਮਨੋਰਥ ਪੂਰਨੀ[1],
ਫੁਰਨੀ ਅਨੁਭਵ ਕੀ[1] ਉਰ ਮਾਂਹਿ।
ਕੂਰ ਬਿਸ਼ਿਯਨਿ ਕੀ ਅਹੈ ਬਿਰਾਗਨਿ[1],
ਰਾਗਨਿ ਸੱਤਿਨਾਮ ਕੀ[1] ਆਹਿ।
ਪ੍ਰੇਮਾ ਭਗਤਿ ਉਪਾਵਨਿ ਹਾਰੀ,
ਹਾਰੀ ਨਿੰਦਕ ਬ੍ਰਿੰਦਨ ਦਾਹਿ[1]।
ਪਠਿ ਗੁਰੁ ਸਿੱਖ ਕ੍ਰਿਤਾਰਥ ਹੋਵਤਿ,
ਜੋਵਤਿ ਅਪਨਿ ਰੂਪ ਸੁਖ ਪਾਹਿ ॥੫॥
ਜਿਸ ਹਿਤ ਜਗ ਅਵਤਰੇ ਪ੍ਰਭੁ ਜੀ
ਸਭਿ ਜੀਵਨਿ ਕੀ ਚਹਿਂ ਕੱਲਜਾਨ।
ਹੋਤਿ ਨਿਤਾ ਪ੍ਰਤਿ ਕਾਰਜ ਐਸੇ
ਜੈਸੇ ਵਧਹਿ ਭਗਤਿ ਅਰੁ ਗਯਾਨ।
ਪੁਰਬਨਿ[1] ਬਿਖੈ ਆਇ ਗਨ ਸੰਗਤਿ
ਮੰਗਤਿ ਸੱਤਿਨਾਮ ਦੇ ਦਾਨ।
ਆਇ ਉਪਾਇਨ ਅਰਪਹਿਂ ਪਗ ਪਰ,
ਪਰਹਿਂ ਸ਼ਰਨ ਕਰਿ ਸੰਕਟ ਹਾਨਿ ॥੬॥
ਇਕ ਦਿਨ ਸ੍ਰੀ ਅਰਜਨ ਗੁਰੁ ਬੈਠੇ
ਹਰਿ ਮੰਦਰ ਮਹਿਂ ਸ਼ੁਭਤਿ ਬਿਸਾਲ।
ਮਹਾਂਦੇਵ ਤਬਿ ਤਯਾਗ ਸਦਨ ਕੋ
ਕਰਿ ਸ਼ਨਾਨ ਸ਼੍ਰੀ ਅੰਮ੍ਰਿਤ ਤਾਲ।
ਗਯੋ ਅਨੁਜ ਕੇ ਨਿਕਟ, ਦੇਖਿ ਤਬਿ
ਲਿਯੋ ਬਿਠਾਇ ਮਾਨ ਕੇ ਨਾਲ।
ਸ਼ਬਦ ਰਬਾਬੀ ਗਾਵਤਿ ਸੁੰਦਰ,
ਸੁਨਤਿ ਰਹਯੋ ਕਰਿ ਪ੍ਰੇਮ ਬਿਸਾਲ ॥੭॥
ਚੌਕੀ ਕੋ ਜਬਿ ਭੋਗ ਪਰਯੋ ਤਹਿਂ
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਬਡੀ ਕ੍ਰਿਪਾ ਕਰਿ ਤੁਮ ਚਲਿ ਆਏ,
ਆਇਸੁ ਦੇਹੁ ਉਚਿਤ ਚਿਤ ਚੀਨਿ।
ਹਮ ਰਾਵਰ ਕੇ ਨਿਤ ਅਨੁਸਾਰੀ
ਅਹੋ ਸ਼ਾਂਤਿ ਮਤਿ ਗੁਰ ਜਸੁ ਭੀਨਿ।
ਭਲੀ ਬਾਰਤਾ ਨਿਤ ਸਮੁਝਾਵਤਿ
ਗਯਾਨ ਉਦਿਧਿ ਮਹਿਂ ਸਦ ਮਨ ਮੀਨਿ[1]'

[1]ਪੂਰਣ ਕਰਨ ਵਾਲੀ।
[1]ਅਨੁਭਵ ਦੇ ਫੁਰਾਉਣ ਵਾਲੀ।
[1]ਝੂਠੇ ਵਿਸ਼ਿਆਂ ਤੋਂ ਵੈਰਾਗ ਦੇਣ ਵਾਲੀ।
[1]ਪ੍ਰੇਮ ਪਾਉਣ ਵਾਲੀ ਸਤਿਨਾਮ ਦਾ।
[1]ਸਾਰੇ ਨਿੰਦਕਾਂ ਨੂੰ ਸਾੜਨ ਵਾਲੀ।
[1]ਗੁਰਪੁਰਬਾਂ, ਤਿਹਵਾਰਾਂ।
[1]ਮਨ ਮੱਛੀ ਵਾਂਙੂ ਹੈ।

॥ ੮ ॥
ਮਹਾਂਦੇਵ ਉਰ ਹਰਖ੍ਯੋ ਅਤਿਸ਼ੈ
'ਤੁਮ ਕੋ ਐਸੇ ਹੀ ਬਨਿ ਆਇ।
ਸਰਬ ਜਗਤ ਕੇ ਗੁਰੂ ਸ਼ਿਰੋਮਣਿ
ਮੁਝ ਕੋ ਬੋਲਤਿ ਬਹੁ ਬਡਿਆਇ।
ਅਹੈ ਬਡਨਿ ਕੀ ਇਹੁ ਬਡਿਆਈ
ਪਰ ਜਸ ਕਹਿਨੋ ਅਪਨਿ ਦੁਰਾਇ।
ਬਡੋ ਭ੍ਰਾਤ ਕਰਿ ਮੁਝ ਕੋ ਜਾਨਹੁ
ਤੁਮ ਗੁਨ ਮਹਿ ਸਭਿ ਤੇ ਅਧਿਕਾਇ ॥ ੯ ॥
ਸ਼੍ਰੀ ਨਾਨਕ ਆਦਿਕ ਕੀ ਗਾਦੀ
ਤਿਸ ਪਰ ਬੈਠੇ ਤਿਨਹੁ ਸਮਾਨ।
ਮੋ ਉਰ ਬਿਖੈ ਪ੍ਰਤੀਤ ਭਈ ਅਬਿ,
ਨਾਂਹਿ ਤ ਅਨੁਜ ਆਪਨੋ ਜਾਨਿ।
ਬਿਨੈ ਸਹਤ ਮੈਂ ਕਹਤਿ ਤੁਮਹੁਂ ਕੋ
ਅਪਨੇ ਨਾਨੇ ਗੁਰੂ ਮਹਾਨ।
ਗੋਇੰਦਵਾਲ ਅੰਸ ਹੈ ਤਿਨ ਕੀ
ਹਮਰੇ ਸੰਗ ਸਨੇਹ ਸੁ ਠਾਨਿ ॥ ੧੦ ॥
ਸ਼੍ਰੀ ਗੁਰੁ ਅਮਰ ਦਿਵਸ ਸ਼ੁਭ ਪੂਨੋ[1] — [1]ਪੂਰਨਮਾਸ਼ੀ ਦਾ।
ਉਤਸਵ ਕਰਤਿ ਸਕਲ ਹਰਖਾਇ।
ਸਿਖ ਸੰਗਤਿ ਗਨ ਮਿਲਹਿਂ ਆਇ ਕਰਿ,
ਪਾਇ ਮਹਾਂ ਫਲ ਸਭਿ ਸੁਖਦਾਇ।
ਹੈ ਮਮ ਚਿਤ ਮਹਿਂ ਤਹਾਂ ਜਾਨਿ ਕੀ
ਚਹੋਂ ਤੁਮਾਰੀ ਅਬਹਿ ਰਜ਼ਾਇ।
ਕੇਤਿਕ ਦਿਵਸ ਰਹੌਂ ਪੁਰਿ ਤਿਸ ਹੀ,
ਜੀਵਤਿ ਰਹ੍ਯੋ ਮਿਲਹਿਂ ਪੁਨ ਆਇ'
॥ ੧੧ ॥
ਸੁਨਤਿ ਭ੍ਰਾਤ ਤੇ ਹਰਖਤਿ ਹੋਏ
ਕਹ੍ਯੋ 'ਬੁੱਧਿ ਤੁਮਰੀ ਕੋ ਧੰਨ।
ਹਮ ਭੀ ਚਲਹਿਂ ਕਰਹਿਂ ਸਭਿ ਦਰਸ਼ਨਿ
ਉਤਸਵ ਪੂਰਨਮਾ[2] ਮਨ ਮੰਨਿ[1]। — [1]ਮਨ ਵਿਚ ਜਾਣਕੇ।
ਹੁਇ ਇਕੱਤ੍ਰ ਪੁਰਿ ਪਿਖਹਿਂ ਪਵਿੱਤ੍ਰਾ
ਜਹਾਂ ਬੱਚਿਤ੍ਰ ਪਾਇ ਫਲ ਜੰਨ[1]। — [1]ਦਾਸ।

ਚਿਰ ਬੀਤਯੋ ਦਰਸੇ ਬਿਨ ਥਲ ਕੋ
ਉਮਗਤਿ ਰਿਦਾ ਬਿਲੋਕ ਪ੍ਰਸੰਨ' ॥੧੨॥
ਇਮ ਸਾਦਰ ਬਹੁ ਭ੍ਰਾਤ ਸਰਾਹਯੋ,
ਮਹਾਂਦੇਵ ਸੁਨਿ ਕਰਿ ਹਰਖਾਇ।
ਅਪਰ ਬਾਰਤਾ ਅਮਰ ਗੁਰੂ ਕੀ
ਕਰਤਿ ਸ਼ਲਾਘਾ ਰੁਚਿ ਉਪਜਾਇ।
'ਸਮ ਪਾਰਸ ਕੇ ਪਰਸੇ ਜਿਸ ਕੇ
ਹੁਤੇ ਮਨੂਰ ਸੁ ਹੇਮ[1] ਬਨਾਇ।
ਬਨ ਮਹਿਂ ਜਿਮ ਇਕ ਬਾਵਨ ਚੰਦਨ
ਤੂਰ ਸੁਗੰਧਤਿ ਕਰਿ ਸਮੁਦਾਇ ॥੧੩॥
ਦੇਸ਼ ਬਿਦੇਸ਼ਨਿ ਮਹਿਂ ਨਿਜ ਦਾਸਨਿ
ਕਰਾਮਾਤ ਸਾਹਿਬ ਕਰਿ ਦੀਨ।
ਨਰਨਿ ਹਜ਼ਾਰਨਿ ਕੇ ਬਚ ਫੁਰਿ ਹੈਂ
ਸੁਰ ਆਦਿਕ ਸਭਿ ਕਰੇ ਅਧੀਨ।
ਜਿਮ ਆਇਸੁ ਕਰਿ ਦੇਤਿ ਸੁਭਾਇਕ
ਮਾਨਹਿਂ ਤਿਮ ਬਾਸੀ ਪੁਰ ਤੀਨ[1]।
ਸਿੱਖੀ ਜਹਿਂ ਕਹਿਂ ਬਹੁ ਬਿਸਤਾਰੀ,
ਬਿਸ਼ਿਯਨਿ ਬਿਸ ਤਾਰੀ ਦੁਖ ਹੀਨ[1]' ॥੧੪॥
ਇਸ ਤੇ ਆਦਿਕ ਕਰਤਿ ਪ੍ਰਸੰਸਾ
'ਹਮਰੇ ਪਿਤ ਪਰ[1] ਅਧਿਕ ਕ੍ਰਿਪਾਲ।
ਪ੍ਰਿਯ ਪੁੱਤ੍ਰਨਿ ਤੇ ਆਦਿ ਤਜੇ ਸਭਿ
ਦਈ ਬਡਾਈ ਕਰੇ ਬਿਸਾਲ।
ਜਮ ਆਦਿਕ ਗਨ ਬਜਾਧਿ ਨਰਨਿ ਕੀ
ਨਿਜ ਪੁਰਿ ਤੇ ਬਰਜੇ ਦੁਖ ਜਾਲ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ
ਅੰਤ ਨ ਪੱਯਤਿ ਭਗਤਿ ਰਸਾਲ[1]' ॥੧੫॥
ਉਠੇ ਬਹੁਰ ਸ਼੍ਰੀ ਅਰਜਨ ਸਤਿਗੁਰੁ,
ਨਿਜ ਨਿਜ ਸਦਨ ਗਏ ਸਭਿ ਕੋਇ।
ਨਿਸਾ ਪਰੀ ਭੋਜਨ ਸ਼ੁਭ ਕਰਿ ਕੈ
ਸੁਠ ਪ੍ਰਯੰਕ ਪਰ ਪੌਢਤਿ ਸੋਇ।
ਪ੍ਰਾਤਕਾਲ ਕਰਿ ਸੌਚਿ ਸ਼ਨਾਨਹਿ

[1]ਮਨੂਰ ਨੂੰ ਸੋਨਾ।

[1]ਤਿੰਨਾਂ ਲੋਕਾਂ ਦੇ ਵਸਣੇ ਵਾਲੇ।

[1]ਵਿਸ਼ਿਆਂ ਰੂਪੀ ਜ਼ਹਿਰ ਉਤਾਰੀ ਤੇ ਦੁਖ ਦੂਰ ਕੀਤੇ (ਦਾਸਾਂ ਦੇ)।

[1]ਭਾਵ ਸ਼੍ਰੀ ਗੁਰੂ ਰਾਮਦਾਸ ਜੀ ਪਰ।

[1]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦਾ।

ਚਲਿਬੇ ਹੇਤ ਤਜਾਰ ਗੁਰੁ ਹੋਇ।
ਮਹਾਂਦੇਵ ਕੋ ਸੰਗ ਮਿਲਾਯਹਿ
ਚਹਤਿ ਜੁ ਦਰਸ ਸਾਥ ਭੇ ਸੋਇ ॥੧੬॥
ਨੰਦਨ ਹਰਿ ਗੋਵਿੰਦ ਰਿਪੁ ਕੰਦਨ,
ਚੰਦ ਮਨਿੰਦ ਬਿਲੰਦ ਦੁਲਾਰਿ।
ਦੇ ਧੀਰਜ ਬੀਰਜ ਜੁਤ ਸੁਤ ਕੋ[1],
ਹਾਥ ਬੰਦਿ ਤਿਨ ਬੰਦਨ ਧਾਰਿ।
ਹਟੇ ਨਿਕੇਤ ਸਮੇਤ ਸਿੱਖਜ ਗਨ,
ਸਤਿਗੁਰੁ ਗਮਨੇ ਪੰਥ ਮਝਾਰਿ।
ਦਾਸ ਮਸੰਦ ਬ੍ਰਿੰਦ ਸਿਖ ਸੰਗੀ
ਸੰਗ ਚਲੇ ਜੈਕਾਰ ਉਚਾਰਿ ॥੧੭॥
ਉਲੰਘੇ ਮਾਰਗ ਗਏ ਗ੍ਰਾਮ ਢਿਗ
ਨਾਮ ਖਡੂਰ ਗੁਰੂ ਇਸਥਾਨ[1]।
ਸੁਨਿ ਦਾਤੂ ਹਿਤ ਆਦਰ ਆਯੋ
ਲੇ ਨਿਜ ਸੰਗ ਪ੍ਰਵੇਸ਼ਨਿ ਠਾਨ।
ਡੇਰਾ ਕਰਵਾਇਸਿ ਸ਼ੁਭ ਘਰ ਮਹਿਂ
ਨੀਰ ਅਨਾਇ ਪਖਾਰੇ ਪਾਨ।
ਪਗ ਪਖਾਰ ਕਰਿ ਟਿਕੇ ਕਿਤਿਕ ਚਿਰ
ਸ਼੍ਰੀ ਅਰਜਨ ਹ੍ਵੈ ਕਰਿ ਸਵਧਾਨ ॥੧੮॥
ਲੇ ਦਾਤੂ ਸੰਗ ਸ਼੍ਰੀ ਅੰਗਦ ਥਲ
ਗਏ ਦਰਸ ਕਰਿਬੇ ਦਰਬਾਰਿ।
ਦਰਬ ਦੀਨਿ, ਅਰਦਾਸ ਕਰਾਇਸਿ,
ਹਾਥ ਜੋਰਿ ਠਾਂਢੇ ਅਗਵਾਰਿ।
ਬਹੁਤ ਪ੍ਰਸਾਦਿ ਤਹਾਂ ਬਰਤਾਇਸਿ,
ਨਮਸਕਾਰ ਕੀਨਸਿ ਹਿਤ ਧਾਰਿ।
ਦਈ ਪ੍ਰਕਰਮਾ ਚਾਰ ਬਾਰਿ ਫਿਰਿ
ਸਿਖ ਸੰਗਤਿ ਸਭਿ ਤਿਸੀ ਪ੍ਰਕਾਰਿ
॥੧੯॥
ਪੁਨਹ ਸਿਵਰ ਮਹਿਂ ਪਹੁੰਚੇ ਸਤਿਗੁਰੁ
ਦਾਤੂ ਸੇਵਾ ਸਰਬ ਕਰਾਇ।
ਨਿਸ ਸੁਪਤੇ ਉਠਿ ਪ੍ਰਾਤ ਚਲੇ ਗੁਰੁ
ਗੋਇੰਦਵਾਲ ਅਨੰਦ ਉਪਾਇ।

[1]ਬਲਵਾਨ ਪੁੱਤ੍ਰ ਨੂੰ।

[1]ਗੁਰੂ ਜੀ ਦੀ ਜਗਾ।

ਸੁਨਿ ਆਗਵਨੁ ਅਪਨੇ ਭਵਨੁ
ਦੁਸ਼ਮਨ ਦਵਨੁ[1] ਜੁਤ ਸਮੁਦਾਇ।
ਨਿਕਸਿ ਮੋਹਿਰੀ ਆਗੇ ਆਇ ਸੁ
ਮਿਲਜੋ ਰਿਦੇ ਬਹੁ ਪ੍ਰੇਮ ਬਧਾਇ ॥੨੦॥
ਪੁੱਤ੍ਰ ਆਦਿ ਪਰਵਾਰ ਅਗਾਰੀ
ਮਿਲਜੋ ਗੁਰੂ ਸੋਂ ਆਗੇ ਆਇ।
ਦੁਹਿ ਦਿਸ਼ਿ ਬੰਦਨ ਕਰੀ ਭਾਉ ਧਰਿ
ਕੁਸ਼ਲ ਪੂਛ ਕਰਿ ਸੁਖ ਕੋ ਪਾਇ।
ਸੁੰਦਰ ਮੰਦਿਰ ਬਿਖੈ ਉਤਾਰੇ
ਰੁਚਿਰ ਪ੍ਰਯੰਕ ਡਸਾਏ ਲਜਾਇ।
ਸਕਲ ਭਾਂਤਿ ਕੀ ਸੇਵਾ ਕੀਨਸਿ
ਖਾਨ ਪਾਨ ਆਦਿਕ ਸਮੁਦਾਇ ॥੨੧॥
ਨਿਸ ਮਹਿਂ ਸੁਪਤੇ, ਉਠੇ ਪ੍ਰਾਤ ਕੋ,
ਜਾਇ ਬਾਵਲੀ ਕੀਨਿ ਸ਼ਨਾਨ।
ਸਿਖ ਸੰਗਤਿ ਤੈਸੀ ਬਿਧਿ ਕਰਿ ਕੈ
ਪੁਨਹ ਚੁਬਾਰੇ ਦਰਸ਼ਨ ਠਾਨਿ।
ਸ਼੍ਰੀ ਗੁਰੁ ਅਮਰ ਅੰਸ ਸਭਿ ਮਿਲਿ ਕੈ
ਕੀਨਸਿ ਚਰਚਾ ਆਤਮ ਗਜਾਨ।
ਭਨਜੋ, ਸੁਨਜੋ, ਮਨ ਗੁਨਜੋ ਭਲੇ ਕਰਿ,
ਸਭਿ ਮਹਿਂ ਭਯੋ ਅਨੰਦ ਮਹਾਨ ॥੨੨॥
ਕਿਤਿਕ ਦਿਵਸ ਬਸਿ ਪੁਰੀ ਬਿਤਾਇਸਿ
ਪੁਨ ਪੂਰਨਮਾਸ਼ੀ ਦਿਨ ਆਇ।
ਡੱਲੇ ਵਾਸੀ ਆਦਿਕ ਸਿਖ ਗਨ
ਭਯੋ ਮੇਲਿ ਆਏ ਸਮੁਦਾਇ।
ਘ੍ਰਿਤ, ਮਿਸ਼ਟਾਨ, ਚੂਨ ਗੋਧੂਮ ਕੋ,
ਸੂਖਮ ਚਾਵਰ ਸੂਪ[1] ਲਿਆਇ।
ਸੰਚੈ ਭਯੋ ਬ੍ਰਿੰਦ ਸਾਮਿੱਗ੍ਰੀ
ਦੇਗ ਹੋਤਿ ਸਿਧ ਸ੍ਵਾਦਿ ਰਸਾਇ[1] ॥੨੩॥
ਸਿੱਖਜ ਬ੍ਰਿੰਦ ਸੇਵਾ ਮਹਿਂ ਠਾਂਢੇ
ਕੋ ਜਲ ਆਨਹਿ ਈਂਧਨ ਜਾਲਿ।
ਭਯੋ ਅਹਾਰ ਸੁ ਤਜਾਰ ਅਨਿਕ ਬਿਧਿ
ਸਿਖ ਸੰਗਤਿ ਥਿਤ ਪੰਗਤ ਨਾਲਿ।

[1]ਭਾਵ ਗੁਰੂ ਜੀ।

[1]ਰਸੋਈ ਵਾਸਤੇ।

[1]ਤਿਆਰ ਹੁੰਦੀ ਹੈ। ਸੁਆਦਲੇ ਰਸਾਂ ਵਾਲੀ।

ਸ੍ਰੀ ਅਰਜਨ ਜਲ ਨਿਜ ਕਰ ਧਰਿ ਕੈ,
ਚਰਨ ਪਖਾਰੇ ਪ੍ਰੀਤ ਬਿਸਾਲਿ†।

†ਇਹ ਕਦੇ ਹੋ ਨਹੀਂ ਸਕਦਾ ਕਿ ਕੋਈ ਸਿੱਖ ਗੁਰੂ ਜੀ ਦਾ ਹੱਥ ਆਪਣੇ ਚਰਣਾਂ ਨੂੰ ਲੱਗਣ ਦੇਵੇ। ਕਦੇ ਕਿਸੇ ਪੁੱਤ੍ਰ ਨੇ ਕਿਸੇ ਪੰਗਤ ਵਿਚ ਬਹਿਕੇ ਪਿਤਾ ਤੋਂ ਪੈਰ ਨਹੀਂ ਧੁਆਏ, ਇਹ ਕਦ ਹੋ ਸਕਦਾ ਹੈ ਕਿ ਪ੍ਰੀਤ ਤਾਰ ਪ੍ਰੋਤੇ ਅਦਬਾਂ ਸੁਆਰੇ ਸਿੱਖ ਗੁਰੂ ਜੀ ਦੇ ਕਰ ਕਮਲਾਂ ਅੱਗੇ ਆਪਣੇ ਪੈਰ ਕਰ ਦੇਣ। ਗੱਦੀ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਦੇ ਝੁਕਣ ਉੱਤੇ ਗੁਰੂ ਅੰਗਦ ਜੀ ਕੀਕੂੰ ਵਜ਼ਾਕੁਲ ਹੋਏ ਸਨ।

ਮਹਾਂਦੇਵ, ਸੇਵਾ ਮਹੁ ਲਾਗੇ
ਬਰਤਾਵਹਿਂ ਬਹੁ ਅਸਨ ਰਸਾਲਿ ॥੨੪॥
ਮੋਹਨ, ਅਨੰਦ ਮੋਹਰੀ ਆਦਿ ਜਿ
ਸਭਿ ਸੰਗਤਿ ਕੀ ਸੇਵ ਕਰੰਤਿ।
'ਸ੍ਰੀ ਗੁਰੁ ਅਮਰਦਾਸ ਕੋ ਮਖ[1] ਹੈ' [1]ਯੱਗ।
ਇਮ ਕਹਿ ਸਗਰੇ ਟਹਿਲ ਚਹੰਤਿ।
ਕੇਤਿਕ ਅਚਤਿ ਕਿਤਿਕ ਬਰਤਾਵਤਿ
ਕੇਤਿਕ ਜਲ ਕੋ ਦੇਤਿ ਪਿਵੰਤਿ।
ਲੋਕ ਹਜ਼ਾਰਹੁਂ ਮੇਲਿ ਭਯੋ ਬਡ
ਅਧਿਕ ਕੁਲਾਹਲ ਸੁਨੇ ਸ਼ੁਭੰਤਿ ॥੨੫॥
ਭਾਉ ਭਗਤਿ ਬਹੁ ਸੰਗਤਿ ਪੰਗਤਿ
ਮੰਗਤਿ ਜੋ ਪੁਰਵਤਿ ਅਭਿਲਾਖ।
ਬਡ ਉਤਸਵ ਕਰਿ ਪੂਰਨਮਾਸ਼ੀ
ਅਸਨ ਖੁਵਾਇ ਖਾਇ ਕਰਿ ਕਾਂਖਿ।
ਭਯੋ ਪ੍ਰਮੋਦ ਸਭਿਨਿ ਕੇ ਮਾਂਹੀ
ਗੁਰੂ ਅਮਰ ਕੇ ਜਸੁ ਕੋ ਭਾਖਿ।
ਕਰਿ ਗੁਰ ਦਰਸ਼ਨ ਹਰਖਤਿ ਹ੍ਵੈ ਕਰਿ
ਬਹੁ ਨਰ ਮਿਲੇ ਭਉ ਚਿਤ ਰਾਖਿ ॥੨੬॥
ਇਮ ਪੂਰਨਮਾਸ਼ੀ ਕੋ ਮੇਲਾ
ਗੁਰੁ ਦਰਸ਼ਨ ਕਰਿ ਨਰ ਸਮੁਦਾਇ।
ਆਜ ਦਿਵਸ ਮਹਿਂ ਗੁਰੂ ਅਮਰ ਕੋ
ਦੇਖਨਿ ਕੇ[1] ਫਲ ਕੋ ਨਰ ਪਾਇ। [1]ਦਰਸ਼ਨ ਕਰਨ ਦਾ।
ਸਭਿ ਸੰਗਤਿ ਮਹਿਂ ਆਇ ਪ੍ਰਵੇਸ਼ਿਤ
ਮਹਾਂ ਮਹਾਤਮ ਕਹ੍ਯੋ ਨ ਜਾਇ।
ਗੁਰੁ ਜਸੁ ਕੋ ਇਮ ਉਚਰਤਿ ਗਮਨੇ
ਆਪੋ ਅਪਨੇ ਸਦਨ ਸਿਧਾਇ ॥੨੭॥

ਦੋਹਰਾ:

ਮੇਲਾ ਭਯੋ ਸੁ ਬਿਛਰਗਾ, ਸ਼੍ਰੀ ਅਰਜਨ ਕਰਿ
ਬਾਸ।
ਪੂਰਨਮਾ ਪੀਛੇ ਰਹੇ ਮੋਹਨ, ਮੁਹਰੀ ਪਾਸ
॥੨੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਗੋਇੰਦਵਾਲ ਗਮਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

## ੨੨. [ਮਹਾਂਦੇਵ ਜੀ ਦਾ ਪ੍ਰਲੋਕ ਗਮਨ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਪੂਰਨਮਾ ਕੇ ਜੱਗਜ ਮਹਿਂ, ਸਿਖ ਮੇਲਾ
ਦਰਸਾਇ।
ਦਰਸ਼ਨ ਜਿਮ ਸ਼੍ਰੀ ਅਮਰ ਕੋ, ਫਲ ਤੈਸੇ ਨਰ
ਪਾਇ ॥੧॥

ਸ੍ਵੈਯਾ ਛੰਦ:

ਸ਼੍ਰੀ ਅਰਜਨ ਪੁਨ ਪੁਰਿ ਮਹਿਂ ਬਾਸੇ
ਹੋਤਿ ਭਯੋ ਅਤਿਸ਼ੈ ਸਤਿਸੰਗ।
ਨਿਤਪ੍ਰਤਿ ਚਰਚਾ ਆਤਮ ਕੇਰੀ
ਕਰਹਿਂ ਜਾਨਿ -ਇਹ ਤਨੁ ਛਿਨ ਭੰਗ-।
ਭਜਨ ਪਰਾਇਨਿ ਇਕ ਰਸ ਹ੍ਵੈ ਕਰਿ
ਪ੍ਰੀਤਿ ਵਧਹਿ ਪਰਮੇਸ਼ੁਰ ਸੰਗ।
ਸਭਿ ਕੋ ਉਪਦੇਸ਼ਤਿ ਮ੍ਰਿਦੁ ਬਾਕਨਿ
ਜਿਸ ਤੇ ਚਢਹਿ ਭਗਤਿ ਕੋ ਰੰਗ ॥੨॥
ਸਵਾ ਜਾਮ ਜਾਮਨਿ ਤੇ ਕਿਰਤਨੁ
ਕਰਹਿਂ ਰਬਾਬੀ ਸ਼ਬਦ ਉਚਾਰਿ।
ਸ਼੍ਰੀ ਅਰਜਨ ਜੁਤ ਮੁਹਰੀ ਆਦਿਕ
ਸੁਨੈ ਸਕਲ ਅਰੁ ਕਰਹਿਂ ਬਿਚਾਰ।
ਮਿੱਥਜਾ ਜਗਤ ਜਾਨਿ ਕਰਿ ਨਿਸ਼ਚੇ
ਅੰਤਰਬ੍ਰਿਤੀ ਕਰਹਿਂ ਸੁਖ ਕਾਰ।
ਮਨੋ ਮਹਾਂ ਮੁਨਿ ਮਨ ਸੁਧ ਕਰਿਬੇ
ਕਪਲ ਰਿਖੀ ਜੁਤ ਕੇ ਅਨੁਹਾਰ[1] ॥੩॥
ਦੇਖਿ ਪ੍ਰਤਾਪ ਅਨੁਜ ਕੋ ਤਬਿਹੀ
ਜਿਨਕੇ ਉਪਦੇਸ਼ਤਿ ਹੁਇ ਗਜਾਨੁ।
ਭ੍ਰਾਤ ਸਬੰਧ ਜਾਨਿ ਕਰਿ ਕੂਰੋ
ਮਹਾਂਦੇਵ ਸ਼ਰਧਾਲੁ ਮਹਾਨ।
ਤਨ ਤਜਿਬੇ ਕੋ ਸਮੈਂ ਨਿਕਟ ਲਖਿ
ਜਨਮ ਸਫਲਤਾ ਚਹਿ ਮਨ ਮਾਨਿ।
ਸ਼੍ਰੀ ਅਰਜਨ ਕੋ ਲਖਿ ਇਕਾਂਤ ਮਹਿਂ
ਗਯੋ ਸਮੀਪ ਬੈਠਿ ਹਿਤ ਠਾਨਿ ॥੪॥

[1]ਵਾਂਙੂ।

'ਸ਼੍ਰੀ ਸਤਿਗੁਰੂ ਕੀ ਗਾਦੀ ਪਰ ਤੁਮ
ਈਸ਼ੁਰ ਕੇ ਸਰੂਪ ਅਵਤਾਰ।
ਮੈਂ ਭ੍ਰਾਤਾ ਹੀ ਜਾਨਤਿ ਨਿਤ ਚਿਤ,
ਅਬਿ ਬਖਸ਼ੋ ਤੁਮ ਰਿਦਾ ਉਦਾਰ।
ਉਪਦੇਸ਼ਹੁ ਇਹੁ ਆਤਮ ਕੋ ਹੈ[1],
ਕਿਮ ਬੰਧਨ ਮੈਂ ਦੁਖ ਗਨ ਧਾਰਿ?
ਕਿਮ ਸੁਖ ਲਹੈ, ਦਹੈ ਜਗ ਸੰਕਟ,
ਮੋਹਿ ਸੁਨਾਵਹੁ ਭਲੀ ਪ੍ਰਕਾਰ' ॥੫॥
ਸ਼੍ਰੀ ਅਰਜਨ ਸ਼ਰਧਾਲੁ ਭ੍ਰਾਤ ਲਖਿ
ਅਰੁ ਜਾਨਜੋ ਤਨੁ ਤਜਿਬੇ ਕਾਲ।
-ਉੱਤਮ ਅਧਿਕਾਰੀ, ਲਘੁ ਕਹਿਬੇ[1]
ਸਮਝਹਿਗੋ ਬ੍ਰਹਮਗਜਾਨ ਬਿਸਾਲ-।
ਕਰਨਿ ਲਗੇ ਉਪਦੇਸ਼ ਮ੍ਰਿਦੁਲ ਬਚ
ਭ੍ਰਾਤ! ਸੁਨਹੁ ਇਹ ਬਾਤ ਸੁਖਾਲ।
ਆਪਹਿ ਬੰਧਨ ਲਹਿ ਦੁਖ ਭੋਗਤਿ
ਸ਼੍ਰੀ ਨਾਨਕ ਕਹਿ ਗਿਰਾ ਰਸਾਲ ॥੬॥

[1]ਕੀਹ ਹੈ।

[1]ਥੋੜਾ ਹੀ ਕਹਿਣ ਨਾਲ।

ਸ੍ਰੀ ਮੁਖਵਾਕ:

ਸਲੋਕ ਮਃ ੧ ॥
ਨਾਨਕ ਇਹੁ ਤਨੁ ਜਾਲਿ
ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ
ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥ †

†ਗਜਾਨੀ ਇਸ ਸ਼ਲੋਕ ਦਾ ਅਰਥ ਇਉਂ ਕਰਦੇ ਹਨ:- ਇਸ ਸ਼ਰੀਰ ਨੂੰ ਸਾੜ ਜਿਸ ਸੜੇ ਹੋਏ ਨੇ ਨਾਮ ਭੁਲਾ ਦਿੱਤਾ ਹੈ, ਪਰਾਲੀ ਉੱਤੇ ਪੈਂਦੀ ਜਾਂਦੀ ਹੈ, ਪਿਛੋਂ ਉਸ ਨੀਵੇਂ ਤਾਲ ਵਿਚ ਹੱਥ ਨਹੀਂ ਪਹੁੰਚ ਸਕੇਗਾ। ਭਾਵ ਦੇਹ ਅਭਿਮਾਨ ਨੂੰ ਗਜਾਨ ਅਗਨੀ ਨਾਲ ਸਾੜ ਦੇਹ, ਜਿਸ ਤ੍ਰਿਸ਼ਨਾ ਨਾਲ ਸੜੇ ਹੋਏ ਨੇ ਨਾਮ ਵਿਸਾਰ ਦਿੱਤਾ ਹੈ, ਉਸ ਰਿਦੇ ਰੂਪੀ ਨੀਵੇਂ ਤਲਾ ਵਿਚ ਪ੍ਰਾਲੀ, ਮੈਲ ਪੈ ਰਹੀ ਹੈ ਤਾਂਤੇ ਪਹਿਲਾਂ ਹੀ ਆਤਮ ਵਸਤੂ ਨੂੰ ਕੱਢ ਲੈ (ਜਾਣ ਲੈ)। ਜਦ ਓਥੇ ਬਹੁਤ ਮੈਲ ਹੋ ਗਈ ਤਾਂ ਬੁੱਧੀ ਰੂਪੀ ਹੱਥ ਉਥੇ ਨਹੀਂ ਅਪੜੇਗਾ। ਪਰ ਭਾਈ ਸੰਤੋਖ ਸਿੰਘ ਜੀ ਨੇ ਅਰਥ ਭਾਵ ਐਉਂ ਲਾਇਆ ਹੈ- ਆਤਮ ਇਕ ਤਲਾਉ ਦੇ ਸਮਾਨ ਹੈ, ਇਸ ਨੇ ਤਨ ਹੰਤਾ ਧਾਰਨ ਕੀਤਾ ਹੈ ਕਿ ਇਹ ਤਨ ਮੈਂ ਹਾਂ, ਮੈਂ ਅਮਕ ਹਾਂ ਢਮਕ ਹਾਂ, ਇਹ ਇਸ ਤਲਾ ਉੱਤੇ ਜਾਲਾ ਆ ਗਿਆ ਹੈ, ਪਾਣੀ ਉੱਤੇ ਬੂਰ ਕਾਈ ਜੋ ਹੋ ਜਾਵੇ ਸੋ ਜਾਲਾ ਕਹੀਦਾ ਹੈ। ਜਾਲਾ ਜਿਵੇਂ ਪਾਣੀ ਦੇ ਸ਼ੁੱਧ ਰੂਪ ਨੂੰ ਛਾਦ ਲੈਂਦਾ ਹੈ ਤਿਵੇਂ ਤਨਹੰਤਾ ਨੇ ਆਪਣੇ ਸਰੂਪ ਆਤਮਾ ਨੂੰ ਛਾਦ ਲਿਆ ਹੈ, ਜਦੋਂ ਇਹ ਤਨ ਹੰਤਾ ਧਾਰਨ ਕੀਤਾ ਤਦੋਂ ਇਸ ਨੇ ਨਾਮ ਭੁਲਾ ਦਿੱਤਾ, ਨਾਮ ਦਾ ਅਰਥ ਏਥੇ ਕਵਿ ਜੀ-ਅਹੰ ਬ੍ਰਹਮ-ਕਰਦੇ ਹਨ। 'ਜਲਿਐ' ਦਾ ਆਪ ਅਰਥ ਕਰਦੇ ਹਨ, ਇਸ ਅਛਾਦਨ ਹੋਏ ਨੇ। ਪਰਾਲ = ਪ੍ਰਾਲੀ = ਘਾਸ ਫੂਸ। ਉਸ ਜਾਲੇ ਉੱਤੇ ਘਾਸ ਫੂਸ ਜਮਾਂ ਹੋਕੇ ਸਾਰਾ ਤਲਾ ਅਟ ਜਾਂਦਾ ਹੈ ਇਸ ਤੋਂ ਕਵਿ ਜੀ ਭਾਵ ਲੈਂਦੇ ਹਨ ਮਮਤਾ ਦਾ, ਕਿ ਤਨਹੰਤਾ ਪਰ ਮਮਤਾ ਦਾ ਘਾਸਫੂਸ ਪੈ ਗਿਆ ਕਿ ਇਹ ਮੇਰਾ ਘਰ ਹੈ ਇਹ ਮੇਰੀ ਇਸਤ੍ਰੀ ਹੈ ਇਹ ਮੇਰਾ ਪੁੱਤ੍ਰ ਹੈ। ਤਨਹੰਤਾ ਤੇ ਮਮਤਾ, ਯਾ ਕਹੋ ਕਿ 'ਮੈਂ ਮੇਰੀ' ਦਾ ਪਰਦਾ ਹੁਣ ਮੋਟਾ ਹੋ ਗਿਆ ਹੈ। ਹੁਣ ਬ੍ਰਿਤੀ ਇਸ ਨੂੰ ਫਾੜਕੇ ਜਲ ਤਾਈਂ ਭਾਵ

ਆਤਮ ਤੱਤ ਵਸਤੂ ਤਾਈਂ ਅਪੜਦੀ ਨਹੀਂ, ਏਹ ਦੋਵੇਂ ਦੁਖ ਤੇ ਦਾਤੇ ਹਨ। ਬ੍ਰਿਤੀ ਤੋਂ ਬਾਹਰਮੁਖੀ ਵਾਸ਼ਨਾ ਉਠਦੀਆਂ ਹਨ, ਉਹ ਜਨਮ ਮਰਣ ਦੀਆਂ ਦਾਤੀਆਂ ਹਨ। ਜੇ ਤਨਹੰਤਾ ਤੇ ਮਮਤਾ ਤਯਾਗ ਦੇਵੇ ਤਾਂ ਆਤਮਾ ਨੂੰ ਲਖ ਲੈਂਦਾ ਹੈ।

ਸ੍ਵੈਯਾ ਛੰਦ:

ਪ੍ਰਥਮ ਕੁਬੰਧਨ[1] ਪਰਯੋ ਸੁਨਹੁ ਸੋ
ਅਹੈ ਆਤਮਾ ਤਾਲ ਸਮਾਨ।
ਤਨੁ ਹੰਤਾ ਧਾਰਨਿ ਇਨ ਕੀਨੀ
ਮੈ ਦਿਜ ਖ਼ੱਤ੍ਰੀ ਬੈਸ[1] ਸੁਜਾਨ।
ਇੱਤਯਾਦਿਕ ਤਨ ਅਪਨਿ ਰੂਪ ਲਖਿ
ਭਯੋ ਜਾਲਿ ਹਰਿਆਵਲਿ[1] ਆਨਿ।
ਜਲ ਕੋ ਕਰਯੋ ਅਛਾਦਨ ਜੈਸੇ
ਤਿਮ ਸਰੂਪ ਨਿਜ ਛਾਦਨਿ ਠਾਨਿ ॥੭॥
ਅਹੰ ਬ੍ਰਹਮ ਇਹ ਨਾਮ ਬਿਸਾਰਯੋ
ਤਨੁ ਹੰਤਾ ਜਬਿ ਧਾਰਨਿ ਕੀਨਿ।
ਪਨਹੁ ਪਰਾਲ ਘਾਸ ਅਰੁ ਫੂਸ ਜੁ
ਪਰਯੋ ਜਾਲ[1] ਪਰਿ ਭਾ ਬਹੁ ਪੀਨ[2]।
ਤਿਮਿ ਹੰਤਾ ਪਰ ਮਮਤਾ ਉਪਜੀ
ਮਮ ਸੁਤ, ਮਮ ਗ੍ਰਿਹ, ਤ੍ਰਿਯ, ਧਨ ਚੀਨ।
ਜਲ ਸਮ ਆਤਮ ਅਧਿਕ ਅਛਾਦਯੋ
ਪਰਦਾ ਮੋਟੋ ਭਯੋ ਨਵੀਨ ॥੮॥
ਬ੍ਰਿੱਤਿ ਨ ਪਹੁੰਚੈ ਇਨ ਦੁਇ ਕੋ ਤਜਿ
ਫਸਯੋ ਇਨਹੁਂ ਮਹੁਂ, ਜਾਨੈ ਨਾਂਹਿ।
ਜਬਿ ਸਤਿਗੁਰੁ ਉਪਦੇਸ਼ ਜਤਨ ਕੋ[1]
ਜਲ ਆਤਮ ਪ੍ਰਾਪਤਿ ਨਿਜ ਮਾਂਹਿ।
ਇਨ ਦੋਨਹੁਂ ਤੇ ਦੁਖ ਕੋ ਭੋਗਹਿ
ਅਤਿ ਦੁਖ ਕੋ ਸੁਖ ਲਖਿ ਚਿਤ ਚਾਹਿ।
ਵਹਿਰ ਬ੍ਰਿਤਿ ਤੇ ਉਠਹਿ ਵਾਸ਼ਨਾ
ਤਿਨ ਅਨੁਸਾਰ ਜਨਮ ਕੋ ਪਾਹਿ ॥੯॥
ਇਹ ਪਰਦੋ ਤਨੁਹੰਤਾ ਮਮਤਾ
ਤਯਾਗੇ ਤੇ ਆਤਮ ਲਖਿ ਲੇਤਿ।
ਮਨ ਕੋ ਇੰਦ੍ਰਯ ਸੰਗਿ ਸਬੰਧ ਜੁ[1]
ਇਹ ਬੰਧਨ ਅਤਿਸ਼ੈ ਦੁਖ ਦੇਤਿ।
ਇੰਦ੍ਰਯ ਤੇ ਹਟਿ ਕਰਿ ਹੁਇ ਫਿਰ ਜਬਿ

[1]ਖੋਟੇ ਬੰਧਨਾਂ ਵਿਖੇ।

[1]ਵੈਸ਼।

[1]ਹਰਿਆਵਲ ਦਾ ਜਾਲਾ।

[1]ਜਾਲਾ, ਕਾਈ। [2]ਗਾਹੜਾ।

[1]ਕੋਈ ਜਤਨ (ਦੱਸਦੇ ਹਨ)।

[1]ਮਨ ਦਾ ਇੰਦ੍ਰੀਆਂ ਨਾਲ ਜੋ ਸਬੰਧ ਹੈ।

ਟਿਕ ਜਾਵੈ ਮਨ ਰਿਦੇ ਨਿਕੇਤਿ।
ਸੋ ਮੁਕਤੀ ਹੈ ਸੁਖਦ ਪਰਮਗਤਿ
ਕਹਤਿ ਸੰਤ ਸਭਿ ਬੇਦ ਸਮੇਤਿ ॥੧੦॥
ਬੁਧਿ ਤੇ ਗੇਯ[1] ਆਤਮਾ ਬ੍ਰਹਮ ਜੁ
ਨਹਿਂ ਕਿਸ ਇੰਦ੍ਰੀ ਬਿਸ਼ਯ ਬਿਚਾਰ।
ਗਜਾਤਾ ਪਾਇ ਅਨੰਦ ਉਦਧਿ ਕੀ
ਤਤਛਿਨ ਮਿਲਹੈ ਤਾਂਹਿ ਮਝਾਰ।
ਨਹੀਂ ਬਾਸ਼ਨਾ ਉਠਹਿ ਬਹੁਰ ਕਬਿ
ਜਨਮ ਮਰਨ ਨਹਿਂ ਹੁਇ ਸੰਸਾਰ।
ਸਾਰਿ ਅਸਾਰ ਬਿਚਾਰ[1] ਧਾਰ ਕਰਿ
ਸਾਰ ਗਹੈ ਸਭਿ ਤਜਾਗ ਅਸਾਰ ॥੧੧॥
ਅੰਤਰ ਬ੍ਰਿਤੀ ਹੋਇ ਕਰਿ ਜਾਨਹੁ,
ਵਹਿਰ ਨਹੀਂ ਕੁਛ, ਸਭਿ ਇਸ ਮਾਂਹਿ।'
ਮਹਾਂਦੇਵ ਸੁਨਿ ਦ੍ਰਿਗ ਜੁਗ ਮੁੰਦੇ
ਅੰਤਰਿ ਬ੍ਰਿਤਿ ਤੇ ਵਹਿਰ ਨ ਆਹਿ।
ਤਤਛਿਨ ਲਗੀ ਸਮਾਧਿ ਅਚਲਿ ਚਿਤ
ਰਸ ਕੋ ਪਾਇ ਤਜਤਿ ਸੋ ਨਾਂਹਿ।
ਬੀਤ ਗਏ ਜੁਗ ਜਾਮ ਥਿਰਜੋ ਜਬਿ
ਸ਼੍ਰੀ ਅਰਜਨ ਤਬਿ ਗਹਿ ਕਰਿ ਬਾਂਹਿ
॥੧੨॥
'ਧੰਨ ਬ੍ਰਿੱਤਿ ਤੁਮਰੀ ਗੁਰੁ ਸੁਤ ਹੋ,
ਕਹੇ ਤਨਕ ਤੇ[1] ਉਪਜਯੋ ਗਜਾਨੁ।
ਲਹਹੁ ਸਮਾਧਿ ਵਹਿਰ ਕੀ ਅਬਿ ਤੁਮ
ਜਗਤ ਆਪਨੋ ਰੂਪ ਪਛਾਨ।
ਬ੍ਰਹਮ ਸੁ ਦੀਸਹਿ ਬ੍ਰਹਮ ਸੁ ਸੁਨੀਐ
ਤਿਸ ਬਿਨ ਊਨ ਨਹੀ ਕੋ ਥਾਨ।
ਜਾਗਤਿ ਸੁਪਤਿ ਉਠਤਿ ਅਰੁ ਬੈਠਤਿ
ਫਿਰਤਿ ਸਥਿਤਿ ਇਕ ਰਸ ਬ੍ਰਿਤਿ ਠਾਨਿ'
॥੧੩॥
ਦ੍ਰਿਗ ਉਘਾਰ ਕਰਿ ਅਨੁਜ ਬਿਲੋਕਯੋ
ਮਹਿਮਾ ਮਹਾਂ ਜਾਨਿ ਸੁਖ ਪਾਇ।
ਨਿਸ ਬਾਸੁਰ ਕੀ ਮਹਾਂ ਸਮਾਧੀ

[1]ਜਾਣਨ ਯੋਗ।

[1]ਸਤਿ, ਅਸਤਿ ਦਾ ਵਿਚਾਰ।

[1]ਥੋੜਾ ਕਹਿਣ ਤੇ।

ਸੋ ਸਭਿ ਜਾਨੀ ਇਕ ਰਸ ਭਾਇ।
ਏਕ ਆਤਮਾ ਪੂਰਨ ਨਭ ਸਮ,
ਅੰਤਰ ਵਹਿਰ ਬ੍ਰਹਮ ਦ੍ਰਿਸ਼ਟਾਇ।
ਨਮਸਕਾਰ ਕਰਿ ਉਠਤਿ ਭਯੋ ਤਬਿ
'ਕਹਾਂ ਭਯੋ ਇਹ' ਚਿਤ ਬਿਸਮਾਇ
॥੧੪॥

ਰਾਗ ਨ ਦ੍ਵੈਸ਼ ਨ ਮੋਹ ਨ ਮਾਯਾ
ਪਰਦਾ[1] ਮਿਟਜੋ, ਪਛਾਨਜੋ ਏਕ। — [1]ਭਾਵ ਭਰਮ ਦਾ ਪਰਦਾ।
ਇਕ ਦੁਇ ਦਿਨ ਪੁਨ ਬਸੇ ਤਿਸੀ ਪੁਰਿ
ਅਤਿ ਸੁਖ ਪਾਇਸਿ ਪਰਮ ਬਿਬੇਕ[1]। — [1]ਗਿਆਨ ਦਾ।
ਤਬਿ ਸ਼੍ਰੀ ਅਰਜਨ ਗਿਰਾ ਬਖਾਨੀ
'ਸੁਨਹੁ ਭ੍ਰਾਤ ! ਤਨ ਤਜਿਬੇ ਟੇਕ[1]। — [1]ਸਰੀਰ ਨੇ ਕਿੰਨਾ ਕੁ ਟਿਕਣਾ ਹੈ ਕਦੋਂ ਕੁ ਛੁੱਟਣਾ ਹੈ।
ਦੋਇ ਦਿਵਸ ਮਹਿਂ ਪ੍ਰਾਨਨਿ ਤਜਾਗਹੁ,
ਬਸਹਿਂ ਇਹਾਂ, ਹਹਿਂ ਸਿੱਖਜ ਅਨੇਕ
॥੧੫॥

ਸ਼੍ਰੀ ਗੁਰੁ ਅਮਰ ਅੰਸ ਹੈ ਇਹ ਠਾਂ
ਪਿਤ[1], ਨਾਨੇ[2] ਤਨੁ ਤਜਾਗਨਿ ਥਾਨ। — [1]ਭਾਵ ਸ਼੍ਰੀ ਗੁਰੂ ਰਾਮਦਾਸ ਜੀ। [2]ਭਾਵ ਸ਼੍ਰੀ ਗੁਰੂ ਅਮਰਦਾਸ ਜੀ।
ਜਯੋਂ ਗਜ ਫੂਲ ਮਾਲ ਕੋ ਡਾਰੇ,
ਤਿਮ ਤੁਮ ਤਜੋ ਦੇਹਿ ਸੁਖ ਮਾਨਿ।'
ਸੁਨਤਿ ਪ੍ਰਫੁੱਲਿਤਿ ਮਹਾਂਦੇਵ ਭਾ
'ਅਬਿ ਕੁਛ ਕਰਨੋ ਰਹਜੋ ਨ ਜਾਨ।
ਨਹਿਂ ਚਿੰਤਾ ਤਨ ਰਾਖਨਿ ਤਜਾਗਨਿ,
ਹੋਹਿ ਭਲੇ ਗਤਿ ਕਰਮਨਿ ਠਾਨਿ[1] ॥੧੬॥ — [1](ਆਪ ਦੀ) ਬਖਸ਼ਸ਼ ਕਰਕੇ। (ਅ) ਕਰਮ ਗਤੀ ਅਨੁਸਾਰ ਜੋ ਹੋਏ ਸੋ ਭਲਾ ਹੈ।

ਮੈਂ ਨਿਤ ਅਮਰ, ਨ ਜਨਮ ਨ ਮਰਨੋ,
ਮਿੱਥਜਾ ਦੇਹ ਨ ਥਿਰਤਾ ਪਾਇ।
ਇਮ ਕਹਿ ਰਹਜੋ ਅਨੰਦਤਿ ਅਤਿਸ਼ੈ
ਭ੍ਰਮ ਅੱਗਜਾਨ ਸਮੇਤਿ ਬਿਹਾਇ।
ਬੀਤ ਗਏ ਦਿਨ, ਸਮਾਂ ਸੁ ਆਯੋ
ਜਾਨਜੋ ਤਨ ਕੋ ਤਜਨਿ ਸੁਭਾਇ[1]। — [1]ਸੁਭਾਵਕ ਹੀ।
ਸ਼੍ਰੀ ਅਰਜਨ ਢਿਗ ਹ੍ਵੈ ਕਰਿ ਪੌਢਯੋ
ਕਹਜੋ 'ਪ੍ਰਾਨ ਅਬਿ ਮੇਰੋ ਜਾਇ' ॥੧੭॥

ਤਬਿ ਸਤਿਗੁਰੁ ਪਰਵਾਰ ਸਹਤ ਕੋ
ਮੁਹਰੀ ਤਤਛਿਨ ਲੀਨਿ ਬੁਲਾਇ।
ਸੰਸਰਾਮ ਜਿਹ ਸਾਥ ਅਰਥਮਲ
ਸਿਖ ਸੰਗਤਿ ਆਨੰਦ ਸੁ ਆਇ।
ਸੱਤਾ ਅਰੁ ਬਲਵੰਡ ਬੁਲਾਏ
'ਕਰਹੁ ਕੀਰਤਨ' ਬਚ ਫੁਰਮਾਇ।
ਭਈ ਭੀਰ ਧੁਨਿ ਉਠੀ ਸ਼ਬਦ ਕੀ
ਸੁਨਿ ਬੈਰਾਗ ਸਭਿਨਿ ਉਪਜਾਇ ॥੧੮॥
ਮਹਾਂਦੇਵ ਸਭਿਹਿਨਿ ਕੋ ਪਿਖਿ ਕਰਿ
ਕਰ ਕੋ ਜੋਰਿ ਬੰਦਨਾ ਕੀਨ।
'ਛਿਮਹੁ ਸਰਬ ਹੀ ਜੇ ਮਮ ਅਵਗੁਨ
ਸਤਿ ਸੰਗਤਿ ਗੁਰ ਸਿੱਖਜ ਪ੍ਰਬੀਨ !
ਦੇਹੁ ਸਕਲ ਬਰ, ਮਨ ਲਹਿ ਥਿਰੁ ਉਰ
ਪਰਮੇਸ਼ੁਰ ਮੈਂ ਹੋਵਸਿ ਲੀਨ।'
ਸੁਨਿ ਕਰਿ ਸਭਿਨਿ ਨਮੋ ਤਿਸ ਕੋ ਕਰਿ,
ਅੱਸ਼੍ਰ ਭਰੇ ਦ੍ਰਿਗ ਤਨੁ ਤਜਿ ਚੀਨ[1] ॥੧੯॥ [1]ਤਿਆਗਣਾ ਜਾਣਕੇ।
ਪੌਢਜੋ ਪਾਇ ਬਦਨ ਪਰ ਅੰਬਰ,
ਤਤਛਿਨ ਤਨ ਤਜਿ ਸਭਿਨਿ ਮਝਾਰ।
ਲੀਨ ਭਯੋ ਸ਼੍ਰੀ ਅਰਜਨ ਮਹਿਂ ਤਬਿ
ਲਹੀ ਏਕਤਾ ਗਤੀ ਉਦਾਰ।
'ਧੰਨਜ ਧੰਨਜ' ਮੁਖ ਕਰਹਿਂ ਉਚਾਰਨਿ
ਉਸਤਤਿ ਸੁਜਸੁ ਭਨਤਿ ਬਹੁ ਬਾਰ।
ਸੱਤਿਨਾਮ ਸਿਮਰਹਿਂ ਬੈਰਾਗਹਿਂ
'ਇਹ ਜਗ ਸਗਰੋ ਦੀਸਤਿ ਛਾਰ[1]' [1]ਖੇਹ ਰੂਪ।
॥੨੦॥
ਸਸਿਕਾਰਿਨਿ ਕੀ ਬਿਧਿ ਸਭਿ ਕੀਨਸਿ
ਜਲ ਬਾਪੀ ਤੇ ਤਾਂਹਿ ਸ਼ਨਾਨ।
ਸੁੰਦਰ ਬਸਤ੍ਰ ਸਰਬ ਪਹਿਰਾਇਵ
ਬਹੁ ਧਨ ਤੇ ਬਨਵਾਇ ਬਿਬਾਨ।
ਚਹੁੰਦਿਸਿ ਮਹਿਂ ਸੁਮਨਸਿ[1] ਲਰਕਾਇਸਿ [1]ਫੂਲ ਮਾਲ।
ਪਾਇ ਦੁਸ਼ਾਲਾ ਮੋਲ ਮਹਾਨ।
ਗਨ ਚੰਦਨ ਅਰੁ ਸੰਚੈ ਕਾਸ਼ਟ

ਤੀਰ ਬਿਪਾਸਾ ਡਾਰੇ ਆਨਿ ॥੨੧॥
ਸ਼੍ਰੀ ਅਰਜਨ ਅਰੁ ਸੰਗ ਮੋਹਰੀ,
ਬ੍ਰਿਧ, ਗੁਰਦਾਸ ਆਦਿ ਸਮੁਦਾਇ।
ਕੰਧ ਉਠਾਇ ਚਲੇ ਪੁਰਿ ਬਾਹਿਰ
ਧੁਨਿ ਸੰਖਨਿ ਕੀ ਅਧਿਕ ਬਜਾਇ।
ਚਮਰ ਢੁਰਾਵਤਿ ਜਾਤਿ ਬ੍ਰਿੰਦ ਨਰ
ਤੀਰ ਬਿਪਾਸਾ ਸੁੰਦਰ ਥਾਇਂ।
ਚਿਨਿ ਕਰਿ ਚਿਤਾ ਸੁ ਚੰਦਨ ਗਨ ਤੇ
ਊਪਰ ਦੇਹਿ ਧਰਜੋ ਉਚਵਾਇ ॥੨੨॥
ਸ਼੍ਰੀ ਅਰਜਨ ਕਰ ਲੀਨਿ ਅਗਨਿ ਤਬਿ
ਨਰ ਅਨੁਸਾਰ[1] ਰੁਦਨ[†] ਕੋ ਠਾਨਿ।

[1]ਸੰਸਾਰੀ ਪੁਰਸ਼ਾਂ ਵਾਂਙੂੰ।

[†]ਜੋ ਉਪਦੇਸ਼ ਸਤਿਗੁਰਾਂ ਨੇ ਮਹਾਂਦੇਵ ਜੀ ਨੂੰ ਦਿੱਤਾ ਹੈ, ਉਸ ਉਪਦੇਸ਼ ਦਾ ਦਾਤਾ ਕਦੇ ਐਉਂ ਨਹੀਂ ਰੋ ਸਕਦਾ ਤੇ ਫੇਰ ਮਨੁੱਖਾਂ ਵਾਂਙੂ ਬਨਾਵਟ ਕਰਕੇ, ਇਹ ਅਣਹੋਣੀ ਬਾਤ ਹੈ। ਕਵਿ ਜੀ ਈਸ਼੍ਵਰ ਕੋਟੀ ਦੇ ਮਨੁੱਖ ਨਾਟ ਪੂਰਾ ਕਰਨ ਦਾ ਨਕਸ਼ਾ ਬੰਨ੍ਹ ਰਹੇ ਹਨ, ਵਾਕਿਆ ਬਿਆਨ ਨਹੀਂ ਕਰ ਰਹੇ। ਹਾਂ ਜੇ ਨਿਸ਼ਕਾਮ ਪ੍ਰੇਮ ਵਿਚ ਅੱਥਰੂ ਆ ਗਏ ਤਾਂ ਇਹ ਕਮਜ਼ੋਰੀ ਬੀ ਨਹੀ, ਯਥਾ ਮਹਾਂ ਵਾਕ:-ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥ [ਵਡਹੰਸ ਮਃ ੧] ਹੋਰ ਮ੍ਰਿਤਕ ਕ੍ਰਿਆ ਦੀਆਂ ਰਸਮਾਂ ਪਰ ਕਵਿ ਜੀ ਆਪ ਦੱਸ ਆਏ ਹਨ ਕਿ ਗੁਰੂ ਘਰ ਦੀ ਮਿਰਯਾਦਾ ਅਰਦਾਸ ਦੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

ਕੀਨਿ ਲਗਾਵਨਿ ਊਚੇ ਰੋਦਤਿ
ਦਿਖਿ ਸਭਿ ਹੀ ਕੇ ਅੱਸ਼੍ਰ ਚੁਚਾਨਿ[†]।

[†]ਜੋ ਉਪਦੇਸ਼ ਸਤਿਗੁਰਾਂ ਨੇ ਮਹਾਂਦੇਵ ਜੀ ਨੂੰ ਦਿੱਤਾ ਹੈ, ਉਸ ਉਪਦੇਸ਼ ਦਾ ਦਾਤਾ ਕਦੇ ਐਉਂ ਨਹੀਂ ਰੋ ਸਕਦਾ ਤੇ ਫੇਰ ਮਨੁੱਖਾਂ ਵਾਂਙੂ ਬਨਾਵਟ ਕਰਕੇ, ਇਹ ਅਣਹੋਣੀ ਬਾਤ ਹੈ। ਕਵਿ ਜੀ ਈਸ਼੍ਵਰ ਕੋਟੀ ਦੇ ਮਨੁੱਖ ਨਾਟ ਪੂਰਾ ਕਰਨ ਦਾ ਨਕਸ਼ਾ ਬੰਨ੍ਹ ਰਹੇ ਹਨ, ਵਾਕਿਆ ਬਿਆਨ ਨਹੀਂ ਕਰ ਰਹੇ। ਹਾਂ ਜੇ ਨਿਸ਼ਕਾਮ ਪ੍ਰੇਮ ਵਿਚ ਅੱਥਰੂ ਆ ਗਏ ਤਾਂ ਇਹ ਕਮਜ਼ੋਰੀ ਬੀ ਨਹੀ, ਯਥਾ ਮਹਾਂ ਵਾਕ:-ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥ [ਵਡਹੰਸ ਮਃ ੧] ਹੋਰ ਮ੍ਰਿਤਕ ਕ੍ਰਿਆ ਦੀਆਂ ਰਸਮਾਂ ਪਰ ਕਵਿ ਜੀ ਆਪ ਦੱਸ ਆਏ ਹਨ ਕਿ ਗੁਰੂ ਘਰ ਦੀ ਮਿਰਯਾਦਾ ਅਰਦਾਸ ਦੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

ਬ੍ਰਿਧ ਨੇ ਸਭਿ ਸਮੁਝਾਏ ਕਹਿ ਕਹਿ
'ਕਰਹੁ ਨ ਸ਼ੋਕ ਇਹੀ ਮਗ ਜਾਨਿ[1]।

[1]ਇਹੋ ਰਾਹ ਹੈ। ਭਾਵ ਮਰਨਾ ਇਕ ਅਟਲ ਬਾਤ ਹੈ।

ਮਿਥਜਾ ਤਨ ਹੈਂ ਬਿਨਸਨਿ ਹਾਰੇ,
ਮੇਲਿ ਬਨਜੋ ਜਲ ਨਾਉ ਸਮਾਨਿ ॥੨੩॥
ਜਥਾ ਪ੍ਰਵਾਹ ਨਦੀ ਕੋ ਚਲਿ ਹੈ
ਤ੍ਰਿਣ ਮਿਲਿ ਜਾਹਿਂ ਬਿਛੁਰਤੇ ਫੇਰਿ।
ਤਥਾ ਸੰਬੰਧ ਸ਼ਰੀਰਨਿ ਸਭਿ ਕੋ
ਗਜਾਨੀ ਜਾਨਹਿ ਜਗ ਇਮ ਹੇਰਿ।
ਕਹਾਂ ਸ਼ੋਕ ਇਸ ਤਨ ਕੋ ਕਰਿਬੋ,
ਨਿਤ ਪਰਣਾਮੀ ਨਸਹਿ ਅਦੇਰਿ[1]।

[1]ਦਿਨੋ ਦਿਨ ਘਟਣ ਵਾਲਾ, ਨਾਸ਼ ਹੁੰਦਾ ਹੈ ਦੇਰੀ ਤੋਂ

ਬਿਨਾ।

ਏਕ ਆਤਮਾ ਸੋ ਸਤਿ ਸਮਝਹੁ
ਆਇ ਨ ਜਾਇ ਅਨੰਦ ਬਡੇਰ' ॥੨੪॥
ਇਮ ਸੁਨਿ ਕਰੀ ਕਪਾਲ ਕ੍ਰਿਆ[1] ਉਠ
ਪੁਨਹ ਬਿਪਾਸਾ ਨੀਰ ਸ਼ਨਾਨ।
ਗਾਇ ਰਾਗ ਵਡਿਹੰਸ ਰਬਾਬੀ
ਪੌੜੀ ਲਾਇ ਸੁਨਾਵਹਿਂ ਕਾਨ।
ਦੀਨਿ ਤਿਲਾਜੁਲ* ਨਾਮ ਲੀਨਿ ਤਿਹ
ਪੰਚਾਂਮ੍ਰਿਤ ਬਰਤਾਇਹੁ ਆਨਿ।
ਸਨੇ ਸਨੇ ਪੁਨ ਪੁਰਿ ਮਹਿਂ ਆਏ
ਬਾਪੀ ਆਗੇ ਲਾਇ ਦਿਵਾਨ ॥੨੫॥
ਬ੍ਰਿੰਦ ਨਰਨਿ ਕੀ ਭੀਰ ਭਈ ਤਹਿਂ
ਸ਼ਬਦ ਰਬਾਬੀ ਸੁੰਦਰ ਗਾਇਂ।
ਕਿਤਿਕ ਕਾਲ ਥਿਤ ਹ੍ਵੈ ਨਰ ਗਮਨੇ
ਗੁਰੂ ਪ੍ਰਸੰਸਤਿ ਸਦਨ ਸਿਧਾਇ।
ਸੁਨਿ ਸੁਨਿ ਗ੍ਰਾਮਨਿ ਕੇ ਸਿਖ ਪਹੁੰਚੇ
ਸ਼੍ਰੀ ਅਰਜਨ ਸਤਿਗੁਰੁ ਢਿਗ ਆਇ।
ਮਿਲਿ ਮਿਲਿ ਗਮਨੈਂ ਗੁਨ ਗਨ ਬਰਨਹਿਂ
'ਮਹਾਂਦੇਵ ਅਬਿ ਗਏ ਸਮਾਇ' ॥੨੬॥
ਦਿਵਸ ਤੀਸਰੇ ਪੁਸ਼ਪ ਭਸਮ ਸਭਿ
ਬੀਚ ਬਿਪਾਸਾ ਕੇ ਤਹਿ ਡਾਰਿ†।
ਦਿਨ ਦੋਇਕ ਸ਼੍ਰੀ ਅਰਜਨ ਤਿਹ ਠਾਂ
ਬਸੇ ਕ੍ਰਿਆ ਕਰਿ ਜਿਤਕ ਸੰਸਾਰਿ†[1]।
ਕਰੀ ਜਥੋਚਿਤ ਸਕਲ ਬਾਰਤਾ
ਜਥਾ ਮੋਹਰੀ ਬਚਨ ਉਚਾਰਿ।
ਮਿਲਿ ਮਿਲਿ ਕਰੈਂ ਵਿਰਾਗ ਅਨਿਕ ਬਿਧਿ
ਸ਼੍ਰੀ ਗੁਰੁ ਅਮਰ ਕੇਰਿ ਪਰਵਾਰਿ ॥੨੭॥

ਦੋਹਰਾ:
ਸੋਲਹ ਸਤ ਊਪਰ ਸਪਤ[1],
ਮਹਾਂਦੇਵ ਜਨਮਜਾਸੁ[1]।
ਊਪਰ ਪਾਂਚ ਪਚਾਸ ਕੇ,

[1]ਸੜਦੇ ਹੋਏ ਮੁਰਦੇ ਦੇ ਸਿਰ ਨੂੰ ਸੋਟੇ ਨਾਲ ਫੋੜਨਾ।

†ਇਹ ਗੰਗਾ ਫੁੱਲ ਨਾ ਪਾਉਣ ਦਾ ਗੁਰਮਤ ਦਾ ਅਸੂਲ ਸਫੁਟ ਹੈ।

[1]ਸੰਸਾਰਿਕ। †ਜਦ ਫੁੱਲ ਬਿਆਸਾ ਵਿਚ ਪਾਏ ਗਏ ਫੇਰ ਸੰਸਾਰੀ ਰੀਤਿ ਕਿੱਥੇ ਰਹਿ ਗਈ।

[1]ਭਾਵ ੧੬੦੭।

[1]ਜਨਮੇ ਸਨ।

ਬਰਸ ਬੈਸ ਦ੍ਵੈ ਮਾਸ[1] ॥੨੮॥
ਸੋਲਹ ਸਤ ਬਾਹਠ[1] ਅਧਿਕ,
ਭਾਦ੍ਰੋਂ[†] ਚੌਥ ਬਿਚਾਰ।
ਮਹਾਂਦੇਵ ਪਰਲੋਕ ਭਾ,
ਗੁਰੁ ਕੋ ਪੁੱਤ੍ਰ ਉਦਾਰ ॥੨੯॥
ਸ਼੍ਰੀ ਅਰਜਨ ਗਮਨੇ ਤਬਹਿ,
ਸਤਿ ਸੰਗਤਿ ਲੈ ਸੰਗ।
ਸ਼੍ਰੀ ਅੰਮ੍ਰਿਤਸਰ ਕੋ ਗਏ,
ਦੇਤਿ ਭਗਤਿ ਕੋ ਰੰਗ ॥੩੦ ॥

[1]ਪਚਵੰਜਾ ਸਾਲ ਦੋ ਮਹੀਨੇ।
[1]੧੬੬੨
[†]ਪਾ:-ਅੱਸੂਨ।

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮਹਾਂਦੇਵ ਪ੍ਰਲੋਕ' ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

## ੨੩. [ਸ਼੍ਰੀ ਗੁਰੂ ਜੀ ਦੇ ਗੁਣ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ
ਕੇਤਿਕ ਸਮੈਂ ਬਿਤਾਇ।
ਕਰਤਿ ਨਰਨਿ ਕੱਲਜਾਨ ਕੋ
ਸਿੱਖੀ ਜਗ ਪ੍ਰਗਟਾਇ ॥੧॥

ਨਿਸ਼ਾਨੀ ਛੰਦ:

ਸ਼੍ਰੀ ਹਰਿ ਗੋਵਿੰਦ ਚੰਦ ਜੀ, ਆਨੰਦ ਬਿਲੰਦੈ।
ਚਢੈਂ ਤੁਰੰਗ ਕੁਰੰਗ ਜਨੁ, ਦੁਤਿ ਮੋਰ ਮਨਿੰਦੈ।
ਅਧਿਕ ਪਲਾਇ ਫੰਦਾਵਤੇ, ਧਨੁਸਰ[1] ਧਰਿ ਹਾਥਾ।
ਕਬਿ ਅਖੇਰ ਹਿਤ ਗਮਨਤੇ, ਲੈ ਕੈ ਸਿਖ ਸਾਥ ॥੨॥
ਬਿੱਦਜਾ ਆਯੁਧ ਕੀ ਕਰਹਿਂ ਦਸ ਸੰਮਤ ਬੈਸਾ।
ਤੀਰ ਪ੍ਰਹਾਰਤਿ ਬੇਗ ਤੇ ਰਿਪੁ ਕੋ ਅਹਿ ਜੈਸਾ[1]।
ਮਹਾਂ ਸਫਾਈ ਬਲ ਸਹਤ ਧਰਿ ਲਛ[1] ਹਨੰਤੇ।
ਗਰਕ ਹੋਤਿ[1] ਜਹਿਂ ਲਗਤਿ ਹੈਂ ਸੇਵਕ ਨਿਕਸੰਤੇ ॥੩॥
ਆਰਬਲਾ ਜਿਨ ਕੀ ਅਲਪ, ਸ਼ੁਭ ਡੀਲ ਬਿਸਾਲਾ।
ਭੁਜਾ ਪ੍ਰਲੰਬ ਅਲੰਬ ਬਲ[1], ਗ੍ਰਹਿ ਧਨੁਸ਼ ਕਰਾਲਾ।
ਸੁਕਚਤਿ ਪਿਤ ਤੇ ਕਰਤਿ ਹੈਂ, ਇਹ ਰੀਤ ਨਵੀਨਾ।
ਸ਼ੁਭਤਿ ਸਿਕੰਧ ਉਤੰਗ ਜੁਗ, ਮੁਖ ਬਾਕ ਪ੍ਰਬੀਨਾ ॥੪॥
ਦ੍ਰਿਢ ਸੰਧੀ ਜੁਗ ਬਾਂਹ ਕੀ, ਭੁਜਦੰਡ ਪ੍ਰਚੰਡੇ।

[1]ਧਨੁਖ ਤੇ ਬਾਣ।

[1]ਸਰਪ ਦੇ ਸ਼ੱਤ੍ਰੂ = ਗਰੜ ਵਾਂਗੂ ਤੀਰ ਤ੍ਰਿੱਖਾ ਜਾਂਦਾ ਹੈ (ਅ) ਸੱਤ੍ਰੂ ਨੂੰ, ਸੱਪ ਮਾਰਨ ਵਾਂਗੂ।

[1]ਨਿਸ਼ਾਨਾਂ ਧਰਕੇ।

[1]ਗੱਡ ਜਾਂਦੇ ਹਨ (ਤੀਰ)।

[1]ਬਾਹਾਂ ਲੰਬੀਆਂ ਬਲ ਦੇ ਆਸਰੇ.......।

| | |
|---|---|
| ਕਰ ਸਾਖਾ ਦੀਰਘ ਸੁਮਿਲਿ, ਸ਼ੁਭ ਰੇਖਨਿ ਮੰਡੇ[1]। | [1]ਕਰ ਸਾਖਾ =) ਹੱਥ ਦੀਆਂ ਉਂਗਲੀਆਂ ਲੰਬੀਆਂ ਤੇ ਇਕੋ ਜਿਹੀਆਂ ਚੰਗੀਆਂ ਰੇਖਾਂ ਨਾਲ ਸ਼ਸ਼ੋਭਤ। |
| ਰੇਖਾ ਲਗਿ ਮਣਿਬੰਧ[1] ਤੇ, ਭਈ ਮੱਛ ਅਕਾਰਾ[2]। | [1]ਗੁੱਟਾਂ ਵਾਲਾ ਥਾਂ [ਸੰਸ: ਮਣਿਬਧ = ਜਿਥੇ ਰਤਨਾਂ ਦੀਆਂ ਚੂੜੀਆਂ ਬੰਨ੍ਹੀਆਂ ਜਾਣ]। [2]ਮੱਛ ਦੇ ਅਕਾਰ ਵਾਲੀ ਰੇਖਾ। |
| ਰੇਖਾ ਛਤਰ ਅਕਾਰ ਕੀ, ਜਿਸ ਕੋ ਫਲ ਭਾਰਾ ॥੫॥ | |
| ਆਯੁਤ ਛਾਤੀ, ਉਦਰ ਪਰ, ਤ੍ਰਿਵਲੀ[1] ਦੁਤਿ ਪਾਵੈ। | [1]ਪੇਟ ਪਰ ਪੈਣ ਵਾਲੇ ਤ੍ਰੈ ਵਲ। |
| ਚਿਬੁਕ ਚਾਰੁ ਬਿਸਤ੍ਰਿਤਿ ਕੁਛ[1], ਚੌਂਕਾ ਚਮਕਾਵੈ[2]। | [1]ਸੁਹਣੀ ਠੋਡੀ ਫੈਲੀ ਹੋਈ ਥੋੜੀ ਜੇਹੀ। [2]ਤੇ ਸਾਹਮਣੇ ਦੇ ਚਾਰ ਦੰਦ ਚਮਕਦੇ ਹਨ। |
| ਰਕਤ ਅਧਰ[1] ਸੁੰਦਰ ਮ੍ਰਿਦੁਲ, ਬੋਲਤਿ ਮੁਸਕਾਏ। | [1]ਲਾਲ ਬੁੱਲ੍ਹ। |
| ਮੁਖ ਮੰਡਲ ਦੀਰਘ ਦਿਪਤਿ, ਦ੍ਰਿਗ ਮ੍ਰਿਗ ਡਰਪਾਏ[1] ॥੬॥ | [1]ਨੇਤ੍ਰ ਹਰਨ ਨੂੰ ਡਰਾ ਦੇਣ ਵਾਲੇ (ਭਾਵ ਬੀਰ ਰਸ ਭਰੇ)। |
| ਸੁਭਟਨਿ ਕੀ ਬਿੱਦਜਾ ਸਬਲ, ਅੱਭ੍ਯਾਸ ਕਰੰਤੇ। | |
| ਮਨਹੁ ਬੀਰ ਰਸ ਅਵਤਰਜੋ, ਰਣ ਪ੍ਰਿਯ[1] ਲਖਿਯੰਤੇ। | [1]ਜੰਗ ਦੇ ਪਿਆਰੇ। |
| ਨਿਤ ਪ੍ਰਤਿ ਦੇਹਿ ਬਿਸਾਲ ਹ੍ਵੈ, ਤਿਮ ਬਲ ਬਿਰਧਾਵੈ। | |
| ਤਿਮ ਹੀ ਸ਼ੱਤ੍ਰੁਨਿ ਮਰਦਬੋ, ਨਿਜ ਭਾਵ ਜਨਾਵੈ[1] ॥੭॥ | [1]ਸਰੀਰ ਦਾ ਵਧਣਾ ਵੈਰੀਆਂ ਨੂੰ ਮਲ ਸਿੱਟਣ ਦਾ ਭਾਵ ਜਣਾਉਂਦਾ ਹੈ। |
| ਸਿਖ ਪਿਖਿ ਕੈ ਸਭਿ ਕਰਤਿ ਹੈਂ, ਮਨ ਮਹਿਂ ਅਨੁਮਾਨਾ। | |
| -ਇਹ ਸਤਿਗੁਰੁ ਯੋਧਾ ਬਨਹਿ, ਹਾਨੈ ਰਿਪੁ ਪ੍ਰਾਨਾ। | |
| -ਕੇਤਿਕ ਕਹੈਂ, ਨ ਜੋਗਤਾ, ਗੁਰੁ ਕੇ ਘਰ ਐਸੇ। | |
| ਮਾਲਾ ਸੇਲੀ ਰਾਖਤੇ, ਸੰਤਨਿ ਮਤਿ ਜੈਸੇ ॥੮॥ | |
| ਬਾਲਕ ਲੀਲਾ ਕਰਤਿ ਹੈਂ, ਬਡਿ ਹੋਇ ਤਜੈ | [1]ਛੱਡ ਦੇਣਗੇ। |

ਹੈਂ[1]।

ਪਿਤ ਦਾਦੇ[1] ਕੀ ਰੀਤਿ ਕੋ, ਸੁਨਿ ਪਿਖਿ ਬਰਤੈ ਹੈਂ।'

[1]ਸ਼੍ਰੀ ਗੁਰੂ ਅਰਜਨ ਦੇਵ ਜੀ ਤੇ ਸ਼੍ਰੀ ਗੁਰੂ ਰਾਮਦਾਸ ਜੀ।

ਕੇਚਿਤ ਕਹਹਿਂ 'ਨ ਇਹ ਕਰਹਿਂ, ਗੁਰੁ ਪੂਰਬ ਰੀਤਾ।

ਦਿਪਤਿ ਪ੍ਰਤਾਪੀ ਤੇਜ ਤੇ, ਸ਼ਸਤ੍ਰਨਿ ਮਹਿਂ ਪ੍ਰੀਤਾ ॥੯॥

ਸਕਲ ਜੰਗ ਕੀ ਬਿਧਿ ਕਰਹਿ, ਪ੍ਰਿਯ ਲਾਗੈ ਸੋਈ।

ਅਰੁ ਬ੍ਰਿਧ ਕੋ ਬਚ ਕਹਜੋ ਜਿਮ, ਸੋ ਹਟਹਿ ਨ ਕੋਈ।

ਗੁਰੁ ਕੈ ਭਾਜਰ ਕਿਮ ਪਰੀ, ਕਹਿ ਸਹਜ ਸੁਭਾਊ।

ਭਾਜਿ ਵਡਾਲੀ ਮਹਿਂ ਰਹੇ, ਇਮ ਬਚ ਸਫਲਾਊ[1] ॥੧੦॥

[1]ਸਫਲ ਹੋਏ ਸਨ (ਬਾਬੇ ਬੁੱਢੇ ਜੀ ਦੇ)।

-ਮੁਗਲ ਮਾਰਿ ਗੁਰ ਉਪਜ ਹੈ-, ਬਰ ਦੇਤਿ ਉਬਾਚਾ[1]।

[1]ਵਰ ਦਿੰਦਿਆਂ ਕਹਿਆ ਸੀ।

-ਧਰਹਿਂ ਸ਼ਸਤ੍ਰ ਤੁਰਕਨਿ ਹਨੈਂ-, ਇਹ ਹੋਵੈ ਸਾਚਾ।'

ਗੁਰ ਮੂਰਤਿ ਸੂਰਤਿ ਚਿਤਹਿਂ[1], ਪੂਰਤਿ ਅਭਿਲਾਖੇ।

[1]ਦੇਖਦੇ ਹਨ।

ਹੇਰਿ ਹੇਰਿ ਅਨੁਮਾਨ ਕਰਿ, ਸਿਖ ਬਹੁ ਬਿਧਿ ਭਾਖੇਂ ॥੧੧॥

ਪਿਤ ਸਮੀਪ ਆਵਹਿਂ ਜਬਹਿ, ਬਹੁ ਨੰਮ੍ਰੈ ਹੋਈ।

ਜਾਵਤਿ ਬੈਠਹਿਂ ਸਭਾ ਮਹਿਂ, ਮੁਖ ਪਿਖਿ ਸਭਿ ਕੋਈ।

ਸਗਰੇ ਦੀਰਘ ਅੰਗ ਹੈਂ, ਕਦ ਵਧਹਿ ਬਿਸਾਲਾ।

ਦਬਹਿ ਸ਼ੱਤ੍ਰ ਛਾਯਾ ਤਰੇ[1], ਰਣ ਪਿਖਹਿਂ ਕਰਾਲਾ ॥੧੨॥

[1]ਪ੍ਰਤਾਪ ਦੇ ਹੇਠ ਦਬਣਗੇ ਵੈਰੀ।

ਸ਼੍ਰੀ ਅਰਜਨ ਲੇ ਗੋਦ ਮਹਿਂ, ਸਿੱਖਯਾ

ਸਿਖਰਾਵੈਂ।
'ਸਿਖ ਸੰਗਤਿ ਸੁਖ ਪਾਇ ਜਿਮ, ਤਿਮ ਕਰਹੁ ਸੁਹਾਵੈ।
ਗੁਰੁ ਸਿਖਨਿ ਸਨਮਾਨੀਅਹਿ, ਨਿਤ ਬਨਹੁ ਸਹਾਈ।
ਸ਼੍ਰੀ ਨਾਨਕ ਆਦਿਕ ਗੁਰੂ, ਇਹ ਰੀਤਿ ਚਲਾਈ ॥੧੩॥
ਗੁਰੁ ਬਾਣੀ ਬਹੁ ਕੰਠ ਕਰਿ, ਉਠਿ ਪ੍ਰਾਤ ਉਚਾਰੋ।
ਕਿਰਤਨ ਸੁਣ੍ਹੁ ਸਨੇਹ ਤੇ, ਨਿਜ ਧਰਮ ਸੰਭਾਰੋ।
ਜਾਮ ਜਾਮਨੀ ਜਾਗੀਅਹਿ, ਮੱਜਨ ਕਰਿ ਲੀਜੈ।
ਸਭਿ ਤੇ ਕਰਹੁ ਇਕੰਤ ਮਨ, ਪ੍ਰਭੁ ਸਿਮਰਨ ਕੀਜੈ ॥੧੪॥
ਚਿਤਵਹੁ ਅਪਨ ਸਰੂਪ ਕੋ, ਸਤਿ ਚਿਤੀ ਅਨੰਦਾ।
ਦਿਵਸ ਚਢੇ ਦਿਹੁ ਦਰਸ ਕੋ, ਚਹਿ ਸੰਗਤਿ ਬ੍ਰਿੰਦਾ।'
ਇੱਤਯਾਦਿਕ ਸਿੱਖ੍ਯਾ ਕਹੈਂ, ਲੇ ਅੰਕ ਦੁਲਾਰੈਂ।
ਸੁੰਦਰਤਾ ਨਿਜ ਨੰਦ ਕੀ, ਕਰਿ ਅਨੰਦੁ ਨਿਹਾਰੈਂ ॥੧੫॥
ਚਹੁਂ ਦਿਸ਼ਿ ਤੇ ਬਹੁ ਸੰਗਤਾਂ, ਪਹੁੰਚਹਿਂ ਸਮੁਦਾਯਾ।
ਪੂਰਹਿਂ ਤਿਨ ਕੀ ਕਾਮਨਾ, ਕਰਿ ਕੈ ਨਿਜ ਦਾਯਾ।
ਢਾਕਾ ਆਦਿਕ ਦੇਸ਼ ਜੇ, ਦਿਸ਼ ਪੂਰਬ ਕੇਰੇ।
ਬੰਧੇ ਆਵਹਿਂ ਟੋਲ ਕੋ, ਲੇ ਭੇਟ ਘਨੇਰੇ ॥੧੬॥
ਦਿਸਿ ਦੱਛਨ ਬਾਸੀ ਜੁ ਸਿਖ, ਦਰਸ਼ਨ ਹਿਤ ਆਵੈਂ।

ਅਭਿਮਤਿ[1] ਪ੍ਰਾਪਤਿ ਹੋਤਿ ਹੈ, ਉਪਹਾਰ ਚਢਾਵੈਂ।
ਆਦਿ ਹੈਦਰਾਬਾਦ ਜੇ, ਪੁਰਿ ਗਿਨੇ ਨ ਜਾਈਂ।
ਸੁਨਿ ਸੁਨਿ ਉੱਜਲ ਸੁਜਸ ਕੋ, ਦਰਸਤਿ ਸਮੁਦਾਈ ॥੧੭॥

[1]ਮਨ ਵਾਂਛਤ।

ਪੁਨ ਪਸ਼ਚਮ ਕੇ ਦੇਸ਼ ਜੇ, ਬਡਿ ਨਗਰ ਸਥਾਨਾ।
ਧਰਿ ਧਰਿ ਸ਼ਰਧਾ ਚੌਂਪ ਤੇ, ਦਰਸਹਿਂ ਦੁਖ ਹਾਨਾ।
ਬਲਖ ਬੁਖਾਰਾ ਸਿੰਧੁ ਪੁਰਿ, ਕਾਬਲ ਕੰਧਾਰਾ।
ਨਾਨਾ ਆਨਿ ਅਕੋਰ ਕੋ, ਹੇਰਹਿਂ ਦਰਬਾਰਾ ॥੧੮॥
ਤਿਮ ਉੱਤਰ ਦਿਸਿ ਕੇ ਮਨੁਜ, ਆਵਹਿਂ ਧਰਿ ਭਾਉ।
ਅਰਪੈਂ ਅਨਿਕ ਅਕੋਰ ਕੋ, ਦੇਖਤਿ ਚਿਤ ਚਾਉ।
ਸੰਮਤਿ ਮਹਿਂ ਮੇਲੇ ਉਭੈ, ਅੰਮ੍ਰਿਤਸਰ ਲਾਗੈਂ।
ਮਨ ਭਾਵਤਿ ਸਿਖ ਆਵਤੇ, ਮੱਜਤਿ ਅਨੁਰਾਗੈਂ ॥੧੯॥
ਸ਼੍ਰੀ ਮੁਖ ਤੇ ਮਹਿਮਾ ਮਹਾਂ, ਬਿਚ ਸ਼ਬਦ ਬਨਾਈ।
ਪਠਿ ਸੁਨਿ ਕੈ ਸ਼ਰਧਾ ਧਰਤਿ, ਪਹੁੰਚਹਿ ਦਰਸਾਈ।
ਸਕਲ ਦਿਸਨਿ ਮਹਿਂ ਸੁਜਸ ਬਹੁ, ਪਸਰਜੋ ਸ਼ੁਭ ਐਸੇ।
ਪਾਰਦ ਨਾਰਦ ਸਾਰਦਾ, ਰੰਗ ਉੱਜਲ ਜੈਸੇ[1] ॥੨੦॥

[1]ਪਾਰੇ ਦਾ, ਨਾਰਦ ਦਾ ਤੇ ਸਾਰਦਾ ਦਾ ਜਿਵੇਂ ਉੱਜਲ ਰੰਗ ਹੁੰਦਾ ਹੈ।

ਘਰ ਘਰ ਫੂਲੀ ਮਾਲਤੀ[1], ਜਨੁ ਸੁਮਨਸ ਜਾਤੀ[2]।

[1]ਚਿਟੇ ਫੁੱਲਾਂ ਦੀ ਇਕ ਵਡੀ ਵੇਲ। [2]ਚੰਬੇਲੀ ਦੇ ਫੁਲ [ਸੰਸ: ਜਾਤੀ = ਚਮੇਲੀ]

ਸੁਧਾ[1] ਕਿ ਚੰਦ੍ਰਕ ਚੰਦ੍ਰਿਕਾ[2], ਜਨ ਹੰਸਨਿ

[1]ਅੰਮ੍ਰਿਤ। [2]ਚੰਦ੍ਰਿਕਾ = ਚਾਂਦਨੀ। ਚੰਦ੍ਰਿਕਾ = ਜੂਹੀ,

ਪਾਂਤੀ[3]।

ਨਿੱਕੀ ਚੰਬੇਲੀ (ਅ) ਚੰਦਰਮਾਂ ਦੀ ਚਾਂਦਨੀ [ਚੰਦ੍ਰਕ = ਚੰਦ। ਚੰਦ੍ਰਿਕਾ = ਚਾਂਦਨੀ]। [3]ਅਥਵਾ) ਮਾਨੋਂ ਹੰਸਾਂ ਦੀ ਪੰਗਤੀ ਹੈ।

ਉਪਕਾਰੀ ਧੁਜ ਧਰਮ ਕੀ, ਸ਼੍ਰੀ ਅਰਜਨ ਹੋਵਾ।
ਧਾਰਨਿ ਗੁਰੁਤਾ ਭਾਰੁ ਕੋ, ਦਿਢ ਥੰਭ ਖਰੋਵਾ ॥੨੧॥
ਨਰ ਅਨੁਹਰਿ[1] ਲੀਲਾ ਕਰਹਿਂ, ਉਰ ਨਿਰਹੰਕਾਰਾ।
ਦੇਤਿ ਮ੍ਰਿਦੁਲ ਉਪਦੇਸ਼ ਕੋ, ਲਗਿ ਸਭਿਹਿਨਿ ਪਜਾਰਾ।

[1]ਸੰਸਾਰੀ ਪੁਰਸ਼ਾਂ ਵਾਂਗ।

ਕਰੇ ਅਜ਼ਮਤੀ ਸੈਂਕਰੇ, ਸਿੱਧਾਂ ਸਭਿ ਦੀਨੀ।
ਘਾਲੀ ਘਾਲ ਸੁ ਫਲਤਿ ਭੀ, ਕਿਸ ਬਾਦ ਨ ਕੀਨੀ[1] ॥੨੨॥

[1]ਕਿਸੇ ਦੀ (ਘਾਲ) ਬਿਰਥਾ ਨਹੀ ਗਈ।

ਅਜ਼ਮਤ ਨਹੀਂ ਜਨਾਵਤੇ, ਸਿਰ ਦੇਤਿ ਨ ਦੇਰੇ।
ਅਜਰ ਜਰਨ ਧੀਰਜ ਧਰਨਿ, ਗੁਨ ਧਰੈਂ ਬਡੇਰੇ।
ਸੱਤਿਨਾਮ ਕੋ ਦਾਨ ਦੇ, ਨਰ ਭਗਤੀ ਲਾਏ।
ਬ੍ਰਹਮ ਗਜਾਨ ਮਹਿਂ ਨਿਪੁਨ ਕੋ, ਸਿੱਧਾਂ ਸਮੁਦਾਏ ॥੨੩॥
ਸਬਿ ਦਿਸ਼ਿ ਕੀ ਸੰਗਤਿ ਬਿਖੈ, ਰਹਿਂ ਬ੍ਰਿੰਦ ਮਸੰਦਾ।
ਆਗੇ ਹੁਇ ਨਿਜ ਸੰਗ ਲੇ, ਦਰਸਹਿਂ ਸੁਖਕੰਦਾ।
ਦੇਸ਼ ਬਿਦੇਸ਼ ਅਸ਼ੇਸ਼ ਮਹਿਂ, ਲੇ ਕਰਿ ਗੁਰ ਕਾਰੇ।
ਖਸ਼ਟ ਮਾਸ ਕੈ ਬਰਖ ਮੈਂ, ਆਨੈਂ ਗੁਰਦ੍ਵਾਰੇ ॥੨੪॥
ਦਰਬ ਬਿਸਾਲ ਸੁ ਆਇ ਜਿਮ, ਤਿਮ ਖਰਚ ਬਿਸਾਲਾ।
ਦੇਗ ਅਤੋਟੀ ਚਲਤਿ ਹੈ, ਨਿਸ ਦਿਨ ਜੁਗ ਕਾਲਾ।

ਅਚੈਂ ਅਹਾਰ ਹਜ਼ਾਰ ਹੀ, ਨਿਤਪ੍ਰਤਿ ਨਰ ਆਵੈਂ।
ਨਿਕਟ ਹਜ਼ਾਰੋਂ ਰਹਤਿ ਹੈਂ, ਗੁਰੁ ਕੇ ਘਰ ਖਾਵੈਂ ॥੨੫॥
ਸਿਰੋਪਾਉ ਪੁਨ ਦੇਤਿ ਹੈਂ, ਸਿਖ ਹ੍ਵੈ ਮੁਖਿ ਜੋਈ।
ਬ੍ਰਿੰਦ ਮਸੰਦ ਬਿਲੰਦ ਧਨ, ਲੇ ਗੁਰੁ ਤੇ ਸੋਈ।
ਇੱਤਯਾਦਿਕ ਨਿਤ ਖਰਚ ਕੋ, ਕੁਛ ਤੋਟ ਨ ਆਵੈ।
ਗਾਇੰ ਰਬਾਬੀ ਪੁੰਜ ਸਦ, ਸੋ ਧਨ ਗਨ ਪਾਵੈਂ ॥੨੬॥
ਗੁਰ ਘਰ ਕੋ ਬਡ ਖਰਚ ਨਿਤ, ਗਨ ਬ੍ਰਿਖਭ ਰਹੰਤੇ।
ਖਰੇ ਤਬੇਲੇ ਹਯਨ ਕੇ, ਧਨ ਦੇਤਿ ਲਹੰਤੇ।
ਸੇਵਾ ਹਿਤ ਸਭਿ ਪਸੁਨਿ ਕੇ, ਰਾਖੇ ਗਨ ਦਾਸਾ।
ਲੇਤਿ ਚਾਕਰੀ ਸਕਲ ਸੋ, ਪ੍ਰਾਪਤਿ ਧਨ ਰਾਸਾ ॥੨੭॥
ਅਪਰ ਥਾਨ ਜਿਸ ਕੇ ਨਹੀਂ, ਬਿਤ[1] ਹਾਥ ਨ ਆਵੈ।
ਸੋ ਗੁਰੁ ਕੇ ਪੁਰਿ ਗਿਰ ਰਹੈ, ਨਿਤ ਭੋਜਨ ਖਾਵੈ।
ਮਾਣ ਨਿਮਾਣਨਿ ਕੇ ਪ੍ਰਭੂ, ਬਹੁ ਤਾਣ ਨਿਤਾਣੇ।
ਖਾਇ ਗੁਰੂ ਕੇ ਸਦਨ ਤੇ, ਮਾਨਹਿਂ ਹਰਿਭਾਣੇ ॥੨੮॥
ਸੱਤਿਨਾਮ ਕੋ ਸਿਮਰਿਬੋ, ਪਸਰਯੋ ਜਗ ਸਾਰੇ।
ਭਗਤਿ ਕਰਹਿਂ ਮਿਲਿ ਸੰਗਤਾਂ, ਗੁਰੁ ਸੁਜਸੁ ਉਚਾਰੇ।
ਤਜੈਂ ਬਿਕਾਰਨਿ ਕੋ ਰਿਦੇ, ਗੁਨ ਗਨ ਉਪਜਾਵੈਂ।

[1]ਰੋਜ਼ੀ।

ਸੁਨਹਿ ਉਚਾਰਹਿ ਕੀਰਤਨ, ਪ੍ਰਭੁ ਪ੍ਰੀਤਿ ਲਗਾਵੈਂ ॥੨੯॥
ਸਲਿਤਾ ਸੁੰਦਰ ਭਗਤਿ ਕੀ, ਸਭਿ ਦੇਸ਼ ਬਿਥਾਰੀ।
ਸਿੱਖ ਮੀਨ ਨਹਿਂ ਤਜਿ ਸਕਹਿਂ, ਸ਼ਰਧਾ ਬਰ ਬਾਰੀ।
ਸਦਗੁਨ ਕਮਲ ਪ੍ਰਫੁੱਲਜਤੇ, ਜਨ ਗਨ ਜਲ ਜੰਤਾ[1]।
ਭ੍ਰਮ ਬੇਮੁਖਤਾ ਕੂਲ ਦ੍ਵੈ, ਸੰਸੇ ਤਰੁ ਹੰਤਾ[1] ॥੩੦॥
ਬ੍ਰਹਮ ਗਜਾਨ ਸਾਗਰ ਮਹਾਂ, ਤਿਸ ਕੋ ਸਮੁਹਾਈ।
ਪ੍ਰਾਪਤਿ ਸਭਿ ਥਲ ਮਹਿਂ ਸੁਗਮ, ਸੁਰ ਗਨ ਕੋ ਭਾਈ[1]।
ਕੌਨ ਕੌਨ ਗੁਨ ਗੁਰੂ ਕੇ, ਕਵਿ ਬਰਨ ਸੁਨਾਵੈ।
ਸ਼ੇਖ ਸ਼ਾਰਦਾ ਕਹਨਿ ਤੇ, ਮਨ ਮਹਿਂ ਸਕੁਚਾਵੈ ॥੩੧॥

ਦੋਹਰਾ:
ਨਰ ਤਨ ਸਾਂਗੀ[1] ਜਿਮ ਧਰਜੋ, ਕਰਹਿਂ ਨਿਬਾਹਨਿ ਸੋਇ।
ਰੂਪ ਦੁਰਾਵੈਂ ਪ੍ਰਥਮ ਕੋ, ਕਵਿ ਸੰਤੋਖ ਸਿੰਘ ਜੋਇ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਗੁਰ ਗੁਨ' ਬਰਨਨੰ ਨਾਮ ਤੀਨ ਬਿਸੰਤੀ ਅੰਸੂ ॥੨੩॥

[1]ਸਮੂਹ ਦਾਸ ਜਲ ਜੀਵਾਂ (ਵਤ ਖੁਸ਼ੀ)।

[1]ਸੰਸੇ ਰੂਪ ਬ੍ਰਿੱਛ ਹੈ ਤੇ ਭਰਮ ਤੇ ਬੇਮੁਖਤਾ ਕੰਢੇ ਹਨ ਦੋ ਸੋ ਨਾਸ਼ ਕੀਤੇ ਹਨ।

[1]ਸਭ ਦੇਵਤਿਆਂ ਨੂੰ ਚੰਗੀ ਲਗੀ ਹੈ।

[1]ਸਾਂਗ ਕਰਨ ਵਾਲਾ।

## ੨੪. [ਜਹਾਂਗੀਰ ਕਸ਼ਮੀਰ ਨੂੰ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਨਿਤ ਪ੍ਰਤਾਪ ਅਰੁ ਸੁਜਸੁ ਕੋ, ਸੁਨਿ ਸੁਨਿ
ਪ੍ਰਿਥੀਆ ਕਾਨ।
ਬਹੁਤ ਬਿਸੂਰਤਿ ਦੁਖਤਿ ਹੈ, ਰੁਚਹਿ ਨ
ਭੋਜਨ ਖਾਨ ॥੧॥

ਸ੍ਵੈਯਾ ਛੰਦ:

ਸੁਜਸ ਗੁਰੂ ਕੋ ਘ੍ਰਿਤ ਸਮ ਜਾਨਹੁ
ਪ੍ਰਿਥੀਆ ਜਰੈ ਹੁਤਾਸਨਿ ਹੋਇ।
ਗੁਰ ਕੀਰਤਿ ਬਰਖਾ ਜਿਮ ਪਾਵਸ
ਰਿਦਾ ਜਵਾਸੋ ਜਰ ਜਰ ਖੋਇ[1]।

[1]ਗੁਰਾਂ ਦੀ ਕੀਰਤੀ ਹੈ ਜਿਵੇ ਬਰਖਾ ਬਰਸਾਤ ਦੀ ਤੇ ਹਿਰਦਾ (ਉਸਦਾ) ਜਵਾਹੇ ਵਾਂਗ ਸੜਕੇ ਜੜ੍ਹ ਨੂੰ ਗੁਵਾਂਦਾ ਹੈ ਯਾ ਸੜ ਸੜ ਕੇ ਨਾਸ਼ ਹੁੰਦਾ ਹੈ।

ਚਿੰਤਾ ਸਲਿਤਾ ਕਰਹਿ ਬਧਾਵਹਿ
ਬਹਜੋ ਜਾਤਿ ਮਨ ਥਿਰਹਿ ਨ ਕੋਇ।
ਸੰਕਟ ਨੀਰ ਵਧਹਿ ਨਿਤ ਪ੍ਰਤਿ ਹੀ
ਤਟ ਨਿਚਿੰਤ ਨਹਿਂ ਪਾਵਤਿ ਸੋਇ ॥੨॥
ਹੇਰਿ ਹੇਰਿ ਪਤਿ ਕੋ ਮੁਖ ਕਰਮੋ
ਧੀਰਜ ਦੇਤਿ 'ਨ ਕਰੀਅਹਿ ਚਿੰਤ।
ਤਨ ਕੋ ਭੱਖਜਤਿ ਹੈ[1] ਨਿਸ ਦਿਨ ਮਹਿਂ
ਅਤਿ ਦੁਰਬਲਤਾ ਤੁਮਹਿ ਕਰੰਤਿ।

[1]ਖਾਂਦੀ ਹੈ (ਚਿੰਤਾ)।

ਰੁਚਿ ਸੋਂ ਖਾਨ ਪਾਨ ਨਹਿਂ ਕਰਤੇ
ਉਰ ਕੋ ਹਰਖ ਮਹਾਂ ਨਿਤ ਹੰਤਿ[1]।

[1]ਨਾਸ਼ ਕਰਦੀ ਹੈ।

ਚਿੰਤਾ ਸਮ ਬੈਰੀ ਨਹਿਂ ਦੂਸਰ
ਅੰਤਰ ਬਰਿ ਕੈ ਦੁਖ ਬਰਧੰਤਿ[1] ॥੩॥

[1]ਦੁੱਖ ਵਧਾਉਂਦੀ ਹੈ (ਚਿੰਤਾ)।

ਜਤਨ ਅਨੇਕ ਕਰਹੁ ਜੁਤਿ ਉੱਦਮ,
ਮਿੱਤ੍ਰ ਨ ਕੋ ਉਤਸਾਹੁ ਸਮਾਨ[1]।

[1]ਉਤਸ਼ਾਹ ਵਰਗਾ (ਹੋਰ) ਕੋਈ ਮਿੱਤ੍ਰ ਨਹੀਂ।

ਸੁਲਹੀ ਹੁਤੋ ਸਹਾਇਕ ਮਰਿਗਾ,
ਅਬਿ ਚੰਦੂ ਬਡ ਸ਼ਾਹੁ ਦਿਵਾਨ।
ਮੁਲਾਕਾਤ ਕਰਿ ਮਸਲਤ ਠਾਨੀ
ਤਿਸ ਕੋ ਪੁਸ਼ਟ ਕਰਹੁ ਹਿਤ ਠਾਨਿ।
ਉਤਸਾਹੀ ਨਰ ਚਹੈ ਸੁ ਕਰਿ ਹੈ,

ਚਿੰਤਾਵਾਨ ਪ੍ਰਾਨ ਦੇ ਹਾਨਿ ॥੪॥
ਲਿਖਹੁ ਪੱਤ੍ਰਿਕਾ ਸੁਧਿ ਮੰਗਵਾਵਹੁ
ਕਿਮ ਦਿਵਾਨ ਕੇ ਮਨ ਮਹਿਂ ਆਇ।
ਦਿਹੁ ਉਤਸਾਹ ਗਹਾਵਹੁ ਰਿਪੁ ਕੋ
ਸੋ ਮਾਲਿਕ ਮੁਲਕਨਿ ਸਮੁਦਾਇ।
ਚਹੈ ਸੁ ਕਰੈ ਬਲੀ ਸਭਿ ਰੀਤਿਨਿ
ਗਹਿ ਕੈ ਪ੍ਰਾਨ ਤਾਂਹਿ ਬਿਨਸਾਇ।
ਗੁਰੁਤਾ ਗਾਦੀ ਲੇਹੁ ਸ਼ਾਹੁ ਤੇ
ਚਹੁੰਦਿਸ਼ਿ ਕੀ ਸੰਗਤਿ ਚਲਿ ਆਏ' ॥੫॥
ਇਮ ਕਰਮੋ ਨੇ ਜਬਿ ਸਮੁਝਾਯੋ
ਲਿਖੀ ਪੱਤ੍ਰਿਕਾ 'ਸੁਨਹੁ ਦਿਵਾਨ!
ਗਹਜੋ ਅਲੰਬ ਤੁਮਾਰੋ ਹਮ ਨੇ
ਨਿਸ ਦਿਨ ਤੁਵ ਦਿਸ਼ਿ ਕੋ ਮਨ ਧਜਾਨ।
ਸ਼ੱਤ੍ਰੂ ਹਤਨਿ ਜਤਨਿ ਨਹਿਂ ਕੀਨਸਿ,
ਕੈ ਬਿਸਾਰਿ ਦੀਨਸਿ ਇਤ ਗਜਾਨ?
ਭਾਗ ਬਲੀ ਹਮ ਆਸ਼ਿਖਿ ਨਿਤ ਕਹਿਂ,
ਰਹਹਿ ਸ਼ਾਹੁ ਸੋਂ ਕਾਰ ਮਹਾਨ[1]' ॥੬॥

[1]ਪਾਤਸ਼ਾਹ ਨਾਲ (ਤੇਰਾ) ਕੰਮ ਬਣਿਆ ਰਹੇ, ਭਾਵ ਨੌਕਰੀ ਬਣੀ ਰਹੇ।

ਦੇ ਕਰਿ ਨਰ ਕਰ ਤੁਰਤ ਪਠਾਈ
'ਉਤਰ ਆਨੋ ਤੂਰਨਿ ਜਾਇ।'
ਗਮਨਜੋ ਦਿੱਲੀ ਦਿਸ਼ਿ ਕੋ ਪਹੁੰਚਜੋ
ਮਿਲਜੋ ਦਿਵਾਨ ਸਾਥ ਹਰਖਾਇ।
'ਗੁਰੂ ਪ੍ਰਿਥੀਏ ਕੀ ਹੈ ਇਹ ਪਾਤੀ
ਛਾਤੀ ਦੁਖਤਿ ਲਿਖੀ ਅਕੁਲਾਇ।'
ਲੇ ਕਰਿ ਖੋਲਿ ਪਠੀ ਤਬਿ ਚੰਦੂ
ਲਖੀ ਹਕੀਕਤ ਜਜੋਂ ਦੁਖ ਪਾਇ ॥੭॥
ਉੱਤਰ ਲਿਖਜੋ ਦੁਸ਼ਟ ਨੇ ਤਤਛਿਨ
'ਨਹਿਂ ਬੈਠਜੋ ਮੈਂ ਬਾਤ ਬਿਸਾਰ।
ਦੁਹਿਤਾ ਬਦਨ[1] ਕੁਮਾਰੀ ਦੇਖਤਿ
ਲਗਤਿ ਸੂਲ ਸਮ ਰਿਦੇ ਮਝਾਰਿ।
ਕਰਕਤਿ ਨਿਤਪ੍ਰਤਿ ਚਿਤ ਮੈਂ ਅਤਿਸ਼ੈ
ਰਿਪੁ ਬਿਸਾਲ ਕੋ ਜਸੁ ਬਿਸਤਾਰਿ।

[1]ਪੁੱਤਰੀ ਦਾ ਮੂੰਹ।

ਰੁਚਹਿ ਨ ਭੋਜਨ, ਜੁਰਹਿਂ ਨ ਪਲਕਾਂ
ਬਿਨਾਂ ਨੀਂਦ ਮੈਂ ਝੁਰੌਂ ਉਦਾਰ ॥੮॥
ਸ਼ਾਹੁ ਲਾਹੌਰ ਚਲਨਿ ਕੀ ਦੇਰੀ
ਆਇ ਸੰਗ ਮੈਂ ਕਰੌਂ ਉਪਾਇ।
ਗਹਿ ਲੇਵੌਂ ਕਰਿ ਕੈਦ ਬਿਨਾਸੌਂ,
ਲਖਹੁ ਨਿਸੰਸੈ ਮੈਂ ਜੁ ਅਲਾਇ।
ਗੁਰੁਤਾ ਗਾਦੀ ਤੋਹਿ ਦਿਵਾਵੌਂ
ਸ਼ਾਹੁ ਪਾਸ ਤੇ ਬਾਕ ਕਹਾਇ।
ਸਭਿ ਦਿਸ਼ਿ ਮਹਿਂ ਬਿਦਤਹਿ, ਧਨ ਪਾਵਹਿ,
ਸਕਲ ਸੰਗਤਾਂ ਭੇਟ ਚਢਾਇਂ' ॥੯॥
ਦਈ ਪੱਤ੍ਰਿਕਾ ਕੁਛਕ ਦਰਬ ਜੁਤ
ਲੇ ਕਰਿ ਨਰ ਕੋਠੇ ਕੋ ਆਇ।
ਪ੍ਰਿਥੀਏ ਪਾਸ ਦਈ ਲੇ ਖੋਲੀ
ਪਠਿ ਕਰਿ ਰਹਜੋ ਮਹਾਂ ਹਰਖਾਇ।
-ਮੁਝ ਦੁਖ ਤੇ ਦੁਖ ਸੌਂ ਗੁਨ ਤਿਸ ਕੋ
ਕੈਸੇ ਕਰੈ ਨ ਅਨਿਕ ਉਪਾਇ-।
ਸਭਿ ਕੁਟੰਬ ਕੋ ਕੀਨਿ ਸੁਨਾਵਨਿ
ਖੁਸ਼ੀ ਕਰਹਿ ਮਨ ਮੋਦ ਵਧਾਇ ॥੧੦॥
ਧਰਿ ਧੀਰਜ ਤਬਿ ਬੈਠਜੋ ਘਰ ਮਹਿਂ
-ਮੁਝ ਤੇ ਚਿੰਤਾ ਚੰਦੁ ਮਹਾਨ[1]। [1]ਚੰਦੂ ਨੂੰ ਚਿੰਤਾ ਬੜੀ ਹੈ।
ਕਰਹਿ ਪ੍ਰਤੀਖਨਿ ਸ਼ਾਹੁ ਆਗਮਨਿ
ਬਿਨਾ ਜਤਨ ਮਮ ਸ਼ੱਤ੍ਰੂ ਹਾਨਿ।
ਪੂਰਬ ਭਾਗ ਉਦੇ ਅਬਿ ਮੇਰੇ
ਬਨੌਂ ਗੁਰੂ ਹੁਇ ਸਿੱਖ ਜਹਾਨ।
ਪੁਨ ਸੁਤ ਮਿਹਰਵਾਨ ਬਿਦਤੈ ਹੈ
ਅਨਗਨ ਧਨ ਭੋਗਹਿ ਸੁਖਦਾਨ- ॥੧੧॥
ਉਤ ਚੰਦੂ ਅਵਸਰ ਕੋ ਚਾਹਤਿ
-ਸ਼ਾਹੁ ਪ੍ਰਸੰਨ ਬਾਤ ਲੇ ਮਾਨਿ-।
ਕਰਿ ਫਰੇਬ ਅਵਕਾਸ਼ ਪਾਇ ਕਰਿ
ਤੁਰਕੇਸ਼ੁਰ ਸੋਂ ਕੀਨਿ ਬਖਾਨ।
'ਹਜ਼ਰਤ! ਸੁਨਹੁ ਰਹੇ ਬਹੁ[1] ਦਿੱਲੀ [1]ਬਹੁਤ ਰਹੇ ਹਾਂ।
ਸਮੋਂ ਬਿਤਾਯਹੁ ਬਸੇ ਮਹਾਨ।

ਫਿਰਨੋ ਦੇਸ਼ ਅਸ਼ੇਸ਼ ਆਪਨੇ
ਸੁਧਿ ਕੋ ਲੇਹੁ ਪਨਾਹ ਜਹਾਨ[1] ! ॥੧੨॥ [1]ਹੇ ਜਹਾਂ ਪਨਾਹ !
ਬਡੇ ਤੁਮਾਰੇ ਬਿਚਰਤਿ ਜਿਤ ਕਿਤ
ਗਰਮੀ ਸਮੈ ਗਮਹਿਂ ਕਸ਼ਮੀਰ।
ਕੇਸਰ ਘੋਰ ਬਿਲਾਸਹਿਂ[1] ਬੇਗਮ [1]ਕੇਸਰ ਘੋਲਕੇ ਅਨੰਦ ਭੋਗਦੇ ਸਨ।
ਅਤਰ ਗੁਲਾਬ ਉਡਾਇ ਅਮੀਰ[1]।

[1]ਇਕ ਪ੍ਰਕਾਰ ਦੀ ਖੁਸ਼ਕ ਖੁਸ਼ਬੋ ਜੋ ਕਿ ਕਪੜਿਆਂ ਪਰ ਸਿੱਟਦੇ ਹਨ। [ਅ: ਅ਼ਬੀਰ = ਖ਼ੁਸ਼ਕ ਖ਼ੁਸ਼ਬੋ (ਅ) ਸੰਦਲ ਗੁਲਾਬ ਤੇ ਕਸਤੂਰੀ ਤੋਂ ਬਣੀ ਖੁਸ਼ਬੋ। (ੲ) ਕੇਸਰ ਤੋਂ ਬੀ ਬਣਾਂਦੇ ਹਨ] (ਅ) ਹਿੰਦੀ ਵਿਚ ਸਿੰਘਾੜੇ ਦੇ ਆਟੇ ਹਲਦੀ ਤੇ ਚੂਨੇ ਤੋਂ ਬਣਿਆਂ ਗੁਲਾਲ। (ੲ) ਅਬਰਕ ਦਾ ਧੂੜਾ। (ਸ) ਚੰਦਨ ਘਸਾ ਕੇ ਸੁਕਾ ਕੇ ਬਣਿਆ ਧੂੜਾ। (ਹ) ਕੋਈ ਸੁਗੰਧਿਤ ਅਲਤਾ।

ਕਰੈਂ ਸੈਲ ਮਗ ਸੈਲਨਿ ਕੇਰੀ
ਜਹਾਂ ਨ ਕਰਤੀ ਤਪਤ ਅਧੀਰ।
ਗਨ ਮੇਵਨਿ ਕੇ ਬਿਟਪਨਿ ਦੇਖਤਿ,
ਮਨ ਭਾਵਤਿ ਪਹਿਰਤਿ ਬਰ ਚੀਰ ॥੧੩॥
ਜਿਮ ਇਕ ਥਲ ਜਲ ਰੋਕਯੋ ਬਿਗਰਹਿ
ਤਿਮ ਤੁਮਰੋ ਇਕ ਥਲ ਮਹਿਂ ਬਾਸ।
ਤੇਜ ਹੀਨ ਹੁਇ ਤ੍ਰਾਸਤਿ ਨਹਿਂ ਨਰ,
ਨਹੀਂ ਪ੍ਰਤਾਪ ਬਿਸਾਲ ਪ੍ਰਕਾਸ਼।
ਅਬਿ ਸੂਰਯ ਕੀ ਚੰਡ ਕਿਰਨ ਭੀ
ਇਹਠਾਂ ਹੋਵਹਿ ਤਪਤ ਅਵਾਸ।
ਨਹਿਂ ਕਸ਼ਮੀਰ ਬਿਖੈ ਅਸ ਉਸਨ[1] ਸੁ [1]ਗਰਮੀ।
ਗਮਨਹੁ ਕੀਜਹਿ ਤਹਾਂ ਬਿਲਾਸ' ॥੧੪॥
ਸੁਨਤਿ ਸ਼ਾਹੁ ਕੇ ਉਰ ਮਹਿਂ ਭਾਈ
'ਆਛੀ ਬਾਤਿ ਕਹੀ ਸਮੁਝਾਇ।
ਸੁਮਤਿਵਾਨ ਗੁਨ ਖਾਨ ਪੁਰਾਤਨ
ਕਰਯੋ ਦਿਵਾਨ ਇਹੀ ਲਖਿ ਪਾਇ[1]। [1]ਇਹੀ ਗੱਲ ਜਾਣਕੇ (ਤੈਨੂੰ) ਦਿਵਾਨ ਕੀਤਾ ਹੈ।
ਨਿਤ ਹਮਰੇ ਤਨ ਕੋ ਸੁਖ ਚਾਹਤਿ
ਨੀਕੀ ਬਾਤਨਿ ਦੇਤਿ ਬਤਾਇ।
ਅਬਿ ਬਹਾਰ ਕਸ਼ਮੀਰ ਦੇਸ਼ ਕੀ
ਜਹਾਂ ਨ ਸੂਰਜ ਤਪਤ ਉਪਾਇ' ॥੧੫॥
ਇਮ ਕਹਿ ਸਿਰੋਪਾਉ ਬਹੁ ਮੋਲਾ
ਚੰਦੂ ਕੋ ਬਖਸ਼ਯੋ ਬਡਿਆਇ।
'ਗਮਨ ਹੇਤਿ ਤਯਾਰੀ ਕਰਿਵਾਇਸਿ

ਆਧੀ ਚਮੂੰ ਰਹੇ ਇਸ ਥਾਇਂ।
ਆਧੀ ਸੰਗ ਚਲਹਿ ਕਹਿ ਦੀਜੈ'
ਸਭਿ ਬੇਗਮ ਕੋ ਦੀਨਿ ਸੁਨਾਇ।
'ਚਲਹੁ ਪਿਖਹਿਂ ਕਸ਼ਮੀਰ ਦੇਸ਼ ਕੋ,
ਬਿਲਸਹਿਂ ਬਿਨਾ ਉਸ਼ਨ ਹਰਖਾਇ ॥੧੬॥
ਗਜ ਤੁਰੰਗ ਸਜੰਦਨ ਅਰੁ ਡੋਰੇ
ਚਲੀ ਪਾਲਕੀ ਹਜ਼ਰਤ ਸੰਗਿ।
ਸੈਨਾ ਉਮਡੀ ਜਜੋਂ ਹੜ੍ਹ ਕਾ ਜਲ
ਚਲਜੋ ਸ਼ਾਹੁ ਧਰਿ ਰਿਦੈ ਉਮੰਗਿ।
ਚੰਦੁ ਬਿਲੰਦ ਅਨੰਦਤਿ ਹ੍ਵੈ ਕੈ
ਦੁਹਿਤਾ ਦੇਖਤਿ ਕਰਿ ਮਨ ਭੰਗ।
-ਦੇਉਂ ਬਜਾਹ, ਕੈ ਲੇਉਂ ਪ੍ਰਾਨ ਗੁਰੁ
ਤੌਂ ਮੁਝ ਕੋ ਸੁਖ ਹ੍ਵੈ ਸਰਬੰਗ[1]- ॥੧੭॥ [1]ਸਾਰਿਆਂ ਅੰਗਾਂ ਵਿਚ।
ਸ਼ਾਹੁ ਸੰਗ ਚਢਿ ਚਲਜੋ ਮਤੰਗਹਿ
ਡੇਰਾ ਕਰਤਿ ਚਲਤਿ ਪੁਨ ਪ੍ਰਾਤ[1]। [1]ਸਵੇਰੇ।
ਕਬਿ ਹਜ਼ਰਤ ਗਜ ਪਰ ਚਢਿ ਚਾਲਹਿਂ
ਕਬਿ ਤੁਰੰਗ ਪਰ ਉਰ ਹਰਖਾਤਿ।
ਕਬਹੁਂ ਪਾਲਕੀ ਬੈਠਤਿ ਗਮਨਤਿ
ਚਮੂੰ ਅਨਿਕ ਉਮਰਾਵ ਪ੍ਰਯਾਤਿ[1]। [1]ਜਾਂਦੇ ਹਨ।
ਬਾਜੇ ਬਜੈਂ ਛੁਟਹਿਂ ਬਹੁ ਤੋਪੈਂ
ਧੌਂਸੇ ਧੁੰਕਾਰਤਿ ਮਗ ਜਾਤਿ ॥੧੮॥
ਮਗ ਉਲੰਘ ਸਤੁੱਦ੍ਰਵ ਤਟ ਆਏ
ਤਰੀ ਤਰੀ ਪਰ[1] ਹ੍ਵੈ ਗੇ ਪਾਰ। [1]ਬੇੜੀ ਪੁਰ (ਚੜ੍ਹ ਕੇ) ਤਰ ਕੇ।
ਗਨ ਨੌਕਾ ਹਿਤ ਲਸ਼ਕਰ ਇਕਠੀ
ਬਹੁ ਕੇਵਟ[1] ਮਿਲਿ ਦਏ ਉਤਾਰਿ। [1]ਮਲਾਹ।
ਸਨੇ ਸਨੇ ਬਿਚ ਦੇਸ਼ ਦੁਆਬੇ
ਕਰਤਿ ਸੈਰ ਕੋ ਪੰਥ ਮਝਾਰ।
ਤੀਰ ਬਿਪਾਸਾ ਕੇ ਚਲਿ ਪਹੁੰਚਜੋ
ਤਿਸ ਦਿਨ ਹਯ ਪਰ ਭਾ ਅਸਵਾਰ ॥੧੯॥
ਕਰਨਿ ਅਖੇਰ ਪੰਥ ਕੋ ਛੋਰਜੋ
ਉਮਰਾਵਨਿ ਕੁਛ ਲੇ ਕਰਿ ਸੰਗਿ।
ਖੋਜਤਿ ਫਿਰਤਿ ਕੂਲ ਸਲਿਤਾ ਕੇ

ਨਿਕਸ੍ਯੋ ਕਾਰੀ ਪਿਸ਼ਟ ਕੁਰੰਗ[1]।
ਜਹਾਂਗੀਰ ਜਬਿ ਕਰ੍ਯੋ ਬਿਲੋਕਨਿ
ਅਪਰ ਬਰਜਿ ਕਿਯ ਤੇਜ ਤੁਰੰਗ।
ਬਲੀ ਬੇਗ ਤੇ ਬਹ੍ਯੋ ਬਾਯੁ ਸਮ
ਮਿਲਤਿ ਜਾਤਿ ਪਾਛੇ ਹਿਤ ਭੰਗ[1] ॥੨੦॥
ਬਿਖਮ ਸਥਲ ਆਗੇ ਕੁਛ ਆਇਵ
ਬਾਜੀ ਕੀਨਸਿ ਦੀਰਘ ਛਾਲ।
ਜਹਾਂਗੀਰ ਅਵਿਨੀਪਰ ਗਿਰਗਾ
ਲਗੀ ਲਾਤ ਪਰ ਚੋਟ ਬਿਸਾਲ।
ਸੰਗਨਿ[1] ਗਹ੍ਯੋ ਦੌਰ ਕੈ ਤਤਛਿਨ
ਸਨਮਾਨਿਤ ਬਹੁ ਲੀਨਿ ਉਠਾਲ।
ਲਜਾਇ ਪਾਲਕੀ ਬਿਖੈ ਸੁ ਪਾਇਵ
ਸਨੇ ਸਨੇ ਗਮਨੈ ਤਿਸ ਕਾਲ ॥੨੧॥
ਹਾਹਾਕਾਰ ਕਰੈ ਸਭਿ ਲਸ਼ਕਰਿ
'ਹਜ਼ਰਤਿ ਗਿਰ੍ਯੋ ਸਹਾਇ ਖੁਦਾਇ!'
ਚੰਦੂ ਨਿਕਟ ਗ੍ਯੋ ਕਰਿ ਬੰਦਨ
ਬਹੁਤ ਦਰਦ ਕੀ ਬਾਤ ਜਨਾਇ।
ਸ਼ਾਹੁ ਦ੍ਰਿਸ਼ਟਿ ਇਸ ਕੀ ਦਿਸ਼ਿ ਆਈ
ਕਹ੍ਯੋ ਬਾਕ 'ਕਿਛੁ ਕਰਹੁ ਉਪਾਇ।
ਜਨਮ[1] ਕਿਤਾਬ ਨਜੂਮੀ ਸੋਧਹਿ
ਕਿਸ ਕਾਰਨ ਤੇ ਮੈਂ ਦੁਖ ਪਾਇ?'
॥੨੨॥
ਅਵਸਰ ਲਹ੍ਯੋ ਦੁਸ਼ਟ ਨੇ ਭਾਖ੍ਯੋ
'ਹਜ਼ਰਤ! ਕਹਿਬੇ ਉਚਿਤ ਨ ਬਾਤ।
ਕਹੌਂ ਕਹਾਂ ਨਿਸ ਤਸਕਰ ਲਾਗੇ
ਗਈ ਕਿਤਾਬ ਭਈ ਸੁਧਿ ਪ੍ਰਾਤ।
ਅਪਰ ਦਰਬ ਸਾਮਿੱਗ੍ਰੀ ਕੇਤਿਕ
ਭਾ ਨੁਕਸਾਨ ਆਜ ਕੀ ਰਾਤਿ।
ਬਹੁਤ ਚੋਰ ਇਸ ਦੇਸ਼ ਭਏ ਅਬਿ
ਕਿਤ ਕੋ ਗਏ ਨ ਜਾਨੇ ਜਾਤਿ' ॥੨੩॥
ਸੁਨਿ ਹਜ਼ਰਤਿ ਮਤਿ ਬਿਸਮਤ ਅਤਿਸ਼ੈ
'ਮੋਹਿ ਰਾਜ ਕਿਤ ਚੋਰ ਬਸੰਤਿ?

[1]ਕਾਲੀ ਪਿੱਠ ਵਾਲਾ ਹਿਰਨ (ਹੀਰਾ ਮ੍ਰਿੱਗ)।
[1]ਮਾਰਨ ਲਈ।
[1]ਸਾਥੀਆਂ ਨੇ।
[1]ਜਨਮ ਦੀ।

ਤ੍ਰਾਸ ਨ ਮਾਨਹਿਂ ਮੇਰੋ ਚਿਤ ਮਹਿਂ
ਮਮ ਡੇਰੇ ਕੋ ਆਇ ਲਗੰਤਿ।
ਲਵਪੁਰਿ ਕੋ ਸੂਬਾ ਨਹਿਂ ਤ੍ਰਾਸਤਿ
ਨਰ ਖੋਟਨਿ ਕੋ ਨਹੀਂ ਗਹੰਤਿ[1]। [1]ਨਹੀਂ ਫੜਾਂਵਦਾ।
ਜਤੋਂ ਕਤੋਂ ਕਰਿ ਤਸਕਰ ਕੋ ਸਾਬਤ
ਗਹਿ ਕਰਿ ਦਿਹੁ ਸਜਾਇ ਅਤਯੰਤ' ॥੨੪॥
ਹਾਥ ਬੰਦਿ ਚੰਦੂ ਕਹਿ ਨਿੰਦਕ
'ਇਕ ਅਰਜਨ ਖੱਤ੍ਰੀ ਲਖਿਯੰਤਿ।
ਕਹੈ ਸੁ -ਨਾਨਕ ਗਾਦੀ ਪਰ ਮੈਂ-
ਨਹਿਂ ਕਿਸਹੂੰ ਤੇ ਚਿਤ ਡਰਪੰਤਿ।
ਸੋ ਰਾਖਤਿ ਹੈ ਤਸਕਰ ਕੋ ਢਿਗ
ਜਹਿਂ ਕਹਿਂ ਤੇ ਧਨ ਕੋ ਚੁਰਵੰਤਿ[1]। [1]ਚੁਰਾਂਵਦਾ ਹੈ।
ਤੁਮ ਤੇ ਤਨਕ ਤ੍ਰਾਸ ਨਹਿਂ ਪਾਯਹੁ
ਡੇਰੇ ਮਹਿਂ ਤੇ ਵਸਤੁ ਕਢੰਤਿ ॥੨੫॥
ਰਾਮਦਾਸ ਪੁਰਿ[1] ਮਹਦ ਬਸਾਯੋ, [1]ਸ੍ਰੀ ਅੰਮ੍ਰਿਤਸਰ।
ਗੁਰੂ ਕਹਾਇ ਬਨਯੋ ਧਨਵੰਤ।
ਬਡੇ ਭ੍ਰਾਤ ਕੋ ਵਹਿਰ ਨਿਕਾਸਯੋ
ਬਲ ਛਲ ਭਾਂਤਿ ਅਨੇਕ ਕਰੰਤਿ।
ਦੇਸ਼ ਬਿਦੇਸ਼ਨਿ ਤਸਕਰ ਭੇਜਤਿ
ਨੀਕੀ ਵਸਤੁ ਨ ਕਿਤੇ ਛੁਟੰਤਿ[1]। [1]ਕਿਤੇ ਨਹੀਂ ਛੋੜਦਾ।
ਲੇਤਿ ਮੰਗਾਇ ਸਮੀਪ ਆਪਨੇ
ਬੈਠਿ ਨਰਨਿ ਮਹਿਂ ਬਚ ਗਰਬੰਤਿ[1]' ॥੨੬॥ [1]ਹੰਕਾਰ ਦੇ ਕਹਿੰਦਾ ਹੈ ਬਚਨ।
ਸੁਨਤਿ ਸ਼ਾਹੁ ਬਿਸਮਯੋ ਭਾ ਤੂਸ਼ਨਿ
ਗੁਰੁ ਘਰ ਕੀ ਬਾਤਨਿ ਚਿਤਵੰਤਿ।
ਉਚਰਤਿ ਭਯੋ 'ਅਨੁਚਿਤ ਨ ਭਾਖੋ,
ਕਿਤ ਗੁਰੁ ਪਦ ਕਿਤ ਚੋਰ ਰਖੰਤਿ।
ਪੀਰਨ ਪੀਰ ਮਹਾਂ ਗੁਰ ਨਾਨਕ
ਜਿਸ ਕੀ ਬਖਸ਼ਿਸ਼ ਜਗ ਬਰੁਸੰਤਿ[1]। [1]ਜਗਤ ਵਰੁਸਾਉਂਦਾ ਹੈ।
ਬਾਬਰ ਬਡੋ ਹਮਾਰੋ ਹੋਵਾ
ਤਿਸ ਕੋ ਸਲਤਨ[1] ਦੀਨਿ ਤੁਰੰਤਿ ॥੨੭॥ [1]ਬਾਦਸ਼ਾਹੀ [ਅ਼: ਸਲਤਨਤ]

ਹਿੰਦੂ ਤੁਰਕਨਿ ਇਕ ਸਮ ਜਾਨਤਿ†
ਸ਼ਰਧਾਲੂ ਨਰ ਕਿਏ ਨਿਹਾਲ।
ਤਿਸ ਗਾਦੀ ਪਰ ਬੈਠਿ ਗੁਰੂ ਭਾ
ਪੁਨ ਕਿਮ ਲੇ ਚੋਰੀ ਕੋ ਮਾਲ।
ਅਸ ਖੋਟੀ ਮਤਿ ਕੋ ਪਰਹਰੀਆ
ਕੈਸੇ ਚੋਰ ਰਖੈ ਨਿਜ ਨਾਲ।
ਜਗਤ ਬਿਖੈ ਜਿਨ ਕੋ ਜਸ ਕਹੀਯਤਿ
ਤਿਨ ਕੋ ਕਮੀ ਨ ਦਰਬ ਬਿਸਾਲ' ॥੨੮॥
ਸੁਨਿ ਚੰਦੂ ਨੇ ਪੁਨ ਉਲਟਾਈ
'ਜਿਮ ਤੁਮ ਕਹੋ ਅਹੈ ਤਿਮ ਬਾਤ।
ਇਸ ਬਿਨ ਪ੍ਰਥਮ ਗੁਰੂ ਜੇ ਹੋਏ
ਤਿਨ ਕੋ ਜਸ ਜਗ ਮੇਂ ਅਵਦਾਤ[1]।
ਇਹ ਬਡ ਕ੍ਰੋਧੀ, ਲੋਭੀ, ਚੰਚਲ,
ਨਗਰ ਨਿਕਾਸ ਦੀਨਿ ਬਡ ਭ੍ਰਾਤ।
ਅਪਰ ਨਰਨਿ ਸੋਂ ਦ੍ਵੈਸ਼ ਕਰੰਤਾ
ਡਰਤਿ ਨ ਰਚਹਿ ਅਨਿਕ ਛਲ ਘਾਤਿ'
॥੨੯॥
ਸ਼ਾਹੁ ਕਹ੍ਯੋ 'ਪਿਤ ਅਕਬਰ ਮੇਰੋ
ਅਰਪੇ ਗ੍ਰਾਮ ਕਿਤਿਕ ਤਿਨ ਪਾਸਿ।
ਲਵਪੁਰਿ ਮਹਿਂ ਚਲਿ ਅਬਿ ਸੁਧਿ ਲੈਹੈਂ
ਖਰਚ ਬਿਸਾਲ ਜਿ ਭਯੋ ਅਵਾਸ।
ਦੇਹਿਂ ਅਪਰ ਕੁਛ ਅਰਪ ਤਿਨਹੁ ਢਿਗ
ਚੋਰੀ ਬਰਜਹਿਂ ਨੀਕ ਨ ਤਾਸ।
ਅਬਿ ਤੌਂ ਚਲੋ ਬਿਪਾਸਾ ਉਤਰਹੁ
ਪਾਰ ਕਰਹੁ ਡੇਰਾ ਨਿਸ ਬਾਸ[1]' ॥੩੦॥

ਦੋਹਰਾ:
ਦਿਢ ਨੌਕਾ ਪਰ ਸ਼ਾਹੁ ਚਢਿ, ਪਰ੍ਯੋ ਪਾਰ ਸੁਖਸੰਗ।
ਗੁਰ ਜਸੁ ਬਰਨ੍ਯੋ ਲਾਤ ਦੁਖ, ਤਤਛਿਨ ਹੋਯਹੁ ਭੰਗ ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜਹਾਂਗੀਰ ਪ੍ਰਸੰਗ' ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

†ਪਾ:-ਸੋ ਪਿਖਿ।
[1]ਉੱਜਲ, ਪ੍ਰਗਟ ਹੈ।
[1]ਰਾਤ ਵੱਸਕੇ।

## ੨੫. [ਸੁਲਬੀ ਦਾ ਨਾਸ਼]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਸੁਲਹੀ ਭ੍ਰਾਤਾ ਪੁੱਤ੍ਰ[1] ਇਕ, ਸੁਲਬੀ ਨਾਮ ਕਹੰਤਿ।
ਚੰਦੂ ਅਰ ਪਤਿਸ਼ਾਹੁ ਕੋ, ਸਗਰੋ ਸੁਨਜੋ ਬ੍ਰਿਤੰਤ ॥੧॥

[1]ਸੁਲਹੀ ਦੇ ਭਰਾ ਦੇ ਪੁੱਤ੍ਰ।

ਨਿਸ਼ਾਨੀ ਛੰਦ:

ਉਤਰ ਪਾਰ[1] ਜਬਿ ਟਿਕੇ ਨਿਸ, ਤੰਬੂ ਮਹਿਂ ਚੰਦੂ।
ਸੁਲਬੀ ਸੁਲਹੀ ਕੇ ਚਿਤਹਿ, ਉਰ ਕਸ਼ਟ ਬਿਲੰਦੂ।
ਤਮ ਮਹਿਂ ਗਮਨਜੋ ਪਾਸ ਤਿਸ, ਬੂਝੀ ਸੁਧਿ ਸਾਰੀ।
'ਹਮਰੋ ਰਿਪੁ ਅਰਜਨ ਗੁਰੂ, ਕਜਾ ਕਰਤਿ ਉਚਾਰੀ[1]' ॥੨॥

[1]ਬਿਆਸਾ ਤੋਂ ਪਾਰ ਉਤਰਕੇ।

[1](ਉਹਨਾਂ ਬਾਬਤ) ਤੂੰ ਕੀ (ਰਾਇ) ਕਹਿੰਦਾ ਹੈਂ?

ਸੁਨਿ ਚੰਦੂ ਤਰਕਤਿ ਭਯੋ, 'ਲਾਯਕ ਬਿਨ ਹੋਏ[1]।
ਬੈਰ ਨ ਚਾਚੇ ਕੋ ਲਿਯੋ, ਪਰ ਸੁਖ ਸੋਂ ਸੋਏ।
ਮੈਂ ਉਪਾਇ ਗਹਿਬੇ ਕਰੌਂ, ਦਿਨ ਕੇਤਿਕ ਮਾਂਹੀ।
ਬਨਿ ਸਹਾਇ ਜੇ ਦੁਖ ਰਿਦੇ, ਛੋਰਹਿੰਗੇ ਨਾਂਹੀ' ॥੩॥

[1]ਤੁਸੀਂ) ਲਾਇਕ ਨਹੀਂ ਹੋ।

[1] 'ਸੁਨਿ ਦਿਵਾਨ! ਮੁਝ ਆਨ[2], ਹੈ ਸੁਧਿ ਹੁਤੀ ਨ ਤੇਰੀ।
ਹਮ ਦੋਨਹੁ ਕੋ ਮਾਰਨੇ, ਬਿਧਿ ਸੁਗਮ ਬਡੇਰੀ।
ਬਾਯੂ ਬੰਨ੍ਹੀ ਬਲੀ ਬਿਬ, ਬਨ ਬਡੋ ਬਿਨਾਸ਼ੈ[1]।
ਹੁਕਮ ਦਿਵਾਵਹੁ ਸ਼ਾਹੁ ਤੇ, ਗੁਰੁ ਜਾਉਂ ਅਵਾਸੈ[1] ॥੪॥

[1]ਸੁਲਬੀ ਬੋਲਿਆ। [2]ਕਸਮ।

[1]ਹਵਾ ਤੇ ਅੱਗ ਦੋਵੇਂ ਬਲੀ (ਰਲ ਜਾਣ ਤਾਂ) ਵੱਡਾ ਬਣ ਬੀ ਨਾਸ਼ ਹੋ ਜਾਂਦਾ ਹੈ।

[1]ਜਾਵਾਂ ਗੁਰਾਂ ਦੇ ਘਰ।

ਪਹੁੰਚਤਿ ਪੁਰਿ ਮੈਂ ਪਕਰਿ ਹੌਂ, ਕਾਰਾਗ੍ਰਹ ਪਾਵੌਂ।

ਨਿਸ ਮਹਿਂ ਏਕਲ ਕੋ ਕਰੌਂ, ਧਰ ਸਿਰ[1] ਉਤਰਾਵੌਂ।
ਇਹਾਂ ਸ਼ਾਹੁ ਲਗਿ ਬਾਤ ਕੋ, ਪਹੁੰਚਨ ਨਹਿਂ ਦੀਜੈ।
ਰਹੈਂ ਨਿਕਟ ਧਨ ਦਿਹੁ ਤਿਨਹਿ, ਅਪਨੇ ਕਰਿ ਲੀਜੈ ॥੫॥
ਜੇ ਕਰਿ ਕੋ ਚਿਰਕਾਲ ਮਹਿਂ, ਸੁਧਿ ਪਹੁੰਚ ਬਤਾਵੈ।
ਕਰਿ ਫਰੇਬ ਬਹੁ ਬਿਧਿਨਿ ਕੇ, ਤਬਿ ਬਾਤ ਮਿਟਾਵੈ[1]।
ਇਹ ਤੇਰੇ ਗਰ[1] ਕਾਜ ਹੈ, ਮਾਰਨਿ ਗਰ ਮੇਰੇ।
ਗਯੋ[1] ਨਿਸੰਸੈ ਮਾਰਿਹੌਂ, ਰਿਣ ਉਤਰ[2] ਬਡੇਰੇ ॥੬॥
ਮਮ ਚਾਚੀ ਬਿਧਵਾ ਭਈ, ਗਨ ਤਰਕ ਉਚਾਰੈ[1]।
-ਜਿਸ ਹਤਿਬੇ ਹਿਤ ਪਤਿ ਗਯੋ, ਤਿਸ ਤੂੰ ਨਹਿ ਮਾਰੈਂ।
ਲਾਜ ਨਹੀਂ ਕਿਸ ਕਾਜ ਕੀ, ਰਿਪੁ ਸੁਖੀ ਰਹੰਤਾ।
ਬਲ ਛਲ ਕਰਿ ਜਾਦੂ ਅਧਿਕ, ਧਸਿ ਪਾਵਕ ਹੰਤਾ[1]- ॥੭॥
ਜਤਨ ਬਨਯੋ ਨਹਿ ਮੋਹਿ ਤੇ, ਚਿਤਵਤਿ ਚਿਤ ਨੀਤਾ।
ਸਮਝਯੋ ਆਜ ਪ੍ਰਸੰਗ ਕੋ, ਆਯੋ ਧਰਿ ਪ੍ਰੀਤਾ।'
ਸੁਨਿ ਚੰਦੂ ਹਰਖਯੋ ਰਿਦੇ, 'ਜੇ ਇਮ ਕਰਿ ਆਵੈਂ।
ਸਦਾ ਆਫਰੀਂ[1] ਤੋਹਿ ਕੋ, ਸਭਿ ਕਸ਼ਟ ਮਿਟਾਵੈਂ ॥੮॥
ਪ੍ਰਾਤ ਸਮੀਪੀ ਰਹਹੁ ਤੁਮ, ਜਬਿ ਅਵਸਰ ਪਾਊਂ।

[1]ਧੜ ਤੋਂ ਸਿਰ।

[1](ਤੂੰ) ਮਿਟਾਵੀਂ।

[1]ਗਲ।

[1]ਕਿਵੇਂ ਜੇ ਮੈਂ ਉੱਥੇ) ਚਲਾ ਜਾਵਾਂ ਤਾਂ। [2]ਬਦਲਾ ਉਤਰੇਗਾ।

[1]ਬਹੁਤੇ ਤਾਨ੍ਹੇ ਮਾਰਦੀ ਹੈ ਚਾਚੀ।

[1]ਅਗਨੀ ਵਿਚ ਧਸਾ ਕੇ ਮਾਰ ਦਿੱਤਾ।

[1]ਸ਼ਾਬਾਸ਼ [ਫਾ: ਆਫਰੀਨ]

ਆਜ ਸਮਾਨ ਮਿਲਾਪ ਹੁਇ, ਕਹਿ ਸ਼ਾਹ ਰਿਝਾਊਂ[1†]।
ਤਬਹਿ ਪ੍ਰਸੰਗ ਚਲਾਇਹੌਂ, ਤਸਕਰਨਿ ਬਡੇਰਾ[1]।
ਕਰਹੁ ਉਗਾਹੀ ਮਦਤ ਕੋ, ਪਾਟਜੋ ਕਹੁ ਡੇਰਾ[1] ॥੯॥
ਕਿਸ ਹੂੰ ਭੇਜਜੋ ਚਹਤਿ ਹੈ[1], ਸਮੁਝਾਵਨਿ ਹੇਤੂ।
ਕਿਧੌਂ ਹਕਾਰਨ ਕੋ ਨਿਕਟ, ਤਿਸ ਪਠਹਿ ਨਿਕੇਤੂ।
ਮੈਂ ਤਬਿ ਤੇਰੋ ਨਾਮ ਲੈ, ਦੈਹੌਂ ਸਮਝਾਈ।
-ਹਜ਼ਰਤ ਜੀ! ਸੁਲਬੀ ਪਠਹੁ, ਸੁਧਿ ਲੈਹੈ ਜਾਈ ॥੧੦॥
ਸਾਚ ਕਿਧੌਂ ਹੁਇ ਕੂਰ ਇਹ, ਤਿਹ ਕੋ ਸਮੁਝਾਵੈ।
ਜਾਇ ਸੁਧਾਸਰ ਇਤਹਿ ਤੇ, ਲਵਪੁਰਿ ਕੋ ਆਵੈ।
ਕਹਜੋ ਸੁਨਹਿ ਮੇਰੋ ਜਬੈ, ਆਇਸੁ ਤਬਿ ਦੈਹੈ।
ਕਰਹੁ ਜਾਇ ਮਨ ਭਾਵਤੀ, ਨਹਿਂ ਜਿਯਤਿ ਰਹੈ ਹੈ ॥੧੧॥
ਹਮ ਸਾਮੀਪੀ ਸ਼ਾਹੁ ਕੇ, ਜੋ ਪਨਹ ਜਹਾਨਾ[1]।
ਅਸ ਸ਼ੱਤ੍ਰੂ ਜੇ ਸਧਹਿ ਨਹਿਂ[1], ਧਿਕ ਜੀਵਨ ਮਾਨਾ।
ਗਜ ਕੇ ਬਸਿ ਜਿਮ ਸਸਾ ਹੁਇ, ਸੋ ਮਰਹਿ ਨ ਮਾਰਾ।
ਤੌ ਧਿਕਾਰ ਤਿਸ ਓਜ ਕੋ, ਭਾਖਹਿ ਜਗ ਸਾਰਾ ॥੧੨॥
ਕੀਟੀ ਸਮ ਮਮ ਅੱਗ੍ਰ ਹੈ, ਨਹਿਂ ਮਾਨਹਿ ਤ੍ਰਾਸਾ।
ਕਹਾਂ ਕਰਹਿ ਹੰਕਾਰ ਕੋ, ਕਿਸ ਕੋ ਭਰਵਾਸਾ।

[1](ਜੇ) ਅੱਜ ਵਰਗਾ ਮੇਲ ਹੋਇਆ (ਬਾਦਸ਼ਾਹ ਨਾਲ) ਤਾਂ (ਗੱਲ) ਕਹਿ ਕੇ ਪਾਤਸ਼ਾਹ ਨੂੰ ਰਿਝਾਵਾਂਗਾ।
†ਪਾ:-ਕਹਿ ਰਿਦੈ ਰਿਝਾਊਂ।

[1]ਬਹੁਤੇ ਚੋਰਾਂ ਦਾ।

[1]ਤੂੰ ਕਹੀਂ (ਕਿ) ਤੰਬੂ ਪਾੜਿਆ ਗਿਆ ਹੈ।

[1]ਬਾਦਸ਼ਾਹ) ਭੇਜਿਆ ਚਾਹੁੰਦਾ ਹੈ।

[1]ਜੋ ਜਹਾਨ ਦੀ ਪਨਾਹ (ਆਸਰਾ) ਹੈ। [ਫਾ: ਪਨਾਹ]

[1]ਸਿੱਧਾ ਨਾ ਹੋਵੇ।

ਕਰਯੋ ਕਲੰਕਤਿ ਮੋਹਿ ਕੋ, ਨਿੰਦਹਿ ਜਗ ਸਾਰਾ।
ਸੁਤਾ ਕੁਮਾਰੀ ਦੇਖਿ ਕੈ, ਪਰਵਾਰ ਦੁਖਾਰਾ[1] ॥੧੩॥
ਬਿਨਾ ਹਨੇ ਮਮ ਚੈਨ ਨਹਿਂ[†]' ਇਮ ਬੈਨ ਉਚਾਰੇ।
'ਅਬਿ ਨਿਸ ਮਹਿਂ ਸ਼੍ਰਮ ਪਰਹਰਹੁ, ਕਰਿ ਕਾਰ ਸਕਾਰੇ।'
ਦੋਨਹੁਂ ਦੁਰਮਤਿ ਦੁਸ਼ਟ ਬਡਿ, ਇਮ ਮਸਲਤਿ ਠਾਨੀ।
ਅਪਨੇ ਅਪਨੇ ਥਾਨ ਮਹਿਂ, ਸੁਪਤੇ ਸੁਖ ਮਾਨੀ ॥੧੪॥
ਭਈ ਪ੍ਰਾਤ ਤਬਿ ਕੂਚ ਕੋ, ਧੌਂਸੇ ਧੁੰਕਾਰੇ।
ਸੁਨਿ ਕਰਿ ਸਗਰੀ ਬਾਹਨੀ[1], ਤੂਰਨ ਭਈ ਤਜਾਰੇ।
ਗਮਨਯੋ ਪੰਥ ਬਿਹੀਰ ਗਨ, ਲਵਪੁਰਿ ਕੇ ਰਾਹੂ।
ਚਲਿ ਚੰਦੂ ਪਹੁੰਚਯੋ ਨਿਕਟ, ਜਹਿਂ ਬੈਠਯੋ ਸ਼ਾਹੂ ॥੧੫॥
'ਹਜ਼ਰਤ ਸੁਖ ਹੈ ਲਾਤ ਕੋ, ਹਮ ਦੇਹੁ ਬਤਾਈ।
ਚਿਤਵਤਿ ਪੀਰਾ ਆਪ ਕੀ, ਮੁਹਿ ਨੀਂਦ ਨ ਆਈ।
ਜਾਨਤਿ ਜਨਮ ਕਿਤਾਬ ਤੇ, ਕਿਮ ਸੰਕਟ ਹੋਵਾ।
ਸੋ ਤਸਕਰ ਹਰਿ ਲੇ ਗਏ, ਕੁਛ ਜਾਇ ਨ ਜੋਵਾ ॥੧੬॥
ਕਹਾਂ ਨਜੂਮੀ ਅਬਿ ਕਰੈਂ, ਢਿਗ ਹੈ ਨ ਕਿਤਾਬਾ।
ਸ਼ਸਤ੍ਰ ਹੀਨ ਜਿਮ ਸੂਰਮਾ, ਕਜਾ ਦੇਹਿ ਜਬਾਬਾ।'
ਜਹਾਂਗੀਰ ਸੁਨਿਕੈ ਭਨਯੋ, 'ਅਬਿ ਸੰਕਟ

[1]ਕੁਟੰਬ ਦੁਖੀਆ ਹੈ।
[†]ਪਾ:-ਮਮ ਨਹਿ ਬਨੈ।
[1]ਸੈਨਾ।

ਨਾਂਹੀ।
ਤਊ ਕਿਤਾਬ ਖੁਜਾਈਅਹਿ, ਇਸ ਦੇਸ਼ ਕਿ ਮਾਂਹੀ ॥੧੭॥
ਲਾਲਚ ਦਰਬ ਦਿਖਾਈਅਹਿ, ਕੋ ਖੋਜ ਬਤਾਵੈ[1]।
ਕਰਹੁ ਜਤਨ ਸਭਿ ਬਿਧਿਨਿ ਕੇ, ਜੇ ਕਰਿ ਸੋ ਪਾਵੈਂ।'
ਕਹਿ ਚੰਦੂ 'ਚਿਤ ਆਪ ਕੇ, ਐਸੇ ਬਹੁ ਚਾਹਾ।
ਸੁਲਬੀ ਕੋ ਤਾਗੀਦ ਕਰਿ, ਭੇਜਹੁ ਗੁਰ ਪਾਹਾ ॥੧੮॥
ਕਠਨ ਮ੍ਰਿਦੁਲ ਬਚ ਕਹੈਗੋ, ਸਮੁਝਾਵਹਿ ਜਾਈ।
ਲੇਹਿ ਕਿਤਾਬ ਸੁ ਤਿਨਹੁ ਤੇ, ਤਸਕਰਨਿ ਦੁਰਾਈ[1]।
ਨਹੀਂ ਸਪਾਰਸ਼ ਕੋ ਸੁਨਹਿ, ਤਿਸ ਕੋ ਡਰਪਾਵੈ।
ਬਿਨ ਡਰਪੇ ਕੋ ਦੇਤਿ ਨਹਿਂ, ਸਭਿ ਕੇ ਬਨਿ ਆਵੈ' ॥੧੯॥
ਕਰਹਿ ਦ੍ਰੋਹੁ ਸ਼ਾਹੁ ਨ ਲਖਹਿ[1], ਕਹਿ ਚੰਦੂ ਸੰਗਾ।
'ਪ੍ਰਥਮ ਬਿਨੈ ਕੇ ਬੈਨ ਕਹਿ, ਨਹਿਂ ਕਹੈ ਕੁਢੰਗਾ।
ਮਮ ਦਿਸ਼ਿ ਤੇ ਸਮੁਝਾਇ ਹੈ, ਨਹਿਂ ਚੋਰ ਰਖੀਜਹਿ।
ਜੇ ਕਰਿ ਖਰਚ ਬਿਸਾਲ ਹੈ, ਧਨ ਹਮ ਤੇ ਲੀਜੈ ॥੨੦॥
ਕਿਧੌਂ ਗ੍ਰਾਮ ਲਿਹੁ ਔਰ ਅਬਿ, ਮੰਦੀ ਤਜਿ ਚੋਰੀ।
ਹੋਤਿ ਪੀਰ ਜੀ! ਪਾਪ ਬਡ, ਕਬਿ ਕਰਹਿ ਜਿ ਥੋਰੀ।
ਬਿਨੈ ਕਰੋ ਬਹੁ ਭਾਂਤਿ ਕੀ† ਮ੍ਰਿਦੁ ਕਹਿ

[1]ਪਤਾ ਦੱਸੇਗਾ।

[1](ਜੋ) ਚੋਰਾਂ ਦੀ ਛੁਪਾਈ ਹੋਈ ਹੈ।

[1](ਗੁਰੂ ਜੀ ਨਾਲ ਚੰਦੂ) ਦ੍ਰੋਹ ਕਰਦਾ ਹੈ ਪਰ ਬਾਦਸ਼ਾਹ (ਇਹ ਗੱਲ) ਨਹੀਂ ਜਾਣਦਾ।

†ਪਾ:-ਜਗ ਸਗਰੋ ਨਿੰਦਾ ਕਰਹਿ।

ਸਮੁਝਾਓ।
ਤਸਕਰ ਰਾਖਹਿਂ ਕੈ ਨਹੀਂ, ਇਹ ਨਿਸ਼ਚਾ ਪਾਓ' ॥੨੧॥
ਸੁਨਿ ਸੁਲਬੀ ਕਰ ਜੋਰਿ ਕਹਿ, 'ਜਿਮ ਆਇਸੁ ਪਾਊਂ।
ਮਿਲਿ ਪਰਖੌਂ ਸਭਿ ਬਾਰਤਾ, ਨੀਕੇ ਸਮੁਝਾਊਂ।
ਜਿਮ ਨਿਕਸਹਿ ਚੌਰੀ ਕਰੀ, ਤਿਮ ਰਚੌਂ ਉਪਾਯਾ।
ਅਪਰ ਥਾਨ ਖੋਜੌਂ ਭਲੇ, ਦੇ ਦਰਬ ਸਵਾਯਾ[1]।
ਜਤੋਂ ਕਤੋਂ ਕਰਿ ਕੈ ਆਨਿਹੌਂ, ਧਨ ਕੈ ਦਿਉਂ ਤ੍ਰਾਸਾ।
ਬ੍ਰਿੱਛ ਹਲਾਏ ਦੇਤਿ ਫਲ, ਨਤੁ ਪੁਰਹਿ ਨ ਆਸਾ।'
ਇੱਤਯਾਦਿਕ ਕਹਿ ਚਢਿ ਚਲਯੋ, ਸੁਲਬੀ ਮਤਿ ਹੀਨਾ।
ਪ੍ਰੇਰਯੋ ਕਾਲ ਸੁ ਦੁਰਮਤੀ, ਖਲ ਉਰ ਨਹਿਂ ਚੀਨਾ ॥੨੩॥
ਜਿਮ ਅਜਗਰ ਕੇ ਮੁਖ ਪਰਹਿ, ਅੰਧਾ ਬਿਨੁ ਹੇਰੇ।
ਬਿਨ ਕਾਰਣ ਦ੍ਰੋਹੀ ਦੁਸ਼ਟ, ਕਰਿ ਕ੍ਰੋਧ ਬਡੇਰੇ।
ਕਰੈ ਵੈਰ ਨਿਰਵੈਰ ਸੋਂ, ਤਤਛਿਨ ਮ੍ਰਿਤੁ ਪਾਵੈ।
ਜਮ ਗਹਿ ਗੇਰਹਿ ਨਰਕ ਮਹਿਂ, ਦੁਖ ਤੇ ਬਿਲਲਾਵੈ ॥੨੪॥
ਗਿਰ ਸੋਂ ਸਿਰ ਮਾਰੈ ਸਬਲ[1], ਫੂਟਤਿ ਮਰਿ ਜੈ ਹੈ।
ਨਭ ਦਿਸ਼ਿ ਬਾਨ ਪ੍ਰਹਾਰਨੇ[1], ਉਲਟੋ ਤਿਸ ਘੈ ਹੈ[2]।
ਅਲਪ ਸੈਨ ਜਿਹ ਸਾਥ ਹੈ, ਹਰਖੰਤਿ ਪਯਾਨਾ।

[1]ਬਹੁਤਾ।

[1]ਜੋਰ ਨਾਲ।

[1]ਤੀਰ ਮਾਰਨ ਨਾਲ। [2]ਉਲਟ ਕੇ ਉਸੇ (ਮਾਰਨ ਵਾਲੇ) ਨੂੰ ਨਾਸ਼ ਕਰਦੇ ਹਨ।

-ਜੋ ਚਾਚੇ ਤੇ ਬਚ ਰਹ੍ਯੋ, ਮੈਂ ਕਰਿਹੌਂ ਹਾਨਾ ॥੨੫॥
ਕਹੌਂ ਕੁਟੰਬ ਮਝਾਰ ਮੈਂ, ਪੈਹੌਂ ਬਡਿਆਈ।
ਆਨਿ ਅਚਾਨਕ ਬਿਧਿ ਬਨੀ-, ਇਮ ਚਿਤਵਤਿ ਜਾਈ।
ਜਹਾਂਗੀਰ ਚੰਦੂ ਚਮੂੰ, ਲਵਪੁਰੀ ਪਯਾਨੇ।
ਤੋਪ ਰਹਿਕਲੇ ਸੰਗ ਮੈਂ, ਛੁਟਿ ਸ਼ਬਦ ਮਹਾਨੇ ॥੨੬॥
ਚੰਦੂ ਰਿਦੇ ਬਿਚਾਰਤੋ-, ਜਾਵਤਿ ਗੁਰੁ ਘਾਵੈ।
ਨਾਤਾ ਦਿਯੋ ਹਟਾਇ ਜਿਨ, ਸੋ ਅਬਿ ਫਲ ਪਾਵੈ-।
ਇਤ ਸੁਲਬੀ ਗਮਨ੍ਯੋ ਗਯੋ, ਜਬਿ ਦ੍ਵਾਦਸ਼ ਕੋਸਾ।
ਜਥੈਦਾਰ ਸੱਯਦ ਮਿਲ੍ਯੋ, ਜਿਸ ਕੇ ਮਨ ਰੋਸਾ ॥੨੭॥
ਮਿਲੇ ਸਲਾਮਾ ਲੇਕ ਸੋਂ, ਬੂਝ੍ਯੋ 'ਕਿਤ ਜਾਵੋ?'
ਪਠ੍ਯੋ ਸ਼ਾਹੁ ਕਿਸ ਕਾਮ[1] ਮੁਝ, ਪੁਨ ਲਵਪੁਰਿ ਆਵੌਂ।'
ਸੁਨਿ ਸੱਯਦ ਨੇ ਤਬਿ ਕਹ੍ਯੋ, 'ਹਮ ਤੁਝ ਢਿਗ ਆਏ।
ਸੁਲਹੀ ਕੇ ਚਾਕਰ ਹੁਤੇ, ਇਹ ਭਟ ਸਮੁਦਾਏ ॥੨੮॥
ਏਕ ਬਰਖ ਕੀ ਚਾਕਰੀ, ਇਨ ਹਾਥ ਨ ਆਈ।
ਸੋ ਤੁਝ ਤੇ ਸਭਿ ਚਹਤਿ ਹੈਂ, ਦਿਹੁ ਰਾਖਿ ਬਡਾਈ।
ਬਿਨਾ ਦਿਏ ਸੋ ਮਰਿ ਗਯੋ, ਤੂੰ ਪੁੱਤ੍ਰ ਸਮਾਨਾ।
ਇਨ ਸੁਭਟਨਿ ਕੋ ਦੀਜੀਏ, ਚਿਤ ਚਹਤਿ ਮਹਾਨਾ' ॥੨੯॥
ਸੁਨਿ ਸੁਲਬੀ ਬੋਲ੍ਯੋ ਤਬਹਿ, 'ਮੈਂ ਜਾਨਤਿ ਨਾਹੀ।

[1]ਕਿਸੇ ਕੰਮ।

ਕਬਿ ਕੀ ਦੇਨੀ ਕੈ ਨਹੀਂ, ਕੇਤਿਕ ਤਿਸ ਪਾਂਹੀ।
ਜਬਿ ਲਵਪੁਰਿ ਕੋ ਆਇ ਹੌਂ, ਨਿਰਨੇ ਕਰਿ ਲੈਹੈਂ।
ਮਿਲਿ ਚੰਦੂ ਕੇ ਸੰਗ ਹਮ, ਨਿਕਸਹਿ ਸੋ ਦੈ ਹੈਂ' ॥੩੦॥
ਸੱਯਦ ਕਹਿ 'ਕਿਮ ਇਹ ਟਿਕਹਿਂ, ਚਹਿਂ ਖਾਨ ਰੁ ਪਾਨਾ।
ਕਹੇ ਨ ਲਾਗੈਂ ਕਿਸੂ ਕੇ, ਲੈ ਹੈਂ ਇਸ ਥਾਨਾ।'
ਸੁਲਬੀ ਆਂਖ ਦਿਖਾਇ ਰਿਸ, 'ਮੈਂ ਗਮਨਤਿ ਰਾਹੂ।
ਜਾਹੁ ਪੁਕਾਰੂ ਸ਼ਾਹੁ ਢਿਗ, ਨਹਿਂ ਧਨ ਮਮ ਪਾਹੂ' ॥੩੧॥
ਸੁਨਿ ਸੱਯਦ ਬੋਲਜੋ ਤਬਹਿ, 'ਮਗ ਦੇਹਿਂ ਨ ਜਾਨਾ।
ਲੇਹਿਂ ਨੌਕਰੀ ਥਾਨ ਇਸ, ਕਿਮ ਕਰੈਂ ਪਯਾਨਾ[1]।'
ਸੁਲਬੀ ਕਹਿ ਨਿਜ ਸੈਨ ਕੋ, 'ਇਨ ਮਾਰਿ ਹਟਾਓ।
ਦੇਹੁ ਦਰਬ ਐਸੇ ਅਬਹਿ, ਬੈਠੇ ਪਛੁਤਾਓ[1]' ॥੩੨॥
ਸੱਯਦ ਕਹਿ 'ਭਟ[1]! ਸਭਿ ਸੁਨੋ, ਚਾਕਰ ਸਮ ਸਾਰੇ।
ਤੁਮ ਭੀ ਲੇਤੇ ਦਰਬ ਕੋ, ਤਿਮ ਲਖਹੁ ਹਮਾਰੇ।
ਅਪਰ ਜੰਗ ਕੋ ਕਾਜ ਨਹਿਂ, ਨਾਹਕ ਮਰਿ ਮਾਰੋ[1]।
ਰਹਹੁ ਥਾਨ ਥਿਤਿ ਆਪਨੇ, ਉਰ ਭਲੇ ਬਿਚਾਰੋ' ॥੩੩॥
ਸੁਨਿ ਜਬਾਬ ਸੈਨਾ ਦਿਯੋ, 'ਇਹ ਸੱਯਦ ਪੀਰਾ।

[1](ਤੂੰ) ਕੀਕੂੰ ਜਾਣਾ ਕਰੇਂਗਾ।
[1](ਇਹ) ਬੈਠੇ ਪਛੁਤਾਵਣ।
[1]ਹੇ ਸੂਰਮਿਓਂ!
[1]ਮਰੋ ਮਾਰੋਗੇ।

ਪੁਨਿ ਜਾਚਤਿ ਹੈ ਨੌਕਰੀ, ਦੀਜਹਿ ਧਰਿ ਧੀਰਾ।
ਲਰਹਿਂ ਨ ਹਮ' ਸੁਲਬੀ, ਸੁਨਤਿ ਮੁਖ ਗਾਰ ਨਿਕਾਰੀ।
ਤਬਿ ਸਯਦ ਨੇ ਤੁਰਤ ਹੀ, ਜਮਧਰ ਉਰ ਮਾਰੀ ॥੩੪॥
ਉਦਰ ਪਾਰਿ ਕੈ ਪਾਰ ਭੀ, ਹਾਨੇ ਖਲ ਪ੍ਰਾਨਾ।
ਗਿਰਯੋ ਉਥਲ ਕੈ[1] ਪ੍ਰਿਥੀ ਪਰ, ਚਿਤ ਦੁਸ਼ਟ ਮਹਾਨਾ।
ਲੀਨੋ ਸਭਿ ਅਸਬਾਬ ਕੋ, ਹਯ ਭੂਖਨ ਸਾਰੇ।
ਚਮੂੰ ਹਟੀ ਲਵਪੁਰੀ ਕੋ, ਮਾਰਯੋ ਸਰਦਾਰੇ ॥੩੫॥
ਉਤ ਚੰਦੂ ਚਿਤਵਤਿ ਰਹਿਤਿ-, ਹਤਿ ਕਰਿ ਗੁਰੂ ਆਵੈ।
ਪਲਟਾ ਹੈ ਬਹੁ ਦਯੋਸ ਕੋ, ਤਿਸ ਕੋ ਅਬਿ ਪਾਵੈਂ-।
ਤਬਿ ਲੌ ਸੰਗੀ ਆਇ ਕੇ, ਸੁਧਿ ਸਕਲ ਸੁਨਾਈ।
'ਸੱਯਦ ਕੇ ਸੰਗ ਜਿਦਿ ਪਰਯੋ, ਮੁਖ ਗਾਰਿ ਸੁਨਾਈ ॥੩੬॥
ਸੁਲਹੀ ਆਗੇ ਨੌਕਰੀ, ਕੀਨੀ ਧਨ ਜਾਚੇ[1]।
ਝਗਰ ਪਰੇ ਆਪਸ ਬਿਖੈ, ਦੋਨਹੁ ਰਿਸ ਰਾਚੇ।
ਜਮਧਰ ਮਾਰੀ, ਮਰਿ ਗਯੋ, ਹਮ ਹਟਿ ਕਰਿ ਆਏ।'
ਸੁਨਿ ਚੰਦੂ ਬਿਸਮਯੋ ਰਿਦੇ-, ਭਲ ਮਾਰਨਿ ਧਾਏ[1]- ॥੩੭॥
ਕੇਤਿਕ ਦਿਨ ਮੈਂ ਸ਼ਾਹੁ ਲਿਖਿ, ਚੰਦੂ ਸੰਗ ਬੂਝਾ।
'ਅਬਿ ਲੌ ਸੁਲਬੀ ਕਿਤ ਰਹਯੋ, ਕਿਸ ਕਾਜ ਅਰੂਝਾ[1]।
ਦੋ ਤ੍ਰੈ ਦਿਨ ਮੈਂ ਆਵਨੋ, ਚਹਿਯਤਿ ਤਿਸ

[1]ਉਲਟ ਕੇ।

[1]ਨੌਕਰੀ ਕੀਤੀ ਦਾ ਧਨ ਮੰਗਿਆ।

[1]ਚੰਗਾ ਮਾਰਨ ਗਿਆ।

[1]ਫਸਿਆ।

ਕੇਰੋ।
ਕਬਿਹੂੰ ਸੁਧਿ ਆਈ ਕਿ ਨਹਿਂ, ਸਾਮੀਪੀ ਤੇਰੋ' ॥੩੮॥
ਸੁਨਿ ਚੰਦੂ ਕਹਿ 'ਸ਼ਾਹੁ ਜੀ! ਸੱਯਦ ਸੋ ਮਾਰਾ।
ਝਗਰ ਪਰੇ ਹਿਤ ਨੌਕਰੀ, ਬਡ ਗ਼ਜ਼ਬ ਗੁਜ਼ਾਰਾ।'
ਜਹਾਂਗੀਰ ਚਿਤਵੑਯੋ ਤਬਹਿ-, ਗੁਰ ਪੀਰ ਮਹਾਨਾਂ।
ਕਿਮ ਤਸਕਰ ਸੋ ਰਾਖਤੇ, ਇਨ ਝੂਠ ਬਖਾਨਾ- ॥੩੯॥
ਕਹੑਯੋ ਪੁਨਹਿ 'ਬਿਨ ਦੋਸ਼ ਪਰ, ਤੁਮ ਦੋਸ਼ ਬਖਾਨਾ।
ਕਿਮ ਪਹੁੰਚਹਿ, ਅਧਿ ਬੀਚਿ ਹੀ[1], ਮੂਰਖ ਹਤਿ ਪ੍ਰਾਨਾ।
ਮੁਝ ਮਨ ਮੈਂ ਇਮ ਸਮੁਝ ਭੀ,' ਕਹਿ ਤੁਸ਼ਨ ਹੋਯੋ।
ਰੁਖ ਲਖਿਕੈ ਪਤਿਸ਼ਾਹ ਕੋ, ਚੰਦੂ ਦੁਖ ਪੋਯੋ ॥੪੦॥
ਉਠਿ ਆਯੋ ਨਿਜ ਸਦਨ ਕੋ, ਉਰ ਝੂਰਹਿ ਭੂਰਾ।
-ਇਤੋ ਜਤਨ ਕਰਿ ਕੂਰ ਕੇ, ਨਹਿਂ ਉਤਰੑਯੋ ਪੂਰਾ।
ਤਾਤੀ ਵਾਯੂ ਨਹਿਂ ਲਗੀ, ਨਹਿਂ ਪਾਯਹੁ ਤ੍ਰਾਸਾ-।
ਮੂਰਖ ਸੰਕਟ ਕੇ ਸਹਤ, ਭਰਿ ਦੀਰਘ ਸ੍ਵਾਸਾ ॥੪੧॥

[1]ਅੱਧ ਵਿਚਾਲੇ ਹੀ।

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਬੀ ਹਤਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਪ੍ਰਿਥੀਆ ਪ੍ਰਲੋਕ ਗਮਨ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਚਿੰਤਾ ਚਿਤ ਗ਼ਲਤਾਨ ਹ੍ਵੈ, ਚੰਦੂ ਦੁਸ਼ਟ ਬਿਲੰਦ।
ਚਾਹਤਿ ਗੁਰੁ ਅਪਕਾਰ[1] ਕੋ, ਨਿਸ ਬਾਸੁਰ ਮਤਿਮੰਦ ॥੧॥

[1]ਹਾਨੀ (ਅ) ਨਿਰਾਦਰ।

ਨਿਸ਼ਾਨੀ ਛੰਦ:

ਜਤਨ ਕਪਟ ਕੇ ਚਿਤੈ ਚਿਤ, ਬਡ ਘਾਤਿ ਬਨਾਵੈ।
-ਪੂਰਬ ਕਰੇ ਉਪਾਇ ਜੇ, ਕੋ ਪੇਸ਼ ਨ ਜਾਵੈ।
ਸ਼ਾਹੁ ਲਖਹਿ ਨਹਿਂ ਇਮ ਹਨੌਂ, ਕਰਿ ਕੈ ਚਤੁਰਾਈ।
ਕਿਮ ਬੈਠ੍ਯੋ ਘਰ ਮਹਿਂ ਮਰਹਿ, ਨਿਤ ਅਨੰਦ ਵਧਾਈ ॥੨॥
ਅਬਹਿ ਸ਼ਾਹੁ ਕੋ ਦੇਖਿ ਰੁਖ, ਹਰਖਹਿ ਜਿਸ ਕਾਲਾ।
ਮੋਹਿ ਸਾਥ ਬਾਤੈਂ ਕਰੈ, ਤਬਿ ਕਹੌਂ ਰਸਾਲਾ[1]।

[1]ਰਸਦਾਇਕ (ਵਾਕ)

ਤਸਕਰ ਰਾਖਨਿ ਦੋਸ਼ ਕੋ, ਮੈਂ ਪੁਨਹ ਜਨਾਵੌਂ।
ਅਪਰ ਘਾਤ ਨਹਿਂ[1] ਦੰਡ ਤਬਿ, ਕਹਿਕੈ ਲਗਵਾਵੌਂ- ॥੩॥

[1](ਜੇ) ਹੋਰ (ਕੋਈ) ਦਾਉ ਨਾ (ਲੱਗਾ)।

ਅਵਸਰ ਕੋ ਹੇਰਤਿ ਰਹਤਿ, ਦਿਨ ਕਿਤਿਕ ਬਿਤਾਏ।
ਨਰ ਪ੍ਰਿਥੀਏ ਕੋ ਢਿਗ ਅਯੋ, ਦੇ ਪੱਤ੍ਰ ਪਠਾਏ।
ਖੋਲਿ ਪਠੀ ਇਮ ਲਿਖ੍ਯੋ ਬਿਚ, 'ਤੂੰ ਸੁਮਤਿ ਬਡੇਰੋ।
ਕਾਰਜ ਸਭਿ ਪੂਰਨ ਕਰਹਿਂ, ਭਰਵਾਸਾ ਤੇਰੋ ॥੪॥
ਹਜ਼ਰਤ ਕੋ ਉਪਦੇਸ਼ਿ ਕੈ, ਲਵਪੁਰਿ ਮਹਿਂ

ਲਜਾਏ।
ਇਹ ਕਾਰਜ ਤੁਝ ਤੇ ਸਰਹਿ, ਨਹਿਂ ਅਪਰ ਬਨਾਏ।
ਰਿਪੁ ਹਤਿਬੇ ਕੋ ਸਮੈ ਅਬਿ, ਹੈ ਨਿਕਟ ਤੁਮਾਰੇ।
ਜੇ ਪੁਕਾਰ ਕੋ ਮਿਸਿ ਬਨਹਿ, ਮੁਝ ਲੇਹੁ ਹਕਾਰੇ ॥੫॥
ਦੋਸ ਸੰਦੋਹ ਅਰੋਪ ਕਰਿ[1], ਕਹਿ ਸ਼ਾਹੁ ਗਹੀਜੈ।
ਲਿਖੋ ਆਪਿ ਮੈਂ ਆਇ ਹੌਂ, ਮਿਲਿ ਜਤਨ ਕਰੀਜੈ।'
ਪਠਿਕੈ ਪਾਤੀ ਚਿਤਜੋ ਚਿਤ, -ਕਰਿ ਬੂਝਨਿ ਸ਼ਾਹੂ।
ਪੁਨ ਪ੍ਰਿਥੀਆ ਬੁਲਵਾਇ ਹੌਂ, ਤੂਰਨ ਨਿਜ ਪਾਹੂ- ॥੬॥
ਇਮ ਨਿਸ਼ਚੇ ਕਰਿ ਪ੍ਰਾਤ ਉਠਿ, ਮਤਿ ਮੰਦ ਚਿਤਾਰੈ।
ਗਮਨਜੋ ਹਜ਼ਰਤ ਕੇ ਨਿਕਟ, ਨਰ ਨਿਮਹਿ ਹਜ਼ਾਰੈਂ।
ਰਜਤ ਦੰਡ[1] ਗਹਿ ਅੱਗ੍ਰ ਚਲਿ, ਕੋ ਨਰਨਿ ਹਟਾਵੈ।
ਸੰਗ ਸੁਭਟ ਗਮਨਤਿ ਪਗਨਿ, ਚਹੁੰਦਿਸ਼ਿ ਮਹਿਂ ਜਾਵੈਂ ॥੭॥
ਕਿਤਿਕ ਦਾਸ ਦੌਰਤਿ ਚਲਹਿਂ, ਅਗਵਾ ਪਿਛਵਾਈ।
ਬੋਲਤਿ ਜਾਤਿ ਨਕੀਬ[1] ਜੋ, ਕੋ ਸੁਜਸੁ ਸੁਨਾਈ।
ਆਗੈ ਚਲੈਂ ਢਲੈਤ[1] ਕੁਛ, ਖਹਿ ਖੜਗ ਰੁ ਢਾਲੇ।
ਕੋ ਸਨਮਾਨਤਿ ਸੰਗ ਮੈਂ, ਕਹਿ ਬਾਕ ਰਸਾਲੇ ॥੮॥
ਮੰਗਤਿ ਜਨ ਗਨ ਬੋਲਤੇ, ਸਿਵਕਾ[1] ਪਰ

[1]ਬਹੁਤੇ ਦੋਸ਼ ਥੱਪ ਕੇ।
[1]ਚਾਂਦੀ ਦੇ ਡੰਡੇ (ਚੋਬਾਂ)।
[1]ਆਵਾਜ਼ ਦੇਣ ਵਾਲਾ। ਭੱਟ।
[1]ਸੂਰਮੇ।
[1]ਪਾਲਕੀ।

ਚਾਲਾ।
ਗਰ ਜਾਮਾ ਪਾਲੇ ਬਹੁਤ[1], ਸਿਰ ਪਾਗ ਬਿਸਾਲਾ।
ਦੁਹਦਿਸ਼ਿ ਲੇਤਿ ਸਲਾਮ ਕੋ, ਗਮਨਤਿ ਪੁਰਿ ਮਾਂਹੂ।
ਪਿਖਿ ਦਿਵਾਨ ਨਰ ਖਰੇ ਹੁਇ, ਸਨਮਾਨ ਉਮਾਹੂ[1] ॥੯॥
ਸਿੰਘ ਪੌਰ[1] ਮਹਿਂ ਬਰਜੋ ਜਬਿ, ਭਟ ਗਨ ਭੇ ਠਾਂਢੇ।
ਉਮਰਾਵਨਿ ਮਹਿਂ ਪੁਨ ਗਯੋ, ਜੇ ਧਨ ਕਰਿ ਗਾਢੇ[1]।
ਜਹਾਂਗੀਰ ਬੈਠ੍ਯੋ ਤਖਤ, ਬਹੁ ਨਮੋ ਕਰੰਤਾ।
ਨਿਜ ਦਰਜੇ ਪਰ ਤਬਿ ਥਿਰ੍ਯੋ[1], ਉਤਸਾਹੁ ਧਰੰਤਾ ॥੧੦॥
ਹਜ਼ਰਤ ਕੋ ਅਭਿਨੰਦਨੇ[1], ਕਰਿ ਕਰਿ ਚਤੁਰਾਈ।
ਕਹਤਿ ਸੁਨਾਵਤਿ ਮ੍ਰਿਦੁਲ ਬਚ, ਕੀਰਤਿ ਵਰਧਾਈ।
ਹਸਤਿ ਸ਼ਾਹੁ ਹਰਖਤਿ ਹਿਯੋ, ਸਭਿ ਸਭਾ ਸਰਾਹ੍ਯੋ।
'ਚੰਦੁ ਦਿਵਾਨ ਪੁਰਾਤਨੀ, ਰਾਵਰਿ ਚਿਤ ਚਾਹ੍ਯੋ' ॥੧੧॥
ਘਾਤ ਪਾਇ ਬੋਲ੍ਯੋ ਬਹੁਰ, 'ਸੁਨਿ ਪਨਹ ਜਹਾਨਾ!
ਬਹੁ ਦਿਨ ਬੀਤੇ ਪ੍ਰਿਥੀਏ, ਨਿਜ ਕਸ਼ਟ ਬਖਾਨਾ।
ਕਹ੍ਯੋ ਆਪਿ -ਲਵਪੁਰਿ ਚਲਹਿਂ, ਤਹਿਂ ਝਗਰ ਨਿਬੇਰੈਂ-।
ਰਹ੍ਯੋ ਪ੍ਰਤੀਖਤਿ ਛੁਧਤਿ ਜਿਮ, ਭੋਜਨ ਦਿਸ਼ਿ ਹੇਰੈ ॥੧੨॥
ਅਬਿ ਆਵਨਿ ਕੋ ਚਹਤਿ ਹੈ, ਤੁਮ ਪਾਇ ਰਜਾਈ।

[1]ਬਹੁਤੇ ਪੱਲਿਆਂ ਵਾਲਾ।
[1]ਉਤਸ਼ਾਹ ਕਰਦੇ ਹਨ।
[1]ਡੇਉਢੀ।
[1]ਤਕੜੇ।
[1]ਬੈਠ ਗਿਆ (ਚੰਦੂ)।
[1]ਨਮਸਕਾਰ ਕੀਤੀ।

ਸੁਨਹੁ ਨਿਬੇਰੋ ਨਜਾਵ ਕਹੁ, ਲਿਹੁ ਦੁਹਨਿ ਬੁਲਾਈ।
ਸ਼ਾਹਨ ਕੋ ਈਮਾਨ ਬਡ, ਨਿਤ ਨਜਾਵ ਬਿਚਾਰੈਂ।
ਜਥਾ ਜੋਗ ਰਖਿ ਪ੍ਰਜਾ ਕੋ, ਸਭਿ ਕੋ ਪ੍ਰਤਿਪਾਰੈਂ ॥੧੩॥
ਸਭਿ ਕਾਜਨਿ ਤੇ ਇਹੁ ਬਡੋ, ਨਿਤ ਝਗਰ ਚੁਕਾਵੈ।
ਤੁਮ ਸਮਾਨ ਕੋ ਨਹਿਂ ਭਯੋ, ਸੁਖਿ ਪ੍ਰਜਾ ਬਸਾਵੈ।
ਰਾਉ ਰੰਕ ਬਿਚ ਨਜਾਵ ਕੇ, ਤੁਮ ਲਖੇ ਸਮਾਨਾ[1]।
ਪ੍ਰਿਥਕ ਕਰਜੋ ਪੈ ਪਾਨਿ ਕੋ, ਕੋ ਰਖਯੋ ਨ ਛਾਨਾ[1] ॥੧੪॥
ਸ਼ਮਸ਼ ਮਨਿੰਦ ਪ੍ਰਕਾਸ਼ ਨਯ, ਤਮ ਅਨਯ ਨਸਾਏ[1]।
ਚੋਰ ਜਾਰ ਬਟਪਾਰ ਠਗ, ਤਮਚਰ ਸੁ ਛਪਾਏ।'
ਸੁਨਿ ਚੰਦੂ ਤੇ ਸ਼ਾਹੁ ਕਹਿ, 'ਗੁਰ ਢਿਗ ਨ ਪਠਾਓ।
ਕਰਹਿ ਪੁਕਾਰ ਜੁ ਪ੍ਰਿਥੀਆ, ਨਿਜ ਨਿਕਟ ਬੁਲਾਓ ॥੧੫॥
ਪ੍ਰਿਥਮ ਸੁਨੈ ਨਿਰਨੈ ਕਰਹਿਂ, ਕਿਮ ਕਰਹਿ ਪੁਕਾਰੂ।
ਬਹੁਰ ਉਗਾਹ ਹਕਾਰਿ ਕਰਿ, ਤਿਨ ਸਿਖ ਜਿ ਉਦਾਰੂ।
ਸ੍ਰੀ ਗੁਰੁ ਬਹੁਰ ਬੁਲਾਇ ਹੈਂ, ਜਬਿ ਉਚਤ ਨਿਹਾਰੈਂ।
ਜਥਾ ਜੋਗ ਕਰਿਵਾਇ ਹੈਂ, ਨਹਿਂ ਪੱਖ ਸੰਭਾਰੈਂ' ॥੧੬॥
ਹਾਥ ਜੋਰਿ ਕਹਿ 'ਭਲਾ ਜੀ,' ਉਠਿ ਸ਼ਾਹੁ ਗਯੋ ਹੈ।

[1]ਜਾਣੇ ਜਾਂਦੇ ਹੋ ਇਕੋ ਜਿਹੇ।

[1]ਵੱਖੋ ਵੱਖ ਕੀਤਾ ਹੈ ਦੁੱਧ ਪਾਣੀ ਨੂੰ, ਕੋਈ ਲੁਕਾਉ ਨਹੀਂ ਰੱਖਿਆ।

[1]ਸੂਰਜ ਵਾਂਗ ਪ੍ਰਕਾਸ਼ਿਆ ਨਿਆਉਂ ਨੂੰ ਤੇ ਅੰਧੇਰਾ ਅਨਿਆਇ ਦਾ ਦੂਰ ਕੀਤਾ ਹੈ।

ਭਈ ਬ੍ਰਖਾਸਤਿ ਸਭਿ ਸਭਾ, ਮੁਦ ਚੰਦੂ ਭਯੋ ਹੈ।
ਸਦਨ ਆਇ ਤਿਸ ਚਾਰ ਕੋ, ਸਭਿ ਕਹ੍ਯੋ ਪ੍ਰਸੰਗਾ।
'ਆਨਹੁ ਪ੍ਰਿਥੀਆ ਜਾਇ ਕਰਿ, ਚਲਿ ਤੂਰਨ ਸੰਗਾ' ॥੧੭॥
ਸੁਨਿ ਕੋਠੇ ਕੋ ਨਰ ਗਯੋ, ਨਹਿਂ ਬਿਲਮ ਲਗਾਈ।
ਬੈਠ੍ਯੋ ਕਰਤਿ ਪ੍ਰਤੀਖਨਾ, ਮਿਲਿ ਸਕਲ ਸੁਨਾਈ।
'ਸਿਮਰ੍ਯੋ[1] ਹਜ਼ਰਤਿ ਨੇ ਚਲੋ, ਨਹਿਂ ਗਹਰ[2] ਲਗੀਜੈ।
ਹਰਖਤਿ ਚੰਦੂ ਨੇ ਪਠ੍ਯੋ, ਮਗ ਮਹਿਂ ਪਗ ਦੀਜੈ' ॥੧੮॥
ਸੁਨਤਿ ਹੌਸਲਾ ਉਰ ਵਧ੍ਯੋ, ਤਯਾਰੀ ਕਰਿਵਾਈ।
ਮਿਹਰਵਾਨੁ ਸੁਤ ਕੇ ਸਹਤ, ਕਰਮੋ ਢਿਗ ਆਈ।
'ਤੁਮ ਪ੍ਰਬੀਨ ਸਭਿ ਮਤਿ ਵਿਖੈ, ਕਯਾ ਕਹੌਂ ਬਨਾਈ।
ਕਰੋ ਬਾਤ ਸ਼ੁਭ ਰੀਤਿ ਕੀ, ਹੁਇ ਸਹਿਜ ਸੁਭਾਈ ॥੧੯॥
ਨਹਿਂ ਉਲਟੀ ਕਿਮ ਗਰ ਪਰਹਿ, ਪਤਿ ਰਹੈ ਨ ਜੈਸੇ।
ਚਲਹਿ ਜੀਵਕਾ ਬਹੁਤ ਅਬਿ, ਨਤੁ ਆਛੇ ਐਸੇ[1]।
ਬਾਹੁ ਪਰੈ[1] ਤੁਰਕਾਨਿ ਸੋਂ, ਕਰਹਿਂ ਨ ਸਨਮਾਨਾ।
ਹਾਂਸੀ ਕਰਹਿ ਸ਼ਰੀਕ ਗਨ, ਜੇ ਹੁਇ ਕੁਛ ਹਾਨਾ ॥੨੦॥
ਮੋਹਿ ਨ ਆਛੋ ਅਬਿ ਲਗਹਿ, ਕਿਤ ਜਾਨਿ ਤੁਮਾਰਾ।

[1]ਯਾਦ ਕੀਤਾ ਹੈ। [2]ਡੇਰੀ [ਹਿੰਦੀ, ਗਹਰ]

[1]ਨਹੀਂ ਤਾਂ (ਗੁਰਿਆਈ ਗੱਦੀ ਮਿਲੇ ਬਿਨਾ) ਐਵੇਂ ਹੀ ਚੰਗੇ ਹਾਂ।

[1]ਵਾਹ ਪਏਗਾ।

ਗੁਰੂ ਪਦਾਰਥ ਬਹੁ ਦਏ, ਭਲ ਚਲੈ ਗੁਜ਼ਾਰਾ।'
ਸੁਨਿ ਪ੍ਰਿਥੀਏ ਧੀਰਜ ਦਈ, 'ਕਿਮ ਬੋਲਤਿ ਬੈਨਾ?
ਲੇਨਿ ਸਮੋ ਗਾਦੀ ਅਬਹਿ, ਕਿਮ ਬੈਠਿਵ ਐਨਾ[1] ॥੨੧॥
ਜਿਯਤਿ ਰਹੈਂ ਰਿਪੁ ਕੋ ਹਤਹਿੰ, ਪੁਨ ਮਿਲਿ ਹੈਂ ਆਈ।
ਨਤੁ ਬੈਠੌਂ ਦਰ ਸ਼ਾਹੁ ਕੇ, ਲਿਉਂ ਕਿਮੈ ਰਿਝਾਈ।
ਮਿਹਰਵਾਨ ਮਮ ਪੁੱਤ੍ਰ ਸੁਖ, ਬਹੁ ਬਿਧਿ ਕੇ ਪਾਵੈ।
ਮੋਹਿ ਆਰਬਲ ਬਿਤ ਗਈ, ਦਿਨ ਅਲਪ ਰਹਾਵੈ' ॥੨੨॥
ਅੰਕ[1] ਲਿਯੋ ਮਿਲਿ ਪ੍ਰੇਮ ਕਰਿ, ਸੁੰਘਤਿ ਮੁਖ ਭਾਲਾ[2]।
ਸਰਬ ਰੀਤਿ ਸਮੁਝਾਇ ਕੈ, ਚਾਹਤਿ ਚਿਤ ਚਾਲਾ[1]।
ਨਿਕਸਤਿ ਸਨਮੁਖ ਛੀਂਕ ਭੀ, ਫਰਕੋ ਬਾਮੰਗਾ[1]।
ਸਮਧਾ[1] ਕੋ ਸਿਰ ਭਾਰ ਧਰਿ, ਨਰ ਮਿਲ੍ਯੋ ਕੁਢੰਗਾ[2] ॥੨੩॥
ਸੰਸੈ ਕਰਮੋ ਬਹੁ ਕਰਹਿ, ਨਹਿਂ ਸਕਹਿ ਹਟਾਈ।
ਫੁਰਤ[1] ਬਿਲੋਚਨਿ ਦਾਹਿਨੋ, ਲਖਿ ਉਰ ਦੁਖਦਾਈ।
ਨਹਿਂ ਪ੍ਰਿਥੀਆ ਕੁਛ ਮਨ ਗਿਨੈ, -ਮਮ ਪੱਖੀ ਚੰਦੂ।
ਲਵਪੁਰਿ ਚਲਿ ਕਰਿ ਹਹਿਂ ਜਤਨ, ਕਰਿ ਅਨੁਜ ਨਿਕੰਦੂ- ॥੨੪॥
ਦਾਸ ਸਿੱਖ ਗਨ ਸੰਗ ਲੈ, ਪਸ਼ਚਮ ਮੁਖ ਕੀਨਾ।

[1]ਘਰ ਕਿਵੇਂ ਬੈਠਾ ਰਹਾਂ।
[1]ਜੱਫੀ ਵਿਚ। [2]ਮੂੰਹ ਤੇ ਮੱਥਾ।
[1]ਚਲਣਾ ਚਾਹੁੰਦਾ ਹੈ ਚਿੱਤ ਵਿਚ।
[1]ਖੱਬੇ ਅੰਗ।
[1]ਲਕੜੀਆਂ। [2]ਕੋਝਾ ਜਿਹਾ।
[1]ਫੁੜਕਦੀ ਹੈ।

ਗਮਨਜੋ ਮਾਰਗ ਛਿੱਪ੍ਰ ਕਰਿ, ਤ੍ਰਿਸ਼ਨਾ ਕਿਯ ਦੀਨਾ[1]।
ਨਿਸ਼ ਬਿਸਰਾਮਹਿ ਦਿਨ ਚਲਹਿ, ਦਿਨ ਥੋਰਨਿ ਮਾਂਹੂ।
ਪਹੁੰਚਜੋ ਤਰਨ ਤਾਰਨ ਨਿਕਟ, ਬੋਲੇ ਨਰ ਪਾਹੂ[1] ॥੨੫॥

[1]ਤ੍ਰਿਸ਼ਨਾਂ ਦਾ ਦੀਨ ਕੀਤਾ ਹੋਯਾ। ਭਾਵ ਤ੍ਰਿਸ਼ਨਾਂ ਦੇ ਅਧੀਨ।

[1]ਨਾਲ ਦੇ ਆਦਮੀ।

'ਗੁਰੂ ਰਚਜੋ ਤੀਰਥ ਮਹਾਂ, ਮੱਜਨ ਕਰਿ ਲੀਜੈ।
ਚਲਿ ਡੇਰਾ ਆਗੇ ਕਰੈਂ, ਨਿਸ ਪਰੀ ਲਖੀਜੈ।
ਚਲੇ ਕੋਸ ਬਹੁ ਸ਼੍ਰਮਤਿ ਹੈਂ, ਕਰਿ ਲੇਂ ਬਿਸਰਾਮੂ।'
ਸੁਨਿ ਪ੍ਰਿਥੀਆ ਰਿਸ ਕਰਿ ਕਹੈ, ਜਿਸ ਕੋ ਮਨ ਬਾਮੂੰ[1] ॥੧੬॥

[1]ਟੇਢਾ।

'ਇਹ ਛਪੜੀ ਤੀਰਥ ਨਹੀਂ, ਫਲ ਕਹਾਂ ਨਹਾਏ।
ਨਹੀਂ ਗੁਰੂ ਕੋ ਰਚਤਿ ਥਲ, ਕਛੁ ਪੂਰ ਨ ਪਾਏ[1]।
ਤੁਰਕਨਿ ਛੀਨ ਪਚਾਵਿਅਨਿ, ਰਚਿਬੇ ਨਹਿੰ ਦੀਨੋ।
ਚਲੋ ਅਗਾਰੀ ਦੇਖੀਯਹਿ, ਤੀਰਥ ਹਮ ਕੀਨੋ ॥੧੭॥

[1]ਕੁਛ ਪੂਰੀ ਨਹੀਂ ਪਾ ਸਕਦਾ।

ਤਹਾਂ ਕਰਹਿੰ ਬਿਸਰਾਮ ਕੋ, ਸ਼੍ਰਮ ਸਭਿ ਨਿਰਵਾਰੈਂ।
ਭਲੇ ਅਸੂਦੇ[1] ਹੋਇ ਹੈਂ, ਦਿਨ ਦੁਇ ਤ੍ਰੈ ਟਾਰੈਂ।'
ਬਿਨ ਹੇਰੇ ਗੁਰੁ ਥਾਨ ਕੋ, ਚਲਿ ਜਾਤਿ ਅਗਾਰੀ।
ਜਾਇ ਪਹੂਚਜੋ ਹੇਹਰੀ[†], ਉਤਰਜੋ ਮੁਦ ਭਾਰੀ ॥੨੮॥

[1]ਸੁਖੀ [ਫਾ: ਆਸੂਦਹ]

[†]ਦੇਖੋ ਰਾ: ੩ ਅਂ: ੨੩ ਅੰਕ ੧੧ ਦੀ ਹੇਠਲੀ ਟੂਕ।

ਸਿੱਖਨਿ ਕੋ ਉਪਦੇਸ਼ਤੋ 'ਇਹ ਤੀਰਥ ਆਛੋ।
ਮੱਜਹੁ ਸ਼ਰਧਾ ਧਾਰਿ ਕਰਿ, ਪ੍ਰਾਪਤ[1] ਜੋ

[1]ਮਿਲਦਾ ਹੈ।

ਬਾਂਛੋ।
ਬਿਸਰਾਮਹੁ, ਸ਼੍ਰਮ ਪਰਹਰਹੁ, ਪੁਨ ਲਵਪੁਰਿ ਚਾਲੈਂ।'
ਖਾਨ ਪਾਨ ਕੀਨਸਿ ਪੁਨਹ, ਕਰਿ ਸ੍ਵਾਦ ਬਿਸਾਲੈ ॥੨੯॥
ਨਿਸਾ ਪਰੀ ਸੁਪਤੇ ਪੁਨਹੁ, ਉਠਿ ਪ੍ਰਾਤ ਨਹਾਏ।
ਕਰਜੋ ਕਰਾਹੁ ਬ੍ਰਤਾਇਕੈ, ਹਰਖਤਿ ਹਿਯ ਖਾਏ।
ਤੀਨ ਦਿਵਸ ਬੀਤੇ ਬਸਤਿ, ਕਹਿ ਸੰਧਜਾ ਕਾਲਾ।
'ਚਲਹਿਂ ਕਾਲਿ ਕੋ ਲਵਪੁਰੀ, ਹੁਇ ਕਾਜ ਬਿਸਾਲਾ ॥੩੦॥
ਚੰਦੂ ਕਰਹਿ ਪ੍ਰਤੀਖਨਾ, ਇਕ ਸਿਖ ਮਿਲਿ ਆਯਾ[1]।

[1]ਇਕ (ਮੇਰਾ) ਸਿੱਖ (ਚੰਦੂ ਨੂੰ) ਮਿਲਕੇ ਆਇਆ ਹੈ।

ਅਰਜਨ ਕੋ ਮਾਰਜੋ ਚਹੈ, ਲੇ ਮੋਹਿ ਸਹਾਯਾ।
ਨਿਸਾ ਭਈ ਭੋਜਨ ਅਚਜੋ, ਦਧਿ ਸਿਖ ਨੇ ਆਨਾ।
ਸੂਖਮ ਚਾਵਰ ਸਾਦ ਸੋਂ, ਕੀਨਸਿ ਬਹੁ ਖਾਨਾ ॥੩੧॥
ਸ੍ਵਾਦਿ ਸਾਥ ਅਚਿ ਬਹੁ ਗਯੋ, ਹੁਨਿਹਾਰ[1] ਖੁਵਾਯੋ।

[1]ਹੋਣਹਾਰ ਨੇ।

ਗਰ ਲੌ ਭਰਿ ਕੈ ਉਦਰ ਕੋ, ਨਿਸ ਮਹਿਂ ਸੁਪਤਾਯੋ।
ਅਰਧ ਨਿਸਾ ਬਦਹਾਜ਼ਮਾ, ਹੈਜ਼ਾ ਹੁਇ ਆਵਾ।
ਸੂਲ ਉਠਜੋ ਜਨੁ ਸੂਲ ਚੁਭਿ, ਦੁਖ ਤੇ ਬਿਕੁਲਾਵਾ ॥੩੨॥
'ਹਾਇ ਹਾਇ' ਮੁਖ ਕਰਤਿ ਹੈ, ਜਾਗੇ ਨਰ ਪਾਸੂ[1]।

[1]ਕੋਲ ਦੇ।

ਕਹਾਂ ਜਤਨ ਕੋ ਤਬਿ ਕਰਹਿਂ, ਨਹਿਂ ਔਖਧ ਰਾਸੂ[1]।

[1]ਰਾਸ ਦਵਾ = ਸਿਧ ਔਖਧੀ (ਅ) ਦਵਾ ਰਾਸ ਨਹੀਂ (ਪੈਂਦੀ)।

ਨਹਿਂ ਹਕੀਮ ਕੋ ਗ੍ਰਾਮ ਮਹਿਂ, ਕਛੁ ਹ੍ਵੈ ਨ ਉਪਾਈ।
ਰੁਦਤਿ ਨਿਕਟ ਹ੍ਵੈ ਦੁਖਤਿ ਸਭਿ, ਤਿਸ ਆਸ ਚੁਕਾਈ ॥੩੩॥
ਪ੍ਰਿਥੀਏ ਨੇ ਜਾਨਜੋ ਮਰਨਿ, -ਨਹਿਂ ਬਾਚਹਿਂ ਪ੍ਰਾਨਾ-।
ਸਿੱਖ ਦਾਸ ਗਨ ਹਿਤੂ ਲਖਿ, ਅਸ ਬਾਕ ਬਖਾਨਾ।
'ਅਬਿ ਮੇਰੋ ਪਰਲੋਕ ਹ੍ਵੈ, ਰੁਜ ਵਧਜੋ ਬਿਸਾਲਾ।
ਦਾਹ ਕਰਹੁ ਇਸ ਥਾਨ ਹੀ, ਕਰਿ ਕ੍ਰਿਯਾ ਕਪਾਲਾ[1] ॥੩੪॥

[1]ਕਪਾਲ ਕਿਰਿਆ।

-ਪੀਛੇ ਹੋਇ ਜੁ ਅੰਸ ਮਮ, ਮਰਿ ਹੈ ਕਿਤ ਕੋਈ।
ਦਾਹੁ ਆਨਿ ਇਸ ਥਲ ਕਰਹਿ-, ਕਹਿ ਦੀਜਹਿ ਸੋਈ।
ਮੋ ਕਹੁ ਮਿਲਹਿ ਸੁ ਆਨਿ ਕਰਿ, ਫਲ ਉੱਤਮ ਪਾਵੈ।
ਮਿਹਰਵਾਨ ਸੋਂ ਕਹੋ ਤੁਮ-, ਬਹੁਤ ਨ ਰੁਦਨਾਵੈ ॥੩੫॥
ਇਹੀ ਰੀਤਿ ਸਭਿ ਜਗਤ ਕੀ, ਆਵਤਿ ਇਕ ਜਾਤੇ[1]।

[1]ਇਕ ਆਂਵਦਾ ਹੈ ਇਕ ਜਾਂਦਾ ਹੈ।

ਕਰਹੁ ਕ੍ਰਿਆ ਮੇਰੀ ਸਕਲ, ਜਪਿ ਨਾਮ ਪ੍ਰਭਾਤੇ।
ਪੁਨ ਆਵਹੁ ਚੰਦੂ ਮਿਲਹੁ, ਲਿਹੁ ਗੁਰਤਾ ਗਾਦੀ।
ਜਜੋਂ ਕਜੋਂ ਅਰਜਨ ਕੋ ਹਤਹੁ, ਪੁਨ ਕੀਜਹਿ ਸ਼ਾਦੀ[1] ॥੩੬॥

[1]ਖੁਸ਼ੀ।

ਪੁਰਹੁ ਕਾਮਨਾ ਆਇ ਕਰਿ, ਸਭਿ ਬਨਜੋ ਬਨਾਉ।
ਬੈਰ ਸੰਭਾਰੋ ਆਪਨੋ, ਨਹਿਂ ਕਰਹੁ ਵਲਾਉ[1]- ।'

[1]ਟਾਲਾ।

ਇਮ ਕਹਿ ਧਰਨੀ ਪਰ ਪਰਜੋ, ਬਜਾਕੁਲ ਬਡ ਹੋਵਾ।
ਬੋਲ ਬੰਦ, ਮ੍ਰਿਤੁ ਚਿੰਨ੍ਹ ਭੇ, ਸਭਿ ਸੰਗਿਨਿ ਜੋਵਾ ॥੩੭॥
ਰਹੇ ਬੁਲਾਵਤਿ ਦਾਸ ਗਨ, ਨਿਕਸੇ ਤਨ ਪ੍ਰਾਨਾ।
ਚਿਤਵਤਿ ਗੁਰੁ ਸੰਗਿ ਬੈਰ ਕੋ, ਪਰਲੋਕ ਪਯਾਨਾ।
ਰੁਦਤਿ ਸਕਲ ਬੈਠੇ ਨਿਕਟ ਸੋ ਰਾਤ ਬਿਤਾਈ।
ਭਈ ਪ੍ਰਭਾਤਿ ਉਠਾਇ ਕੈ ਬਡ ਚਿਖਾ ਬਨਾਈ ॥੩੮॥
ਊਪਰ ਧਰਿ ਕਰਿ ਛਾਰਿ ਕਰਿ ਰੋਏ ਸਮੁਦਾਏ।
ਅਸਥਿ ਬੀਨ[1] ਦਿਨ ਤੀਨ ਮੈਂ, ਹਟਿ ਪਾਛਿ ਸਿਧਾਏ।
ਇਕ ਸਿਖ ਕੋਠੇ ਕੋ ਗਯੋ, ਪੂਰਬ ਸੁਧਿ ਦੈਬੇ।
ਸੁਨਿ ਮਰਨੋ, ਸੁਤ ਭਾਰਜਾ, ਬਡ ਕੂਕ ਕਰੈਬੇ ॥੩੯॥
'ਹਾਇ ਹਾਇ' ਕਰਿ ਰੁਦਤ ਹੈ, 'ਨਹਿਂ ਸਧਜੋ ਸਰੀਕਾ[1]।
ਹੇ ਪਤਿ! ਪੂਰਬ ਹੀ ਮਰਜੋ, ਇਹ ਕਿਯੋ ਨ ਨੀਕਾ।
ਮਿਹਰਵਾਨ ਸੁਤ ਕੀ ਖਬਰ, ਕਬਿ ਲੈਹੈਂ ਆਈ।
ਬਦਨ ਮਰਤਿ ਹਮ ਨਹਿਂ ਪਿਖਜੋ, ਬਿਧਿ ਕਹਾਂ ਬਨਾਈ ॥੪੦॥
ਰਹੀ ਹਟਾਇ ਨ ਹਟਜੋ ਤਬਿ, ਅਪਸ਼ਗੁਨ ਬਿਸਾਲੇ।
ਕਿਮ ਫਲ ਸੋ ਦੇਵੈਂ ਨਹੀਂ, ਦੁਖ ਕੀਨਿ ਕਰਾਲੇ।'
ਕਹਿ ਲਗਿ ਬਰਨੌਂ ਸ਼ੋਕ ਜਨੁ, ਕਿਯ ਆਇ

[1]ਫੁੱਲ ਚੁਣਕੇ।

[1]ਸ਼ਰੀਕਾ ਸੋਧ ਨਾ ਸਕਿਆ।

[1]ਮਾਨੋ ਸ਼ੋਕ ਨੇ ਹੀ ਘਰ ਆ ਕੀਤਾ ਹੈ।

ਅਵਾਸਾ[1]।
ਇਤਨੇ ਮੈਂ ਆਏ ਅਸਥਿ, ਰੋਦਤਿ ਭਰਿ ਸ੍ਵਾਸਾ ॥੪੧॥
ਮਿਹਰਵਾਨ ਬਹੁ ਰੋਇ ਕੈ, ਮ੍ਰਿਤੁ ਕ੍ਰਿਆ ਕਰਾਈ।
ਸ਼ਬਦ[1†] ਪਢਾਯੋ ਦਰਬ ਦੇ, ਸੁਨਤੇ ਸਮੁਦਾਈ।
ਤਿਨ ਕੀ ਸੰਗਤਿ ਆਇ ਕਰਿ, ਪੁਨ ਪਾਗ ਬੰਧਾਈ।
ਮਿਟਯੋ ਸ਼ੋਕ ਤਬਿ ਜਨ[1] ਕਹਯੋ, ਜੋ ਅਕਲ ਸਿਖਾਈ ॥੪੨॥
'-ਸ਼੍ਰੀ ਅਰਜਨ ਤੇ ਬੈਰ ਕਰਿ, ਲਿਹੁ ਗੁਰੁਤਾ ਗਾਦੀ।
ਚੰਦੂ ਹਤਹਿ ਉਪਾਇ ਤੇ, ਤਬਿ ਕੀਜਹਿ ਸ਼ਾਦੀ-।
ਮਰਤਿ ਕਹਯੋ ਤੁਮ ਸੋਂ ਪਿਤਾ, ਇਹੁ ਸੁਨਹੁ ਸੰਦੇਸਾ।'
ਸੁਨਯੋ ਪੁੱਤ੍ਰ ਅਰੁ ਭਾਰਜਾ, ਉਰ ਲਹਤਿ ਕਲੇਸ਼ਾ ॥੪੩॥

ਦੋਹਰਾ:
ਮਿਹਰਵਾਨ ਮਨ ਮਾਨਿ ਕੈ, ਮੌਨ ਠਾਨਿ ਰਹਿ ਭੌਨ।
ਕਰਹਿ ਪ੍ਰਤੀਖਨ ਗੁਰ ਬਨੌਂ, ਹੁਇ ਹੈ ਕਾਰਨ ਕੌਨ[1] ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪ੍ਰਿਥੀਆ ਮਰਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

[1]ਗੁਰਬਾਣੀ ਚਾਰ ਸਾਹਿਬਾਂ ਦੀ। †ਪਾ:-ਗਰੜ।
[1]ਦਾਸਾਂ ਨੇ।
[1]ਕੌਣ ਸਬੱਬ ਹੋਵੇ।

## ੨੭. [ਸ਼ੋਕ। ਚੰਦੂ। ਜਹਾਂਗੀਰ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਸੰਮਤ ਸੋਰਹ ਸਤ ਹੁਤੇ, ਊਪਰ ਪੰਚ ਮਿਲਾਇ[1]।
ਸਪਤਮ ਹੁਤੀ ਅਸੌਜ ਕੀ[1], ਪ੍ਰਿਥੀਆ ਤਬਿ ਜਨਮਾਇ ॥ ੧ ॥

[1]ਭਾਵ ੧੬੦੫।
[1]ਅੱਸੂ ਦੀ ਸੱਤ।

ਨਿਸਾਨੀ ਛੰਦ:

ਸੋਰਹ ਸਤ ਤ੍ਰੇਹਠ ਬਿਖੈ, ਮਾਧਵ ਕੋ ਮਾਸਾ[1]।
ਮ੍ਰਿਤਕ ਭਯੋ† ਸੋ ਜਾਨੀਅਹਿ, ਨਹਿਂ ਪੂਰਵੀ ਆਸਾ।
ਬੁਰਾ ਸੁ ਚਿਤਵਤਿ ਗੁਰੂ ਕੋ, ਸਭਿ ਬੈਸ ਬਿਤਾਈ।
ਜਿਮ ਤਸਕਰ ਸਸਿ[1] ਕੋ ਕਹੈ, -ਜਰ ਕਯੋਂ ਨਹਿਂ ਜਾਈ- ॥੨॥
ਜਿਮ ਉਲੂਕ[1] ਕਹਿ ਸੂਰ[2] ਕੋ, -ਕਿਮ ਉਦਯਤਿ ਨੀਤਾ[3]।
ਕਯੋਂ ਨ ਹਿਮਾਲੇ ਮਹਿਂ ਗਰਹਿ, ਦੁਖਦੇ ਹਮ ਚੀਤਾ[1]-।
ਜਥਾ ਜਵਾਸੋ ਪਾਵਸੈ[1], ਦੇ ਦੋਸ਼ ਬਡੇਰੇ।
-ਬਿਨਾ ਚਾਹ ਕਯੋਂ ਬਰਸਤੋ, ਹਮ ਹਰਿਤ[1] ਘਨੇਰੇ- ॥੩॥
ਬਾਟਪਾਰ ਜਿਮ ਪਾਤਕੀ[1], ਨਿਜ ਘਾਤ ਤਕਾਵੈ।
ਧਰਮਾਤਮ ਮਹਿਪਾਲ ਕੋ, ਗਨ ਦੋਸ਼ ਬਤਾਵੈ।
ਜਾਰ[1] ਜਥਾ ਕੁਟਵਾਰ ਕੋ, ਨਿਤ ਚਹਤਿ ਬਿਨਾਸਾ।
ਬਕ ਮਰਾਲ ਕੋ ਪਦ ਚਿਤਹਿ[1], ਕਿਮ ਪੂਰਵਹਿ ਆਸਾ ॥੪॥
ਜਿਮਿ ਬਿਰਹਨਿ ਕੋ[1] ਚਾਂਦਨੀ, ਦੀਰਘ ਦੁਖਦਾਈ।
ਤਥਾ ਅਨੁਜ ਕੀ ਕੀਰਤੀ, ਕਬਹੁੰ ਨ ਮਨ

[1]ਭਾਵ ਵੈਸਾਖ ਸੰ: ੧੬੬੩।
†ਪ੍ਰਿਥੀਏ ਦੀ ਮੌਤ ਦਾ ਸਮਾਂ ਹੋਰ ਖੋਜ ਦਾ ਮੁਥਾਜ ਹੈ।
[1]ਚੰਦਰਮਾ।
[1]ਉੱਲੂ। [2]ਸੂਰਜ। [3]ਕਿਉਂ ਉਦਯ ਹੁੰਦਾ ਹੈ ਹਮੇਸ਼।
[1]ਹਿਮਾਲੇ ਵਿਚ ਕਿਉਂ ਨਹੀਂ ਗਲ ਜਾਂਦਾ ਦੁਖ ਦਿੰਦਾ ਹੈਂ ਸਾਡੇ ਚਿੱਤ ਨੂੰ।
[1]ਜਵਾਹਾਂ ਬਰਖਾ ਰੁਤ ਨੂੰ।
[1]ਹਰੇ ਹਾਂ।
[1]ਜਿਵੇਂ ਪਾਪੀ ਧਾੜਵੀ।
[1]ਯਾਰ, ਵਿਸ਼ਈ।
[1]ਬਗਲਾ ਹੰਸ ਦਾ ਮਰਤਬਾ ਚਾਹੇ।
[1]ਵਿਛੋੜੇ ਵਾਲੀ ਨੂੰ।

ਭਾਈ।
ਜਿਮਿ ਜੰਬੁਕ ਬਨਪਤਿ ਬਨਨਿ[1], ਨਿਤ ਜਤਨ ਕਰੰਤਾ।
ਕੇਹਰਿ ਕੋ ਕਾਢਨਿ ਚਹੈ, ਕਿਮਿ ਇੱਛ ਪੁਰੰਤਾ ॥੫॥

[1]ਗਿੱਦੜ ਸ਼ੇਰ ਬਣਨ ਦਾ।

ਗਾਦੀ ਸੀਤਾ[1] ਲੈਨਿ ਕੋ, ਰਾਵਨਿ ਸਮ ਹੋਵਾ।

[1]ਗੱਦੀ ਰੂਪੀ ਸੀਤਾ।

ਅਭਿਲਾਖਤਿ ਹੀ ਪਚ ਗਯੋ[1], ਨਹਿਂ ਸੋ ਸੁਖ ਜੋਵਾ।

[1]ਤਰਸਦਾ ਹੀ ਖਪ ਗਿਆ।

ਕੰਸ ਕ੍ਰਿਸ਼ਨ ਕੇ ਹਤਨਿ ਹਿਤ, ਛਲ ਰਚੇ ਘਨੇਰੇ।
ਮਾਰਤ ਆਪਹਿ ਮਰਿ ਗਯੋ, ਤਿਮ ਪ੍ਰਿਥੀਆ ਹੇਰੇ ॥੬॥
ਸਸਾ ਕਹੈ -ਮੈ ਸ਼ੇਰ ਹੌਂ-, ਗਰਬਤਿ ਬਿਚ ਭਾਈ[1]।

[1]ਭਰਾਵਾਂ ਵਿਚ।

ਜਬਿ ਆਵੈ ਗਜ ਸਮੁਖ ਤਿਸਿ, ਤਬਿ ਕੌਨ ਹਟਾਈ।
-ਗੁਰੂ ਬਨਜੋ ਮੈਂ- ਨਿਤ ਕਹੈ, ਜਬਿ ਜਮ ਦੇ ਪੀਰਾ।
ਸਿੱਖਨਿ ਗਨ ਅਰੁ ਆਪਿ ਕੋ, ਧਾਰਹਿ ਕੋ ਧੀਰਾ ॥੭॥
ਮਿਹਰਵਾਨ ਪ੍ਰਸਥਾਨ ਕੋ[1], ਚਾਹੈ ਬਹੁਤੇਰਾ।

[1](ਚੰਦੂ ਪਾਸ) ਜਾਣ ਨੂੰ।

ਜਨਨੀ ਜਾਨਿ ਨ ਦੇਤਿ ਹੈ, ਕਰਿ ਨੇਹੁਂ ਘਨੇਰਾ।
'ਹੇ ਸੁਤ! ਤੂੰ ਅਬਿ ਆਸਰਾ, ਸਿਖ ਸੰਗਤਿ ਕੇਰਾ।
ਮੈਂ ਅਨੰਦ ਤੇ ਰਹਤਿ ਹੌਂ, ਪਿਖਿ ਕਰਿ ਮੁਖ ਤੇਰਾ ॥੮॥
ਤੋਹਿ ਪਿਤਾਮਾ ਜਗ ਗੁਰੂ, ਅਜ਼ਮਤਿ ਧਰਿ ਭਾਰੀ।
ਨਰ ਨਿਹਾਲ ਕਰਿ ਸੈਂਕਰੇ, ਦੁਰਮਤਿ ਉਰਟਾਰੀ।
ਬਖਸ਼ਤਿ ਨਵ ਨਿਧ ਸਿੱਧਿ ਕੋ, ਪਿਖਿ ਕੈ

ਨਿਜ ਸੇਵਾ।
ਪੂਜਨੀਯ ਸਭਿ ਕੇ ਭਏ, ਜਗ ਸ਼੍ਰੀ ਗੁਰੁ ਦੇਵਾ ॥੯॥
ਤੋਹਿ ਪਿਤਾ ਸੇਵੇ ਨਹੀਂ, ਹੋਇ ਨ ਅਨੁਸਾਰੀ।
ਸਮਤਾ ਕੋ ਕਰਤੋ ਰਹਜੋ, ਕਟੁ ਗਿਰਾ ਉਚਾਰੀ।
ਕਹਜੋ ਨ ਮਾਨਹਿਂ ਕੁਛ ਕਬਹਿ, ਜਾਨਹਿ -ਪਿਤ ਮੇਰਾ-।
ਪ੍ਰਭੁ ਨ ਜਾਨਜੋ ਅਦਬ ਕਰਿ, ਲਰਤੋ ਬਹੁ ਬੇਰਾ ॥੧੦॥
ਸਾਸੁ[1] ਰਹੀ ਸਮੁਝਾਵਤੀ -ਜੇ ਚਹਿਂ ਗੁਰੁ ਗਾਦੀ।
ਸਮਤਾ ਕਰਹੁ ਨ ਪਿਤਾ ਕੀ, ਨਹਿਂ ਹੂਜਹਿ ਬਾਦੀ।
ਨਾਂਹਿ ਤ ਲੈ ਹੈ ਦਾਸ ਕੋ, ਛੂਛੇ ਰਹਿ ਜਾਵੋ।
ਸੇਵਾ ਕੇ ਬਸਿ ਹੋਤਿ ਹੈਂ, ਤੁਮ ਸੇਵ ਕਮਾਵੋ- ॥੧੧॥
ਏਕ ਨ ਮਾਨੀ ਕਿਸੇ ਕੀ, ਨਿਜ ਹਿਤ ਨਹਿਂ ਜਾਨਾ।
ਲਖਿ ਬਿਸਾਲ ਬੁਧਿ ਆਪਨੀ, ਉਰ ਮੇ ਗਰਬਾਨਾ।
ਅਰਜਨ ਆਇਸੁ ਮਾਨਿ ਕਰਿ, ਲਵਪੁਰੀ ਸਿਧਾਵਾ।
ਇਸ ਹੀ ਤੇ ਸੁ ਪ੍ਰਸੰਨ ਹ੍ਵੈ, ਤਿਨ ਕੇ ਮਨਿ ਭਾਵਾ ॥੧੨॥
ਗੁਰੁਤਾ ਗਾਦੀ ਪਰ ਥਿਰਜੋ, ਅਜ਼ਮਤਿ ਕੋ ਪਾਏ।
ਦੇਖਿ ਨਿਕਟ ਤੇਰੇ ਹਤਜੋ, ਸੁਲਹੀ ਧਸਿ ਜਾਏ[1]।
ਸੁਲਬੀ ਗਮਨਜੋ ਪਕਰਨੇ, ਮਗ ਬਿਖੇ ਸੰਘਾਰਾ।

[1](ਮੇਰੀ) ਸੱਸ, ਭਾਵ ਬੀਬੀ ਭਾਨੀ ਜੀ।

[1]ਮਾਰਿਆ ਗਿਆ ਸੁਲਹੀ (ਅੱਗ) ਵਿਚ ਧਸ ਜਾਕੇ।

ਤੋਹਿ ਪਿਤਾ ਅਸਿ ਗਤਿ ਭਈ, ਕੁਛ ਚਲ੍ਯੋ ਨ ਚਾਰਾ ॥੧੩॥
ਘਰ ਅਪਨੇ ਗੁਜ਼ਰਾਨ ਬਹੁ, ਸਿਖ ਸੇਵਕ ਆਵੈਂ।
ਬੈਠੇ ਕਰੋ ਅਨੰਦ ਕੋ, ਸੁਖ ਲਿਹੁ ਮਨ ਭਾਵੈ।
ਕਰਾਮਾਤ ਕੋ ਜ਼ੋਰ ਤਿਹ, ਨਰ ਕਿਤੇ ਸੰਘਾਰੇ।
ਨਹਿਂ ਗਮਨੋ ਕਰਿ ਬੈਰ ਕੋ, ਜੀਵਨਿ ਚਿਤ ਧਾਰੇ ॥੧੪॥
ਜਿਨ ਮਾਰ੍ਯੋ ਨਿਜ ਭ੍ਰਾਤ ਕੋ, ਲਖਿ ਸ਼ੱਤ੍ਰੁ ਸਮਾਨਾ।
ਕਹਾਂ ਭਤੀਜੇ ਸੋਂ ਕਰਹਿ, ਉਰ ਪਜਾਰ ਮਹਾਨਾ।
ਬਹੁ ਫਲ ਪਾਯਹੁ ਬੈਰ ਤੇ, ਅਬਿ ਟਿਕੋ ਅਵਾਸਾ।
ਪ੍ਰਥਮੈਂ ਕਾਢੇ ਨਗਰ ਤੇ, ਤੁਹਮਤ ਦੇ ਤ੍ਰਾਸਾ' ॥੧੫॥
ਇੱਤ੍ਯਾਦਿਕ ਮਾਤਾ ਕਹ੍ਯੋ, ਨੀਕੇ ਸਮੁਝਾਵਾ।
ਮਿਹਰਵਾਨ ਡਰਪ੍ਯੋ ਤਬਹਿ, ਘਰ ਬੈਠਿ ਰਹਾਵਾ।
ਨਹੀਂ ਜਾਨਿ ਕੀ ਮਤਿ ਕਰੀ, ਕਿਸਹੀ ਇਸਥਾਨੇ।
ਰਹ੍ਯੋ ਗ੍ਰਾਮ ਕੋਠੇ ਬਿਖੈ, ਤਿਨ ਕੇ ਸਿਖ ਮਾਨੇ ॥੧੬॥
ਉਤ ਪਾਪੀ ਚੰਦੂ ਸੁਨ੍ਯੋ, ਪ੍ਰਿਥੀਏ ਤਨ ਛੋਰਾ।
ਪਰ੍ਯੋ ਘਾਵ ਪਰ ਲਵਨ ਜਨੁ, ਪ੍ਰਾਪਤਿ ਦੁਖ ਘੋਰਾ।
ਬ੍ਰਿਣ ਪਾਕੇ ਪਰ ਲਗਿ ਗਈ, ਜਨੁ ਔਚਕ ਚੋਟਾ।
ਬਾਨ ਲਗ੍ਯੋ ਜਨੁ ਕਾਨ ਮਹਿਂ, ਬੀਧ੍ਯੋ ਮਨ ਖੋਟਾ[1] ॥੧੭॥
-ਬਾਦੀ ਹੁਤੋ ਸਮਾਨ ਕੋ, ਸੋ ਭੀ ਪ੍ਰਭੁ ਹਾਨਾ।

[1]ਵਿੰਨ੍ਹਿਆ ਗਿਆ ਖੋਟਾ ਮਨ।

ਜਤਨ ਨਿਫਲ ਸਭਿ ਹੋਤਿ ਹੈ, ਜੇ ਰਚੇ ਮਹਾਨਾ।
ਸੁਲਹੀ, ਸੁਲਬੀ, ਪ੍ਰਿਥੀਆ, ਤੀਨੋ ਮ੍ਰਿਤੁ ਹੋਏ।
ਅਬਿ ਉਪਾਇ ਮੈਂ ਕਜਾ ਕਰੌਂ, ਮਤਿ ਆਇ ਨ ਕੋਏ- ॥੧੮॥
ਮਹਿਮਾ ਮਾਨਿ ਨ ਪਰਹਿ ਪਗ[1], ਜਿਹ ਬਡੇ ਕੁਭਾਗਾ।
ਪਾਤਿਸ਼ਾਹ ਕੇ ਪਾਸ ਮਹਿਂ, ਚਾਰੀ ਅਨੁਰਾਗਾ[1]।
ਨਹਿਂ ਭੋਜਨ ਬਹੁ ਅਚਤਿ ਹੈ, ਸੋਚਤਿ ਚਿਤ ਮਾਂਹੀ।
ਨਿਸਾ ਬਿਖੈ ਨਹਿਂ ਨੀਂਦ ਸੁਖ, ਛਾਤੀ ਰਿਸ ਦਾਹੀ[1] ॥੧੯॥
ਨਿਕਟ ਨ ਬੋਲਨਿ ਦੇਤਿ ਹੈ, ਝਿਰਕਹਿ ਬਹੁ ਦਾਸਾ।
ਨਹਿਂ ਸੁਖਾਇ ਕਿਸ ਕੋ ਕਹਜੋ, ਰਹਿ ਮੌਨ ਅਵਾਸਾ।
ਚਿਤਵਤਿ ਚਿੰਤਾ ਚਿਤ ਬਿਖੈ, ਬਹੁ ਜਤਨ ਬਨਾਵੈ।
ਇਕ ਗਿਨਤੀ ਉਰ ਚਢਤਿ ਹੈ, ਇਕ ਕਰਿ ਉਤਰਾਵੈ ॥੨੦॥
-ਸ਼ਾਹੁ ਸੁਨਹਿ ਸਭਿ ਬਾਤ ਕੋ, ਨਿਸ਼ਚੈ ਨ ਕਰੰਤਾ।
ਰਿਦੇ ਅਦਾਇਬ ਰਾਖਿ ਕਰਿ, ਸੰਸੈ ਉਪਜੰਤਾ।
ਹੁਕਮ ਨਹੀਂ ਕੁਛ ਦੇਤਿ ਹੈ, ਗਹਿ ਲਿਹੁ ਕਿ ਹਕਾਰੋ[1]।
ਕਈ ਬੇਰ ਕੀਨੇ ਜਤਨ, ਇਤ ਉਤ ਹੁਇ ਟਾਰੋ[1]- ॥੨੧॥
ਇੱਤਜਾਦਿਕ ਪਾਪਾਤਮਾ, ਗਿਨਤੀ ਉਰ ਲਜਾਵੈ।

[1](ਗੁਰੂ ਜੀ ਦੀ) ਮਹਿਮਾ ਮੰਨਕੇ ਪੈਰੀਂ ਨਹੀਂ ਪੈਂਦਾ।

[1]ਚੁਗਲੀ ਦਾ ਪ੍ਰੇਮੀ ਹੋਇਆ।

[1]ਕ੍ਰੋਧ ਨਾਲ ਛਾਤੀ ਸੜਦੀ ਹੈ।

[1]ਫੜ ਲੈਣ ਦਾ ਅਥਵਾ ਬੁਲਾ ਲੈਣ ਦਾ।

[1]ਟਾਲ ਦਿੱਤੇ।

ਸ੍ਵਾਸ ਉਸਾਰ[1] ਬਿਸੂਰਤੋ, ਕਬਹੁੰ ਨ ਬਿਸਰਾਵੈ।

[1](ਠੰਢੇ) ਸਾਹ ਭਰਕੇ।

ਖਰ ਸਰ ਸਮਸਰ ਕਰਕ ਉਰ[1], ਗਡਿ ਗਯੋ ਸੁ ਗਾਢੋ।

[1]ਤਿੱਖੇ ਤੀਰ ਵਤ ਰਿਦੇ ਵਿਚ ਵੈਰ।

ਚਿੰਤਾ ਸਲਿਤਾ ਮਹਿਂ ਬਹਤਿ, ਦੁਖ ਜਲ ਬਹੁ ਬਾਢੋ ॥੨੨॥

ਇਕ ਦਿਨ ਗਮਨਜੋ ਸ਼ਾਹੁ ਢਿਗ, ਬਹੁ ਬਾਤ ਸੁਨਾਈ।

ਪ੍ਰਥਮ ਭਏ ਪਤਿਸ਼ਾਹੁ ਜੇ, ਤਿਨ ਕੀ ਬਡਿਆਈ।

ਨਿਜ ਦਿਸਿ ਜਾਨਜੋ ਰੁਖ ਅਧਿਕ, ਬੋਲਜੋ ਕਰ ਜੋਰੇ।

'ਹਜ਼ਰਤ ਜੀ! ਪ੍ਰਿਥੀਆ ਗੁਰੂ, ਤਨ ਪ੍ਰਾਨ ਬਿਛੋਰੇ ॥੨੩॥

ਗਾਦੀ ਸ਼੍ਰੀ ਨਾਨਕ ਹੁਤੀ, ਸ਼ੁਭ ਰੀਤਿ ਚਲਾਈ।

ਮਤੋ ਸੰਤ ਚਿਤ ਸ਼ਾਂਤਿ ਜੁਤ, ਅਤਿ ਮਤਿ ਚਤੁਰਾਈ।

ਸਿੱਖੀ ਦੇਸ਼ ਅਨੇਕ ਕੀ, ਪਗ ਪੂਜਨ ਆਵੈ।

ਅਨਿਕ ਅਕੋਰਨਿ ਆਨਿ ਕੈ, ਧਨ ਕੋ ਅਰਪਾਵੈਂ ॥੨੪॥

ਅਨੁਜ ਨਾਮ ਅਰਜਨ ਅਹੈ, ਮਨ ਮਹਿਦ ਹੰਕਾਰੀ।

ਆਂਖ ਤਰੇ ਆਨਹਿ ਨਹੀਂ, ਗੁਨ ਏਕ ਨ ਧਾਰੀ।

ਆਯੋ ਨਿਕਟ ਨ ਆਪਿ ਕੇ, ਨਿਜ ਲਖਹਿ ਬਿਸਾਲਾ।

ਪ੍ਰਿਥੀਆ ਆਯੋ ਕਈ ਬੇਰਿ, ਇਹ ਸ਼ੀਲ ਰਸਾਲਾ[1] ॥੨੫॥

[1]ਇਹ ਸ਼ੀਲ ਸੁਭਾ ਵਾਲਾ ਤੇ ਰਸ ਵਾਲੇ ਬਚਨ ਬੋਲਣ ਵਾਲਾ ਸੀ।

ਤਿਸ ਕੋ ਸੁਤ ਇਕ ਮੈਂ ਸੁਨਜੋਂ, ਪਾਛੇ ਥਿਰ ਗਾਦੀ।

ਕਰਹਿ ਪ੍ਰਤੀਖਨਿ ਆਪ ਤੇ, ਬੈਠਨਿ ਹਿਤ

ਸ਼ਾਦੀ।
ਸਿਰੇਪਾਉ ਹਜ਼ਰਤ ਕਰੈਂ, ਸਿਰ ਪਾਗ ਬੰਧਾਵੈ।
ਜਗਤਿ ਜਿਠਾਈ[1] ਬਿਦਤ ਹੁਇ, ਮੰਨਤਾ ਬਹੁ ਪਾਵੈ' ॥੨੬॥
ਸੁਨਿ ਦਿਵਾਨ ਤੇ ਸ਼ਾਹੁ ਤਬਿ, ਕਰਿ ਹੁਕਮ ਦਿਵਾਯੋ।
'ਤੁਮ ਲੇ ਅਪਨੇ ਪਾਸਿ ਅਬਿ, ਤਹਿਂ ਦੇਹੁ ਪੁਚਾਯੋ।'
ਲੇ ਕਰਿ ਨਿਜ ਜਨ ਕੋ ਦਿਯੋ, ਕਹਿ ਬਹੁਰ ਪ੍ਰਸੰਗਾ।
'ਦਈ ਜੀਵਕਾ ਪ੍ਰਥਮ ਤੁਮ, ਬਹੁ ਆਦਰ ਸੰਗਾ ॥੨੭॥
ਕੋਠੇ ਗ੍ਰਾਮ ਸੁ ਧਾਮ ਕਰਿ, ਬਸਿ ਬਾਸ[1] ਸਦੀਵਾ।
ਅਨੁਜ ਓਜ ਛਲ ਦਾਵ ਕਰਿ, ਪੁਰਿ ਤੇ ਨਿਕਸੀਵਾ।
ਸ੍ਰੀ ਅਰਜਨ ਤਬਿ ਤੇ ਮਹਾਂ, ਕਰਿ ਗਰਬ ਅਫਾਰਾ।
ਨਹੀਂ ਸ਼ਾਹੁ ਭੀ ਕੁਛ ਕਹ੍ਯੋ, ਉਰ ਤੇ ਡਰ ਡਾਰਾ ॥੨੮॥
ਪੁਨ ਤਸਕਰ ਢਿਗ ਰਾਖਿ ਕਰਿ, ਧਨ ਦੂਰਿ ਕਿ ਨੇਰੇ।
ਨਿਕਸਾਵੈ ਮੰਗਵਾਵਹੀ, ਭਾ ਧਨੀ ਬਡੇਰੇ।
ਤਾਲ ਰਚ੍ਯੋ ਮੰਦਿਰ ਕਰ੍ਯੋ, ਬਹੁ ਦਰਬ ਲਗਾਯੋ।
ਲੋਕਨਿ ਕੇ ਬਿਰਮਾਵਨੇ, ਇਕ ਬਜ੍ਯੋਂਤ ਬਨਾਯੋ ॥੨੯॥
ਤੁਮ ਭਾਖ੍ਯੋ -ਨ ਬੁਲਾਵ ਤਿਹ, ਆਪੇ ਚਲਿ ਆਵੈ-।
ਅਬਿ ਲੌ ਮਿਲ੍ਯੋ ਨ ਆਪ ਕੋ, ਕੁਛ ਮਨ ਨਹਿਂ ਲਜਾਵੈ।

[1]ਵਡੱਪਣ।

[1]ਵੱਸਕੇ ਵਾਸਾ ਕੀਤਾ ਹੈ।

ਹਜ਼ਰਤ ਜੀ! ਚਾਹਹੁ ਕਰਹੁ, ਤਸਕਰ ਕੇ ਹੇਤਾ।
ਚਹੀਅਹਿ ਕਹਨਿ ਬੁਲਾਇ ਢਿਗ, ਆਵੱਸ਼ਜਕ ਏਤਾ[1]' ॥੩੦॥

[1]ਇਤਨਾਂ ਤਾਂ ਜ਼ਰੂਰੀ ਹੈ।

ਸ਼ਾਹੁ ਕਹ੍ਯੋ 'ਨਹਿਂ ਆਇ ਜੇ, ਪੁਨ ਲੇਹਿਂ ਬੁਲਾਈ।
ਨਿਸ਼ਚੈ ਕੀਜਹਿ[1] ਸਾਚ ਇਹ, ਕੈ ਮਿੱਥਜਾ ਗਾਈ[2]।

[1]ਕਰੋ। [2]ਯਾ ਝੂਠ ਕਹੀ ਹੈ (ਤੂੰ ਹੇ ਚੰਦੂ)।

ਜਯੋਂ ਕਯੋਂ ਕਰਿ ਨਿਜ ਦੇਸ਼ ਤੇ, ਚੋਰੀ ਹਟਵਾਵੋਂ।
ਸਾਬਤ ਕਰਿ ਗਹਿ ਲੀਜਿਯੇ, ਨਹਿਂ ਝੂਠ ਲਗਾਵੋ' ॥੩੧॥

ਦੋਹਰਾ:

ਚੰਦੁ ਅਨੰਦ ਬਿਲੰਦ ਰਿਦ, ਲਖਿ ਨਿਜ ਰੁਖ਼ ਕੀ ਬਾਤਿ।
ਬਾਤਿ[1] ਬ੍ਰਿੱਛ ਕੋ ਹਤਹਿ ਜਿਮ, ਘਾਤਿ ਦੇਖਿ ਕਰਿ ਘਾਤਿ[2] ॥੩੨॥

[1]ਹਵਾ। [2]ਦਾਉ ਵੇਖਕੇ ਸਟ ਮਾਰਨੀ (ਠੀਕ ਹੈ)। (ਅ) ਮਾਰਨ ਦਾ ਦਾਉ ਵੇਖਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਸਪਤਿ ਬਿੰਸਤੀ ਅੰਸੂ ॥੨੭॥

## ੨੮. [ਸ਼੍ਰੀ ਚੰਦ ਜੀ ਨੇ ਭੇਟ ਮੰਗੀ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:
ਸ਼੍ਰੀ ਗੁਰੁ ਅਰਜਨ ਸੁਧਾਸਰ, ਕਰਹਿਂ ਨਰਨਿ ਕੱਲਜਾਨੁ।
ਕੀਰਤਿ ਘਰ ਘਰ ਚੰਦ੍ਰਿਕਾ, ਉੱਜਲ ਦਿਪਤਿ ਮਹਾਨ ॥੧॥

ਹਾਕਲ ਛੰਦ:
ਸ਼੍ਰੀ ਨਾਨਕ ਸੁਤ ਸ੍ਰੀ ਚੰਦੰ।
ਤਪ ਤਾਪਤਿ ਦਿਪਤਿ ਬਿਲੰਦੰ।
ਅੱਭਜਾਸ ਜੋਗ ਮਹਿਂ ਭਾਰੀ।
ਹੁਇ ਸਫਲ ਜਿ ਗਿਰਾ ਉਚਾਰੀ ॥੨॥
ਨਿਤ ਦਾਸ ਕਮਲੀਆ ਪਾਸੀ।
ਮਤਿ ਬਿਸ਼ਿਯਨਿ ਬਿਸੈ[1]† ਉਦਾਸੀ।
ਇਕ ਸੇਵ ਕਰਨਿ ਹੀ ਭਾਵੈ।
ਨਿਸ ਬਾਸੁਰ ਬਹੁਤ ਕਮਾਵੈ ॥੩॥
ਤਿਸ ਨਿਕਟ ਦੇਖਿ ਸ਼੍ਰੀ ਚੰਦੰ।
ਬਚ ਭਾਖਜੋ ਕਾਰਜਵੰਦੰ[1]।
'ਭੋ ਸੁਨਹੁ ਕਮਲੀਆ ਨੀਕਾ!
ਗੁਰੁ ਸੋਢੀ ਕੁਲ ਕੋ ਟੀਕਾ ॥੪॥
ਸ਼੍ਰੀ ਅਰਜਨ ਧੀਰਜ ਧਾਰੀ।
ਨਿਤ ਬਨਜੋ ਰਹਤਿ ਉਪਕਾਰੀ।
ਤਿਨਿ ਅਪਨੋ ਨੰਦਨ ਬਯਾਹਾ।
ਹਰਿ ਗੋਵਿੰਦ ਚੰਦ ਉਮਾਹਾ ॥੫॥
ਇਕ ਸੰਮਤਿ ਜਬਹਿ ਬਿਤਾਏ[1]।
ਧਨ ਹਮ ਢਿਗ ਭੇਟ† ਪਠਾਏ[1]।
ਗਿਨ ਦੇਤਿ ਪੰਚ ਸੈ ਸਾਰੇ।
ਅਬਿ ਕੈ ਨਹਿਂ ਰਿਦ ਬਿਚਾਰੇ ॥੬॥
ਲਖਿ ਦੁਗਨੀ ਭਈ ਅਕੋਰਾ+।
ਇਕ ਬਜਾਹੁ, ਬਰਸ ਕੀ ਔਰਾ[1]।
ਤੂੰ ਗਮਨਹੁ ਤਿਨਹੁਂ ਅਵਾਸਾ।

[1]ਵਿਸ਼ਿਆਂ ਵਿਚੋਂ। †ਪਾ:-ਬਿਖੈ।

[1]ਕਾਰਜ ਵਾਲਾ।

[1]ਬੀਤਦਾ ਹੈ।

[1]ਭੇਜਦੇ ਸੀ। †ਗੁਰ ਨਾਨਕ ਦੇਵ ਜੀ ਦੀ ਅੰਸ਼ ਜਾਣਕੇ, ਮਾਣ ਰੱਖਣ ਤੋਂ ਕਵੀ ਜੀ ਦੀ ਮੁਰਾਦ ਹੈ, ਹੋਰ ਭਾਵ ਨਹੀਂ ਹੈ, ਕਿਉਂ ਜੋ ਵਡੇ ਤਾਂ ਗੁਰੂ ਸਾਹਿਬ ਜੀ ਹੀ ਸਨ।

[1]ਇਕ ਵਿਆਹ ਦੀ ਤੇ ਦੂਜੀ ਸਾਲਾਨਾ।

ਹੁਇ ਕਠਨ[1] ਲੇਹੁ ਧਨ ਪਾਸਾ ॥੭॥
ਕਹੁ ਹਮ ਦਿਸ਼ਿ ਤੇ ਅਸ ਬਾਤੀ।
-ਦਿਹੁ ਏਕ ਹਜ਼ਾਰਨਿ ਥਾਤੀ[1]।
ਅਰੁ ਚੰਚਲ ਏਕ ਤੁਰੰਗਾ।
ਕਰਿ ਦੀਜਹਿ ਮੇਰੇ ਸੰਗਾ- ॥੮॥
ਜਬਿ ਸ਼੍ਰੀ ਅਰਜਨ ਢਿਗ ਜਾਵੋ।
ਰਹੁ ਖਰੋ, ਨ ਬੈਠਹੁ, ਆਵੋ।
ਸਭਿ ਖਰੇ ਖਰੇ ਨਿਜ ਲੀਜੈ।
ਪੁਨ ਹਮ ਦਿਸ਼ਿ ਆਵਨਿ ਕੀਜੈ ॥੯॥
ਰਹੁ ਤਿਨ ਢਿਗ ਤਾਵਤ ਠਾਂਢੇ।
ਨਹਿਂ ਜਾਵਤਿ ਦੇਂ ਧਨ ਕਾਢੇ।
ਜਬਿ ਦੇਹਿਂ ਉਪਾਇਨ ਸਾਰੀ।
ਤਬਿ ਨਿਕਸਹੁ ਪੁਰੀ ਮਝਾਰੀ ॥੧੦॥
ਪੁਨ ਬੈਠਹੁ ਸੁਪਤਹੁ ਆਛੇ।
ਇਤ ਆਵਹੁ ਜਿਮ ਚਿਤ ਬਾਂਛੇ।'
ਸੁਨਿ ਆਇਸੁ ਕੋ ਸਿਰ ਧਾਰਾ।
ਕਰਿ ਬੰਦਨ ਪੰਥ ਪਧਾਰਾ ॥੧੧॥
ਚਲਿ ਸਨੇ ਸਨੇ ਪੁਰਿ ਆਵਾ।
ਬਿਚ ਪ੍ਰਵਿਸ਼ਜੋ ਪਿਖਿ ਮੁਦ ਪਾਵਾ।
ਸ਼੍ਰੀ ਅਰਜਨ ਥਿਤ ਜਿਸ ਥਾਨਾ।
ਸੁਨਿ ਸੁਧਿ ਕੋ ਨਿਕਟ ਪਯਾਨਾ ॥੧੨॥
ਬਿਚ ਸਭਾ ਸੁ ਜਾਇ ਪ੍ਰਵੇਸ਼ਾ।
ਕਰਿ ਬੰਦਨ ਦੀਨਿ ਸੰਦੇਸਾ।
'ਸ਼੍ਰੀ ਚੰਦੁ ਖੁਸ਼ੀ ਬਹੁ ਕੀਨੀ।
ਚਹਿ ਭੇਟ ਆਪਨੀ ਲੀਨੀ ॥੧੩॥
ਮਮ ਆਵਨਿ ਕਾਰਜ ਏਹੀ।
ਅਬਿ ਦੁਗਨਿ ਪ੍ਰਥਮ ਤੇ ਲੇਹੀ।
ਅਰੁ ਲੈਨੋ ਸੰਗ ਤੁਰੰਗਾ।
ਹੈ ਕਾਰਣ ਬਜਾਹ ਉਮੰਗਾ ॥੧੪॥
ਤੁਮ ਦਿਯੋ ਨ ਬਿਲਮ ਲਗਾਈ।
ਇਸ ਕਾਰਣ ਤੇ ਇਮਗਾਈ[1]।
-ਲਿਹੁ ਖਰੋ ਖਰੋ ਧਨ ਥਾਤੀ।

[1]ਕਰੜੇ ਹੋ ਕੇ।

[1]ਹਜ਼ਾਰ ਦੀ ਥੈਲੀ।

[1]ਕਿਹਾ ਹੈ।

ਨਹਿਂ ਕੀਜਹਿ ਬੈਠਤਿ ਬਾਤੀ- ॥੧੫॥
ਮੈਂ ਆਇਸੁ ਕਰੋਂ ਨ ਭੰਗਾ।
ਦਿਹੁ ਦਰਬ ਹਜ਼ਾਰ ਤੁਰੰਗਾ[1]।'
ਸ੍ਰੀ ਅਰਜਨ ਸੀਤਲ ਛਾਤੀ।
ਸੁਨਿ ਮਾਨਤਿ ਭੇ ਤਿਸ ਬਾਤੀ ॥੧੬॥
ਕਹਿ ਬਾਕ 'ਲੇਹੁ ਧਨ ਸਾਰੋ।
ਅਬਿ ਕੀਜੈ ਜਾਇ ਅਹਾਰੋ।
ਸ੍ਰੀ ਨਾਨਕ ਨੰਦ ਬਿਲੰਦੇ।
ਨਿਤ ਪੂਜਨੀਯ ਸੁਖਕੰਦੇ ॥੧੭॥
ਜਿਮ ਆਗਜਾ ਦੇਯ ਪਠਾਈ।
ਹਮ ਮੇਟਹਿਂ ਨਹੀਂ ਕਦਾਈਂ।'
ਇਮ ਕਹਿ ਸਿਖ ਸੰਗ ਮਿਲਾਯੋ।
ਇਸਥਾਨ ਦੇਗ ਕੇ ਆਯੋ ॥੧੮॥
ਸ੍ਰੀ ਗੰਗਾ ਤਹਿਂ ਬਰਤਾਵੈ।
ਸਿਖ ਸੰਗਤਿ ਲੇ ਸਭਿ ਖਾਵੈਂ।
ਗਨ ਦਾਸ ਕਰੈਂ ਬਹੁ ਸੇਵਾ।
ਜਹਿਂ ਲੰਗਰ ਸ੍ਰੀ ਗੁਰੁ ਦੇਵਾ ॥੧੯॥
ਨਿਜ ਕਰ ਤੇ ਗਨ ਕੋ ਦੇਨਾ।
ਗਨ ਭੋਜਨ ਕਰਤੇ ਲੇਨਾ।
ਥਿਰ ਭਯੋ ਕਮਲੀਆ ਜਾਏ।
ਨਹਿਂ ਬੈਠ੍ਯੋ ਖਰੋ ਰਹਾਏ ॥੨੦॥
ਕਹਿ 'ਮਾਈ! ਦੇਹੁ ਅਹਾਰਾ।
ਅਚਿ ਲੇਵੌਂ ਮੈਂ ਇਸ ਬਾਰਾ।'
ਕਛੁ ਮਾਤਾ ਰੁਖ਼ ਨਹਿਂ ਕੀਨਾ।
ਬਹੁ ਨਰ ਕੋ ਦੇਤਿ ਪ੍ਰਬੀਨਾ ॥੨੧॥
ਪੁਨ ਜਾਚ੍ਯੋ 'ਮੋ ਕਹੁ ਦੀਜੈ।
ਨਹਿਂ ਤਨਕ ਬਿਲਮ ਕੋ ਕੀਜੈ।'
ਗਨ ਸਿੱਖਨਿ ਬਾਂਟਤਿ ਸੋਈ।
ਚਿਤ ਮਹਿਂ ਅਤਿ ਕਾਹਲ ਹੋਈ ॥੨੨॥
ਬਚ ਬੋਲੀ 'ਅਹਿਦੀ ਜੈਸੇ[1]।
ਰਹਿ ਖਰੋ ਜਾਚਤੋ ਐਸੇ।
ਨਹਿਂ ਬੈਠਹਿ ਧੀਰਜ ਪਾਈ।

[1](ਤੇ ਇਕ) ਘੋੜਾ।

[1]ਸਿਪਾਹੀ ਵਾਂਗੂ।

ਲੇ ਬਰਤਹਿ ਭੋਜਨ ਖਾਈ' ॥੨੩॥
ਇਮ ਕਹਿ ਕਰਿ ਦਿਯੋ ਅਹਾਰਾ।
ਲੇ ਅਚਵਜੋ ਠਾਂਢੇ ਸਾਰਾ।
ਕਰਿ ਪਾਨੀ ਪਾਨ ਪਖਾਰੇ।
ਪੁਨ ਤਹਿਂ ਤੇ ਨਿਕਸਿ ਪਧਾਰੇ ॥੨੪॥
ਸ਼੍ਰੀ ਅਰਜਨ ਕੇ ਢਿਗ ਆਯੋ।
'ਮੁਹਿ ਦੀਜਹਿ' ਬਾਕ ਅਲਾਯੋ।
'ਨਤੁ ਠਾਂਢੋ ਨਿਕਟ ਤੁਮਾਰੇ।
ਨਹਿਂ ਬੈਠੌਂ[1] ਆਇਸੁ ਧਾਰੇ' ॥੨੫॥ [1]ਬੈਠਾਂਗਾ ਨਹੀਂ।
ਤਬਿ ਸਤਿਗੁਰੁ ਧਨ ਅਨਵਾਯੋ।
ਯੁਤ ਬਾਜੀ[1] ਦਿਯੋ ਸੁਹਾਯੋ। [1]ਸਮੇਤ ਘੋੜੇ ਦੇ।
ਨਿਜ ਸੇਵਕ ਸੰਗ ਰਲਾਯੋ।
ਸੰਭਾਰਿ ਭਲੇ ਪਹੁੰਚਾਯੋ ॥੨੬॥
ਸ਼੍ਰੀ ਨਾਨਕ ਦਿਹੁਰੇ ਥਾਨਾ।
ਸ਼੍ਰੀ ਚੰਦੁ ਥਿਰੇ ਤਪਵਾਨਾ।
ਤਬਿ ਦਾਸਨਿ ਬਿਨੈ ਬਖਾਨੀ।
'ਇਹ ਭੇਟ ਤੁਮਾਰੀ ਆਨੀ' ॥੨੭॥
ਸੁਨਿ ਹਰਖਤਿ ਹੋਇ ਪ੍ਰਬੀਨਾ।
ਨਿਜ ਸੇਵਕ ਬੂਝਨ ਕੀਨਾ।
'ਕਹੁ ਬਾਤਿ ! ਕਮਲੀਆ ਸਾਰੀ।
ਜਬਿ ਗੁਰੁ ਢਿਗ ਜਾਇ ਉਚਾਰੀ ॥੨੮॥
ਤਬਿ ਹਰਖ ਕਿ ਰਿਸ ਉਰ ਛਾਈ।
ਕਿਮ ਕਹਿ ਕਰਿ ਭੇਟ ਪਠਾਈ?
ਰਹਿ ਠਾਂਢੋ ਕੇਤਿਕ ਕਾਲਾ?
ਕਿਮ ਬੋਲੇ ਬਾਕ ਰਸਾਲਾ[1]?' ॥੨੯॥ [1]ਸੁੰਦਰ।
ਗੁਰੁ ਦਾਸ[1] ਕਮਲੀਆ ਦੋਊ। [1]ਗੁਰੂ ਜੀ ਦਾ ਦਾਸ ਤੇ।
ਹੁਇ ਠਾਂਢੇ ਆਗੇ ਸੋਊ।
ਬਿਰਤਾਂਤ ਭਯੋ ਜੁ ਬਤਾਵਾ।
'ਮੈਂ ਜਾਇ ਸੁ ਬਾਕ ਸੁਨਾਵਾ ॥੩੦॥
ਨਹਿਂ ਛੋਭ ਗੁਰੂ ਉਰ ਹੋਵਾ।
ਸਮ ਪੂਰਬ ਕੇ ਮੁਖ ਜੋਵਾ।
ਮੁਝ ਭੇਜਯੋ ਦੇਗ ਸਥਾਨੇ।

ਤਬਿ ਪਹੁੰਚਜੋ ਭੋਜਨ ਖਾਨੇ ॥੩੧॥
ਸ੍ਰੀ ਗੰਗਾ ਤਹਿਂ ਬਰਤਾਵੈ।
ਸਿਖ ਪੁੰਜ ਅਸਨ ਲੇ ਖਾਵੈਂ।
ਬਹੁ ਭੀਰ ਭਈ[†] ਸਿਖ ਲੇਤੇ। [†]ਪਾ:-ਭਰੀ।
ਇਕ ਮਾਤਾ ਭੋਜਨ ਦੇਤੇ ॥੩੨॥
ਮੈਂ ਜਾਚਜੋ ਇਕ ਦੁਇ ਬਾਰੀ।
ਤਿਨ ਦੇਖਿਤਿ ਗਿਰਾ ਉਚਾਰੀ।
-ਸਮ ਅਹਿਦੀ[1] ਕੇ ਤੁਮ ਆਵੋ। [1]ਸਿਪਾਹੀ।
ਰਹਿ ਖਰੇ ਅਸਨ ਕੋ ਖਾਵੋ- ॥੩੩॥
ਇਮ ਕਹਿ ਕਰਿ ਦਿਯੋ ਅਹਾਰਾ।
ਮੈਂ ਖਾਯੋ ਵਹਿਰ ਪਧਾਰਾ।
ਗੁਰੁ ਅਰਜਨ ਭੇਟ ਮੰਗਾਈ।
ਸਿਖ ਦੇ ਕਰਿ ਸੰਗ ਪਠਾਈ' ॥੩੪॥
ਸੁਨਿ ਸਿਰੀਚੰਦ ਜਿਨ ਭੈ ਨਾ।
ਰਿਸ ਤਨਕ ਧਾਰਿ ਕਹਿ ਬੈਨਾ।
'ਜੇ ਅਹੈਂ ਅਹਿਦੀਅਨਿ ਭੁਖੇ।
ਚਿਤ ਚਹਤਿ ਕਹਤਿ ਬਚ ਰੁਖੇ ॥੩੫॥
ਤੌ ਅਹਿਦੀ ਤਿਨ ਘਰ ਆਵੈਂ।
ਰਿਪੁ ਕੂਰੇ ਦੋਸ਼ ਲਗਾਵੈਂ।
ਤਿਨ ਆਵਨਿ ਕੋ ਫਲ ਦੇਖੋ।
ਤੁਰਕੇਸ਼ੁਰ ਦੁਖਦ ਵਿਸ਼ੇਖੋ' ॥੩੬॥
ਇਮ ਦਿਯੋ ਸ੍ਰਾਪ[†] ਗੁਰੁ ਘਰ ਕੋ।

[†](ਇਹ ਸ੍ਰਾਪ ਵਾਲਾ ਵਾਕਜ, ਘੋੜਾ ਤੇ ਠੁਕ ਬੱਝਵਾਂ ੫੦੦) ਦੇਣ ਦੇ ਪੱਕੇ ਇਤਿਹਾਸਿਕ ਸਬੂਤ ਨਹੀਂ ਮਿਲਦੇ ਤੇ ਇਸ ਵਾਕਯਾ ਦੀ ਹੋਰ ਖੋਜ ਸਫਲੀ ਨਹੀਂ ਹੋਈ। ਪੁਰਾਤਨ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਿਕ ਤੇ ਮਹਿਮਾ ਪ੍ਰਕਾਸ਼ ਛੰਦਾ ਬੰਦੀ, ਦੋਹਾਂ ਵਿਚ ਹੀ ਇਸ ਵਾਕਯਾ ਦਾ ਜ਼ਿਕਰ ਨਹੀਂ ਹੈ। ਖਾਲਸਾ ਤਵਾਰੀਖ (ਗਯਾਨੀ ਗਿਆਨ ਸਿੰਘ ਕ੍ਰਿਤ) ਵਿਚ ਹੈ, ਪਰ ਉਹਨਾਂ ਨੇ ਇਹ ਜ਼ਿਕਰ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਹੀ ਲਿਆ ਹੈ। ਗਿਆਨੀ ਗਿਆਨ ਸਿੰਘ ਜੀ ਤਾਂ ਆਪਣੇ ਪੁਸਤਕ ਦੇ ਮੁਹਰਲੇ ਹਿੱਸਿਆਂ ਨੂੰ ਆਪ ਵਾਰਤਿਕ ਸੂਰਜ ਪ੍ਰਕਾਸ਼ ਹੀ ਲਿਖਦੇ ਹਨ। ਮਿਸਟਰ ਮੈਕਾਲਫ ਨੇ ਇਤਿਹਾਸਿਕ ਘਟਨਾਵਾਂ ਚੰਗੀ ਛਾਣ ਬੀਨ ਕਰਕੇ ਲਿਖੀਆਂ ਸਨ, ਉਹਨਾਂ ਨੇ ਬੀ ਇਹ ਭੇਟਾ ਲੈਣ ਤੇ ਸ੍ਰਾਪ ਆਦਿ ਦੇਣ ਦਾ ਵਾਕਯਾ ਨਹੀਂ ਦਿੱਤਾ। ਨਾਂ ਹੀ ਇਹ ਪ੍ਰਸੰਗ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਹੈ, ਜਿਸ ਵਿਚ ਕਿ ਪੰਚਮ ਪਾਤਸ਼ਾਹ ਜੀ ਦਾ ਜੀਵਨ ਵੀ ਹੈ।

ਹੁਇ ਹੋਨਹਾਰ ਪਰਹਰਿ ਕੋ[1]। [1]ਜੋ ਹੋਣਹਾਰ ਹੈ ਉਹਨੂੰ ਕੌਣ ਦੂਰ ਕਰੇ?
ਸਭਿ ਲਈ ਅਕੋਰ ਸੰਭਾਰੀ।
ਧਨ ਥਾਤੀ ਗਿਨੇ ਹਜ਼ਾਰੀ ॥੩੭॥
ਪੁਨ ਘੋਰਾ ਸੁੰਦਰ ਹੇਰਾ।

ਪਰਸੰਨ ਭਏ ਤਿਸ ਬੇਰਾ।
'ਗੁਰੁ ਘਰ ਮਹਿਂ ਵਧਹਿ ਤਬੇਲਾ।
ਹੁਇ ਅਧਿਕੈ ਸੈਨ ਸਕੇਲਾ' ॥੩੮॥
ਬਰੁ ਦੀਨੋ ਅਸ ਤਿਸ ਕਾਲਾ।
ਸਿਖ ਰਾਖ੍ਯੋ ਨਿਕਟ ਬਿਸਾਲਾ।
ਪੁਨ ਕੀਨਿ ਬਿਸਰਜਨ ਨੀਕੇ।
ਢਿਗ ਆਯੋ ਸਤਿਗੁਰੁ ਜੀ ਕੇ ॥੩੯॥
ਕਹਿ ਸਕਲ ਪ੍ਰਸੰਗ ਸੁਨਾਯੋ।
ਜਿਮ ਬਰ ਅਰੁ ਸ੍ਰਾਪ ਅਲਾਯੋ।
ਸਭਿ ਬਿਖੈ ਜਬੈ ਬਿਦਤਾਵਾ।
ਸ਼੍ਰੀ ਗੰਗਾ ਸੁਨਿ ਦੁਖ ਪਾਵਾ ॥੪੦॥
ਸ਼੍ਰੀ ਅਰਜਨ ਬੂਝਨਿ ਕੀਨੰ।
'ਤੁਮ ਸ੍ਰਾਪ ਕਹਾਂ ਕਰਿ ਲੀਨੰ?
ਸ਼੍ਰੀ ਨਾਨਕ ਨੰਦ ਉਬਾਚਾ[1]।
ਨਹਿਂ ਮਿਟਿਹੈ ਹੁਇ ਹੈ ਸਾਚਾ ॥੪੧॥
ਤਪਵਾਨ ਜਤੀ ਬ੍ਰਤਿ ਪੂਰਾ।
ਕਿਮ ਬਨਿ ਹੈ ਤਿਨ ਬਚ ਕੂਰਾ?'
ਸੁਨਿ ਗੰਗਾ ਸਕਲ ਸੁਨਾਈ।
'ਬਡ ਭੀਰ ਬਿਖੈ ਅਕੁਲਾਈ ॥੪੨॥
ਸੋ ਮਾਂਗਹਿ ਖਰੋ ਅਹਾਰਾ।
ਨਹਿਂ ਬੈਠ੍ਯੋ ਤਬਹਿ ਨਿਹਾਰਾ।
ਬਚ ਨਿਸ਼ਠੁਰ ਜਾਚਤਿ ਜੋਵਾ।
ਬਹੁ ਕਾਇਲ[1] ਮਮ ਚਿਤ ਹੋਵਾ ॥੪੩॥
-ਸਮ ਅਹਿਦੀ ਖਰ੍ਯੋ- ਉਚਾਰਾ।
ਪੁਨ ਦਿਯੋ ਅਚਾਇ ਅਹਾਰਾ।
ਇਕ ਇਹੀ ਅਵੱਗਜਾ ਹੋਈ।
ਨਹਿਂ ਛਿਮਾ ਕਰੀ ਸੁਨਿ ਸੋਈ' ॥੪੪॥
ਇਮ ਭਯੋ ਸ੍ਰਾਪ ਗੁਰੁ ਜਾਨਾ।
ਹੁਇ ਹੋਨਹਾਰ ਕੋ ਮਾਨਾ[1]।
ਨਹਿਂ ਚਿੰਤ ਚਿੱਤ ਮਹਿਂ ਕੈਸੇ।
ਇਕ ਰਸ ਬ੍ਰਿਤਿ ਨਿਤ ਚਿਤ ਤੈਸੇ ॥੪੫॥
ਗੁਰੁ ਧੀਰ ਅਭੀਰ ਗੰਭਾਰਾ।

[1](ਜੀ ਦੇ) ਪੁੱਤ੍ਰ ਦਾ ਕਹਿਆ।

[1]ਵਿਆਕੁਲ।

[1]ਹੋਣਹਾਰ ਦਾ ਹੋਣਾ ਮੰਨਿਆ।

ਜਿਮ ਛੁਭਤਿ ਨ ਨੀਰਧ ਨੀਰਾ[1]।
ਨਹਿਂ ਸੀਤਲ ਤਪਤ ਹੁਵੰਤਾ।
ਨਹਿਂ ਵਧਹਿ ਨ ਘਟਹਿ ਕਦੰਤਾ[†] ॥੪੬ ॥

[1]ਸਮੁੰਦਰ ਦਾ ਜਲ।

[†]ਏਹ ਲੱਛਣ ਹਨ ਪੂਰਨ ਪੁਰਖ ਦੇ, ਯੋਗੀ ਰਾਜ ਦੇ ਤੇ ਅਵਤਾਰ ਦੇ।

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਚੰਦ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

## ੨੯. [ਖੁਸਰੋ ਦਾ ਆਗਮਨ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸ਼੍ਰੀ ਗੁਰੁ ਅਰਜਨ ਜੀ ਟਿਕੇ, ਤਾਰਨ ਤਰਨ ਸਥਾਨ।
ਸੰਗ ਮਸੰਦਨਿ ਸੰਗਤਾਂ, ਦਰਸਹਿਂ ਅਨਗਨ ਆਨਿ ॥੧॥

ਚੌਪਈ:

ਜਹਾਂਗੀਰ ਕਿਸ ਕਾਰਨ ਕਰਿ ਕੈ।
ਇਕ ਸ਼ਹਜ਼ਾਦੇ ਸੋਂ ਰਿਸ ਧਰਿ ਕੈ।
ਦਿਯੋ ਨਿਕਾਸ ਕਹ੍ਯੋ ਸਭਿ ਠੌਰਿ।
'ਇਸ ਕੇ ਸੰਗ ਨ ਮਿਲਿ ਹੈ ਔਰਿ[1] ॥੨॥
ਜੇ ਨੌਕਰ ਮਮ ਲਘੁ ਕਿ ਮਹਾਨ।
ਕੋ ਨਹਿਂ ਦੇਹਿ ਇਸੇ ਸਨਮਾਨ।
ਗ੍ਰਾਮ ਨਗਰ ਪਰਵੇਸ਼ ਨ ਹੋਇ।
ਦੇਸ਼ ਤਜਾਗ ਕਰਿ ਗਮਨੈ ਸੋਇ[†]' ॥੩॥
ਇਮ ਸਭਿ ਕੋ ਲਿਖਿ, ਦਿਯੋ ਨਿਕਾਸਿ।
ਸੋ ਤਜਿ ਦਿੱਲੀ ਪੁਰੀ ਅਵਾਸ।
ਕੁਛ ਨਰ ਸੰਗ ਨਿਕਸਿ ਕਰਿ ਆਯੋ।
ਸਨੇ ਸਨੇ ਬਹੁ ਮਗ ਉਲੰਘਾਯੋ ॥੪॥
ਮਾਝੇ ਦੇਸ਼ ਪ੍ਰਵੇਸ਼ਜ੍ਯੋ ਆਇ।
ਦਿਸ਼ਿ ਪਸ਼ਚਮ ਚਿਤ ਬਾਂਛਤ ਜਾਇ।
ਗੁਰੂ ਤਰਨ ਤਾਰਨ ਪੁਰਿ ਡੇਰਾ।
ਕੇਤਿਕ ਦਿਨ ਤੇ ਕੀਨਿ ਬਸੇਰਾ ॥੫॥
ਜਬਿ ਸ਼ਹਜ਼ਾਦਾ ਤਹਿਂ ਚਲਿ ਆਯੋ।
'ਇਹਾਂ ਗੁਰੂ' ਤਿਹ ਕਿਸਹਿ ਸੁਨਾਯੋ।
-ਮਿਲੌਂ ਇਨਹਿਂ ਦਰਸ਼ਨ ਕਰਿ ਆਛੇ।
ਇਕ ਦੁਇ ਦਿਨ ਰਹਿ ਗਮਨੌਂ ਪਾਛੇ- ॥੬॥
ਇਮ ਸ਼ਹਜ਼ਾਦੇ ਰਿਦੇ ਬਿਚਾਰਾ।
ਉਤਰ ਪਰ੍ਯੋ ਡੇਰੋ ਨਿਰਧਾਰਾ।
ਤਿਸ ਨਿਸ ਮਹਿਂ ਕਰਿ ਕੈ ਬਿਸਰਾਮੂ।

[1]ਹੋਰ ਕੋਈ।

[†]ਸ਼ਹਜ਼ਾਦਾ ਖੁਸਰੋ ਬਾਗ਼ੀ ਹੋਕੇ ਪੰਜਾਬ ਨੂੰ ਆਯਾ ਸੀ ਤੇ ਜਹਾਂਗੀਰ ਉਸਦੇ ਮਗਰੇ ਆਯਾ ਸੀ।

ਭਈ ਪ੍ਰਾਤ, ਸੁਨਿ ਸਤਿਗੁਰੁ ਨਾਮੂ ॥੭॥
ਮਿਲ੍ਯੋ ਆਨਿ ਕਰਿ ਬੰਦੇ ਹਾਥਾ।
ਲਖਿ ਮਹਿਮਾ ਨੰਮ੍ਰੀ ਕਰਿ ਮਾਥਾ।
ਬੂਝ੍ਯੋ ਸਗਰੋ ਤਾਂਹਿ ਬ੍ਰਿਤਾਂਤ।
ਭਨ੍ਯੋ ਤਾਂਹਿ ਬੀਤਾ ਜਿਸ ਭਾਂਤਿ ॥੮॥
'ਸ਼ਾਹੁ ਰੋਸ ਬਹੁ ਮੋ ਪਰ ਕੀਨੋ।
ਦੇਸ਼ ਨਿਕਾਰਾ ਕਹਿ ਕਰਿ ਦੀਨੋ।
ਪਸ਼ਚਮ ਦਿਸ਼ਿਕੋ ਮੈਂ ਚਲਿ ਜਾਵੌਂ।
ਸ਼੍ਰੀ ਗੁਰ ਜੀ! ਤਿਤ ਬੈਸ ਬਿਤਾਵੌਂ' ॥੯॥
ਭਨਤਿ ਬਿਨੈ ਅਧਿਕਾਇ ਅਧੀਨ।
ਅਪਨੋ ਕਸ਼ਟ ਨਿਵੇਦਨਿ[1] ਕੀਨਿ। [1]ਦੱਸਿਆ।
'ਖਰਚ ਗਯੋ ਖੁਰ ਪਾਸ ਨ ਪੈਸਾ।
ਦਿਨਪ੍ਰਤਿ ਛੁਧਿਤਿ ਰੰਕ ਹ੍ਵੈ ਜੈਸਾ ॥੧੦॥
ਨੀਠ ਨੀਠ ਤੇ ਖਰਚ ਚਲਾਵੌਂ।
ਬੇਚਿ ਬਿਭੂਖਨ ਨਰਨਿ ਖੁਲਾਵੌਂ।
ਅਪਰ ਪਾਤਸ਼ਾਹਿਤ[1] ਮੈਂ ਜਾਵੌਂ। [1]ਵਲਾਇਤ।
ਮਾਫਕ ਗੁਜ਼ਰ[1] ਤਹਾਂ ਧਨ ਪਾਵੌਂ' ॥੧੧॥ [1]ਗੁਜ਼ਾਰੇ ਮੁਆਫਿਕ।
ਇੱਤਜਾਦਿਕ ਜਬਿ ਬਿਨੈ ਬਖਾਨੀ।
ਸੁਨਿ ਸ਼੍ਰੀ ਅਰਜਨ ਕਰੁਨਾ ਠਾਨੀ।
ਨਿਜ ਢਿਗ ਦਿਨ ਕੇਤਿਕ ਸੋ ਰਾਖ੍ਯੋ।
ਦੇਤਿ ਅਸਨ ਹਿਤ ਧਨ ਜੋ ਕਾਂਖ੍ਯੋ ॥੧੨॥
ਜਬਹਿ ਚਲਨਿ ਕਹੁ ਤਿਨ ਮਨ ਕੀਨਾ।
ਪੰਚ ਸਹੰਸ੍ਰ[1] ਗੁਰੂ ਧਨ ਦੀਨਾ†। [1]ਪੰਜ ਹਜ਼ਾਰ।

†ਸ਼੍ਰੀ ਗੁਰ ਪ੍ਰਤਾਪ ਸੂਰਜ ਤੋਂ ਪੁਰਾਤਨ ਗ੍ਰੰਥ ਮਹਿਮਾਂ ਪ੍ਰਕਾਸ਼ ਵਿਚ ਕੇਵਲ ਰੋਟੀ ਦੇਣੀ ਲਿਖੀ ਹੈ, ਪੰਜ ਹਜ਼ਾਰ ਦੇਣਾ ਨਹੀਂ ਲਿਖਿਆ। ਜਥਾ- 'ਸੋ ਬਡਾ ਦੁਖੀ ਤਾ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜ਼ਿਆਫਤ। ਤਾਕੋ ਖਾਨ ਪਾਨ ਸਭ ਦੀਆ। ਨਿਜ ਕਰ ਗੁਜਰਾਨ ਕੂਚ ਤਿਨ ਕੀਆ।' ਅਗੇ ਇਸ ਰਾਸ ਦੇ ਅੰਸੂ ੩੨ ਦੇ ਅੰਕ ੨੭ ਵਿਚ ਕਵੀ ਜੀ ਨੇ ਆਪ ਭੀ ਕੇਵਲ ਰੋਟੀ ਲਿਖੀ ਹੈ। ਯਥਾ- 'ਦੀਨ ਜਾਨਿ ਤਿਹ ਭੋਜਨ ਖ੍ਵਾਯੋ।' ਦਬਿਸਤਾਨ ਮਜ਼ਾਹਬ ਵਿਚ ਕੇਵਲ ਸ਼ਹਜ਼ਾਦੇ ਦੇ ਹੱਕ ਵਿਚ ਦੁਆ ਕਰਨੀ ਲਿਖੀ ਹੈ ਤੇ ਜਹਾਂਗੀਰ ਦੀ 'ਤੁਜ਼ਕ' ਵਿਚ ਮੱਥੇ ਤੇ ਤਿਲਕ ਕਰਨਾ ਤੇ ਖਾਸ ਵਰਤਾਉ ਕਰਨਾ ਹੀ ਲਿਖਿਆ ਹੈ, ਪਰ ਸ਼ਹਜ਼ਾਦਾ ਗੁਰੂ ਜੀ ਨੂੰ ਮਿਲਿਆ ਹੀ ਨਹੀਂ, ਦੇਖੋ ਇਸੇ ਰਾਸਿ ਦੇ ਅੰਸੂ ੩੭ ਅੰਕ ੪੮ ਦੀ ਟੂਕ।

ਲੇ ਕਰਿ ਨਮੋ ਠਾਨਿ ਸ਼ਹਜ਼ਾਦਾ।
ਗਮਨ੍ਯੋ ਪਸ਼ਚਮ ਦਿਸ਼ਿ ਅਹਿਲਾਦਾ
॥੧੩॥

ਜਿਸ ਦਿਨ ਲੇ ਤਿਨ ਕੀਨਿ ਪਯਾਨ।
ਨਰ ਚੰਦੂ ਕੋ ਇਕ ਤਿਸ ਥਾਨ।
ਸਕਲ ਬਾਰਤਾ ਸੁਨਿ ਕਰਿ ਗਯੋ।
ਚੰਦੂ ਨਿਕਟ ਸੁਨਾਵਤਿ ਭਯੋ ॥੧੪॥
ਕਰਹਿ ਸ਼ੱਤ੍ਰੁਤਾ ਗੁਰੁ ਕੇ ਸਾਥ।
ਜਰ ਬਰ ਭਯੋ ਮਲਤਿ ਜੁਗ ਹਾਥ।
-ਕਹੌਂ ਸ਼ਾਹੁ ਢਿਗ ਛਿੱਦ੍ਰ[1] ਸੁ ਪਾਯੋ।
ਰਿਸਹਿ ਰਿਦੇ ਹੁਇ ਮੁਰ ਮਨ ਭਾਯੋ[1] ॥੧੫॥

[1]ਛੇਕ। ਭਾਵ ਊਜ ਲਾਉਣ ਲਈ ਕੋਈ ਬਹਾਨਾ।
[1](ਸ਼ਾਹ) ਕ੍ਰੋਧ ਕਰੇਗਾ ਦਿਲ ਵਿਚ ਤੇ ਮੇਰੇ ਮਨ ਭਾਂਵਦੀ (ਗਲ ਹੋਵੇਗੀ)।

ਮੈਂ ਕਰਿ ਰਹਯੋ ਉਪਾਉ ਘਨੇਰਾ।
ਨਹੀਂ ਬਿਗਾਰ ਸਕਯੋ ਗੁਰੁ ਕੇਰਾ।
ਸੋ ਫਕੀਰ, ਮੈਂ ਸ਼ਾਹੁ ਦਿਵਾਨ।
ਅਬਿ ਲਗਿ ਸਮ, ਕੈ ਰਹਯੋ ਮਹਾਨ[1] ॥੧੬॥

[1]ਬਰਾਬਰ ਅਥਵਾ (ਮੈਥੋਂ) ਬੜੇ ਰਹੇ ਹਨ।

ਸ਼ੱਤ੍ਰੁ ਸਮ ਸ਼ਹਜ਼ਾਦਾ ਸੋਇ।
ਤਿਹ ਧਨ ਦੀਨਿ ਸਖਾ ਜਿਮ ਹੋਇ।
ਨਿਜ ਢਿਗ ਰਾਖਯੋ ਤ੍ਰਾਸ ਨ ਮਾਨਾ।
ਰਿਸਹਿ ਸ਼ਾਹੁ ਜਬਿ ਸੁਨਿਹੈ ਕਾਨਾ- ॥੧੭॥
ਪ੍ਰਾਤ ਹੋਤਿ ਗਰ ਜਾਮਾ ਪਾਇ।
ਗਯੋ ਮੂਢ ਉਰ ਹਰਖ ਉਪਾਇ।
ਤਸਲੀਮਾਤ ਸ਼ਾਹੁ ਸੋਂ ਕੀਨਿ।
ਚੁਗਲੀ ਉਗਲਨਿ ਕੋ ਮਤਿ ਹੀਨ ॥੧੮॥
ਹਾਥ ਜੋਰਿ ਕਰਿ ਬਹੁਰ ਸੁਨਾਵੈ।
'ਸੋ ਅਰਜਨ ਜਗ ਗੁਰੂ ਕਹਾਵੈ।
ਚਹੁੰ ਦਿਸ਼ਿ ਤੇ ਧਨ ਜਿਸ ਢਿਗ ਆਵੈ।
ਤੁਮ ਤੇ ਤ੍ਰਾਸ ਨ ਕੈਸੇ ਪਾਵੈ ॥੧੯॥
ਨਿਜ ਪੂਜਾ ਅਰੁ ਧਨ ਕੋ ਦੇਖਿ।
ਜਿਸ ਕੇ ਉਰ ਹੰਕਾਰ ਵਿਸ਼ੇਖ।
ਸ਼ਹਜ਼ਾਦਾ ਜੋ ਤੁਮਹਿਂ ਨਿਕਾਰਯੋ।
ਨਹਿਂ ਕਿਸ ਤਿਸ ਕੋ ਆਦਰ ਧਾਰਯੋ ॥੨੦॥

ਤੁਮ ਤੇ ਬਡਾ ਕਿ ਤੁਮ ਸਮ ਜਾਨਿ[1]।
ਪਹੁੰਚਜੋ ਗੁਰੁ ਅਰਜਨ ਕੇ ਥਾਨ।
ਸਾਦਰ ਤਿਸ ਕੋ ਪਾਸ ਉਤਾਰਾ।
-ਹਮ ਰਾਖਹਿਂ ਤੁਝ- ਧੀਰ ਉਚਾਰਾ ॥੨੧॥
-ਹਮਰੋ ਕਹਾ ਕਰੈ ਪਤਿਸ਼ਾਹ।
ਨਹਿਂ ਰੱਯਤ, ਜੇ ਹੁਕਮ ਕਰਾਹਿ-।
ਕੇਤਿਕ ਦਿਵਸ ਨਿਕਟ ਸੋ ਰਾਖਜੋ।
ਸੋ ਨਹਿਂ ਰਹਜੋ, ਚਲਨਿ ਅਭਿਲਾਖਜੋ ॥੨੨॥
ਗਮਨਤਿ ਕੋ ਬਹੁ ਧਨ ਤਿਹ ਦੀਨਾ।
ਸਕਲ ਰੀਤਿ ਤੇ ਮੱਦਤ ਕੀਨਾ।
ਤੁਮਰੋ ਤ੍ਰਾਸ ਪਾਇ ਸੋ ਗਯੋ।
ਗੁਰੁ ਅਰਜਨ ਉਰ ਡਰ ਨਹਿਂ ਕਿਯੋ ॥੨੩॥
ਬਡ ਹੰਕਾਰ ਜਿਨਹੁਂ ਕੇ ਮਾਂਹੀ।
ਆਂਖਿ ਤਰੈ ਕਿਸ ਆਨਤਿ ਨਾਂਹੀ।
ਤੁਮ ਢਿਗ ਆਗੇ ਅਰਜ਼ ਉਚਾਰੀ।
ਰਾਖਹਿ ਤਸਕਰ ਸਦਨ ਮਝਾਰੀ ॥੨੪॥
ਆਪ ਕਹਾਵਤਿ ਹੈ ਸਭਿ ਮਾਂਹੂ।
ਸਭਿ ਤੇ ਬਡੋ ਸਾਚ ਪਤਿਸ਼ਾਹੂ।
ਨਿਜ ਖ਼ਾਤਰ ਮਹਿ ਕਿਸੂ ਨ ਲਜਾਵੈ[1]।
ਬਰਤਹਿ ਤਥਾ ਜਥਾ ਮਨ ਭਾਵੈ ॥੨੫॥
ਅਪਰ ਸਜਾਇ ਨਹੀਂ ਜੇ ਦੇਵਹੁ।
ਢਿਗ ਬੁਲਾਇ ਅਜ਼ਮਤਿ ਕੋ ਲੇਵਹੁ।
ਕਰਾਮਾਤ ਜੇ ਦਿਖਜੋ ਨ ਚਾਹੋ।
ਤਊ ਹਕਾਰਹੁ ਅਪਨੇ ਪਾਹੋ ॥੨੬॥
ਜੇ ਇਸ ਕ੍ਰਿਤ ਕੋ ਤੁਮ ਮਨ ਜਾਨਿ।
ਨਹੀਂ ਤਿਦਾਰਕ ਦੇਹੁ ਮਹਾਨ[1]।

ਨ੍ਰਿਭੈ ਹੋਇ ਬਹੁ ਕਰਹਿ ਕੁਕਾਜ।
ਤਸਕਰ ਆਦਿ ਲਗਾਇ ਸੁ ਰਾਜ ॥੨੭॥

[1]ਬਰਾਬਰ ਜਾਣਕੇ।

[1]ਭਾਵ ਕਿਸੇ ਦੀ ਪਰਵਾਹ ਨਹੀਂ ਰੱਖਦਾ।

[1]ਕਰੜੀ ਰੋਕ ਨਹੀਂ ਪਾਓਗੇ, ਭਾਵ ਬਹੁਤੀ ਸਜ਼ਾ ਨਹੀਂ ਦਿਓਗੇ।

ਜਯੋਂ ਤੁਮ ਛਿਮਾ ਕਰਹੁ ਲਖਿ ਪੀਰ[1]। [1]ਗੁਰੂ ਜਾਣਕੇ।
ਤਯੋਂ ਉਰ ਗਰਬਤਿ ਹੈ ਧਰਿ ਧੀਰ।
ਸ਼੍ਰੀ ਨਾਨਕ ਸਮ ਕ੍ਰਿੱਤ ਨ ਤਿਨ ਕੋ।
ਧਰਹਿ ਈਰਖਾ ਕਪਟੀ ਮਨ ਕੋ ॥੨੮॥
ਸੁਲਬੀ ਪਠਯੋ ਨ ਪਹੁੰਚਯੋ ਤਹਾਂ।
ਤਿਸ ਪੀਛੈ ਉਰ ਗਰਬਯੋ ਮਹਾਂ।
ਹਜ਼ਰਤ ਜੇ ਡਰ ਹ੍ਵੈ ਨ ਤੁਮਾਰਾ।
ਹੋਹਿ ਰਾਜ ਮਹਿਂ ਬਹੁਤ ਬਿਗਾਰਾ' ॥੨੯॥
ਇੱਤਯਾਦਿਕ ਪਾਪੀ ਬਹੁ ਕਹਯੋ।
ਸਾਚ ਤੁਰਕ ਪਤਿ ਨੇ ਚਿਤ ਲਹਯੋ।
-ਨਿਤ ਪ੍ਰਤਿ ਤਿਨ ਕੀ ਆਇ ਖਟਾਈ।
ਮੈਂ ਅਬਿ ਲੌ ਨਹਿਂ ਕਛੁ ਜਨਾਈ- ॥੩੦॥
ਨਿਜ ਦਿਵਾਨ ਪਾਪੀ ਸੰਗ ਕਹਯੋ।
'ਕੇਤਿਕ ਡੰਨ ਉਚਿਤ ਤੈਂ ਲਹਯੋ।
ਜੇਤਿਕ ਦੇਹਿਂ ਲਿਖਹੁ ਪਰਵਾਨਾ[1]। [1]ਜਿਤਨਾ ਕੁ ਦੇਣਾ ਹੈ (ਦੰਡ) ਹੁਕਮਨਾਮਾ ਲਿਖੋ।
ਆਵੈਂ ਅਬਿ ਚਲਿਕੈ ਇਸਥਾਨਾ' ॥੩੧॥
ਦੁਸ਼ਟ ਸਚਿਵਨੇ ਮਤਿ ਬਿਚਲਾਈ[1]। [1]ਵਿਚਲਾ ਦਿੱਤੀ।
ਉਚਿਤਾਨੁਚਿਤ[1] ਸਕਲ ਬਿਸਰਾਈ। [1]ਯੋਗ ਅਯੋਗ।
ਜਿਨ ਕੀ ਕਰਤਿ ਸਤੁਤਿ ਲਖਿ ਪੀਰ।
ਡੰਡ ਚਹੈ ਮੂਰਖ ਤਿਨ ਤੀਰ[1] ॥੩੨॥ [1]ਤਿਨ੍ਹਾਂ ਪਾਸੋਂ।
'ਧਨ ਦੁਇ ਲਾਖ ਦੀਜਿਯਹਿ ਆਇ।
ਤੁਮਨੇ ਕੀਨਸਿ ਬਾਤ ਬਿਜਾਇ[1]। [1]ਅਯੋਗ।
ਸ਼ਹਜ਼ਾਦਾ ਜੋ ਹਮਹੁ ਨਿਕਾਰਯੋ।
ਰਿਪੁ ਸਮਾਨ ਉਰ ਮਹਿਂ ਨਿਰਧਾਰਯੋ ॥੩੩॥
ਟਿਕਨ ਦਯੋ ਨਹਿਂ ਨਿਕਟ ਸੁ ਕਾਹੂੰ।
ਤੁਮ ਧਨ ਦੀਨਸਿ ਰਾਖਯੋ ਪਾਹੂੰ।'
ਆਇਸੁ ਜਹਾਂਗੀਰ ਕੀ ਲੈ ਕੇ।
ਚੰਦੂ ਦੁਸ਼ਟ ਲਿਖਯੋ ਬਿਧਿ ਕੈ ਕੈ ॥੩੪॥
ਸ਼ਾਹੁ ਕਹੇ ਕੋ ਦਸ ਗੁਨ ਰਿਸ ਕੋ।
ਲਿਖਯੋ ਕਠੋਰ ਹੁਕਮ ਗੁਰੁ ਦਿਸ਼ਿ ਕੋ।
ਅਹਿਦੀ ਕੋ ਨਿਜ ਨਿਕਟ ਹਕਾਰਾ।

'ਤਿਨ ਪਰ ਸ਼ਾਹੁ ਕ੍ਰੋਧ ਬਡ ਧਾਰਾ ॥੩੫॥
ਗਹੁ ਪਰਵਾਨਾ ਗਮਨਹੁ ਤੂਰਨ।
ਲਿਹੁ ਦੁਇ ਲਾਖ ਦਰਬ ਕਰਿ ਪੂਰਨ।
ਜਾਹੁ ਸੁਧਾਸਰ ਹੁਕਮ ਪ੍ਰਕਾਸ਼[1]। [1]ਕਹੋ।
ਲਿਹੁ ਸਭਿ ਕਿਛੁ ਸ਼੍ਰੀ ਅਰਜਨ ਪਾਸ ॥੩੬॥
ਮ੍ਰਿਦੁਲ ਨ ਬੋਲਹੁ ਲਿਹੁ ਧਨ ਰਾਸੀ।
ਨਾਂਹਿ ਤ ਆਨਹੁ ਹਜ਼ਰਤ ਪਾਸੀ।
ਅਪਰ ਕਿਸੂ ਕੋ ਕਹਜੋ ਨ ਕੀਜਹਿ।
ਗਮਨਹੁ ਅਬਹਿ ਛਿੱਪ੍ਰ ਪਹੁੰਚੀਜਹਿ' ॥੩੭॥
ਚਲਜੋ ਅਹਿਦੀਆ ਲੇ ਪਰਵਾਨਾ।
ਪੀਛੇ ਉਰ ਪਾਪੀ ਹਰਖਾਨਾ।
-ਬੀਤੇ ਸੰਮਤ ਕਰਤਿ ਉਪਾਊ।
ਅਬਿ ਕੁਛ ਲਾਗਜੋ ਮੇਰੋ ਦਾਊ ॥੩੮॥
ਲੈਹੌਂ ਬੈਰ ਦੇਉਂ ਦੁਖ ਤੈਸੇ।
ਸੁਤਾ ਮੋਹਿ ਸੰਕਟਿ ਲਹਿ ਜੈਸੇ।
ਨਹਿਂ ਭੈ ਕਰਜੋ ਨ ਲੀਨਿ ਸਗਾਈ।
ਕਰਿ ਬਿਨਤੀ ਭੀ ਮੋਹਿ ਪਠਾਈ ॥੩੯॥
ਲਾਗੀ ਅਬਿ ਲੌ ਆਂਚਿ ਨ ਤਾਤੀ[1]। [1]ਹੁਣ ਤੱਕ ਤਾਂ ਤੱਤਾ ਸੇਕ ਬੀ ਨਹੀਂ ਸੀ ਲੱਗਾ।
ਬੈਠਿ ਰਹਜੋ ਕਰਿ ਸੀਤਲ ਛਾਤੀ।
ਕਰਤਿ ਰਹਜੋ ਮੈਂ ਜਤਨ ਘਨੇਰੇ।
ਤਿਨ ਕੇ ਸੰਕਟ ਗਯੋ ਨ ਨੇਰੇ ॥੪੦॥
ਖੱਤ੍ਰਿਨਿ ਬਿਖੈ ਲਾਜ ਮਮ ਖੋਈ।
ਕਰਨਿ ਸਬੰਧ[1] ਨ ਮਾਨੈ ਕੋਈ। [1]ਸਾਕ ਕਰਨਾ।
ਸੋ ਬਦਲਾ ਅਬਿ ਆਵਹਿ ਹਾਥ-।
ਇਮ ਬਿਚਾਰਿ ਮੂਰਖ ਮੁਦ ਸਾਥ ॥੪੧॥
ਨਹਿਂ ਜਾਨਹਿ ਨਿਜ ਮੂਲ ਉਪਾਰਤਿ[1]। [1]ਆਪਣੀ ਜੜ੍ਹ ਉਖਾੜਦਾ ਹੈ।
ਅਪਨੇ ਪਰ ਅਪਦਾ ਬਡ ਡਾਰਤਿ।
ਇਸ ਜਗ ਮਹਿਂ ਦੁਖ ਭੋਗ ਘਨੇਰੇ।
ਮਰਜੌਂ ਕੁਮ੍ਰਿਤੁ[1] ਅੰਤ ਕੀ ਬੇਰੇ ॥੪੨॥ [1]ਖੋਟੀ ਮੌਤ।
-ਨਰਕ ਅਗਾਰੀ ਪਰਿਹੌਂ ਜਾਇ-।

ਨਹਿਂ ਅਨਜਾਨ ਲਖਹਿ ਇਸ ਭਾਇ।
ਚਲਿ ਲਹੌਰ ਤੇ ਅਹਿਦੀ ਆਯੋ।
ਹੋਨਿ ਕ੍ਰੂਰ[1] ਜੋ ਦੁਸ਼ਟ ਸਿਖਾਯੋ ॥੪੩॥

[1]ਕਰੜਾ ਹੋਣ (ਲਈ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ' ਪ੍ਰਸੰਗ ਬਰਨਨੰ ਨਾਮ ਊਨਤ੍ਰਿੰਸਤੀ ਅੰਸੂ ॥੨੯॥

## ੩੦. [ਸ਼੍ਰੀ ਹਰਿ ਗੋਬਿੰਦ ਜੀ ਪ੍ਰਤਿ ਉਪਦੇਸ਼]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਸ਼੍ਰੀ ਅਰਜਨ ਬੈਠ੍ਯੋ ਗੁਰੂ,
ਜਾਨਤਿ ਸਕਲ ਪ੍ਰਸੰਗ।
ਅਹਿਦੀ ਨੇ ਦਰਸ਼ਨ ਕਰ੍ਯੋ,
ਭਾ ਸੀਤਲ ਸਰਬੰਗ ॥੧॥

ਚੌਪਈ:

ਲਿਖ੍ਯੋ ਸ਼ਾਹੁ ਕੋ ਧਰ੍ਯੋ ਅਗਾਰੀ।
ਆਪ ਜੋਰਿ ਕਰ ਬੰਦਨ ਧਾਰੀ।
ਦੇਖਿ ਸਰੂਪ ਸੁਭਾਵ ਬਿਸਾਲਾ।
ਅਹਿਦੀ ਕਹਿ ਨ ਸਕ੍ਯੋ ਤਿਸ ਕਾਲਾ ॥੨॥
ਸਤਿਗੁਰੁ ਸੋ ਖੁਲ੍ਹਾਇ ਪਠਵਾਯੋ[1]।
-ਧਨ ਦੋਇ ਲਾਖ ਸ਼ਾਹੁ ਮੰਗਵਾਯੋ-।
ਸ਼੍ਰੀ ਅਰਜਨ ਸਗਰੀ ਬਿਧਿ ਜਾਨੀ।
ਤਜਨੀ ਕਾਯਾਂ ਅਪਨਿ ਪਛਾਨੀ ॥੩॥
ਅਰੁ ਕਾਨ੍ਹੇ ਕੋ ਸ੍ਰਾਪ ਚਿਤਾਰਾ[*]।
-ਤਜਨਿ ਦੇਹ ਦੁਖ ਪਾਇ ਉਚਾਰਾ।
ਹਰਿਗੋਬਿੰਦ ਗੁਰੁ ਬੈਠੇ ਭਾਰੀ।
ਮਹਾਂਬਲੀ ਬਡ ਸ਼ਸਤ੍ਰਨ ਧਾਰੀ ॥੪॥
ਸੋ ਸਭਿ ਬਦਲਾ ਲੇਗੁ ਹਮਾਰਾ[†]।
ਭੂਤ ਭਵਿੱਖਜ ਭਲੇ ਨਿਰਧਾਰਾ।
-ਏਕ ਦਿਵਸ ਅਹਿਦੀ ਕੋ ਰਾਖ੍ਯੋ।
ਭਈ ਪ੍ਰਾਤ ਤੇ ਸਤਿਗੁਰ ਭਾਖ੍ਯੋ ॥੫॥
'ਹਮ ਲਹੌਰ ਆਪਹਿ ਚਲਿ ਜੈਹੈਂ।
ਕਹੈ ਸ਼ਾਹੁ ਜੋ ਤਿਹ ਠਾਂ ਦੈ ਹੈਂ।'
ਇਸ ਪ੍ਰਕਾਰ ਕਹਿ ਅਹਿਦੀ ਤੋਰ੍ਯੋ।
ਬੋਲ੍ਯੋ ਸੋ ਨਿਜ ਹਾਥਨਿ ਜੋਰ੍ਯੋ ॥੬॥
'ਜਿਮ ਚੰਦੂ ਨੇ ਮੋਹਿ ਪਠਾਯੋ।
ਖੋਟੇ ਬਾਕਨਿ ਕੋ ਸਿਖਰਾਯੋ।

[1]ਉਹ ਚਿੱਠੀ ਪੜ੍ਹਾਈ।

[*]ਦੇਖੋ ਰਾਸ ਤੀਸਰੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ।

[†]ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

ਸੋ ਮੁਝ ਤੇ ਕਿਮ ਨਹਿਂ ਬਨਿ ਆਵਹਿ।
ਤੁਮ ਦਰਸ਼ਨ ਤੇ ਕੁਮਤਿ ਨਸਾਵਹਿ ॥੭॥
ਅਪਨੋ ਸੇਵਕ ਮੋਹਿ ਪਛਾਨੋ।
ਰਾਵਰਿ ਕਹਹੁ ਤਥਾ ਅਬਿ ਮਾਨੋਂ।
ਪੁਰਸ਼ੋਤੁਮ ਤੁਮ ਸਭਿ ਕੁਛ ਜਾਨਹੁ।
ਤਉ ਦਿਵਾਨ ਦੁਸ਼ਟ ਪਹਿਚਾਨਹੁ ॥੮॥
ਤਿਸ ਤੇ ਆਪ ਰਹਹੁ ਸਵਧਾਨਾ।
ਸਕਲ ਕੁਕਰਮ ਤਿਸੀ ਨੇ ਠਾਨਾ।'
ਅਹਿਦੀ ਤੇ ਸੁਨਿ ਕੀਨਿ ਪਸਾਉ[1]।        [1]ਕ੍ਰਿਪਾ।
ਸਤਿਗੁਰੁ ਦੇਤਿ ਭਏ ਸਿਰੁਪਾਉ ॥੯॥
'ਬੁਰਾ ਜੁ ਹੋਇ ਆਪ ਗਰ ਜੈ ਹੈ।
ਮੂਰਖ ਅਪਨੋ ਕੀਤਾ ਪੈ ਹੈ।'
ਰੁਖਸਦ ਹੁਇ ਅਹਿਦੀ ਚਲਿ ਗਯੋ।
ਚੰਦੂ ਸੰਗ ਕਹਤਿ ਇਮ ਭਯੋ ॥੧੦॥
'ਮੁਝ ਕੋ ਕਹਯੋ -ਆਪ ਹਮ ਆਵੈਂ।
ਕਹੈਂ ਸ਼ਾਹੁ ਸੋ ਤਹਾਂ ਦਿਵਾਵੈਂ-।'
ਸੁਨਿ ਖੁਨਸਯੋ ਗਮਨਯੋ ਢਿਗ ਸ਼ਾਹੂ।
ਕਰੀ ਅਰਜ਼ ਹ੍ਵੈ ਕਰਿ ਤਬਿ ਪਾਹੂ ॥੧੧॥
'ਨਹਿਂ ਸ਼੍ਰੀ ਅਰਜਨ ਧਨ ਕੁਛ ਦੀਨੋ।
ਅਹਿਦੀ ਸੰਗ ਨ ਆਵਨਿ ਕੀਨੋ।
ਨਹੀਂ ਤ੍ਰਾਸ ਕੁਛ ਕਰਹਿ ਤੁਮਾਰੋ।
ਹੁਕਮ ਅਦੂਲੀ[1] ਗੁਨਹਿ ਬਿਚਾਰੋ' ॥੧੨॥        [1]ਹੁਕਮ ਮੋੜ ਦੇਣ ਦਾ।
ਸ਼ਾਹੁ ਕਹਯੋ 'ਕੋ ਦਿਨ ਕਰਿ ਮੌਨ।
ਨਹਿੰਨ ਪਠਾਵਹੁ ਮਾਨਵ ਕੌਨ[1]।        [1]ਕੋਈ।
ਜੇ ਨਹਿ ਆਵਹਿ ਤਹਿਂ ਟਿਕ ਰਹੈ।
ਪੁਨ ਤਿਉਂ ਕਰਹਿਂ ਜਥਾ ਤੂੰ ਕਹੈਂ' ॥੧੩॥
ਇਤ ਸ੍ਰੀ ਅਰਜਨ ਸਭਿ ਕੁਛ ਜਾਨਾਂ।
ਹੋਨਿਹਾਰ[1] ਬਿਰਤੰਤ ਮਹਾਨਾ।        [1]ਭਾਵ ਦਾ।
ਸ਼੍ਰੀ ਗੁਰ ਗ੍ਰਿੰਥ ਥਿਰਹਿ ਜਹਿਂ ਰੈਨ।
ਤਿਸ ਥਲ ਬੈਠੇ ਜਿਨ ਕਹਿ ਭੈ ਨ[1] ॥੧੪॥        [1]ਕਿਸੇ ਦਾ ਡਰ ਨਹੀਂ।
ਬ੍ਰਿੱਧ ਆਪਨੇ ਨਿਕਟ ਹਕਾਰਾ।
ਸਾਦਰ ਭਾਖਤਿ ਤਹਿਂ ਬੈਠਾਰਾ।

ਪੁਨ ਸ਼੍ਰੀ ਹਰਿਗੋਬਿੰਦ ਬੁਲਾਏ।
ਯੁਤ ਗੁਰਦਾਸ ਤਹਾਂ ਚਲਿ ਆਏ ॥੧੫॥
ਕਰੇ ਪ੍ਰੇਮ ਕੋ ਨਿਕਟ ਬਿਠਾਇ।
'ਅਬਿ ਸਮਰੱਥ ਹੁਏ ਬਲ ਪਾਇ।
ਕਹੁ ਬੁੱਢਾ ਸ਼੍ਰੀ ਹਰਿਗੋਬਿੰਦ।
ਅਬਿ ਸੁਚੇਤ ਭੇ ਬਲੀ ਬਿਲੰਦ ॥੧੬॥
ਗੁਰਤਾ ਗਾਦੀ ਬੈਠਨਿ ਜੋਗ।
ਦੈਂ ਹੈਂ ਦੁਸ਼ਟਨਿ ਕੇ ਘਰ ਸੋਗ।'
ਬ੍ਰਿਧ ਨੇ ਭਾਖਯੋ 'ਜੋਤਿ ਤੁਮਾਰੀ।
ਹੋਹਿ ਬੀਰ ਬਡ ਆਯੁਧ ਧਾਰੀ ॥੧੭॥
ਛੱਤ੍ਰਿਨਿ ਕੁਲ ਤੇ ਯੁੱਧ ਹਟਯੋ ਹੈ।
ਰਾਜ ਤੇਜ ਕੋ ਸਕਲ ਘਟਯੋ ਹੈ।
ਭਏ ਮਲੇਛ ਸ਼ਸਤ੍ਰ ਬਡ ਧਾਰੀ।
ਕਰਹਿ[1] ਰਾਜ ਬਡ ਅਵਿਨੀ ਸਾਰੀ ॥੧੮॥ [1]ਕਰਦੇ ਹਨ
ਛੱਤ੍ਰੀ ਧਰਮ ਦੁਰਯੋ ਨਹਿਂ ਭਾਸੈ।
ਤਖਤ ਬੈਠਿ ਅਬਿ ਇਹੀ ਪ੍ਰਕਾਸ਼ੈਂ।
ਜਬਿ ਕਬਿ ਜਗਤਿ ਬਿਪਰਜੈ ਹੋਤਿ।
ਤੁਮ ਤਨ ਧਾਰਿ ਮ੍ਰਿਜਾਦ ਉਦੋਤਿ[1]' ॥੧੯॥ [1]ਪ੍ਰਗਟ ਕਰਦੇ ਹੋ।
ਹਾਥ ਜੋਰਿ ਗੁਰੁਦਾਸ ਉਚਾਰੀ।
'ਬ੍ਰਿਧ ਸਾਹਿਬ ਕੀ ਉਪਮਾ ਭਾਰੀ।
ਸ਼੍ਰੀ ਨਾਨਕ ਆਦਿਕ ਗੁਰੁ ਸਾਰੇ।
ਬਹੁ ਸੇਵਾ ਕਰਿ ਸਦਾ ਨਿਹਾਰੇ ॥੨੦॥
ਸਫਲਹਿ ਬਾਕ ਸ੍ਰਾਪ ਅਰੁ ਬਰ ਕੋ।
ਬ੍ਰਹਮ ਅਸਤ੍ਰ[1] ਜਿਮ ਰਘੁਵਰ ਕਰ ਕੋ। [1]ਚਲਾਕੇ ਸੁੱਟਿਆ ਜਾਣ ਵਾਲਾ ਸ਼ਸਤ੍ਰ (ਅ) ਜੋ ਮੰਤ੍ਰ ਪੜ੍ਹਕੇ ਚਲਾਉਂਦੇ ਸਨ ਤੇ ਜੋ ਖਾਲੀ ਨਹੀਂ ਸੀ ਜਾਂਦਾ।
ਭਏ ਪੰਚ ਗੁਰ ਸ਼ਾਂਤਿ ਸਰੂਪ।
ਕਰਿ ਗੁਰੁ ਸਿੱਖੀ ਰੀਤ ਅਨੂਪ ॥੨੧॥
ਦੇਤਿ ਰਹੇ ਸ਼ਾਂਤੀ ਉਪਦੇਸ਼।
ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬਿ ਸਾਯੁਧ[1] ਗੁਰ ਹੋਵਹਿ ਆਪ। [1]ਸਸਤ੍ਰ ਧਾਰਨ ਵਾਲਾ।
ਸਿਖ ਸਾਯੁਧ ਕਰਿ ਬਧਹਿ ਪ੍ਰਤਾਪ ॥੨੨॥

ਅਪਰ ਕੌਨ ਸਮਰਥ ਇਸ ਕਾਲ।
ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰ ਤੇ ਹੋਵੈ ਬਿਧਿ ਸਾਰੀ।
ਹਿੰਦੂ ਧਰਮ ਕੋ ਲੇਹੁ ਉਬਾਰੀ' ॥੨੩॥
ਇਮ ਸੁਨਿ ਕਰਿ ਸ਼੍ਰੀ ਅਰਜਨ ਨਾਥ।
ਉਠੇ ਹਰਖ ਲੇ ਸ਼੍ਰੀ ਫਲ[1] ਹਾਥ। [1]ਨਲੇਰ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ।
ਜਗਤ ਰੀਤਿ ਸੁਤ ਲਖ੍ਯੋ ਪ੍ਰਬੀਨ ॥੨੪॥
ਪੈਸੇ ਪੰਚ ਸਹਿਤ ਨਲੀਏਰ।
ਧਰਿ ਆਗੈ ਨੰਮ੍ਰੇ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ।
ਸਭਿ ਗੁਰੁ ਕੇ ਆਈ ਜਿਮ ਹੋਤਿ ॥੨੫॥
ਬੁੱਢੇ ਸਾਹਿਬ ਸੋਂ ਫੁਰਮਾਯੋ।
'ਕਰਹੁ ਸੁ ਆਪ ਕਰਤਿ ਜਿਮ ਆਯੋ।
ਸ਼ੁਭ ਅਧਿਕਾਰ ਕਰਨਿ ਕੋ ਨੀਕਾ।
ਉਠਹੁ ਮੁਦਤਿ ਦਿਹੁ ਅਬਿ ਸੁਠ ਟੀਕਾ[1]' ॥੨੬॥ [1]ਸੁੰਦਰ ਤਿਲਕ।
ਹਾਥ ਜੋਰਿ ਤਬਿ ਬ੍ਰਿੱਧ ਬਖਾਨਜੋ।
'ਇਹ ਕਸਾ ਕੌਤਕ ਰਾਵਰ ਠਾਨਜੋ?
ਜਬਿ ਹੂੰ ਹੋਤਿ ਦੇਹ ਕੋ ਅੰਤ।
ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ ॥੨੭॥
ਤਨ ਰਾਵਰ ਕੋ ਪਰਉਪਕਾਰੀ।
ਜੰਬੂ ਦੀਪ ਦੀਪ ਅਨੁਹਾਰੀ[1]। [1]ਭਾਰਥ ਖੰਡ ਵਿਖੇ ਦੀਵੇ ਸਦਰਸ਼।
ਜਹਿ ਕਹਿੰ ਕਰ੍ਯੋ ਪ੍ਰਕਾਸ਼ ਬਿਸਾਲਾ।
ਮਗ ਸ਼ੁਭ ਗਮਨ੍ਯੋ ਜਗਤ ਸੁਖਾਲਾ ॥੨੮॥
ਦਰਸ਼ਨ ਕੀ ਸੰਗਤਿ ਹੈ ਪਜਾਸੀ।
ਦੂਰਿ ਦੂਰਿ ਤੇ ਆਇਂ ਹੁਲਾਸੀ।
ਭਗਤਨਿ ਭੂਰ ਭਾਵਨਾ ਜਾਨਿ।
ਆਪ ਸਰੀਰ ਧਰਹੁ ਜਗ ਆਨਿ[1] ॥੨੯॥ [1]ਆਕੇ।
ਔਚਕ ਅਚਰਜ ਕਹਾਂ ਜਨਾਵਹੁ?
ਥਿਰੋ ਆਪ ਸ਼ੁਭ ਦਰਸ ਦਿਖਾਵਹੁ।

ਸਭਿ ਕੇ ਅਹੋ ਆਸਰਾ ਭਾਰੇ।
ਚਹੁੰਦਿਸ਼ਿ ਦੁਸ਼ਟ ਦੁਸ਼ਟਤਾ ਧਾਰੇ ॥੩੦॥
ਬਨਹੁ ਸਹਾਇਕ ਸੰਗਤਿ ਕੇਰੇ।
ਸਰਬ ਪ੍ਰਵਾਰ ਤੁਮਹੁ ਦਿਸ਼ਿ ਹੇਰੇ।
ਬਿਗਰਜੋ ਸ਼ਾਹੁ ਚੰਦੁ ਕੇ ਕਹੇ।
ਸਭਿ ਬਿਧਿ ਕੇ ਤੁਮ ਜਾਨਤਿ ਅਹੇ'
॥੩੧॥
ਸੁਨਿ ਕਰਿ ਸ਼੍ਰੀ ਅਰਜਨ ਗੁਰ ਕਹਜੋ।
'ਅੰਤ ਸਮਾਂ ਹਮ ਅਪਨੋ ਲਹਜੋ।
ਤਜਾਗਨਿ ਮੈਂ ਕਾਰਨ ਹੈਂ ਘਨੇ।
ਗਏ ਲਹੌਰ ਸਰਬ ਹੀ ਬਨੇ[1] ॥੩੨॥
ਕਾਨ੍ਹੇ ਗਜਾਨੀ ਦੀਨੋ ਸ੍ਰਾਪ[†]।
ਬ੍ਰਿਥਾ ਨ ਹੋਇ ਬਿਚਾਰਹੁ ਆਪਿ।
ਸ਼ੱਤ੍ਰਨਿ ਕਰ ਤੇ ਛੁਟਨਿ ਸਰੀਰ।
ਪਲਟੋ ਲੇ ਹਰਿ ਗੋਬਿੰਦ ਧੀਰ ॥੩੩॥
ਸਭਿ ਸੰਗਤਿ ਕੋ ਗੁਰ ਇਹ ਭਾਰੀ।
ਹੋਇ ਸਹਾਇਕ ਪਰਉਪਕਾਰੀ।
ਕਾਜ ਸੁਧਾਰਹਿੰਗੇ ਇਹ ਘਨੋ।
ਧਰਜੋ ਸਰੀਰ ਬੀਰ ਰਸ ਮਨੋ ॥੩੪॥
ਹਮ ਤਜਿ ਹੈਂ ਤੁਰਕਨਿ ਸਿਰ ਹੋਇ।
ਇਨ ਕੋ ਤੇਜ ਕਰਹਿ ਛੈ ਜੋਇ।
ਸ਼੍ਰੀ ਨਾਨਕ ਕੀ ਬਖਸ਼ਿਸ਼ ਭਾਰੀ।
ਸਿਰ ਦੇ ਕਰਿ ਛੀਨਹਿਂ ਹਮ ਸਾਰੀ ॥੩੫॥
ਅਪਰ ਉਪਾਉ ਲੇਨਿ ਕੋ ਨਾਂਹੀ।
ਜਿਸ ਤੇ ਤੁਰਕ ਤੇਜ ਬਿਨਸਾਹੀ।
ਅਪਰ ਸਕਲ ਕਾਰਜ ਬਨਿ ਰਹੇ।
ਕੌਨ[†] ਬਿਘਨ ਕਰਿ ਸਕਿ ਹੈ ਲਹੇ ॥੩੬॥
ਦੀਨ ਦੁਨੀ ਕੋ ਰਾਜ ਬਿਸਾਲਾ।
ਸ਼੍ਰੀ ਸਤਿਗੁਰ ਕੇ ਘਰ ਸਭਿ ਕਾਲਾ।
ਪਰਮੇਸ਼ੁਰ ਕੀ ਬਖਸ਼ਿਸ਼ ਮਹਾਂ।
ਕੌਨ ਮਿਟਾਇ ਸਕੈ ਬਲ ਕਹਾਂ ॥੩੭॥

[1]ਬਣ ਜਾਣਗੇ।
[†]ਪਾ:-ਕੋ ਨ।
[†]ਦੇਖੋ ਰਾਸ ਤੀਜੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ।

ਹੁਇ ਪ੍ਰਸੰਨ ਸ਼੍ਰੀ ਨਾਨਕ ਦੀਨਿ।
-ਤਿਨ ਝੂਠੇ ਕਰਿ ਲੇਂ ਹਮ ਛੀਨ।'
ਇੱਤਯਾਦਿਕ ਸਤਿਗੁਰ ਸਮੁਝਾਇ।
ਨਿਜ ਗਾਦੀ ਪਰ ਪੁੱਤ੍ਰ ਬਿਠਾਇ ॥੩੮ ॥

ਦੋਹਰਾ:
ਸਾਹਿਬ ਬੁੱਢੇ ਨਿਕਟ ਤੇ,
ਕੁੰਕਮ[1] ਮਲਯ[2] ਘਸਾਇ।
ਸੋਢੀ ਕੁਲ ਕੇ ਤਿਲਕ ਕੈ[1],
ਦੀਨੋ ਤਿਲਕ ਕਰਾਇ ॥੩੯॥

[1]ਕੇਸਰ। [2]ਚੰਦਨ।
[1]ਭਾਵ ਸ਼੍ਰੀ ਹਰਿ ਗੋਬਿੰਦ ਜੀ ਨੂੰ।

ਚੌਪਈ:
[1] 'ਰਾਖਹੁ ਗੋਪ[2] ਨਹੀਂ, ਬਿਦਤਾਵਹੁ।
ਸਭਿ ਸੰਗਤਿ ਕੋ ਸੀਖ ਸਿਖਾਵਹੁ।
ਮਮ ਸਰੂਪ ਸ਼੍ਰੀ ਹਰਿ ਗੋਬਿੰਦ।
ਜੋ ਜਾਨਹਿ ਸੋ ਲਹੈ ਅਨੰਦ ॥੪੦॥
ਹਮ ਪੀਛੈ ਦੀਜਹਿ ਦਸਤਾਰੁ।
ਸਭਿ ਬਿਧਿ ਕਰਹੁ ਮੰਗਲਾਚਾਰ।
ਸਰਬ ਮਸੰਦ ਸੰਗਤਾਂ ਸਾਰੀ।
ਲਿਖਹੁ ਹੁਕਮ ਸਭਿ ਲੇਹੁ ਹਕਾਰੀ ॥੪੧॥
ਚਹੁੰਦਿਸ਼ਿ ਕੋ ਹੁਇ ਮੇਲ ਬਿਸਾਲਾ।
ਤਖਤ ਬਿਠਾਵਹੁ ਤੁਮ ਤਿਸ ਕਾਲਾ।
ਨਿਜ[1] ਸਹਾਇਤਾ ਚਾਹਿ ਨ ਧਰੈਂ।
ਅਪਰਨਿ ਕੀ ਸਹਾਇ ਇਹ ਕਰੈਂ'
॥੪੨॥
ਇਮ ਕਹਿ ਪਰਮ ਪ੍ਰੇਮ ਕੋ ਕਰਿ ਮਨ।
ਸਿੱਖ੍ਯਾ ਦੇਤਿ ਭਏ ਸ਼੍ਰੀ ਅਰਜਨ।
'ਅਹੰ ਬ੍ਰਹਮ ਇਹ ਬ੍ਰਿਤਿ ਉਰ ਧਰਨੀ।
ਵਹਿਰ ਕ੍ਰਿਆ ਭਗਤਨਿ ਕੀ[1] ਕਰਨੀ
॥੪੩॥
ਇਹ ਉਪਦੇਸ਼ ਆਦਿ ਗੁਰੁ ਘਰੁ ਕੋ।
ਲੇਹੁ ਆਪਿ ਨਿਤ ਸ਼ਰਧਾ ਧਰਿ ਕੋ।
ਸ਼੍ਰੀ ਨਾਨਕ ਕੋ ਆਸ਼ੈ ਮਹਾਂ।
ਗੁਰੁ ਅੰਗਦ ਸੰਗ ਜੈਸੇ ਕਹਾਂ ॥੪੪॥

[1]ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ। [2]ਗੁਪਤ।
[1]ਆਪ (ਸ਼੍ਰੀ ਹਰਿਗੋਬਿੰਦ ਜੀ)।
[1]ਭਗਤਾਂ ਦੀ।

ਅਜਰ ਜਰਨਿ ਧੀਰਜ ਉਰ ਧਰਨੀ।
ਅਜ਼ਮਤਿ ਬਿਦਤਿ ਨ ਕਾਹੂੰ ਕਰਨੀ।
ਰਾਮ ਚੰਦ ਸ੍ਰੀ ਕ੍ਰਿਸ਼ਨ ਮਹਾਨੇ।
ਬਲ ਕਰਿ ਰਣ ਆਦਿਕ ਬਿਧਿ ਠਾਨੇ ॥੪੫॥
ਨਹੀਂ ਸ਼ਕਤਿ ਕਰਿ ਕਹੂੰ ਦਿਖਾਈ[†]।
ਸਹੀ ਸਰਬ ਹੀ ਜਿਮ ਬਨਿ ਆਈ।
ਤਿਸੀ ਪ੍ਰਕਾਰ ਆਪਿ ਮਤਿ ਧਰੋਂ।
ਨਹੀਂ ਬਿਦਤਿ ਅਜ਼ਮਤਿ ਕਿਤ ਕਰੋਂ ॥੪੬॥
ਪੁਰਸ਼ੋਤਮ ਜੇ ਕਰਿ ਦਿਖਰਾਈ।
ਹਿਤ ਮ੍ਰਿਜਾਦ ਕੈ ਜਨਨਿ ਸਹਾਈ[1]।
ਬਿਨਾ ਕਰੇ ਬਿਗਰਹਿ ਜਹਿਂ ਬਾਤ।
ਤਹਾਂ ਕਰਤਿ ਹੈਂ ਨਿਤ ਚਿਤ ਸ਼ਾਂਤ ॥੪੭॥
ਜਾਮ ਜਾਮਨੀ ਕਰਹੁ ਸ਼ਨਾਨ।
ਸੁਨਹੁ ਕੀਰਤਨ ਪ੍ਰਭੁ ਨਿਰਬਾਨ।
ਜਗਤ ਅਨਿੱਤ, ਆਤਮਾ ਸਾਚੋ।
ਇਮ ਲਖਿ ਸਤਿ ਸੰਗਤਿ ਚਿਤ ਰਾਚੋ' ॥੪੮॥
ਪਾਇ ਪੁੱਤ੍ਰ ਕੋ ਗੁਰੂ ਬਹਾਨਾ।
ਸੰਗਤਿ ਕੋ ਉਪਦੇਸ਼ ਬਖਾਨਾ।
ਸ੍ਰੀ ਹਰਿ ਗੋਵਿੰਦ ਸੁਨਿ ਕਰਿ ਧੀਰ।
ਕਮਲ ਬਿਲੋਚਨ ਮੋਚਯੋ ਨੀਰ ॥੪੯॥
'ਕਾਰਨ ਕਰਨ ਆਪ ਤੁਮ ਸਾਰੇ।
ਅਸਮੰਜਸ[1] ਹਮ ਸਮੁਖ ਉਚਾਰੇਂ।'
ਇਮ ਕਹਿ ਨੰਮ੍ਰਿ ਗ੍ਰੀਵ ਕਰਿ ਥਿਰੇ।
ਧੀਰ ਸੁਬੱਗਜ ਜਾਨਿ ਚੁਪ ਕਰੇ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਵਿੰਦ ਜੀ ਪਿਤ ਸੋ ਸੰਬਾਦ' ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

[†]ਇਹ ਦ੍ਰਿਸ਼ਟਾਂਤ ਮਾਤ੍ਰ ਕਹਿ ਰਹੇ ਹਨ।

[1]ਦਾਸਾਂ ਦੀ ਸਹਾਇਤਾ (ਲਈ)।

[1]ਅਣਬਣ ਹੈ।

## ੩੧. [ਸ਼੍ਰੀ ਗੁਰ ਅਰਜਨ ਜੀ ਲਾਹੌਰ ਆਏ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਇਸ ਕ੍ਰਿਤ ਕੋ ਕਰਿ ਸਤਿਗੁਰੂ, ਨਿਸਾ ਭਈ
ਪੁਨ ਆਇ।
ਗ੍ਰਿਹ ਪ੍ਰਵੇਸ਼ ਭੋਜਨ ਕਰਜੋ, ਬੈਠਿ ਪ੍ਰਯੰਕ
ਸੁਹਾਇ ॥੧॥

ਚੌਪਈ:

ਸਾਧ੍ਵੀ[1] ਸ਼੍ਰੀ ਗੰਗਾ ਚਲਿ ਆਈ।
ਬੈਠੀ ਨਿਕਟ ਦੇਖਿ ਸੁਖ ਪਾਈ।
ਸ਼੍ਰੀ ਅਰਜਨ ਸਭਿ ਬਾਤਿ ਬਖਾਨੀ।
'ਸੁਨਹੁ ਆਰਜੇ! ਭਾਗ ਮਹਾਨੀ[1] ॥੨॥
ਲਵਪੁਰਿ ਕੋ ਹਮ ਕਰਹਿਂ ਪਯਾਨਾ।
ਹੋਤਿ ਪ੍ਰਾਤਿ ਨਿਸ਼ਚੇ ਹੁਇ ਜਾਨਾ।
ਤਵ ਸੁਤ ਸਕਲ ਕਾਜ ਕੋ ਸਜਾਨਾ।
ਧਰਮ ਧੀਰ ਧਰਿ ਧਰਨਿ ਸਮਾਨਾ[1] ॥੩॥
ਨਹੀਂ ਸਦੀਵ ਦੇਹਿ ਇਹ ਰਹੈ।
ਯਾਂ ਤੇ ਸੁਮਤਿ ਸਨੇਹ ਨ ਗਹੈ।
ਜੋ ਉਪਜਹਿ ਸੋ ਬਿਨਸਨ ਹਾਰਿ।
ਜੋ ਊਚੋ ਸੋ ਗਿਰਨੇ ਹਾਰਿ ॥੪॥
ਇਹੀ ਸਨਾਤਨ ਦੇਹਨਿ ਧਰਮ[1]।
ਇਸ ਮਹਿਂ ਪ੍ਰੇਮ, ਮਹਾਂ ਉਰ ਭਰਮ[1]।
ਦਿਨ ਪ੍ਰਤਿ ਸਭਿ ਪ੍ਰਣਾਮ[1] ਕੋ ਪਾਵਹਿ।
ਪ੍ਰਥਮ ਸਮਾਨ ਸਥਿਰ ਨ ਰਹਾਵਹਿ ॥੫॥
ਬਾਲਿਕ ਤੇ ਹੋਵਹਿ ਸੁ ਕੁਮਾਰ।
ਤਰੁਨ ਹੋਤਿ ਪੁਨ ਬ੍ਰਿਧਤਾ ਧਾਰਿ।
ਜਰਾ ਗ੍ਰਸੇ ਤਬਿ ਜੀਰਣ ਹੋਇ।
ਬਹੁਰੋ ਅੰਤ ਸਮੇਂ ਮਹਿਂ ਸੋਇ ॥੬॥
ਰਹੁ ਪੀਛੇ ਕੁਛ ਸੋਕ ਨ ਮਾਨਹੁ।
ਦੇਹਿ ਆਪ ਤੇ ਤਜਨਿ ਨ ਠਾਨਹੁ[1]।
ਪੁੱਤ੍ਰ ਸੁ ਪੌਤ੍ਰਨਿ ਕੋ ਸੁਖ ਦੇਖਿ।
ਸ਼ਾਦੀ ਕਰਹੁ ਅਨੰਦ ਵਿਸ਼ੇਖਿ ॥੭॥

[1]ਪਤਿਬ੍ਰਤਿ ਇਸਤ੍ਰੀ।

[1]ਹੇ ਸ੍ਰੇਸ਼ਟੇ! ਵਡੇ ਭਾਗਾਂ ਵਾਲੀਏ।

[1]ਧਰਮ ਤੇ ਧੀਰਜ ਨੂੰ ਧਾਰਨ ਵਾਲਾ ਹੈ ਧਰਤੀ ਦੇ ਸਮਾਨ।

[1]ਆਦਿ ਤੋਂ ਸਰੀਰਾਂ ਦਾ ਧਰਮ।

[1]ਰਿਦੇ ਵਿਚ (ਇਹ) ਬੜਾ ਭ੍ਰਮ ਹੈ।

[1]ਘਟਣਾ, ਅੰਤ।

[1]ਆਪਣੇ ਆਪ ਦੇਹ ਛੱਡਣਾ ਨਾ ਕਰੋ।

ਅੰਤ ਸਮਾਂ ਹੁਇ ਪ੍ਰਾਪਤਿ ਜਬੈ।
ਹਮ ਸੋਂ ਮਿਲਹਿਂ ਆਨਿ ਤੂੰ ਤਬੈ।'
ਗੰਗਾ ਸੁਨੀ ਅਚਾਨਕ ਬਾਤੀ।
ਕਮਲ ਬਿਲੋਚਨ ਅੱਸ਼੍ਰੁ ਪਪਾਤੀ[1] ॥੮॥ — [1]ਨੇਤ੍ਰ ਕਵਲਾਂ ਵਿਚੋਂ ਹੰਝੂ ਕੇਰੇ।
'ਇਹ ਕਿਮ ਕਹੀ ਆਪ ਨੇ ਬਾਨੀ।
ਤੀਖਨ ਤਪਤਿ ਨਰਾਂਚ[1] ਸਮਾਨੀ। — [1]ਤੀਰ [ਸੰ: ਨਾਰਾਚ = ਸਾਰਾ ਹੀ ਲੋਹੇ ਦਾ ਤੀਰ ਜਿਸ ਨੂੰ ਪੰਜ ਪੰਖ ਹੋਣ।
ਸ਼੍ਰੁਤ ਦਰ[1] ਪ੍ਰਵਿਸ਼ ਰਿਦਾ ਮਮ ਬੇਧਾ। — [1]ਕੰਨਾਂ ਦੇ ਦਰਵਾਜ਼ੇ ਥਾਣੀਂ।
ਕਸ ਉਪਦੇਸ਼ਤਿ ਹੋ ਅਸਮੇਧਾ[1] ॥੯॥ — [1]ਬੁੱਧੀ ਨੂੰ (ਅ) ਹੇ ਰਖਜਕ! ਬਿਨਾਂ ਸਮੇਂ ਤੋਂ ਭਾਵ ਆਪ ਰਾਜ਼ੀ ਪ੍ਰਸੰਨ ਬੈਠੇ ਹੋ। [ਅ+ਸਮੇ = ਬਿਨਾ ਸਮੇਂ। ਧਾ = ਹੈ ਰੱਖਜਕ! ]

ਧੀਰਜ ਧਰਨਿ ਬਖਾਨਤਿ ਆਪੂ।
ਜਿਸ ਤੇ ਇਸ ਜੁਤ ਆਨੰਦ ਖਾਪੂ[1]। — [1]ਜਿਸ ਕਰਕੇ ਇਸ ਧੀਰਜ ਸਮੇਤ ਅਨੰਦ ਭੀ ਨਾਸ਼ ਹੋਵੇ।
ਸਭਿ ਸੰਗਤਿ ਕੇ ਸਹਤ ਕੁਟੰਬੂ।
ਕਰਨਿ ਸ਼੍ਰੇਯ ਕੇ ਆਪ ਅਲੰਬੂ ॥੧੦॥
ਸ਼੍ਰੀ ਹਰਿ ਗੋਵਿੰਦ ਬਾਲਿਕ ਬੈਸਾ।
ਆਪ ਜਨਾਵਤਿ ਕਾਰਜ ਕੈਸਾ।
ਸ਼ੱਤ੍ਰੁ ਗਨ ਸਭਿ ਰਚਤਿ ਉਪਾਯਾ।
ਨੀਠਿ ਨੀਠਿ ਨਿਜ ਨੰਦ ਬਚਾਯਾ ॥੧੧॥
ਤੁਮ ਸਮਰਥ ਹੋ ਨਿਤ ਸਭਿ ਭਾਂਤੀ।
ਕੌਨ ਆਸਰੋ ਗਹਿਂ ਪਸ਼ਚਾਤੀ[1]।' — [1]ਕੇਹੜਾ ਆਸਰਾ (ਆਪ ਦੇ) ਪਿਛੋਂ ਫੜਾਂਗੇ।
ਸ਼੍ਰੀ ਅਰਜਨ ਜੀ ਪੁਨਹ ਬਖਾਨੀ।
'ਅਸ ਚਿੰਤਾ ਕਿਮ ਚਿਤ ਮਹਿਂ ਠਾਨੀ? ॥੧੨॥
ਸ਼੍ਰੀ ਨਾਨਕ ਸਮਰਥ ਜਗ ਨਾਥਾ।
ਤਿਨ ਕੋ ਅਹੈ ਮਾਥ ਪਰ ਹਾਥਾ।
ਸਦਾ ਸਹਾਇਕ ਬਿਘਨ ਨਸਾਇਕ।
ਪ੍ਰਭੁ ਬਿਸਾਲ ਗਨ ਸ਼ੱਤ੍ਰੁਨਿ ਘਾਯਕ ॥੧੩॥
ਗੁਰੁ ਪ੍ਰਤਾਪ ਤੇ ਹਰਿਗੋਵਿੰਦ।
ਦਿਨ ਪ੍ਰਤਿ ਇਨ ਕੋ ਤੇਜ ਬਿਲੰਦ।
ਅਪਰ ਨ ਕੀਜਹਿ ਚਿਤ ਦੁਚਿਤਾਈ[1]। — [1]ਚਿੰਤਾ।
ਬੇਦੀ ਕੁਲ ਕੇ ਤਿਲਕ[1] ਸਹਾਈ' ॥੧੪॥ — [1]ਭਾਵ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ।

ਅਸ ਕਹਿ ਕਰੁਨਾ ਧਾਰਿ ਨਿਹਾਰਾ।
ਉਰ ਗੰਗਾ ਕੇ ਮੋਹ ਬਿਦਾਰਾ।
ਪ੍ਰਾਪਤਿ ਭਯੋ ਗ੍ਯਾਨ ਸੁਖਦਾਨੀ।
ਜਿਮ ਪਤਿ ਕਹਤਿ ਸਾਚ ਤਿਮ ਜਾਨੀ ॥੧੫॥
ਕਰ ਕੋ ਜੋਰਤਿ ਬਾਕ ਬਖਾਨਾ।
'ਜਥਾ ਜੋਗ ਸੋ ਕ੍ਰਿਤ ਤੁਮ ਠਾਨਾ।
ਤੁਮ ਤੇ ਅਪਰ ਨ ਸਜਾਨੋ ਕੋਈ।
ਜੋ ਆਛੀ ਹੁਇ ਭਾਖਹੁ ਸੋਈ' ॥੧੬॥
ਇਮ ਸੰਭਾਖਨਿ ਕਰਿ[1] ਗੁਰੁ ਸੋਏ।
ਜਾਮ ਜਾਮਨੀ ਜਾਗ੍ਰਨਿ ਹੋਏ।
ਕ੍ਰਿਆ ਸ਼ਨਾਨ ਆਦਿ ਸਭਿ ਕਰੀ।
ਬਹੁਰ ਸਮਾਧਿ ਰੂਪ ਨਿਜ ਧਰੀ ॥੧੭॥
ਜਬਿ ਪ੍ਰਕਾਸ਼ ਰਵਿ ਕੋ ਹੁਇ ਆਯੋ।
ਚਢਨਿ ਹੇਤੁ ਖਾਸਾ ਮੰਗਵਾਯੋ।
ਪੰਚ ਸਿੱਖ੍ਯ ਲੇ ਅਪਨੇ ਸਾਥ।
ਕੀਨਿ ਅਰੂਢਨਿ ਅਰਜਨ ਨਾਥ ॥੧੮॥
ਬਿਧੀਆ, ਜੇਠਾ, ਲੰਙ[1], ਪਿਰਾਣਾ।
ਪੰਚਮ ਪੈੜਾ ਸੰਗ ਪਯਾਣਾ।
ਅਪਰ ਸਰਬ ਦੈ ਧੀਰਜ ਤਯਾਗੇ।
'ਰਹਹੁ ਸੁਧਾਸਰ ਸੇਵਾ ਲਾਗੇ ॥੧੯॥
ਸ੍ਰੀ ਹਰਿ ਗੋਵਿੰਦ ਸੰਗ ਸਦੀਵਾ।
ਦਰਸ਼ਨ ਪਰਸਹੁ ਹਰਖ ਧਰੀਵਾ[1]।'
ਨਿਕਸਿ ਗ੍ਰੇਹ ਤੇ ਸਤਿਗੁਰੁ ਆਏ।
ਗਏ ਸੁਧਾਸਰ ਕੋ ਦਰਸਾਏ ॥੨੦॥
ਪਿਤ ਥਲ ਜਾਨਿ ਭਾਉ ਬਡਿ ਧਾਰਾ।
ਨਮਸਕਾਰ ਕੀਨਸਿ ਦਰਬਾਰਾ।
ਸਦਾ ਕੀਰਤਨਿ ਕੀ ਧੁਨਿ ਜਹਾਂ।
ਸ੍ਰੀ ਹਰਿਮੰਦਰ ਸੁੰਦਰ ਮਹਾਂ ॥੨੧॥
ਕਰੀ ਪ੍ਰਕਰਮਾਂ ਪਿਤਾ ਨਿਹੋਰੇ[1]।
ਧਰਜੋ ਧਯਾਨ ਬੰਦਤਿ ਕਰਿ ਜੋਰੇ।
ਨਿਕਸੇ ਵਹਿਰ ਪੰਥ ਤਿਸ ਪਰੇ।

[1]ਕਹਿ ਕੇ।

[1]'ਲੰਙਾਹਾਂ' ਨਾਮ ਹੈ।

[1]ਪ੍ਰਸੰਨਤਾ ਧਾਰਕੇ।

[1]ਬੇਨਤੀ ਕੀਤੀ।

ਲਵਪੁਰਿ ਦਿਸ਼ਿ ਸਨਮੁਖੁ ਮੁਖ ਕਰੇ
॥੨੨॥
ਸਿੱਖਜ ਸਕਲ ਜੁਤਿ ਹਰਿ ਗੋਵਿੰਦ।
ਬਿਦਾ ਹੇਤੁ ਗਮਨੇ ਨਰ ਬ੍ਰਿੰਦ।
ਕਿਤਿਕ ਦੂਰ ਜਬਿ ਪਹੁੰਚੇ ਜਾਈ।
ਖਰੇ ਭਏ ਸਤਿਗੁਰੁ ਸੁਖਦਾਈ ॥੨੩॥
ਸਭਿ ਸੋਂ ਕਹਿ ਨੀਕੇ ਉਪਦੇਸ਼।
'ਸਿਮਰਹੁ ਸਤਿਗੁਰ ਹਰਹੁ ਕਲੇਸ਼।
ਸਾਹਿਬ ਬੁੱਢਾ ਅਰੁ ਗੁਰੁਦਾਸ।
ਇਨ ਜੁਤਿ ਸ਼੍ਰੀ ਹਰਿ ਗੋਵਿੰਦ ਪਾਸਿ
॥੨੪॥
ਰਹਹੁ ਸਦਾ ਧਰਿ ਗੁਰੁਮਤਿ ਆਛੇ।
ਨਿਤ ਪ੍ਰਸੰਨ ਰਾਖਹੁ ਹਮ ਪਾਛੇ।
ਕਿਨਹੁੰ ਆਗਜਾ ਭੰਗ ਨ ਕਰਨੀ।
ਨਿਜ ਮਤਿ ਕੀਜਹਿ ਇਨ ਅਨੁਸਰਨੀ'
॥੨੫॥
ਹਰਿਗੁਵਿੰਦ ਕੋ ਪੁਨਹ ਸੁਨਾਈ।
ਅਦਬ ਰਖਹੁ ਨਿਤ ਬੁੱਢਾ ਭਾਈ।
ਜਿਮ ਆਗਜਾ ਦੇ ਤੈਸੇ ਰਹਿਨਾ।
ਨਹਿਂ ਇਨਕੇ ਸਨਮੁਖ ਕਬਿ ਕਹਿਨਾ†'
॥੨੬॥

†ਮਿਰ੍ਯਾਦਾ ਦੇ ਮਾਲਕ ਗੁਰੂ ਅਰਜਨ ਦੇਵ ਜੀ ਪੁੱਤ੍ਰ ਨੂੰ ਗੱਦੀ ਦੇਕੇ ਗੁਰਤਾ ਦੀ ਵਡਿਆਈ ਬਖਸ਼ਕੇ ਜਿਸ ਅਗੇ ਭਾਈ ਬੁੱਢਾ ਸਿਖ ਹੈ, ਫਿਰ ਸਪੁੱਤ੍ਰ ਨੂੰ ਆਗਜਾ ਕਰਦੇ ਹਨ ਕਿ ਭਾਈ ਬੁੱਢਾ ਜੀ ਦੀ ਆਗਜਾ ਦਾ ਸਤਿਕਾਰ ਕਰਨਾ। ਇਕ ਤਾਂ ਸ਼੍ਰੀ ਭਾਈ ਬੁੱਢਾ ਜੀ ਤੋਂ ਗੁਰੂ ਹਰਿਗੋਬਿੰਦ ਜੀ ਨੇ ਗੁਰਮੁਖੀ ਵਿੱਦਜਾ ਪਾਈ ਸੀ, ਦੂਸਰੇ ਆਦਿ ਸਤਿਗੁਰਾਂ ਦੇ ਵਰੋਸਾਏ ਆਦਿ ਸਿਖ ਸੇ ਤੇ ਤਿਲਕ ਦੇਣ ਦਾ ਅਧਿਕਾਰ ਰੱਖਣ ਵਾਲੇ ਮਹਾਨ ਸਤਿਕਾਰ ਜੋਗ ਹੋਣ ਕਰਕੇ ਇਹ ਆਗਜਾ ਦਿੱਤੀ ਸੀ।

ਦੋਹਰਾ:
ਸੁਨਿ ਸ਼੍ਰੀ ਅਰਜਨ ਕੇ ਬਚਨ, ਬੁੱਢਾ ਆਦਿ
ਜਿ ਦਾਸ।
ਯੁਤ ਸ਼੍ਰੀ ਹਰਿਗੋਵਿੰਦ ਕੇ, ਬੰਦਿ ਚਰਨ
ਸੁਖਰਾਸਿ ॥੨੭॥
ਚੌਪਈ:
ਬਾਰਿ ਬਾਰਿ ਕਰਿ ਬਿਨੈ ਘਨੇਰੀ।

ਹਟਿਬੇ ਚਹਤਿ ਨਹੀਂ ਤਿਸ ਬੇਰੀ।
ਸ਼੍ਰੀ ਅਰਜਨ ਕਹਿ ਕਰਿ ਬਹੁ ਬਾਰੀ।
ਬਰਬਸਿ[1] ਸਭਿਨਿ ਹਟਾਇ ਪਿਛਾਰੀ ॥੨੮॥ [1]ਜ਼ੋਰੋ ਜ਼ੋਰੀ।
ਅਪਨੀ ਜੋਤਿ ਪੁੱਤ੍ਰ ਮਹਿਂ ਧਾਰੀ।
ਗੁਰ ਅਸ਼ੋਕ ਤਬਿ ਚਲੇ ਅਗਾਰੀ।
ਪਠੲੋ ਸਿੱਖ੍ਯ ਇਕ ਗੋਇੰਦਵਾਲ।
'ਪਹੁੰਚਹੁ ਆਜ ਤਹਾਂ ਮਗ ਚਾਲਿ ॥੨੯॥
ਮਿਲਹੁ ਅਰਥਮਲ ਕੋ ਤੁਮ ਜਾਇ।
ਲਵਪੁਰਿ ਗਮਨੈ ਦੇਹੁ ਸੁਨਾਇ।
ਹੋਤਿ ਪ੍ਰਾਤ ਕੇ ਸੋ ਚਲਿ ਆਵਹਿ[1]। [1]ਭਾਵ ਅਰਥ ਮਲ ਜੀ।
ਹਮ ਕੋ ਮਿਲਹਿ ਮੋਦ ਉਪਜਾਵਹਿ' ॥੩੦॥
ਸੁਨਤਿ ਸਿੱਖ੍ਯ ਉਤਲਾਵਤਿ ਧਾਵਾ।
ਸੰਧ੍ਯਾ ਹੋਤਿ ਪੁਰਿ ਪ੍ਰਵਿਸ਼ਾਵਾ।
ਮਿਲੲੋ ਅਰਥਮਲੁ ਕੋ ਕਰਿ ਨਮੋ।
ਹਾਥ ਜੋਰਿ ਬੈਠੲੋ ਤਿਹ ਸਮੋ ॥੩੧॥
ਸ਼੍ਰੀ ਸਤਿਗੁਰੁ ਕੋ ਦੀਨਿ ਸੰਦੇਸਾ।
'ਤੁਮ ਕੋ ਸਿਮਰਨਿ ਕੀਨਿ ਵਿਸ਼ੇਸ਼ਾ।
ਲਵਪੁਰਿ ਕੋ ਗਮਨੇ ਜਿਸ ਕਾਲ।
ਮੋ ਕਹੁ ਕਰਿ ਤਾਗੀਦ ਬਿਸਾਲ ॥੩੨॥
-ਪ੍ਰਾਤ ਚਢਾਵਹੁ ਤਿਨ ਕੋ[1] ਜਾਇ-। [1]ਭਾਵ ਸ਼੍ਰੀ ਅਰਥ ਮਲ ਨੂੰ।
ਸੁਨਿ ਆਗ੍ਯਾ ਮੈਂ ਆਯੋ ਧਾਇ।'
ਇਮ ਕਹਿ ਬਾਕ, ਸੁਨੇ ਬਿਸਮਾਨੇ।
-ਕਾਰਨ ਕੌਨ- ਕਰਤਿ ਅਨੁਮਾਨੇ ॥੩੩॥
ਸ਼੍ਰੀ ਗੁਰ ਅਮਰ ਅੰਸ ਮਿਲਿ ਸਾਰੇ।
ਸਿਖ ਸੋਂ ਬੂਝਤਿ ਕਰਤਿ ਬਿਚਾਰੇ।
'ਸੁਨੲੋ ਜੁ ਸ਼ਾਹੁ ਪਠੲੋ ਪਰਵਾਨਾ।
ਯਾਂ ਤੇ ਚਿਤ ਮਹਿਂ ਚਿੰਤ ਮਹਾਨਾ ॥੩੪॥
ਕਰਹਿ ਸ਼ੱਤ੍ਰੁਤਾ ਮੂਰਖ ਚੰਦੂ।
ਬਿਨੁ ਦੋਸ਼ਨਿ ਦੇ ਦੋਸ਼ ਬਿਲੰਦੂ।'
ਬਹੁਤ ਬਿਚਾਰਤਿ ਨਿਸਾ ਬਿਤਾਈ।

ਚਲ੍ਯੋ ਅਰਥ ਮਲ ਪਿਖਿ ਅਰੁਨਾਈ[1] ॥੩੫॥
ਇਤ ਸ਼੍ਰੀ ਅਰਜਨ ਗੁਰ ਤਿਹ ਸਮੋ।
ਰਾਮਦਾਸ ਪੁਰਿ ਕੋ ਕਰਿ ਨਮੋ।
ਸਨੇ ਸਨੇ ਮਗ ਮਹਿਂ ਪ੍ਰਸਥਾਨੇ।
ਡੇਰੋ ਕਰਿ ਜਾਮਨ ਗੁਜ਼ਰਾਨੇ ॥੩੬॥
ਭਈ ਪ੍ਰਾਤ ਹੁਇ ਕਰਿ ਅਸੁਵਾਰ।
ਪਹੁੰਚਤਿ ਭੇ ਲਵਪੁਰੀ ਮਝਾਰ।
ਇਕ ਸੱਧੂ ਸਿਖ ਗੁਰਮੁਖ ਮਹਾਂ।
ਕਰਤਿ ਪ੍ਰਤੀਖਨਿ ਬਾਸੈ ਤਹਾਂ ॥੩੭॥
'ਦੀਨ ਅਹੌਂ ਮੈਂ ਦੀਨਨਿ ਦਯਾਲਾ !
ਪਿਖਹੁ ਭਗਤ ਕੇ ਭਾਉ ਬਿਸਾਲਾ।
ਮਮ ਘਰ ਨਿਸਾ ਬਾਸ ਜੇ ਕਰਿਹੀਂ।
ਸਰਬ ਸੇਵ ਠਾਨੌਂ ਨਿਜ ਕਰ ਹੀ ॥੩੮॥
ਕਰਨਿ ਅਹਾਰ ਆਦਿ ਜੇ ਸੇਵਾ।
ਕਰਿਵਾਵਹਿਂ ਮੋ ਤੇ ਗੁਰੁ ਦੇਵਾ।
ਬਨੌਂ ਕ੍ਰਿਤਾਰਥ ਪੂਰਹਿਂ ਆਸਾ।'
ਸਿਮਰਤਿ ਸਤਿਗੁਰੁ ਧਰਿ ਭਰਵਾਸਾ ॥੩੯॥
ਨਿਸ ਦਿਨ ਜਿਸ ਕੇ ਉਰ ਲਿਵ ਲਾਗੀ।
'ਮੈਂ ਕਿਹ ਸਮੈ ਬਨਹੁ ਬਡਭਾਗੀ।'
ਕਿਰਤਨ ਮੇਲ[1] ਕਰਤਿ ਬਹੁਤੇਰਾ।
ਰਿਦੇ ਪ੍ਰਤੀਖਤਿ ਸੰਝ ਸਬੇਰਾ ॥੪੦॥
ਕਰਨਿ ਕਾਮਨਾ ਪੂਰਨ ਤਾਂਹੀ।
ਸਭਿ ਤਜਿ, ਗਏ ਸਿੱਖ੍ਯ ਘਰ ਮਾਂਹੀ[1]।
ਊਚ ਨੀਚ ਕੀ ਪਰਖ ਨ ਕੋਈ।
ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਅਰਜਨ ਲਵਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

[1]ਸੂਰਜ ਦੀ ਲਾਲੀ।

[1]ਕੀਰਤਨ ਤੇ ਜੋੜ ਮੇਲਾ।

[1]ਸਭਨਾਂ (ਸਿੱਖਾਂ ਦੇ ਘਰਾਂ ਨੂੰ) ਛਡਕੇ (ਤਿਸ ਗਰੀਬ) ਸਿਖ ਦੇ ਘਰ ਚਲੇ ਗਏ।

## ੩੨. [ਭਾਈ ਸੱਧੂ ਦੇ ਘਰ ਅਰਥ ਮੱਲ ਜੀ ਮਿਲੇ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਸੱਧੂ ਸਿੱਖਯ ਸਭਾਰਜਾ[1], ਪ੍ਰੇਮ ਕਰੇ ਮਨ ਮਾਂਹਿ।
ਸ਼੍ਰੀ ਅਰਜਨ ਸਭਿ ਜਾਨਿ ਕਰਿ, ਪਹੁੰਚੇ ਤਿਸ ਘਰ ਮਾਂਹਿ ॥੧॥

[1]ਭਾਰਜਾ ਸਹਤ।

ਚੌਪਈ:

ਹੇਰਿ ਅਨੰਦ ਰੂਪ ਗੁਰੁ ਕੇਰਾ।
ਬੰਦਨ ਕਰੀ ਚਰਨ ਤਿਸ ਬੇਰਾ।
'ਘਟਿ ਘਟਿ ਕੇ ਨਿਤ ਅੰਤਰਜਾਮੀ!
ਦਾਸ ਕਾਮਨਾ ਪੁਰਵਹੁ ਸ੍ਵਾਮੀ! ॥੨॥
ਧਨੀ ਸਿੱਖ ਧ੍ਰਮਸਾਲਾ ਛੋਰਿ[1]।
ਉਰ ਕੀ ਲਖਿ ਆਏ ਮੁਰਿ ਓਰਿ[1]।
ਦੀਨ ਬੰਧੁ ਯਾਂਹੀ ਤੇ ਕਹੈਂ।
ਪ੍ਰੇਮ ਬਸੀ ਤੁਮ ਕੋ ਸਭਿ ਲਹੈਂ' ॥੩॥

[1](ਤੇ) ਧਰਮਸਾਲਾ ਛੱਡਕੇ।

[1](ਮੇਰੇ) ਰਿਦੇ ਦੀ ਜਾਣਕੇ ਮੇਰੀ ਤਰਫ ਆਏ ਹੋ।

ਹਾਥ ਜੋਰਿ ਬਹੁ ਉਸਤਤਿ ਕਰਿ ਕੈ।
ਤਰੇ[1] ਉਤਾਰੇ ਉਰ ਮੁਦ ਭਰਿ ਕੈ।
ਲੇ ਕਰਿ ਗਯੋ ਸਦਨ ਕੇ ਅੰਦਰ।
ਨੌਤਨ[1] ਪਲੰਘ ਡਸਾਯੋ ਸੁੰਦਰ ॥੪॥
ਆਸਤਰਨਿ[1] ਤੇ ਊਪਰ ਛਾਏ।
ਕਰਿ ਬਿਨਤੀ ਸਤਿਗੁਰੂ ਬਿਠਾਏ।
ਜਥਾ ਸ਼ਕਤਿ ਕਰਿ ਅਪਰ ਫਰਸ਼ ਕੋ।
ਸਿੱਖ ਬਿਠਾਏ ਧਾਰਿ ਹਰਸ਼ ਕੋ ॥੫॥

[1](ਸਵਾਰੀ ਤੋਂ) ਹੇਠ।

[1]ਨਵਾਂ।

[1]ਵਿਛੌਣਾ।

ਔਰ ਸਰਬ ਸੇਵਾ ਕਰਿ ਨੀਕੇ।
ਚਰਨ ਪਖਾਰਤਿ ਭਾ ਸਭਿ ਹੀ ਕੇ।
ਸ਼੍ਰੀ ਸਤਿਗੁਰ ਕੇ ਚਰਨ ਪਖਾਰੇ।
ਚਰਨਾਂਮ੍ਰਿਤ ਕੁਟੰਬ[1] ਮੁਖ ਡਾਰੇ ॥੬॥
ਸਰਬ ਸਦਨ ਮਹਿਂ ਛਿਰਕਨਿ ਕੀਨਸਿ।
ਭਯੋ ਨਿਹਾਲ ਅਧਿਕ ਫਲ ਲੀਨਿਸਿ।
ਸਭਿ ਬਿਧਿ ਕੀ ਸੁਚਤਾ ਤਬਿ ਕਰੀ।
ਲੇਪਨ ਆਦਿ ਰਸੋਈ ਧਰੀ ॥੭॥

[1]ਸੰਤਾਨ ਦੇ।

ਭੋਜਨ ਕਰਨਹਾਰਿ ਇਸ਼ਨਾਨੇ[1]।
ਸੁਚ ਸੋਂ ਨੀਰ ਨਯੋ ਭਰਿ ਆਨੇ।
ਬਾਸਨ ਸਕਲ ਮਾਂਝ ਕਰਿ ਬ੍ਰਿੰਦ।
ਪਾਵਨਤਾ ਕਰਿ ਤਬਹਿ ਬਿਲੰਦ ॥੮॥

[1]ਭੋਜਨ ਕਰਨ ਵਾਲਿਆਂ ਨੇ ਇਸ਼ਨਾਨ ਕੀਤਾ।

ਸੁੰਦਰ ਅੰਨ ਚੂਨ ਗੋਧੂਮ[1]।
[1]ਆਟਾ ਕਣਕ ਦਾ।

ਸਖਮ ਚਾਵਰ ਧਰਿ ਸੁਧਿ ਭੂਮਿ[1]।
[1]ਪਵਿੱਤ੍ਰ ਧਰਤੀ ਤੇ (ਅ) ਬਹੁਤ [ਸੰਸ: ਭੂਮਨ੍]

ਪਹਿਤ[1] ਬਨਾਈ ਡਾਲਿ ਮਸਾਲੇ।
[1]ਦਾਲ।

ਪਾਇਸ ਪਾਕ ਕੀਨਿ[1] ਬਿਧਿ ਨਾਲੇ ॥੯॥
[1]ਖੀਰ ਰਿੱਧੀ।

ਘ੍ਰਿਤ ਸੋਂ ਮੇਲਿ ਬਨਾਯਹੁ ਨੀਕੋ।
ਕਰਿ ਤਯਾਰੀ ਭੋਜਨ ਸਭਿ ਹੀ ਕੋ।
ਬਹੁ ਦੀਪਕ ਸਗਰੇ ਘਰ ਕਰੇ।
ਚੌਂਕੀ ਨਈ ਡਸਾਈ ਤਰੇ ॥੧੦॥
ਹਾਥ ਜੋਰਿ ਆਗੇ ਹੁਇ ਖਰੋ।
ਕਹਯੋ 'ਗੁਰੂ ਜੀ! ਭੋਜਨ ਕਰੋ।'
ਸੁਨਤਿ ਉਠੇ ਲਖਿ ਪ੍ਰੇਮ ਘਨੇਰਾ।
ਚੌਂਕੀ ਪਰ ਬੈਠੇ ਤਿਸ ਬੇਰਾ ॥੧੧॥
ਪ੍ਰਿਥਕ ਪ੍ਰਿਥਕ ਕਰਿ† ਥਾਲ ਪਰੋਸਾ।
†ਪਾ:-ਰਸ।

ਭੱਖਯ, ਭੋਜ, ਲੇਹਜ ਅਰੁ ਚੋਸਾ†।
†ਅਰਥਾਂ ਲਈ ਦੇਖੋ ਰਾਸ ੩ ਅੰਸੂ ੫੨ ਅੰਕ ੨੭ ਦੇ 'ਭੋਜਨ ਚਾਰ ਪ੍ਰਕਾਰਾ' ਪਦ ਦਾ ਪ੍ਰਯਾਯ।

ਤੁਰਸ਼, ਮਧੁਰ ਅਰੁ ਤਿਕਤ[1], ਸਲੌਨ।
[1]ਕਰਾਰੇ।

ਆਗੇ ਧਰਯੋ ਗੁਰੂ ਕੇ ਤੌਨ[1] ॥੧੨॥
[1]ਤਿਸਨੇ।

ਹਾਥ ਜੋਰਿ ਸਨਮੁਖ ਰਹਿ ਖਰੋ।
ਚਾਹਤਿ ਹੁਕਮ ਸੁ ਸੇਵਾ ਕਰੋਂ।
ਸਿੱਖਜਨ ਸਹਤ ਸੁ ਕਰਯੋ ਅਹਾਰੇ।
ਤ੍ਰਿਪਤ ਭਏ ਸਭਿ ਹਾਥ ਪਖਾਰੇ ॥੧੩॥
ਸੱਧੂ ਮਾਨ ਰਾਖਿਬੇ ਕਾਰਨ।
ਸ੍ਵਾਦ ਸਰਾਹਤਿ ਭਲੇ ਅਹਾਰਨਿ[1]।
[1]ਭੋਜਨਾਂ ਦੇ।

ਹਾਥ ਜੋਰਿ ਕਹਿ 'ਮੈਂ ਕਿਸ ਲਾਯਕ।
ਦੀਨ ਦਯਾਲ ਤੁਮ ਸਹਿਜ ਸੁਭਾਯਕ ॥੧੪॥
ਜਿਮ ਦੁਰਜੋਧਨ ਆਦਿਕ ਤਯਾਗੇ।
ਸਦਨ ਬਿਦਰ ਕੇ ਬਸਿ ਅਨੁਰਾਗੇ।

ਸੋ ਬਿਧਿ ਆਜ ਭਈ ਮਮ ਸਾਥ।
ਸਭਿ ਕੋ ਤਜਿ ਮਮ ਘਰ ਬਸਿ ਨਾਥ!
॥੧੫॥
ਰੁਚਿਰ ਚਰਿੱਤ੍ਰ ਬਚਿੱਤ੍ਰ ਪਵਿੱਤ੍ਰ।
ਕੋ ਕਹਿ ਸਕਹਿ ਆਪ ਕੇ ਚਿੱਤ੍ਰ[1]।'
ਗੁਰੁ ਪ੍ਰਯੰਕ ਪਰ ਪਹੁੰਚੇ ਜਬੈ।
ਭੋਜਨ ਅਚਯੋ ਤ੍ਰਿਯਾ ਜੁਤਿ ਤਬੈ ॥੧੬॥
ਪੁਨ ਦੰਪਤਿ ਬਿਜਨਾ[1] ਲੇ ਗਏ।
ਪੌਨ ਪ੍ਰੀਤਿ ਸੋ ਹਾਂਕਤਿ ਭਏ।
ਸੁੰਦਰ ਮ੍ਰਿਦੁਲ ਚਰਨ ਕੋ ਗਹਿ ਕੈ।
ਚਾਂਪਤਿ ਚੌਂਪ ਚਾਰੁ ਕੋ ਚਹਿ ਕੈ ॥੧੭॥
ਜਿਸ ਜਿਸ ਸਿਖ ਕੋ ਸੁਧਿ ਤਬਿ ਹੋਈ।
ਦਰਸ਼ਨ ਕੋ ਆਏ ਸਭਿ ਕੋਈ।
ਧਰਿ ਧਰਿ ਭੇਟ ਬੰਦਨਾ ਠਾਨਹਿਂ।
ਮਨੋ ਕਾਮਨਾ ਬਿਨੈ ਬਖਾਨਹਿਂ ॥੧੮॥
ਇਸੀ ਪ੍ਰਕਾਰ ਨਿਸਾ ਬਡ ਗਈ।
ਸੁਖ ਸਿਹਜਾ ਪਰ ਨਿੰਦ੍ਰਾ ਲਈ।
ਨਿਕਟ ਸਿੱਖਜ ਸਭਿਹੀ ਪਰਿ ਸੋਏ[1]।
ਬਿਧੀ ਚੰਦ ਆਦਿਕ ਹੈਂ ਜੋਏ ॥੧੯॥
ਜਾਮ ਜਾਮਨੀ[1] ਜਾਗ੍ਰਨ ਕੀਨਿ।
ਸੌਚਾਚਾਰੁ ਸਗਲ ਕਰਿ ਲੀਨਿ।
ਤਨ ਸ਼ਨਾਨ ਜਲ ਨਿਰਮਲ ਸਾਥ।
ਇਕ ਚਿਤ ਬੈਠਿ ਰਹੇ ਗੁਰੁ ਨਾਥ ॥੨੦॥
ਪੁਨਹ ਪ੍ਰਕਾਸ਼ ਭਯੋ ਰਵਿ ਚਢਯੋ।
ਸਭਿ ਸੰਗਤਿ ਸੁਨਿ ਸੁਨਿ ਮੁਦ ਬਢਯੋ।
ਆਇ ਆਇ ਦਰਸ਼ਨ ਕੋ ਕਰਹਿਂ।
ਬੰਦਹਿਂ ਚਰਨ ਉਪਾਇਨ ਧਰਹਿਂ ॥੨੧॥
ਤਬਹਿ ਅਰਥਮਲ ਚਲਿ ਕਰਿ ਆਯੋ।
ਮਿਲਯੋ ਪ੍ਰੇਮ ਕਰਿ ਸੀਸ ਨਿਵਾਯੋ।
ਜੇਠੋ ਪੁੱਤ੍ਰ ਮੋਹਰੀ ਕੇਰਾ।
ਭਰਿ ਕਰਿ ਅੰਕ ਮਿਲੇ ਤਿਸ ਬੇਰਾ ॥੨੨॥
ਸਾਦਰ ਨਿਕਟਿ ਬਿਠਾਵਨਿ ਕਰਯੋ।

[1]ਸੁੰਦਰ (ਚਰਿੱਤ੍ਰ)।
[1]ਪੱਖਾ।
[1]ਪੈ ਕੇ ਸੌਂ ਗਏ।
[1]ਪਹਿਰ ਰਾਤ ਰਹਿੰਦੀ।

ਪ੍ਰਿਥਕ ਸਭਿਨਿ ਤੇ ਹੁਇ ਹਿਤ ਧਰਜੋ।
ਜਿਸ ਪ੍ਰਕਾਰ ਕੋ ਕਾਰਨ ਕਰਨਾ।
ਨਿਕਟ ਅਰਥਮਲ ਕੇ ਸੋ ਬਰਨਾ ॥੨੩॥
'ਹਮਰੇ ਤਨ ਕੋ ਹੈ ਅਬਿ ਅੰਤ।
ਤਜਿਬੇ ਕੋ ਸਭਿ ਸੁਨੋ ਬ੍ਰਿਤੰਤ।
ਮਹਾਂ ਬਿਰੋਧੀ ਹਮਰੇ ਜੇ ਹੈਂ।
ਸਿਰ ਅਪਰਾਧ ਤਿਨਹੁ ਕੇ ਦੈ ਹੈਂ ॥੨੪॥
ਅਰਪਾਧੀ ਜਬਿ ਹੋਹਿ ਬਿਸਾਲਾ।
ਉਚਿਤ ਸਜਾਇ ਬਨਹਿ ਤਿਸ ਕਾਲਾ।
ਸ਼੍ਰੀ ਹਰਿਗੋਬਿੰਦ ਚੰਦ ਬਿਲੰਦੈ।
ਸੰਕਟ ਦੇਹਿਂ ਦੁਸ਼ਟ ਹਤਿ ਬ੍ਰਿੰਦੈ' ॥੨੫॥
ਸੁਨਤਿ ਅਰਥਮਲ ਬੂਝਨ ਕਰੇ।
'ਕਹਹੁ ਮੋਹਿ ਕਿਮ ਤਨ ਪਰਹਰੇ[1]?'
ਸ਼੍ਰੀ ਅਰਜਨ ਸਭਿ ਗਾਥ ਬਖਾਨੀ।
'ਚੰਦੂ ਦੂਤੀ ਕਰਤਿ ਮਹਾਨੀ ॥੨੬॥
ਪ੍ਰਥਮ ਕਹਤਿ -ਇਹ ਚੋਰ ਲਗਾਵੈ।
ਸ਼ਾਹੁ ਸਮਾਜ ਮਿਲਹਿ[1] ਚੁਰਵਾਵੈ-।
ਪੁਨਹਿ ਸਜਾਦਾ ਇਕ ਚਲਿ ਆਯੋ।
ਦੀਨ ਜਾਨਿ ਤਿਹ ਭੋਜਨ ਖ੍ਵਾਯੋ ॥੨੭॥
ਇਹ ਦੂਤੀ ਕੀਨਸਿ ਮਤਿਮੰਦ।
ਸ਼ਾਹੁ ਸਿਖਾਇ ਰਿਸਾਇ ਬਿਲੰਦ।
ਦੋਇ ਲਾਖ ਲਿਖਿ ਦੰਡ ਪਠਾਯੋ।
ਅਹਿਦੀ ਲੇ ਹਮਰੇ ਢਿਗ ਆਯੋ ॥੨੮॥
ਯਾਂ ਤੇ ਮਹਾਂ ਦੁਸ਼ਟ ਹੈ ਏਹੀ।
ਦੋਸ਼ ਤਜਨਿ ਤਨ[†] ਸਿਰ ਇਸਿ ਦੇਹੀਂ।
ਕਾਨ੍ਹੇ ਕੋ ਹੈ ਸ੍ਰਾਪ ਹਮਾਰੇ[†]।
-ਤਨੁ ਤਜਾਗਹੁ ਰਿਪੁ ਘਰਨਿ ਮਝਾਰੇ- ॥੨੯॥
ਪੁਨ ਹਮਰੇ ਨਾਨੇ ਬਚ ਕਹਜੋ।
ਮਾਤਾ ਨੇ ਜਬਿਹੀ ਬਰ ਲਹਜੋ।
-ਗੁਰਤਾ ਰਹੈ ਹਮਾਰੇ ਘਰ ਮੈਂ।

[1]ਤਿਆਗਣਾ ਹੈ।

[1]ਸ਼ਾਹ ਦੀ ਸਮੱਗ੍ਰੀ ਮਿਲਕੇ (ਚੋਰਾਂ ਨਾਲ)।

[†]ਪੰਚਮ ਸਤਿਗੁਰਾਂ ਦੇ ਸਾਕੇ ਲਈ ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੪੮ ਦੀ ਹੇਠਲੀ ਟੂਕ

[†]ਦੇਖੋ ਇਸੇ ਰਾਸ ਦੇ ਅੰਸੂ ੩੦, ਅੰਕ ੪ ਦੀ ਹੇਠਲੀ ਟੂਕ।

ਅਬਿ ਨਹਿਂ ਜਾਵਹਿ ਬੰਸ ਅਪਰ ਮੈਂ-
॥੩੦॥
-ਸਲਿਤਾ ਜਲ ਚਲਤਾ ਤੁਮ ਰੋਕਜੋ।
ਹੁਇ ਹੈ ਸੰਕਟ ਏਵ ਬਿਲੋਕਜੋ-।
ਸੋ ਅਬਿ ਫੁਰਹਿ ਕਰਹਿਂ ਹਮ ਸਾਚੇ।
ਸਮੈ ਨਿਕਟ ਤੇ ਤਨੁ ਨਹਿਂ ਬਾਚੇ[1] ॥੩੧॥ [1]ਨਹੀਂ ਬਚੇਗਾ।
ਸੋ ਸਭਿ ਕਾਰਨ ਆਇ ਮਿਲੈ ਹੈਂ।
ਅਬਿ ਤਨੁ ਤਜਾਗਨਿ ਲਖਜੋ ਭਲੇ ਹੈ।'
ਸੁਨਤਿ ਅਰਥਮਲ ਸ਼ੋਕ ਬਿਸਾਲਾ।
ਰੁਚਿਰ ਬਿਲੋਚਨ ਤੇ ਜਲ ਡਾਲਾ ॥੩੨॥
'ਹੇ ਪ੍ਰਭੁ ! ਤੁਮ ਅਲੇਪ ਸਭਿ ਸਮੈ।
ਦਰਸ ਲਾਭ ਸੁਖ ਜੋ ਬਡ ਹਮੈ।
ਸਿਖ ਸੰਗਤਿ ਸਭਿ ਰਹੈਂ ਬਿਸੂਰਤਿ।
ਕਰਤਿ ਪ੍ਰੇਮ ਹੇਰਤਿ ਤੁਮ ਮੂਰਤਿ ॥੩੩॥
ਕਰਹੁ ਅਨੇਕਨਿ ਕੋ ਕੱਲਜਾਨ।
ਪਰਉਪਕਾਰੀ ਸਦਾ ਮਹਾਨ।
ਤੁਰਕ ਯੁਕਤ ਚੰਦੂ ਦੁਖ ਪਾਵੈ।
ਹਰਖ ਧਰਤਿ ਉਰ ਬਿਖ ਕੋ ਖਾਵੈ[1] ॥੩੪॥ [1]ਰਿਦੇ ਵਿਚ ਖੁਸ਼ੀ ਨੂੰ ਧਾਰਕੇ ਵਿਹੁ ਨੂੰ ਖਾ ਰਿਹਾ ਹੈ।
ਜਬਿ ਘਟ ਅੰਤਰ ਪਹੁੰਚਹਿ ਜਾਈ।
ਸੋਖਹਿ ਅੰਗ[1] ਪ੍ਰਾਨ ਬਿਨਸਾਈ। [1]ਅੰਗਾਂ ਨੂੰ ਸੁਕਾ ਦੇਵੇਗੀ (ਵਿਹੁ)।
ਤੈਸੇ ਅਬਿ ਇਹ ਨਾਂਹਿ ਨ ਜਾਨਹਿ।
ਸੰਗ ਨਿਰਵੈਰੁ ਵੈਰ ਜੋ ਠਾਨਹਿ ॥੩੫॥
ਆਪਦ ਪਰਹਿ ਇਨਹੁ ਪਰਿ ਜਬੈ।
ਇਸ ਫਲ ਕੋ ਪਾਵਹਿਂਗੇ ਤਬੈ।
ਜੋ ਕਰਤੇ ਨੇ ਕਾਰਨ ਕਰਨੇ।
ਸੋ ਸਭਿ ਤੇ ਕਾਰਜ ਹੈਂ ਸਰਨੇ[1] ॥੩੬॥ [1]ਸੋ (ਸਾਰੇ) ਕਾਰਜ ਸਭਨਾਂ ਤੋਂ ਹੋਣੇ ਹਨ।
ਅਬਚਲ ਨੀਵ ਰਖੀ ਗੁਰੁ ਨਾਨਕ।
ਪਚਿ ਹੈਂ ਨਿੰਦਕ ਦੁਸ਼ਟ ਅਚਾਨਕ।'
ਬਹੁਰ ਅਰਥਮਲ ਜੋਰੇ ਹਾਥ।
'ਸੁਨੋ ਬਿਨੈ ਸ੍ਰੀ ਅਰਜਨ ਨਾਥ ! ॥੩੭॥
ਮਮ ਕਾਂਯਾਂ ਹੈ ਆਪ ਅਗਾਰੀ।
ਤਜਿ ਕਰਿ ਦਿਉ ਜਰ ਤੁਰਕ ਉਖਾਰੀ।

ਤੁਮ ਬਿਨ ਜਗ ਮੈਂ ਰਹਨਿ ਨ ਭਾਵੈ।
ਅਬਿ ਪਰਲੋਕ ਚਲਨਿ ਬਨਿ ਆਵੈ ॥੩੮॥
ਦਿਹੁ ਆਗਜਾ ਮੈਂ ਕਰੌਂ ਚਲਾਨਾ।
ਆਪ ਰਖਹੁ ਤਨ, ਕਾਲ ਮਹਾਨਾ[1]।' [1]ਬਹੁਤ ਸਮਾਂ।
ਸ੍ਰੀ ਅਰਜਨ ਸੁਨਿ ਕਰਿ ਬਚ ਪ੍ਰੇਮ।
ਕਹ੍ਯੋ 'ਰਹਹੁ ਤੁਮ ਤਨ ਯੁਤ ਛੇਮ[1] ॥੩੯॥ [1]ਸੁਖ ਨਾਲ।
ਰਹੀ ਆਰਬਲ ਬਾਸੁਰ ਚਾਲੀ।
ਤਬਿ ਤੁਮ ਕਾਯਾਂ ਤਜੋ ਸੁਖਾਲੀ।
ਮਿਲਹੁ ਆਨਿ ਪਰਲੋਕ ਸੁ ਮੋਹੀ।
ਨਹਿਂ ਬਿਯੋਗ ਬਹੁ ਦਿਨ ਕੋ ਹੋਹੀ' ॥੪੦॥
ਇਮ ਦੈ ਧੀਰਜ ਰਾਖ੍ਯੋ ਪਾਸੀ।
ਅਨਿਕ ਰੀਤਿ ਕੀ ਕਥਾ ਪ੍ਰਕਾਸ਼ੀ।
ਲੰਗਰ ਲਗ੍ਯੋ ਹੋਨਿ ਗੁਰੁ ਕੇਰਾ।
ਅਰਪਹਿ ਸੰਗਤਿ ਆਨਿ ਘਨੇਰਾ ॥੪੧॥
ਆਵਹਿਂ ਸਿੱਖ ਟੋਲਿ ਕਰਿ ਘਨੇ।
ਪੂਜਿ ਪੂਜਿ ਗਮਨਹਿਂ ਸੁਖ ਸਨੇ।
ਸ੍ਰੀ ਅਰਜਨ ਕੋ ਪੁਰਿ ਆਗਵਨੁ[1]। [1]ਲਾਹੌਰ ਵਿਚ ਆਉਣਾ।
ਪਸਰੀ ਸੁਧਿ ਲਘੁ ਦੀਰਘ ਭਵਨੁ ॥੪੨॥
ਸ਼ਰਧਾ ਸਹਤ ਭਾਉ ਕੋ ਧਰਿ ਧਰਿ।
ਜਾਂਹਿ ਸੰਗਤਾਂ ਆਨੰਦ ਕਰਿ ਕਰਿ।
ਸੁਜਸੁ ਉਚਾਰਿਤ ਨਰ ਤ੍ਰਿਯ ਘਰਿ ਘਰਿ।
ਉਪਦੇਸ਼ਤਿ 'ਨਿਤ ਸਿਮਰਹੁ ਹਰਿ ਹਰਿ' ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਰਥ ਮਲ ਮਿਲਨਿ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਜਹਾਂਗੀਰ, ਚੰਦੂ ਦੇ ਘਰ ਪੁੱਜੇ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਸਿਖ ਸੰਗਤਿ ਲਵਪੁਰੀ ਕੇ,
ਸਕਲ ਦਰਸ ਕੋ ਆਇ।
ਵਹਿਰ ਦੂਰ ਕੇ ਸੁਨਤਿ ਇਤ,
ਆਨਿ ਭਏ ਸਮੁਦਾਇ ॥੧॥

ਸੈਯਾ ਛੰਦ:

ਆਨਿ ਉਪਾਇਨ ਅਰਪਹਿਂ ਦਰਸਹਿਂ,
ਬਡੇ ਭਾਗ ਸੁਨਿ ਸੁਨਿ ਉਪਦੇਸ਼।
ਸੱਤਿਨਾਮ ਕੀ ਉਰ ਲਿਵ ਲਾਗਹਿ
ਜਨਮ ਜਨਮ ਕੇ ਕਟਹਿ ਕਲੇਸ਼।
ਸੁਖ ਅਤੋਲ ਕੋ ਪਾਇ ਨ ਡੋਲਹਿਂ
ਅੰਤਰ ਮਨ ਕੇ ਥਿਰਹਿਂ ਵਿਸ਼ੇਸ਼।
ਧੰਨਜ ਧੰਨਜ ਸ਼੍ਰੀ ਅਰਜਨ ਸਤਿਗੁਰ
ਪ੍ਰਭੁ ਅਵਤਾਰ ਭਗਤਿ ਕੇ ਬੇਸ ॥੨॥
ਸਿੱਖਨਿ ਕੋ ਸਮੁਦਾਇ ਭਯੋ ਬਹੁ
ਸਤਿ ਸੰਗਤਿ ਮਿਲਿ ਕਰਹਿਂ ਅਨੰਦ।
ਇਕ ਆਵਤਿ ਇਕ ਜਾਤਿ ਚਲੇ ਨਰ
ਏਕ ਨਿਕਟ ਰਹਿ ਕੁਮਤਿ ਨਿਕੰਦ[1]।
ਗਾਇਂ ਰਬਾਬੀ ਬਡੀ ਰਾਤਿ ਤੇ
ਸੁਨਹਿ ਸਿੱਖਜ ਉਰ ਪ੍ਰੇਮ ਬਿਲੰਦ।
ਬਾਨੀ ਪਠਹਿਂ ਕੰਠ ਕੋ ਧਾਰਹਿਂ
ਸੱਤਿਨਾਮ ਜਸੁ ਉੱਜਲ ਚੰਦ ॥੩॥
ਇਕ ਦਿਨ ਸਤਿਗੁਰੁ ਚਢਿ ਕਰਿ ਖਾਸੇ
ਵਹਿਰ ਚਲੇ ਰਾਵੀ ਕੇ ਤੀਰ।
ਨਿੰਦਕ ਚੰਦੂ ਮਿਲ੍ਯੋ ਅਗਾਰੀ
ਦੇਖੀ ਸੰਗ ਨਰਨਿ ਗਨ ਭੀਰ।
ਬੂਝ ਨਿਕਰ੍ਯੋ 'ਕੌਨ ਇਹ ਗਮਨਤਿ?
ਕਾਮਦਾਰ ਉਮਰਾਵ ਅਮੀਰ[1]?
ਮਾਨਵ ਸੰਗ ਅਨੇਕ ਚਲਤਿ ਹੈਂ
ਆਗੇ ਪਾਛੇ ਬਹੁਤ ਬਿਹੀਰ ॥੪॥

[1]ਖੋਟੀ ਮੱਤ ਨੂੰ ਕੱਟਣ ਲਈ।

[1]ਸ਼ਾਹੂਕਾਰ ਹੈ (ਯਾ ਕੋਈ) ਅਮੀਰਾਂ ਦਾ ਅਮੀਰ ਹੈ?

ਪਾਤਿਸ਼ਾਹੁ ਕੋ ਹੋਇ ਸਮੀਪੀ
ਕੈ ਚਾਕਰ ਹੁਇ ਅਲਪ ਬਿਸਾਲ।
ਸੋ ਮੁਝ ਨਮੋ ਕਰਤਿ ਮਿਲਿ ਗਮਨਤਿ
ਮਾਨਹਿ ਆਨਿ ਉਲੰਘ ਤਤਕਾਲ[1]।' [1]ਹੋਰਨਾਂ ਨੂੰ ਉਲੰਘ ਛੇਤੀ ਹੀ (ਮੇਰੀ) ਆਨ ਮੰਨਦਾ।
ਸੁਨਿ ਦੌਰਜੋ ਇਕ ਨਰ ਸਿਖ ਬੂਝੇ[1] [1](ਚੰਦੂ ਦਾ) ਇਕ ਪੁਰਸ਼ ਸਿਖ (ਕੋਲੋਂ) ਪੁਛਦਾ ਹੈ।
'ਕੋ ਇਹ ਜਾਤਿ ਬ੍ਰਿੰਦ ਨਰ ਨਾਲਿ।
'ਥਿਰ ਹੁਇ ਕਰਜੋ ਬਤਾਵਨਿ ਤਿਸ ਨੇ
'ਸ੍ਰੀ ਅਰਜਨ ਸਤਿਗੁਰੂ ਕ੍ਰਿਪਾਲ' ॥੫॥
ਆਨਿ ਬਤਾਯਹੁ ਚੰਦੂ ਕੋ ਤਿਨ
ਸੁਨਤਿ ਜਰਜੋ ਮਨ ਮਹਿਂ ਦੁਖਪਾਇ।
-ਮਮ ਰਿਪੁ ਫਿਰਹਿ ਦਿਖਾਇ ਪ੍ਰਤਾਪੂ
ਬਹੁਤੇ ਮਾਨਵ ਸੰਗ ਲਗਾਇ।
ਮੈਂ ਨਿਤ ਚਿੰਤਾ ਕੇ ਬਸਿ ਦੁਰਬਲ
ਇਹ ਨਚਿੰਤ ਬਿਚਰਤਿ ਹਰਖਾਇ।
ਧਿਕ ਜੀਵਨ ਮਮ ਬੁੱਧਿ ਬਲ ਕੋ ਧਿਕ,
ਸਰੇ ਨ ਕੁਛ ਬਹੁ ਕਰੇ ਉਪਾਇ- ॥੬॥
ਤੁਰਤ ਤੋਰ ਅਸਵਾਰੀ ਗਮਨਜੋ-
ਆਜ ਕਹੋਂ ਸੁਧਿ ਸ਼ਾਹੁ ਕੇ ਤੀਰ-।
ਉਤਰਜੋ ਕਰਤਿ ਸਲਾਮ ਗਯੋ ਢਿਗ
ਰਿਸਿ ਤੇ ਧਰਹਿ ਨ ਕਿਮ ਉਰ ਧੀਰ।
ਕਹਿ ਪ੍ਰਸੰਗ ਕੁਛ ਹਜ਼ਰਤ ਕੋ ਤਬਿ
ਨਿਜ ਦਿਸ਼ਿ ਰੁਖ ਫੇਰਜੋ ਨਹਿਂ ਭੀਰ[1]। [1](ਪਾਤਸ਼ਾਹ ਪਾਸ) ਕੋਈ ਭੀੜ ਨਹੀਂ ਸੀ।
ਕਰ ਜੋਰੇ ਉਚਰਤਿ ਦੁਰਮਤਿ ਕੋ
'ਅਬਿ ਆਯਹੁ ਪੁਰਿ ਸਿੱਖਨਿ ਪੀਰ ॥੭॥
ਤੁਮ ਢਿਗ ਆਵਨਿ ਕਰਜੋ ਨ ਅਬਿ ਭੀ
ਹਿੰਦੁਨਿ ਤੇ ਪੁਜਵਾਵਤਿ ਪਾਂਇ।
ਨਿਤਪ੍ਰਤਿ ਧਨ ਅਨਗਿਨਤ ਆਮਦਨ
ਧਨੀ ਭਯੋ ਉਰ ਗਰਬ ਵਧਾਇ।
ਦੋਇ ਲਾਖ ਕੋ ਦੰਡ ਲਖਹਿ ਕਜਾ,
ਤਤਛਿਨ ਲੈ ਦੈ ਹੌਂ ਇਸ ਥਾਇਂ।
ਆਪ ਸਪਾਰਸ਼ ਕਹੋ ਨ ਸੁਨੀਯਹਿ[1] [1]ਸਫਾਰਸ਼ ਨਾ ਕਰੋ ਤੇ ਨਾ ਸੁਣੋ।
ਤੌ ਤਸਕਰ ਰਖਹਿ ਨ ਡਰਪਾਇ ॥੮॥

ਸੁਖੀ ਬਸਹਿਗੋ ਦੇਸ਼ ਬਹੁਰ ਸਭਿ
ਕਰਹੁ ਬੁਲਾਵਨਿ ਤੌ ਚਲਿ ਆਇ।
ਨਤੁ ਸਿੱਖਨਿ ਤੇ ਲੇ ਕਰਿ ਧਨ ਕੋ
ਅਪਨੀ ਪੁਰੀ ਪ੍ਰੇਵਸ਼ਹਿ ਜਾਇ।
ਨ੍ਰਿਭੈ ਹੋਇ ਤੁਮ ਤੇ ਬਹੁ ਰਾਖ੍ਯੋ
ਸ਼ਹਜ਼ਾਦਾ ਦੇਸ਼ ਜੁ ਨਿਕਸਾਇ।
ਪਾਇ ਤਿਦਾਰਕ ਤੌ ਚਿਤ ਸਮੁਝਹਿ
ਸ਼ਾਹੁ ਅਵੱਗਜਾ[1] ਇਮ ਦੁਖਦਾਇ' ॥੯॥ — [1]ਸ਼ਾਹ ਦਾ ਨਿਰਾਦਰ।
ਇਕ ਦੁਇ ਅਪਰ ਸ਼ਾਹ ਕੇ ਨਿਕਟੀ
ਧਨ ਦੇ ਕੀਨੇ ਅਪਨ ਸਹਾਇ।
ਸੋ ਉਮਰਾਵ ਕਹਨਿ ਤਬਿ ਲਾਗੇ
'ਚੰਦੂ ਸ਼ਾਹ[1] ! ਸੁਮਤਿ ਅਧਿਕਾਇ। — [1](ਹੇ) ਸ਼ਾਹ (ਇਹ) ਚੰਦੂ।
ਦੇਸ਼ ਦੁਖੀ ਦਿਖਿ ਦੋਖ ਲਖੈ[1] ਉਰ, — [1]ਜਾਣਦਾ ਹੈ।
ਬਾਰਬਾਰ ਸੋ ਅਰਜ਼ ਕਰਾਇ।
ਆਪ ਹਦੂਰਿ ਹਕਾਰ ਨਿਹਾਰਹੁ
ਕਰਹੁ ਨ ਕੁਛ ਮਗ ਪੁਛਹੁ ਖੁਦਾਇ[1] — [1]ਖੁਦਾਇ ਦਾ।
॥੧੦॥
ਦੰਡ ਦਿਵਾਨ ਸੁ ਲੇਹਿ ਨਿਬੇਰਹਿ
ਆਪ ਦੋਸ਼ ਤੇ ਸੰਕਤਿ ਜੇਯ[1]। — [1]ਜੇ ਸੰਗਦੇ ਹੋ।
ਸੁਨਿ ਤਿਸ[1] ਬਾਕ ਬਿਸਰਜਨ ਕਰੀਐ — [1]ਤਿਸ (ਗੁਰੂ ਜੀ ਦੇ)।
ਤੁਮਹੁ ਨ ਲੇਪ ਲਗੈ ਬਿਧਿ ਏਯ।'
ਚੰਦੂ ਅਰੁ ਉਮਰਾਵਨਿ[1] ਰੁਖ ਲਖਿ — [1]ਅਮੀਰਾਂ ਦਾ।
ਸ਼ਾਹੁ ਰਿਦੇ ਭੀ ਚਾਹ ਕਰੇਯ।
-ਦਰਸ਼ਨ ਕਰੌਂ ਉਚਾਰਨਿ ਸੁਨਿ ਹੌਂ
ਨਿੰਦਾ ਸਿਫਤੀ ਬਹੁ ਜਿਸ ਕੇਯ- ॥੧੧॥
ਨਿਕਟ ਵਜ਼ੀਰ ਖਾਂਨ ਕੋ ਦੇਖ੍ਯੋ
ਕਹ੍ਯੋ ਤਾਂਹਿ ਕੋ 'ਸਤਿਗੁਰ ਆਨਿ।'
ਸੁਨਿ ਆਇਸੁ ਕੋ ਤਤਛਿਨ ਗਮਨ੍ਯੋ
ਜਿਸ ਥਲ ਸ੍ਰੀ ਅਰਜਨ ਭਗਵਾਨ।
ਧਰਿ ਅਕੋਰ ਕੋ ਕਰੇ ਨਿਹੋਰਨਿ
ਹਾਥ ਜੋਰਿ ਜੁਗ ਬੰਦਨ ਠਾਨਿ।
'ਧੰਨ੍ਯ ਧੰਨ੍ਯ ਤੁਮ ਗਿਰਾ ਧੰਨ੍ਯ ਹੈ

ਜਿਹ ਸੁਨਿ ਦੁਖ ਤੇ ਉਬਰੇ ਪ੍ਰਾਨਿ ॥੧੨॥
ਭਯੋ ਜਲੋਧਰ[1] ਅਰੁ ਬਹੁ ਪੀਰਾ
[1]ਇਕ ਰੋਗ ਦਾ ਨਾਮ।
ਨਿਸ ਬਾਸੁਰ ਬਜਾਕੁਲਤਾ ਪਾਇ।
ਹਾਇ ਹਾਇ ਕਰਿ ਪਰਜੋ ਪੁਕਾਰਤਿ
ਕਿਸ ਹਕੀਮ ਤੇ ਸ਼ਾਂਤਿ ਨ ਆਇ।
ਪਾਠ ਸੁਖਮਨੀ ਤੇ ਸੁਨਿ ਸੁਖ ਭਾ
ਬਜਾਧਿ ਗਈ ਤਤਕਾਲ ਨਸਾਇ।
ਚੰਦੂ ਚਾਰੀ[1] ਕਰਤਿ ਆਪ ਕੀ
[1]ਚੁਗਲੀ।
ਬਹੁ ਦਿਨ ਬੀਤੇ ਕਰਤਿ ਉਪਾਏ ॥੧੩॥
ਬਾਰਿ ਬਾਰਿ ਸੁਨਿ ਸ਼ਾਹੁ ਬਿਚਲਗਾ[1]
[1]ਸੁਰਤ ਭੁੱਲ ਗਈ।
ਪੁਨ ਉਮਰਾਵ ਸਹਾਇ ਦਿਵਾਨ[1]।
[1]ਮਦਦਗਾਰ ਹਨ ਦਿਵਾਨ ਦੇ।
ਚਹੈ ਕਹਾਵਤਿ ਭਰਮ ਉਪਾਵਤਿ
ਏਵ ਸੁਨਾਵਤਿ ਦੁਸ਼ਨ ਮਹਾਨ[1]।
[1]ਜੋ (ਚੰਦੂ) ਆਦਿ ਚਾਹੁੰਦੇ ਹਨ ਭਰਮ ਪੈਦਾ ਕਰਕੇ (ਸ਼ਾਹ ਪਾਸੋਂ) ਕਹਾਂਵਦੇ ਹਨ।

ਹਜ਼ਰਤ ਤਊ ਬਡਾਈ ਰਾਖਤਿ
ਸ੍ਰੀ ਨਾਨਕ ਗਾਦੀ ਪਰ ਜਾਨਿ।
ਕਰੇ ਹਕਾਰਨਿ ਦਰਸ਼ਨ ਕਾਰਨ
ਬਾਕ ਸੁਨਨਿ ਕੀ ਚਿਤ ਰੁਚਿ ਠਾਨਿ ॥੧੪॥
ਪਠਜੋ ਆਪ ਢਿਗ, ਮੈਂ ਚਲਿ ਆਯਹੁ
ਦਿਹੁ ਦਰਸ਼ਨ ਕੋ ਬਿਰਦ ਕ੍ਰਿਪਾਲ।'
ਸੁਨਿ ਸ੍ਰੀ ਅਰਜਨ ਬਾਕ ਬਖਾਨੇ
'ਹਮ ਇਸ ਹਿਤ ਆਏ ਮਗ ਚਾਲਿ।
ਕਰਤਿ ਪ੍ਰਤੀਖਨ ਸਮਾ ਸੁ ਪਹੁਚਜੋ'
ਇਮ ਕਹਿ ਭਏ ਤਜਾਰ ਤਿਸ ਨਾਲਿ।
ਚਢਿ ਖਾਸੇ ਪਰ ਗਮਨੇ ਸਤਿਗੁਰੂ
ਪੰਚ ਸਿੱਖ ਲੇ ਸੰਗ ਬਿਸਾਲ ॥੧੫॥
ਕਰਹਿਂ ਹਜ਼ਾਰਹੁਂ ਬੰਦਨ ਮਗ ਮਹਿ
ਖਰੇ ਹੋਹਿਂ ਪਿਖਿ ਹਿਤ ਸਨਮਾਨ।
'ਧੰਨ ਧੰਨ ਗੁਰੁ' ਸੁਜਸੁ ਉਚਾਰਹਿਂ
ਸੁਨਤਿ ਚਲਤਿ ਜਸੁ ਕੋ ਨਿਜ ਕਾਨ।
ਸੁਧਿ ਵਜ਼ੀਰ ਖਾਂ ਕਰੀ ਅਗਾਰੀ

'ਪਹੁੰਚੇ ਆਇ ਗੁਰੂ ਭਗਵਾਨ।'
ਉਚਾਸਨ[1] ਕਹਿ ਕੈ ਡਸਵਾਯੋ
ਚੰਦੂ ਦੁਖ਼ਯੋ ਦੇਖਿ ਸਨਮਾਨ ॥੧੬॥
ਇਤਨੇ ਮਹਿਂ ਗੁਰੁ ਦਰਸ਼ਨ ਦੀਨਸਿ
ਸਾਦਰ ਕਹਿ ਕਰਿ ਤਹਾਂ ਬਿਠਾਇ।
ਸ਼ਾਹੁ ਨਮਯੋ ਗੁਰੁ ਕੁਸ਼ਲ ਪ੍ਰਸ਼ਨ ਕਰਿ
ਹੇਰਿ ਹੇਰਿ ਸਭਿ ਸੀਸ ਨਿਵਾਇ।
ਪੁਨ ਹਜ਼ਰਤਿ ਨੇ ਬੂਝਨਿ ਕੀਨਿ
'ਹਿੰਦੂ ਤੁਰਕ ਜਿ ਬਾਦ ਬਧਾਇ[1]।
ਨਿਜ ਨਿਜ ਕੋ ਮਾਨਹਿਂ -ਹਮ ਦੀਰਘ-
ਕਹੈਂ ਭਿਸਤਿ ਇਕ ਦੋਜਕ ਜਾਇ ॥੧੭॥
ਦੋਨਹੁਂ ਮਹਿਂ ਕੋ ਸਾਹਿਬ ਜਾਨਹਿ
ਕਿਸ ਪਰ ਕਰੁਨਾ ਕਰੈ ਖ਼ੁਦਾਇ।
ਕੌਨ ਸਾਚੁ ਕਹਿ? ਕੂਰ ਕਹੈ ਕੋ?
ਇਹ ਸੰਸੈ ਮੇਰੇ ਮਨ ਆਇ।
ਉੱਤਰ ਦੇਹੁ ਪੀਰ ਤੁਮ ਦੀਰਘ
ਜਿਸ ਤੇ ਮਮ ਖ਼ਾਤਰ[1] ਹੁਇ ਜਾਇ।'
ਸੁਨਿ ਹਜ਼ਰਤ ਤੇ ਸਤਿਗੁਰੁ ਅਰਜਨ
ਕਹਿ ਜਬਾਬ ਕੋ ਸ਼ਬਦ ਸੁਨਾਇ ॥੧੮॥

[1]ਉੱਚਾ ਆਸਨ।
[1]ਝਗੜਾ ਵਧਾਂਵਦੇ ਹਨ।
[1]ਦਿਲੀ ਤਸੱਲੀ।

ਸ੍ਰੀ ਮੁਖਵਾਕ:
ਰਾਮਕਲੀ ਮਹਲਾ ੫ ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥

ਦੋਹਰਾ:
'ਸ਼੍ਰੀ ਪਰਮੇਸ਼ੁਰ ਏਕ ਹੈ, ਝਗਰਤਿ ਦੋਇ ਬਤਾਇ[1]।
ਸੁਨਹੁ ਸ਼ਾਹੁ ਨਿਸ਼ਚੈ ਕਰਹੁ, ਏਕੋ ਰਾਮ ਖੁਦਾਇ ॥੧੯॥
ਅਰਥ ਕ੍ਰਿਪਾਲ ਰਹੀਮ ਕੋ, ਏਕੋ ਜਾਨਯੋ

[1]ਝਗੜਦੇ ਹਨ ਦੋ ਕਹਿਕੇ।

ਜਾਇ।
ਪੱਖ ਬਾਦ[1] ਕਰਿ ਪਰਸਪਰ, ਝੂਠੇ ਦੋਇ ਬਨਾਇ ॥੨੦॥

[1]ਮਜ਼ਹਬੀ ਖਿੱਚੋ ਖਿੱਚੀ।

ਹਮਰੋ ਮਤ ਹੈ ਅਪਰ ਬਿਧਿ, ਮਿਲ੍ਯੋ ਦੋਨਹੂੰ ਸਾਥਿ।
ਅਰੁ ਦੋਨੋ ਤੇ ਪ੍ਰਿਥਕ ਭੀ, ਨਹੀਂ ਬਾਦ ਕੀ ਗਾਥ ॥੨੧॥
ਹੁਕਮ ਜਾਨਿ ਸਾਹਿਬ ਪ੍ਰਭੂ, ਦੁਖ ਸੁਖ ਜਿਮ ਬਨਿ ਆਇ।
ਹਰਖਤਿ ਰਹਹਿਂ ਸਦੀਵ ਹਿਯ[1], ਦੋਸ਼ ਨਹੀਂ ਅਰਪਾਇ ॥੨੨॥

[1]ਹਿਰਦੇ ਵਿਚ।

ਸੱਤਿਨਾਮ ਕੋ ਸਿਮਰਨੋ, ਤਜ੍ਯਾਗਨਿ ਤਨ ਅੱਭ੍ਯਾਸ[1]।

[1]ਭਾਵ ਦੇਹ ਅਧਿਆਸ ਦਾ ਤਿਆਗਨਾ।

ਤੀਨਹੁ ਤੇ ਪ੍ਰਭੁ ਕੋ ਮਿਲਹਿ ਹੁਇ, ਬ੍ਰਹਮ ਗ੍ਯਾਨ ਪ੍ਰਕਾਸ਼ ॥੨੩॥
ਹਿੰਦੂ ਹੁਇ ਕੈ ਤੁਰਕ ਹੁਇ, ਤੀਨਹੁ ਜਿਨਹੁ ਕਮਾਇ।
ਪਾਰਿ ਪਰੇ ਭਵਸਿੰਧੁ ਤੇ, ਜਨਮ ਕਲੇਸ਼ ਮਿਟਾਇ ॥੨੪॥
ਤੀਨਹੁ ਕੋ ਬਿਸਤਾਰ ਕਰਿ[1], ਕਹੈਂ ਜਿ ਅਰਥ ਬਿਸਾਲ।

[1]ਖੋਲ੍ਹਕੇ।

ਅਧਿਕ ਹੋਇ, ਕਹਿਂ ਤਕ ਸੁਨਹੁ[1], ਛੂਟਹਿਂ ਬੰਧਨ ਜਾਲ ॥੨੫॥

[1]ਬਹੁਤ ਹੋ ਜਾਏਗਾ ਕਿਥੋਂ ਤਕ ਸੁਣੋਗੇ।

ਸੁਮਤਿਵੰਤ ਥੋਰੇ ਕਹੇ, ਸਮੁਝਹਿ ਬਾਤਿ ਬਿਸਾਲ।
ਜਿਨ ਕੋ ਲਗੀ ਖੁਦਾਇ ਲਿਵ, ਸੇਈ ਅਕਲ ਕਮਾਲ[1]' ॥੨੬॥

[1]ਪੂਰਨ ਅਕਲ ਵਾਲੇ ਹਨ।

ਇਮ ਸਤਿਗੁਰੂ ਕੇ ਕਹਤਿ ਬਚ, ਰਵਿ ਪਸ਼ਚਮ ਅਸਤਾਇ[1]।

[1]ਡੁੱਬ ਗਿਆ।

ਸੰਧ੍ਯਾ ਲਖਿ ਕਰਿ ਸ਼ਾਹੁ ਤਬਿ, ਕਰੇ ਬਿਸਰਜਨ ਗਾਇ[1] ॥੨੭॥

[1]ਕਹਿਕੇ।

ਉਠੇ ਗੁਰੂ ਨਿਕਸੇ ਵਹਿਰ, ਚੰਦੂ ਅਵਸਰ

ਪਾਇ।
'ਮੈਂ ਲੇ ਜਾਵੋਂ ਨਿਜ ਸਦਨ, ਰਾਖੋਂ ਸੇਵ ਕਰਾਇ ॥੨੮॥
ਸਮੁਝਾਵੋਂ ਸਭਿ ਬਾਰਤਾ, ਤੁਮਰੀ ਦਿਸ਼ਿ ਤੇ ਹੋਇ।
ਲਿਉਂ ਦੁਇ ਲਾਖ ਸੁਖੇਨ ਹੀ, ਰਖਹਿ ਨ ਤਸਕਰ ਕੋਇ ॥੨੯॥
ਬਿਨਾ ਦੰਡ ਤੇ ਹਟਹਿ ਨਹਿਂ, ਦੇਸ਼ ਨ ਹੋਇ ਅਰਾਮ।
ਕਰੋ ਨਜਾਵ ਈਮਾਨ[1] ਤੁਮ, ਸੁਜਸੁ ਜਗਤ ਅਭਿਰਾਮ ॥੩੦॥

[1]ਧਰਮ ਦਾ ਨਿਆਉਂ।

ਸ਼ਹਜ਼ਾਦਾ ਰਾਖਜੋ ਨਿਕਟ, ਪਾਇ ਤਿਦਾਰਕ[1] ਸੋਇ।

[1]ਦੰਡ ਪਾਵੇ ਉਸ ਗੱਲ ਦਾ।

ਨਹਿਂ ਬਜਾਇ[1] ਬਹੁਰੋ ਕਰਹਿ, ਉਰ ਦੀਰਘ ਡਰ ਹੋਇ ॥੩੧॥

[1]ਅਯੋਗ।

ਤੁਮ ਕੋ ਦੋਸ਼ ਨ ਹੋਇ ਕੁਛ, ਮੈਂ ਲੇਵੌਂ ਦੁਇ ਲਾਖ[†]।

[†]ਦੋ ਲੱਖ ਚੱਟੀ ਲੈਣ ਬਾਬਤ ਦਬਿਸਤਾਨ ਮਜ਼ਾਹਬ ਵਿਚ ਇਸ ਪ੍ਰਕਾਰ ਲਿਖਿਆ ਹੈ:-ਸੁਰਗਵਾਸੀ ਨੂਰਉੱਦੀਨ ਮਹੁੰਮਦ ਜਹਾਂਗੀਰ ਬਾਦਸ਼ਾਹ ਨੇ (ਗੁਰੂ) ਅਰਜਨ ਮੱਲ ਤੋਂ ਇਸ ਕਰਕੇ ਕਿ ਉਨ੍ਹਾਂ ਨੇ ਸੁਰਗਵਾਸੀ ਜਹਾਂਗੀਰ ਦੇ ਪੁੱਤਰ ਸ਼ਾਹਜ਼ਾਦਾ ਖੁਸਰੋ ਜੋ ਕਿ ਸਤਿਕਾਰ ਯੋਗ ਪਿਤਾ ਨੇ ਬੇਦਖਲ ਕੀਤਾ ਹੋਇਆ ਸੀ, ਦੇ ਹੱਕ ਵਿਚ ਭਲਾਈ ਦੀ ਅਰਦਾਸ ਕੀਤੀ ਸੀ, ਖੁਸਰੋ ਦੇ ਫੜੇ ਜਾਣ ਤੇ (ਗੁਰੂ ਜੀ ਤੋਂ) ਪੁਛ ਕੀਤੀ ਤੇ ਭਾਰਾ ਤਾਵਾਨ ਮੰਗਿਆ। (ਗੁਰੂ ਜੀ) ਨਾ ਦੇ ਸਕੇ ਉਨ੍ਹਾਂ ਨੂੰ ਫੜਕੇ ਲਾਹੌਰ ਦੇ ਰੇਤਲੇ ਥਾਂ ਤੇ ਰਖਿਆ। ਸੂਰਜ ਦੀ ਤਪਸ਼ ਤੇ ਗਰਮੀ ਦੇ ਜ਼ੋਰ ਅਤੇ ਤਾਵਾਨ ਵਸੂਲ ਕਰਨ ਵਾਲਿਆਂ ਵਲੋਂ ਦਿੱਤੇ ਗਏ ਤਸੀਹਿਆਂ ਨਾਲ (ਆਪ ਨੇ) ਜਾਨ ਦਿੱਤੀ। ਇਹ ਘਟਨਾ ੧੦੧੫ (ਹਿ:) ਵਿਚ ਹੋਈ।

ਕਰੋਂ ਖਜ਼ਾਨੇ ਦਾਖਲੀ, ਤੀਨ ਚਾਰ ਦਿਨ ਰਾਖਿ ॥੩੨॥
ਅਬਿ ਨ ਬਨੈ ਕਸ਼ਮੀਰ ਕੋ, ਰਾਵਰਿ ਕਰਨਿ ਪਯਾਨ।
ਮਰਜ਼ੀ ਉਰ ਦਿੱਲੀ ਚਲਹੁ, ਮਾਨਿ ਬਿਨੋਦ[1] ਮਹਾਨ ॥੩੩॥

[1]ਅਨੰਦ ਮਾਣੋ।

ਆਪ ਕਰਹੁ ਅਬਿ ਕੂਚ ਕੋ, ਪਾਛੇ ਲੇ ਧਨ ਸੋਇ।
ਕਰਹਿ ਸਪਾਰਸ਼ ਕਬਹੁੰ ਕੋ[1], ਨਹਿਂ ਸੁਨੀਯਹਿ ਤਿਸ ਜੋਇ' ॥੩੪॥

[1](ਜੇ) ਕਦੇ ਬੀ ਕੋਈ।

'ਹਾਂ' ਕਹਿਵਾਈ ਸ਼ਾਹ ਤੇ, ਨਿਕਸ੍ਯੋ ਤਤਛਿਨ ਆਇ।
ਕਰੇ ਸਿਪਾਹੀ ਸੰਗ ਗੁਰੁ, ਨਿਜ ਡੇਰੇ ਕਹੁ ਲ੍ਯਾਇ ॥੩੫॥
ਪੰਚ ਸਿੱਖ੍ਯ ਡ੍ਯੋਢੀ ਬਿਖੈ, ਕਰਿ ਕੈ ਕੈਦ ਬਿਠਾਇ।
ਅੰਤਰ ਗੁਰੂ ਉਤਾਰਿ ਕੈ, ਕਹਿ ਕਹਾਰ ਨਿਕਸਾਇ[1] ॥੩੬॥

[1]ਕਹਿਕੇ ਕਹਾਰਾਂ ਨੂੰ ਬਾਹਰ ਕਢਿਆ।

ਤਿਮਰ ਭਏ ਘਰ[†] ਲੇ ਬਰ੍ਯੋ, ਡੇਰਾ ਦਿਯੋ ਕਰਾਇ।

[†]ਤਵਾਰੀਖ ਪੰਜਾਬ ਕ੍ਰਿਤ ਕਨ੍ਹੱਯਾ ਲਾਲ ਵਿਚ ਲਿਖਿਆ ਹੈ ਕਿ ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ, ਜੋ ਮਹੱਲਾ ਲਾਲ ਖੂਹ ਦੇ ਵਿਚ ਤੇ ਮੋਤੀ ਬਜ਼ਾਰ ਦੇ ਲਾਗੇ ਹੈ, ਕਰਵਾਇਆ ਸੀ। ਉਥੇ ਹੁਣ ਗੁਰਦਵਾਰਾ ਵੀ ਹੈ।

ਬ੍ਰਿੰਦ ਸਿਪਾਹੀ ਦ੍ਰਿਢ ਕਰੇ, ਸਾਵਾਧਾਨ ਹਰਖਾਇ ॥੩੭॥
'ਨਿਸ ਬਾਸੁਰ ਠਾਂਢੇ ਰਹੋ, ਗਹੇ ਹਾਥ ਅਸਿ ਢਾਲ[1]।

[1]ਤਲਵਾਰ ਤੇ ਢਾਲ।

ਨਿਕਟਿ ਨ ਆਵਨਿ ਦੇਹੁ ਕਿਸ, ਭੇਰਿ ਕਿਵਾਰ ਬਿਸਾਲ ॥੩੮॥
-ਮਨ ਭਾਵਤਿ ਮੇਰੀ ਭਈ-, ਹਰਖ੍ਯੋ ਮੂਢ ਬਿਸਾਲ।
ਸੁਪਤ੍ਯੋ ਖਾਤਰ ਜਮਾ ਕਰਿ[1], ਕਰਿ ਠਾਂਢੇ ਨਰ ਜਾਲ ॥੩੯॥

[1]ਤਸੱਲੀ ਕਰਕੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗ੍ਰਿਹ ਆਵਨਿ ਗੁਰੂ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

## ੩੪. [ਚੰਦੂ ਗ੍ਰਹ ਕਸ਼ਟ। ਤਪਤ ਨੀਰ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਨਿਸਾ ਬਿਤੀ ਪੁਨ ਪ੍ਰਾਤ ਭੀ, ਸ਼ਾਹੁ ਬਾਕ
ਕਹਿ ਦੀਨ।
ਬਜੇ ਨਗਾਰੇ ਕੂਚ ਕੇ, ਸੁਧਿ ਸਭਿਹੂੰ ਸੁਨਿ
ਲੀਨਿ ॥੧॥

ਚੌਪਈ:

ਹਜ਼ਰਤਿ ਜਬਿ ਤਿਆਰ ਹੁਇ ਗਯੋ।
ਚੰਦੂ ਅਘੀ ਮੇਲਿ ਤਬਿ ਕਿਯੋ।
'ਦਿਹੁ ਪ੍ਰਵਾਨਗੀ[1] ਮੁਝ ਕੋ ਆਪੂ।
ਦਿਨ ਚਾਰਿਕ ਮਹਿਂ ਕਰਿਵ ਮਿਲਾਪੂ ॥੨॥
ਕਛੁ ਮਾਮਲੇ ਕੀ ਰਹਿ ਕਾਰਿ।
ਇਕ ਸੰਮਤ ਕੀ ਕਰਨਿ ਸੰਭਾਰਿ।
ਨਵੀ ਸਿੰਦ ਲਾਗੇ ਸਮੁਦਾਇ।
ਜਮਾਂ ਖਰਚ ਕੋ ਸਭਿ ਸਮੁਝਾਇ' ॥੩॥
ਕਰਿ ਫਰੇਬ ਕੋ ਛੋਰ੍ਯੋ ਸਾਥ।
ਸ਼ਾਹੁ ਨ ਚਿਤਵੀ ਪੁਨ ਗੁਰ ਗਾਥ।
ਬਹੁ ਧੰਧੇ ਗਨ ਭੋਗਨਿ ਬਿਸੈ[1]।
ਬਹੁਰ ਚਲ੍ਯੋ ਚਢਿ ਕਜਾ ਸੁਧਿ ਤਿਸੈ ॥੪॥
ਪੂਰਬ ਭੀ ਕਬਿ ਗੁਰੂ ਪ੍ਰਸੰਗ।
ਕੋਇ ਨ ਕਰਤਿ ਸ਼ਾਹੁ ਕੇ ਸੰਗ।
ਸਿਮਰਿ ਦ੍ਵੈਸ਼ ਕੋ ਦੁਸ਼ਟ ਚਲਾਵੈ।
ਸੁਲਹੀ ਸੁਲਬੀ ਚੰਦੁ ਬਤਾਵੈ ॥੫॥
ਲੇਨਾ ਦੇਨਾ ਕਹਿ ਸੰਗ ਕੋਇ ਨ।
ਧਨ ਹੰਕਾਰੀ ਜਾਨਹਿ ਸੋਇ ਨ[1]।
ਅਹੈਂ ਤੁਰਕ ਪੁਨ ਗ੍ਰਸੇ ਬਿਕਾਰਾ।
ਕਹਾਂ ਚਿਨਾਰੀ ਗੁਰੂ ਉਦਾਰਾ ॥੬॥
-ਨਹਿਂ ਪ੍ਰਸੰਗ ਚਲਿ- ਮਿਲੇ ਪਿਛਾਰੀ[1]।
ਬਰਜਿ ਦਿਯੇ ਚੰਦੂ ਦੁਰਚਾਰੀ।

[1]ਮਨਜ਼ੂਰੀ।

[1]ਵਿਸ਼ਿਆਂ ਦੇ ਭੋਗਾਂ (ਵਿਚ ਖਚਤ)।

[1](ਗੁਰੂ ਜੀ ਦਾ) ਲੈਣ ਦੇਣ ਭਾਵ ਵਾਸਤਾ ਕਿਸੇ ਨਾਲ ਬੀ ਨਹੀਂ ਸੀ (ਅਤੇ) ਧਨ ਦਾ ਹੰਕਾਰੀ (ਹੋਰ ਅਹਿਲਕਾਰ) ਸੋਇ (= ਗੁਰੂ ਜੀ ਨੂੰ) ਨਹੀਂ ਜਾਣਦੇ ਸਨ।

[1]ਪਿਛੋਂ ਮਿਲਕੇ (ਲੋਕਾਂ ਨੂੰ ਕਹਿ ਦਿਤਾ ਕਿ ਸ਼ਾਹ ਪਾਸ) ਗੁਰੂ ਜੀ ਦਾ ਪ੍ਰਸੰਗ ਕੋਈ ਨਾ ਚਲਾਵੇ।

ਗਮਨਤਿ ਮਿਲਯੋ ਸਕਲ ਕੋ ਜਾਇ।
'ਜੇ ਹਜ਼ੂਰ ਗੁਰ ਗਾਥ ਚਲਾਇ ॥੭॥
ਬੁਧਿ ਬਲ ਤੇ ਬਰਜਹੁ ਤਿਹ ਰੋਕ।
ਕਜ਼ਾ ਤਿਨ ਗਾਥ ਫਕੀਰ ਜਿ ਲੋਕ।
ਰਹੌਂ ਪਿਛਾਰੀ ਤੁਮ ਭਰਵਾਸੇ।
ਕੇਤਿਕ ਦਿਨ ਮੈਂ ਆਇਵ ਪਾਸੇ' ॥੮॥
ਕਰੀ ਕਚਹਿਰੀ ਅਪਨੀ ਸਾਰੀ।
ਕਿਸ ਧਨ ਦੇ ਕਿਸ ਮ੍ਰਿਦੁਲ ਉਚਾਰੀ।
ਜਸ ਜਸ ਹੁਤੇ ਤਥਾ ਹਰਖਾਏ।
ਸ਼ਾਹੁ ਸਮੀਪ ਸਮੂਹ ਸੁਹਾਏ ॥੯॥
ਚੰਦੂ ਹਟਯੋ ਧੀਰ ਉਰ ਧਰਿ ਕੈ।
ਦੁਸ਼ਟ ਪਨੇ ਮਹਿਂ ਚਿਤ ਕੋ ਧਰਿ ਕੈ।
ਸਭਿਨਿ ਚਢਾਇ ਮੂਢ ਤਹਿਂ ਆਯੋ।
ਸਤਿਗੁਰ ਅਰਜਨ ਜਹਿਂ ਉਤਰਾਯੋ ॥੧੦॥
ਬੈਠਯੋ ਸਨਮੁਖ ਰਿਸਿ ਤੇ ਭਰਯੋ।
ਕਹਤਿ ਭਯੋ ਬਚ ਦੁਖ ਤੇ ਜਰਯੋ।
'ਮੋਰਿ ਸੁਤਾ ਕੀ ਮੋਰਿ ਸਗਾਈ[1]।
ਕਯੋਂ ਹੂੰ ਨ ਮਾਨੀ ਬਿਨੈ ਅਲਾਈ ॥੧੧॥
ਭੇਜੇ ਦੋਇ ਬਾਰ ਪੁਰਿ ਲਾਗੀ।
ਅਤਿ ਚਿੰਤਾ ਚਿਤ ਹਮਰੇ ਲਾਗੀ।
ਲੇਨਿ ਸਾਕ ਤੌਂ ਰਹਯੋ ਕਿਥਾਈਂ।
ਦਈ ਮੋਹਿ ਕੂਕਰ ਸਮਤਾਈ ॥੧੨॥
ਅਬਿ ਲੌ ਕਛੂ ਨ ਬਿਗਰਯੋ ਸੁਪਨੇ।
ਨਾਤਾ ਲੇਹੁ ਜਾਹੁ ਘਰ ਅਪਨੇ।
ਨਤੁ ਕੂਕਰ ਭਾਖਯੋ ਜਿਮਿ ਜਬੈ।
ਲਗੌਂ ਗੈਲਿ[1] ਕੂਕਰ ਹੁਇ ਅਬੈ ॥੧੩॥
ਦਿਹੁ ਜਬਾਬ ਮੈਂ ਕਰੌਂ ਉਪਾਇ।
ਸੌਂਜ ਬਜਾਹ ਕੀ, ਕੈ ਤੁਮ ਘਾਇ[1]।'
ਨ੍ਰਿਭੈ ਬਾਕ ਤਬਿ ਸਤਿਗੁਰ ਭਾਖਾ।
'ਸੁਤਾ ਦੇਨਿ ਕੀ ਕਿਮ ਅਭਿਲਾਖਾ?
॥੧੪॥
ਤੂੰ ਊਚੀ ਕੁਲ ਅਹੈਂ ਚੁਬਾਰਾ।

[1]ਮੇਰੀ ਧੀ ਦੀ ਸਗਾਈ ਮੋੜ ਕੇ।

[1]ਮਗਰ।

[1]ਮਾਰਨ ਦਾ।

ਹਮ ਕੋ ਮੋਰੀ ਸਰਸ ਉਚਾਰਾ।
ਮੋਰੀ ਮੇਲ ਸੁ ਮੋਰੀ ਧਾਰਾ[1]।
ਮਿਲਹਿ ਚੁਬਾਰੇ ਸੰਗ ਚੁਬਾਰਾ ॥੧੫॥
ਤਬਿ ਭੀ ਕਹਯੋ ਅਬਹਿ ਭੀ ਕਹੈਂ।
ਸਮ ਸੋ ਮਿਲਨ ਭਲੋ ਸਭਿ ਲਹੈਂ[1]।
ਅੰਤਰ[1] ਬਹੁਤ ਹਮਾਰ ਤੁਮਾਰਾ।
ਕਿਤ ਮੋਰੀ ਕਿਤ ਹੋਤਿ ਚੁਬਾਰਾ ॥੧੬॥
ਕਹਯੋ ਨ ਕੂਕਰ, ਜੇ ਤੈਂ ਲਹਯੋ।
ਜੇ ਨ ਕਹਯੋ ਤੌ ਭੀ ਅਬਿ ਕਹਯੋ[†]।

[1]ਮੋਰੀ ਨੇ ਮੇਲ ਮੋਰੀ ਨਾਲ ਧਾਰ ਲਿਆ ਹੈ।

[1]ਬਰਾਬਰ ਦੇ ਨਾਲ ਮਿਲਨਾ ਸਭ ਚੰਗਾ ਜਾਣਦੇ ਹਨ।

[1]ਫਰਕ।

[†]ਗੁਰੂ ਜੀ ਦੱਸਦੇ ਹਨ ਕਿ ਅਸਾਂ ਇਹ ਵਾਕ ਨਹੀਂ ਕਿਹਾ, ਅਗਲਾ ਜੋ ਵਾਕ ਹੈ ਕਿ ਜੇ ਅੱਗੇ ਨਹੀਂ ਕਿਹਾ ਤਾਂ ਹੁਣ ਕਹਿੰਦੇ ਹਾਂ। ਇਹ ਵਾਕ ਗੁਰੂ ਸੁਭਾਵ ਦੇ ਅਨੁਕੂਲ ਨਹੀਂ, ਜਿਤਨੀ ਬਾਣੀ ਆਪ ਦੀ ਬੀੜ ਵਿਚ ਹੈ, ਉਸ ਦੇ ਮੁਤਾਲਿਆ ਤੋਂ ਜੋ ਸਤਿਗੁਰੂ ਦੇ ਹਿਰਦੇ ਦਾ ਰੂਪ ਬੱਝਦਾ ਹੈ, ਉਥੇ ਐਸੇ ਵਾਕ ਦੀ ਗੁੰਜਾਇਸ਼ ਨਹੀਂ, ਹਾਂ ਇਹ ਗੱਲ ਕਿ ਜੇ ਕਿਸੇ ਸਿਖ ਨੇ ਕਿਹਾ ਹੈ ਤਾਂ ਅਸੀਂ ਆਪਣੇ ਸਿਰ ਦੰਡ ਲੈਣ ਨੂੰ ਤਿਆਰ ਹਾਂ ਕਿਉਂਕਿ ਸਿਖ ਗੁਰੂ ਦਾ ਰੂਪ ਹੈ। ਇਸ ਵਿਚ ਇਹ ਵਡਿਆਈ ਹੈ ਕਿ ਜਾਨ ਪਰ ਆ ਬਣੀ ਤੇ ਇਹ ਕਹਿਣਾ 'ਅਸਾਂ ਕਦੇ ਇਹ ਗੱਲ ਨਹੀਂ ਆਖੀ ਤੇ ਜੇ ਕਿਸੇ ਹੋਰ ਨੇ ਆਖੀ ਹੈ ਤਾਂ ਅਸੀਂ ਦੋਸ਼ੀ ਕਿਉਂ?' ਅਸਾਨ ਬਾਤ ਹੈ, ਦਰੁਸਤ ਹੈ, ਤੇ ਹਰ ਕੋਈ ਕਹੇਗਾ, ਪਰ ਨਿਰਭੈ ਅਕਾਲੀ ਜੋਤ ਬਿਰਦ ਬਾਣੇ ਦੀ ਲਾਜ ਵਾਲੇ ਕਹਿੰਦੇ ਹਨ ਕਿ ਜੇ ਕਿਸੇ ਸਿਖ ਨੇ ਕਹੀ ਹੈ ਤਾਂ ਅਸੀਂ ਜ਼ਿੰਮੇਵਾਰੀ ਲੈਂਦੇ ਹਾਂ।

ਸਿਖ ਨੇ ਕਹਯੋ ਹਮਹੁ ਕਹਿ ਤਦਾ*।
ਸਿਖ ਹਮ ਏਕ ਰੂਪ ਹੈਂ ਸਦਾ' ॥੧੭॥
ਸੁਨਿ ਮਨ ਜਰਯੋ, ਜਰਯੋ ਨਹਿਂ ਬੈਨ।
ਕੂਰ ਪਸਾਰੇ[1] ਲਾਲ ਜਿ ਨੈਨ।
ਨਿਕਟਿ ਬੁਲਾਵੇ ਅਪਨਿ ਸਿਪਾਹੀ।
'ਜਲ ਭੋਜਨ ਪਹੁੰਚਨਿ ਦਿਹੁ ਨਾਂਹੀ ॥੧੮॥
ਜਬਿ ਲਾਗਹਿ ਗੀ ਤ੍ਰਿਖਾ ਮਹਾਨੀ।
ਦੇ ਗਿਨ ਲਾਖ[1] ਦੇਹੁ ਤਬਿ ਪਾਨੀ।
ਬਜ਼ਾਕੁਲ ਹੋਇ ਛੁਧਿਤਿ ਬਹੁ ਜਬੈ।
ਲੇਹੁ ਲਾਖ ਦਿਹੁ ਭੋਜਨ ਤਬੈ ॥੧੯॥
ਨਿੰਦ੍ਰਾ ਤੇ ਜਬਿ ਸੁਪਤਨਿ ਚਹੈ।
ਦੇਹਿ ਲਾਖ ਤੌ ਸੋਵਨਿ ਲਹੈ।
ਇਸ ਕੇ ਮਨ ਮਹਿਂ ਅਤਿ ਹੰਕਾਰ।
ਨਿਮਹਿ ਨਹੀਂ ਅਬਿ ਕਰੌਂ ਸੰਘਾਰ' ॥੨੦॥
'ਏਕ ਬਾਤਿ ਕੋ ਨਿਸ਼ਚੈ ਮਾਨਿ।

[1]ਟੱਡੀਆਂ (ਅੱਖਾਂ)।

[1]ਜੇ ਲੱਖ ਰੁਪੱਯਾ ਦੇਵਣ ਤਾਂ।

ਕੈ ਲਿਹੁ ਨਾਤਾ ਕੈ ਦਿਹੁ ਪ੍ਰਾਨ।'
ਸੁਨਿ ਸਤਿਗੁਰੂ ਤਬਿ ਬਾਕ ਅਲਾਵੈਂ।
'ਅਬਿ ਤੇ ਸੁਪਤਿ ਨ ਪੀਯ ਨ ਖਾਵੈਂ ॥੨੧॥
ਬੈਠੇ ਰਹੈਂ ਏਕ ਹੀ ਥਾਨ।
ਕਰਿਹੁ, ਜਥਾ ਕਰਿਬੇ ਮਨ ਜਾਨਿ।'
ਅਪਰ ਕਠੋਰ ਸੁ ਦੁਸ਼ਟ ਬਖਾਨਾ।
ਕਰੇ ਸਿਪਾਹੀ ਗਨ ਸਵਧਾਨਾ ॥੨੨॥
'ਖਰੇ ਰਹੋ ਰਾਖੋ ਤਕਰਾਈ।
ਨਾਂਹਿ ਨ ਖਾਯ ਪੀਯ ਸੁਪਤਾਈ।
ਪਾਂਚੋ ਸਿੱਖਨਿ ਪੌਰ ਮਝਾਰੁ।
ਕੈਦ ਕਰਹੁ ਰਸਰਿਨਿ ਕੋ ਡਾਰਿ ॥੨੩॥
ਇਸ ਕੇ ਪਾਸ ਨ ਆਵਨਿ ਦੀਜੋ।
ਬਾਤਿ ਬਖਾਨਹਿ ਕੋਇ ਨ ਬੀਜੋ[1]। [1]ਦੂਜਾ।
ਰਖਹੁ ਇਕਾਕੀ ਇਹਾਂ ਬਿਠਾਇ।
ਖਰੋ ਰਹੇ ਇਕ ਨਰ ਇਸ ਥਾਇੰ ॥੨੪॥
ਉਠਨੇ ਦੇਹੁ ਨ ਪੌਢਨਿ ਦੇਹੁ।
ਬੋਲਨਿ ਦੇਹੁ ਨ, ਦੇਖਹੁ ਏਹੁ[1]।' [1]ਇਹ ਦੇਖੋ ਭਾਵ, ਇਹ ਗਲ ਸਿਰੇ ਚੜ੍ਹੇ।
ਇਮ ਕਹਿ ਸਦਨ ਬਰਜੋ ਨਿਜ ਜਾਇ।
ਮਹਾਂ ਦੁਸ਼ਟ ਬਡ ਖੋਟ ਉਪਾਇ ॥੨੫॥
ਸੋ ਦਿਨ ਬੀਤਿ ਗਯੋ ਨਿਸ ਬੀਤੇ।
ਖਾਨ ਪਾਨ ਬਿਨ ਸਤਿਗੁਰ ਰੀਤੇ[1]। [1]ਖਾਲੀ (ਰਹੇ)।
ਸਿੱਖਨਿ ਮਹਿਂ ਰੌਰਾ ਪਰਿ ਗਇਊ।
'ਗੁਰ ਕਿਤ ਗਏ ਨ ਸੁਧਿ ਕੋ ਪਇਊ' ॥੨੬॥
ਇਤ ਉਤ ਨਗਰ ਬਿਖੈ ਫਿਰਿ ਹੇਰੈਂ।
ਪਿਖੈ ਧਰਮਸਾਲਾਦਿ ਘਨੇਰੈ।
ਸਿੱਖਨਿ ਕੇ ਘਰ ਸਿੱਖ ਫਿਰੰਤੇ।
'ਕਿਤ ਸਤਿਗੁਰੁ ਉਤਰੇ ਗੁਨਵੰਤੇ ॥੨੭॥
ਗਏ ਸ਼ਾਹੁ ਢਿਗ ਬਹੁਰਿ ਨ ਆਏ।
ਕਿਧੌਂ ਸੁਧਾਸਰ ਕੋ ਗਮਨਾਏ।'
ਫਿਰਤਿ ਫਿਰਤਿ ਸਰਕਾਰੀ ਲੋਕ[1]। [1]ਸਰਕਾਰ ਦੇ ਲੋਕ।

ਬੂਝਨਿ ਕੀਨੇ ਸੋ ਅਵਿਲੋਕ ॥੨੮॥
ਤਿਨ ਤੇ ਸੁਧਿ ਗਨ ਸਿੱਖਨਿ ਪਾਏ।
'ਚੰਦੂ ਕੇ ਨਰ ਸੰਗ ਸਿਧਾਏ।
ਤਿਸ ਕੇ ਸਦਨ ਪ੍ਰਵੇਸ਼ਤਿ ਹੇਰੇ।
ਤਿਮਰ ਭਏ ਪਹੁੰਚੇ ਤਿਸਿ ਬੇਰੇ' ॥੨੯॥
ਪ੍ਰੇਮੀ ਸਿੱਖ ਤਹਾਂ ਕੋ ਗਏ।
ਦਿਏ ਕਿਵਾਰ ਬਿਲੋਕਤਿ ਭਏ।
ਅੰਤਰ ਸਿੱਖ ਪਠਤਿ ਇਕ ਬਾਨੀ।
-ਗੁਰੁ ਇਹਠਾਂ ਹੈਂ -ਤਬਿ ਸੁਧਿ ਜਾਨੀ ॥੩੦॥
ਝਿਰਕਨਿ ਕਰਹਿ ਸਿਪਾਹੀ ਤੌਨ[1]।
'ਕਜਾ ਤੂੰ ਬਕਹਿਂ ਬੈਠਿ ਧਰਿ ਮੌਨ।'
ਵਹਿਰ ਖਰੇ ਪਿਖਿ ਦੀਏ ਹਟਾਈ।
'ਖਰੇ ਨ ਹੋਹੁ ਜਾਹੁ ਨਿਜ ਥਾਈਂ' ॥੩੧॥
ਡਰੈਂ ਦੁਸ਼ਟ ਤੇ ਟਰਿ ਕਰਿ ਗਏ।
ਸੁਧ ਆਪਸਿ ਮਹਿਂ ਕਰਤੇ ਭਏ।
ਬਹੁਤ ਬਿਸੂਰਤ ਚਲਹਿ ਨ ਚਾਰਾ[1]।
ਭੈ ਤੇ ਕਰਹਿਂ ਨ ਊਚ ਉਚਾਰਾ ॥੩੨॥
ਪੁਨ ਚੰਦੂ ਗਮਨੵੋ ਗੁਰ ਤੀਰ।
ਨਿਠੁਰ ਸੁਨਾਇ ਕਰਯੋ ਚਹਿ ਭੀਰੁ[1]।
'ਅਬਿ ਬੀ ਮਾਨਿ ਸੁਤਾ ਕੋ ਨਾਤਾ।
ਨਾਂਹਿ ਤ ਪ੍ਰਾਨ ਹੋਹਿਂਗੇ ਘਾਤਾ ॥੩੩॥
ਜੀਵਤਿ ਨਹਿਂ ਤਜਾਗੌਂ ਅਬਿ ਤੋਹੀ।
ਬਹੁ ਦਿਨ ਕੀ ਚਿੰਤਾ ਲਗਿ ਮੋਹੀ।
ਦਿਯੋ ਕਸ਼ਟ ਪਤਿ ਸਭਿ ਮੈਂ ਖੋਈ।
ਅਬਿ ਲੌਂ ਤ੍ਰਾਸ ਭਯੋ ਨਹਿਂ ਕੋਈ ॥੩੪॥
ਆਨਹੁ ਅਗਨਿ ਤਪਾਵਹੁ ਨੀਰ।
ਬੀਚ ਬਿਠਾਵਹੁ ਤਪਹਿ ਸਰੀਰ।
ਮੈਂ ਜਿਨ ਤਪਤਯੋ ਦਿਨ ਅਰੁ ਰਾਤੀ।
ਮਹਾਂ ਕਸ਼ਟ ਤੇ ਸੁਲਗਤਿ ਛਾਤੀ ॥੩੫॥
ਤਿਮ ਤਪਤਾਵੋ ਬਿਲਮ ਨ ਲਾਵਹੁ।
ਨਾਹਿ ਤ ਲੇ ਨਾਤਾ ਮਨਵਾਵਹੁ।'

[1]ਤਿਨ੍ਹਾਂ ਨੂੰ।

[1]ਵੱਸ ਨਹੀਂ ਚੱਲਦਾ।

[1]ਕਮਜ਼ੋਰ ਦਿਲ ਕਰਨਾ ਚਾਹੁੰਦਾ ਹੈ।

ਸੁਨੀ ਦੁਸ਼ਟ ਕੀ ਆਇਸੁ ਜਬੈ।
ਜਲ ਭਰਿ ਦੇਗ ਚਢਾਇਸਿ ਤਬੈ ॥੩੬॥
ਸਮਧਾ ਬਾਰਿ ਬਾਰਿ† ਤਪਤਾਯੋ[1]।
ਬਾਰਿ ਬਾਰਿ -ਲਿਹੁ ਮਾਨਿ- ਸੁਨਾਯੋ[1]।
ਸੁਨਿ ਸਤਿਗੁਰੁ ਕੁਛ ਰਿਦੈ ਨ ਆਨੀ।
ਚਿਤੈਂ ਸ੍ਰਾਪ ਕਾਨ੍ਹਾ ਬ੍ਰਹਮ ਗਜਾਨੀ† ॥੩੭॥
ਕਹ੍ਯੋ ਬਾਕ 'ਹਮ ਕੋ ਡਰਪਾਵੈਂ।
ਜਿਮ ਪੂਰਬ[1] ਤਿਮ ਹੀ ਬਨਿ ਆਵੈ।
ਨਹਿਂ ਤੁਵ ਦੁਹਿਤਾ ਲੇਂ ਕਬਿ ਨਾਤਾ।
ਚਿਤ ਜੇ ਚਹਤਿ ਪ੍ਰਾਨ ਕਰਿ ਘਾਤਾ ॥੩੮॥
ਜਿਤੀ ਅਵੱਗਜਾ ਕਰੈਂ ਦੁਖਾਵੈਂ।
ਤਿਤੋ ਅੰਤ ਦੁਖ ਲਹਿਂ ਪਛੁਤਾਵੈਂ।
ਕ੍ਰੋਧ ਬਸੀ ਹੁਇ ਜਿਮ ਅਘ ਕਰਤਾ।
ਪਰਹਿਂ ਨਰਕ ਜਮਫਾਸੀ ਧਰਤਾ' ॥੩੯॥
ਕਹਿ ਚੰਦੂ 'ਅਬਿ ਗਜਾਨ ਸੁਨਾਵਤਿ।
ਕੂਕਰ ਕਹ੍ਯੋ ਨ ਡਰਿ ਡਰਪਾਵਤਿ।
ਤਿਸਕੋ ਫਲ ਅਬਿ ਲੇਹੁ ਮਹਾਨਾ।
ਦੇਉਂ ਸਜਾਇ ਪ੍ਰਾਨ ਕਰ ਹਾਨਾ' ॥੪੦॥
ਗੁਰੂ ਭਨ੍ਯੋ 'ਜੇ ਨਹਿਂ ਤਬਿ ਕਹ੍ਯੋ।
ਤਉ ਕਹ੍ਯੋ ਜੈਸੇ ਕਰਿ ਚਹ੍ਯੋ[1]।'
ਕਹਿ ਚਾਕਰ ਸੋ ਦੇਗ ਉਬਾਰੀ।
'ਪਕਰੋ ਦੇਹੁ ਤਿਸੀ ਮਹਿਂ ਡਾਰੀ' ॥੪੧॥
ਤਬਿ ਸਤਿਗੁਰੁ ਉਠਿ ਆਪੇ ਗਏ।
ਤਪਤਿ ਨੀਰ ਮਹਿਂ ਬੈਠਤਿ ਭਏ।
ਹਾਹਾਕਰਿ ਹੇਰਿ ਸਿਖ ਕਰੈਂ।
ਉਠ੍ਯੋ ਪਿਰਾਣਾ ਸ਼ਕਤਿ ਨ ਜਰੈ ॥੪੨॥
ਗੁਰੁ ਦਿਸ਼ਿ ਚਲ੍ਯੋ ਕਿ -ਲਉਂ ਉਬਾਰੀ।
ਹਤੌਂ ਦੁਸ਼ਟ ਚੰਦੂ ਦੁਰਚਾਰੀ-।
ਤਬਹਿ ਸਿਪਾਹੀ ਗਹਿ ਕਰਿ ਸੋਟਾ।

[1]ਬਾਲਣ ਬਾਲਕੇ ਪਾਣੀ ਤਪਾਇਆ। †ਪਾ:-ਤਲੇ।

[1]ਵਾਰੰਵਾਰ ਸੁਣਾਇਆ 'ਮੰਨ ਲੌ।'

†ਇਹ ਗੱਲ ਠੀਕ ਨਹੀਂ ਜਾਪਦੀ ਸਤਿਗੁਰ ਤਾਂ ਇਸ ਵੇਲੇ ਆਪਣੇ ਉੱਚੀਆਂ ਆਤਮ ਤਕੜਾਈਆਂ ਵਿਚ ਸਨ।

[1]ਪਹਿਲੇ (ਕਹਿਆ ਹੈ ਅਸਾਂ ਨੇ)।

[1]ਜਿਵੇਂ ਚਾਹੁੰਦਾ ਹੈਂ ਕਰ।

ਦੁਇ ਤ੍ਰੈ ਹਤੇ ਜਾਤਿ ਕੋ ਹੋਟਾ[1] ॥੪੩॥
[1]ਰੋਕਿਆ।
ਸਤਿਗੁਰੁ ਕਹ੍ਯੋ 'ਨ ਆਵੋ ਤੀਰ।
ਪਰਹਿ ਦੁਸ਼ਟ ਜਰ ਖਾਰੇ ਨੀਰ[1]।
[1]ਦੁਸ਼ਟ ਦੀ ਜੜ੍ਹ ਖਾਰੇ ਪਾਣੀ ਵਿਚ ਪੈ ਰਹੀ ਹੈ।
ਹਮ ਤੌਂ ਤਜਹਿਂ ਆਪਨੇ ਪ੍ਰਾਨ।
ਲੇਹੁ ਸਾਸਨਾ ਤੁਮ ਕਸੋਂ ਆਨਿ' ॥੪੪॥
ਖਰ੍ਯੋ ਦੂਰ, ਕਰ ਜੋਰਿ ਪਿਰਾਣਾ।
ਸ਼ਕਤਿ ਦਿਖਾਵਨਿ ਹੇਤੁ ਵਖਾਣਾ[1]।
[1]ਕਹਿਆ।
'ਪ੍ਰਭੁ ਜੀ! ਰਹ੍ਯੋ ਜਾਇ ਨਹਿਂ ਮੋ ਤੇ।
ਰਾਵਰ ਕੋ ਏਤਿਕ ਦੁਖ ਹੋਤੇ ॥੪੫॥
ਦਿੱਲੀ ਲਵਪੁਰਿ ਨਗਰ ਬਿਸਾਲੇ।
ਅਬਿ ਲੇਵੌਂ ਨਿਜ ਹਾਥ ਉਠਾਲੇ।
ਦੁਹਨਿ ਭਿਰਾਵੌਂ ਜਿਉਂ ਕਰ ਤਾਰੀ[1]।
[1]ਭਿੜਾ ਦੇਵਾਂ ਜਿਵੇਂ ਹੱਥਾਂ ਦੀ ਤਾੜੀ।
ਦੇਉਂ ਨਾਸ ਕਰਿ, ਲਗਹਿ ਨ ਬਾਰੀ[1] ॥੪੬॥
[1]ਦੇਰ।
ਕਸੋਂ ਇਤਨੇ ਦੁਖ ਸਹਹੁ ਗੁਸਾਈਂ।
ਦਿਹੁ ਸ਼ਾਰਤ ਮੁਖ ਕਹਹੁ ਨ ਕਾਈ।'
ਸੁਨਿ ਸਤਿਗੁਰੁ ਕਹਿ 'ਕਿਹ ਤੇ ਪਾਈ?
ਜੇ ਚਾਹਤਿ ਅਬਿ ਸ਼ਕਤਿ ਦਿਖਾਈ' ॥੪੭॥
'ਸੁਨਹੁ ਗੁਰੂ! ਕਰਿ ਸੇਵ ਤੁਮਾਰੀ।
ਭਯੋ ਕ੍ਰਿਪਾ ਤੇ ਪ੍ਰਾਕ੍ਰਮ ਭਾਰੀ।
ਚੰਦੂ ਦੁਸ਼ਟ ਮੂਢ ਕਸਾ ਅਹੈ।
ਨਾਸੌਂ ਤੁਰਕ ਨਾਮ ਨਹਿਂ ਰਹੈ ॥੪੮॥
ਜਿਨ ਕੇ ਰਾਜ ਮਹਾਂ ਅੰਨਸਾਇ।
ਤੁਮ ਸਮ ਕੋ ਅਸ[1] ਹੋਤਿ ਸਜਾਇ।'
[1]ਐਸੀ।
ਗੁਰੂ ਕਹ੍ਯੋ 'ਜਿਨ ਕੀ ਕਰਿ ਸੇਵਾ।
ਲਈ ਸ਼ਕਤਿ ਧਾਰਤਿ ਅਹੰਮੇਵਾ ॥੪੯॥
ਤਿਨ ਮਹੁਂ ਸ਼ਕਤਿ ਅਹੈ ਕੈ ਨਾਂਹੀ?
ਕਿਮ ਜਾਨਤਿ ਅਪਨੇ ਮਨ ਮਾਂਹੀ।
ਜੇ ਜਾਨਤਿ ਤੂਸ਼ਨਿ ਕਰਿ ਰਹੋ।
ਬੈਠੇ ਪਿਖਹੁ ਨਹੀਂ ਕੁਛ ਕਹੋ ॥੫੦॥
ਨਾਂਹਿ ਤ ਛੂਛੇ ਹੀ ਰਹਿ ਜੈ ਹੈਂ।

ਖੋਇ ਸ਼ਕਤਿ ਕੋ ਪੁਨ ਪਛੁਤੈ ਹੈਂ।
ਹਮ ਨੇ ਇਮ ਹੀ ਕਾਰਨ ਕਰਨਾ।
ਤੂੰ ਨਹਿਂ ਲਖੈਂ ਏਵ ਆਚਰਨਾ[1]† ॥੫੧॥

[1]ਕਰਤੱਵ ਨੂੰ। †ਇਥੇ ਭਾਣੇ ਮੰਨਣ ਤੇ ਸ਼ਕਤੀਮਾਨ ਹੋਕੇ ਦੁਖ ਝੱਲਣ ਦਾ ਕਮਾਲ ਗੁਰੂ ਜੀ ਦੇ ਕਵਿ ਜੀ ਨੇ ਦਿਖਾਏ ਹਨ।

ਪਰਮ ਬਿਸੂਰਤਿ[1] ਤੂਸ਼ਨਿ ਹੋਵਾ।
ਨੀਚ ਗ੍ਰੀਵ ਕਰਿ ਊਚ ਨ ਜੋਵਾ।
ਸਤਿਗੁਰੁ ਬੈਠੇ ਦੇਗ ਮਝਾਰੀ।
ਤਰੇ ਦੁਸ਼ਟ ਬਹੁ ਸਮਧਾ ਜਾਰੀ ॥੫੨॥

[1]ਝੂਰਕੇ।

ਅਗਨਿ ਧਾਰਿ ਉਰ ਡਰ ਸਮੁਦਾਊ।
ਕਰਯੋ ਬਿਪਰਜੈ[1] ਅਪਨਿ ਸੁਭਾਊ।
ਤੇਜ ਛੋਰਿ ਕਰਿ ਸੀਤਲ ਹੋਵਾ।
ਗੁਰੁ ਤਨ ਤਾਪ ਤਨਕ ਨਹਿਂ ਜੋਵਾ ॥੫੩॥

[1]ਉਲਟਾ।

ਦੋਹਰਾ:
ਕਿਤਿਕ ਕਾਲ ਬੈਠੇ ਰਹੇ, ਪੁਨ ਖਲ ਕਹਿ ਨਿਕਸਾਇ।
ਗਯੋ ਸਦਨ ਨਿਜ ਮੂਢ ਮਤਿ, ਮਹਿਮਾ ਲਖੀ ਨ ਕਾਇ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗੁਰੁ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਚੰਦੂ ਦੀ ਨੂੰਹ। ਬਾਰੂ ਤਪਤ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਗ੍ਰਿਹ ਚੰਦੂ ਕੇ ਸੁਧਿ ਭਈ, ਸਤਿਗੁਰੁ ਕੋ ਦੁਖ ਦੇਤਿ।
ਕਿਸੇ ਸਿੱਖ ਕੀ ਸੁਤਾ ਥੀ, ਪਾਪੀ ਨੁਖਾ ਨਿਕੇਤਿ[1] ॥੧॥

ਚੌਪਈ:

ਸੁਨਿ ਪ੍ਰਸੰਗ ਦਲਕਯੋ[1] ਤਿਸ ਰਿਦਾ।
-ਮਮ ਨੈਹਰਿ[1] ਮਾਨਹਿਂ ਜਿਹ ਸਦਾ।
ਅਨਿਕ ਕਾਮਨਾ ਜਾਚਤਿ ਪਾਈ।
ਗੁਰੁ ਗੁਰੁ ਸਿਮਰਤਿ ਨਿਤ ਸੁਖਦਾਈ ॥੨॥
ਸਸੁਰ ਪਾਤਕੀ ਤਿਹ ਦੁਖ ਦੇਤਿ।
ਕੋ ਅਘ ਤੇ ਮੈਂ ਇਨਹੁ ਨਿਕੇਤ।
ਕਿਤਿਕ ਦਿਵਸ ਤੇ ਪਿਯੋ ਨ ਪਾਨੀ।
ਖਾਇ ਨ ਭੋਜਨ ਨਿੰਦ੍ਰਾ ਹਾਨੀ ॥੩॥
ਧਿਕ ਜੀਵਨ ਇਸ ਘਰ ਮਹਿਂ ਮੇਰੋ।
ਗੁਰੁ ਕੋ ਦੁਖ ਸੁਨਿ ਥਿਰ ਹ੍ਵੈ ਹੇਰੋਂ[1]-।
ਰਹਯੋ ਨ ਗਯੋ ਮਿਠਾਈ ਘੋਰੀ[1]।
ਕੁਛ ਭੋਜਨ ਲੈ ਗਮਨੀ ਚੋਰੀ ॥੪॥
ਪਹੁੰਚੀ ਜਿਹ ਠਾਂ ਖਰੇ ਸਿਪਾਹੀ।
ਸੁਕਚਤਿ ਡਰਤਿ ਜਾਤਿ ਨਹਿਂ ਪਾਹੀ।
ਇਕ ਹਕਾਰ ਕਰਿ ਅਪਨੇ ਪਾਸ।
ਦੀਨਸਿ ਜ਼ੇਵਰ ਤਿਨਹਿ ਨਿਕਾਸਿ ॥੫॥
'ਰਾਖੋ ਗੁਪਤ ਸੁਨਾਵਹੁ ਨਾਂਹੀ।
ਮੈਂ ਇਕ ਬੇਰਿ ਜਾਉਂ ਗੁਰ ਪਾਹੀ।'
ਧਰੇ ਲੋਭਿ ਤੂਸ਼ਨਿ ਹੁਇ ਰਹੈਂ।
'ਜਾਇ ਤੁਰਤ ਆਵਹੁ' ਬਚ ਕਹੇ ॥੬॥
'ਚੰਦੁ ਪਾਤਕੀ ਲਖਹਿ ਨ ਜਿਸ ਤੇ।
ਹਮਹੁ ਨਿਕਾਸਹਿ ਨਹਿਂ ਮਨ ਰਿਸ ਤੇ।'
ਗਈ ਗੁਰੂ ਢਿਗ ਦੇਖਤਿ ਰੋਈ।

[1]ਪਾਪੀ ਦੀ ਨੂੰਹ, ਘਰ (ਵਿਚ)।

[1]ਕੰਬਿਆ।

[1]ਮੇਰੇ ਪੇਕੇ, ਮਾਪੇ।

[1]ਬੈਠਕੇ ਵੇਖਦੀ ਹਾਂ।

[1]ਮਿੱਠਾ ਘੋਲਿਆ।

ਨਮੋ ਠਾਨਿ ਕਹਿ ਬਿਨੈ ਭਿਗੋਈ[1]† ॥੭॥
'ਸ੍ਰੀ ਸਤਿਗੁਰੁ ਜੀ! ਪੀਜਹਿ ਪਾਨੀ।
ਲਿਹੁ ਅਹਾਰ ਕੋ ਕੀਜਹਿ ਖਾਨੀ।
ਪਾਪੀ ਕੇ ਸੁਤ ਸੋਂ ਮੈਂ ਬਯਾਹੀ।
ਹੁਤੀ ਜੋਗਤਾ ਐਸੇ ਨਾਂਹੀ ॥੮॥
ਕਰਯੋ ਪਾਪ ਕੋ ਆਗੇ ਆਯਵ।
ਜਿਸ ਕਰਿ ਇਨ ਕੇ ਸਦਨ ਬਸਾਯਵ[1]।
ਤੁਮਰੇ ਸਿਖ ਕੀ ਸੁਤਾ ਪਛਾਨਹੁ।
ਨਿਜ ਦਾਸਨਿ ਲਖਿ ਕਰੁਨਾ ਠਾਨਹੁ'
॥੯॥
ਪਿਖਿ ਸਤਿਗੁਰੁ ਸ੍ਰੀ ਮੁਖ ਤੇ ਭਾਖਾ।
'ਸਾਧੁ ਤੋਹਿ ਅਸ ਭਾਉ ਜਿ ਰਾਖਾ।
ਜੇ ਕਰਿ ਚਹਿਂ ਅਪਨੀ ਕੱਲਯਾਨਾ।
ਸੰਗ ਹਮਾਰੇ ਤਜਾਗਹੁ ਪ੍ਰਾਨਾ† ॥੧੦॥

†ਭਾਵ ਇਹ ਹੈ ਕਿ ਤੂੰ ਨਾਮ ਰਸੀਆ ਇਸ ਪਾਪ ਮੰਡਲ ਦੇ ਲਾਇਕ ਨਹੀਂ। ਪ੍ਰਾਣ ਤਿਆਗਣੇ ਬ੍ਰਿਤੀ ਅਰੂਢ ਲੋਕਾਂ ਲਈ ਖਾਸ ਦਰਜੇ ਤੇ ਅਖਤਿਆਰ ਵਿਚ ਹੁੰਦੇ ਹਨ। ਅੱਗੇ ਗੁਰੂ ਜੀ ਚੰਦੂ ਦੀ ਭਵਿੱਖਤ ਦੱਸਦੇ ਹਨ ਤੇ ਅੱਗੇ ਚਲਕੇ ਅੰਸੂ ੩੭ ਅੰਕ ੪੩ ਵਿਚ ਦਸਦੇ ਹਨ ਕਿ ਬੀਬੀ ਜੀ ਤ੍ਰਿਣ ਵਾਂਙੂ ਸਰੀਰ ਤਿਆਗ ਗਏ, ਭਾਵ ਹੈ ਕਿ ਨਿਜ ਇੱਛਾ ਨਾਲ ਹੀ ਟੁਰ ਗਏ, ਜਿਵੇਂ ਜੋਗੀ ਜਾਂਦਾ ਹੈ।

ਜਰਾਂ ਉਖੇਰਹਿਂ ਚੰਦੂ ਕੇਰੀ।
ਮਰਹਿ ਜਬੈ ਦੋਜ਼ਕ ਮਹਿਂ ਗੇਰੀ।
ਇਹਾਂ ਹਮਾਰੋ ਪਲਟਾ ਲੈ ਕੇ।
ਹਤਹਿਂ ਕੁਮੌਤ ਮਹਾਂ ਦੁਖ ਦੈ ਕੈ ॥੧੧॥
ਸਕਲ ਸਦਨ ਇਸ ਹੋਇ ਖਰਾਬ।
ਥਿਰਹਿ ਨ ਕਿਮ[1], ਇਮ ਬਨਹਿ ਸ਼ਿਤਾਬ।
ਅਖਲ ਕੁਟੰਬ ਅਲੰਬ ਬਿਹੀਨੇ।
ਰੋਦਤਿ ਮਰਹਿਂ ਮਹਾਂ ਦੁਖ ਲੀਨੇ[1] ॥੧੨॥
ਰਾਖਹੁ ਗੋਪ ਬਤਾਵਹੁ ਕਾਹਿ ਨ।
ਸੰਕਟ ਇਨਹੁ ਸੰਗ ਸਹਿ ਨਾਹਿਨ[1]।
ਖਾਨ ਪਾਨ ਇਸ ਤੇ ਘਰ ਕੇਰਾ।
ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ' ॥੧੩॥
ਸੁਨਿ ਸਤਿਗੁਰੁ ਤੇ ਸਗਰੀ ਬਾਤ।
ਆਛੋ ਲਖਯੋ ਪ੍ਰਾਨ ਕੋ ਘਾਤ।
ਕਹਤਿ 'ਆਪਨੇ ਸੰਗ ਮਿਲਾਵਹੁ।

[1]ਭਿੱਜੀ ਹੋਈ। †ਪਾ:-ਕਰ ਬਿਨੈ ਬਿਗੋਈ।
[1]ਵਸੀ ਹਾਂ।
[1]ਟਿਕੇਗਾ ਨਹੀਂ ਕਿਵੇਂ।
[1]ਦੁਖ ਲੈਕੇ ਯਾ ਦੁਖ ਵਿਚ ਲੀਨ ਹੋਏ ਹੋਏ।
[1]ਨਾਂ ਸਹਾਰੋ।

ਕਰਹੁ ਕ੍ਰਿਪਾ ਲੇ ਸੰਗ ਸਿਧਾਵਹੁ' ॥੧੪॥
ਅੰਗੀਕਾਰ ਨ ਗੁਰੁ ਕੁਛ ਕੀਨੋ।
ਹਟਿ ਗਮਨੀ ਮਰਿਬੋ ਨਿਜ ਚੀਨੋ।
ਅਧਿਕ ਦੁਖੀ ਹੁਇ ਪਰੀ ਬਿਚਾਰੀ।
ਬਸਿ ਨ ਬਸਾਵਹਿ ਹੁਈ ਲਚਾਰੀ ॥੧੫॥
ਬੀਤਿ ਜਾਮਨੀ ਸੋ ਤਬਿ ਗਈ।
ਬੈਠੇ ਗੁਰੁ ਪ੍ਰਭਾਤਿ ਤਬਿ ਭਈ।
ਚੰਦੂ ਦੁਸ਼ਟ ਬਿਚਾਰਤਿ ਮਨ ਮੈਂ।
-ਅਗਨਿ ਤਾਪ ਤੇ ਪੀਰ ਨ ਤਨ ਮੈਂ ॥੧੬॥
ਤ੍ਰਾਸ ਪਾਇ ਨਹਿਂ ਮਾਨੀ ਬਾਤ।
ਨਹਿਂ ਜਾਨਤਿ ਮੇਰੋ ਹੁਇ ਘਾਤਿ।
ਤਪਤ ਬਾਰਿ ਕੀ[1] ਲਗੀ ਨ ਕੋਊ। [1]ਜਲ ਦੀ ਤੱਪਸ਼।
ਬਾਰੂ ਤਪਤਿ[1] ਲਗਾਇਵ ਸੋਊ- ॥੧੭॥ [1]ਰੇਤ ਤੱਤੀ।
ਇਮਿ ਚਿਤਵਤਿ ਹੀ ਖਾਇ ਅਹਾਰਾ।
ਆਇ ਪਾਤਕੀ ਬਡ ਹੱਤਜਾਰਾ।
ਪੌਰ ਬਿਖੈ ਸਿੱਖਨਿ ਕੋ ਹੇਰਾ।
ਠਾਂਢੋ ਹੋਇ ਕਹਜੋ ਤਿਸ ਬੇਰਾ ॥੧੮॥
'ਇਹ ਸਿਖ ਰੰਕ ਕਹਤਿ ਕਜਾ ਕਾਲੀ।
ਕਰਹੁ ਤਾੜਨਾਂ ਇਨਹਿ ਬਿਸ਼ਾਲੀ।
ਡਰਪਾਵਤਿ ਮੁਹਿ ਅਚਰਜ ਦੇਬਾ[1]। [1]ਡਰਾਂਵਦਾ ਸੀ ਮੈਨੂੰ ਅਸਚਰਜਤਾ ਦੇਕੇ।
ਛੁਟਿਬੇ ਕਾਰਨ ਕਰਤਿ ਫਰੇਬਾ ॥੧੯॥
ਮੁਸ਼ਕਲ ਮੁਝ ਤੇ ਹੋਨਿ ਖਲਾਸੀ।
ਮਾਨਹਿ ਜੇ ਨਹਿਂ ਤੌ ਦੇ ਫਾਸੀ।
ਇਨ ਜੈਸਨਿ ਤੇ[1] ਸੁਨਿ ਗਰਬਾਯੋ। [1]ਇਸ ਤਰ੍ਹਾਂ ਸਿਖਾਂ ਤੋਂ।
ਨਹੀਂ ਮੋਹਿ ਕਹੁ ਮਨਮਹਿਂ ਲਜਾਯੋ' ॥੨੦॥
ਇਮ ਕਹਿ ਸੋਟੇ ਕੁਛ ਮਰਵਾਏ।
ਰਹੇ ਮੌਨਿ ਗੁਰ ਤੇ ਡਰਪਾਏ।
ਨਹੀਂ ਸ਼ਕਤਿ ਕਿਨ ਕੀਨਿ ਦਿਖਾਵਨਿ।
ਬੈਠਿ ਰਹੇ ਕਰਿ ਮਨ ਮੁਰਝਾਵਨਿ ॥੨੧॥
ਪੁਨ ਗਮਨਜੋ ਸਤਿਗੁਰ ਕੇ ਪਾਸ।

ਕਹੈ ਕੁਬਾਕ ਉਪਾਵਹਿ ਤ੍ਰਾਸ।
'ਕੂਕਰ ਕਹਿਬੇ ਕੋ ਫਲ ਜੋਈ।
ਲਹ੍ਯੋ ਕਿ ਨਹੀਂ ਬਤਾਵਹੁ ਸੋਈ ॥੨੨॥
ਅਬਿ ਲੌਂ ਕਹਾਂ ਸਾਸਨਾ ਬਨੀ[1]। — [1]ਹੁਣ ਤੱਕ ਕੀ ਸਜ਼ਾ ਹੋਈ ਹੈ।
ਦੇਖਹੁ ਆਜ ਹੋਹਿ ਜਿਮ ਘਨੀ।
ਹੋਤਿ ਨਹੀਂ ਮੈਂ ਮਿੱਥਯਾ ਬਾਦੀ[1]। — [1]ਝੂਠ ਕਹਿਣ ਵਾਲਾ।
ਦਯੋਂ ਅਤਿ ਗ਼ਮੀ ਕਿ ਦਯੋਂ ਅਬਿ ਸ਼ਾਦੀ ॥੨੩॥
ਜਿਸ ਧਨ ਕੋ ਠਾਨਤਿ ਹੰਕਾਰ।
ਸੋ ਸਭਿ ਜਪਤਿ[1] ਕਰੋਂ ਘਰ ਬਾਰਿ। — [1]ਜ਼ਬਤ = ਖੋਹ ਲੈਣਾ। [ਅ: ਜ਼ਬਤ]
ਪ੍ਰਥਮ ਕਰੋਂ ਤੇਰੇ ਤਨ ਘਾਤਿ।
ਪੁਨ ਗਹਿਵਾਇ ਲੇਹੁਂ ਤੁਵ ਤਾਤ ॥੨੪॥
ਨਾਤਾ ਮਾਨਹਿਂ ਕਰੋਂ ਖਲਾਸੀ।
ਨਾਂਹਿ ਤ ਹਤੌਂ ਘਾਲਿ ਗਰ ਫਾਸੀ[1]। — [1]ਗਲ ਵਿਚ ਫਾਹੀ ਪਾਕੇ।
ਤਬਿ ਪ੍ਰਾਪਤਿ ਹੁਇ ਮਨ ਚਿਤ ਸ਼ਾਂਤੀ।
ਬਿਧਵਾ ਲਖੌਂ ਸੁਤਾ ਪਸ਼ਚਾਤੀ' ॥੨੫॥
ਇਮ ਕਹਿ ਭਾਠ ਬਿਕੈ ਤੇ ਬਾਰੂ।
ਮੰਗਵਾਇਸ ਤਿਹ ਕਰਹਿ ਨਿਹਾਰੂ।
ਤਪਤ ਕਰਨਿ ਕੀ ਆਇਸੁ ਦਈ।
ਬਹੁ ਸਮਧਾ ਊਪਰ ਤਿਸ ਪਈ ॥੨੬॥
ਦੇ ਦੇ ਆਂਚਿ[1] ਤਪਤਿ ਕਰਿਵਾਯੋ। — [1]ਅੱਗ।
ਅਗਨਿ ਸਮਾਨ ਤੇਜ ਪ੍ਰਵਿਸ਼ਾਯੋ।
ਇਕ ਜੇਸਠ ਕੀ ਰੁਤਿ ਅਤਿ ਘਾਮ।
ਮਹਾਂ ਤਪਤਿ ਤੇ ਤਪਹਿ ਤਮਾਮ ॥੨੭॥
ਲੋਵਾਂ ਚਲਹਿਂ ਸਹੀ ਨਹਿਂ ਜਾਹਿਂ।
ਪੁਨ ਪਾਵਕ ਕੋ ਭਾ ਬਹੁ ਦਾਹਿ।
ਜਿਸ ਦਿਨ ਤੇ ਪ੍ਰਵਿਸ਼ੇ[1] ਗੁਨਖਾਨੀ। — [1](ਚੰਦੂ ਦੇ ਘਰ) ਵੜੇ।
ਅਚ੍ਯੋ ਨ ਭੋਜਨ ਪਿਯੋ ਨ ਪਾਨੀ ॥੨੮॥
ਸਿਕਤਾ ਤਪਤਿ ਬਿਲੋਕਤਿ ਬੋਲਾ।
ਮਨੋ ਨਰਕ ਦਰ ਢਾਂਪਨਿ ਖੋਲਾ[1]। — [1]ਮਾਨੋ (ਆਪਣੇ) ਨਰਕ (ਪੈਣ ਦੇ) ਦਰਵੱਜੇ (ਦਾ) ਢੱਕਣ ਖੋਲ੍ਹਿਆ ਹੈ।
'ਲ੍ਯਾਵਹੁ ਵਹਿਰ ਦਿਖਾਇ ਬਿਠਾਵਹੁ।

ਨਹਿਂ ਜੇ ਕਰੈ ਤ੍ਰਾਸ ਉਪਜਾਵਹੁ ॥੨੯॥
ਤਬਿ ਸਤਿਗੁਰੁ ਉਠ ਬਾਹਿਰ ਆਏ।
ਧਰਨੀ ਧਰਨੀ ਧੀਰ ਸਿਖਾਏ[1]। — [1](ਜਿਨ੍ਹਾਂ ਨੇ) ਧਰਤੀ ਨੂੰ ਧੀਰਜ ਧਾਰਨਾ ਸਿਖਾਇਆ ਹੈ। (ਅ) ਧਰਤੀ (ਵਾਂਙ) ਧੀਰਜ ਧਾਰਨਾ।
ਹਰਖ ਸ਼ੋਕ ਕੋ ਲੇਸ਼ ਨ ਰਿਦੇ।
ਤਨ ਹੰਤਾ ਉਤਪਤਿ ਨਹਿਂ ਕਦੇ ॥੩੦॥
ਜਸ ਆਵਸਥਾ ਹੁਇ ਬ੍ਰਹਮ ਗਜਾਨੀ।
ਜਗ ਮਹਿਂ ਜਨੁ ਜਨਾਇ ਬਿਦਮਾਨੀ[1]। — [1]ਮਾਨੋ ਜਣਾਕੇ ਪ੍ਰਗਟ ਕੀਤੀ ਹੈ (ਬ੍ਰਹਮ ਗਿਆਨੀ) ਦੀ ਦਸ਼ਾ।
ਭੂਖ ਨ ਪਜਾਸ ਨ ਮੁਖ ਮੁਰਝਾਇਆ।
ਮਨ ਕੀ ਬ੍ਰਿਤਿ ਇਕ ਰਸ ਸੁਖ ਪਾਇਆ ॥੩੧॥
ਕਹਸਿ ਕਠੋਰ ਚੰਦੁ ਕੁਲਘਾਤੀ।
'ਇਨ ਕੀਨਸਿ ਛਾਤੀ ਮੁਝ ਤਾਤੀ।
ਤਿਮ ਅਬਿ ਤਪਤਾਵਹੁ ਉਤਪਾਤੀ[1]। — [1]ਉਪੱਦ੍ਰਵੀ।
ਇਸ ਤੇ ਪਰੇ ਨ ਅਪਰ ਅਰਾਤੀ[1] ॥੩੨॥ — [1]ਵੈਰੀ।
ਧਰੀ ਮੌਨ ਅਬਿ ਆਇ ਨ ਬਾਨੀ।
ਬੈਠਤਿ ਬੋਲਤਿ ਬਨਿ ਬ੍ਰਹਮ ਗਜਾਨੀ।
ਕੂਕਰ ਕਹਜੋ ਕਲੰਕਤਿ ਕੀਯੋ।
ਅਬਿ ਤਾਪਹੁ ਜਿਮ ਤਪਿ ਮਮ ਹੀਯੋ[1]' ॥੩੩॥ — [1]ਜਿਵੇਂ ਤਪਦਾ ਹੈ ਮੇਰਾ ਹਿਰਦਾ।
ਸਿਕਤਾ ਤਪਤ ਅਰੂਢਨਿ ਲਾਗੇ।
ਬੋਲੇ 'ਸੁਨੀਯਹਿ ਮੂਢ ਕੁਭਾਗੇ!
ਅਪਨੋ ਭਾਖਜੋ ਨਹੀਂ ਬਿਚਾਰਤਿ।
ਕੂਕਰ ਹ੍ਵੈ ਕਿਰਾੜ ਝਖ ਮਾਰਤਿ ॥੩੪॥
ਸਕਲ ਬੰਸ ਕੀ ਜਰਾਂ ਉਖਾਰਹਿ।
ਅਪਨੇ ਪਰ ਅਪਦਾ ਬਹੁ ਡਾਰਹਿਂ।
ਦੋਜ਼ਕ ਦੀਰਘ ਦੁਖਦ ਸਹੇਰੈਂ[1]। — [1]ਸਹੇੜਦਾ ਹੈਂ।
ਮਰਿ ਕੁਮੌਤਿ ਤੂਰਨ ਫਲ ਹੇਰੈਂ ॥੩੫॥
ਹਮ ਤੋ ਤਜਾਗਨਿ ਅਹੈ ਸਰੀਰ।
ਸਮਾ ਆਨਿ ਪਹੁਚਜੋ ਅਤਿ ਤੀਰ।'
ਇਮ ਬੋਲਤਿ ਆਰੂਢਨਿ ਕਰੇ।
ਰੇਤ ਹੁਤਾਸਨ ਸਮ[1] ਪਰਿ ਖਰੇ ॥੩੬॥ — [1]ਅਗਨੀ ਵਰਗੀ (ਤੱਤੀ) ਰੇਤ।

ਸਿਖ ਲੰਗਾਹੁ ਪਿਰਾਣਾ ਦੌਨ।
ਇਕ ਬਾਰੀ ਦੌਰੇ ਮਨ ਭੌਨ।
-ਤਪਤ ਰੇਤ ਪਰ ਹਮ ਤਨ ਪਰੇ।
ਸੁਖ ਸੋਂ ਹੁਇਂ ਗੁਰੁ ਊਪਰ ਖਰੇ[1] ॥੩੭॥ [1](ਸਾਡੇ ਤਨ) ਦੇ ਉੱਤੇ।
ਇਨ[1] ਕਾਰਨ ਨਿਕਸਹਿਂ ਜੇ ਪ੍ਰਾਂਨ। [1]ਭਾਵ ਗੁਰੂ ਜੀ ਦੇ।
ਤੌ ਹਮ ਹੋਵਹਿਂ ਧੰਨ ਮਹਾਨ।
ਨਹਿਂ ਇਨ ਕੋ ਦੁਖ ਦੇਖਨਿ ਕਰੈਂ।
ਆਛੀ ਬਾਤ ਦੇਹਿ ਪਰਹਰੈਂ- ॥੩੮॥
ਹੇਰਤਿ ਚੰਦੁ ਸਿਪਾਹੀ ਪ੍ਰੇਰੇ।
ਲਏ ਲਸ਼ਟਕਾ ਧਾਇ ਘਨੇਰੇ।
ਹਾਥਨਿ ਪਰ ਪੈਰਨਿ ਪਰ ਮਾਰਿ।
ਗਹਿ ਕਰਿ ਮੋਰੇ ਬਹੁ ਬਲ ਧਾਰਿ ॥੩੯॥
ਸ੍ਰੀ ਗੁਰੁ ਕਰਹਿਂ ਬਰਜਨਾ ਘਨੇ।
'ਕਯੋਂ ਤੁਮ ਆਵਤਿ ਹੋ ਰਿਸ ਮਨੇ[1]। [1]ਕ੍ਰੋਧ ਵਾਲਾ ਮਨ ਕਰਕੇ।
ਬੈਠੇ ਰਹੋ ਖਾਤਿ ਕਯੋਂ ਮਾਰਿ?
ਇਹ ਸਭਿ ਹ੍ਵੈ ਹਮਰੇ ਅਨੁਸਾਰਿ' ॥੪੦॥
ਕਹੈ ਪਿਰਾਣਾ 'ਰਹਯੋ ਨ ਜਾਇ।
ਤੁਮਰੋ ਦੁਖ ਨਹਿਂ ਦੇਖ ਸਕਾਇਂ।
ਅਪੁਨੇ ਪ੍ਰਾਨ ਦੇਨਿ ਅਭਿਲਾਖੈਂ।
ਰਾਵਰ ਕੇ ਸਰੀਰ ਕੋ ਰਾਖੈਂ' ॥੪੧॥
ਕਹਯੋ ਗੁਰੂ 'ਇਮ ਕੀਜਹਿ ਤਬੈ।
ਹਮਰੀ ਆਇਸੁ ਹੋਵਹਿ ਜਬੈ।
ਅਬਿ ਹਮਰਾ ਇਹ ਖੇਲ ਪਸਾਰਾ।
ਬੈਠੇ ਪਿਖਹੁ ਹੋਇ ਜਿਮ ਸਾਰਾ' ॥੪੨॥
ਪੁਨਹ ਦੁਸ਼ਟ ਨੇ ਕਹਿ ਬਿਠਵਾਏ।
ਥਿਰ ਸਤਿਗੁਰੂ ਕੁਛ ਖੇਦ ਨ ਪਾਏ।
ਚੌਦਹ ਲੋਕ ਰਚੇ ਜਿਨ ਕੇਰੇ।
ਤੇਜ ਹੁਤਾਸਨ[1] ਹੁਇ ਕਿਮ ਨੇਰੇ ॥੪੩॥ [1]ਅਗਨੀ ਦਾ ਤੇਜ।
ਤਪਤਿ ਰੇਤ ਪਰ ਨਿਸ਼ਚਲ ਬੈਸੇ।
ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।
ਇਤ ਉਤ ਅੰਗ ਨਹੀਂ ਡੁਲਯੰਤੇ।
ਭਏ ਮੌਨ ਕੁਛ ਨਹੀਂ ਕਹੰਤੇ ॥੪੪॥

ਕਹ੍ਯੋ ਦੁਸ਼ਟ ਪੁਨ 'ਕਰਛੇ[1] ਲੈ ਕੈ।
ਤਪਤਿ ਰੇਤ ਦਿਹੁ ਊਪਰ ਪੈ ਕੈ।
ਨਹਿਂ ਬੋਲਤਿ ਨਹਿਂ ਮਾਨਤਿ ਨਾਤਾ।
ਇਸ ਕੇ ਗਾਤ ਲਗਹਿ ਨਹਿਂ ਤਾਤਾ' ॥੪੫॥
ਭਰਿ ਕਰਛੇ ਤਬਿ ਊਪਰ ਪਾਏ।
ਨਹਿਂ ਕੁਛ ਕਹ੍ਯੋ ਨ ਅੰਗ ਡੁਲਾਏ।
ਦੁਹੁਦਿਸ਼ਿ ਤੇ ਤਾਤੋ ਅਤਿ ਬਾਰੂ[1]।
ਪਰਿ ਸਰੀਰ ਪਰ ਬਹੁ ਦੁਖ ਕਾਰੂ ॥੪੬॥
ਨਿਜ ਇੱਛਾ ਕਰਿ ਗਾਤ ਸਮੂਹੇ[1]।
ਸਤਿਗੁਰ ਕੈ ਤਬਿ ਪਰੇ ਫਲੂਹੇ।
ਅਜ਼ਮਤ ਨਹਿਂ ਜਾਨੈ ਦੁਰਚਾਰੀ।
ਬਿਨ ਪੀਰਾ ਗਨ[1] ਕਰੇ ਦਿਖਾਰੀ ॥੪੭॥
ਦੋਇ ਜਾਮ ਲਗਿ ਬਾਧਾ[1] ਦੀਨਸਿ।
ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ।
ਬੈਠੇ ਰਹੈਂ ਅਬੋਲ ਅਡੋਲ।
ਸਤਿਗੁਰ ਮਹਿਮਾ ਮਹਾਂ ਅਤੋਲ ॥੪੮॥
ਅਜਰ ਜਰਨਿ ਕੀ ਔਧਿ[1] ਜਨਾਈ।
ਇਤੇ ਕਸ਼ਟ ਤੇ ਨਹੀਂ ਦਿਖਾਈ।
ਇੰਦ੍ਰ ਆਦਿ ਜੇਤਿਕ ਸੁਰ ਸਾਰੇ।
ਚੱਕ੍ਰਿਤ ਚਿਤ ਗੁਰਿ ਚਲਤਿ ਨਿਹਾਰੇ ॥੪੯॥
'ਧੰਨਜ ਧੰਨਜ' ਸਭਿ ਕਰਹਿਂ ਬਖਾਨਾ।
'ਇਨ ਤੇ ਬਿਨਾ ਨ ਐਸੋ ਆਨਾ।'
ਕਰਿ ਬੰਦਨ ਸੁਰ ਸਦਨ ਸਿਧਾਰੇ।
ਆਪਸ ਬਿਖੈ ਬ੍ਰਿਤੰਤ ਉਚਾਰੇ ॥੫੦॥
ਗਯੋ ਦੁਸ਼ਟ ਪੁਨ ਗੁਰੁ ਨਿਕਸਾਏ।
ਪੂਰਬ ਥਲ ਤਹਿਂ ਆਨਿ ਬਿਠਾਏ।
ਸਭਿ ਤਨ ਪਰਿ ਜਰਿਬੇ ਬ੍ਰਿਣ ਭਏ[1]।
ਕਾਨਾ ਸ੍ਰਾਪ ਸਾਚ ਚਹਿ ਕਏ ॥੫੧॥

[1]ਕੜਛੇ।

[1]ਰੇਤ।

[1]ਸਾਰੇ ਸਰੀਰ ਤੇ।

[1]ਬਹੁਤੇ (ਛਾਲੇ)।

[1]ਪੀੜਾ।

[1]ਹੱਦ।

[1]ਸੜਨ ਦੇ ਕਾਰਨ ਫਲੂਹੇ ਪੈ ਗਏ; ਯਾ ਸਾੜ ਪਾਉਣ ਵਾਲੇ ਫਲੂਹੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਅਰੁ ਗੁਰ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਤਪਤ ਲੋਹ। ਚੰਦੂ ਦੀ ਨੂੰਹ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਭਈ ਜਾਮਨੀ ਆਨਿ ਕਰਿ, ਛਾਯੋ ਤਿਮਰ ਮਹਾਨ।
ਖਰਭਰ[1] ਪਰਯੋ ਬਿਸਾਲ ਤਬਿ, ਜੇ ਜਗ ਅਜ਼ਮਤ ਵਾਨ[2] ॥੧॥

[1]ਖਰਬਰਾਟ। [2]ਜੋ ਜਗਤ (ਵਿਚ) ਕਰਾਮਾਤ ਵਾਲੇ ਸਨ (ਤਿਨ੍ਹਾਂ ਵਿਚ)।

ਚੌਪਈ:

ਚਲਿ ਆਯੋ ਤਬਿ ਗੋਰਖ ਨਾਥ।
ਸਿੱਧ ਚੁਰਾਸੀ ਲੇ ਕਰਿ ਸਾਥ।
ਮੁਰਛਿਤ ਕੀਨਿ ਸਿਪਾਹੀ ਸਾਰੇ।
ਦੇਖਿ 'ਅਦੇਸ ਅਦੇਸ' ਉਚਾਰੇ ॥੨॥
ਸਨਮੁਖ ਖਰੋ ਹੋਇ ਕਰਿ ਬੋਲਾ।
'ਦ੍ਰਿੜ ਨਿਸ਼ਚਾ ਉਰ ਅਧਿਕ ਅਡੋਲਾ।
ਅਜਰ ਜਰਨਿ ਤੁਮ ਸਮ ਨਹਿਂ ਆਨ।
ਹੇਰਤਿ ਸਗਰੇ ਭਏ ਹਿਰਾਨ ॥੩॥
ਏਤਿਕ ਤਾਪ ਸਹੇ ਨਹਿਂ ਡੋਲੇ।
ਨਸਹਿ ਜਗਤ ਜਿਨ ਇਕ ਬਚ ਬੋਲੇ।
ਤੁਮ ਨਿਜ ਨੇਮ ਨਿਬਾਹਨਿ ਕਰੋ।
ਦੁਸ਼ਟ ਬਿਨਾਸ਼ਨਿ ਇੱਛ ਨ ਧਰੋ ॥੪॥
ਮੈਂ ਅਬਿ ਪਾਪੀ ਕੋ ਘਰ ਜੇਤੋ।
ਅਵਨੀ ਖੰਡ[1] ਉਲਟ ਦਿਉਂ ਤੇਤੋ।

[1]ਧਰਤੀ (ਨਾਲੋਂ) ਤੋੜਕੇ (ਅ) ਪ੍ਰਿਥਵੀ ਦਾ (ਇਤਨਾ) ਟੋਟਾ।

ਮਹਾਂ ਅਵੱਗਯਾ ਕੋ ਫਲ ਪਾਵੈ।
ਪੁਨ ਜਗ ਮਹਿ ਨਹਿਂ ਸੰਤ ਦੁਖਾਵੈ ॥੫॥
ਨਾਂਹਿ ਤ ਦੁਸ਼ਟ ਹੰਕਾਰੀ ਹੋਇ।
ਦੇਹਿ ਕਸ਼ਟ ਸੰਤਨਿ ਸਭਿ ਕੋਇ।'
ਸ਼੍ਰੀ ਸਤਿਗੁਰ ਸੁਨਿ ਕਰਿ ਕਹਿ ਬੈਨ।
'ਮਨ ਸੰਤਨਿ ਕੇ ਤ੍ਰਾਸ ਰਹੈ ਨ ॥੬॥
ਹਮ ਨੇ ਕਰਨੋ ਹੈ ਅਸ ਖੇਲੇ।
ਆਇ ਅਪਰ ਕੋ ਬਿਘਨ ਨ ਮੇਲੇ।
ਹੋਨਿਹਾਰ ਪਰ ਨਿਸ਼ਚਾ ਕਰਨੋ।
ਇਹ ਸੰਤਨ ਕੋ ਮਤ ਬਰ ਬਰਨੋ ॥੭॥

ਇਹੀ ਬਾਤ ਅਬਿ ਦੇ ਕਰਿ ਜਾਵੋ।
ਤਨੁ ਹੰਤਾ ਧਰਿ ਨਹੀਂ ਡੁਲਾਵੋਂ।'
ਸੁਨਿ ਕਰਿ 'ਧੰਨਜ ਧੰਨਜ' ਕਹਿ ਗਏ।
ਗੁਰੁ ਰੁਖ ਦੇਖਿ ਨ ਸਿਧ ਪ੍ਰਗਟਏ ॥੮॥
ਛਿਨ ਮਹਿਂ ਕੁਛ ਤੇ ਕੁਛ ਕਰਿ ਦੇਵੈਂ।
ਹੇਰਤਿ ਜਿਨ ਕੋ ਨਰ ਗਨ ਸੇਵੈਂ।
ਅਵਸਰ ਪਾਇ ਪੀਰ ਪੁਨ ਆਏ[†]।
ਕਰਾਮਾਤ ਕਾਮਲ ਸਮੁਦਾਏ ॥੯॥
ਨਮੋ ਕਰੀ ਹੁਇ ਖਰੇ ਅਗਾਰੀ।
'ਕਜੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿਂ ਦੁਸ਼ਟ ਕੋ ਬਿਲਮ ਨ ਲਾਵੈਂ।
ਆਗਜਾ ਤਨਕ ਆਪ ਕੀ ਪਾਵੈਂ' ॥੧੦॥
ਸਭਿ ਕੋ ਸਾਦਰ ਬਾਕ ਉਚਾਰੇ।
'ਕਜੋਂ ਤੁਮ ਨਾਨਾ ਦ੍ਰਿਸ਼ਟਿ ਨਿਹਾਰੇ[1]?
ਏਕ ਆਤਮਾ ਪੂਰਨ ਸਾਚੋ।
ਜਗਤ ਅਕਾਰ ਜਾਨਿ ਸਭਿ ਕਾਚੋ ॥੧੧॥
ਹਮਰੇ ਤਨ ਤਜਾਗਨਿ ਮਹਿ ਐਸੇ।
ਕਾਰਨ ਅਨਿਕ ਜਾਨੀਅਹਿ ਤੈਸੇ।
ਸਮਾਂ ਸੁ ਪਹੁੰਚਜੋ ਲਖਿ ਚਿਤ ਰਾਚੇ।
ਕਰਜੋ ਚਹੈਂ ਹਮ ਸਭਿ ਕੋ ਸਾਚੇ ॥੧੨॥
ਆਪ ਆਪਨੇ ਥਾਨ ਸਿਧਾਵੋ।
ਹਮਰੀ ਖੇਲ ਬੀਚ ਨਹਿਂ ਆਵੋ।'
ਸੁਨਤਿ 'ਧੰਨਜ' ਕਹਿ ਕਰਿ ਸਭਿ ਗਏ।
ਸਵਾਧਾਨ ਚਾਕਰ ਸਭਿ ਭਏ ॥੧੩॥
ਕਹੈਂ ਪਰਸਪਰ 'ਸੁਪਤੇ ਸਾਰੇ[1]।
ਚਲੇ ਜਾਤਿ ਲਖਿ ਚੰਦੂ ਮਾਰੇ[1]।'
ਗਹਿ ਅਸਿ ਢਾਲ[1] ਭਏ ਸਵਧਾਨੂ।
ਇਕ ਆਸਨ ਗੁਰੁ ਥਿਰੇ ਸਥਾਨੂ[1] ॥੧੪॥
ਸਕਲ ਜਾਮਨੀ ਗਈ ਬਿਹਾਇ।
ਦਿਵਸ ਚਢੇ ਉਠਿ ਪਾਪੀ ਆਇ।
ਰਿਦੇ ਬਿਚਾਰਹਿ -ਬਡ ਹਠਵੰਤਾ।

[†]ਮੀਆਂ ਮੀਰ ਦਾ ਆਉਣਾ ਬੀ ਹੋਰਨਾਂ ਨੇ ਲਿਖਿਆ ਹੈ।

[1]ਨਾਨਾਪਨੇ ਦੀ ਨਜ਼ਰ ਨਾਲ ਦੇਖਦੇ ਹੋ, 'ਇਕ' ਵੇਖੋ।

[1](ਸਿਪਾਹੀ) ਕਹਿੰਦੇ ਹਨ ਆਪਸ ਵਿਚ, 'ਅਸੀਂ ਸਾਰੇ ਸੌਂ ਗਏ' ਸਾਂ।

[1]ਜੇ ਗੁਰੂ (ਜੀ) ਚਲੇ ਜਾਂਦੇ, (ਇਹ) ਜਾਣਕੇ ਚੰਦੂ (ਸਾਨੂੰ) ਮਾਰਦਾ।

[1]ਢਾਲ ਤਲਵਾਰ।

[1]ਉਸ ਥਾਂ ਤੇ।

ਇਤੇ ਕਸ਼ਟ ਤੇ ਨਹੀਂ ਬੁਲੰਤਾ ॥੧੫॥
ਭੈ ਕਰਿ ਨਾਤਾ ਨਾਂਹਿਨ ਮਾਨਹਿ।
ਬਿਨਾ ਤ੍ਰਾਸ ਤੇ ਬਾਕ ਬਖਾਨਹਿ।
ਬਾਰਿ ਬਾਰਿ ਬਾਰੀ ਬਹੁ ਬਾਰੂ[1]। — [1]ਵਾਰੰਵਾਰ ਜਲ ਤੇ ਬਹੁਤੇ ਰੇਤਾ।
ਅਤਿ ਤਪਤਾਏ ਥਿਰਯੋ ਮਝਾਰੂ ॥੧੬॥
ਪ੍ਰਾਨ ਜਾਨਿ ਲਗਿ ਹਠ ਪਹੁੰਚਾਵੈ।
ਨਹਿਂ ਤਜਾਗੌਂ ਮੈਂ ਜਿਯਤਿ ਜਿ ਜਾਵੈ।
ਆਜ ਤਪਤ ਕਰਿ ਲੋਹ ਬਿਸਾਲਾ।
ਖਰੇ ਕਰੌਂ ਬੋਲਹਿ ਤਿਸ ਕਾਲਾ[1]- ॥੧੭॥ — [1]ਤਦੋਂ (ਮੈਂ) ਕਹਾਂਗਾ (ਅ) ਤਦੋਂ ਬੋਲਣਗੇ (ਭਾਵ ਮੰਨ ਲੈਣਗੇ)।
ਇਸ ਪਾਪੀ ਨੇ ਰਿਦੇ ਬਿਚਾਰਾ।
-ਨਾਤਾ ਦੇਉਂ ਕਿ ਕਰੌਂ ਸੰਘਾਰਾ-।
ਕਹਿ ਕਰਿ ਦੀਰਘ ਲੋਹ ਮੰਗਾਈ।
ਧਰਿ ਊਪਰਿ ਤਰ ਅਗਨਿ ਜਲਾਈ ॥੧੮॥
ਸਮ ਤਾਂਬੇ[1] ਕੇ ਤਪਤਿ ਕਰਾਈ। — [1]ਤਾਂਬੇ ਵਤ (ਲਾਲ)।
ਦੇਖਿ ਪਾਤਕੀ ਲਿਏ ਬੁਲਾਈ।
'ਇਮ ਪਰ ਖਰੇ ਹੋਹੁ ਤਪ ਸਹੋ।
ਨਾਂਹਿ ਤ ਨਾਤਾ ਲੈਬੇ ਚਹੋ' ॥੧੯॥
ਗੁਰੂ ਨ ਉੱਤਰ ਦੀਨਿਸਿ ਕੋਈ।
ਲੋਹ ਅਰੂਢਨਿ ਉਰ ਮਹਿਂ ਹੋਈ[1]। — [1]ਚੜ੍ਹਨ ਦੀ ਦਿਲ ਵਿਚ (ਤਿਆਰੀ) ਹੋਈ।
ਆਦਿ ਚੰਡਾਲ ਜਿ ਕਿਨਹੁਂ ਨਿਹਾਰੇ।
ਸਭਿਹਿਨਿ 'ਹਾਹਾਕਾਰ' ਉਚਾਰੇ ॥੨੦॥
'ਇਹ ਚੰਡਾਲਨਿ ਤੇ ਅਤਿ ਪਾਪੀ।
ਰਿਦੇ ਨ ਕਰੁਨਾ ਕੈ ਸਿਹੁਂ ਬਜਾਪੀ।'
ਚਢੇ ਲੋਹ ਪਰ ਭੇ ਥਿਰ ਠਾਂਢੇ।
ਦੇਖਿ ਦੇਖਿ ਸਿੱਖਨਿ ਦੁਖ ਬਾਢੇ ॥੨੧॥
ਚਹੈਂ ਜਾਨਿ ਢਿਗ, ਜਾਨਿ ਨ ਦੇਤੇ।
ਰਸਰਿਨਿ ਬਾਂਧੇ ਦਿਢ ਕਰਿ ਲੇਤੇ।
ਅਗਨਿ ਬਿਪਰਜੈ ਸੀਲ ਕਰਯੋ ਹੈ[1]। — [1]ਅੱਗ ਨੇ (ਆਪਣਾ) ਸੁਭਾਉ ਉਲਟ ਲਿਆ ਭਾਵ ਠੰਢੀ ਪੈ ਗਈ।
ਡਰਤਿ ਗੁਰੂ ਤੇ ਤੇਜ ਹਰਯੋ ਹੈ ॥੨੨॥
ਤਊ ਗੁਰੂ ਪਗ ਤਰਵਾ ਜਾਰੇ[1]। — [1]ਤਲੀਆਂ ਸਾੜੀਆਂ।

ਪਾਪੀ ਬੈਠਯੋ ਸਮੁਖ ਨਿਹਾਰੇ।
ਪੁਨ ਕਹਿ ਕਰਿ ਤਰ ਅਗਨਿ ਜਰਾਈ।
ਪੂਰਬ ਕੇ ਸਮਸਰ ਤਪਤਾਈ ॥੨੩॥
ਚਿਤ ਬਾਂਛਤਿ -ਹੁਇ ਦੁਖ ਤੇ ਦੀਨ।
ਮਾਨਹਿ ਨਾਤਾ ਡਰ ਚਿਤ ਚੀਨਿ-।
ਤਿਸਿ ਦਿਨ ਸਤਿਗੁਰੁ ਕਛੂ ਨ ਬੋਲੇ।
ਤਪਤ ਲੋਹ ਪਰ ਥਿਰੇ ਅਡੋਲੇ ॥੨੪॥
ਜਰਤਿ ਚਰਮ ਅਪਨੋ ਦਿਖਰਾਵੈਂ।
ਅਗਨਿ ਤਾਪ ਤੇ ਪੀਰ ਨ ਪਾਵੈਂ।
-ਅਜ਼ਮਤ ਨਹਿਂ ਜਾਨਹਿਂ ਕਿਮ ਏਹੀ-।
ਪਰੇ ਫਲੂਹੇ ਸਗਰੀ ਦੇਹੀ ॥੨੫॥
ਹੇਰਿ ਨਹੀਂ ਪਰਤੀਤ ਉਪਾਵੈ।
ਜਾਂ ਤੇ ਅਪਨੋ ਦੁਖ ਦਿਖਰਾਵੈਂ[†]।

[†]੨੪ ਤੋਂ ਇਥੋਂ ਤੱਕ ਦਾ ਭਾਵ ਇਹ ਹੈ ਕਿ ਕਿਵੇਂ ਏਹ ਲੋਕ ਕਰਾਮਾਤਾਂ ਨਾ ਸਮਝ ਲੈਣ, ਸਾਰੇ ਪਿੰਡੇ ਤੇ ਫਲੂਹੇ ਤੇ ਸੜਦਾ ਮਾਸ ਦਿਖਾ ਰਹੇ ਹਨ, ਜੋ ਇਨ੍ਹਾਂ ਨੂੰ ਵੇਖਕੇ ਏਹ ਪ੍ਰਤੀਤ ਦੇ ਘਰ ਵਿਚ ਨਾ ਆ ਜਾਣ ਕਿ ਆਪ ਗੋਬਿੰਦ ਰੂਪ ਹਨ।

ਰਹੇ ਜਾਮ ਲਗਿ ਠਾਂਢੇ ਊਪਰ।
ਪੁਨ ਉਤਰਾਏ ਥਿਰ ਗੁਰੁ ਭੂਪਰ ॥੨੬॥
ਪਚਯੋ ਰਿਦੇ ਬਹੁ ਚਿਤਹਿ ਉਪਾਯਾ[1]।
-ਬੋਲਯੋ ਨਹੀਂ, ਤ੍ਰਾਸ ਨਹਿਂ ਪਾਯਾ।
ਕੌਨ ਜਤਨ ਕਰਿ ਇਸੇ ਮਨਾਵੌਂ।
ਕੋ ਸੰਕਟ ਐਸੋ ਦਿਖਰਾਵੌਂ ॥੨੭॥
ਜਿਸਤੇ ਅਧਿਕ ਤ੍ਰਾਸ ਕੋ ਪਾਇ।
ਬੋਲਹਿ ਤਤਛਿਨ ਮੌਨ ਹਟਾਇ।
ਇਹ ਬਡ ਧਰਮੀ ਧਰਮ ਸੰਭਾਰੈ।
ਪ੍ਰਾਨ ਜਾਤਿ ਲੌ ਨਹੀਂ ਨਿਵਾਰੈ ॥੨੮॥
ਯਾਂ ਤੇ ਧਰਮ ਹਰਨ ਕੋ ਤ੍ਰਾਸਾ।
ਦਿਖਰਾਵੌਂ ਪੁਨ ਪੁਰਵੋਂ ਆਸਾ-।
ਇਮ ਨਿਸ਼ਚੇ ਕਰਿ ਮੂਰਖ ਮਾਨੀ।
ਕਹੀ ਸਿਪਾਹਨਿ ਕੇ ਸੰਗ ਬਾਨੀ ॥੨੯॥
'ਇਕ ਚਲਿ ਜਾਹੁ ਚੰਡਾਲਨਿ ਪਾਸ।
ਆਜ ਭਈ ਕੋ ਗਊ ਬਿਨਾਸ।

[1]ਚਿਤਵਤਾ ਹੈ ਉਪਾਵਾਂ ਨੂੰ।

ਤਿਸ ਕੋ ਚਰਮ ਉਤਾਰਤਿ ਲਜਾਵੋ।
ਸਭਿ ਸਰੀਰ ਇਸ ਕੋ ਮਢਵਾਵੋ' ॥੩੦॥
ਸਤਿਗੁਰੁ ਸ਼੍ਰੋਨ ਸੁਨਾਇ ਬਖਾਨਾ।
'ਭੋਰ ਹੋਤਿ ਲਜਾਵੋ ਇਸ ਥਾਨਾ।
ਬੈਠਿ ਨਿਕਟ ਦੁਖ ਦੇਉ ਮਹਾਨੋ।
ਧਰਮ ਬਿਗਾਰ ਪ੍ਰਾਨ ਪੁਨ ਹਾਨੋਂ' ॥੩੧॥
ਇਮ ਕਹਿ ਮੂਰਖ ਸਦਨ ਸਿਧਾਰਾ।
ਕ੍ਰੋਧੀ ਕਪਟੀ ਬਡ ਹਤਿਆਰਾ।
ਸੋ ਦਿਨ ਗਯੋ ਬੀਤ ਨਿਸ ਆਈ।
ਛਾਯੋ ਸਭਿ ਜਗ ਤਮ ਸਮੁਦਾਈ ॥੩੨॥
ਅਰਧਿ ਰਾਤਿ ਜਾਨੀ ਜਬਿ ਹੋਇ।
ਨੁਖਾ ਅਘੀ ਕੀ ਸੁਨਿ ਸੁਨਿ ਸੋਈ।
ਸੰਕਟ ਮਹਾਂ ਪਾਇ ਕਰਿ ਰੋਈ।
-ਖਾਨ ਪਾਨ ਗੁਰਿ ਕਰਹਿਂ ਨ ਕੋਈ ॥੩੩॥
ਜਾਇ ਆਜ ਸੁਧ ਲੇਵੌਂ ਗੁਰ ਕੀ।
ਕਰਹਿਂ ਕਹਾਂ ਸੁਨਿਹੋਂ ਸਭਿ ਉਰ ਕੀ-।
ਸਭਿ ਤੇ ਚੋਰੀ ਚਲਿ ਕਰਿ ਆਈ।
ਖਰੇ ਸਿਪਾਹੀ ਝਿਰਕ ਹਟਾਈ ॥੩੪॥
ਤਬਿ ਕੰਚਨ ਕੇ ਭੂਖਨ ਦੀਨਿ।
ਅੰਤਰ ਬਰੀ ਦਰਸ ਗੁਰ ਕੀਨਿ।
ਹਾਥ ਜੋਰਿ ਤਬਿ ਖਰੀ ਬਿਚਾਰੀ।
'ਮੈਂ ਅਪਰਾਧਨਿ ਪ੍ਰਭੁ ਤੁਮਾਰੀ ॥੩੫॥
ਕਸ਼ਟ ਇਤੇ ਸੁਨਿ ਜੀਵਤਿ ਰਹੀ।
ਦੁਸ਼ਟ ਕੁਟੰਬ ਤਜਯੋ ਮੈਂ ਨਹੀਂ।
ਚਲਹਿ ਨਹੀਂ ਕੁਛ ਮੇਰੋ ਚਾਰਾ।
ਨਿਜ ਮਰਨੋ ਇਕ ਹਾਥ ਮਝਾਰਾ[1]' ॥੩੬॥

[1](ਮੇਰੀ) ਆਪਣੀ ਮੌਤ (ਇਕ ਮੇਰੇ) ਆਪਣੇ ਹੱਥ ਵਿਚ ਹੈ।

ਸੁਨਿ ਸਤਿਗੁਰ ਬੋਲੇ ਸੁਖਦਾਯਕ।
'ਨਹੀਂ ਸੁਤਾ! ਤੂੰ ਇਸ ਘਰ ਲਾਯਕ।
ਭਈ ਪ੍ਰਭਾਤਿ ਕਰਹਿਂ ਤਬਿ ਤਜਾਰੀ।
ਚਲਿਬੋ ਚਹਿਂ, ਚਲਿ ਸੰਗ ਹਮਾਰੀ'

॥੩੭॥
ਬੋਲੀ 'ਸੇਵ ਜਥਾ ਮੈਂ ਲਾਯਕ।
ਕਹਿ ਦੀਜੈ ਸੋ ਕਰੌਂ ਸੁਭਾਯਕ।
ਕ੍ਰਿਪਾ ਕਰੀ ਅਬਿ ਮੋਹਿ ਬਤਾਵਾ।
ਤਜਾਗੋਂ ਪ੍ਰਾਨ ਨ ਜੀਵਨਿ ਭਾਵਾ' ॥੩੮॥
ਗੁਰ ਕਹਿਂ 'ਹਮਰੇ ਚਾਹ ਨ ਕੋਈ।
ਜਾਹੁ ਅਬੈ ਕਰਿ ਚਿਤ ਰੁਚਿ[1] ਜੋਈ।' — [1]ਚਿੱਤ (ਦੀ) ਖਾਹਸ਼।
ਸੁਨਿ ਗਮਨੀ ਮ੍ਰਿਤੁ ਨਿਸ਼ਚੈ ਕਰਿ ਕੈ।
-ਕਜ਼ਾ ਫਲ ਪੈਹੌਂ ਪ੍ਰਾਨਨਿ ਧਰਿ ਕੈ-
॥੩੯॥
ਬਿਤੀ ਬਿਭਾਵਰਿ[1] ਭਈ ਪ੍ਰਭਾਤੀ। — [1]ਰਾਤ।
ਬੈਠੇ ਰਹੇ ਗੁਰੁ ਤਿਸ ਭਾਂਤੀ।
ਸਗਰੇ ਨਗਰ ਪਰਜੋ ਬਡ ਰੌਰਾ।
ਘਰ ਘਰ ਦਰ ਦਰ ਠੌਰਹਿਂ ਠੌਰਾ ॥੪੦॥
ਬਾਰਿ ਬਾਰਿ ਤਿਸ ਪੌਰ ਅਗਾਰੀ।
ਫਿਰਿ ਫਿਰਿ ਜਾਤਿ ਨਿਹਾਰ ਨਿਹਾਰੀ।
ਨਿਸ ਦਿਨ ਰਹੈਂ ਕਿਵਾਰ ਅਸੰਜਤਿ[1]। — [1]ਬੰਦ।
ਬਾਂਛਤਿ ਚਿਤ -ਕਿਮ ਹੋਇਂ ਸੁ ਭੰਜਤਿ[1] — [1]ਟੁੱਟ ਜਾਣ (ਤਖ਼ਤੇ)।
॥੪੧॥
ਕਜ਼ਾ ਇਹ ਕਰਹਿ ਲਖੀ ਨਹਿਂ ਜਾਈ।
ਵਹਿਰ ਗੁਰੁ ਨਿਕਸੇ ਨ ਕਦਾਈ।
ਪੰਚਹੁੰ ਸਿੱਖ ਨਹੀਂ ਪੁਨ ਹੇਰੇ।
ਭਏ ਕਹਾਂ ਬਚ ਸੁਨੇ ਨ ਫੇਰੇ- ॥੪੨॥
ਦੁਰਿ ਦੁਰਿ[1] ਮਿਲਹਿਂ ਕਰਹਿਂ ਗੁਰ ਬਾਤਿ। — [1]ਛੁਪ ਛੁਪ ਕੇ।
'ਕਰਹਿ ਪਾਤਕੀ ਕਜ਼ਾ ਉਤਪਾਤਿ।
ਜਬਿ ਕੋ ਅੰਤਰਿ ਲੇ ਪਰਵੇਸ਼ਾ।
ਕਿਮ ਕਲੇਸ਼ ਦੇ, ਸੁਨਜੋ ਨ ਲੇਸ਼ਾ ॥੪੩॥
ਬਸ ਨਹਿਂ ਚਲਹਿ, ਜਤਨ ਕੁਛ ਹੋਇ ਨ।
ਸ਼ਾਹੁ ਸਮੀਪੀ ਜੁਤਿ ਢਿਗ ਕੋਇ ਨ[1]।' — [1]ਸ਼ਾਹ ਤੇ (ਸ਼ਾਹ ਦਾ) ਨਿਕਟ ਵਰਤੀ (ਦੋਹਾਂ) ਸਮੇਤ ਕੋਈ ਪਾਸ ਨਹੀਂ ਹੈ।
ਧ੍ਰਮਸਾਲਾ ਮਿਲਿ ਮਿਲਿ ਪਛੁਤਾਵੈਂ।
ਨਹਿਂ ਦਿਨ ਮਹਿਂ ਬਿਵਹਾਰ ਚਲਾਵੈਂ

॥ ੪੪ ॥
ਖਾਨ ਪਾਨ ਰੁਚਿ ਤੇ ਨਹਿਂ ਕਰੇਂ।
'ਸਤਿਗੁਰੁ, ਪਾਪੀ ਕੇ ਬਸਿ ਪਰੇ।
ਚਿੰਰਕਾਲ ਕੋ ਦ੍ਵੈਸ਼ ਕਰੰਤਾ।
ਨਿਕਟ ਮੁਗ਼ਲ ਚੁਗਲੀ ਉਗਲੰਤਾ ॥ ੪੫ ॥
ਸਤਿਗੁਰ ਨਾਤਾ ਲੇਹਿਂ ਨ ਕਬੈ।
ਇਹ ਮਨਵਾਵਤਿ ਲਖੀਯਤਿ ਅਬੈ।
ਹਠ ਕੋ ਤਜਾਗਹਿਂ ਲੇਹਿਂ ਸਗਾਈ।
ਇਹੀ ਬਾਤ ਆਛੇ ਬਨਿਆਈ' ॥ ੪੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗ੍ਰਹਿ ਗੁਰੂ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥

## ੩੭. [ਕਸ਼ਟ। ਸਚਖੰਡ ਗਵਨ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:
ਉਠਜੋ ਪ੍ਰਾਤ ਚੰਦੂ ਦੁਸ਼ਟ,
ਚਿਤਵਤਿ ਚਿਤ ਗੁਰ ਬਾਤਿ।
-ਆਜ ਮਨਾਵੌਂ ਜਿਮ ਚਹੌਂ,
ਨਾਂਹਿ ਤ ਕਰਿਹੌਂ ਘਾਤਿ ॥੧॥
ਚੌਪਈ:
ਅਤਿ ਪ੍ਰਿਯ ਧਰਮ ਰਿਦੇ ਜਿਸ ਕੇਰੇ।
ਤਿਸ ਖੋਵਨਿ ਹਿਤ ਤ੍ਰਾਸ ਘਨੇਰੇ।
ਕਰੋਂ ਆਜ ਬਿਧਿ ਸੁਤਾ ਸਗਾਈ।
ਕੈ, ਗੋ ਚਰਮ[1] ਦੇਉਂ ਮਢਵਾਈ- ॥੨॥ [1]ਗਊ ਦੇ ਚੰਮ (ਵਿਚ)
ਇਮ ਚਿਤਵਤਿ ਪਹੁੰਚਜੋ ਤਹਿਂ ਆਈ।
ਬੈਠਜੋ ਦੁਸ਼ਟ ਕ੍ਰੋਧ ਉਪਜਾਈ।
ਨਿਕਟ ਗੁਰੂ ਕੇ ਬਾਕ ਬਖਾਨਾ।
'ਅਬਿ ਲੌ ਨਾਤਾ ਲਿਹੁ ਮਨ ਮਾਨਾ ॥੩॥
ਸਕਲ ਮੁਲਖ ਮਾਲਿਕ ਅਬਿ ਸ਼ਾਹੂ।
ਤਿਸ ਦਿਵਾਨ ਮੈਂ, ਬੈਠਤਿ ਪਾਹੂ।
ਜਹਿ ਲਗਿ ਰਾਜ ਤੁਰਕ ਪਤਿ ਕੇਰਾ।
ਤਹਿ ਲਗਿ ਹੁਕਮ ਚਲਤਿ ਹੈ ਮੇਰਾ ॥੪॥
ਤ੍ਰਾਸ ਨ ਤਨਕ ਸੁ ਮਨ ਮਹਿਂ ਜਾਨਾ।
ਕਰਜੋ ਅਨਾਦਰ ਰੰਕ ਸਮਾਨਾ।
ਸੋ ਫਲ ਅਬਿ ਲੇਵਹੁ ਦੁਖ ਘਨੇ।
ਬਿਨਾ ਧਰਮ ਕਰਿ ਅਬਿ ਦਿਉਂ ਹਨੇ ॥੫॥
ਧੇਨੁ ਚਰਮ ਕੋ ਲੇ ਕਰਿ ਗੀਲਾ।
ਲਪਟਾਵਹਿਂ ਜੇਤਿਕ ਤੁਵ ਡੀਲਾ[1]। [1]ਸਰੀਰ।
ਪੁਨ ਆਤਪ[1] ਮਹਿਂ ਦੇਉਂ ਬਿਠਾਇ। [1]ਧੁੱਪ।
ਸੁਸਕਹਿ[1] ਪ੍ਰਾਨ ਤੋਹਿ ਬਿਨਸਾਇ ॥੬॥ [1]ਸੁੱਕ ਜਾਏਗਾ (ਚੰਮ)।
ਪੁਨਹ ਪਠੌਂ ਮੈਂ ਅਪਨ ਸਿਪਾਹੀ।
ਘਰ ਕੋ ਲੂਟ ਲੇਹਿਂ ਧਨ ਪਾਹੀ।
ਗਹਿ ਲੈਹੈ ਤਬਿ ਨੰਦਨ ਤੇਰਾ।
ਇਸੀ ਰੀਤਿ ਦੇ ਕਸ਼ਟ ਬਡੇਰਾ ॥੭॥

ਕਰੌਂ ਘਾਤ ਨਹਿਂ ਜੀਵਤਿ ਛੋਰੈਂ।
ਬਿਨਾ ਬੰਸ ਕਰਿਹੌਂ ਦੁਖ ਘੋਰੈਂ।
ਨਾਂਹਿਤ ਨਾਤਾ ਮਾਨੋ ਆਜਿ।
ਬਚੈਂ ਪ੍ਰਾਨ ਸਭਿ ਸੁਧਰਹਿਂ ਕਾਜ ॥੮॥
ਸੁਲਹੀ ਸੁਲਬੀ ਪ੍ਰਿਥੀਆ ਮਰਜੋ।
ਕਰੇ ਜਤਨ ਤੂੰ ਹਾਥ ਨ ਪਰਜੋ।
ਚਹਤਿ ਗਏ ਮਰਿ, ਪੁਜੀ ਨ ਆਸਾ।
ਮੈਂ ਅਬਿ ਕਰਿਹੌਂ ਤੋਰ ਬਿਨਾਸ਼ਾ ॥੯॥
ਕਿਸ ਬਲ ਕੋ ਭਰੋਸ ਉਰ ਭੂਲਾ।
ਮਮ ਸਮ ਬਲੀ ਕੇਰ ਪ੍ਰਤਿਕੂਲਾ।
ਕਹਿਬੋ ਅਹੈ ਸੁ ਕਹੁ ਅਬਿ ਸਮੋ[1]।
ਜਬਿ ਲਗਿ ਮੈਂ ਬੂਝਤਿ ਕਰਿ ਛਿਮੋ'
॥੧੦॥
ਸ੍ਰੀ ਅਰਜਨ ਸੁਨਿ ਕਰਿ ਸਭਿ ਸ਼੍ਰੋਨ।
ਬੋਲੇ ਬਾਕ ਜਿਨਹੁ ਕਿਤ ਭੌ ਨ।
'ਅਬਿ ਹਮ ਰਾਵੀ ਚਹੈਂ ਸ਼ਨਾਨ।
ਸੇਵਕ ਪੰਚ ਸੰਗ ਦਿਹੁ ਜਾਨਿ ॥੧੧॥
ਪੰਚ ਦਿਵਸ ਬੀਤੇ ਇਸ ਭਾਂਤੀ।
ਦਈ ਸਜ਼ਾਇ ਅਗਨਿ ਸਮ ਤਾਤੀ।
ਪਾਵਨ ਤਨੇ[†] ਪੁਨਹ ਜਿਮ ਕਰੈਂ।
ਨਿਸ਼ਚਲ ਮਤਿ ਕਰਿ ਨਿਸ਼ਚੇ ਧਰੈਂ'
॥੧੨॥
ਸੁਨਿ ਕਰਿ ਦੁਸ਼ਟ ਰਿਦੇ ਹਰਖਾਯੋ।
-ਧਰਮ ਬਿਨਾਸ਼ਨਿ ਤੇ ਡਰਪਾਯੋ।
ਅਬਿ ਇਹ ਮਾਨ ਲੇਇ ਹੈ ਨਾਤਾ।
ਸੀਤਲ ਗਾਤ ਹੋਇ ਜਲ ਨਾਤਾ- ॥੧੩॥
ਇਮ ਬਿਚਾਰ ਕਹਿ 'ਜਾਇ ਸ਼ਨਾਨਹੁ।
ਬਚਹਿਂ ਪ੍ਰਾਨ ਕਹਿਬੋ ਮਨ ਮਾਨਹਿ।'
ਦਸਕ ਸਿਪਾਹੀ ਕਰਿ ਸਵਧਾਨੋ।
'ਖੜਗ ਸਿਪਰ ਗਹਿ ਸੰਗਿ ਪਿਆਨੋ
॥੧੪॥
ਅਪਨੀ ਦ੍ਰਿਸ਼ਟਿ ਤਰੇ ਇਸ ਰਾਖਹੁ।

[1](ਜੋ) ਕਹਿਣਾ ਹੈ ਸੋ ਹੁਣ ਕਹੁ ਵੇਲਾ ਹੈ।

[†]ਪਾ:-ਬਨੇ।

ਵਹਿਰ ਕਿਸੁ ਢਿਗ ਕਛੂ ਨ ਭਾਖਹੁ।
ਇਤ ਉਤ ਦੂਰਿ ਨ ਜਾਨੇ ਦੇਹੁ।
ਰਾਵੀ ਤੀਰ ਸਥਿਰਤਾ ਲੇਹੁ ॥੧੫॥
ਅਪਰ ਗਰੀ ਤੇ[1] ਕਹਿ ਹਟਕਾਵਹੁ।
ਮੱਜਤਿ ਬੈਠਤਿ ਕੁਛ ਨ ਅਲਾਵਹੁ।
ਇਤ ਦਿਸ਼ਿ ਲਜਾਵਹੁ ਰਹਹੁ ਪਿਛਾਰੀ।
ਸਿੱਖਨਿ ਜੁਤਿ ਇਸ ਰਖਹੁ ਅਗਾਰੀ' ॥੧੬॥

[1]ਹੋਰ ਕਿਸੇ ਗਲੀ ਵਿਚ ਜਾਣ ਤੋਂ।

ਇਮ ਕਹਿ ਕੀਨਿ ਘਨੀ ਤਕਰਾਈ।
ਸੁਨਿ ਖਲ ਤੇ ਚਲਿ ਪਰੇ ਗੁਸਾਈਂ।
ਪਰੇ ਫਲੂਹੇ ਸਰਬ ਸਰੀਰ।
ਛਾਦਿ ਚਾਦਰੇ ਦੀਰਘ ਚੀਰ ॥੧੭॥
ਤਰੁਵਾ ਚਰਣ[1] ਜਰੇ ਬ੍ਰਿਣ ਹੋਏ।
ਸਨੈ ਸਨੈ ਧਰ ਪਰਿ ਧਰਿ ਜੋਏ।
ਨਿਕਟ ਪਿਰਾਣਾ ਸੇਵਕ ਹੇਰਾ।
ਗਹਜੋ ਸਿਕੰਧ ਚਲੇ ਤਿਸ ਬੇਰਾ ॥੧੮॥

[1]ਚਰਨਾਂ ਦੀਆਂ ਤਲੀਆਂ।

ਸਲਿਤਾ ਦਿਸਿ ਛੋਟੀ ਇਕ ਮੋਰੀ।
ਗਮਨਤਿ ਨਿਕਸੇ ਗੁਰੁ ਤਿਸ ਓਰੀ।
ਕੋ ਕੋ ਨਰ ਪਿਖਿ ਠਾਨਤਿ ਨਮੋ।
ਲਾਲ ਬਰਣਮੁਖ ਕੋ ਤਿਹ ਸਮੋ ॥੧੯॥
ਭੋਜਨ ਕਿਯੋ ਨ ਪੀਯੋ ਪਾਨੀ।
ਦੁਰਬਲ ਤਨ ਸਜ਼ਾਇ ਖਲ ਠਾਨੀ।
ਹੇਰਿ ਹੇਰਿ ਨਰ ਉਰ ਬਿਸਮਾਵੈਂ।
-ਕਜਾ ਇਨ ਦਸ਼ਾ ਭਈ ਗੁਰੁ ਜਾਵੈਂ[1]? ॥੨੦॥

[1]ਜਾ ਰਹੇ ਹਨ।

ਚਿਤ ਕੀ ਬ੍ਰਿੱਤਿ ਏਕ ਰਸ ਤੈਸੇ।
ਨਿਜਾਨੰਦ ਮਹਿਂ ਪੂਰਬ ਜੈਸੇ।
ਤਨ ਪੀਰਾ ਤੇ ਡਿਗੀ ਨ ਸੋਈ[1]।
ਮੇਰੁ ਹਿਲਾਇ ਨ ਜਿਮ ਨਰ ਕੋਈ ॥੨੧॥

[1]ਭਾਵ ਬ੍ਰਿਤੀ।

ਸਨੈ ਸਨੈ ਰਾਵੀ ਕੇ ਤੀਰ।
ਪਹੁੰਚੇ ਛੁਯੋ ਨੀਰ ਬਡ ਸੀਰ[1]।
ਕਰ ਪੰਕਜ ਤੇ ਮੁਖ ਅਰਬਿੰਦ।

[1]ਠੰਢਾ।

ਕਰਜੋ ਪਖਾਰਨਿ ਧੀਰ ਮੁਕੰਦ ॥੨੨॥
ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ।
ਮਹਾਂ ਉਸ਼ਨਤਾ ਜੋ ਤਪਤਾਯੋ[1]। [1]ਬੜੀ ਗਰਮੀ ਨਾਲ ਜੋ ਤਪਿਆ ਹੋਯਾ ਸੀ।
ਗਹਿ ਪਦ ਪਦਮ ਲੰਙਾਹ ਪਖਾਰੇ।
ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ ॥੨੩॥
ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ।
ਦੇਹ ਅਛਾਦਨਿ ਪੁਨਹ ਕਿਯੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ।
ਜੋ ਸਿੱਖਨਿ ਕੀ ਠਾਨਤਿ ਛੇਮਾ[1] ॥੨੪॥ [1]ਕਲਿਆਣ।
ਪੁਨ ਪੰਚਹੁ ਸਿਖ ਕੀਨਿ ਸ਼ਨਾਨੇ।
ਗੁਰੁ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੁ ਪਰਵਾਰ[1]। [1]ਸਤਿਗੁਰੁ ਜੀ ਦੇ ਆਲੇ ਦੁਆਲੇ।
ਜਪੁਜੀ ਪਾਠ ਸੁਨਜੋ ਨਿਰਧਾਰ ॥੨੫॥
ਭੋਗ ਪਾਇ ਕਰਿ ਸੀਸ ਨਿਵਾਯੋ।
ਪੁਨ ਸਿੱਖਨਿ ਸਨਿ ਬਾਕ ਅਲਾਯੋ।
'ਅਬਿ ਹਮ ਚਹਿਂ ਪਰਲੋਕ ਪਿਆਨਾ।
ਚਿਤ ਜਿਮ ਚਹਤਿ ਸਕਲ ਹਮ ਠਾਨਾ ॥੨੬॥
ਸ਼੍ਰੀ ਹਰਿ ਗੋਬਿੰਦ ਸੰਗ ਮਿਲੀਜੈ।
ਹਮ ਦਿਸ਼ਿ ਤੇ ਬਹੁ ਧੀਰਜ ਦੀਜੈ।
-ਕਰਹੁ ਨ ਸ਼ੋਕ ਗੁਬਿੰਦ ਗੁਨ ਗਾਵੋ।
ਅਪਰ ਸਰਬ ਕੋ ਕਹੋ ਮਿਟਾਵੋ[1] ॥੨੭॥ [1]ਕਹਿਕੇ (ਸ਼ੋਕ) ਮਿਟਾਓ।
ਸਾਯੁਧ[1] ਹੋਇ ਤਖਤ ਪਰ ਰਾਜਹੁ। [1]ਸ਼ਸਤ੍ਰਧਾਰੀ।
ਜਥਾ ਸ਼ਕਤਿ ਸੈਨਾ ਸੰਗ ਸਾਜਹੁ।
ਪ੍ਰਥਮ ਚੰਦੂ ਤੇ ਪਲਟਾ[1] ਲੀਜਹਿ। [1]ਬਦਲਾ।
ਹਤਹੁ ਕੁਮੌਤ ਮਹਾਂ ਦੁਖ ਦੀਜਹਿ[†] ॥੨੮॥

[†]ਸਤਿਗੁਰੂ ਜੀ ਖਿਮਾਂ ਦਾ ਘਰ ਹਨ, ਪਲਟੇ ਲੈਣੇ ਦੇ ਸੰਕਲਪ ਉਨ੍ਹਾਂ ਦੇ ਨਹੀਂ। ਹਾਂ ਜੈਸੀ ਕਰਨੀ ਤੈਸੀ ਭਰਨੀ ਇਕ ਅਜ਼ਲੀ ਅਸੂਲ ਹੈ। ਪੂਰਨ ਬ੍ਰਹਮ ਗਜਾਨੀ ਅਜਰ ਜਰਨ, ਖਿਮਾਂ ਦਾ ਘਰ ਕਵਿ ਜੀ ਆਪ ਉਹਨਾਂ ਨੂੰ ਕਹਿ ਰਹੇ ਹਨ, ਫੇਰ ਬਦਲੇ ਲੈਣ ਦੀ ਅਚਾਹਤਾ ਬੀ ਦੱਸੀ ਨੇ, ਕਵਿ ਜੀ ਅੰਕ ੩੮ ਵਿਚ ਕਹਿੰਦੇ ਹਨ:- "ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ"। ਗੁਰੂ ਹਰਿਗੋਬਿੰਦ ਜੀ ਵਿਚ ਬੀਰ ਰਸ ਨੂੰ ਸ਼ਾਂਤਿ ਰਸ ਦੀ ਰੱਖਯਾ ਲਈ ਤੇ ਪਰਜਾ ਦੇ ਭਲੇ ਤੇ ਬਦੀ ਨੂੰ ਤਾੜਨ ਤੇ ਦੁਖੀਆਂ ਨੂੰ ਸੁਖ ਦੇਣ ਲਈ ਉਦੇ ਕਰਨਾ ਹੋਰ ਬਾਤ ਹੈ; ਦੇਖੋ ਇਸੇ ਰਾਸਿ ਦੇ ਅੰਸੂ ੪੨ ਅੰਕ ੧੨ ਦੀ ਤੇ ਅੰਸੂ ੪੬, ਅੰਕ ੧੪ ਦੀ ਹੇਠਲੀ ਟੂਕ।

ਸ਼੍ਰੀ ਗੁਰੁ ਅਮਰਦਾਸ ਕੀ ਅੰਸ।

ਨਿਕਟ ਹਕਾਰੋ ਕੁਲ ਅਵਿਤੰਸ਼[1]।
ਪ੍ਰਥਮ ਰੀਤਿ ਕਰਿ ਲੀਜਹਿ ਟੀਕਾ।
ਸਕਲ ਬਡਿਨਿ ਸੰਗ ਕਹਿ ਬਚ ਨੀਕਾ ॥੨੯॥

[1]ਸ਼ਿਰੋਮਣ।

ਬ੍ਰਿਧ ਆਦਿਕ ਸਿੱਖਨਿ ਸਨਮਾਨਹੁ।
ਗੁਰੁਨਿ ਕੀ ਰੀਤਿ ਪ੍ਰਮਾਨਹੁ[1]।
ਨਈ ਰੀਤਿ ਇਕ ਰਣ ਕੀ ਕੀਜਹਿ।
ਅਪਰ ਪ੍ਰਥਮ ਸਮ ਗਤੀ ਚਲੀਜਹਿ- ॥੩੦॥

[1]ਭਲੀ ਤਰ੍ਹਾਂ ਮੰਨੋ।

ਦਾਹ ਦੇਹਿ ਨਹਿਂ ਕਰਿਹੁ ਹਮਾਰੀ।
ਦਿਹੁ ਪ੍ਰਵਾਹ ਇਸ ਸਲਿਤਾ ਬਾਰੀ[1]।
ਦਰਸ਼ਨ ਹਮਰੋ ਇਹ ਦਰਿਆਉ।
ਉੱਤਰ ਦਿਸ਼ਿ ਸਿਰ ਦੱਛਣ ਪਾਉ' ॥੩੧॥

[1]ਨਦੀ ਦੇ ਜਲ ਵਿਚ।

ਏਕ ਰਬਾਬੀ ਤਬਿ ਚਲਿ ਆਯੋ।
ਹਾਥ ਦੁਤਾਰਾ ਗੁਰੁ ਦਰਸਾਯੋ।
ਕਹਯੋ ਤਾਂਹਿ ਕੋ 'ਕਿਰਤਨ ਕਰਹੁ।
ਸਲਿਤਾ ਤੀਰ ਰੁਚਿਰ ਥਲ ਥਿਰਹੁ' ॥੩੨॥

ਗੁਰੁ ਪਛਾਨੇ ਬੰਦਨ ਕੀਨਿ।
ਗਾਵਨਿ ਲਗਯੋ ਸ਼ਬਦ ਰਸ ਭੀਨ।
ਬ੍ਰਹਮਾਦਿਕ ਲਖਿ ਕਰਿ ਗੁਰੁ ਤਜਾਰੀ।
ਇੰਦ੍ਰਾਦਿਕ ਸੁਰ ਗੁਰ ਸੁਰ ਝਾਰੀ[1] ॥੩੩॥

[1]ਬ੍ਰਹਸਪਤ ਤੇ ਸਮੂਹ ਦੇਵਤੇ।

ਬਿੱਦਜਾ ਧਰ[1] ਉਤਲਾਵਤਿ ਆਏ।
ਕਿੰਨਰ, ਜੱਛ, ਅਪੱਸਰਾ ਲਜਾਏ।
ਸਕਲ ਬਾਯੁ ਗਨ ਸਿੱਧ ਅਰੁ ਚਾਰਨ[1]।
ਨਭਥਿਤਿ[1] 'ਜੈ ਜੈ' ਕਰਹਿਂ ਉਚਾਰਨਿ ॥੩੪॥

[1]ਦੇਵਤਿਆਂ ਦੀ ਇਕ ਕਿਸਮ।

[1]ਭੱਟ

[1]ਅਕਾਸ਼ ਵਿਚ ਟਿਕਕੇ।

ਭਯੋ ਬਿਵਾਨ ਸਹਤ ਅਸਮਾਨ।
ਪਸਰੀ ਜਹਿਂ ਕਹਿਂ ਜੋਤ ਮਹਾਨ।
ਗੋਰਖ ਨਾਥ ਲੀਯੇ ਗਨ ਚੇਲਾ।
ਪੀਰ ਅਜ਼ਮਤੀ ਮੇਲਿ ਸਕੇਲਾ ॥੩੫॥
ਗੁਪਤ[1] ਆਇ ਸਭਿ ਮੰਗਲ ਕਰਹਿਂ।

[1]ਗੁਪਤ ਲੋਕ ਦੇ ਵਾਸੀ।

ਪਰਵਾਰਤਿ ਚਹੁੰਦਿਸ਼ਿ ਮਹਿਂ ਥਿਰਹਿਂ।
ਸਤਿਗੁਰੁ ਚਰਿਤ ਕਹੈ, ਕੋ ਸੁਨੈ।
ਬਿਸਮਤਿ ਹੁਇ ਕਰਿ ਉਰ ਮਹਿਂ ਗੁਨੈ ॥੩੬॥
'ਇਨ ਸਮ ਧੀਰਜ ਧਰਨੀ ਮਾਂਹਿ।
ਜਗ ਮਹਿਂ ਅਪਰ ਬਿਚਾਰੀਅਹਿ ਕਾਹਿ।
ਅਜਰ ਜਰਨਿ ਕੀ ਅਵਧਿ ਦਿਖਾਈ।
ਅਛਤਿ[1] ਸ਼ਕਤਿ ਅਤਿ, ਦੁਖ ਅਤਿ ਪਾਈ ॥੩੭॥ [1]ਹੁੰਦਿਆਂ।
ਨਹਿਂ ਸੰਕਪਲ ਰਿਦੇ ਮਹਿਂ ਕੀਨਾ।
ਦੋਖੀ ਕਹੁ ਕਰਿਬੇ ਸੁਖ ਹੀਨਾ।
ਇਨ ਕੀ ਉਪਮਾ ਇਨ ਹੂੰ ਬਨੈ।
ਸਹੀ ਸਜਾਇ ਨ ਆਨੀ ਮਨੈ[1]' ॥੩੮॥ [1]ਨਾ ਲਿਆਂਦੀ ਮਨ ਵਿਚ।
ਅਨਿਕ ਪ੍ਰਕਾਰ ਗਗਨ ਮਹਿਂ ਕਹੈਂ।
-ਅਬਿ ਆਵਹਿਂ- ਸਗਰੈ ਚਿਤ ਚਹੈਂ।
ਸ਼੍ਰੀ ਸਤਿਗੁਰ ਤਬਿ ਕੁਸ਼ਾ ਮੰਗਾਈ†। †ਸਤਿਗੁਰੁ ਜੀ ਇਨ੍ਹਾਂ ਭਰਮਾਂ ਦੇ ਆਪ ਆਪਣੀ ਬਾਣੀ ਵਿਚ ਖੰਡਣਹਾਰ ਹਨ।
ਕਿਸ ਦਿਜ ਕੇ ਘਰ ਤੇ ਸਮੁਦਾਈ ॥੩੯॥
ਆਸਤਰਨ[1] ਅਵਿਨੀ ਪਰ ਕੀਨਾ। [1]ਵਿਛਾਣਵਾ।
ਬਿਸਦ ਚਾਦਰਾ ਊਪਰ ਲੀਨਾ।
ਪੌਢਿ ਗਏ ਆਛਾਦਜੋ ਬਦਨ।
ਗਮਨਿ ਕਰਨਿ ਬੈਕੁੰਠ ਨਿਜ ਸਦਨ ॥੪੦॥
ਤਯਾਗ ਦੇਹਿ ਜਬਿ ਚਢੇ ਬਿਮਾਨਾ।
ਹਨੇ ਡੰਕ ਸੁਰ ਬ੍ਰਿੰਦ ਨਿਸ਼ਾਨਾ[1]। [1]ਧੌਂਸਿਆਂ ਤੇ।
ਮੰਜੁਲ ਫੂਲਨਿ ਅੰਜੁਲ[1] ਡਾਰਹਿਂ। [1]ਚਿੱਟੇ ਫੁਲਾਂ ਦੇ ਬੁੱਕ।
'ਜੈ ਜੈ' ਏਕੋ ਬਾਰ ਉਚਾਰਹਿਂ ॥੪੧॥
ਬਾਰ ਆਰਤੀ ਪੁੰਜ[1] ਉਤਾਰਹਿਂ। [1]ਸਾਰੇ।
ਧੂਪ ਧੁਖਾਵ ਸੁਗੰਧਿ ਬਿਥਾਰਹਿਂ।
ਅਤਿ ਉਤਸਵ ਕੋ ਸਗਰੇ ਧਾਰਹਿਂ।
ਨਮਸਕਾਰ ਕਰ ਬੰਦਿ ਦਿਖਾਰਹਿਂ ॥੪੨॥
ਭਯੋ ਅਕਾਸ਼ ਅਰਣ ਹੀ ਬਰਣਾ[1]। [1]ਲਾਲ ਰੰਗ ਦਾ।

ਪਿਖਤਿ ਲੋਕ ਅਚਰਜ ਉਰ ਕਰਣਾ।
ਸਿਖ ਕੀ ਸੁਤਾ ਜਾਨਿ ਤਬਿ ਗਈ।
ਤ੍ਰਿਣ ਸਮ ਤਨ ਪਰਹਰਿ ਸੰਗ ਭਈ ॥੪੩॥
ਘਰ ਮਹਿਂ ਪਰੀ ਨ ਕਿਨਹੂੰ ਜਾਨੀ।
ਭਈ ਗੁਰੂ ਸੰਗ ਭਾਗ ਮਹਾਨੀ।
ਉਰਧ ਗੁਰੂ ਕੋ ਚਲ੍ਯੋ ਬਿਬਾਨਾ।
ਗਨ ਦੇਵਨਿ ਕੋ ਸੰਗ ਪਯਾਨਾ ॥੪੪॥
ਰਾਗਨਿ ਰਾਚਿ ਅਪਸਰਾ ਨਾਚਹਿ[1]।
ਚਲਹਿਂ ਅਗਾਰੀ ਕੌਤਕ ਮਾਚਹਿ।
ਜਹਿਂ ਲਗਿ ਜਿਸ ਕੀ ਸ਼ਕਤਿ ਪਯਾਨਨਿ।
ਬਹੁਰ ਥਿਰਹਿਂ ਪਿਖਿ ਕਰਿ ਊਚਾਨਨ[1] ॥੪੫॥
ਗੋਰਖ ਆਦਿ ਪੀਰ ਸਭਿ ਮੁਰੇ।
ਬੰਦਨ ਕਰਿ ਕਰਿ ਨਿਜ ਥਲ ਥਿਰੇ।
ਇੰਦ੍ਰ ਆਦਿਕ ਪੁੰਨ ਬੰਦਨ ਧਾਰੀ।
ਹਟੇ ਸੰਗਿ[1], ਗੁਰ ਚਲੇ ਅਗਾਰੀ ॥੪੬॥
ਬ੍ਰਹਮ ਲੋਕ ਲਗਿ ਬ੍ਰਹਮਾ ਸਾਥ।
ਪੁਨ ਆਗੇ ਗਮਨੇ ਗੁਰ ਨਾਥ।
ਅਪਨੇ ਸਦਨ ਬਿਕੁੰਠ ਪਹੂਚੇ।
ਸਰਬ ਲੋਕ ਤੇ ਅਹੈ ਜੁ ਊਚੇ ॥੪੭॥
ਕੇਤਿਕ ਦਿਨ ਸੁਰ ਗਨ ਬਚ ਕਹੈਂ।
ਸਤਿਗੁਰ ਚਰਿਤ ਸੁ ਅਚਰਜ ਅਹੈਂ।
ਜਿਨ ਸਮਾਨਤਾ ਕਰਿਹੈ ਕੋਇ ਨ।
ਭੂਤ ਨ ਭਯੋ ਭਵਿੱਖਜਤਿ ਹੋਇ ਨ ॥੪੮॥ ☞

[1]ਰਾਗ ਰਤਨ ਪਰਵਾਰ ਪਰੀਆਂ' ਤੋਂ ਮੁਰਾਦ ਹੈ।

[1]ਉੱਚਾ ਮੁਖ।

[1]ਨਾਲੋਂ ਮੁੜੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੈ 'ਸ੍ਰੀ ਗੁਰੁ ਅਰਜਨ ਸਾਹਿਬ ਜੀ ਪਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

☞ਪਿੱਛੇ ਇਸੇ ਰਾਸਿ ਦੇ ਅੰਸੂ ੨੯ ਅੰਕ ੧੩ ਦੀ ਟੂਕ ਵਿਚ ਦੱਸ ਆਏ ਹਾਂ ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਹਿਜ਼ਾਦੇ ਖੁਸਰੋ ਨੂੰ ਰੋਟੀ ਦੇਣੀ ਲਿਖੀ ਹੈ, ਯਥਾ 'ਸੋ ਬਡਾ ਦੁਖੀ ਤਾਂ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜ਼ਿਆਫਤ। ਤਾਂਕੋ ਖਾਨ ਪਾਨ ਸਭ ਦੀਆ।ਨਿਜ ਕਰ ਗੁਜ਼ਰਾਨ ਕਚ ਤਿਨ ਕੀਆ।' ਕਿਸੇ ਨੇ ਉਸ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ, ਸੋ ਇਹ ਗੱਲ ਕਿ ਸਚ ਮੁਚ ਗੁਰੂ ਜੀ ਨੂੰ ਖੁਸਰੋ ਮਿਲੇ ਨਿਸਚੇ ਸਿੱਧ ਕਿਸੇ ਨਹੀਂ ਕੀਤੀ।

ਪਰੰਤੂ ਜੇ ਇਹ ਗਲ ਸੀ ਬੀ ਹੋਵੇ ਤਾਂ ਕੋਈ ਅਨੋਖੀ ਗਲ ਨਹੀਂ। ਸਤਿਗੁਰਾਂ ਨੂੰ ਸਭ ਮਿਲਨੇ ਵਾਲੇ ਲੰਗਰੋਂ ਪ੍ਰਸ਼ਾਦ ਛਕਦੇ ਸਨ, ਅਕਬਰ ਪਾਤਸ਼ਾਹ ਨੇ ਵੀ ਸਤਿਗੁਰਾਂ ਦੇ ਗ੍ਰਿਹਿ ਦਾ ਓਗਰਾ ਛਕਿਆ ਸੀ। ਹਰੀ ਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸ਼ਾਦ ਛਕਿਆ ਸੀ। ਸੋ ਜਿਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜਾਤ ਜਨਮ ਤੇ ਕਰਮ ਕੁਲ ਦੇ ਸਭਨੂੰ ਰੋਟੀ ਮਿਲਦੀ ਸੀ, ਉਥੇ ਜੇ ਸ਼ਾਹਜ਼ਾਦੇ† ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿੱਤੀ ਤਾਂ ਅਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੁਹਰੇ ਰੱਖਣਾ ਹੈ, ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ, ਹਉਮੈਂ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹਾਂ ਨੇ ਜੇ ਨਹੀਂ ਸਮਝਣਾਂ ਤਾਂ ਨਾ ਸਮਝਣ। ਬਾਕੀ ਰਹੀ ਅਸਲ ਗਲ ਸੋ ਇਉਂ ਜਾਪਦੀ ਸੀ ਕਿ ਮੁਸਲਮਾਨ ਦੋਖੀਆਂ ਨੇ ਜੋ ਸਿੱਖੀ ਪ੍ਰਚਾਰ ਨਾਲ ਖੁਣਸ ਖਾ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਤੋਂ ਵਧੇਰੇ ਦੁਖੀ ਸਨ, ਅਤੇ ਚੰਦੂ ਵਰਗੇ ਸੁਆਰਥੀਆਂ ਨੇ ਪਾਤਸ਼ਾਹ ਨੂੰ ਕੋਲੋਂ ਪਾ ਪਾ ਕੇ ਅਤੇ ਆਪਣੇ ਰੰਗਾਂ ਵਿਚ ਗੱਲਾਂ ਦੱਸਣੀਆਂ ਹੀ ਸਨ। ਕਿਸੇ ਕਿਹਾ 'ਖੁਸਰੋ ਦੇ ਹਕ ਵਿਚ ਦੁਆ ਕੀਤੀ' (ਦੇਖੋ ਦਬਿਸਤਾਨ ਮਜ਼ਾਹਬ) ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖਾਸ ਤਰ੍ਹਾਂ ਦਾ ਵਰਤਾਉ ਕੀਤਾ।' ਤਿਲਕ ਵਾਲੀ ਗਲ ਬੀ ਬਨਾਵਟੀ ਚੁਗਲੀ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਸੀ ਤਿਲਕ ਨਹੀਂ ਦਿੱਤਾ, ਇਕ ਰਾਜਾ ਤੀਸਰੇ ਸਤਿਗੁਰਾਂ ਪਾਸ, ਇਕ ਪੰਜਵੇਂ ਗੁਰਾਂ ਪਾਸ ਆਇਆ ਸੀ, ਕਿਸੇ ਨੂੰ ਤਿਲਕ ਨਹੀਂ ਦਿੱਤਾ। ਸੋ ਇਹ ਬੀ ਠੱਪੀ ਹੋਈ ਉਜ ਹੀ ਸੀ।

†ਮੈਕਾਲਫ ਲਿਖਦਾ ਹੈ ਕਿ ਅਕਬਰ ਨੇ ਤਖਤ, ਖੁਸਰੋ ਅਪਣੇ ਪੋਤੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖਤ ਸਾਂਭ ਲਿਆ ਸੀ, ਇਸ ਕਰਕੇ ਸ਼ਾਹਜ਼ਾਦਾ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਤੇ ਅਫਗਾਨਸਤਾਨ ਮੈਂ ਲੈ ਲਵਾਂ।

ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਮਗਰੋਂ ਜੋ ਪਾਤਸ਼ਾਹ ਨੇ ਚੰਦੂ ਨੂੰ ਹਵਾਲੇ ਕਰ ਦਿੱਤਾ ਸੀ, ਇਸ ਗੱਲ ਤੋਂ ਉਸ ਨੂੰ ਨਿਰਦੋਸ਼ ਮੰਨਕੇ ਸ਼ਰਧਾਲੂ ਬੀ ਮੰਨ ਲਿਆ। ਪਰ ਜਹਾਂਗੀਰ ਦੀ ਲਿਖਤ ਦਸਦੀ ਹੈ ਕਿ ਉਸ ਦੇ ਜੀ ਵਿਚ ਸਖਤ ਤਅੱਸਬ ਭਰਿਆ ਪਿਆ ਸੀ ਉਹ ਆਪ ਵੀ ਲਿਖੀ ਤੌਜ਼ਕ ਜਹਾਂਗੀਰੀ ਵਿਚ ਲਿਖਦਾ ਹੈ:-

"ਦਰ ਗੋਇੰਦਵਾਲ ਕਿ ਬਰ ਕਨਾਰੇ ਦਰਯਾਇ ਬਿਆਸ ਵਾਕਿਆਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ ਓ ਸ਼ੈਖੀ, ਚੁਨਾਂਚਿ ਬਿਸੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਯਦ ਅਤਵਾਰੋ ਔਜ਼ਾਏ ਖ਼ੁਦ ਸਾਖ਼ਤਹ ਕੋਸਿ ਪੀਰੀਓ ਵਲਾਇਤ ਰਾ ਬੁਲੰਦ ਆਵਾਜ਼ਹ ਗਰਦਾਨੀਦਹ ਬੂਦ। ਓ ਰਾ ਗੁਰੂ ਮੇ ਗੁਫ਼ਤੰਦ। ਵ ਅਜ਼ ਇਤਰਾਫੋ ਜਵਾਨਬ ਗ਼ੋਲਾਨੋ ਗ਼ੋਲ ਪ੍ਰਸਤਾਨੇ ਬਦ ਰਜੂਅ ਆਵੁਰਦਹ ਇਅ਼ਤਕ਼ਾਦੇ ਤਮਾਮ ਬ-ਓ ਇਜ਼ਹਾਰ ਮੇ ਕਰਦੰਦ। ਅਜ਼ ਸਿਹ ਚਹਾਰ ਪੁਸ਼ਤੇ ਓ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁੱਦਤ ਹਾ ਬਖ਼ਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨਿ ਬਾਤਿਲ ਰਾ ਬਰ ਤਰਫ ਬਾਇਦ ਸਾਖਤ ਯਾ ਓ ਰਾ ਦਰ ਜਿਰਗਹ ਏ ਅਹਿਲਿ ਇਸਲਾਮ ਦਰ ਬਾਇਦ ਆਵੁਰਦ"।

ਅਰਥਾਤ- 'ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬਿਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸਾਸੁ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੱਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ

ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ।'

ਇਹ ਉਸ ਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋਂ ਤੋਂ ਸੀ, 'ਦੂਰ ਕਰ ਦੇਵਾਂ ਅਰਥਾਤ ਮੂਲੋਂ ਮਿਟਾ ਦੇਵਾਂ ਯਾ ਇਸਲਾਮ ਵਿਚ ਦਾਖਲ ਕਰ ਲਵਾਂ' ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸ ਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿੱਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਏਹ ਸੁਣੇ ਸੁਣਾਏ ਖਿਆਲ ਸਨ, ਜੋ ਗ਼ਾਲਬਨ ਚੁਗਲਖ਼ੋਰਾਂ ਦੇ ਪੁਚਾਏ ਹੋਏ ਸਨ। ਆਪੂੰ ਉਸ ਨੇ ਕੋਈ ਖੇਚਲ ਕਰਕੇ ਤਜਰਬਾ ਥੋੜਾ ਕੀਤਾ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਸੋ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕਹਿ ਹੋ ਸਕਦੀ ਹੈ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸ ਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਤਅੱਸਬ ਦੀ।

ਫਿਰ ਪਾਤਸ਼ਾਹ ਲਿਖਦਾ ਹੈ ਕਿ:- "ਤਾ ਆਂਕਿ ਦਰ ਈਂ ਅੱਯਾਮ ਖ਼ੁਸਰੋ ਅਜ਼ਾਂ ਰਾਹ ਅ਼ਬੂਰ ਮੇਂ ਨਮਦ। ਈਂ ਮਰਦਕਿ ਮਜਹੂਲ ਇਰਾਦਹ ਕਰਦ ਕਿ ਮੁਲਾਜ਼ਮਤੇ ਓਰਾ ਦਰ ਯਾਬਦ। ਦਰ ਮੰਜ਼ਲੇ ਕਿ ਜਾ ਵ ਮੁਕਾਮਿ ਓ ਬੂਦ ਖ਼ੁਸਰੋ ਰਾ ਨਜ਼ੂਲ ਉਫਤਾਦ, ਆਮਦਹ ਓਰਾ ਦੀਦ, ਵ ਬਾਜ਼ੇ ਮੁਕੱਦਿਮਾਤ ਫ਼ਰਾ ਯਾਫ਼ਤਹ ਬਓ ਰਸਾਨੀਦ ਵਾ ਬਰ ਪਸ਼ਾਨੀਏ ਓ ਅੰਗੁਸ਼ਤੇ ਅਜ਼ ਜ਼ਅਫ਼ਰਾਨ ਕਿ ਬ-ਇਸਤਲਾਹ ਹਿੰਦੂਵਾਨ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੇ ਦਾਨੰਦ। ਚੂੰ ਈਂ ਮੁਕੱਦਿਮਾ ਬ-ਮੁਸਾਮਿਅ਼ ਜਾਹੋ ਜਲਾਲ ਮੇ ਰਸਦ ਵ ਬੁਤਲਾਨਿ ਓਰਾ ਬ ਵਜਹ ਅਕਮਲ ਮੇ ਦਾਨਿਸਤਮ ਅਮਰ ਕਰਦਮ ਕਿ ਓਰਾ ਹਾਜ਼ਿਰ ਸਾਖ਼ਤੰਦ ਵਾ ਮਸਾਕਨੋ ਮਨਾਜ਼ਲੋ ਫਰਜ਼ੰਦਾਨੇ ਓ ਰਾ ਬ-ਮੁਰਤਜ਼ਾ ਖ਼ਾਨ ਇਨਾਇਤ ਨਮੂਦਮ ਵ ਅਸਬਾਬੋ ਅਮਵਾਲੇ ਓਰਾ ਬਕੈਦਿ ਜ਼ਬਤਦਰ ਆਵੁਰਦਹ ਫਰਮੂਦਮ ਕਿ ਓਰਾਬ-ਸਿਆਸਤਬ-ਯਾਸਾ† ਰਾਸਾਨੰਦ।"

† 'ਯਾਸਾ' ਤੁਰਕੀ ਲਫਜ਼ ਹੈ, ਅਰਥ ਹੈ-ਕਤਲ ਕਰਨਾ, ਲੁੱਟਣਾ, ਬਦਲਾ ਲੈਣਾ।

ਅਰਥਾਤ- 'ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ..... ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾ ਉੱਤੇ ਜਿਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁੱਤ੍ਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਕੀਤਾ ਕਿ ਉਸ ਨੂੰ ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।'

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ ਜਿਸ ਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ, ਜੋ ਆਪ ਮੰਨਦਾ ਹੈ ਕਿ ਪਹਿਲੋਂ ਤੋਂ ਉਨ੍ਹਾਂ ਦੇ ਝੂਠ ਨੂੰ ਪੂਰੀ ਤਰ੍ਹਾਂ ਜਾਣਦਾ ਸਾਂ, ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਹੈ ਤੇ ਜੋ ਪਹਿਲਾਂ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ ਯਾ ਦਾਖਲ ਇਸਲਾਮ ਕਰ ਲਵਾਂ, ਸੋ ਇਸ ਬੇਹੂਦਾ ਦੋਸ਼ ਵਿਚ ਮੌਕਾ ਸਮਝ ਕੇ ਅਤਯਾਚਾਰ ਦਾ ਹੁਕਮ ਦੇ ਦਿੱਤਾ। ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣਕੇ ਹੀ ਆਪਣੇ ਪਹਿਲੇ ਬਣੇ ਤਅੱਸਬ ਵਿਚ ਗੁੱਸਾ ਖਾ ਕੇ ਹੁਕਮ ਦੇ ਦਿੱਤਾ ਹੈ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਪੈਂਦਾ ਹੈ ਕਿ ਸਤਿਗੁਰੂ ਜੀ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ ਹੈ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨ ਹਾਕਮਾਂ, ਚੰਦੂ ਤੇ ਪ੍ਰਿਥੀਏ ਯਾ ਉਸ ਦੇ ਪਰਵਾਰ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ:-

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰ ਪੈਂਦਾ ਹੈ। ਰਸਤੇ ਵਿਚ ਖੁਸਰੋ ਦੇ ਠਹਿਰਨ, ਕਿਸੇ ਤੋਂ ਮਦਦ ਮਿਲਣ ਤੇ ਅਗੇ ਭੱਜੇ ਜਾਣ ਦੀ ਖ਼ਬਰ ਉਸ ਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸ ਨੂੰ ਪਤਾ ਲਗਦਾ ਹੈ ਕਿ ਪੀਰ ਥਾਨੇਸਰੀ ਨੇ ਖੁਸਰੋ ਨੂੰ ਮਦਦ ਦਿੱਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸ਼ੇਖ ਨਿਜ਼ਾਮ ਥਾਨੇਸਰੀ ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦੇਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿੱਤੋ ਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਏਹ ਗੱਲਾਂ ਸੁਣ ਚੁਕਾ ਸਾਂ ਸੋ ਮੈਂ ਉਸ ਨੂੰ ਰਸਤੇ ਦਾ ਖਰਚ ਦੇਕੇ ਮੱਕੇ ਨੂੰ ਟੋਰ ਦਿੱਤਾ†।"

†ਪਾਤਸ਼ਾਹ ਦੀ ਇਹ ਲਿਖਤ ਬੀ ਦੱਸਦੀ ਹੈ ਕਿ ਇਕ ਮੁਸਲਮਾਨ ਪੀਰ ਨੂੰ ਖੁਸਰੋ ਨੂੰ ਗੁਮਰਾਹ ਕਰਨ ਦੇ ਅਪ੍ਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖਰਚ ਬੀ ਕੋਲੋਂ, ਤੇ ਗੁਰੂ ਜੀ ਨੂੰ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ (ਤੇ ਤਹਕੀਕਾਤ ਬੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦੇਂਦਾ ਹੈ। ਇਸਤੋਂ ਬੀ ਸਾਬਤ ਹੋ ਗਿਆ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਣ ਪਾਤਸ਼ਾਹ ਦਾ ਇਸਲਾਮੀ ਤਅੱਸਬ ਹੈਸੀ ਤੇ ਉਤੋਂ ਖੁਸਰੋ ਦੀ ਸੁਣੀ ਗੱਲ ਦਾ ਗੁੱਸਾ ਬਹਾਨਾ ਬਣ ਗਿਆ ਸੀ।

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਜ਼ੀਕ ਜ਼ੀਉਲਹਜ (ਮੁਤਾਬਕ ੧੫ ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, ੧੭ ਜ਼ੀ: (ਮੁਤਾ: ੧੬ ਅਪ੍ਰੈਲ) ਦੀ ਸਵੇਰੇ ਸੁਲਤਾਨ ਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। ੨੮ ਜ਼ੀ: ਹੱਜ (੨੭ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮, ਗੋਯਾ ਲਗ ਪਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸ਼ਾਹ ਨੂੰ ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ, ਹੁਣ ੧੨ ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ? ਇਹ ਹੋ ਨਹੀਂ ਸਕਦਾ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖਬਰ ਨਾ ਮਿਲਦੀ। ਪਾਤਸ਼ਾਹ ਦੇ ਸੂੰਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ ਲੈਣ ਤੇ ਉਸਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨ ਪੁਰ, ਗੋਇੰਦਵਾਲ ਤੇ ੧੨ ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ।

੨੯ ਜ਼ੀ: ਹਜ (੨੮ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਹਾਰ ਖਾਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫ਼ਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ ਜੋ ਗ੍ਰਿਫ਼ਤਾਰ ਸਨ ਸੂਲੀ ਦਿੱਤੇ ਗਏ†। ਪਾਤਸ਼ਾਹ ੯ ਮੁਹੱਰਮ (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪ੍ਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ

ਖਿਦਮਤਾਂ ਕੀਤੀਆਂ ਸਨ ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖੁਸਰੋ ਦਾ ਮਾਲਾ ਮੁੱਕ ਚੁਕ ਗਿਆ, ਦੋਸ਼ੀ ਚੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫ਼ਤਾਰ ਹੋ ਗਏ ਸਨ ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇਕੇ ਯਾ ਲਾਲਚ ਪੇਸ਼ ਕਰ ਕਰਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ ੯ ਤੋਂ ਬਾਦ ੨੨ ਤਾਰੀਖ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁਕੇ ਨੂੰ ੧੩ ਕੁ ਦਿਨ ਹੋਰ ਉਪਰ ਲੰਘ ਗਏ ਹਨ। ੨੨ ਤਾਰੀਖ ਮੁਹੱਰਮ (੨੦ ਮਈ) ਤੋਂ ਬਾਦ ਕਿਸੇ ਦਿਨ‡ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਅਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤੱਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਜ ਘੜੀ ਤੇ ਤਅੱਸਬ ਭਰੇ ਅਫਸਰਾਂ ਦੇ ਰਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਓਹ ਅਗੇ ਹੀ ਤਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿੱਤੀ।

†ਐਲਫਿਨਸਟੋਨ ੭੦੦ ਲਿਖਦਾ ਹੈ। ‡ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤ੍ਰੈ ਚਾਰ ਦਿਨ ਦੇ ਤਸਦੀਹੇ ਹਨ। ਇਕ ਅੱਧ ਦਿਨ ਪਹਿਲੇ ਖਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖਬਰ ਮਿਲੀ ਸਮਝੋ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਸਹੀ ਹੋ ਜਾਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਹੈ† ਕਿ ਜੋ ਸਜ਼ਾ ਚਾਹੋ ਦਿਓ‡ ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ ਤਾਂ ਹੀ ਚੰਦੂ ਨੂੰ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

†ਬਾਦਸ਼ਾਹ ਬਾਜੂਏ ਦੀਵਾਨ ਹਵਾਲਾ ਨਮੂਦ। [ਉਮਦਹਤੁੱਤਵਾਰੀਖ]। ‡ਤਾ:-ਪੰਜਾਬ-ਕਨ੍ਹੱਯਾ ਨਾਲ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੈ ਦੇ ਲਓ ਪੱਕੀ ਦਲੀਲ ਹੈ ਇਸ ਗੱਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ ਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਊਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ† ਤੇ ਪਿੱਛੋਂ ਵਹਿਸ਼ੀਆਨਾ ਤਸਦੀਹੇ ਦਿਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ, ਪਰ ਇਹ ਟੋਲ ਇਹ ਗੱਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰ ਜੀ ਦਾ ਕੋਈ ਸੰਬੰਧ ਖੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਤੇ ਪਾਤਸ਼ਾਹ ਦੇ ਕੱਚੇ ਦਿਲ ਨੂੰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

†ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗੰਮਾਸ਼ੀਆਂ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜ਼ਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋ ਕਰ ਗੁਰੂ ਜੀ ਕੀ ਤਲਬੀ ਬਮਕਾਮ ਲਾਹੌਰ ਹੋਈ। [ਤਾਰੀਖੇ ਪੰਜਾਬ ਲਿਖਤ ਰਾ: ਸਾ: ਕੰਨ੍ਹਯਾ ਲਾਲ]

ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਮਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖਤ ਜ਼ਾਲਮਾਨਾਂ ਸਨ। ਉਸ ਦੀ ਨਰਮੀ ਨਿਆਂ ਤੇ ਅਤਯਾਚਾਰ ਸਾਰੇ ਇਕੱਠੇ ਉਸ ਵਿਚ ਸੇ। ਤੌਜ਼ਕਿ ਜਹਾਂਗੀਰੀ ਦਾ ਮੁਤਰੱਜਮ 'ਰਾਜਰਸ' ਕਹਿੰਦਾ ਹੈ "ਜਹਾਂਗੀਰ ਅਜੀਬ ਮਿਲਗੋਭਾ ਸੀ, ਉਹ ਖੜਾ ਹੋ ਕੇ ਆਪਣੇ ਸਾਹਮਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲੁਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਇਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋਂ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿੱਤੀਆਂ ਕਿਉਂਕਿ ਉਹ ਬੇ-ਮੌਕਿਆ ਪਾਤਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਵਾਰ ਦੀਆਂ ਸ਼ਾਮਾਂ ਉੱਚੀਆਂ ਗੁਫਤਗੂਆਂ ਵਿਚ ਖਰਚ ਕਰ ਸਕਦਾ ਸੀ। ਉਹ (ਜਹਾਂਗੀਰ) ਅੱਬੁਲ ਫਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾ ਪਛਤਾਵੇ ਦੇ ਇਸ ਕਰਤੂਤ ਨੂੰ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲਗਦਾ ਵੇਖਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲ ਕਰਦਾ ਸੀ, ਪਰ ਉਹਨਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜਕੇ ਪੁਸ਼ਕਰ ਵਿਚ ਸੁਟਵਾ ਦਿਤੀ ਸਾਸੁ।"

ਐਲਫਿਨਸਟਨ ਲਿਖਦਾ ਹੈ:-"ਖੁਸਰੋ ਦੇ ਖਾਸ ਸਲਾਹਕਾਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸ ਨੂੰ ਉਹਨਾਂ ਪਰ ਆਪਣੇ ਆਚਰਨ ਦਾ ਵਹਿਸ਼ੀਪਨਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ (Impale) ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ, ਉਹ (ਜਹਾਂਗੀਰ) ਆਪਣੀ ਤੌਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਿਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਦੇ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ" ਆਦਿ।

ਗੁਰੂ ਜੀ ਪਰ ਊਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ:-

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰ ਫੇਰ ਚੱਕਿਆ।†ਇਸ ਤਰ੍ਹਾਂ ਦੇ ਦੋਸ਼ ਲਾਕੇ ਚੰਦੂ ਨੇ ਪਾਤਸ਼ਾਹ ਨੂੰ ਗੁਰੂ ਅਰਜਨ (ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖ਼ਰ ਬਦਲਾ ਲੈਣ ਦਾ ਸਮਾਂ ਉਸ ਨੂੰ ਮਿਲ ਹੀ ਪਿਆ।

†ਉਮਦਹ ਤੁੱ ਤਵਾਰੀਖ ਵਿਚ ਗੁਰੂ ਜੀ ਪਰ ਊਜਾਂ ਥੱਪਣ ਦਾ ਜ਼ਿਕਰ ਇਸ ਪ੍ਰਕਾਰ ਹੈ:-

(ਦੀਵਾਨ ਚੰਦੂ) ਦਰ ਖ਼ਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ ਨਮੂਦ ਕਿ ਸ਼ਖਸੇ ਬਇਸਮ ਗੁਰੂ ਅਰਜਨ ਨਾਮ ਬਾਇਸ ਬਰ ਈਜਾਦ ਵ ਤਕਵੀਨੇ ਫਿਰਕਾ ਸਾਲਸ ਅਜ਼ਮਿਯਾਨੇ ਹਨੂਦ ਵ ਮੁਸਲਮਾਨੀ ਗਰਦੀਦਹ ਅਕਸਰੇ ਸੁਨਨ ਦਲਾਇਲੇ ਇਸਲਾਮ ਵਾ ਮਹਵ ਵ ਮਨਸੀ ਗਰਦਾਨੀਦਹ ਵ ਕੁਵਾਇਮ ਵ ਆਸਾਸ ਅਰਕਾਨ ਮੁਸਲਮਾਨੀ ਤਫ਼ਾਵਤ ਵ ਖਲਲੇ ਅਜ਼ੀਮ ਰਾਹਯਾਬ ਗਸ਼ਤਹ ਵ ਹਰ ਰੋਜ਼ ਚੰਦੇ ਅਜ਼ ਹਨੂਦਾਨ ਵਗੈਰਾ ਰਬਕਹ ਇਤਾਇਤ ਵ ਇਨਕਯਾਦੇ ਗੁਰੂ ਮੌਸੂਫ ਦਰ ਰਕਬਾ ਜਾਨ ਮੇ ਅੰਦਾਜ਼ੰਦ, ਅਗਰ ਹਜ਼ਰਤ ਖ਼ੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫੀਹਾ ਦਰ ਸੂਰਤੇ ਬਾਅਦ ਅਜ਼ ਮੁਰੂਰ ਮੁੱਦਤੇ ਕਲੀਲ ਦਰ ਅਰਾਕੀਨੇ ਸਲਤਨਤ ਵ ਅਸਾਤੀਨੇ ਖਿਲਾਫ਼ਤ ਜਹਾਂ ਬਾਨੀ ਇਨਹਦਾਮ ਵ ਇਨਅਦਾਮ ਰੌਣਕ ਬਰੂਜ਼ ਖ਼ਾਹਦ, ਬੰਦਹ, ਮਹਜ਼ ਅਜ਼ ਰਾਹੈ ਖੈਰ ਅੰਦੇਸ਼ੀ ਦਰ ਤਰੀਕੇ ਗ਼ੁਲਾਮੀ ਗੁਜਾਰਸ਼ ਈ ਮੁਕੱਦਮਹ ਨਮੂਦਾ ਅਸਤ।...... ਪਾਦਸ਼ਾਹ ਅਜ਼ ਰਾਹੋ ਜ਼ਹੂਲਤ ਵ ਗ਼ਫਲਤੇ ਇਨਸਾਨੀ ਕਿ ਅਜ਼ ਸਮ੍ਹ ਦਰਜਾ ਵ ਅਲੁਵ ਮਰਤਬਾ ਈਂ ਕੁਬਾ ਆਲੀਆ ਫੁਕਰਾ ਵ ਮੁਤਲਅ ਨਬੂਦ ਬਾਮਆਲ ਨਜ਼ਰ ਦਰੀ ਮੁਕੱਦਮਾ ਤਫ਼ਹਸ ਵ ਤਜਸਸ ਨ ਨਮੂਦਹ ਬਰ ਜ਼ੁਬਾਂ ਆਵੁਰਦ ਕਿ ਹੋਰ ਕਿਸਮ ਕਿ ਮੁਨਾਸਬ ਬੂਦਹ ਬਸਜਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮ ਬਾਦਸ਼ਾਹੀ ਅਜ਼ ਤਾਈਦਾਤੇ ਏਜ਼ਦ ਬੈਚੂੰ ਤਸੱਵਰੀਦਹ ਵ ਦਰ

ਇਨਹਮਾਕ ਵ ਇਨਮਹਾਕੇ ਖੇਸ਼ ਨਜ਼ਰ ਨ ਕਰਦਹ ਆਂ ਚੁਨਾਂ ਮਕੱਦਮਾ ਨਾ ਸ਼ਾਇਸਤਹ ਨੁਮਾਇਆਂ ਕਰਦ ਕਿ ਕਲਮ ਦਰ ਤਹਿਰੀਕੇ ਆ ਖ਼ੁੰ ਫਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ। [ਦਫਤਰ ਅੱਵਲ ਪੰਨਾ ੩੪] -(ਦੀਵਾਨ ਚੰਦੂ ਨੇ) ਜਹਾਂਗੀਰ ਬਾਦਸ਼ਾਹ ਦੀ ਖਿਦਮਤ ਵਿਚ ਦੱਸਿਓ ਸੁ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿਤੇ ਗਏ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਜੀ ਤਾਬਿਆਦਾਰੀ ਦੀ ਰਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿੱਖ ਬਣ ਰਹੇ ਹਨ)। ਜੇ ਕੋਈ ਹਜ਼ੂਰ ਆਪ ਇਹਦਾ ਬੰਦੋਬਸਤ ਕਰਨ ਤਾਂ ਚੰਗਾ ਹੈ ਨਹੀਂ ਤਾਂ ਇਸ ਤੋਂ ਪਿਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਥੰਮ ਗਿਰ ਜਾਏਗਾ। ਮੈਂ ਗ਼ੁਲਾਮ ਹੋਣ ਕਰਕੇ ਸਿਰਫ ਸ਼ੁਭਚਿੰਤਕਤਾ ਤੋਂ ਇਸ ਮਾਮਲੇ ਬਾਬਤ ਬੇਨਤੀ ਕੀਤੀ ਹੈ।...... ਬਾਦਸ਼ਾਹ ਨੇ ਮਨੁੱਖੀ ਭੁੱਲ ਜਾਣ ਦੇ ਸੁਭਾਵ ਤੇ ਬੇ-ਪ੍ਰਵਾਹੀ ਤੋਂ ਕਿ ਗੁਰੂਆਂ ਦੇ ਇਸ ਉੱਚੇ ਦਰਜੇ, ਵਡੇ ਮਰਤਬੇ ਵਾਲੇ ਫਕੀਰਾਂ ਦੇ ਸਿਰਤਾਜਾਂ ਦੇ ਹਾਲ ਤੋਂ ਵਾਕਫ ਨਹੀਂ ਸੀ, ਦੂਰ ਦੀ ਨਜ਼ਰ ਨਾਲ ਇਸ ਗੱਲ ਦੀ ਖੋਜ ਪੜਤਾਲ ਕੀਤੇ ਬਿਨਾਂ ਕਹਿ ਦਿੱਤਾ ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਬ ਹੋਵੇ ਦਿੱਤੀ ਜਾਏ। ਗੁਮਰਾਹ ਹੋਏ ਹੋਏ ਦੀਵਾਨ ਨੇ ਬਾਦਸ਼ਾਹ ਦੇ ਵਲੋਂ ਦਿੱਤੇ ਗਏ ਇਸ ਹੁਕਮ ਨੂੰ ਗ਼ੈਬੀ ਮਦਦ ਜਾਣਿਆ, ਆਪਣੀ ਬਾਬਤ ਲੰਮੀ ਸੋਚ ਤੋਂ ਕੰਮ ਨਾ ਲੈਕੇ ਇਸ ਤਰ੍ਹਾਂ ਦੀ ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਲਿਖਣ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਜਾਂਦੀ ਹੈ।

ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ ਤੇ ਦਬਿਸਤਾਨ ਲਿਖਦਾ ਹੈ ਕਿ ਭਾਰੀ ਜੁਰਮਾਨਾ ਕੀਤਾ, ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ, ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਧਾਰਣ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦਾ ਹੁਕਮ ਦਾ ਪਤਾ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

ਬਾਕੀ ਰਹੀ ਇਡੇ ਕਰੜੇ, ਤਸੀਹਿਆਂ ਵਿਚ ਜੋ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟ ਵਰਤੀ, ਸੱਚੇ ਮਹਾਂ ਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿੱਖਾਂ ਤੋਂ ਅੱਖੀਂ ਡਿੱਠੀ ਸੁਣਕੇ ਇਉਂ ਦਿੱਤੀ ਹੈ:-

ਰਹਿੰਦੇ ਗੁਰੁ ਦਰੀਆਉ ਵਿਚ ਮੀਨ ਕੁਲੀਨ ਹੇਤ ਗੁਰਬਾਣੀ।
ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।
ਸ਼ਬਦ ਸੁਰਤ ਲਿਵ ਮਿਰਗ ਜਜੋਂ ਭੀੜ ਪਈ ਚਿਤ ਅਵਰ ਨਾ ਆਣੀ।
ਚਰਨ ਕਵਲ ਮਿਲ ਭਵਰ ਜਜੋਂ ਸੁਖ ਸੰਪਟ ਵਿਚ ਰੈਣ ਵਿਹਾਣੀ।
ਗੁਰੁ ਉਪਦੇਸ਼ ਨ ਵਿੱਸਰੈ ਬਾਂਬੀਹੇ ਜਜੋਂ ਆਖਿ ਵਖਾਣੀ।
ਗੁਰਮੁਖ ਸੁਖ ਫਲ ਪ੍ਰੇਮ ਰਸ ਸਹਜ ਸਮਾਧਿ ਸਾਧ ਸੰਗ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ ॥ ੨੩ ॥ [ਵਾਰ ੨੪]

\ਅਰਥ:

ਗੁਰੂ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਵਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਤੇ ਸਾਖ੍ਯਾਤਕਾਰ ਹੋ ਰਿਹਾ ਸੀ ਉਸ) ਦਰਸ਼ਨ ਨੂੰ ਦੇਖ ਕੇ ਪਤੰਗੇ ਵਾਂਙੂ ਉਹਨਾਂ ਦੀ ਜੋਤ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸਬਦ ਸੁਰਤ ਵਿਚ ਲਿਵ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ

ਉਹਨਾਂ ਦੇ ਚਿੱਤ ਵਿਚ ਨਹੀਂ ਆਯਾ (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁੱਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਗਈ, ਸਹਜਾਨੰਦ ਵਿਚ ਹੀ ਰਹੇ)। (ਅੰਤਮ ਸ੍ਵਾਸਾਂ ਤਕ ਬੀ) ਬਾਂਬੀਹੇ ਦੀ ਤਰ੍ਹਾਂ ਪੁਕਾਰਕੇ (ਸ਼ਬਦ ਦਾ) ਵੱਖਯਾਨ ਕਰਦੇ ਰਹੇ। ਗੁਰਮੁਖ (ਗੁਰ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ (ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ।)

## ੩੮. [ਸੱਚਖੰਡ ਗਵਨ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਪੰਚਹੁ ਸਿਖ ਪਰਵਾਹ ਕਰਿ,
ਸਤਿਗੁਰ ਤਨ ਤਿਸ ਕਾਲ।
ਮੰਦ ਮੰਦ ਰੋਦਤਿ ਅਧਿਕ,
ਸੰਕਟ ਪਾਇ ਕਰਾਲ ॥ ੧ ॥

ਚੌਪਈ:

ਕਹਿ ਜੇਠਾ 'ਵਡਹੰਸਹਿ ਗਾਵੋ।
ਗੁਰ ਪ੍ਰਲੋਕ ਭਾ ਸ਼ਬਦ ਸੁਨਾਵੋ।'
ਕਾਰਾਗ੍ਰਹਿ ਥਲ ਪਾਪੀ ਬੈਸੇ।
ਕਰਤਿ ਪ੍ਰਤੀਖਨਿ-ਆਇ ਨ ਕੈਸੇ[1]? [1])ਗੁਰੂ ਜੀ) ਕਿਉਂ ਨਹੀਂ ਆਏ।
॥੨॥
ਬਡੀ ਦੇਰ ਲਾਗੀ ਨਹਿਂ ਆਏ।
ਕਹਾਂ ਭਈ ਗਤਿ? ਲਖੀ ਨ ਜਾਏ-।
ਇਤਨੇ ਮਹਿਂ ਉਤਲਾਵਤਿ ਆਵਾ[1]। [1](ਚੰਦੂ) ਆਇਆ।
ਸੇਵਕ ਸੰਗ ਕਿਤੇ ਕਰਿ ਲਾਵਾ[1] ॥੩॥ [1]ਕਿਤਨੇ ਕੁ ਨਾਲ ਕਰਕੇ।
ਤੂਰਨ ਆਇ ਤੀਰ ਪਰ ਹੇਰੇ।
-ਪਰੇ ਚਾਦਰੇ ਤਾਨਿ ਬਡੇਰੇ।
ਬਹੁ ਦਿਨ ਭਏ ਨ ਸੁਪਤਨਿ ਦੀਨਿ।
ਪਿਖਿ ਅਵਸਰ ਕੋ ਨਿੰਦ੍ਰਾ ਲੀਨਿ ॥੪॥
ਅਬਿ ਸੁਧੋ ਭਾ ਮਾਨਹਿ ਨਾਤਾ।
ਧਰਮ ਜਾਨਿ ਤੇ ਉਰ ਡਰਪਾਤਾ-।
ਨਿਕਟਿ ਗਯੋ ਨਰ ਲੇ ਸਮੁਦਾਏ।
ਸੁਪਤਿ ਜਾਨਿ ਕਰਿ ਦੁਸ਼ਟ ਅਲਾਏ ॥੫॥
'ਕਿਮ ਤੁਮ ਕੋ ਅਬਿ ਨਿੰਦ੍ਰਾ ਆਈ?
ਹੁਇ ਨਿਚਿੰਤ ਸੋਯੋ ਸੁਖ ਪਾਈ।
ਸੁਤਾ ਕੁਮਾਰੀ ਮੈਂ ਨਿਤ ਹੇਰੇ।
ਤਜੀ ਨੀਂਦ ਦਿਨ ਬਿਤੇ ਘਨੇਰੇ' ॥੬॥
ਤਬਿ ਬਿਧੀਏ ਬਹੁ ਰੋਇ ਸੁਨਾਯੋ।
'ਦੁਸ਼ਟ ਪਾਤਕੀ! ਪਾਪ ਕਮਾਯੋ।
ਤੁਵ ਸਿਰ ਚਢੇ ਦੋਸ਼ ਬਡ ਦੈ ਕੈ।

ਗਏ ਪ੍ਰਲੋਕ ਦੇਹਿ ਤਜਿ ਕੈ ਕੈ ॥੭॥
ਕਰਿ ਕੂਰੋ ਮਾਰਹਿਂ ਹਤਿਆਰੇ।
ਬਚਹਿਂ ਨਹੀਂ ਕਰਿ ਜਤਨ ਹਜ਼ਾਰੇ।’
ਕੁਛ ਡਰਪਤਿ ਉਰ ਮਹਿਂ ਬਿਸਮਾਯੋ।
ਤਤਛਿਨ ਹਟਿ ਕਰਿ ਧਾਮ ਸਿਧਾਯੋ ॥੮॥
ਸਦਨ ਰੁਦਨ ਬਡ ਸੁਨ੍ਯੋ ਪੁਕਾਰਾ।
ਚਕਿਤਿ[1] ਚਿੱਤ ਹ੍ਵੈ ਤਬਹਿ ਉਚਾਰਾ। [1]ਹੈਰਾਨ।
‘ਕ੍ਯਾ ਹੋਯਹੁ, ਕ੍ਯੋਂ ਕਰਹੁ ਬ੍ਰਿਲਾਪਾ?
ਕੌਨ ਗਜਬ ਗੁਜ਼ਰ੍ਯੋ ਫਲ ਪਾਪਾ?’ ॥੯॥
ਸੇਵਕ ਆਨਿ ਕਹ੍ਯੋ ਤਤਕਾਲਾ।
‘ਨੁਖਾ ਮ੍ਰਿੱਤੁ ਔਚਕ[1] ਭਾ ਕਾਲਾ।’ [1]ਅਚਾਨਕ।
ਅਨਿਕ ਤਰਕਨਾ ਸੁਨਤਿ ਬਿਚਾਰਹਿ।
-ਬਿਨਾਂ ਰੋਗ ਕਿਮ ਮਰੀ? -ਉਚਾਰਹਿ ॥੧੦॥
ਦੁਖੀ ਬਿਸੂਰਤਿ ਮੂਰਖ ਮਾਨੀ।
ਮਨੋ ਕਸ਼ਟ ਕੀ ਉਪਜਿ ਨਿਸ਼ਾਨੀ।
ਮ੍ਰਿਤਕ ਕ੍ਰਿਯਾ ਕਰਿਵਾਵਤਿ ਭਏ।
ਜਾਰਨਿ[1] ਨਦੀ ਤੀਰ ਲੈ ਗਏ ॥੧੧॥ [1]ਸਾੜਨ ਲਈ।
ਉਤ ਸਤਿਗੁਰੁ ਕੀ ਸੁਧਿ ਬਿਦਤਾਈ।
ਪਰ੍ਯੋ ਰੌਰ ਪੁਨਿ ਨਰ ਸਮੁਦਾਈ।
‘ਗ੍ਰਿਹ ਚੰਦੂ ਕੇ ਗੁਰ ਤਜਿ ਦੇਹਿ[1]।’ [1]ਦੇਹਿ ਛਡ ਦਿੱਤੀ ਹੈ।
ਸੁਨਿ ਸੁਨਿ ਸਿਖ ਨਿਕਸੇ ਤਜਿ ਗ੍ਰੇਹ ॥੧੨॥
‘ਨਦੀ ਤੀਰ ਸ਼੍ਰੀ ਗੁਰੁ ਅਬਿ ਅਹੈਂ।’
ਧਾਇ ਧਾਇ ਮਾਨਵ ਗਨ ਲਹੈਂ।
ਤਜਿ ਤਜਿ ਕਾਜ ਬਨਕ ਬਿਵਹਾਰ।
ਆਵਹਿਂ ਲਾਰਿ ਪਰੇ[1] ਨਰ ਨਾਰਿ ॥੧੩॥ [1]ਕਤਾਰ ਬੰਨ੍ਹਕੇ।
ਭਈ ਭੀਰ ਕੁਛ ਗਿਨੀ ਨ ਜਾਏ।
ਕਿਤਿਕ ਸਮਿੱਗ੍ਰੀ ਲੇ ਕਰਿ ਆਏ।
ਅਤਰ ਫੂਲ ਅੰਬੀਰ ਗੁਲਾਲ।
ਬਰਖਾਵਤਿ ਹੋਈ ਧਰ[†] ਲਾਲ ॥੧੪॥ [†]ਪਾ:-ਘਟ।
ਨਦੀ ਤੀਰ ਥਿਰ ਸਿਖ ਚਲਿ ਆਏ।

ਬਿਧੀ ਚੰਦ ਆਦਿਕ ਦਰਸਾਏ।
ਬੂਝੀ ਸਰਬ ਬਾਰਤਾ ਗੁਰੁ ਕੀ।
ਸਭਿ ਸੋਂ ਕਹੀ, ਕਹੀ ਜਿਮ ਉਰ ਕੀ[1] ॥੧੫॥

[1]ਜਿਵੇਂ (ਗੁਰੂ ਜੀ) ਨੇ ਰਿਦੇ ਵੀ (ਵਾਰਤਾ) ਕਹੀ ਸੀ (ਸੰਗਤ ਲਈ)।

'ਨਹੀਂ ਦੇਹਿ ਕੋ ਦਾਹ ਉਚਾਰਾ।
-ਕਰਹੁ ਪ੍ਰਵਾਹਨਿ ਬਾਰਿ[1] ਮਝਾਰਾ।

[1]ਪਾਣੀ।

ਮੇਰੋ ਦਰਸ਼ਨ ਇਹ ਦਰਿਆਉ।
ਉੱਤਰ ਕੋ ਸਿਰ ਦੱਛਨ ਪਾਉਂ-' ॥੧੬॥
ਸੁਨਿ ਸਿਖ ਸਦਨ ਸਦਨ ਰੁਦਨਾਏ।
ਦੌਰਿ ਦੌਰਿ ਮਿਲਿ ਕੈ ਸਮੁਦਾਏ।
'ਵਾਹਿਗੁਰੂ' ਸਭਿ ਸਦਨ ਕਹੰਤੇ।
ਇਕਠੇ ਭਏ ਅਧਿਕ ਦੁਖਵੰਤੇ ॥੧੭॥
ਤਤਛਿਨਿ ਸੁੰਦਰ ਰਚਜੋ ਬਿਮਾਨਾ।
ਸਿੱਖਨਿ ਖਰਚਜੋ ਦਰਬ ਮਹਾਨਾ।
'ਸਤਿਗੁਰ ਸੇਵ ਜਿ ਹੁਇ ਇਸ ਸਮੈ।
ਬਡੇ ਭਾਗ ਤੇ ਪ੍ਰਾਪਤਿ ਹਮੈਂ ॥੧੮॥
ਫਲ ਅਤੋਟ ਹ੍ਵੈ ਕੌਨ ਸੁ ਜਾਨੈ।'
ਮਿਲਹਿਂ ਪਰਸਪਰ ਏਵ ਬਖਾਨੈਂ।
ਜ਼ਰੀ ਬਾਦਲਾ ਰੇਸ਼ਮ ਚੀਰ।
ਪਰਹਿਂ ਦੁਸ਼ਾਲੇ ਮੋਲ ਗਹੀਰ[1] ॥੧੯॥

[1]ਬਹੁ ਮੁਲੇ।

ਸੇਤ ਬਸਤ੍ਰ ਮਸਰੂ[1] ਬਿਧਿ ਘਨੇ।

[1]ਰੇਸ਼ਮ ਤੇ ਸੂਤ ਦਾ ਰਲਾਕੇ ਬਨਾਇਆ ਧਾਰੀਦਾਰ ਬਸਤ੍ਰ। [ਅ਼: ਮਸ਼ਰੂਅ = ਰੇਸ਼ਮੀ ਸੂਤੀ ਮਿਲਿਆ ਕਪੜਾ]

ਊਪਰ ਪਾਇ ਸ਼ੋਕ ਮਨ ਸਨੇ।
ਸੰਖ ਬ੍ਰਿੰਦ ਭਰਿ ਫੂਕ ਬਜਾਏ।
'ਸ਼੍ਰੀ ਗੁਰੁ ਕੀ ਜੈ' ਊਚ ਸੁਨਾਏ ॥੨੦॥
ਚਾਮਰ ਚਾਰੁ ਚਾਰ ਦਿਸ ਫੇਰੇ।
ਫੂਲ ਮਾਲ ਲਰਕਾਇ ਘਨੇਰੇ।
ਚੰਦਨ ਚਰਚਹਿਂ ਧੂਪ ਧੁਖਾਵਹਿਂ।
ਕਰ ਜੋਰਹਿਂ ਉਰ ਪ੍ਰੇਮ ਵਧਾਵਹਿਂ ॥੨੧॥
ਸਨੈ ਸਨੈ ਚੰਦੂ ਖਲ ਨਿੰਦਹਿਂ।
-ਗੁਰ ਹੱਤਯਾਰਾ ਦੋਖੀ- ਬਿੰਦਹਿਂ।

ਦਰਬ ਗੁਰੂ ਪਰ ਅੱਗ੍ਰ ਬਗਾਵੈਂ[1]। [1]ਗੁਰੂ ਜੀ ਦੇ ਉਤੋਂ ਦੀ ਧਨ ਅਗਾਂਹ ਸੁਟਦੇ ਹਨ।
ਲੋਕ ਹਜ਼ਾਰਹੁੰ ਬੀਨਤਿ ਜਾਵੈਂ[1] ॥੨੨॥ [1]ਚੁਣਦੇ ਜਾਂਦੇ ਹਨ।
ਕੇਤਿਕ ਜਪਜੀ ਪਾਠ ਪਠੰਤੇ।
ਕੇਤਿਕ 'ਗੁਰੂ ਗੁਰੂ' ਸਿਮਰੰਤੇ।
ਕਿਤਿਕ ਸ੍ਵਾਸ ਲੇ ਸ਼ੋਕ ਵਧਾਵੈਂ।
ਕਿਤਿਕ ਸਰਾਹੈਂ 'ਸ਼ੀਲ ਸੁਹਾਵੈਂ' ॥੨੩॥
ਕਿਤਿਕ ਨਿਕਾਰਤਿ ਖਲ ਕੋ ਗਾਰੀ।
'ਤੁਰਕ ਰਾਜ ਕੀ ਜਰਾਂ ਉਖਾਰੀ।
ਲੇ ਰਾਵੀ ਕੇ ਗਏ ਪ੍ਰਵਾਹੂ।
ਜਹਿਂ ਜਲ ਚਲਤਿ ਕਲਤ[1] ਬਲ ਮਾਹੂ[2] ॥੨੪॥ [1]ਸੁਹਣਾਂ। [2]ਭਾਵ ਤੇਜ।
ਬਿਧੀਆ, ਜੇਠਾ, ਲੰਙ, ਪਿਰਾਣਾ।
ਇਨ ਸਨ ਜਿਸ ਬਿਧਿ ਅੰਤਿ ਵਖਾਣਾ।
ਤਿਸ ਬਿਧਿ ਕਰਤਿ ਬੇਗ[1] ਮਹਿਂ ਗਏ। [1]ਵਹਿਣ। ਪ੍ਰਵਾਹ।
ਕੰਧ[1] ਬਿਮਾਨ ਉਤਾਰਤਿ ਭਏ ॥੨੫॥ [1]ਮੋਢਿਆਂ ਤੋਂ।
ਜਲ ਮੈਂ ਇਸਥਿਤ ਜਬਿ ਕਰਿ ਦੀਨਿ।
ਜਲਪਤਿ ਬਰਣ ਆਇ ਤਬਿ ਲੀਨਿ।
ਸਭਿ ਬਿਧਿ ਸੋਂ ਪੂਜਨਿ ਕਰਿ ਆਛੇ।
ਜਲ ਸਰੂਪ ਕਰਿ ਦੀਨਿਸ ਪਾਛੇ† ॥੨੬॥

†ਮਹਿਮਾ ਪ੍ਰਕਾਸ਼ ਵਿਚ ਇਉਂ ਲਿਖਿਆ ਹੈ-ਮਿਲ ਸੰਗਤ ਬੇਬਾਨ ਬਨਾਇਆ। ਅਖੰਡ ਭਜਨ ਸਤਿਗੁਰ ਗੁਨ ਗਾਇਆ। ਇਸਨਾਨੁ ਕਰਾਇ ਨਿਰਮਲ ਤਨ ਦਿਆਲ। ਪਹਿਰਾਏ ਬਸਤ੍ਰ ਪਾਵਨ ਤਿਹ ਕਾਲ। ਐਰਾਵਤੀ ਨਦੀ ਪਰ ਲਿਆਏ। ਚੰਦਨ ਚਿਤਾ ਪਰ ਆਨ ਰਖਾਏ। ਪਾਵਨ ਦੇਹਿ ਕਰਾ ਸਿਸਕਾਰ। ਤੀਨ ਲੋਕ ਭਇਆ ਜੈ ਜੈ ਕਾਰ। 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਬੀ ਐਉਂ ਆਇਆ ਹੈ "ਅਰ ਪਰਮ ਪਵਿੱਤ੍ਰ ਸਰੀਰ ਕੋ ਲੇਕਰ ਸਸਕਾਰ ਕੀਆ।" ਕਵਿ ਜੀ ਆਪ ਵੀ ਸਸਕਾਰ ਕਰਨਾ ਲਿਖਦੇ ਹਨ, ਯਥਾ:- 'ਕਰਿ ਸਸਕਾਰ ਭਲੀ ਬਿਧਿ ਨਾਲੇ।' ਦੇਖੋ ਰਾਸ ੫ ਅੰਸੂ ੧੦ ਅੰਕ ੪੧। ਪੁਨਾ:- 'ਚੰਦਨ ਚਿਖਾ ਜਲਾਇ ਸਰੀਰ।' ਦੇਖੋ ਰਾਸ ੪, ਅੰਸੂ ੬੪, ਅੰਕ ੩੯।

ਨਿਕਸੇ ਸਿਖ ਸਲਿਤਾ ਤੇ ਬਾਹਰਿ।
ਸਿੱਖ ਸੈਂਕਰੇ ਹੇਰਹਿਂ ਜ਼ਾਹਰਿ।
ਨਹੀਂ ਬਹੁਰ ਕੁਛ ਦਈ ਦਿਖਾਈ।
ਜਲ ਸਰੂਪ ਤਨ ਹ੍ਵੈ ਸੁਖਦਾਈ ॥੨੭॥
ਰਘੁਬਰੁ ਰਾਮਚੰਦ ਮਾਨਿੰਦੇ।
ਪ੍ਰਵਿਸ਼ੇ ਸਰਿਜੂ ਨੀਰ ਬਿਲੰਦੇ।
ਬਹੁਰ ਨਹੀਂ ਨਿਜ ਦੇਹ ਦਿਖਾਈ।
ਜਲ ਸਰੂਪ ਹ੍ਵੈਗੇ ਤਿਸ ਥਾਈਂ ॥੨੮॥

ਬਿਸਮਤਿ ਭਏ ਬਿਲੋਕ ਨਿਹਾਰੇ।
ਸਭਿ ਸੋਂ ਜੇਠੇ ਬਾਕ ਉਚਾਰੇ।
'ਅੰਤ ਸਮੇਂ ਗੁਰ ਗਏ ਬਿਤਾਇ।
-ਜਲ ਪ੍ਰਵਾਹ ਮੋਂ ਦੇਹੁ ਟਿਕਾਇ-' ॥੨੯॥
ਨਰ ਨਾਰਿਨਿ ਕੀ ਭੀਰ ਉਦਾਰ।
ਹਟਿ ਆਏ ਪੁਨ ਨਗਰ ਮਝਾਰ।
ਧ੍ਰਮਸਾਲਾ ਥਿਤਿ ਭੇ ਸਮੁਦਾਈ।
ਰੁਦਤਿ ਬਿਲੋਚਨ ਅੱਸ਼੍ਰ ਬਹਾਈ ॥੩੦॥
ਸਾਥ ਰਬਾਬੀ ਲਿਏ ਦੁਤਾਰਾ।
ਕਿਰਤਨ ਸਭਿ ਕੇ ਅੱਗ੍ਰ ਉਚਾਰਾ।
ਦਰਬਾਦਿਕ ਵਸਤੂ ਗਨ ਸੰਗਤਿ।
ਦਿਯੋ ਬਹੁਤ ਪੁਨ ਰਹਜੋ ਨ ਮੰਗਤਿ ॥੩੧॥
ਤਿਸ ਦਿਨ ਰਹਿ ਭਏ ਧ੍ਰਮਸਾਲਾ।
ਪੰਚਹੁੰ ਸਿੱਖਨਿ ਸ਼ੋਕ ਬਿਸਾਲਾ।
ਤਿਸ ਦਿਨ ਕਿਨਹੁੰ ਨ ਭੋਜਨ ਕੀਨਿ।
ਮੁਰਝਾਵਤਿ ਬੈਠੇ ਮਨ ਦੀਨ ॥੩੨॥
ਬਿਨੁ ਮਹਿਪਾਲ ਚਮੂੰ ਜਿਮ ਦੀਨਾ।
ਦੂਲਹੁ ਬਿਨੁ ਬਰਾਤ ਜਿਮ ਹੀਨਾ।
ਜਥਾ ਜਾਮਨੀ ਚੰਦੁ ਬਿਹੀਨਾ।
ਗੁਰੁ ਬਿਨੁ ਸੰਗਤਿ ਤਥਾ ਮਲੀਨਾ ॥੩੩॥
ਬਿਨਾ ਨਰੇਸ਼ੁਰ ਪ੍ਰਜਾ ਦੁਖਾਰੀ।
ਪਤਿ ਬਿਹੀਨ ਜਿਮ ਪਤਿਬ੍ਰਤਿ ਨਾਰੀ।
ਜਿਮ ਜਨ[1] ਗ੍ਰਾਮ ਪੈਂਚ ਬਿਨ ਦੀਨਾ।
ਗੁਰੁ ਬਿਨੁ ਸੰਗਤਿ ਤਥਾ ਮਲੀਨਾ ॥੩੪॥
ਸਰਬ ਜਾਮਨੀ ਸੋਚਿਤਿ ਬੀਤੀ।
ਚਿਤਵਤਿ ਸ਼੍ਰੀ ਅਰਜਨ ਪਦ ਪ੍ਰੀਤੀ।
ਅਸ਼ਟ ਜਾਮ ਜੇ ਦਰਸਤਿ ਰਹੈਂ।
ਬਿਨਾ ਪਿਖੇ ਸ਼ਾਂਤੀ ਕਜੋਂ ਲਹੈਂ ॥੩੫॥
ਨੀਠ ਨੀਠ ਅਵਿਲੋਕ ਪ੍ਰਭਾਤਿ।
ਸ਼ੋਕ ਅਧਿਕ ਤੇ ਬਿਤਹਿ ਨ ਰਾਤਿ।

[1]ਆਦਮੀ।

ਰਾਵੀ ਮਹਿਂ ਕਰਿ ਕੈ ਇਸ਼ਨਾਨ।
ਨਮੋ ਕਰੀ ਸਤਿਗੁਰੁ ਕੇ ਥਾਨ ॥੩੬॥
ਸੁਧਾ ਸਰੋਵਰ ਦਿਸ਼ਾ ਸਿਧਾਰੇ।
ਮਨਹੁ ਕਰਤਿ ਰਣ ਹਾਰਿ ਪਧਾਰੇ।
ਸਭਿ ਪੂੰਜੀ ਜਨੁ ਬਨਕ ਗਵਾਈ।
ਕੈ ਬਨ ਮੈਂ ਸਭਿ ਵਸਤੁ ਲੁਟਾਈ ॥੩੭॥
ਰਿਦੇ ਬਿਚਾਰਤਿ- ਮਾਤਾ ਪਾਸ।
ਕਰਹਿਂ ਸੂਲ ਸਮ ਬਾਕ ਪ੍ਰਕਾਸ਼।
ਜਿਸ ਕੋ ਸੁਨਤਿ ਗਿਰਹਿ ਬਿਕੁਲਾਏ[1]।
ਧਿਕ ਬੋਲਨ ਹਮਰੋ ਤਿਸ ਭਾਏ ॥੩੮॥
ਹਰਿਗੋਵਿੰਦ ਬਾਲਤਨ ਬੈਸਾ।
ਹਮ ਤੇ ਸੁਨਹਿਂ ਬਾਕ ਜਬਿ ਐਸਾ।
ਦੁਖੀ ਹੋਇ ਬਹੁ ਰੁਦਤਿ ਪੁਕਾਰੈਂ।
'ਕਹਾਂ ਤਜੇ ਪਿਤ ਗੁਰੂ?' ਉਚਾਰੈਂ ॥੩੯॥
ਕਤਾ ਹਮ ਕਹੈਂ 'ਜਿਯਤਿ ਚਲਿ ਆਏ।'
ਦਸ਼ਾ ਦੇਖਿ ਅਸ ਦੁਖ ਨਹਿਂ ਪਾਏ।
ਕਰਦਮ ਰਿਦਾ ਨ ਬਿਦਰਯੋ[1] ਤਬਿਹੂੰ।
ਜਲ ਗੁਰ ਪ੍ਰੀਤਮ ਬਿਛੁਰੇ ਜਬਿਹੂੰ[†] ॥੪੦॥

[1]ਵਿਆਕੁਲ ਹੋਕੇ।

[1]ਚਿੱਕੜ ਰੂਪ ਰਿਦਾ (ਸਾਡਾ) ਪਾਟ ਨਾ ਗਿਆ।

[†]ਜਲ ਦੇ ਵਿਛੜਿਆਂ (ਸੁਕ ਗਿਆਂ ਛੱਪੜ ਦਾ) ਚਿੱਕੜ ਤ੍ਰੇੜੋ ਤ੍ਰੇੜ ਹੋ ਜਾਂਦਾ ਹੈ। ਸਾਡਾ ਦਿਲ ਕਿਉਂ ਨਾ ਫਟ ਗਿਆ।

ਹਮ ਤੇ ਆਛੇ ਬਨ ਕੇ[1] ਹਰਣ।
ਸੁਨਤਿ ਨਾਦ ਕੋ ਗਿਨਹਿ ਨ ਮਰਣ।
ਤ੍ਰਿਗਦ ਜੋਨ[1] ਕਤਾ ਕੀਟ ਪਤੰਗਾ।
ਪ੍ਰੀਤਮ ਹਿਤ ਜਾਰਤਿ ਨਿਜ ਅੰਗਾ ॥੪੧॥
ਨੀਰ ਬਿਰਹਿ ਤੇ ਮੀਨ ਨਿਹਾਰੋ।
ਦੇਤਿ ਪ੍ਰਾਨ ਨਹਿਂ ਕਰਹਿ ਅਵਾਰੋ।
ਭ੍ਰਮਰ ਤਜਹਿ ਨਹਿਂ ਗੰਧ ਸੁਭਾਊ।
ਪੁਸ਼ਪ ਕੇਤਿਕੀ ਬੇਧਤਿ ਜਾਊ[1] ॥੪੨॥
ਹਮ ਪੰਚਹੁੰ ਤੇ ਪੰਚਹੁੰ ਜੀਵ[1]।
ਉੱਤਮ ਪ੍ਰੇਮ ਨਿਬਾਹ ਸਦੀਵ।
ਪ੍ਰਥਮ ਦੇਖਿ ਕਰਿ ਦੁਖ ਗੁਰ ਕੇਰੇ।
ਅਬਿ ਗੁਰ ਪਤਨੀ ਸੁਤ ਦੁਖ ਹੇਰੇ-

[1]ਜੰਗਲ ਦੇ।

[1]ਟੇਢੀਆਂ ਜੂਨਾਂ (ਭਾਵ ਭੰਭਟ)।

[1]ਕੇਤਕੀ ਫੁਲ ਤੇ ਵਿੰਨ੍ਹਿਆਂ ਜਾਂਦਾ ਹੈ।

[1]ਤੇ ਪੰਜੇ ਹੀ ਜੀਉਂਦੇ ਹਾਂ।

॥ ੪੩ ॥
ਏਵ ਬਿਚਾਰਤਿ ਆਰਤਿ ਹੋਤੇ।
ਬਦਨ ਖਿੰਨ ਦੁਤਿ, ਨਹੀਂ ਉਦੇਤੇ[1]।
ਪ੍ਰਵਿਸ਼ੇ ਜਾਇ ਸੁਧਾਸਰ ਨਗਰੀ।
ਅੱਸ਼੍ਰੁ ਬਿਮੋਚਿ ਬਿਲੋਕਤਿ ਸਗਰੀ ॥ ੪੪ ॥
ਜਹਿਂ ਸ਼੍ਰੀ ਹਰਿ ਗੋਵਿੰਦ ਅਨੰਦਤਿ।
ਆਇ ਖਰੇ ਪਗ ਪੰਕਜ ਬੰਦਤਿ।
ਦਿਨ ਕੋ ਗਿਨਤਿ[1] ਗੁਰੂ ਜਬਿ ਗਏ।
'ਏਤਿਕ ਬਿਰਹ ਤਿਨਹੁ ਕੇ ਭਏ' ॥ ੪੫ ॥
ਕਰਤਿ ਪ੍ਰਤੀਖਨ 'ਕਬਿ ਇਤ ਆਵੈ?
ਪ੍ਰਿਯ ਦਰਸ਼ਨ ਸੁੰਦਰ ਦਿਖਰਾਵੈਂ।
ਬੈਠਹਿਂ ਜਬਹਿ ਲਗਾਇ ਦਿਵਾਨ।
ਸਿਖ ਸੰਗਤਿ ਦਰਸਹਿਂ ਗਨ ਆਨਿ
॥ ੪੬ ॥
ਦੇਖਿ ਤਿਨਹੁ ਕੋ ਹੋਇ ਅਨੰਦਾ[†]।
ਜਨਮ ਜਨਮ ਕੇ ਕਾਟੈਂ ਫੰਦਾ[*]।
ਮਨ ਉਦਾਸ ਤਬਿ ਪ੍ਰਾਪਤਿ ਸ਼ਾਂਤੀ।
ਹੋਇ ਖੁਸ਼ੀ ਕਬਿ, ਸੀਤਲ ਛਾਤੀ' ॥ ੪੭ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਅਰਜਨ ਬੈਕੁੰਠ ਗਮਨ ਪ੍ਰਸੰਗ' ਬਰਨਨੰ ਨਾਮ ਅਸਟ ਤ੍ਰਿੰਸਤੀ ਅੰਸੂ ॥ ੩੮ ॥

[1]ਮੁਖ ਸ਼ੋਭਾ ਤੋਂ ਖੀਣ ਹੈ, ਪ੍ਰਕਾਸ਼ਦਾ ਨਹੀਂ।

[1]ਦਿਨਾਂ ਨੂੰ ਗਿਣ ਰਹੇ ਸੀ।

[†]ਕਈ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਇਸ ਅੰਤਲੀ ਚੌਪਈ ਦੇ ਦੋ ਹੀ ਚਰਣ ਲਿਖੇ ਹਨ।

## ੩੯. [ਸ਼੍ਰੀ ਅੰਮ੍ਰਿਤਸਰ ਪੰਜੇ ਸਿੱਖ ਪੁੱਜੇ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਆਦਿ ਬ੍ਰਿੱਧ ਗੁਰਦਾਸਿ[1] ਗਨ,
ਚਹੁੰਦਿਸਿ ਮਹਿਂ ਗੁਰੁ ਦਾਸ[1]।
ਸਿਮਰਤਿ ਸ਼੍ਰੀ ਅਰਜਨ ਗੁਰੂ,
ਸਭਿ ਉਰ ਦਰਸ਼ਨ ਪਜਾਸ ॥੧॥

[1]ਭਾਈ ਬੁੱਢਾ ਤੇ ਗੁਰਦਾਸ ਆਦਿਕ।
[1]ਗੁਰਾਂ ਦੇ ਦਾਸ।

ਚੌਪਈ:

'ਲਵਪੁਰਿ ਤੇ ਗਮਨਜੋ ਕਿਤ ਸ਼ਾਹੂ।
ਸੁਧਿ ਪਹੁੰਚੀ ਕਬਿ ਹੀ ਹਮ ਪਾਹੂ[†]।

[†]ਕਵੀ ਜੀ ਨੂੰ ਇਹ ਖਬਰ ਠੀਕ ਨਹੀਂ ਮਿਲੀ। ਪਾਤਸ਼ਾਹ ਅਜੇ ਲਾਹੌਰ ਹੀ ਸੀ।

ਅਬਿ ਕਿਸ ਕਾਰਨ ਇਤ ਨਹਿਂ ਆਏ।
ਕੋ ਕਾਰਜ ਨਹਿਂ ਅਪਰ ਬਤਾਏ[1] ॥੨॥

[1]ਹੋਰ ਕੀ ਕੰਮ ਹੈ, ਨਹੀਂ ਦੱਸ ਗਏ।

ਆਜ ਕਾਲ ਆਵਹਿਂ' ਚਿਤਵੰਤੇ।
ਬੈਠੇ ਹਰਿਗੋਵਿੰਦ ਦੁਤਿਵੰਤੇ।
ਇਤਨੇ ਮਹਿਂ ਪੰਚਹੁੰ ਚਲਿ ਆਏ।
ਬਦਨ ਬਿਬਰਨ[1] ਦੁਖਿਤ ਜ਼ਰਦਾਏ[2] ॥੩॥

[1]ਬੇਰੰਗ। [2]ਪੀਲੇ।

ਦੀਨ ਮਨੈ ਹੁਇ ਬੰਦਨ ਕਰੀ।
ਗਿਰਾ ਨ ਮੁਖ ਤੇ ਜਾਤਿ ਉਚਰੀ।
ਤਰਿ ਤੁਰਨਤਾ ਹਰਿਗੋਵਿੰਦ।
ਬੂਝਤਿ 'ਕਿਸ ਥਲ ਗੁਰੂ ਬਿਲੰਦ? ॥੪॥
ਕਿਮ ਪੰਚਹੁੰ ਤੁਮ ਤਜਿ ਕਰਿ ਆਏ?
ਬਰਣ ਜ਼ਰਦ ਮੁਖ ਕੋ ਦਰਸਾਏ?
ਕੈ ਆਵਤਿ? ਗੁਰੂ ਵਹਿਰ ਸਥਾਨਾ।
ਥਿਰੇ ਪਖਾਰਨਿ ਪਦ ਅਰੁ ਪਾਨਾ ॥੫॥
ਤਊ ਏਕ ਦੁਇ ਆਵਤਿ ਆਗੇ।
ਕਿਮ ਪੰਚਹੁੰ ਗਮਨੇ ਗੁਰੁ ਤਜਾਗੇ?
ਬਦਨ ਪ੍ਰਫੁੱਲਿਤਿ ਨਹਿਨ ਤੁਮਾਰਾ।
ਕਜੋਂ ਕਾਰਣ ਨਹਿਂ ਕਰਤਿ ਉਚਾਰਾ? ॥੬॥
ਕਹਿਤ ਸਕਲ ਪੰਚਹੁੰ ਮੁਖ ਦੇਖੈ[1]।

[1](ਹੋਰ) ਸਾਰੇ (ਸਿੱਖ) ਕਹਿੰਦੇ ਹਨ ਪੰਜਾਂ ਦਾ ਮੂੰਹ ਦੇਖਕੇ।

'ਨਾਹਿਨ ਕੁਸ਼ਲੀ' ਕਰਤਿ ਪਰੇਖੈ[1]।
ਪੁਨ ਸ਼੍ਰੀ ਹਰਿ ਗੋਵਿੰਦ ਬਖਾਨੀ।

[1]ਪਰਖਣਾ ਕਰਦੇ ਹਨ ਕਿ ਸੁਖ ਨਹੀਂ ਹੈ।

'ਮੌਨਿ, ਨੰਮ੍ਰਿ ਸਿਰ ਕਰਿ ਕਰੋਂ ਠਾਨੀ?
॥੭॥
ਦਲਕਤਿ[1] ਰਿਦਾ ਦੇਖਿ ਤੁਮ ਹਾਲ। — [1]ਧੜਕਦਾ ਹੈ।
ਕਜੋਂ ਨਹਿਂ ਬੋਲਤਿ ਬਾਕ ਉਤਾਲ?'
ਗੁਰੁ ਬਾਣੀ[1] ਕੋ ਸੁਨਤਿ ਪਿਰਾਣਾ। — [1]ਗੁਰਾਂ ਦੇ ਬਚਨ।
ਚਾਹਸਿ ਚਿਤ -ਮੈਂ ਕਰਿਵ ਬਖਾਣਾ-
॥੮॥
ਸ਼ੁਸ਼ਕ ਕੰਠ ਅਰੁ ਅਧਰ ਕਪੋਲਾ।
ਕਹੈ ਕਿ 'ਮੁਹੁ ਨਹਿਂ ਨਿਕਸਤਿ ਬੋਲਾ।'
ਰੁਦਤਿ ਬਾਰਿ ਇਕਿ ਨਿਕਸਿ ਪੁਕਾਰੀ[1]। — [1]ਚੀਕ ਨਿਕਲੀ।
ਨਿਖੁਟੇ ਅੱਸ਼੍ਰੁ ਨ ਬਹਿ ਦ੍ਰਿਗ ਬਾਰੀ[1] ॥੯॥ — [1]ਅੰਝੂ ਮੁੱਕ ਗਏ, ਨੇਤ੍ਰਾਂ ਤੋਂ ਜਲ ਨਹੀਂ ਵਹਿੰਦਾ।
ਦਾਸਨਿ ਜੁਤ ਸ਼੍ਰੀ ਹਰਿਗੋਵਿੰਦ।
ਬਦਨ ਬਨਜ ਬਨ ਬਿਕਸਿ ਬਿਲੰਦ[1]। — [1]ਮੁਖ ਕਵਲਾਂ ਦੇ ਬਨ ਵਤ ਖਿੜਿਆ ਸੀ ਬੜਾ।
ਹਿਮ ਸੀ ਗਿਰਾ[1] ਲਗੀ ਮੁਰਝਾਏ। — [1]ਬਰਫ ਵਰਗੀ ਬਾਣੀ।
ਪੁਨ ਪੂਛਤਿ 'ਦਿਹੁ ਸਕਲ ਸੁਨਾਏ ॥੧੦॥
ਕਿਸ ਨੇ ਗੁਰ ਰਾਖੇ ਅਟਕਾਇ?
ਕਹਾਂ ਬਿਘਨ ਭਾ ਕਹੁ ਸਮੁਝਾਇ?
ਸ਼ਾਹ ਚਵਜੋ, ਅਬਿ ਕੋ ਥਿਰੁ ਥਿਯੋ[1]? — [1]ਕੌਨ ਟਿਕਿਆ ਹੋਇਆ ਹੈ, (ਅ) ਕਿਸ ਨੇ ਟਿਕਾ ਲਏ ਹਨ।
ਜਿਨਹੁ ਗੁਰੂ ਨਹਿਂ ਆਵਨਿ ਦਿਯੋ?
॥੧੧॥
ਜਿਮ ਛੁਟਹਿਂ ਸਭਿ ਕਰਹਿਂ ਉਪਾਇ।
ਕਹੋ ਸਾਚ ਤੁਮ ਕਜੋਂ ਬਿਬਲਾਇ।
ਅਹਿਦੀ ਆਯਹੁ ਤਬਿ ਕੇ ਜਾਨਹਿ।
ਤੁਰਕ ਮੰਦਮਤਿ ਬਿਗਰਨਿ ਠਾਨਹਿ[1] — [1]ਬਿਗੜ ਗਏ ਹਨ।
॥੧੨॥
ਚੁਗਲੀ ਉਗਲਤਿ ਮੁਗ਼ਲ ਬਿਗਾਰਾ।
ਕਿਮ ਹੋਈ ਗਤਿ ਕਰਹੁ ਉਚਾਰਾ?'
ਬਿਧੀਆ ਧਰਿ ਧੀਰਜ ਦਿਢ ਹੀਯੋ।
ਸਭਿ ਪ੍ਰਸੰਗ ਤਬਿ ਬਰਨਨ ਕੀਯੋ ॥੧੩॥
'ਮਿਲੇ ਸ਼ਾਹੁ ਸੋਂ ਪੂਰਬ ਜਾਏ।
ਥਿਰੁ ਹੁਇ ਘਰੀ ਚਾਰਿ ਨਿਕਸਾਏ।

ਨਿਕਸਤਿ ਵਹਿਰ ਸਿਪਾਹੀ ਬ੍ਰਿੰਦ।
ਭਏ ਸੰਗ ਗਮਨੇ ਗ੍ਰਿਹ ਚੰਦੁ ॥੧੪॥
ਸ਼ਾਹੁ ਸੰਗ ਸੰਬਾਦ ਬਖਾਨਜੋ।
ਸੋ ਹਮ ਨੇ ਕੁਛ ਸੁਨਜੋ ਨ ਜਾਨਜੋ।
ਕਿਮ ਤਹਿਂ ਭਈ ਨ ਕੁਛ ਗਤਿ ਜਾਨੀ।
ਪਹੁੰਚੇ ਪੁਨ ਬਡ ਦੁਸ਼ਟ ਸਥਾਨੀ ॥੧੫॥
ਅੰਤਰਿ ਜਬਹਿ ਪ੍ਰਵੇਸ਼ਤਿ ਭਏ।
ਦ੍ਰਿਢਿ ਕਿਵਾਰ ਦੋਨਹੁੰ ਦੇ ਦਏ।
ਹਮ ਕੋ ਡਜੋਢੀ ਥਾਨ ਟਿਕਾਏ।
ਅੰਤਰਿ ਸ਼੍ਰੀ ਸਤਿਗੁਰੂ ਬਿਠਾਏ ॥੧੬॥
ਖਾਨ ਪਾਨ ਅਰੁ ਸੁਪਤਨਿ ਬਰਜੇ।
ਪੁਨ ਸਜਾਇ ਦੁਖ ਕਹਿ ਕਹਿ ਤਰਜੇ[1]। [1]ਤਾੜਨਾ ਕੀਤੀ।
-ਲਿਹੁ ਨਾਤਾ ਨਤੁ ਕਰਿਹੌਂ ਘਾਤਿ-।
ਨਹਿਂ ਸਤਿਗੁਰ ਮਾਨੀ ਤਿਸ ਬਾਤਿ ॥੧੭॥
ਤੀਨ ਦਿਵਸ ਬਡਿ ਦੀਨਿ ਸਜਾਇ।
ਹੋਤਿ ਭਈ ਸਭਿ ਗੁਰੂ ਰਜਾਇ।
ਨਾਂਹਿ ਤ ਕਜਾ ਮਾਰਨਿ ਤਿਸ ਕੇਰੋ।
ਤੁਰਕਨਿ ਰਾਜ ਪ੍ਰਤਾਪ ਬਡੇਰੋ ॥੧੮॥
ਇਕ ਸਿਖ ਨਾਸਹਿ[1] ਬਿਲਮ ਬਿਹੀਨ। [1]ਨਾਸ਼ ਕਰ ਦੇਵੇ (ਰਾਜ)।
ਕਹਿ ਸਤਿਗੁਰੁ ਸਭਿ ਬਰਜਨ ਕੀਨਿ।
ਮਾਰਿ ਖਾਇ ਬੈਠੇ ਮੁਰਝਾਏ।
ਹਮ ਹੇਰਤਿ ਗੁਰੁ ਸਹੀ ਸਜਾਏ ॥੧੯॥
ਨਿਕਸੇ ਰਾਵੀ ਕਰਨਿ ਸ਼ਨਾਨ।
ਤਟ ਪਰ ਥਿਰ ਹੁਇ ਤਜਾਗੇ ਪ੍ਰਾਨ।
ਲਵਪੁਰਿ ਸੰਗਤਿ ਮਿਲੀ ਬਿਸਾਲਾ।
ਜਲ ਪ੍ਰਵਾਹ ਕੀਨਸਿ ਤਤਕਾਲਾ ॥੨੦॥
ਦ੍ਰਿਗ ਆਗੇ ਅਸ ਕੌਤਕ ਹੋਵਾ।
ਹਮ ਸਿਖ ਨਾਮ[1] ਸਰਬ ਹੀ ਜੋਵਾ। [1]ਅਸੀਂ ਸਿਖ ਨਾਮ (ਧਰਾਕੇ)।
ਮਰੇ ਨ ਆਗੇ ਮਹਦ ਕੁਭਾਗੇ[1]। [1]ਖੋਟੇ ਭਾਗਾਂ ਵਾਲਿਆਂ ਦਾ.....।
ਰਿਦਾ ਨ ਬਿਦਰਜੋ[1] ਦੁਖ ਨਹਿਂ ਲਾਗੇ' ॥੨੧॥ [1]ਨਾ ਫਟਿਆ।
ਹਰਿ ਗੁਵਿੰਦ ਸੁਨਿ ਦੁਖਦ ਮਹਾਨਾ।

ਬਾਨੀ ਬਾਨ ਲਗੀ ਜਨੁ ਕਾਨਾ।
ਬੇਧਯੋ ਰਿਦਾ ਪੁਕਾਰਤਿ ਊਚੇ।
'ਤਜਿ ਏਕਲਿ ਪਰਲੋਕ ਪਹੂਚੇ ॥੨੨॥
ਸਗਰੀ ਸੰਗਤਿ ਕੇਰਿ ਅਲੰਬ।
ਕਰਹਿਂ ਪ੍ਰਤੀਖਨ ਦਾਸ ਕਦੰਬ[1]।'
[1]ਸਾਰੇ।
ਅਲਪ ਆਰਬਲ ਗੁਰੁ ਜਬਿ ਰੋਏ।
ਕਰੀ ਪੁਕਾਰ ਊਚ ਸਭਿ ਕੋਏ ॥੨੩॥
ਬੈਠੀ ਹੁਤੀ ਗੰਗ ਚਿਤ ਸ਼ਾਂਤੀ।
ਸੁਨਤਿ ਕੂਕ ਦਲਕੀ[1] ਤਬਿ ਛਾਤੀ।
[1]ਧੜਕੀ।
ਸੁਧਿ ਕੋ ਦਾਸੀ ਤੁਰਤਿ ਪਠਾਈ।
'ਗੁਰੁ ਪ੍ਰਲੋਕ ਭਾ' ਆਨਿ ਸੁਨਾਈ ॥੨੪॥
ਮਨਹੁ ਅਚਾਨਕ ਬੱਜ੍ਰ ਪ੍ਰਹਾਰਾ।
ਕੰਚਨ ਬੇਲਿ[1] ਗਿਰੀ ਇਕ ਬਾਰਾ।
[1]ਸੋਨੇ ਦੀ ਵੇਲ ਵਤ। (ਅ) ਇਕ ਪ੍ਰਕਾਰ ਦੀ ਵੇਲ ਜੋ 'ਕਾਂਚਨਾਰ' ਜਾਤੀ ਵਿਚੋਂ ਹੈ। ਜਿਸ ਦੇ ਫੁਲ ਪੀਲੇ ਹੁੰਦੇ ਹਨ।
'ਹਾਇ ਹਾਇ' ਕਹਿ ਕਹਿ ਮੁਰਝਾਈ।
ਰੁਦਤਿ ਬ੍ਰਿੰਦ ਦਾਸੀਨਿ ਉਠਾਈ ॥੨੫॥
ਕੇਸ ਉਖਾਰਤਿ ਬਾਹੁ ਉਸਾਰਤਿ[1†]।
[1]ਉੱਚੀਆਂ ਕਰਕੇ। [†]ਵੇਖੋ ਅਗਲੇ ਪੰਨੇ ਦੀ ਟੂਕ।
ਆਰਤਿ ਸ਼ੋਕ ਬਿਸਾਲ ਪੁਕਾਰਤਿ।
ਸਗਰ ਨਗਰ ਮਹਿਂ ਸੁਨਯੋ ਪ੍ਰਸੰਗ।
ਦੌਰਤਿ ਆਵਤਿ ਰੁਦਿਤਿ ਉਤੰਗ ॥੨੬॥
ਮਿਲੇ ਸਮੂਹ ਆਇ ਨਰ ਨਾਰੀ।
ਰੋਦਤਿ ਊਚੇ ਕਰਤਿ ਪੁਕਾਰੀ।
ਬਿਰਲਾਪਹਿਂ ਤਜਿ ਅੱਸ਼੍ਰੁਨਿ ਆਪਹਿਂ।
ਪਰਤਾਪਹਿਂ[1] ਗੁਨ ਸਿਮਰ ਕਲਾਪਹਿਂ[2] ॥੨੭॥
[1]ਬਹੁਤ ਦੁਖੀ ਹੁੰਦੇ ਹਨ। [2]ਸਾਰੇ ਬਹੁਤੇ ਗੁਣ ਯਾਦ ਕਰਕੇ।
'ਪੁੱਤ੍ਰ ਬਾਲ ਬਯ ਤਜਾਗ ਗੁਸਾਈਂ!
ਸਿਰ ਪਰ ਸ਼ੱਤ੍ਰੁ ਦੁਸ਼ਟ ਸਮੁਦਾਈ।
ਤੁਮ ਬਿਨ ਕੋ ਦਿਵਾਨ ਅਬਿ ਲਾਵਹਿ।
ਕਿਸਤੇ ਸਿਖ ਮਨ ਬਾਂਛਤਿ ਪਾਵਹਿਂ ॥੨੮॥
ਕਰਹਿ ਕੌਨ ਦਾਸਨਿ ਕੱਲਯਾਨ।

ਚਹੁੰ ਦਿਸ਼ਿ ਕੇ ਪਗ ਪੂਜਤਿ ਆਨਿ।
ਕੋ ਸੁਧਿ ਲੈਹੈ ਪਹੁੰਚਿ ਹਮਾਰੀ।
ਰਾਜ ਤੁਰਕ ਕੋ ਬਹੁ ਬੁਰਿਆਰੀ ॥੨੯॥
ਜਿਨਹੁ ਚਹਯੋ ਕਰਿਬੇ ਅੱਨਜਾਇ।
ਪਰਯੋ ਅੰਧੇਰ ਨ ਸੂਝਹਿ ਕਾਇ।
ਉਚਿਤਾਨੁਚਿਤ[1] ਬਿਚਾਰ ਨ ਕਾਈ।
ਗਹੇ ਬਲੀ ਨਿਬਲਨ ਕੋ ਖਾਈ ॥੩੦॥
ਕਿਤ ਗਮਨੇ ਹਮਰੇ ਰਖਵਾਰੇ।'
ਊਚੀ ਬਾਹੁ ਉਸਾਰ ਪੁਕਾਰੇ।
ਨਗਰ ਨਾਰਿ ਹੋਈ ਸਮੁਦਾਇ।
ਰੁਦਤਿ* ਸ਼ਬਦ ਕੋ ਬਿਦਤ ਉਠਾਇ ॥੩੧॥
ਸੀਸ ਕੇਸ ਬਿਥਰੇ ਸਭਿ ਕੇਰੇ।
ਸਿਮਿਰ ਪ੍ਰੇਮ ਗੁਰ ਦੁਖਤਿ ਘਨੇਰੇ।
'ਮਹਾਂ ਸ਼ਕਤਿ ਜੁਤਿ ਚਾਹਤਿ ਜੇਤੀ।
ਅੱਛਤ[1] ਸਹੀ ਬਿਪਦ ਕਿਮ ਏਤੀ ॥੩੨॥
ਜਰੀ ਅਜਰ ਉਰ ਧੀਰਜ ਧਾਰੀ।
ਹੁਇ ਅਸ ਛਿਮਾ ਨ ਆਨ ਮਝਾਰੀ।'
ਇੱਤਯਾਦਿਕ ਗੁਨ ਰੁਦਤਿ ਭਨੰਤੀ।
ਪੀਟਤਿ ਹਾਥਨਿ ਸੀਸ ਹਨੰਤੀ†।

[1]ਯੋਗ ਅਯੋਗ।

[1](ਸ਼ਕਤੀ ਦੇ) ਹੁੰਦਿਆਂ।

†ਸ਼੍ਰੀ ਗੁਰੂ ਜੀ ਦਾ ਅਚਾਨਕ ਸਾਕਾ ਤੇ ਐਸੇ ਅਸਹ ਕਸ਼ਟਾਂ, ਖੇਦਾਂ, ਤੇ ਪੀੜਾਂ ਦਾ ਸਹਾਰਨਾ ਆਪਣੇ ਆਪ ਵਿਚ ਇਕ ਮਹਾਂ ਸ਼ੋਕਦਾਇਕ ਹੋਣੀ ਹੈ। ਓਹ ਵੀਣਾ ਦੇ ਵਜਾਵਣ ਹਾਰ ਸੰਗੀਤ ਰੂਪ ਗੁਰੂ, ਓਹ ਬਾਣੀ ਰਚਨਹਾਰ ਕਵਿਤਾ ਦੇ ਕੋਮਲ ਸਰੀਰ, ਓਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਪ ਕਰਤਾ ਤੇ ਦਰਬਾਰ ਸਾਹਿਬ ਜੈਸੇ ਪਵਿੱਤ੍ਰ ਮੰਦਰ ਦੇ ਰਚਨਹਾਰ ਕਲਾ ਕੌਸਲੀਏ, ਓਹ ਦਯਾ ਛਿਮਾਂ ਦੇ ਸੁਹਲ ਦਾਤੇ, ਓਹ ਪ੍ਰੇਮ ਦਾ ਅਵਤਾਰ ਕਿਨ੍ਹਾਂ ਦਯਾ ਹੀਨ ਕਠੋਰ ਕਸ਼ਟਾਂ ਦੇ ਮੂੰਹ ਆਏ, ਕੌਣ ਹੈ ਜੋ ਅੱਜ ਬੀ ਸੁਣਕੇ ਨਹੀਂ ਰੋ ਪੈਂਦਾ। ਉਸ ਵੇਲੇ ਦੇ ਪ੍ਰੇਮੀ ਨਿਜ ਪਰਿਵਾਰ ਤੇ ਸੰਗਤਾਂ ਨੂੰ ਜਿਨ੍ਹਾਂ ਨੇ ਦਰਸ਼ਨ ਕੀਤੇ, ਬਚਨ ਸੁਣੇ ਤੇ ਨਾਦ ਨਾਲ ਮਸਤ ਹੋਏ ਕਿਵੇਂ ਉਨ੍ਹਾਂ ਦੇ ਕਲੇਜੇ ਫਟੇ ਹੋਣਗੇ? ਕੌਣ ਅੰਦਾਜ਼ਾ ਕਰ ਸਕਦਾ ਹੈ?

ਪਰੰਤੂ ਗੁਰੂ ਜੀ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀ ਮਾਤਾ ਜੀ ਨੂੰ ਦੱਸ ਗਏ, ਸਮਝਾ ਗਏ ਤੇ ਮੋਹ ਮਾਯਾ ਤੋਂ ਵਰਜਕੇ ਉੱਚਾ ਕਰ ਗਏ ਸਨ, ਉਹਨਾਂ ਦਾ ਪਿੱਟਣਾ ਆਦਿ ਜੋ ਕ੍ਰਿਯਾ ਦੱਸੀਆਂ ਹਨ ਏਹ ਕਵਿ ਜੀ ਦੇ ਕਰੁਣਾ ਰਸ ਦੇ ਨਕਸ਼ਾ ਬੰਨ੍ਹਣ ਦੇ ਅੰਗ ਪ੍ਰਤਿ ਅੰਗ ਹਨ, ਇਨ੍ਹਾਂ ਨੂੰ ਵਾਕਯਾ ਸਮਝਣਾ ਭੁੱਲ ਹੈ। ਮਾਤਾ ਜੀ ਪਤਿਬ੍ਰਤ ਧਰਮ ਦਾ ਨਮੂਨਾ ਸਨ, ਸਾਰੀ ਉਮਰ ਸੇਵਾ ਕਰਦੇ ਤੇ ਨਾਮ ਸਿਮਰਦੇ ਰਹੇ, ਅੰਤ ਸਮੇਂ ਸਤਿਗੁਰੂ ਉਨ੍ਹਾਂ ਨੂੰ ਪੂਰਨ ਗਯਾਨ ਅਰੂੜ ਕਰਕੇ ਟੁਰੇ, ਉਨ੍ਹਾਂ ਦੇ ਪ੍ਰੇਮ ਦੀ ਥਾਹ ਤੇ ਬਿਰਹੋਂ ਦਾ ਅੰਤ ਨਹੀਂ ਲਿਆ ਜਾ ਸਕਦਾ, ਪਰ ਐਸੇ ਕਰਤੱਵ ਉਨ੍ਹਾਂ ਵਿਚ ਸੰਭਵ ਨਹੀਂ ਹਨ। ਅੱਗੇ ਜਦ ਬਾਹਰੋਂ 'ਹੁਕਮ ਸਤ' ਲਈ ਸੰਗਤਾਂ ਦਾ ਆਵਨਾਂ ਲਿਖਿਆ ਹੈ। ਉਥੇ ਕਵੀ ਜੀ ਆਪ ਮਾਤਾ ਜੀ ਦੇ ਮੁਖੋਂ ਲਿਖਦੇ ਹਨ ਯਥਾ- 'ਕਰਹੁ ਨ ਸ਼ੋਕ ਸੁਨਾਵਹੁ ਬਾਨੀ':-[ਦੇਖੋ ਇਹੋ ਰਾਸ ਅੰਸੂ ੪੧ ਅੰਕ ੪] ਇਹੋ ਹੀ ਗੁਰਮਤ ਦੀ ਮ੍ਰਿਯਾਦਾ 'ਮੈਂ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ' ਇਸ ਮਹਾਂ ਵਾਕ ਵਿਚ ਪ੍ਰਗਟ ਹੈ।

ਇਮ ਅੰਤਰ ਬਡਿ ਮਾਚਯੋ ਰੌਰਾ।
ਸੁਨਤਿ ਦੂਰ ਤੇ ਆਇ ਸੁ ਦੌਰਾ[1]।
ਰੁਦਿਤ ਅਧਿਕ ਸ੍ਰੀ ਹਰਿ ਗੋਵਿੰਦ।
ਸਿਖ ਸੰਗਤਿ ਚਹੁੰਦਿਸ਼ਿ ਮਹਿਂ ਬ੍ਰਿੰਦ ॥੩੪॥

[1]ਜੋ) ਦੂਰੋਂ ਸੁਣਦਾ ਹੈ (ਉਹ) ਦੌੜਿਆ ਆਉਂਦਾ ਹੈ।

ਸਕਲ ਰੋਇ ਕਰਿ ਗੁਰੁ ਸਿਮਰੰਤੇ।
ਆਪ ਬਿਮੋਚਤਿ ਲੋਚਨ ਅੰਤੇ[1]।
ਵਧਯੋ ਸ਼ੋਕ ਸਭਿ ਮਹਿਂ ਤਬਿ ਐਸੇ।
ਬਾਸ ਇਹਾਂ ਕਰੁਨਾ ਰਸ[1] ਜੈਸੇ ॥੩੫॥

[1]ਜਲ (= ਅੰਝੂ) ਛੱਡਦੇ ਹਨ ਨੇਤ੍ਰਾਂ ਦੇ ਕੋਇਆਂ ਵਿਚੋਂ।

[1]ਮਾਨੋਂ ਕਰੁਨਾ ਰਸ (ਸ਼ੋਕ ਤੇ ਰੋਣ) ਏਥੇ ਆ ਵਸਿਆ ਹੈ।

'ਹਾਇ ਪਿਤਾ, ਗੁਨ ਨਿਧਿ, ਸੁਖ ਦਾਨੀ!
ਕੌਨ ਦੁਲਾਰ ਕਰਹਿ ਬਹੁ ਆਨੀ।
ਸੁਖਿ ਬੈਠਨਿ ਪਿਤ ਅੰਕ ਬਡੇਰੇ।
ਕਰਿ ਸਨੇਹ ਸਿਰ ਹਾਥ ਸੁ ਫੇਰੇ ॥੩੬॥
ਸੋ ਅਬਿ ਕਹਾਂ ਨ ਪ੍ਰਾਪਤਿ ਮੋਹੀ।
ਅੰਤਿ ਸਮੇਂ ਨਹਿਂ ਦਰਸ਼ਨ ਹੋਹੀ।
ਭੂਤ ਭਵਿੱਖਤਿ ਬਿਦਤਿ[1] ਬ੍ਰਿਤੰਤਾ।
ਇਮ ਕਿਸ ਰੀਤਿ ਪ੍ਰਾਨ ਕਰਿ ਅੰਤਾ? ॥੩੭॥

[1](ਦਾ) ਪ੍ਰਗਟ ਹੈ।

ਅਲਖ ਗਤੀ ਗੁਰ ਕੀ ਬਿਸਮਾਵਤਿ।
ਨਹੀਂ ਅਪਰ ਤੇ ਜਾਨੀ ਜਾਵਤਿ[†]।'
ਪੁਨ ਸ਼੍ਰੀ ਹਰਿਗੋਵਿੰਦ ਉਚਾਰੇ।
'ਨਿਕਟ ਪੰਚ, ਜਬਿ ਗੁਰੂ ਪਧਾਰੇ ॥੩੮॥

[†]ਪਾ:-ਅਚਰਜ ਭਏ ਨਹੀਂ ਬਿਦਤਾਵਤਿ।

ਅੰਤ ਸਮੇਂ ਕਿਮ ਕਿਯ ਫੁਰਮਾਵਨਿ।
ਤੁਮ ਕੋ ਕੀਨਸਿ ਕਹਾਂ ਜਨਾਵਨਿ?
ਸੋ ਅਬਿ ਬਾਕਨਿ ਕਰਹੁ ਬਤਾਵਨਿ।
ਸੁਨਿ ਹਮ ਧਰਹਿਂ ਮਹਦ ਸੁਖ ਪਾਵਨਿ' ॥੩੯॥
ਇਮ ਪ੍ਰਸੰਗ ਬੂਝਤਿ ਬਹੁ ਰੋਏ।
ਨਹੀਂ ਧੀਰ ਮਨ ਸ਼ੋਕ ਪਰੋਏ।
ਅੱਸ਼੍ਰੁ ਬਿਮੋਚਤਿ ਗਰ ਲਗਿ ਜਾਈ।
ਗਦਗਦ ਗਿਰਾ ਮਹਾਂ ਅਕੁਲਾਈ ॥੪੦॥

ਤਜੋਂ ਅਵਲੋਕਤਿ ਸੇਵਕ ਸਾਰੇ।
ਬਹੁਤ ਬਿਸੂਰਤਿ ਅੱਸ਼ੂ ਡਾਰੇ।
ਦੀਨ ਮਨੇ ਦੁਖ ਲਹਤਿ ਘਨੇਰੇ।
ਗਜਾਨੀ ਤਊ ਪ੍ਰੇਮ ਗੁਰੁ ਕੇਰੇ ॥੪੧॥
ਗੁਰ ਸਨੇਹ ਕੀ ਮਹਿਮਾ ਮਹਾਂ।
ਤਜਹਿਂ ਗਜਾਨ ਮਿਲਿ ਰੋਦਤਿ ਤਹਾਂ।
ਕੇਤਿਕ ਧਜਾਨ ਠਾਨਿ ਭੇ ਮੌਨ।
ਗੁਨ ਸਿਮਰਤਿ ਉਚਰਤਿ ਸੁਖ ਭੌਨ ॥੪੨॥
ਸਭਿ ਕੀ ਦਸ਼ਾ ਦੇਖਿ ਬ੍ਰਿਧ ਭਾਈ।
ਬ੍ਰਹਮ ਗਜਾਨ ਕੀ ਜਿਸ ਦ੍ਰਿਢਤਾਈ।
ਦੈਬੇ ਹੇਤੁ ਸਕਲ ਕੋ ਧੀਰਜ।
ਗੁਰ ਕੋ ਜਸੁ ਕਹਿਬੇ ਅਰੁ ਬੀਰਜ[1] ॥੪੩॥

[1]ਬਲ।

ਦੋਹਰਾ:
ਬੋਲਜੋ ਚਹਤਿ ਪ੍ਰਬੋਧਬੇ[1], ਸ਼੍ਰੀ ਗੁਰ ਹਰਿਗੋਵਿੰਦ।
ਸ਼ੋਕ ਨਿਵਾਰਨਿ ਸਕਲ ਕੋ, ਬੈਠੇ ਦਾਸ ਜਿ ਬ੍ਰਿੰਦ ॥੪੪॥

[1]ਸਮਝਾਉਣ ਲਈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਧਾਸਰ ਸੁਧਿ ਹੋਵਨ' ਪ੍ਰਸੰਗ ਬਰਨਨੰ ਨਾਮ ਏਕ ਊਨਿ ਚੱਤ੍ਵਾਰਿੰਸਤੀ ਅੰਸੂ ॥੩੯॥

## ੪੦. [ਸ੍ਰੀ ਗੁਰ ਹਰਿ ਗੁਵਿੰਦ ਜੀ ਨੇ ਪ੍ਰਣ ਕੀਤਾ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਹਰਿ ਗੁਵਿੰਦ ਅਰੁ ਬ੍ਰਿੰਦ ਸਿਖ, ਰੁਦਿਤ ਸ ਸ਼ੋਕ ਬਿਲੰਦ।
ਦੇਖਤਿ ਭਾਖਤਿ ਬ੍ਰਿੱਧ ਤਬਿ, 'ਕੀਜਹਿ ਖੇਦ ਨਿਕੰਦ[1] ॥੧॥

[1]ਦੁਖ ਦੂਰ ਕਰੋ।

ਚੌਪਈ:

ਸਤਿਗੁਰ ਨਹਿਂ ਸੋਚਨ ਕੇ[1] ਯੋਗ।
ਸੁਜਸੁ ਬਿਥਾਰਜੋ ਚੌਦਸ ਲੋਗ।
ਘਨ ਸਮਾਨ ਤਨਿ ਧਰਿ ਬਿਦਤਾਵੈਂ।
ਜਗ ਕਾਰਜ ਕਰਿ ਬਹੁਰ ਬਿਲਾਵੈਂ[1] ॥੨॥

[1]ਸ਼ੋਕ ਕਰਨ ਦੇ।

[1]ਲੋਪ ਹੋ ਜਾਂਦੇ ਹਨ।

ਪਰਮ ਧਾਮ ਬੈਕੁੰਠ ਸਿਧਾਰੈਂ।
ਬ੍ਰਿੰਦ ਅਨੰਦ ਬਿਲੰਦ ਬਿਹਾਰੈਂ[1]।
ਕਰਿ ਗਾਦੀ ਪਰ ਪੁੱਤਰ ਅਬਾਦੀ[1]।
ਭਏ ਸਰੂਪ ਲੀਨ ਨਿਜ ਆਦੀ[1] ॥੩॥

[1](ਵਿਚ) ਵਿਚਰਦੇ ਹਨ।

[1]ਭਾਵ, ਇਸਥਿਤਿ।

[1]ਆਪਣੇ ਮੁੱਢਲੇ (ਸਰੂਪ) ਵਿਚ।

ਜੇ ਕਾਰਜ ਕਰਿਬੇ ਕਹੁ ਆਏ।
ਨੀਕੇ ਪੂਰਨ ਕਰਿ ਸਮੁਦਾਏ।
ਕਾਨ੍ਹੇ ਸ੍ਰਾਪ ਸਾਚ ਕੇ ਹੇਤੁ।
ਸਹੀ ਸਜਾਇ ਸੁ ਚੰਦੂ ਨਿਕੇਤ ॥੪॥
ਪੂਰਨਤਾ ਦਿਖਾਇ ਬ੍ਰਹਮ ਗਜਾਨੀ।
ਜਿਨ ਕੇ ਤਨਹੰਤਾ ਬ੍ਰਿਤਿ ਹਾਨੀ।
ਨਿਜ ਸਰੂਪ ਤੇ ਫੁਰਨੋ ਆਨ।
ਉਠਨਿ ਨ ਦੀਨਸਿ ਇਕ ਰਸਵਾਨ ॥੫॥
ਜਗ ਕੀ ਬਰਤਣ ਸਹਿਜ ਸੁਭਾਇ।
ਬਿਨਾ ਜਤਨ ਜਿਮ ਹੋਤੀ ਜਾਇ।
ਭਗਤ ਕਬੀਰ ਨਾਮ ਦਿਉ ਆਦਿ।
ਭੀਰ ਪਰੀ ਕੀਨਸਿ ਪ੍ਰਭੁ ਯਾਦਿ ॥੬॥
ਕੁਛ ਤੇ ਕੁਛ ਕਰਿ ਨਰਨਿ ਦਿਖਾਈ।
ਗਜਾਨ ਊਨਤਾ ਇਹੀ ਜਨਾਈ[1†]।

[1]ਇਹ (ਉਹਨਾਂ ਨੇ) ਗਜਾਨ ਦੀ ਕਮੀ ਦਿਖਾਈ।
[†]ਕਬੀਰ ਆਦਿਕਾਂ ਤੋਂ ਗੁਰੂ ਜੀ ਦੀ ਅਧਿਕਤਾ ਕੈਸੀ ਸੁੰਦਰ ਦਰਸਾਈ ਹੈ।

ਸੱਤਿ ਆਤਮਾ ਜਗ ਸਭਿ ਕਾਚੋ।

ਜਿਸ ਤੇ ਉਰ ਨਿਸ਼ਚੈ ਅਸ ਸਾਚੋ ॥੭॥
ਸੋ ਨਾਨੱਤ੍ਵ[1] ਪਰ ਫੁਰਨਾ ਕਰਹਿ ਨ। [1]ਨਾਨਾਪਨ ਭਾਵ ਸੰਸਾਰ।
ਅਪਨ ਸਰੂਪ ਲਖਹਿ, ਅਨ ਧਰਹਿ ਨ[1]। [1]ਦ੍ਵੈਤ ਨਹੀਂ ਧਾਰਦੇ।
ਅਸ ਸ੍ਵਾਮੀ ਨਹਿਂ ਸੋਚਨਿ ਜੋਗ।
ਕ੍ਰਿਪਾ ਤਿਨਹੁ ਉਧਰੇ ਬਹੁ ਲੋਗਿ ॥੮॥
ਪੂਰਬ ਪੁੰਨਨਿ ਫਲ ਕੋ ਪਾਇ।
ਭੋਗ ਬਿਸ਼ੈ ਜਗ ਚਲੇ ਗਵਾਇ[1]। [1]ਭੋਗ ਕੇ ਵਿਸ਼ਯ ਜਗ ਵਿਚ ਗਵਾਕੇ (ਆਪਣੀ ਉਮਰ) ਚਲੇ ਗਏ।

ਭਗਤਿ ਨ, ਜੋਗ ਨ ਗਜ਼ਾਨ ਵਿਰਾਗੇ।
ਸੇ ਸੋਚਨ ਕੇ ਜੋਗ ਕੁਭਾਗੇ ॥੯॥
ਨਰ ਤਨ ਜਿਨਹੁਂ ਅਕਾਰਥ ਖੋਵਾ।
ਸੱਤਿਨਾਮ ਨਹਿਂ ਸਿਮਰਨਿ ਹੋਵਾ।
ਫਾਸੀ ਪਰੇ ਗਏ ਜਮ ਲੋਗ।
ਸੋ ਮੂਰਖ ਸੋਚਨਿ ਕੇ ਜੋਗ ॥੧੦॥
ਮਰਿ ਕਰਿ ਬਹੁ ਜੋਨੀ ਭਰਮਾਵੈਂ।
ਕਰੇ ਪਾਪ ਕੈ ਨਰਕ ਸਿਧਾਵੈਂ।
ਜਿਨ ਕਬਿਹੂੰ ਸਤਿਸੰਗ ਨ ਕਰੇ।
ਸੇ ਸੋਚਨ ਕੇ ਜੋਗ ਜਿ ਮਰੇ ॥੧੧॥
ਗੁਰ ਸ਼ਰਧਾ ਉਰ ਜਿਨ ਕੇ ਨਾਂਹਿ ਨ।
ਤ੍ਰਿਸ਼ਨਾ ਤੇ ਮਨ ਬਰਜਜੋ ਜਾਂਹਿ ਨ।
ਗੁਨ ਤਜਿ ਅਵਗੁਨ ਸੰਗ੍ਰਹਿ ਕਰੇ।
ਸੇ ਸੋਚਨਿ ਕੇ ਜੋਗ ਜਿ ਮਰੇ ॥੧੨॥
ਨਹਿਂ ਗੁਰ ਧਜਾਨ ਨ ਗੁਰ ਕੀ ਸੇਵਾ।
ਗੁਰ ਬਿਹੀਨ ਧਾਰਤਿ ਅਹੰਮੇਵਾ।
ਗੁਰ ਹਰਿ ਕੀ ਲਖਹਿ ਨ ਬਡਿਆਈ।
ਸੇ ਸੋਚਨਿ ਕੋ ਜੋਗ ਸਦਾਈ ॥੧੩॥
ਇਸ ਜਗ ਅਰੁ ਪਰਲੋਕ ਮਝਾਰੇ।
ਸਤਿਗੁਰ ਸਦਾ ਸਹਾਇ ਹਮਾਰੇ।
ਸਿਮਰਨਿ ਕਰੇ ਦਰਸ ਦੈਂ ਆਨਿ[1]। [1]ਆਕੇ ਦਰਸ਼ਨ ਦੇਂਦੇ ਹਨ।
ਸੇ ਕਜੋਂ ਸੋਚਨਿ ਜੋਗ ਮਹਾਂਨ ॥੧੪॥
ਬੰਦਨ ਕਰਹੁ, ਕਰਾਹੁ ਕਰਾਵੋ।
ਕਿਰਤਨ ਸੁਨਹੁ, ਅਨੰਦ ਉਪਾਵੋ।

ਸਿਮਰੇ ਨਿਤ ਹਾਜ਼ਰ ਗੁਰ ਅਹੈਂ।
ਪਰਮ ਪ੍ਰੇਮ ਮਨ ਕੋ ਸਭਿ ਲਹੈਂ[1] ॥੧੫॥
ਦ੍ਰਿਸ਼ਟਿ ਮਾਨ ਹੈਂ ਜਿਤਿਕ ਅਕਾਰ।
ਸਭਿ ਕੂਰੇ ਹੈਂ ਬਿਨਸਨਿ ਹਾਰ।
ਇਨ ਸੋਂ ਮੋਹ ਕਰਹਿ ਅੱਗਜਾਨੀ।
ਜੋ ਲਖਿਯਤਿ ਹੈ ਸੁਪਨ ਸਮਾਨੀ ॥੧੬॥
ਤੁਮ ਕੋ ਉਚਿਤ ਨ ਐਸੇ ਕਰਿਬੇ।
ਹਰਖ ਸ਼ੋਕ ਅੱਗਜਾਨੀ ਧਰਿਬੇ।
ਤਖਤ ਬੈਠਿ ਅਬਿ ਸਿੱਖ ਉਧਾਰੋ।
ਸ਼ੱਤ੍ਰੂ ਗਨ ਜੇ ਸਕਲ ਸੰਘਾਰੋ' ॥੧੭॥
ਇਮ ਸੁਨਿ ਕੈ ਬ੍ਰਿਧ ਕੇ ਬਚ ਕਾਨ।
ਸ਼੍ਰੀ ਹਰਿਗੋਬਿੰਦ ਭੇ ਸਵਧਾਨ।
ਪੰਚ ਸਿੱਖ ਕੋ ਬੂਝਨਿ ਲਾਗੇ।
'ਕਹਜੋ ਅੰਤ ਜਿਮ ਕਹੁ ਹਮ ਆਗੇ' ॥੧੮॥
ਸੁਨਤਿ ਪਿਰਾਣਾ ਕਹਿ ਮ੍ਰਿਦੁ ਬਾਨੀ।
'ਇਮ ਸ਼੍ਰੀ ਸਤਿਗੁਰੁ ਤੁਮਹਿ ਵਖਾਨੀ।
-ਹਰਿਗੁਵਿੰਦ ਸੰਗ ਜਾਇ ਮਿਲੀਜੈ।
ਹਮ ਦਿਸ਼ਿ ਤੇ ਬਹੁ ਧੀਰਜ ਦੀਜੈ ॥੧੯॥
ਕਰਹੁ ਨ ਸ਼ੋਕ ਗੁਵਿੰਦ ਗੁਨ ਗਾਵਹੁ।
ਅਪਰ ਸਕਲ ਕੋ ਕਰਹੁ ਮਿਟਾਵਹੁ।
ਸਾਯੁਧ ਹੋਹੁ ਤਖਤ ਪਰ ਰਾਜਹੁ।
ਜਥਾ ਸ਼ਕਤਿ ਸੈਨਾ ਸੰਗ ਸਾਜਹੁ ॥੨੦॥
ਪ੍ਰਥਮ ਚੰਦੁ ਤੇ ਪਲਟਾ ਲੀਜਹਿ।
ਹਤਹੁ ਕੁਮੌਤ ਮਹਾਂ ਦੁਖ ਦੀਜਹਿ[†]।
ਸ਼੍ਰੀ ਗੁਰ ਅਮਰ ਦਾਸ ਕੀ ਅੰਸ।
ਨਿਕਟ ਹਕਾਰਹੁ ਕੁਲ ਅਵਿਤੰਸ਼ ॥੨੧॥
ਪ੍ਰਥਮ ਰੀਤਿ ਕਰਿ ਲੀਜਹਿ ਟੀਕਾ।
ਸਕਲ ਬਡਿਨਿ ਸੰਗ ਕਹਿ ਬਚ ਨੀਕਾ।
ਬ੍ਰਿਧ ਆਦਿਕ ਸਿੱਖਨਿ ਸਨਮਾਨਹੁ।
ਪੂਰਾ ਗੁਰਨਿ[1] ਕੀ ਰੀਤਿ ਪ੍ਰਮਾਨਹੁ ॥੨੨॥

[1]ਸਭ ਦੇ ਮਨ ਦਾ ਅਤਿ ਪ੍ਰੇਮ ਜਾਣਦੇ ਹਨ।

[†]ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

[1]ਪਹਿਲੇ ਗੁਰਾਂ ਦੀ।

ਨਈ ਰੀਤਿ ਇਕ ਰਣ ਕੀ ਕੀਜਹਿ।
ਅਪਰ ਪ੍ਰਥਮ ਸਮ ਗਤੀ ਚਲੀਜਹਿ।
ਦਾਹੁ ਦੇਹ ਨਹਿਂ ਕਰਹੁ ਹਮਾਰੀ।
ਦਿਹੁ ਪ੍ਰਵਾਹ ਇਸ ਸਲਿਤਾ ਬਾਰੀ ॥੨੩॥
ਦਰਸ਼ਨ ਹਮਰੋ ਹੈ ਦਰਿਆਉ।
ਸਿਰ ਉੱਤਰ ਦਿਸਿ ਦੱਛਨ ਪਾਉ†-।

ਸੋਰਹ ਸਤ ਤ੍ਰੈਸਟ[1] ਗਿਨ ਸੰਮਤਿ।
ਜੇਸ਼ਠ ਸ਼ੁਦੀ ਚੌਥ ਹਰਿ ਸੰਮਤ[1] ॥੨੪॥
ਮਹਾਂ ਪਾਤਕੀ ਸ਼ੱਤ੍ਰੂ ਚੰਦੁ।
ਦਈ ਸਜ਼ਾਇ ਅਨੇਕ ਬਿਲੰਦ।
ਪਚੰ ਦਿਵਸ ਲੌ ਖਾਇ ਨ ਪੀਓ।
ਨਹੀਂ ਦੁਸ਼ਟ ਨੇ ਆਦਰ ਕੀਓ ॥੨੫॥
ਜਯੋਂ ਕਯੋਂ ਘਾਤ ਕਰਹੁ ਤਿਸ ਕੇਰਾ।
ਦੁਖ ਦੇ ਜਗ ਬਿਦਤਾਇ ਬਡੇਰਾ।
ਪਿਤਾ ਬੈਰ ਕੋ ਉਚਿਤ ਸੁ ਲੈਬਾ।
ਪੂਰਬ ਘੋਰ ਸਜਾਇਨਿ ਦੈਬਾ[1] ॥੨੬॥
ਬਿਸ਼ਟਾ ਮਹਿਂ ਰੁਲਾਇ ਕਰਿ ਮਾਰੋ।
ਤੀਬ੍ਰ ਪੀਰ[1] ਨਰਕਨਿ ਮਹਿਂ ਡਾਰੋ।
ਕਾਲ, ਕਲਪ ਕਰਿ ਪੁਰਹ ਨ ਜਾਵਦ[1]।
ਲਹੈ ਸਜਾਇ ਨਰਕ ਕੀ ਤਾਵਦ ॥੨੭॥
ਕਰੀ ਅਵੱਗਜਾ ਕੋ ਫਲ ਭਾਰੀ।
ਤਉ ਨ ਨਿਬਟੈ[1] ਬਾਕੀ ਸਾਰੀ।'
ਸੁਨਤਿ ਪਿਰਾਣੇ ਕੇ ਬਚ ਬ੍ਰਿੰਦ।
ਤਬਿ ਰਿਸਿ ਤੇ ਸ਼੍ਰੀ ਹਰਿਗੋਵਿੰਦ ॥੨੮॥
ਫਰਕੀ ਦੋਨੋ ਬਾਹੁ ਬਿਸਾਲਾ।
ਦ੍ਰਿਗ ਜਲ ਹੋਤਿ, ਅਧਰ ਚਲ ਚਾਲਾ[1]।
ਬਦਨ ਬਿਲੋਚਨ ਲਾਲ ਕਰਾਲੇ।
ਭ੍ਰਿਕੁਟੀ ਬੰਕ ਚਾਪ ਕੀ ਢਾਲੇ[1] ॥੨੯॥
ਸਭਿ ਕੇ ਸੁਨਤਿ ਕ੍ਰੋਧ ਕਰਿ ਬੋਲੇ।
'ਕਰਹਿਂ ਕ੍ਰਿੱਤ ਪਿਤ ਆਇਸੁ ਕੋ ਲੇ।
ਜੇ ਨਹਿਂ ਚੰਦੂ ਕੋ ਹਮ ਗਹੈਂ।

†ਅੰਕ ੧੯ ਤੋਂ ਇਥੋਂ ਤਕ ਹੂਬਹੂ ਉਤਾਰਾ ਹੈ ਅੰਸੂ ੩੭ ਦੇ ਅੰਕ ੨੬ ਤੋਂ ੩੧ ਤਕ ਦਾ।
[1]ਭਾਵ, ੧੬੬੩।
[1]ਜੇਠ ਸ਼ੁਦੀ ਚੌਥ ਨੂੰ ਪ੍ਰਭੂ (ਦੇ ਹੁਕਮ) ਅਨੁਸਾਰ।
[1]ਸਜ਼ਾਵਾਂ ਦੇਣੀਆਂ।
[1]ਤਕੜੀ ਪੀੜ (ਦੇ ਕੇ)।
[1]ਕਲਪ ਦਾ ਸਮਾ ਪੂਰਾ ਨ ਹੋਵੇ ਜਦ ਤਕ।
[1]ਨਿਬੜੇਗੀ।
[1]ਨੇਤ੍ਰਾਂ ਵਿਚ ਜਲ ਹੋ ਗਿਆ ਤੇ ਹੋਠ ਫਰਕੇ।
[1]ਧਨੁਖ ਦੀ ਤਰ੍ਹਾਂ।

ਮੁਸ਼ਕੈ ਬੰਧੀ ਜਿ ਨਾ ਜਗ ਲਹੈਂ[1] ॥੩੦॥
ਤੌ ਹਮਰੇ ਸਿਰ ਦੋਸ਼ ਬਿਸਾਲੇ।
ਚਢਹੁ ਜਿਨਹੁ ਫਲ ਦੁਖਦ ਕਰਾਲੇ।
ਜੇ ਨਿਤ ਵਜਸ਼ਨ ਪਰੇ ਪਰਦਾਰਾ।
ਕੈ ਪਰ ਦਰਬ ਚੋਰ ਬਟਪਾਰਾ ॥੩੧॥
ਗੁਰ ਤੇ ਬੇਮੁਖ ਕੁਟਿਲ ਕੁਚਾਲੇ।
ਕੂਰੇ ਕਾਇਰ ਕੁਮਤਿ ਕਰਾਲੇ।
ਲਗਹਿ ਦੋਸ਼ ਅਸ ਪਾਪ ਉਦਾਰਾ[1]।
ਜੇ ਨ ਕਰੌਂ ਚੰਦੂ ਮੁਖ ਕਾਰਾ ॥੩੨॥
ਮਿੱਤ੍ਰਨਿ ਦ੍ਰੋਹ ਅਕਾਰਣ ਦ੍ਰੋਹੀ[1]।
ਅਪਨਿ ਭਰੋਸੋ ਦੇ ਕਰਿ ਧ੍ਰੋਹੀ[1]।
ਪਰ ਸੰਪਤਿ ਕੋ ਦੇਖਤਿ ਜਰਨਾ[1]।
ਪਰ ਜਸੁ ਸੁਨਤਿ ਰਿਦੈ ਨਹਿਂ ਜਰਨਾ ॥੩੩॥
ਗੁਰ ਨਿੰਦਕ, ਲੋਲਪ[1] ਕੁਲ ਘਾਤੀ।
ਮਾਤ ਪਿਤਾ ਦੁਖਦਾਯਕ ਛਾਤੀ।
ਇਨ ਅਘ ਫਲ ਤੌ ਹਮ ਹੀ ਪਾਵੈਂ।
ਜੇ ਨ ਚੰਦੁ ਸਿਰ ਪਨਹਿ[1] ਲਗਾਵੈਂ' ॥੩੪॥
ਇੱਤਯਾਦਿਕ ਕਹਿ ਸਭਾ ਮਝਾਰੀ।
ਪਿਤ ਪਲਟਾ ਲੈਬੇ ਇਛ ਧਾਰੀ[†]।
ਉਠ ਪੁਨ ਸੁਧਾ ਸਰੋਵਰ ਗਏ।
ਮੱਜਨ ਕਰਿ ਤਿਲਾਂਜੁਲੀ[†] ਦਏ ॥੩੫॥
ਲੌਕਿਕ ਬੈਦਕ ਜਿਤਿਕ ਬਤਾਈ।
ਪਿਤਾ ਹੇਤੁ ਸਭਿ ਕਰੀ ਗੁਸਾਈਂ।
ਹਟਿ ਕਰਿ[†] ਚਲਿ ਨਿਕੇਤ ਕਹੁ ਆਏ।
ਮਾਤ ਗੰਗ ਜਹਿਂ ਸ਼ੋਕ ਵਧਾਏ ॥੩੬॥

[1]ਜੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਸੰਸਾਰ ਨਾ ਦੇਖੇ ਤਾਂ।

[1]ਐਸੇ ਭਾਰੀ ਪਾਪਾਂ ਦਾ ਦੋਸ਼ ਲੱਗੇ ਸਾਨੂੰ।

[1]ਮਿੱਤ੍ਰ ਨਾਲ ਧੋਖਾ ਕਰਨ ਵਾਲਾ, ਤੇ ਬਿਨਾਂ ਸਬੱਬ ਤੋਂ ਧੋਖਾ ਦੇਣ ਵਾਲਾ।

[1]ਤੇ ਭਰੋਸਾ ਦੇਕੇ ਧੋਖਾ ਕਰਨ ਵਾਲਾ।

[1]ਪਰਾਏ ਪਦਾਰਥਾਂ ਨੂੰ ਦੇਖ ਕੇ ਸੜਨ ਵਾਲਾ।

[1]ਲੋਭੀ।

[1]ਜੁੱਤੀ।

[†]ਰੌਦ੍ਰ ਰਸ ਦਾ ਕਮਾਲ ਕਵਿ ਜੀ ਨੇ ਬੱਧਾ ਹੈ। ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।

[†]ਐਸੇ ਵਾਕ ਅਸੀਂ ਦੱਸ ਆਏ ਹਾਂ ਕਈ ਥਾਈਂ ਕਿ ਕਵੀ ਜੀ ਆਪ ਖੰਡਨ ਕਰਦੇ ਹਨ, ਕਿ ਗੁਰੂ ਘਰ ਵਿਚ ਸਿਵਾ ਅਰਦਾਸ ਦੇ ਕੋਈ ਹੋਰ ਮਿਰਯਾਦਾ ਨਹੀਂ ਸੀ। ਦੇਖੋ ਪਿਛੇ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ ਤੇ ਦੇਖੋ ਅਗਲੇ ਅੰਸੂ ਦੇ ਅੰਕ ੧੨ ਤੋਂ ੨੨ ਤਕ ਤੇ ਹੇਠਲੀ ਟੂਕ ਅੰਕ ੧੩ ਦੀ।

[†]ਪਾਠਾਂਤ੍ਰ:-ਹੁਇ ਕਰ।

ਕਹਿਤ ਗੁਰੂ ਕੇ ਬਸਤ੍ਰਨਿ ਸੰਗ।
ਕਰੌਂ ਦਾਹ ਮੈਂ ਅਪਨੇ ਸੰਗ।
ਪਤਿ ਕੇ ਸੰਗ ਜਰਨਿ ਇਕ ਬਾਰੀ।
ਪਤਿ ਬਿਨ ਜਰਤਿ ਸਦਾ ਦੁਖ ਕਾਰੀ[1]' ॥੩੭॥

[1]ਪਤਿ ਦੇ ਨਾਲ ਸੜਨਾ ਤਾਂ ਇਕ ਵਾਰ (ਸੜਨਾ ਹੈ) ਪਰ ਪਤੀ ਤੋਂ ਬਿਨਾਂ (ਭਾਵ ਉਸ ਦੇ ਵਿਯੋਗ ਵਿਚ) ਸਦਾ ਦਾ ਸੜਨਾ (ਵਧੇਰੇ) ਦੁਖਦਾਈ ਹੈ।

ਸੁਨਿ ਸ਼੍ਰੀ ਹਰਿਗੋਵਿੰਦ ਦੁਖਾਰੀ।
ਪਠਜੋ ਬ੍ਰਿਧ 'ਦਿਹੁ ਧੀਰਜ ਭਾਰੀ।'
ਪਰਦੇ ਅੰਦਰਿ ਮਾਤ ਬਿਠਾਇ।
ਕਹਜੋ ਬਾਕ 'ਦਿਹੁ ਸ਼ੋਕ ਮਿਟਾਇ ॥੩੮॥
ਸ਼੍ਰੀ ਸਤਿਗੁਰ ਜੋ ਆਇਸੁ ਕਰੀ।
ਹਮ ਤੁਮ ਕੌ ਚਹਿਯਤਿ ਸੋ ਧਰੀ।
ਹਰਿਗੁਬਿੰਦ ਅਰੁ ਨੁਖਾ ਤੁਮਾਰੀ।
ਅਲਪ ਆਰਬਲ ਲੇਹੁ ਬਿਚਾਰੀ ॥੩੯॥
ਸ਼੍ਰੀ ਗੁਰ ਪਾਛੇ ਸਿੱਖ ਕਦੰਬ।
ਸਭਿਹਿਨਿ ਕੇ ਤੁਮ ਅਹੋ ਅਲੰਬ।
ਜਹਿਂ ਸਿਮਰੇ ਤਹਿਂ ਹਾਜ਼ਰ ਗੁਰ ਹੈਂ।
ਤਿਨਿ ਹਿਤ ਸ਼ੋਕ ਸੋਚ ਕਜਾ ਧਰਿ ਹੈਂ ॥੪੦॥
ਤੁਮ ਬਿਨ ਸਭਿ ਕੀ ਗਤਿ ਹੈ ਕੌਨ।
ਗੁਰੁ ਤੁਮ ਤਜੇ ਆਸਰਾ ਭੌਨ[1]।

[1]ਗੁਰੂ ਜੀ ਨੇ ਤੁਹਾਨੂੰ ਹੀ ਘਰ ਦਾ ਆਸਰਾ ਛੱਡਿਆ ਹੈ।

ਅੰਤ ਸਮੇਂ ਗੁਰੁ ਆਇਸੁ ਕਹੀ।
-ਹਮ ਹਿਤ ਸ਼ੋਕ ਕਰਿਹੁ ਕੋ ਨਹੀਂ ॥੪੧॥
ਹਰਿਗੁਬਿੰਦ ਕੋ ਤਖਤ ਬਿਠਾਵੋ।
ਮੰਗਲ ਅਨਿਕ ਪ੍ਰਕਾਰ ਕਰਾਵੋ-।
ਗੁਰੁ ਆਇਸੁ ਤੇ ਕਾਰਜ ਏਹੂ।
ਤੁਮ ਬਸਿ[1] ਕਰਨਿ ਉਚਿਤ ਲਖਿ ਲੇਹੂ ॥੪੨॥

[1]ਤੁਹਾਡੇ ਅਧੀਨ।

ਗੁਰ ਪਤਿ ਕੀ ਮਰਜ਼ੀ ਬਿਨ ਜਰਨੋ।
ਨਹੀਂ ਆਪ ਕੇ ਲਾਯਕ ਬਰਨੋ।
ਸਿਮਰੋ ਨਿਸ ਦਿਨ ਠਾਨਹੁ ਧਯਾਨ।
ਮਿਲਹੁ ਜਾਇ ਪਤਿ ਪ੍ਰਾਨ ਨਿਦਾਨ[1] ॥੪੩॥

[1]ਪ੍ਰਾਣਾਂ ਦੇ ਅੰਤ ਹੋਇਆਂ।

ਸਮਝਿ ਪਿਖਹੁ ਨਹਿਂ ਬਹੁਰ ਕਹੀਜੈ।
ਸ਼ੋਕ ਸੰਤਾਪ ਤਜਾਗ ਸਭਿ ਦੀਜੈ।
ਸੁਨਿ ਬ੍ਰਿਧ ਕੇ ਬਚ ਸਜਾਨੇ ਗੰਗਾ।
ਮਾਨੇ ਸਿਰ ਧਰਿ ਜਾਨੇ ਚੰਗਾ† ॥੪੪॥

†ਮਾਤਾ ਜੀ ਪਤਿਬ੍ਰਤ, ਨਾਮੀ ਤੇ ਗੁਰਬਾਣੀ ਦੇ ਗਜਾਤਾ ਸੇ, ਉਨ੍ਹਾਂ ਨੂੰ ਪਤਾ ਸੀ 'ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥' ਉਹਨਾਂ ਨੂੰ ਸਤੀ ਹੋਣ ਦਾ ਸੰਕਲਪ ਗੁਜ਼ਰਨਾ ਸੰਭਵ ਹੀ ਨਹੀਂ।

ਨਹਿਂ ਅਪਰਨਿ ਸਮ ਮੋ ਕਹੁ ਚਹੀਯਹਿ।
ਰੋਦਨਿ ਸ਼ੋਕ ਮੋਹ ਤੇ ਪੱਯਹਿ[1]।
ਮੈਂ ਜਗ ਗੁਰ ਘਰਨੀ ਅਕਲੇਸ਼[1]।
ਜਿਨ ਤੇ ਲੇਂ ਉਪਦੇਸ਼ ਅਸ਼ੇਸ਼- ॥੪੫॥

[1]ਰੋਣਾਂ ਤੇ ਸ਼ੋਕ ਮੋਹ ਕਰਕੇ ਪਾਈਦਾ ਹੈ।

[1]ਕਲੇਸ਼ ਰਹਿਤ।

ਅਸ ਮਨ ਜਾਨਿ ਧੀਰ ਕੋ ਧਰਿ ਕੈ।
ਕਰੀ ਜਿਤਿਕ ਜਗ ਰੀਤਿ ਬਿਚਰਿਕੈ।
ਸੋ ਅਹਿਨਿਸ ਬੀਤਯੋ ਬਿਨ ਖਾਨੇ।
ਗੁਰ ਕੇ ਗੁਨ, ਅਘ ਚੰਦੁ ਬਖਾਨੇ ॥੪੬॥
ਉਚਿਤ ਜੁ ਮਹਾਂ ਸ਼ੱਤ੍ਰੁਤਾ ਕਰਿਬੇ[1]।
ਕਹਤਿ ਚਹਿਤ ਤਿਸ ਪ੍ਰਾਨਨਿ ਹਰਿਬੇ।
ਸਭਿ ਸੰਗਤਿ ਗਨ ਗਾਰ ਨਿਕਾਰੈਂ।
'ਪਾਪ ਆਤਮਾ ਨਰਕ ਸਿਧਾਰੈ' ॥੪੭॥

[1]ਭਾਰੀ ਵੈਰ ਕਰਨੇ ਦੇ ਜੋ ਜੋਗ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਬਿੰਦ ਪ੍ਰਣ ਕਰਣ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਦਸਤਾਰ ਬੰਦੀ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਸੁਧਿ ਖਡੂਰ ਪਹੁੰਚਾਇਕੈ, ਪੁਨ ਪਠਿ ਗੋਇੰਦਵਾਲ।
ਮਉ ਡੱਲੇ ਸੁਨਿ ਕਰਿ ਅਏ, ਧਾਰਤਿ ਸ਼ੋਕ ਬਿਸਾਲ ॥੧॥

ਚੌਪਈ:

ਨਰ ਨਾਰੀ ਚਢਿ ਚਢਿ ਅਸੁਵਾਰੀ।
ਆਇ ਸੁਧਾਸਰਿ ਕੇਰਿ ਮਝਾਰੀ।
ਰੋਦਤਿ ਪਹੁੰਚਹਿਂ ਕੂਕ ਪੁਕਾਰੈਂ।
ਦੋਨਹੁ ਹਾਥ ਸੀਸ ਪਰ ਮਾਰੈਂ ॥੨॥
ਇਮ ਬਿਰਲਾਪਤਿ ਆਵਤਿ ਨਾਰੀ।
ਪ੍ਰਵਿਸ਼ੈ ਗੰਗਾ ਸਦਨ ਮਝਾਰੀ।
ਸ਼੍ਰੀ ਅਰਜਨ ਕੇ ਗੁਨ ਬਹੁ ਕਹੈਂ।
ਕਮਲ ਬਿਲੋਚਨ ਤੇ ਜਲ ਬਹੈ ॥੩॥
ਸਭਿਹਿਨਿ ਕੋ ਸਨਮਾਨ ਮਹਾਨ।
ਪ੍ਰਥਮ ਰਾਖਿ[1] ਪੁਨ ਕਰਹਿ ਬਖਾਨ।
ਸ਼੍ਰੀ ਗੰਗਾ ਸ਼ੁਭ ਮਤਿ ਮਹਿਂ ਸਜਾਨੀ।
'ਕਰਹੁ ਨ ਸ਼ੋਕ ਸੁਨਾਵਹੁ ਬਾਨੀ ॥੪॥
ਜਗ ਗੁਰ ਕੀ ਆਗਜਾ ਜਿਮ ਹੋਇ।
ਕੈਸੇ ਕਰਹਿਂ ੳੁਲੰਘਨਿ ਸੋਇ।
ਅਪਰ ਨਰਨਿ ਸਮ ਤਿਨ ਤਨ ਨਾਂਹੀ।
ਸਦਾ ਸੁਛੰਦ ਆਇਂ ਜਗ ਮਾਹੀ ॥੫॥
ਕਰਿ ਕਾਰਜ ਨਿਜ ਸਦਨ ਸਿਧਾਵੈਂ।
ਪਰ ਬਸਿ ਹੋਇ ਨ ਆਇ ਨ ਜਾਵੈਂ[1]।
ਦੁੰਦ ਲੋਕ ਆਨੰਦ ਬਿਲੰਦੈਂ।
ਸਦਾ ਮੁਕੰਦ ਦਾਸ ਨਿਜ ਬ੍ਰਿੰਦੈ ॥੬॥
ਸੁਜਸੁ ਬਿਥਾਰਿ ਚੰਦ ਮਾਨਿੰਦੈਂ।
ਜਨੁ ਸੁਖਕੰਦ ਸੁ ਪਦ ਅਰਬਿੰਦੈ[1]।
ਚੰਦੁ ਪਾਤਕੀ ਸਿਰ ਦੇ ਦੋਸ਼।
ਗਏ ਬਿਕੁੰਠ ਪਰਮ ਸੰਤੋਸ਼' ॥੭॥

[1]ਪਹਿਲੇ (ਸਤਿਕਾਰ) ਰੱਖਕੇ।

[1]ਪਰਾਏ ਵਸ ਹੋਕੇ ਨਾ ਆਉਂਦੇ ਹਨ ਨਾ ਜਾਂਦੇ ਹਨ।

[1](ਜਿਨ੍ਹਾਂ ਦੇ) ਚਰਣ ਕਮਲ ਦਾਸਾਂ ਨੂੰ ਸੁਖਕੰਦ ਹਨ।

ਭੱਲਜਨਿ ਤੇਹਣ ਕੁਲ ਕੀ ਦਾਰਾ।
ਸੁਨਿ ਸੁਨਿ ਸਭਿਹਿਨਿ ਸੁਜਸ ਉਚਾਰਾ।
ਮਉ ਡੱਲੇ ਕੀ ਜੇਤਿਕ ਨਾਰੀ।
ਤਿਨ ਸਨ[1] ਜਗਤ ਰੀਤਿ ਕਰਿ ਸਾਰੀ ॥੮॥
ਸਿਖ ਸਗਤਿ ਚਹੁ ਦਿਸ਼ਿਨਿ ਬਿਸਾਲੇ।
ਨਿਤਪ੍ਰਤਿ ਆਇ ਸੁਧਾਸਰ ਚਾਲੇ।
ਜਯੋਂ ਜਯੋਂ ਦੇਸ਼ਨਿ ਮਹਿਂ ਸੁਧਿ ਜਾਵੈ।
ਸਹਤ ਮਸੰਦਨਿ ਸੰਗਤਿ ਆਵੈ ॥੯॥
ਲੋਕ ਹਜ਼ਾਰਹੁ ਨਿਤ ਪਹੁਚੰਤੇ।
ਮਿਲਿ ਗੁਰ ਸਿਖਨਿ ਸ਼ੋਕ ਧਰੰਤੇ।
ਸ਼੍ਰੀ ਹਰਿ ਗੋਵਿੰਦ ਚੰਦ ਹਮੇਸ਼ੈਂ।
ਬੈਠਹਿਂ ਲਾਇ ਦਿਵਾਨ ਅਸ਼ੇਸ਼ੈਂ ॥੧੦॥
ਫਰਸ਼ ਬਿਸਾਲ ਪ੍ਰਥਮ ਕਰਿਵਾਵੈਂ।
ਆਇ ਆਇ ਤਹਿਂ ਬੈਠਤਿ ਜਾਵੈਂ।
ਦੇਗ ਅਤੋਟ ਹੋਤਿ ਦਿਨ ਸਾਰੇ।
ਜਬਿ ਕੋ ਚਾਹਹਿ ਕਰਹਿ ਅਹਾਰੇ ॥੧੧॥
ਮਾਨਵ ਬ੍ਰਿੰਦ ਕਾਰ ਕੋ ਕਰੈਂ।
ਅਧਿਕ ਸਮਾਜ ਨਿਤਾਪ੍ਰਤਿ ਧਰੈਂ।
ਖਰਚ ਹੋਤਿ ਕੁਛ ਗਿਨਤੀ ਨਾਂਹੀ।
ਸਰਬ ਮਸੰਦ ਕਾਰ ਨਿਰਬਾਹੀਂ ॥੧੨॥
†ਸ਼੍ਰੀ ਗੁਰ ਗ੍ਰਿੰਥ ਪਾਠ ਕਰਿਵਾਇਵ।
ਭਾਈ ਬ੍ਰਿੱਧ ਪਠਨਿ ਕੋ ਲਾਇਵ।
ਕਰਹਿਂ ਰਬਾਬੀ ਕਿਰਤਨ ਘਨੇ।
ਕਬਿ ਸਿਖ ਗਾਇਂ ਜਿ ਰਾਗੀ ਬਨੇ ॥੧੩॥
ਭਜਨ ਅਖੰਡ ਪ੍ਰਵਾਹ ਬਹੰਤਾ।
ਹੁਇ ਜੀਵਨਿ ਕੱਲਜਾਨ ਸੁਨੰਤਾ।
ਤ੍ਰੌਦਸ਼ ਦਿਨ ਇਸ ਬਿਧਿ ਜਬਿ ਭਯੋ।
ਪਢਯੋ ਸੁ ਗ੍ਰਿੰਥ ਅੰਤਿ ਲੌਂ ਅਯੋ[1] ॥੧੪॥
ਜਗਤ ਰੀਤਿ ਕੇ ਹੇਤੁ ਗੁਸਾਈ।
ਸੰਗਤਿ ਤਹਿਂ ਬੁਲਾਇ ਸਮੁਦਾਈ।

[1]ਸਮੇਤ।

†ਏਥੋਂ ਅਗੇ ਹੁਣ ਕਵੀ ਜੀ ਆਪ ਗੁਰੂ ਜੀ ਦੇ ਨਮਿੱਤ ਜੋ ਸੰਸਕਾਰ ਹੋਇਆ ਨਿਰੂਪਣ ਕਰਦੇ ਹਨ, ਜੋ ਸਾਰੀ ਗੁਰ ਮਿਰਯਾਦਾ ਹੈ।

[1]ਭੋਗ ਤਕ ਆਇਆ।

ਰਾਮਦਾਸ ਪੁਰਿ ਪੈਂਚ ਸੁ ਨੀਕੇ।
ਕਰੇ ਹਕਾਰਨਿ ਅਪਨਿ ਨਜੀਕੇ ॥੧੫॥
ਘਨੋ ਕਰਯੋ ਪੰਚਾਂਮ੍ਰਿਤ ਤਬੈ।
ਆਨਯੋ ਤੂਰਨਿ ਤਹਿਂ ਤੇ ਸਬੈ।
ਨੀਕੀ ਪੰਗਤਿ ਸਭਾ ਮਝਾਰਾ।
ਬ੍ਰਿੱਧ ਗ੍ਰਿੰਥ ਕੋ ਅੰਤ ਉਚਾਰਾ ॥੧੬॥
ਖਰੇ ਹੋਇ ਗੁਰਦਾਸ ਨਿਹੁਰਤਾ[1]।
ਚਾਮਰ ਚਾਰੁ ਢੋਰਨਿ ਕਰਤਾ।
ਜਬਹੁਂ ਗ੍ਰਿੰਥ ਕੋ ਪਾਯਹੁ ਭੋਗ।
ਸੀਸ ਨਿਵਾਯਹੁ ਸਗਰੇ ਲੋਗ ॥੧੭॥
ਪੁਨ ਰੁਮਾਲ ਕੋ ਊਪਰਿ ਪਾਏ।
ਰਾਗੀ ਤਬਹਿ ਸ਼ਬਦ ਕੋ ਗਾਏ।
ਪਢਿ ਅਨੰਦ ਲੌਂ ਕਰਿ ਅਰਦਾਸ।
ਹਰਿ ਗੋਬਿੰਦ ਲੇ ਪੋਸ਼ਿਸ਼ ਪਾਸ ॥੧੮॥
ਰੇਸ਼ਮ ਜ਼ਰੀ ਸਮੇਤ ਦੁਸ਼ਾਲੇ।
ਸਭਿ ਅਪਨੇ ਤਬਿ ਹਾਥ ਉਠਾਲੇ।
ਸਾਹਿਬ ਬੁੱਢੇ ਕੋ ਤਬਿ ਦਈ।
ਸੁੰਦਰ ਸਕਲ ਪਹਿਰ ਤਨ ਲਈ ॥੧੯॥
ਰੀਤਿ ਚਲਾਵਨਿ ਜਗਤ ਮਝਾਰਾ[†]।
ਕੀਨੋ ਸਭਿ ਬਿਧਿ ਕੋ ਬਰਤਾਰਾ।
ਅਪਰ ਸਿੱਖ ਪ੍ਰੀਤਮ ਗੁਰ ਬਾਨੀ।
ਦੀਨੀ ਪੋਸ਼ਿਸ਼ ਚਾਰੁ ਮਹਾਨੀ ॥੨੦॥
ਰਾਗੀ ਅਪਰ ਰਬਾਬੀ ਸਾਰੇ।
ਸੋ ਪੋਸ਼ਿਸ਼ ਲੇ ਕਰਿ ਤਨ ਧਾਰੇ।
ਦਰਬ ਬ੍ਰਿੰਦ ਦੀਨਿਸਿ ਤਿਸ ਕਾਲਾ।
ਕਰੀ ਜਥਾਵਤਿ ਰੀਤਿ ਬਿਸਾਲਾ ॥੨੧॥
ਪੁਨ ਪੰਚਾਮ੍ਰਿਤ ਕੋ ਬਰਤਾਯੋ।
ਭਾਉ ਸਹਤ ਲੇ ਸੰਗਤਿ ਖਾਯੋ।
ਇਮ ਸਭਿ ਕਰਿ ਕੈ ਚਾਲਿ ਭਲੇਰੀ।
ਸਤਿਗੁਰ ਪਿਤ ਹਿਤ ਜੋ ਤਬਿ ਹੇਰੀ ॥੨੨॥

[1] ਬੇਨਤੀ ਭਾਵ ਅਰਦਾਸ ਕੀਤੀ।

[†] ਗੁਰਮਤ ਦੀ ਰੀਤ ਚਲਾਈ। ਸਿੰਘ ਸਭਾ ਬਣਨ ਤੋਂ ਪੰਜਾਹ ਸਠ ਬਰਸ ਪਹਿਲਾਂ ਕਵਿ ਜੀ ਇਹ ਲਿਖ ਰਹੇ ਹਨ।

ਬਹੁਰੋ ਬੰਧਨ ਕੋ ਦਸਤਾਰ[1]।
ਹਿਤ ਉਤਸਵ ਕੇ ਲਿਏ ਹਕਾਰ।
ਮੁਹਰੀ ਆਦਿਕ ਭੱਲੇ ਆਏ।
ਦਾਤੂ ਅੰਗਦ ਨੰਦ ਸੁਹਾਏ ॥੨੩॥
ਬਹੁ ਸੰਗਤਿ ਕੋ ਲਗ੍ਯੋ ਦਿਵਾਨ।
ਸੁਨਿ ਸੁਨਿ ਸੁਧਿ ਬੈਠਹਿਂ ਬਿਚ ਆਨਿ।
ਸਾਲੋ ਆਦਿਕ ਬ੍ਰਿੰਦ ਮਸੰਦ।
ਚਲਿ ਪਹੁੰਚੇ ਤਬਿ ਧਨੀ ਬਿਲੰਦ ॥੨੪॥
ਪ੍ਰਜਾ ਜਿਤਿਕ ਪੁਰਿ ਬਸਨੇਹਾਰੀ।
ਆਇ ਸਭਿਨਿ ਅਭਿਬੰਦਨ ਧਾਰੀ।
ਜਬਹੁਂ ਸਕੇਲ ਮੇਲ ਬਡਿ ਹੋਵਾ।
ਭਿੰਨਹਿ ਭਿੰਨ ਮਸੰਦਨਿ ਜੋਵਾ ॥੨੫॥
ਸੇਲੀ ਮਾਲਾ ਮੰਜੀ ਲ੍ਯਾਇ।
ਆਗੇ ਧਰੀ ਗੁਰੂ ਕੇ ਆਇ।
ਸਭਿ ਕੇ ਲਗੇ ਬਿਲੋਚਨ ਐਸੇ।
ਚੰਦ ਚਕੋਰਹਿਂ ਚਿਤਵਤਿ ਜੈਸੇ ॥੨੬॥
ਸ਼੍ਰੀ ਹਰਿਗੋਵਿੰਦ ਚੰਦ ਅਨੰਦੇ।
ਤਿਨ ਪਿਖਿ ਮੁਸਕਾਵਤਿ ਮੰਦ ਮੰਦੇ।
ਬੁੱਢਾ ਸਨਮੁਖ ਥਿਰ੍ਯੋ ਨਿਹਾਰਾ।
ਸਭਿ ਸੁਨਾਇ ਤਿਹ ਸੰਗ ਉਚਾਰਾ ॥੨੭॥
'ਇਹ ਮਸੰਦ ਅਬਿ ਕ੍ਯਾ ਲੇ ਆਏ?
ਅਜਹੁਂ ਨ ਜਾਨਹਿਂ ਸਹਿਜ ਸੁਭਾਏ।
ਅਬਿ ਇਨ ਧਾਰਨਿ ਨਹਿਂ ਅਧਿਕਾਰਾ।
ਸ਼ਾਂਤ ਸਰੂਪ ਜਥਾ ਗੁਰ ਧਾਰਾ ॥੨੮॥
ਤੁਰਕ ਰਾਜ ਭਏ ਦੁਸ਼ਟ ਬਿਸਾਲੇ।
ਕ੍ਯਾ ਕੀਨਹੁ ਸਤਿਗੁਰ ਪਿਤ ਨਾਲੇ।
ਲਿਯੋ ਚਹਹਿਂ ਪਲਟਾ ਤਤਕਾਲਾ[†]।
ਬਿਨਾ ਸ਼ਸਤ੍ਰ ਕਯੋਂ ਕਰਮ ਕਰਾਲਾ[1] ॥੨੯॥
ਸੰਤਨਿ ਕੇਰਿ ਬਿਰੋਧੀ ਮਾਰੌਂ।
ਗਹੌਂ ਸ਼ਸਤ੍ਰ, ਨਹਿਂ ਮਾਲਾ ਧਾਰੌਂ।

[1]ਦਸਤਾਰ ਬੰਦੀ ਲਈ।

[†]ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।

[1]ਕਰੜਾ ਕਰਮ ਕਿਵੇਂ ਹੋ ਸਕਦਾ ਹੈ।

ਪ੍ਰਥਮ ਹੁਤੇ ਛੱਤ੍ਰੀ ਮਹਿਪਾਲਾ†।

†ਪਹਿਲੇ ਸਮੇਂ ਛੱਤ੍ਰੀਆਂ ਰਾਜਿਆਂ ਵਿਚ ਹੀ ਬ੍ਰਹਮ ਵਿਦ੍ਯਾ ਹੁੰਦੀ ਸੀ, ਜੈਸੇ ਉਪਨਿਖਦਾਂ ਤੋਂ ਪਤਾ ਚੱਲਦਾ ਹੈ, ਇਸ ਗੱਲ ਵਲ ਇਸ਼ਾਰਾ ਹੈ।

ਆਯੁਧ ਕੋ ਅੱਭ੍ਯਾਸ ਬਿਸਾਲਾ ॥੩੦॥
ਤਜ੍ਯੋ ਜਬਹਿ ਸ਼ਸਤ੍ਰਨਿ ਅੱਭ੍ਯਾਸ।
ਲੀਨੋ ਤੁਰਕ[1] ਰਾਜ ਨਿਜ ਪਾਸ।
ਦੇਸ਼ ਬਿਦੇਸ਼ ਜੀਤ ਕਰਿ ਲੀਨੇ।
ਸ਼ਸਤ੍ਰਨਿ ਬਲ ਨਹਿਂ ਅਟਕਨਿ ਦੀਨੇ ॥੩੧॥

[1]ਤੁਰਕਾਂ ਨੇ।

ਅਬਿ ਨਿਜ ਸਿੱਖਨਿ ਸ਼ਸਤ੍ਰ ਗਹਾਵੈਂ।
ਬਿੱਦ੍ਯਾ ਕਰਿ ਅੱਭ੍ਯਾਸਹਿਂ ਪਾਵੈਂ।
ਸੰਘਰ ਘੋਰ ਕਰਹਿਂ, ਅਰਿ ਘਾਵੈਂ।
ਗੁਰ ਸਹਾਇ ਬਡ ਰਾਜ ਕਮਾਵੈਂ' ॥੩੨॥
ਸੁਨਿ ਬੋਲ੍ਯੋ ਬੁੱਢਾ ਕਰਿ ਜੋਰਿ।
'ਗੁਰ ਮਰਜੀ ਬਿਨ ਬਨਹਿ ਨ ਹੋਰਿ।
ਪੰਚ ਗੁਰੂ ਆਗੇ ਜਗ ਭਏ।
ਜਥਾ ਰੀਤਿ ਪੂਰਬ ਨਿਰਮਏ[1] ॥੩੩॥

[1]ਪਹਿਲਾਂ ਪ੍ਰਗਟ ਕੀਤੀ।

ਤਥਾ ਮਸੰਦ ਆਪ ਢਿਗ ਲ੍ਯਾਏ।
ਕਰਹੁ ਆਪ ਜੈਸੇ ਮਨ ਭਾਏ।
ਨਈ ਰੀਤਿ ਜੇ ਕਰਹੁ ਚਲਾਵਨਿ।
ਧਰਹੁ ਸ਼ਸਤ੍ਰ ਗਨ ਦੁਸ਼ਟਨਿ ਘਾਵਨਿ ॥੩੪॥
ਜਿਮ ਰਾਵਰ ਕੀ ਮਰਜ਼ੀ ਹੋਇ।
ਮਾਨਹਿ ਤਿਮ ਨੀਕੀ ਸਭਿ ਕੋਇ।'
ਸੁਨਿ ਬ੍ਰਿੱਧ ਤੇ ਸਤਿਗੁਰ ਮੁਸਕਾਏ।
ਸੇਲੀ ਮਾਲ ਮਸੰਦ ਜੁ ਲ੍ਯਾਏ ॥੩੫॥
ਦ੍ਵੈ ਕਰ ਬੰਦਿ ਬੰਦਨਾ ਕਰੀ।
ਕਹ੍ਯੋ 'ਕੋਸ਼ ਮਹਿਂ ਦਿਹੁ ਇਨ ਧਰੀ।'
ਕੋਸ਼ਪ[1] ਹੁਕਮ ਮਾਨਿ ਗੁਰ ਕੇਰਾ।
ਆਗੇ ਤੇ ਉਠਾਇ ਤਿਸ ਬੇਰਾ ॥੩੬॥

[1]ਖਜ਼ਾਨਚੀ ਨੇ।

ਤੋਸ਼ੇ ਖਾਨੇ ਮਹਿਂ ਤਬਿ ਧਰੀ।
ਉਠਿ ਅਰਦਾਸ ਬ੍ਰਿੱਧ ਪੁਨ ਕਰੀ।
ਪਾਂਚਹੁ ਸਤਿਗੁਰ ਕੇ ਲੇ ਨਾਮ।

ਪਾਗ ਲੀਨਿ ਕਰ ਮਹਿਂ ਅਭਿਰਾਮ ॥੩੭॥
ਜਿਸ ਕੇ ਛੋਰਨਿ[1] ਜ਼ਰੀ ਬਿਸਾਲ।
ਚਮਕਤਿ ਬਹੁ ਸੁਖਮਾ[1] ਕੇ ਨਾਲ।
ਸੂਖਮ ਸੂਤ ਅਧਿਕ ਜਿਸ ਕੇਰਾ।
ਸ਼੍ਰੀ ਹਰਿਗੋਵਿੰਦ ਕੋ ਤਿਸ ਬੇਰਾ ॥੩੮॥
ਪ੍ਰਥਮ ਬ੍ਰਿੱਧ ਬੰਧਵਾਵਨਿ ਕੀਨਿ।
ਸ਼ੋਭਾ ਗੁਰ ਕੀ ਹੋਤਿ ਨਵੀਨ।
ਪੁਨ ਮੁਹਰੀ ਦੇ ਬਹੁ ਧਨ ਸਾਥ।
ਅਰਪੀ ਪਾਗ ਦਾਤੁ ਲੇ ਹਾਥਿ ॥੩੯॥
ਅਪਰ ਕਹਾਂ ਲਗਿ ਕਹਹਿਂ ਬਨਾਈ।
ਪੁਰਿ ਕੇ ਪੈਂਚ ਮਸੰਦ ਸਮੁਦਾਈ।
ਸਰਬ ਅਰਪਨਾ ਕਰਹਿਂ ਅਗਾਰੀ।
ਧਨ ਦਸਤਾਰ ਲਜਾਇ ਨਰ ਝਾਰੀ ॥੪੦॥
ਸੁੰਦਰ ਬਾਜਿ ਉਠੇ ਸ਼ਦਿਯਾਨੇ।
ਸਭਿ ਕੇ ਉਪਜਤਿ ਅਨੰਦ ਮਹਾਨੇ।
ਮੰਗਲ ਸਿਰਜੇ ਬਿਬਿਧਿ ਪ੍ਰਕਾਰੀ।
ਨਵੋਂ ਨਿਸ਼ਾਨ ਝੁਲਤਿ ਦੁਤਿ ਭਾਰੀ† ॥੪੧॥
ਮੰਗਤਿ ਜਨ ਕੋ ਦਰਬ ਘਨੇਰਾ।
ਦਿਯੋ ਦਾਨ ਸਤਿਗੁਰੁ ਤਿਸ ਬੇਰਾ।
ਸ਼ੋਕ ਬਿਸਾਰਿ ਦੀਨ ਸਭਿ ਲੋਕਨਿ।
ਸ਼੍ਰੀ ਹਰਿਗੋਵਿੰਦ ਕਰਹਿਂ ਬਿਲੋਕਨਿ ॥੪੨॥
ਸਭਿ ਮਸੰਦ ਮਿਲਿ ਕੈ ਚਲਿ ਗਏ।
ਸ਼੍ਰੀ ਗੰਗਾ ਕੋ ਬੰਦਨ ਕਿਏ।
ਦੇ ਆਸ਼ਿਖ ਸਾਦਰ ਬੈਠਾਏ।
ਪੁੱਤ੍ਰ ਸਮਾਨ ਜਾਨਿ ਸਮੁਦਾਏ ॥੪੩॥
ਸਭਿਨਿ ਜੋਰਿ ਕਰ ਅਰਜ਼ ਗੁਜ਼ਾਰੀ।
'ਸੁਨਹੁ ਮਾਤ ਜੀ ! ਕਰਹੁ ਬਿਚਾਰੀ।
ਤੁਰਕਨਿ ਰਾਜ ਤੇਜ ਅਤਿ ਤਪੈ।
ਇਨ ਸਨ ਬਿਗਰ, ਕਹਾਂ ਕੋ ਛਪੈ ॥੪੪॥
ਚੱਕ੍ਰਵਰਤਿ ਸਮ ਫਿਰਹਿ ਦੁਹਾਈ।

[1]ਜਿਸ ਦੇ ਪੱਲਿਆਂ ਨੂੰ।
[1]ਸ਼ੋਭਾ।
†ਪਾ:-ਦਰਬਾਰੀ।

ਇਕ ਇਹ ਲਖਹੁ ਅਧਿਕ ਦੁਖਦਾਈ।
ਦੁਤੀਏ ਖੱਤ੍ਰੀ ਚੰਦੁ ਦਿਵਾਨ।
ਸਤਿਗੁਰ ਅਰਜੁਨ ਜਿਸ ਘਰ ਹਾਨਿ[1] ॥੪੫॥
ਦੁਸ਼ਮਨ ਦੀਰਘ ਦੁਸ਼ਟ ਸਦੋਸ਼।
ਕਰਹਿ ਬੈਰ ਪਾਪੀ ਅਤਿ ਰੋਸ।
ਨਹਿਂ ਕਿਸ ਕੋ ਜਿਸ ਕੇ ਉਰ ਤ੍ਰਾਸ[1]।
ਮਨ ਭਾਵਤਿ ਕੋ ਕਰਹਿ ਪ੍ਰਕਾਸ਼ ॥੪੬॥
ਲੋਕ ਹਜ਼ਾਰੋਂ ਨਿਤ ਅਨੁਸਾਰੀ।
ਸ਼ਾਹੁ ਸਮੀਪੀ ਤੇ ਬਲ ਭਾਰੀ।
ਕਰੀ ਪ੍ਰਤੱਗਯਾ ਤਿਸ ਕੋ ਮਾਰਨਿ।
ਸਭਿ ਮਹਿਂ ਕੀਨੀ ਸਪਥ ਉਚਾਰਨਿ ॥੪੭॥
ਸੋ ਸੁਨਿ ਬੈਰ ਬਧਾਵਹਿ ਪਾਪੀ।
ਬਿਘਨ ਕਰਹਿ ਕੋ ਬਡ ਸੰਤਾਪੀ।
ਸਾਹਿਬਜ਼ਾਦੇ ਕੀ ਬਯ ਬਾਲ।
ਸ਼ਸਤ੍ਰ ਧਰਨਿ ਕੇ ਪਰੇ ਸੁ ਖਜਾਲ ॥੪੮॥
ਚਮੂੰ ਨ ਪਾਸ ਲਰਹਿਂ ਰਣ ਕੈਸੇ।
ਰਾਜ ਹੀਨ ਤੇ ਸੈਨ ਨ ਐਸੇ।
ਮੁਲਖ ਨਹੀਂ ਧਨ ਜਹਿਂ ਤੇ ਆਵੈ।
ਕਿਮ ਬਲੀਯਨਿ ਸੰਗ ਜੰਗ ਮਚਾਵੈਂ ॥੪੯॥
ਖਿਝਹਿ ਤੁਰਕਪਤਿ ਸੁਨਿ ਅਸ ਬਾਤੀ।
ਚਾਰੀ ਕਰਹਿ ਜਰਹਿ ਜਿਸ ਛਾਤੀ।
ਸ਼ਾਹੁ ਦਿਵਾਨ ਦੁਊ ਬਲ ਭਾਰੀ[1]।
ਫਿਰਹਿ ਦੁਹਾਈ ਅਵਨਿ ਮਝਾਰੀ ॥੫੦॥
ਦੋਨਹੁੰ ਕੇ ਬਿਗਰੇ ਕਿਸ ਦੇਸ਼।
ਬਸਹਿਂ ਜਾਇ ਕਰਿ, ਲਖਿਯ ਨ ਲੇਸ਼।
ਹਮ ਸਭਿ ਸੁਨਿ ਕਰਿ ਧਰਿ ਮੁਖ ਮੌਨ।
ਨਹਿਂ ਕੁਛ ਬੋਲੇ ਸਨਮੁਖ ਤੌਨ[1] ॥੫੧॥
ਰਾਵਰ ਕੇ ਸਮੀਪ ਜਬਿ ਆਵੈਂ।
ਮਨ ਪ੍ਰਸੰਨ ਤੇ ਬਾਕ ਸੁਨਾਵੈਂ।

[1]ਜਿਸਦੇ ਘਰ ਸਰੀਰ ਤਿਆਗਿਆ।

[1]ਜਿਸ (ਚੰਦੂ) ਦੇ ਦਿਲ ਵਿਚ ਕਿਸੇ ਦਾ ਭੈ ਨਹੀਂ।

[1]ਪਾਤਸ਼ਾਹ ਤੇ ਚੰਦੂ ਦੋਵੇਂ ਭਾਰੀ ਬਲੀ ਹਨ।

[1]ਤਿਨ੍ਹਾਂ ਦੇ।

ਤਬਿ ਤੁਮ ਬੂਝਹੁ ਦਿਹੁ ਸਮੁਝਾਇ।
-ਸੁਖ ਜੁਤ ਥਿਤਿ, ਨ ਉਪਾਧਿ ਉਠਾਇ
॥੫੨॥
ਦੇਖਹੁ ਸ਼੍ਰੀ ਅਰਜਨ ਕੀ ਗਾਥਾ।
ਚਲ੍ਯੋ ਨ ਬਸਿ ਹੁਕਮੀਯਨਿ ਸਾਥਾ[1]।
ਪ੍ਰਥਮ ਗੁਰਨਿ ਕੀ ਰੀਤਿ ਸੰਭਾਰਹੁ।
ਅਪਨੇ ਸੇਵਕ ਸਿੱਖ ਉਧਾਰਹੁ-' ॥੫੩॥

[1]ਪਾਤਸ਼ਾਹਾਂ ਨਾਲ, ਹਾਕਮਾਂ ਨਾਲ।

ਦੋਹਰਾ:
ਸੁਨਿ ਸ਼੍ਰੀ ਗੰਗਾ ਨੇ ਕਹ੍ਯੋ,
'ਕਹਨਿ ਬਨਹਿ ਤਿਨ ਸਾਥਿ।
ਕਰਾਮਾਤ ਸਾਹਿਬ ਬਲੀ,
ਅਪਰ ਨ ਬਸ ਕੀ ਗਾਥ[1] ॥੫੪॥

[1]ਹੋਰ (ਸਾਡੇ) ਵੱਸ ਦੀ ਕੋਈ ਗੱਲ ਨਹੀਂ।

ਸੋ ਮੈਂ ਬੂਝਨਿ ਕਰਿ ਭਲੇ,
ਮ੍ਰਿਦੁਤਾ ਜੁਤਿ ਸਮੁਝਾਇ।
ਬਰਜੌਂ ਬਰਜੇ ਜੇ ਰਹੇ,
ਬਰ ਜੇ ਮਨ ਮੇ ਆਇ[1]' ॥੫੫॥

[1]ਰੋਕਾਂਗੀ ਜੇ ਟੋਕੇ ਰਹੇ, (ਭਲਾ ਜੇ) ਮਨ ਵਿਚ ਚੰਗੀ (ਗੱਲ) ਆ ਜਾਵੇ ਨੇ।

ਸੁਨਿ ਮਸੰਦ ਠਾਂਢੇ ਭਏ,
ਮਸਤਕ ਟੇਕਿ ਸਿਧਾਇ।
ਸ਼੍ਰੀ ਗੰਗਾ ਚਿਤਵਤਿ ਗੁਰਨਿ,
ਦ੍ਰਿਗ ਜਲ ਝਲਕ੍ਯੋ ਆਇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਪਾਗ ਬੰਧਾਵਨਿ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥੪੧॥

# ੪੨. [ਅਕਾਲ ਬੁੰਗਾ ਰਚਿਆ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਵਹਿਰ ਅਨੰਦ ਬਿਲੰਦ ਕਰਿ, ਸ੍ਰੀ ਹਰਿਗੋਬਿੰਦ ਚੰਦ।
ਸੁੰਦਰ ਮੰਦਿਰ ਕੋ ਗਏ, ਮੁਖ ਮਨਿੰਦ ਅਰਬਿੰਦ ॥੧॥

ਚੌਪਈ:

ਜਨਨੀ ਕੋ ਪਿਖਿ ਮਸਤਕ ਟੇਕਾ।
ਨਿਕਟਿ ਬੈਠਿ ਗੇ ਜਲਧਿ ਬਿਬੇਕਾ।
ਕਰਿ ਦੁਲਾਰ ਗੰਗਾ ਕਰ ਫੇਰਾ।
ਰਿਦੇ ਸਨੇਹ ਅਛੇਹ ਵਡੇਰਾ ॥੨॥
'ਹੇ ਸੁਤ! ਅਬਿ ਅਲੰਬ ਸਭਿ ਕੇਰੇ।
ਸਿਖ ਸੰਗਤਿ ਹਮ ਤੁਮ ਦਿਸ਼ ਹੇਰੇ।
ਨਹੀਂ ਆਪ ਗਰ ਸੇਲੀ ਮੇਲੀ[1]।
ਰੀਤਿ ਬਡਿਨ ਕੀ ਕਜੋਂ ਕਰਿ ਪੇਲੀ[1] ॥੩॥
ਚੰਦੂ ਪਾਤਕੀ ਅਧਿਕ ਬਿਰੋਧੀ।
ਕੁਟਿਲ ਕੁਚਾਲੀ ਕਲਹੀ ਕ੍ਰੋਧੀ।
ਤਿਸ ਹਤਿਬੇ ਪ੍ਰਣ ਕੀਨਿ ਸੁਨਾਵਨਿ।
ਸਕਲ ਜਗਤ ਕੀਨਸਿ ਬਿਦਤਾਵਨਿ ॥੪॥
ਤੁਰਕ ਤੇਜ ਅਬਿ ਤਪਹਿ ਮਹਾਨ।
ਮਹਾਂ ਬਲੀ ਲਖਿ ਬਨਜੋ ਦਿਵਾਨ।
ਮੁਸ਼ਕਲ ਮਹਾਂ ਹਤਨਿ ਸੋ ਪਾਪੀ।
ਕਰੀ ਸ਼ੀਘ੍ਰਤਾ ਪ੍ਰਣ ਮਹਿਂ ਆਪੀ ॥੫॥
ਮੁਖ ਤੇ ਕਹਹੁ -ਸ਼ਸਤ੍ਰ ਹਮ ਧਾਰੈਂ।
ਗੁਰੂ ਪਿਤਾ ਕੋ ਬੈਰ ਸੰਭਾਰੈਂ-।
ਅਪਨੇ ਘਰ ਮਹਿਂ ਸੁਭਟ ਨ ਏਕ।
ਕਿਮ ਰਣ ਕਰਿਬੇ ਧਰਹੁ ਬਿਬੇਕ[1]' ॥੬॥
ਸੁਨਿ ਗੰਗਾ ਤੇ ਸਤਿਗੁਰ ਬੋਲੇ।
'ਹਤੌਂ ਪਾਤਕੀ, ਪ੍ਰਣ ਨਹਿਂ ਡੋਲੇ।
ਜਿਸ ਨਰ ਪਿਤ ਕੋ ਬੈਰ ਨ ਲੀਯੋ।
ਕਜੋਂ ਜਨਮਜੋ ਜਗ ਕਾਯਰ ਹੀਯੋ[1] ॥੭॥

[1]ਆਪ ਨੇ ਗਲ ਵਿਚ ਸੇਲੀ ਨਹੀਂ ਪਾਈ।
[1]ਹਟਾਈ।
[1]ਵਿਚਾਰ।
[1]ਗੀਦੀ ਹਿਰਦਾ।

ਆਯੁਧ ਧਰੌਂ ਚਮੂੰ ਬਡ ਕਰੌਂ।
ਰਿਪੁ ਸਨ ਲਰੌਂ ਪ੍ਰਾਨ ਤਿਨ ਹਰੌਂ।
ਸ਼੍ਰੀ ਨਾਨਕ ਨਿਤ ਬਨਹਿਂ ਸਹਾਈ।
ਹਤੌਂ ਤੁਰਕ ਰਣ ਮਹਿਂ ਸਮੁਦਾਈ ॥੮॥
ਪੁਨ ਪਿਤ ਸਤਿਗੁਰ ਆਇਸੁ ਕਹੀ।
ਪਲਟਾ ਲੇਉਂ ਤਜੌਂ ਰਿਪੁ ਨਹੀਂ।
ਸੇਲੀ ਮੇਲਨਿ ਕੋ ਨਹਿਂ ਕਾਲਾ।
ਮੈਂ ਕਰਿਹੌਂ ਸੰਗ੍ਰਾਮ ਬਿਸਾਲਾ ॥੯॥
ਨਹਿਂ ਚਿੰਤਾ ਚਿਤ ਕੀਜਹਿ ਮਾਈ!
ਹਮਰੇ ਪੁਰਖ ਅਕਾਲ ਸਹਾਈ।
ਰਿਦੇ ਅਲਪ ਜੇ ਅਹੈਂ ਮਸੰਦ।
ਸੁਨਿ ਰਣ ਕੋ ਡਰ ਧਰਹਿਂ ਬਿਲੰਦ ॥੧੦॥
ਮੈਂ ਪਰਬਤ ਕੋ ਗਰਦ ਮਿਲਾਵੌਂ।
ਰਜ ਕਨ ਕੋ ਸਮ ਮੇਰੁ[1] ਬਨਾਵੌਂ।
ਸੰਤ ਬਨੇ ਪਰਤਾਪ ਨ ਜਨੈਂ[1]।
ਹਤੋਂ ਸ਼ੱਤ੍ਰ ਮੈਂ ਬਨਿ ਸਵਧਾਨੈ ॥੧੧॥
ਜਬਿ ਲਗਿ ਚੰਦੂ ਦੁਸ਼ਟ ਨ ਮਾਰੌਂ।
ਤਬਿ ਲਗਿ ਰਿਦੇ ਨ ਸ਼ਾਤੀ ਧਾਰੌਂ।'[⚐]

[1]ਧੂੜੀ ਦੇ ਕਿਣਕੇ ਨੂੰ ਮੇਰ ਪਰਬਤ ਤੁੱਲ।

[1]ਸੰਤ ਬਣੇ ਦਾ ਪ੍ਰਤਾਪ ਨਹੀਂ ਜਾਣਦੇ (ਦੁਸ਼ਟ ਲੋਕ)।

[⚐]ਕਵਿ ਜੀ ਵੈਰ ਭਾਵ ਵਾਲੇ ਕ੍ਰੁਝ ਕ੍ਰੁਝ ਕੇ ਲੈਣ ਵਾਲੇ ਬਦਲੇ ਦਾ ਆਦਰਸ਼ ਨਹੀਂ ਬੰਨ੍ਹ ਰਹੇ, ਪਰ ਬੀਰ ਰਸ ਵਾਲੀ ਬ੍ਰਿਤੀ ਨੂੰ ਦਿਖਾ ਰਹੇ ਹਨ। ਸਤਿਗੁਰਾਂ ਦੇ ਰਿਦੇ ਵੈਰ ਦਾ ਨਿਵਾਸ ਨਹੀਂ ਹੈਸੀ, ਪਰ 'ਉਤਸ਼ਾਹ' ਦਾ ਸਥਾਈ ਭਾਵ ਅੰਦਰ ਹੋਣ ਕਰਕੇ ਬੀਰਤਾ ਦਾ ਰਸ ਹੁਲਾਰੇ ਮਰਾ ਰਿਹਾ ਹੈ। ਇਹ ਬੀਰਤਾ ਦਾ ਇਕ ਅਸੂਲ ਨਿਰੂਪਣ ਹੈ ਕਿ ਪਿਤਾ ਦੇ ਮਾਰ ਦੇਣ ਵਾਲੇ ਨੂੰ ਜੋ ਪੁੱਤ੍ਰ ਕੁਛ ਨਾ ਕਹੇ ਉਹ ਕਾਇਰ ਹੈ, ਕਾਇਰ, ਦਲਿੱਦ੍ਰੀ ਤੇ ਤਮੋਂ ਗੁਣੀ ਹੈ, ਉਸ ਦਾ ਸਹਾਰਾ ਧਰਮ ਤੇ ਸ਼ਾਂਤੀ ਨਹੀਂ, ਪਰ ਜੋ ਅਣਖ ਵਾਲਾ ਦਿਲ ਹੈ ਉਸ ਦੇ ਅੰਦਰ ਉਤਸਾਹ ਹੈ, ਉਤਸਾਹ ਬੀਰ ਰਸ ਦਾ ਸਥਾਈ ਭਾਵ ਹੈ, ਤੇ ਸ਼ਾਤ ਰਸ ਦਾ ਰੱਖਕ ਹੈ, ਸੋ ਜੋ ਪਿਤਾ ਦੇ ਅਕਾਰਣ ਕਾਤਲ ਲਈ ਬੀਰ ਰਸ ਵਿਚ ਹੈ ਓਹ ਜੁੱਧ ਮੰਡੇਗਾ, ਤੇ ਬਲੀ ਤੋਂ ਬਲੀ ਵੈਰੀ ਤੋਂ ਜੋ ਬਦਲੇ ਲੈਣ ਦਾ ਦਮ ਮਾਰੇਗਾ ਸੋ ਮਹਾਨ ਉਤਸਾਹ ਤੇ ਚੜ੍ਹਦੀਆਂ ਕਲਾਂ ਵਿਚ ਹੋਵੇਗਾ।

ਗੁਰਬਾਣੀ ਦੇ ਵਿਚਾਰ ਤੋਂ ਜੋ ਆਦਰਸ਼ਕ ਜੀਵਨ ਸਤਿਗੁਰਾਂ ਦਾ ਹੈ ਉਹ ਦੱਸਦਾ ਹੈ ਕਿ ਪੰਜਵੇਂ ਸਤਿਗੁਰਾਂ ਵਰਗੇ ਉੱਚੇ ਜੀਵਨ ਵਾਲਿਆਂ ਦਾ ਬੀ ਆਤਮ ਸ੍ਵਰੂਪ ਦਾ ਗ਼ੈਰ ਮੁਲਕ ਤੋਂ ਆਏ ਪਾਤਸ਼ਾਹਾਂ ਦਾ ਕੁਛ ਕਦਰ ਨਾ ਕਰਨਾ ਤੇ ਜਹਾਂਗੀਰ ਵਰਗੇ ਅਯਾਸ਼ ਆਦਮੀ ਦਾ ਬਿਨਾਂ ਦੋਸ਼ ਸਾਬਤ ਕੀਤੇ, ਬਿਨਾਂ ਜਵਾਬ ਸੁਣੇ, ਆਪਣੇ ਦਿਲ ਵਿਚ ਭਰੇ ਇਸਲਾਮੀ ਤਅੱਸਬ ਦੇ ਭਾਵ ਹੇਠ ਇਕ ਕਣ ਸੋ ਮਿਲਦੇ ਸਾਰ ਕਤਲ ਦਾ ਹੁਕਮ ਦੇ ਦੇਣਾ ਉਹ ਪੀੜਾ ਹੈ ਜੋ ਮਫਤੂਹ (ਦਬੇਲ) ਕੌਮਾਂ ਆਪਣੇ ਵਿਚੋਂ ਮਰ ਮਿਟੇ ਬੀਰਰਸ ਦੇ ਕਾਰਨ ਸਹਿ ਗੁਜ਼ਰਦੀਆਂ ਹਨ, ਪਰ ਇਥੇ ਸਤਿਗੁਰੂ ਜੀ ਬਾਲਪਨੇ ਵਿਚ ਹੀ ਇਸ ਅੱਨਜਾਯ ਨੂੰ ਨਹੀਂ ਝੱਲ ਰਹੇ ਤੇ ਆਪਣੀ ਸ਼ਾਂਤ ਰਸ ਦੀ ਫੁਲਵਾੜੀ ਦੀ ਰੱਖਯਾ ਲਈ ਬੀਰ ਰਸ ਦੀ

ਨੀਂਹ ਧਰ ਦੇਂਦੇ ਹਨ। ਸਹਾਰਾ ਤੇ ਸ਼ਾਂਤੀ ਵਿਚ ਰਹਿਕੇ ਦੁਖ ਝੱਲਣਾ, ਆਪ ਨੇ ਡਿੱਠਾ ਕਿ ਜ਼ਾਲਮਾਂ ਤੇ ਜਰਵਾਣਿਆਂ ਤੇ ਕੋਈ ਅਸਰ ਨਹੀਂ ਪਾ ਰਿਹਾ, ਇਸ ਲਈ 'ਸ਼ਾਂਤ ਰਸ' ਦੀ ਰੱਖਿਆ ਵਾਸਤੇ 'ਬੀਰ ਰਸ' ਨੂੰ ਪ੍ਰਚਾਰਣ ਦਾ ਪ੍ਰਣ ਕੀਤਾ। ਇਹ ਨਹੀਂ ਕਿ ਧਰਮ ਨੂੰ ਬੇਲੋੜੀ ਸ਼ੈ ਕਿਹਾ, ਪਰ ਧਰਮ ਦੀ ਰੱਖਿਆ ਵਾਸਤੇ, ਪ੍ਰਜਾ ਵਿਚ ਜ਼ਿੰਦਗੀ ਭਰਨ ਵਾਸਤੇ, ਅੱਜ ਛੇਵੇਂ ਸਤਿਗੁਰ ਨੇ ਸ਼ਾਂਤ ਰਸ ਦੇ ਨਾਲ ਬੀਰ ਰਸ ਦਾ ਬੀੜਾ ਚਾ ਲਿਆ। ਅਸਲ ਬਾਤ ਇਹ ਸੀ ਜੋ ਮਹਾਨ ਵਿਸ਼ਾਲ ਚਿੱਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਜ ਫੈਸਲਾ ਕੀਤਾ ਸੀ।

ਕਮਜ਼ੋਰ ਦਿਲ ਲੋਕ ਏਥੇ ਕਵਿ ਜੀ ਦੇ ਲਿਖੇ ਲਫਜ਼ 'ਬਦਲੇ' ਨੂੰ ਲੈਕੇ ਘਬਰਾਉਂਦੇ ਹਨ, ਇਹ ਨਹੀਂ ਤੱਕਦੇ ਕਿ ਹਿਰਾਤ ਤੋਂ ਲੈਕੇ ਬਿੰਧਯਾਚਲੋਂ ਪਾਰ ਤਕ ਇਕ ਪੱਕੀ ਪਾਤਸ਼ਾਹੀ ਦੇ ਮਾਲਿਕ ਤੇ ਖਜ਼ਾਨਿਆ ਵਾਲੇ ਤੇ ਅਣਗਿਣਤ ਫੌਜਾਂ ਦੇ ਮਾਲਿਕ ਦੇ ਪ੍ਰਬਲ ਤੇਜ ਪ੍ਰਤਾਪ ਦੇ ਸਾਹਮਣੇ ਇਕ ਫਕੀਰੀ ਗੱਦੀ ਤੇ ਬੈਠੀ ਬੇ ਫੌਜ, ਬੇ ਮੁਲਕ, ਬੇ ਖਜ਼ਾਨਾ ਵਜਕਤੀ ਪ੍ਰਣ ਕਰਦੀ ਹੈ ਕਿ ਬੀਰ ਰਸ ਧਾਰਨਾ ਹੈ ਤੇ ਇਹ ਰਾਜ ਪਲਟਾ ਦੇਣਾ ਹੈ, ਇਹ ਕਿਤਨੀ ਵਿਸ਼ਾਲਤਾ, ਸਮਰੱਥਾ, ਸ਼ਖਸੀਅਤ ਦੀ ਉੱਚਤਾ ਤੇ ਮਹਾਨਤਾ ਦਾ ਲੱਛਣ ਹੈ। ਜੋ ਹਾਲਤ ਪਿਤਾ ਜੀ ਦੀ ਬੀਤੀ ਸੀ ਸੋ ਡਰ ਦੇਣ ਵਾਲੀ ਸੀ, ਪਰ ਡਰ ਖਾਕੇ ਸਹਿਮ ਜਾਣ ਦਾ ਥਾਂ ਗੁਰੂ ਜੀ ਆਪਣੀ ਬਚਪਨੇ ਦੀ ਅਵਸਥਾ ਵਿਚ ਹੀ ਮਹਾਨ ਨਿਰਭੈਤਾ ਤੇ ਅਣਹੋਈ ਨੂੰ ਹੋਈ ਕਰ ਦੇਣ ਦੀ ਸਮਰੱਥਾ ਪ੍ਰਗਟ ਕਰ ਰਹੇ ਹਨ, ਜੋ ਇਨਸਾਨੀ ਨੁਕਤੇ ਤੋਂ ਬੀ ਤੱਕਿਆਂ ਉਹਨਾਂ ਦੀ ਮਹਾਨਤਾ, ਪ੍ਰਬੀਨਤਾ ਤੇ ਉਚਿਆਈ ਦੀ ਦਲੀਲ ਹੈ। ਜੋ ਨੀਂਹ ਅੱਜ ਸਤਿਗੁਰ ਨੇ ਧਰੀ, ਜਿਸ ਪਰ ਦਸਮ ਸਤਿਗੁਰਾਂ ਨੇ ਮਹਲ ਉਸਾਰਿਆ; ਉਹ ਆਪਣੇ ਵਕਤ ਸਿਰ ਤੁਰਕ ਰਾਜ ਦਾ ਦੀਵਾ ਬੁਝਾ ਦੇਣ ਵਿਚ ਕਾਮਯਾਬ ਹੋਇਆ। ਮੁਲਕਗੀਰੀ ਦੀ ਹਵਸ ਨਹੀਂ, ਰਾਜ ਦਾ ਲੋਭ ਨਹੀਂ, ਨੀਵੇਂ ਬਦਲੇ ਲੈਣ ਦੀ ਬ੍ਰਿਤੀ ਨਹੀਂ ਪਰ ਦਬੇਲ ਪਰਜਾ ਵਿਚ ਧਰਮ ਦਾ ਭਾਵ, ਸਚਾਈ, ਆਨ ਸ਼ਾਨ ਤੇ ਬੀਰ ਰਸ ਭਰਕੇ ਸੁਤੰਤ੍ਰਤਾ ਦੇਣ ਦੇ ਅਸੂਲ ਨੂੰ ਪਾਲਣਾ ਹੈ, ਸ੍ਰਿਸ਼ਟੀ ਨੂੰ ਮਰਨ ਦੀ ਜਾਚ ਸਿਖਾਉਣੀ ਹੈ ਤੇ ਉੱਚੇ ਜੀਵਨ ਵਿਚ ਲੈ ਜਾਣਾ ਹੈ।

ਵਿਸ਼ੇਸ਼ ਲਈ ਵੇਖੋ ਇਸੇ ਰਾਸਿ ਦੇ ਅੰਸੂ ੪੬ ਅੰਕ ੧੪ ਦੀ ਹੇਠਲੀ ਟੂਕ।

ਸੁਨਿ ਬਲ ਜੁਕਤਿ ਪੁੱਤ੍ਰ ਕੇ ਬੈਨ।
ਗੰਗਾ ਧਰੀ ਰਿਦੇ ਤਬਿ ਚੈਨ ॥੧੨॥
-ਇਨ ਕੋ ਕਜਾ ਸਮੁਝਾਵਨਿ ਬਨੈ।
ਭੂਤ ਭਵਿੱਖਜਤਿ ਜੇ ਲਖਿ ਮਨੈ-।
ਖਾਨ ਪਾਨ ਕਰਿ ਪੁਨ ਸੁਪਤਾਏ।
ਉਠਿ ਪ੍ਰਾਤੀ ਜਲ ਬਿਮਲ ਨਹਾਏ ॥੧੩॥
ਬ੍ਰਿਧ ਕੇ ਸੰਮਤ[1] ਸਤਿਗੁਰ ਹੋਇ।
ਆਇ ਸੁਧਾਸਰ ਦਿਸ਼ਿ ਸਭਿ ਕੋਇ।
ਸ਼੍ਰੀ ਹਰਿ ਮੰਦਰ ਬੰਦਨ ਕਰੇ।
ਚਤੁਰ ਪ੍ਰਦੱਛਨ ਕੇ ਹਿਤ ਫਿਰੇ ॥੧੪॥
ਬਹੁਰੋ ਆਇ ਦਰਸ਼ਨੀ ਪੌਰ।
ਪਿਖਿ ਅਕਾਲ ਬੁੰਗੇ ਕੀ ਠੌਰ।
ਆਇਸੁ ਦਈ 'ਸੁਥਲ ਸੁਧਰਾਵਹੁ।

[1]ਸਲਾਹ ਮੇਲਕੇ।

ਹਿਤ ਬੈਠਨਿ ਕੇ ਚਾਰੁ ਬਨਾਵਹੁ' ॥੧੫॥
ਪ੍ਰਥਮ ਆਪਨੇ ਲੇ ਕਰਿ ਹਾਥ।
ਧਰੀ ਈਂਟ ਬਲ ਤੇਜ ਕਿ ਸਾਥ।
ਕਹ੍ਯੋ 'ਕੁਛਕ ਊਚਾ ਥਲ ਕਰੋ।
ਜਹਿਂ ਲਗਿ ਪੌਰ ਏਕ ਸਮ ਧਰੋ[1]' ॥੧੬॥

[1]ਜਿੱਥੋਂ ਤੱਕ (ਦਰਸ਼ਨੀ ਡਿਓਢੀ) ਦਾ ਦਰਵਾਜ਼ਾ ਹੈ ਇਕੋ ਜਿਹੀ (ਜ਼ਮੀਨ) ਕਰੋ।

ਬਹੁਰ ਹੁਕਮ ਕੀਨਿਸਿ ਫੁਰਮਾਵਨਿ।
'ਕਰਹੁ ਹੁਕਮਨਾਮੇ ਲਿਖਵਾਵਨਿ।
ਚਹੁੰਦਿਸ਼ਿ ਮਹਿ ਮਸੰਦ ਜਹਿਂ ਭਾਰੀ।
ਤਿਨ ਪਰ ਆਇਸੁ ਲਿਖਹੁ ਹਮਾਰੀ ॥੧੭॥
ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ।
ਹੁਇ ਖੁਸ਼ੀ ਗੁਰ ਕੀ ਸੁਖ ਸੰਗਾ।
ਸਭਿ ਆਵੈਂ ਦਰਸ਼ਨ ਹਿਤ ਕਰਿਬੇ।
ਲਜਾਇਂ ਅਕੋਰ ਬਿਲਮ ਨਹਿਂ ਧਰਿਬੇ' ॥੧੮॥
ਸੁਨਤਿ ਲਿਖਾਰੀ ਕਾਗਦ ਲਿਖੇ।
ਇਸ ਬਿਧਿ ਹੁਕਮ ਭਯੋ ਤਿਸ ਬਿਖੇ[1]।

[1]ਤਿਸ (ਕਾਗ਼ਜ਼) ਵਿਖੇ।

'ਸ੍ਰੀ ਅਰਜਨ ਬੈਕੁੰਠ ਸਿਧਾਰੇ।
ਖਸ਼ਟਮ ਗੁਰੂ ਮਹਾਂ ਬਲ ਧਾਰੇ ॥੧੯॥
ਥਿਰੇ ਤਖਤ ਪਰ ਦਰਸਹੁ ਆਏ।
ਨੀਕੇ ਸ਼ਸਤ੍ਰ ਤੁਰੰਗ ਮੰਗਾਏ।
ਜੋ ਆਨਹਿ, ਲਹਿ ਖੁਸ਼ੀ ਬਿਸਾਲਾ।
'ਨਹਿਂ ਬਿਲਮਹੁ ਆਵਹੁ ਤਤਕਾਲਾ' ॥੨੦॥
ਪੂਰਬ ਦਿਸ਼ਿ ਕੇ ਨਗਰ ਬਿਸਾਲੇ।
ਦਿੱਲੀ ਬਹੁਰ ਆਗਰੇ ਚਾਲੇ।
ਪਟਣੇ ਪੁਰ ਮਖਸੂਦਾ ਬਾਦ।
ਕਾਂਸ਼ੀ ਆਦਿਕ ਫਰਕਾਬਾਦ[1] ॥੨੧॥

[1]ਫੱਰੁਖ਼ਾਬਾਦ।

ਤਿਮ ਦੱਖਨ ਸਿੱਖੀ ਜਿਸ ਥਾਨ।
ਪਸ਼ਚਮ ਦਿਸ਼ਿ ਕੇ ਨਗਰ ਮਹਾਨ।
ਕਾਬਲ ਅਰੁ ਕੰਧਾਰ ਪਿਸ਼ੌਰ।

ਗਿਨੌਂ ਕਹਾਂ ਲਗਿ ਸਿੱਖੀ ਠੌਰ ॥੨੨॥
ਉੱਤਰ ਪੁਰਿ ਆਦਿਕ ਕਸ਼ਮੀਰ।
ਗਮਨੇ ਸ਼ੀਘ੍ਰ ਸਿੱਖ ਜਨੁ ਧੀਰ†। †ਪਾ:-ਬੀਰ।
ਪਹੁੰਚਿ ਹੁਕਮਨਾਮੇ ਸਭਿ ਥਾਨ।
ਪਠਿ ਮਸੰਦ ਸੁਧਿ ਕਰੀ ਬਖਾਨ ॥੨੩॥
ਸੁਨਿ ਸਿੱਖਨ ਜੋ ਗੁਰ ਕੀ ਕਾਰ।
ਖਰਚਜੋ ਦਰਬ ਲੀਨਿ ਹਥਿਆਰ।
ਚੰਚਲ ਤੁਰੰਗ† ਮੋਲ ਕਰਿ ਲਿਏ। †ਪਾ:-ਅੱਸੂ।
ਗੁਰ ਪ੍ਰਸੰਨਤਾ ਚਾਹਤਿ ਕਿਏ ॥੨੪॥
ਜਹਿਂ ਕਹਿਂ ਕਰੀ ਖਰੀਦ ਬਿਸਾਲੇ।
ਸਭਿ ਦਿਸ਼ਿ ਤੇ ਦਰਸ਼ਨ ਹਿਤ ਚਾਲੇ।
ਧਨੀ ਬਿਲੰਦ ਮਸੰਦ ਅਗਾਰੀ।
ਗਮਨੇ ਸੰਗਤਿ ਸਿੱਖ ਪਿਛਾਰੀ ॥੨੫॥
ਇਤ ਸਤਿਗੁਰ ਸਭਿ ਕੀਨਿ ਸਮਾਜਾ।
ਬਸਤ੍ਰ ਬਿਭੂਖਨਿ ਪਹਿਰਨਿ ਕਾਜਾ।
ਪੋਸ਼ਿਸ਼ ਪੀਤ[1] ਜ਼ਰੀ ਜੁਤ ਛਾਜੈ[2]। [1]ਪੀਲੀ। [2]ਸ਼ੋਭਦੀ ਹੈ।
ਜਾਮਾ ਬਡਿ ਅਭਿਰਾਮ ਬਿਰਾਜੈ ॥੨੬॥
ਕਲਗੀ ਜਿਗਾ ਜਵਾਹਰ ਜਰੇ।
ਮੁਕਤਾ ਗੁੱਛ ਤਿਨਹੁ ਪਰ ਕਰੇ।
ਕੰਚਨ ਕੰਕਨ ਹੀਰਨਿ ਖਚੇ।
ਕੁੰਡਲ ਦਮਕ ਜ਼ੇਬ ਜੁਤ ਰਚੇ[1] ॥੨੭॥ [1]ਸ਼ੋਭਾ ਸਮੇਤ ਬਣੇ।
ਮੁਕਤਾ ਮਾਲ ਉਜਾਲ ਬਿਸਾਲਾ।
ਇਕ ਸਮਾਨ ਗਨ ਗਿਰਦ ਸੁ ਢਾਲਾ[1]। [1](ਗਲੇ ਦੇ) ਗਿਰਦ ਇਕੋ ਜਿਹੇ ਮੁੱਲ ਦੇ ਸਾਰੇ (ਮੋਤੀ) ਹਨ।
ਰਚੇ ਕੋਰ ਹੀਰੇ ਬਰ ਚੀਰੇ[1]। [1]ਸ੍ਰੇਸ਼ਟ ਚੀਰਕੇ।
ਜਿਨ ਕੀ ਦਮਕ ਹੋਤਿ ਵਿਸਤੀਰੇ ॥੨੮॥
ਨਵਰਤਨੇ[1] ਸੁੰਦਰ ਬਨਵਾਏ। [1]ਮੋਤੀ ਹੀਰਾ ਪੰਨਾ ਆਦਿ ਨੌਂ ਪ੍ਰਕਾਰ ਦੀਆਂ ਮਣੀਆਂ।
ਨਵ ਵਰ ਵਰਣ[1] ਜਿਨਹੁ ਅਧਿਕਾਏ। [1]ਨੌਂ ਤਰ੍ਹਾਂ ਦਾ ਸ੍ਰੇਸ਼ਟ ਰੰਗ ਹੈ।
ਤਥਾ ਸ਼ਸਤ੍ਰ ਸੁਥਰੇ ਸਮੁਦਾਏ।
ਭੂਖਨ ਸਾਜਿ ਨਵੀਨ ਬਨਾਏ ॥੨੯॥
ਹੁਕਮ ਸਭਿਨਿ ਪਰ ਗੁਰ ਕਰਿ ਦੀਨਾ।
'ਸਾਜ ਤੁਰੰਗਨਿ[1] ਬਨਹਿ ਨਵੀਨਾ। [1]ਘੋੜਿਆਂ ਦਾ ਸਾਜ਼।

ਕੰਚਨ ਰਜਤਿ ਬਿਭੂਖਨਿ ਬਨੈ।
ਰੇਸ਼ਮ ਡੋਰ ਜ਼ਰੀ ਗਨ ਸਨੈ' ॥੩੦॥
ਸੁਨਿ ਸੁਨਿ ਹੁਕਮ ਚੌਂਪ ਕਰਿ ਸਾਰੇ।
ਲਗੇ ਕਰਾਵਨਿ ਕਾਰਜ ਤਯਾਰੇ।
ਸ਼੍ਰੀ ਗੁਰ ਬ੍ਰਿਧ ਕੇ ਸੰਮਤ ਹੋਇ।
ਗਨਕ[1] ਹਕਾਰਯੋ[†] ਨੀਕੋ ਜਾਇ ॥੩੧॥

[1]ਜੋਤਸ਼ੀ। [†]ਗੁਰੂ ਜੀ ਦਾ ਜੋਤਸ਼ੀ ਸੱਦਣਾ ਇਤਿਹਾਸਕ ਬਾਤ ਨਹੀਂ, ਨਾ ਹੀ ਇਹ ਮਹਿਮਾ ਪ੍ਰਕਾਸ਼ ਵਿਚ ਆਇਆ ਹੈ। ਮਹੂਰਤ ਸੁਧਾਉਣੇ ਗੁਰਬਾਣੀ ਵਿਰੁੱਧ ਹਨ, ਜੋ ਨਾ ਗੁਰੂ ਜੀ ਕਦੇ ਕਰਨਾ ਪਸੰਦ ਕਰਦੇ, ਨਾ ਭਾਈ ਬੁੱਢਾ ਜੀ ਕਦੇ ਸਲਾਹ ਦੇ ਸਕਦੇ ਸੀ। ਯਥਾ:- 'ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥

'ਸੁੰਦਰ ਸਮਾ ਸੁਧਾਵਨਿ ਕਾਜ।
ਜਸ ਕੀਜਹਿ ਅਭਿਖੇਕਨਿ ਰਾਜ[1]।'

[1]ਅਭਿਖੇਕਨਿ+ਰਾਜ = ਰਾਜ ਤਿਲਕ ਭਾਵ ਮੀਰੀ ਪੀਰੀ ਦਾ ਤਿਲਕ (ਅ) ਅਭਿਖੇਕ = ਤਿਲਕ+ਨਿਰਾਜ (= ਨੀਰਾਜਨ) = ਆਰਤੀ।

ਸੁਨਤਿ ਹੁਕਮ ਤਿਨ ਸੋਧਿ ਸੁਨਾਯੋ।
'ਸ਼੍ਰੀ ਸਤਿਗੁਰ ਆਛੋ ਦਿਨ ਪਾਯੋ ॥੩੨॥
ਜਿਸ ਤੇ ਦਿਨਪ੍ਰਤਿ ਵਧਹਿ ਪ੍ਰਤਾਪਾ।
ਮਹਾਂ ਬਲੀ ਸ਼ੱਤ੍ਰੂ ਗਨ ਖਾਪਾ।
ਦਸਮੀ ਸੁਦੀ ਅਸਾਢ ਮਝਾਰੀ।
ਆਦਿਤਵਾਰ ਤੇਜ ਬਲ ਭਾਰੀ ॥੩੩॥
ਉਦਯਾਚਲ ਤੁਲ[1] ਤਖਤ ਬਿਸਾਲਾ।

[1]ਸੂਰਜ ਉਦੇ ਦੇ ਪਰਬਤ ਵਾਂਙੂ।

ਉਦਹੁ ਆਪਿ ਜਿਮ ਦਿਨਕਰ ਬਾਲਾ[1]।

[1]ਸਵੇਰ ਦਾ ਸੂਰਜ।

ਤੁਰਕ ਤਾਪ ਤਮ ਤੋਮ ਤੁਰੰਤਾ[1]।

[1]ਤੁਰਕਾਂ ਦੇ ਤਪ ਦਾ ਸਮੂਹ ਹਨੇਰਾ ਤੁਰਤ ਹੀ।

ਉਡਗਨ ਕਰਨ ਕੁਕਰਮਨਿ ਵੰਤਾ[1] ॥੩੪॥

[1]ਖੋਟੇ ਕਰਮ ਕਰਨ ਵਾਲੇ ਤਾਰਿਆਂ (ਵਤ) ਹਨ।

ਕਰਹੁ ਅਦ੍ਰਿਸ਼ਟ[1] ਇਨਹੁ ਤਤਕਾਲਾ।

[1]ਲੋਪ ਭਾਵ ਨਾਸ਼।

ਨਿੰਦਕ ਪੇਚਕ ਦੁਖਦ ਕਰਾਲਾ।
ਜਹਿਂ ਕਹਿਂ ਸੰਤ ਦਾਸ ਅਰਬਿੰਦਾ।
ਕਰਹੁ ਪ੍ਰਫੁੱਲਿਤ ਹਰਖਤਿ ਬ੍ਰਿੰਦਾ ॥੩੫॥
ਚੰਦ ਚੰਦੁਕੀ[1] ਲੈਤਾ ਕਰੋ।

[1]ਚੰਦ = ਚੰਦਰਮਾ। ਚੰਦੁਕੀ = ਚਾਂਦਨੀ। ਚੰਦ ਦੀ ਚਾਂਦਨੀ ਜੋ ਧੁੱਪ ਚੜ੍ਹੇ ਉਡ ਜਾਂਦੀ ਹੈ। ਸ਼ਲੇਖ ਵਿਚ ਅਰਥ ਹੈ ਚੰਦ ਚੰਦੁ ਕੀ = ਚੰਦਰਮਾਂ ਰੂਪੀ ਚੰਦੂ ਦੀ (ਲੈਤਾ ਕਰੋ)।

ਅਨੰਦ ਗੁਰੂ ਸਿਖ ਚਕਵਨਿ[1] ਧਰੋ।

[1]ਚਕਵਾ ਚਕਵੀ।

ਕੈਰਵ ਕਾਨਨ ਦੋਖੀ ਜੇਤੇ[1]।
ਪਿਖਿ ਮੁਰਝਾਇ ਗਿਰਹਿੰਗੇ ਤੇਤੇ[†]' ॥੩੬॥

[1]ਦੋਖੀ ਜੋ ਕਮੀਆਂ ਦੇ ਬਨ ਹਨ।
[†]ਰਾਤ ਦਾ ਸਮਾਂ ਬਧਾ ਹੈ, ਹਨੇਰਾ, ਤਾਰੇ, ਉਲੂ, ਚੰਦ ਕਮੀਆਂ, ਸੂਰਜ ਚੜ੍ਹੇ ਗੁੰਮ ਹੋ ਜਾਂਦੇ ਹਨ, ਗੁਰੂ ਜੀ ਨੂੰ ਸੂਰਜ ਕਿਹਾ ਹੈ।

ਕਹੀ ਜੁਗਤਿ ਦਿਜ ਕਰਿ ਚਤੁਰਾਈ।
ਸੁਨਿ ਕਰਿ ਭਏ ਪ੍ਰਸੰਨ ਗੁਸਾਈਂ।
ਬਖਸ਼ਯੋ ਦਰਬ ਕਿਤਿਕ ਤਿਸ ਬਾਰਾ।
ਪੁਨ ਮਾਂਗਨਿ ਨਹਿਂ ਹਾਥ ਪਸਾਰਾ ॥੩੭॥
ਪਿਖਿ ਪਿਖਿ ਦਾਸ ਉਦਾਰ ਸੁਭਾਊ।
ਰਿਦੇ ਪ੍ਰਮੁਦਤਿ ਚੌਗੁਨੋ ਚਾਊ।
ਤਿਸ ਦਿਨ ਕੀ ਪ੍ਰਤੀਖਨਾ[1] ਧਾਰੇ।
ਸਰਬ ਵਸਤੁ ਕਰਿਵਾਇਸਿ ਤਜਾਰੇ ॥੩੮॥

[1]ਉਡੀਕ।

ਕੇਤਿਕ ਵਸਤੁ ਬਨਾਇ ਦਿਖਾਵੈਂ।
ਸਿਰਜਹਿਂ ਸੁੰਦਰ ਪਿਖਿ ਹਰਖਾਵੈਂ।
ਮਿਲਿ ਆਪਸ ਮਹਿ ਸੁਜਸੁ ਉਚਾਰੈਂ।
ਧਰਿ ਸ਼ਰਧਾ ਗੁਰ ਦਰਸ ਨਿਹਾਰੈ ॥੩੯॥
ਸੁੰਦਰ ਡੀਲ ਸੁਸ਼ੀਲ ਉਚਾਰਤਿ।
'ਆਯੁਧ ਪਹਿਰ[1] ਮਹਾਂ ਦੁਤਿ ਧਾਰਤਿ।
ਮਨ ਸਿੱਖਨਿ ਕੇ ਪ੍ਰੇਮ ਉਪਾਵੈਂ।
ਬਿਕਸਤਿ ਮੰਦ ਮੰਦ ਦਰਸਾਵੈਂ' ॥੪੦॥

[1]ਪਹਿਨ ਕੇ।

ਸਭਿ ਚਾਹਤਿ -ਦਿਨ ਹੋਇ ਸੁ ਨੀਕਾ।
ਬੈਠਿ ਗੁਰੂ ਨਿਕਸਾਵਹਿਂ ਟੀਕਾ।
ਸ਼ਸਤ੍ਰ ਸਜਾਇ ਬਿਰਾਜਹਿਂ ਖਰੇ।
ਦੁਸ਼ਟ ਜਿ ਦੋਖੀ ਗਨ ਕੋ ਹਰੇਂ- ॥੪੧॥
ਦੋਹਰਾ:
ਸਿੱਖਨਿ ਬਿਖੈ ਅਨੰਦਤਾ, ਜਿਮ ਰਵਿ ਤੇ ਅਰਬਿੰਦ।
-ਕਜਾ ਕਰਿਹੈਂ ਕਿਮ ਹੋਇ ਹੈ?, -ਚਿੰਤ ਮਸੰਦ ਬਿਲੰਦ[1] ॥੪੨॥

[1]ਮਸੰਦਾਂ ਦੇ ਚਿਤ ਵਿਚ ਬੜੀ ਚਿੰਤਾ ਸੀ ਕਿ ਕੀਹ ਕਰਨਗੇ (ਤੇ ਉਸ ਦਾ ਫਲ) ਕੀ ਹੋਵੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਕਾਲ ਬੁੰਗਾ ਰਚਨ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

## ੪੩. [ਤਖਤ ਤੇ ਬਿਰਾਜਮਾਨ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਦਿਵਸ ਪ੍ਰਤੀਖਤਿ ਆਇਗੋ, ਦਸਮੀ ਆਦਿਤਵਾਰ।
ਗਨ ਮਸੰਦ ਕਰਿ ਸ਼ੀਘ੍ਰਤਾ, ਸੰਗਤਿ ਸੰਗ ਹਜ਼ਾਰ ॥੧॥

ਚੌਪਈ:

'ਚਲਹੁ ਪਿਖਹਿਂ ਉਤਸਾਹੁ ਬਿਸਾਲਾ।'
ਜਿਤ ਕਿਤ ਤੇ ਆਏ ਤਤਕਾਲਾ।
ਅਨਿਕ ਭਾਂਤਿ ਕੀ ਲਏ ਅਕੋਰਾ।
ਚਹੁਂ ਦਿਸ਼ਿ ਤੇ ਚਲਿ ਗੁਰੁ ਪੁਰਿ ਓਰਾ ॥੨॥
ਬਰਹਿਂ[1] ਸੁਧਾਸਰ ਦਰਸ਼ਨ ਪਾਵੈਂ। [1]ਵੜ ਕੇ।
ਮੱਜਹਿ, ਕਿਰਤਨ ਸੁਨਿ ਹਰਖਾਵੈਂ।
ਸੰਗਤਿ ਮਿਲੀ ਆਨਿ ਸਮਦਾਈ।
ਜੈ ਜੈ ਕਾਰ ਕਰਹਿ ਬਹੁ ਥਾਈਂ ॥੩॥
ਚਹੁਂਦਿਸ਼ਿ ਪਰੇ ਸੁਧਾਸਰ ਡੇਰੇ।
ਦਰਸ਼ਨ ਹਿਤ ਚਿਤ ਚੌਂਪ ਬਡੇਰੇ।
ਜਾਮ ਜਾਮਨੀ ਤੇ ਗੁਰ ਜਾਗੇ।
ਸੌਚਾਚਾਰ ਕਰਨਿ ਤਬਿ ਲਾਗੇ ॥੪॥
ਕਰਿ ਸ਼ਨਾਨ ਕੋ ਆਸਨ ਮਾਰੇ।
ਨਿਜ ਸਰੂਪ ਮਹਿਂ ਬ੍ਰਿਤਿ ਥਿਤਿ ਧਾਰੇ।
ਟਿਕੇ ਸੱਚਿਦਾਨੰਦ ਮਝਾਰੀ।
ਲੀਨਹੁ ਸੁਖ ਹੋਵਤਿ ਭੁਨਸਾਰੀ ॥੫॥
ਉਦੈ ਭਯੋ ਦਿਨਕਰ[1] ਜਿਸ ਕਾਲੇ। [1]ਸੂਰਜ।
ਪਹਿਰਯੋ ਜਾਮਾ ਜਿਸ ਗਨ ਪਾਲੇ[1]। [1]ਜਿਸ ਦੇ ਬਹੁਤ ਪੱਲੇ ਹਨ।
ਛਬਿ ਉਸ਼ਨੀਕ[1] ਸੀਸ ਪਰ ਧਾਰੀ। [1]ਪਗ, ਦਸਤਾਰ [ਸੰਸ: ਉਖ਼ਣੀਸ਼ = ਪੱਗ]
ਜਿਗਾ ਬਧੀ ਉਪਰਿ ਦੁਤਿ ਕਾਰੀ[1] ॥੬॥ [1]ਸੁੰਦਰਤਾ ਵਾਲੀ।
ਕਲਗੀ ਮੁਕਤਾ ਗੁੱਛ ਉਜਾਲਾ।
ਮੁਖ ਮੰਡਲ ਪਰ ਕੁੰਡਲ ਝਾਲਾ[1]। [1]ਝੂਲਦੇ ਹਨ।
ਮਾਲ ਬਿਸਾਲ ਸੁਢਾਲ ਜਿ ਮੁਕਤਾ[1]। [1]ਸੁਹਣੇ ਮੋਤੀਆਂ ਦੀ ਵਡੀ ਮਾਲਾ।

ਸਬਜ਼ੇ, ਹੀਰਨਿ ਚਾਰੁ ਸੁ ਯੁਕਤਾ ॥੭॥
ਨਵ ਰਤਨੇ[1] ਪਹਿਰਤਿ ਛਬਿ ਪਾਏ।

[1]ਨੌਂ ਰਤਨ = ਮੋਤੀ, ਪੰਨਾ, ਮਾਣਿਕ, ਗੋਮੇਦ, ਹੀਰਾ, ਗੁੱਲੀਆਂ (ਮੂੰਗਾ), ਲਸਨੀਆਂ, ਨੀਲਮ, ਪੁਖਰਾਜ। ਨਵਾਂ ਰਤਨਾਂ ਦੇ ਰੰਗ ਨਵਾਂ ਗ੍ਰੈਹਾਂ ਦੇ ਰੰਗਾਂ ਨਾਲ ਸਮਤਾ ਰੱਖਦੇ ਹਨ। ਇਸ ਉਪਮਾਂ ਵਲ ਕਵਿ ਜੀ ਦਾ ਇਸ਼ਾਰਾ ਹੈ, ਅਥਵਾ ਨੌਂ ਰਤਨਾਂ ਦੇ ਬਹਾਨੇ ਸੇਵਾ ਲਈ ਨੌਂ ਗ੍ਰੈਹ ਆਏ ਹਨ, ਜਿਸ ਤੋਂ ਸਿੱਧ ਹੋਇਆ ਕਿ ਨੌਂ ਗ੍ਰੈਹ ਗੁਰਾਂ ਦੇ ਪੁਜਾਰੀ ਹਨ, ਪੂਜਜ ਨਹੀਂ ਹਨ।

ਜਨੁ ਨਵ ਗ੍ਰਹ ਤਿਸ ਕੇ ਮਿਸ ਆਏ।
ਅੰਗਦ ਸੁੰਦਰ ਸ਼ੋਭਤਿ ਜ਼ਾਹਿਰ।
ਜਬਰ ਜ਼ੇਬ ਜਿਨ ਜਰੇ ਜਵਾਹਰ ॥੮॥
ਕੰਕਨ ਕੰਚਨ ਕੇ ਖਚਿ ਹੀਰੇ।
ਛਾਪ ਛਲਾਯਨਿ ਛਬਿ ਗੰਭੀਰੇ[1]।

[1]ਬਹੁਤ।

ਇਮ ਸਤਿਗੁਰੁ ਸ਼ੋਭਤਿ ਸ਼ੁਭ ਅੰਗ।
ਬਸਤ੍ਰ, ਬਿਭੂਖਨ ਉੱਤਮ ਸੰਗ ॥੯॥
ਗਯੋ ਮੇਵਰੋ ਸੰਗਤਿ ਸਾਰੀ।
'ਲਿਹੁ ਦਰਸ਼ਨ' ਸੁਧਿ ਕੀਨਿ ਹਕਾਰੀ।
'ਚੌਕ ਦਰਸ਼ਨੀ ਪੌਰ ਅਗਾਰੀ।
ਪਹੁੰਚਹ ਤਹਿਂ ਸਗਰੇ ਨਰ ਨਾਰੀ ॥੧੦॥
ਸਤਿਗੁਰ ਦਰਸਹੁ ਬਾਂਛਤਿ ਪਾਵਹੁ।
ਜੋ ਆਨੀ ਗੁਰ ਕਾਰ ਚਢਾਵਹੁ।'
ਸੁਨਿ ਸੁਨਿ ਸੰਗਤਿ ਕਰਿ ਚਿਤ ਚਾਊ।
ਬਸਤ੍ਰ ਬਿਭੂਖਨ ਪਹਿਰ ਸੁਹਾਊ ॥੧੧॥
ਸਗਰੇ ਆਇ ਥਿਰੇ ਤਿਸ ਥਾਨ।
ਚਾਹਤਿ -ਦੇਹਿਂ ਦਰਸ ਗੁਰ ਆਨਿ-।
ਇਤਨੇ ਮਹਿਂ ਸ਼੍ਰੀ ਹਰਿ ਗੋਵਿੰਦ।
ਆਏ ਬਨਿ ਕੈ ਛੈਲ[1] ਬਿਲੰਦ ॥੧੨॥

[1]ਸੁਹਣੇ।

ਸਿੱਖਨਿ ਚਖ ਚਕੋਰ ਕੇ ਚੰਦ[1]।

[1]ਸਿੱਖਾਂ ਦੇ ਨੇਤ੍ਰਾਂ ਰੂਪੀ ਚਕੋਰਾਂ ਦੇ ਚੰਦ।

ਦਿਨਕਰ ਮਨਹੁ ਬਦਨ ਅਰਬਿੰਦ[1]।

[1]ਮਾਨੋਂ (ਸਿੱਖਾਂ ਦੇ) ਮੁਖੜੇ ਰੂਪੀ ਕਵਲਾਂ ਦੇ ਸੂਰਜ।

ਚਿਤ ਚਾਤ੍ਰਿਕ ਕੇ[1] ਘਨ ਮਾਨਿੰਦ।

[1]ਦਿਲ ਰੂਪੀ ਪਪੀਹੇ ਦੇ ਮਾਨੋਂ ਬਦੱਲ।

ਬੰਦਤਿ ਕਰ ਬੰਦਹਿਂ ਨਰ ਬ੍ਰਿੰਦ ॥੧੩॥
ਫਰਸ਼ ਬਿਸਾਲ ਭਯੋ ਰੰਗਦਾਰ।
ਗੁਰੁ ਕੋ ਰਚਯੋ ਸਿੰਘਾਸਨ ਚਾਰੁ।

ਬ੍ਰਿਧ ਗੁਰਦਾਸ ਬਾਮ ਅਰੁ ਦਾਂਏਂ।
ਅਪਰ ਮਸੰਦ ਸਿੱਖ ਸਮੁਦਾਏ ॥੧੪॥
ਨਿਜ ਮਹਿਲਨਿ ਤੇ ਚਲਿ ਕਰਿ ਆਏ।
ਪੌਰ ਦਰਸ਼ਨੀ ਸੀਸ ਨਿਵਾਏ।
ਪੁਨ ਹਰਿਮੰਦਰਿ ਸੁੰਦਰ ਗਏ।
ਦਰਸ਼ਨਿ ਲੈ ਅਭਿਬੰਦਨ ਕਿਏ ॥੧੫॥
ਪੁਨਹ ਪ੍ਰਦੱਛਨ ਕਰਿ ਚਲਿ ਆਏ।
ਥਲ ਅਕਾਲ ਬੁੰਗੇ ਥਿਤ ਪਾਏ।
ਬੈਠੇ ਆਨਿ ਸਿੰਘਾਸਨ ਚਾਰੂ।
ਸ਼੍ਰੀ ਮੁਖ ਆਇਸੁ ਕੀਨਿ ਉਚਾਰੂ ॥੧੬॥
'ਆਨਹੁ ਸ਼ਸਤ੍ਰ ਜੁ ਹਮ ਬਨਵਾਏ।
ਜਿਨ ਕੈ ਹਾਟਿਕ[1] ਅਧਿਕ ਲਗਾਏ।'
ਦੌਰਤਿ ਦਾਸ ਉਤਾਇਲ ਲਯਾਏ।
ਧਰੇ ਅਗਾਰੀ ਸਭਿ ਸਮੁਦਾਏ ॥੧੭॥
ਪੰਚਹੁਂ ਸਤਿਗੁਰ ਕੋ ਲੈ ਨਾਮ।
ਗਹੇ ਖੜਗ ਦ੍ਵੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰੁ ਲੀਨੇ।
ਪੁਨ ਨਿਖੰਗ[1] ਕਰ ਧਾਰਨਿ ਕੀਨੇ ॥੧੮॥
ਗਰ ਮਹਿਂ ਪਾਇ ਸੁ ਕਟ ਸੰਗ ਬਾਂਧਾ।
ਜਿਸ ਮਹਿਂ ਸਰ ਖਰ ਕਰਿ ਅਰਿ ਬਾਧਾ[1]।
ਧਨੁਖ ਕਠੋਰ ਗਹਯੋ ਤਬਿ ਹਾਥ।
ਉਪਮਾ ਬਨੀ ਜਥਾ ਰਘੁਨਾਥ ॥੧੯॥
ਰਚਯੋ ਤਖਤ ਤਿਸ ਬੰਦਨ ਕੀਨਿ।
ਚਢਿ ਗੁਰੁ ਬੀਰਾਸਨ ਆਸੀਨ[1]।
ਬ੍ਰਿਧ ਆਦਿਕ ਗੁਰਦਾਸ ਮਸੰਦ।
ਅਵਿਲੋਕਤਿ ਬਿਸਮਾਇ ਬਿਲੰਦ ॥੨੦॥
ਹਾਥ ਜੋਰਿ ਕਰਿ ਬੂਝਨ ਲਾਗੇ।
'ਧਰਹਿਂ ਖੜਗ ਇਕ, ਜੇ ਭਟ ਆਗੇ[1]।
ਦੋਇ ਆਪ ਲੇ ਨਿਜ ਗਰ ਪਾਏ।
ਇਹ ਕਯਾ ਕਾਰਨ ਦੇਹੁ ਸੁਨਾਏ?' ॥੨੧॥
ਧਰੇ ਤੇਜ ਸਤਿਗੁਰੁ ਬਚ ਕਹੇ।

[1]ਸੋਨਾ।

[1]ਭੱਥਾ।

[1]ਤਿੱਖੇ ਤੀਰ ਵੈਰੀ ਨੂੰ ਵਿੰਨ੍ਹਣ ਵਾਲੇ।

[1]ਬੀਰਾਸਨ ਹੋ ਬੈਠੇ। ਵੀਰ ਆਸਨ = ਇਕ ਗੋਡੇ ਨੂੰ ਟੇਕਕੇ ਦੂਸਰੇ ਪੈਰ ਭਾਰ ਯਾ ਖੱਬੇ ਪੈਰ ਤੇ ਗਿੱਟੇ ਪਰ ਸੱਜੀ ਲੱਤ ਰੱਖ ਕੇ ਬੈਠਣਾ।

[1]ਜੋ ਸੂਰਮੇ ਅੱਗੇ (ਹੋਏ ਹਨ)।

'ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ[1]। — [1]ਪਾਤਸ਼ਾਹਾਂ ਦੀ ਪਾਤਸ਼ਾਹੀ।
ਦੂਸਰ ਤੇ ਪੀਰਨਿ ਕੀ ਪੀਰੀ[1] ॥੨੨॥ — [1]ਪੀਰਾਂ ਦੀ ਸ਼ਕਤੀ।
ਮੀਰੀ ਪੀਰੀ ਦੋਨੋਂ ਧਰੈਂ।
ਬਚਹਿ ਸ਼ਰਨਿ, ਨਤੁ ਜੁਗ ਪਰਹਰੈਂ[1]।' — [1]ਨਹੀਂ ਤਾਂ ਦੋਵੇਂ ਖੋਹਵਾਂਗੇ।
ਸੁਨਿ ਸਤਿਗੁਰੁ ਕੇ ਬਾਕ ਅਡੋਲੇ।
ਧਰਿ ਸ਼ਰਧਾ ਲਹਿ ਅਨੰਦ ਅਤੋਲੇ ॥੨੩॥
ਬੈਠੇ ਸਤਿਗੁਰੁ ਤਖਤ ਸੁਹਾਵਤਿ।
ਸੁਰ ਗਨ ਮੈਂ ਜਿਮ ਸੁਰਪਤਿ ਭਾਵਤਿ।
ਕੈ ਮੁਨਿ ਗਨਿ ਮੈਂ ਰਘੁ ਕੁਲ ਚੰਦ[1]। — [1]ਰਾਮ ਚੰਦ੍ਰ ਜੀ।
ਕੈ ਜਾਵਦ ਮਹਿਂ ਕ੍ਰਿਸ਼ਨ ਬਿਲੰਦ ॥੨੪॥
ਹੇਰਿ ਹੇਰਿ ਇਮ ਉਪਮਾ ਗਾਵਤਿ।
ਦੁਹ ਦਿਸ਼ਿ ਚਾਮਰ ਚਾਰੁ ਢੁਰਾਵਤਿ।
ਮਨਹੁ ਮਰਾਲ ਬਿਸਦ ਉਡ ਆਵਤਿ।
ਮੁਕਤਾ ਗਨ ਪਰ ਛੁਹਨਿ ਨ ਪਾਵਤਿ ॥੨੫॥
ਦੁਤਿ ਅਖੰਡ ਮੁਖ ਮੰਡਲ ਕੇਰੀ।
ਤੇਜ ਬਿਸਾਲ ਦਿਪਤੋ ਤਿਸ ਬੇਰੀ।
ਭਯੋ ਹੁਕਮ 'ਸੰਗਤਿ ਸਭਿ ਆਵੈ।
ਚਿਤ ਬਾਂਛਤ ਲੇ, ਭੇਟ ਚਢਾਵੈਂ' ॥੨੬॥
ਤਬਿ ਸੰਗਤਿ ਆਈ ਸਮੁਦਾਇ।
ਹੁਮ ਹੁਮਾਇ ਦਰਸ਼ਨ ਚਿਤ ਚਾਇ।
ਮਹਾਂ ਭੀਰ ਭੀ ਚੌਂਕ ਮਝਾਰਾ।
ਦਰਸਹਿਂ ਸਤਿਗੁਰ ਖਰੇ ਹਜ਼ਾਰਾ ॥੨੭॥
ਭਈ ਇਕੱਤ੍ਰ ਸਮੋ ਲਖਿ ਨੀਕਾ।
ਉਠਯੋ ਬ੍ਰਿੱਧ ਕੀਨਿਸ ਤਬਿ ਟੀਕਾ।
ਕੇਸਰ ਚੰਦਨ ਕੋ ਤਬਿ ਸੋਹਾ।
ਪਿਖਿ ਮੁਖ ਮੰਡਲ ਸਭਿ ਮਨਿ ਮੋਹਾ ॥੨੮॥
ਪ੍ਰਥਮ ਬ੍ਰਿੱਧ ਨੇ ਧਰੀ ਅਕੋਰ।
ਨਮੋ ਕੀਨਿ ਕਰ ਜੋਰਿ ਨਿਹੋਰਿ[1]। — [1]ਮੰਨਣਾ, ਸਨਮਾਨ ਕਰਨਾ (ਅ) ਬੇਨਤੀ ਕਰਨਾ (ੲ) ਕ੍ਰਿੱਤਗਜ ਹੋਣਾ।

ਬਹੁਰੋ ਨਿਕਟ ਜਿ ਰਹੈਂ ਮਸੰਦ।
ਧਰਹਿਂ ਭੇਂਟ ਬੰਦਤਿ ਕਰ ਬੰਦਿ ॥੨੯॥
ਤਿਨ ਪਾਛੇ ਜੇ ਦੇਸ਼ ਬਿਦੇਸ਼।
ਜਿਨ ਕੇ ਸੰਗਤਿ ਸੰਗ ਅਸ਼ੇਸ਼।
ਲੇ ਲੇ ਸਕਲ ਉਪਾਇਨ ਆਏ।
ਧਰਹਿਂ ਅਗਾਰੀ ਭੇਟ ਬਨਾਏ ॥੩੦॥
ਬਸਤ੍ਰ ਬਿਭੂਖਨ ਅਜਬ ਮਹਾਨੇ।
ਬੀਨਿ ਬੀਨਿ ਜਗ ਗੁਰੁ ਹਿਤ ਆਨੇ।
ਬਹੁਰ ਸ਼ਸਤ੍ਰ ਜਿਨ ਕੀ ਖਰ ਧਾਰਾ[1]। — [1]ਤਿੱਖੀ ਧਾਰ (ਵਾਲੇ)।
ਖਰਚਜੋ ਜਿਨ ਪਰ ਦਰਬ ਉਦਾਰਾ ॥੩੧॥
ਖੜਗ ਸਿਪਰ, ਬਿਧਿ ਬਿਬਿਧਿ ਤੁਫੰਗ[1]। — [1]ਕਈ ਤਰ੍ਹਾਂ ਦੀਆਂ ਬੰਦੂਕਾਂ।
ਚਪਲ ਬਲੀ ਤਨ ਰੁਚਿਰ ਤੁਰੰਗ।
ਜਮਧਰ[1], ਤਰਕਸ਼, ਧਨੁਖ ਕਰਾਲੇ[2]। — [1]ਕਟਾਰ। [2]ਭਯਾਨਕ ਧਨੁਖ (ਤੇ ਤੀਰਣਾਂ ਦੇ) ਭੱਥੇ।
ਖੰਜਰ ਖੰਡੇ ਖਰ ਕਰਿ ਭਾਲੇ[1] ॥੩੨॥ — [1]ਤਿੱਖੇ ਕਰਕੇ ਬਰਛੇ।
ਤੋਮਰ[1], ਸਾਂਗਨਿ[2], ਖਪਰੇ ਤੀਰਨਿ[3]। — [1]ਨੇਜੇ। [2]ਬਰਛੀਆਂ। [3]ਤੀਰਾਂ ਦੀ ਕਿਸਮ ਹੈ।
ਜਿਨ ਕੇ ਪਿਖਤਿ ਅਨੰਦ ਹੁਇ ਬੀਰਨਿ।
ਸ਼ਸਤ੍ਰਨਿ ਕੋ ਸਮੂਹ ਹੁਇ ਗਯੋ।
ਬਾਜੀ ਚਪਲ[1] ਤਵੇਲਾ ਭਯੋ ॥੩੩॥ — [1]ਚੰਚਲ ਘੋੜਿਆਂ ਦਾ।
ਦੋਨੋ ਦਿਸਿ ਸਤਿਗੁਰੁ ਰੁਖ ਕਰੇ।
ਪਰਖਹਿਂ ਆਯੁਧ ਗਹਿ ਕਰਿ ਖਰੇ।
ਘੋਰਨਿ ਮੋਰ ਮਨਿੰਦਨ[1] ਹੇਰੈਂ। — [1]ਘੋੜੇ ਮੋਰਾਂ ਵਰਗੇ।
ਜਿਨ ਆਨੇ, ਲੇ ਖੁਸ਼ੀ ਘਨੇਰੈਂ ॥੩੪॥
ਧਨ ਦਿਸ਼ ਨਹੀਂ ਬਿਲੋਚਨ ਲਾਵੈਂ।
ਸ਼ਸਤ੍ਰ ਤੁਰੰਗ ਸੰਗ ਹਰਖਾਵੈਂ।
ਦਿਨ ਜੁਗ ਜਾਮ ਬਿਤਾਯੋ ਤਿਸ ਕਾਲ।
ਦਰਸ ਦੀਨ, ਸਿਖ ਕੀਨਿ ਨਿਹਾਲ ॥੩੫॥
ਅਨਗਨ ਚਢੀ ਉਪਾਇਨ ਆਗੇ।
ਅਨੁਰਾਗਹਿਂ ਗੁਰ ਪਗ ਬਡਭਾਗੇ।
ਨੌਬਤ ਖਾਨੋ ਬਜਹਿ[1] ਅਗਾਰੀ। — [1]ਨੱਕਾਰ ਖਾਨੇ (ਵਿਚ ਵਾਜੇ) ਵਜਦੇ ਹਨ।
ਸਭਿ ਕੋ ਦਿਯੋ ਦਾਨ ਤਬਿ ਭਾਰੀ ॥੩੬॥
ਢਾਢੀ, ਭਾਟ, ਕਲਾਵਤ, ਚਾਰਨਿ[1]। — [1]ਕੁਲ ਦੀ ਕੀਰਤੀ ਗਾਉਣ ਵਾਲਾ, [ਸੰਸ: ਚਾਰਣ]

ਜਗ ਗੁਰੁ ਕੋ ਜਸੁ ਕੀਨਿ ਉਚਾਰਨਿ।
ਬਸਤ੍ਰ, ਦਰਬ ਦੀਨੇ ਸਮੁਦਾਏ।
ਪਾਇ ਦਾਨ ਕੋ ਸਭਿ ਹਰਖਾਏ ॥੩੭॥
ਜਿਹ ਜਿਹ ਨੀਕੋ ਲਜਾਇ ਤੁਰੰਗ।
ਕੈ ਖੰਡਾ ਖਰ[1], ਖੜਗ, ਖਤੰਗ[2]। — [1]ਤਿੱਖਾ। [2]ਤੀਰ [ਫਾ: ਖ਼ੁਦੰਗ] (ਅ) ਗਤਕਾ [ਫਾ: ਖ਼ਤਕ]
ਤੋਮਰ, ਤਬਰ[1], ਤਮਾਂਚ[2], ਤੁਫੰਗ[3]। — [1]ਜੰਗੀ ਕੁਹਾੜਾ। [2]ਤਮੰਚਹ, ਤੁਰਕੀ ਵਿਚ ਪਸਤੌਲ ਵਰਗੇ ਇਕ ਸ਼ਸਤ੍ਰ ਦਾ ਨਾਮ ਹੈ। [3]ਬੰਦੂਕ।
ਸੇਲ[1], ਸਰਾਸਨ[2], ਸਾਂਗ[3] ਸੁਰੰਗ ॥੩੮॥ — [1]ਬਰਛਾ। [2]ਧਨੁਖ। [3]ਲੰਮੀ ਬਰਛੀ, ਭਾਲੇ ਤੋਂ ਛੁਟੇਰੀ। (ਅ) ਬਰਛੀ ਜੋ ਸੁਟਕੇ ਮਾਰੀ ਦੀ ਹੈ।
ਤਿਸ ਕੋ ਬੂਝਹਿਂ ਨਿਕਟ ਹਕਾਰਿ।
ਕਰਹਿਂ ਸਰਾਹਨਿ ਅਸੁ[1] ਹਥਿਯਾਰ। — [1]ਘੋੜੇ (ਤੇ)।
ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਬੋਲੈਂ।
ਸੁਨਿ ਸਿਖ! ਪਾਇਂ ਸੁ[1] ਅਨੰਦ ਅਤੋਲੇ ॥੩੯॥ — [1]ਪਾਵੇਂਗਾ ਤੂੰ।
ਸੰਗਤਿ ਮਹਿਂ ਪ੍ਰਸਿੱਧ ਭਈ ਬਾਤ।
'ਸ਼ਸਤ੍ਰ ਤੁਰੰਗ ਤੇ ਗੁਰੁ ਹਰਖਾਤ।'
ਜੋ ਨਹਿਂ ਲਜਾਏ ਉਰ ਪਛੁਤਾਏ।
ਜਿਨਹੁਂ ਚਢਾਏ ਖੁਸ਼ੀ ਸੁ ਪਾਏ ॥੪੦॥
ਢਰੇ ਦੁਪਹਿਰ ਕੋ ਮਨ ਜਾਨਿ।
ਜਥਾ ਜੋਗ ਦੇ ਖੁਸ਼ੀ ਮਹਾਨਿ।
ਉਠਿ ਕਰਿ ਅਪਨੇ ਮਹਿਲ ਸਿਧਾਰੇ।
ਤੇਜ ਤੁਰੰਗ ਹੋਇ ਅਸੁਵਾਰੇ ॥੪੧॥
ਦਿਯੋ ਹੁਕਮ 'ਬਡ ਬਨੇ ਤਬੇਲਾ।
ਤੁਰੰਗ ਦਾਸ[1] ਗਨ ਕਰੋ ਸਕੇਲਾ। — [1]ਘੋੜੇ ਤੇ ਨੌਕਰ, (ਅ) ਘੋੜਿਆਂ ਦੇ ਨੌਕਰ, ਸਾਈਸ।
ਜੋਧਾ ਆਇਂ ਰਹਨਿ ਕੋ ਜਬੈ।
ਰਾਖਿ ਲੇਹੁ ਹਮ ਸੋਂ ਕਹਿ ਤਬੈ ॥੪੨॥
ਸਰਬ ਤੁਰੰਗਨਿ ਦੀਜਹਿ ਦਾਨਾ[1]। — [1]ਛੋਲਿਆਂ ਦਾ ਦਾਣਾ।
ਚਪਲਨ ਚੂਨ, ਘ੍ਰਿਤਿ, ਮਿਸ਼ਟਾਨਾ[1]। — [1]ਚੰਚਲਾਂ ਨੂੰ ਆਟਾ, ਘਿਉ, ਮਿੱਠਾ ਭਾਵ ਨਿਹਾਰੀ।
ਬਾਜ਼ੀ ਕੈ ਸੁੰਦਰ ਹਥਿਯਾਰ।
ਕਹਿ ਦਿਹੁ ਆਵਹਿਂ ਬੇਚਨਹਾਰ ॥੪੩॥
ਮਾਝੇ ਦੇਸ਼ ਦੁਆਬੇ ਜਾਵੈਂ।
ਨਗਰਨਿ ਮਹਿਂ ਸੁਧਿ ਸਭਿਨਿ ਸੁਨਾਵੈਂ।

ਭਟ ਰਹਿਬੋ ਚਹਿ, ਢਿਗ ਹਮ ਆਵੈ।
ਕਰਹਿ ਚਾਕਰੀ ਧਨ ਕੋ ਪਾਵੈ' ॥੪੪॥
ਹੁਤੇ ਮਸੰਦ ਬਿਲੰਦ ਜਿ ਬ੍ਰਿੰਦ।
ਤਿਨ ਸੋਂ ਕਹਿ ਸ਼੍ਰੀ ਹਰਿਗੋਬਿੰਦ।
ਸ਼੍ਰੀ ਗੰਗਾ ਮਾਤਾ ਕੇ ਮੰਦਿਰ।
ਗਮਨੇ ਤਬਹਿ ਦਿਪਹਿ ਦੁਤਿ ਸੁੰਦਰ ॥੪੫॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਤਖਤਿ ਬੈਠਨਿ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾ ਰਿੰਸਤੀ ਅੰਸੂ ॥੪੩॥

## ੪੪. [ਖਸ਼ਟਮ ਗੁਰੂ ਜੀ ਦਾ ਵੀਰ ਰਸੀ ਰੂਪਕ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਜਨਨੀ ਰਿਦੇ ਪ੍ਰਤੀਖਤੀ,
ਚਹਿ ਦੇਖਨਿ ਮੁਖ ਚੰਦ।
ਸ਼ਸਤ੍ਰ ਬਸਤ੍ਰ ਸੰਯੁਕਤਿ ਤਿਮ,
ਗੇ ਸ਼੍ਰੀ ਹਰਿ ਗੋਵਿੰਦ ॥੧॥

ਚੌਪਈ:

ਦੇਖਿ ਦੂਰ ਤੇ ਸੁਤ ਕੀ ਸ਼ੋਭਾ।
ਮਨਹੁਂ ਅਨੰਦ ਕੀ ਆਵਤਿ ਗੋਭਾ[1]।
ਨਿਕਟ ਪਹੁੰਚ ਕਰਿ ਬੰਦਨ ਠਾਨੀ।
ਆਸ਼ਿਖ ਦੀਨਿ ਕਹੀ ਮ੍ਰਿਦੁ ਬਾਨੀ ॥੨॥
ਚਿੱਤ੍ਰਤਿ ਜ਼ਰੀ ਮਖ਼ਮਲੀ ਮਢਜੋ।
ਅੰਤਰ ਤੇ ਦਾਸੀ ਦ੍ਰੁਤਿ ਕਢਜੋ।
ਬੈਠਿ ਮੋਹਿਰੇ[1] ਪਰ ਢਿਗ ਮਾਤਾ।
ਬੋਲੀ ਅਨੰਦ ਮੇਯ ਨਹਿਂ ਗਾਤਾ[1] ॥੩॥
'ਕਹੁ ਸੁਤਿ! ਸੰਗਤਿ ਕੇਤਿਕ ਆਈ?
ਦੇਸ਼ਨਿ ਕੇ ਮਸੰਦ ਸਮੁਦਾਈ।
ਲੇ ਉਪਹਾਰਨਿ ਮਿਲੇ ਕਿ ਨਾਂਹੀ?
ਜਿਮ ਪੂਰਬ ਤੁਮ ਪਿਤ ਕੇ ਪਾਹੀ?' ॥੪॥
ਸ਼੍ਰੀ ਹਰਿ ਗੋਵਿੰਦ ਸਕਲ ਬਤਾਯੋ।
'ਬ੍ਰਿੰਦ ਮਸੰਦਨਿ ਕੋ ਸਭਿ ਆਯੋ।
ਅਧਿਕ ਦੂਰ ਨਹਿਂ ਪਹੁੰਚੇ ਜੋਈ[1]।
ਆਵਤਿ ਚਲੇ ਇਤਹੁਂ ਸਭਿ ਕੋਈ ॥੫॥
ਸ਼ਸਤ੍ਰ ਬਸਤ੍ਰ ਅਰੁ ਚਪਲ ਤੁਰੰਗ।
ਆਨੇ ਸਿੱਖਨਿ ਸ਼ਰਧਾ ਸੰਗ।
ਅਧਿਕ ਪ੍ਰਸੰਨ ਕੀਨਿ ਮਨ ਮੋਰਾ।
ਕਿਨ ਹੱਥਜਾਰ ਦੀਨਿ, ਕਿਨ ਘੋਰਾ ॥੬॥
ਸੈਨ ਸਕੇਲੈਂ ਕੇਤਿਕ ਦਿਨ ਮੈਂ।
ਜੋਧਾ ਅਚਲ ਰਹਹਿਂ ਜੇ ਰਨ ਮੈਂ।
ਅਪਰ ਉਪਾਇਨ ਕੇ ਅੰਬਾਰ।

ਜਬਿ ਕੇ ਜਨਮੇਂ, ਦੇਖਤਿ ਰਹੀ।
ਅਬਿ ਲੌ ਪ੍ਰਿਥਕ ਭਈ ਕਬਿ ਨਹੀਂ ॥੫॥
ਲੋਚਨ ਜਲ ਬੂੰਦੈਂ ਝਲਕਾਈ।
ਦੀਰਘ ਸ੍ਵਾਸ ਭਰਤਿ ਦੁਖ ਪਾਈ।
'ਸੁਨਹੁ ਪੁੱਤ੍ਰ! ਸਮਝਾਵੌਂ ਕਹਾਂ।
ਗੁਰ ਗਾਦੀ ਥਿਤਿ ਬੁਧਿ ਮਤਿ ਮਹਾਂ[1] ॥੬॥
ਭੂਤ ਭਵਿੱਖਤਿ ਕੇ ਸਰਬੱਗ।
ਕਹਾ ਬਚ ਕਹੈ ਜੀਵ ਅਲਪੱਗ।
ਤਉ ਸੁਚੇਤ ਰਹੋ ਸਭਿ ਕਾਲਾ।
ਨਹੀਂ ਦੁਸ਼ਟ ਕੇ ਪਰਿਯੇ ਜਾਲਾ[1] ॥੭॥

[1](ਆਪ) ਮਹਾਨ ਬੁਧਿਵਾਨ ਹੋ।

[1]ਬੰਧਨ ਵਿਚ।

ਦ੍ਰੋਹੀ ਮਹਾਂ, ਦਯਾ ਨਹਿਂ ਜਾ ਕੇ।
ਕਰਮ ਚੰਡਾਲ ਹਿੰਦੁ ਤਨ ਤਾਂ ਕੇ।
ਤੁਮਰੇ ਪਿਤਾ ਮਹਾਂ ਸਮਰੱਥ।
ਭੰਜਨ ਘੜਨ ਜਿਨਹੁਂ ਕੇ ਹੱਥ ॥੮॥
ਛਿਮਾ ਨਿਧਾਨ ਸ਼ਾਂਤਿ ਚਿਤ ਹੋਇ।
ਦੁਸ਼ਟ ਅਘੀ ਹਤਿ ਕਰਜੋ ਨ ਕੋਇ।
ਸ਼ਕਤਿ ਬਿਸਾਲੀ ਨਹੀਂ ਜਨਾਈ।
ਤਜਜੋ ਸਰੀਰ ਸਮਾ ਨਿਯਰਾਈ ॥੯॥
ਤਿਸ ਬਿਧਿ ਆਪ ਚਲੇ ਢਿਗ ਸ਼ਾਹੂ।
ਬੈਸ ਨਵੀਨ ਧਰਤਿ ਉਤਸਾਹੂ।
ਹੇ ਸੁਤ ! ਮੈਂ ਵਾਰੀ ਬਹੁ ਵਾਰੀ[1]।
ਬਿਨਾ ਪਿਖੇ ਮੁਝ ਸੰਕਟ ਭਾਰੀ ॥੧੦॥
ਇਕ ਅਲੰਬ ਤੁਮ ਦੇਖਤਿ ਰਹੌਂ।
ਸਦਾ ਅਨੰਦ ਰਿਦੇ ਬਹੁ ਲਹੌਂ।
ਕਹਾਂ ਕਰੌਂ ਮੈਂ ਤੁਮ ਤੇ ਪਾਛੇ।
ਪੁੱਤ੍ਰ ਬਦਨ ਜਬਿ ਪਿਖੌਂ ਨ ਆਛੇ ॥੧੧॥
ਉਦਜੋ ਪਾਪ ਫਲ ਰਹੌਂ ਇਕੇਲੀ[†]।

[1]ਮੈਂ ਬਹੁਤ ਵਾਰ ਕੁਰਬਾਨ ਹਾਂ।

[†]ਵਾਤਸਲ ਰਸ ਦਾ ਨਕਸ਼ਾ ਬੰਨ੍ਹਣ ਲਈ ਸਾਧਾਰਣ ਮਾਤਾ ਦੇ ਪ੍ਰੇਮ ਦਾ ਵਰਣਨ ਸੁਹਣਾ ਹੈ, ਅਰ 'ਕਰਮ ਸਰਬਥਾ ਬਲਵਾਨ ਹੈ' ਇਸ ਗੱਲ ਦਾ ਚੰਗਾ ਪ੍ਰਤਿਪਾਦਨ ਹੈ, ਪਰ ਸਾਈਂ ਦੇ ਚਰਨਾਂ ਨਾਲ ਲਿਵ ਪ੍ਰਾਪਤ ਮਾਤਾ ਗੰਗਾ ਜੀ, ਗੁਰੂ ਅਰਜਨ ਜੀ ਦੀ ਅਰਧੰਗੀ, ਪੂਰਨ ਸ਼ਰਧਾ ਤੇ ਸਿੱਖੀ ਭਾਵਨਾ ਵਾਲੀ, ਕਰਮ ਖੰਡ ਦੀ ਉਡਾਰੀ ਵਾਲੀ ਮਾਤਾ, ਕਦ ਕਰਮਾਂ ਤੇ ਪਾਪਾਂ ਦਾ ਨਾਂ ਲੈ ਕੇ ਐਸਾ ਪ੍ਰਲਾਪ ਕਰ ਸਕਦੀ ਹੈ, ਉਹ ਜਾਣਦੀ ਹੈ, 'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨ੍ਹਰੇ॥' ਮਾਤਾ ਉਸ ਦਰਜੇ ਦੀ ਵਜਕਤੀ ਹੈ 'ਧਰਮ ਰਾਇ ਅਬ ਕਹਾ ਕਰੇਗੋ ਜਉ ਫਾਟਿਓ ਸਗਲੋ ਲੇਖਾ' ॥ 'ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥ ਇਹ ਸੱਚ ਹੈ ਕਿ ਮਾਤਾ ਜੀ ਦਾ ਮਾਤ੍ਰੀ ਪ੍ਰੇਮ ਤੇ ਗੁਰੂ ਪ੍ਰੇਮ ਇਸ ਵੇਲੇ ਠਾਠਾਂ ਮਾਰਦਾ ਸੀ, ਪਰ ਉਹ ਬੜੇ ਉੱਚੇ ਅਰਸ਼ੀ ਭਾਵਾਂ ਦਾ ਇਕ ਉਮਡਾਉ ਸੀ, ਜਿਸ ਵਿਚ ਰਜ਼ਾ ਦਾ ਸਹਾਰਾ ਬੋਹਿਥਾ ਸੀ। ਅੰਕ ੨੫ ਵਿਚ ਕਵਿ ਜੀ ਆਪ ਮਾਤਾ ਜੀ ਨੂੰ 'ਸੁਮਤਿ ਪ੍ਰਬੀਨੀ' ਦੱਸਦੇ ਹਨ।

ਰਿਦੇ ਪ੍ਰਤੀਖਤਿ ਅਧਿਕ ਦੁਹੇਲੀ।
ਕਰਹੁ ਸ਼ੀਘ੍ਰਤਾ ਆਵਿਨਿ ਮਾਂਹੀ।
ਮੁਝ ਦਿਸ਼ਿ ਪਿਖਹੁ ਬਿਸਾਰਹੁ ਨਾਂਹੀ ॥੧੨॥
ਨਿਤ ਪ੍ਰਤਿ ਸੁਧਿ ਪਹੁਚਾਵਨਿ ਕਰੀਅਹਿ।
ਸਾਵਧਾਨਤਾ ਸਭਿ ਬਿਧਿ ਧਰੀਅਹਿ।
ਕਰਮ ਕਾਲ ਕਰਿ ਭਯੋ ਵਿਯੋਗ।
ਇਸ ਮਹਿਂ ਬਸਿ ਨਾਹਿਨ ਕਿਸੁ ਲੋਗ'

॥ ੧੩ ॥
ਸ੍ਰੀ ਹਰਿਗੋਵਿੰਦ ਸੁਨਿ ਜਨਨੀ ਤੇ।
ਧੀਰਜਿ ਦੀਨਿ ਭਾਖਿ ਸੁਭ ਰੀਤੇ।
'ਨਹਿਂ ਕੀਜਹਿ ਚਿਤ ਮਹਿਂ ਦੁਚਿਤਾਈ।
ਗੁਰ ਸਹਾਇ ਤੇ ਸ਼ੁਭ ਬਨਿਆਈ ॥ ੧੪ ॥
ਜਬਹਿ ਫਰਾਗ਼ਤਿ[1] ਕੀ ਬਿਧਿ ਜੋਵੈਂ।
ਨਹਿਂ ਠਹਿਰਹਿਂ ਆਵਨਿ ਤਬਿ ਹੋਵੈ।
ਕੁਸ਼ਲ ਛੇਮ ਕੀ ਸੁਧਿ ਪਹੁੰਚਾਵੈ।
ਸਭਿ ਬਿਧਿ ਤੇ ਅਨੰਦ ਉਪਜਾਵੈਂ' ॥ ੧੫ ॥
ਇਮ ਭਨਿ ਸੁਨਿ ਜਨਨੀ ਕੇ ਸੰਗਿ।
ਜਿਤ ਕਿਤ ਬਿਦਤਜੋ ਚਲਨਿ ਪ੍ਰਸੰਗ।
ਕਰਿ ਤਯਾਰੀ ਸੇਵਕ ਸਮੁਦਾਇ।
ਸੁਭਟ ਸ਼ਸਤ੍ਰ ਬਸਤਰ ਤਨ ਲਾਇ ॥ ੧੬ ॥
ਚਹੀਅਹਿ ਵਹਿਰ ਜਿ ਵਸਤੁ ਅਨੇਕ।
ਕਰੀ ਸੰਭਾਰਨਿ ਗਿਨਿ ਗਿਨਿ ਏਕ।
ਤਿਸ ਦਿਨ ਤਯਾਰੀ ਕਰਤਿ ਗੁਜ਼ਾਰਾ।
ਭਈ ਜਾਮਨੀ ਖਾਇ ਅਹਾਰਾ ॥ ੧੭ ॥
ਸੁਪਤਿ ਜਥਾ ਸੁਖ ਪ੍ਰਾਤੀ ਜਾਗੇ।
ਸੌਚ ਸ਼ਨਾਨ ਕਰਨਿ ਸਭਿ ਲਾਗੇ।
ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ।
ਖੜਗ ਧਨੁਖ ਤਰਕਸ਼ ਅੰਗ ਲਾਏ ॥ ੧੮ ॥
ਤਯਾਰ ਹੋਨਿ ਕੋ ਬਜਯੋ ਨਿਸ਼ਾਨਾ।
ਜਨੁ ਘਨੁ ਘੋਖਤਿ ਘੋਖ ਮਹਾਨਾ[1]।
ਕਸੇ ਤੁਰੰਗਨਿ ਤੰਗ ਬਨਾਏ।
ਸੁਭਟ ਸੁਚੇਤ ਤਯਾਰ ਹੁਇ ਆਏ ॥ ੧੯ ॥
ਸਤਿਗੁਰ ਲੇ ਪ੍ਰਸਾਦਿ ਸਮੁਦਾਏ।
ਸ੍ਰੀ ਹਰਿਮੰਦਿਰ ਕੀ ਦਿਸ਼ਿ ਆਏ।
ਕਰੀ ਨਮੋ ਹੁਇ ਖਰੇ ਅਗਾਰੀ।
ਕੁਸ਼ਲ ਸਕਲ ਹਿਤ ਬਿਨੈ ਉਚਾਰੀ ॥ ੨੦ ॥
ਲਖਿ ਸਥਾਨ ਸ਼ੁਭ ਪਿਤਾ ਪਿਤਾਮਾ।
ਦਈ ਪ੍ਰਦੱਛਨ ਕੀਨਿ ਪ੍ਰਨਾਮਾ।
ਕਰਿ ਕੈ ਪੂਜ ਪ੍ਰਸਾਦ ਬ੍ਰਤਾਯੋ।

[1]ਵੇਹਲ।

[1]ਮਾਨੋਂ ਬੱਦਲ ਦੇ ਗੱਜਣ ਦੀ ਬੜੀ ਗੂੰਜ ਹੈ।

ਸਗਰੀ ਸੰਗਤਿ ਸਾਦਰ ਪਾਯੋ ॥੨੧॥
ਪੁਨ ਸਤਿਗੁਰੂ ਨਿਜ ਮਾਤਾ ਪਾਸ।
ਆਇ ਨਮੋ ਕਰਿ ਦੇਤਿ ਹੁਲਾਸ।
ਗਮਨਿ ਸਮੈਂ ਲਖਿ ਦ੍ਰਿਗ ਜਲ ਰੋਕਾ।
ਬਾਰਿ ਬਾਰਿ ਸੁਤ ਬਦਨ ਬਿਲੋਕਾ ॥੨੨॥
'ਸ਼੍ਰੀ ਨਾਨਕ ਆਦਿਕ ਗੁਰੁ ਪੰਚ।
ਸਦਾ ਸਹਾਇਕ ਹੁਇਂ, ਸੁਖ ਸੰਚ[1]।
ਬਿਘਨ ਅਨੇਕ ਬਿਦਾਰਨਿ ਕਰੈਂ।
ਸਖਾ ਮਿਲਾਇ, ਰਿਪੁਨਿ ਪਰਹਰੈਂ[1]' ॥੨੩॥
ਮਸਤਕ ਚੁਮਤਿ ਗਰੇ ਲਗਾਇਵ।
ਭਈ ਬਿਬਸਿ ਕੁਛ ਕਹਯੋ ਨ ਜਾਇਵ।
ਗਯੋ ਗਰਾ ਭਰਿ ਗਦ ਗਦ ਬਾਨੀ।
ਸੁਤ ਸਨੇਹ ਮਹਿਂ ਮਤਿ ਲਪਟਾਨੀ ॥੨੪॥
ਕਹਿ ਬਹੁ ਬਾਰਿ ਧੀਰ ਗੁਰ ਦੀਨੀ।
'ਅਹੋ ਮਾਤ! ਤੁਮ ਸੁਮਤਿ ਪ੍ਰਬੀਨੀ।
ਅਪਰਨਿ ਕੋ ਸਮੁਝਾਵਨਿ ਬਨੈ।
ਕਯੋਂ ਉਰ ਕਰਤਿ ਕਸ਼ਟ ਕੇ ਸਨੈ[1] ॥੨੫॥
ਕੇਤਿਕ ਦਿਨ ਮਹਿਂ ਸੁਖ ਸੋਂ ਆਵਹਿਂ।
ਬਸਹਿਂ ਨਿਕਟ ਆਨੰਦ ਉਪਜਾਵੈਂ।
ਸੁਨਿ ਜਨਨੀ ਬੋਲੀ ਬਡਭਾਗਨਿ।
ਸੁੰਦਰ ਸੁਰਤਿ ਸੁਤ ਅਨੁਰਾਗਨਿ[1] ॥੨੬॥
'ਪੁੱਤ੍ਰ! ਸੁਨਹੁ ਬਡ ਜਤਨ ਕਰੰਤੇ।
ਪ੍ਰਾਪਤਿ ਭਏ ਆਪਿ ਦੁਤਿਵੰਤੇ।
ਪੁਨਿ ਸ਼ੱਤ੍ਰਨਿ ਬਹੁ ਬਿਘਨ ਉਠਾਏ।
ਨਿਜ ਕਰ ਦੇ ਕਰਿ ਗੁਰੂ ਬਚਾਏ ॥੨੭॥
ਅਬਿ ਲੌਂ ਮੈਂ ਤੁਮ ਪਾਰਨਿ ਕੀਨੇ[1]।
ਦੇਖਤਿ ਮੈਂ ਨਿਤ ਤ੍ਰਿਪਤਿ ਬਿਹੀਨੇ।
ਇਕ ਪੁੱਤ੍ਰਾ ਦੇਖਹੁ ਦਿਸ਼ਿ ਮੋਹੀ।
ਮਿਲਹੁ ਤੁਰਤ ਜਿਮ ਸੁਖ ਮਨ ਹੋਹੀ' ॥੨੮॥
'ਹੇ ਜਨਨੀ! ਜਬਿ ਅਵਸਰ ਪਾਵੌਂ।

[1]ਸੁਖ ਮਿਲਣ।

[1]ਸੱਜਣ ਦਾ ਸੰਗ ਮਿਲਾਉਣ ਤੇ ਵੈਰੀਆਂ ਦਾ ਨਾਸ਼ ਕਰਨ।

[1]ਹਿਰਦੇ ਨੂੰ ਦੁਖ ਸਹਤ ਕਿਉਂ ਕਰਦੀ ਹੈਂ?

[1]ਸੁਹਣੀ ਸੂਰਤ ਵਾਲੇ ਪੁੱਤ੍ਰ ਦੇ ਹਿਤ ਵਾਲੀ।

[1]ਪਾਲਣਾ ਕੀਤੀ ਹੈ।

ਤੁਮ ਕੋ ਸਿਮਰਿ ਤੁਰਤ ਹੀ ਆਵੌਂ।
ਕਰਹੁ ਅਨੰਦ ਬਿਦਾ ਅਬਿ ਦੀਜੈ।
ਸਤਿਗੁਰ ਸੌਂਪ ਅਸੀਸ ਭਨੀਜੈ' ॥੨੯॥
ਇਮ ਕਹਿ ਬੰਦਨ ਕਰਿ ਘਰ ਨਿਕਸੇ।
ਕਮਲ ਬਿਸ਼ਾਲ ਬਿਲੋਚਨ ਬਿਗਸੇ।
ਸ਼ੁਭ ਸਜਾਇ ਸੇਵਕ ਹਯ ਲਜਾਯੋ।
ਸ਼੍ਰੀ ਸਤਿਗੁਰੁ ਨਾਨਕ ਉਰ ਧਜਾਯੋ ॥੩੦॥
ਭਏ ਅਰੂਢਨਿ ਜਬੈ ਗੁਸਾਈਂ।
ਧੁਨਿ ਦੁੰਦਭਿ ਹਨਿ ਡੰਕ ਉਠਾਈ।
ਅਸੁ ਅਸੁਵਾਰ ਹੋਇ ਕਰਿ ਚਾਲੇ।
ਸੰਗ ਸੁਭਟਿ ਚਢਿ, ਗਹਿ ਅਸਿ ਢਾਲੇ[1] ॥੩੧॥

[1]ਤਲਵਾਰ ਤੇ ਢਾਲ ਫੜਕੇ।

ਸ਼ਗੁਨ ਭਏ ਚਹੁੰ ਦਿਸ਼ਿ ਤੇ ਨੀਕੇ।
ਅਵਿਲੋਕਤਿ ਹੁਲਸਾਵਨਿ ਜੀ ਕੇ।
ਫਰਕਜੋ ਦਹਿਨ ਬਿਲੋਚਨ ਸੁੰਦਰ।
ਭੁਜਾਦੰਡ ਦਹਿਨੋ ਬਲ ਮੰਦਰ ॥੩੨॥
ਨਿਰਮਲ ਦਿਵਸ ਬਾਯੁ ਸੁਖਕਾਰੀ।
ਮਿਲੀ ਦੁਘਟ[1] ਧਰਿ ਸੁੰਦਰ ਨਾਰੀ।

[1]ਦੋ ਘੋੜੇ।

ਮ੍ਰਿਗਨਿ ਮਾਲ ਦਾਹਿਨਿ ਕੋ ਆਈ[1]।

[1]ਮ੍ਰਿਗਮਾਲਾ (ਖੱਬੇ ਪਾਸਿਓਂ) ਸੱਜੇ ਪਾਸੇ ਵੱਲ ਨੂੰ ਆਈ।

ਮਧੁਰ ਬਿਹੰਗਨਿ ਸ਼ਬਦ ਸੁਨਾਈ ॥੩੩॥
ਸ਼ੱਤ੍ਰੁ ਬਿਨਾਸ਼ ਜਨਾਵਨਿ ਕਰਿਹੀ।
ਸਤਿਗੁਰੁ ਹਿਤ ਕੋ ਬਿਦਤਾਚਰਹੀ[1]।

[1]ਪ੍ਰਗਟ ਕਰ ਰਹੀ ਹੈ। [ਵਿਦਿਤ+ਆਚਰਹੀ]

ਧੌਂਸਾ ਧੁੰਕਤਿ ਜਾਤਿ ਅਗਾਰੀ।
ਚਮੂੰ ਤੁਰੰਗਨਿ ਬਲੀ ਪਿਛਾਰੀ ॥੩੪॥
ਕਿੰਚਬੇਗ ਅਰੁ ਖਾਨ ਵਜ਼ੀਰ।
ਭਏ ਅਰੂਢਨਿ ਗਮਨੇ ਧੀਰ।
ਹਯਨਿ ਕੁਦਾਵਤਿ ਮਾਰਗ ਜਾਤੇ।
ਆਯੁਧ ਬਿੱਦਜਾ ਮਹਿਂ ਉਮਹਾਤੇ ॥੩੫॥
ਦੋਇ ਕੋਸ ਪਰ ਕੀਨਿਸ ਡੇਰਾ।
ਉਤਰੇ ਗੁਰੂ ਜਾਇ ਤਿਸ ਬੇਰਾ।
ਹੁਤੋ ਮਖਮਲੀ ਤੰਬੂ ਸੁੰਦਰ।

ਊਪਰਿ ਜ਼ਰੀ ਪਸ਼ਮ ਪਟ ਅੰਦਰਿ[1] ॥੩੬॥
ਚਾਂਦੀ ਚੋਬ ਚਤਰ ਕੀ[1] ਰਚੀ।
ਕੰਚਨ ਕਲਸ ਰੁਚਿਰ ਦੁਤਿ ਖਚੀ।
ਅਪਰ ਕਾਨਾਤ ਚਾਨਣੀ ਚਾਰੁ।
ਰੇਸ਼ਮ ਡੋਰ ਖਿਚੀ ਦਿਸ਼ਿ ਚਾਰ ॥੩੭॥
ਬੀਚ ਪ੍ਰਯੰਕ ਡਸਾਇ ਨਵੀਨੋ।
ਸ੍ਵੱਛ ਬਿਛੌਨਾ ਛਾਦਨਿ ਕੀਨੋ।
ਸੇਜ ਬੰਦ ਬਡ ਗੁੰਫੇ ਜ਼ਰੀ।
ਐਂਚਿ ਚਹੂੰ ਦਿਸ਼ਿ ਬੰਧਨ ਕਰੀ ॥੩੮॥
ਧਰਯੋ ਮ੍ਰਿਦੁਲ ਸੁੰਦਰ ਉਪਧਾਨੁ[1]।
ਹਯ ਤੇ ਉਤਰਿ ਗੁਰੂ ਭਗਵਾਨ।
ਚਢਿ ਪ੍ਰਯੰਕ ਪਰ ਬਠਿ ਬਿਰਾਜੇ।
ਜਿਨ ਕੇ ਨਾਮ ਲੇਤਿ ਜਮ ਲਾਜੇ ॥੩੯॥
ਫਰਸ਼ ਬਿਸਾਲ ਚਹੁੰਦਿਸ਼ਿ ਹੋਵਾ।
ਉਪਜਤਿ ਹਰਖ ਬੈਠਿ ਜਿਨ ਜੋਵਾ।
ਗਨ ਮਸੰਦ ਅਰੁ ਬ੍ਰਿਧ ਗੁਰਦਾਸ।
ਜੇਠਾ ਲੰਙ ਪਿਰਾਣਾ ਪਾਸ ॥੪੦॥
ਅਪਰ ਸਿੱਖ ਸਗਲੇ ਚਲਿ ਆਏ।
ਨਰ ਨਾਰੀ ਪੁਰਿ ਤੇ ਉਮਡਾਏ।
ਜਥਾ ਸ਼ਕਤਿ ਲੇ ਪਾਨ ਉਪਾਇਨਿ।
ਅਰਪਹਿਂ ਆਨਿ ਗੁਰੂ ਕੇ ਪਾਇਨਿ ॥੪੧॥
ਸੁਭਟ ਆਇ ਗਨ ਲਗਯੋ ਦਿਵਾਨ।
ਗਾਇਂ ਰਬਾਬੀ ਰਾਗ ਮਹਾਨ।
ਚਮਰ ਚਾਰੁ ਚਲਚਾਲ[1] ਢੁਰੰਤਾ[†]।
ਉਠਿ ਅਰਦਾਸ ਕਰਤਿ ਮਤਿਵੰਤਾ ॥੪੨॥
ਸੂਰਜ ਮੁਖੀ ਧਰੇ ਕਰ ਖਰੋ[1]।
ਕਿਹ ਕਰ ਦੰਡੁ ਹੇਮ ਕੋ ਖਰੋ।
ਮੇਲਾ ਮਹਦ ਸਕੇਲਨਿ ਹੋਵਾ।
ਚਢਤਿ ਗੁਰੂ ਦਰਸ਼ਨ ਸਭਿ ਜੋਵਾ ॥੪੩॥
ਕੇਤਿਕ ਨਰ ਨਾਰੀ ਹਟਿ ਆਏ।
ਸਤਿਗੁਰੁ ਗੁਨ ਬਰਨਤਿ ਸਮੁਦਾਏ।

[1]ਉੱਗੁਤੇ ਜ਼ਰੀ ਤੇ ਅੰਦਰੋਂ ਉੱਨ ਦਾ ਸੀ (ਬਣਿਆ ਹੋਇਆ)।

[1]ਸਿਆਣੇ ਆਦਮੀ ਦੀ।

[1]ਤਕੀਆ, ਸਿਰਹਾਣਾ।

[1]ਚੰਚਲ ਚਾਲ ਵਿਚ। [†]ਪਾ:-ਚੰਚਾਲ ਚਲੰਤਾ।

[1]ਗੋਲ ਪੱਖਾ ਹੱਥ ਵਿਚ ਫੜਕੇ ਖਲੋਤੇ।

ਕਿਤਿਕ ਨਿਸਾ ਬਸਿਬੇ ਮਤਿ ਧਾਰੀ।
-ਗੁਰੁ ਹਿਤ ਹਮੇ ਪੁੰਨ ਹੁਇ ਭਾਰੀ-
॥੪੪॥
ਸੰਧ੍ਯਾ ਭਈ ਦਰਸ ਕੋ ਦੇਤਿ।
ਕ੍ਰਿਪਾ ਦ੍ਰਿਸ਼ਟਿ ਤੇ ਦੁਖ ਹਰਿ ਲੇਤਿ।
ਕਿਸ ਕੇ ਸੰਗਿ ਭਨੀ ਮ੍ਰਿਦੁ ਬਾਨੀ।
ਕਿਹ ਸਨਮਾਨ ਕੀਨਿ ਸ਼ੁਭ ਜਾਨੀ ॥੪੫॥
ਪੁਰਿ ਜਨ ਸਭਿਨਿ ਸੰਗ ਕਹਿ ਬੈਨ।
ਦੀਨਿ ਦਿਲਾਸਾ ਰਹੇ ਸੁ ਰੈਨ।
ਖਾਨ ਪਾਨ ਕਰਿ ਕੈ ਸਮੁਦਾਏ।
ਬਹੁਰ ਜਥਾ ਸੁਖ ਮਹਿਂ ਸੁਪਤਾਏ ॥੪੬॥
ਖਰੇ ਪਾਹਰੂ ਚਹੁਦਿਸ਼ਿ ਬਿਖੈ।
ਅਪਨਿ ਪਰਾਯੋ ਪਰਖਤਿ ਪਿਖੈ।
ਸਾਵਧਾਨ ਭਟ ਬਨੇ ਮਹਾਨ।
ਸੁਪਤੇ ਸਿਮਰਤਿ ਗੁਰੁ ਭਗਵਾਨ ॥੪੭॥
ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਸੂਰਜ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਦਿੱਲੀ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਿਤ ਅੰਸੂ ॥੫੧॥

## ੫੨. [ਗੁਰੂ ਜੀ ਦਿੱਲੀ ਪੁੱਜੇ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:
ਸ਼੍ਰੀ ਹਰਿਗੋਵਿੰਦ ਜੀ ਉਠੇ, ਕਰਿ ਸਭਿ ਸੌਚ ਸ਼ਨਾਨ।
ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ, ਹੋਤਿ ਭਏ ਸਵਧਾਨ ॥੧॥
ਚੌਪਈ:
ਬਜਯੋ ਕੂਚ ਕੋ ਤਬਹਿ ਨਗਾਰਾ।
ਕੀਨਿਸਿ ਤਯਾਰੀ ਕਰਨਿ ਪਧਾਰਾ।
ਬ੍ਰਿਧ ਗੁਰੁਦਾਸ ਮਸੰਦ ਜਿ ਬ੍ਰਿੰਦ।
ਆਇ ਨਿਕਟ ਬੰਦਤਿ ਕਰ ਬੰਦਿ ॥੨॥
ਬੈਠਿ ਗਏ ਚਹੁੰਦਿਸ਼ਿ ਮਹਿਂ ਸਾਰੇ।
ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ।
'ਬ੍ਰਿਧ ਸਾਹਿਬ! ਭਾਈ ਗੁਰਦਾਸ!
ਤੁਮ ਸਯਾਨੇ ਕਰਿ ਬਾਸ ਅਵਾਸ ॥੩॥
ਹਰਿ ਮੰਦਰਿ ਕੀ ਕਰੀਅਹਿ ਸੇਵਾ।
ਪੂਜਨਿ ਕਰਹੁ ਸਦਾ ਗੁਰੁ ਦੇਵਾ।
ਸਿਖ ਸੰਗਤਿ ਆਵਤਿ ਜਿਮ ਆਗੇ।
ਸਰਬ ਰੀਤਿ ਕਰਿ ਤਿਮ ਬਡਿਭਾਗੇ ॥੪॥
ਕਾਰ ਦੇਗ ਕੀ ਤਥਾ ਚਲਾਵਹੁ।
ਅਪਰ ਸਰਬ ਕਾਰਜ ਸੁਧਰਾਵਹੁ।
ਕਿਤਿਕ ਸੁਭਟ ਰਹਿਂ ਸੰਗ ਤੁਮਾਰੇ।
ਦਾਸ ਬ੍ਰਿੰਦ ਹੋਵਹਿਂ ਅਨੁਸਾਰੇ ॥੫॥
ਸਦਾ ਪ੍ਰਸੰਨ ਮਾਤ ਕੋ ਰਾਖਹੁ।
ਹਮਰੀ ਦਿਸ਼ਿ ਤੇ ਆਛੇ ਭਾਖਹੁ।
ਸੰਮਤ[1] ਹੋਇ ਕਾਰ ਕੋ ਕਰੀਅਹਿ।
ਸਭਿ ਦਿਸਿ ਸਾਵਧਾਨਤਾ ਧਰੀਅਹਿ' ॥੬॥
ਇਮ ਬ੍ਰਿਧ ਕੋ ਸਭਿ ਸੌਂਪਿ ਸਮਾਜਾ।
ਚਾਹਯੋ ਚਢਨਿ ਗਰੀਬ ਨਿਵਾਜਾ।
ਪੁਰਿ ਜਨ[1] ਅਰ ਸਿਖ ਸੇਵਕ ਸਾਰੇ।

[1]ਭਾਵ ਮਾਤਾ ਜੀ ਦੇ ਅਨਸਾਰੀ ਹੋਕੇ।

[1]ਨਗਰ ਦੇ ਵਾਸੀ।

ਸਭਿ ਪਰ ਕਰੁਨਾ ਦ੍ਰਿਸ਼ਟਿ ਨਿਹਾਰੇ ॥੭॥
ਦੇ ਕਰਿ ਖੁਸ਼ੀ ਭਏ ਅਸਵਾਰ।
ਕਰਿ ਕੈ ਜਥਾ ਜੋਗ ਸਭਿ ਕਾਰ।
ਖਾਂ ਵਜ਼ੀਰ ਕੋ ਸੰਗ ਮਿਲਾਏ।
ਮਾਰਗ ਦਿੱਲੀ ਤਬਹਿ ਸਿਧਾਏ ॥੮॥
ਆਗੇ ਬਾਜਤਿ ਚਲਹਿ ਨਗਾਰਾ।
ਭਾਟ ਨਕੀਬਨਿ ਸੁਜਸੁ ਉਚਾਰਾ।
ਜਿਸ ਮਗ ਜਗ ਗੁਰੁ ਕਰਤਿ ਪਯਾਨਾ।
ਸੁਨਹਿਂ ਨਾਰਿ ਨਰ ਜੋ ਸੁਧ ਕਾਨਾ ॥੯॥
ਜਥਾ ਸ਼ਕਤਿ ਲੇ ਤੁਰਤ ਉਪਾਇਨਿ।
ਪੂਜਹਿ ਆਨਿ ਗੁਰੂ ਕੇ ਪਾਇਨਿ।
ਕ੍ਰਿਪਾ ਦ੍ਰਿਸ਼ਟਿ ਕਰਿ ਚਲਤਿ ਅਗੇਰੇ।
ਜਹਿਂ ਕਰਿ ਡੇਰਾ ਹੇਤ ਬਸੇਰੇ ॥੧੦॥
ਤਹਿਂ ਤੇ ਆਇ ਦਰਸ ਕੋ ਕਰੈਂ।
ਪੁਰਹਿਂ ਕਾਮਨਾ ਜੋ ਉਰ ਧਰੈਂ।
ਹੋਤਿ ਪ੍ਰਭਾਤਿ ਗਮਨ ਕੋ ਠਾਨੈਂ।
ਸੈਨ ਭਟਨਿ ਕੀ ਸਾਥ ਪਯਾਨੈ ॥੧੧॥
ਮਗ ਮਹਿਂ ਖੇਲਤਿ ਕਰਹਿਂ ਅਖੇਰੇ।
ਬਾਜ, ਕੁਹੀ, ਸ਼ਿਕਰੇ ਜੁ ਬਡੇਰੇ।
ਬਨ ਕੋ ਜੀਵ ਉਧਾਰਤਿ ਜਾਤੇ।
ਪੂਰਬ ਬਡੇ ਭਾਗ ਜਿਨ ਜਾਤੇ ॥੧੨॥
ਅਨਿਕ ਬਿਲਾਸਨਿ ਕੋ ਬਿਲਸੰਤੇ[1]।
ਪੰਥ ਬਿਖੈ ਗਮਨਤਿ ਹਰਖੰਤੇ।
ਖਾਂ ਵਜ਼ੀਰ ਨਿਜ ਸੁਭਟਨਿ ਸਾਥ।
ਚਲਤਿ ਸੰਗ ਨਿਤ ਸ਼੍ਰੀ ਗੁਰੁ ਨਾਥ ॥੧੩॥
ਅਨਿਕ ਰੀਤਿ ਤੇ ਗੁਰੂ ਰਿਝਾਵੈ।
ਸ਼ਾਹੁਨਿ ਕੇ ਸੁਪ੍ਰਸੰਗ ਚਲਾਵੈ।
ਸੰਗ ਅਖੇਰ ਬ੍ਰਿੱਤ ਕੋ ਕਰੈ।
ਜਿਮ ਗੁਰੁ ਹਰਖਹਿਂ ਤਿਮ ਉਰ ਧਰੈ ॥੧੪॥
ਮਧੁਰ ਬਚਨ ਤੇ ਬਹੁ ਸਨਮਾਨੈ।
ਬੈਠਹਿ ਨਿਕਟ ਪ੍ਰੇਮ ਕੋ ਠਾਨੈ।

[1]ਅਨੰਦਾਂ ਨੂੰ ਮਾਣਦੇ ਹੋਏ।

ਜਿਤ ਕਿਤ ਕੇ ਨਰ ਪੂਜੈਂ ਗੁਰ ਕੋ।
ਹੇਰਤਿ ਅਧਿਕਤਿ ਸ਼ਰਧਾ ਉਰ ਕੋ ॥੧੫॥
ਸੰਗ ਤੁਰਕ ਗਨ ਮਹਿਮਾ ਹੇਰੇ।
ਸੋਪਿ ਕਰਹਿਂ ਸ਼ਰਧਾ ਬਹੁਤੇਰੇ।
ਇਸ ਬਿਧਿ ਕੇਤਿਕ ਦਿਨ ਪ੍ਰਸਥਾਨੇ।
ਕ੍ਰਮ ਕਰਿ[1] ਸਕਲ ਪੰਥ ਉਲੰਘਾਨੇ ॥੧੬॥ [1]ਹੌਲੀ ਹੌਲੀ।
ਬ੍ਰਿਧ ਗੁਰੁਦਾਸ ਮਸੰਦ ਜਿ ਸਾਰੇ।
ਗੁਰੁ ਰੁਖਸਦ ਕਰਿ[1] ਸਦਨ ਸਿਧਾਰੇ। [1]ਗੁਰੂ ਜੀ ਨੂੰ ਵਿਦਾ ਕਰਕੇ।
ਮਿਲੇ ਮਾਤ ਗੰਗਾ ਕੋ ਜਾਈ।
ਬਤਸਨ ਢਿਗ ਜਿਮ ਧੇਨੁ ਲਵਾਈ[1] ॥੧੭॥ [1]ਲਵੇਰੀ ਗਊ ਦੇ ਕੋਲ ਜਿਵੇਂ ਵੱਛੇ।
ਸਿਮਰਤਿ ਸੁਤ ਕੋ ਰਿਦਾ ਦੁਹੇਲੀ।
ਮੌਨ ਠਾਨਿ ਕਰਿ ਥਿਰੀ ਅਕੇਲੀ।
ਪਤਿ ਬ੍ਰਿਤੰਤ ਕੋ ਚਿਤਵਤਿ ਚਿੰਤਾ।
-ਤੁਰਕੇਸ਼ੁਰ[1] ਸੁਧਿ ਨਹੀਂ ਲਖੰਤਾ ॥੧੮॥ [1]ਜਹਾਂਗੀਰ।
ਖੱਤ੍ਰੀ ਸ਼ੱਤ੍ਰੁ ਵਧਯੋ ਤਿਸ ਪਾਸੀ।
ਗਨ ਛਲਬਲ ਕੋ ਕਰਤਿ ਪ੍ਰਕਾਸ਼ੀ।
ਅਬਿ ਭੀ ਚਾਰੀ[1] ਕਰਿ ਬੁਲਵਾਏ-। [1]ਚੁਗਲੀ।
ਇਮ ਬੈਠੀ ਸੋਚਤਿ ਦੁਖ ਪਾਏ ॥੧੯॥
ਹਾਥ ਜੋਰਿ ਬ੍ਰਿਧ ਨੇ ਤਬਿ ਕਹਯੋ।
'ਕਯੋਂ ਮਾਤਾ ਏਤੋ ਦੁਖ ਲਹਯੋ?
ਪੁੱਤ੍ਰ ਤੁਮਾਰੋ ਪ੍ਰਭੁ ਬਲੀ ਹੈ।
ਕਰਹਿ ਤਹਾਂ ਸਭਿ ਬਾਤ ਭਲੀ ਹੈ ॥੨੦॥
ਸਗਰੋ ਜਗ ਸਿਰਜਨਿ ਅਰੁ ਹਾਨਿ।
ਨਿਜ ਬਲ ਤੇ ਕਰਿ ਸਕਹਿ ਮਹਾਨ।
ਬਡੇ ਗੁਰੁਨਿ ਸਮ ਜਾਨਹੁ ਨਾਂਹੀ।
ਤਨੁ ਕੋ ਅੰਤ ਸਮੋਂ ਲਖਿ ਤਾਂਹੀ ॥੨੧॥
ਦੇ ਕਰਿ ਸਿਰ ਚੰਦੂ ਕੇ ਦੋਸ਼।
ਗਏ ਬਿਕੁੰਠ ਰਹੇ ਬਿਨੁ ਰੋਸ[†]। [†]ਇਥੇ ਕਵਿ ਜੀ ਆਪ ਦੱਸ ਰਹੇ ਹਨ ਕਿ ਗੁਰੂ ਜੀ ਨੇ ਆਪਣੇ ਕਸ਼ਟਾਂ ਵਿਚ ਕੋਪ ਨਹੀਂ ਕੀਤਾ।
ਪਿਤ ਕੋ ਪਲਟੋ ਅਬਿ ਇਹ ਲਹੈਂ।
ਮਿਲਹਿ ਸ਼ਾਹੁ ਸੋ ਸ਼ੱਤ੍ਰੂ ਦਹੈਂ ॥੨੨॥

ਨਹਿਂ ਚਿੰਤਾ ਚਿਤ ਕੀਜਹਿ ਮਾਈ।
ਮਿਲਹਿਂ ਪੁੱਤ੍ਰ ਸੋਂ ਅਨੰਦ ਉਪਾਈ।
ਸੁਖ ਪੌਤ੍ਰਨਿ ਕੋ ਕਰਹਿਂ ਨਿਹਾਰਨਿ।
ਸਾਚਿ ਬਚਨ ਮਮ ਕਰਿ ਉਰ ਧਾਰਨ' ॥੨੩॥
ਇੱਤਜਾਦਿਕ ਬਹੁ ਬ੍ਰਿਧ ਸਮੁਝਾਈ।
ਕਹੇ ਬ੍ਰਿੱਧ ਕੇ ਸ਼ਾਂਤਿ ਸੁ ਪਾਈ।
ਨਿਤ ਗੰਗਾ ਗੁਰੁ ਨਾਨਕ ਧਜਾਵੈ।
ਕਰਹਿ ਤਿਹਾਵਲ ਬਹੁ ਬਰਤਾਵੈ ॥੨੪॥
ਨਿਜ ਘਰ ਕੀ ਨਿਤ ਤੋਰਹਿ ਕਾਰੀ।
ਸੰਗਤਿ ਆਵੈ ਸਦਾ ਹਜ਼ਾਰੀ।
ਹਰਿ ਮੰਦਰਿ ਮਹਿਂ ਪੂਜਾ ਹੋਇ।
ਬਾਂਛਤਿ ਕੋ ਪ੍ਰਾਪਤਿ ਸਭਿ ਕੋਇ ॥੨੫॥
ਇਸ ਪ੍ਰਕਾਰ ਸਗਰੋ ਬਿਵਹਾਰ।
ਸੰਮਤ ਮਾਤ[1] ਚਲਹਿ ਸਭਿ ਕਾਰ। [1]ਮਾਤਾ ਜੀ ਦੀ ਰਾਇ ਅਨੁਸਾਰ।
ਉਤ ਸ਼੍ਰੀ ਹਰਿ ਗੁਵਿੰਦ ਗੁਨ ਖਾਨੀ।
ਮਗ ਗਮਨੇ ਜਹਿਂ ਪੁਰਿ ਪਤਿ ਪਾਨੀ[1] ॥੨੬॥ [1]ਜਿੱਥੇ ਪਾਣੀਪਤ ਸ਼ਹਿਰ ਹੈ।
ਕਰਤਿ ਸਿਵਰ ਦਿੱਲੀ ਪੁਰਿ ਗਏ।
ਖਾਂ ਵਜ਼ੀਰ ਸੰਗ ਬੂਝਤਿ ਭਏ।
'ਤੁਵ ਮਰਜ਼ੀ ਕਹੁ ਕੌਨ ਸਥਾਨ?
ਡੇਰਾ ਕਰਹਿਂ ਜਹਾਂ ਸੁਖ ਠਾਨਿ ॥੨੭॥
ਸਰਬ ਰੀਤਿ ਜਹਿਂ ਬਸਹਿਂ ਸੁਖਾਰੇ।
ਦਿਨ ਸਮੂਹ ਕੋ ਕਰਨਿ ਗੁਜ਼ਾਰੇ।
ਜਹਾਂ ਸੁਭਟ ਰਹਿਂ ਆਛੀ ਰੀਤਿ।
ਸੰਗਤਿ ਗਨ ਦਰਸੈ ਜੁਤਿ ਪ੍ਰੀਤਿ ॥੨੮॥
ਸੁਨਤਿ ਖਾਨ ਕਰ ਜੋਰਿ ਉਚਾਰੀ।
'ਬਸਹੁ ਰਿਦੇ ਤੁਮ ਧਜਾਨ ਜੁ ਧਾਰੀ।
ਜਹਿਂ ਸਤਿਸੰਗ ਪ੍ਰਭੁ ਗੁਨ ਗਾਵੈਂ।
ਤਹਾਂ ਬਸਹੁ ਤੁਮ ਕੋ ਬਨਿ ਆਵੈ ॥੨੯॥
ਸਿਮਰਹਿਂ ਸੰਤ ਰੂਪ ਅਬਿਨਾਸ਼ੀ।
ਤਿਨ ਕੇ ਆਪ ਬਸਤਿ ਹੋ ਪਾਸੀ।

ਨਗਰ ਸੁਧਾਸਰ ਸ਼੍ਰੀ ਹਰਿ ਮੰਦਰ।
ਨਿਸ ਦਿਨ ਬਸਹੁ ਤਿਸੀ ਕੇ ਅੰਦਰ ॥੩੦॥
ਜਿਨ ਕੇ ਸਦਾ ਸਤੋਗੁਨ ਲਹੋ।
ਜਨੁ ਪ੍ਰੇਮੀ ਕੇ ਉਰ ਨਿਤ ਰਹੋ।
ਜੋ ਮਾਨਹਿ ਭਾਣਾ ਕਰਤਾਰ।
ਤਨੁ ਹੰਤਾ ਜੁਤਿ ਤਜੈ ਬਿਕਾਰ ॥੩੧॥
ਸਰਲ ਸਧੀਰਜ ਉਰ ਕੋ ਹੇਰੇ।
ਤਹਾਂ ਬਾਸ ਨਿਜ ਕਰਹੁ ਬਡੇਰੇ।
ਸਤਿਗੁਰੁ ਸ਼ਬਦ ਸਦੀਪਕ ਜਾਗ[1]।
ਸਿਹਜਾ ਸਿੱਖਨ ਸੇਵ ਜੁ ਲਾਗ[1] ॥੩੨॥

[1]ਸਤਿਗੁਰੂ ਦਾ ਸ਼ਬਦ ਰੂਪ ਦੀਪਕ ਜਾਗਿਆ ਹੈ ਜਿਨ੍ਹਾਂ ਦੇ ਰਿਦੇ।

[1](ਉਹਨਾਂ) ਸਿਖਾਂ ਦੀ ਸੇਵਾ ਵਿਚ ਜੋ ਲੱਗਾ ਹੈ (ਉਥੇ ਆਪ ਦੀ) ਸਿਹਜਾ ਹੈ।

ਸੱਤਿਨਾਮ ਸਿਮਰਨਿ ਲਿਵ ਮਹਾਂ।
ਇਹ ਸੌਰਭ ਤੇ ਮਹਿਕਤਿ ਜਹਾਂ[1]।
ਪ੍ਰੇਮਾ ਭਗਤਿ ਸੁਖਦ ਜਹਿਂ ਪੌਨ।
ਬਸਹੁ ਅਨੰਦ ਕਰਿ ਅਸ ਉਰ ਭੌਨ ॥੩੩॥

[1]ਇਸ ਸੁਗੰਧੀ ਨਾਲ ਜਿਥੇ ਮਹਿਕ ਹੋ ਰਹੀ ਹੈ।

ਇਸ ਪੁਰ ਮਹਿਂ ਮਜਨੂ ਅਸਥਾਨ[†]।

[†]ਇਹ ਟਿਕਾਣਾ ਜਮਨਾਂ ਦੇ ਕਿਨਾਰੇ ਉੱਚੇ ਥਾਉਂ ਤੇ ਹੈ। ਦਿੱਲੀ ਸ਼ਹਿਰ ਇੱਥੋਂ ੩ੑ ਕੁ ਮੀਲ ਹੈ। ਇੱਥੇ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਹਾਥੀ ਜਿਵਾਇਆ ਸੀ ਤੇ ਲੋਦੀ ਪਾਤਸ਼ਾਹ ਆ ਕੇ ਮਿਲਿਆ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਏਥੇ ਅਸਥਾਨ ਹੈ। ਛੇਵੇਂ ਗੁਰਾਂ ਦੀ ਯਾਦਗਾਰ ਵਿਚ ਸੰਗਮਰਮਰ ਦੀਆਂ ਚਰਨਪਾਦਕਾਂ ਏਥੇ ਹਨ। ਮਜਨੂੰ ਇਕ ਸਤਿਗੁਰਾਂ ਦਾ ਸਿਖ ਸੀ, ਜਿਸ ਨੇ ਏਥੇ ਬੈਠਕੇ ਘਾਲ ਕੀਤੀ ਸੀ, ਉਸ ਦੀ ਸਮਾਧ ਬੀ ਹੈ। ਮਜਨੂੰ ਦਾ ਟਿੱਲਾ ਇਸੇ ਨਾਮ ਤੇ ਪ੍ਰਸਿੱਧ ਹੈ। ਸ਼੍ਰੀ ਰਾਮਰਾਇ ਜੀ ਬੀ ਏਥੇ ਹੀ ਟਿਕੇ ਸਨ।

ਅਵਿਲੋਕਨਿ ਰਮਣੀਕ ਮਹਾਨ।
ਕੇਤਿਕ ਕਹਤਿ ਸੁਨੇ ਮੈਂ ਐਸੇ।
ਸ਼੍ਰੀ ਨਾਨਕ ਜੀ ਤਿਸ ਥਲ ਬੈਸੇ ॥੩੪॥
ਤਹਾਂ ਬਾਸ ਸੁਖ ਸਾਥ ਕਰੀਜੈ।
ਪ੍ਰਥਮ ਚਲਹੁ ਦੇਖਨਿ ਕਰਿ ਲੀਜੈ।
ਦਿਲ ਪਸੰਦ ਕਰਿ ਉਤਰਹੁ ਫੇਰ।
ਨਾਂਹਿ ਤ ਅਪਰ ਥਾਨ ਕੋ ਹੇਰਿ' ॥੩੫॥
ਇਮ ਕਹਿ ਖਾਂ ਵਜ਼ੀਰ ਲੇ ਚਾਲਾ।
ਜਾਇ ਦਿਖਾਯਹੁ ਥਾਨ ਬਿਸਾਲਾ।
ਸ਼੍ਰੀ ਜਮਨਾ ਕੋ ਸੁੰਦਰ ਤੀਰ।

ਪਾਵਨ ਪਰਮ ਪ੍ਰਵਾਹਤਿ ਨੀਰ ॥੩੬॥
ਜਿਸ ਦੇਖੇ ਉਰ ਹੋਤਿ ਅਨੰਦ।
ਇਕ ਸਮ ਥਲ, ਕੁਛ ਊਚ ਬਿਲੰਦ[1]।
ਅਵਲੋਕਤਿ ਮੁਦ ਉਤਰ ਪਰੇ ਹੈਂ।
ਲਖਿ ਗੁਰੁ ਰੁਖ਼ ਕੋ ਸਿਵਰ ਕਰੇ ਹੈਂ ॥੩੭॥
ਤੰਬੂ ਸ਼ਮਯਾਨੇ ਗਨ ਤਾਨੇ।
ਰੇਸ਼ਮ ਡੋਰ ਜੁ ਐਂਚਿ ਬੰਧਾਨੇ।
ਖਰੀ ਕਨਾਤ ਬਨਾਤ ਖਰੀ ਕੀ[1]।
ਕਿਤ ਕਿਤ ਚਿੱਤ੍ਰਤਿ ਕਾਰ ਜ਼ਰੀ ਕੀ ॥੩੮॥
ਗੁਰੁ ਕੇ ਚਹੁੰਦਿਸ਼ਿ ਭਟ ਸਮੁਦਾਏ।
ਨਿਜ ਨਿਜ ਤੰਬੂ ਤਹਾਂ ਲਗਾਏ।
ਪੰਗਤਿ ਲਗੀ ਤੁਰੰਗਨਿ ਕੇਰੀ।
ਜਹਾਂ ਦ੍ਰਿਸ਼ਟਿ ਕਰਿ ਨਿਤ ਗੁਰੁ ਹੇਰੀ[1] ॥੩੯॥
ਤਬਿ ਵਜ਼ੀਰ ਖਾਂ ਨਿਕਟ ਹਕਾਰਾ।
'ਕਰਹੁ ਆਪਨੇ ਸਦਨ ਉਤਾਰਾ।
ਜੇ ਅਵਸਰ ਬਨਿ ਹੈ ਤੁਵ ਆਜੁ।
ਕਰਹੁ ਜਨਾਵਨਿ ਆਪਨਿ ਕਾਜੁ[1] ॥੪੦॥
ਨਾਂਹਿ ਤ ਪਾਤਿਸ਼ਾਹੁ ਕੇ ਪਾਸੀ।
ਸੁਧਿ ਹਮਰੀ ਕਰਿ ਦੇਹੁ ਪ੍ਰਕਾਸ਼ੀ।'
ਅਸ ਕਹਿ ਸਿਰੇਪਾਉ ਬਡ ਮੋਲ।
ਬਖਸ਼ਜੋ ਸਤਿਗੁਰੁ ਕਹਿ ਮ੍ਰਿਦੁ ਬੋਲਿ ॥੪੧॥
ਕਿੰਚਬੇਗ ਕੋ ਦੂਸਰ ਦਏ।
ਲੇ ਦੋਨੋ ਸਿਰ ਪਰ ਧਰਿ ਲਏ।
ਠਾਂਢੇ ਹੋਇ ਬੰਦਗੀ ਠਾਨੀ।
ਬੋਲੇ ਮ੍ਰਿਦੁਲ ਸ ਬਿਨਤੀ ਬਾਨੀ ॥੪੨॥
'ਗੁਰੁ ਘਰ ਕੇ ਹਮ ਸਦਾ ਗ਼ੁਲਾਮ।
ਬਖਸ਼ਜੋ ਤੁਮ[1] ਹਮ ਪਾਸ ਤਮਾਮ।'
ਰੁਖਸਦ ਹੋਇ ਸਦਨ ਕੋ ਗਏ।

[1]ਕੁਛ ਉਚਿਆਈ ਉਤੇ ਪੱਧਰਾ ਥਾਂ ਹੈ।

[1]ਚੰਗੀ ਬਨਾਤ ਦੀ ਕਨਾਤ ਖੜੀ ਕੀਤੀ।

[1]ਦੇਖ ਸੱਕਣ।

[1]ਆਪਣਾ ਕੰਮ (ਭਾਵ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਾਕਾ ਦੱਸਣਾ)।

[1]ਬਖਸ਼ਿਆਂ ਹੋਇਆ ਹੈ ਕਿ ਆਪ ਦਾ।

ਸ਼ੀਲ ਸਰੂਪ ਸਰਾਹਤਿ ਭਏ ॥੪੩॥
ਉਤਰੇ ਪਗ ਕਰ ਨੀਰ ਪਖਾਰੇ।
ਨਿਰਮਲ ਬਸਤ੍ਰ ਸਕਲ ਤਨੁ ਧਾਰੇ।
ਗਏ ਦੁਰਗ ਮਹਿਂ ਮਿਲਿ ਕਰਿ ਦੋਊ।
ਸ਼ਾਹੁ ਸੰਗ ਮਿਲਿਬੋ ਚਹਿ ਸੋਊ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਪ੍ਰਵੇਸ਼ ਸ਼੍ਰੀ ਹਰਿਗੋਵਿੰਦ' ਪ੍ਰਸੰਗ ਬਰਨਨ ਨਾਮ ਦੋਇ ਪੰਚਾਸਤੀ ਅੰਸੂ ॥੫੨॥

## ੫੩. [ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਪਾਯੋ ਅਵਸਰ ਮਿਲਨਿ ਕੋ, ਗਮਨੇ ਹਜ਼ਰਤ
ਪਾਸ।
ਅਧਿਕ ਅਦਬ ਤੇ ਬੰਦਗੀ, ਨਿਵ ਨਿਵ
ਕਰਤਿ ਪ੍ਰਕਾਸ਼ ॥੧॥

ਚੌਪਈ:

ਨੰਮ੍ਰੀ ਹੋਤਿ ਗਏ ਜਬਿ ਨੇਰੇ।
ਜਹਾਂਗੀਰ ਇਨ ਦਿਸ਼ਿ ਦ੍ਰਿਗ ਫੇਰੇ।
ਦੇਖਤਿ ਬੋਲਯੋ ਸ਼ਾਹੁ ਸੁਜਾਨ।
'ਖਾਂ ਵਜ਼ੀਰ! ਢਿਗ ਆਉ ਬਖਾਨ[1] ॥੨॥
ਸ੍ਰੀ ਜਗ ਗੁਰੁ ਅਰਜਨ ਕੇ ਨੰਦ।
ਨਾਮ ਜਿਨਹੁਂ ਸ੍ਰੀ ਹਰਿ ਗੋਵਿੰਦ।
ਗੁਰਤਾ ਗਾਦੀ ਪਰ ਅਬਿ ਬੈਸੇ।
ਆਏ ਕਿਧੌਂ, ਨ ਕਹੁ ਸੁਧਿ ਕੈਸੇ?' ॥੩॥
ਖਾਂ ਵਜ਼ੀਰ ਕਰ ਜੋਰਿ ਅਗਾਰੀ।
ਚਾਤੁਰਤਾ ਜੁਤਿ ਗਿਰਾ ਉਚਾਰੀ।
'ਬਯ ਮਹਿਂ ਅਲਪ, ਬ੍ਰਿੱਧ ਬੁਧਿ ਮਾਂਹੀ।
ਡੀਲ ਬਿਲੰਦ ਔਰ ਅਸ ਨਾਂਹੀ[1] ॥੪॥
ਪ੍ਰਿਯ ਮੂਰਤਿ ਸੂਰਤਿ ਅਤਿ ਸੁੰਦਰ।
ਸਾਹਿਬ ਕਰਾਮਾਤ ਗੁਨ ਮੰਦਿਰ।
ਕਰਯੋ ਬਿਲੋਕਨਿ ਜਬਿ ਹਮ ਜਾਇ।
ਤੁਮਰੀ ਦਿਸ਼ਿ ਤੇ ਕਹਯੋ ਸੁਨਾਇ ॥੫॥
ਕ੍ਰਿਪਾ ਦ੍ਰਿਸ਼ਟਿ ਕੋ ਠਾਨਿ ਮਹਾਨਾ।
ਜਿਮ ਹਮ ਭਨਯੋ ਸੁਨਯੋ ਤਿਮ ਕਾਨਾ।
ਹੁਇ ਅਸਵਾਰ ਆਪ ਚਲਿ ਆਏ।
ਆਨਿ ਸੁ ਉਤਰੇ ਮਜਨੂੰ ਥਾਂਏ' ॥੬॥
ਸੁਨਤਿ ਸ਼ਾਹੁ ਬਹੁ ਭਯੋ ਪ੍ਰਸੰਨ।
ਕਹਯੋ ਵਜ਼ੀਰ ਖਾਨ ਕੋ ਧੰਨ।
'ਮੁਝ ਢਿਗ ਕਰਤਿ ਹੁਤੇ ਨਰ ਚਾਰੀ[1]।
-ਗੁਰੁ ਨ ਐਹੈਂ ਨਿਕਟ ਤੁਮਾਰੀ ॥੭॥

[1]ਨੇੜੇ ਆਕੇ ਦੱਸ ਕਿ।

[1]ਹੋਰ ਇਨ੍ਹਾਂ ਜੇਹਾ ਕੋਈ ਨਹੀਂ।

[1]ਚੁਗਲੀ।

ਕਿੰਚਬੇਗ ਅਰੁ ਖਾਂਨ ਵਜ਼ੀਰ।
ਛੂਛੇ ਹਟਿ ਆਵਹਿਂ ਤੁਮ ਤੀਰ-।
ਤਿਨ ਤੇ ਸੁਨਿ ਮੈਂ ਮਾਨਤਿ ਰਹਜੋ।
ਇਸ ਮਹਿਂ ਤੁਵ ਬੁਧਿ ਕੋ ਬਲ ਲਹਜੋ
॥੮॥
ਆਛੀ ਭਈ ਗੁਰੁ ਚਲਿ ਆਏ।
ਗਨ ਦੋਸ਼ਨਿ ਤੇ ਮੋਹਿ ਬਚਾਏ।
ਅਬਿ ਸਭਿ ਭਾਂਤਿ ਕਰਹੁ ਤਿਨ ਸੇਵਾ।
ਹਰਖਾਵਹੁ ਨੀਕੇ ਗੁਰੁਦੇਵਾ ॥੯॥
ਹਮ ਸੋਂ ਮੇਲ ਕਰਾਵਹੁ ਕਾਲੀ।
ਸਭਿ ਤੇ ਗੁਰੁ ਗਾਦੀ ਸੁ ਬਿਸਾਲੀ।'
ਇਮ ਕਹਿ ਉਠਜੋ ਸਭਾ ਤਜਿ ਸ਼ਾਹੁ।
ਖਾਂ ਵਜ਼ੀਰ ਆਯਹੁ ਗੁਰੁ ਪਾਹੂ ॥੧੦॥
ਸ਼ਾਹੁ ਬ੍ਰਿਤਾਂਤ ਭਯੋ ਸੋ ਭਾਖਾ।
'ਕਰਹਿ ਪ੍ਰਾਤਿ ਮਿਲਿਬੇ ਅਭਿਲਾਖਾ।'
ਤਬਿ ਲੌਂ ਜਾਮ ਦਿਵਸ ਰਹਿ ਗਯੋ।
-ਗੁਰੁ ਆਏ- ਸੰਗਤਿ ਸੁਨਿ ਲਯੋ ॥੧੧॥
ਲਘੁ ਬਿਸਾਲ ਗੁਰੁ ਸਿਖ ਨਰ ਨਾਰੀ।
ਮਿਲਿ ਕਰਿ ਸਗਰੇ ਪੁਰੀ ਮਝਾਰੀ।
ਉਰ ਅਨੰਦ ਧਰਿ ਕਰਿ ਚਲਿ ਆਏ।
ਅੱਗ੍ਰ ਮਸੰਦ ਸਿੱਖ ਸਮੁਦਾਏ ॥੧੨॥
ਆਨਿ ਕਰਜੋ ਦਰਸ਼ਨ ਤਿਹ ਸਮੋ।
ਧਰਹਿਂ ਉਪਾਇਨ ਕਰਿ ਕਰਿ ਨਮੋ।
ਸ਼ਬਦ ਰਬਾਬੀ ਗਾਵਤਿ ਰਾਗ।
ਸੁਨਹਿਂ ਪ੍ਰੇਮ ਤੇ ਜੇ ਬਡਭਾਗ ॥੧੩॥
ਦਿੱਲੀ ਪੁਰਿ ਕੇ ਨਰ ਸਮੁਦਾਏ।
ਭਈ ਭੀਰ ਗੁਰ ਦਰਸ਼ਨ ਆਏ।
ਸੁੰਦਰਤਾ ਸਰੀਰ ਬਡ ਡੀਲਾ।
ਆਯੁਧ ਧਾਰੀ ਰੂਪ ਛਬੀਲਾ ॥੧੪॥
ਰੀਤਿ ਨਵੀਨਿ ਹੇਰਿ ਕਰਿ ਸੰਗਤਿ।
ਬਿਸਮਹਿਂ ਰਿਦੇ ਨਿਕਟਿ ਥਿਤ ਪੰਗਤ।
ਰਾਜ ਸਾਜ ਕੋ ਬਜੋਂਤ ਬਨਾਵਾ।

ਪੂਰਬ ਗੁਰਨਿ ਰੀਤਿ ਨਹਿਂ ਪਾਵਾ ॥੧੫॥
ਹੇਰਿ ਹੇਰਿ ਹਰਖਤਿ ਸਿਖ ਪਰਖਤਿ।
ਕ੍ਰਿਪਾ ਦ੍ਰਿਸ਼ਟਿ ਜਨੁ ਅੰਮ੍ਰਿਤ ਬਰਖਤਿ।
ਸਭਿਹਿਨਿ ਕੀ ਹੋਵਤਿ ਅਰਦਾਸ।
ਕੇਤਿਕ ਪੁਰਵਤਿ ਉਰ ਕੀ ਆਸ ॥੧੬॥
ਦਰਸ਼ਨ ਕਰਤਿ ਨ ਤ੍ਰਿਪਤੈ ਕੋਈ।
ਨਿਕਟ ਥਿਰੇ ਕੋ ਖਰੇ ਸੁ ਹੋਈ।
ਗੁਰੂ ਕੀ ਕਾਰ ਸਰਬ ਲੇ ਆਏ।
ਭਯੋ ਉਪਾਇਨ ਕੋ ਸਮੁਦਾਏ ॥੧੭॥
ਬ੍ਰਿੰਦ ਦੇਵਤਾ ਇਕਠੇ ਹੋਇ।
ਜਥਾ ਬਿਸ਼ਨੁ ਪੂਜਹਿ ਸਭਿ ਕੋਇ।
ਕੈ ਸੁਰਗੁਰ ਕੋ ਮਿਲਿ ਸੁਰ ਸਾਰੇ।
ਤਿਮ ਪੂਜਨਿ ਭਾ ਗੁਰੂ ਉਦਾਰੇ ॥੧੮॥
ਸਜਾਨੇ ਸਿਖ ਸ਼੍ਰੀ ਅਰਜਨ ਗਾਥਾ।
ਕਰਤਿ ਭਏ ਤਬਿ ਸ਼੍ਰੀ ਗੁਰੁ ਸਾਥਾ।
'ਸ਼ਾਂਤਿ ਰੂਪ ਨਿਤ ਪਰਉਪਕਾਰੀ।
ਸਿੱਖ ਉਧਾਰੇ ਜਿਨਹੁ ਹਜ਼ਾਰੀ ॥੧੯॥
ਦੁਸ਼ਟ ਫਰੇਬ ਅਨੇਕ ਬਨਾਏ।
ਜਹਾਂਗੀਰ ਬਹੁ ਰੀਤਿ ਸਿਖਾਏ।
ਲਿਯੋ ਅੰਤ ਕੋ ਸਿਰ ਅਘ ਭਾਰੀ[1]।
ਮਹਿਮਾ ਨਹਿਂ ਮਤਿਮੰਦ ਬਿਚਾਰੀ' ॥੨੦॥
ਇਮ ਕਹਿ ਲੋਚਨ ਤੇ ਜਲ ਡਾਰਾ।
ਸਤਿਗੁਰੁ ਕੋ ਉਰ ਰੂਪ ਚਿਤਾਰਾ।
ਸੰਗਤਿ ਤੇ ਸੁਨਿ ਕਰਿ ਅਰੁ ਦੇਖਿ।
ਬੋਲੇ ਗੁਰ ਦੇ ਧੀਰ ਵਿਸ਼ੇਖ਼ ॥੨੧॥
'ਸਤਿਗੁਰੁ ਸਦਾ ਅਮਰ ਪਹਿਚਾਨਹੁ।
ਅੰਗ ਸੰਗ ਨਿਜ ਸਿੱਖਨਿ ਜਾਨਹੁ।
ਦੋਨਹੁ ਲੋਕਨਿ ਬਿਖੈ ਸਹਾਇ।
ਅਨਿਕ ਬਿਘਨ ਤੇ ਲੇਤਿ ਬਚਾਇ ॥੨੨॥
ਕਰਨੋ ਹੁਤੋ ਸੁ ਕਾਰਨ ਤੈਸੇ।

[1](ਚੰਦੂ ਨੇ) ਅੰਤ ਨੂੰ (ਆਪਣੇ) ਸਿਰ ਭਾਰੀ ਪਾਪ ਲਿਆ।

ਗੁਰੁ ਸੁਛੰਦ ਪਰਤੰਤ੍ਰ ਨ ਕੈਸੇ।
ਜਹਾਂ ਅਰਾਧਹਿਂ ਤਹਿਂ ਮੌਜੂਦ।
ਦਾਸਨਿ ਕੇ ਪੂਰਤਿ ਮਖਸੂਦ[1] ॥੨੩॥
ਤਿਨ ਹਿਤ ਚਿੰਤ ਨ ਕਰੀਅਹਿ ਕੋਇ।
ਸਿਮਰਹੁ ਅੰਤ ਸਹਾਇਕ ਹੋਇਂ।'
ਕਹਤਿ ਸੁਨਤਿ ਰਵਿ ਅਸਤਜੋ ਜਾਇ।
ਸੋਦਰ ਚੌਂਕੀ ਭੋਗ ਸ ਪਾਇ ॥੨੪॥
ਕਰਿ ਕਰਿ ਬੰਦਨ ਸਭਿ ਘਰਿ ਗਏ।
ਸੁੰਦਰ ਰੂਪ ਸਰਾਹਤਿ ਭਏ।
'ਇਨ ਕੋ ਤੇਜ ਪ੍ਰਤਾਪ ਬਿਸਾਲਾ।
ਨਿਜ ਸ਼ੱਤ੍ਰਨ ਗਨ ਕੋ ਇਹ ਕਾਲਾ' ॥੨੫॥
ਚਮੂੰ ਸਕਲ ਕਰਿ ਖਾਨ ਰੁ ਪਾਨਾ।
ਦੀਨਿ ਤੁਰੰਗਨਿ ਤ੍ਰਿਣੁ ਅਰੁ ਦਾਨਾ।
ਬਹੁਰ ਸਭਿਨਿ ਕੀਨਿਸਿ ਬਿਸਰਾਮੂ।
ਸਤਿਗੁਰੁ ਸਿਮਰ ਰੂਪ ਅਭਿਰਾਮੂ ॥੨੬॥
ਮਜਨੂ ਥਾਨ ਰਹਹਿ ਇਕ ਸੰਤ।
-ਗੁਰੁ ਮੁਝਿ ਆਇ ਮਿਲੈਂ-ਚਿਤਵੰਤਿ।
ਨਿਤਪ੍ਰਤਿ ਨੇਮ ਧਾਰਿ ਸਿਮਰੰਤਾ।
-ਬੂਝੋਂ ਪ੍ਰਸ਼ਨ ਪੁਰਖ ਭਗਵੰਤਾ- ॥੨੭॥
ਸੋ ਆਯੋ, ਜਬਿ ਭਏ ਇਕੰਤ।
ਦੇਖਿ ਦਰਸ ਗੁਰ ਕੋ ਹਰਖੰਤਿ।
ਸਾਦਰ ਕਰਜੋ ਬਿਠਾਵਨਿ ਪਾਸਿ।
ਕਰ ਬੰਦਨ ਪਦ, ਧਰੇ ਹੁਲਾਸ ॥੨੮॥
ਹਾਥ ਜੋਰਿ ਕਰਿ ਬੂਝਨਿ ਕੀਨੇ।
'ਉਰ ਸ਼ੰਸ਼ੈ ਮੁਝ ਕਰਹੁ ਸੁ ਹੀਨੇ।
ਇਹ ਜਗ ਸਾਚ ਕਿ ਝੂਠੋ ਬਨਜੋ?
ਨਿਸ਼ਚੈ ਭਯੋ ਨ ਮੈਂ ਮਨ ਗੁਨਜੋ ॥੨੯॥
ਜੇ ਕਰਿ ਸਾਚ ਇਸੇ ਠਹਿਰਾਵੋਂ।
ਪੂਰਬ ਮਰੇ ਨਹੀਂ ਦ੍ਰਿਸ਼ਟਾਵੋਂ[1]।
ਜੇ ਕਰਿ ਝੂਠੋ ਕਰੌਂ ਬਿਚਾਰਨਿ।
ਸਭਿ ਪ੍ਰਤੱਖਜ ਹੀ ਹੋਤਿ ਨਿਹਾਰਨਿ ॥੩੦॥

[1]ਕਾਮਨਾ [ਅ: ਮਕ਼ਸੂਦ]

[1]ਨਹੀਂ (ਮੈਨੂੰ) ਨਜ਼ਰ ਆਉਂਦੇ।

ਸਾਚ ਝੂਠ ਦੋਨਹੰ ਬਿਧਿ ਕਹੈਂ!
ਆਪਸ ਬਿਖੈ ਬਿਰੋਧੀ ਅਹੈਂ।
ਤਿਮ ਤੇਜ[1] ਇਕਠੇ ਨਹਿਂ ਹੋਇਂ। — [1]ਅੰਧੇਰਾ ਤੇ ਪ੍ਰਕਾਸ਼।
ਯਾਂ ਤੇ ਨਿਰਨੈ ਮੋਹਿ ਨ ਕੋਇ' ॥੩੧॥
ਸੁਨਿ ਸਤਿਗੁਰੁ ਤਬਿ ਉੱਤਰ ਦੀਨਿ।
'ਜਬਿ ਨਰ ਸੁਪਤਨਿ ਨਿੰਦ੍ਰਾ ਲੀਨਿ।
ਸੁਪਨ ਅਵਸਥਾ ਜਬਿਹੂੰ ਪਾਇ।
ਸਗਲ ਜਗਤ ਜਾਨਹੁ ਤਿਸ ਭਾਇ ॥੩੨॥
ਜਬਿ ਲੌ ਸੁਪਨਾ ਨਰ ਕੋ ਰਹੈ।
ਤਬਿ ਲੌ ਸਾਚੋ ਹੀ ਤਿਸ ਲਹੈ।
ਭੈ ਪਾਵਤਿ ਅਰੁ ਭਾਜਜੋ ਜਾਤਿ।
ਕੈ ਪ੍ਰਿਯ ਦੇਖਤਿ ਉਰ ਹਰਖਾਤਿ ॥੩੩॥
ਜੇ ਸੁਪਨੇ ਕੋ ਝੂਠੇ ਜਾਨਹਿ।
ਤ੍ਰਾਸ ਬਿਖਾਦ ਹਰਖ ਕਜੋਂ ਠਾਨਹਿ।
ਤਬਿ ਸਾਚੋ ਲਖਿ ਕੈ ਸਭਿ ਕਰੈ।
ਬੀਰਜ ਬਿਨ ਸਾਚੇ ਕਜੋਂ ਗਿਰੈ ॥੩੪॥
ਜਾਗ੍ਰਤ ਜਬਹਿ ਅਵਸਥਾ ਪਾਇ।
ਜੇ ਸਾਚੋ ਤਬਿ ਕਜੋਂ ਨ ਦਿਸਾਇ[1]। — [1]ਜੇ (ਸੁਪਨਾ) ਸੱਚਾ ਸੀ ਤਾਂ ਤਦੋਂ (ਜਾਗਿਆਂ) ਕਿਉਂ ਨਹੀਂ ਦਿੱਸਦਾ।
ਯਾਂ ਤੇ ਅਨਰ ਵਚਨਿ[1] ਪ੍ਰਭੁ ਮਾਯਾ। — [1]ਭਾਵ ਸੱਤ ਅਸੱਤ ਤੋਂ ਵੱਖਰੀ।
ਜਾਨੀ ਪਰਹਿ ਨ ਬਿਨ ਗੁਰੁ ਦਾਯਾ ॥੩੫॥
ਸਾਚ ਝੂਠ ਕਿਛੁ ਕਹੀ ਨ ਜਾਇ।
ਤਿਹ[1] ਕਾਰਜ ਇਹ ਜਗ ਤਿਸ ਭਾਇ। — [1]ਤਿਸ ਭਾਵ ਮਾਇਆ ਦਾ।
ਮਾਯਾ ਕੋ ਆਖਯ[1] ਅੱਗਜਾਨਾ। — [1]ਨਾਮ।
ਇਸ ਕੋ ਰੂਪ, ਨ ਨਿਜ ਕੋ ਜਾਨਾ[1] ॥੩੬॥ — [1]ਆਪਣੇ ਸਰੂਪ ਦਾ ਨਾ ਜਾਨਣਾ (ਇਹੀ) ਇਸ (ਅੱਗਜਾਨ) ਦਾ ਸਰੂਪ ਹੈ।
ਵਸਤੁ ਸੱਤਜ ਕੌ ਜਾਨਹਿ ਨਾਂਹੀ।
ਕਲਪਹਿ ਅਪਰ ਤਿਸੀ ਕੇ ਮਾਂਹੀ।
ਦੇ ਦ੍ਰਿਸ਼ਟਾਂਤ ਤੋਹਿ ਸਮੁਝਾਵੈਂ।
ਜਗ ਕੀ ਰਚਨਾ ਤਥਾ ਜਨਾਵੈਂ ॥੩੭॥
ਤਮ ਮਹਿਂ ਰਜੁ ਕੋ[1] ਨਾਂਹਿ ਨ ਜਾਨਹਿ। — [1]ਅੰਧਕਾਰ ਵਿਚ ਰੱਸੀ ਨੂੰ।
ਭ੍ਰਮ ਤੇ ਬਿਸੀਯਰ[1] ਤਿਸ ਕੋ ਮਾਨਹਿ। — [1]ਸੱਪ।
ਭੈ ਧਰਿ ਕੈ ਭਾਜਤਿ ਕੰਪਾਇ[1]। — [1]ਕੰਬਦਾ ਹੈ।

ਜੇ ਹੁਇ ਝੂਠੋ ਕਸੋਂ ਡਰ ਪਾਇ ॥੩੮॥
ਜੇ ਸਾਚੇ ਹੁਇ ਬਿਨਸੈ ਨਾਂਹੀ[1]। [1]ਨਾਸ਼ ਨਾ ਹੋਵੇ (ਸਰਪ)।
ਯਾਂ ਤੇ ਅਨਰ ਵਚਨਿ ਲਖਿ ਤਾਂਹੀ।
ਤਿਮ ਬ੍ਰਹਮ ਰੂਪ ਨਹੀਂ ਜਿਨ ਜਾਨਾ।
ਤਿਸ ਕੋ ਭਾਖਤਿ ਹੈਂ ਅੱਗਜਾਨਾ ॥੩੯॥
ਜਬਿ ਅੱਗਜਾਨ ਬ੍ਰਹਮ ਕੋ ਭਯੋ†।

†ਜਦੋਂ (ਜੀਵ ਨੂੰ) ਬ੍ਰਹਮ ਵਲੋਂ ਅਗਜਾਨ ਹੋ ਗਿਆ। ਜੇ ਇਸ ਦਾ ਅਰਥ ਕਰੋ ਕਿ ਬ੍ਰਹਮ ਨੂੰ ਅੱਗਜਾਨ ਹੋ ਗਿਆ ਤਾਂ ਗੁਰਮਤ ਵਿਰੁੱਧ ਹੈ। ਸ੍ਰੀ ਗੁਰ ਨਾਨਕ ਜੀ ਦਾ ਕਾਦਰ ਤੇ ਕਰਤਾ ਬ੍ਰਹਮ ਕਦੇ ਅੱਗਜਾਨ ਹੇਠ ਨਹੀਂ ਆਇਆ। ਰਚਨਾਂ ਉਸ ਦਾ ਖੇਲ ਹੈ, ਉਸ ਦਾ ਚੋਜ ਹੈ, ਜਿਥੇ ਬੁਧੀ ਦੀ ਪਹੁੰਚ ਨਹੀਂ।

ਤਿਸ ਅੱਗਜਾਨ ਜਗਤ ਨਿਰਮਯੋ।
ਸਤਿਗੁਰੁ ਬਡੇ ਭਾਗ ਤੇ ਮਿਲੇ।
ਸੋ ਉਪਦੇਸ਼ ਦੇਹਿਂ ਜਬਿ ਭਲੇ ॥੪੦॥
ਜੈਸੇ ਰੱਜੁ[1] ਗਜਾਤਾ ਕੋਇ। [1]ਰੱਸੀ ਦਾ।
ਉਪਦੇਸ਼ਹਿ -ਅਹਿ ਨਹਿਂ ਇਹ ਹੋਇ।
ਮੈਂ ਨੀਕੇ ਹੇਰੀ ਰਜੁ-, ਕਹੈ।
ਭੈ ਅਰੁ ਕੰਪ ਤਿਸੀ ਕੋ ਦਹੈ ॥੪੧॥
ਤਿਮ ਉਪਦੇਸ਼ ਗੁਰੂ ਜਬਿ ਕਰੈ।
ਬ੍ਰਹਮ ਅੱਗਜਾਨ[1] ਤਿਸੀ ਕੋ ਹਰੈ। [1]ਬ੍ਰਹਮ (ਜਾਣਨ ਵੱਲੋ) ਅੱਗਜਾਨ।
ਕਲਪਯੋ ਜਗਤ ਸਰਪ ਕੀ ਨਯਾਈ।
ਬ੍ਰਹਮ ਰਜੁ ਸਮ ਲਖਿ ਸੁਖ ਪਾਈ ॥੪੨॥
ਬੰਧਯਾ ਸੁਤ ਸਮ[1] ਜਗ ਨਹਿਂ ਕੂਰੋ। [1]ਸੰਢ ਇਸਤ੍ਰੀ ਦੇ ਪੁੱਤ੍ਰ ਵਤ।
ਇੰਦ੍ਰਯ ਵਿਸ਼ਯ ਦਿਖਤਿ ਬਿਧਿ ਰੂਰੇ[1]। [1]ਇੰਦ੍ਰੀਆਂ ਦਾ ਵਿਸ਼ਾ ਹੋ ਕੇ (ਜਗਤ) ਦਿੱਸਦਾ ਹੈ ਸੁਹਣੀ ਤਰ੍ਹਾਂ।
ਸੱਤਯ ਬ੍ਰਹਮ ਕੀ ਸੱਤਯਾ ਸੰਗ।
ਭਾਸਤਿ ਹੈ ਸਤਿ ਨਾਨਾ ਰੰਗ[1] ॥੪੩॥ [1]ਨਾਨਾਂ ਰੰਗ ਦਾ (ਜਗਤ)।
ਜਹਿਂ ਸਾਚੋ ਹੋਵੈ ਧਿਸ਼ਟਾਨ[1]। [1]ਜਿਥੇ ਸੱਚਾ ਅਧਿਸ਼ਟਾਨ (ਭਾਵ ਆਸਰਾ) ਹੋਵੇ।
ਤਹਾਂ ਕਲਪਨਾ ਬਨਿ ਹੈ ਆਨਿ[1]। [1]ਆ ਕੇ।
ਜਾਵਤਿ ਨਹਿਂ ਧਿਸ਼ਟਾਨ ਸੁ ਜਾਨਹਿ।
ਤਾਵਤਿ ਭ੍ਰਮ ਤੇ ਕਲਪਨਿ ਠਾਨਹਿ ॥੪੪॥
ਨਿਸ਼ਚੈ ਹੋਇ ਗਜਾਨ ਧਿਸ਼ਟਾਨ[1]। [1]ਅਧਿਸ਼ਟਾਨ ਦਾ ਗਿਆਨ।
ਪੁਨਹ ਕਲਪਨਾ ਕਰਹਿ ਨ ਆਨ।
ਯਾਂ ਤੇ ਸੁਨਹੁ ਸੰਤ ਸ੍ਰੁਤ ਮਾਂਹਿ।
ਜਿਹ ਅਲੰਬ ਜਗ, ਜਾਨਹੁ ਤਾਂਹਿ ॥੪੫॥

ਜਿਸ ਜਾਨੇ ਸਗਰੋ ਭ੍ਰਮ ਜਾਇ।
ਸਭਿ ਬਚਿੱਤ੍ਰਤਾ ਏਕ[1] ਲਖਾਇ। [1]ਨਾਨਾ ਪ੍ਰਕਾਰ ਦਾ ਜਗਤ ਇੱਕੋ (ਬ੍ਰਹਮ ਰੂਪ)।
ਬ੍ਰਹਮ ਸਰੂਪ ਆਇ ਹੁਇ, ਮਾਨਿ[1]। [1]ਜਾਣੋਂ।
ਸਤਿ ਚੇਤਨ ਆਨੰਦ ਮਹਾਨ ॥੪੬॥
ਜੇ ਮਾਯਾ ਕੋ ਕੀਜਹਿ ਨਿਰਨੋ।
ਇਸ ਕੋ ਅੰਤ ਨ ਕਯੋਂਹੂੰ ਬਰਨੋ।
ਜੁਗ ਕੋਟਾਨਿ ਕੋਟ ਗਨ ਹੇਰੈ।
ਤਊ ਸੁ ਲਖਿਯਤਿ ਪਰੇ ਪਰੇਰੈ ॥੪੭॥
ਮਾਯਾ ਕੀ ਹੈ ਸ਼ਕਤਿ ਅਨੰਤ।
ਖੋਜਿ ਖੋਜਿ ਹਾਰੇ ਬੁਧਿਵੰਤ।
ਕਿਸ ਤੇ ਪਾਰ ਨ ਪਾਯੋ ਜਾਇ।
ਯਾਂ ਤੇ ਏਕ ਰਹੈ ਲਿਵਲਾਇ[1] ॥੪੮॥ [1]ਭਾਵ, ਕਿਉਂਕਿ ਮਾਇਆ ਦਾ ਪਾਰਾਵਾਰ ਨਹੀਂ, ਤਾਂ ਤੇ ਇਸ ਨੂੰ ਛੱਡ ਕੇ ਇਕ ਵਾਹਿਗੁਰੂ ਵਿਚ ਲਿਵ ਲਾਵੋ।
ਸੋਈ ਭਗਤ ਸੰਤ ਸੋ ਗਯਾਨੀ।
ਸੋਈ ਤਤ ਬੇਤਾ ਗੁਨ ਖਾਨੀ।
ਧੰਨ ਪੁਰਖ ਤਿਨ ਲੀਨਸਿ ਲਾਹਾ।
ਬਿਨੁ ਇਕ ਜਾਨੇ ਅਖਿਲ ਫਨਾਹਾ[1]' ॥੪੯॥ [1]ਜਾਣੇ ਕਿ ਇਕ ਤੋਂ ਬਿਨਾਂ ਸਭ ਨਾਸ਼ਮਾਨ ਹੈ।
ਸੁਨਿ ਸਤਿਗੁਰੁ ਕੇ ਬਾਕ ਸੁ ਸਾਧੂ।
ਜਾਨਨੇ -ਇਹ ਅਵਤਾਰ ਅਗਾਧੂ-।
ਕ੍ਰਿਪਾ ਦ੍ਰਿਸ਼ਟਿ ਤੇ ਭਯੋ ਨਿਹਾਲ।
ਤਬਿ ਗੁਰੁ ਮਹਿਮਾ ਲਖੀ ਬਿਸਾਲ ॥੫੦॥
'ਧੰਨ ਧੰਨ ਗੁਰੁ' ਕਹਿ ਸੁਭ[†] ਬਾਨੀ। [†]ਪਾ:-ਸੁਰ।
ਪਦ ਅਰਬਿੰਦ ਬੰਦਨਾ ਠਾਨੀ।
'ਸੰਸੈ ਹੀਨ ਭਯੋ ਉਰ ਮੇਰਾ।
ਸੁਨਤਿ ਬਾਕ ਅਰੁ ਦਰਸ਼ਨ ਹੇਰਾ' ॥੫੧॥
ਜਾਇ ਆਪਨੇ ਥਾਨ ਰਹਯੋ ਹੈ।
ਚਿਤਵਤਿ ਚਿਤ, ਜੋ ਗੁਰੂ ਕਹਯੋ ਹੈ।
ਡੇਢ ਜਾਮ ਨਿਸਿ ਗਈ ਬਿਤੀਤਿ।
ਉਪਦੇਸ਼ਯੋ ਲਖਿ ਕੈ ਯੁਤਿ ਪ੍ਰੀਤਿ ॥੫੨॥
ਪੁਨ ਸਤਿਗੁਰੁ ਸ਼੍ਰੀ ਹਰਿ ਗੋਬਿੰਦ।
ਭਏ ਅਰੂਢ ਪ੍ਰਯੰਕ ਬਿਲੰਦ।

ਪੌਢਿ ਰਹੇ ਸੁਖ ਪਾਇ ਬਡੇਰੇ।
ਸਾਵਧਾਨ ਚਾਕਰ ਚਹੁਂ ਫੇਰੇ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤਿ ਅੰਸੂ ॥੫੩॥

## ੫੪. [ਜਹਾਂਗੀਰ ਨਾਲ ਮੇਲ।]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਨਿਸਾ ਜਾਮ ਜਾਗੇ ਗੁਰੂ, ਕੀਨੋ ਸੌਚ ਸ਼ਨਾਨ।
ਆਸਨ ਕਰਿ ਆਸੀਨ ਤਬਿ, ਨਿਜ ਸਰੂਪ
ਧਰਿ ਧ੍ਯਾਨ ॥੧॥

ਚੌਪਈ:

ਆਸਾਵਾਰ ਰਬਾਬੀ ਗਾਵੈਂ।
ਰਾਗ ਰਾਗਨੀ ਰੁਚਿਰ ਬਸਾਵੈਂ।
ਕੇਤਿਕ ਸਿੱਖ ਸੁਨਹਿਂ ਤਹਿਂ ਆਇ।
ਕਿਤਿਕ ਕੰਠ ਤੇ ਪਾਠ ਅਲਾਇਂ ॥੨॥
ਸੱਤਿਨਾਮ ਸਿਮਰਤਿ ਸਭਿ ਡੇਰੇ।
ਜਨੁ ਅੰਮ੍ਰਿਤ ਬਰਖੰਤਿ ਬਡੇਰੇ।
ਪ੍ਰਾਤ ਹੋਤਿ ਲੌ ਸਤਿਗੁਰੁ ਬਾਨੀ।
ਪਠਤਿ ਸੁਨਤਿ ਕਰਿ ਪ੍ਰੀਤਿ ਮਹਾਨੀ ॥੩॥
ਸੂਰ ਉਦੈ ਸਭਿ ਸੂਰ[1] ਸੁ ਆਏ।
ਗੁਰੁ ਤੰਬੂ ਦਰ ਪਰ ਸਮੁਦਾਏ।
ਸ਼੍ਰੀ ਹਰਿ ਗੋਵਿੰਦ ਚੰਦ ਆਨਿੰਦੇ[†]।
ਬਿਕਸੇ ਜੁਗ ਲੋਚਨ ਅਰਬਿੰਦੇ ॥੪॥
ਸੂਖਮ ਬਸਤ੍ਰ ਮਹਿਦ ਅਭਿਰਾਮਾ।
ਗਨ ਪਾਲਨਿ ਕੋ ਪਹਿਰ੍ਯੋ ਜਾਮਾ।
ਰੰਗਦਾਰ ਸੁੰਦਰ ਦਸਤਾਰ।
ਸਿਰ ਪਰ ਸ਼ੋਭਤਿ ਦੁਤੀ ਉਦਾਰ ॥੫॥
ਊਪਰ ਜਿਗਾ ਜਵਾਹਰ ਜਰੇ।
ਕਲਗੀ ਮੁਕਤਾ ਕੋ ਗੁਛ ਧਰੇ।
ਨਵ ਰਤਨੇ ਅੰਗਦ[1] ਭੁਜ ਪਾਏ।
ਜਬਰ ਜਵਾਹਰ ਗਰੇ ਸੁਹਾਏ ॥੬॥
ਵਹਿਰ ਫ਼ਰਸ਼ ਕਰਿਵਾਇ ਬਿਸਾਲਾ।
ਤੰਬੂ ਤੇ ਨਿਕਸੇ ਤਿਸ ਕਾਲਾ।
ਖਰੇ ਸਕਲ ਹੁਇ ਬੰਦਨ ਠਾਨੀ।
ਦਰਸ਼ਨ ਕਰਤਿ ਗੁਰੂ ਗੁਨਖਾਨੀ ॥੭॥
ਕੰਚਨ ਖਚਤਿ ਪ੍ਰਯੰਕ ਬਡੇਰਾ।

[1]ਸੂਰਜ ਚੜ੍ਹੇ ਸਾਰੇ ਸੂਰਮੇਂ।

[†]ਪਾ:-ਮਨਿੰਦੇ।

[1]ਬੁਹੱਟੇ।

ਆਸਤਰਨ ਤੇ[1] ਮ੍ਰਿਦੁਲ ਘਨੇਰਾ। [1]ਵਿਛਾਵਣੇ ਕਰਕੇ।
ਬੈਠੇ ਲਗਯੋ ਦਿਵਾਨ ਮਹਾਨਾ।
ਜੋਧਾ ਥਿਰੇ ਸ਼ਸਤ੍ਰ ਧਰਿ ਨਾਨਾ ॥੮॥
ਸਿਖ ਮਸੰਦ ਸੇਵਕ ਸਮੁਦਾਏ।
ਖਰੋ ਮੇਵਰੋ ਅਰਜ਼ ਅਲਾਏ।
ਪੁਰਿ ਬਾਸੀ ਸਿਖ ਕਰੇ ਕਰਾਹ।
ਆਵਨਿ ਲਾਗੇ ਗੁਰੁ ਕੇ ਪਾਹ ॥੯॥
ਜਿਨਹੁ ਭਾਵਨੀ ਪੂਰਨ ਹੋਈ।
ਅਰਪਨਿ ਲਗੇ ਆਨਿ ਕਰਿ ਸੋਈ।
ਪੁਰਿ ਤੇ ਗੁਰੁ ਲਗਿ ਲਾਰੋ[1] ਪਰਯੋ। [1]ਕਤਾਰ।
ਦਰਸ਼ਨ ਕਰਨਿ ਪ੍ਰੇਮ ਉਰ ਭਰਯੋ ॥੧੦॥
'ਕੋਸ ਸੈਂਕਰੇ ਜਿਨ ਹਿਤ ਜਾਤੇ।
ਆਏ ਘਰ ਮਹਿਂ ਸੋ ਸੁਖ ਦਾਤੇ।
ਕੋ ਅਸ ਮੰਦ ਭਾਗ ਹ੍ਵੈ ਭਾਰੇ।
ਜਾਇ ਨਹੀਂ ਗੁਰ ਦਰਸ ਨਿਹਾਰੇ' ॥੧੧॥
ਇਮ ਆਪਸ ਮਹਿਂ ਕਹਿ ਕਹਿ ਚਾਲੇ।
ਸੌਚ ਸ਼ਨਾਨਨਿ ਠਾਨਿ ਉਤਾਲੇ।
ਲੈ ਲੈ ਸੰਗ ਕਰਾਹ ਉਮਾਹੇ।
ਚਲਿ ਆਵਤਿ ਸ਼੍ਰੀ ਸਤਿਗੁਰ ਪਾਹੇ ॥੧੨॥
ਹੋਨਿ ਲਗੀ ਸਭਿ ਕੀ ਅਰਦਾਸ।
ਬਰਤਹਿ ਪੰਚਾਂਮ੍ਰਿਤ ਗੁਰੁ ਪਾਸਿ।
ਬਹੁ ਉਤਸਵ ਕਰਿ ਕਰਿ ਨਰ ਨਾਰੀ।
ਦਰਸਹਿਂ ਗੁਰੁ ਪਰ ਹ੍ਵੈ ਬਲਿਹਾਰੀ ॥੧੩॥
ਗਨ ਸੰਗਤਿ ਕੋ ਮੇਲ ਸਕੇਲੇ।
ਦਰਸਹਿਂ ਚਹੁਂਦਿਸ਼ਿ ਗੁਰੂ ਸੁਹੇਲੇ[1]। [1]ਸੁਖਦਾਈ।
ਇਤਨੇ ਮਹਿਂ ਵਜ਼ੀਰ ਖਾਂ ਆਯੋ।
ਪਗ ਪੰਕਜ ਪਰ ਸੀਸ ਨਿਵਾਯੋ ॥੧੪॥
ਸਾਦਰ ਤਿਸੇ ਬਿਠਾਵਨਿ ਕੀਨਿ।
ਪਿਖਿ ਸਰੂਪ ਮੁਦ ਪ੍ਰੇਮ ਪ੍ਰਬੀਨ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਹਜ਼ਰਤ ਕਰਤਿ ਯਾਦ ਹਿਤ ਧਾਰੀ
॥੧੫॥

ਦਰਸ ਅਪੂਰਬ[1] ਹੇਰਨਿ ਚਾਊ।
ਸੁਨਿ ਗੁਨ ਗਨ ਮਨ ਸਹਿਜ ਸੁਭਾਊ।
ਗੁਰ ਜੀ ਬਾਰਿ ਬਾਰਿ ਤੁਮ ਬਾਤਿ।
ਬੂਝਤਿ ਰਹਜੋ ਰਿਦੇ ਹਰਖਾਤਿ ॥੧੬॥
ਕ੍ਰਿਪਾ ਧਾਰਿ ਨਿਜ ਕਰਹੁ ਪਯਾਨਾ।
ਮਿੱਤ੍ਰਨਿ ਸੁਖ ਦਿਹੁ ਸ਼ੱਤ੍ਰਨਿ ਹਾਨਾ।'
ਸੁਨਿ ਕਰਿ ਸ਼੍ਰੀ ਹਰਿਗੋਵਿੰਦ ਚੰਦ।
ਸ਼੍ਰੀ ਮੁਖ ਤੇ ਬੋਲੇ ਜਗ ਬੰਦ ॥੧੭॥
'ਅਬਿ ਸੰਗਤਿ ਸਗਰੀ ਚਲਿ ਆਈ।
ਧਰਿ ਸ਼ਰਧਾ ਦਰਸਹਿ ਸੁਖ ਪਾਈ।
ਪੂਰਨ ਇਨਹੁ ਭਾਵਨੀ ਹੋਇ।
ਬਰਤਿ ਕਰਾਹੁ ਲੇਤਿ ਸਭਿ ਕੋਇ ॥੧੮॥
ਗੁਰੁ ਪ੍ਰਸਾਦਿ ਲੇ ਘਰ ਬਰਤਾਵੈਂ।
ਸਭਿ ਪਰਵਾਰ ਜਨਮ ਸਫਲਾਵੈਂ।
ਬਹੁ ਪ੍ਰੇਮੀ ਦਰਸ਼ਨ ਹਿਤ ਆਏ।
ਕਿਮ ਇਨ ਤਜਾਗ ਸਕਹਿਂ, ਚਲਿ ਜਾਏ ॥੧੯॥
ਜਬਿ ਇਨ ਕੀ ਹੁਇ ਪੂਰਨ ਆਸਾ।
ਕਰਿ ਕਰਿ ਦਰਸ਼ਨ ਜਾਹਿਂ ਅਵਾਸਾ।
ਤਬਿ ਹਮ ਚਲਹਿਂ ਸ਼ਾਹੁ ਕੇ ਪਾਸੀ।
ਮਿਲਹਿਂ ਭਲੇ, ਦਿਲ ਹੋਹਿਂ ਹੁਲਾਸੀ' ॥੨੦॥
ਸੁਨਿ ਵਜ਼ੀਰ ਖਾਂ ਬਹੁਰ ਉਚਾਰੇ।
'ਹਮ ਭੀ ਸੇਵਕ ਸਿੱਖ ਤੁਮਾਰੇ।
ਦੇਹੁ ਪ੍ਰਸਾਦਿ ਖਾਇ ਸੁਖ ਪਾਵੈਂ।
ਮਾਨੁਖ ਜਨਮ ਅਪਨਿ ਸਫਲਾਵੈਂ ॥੨੧॥
ਹਜ਼ਰਤਿ ਕੇ ਹਿਤ ਦੀਜਹਿ ਔਰ।
ਪਹੁਚਾਵੌਂ ਮੈਂ ਤਿਸ ਹੀ ਠੌਰ।'
ਤਬਿ ਸਤਿਗੁਰੁ ਦੀਨੇ ਦੁਇ ਥਾਲ।
ਭਰਿ ਕਰਾਹੁ ਸੰਗ ਸ੍ਵਾਦ ਬਿਸਾਲ ॥੨੨॥
'ਇਕ ਕੋ ਰਾਖਹੁ ਅਪਨਿ ਅਵਾਸ।
ਦੂਸਰ ਦੇਹੁ ਸ਼ਾਹ ਕੇ ਪਾਸ।

[1]ਨਵੀਨ! ਸੁੰਦਰ।

ਲੇ ਵਜ਼ੀਰ ਖਾਂ ਕਰਿ ਕੈ ਨਮੋ।
ਉਠਿ ਤੂਰਨ ਗਮਨਜੋ ਤਿਸ ਸਮੋ ॥੨੩॥
ਨਿਜ ਨਿਕੇਤਿ ਇਕ ਪਠਿ ਕਰਿ ਥਾਲਾ।
ਦੂਸਰਿ ਸ਼ਾਹੁ ਨਿਕਟਿ ਲੇ ਚਾਲਾ।
ਉਤਲਾਵਤਿ ਦਰ[1] ਉਲੰਘ ਤਮਾਮ। — [1]ਦਰਵਾਜ਼ੇ।
ਹਜ਼ਰਤ ਕੀਨਿ ਸ਼ਨਾਨ ਹਮਾਮ[1] ॥੨੪॥ — [1]ਗਰਮ ਪਾਣੀ ਨਾਲ ਨ੍ਹਾਉਣ ਦਾ ਸ਼ਨਾਨ ਅਸਥਾਨ [ਅ਼: ਹਮਾਮ]

ਨਿਕਸਜੋ ਵਹਿਰ ਅਸਨ ਰੁਚਿ ਜਾਗੀ[1]। — [1]ਭੋਜਨ (ਦੀ) ਰੁਚੀ।
ਹੁਤੀ ਸੀਤ ਰੁਤ ਬਹੁ ਛੁਧਿ ਲਾਗੀ।
ਤਬਿ ਕਰਾਹੁ ਲੇ ਪਹੁੰਚਜੋ ਤਹਾਂ।
ਹੇਰਤਿ ਹਜ਼ਰਤ ਮੁਖ ਤੇ ਕਹਾ ॥੨੫॥
'ਕਹੁ ਵਜ਼ੀਰ ਖਾਂ ਕਜਾ ਲੇ ਆਯੋ?
ਸਤਿਗੁਰ ਸੰਗ ਨਹੀਂ ਦ੍ਰਿਸ਼ਟਾਯੋ।'
ਕਰ ਜੋਰਤਿ ਤਬਿ ਕਹਜੋ ਸੁਨਾਏ।
ਸ਼੍ਰੀ ਗੁਰੁ ਕ੍ਰਿਪਾ ਪ੍ਰਸਾਦ ਪਠਾਏ ॥੨੬॥
ਆਪ ਤਜਾਰਿ ਹੋਵਿਤ ਹਿਤ ਆਵਨਿ।
ਪ੍ਰਥਮ ਕਰਹੁ ਮੁਖ ਮਹਿਂ ਇਹ ਪਾਵਨਿ।'
ਹੁਤੀ ਛੁਧਾ ਢਿਗ ਸ਼ਾਹੁ ਮੰਗਾਯੋ।
ਭਰਜੋ ਕਵਰ[1] ਕਰ ਆਨਨ ਪਾਯੋ ॥੨੭॥ — [1]ਗਰਾਹੀ।
ਸ੍ਵਾਦ ਅਪੂਰਬ[1] ਪਾਇ ਅਜਾਇਬ[2]। — [1]ਨਵੀਂ ਤਰ੍ਹਾਂ ਦਾ। [2]ਅਣੋਖਾ।
ਕਹਜੋ 'ਧੰਨ ਗੁਰੁ ਨਾਨਕ ਸਾਹਿਬ।'
ਇਕ ਸ਼ੁਭ ਅਸਨ ਦੁਤਿਯ ਗੁਰੁ ਕਲਾ।
ਤ੍ਰਿਤੀਏ ਛੁਧਾ ਸ੍ਵਾਦ ਅਤਿ ਭਲਾ ॥੨੮॥
ਅਪਰ ਗ੍ਰਾਸ[੪] ਪੁਨ ਮੁਖ ਮਹਿਂ ਪਾਏ।
ਖਾਵਤਿ ਰੁਚਿ ਤੇ ਬਚਨ ਅਲਾਏ।
'ਸ਼੍ਰੀ ਨਾਨਕ ਬ੍ਰਿਧ ਬਯ ਬਹੁ ਹੋਵੈਂ[1]। — [1]ਹੋਣਗੇ।
ਅਸ ਪ੍ਰਸਾਦ ਜਿਨ ਹਿਤ ਕਰਿ ਜੋਵੈਂ[1] ॥੨੯॥ — [1]ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦੇ ਵਾਸਤੇ ਬਣਾਉਂਦੇ ਪ੍ਰਤੀਤ ਹੁੰਦੇ ਹਨ (ਅ) ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦਾ ਪ੍ਰੇਮ ਕਰਕੇ (ਮੈਂ) ਡਿੱਠਾ ਹੈ।

ਬਿਨਾ ਦਸਨ[1] ਸੋ ਖਾਇੰ ਸੁਖਾਰੇ। — [1]ਦੰਦਾਂ ਤੋਂ ਬਿਨਾਂ।
ਸਾਦ ਬਿਸਾਲ ਸਭਿਨਿ ਇਕ ਸਾਰੇ।
ਅਬਿ ਲੋ ਮੈਂ ਨ ਸ੍ਵਾਦ ਅਸ ਪਾਯੋ।
ਇਹ ਸਮ ਅਪਰ ਅਸਨ ਬਹੁ ਖਾਯੋ'

॥੩੦॥
ਕਹਿ ਵਜ਼ੀਰ ਖਾਂ 'ਜੋ ਗੁਰਬਾਨੀ।
ਅਤਿ ਸ੍ਵਾਦਲ ਸਗਰੇ ਦੁਖ ਹਾਨੀ।
ਮੇਰੋ ਦਰਦ ਸੁਨਤਿ ਜਿਸ ਗਾਯੋ।
ਪਰਖੀ ਤਬਿ ਤਨ ਸਭਿ ਸੁਖ ਦਯੋ ॥੩੧॥
ਸੁੰਦਰ ਅਤਿ ਸਰੂਪ ਬਡ ਡੀਲ।
ਦੇਖਤਿ ਰਹੀਅਹਿ ਮ੍ਰਿਦੁਲ ਸੁਸ਼ੀਲ।
ਮਸੁ ਭੀਜਤਿ[1] ਮੁਖ ਨੇਤ੍ਰ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਦੇਖਨਿ ਸ਼ੁਭ ਢਾਲਿ ॥੩੨॥
ਬੋਲਤਿ ਮਨਹੁ ਝਰਤਿ ਹੈਂ ਫੂਲ।
ਤੁਮ ਪਰ ਖੁਸ਼ੀ ਕਰਹਿਂ ਅਨੁਕੂਲ।
ਇਮ ਬੋਲਤਿ ਅਚਵਨ ਕੋ ਕਰਜੋ।
ਬੈਠਨਿ ਤਖਤ ਸ਼ਾਹੁ ਚਲਿ ਪਰਜੋ ॥੩੩॥
ਸੁਨਿ ਗੁਨ ਪੁਨ ਵਜ਼ੀਰ ਖਾਂ ਸੰਗ।
ਕਹਜੋ 'ਜਾਹੁ ਚਢਿ ਬੇਗ ਤੁਰੰਗ।
ਆਨਹੁ ਅਬੈ ਹਮਾਰੇ ਪਾਸਿ।
ਦਰਸ਼ਨ ਕਰੌਂ ਗੁਰੁ ਸੁਖ ਰਾਸਿ' ॥੩੪॥
ਹਰਖਤਿ ਹਜ਼ਰਤ ਤੇ ਸੁਨਿ ਕਰਿ ਕੈ।
ਗਯੋ ਗੁਰੂ ਢਿਗ ਹਯ ਪਰ ਚਰਿ ਕੈ।
ਪਹੁੰਚਜੋ ਉਤਲਾਵਤਿ ਤਬਿ ਪਾਸ।
ਕਰੀ ਨਮੋ ਭਾਖੀ ਅਰਦਾਸ ॥੩੫॥
ਗੁਰੂ ਭਨਜੋ 'ਹਮ ਆਗੇ ਤਜਾਰ।'
ਇਮ ਕਹਿ ਭਏ ਸੁ ਅਸੁ ਅਸੁਵਾਰ।
ਜੇਠਾ ਆਦਿ ਪੰਚ ਸਿਖ ਸਾਥ।
ਗਮਨ ਕੀਨਿ ਸ਼੍ਰੀ ਸਤਿਗੁਰੁ ਨਾਥ ॥੩੬॥
ਸਨੇ ਸਨੇ ਹਯ ਕੋ ਠਹਿਰਾਵੈਂ।
ਤੇਜ ਹੋਤਿ ਕੁਛ ਅਲਪ ਕੁਦਾਵੈਂ।
-ਮੋ ਤੇ ਜਾਤਿ ਅਗਾਰੀ ਪੌਨ-।
ਰਿਸਤਿ ਮਰੋਰਤਿ ਹੈ ਪਗ ਦੌਨ[1] ॥੩੭॥
ਅਵਨੀ ਬਜਤਿ ਪਰਤਿ ਜਬਿ ਪੌਰ[1]।

[1]ਮੁੱਛਾਂ ਦਾਹੜਾ ਫੁੱਟ ਰਿਹਾ ਹੈ।

[1](ਇਸ ਕਰਕੇ) ਕ੍ਰੋਧ ਕਰਕੇ ਮਰੋੜ ਕੇ ਦੋਵੇਂ ਪੈਰਾਂ ਨੂੰ।

[1]ਪ੍ਰਿਥਵੀ ਤੇ ਜਦ ਪੌੜ ਪੈਂਦਾ ਹੈ ਤਦ ਵੱਜਦੀ ਭਾਵ ਸ਼ਬਦ ਉਤਪਤ ਹੁੰਦਾ ਹੈ।

ਪਹੁੰਚੇ ਏਵ ਦੁਰਗ ਕੇ ਪੌਰ।
ਜੋ ਦੇਖਤਿ ਸੋ ਸੀਸ ਨਿਵਾਵੈ।
ਧੀਰਜ ਮਾਨ ਰਿਦੇ ਬਿਸਰਾਵੈ[1] ॥੩੮॥

[1]ਧੀਰਜ ਤੇ ਮਾਨ ਨੂੰ ਰਿਦੇ ਤੋਂ ਭੁਲਾ ਦੇਂਦਾ ਹੈ (ਜੋ ਬੀ ਦਰਸ਼ਨ ਕਰਦਾ ਹੈ)।

ਮੂਰਤਿ ਪਿਖਹਿ ਅਪੂਰਬ ਅਹੈ।
ਸੁੰਦਰਤਾ ਦੇਖਤਿ ਹੀ ਰਹੈ।
ਇਹ ਗੁਰੁ ਰੂਪ ਕਿਤਿਕ ਨਰ ਜਾਨੈਂ।
ਕਿਤਿਕ ਬਿਲੋਕਤਿ ਬੂਝਨਿ ਠਾਨੈਂ ॥੩੯॥
'ਕੌਨ ਦੇਸ਼ ਕੋ ਬਡ ਮਹਿਪਾਲਾ?
ਜਹਾਂ ਬਸੈਂ, ਤਿਨ ਭਾਗ ਬਿਸਾਲਾ।
ਪਹੁੰਚੇ ਜਹਾਂਗੀਰ ਕੇ ਤੀਰ।
ਸ੍ਰੀ ਹਰਿ ਗੋਵਿੰਦ ਬੀਰ ਸਧੀਰ ॥੪੦॥
ਚੌਕੀ ਤਖਤ ਸਮਾਨ ਬਿਛਾਈ।
ਸੁਜਨੀ ਸੇਤ ਸ੍ਵੱਛ ਸੰਗਿ ਛਾਈ[1]।

[1]ਪਵਿੱਤ੍ਰ ਚਿੱਟੀ ਸੋਜ਼ਨੀ ਨਾਲ ਢੱਕੀ ਹੋਈ। [ਫਾ: ਸੋਜ਼ਨੀ = ਵਿਛੌਣੇ ਦਾ ਇਕ ਕਪੜਾ ਜਿਸ ਪਰ ਸੂਈ ਨਾਲ ਬਹੁਤ ਕੰਮ ਕੀਤਾ ਹੁੰਦਾ ਹੈ]

ਦ੍ਵੈ ਉਮਰਾਵ ਆਇ ਅਗੁਵਾਏ।
ਮਿਲੇ ਦੇਖਿ ਕਰਿ ਸੀਸ ਨਿਵਾਏ ॥੪੧॥
ਲੇ ਕਰਿ ਗਏ ਸ਼ਾਹੁ ਕੇ ਤੀਰ।
ਬੈਠਿ ਗਏ ਚੌਂਕੀ ਪਰ ਧੀਰ।
ਸਾਦਰ ਬੰਦਨ ਕਰਿ ਕੈ ਸ਼ਾਹੁ।
ਰੂਪ ਬਿਲੋਕਤਿ ਬੈਠੇ ਪਾਹੁ ॥੪੨॥
ਮਨਹੁ ਬੀਰ ਰਸ ਧਰਜੋ ਸਰੀਰਾ।
ਦਿਪਤਿ ਪ੍ਰਤਾਪ ਰਿਦੇ ਗੰਭੀਰਾ।
ਹਜ਼ਰਤਿ ਹੇਰਤਿ ਬਿਸਮ ਬਿਚਾਰੀ।
-ਇਹ ਗਾਦੀ ਸੰਤਨਿ ਮਤ ਧਾਰੀ[1] ॥੪੩॥

[1]ਸੰਤਾਂ ਦਾ ਮਤਾ ਧਾਰਨ ਵਾਲਿਆਂ ਦੀ ਸੀ।

ਗੁਰੂ ਪ੍ਰਥਮ ਸਭਿ ਤੈਸੇ ਭਏ।
ਇਨ ਕੀ ਕ੍ਰਾਂਤਿ ਲਯੋ ਮਤ ਨਏ[1]।

[1]ਸ਼ੋਭਾ ਤੋਂ (ਦਿੱਸਦਾ ਹੈ ਕਿ) ਇਨ੍ਹਾਂ ਨਵਾਂ ਮਤ ਧਾਰਨ ਕੀਤਾ ਹੈ।

ਵਹਿਰ ਬੇਸ ਮਹਿਂ ਫਰਕ ਮਹਾਨਾ।
ਅੰਤਰ ਕੀ ਗਤਿ ਜਾਇ ਨ ਜਾਨਾ ॥੪੪॥
ਜੇ ਮਤ ਰਾਜ ਸਾਜ ਤੇ ਧਾਰੀ[1]।

[1]ਧਾਰਨ ਦਾ ਹੈ।

ਹਿੰਦੁ ਤੁਰਕ ਜਿਮ ਦਾਵੇ ਕਾਰੀ[1]।

[1]ਹਿੰਦੂ ਤੁਰਕ ਜਿਵੇਂ ਦਾਵਾ ਬੰਨ੍ਹਦੇ ਹਨ।

ਤੌ ਨਿਜ ਗਾਦੀ ਰੀਤਿ ਬਿਗਾਰੀ।
ਹੋਇ ਨ ਬਡਿਆਈ ਪੁਨ ਭਾਰੀ ॥੪੫॥
ਜੇ ਅੰਤਰਿ ਮਤ ਸੰਤਨਿ ਹੋਈ।
ਬਹੁਰ ਬੇਖ ਬਿਗਾਰ ਨ ਕੋਈ[1]।
ਤਥਾ ਪ੍ਰਸ਼ਨ ਕਰਿ ਪਰਖੌਂ ਅਬੈ-।
ਇਮ ਬਿਚਾਰਿ ਬੋਲਜੋ ਬਚ ਤਬੈ ॥੪੬॥
'ਸੁਨਹੁ ਪੀਰ ਜੀ! ਜਗ ਮਤ ਦੋਇ।
ਹਿੰਦੁ ਤੁਰਕ ਮਹਿਂ ਨਰ ਸਭਿ ਕੋਇ।
ਰਾਮ, ਖੁਦਾਇ, ਕ੍ਰਿਪਾਲ, ਕਰੀਮ।
ਅਲਹ, ਅਕਾਲ, ਅਨੰਤ, ਰਹੀਮ ॥੪੭॥
ਇਮ ਕਹਿ ਕ੍ਰਿਯਾ ਪ੍ਰਿਥਕ ਹੀ ਕਰੈਂ।
ਨਿਜ ਨਿਜ ਕੋ ਸ਼ੁਭ ਸਭਿਹਿ ਉਚਰੈਂ।
ਕੌਨ ਦੌਨਿ ਮਹਿਂ ਆਛੋ ਅਹੈ?
ਜਗ ਬੰਧਨ ਤੇ ਕੋ ਛੁਟ ਰਹੈ?' ॥੪੮॥
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ।
'ਸਿਰਜਨਹਾਰ ਏਕ ਹਮ ਜਾਨਾ।
ਇਕ ਸਮ ਪੰਚਹੁੰ ਤਤ ਤੇ ਬਨੇ।
ਇੰਦ੍ਰਯ ਦੇਹਿ ਏਕ ਸਮ ਸਨੇ ॥੪੯॥
ਕਰਨਹਾਰ ਕੋ ਸਿਮਰਹਿ ਜੋਇ।
ਸਭਿ ਤੇ ਦੀਰਘ ਜਾਨਹੁ ਸੋਇ।
ਇਸ ਪਰ ਭਗਤ ਕਬੀਰ ਬਖਾਨਾ।
ਦੁਹੂੰ ਦਿਸ਼ਨਿ ਕੋ ਭੇਦ ਮਿਟਾਨਾ ॥੫੦ ॥

[1](ਤਾਂ) ਬਾਹਰਲੇ ਭੇਖ ਦਾ ਕੋਈ ਵਿਗਾੜ ਨਹੀਂ।

ਸ਼੍ਰੀ ਗ੍ਰੰਥ ਜੀ ਵਾਕ:
ਪ੍ਰਭਾਤੀ (ਕਬੀਰ ਜੀ)
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥

ਚੌਪਈ:

ਵਹਿਰ ਬਨਾਉ ਏਕ ਸਮ ਬਨਯੋ।
ਅੰਤਰ ਬ੍ਰਹਮ ਏਕ ਹੀ ਭਨਯੋ।
ਜੋ ਨਰ ਚਹਿਂ ਅਪਨੀ ਕੱਲਜਾਨ।
ਤਜਿ ਦਾਵੇ ਕੋ ਭਜਿ ਭਗਵਾਨ ॥੫੧॥
ਮਾਨੁਖ ਜਨਮ ਅਮੋਲਕ ਰਤਨ।
ਦੁਰਲਭ ਪ੍ਰਾਪਤਿ ਹੁਇ ਬਡ ਜਤਨ।
ਬਿਸ਼ਿਯਨਿ ਬਿਲਸਨਿ, ਬੰਧਨਿ ਦਾਵੇ[1]।
ਇਕ ਬਿਰਾਟਿਕਾ[1] ਬਦਲੇ ਜਾਵੇ ॥੫੨॥
ਜੇ ਲਾਗੇ ਸਿਮਰਨਿ ਸਤਿਨਾਮ।
ਸੇ ਲਾਹਾ ਲੈ ਗੇ ਨਿਜ ਧਾਮ।
ਜਿਸ ਕੇ ਛੂਟਿ ਜਾਇ ਭ੍ਰਮ ਉਰ ਕਾ।
ਤਿਸ ਕੈ ਕਸਾ ਹਿੰਦੂ ਕਸਾ ਤੁਰਕਾ ॥੫੩॥
ਸਭਿ ਮਹਿਂ ਪੂਰਨ ਏਕ ਪਛਾਨਹਿ।
ਜਥਾ ਗਗਨ ਬਯਾਪਕ ਜਗ ਜਾਨਹਿ।
ਸੱਤਾ ਚੇਤਨ ਕੀ ਸਭਿ ਪਾਇ।
ਇਕ ਸਮ ਹੀ ਸਭਿ ਪਰਹਿ ਲਖਾਇ ॥੫੪॥
ਜਿਨਹੁ ਦੇਹਿ ਹੰਤਾ ਦਿੜ ਧਾਰੀ।
ਤੇ ਦਾਵੇ ਬਾਂਧਹਿ ਭ੍ਰਮ ਭਾਰੀ।
ਹਲਤਿ ਨਹੀਂ ਸੁਖ, ਪਲਤਿ ਨ ਢੋਈ।
ਪ੍ਰਭੁ ਤੇ ਸਦਾ ਦੁਹਾਗਣਿ ਸੋਈ ॥੫੫॥
ਨਹਿਂ ਤਨੁ ਹੰਤਾ, ਹੋਤਿ ਨ ਦਾਵੇ।
ਤਨ ਬਿਨ ਅਪਨਿ ਰੂਪ ਲਖਿ ਪਾਵੈ[1]।
ਹਲਤਿ ਮਹਾਂ ਸੁਖ, ਪਲਤਿ ਅਨੰਦੇ।
ਸੋ ਪ੍ਰਭੁ ਪਤਿ ਕੀ ਪ੍ਰਿਆ[1] ਬਿਲੰਦੇ ॥੫੬॥
ਛੁਟਿਬੋ ਨਹਿਂ ਜਾਨਹਿ ਨਰ ਅੰਧਾ।
ਦਾਵੇ ਬੰਧਨ ਤੇ ਲਹਿ ਬੰਧਾ।
ਤਨ ਹੰਤਾ ਕੇ ਬਿਨਾ ਬਿਸਾਰੇ[1]।
ਨਹਿਂ ਪ੍ਰਭੁ ਪਾਯਤਿ ਅਪਰ ਅਪਾਰੇ ॥੫੭॥
ਯਾਂ ਤੇ ਸੁਨਹੁ ਸ਼ਾਹੁ ਤਨ ਮਾਨ।

[1]ਵਿਸ਼ਿਆਂ ਦਾ ਭੋਗਣਾ ਤੇ ਦਾਵੇ ਬੰਨ੍ਹਣੇ।

[1]ਕੌਡੀ।

[1]ਸਰੀਰ ਤੋਂ ਬਿਨਾਂ ਆਪਣੇ (ਆਤਮ) ਸਰੂਪ ਨੂੰ ਜਾਣਦੇ ਹਨ।

[1]ਪਿਆਰੀ (ਇਸਤ੍ਰੀਆਂ)।

[1]ਦੇ ਭੁਲਾਏ ਬਿਨਾਂ।

ਇਸ ਤੇ ਤਜਾਗਨਿ ਤੇ ਦੁਖ ਹਾਨ।
ਜਬਿ ਤਨ ਹੰਤਾ ਭਈ ਬਿਨਾਸ਼।
ਤਬਿ ਦਾਵੇ ਬੰਧਨ ਕਿਤ ਆਸ' ॥੫੮॥
ਸੁਨਿ ਹਜ਼ਰਤ ਨੇ ਰਿਦੇ ਬਿਚਾਰਾ।
-ਨਯੋ ਬੇਸ ਇਕ ਬਾਹਰ ਧਾਰਾ।
ਪ੍ਰਥਮ ਗੁਰੂ ਕੇ ਮਤ ਸਮ ਮਤ ਹੈ।
ਨਿਸ਼ਚਾ ਏਕ ਰੀਤਿ ਹੀ ਚਿਤ ਹੈ[1]- ॥੫੯॥

[1]ਚਿਤ ਵਿਚ ਇਕ ਹੀ ਤਰ੍ਹਾਂ ਦਾ ਨਿਸ਼ਚਾ ਹੈ।

'ਧੰਨ ਪੀਰ ਜੀ' ਬਾਕ ਬਖਾਨਾ।
'ਸ਼੍ਰੀ ਨਾਨਕ ਕੇ ਹੋ ਤੁਮ ਥਾਨਾ।
ਜਿਨ ਕੋ ਸੁਜਸੁ ਚੰਦ ਸਮ ਚਾਰੂ।
ਹਿੰਦੁ ਤੁਰਕ ਸਭਿ ਕਰਤਿ ਉਚਾਰੂ ॥੬੦॥
ਇਮ ਕਹਿ ਅਰਪਜੋ ਦਰਬ ਹਜ਼ਾਰਾ।
ਕਰੀ ਭੇਟ ਉਰ ਸ਼ਰਧਾ ਧਾਰਾ।
ਸੋ ਜੇਠੇ ਲੇ ਲੀਨਿ ਉਠਾਇ।
ਰੰਗ ਸ਼ਾਹੁ ਸੰਗਿ ਤੇ ਹਰਖਾਇ[1] ॥੬੧॥

[1](ਗੁਰੂ ਜੀ ਨਾਲ) ਸ਼ਾਹ ਦੇ ਪ੍ਰੇਮ ਕਰਨ ਤੇ ਅਨੰਦ ਹੋਏ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਤਿਗੁਰੂ ਸ਼ਾਹੁ ਮੇਲ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤਿ ਅੰਸੂ ॥੫੪॥

## ੫੫. [ਜਹਾਂਗੀਰ ਨਾਲ ਸ਼ਿਕਾਰ। ਸ਼ੇਰ ਮਾਰਿਆ]

੫੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੬

ਦੋਹਰਾ:

'ਖੁਸ਼ੀ ਕਰਹੁ ਨਿਜ ਪੀਰ ਜੀ! ਸਭਿ ਸਥਾਨ
ਨਿਜ ਜਾਨਿ।
ਦਿਹੁ ਦਰਸ਼ਨ ਕੋ ਦਿਨ ਇਹਾਂ! ਇਛ ਪੂਰਨ
ਠਾਨਿ' ॥੧॥

ਚੌਪਈ:

[1]ਵਿਦਾ।

ਇਮ ਕਹਿ ਸੁਨਿ ਕੈ ਕਰੇ ਬਿਸਰਜਨ[1]।
ਉਠਿ ਨਿਕਸੇ ਲੇ ਅਪਨੇ ਸਿਖ ਜਨ।
ਸ਼ਾਹੁ ਸਭਾ ਬਰਖ਼ਾਸਤ ਭਈ।
ਨਿਜ ਨਿਜ ਥਾਨ ਸਕਲ ਚਲਿ ਗਈ ॥੨॥
ਆਏ ਸ੍ਰੀ ਸਤਿਗੁਰੁ ਨਿਜ ਡੇਰੇ।
ਚਹੁੰਦਿਸ਼ਿ ਬੰਦਨ ਹੋਤਿ ਘਨੇਰੇ।
ਕੁਛ ਬਿਸਰਾਮ ਪੌਢਿ ਕਰਿ ਕੀਨਿ।
ਘਟਿਕਾ ਚਤੁਰ ਬਿਤਾਇ ਪ੍ਰਬੀਨ ॥੩॥
ਬਹੁਰ ਉਠੇ ਚਢਿ ਚਲੇ ਤੁਰੰਗ।
ਨਦੀ ਬਿਲੋਕਨਿ ਸ਼ਜਾਮਲ ਰੰਗ।
ਤੀਰ ਤੀਰ ਗਮਨੇ ਗੁਰ ਧੀਰ।
ਹੇਰਤਿ ਬਿਮਲ ਪ੍ਰਵਾਹਤਿ ਨੀਰ ॥੪॥
ਦੂਰਿ ਇਕੰਤ ਥਾਨ ਬਹੁ ਸੁੰਦਰ।
ਉਤਰ ਪਰੇ ਤਹਿਂ ਸ੍ਰੀ ਗੁਨ ਮੰਦਰ।
ਸੌਚਾਚਾਰ ਕਰਜੋ ਥਲ ਥਿਰੇ।
ਜਲ ਕਰ ਚਰਨ ਪਖਾਰਨਿ ਕਰੇ ॥੫॥
ਹਾਥ ਜੋਰਿ ਤਹਿਂ ਸਿੱਖਨਿ ਬੂਝੇ।
'ਸ਼ਾਹੁ ਸੰਗਿ ਕਿਮ ਬਾਕ ਅਰੂਝੇ[1]?

[1]ਬਚਨਾਂ ਵਿਚ ਲਗੇ।

ਮੁਲਾਕਾਤ ਕੈਸੇ ਕਰਿ ਭਈ?
ਪੂਰਬ ਆਇ ਕੀਨਿ ਅਬਿ ਨਈ[1] ॥੬॥

[1]ਨਵੀਂ (ਮੁਲਾਕਾਤ)।

ਰਹੇ ਪ੍ਰਸੰਨ ਕਿ ਨਹਿਂ ਦਿਸ਼ਿ ਦੋਊ।
ਚਾਰੀ ਕਰਤਿ ਰਹਜੋ ਸਠ ਜੋਊ।
ਨਿਜ ਪ੍ਰਿਯ ਜਾਨਿ ਦਾਸ ਸਿਖ ਸਾਰੇ।
ਮਿਲੇ ਜਥਾ, ਸੁ ਪ੍ਰਸੰਗ ਉਚਾਰੇ ॥੭॥

ਨਹੀਂ ਸ਼ਾਹੁ ਕੇ ਰਿਦੇ ਖੁਟਾਈ।
ਸਾਦਰ ਮਧੁਰੀ ਗਿਰਾ ਅਲਾਈ।
ਹਿੰਦੂ ਤੁਰਕ ਬਾਦ ਕੀ ਗਾਥਾ।
ਬੂਝਤਿ ਰਹਜੋ ਹਮਰੇ ਸਾਥਾ ॥੮॥
ਜਿਮ ਸੰਸੈ ਕੀਨੋ ਹਮ ਆਗੇ।
ਉੱਤਰ ਪਾਇ ਕਰਜੋ ਅਨੁਰਾਗੇ[1]।' — [1]ਪ੍ਰੇਮ ਕੀਤਾ।
ਸੁਨਿ ਸਿੱਖਨਿ -ਹਿਤਕਾਰੀ ਸ਼ਾਹੂ-।
ਹਾਥ ਜੋਰਿ ਪੁਨ ਕਹਿ ਗੁਰੁ ਪਾਹੂ ॥੯॥
'ਪਾਪੀ ਕਰਿ ਕੋ ਪਾਪ ਮਹਾਨਾ।
ਰਾਖਜੋ ਗੋਪ, ਨਹੀ ਇਨ[1] ਜਾਨਾ। — [1]ਭਾਵ ਬਾਦਸ਼ਾਹ ਨੇ।
ਸੋ ਬਿਦਤਾਵਹੁ ਬਦਲਾ ਲੀਜੈ।
ਜਸ ਕੀਨਸਿ ਤਸ ਫਲ ਕੋ ਦੀਜੈ' ॥੧੦॥
ਸੁਨਿ ਸਤਿਗੁਰੁ ਬੋਲੇ ਸਿਖ ਭਾਵਤਿ।
'ਗੁਰੁ ਪਿਤ ਪਲਟਾ ਲੇਹਿਂ ਨ ਜਾਵਤ।
ਤਾਵਤ ਸੁਖ ਸੋਂ ਨੀਂਦ ਨ ਆਵੈ।
ਖਾਨ ਪਾਨ ਰੁਚਿ ਤੇ ਨਹਿਂ ਭਾਵੈ ॥੧੧॥
ਕੇਤਿਕ ਦਿਨ ਮਹਿਂ ਗਹਿ ਕਰਿ ਤਾਂਹੀ।
ਹਤੌਂ ਕੁਮੌਂਤ ਤਜੌਂ ਕਿਮ ਨਾਂਹੀ।
ਪੂਰੀ ਕਰਹਿਂ ਸਪਥ ਏ ਕਹੀ।
ਗੁਰੁ ਦੋਖੀ ਉਬਰਹਿ ਅਬਿ ਨਹੀਂ' ॥੧੨॥
ਇਸ ਪ੍ਰਕਾਰ ਕਰਿ ਬਚਨ ਬਿਲਾਸ।
ਚਹੈਂ ਦੁਸ਼ਟ ਕੋ ਕਰਿਬੋ ਨਾਸ਼।
ਚਢਿ ਤੁਰੰਗ ਪਰ ਡੇਰੇ ਆਏ।
ਖਾਨ ਪਾਨ ਕਰਿ ਨਿਸਾ ਬਿਤਾਏ ॥੧੩॥
ਬਹੁਰ ਸ਼ਾਹੁ ਜਬਿ ਯਾਦ ਕਰੰਤਾ।
ਢਿਗ ਹਕਾਰਿ ਗੁਰੁ ਦਰਸ ਲਹੰਤਾ।
ਚਢਿ ਸ਼ਿਕਾਰ ਕੋ ਵਹਿਰ ਸਿਧਾਵੈਂ।
ਬਡੇ ਝੀਲ ਫਿਰਿ ਬਾਹਰਿ ਆਵੈਂ[1] ॥੧੪॥ — [1]ਬਾਹਰ ਸੰਘਣੇ ਬਨ ਫਿਰਕੇ ਆਉਂਦੇ ਹਨ [ਪੰ: ਝੱਲ = ਸੰਘਣਾ ਬਨ]
ਭਈ ਸ਼ਾਹ ਕੋ ਸੁਧਿ ਗੁਰੁ ਕੇਰੀ।
ਖਿਲਤਿ ਅਖੇਰ ਬ੍ਰਿਤੀ ਬਹੁਤੇਰੀ।
ਇਕ ਦਿਨ ਲੇ ਕਰਿ ਅਪਨੇ ਸੰਗ।

ਗਏ ਸਿ਼ਕਾਰ ਅਰੂਢਿ ਤੁਰੰਗ ॥੧੫॥
ਮੀਰ ਸਿ਼ਕਾਰਨਿ[1] ਸਿ਼ਕਰੇ[2] ਲੀਨਿ।
ਜੁਰਰੇ, ਬਾਜ ਰੁ ਸ੍ਵਾਨ[1], ਕੁਹੀਨਿ[2]।
ਗਨ ਗਡੀਰਨੇ ਪਰੇ ਹੈਂ ਚੀਤੇ[1]।
ਕਾਨਨ ਗਮਨੇ ਮ੍ਰਿਗ ਭੈ ਭੀਤੇ ॥੧੬॥
ਹਤੇ ਝਪਟ ਤੇ ਲਪਟ ਬਿਹੰਗਾ।
ਸੂਕਰ ਸਸੇ ਝੰਖਾਰ ਕੁਰੰਗਾ।
ਕੋ ਤੁਪਕਨਿ ਤੇ ਮਾਰਿ ਗਿਰਾਏ।
ਕੋ ਤੀਰਨਿ ਤਰਵਾਰਨਿ ਘਾਏ ॥੧੭॥
ਪਾਢੇ[1] ਘੇਰਿ ਘੇਰਿ ਗੁਰੁ ਮਾਰੇ।
ਕਰਿ ਲਾਘਵਤਾ[1] ਤੀਰ ਪ੍ਰਹਾਰੇ।
ਨਿਜ ਆਗੇ ਕੋ ਜਾਨਿ ਨ ਦੀਯੋ।
ਤੁਰਕੇਸ਼ੁਰ ਹੇਰਤਿ ਹਿਤ ਹੀਯੋ ॥੧੮॥
ਆਯੁਧ ਬਿੱਦਜਾ ਮਹਿਂ ਬਡਿ ਜਾਨੇ।
ਦੇਖਿ ਤਮਾਸ਼ੋ ਉਰ ਹਰਖਾਨੇ।
ਸੁਨਜੋ ਪ੍ਰਥਮ ਕਿਤ ਕੇਹਰਿ ਬਲੀ।
ਭਈ ਸ਼ਾਹੁ ਕੇ ਉਰ ਸੁਧਿ ਭਲੀ ॥੧੯॥
ਭਨਜੋ ਸਭਿਨਿ ਸੋਂ 'ਕਰਹੁ ਪਯਾਨਾ।
ਜਿਤ ਦਿਸ਼ਿ ਕੇਹਰਿ ਸੁਨਜੋ ਮਹਾਂਨਾ।'
ਤਬਿ ਆਗੂ ਹੁਇ ਲੇ ਗੁਰੁ ਸੰਗ।
ਚਲਜੋ ਸ਼ਾਹੁ ਚਢਿ ਤੁੰਗ ਮਤੰਗ ॥੨੦॥
ਖੋਜਨ ਕਰਜੋ ਸੁ ਕਾਨਨ ਜਬੈ।
ਭਭਕਤਿ ਨਿਕਸਜੋ ਕੇਹਰਿ ਤਬੈ।
ਹੇਰਤਿ ਸੂਰਾ ਕਿਤਿਕ ਪਲਾਏ।
ਕੋ ਸੁਨਿ ਸ਼ਬਦ ਨਿਕਟ ਨਹਿਂ ਆਏ ॥੨੧॥
ਘੋਰਾ ਠਰੇ[1] ਮੂੜ੍ਹ ਕੋ ਛੋਰਾ।
ਗਜ ਨਹਿਂ ਗਮਨਹਿਂ ਘੋਰ ਸੁ ਓਰਾ[1]।
ਸ਼ਾਹੁ ਮਤੰਗ ਥਿਰਹਿਂ ਨਹਿਂ ਕੈਸੇ।
ਮਹਾਂ ਬੀਰ ਤੇ ਕਾਇਰ ਜੈਸੇ ॥੨੨॥
ਤਬਿ ਪੁਕਾਰ ਕਰਿ ਗੁਰੁ ਸੋਂ ਕਹਜੋ।

[1]ਸ਼ਿਕਾਰੀ ਮਹਿਕਮੇ ਦਾ ਅਫਸਰ। [2]ਬਾਸ਼ੇ ਦੀ ਕਿਸਮ ਦਾ ਛੋਟਾ ਸ਼ਿਕਾਰੀ ਪੰਛੀ।
[1]ਕੁੱਤੇ। [2]ਕੁਹੀਆਂ।
[1]ਗੱਡੀਆਂ ਉੱਤੇ ਹਨ ਚਿੱਤਰੇ ਸ਼ਿਕਾਰ ਲਈ।
[1]ਪਾੜ੍ਹੇ।
[1]ਫੁਰਤੀ।
[1]ਠਿਠੰਬਰੇ, ਸੰਕੁਚੇ। (ਅ) ਲਿੱਦ [ਸੰਪ੍ਰਦਾ]
[1]ਉਹ ਤਰਫ ਭਿਆਨਕ (ਹੈ ਐਸੀ)।

ਖਰੇ ਸੁ ਧੀਰਜ ਕੋ ਜਬਿ ਲਹਜੋ।
'ਤੁਮ ਹੀ ਕਰਹੁ ਪ੍ਰਹਾਰਨਿ ਇਸੈ।
ਜਬਿ ਲੌ ਘਾਤ ਕਰਹਿ ਨਹਿਂ ਕਿਸੈ ॥੨੩॥
ਸ਼੍ਰੀ ਸਤਿਗੁਰੁ ਘੋਰਾ ਤਬਿ ਛੋਰਾ।
ਖੜਗ ਸਿਪਰ ਗਹਿ ਗੇ ਤਿਸ ਓਰਾ।
ਤੁਪਕ ਛੁਟਨਿ ਕਹਿ ਸ਼ਾਹੁ ਹਟਾਈ।
ਪਿਖਨਿ ਤਮਾਸ਼ੋ ਲਗਿ ਸਮੁਦਾਈ ॥੨੪॥
ਬਰਜੋ ਬਿਰੇ[1] ਮਹਿਂ ਕੇਹਰਿ ਜਹਾਂ। [1]ਝੱਲ।
ਲਗੇ ਬਿਲੋਚਨ ਸਭਿ ਕੇ ਤਹਾਂ।
ਧੀਰਜ ਸਹਤ ਜਾਤਿ ਗੁਰੁ ਆਗੇ।
ਮਨਹੁਂ ਬੀਰ ਰਸ ਸੋਵਤਿ ਜਾਗੇ ॥੨੫॥
ਬਰਨ ਬਦਨ ਕੋ ਅਰੁਨ[1] ਬਿਸਾਲਾ। [1]ਲਾਲ।
ਗਮਨਤਿ ਗਹੇ ਖੜਗ ਅਰੁ ਢਾਲਾ।
ਨਿਕਟ ਹੋਇ ਕਰਿ ਸ਼ੇਰ ਪ੍ਰਚਾਰਜੋ[1]। [1]ਵੰਗਾਰਿਆ।
ਨਿਕਸਿ ਵਹਿਰ ਅਬਿ ਕਜੋਂ ਬਲ ਹਾਰਜੋ?'
॥੨੬॥
ਸਨਮੁਖ ਦ੍ਰਿਸ਼ਟਿ ਭਈ ਜਬਿ ਦੋਊ।
ਨਿਕਸਜੋ ਗਰਜਤਿ ਕੇਹਰਿ ਸੋਊ।
ਫੇਰਤਿ ਲਾਂਗੁਰ ਟੌਰ[1] ਕਰਾਲਾ। [1]ਸ਼ੇਰ ਤੇ ਸਾਨ੍ਹ ਦੀ ਪੂਛ ਦਾ ਅੰਤਲਾ ਵਾਲਾਂ ਦੇ ਗੁੱਛੇ ਵਾਲਾ ਥਾਂ ਜਿਥੇ ਕਦੇ ਵਲੇਵਾਂ ਜਿਹਾ ਬੀ ਹੁੰਦਾ ਹੈ, ਇਸ ਨੂੰ ਪੰਜਾਬੀ ਵਿਚ ਟੌਰ ਕਹਿੰਦੇ ਹਨ।
ਝਟਕਤਿ ਸਟਾ[1] ਭੀਮ[2] ਜਨੁ ਕਾਲਾ ॥੨੭॥ [1]ਸ਼ੇਰ ਦੀ ਗਰਦਨ ਦੇ ਵਾਲ, ਅਯਾਲ [ਸੰਸ: ਸਟਾ]। [2]ਡਰਾਉਣੀ।
ਲਾਂਬੀ ਬੇਲ[1] ਭਯਾਨਕ ਦਾਂਤ। [1]ਪਸੂਆਂ ਦੀ ਬਹੁਤੀ ਲੰਬਾਈ ਨੂੰ ਲੰਮੀ ਬੇਲ ਕਹਿੰਦੇ ਹਨ।
ਬਦਨ ਪਸਾਰਿ ਆਇ ਭਭਕਾਤਿ।
ਹੇਰਤਿ ਲੋਕ ਸਕਲ ਬਿਸਮਾਏ।
-ਸ਼੍ਰੀ ਗੁਰ ਬਚਹਿਂ ਨ ਇਸ ਅਗਵਾਏ ॥੨੮॥
ਹਮ ਆਗੇ ਅਸ ਕੇਹਰਿ ਮਹਾਂ।
ਨਹੀਂ ਬਿਲੋਕਨਿ ਕੀਨੋ ਕਹਾਂ-।
ਠਾਂਢੇ ਦੂਰ ਤ੍ਰਾਸ ਕੋ ਪਾਵੈਂ।
ਦੇਖਤਿ ਗਨ, ਕੋ ਨਿਕਟ ਨ ਆਵੈ ॥੨੯॥

ਆਵति ਸਨਮੁਖ ਬਦਨ ਪਸਾਰਾ।
ਧਰਿ ਧੀਰਜ ਸਤਿਗੁਰੂ ਨਿਹਾਰਾ।
ਬਾਮ ਹਾਥ ਧਰਿ ਸਿਪਰ ਅਗਾਰੀ।
ਕਰਿ ਪ੍ਰਾਕ੍ਰਮ ਕੋ ਮੁਖ ਧਰਿ ਮਾਰੀ ॥੩੦॥
ਕੁਪੇ, ਓਜ ਤੇ ਦੀਨਿ ਧਕੇਲਾ।
ਆਗੇ ਹੋਇ ਪਛੇਲਾ ਮੇਲਾ[1]।

[1]ਪਿੱਛਾ ਕੀਤਾ।

ਚੰਦ੍ਰਹਾਸ[1] ਚਮਕਯੋ ਕਰ ਦਾਏ।

[1]ਤਲਵਾਰ।

ਗਿਰਤਿ ਸ਼ੇਰ ਕੇ ਉਦਰ ਲਗਾਏ ॥੩੧॥
ਬਹੀ ਭਗੌਤੀ[੬] ਗੁਰੁ ਕੇ ਕਰ ਕੀ।
ਕਰਿ ਤਕਬੀਰ[1] ਤੁਰਤ ਦੋ ਧਰ ਕੀ।

[1]ਜ਼ਿਬਹ ਕਰਨ ਵਾਂਙੂੰ ਖੁੱਭੀ ਤਲਵਾਰ ਸਾਰੇ ਪੇਟ ਵਿਚ ਫਿਰਕੇ (ਪੇਟ ਨੂੰ) (ਦੋ ਧਰ ਕੀ =) ਦੋ ਫਾੜ ਕਰ ਗਈ। ਤਕਬੀਰ ਉਹ ਕਲਾਮ ਹੈ ਜੋ ਜਾਨਵਰ ਦੇ ਗਲੇ ਛੁਰੀ ਫੇਰਨ ਵੇਲੇ ਮੁਸਲਮਾਨ ਪੜ੍ਹਦੇ ਹਨ, ਉਸ ਤੋਂ ਮੁਹਾਵਰਾ ਹੋ ਗਿਆ ਹੈ ਤਕਬੀਰ ਕਰਨਾ = ਜ਼ਿਬਹ ਕਰਨਾ।

ਗਿਰਯੋ ਪ੍ਰਿਥੀ ਪਰ ਪਗ ਉਲਟਾਏ।
ਮਰਯੋ ਜਾਨਿ ਦੇਖਨਿ ਗਨ ਆਏ ॥੩੨॥
ਬਰਛੇ ਹਤੇ ਸ਼ਾਹੁ ਕੇ ਹਾਥੀ।
ਤਿਤ ਦਿਸ਼ਿ ਕਰਯੋ ਜਤਨ ਕੇ ਸਾਥੀ।
ਕੀਨਿ ਬਿਲੋਕਨਿ ਹ੍ਵੈ ਕਰਿ ਪਾਹੂ।
ਬਲੀ ਸ਼ੇਰ ਤੇ ਬਿਸਮਯੋ ਸ਼ਾਹੂ ॥੩੩॥
'ਧੰਨ ਧੰਨ' ਸਤਿਗੁਰ ਕੋ ਕਹੈ।
ਖਰੋ ਨਿਕਟਿ ਤਿਸ ਕੀ ਦਿਸ਼ਿ ਲਹੈ।
ਕੇਹਰਿ ਕੋ ਨਿਕਸਯੋ ਤਬਿ ਜੀਵ।
ਮਹਾਂ ਪ੍ਰਕਾਸ਼ਵੰਤਿ ਸੋ ਥੀਵ ॥੩੪॥
ਆਰੁਨਤਾ[1] ਫੈਲੀ ਸਭਿ ਗੈਨ[2]।

[1]ਲਾਲੀ। [2]ਅਕਾਸ਼ ਵਿਚ।

ਦੇਖਤਿ ਸ਼ਾਹ ਉਠਾਏ ਨੈਨ।
ਬੂਝੇ ਗੁਰੂ 'ਕਹਾਂ ਇਹ ਭਯੋ?
ਕੌਨ ਹੁਤੋ ਮਰਿ ਕਿਤ ਇਹ ਗਯੋ? ॥੩੫॥
ਕਯੋਂ ਪ੍ਰਕਾਸ਼ ਐਸੇ ਦ੍ਰਿਸ਼ਟਾਯੋ।
ਪਿਖਯੋ ਅਪੂਰਬ ਮੈਂ ਬਿਸਮਾਯੋ।'
ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨੋ।
'ਕਾਸਮ ਬੇਗ ਨਾਮ ਇਸ ਜਾਨੋ ॥੩੬॥

ਤੁਮ ਹਕਾਰਿ ਕੈ ਬੂਝਨਿ ਕੀਜੈ।
ਸੁਨਯੋ ਚਹਹੁ ਸੋ ਉੱਤਰ ਲੀਜੈ।'
ਜਹਾਂਗੀਰ ਲੇ ਨਾਮ ਗੁਹਾਰਾ[1]। [1]ਬੁਲਾਇਆ।
ਤਿਨ ਤਰੁ ਪਰ ਥਿਰੁ ਹੋਇ ਉਚਾਰਾ ॥੩੭॥
'ਪੂਰਬ ਜਨਮ ਹੁਤੋ ਨਰ ਤਨ ਮੈਂ।
ਅਬਿ ਕੇਹਰਿ ਹੁਇ ਬਾਸੌਂ ਬਨ ਮੈਂ।
ਪਾਤਿਸ਼ਾਹ ਅਕਬਰ ਤੁਵ ਤਾਤ[1]। [1]ਪਿਤਾ।
ਲਗਤਿ ਕਬੀਲੇ ਮਹਿਂ ਤਿਸ ਭ੍ਰਾਤ ॥੩੮॥
ਇਕ ਦਿਨ ਅਮਰਦਾਸ ਗੁਰੁ ਪਾਸ।
ਗਯੋ ਸ਼ਾਹੁ ਕਰਿ ਦਰਸ਼ਨ ਆਸ।
ਹੁਤੋ ਸੰਗਿ ਮੈਂ ਦਿਖਿ ਰਿਸ ਛਾਈ।
-ਕਯਾ ਪੂਜਤਿ ਹਿੰਦੂ ਢਿਗ ਜਾਈ? - ॥੩੯॥
ਚਲਯੋ ਨਹੀਂ ਮੇਰੋ ਕੁਛ ਚਾਰਾ।
ਮੁਖ ਤੇ ਬਹੁ ਅਪਵਾਦ[1] ਉਚਾਰਾ। [1]ਨਿੰਦਾ।
ਨਰਨਿ ਸੁਨਾਇ ਨਿੰਦ ਮੈਂ ਕਰੀ।
ਜਰੀ ਨ ਗੁਰੁ ਕੀਰਤ, ਮਤਿ ਜਰੀ[1] ॥੪੦॥ [1](ਮੇਰੀ) ਸੜੀ ਮਤ ਨੇ।
ਨਿਸ ਮਹਿਂ ਡੇਰਾ ਗੋਇੰਦਵਾਲ।
ਉਠਯੋ ਅਚਾਨਕ ਸੂਲ ਬਿਸਾਲ।
ਖਾਨੇ ਬਿਖੈ ਮਾਸ ਰਹਿ ਕਾਚਾ।
ਖਾਯੋ ਮੈਂ ਸੁ ਉਦਰ ਨਹਿਂ ਪਾਚਾ[1] ॥੪੧॥ [1]ਨਾ ਪਚਿਆ।
ਗੁਰੁ ਅਰੁ ਮਾਸ ਚਿਤਵਨਾ ਚਿਤ ਮੈਂ।
ਦੁਖ ਤੇ ਹੋਤਿ ਭਯੋ ਤਬਿ ਮ੍ਰਿਤੁ ਮੈਂ।
ਮਾਸ ਦੋਸ਼ ਤੇ ਧਰਿ ਤਨ ਸ਼ੇਰ।
ਗੁਰੁ ਚਿਤਵਤਿ ਫਲ ਲਹਯੋ ਘਨੇਰ ॥੪੨॥
ਆਪ ਆਨਿ ਕਰਿ ਮੁਝ ਕੋ ਮਾਰਾ।
ਭਵ ਸਾਗਰ ਤੇ ਕੀਨਿ ਉਧਾਰਾ।
ਤੂੰ ਬਡਭਾਗ ਦਰਸ ਕੋ ਪਾਵਤਿ।
ਧਯਾਨ ਜੁਗੀਸ਼ਨਿ ਕੇ ਜੋ ਭਾਵਤਿ' ॥੪੩॥
ਇਮ ਕਹਿ ਸੁਰਗ ਬਿਖੈ ਚਲਿ ਗਯੋ।
ਸੁਨਤਿ ਸ਼ਾਹ ਮਨ ਮੈਂ ਬਿਸਮਯੋ।

ਰੂਪ ਅਕਾਰ ਨ[1] ਦੇਖਤਿ ਭਯੋ।
ਜਨੁ ਤਰੁ ਬੋਲਤਿ ਇਮ ਸੁਨਿ ਲਯੋ ॥੪੪॥
ਸਤਿਗੁਰ ਕੀ ਮਹਿਮਾ ਬਡ ਜਾਨੀ।
ਬਲੀ ਬੀਰ ਅਤਿ ਕੀਰਤਿ ਠਾਨੀ।
'ਕਰਾਮਾਤ ਸਾਹਿਬ ਗੁਰੁ ਗਾਦੀ।
ਕਰੀ ਹਜ਼ਾਰਨਿ ਕੇ ਘਟ ਸ਼ਾਦੀ ॥੪੫॥
ਬਡੇ ਬਹਾਦੁਰ ਗੁਰੁ ਬਲ ਭਾਰੀ।
ਗੇਰਜੋ ਸ਼ੇਰ ਸਿਪਰ ਮੁਖ ਮਾਰੀ।
ਜਥਾ ਡੀਲ ਤਿਮ ਆਯੁਧ ਧਾਰੀ।
ਕੋਇ ਨ ਸਮਸਰ ਹੋਇ ਤੁਮਾਰੀ' ॥੪੬॥
ਹਜ਼ਰਤਿ ਹਰਖਤਿ ਲੇ ਗੁਰੁ ਤੀਰ।
ਸਨੇ ਸਨੇ ਹਟਿ ਗਮਨੇ ਧੀਰ।
ਰੂਪ ਬਿਲੋਕਤਿ ਸੁਜਸੁ ਬਖਾਨਤਿ।
ਗੁਰੁ ਬੋਲਤਿ ਸੁਨਿ ਪੁਨ ਸਨਮਾਨਿਤ ॥੪੭॥
ਪੁਰਿ ਕੇ ਨਿਕਟ ਗਏ ਜਿਹ ਸਮੋ।
ਸ਼ਾਹੁ ਬੰਦਿ ਕਰ ਕੀਨਿ ਨਮੋ।
ਸਤਿਗੁਰੁ ਨਿਜ ਡੇਰੇ ਕੋ ਆਏ।
ਸ਼ਾਹੁ ਦੁਰਗ ਪ੍ਰਵਿਸ਼ਜੋ ਨਿਜ ਥਾਏ ॥੪੮॥
ਸਭਿ ਉਮਰਾਵ ਜਿਨਹੁं ਗੁਰੁ ਦੇਖੇ।
ਆਪਸ ਮਹਿਂ ਜਸੁ ਕਰਤਿ ਵਿਸ਼ੇਖੇ।
'ਬਲੀ ਬਹਾਦੁਰ ਬੀਰ ਬਿਲੰਦ।
ਉਤਰਿ ਕੇਹਰੀ ਕਰਜੋ ਨਿਕੰਦ ॥੪੯॥
ਕਰੀ ਬਹਾਦੁਰੀ ਸ਼ਾਹੁ ਦਿਖਾਈ।
ਕੀਰਤਿ ਆਪ ਬਦਨ ਤੇ ਗਾਈ[1]।'
ਖਾਨ ਪਾਨ ਕਰਿ ਖਿਲਕਤ ਸਾਰੀ।
ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਕੇਹਰਿ ਨਿਕੰਦਨ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤਿ ਅੰਸੂ ॥੫੫॥

[1]ਨਾ ਰੂਪ ਤੇ ਨਾ ਆਕਾਰ।

[1]ਕਹੀ ਹੈ ਆਪ (ਸ਼ਾਹ ਨੇ ਗੁਰੂ ਜੀ ਦੀ)।

## ੫੬. [ਦਿੱਲੀ ਤੋਂ ਕੂਚ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਬੀਤਿ ਗਈ ਸੋ ਜਾਮਨੀ,
ਕੀਨੇ ਸੌਚ ਸ਼ਨਾਨ।
ਸ਼ਸਤ੍ਰ ਗੁਰੁ ਪਹਿਰ ਕਰਿ,
ਬੈਠੇ ਲਾਇ ਦਿਵਾਨ ॥੧॥

ਚੌਪਈ:

ਹਾਨਨਿ ਪੰਚਾਨਨ ਕੋ ਕਾਨਨਿ[1]।
ਕੋ ਆਨਨ ਭਨਿ ਕੋ ਸੁਨਿ ਕਾਨਨਿ[1]।
ਸੁਧਿ ਹਿਤ ਆਇ ਸਿੱਖ ਪੁਰਿ ਬਾਸੀ।
ਦੇਖਤਿ ਦਰਸ਼ਨ ਬੈਠੇ ਪਾਸੀ ॥੨॥
ਬੂਝਤਿ ਭੇ ਪ੍ਰਸੰਗ ਜਿਮ ਭਯੋ।
'ਕੇਹਰਿ ਬਲੀ ਆਪਿ ਹਤਿ ਦਯੋ।
ਸੁਖ ਸਰੀਰ ਸਾਰੇ ਪਰ ਰਹਜੋ?
ਨਖ ਕੋ ਘਾਤ ਨਹੀਂ ਕਿਤ ਲਹਜੋ' ॥੩॥
ਢਿਗ ਮਸੰਦ ਨੇ ਸਕਲ ਸੁਨਾਈ।
'ਜੰਬੁਕ[1] ਸਮ ਸੁਖੇਨ ਲਿਯ ਘਾਈ।'
ਇਤਨੇ ਮਹਿਂ ਵਜ਼ੀਰ ਖਾਂ ਆਯੋ।
ਹਾਥ ਜੋਰਿ ਕਰਿ ਸੀਸ ਨਿਵਾਯੋ ॥੪॥
ਬੈਠਜੋ ਨਿਕਟ ਸੁਜਸੁ ਬਹੁ ਕਹਜੋ।
'ਸ਼ਾਹੁ ਆਪਿ ਢਿਗ ਆਵਨਿ ਚਹਜੋ।
-ਸ਼੍ਰੀ ਸਤਿਗੁਰੁ ਡੇਰੇ ਬਿਚ ਰਹੋ।
ਨਹਿਂ ਆਗਵਨ ਇਹਾਂ ਕੋ ਚਹੋ- ॥੫॥
ਇਮ ਕਹਿ ਮੋ ਕਹੁ ਪਠਜੋ ਅਗਾਰੀ।
ਭਯੋ ਪ੍ਰਸੰਨ ਹੇਰਿ ਬਲ ਭਾਰੀ।'
ਬੈਠਿ ਰਹਜੋ ਕਹਿ ਗੁਰੂ ਸਮੀਪ।
ਉਤ ਭਾ ਤਜਾਰਿ ਤੁਰਕ ਅਵਨੀਪ[1] ॥੬॥
ਚਲਿ ਮਜਨੂ ਕੇ ਆਇ ਸਥਾਨ।
ਗੁਰੁ ਕਰਿਵਾਇਸਿ ਫਰਸ਼ ਮਹਾਨ।
ਕਰਿ ਡਸਵਾਵਨਿ ਬਡਿ ਮਸਨੰਦ[1]।
ਧਰਿ ਪਾਛੇ ਉਪਧਾਨੁ[1] ਬਿਲੰਦ ॥੭॥

[1]ਮਾਰਨਾ ਸ਼ੇਰ ਦਾ ਬਣ ਵਿਚ।
[1]ਕਿਸੇ ਕਿਹਾ ਮੂੰਹੋਂ, ਕਿਸੇ ਸੁਣਿਆਂ ਕੰਨੀਂ।
[1]ਗਿੱਦੜ।
[1]ਭਾਵ ਜਹਾਂਗੀਰ।
[1]ਗੱਦੀ।
[1]ਸਿਰਹਾਣਾ।

ਗਾਦੀ ਪਰ ਬੈਠੇ ਗੁਰੁ ਪੂਰੇ।
ਚਾਮਰ ਚਲਹਿ ਚਲਾਚਲ[1] ਰੂਰੇ। [1]ਚੰਚਲ।
ਬਡੋ ਦਿਵਾਨਿ ਲਗਜੋ ਤਿਹ ਸਮੋ।
ਆਨਿ ਅਨੇਕ ਠਾਨਿਤੇ ਨਮੋ ॥੮॥
ਜਹਾਂਗੀਰ ਜਬਿ ਬੈਠੇ ਹੇਰੇ।
ਹਯ ਤੇ ਉਤਰਿ ਆਇ ਤਬਿ ਨੇਰੇ।
ਕਰਿ ਅਭਿਬੰਦਨ ਬੈਠਜੋ ਪਾਸ।
ਕਹਿ ਅਖੇਰ ਕੇ ਬਾਕ ਬਿਲਾਸ ॥੯॥
'ਕੇਹਰਿ ਬਲੀ ਆਪਿ ਨੇ ਮਾਰਾ।
ਪੁਨ ਬ੍ਰਿਤੰਤ ਤਿਨ[1] ਅਪਨਿ ਉਚਾਰਾ। [1]ਭਾਵ ਸ਼ੇਰ ਨੇ।
ਸਾਹਿਬ ਕਰਾਮਾਤ ਗੁਰੁ ਗਾਦੀ।
ਸਿੱਖਨਿ ਦਿਯੋ ਗਜਾਨ ਅਹਿਲਾਦੀ'
॥੧੦॥
ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰਾ।
'ਅੰਤਿ ਸਮੇਂ ਜਿਸ ਜਸ ਮਨ ਧਾਰਾ[1]। [1]ਜਿਸ ਨੇ ਜਿਹੋ ਜਿਹਾ ਮਨ ਵਿਚ ਧਾਰਿਆ ਹੈ।
ਪਾਇ ਜੂਨ ਤਸ ਕਰਮ ਅਧੀਨ।
ਭੋਗਤਿ ਦੁਖ ਸੁਖ ਕੋ ਜਿਮ ਕੀਨ[1]' ॥੧੧॥ [1]ਜਿਵੇਂ (ਕਰਮ) ਕੀਤਾ।
ਘਟਿਕਾ ਏਕ ਬੈਠਿ ਕਰਿ ਸ਼ਾਹੂ।
ਗਮਨਜੋ ਪੁਨ ਉਰ ਧਾਰਿ ਉਮਾਹੂ।
ਇਸ ਪ੍ਰਕਾਰ ਬੀਤੇ ਦਿਨ ਕੇਤੇ।
ਸਤਿਗੁਰੁ ਨਿਜ ਸਿੱਖਨਿ ਸੁਖ ਦੇਤੇ ॥੧੨॥
ਪੁਰਿ ਤੇ ਸਿਖ ਸੰਗਤਿ ਚਲਿ ਆਵੈਂ।
ਭਏ ਬਿਲੋਚਨ ਕੋ[1] ਫਲ ਪਾਵੈਂ। [1]ਨੇਤਰਾਂ ਦੇ ਹੋਣ ਦਾ।
ਚੰਦ ਬਦਨ ਕੋ ਦਰਸ਼ਨ ਕਰਿ ਕਰਿ।
ਬੈਠਤਿ ਨਿਕਟ ਅਨੰਦ ਉਰ ਭਰਿ ਭਰਿ
॥੧੩॥
ਕਮਲ ਪਾਂਖਰੀ ਆਂਖਿ ਬਿਸਾਲੇ।
ਤੀਖਨ ਕੋਰ ਬਾਨ ਅਨਿਯਾਲੇ[1]। [1]ਨੇਤ੍ਰਾਂ ਦੇ ਕੋਨੇ ਮਾਨੋ ਬਾਣ ਹਨ ਤਿੱਖੀ ਚੁੰਝ ਵਾਲੇ।
ਦਰਸ਼ਨ ਕਰਹਿਂ ਕਾਮਨਾ ਪਾਵੈਂ।
ਅਨਿਕ ਅਕੋਰਨਿ ਕੋ ਅਰਪਾਵੈਂ ॥੧੪॥
ਇਸ ਪ੍ਰਕਾਰ ਸਿੱਖੀ ਬਿਸਤਾਰੀ।
ਕਰਨਿ ਪਯਾਨ ਸ਼ਾਹੁ ਭਾ ਤਜਾਰੀ।

ਪਠਜੋ ਵਜ਼ਰੀ ਖਾਨ ਕੋ ਤਬੈ।
ਕਰਿ ਬੰਦਨ ਪ੍ਰਸੰਗ ਕਹਿ ਸਬੈ ॥੧੫॥
'ਹਜ਼ਰਤਿ ਚਹੀ ਕਰਨਿ ਅਸੁਵਾਰੀ।
ਕਹਜੋ ਆਪ ਸੋਂ -ਕੀਜਹਿ ਤਜਾਰੀ।
ਨਗਰ ਆਗਰੈ ਚਲਿ ਕਰਿ ਥਿਰੈਂ।
ਕੇਤਿਕ ਦਿਨ ਬਿਲਾਸ ਤਹਿਂ ਕਰੈਂ ॥੧੬॥
ਕਰਹੁ ਆਪਿ ਭੀ ਸੈਲ ਘਨੇਰੇ-।
ਸ਼ਾਹੁ ਚਹਤਿ ਹੈ ਮੇਲ ਬਡੇਰੇ।
ਖੇਲਹੁ ਮਿਲਿ ਅਖੇਰ ਬਿਧਿ ਨਾਨਾ।
ਬਨ ਉਪਬਨ[1] ਕੋ ਪਿਖਹੁ ਮਹਾਨਾ ॥੧੭॥ [1]ਬਾਗ਼।
ਕਹਜੋ ਸ਼ਾਹੁ ਮਨ ਪ੍ਰੇਮੀ ਹ੍ਵੈ ਕੈ।
ਗਮਨਹੁ ਸੰਗ ਕ੍ਰਿਪਾ ਨਿਜ ਕੈ ਕੈ-।'
ਇੱਤਜਾਦਿਕ ਕਹਿ ਕੀਨੇ ਤਜਾਰਿ।
ਭਏ ਸਾਥਿ ਸਤਿਗੁਰੁ ਅਸਵਾਰੁ ॥੧੮॥
ਗਮਨੇ ਪੰਥ ਆਗਰੈ ਚਲੇ।
ਹਿਤ ਅਖੇਰ ਹਜ਼ਰਤ ਕਬਿ ਮਿਲੇ।
ਹਨਹਿਂ ਮ੍ਰਿਗਨਿ ਕਹੁ ਅਧਿਕ ਧਵਾਇ।
ਦੇਖਤਿ ਓਜ ਸ਼ਾਹੁ ਹਰਖਾਇ ॥੧੯॥
ਇਮ ਕ੍ਰਮ ਕ੍ਰਮ ਤੇ ਪਹੁੰਚੇ ਜਾਈ।
ਥਿਰੇ ਆਗਰੇ ਪਿਖਿ ਸ਼ੁਭ ਥਾਈ।
ਕਬਿ ਕਬਿ ਮਿਲਹਿਂ ਨਿਕਟ ਬੁਲਵਾਵਹਿਂ।
ਹੋਇ ਏਕਠੇ ਵਹਿਰ ਸਿਧਾਵਹਿਂ ॥੨੦॥
ਇਕ ਦਿਨ ਕਿਸ ਕੇ ਮੁਖ ਤੇ ਸੁਨਜੋ।
ਗੁਰ ਕੋ 'ਸਚੁ ਪਤਿਸ਼ਾਹੁ' ਸੁ ਭਨਜੋ।
ਜਹਾਂਗੀਰ ਉਰ ਸੰਸੈ ਭਯੋ।
-ਮੁਝ ਤੇ ਭੀ ਉਚੋ ਪਦ ਥਿਯੋ- ॥੨੧॥
ਰਹਜੋ ਗਿਨਤਿ ਚਿਤ ਮਹਿਂ ਅਧਿਕਾਯੋ।
-ਇਹ ਕਿਮ ਨਾਮ ਅਪਨਿ ਧਰਵਾਯੋ।
ਸਾਚੋ ਪਾਤਿਸ਼ਾਹੁ ਨਰ ਕਹੈਂ।
ਇਤੀ ਜਿਠਾਈ[1] ਕਜੋਂ ਕਰਿ ਲਹੈਂ- [1]ਵਡਿਆਈ।
॥੨੨॥
ਏਕ ਦਜੋਸ ਪੁਨ ਚਢੇ ਸ਼ਿਕਾਰ।

ਭਯੋ ਮੇਲ ਬੋਲ੍ਯੋ ਹਿਤ ਧਾਰਿ।
'ਸੁਨ੍ਯੋ ਜਗਤ ਮਹਿਂ ਨਾਮ ਤੁਹਾਰਾ।
ਕਹਿਂ -ਸਾਚਾ ਪਤਿਸ਼ਾਹੁ- ਉਦਾਰਾ ॥੨੩॥
ਗੁਰੂ ਨਾਮ ਤੁਮ ਕੋ ਬਨਿ ਆਵੈ।
ਜਥਾ ਪ੍ਰਥਮ ਹੀ ਬਿਧਿ ਕਹਿਵਾਵੈਂ।'
ਸੁਨਿ ਬੋਲੇ ਸ਼੍ਰੀ ਹਰਿਗੋਵਿੰਦ।
'ਐਸੇ ਨਾਮ ਜਿ ਕਹਿਂ ਜਗ ਬ੍ਰਿੰਦ ॥੨੪॥
ਅਰਪਹਿਂ ਭੇਟ ਆਇ ਦਰਸੈ ਹੈਂ।
ਦੂਰਿ ਦੂਰਿ ਤੇ ਸੰਗਤਿ ਐਹੈ।
ਹਮ ਨਹਿਂ ਕਿਸ ਕੋ ਕਹੈਂ ਕਦਾਈ।
ਆਪਹਿ ਨਾਮ ਧਰੈਂ ਸਮੁਦਾਈ' ॥੨੫॥
ਜਹਾਂਗੀਰ ਕੋ ਕਹਿ ਸਮੁਝਾਯੋ।
ਤਊ ਨ ਨਿਸ਼ਚੇ ਤਿਸ ਉਰ ਆਯੋ।
ਸ਼੍ਰੀ ਗੁਰੁ ਜਾਨਿ ਲੀਨਿ ਮਨ ਕੇਰੀ।
-ਲਖਿ ਨ ਸਕਹਿ ਬਿਨੁ ਲੋਚਨ ਹੇਰੀ- ॥੨੬॥
ਬਿਪਨ ਸ਼ਿਕਾਰ ਖੇਲਿ ਕਰਿ ਆਏ।
ਧਨੁ ਤਰਕਸ਼, ਕਟ ਖੜਗ ਸੁਹਾਏ।
ਸੰਗਤਿ ਅਧਿਕ ਆਗਰੇ ਨਗਰ।
ਹਿਤ ਗੁਰੁ ਦਰਸ਼ਨ ਆਏ ਸਗਰ ॥੨੭॥
ਉੱਤਮ ਅਨਿਕ ਅਕੋਰਿਨ ਲ੍ਯਾਏ।
ਪੰਚਾਂਮ੍ਰਿਤ ਕਰਿ ਕੈ ਸਮੁਦਾਏ।
ਮਨੋਕਾਮਨਾ ਜਿਮ ਕਰਿ ਆਵੈਂ।
ਦਰਸ਼ਨ ਕਰੇ ਗੁਰੂ ਕੇ, ਪਾਵੈਂ ॥੨੮॥
ਸੁੰਦਰ ਡੀਲ ਬਿਲੰਦ ਸੁਸ਼ੀਲਾ।
ਮੁਖ ਮੰਡਲ ਜਨੁ ਚੰਦ ਛਬੀਲਾ।
ਭੁਜਾ ਪ੍ਰਲੰਬਤਿ ਆਯੁਤ[1] ਛਾਤੀ। [1]ਚੌੜੀ।
ਦਿਪਤਿ ਦਸਨ ਜਨੁ ਹੀਰਨਿ ਪਾਂਤੀ[1] ॥੨੯॥ [1]ਪੰਕਤੀ।
ਕ੍ਰਿਪਾ ਭਰੇ ਅਰਬਿੰਦ ਬਿਲੋਚਨ।
ਪਿਖਹਿਂ ਕਟਾਖਨਿ ਬੰਧਨਿ ਮੋਚਨ।

ਇੱਤਜਾਦਿਕ ਸੁੰਦਰਤਾ ਸਾਰੀ।
ਮਹਾਂਰਾਜ ਕੇ ਲੱਛਣ ਭਾਰੀ ॥੩੦॥
ਕਰਿ ਦਰਸ਼ਨ ਸੰਗਤਿ ਹਰਖਾਵੈ।
ਜੋਧਾ ਗੁਰੂ ਬਿਲੰਦ ਸੁਹਾਵੈ।
'ਇਹ ਘਾਲਹਿੰਗੇ ਕਬਿ ਘਮਸਾਨਾ।
ਮਹਾਂਬੀਰ ਕਰਿ ਹੈ ਰਿਪੁ ਹਾਨਾ' ॥੩੧॥
ਇੱਤਜਾਦਿਕ ਜਸੁ ਕੋ ਬਿਸਤਾਰੈਂ।
ਬਾਰਿ ਬਾਰਿ ਗੁਰ ਰੂਪ ਨਿਹਾਰੈਂ।
ਕੁਸ਼ਲ ਪ੍ਰਸ਼ਨ ਗੁਰੁ ਸਭਿ ਸੋਂ ਕਰੈਂ।
ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰਿ ਧਰੈਂ ॥੩੨॥
ਨਿਕਟਿ ਨਿਕਟਿ ਕੇ ਪੁਰਿ ਅਰੁ ਗ੍ਰਾਮੂ।
ਆਵੈਂ ਸੁਨਤਿ ਸੁਜਸੁ ਅਭਿਰਾਮੂ।
ਸਿੱਖਜ ਸੈਂਕਰੇ ਬਨਹਿਂ ਨਵੀਨ।
ਲੋਕ ਪ੍ਰਲੋਕ ਸ਼੍ਰੇਯ ਕੋ ਚੀਨ ॥੩੩॥
ਦਿਨ ਪ੍ਰਤਿ ਰਹਤਿ ਅਧਿਕ ਹੀ ਮੇਲੇ।
ਦਰਸ਼ਨ ਕਰਿ ਕਰਿ ਹੋਹਿਂ ਸੁਹੇਲੇ।
ਮਨੋ ਕਾਮਨਾ ਗੁਰੁ ਤੇ ਪਾਵੈਂ।
ਜਹਿਂ ਕਹਿਂ ਗਮਨਹਿਂ ਜਸ ਬਿਦਤਾਵੈਂ ॥੩੪॥
ਬਹੁਰੋ ਇਕ ਦਿਨ ਚਢੇ ਸ਼ਿਕਾਰ।
ਜਹਾਂਗੀਰ ਹ੍ਵੈ ਕਰਿ ਅਸੁਵਾਰ।
ਕਹਿ ਕਰਿ ਸਤਿਗੁਰ ਸੰਗ ਚਢਾਏ।
ਹਯਨਿ ਕੁਦਾਵਤਿ ਚਲੇ ਅਗਾਏ ॥੩੫॥
ਸ਼੍ਰੀ ਹਰਿਗੋਵਿੰਦ ਦੂਸਰਿ ਸ਼ਾਹੂ।
ਦੋਨਹੁ ਅਸੁ ਪਰ ਗਮਨਤਿ ਰਾਹੂ।
ਕਾਨਨ ਚਲੇ ਜਾਤਿ ਉਤਸਾਹੂ।
ਭਨਤਿ ਸੁਨਤਿ ਬਚ ਆਪਸਿ ਮਾਂਹੂ ॥੩੬॥
ਜਹਾਂ ਮ੍ਰਿਗਨਿ ਕੋ ਅਧਿਕ ਬਸੇਰੇ।
ਲਿਏ ਜਾਤਿ ਭੇਤੀ ਜਿ ਅਗੇਰੇ।
ਕੂਕਰ, ਚੀਤੇ, ਬਾਜ ਘਨੇਰੇ।

ਬਹਰੀ, ਜੁੱਰਰੇ ਬੇਗ ਬਡੇਰੇ ॥੩੭॥
ਸੰਗਿ ਬਾਵਰੈਂ[1] ਲੇਤਿ ਸਿਧਾਏ।

[1]ਜਾਲ (ਅ) ਬਾਵਰੀਆ। ਇਕ ਨੀਚ ਜਾਤ ਜੋ ਜਾਲ ਨਾਲ ਸ਼ਿਕਾਰ ਫੜਦੇ ਹਨ [ਪੰਜਾਬੀ, ਬੌਰ = ਹਰਨ ਫੜਨ ਦਾ ਜਾਲ। ਬੌਰ ਤੋਂ ਬੌਰੀਆ, ਬਾਵਰੀਆ]

ਜਾਏ ਪ੍ਰਵੇਸ਼ੇ ਬਨ ਸਮੁਦਾਏ।
ਸਤਿਗੁਰੁ ਅਰੁ ਹਜ਼ਰਤ ਇਕ ਸੰਗਿ।
ਕਰੈਂ ਧਵਾਵਨਿ ਬੇਗ ਤੁਰੰਗ ॥੩੮॥
ਬਨ ਕੇ ਜੀਵ ਘੇਰਿ ਕਰਿ ਮਾਰਹਿ।
ਨਿਕਸਹਿਂ ਅੱਗ੍ਰ ਨ ਜਿਯਤ ਸਿਧਾਰਹਿਂ।
ਤੀਰਨਿ ਸੰਗਿ ਐਂਚਿ ਗੁਰੁ ਹਨੇ।
ਜਹਾਂਗੀਰ ਸੰਘਾਰਤਿ ਘਨੇ ॥੩੯॥
ਸ੍ਵਾਨ ਗਹੈਂ ਅਰੁ ਚੀਤੇ ਛੋਰਹਿਂ।
ਜਾਨਿ ਨ ਦੇਤਿ ਫਾਂਧ ਕਰਿ ਦੌਰਹਿਂ।
ਇਸ ਬਿਧਿ ਕਰਿ ਅਖੇਰ ਕੋ ਨਾਨਾ।
ਪਿਖਹਿਂ ਤਮਾਸ਼ੋ ਕਰਤਿ ਪਯਾਨਾ ॥੪੦॥
ਬਹੁਰਿ ਭਈ ਤੀਛਨ ਬਡ ਘਾਮ।
ਚਾਹਤਿ ਉਤਰਨਿ ਹਿਤ ਬਿਸਰਾਮ।
ਬਨ ਕੋ ਛੋਰਤਿ ਹਟੇ ਪਿਛੇਰੇ।
ਹੇਰਤਿ ਛਾਯਾ ਸਘਨ ਘਨੇਰੇ ॥੪੧॥
ਦੇਖਿ ਸਥਾਨ ਰੁਚਿਰ ਤਰੁ ਤਰੇ।
ਉਤਰਜੋ ਸ਼ਾਹੁ ਖੇਦ[1] ਪਰਹਰੇ।

[1]ਥਕਾਨ।

ਤਿਸਤੇ ਕਿਤਿਕ ਦੂਰਿ ਗੁਰੁ ਥਿਰੇ।
ਤਰੇ ਤਰੋਵਰ ਕੇ ਸੁਖ ਕਰੇ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਤੇ ਕੂਚ ਕਰਨਿ' ਪ੍ਰਸੰਗ ਬਰਨਨੰ ਨਾਮ ਖਟ ਪੰਚਾਸਤਿ ਅੰਸੂ ॥੫੬॥

## ੫੭. [ਸੱਚਾ ਪਾਤਸ਼ਾਹ। ਘਾਹੀ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸ਼ਾਹੁ ਤਰੋਵਰ ਕੇ ਤਰੇ ਅਲਪ ਨਰਨਿ ਤਿਹ
ਸਗ।
ਬੈਠਜੋ ਹਿਤ ਬਿਸਰਾਮ ਕੇ ਖਰੋ ਸਮੀਪ ਤੁਰੰਗ
॥੧॥

ਚੌਪਈ:

ਤੈਸੇ ਕਿਤਿਕ ਦੂਰ ਗੁਰ ਥਿਰੇ।
ਘਾਮ[1] ਤਪਤ ਨਿਰਵਾਰਨਿ ਕਰੇ।
ਤਹਿਂ ਇਕਿ ਘਾਹੀ ਚਲਿ ਕਰਿ ਆਯਹੁ।
ਘਾਸ ਖੁਰਚਬੇ ਹਿਤ ਲਲਚਾਯਹੁ ॥੨॥
ਆਵਤਿ ਸੁਨਜੋ -ਗੁਰੂ ਇਤ ਆਏ।
ਹਿਤ ਸ਼ਿਕਾਰ ਕੇ ਅੱਗ੍ਰ ਸਿਧਾਏ-।
ਹਰਖਜੋ -ਮੈਂ ਇਤ ਦਰਸ਼ਨ ਪਾਊਂ।
ਮਨੋ ਕਾਮਨਾ ਸਭਿ ਪੁਰਵਾਊਂ[1] ॥੩॥
ਸੰਗ ਨਰਨਿ ਕੀ ਭੀਰ ਨ ਕੋਈ।
ਮਸਤਕ ਟੇਕੋਂ ਦਰਸ਼ਨ ਹੋਈ।
ਹਾਥ ਜੋਰਿ ਮੈਂ ਅਰਜ਼ ਗੁਜਾਰੌਂ।
ਮਨ ਤਨ ਕੇ ਦੁਖ ਸਭਿ ਨਿਰਵਾਰੌਂ- ॥੪॥
ਇਮ ਚਿਤਵਤਿ ਚਲਿ ਕਰਿ ਤਹਿਂ ਆਯਹੁ।
ਜਹਾਂਗੀਰ ਜਹਿਂ ਥਿਰ ਸੁਖ ਪਾਯਹੁ।
ਬੂਝਨਿ ਲਗਜੋ 'ਸਾਚ ਪਤਿਸ਼ਾਹੁ।
ਕਿਤ ਉਤਰਜੋ ਕਹੀਅਹਿ ਮੁਝ ਪਾਹੁ?'
॥੫॥
ਸ਼ਾਹੁ ਨਰਨਿ ਕੁਛ ਸਮਝਜੋ ਨਾਂਹੀ।
ਜਾਨਜੋ ਹਜ਼ਰਤਿ ਹੇਰਨਿ ਚਾਹੀ।
ਦਿਯੋ ਬਤਾਇ 'ਅਮਕ ਤਰੁ ਤਰੇ।
ਛਾਯਾ ਸਘਨ ਬਿਖੈ ਤਹਿਂ ਥਿਰੇ ॥੬॥
ਇਮ ਹੀ ਬੂਝਤਿ ਪਹੁੰਚਜੋ ਜਾਇ।
ਜਹਾਂਗੀਰ ਬੈਠਜੋ ਜਿਸ ਥਾਇਂ।
ਬਰਜਨ ਵਾਰੋ[1] ਨਰ ਜਹਿਂ ਖਰੋ।

[1]ਧੁੱਪ ਦੀ।

[1]ਪੂਰੀ ਕਰਵਾਵਾਂਗਾ।

[1]ਰੋਕਣ ਵਾਲਾ।

ਤਿਸ ਢਿਗ ਜਾਇ ਬੂਝਬੋ ਕਰੋ ॥੭॥
'ਬੈਠਯੋ ਜਹਿਂ ਸਾਚੋ ਪਤਿਸ਼ਾਹੂ।
ਭੇਟ ਚਢਾਵਨਿ ਚਾਹਤਿ ਪਾਹੂ।
ਸ਼ਾਹ ਸਮੁਖ ਦੇਖਤਿ ਇਮ ਕਹ੍ਯੋ।
'ਆਵਨਿ ਦੇਹੁ ਕਹਾਂ ਇਨ ਲਹ੍ਯੋ[1]' ॥੮॥ [1]ਇਹ ਕੀ ਜਾਣਿਆਂ ਚਾਹੁੰਦਾ ਹੈ।
ਕਿਨਹੁ ਨ ਬਰਜ੍ਯੋ ਰੁਖ਼ ਕੋ ਹੇਰੇ।
ਕਰਿ ਧਰਿ ਟਕਾ ਗਯੋ ਤਬਿ ਨੇਰੇ।
ਬੇਖ ਸਰੂਪ ਦੇਖਿ ਸੋ ਘਾਹੀ[1]। [1](ਸ਼ਾਹ ਦਾ) ਭੇਖ ਸਰੂਪ ਦੇਖਕੇ।
ਅਧਿਕ ਅਨੰਦ ਧਾਰਿ ਉਰ ਮਾਂਹੀ ॥੯॥
ਆਗੇ ਟਕਾ ਰਾਖਿ ਨਿਜ ਕਰ ਤੇ।
ਬੰਦਨ ਕਰੀ ਨੰਮ੍ਰਿ ਹੁਇ ਸਿਰ ਤੇ।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ।
'ਸਾਚੋ ਪਾਤਸ਼ਾਹੁ, ਗੁਰੁ ਭਾਰੀ! ॥੧੦॥
ਦਰਸ਼ਨ ਕੀ ਅਭਿਲਾਖ ਘਨੇਰੀ।
ਸੁਨਹੁ ਸ਼੍ਰੋਨ ਦੇ ਬਿਨਤੀ ਮੇਰੀ।
-ਦੀਨ ਦੁਨੀ ਕੋ ਮਾਲਿਕ ਅਹੈਂ।
ਸਾਚੋ ਪਾਤਿਸ਼ਾਹੁ- ਇਮ ਕਹੈਂ ॥੧੧॥
ਦਾਸ ਗਰੀਬ ਜਾਨਿ ਕਰਿ ਮੋਹੀ।
ਬਨਹੁ ਸਹਾਇ ਮ੍ਰਿਤੂ ਜਬਿ ਹੋਹੀ।
ਅਪਰ ਕਾਮਨਾ ਕੋਇ ਨ ਨਾਥ।
ਜਮ ਤੇ ਰਾਖਹੁ ਦੇ ਕਰਿ ਹਾਥ ॥੧੨॥
ਜਹਾਂਗੀਰ ਸੁਨਿ ਕੈ ਬਿਸਮਾਯੋ-।
ਗੁਰੂ ਜਾਨਿ ਮੋ ਕਹੁ, ਇਹ ਆਯੋ।
ਮੋ ਮਹਿਂ ਕਹਾਂ ਸ਼ਕਤਿ ਹੈ ਐਸੇ।
ਰੱਛਾ ਕਰੋਂ ਪਲਤਿ[1] ਮਹਿਂ ਜੈਸੇ ॥੧੩॥ [1]ਪ੍ਰਲੋਕ।
ਦੁਨੀਆਂ ਮਹਿਂ ਕਰਿਬੇ ਸਮਰੱਥ।
ਨਹੀਂ ਦੀਨ ਕੁਛ ਹਮਰੇ ਹੱਥ।
ਸ਼੍ਰੀ ਹਰਿਗੋਵਿੰਦ ਮੁਝ ਕੋ ਜਾਨਾ।
ਯਾਂ ਤੇ ਇਸ ਬਿਧਿ ਬਾਕ ਬਖਾਨਾ ॥੧੪॥
ਦੀਨ ਦੁਨੀ ਜੋ ਕਰਹਿ ਸਹਾਇ।
ਸਚ ਪਤਿਸ਼ਾਹਿਤ ਤਿਸ ਬਨਿਆਇ।
ਗੁਰੂ ਕਹਤਿ ਥੇ ਜੋ ਮਮ ਪਾਸ।

ਕਰਹਿਂ ਆਪ ਨਰ ਨਾਮ ਪ੍ਰਕਾਸ਼ ॥੧੫॥
ਹਮ ਨਹਿਂ ਕਿਸ ਕੇ ਸੰਗ ਬਖਾਨਹਿਂ।
ਸਾਚੋ ਪਾਤਿਸ਼ਾਹੁ ਜਗੁ ਜਾਨਹਿਂ।
ਕਹੈਂ ਆਪ ਹੀ ਤੇ ਇਹ ਨਾਮੂ।
ਬਿਦਤਜੋ ਸਗਰੇ ਪੁਰਿ ਅਰੁ ਗ੍ਰਾਮੂ ॥੧੬॥
ਇਹ ਕਹਿਬੋ ਗੁਰ ਕੋ ਸਭਿ ਸਾਚਾ।
ਲਗਨਿ ਨ ਦੇਤਿ ਦਾਸ ਦੁਖ ਆਂਚਾ[1]–। [1]ਸੇਕ।
ਇਮ ਚਿਤ ਮਹਿਂ ਚਿਤਵਤਿ ਭਾ ਸ਼ਾਹੂ।
ਗੁਰ ਨਿਸ਼ਚੈ[1] ਹੋਯਹੁ ਉਰ ਮਾਂਹੂ ॥੧੭॥ [1](ਦਾ) ਭਰੋਸਾ।
'ਘਾਹੀ! ਸੁਨਿ[1]' ਤਬਿ ਕਹਜੋ ਸੁਨਾਈ। [1]ਹੇ ਘਾਹੀ ਸੁਣ।
'ਹਮ ਦੁਨੀਆਂ ਕੋ ਸ਼ਾਹੁ ਕਹਾਈਂ।
ਅੰਤ ਕਾਲ ਹ੍ਵੈ ਨਹੀਂ ਸਹਾਇ।
ਤਹਿਂ ਕੁਛ ਹਮਰੇ ਬਸ ਨ ਬਸਾਇ ॥੧੮॥
ਸਾਚੋ ਸ਼ਾਹੁ ਗੁਰੂ ਜਿਸ ਕਹੈਂ।
ਅਪਰ ਥਾਨ ਸੋ ਉਤਰਜੋ ਅਹੈ।
ਤਿਨ ਢਿਗ ਪਹੁੰਚਹੁ ਅਰਜ਼ ਗੁਜ਼ਾਰੋ।
ਰਿਦੇ ਮਨੋਰਥ ਕੋ ਤਹਿਂ ਸਾਰਹੁ ॥੧੯॥
ਇਮ ਸੁਨਿ ਟਿਕਾ ਉਠਾਇ ਸੁ ਘਾਹੀ।
ਗਮਨਜੋ ਅਪਰ ਨਰਨਿ ਕੇ ਪਾਹੀ।
ਸ਼੍ਰੀ ਹਰਿ ਗੋਵਿੰਦ ਸਚ ਪਤਿਸ਼ਾਹੂ।
ਉਤਰੇ ਕਹਾਂ? ਦੇਖਿਬੇ ਚਾਹੂ ॥੨੦॥
ਮੋਹਿ ਬਤਾਵਹੁ ਸੋ ਇਸ ਥਾਨ।
ਬਿਦਤ ਗਰੀਬ ਨਿਵਾਜ ਮਹਾਨ।'
ਸੁਨਿ ਲੋਕਨਿ ਗੁਰੁ ਥਾਨ ਬਤਾਯੋ।
ਜਹਿਂ ਤਰੁ ਛਾਯ ਅਰਾਮ ਸੁ ਪਾਯੋ ॥੨੧॥
ਪਹੁੰਚਜੋ ਜਾਇ ਦਰਸ ਕੋ ਕਰਿ ਕੈ।
ਬੰਦਨ ਕੀਨਿ ਧਰਨਿ ਸਿਰ ਧਰਿ ਕੈ।
ਟਕਾ ਰਾਖਿ ਕਰਿ ਅਰਜ਼ ਗੁਜ਼ਾਰੀ।
'ਮੈਂ ਆਯਹੁ ਗੁਰੁ! ਸ਼ਰਨਿ ਤੁਮਾਰੀ ॥੨੨॥
ਅੰਤ ਕਾਲ ਮਹਿਂ ਬਨਹੁ ਸਹਾਈ।
ਜਮਦੂਤਨਿ ਤੇ ਲੇਹੁ ਬਚਾਈ।

ਅਭਿਲਾਖਤਿ ਬਹੁ ਦਿਨ ਤੇ ਦਰਸ਼ਨ।
ਆਜ ਭਾਗ ਬਡਿ ਤੇ ਭਾ ਪਰਸਨ ॥੨੩॥
ਨਾਮ ਗ਼ਰੀਬ ਨਿਵਾਜ ਤੁਮਾਰਾ।
ਕਰਹੁ ਨਿਬਾਹਨ ਬਿਰਦ ਉਦਾਰਾ।'
ਸੁਨਿ ਸਤਿਗੁਰੂ ਕ੍ਰਿਪਾਲ ਬਖਾਨਾ।
'ਸਿਮਰਹੁ ਸੱਤਿਨਾਮ ਕੱਲਜਾਨਾ[1] ॥੨੪॥ [1]ਮੁਕਤੀ ਦਾਤਾ।
ਧਰਮ ਕਿਰਤ ਕਰਿ ਖਾਹੁ ਅਹਾਰਾ।
ਇਨ ਦੋਇਨ ਤੇ ਸਦਾ ਸੁਖਾਰਾ।
ਨਹਿਂ ਜਮਦੂਤ ਦੇਖਿਬੇ ਪਾਵਹਿਂ।
ਕਰ ਦੇ ਕਰਿ ਸਤਿਗੁਰੂ ਬਚਾਵਹਿਂ'
॥੨੫॥
ਸੁਨਿ ਬੰਦਨ ਕਰਿ ਗਮਨਜੋ ਘਾਹੀ।
ਅਧਿਕ ਅਨੰਦ ਧਾਰਿ ਉਰ ਮਾਂਹੀ।
ਤਪਤ ਨਿਵਾਰੀ ਸਮਾਂ ਬਿਤਾਇ।
ਚਢਜੋ ਸ਼ਾਹੁ ਸਤਿਗੁਰੂ ਬੁਲਾਇ ॥੨੬॥
ਮਹਿਮਾ ਮਹਾਂ ਮਾਨ ਕਰਿ ਮਨ ਮੈਂ।
ਜਹਾਂਗੀਰ ਪ੍ਰੇਮੀ ਗੁਰ ਤਨ ਮੈਂ।
ਦੇਖਤਿ ਨਿਕਟਿ ਤੁਰੰਗ ਚਲਾਵੈ।
ਮੁਸਕਾਵਿਤ ਮੁਖ ਬਾਕ ਅਲਾਵੈ ॥੨੭॥
ਸਨੈ ਸਨੈ ਪੁਰਿ ਮੈਂ ਚਲਿ ਗਏ।
ਨਿਜ ਨਿਜ ਸਿਵਰ ਉਤਰਤੇ ਭਏ।
ਸੁਖ ਸੋਂ ਨਿਸ ਦਿਨ ਕਿਤਿਕ ਬਿਤਾਏ।
ਕਬਿ ਕਬਿ ਸ਼ਾਹੁ ਮਿਲਹਿ ਬਿਗਸਾਏ
॥੨੮॥
ਪੁਨ ਇਕ ਦਿਨ ਤੈਸੇ ਚਢਿ ਸ਼ਾਹੂ।
ਗੁਰੂ ਬੁਲਾਏ ਪਠਿ ਨਰ ਪਾਹੂ।
ਹੁਤੋ ਪ੍ਰਭਾਤ ਸਮੋ ਹੁਇ ਤਜਾਰ।
ਜ਼ੀਨ ਤੁਰੰਗ ਸਜਿ ਭੇ ਅਸਵਾਰ ॥੨੯॥
ਨਗਰ ਆਗਰੇ ਇਕ ਘਰ ਮਾਂਹੀ।
ਸਿਖ ਕੀ ਸੁਤਾ ਅਸਿਖ ਕੇ ਬਜਾਹੀ।
ਗੁਰੁ ਦਰਸ਼ਨ ਕੋ ਚਾਹਤਿ ਰਹੈ।
ਪਤਿ ਸਸੁਰਾਰ[1] ਨ ਆਇਸੁ ਲਹੈ ॥੩੦॥ [1]ਪਤੀ ਤੇ ਸਹੁਰੇ ਦੀ।

ਜਬਿ ਇਸ਼ਨਾਨ ਕਰਨਿ ਕਉ ਲਾਗਹਿ।
ਮੁਖ ਤੇ ਇਮ ਕਹਿ ਮਨੁ ਅਨੁਰਾਗਹਿ।
-ਸ਼੍ਰੀ ਗੁਰ ਸਾਚੇ ਜੇ ਕਰਿ ਅਹੈਂ।
ਸਭਿ ਘਟ ਘਟ ਕੀ ਸੁਧਿ ਕੋ ਲਹੈਂ ॥੩੧॥
ਤੌ ਮਮ ਆਸਾ ਪੂਰਨ ਕਰੀਅਹਿ।
ਅਪਨੇ ਦਰਸ਼ਨ ਇਹਾਂ ਦਿਖਰੀਅਹਿ-।
ਇਸ ਬਿਧਿ ਬੋਲਤਿ ਲੇ ਕਰਿ ਨੀਰ।
ਕਰਹਿ ਸੁ ਮੱਜਨ ਸੌਚ ਸ਼ਰੀਰ ॥੩੨॥
ਨਿਤਪ੍ਰਤਿ ਕਹਿਬੇ ਕੋ ਕਰਿ ਨੇਮ।
ਚਾਹਤਿ ਦਰਸ਼ਨ ਮਨ ਮਹਿਂ ਪ੍ਰੇਮ।
ਤਿਸ ਕੋ ਚਿਤਵਤਿ ਸਤਿਗੁਰੁ ਚਾਲੇ।
ਕਰਤਿ ਨਿਬਾਹਨ ਬਿਰਦ ਬਿਸਾਲੇ ॥੩੩॥
ਜਾਤਿ ਬੀਥਕਾ[1] ਤਿਸ ਘਰ ਜੋਈ।
ਹਯ ਚਪਲਾਇ ਚਲਹਿਂ ਚਹਿ ਸੋਈ।
ਲੇਕਰਿ ਜਲ ਕੋ ਹੇਤ ਸ਼ਨਾਨ।
ਚਢੀ ਸਦਨ ਪਰ ਸਮਾਂ ਪਛਾਨ ॥੩੪॥
ਉਤ ਤੇ ਸਤਿਗੁਰ ਤਹਿਂ ਚਲਿ ਆਏ।
ਤਿਸ ਕੇ ਸਦਨ ਜਬਹਿ ਨਿਯਰਾਏ।
ਸਿਖ ਤਨੁਜਾ ਜਬਿ ਜਲ ਤਨ ਡਾਰਤਿ।
ਜਿਮ ਨਿਤ ਬੋਲਤਿ ਤਥਾ ਉਚਾਰਤਿ ॥੩੫॥
'ਜੇ ਸਾਚੋ ਗੁਰ ਅੰਤਰਜਾਮੀ।
ਪੂਰਹਿਂ ਕਾਮਨਾ ਮਮ ਜਗਸ੍ਵਾਮੀ।
ਇਹਾਂ ਆਇ ਦਰਸ਼ਨ ਦਿਖਰਾਵਹਿਂ।
ਮੁਖ ਮੰਡਲ ਦੁਤਿ ਸਦਨ ਸੁਹਾਵਹਿਂ' ॥੩੬॥
ਸੁਨਿ ਸਤਿ ਗੁਰੁ ਨਿਜ ਸ਼੍ਰੌਨ ਮਝਾਰਾ।
ਰੋਕਿ ਤੁਰੰਗਮ ਬਾਕ ਉਚਾਰਾ।
'ਸਮੈ ਸ਼ਨਾਨ ਬਖਾਨਤਿ ਜਾਚਾ।
ਚਾਹਤਿ ਪਰਖੜੋ ਜੋ ਗੁਰ ਸਾਚਾ ॥੩੭॥
ਸੋ ਉਠਿ ਕਰਿ ਪੂਰਵੌਂ ਨਿਜ ਆਸਾ।
ਨਿਤ ਚਾਹਤਿ ਜਿਸ ਦਰਸ਼ਨ ਪਾਸਾ।'

[1]ਗਲੀ।

ਸੁਨਿ ਕਰਿ ਤਨੁ ਕੋ ਤੁਰਤ ਅਛਾਦਾ।
ਤਤਛਿਨ ਉਠੀ ਧਰੇ ਅਹਿਲਾਦਾ ॥੩੮॥
ਸੁੰਦਰ ਬਦਨ ਚੰਦ ਮਾਨਿੰਦਾ।
ਸ਼੍ਰੀ ਹਰਿ ਗੋਵਿੰਦ ਰੂਪ ਬਿਲੰਦਾ।
ਲੋਚਨ ਕੀਨਿ ਚਕੋਰਨ ਜੋਰਾ[1]।
ਹੁਇ ਬਲਿਹਾਰੀ ਜੁਗ ਕਰ ਜੋਰਾ ॥੩੯॥
ਅਧਿਕ ਪ੍ਰਸੰਨ ਭਈ ਮਨ ਮਾਹੀ[†]।
ਪ੍ਰੇਮ ਅਧਿਕ ਜਾਂ ਕੇ ਤਨ ਮਾਂਹੀ[*]।
ਸੀਸ ਨਿਵਾਇ ਬੰਦਨਾ ਠਾਨੀ।
ਰੁਕੀ ਪ੍ਰੇਮ ਤੇ ਆਇ ਨ ਬਾਨੀ ॥੪੦॥
'ਧੰਨ ਗੁਰੂ ਪੂਰਨ ਅਵਤਾਰਾ।
ਕਰਜੋ ਸਫਲ ਮੁਝ ਸੰਸੈ ਟਾਰਾ।
ਪੁਰਵੋ ਦਾਸ ਮਨੋਰਥ ਘਨੇ।
ਕਰੇ ਉਧਾਰਨਿ ਜਾਂਹਿ ਨ ਗਨੇ ॥੪੧॥
ਜਸੁ ਕੋ ਕਰਤਿ ਰਹੀ ਚਿਰ ਕਾਲ।
ਚਲੇ ਗੁਰੂ ਸੋ ਭਈ ਨਿਹਾਲ।
ਚੰਚਲ ਚਾਰੁ ਤੁਰੰਗ ਚਲਾਵਤਿ।
ਦੇਖਤਿ ਮੁਖ ਨਰ ਨਾਰਿ ਲੁਭਾਵਿਤ ॥੪੨॥
ਸ਼ਾਹੁ ਸੰਗ ਮਿਲਿ ਗਮਨੇ ਬਨ ਮੈਂ।
ਕਰਤਿ ਅਖੇਰਨਿ ਬਾਂਛਤਿ ਮਨ ਮੈਂ।
ਸ਼ੂਕਰ ਸਸਾ ਕੁਰੰਗ ਹਰਾਏ।
ਸ੍ਵਾਨ ਰੁ ਚੀਤੇ ਛੋਰਿ ਗਹਾਏ ॥੪੩॥
ਅਭਿਲਾਖਤਿ ਫਿਰਿ ਬਨ ਕੇ ਮਹੀਆ।
ਹਟੇ ਨਗਰ ਕੋ ਹਰਖ ਉਮਹੀਆ।
ਨਿਜ ਡੇਰੇ ਮਹਿਂ ਆਨਿ ਬਿਰਾਜੇ।
ਡੀਲ ਦਰਾਜ਼ ਪ੍ਰਲੰਬ ਭੁਜਾ[1] ਜੇ ॥੪੪॥
ਜਸੁ ਬਿਸਤ੍ਰਿਤਿ ਭਯੋ ਤਿਸ ਦੇਸ਼।
ਦਿਨਪ੍ਰਤਿ ਸੰਗਤਿ ਆਇ ਵਿਸ਼ੇਸ਼।
ਦਾਸਨਿ ਕਰਹਿਂ ਕਾਮਨਾ ਪੂਰੀ।

[1]ਜੋੜ ਦਿੱਤੇ (ਅ) ਚਕੋਰਾਂ (ਦੇ ਨੈਣਾਂ ਦਾ) ਜੋੜਾ ਬਣਾ ਦਿਤਾ।

[†]ਇਹ ਦੋ ਤੁਕਾਂ ਬਹੁਤੇ ਲਿਖਤ ਨੁਸਖਿਆਂ ਵਿਚ ਨਹੀਂ ਹਨ; ਇਕ ਲਿਖਤੀ ਨੁਸਖੇ ਵਿਚ ਜਿਥੇ ਇਹ ਤੁਕਾਂ ਨਹੀਂ ਹਨ, ਅਗਲੀਆਂ ਦੋ ਤੁਕਾਂ ਤੋਂ ਅੱਗੇ ਇਹ ਪਾਠ ਹੈ:-ਹਾਥ ਬੰਦ ਕਰਿ ਅਰਜ਼ ਗੁਜਾਰੀ। ਬਖਸ਼ਹੁ ਗੁਰੂ ਜੀ ਸ਼ਰਨਿ ਤਿਹਾਰੀ॥੪੦॥

[1]ਲੰਬਾ ਕੱਦ ਤੇ ਲੰਬੀਆਂ ਹੀ ਬਾਹਾਂ।

ਜਗ ਮਹਿਂ ਸੁਨਿ ਇਹ ਕੀਰਤਿ ਰੂਰੀ
॥੪੫॥
ਸੇਵਕ ਨਏ ਅਨੇਕ ਸੁਜਾਨੇ।
ਆਵਤਿ ਦਰਸ਼ਨ ਕੋ ਸੁਖ ਮਾਨੇਂ।
ਲੇਂ ਗੁਰੁ ਤੇ ਪਗ ਪਾਹੁਲ ਘਨੇ।
ਉਪਦੇਸ਼ਹਿਂ ਦਾਸਨਿ ਹਿਤ ਸਨੇ ॥੪੬॥
ਸੁਨਿ ਕਰਿ ਸੁਜਸੁ ਸੁਜਨ ਹਰਖਾਵਹਿਂ।
ਨਿੰਦਕ ਚੰਦੁ ਆਦਿ ਦੁਖ ਪਾਵਹਿ।
ਕਰਹਿ ਮੇਲ ਕੋ ਸ਼ਾਹੁ ਘਨੇਰੇ।
ਕਬਿ ਹਕਾਰਿ, ਕੈ ਆਵਤਿ ਡੇਰੇ[1] ॥੪੭॥
ਦਰਬ ਅਕੋਰ ਬਸਤ੍ਰ ਬਹੁ ਮੋਲੇ।
ਅਰਪਹਿ ਹਯ ਜੋ ਦੇਸ਼ਨਿ ਟੋਲੇ।
ਇਸ ਬਿਧਿ ਕੇਤਿਕ ਦਿਵਸੁ ਬਿਤਾਏ।
ਨਗਰ ਆਗਰੇ ਥਿਰ ਸੁਖ ਪਾਏ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਆਗਰੇ ਆਗਵਨ' ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

[1]ਕਦੇ ਬੁਲਾਂਵਦਾ ਹੈ, ਕਦੇ ਡੇਰੇ ਆਂਵਦਾ ਹੈ (ਆਪ)।

## ੫੮. [ਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਦਿਨ ਪ੍ਰਤਿ ਪਿਖਿ ਇਖਲਾਸ ਕੋ, ਜਹਾਂਗੀਰ ਗੁਰੁ ਕੇਰ[1]।
ਅਦਬ ਕਰਹਿਂ ਉਮਰਾਵ ਸਭਿ, ਬੰਦਹਿਂ ਜਬਿਹੂੰ ਹੇਰਿ ॥੧॥

[1]ਜਹਾਂਗੀਰ ਤੇ ਗੁਰੂ ਜੀ ਦੀ ਸੱਜਨਤਾ ਮੇਲ ਮਿਲਾਪ।

ਚੰਦੂ ਕੇ ਮੇਲੀ ਦੁਖਹਿਂ, ਨਿੰਦਕ ਅਪਰ ਬਿਸਾਲ।
ਜਥਾ ਚੋਰ ਪਿਖਿ ਚੰਦ ਕੋ, ਜਾਨਹਿ ਦੁਖਦ ਕਰਾਲ ॥੨॥

ਚੌਪਈ:

ਚੰਦੂ ਸੁਨਹਿ ਸ਼ਾਹੁ ਕੋ ਮੇਲ।
ਕਰਹਿ ਅਖੇਰ ਹੋਹਿ ਗੁਰ ਗੈਲਿ[1]।
ਦਰਬ ਪੰਚ ਸੈ ਨੀਤਿ ਪੁਚਾਵੈ।
ਕਹਹਿ ਮਧੁਰ ਸਨਮਾਨ ਬਧਾਵੈ ॥੩॥

[1]ਗੁਰੂ ਜੀ ਦੇ ਨਾਲ ਹੋਕੇ।

-ਮਮ ਪ੍ਰਾਨਨਿ ਕੋ ਸ਼ੱਤ੍ਰੂ ਮਹਾਂ।
ਸ਼ਾਹੁ ਸੰਗ ਮਿਲਿ ਧਨ ਗਨ ਲਹਾ।
ਨਿਤ ਪ੍ਰਤਿ ਮਿਲਹਿ ਵਧਹਿ ਅਧਿਕਾਇ।
ਇਮ ਜੋ ਭਯੋ ਮੋਹਿ ਦੁਖਦਾਇ ॥੪॥
ਬਿਨ ਉਪਾਇ ਬਿਨ ਚਿੰਤ ਜਿ ਰਹੋਂ।
ਨਹੀਂ ਬਚੌਂ ਤਿਨ ਤੇ ਦੁਖ ਸਹੋਂ।
ਮੈਂ ਬਨਿ ਚੁਗਲ ਮੁਗਲ ਪਤਿ ਪਾਸ।
ਚੁਗਲੀ ਉਗਲੀ ਬੋਲਜੋ ਤਾਸ[1] ॥੫॥

[1]ਚੁਗਲੀ ਉਗਲਕੇ ਤਿਸ (ਬਾਦਸ਼ਾਹ ਨੂੰ ਗੁਰੂ ਜੀ ਬਾਬਾਤ) ਕਹਿਆ।

ਬੁਰਾ ਕਰਨਿ ਤਿਸ[1] ਕੀਨਿ ਉਪਾਇ।

[1]ਭਾਵ ਗੁਰੂ ਜੀ ਦਾ ਬੁਰਾ ਕਰਨ ਦਾ।

ਭਲਾ ਬਿਸਾਲ ਬਨਤਿ ਨਿਤ ਜਾਇ।
ਖਰ ਕੰਟਕ ਲਖਿ ਬੋਵਨਿ ਕਰਜੋ[1]।

[1](ਚੁਗਲੀ ਨੂੰ) ਤਿੱਖਾ ਕੰਡਾ ਜਾਣਕੇ ਬੀਜਿਆ ਸੀ। (ਅ) (ਬੁਰਾ ਕਰਨ ਨੂੰ) ਤ੍ਰਿੱਖਾ ਕੰਡਾ ਜਾਣਕੇ।

ਸੋ ਤੋ ਰਹਜੋ ਕਮਲ ਸ਼ੁਭ[1] ਖਿਰਜੋ ॥੬॥

[1]ਸਤਿਕਾਰ ਰੂਪ ਸ਼ੁਭ) ਕਮਲ।

ਧਨ ਸੁਗੰਧਤਾ[1] ਜਿਸ ਤੇ ਪਾਈ[2]।

[1]ਸੁਗੰਧਤਾ ਰੂਪੀ ਧਨ। [2]ਮਿਲਿਆ।

ਯੌਂ ਬਿਪਰੀਤਿ ਭਈ ਬਰਿਆਈ[1]†।

[1]ਮੱਲੋ ਮੱਲੀ। †ਪਾ:-ਬੁਰਿਆਈ।

ਅਬਿ ਕੋ ਜਤਨ ਬਨਾਵੌਂ ਐਸੇ।

ਹਰਿਗੁਵਿੰਦ ਕਾਰਾਗ੍ਰਹ ਬੈਸੇ ॥੭॥
ਤਹਾਂ ਦਰਬ ਕੋ ਲੋਭ ਦਿਖਾਵੌਂ।
ਕੈਦ ਬਿਖੈ ਕਹਿ ਕੈ ਮਰਿਵਾਵੌਂ।
ਤੌ ਬਚਾਇ ਮੇਰੋ ਹੁਇ ਜਾਇ।
ਮਿਲਹਿਂ ਨ ਸ਼ਾਹੁ ਸੰਗ ਕਿਮ ਆਇ- ॥੮॥
ਇਮ ਗਿਨਤੀ ਕੋ ਗਿਨਤਿ ਹਮੇਸ਼।
ਸੰਕਟ ਚਿੰਤਾ ਜਿਸਹਿ ਵਿਸ਼ੇਸ਼।
ਗਿਨਤਿ ਗਟੀ ਕੋ ਜਤਨ ਬਿਚਾਰਾ।
ਮਿਲਜੋ ਨਜੂਮੀ ਸੋਂ ਹਿਤ ਧਾਰਾ ॥੯॥
ਨਿਸ ਮੇਂ ਤਿਮਰ ਭਏ ਘਰ ਗਯੋ।
ਦਰਬ ਪੰਚ ਸੈ ਤਿਸ ਕੋ ਦਯੋ।
ਭਨਤਿ ਬਿਨੈ ਸਮੁ[1] ਤਿਸਕੇ ਸਾਥਾ।
'ਮੇਰੋ ਭਲੋ ਅਹੈ ਤੁਵ ਹਾਥਾ ॥੧੦॥
ਚਿਤ ਦੇ ਕਰਹੁ ਇਹੀ ਉਪਕਾਰ।
ਅਪਰ ਦੇਉਂ ਧਨ ਪੰਚ ਹਜ਼ਾਰ।
ਹੁਇ ਲਚਾਰ ਮੈਂ ਤੁਝ ਢਿਗ ਆਯੋ।
ਬਨਿ ਸਹਾਇ ਅਬਿ ਹੌਂ ਸ਼ਰਨਾਯੋ' ॥੧੧॥
ਸੁਨਤਿ ਨਜੂਮੀ ਬੋਲਨਿ ਕੀਨਿ।
'ਸ਼ਾਹੁ ਦਿਵਾਨ ਭਏ ਕਿਮ ਦੀਨ।
ਸਿਰ ਕੇ ਜੋਰ ਕਰੌਂ ਤੁਵ ਕਾਜਾ।
ਫੇਰ ਸ਼ਾਹੁ ਮਤਿ ਸਹਤ ਸਮਾਜਾ[1] ॥੧੨॥
ਕੋ ਦੁਖ ਭਯੋ ਸੁਨਾਵਨ ਕਰੀਅਹਿ?
ਮੈਂ ਨਿਰਵਾਰੌਂ ਚਿੰਤ ਨ ਧਰੀਅਹਿ।'
ਸੁਨਿ ਤਬਿ ਸਭਿਹਿ ਬ੍ਰਿਤੰਤ ਉਚਾਰਾ।
'ਹਿੰਦੁ ਗੁਰੂ ਸੰਗ ਬੈਰ ਹਮਾਰਾ ॥੧੩॥
ਤੁਝ ਤੇ ਪਰਦਾ ਨਾਂਹਿਨ ਰਾਖੌਂ।
ਜਥਾ ਭਈ ਸਗਰੀ ਮੈਂ ਭਾਖੌਂ।
ਗੁਰੁ ਅਰਜਨ ਕੋ ਸਦਨ ਉਤਾਰਾ।
ਦੇ ਸਜਾਇ ਬਡ ਪੂਰਬ ਮਾਰਾ ॥੧੪॥
ਅਬਿ ਤਿਸ ਕੋ ਸੁਤ ਹਰਿਗੋਵਿੰਦ।
ਕਰਜੋ ਸ਼ਾਹੁ ਸੋਂ ਮੇਲ ਬਿਲੰਦ।

[1]ਬੇਨਤੀ ਵਾਂਗ।

[1]ਫੇਰਾਂਗਾ ਬਾਦਸ਼ਾਹ ਦੀ ਮੱਤ ਸਭਾ ਦੇ ਸਮੇਤ।

ਮੈਂ ਕਰਿ ਚਾਰੀ ਇਹਾਂ ਹਕਾਰਾ।
ਆਇ ਆਪਨੋ ਕਾਜ ਸਵਾਰਾ ॥੧੫॥
ਤਿਸ ਕੋ ਹਤਜੋ ਚਹਤਿ ਮੈਂ ਅਬੈ।
ਇਮ ਉਪਾਇ ਚਿਤਵਜੋ ਸੁਨਿ ਸਬੈ।
ਤੂੰ ਕਹਿ ਸ਼ਾਹੁ ਸੰਗ ਅਸ ਬਾਤ।
ਸਾਢਸਤੀ[1] ਆਈ ਬੱਖਜਾਤ ॥੧੬॥

[1]ਗ੍ਰਹ ਛਨਿੱਛਰ ਦੀ ਸਾਢੇ ਸੱਤ ਵਰ੍ਹੇ ਯਾ ਸਾਢੇ ਸੱਤ ਮਹੀਨੇ ਯਾ ਸਾਢੇ ਸੱਤ ਦਿਨ ਦੀ ਇਕ ਦਸ਼ਾ, ਜਿਸ ਦਾ ਫਲ ਜੋਤਸ਼ੀ ਬਹੁਤ ਬੁਰਾ ਦੱਸਦੇ ਹਨ। [ਪੰਜਾਬੀ, ਸਾੜ ਸਤੀ। = ਸਾਢੇ+ਸੱਤ+ਈ।

ਮੁਖ ਮੁਰਝਾਇ ਬਨਹੁ ਦਿਲਗੀਰਿ।
ਜਿਸ ਤੇ ਸ਼ਾਹੁ ਧਰੈ ਨਹਿਂ ਧੀਰ।
ਮ੍ਰਿਤੁ ਕੋ ਭੈ ਦਿਖਰਾਵਨਿ ਕਰੀਅਹਿ।
ਬੂਝੈ ਜਤਨ ਤ ਏਵ ਉਚਰੀਅਹਿ ॥੧੭॥
-ਹਰਿਗੁਵਿੰਦ ਆਖਯ[1] ਬੱਖਜਾਤ।

[1]ਨਾਮ (ਹੋਵੇ)।

ਸੋਢੀ ਹੋਇ ਸੁ ਖੱਤ੍ਰੀ ਜਾਤਿ।
ਹਿਤ ਤੁਮਰੇ ਸੋ ਫੇਰਹਿ ਮਾਲਾ।
ਥਲ ਗੁਲੇਰ[1] ਮਹਿਂ ਬੈਠਿ ਨਿਰਾਲਾ ॥੧੮॥

[1]ਗੁਵਾਲੀਅਰ।

ਤਬਿ ਸੁਖੈਨ ਦਿਨ ਬਿਤਹਿਂ ਤੁਮਾਰੇ-।
ਏਵ ਪ੍ਰਬੋਧਹੁ ਜਾਇ ਸਕਾਰੇ।
ਟਰਹਿ ਸ਼ੱਤ੍ਰ ਤਬਿ ਲਿਹੁ ਧਨ ਘਨੋ।
ਕਰਹੁ ਜਤਨ ਬਹੁ ਬੁਧਿ ਤੇ ਭਨੋ' ॥੧੯॥
ਤਬਹਿ ਨਜੂਮੀ ਧੀਰਜ ਦੀਨਿ।
'ਮੈਂ ਇਮ ਕਰੌਂ ਚਿੰਤ ਕਰਿ ਹੀਨ।
ਸ਼ਾਹੁ ਕਰਹਿ ਨਿਤ ਮੈਂ ਜੁ ਬਤਾਏ।
ਪੂਰਬ ਅਨਿਕ ਬਾਰ ਪਤਿਯਾਏ ॥੨੦॥
ਇਕ ਮੇਰੇ ਕਹਿਬੇ ਕੀ ਦੇਰਿ।
ਸੁਨਤਿ ਗੁਰੂ ਕੋ ਪਠਹਿ ਗੁਲੇਰ।'
ਗਯੋ ਚੰਦੁ ਤਬਿ ਹਰਖ ਧਰੰਤਾ।
ਜਾਨਜੋ -ਗਹਜੋ ਨ ਛੁਟਹਿ ਕਦੰਤਾ ॥੨੧॥
ਪਿਤ ਕੈ ਸਮ ਕਰਿ ਕੈ ਇਸ ਹਾਨ।
ਤਬਿ ਨਿਚਿੰਤ ਹੁਇ ਟਿਕੌਂ ਸਥਾਨ-।
ਨਿਸ ਮਹਿਂ ਪਰਜੋ ਰਹਜੋ ਨਹਿਂ ਸੋਵਾ।
ਗਿਨਤ ਗਟੀ ਚਿਤ ਚਿੰਤ ਪਰੋਵਾ ॥੨੨॥

ਭਈ ਪ੍ਰਭਾਤਿ ਨਜੂਮੀ ਗਯੋ।
ਬਗਲ ਕਿਤਾਬ ਮਲਿਨ[1] ਮੁਖ ਕਿਯੋ। [1]ਉਦਾਸ।
ਜਾਇ ਸਲਾਮ ਸ਼ਾਹੁ ਸੋਂ ਕਰੀ।
ਕਹਿਨ ਬਾਤ ਚਾਤੁਰਤਾ ਧਰੀ ॥੨੩॥
ਮਲਿਨ ਨਜੂਮੀ ਕੀ ਦਿਸ਼ ਹੇਰਿ।
ਸ਼ਾਹੁ ਬਿਹਸ ਬੂਝਤਿ 'ਹੈ ਖੈਰ?
ਕਿਮ ਆਵਤਿ ਹੈ ਮਨ ਮੁਰਝਾਯੋ?
ਕਛੂ ਕਾਜ ਤੌਂ ਨਹਿਂ ਬਿਗਰਾਯੋ?' ॥੨੪॥
ਸੁਨਿ ਕਰਿ ਕਹਨਿ ਲਾਗਿ ਛਲ ਸਾਨੀ।
'ਬਿੱਦਜਾ ਕਰਹਿਂ ਬਿਚਾਰ ਮਹਾਨੀ।
ਦਯੋ ਆਪ ਕੋ ਸਭਿ ਕੁਛ ਖਾਤਿ[1]। [1]ਖਾਂਦਾ ਹਾਂ।
ਚਹਿਂ ਦਿਨ ਰੈਨ ਖੈਰ ਤੁਵ ਗਾਤਿ[1] ॥੨੫॥ [1]ਤੇਰੇ ਸਰੀਰ ਦੀ ਸੁਖ।
ਖੋਜਨਿ ਕਰੇ ਭਲੇ ਗ੍ਰੈਹ ਸਾਰੇ।
ਸਾਢਸਤੀ ਅਬਿ ਚਢੀ ਤੁਮਾਰੇ।
ਕ੍ਰੂਰ ਮਹਦ ਇਹ ਦੁਖ ਕੀ ਦਾਤਾ।
ਜਿਸ ਪਰ ਚਢਤਿ ਕਰਤਿ ਇਹ ਘਾਤਾ ॥੨੬॥
ਪੁਨ ਉਪਾਇ ਮੈਂ ਅਧਿਕ ਬਿਚਾਰੇ।
ਜਿਸ ਤੇ ਨੀਕੀ ਰਹੈ ਤੁਮਾਰੇ।'
ਸੁਨਤਿ ਸ਼ਾਹੁ ਦਲਕਯੋ[1] ਧਰਿ ਤ੍ਰਾਸਾ। [1]ਕੰਬ ਗਿਆ।
'ਕਬਿ ਤੇ ਚਢੀ ਕਹਹੁ ਮੁਝ ਪਾਸਾ? ॥੨੭॥
ਜਤਨ ਬਿਚਰਾਯੋ ਸੋ ਕਹਿ ਦੀਜੈ।
ਸਾਢਸਤੀ ਬਲ ਜਿਸ ਤੇ ਛੀਜੈ।'
ਤਬਹਿ ਨਜੂਮੀ ਬਾਕ ਉਚਾਰੇ।
'ਦੁਖਦ ਚਢੀ ਇਹ ਆਜ ਤਿਹਾਰੇ ॥੨੮॥
ਬਹੁ ਲੋਕਨਿ ਕੋ ਨਹੀਂ ਸੁਨਾਵਹੁ।
ਰਾਖਹੁ ਗੋਪ ਮਹਾਂ ਫਲ ਪਾਵਹੁ।
ਸੋਢਿ ਬੰਸ ਖੱਤ੍ਰੀ ਸ਼ੁਭ ਜਾਤੀ।
ਹਰਿ ਗੋਵਿੰਦ ਨਾਮ ਬੱਖਯਾਤੀ ॥੨੯॥
ਕਰਹਿ ਸ਼ਨਾਨ ਤੀਨ ਹੂੰ ਕਾਲਾ।
ਦੁਰਗ ਗੁਆਲਿਯਰ ਥਾਨ ਨਿਰਾਲਾ।

ਗਹਿ ਕਰਿ ਮਾਲਾ ਬੈਠਹਿ ਬਰਨੀ[1]।

ਠਾਨਿ ਮੌਨਿ ਕਰਿ ਐਸੇ ਕਰਨੀ ॥੩੦॥
ਤੁਮਰੇ ਹੇਤੁ ਮਨੋਰਥ ਧਾਰੈ।
ਪਾਕ ਅਲਾਹ ਰਿਦੈ ਸੰਭਾਰੈ।
ਕਰਹ ਜਤਨ ਹੁਇ ਖੈਰ ਤੁਮਾਰੀ।
ਸਾਵਸਤੀ ਬਲ ਹੁਇ ਨਿਰਵਾਰੀ ॥੩੧॥
ਅਪਨੇ ਦੇਸ਼ ਅਸ਼ੇਸ਼ ਵਿਸ਼ੇਸ਼।
ਖੋਜਹੁ ਅਸ ਨਰ ਮਿਟਹਿ ਕਲੇਸ਼।'
ਸੁਨਤਿ ਸ਼ਾਹੁ ਚਿਤ ਚਿੰਤ ਪਰੋਵਾ।
ਕਹੇ ਨਮੂਜੀ ਕੇ ਡਰੁ ਹੋਵਾ ॥੩੨॥
ਇਕ ਚੰਦੂ ਦੁਇ ਤ੍ਰੈ ਉਮਰਾਊ।
ਹੁਤੇ ਸਮੀਪ, ਬਿਲੋਕਿ ਸੁਭਾਊ।
ਸਭਿਨਿ ਏਕ ਮਤਿ ਪੂਰਬ ਗਿਨਜੋ।
ਤਊ ਨ ਬਿਨੁ ਬੂਝੇ ਤਿਨ ਭਨਜੋ ॥੩੩॥
ਕਿਤਿਕ ਕਾਲ ਸੋਚਤਿ ਰਹਿ ਸ਼ਾਹੂ।
ਬੋਲਜੋ ਬਹੁਰ ਬਿਲੋਕੇ ਪਾਹੂ।
'ਅਸ ਨਰ ਹੈ ਕਿ ਨਹੀਂ ਕਿਸ ਠਾਹਰ?
ਨਤੁ ਖੋਜਹੁ ਪੁਰਿ ਕਰਿ ਬਹੁ ਆਹਰ ॥੩੪॥
ਕਰਹਿ ਜੁ ਬਰਨੀ ਫੇਰੈ ਮਾਲਾ।
ਮੋਹਿ ਬਿਖਾਦ ਬਿਨਾਸ਼ ਬਿਸਾਲਾ।
ਅਸ ਆਨਹੁ ਖੋਜਹੁ ਪੁਰਿ ਸਾਰੇ।
ਤਿਸ ਕੋ ਦੈ ਹੌਂ ਦਰਬ ਉਦਾਰੇ' ॥੩੫॥
ਚੰਦੂ ਇਕ ਉਮਰਾਵ ਸੁ ਪ੍ਰੇਰਾ।
ਸ਼ਾਹੁ ਸੰਗ ਬੋਲਜੋ ਤਿਸ ਬੇਰਾ।
'ਐਸੋ ਨਰ ਰਾਵਰ ਕੇ ਪਾਸ।
ਸਗਰੇ ਪਤੇ ਮਿਲਤਿ ਹੈਂ ਤਾਸ[1] ॥੩੬॥
ਜੋ ਹਿੰਦੁਨਿ ਮਹਿਂ ਗੁਰੂ ਕਹਾਵੈ।
ਲਾਖਹੁੰ ਸਿਖ ਬਨਿ ਸੀਸ ਨਿਵਾਵੈਂ।
ਜਿਨਹੁ ਵਹਿਰ ਕੇਹਰਿ ਕੋ ਮਾਰਾ।
ਸੋ ਇਸ ਬਿਧਿ ਕੋ ਰਿਦੇ ਬਿਚਾਰਾ ॥੩੭॥

[1]ਕਿਸੇ ਕੰਮ ਦੀ ਸਿਧੀ ਲਈ ਜਪ ਆਦਿ ਕਰਨ ਬੈਠਣਾ।

[1]ਤਿਸਦੇ।

ਸੋਢੀ ਕੁਲ ਖੱਤ੍ਰੀ ਤਿਨ ਜਾਤਿ।
ਹਰਿ ਗੋਵਿੰਦ ਨਾਮ ਬੱਖਜਾਤਿ।
ਕਰਾਮਾਤ ਭੀ ਸੁਨੀ ਸੁ ਰਾਖੈ।
ਲੋਕ ਸਕਲ -ਗੁਰ ਗੁਰ- ਤਿਸ ਭਾਖੈਂ ॥੩੮॥
ਦਰਬ ਪੰਚ ਸੈ ਰਾਵਰਿ ਘਰ ਤੇ।
ਪਹੁੰਚਤਿ ਨਿਤਿ ਅਨੰਦ ਸੋਂ ਬਰਤੇ।'
ਕਹੈ ਸ਼ਾਹੁ 'ਸੋ ਤੌ ਗੁਰੁ ਪੀਰ।
ਮੁਰ ਉਰ ਸ਼ਰਧਾ ਪਿਖਿ ਭੇ ਤੀਰ[1] ॥੩੯॥

[1]ਮੇਰੇ ਰਿਦੇ ਦੀ ਸ਼ਰਧਾ ਦੇਖ ਕੇ (ਮੇਰੇ) ਪਾਸ ਆਏ ਹਨ।

ਕਿਮ ਇਹ ਬਾਤ ਕਹਨਿ ਬਨਿ ਆਵੈ।
ਬਰਨੀ ਕਰਨੀ[1] ਦੁਰਗ ਸਿਧਾਵੈਂ।

[1]ਕਰਨ ਲਈ।

ਸ਼੍ਰੀ ਨਾਨਕ ਗਾਦੀ ਜੁ ਭਲੀ ਹੈ।
ਤਿਸ ਪਰ ਬੈਠਯੋ ਬਾਕ[1] ਬਲੀ ਹੈ' ॥੪੦॥

[1]ਬਚਨਾਂ (ਦਾ)।

ਸੁਨਿ ਬੋਲਯੋ ਤਬਿ ਚੰਦੁ ਕੁਪੱਤਾ।
'ਤੁਮ ਕੁਲ ਕੇ ਦੀਪਕ ਚਵਗੱਤਾ।
ਜਹਾਂ ਪਨਾਹ[1] ਆਪ ਬਡਭਾਗੇ।

[1]ਜਗਤ ਦਾ ਆਸਰਾ।

ਸਭਿ ਜਗ ਕੇ ਦ੍ਰਿਗ ਤੁਮ ਦਿਸ਼ਿ ਲਾਗੇ ॥੪੧॥
ਖੈਰ ਸ਼ਰੀਰ ਜਿ ਹੋਹਿ ਤੁਮਾਰੇ।
ਤੌ ਗਿਨਤੀ ਅਸ ਕਹਾਂ ਬਿਚਾਰੇ।
ਤੁਮ ਤੇ ਸ੍ਰੇਸ਼ਟ ਅਪਰ ਨ ਕੋਈ।
ਰਾਵਰਿ ਸ਼੍ਰੇਯ ਕਰਹਿ ਨਹਿਂ ਜੋਈ[1] ॥੪੨॥

[1]ਜੋ ਆਪ ਦਾ ਸੁਖ ਨਾ ਤੱਕਣਾ ਕਰੇ।

ਸ਼੍ਰੀ ਨਾਨਕ ਗਾਦੀ ਪਰ ਬੈਸਾ।
ਰਿਦੈ ਨ ਸੰਸਾ ਕੀਜਹਿ ਐਸਾ।
ਸੋ ਬੇਦੀ ਕੁਲ ਮਹਿਂ ਤਨ ਪਾਯੋ।
'ਗੁਰੁ ਸੁਤ ਸੋਂ ਕਿਯ ਸੁਤਾ ਸਗਾਈ।'
ਸੁਨਿ ਸੁਖਦੇਈ ਭਈ ਅਨੰਦਾ।
'ਬਡੇ ਭਾਗ ਤੇ ਮਿਲੇ ਮੁਕੰਦਾ ॥੩੫॥
ਗੁਰੂ ਪੁੱਤ੍ਰ ਕੋ ਬਜਾਹਨਿ ਆਵੈਂ।

[1]ਭਾਵ ਪਹਿਲੇ ਸਤਿਗੁਰੂ ਜੀ ਨੇ ਆਪ ਮਹੂਰਤ ਮਾਤ੍ਰ (= ਥੋੜ੍ਹਾ ਜਿਹਾ) ਟੱਕ ਲਾਇਆ।

[†]ਪਾ:-ਕਹਿ ਕੌਲਾਂ ਕੋ ਸਭਿ ਸਮੁਝਾਯਹੁ।

ਨਗਰ ਲੋਕ ਸਗਰੇ ਦਰਸਾਵੈਂ।
ਸਭਿ ਪਰਿ ਭਯੋ ਤੋਰਿ ਉਪਕਾਰਾ।
ਅਰੁ ਆਛੋ ਨਿਜ ਕਾਜ ਸੁਧਾਰਾ' ॥੩੬॥
ਬੀਤ ਗਏ ਜਬਿ ਤੀਨ ਮਹੀਨੇ।
ਆਯੋ ਮਾਘ ਭਲੇ ਦਿਨ ਚੀਨੇ।
ਨਿਜ ਪਤਨੀ ਸੋਂ ਕੀਨਿ ਸਲਾਹ।
ਕਰਿ ਦੀਜਹਿ ਤਨੁਜਾ ਕੋ ਬਜਾਹ ॥੩੭॥
ਪਾਂਧੇ ਤੇ ਸੁਧਾਇ ਕਰਿ ਸਾਹਾ[†]।
ਲਿਖਿ ਭੇਜਯੋ ਸਤਿਗੁਰੁ ਕੇ ਪਾਹਾ।
ਆਯੋ ਦਿਜ ਆਸ਼ਿਖ ਕੋ ਦੀਨਿ।
'ਕਿਤਿ ਤੇ ਆਯੋ?' ਬੂਝਿਨਿ ਕੀਨਿ ॥੩੮॥
ਸੁਨਿ ਬੋਲਯੋ 'ਰਾਮੇ ਮੁਝ ਭੇਜਾ।
-ਸਾਹਾ ਸਤਿਗੁਰੁ ਕੇ ਢਿਗਿ ਲੇ ਜਾ-।
ਨਗਰ ਵਟਾਲੇ ਤੇ ਚਲਿ ਆਯਹੁ।
ਇਸਿ ਹਿਤਿ ਕਰਿ ਗੁਰ ਦਰਸ਼ਨ ਪਾਯਹੁ ॥੩੯॥
ਉਦੈ ਭਾਗ ਨਰ ਕੇ ਜਬਿ ਹੋਇ।
ਤਬਿ ਰਾਵਰ ਕੌ ਦਰਸ਼ਨ ਜੋਇ।
ਰਾਮੇ ਕਹੀ ਬੰਦਨਾ ਕਰਨਿ।
ਬਿਨਤੀ ਸਹਤ ਆਪਿ ਕੇ ਚਰਨ' ॥੪੦॥
ਦਿਜ ਤੇ ਲੇ ਪਾਤੀ ਪਠਿਵਾਈ।
'ਮਾਸ ਵਿਸਾਖ ਮਹਾਂ ਸੁਖਦਾਈ।
ਸਾਹਾ ਮੈਂ ਆਛੋ ਸੁਧਿਵਾਯੋ।
ਅੰਗੀਕਾਰ[1] ਤੁਮਹਿ ਬਨਿ ਆਯੋ' ॥੪੧॥
ਸਤਿਗੁਰੁ ਕੇ ਮੰਦਿਰ ਸੁਧਿ ਗਈ।
ਸਭਿ ਸੁਨਿ ਕਰਿ ਮਨ ਮੋਦਨਿ ਭਈ।
ਗੰਗਾ ਕਹਯੋ 'ਕਾਜ ਭਾ ਆਛੋ।
ਉਤਸਵ ਦੇਖਨਿ ਕੋ ਬਹੁ ਬਾਂਛੋਂ' ॥੪੨॥
ਦਿਜ ਕੀ ਸੇਵ ਸੌਂਪਿ ਕਰਿ ਗਏ।
ਸਤਿਗੁਰ ਮੰਦਿਰ ਪ੍ਰਾਪਤਿ ਭਏ।

[†]ਸਾਹੇ ਬਾਬਤ ਪਿਛੇ ਕਈ ਥਾਂ ਲਿਖ ਆਏ ਹਾਂ, ਦੇਖੋ ਰਾਸ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

[1]ਪਰਵਾਨ ਕਰਨਾ।

ਅਤਿ ਪ੍ਰਸੰਨ ਹੁਇ ਬੂਝਨਿ ਕੀਨੇ।
'ਕੌਨ ਮਾਸ ਕੋ ਸਾਹਾ ਦੀਨੇ?' ॥੪੩॥

ਦੋਹਰਾ:

ਸ਼੍ਰੀ ਗੁਰੁ ਹਰਿਗੋਬਿੰਦ ਜੀ
ਭਾਖਜੋ ਸਭਨਿ ਸੁਨਾਇ।
'ਮਾਸ ਵਿਸਾਖ ਇਕੀਸਵੀਂ
ਸੋਧਜੋ ਲਿਖਜੋ ਬਨਾਇ' ॥੪੪॥
ਸੁਨਿ ਸਭਿ ਬਿਖੈ ਅਨੰਦ ਭਾ
ਮੰਗਲ ਮਹਿਦ ਪ੍ਰਸੰਗ।
ਸਹਤ ਸਨੂਖਾ ਤੀਨ ਕੇ
ਰਿਦੇ ੳੁਮੰਗਤਿ ਗੰਗ ॥੪੫॥
ਗੀਤ ਮੰਗਲਾਚਾਰ ਕੇ
ਪਿਕਬੈਨੀ ਮਿਲਿ ਗਾਇੰ।
ਗੁਰੁ ਕੈ ਉਤਸਵ ਬਿਦਤਿਓ
ਸੁਨਿ ਸੁਨਿ ਸਭਿ ਹਰਖਾਇੰ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੌਲਸਰ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

## ੫੯. [ਸ੍ਰੀ ਗੁਰਦਿੱਤਾ ਵ੍ਯਾਹ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਦਿਨ ਦੋਇਕਿ ਦਿਨ ਕੋ ਰਖ੍ਯੋ, ਲਾਗ ਦਰਬ
ਕੋ ਦੀਨ।
ਕੇਤਿਕ ਦਿਨ ਬੀਤੇ ਪ੍ਰਭੂ, ਤ੍ਯਾਰਿ ਸਮਾਜ ਸੁ
ਕੀਨਿ ॥੧॥

ਚੌਪਈ:

ਦੇ ਦੇ ਦਰਬ ਮਸੰਦ ਪਠਾਏ।
ਸਰਪੀ ਸਿਤਾ ਬਟੋਰਤਿ ਲ੍ਯਾਏ।
ਸੂਖਮ ਚਾਵਰੁ ਚਾਰੁ ਲੰਮੇਰੇ।
ਤਿਮਿ ਗੋਧੂਮ ਜਹਾਂ ਸ਼ੁਭ ਹੇਰੇ ॥੨॥
ਜੇਤੋ ਖਰਚ ਲਖ੍ਯੋ ਮਨ ਮਾਂਹੀ।
ਦੁਗਨ ਵਸਤੁ ਲ੍ਯਾਵਤਿ ਭੇ ਤਾਂਹੀ।
ਬ੍ਰਿੰਦ ਕਰਾਹੇ ਦਏ ਚਢਾਇ।
ਸ਼ੁਭ ਪਕਵਾਨ ਪਾਕ ਸਮੁਦਾਇ ॥੩॥
ਪ੍ਰਥਮ ਥਾਰ ਗਨ[1] ਭਰਿ ਕਰਿ ਲ੍ਯਾਏ।
ਬ੍ਰਿੰਦ ਸੇਵਕਨਿ ਤੇ ਉਚਵਾਏ।
ਸ੍ਰੀ ਦਰਬਾਰ ਬੰਦਨਾ ਕੀਨਿ।
ਫਿਰੇ ਪ੍ਰਦਖਨਾ ਚਾਰਹੁੰ ਦੀਨਿ ॥੪॥
ਬ੍ਰਿਧ ਸਾਹਿਬ, ਭਾਈ ਗੁਰਦਾਸ।
ਇਨਿ ਤੇ ਕਰਿਵਾਇਸਿ ਅਰਦਾਸ।
ਸਰਬ ਪ੍ਰਸਾਦ ਬ੍ਰਤਾਵਨਿ ਕਰੇ।
ਬਹੁਰ ਨਿਕੇਤ ਆਇ ਹਿਤ ਧਰੇ ॥੫॥
ਆਗ੍ਯਾ ਕਰੀ 'ਸਬੰਧ ਜਹਾਂ ਜਹਿਂ।
ਗਨ ਪਕਵਾਨ ਪਠਾਇ ਤਹਾਂ ਤਹਿਂ।
ਸਗਰੋ ਮੇਲਿ[1] ਹਕਾਰਨਿ ਕਰੋ।
ਇਸਿ ਕਾਰਜ ਕੀ ਬਿਲਮਿ ਨ ਧਰੋ' ॥੬॥
ਪ੍ਰਥਮ ਖਡੂਰ ਸੁ ਗੋਇੰਦਵਾਲ।
ਗੰਗ ਮਾਤ ਨੇ ਪਠੀ ਬਿਸਾਲ।
ਮੰਡਿਆਲੀ ਰੁ ਡਰੋਲੀ ਡੱਲੇ।
ਦੇ ਪਕਵਾਨ ਦੂਤ ਗਨ ਘੱਲੇ ॥੭॥

[1]ਥਾਲ ਬਹੁਤੇ।

[1]ਵਿਆਹ ਵਿਚ ਸ਼ਾਮਲ ਹੋਣ ਲਈ ਜੋ ਸਾਕ ਆਦਿਕ ਸੱਦੇ ਜਾਣ।

ਰਾਮਦਾਸ ਪੁਰਿ ਮਹਿਂ ਘਰ ਸਾਰੇ।
ਪਠਿ ਕਰਿ ਤਿਨਹੁਂ ਅਨੰਦ ਕੋ ਧਾਰੇ।
ਅਪਰ ਜਿ ਮੰਗਲ ਅਨਿਕ ਪ੍ਰਕਾਰੇ।
ਕਰਤਿ ਰਹੇ ਜਿਮਿ ਗੰਗ ਉਚਾਰੇ ॥੮॥
ਬਿਧੀਏ ਕੋ ਸਭਿ ਸੌਂਪਿ ਸਮਾਜਾ।
ਕਰੇ ਅਨੇਕ ਬਜਾਹ ਕੇ ਕਾਜਾ।
ਸਰਬ ਰੰਗ ਕੇ ਤੰਬੂ ਘਨੇ।
ਰੇਸ਼ਮ ਕੀ ਡੋਰਨਿ ਸੋਂ ਬਨੇ ॥੯॥
ਤਿਨ ਮਹਿਂ ਫਰਸ਼ ਗ਼ਿਲਮਿ[1] ਤੇ ਆਦੀ।
ਕਰਿ ਕੈ ਤਜਾਰਿ ਰਖੀ ਹਿਤ ਸ਼ਾਦੀ।
ਜ਼ੀਨ ਤੁਰੰਗਨਿ ਲਿਪਟੇ ਜ਼ਰੀ।
ਊਪਰਿ ਚਾਰੁ ਕਰੀ ਬਿਸਤਰੀ[†] ॥੧੦॥
ਸੁਭਟਨਿ ਕੀ ਪੋਸ਼ਿਸ਼ ਬਨਵਾਈ।
ਬਹੁਤਿ ਬਿਭੂਖਨ ਲੀਨਿ ਘਰਾਈ।
ਧਨ ਅਨਗਨ ਜਿਨਿ ਕਿਨ ਗੁਰੁ ਘਰ ਤੇ।
ਲੇ ਲੇ ਸਕਲ ਸਮਾਜਨਿ ਕਰਤੇ ॥੧੧॥
ਜਬਿ ਕੁਛਿ ਤਜਾਰਿ ਹੋਹਿ ਬਨਿਵਾਵਤਿ।
ਸ੍ਰੀ ਸਤਿਗੁਰ ਕੋ ਜਾਇ ਦਿਖਾਵਤਿ।
ਰਹਿ ਜਬਿ ਗਏ ਕਿਤਿਕ ਦਿਨ ਸ਼ੇਖ।
ਆਇ ਪਹੁਚਜੋ ਮੇਲ ਅਸ਼ੇਖ਼ ॥੧੨॥
ਦਾਤੂ ਅਪਰ ਮੋਹਰੀ ਆਏ।
ਬਨਿਤਾ, ਨੰਦ, ਸੰਗਿ ਨਿਜ ਲਜਾਏ।
ਦਯਾ ਕੁਇਰ ਨਾਰਾਇਣ ਦਾਸ।
ਦੰਪਤਿ ਆਏ ਕਰਤਿ ਹੁਲਾਸ ॥੧੩॥
ਸਤਿਗੁਰੁ ਕਰਿ ਕੈ ਬਹੁ ਸਨਮਾਨੇ।
ਜਾਨਿ ਥਾਨਿ ਬਡ ਬੰਦਨ ਠਾਨੇ।
ਬਹੁਰਿ ਗਈ ਸਭਿ ਗੰਗਾ ਪਾਸਿ।
ਮਿਲਿ ਮਿਲਿ ਗਰ ਸੋਂ ਪ੍ਰੇਮ ਪ੍ਰਕਾਸ਼ ॥੧੪॥
ਸੁਨਿ ਦਮੋਦਰੀ ਮਾਤ ਪਿਤਾਏ।
ਉਤਿਕੰਠਾ ਜੁਤਿ ਅੰਕ ਮਿਲਾਏ।
ਕ੍ਰਿਸ਼ਨ ਚੰਦ ਧਨਵੰਤੀ ਆਇ।
ਮਿਲਿ ਗੁਰੁ ਸੋਂ ਸਭਿ ਗਰੇ ਲਗਾਇ ॥੧੫॥

[1]ਭਾਵ, ਗ਼ਲੀਚੇ [ਫ਼ਾ:-ਗ਼ਲੀਮ = ਕੰਬਲ, ਕਾਲੀਚਾ]

[†]ਪਾ:-ਬਸਤਰੀ = ਕਾਠੀ ਤੇ ਗੱਦੀ।

ਦ੍ਵਾਰਾ ਭਾਗਨ ਕੇ ਜੁਤਿ ਆਯੋ।
ਮਰਵਾਹੀ ਸੋਂ ਮਿਲਿ ਸੁਖ ਪਾਯੋ।
ਸਗਰੋ ਸਤਿਗੁਰੁ ਕੋ ਪਰਵਾਰੂ।
ਜੇਤਿਕ ਮੇਲ ਮਿਲਯੋ ਹਿਤ ਧਾਰੂ ॥੧੬॥
ਸਿੰਧੁ ਅਗਾਧ ਅਨੰਦ ਬਿਲੰਦਾ[1]। [1]ਅਨੰਦ ਰੂਪੀ ਵਡੇ ਤੇ ਡੂੰਘੇ ਸਮੁੰਦ੍ਰ ਵਿਚ।
ਕ੍ਰੀੜਤਿ ਤਿਸਿ ਮਹਿਂ ਮਿਲਿ ਕਰਿ ਬ੍ਰਿੰਦਾ।
ਸ਼੍ਰੀ ਗੁਰਦਿੱਤਾ ਬੀਚ ਬਿਠਾਵੈਂ।
ਸਪਤਿ ਸੁਹਾਗਣਿ ਨੇਹ ਚਢਾਵੈਂ[1] ॥੧੭॥ [1]ਤੇਲ ਚੜ੍ਹਾਉਂਦੀਆਂ ਹਨ।
ਮਰਦਨ ਕਰਹਿਂ ਉਬਟਣੋ[1] ਅੰਗ। [1]ਵਟਣਾ।
ਗਾਵਤਿ ਮੰਗਲ ਗੀਤ[†] ਉਮੰਗ। [†]ਪਾ:-ਰੀਤਿ।
ਅਪਰ ਸਰਬ ਕਰਿ ਕੈ ਕੁਲ ਰੀਤਿ।
ਮਿਲਿ ਮਿਲਿ ਦੇਖਤਿ ਹੈਂ ਚਿਤ ਪ੍ਰੀਤ ॥੧੮॥
ਗੁਰੁ ਆਗਜਾ ਤੇ ਸਕਲ ਬਰਾਤੀ।
ਭਏ ਤਯਾਰਿ ਸਜਿ ਸੁੰਦਰ ਭਾਂਤੀ।
ਬਸਨ ਬਿਭੂਖਨ ਪਾਇ ਘਨੇਰੇ।
ਬਨੇ ਜੁ ਖਰਚੇ ਦਰਬ ਘਨੇਰੇ[1] ॥੧੯॥ [1]ਬਹੁਤੇ ਧਨ ਦੇ ਖਰਚਿਆਂ ਜੋ ਬਣੇ ਸਨ।
ਲਘੁ ਦੁੰਦਭਿ ਬਾਜਤਿ ਸ਼ਹਨਾਈ।
ਪਟਹ ਨਿਸ਼ਾਨ ਸ਼ਬਦ ਸਮੁਦਾਈ[†]। [†]ਪਾ:-ਸਮੁਹਾਈ।
ਭਾਟ, ਨਕੀਬ ਉਚਾਰਤਿ ਖਰੇ।
ਲੇਨਿ ਦੇਤਿ ਜਿਤਿ ਕਿਤਿ ਨਰ ਕਰੇ ॥੨੦॥
ਗੁਰੂ ਪੁੱਤ੍ਰ ਗੁਰਦਿੱਤਾ ਤਬੈ।
ਪੋਸ਼ਿਸ਼ ਪੀਤ ਅੰਗ ਧਰਿ ਸਬੈ।
ਸ਼ੁਭਤਿ ਸੇਹਰਾ ਸੁੰਦਰ ਮਾਥੇ।
ਬਾਂਧਿ ਕੰਗਣਾ ਹਾਥਹਿਂ ਸਾਥੇ ॥੨੧॥
ਸ਼੍ਰੀ ਹਰਿਮੰਦਿਰ ਬੰਦਨ ਕਰਿ ਕੈ।
ਤਾਲ ਸਮੇਤਿ ਪ੍ਰਕਰਮਾਂ ਫਿਰਿ ਕੈ।
ਭਏ ਅਰੂਢਨਿ ਚਲੇ ਅਗਾਰੀ।
ਸੰਗਿ ਸੁੰਦਰੀ ਸ਼ੋਭਤਿ ਸਾਰੀ ॥੨੨॥
ਚਲੀ ਬਰਾਤ ਚਢਾਵਨਿ ਆਗੇ।
ਗਾਵਤਿ ਗੀਤ ਮੋਦ ਮੈਂ ਪਾਗੇ।

ਸ਼੍ਰੀ ਹਰਿਗੋਵਿੰਦ ਚਢੇ ਤੁਰੰਗ।
ਸਜੀ ਚਮੂੰ ਚਾਲੀ[1] ਗਨ ਸੰਗਿ ॥੨੩॥ — [1]ਤੁਰੀ।
ਧੌਂਸਾ ਕੀ ਗੰਭੀਰ ਧੁੰਕਾਰਨਿ।
ਦੁਹਰੀ ਚੋਬ ਕਰੀ ਜਬਿ ਮਾਰਨਿ।
ਸਯੰਦਨ[1], ਸਕਟ[2] ਅਨਿਕ ਹੀ ਚਲੇ। — [1]ਰਥ। [2]ਗੱਡੇ।
ਸਿਵਕਾ[1] ਸਜਤਿ ਜ਼ਰੀ ਝਲਮਲੇ ॥੨੪॥ — [1]ਪਾਲਕੀਆਂ।
ਥਾਤੀ[1] ਬ੍ਰਿੰਦ ਦਰਬ ਕੀ ਲੀਨਿ। — [1]ਥੈਲੀਆਂ।
ਜੇਸ਼ਟ ਪੁੱਤ੍ਰ ਬਜਾਹ ਕੋ ਚੀਨ।
ਤੀਨਹੁਂ ਨੁਖਾ ਗੰਗ ਲੇ ਸੰਗਿ।
ਅਪਰ ਨਾਰਿ ਸਗਰੀ ਸ਼ੁਭ ਅੰਗ[1] ॥੨੫॥ — [1]ਭਾਵ ਸੋਹਣੀਆਂ।
ਕਰਿ ਕੁਲ ਰੀਤਿ ਬਰਾਤਿ ਚਢਾਈ।
ਅਧਿਕ ਅਨੰਦਤਿ ਆਲਯ ਆਈ।
ਲੇ ਸਤਿਗੁਰ ਸੁਤ ਸੰਗਿ ਸਸੈਨਾ।
ਚਲਤਿ ਸਕਲ ਕੋ ਹੇਰਤਿ ਨੈਨਾ ॥੨੬॥
ਮਾਰਗ ਉਲੰਘਿ ਕਿਤਿਕ ਜਬਿ ਗਏ।
ਸੰਧਜਾ ਸਮੈ ਸਿਵਰ ਸਭਿ ਕਿਏ।
ਤਹਿਂ ਸਥਾਨ ਸ਼੍ਰੀ ਨਾਨਕ ਕੇਰਾ।
ਬਜਾਹਨਿ ਜਾਤਿ ਕਰਜੋ ਸੁਭ ਡੇਰਾ[1] ॥੨੭॥ — [1]ਜਿਥੇ ਵਜਾਹੁਣ ਜਾਂਦਿਆਂ ਗੁਰੂ ਨਾਨਕ ਜੀ ਨੇ ਡੇਰਾ ਕੀਤਾ ਸੀ।
ਤਹਾਂ ਕਰੀ ਬੰਦਨਾ ਸਭਿ ਜਾਇ[†]। — [†]ਵੇਰਕੇ ਦੇ ਗੁਰਦੁਆਰੇ ਤੋਂ ਭਾਵ ਜਾਪਦਾ ਹੈ, ਇਹ ਗੁਰਦੁਆਰਾ ਵੇਰਕੇ ਪਿੰਡ ਤੋਂ ਪੱਛੋਂ ਨੂੰ ਵਟਾਲੇ ਦੀ ਸੜਕ ਉੱਤੇ ਅੰਮ੍ਰਿਤਸਰੋਂ ੫ ਮੀਲ ਤੇ ਹੈ। ਸਰੋਵਰ ਬੀ ਹੈ ਤੇ ਮੁੜਕੇ ਮੰਦਰ ਦੀ ਸੇਵਾ ਬੀ ਹੋਈ ਹੈ।
ਬੂਝੇ 'ਕਿਸ ਥਲ?' ਗੁਰੂ ਬਤਾਇ[1]। — [1]ਸਿੱਖਾਂ ਨੇ) ਪੁੱਛਿਆ (ਇਹ) ਸਥਾਨ ਕਿਨ੍ਹਾਂ (ਗੁਰੂ ਸਾਹਿਬਾਂ ਦਾ ਹੈ? ਤਾਂ) ਗੁਰੂ ਜੀ ਨੇ ਦੱਸ ਦਿੱਤਾ (ਕਿ ਕਿਨ੍ਹਾਂ ਸਤਿਗੁਰਾਂ ਦਾ ਹੈ)।
ਜਥਾ ਜੋਗ ਤਹਿਂ ਖਾਨਾ ਦਾਨਾ[†]। — [†]ਪਾ:-ਦਾਨਾ ਖਾਨਾ।
ਸਭਿਹਿਨਿ ਕੀਨਿ ਅਨੰਦ ਮਹਾਨਾ ॥੨੮॥
ਵਾਹਨ ਸਗਰੇ ਬਹ ਤ੍ਰਿਪਤਾਏ।
ਕਰਿ ਬਿਸਰਾਮ ਸੁ ਨਿਸਾ ਬਿਤਾਏ।
ਜਾਮ ਜਾਮਨੀ ਜਬਹਿ ਨਿਹਾਰਿ।
ਲਗੀ ਚੋਬ ਧੌਂਸਾ ਧੁੰਕਾਰ ॥੨੯॥
ਸੁਨਿਤਿ ਉਠੇ ਸਭਿ ਤਯਾਰੀ ਕਰੀ।
ਸੌਚਿ ਸ਼ਨਾਨ ਜਥਾ ਰੁਚਿ ਧਰੀ।

ਨਿਜ ਨਿਜ ਵਾਹਨ ਕਾਛਨਿ ਕਰੇ[1]।
ਪੁਨ ਸਤਿਗੁਰ ਅਸਵਾਰੀ ਕਰੇ ॥੩੦॥
ਚਲਨਿ ਸਮੈ ਬਾਜੇ ਸਮੁਦਾਈ।
ਪਟਹ ਨਿਸ਼ਾਨਨਿ ਧੁਨਿ ਉਠਵਾਈ।
ਤੁਰਰੀ, ਢੋਲ, ਬੰਸਰੀ ਘਨੀ।
ਝਾਂਝ, ਨਫੀਰੀ ਨਾਦਤਿ ਸਨੀ ॥੩੧॥
ਚਲੀ ਬਰਾਤਿ ਉਮਡਿ ਕਰਿ ਐਸੇ।
ਨੀਰ ਪ੍ਰਵਾਹ ਬੇਗ ਜੁਤਿ ਜੈਸੇ।
ਸਭਿ ਮਨ ਕੀ ਅਭਿਲਾਖਾ ਧਾਰੈਂ।
-ਕਬਿ ਢੁਕਾਉ ਕੋ ਜਾਇ ਨਿਹਾਰੈਂ-
॥੩੨॥
ਉਤਿ, ਪੁਰਿ ਕੇ ਸਗਰੇ ਨਰ ਨਾਰੀ।
ਬਿਚਰਤਿ ਇਤਿ ਉਤਿ ਹਰਖਤਿ ਭਾਰੀ।
-ਪਿਖਹਿਂ ਬਰਾਤ ਗੁਰੂ ਕੀ ਆਵੈ।
ਦਰਸ਼ਨ ਕਰਿ ਲੋਚਨ ਸਫਲਾਵੈਂ- ॥੩੩॥
ਚਲਤਿ ਸੁਭਟ ਗਨ ਛੁਟਹਿਂ ਤੁਫੰਗ।
ਕਰਹਿਂ ਕੁਵਾਇਦ ਬਿੱਦਜਾ ਸੰਗਿ।
ਮਨਹੁਂ ਕੁਰੰਗ ਤੁਰੰਗ ਕੁਦਾਵਤਿ[1]।
ਬਾਗਨਿ[1] ਫੇਰਿ ਫੇਰਿ ਦਿਖਰਾਵਤਿ ॥੩੪॥
ਬਸਤ੍ਰ ਸ਼ਸਤ੍ਰ ਤੇ ਸਜਤਿ ਬਰਾਤੀ।
ਦਿਪਹਿਂ ਬਿਭੂਖਨ ਸੁੰਦਰ ਕਾਂਤੀ[1]।
ਕਰਤਿ ਬਿਲਾਸ ਪਹੂਚੇ ਜਾਈ।
ਕੋਸ ਵਟਾਲਾ ਰਹਜੋ ਜਦਾਈ[1] ॥੩੫॥
ਉਤਰੇ ਸਤਿਗੁਰੁ ਸੰਘਨੀ ਛਾਯਾ।
ਦੇਖਤਿ ਟਿਕੇ ਮਨੁਜ ਸਮੁਦਾਯਾ।
ਜਹਿਂ ਜਹਿਂ ਜਿਸਿ ਨੇ ਛਾਯਾ ਹੇਰੀ।
ਉਤਰਿ ਪਰੇ ਸਗਰੇ ਤਿਸਿ ਬੇਰੀ ॥੩੬॥
ਤੁਪਕਨਿ[1] ਸ਼ਲਖ ਮੁਦਤਿ ਚਲਿਵਾਈ।
ਦੀਹ[1] ਅਵਾਜ ਉਠੀ ਸਮੁਦਾਈ।
ਪੁਨ ਸਭਿ ਬਾਦਿਤਿ ਕੀ[1] ਧੁਨਿ ਉਚੀ।
ਉਠੀ ਅਧਿਕ ਪੁਰਿ ਜਾਇ ਪਹੂੰਚੀ ॥੩੭॥
ਰਾਮਾ ਕਰਤਿ ਪ੍ਰਤੀਖਨਿ ਆਗੇ।

[1]ਫਬਾਏ।
[1]ਘੋੜਿਆਂ ਨੂੰ ਹਰਨਾਂ ਵਤ ਕੁਦਾਉਂਦੇ ਹਨ।
[1]ਵਾਗਾਂ ਨੂੰ।
[1]ਸ਼ੋਭਾ।
[1]ਜਦੋਂ।
[1]ਬੰਦੂਕਾਂ ਦੀ।
[1]ਭਾਰੀ।
[1]ਵਾਜਿਆਂ ਦੀ।

ਸੁਨਤਿ ਮਨੋ ਤਿਸਿ ਛਿਨਿ ਨਰ ਜਾਗੇ।
ਸਗਰੇ ਉਠਤਿ ਭਏ ਤਤਕਾਲਾ।
ਹਿਤ ਬਰਾਤ ਕੇ ਕਾਜ ਸੰਭਾਲਾ ॥੩੮॥
ਭਰੀ ਕਾਵਰਾ[1] ਗਨ ਪਕਵਾਨਾ। [1]ਵਹਿੰਗੀਆਂ
ਸਕਲ ਭਾਂਤਿ ਕੇ ਸ੍ਵਾਦ ਮਹਾਨਾ।
ਤਤਛਿਨਿ ਕੇ ਕਰਿ ਨਰ ਪਰਧਾਨ।
ਭੇਜ੍ਯੋ ਸਤਿਗੁਰ ਕੇ ਅਗਵਾਨ ॥੩੯॥
ਤੂਰਨਿ ਪਹੁੰਚ੍ਯੋ ਆਨਿ ਹਜ਼ੂਰ।
ਧਰਿ ਆਗੇ ਕਾਵਰ੧ ਗਨ ਰੂਰਿ।
ਬੰਦਨ ਕਰਿ ਦਰਸ਼ਨ ਕੋ ਦੇਖਾ।
ਭਲੋ ਸਮਾਜ ਸਕਲ ਅਵਿਰੇਖਾ[1] ॥੪੦॥ [1]ਵੇਖਿਆ।
'ਮਹਾਂਰਾਜ! ਚਾਲੋ ਅਬਿ ਪੁਰਿ ਕੋ।
ਦਿਹੁ ਅਨੰਦ ਬ੍ਰਿੰਦਨਿ ਕੇ ਉਰ ਕੋ।'
ਸਭਿ ਬਰਾਤ ਮਹਿਂ ਸੋ ਬਰਤਾਇ।
ਸ੍ਵਾਦ ਸਰਾਹਤਿ -ਬਹੁ ਸ਼ੁਭ- ਖਾਇ ॥੪੧॥
ਜਾਮ ਦਿਵਸ ਜਬਿ ਦੇਖਾ ਸ਼ੇਖਿ।
ਕਰ੍ਯੋ ਹੁਕਮੁ ਸਤਿਗੁਰੂ ਵਿਸ਼ੇਖ।
'ਸਰਬ ਤਜਾਰਿ ਹੁਜਹਿ ਕਰਿ ਬਾਨੇ।
ਬਸਤ੍ਰ ਸ਼ਸਤ੍ਰ ਸਜਿ ਕੈ ਸਵਧਾਨੇ' ॥੪੨॥
ਜਹਿਂ ਕਹਿਂ ਕਹ੍ਯੋ ਨਕੀਬ[1] ਉਚਾਰਿ। [1]ਸਦਾ ਦੇਣ ਵਾਲੇ ਭੱਟ ਨੇ।
ਨਿਜ ਨਿਜ ਵਾਹਨਿ ਬਨਿ ਅਸਵਾਰ।
ਤਿਸਿ ਛਿਨ ਮਨ ਆਨੰਦਤਿ ਹੋਇ।
ਕਰਨਿ ਢੁਕਾਵ ਜਾਨਿ ਸਭਿ ਕੋਇ ॥੪੩॥
ਬੰਕੇ ਛੈਲ ਛਬੀਲੇ ਛਾਏ।
ਬਸਤ੍ਰ ਸ਼ਸਤ੍ਰ ਸੁੰਦਰ ਤਨੁ ਪਾਏ।
ਮੁਖ ਮੰਜਲ ਜਿਨਿ ਕੁੰਡਲ ਡੋਲਤਿ।
ਮੁਸਕਾਵਤਿ ਆਪਸਿ ਮਹਿਂ ਬੋਲਤਿ ॥੪੪॥
ਸ਼੍ਰੀ ਹਰਿਗੋਵਿੰਦ ਚਢੇ ਮਤੰਗ।
ਦਮਕਤਿ ਝੂਲ ਜ਼ਰੀ ਗਨ ਸੰਗਿ।
ਘੰਟਨਿ ਗਨ ਕੋ ਚਲਿ[1] ਠਨਕਾਰੇ। [1]ਤੁਰਦਿਆਂ।

ਰੰਗ ਅਨਿਕ† ਸੰਗਿ ਚਿੱਤ੍ਰਤਿ ਸਾਰੇ ॥੪੫॥ †ਪਾ:-ਸੁੰਦਰ।

ਸਾਈਂਦਾਸ ਹਕਾਰਯੋ ਜਾਤਿ[1]। [1]ਟੁਰੇ ਜਾਂਦੇ ਨੂੰ ਕਿਹਾ।

'ਚਢਹੁ ਖਵਾਸੀ ਪਰਿ ਪਸ਼ਚਾਤਿ[1]।' [1]ਅੰਬਾਰੀ ਤੇ ਪਿਛੋਂ ਦੀ ਚੜ੍ਹੋ।

ਕਹਯੋ[1] 'ਆਪਿ ਸਾਹਿਬ ਹੋ ਮਹਾਂ। [1]ਸਾਈਂਦਾਸ ਨੇ) ਕਿਹਾ।

ਮੈਂ ਸੇਵਕ ਕੋ ਸੇਵਕ ਅਹਾ ॥੪੬॥
ਕਿਮਿ ਬੈਠਨਿ ਮਹਿਂ ਸਮਤਾ ਕਰੌਂ।
ਅਤਿ ਅਜੋਗਤਾ ਕੈਸੇ ਧਰੌਂ।'
ਸ਼੍ਰੀ ਹਰਿਗੋਵਿੰਦ ਨਿਕਟਿ ਬੁਲਾਵਾ।
ਭੁਜਾ ਪਕਰਿ ਪਸ਼ਚਾਤਿ ਚਢਾਵਾ ॥੪੭॥
ਦਾਤੂ ਸਜੰਦਨ ਮਹਿਂ ਚਢਿ ਚਾਲਾ।
ਅਪਰ ਤੁਰੰਗ ਅਰੂਢੇ ਜਾਲਾ।
ਸਿਵਕਾ ਸ਼ੁਭਤਿ ਜ਼ਰੀ ਦਮਕਾਵੈ।
ਚਢਯੋ ਮੋਹਰੀ ਅੱਗ੍ਰ ਸਿਧਾਵੈ ॥੪੮॥

ਕ੍ਰਿਸ਼ਨ ਚੰਦ[1] ਸਜੰਦਨ ਮਹਿਂ ਚਰਯੋ। [1]ਛੇਵੇਂ ਪਾਤਸ਼ਾਹ ਜੀ ਦੇ ਨਾਨਾ ਜੀ (ਦੇਖੋ ਰਾਸਿ ੪ ਅੰਸੂ ੧੦ ਅੰਕ ੧੦, ੧੧)।

ਦ੍ਵਾਰਾ[1] ਸੰਗਿ ਮੋਦ ਉਰ ਭਰਯੋ। [1]ਛੇਵੇਂ ਸਤਿਗੁਰੂ ਜੀ ਦੇ ਤੀਸਰੇ ਸਾਹੁਰੇ ਜੀ ਦਾ ਨਾਮ ਹੈ।

ਇੱਤਯਾਦਿਕ ਵਾਹਰ ਪਰਿ ਬਨੇ।
ਸਕਲ ਬਰਾਤਿ ਕਹਾਂ ਲਗਿ ਗਿਨੇ ॥੪੯॥
ਕੰਚਨ ਰਜਤ ਜ਼ੀਨ ਹਯ ਸੋਹੈਂ।

ਤਿਨਿ ਪਰਿ ਸੁਭਟ ਅਪਰ ਅਵਰੋਹੈਂ[1]। [1]ਚੜ੍ਹੇ ਹੋਏ ਹਨ।

ਬਨ ਕਰਿ ਚਢਯੋ ਨਰਾਇਣਦਾਸ।
ਬਰਖਾਵਨਿ ਹਿਤ ਲੇ ਧਨ ਪਾਸਿ ॥੫੦॥
ਅਪਰ ਮਸੰਦਨਿ ਬਿਧੀਆ ਆਦਿ।

ਗੇਰਨਿ ਹਿਤ ਧਨ ਲੇ ਅਹਿਲਾਦ†। †ਰਾਜ ਘਰਾਂ ਵਿਚ ਜਿਵੇਂ ਕਵਿ ਜੀ ਦੇ ਸਮੇਂ ਵਜਾਹ ਹੁੰਦੇ ਸਨ, ਏਹ ਓਹ ਸਮੇਂ ਬੱਧੇ ਹਨ, ਸ਼੍ਰੀ ਗੁਰੂ ਜੀ ਧਨ ਨੂੰ ਪਰਸੁਆਰਥਾਂ ਪਰ ਖਰਚਦੇ ਸਨ।

ਕਹਿਂ ਲਗਿ ਗਿਨੀਯਹਿ ਅਪਰ ਸਮਾਜਾ।
ਲੇ ਕਰਿ ਚਢੇ ਗ਼ਰੀਬ ਨਿਵਾਜਾ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੁਰਦਿੱਤਾ ਬਜਾਹ' ਪ੍ਰਸੰਗ ਬਰਨਨੰ ਨਾਮ ਏਕੋ ਨਸਸ਼ਠੀ ਅੰਸੂ ॥੫੯॥

## ੬੦. [ਬਰਾਤ]

੫੯<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬੧

ਦੋਹਰਾ:

ਸਤਿਗੁਰ ਕਰਨਿ ਢੁਕਾਉ ਕੋ,
ਚਢੇ ਬਰਾਤ ਸਜਾਇ।
ਬਾਦਿਤ ਬਾਜੇ ਅਨਿਕ ਹੀ,
ਪਟਹ ਢੋਲ ਸ਼ਹਨਾਇ ॥੧॥

ਚੌਪਈ:

ਝਾਂਝ ਨਫੀਰ ਬੰਸਰੀ ਬਾਜੈਂ।
ਧੌਂਸਾ ਧੁੰਕਾਰਤਿ ਘਨ ਗਾਜੈ।
ਉਸ਼ਟਰ ਪਰਿ ਸੁਥਰੀ ਇਕਿ ਓਰ।
ਕਹੀ ਬਾਤਿ ਨਹਿ ਸੁਨੀਯਤਿ ਔਰਿ ॥੨॥
ਪਰਹਿਂ ਤੁਰੰਗਨਿ ਕੇ ਧਰ ਪੌਰ[1]। — [1]ਘੋੜਿਆ ਦੇ ਧਰਤੀ ਤੇ ਪੌੜ ਪੈਂਦੇ ਹਨ।
ਸਜੰਦਨ ਚੱਕ੍ਰ[1] ਸ਼ਬਦ ਤਿਸਿ ਠੌਰਿ। — [1]ਰਥਾਂ ਦੇ ਪਹੀਆਂ ਦੇ।
ਜਹਿਂ ਕਹਿਂ ਧੁਨਿ ਬਿਸਾਲ ਤੇ ਪੂਰੀ।
ਬਨੀ[†] ਬਰਾਤ ਸੁਹਾਵਤਿ ਰੂਰੀ ॥੩॥ — [†]ਪਾ:-ਅਨੀ।
ਹੋਤਿ ਤੁਫੰਗਨਿ ਬ੍ਰਿੰਦ ਅਵਾਜੇ।
ਊਚੇ ਹਯਨਿ ਹਿਰੇਖਾ ਗਾਜੇ।
ਬਰਖਾਵਤਿ ਧਨ ਤਹਿਂ ਤੇ ਚਾਲੇ।
ਮੰਗਤਿ ਜਨ ਅਨਗਨ ਮਿਲਿ ਜਾਲੇ ॥੪॥
ਬ੍ਰਿੰਦ ਮਸੰਦ ਕਰਹਿਂ ਧਨ ਬਰਖਾ।
ਘਨ ਸਮ ਲੇਨਿ ਹਾਰਿ ਗਨ ਪਰਖਾ।
ਪਹੁੰਚੇ ਨਿਕਟ ਨਗਰ ਭਾ ਸਾਗਰ।
ਸਭਿ ਨਰ ਤੇ ਭਾ ਛੋਭ[1] ਉਜਾਗਰ ॥੫॥ — [1]ਭਾਵ ਉਛਾਲਾ।
ਮਿਲਿ ਮਿਲਿ ਬ੍ਰਿੰਦ ਅਧਿਕ ਉਮਡਾਏ।
ਮਨਹੁਂ ਤਰੰਗ ਉਤੰਗ ਉਠਾਏ।
ਚਾਰੁ ਚੰਚਲਾ ਸੀ ਰੁਚਿ ਚੰਚਲ[1]। — [1]ਬਿਜਲੀ ਵਰਗੀ ਚੰਚਲ ਰੁਚੀ ਵਾਲੀਆਂ ਸੁੰਦਰ (ਇਸਤ੍ਰੀਆਂ)।
ਕੰਚਨ ਮੰਡਲ ਜ਼ਰੀ ਸੁ ਅੰਚਲ[1] ॥੬॥ — [1]ਪੱਲੇ ਜ਼ਰੀਦਾਰ।
ਚਢੀ ਅਟਾਰਨਿ ਪਰਿ ਚਮਕਾਵੈਂ[1]। — [1]ਪੱਲਿਆਂ ਨੂੰ) ਚਮਕਾਉਂਦੀਆਂ ਹਨ।
ਜਨੁ ਬੜਿਵਾਨਿਲ ਲਾਟ ਉਠਾਵੈ।
ਨਗਰ ਕੋਟਿ ਬੇਲਾ ਤਜਿ ਤੁਰਨਿ[1]। — [1]ਨਗਰ ਦੀ ਫਸੀਲ ਦਾ ਕੰਢਾ ਤਜਿਕੇ।
ਫੈਲੇ ਨਰ ਜਲ ਵਹਿਰ ਸਪੂਰਨ ॥੭॥

ਸੁੰਦਰ ਰਾਂਕਾ ਚੰਦ ਮਨਿੰਦ।
ਅਤਿ ਦੁਤਿ ਜੁਤਿ ਸ਼੍ਰੀ ਹਰਿਗੋਵਿੰਦ।
ਸਰਬ ਬਰਾਤ ਚੰਦ੍ਰਿਕਾ[1] ਹੋਵਾ। [1]ਚਾਨਣੀ।
ਛੋਭਤਿ[1] ਪੁਰਿ ਸਾਗਰ ਜਬਿ ਜੋਵਾ ॥੮॥ [1]ਉਛਾਲ ਆਯਾ।
ਮਚਯੋ ਕੁਲਾਹਲ ਧਨ ਬਰਖੰਤਾ।
ਕਰਯੋ ਢੁਕਾਉ ਗੁਰੂ ਭਗਵੰਤਾ।
ਬਹੁਤਿ ਰੰਗ ਕੇ ਅੱਗ੍ਰ ਨਿਸ਼ਾਨ[1]। [1]ਝੰਡੇ।
ਧੁਨਿ ਊਚੀ ਤੇ ਬਜਤਿ ਨਿਸ਼ਾਨ[1] ॥੯॥ [1]ਧੌਂਸੇ।
ਪੁਰਿ ਨਰ ਨਾਰੀ ਹੇਰਤਿ ਹਰਖੇ।
ਜਨੁ ਘਨ ਉਮਡਿ ਘੁਮਡਿ[1] ਗਨ ਬਰਖੇ। [1]ਉਮੰਡਕੇ ਤੇ ਘੁੰਮਿਕੇ।
ਬੜਵਾ ਪਰਿ ਚਢਿ ਸ਼੍ਰੀ ਗੁਰਦਿੱਤਾ।
ਸਸੁਰ ਸਦਨ ਪਹੁਂਚਨਿ ਚਹਿ ਚਿੱਤਾ ॥੧੦॥
ਤਬਿ ਰਾਮੇ ਗਨ ਲਈ ਅਕੋਰ।
ਆਯੋ ਮਿਲਿਨਿ ਹਾਥ ਕੋ ਜੋਰਿ।
ਸਤਿਗੁਰੁ ਕੇ ਪਾਇਨਿ ਪਰਿ ਪਰਯੋ।
ਨਹਿਂ ਗਰ ਮਿਲਯੋ ਅਦਾਇਬ ਕਰਯੋ ॥੧੧॥
ਨਹਿਂ ਮਾਨਹਿ, ਨਰ ਬਹੁਤ ਅਲਾਵਾ।
ਗਹਿ ਭੁਜ ਗੁਰੁ ਨੇ ਗਰੇ ਲਗਾਵਾ।
ਕਰਿ ਸਭਿ ਰੀਤਿ ਹਟਯੋ ਜਬਿ ਪਾਛੇ।
ਚਹਯੋ ਢੁਕਾਉ ਕਰਨਿ ਤਬਿ ਆਛੇ ॥੧੨॥
ਧਨ ਬਰਖਾਵਤਿ ਪਹੁਂਚੇ ਜਾਇ।
ਹੇਰਤਿ ਪੁਰਿ ਨਰ ਉਰ ਹਰਖਾਇ।
ਸ਼੍ਰੀ ਗੁਰਦਿੱਤਾ ਦ੍ਵਾਰ ਖਰੋਵਾ।
ਸਾਜਿ ਆਰਤੀ ਸਭਿ ਪ੍ਰਿਯ ਜੋਵਾ ॥੧੩॥
ਦੂਲੋ ਕਰਹਿਂ ਸਰਾਹਨਿ, ਸਾਰੀ[1]। [1]ਸਾਰੀਆਂ (ਇਸਤ੍ਰੀਆਂ)।
'ਹੇ ਅਲਿ! ਜਿਮਿ ਰਾਮੇ ਸੁਕੁਮਾਰੀ।
ਤਸ ਪਤਿ ਮਿਲਯੋ ਜਿਯਹੁ ਜੁਗ ਚਾਰੀ।
ਇਹ ਜੋਰੀ ਬਿਧਿ[1] ਅਧਿਕ ਸੁਧਾਰੀ' ॥੧੪॥ [1]ਬਿਧਾਤਾ ਨੇ।
ਲੌਕਿਕ ਬੈਦਿਕ ਰੀਤਿ ਭਲੇਰੀ।

ਕਰਿ ਸਭਿ ਹਟੇ ਪਾਛਿ ਤਿਸਿ ਬੇਰੀ।
ਡੇਰਾ ਕਰਿਵਾਇਸਿ ਸ਼ੁਭ ਥਾਨੁ।
ਉਤਰਿ ਪਰੇ ਸਗਰੇ ਤਜਿ ਜਾਨੁ[1] ॥੧੫॥

[1]ਵਾਹਨ, ਸਵਾਰੀਆਂ।

ਤਤਛਿਨ ਰਾਮੇ ਪਠੇ ਬੁਲਾਇ।
'ਪ੍ਰਥਮ ਤੁਰਤਿ ਲਿਹੁ ਭੋਜਨ ਖਾਇ।
ਬਹੁਰੁ ਸਮਾਂ ਫੇਰਨਿ ਕੋ[1] ਹੋਇ।'
ਇਮਿ ਸੁਨਿ ਹਰਖ ਉਠੇ ਸਭਿ ਕੋਇ ॥੧੬॥

[1]ਫੇਰਿਆਂ ਦਾ।

ਬਾਜਿ ਪਰੇ ਸਭਿ ਹੀ ਤਬਿ ਬਾਜੇ।
ਚਲੇ ਬਰਾਤੀ ਗੁਰੁ ਜੁਤਿ ਸਾਜੇ।
ਆਤਸ਼ਬਾਜੀ ਛੂਟਨਿ ਲਾਗੀ।
ਦੇਖਤਿ ਪੁਰਿ ਨਰ ਤ੍ਰਿਯ ਅਨੁਰਾਗੀ[1] ॥੧੭॥

[1]ਮੋਹਤਿ ਹੋਏ।

ਗਨ ਫੁਲਝਰੀ ਮਤਾਬੀ ਬ੍ਰਿੰਦ।
ਚਰਖੀ ਚਾਦਰ ਸ਼ਬਦ ਬਿਲੰਦ।
ਤਿਸਿ ਛਿਨਿ ਤਮ ਦਸ ਦਿਸ਼ਿ ਤੇ ਭਾਗਾ।
-ਦਿਵਸ ਭਯੋ- ਸਭਿ ਕੇ ਭ੍ਰਮ ਜਾਗਾ[1] ॥੧੮॥

[1]ਭਰਮ ਹੋਇਆ।

ਦੇਵ ਦੇਵਨੀ ਦਾਰੁਨ ਸਾਜੀ।
ਭਏ[†] ਬਰੂਦ ਛੁਟੇ ਗਜ ਬਾਜੀ[1]।

[1]ਭਜਾਨਕ ਦੇਵ ਦੇਵਨੀਆਂ ਤੇ ਹਾਥੀ ਘੋੜੇ ਬਾਰੂਦ (ਭਰਕੇ) ਸਾਜੇ ਹੋਏ ਛੁਟਦੇ ਭਏ। (ਅ) ਦੇਵ ਦੇਵਨੀਆਂ ਦਾਰੂ ਦੇ ਬਣੇ ਤੇ ਹਾਥੀ ਘੋੜੇ ਬਾਰੂਦ ਦੇ ਬਣੇ ਛੁਟ ਪਏ।
[†]ਜਾਪਦਾ ਹੈ ਕਿ ਇਥੇ ਕਵਿ ਜੀ ਦੇ ਆਪਣੇ ਨੁਸਖੇ ਵਿਚ ਪਾਠ-ਭਰੇ-ਹੋਣਾ ਹੈ।

ਅਧਿਕ ਕੁਲਾਹਲਿ ਹੇਰਤਿ ਕਰਤੇ।
ਛੁਟਹਿਂ ਝਾਰ ਇਤਿ ਉਤਿ ਹੁਇ ਡਰਿਤੇ[1] ॥੧੯॥

[1]ਦੇਖਣ ਵਾਲੇ) ਡਰਦੇ ਇਧਰ ਉਧਰ ਹੁੰਦੇ ਹਨ, ਜਦ ਝਾੜ ਛੁਟਦੇ ਹਨ।

ਸਤਿਗੁਰ ਦੇਖਤਿ ਚਲਹਿਂ ਤਮਾਸ਼ਾ।
ਪਹੁੰਚੇ ਰਾਮੇ ਜਾਇ ਅਵਾਸਾ।
ਚੰਦਨ ਕੀ ਚੌਂਕੀ ਰਚਿ ਚਾਰੁ।
ਅਨਿਕ ਰੀਤਿ ਕੇ ਫਰਸ਼ ਸੁਧਾਰਿ ॥੨੦॥
ਤਿਸ ਪਰਿ ਗੁਰੁ ਬਿਠਾਵਨਿ ਕਰੇ।
ਬੈਠਿ ਬਰਾਤਿ ਪੰਕਤੀ ਧਰੇ।

ਥਾਰ ਪਰੋਸੇ ਸਤ ਪਕਵਾਨ।
ਮੋਦਕ ਸ੍ਵਾਦ ਜਲੇਬ ਮਹਾਨ ॥੨੧॥
ਮੇਵੇ ਬ੍ਰਿੰਦ ਅਮੇਜ਼ ਕਰੇ ਹੈਂ।
ਅੱਗ੍ਰ ਸਭਿਨਿ ਕੇ ਆਨਿ ਧਰੇ ਹੈਂ।
ਰੁਚਿ ਸੋਂ ਖਾਵਨਿ ਲਗੇ ਅਹਾਰਾ।
ਮਨ ਭਾਵਨਿ ਜਿਨਿ ਸ੍ਵਾਦ ਉਦਾਰਾ ॥੨੨॥
ਮਿਲੀ ਆਇ ਗਨ ਪੰਕਜ ਨੈਨੀ।
ਗਾਵਨ ਲਗੀ ਮਧੁਰ ਪਿਕ ਬੈਨੀ[1]। [1]ਕੋਇਲ ਵਤ ਬੋਲਾਂ ਵਾਲੀਆਂ।
ਲੇ ਲੇ ਨਾਮ ਨਿਕਾਰਤਿ ਗਾਰੀ[†]।

[†]ਸਤਿਗੁਰ ਕੁੜਮ ਹੋਣ, ਗੁਰ ਕੀ ਨਾਮ ਲਿਵ ਵਾਲੀ ਜੰਞ ਹੋਵੇ, ਮਾਂਞੀ ਤੇ ਸਮਧੀ ਸਾਰੇ ਗੁਰੂ ਕੇ ਸਿੱਖ ਹੋਣ, ਫਿਰ ਬਾਣੀ ਦੀਆਂ ਪ੍ਰੇਮਣਾਂ ਤੇ ਨਾਮ ਰੰਗ ਵਾਲੀਆਂ ਮਾਈਆਂ ਗਾਲੀਆਂ ਦੇਣ ਲਗੀਆਂ, ਇਹ ਗੱਲ ਅਟਪਟੀ ਹੈ, ਕਦੇ ਯਕੀਨ ਕਰਨੇ ਲਾਇਕ ਨਹੀਂ ਹੋ ਸਕਦੀ। ਗੁਰੂ ਰਚੀ ਬਾਣੀ ਮਾਈ ਭਾਈ ਸਾਰੇ ਕੰਠ ਕਰਦੇ ਤੇ ਗਾਉਂਦੇ ਸਨ। ਇਸ ਰਸ ਦੇ ਪ੍ਰੇਮੀ ਕਦੋਂ ਨੀਵੇਂ ਰਸਾਂ ਵਿਚ ਆਉਂਦੇ ਸੀ, ਵਿਸ਼ੇਸ਼ ਲਈ ਦੇਖੋ ਰਾਸਿ ੪ ਅੰਸੂ ੪ ਅੰਕ ੧੪ ਦੀ ਹੇਠਲੀ ਟੂਕ।

ਚਢਿ ਬੈਠੀ ਗਨ ਊਚ ਅਟਾਰੀ ॥੨੩॥
ਆਨੰਦਤਿ ਨਰ ਬ੍ਰਿੰਦ ਬਰਾਤ।
ਭੋਜਨ ਅਚਵਿ ਉਠੇ ਇਸ ਭਾਂਤਿ।
ਪਾਇ ਜੂਠ ਮੈਂ ਧਨ ਗਨ ਤਬੈ[†]। [†]ਇਹ ਬੀ ਰਾਜਸੀ ਘਰਾਂ ਦੀ ਚਾਲ ਦੱਸ ਰਹੇ ਹਨ।
ਰੀਤਿ ਅਪਰ ਜੇਤਿਕ ਕਰਿ ਸਬੈ ॥੨੪॥
ਬਾਦਿਤਿ ਬਜਤਿ ਆਇ ਨਿਜ ਡੇਰੇ।
ਬੈਠੇ ਸਤਿਗੁਰ ਸ਼ੁਭਤਿ ਬਡੇਰੇ।
ਅਲਪ ਸਮੇਂ ਮਹਿਂ[1] ਬਹੁਰ ਹਕਾਰੇ। [1]ਥੋੜੇ ਸਮੇਂ ਪਿਛੋਂ।
'ਫੇਰੇ ਲੇਨਿ ਚਲਹੁ ਹੁਇ ਤਯਾਰੇ' ॥੨੫॥
ਬਾਦਤਿ ਬਾਜੇ[1] ਬਹੁਰ ਬਿਸਾਲੇ। [1]ਵਾਜੇ ਵੱਜੇ।
ਲੇ ਪਰਧਾਨ[1] ਨਰਨਿ ਗੁਰੁ ਚਾਲੇ। [1]ਮੁਖੀ।
ਸ਼੍ਰੀ ਗੁਰਦਿੱਤਾ ਕੀਨਿ ਅਗਾਰੀ।
ਜਾਇ ਪ੍ਰਵੇਸ਼ੇ ਸਦਨ ਮਝਾਰੀ ॥੨੬॥
ਬੇਦੀ ਬਿਖੈ ਜਾਇ ਬੈਠਾਏ।
ਨਵ ਗ੍ਰੈਹ ਕੋ ਅਭਿਖੇਕ ਕਰਾਏ।
ਅਗਨਿ ਪੂਜ ਕਰਿ ਹਮਨ ਕਰਜੋ ਹੈ।
ਬੇਦ ਮੰਤ੍ਰਿ ਕੋ ਦਿਜਨਿ ਰਰਜੋ[1] ਹੈ ॥੨੭॥ [1]ਉਚਾਰਿਆ।
ਫੇਰਿ ਹੁਤਾਸਨ ਕੇ ਚਹੁੰ ਫੇਰੇ।
ਉਠਿ ਕਰਿ ਫਿਰਤਿ ਗੁਰੂ ਸੁਤ ਫੇਰੇ।
ਅਪਰ ਰੀਤਿ ਰਾਮੇ ਸਭਿ ਕਰੀ।

ਜਿਮਿ ਜਿਮਿ ਗਨ ਬਿੱਪ੍ਰਨਿ ਤਬਿ ਰਹੀ[1]† ॥੨੮॥ [1]ਸਾਰੇ ਬ੍ਰਾਹਮਣਾਂ ਨੇ ਕਹੀ।

†ਤੀਸਰੀ ਪਾਤਸ਼ਾਹੀ ਨੇ ਅਨੰਦ ਮਰ੍ਯਾਦਾ ਜਾਰੀ ਕੀਤੀ। ਲਾਵਾਂ ਚੌਥੇ ਸਤਿਗੁਰਾਂ ਚਲਾਈਆਂ ਤਦੋਂ ਤੋਂ ਗੁਰੂ ਘਰ ਦੀ ਰੀਤੀ ਇਹ ਸਥਾਪਨ ਹੋਈ। ਬ੍ਰਾਹਮਣੀ ਰੀਤੀ ਦਾ ਹੋਣਾ ਅਸਿੱਧ ਹੈ। ਕਵੀ ਜੀ ਪਰ ਪੰਡਿਤਾਂ ਦੇ ਜ਼ੋਰ ਬਾਬਤ 'ਪ੍ਰਸਤਾਵਨਾ' ਪੜ੍ਹੋ।

ਸਤਿਗੁਰੁ ਦਾਨ ਮਾਨ ਬਡਿ ਦੀਨਿ।
ਬਿੱਪ੍ਰਨਿ ਕੋ ਪ੍ਰਸੰਨ ਮਨ ਕੀਨਿ।
ਬਹੁਰ ਨਿਵੇਸ ਪ੍ਰਵੇਸ਼ੇ ਜਾਇ।
ਸ਼ੇਖ ਨਿਸ਼ਾ ਅਸ਼ੇਖ ਸੁਪਤਾਇ ॥੨੯॥
ਹੋਤਿ ਪ੍ਰਾਤਿ ਕੇ ਬਾਜੇ ਬਜੇ।
ਉਠੇ ਸਕਲ ਨਿਜ ਬਸਤ੍ਰਨਿ ਸਜੇ।
ਸ਼੍ਰੀ ਨਾਨਕ ਕੋ ਜਹਿਂ ਇਸਥਾਨ।
ਗਏ ਗੁਰੂ ਸੁਤਿ ਸੰਗਿ ਸੁਜਾਨਿ ॥੩੦॥
ਸਾਈਂਦਾਸ ਕਹ੍ਯੋ ਕਰ ਜੋਰਿ।
'ਕਿਮਿ ਬੰਦਨ ਕੀਨੀ ਇਸਿ ਠੌਰਿ?'
ਸ਼੍ਰੀ ਨਾਨਕ ਕੋ ਵ੍ਯਾਹ ਪ੍ਰਸੰਗ।
ਕਹ੍ਯੋ ਗੁਰੂ ਨੇ ਤਿਸਿ ਕੇ ਸੰਗਿ ॥੩੧॥
'ਆਏ ਇਹਾਂ ਫਿਰੇ ਨਿਜ ਫੇਰੇ।
ਮੂਲੇ ਕੇ ਘਰ ਮਹਿਂ ਤਿਸਿ ਬੇਰੇ।'
ਪੂਜਾ ਕਰਿ ਸਥਾਨ ਕੀ ਆਏ।
ਪੁਨ ਭੋਜਨ ਹਿਤ ਗੁਰੂ[1] ਬੁਲਾਏ ॥੩੨॥ [1]ਗੁਰੂ ਜੀ ਨੂੰ।
ਸ਼੍ਰੀ ਹਰਿਗੋਵਿੰਦ ਸਿਵਕਾ ਚਰਿ ਕੈ।
ਚਲੇ ਬਰਾਤਿ ਸੰਗਿ ਲੇ ਕਰਿ ਕੈ।
ਚਮਰੁ[1] ਢੁਰਤਿ ਹੈ ਬਾਰੰਬਾਰੀ। [1]ਚੌਰ।
ਸ੍ਵੇਤ ਪੁਸ਼ਾਕ ਸਜੈ ਦੁਤਿ ਭਾਰੀ ॥੩੩॥
ਨਵਲਾ[1] ਹਾਥ ਗਹੀ ਚਪਲਾਵੈਂ[2]। [1]ਫੁਲਾਂ ਦੀ ਛਟੀ। [2]ਹਿਲਾਂਵਦੇ ਹਨ। (ਗੁਰੂ ਜੀ)।
ਜਿਤਿ ਦਿਸ਼ਿ ਮੁਖ ਕਰਿ ਦ੍ਰਿਸ਼ਟਿ ਚਲਾਵੈਂ।
ਖਰੇ ਹਜ਼ਾਰਹੁਂ ਬੰਦਨ ਠਾਨਹਿਂ।
ਮੰਦ ਮੰਦ ਮਗ ਕੀਨਿ ਪਯਾਨਹਿ ॥੩੪॥
ਪਹੁੰਚੇ ਚਲਿ ਰਾਮੇ ਕੇ ਪੌਰ।
ਹਿਤ ਆਦਰ ਆਵਤਿ ਸਭਿ ਦੌਰਿ।
ਹਾਥ ਜੋਰਿ ਮੁਖ ਬਿਕਸਿ ਦਿਖਾਵਤਿ।
'ਧੰਨ ਗ਼ਰੀਬ ਨਿਵਾਜ' ਅਲਾਵਤਿ

॥੩੫॥
ਚਾਰੁ ਚੁਕੋਨੀ ਚੌਂਕੀ ਚੰਦਨ।
ਗੁਰੂ ਬਿਠਾਏ ਕਰਿ ਕਰਿ ਬੰਦਨ।
ਔਰ ਮੋਹਰੀ ਆਦਿ ਬਡੇਰੇ।
ਊਚਾਸਨ ਪਰ ਥਿਰਿ ਤਿਸਿ ਬੇਰੇ ॥੩੬॥
ਉੱਤਮ ਸਭਿ ਪਕਵਾਨ ਪਰੋਸੇ।
ਇਤੋ ਪਾਇੰ, ਇਕਿ ਬਿਰਿ ਜਿਮਿ ਤੋਸੇ[1]।
ਪਿਸਤਾ ਦਾਖ ਬਦਾਮਨਿ ਗਿਰੀ।
ਸਰਬ ਅਮੇਜ਼ ਮਧੁਰਤਾ ਕਰੀ ॥੩੭॥
ਅਚਿਵਨਿ ਕਰਤਿ ਬਰਾਤੀ ਸਾਰੇ।
ਹਰਖਤਿ ਗਾਰੀ ਨਾਰਿ ਨਿਕਾਰੇ।
ਗਾਵਤਿ ਗੀਤ ਸੁਨਤਿ ਮਨ ਭਾਏ।
ਅਚਵਿ ਜਥਾ ਰੁਚਿ ਸਭਿ ਤ੍ਰਿਪਤਾਏ
॥੩੮॥
ਜੂਠ ਪਾਇ ਧਨ ਹਾਥ ਪਖਾਰੇ।
ਸਕਲ ਰੀਤਿ ਕਰਿ ਸਿਵਰ ਸਿਧਾਰੇ।
ਸੂਰਜ ਮੁਖੀ ਅਗਾਰੀ ਕਰੇ।
ਕੰਚਨ ਦੰਡ ਬੀਜਨਾ[1] ਧਰੇ ॥੩੯॥
ਭਾਟ ਨਕੀਬ ਬੋਲਤੇ ਚਾਲਤਿ।
ਗੁਰੁ ਜਸੁ ਸ਼੍ਰਵਨ ਸਭਿਨਿ ਕੇ ਡਾਲਤਿ।
ਤਰੁਨ ਢਲੈਤ[1] ਸਮੂਹ ਸਿਪਾਹੀ।
ਗਮਨਤਿ ਅੱਗ੍ਰ ਤ੍ਰਾਸ ਉਰ ਨਾਂਹੀ ॥੪੦॥
ਡੇਰੇ ਸਹਤ ਸਮਾਜ ਬਿਰਾਜੇ।
ਬਸਨ ਬਿਭੂਖਨ ਸੁੰਦਰ ਸਾਜੇ।
ਮੰਗਤਿ ਜਨ ਗਨ ਗਨ ਹੁਇ[1] ਆਵੈਂ।
ਸਰਬ ਮਸੰਦਨਿ ਤੇ ਸਭਿ ਪਾਵੈਂ ॥੪੧॥
ਬੀਤਯੋ ਦਿਵਸਿ ਜਾਮਨੀ ਆਈ।
ਸੁਪਤਿ ਜਥਾ ਸੁਖ ਤਬਿ ਸਮੁਦਾਈ।
ਪ੍ਰਾਤਿ ਉਠੇ ਕਰਿ ਸੌਚ ਸ਼ਨਾਨੇ।
ਸਭਿਨਿ ਸੰਗਿ ਸਤਿਗੁਰੂ ਬਖਾਨੇ ॥੪੨॥
'ਸਜਿ ਸਜਿ ਵਾਹਨ ਕੀਜਹਿ ਤਜਾਰੀ।'
ਸੁਨਤਿ ਸਕਲ ਤੂਰਨਤਾ ਧਾਰੀ।

[1]ਇਕੇ ਵੇਰ ਰੱਜ ਜਾਵਣ।
[1]ਸੋਨੇ ਦੀ ਡੰਡੀ ਵਾਲਾ ਪੱਖਾ।
[1]ਜਵਾਨ ਸੂਰਮੇ।
[1]ਬਹੁਤੇ ਇਕੱਠੇ ਹੋ ਹੋਕੇ।

ਚਢੇ ਪਾਲਕੀ ਗੁਰੂ ਸਿਧਾਰੇ।
ਸਾਈਂਦਾਸ ਤੁਰੰਗ ਅਸਵਾਰੇ ॥੪੩॥
ਕਰਤਿ ਬਤਕ ਹੀ ਅਚਲ[1] ਸਿਧਾਏ।
ਆਦਿ ਮੋਹਰੀ ਦਾਤੂ ਆਏ।
ਗੁਰੁ ਥਲ ਚਹਿਤਿ ਬਿਲੋਕਨਿ ਸਾਰੇ।
ਗਏ ਚੌਂਪ ਚਿਤ ਗੁਰੁ ਪਿਛਾਰੇ ॥੪੪॥
ਜਾਇ ਪਹੁੰਚੇ ਦਰਸ਼ਨ ਕਰਜੋ।
ਬੰਦਨ ਕੀਨਿ ਧਰਨਿ ਸਿਰ ਧਰਜੋ।
ਪੰਚਾਂਮ੍ਰਿੱਤ[1] ਅਧਿਕ ਕਰਿਵਾਇ।
ਗੁਰੁ ਅਰਪਨਿ ਕਰਿ ਸਰਬ ਬ੍ਰਤਾਇ ॥੪੫॥
ਸੁਨੀ ਬਿਲਾਵਲ ਚੌਂਕੀ ਤਹਾਂ।
ਸਭਾ ਬਿਸਾਲ ਲਗੀ ਦੁਤਿ ਮਹਾਂ[1]।
ਖਰੇ ਹੋਇ ਅਰਦਾਸ ਕਰਾਈ।
ਬਹੁਰ ਪਾਲਕੀ ਚਢੇ ਗੁਸਾਈਂ ॥੪੬॥
ਸਾਂਈਦਾਸ ਨਿਕਟਿ ਤਿਸ ਬੇਰੀ।
ਬੂਝਿ ਕਥਾ ਸ਼੍ਰੀ ਨਾਨਕ ਕੇਰੀ।
'ਕਿਸਿ ਕਾਰਨ ਤੇ ਇਸਿ ਥਲ ਆਏ?'
ਸ਼੍ਰੀ ਹਰਿਗੋਵਿੰਦ ਸਰਬ ਬਤਾਏ ॥੪੭॥
'ਗੋਰਖਾਦਿ ਇਹ ਸਿੱਧਨਿ ਥਾਨਾ।
ਤਿਨਿ ਢਿਗਿ ਮੇਲਾ ਲਗਹਿ ਮਹਾਨਾ।
ਤਿਨਿ ਕੋ ਮਾਨ ਹਾਨ ਹਿਤ[1] ਆਏ।
ਪਿਖਿ ਸਿੱਧਨਿ ਨਿਜ ਸ਼ਕਤਿ ਦਿਖਾਏ ॥੪੮॥
ਸ਼੍ਰੀ ਨਾਨਕ ਨਿਜ ਅਜ਼ਮਤਿ ਸੰਗ।
ਕਰੇ ਜ਼ੇਰ, ਜੀਤੇ, ਮਦ ਭੰਗ[1]।
ਪਰੇ ਚਰਨ ਪੁਰਨ ਅਰੇ ਨ ਕੈਸੇ।
ਮਹਾਂ ਮਤੰਗ ਸ਼ੇਰ ਸੰਗਿ ਜੈਸੇ ॥੪੯॥
ਤਬਿ ਕੋ ਇਹ ਉੱਤਮ ਇਸਥਾਨਾ।
ਜਿਸਿ ਦਰਸੇ ਫਲ ਹੋਤਿ ਮਹਾਨਾ।
'ਏਵ ਸੁਨਾਵਤਿ ਪਹੁੰਚੇ ਡੇਰੇ।
ਰਾਮੇ ਸੁਨਿ[1] 'ਆਏ ਇਸ ਬੇਰੇ' ॥੫੦॥

[1]ਬਾਤਾਂ ਕਰਦੇ ਅਚਲ ਵਟਾਲੇ (ਗੁਰ ਅਸਥਾਨ)।
[1]ਕੜਾਹ ਪ੍ਰਸ਼ਾਦ।
[1]ਬੜੀ ਸ਼ੋਭ ਰਹੀ ਸੀ।
[1]ਹੰਕਾਰ ਨਾਸ਼ ਕਰਨ ਵਾਸਤੇ।
[1]ਅਧੀਨ ਕੀਤੇ ਤੇ ਜਿੱਤਕੇ ਹੰਕਾਰ ਨਾਸ਼ ਕੀਤਾ।
[1]ਰਾਮੇ ਨੇ ਸੁਣਿਆਂ ਕਿ।

ਤਾਤਕਾਲ ਨਿਜ ਸਦਨ ਬੁਲਾਏ।
ਭਲੀ ਭਾਂਤਿ ਭੋਜਨ ਤ੍ਰਿਪਤਾਏ।
ਇਸੀ ਰੀਤਿ ਬੀਤੇ ਦਿਨ ਤੀਨ।
ਨਿਕਟਿ ਨਿਕਟਿ ਸੰਗਤ ਸੁਨਿ ਲੀਨਿ ॥੫੧॥
'ਨੰਦਨ ਬਜਾਹਨਿ ਗੁਰੁ ਪੁਰਿ ਆਏ[1]।'
ਦਰਸ਼ਨ ਹੇਤ ਸਕਲ ਹੀ ਧਾਏ।
ਜਥਾ ਸ਼ਕਤਿ ਬੇਟਨਿ ਕੋ ਦੇਤਿ।
ਬੰਦਤਿ ਨੇਤ੍ਰ ਸਫਲ ਕਰਿ ਲੇਤਿ ॥੫੨॥
ਤ੍ਰੈ ਦਿਨ ਸੰਗਤਿ ਆਵਤਿ ਰਹੀ।
ਕਰਿ ਅਰਦਾਸ ਕਾਮਨਾ ਲਹੀ।
ਅਤਿ ਉਤਸਵ ਲਖਿ ਸਭਿ ਬਿਸਮਾਏ।
ਮਨਹੁ ਅਨੰਦ ਰੂਪ ਸਮੁਦਾਏ ॥੫੩॥

[1](ਵਟਾਲੇ) ਪੁਰ ਵਿਚ ਗੁਰੂ ਜੀ ਆਏ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੁਰਦਿੱਤਾ ਬਜਾਹ' ਪ੍ਰਸੰਗ ਬਰਨਨੰ ਨਾਮ ਸਸ਼ਠੀ ਅੰਸੂ ॥੬੦॥

## ੬੧. [ਭਾਈ ਮਿਹਰਾ]

੬੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੨

ਦੋਹਰਾ:

ਦਿਨ ਚੌਥੇ ਮਹਿਂ ਚਲਨਿ ਕੋ,
ਸ੍ਰੀ ਸਤਿਗੁਰ ਫੁਰਮਾਇ।
ਨਰ ਨਾਰੀ ਸੁਨਿ ਦੁਖਿਤਿ ਚਿਤ,
'ਪੁਨ ਇਮਿ ਕਿਮਿ ਦਰਸਾਇ[1]' ॥੧॥

[1]ਫਿਰ ਇਸ ਤਰ੍ਹਾਂ ਦੇ (ਭਾਵ ਆਪਣੇ ਨਗਰ ਵਿਚ) ਦਰਸ਼ਨ ਕਿਵੇਂ ਹੋਣਗੇ?

ਚੌਪਈ:

'ਦੇਸ਼ ਬਿਦੇਸ਼ਨਿ ਕੇ ਜਿਨਿ ਤਾਈਂ[1]।
ਦਰਸ਼ਨ ਹੇਤ ਅਏ ਸਮੁਦਾਈ[1]।
ਹੇ ਅਲਿ! ਸੋ ਹਮਰੇ ਪੁਰਿ ਆਏ।
ਧੰਨ ਭਾਗ ਇਨ ਕੇ[1†] ਲਖਿ ਪਾਏ ॥੨॥
ਰਾਮੇ ਕੀ ਤਨੁਜਾ ਬਡਭਾਗਨਿ।
ਗੁਰੁ ਸੁਤ ਤੇ ਜੋ ਭਈ ਸੁਹਾਗਨਿ।
ਤਿਹ ਸੰਬੰਧ ਤੇ ਹਮ ਭੀ ਧੰਨ।
ਤੀਨ ਦਿਵਸ ਗੁਰ ਪਿਖੇ ਪ੍ਰਸੰਨ[1]' ॥੩॥
ਇੱਤਜ਼ਾਦਿਕ ਕਹਿ ਕਹਿ ਉਤਸਾਹੀ।
ਆਇ ਮਿਲੀ ਰਾਮੇ ਘਰ ਮਾਂਹੀ।
ਕਰਨਿ ਬਿਦਾ ਕੋ ਗੁਰੂ ਬੁਲਾਏ।
ਸ਼ੁਭ ਆਸਨ ਪਰਿ ਊਚ ਬਿਠਾਏ ॥੪॥
ਦਾਜ ਸਮਾਜ ਸਰਬ ਲੇ ਆਵਾ।
ਦਿਖਰਾਵਿਤ ਤਿਸਿ ਥਾਨ ਟਿਕਾਵਾ।
ਨਿਜ ਤਨੁਜਾ ਨੇਤੀ[†] ਲੇ ਆਵਾ।
ਕਰਿ ਸੰਕਲਪ ਸਰਬ ਅਰਪਾਵਾ ॥੫॥
ਬਸਤ੍ਰ ਬਿਭੂਖਨ ਬਾਸਨ ਬ੍ਰਿੰਦ।
ਬੋਲਜੋ ਰਾਮਾ ਦ੍ਵੈ ਕਰ ਬੰਦਿ।
'ਤੁਮਰੇ ਸੁਤ ਕੀ ਸੇਵਾ ਹੇਤ।
ਇਕਿ ਦਾਸੀ ਮੈਂ ਦਈ ਨਿਕੇਤ ॥੬॥
ਅਪਰ ਨਹੀਂ ਮੁਝ ਤੇ ਬਨਿ ਆਈ।
ਰਾਖਹੁ ਲਾਜ ਜਾਨਿ ਅਪਨਾਈ।
ਬਿਰਦ ਗ਼ਰੀਬ ਨਿਵਾਜਾ ਤੁਮਾਰਾ।
ਸਮ ਨ ਪਾਇ ਖੋਜਿਯ ਜਗ ਸਾਰਾ[1]' ॥੭॥

[1]ਦੇਸ਼ ਵਿਦੇਸ਼ਾਂ ਦੇ (ਸਿੱਖ) ਜਿਨ੍ਹਾਂ (ਗੁਰੂ ਸਾਹਿਬਾਂ) ਦੇ।

[1]ਦਰਸ਼ਨ ਵਾਸਤੇ ਕੱਠੇ ਹੋਕੇ ਆਉਂਦੇ ਹਨ।

[1]ਰਾਮੇ ਦੇ ਪਰਵਾਰ ਦੇ। [†]ਪਾ:-ਹਮਰੇ?

[1]ਦਰਸ਼ਨ ਕਰਕੇ ਪ੍ਰਸੰਨ ਹੋਏ ਹਾਂ।

[†]ਪਾ:-ਤਾਂਹੀ।

[1]ਜੇ ਸਾਰਾ ਜਗਤ ਭਾਲੀਏ।

ਸ਼੍ਰੀ ਹਰਿ ਗੋਵਿੰਦ ਧੀਰਜ ਦੀਨਿ।
'ਸਾਧੁ ਸਾਧੁ, ਪੁਨ ਨੰਮ੍ਰੀ ਕੀਨਿ[1]।' — [1]ਇੰਨਾ ਦੇ ਕੇ) ਫੇਰ ਤੂੰ 'ਨਿੰਮ੍ਰਤਾ ਕੀਤੀ ਹੈ, ਸ਼ਾਬਾਸ਼ ਸ਼ਾਬਾਸ਼।
ਇਮਿ ਕਹਿ ਕਰਿ ਬਾਹਰਿ ਕੋ ਆਏ।
ਚਢਨਿ ਹੇਤ ਤਜਾਰੀ ਕਰਿਵਾਏ ॥੮॥
ਨੇਤੀ ਡੋਰੇ ਬਿਖੈ ਬਿਠਾਈ।
ਮਿਲਿਨਿ ਹੇਤਿ ਤ੍ਰਿਯ ਬਾਹਰਿ ਆਈ।
ਤਨੁਜਾ ਸੋਂ ਮਿਲਿ ਮਿਲਿ ਸੁਖਦੇਈ[1]। — [1]ਨੇਤੀ ਜੀ ਦੀ ਮਾਤਾ।
ਅਨਿਕ ਪ੍ਰਕਾਰਨਿ ਸਿੱਖਯਾ ਦੇਈ ॥੯॥
ਬਿਰਹ ਹੋਨਿ ਤੇ ਅੱਸ਼੍ਰੂ ਮੋਚਿਤਿ[1]। — [1]ਹੰਝੂ ਕੇਰਦੀ ਹੈ।
ਮੰਗਲ ਸਮੈ ਜਾਨਿ ਸੰਕੋਚਤਿ।
ਸਭਿ ਅਬਲਾ ਨਿਜ ਗਰੇ ਲਗਾਵੈਂ।
'ਥਿਰੁ ਸੁਹਾਗ' ਆਸ਼ਿਖਾ ਅਲਾਵੈਂ ॥੧੦॥
ਆਗੈ ਡੋਰੇ ਕੋ ਕਰਿ ਲਿੱਤਾ।
ਗਮਨੇ ਪਾਛੈ ਸ਼੍ਰੀ ਗੁਰਦਿੱਤਾ।
ਦੋਨਹੁ ਪਰ ਧਨ ਕੋ ਬਰਖਾਵੈਂ।
ਜਨੁ ਉਨਵਿ ਘਨ ਬੂੰਦ ਗਿਰਾਵੈਂ ॥੧੧॥
ਸਭਿ ਬਿਧਿ ਬਾਜੇ ਬਜਤਿ ਅਗਾਰੀ।
ਚਲੇ ਸੁਧਾਸਰ ਪੰਥ ਮਝਾਰੀ।
ਕੇਤਿਕ ਨਰ ਸੋਂ ਆਵਤਿ ਰਾਮਾ।
ਏਕ ਕੋਸ ਪਹੁੰਚਯੋ ਤਜਿ ਧਾਮਾ ॥੧੨॥
ਦੇ ਧੀਰਜਿ ਸਤਿਗੁਰ ਤਬਿ ਮੋਰੇ।
ਬੰਦੇ ਚਰਨ ਕਮਲ ਕਰ ਜੋਰੇ।
ਗਮਨੇ ਮਾਰਗ ਸਹਤ ਬਰਾਤੀ।
ਗਏ ਪ੍ਰਥਮ ਆਏ ਤਿਸਿ ਭਾਂਤੀ[1] ॥੧੩॥ — [1]ਜਿਵੇਂ ਪਹਿਲੋਂ ਗਏ ਸਨ ਤਿਸੇ ਤਰ੍ਹਾਂ ਆਏ।
ਏਕਿ ਨਿਸਾ ਬਸਿ ਕੈ ਮਗ ਮਾਂਹੀ।
ਆਵਤਿ ਭੇ ਅਪਨੇ ਪੁਰਿ ਪਾਹੀ।
ਪੂਰਬ ਗਯੋ[1], ਜਾਇ ਸੁਧਿ ਦੀਨਿਸਿ। — [1]ਪਹਿਲੋਂ ਗਿਆ (ਕੋਈ ਸਿੱਖ)।
ਸੁਨਿ ਗੰਗਾਦਿਕ ਆਨੰਦ ਕੀਨਿਸਿ ॥੧੪॥
ਸਕਲ ਮੇਲਿ ਕੀ ਅਬਲਾ ਜੇਈ।
ਸੁਨਿ ਆਗਵਨ ਤਜਾਰ ਭੀ ਤੇਈ।

ਡੋਰੇ ਸਹਤ ਸੁ ਦ੍ਵਾਰ ਅਗਾਰੇ।
ਗੁਰੁ ਸੁਤ ਆਯਹੁ ਸਰਬ ਨਿਹਾਰੇ[1] ॥੧੫॥ [1]ਸਭਨਾਂ ਨੇ ਦੇਖਿਆਂ।
ਪਿਖਿ ਦਮੋਦਰੀ ਪੁੱਤ੍ਰ ਸੁਨੁਖਾ[1]। [1]ਨੂੰਹ ਪੁੱਤ੍ਰ ਨੂੰ।
ਮਨਹੁ ਕਲਪਤਰੁ ਲਹਜੋ[1] ਅਦੂਖਾ। [1]ਮਿਲਿਆ ਹੈ।
ਬਾਰਿ ਬਾਰਿ ਬਾਰੀ ਬਰ ਬਾਰਾ[1]। [1]ਬਾਰ ਬਾਰ ਸ੍ਰੇਸ਼ਟ ਜਲ ਵਾਰਿਆ।
ਭਲੀ ਰੀਤਿ ਲੇ[1] ਸਦਨ ਮਝਾਰਾ ॥੧੬॥ [1]ਲੈ ਗਏ।
ਝੋਰੀ ਪਾਇ ਦਰਬ ਕੀ ਥਾਤੀ।
ਪਿਖਤਿ ਸਨੁਖਾ ਸੀਤਲ ਛਾਤੀ।
ਪੌਤ੍ਰ ਬਧੂ[1] ਕੋ ਗੰਗਾ ਹੇਰਾ। [1]ਪੋਤ੍ਰੇ ਨੂੰਹ।
ਮੁਦਿਤਿ ਮਹਾਂ ਧਨ ਦੀਨਿ ਬਡੇਰਾ ॥੧੭॥
ਆਇ ਨਾਨਕੀ ਅਰੁ ਮਰਵਾਹੀ।
ਪਿਖਿ ਪਿਖਿ ਧਨ ਦੇ ਸਰਬ ਸਰਾਹੀ।
ਅਪਰ ਮੇਲਿ ਕੀ ਅਬਲਾ ਸਾਰੀ।
ਦੇਤਿ ਦਰਬ ਗਨ ਬਧੂ ਨਿਹਾਰੀ ॥੧੮॥
ਸ਼੍ਰੀ ਹਰਿਗੋਵਿੰਦ ਸਹਤ ਬਰਾਤਿ।
ਆਗੈ ਕਰਿ ਗੁਰਦਿੱਤਾ ਤਾਤ।
ਗਏ ਪ੍ਰਸਾਦਿ ਲਏ ਦਰਬਾਰ।
ਪੌਰ ਦਰਸ਼ਨੀ ਬੰਦਨ ਦਾਰਿ ॥੧੯॥
ਸ਼੍ਰੀ ਹਰਿਮੰਦਰ ਬੰਦਨ ਕਰਿ ਕੈ।
ਚਾਰਹੁੰ ਕਰੀ ਪ੍ਰਕਰਮਾ ਫਿਰਿ ਕੈ।
ਅੰਤਰ ਪ੍ਰਵਿਸ਼ੇ ਬ੍ਰਿੱਧ ਨਿਹਾਰਾ[1]। [1]ਬਾਬਾ ਬੁੱਢਾ ਜੀ ਨੂੰ ਦੇਖਿਆ।
ਨਮੋ ਕਰਤਿ ਸਭਿ ਕੁਸ਼ਲ ਉਚਾਰਾ ॥੨੦॥
ਖਰੇ ਹੋਇ ਅਰਦਾਸ ਬਖਾਨੀ।
ਪੁਨ ਪ੍ਰਸਾਦਿ ਬਰਤਾਵਨਿ ਠਾਨੀ।
ਤਖਤ ਅਕਾਲ ਬੈਠਿਗੇ ਆਇ।
ਮਿਲਿ ਗੁਰਦਾਸ ਨਮੋ ਜੁਤਿ ਗਾਇ[1] ॥੨੧॥ [1]ਬੰਦਨਾ ਸਹਤ (ਸੁਖ ਅਨੰਦ) ਕਹੀ।
ਕਹਜੋ ਮਸੰਦਨਿ ਸੋਂ ਗੁਰੁ ਤਬੈ।
'ਸੁਧਿ ਲਿਹੁ ਨਰ ਬਰਾਤਿ ਜੇ ਸਬੈ।
ਖਾਣਾ ਦਾਣਾ ਦੇਹੁ ਸੰਭਾਰਿ।
ਜਥਾ ਜੋਗ ਸਭਿ ਕੋ ਨਿਰਧਾਰਿ' ॥੨੨॥
ਉਠਿ ਕਰਿ ਨਿਜ ਮਹਿਲੀਂ ਗੁਰੁ ਗਏ।

ਸੰਧਜਾ ਸੂਰ ਅਥਯੋ ਤਮ ਭਏ[1]।
ਤਬਿ ਗੰਗਾ ਸਗਰੋ ਪਰਵਾਰ।
ਸਹਤ ਮੇਲਿ ਸਭਿ ਕਰਿ ਕੈ ਤਯਾਰਿ ॥੨੩॥
ਜਾਇ ਕਰੀ ਬੰਦਨ ਹਰਿਮੰਦਰ।
ਦੀਨਿ ਪ੍ਰਦਛਨਾ ਫਿਰਿ ਸਭਿ ਸੁੰਦਰਿ[1]।
ਧਰਿ ਅਕੋਰ ਪੁਨ ਮੁਰਿ ਕਰਿ ਆਈ।
ਗਾਵਤਿ ਗੀਤਨਿ ਦੇਤਿ ਵਧਾਈ ॥੨੪॥
ਖਾਨ ਪਾਨ ਪੁਨ ਕਰਿ ਸਮੁਦਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਪੰਚ ਦਿਵਸ ਇਸ ਰੀਤਿ ਬਿਤਾਏ।
ਮੇਲਿ ਚਲਨਿ ਘਰ ਕੋ ਅਕੁਲਾਏ ॥੨੫॥
ਕਹਿਂ ਲਗਿ ਗਿਨੀਯਹਿ ਨਾਮ ਜੁ ਸਾਰੇ।
ਜਥਾ ਜੋਗ ਸਭਿ ਦੇ ਅਧਿਕਾਰੇ[1]।
ਦਾਨ ਮਾਨ ਸੋਂ ਕਰੇ ਬਿਸਰਜਨ।
ਨਿਜ ਨਿਜ ਘਰ ਗਮਨੇ ਹਰਖਤਿ ਮਨ ॥੨੬॥
ਮਉ, ਖਡੂਰ, ਡੱਲੇ, ਮੰਡਜਾਲੀ।
ਗੋਇੰਦਵਾਲ ਸੁ ਮੇਲਿ ਬਿਸਾਲੀ।
ਸੁਜਸੁ ਕਰਤਿ ਨਿਜ ਨਿਜ ਘਰਿ ਗਏ।
'ਉਤਸਵ ਅਧਿਕ ਬਯਾਹ ਮਹਿਂ ਭਏ' ॥੨੭॥
ਰਾਮੋ ਸਹਤ ਸੁ ਸਾਂਈਦਾਸ।
ਨਹਿਂ ਗਮਨਯੋ ਰਹਿ ਸਤਿਗੁਰੁ ਪਾਸਿ।
'ਕੇਤਿਕ ਦਿਨ ਹੌਂ ਦਰਸ਼ਨ ਕਰੌਂ।
ਨਹੀਂ ਜਾਨਿ ਘਰ ਇੱਛਾ ਧਰੌਂ ॥੨੮॥
ਹੁਇ ਪ੍ਰਸੰਨ ਪ੍ਰੇਮੀ ਬਡ ਜਾਨਾ।
ਗੁਰ ਨਿਜ ਨਿਕਟਿ ਰਾਖਿ ਬੈਠਾਨਾ।
ਮਿਹਰਾ ਨਾਮ ਸਿੱਖ ਇਕਿ ਗੁਰੁ ਕਾ।
ਬਸਹਿ ਬਕਾਲੇ ਪ੍ਰੇਮੀ ਉਰ ਕਾ ॥੨੯॥
ਤੀਰ ਬਿਪਾਸਾ ਕੇ ਸ਼ੁਭ ਗ੍ਰਾਮ।

[1]ਸੂਰਜ ਡੁਬਿਆ, ਅੰਧੇਰਾ ਹੋਇਆ।

[1]ਸੁੰਦਰ (ਹਰਿਮੰਦਿਰ ਜੀ ਦੀ)। (ਅ) ਸੁੰਦਰ (ਇਸਤ੍ਰੀਆਂ ਨੇ)।

[1]ਜੋ ਜੋ ਜਿਸ ਦੇ ਅਧਿਕਾਰ ਸੀ।

ਸੋ ਆਯੋ ਸਿਮਰਤਿ ਸਤਿਨਾਮ।
ਉਤਸਵ ਬਜਾਹ ਬਿਖੈ ਹਰਖਾਏ।
ਮੇਲਿ ਵਿਸਾਖੀ ਕੋ ਸਮੁਦਾਏ ॥੩੦॥
ਮਿਹਰੇ ਜਥਾ ਸ਼ਕਤਿ ਕਰ ਲੀਨਿ।
ਭੇਟ ਗੁਰੂ ਆਗੈ ਧਰਿ ਦੀਨਿ।
ਮਸਤਕ ਟੇਕਤਿ ਗੁਰੂ ਬਖਾਨੀ[1]। [1]ਗੁਰੂ ਜੀ ਨੂੰ ਕਹੀ।
'ਮੋਹਿ ਭਾਵਨਾ ਪੁਰਹੁ ਮਹਾਨੀ ॥੩੧॥
ਸੁੰਦਰ ਸਦਨ ਸੁਧਾਰਨਿ ਕਰੇ।
ਤਿਨਿ ਮਹੁੰ ਚਰਨ ਆਪ ਕੋ ਫਿਰੇ।
ਮਾਤਾ ਗੰਗ ਸੰਗਿ ਚਲਿ ਆਵੈਂ।
ਇਮਿ ਦੇਖਨਿ ਮਮ ਚਿਤ ਲਲਚਾਵੈ'
॥੩੨॥
ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ।
'ਜੇ ਕਰਿ ਪ੍ਰੇਮ ਮਨੋਰਥ ਠਾਨਾ।
ਕਯੋਂ ਨ ਹੋਹਿ ਪੂਰਨ ਮਨ ਜਾਨਹੁ।
ਅਸ ਹੁਇ ਸਮੋ, ਪ੍ਰਤੀਖਨ ਠਾਨਹੁ[1]' [1]ਐਸਾ ਸਮਾਂ ਆਵੇਗਾ, (ਤੁਸੀਂ) ਉਡੀਕ ਕਰੋ।
॥੩੩॥
ਸੁਨਿ ਗੁਰੁ ਤੇ ਆਇਸੁ ਕੋ ਲੀਨਿ।
ਗਮਨਯੋ ਸ਼੍ਰੀ ਗੰਗਾ ਘਰ ਚੀਨਿ।
ਪੌਤ੍ਰ ਬਜਾਹ ਤੇ ਹਰਖਤਿ ਹੋਈ।
ਵਧੀ ਬੇਲ ਗੁਰੁ ਬਚ ਫੁਰਿ ਸੋਈ ॥੩੪॥
ਮਿਹਰੇ ਅੱਗ੍ਰ ਉਪਾਇਨਿ ਧਰੀ।
ਹਾਥ ਜੋਰਿ ਅਭਿਬੰਦਨ ਕਰੀ।
ਅਤਿ ਪ੍ਰਸੰਨ ਹੁਇ ਬੂਝਨਿ ਠਾਨਾ।
ਮਾਤ ਗੰਗ[1] 'ਆਨੰਦ ਮਹਾਨਾ?' ॥੩੫॥ [1]ਮਾਤਾ ਗੰਗਾ ਜੀ ਨੇ ਪੁਛਿਆ।
ਸੁਨਿ ਮਿਹਰੇ ਬ੍ਰਿਤੰਤ ਨਿਜ ਭਾਖਾ।
'ਮਨ ਮੇਰੇ ਅਸ ਹੈ ਅਭਿਲਾਖਾ।
ਸ਼੍ਰੀ ਹਰਿ ਗੋਵਿੰਦ ਲੇ ਕਰਿ ਨਾਲ।
ਘਰ ਦਰਸ਼ਨ ਦੇ ਕਰਹੁ ਨਿਹਾਲ ॥੩੬॥
ਸੁੰਦਰ ਮੰਦਿਰ ਮੈਂ ਬਨਿਵਾਏ।
ਦਰਬ ਅਧਿਕ ਹੀ ਤਿਨਿ ਪਰ ਲਾਏ।
ਬਸਯੋ ਨਹੀਂ ਮੈਂ ਅੰਤਰਿ ਤਾਂਹਿ।

ਨਏ ਹੇਰਿ ਮਨ ਉਪਜੀ ਚਾਹਿ ॥੩੭॥
ਪ੍ਰਥਮ ਗੁਰੂ ਕੇ ਪਦ ਅਰਬਿੰਦ।
ਬਿਚਰਹਿੰ ਸਦਨ, ਹੋਤਿ ਆਨੰਦ।
ਬਿਨੈ ਭਨੀ ਇਹ, ਗੁਰੂ ਅਗਾਰੀ।
ਤਉ ਸਹਾਇਤਾ ਚਹੌਂ ਤੁਮਾਰੀ ॥੩੮॥
ਕਹਿ ਕਰਿ ਆਪ ਤਯਾਰਿ ਕਰਿਵਾਵਹੁ।
ਏਕਿ ਬਾਰਿ ਤਿਸਿ ਘਰ ਪਗ ਪਾਵਹੁ।
ਸਫਲ ਕਰਹੁ ਬਨਿਬੋ ਤਿਨਿ ਸੁੰਦਰ[1]।
ਇਕਿ ਦੁਇ ਨਿਸਾ ਬਾਸ ਕਰਿ ਅੰਦਰਿ' ॥੩੯॥

[1]ਤਿਨ੍ਹਾਂ ਮਕਾਨਾਂ ਦਾ ਸੁੰਦਰ ਬਣਨਾ।

ਸੁਨਿ ਗੰਗਾ ਮਿਹਰੇ ਸੰਗਿ ਕਹਯੋ।
'ਉਤਸਵ ਬਜਾਹ ਕੇਰਿ ਹੁਇ ਰਹਯੋ।
ਅਬਿ ਤੌਂ ਜਾਨੋ ਬਨੈ ਨ ਕੋਈ।
ਕੋ ਦਿਨ ਬਿਤਹਿਂ ਨਿਹਾਰੈਂ ਸੋਈ ॥੪੦॥
ਸ਼੍ਰੀ ਹਰਿਗੋਵਿੰਦ ਕੋ ਲੇ ਸੰਗਿ।
ਆਇ ਪਹੂਚਹਿਂ ਸਦਨ ਉਤੰਗ[1]।
ਨਹਿਂ ਸੰਸੈ ਇਸਿ ਮਹਿਂ ਕਿਮਿ ਜਾਨਹੁ।
ਅਬਿ ਤੂੰ ਅਪਨੇ ਧਾਮ ਪਯਾਨਹੁ' ॥੪੧॥

[1](ਤੇਰੇ) ਉੱਚੇ ਭਾਵ ਸ੍ਰੇਸ਼ਟ ਘਰ ਵਿਚ।

ਸੁਨਿ ਗੰਗਾ ਤੇ ਧੀਰਜ ਕੀਨਿ।
ਮਿਹਰੇ ਸਦਨ ਪਯਾਨਾ ਲੀਨਿ।
ਨਿਸ ਦਿਨ ਚਿਤਵਹਿ ਆਵਨਿ ਗੁਰੁ ਕੋ।
ਬਿਨੁ ਦਰਸ਼ਨ ਤੇ ਸੁਖ ਨਹਿਂ ਉਰ ਕੋ ॥੪੨॥
ਭੋਜਨ ਅਲਪ ਨੀਂਦ ਨਹਿਂ ਆਵੈ।
ਗਿਨਤੀ ਗੁਰ ਆਗਵਨ ਗਿਨਾਵੈ[1]।
ਇਕਿ ਦਿਨ ਮਾਤ ਗੰਗ ਸੁਤ ਹੇਰਾ।
ਮਿਹਰੇ ਹੇਤਿ[1] ਕਹਯੋ ਤਿਸਿ ਬੇਰਾ ॥੪੩॥

[1]ਗੁਰੂ ਜੀ ਦੇ ਆਵਣ ਦੀ ਗਿਣਤੀ ਗਿਣਦਾ ਹੈ।

[1]ਮਿਹਰੇ ਦੇ (ਘਰ ਜਾਣ) ਵਾਸਤੇ।

'ਹੇ ਸੁਤ ! ਸਿੱਖ ਜੁ ਬਸਹਿ ਬਕਾਲੇ।
ਅਭਿਲਾਖਤਿ ਘਰ ਬਿਖੈ ਬਿਸਾਲੇ।
ਅਧਿਕ ਪ੍ਰੇਮ ਤੇ ਕਹਿ ਕਰਿ ਗਯੋ।
ਤੁਮ ਆਗਵਨਿ ਚਿਤਹਿ[1] ਬਸਿ ਭਯੋ[2]' ॥੪੪॥

[1]ਚਿਤਵਦਾ ਹੈ। [2]ਪ੍ਰੇਮ ਵਸੀ ਹੋਇਆ। (ਅ) (ਸਾਡੇ) ਵਸਣ ਵਾਸਤੇ।

ਸ੍ਰੀ ਗੁਰੁ ਸਭਿ ਗਤਿ ਕੋ ਮਨ ਜਾਨਾ।
ਕਹ੍ਯੋ ਮਾਤ ਕੋ ਬਚ ਮਨ ਮਾਨਾ।
'ਤੁਮ ਸਮੇਤਿ ਹਮ ਚਲਹਿਂ ਤਿਥਾਈ।
ਦੁਇ ਤ੍ਰੈ ਨਿਸਾ ਬਸਹਿਂ ਤਹਿਂ ਜਾਈ'
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰੇ ਕੋ ਪ੍ਰਸੰਗ ਬਰਨਨੰ ਨਾਮ ਇਕ ਸਸ਼ਠੀ ਅੰਸੂ ॥੬੧॥

## ੬੨. [ਮਾਤਾ ਗੰਗਾ ਪ੍ਰਲੋਕ]

੬੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੩

ਦੋਹਰਾ:

ਸੁਨਿ ਕਰਿ ਬਚ ਇਮਿ ਮਾਤ ਕੇ ਸ੍ਰੀ ਗੁਰੁ
ਹਰਿ ਗੋਵਿੰਦ।
ਮਾਨਤਿ ਭੇ ਸਭਿ ਜਾਨਿ ਕੈ ਹੋਹਿ ਭਵਿੱਖਜਤਿ
ਬ੍ਰਿੰਦ[1] ॥ ੧ ॥

ਚੌਪਈ:

'ਹੋਤਿ ਪ੍ਰਭਾਤਿ ਕਰਹਿਂ ਸਭਿ ਤਜਾਰੇ।
ਚਲਹਿਂ ਬਕਾਲੇ ਸੰਗਿ ਤੁਮਾਰੇ।'
ਇਮਿ ਕਹਿ ਸੁਪਤੇ ਰਾਤਿ ਬਿਤਾਈ।
ਜਾਗੇ ਦਯਾ ਸਿੰਧੁ ਗੋਸਾਈਂ ॥੨॥
ਸੌਚ ਸ਼ਨਾਨ ਧਯਾਨ ਕੋ ਠਾਨੇ।
ਦਿਨਕਰ ਚਢੇ ਚਢਨਿ ਲਲਚਾਨੇ[1]।
ਸਭਿ ਪਰਵਾਰ ਸਦਨ ਹੀ ਰਾਖਿ।
ਹਯ ਮੰਗਵਾਇਸਿ ਚਲਿਬੇ ਕਾਂਖਿ[1] ॥੩॥
ਕੁਛ ਸਿਖ ਸੁਭਟ ਸੰਗਿ ਲੈ ਨਾਥ।
ਗੰਗ ਮਾਤ ਕੇ ਚਾਲੇ ਸਾਥਿ।
ਸ੍ਰੀ ਹਰਿਮੰਦਰ ਬੰਦਨ ਕਰਿ ਕੈ।
ਗਮਨਿ ਬਕਾਲੇ ਦਿਸ਼ਾ ਨਿਹਰਿ ਕੈ ॥੪॥
ਸਨੇ ਸਨੇ ਮਗ ਉਲੰਘਯੋ ਸਾਰੋ।
ਜਾਇ ਬਕਾਲੇ ਗ੍ਰਾਮ ਨਿਹਾਰੋ।
ਸਾਈਂਦਾਸ ਸੰਗਿ ਬਚ ਕਹਯੋ।
'ਇਹ ਸਥਾਨ ਆਗੇ ਜੋ ਲਹਯੋ ॥੫॥
ਪਹੁੰਚਨਿ ਉਚਿਤਿ ਇਹੀ ਲਖਿ ਲੀਜੈ।
ਕੇਤਿਕ ਦਿਨ ਬਾਸਾ ਇਤਿ ਕੀਜੈ।'
ਮਿਹਰੇ ਸੁਨਯੋ ਗੁਰੂ ਚਲਿ ਆਏ।
ਮਾਤਾ ਗੰਗਾ ਸੰਗਹਿ ਲਯਾਏ' ॥੬॥
ਹਰਖਤਿ ਗਮਨਯੋ ਲੇਨਿ ਅਗਾਰੀ।
ਆਇ ਮਿਲਯੋ ਬੰਦਨ ਪਦ ਧਾਰੀ।
ਸਤਿਗੁਰੁ ਕੁਸ਼ਲ ਬੂਝਿ ਤਿਹ ਸੰਗਾ।
'ਦਯਾ ਆਪਿ ਕੀ ਸੁਖ ਸਰਬੰਗਾ[1]' ॥੭॥

[1]ਸਾਰੀ ਭਵਿੱਖਤ ਵਿਚ ਜੋ ਹੋਣੀ ਹੈ।
[1]ਸੂਰਜ ਚੜ੍ਹੇ ਚੜ੍ਹਨਾ ਚਾਹਿਆ।
[1]ਚੱਲਣ ਦੀ ਇੱਛਾ ਕਰਕੇ।
[1]ਸਭ ਤਰ੍ਹਾਂ।

ਪੁਨ ਮਾਤਾ ਕੇ ਚਰਨੀ ਪਰਜੋ।
'ਗੁਰੁ ਚਿਤਿ ਆਵਹਿ' ਆਸ਼ਿਖ ਰਰਜੋ[1]।
ਮੁਦਿਤਿ ਰਿਦੇ ਲੇ ਪੁਰੀ ਸਿਧਾਰਾ।
ਜਹਾਂ ਨਵੀਨ ਨਿਕੇਤ ਉਸਾਰਾ ॥੮॥
ਤਹਿਂ ਆਛੋ ਪਰਯੰਕ ਡਸਾਵਾ।
ਸੁੰਦਰ ਆਸਤਰਨ ਸੋਂ ਛਾਵਾ[1]।
ਕਹਿ ਸਤਿਗੁਰੁ ਸੋਂ ਤਹਾਂ ਉਤਾਰੇ।
ਸਭਿ ਪਰਵਾਰ ਬੰਦਨਾ ਧਾਰੇ ॥੯॥
ਖਾਨ ਪਾਨ ਨੀਕੇ ਕਰਿਵਾਇਸਿ।
ਸਰਬ ਸੇਵ ਤੇ ਗੁਰੁ ਰਿਝਾਇਸਿ।
ਤੀਨਿ ਦਿਵਸ ਗੁਰੁ ਤਹਾਂ ਬਿਤਾਏ।
ਕਰਤਿ ਟਹਿਲ ਕੋ ਉਰ ਹਰਖਾਏ ॥੧੦॥
ਚਤੁਰਥ ਦਿਨ ਮਹਿਂ ਬੈਠੇ ਪਾਸਿ।
ਮਾਤਾ ਕੀਨਸਿ ਬਾਕ ਪ੍ਰਕਾਸ਼।
'ਹੇ ਸੁਤ ! ਸੁਪਨ ਰਾਤਿ ਕੋ ਆਯਹੁ।
ਦੇਹਿ ਅੰਤਿ ਅਪਨੋ ਲਖਿ ਪਾਯਹੁ ॥੧੧॥
ਤੁਮਰੇ ਪਿਤਾ ਸਮੀਪਿ ਸਿਧਾਵੌਂ।
ਮਿਲੌਂ ਅਨੰਦ ਤਹਾਂ ਕੋ ਪਾਵੌਂ।
ਜੀਵਤਿ ਚਿਤ ਬਾਂਛਤਿ[1] ਮੈਂ ਪਾਵਾ।
ਗੁਰੁ ਕ੍ਰਿਪਾ ਤੇ ਮੋਦ ਉਪਾਵਾ' ॥੧੨॥
ਕਹਜੋ ਸੰਝਿ, ਨਿਸਿ ਭੀ ਮੱਧਜਾਨਾ[1]।
ਤਬਿ ਗੰਗਾ ਤਨ ਕੀਨਿ ਸ਼ਨਾਨਾ।
ਸੁਨਿ[1] ਸਤਿਗੁਰੁ ਢਿਗ ਬੈਠੇ ਰਹੇ।
ਵਾਹਿਗੁਰੂ ਸਿਮਰਨਿ ਕੋ ਕਹੇ ॥੧੩॥
ਹੁਕਮੁ ਸੱਤਿ ਜਾਨਜੋ ਨਿਰਧਾਰਾ।
ਅਪਰ ਮਾਤ ਸੋਂ ਕੁਛੁ ਨ ਉਚਾਰਾ।
ਪ੍ਰਥਮ ਪਾਠ ਜਪੁਜੀ ਕੋ ਕੀਨਾ।
ਪੁਨ ਸੁਖਮਨੀ ਬਿਖੈ ਚਿਤ ਦੀਨਾ ॥੧੪॥
ਬਿਧੀਆ ਜੇਠਾ ਸਾਂਈਦਾਸ।
ਸੁਨਿ ਸੁਨਿ ਬੈਠੇ ਮਾਤਾ ਪਾਸਿ।
ਚਿਤ ਬਿਸਮਤਿ ਅਵਿਲੋਕਤਿ ਸਾਰੇ।

[1]ਅਸ਼ੀਰਵਾਦ (ਮਾਤਾ ਜੀ ਨੇ) ਕਹੀ।

[1]ਵਿਛਾਵਣਾ ਵਿਛਾਇਆ।

[1]ਮਨ ਮੰਗੀਆਂ (ਮੁਰਾਦਾਂ)।

[1]'ਇਹ ਸੁਪਨਾ) ਦੱਸਿਆ (ਮਾਤਾ ਜੀ ਨੇ) ਸੰਧਜਾ ਵੇਲੇ (ਤੇ ਫੇਰ ਜਦ) ਅੱਧੀ ਰਾਤ ਹੋਈ।

[1]ਅਸ਼ਨਾਨ ਕੀਤਾ) ਸੁਣਕੇ।

ਗੁਰੁ ਸਮੇਤਿ ਬੈਰਾਗ ਸੁ ਧਾਰੇ[1] ॥੧੫॥
[1]ਸਾਰਿਆਂ ਨੇ) ਵੈਰਾਗ ਧਾਰਿਆ।

ਪਠਿ ਸੁਖਮਨੀ ਭੋਗ ਜਬਿ ਪਾਯਹੁ।
ਹਾਥ ਜੋਰਿ ਸਭਿ ਸੀਸ ਨਿਵਾਯਹੁ।
ਸੁਤ ਸੋਂ ਪ੍ਰੇਮ ਕਰੇ ਬਚ ਕਹਜੋ।
'ਜਿਮਿ ਤੁਵ ਪਿਤਾ ਦਾਗ ਜਲ ਲਹਜੋ[1]
॥੧੬॥

[1]ਭਾਵ ਇਹ ਹੈ ਕਿ ਉਹਨਾਂ ਦੇ ਸੱਚ ਖੰਡ ਗਮਨ ਮਗਰੋਂ ਸਰੀਰ ਨੂੰ ਜਲ ਵਿਚ ਪ੍ਰਵਾਹ ਕੀਤਾ ਸੀ। ਪਰੰਤੂ ਯਾਦ ਰਹੇ ਕਿ ਭਾਈ ਸਾਹਿਬ ਗੁਰੂ ਪੰਚਮ ਸਾਹਿਬ ਜੀ ਦਾ ਦਰਯਾ ਕਿਨਾਰੇ ਸਸਕਾਰ ਕਰਨਾ ਬੀ ਲਿਖ ਆਏ ਹਨ ਤੇ ਜਲ ਦਾਗ਼ ਬੀ ਲਿਖ ਆਏ ਹਨ। ਦੋਹਾਂ ਮਹਿਮਾਂ ਪ੍ਰਕਾਸ਼ ਨੇ ਸਸਕਾਰ ਲਿਖਿਆ ਹੈ। ਦੇਖੋ ਟੂਕ ਨਿਸ਼ਾਨ ਰਾਸ ੪ ਅੰਸੂ ੩੮, ਅੰਕ ੨੬ ਸਫਾ ੨੩੮੭।

ਤਥਾ ਕਰਹੁ ਮੇਰੋ ਸਸਕਾਰਾ[1]।
[1]ਭਾਵ ਜਲ ਪ੍ਰਵਾਹ ਕਰੋ।

ਸੁਖੀ ਬਸਹੁ ਤੁਮ ਜੁਤਿ ਪਰਵਾਰਾ।'
ਕੁਸ਼ਾ ਡਸਾਵਨਿ ਤਬਿ ਕਰਿਵਾਇ।
ਪੌਢੀ ਮੁਖ ਪਰਿ ਅੰਚਰ ਪਾਇ ॥੧੭॥
ਸਭਿ ਕੇ ਦੇਖਤਿ ਤਨੁ ਤਜਿ ਗਈ।
ਸ੍ਰੀ ਅਰਜਨ ਢਿਗਿ ਪ੍ਰਾਪਤਿ ਭਈ।
ਜੇਸ਼ਠ ਸੁਦੀ ਚੌਥ ਸਸਿਵਾਰ[1]।
[1]ਸੋਮਵਾਰ।

ਸ੍ਰੀ ਗੰਗਾ ਪਰਲੋਕ ਪਧਾਰਿ ॥੧੮॥
ਜੈ ਜੈ ਕਾਰ ਸੁਰਗ ਮਹਿਂ ਹੋਵਾ।
ਗੰਗ ਬਿਵਾਨ ਜਾਤਿ ਕਹੁ ਜੋਵਾ।
ਬਾਬਕ ਰਾਗੀ ਗੁਰੁ ਹਕਾਰਾ।
'ਗਾਵਹੁ ਆਸਾਵਾਹਿ' ਉਚਾਰਾ ॥੧੯॥
'ਮਾਰੂ ਅਰੁ ਵਡਹੰਸ ਜਿ ਰਾਗ।
ਗਾਵਹੁ ਸ਼ਬਦ ਬਡੋ ਬੈਰਾਗ[1]।'
[1]ਬਡੇ ਵੈਰਾਗ ਵਾਲੇ।

ਸੁਰ ਕਰਿ ਗਾਵਨਿ ਸੁੰਦਰ ਕੀਨਿ।
ਸੁਨਤਿ ਸਕਲ ਬਾਨੀ ਚਿਤ ਦੀਨਿ ॥੨੦॥
ਬੈਠੇ ਮਾਤਾ ਕੇ ਚਹੁੰਦਿਸ਼ ਮੈਂ।
ਸੁਨਹਿਂ ਪ੍ਰੇਮ ਤੇ ਕਰੁਨਾ ਰਸ ਮੈਂ।
ਭਈ ਪ੍ਰਭਾਤਿ ਭੋਗ ਤਬਿ ਪਾਯੋ।
ਮਾਤਾ ਹੇਤ ਬਿਬਾਨ ਬਨਾਯੋ ॥੨੧॥
ਸਭਿਨਿ ਗੁਰੂ ਜੁਤਿ ਕੀਨਿ ਸ਼ਨਾਨਾ।
ਨਰ ਅਨੁਹਾਰ ਰੁਦਨ ਕੋ ਠਾਨਾ[†]।

†ਬਨਾਵਟ ਕਰਕੇ ਰੋਣ ਤੋਂ ਭਾਵ ਨਹੀਂ। ਜਿਵੇਂ (ਗੁਰੂ ਸਰੂਪ) ਈਸ਼੍ਵਰੀਯ ਰੰਗ ਵਿਚ ਪੂਰਨ ਸੀ, ਤਿਵੇਂ ਇਨਸਾਨੀਅਤ ਦਾ ਬੀ ਕਮਾਲ ਸੀ। ਇਨਸਾਨੀ ਵਲਵਲਾ ਮਾਤਾ ਵਿਯੋਗ ਵੇਲੇ ਜੇ ਹੁਲਾਰ ਵਿਚ ਆਵੇ ਤਾਂ ਇਹ ਕਮਜ਼ੋਰ ਨਹੀਂ। ਵਾਚ ਗਜਾਨੀ ਲੋਕ ਪੱਥਰ ਸਮਾਨ ਹਿਰਦੇ ਦੀ ਕਰੜਾਈ ਨੂੰ ਗਜਾਨ ਅਵਸਥਾ ਜਾਣਕੇ ਐਸੇ ਮਰਮੀ ਵਲਵਲਿਆਂ ਨੂੰ ਸਮਝ ਨਹੀਂ ਸਕਦੇ।

ਬੀਚਿ ਬਿਬਾਨ ਗੰਗ ਕੋ ਪਾਏ।
ਪੁਨ ਚਾਰਿਹੁੰ ਨਿਜ ਕੰਧ[1] ਉਚਾਏ ॥੨੨॥ — [1]ਮੋਢਿਆਂ ਤੇ।
ਸਾਈਂਦਾਸ, ਪਿਰਾਣਾ ਦੋਇ।
ਬਿਧੀਆ, ਜੇਠਾ ਸੁਚਿ ਮੈਂ ਹੋਇ[1]। — [1]ਪਵਿੱਤ੍ਰ ਹੋਕੇ।
ਮਿਹਰੇ ਗਹਿ ਕਰ ਚਮਰੁ ਢੁਰਾਵਾ।
ਬਾਬਕ ਗਾਵਤਿ ਅੱਗ੍ਰ ਸਿਧਾਵਾ ॥੨੩॥
ਗਮਨੇ ਸ਼੍ਰੀ ਗੁਰੁ ਹਰਿਗੋਵਿੰਦ।
ਮਿਲੇ ਆਇ ਕਰਿ ਮਾਨਵ ਬ੍ਰਿੰਦ।
ਕੰਧਿ ਉਠਾਏ ਪਢਤਿ ਗੁਰੁਬਾਨੀ।
ਪਹੁੰਚੇ ਤੀਰ ਬਿਪਾਸਾ ਥਾਨੀ[1] ॥੨੪॥ — [1]ਬਿਆਸਾ ਦੇ ਕੰਢੇ ਵਾਲੇ ਥਾਂ ਤੇ।
ਆਇਸੁ ਪਾਇ ਗੁਰੂ ਕੀ ਚਾਰਹੁੰ।
ਜਾਇ ਪ੍ਰਵੇਸ਼ੇ ਨਦੀ ਮਝਾਰਹੁੰ।
ਜਹਾਂ ਕਹ੍ਯੋ[1] ਥਿਰ ਕਰਨਿ ਬਿਮਾਨ। — [1]ਗੁਰੂ ਜੀ ਨੇ) ਕਹਿਆ।
ਤਹਾਂ ਉਤਾਰਿ ਕੰਧ ਤੇ ਜਾਨਿ[1] ॥੨੫॥ — [1]ਉਤਾਰਿਆ ਜਾਣਕੇ (ਉਹ ਥਾਂ)।
ਜਬਿ ਜਲ ਬਿਖੈ ਕਛੁਕ ਪਰਵੇਸ਼ਾ।
ਤਨ ਭਾ ਅੰਤਰ ਧਜਾਨ ਅਸ਼ੇਸ਼ਾ।
ਆਇ ਬਰਨ ਬੰਦਨ ਕੋ ਠਾਨੀ।
ਕਰਜੋ ਪ੍ਰਚਾਵਨਿ ਸ਼ੁਭ ਇਸਥਾਨੀ[1] ॥੨੬॥ — [1]ਭਾਵ ਗੁਰਲੋਕ, ਦੇਖੋ ਇਸੇ ਅੰਸੁ ਦਾ ਅੰਕ ੧੮।
ਬਿਸਮਤਿ ਹੋਇ ਹਟੇ ਤਬਿ ਚਾਰੋਂ।
ਕਹਜੋ[1], ਪ੍ਰਸੰਗ ਪਿਖਜੋ ਜਿਮਿ ਸਾਰੋ। — [1]ਸਿਖਾਂ ਨੇ) ਕਿਹਾ।
'ਗੁਰੂ ਕੀ ਗਤਿ ਗੁਰੁ ਹੀ ਇਕਿ ਜਾਨੈ।'
ਇਮਿ ਕਹਿ ਸਭਿ ਹੀ ਬੰਦਨ ਠਾਨੈ ॥੨੭॥
ਜਥਾ ਜੋਗ ਕਰਿ ਹੈ ਹਟਿ ਆਏ।
ਬੀਚਿ ਬਕਾਲੇ ਨਰ ਸਮੁਦਾਏ।
ਏਕਿ ਨਿਸਾ ਬਸਿ ਕੈ ਤਿਸਿ ਥਾਨਾ।
ਭਈ ਪ੍ਰਾਤ ਗੁਰੁ ਚਹਜੋ ਪਯਾਨਾ ॥੨੮॥
ਮਿਹਰੇ ਸੰਗਿ ਕਹਜੋ 'ਤੁਵ ਚਾਹੀ।
ਪੂਰਨ ਭਈ ਲਖਹੁ ਉਰ ਮਾਂਹੀ।
ਜਾਇ ਸੁਧਾਸਰ, ਸਗਰੀ ਰੀਤਿ।

ਕਰਯੋ ਚਹਿਤਿ, ਚਿਤ ਮਹਿਂ ਧਰਿ ਪ੍ਰੀਤਿ'
॥੨੯॥
ਮਿਹਰੇ ਕਹਯੋ 'ਇਹਾਂ ਪ੍ਰਭੁ ਕੀਜੈ।
ਬਾਂਛਤਿ ਹੋਇ ਮੰਗਾਇ ਸੁ ਲੀਜੈ।
ਮਾਤਾ ਹੇਤ ਜੱਗਯ ਕਰਿਵਾਵਹੁ।
ਤਿਲਕ ਸਭਿਨਿ ਤੇ ਇਹ ਠਾਂ ਪਾਵਹੁ'
॥੩੦॥
ਗੁਰੂ ਕਹਯੋ 'ਚਿਤ ਚਾਹਤਿ ਜੋਇ।
ਸੋ ਭੀ ਬਾਤਿ ਤੋਹਿ ਢਿਗ ਹੋਇ।
ਹਮ ਤੇ ਤ੍ਰਿਤੀ ਥਾਨ ਗੁਰੁ ਬੈਸੈਂ[1]।
ਤਿਲਕ ਬਕਾਲੇ[†] ਮਹਿਂ ਲੇਂ ਐਸੇ ॥੩੧॥
ਮੇਰੋ ਰੂਪ ਭੇਦ ਨਹਿਂ ਕੋਈ।
ਤਬਿ ਲੌ ਜੀਵਨਿ ਤੇਰੋ ਹੋਈ।'
ਸੁਨਿ ਮਿਹਰੇ ਉਰ ਨਿਸ਼ਚੈ ਪਾਯੋ।
ਚਰਨ ਕਮਲ ਗੁਰੁ ਕੇ ਲਪਟਾਯੋ ॥੩੨॥
ਚਢੇ ਤੁਰੰਗ ਬੇਗ ਤੇ ਚਾਲੇ।
ਸਾਈਂਦਾਸ ਸਿੱਖ ਭਟ ਨਾਲੇ।
ਪੰਥ ਬਿਖੈ ਕੁਛ ਥੋਰਾ ਠਹਿਰੇ।
ਚਢੇ ਗੁਰੂ ਪੁਨ ਢਰੇ ਦੁਪਹਿਰੇ ॥੩੩॥
ਕਿਤਿਕ ਦਿਵਸ ਰਹਿ ਪਹੁੰਚੇ ਜਾਈ।
ਗੰਗ ਮਾਤ ਕੀ ਬਾਤਿ ਸੁਨਾਈ।
ਗੁਰੁ ਪਤਨੀ ਤੀਨਹੁ ਰੁਦਨੰਤੀ।
ਸਿਮਰਿ ਸਿਮਰਿ ਗੁਨ ਬਹੁ ਪਛਤੰਤੀ
॥੩੪॥
'ਪੁਰਬ ਹੀ ਹਮ ਤੇ ਹੁਇ ਨਯਾਰੀ।
ਅੰਤ ਸਮੇਂ ਮਹਿਂ ਨਹੀਂ ਨਿਹਾਰੀ।
ਹਮ ਸਭਿ ਕੋ ਅਲੰਬ[1] ਬਡ ਹੁਤੀ।
ਘਰ ਕਾਰਜ ਕੀ ਦਾਯਕ ਮਤੀ[1]' ॥੩੫॥
ਸ੍ਰੀ ਗੁਰੁ ਉਤਰਿ ਪਰੇ ਤਹਿ ਸਮੋ।
ਸ੍ਰੀ ਹਰਿਮੰਦਰ ਕਰਿ ਕੈ ਨਮੋ।
ਬੈਠੇ ਤਖਤ ਅਕਾਲ ਸਥਾਨ।
ਸੁਧਿ ਪੁਰਿ ਮਹਿਂ ਸੁਨਿ ਸੁਨਿ ਸਭਿ ਕਾਨ

[1]ਬੈਠਣਗੇ।

[†]ਅੰਮ੍ਰਿਤਸਰ ਦੇ ਜ਼ਿਲੇ ਵਿਚ ਹੈ।

[1]ਆਸਰਾ।

[1]ਮੱਤ ਦੇਣ ਵਾਲੀ।

॥ ੩੬ ॥
ਸਜਾਨੇ ਨਰ ਸਤਿਗੁਰੁ ਢਿਗ ਆਏ।
ਬੈਠਿ ਮਾਤ ਕੀ ਬਾਤ ਚਲਾਏ।
ਕਰਹਿਂ ਸਰਾਹਨ 'ਬਹੁ ਮਤਿ ਵੰਤੀ।
ਸਮ ਭਾਨੀ ਕੇ ਅਤਿ ਸਤਿਵੰਤੀ' ॥ ੩੭ ॥
ਗੁਰੂ ਕਹ੍ਯੋ 'ਜੋ ਉਪਜਨਿ ਹਾਰ।
ਬਿਨਸਹਿ, ਨੇਮ ਇਹੀ ਕਰਤਾਰ।
ਹੋਨਿਹਾਰ ਕੋ ਕਜਾ ਹੈ ਸ਼ੋਕ।
ਕਰਹਿ ਸ਼ੋਕ ਪਾਇ ਨ ਕੁਛ ਲੋਕ[1]' ॥ ੩੮ ॥
ਪੁਰਿ ਕੇ ਨਰ ਮਸੰਦ ਗਨ ਸੂਰੇ।
ਆਏ, ਭਈ ਭੀਰ ਥਲ ਪੂਰੇ।
ਜਥਾ ਜੋਗ ਸਭਿਹਿਨਿ ਕੇ ਸਾਥ।
ਬਚਨ ਬਿਲਾਸ ਪ੍ਰਕਾਸ਼ੇ ਨਾਥ ॥ ੩੯ ॥
ਉਠਿ ਕਰਿ ਨਿਜ ਮਹਿਲੀਂ ਤਬਿ ਗਏ।
ਅਧਿਕ ਸ਼ੋਰ ਤਹਿਂ ਸੁਨਿਤੇ ਭਏ।
ਪੁਰਿ ਕੀ ਨਾਰਿ ਬ੍ਰਿੰਦ ਘਰ ਭਰ੍ਯੋ।
ਊਚੇ ਸੁਰ ਰੋਦਨ ਬਹੁ ਕਰ੍ਯੋ ॥ ੪੦ ॥
ਇਕ ਦਾਸੀ ਨਿਜ ਨਿਕਟਿ ਬੁਲਾਈ।
ਰੁਦਤਿ ਦੁਖਿਤਿ ਚਿਤ ਸੋ ਚਲਿ ਆਈ।
ਕਹ੍ਯੋ ਤਾਂਹਿ ਸੋਂ 'ਰੁਦਨ ਹਟਾਵਹੁ।
ਬੈਠੇ ਰਹਹੁ ਗੁਰੂ ਗੁਨ ਗਾਵਹੁ ॥ ੪੧ ॥
ਬਡਭਾਗਨਿ ਜਨਨੀ ਸੁਖ ਪਾਏ।
ਨਹਿਂ ਸੋਚਨਿ ਕੇ ਜੋਗ ਕਦਾਏ।
ਸੁਨਿ ਦਾਸੀ ਅੰਤਰ ਤਬਿ ਜਾਇ।
ਗੁਰੁ ਬਚ ਕਹਿ ਕੈ ਦਈ ਹਟਾਇ ॥ ੪੨ ॥
ਸੁਨਿ ਕੇ ਸਨੇ ਸਨੇ ਹਟਿ ਗਈ।
ਸ਼ੋਕ ਸਕਲ ਹੀ ਠਾਨਤਿ ਭਈ।
ਰਾਤਿ ਬਿਤਾਵਨਿ ਕੀਨਿ ਸੋਇ।
ਉਠੇ ਪ੍ਰਭੁ ਨਿਜਿ ਬੇਲਾ ਜੋਇ[1] ॥ ੪੩ ॥
ਸੁਧਿ ਸਬੰਧੀਅਨਿ ਸਦਨ ਪਠਾਈ।
ਸੁਨੀ ਸਭਿਨਿ ਬਹੁ ਸ਼ੋਕ ਉਪਾਈ।

[1]ਜੋ ਲੋਕ ਸ਼ੋਕ ਕਰਦੇ ਹਨ ਉਹਨਾਂ ਨੂੰ ਕੁਛ ਪ੍ਰਾਪਤ ਨਹੀਂ ਹੁੰਦਾ।

[1]ਵੇਲਾ ਵੇਖਕੇ।

ਨਿਜ ਨਿਜ ਘਰ ਤੇ ਹ੍ਵੈ ਕਰਿ ਤਜਾਰੇ।
ਪਰੇ ਸੁਧਾਸਰ ਪੰਥ ਮਝਾਰੇ ॥੪੪॥
ਬੋਲੇ ਸਤਿਗੁਰੁ 'ਸੁਨਿ ਗੁਰਦਾਸ!
ਪਠਹੁ ਗ੍ਰਿੰਥ ਸਾਹਿਬ ਸੁਖਰਾਸ।
ਬਿਦਤਹਿ ਸਿੱਖਜਨਿ ਮੈਂ ਅਸ ਰੀਤਿ।
ਮ੍ਰਿਤਕ ਭਏ ਜੇ ਪਢਹਿਂ ਸ ਪ੍ਰੀਤਿ ॥੪੫॥
ਸਭਿ ਬਿਧਿ ਕੇ ਸੁਖ ਪਾਵਹਿਂ ਪ੍ਰਾਨੀ।
ਜਿਸ ਹਿਤ ਪਢਨਿ ਕਰਹਿਂ ਗੁਰੁ ਬਾਨੀ।
ਇਸਿ ਫਲ ਸਮ ਜਗ ਅਪਰ ਨ ਕੋਈ।
ਬਡੇ ਭਾਗ ਤੇ ਪ੍ਰਾਪਤਿ ਹੋਈ†' ॥੪੬॥
ਫਰਸ਼ ਕਰਾਯੋ ਸੁੰਦਰ ਠੌਰ।
ਦੁਹੁੰਦਿਸ਼ਿ ਸਿੱਖ ਢੁਰਾਵਹਿਂ ਚੌਰ।
ਖੋਲਨਿ ਕਰਜੋ ਗ੍ਰਿੰਥ ਜੀ ਤਬੈ।
ਕਰਿ ਗੁਰਦਾਸ ਪਾਠ ਕੋ ਸਬੈ ॥੪੭॥
ਇਮਿ ਕਰਤੇ ਦਿਨ ਦ੍ਵੈ ਕਿ ਬਿਤਾਏ।
ਸੁਨਹਿਂ ਪਾਠ ਕੋ ਨਰ ਸਮੁਦਾਏ।
ਹੁਤੇ ਸਬੰਧੀ ਸੇ ਚਲਿ ਆਏ।
ਗੁਰੁ ਕੇ ਮਹਿਲ ਜਾਇ ਰੁਦਨਾਏ ॥੪੮॥

†ਇਹ ਗੁਰੂ ਰੀਤੀ ਕਵੀ ਜੀ ਦੱਸ ਰਹੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੰਗਾ ਕੋ ਪ੍ਰਲੋਕ ਗਮਨਿ' ਬਰਨਨੰ ਨਾਮ ਦੋਇ ਸਸ਼ਠੀ ਅੰਸੂ ॥੬੨॥

## ੬੩. [ਸ਼੍ਰੀ ਤੇਗ ਬਹਾਦਰ ਜੀ ਅਵਤਾਰ]

੬੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੪

ਦੋਹਰਾ:

ਗੋਇੰਦਵਾਲ, ਖਡੂਰ ਤੇ, ਮਉ, ਡੱਲੇ, ਮੰਡਜਾਲਿ।
ਸਭਿ ਆਏ ਨਰ ਨਾਰਿ ਗਨ, ਰੋਦਤਿ ਸ਼ੋਕ ਬਿਸਾਲ ॥੧॥

ਚੌਪਈ:

ਗੁਰ ਮਹਿਲਨਿ ਮਹਿਂ ਸ਼ਬਦ ਰੁਦਨ ਕੋ।
ਭਯੋ ਬਿਸਾਲ ਮੇਲਿਯਨਿ ਗਨ ਕੋ†।

†ਉੱਪਰ ਪਿਛਲੇ ਅੰਸੂ ਦੇ ਅੰਕ ੪੨ ਵਿਚ ਗੁਰੂ ਜੀ ਵਲੋਂ ਰੋਣਾ ਬੰਦ ਕਰਨ ਦਾ ਹੁਕਮ ਕਵੀ ਜੀ ਦੱਸ ਆਏ ਹਨ, ਫੇਰ ਕਿਵੇਂ ਰੋਣ ਦਾ ਸੱਦ ਜਾਰੀ ਹੋ ਸਕਦੀ ਹੈ। ਹਾਂ, ਮਾਤਾ ਜੀ ਦੇ ਗੁਣਾਂ ਤੇ ਪਿਆਰ ਦੀ ਯਾਦ ਵਿਚ ਹਿਰਦੇ ਦੇ ਡੂੰਘੇ ਵਲਵਲੇ ਤੋਂ ਨੈਣੀ ਨੀਰ ਆ ਜਾਣਾ ਕੁਦਰਤੀ ਬਾਤ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।'

ਕਰਹਿਂ ਸਰਾਹਨਿ ਗੁਨ ਸਮੁਦਾਏ।
ਸਿਮਰਿ ਸਿਮਰਿ[1] ਗਨ ਤ੍ਰਿਯ ਰੁਦਨਾਏ ॥੨॥ — [1]ਯਾਦ ਕਰ ਕਰਕੇ।

ਵਹਿਰ ਗੁਰੂ ਢਿਗਿ ਬਾਤਿ ਕਰੰਤੇ।
'ਭਾਗਵਾਨ ਦੀਰਘ' ਉਚਰੰਤੇ।
'ਪਿਖਹੁ ਫਨਾਹ ਜਹਾਨ ਤਮਾਮ[1]। — [1]ਸਾਰਾ ਜਹਾਨ (ਜੇ ਤੁਸੀਂ) ਵੇਖਦੇ ਹੋ ਫਨਾਹ ਹੋਣ ਵਾਲਾ ਹੈ।
ਨਹੀਂ ਰਹਤਿ ਨਿਤਿ ਕਾਹੂ ਮੁਕਾਮ[1] ॥੩॥ — [1]ਕਿਸੇ ਦੀ ਥਿਰਤਾ।
ਨਦੀ ਪ੍ਰਵਾਹ ਚਲਜੋ ਜਗ ਜਾਤਿ।
ਜੀਰਨਿ ਬਨਤਿ ਬਿਦਤਿ ਦਿਨ ਰਾਤਿ[1]'। — [1]ਰਾਤ ਦਿਨ ਵਿਚ ਪ੍ਰਗਟ ਹੀ ਪੁਰਾਣਾ ਹੁੰਦਾ ਜਾਂਦਾ ਹੈ। (ਪੁਰਸ਼, ਭਾਵ ਆਯੂ ਬੀਤਦੀ ਜਾਂਦੀ ਹੈ)।

ਭੱਲੇ ਤੇਹਣ ਅਪਰ ਜਿ ਸਜਾਨੇ।
ਸਭਿਨਿ ਸੁਨਾਵਤਿ ਏਵ ਬਖਾਨੇ ॥੪॥
'ਅਹੈ ਜਥਾਰਥ' ਸ਼੍ਰੀ ਗੁਰੁ ਕਹਜੋ।
ਇਸ ਬਿਧਿ ਕਹਿ ਕਰਿ ਡੇਰਾ ਲਹਜੋ।
ਸੇਵਾ ਪਰਿ ਮਸੰਦ ਗਨ ਛੋਰੇ।
ਸਰਬ ਸੇਵ ਕੀਨਿ ਸਭਿ ਓਰੇ ॥੫॥
ਸਤਿਗੁਰੁ ਬੈਠਤਿ ਲਾਇ ਦਿਵਾਨ।
ਦਿਨ ਪ੍ਰਤਿ ਆਵਹਿਂ ਲੋਕ ਮਹਾਨ।
ਦੀਰਘ ਚੌਕੀ ਹੁਇ ਦੁਇ ਕਾਲ[1]। — [1]ਦੋਨੋ ਵੇਲੇ।
ਸੁਨਿ ਕਰਿ ਸੰਗਤ ਮਿਲੀ ਬਿਸਾਲ[1] ॥੬॥ — [1]ਸੁਨਣਾਂ ਕਰਦੀ ਹੈ ਸੰਗਤ ਬਹੁਤੀ ਮਿਲਕੇ।

ਇਸ ਬਿਧਿ ਤ੍ਰੌਦਸ਼[1] ਦਿਵਸ ਬਿਤਾਏ।
ਭੋਗ ਗ੍ਰਿੰਥ ਗੁਰੁਦਾਸਹਿ ਪਾਏ।
ਗੁਰੂ ਕਰਾਵਤਿ ਭੇ ਅਰਦਾਸ।
ਦੀਨਿਸਿ ਪੋਸ਼ਿਸ਼ ਜ਼ਰੀ ਪ੍ਰਕਾਸ਼ ॥ ੭ ॥
ਦੀਨਿ ਦਿਜਨਿ ਕੋ ਦਾਨ ਘਨੇਰੇ†।

[1]ਤੇਰਾਂ।

†ਗੁਰੂ ਘਰ ਵਿਚ ਗੁਰੂ ਮਰਯਾਦਾ ਵਿਹਤ ਹੈ, ਹੋਰ ਰਸਮਾਂ ਨਹੀਂ ਹਨ, ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ। ਪਿਛਲੇ ਅੰਸੂ ਦੇ ਅੰਕ ੪੫ ਵਿਚ ਸਭ ਤੋਂ ਉੱਚੀ ਗੱਲ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪਾਠ ਦੱਸ ਆਏ ਹਨ।

ਬਸਤ੍ਰ ਬਿਭੂਖਨ ਮੋਲ ਬਡੇਰੇ।
ਸਿਹਜਾ[1] ਦਰਬ ਅਹਾਰ ਉਦਾਰਾ।
ਤੋਸ਼ਨਿ ਕੀਨੇ ਸਰਬ ਪ੍ਰਕਾਰਾ ॥ ੮ ॥
ਉਠਜੋ ਬ੍ਰਿੱਧ ਦੀਨਸਿ ਦਸਤਾਰ।
ਲਈ ਗੁਰੂ ਨਿਜ ਸਿਰ ਪਰਿ ਧਾਰਿ।
ਤੇਹਣ ਭੱਲੇ ਜਿਤਿਕ ਸੰਬੰਧੀ।
ਦਈ ਸਭਿਨਿ ਜਬਿ, ਸ਼੍ਰੀ ਗੁਰੁ ਬੰਧੀ ॥ ੯ ॥
ਦ੍ਵਾਰਾ ਹਰੀ ਚੰਦ ਇਹ ਦੋਇ।
ਦਾਸ ਨਰਾਇਣ ਤੀਸਰਿ ਜੋਇ।
ਬਸਤ੍ਰ ਬਿਭੂਖਨ ਧਨ ਦੇ ਘਨੋ।
ਹਾਥ ਜੋਰਿ ਬਿਨਤੀ ਕੇ ਸਨੋ ॥ ੧੦ ॥
ਸੰਗਤਿ ਸਿੱਖ ਮਸੰਦ ਬਿਲੰਦ।
ਦੇਤਿ ਪਦਾਰਥ ਲਯਾਵਤਿ ਬ੍ਰਿੰਦ[1]।
ਪੁਨ ਗੁਰੁ ਪੰਚਾਮ੍ਰਿਤ ਕਰਿਵਾਯੋ।
ਘਨੋ ਸਭਿਨਿ ਮਹਿਂ ਕਹਿ ਬਰਤਾਯੋ ॥ ੧੧ ॥
ਉਤਸਵ ਭਯੋ ਸ਼ੋਕ ਕੌ ਤਜਾਗੇ।
ਨੌਬਤ ਬਜਨਿ ਲਗੀ ਜਿਮਿ ਆਗੇ।
ਜੇਤਿਕ ਆਏ ਸਕਲ ਸਿਧਾਏ।
ਗੋਇੰਦਵਾਲ ਆਦਿ ਸਮੁਦਾਏ ॥ ੧੨ ॥
ਕਿਤਿਕ ਦਯੋਸ ਜਬਿ ਬੀਤੇ ਫੇਰਿ।
ਸੰਗਤਿ ਆਵਤਿ ਜਾਤਿ ਘਨੇਰ।
ਇਕ ਦਿਨ ਭਾਈ ਬ੍ਰਿੱਧ ਬਖਾਨਾ।
'ਰਾਵਰ ਕਰਨੇ ਕੌਤਕ ਨਾਨਾ ॥ ੧੩ ॥
ਵਹਿਰ ਕ੍ਰਿਆ ਅਵਿਲੋਕ ਤੁਮਾਰੀ।

[1]ਬਿਸਤਰੇ।

[1]ਬਹੁਤੇ ਪਦਾਰਥ ਲਿਆਂਵਦੇ ਹਨ।

ਭ੍ਰਮਹਿਂ ਲੋਕ ਮਿਲਿ ਨਿੰਦ ਉਚਾਰੀ†।
ਅਰ ਕਰਨੇ ਬਹੁ ਜੰਗ ਅਖਾਰੇ।
ਸਮੇਂ ਭਯੋ ਪ੍ਰਾਪਤਿ ਇਸਿ ਬਾਰੇ ॥੧੪॥

†ਜੁਧ ਜੰਗ ਜੋ ਹੁਣ ਹੋਣੇ ਹਨ, ਉਹਨਾਂ ਵੱਲ ਸੈਨਤ ਹੈ।

ਜਹਾਂ ਰਿਹਾਇਸ਼ਿ[1] ਹੈ ਮੁਝ ਨੀਤਿ।
ਬੈਠ੍ਯੋ ਰਹਤਿ ਇਕਾਂਤ ਸਪ੍ਰੀਤਿ।
ਸ਼੍ਰੀ ਗੁਰੁ ਰਾਮਦਾਸ ਕੇ ਸਮੈਂ।
ਸਕਲ ਸਮਾਜ ਸੌਂਪਿਯਤਿ ਹਮੈਂ[1] ॥੧੫॥

[1]ਨਿਵਾਸ।

[1]ਸਾਨੂੰ ਸੌਂਪਿਆ ਹੋਇਆ ਸੀ।

ਤਊ ਬਾਸ ਮਮ ਬੀੜ ਮਝਾਰਾ।
ਜਾਨਤਿ ਸਭਿ ਤੁਮ ਸੁਨ੍ਯੋ ਉਦਾਰਾ।
ਦਿਹੁ ਆਇਸੁ ਕਰਿ ਹੌਂ ਤਹਿਂ ਬਾਸਾ।
ਜਰਾ[1] ਅਧਿਕ ਹੀ ਮਨ ਤਨ ਗ੍ਰਾਸਾ ॥੧੬॥

[1]ਬੁਢੇਪਾ।

ਮਾਤ ਗੰਗ ਅਬਿ ਤਨੁ ਕੋ ਤਯਾਗਯੋ।
ਤਬਿ ਲੌ ਬੀਰ ਰੰਗ ਨਹਿਂ ਜਾਗ੍ਯੋ[1]।

[1]ਭਾਵ ਮਾਤਾ ਜੀ ਦੇ ਜੀਉਂਦੇ ਜੀ ਉਨ੍ਹਾਂ ਨੂੰ ਉਦਾਸੀਓ ਬਚੇ ਰੱਖਣ ਲਈ ਤੁਸਾਂ ਬੀਰ ਰਸ ਦੇ ਅਖਾੜੇ ਰਚਣੇ ਮੁਨਾਸਿਬ ਨਹੀਂ ਸਨ ਸਮਝੇ ਹੁਣ ਤੁਸਾਂ ਜੰਗ ਕਰਨੇ ਹਨ।

ਹੁਇਂ ਅਬਿ ਬਿਘਨ ਅਨੇਕ ਪ੍ਰਕਾਰੇ।
ਕਾਰਨ ਪ੍ਰਥਮ ਸ਼ਸਤ੍ਰ ਤੁਮ ਧਾਰੇ[1]' ॥੧੭॥

[1](ਇਨ੍ਹਾਂ ਵਿਘਨਾਂ ਨੂੰ ਦੂਰ ਕਰਨ) ਲਈ ਤੁਸਾਂ ਪਹਿਲੋਂ ਹੀ ਸ਼ਸਤ੍ਰ ਧਾਰਨ ਕੀਤੇ ਸਨ।

ਸੁਨਿ ਸ਼੍ਰੀ ਗੁਰੁ ਨੇ ਸਕਲ ਬਿਚਾਰੀ।
-ਜਥਾ ਜੋਗ ਬ੍ਰਿਧ ਇੱਛਾ ਧਾਰੀ।
ਪੂਰਬ ਭੀ ਇਹ ਵਹਿਰ ਰਹੰਤੇ।
ਹਮ ਤੇ ਹਿਤ ਠਹਿਰੇ ਹਿਤਵੰਤੇ ॥੧੮॥
ਸਮਾਂ ਜੁੱਧ ਕੋ ਪਹੁੰਚ੍ਯੋ ਆਈ-।
ਇਮਿ ਬਿਚਾਰ ਆਇਸੁ ਫੁਰਮਾਈ।
ਕਰਿ ਕੈ ਚਰਨ ਕਮਲ ਕੋ ਬੰਦਨ।
ਬਾਰਿ ਬਾਰਿ ਪਿਖਿ ਸ਼ੱਤ੍ਰ ਨਿਕੰਦਨ[1] ॥੧੯॥

[1]ਵੈਰੀ ਦੇ ਨਾਸ਼ ਕਰਤਾ (ਗੁਰੂ ਜੀ) ਨੂੰ।

ਗਯੋ ਬੀੜ ਕੋ ਪ੍ਰਥਮ ਸਥਾਨਾ।
ਇਕਿ ਰਸ ਬ੍ਰਿਤੀ ਰਿਦੇ ਬ੍ਰਹਮ ਗਜਾਨਾ।
ਸ਼ਕਤਿ ਬਿਸਾਲ ਚਹੈ ਸੋ ਕਰਿਹੀ।
ਤਊ ਨ ਕਰਹਿ ਧੀਰ ਉਰ ਧਰਿ ਹੀ ॥੨੦॥

ਪਾਛे ਕੇਤਿਕ ਦਿਵਸ ਬਿਤਾਏ।
ਸੰਗਤਿ ਸਦਾ ਆਇ ਇਕ ਜਾਏ।
ਕਰਤਿ ਅਨੇਕਨ ਕੋ ਕੱਲਜਾਨ।
ਕਿਸਿ ਦੇਂ ਭਗਤਿ ਕਿਸੀ ਬ੍ਰਹਮ ਗਜਾਨ ॥੨੧॥
ਕਿਸਿ ਕੀ ਕਰਹਿਂ ਕਾਮਨਾ ਪੂਰੀ।
ਸੁਤ ਬਿਤ ਆਦਿ ਜਿ ਕਰਿ ਉਰ ਰੂਰੀ[1]।

[1]ਜਿਹੜੀਆਂ (ਕਾਮਨਾਂ) ਪੁੱਤ੍ਰ ਧਨ ਆਦਿ ਦੀਆਂ ਹਿਰਦੇ ਨੂੰ ਚੰਗੀਆਂ ਲਗਦੀਆ ਹਨ।

ਆਯੁਧ ਬਿੱਦਜਾ ਬਹੁ ਅੱਭਜਾਸੇ।
ਕਰਹਿਂ ਸੁਭਟ ਗੁਰੁ ਪਿਖਹਿਂ ਤਮਾਸ਼ੇ[1] ॥੨੨॥

[1]ਸੂਰਮੇ (ਅੱਭਜਾਸ) ਕਰਦੇ ਹਨ ਤੇ ਗੁਰੂ ਜੀ ਵੇਖਦੇ ਹਨ ਤਮਾਸ਼ਾ।

ਪੈਂਦੇ ਖਾਨ ਬੀਰ ਬਰ ਹੋਵਾ।
ਜਿਸਿ ਕੀ ਸਮ ਕੋ ਦੁਤਿਯ ਨ ਜੋਵਾ।
ਸਿਪਰਿ ਖੜਗ ਕੇ ਦਾਵ ਕਰੰਤੇ।
ਧਨੁਖ ਨਿਠੁਰ ਨੌਟੰਕ ਖਿਚੰਤੇ ॥੨੩॥
ਖਪਰੇ[1] ਮਹਾਂ ਫੁਲਾਦੀ ਤੀਖਨ।
ਗੁਰੂ ਘਰਾਵਹਿਂ ਕਹਿ ਕਹਿ ਭੀਖਨ।

[1]ਚੌੜੇ ਫਲ ਵਾਲਾ ਤੀਰ [ਸੰਸ: ਕਜ਼ੁਰਪਤ੍ਰ]

ਚਾਰਿ ਚਾਰਿ ਅੰਗੁਲ ਚੌਰਾ ਕਰਿ।
ਕਾਨੀ ਪੁਸ਼੍ਕਾ ਮੱਧ ਬੀਚ ਧਰਿ[1] ॥੨੪॥

[1]ਚੌੜਾ ਫਲ ਬਣਵਾਕੇ ਉਸ ਦੇ ਅੱਧ ਵਿਚਕਾਰ ਪੱਕੀਆਂ ਕਾਨੀਆਂ ਗਡਵਾਕੇ।

ਦੇਖਤਿ ਲੋਕ ਅਧਿਕ ਬਿਸਮਾਵੈਂ।
'ਅਬਿ ਤੌਂ ਅਸਿ ਨਹਿਂ ਕੋਇ ਚਲਾਵੈ।
ਅਰਜਨ ਆਦਿਕ ਸਮਯ ਮਝਾਰਾ।
ਸੁਨੇ ਬਲੀ, ਸੇ ਕਰਤਿ ਪ੍ਰਹਾਰਾ ॥੨੫॥
ਕੌਨ ਸ਼ੱਤ੍ਰੁ ਇਨਿ ਸਕਹਿ ਸਹਾਰੇ।
ਜਥਾ ਸਰਪ ਕੋ ਫਣ ਬਿਸਥਾਰੇ।
ਕਰਿ ਕਰਿ ਤਜਾਰਿ ਬ੍ਰਿੰਦ ਰਖਵਾਵੈਂ।
ਤੁਪਕਨਿ[1] ਹਿਤ ਗੁਲਕਾਂ ਢਲਿਵਾਵੈਂ ॥੨੬॥

[1]ਬੰਦੂਕਾਂ।

ਜੇਤਿਕ ਜੰਗ ਸਮਿੱਗ੍ਰੀ ਬਰਤੇ।
ਗਨ ਆਯੁਧ ਕੋ ਸੰਗਹ ਕਰਤੇ[1]।

[1]ਬਹੁਤੇ ਸ਼ਸਤ੍ਰਾਂ ਨੂੰ ਇਕੱਠਾ ਕਰਦੇ ਹਨ।

ਦਿਨ ਪ੍ਰਤਿ ਰੁਖ ਪੈਂਦੇ ਸੰਗਿ ਕਰੈਂ।
ਕਬਿ ਕਬਿ ਪਹੁੰਚਤਿ ਕੌਲਾਂ ਘਰੈ ॥੨੭॥

ਦੇਖਿ ਦੇਖਿ ਸਿਖ ਖੁਨਸਹਿਂ ਘਨੇ।
ਬਿਨੁ ਜਾਨੇ ਨਿੰਦਾ ਜਗ ਭਨੇ।
-ਤੁਰਕਨਿ ਸੋਂ ਗੁਰੁ ਕੋ ਬਡਿ ਮੇਲਿ।
ਰਾਖਹਿਂ ਸੰਗਿ ਅਪਰ ਕੋ ਠੇਲਿ[1] ॥੨੮॥ — [1]ਹੋਰਨਾਂ ਨੂੰ ਹਟਾਕੇ।
ਕਾਜ਼ੀ ਤੁਰਕ ਸੁਤਾ ਹਰਿਆਨੀ[1]। — [1]ਲਿਆਂਦੀ।
ਤਿਸਿ ਘਰ ਪ੍ਰਵਿਸ਼ਿ ਨ ਧਰਹਿਂ ਗਿਲਾਨੀ।
ਪ੍ਰਥਮ ਗੁਰੂ ਅਸ ਕੋਇ ਨ ਭਯੋ।
ਹੋਤਿ ਸੁਸ਼ੀਲ ਬਿਸਾਰਨਿ ਕਿਯੋ[1] ॥੨੯॥ — [1]ਸੁਸ਼ੀਲ ਹੁੰਦੇ ਹਨ (ਇਹਨਾਂ ਨੇ ਓਹ ਸੁਭਾਵ) ਵਿਸਾਰ ਦਿੱਤਾ ਹੈ, ਭਾਵ ਸ਼ਾਂਤ ਬ੍ਰਿਤੀ ਤੋਂ ਹੈ।
ਔਰਿ ਸੁਭਾਵ, ਔਰਿ ਹੀ ਰੀਤਿ[1]। — [1]ਤ੍ਰੀਕਾਂ, ਤਰ੍ਹਾਂ।
ਔਰਿ ਬਿਹਾਰ, ਔਰਿ ਬਿਧਿ ਪ੍ਰੀਤਿ।
ਕਰਨਿ ਸ਼ਿਕਾਰ ਜੀਵ ਗਨ ਮਾਰਨਿ।
ਨਿਸ ਦਿਨ ਆਯੁਧ ਮਹਿਂ[1] ਹਿਤ ਧਾਰਨਿ- ॥੩੦॥ — [1]ਸ਼ਸਤ੍ਰਾਂ ਵਿਚ।
ਇਸਿ ਬਿਧਿ ਪਸਰਯੋ ਜਗ ਅਪਵਾਦ।
-ਪੂਰਬਿ ਕੀ ਕਰਿ ਭੰਗ ਮ੍ਰਿਜਾਦਿ[1]-। — [1]ਮਿਰਜਾਦਾ ਭੰਗਨ ਕੀਤੀ ਹੈ।
ਦੇਸ਼ ਬਿਦੇਸ਼ਨਿ ਮਹਿਂ ਸਭਿ ਕਹੈਂ।
ਪੂਰਨ ਸਿੱਖ ਭੇਦ ਕੋ ਲਹੈਂ ॥੩੧॥
ਦਿਪਤਿ ਤੇਜ ਮੁਖ ਮੰਡਲ ਕੇਰਾ।
ਕਹਿ ਨਹਿਂ ਸਕਹਿ ਹੋਹਿ ਕੋ ਨੇਰਾ[1]। — [1]ਕੋਈ ਨੇੜੇ ਹੋਕੇ ਕਹਿ ਨਹੀਂ ਸਕਦਾ।
ਸਾਰੀ[1] ਰਾਮੋ, ਸਾਈਂਦਾਸ। — [1]ਸਾਲੀ (ਗੁਰੂ ਜੀ ਦੀ)।
ਕਿਤਿਕ ਸਮੈਂ ਬਾਸੇ ਗੁਰ ਪਾਸਿ ॥੩੨॥
ਸੋ ਭੀ ਬਿਦਾ ਕਰੇ ਜਿਸ ਕਾਲ।
ਬਿਛੁਰਤਿ ਸੰਕਟ ਲਹਯੋ ਬਿਸਾਲ।
ਕਰੇ ਸਪਰਸ਼ ਚਰਨ ਅਰਬਿੰਦ।
ਧੀਰਜਿ ਦੇ ਸ਼੍ਰੀ ਹਰਿਗੋਵਿੰਦ ॥੩੩॥
ਗਏ ਡਰੋਲੀ ਕੋ ਸੁਖ ਬਾਸੇ।
ਸਿਮਰਤਿ ਰਹਤਿ ਗੁਰੂ ਸੁਖ ਰਾਸੇ।
ਕੇਤਿਕ ਦਿਨ ਬਿਤਾਇ ਸੋ ਘਰ ਮੈਂ[†]। — [†]ਪਾ:-ਸੁਖਰ ਮੈਂ।
ਭਯੋ ਪ੍ਰਸੂਤ ਨਾਨਕੀ ਸਮੈਂ ॥੩੪॥
ਮਾਸ ਵਿਸਾਖ ਹੁਤੋ ਅਭਿਰਾਮ।
ਰਹੀ ਜਾਮਨੀ ਸਵਾ ਜੁ ਜਾਮ।

ਸੋਲਹ ਸੈ ਉਨਹੱਤਰਾ† ਸਾਲ।
ਬਦੀ ਪੰਚਮੀ[1] ਥਿਤਿ ਤਿਸਿ ਕਾਲ ॥੩੫॥
ਸੇਬਜ਼ਮਾਨ ਧਾਇਨਿ ਤੇ ਹੋਇ।
ਦਾਸੀ ਦਾਸ ਹਰਖ ਸਭਿ ਕੋਇ।
ਬਾਲਕ ਜਨਮਜੋ ਭਯੋ ਅਨੰਦ।
ਰਖਿਬੇ ਹਿਤ ਜਗ ਬੀਰਜ ਹਿੰਦ[1] ॥੩੬॥
ਜਿਨਿ ਕੀ ਸਮ ਜਗ ਭਯੋ ਨ ਕੋਇ।
ਪਰਹਿਤ ਸੀਸ ਦਿਯੋ ਜਿਨਿ ਜੋਇ।
ਭਾ ਮੰਗਲ ਦੇਵਿਨਿ ਮਹਿਂ ਘਨੋ।
'ਬਿਨਸਤਿ ਧਰਮ ਰਾਖਿ ਹੈਂ' ਭਨੋ[1] ॥੩੭॥
ਸੁਰ ਸਭਿ ਆਇ ਸਦਨ ਸੋ ਪੂਜਾ[1]।
ਕਰਹਿਂ ਸਤੁਤਿ 'ਇਨਿ ਸਮ ਨਹਿਂ ਦੂਜਾ।
ਚੰਦਨ ਚਰਚਹਿਂ ਫੂਲ ਚਢਾਵੈਂ।
'ਧੰਨ ਗੁਰੂ ਘਰ' ਕਹਿ ਹਰਖਾਵੈਂ ॥੩੮॥
ਭਈ ਭੋਰ ਜਹਿਂ ਕਹਿਂ ਸੁਧਿ ਹੋਈ।
ਗੁਰੂ ਬਧਾਈ ਦੇ ਸਭਿ ਕੋਈ।
ਬਹੁ ਮੰਗਲ ਕੇ ਬਾਦਿਤ ਬਾਜੇ।
ਬੰਦਨ ਵਾਰੈਂ ਦ੍ਵਾਰਨਿ ਸਾਜੇ ॥੩੯॥
ਮੰਗਤਿ ਜਨ ਕੋ ਧਨ ਗਨ ਦੀਨੋ।
ਨਗਰ ਅਨੰਦ ਨਾਰਿ ਨਰ ਕੀਨੋ।
ਬਾਂਧੇ ਟੋਲਿ ਨਾਗਰੀ ਸੁੰਦਰ।
ਚਲਿ ਪ੍ਰਵਿਸ਼ੀ ਸਤਿਗੁਰੁ ਕੇ ਮੰਦਿਰ ॥੪੦॥
ਬਸਨ ਬਿਭੂਖਨ ਧਰਿ ਧਰਿ ਆਛੇ।
ਗਾਵਹਿਂ ਗੀਤਨਿ ਆਗੇ ਪਾਛੇ।
ਸਭਿ ਕੁਲ ਰੀਤਿ ਕਰੀ ਜੋ ਲਹੀ।
ਮਿਲਿ ਮਿਲਿ ਸਭਿਨਿ ਬਧਾਈ ਕਹੀ ॥੪੧॥
ਸ਼੍ਰੀ ਸਤਿਗੁਰੁ ਤਬਿ ਰਿਦੇ ਬਿਚਾਰਾ।
-ਇਸ ਕੇ ਉਪਜਹਿ ਬਲੀ ਉਦਾਰਾ[1]।

†ਇਤਿਹਾਸਾਂ ਵਿਚ ਅਵਤਾਰ ਦਾ ਸੰਮਤ ੧੬੭੮ ਮਿਲਦਾ ਹੈ।

[1]ਭਾਵ ਵਿਸਾਖ ਵਦੀ ਪੰਚਮੀ।

[1]ਰਖਣੇ ਵਾਸਤੇ ਹਿੰਦੂਆਂ ਦਾ ਬੀਜ ਜਗਤ ਵਿਚ।

[1]ਦੇਵਤਿਆਂ) ਕਿਹਾ ਕਿ ਬਿਨਸਦਾ ਧਰਮ ਰੱਖਣਗੇ।

[1]ਓਹ ਘਰ ਪੂਜਿਆ।

[1]ਭਾਵ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਉਪਜਨਗੇ।

ਰਣ ਬਹਾਦਰੀ ਕਰਹਿ ਬਡੇਰੀ।
ਇਹ[1] ਨਿਰਭੈ ਜਰ ਤੁਰਕ ਉਖੇਰੀ ॥੪੨॥ — [1]ਤੇ) ਇਹ (ਸ਼੍ਰੀ ਤੇਗ ਬਹਾਦਰ ਜੀ)।
ਸੁਤ ਬਹਾਦਰੀ ਤੇਗ ਕਰੇ ਹੈ[1]। — [1]ਇਹ ਸਾਡਾ) ਪੁੱਤ੍ਰ ਤੇਗ ਦੀ ਬਹਾਦਰੀ ਕਰੇਗਾ। (ਅ) (ਇਨ੍ਹਾਂ ਦਾ) ਪੁਤ ਅਰਥਾਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।
ਸ਼ੱਤ੍ਰ ਬ੍ਰਿੰਦ ਕੋ ਜੰਗ ਖਪੈ ਹੈ[1]। — [1]ਅਤੇ ਓਹ, ਭਾਵ ਇਨ੍ਹਾਂ ਦਾ ਪੁੱਤ੍ਰ) ਬੜੇ ਸ਼ੱਤ੍ਰੂਆਂ ਨੂੰ ਜੰਗ ਵਿਚ ਖਪਾਏਗਾ।
ਯਾਂ ਤੇ -ਤੇਗ ਬਹਾਦਰ- ਨਾਮ।
ਧਰਜੋ ਬਿਚਾਰ ਗੁਰੂ ਅਭਿਰਾਮ ॥੪੩॥
ਸੁਨਤਿ[1] ਨਾਨਕੀ ਹਰਖਤਿ ਹੋਈ। — [1]ਨਾਮ ਸ਼੍ਰੀ ਤੇਗ ਬਹਾਦਰ) ਸੁਣਕੇ।
ਕਰਤਿ ਪ੍ਰੇਮ ਮੁਖ ਸੁਤ ਕੋ ਜੋਈ।
ਇਸ ਪ੍ਰਕਾਰ ਗਨ ਮੰਗਲ ਭਏ।
ਪੰਚ ਪੁੱਤ੍ਰ ਸਭਿ ਗੁਰੁ ਨਿਪਜਏ[1] ॥੪੪॥ — [1]ਗੁਰੂ ਜੀ ਦੇ (ਘਰ) ਉਤਪੰਨ ਹੋਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਤੇਗ ਬਹਾਦਰ ਜਨਮ' ਪ੍ਰਸੰਗ ਬਰਨਨੰ ਨਾਮ ਤੀਨ ਸਸ਼ਠੀ ਅੰਸੂ ॥੬੩॥

## ੬੪. [ਬੀਬੀ ਵੀਰੋ ਦੇ ਵਿਆਹ ਦੀ ਤਿਆਰੀ। ਬੀਰ ਰਸੀ ਠਾਠ ਪਰ ਤਰਕਾਂ]

੬੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੫

ਦੋਹਰਾ:

ਦਿਨ ਪ੍ਰਤਿ ਦਾਨ ਬਿਸਾਲ ਦਿਜ, ਅਰੁ ਦੀਨਨਿ ਕੋ ਦੇਤਿ।
ਦਾਰਿਦ ਰਹ੍ਯੋ ਨ ਪੁਰਿ ਬਿਖੈ, ਆਇ ਗੁਰੂ ਤੇ ਲੇਤਿ ॥੧॥

ਚੌਪਈ:

ਅਦਭੁਤ ਚਲਿਤ ਗੁਰੂ ਦਿਖਰਾਵੈਂ।
ਜਿਨਿ ਕੋ ਭੇਦ ਨਹੀਂ ਕੋ ਪਾਵੈ।
ਵਹਿਰਿ ਕਿਯਾ[1] ਪਿਖਿ ਨਿੰਦਾ ਕਰੈਂ। [1]ਬਾਹਰਲੀ ਕ੍ਰਿਯਾ।
'ਬੇ ਮਿਰਜਾਦਿ ਸਕਲ ਇਹ ਧਰੈਂ' ॥੨॥
ਜਿਮਿ ਸ਼੍ਰੀ ਕ੍ਰਿਸ਼ਨ ਚੰਦ ਕੋ ਦੇਖਿ।
ਕਰਹਿਂ ਵਹਿਰ ਵਿਵਹਾਰ ਅਸ਼ੇਖ[1]। [1]ਬਾਹਰ ਦਾ ਸਾਰਾ ਵਿਹਾਰ ਸ਼੍ਰੀ ਕ੍ਰਿਸ਼ਨ ਜੀ ਦਾ ਦੇਖਣਾ ਕਰਕੇ ਉਨ੍ਹਾਂ ਨੂੰ ਇਸਤ੍ਰੀ ਜਿਤ ਕਹਿੰਦੇ ਹਨ।
-ਇਸਤ੍ਰੀ ਜਿਤਿ[1]- ਆਦਿਕ ਸਭਿ ਕਹੈਂ। [1]ਤ੍ਰੀਮਤਾਂ ਦੇ ਵੱਸ਼ ਪਿਆ ਹੋਇਆ।
ਪੂਰਨ ਪੁਰਖ ਨਹੀ ਚਿਤ ਲਹੈਂ ॥੩॥
ਜੇ ਸਮਰੱਥ ਪ੍ਰਭੂ ਅਵਤਾਰਾ।
ਚਹੈਂ ਸੁ ਕਰੈਂ ਜਿ ਸ਼ਕਤਿ ਉਦਾਰਾ।
ਗਨ ਦੋਖਨਿ ਤੇ ਲਿਪਹਿਂ[1] ਨ ਕੈਸੇ। [1]ਲਿਪਾਇਮਾਨ ਨਹੀਂ ਹੁੰਦੇ।
ਕਮਲ ਦਲਨਿ ਪਰਿ ਜਲ ਕਨ ਜੈਸੇ ॥੪॥
ਤਿਨ ਮਹਿਂ ਅਵਗੁਨ ਭੀ, ਗੁਨ ਹੋਤਿ।
ਰੀਤਿ ਕੁਰੀਤਿ ਚਹੈਂ, ਸੁ ਉਦੋਤਿ[1]। [1]ਉਹੀ ਉੱਤਮ ਹੈ।
ਬਿਨ ਜਾਨੇ ਜਿਨ ਕੀ ਮਤਿ ਅਲਪ।
ਨਿੰਦਾ ਕਰੈਂ ਸੁ ਦੂਖਨ ਕਲਪਿ[1] ॥੫॥ [1]ਕਲਪਕੇ।
ਦੂਰਿ ਦੂਰਿ ਹੀ ਨਿੰਦਾ ਕਰੈਂ।
ਗੁਰ ਮਹਿਂ ਅਵਗੁਨ ਦੁਖਨ ਧਰੈਂ।
ਨਿਕਟਿ ਹੋਇ ਤੁਸ਼ਨਿ ਕਰਿ ਰਹੈਂ।
ਤੇਜ ਪ੍ਰਚੰਡ ਗੁਰੂ ਕੋ ਲਹੈਂ ॥੬॥
ਇਕ ਦਿਨ ਗੁਰੂ ਮਹਿਲ ਮਹਿਂ ਗਏ।
ਹੁਇ ਇਕਾਂਤ ਤਹਿਂ ਬੈਠਤਿ ਭਏ।
ਤਬਿ ਦਮੋਦਰੀ ਚਲਿ ਕਰਿ ਆਈ।
ਬੈਠਿ ਸਮੀਪਿ ਬਾਤਿ ਸਮੁਝਾਈ ॥੭॥

'ਅਸ਼ਟ ਬਰਖ ਕੀ ਕੰਨਜਾਂ ਹੋਈ।
ਉਚਿਤ ਬਜਾਹ ਕੇ ਜਾਨਹੁ ਸੋਈ।
ਕਰਿ ਕੈ ਫਿਕਰ ਬਜਾਹ ਇਸਿ ਦੀਜੈ।
ਸਾਹਾ ਸ਼ੁਭ ਸੁਧਵਾਵਨਿ ਕੀਜੈ' ॥੮॥
ਕਹ੍ਯੋ ਗੁਰੂ 'ਕਹਿ ਆਛੀ ਬਾਤ।
ਕਰਹਿਂ ਕਾਰ ਇਮਿ, ਉਠਿ ਕਰਿ ਪ੍ਰਾਤਿ।'
ਸੁਪਤਿ ਭਏ ਸਭਿ ਰਾਤਿ ਬਿਤਾਈ।
ਜਾਗੇ ਪ੍ਰਭੂ ਸਮੈ ਨਿਜ ਪਾਈ[1] ॥੯॥
ਸੌਚ ਸ਼ਨਾਨ ਧਜਾਨ ਕੋ ਠਾਨਾ।
ਦਿਨਕਰ ਉਦੈ ਉਠੇ ਭਗਵਾਨਾ।
ਬੈਠਿ ਦਿਵਾਨ ਲਗਾਯੋ ਸਾਰਾ।
ਦੈਵਗ[1] ਦਿਜ ਕੋ ਨਿਕਟਿ ਹਕਾਰਾ ॥੧੦॥
ਕਹਿ ਸਾਹਾ ਸੁਧਵਾਵਨਿ ਠਾਨਾ[†]।
ਜੋਤਿਸ਼ਿ ਕੋ ਗਿਨ ਬਿੱਪ੍ਰ ਮਹਾਨਾ।
ਕੰਨਜਾਂ ਬੀਰੋ ਨਾਮ ਸੁਧਾਵਾ।
ਸਾਧੂ ਬਾਲਕ ਕੋ ਸਮੁਝਾਵਾ ॥੧੧॥
ਗ੍ਰੈਹ ਨਿਛੱਤ੍ਰ ਸੋਧੇ ਦਿਜ ਸਾਰੇ।
ਪੁਨ ਸਤਿਗੁਰੁ ਸੋਂ ਬਾਕ ਉਚਾਰੇ।
'ਜੇਸ਼ਟ ਕੀ ਛਬੀਸਵੀ ਮਾਂਹਿ।
ਭਲੋ ਲਗਨਿ ਪ੍ਰਾਪਤਿ ਭਾ ਤਾਂਹਿ ॥੧੨॥
ਕਹਿ ਗੁਰੁ ਤਬਿ ਲਿਖਵਾਇਸਿ ਪਾਤੀ।
ਕੁੰਗੂ ਸੰਗਿ ਛਿਰਕਿ ਸ਼ੁਭ ਭਾਂਤੀ।
ਸਿੰਘਾ ਪ੍ਰੋਹਤ ਅਪਨਿ ਬੁਲਾਯਹੁ।
ਸਰਬ ਬਾਰਤਾ ਕਹਿ ਸਮੁਝਾਯਹੁ ॥੧੩॥
'ਮੱਲੇ ਗ੍ਰਾਮ ਜਾਹੁ ਸੁਧਿ ਦੀਜੈ।
ਜੇਠ ਮਾਸ ਸੁਤ ਬਜਾਹਿਨਿ ਕੀਜੈ।
ਸਿੰਘਾ ਗੁਰੁ ਕੀ ਆਇਸੁ ਪਾਇ।
ਚਲ੍ਯੋ ਤਹਾਂ ਹਰਖਤਿ ਉਤਲਾਇ ॥੧੪॥
ਚਾਰਿ ਦਿਵਸ ਮਹਿ ਪਹੁੰਚ੍ਯੋ ਜਾਈ।
ਧਰਮੇ ਸਾਥਿ ਮਿਲ੍ਯੋ ਸੁਖ ਪਾਈ।
ਅਤਿ ਅਨੰਦ ਤਿਸ ਸਦਨ ਬਿਠਾਵਾ।
ਕੁਸ਼ਲ ਬੂਝਿ ਗੁਰੁ ਕੀ ਹਰਖਾਵਾ ॥੧੫॥

[1]ਆਪਣੇ ਸਮੇਂ ਸਿਰ।

[1]ਜੋਤਸ਼ੀ।

[†]ਦੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

ਸਿੰਘੇ ਦਈ ਹਾਥ ਤੇ ਪਾਤੀ।
ਲੇ ਕਰਿ ਅਤਿ ਅਨੰਦ ਭਰਿ ਛਾਤੀ।
ਨਿਜ ਪਾਂਧੇ ਤੇ ਸਕਲ ਪਢਾਈ।
ਸੁਨਤਿ ਬਜਾਹ ਕੀ ਸੁਧਿ ਬਿਦਿਤਾਈ ॥੧੬॥
ਨੰਦਕੁਇਰ ਦਾਰਾ ਸੰਗ ਕਹ੍ਯੋ।
ਜੇਸ਼ਟ ਬਿਖੈ ਸਰਬ ਨਰ ਲਹ੍ਯੋ।
ਮੰਗਲ ਕਰ੍ਯੋ ਅਹੈ ਜਿਮਿ ਰੀਤਿ।
ਮਿਲਿ ਸੁੰਦਰੀ ਗਾਵਤਿ ਗੀਤ ॥੧੭॥
ਦੋਇ ਕ ਦਿਨ ਮਹਿਂ ਸਿੰਘਾਂ ਤੋਰ੍ਯੋ।
ਦਾਨ ਮਾਨ ਦੇ ਅਧਿਕ ਨਿਹੋਰ੍ਯੋ।
ਪੰਚ ਦਿਵਸ ਮਹਿਂ ਪਹੁੰਚ੍ਯੋ ਜਾਈ।
ਸਤਿਗੁਰੁ ਸੋਂ ਸੁਧਿ ਸਕਲ ਸੁਨਾਈ ॥੧੮॥
ਸਭਿਨਿ ਮਸੰਦ ਸੰਗ ਫੁਰਮਾਯੋ।
'ਜਾਨਹੁ ਸਮੈਂ ਬਜਾਹ ਨਿਯਾਰਯੋ।
ਕਰਹੁ ਸਮਿੱਗ੍ਰੀ ਸੰਚਨਿ ਸਾਰੇ।'
ਸੁਨਿ ਸੁਨਿ ਧਨ ਲੇ ਵਹਿਰ ਪਧਾਰੇ ॥੧੯॥
ਸੰਚਨਿ ਕਰ੍ਯੋ ਘ੍ਰਿਤਿ ਬਹੁ ਲ੍ਯਾਏ।
ਲਾਦਿ ਫਾਣਤੀ[1]† ਉਸ਼ਟ ਪਠਾਏ। [1]ਖੰਡ। †ਪਾ:-ਲਾਦਨ ਹੇਤੀ।
ਸੁੰਦਰ ਅੰਨ ਹੋਤਿ ਜਿਸਿ ਭੂਮਿ।
ਸੂਖਮ ਚਾਵਰ ਅਰੁ ਗੋਧੂਮ ॥੨੦॥
ਗਨ ਮੇਵੇ ਕਾਵਰ[1] ਭਰਿ ਆਈ। [1]ਵਹਿੰਗੀਆਂ।
ਬਸਨ ਮੋਲ ਬਹੁ ਕੇ[1] ਸਮੁਦਾਈ। [1]ਬਹੁਤੇ ਮੁੱਲ ਦੇ।
ਇੱਤ੍ਯਾਦਿਕ ਚਹਿਯਤਿ ਸੋ ਲ੍ਯਾਏ।
ਸੰਚਿ ਸਮਿੱਗ੍ਰੀ ਤ੍ਯਾਰ ਕਰਾਏ ॥੨੧॥
ਸ਼੍ਰੀ ਹਰਿ ਗੋਵਿੰਦ ਸਹਜਿ ਸੁਭਾਇ।
ਪੈਂਦੇ ਪਰ ਰੁਖ ਵਧਿ ਅਧਿਕਾਇ।
ਰੀਝਹਿਂ ਕਦ ਬਿਸਾਲ ਅਵਿਲੋਕੈਂ।
ਬਲ ਤੇ ਮਹਿਖਨਿ ਕੋ ਗਹਿ ਰੋਕੈ ॥੨੨॥
ਸ਼੍ਰੀ ਫਲ ਧਰਿ ਕੈ ਦੰਡ ਦਬਾਵੈ।
ਫੇਰਿ ਦੇਤਿ ਨਹਿਂ ਬਿਲਮ ਲਗਾਵੈ।
ਫਿਰਤਿ ਮੁੰਗਰੀ ਫੇਰਤਿ ਜਹਾਂ।

ਧਸਕਤਿ ਧਰਾ, ਗਰਤ ਹ੍ਵੈ ਤਹਾਂ[1] ॥੨੩॥

[1]ਤਿੱਥੇ) ਧਸਕੇ ਧਰਤੀ ਵਿਚ ਟੋਆ ਪੈ ਜਾਂਦਾ ਹੈ।

ਦੋਇ ਘਟੀ ਦਿਨ ਜਬਿ ਰਹਿ ਜਾਵੈ।
ਅਪਨੋਂ ਬਲ ਤਿਹ ਸੰਗ ਲਗਾਵੈ।
ਕਰਹਿ ਅਨੇਕ ਰੀਤਿ ਕੇ ਦਾਇ।
ਗਹੈਂ ਗੁਰੂ ਕਰ ਲੇਤਿ ਦਬਾਇ[1] ॥੨੪॥

[1]ਫੜਕੇ ਜਦ ਗੁਰੂ ਜੀ ਹੱਥ ਦਬਾਉਂਦੇ ਹਨ।

ਹੋਇ ਬਿਬਸਿ ਬਲ ਚਲਹਿ ਨ ਥੋਰਾ।
ਤਊ ਕਹੈ[1] 'ਬਲ ਘਾਟਿ ਨ ਮੋਰਾ।

[1]ਪੈਂਦਾ ਕਹਿੰਦਾ ਹੈ।

ਅਜ਼ਮਤਿ ਕੋ ਬਲ ਆਪਿ ਲਗਾਵਹੁ।
ਮੋ ਕਹੁ ਬਸਿ ਕਰਿ ਅੰਗ ਦਬਾਵਹੁ ॥੨੫॥
ਮੁਝ ਮਾਨਿੰਦ ਬਲੀ ਭਵ ਮਾਂਹੀ।
ਆਨ ਥਾਨ ਕਿਤਿ ਦਿਖਯਤਿ ਨਾਂਹੀ।
ਗਹੌਂ ਮਤੰਗ ਸੁੰਡ ਕਰਿ ਬਲ ਕੋ।
ਐਂਚਿਨਿ ਕਰੌਂ ਤਜੌਂ ਨਹਿਂ ਥਲ ਕੋ ॥੨੬॥
ਉਸ਼ਟਰ ਬਪੁਰੇ ਕਹਾਂ ਅਗਾਰੀ।
ਗੇਰੋਂ ਭੂ ਪਰਿ ਹ੍ਵੈ ਨ ਸੰਭਾਰੀ[1]।

[1]ਸੰਭਲ ਨਾ ਸਕਣ।

ਖਾਹਿ ਮਲੀਦਾ[1] ਬਲੀ ਤੁਰੰਗ।

[1]ਨਿਹਾਰੀ ਖਾਂਦਾ ਹੋਵੇ।

ਹੋਵਹਿ ਬਰ ਦੀਰਘ ਸਰਬੰਗ[1] ॥੨੭॥

[1]ਸਰਬ ਅੰਗਾਂ ਕਰਕੇ ਬੜਾ ਬਲਵਾਨ ਹੋ ਜਾਵੇ।

ਏਕਿ ਹਾਥ ਰੋਕੌਂ ਵਾਹੀ[1]।

[1]ਤਿਸ ਨੂੰ।

ਚਰਨਿ ਉਠਾਵਨਿ ਦੇਵ ਨ[1] ਤਾਂਹੀ।

[1]ਨਹੀਂ ਦੇਵਾਂਗਾ।

ਲਘੁ ਤੁਰੰਗ ਬਪੁਰੇ ਇਹ ਕਹਾਂ।
ਭਾਗਤਿ ਕੋ ਗਹਿ ਰਾਖਵ ਤਹਾਂ[1]' ॥੨੮॥

[1]ਤਿੱਥੇ ਹੀ ਫੜਕੇ ਰੱਖ ਸਕਦਾ ਹਾਂ।

ਸੁਨਿ ਸਤਿਗੁਰੂ ਸਰਾਹਨਿ ਕਰੈਂ।
'ਬਲ ਤੇ ਬਲੀ ਕਯੋਂ ਨ ਇਮਿ ਧਰੈਂ[1]।

[1]ਬਲ ਕਰਕੇ ਬਲੀ ਹੈਂ ਤੂੰ (ਇਸ ਲਈ) ਕਿਉਂ ਨਾ ਤੂੰ (ਇਉਂ ਘੋੜੇ ਆਦਿਕਾਂ ਨੂੰ) ਫੜ ਰੱਖੇਂ।

ਜਥਾ ਸਰੀਰੁ ਡੀਲ ਬਡ ਤੋਰਾ।
ਤਿਮਿ ਹੀ ਬਲ ਬਿਸਾਲ ਨਹਿਂ ਥੋਰਾ ॥੨੯॥
ਜਿਮਿ ਬਲ ਬਡ ਤਿਮਿ ਬਰਕਸ[1] ਕਰੀ।

[1]ਕਸਰਤ।

ਅਚਿ ਖੁਰਾਕ ਬਰਕਸ ਸਮਸਰੀ[1]।

[1]ਕਸਰਤ ਓਹੋ ਜਹੀ ਕੀਤੀ।

ਜਥਾ ਜੋਗ ਭੇ ਕਾਰਨ ਕਾਜ[1]।

[1]ਜਿਹੋ ਜਿਹੇ ਕਾਰਨ ਹੋਏ (ਖੁਰਾਕ ਤੇ ਕਸਰਤ ਦੇ) ਤਿਵੇਂ (ਬਲ ਰੂਪੀ) ਕਾਜ ਹੋਇਆ ਹੈ (ਤੇਰਾ)।

ਤੁਝ ਸਮ ਬਲੀ ਨ ਅਪਰ ਸਮਾਜ ॥੩੦॥
ਸੁਨਿ ਪੈਂਦੇ ਖਾਂ ਬਹੁਰ ਉਚਾਰੈ।

'ਹਿਤ ਕਰਿ ਆਪਿ ਮੋਹਿ ਪ੍ਰਤਿਪਾਰੈਂ।
ਪਰਹਿ ਜੰਗ ਤਬਿ ਦੇਖਹੁ ਹਾਥ।
ਕਹਾਂ ਕਰੌਂ[1] ਪ੍ਰਾਕ੍ਰਮ ਬਡਿ ਸਾਥਿ ॥੩੧॥
[1]ਕੀ ਕੁਝ ਕਰ ਦਿਖਾਵਾਂਗਾ।
ਰਿਪੁ ਲਸ਼ਕਰ ਸਲਿਤਾਪਤਿ ਭਾਰੋ[1]।
[1]ਭਾਰੀ ਸਮੁੰਦ੍ਰ ਵਤ ਹੋਵੇ।
ਗਿਰ ਮੰਦਰ ਸਮ ਬਰੌਂ ਮਝਾਰੋ[1]।
[1]ਮੰਦ੍ਰਾਚਲ ਪਰਬਤ ਵਾਂਗ ਵਿਚ ਜਾ ਵੜਾਂਗਾ।
ਬਾਹੁ ਸ੍ਰਿੰਗ ਤੇ ਮਥਿ ਕਰਿ ਡਾਰੌਂ[1]।
[1]ਬਾਹਾਂ ਰੂਪੀ ਟਿੱਲਿਆਂ ਨਾਲ ਰਿੜਕ ਸੁੱਟਾਂਗਾ। ਸ੍ਰਿੰਗ ਤੋਂ ਭਾਵ ਹੈ ਮਧਾਣੀ ਦਾ ਫੁੱਲ।
ਰੁੰਡ ਮੁੰਡ[1] ਰਣ ਖੇਤ ਬਿਥਾਰੋਂ' ॥੩੨॥
[1]ਧੜ ਤੇ ਸੀਸ।
ਸੁਨਿ ਗੁਰੁ ਕਹੈਂ 'ਆਇ ਅਸ ਕਾਲ।
ਜਿਮਿ ਚਾਹਤਿ ਚਿਤਿ ਕਰਜੋ ਬਿਸਾਲ।'
ਬਹੁਤ ਬਾਰਤਾ ਪੈਂਦੇ ਸਾਥ।
ਸਗਰੇ ਦਿਨ ਰਹਿਂ ਕਰਤੇ ਨਾਥ ॥੩੩॥
ਨਿਤਿਪ੍ਰਤਿ ਧਨ ਅਨਗਨ ਕੋ ਦੇਤਿ।
ਬਸਨ ਬਿਭੂਖਨ ਗੁਰੁ ਤੇ ਲੇਤਿ।
ਹਯ ਆਛੇ ਪਿਖਿ ਚਢਹਿ ਤਬੇਲੇ[1]।
[1]ਚੰਗਾਂ ਘੋੜਾ ਤਬੇਲੇ ਵਿਚ ਵੇਖਕੇ ਚੜ੍ਹ ਪੈਂਦਾ ਹੈ।
ਜ਼ੀਨ ਜਰਾਉ ਊਪਰਿ ਮੇਲੇ[1] ॥੩੪॥
[1]ਪਾ ਲੈਂਦਾ ਹੈ।
ਆਛੋ ਸ਼ਸਤ੍ਰ ਗੁਰੂ ਤੇ ਲੈ ਹੈ।
ਅਪਨੇ ਅੰਗ ਸਜਾਵਨਿ ਕੈ ਹੈ।
ਜਿਨਿ ਵਸਤਨਿ ਕੋ ਮੋਲਿ ਵਿਸ਼ੇਸ਼।
ਆਨੈ ਸੰਗਤਿ ਦੇਸ਼ ਵਿਦੇਸ਼ ॥੩੫॥
ਲੇ ਕਰਿ ਗੁਰੁ ਤਿਸਿ ਕੋ ਤਬਿ ਦੇਤਿ।
ਦੇਤਿ ਜਿ ਨਹੀਂ, ਮਾਂਗਿ ਸੋ ਲੇਤਿ।
ਪਿਖਿ ਸਿਖ ਮਨ ਖੁਨਸਹਿਂ ਗਨ ਘਨੇ।
ਗੁਰੁ ਤੇ ਡਰਤਿ ਨ ਮੁਖ ਤੇ ਭਨੇ ॥੩੬॥
ਗੁਰੁ ਪਹਿਰਹਿਂ ਗੁਰੁ ਕਾਰਜ ਲਾਗੈ।
ਯਾਂ ਤੇ ਅਰਪਿ ਕਰਹਿਂ ਗੁਰੁ ਆਗੈ।
ਜਬਿ ਪੈਂਦਾ ਲੇ ਧਾਰਹਿ ਅੰਗ।
ਦੇਖਤਿ ਸਿਖ ਗਨ ਹ੍ਵੈ ਮਨ ਭੰਗ[1] ॥੩੭॥
[1]ਮਨ ਢਹਿ ਜਾਂਦਾ ਹੈ।
ਤਿਸੀ ਖਯਾਲ ਮਹਿਂ ਪਰਚੇ ਰਹੈਂ।
ਸਿਖਜਨਿ ਕੀ ਦਿਸ਼ਿ ਕਬਹੁਂ ਨ ਲਹੈਂ।
ਸੰਗਤਿ ਪਿਖਿ ਸੁਭਾਉ ਗੁਰੁ ਕੇਰਾ।
ਕਰਹਿ ਬਿਚਾਰ ਉਚਾਰ ਕੁਫੇਰਾ[1] ॥੩੮॥
[1]ਮਾੜਾ ਕਹਿੰਦੇ ਹਨ।

'ਦੇਖਹੁ ਪੂਰਬ ਗੁਰ ਕੀ ਰੀਤਿ।
ਮੀਂਡ[1] ਮ੍ਰਿਜਾਦਿ ਕੀਰ ਬਿਪਰੀਤਿ। [1]ਮਲਕੇ, ਮੇਟਕੇ।
ਸਤਿ ਸੰਗਤਿ ਮਹਿਂ ਮਮ ਜਿਨ ਥੋਰਾ।
ਰਾਚੇ ਕਰਮ ਕਰਤਿ ਜੇ ਘੋਰਾ ॥੩੯॥
ਦੁਤੀਏ ਤੁਰਕਨਿ ਘਰ ਮਹਿਂ ਧਰੀ।
ਨਹੀਂ ਗਿਲਾਨ ਤਨਕ ਮਨ ਕਰੀ।
ਧਰਮਸਾਲ ਟਿਕਿ ਬੈਠਤਿ ਨਾਂਹੀ।
ਕਰਤਿ ਅਖੇਰ ਬ੍ਰਿਤਿ ਬਨ ਮਾਂਹੀ ॥੪੦॥
ਕਾਜੀ ਦੁਹਿਤਾ ਕੇ ਨਿਤਿ ਮੰਦਿਰ।
ਜਾਇ ਪ੍ਰਵੇਸ਼ਤਿ, ਹੇਰਤਿ ਅੰਦਰ[1]। [1]ਘਰ ਵਿਚ ਦੇਖੀਦੇ ਹਨ।
ਕਹੀਅਹਿ ਕਹਾਂ ਕਹੀ ਨਹਿਂ ਜਾਇ।
ਪਿਖਿ ਪਿਖਿ ਨਿੰਦਤਿ ਹੈਂ ਸਮੁਦਾਇ
॥੪੧॥
ਸਿੱਖਨਿ ਤੇ ਨਹਿਂ ਜਾਹਿ ਸਹਾਰੀ।
ਮਿਲਿ ਆਪਸਿ ਮਹਿਂ ਕਰਤਿ ਬਿਚਾਰੀ।
'ਤੁਰਕ ਬਡੋ ਅਪਨੇ ਮੁਖ ਲਾਯੋ[1]। [1]ਮੂੰਹ ਚੜ੍ਹਾਯਾ ਹੈ (ਪੈਂਦਾ)।
ਗੁਰੁ ਕਰੁਨਾ ਤੇ ਸੋ ਗਰਬਾਯੋ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਚਤਰ ਸਸ਼ਠੀ ਅੰਸੂ ॥੬੪॥

## ੬੫. [ਸਿੱਖਾਂ ਵਿਚ ਵਿਚਾਰ]

੬੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੬

ਦੋਹਰਾ:

ਮਤਿ ਜਿਨ ਕੀ ਅਨਜਾਨ ਹੈ,
ਨਿੰਦਹਿਂ ਮੂਢ ਗਵਾਰ।
ਮਿਲਹਿਂ ਪਰਸਪਰਿ ਬੋਲਤੇ,
ਕੌਲਾਂ ਕੋ ਤਕਰਾਰ ॥੧॥

ਚੌਪਈ:

'ਸ਼੍ਰੀ ਗੁਰੂ ਰਾਮਦਾਸ ਬਡਿਆਈ।
ਰਹਿ ਵਿਰਾਗ ਨਿਤਿ ਦ੍ਰਿਗ ਜਲ ਜਾਈ[1]। — [1]ਜਿਨ੍ਹਾਂ ਨੂੰ) ਨਿਤ ਵੈਰਾਗ ਹੀ ਰਹਿੰਦਾ ਸੀ ਤੇ ਨੇਤ੍ਰਾਂ ਵਿਚੋਂ ਜਲ ਜਾਂਦਾ ਰਹਿੰਦਾ ਸੀ।
ਇਕਿ ਰਸ ਬ੍ਰਿਤੀ ਸਦਾ ਚਿਤ ਸ਼ਾਂਤੀ।
ਜਿਨਿ ਕੇ ਮੋਹ ਨ ਮਾਯਾ ਤਾਤੀ[1] ॥੨॥ — [1]ਦੁਖਦਾਈ।
ਸਤਿ ਸੰਗਤਿ ਕਰਤੇ ਦਿਨ ਬੀਤੇ।
ਬੈਠਹਿਂ ਸ਼ਬਦ ਸੰਗਿ ਚਿਤ ਪ੍ਰੀਤੇ[1]। — [1]ਚਿੱਤ ਦੀ ਪ੍ਰੀਤੀ ਨਾਲ।
ਜਾਗਹਿਂ ਜਾਮਨਿ ਕੇ ਜੁਗ ਜਾਮ[1]। — [1]ਰਾਤ ਦੇ ਦੋ ਪਹਿਰ (ਰਹਿੰਦਿਆਂ)।
ਤਬਿ ਸਤਿਸੰਗ ਹੋਤਿ ਅਭਿਰਾਮ ॥੩॥
ਤਿਨਿ ਕੇ ਸੁਤ ਸ਼੍ਰੀ ਅਰਜਨ ਭਏ।
ਗੁਨ ਗਨ ਪਿਖਿ ਗੁਰੁ ਸਾਦੀ ਦਏ।
ਤਿਨਹੁ ਕਰੇ ਜੇਤਿਕ ਉਪਕਾਰ।
ਛਪੇ ਨਹੀਂ, ਬਿਦਤੇ ਸੰਸਾਰ ॥੪॥
ਸ਼੍ਰੀ ਅੰਮ੍ਰਿਤਸਰ ਰਹੇ ਬਨਾਵਤਿ।
ਬਹੁਰੋ ਤਾਰਨ ਤਰਨ ਸੁਹਾਵਤਿ[1]। — [1]ਜੋ ਸ਼ੋਭ ਰਿਹਾ ਹੈ।
[1]ਸ਼੍ਰੀ ਗ੍ਰੰਥ ਸਾਹਿਬ ਗੁਰੁ ਕਰਜੋ[2]। — [1]ਫਿਰ। [2]ਰੁਚਿਆ।
ਮਨਹੁਂ ਸ਼੍ਰੇਯ ਕੋ ਮੰਦਰ ਭਰਜੋ ॥੫॥
ਜਬਿ ਲੌਂ ਤਨ ਕੀ ਥਿਰਤਾ ਲਹੇ[1]। — [1]ਜਿੰਨਾਂ ਚਿਰ ਸਰੀਰ ਸਥਿਰ ਰਿਹਾ, ਭਾਵ ਆਯੂ ਭਰ।
ਪਰਉਪਕਾਰ ਕਰਤਿ ਹੀ ਰਹੇ।
ਚਹੁ ਦਿਸ਼ਿ ਉੱਜਲ ਜਸੁ ਬਿਸਤਾਰਾ।
ਕਰਤਜੋ ਬੀਤੇ ਸੁਸ਼ਟ ਅਚਾਰਾ[1] ॥੬॥ — [1]ਸ੍ਰੇਸ਼ਟ ਆਚਾਰ ਕਰਦਿਆਂ ਬੀਤੀ (ਸਾਰੀ ਆਯੂ)।
ਤਿਨਿ ਕੇ ਸੁਤ ਇਹ ਗਾਦੀ ਬੈਸੇ।
ਭਏ ਨ ਪਿਤਾ ਪਿਤਾਮਾ ਜੈਸੇ।
ਆਗੈ ਪਾਤਿਸ਼ਾਹ ਘਰਿ ਆਵਤਿ।
ਗੁਰੁ ਗਾਦੀ ਕੋ ਸੀਸਿ ਨਿਵਾਵਤਿ ॥੭॥

ਇਹ ਸ਼ਾਹੁਨਿ ਕੇ ਪਾਸਿ ਪਧਾਰੇ।
ਦੁਰਗ ਕੈਦ ਥਲ ਬਸੇ ਮਝਾਰੇ।
ਅਪਰ ਨਰੇਸ਼ ਦੇਸ਼ ਕੇ ਜੈਸੇ।
ਇਨਹੁ ਅਪਨਿ ਗਤਿ ਠਾਨੀ ਤੈਸੇ ॥੮॥
ਹੁਇ ਨਿਰਦੈ ਚੰਦੂ ਕੋ ਮਾਰਾ।
ਨਹੀਂ ਦਯਾ ਕੇ ਲੇਸ਼ ਬਿਚਾਰਾ।
ਸ਼ਾਹੁ ਸੰਗ ਪੁਨ ਆਵਤਿ ਜਾਵ[1]। [1]ਆਉਂਦੇ ਜਾਂਦੇ ਹਨ।
ਜਥਾ ਔਰਿ ਤਿਨ ਕੋ ਉਮਰਾਵ ॥੯॥
ਨਹੀਂ ਬਿਚਾਰੀ ਅਪਨਿ ਬਡਾਈ।
ਜਹਾਂਗੀਰ ਢਿਗ ਬਸੇ ਤਦਾਈ।
ਸੰਗਿ ਲਹੌਰ ਬਾਸ ਬਹੁ ਕਰਿ ਕੈ।
ਕਾਜ਼ੀ ਦੁਹਿਤਾ ਆਨੀ ਹਰਿ ਕੈ ॥੧੦॥
ਕਰਜੋ ਕਾਜ ਇਹ ਦੀਰਘ ਖੋਟਾ।
ਜਾਨਿ ਤੇਜ ਬਡਿ ਕਿਨਹੁਂ ਨ ਹੋਟਾ[1]। [1]ਤੇਜ ਬੜਾ ਜਾਣਕੇ ਕਿਸੇ ਨੇ ਬੀ ਨਹੀਂ ਰੋਕਿਆ।
ਆਨਿ ਆਪਨੇ ਸਦਨ ਬਸਾਈ।
ਨਹੀਂ ਲਖੀ ਨਿਜ ਬੰਸ ਬਡਾਈ ॥੧੧॥
ਅਬਿ ਲੌ ਨਹਿਂ ਗਿਲਾਨ ਕਹੁ ਕਰਤੇ।
ਸ਼ਾਹੁ ਸੈਨ ਤੇ ਉਰ ਨਹਿਂ ਡਰਤੇ।
ਪੁਨ ਪੈਂਦੇ ਖਾਂ ਤੁਰਕ ਬਿਸਾਲਾ।
ਰਾਖਜੋ ਨਿਕਟਿ ਦਰਬ ਦੇ ਜਾਲਾ ॥੧੨॥
ਬੂਝਹਿਂ ਤਿਸਹਿ ਕਾਜ ਜੋ ਕਰਨਾ।
ਦਿਨ ਪ੍ਰਤਿ ਕਰਹਿਂ ਅਧਿਕ ਹੀ ਕਰੁਨਾ[1]।' [1]ਬਹੁਤ ਕ੍ਰਿਪਾ (ਉਸ ਪੈਂਦੇ ਉਤੇ)।
ਇੱਤਜਾਦਿਕ ਦੋਸ਼ਨਿ ਕੋ ਲਹਿ ਲਹਿ।
ਨਿੰਦਹਿਂ ਮਿਲਿ ਆਪਸਿ ਮਹਿਂ ਕਹਿ ਕਹਿ
॥੧੩॥
ਸੁਧਾ ਸਰੋਵਰ ਲਵਪੁਰਿ ਆਦਿ।
ਕਰਤਿ ਜਹਾਂ ਕਹਿਂ ਗੁਰੁ ਅਪਵਾਦ।
'ਸਰਬ ਸ਼ਿਰੋਮਣਿ ਗਾਦੀ ਥਿਰੇ।
ਅੰਗੀਕਾਰ ਕੁਕਰਮਨਿ ਕਰੇ' ॥੧੪॥
ਸੁਨਹਿ ਸਿੱਖ ਜਹਿਂ ਕਹਿਂ ਗੁਰੁ ਨਿੰਦਾ।
ਬਸਿ ਨਹਿਂ ਚਲਹਿ, ਧਰਹਿਂ ਚਿਤ ਚਿੰਦਾ[1]। [1]ਚਿੰਤਾ।
ਮਿਲਿ ਆਪਸ ਮਹਿਂ ਕਰਤਿ ਬਿਚਾਰੇ।

'ਕੋਇ ਨ ਕਹਿ ਕਰਿ ਗੁਰੁ ਹਟਿਕਾਰੇ[1] ॥੧੫॥
-ਉਚਿਤ ਆਪਿ ਕੇ ਕਰਮ ਨ ਐਸੇ।
ਬਰਤਹੁ ਪਿਤਾ ਪਿਤਾਮਾ ਜੈਸੇ-।
ਕਹਾਂ ਭਯੋ ਗੁਰੁ ਸੁਮਤਿ ਨ ਚੀਨਿ।
ਜਿਮਿ ਟਾਮਨਿ ਤੇ[1] ਬਸਿ ਕਰਿ ਲੀਨਿ' ॥੧੬॥
ਇੱਤਜਾਦਿਕ ਸਿੱਖਨਿ ਮਹਿਂ ਹੋਯਹੁ।
ਦੁਖਿਤਿ ਅਧਿਕ ਚਿਤ ਗੁਰੁ ਇਮਿ ਜੋਯਹੁ[1]।
ਬਹੁਰ ਬਜਾਹ ਕੋ ਦਿਨ ਨਿਯਰਾਯੋ।
ਸਕਲ ਮਸੰਦਨਿ ਬਾਕ ਅਲਾਯੋ ॥੧੭॥
'ਕੀਜਹਿ ਮੇਲਿ ਬੁਲਾਵਨਿ ਸਾਰੋ।
ਕਾਜ ਮਹਾਂ ਕਿਮਿ ਰਿਦੇ ਬਿਸਾਰੋ।
ਕਰਹੁ ਕਰਾਹੇ ਅਬਹਿ ਚਰਾਵਨਿ।
ਆਇਸੁ ਦਿਹੁ ਪਕਵਾਨ ਪਕਾਵਨਿ[1] ॥੧੮॥
ਆਗੈ ਗੰਗਾ ਮਾਤ ਸੁਜਾਨਾ।
ਕਾਜ ਸੰਭਾਰਤਿ ਜਿਤਿਕ ਮਹਾਨਾ।
ਜਥਾ ਜੋਗ ਮੰਗਲ ਕਰਿਵਾਵਤਿ।
ਆਇਸੁ ਦੇਤੇ ਨੀਕ ਬਨਾਵਤਿ ॥੧੯॥
ਅਬਿ ਤੌਂ ਰਾਵਰ ਕੇ ਇਖਤਜਾਰਿ।
ਕਰਿਵਾਵਹੁ ਸਭਿ ਕਾਰਜ ਤਜਾਰਿ।'
ਸੁਨਿ ਗੁਰੁ ਕਿਤਿਕ ਕਾਲ ਨਹਿਂ ਕਹਜੋ।
ਆਗੈ ਬਿਘਨ ਹੋਨਿ ਕੋ ਲਹਜੋ ॥੨੦॥
ਮੌਨ ਠਾਨਿ ਕਰਿ ਬੈਠੇ ਸ੍ਵਾਮੀ।
ਕੁਛ ਨ ਬਖਾਨਜੋ ਅੰਤਰਿਜਾਮੀ।
ਪਿਖਿ ਸੁਭਾਵ ਕੌ ਸਭਿ ਬਿਸਮਾਏ।
ਕਹਾਂ ਗੁਰੂ ਗਤਿ ਲਖੀ ਨ ਜਾਏ ॥੨੧॥
ਬਹੁਰੋ ਮੰਦਰ ਜਾਇ ਪ੍ਰਵੇਸ਼ੇ।
ਥਿਰ ਪ੍ਰਯੰਕ ਪਰਿ ਜਬਿਹੂੰ ਬੈਸੇ।
ਤਬਿ ਦਮੋਦਰੀ ਚਲਿ ਕਰਿ ਆਈ।
ਸੁਤਾ ਬਜਾਹ ਕੀ ਗਥ[1] ਸਮੁਝਾਈ ॥੨੨॥

[1]ਕੋਈ ਨਹੀਂ ਕਹਿਕੇ ਗੁਰੂ ਜੀ ਨੂੰ ਰੋਕਦਾ।
[1]ਟੂਣਿਆਂ ਨਾਲ।
[1]ਬਹੁਤ ਦੁਖੀ ਹੋਏ ਇਉਂ ਗੁਰੂ ਜੀ ਨੂੰ ਦੇਖਕੇ।
[1]ਮਿਠਾਈ ਆਦਿ) ਪਕਵਾਨਾਂ ਦੇ ਪਕਾਵਣੇ ਦਾ।
[1]ਗੱਲ, ਬਾਤ, ਪ੍ਰਸੰਗ।

'ਕਯੋਂ ਨ ਕਰਾਵਤਿ ਹੋ ਸਭਿ ਆਹਰ।
ਕਾਜ ਬਿਸਾਲ ਬਿਦਤਿ ਭਾ ਜ਼ਾਹਰਿ।
ਅਬਹਿ ਕਰਾਹੇ ਕਹਿ ਚਰਵਾਵਹੁ[1]।
ਜਿਤ ਕਿਤ ਤੇ ਸਭਿ ਮੇਲਿ ਬੁਲਵਾਹੁ ॥੨੩॥
ਸ਼੍ਰੀ ਸਤਿਗੁਰੂ ਸੁਨਿ ਤਬਹਿ ਬਖਾਨਾ।
'ਕਰਹੁ ਪਕਾਵਨਿ ਗਨ ਪਕਵਾਨਾ।
ਮੇਲਿ ਹਕਾਰਨਿ ਬਨਹਿ ਨ ਅਬਿਹੀ।
ਅਪਰ ਕਾਰ ਤਜਾਰੀ ਕਰਿ ਸਬਿਹੀ' ॥੨੪॥
ਸੁਨਿ ਦਮੋਦਰੀ ਉਰ ਬਿਸਮਾਈ।
-ਇਹ ਕਿਮਿ ਬੋਲਤਿ ਲਖੀ ਨ ਜਾਈ।
ਕਹਜੋ ਸਭਿਨਿ ਸੋਂ ਕਰਨੀ ਕਾਰ।
ਨਹਿਂ ਇਕਿ ਕੀਨਸਿ ਮੇਲ ਹਕਾਰ- ॥੨੫॥
ਭਾਂਤਿ ਭਾਂਤਿ ਕੀ ਹੋਤਿ ਮਿਠਾਈ।
ਕਰਿ ਕਰਿ ਤਜਾਰਿ ਧਰਹਿਂ ਇਕ ਠਾਈ।
ਲੋਕਨਿ ਬਿਖੈ ਬਿਦਤਿ ਸਭਿ ਹੋਈ।
'ਮੇਲ ਬੁਲਾਵਨਿ ਕਿਯੋ ਨ ਕੋਈ ॥੨੬॥
ਇਹ ਭੀ ਨਈ ਰੀਤਿ ਕੁਛ ਕੀਨੀ।
ਕੁਲ ਕੀ ਚਾਲਿ ਤਜਾਗਿ ਕਰਿ ਦੀਨੀ।'
ਪੁਨ ਦਮੋਦਰੀ ਕਹਿ ਬਹੁ ਬਾਰੀ।
ਉੱਤਰ ਦਿਯੋ ਨ, ਤੂਸ਼ਨਿ ਧਾਰੀ ॥੨੭॥
ਇਕਿ ਦਿਨ ਸਿਖ ਜਿਸ ਥਲ ਗੁਰਦਾਸ।
ਬੈਠੇ ਬ੍ਰਿੰਦ ਜਾਇ ਕਰਿ ਪਾਸ।
ਬਦਲੀ ਸੋਢੀ, ਸੇਠ ਗੁਪਾਲਾ।
ਤਖਤੂ, ਤੀਰਥ, ਨਵਲੁ, ਨਿਹਾਲਾ ॥੨੮॥
ਕਿਸ਼ਨਾ, ਜੈਤ, ਤਿਲੋਕਾ ਸੂਰ[1]।
ਸਿੱਖ ਤੁਲਸੀਯਾ ਰਹਤਿ ਹਜ਼ੂਰ।
ਇੱਤਜਾਦਿਕ ਜਾਨਹੁ ਸਿਪ ਬ੍ਰਿੰਦ।
ਕੇਤਿਕ ਗਿਨੀਅਹਿ ਨਾਮ ਬਿਲੰਦ ॥੨੯॥
ਹਾਥ ਜੋਰਿ ਗੁਰੁਦਾਸ ਅਗਾਰੀ।

[1]ਚੜ੍ਹਵਾਵੋ।

[1]ਸੂਰਮਾਂ।

ਸਗਰੇ ਸਿੱਖਨਿ ਗਿਰਾ ਉਚਾਰੀ।
'ਜਹਿਂ ਕਹਿਂ ਵਧੀ ਗੁਰੂ ਕੀ ਨਿੰਦਾ।
ਸੁਨਿ ਨਹਿਂ ਜਰੀ ਜਾਇ, ਚਿਤ ਚਿੰਦਾ ॥੩੦॥
ਤੁਮ ਅਰੁ ਬਡੇ ਜੁ ਬੁੱਢਾ ਸਾਹਿਬ।
ਸ਼੍ਰੀ ਅਰਜਨ ਕੇ ਮਹਾਂ ਮੁਸਾਹਿਬ।
ਜੇ ਇੱਤਜਾਦਿ ਅਪਰ ਸਿਖ ਧੀਰ।
ਤਿਨਹੁ ਨ ਕਬਹੁ ਬਿਠਾਵਹਿਂ ਤੀਰ ॥੩੧॥
ਜਿਮਿ ਮਲੇਛ ਬਡ ਪੈਂਦੇਖਾਨ।
ਰਾਖਹਿਂ ਨਿਕਟਿ ਪ੍ਰੇਮ ਕੋ ਠਾਨਿ।
ਪੁਨਿ ਕੌਲਾਂ ਕੀ ਬਾਤਿ ਅਜੋਗ।
ਪਿਖਿ ਕੁਕਰਮ ਨਿੰਦਤਿ ਹੈਂ ਲੋਗ ॥੩੨॥
ਤੁਮ ਸ਼੍ਰੀ ਗੁਰੁ ਅਰਜਨ ਕੇ ਮੇਲੀ।
ਕਯੋਂ ਸਮਝਾਇ ਨ ਠਾਨਹੁ ਠੇਲੀ[1]।' [1]ਕਿਉਂ ਸਮਝਾਕੇ ਰੋਕਦੇ ਨਹੀਂ ਹੋ?
ਸੁਨਿ ਗੁਰੁਦਾਸ ਕਹੀ ਨਿਜ ਬਾਨੀ।
ਇਕਿ ਪੌੜੀ ਵਿਚਿ ਵਾਰਿ ਵਖਾਨੀ ॥੩੩॥

ਧਰਮਸਾਲੁ ਕਰਿ ਬਿਹੀਦਾ ਇੱਕਤ ਥਾਂ ਨ ਟਿਕੈ ਟਿਕਾਇਆ।
ਪਾਤਿਸ਼ਾਹ ਘਰ ਆਂਵਦੇ ਗੜ੍ਹ[1] ਚੜ੍ਹਿਆ ਪਾਤਿਸ਼ਾਹ ਚੜ੍ਹਾਇਆ। [1]ਕਿਲਾ।
ਉੱਮਤਿ[1] ਮਹਿਲ[2] ਨ ਪਾਂਵਦੀ ਨੱਠਾ ਫਿਰੇ ਨ ਡਰੈ ਡਾਰਇਆ। [1]ਸਿੱਖ। [2]ਦਰਸ਼ਨ ਸ੍ਵਰੂਪ।
ਮੰਜੀ ਬਹਿ ਸੰਤੋਖ ਦਾ ਕੁੱਤੇ ਰੱਖਿ ਸ਼ਿਕਾਰ ਖਿਲਾਇਆ।
ਬਾਣੀ ਕਰਿ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਂਵ ਸੁਣਾਇਆ।
ਸੇਵਕ ਪਾਸਿ ਨ ਰੱਖੀਅਨ ਦੋਖੀ ਦੁਸਟ ਆਗੂ[1] ਮੁਹਿ ਲਾਇਆ। [1]ਪੈਂਦੇ ਖਾਂ ਤੋਂ ਮੁਰਾਦ ਹੈ।
ਸੱਚ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰ ਜਰੈ ਨ ਆਪ ਜਣਾਇਆ ॥੨੪॥ † [ਵਾਰ ੨੬]

†ਇਸ ਪੌੜੀ ਦੇ ਅਰਥਾਂ ਲਈ ਦੇਖੋ ਟੀਕਾ ਵਾਰੀ ਭਾਈ ਗੁਰਦਾਸ ਜੀ ਸ਼੍ਰੀ ਗਿਆਨੀ ਹਜ਼ਾਰਾ ਸਿੰਘ ਜੀ ਪੰਡਤ ਕ੍ਰਿਤ ਵਾਰ ੨੬ ਦੀ ਪੌੜੀ ੨੪। ਪਰਜੇ ਅਰਥ ਸਮਝੇ ਜਾਣ ਜੋ ਕਵੀ ਜੀ ਨੇ ਲਾਏ ਹਨ, ਤਾਂ ਇਸ ਪੌੜੀ ਵਿਚ ਭਾਈ ਜੀ ਨੇ ਲੋਕਾਂ ਦੇ ਉਸ ਸਮੇਂ ਦੇ ਇਤਰਾਜ਼ ਦਿੱਤੇ ਹਨ ਅਤੇ ਅਖੀਰਲੀਆਂ ਤੁਕਾਂ ਵਿਚ ਤੇ ਅਗਲੀ ਪੌੜੀ ਵਿਚ ਉਹਨਾਂ ਦਾ ਆਪਣਾ ਆਸ਼ਾ ਪ੍ਰਗਟ ਹੋ ਰਿਹਾ ਹੈ ਜੋ ਕਵੀ ਜੀ ਨੇ ਅੱਗੇ ਚੱਲਕੇ ਦੱਸਿਆ ਹੈ। ਪਹਿਲੇ ਤਾਂ ਮੂਰਖਾਂ ਨਿੰਦਕਾਂ ਦੀਆਂ ਸ਼ੰਕਾ ਕਹੀਆਂ ਹਨ, ਅੰਤ ਵਿਚ ਕਿਹਾ ਹੈ ਕਿ ਇਨ੍ਹਾਂ ਗੱਲਾਂ ਨਾਲ ਸੱਚ ਨਹੀਂ ਲੁਕ ਸਕਦਾ। ਸਿੱਖ ਲੋਕ ਚਰਣਾਂ ਕਵਲਾਂ ਦੇ ਭਵਰੇ ਵਾਂਙੂ ਪ੍ਰੇਮੀ ਹਨ, ਓਹ ਸਿੱਖ ਜੋ ਅਜਰ ਨੂੰ ਜਰ ਲੈਣ ਤੇ ਆਪਾ ਫੇਰ ਨਾ ਜਨਾਵਣ ਦੇ ਦਰਜੇ ਦੇ ਪੂਰਨ ਪੁਰਖ ਹਨ। ਅਗਲੀ ਪੌੜੀ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਬੀਰ ਰਸੀ ਜੀਵਨ ਗੁਰੂ ਹਰਿ ਗੋਵਿੰਦ ਜੀ ਨੇ ਸੰਗਤ ਦੀ ਰਖਯਾ ਲਈ ਟੋਰਿਆ ਹੈ ਜਿਵੇਂ ਖੇਤੀ ਲਈ ਵਾੜ ਲਾਈ ਦੀ ਹੈ। ਭਾਈ ਗੁਰਦਾਸ ਜੀ ਦੀ ਸਪਸ਼ਟ ਰਾਇ ਗੁਰੂ ਹਰਿਗੋਬਿੰਦ ਜੀ ਦੀ ਬਾਬਤ ਇਹ ਹੈ:- ਹਰਖਹੁ ਸੋਗਹੁ ਬਾਹਿਰਾ ਹਰਣ ਭਰਣ ਸਮਰੱਥ ਸਰੰਦਾ॥ ਰਸ ਕਸ ਰੂਪ ਨ ਰੇਖ ਵਿਚ ਰਾਗ ਰੰਗ ਨਿਰਲੇਪ ਰਹੰਦਾ॥ ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ। ਗੁਰੂ ਗੋਬਿੰਦ ਗੋਵਿੰਦ ਗੁਰੂ ਹਰਿ ਗੋਵਿੰਦ ਸਦਾ ਵਿਗਸੰਦਾ॥ ਅਚਰਜ ਨੌਂ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲੰਦਾ॥ ਗੁਰਮੁਖ ਮਾਰਗ ਚੱਲਣਾ ਖੰਡੇ ਧਾਰ ਕਾਰ ਨਿਬਹੰਦਾ॥ ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥੨੧॥ [ਭਾ:ਗੁ:ਵਾਰ ੨੪]

ਪੁਨਾ: ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਆਪੇ ਆਪ ਉਪਾਯਾ॥ ਗੁਰੁ ਗੋਬਿੰਦ ਗੋਵਿੰਦ ਗੁਰੁ ਜੋਤਿ ਇਕ ਦੁਇ ਨਾਂਵ ਧਰਾਯਾ॥ ਪੁੱਤ ਪਿਅਹੁੰ ਪਿਉ ਪੁੱਤ ਤੇ ਵਿਸਮਾਦਹੁੰ ਵਿਸਮਾਦ ਕਰਾਯਾ॥ ਬਿਰਖਹੁੰ ਫਲ ਫਲ ਤੇ ਬਿਰਖ ਆਚਰਜਹੁੰ ਆਚਰਜ ਸੁਹਾਯਾ॥ ਨਦੀ ਕਿਨਾਰੇ ਆਖੀਅਨ ਪੁੱਛੇ ਪਾਰਾਵਾਰ ਨ ਪਾਯਾ॥ ਹੋਰਨਿ ਅਲਖ ਨ ਲੱਖੀਐ ਗੁਰੁ ਚੇਲੇ ਮਿਲਿ ਅਲਖ ਲਖਾਯਾ॥ ਹਰਿ ਗੋਵਿੰਦ ਗੁਰੁ ਗੁਰੁ ਭਾਯਾ ॥੨੪॥ [ਭਾ:ਗੁ:ਵਾਰ ੨੪]

ਚੌਪਈ:

'ਨਹਿਂ ਚਿੰਤਾ ਤੁਮ ਮਨ ਮਹਿਂ ਧਾਰੋ।
ਗੁਰੁ ਕੋ ਪੂਰਨ ਬ੍ਰਹਮ ਬਿਚਾਰੋ।
ਸ਼੍ਰੀ ਪ੍ਰਮੇਸ਼ੁਰ ਕੇ ਅਵਤਾਰ।
ਗਤਿ ਨਹਿਂ ਜਾਨੀ ਜਾਇ ਉਦਾਰ ॥੩੪॥
ਕ੍ਰਿਸ਼ਨ ਅਨੇਕ ਮ੍ਰਿਜਾਦਾ ਤੋਰੀ[1]।
ਕਿਸ ਕੀ ਲਾਜ ਕੀਨਿ ਨਹਿਂ ਥੋਰੀ[1]।
ਕਰਤਿ ਰਹੇ ਨਿੰਦਾ ਅਨਜਾਨ।
ਸੋ ਈਸ਼ੁਰ ਨਿਰਲੇਪ ਮਹਾਨ ॥੩੫॥
ਜੇ ਤੁਮ ਚਾਹਿਤ ਕਛੁ ਕਹਾਯੋ।
ਚਾਹਤਿ ਹੋ ਇਹ ਭਰਮ ਹਟਾਯੋ।
ਤੌ ਬ੍ਰਿਧ ਨਿਕਟਿ ਬੇਨਤੀ ਕਰੀਯਹਿ।
ਕਹਿਬੇ ਕੋ ਸਾਮਰਥ ਬਿਚਾਰੀਯਹਿ ॥੩੬॥
ਸੁਨਿ ਕਰਿ ਸਿੱਖਨਿ ਬਹੁਰ ਬਖਾਨਾ।
ਤੁਮ ਭੀ ਚਲਹੁ ਬ੍ਰਿੱਧ ਕੇ ਥਾਨਾ।
ਦਰਸ਼ਨ ਕਰਹੁ ਸੰਗ ਨਿਜ ਲਜਾਵਹਿਂ।
ਤਿਨਿ ਤੇ ਗੁਰੁ ਢਿਗਿ ਸਕਲ ਕਹਾਵਹਿਂ' ॥੩੭॥
ਸੁਨਿ ਬਿਨਤੀ ਕੋ ਉਠਿ ਗੁਰਦਾਸ।
ਸਿੱਖਨਿ ਸਹਤ ਗਏ ਬ੍ਰਿਧ ਪਾਸਿ।
ਬੀੜ ਬਿਖੈ ਝੁੰਗੀ ਜਿਨਿ ਪਾਈ।
ਇਕਿ ਰਸ ਬ੍ਰਿਤੀ ਅਨੰਦ ਠਹਿਰਾਈ ॥੩੮॥
ਜਾਇ ਨਿਕਟਿ ਬੰਦਨ ਸਭਿ ਕੀਨਿ।
ਕਹਯੋ ਜੋਰਿ ਕਰ ਹੋਇ ਅਧੀਨ।
'ਸਭਿ ਕੀ ਚਿੰਤਾ ਆਪਿ ਨਿਵਾਰਹੁ।
ਤੁਮ ਹੀ ਉਚਿਤ ਰਿਦੈ ਨਿਰਧਾਰਹੁ ॥੩੯॥
ਗੁਰੂ ਨਿੰਦਾ ਨਹਿਂ ਜਾਇ ਸਹਾਰੀ।
ਚਲਿ ਆਏ ਹਮ ਸ਼ਰਨਿ ਤਿਹਾਰੀ।'

[1]ਤੋੜੀ।

[1]ਕਿਸੇ ਦਾ ਜ਼ਰਾ ਵੀ ਲਿਹਾਜ਼ ਨਹੀਂ ਕੀਤਾ। (ਅ) ਕਿਸੇ ਦੀ ਲੱਜਾ ਨਹੀਂ ਘਟਾਈ?

ਸਰਬ ਬਾਰਤਾ ਕਹਿ ਸਮੁਝਾਈ।
ਕਹਜੋ ਮਰਮ ਗੁਰੁਦਾਸ ਬਨਾਈ ॥੪੦॥
ਸੁਨਿ ਬ੍ਰਿਧ ਸਭਿ ਕੋ ਕਹਜੋ ਸੁਨਾਈ।
'ਸਮਰਥ ਕੋ ਨਹਿਂ ਦੋਸ਼ ਕਦਾਈ।
ਚਹੈਂ ਸੁ ਕਰੈਂ, ਨ ਭਰਮਹੁ ਰਿਦੇ।
ਕਰਮਨਿ ਤੇ ਲਿਪਾਇ ਨਹਿਂ ਕਦੇ' ॥੪੧॥
ਸੁਨਿ ਸਭਿ ਕਹਜੋ 'ਜਥਾਰਥ ਬਾਤੀ।
ਤਊ ਨ ਹਮ ਚਿਤ ਆਵਤਿ ਸ਼ਾਂਤੀ।
ਚਾਰਹੁਂ ਬਰਨਾਸ਼੍ਰਮ ਅਰੁ ਤੁਰਕਾ।
ਬਹੁ ਅਪਬਾਦ ਕਰਤਿ ਹੈਂ ਗੁਰੁ ਕਾ ॥੪੨॥
ਚਲਹੁ ਆਪਿ ਮਿਲਿ ਗੁਰੁ ਸਮੁਝਾਇ।
ਦੋਨਹੁਂ ਕੋ[1] ਦਿਹੁ ਸੰਗਿ ਹਟਾਇ।
ਨਾਂਹਿ ਤ ਕੌਲਾਂ ਕੇਰਿ ਜ਼ਰੂਰ।
ਸੰਗਿ ਛੁਟਾਵਹੁ ਸ਼੍ਰੀ ਗੁਰੁ ਪੂਰ[1]' ॥੪੩॥
ਤਬਿ ਗੁਰੁਦਾਸ ਕਹਜੋ 'ਸਿਖ ਸਾਰੇ।
ਆਇ ਪਰੇ ਅਬਿ ਸ਼ਰਨਿ ਤਿਹਾਰੇ।
ਮੈਂ ਭੀ ਰਹਜੋ ਬਹੁਤ ਸਮੁਝਾਇ।
ਇਨ ਕੀ ਇੱਛਾ ਦੇਹੁ ਪੁਜਾਇ' ॥੪੪॥
ਸੁਨਿ ਸਭਿ ਤੇ ਬ੍ਰਿਧ ਕਰੁਨਾ ਧਾਰੀ।
ਗੁਰੁ ਮਿਲਿਬੇ ਹਿਤ ਹ੍ਵੈ ਕਰਿ ਤਜਾਰੀ।
ਭਯੋ ਸੰਗਿ, ਪੁਰਿ ਕੋ ਚਲਿ ਆਏ।
ਬਚਨ ਬਿਲਾਸ ਕਰਤਿ ਸਮੁਦਾਏ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਪੰਚ ਸਸ਼ਠੀ ਅੰਸੂ ॥੬੫॥

[1]ਦੋਹਾਂ (ਕੌਲਾਂ ਤੇ ਪੈਂਦੇ) ਦਾ।

[1]ਗੁਰੂ ਪੂਰੇ ਤੋਂ।

## ੬੬. [ਬਿਬੇਕਸਰ ਸਿਰਜਨ]

੬੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:
ਬ੍ਰਿਧ ਭਾਈ ਗੁਰੁਦਾਸ ਕੋ, ਆਗੈ ਕਰਿ ਸਮੁਦਾਇ।
ਪਹੁਚੇ ਪੁਰੀ ਬਿਲੋਕਿ ਕੈ, ਸ੍ਰੀ ਅੰਮ੍ਰਿਤਸਰ ਥਾਇੰ ॥੧॥
ਚੌਪਈ:
ਕਰਿ ਸ਼ਨਾਨ ਹਰਿ ਮੰਦਿਰ ਗਏ।
ਹਾਥ ਜੋਰਿ ਸਭਿ ਬੰਦਤਿ ਭਏ।
ਬਹੁਰਿ ਪ੍ਰਦਛਨਾ ਚਹੁੰਦਿਸ਼ਿ ਫਿਰੇ।
ਪੁਰਿ ਜਲ ਮਿਲੇ ਸੁਨਤਿ ਹਿਤ ਧਰੇ ॥੨॥
ਬੂਝੇ 'ਅਬਿ ਸਤਿਗੁਰੁ ਕਿਸਿ ਥਾਨ?'
ਪੁਰਿ ਜਨ ਭਨਜੋ 'ਆਪਿ ਸਭਿ ਜਾਨਿ।
ਚਢੇ ਅਖੇਰ ਬ੍ਰਿੱਤਿ ਕੋ ਗਏ।
ਪੂਰਬ ਦਿਸ਼ ਕੋ ਸਨਮੁਖ ਭਏ[1]' ॥੩॥
ਸੁਨਿ ਬ੍ਰਿਧ ਸਾਹਿਬ ਰਿਦਾ ਰਸਾਲੇ[1]।
ਸਿੱਖ ਸੰਗਿ ਸਭਿ ਤਿਤੁ ਦਿਸ਼ਿ ਚਾਲੇ।
ਅਧਿਕ ਬ੍ਰਿੱਛ ਗਾਢੇ ਗਨ ਖਰੇ।
ਬਦਰੀ ਚਲਦਲ ਆਦਿਕ ਹਰੇ ॥੪॥
ਗਏ ਰਾਮਸਰ ਕੇ ਤਬਿ ਤੀਰ।
ਬੈਠੇ ਤਹਿਂ ਲੇ ਸਿੱਖਨਿ ਧੀਰ[1]।
ਗੁਰੁ ਕੇ ਸਨਮੁਖ ਕਿਤਿਕ ਪਠਾਏ।
'ਹਮਰੀ ਸੁਧਿ ਕਹੀਅਹਿ ਇਤਿ ਆਏ' ॥੫॥
ਆਗੈ ਸਤਿਗੁਰੁ ਕਰੀ ਅਖੇਰੇ।
ਹਨਿ ਕਰਿ ਬਨ ਕੇ ਜੀਵ ਘਨੇਰੇ।
ਆਵਤਿ ਚਢੇ ਚਮੂੰ ਗਨ ਸੰਗਿ।
ਚੰਚਲ ਬਲੀ ਕੁਦਾਇ ਤੁਰੰਗ ॥੬॥
ਜਾਇ ਮਿਲੇ ਸਿਖ ਕੋਸ ਅਗਾਰੀ।
ਚਰਨ ਕਮਲ ਪਰਿ ਬੰਦਨ ਧਾਰੀ।
ਹਾਥ ਜੋਰਿ ਕੀਨਿ ਅਰਦਾਸ।

[1]ਸਾਹਮਣੇ ਕਰਕੇ।

[1]ਪ੍ਰਸੰਨ ਰਿਦੇ ਵਾਲੇ।

[1]ਸਿਖਾਂ ਦਾ ਆਸਰਾ (ਅ) ਬੁਧੀਵਾਨ, ਧੀਰਜਵਾਨ (ਬਾਬਾ ਬੁੱਢਾ ਜੀ)।

'ਬ੍ਰਿਧ ਸਾਹਿਬ ਭਾਈ ਗੁਰੁਦਾਸ ॥੭॥
ਰਾਵਰ ਕੇ ਦਰਸ਼ਨ ਹਿਤ ਆਏ।
ਪ੍ਰਥਮ ਸੁਧਾਸਰ ਮੱਧ ਨਹਾਏ।
ਇਤਿ ਸੁਧਿ ਸੁਨੀ ਆਪਿ ਕੀ ਜਬੈ।
ਥਿਰੇ ਰਾਮਸਰ ਤੀਰਥ ਤਬੈ' ॥੮॥
ਸਭਿ ਗਤਿ ਜਾਨੀ ਅੰਤਰਜਾਮੀ।
ਸਿਖ ਤਖਤੂ ਸੰਗ ਬੋਲੇ ਸ੍ਵਾਮੀ।
'ਕਿਤਿਕ ਕਾਲ ਬੀਤਾ ਤਿਨ ਆਏ?
ਕੇਤਿਕ ਸਿੱਖ ਸੰਗਿ ਮੈਂ ਲ੍ਯਾਏ?' ॥੯॥
'ਸੁਨਹੁ ਪ੍ਰਭੂ! ਤਹਿਂ ਬੈਠੇ ਜਬੈ।
ਮੈਂ ਆਯੋ ਧਾਵਤਿ ਇਤ ਤਬੈ।
ਬੀਤਿ ਗਈ ਘਟਿਕਾ ਅਬਿ ਦੋਇ।
ਬੀਸਕ ਸਿੱਖ ਸੰਗ ਮੈਂ ਜੋਇ[1] ॥੧੦॥ — [1]ਨਾਲ ਮੈਂ ਦੇਖੇ ਹਨ।
ਇਮਿ ਬਰਤਾਵਤਿ[1] ਸਤਿਗੁਰ ਆਏ। — [1]ਗੱਲਾਂ ਕਰਦੇ।
ਕਾਨਨ ਗਾਢੋ ਬ੍ਰਿਧ ਜਿਹ ਥਾਏਂ।
ਹਯ ਤੇ ਉਤਰਿ ਗਏ ਗੁਰ ਤਹਾਂ।
ਸਿੱਖਨ ਸਹਤ ਥਿਰ੍ਯੋ ਬ੍ਰਿਧ ਜਹਾਂ ॥੧੧॥
ਸੁਧ ਕੋ ਲਹਿ ਗਹਿ ਹਾਥ ਸਟੋਰੀ[1]। — [1]ਸੋਟੀ।
ਉਠ੍ਯੋ ਅੱਗ੍ਰ ਮਤਿ ਪ੍ਰੇਮ ਸੁ ਬੋਰੀ[1]। — [1]ਮਤੀ ਪ੍ਰੇਮ ਵਿਚ ਡੁੱਬੀ ਹੋਈ।
ਪਰਮ ਬ੍ਰਿੱਧ ਬਲ ਤੇ ਤਨ ਖਾਲੀ।
ਤ੍ਯੋਂ ਤ੍ਯੋਂ ਸਿੱਖੀ ਅਧਿਕ ਸੰਭਾਲੀ ॥੧੨॥
ਗੁਰ ਕੇ ਚਰਨ ਕਮਲ ਅਭਿਲਾਖੇ।
ਤਿਸੇ ਹਟਾਇ ਆਪਿ ਕਰਿ ਰਾਖੇ।
ਇਮਿ ਕਰਿ ਬੰਦਨ ਆਪਸਿ ਮਾਂਹੀ।
ਬੈਠੇ ਰਾਮ ਤਾਲ ਤਟ ਪਾਹੀ ॥੧੩॥
ਸ਼੍ਰੀ ਹਰਿਗੋਵਿੰਦ ਬਾਕ ਬਖਾਨੇ।
'ਕਿਸਿ ਪ੍ਰਕਾਰ ਤੇ ਆਵਨਿ ਠਾਨੇ?
ਜੇ ਤੁਮ ਕਹਤਿ ਆਇ ਉਤਿ ਜਾਤੇ[1]। — [1]ਅਸੀਂ) ਓਥੇ ਆ ਜਾਂਦੇ।
ਆਪਿ ਖੇਦ ਕ੍ਯੋਂ ਧਾਰ੍ਯੋ ਗਾਤੇ[1] ॥੧੪॥ — [1]ਸਰੀਰ ਨੂੰ ਕਿਉਂ ਖੇਦ ਦਿਤਾ।
ਜੇਠ ਮਾਸ ਕੀ ਤਪਤਿ ਬਡੇਰੀ।
ਸਹਿ ਕਰਿ ਕਿਮਿ ਆਏ ਇਸਿ ਬੇਰੀ।'
ਸੁਨਿ ਬੁੱਢਾ ਬੋਲ੍ਯੋ 'ਤੁਮ ਸ੍ਵਾਮੀ।

ਸਭਿ ਘਟ ਜਾਨਤਿ ਅੰਤਰਜਾਮੀ ॥੧੫॥
ਤਊ ਸਿੱਖ ਸੰਗਤਿ ਗੁਰ ਕੇਰੀ।
ਕਹ੍ਯੋ ਚਹਿਤਿ ਇਨਿ ਕੇ ਹਿਤ ਪ੍ਰੇਰੀ[1]।
ਨਿਜ ਦਾਸਨਿ ਕੇ ਕਸ਼ਟ ਬਿਨਾਸਨਿ।
ਰਾਵਰ ਕੋ ਜਗ ਬਿਖੈ ਪ੍ਰਕਾਸ਼ਨਿ ॥੧੬॥
ਸੂਰਜ ਕਿਰਨ ਸਰਬ ਥਲ ਲਾਗੇ।
ਤਊ ਨ ਲੇਪ ਰੰਚ ਭਰਿ ਆਗੇ।
ਭੱਖ ਅਭੱਖ[1] ਅਗਨਿ ਮਹਿਂ ਪਰੈ।
ਏਕਿ ਦੋਸ਼ ਭੀ ਛੁਯੋ ਨ ਧਰੈ ॥੧੭॥
ਤਿਮਿ ਤੁਮਰੀ ਗਤਿ ਹੈ ਸਭਿ ਕਾਲ।
ਜਾਨਤਿ ਹੈਂ ਜਿਨਿ ਸੁਮਤਿ ਬਿਸਾਲ।
ਨਰ ਲੀਲ੍ਹਾ ਜਗ ਪਿਖਿ ਕਰਿ ਸਾਰੇ।
ਮੂਰਖ ਮਤਿ ਅਪਵਾਦ[1] ਉਚਾਰੇਂ ॥੧੮॥
ਸੁਨਿ ਸਿਖ ਖਿਝਹਿਂ ਲਰਹਿਂ ਤਿਨ ਸੰਗਿ।
ਨਹੀਂ ਸਹਾਰ ਸਕਹਿਂ ਮਨ ਭੰਗ।
ਧਰਹਿਂ ਬਿਖਾਦ ਕਲੇਸ਼ ਕਰੰਤੇ।
ਜਹਿਂ ਕਹਿਂ ਮੂਢਨਿ ਸੋਂ ਝਗਰੰਤੇ ॥੧੯॥
ਨਿਜ ਸੰਗਤਿ ਕੋ ਕਰਹੁ ਸੁਖਾਰੀ।
ਇਮਿ ਜਾਚਤਿ ਹਮ ਨਿਕਟਿ ਤੁਮਾਰੀ[1]।'
ਸੁਨਿ ਗੁਰੁ ਕਹ੍ਯੋ 'ਆਪਿ ਉਪਕਾਰੀ।
ਪਰ ਕਾਰਜ ਕੋ ਤਨ ਸ਼੍ਰਮ ਧਾਰੀ ॥੨੦॥
ਮੋ ਪ੍ਰਤਿ ਦਿਹੁ ਆਇਸੁ ਜਿਮਿ ਹੋਇ।
ਮਾਨਨੀਯ ਰਾਵਰਿ ਬਚ ਜੋਇ।
ਤੁਮ ਤੇ ਨਹਿਂ ਅਦੇਯ ਕੁਛ ਮੇਰੇ।
ਹੌਂ ਅਨੁਸਾਰੀ ਸੰਝ ਸਵੇਰੇ' ॥੨੧॥
ਸਭਿ ਤੇ ਸੁਨਤਿ ਬ੍ਰਿੱਧ ਪੁਨਿ ਕਹੇ।
'ਸਦਾ ਪ੍ਰੇਮ ਤੇ ਤੁਮ ਬਸਿ ਰਹੇ।
ਮਿਲਨਿ ਹੇਤ ਜੇਤਿਕ ਤਪ ਕੀਨੇ[1]।
ਭਲੀ ਭਾਂਤਿ ਸੋ ਰਾਵਰ ਚੀਨੇ ॥੨੨॥
ਤਿਸੀ ਹੇਤੁ ਮੇਰੇ ਬਚ ਭਏ।
ਅੰਗੀਕਾਰ ਆਪਿ ਨੇ ਕਏ।

[1]ਇਨ੍ਹਾਂ ਦੇ ਹਿਤ ਦੀ (ਗੱਲ, ਇਨ੍ਹਾਂ ਦਾ) ਪ੍ਰੇਰਿਆ ਕਹਿਣਾ ਚਾਹੁੰਦਾ ਹਾਂ।

[1]ਚੰਗੀ ਮੰਦੀ ਚੀਜ਼।

[1]ਨਿੰਦਿਆਂ।

[1]ਆਪ ਦੇ ਪਾਸੋਂ।

[1]ਕੌਲਾਂ ਨੇ) ਜਿੰਨੇ ਤਪ ਕੀਤੇ ਸਨ।

| | |
|---|---|
| ਅਬਿ ਕੌਲਾਂ ਕੋ ਤਜਾਗਿ ਭਲੇਰੋ[1]। | [1]ਤਜਾਗਣਾ ਭਲਾ ਹੈ। |
| ਤਪ ਕੋ ਫਲ ਤਿਨਿ ਲਹਜੋ ਘਨੇਰੋ[1] ॥੨੩॥ | [1](ਕੌਲਾਂ ਨੇ) ਤਪ ਦਾ ਫਲ ਬਹੁਤ (ਬ੍ਰਹਮ ਗਜਾਨ) ਲੈ ਲਿਆ ਹੈ। |
| ਇਹ ਬਿਬੇਕ[1] ਸੰਗਤਿ ਚਹਿ ਕਰਜੋ। | [1]ਬਿਚਾਰ। |
| ਜਥਾ ਜੋਗ ਤੁਮ ਨਿਕਟਿ ਉਚਰਜੋ।' | |
| ਇਮਿ ਸੁਨਿ ਬਿਧੀਆ ਜੇਠਾ ਆਦਿ। | |
| ਇਹ ਭੀ ਸੁਨਤਿ ਹੁਤੇ ਅਪਵਾਦ ॥੨੪॥ | |
| ਜਿਤੇ ਸੁਭਟ ਸਭਿ ਹੀ ਸਦ ਸੰਗਿ[1]। | [1]ਸਦਾ ਨਾਲ ਰਹਿੰਦੇ ਹੁੰਦੇ ਸਨ। |
| ਅਵਸਰ ਲਹਜੋ ਰਿਦੇ ਸ ਉਮੰਗ। | |
| ਕਹਤਿ ਭਏ 'ਬ੍ਰਿੱਧ ਅਧਿਕ ਬਡੇਰੇ। | |
| ਖਟ ਸਤਿਗੁਰੁ ਜਿਨਿ ਆਂਖਨਿ ਹੇਰੇ[1] ॥੨੫॥ | [1]ਅਖੀਂ ਦਰਸ਼ਨ ਕੀਤੇ ਹਨ। |
| ਮਾਨਨੀਯ ਇਨਿ ਬਾਕ ਭਲੇਰੋ। | |
| ਕਹਤਿ ਸਾਚ, ਹ੍ਵੈ ਨਿੰਦ ਘਨੇਰੇ[1]।' | [1]ਬਹੁਤੀ ਨਿੰਦਾ ਹੋ ਰਹੀ ਹੈ। |
| ਸੁਨਿ ਗੁਰੁ ਜਾਨਜੋ ਮਤਿ ਸਭਿ ਕੇਰੋ। | |
| ਚਹਿਤਿ ਬਿਬੇਕ[1] ਕਰਨਿ ਹਿਤ ਮੇਰੋ ॥੨੬॥ | [1]ਵੀਚਾਰ। |
| -ਹੈ ਆਛੀ- ਜਬਿ ਰਿਦੇ ਬਿਚਾਰੀ। | |
| ਸਭਿ ਕੇ ਸੁਨਤਜੋਂ ਗਿਰਾ ਉਚਾਰੀ। | |
| 'ਸੁਨਹੁ ਬ੍ਰਿੱਧ ਜੀ! ਬਾਕ ਤੁਹਾਰੇ। | |
| ਭਈ ਤਿਨਹੁ ਤੇ ਅੰਗੀਕਾਰੇ[1] ॥੨੭॥ | [1]ਭਾਵ ਆਪ ਦੇ ਵਾਕਾਂ ਨਾਲ ਹੀ ਕੌਲਾਂ ਆਈ ਸੀ। |
| ਤੁਮ ਬਚ ਤੇ ਬਿਬੇਕ ਅਬਿ ਹੋਵਾ। | |
| ਅਰੁ ਤਜਾਗਨਿ ਕੌਲਾਂ ਕਹੁ ਜੋਵਾ[1]। | [1]ਜੋ ਹੈ। |
| ਭਈ ਅਵਧਿ ਪੂਰਨਿ ਅਬਿ ਤਾਂਹੀ[1]। | [1]ਭਾਵ ਕੌਲਾਂ ਦੀ। |
| ਪੰਦ੍ਰਹ ਦਿਵਸ ਔਰ ਰਹਿਂ ਜਾਂਹੀ[1] ॥੨੮॥ | [1]ਰਹਿੰਦੇ ਹਨ ਜਿਸਦੇ। |
| ਬਿਨਾਂ ਤਜਾਗਿ ਤੇ ਤਜਾਗਨਿ ਹੋਈ। | |
| ਇਸ ਮਹਿਂ ਸੰਸੈ ਰਹਜੋ ਨ ਕੋਈ। | |
| ਹੋਨਿਹਾਰ ਹੋਯੋ ਜਬਿ ਚਹੈਂ[1]। | [1]ਜਦੋਂ ਹੋਣਹਾਰ ਹੋਇਆ ਚਾਹੁੰਦੀ ਹੈ। |
| ਤਬਿ ਰਾਵਰ ਮੁਖ ਤੇ ਬਚ ਕਹੈਂ[1] ॥੨੯॥ | [1]ਤਦੋਂ ਆਪ ਮੁਖੋਂ ਵਚਨ ਕਰਦੇ ਹੋ। |
| ਬ੍ਰਹਮ ਅਸਤ੍ਰ ਰਘੁਬਰ ਕਰਿ ਜੈਸੇ[1]। | [1]ਜਿਵੇਂ ਰਾਮ ਦੇ ਹੱਥੋਂ ਬ੍ਰਹਮ ਅਸਤ੍ਰ (ਬ੍ਰਿਥਾ ਨਹੀਂ ਜਾਂਦਾ) [ਸੰਸ: ਬ੍ਰਹਮ। ਸ੍ਤ੍ਰ = ਮੰਤ੍ਰ ਪੜ੍ਹਕੇ ਚਲਾਇਆ ਜਾਣ ਵਾਲਾ ਅਸਤ੍ਰ] |
| ਤੁਮਰੋ ਬਾਕ ਨਿਫਲ ਨਹਿਂ ਤੈਸੇ। | |

ਕਹੋ ਬਿਬੇਕ ਲਗਾਵਨਿ ਮੋਹੀ।
ਤਤਛਿਨਿ ਕਰੌਂ ਪਾਇ ਬਚ ਤੋਹੀ' ॥੩੦॥
ਗੁਰੁ ਤੇ ਸੁਨਤਿ ਸਰਬ ਉਰ ਹਰਖੇ।
ਜਨੁ ਅਨੰਦ ਕੇ ਬਾਦਰ ਬਰਖੇ।
ਬ੍ਰਿਧ ਸਾਹਿਬ ਕਰ ਸੋਂ ਕਰ ਗਹ੍ਯੋ।
ਕੁਛ ਤਹਿਂ ਚਲੇ ਭਲੋ ਥਲ ਲਹ੍ਯੋ[1] ॥੩੧॥

[1]ਕੁਝਕੁ ਤਿਥੋਂ ਚਲ ਕੇ (ਕੋਈ) ਭਲਾ ਥਾਂ ਡਿੱਠਾ।

'ਇਹ ਬਿਬੇਕ ਤੁਮ ਕੋ ਲਗਿ ਭਾਰੀ।

ਵਿਵੇਕ ਪਦ ਸੰਸਕ੍ਰਿਤ ਹੈ ।ਵਿ+ਵਿਦ੍ = ਵਿਚਾਰਨਾ॥ ਤੋਂ ਬਣਦਾ ਹੈ, ਇਸ ਦਾ ਅਰਥ ਹੈ ਉਹ ਗਜਾਨ ਜੋ ਵੇਰਵਾ ਕਰਕੇ ਗੱਲ ਨੂੰ ਅਨੁਭਵ ਕਰ ਸਕੇ। ਭਲੇ ਬੁਰੇ ਦਾ ਗਜਾਨ। ਸਤਿ ਅਸੱਤਿ ਦਾ ਗਿਆਨ। ਬ੍ਰਹਮ ਤੇ ਜਗਤ ਦਾ ਫਰਕ ਸਮਝਾ ਸਕਣ ਵਾਲਾ ਗਿਆਨ। ਜਾਪਦਾ ਹੈ ਕਿ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਜਿਸ ਅਸਥਾਨ ਤੇ ਏਕਾਂਤ ਬਨ ਵਿਚ ਬੈਠਕੇ ਸਿੱਖਾਂ ਨੂੰ ਵਿਵੇਕ ਜਾਂ ਗਿਆਨ ਦਾ ਉਪਦੇਸ਼ ਕਰਦੇ ਹੁੰਦੇ ਸਨ, ਉਥੇ ਉਸ ਯਾਦਗਾਰ ਵਿਚ ਬਿਬੇਕਸਰ ਸਰੋਵਰ ਬਣਿਆਂ। ਇਸ ਦੇ ਕਿਨਾਰੇ ਹਮੇਸ਼ਾ ਗਿਆਨੀ ਤੇ ਤਜਾਗੀ ਸਿੱਖ ਵਸਦੇ ਰਹੇ ਹਨ। ਨੇੜੇ ਦੇ ਸਮੇਂ ਵਿਚ ਪ੍ਰਸਿੱਧ ਗਜਾਨੀ ਬਾਬਾ ਮੇਹਰ ਸਿੰਘ ਜੀ ਨਕਈ ਲਗਪਗ ੧੫੦ ਬਰਸ ਦੀ ਉਮਰ ਭੋਗ ਕੇ ਸੰ: ੧੯੧੩ ਬਿ: ਇਸੇ ਦੇ ਕਿਨਾਰੇ ਗੁਜ਼ਰੇ ਹਨ। ਅੰਤਰਜਾਮੀ ਸੰਤ ਤੇ ਸੰਤ ਬਸੰਤ ਸਿੰਘ ਆਦਿ ਗਿਆਨੀ ਇਨ੍ਹਾਂ ਦੇ ਸਤਿਸੰਗ ਤੋਂ ਗੁਰਮੁਖ ਹੋਏ ਸੇ। ਮੈਕਾਲਫ ਨੂੰ ਬੀ ਇਹੋ ਪਤਾ ਲੱਗਾ ਸੀ ਕਿ ਇਹ ਗਯਾਨ ਦਾਨ ਦੀ ਯਾਦਗਾਰ ਦਾ ਸਥਾਨ ਹੈ। ਕਵਿ ਸੰਤੋਖ ਸਿੰਘ ਜੀ ਬੀ ਇਸੇ ਅੰਸੂ ਦੇ ਅੰਕ ੩੭ ਵਿਚ ਗੁਰੂ ਜੀ ਦਾ ਬਚਨ ਦੱਸਦੇ ਹਨ ਕਿ 'ਸਿਖ ਬਿਬੇਕੀ ਇਹਾਂ ਨਿਵਾਸਹਿਂ।'

ਬਿਬੇਕ ਪਦ ਦਾ ਅਰਥ ਤਨਖਾਹ ਯਾ ਦੰਡ ਕੋਸ਼ਾਂ ਵਿਚ ਨਹੀਂ, ਨਾ ਹੀ ਛੇਵੇਂ ਸਤਿਗੁਰਾਂ ਦੇ ਸਮੇਂ ਤੱਕ ਸਿੱਖਾਂ ਵਿਚ ਇਸ ਦਾ ਕੋਈ ਐਸਾ ਅਰਥ ਹੈਸੀ। ਇਥੇ ਪਦ 'ਬਿਬੇਕ' ਤੇ ਅੰਕ ੩੩ ਵਿਚ 'ਰਹਤਿ' ਦੋਇ ਦਸਮੇਂ ਪਾਤਸ਼ਾਹ ਦੇ ਅੰਮ੍ਰਿਤ ਦਾ ਮਰਯਾਦਾ ਤੋਰਨ ਤੋਂ ਮਗਰੋਂ ਦੇ ਇਨ੍ਹਾਂ ਅਰਥਾਂ ਵਿਚ ਵਰਤੇ ਗਏ ਪਦ ਹਨ। ਬਿਬੇਕ ਸਰ ਦੇ ਅਰਥ ਇਹ ਦੇਣੇ ਕਿ ਛੇਵੇਂ ਸਤਿਗੁਰਾਂ ਨੂੰ ਤਨਖਾਹ ਲਗੀ ਸੀ ਤਾਂ ਤਾਲ ਬਣਿਆਂ ਸੀ, ਦਰੁਸਤ ਨਹੀਂ ਹੈ। ਭਾਈ ਗੁਰਦਾਸ ਜੀ ਨੇ ਤਾਂ ਗੁਰੂ ਹਰਿਗੋਬਿੰਦ ਜੀ ਨੂੰ ਕਿਸੇ ਹੋਰਸ ਜੀਵ ਦੇ ਗਿਆਨ ਯਾ ਵਿਵੇਕ ਗੋਚਰਾ ਬੀ ਨਹੀਂ ਦੱਸਿਆ, ਇਹ ਕੀਕੂੰ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਵਿਚਾਰ ਦਾਨ ਕੀਤੀ ਹੋਵੇ ਯਾ ਤਨਖਾਹ ਲਾਈ ਹੋਵੇ। ਭਾਈ ਗੁਰਦਾਸ ਜੀ ਨਾਲ ਮੌਜੂਦ ਸਨ ਆਪ ਨੇ ਵਾਰਾਂ ਕਬਿੱਤਾਂ ਵਿਚ ਇਸ ਘਟਨਾ ਦਾ ਕੋਈ ਪਤਾ ਨਹੀਂ ਦਿੱਤਾ। ਸਗੋਂ ਐਉਂ ਲਿਖਦੇ ਹਨ:-ਗੋਸ਼ਟ ਗਜਾਨ ਅਗੋਚਰਾ ਬੁਧਿ, ਬਲ, ਬਚਨ, ਬਿਬੇਕ ਨ ਛੰਦਾ। ਗੁਰ ਗੋਬਿੰਦ ਗੋਬਿੰਦ ਗੁਰ 'ਹਰਿ ਗੋਬਿੰਦ' ਸਦਾ ਬਿਗਸੰਦਾ। ।ਵਾ: ਭਾ: ਗੁ: ੨੪-੨੧॥ ਅਰਥਾਤ ਸ਼੍ਰੀ ਗੁਰੂ ਹਰਿਗੋਬਿੰਦ ਜੀ ਸਦਾ ਖਿੜੇ ਗੋਬਿੰਦ ਰੂਪ ਹਨ ਤੇ ਕਿਸੇ ਦੇ ਗੋਸ਼ਟ, ਗਿਆਨ, ਬੁੱਧੀ, ਬਲ, ਵਚਨ, ਬਿਬੇਕ ਦੀ ਮੁਥਾਜਗੀ ਨਹੀਂ ਰਖਦੇ, ਅਰਥਾਤ ਆਪ ਇਨ੍ਹਾਂ ਗੱਲਾਂ ਵਿਚ ਸਭਨਾਂ ਦੇ ਉਪਰ ਹਨ, ਤੇ ਸਾਰੇ ਉਨ੍ਹਾਂ ਦੇ ਮੁਥਾਜ ਹਨ। ਕਵੀ ਜੀ ਨੇ ਆਪ ਵੀ 'ਵਿਵੇਕ' ਪਦ ਗਿਆਨ ਦੇ ਅਰਥਾਂ ਵਿਚ ਵਰਤਿਆ ਹੈ।
ਯਥਾ:- ਲੋਕ ਅਨੇਕ ਉਧਾਰਨ ਕੋ ਚਿਤ ਦੇਨ ਬਿਬੇਕ ਭਏ ਪਥ ਗਾਮੀ।

[ਰਾਸ ੩ ਅੰਸੂ ੧੦-੧੩]

ਮਹਿਮਾ ਪ੍ਰਕਾਸ਼ ਵਿਚ ਬੀ ਇਹ ਵਿਵੇਕਸਰ ਦਾ ਪ੍ਰਸੰਗ ਨਹੀਂ ਹੈ।

ਜਥਾ ਸਰੂਪ ਧਰ੍ਯੋ ਉਪਕਾਰੀ।
ਅਪਨੋ ਸਰ ਖਨਿਵਾਵਨਿ ਕੀਜੈ।
ਨਾਮ ਬਿਬੇਕ ਤਾਲ ਧਰਿ ਦੀਜੈ ॥੩੨ ॥
ਬਿਗਰਹਿ ਰਹਤਿ ਬਿਖੈ ਸਿਖ ਜੋਈ।
ਆਨਿ ਸ਼ਨਾਨਹਿ ਨਿਰਮਲ ਹੋਈ।

ਅਪਰ ਕਾਮਨਾ ਵਾਨ ਜੁ ਸੇਵੈ।
ਰਾਵਰ ਕੋ ਪ੍ਰਤਾਪ ਸੋ ਦੇਵੈ[1] ॥੩੩॥

[1]ਆਪ ਜੀ ਦਾ ਪ੍ਰਤਾਪ (ਸੋ ਕਾਮਨਾ ਤਿਸ ਕਾਮਨਾਵਾਨ ਨੂੰ) ਦੇਵੇ।

ਸੁਨਿ ਬ੍ਰਿਧ ਕੇ ਬਚ ਪਟ ਕਟ[1] ਕਸੀ।

[1]ਬਸਤ੍ਰ ਕਮਰ ਨਾਲ।

ਲਈ ਮੰਗਾਇ ਹਾਥ ਗਹਿ ਕਸੀ[1]।

[1]ਕਹੀ ਫੜੀ।

ਖਨੀ ਮ੍ਰਿੱਤਕਾ ਵਹਿਰਿ ਗਿਰਾਈ।
ਪੁਨਿ ਸਿੱਖਨਿ ਤਹਿਂ ਕਾਰ ਕਮਾਈ ॥੩੪॥
ਖਨਹਿਂ ਮ੍ਰਿੱਤਕਾ ਵਹਿਰਿ ਨਿਕਾਰੈਂ।
ਨਿਜ ਬਸਤ੍ਰਨਿ ਮਹਿਂ ਭਰਿ ਭਰਿ ਡਾਰੈਂ।
ਸੁਭਟ ਸਿੱਖ ਜੇਤਿਕ ਤਹਿਂ ਖਰੇ।
ਸਰ ਕੀ ਕਾਰ ਸਰਬ ਲਗ ਪਰੇ ॥੩੫॥
ਉਤਲਾਵਤਿ ਗਨ ਕਾਰ ਨਿਕਾਰੈਂ।
ਗੁਰੁ ਹਿਤ ਕਰਹਿਂ, ਪ੍ਰਮੋਦ ਬਿਚਾਰੈਂ।
ਦ੍ਵੈ ਘਟਿਕਾ ਦਿਨ ਬਾਕੀ ਰਹਜੋ।
'ਅਬਿ ਹਟਿ ਜਾਹੁ' ਗੁਰੁ ਤਬਿ ਕਹਜੋ ॥੩੬॥
'ਸਿੱਖ ਬਿਬੇਕੀ[1] ਇਹਾਂ ਨਿਵਾਸਹਿਂ।

[1]ਗਿਆਨੀ।

ਸਮੈ ਪਾਇ ਪਾਕੋ[1] ਚਹੁੰਪਾਸਹਿਂ।'

[1]ਪੱਕਾ (ਬਣ ਜਾਏਗਾ)।

ਗੁਰੂ ਅਰੂਢਤਿ[1] ਭਏ ਤੁਰੰਗ।

[1]ਸਵਾਰ ਹੋਕੇ।

ਕਰਿ ਅਸਵਾਰ ਬ੍ਰਿੱਧ ਲਿਯ ਸੰਗਿ ॥੩੭॥
ਕਰਿ ਮੱਜਨ ਸਭਿ ਸਿੱਖ ਸਮੇਤਿ।
ਗਮਨਿ ਕੀਨਿ ਸੋਢੀ ਕੁਲਕੇਤ।
ਕਰਿ ਬੰਦਨ ਹਰਿਮੰਦਿਰ ਗਏ।
ਧਰਮਸਾਲ ਬ੍ਰਿਧ ਡੇਰਾ ਕਏ ॥੩੮॥
'ਕੌਲਾਂ ਕੀ ਬੀਤਹਿ ਅਬਿ ਬਾਤਿ[1]।'

[1]ਭਾਵ ਕੌਲਾਂ ਦੀ ਗੱਲ ਮੁਕ ਗਈ।

ਕਹਿ ਆਪਸਿ ਮਹਿਂ ਉਰ ਹਰਖਾਤਿ।
'ਬ੍ਰਿੱਧ ਨਰੋਤਮ[1]' ਕੋ ਬਡਿ ਕਹਿਬੋ।

[1]ਸ੍ਰੇਸ਼੍ਰ ਪੁਰਖ।

ਅੰਗੀਕਾਰ ਕਰਨਿ ਸਭਿ ਚਹਿਬੋ ॥੩੯॥
ਅਟਲ ਬਾਕ ਜਿਨਿ ਕੇ ਨਹਿਂ ਟਲਹਿਂ।
ਚਲਹਿ ਸੁਮੇਰ ਤਊ ਨਹਿਂ ਚਲਹਿਂ।
ਅਪਨਿ ਮਹਿਲ ਮਹਿਂ ਸਤਿਗੁਰ ਗਏ।
ਸੁਪਿਤ ਜਥਾ ਸੁਖ ਰਾਤਿ ਬਿਤਏ ॥੪੦॥

ਭਈ ਭੋਰ ਕਰਿ ਦਰਸ਼ਨ ਗਯੋ[1]।
ਬੀੜ ਬਿਖੈ ਬਾਸੋ ਨਿਜ ਕਿਯੋ।
ਇਕ ਰਸ ਬ੍ਰਿਤੀ ਅਨੰਦ ਮਹਿਂ ਝੂਲੇ।
ਸਮ ਸਰੂਪ ਜਬਿ[†] ਕਬਹੂੰ ਨ ਭੂਲੇ[1] ॥੪੧॥

[1]ਬਾਬਾ ਬੁੱਢਾ ਜੀ) ਗਏ।

[1]ਸਮ =) ਸਦਾ ਇਕ ਰਸੀ ਸਰੂਪ ਉਹਨਾਂ ਨੂੰ ਕਦੇ ਨਹੀਂ ਭੁਲਦਾ। [†]ਪਾ:-ਮਮ ਸਰੂਪ ਜਗ।

ਅਜ਼ਮਤਿ ਧਾਰਤਿ ਬਲੀ ਬਿਸਾਲਾ।
ਬਿਦਤ ਕਰਹਿ ਕਿਤ ਕਿਸਹੂੰ ਕਾਲਾ[†]।
ਰਹਜੋ ਇਕਾਂਤ ਜਾਨਿ ਕੈ ਤਹਾਂ।
ਦੁਤੀਏ ਗੁਰੁ ਸੇਵਾ ਹੁਇ ਮਹਾਂ[1] ॥੪੨॥

[†]ਪਾ:-ਬਿਦਤ ਰਹਯੋ ਹੈ ਕੇਤਿਕ ਕਾਲਾ।

[1]ਦੂਸਰੇ (ਓਥੇ ਰਹਿਆਂ) ਗੁਰੂ ਜੀ ਦੀ ਸੇਵਾ ਬੜੀ ਹੁੰਦੀ ਸੀ।

ਇਮ ਸਤਿਗੁਰੁ ਸੁਭ ਕਰੇ ਬਿਲਾਸਾ।
ਪੂਰਨ ਕਰਤਿ ਸਭਿਨਿ ਕੀ ਆਸਾ।
ਊਚਿ ਕੀ ਨੀਚ ਪ੍ਰੇਮ ਕੋ ਠਾਨਤਿ।
ਅਧਿਕ ਘਾਟ ਸਭਿ ਗੁਰੂ ਪਛਾਨਤਿ[1] ॥੪੩॥

[1]ਵਧ ਘਟ (ਪ੍ਰੇਮ) ਸਭਨਾਂ ਦਾ ਗੁਰੂ ਜੀ ਪਛਾਣਦੇ ਹਨ।

ਕਰਨਿ ਕਾਮਨਾ ਪੂਰਨ ਦਾਸ[1]।
ਤਨ ਧਰਿ ਬਿਲਸਤਿ ਏਵ ਬਿਲਾਸ[1]।
ਨਿੰਦ ਉਸਤਤੀ ਕੋਊ ਕਰੈ।
ਬਿਰਦ ਪ੍ਰੇਮ ਕੇ ਬਸਿ ਨਿਜ ਧਰੈਂ[1] ॥੪੪॥

[1]ਦਾਸਾਂ ਦੀਆਂ ਕਾਮਨਾਂ ਪੂਰਨ ਕਰਨ ਵਾਸਤੇ।

[1]ਇਸ ਤਰ੍ਹਾਂ ਦੇ ਵਿਲਾਸ ਵਿਲਸਦੇ ਹਨ (ਗੁਰੂ ਜੀ)।

[1]ਪ੍ਰੇਮ ਦੇ ਵਸੀ ਹੋਣਾ ਇਹ ਆਪਣਾ ਬਿਰਦ (ਸਦਾ) ਧਾਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਭਾਈ ਬ੍ਰਿੱਧ ਪ੍ਰਸੰਗ ਬਰਨਨੰ ਗੁਰੂ ਚਰਿੱਤ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਖਾਯਾਂ ਖ਼ਸ਼ਟ ਸਸ਼ਠੀ ਅੰਸੂ ਪੰਚਮ ਰਾਸਿ ਸਮਾਪਤਿ ਮਸਤੁ ਸ਼ੁਭ ਮਸਤੁ ॥੬੬॥

[ਪੰਜਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਛੇਵੀਂ Raas 6

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji's Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਛੇਵੀਂ

## ਛੇਵੀਂ ਰਾਸਿ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ

ਬਲਜਿੰਦਰ ਸਿੰਘ

੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਛੇਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਛੇਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | |

# ਤਤਕਰਾ ਰਾਸਿ ਛੇਵੀਂ

ਛੇਵੀਂ ਰਾਸਿ


੧ ਅੰਸੂ ੧. [ਮੰਗਲ। ਨਾਰਦ ਆਗਮਨ]

੧. ਇਸ਼੍ਟ ਦੇਵ-ਅਕਾਲ ਪੁਰਖ ਦਾ-ਮੰਗਲ।

੨. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ-ਮੰਗਲ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

[ਕਥਾ ਮਹਾਤਮ]

** [ਮੰਗਲ ਸਮਾਪਤ ਹੋਏ ਤੇ ਅਗੋਂ ਕਥਾ ਟੁਰੀ]

੨ ੨. [ਕਲਹਾ ਆਗਮਨ]

੩ ੩. [ਸ਼ਿਕਾਰ]

੪ ੪. [ਬਾਜ਼ ਗੁਰੂ ਜੀ ਨੇ ਫੜਿਆ]

੫ ੫. [ਸ਼ਾਹ ਦੀ ਸੈਨਾਂ ਦੀ ਚੜ੍ਹਾਈ]

੬ ੬. [ਲੋਹਗੜ੍ਹ ਯੁੱਧ]

੭ ੭. [ਲੋਹਗੜ੍ਹ ਯੁੱਧ। ਬੀਬੀ ਵੀਰੋ ਘਰ ਰਹੀ]

੮ ੮. [ਬੀਬੀ ਵੀਰੋ ਜੀ ਨੂੰ ਲਿਆਂਦਾ]

੯ ੯. [ਲੋਹਗੜ੍ਹ ਯੁੱਧ]

੧੦ ੧੦. [ਅਲੀ ਮੁਹੰਮਦ, ਸਿੰਘਾ ਪ੍ਰੋਹਤ ਬੱਧ]

੧੧ ੧੧. [ਨੰਦਾ ਮਿਰਜ਼ਾਬੇਗ ਯੁੱਧ]

੧੨ ੧੨. [ਤੋਤਾ, ਤਿਲੋਕਾ, ਅਨੰਤਾ, ਨਿਹਾਲੂ ਬੱਧ]

੧੩ ੧੩. [ਲੋਹਗੜ੍ਹ ਯੁੱਧ-ਜਾਰੀ]

੧੪ ੧੪. [ਦੂਤ ਆਵਨ]

੧੫ ੧੫. [ਮੁਗਲਸਖਾਨ ਯੁੱਧ]

੧੬ ੧੬. [ਗੁਰੂ ਜੀ ਦੀ ਵਿਜਯ]

੧੭ ੧੭. [ਸ਼ਹੀਦਾਂ ਦਾ ਸਸਕਾਰ। ਝਬਾਲ ਪੁੱਜੇ]

੧੮ ੧੮. [ਬੀਬੀ ਵੀਰੋ ਦਾ ਵਿਆਹ]

| | |
|---|---|
| ੧੯ | ੧੯. [ਸ਼ਾਹ ਜਹਾਨ ਨੂੰ ਮੁਖ਼ਲਸ ਖਾਂ ਦੇ ਜੰਗ ਦੀ ਹਾਰ ਦੀ ਖ਼ਬਰ] |
| ੨੦ | ੨੦. [ਗੁਰੂ ਜੀ ਗੋਇੰਦਵਾਲ ਪਹੁੰਚੇ] |
| ੨੧ | ੨੧. [ਗੋਇੰਦਵਾਲ ਗੁਰਦ੍ਵਾਰੇ ਦਰਸ਼ਨ] |
| ੨੨ | ੨੨. [ਗੋਇੰਦਵਾਲੋਂ ਕਰਤਾਰ ਪੁਰ] |
| ੨੩ | ੨੩. [ਸ਼ੇਰ ਸ਼ਿਕਾਰ। ਕਉਲਾਂ ਪ੍ਰਤਿ ਉਪਦੇਸ਼] |
| ੨੪ | ੨੪. [ਕਉਲਾਂ ਪ੍ਰਲੋਕ ਗਮਨ] |
| ੨੫ | ੨੫. [ਪਠਾਣ ਉਮਰਾਵ ਸਿੱਖ ਹੋਇਆ] |
| ੨੬ | ੨੬. [ਕਰਤਾਰ ਪੁਰੋਂ ਕੂਚ] |
| ੨੭ | ੨੭. [ਘੇਰੜ (ਭਗਵਾਨ ਦਾਸ)] |
| ੨੮ | ੨੮. [ਘੇਰੜ ਬਕਬਾਦ] |
| ੨੯ | ੨੯. [ਘੇਰੜ ਮ੍ਰਿਤੂ] |
| ੩੦ | ੩੦. [ਰਤਨ ਚੰਦ ਤੇ ਕਰਮ ਚੰਦ ਨੇ ਸੂਬਾ ਚੜ੍ਹਾ ਲਿਆਂਦਾ] |
| ੩੧ | ੩੧. [ਜੰਗ ਦੀ ਤਿਆਰੀ] |
| ੩੨ | ੩੨. [ਯੁੱਧ। ਜੱਟੂ, ਮੁਹੰਮਦ ਖਾਨ ਬੱਧ] |
| ੩੩ | ੩੩. [ਬੈਰਮਖਾਨ, ਮਥੁਰਾ ਬੱਧ] |
| ੩੪ | ੩੪. [ਬਲਵੰਡ ਖਾਂ ਤੇ ਕਲਜਾਣਾ ਬੱਧ] |
| ੩੫ | ੩੫. [ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਬੱਧ] |
| ੩੬ | ੩੬. [ਕਰਮ ਚੰਦ ਫੜਕੇ ਛੱਡਿਆ] |
| ੩੭ | ੩੭. [ਨਬੀਬਖਸ਼, ਪਰਸਰਾਮ ਤੇ ਸ਼ਕਤੂ ਬੱਧ] |
| ੩੮ | ੩੮. [ਕਰੀਮ ਬਖਸ਼ ਹੱਲੇ ਲਈ ਤਿਆਰ ਹੋਯਾ] |
| ੩੯ | ੩੯. [ਕਰੀਮ ਬਖਸ਼ ਬੱਧ] |
| ੪੦ | ੪੦. [ਅਬਦੁਲਖਾਂ ਦੀ ਚੜ੍ਹਾਈ] |
| ੪੧ | ੪੧. [ਅਬਦੁਲ ਖਾਂ ਵੱਲੋਂ ਹੱਲਾ] |
| ੪੨ | ੪੨. [ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ] |
| ੪੩ | ੪੩. [ਅਬਦੁਲਖਾਂ ਆਦਿ ਮਾਰੇ ਗਏ। ਜੰਗ ਫਤਹ] |
| ੪੪ | ੪੪. [ਯੁੱਧ ਫਤਹ। ਲੋਥ ਦੀ ਸੰਭਾਲ] |
| ੪੫ | ੪੫. [ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ] |
| ੪੬ | ੪੬. [ਘੋੜਿਆਂ ਦੀ ਬਖਸ਼ਿਸ਼। ਸ਼ੁਧ ਜਪੁਜੀ ਪਾਠ] |
| ੪੭ | ੪੭. [ਨਵੇਂ ਨਗਰ ਦਾ ਨਾਮ ‘ਸ਼੍ਰੀ ਹਰਿ ਗੁਵਿੰਦ ਪੁਰ’ ਧਰਿਆ] |
| ੪੮ | ੪੮. [ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ ‘ਸੋਹਣਾ’] |
| ੪੯ | ੪੯. [ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾਂ ਸੁਣੀ] |
| ੫੦ | ੫੦. [ਬਾਬਾ ਵਿਦਾ। ਕਾਂਸ਼ੀ ਸੰਗਤ। ਬਾਜ ਬਟੇਰ] |
| ੫੧ | ੫੧. [ਭਾਈ ਗੜ੍ਹੀਆ। ਮੀਆਂ ਦੌਲਾ] |
| ੫੨ | ੫੨. [ਪੰਡਤ ਨਿਤਾਨੰਦ ਦੀ ਕਥਾ] |

ਪ੩ ਪ੩. [ਬਾਬਾ ਬੁੱਢਾ ਪ੍ਰਲੋਕ ਗਮਨ]
ਪ੪ ਪ੪. [ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ]
ਪਪ ਪਪ. [ਗਊ ਦੇ ਅਲੰਕਾਰ ਵਿਚ ਧਰਤੀ]
ਪ੬ ਪ੬. [ਸ੍ਰੀ ਅੰਮ੍ਰਿਤਸਰ ਆਉਣਾ]
ਪ੭ ਪ੭. [ਧੀਰਮਲ ਜਨਮ। ਬਾਬਾ ਅਟਲ ਖੇਡ]
ਪ੮ ਪ੮. [ਸ੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ]
ਪ੯ ਪ੯. [ਸ਼ੋਕ ਨਵਿਰਤੀ, ਰਾਸ ਸਮਾਪਤਿ]

# ਰਾਸ਼ਿ ਛੀਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

## ਅਥ ਖ਼ਸ਼ਟਮ ਰਾਸ ਪ੍ਰਾਰੰਭਤੇ ॥

ਅਰਥ:

ਹੁਣ ਛੇਵੀਂ ਰਾਸਿ ਦਾ ਆਰੰਭ ਕੀਤਾ ਜਾਂਦਾ ਹੈ।

## ਅਥ ਜੁੱਧ ਪ੍ਰਬੰਧ ਕਥਨੰ† ॥

†ਪਾ:-ਅਥ ਜੁੱਧ ਪ੍ਰਸੰਗ ਬਰਨਨੰ। [ਪ੍ਰਬੰਧ = ਕਾਵ੍ਯ ਰਚਨਾਂ। ਮਜ਼ਮੂਨ]

ਅਰਥ:

ਹੁਣ ਜੁੱਧਾਂ ਦੇ ਮਜ਼ਮੂਨ ਦਾ ਕਥਨ ਕਰਦਾ ਹਾਂ।

### ਅੰਸੂ ੧. [ਮੰਗਲ। ਨਾਰਦ ਆਗਮਨ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ - ਤਤਕਰਾ ਅਗਲਾ ਅੰਸੂ>>੨

੧. ਇਸ਼੍ਰ ਦੇਵ-ਅਕਾਲ ਪੁਰਖ ਦਾ-ਮੰਗਲ।

ਦੋਹਰਾ:

ਸਤਿ ਚੇਤਨ ਆਨੰਦ ਇਕ ਅਸਤਿ ਭਾਂਤਿ ਪ੍ਰਿਯ†, ਪੂਰ ॥

†ਸਤਿ ਚੇਤਨ ਆਨੰਦ, ਅਸਤਿ ਭਾਂਤਿ ਪ੍ਰੇਯ ਦੇ ਜੋ ਅਰਥ ਕਵੀ ਜੀ ਨੇ ਆਪ ਕੀਤੇ ਹਨ ਉਹ ਇਉਂ ਹਨ:
ਸਤਿ ਚੇਤਨ ਆਨੰਦ ਪ੍ਰੱਤਛ। ਅਸਤਿ ਭਾਂਤਿ ਪ੍ਰਿਯ ਆਤਮ ਲੱਛ। ਇਹ ਤੀਨਹੁ ਜਿਤ ਕਿਤ ਦ੍ਰਿਸ਼ਟਾਵੈਂ। ਇਨ ਬਿਹੀਨ ਕਿਤ ਕਛੁ ਨ ਜਨਾਵੈ। ਅਸਤੀ ਹੈ ਸੁ ਪਦਾਰਥ ਸਾਚੁ। ਚਿਤ ਭਾਂਤੀ ਪਰਕਾਸ਼ ਉੱਬਾਚ। ਪਾਇ ਪਦਾਰਥ ਪ੍ਰਿਯ ਆਨੰਦ। ਇਮ ਤੀਨਹੁੰ ਸਭਿ ਮਹਿਂ ਬਰਤੰਦ। [ਰੁਤ ੫ ਅੰਸੂ ੪੭ ਅੰਕ ੩੪]

ਨਭ ਸਮ ਸਭਿ ਮਹਿਂ, ਸ਼ੁਭ ਕਰਨ, ਗਨ ਮੰਗਲ ਕੋ ਮੂਰ ॥੧॥

ਸਤਿ ਚੇਤਨ ਆਨੰਦ = ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧ੍ਯਾਯ ੧ ਅੰਕ ੩ ਦੇ ਪਦਾਰਥ।

ਅਰਥ:

ਇਕ (ਅਕਾਲ ਪੁਰਖ ਜੋ) ਸਤਿ ਚੇਤਨ ਆਨੰਦ (ਹੈ ਅਰ ਜੋ) ਅਸਤਿ, ਭਾਂਤਿ, ਪ੍ਰਿਯ (ਰੂਪ ਹੋਕੇ) ਸਭਨਾਂ ਵਿਚ ਅਕਾਸ਼ ਵਾਂਙੂ ਪੂਰਨ ਹੋ ਰਿਹਾ ਹੈ, (ਉਹੀ) ਸ਼ੁਭਤਾ ਦੇ ਕਰਨੇ ਵਾਲਾ ਹੈ, ਅਤੇ ਸਾਰੇ ਮੰਗਲਾਂ ਦਾ ਮੂਲ ਹੈ (ਇਸ ਕਰਕੇ ਮੈਂ ਉਸ ਦਾ ਸਿਮਰਨ ਰੂਪ ਮੰਗਲ ਕਰਦਾ ਹਾਂ)।

ਭਾਵ:

ਅਕਾਸ਼ ਦੇ ਦੋ ਗੁਣ ਹਨ ਵਿਆਪਕਤਾ ਤੇ ਅਸੰਗਤਾ। ਵਿਆਪਕਤਾ ਦਾ ਜ਼ਿਕਰ ਕਵੀ ਜੀ ਨੇ ਸਪਸ਼ਟ ਕੀਤਾ ਹੈ ਕਿ ਅਕਾਸ਼ ਵਾਂਗੂ ਉਹ ਸਭਨਾਂ ਵਿਚ ਪਰੀ ਪੂਰਨ ਹੈ, ਅਸੰਗਤਾ ਵਾਲੇ ਖਿਆਲ ਨੂੰ ਆਪ ਨੇ ਸਾਫ ਨਹੀਂ ਦੱਸਿਆ, ਪਰ ਗੁਰੂ ਆਸ਼ੇ ਵਾਲੀ ਅਸੰਗਤਾ ਜੋ ਮਾਨੋ ਹੈ ਭੀ ਤੇ ਨਹੀਂ ਭੀ ਅਗਲੇ ਵਾਕਾਂ ਵਿਚ ਦਰਸਾਈ ਹੈ, ਜਦ ਕਿਹਾ ਹੈ ਕਿ ਉਹ ਸ਼ੁਭਤਾ ਦੇ ਕਰਨੇ ਵਾਲਾ ਤੇ ਮੰਗਲਾਂ ਦਾ ਮੂਲ ਹੈ। ਅਕਾਸ਼ ਜੜ ਹੋਣ ਕਰਕੇ ਜੀਕੂੰ ਅਸੰਗ ਹੈ, ਪ੍ਰਮਾਤਮਾਂ ਚੇਤਨ ਹੋਣ ਕਰਕੇ ਉਸ ਤਰ੍ਹਾਂ ਅਸੰਗ ਨਹੀਂ, ਪਰ ਜਿਵੇਂ ਰਾਗ ਦ੍ਵੈਖ ਵਿਚ ਫਸੇ ਜੀਵ ਅਸੰਗ ਨਹੀਂ ਰਹਿ ਸਕਦੇ ਤਿਵੇਂ ਪ੍ਰਮਾਤਮਾ ਅਸੰਗ ਰਹਿਣੇ ਵਿਚ ਅਸਮਰਥ ਨਹੀਂ, ਉਹ ਅਸੰਗ ਹੈ, ਐਉਂ ਅਸੰਗ ਹੁੰਦਾ ਹੋਯਾ ਵੀ ਉਹ ਮੰਗਲਾਂ ਦਾ ਮੂਲ ਤੇ ਨੇਕੀਆਂ ਦਾ ਕਰਨਹਾਰ ਹੈ। ਇਸ ਵਿਸ਼ੇ ਤੇ ਵਿਸ਼ੇਸ਼ ਵਿਚਾਰ ਗੁਰਮਤ ਅਨੁਸਾਰ ਇਸ ਪ੍ਰਕਾਰ ਹੈ:-

ਵੇਦਾਂਤ ਨੇ ਪ੍ਰਮਾਤਮਾਂ ਨੂੰ ਸਤਿ, ਚਿਤ, ਆਨੰਦ ਯਾ ਅਸਤਿ, ਭਾਂਤਿ, ਪ੍ਰਿਯ ਆਖਿਆ ਹੈ। ਇਸ ਨਾਲ ਉਸ ਦੇ ਤੱਤ੍ਵ ਸਰੂਪ ਦਾ ਵਰਣਨ ਹੋ ਜਾਂਦਾ ਹੈ, ਪਰ ਉਹ ਜਗਤ ਤੋਂ ਅਲੱਗ ਤੇ ਮੂਲੋਂ ਨਿਰਲੇਪ ਹਸਤੀ ਸਹੀ ਹੁੰਦਾ ਹੈ। ਮਨੁੱਖ ਦੇ ਹਰਖ, ਸ਼ੋਕ, ਦੁੱਖ, ਦਰਦ ਪੁਰ ਦਇਆ ਕਰਨ ਤੇ ਤ੍ਰੁੱਠਣ ਆਦਿ ਵਲਵਲਿਆਂ ਤੋਂ ਸੁੰਨ ਤੇ ਇਨਸਾਨ ਦੀਆਂ ਲੋੜਾਂ ਤੋਂ ਬੇਪਰਵਾਹ, ਉੱਚਾ ਤੇ ਅਸੰਗ ਸਹੀ ਹੋਣ ਕਰਕੇ ਇਕ ਨਿਰਾਸਤਾ ਵਾਲਾ ਵਜੂਦ ਜਾਪਦਾ ਹੈ ਤੇ ਮਨੁੱਖ ਦੇ ਦਿਲ ਨੂੰ ਐਸੇ ਪ੍ਰਮਾਤਮਾ ਨਾਲ ਕੋਈ ਰਸ ਨਹੀਂ ਰਹਿ ਸਕਦਾ। ਇਹ ਲੋਕ ਇਸ ਅੜਚਨ ਤੇ ਰੁਕ ਗਏ ਹਨ ਕਿ ਜੇ ਉਹ ਕਿਸੇ ਫੁਰਨੇ ਯਾ ਸੋਚ ਵਿਚ ਆਉਂਦਾ ਯਾ ਕ੍ਰਿਯਾ ਕਰਦਾ ਸਿੱਧ ਹੋਵੇ ਤਾਂ ਉਹ ਅਨੰਤ ਤੇ ਅਵਿਨਾਸ਼ੀ ਨਹੀਂ ਰਹਿ ਸਕਦਾ, ਇਸ ਕਰਕੇ ਬ੍ਰਹਮ ਨੂੰ ਤਾਂ ਉਹਨਾਂ ਨੇ ਅਸੰਗ ਤੇ ਨਿਰਲੇਪ ਰੂਪ ਦਿਤਾ। ਇਸ ਤੋਂ ਹੇਠਾਂ ਇਕ ਰੂਪ ਹੋਰ ਮੰਨਿਆਂ ਗਿਆ ਹੈ, ਜੋ ਸ਼ੁੱਧ ਸਤੋਗੁਣ ਮਾਇਆ ਵਿਚ ਬ੍ਰਹਮ ਦੇ ਪ੍ਰਤਿਬਿੰਬ ਦਾ ਰੂਪ ਹੈ। ਇਸ ਨੂੰ ਈਸ਼੍ਵਰ ਕਿਹਾ ਹੈ। ਇਸ ਵਿਚ ਛੇ ਗੁਣ ਦੱਸੀਦੇ ਹਨ:-ਐਸ਼੍ਵਰਜ, ਜਸ, ਵੈਰਾਗ, ਉਦਾਰਤਾ, ਲਛਮੀ, ਗਯਾਨ (ਦੇਖੋ ਰਾਸ ੫ ਅੰਸੂ ੪੬ ਅੰਕ ੪੭ ਦੀ ਟੂਕ ਪੰਨਾ ੨੬੯੫)। ਇਸ ਨੂੰ ਈਸ਼੍ਵਰ ਨੂੰ ਬ੍ਰਹਮ ਤੋਂ ਹੇਠਾਂ ਤੇ ਜੀਵ ਤੇ ਸ੍ਰਿਸ਼ਟੀ ਤੋਂ ਉਪਰ ਥਾਂ ਦਿੱਤਾ ਹੈ ਜੋ ਅੰਤ ਨੂੰ ਆਦਿ ਰੂਪ (ਬ੍ਰਹਮ) ਵਿਚ ਲੀਨ ਹੋ ਜਾਂਦਾ ਹੈ। ਪਰੰਤੂ ਗੁਰੂ ਘਰ ਵਿਚ ਉਸੇ ਨਿਰਲੇਪ, ਅਲੇਪ, ਅਲਗ ਸਤਿ ਚਿਤ ਆਨੰਦ ਹਸਤੀ ਨੂੰ ਹੀ ਕ੍ਰਿਪਾਲੂ, ਦਿਆਲੂ, ਭਗਤ ਵਤਸਲ ਆਦਿ ਪਿਆਰਾਂ ਵਾਲਾ ਦੱਸਿਆ ਹੈ। ਯਥਾ, 'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ':- ਉਹ ਕਰਤਾਰ ਹੈ, ਉਹੋ ਕਾਦਿਰ ਹੈ ਅਰਥਾਤ ਸਾਰੀ ਰਚਨਾਂ ਨੂੰ ਰਚਕੇ ਪਾਲ ਰਿਹਾ ਹੈ, ਪ੍ਰਬੰਧ ਕਰ ਰਿਹਾ ਹੈ, ਫਿਰ ਅਲੇਪ ਹੈ। ਅਤੇ ਰਚ, ਪਾਲ, ਪ੍ਰਬੰਧ ਕਰਕੇ ਅੱਕ੍ਰੈ ਅਬਿਨਾਸ਼ੀ ਕੀਕੁਣ ਹੈ? ਇਸ ਦਾ ਅਸਲ ਭਾਵ ਇਕ ਤੁਕ ਵਿਚ ਦੱਸਕੇ ਦਾਰਸ਼ਨਕਾਂ ਦੀ ਮੁਸ਼ਕਿਲ ਬੀ ਹੱਲ ਕਰ ਦਿੱਤੀ ਹੈ:- 'ਹੁਕਮੁ ਨ ਕਹਿਆ ਜਾਈ' ॥ ਅਰਥਾਤ, ਪ੍ਰਮਾਤਮਾਂ ਨੂੰ ਤੁਸੀਂ ਕਹਿੰਦੇ ਹੋ ਕਿ ਉਹ ਅਗਮ ਅਗੋਚਰ ਹੋਣ ਕਰਕੇ ਕਥਨ ਵਿਚ ਨਹੀਂ ਹੈ, ਤਿਵੇਂ ਹੀ ਸਮਝ ਲਓ ਕਿ ਉਸ ਦਾ 'ਹੁਕਮ' ਅਰਥਾਤ ਉਸ ਦੇ 'ਬੀਚਾਰ ਤੇ ਕਰਨੇ' ਬੀ ਅਕੱਥਨੀਯ ਹਨ, ਜਿਹੜਾ ਉਸ ਵਿਚ 'ਫੁਰਨਾ ਤੇ ਕਰਨਾ' ਅਰੋਪ ਕੇ ਉਸ ਦੇ ਵਿਕਾਰੀ ਹੋ ਜਾਣ ਤੋਂ ਤੁਸੀਂ ਡਰਦੇ ਹੋ, ਉਹ ਤੁਸਾਨੂੰ ਤਜਰਬਾ ਆਪਣੇ 'ਫੁਰਨੇ ਤੇ ਕਰਨੇ' ਦਾ ਹੈ। ਉਹ ਆਪਣਾ ਫੁਰਨਾ ਤੁਸੀਂ 'ਅਨੰਤ ਤੇ ਅਵਿਨਾਸ਼ੀ' ਨੂੰ ਅਰੋਪਦੇ ਹੋ, ਇਸ ਕਰਕੇ ਟਪਲਾ ਖਾਂਦੇ ਹੋ। ਉਸ 'ਅਨੰਤ ਪ੍ਰਮਾਤਮਾ' ਦੇ 'ਫੁਰਨੇ ਤੇ ਕਰਨੇ' ਹੋਰਵੇਂ ਹਨ ਅਰ ਅਸੀਂ ਉਹਨਾਂ ਨੂੰ ਸਮਝ ਨਹੀਂ ਸਕਦੇ। ਇਸ ਕਰਕੇ ਫੁਰਮਾਉਂਦੇ ਹਨ ਕਿ ਜਿਵੇਂ ਪ੍ਰਮਾਤਮਾ ਦਾ ਸਰੂਪ ਹੈ 'ਸੱਤਿ', ਤਿਵੇਂ ਉਸ ਦੇ 'ਫੁਰਨੇ ਤੇ ਕਰਨੇ' ਬੀ ਸੱਤਿ ਸਰੂਪਤਾ ਵਾਲੇ ਹਨ, ਯਥਾ:- 'ਸਚੇ ਤੇਰੇ ਕਰਣੇ ਸਰਬ ਬੀਚਾਰ।' 'ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।' ਦ੍ਰਿਸ਼੍ਟਾਂਤ ਲਈ ਵੇਖੋ ਧਰਤੀ ਪਰ ਰਹਿਣ ਵਾਲੇ ਲਈ ਦਰਯਾ ਇਕ ਪਾਣੀ ਦਾ ਰੌ ਹੈ ਜੋ ਖ਼ੁਸ਼ਕੀ ਦੇ ਦੋ ਕਿਨਾਰਿਆਂ ਵਿਚ ਵਗਦਾ ਹੈ, ਇਸ ਨੂੰ ਉਹ ਦਰਯਾ ਸਮਝਦਾ ਹੈ। ਪਰ ਸਮੁੰਦਰ ਵਿਚ ਬੀ ਦਰਯਾ ਵਗਦੇ ਹਨ, ਪਾਣੀ ਦੇ ਰੌ ਪਾਣੀ ਵਿਚ ਹੀ ਵਹਿੰਦੇ ਪਏ ਹਨ; ਪਾਣੀ ਵਿਚ ਅਭੇਦ ਹਨ ਪਾਣੀ ਰੂਪ ਹੋਕੇ, ਪਰ ਵੱਖਰੇ ਵਹਿੰਦੇ ਦਿੱਸਦੇ ਆਪਣਾ ਦਰਯਾ ਪਣਾ ਵੱਖਰਾ ਪਏ ਦੱਸਦੇ ਹਨ। ਤਿਵੇਂ ਸਾਡੇ 'ਫੁਰਨੇ ਤੇ ਕਰਨੇ, ਸਾਡਾ ਹੁਕਮ' ਵਿਕਾਰੀ ਸ਼ੈ ਹੈ, ਪਰ ਉਸ 'ਅਨੰਤ' ਦੇ 'ਕਰਨੇ' ਫੁਰਨੇ (= ਬੀਚਾਰ) ਤੇ 'ਹੁਕਮ' ਅਨੰਤਤਾਈ ਦੇ ਕ੍ਰਿਸ਼ਮੇ ਹਨ, ਉਹਨਾਂ ਵਿਚ ਵਿਕਾਰਤਾ ਦੀ ਸੰਭਾਵਨਾ ਕਰਨੀ ਆਪਣੇ 'ਫੁਰਨੇ' 'ਕਰਨੇ' ਨੂੰ ਓਸ ਅਕੱਥ ਵਿਚ ਕਲਪ ਲੈਣਾ ਹੈ। ਸਾਡਾ ਵਜੂਦ ਤੇ ਸਾਡੇ ਕਰਨੇ ਕਥਨੀ ਦੇ ਮੰਡਲ ਵਿਚ ਆਉਂਦੇ ਹਨ, ਉਸ ਦਾ ਸਰੂਪ ਤੇ ਕਰਨੇ ਅਕੱਥਨੀਯ ਹਨ। ਜਿਵੇਂ 'ਹੁਕਮੀ' ਅਕੱਥ ਹੈ ਤਿਵੇਂ ਹੀ 'ਹੁਕਮੁ ਨ ਕਹਿਆ ਜਾਈ।' ਇਹ ਮੁਸ਼ਕਿਲ ਹੱਲ ਕਰਕੇ ਸਤਿਗੁਰ ਜੀ ਨੇ

ਪ੍ਰਮਾਤਮਾਂ ਨੂੰ ਰਚਣਹਾਰ (ਕਰਤਾਰ), ਪਾਲਣਹਾਰ, ਬਖਸ਼ਿੰਦ, ਪਤਿਤ ਪਾਵਨ ਆਦਿ ਸਿਫਤਾਂ ਵਾਲਾ ਦੱਸਿਆ ਤੇ ਆਖਿਆ ਹੈ:-

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

ਪੁਨਾ:

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ [ਗਉ: ਮ: ੫

ਗੁਰ ਸਿੱਖੀ ਦੇ ਇਸ ਅਸੂਲ ਦੀ ਸੋਝੀ ਇਸ ਦੋਹੇ ਤੋਂ ਸਹੀ ਹੋ ਰਹੀ ਹੈ, ਪਹਿਲਾਂ ਸਤਿ ਚਿਤ ਆਨੰਦ ਕਹਿ ਕੇ ਉਸ ਨੂੰ ਸ਼ੁਭਤਾ ਦਾ ਕਰਨਹਾਰ ਦੱਸਿਆ ਹੈ, ਤੇ ਸਾਰੇ ਮੰਗਲਾਂ ਦਾ ਮੂਲ ਵਰਣਨ ਕੀਤਾ ਹੈ, ਨਹੀਂ ਤਾਂ ਨਿਰਾ 'ਸਤਿ ਚਿਤ ਆਨੰਦ' ਸ਼ੁਭਤਾ ਤੇ ਅਸ਼ੁਭਤਾ ਦੋਹਾਂ ਦਾ ਕਰਨਹਾਰ ਨਹੀਂ ਤੇ ਨਾਂ ਮੰਗਲ ਅਮੰਗਲ ਦਾ ਮੂਲ ਹੈ, ਪਰੰਤੂ "ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ" ਦੇ ਸਰੂਪ ਵਾਲਾ ਆਪੇ ਨਿਰਗੁਣਤਾ ਆਪੇ ਸਰਗੁਣਤਾ ਦੇ ਰੰਗ ਦੱਸਣ ਵਾਲਾ 'ਸ਼ੁਭਤਾ ਦੇ ਕਰਨੇ ਵਾਲਾ' ਤੇ ਮੰਗਲਾਂ ਦਾ ਮੂਲ ਤੇ ਸ਼ੁਭਤਾ ਦੇ ਕਰਨੇ ਵਾਲਾ ਹੈ, ਅਰ ਜ਼ਰੂਰ ਹੈ।

ਵਾਹਿਗੁਰੂ ਦਾ ਵਜੂਦ 'ਨੇਕੀ ਕੁੱਲ' ਹੈ 'ਸੰਪੂਰਨ ਸ਼ੁਭਤਾ' ਹੈ, ਕਿਉਂਕਿ 'ਸ਼ੁਭਤਾ' ਹੀ ਸੱਤਜ ਵਸਤੂ ਹੈ, ਅਸ਼ੁਭਤਾ ਦਾ ਆਪਣਾ ਵਜੂਦ ਕੋਈ ਨਹੀਂ, ਉਹ ਤਾਂ ਸ਼ੁਭਤਾ ਦੀ ਕਮੀ ਯਾ ਅਣਹੋਂਦ ਦਾ ਨਾਮ ਹੈ, ਸੋ ਇਸ ਵਾਸਤੇ ਕਿ ਉਹ ਸੱਤਿ ਸਰੂਪ ਹੈ, ਉਹ ਸ਼ੁਭਤਾ ਸਰੂਪ ਬੀ ਹੈ ਕਿਉਂਕਿ ਸ਼ੁਭਤਾ ਸੱਤਿ ਵਸਤੂ ਹੈ। ਇਸੇ ਤਰ੍ਹਾਂ ਹੀ ਉਹ ਮੰਗਲ ਮੂਲ ਹੈ। ਅਮੰਗਲ ਉਹ ਹੋ ਹੀ ਨਹੀਂ ਸਕਦਾ, ਕਿਉਂਕਿ ਅਮੰਗਲ ਤਾਂ ਕੇਵਲ ਮੰਗਲ ਦੀ ਅਣਹੋਂਦ ਹੈ, ਤੇ ਉਹ 'ਹੋਂਦ' ਹੈ ਤੇ 'ਮੰਗਲ' ਹੋਂਦ ਹੈ, ਇਸ ਵਾਸਤੇ ਉਹ ਮੰਗਲ ਹੈ, ਸੰਪੂਰਣ ਮੰਗਲ ਰੂਪ ਹੋਣ ਕਰਕੇ ਮੰਗਲ ਮੂਲ ਹੈ। ਯਥਾ: 'ਅਨਦ ਰੂਪ ਮੰਗਲ ਸਦ ਜਾਕੈ ॥' ਤਥਾ: 'ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ' ॥ ਉਸ ਦਾ ਸਰੂਪ ਆਨੰਦ ਹੈ, ਉਸ ਦਾ ਸਰੂਪ ਪ੍ਰਿਯ ਹੈ। ਆਨੰਦ ਤੇ ਪ੍ਰੇਮ ਪੂਰਨ ਰੀਤਿ ਕਰਕੇ ਮੰਗਲ ਰੂਪ ਹਨ, ਆਨੰਦ ਯਾ ਪ੍ਰਿਯ ਪਦ ਮੰਗਲ ਦੇ ਹੀ ਇਕ ਤਰ੍ਹਾਂ ਅਰਥ ਵਾਚੀ ਪਦ ਹਨ, ਇਸ ਕਰਕੇ ਜਿਸ ਦਾ ਸਰੂਪ (ਆਨੰਦ =) ਮੰਗਲ ਹੈ, ਉਹ ਮੰਗਲ ਮੂਲ ਸੁਤੇ ਸਿੱਧ ਹੈ, ਮੰਗਲ ਮੂਲ ਨੇ ਮੰਗਲ ਦਾਨ ਕਰਨਾ ਹੈ, ਸ਼ੁਭਤਾ ਦੇਣੀ ਹੈ।

### ੨. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

**ਚੰਦ ਅਮੰਦ ਮਨਿੰਦ ਮੁਖ ਸੁਮਤਿ ਕਨਿੰਦ ਬਿਲੰਦ।**
**ਪਦ ਅਰਵਿੰਦ ਅਨੰਦ ਦਾ ਬੰਦ ਗਿਰਾ ਕਰ ਬੰਦਿ ॥੨॥**

ਅਮੰਦ = ਕਲੰਕ ਰਹਤ। ਸ੍ਵੱਛ। ਮਨਿੰਦ = ਵਰਗਾ।
ਕੁਨਿੰਦ = ਕਰਨੇ ਵਾਲੀ [ਫਾ. ਕੁਨਿੰਦਹ] ਗਿਰਾ = ਸਰਸ੍ਵਤੀ।

ਅਰਥ:

(ਜਿਸ) ਗਿਰਾ ਦਾ ਮੂੰਹ ਸ੍ਵੱਛ ਚੰਦਰਮਾਂ ਵਰਗਾ ਹੈ (ਤੇ ਜੋ) ਬੁੱਧੀ ਨੂੰ ਬਹੁਤ ਸ੍ਰੇਸ਼ਟ ਕਰਨੇ ਵਾਲੀ ਹੈ (ਉਸ ਦੇ) ਅਨੰਦ ਦੇਣ ਵਾਲੇ ਚਰਣਾਂ ਕਵਲਾਂ ਤੇ ਹੱਥ ਜੋੜਕੇ (ਮੇਰੀ) ਨਮਸਕਾਰ ਹੋਵੇ।

### ੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਕਬਿੱਤ:

**ਬੰਦਨਾ ਕੋ ਲੇਤਿ ਹੀ, ਅਬੰਦਤਾ ਕੋ ਦੇਤਿ ਜਨ,**
**ਪ੍ਰੀਤਿ ਲੇਤਿ, ਦੇਤਿ ਹੈਂ ਪ੍ਰਤੀਤ ਸੁਖ ਸੇਤੁ ਹੋਂ।**
**ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪਿ,**

ਨ੍ਰਿਗੁਨ ਪਦ ਦੇਤਿ, ਜਨ ਗੁਨ ਦੇਖਿ ਲੇਤਿ ਹੈਂ।
ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ,
ਸਤਿਗੁਰੂ ਨਾਨਕ ਸੰਤੋਖ ਸਿੰਘ ਚੇਤਿ ਹੈ।
ਹੰਤਾ ਲੇਤਿ ਦਾਸਨਿ ਕੀ, ਅਹੰ ਬ੍ਰਹਮ ਦਤਿ ਉਰ,
ਮਨ ਲੇਤਿ ਚਰਨ ਮੈਂ, ਮੁਕਤਿ ਸੁ ਦੇਤਿ ਹੈਂ ॥੩॥

ਬੰਦਨਾ = ਨਮਸਕਾਰ। ਅਬੰਦਤਾ = ਬੰਧਨ ਰਹਤਤਾ। ਸੁਤੰਤ੍ਰਤਾ।
ਪਾਪਾਂ ਦੇ ਬੰਧਨਾਂ ਤੇ ਉਹਨਾਂ ਦੇ ਫਲ, ਦੁੱਖਾਂ ਦੇ ਬੰਧਨਾਂ ਤੋਂ ਛੁਟਕਾਰਾ ਮੁਰਾਦ ਹੈ।
ਸੁਖ ਸੇਤੁ = ਸੁਖਾਂ ਦੇ ਪੁਲ।
ਭਾਉ = ਸ਼ਰਧਾ, ਭਾਉ ਭਗਤੀ। ਉਰ ਲੇਤਿ = ਦਿਲ ਵਿਚ ਲੈਕੇ ਭਾਵ ਸ੍ਵੀਕਾਰ ਕਰਕੇ (ਅ) ਦਿਲ ਦੀ ਸ਼ਰਧਾ, ਭਗਤੀ।
ਪ੍ਰਭਾਉ = ਪ੍ਰਤਾਪ, ਮਹਿਮਾ। ਮਹਾਤਮ।
ਨ੍ਰਿਗੁਨ = ਗੁਣਾਂ ਤੋਂ ਰਹਤ ਪਦ। ਤਿੰਨਾਂ ਗੁਣਾਂ ਤੋਂ ਉੱਪਰਲਾ ਦਰਜਾ, ਯਥਾਰਥ ਅਵਸਥਾ।
ਹੰਤਾ = ਹੰਕਾਰ, ਦੇਹਿ ਅਭਿਮਾਨ।

ਅਰਥ:

(ਜੋ ਸਤਿਗੁਰ ਜੀ) ਦਾਸਾਂ ਦੀਆਂ ਨਮਸਕਾਰਾਂ ਲੈਕੇ (ਉਹਨਾਂ ਨੂੰ) ਸੁਤੰਤ੍ਰਤਾ (ਦਾ ਦਾਨ) ਦਿੰਦੇ ਹਨ, ਪ੍ਰੇਮ ਲੈਂਦੇ ਹਨ, ਪਰ ਸੁਖਾਂ ਦਾ ਪੁਲ ਰੂਪੀ ਭਰੋਸਾ ਦਾਨ ਕਰਦੇ ਹਨ। ਆਪ (ਸੇਵਕਾਂ ਦੀ) ਦਿਲੀ ਸ਼ਰਧਾ (ਭਗਤੀ) ਸ੍ਵੀਕਾਰ ਕਰਕੇ (ਉਹਨਾਂ ਨੂੰ) ਬਹੁਤ ਪ੍ਰਤਾਪ ਦੇਂਦੇ ਹਨ, (ਅਤੇ ਜਦੋਂ) ਦਾਸਾਂ (ਵਿਚ ਸ਼ੁਭ) ਗੁਣ ਦੇਖ ਲੈਂਦੇ ਹਨ (ਉਨ੍ਹਾਂ ਨੂੰ) ਤ੍ਰਿਗੁਣਾਤੀਤ ਪਦਵੀ ਦਾਨ ਕਰਦੇ ਹਨ, ਥੋੜੀ ਜੈਸੀ ਭੇਟਾ (ਦਾਸਾਂ ਦੀ) ਸ੍ਵੀਕਾਰ ਕਰਕੇ (ਉਨ੍ਹਾਂ ਨੂੰ) ਜਮ ਦੇ ਮਿਲਾਪ ਤੋਂ ਛੁਟਕਾਰਾ ਬਖ਼ਸ਼ਦੇ ਹਨ। (ਐਸੇ) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ (ਭਾਈ) ਸੰਤੋਖ ਸਿੰਘ ਜੀ (ਕਹਿੰਦੇ ਹਨ ਕਿ ਮੈਂ) ਸਿਮਰਦਾ ਹਾਂ, ਜੋ (ਅਪਣੇ) ਦਾਸਾਂ ਦੀ ਹੰਤਾ ਲੈਕੇ (ਉਨ੍ਹਾਂ ਦੇ) ਹਿਰਦੇ ਵਿਖੇ ਅਹੰ ਬ੍ਰਹਮ (ਦਾ ਦਾਨ) ਦੇਂਦੇ ਹਨ (ਤੇ ਉਨ੍ਹਾਂ ਦਾ) ਮਨ (ਅਪਣੇ) ਚਰਨਾਂ ਵਿਚ ਲੈ ਕੇ ਮੁਕਤੀ (ਦਾ ਦਾਨ) ਦਿੰਦੇ ਹਨ।

ਭਾਵ:

ਇਸ ਕਬਿੱਤ ਵਿਚ ਕਵੀ ਜੀ ਨੇ ਸਤਿਗੁਰੂ ਜੀ ਦੇ ਸਾਡੇ 'ਅਵਗੁਣ ਹਰਨ' ਤੇ 'ਗੁਣ ਦਾਨ ਕਰਨ' ਦਾ ਟਾਕਰਾ ਕਰਕੇ ਦਸਦਿਆਂ ਉਨ੍ਹਾਂ ਦੀ ਮਹਾਨਤਾ ਦਰਸਾਈ ਹੈ। ਹਉਮੇਂ ਦਾਸਾਂ ਦੀ ਚੂਰ ਕਰਕੇ ਜੋ ਅਹੰਬ੍ਰਹਮ ਦਾ ਨਿਵਾਸ ਕਿਹਾ ਹੈ ਇਸ ਤੋਂ ਮੁਰਾਦ 'ਅਹੰਬ੍ਰਹਮ' ਦੇ ਸੁੱਕੇ ਦਮਗਜੇ ਮਾਰਨ ਦੀ ਨਹੀਂ, ਬਲਕੇ ਜੋ ਮੁਕਤੀ ਗੁਰੂ ਘਰ ਵਿਚ ਹੈ ਜਿਸ ਵਿਚ ਪ੍ਰੀਤ ਮੁੱਖ ਹੈ ਉਸ ਦੇ ਤ੍ਰੈ ਅੰਗ ਦੱਸੇ ਹਨ-
੧. ਹਉਂ ਦਾ ਦੂਰ ਹੋਣਾ, ੨. ਬ੍ਰਹਮ ਦਾ ਅੰਤਰ ਆਤਮੇ ਅਵਿਰਲ ਮਿਲਾਪ ਹੋਣਾ, ਤੇ ਇਸ ਤੋਂ ਮਗਰੋਂ ੩. ਮਨ ਨੂੰ ਚਰਨਾਂ ਵਿਚ ਲੈਣਾਂ (ਭਾਵ ਪ੍ਰੇਮ) ਹੈ, ਅਰਥਾਤ ਹਉਮੈਂ ਦਾ ਅਭਾਵ, ਪ੍ਰੇਮ ਦੀ ਅਵਧੀ, ਬ੍ਰਹਮ ਤੱਤ ਨਾਲ ਮੇਲ, ਤ੍ਰੈਹਾਂ ਦਾ ਮੇਲ ਜੋ ਮੁਕਤੀ ਹੈ ਸੋ ਦਾਨ ਦਿੰਦੇ ਹਨ। ਗੁਰੂ ਘਰ ਦੀ ਮੁਕਤੀ ਵਾਲਾ ਗਜਾਨੀ ਸ਼ਿਲਾ ਤੁੱਲ ਅਕ੍ਰੈ ਨਹੀਂ ਹੋ ਢੈਂਦਾ। ਉਹ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦੇ ਰੰਗ ਵਿਚ 'ਕਰਮ ਕਰਤ ਹੋਵੈ ਨਿਹ ਕਰਮ' ਹੁੰਦਾ ਹੈ। ਉਸ ਦੀ ਬ੍ਰਿਤੀ ਵਿਚ ਨਾਮ ਯਾ ਇਉਂ ਕਹੋ, ਕਿ ਬ੍ਰਹਮ ਅਰੂੜ ਰਹਿੰਦਾ ਹੈ, ਉਸ ਦੇ ਇੰਦ੍ਰੈ ਤਕ ਬ੍ਰਹਮਾਕਾਰ ਰਹਿੰਦੇ ਹਨ। ਉਸ ਦੇ ਵਚਨ ਤੇ ਕਰਮ ਸੁਖ ਤੇ ਧਰਮ ਦੇ ਮੇਘ ਹੋਕੇ ਵਸਦੇ ਹਨ। ਖਿੜੇ ਗੁਲਾਬ ਹਾਰ ਸੁਗੰਧੀ ਦਾਤਾ ਹੁੰਦੇ ਹਨ।

### ੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਦੋਹਰਾ:

ਅਜਰ ਜਰਨ ਧੀਰਜ ਧਰਨ, ਦੇਤਿ ਸ਼ਰਨ ਜਨ ਦਾਨ ॥
ਸ਼੍ਰੀ ਅੰਗਦ ਸੁਖ ਕਰਨ ਕੋ, ਨਮਸਕਾਰ ਗੁਨ ਖਾਨ ॥੪॥

ਅਜਰ ਜਰਨ = ਆਤਮ ਸੱਤਜਾ ਜੋ ਆਪਣੇ ਅੰਦਰ ਜਰ ਲੈਣੀ ਕਠਨ ਹੈ ਉਸ ਨੂੰ ਜਰ ਲੈਣ ਵਾਲੇ।

ਅਰਥ:

ਸ਼੍ਰੀ (ਗੁਰੂ) ਅੰਗਦ ਦੇਵ ਜੀ ਜੋ ਸੁਖਾਂ ਦੇ ਕਰਨ ਹਾਰੇ ਹਨ, ਗੁਣਾਂ ਦੀ ਖਾਨ ਹਨ, ਅਜਰ ਨੂੰ ਜਰ ਲੈਣ ਵਾਲੇ ਹਨ, ਧਰਤੀ (ਵਤ) ਧੀਰਜ (ਧਾਰਨ ਵਾਲੇ ਹਨ ਤੇ ਅਪਣੇ) ਦਾਸਾਂ ਨੂੰ ਸ਼ਰਨ ਦਾਨ ਕਰਦੇ ਹਨ (ਉਨ੍ਹਾਂ) ਨੂੰ (ਮੇਰੀ) ਨਮਸਕਾਰ ਹੋਵੇ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਅਤਿ ਉਦਾਰ ਬਖ਼ਸ਼ਤਿ ਪ੍ਰਭੂ ਦੋਨਹੁਂ ਲੋਕ ਅਨੰਦ ॥
ਅਮਰਦਾਸ ਸ਼੍ਰੀ ਸਤਿਗੁਰੂ ਬੰਦੌਂ ਜੁਗ ਕਰ ਬੰਦਿ ॥੫॥

ਅਰਥ:

ਸ਼੍ਰੀ ਸਤਿਗੁਰੂ (ਗੁਰੂ) ਅਮਰਦਾਸ ਪ੍ਰਭੂ ਜੀ ਨੂੰ ਮੈਂ ਦੋਵੇਂ ਹੱਥ ਜੋੜਕੇ ਨਮਸਕਾਰ ਕਰਦਾ ਹਾਂ ਜੋ ਬੜੇ ਉਦਾਰ ਹਨ, ਦੋਹਾਂ ਲੋਕਾਂ (ਲੋਕ ਪ੍ਰਲੋਕ) ਵਿਚ ਅਨੰਦ ਬਖਸ਼ਣੇ ਵਾਲੇ ਹਨ।

ਭਾਵ:

ਉਦਾਰ ਤੇ ਬਖਸ਼ਿੰਦ ਕਹਿਣ ਤੋਂ ਕਵੀ ਜੀ ਦਾ ਇਸ਼ਾਰਾ ਆਪ ਦੇ ਨਾਮ ਦਾਨ ਦੀ ਦੇਗ ਅਮਿੱਤ ਚਲਾ ਦੇਣ ਤੋਂ ਤੇ ੨੨, ੫੨, ੭੨ ਵਜਕਤੀਆਂ ਐਸੀਆਂ ਪੈਦਾ ਕਰ ਦੇਣ ਤੋਂ ਹੈ ਜੋ ਕਿ ਗੁਰਮੁਖ ਪਦ ਤੇ ਅਰੂੜ੍ਹ ਹੋਕੇ ਨਾਮ ਦਾਨ ਦੇਣ ਵਾਲੇ ਸਤਪੁਰਖ ਹੋਏ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।

ਤ੍ਰਾਸ ਬਿਨਾਸ਼ਿ ਉਪਾਸ਼ਕਨਿ, ਪੁਰਹਿਂ ਆਸ ਗਨ ਦਾਸ ॥
ਰਾਮਦਾਸ ਸੁਖਰਾਸ ਕੋ, ਨਮੋ ਹੁਲਾਸ ਪ੍ਰਕਾਸ਼ ॥੬॥

ਉਪਾਸ਼ਕ = ਸੇਵਕ, ਦਾਸ, ਸਿੱਖ। ਉਪਾਸ਼ਕ ਦਾ ਬਹੁ ਵਚਨ 'ਉਪਾਸ਼ਕਨਿ' (ਅ) ਉਪਾਸ਼ਕਾਂ ਦੇ।

ਅਰਥ:

(ਮੈਂ, ਸ਼੍ਰੀ ਸਤਿਗੁਰੂ) ਸੁਖਾਂ ਦੀ ਰਾਸ (ਗੁਰੂ) ਰਾਮਦਾਸ ਜੀ ਨੂੰ, (ਜੋ ਸਦਾ) ਹੁਲਾਸ ਦੇ ਪ੍ਰਕਾਸ਼ ਕਰਨ ਵਾਲੇ ਹਨ, ਨਮਸਕਾਰ ਕਰਦਾ ਹਾਂ (ਕਿਉਂ ਜੋ ਆਪ ਅਪਣੇ ਉਪਾਸ਼ਕਾਂ ਦੇ ਭੈ ਦੂਰ ਕਰਦੇ ਹਨ ਤੇ ਸਾਰੇ ਦਾਸਾਂ ਦੀਆਂ ਆਸਾਂ ਪੂਰਨ ਕਰਦੇ ਹਨ।)

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਸ਼੍ਰੀ ਅਰਜਨ ਸਿਰਜਨ ਅਨੰਦ ਤਰਜਨ ਜਨਨ ਬਿਕਾਰ ॥
ਬਰਜਨ ਦੁਰਜਨ ਤੇਜ ਕੋ, ਤਿਨ ਪਗ ਰਜ ਸਿਰ ਧਾਰਿ ॥੭॥

ਸਿਰਜਨ ਅਨੰਦ = ਅਨੰਦ ਦੇ ਬਨਾਵਣ ਵਾਲੇ, ਭਾਵ ਸੁਖਾਂ ਦੇ ਦਾਤੇ।

ਤਰਜਨ = ਤਾੜਨ ਵਾਲੇ ਭਾਵ ਦੂਰ ਕਰਨ ਵਾਲੇ।

ਬਰਜਨ = ਰੋਕਣ ਵਾਲੇ। ਦੁਰਜਨ = ਖੋਟੇ ਲੋਕ। ਵੈਰੀ।

ਪਗ ਰਜ = ਚਰਣਾਂ ਦੀ ਧੂੜੀ।

ਅਰਥ:

ਸ੍ਰੀ (ਸਤਿਗੁਰੂ ਗੁਰੂ) ਅਰਜਨ ਦੇਵ ਜੀ ਅਨੰਦ ਦੇ ਸਿਰਜਣ ਵਾਲੇ ਹਨ, ਦਾਸਾਂ ਦੇ ਵਿਕਾਰਾਂ ਨੂੰ ਤਾੜਨ ਵਾਲੇ ਹਨ, ਤੇ ਖੋਟੇ ਲੋਕਾਂ ਦੇ ਤੇਜ ਨੂੰ ਰੋਕਣ ਵਾਲੇ ਹਨ, ਤਿਨ੍ਹਾਂ ਦੇ ਚਰਣਾਂ (ਕਵਲਾਂ) ਦੀ ਧੂੜੀ (ਨੂੰ ਮੈਂ) ਸਿਰ ਤੇ ਧਰਦਾ ਹਾਂ।

## ੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ-ਮੰਗਲ।

ਕਬਿੱਤ:

ਬੋਧ ਮਹਿਂ ਬਿਦੇਹ, ਜੁੱਧ ਕ੍ਰੁੱਧ ਮੱਧ ਰਾਮਚੰਦ,
ਸਿੱਖ ਤਾਰਿਬੇ ਕੋ ਭਵ ਸਿੰਧੁ ਤੇ ਜਹਾਜ ਹੈਂ।
ਕਰੁਣਾ ਨਿਧਾਨ ਤੇ ਬਿਸ਼ਨੁ ਪਰਮਾਨ ਮਨ,
ਕੀਰਤਿ ਪ੍ਰਕਾਸ਼ਬੇ ਕੋ ਸੋਈ ਦਿਜਰਾਜ ਹੈਂ।
ਪ੍ਰਗਟ ਪ੍ਰਤਾਪ ਮੈਂ ਪ੍ਰਚੰਡ ਮਾਰਤੰਡ ਬਡੇ,
ਸ਼ੋਭਾ ਸਭਿ ਲੈਬੇ ਕਉ ਸੁਹਾਇਂ ਸੁਰਰਾਜ ਹੈਂ।
ਧੀਰਜ ਧਰਨ ਕੋ ਧਰਨਿ ਰੁਪ ਬੀਰ ਬਰ,
ਸ੍ਰੀ ਹਰਿਗੁਵਿੰਦ ਸੁਖਕੰਦ ਹ੍ਵੈ ਬਿਰਾਜ ਹੈਂ ॥ ੮ ॥

ਬੋਧ = ਗਿਆਨ।
ਬਿਦੇਹ = ਜੋ ਸਰੀਰ ਧਾਰੀ ਨਾਂ ਹੋਵੇ, ਜੈਸੇ ਈਸ਼੍ਵਰ। (ਅ) ਵਿਦੇਹ = ਪੁਰਾਤਨ ਮਿਥੁਲਾ ਦਾ ਨਾਮ ਹੈ ਜਿਸ ਨੂੰ ਅੱਜ ਕਲ ਤਿਰਹੁਤ ਆਖਦੇ ਹਨ, ਇਥੋਂ ਦੇ ਰਾਜੇ ਨੂੰ ਬੀ ਵਿਦੇਹ ਕਹਿ ਲੈਂਦੇ ਹਨ। ਵਿਸ਼ੇਸ਼ ਕਰਕੇ ਜਨਕ ਨੂੰ। ਜਨਕ ਗਿਆਨੀ ਸੀ, ਸੋ ਗਿਆਨੀ ਅਰਥ ਲਾਉਂਦੇ ਹਨ।
ਭਵ ਸਿੰਧੁ = ਸੰਸਾਰ ਸਮੁੰਦਰ।
ਦਿਜਰਾਜ = ਚੰਦ੍ਰਮਾਂ, ਬ੍ਰਹਮਨ, ਬ੍ਰਹਮਾਂ, ਬ੍ਰਿਹਸਪਤਿ ਆਦਿ।
ਮਾਰਤੰਡ = ਸੂਰਜ। ਸੁਰਰਾਜ = ਇੰਦ੍ਰ।

ਅਰਥ:

(ਜੋ ਗੁਰੂ ਜੀ) ਗਿਆਨ ਵਿਚ ਵਿਦੇਹ (ਹਨ,) ਜੁੱਧ (ਵਿਚ ਤੇ) ਕ੍ਰੋਧ (ਦੇ ਸਾਹਮਣੇ) ਰਾਮਚੰਦ ਵਤ ਹਨ, ਸਿਖਾਂ ਨੂੰ ਸੰਸਾਰ ਸਾਗਰ ਤੋਂ ਤਾਰਣ ਲਈ ਜਹਾਜ (ਵਤ) ਹਨ। ਕ੍ਰਿਪਾ ਦੇ ਖਜ਼ਾਨੇ (ਹੋਣ ਕਰਕੇ) ਵਿਸ਼ਨੂੰ ਵਤ ਮਨ (ਰਖਦੇ ਹਨ, ਵਾਹਿਗੁਰੂ ਜੀ ਦੀ) ਸਿਫਤ ਸਲਾਹ ਦੇ ਪ੍ਰਕਾਸ਼ਣ ਵਿਚ ਉਹੀ ਚੰਦ੍ਰਮਾ ਵਤ ਹਨ, ਪ੍ਰਤਾਪ ਤੇ ਪ੍ਰਕਾਸ਼ ਵਿਚ ਜੋ ਤੇਜਵਾਨ ਸੂਰਜ ਵਾਂਙੂ ਵਡੇ ਹਨ (ਤੇ) ਸਾਰੀਆਂ ਸ਼ੋਭਾ ਲੈਣ ਵਿਚ (ਜੋ) ਇੰਦ੍ਰ ਵਾਂਙੂ ਸੁਹਾ ਰਹੇ ਹਨ (ਅਤੇ) ਧਰੀਜ ਧਾਰਨ ਵਿਚ ਜੋ ਧਰਤੀ ਰੂਪ ਹਨ ਓਹ ਸ੍ਰੇਸ਼ਟ ਬੀਰ ਸ੍ਰੀ ਗੁਰੂ ਹਰਿ ਗੋਵਿੰਦ ਜੀ ਸੁਖਾਂ ਦੇ ਮੇਘ ਹੋਕੇ ਬਿਰਾਜ ਰਹੇ ਹਨ (ਸੋ ਮੇਰੇ ਤੇ ਬੀ ਕ੍ਰਿਪਾਲੂ ਹੋਣ)।

ਭਾਵ:

ਗਜਾਨ, ਯੁੱਧ, ਮੁਕਤੀ ਦਾਤਾ, ਸ਼ਕਤੀ, ਕ੍ਰਿਪਾ, ਕੀਰਤੀ, ਪ੍ਰਤਾਪ, ਤੇਜ, ਸ਼ੋਭਾ, ਧੀਰਜ, ਇਨ੍ਹਾਂ ਗੁਣਾਂ ਵਿਚ ਸਤਿਗੁਰਾਂ ਨੂੰ ਪ੍ਰਸਿੱਧ ਗੁਣ ਧਾਰੀਆਂ ਨਾਲ ਸ਼ੋਭਾ ਦਿੱਤੀ ਹੈ। ਜ਼ਾਹਰਾ ਜਾਪਦਾ ਹੈ ਕਿ ਆਪ 'ਗੁਰ ਅਵਤਾਰ' ਹਨ, ਉਪਮਾ ਆਪ ਤੋਂ ਛੋਟਿਆਂ ਨਾਲ ਦੇਣ ਵਿਚ ਕਵੀ ਜੀ ਨੇ ਉਕਾਈ ਕੀਤੀ ਹੈ, ਪਰ ਇਹ ਗੱਲ ਨਹੀਂ, ਕਵੀ ਜੀ ਇਕ ਇਕ ਗੁਣਧਾਰੀ ਦੀ ਇਕ ਇਕ ਉਪਮਾ ਦੇਕੇ ਸ਼੍ਰੀ ਗੁਰੂ ਜੀ ਨੂੰ 'ਸਰਬ ਗੁਣ ਨਿਧਾਨ' ਕਥਨ ਕਰ ਰਹੇ ਹਨ। ਸਾਰੇ ਗੁਣਾਂ ਦਾ ਇਕ ਵਜਕਤੀ ਵਿਚ ਇਕੱਠਿਆਂ ਹੋਣਾ ਜੋ ਦਰਸਾਇਆ ਹੈ ਇਹ ਸਾਰੇ ਉਪਮਾਨਾਂ ਤੋਂ ਉਨ੍ਹਾਂ ਦੀ ਅਧਿਕਤਾ ਦਰਸਾਈ ਹੈ।

## ੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

ਸ੍ਵੈਯਾ:

ਦੇਵ ਤਰੋਵਰ ਹੈ ਨ ਇਹੈ, ਹਰਿਰਾਇ ਗੁਰੂ ਕਰਿ ਦੇਵ ਤਰੋਵਰ।
ਸੋ ਸੁਰ ਧੇਨੁ ਨਹੀ ਮਨ ਜਾਨਿਯੇ, ਸੇਵ ਗੁਰੂ ਸੁਰ ਧੇਨੁ ਲਹੈ ਨਰ।
ਹੈ ਨ ਚਿੰਤਾਮਣਿ ਬੂਝ ਜਿ ਦੇਖਿਯੇ, ਸ਼੍ਰੀ ਗੁਰੁ ਕੇ ਨਖ ਚਿੰਤਮਣੀ ਬਰ।
ਸੋ ਨ ਸੁਧਾ ਮਧੁਰਾਇ ਕੋ ਧਾਰਤਿ, ਗ੍ਯਾਨ ਗਿਰਾ ਗੁਰ ਕੀ ਮੁਧਰੀਤਰ ॥੯॥

ਦੇਵ ਤਰੋਵਰ = ਕਲਪ ਬ੍ਰਿੱਛ।
ਕਰਿ = ਕਰ ਦੇਂਦੇ ਹਨ, ਬਣਾ ਦੇਂਦੇ ਹਨ (ਅ) ਕਰ-ਹਥ।
ਸੁਰ ਧੇਨੁ = ਕਾਮਧੇਨੁ। ਲਹੈ-ਲੈ ਲੈਂਦਾ ਹੈ। (ਅ) ਲਹੈਂ-ਸਮਝਦੇ ਹਨ।
ਚਿੰਤਾਮਣਿ = ਇਕ ਮਣੀ, ਜਿਸ ਤੋਂ ਚਿੰਤਨ ਕੀਤਾ ਪ੍ਰਾਪਤਿ ਹੋਵੈ।
ਸੁਧਾ = ਅੰਮ੍ਰਿਤ।
ਮਧੁਰੀ ਤਰ = ਅਤਿਸ਼ੇ ਕਰਕੇ ਮਿੱਠੀ। ਮਧੁਰੀ ਤੋਂ ਮੁਰਾਦ ਹੈ ਅੰਮ੍ਰਿਤ ਤੋਂ ਵਿਸ਼ੇਸ਼।

ਅਰਥ:

(ਇਹ) ਕਲਪ ਬ੍ਰਿੱਛ ਨਹੀਂ ਹੈ (ਜੋ ਸੁਰਗਾਂ ਵਿਚ ਸੁਣੀਦਾ ਹੈ, ਸਗੋਂ) ਇਹੋ ਗੁਰੂ ਹਰਿਰਾਇ ਜੀ ਹਨ ਜੋ (ਇਥੇ ਹੀ) ਕਲਪ ਬ੍ਰਿੱਛ ਬਣਾ ਦੇਂਦੇ ਹਨ। ਉਹ ਕਾਮਧੇਨੁ ਨਹੀਂ ਹੈ (ਜੋ ਸੁਰਗਾਂ ਵਿਚ) ਮਨ ਵਿਚ ਸਮਝ ਲਓ (ਕਿ ਸੁਣੀਦੀ ਹੈ, ਸਗੋਂ ਗੁਰੂ ਹਰਿਰਾਇ ਜੀ ਨੂੰ) ਸੇਵ ਕੇ ਮਾਨੁਖ (ਅਸਲੀ) ਕਾਮਧੇਨੁ ਲੈ ਲੈਂਦਾ ਹੈ। ਚਿੰਤਾਮਣੀ ਕੋਈ (ਸ਼ੈ) ਹੈ ਨਹੀਂ, ਪੁੱਛਕੇ ਭਾਵੇਂ ਦੇਖ ਲਈਏ, ਗੁਰੂ ਜੀ ਦੇ ਸ੍ਰੇਸ਼ਟ ਨਹੁੰ ਹੀ (ਅਸਲ) ਚਿੰਤਾਮਣੀ ਹਨ। ਉਹ ਅੰਮ੍ਰਿਤ ਨਹੀਂ ਹੈ ਜੋ (ਸ੍ਵਾਦ ਵਿਚ) ਮਿਠਾਸ ਧਾਰਨ ਕਰ ਰਿਹਾ ਹੈ, ਪਰੰਤੂ ਗਿਆਨ (ਰਸ ਨਾਲ ਭਰੀ) ਗੁਰੂ ਜੀ ਦੀ ਬਾਣੀ ਵਧੀਕ ਮਿੱਠੀ ਹੈ।

ਹੋਰ ਅਰਥ:

੧. ਗੁਰੂ ਹਰਿ ਰਾਇ ਜੀ ਦੇ (ਕਰ =) ਹੱਥ ਹੀ ਕਲਪ ਬ੍ਰਿੱਛ ਹਨ। ੨. ਨਰ (ਉੱਤਮ ਲੋਕ) ਗੁਰੂ (ਹਰਿ ਰਾਇ ਜੀ ਦੀ) ਸੇਵਾ ਨੂੰ ਹੀ ਕਾਮਧੇਨੁ (ਲਹੈਂ) ਸਮਝਦੇ ਹਨ।

ਭਾਵ:

ਸ਼੍ਰੀ ਗੁਰੂ ਜੀ ਨੇ ਜੋ ਅਨੇਕਾਂ ਬਖਸ਼ਿਸ਼ਾਂ ਕਰਕੇ ਗੁਰਮੁਖ ਪੈਦਾ ਕੀਤੇ ਜਿਨ੍ਹਾਂ ਨੇ ਸਤਿਨਾਮ ਦੀ ਦੋਹੀ ਫੇਰਕੇ ਜਗਤ ਬਚਾਇਆ, ਉਨ੍ਹਾਂ ਵੱਲ ਸੈਨਤ ਕਰਕੇ ਦੱਸਦੇ ਹਨ ਕਿ ਓਹ ਜਗਤ ਨੂੰ ਸੁਖ ਦੇਣ ਹਾਰੇ ਕਲਪ ਬ੍ਰਿੱਛ ਸਤਿਗੁਰਾਂ ਨੇ ਰਚੇ।
ਦੂਸਰੀ ਤੁਕ ਵਿਚ ਸਤਿਗੁਰਾਂ ਦੀਆਂ ਰਾਜਸੀ ਬਰਕਤਾਂ ਵੱਲ ਸੈਨਤ ਹੈ ਕਿ ਸੇਵਕਾਂ ਨੂੰ ਰਾਜੇ; ਜਾਗੀਰਦਾਰ ਬਣਾ ਦਿੱਤਾ, ਸੋ ਕਾਮਧੇਨੁ ਤੁੱਲ ਸੰਸਾਰਕ ਸੁਖਾਂ ਦੇ ਦਾਤੇ ਬਣੇ।
ਤੀਸਰੀ ਵਿਚ ਛੁਹ ਮਾਤ੍ਰ ਨਾਲ ਜੀਅ ਦਾਨ ਦੇਕੇ ਜੋ ਅਨੰਤ ਸਿਖ ਤਾਰੇ ਉਨ੍ਹਾਂ ਦੀ ਚੇਤਨਤਾ ਵਿਚ ਨਾਮ ਚਿੰਤਨ ਦਾ ਪਰਵੇਸ਼ ਹੋਕੇ ਰਾਮ ਰਸ ਪ੍ਰਾਪਤ ਹੋਣ ਦਾ ਭਾਵ ਕਹਿ ਰਹੇ ਹਨ।
ਚੌਥੀ ਤੁਕ ਸਤਿਗੁਰੂ ਜੀ ਦੀ ਵਾਕ ਸੱਤਤਾ ਤੇ ਵਾਕ ਦੀ ਮਧੁਰਤਾ ਦਾ ਪਤਾ ਦੇ ਰਹੀ ਹੈ ਕਿ ਜਿਸ ਦੀ ਮਿਠਾਸ ਅੰਮ੍ਰਿਤ ਤੋਂ ਵੱਧ ਸੀ ਤੇ ਜਿਸ ਦੀ ਸੱਤਤਾ ਨਾਮ ਤੇ 'ਗ੍ਯਾਨ' ਦਾਨ ਕਰਨ ਵਿਚ ਪੂਰਨ ਸੀ।
ਜੇ ਦੂਸਰੇ ਅਰਥਾਂ ਵੱਲ ਤੱਕੀਏ ਤਾਂ ਗੁਰੂ ਜੀ ਦੇ ਹੱਥ ਕਲਪ ਬ੍ਰਿੱਛ, ਉਨ੍ਹਾਂ ਦੀ ਸੇਵ ਕਾਮਧੇਨੁ, ਉਨ੍ਹਾਂ ਦੇ ਨਖੁ ਚਿੰਤਾਮਣੀ ਤੇ ਉਨ੍ਹਾਂ ਦੀ ਬਾਣੀ ਨੂੰ ਅੰਮ੍ਰਿਤ ਤੋਂ ਸ੍ਰੇਸ਼ਟ ਦੱਸਿਆ ਹੈ।

## ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਦੋਹਰਾ:

ਲਾਲ ਮ੍ਰਿਦੁਲ ਸੁੰਦਰ ਜੁਗਲ, ਕਮਲ ਲਲਿਤ ਅਲਪਾਇ॥

ਚਰਨ ਗੁਰੂ ਹਰਿਕ੍ਰਿਸ਼ਨ ਕੇ, ਅਲਿ ਮਨ ਮਿਲਿ ਸੁਖਪਾਇ ॥੧੦॥

ਲਲਿਤ = ਸੁੰਦਰਤਾਈ, ਮਨਮੋਹਿਣੇ।

ਅਲਪਾਇ = ਤੁੱਛ ਹੋ ਰਹੀ ਹੈ, ਘਟਦੀ ਹੈ, ਨੀਵੀਂ ਪੈਂਦੀ ਹੈ, ਭਾਵ ਮਾਤ ਹੁੰਦੀ ਹੈ। ਜੇ ਪਾਠ-ਅਲਿਪਾਇ-ਹੋਵੇ ਤਾਂ ਅਰਥ ਲਗੇਗਾ-ਨਿਰਲੇਪ, ਅਸੰਗ।

ਅਲਿ-ਭੌਰੇ।

ਅਰਥ:

ਸ਼੍ਰੀ ਸਤਿਗੁਰ ਹਰਿ ਕ੍ਰਿਸ਼ਨ ਜੀ ਦੇ ਦੋਵੇਂ ਸੁਹਣੇ ਚਰਣ (ਐਸੇ) ਲਾਲ ਤੇ ਕੋਮਲ ਹਨ ਕਿ ਕਮਲ ਦੀ ਸੁੰਦਰਤਾਈ (ਉਨ੍ਹਾਂ ਅਗੇ) ਨੀਵੀਂ ਪੈਂਦੀ ਹੈ, (ਐਸੇ ਚਰਣਾਂ ਨੂੰ) ਮਿਲਕੇ (ਸਿੱਖਾਂ ਰੂਪੀ) ਭੌਰਿਆਂ ਦਾ ਮਨ ਸੁਖ ਨੂੰ ਪ੍ਰਾਪਤ ਹੁੰਦਾ ਹੈ।

ਹੋਰ ਅਰਥ:

ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦੋਵੇਂ ਚਰਣ ਲਾਲ ਹਨ, ਕੋਮਲ ਹਨ, ਕਮਲ ਵਤ ਮਨਮੋਹਣੇ ਹਨ, (ਸਿੱਖ ਰੂਪੀ) ਭੌਰੇ ਮਨ ਇਨ੍ਹਾਂ ਨੂੰ ਮਿਲਕੇ (ਸੰਸਾਰ ਤੋਂ ਅਲਿਪਾਇ =) ਅਸੰਗ ਹੋ ਜਾਂਦੇ ਤੇ (ਪਰਮਾਰਥ ਦਾ) ਸੁਖ ਪ੍ਰਾਪਤ ਕਰਦੇ ਹਨ। (ਅ) ਉਪਰਲੇ ਅਰਥ ਵਿਚ-ਅਲਿਪਾਇ-ਦਾ ਅਰਥ ਚਰਨਾਂ ਨਾਲ ਹੀ ਲਾਉਣਾ ਕਿ ਚਰਣ ਹੀ ਕਮਲ ਵਤ ਸੰਸਾਰ ਦੇ ਪਦਾਰਥਾਂ ਤੋਂ ਅਲੇਪ ਹਨ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

ਚਾਦਰ ਭੇ ਹਿੰਦੁਵਾਨ ਕੀ ਬਾਦਰ ਅਨੰਦ ਉਦੋਤਿ।
ਤੇਗ ਬਹਾਦਰ ਗੁਰ ਨਮੋ ਸਿਮਰੇ ਹਾਦਰ ਹੋਤਿ ॥੧੧॥

ਬਾਦਰ = ਬੱਦਲ। ਉਦੋਤਿ = ਉਤਪਤਿ ਕਰਨ ਵਾਲੇ।

ਅਰਥ:

ਸ਼੍ਰੀ ਸਤਿਗੁਰੂ ਤੇਗ ਬਹਾਦਰ ਜੀ ਹਿੰਦੂਆਂ ਲਈ (ਔਰੰਗਜ਼ੇਬੀ ਜ਼ੁਲਮ ਦੀ ਧੁੱਪ ਤੋਂ ਰਖਯਾ ਕਰਨ ਵਾਲੇ) ਚਾਦਰ (ਸਮਾਨ) ਹੋਏ ਤੇ ਆਨੰਦ ਦੇ ਬੱਦਲ ਨੂੰ (ਉਨ੍ਹਾਂ) ਪ੍ਰਗਟ ਕਰ ਦਿਤਾ, (ਉਹਨਾਂ ਨੂੰ ਜਿੱਥੇ ਕੋਈ) ਯਾਦ ਕਰੇ ਹਾਜ਼ਰ ਹੁੰਦੇ ਹਨ (ਮੇਰੀ ਉਹਨਾਂ ਨੂੰ) ਨਮਸਕਾਰ ਹੋਵੇ।

ਭਾਵ:

ਔਰੰਗਜ਼ੇਬੀ ਜ਼ੁਲਮ ਦਾ ਸੂਰਜ ਹਿੰਦੂਆਂ ਨੂੰ ਸਾੜ ਭੁੰਨ ਰਿਹਾ ਸੀ, ਉਸ ਦੀ ਧੁੱਪ ਤੇ ਹਿੰਦੂਆਂ ਦੇ ਵਿਚਕਾਰ ਚਾਦਰ ਸਮਾਨ ਆਪ ਆਏ ਤੇ ਸਿਰ ਦੇਕੇ ਔਰੰਗੇ ਦੇ ਤੇਜ ਨੂੰ ਹਰਿਆ, ਤੇ ਅਨੰਦ ਦੇ ਬਦਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਸੀਸ ਦੇਣ ਮਗਰੋਂ ਹੋਰ ਠੰਢ ਵਰਤਾਉਣ ਲਈ ਜਗਤ ਵਿਚ ਛੋੜ ਗਏ। ਇਹ ਭਾਵ ਬੀ ਸਿਆਣੇ ਲੈਂਦੇ ਹਨ ਕਿ ਹਿੰਦੂਆਂ ਦੀਆਂ ਬਹੂ ਬੇਟੀਆਂ ਦੀ ਪਰਦਾ ਦਰੀ, ਧਰਮ ਚਿੰਨ੍ਹ ਤੇ ਮੰਦਰਾਂ ਦਾ ਨਾਸ਼ ਆਦਿ ਨੰਗੇਜ ਢੱਕਣ ਲਈ ਗੁਰੂ ਜੀ ਪਰਦੇ ਵਤ ਉਹਨਾਂ ਦੇ ਸਹਾਈ ਹੋਏ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਕਬਿੱਤ:

ਭ੍ਰਿਗੁਨੰਦ ਦਾਨ ਦੀਨਿ ਤਾਂਹੀ ਕੇ ਅੱਛਤ ਛੀਨਿ,
ਜਾਚਤਿ ਫਿਰਤਿ ਦੀਨ ਦਿੱਜਨ ਕੋ ਗੋਤ ਹੈ।
ਰਾਮਚੰਦ ਅਨੰਦ ਸੰਦੋਹ ਅਸੁਮੇਧ ਵਿਖੈ
ਪਾਯੋ ਦਾਨ, ਖਾਯੋ ਪੂਤ ਪੋਤੇ ਨਾਤੀ ਪੋਤ ਹੈ।
ਪੰਡ ਪੂਤ, ਸੂਰ ਸੁਤ, ਆਦਿ ਜੋ ਸੰਤੋਖ ਸਿੰਘ

ਦੀਨਿ ਜਿਨ ਦਾਨ ਪੁਨ ਛੀਨਤਾ ਉਦੋਤਿ ਹੈ।
ਸ਼੍ਰੀ ਗੁਬਿੰਦ ਸਿੰਘ ਮਹਾਂ ਦਾਨ ਦੀਨੋ ਕੋ ਨ ਸਮ
ਦਿਨ ਦਿਨ ਦੂਨੋ ਦੂਨੋ ਚੌਨੌ ਚੌਨੌ ਹੋਤਹੈ† ॥੧੨ ॥

†ਇਹ ਛੰਦ ਅੱਗੇ ਰੁਤ ੫ ਅੰਸੂ ੫੧ ਦੇ ਅੰਕ ੧੭ ਵਿਚ ਬੀ ਆਵੇਗਾ।

ਭ੍ਰਿਗਨੰਦ = ਪਰਸਰਾਮ। ਅੱਛਤ = ਹੁੰਦਿਆਂ।
ਅਨੰਦ ਸੰਦੋਹ = ਅਨੰਦ ਦਾ ਪੁੰਜ। (ਆਨੰਦ ਸੰਦੋਹ)।
ਨਾਤੀ ਪੋਤ = ਪੋਤ੍ਰਿਆਂ ਦੇ ਪ੍ਰੋਤੇ, ਪੜਪੋਤ੍ਰੇ। ਪੰਡਪੂਤ = ਯੁਧਿਸ਼ਟਰ।
ਸੁਰਸੁਤ = ਕਰਣ। ਯਮ, ਸ਼ਨਿਸਚਰ, ਵਰੁਣ, ਅੱਸ੍ਵਨੀ ਕੁਮਾਰ, ਸੁਗ੍ਰੀਵ ਆਦਿਕ ਬੀ ਅਰਥ ਹਨ, ਪਰੰਤੂ ਦਾਨ ਦਾ ਪ੍ਰਕਰਣ ਚਲਿਆ ਹੋਣ ਕਰਕੇ ਇਥੇ 'ਕਰਣ' ਅਰਥ ਦਾ ਹੀ ਗ੍ਰਹਣ ਹੈ।
ਦੂਨੋ ਦੂਨੋ ਚੌਨੌ ਚੌਨੌ-ਦੂਣੇ ਦਾ ਦੂਣਾ = ਚੌਗੁਣਾਂ, ਤੇ ਚੌਗੁਣੇ ਦਾ ਚੌਗੁਣਾਂ ਸੋਲਾਂ ਗੁਣਾਂ, ਤੇ ਫੇਰ ਸੋਲਾਂ ਗੁਣੇ ਦਾ ਚੌਗੁਣਾ-ਚੌਸਠ ਗੁਣਾ, ਭਾਵ ਦਿਨੋਂ ਦਿਨ ਵਾਧੇ ਵਿਚ ਹੈ। (ਅ) ਚੌਸਠ ਵਿੱਦਯਾ ਦਾ ਦਾਨ ਦਿੱਤਾ।

ਅਰਥ:

ਪਰਸਰਾਮ ਨੇ (ਪ੍ਰਿਥਵੀ ਦਾ) ਦਾਨ (ਬ੍ਰਾਹਮਣਾਂ ਨੂੰ) ਦਿੱਤਾ (ਜੋ) ਉਸਦੇ ਹੁੰਦਿਆਂ (ਹੀ ਉਨ੍ਹਾਂ ਤੋਂ) ਖੁਸ ਗਿਆ (ਤੇ ਹੁਣ ਤਾਈਂ ਉਨ੍ਹਾਂ) ਬ੍ਰਾਹਮਣਾਂ ਦੀ ਜਾਤੀ ਦੀਨ ਹੋ ਕੇ ਮੰਗਦੀ ਫਿਰਦੀ ਹੈ। (ਫੇਰ) ਅਨੰਦ ਦੇ ਪੁੰਜ ਰਾਮਚੰਦਰ ਜੀ ਤੋਂ ਅਸੁਮੇਧ ਜੱਗ ਵਿਖੇ (ਬ੍ਰਾਹਮਣਾਂ ਨੇ ਜੋ) ਦਾਨ ਪਾਇਆ, (ਉਹ ਉਨ੍ਹਾਂ ਦੇ) ਪੁਤਾਂ ਪੋਤ੍ਰਿਆਂ ਤੇ ਪੜਪੋਤ੍ਰਿਆਂ (ਨੇ ਹੀ) ਖਾਧਾ (ਅਗੋਂ ਮੁੱਕ ਗਿਆ)। ਕਵੀ ਸੰਤੋਖ ਸਿੰਘ ਜੀ (ਕਹਿੰਦੇ ਹਨ ਕਿ) ਯੁਧਿਸ਼ਟਰ ਤੇ ਸੂਰਯ ਸੁਤ (ਕਰਣ) ਤੋਂ ਆਦ ਲੈ ਕੇ ਜਿਸ ਜਿਸ ਨੇ ਦਾਨ ਦਿੱਤਾ (ਉਸ ਦਾਨ ਦਾ) ਨਸ਼ਟ ਹੋ ਜਾਣਾ ਪ੍ਰਗਟ ਹੈ। (ਪਰੰਤੂ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਤੇ ਮਹਾਂ ਦਾਨ ਦੀ ਕੋਈ ਸਮਤਾ (ਨਹੀਂ ਕਰ ਸਕਦਾ ਜੋ) ਦਿਨ ਦਿਨ ਦੂਣੇ ਤੋਂ ਦੂਣਾ ਤੇ ਚੌਣੇ ਤੋਂ ਚੌਣਾ ਹੁੰਦਾ ਜਾਂਦਾ ਹੈ।

ਭਾਵ:

ਇਸ ਵਿਚ ਦਾਨੀਆਂ ਦੇ ਦਾਨ ਦੇਣ ਦਾ ਜ਼ਿਕਰ ਕਰਦੇ ਹੋਏ ਉਸ ਦਾਨ ਦੇ ਬਿਨਸ ਜਾਣ ਦਾ ਜ਼ਿਕਰ ਹੈ ਤੇ ਜਿਨ੍ਹਾਂ ਨੂੰ ਦਾਨ ਮਿਲਦਾ ਸੀ ਉਨ੍ਹਾਂ ਦੇ ਫੇਰ ਫੇਰ ਖਾਲੀ ਹੋ ਜਾਣ ਦਾ ਹਾਲ ਹੈ, ਸਭਨਾਂ ਦੇ ਦਾਨ ਤੋਂ ਵਡਾ ਦਾਨ ਦਸਮੇਂ ਪਾਤਸ਼ਾਹ ਦਾ ਦੱਸਿਆ ਹੈ। ਇੱਥੇ ਪਹਿਲੀ ਗੱਲ ਧਯਾਨ ਯੋਗ ਹੈ ਕਿ ਕਵੀ ਜੀ ਹਰ ਪਹਿਲੂ ਵਿਚ ਤੇ ਹਰ ਮੌਕੇ ਤੇ ਗੁਰੂ ਸਾਹਿਬਾਨ ਨੂੰ ਸਭ ਤੋਂ ਵਡਾ ਤੇ ਸਾਰੇ ਹਿੰਦੂ ਵਡਕਿਆਂ ਤੋਂ ਸ਼ਿਰੋਮਣੀ ਦੱਸਦੇ ਹਨ। ਦਾਨ ਦਾ ਜੋ ਹਾਲ ਕਿਹਾ ਨੇ ਉਸ ਦਾ ਵੇਰਵਾ ਇਹ ਹੈ, ਕਿ ਦਾਨ ਦਰਿੱਦਰੀਆਂ ਨੂੰ ਦਿੱਤਾ ਮੁੱਕੇ ਹੀ ਗਾ ਚਾਹੋ ਓਹ ਵਿਦਵਾਨ ਹੋਣ, ਪੂਜ ਹੋਣ। ਗੁਰੂ ਜੀ ਨੇ ਉਨ੍ਹਾਂ ਦੀ ਲੀਕ ਤੋੜਕੇ ਉਨ੍ਹਾਂ ਦਾਨ ਪਾਤਰਾਂ ਨੂੰ ਹੀ ਕੇਵਲ ਦਾਨ ਨਾ ਦਿੱਤਾ, ਜੋ ਅਗੇ ਲੈ ਲੈ ਕੇ ਭੁੱਖੇ ਹੁੰਦੇ ਰਹੇ ਅਤੇ ਨਾਂ ਹੀ ਐਸਾ ਦਾਨ ਦਿੱਤਾ ਜੋ ਫੇਰ ਨਾਸ਼ ਹੀ ਹੋ ਜਾਵੇ ਸਗੋਂ ਉਹ ਕਰਤਵਯ, ਉਹ ਵਿੱਦਯਾ, ਉਹ ਯੋਗਤਾ ਦਾਨ ਕੀਤੀ ਤੇ ਸਭ ਜਾਤੀਆਂ ਨੂੰ ਕੀਤੀ ਕਿ ਜਿਸ ਨਾਲ ਲੈਣ ਵਾਲੇ ਨੂੰ ਦੀਨਤਾ ਫੇਰ ਨਾ ਦੇਖਣੀ ਪਵੇ। ਹਿੰਦੀ ਤੇ ਹਿੰਦੂ ਜੋ ਦੀਨ ਤੇ ਗ਼ਰੀਬ ਤੇ ਗੁਲਾਮ ਹੋ ਰਹੇ ਸੇ, ਉਨ੍ਹਾਂ ਨੂੰ ਨਾਮ ਦਾਨ, ਵਿਦਯਾਦਾਨ, ਬੀਰਤਾ ਦਾਨ, ਸ਼ਸਤ੍ਰ ਵਰਤਨ ਦਾ ਹੁਨਰ, ਜਥੇਬੰਦੀ ਤੇ ਸਾਂਝੇ ਕੰਮ ਲਈ ਕੁਰਬਾਨੀ ਦਾ ਮਾਦਾ ਦਾਨ ਕੀਤਾ, ਜਿਸ ਨਾਲ ਉਹ ਆਪ ਜਮ ਦੀ ਕਨੇਡ ਤੋਂ ਸੁਤੰਤ੍ਰ, ਵਿੱਦਯਾ ਵਿਚ ਸਿਆਣੇ, ਜਗਤ ਵਿਚ ਆਜ਼ਾਦ, ਰਾਜੇ, ਜਗੀਰਦਾਰ, ਧਰਤੀਆਂ ਵਾਲੇ ਜ਼ਿਮੀਦਾਰ ਤੇ ਹਰ ਕਮਾਮ ਵਿਚ ਕਮਾਈ ਕਰਨ ਵਾਲੇ ਬਣਕੇ ਦੀਨਤਾ ਵਿਚੋਂ ਨਿਕਲ ਗਏ।

ਕਬਿੱਤ:

ਦਲ ਜੇ ਦਿਲੇਸ਼ ਅਚਲੇਸ਼ ਦੋਊ ਮਿਲਿ ਧਾਏ,

ਧੁਰਵਾ ਸੇ ਧੌਂਸਾ ਕੀ ਧੁੰਕਾਰ ਉਠੇ ਘੋਰਿ ਘੋਰਿ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘੱਟ ਜੁਟ,
ਲੋਹ ਕੀ ਚਮਕ ਛਟਾ ਛਬਿ ਭਾਂਤ ਕੋਰਿ ਕੋਰਿ।
ਗੋਰੇ ਪਰੇ ਓਰੇ, ਧੂਮ ਅਧਿਕ, ਅੰਧੇਰੋ ਧੂਰ,
ਹਲਕੇ ਹਰੌਲ, ਹਲਾ ਹਲੀ ਉਠੈ ਠੌਰਿ ਠੌਰਿ।
ਤੌ ਲੌ ਹੀ ਬਨਾਉ ਸ੍ਰੀ ਗੁਵਿੰਦ ਸਿੰਘ ਰਾਉ ਜੌ ਲੌ
ਛੋਰੇ ਨ ਸਮੀਰ ਤੀਰ ਜੇਹਿ ਮਾਂਹਿ ਜੋਰਿ ਜੋਰਿ† ॥੧੩॥

†ਇਹ ਛੰਦ ਅੱਗੇ ਰੁਤ ੬ ਅੰਸੂ ੯ ਅੰਕ ੨੧ ਵਿਚ ਥੋੜੇ ਫਰਕ ਨਾਲ ਫੇਰ ਆਵੇਗਾ।

ਦਿਲੇਸ਼ = ਦਿੱਲੀ ਪਤਿ, ਔਰੰਗਜ਼ੇਬ ਤੋਂ ਮੁਰਾਦ ਹੈ।
ਅਚਲੇਸ਼ = ਪਹਾੜੀਏ ਰਾਜੇ। ਧੁਰਵਾ ਸੇ = ਬੱਦਲ ਵਰਗੀ।
ਧੁੰਕਾਰ = ਗਰਜ।
ਘੋਰਿ ਘੋਰਿ = ਜੋਰ ਦੀ, ਭਯਾਨਕ, "ਘੁਰਰ ਘੁਰਰ"
ਅਵਾਜ਼ ਜੋ ਬੱਦਲ ਕਰਦੇ ਹਨ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘੱਟ ਜੁਟ = ਬੜੇ ਠਾਠ ਬੰਨ੍ਹ ਕੇ ਬੱਦਲਵਤ ਸੂਰਮਿਆਂ ਦਾ ਦਲ ਜੁੜਕੇ [ਠੱਟ = ਠਾਠ ਬੰਨ੍ਹਕੇ। ਭੱਠ = ਸੂਰਮੇ। ਘੱਟ = ਬਦਲਵਤ। ਸੰਘੱਟ = ਇੱਕਠ। ਜੁੱਟ = ਜੁੜ ਕੇ]
ਲੋਹ = ਸ਼ਸਤ੍ਰ।
ਕੋਰਿ ਕੋਰਿ = ਕ੍ਰੋੜਾਂ ਹੀ ਕ੍ਰੋੜਾਂ। (ਅ) ਚਤੁਰਫੋਂ। (ੲ) ਕੋਨੇ ਕੋਨੇ ਤੋਂ ਭਾਵ ਬਿਜਲੀ ਕਦੇ ਕਿਸੇ ਪਾਸਿਓਂ, ਕਦੇ ਕਿਸੇ ਪਾਸੇ ਤੋਂ ਚਮਕਦੀ ਹੈ।
ਓਰੇ = ਗੜੇ।
ਹਰੌਲ = ਫੌਜ ਦੇ ਅੱਗੇ ਚਲਣ ਵਾਲਾ ਦਸਤਾ [ਤੁਰ: ਹਰਾਵਲ]
ਹਲਾ-ਹੱਲਾ ਕਰਨਾਂ। ਹਲੀ-ਰੌਲਾ ਮਚਨਾ (ਅ) ਹਲਾ ਹਲੀ = ਹਲਚਲ, ਤੜਥੱਲੀ।
ਸਮੀਰ = ਵਾਯੂ, ਹਵਾ।
ਜੇਹਿ = ਚਿੱਲਾ। [ਫਾ, ਜ਼ਿਹ] ਜੋਰਿ ਜੋਰਿ = ਜੋੜ ਜੋੜਕੇ।

ਅਰਥ:

ਔਰੰਗਜ਼ੇਬ ਤੇ ਪਹਾੜੀਆਂ, ਦੋਹਾਂ ਦੇ ਦਲ ਮਿਲਕੇ (ਸ਼੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਨੂੰ) ਧਾਏ, (ਉਸ ਵੇਲੇ ਉਨ੍ਹਾਂ ਦੇ) ਧੌਂਸਿਆਂ ਦੀ ਗੜਗਜ ਬਦਲਵਤ ਭਿਆਨਕ ਉਠ ਰਹੀ ਸੀ। ਤੇ ਸੂਰਮਿਆਂ ਨੇ ਜੋ ਬੜੇ ਠੱਟ ਬੰਨ੍ਹੇ (ਓਹ ਇਉਂ ਸਨ ਜਿਵੇਂ) ਘਟਾ ਦੇ ਸੰਘਟਨ ਜੁੜਕੇ (ਚੜ੍ਹਦੇ ਹਨ) ਤੇ ਸਸ਼ਤ੍ਰ (ਐਉਂ) ਚਮਕੇ ਮਾਨੋਂ ਚੁਤਰਫੋਂ ਬਿਜਲੀ ਦੀ ਛਬੀ ਛਾ ਰਹੀ ਹੈ। ਗੋਲੇ ਗੜਿਆਂ ਵਤ ਬਰਸੇ, (ਜਿਨ੍ਹਾਂ ਦੇ) ਬਹੁਤੇ ਧੂੰਏ ਨਾਲ (ਅਤੇ) ਧੂੜ (ਦੇ ਉੱਡਨ ਨਾਲ) ਅੰਧੇਰਾ ਹੋ ਗਿਆ, ਹਰੌਲਾਂ ਦਾ ਅੱਗੇ ਵਧਣ (ਮਗਰ ਸੈਨਾ ਦਾ) ਹੱਲਾ (ਕਰਨ ਦਾ) ਥਾਂ ਥਾਂ ਰੌਲਾ ਮਚ ਪਿਆ। (ਪਰੰਤੂ) ਇਹ ਬਣਾਉ (ਸਾਰੇ ਦਾ ਸਾਰਾ) ਤਦ ਤਕ ਹੀ ਸੀ, ਜਦ ਤਕ ਕਿ ਸ਼੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ (ਰਾਜਿਆਂ ਦੇ) ਰਾਜੇ ਨੇ ਅਪਣੇ ਚਿੱਲੇ ਵਿਚੋਂ ਜੋੜ ਜੋੜ ਕੇ ਤੀਰਾਂ (ਦੀ ਬਾੜ੍ਹ) ਵਾਯੂ ਵਾਂਗੂ ਨਹੀਂ ਸੀ ਛੋੜ ਦਿੱਤੀ।

[ਕਥਾ ਮਹਾਤਮ]

ਦੋਹਰਾ:

ਸੁਨਹੁ ਕਥਾ ਗੁਰ ਕੀ ਰੁਚਿਰ ਜਿਮ ਸੰਗ੍ਰਾਮ ਪ੍ਰਸੰਗ।
ਮਨ ਬਾਂਛਤਿ ਪ੍ਰਾਪਤਿ ਕਰਹਿ ਪੁੰਨ ਮਹਿਦ ਅਘ ਭੰਗ ॥ ੧੪ ॥

ਅਰਥ:

(ਹੇ ਸ਼੍ਰੋਤਾਜਨੋ!) ਜਿਵੇਂ ਗੁਰੂ ਜੀ ਦੇ ਜੁੱਧ (ਹੋਏ ਤਿਵੇਂ ਉਨ੍ਹਾਂ ਦੇ) ਪ੍ਰਸੰਗਾਂ ਦੀ ਸੁੰਦਰ ਕਥਾ ਸੁਣੋ, (ਜਿਸਦੇ ਸ਼ਰਧਾ ਨਾਲ ਸੁਣਨੇ ਕਰਕੇ) ਪਾਪ ਦੂਰ ਹੋਣਗੇ, ਪੁੰਨ ਬਹੁਤ ਪ੍ਰਾਪਤਿ ਹੋਣਗੇ ਤੇ ਮਨ ਮੰਗੀਆਂ (ਮੁਰਾਦਾਂ) ਮਿਲਣਗੀਆਂ।

[ਮੰਗਲ ਸਮਾਪਤ ਹੋਏ ਤੇ ਅਗੋਂ ਕਥਾ ਟੁਰੀ]

ਸ੍ਵੈਯਾ:

ਏਕ ਸਮੇਂ ਹਰਿਗੋਬਿੰਦ ਜੀ
ਨਿਜ ਮੰਦਿਰ ਸੁੰਦਰ ਬੀਚ ਥਿਰੇ।
ਕ੍ਵੈ ਨ ਸਮੀਪ ਮਹੀਪ ਜੁ ਥੇ†
ਨਰ ਅੰਦਰਿ ਆਵਨ ਬੰਦ ਕਰੇ[1]।

†ਪਾ:-ਜਥਾ।

[1]ਕੋਈ ਪਾਸ ਨਹੀਂ ਸੀ (ਕਿਉਂ) ਜੇ ਰਾਜਾ (ਤੋਂ ਲੈ ਸਧਾਰਣ) ਮਨੁਖ ਤੀਕ ਦਾ ਅੰਦਰ ਆਉਣਾ ਬੰਦ ਕਰ ਰਖਿਆ ਸੀ। (ਅ) ਮਹੀ+ਪ+ਜੁ+ਥੇ+ਨਰ = ਪ੍ਰਿਥਵੀ ਤੇ ਰਖਿਆ ਕਰਨ ਵਾਲੇ ਸਨ ਜੋ ਆਦਮੀ = ਅਰਥਾਤ ਦਰਬਾਨ ਪਾਸ ਕੋਈ ਨਹੀਂ ਸੀ, (ਕਿਉਂਕਿ) ਦਰਬਾਨਾਂ ਨੇ ਅੰਦਰ ਆਉਣਾ (ਸਭ ਦਾ) ਬੰਦ ਕੀਤਾ ਹੋਇਆ ਸੀ।

[1]ਦੇਖਿ ਭਲੋ ਅਵਿਕਾਸ਼ ਰਿਦੈ

[1]ਸਿਆਲੇ ਦੇ ਬਦਲ ਵਾਂਙੂ ਅਨੰਦ ਵਿਚ ਭਰਿਆ ਨਾਰਦ (ਜਿਸਦਾ ਰੰਗ) ਸਾਰਦਾ (ਅਰ) ਪਾਰੇ ਵਰਗਾ ਚਿੱਟਾ ਹੈ, ਚੰਗਾ ਸਮਾਂ ਤਾੜਕੇ, ਕਾਰਨ ਨੂੰ ਲਖਕੇ ਅਨੰਦ ਨਾਲ ਮੇਲ ਕਰਨ ਅਚਾਨਕ ਮੰਦਰ ਵਿਚ ਪ੍ਰਗਟਿਆ, ਭਾਵ ਆਇਆ।

ਲਖਿ ਕਾਰਨਿ ਮੇਲਿ ਅਨੰਦ ਧਰੇ।
ਸਾਰਦ ਬਾਰਦ ਸਾਰਦ ਪਾਰਦ
ਤਾਂ ਸਮ ਨਾਰਦ ਮੋਦ ਭਰੇ ॥੧੫॥

ਸ੍ਵੈਯਾ:

ਔਚਕ ਮੰਦਰ ਮੈਂ ਬਿਦਤਜੋ,
ਗੁਰ ਹੇਰਿ ਉਠੇ ਹਿਤ ਆਦਰ ਕੇ†।

†ਗੁਰੂ ਜੀ ਨੇ-ਜੋ ਸਦਾ ਅੰਤਰ ਆਤਮੇ ਅਕਾਲ ਪੁਰਖ ਨਾਲ ਇਕ ਸੁਰ ਰਹਿੰਦੇ ਹਨ-ਜੋ ਕੁਛ ਕਰਨਾ ਹੈ ਗ਼ੈਬ ਦੇ ਇਸ਼ਾਰੇ ਨਾਲ ਕਰਨਾ ਹੈ। ਆਪ ਨੇ ਬੀਰ ਰਸ ਦਾ ਸਮਾਨ ਰਚਿਆ ਹੈ, ਕਿਉਂਕਿ ਆਪ ਨੂੰ ਜੁਧ ਜੰਗ ਦਾ ਪਤਾ ਸੀ। ਕਿਸ ਵੇਲੇ ਜੁੱਧ ਛਿੜਨਾ ਹੈ? ਇਸ ਹੁਕਮ ਦੀ ਉਡੀਕ ਹੈ। ਆਪੂੰ ਕੁਛ ਨਹੀਂ ਕਰਨਗੇ: 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।' ਹੁਣ ਇਸ਼ਾਰਾ ਕੋਈ ਗੈਬ ਤੋਂ ਹੋਯਾ ਹੈ ਕਿ ਜੁਧ ਦਾ ਸਮਾਂ ਆ ਗਿਆ ਹੈ।ਉਸਨੂੰ ਕਵੀ ਜੀ ਸੰਸਕ੍ਰਿਤ ਕਾਵ੍ਯ ਰੀਤਿ ਮੁਜਬ ਨਾਰਦ ਦੇ ਸੰਦੇਸਾ ਦੇਣ ਦੇ ਰੂਪਕ ਵਿਚ ਵਰਣਨ ਕਰਦੇ ਹਨ, ਕਿਉਂਕਿ ਆਪ ਇਸੇ ਸਾਹਿਤ੍ਯ ਦੇ ਜਾਣੂੰ ਸੇ। ਜੇ ਆਪ ਪਾਰਸੀ ਵਿੱਚ ਲਿਖਦੇ ਤਾਂ ਹੋ ਸਕਦਾ ਸੀ ਇਹ ਇਸ਼ਾਰਾ ਕਿਸੇ ਫਰਿਸ਼ਤੇ ਦੇ ਸੰਦੇਸੇ ਦੇ ਰੂਪਕ ਵਿੱਚ ਵਰਣਨ ਕਰਦੇ। ਨਾਰਦ ਕਿਉਂਕਿ 'ਕਲਹਾ' ਦਾ ਪਤੀ ਮੰਨਿਆਂ ਹੈ, ਇਸ ਲਈ ਲੜਾਈ ਦਾ ਦੂਤ ਹੋਕੇ ਆਉਣਾ ਕਾਵ੍ਯ ਵਿੱਚ ਇਸੇ ਨੂੰ ਫਬਦਾ ਹੈ। ਅਗਲੇ ਅੰਸੂ ਵਿਚ ਇਸਦੀ ਵਹੁਟੀ ਕਲਹ ਆਪ ਆਵੇਗੀ। ਇਹ ਰਿਵਾਜ ਆਮ ਕਵੀ ਬੀ ਵਰਤਦੇ ਰਹੇ ਹਨ। ਨਾਦਰ ਸ਼ਾਹ ਦੀ ਵਾਰ ਦਾ ਮੁਸਲਮਾਨ ਢਾਢੀ ਲੇਖਕ ਬੀ

ਪਹਿਲਾਂ ਕਲਹਾ ਦਾ ਹੀ ਜ਼ਿਕਰ ਛੇੜਦਾ ਹੈ, ਸੋ ਇਹ ਇੱਕ ਕਾਵਯ ਰੀਤੀ ਹੋ ਗਈ ਹੈ ਸੀ, ਜਿਸਨੂੰ ਹਿੰਦੂ ਮੁਸਲਮਾਨ ਸਭ ਕਵੀ ਵਰਤਦੇ ਸੇ।

ਬੰਦਨ ਆਪਸ ਮਾਂਹਿ ਕਰੇ,
ਕਹਿ ਵਾਕ ਸਰੂਪ ਜੁ ਕਾਦਰ ਕੇ[1]।

[1]ਵਾਕ ਕਹੇ ਉਨ੍ਹਾਂ ਨੇ ਜੋ ਕਾਦਰ (ਰੱਬ) ਦਾ ਸਰੂਪ ਹਨ, ਭਾਵ ਗੁਰੂ ਜੀ ਬੋਲੇ।

'ਆਵਹੁ ਦੇਵ ਮੁਨੀ! ਉਚ ਬੈਠਹੁ
ਕੀਨ ਕ੍ਰਿਪਾ ਇਤ ਆਚਰਕੇ[1]।

[1]ਚਲਕੇ ਆਏ ਹੋ।

ਆਵਨ ਕਾਰਨ ਕੌਨ ਕਹੋ?
ਕਿਮ ਬਾਂਛਤਿ ਕਾਰਜ ਜੇ ਉਰ ਕੇ?' ॥੧੬॥

ਨਾਰਦ ਰੂਪ ਬਿਲੰਦ ਨਿਹਾਰਤਿ
ਸੁੰਦਰ ਕ੍ਰਾਂਤਿ ਭੁਜਾ ਬਲ ਭਾਰੀ।
ਦੀਰਘ ਸ਼੍ਰੀ ਮੁਖ ਮੰਡਲ ਪੈ
ਕਲ ਕੁੰਡਲ ਡੋਲ ਬਡੀ ਦੁਤਿਵਾਰੀ[1]।

[1]ਸੁੰਦਰ ਕੁੰਡਲਾਂ ਦੀ ਡੋਲ ਬੜੀ ਖੂਬਸੂਰਤ (ਲੱਗ ਰਹੀ) ਹੈ।

ਅੰਗ ਵਿਸ਼ੇਸ਼, ਅਸ਼ੇਸ਼ ਅਹੈਂ ਪਟ,
ਬੇਸ ਸੁ ਬੇਸ਼ ਸਜੈ ਮੁਦਕਾਰੀ[1]†।

[1]ਵੱਡੇ ਅੰਗ ਹਨ, ਰੇਸ਼ਮੀ ਲਿਬਾਸ ਹੈ ਸਾਰਾ ਹੀ, (ਇਹ) ਖੁਸ਼ਨਮਾ ਵੇਸ ਬਹੁਤ ਸਜ ਰਿਹਾ ਹੈ। †ਪਾ:—ਅੰਗ ਵਿਸੇਸ਼ ਅਹੈ ਪਟ ਬੇਸ ਸ ਬੇਸ ਸਜੈ ਮੁਦ ਸੁੰਦਰਕਾਰੀ।

ਬ੍ਰਿੰਦ ਅਨੰਦ ਕੋ ਪਾਇ ਰਹਯੋ,
ਗੁਨ ਕੀਰਤਿ ਕੋ ਤਬਿ ਕੀਨਿ ਉਚਾਰੀ ॥੧੭॥

ਭੁਜੰਗ ਪ੍ਰਯਾਤ ਛੰਦ:

'ਗੁਰੂ ਰੂਪ ਧਾਰੇ ਨਮੋ ਲੇਹੁ ਮੋਹੀ।
ਸਦਾ ਗਯਾਨ ਮੈਂ ਧਯਾਨ ਮੈਂ ਬਾਸ ਹੋਹੀ[1]।

[1]ਸਦਾ ਗਯਾਨ ਸ੍ਵਰੂਪ ਹੋ ਅਰ (ਭਗਤਾਂ ਦੇ) ਧਿਆਨ ਵਿਖੇ ਵਸਦੇ ਹੋ।

ਪਰੰਬ੍ਰਹਮ ਨਾਥੰ, ਲਖੈ ਨਾਂਹਿ ਕੋਈ।
ਕਲਾ[1] ਜਾਲ ਧਾਰੋ, ਕਰਾਮਾਤ ਗੋਈ[2] ॥੧੮॥

[1]ਸ਼ਕਤੀਆਂ। [2]ਛਪਾਈ ਹੈ।

ਨਿਰਾਲੰਬ ਨਾਥੰ, ਨਿਰਾਲੰ ਬਚਿੱਤ੍ਰੰ[1]।

[1]ਆਸਰਾ ਰਹਿਤ ਨਾਥ ਹੋ, ਨਿਰਾਲੇ ਤੇ ਵਚਿੱਤ੍ਰ ਹੋ।

ਪ੍ਰਭੂ ਹੋ ਬਿਭੂ ਹੋ[1], ਅਭੈ ਹੋ, ਪਵਿੱਤ੍ਰੰ।

[1]ਸ੍ਵਾਮੀ ਹੋ, ਵਿਆਪਕ ਹੋ।

ਕਲੀ ਕਾਲ ਮੈਂ ਪੰਥ ਕੀਨੋ ਸੁਖਾਰੇ।
ਨਿਜੰ ਦਾਸ ਦੈਹੋ ਪਦੇਸ਼ੰ ਉਧਾਰੇ[1] ॥੧੯॥

[1]ਦੈਹ+ਉਪਦੇਸ਼ = ਉਪਦਸ਼ ਦੇਕੇ ਉਧਾਰਦੇ ਹੋ।

ਬਿਨਾ ਦੰਭ ਹ੍ਵੈ ਕੈ ਭਜੈ ਸਾਚ ਨਾਮੰ।

ਤਜੈ ਦੇਹਿ ਹੰਤਾ, ਲਹੈ ਆਪ ਧਾਮੰ[1]।
[1]ਆਪਦੇ ਲੋਕ (ਗੁਰ ਪੁਰੀ) ਨੂੰ ਪ੍ਰਾਪਤ ਹੁੰਦਾ ਹੈ।

ਮਹਾਂ ਮੋਹ ਮਾਤੰਗ ਸ਼ੇਰੰ ਸਮਾਨੰ[1]।
[1]ਮਹਾਂ ਮੋਹ (ਰੂਪੀ) ਹਾਥੀ ਨੂੰ (ਆਪ) ਸ਼ੇਰ ਸਮਾਨ ਹੋ।

ਬਿਕਾਰੰ ਤਮੰ ਦੀਪ ਜੈਸੇ ਪ੍ਰਹਾਨੰ[1] ॥੨੦॥
[1]ਵਿਕਾਰਾਂ (ਰੂਪੀ) ਅੰਧੇਰੇ ਨੂੰ ਨਾਸ਼ ਕਰਨ ਲਈ ਦੀਵੇ ਵਤ ਹੋ।

ਭਏ ਬੰਸ ਬੇਦੀਨ ਕੇ ਭਾਨੁ[1] ਜੋਏ।
[1]ਬੇਦੀਆਂ ਦੀ ਵੰਸ਼ ਦੇ ਸੂਰਜ ਭਾਵ ਸ਼੍ਰੀ ਗੁਰੂ ਨਾਨਕ ਦੇਵ ਜੀ।

ਪੁਨੰ ਤੇਹਣੰ ਬੰਸ ਕੇ ਚੰਦ ਹੋਏ[1]।
[1]ਭਾਵ ਸ਼੍ਰੀ ਅੰਗਦ ਜੀ।

ਪਿਤਾ ਮੋਹਰੀ ਕੇ ਧਰਜੋ ਰੂਪ ਫੇਰੰ[1]।
[1]ਭਾਵ ਸ਼੍ਰੀ ਅਮਰ ਦਾਸ ਜੀ।

ਗੁਰੂ ਰਾਮਦਾਸੰ ਪ੍ਰਕਾਸ਼ੰ ਘਨੇਰੰ[1] ॥੨੧॥
[1]ਬੜੇ ਪ੍ਰਕਾਸ਼ਵਾਨ ਹੋਏ।

ਭਏ ਸ਼ਾਂਤਿ ਰੂਪੰ ਰਚਜੋ ਗ੍ਰਿੰਥ ਬਾਨੀ[1]।
[1]ਸ਼੍ਰੀ ਗੁਰੂ ਅਰਜਨ ਜੀ ਨੇ) ਬਾਣੀ ਦਾ ਗੁਰੂ ਗ੍ਰੰਥ ਸਾਹਿਬ ਰਚਿਆ।

ਸੁਧਾ ਤਾਲ ਕੀਨੋ ਅਘੰ ਦਾਸ ਹਾਨੀ[1]।
[1]ਫਿਰ) ਅੰਮ੍ਰਿਤ ਸਰੋਵਰ ਸਿਰਜਿਆ ਦਾਸਾਂ ਦੇ ਪਾਪਾਂ ਨੂੰ ਨਾਸ਼ ਕਰਨ ਲਈ।

ਪਿਤਾ ਆਪ ਕੇ ਧੀਰ ਧਾਰੀ ਧਰਾ ਸੀ[1]।
[1]ਧਰਤੀ ਵਰਗੀ।

ਗੁਰੂ ਪੰਚ ਦੇਸ਼ਾਨਿ[1] ਸਿੱਖੀ ਪ੍ਰਕਾਸ਼ੀ ॥੨੨॥
[1]ਪੰਜੇ ਗੁਰਾਂ ਨੇ ਹੀ ਦੇਸ਼ਾਂ ਵਿਖੇ।

ਧਰਜੋ ਆਪ ਰੂਪੰ ਮਹਾਂ ਸ਼ਸਤ੍ਰ ਧਾਰੀ।
ਗੁਰੂ ਪੰਚ ਤੇ ਔਰ ਰੀਤੰ ਸੁਧਾਰੀ।
ਧਰੀ ਤੇਗ ਪੀਰੀ ਰੁ ਮੀਰੀ ਪ੍ਰਕਾਸ਼ੀ।
ਕਰੇ ਕਜੋਂ ਨ ਕਾਜੰ ਜਥਾ ਸ਼ੱਤ੍ਰੂ ਨਾਸ਼ੀ[1] ॥੨੩॥
[1]ਜਿਵੇਂ ਵੈਰੀ ਨਾਸ਼ ਹੋਣ।

ਦਯਾਸਿੰਧੁ ਸੀਲੰ ਕੁਚਾਲੰ ਪ੍ਰਣਾਸੀ[1] !
[1]ਦਯਾ ਦੇ ਸਮੁੰਦਰ. ਸੁਸ਼ੀਲ, ਖੋਟੀ ਚਾਲੀ ਦੇ ਨਾਸ਼ ਕਰਤਾ ਹੋ।

ਕਰੋ ਆਪ ਲੀਲਾ ਜਥਾ ਮਾਨਵਾਸੀ[1]।
[1]ਜੋ ਧੁਰ ਤੋਂ) ਮਨ ਵਿੱਚ ਵਸ ਰਹੀ ਹੈ। (ਅ) (ਮਹਾਂ ਪੁਰਖਾਂ) ਮਨੁਖਾਂ ਵਰਗੀ।

ਮਹਾਂਰਾਜ ਰਾਜਾਨਿ ਰਾਜਾ ਧਿਰਾਜੰ[1] !
[1]ਰਾਜਿਆਂ ਮਹਾਂਰਾਜਿਆਂ ਦੇ ਸੁਾਮੀ।

ਤੁਹੀ ਦੀਨ ਬੰਧੂ ਸਜੈ ਸੰਤ ਕਾਜੰ[1] ॥੨੪॥
[1]ਤੂੰ ਹੀ ਦੀਨਾਂ ਦਾ ਸਹਾਇਕ ਤੇ ਤੂੰ ਹੀ ਸੰਤਾਂ ਦੇ ਕਾਜ ਸਾਰਦਾ ਹੈਂ (ਭਾਵ ਸੁਧਾਰਦਾ ਹੈਂ)। (ਅ) ਸੰਤਾਂ ਲਈ ਸਜੇ ਹੋ ਭਾਵ ਅਵਤਰੇ ਹੋ।

ਨਮੋ ਤੋਹਿ ਸੁਾਮੀ ! ਰਸੰ ਬੀਰ ਰਾਚੋ[1]।
[1]ਬੀਰਰਸ (ਵਿੱਚ ਹੁਣ) ਰਚੋ।

ਬਨੋ ਜੁੱਧ ਜੈਤਾ, ਮਹਾਂ ਰੁੱਦ੍ਰ ਮਾਚੋ[1]।
[1]ਬੜਾ ਭਯਾਨਕ (ਜੰਗ) ਮਚਾਓ।

ਇਸੀ ਹੇਤੁ ਜਾਨੋ ਅਯੋ[1] ਤੀਰ ਤੇਰੇ।
[1]ਮੈਂ) ਆਯਾ ਹਾਂ।

ਸਵਾਧਾਨ ਹ੍ਵੈ ਸੁਨੇ ਬਾਕ ਮੇਰੇ' ॥੨੫॥

ਦੋਹਰਾ:

ਇਹ ਅਸ਼ਟਕ ਉਚਰਜੋ ਜਬੈ, ਬੈਠਿ

ਉਚਾਰਨ ਫੇਰ।
ਸ਼੍ਰੀ ਨਾਨਕ ਕੀ ਬਾਰਤਾ, ਕਹਨਿ ਲਗਜੋ
ਤਿਸ ਬੇਰਿ ॥੨੬॥

ਚੌਪਈ:

'ਮੋਦੀਖਾਨੇ ਸਮੇਂ ਬਿਤਾਯੋ।
ਬਹੁਰੋ ਕਰਤਾ ਪੁਰਖ ਬੁਲਾਯੋ।
ਬੇਈਂ ਬਿਖੈ ਬਰਣ ਜਬਿ ਕਹਜੋ।
ਜਾਇ ਤਹਾਂ[1] ਉਪਦੇਸ਼ਨਿ ਲਹਜੋ ॥੨੭॥ [1]ਭਾਵ ਸੱਚਖੰਡ ਵਿੱਚ (ਕਰਤਾ ਪੁਰਖ ਕੋਲੋਂ)।
ਤਬਿ ਤੇ ਤਜਿ ਕਰਿ ਸਕਲ ਸਮਾਜਾ।
ਸਿੱਖੀ ਬਿਸਤਾਰਨਿ ਕੇ ਕਾਜਾ।
ਦੇਸ਼ ਬਿਦੇਸ਼ ਧਰਾ ਪਰ ਫਿਰੇ।
ਸੁਨਿ ਕਰਿ ਸਕਲ ਲੋਕ ਮਗ ਪਰੇ
॥੨੮॥
ਤਿਸੀ ਰੀਤਿ ਤੁਮ ਬੀਚ ਕੁਟੰਬ।
ਜੁੱਧ ਕਰਨਿ ਤੇ ਪਰੀ ਬਿਲੰਬ।
ਸੋ ਮੈਂ ਸਿਮਰਨਿ ਕੋ ਕਰਿਵਾਵੋ[1]। [1]ਯਾਦ ਕਰਾਂਵਦਾ ਹਾਂ।
ਜਿਸ ਰਣ ਕੋ ਪਿਖ ਨਿਤ ਹਰਖਾਵੌਂ[1]' [1]ਅਨੰਦ ਹੁੰਦਾ ਹਾਂ (ਮੈਂ)।
॥੨੯॥
ਸੁਨਿ ਸਤਿਗੁਰ ਬੋਲ ਮੁਸਕਾਇ।
'ਪਿਖਹੁ ਜੁੱਧ ਅਬਿ ਭਟਿਨਿ ਅਘਾਇ[1†]। [1]ਸੂਰਮਿਆਂ ਨੂੰ ਰਜਾ ਦੇਣ ਵਾਲਾ ਭਾਵ ਭਯਾਨਕ ਯੁੱਧ। [†]ਪਾ:-ਭਟਅਨ ਘਾਇ।
ਰਹੇ ਅਲਪ ਦਿਨ[1] ਦੇਰਿ ਨ ਕੋਈ। [1]ਬਾਕੀ) ਥੋੜੇ ਹੀ ਦਿਨ ਰਹਿੰਦੇ ਹਨ।
ਮਚਹਿ ਲੋਹ ਗਾੜ੍ਹੋ ਦਿਸ਼ ਦੋਈ ॥੩੦॥
ਤੁਝ ਕੌ ਰਹੇ ਉਡੀਕਤਿ ਆਗੇ।
ਨਾਰਦ ਆਵਹਿ ਕਲਹਾ ਜਾਗੇ।
ਕਲੀ ਕਾਲ ਕੌ ਜੰਗ ਅਖਾਰਾ।
ਕਰਿ ਦਿਖਰਾਵੋਂ ਸੱਤ੍ਰ ਸੰਘਾਰਾ ॥੩੧॥
ਅਬਿ ਤੇ ਜਾਗਹਿ ਜੁੱਧ ਬਡੇਰਾ।
ਬਹੁਰ ਕਰਹਿ ਰਣ ਪੌਤ੍ਰ ਜੁ ਮੇਰਾ।
ਰੁੰਡ ਮੁੰਡ ਰਣ ਥਲ ਬਿਥਰਾਵੈ[1]। [1]ਭਾਵ, ਦਸਮੇਸ਼ ਜੀ ਬਿਥਾਰਣਗੇ।
ਜੋਗਨਿ ਗ੍ਰਿੱਝਨ ਰੁਧਰ ਅਘਾਵੈਂ ॥੩੨॥
ਪੁਨ ਬਡ ਪੰਥ ਖਾਲਸਾ ਗਰਜੇ।

ਤੇਜ ਤੁਰਕ ਕੋ ਤਰਜਤਿ ਬਰਜੇ[1]।
ਦੇਖਤਿ ਰਹੀਯਹਿ ਜੰਗ ਘਨੇਰੇ।
ਅਬਿ ਤੇ ਛਿਰਹਿਂ ਰਹੈਂ ਚਿਰ ਬੇਰੇ[1]' ॥੩੩॥

[1]ਤਾੜਕੇ ਰੋਕੇਗਾ।
[1]ਚਿਰਾਂ ਤੱਕ।

ਸੁਨਿ ਨਾਰਦ ਆਨੰਦਤਿ ਹੋਵਾ।
ਨਮੋ ਕਰਤਿ ਉਠਿ ਤਬਹਿ ਖਰੋਵਾ।
ਗਮਨਯੋ ਸੁਰਪੁਰਿ ਸੁਰਨਿ ਮਝਾਰਾ।
ਗੁਰ ਪ੍ਰਸੰਗ ਤਹਿਂ ਸਰਬ ਉਚਾਰਾ ॥੩੪॥
ਸੋ ਨਿਸ ਦਿਨ ਸਤਿਗੁਰੂ ਬਿਤਾਏ।
ਸੁਭਟ ਹਕਾਰੇ ਨਿਕਟਿ ਬਿਠਾਏ।
ਕਰੀ ਨਦਰ ਮਹਿਂ ਸਗਰੀ ਸੈਨਾ।
ਦਿਯੇ ਸ਼ਸਤ੍ਰ ਜੋ ਜਿਸ ਢਿਗ ਹੈ ਨਾ ॥੩੫॥
ਬਖਸ਼ੇ ਤੇਗੇ ਖੜਗ ਦੁਧਾਰੇ।
ਦਰਮਜਾਨੀ ਚੌਰੇ ਬਢਿਵਾਹੇ[1]।
ਸੈਫ ਸਰੋਹੀ ਜਾਤਿ ਜੁਨੱਬੀ[1]।
ਮਹਿਦ ਫੁਲਾਦੀ ਤੇ ਜੁ ਹਲੱਬੀ[1] ॥੩੬॥

[1]ਦਰਮਜਾਨੇ (ਤੇ) ਚੌੜੀ ਧਾਰ ਵਾਲੇ।
[1]ਜੁਨੱਬੀ ਜਾਤੀ ਦੀ। ਰੂਮ ਦੇ 'ਜਨਬ' ਸ਼ਹਿਰ ਦੀ ਤਲਵਾਰ।
[1]ਤੇ ਜਿਹੜੀ ਹਲੱਬੀ (ਕਹਾਉਂਦੀ ਹੈ)। (ਅ) ਹਲੱਬ (ਸ਼ਹਿਰ) ਦੀ ਬੜੀ ਤੇਜ਼ (ਤਲਵਾਰ)।

ਖੰਡੇ ਬਡੇ ਪ੍ਰਚੰਡ ਉਠਾਏ।
ਗੁਜਰਾਤੀ ਸੂਰਤ[1] ਸਮੁਦਾਏ।
ਕਰਕਤਿ ਮਹਾਂ ਤੁਫੰਗਨਿ ਗਨ ਕੋ[1]।
ਕੰਚਨ ਲਿਪਤਿ ਦਈ ਸੁਭਟਨ ਕੋ ॥੩੭॥

[1]ਸੂਰਤ ਸ਼ਹਿਰ ਦੇ (ਅ) ਸੋਹਣੀ ਸੂਰਤ ਦੇ।
[1]ਬੜੀਆਂ ਕੜਕਣ ਵਾਲੀਆਂ ਬੰਦੂਕਾਂ ਸਾਰਿਆਂ ਨੂੰ।

ਇਕ ਲਾਂਬੀ ਗੁਲਕਾਂ ਜਿਸ ਕੇਰੀ।
ਅਧਿਕ ਦੂਰ ਤੇ ਮਾਰਤਿ ਬੈਰੀ।
ਅਲਪ ਮੱਧ ਕੈ ਬਡਿ ਜੰਜੈਲ[1]†।
ਗਹੇ ਤਮਾਚੇ ਰਣ ਕੇ ਛੈਲ[1] ॥੩੮॥

[1]ਬਹੁਤ ਲੰਮੀ ਨਾਲੀ ਦੇ ਪਲੀਤੇ ਦਾਰ ਬੰਦੂਕ। ਇਕ ਪ੍ਰਕਾਰ ਦੀ ਤੋਪ ਰਹਿਕਲਾ। †ਪਾ:-ਅਲਪ ਧਮਾਕੇ ਬਡ ਜੰਜੈਲ। ਬੰਦੂਕ ਦੀ ਅਵਾਜ਼ ਦੇ ਧੱਕੇ ਤੋਂ ਛੁਟ ਧਮਾਕਾ ਇਕ ਪ੍ਰਕਾਰ ਦੀ ਬੰਦੂਕ ਦਾ ਬੀ ਨਾਮ ਹੈ!
[1]ਸੁਹਣੇ।

ਤੋਮਰ ਬਰਛੀ ਸਾਂਗ ਬਿਸਾਲਾ।
ਕਿਨਹੁ ਧਨੁਖ ਲੇ ਤੀਰਨ ਜਾਲਾ[1]।
ਗੁਲਕਾਂ ਬਹੁ ਬਰੂਦ ਭਰਿ ਦੀਨਿ।

[1]ਬਹੁਤੇ ਤੀਰਾਂ ਸਮੇਤ। (ਅ) ਭੱਥੇ।

ਗਨ ਜੋਧਾਨਿ ਜਮਾ ਕਰਿ ਲੀਨਿ ॥੩੯॥
ਖਰੇ ਤਬੇਲਾ ਬਿਖੈ ਤੁਰੰਗ।
ਕਰੇ ਸਜਾਵਨਿ ਜ਼ੀਨਨਿ ਸੰਗਿ।
ਜਿਸਿ ਢਿਗਿ ਨਹਿਂ ਤਿਸਿ ਕੋ ਤਬਿ ਦੀਨਾ।
ਫੇਰਤਿ ਸੂਰ ਅਰੂਢਿ ਪ੍ਰਬੀਨਾ[1] ॥੪੦॥
ਕਰੈਂ ਸ਼ਿਕਾਰ ਬ੍ਰਿੱਤ ਸਮੁਦਾਇ।
'ਰਹੋ ਤਯਾਰ ਨਿਜ ਸਾਜ ਬਨਾਇ।'
ਇਮਿ ਸਤਿਗੁਰੁ ਸਭਿ ਸਨਿ ਕਹਿ ਦੀਨਾ।
-ਚਲਹਿਂ ਦੂਰ ਕਿਤਿ[1] ਸੁਭਟਨ ਚੀਨਾ[2] ॥੪੧॥
-ਬਜਾਹਿ ਕਰਨਿ ਕੀ ਦੇਰਿ ਲਖੀਜੈ।
ਗੁਰੂ ਚਢੈਂ ਕਿਤਿ ਦੂਰ ਜਨੀਜੈ।
ਤਯਾਰੀ ਕਰੀ ਚਮੂੰ ਕੀ ਘਨੀ।
ਨਹਿਂ ਆਗ ਕਬਿਹੂੰ ਇਮਿ ਬਨੀ- ॥੪੨॥
ਇਮਿ ਜੋਧਾ ਮਿਲਿ ਆਪਸਿ ਮਾਂਹੀ।
ਮਨ ਅਨੁਮਾਨ ਕਰਹਿਂ ਬਿਧਵਾਹੀ[1]।
ਹੇਤ ਬਜਾਹ ਕੇ ਚਰ੍ਹੇ ਕਰਾਹੇ।
ਗਨ ਪਕਵਾਨ ਪਕਹਿਂ ਘਰ ਮਾਂਹੇ ॥੪੩॥
ਮੋਦਕ ਨੁਗਦੀ ਖੁਰਮੇ ਬਰੇ।
ਬ੍ਰਿੰਦ ਜਲੇਬ ਨੀਕਿ ਬਿਧਿ ਕਰੇ।
ਘੇਵਰ ਘਨੇ ਘ੍ਰਿੱਤ ਕੋ ਲਾਇ।
ਕਰੇ ਬਿਸਾਲ ਸਿਤਾ ਬਹੁ ਪਾਇ ॥੪੪॥
ਕੌਨ ਕੌਨ ਗਿਨੀਅਹਿ ਪਕਵਾਨ।
ਕੋਸ਼ਠ ਭਰਤਿ ਜਾਤਿ ਸੁਚ ਥਾਨ।
ਜਬਿ ਕੀ ਗੰਗ ਪ੍ਰਲੋਕ ਪਧਾਰੀ।
ਸਭਿ ਦਮੋਦਰੀ ਕਾਰ ਸੰਭਾਰੀ ॥੪੫॥
ਦਾਸੀ ਦਾਸ ਆਦਿ ਨਰ ਘਰ ਕੇ।
ਤਿਸ ਅਨੁਸਾਰਿ ਰਹਹਿਂ ਉਰ ਡਰ ਕੇ।
ਸਭਿ ਪਕਵਾਨ ਧਰਾਵਤਿ ਜਾਤੀ।
ਜਾਨਹਿ -ਖੈਹੈ ਬ੍ਰਿੰਦ ਬਰਾਤੀ- ॥੪੬॥
ਘ੍ਰਿੱਤ ਸਿਤਾ ਅਨ ਅੰਨ ਘਨੇਰੇ।

[1]ਸੂਰਮੇ ਸਵਾਰ ਹੋਕੇ ਚਤੁਰਤਾ ਨਾਲ ਫੇਰਦੇ ਹਨ (ਘੋੜੇ)।

[1]ਕਿਤੇ ਦੂਰ ਜਾਣਗੇ। [2]ਸੂਰਮਿਆਂ ਨੇ ਸਮਝਿਆ।

[1]ਇਸ ਤਰ੍ਹਾਂ।

ਕਮੀ ਨ ਕਛੁ ਵਸਤੂ ਬਹੁਤੇਰੇ।
ਨਿਤਿ ਸੰਭਾਰਤਿ ਅਧਿਕ ਕਰਾਵਹਿ।
ਬ੍ਰਿੰਦ ਮਨੁਜ ਸ਼ੁਭ ਪਾਕ ਬਨਾਵਹਿਂ
॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਨਾਰਦ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ
॥੧॥

## ੨. [ਕਲਹਾ ਆਗਮਨ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਏਕ ਸਮੇਂ ਏਕਲਿ ਗੁਰੂ, ਬੈਠੇ ਅੰਤਰਿ ਭੌਨ।
ਥਿਰ ਪ੍ਰਯੰਕ ਪਰ ਹਰਖ ਉਰ, ਨਹੀਂ ਸਮੀਪੀ ਕੌਨ[1] ॥੧॥ — [1]ਪਾਸ ਕੋਈ ਬੀ ਨਹੀਂ ਸੀ।

ਚੌਪਈ:

ਸਕਲ ਜੋਗਨੀ ਕੋ ਸਿਰਦਾਰ।
ਜਿਸਿ ਕੋ ਰੂਪ ਮਹਾਂ ਬਿਕਰਾਰ।
ਕਲਹਾ[1] ਨਾਮ ਸ਼ਯਾਮ ਤਨੁ ਧਾਰਾ। — [1]ਕਲਹਾ ਨੂੰ ਨਾਰਦ ਦੀ ਇਸਤ੍ਰੀ ਮੰਨਦੇ ਹਨ।
ਦੀਰਘ ਦਾਂਤ ਤੁੰਡ ਬਿਸਥਾਰਾ[1] ॥੨॥ — [1]ਮੂੰਹ ਅੱਡਿਆ।
ਬ੍ਰਿੰਦ ਜੋਗਨੀ ਜਾਂ ਕੇ ਸੰਗਿ।
ਦਾਰੁਨ ਬਨੇ ਜਿਨਹੁ ਕੇ ਅੰਗ।
ਲਾਲ ਬਾਲ ਛੁਟਿ ਬਡੇ ਪਿਛਾਰੀ[1]। — [1]ਲਾਲ (ਰੰਗ ਦੇ) ਵਾਲ ਖੁੱਲੇ ਪਿੱਛੇ ਛੱਡੇ ਹੋਏ।
ਸੂਕੇ ਚਰਮ ਦਿਖਹਿਂ ਗਨ ਨਾਰੀ[1] ॥੩॥ — [1]ਸਮੂਹ ਨਾੜਾਂ ਪਈਆਂ ਦਿਸਦੀਆਂ ਹਨ। (ਅ) ਸਾਰੀਆਂ ਇਸਤ੍ਰੀਆਂ ਦੇ ਸੁਕੇ ਚੰਮ ਦੀਹਦੇ ਹਨ।
ਲਾਲ ਬਿਲੋਚਨ ਸ਼੍ਰੋਣਿਤ ਸਰਸੇ।
ਖੱਪਰ ਧਰੇ ਖੋਪਰੀ ਕਰ ਸੇ[1]। — [1]ਖੋਪਰੀਆਂ ਦੇ ਖੱਪਰ ਹੱਥ ਵਿਚ ਧਰੇ।
ਹਾਡਨਿ ਮਾਲ ਬਿਸਾਲ ਕਰਾਲਾ।
ਜੀਰਣ ਚੀਰ ਮਲੀਨ ਕੁਢਾਲਾ[1] ॥੪॥ — [1]ਬੁਰੀ ਤਰ੍ਹਾਂ ਦੇ।
ਆਨਿ ਭਈ ਗੁਰੁ ਆਗੇ ਠਾਂਢੀ।
ਰੁਧ੍ਰ ਮਾਸ ਪਜਾਸਾ ਛੁਧਿ ਬਾਢੀ[1]। — [1]ਲਹੂ ਤੇ ਮਾਸ ਦੀ ਤ੍ਰੇਹ ਭੁਖ ਵਧੀ (ਹੋਈ ਸੀ ਜਿਨ੍ਹਾਂ ਦੀ)
ਜੀਹ ਦੀਹ ਸੋਂ ਓਸ਼ਟ ਚਾਟਤਿ[1]। — [1]ਵਡੀ ਜਬਾਨ ਨਾਲ ਬੁੱਲ੍ਹ ਚੱਟਦੀਆਂ।
ਜਿਹ ਪਿਖ ਕਾਤੁਰ ਕੇ ਉਰ ਫਾਟਤਿ[1] ॥੫॥ — [1]ਕਾਇਰਾਂ ਦੇ ਹਿਰਦੇ ਫਟਦੇ ਸਨ।
ਨਮੋ ਕਰੀ ਗੁਰੁ ਬੂਝਨ ਕੀਨੀ।
'ਕੌਨ ਅਹੈਂ ਤੂੰ ਲਾਜ ਬਿਹੀਨੀ?
ਸੰਕਟ ਬਡ ਅਕਾਰ ਕੇ† ਧਾਰਾ? — †ਪਾ:-ਕੋ।
ਕੈ ਕੁਰੂਪ ਦਾਰਿਦ ਕੁਰਿਆਰਾ[1]? ॥੬॥ — [1]ਯਾਂ ਕੁੜਿਆਰ ਨੇ ਦਰਿਦ੍ਰ ਹੀ ਰੂਪ ਧਾਰਿਆ ਹੋਇਆ ਹੈ।
ਕਿਧੌਂ ਮਿਰਤੁ ਤੁਰਕਨਿ ਕੀ ਆਈ?
ਕਜਾ ਚਿਤ ਬਾਂਛਤਿ? ਦੇਹੁ ਬਤਾਈ।'

ਸੁਨਿ ਬੋਲੀ 'ਕਲਹਾ ਮਮ ਨਾਮ।
ਛੁਧਾ ਤ੍ਰਿਖਾ ਮੇਟਨਿ ਕੇ ਕਾਮ[1] ॥੭॥ — [1]ਵਾਸਤੇ।(ਅ) ਚਾਹ ਕਰਕੇ।
ਚਲਿ ਆਈ ਮੈਂ ਤੀਰ ਤੁਹਾਰੇ।
ਦਿਹੁ ਅਹਾਰ ਮੇਰੋ ਹਿਤਕਾਰੇ[1]। — [1]ਮੇਰਾ ਹਿਤਕਾਰੀ (ਅਨਕੂਲ) ਭੋਜਨ।
ਬਹੁ ਸੰਮਤ ਬੀਤੇ ਨਹਿਂ ਖਾਯੋ।
ਛੁਧਾ ਤ੍ਰਿਖਾ ਤੇ ਚਿਤ ਬਿਕੁਲਾਯੋ ॥੮॥
ਸਭਿ ਕੀ ਪੁਰਹੁ ਕਾਮਨਾ ਜੈਸੇ।
ਕ੍ਰਿਪਾ ਕਰਹੁ ਮੋ ਪਰਿ ਭੀ ਤੈਸੇ।
ਸਕਲ ਜੋਗਨੀ ਮਮ ਪਰਿਵਾਰਾ।
ਛੁਧਿਤਿ ਚਾਹਤੀ ਅਧਿਕ ਅਹਾਰਾ'
॥੯॥
ਸੁਨਿ ਗੁਰੁ ਕਹਯੋ, 'ਅੰਨ ਮਨ ਭਾਏ।
ਲਿਹੁ ਹਮ ਤੇ, ਕਰਿ ਭੋਜਨ ਖਾਏ।
ਜੇਤੋ ਲਗਹਿ ਅਹਾਰ ਕਰਨਿ ਕੋ।
ਦਿਹੁ ਬਤਾਇ ਲਿਹੁ ਉਦਰ ਭਰਨਿ ਕੋ'
॥੧੦॥
[1] 'ਹਮਰੇ ਕਾਮ ਅੰਨ ਨਹੀਂ ਆਵਹਿ। — [1]ਕਲਹਾ ਨੇ ਕਿਹਾ।
ਨਹਿਂ ਸੰਗ੍ਰਹ[1] ਲੇ ਕਬਿ ਹੂੰ ਖਾਵਹਿਂ। — [1]ਕੱਠਾ ਕੀਤਾ ਹੋਇਆ।
ਮਾਸ ਰੁਧਿਰ ਕੋ ਕਰਹਿਂ ਅਹਾਰਾ।
ਹੋਹਿਂ ਤ੍ਰਿਪਤਿ ਬਹੁ ਲੇਹਿਂ ਡਕਾਰਾ'
॥੧੧॥
ਗੁਰੂ ਕਹਯੋ 'ਦੇਂ ਮਹਿਖ[1] ਮੰਗਾਈ। — [1]ਮਹਿਂ, ਸੰਢਾ।
ਭੱਖਹੁ ਮਾਸ ਛਾਂਗ[1] ਸਮੁਦਾਈ। — [1]ਬੱਕਰੇ।
ਜੇਤਿਕ ਚਹਹੁ ਕਹਹੁ ਅਬਿ ਮੋਹੀ।
ਦੇਂ ਅਨਵਾਇ ਤ੍ਰਿਪਤਿ ਜਿਮਿ ਤੋਹੀ'
॥੧੨॥
[ੳ]'ਅਸ ਆਮਿਖ ਨਹਿਂ ਕਾਮ ਹਮਾਰੇ।
ਨਹਿਂ ਕਬਿ ਅਚਹਿਂ, ਨ ਛੁਧਾ ਨਿਵਾਰੇ।
ਮਮ ਅਹਾਰ ਤੁਮਰੇ ਕਰ ਅਹੈ।
ਅਪਰ ਬਿਧਿਨਿ ਸੋਂ ਤ੍ਰਿਪਤਿ ਨ ਲਹੈਂ
॥੧੩॥
ਸੋ ਮੈਂ ਕਹੋਂ ਸੁਨਹੁ ਗੁਰੁ ਧੀਰ।

ਦੁਹਦਿਸ਼ਿ ਦਲ ਜੁਟਹਿ ਬਰ ਬੀਰ।
ਕਰੈਂ ਹੰਕਾਰ ਸ਼ਸਤ੍ਰ ਪਰਹਾਰੈਂ।
ਹੁਇ ਘਾਇਲ ਪੁਨ ਤਿਸ ਕੋ ਮਾਰੈਂ ॥੧੪॥
ਹਟਹਿਂ ਨ ਪਾਛੈ ਸਨਮੁਖ ਗਿਰੈਂ।
ਮਾਰਿ ਮਾਰਿ ਰਿਪੁ ਗਨ ਰਨ ਮਰੈਂ।
ਅਸ ਜੋਧਾਨਿ ਮਾਸ ਹ੍ਵੈ ਜੋਇ।
ਸੋ ਹਮ ਖੈਬੇ ਲਾਯਕ ਹੋਇ ॥੧੫॥
ਚਿਰੰਕਾਲ ਭਾ ਜੰਗ ਨ ਭਯੋ।
ਯਾਂ ਤੇ ਨਹਿਂ ਅਹਾਰ ਕਿਤਿ ਖਯੋ।
ਸਭਿ ਕੁਟੰਬ ਜੁਤਿ ਛੁਧਿਤਿ ਬਿਸਾਲਾ।
ਰੁਧਰ ਨ ਪ੍ਰਾਪਤਿ ਭਾ ਕਿਸਿ ਕਾਲਾ ॥੧੬॥
ਯਾਂ ਤੇ ਤ੍ਰਿਖਾ ਮਹਾਂ ਕਰਿ ਬਯਾਕੁਲ।
ਕਰਤਿ ਉਡੀਕਨਿ ਹਮ ਕੁਲ ਆਕੁਲ[1]।
ਚਿਰੰਕਾਲ ਕੀ ਛੁਧਾ ਨਿਵਾਰੋ।
ਰਚਹੁ ਜੰਗ ਰਿਪੁ ਤਰਕਨਿ ਮਾਰੋ' ॥੧੭॥
ਸੁਨਿ ਬਿਕਸੇ ਗੁਰੁ ਬਾਕ ਬਖਾਨਾ।
'ਮਚਹਿ ਜੁੱਧ ਅਬਿ ਭੀਮ ਮਹਾਨਾ।
ਸੰਮਤ ਬਿਤਹਿਂ ਸੈਂਕਰੇ ਆਗੇ।
ਹੋਵਹਿਂ ਰਣ ਘਰਿ ਘਰਿ ਮਹਿਂ ਜਾਗੇ[1] ॥੧੮॥
ਹਮ ਕਰ ਦੇਹਿਂ ਪ੍ਰਥਮ ਪਲ ਤੋਹੀ[1]।
ਲੇਹੁ ਡਕਾਰ ਤ੍ਰਿਪਤਿ ਬਹੁ ਹੋਹੀ।
ਆਨਿ ਪਹੂਚਜੋ ਸਮੈਂ ਤੁਮਾਰਾ।
ਮਨ ਭਾਵਤਿ ਕਰਿ ਲੇਹੁ ਅਹਾਰਾ' ॥੧੯॥
ਕਲਹਾ ਸਹਤ ਜੋਗਨੀ ਬ੍ਰਿੰਦ।
ਭਯੋ ਸਭਿਨਿ ਉਤਸਾਹ ਬਿਲੰਦ।
ਕਰਿ ਕਰਿ ਨਮੋ ਨਾਚਿਬੇ ਲਾਗੀ।
ਲੇਤਿ ਭਵਾਰੀ ਰਣ ਅਨੁਰਾਗੀ ॥੨੦॥

[1]ਮੇਰੀ ਕੁਲ ਵਿਆਕੁਲ ਹੋਕੇ।

[1]ਜਗਤ ਵਿਚ (ਅ) (ਰਣ =) ਜੰਗ ਜਾਗ ਪੈਣਗੇ ਤੇ ਘਰ ਘਰ ਵਿਚ ਹੋਣਗੇ।

[1]ਪਹਿਲਾਂ ਤੇਰੇ ਹੱਥ ਮਾਸ ਅਸੀਂ ਦੇਵਾਂਗੇ।

ਅੰਤਰ ਧ੍ਯਾਨ ਭਈ[1] ਹਰਖੰਤੀ।
-ਅਬਿ ਤ੍ਰਿਪਤੈਂ ਹਮ ਬਹੁ ਛੁਧਿਵੰਤੀ[1]-।
ਸੋ ਦਿਨ ਸਤਿਗੁਰੁ ਕੀਨ ਬਿਤਾਵਨਿ।
ਨਿਸਿ ਮਹਿਂ ਕਰਿ ਭੋਜਨ ਕੋ ਖਾਵਨਿ ॥੨੧॥
ਸੁਪਤਿ ਜਥਾ ਮੁਖ ਰਾਤਿ ਬਿਤਾਈ।
ਜਾਗੇ ਪ੍ਰਭੁ ਸੌਚ ਤਨ ਪਾਈ।
ਕਰਿ ਸ਼ਨਾਨ ਮਨ ਠਾਨਜੋ ਧ੍ਯਾਨਾ।
ਪੁਨ ਗੁਰੁ ਬਾਨੀ ਪਾਠ ਬਖਾਨਾ ॥੨੨॥
ਕਿਰਤਨਿ ਸੁਨਤਿ ਸੁ ਭੋਜਨ ਖਾਯੋ।
ਬੈਠੇ ਹੁਤੇ ਗੁਰੂ ਸੁਖ ਪਾਯੋ।
ਤਾਰਾ ਚੰਦ ਤਖਤ ਮਲ ਦੋਊ।
ਪਸਚਮ ਦਿਸ਼ ਮਸੰਦ ਰਹਿਂ ਸੋਊ ॥੨੩॥
ਕਾਬਲ ਨਗਰ ਆਦਿ ਜੇ ਔਰਿ।
ਗੁਰੁ ਕੀ ਕਾਰ ਲੇਤਿ ਸਭਿ ਠੌਰ।
ਸੁਨਜੋ ਬਜਾਹ ਗੁਰੁ ਤਨੁਜਾ ਕੇਰਾ।
ਸਮੁਝੇ -ਖਰਚ ਦਰਬ ਬਹੁਤੇਰਾ- ॥੨੪॥
ਸਭਿ ਸਿੱਖਨਿ ਸੋਂ ਕਹਜੋ ਸੁਨਾਈ।
ਉਗਰਾਹੀ ਜਹਿਂ ਕਹਿਂ ਤਬਿ ਪਾਈ।
ਲੇ ਕਰਿ ਤਹਿਂ ਤੇ ਦਰਬ ਘਨੇਰੇ।
ਅਪਰ ਪਦਾਰਥ ਸੰਚਿ ਬਡੇਰੇ ॥੨੫॥
ਸੰਗਤਿ ਸੰਗਿ ਲਏ ਚਲਿ ਆਏ।
ਮਿਲੇ ਚਰਨ ਗੁਰੁ ਕੇ ਲਪਟਾਏ।
ਅਪਰ ਸਿੱਖ ਧਰਿ ਧਰਿ ਉਪਹਾਰਾ।
ਬੰਦਨ ਕਰਤੇ ਦਰਸ ਨਿਹਾਰਾ ॥੨੬॥
ਬਸਤ੍ਰ, ਬਿਭੂਖਨ, ਧਨ, ਧਰਿ† ਨਿਮੈਂ।
ਫਲ ਗਨ ਬਹੁ ਮੇਵੇ ਤਿਹ ਸਮੈਂ।
ਬ੍ਰਿੰਦ ਉਪਾਇਨ ਗੁਰੂ ਅਗਾਰੀ।
ਅਰਪਿ ਅਰਪਿ ਗੁਰ ਦਰਸ਼ ਨਿਹਾਰੀ ॥੨੭॥
ਕ੍ਰਿਪਾ ਦ੍ਰਿਸ਼ਟਿ ਕਰਿ ਪਿਖੈਂ ਗੁਸਾਈਂ।

[1]ਗੁੰਮ ਹੋ ਗਈਆਂ।
[1]ਭੁੱਖੀਆਂ।
†ਪਾ:-ਧਰ ਧਰਿ।

ਮਨੋ ਕਾਮਨਾ ਸਭਿ ਨੇ ਪਾਈ।
ਅਘ ਗਨ ਮਿਟੇ ਪੁਨੀਤ ਭਏ ਹੈਂ।
ਬਰ ਸੁਤ ਬਿਤ ਗਨ ਆਦਿ ਲਏ ਹੈਂ ॥੨੮॥
ਬਜਾਹ ਜਾਨਿ ਉਤਲਾਵਤਿ ਆਏ।
ਸਮੈਂ ਦੁਪਹਿਰੀ ਦਰਸ਼ਨ ਪਾਏ।
ਛੁਧਿਤਿ ਹੁਤੇ ਸਿਖ ਸੰਗਤਿ ਸਾਰੇ।
ਦੇਗ ਚੁਕੀ ਹੁਇ, ਨਹੀਂ ਅਹਾਰੇ ॥੨੯॥
ਸਭਿ ਕੀ ਕੁਸ਼ਲ ਬੂਝਿ ਗੁਰੁ ਸ੍ਵਾਮੀ[1]।
-ਬਡੀ ਭੋਰ ਕੇ ਮਾਰਗ ਗਾਮੀ।
ਸ਼੍ਰਮਤਿ ਅਹੈਂ ਕਬਿ ਕਰੈਂ ਅਹਾਰਾ[1]-।
ਇਮ ਲਖਿ ਸਤਿਗੁਰ ਬਾਕ ਉਚਾਰਾ ॥੩੦॥
'ਅੰਤਰਿ ਹੋਤਿ ਜਹਾਂ ਪਕਵਾਨ।
ਕਹਿ ਕਹਿ ਪਠੇ ਦਾਸ ਤਿਸਿ ਥਾਨ।
ਹਿਤ ਸਿੱਖਨਿ ਕੇ ਆਨਹੁ ਜਾਇ।
ਥਕਤਿ ਛੁਧਿਤਿ ਬਹੁ ਇਹ ਸਮੁਦਾਇ ॥੩੧॥
ਤ੍ਰਿਪਤਿ ਕਰਹੁ ਦੀਜੈ ਹਿਤ ਖੈਬੇ।'
ਗਏ ਦਾਸ ਅੰਤਰਿ ਤਬਿ ਲੈਬੇ।
ਜਹਿਂ ਦਮੋਦਰੀ ਥਿਤ ਸਾਵਧਾਨ।
ਕਰਿਵਾਵਤਿ ਬਹੁ ਬਿਧਿ ਪਕਵਾਨ ॥੩੨॥
ਕੋਸ਼ਠ ਅੰਤਰ ਕਰਿ ਕਰਿ ਧਰੈ।
ਹਿਤ ਬਰਾਤ ਕੇ ਸੰਚਨਿ ਕਰੈ।
ਸੁਤਾ ਬਜਾਹ ਮਹਿਂ ਪ੍ਰੀਤ ਮਹਾਨੀ।
ਜਿਮਿ ਆਛੋ ਹੁਇ ਤਿਮਿ ਰੁਚਿ ਠਾਨੀ ॥੩੩॥
ਤਬਿ ਸਿੱਖਨਿ ਕਰਿ ਜੋਰਿ ਅਲਾਏ।
'ਸੁਨਹੁ ਮਾਤ ਜੀ! ਗੁਰੂ ਪਠਾਏ।
ਪਸ਼ਚਮ ਤੇ ਸੰਗਤਿ ਕਛੁ ਆਈ।

[1]ਪੁੱਛਕੇ (ਫੇਰ ਵਿਚਾਰ ਕੀਤੀ ਕਿ-)।

[1]ਕਦੋਂ ਭੋਜਨ ਛਕਣਗੇ (ਭਾਵ ਸੰਧਜਾ ਦੇ ਲੰਗਰ ਵਿਚ ਦੇਰ ਹੈ)।

ਅਨਗਨ ਰੁਚਿਰ ਉਪਾਇਨ ਲਜਾਈ
॥੩੪॥
ਦੇਗ ਬਿਖੈ ਅਬਿ ਨਹੀਂ ਅਹਾਰਾ।
ਛੁਧਿਤ ਸਿੱਖ ਅਬਿ ਲੌਂ, ਦਿਨ ਢਾਰਾ[1]।
[1]ਦਿਨ ਢਲ ਗਿਆ ਹੈ।
ਤਿਨਿ ਹਿਤ ਮੰਗਵਾਯੋ ਪਕਵਾਨ।
-ਕਛੁਕ ਤ੍ਰਿਪਤਿ ਹੁਇਂ ਕਰਿ ਕੈ ਖਾਨ
॥੩੫॥
ਪੁਨ ਸੰਧਜਾ ਹੁਇ ਦੇਗ ਅਹਾਰਾ[1]-।
[1]ਲੰਗਰ ਵਿਚ ਭੋਜਨ।
ਇਸ ਪ੍ਰਕਾਰ ਸਤਿਗੁਰੂ ਉਚਾਰਾ।'
ਸੁਨਿ ਦਮੋਦਰੀ ਮਤਿ ਬਿਚਲਾਈ[1]।
[1]ਵਿਚਲ ਗਈ।
ਸਿੱਖ ਬਿਸਾਲ ਸਦਨ ਜਨਮਾਈ[1] ॥੩੬॥
[1]ਸੀ ਤਾਂ) ਬੜੇ (ਸਿਦਕ ਵਾਨ) ਸਿੱਖ ਦੇ ਘਰ ਜਨਮੀ ਹੋਈ।
ਗੁਰੁ ਘਰਿ ਮਹਿਂ ਨਿਤ ਬਾਸ ਕਰੰਤੀ।
ਸਿੱਖੀ ਮਹਿਮਾ ਅਧਿਕ ਲਖੰਤੀ।
ਤਊ ਜਿ ਹੋਨਿਹਾਰਿ ਗਤਿ ਹੋਇ।
ਫੇਰੀ ਮਤਿ, ਬੋਲੀ ਬਚ ਸੋਇ ॥੩੭॥
'ਇਹ ਪਕਵਾਨ ਸਗੁਨ ਕੇ ਸਨੋ।
ਕਰਿ ਕਰਿ ਤਯਾਰਿ ਰਾਖਤੀ ਘਨੋ।
ਅਬਿ ਲੌ ਖਰਚਿ ਨਹੀਂ ਕਿਤਿ ਕਰਯੋ।
ਜੋ ਹੋਵਤ ਸੋ ਅੰਤਰਿ ਧਰਯੋ ॥੩੮॥
ਪ੍ਰਥਮ ਬਰਾਤੀ ਅਚਵਨਿ ਕਰਿ ਹੈਂ।
ਤਿਨਿ ਪੀਛੇ ਕੋ ਮੁਖ ਮਹਿਂ ਧਰਿ ਹੈ।
ਪ੍ਰਥਮ ਨ ਉਚਿਤ ਕਿਸੂ ਕੋ ਦੈਬੇ।
ਬਿਗਰਤਿ ਰੀਤਿ ਜਿ ਕਿਮਿ ਲੇ ਖੈਬੇ[1]
[1]ਜਿ ਕਿਵੇਂ ਕੋਈ ਲੈਕੇ ਖਾ ਲਵੇ ਤਾਂ।
॥੩੯॥
ਕਿਮਿ ਸਿੱਖਨਿ ਹਿਤ ਪੂਰਬ ਦੈਹੈਂ।
ਜਬਿ ਲੌ ਨਹਿਂ ਬਰਾਤਿ ਕੁਛ ਖੈਹੈ।'
ਸੁਨਤਿ ਸਿੱਖ ਛੂਛੇ ਹਟਿ ਆਏ।
'ਕਹੈਂ[1] -ਨ ਅਬਿ ਲੌ ਸ਼ਗੁਨ ਮਨਾਏ
[1]ਸਿਖਾਂ ਕਿਹਾ ਕਿ ਮਾਤਾ ਜੀ) ਕਹਿੰਦੇ ਹਨ ਕਿ......।
॥੪੦॥
ਜਬਹਿ ਬਰਾਤੀ ਅਚਿਵਨਿ ਕਰੈਂ।
ਪੀਛੇ ਅਪਰ ਕੋਇ ਮੁਖ ਧਰੈ।

ਬਿਗਰਹਿ ਰੀਤਿ ਅਹੈ ਜਗ ਜੋਇ।
ਜੇ ਅਬਿ ਅਚਹਿਂ ਸਿੱਖ ਗਨਿ ਸੋਇ-'
॥੪੧॥
ਸਿਖ ਸੰਗਤਿ ਚਹੁਂ ਦਿਸ਼ ਪਰਵਾਰੇ।
ਸੁਨਤਿ ਗੁਰੂ ਰਿਸ ਕੋ ਉਰ ਧਾਰੇ।
'ਆਇਸੁ ਮੇਟਨਿ ਕਰਹਿ ਹਮਾਰੀ।
ਚਹਿਤਿ ਬਰਾਤਿ ਅਚਾਉਂ[1] ਅਹਾਰੀ
॥੪੨॥
ਸਿੱਖ ਸਦਾ ਮੋ ਕਹੁ ਅਤਿ† ਪਜਾਰੇ।
ਨਿਸ ਦਿਨ ਜਿਨ ਕੋ ਰਿਦੇ ਸੰਭਾਰੇ[1]।
ਜਿਮਿ ਉਪਬਨ ਮਹਿਂ ਤਰੁਵਰੁ ਖਰੇ।
ਸਭਿਨਿ ਸੰਭਾਲਨਿ ਮਾਲੀ ਕਰੇ ॥੪੩॥
ਪਾਰਤਿ ਹੈ ਕਰਿ ਪ੍ਰੇਮ ਘਨੇਰਾ।
ਤਿਮਿ ਸੰਗਤਿ ਉਪਬਨ ਹੈ ਮੇਰਾ।
ਜਿਹ ਠਾਂ ਹੁਯੋ ਅਮੰਗਲ[1] ਚਾਹਤਿ।
ਪੂਰਨਿ ਕਾਜ ਮਹਿਂ ਬਿਘਨ ਉਮਾਹਤਿ[1]
॥੪੪॥
ਕਰਤਿ ਅਨਾਦਰ ਤਹਿਂ ਸਿਖ ਕੇਰਾ।
ਤਿਹ ਕੇ ਸੰਗਿ ਹੋਤਿ ਹੈ ਮੇਰਾ[1]।
ਕਯੋਂ ਸੁਖ ਪ੍ਰਾਪਤਿ ਹੋਵਹਿ ਤਿਨ ਕੋ।
ਗਿਰਜੋ ਰਿਦੈ ਤੇ ਨਿਸ਼ਚਾ ਜਿਨ ਕੋ
॥੪੫॥
ਪ੍ਰਿਯ ਮੇਰੇ ਸਿਖ ਜਹਿਂ ਚਲਿ ਜਾਵੈਂ।
ਭੋਜਨ ਆਦਿਕ ਆਦਰ† ਪਾਵੈਂ।
ਤਹਾਂ ਬਿਘਨ ਗਨ ਹੋਤਿ ਬਿਨਾਸ਼ਾ।
ਪੂਰਨ ਕਰਹਿਂ ਤਿਨਹੁਂ ਕੀ ਆਸਾ ॥੪੬॥
ਜੇ ਕਰਿ ਗੁਰ ਘਰ ਕੋ ਪਕਵਾਨ।
ਨਹੀਂ ਉਚਿਤ ਸਿੱਖਨ ਕੇ ਖਾਨ।
ਤੌ ਮਲੇਛ ਕੇ ਜੋਗ ਪਛਾਨੋ।
ਬਲ ਤੇ ਕਰਹਿਂ ਆਨਿ ਕਰਿ ਖਾਨੋ
॥੪੭॥
ਹੋਹਿ ਅਮੰਗਲ, ਬਿਘਨ ਪਰੈ ਹੈਂ।

[1]ਖੁਵਾਉਣਾ।
†ਪਾ:-ਹਿਤ।
[1]ਮੈਂ ਸੰਭਾਲਦਾ ਹਾਂ।
[1]ਬੇਰਸੀ, ਨਾ ਖ਼ੁਸ਼ੀ।
[1]ਤੇ ਕਾਰਜ ਪੂਰਨ ਹੋਣ ਵਿਚ ਵਿਘਨ ਵਜਾਪਣਾ ਹੋਵੇ।
[1]ਤਿਨ੍ਹਾਂ (ਸਿੱਖਾਂ) ਨਾਲ ਮੇਰਾ ਬੀ (ਅਨਾਦਰ) ਹੁੰਦਾ ਹੈ।
†ਪਾ:-ਤਹਿਂ ਤੇ।

ਨੀਕੋ ਕਾਜ ਨ ਪੂਰਨ ਹ੍ਵੈ ਹੈਂ[1]।' — [1]ਚੰਗੀ ਤਰ੍ਹਾਂ ਕਾਰਜ ਪੂਰੇ ਨਹੀਂ ਹੋਣਗੇ।
ਸੁਨਿ ਗੁਰੁ ਸ੍ਰਾਪ ਦਿਯੋ ਘਰ ਆਪੇ[1]। — [1]ਸੁਣਕੇ (ਸਿੱਖਾਂ) ਨੇ ਗੁਰੂ ਜੀ ਦਾ ਆਪਣੇ ਘਰ ਨੂੰ ਦਿੱਤਾ ਸਰਾਪ।
ਸਰਬ ਸਿੱਖ ਤਬਿ ਥਰਹਰ ਕਾਂਪੇ ॥੪੮॥
ਕ੍ਰੁੱਧਤਿ ਬਦਨ ਦੇਖਿ ਗੁਰੁ ਕੇਰਾ।
ਨਹਿਂ ਕੋ ਬੋਲ ਸਕ੍ਯੋ ਤਿਸ ਬੇਰਾ।
ਮੁਖ ਨੀਚੇ ਕਰਿ ਢਿਗਿ ਥਿਰ ਸਾਰੇ।
-ਬਡੋ ਬਿਘਨ ਭਾ- ਰਿਦੇ ਬਿਚਾਰੇਂ ॥੪੯॥
ਤਿਹ ਛਿਨ ਇਕ ਆਯਹੁ ਹਲਵਾਈ।
ਲਯਾਇ ਰਜਤਪਣ ਪੰਚ ਮਿਠਾਈ[1]। — [1]ਪੰਜਾਂ ਰੁਪਯਾਂ ਦੀ ਮਠਿਆਈ।
ਹਾਥ ਜੋਰਿ ਸੋ ਭਯੋ ਖਰੋਵਾ।
'ਸ਼੍ਰੀ ਗੁਰੁ ਜੀ! ਮਮ ਕਾਰਜ ਹੋਵਾ ॥੫੦॥
ਕਰੀ ਹੁਤੀ ਮੈਂ ਸੁੱਖ[1] ਤੁਮਾਰੀ। — [1]ਸੁਖਣਾਂ।
ਆਸ ਪੁਰੀ ਤੇ ਲਯਾਇ ਅਗਾਰੀ[1]।' — [1]ਆਪ) ਦੇ ਅੱਗੇ।
ਬਿਕਸੇ ਕੁਛ ਸਤਿਗੁਰੂ ਬਖਾਨੇ।
'ਦਿਹੁ ਸਿਖ ਸੰਗਤਿ ਕੋ ਇਹੁ ਖਾਨੇ' ॥੫੧॥
ਬਾਕ ਮਾਨਿ ਸਿੱਖਨ ਸੋ ਲੀਨਿ।
ਸਭਿ ਬਰਤਾਇ ਅਚਵਨੋ ਕੀਨਿ।
ਹੁਤੇ ਛੁਧਿਤਿ ਲੇ ਕੁਛ ਤ੍ਰਿਪਤਾਏ।
ਥਿਰੇ ਸਰਬ ਹੀ ਨਿਜ ਨਿਜ ਥਾਏਂ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸੰਗਤ' ਪ੍ਰਸੰਗ ਬਰਨਨੰ ਨਾਮ ਦੁਤਿਯੋ ਅੰਸੂ ॥੨॥

## ੩. [ਸ਼ਿਕਾਰ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਸੁਨਿ ਸਤਿਗੁਰੁ ਕੇ ਸ੍ਰਾਪ ਕੋ, ਸਕਲ ਰਹੇ ਬਿਸਮਾਇ।
ਸੁਧਿ ਦਮੋਦਰੀ ਢਿਗ ਗਈ, ਬਹੁਤਿ ਬੈਠਿ ਪਛੁਤਾਇ ॥੧॥

ਚੌਪਈ:

ਸੰਕਟਿ ਪਾਇ ਬਿਸੂਰਤਿ ਭਾਰੀ।
-ਕੀਨਿ ਕਹਾਂ ਮੈਂ ! ਨਹੀਂ ਬਿਚਾਰੀ।
ਪਤਿ ਕੀ ਆਇਸੁ ਮੋਰਿ ਮਿਟਾਈ[1]। [1]ਮੋੜੀ ਤੇ ਉਲਟਾਈ।
ਨਹਿ ਆਛੀ ਕਿਸ ਕੇ ਮਨ ਭਾਈ- ॥੨॥
ਭਈ ਨਿਸਾ ਗੁਰੁ ਮਹਿਲੀਂ ਗਏ।
ਬਰ ਪ੍ਰਯੰਕ ਪਰ ਬੈਠਤਿ ਭਏ।
ਚਲਿ ਦਮੋਦਰੀ ਤਿਸ ਛਿਨ ਆਈ।
ਗੁਰੁ ਕੇ ਸ੍ਰਾਪ ਅਧਿਕ ਡਰਪਾਈ ॥੩॥
'ਮੁਝ ਏਕਲਿ ਕੀ ਸੁਤਾ ਨ ਕੋਈ।
ਰਾਵਰ ਤੇ ਹੀ ਉਤਪਤਿ ਹੋਈ।
ਜਿਸ ਕੇ ਬਜਾਹਿ ਬਿਖੈ ਦਿਯ ਸ੍ਰਾਪ।
ਚਹਜੋ ਅਮੰਗਲ ਕਰਿਬੇ ਆਪਿ ॥੪॥
ਅਪਰ ਸ਼ਕਤਿ ਕਿਸਿ ਮਹਿਂ ਜੋ ਮੋਰੈ।
ਜਾਨੀ ਪਰਹਿ ਆਪਦਾ[1] ਘੋਰੈ। [1]ਕਰੜੀ ਵਿਪਦਾ ਪੈਂਦੀ ਦਿੱਸਦੀ ਹੈ।
ਕਰਹੁ ਕ੍ਰਿਪਾ ਫੇਰਹੁ ਨਿਜ ਬੈਨ।
ਨਾਂਹਿ ਤ ਉਜਰਿ ਹੋਵਹਿ ਐਨ ॥੫॥
ਦੁਹਿਤਾ ਪ੍ਰਿਯਾ ਕੁਸ਼ਲ ਸੋਂ ਰਹੈ।
ਮਹਾਂ ਬਿਘਨ ਘਰਿ ਪਰਿਬੋ ਚਹੈ।
ਰਹਹਿਂ ਬਰਾਤੀ ਕੁਸ਼ਲ ਸਮੇਤਿ।
ਸੁਖ ਸੋਂ ਪਹੁੰਚਹਿਂ ਬਹੁਰ ਨਿਕੇਤ[†]' ॥੬॥ [†]ਪਾ:-ਕਰ ਉਪਬਜਾਹ ਪਹੁੰਚ ਨਿਕੇਤ।
ਭਈ ਦੀਨ ਪਿਖਿ ਆਤੁਰ ਭਾਰੀ।
ਸ਼੍ਰੀ ਹਰਿ ਗੋਵਿੰਦ ਗਿਰਾ ਉਚਾਰੀ।
'ਬਿਘਨ ਮੂਲ ਮਤਿ ਤੈਂ ਉਰ ਧਾਰਾ।
ਕਜੋਂ ਨ ਕਰਤਿ ਅਬਿ ਅੰਗੀਕਾਰਾ[1] [1]ਬਿਘਨ ਨੂੰ ਕਬੂਲ ਕਿਉਂ ਨਹੀਂ ਕਰਦੀ।

॥੭॥
ਗੁਰ ਕੇ ਸਿੱਖ ਲਖੇ ਅਸਿ ਖੋਟੇ।
-ਉਚਿਤ ਨ ਭੋਜਨ ਕੇ- ਕਹਿ ਹੋਟੇ।
ਹੋਨਿਹਾਰਿ ਤਵ ਰਿਦੇ ਬਸਾਈ।
ਕਰਿ ਔਗੁਨ ਕੋ ਪੁਨ ਪਛੁਤਾਈ ॥੮॥
ਕੁਛ ਆਛੇ ਫਲ ਜਾਨਯੋ ਜਾਇ[1]।

[1]ਪਰ ਫੇਰ ਬੀ) ਕੁਛ ਫਲ (ਤੇਰੇ ਪਛੁਤਾਵੇ ਦਾ) ਚੰਗਾ ਜਾਣਿਆਂ ਜਾਂਦਾ ਹੈਂ।

ਨਰ ਗਨ ਮਹਿਂ ਕੁਸ਼ਲੀ ਬਨਿ ਆਇ[1]।

[1]ਸੁੱਖ ਵਰਤੇਗੀ।

ਅਪਰ ਬਿਘਨ ਸੋ ਹਟਹਿਂ ਨ ਕੈਸੇ।
ਭਯੋ ਬਾਕ ਹੋਯਹੁ ਚਹਿ ਤੈਸੇ' ॥੯॥
ਕੁਛ ਦਮੋਦਰੀ ਹਰਖਤਿ ਹੋਈ।
-ਨਰ ਗਨ ਵਿਖੈ ਕੁਸ਼ਲ ਰਹਿ ਜੋਈ।
ਸੁਖ ਸੋਂ ਜਾਇਂ ਬਰਾਤੀ ਘਰ ਕੋ-।
ਤਊ ਡਰਤਿ ਉਰ ਲਾਗਤਿ ਧਰਕੋ[1] ॥੧੦॥

[1]ਧੜਕਾ।

ਮੁਖ ਕੁਮਲਾਇ ਸਸ਼ੰਕਤਿ ਹੋਈ।
ਦਹਿਨ ਬਿਲੋਚਨ ਫਰਕਤਿ ਜੋਈ[1]।

[1]ਸੱਜਾ ਨੇਤ੍ਰ ਫੁਰਕਦਾ ਹੈ। ਇਸਤ੍ਰੀ ਦੀ ਸਜੀ ਅੱਖ ਫਰਕਣੀ ਮਾੜਾ ਸ਼ਗਨ ਹੈ।

ਦਾਰੁਨ ਕਾਕ[1] ਸ਼ਬਦ ਕੋ ਕਰੈ।

[1]ਕਾਂ।

ਗ੍ਰਿੱਧਨਿ ਸਹਤ ਭ੍ਰਮਤਿ ਘਰ ਥਿਰੈ ॥੧੧॥
ਮਹਾਂ ਉਦਾਸ ਦਿਵਸ ਦਿਖਿਯੰਤੇ[†]।
ਮਹਾਂ ਅਮੰਗਲ ਨਿਮਿਤ ਦ੍ਰਿਸੰਤੇ[†]।

[†]ਕਵੀ ਜੀ ਬੁਰੇ ਸ਼ਗਨਾਂ ਦਾ ਝਾਕਾ ਬੰਨ੍ਹ ਰਹੇ ਹਨ।

[†]ਪਾ:-ਸ਼ਿਵਾ ਬਮਤ ਪਾਵਕ ਲਖਿਯੰਤੇ।

ਸਿਮਰਤਿ ਸਾਸੁ ਕੋ[1] ਤਿਹ ਸਮੈ।

[1]ਯਾਦ ਕਰਦੀ ਹੈ ਮਾਤਾ ਗੰਗਾ ਜੀ ਨੂੰ।

-ਤਿਸ ਕੇ ਅਛਤ ਫਿਕਰ ਨਹਿਂ ਹਮੈ ॥੧੨॥
ਜਿਸਿ ਕੇ ਜੀਵਤਿ ਰਹੇ ਸੁਖਾਰੇ।
ਨਿਜ ਦੁਖ ਕਿਸਿ ਕੇ ਨਿਕਟ ਉਚਾਰੇਂ।
ਹੁਈ ਹੁਤੀ ਜੇ ਮੁਝ ਤੇ ਬੁਰੀ।
ਸੁਨਿ ਕਰਿ ਜਗ ਗੁਰੁ ਛਿਮਾ ਨ ਕਰੀ ॥੧੩॥
ਕਿਮਿ ਬੀਤਹਿਗੀ ਬਜਾਹ ਮਜਾਰੇ।
ਬੁਰੇ ਸ਼ਗੁਨ ਸਭਿ ਜਾਹਿਂ ਨਿਹਾਰੇ।

ਨਹਿਂ ਸਨਬੰਧੀ ਮੇਲਿ ਬੁਲਾਯੋ।
ਬਹੁਰ ਕ੍ਰੋਪ ਕੈ ਸ੍ਰਾਪ ਅਲਾਯੋ- ॥੧੪॥
ਇੱਤਯਾਦਿਕ ਬਹੁ ਰਿਦੈ ਬਿਚਾਰਤਿ।
ਉਰ ਦਮੋਦਰੀ ਚਿੰਤਾ ਆਰਤਿ।
ਗੁਰੁ ਘਰ ਕੋ ਇਮਿ ਭਾ ਬਿਰਤਾਂਤਿ।
ਰਚਯੋ ਬਯਾਹ ਕਰਿ ਤਯਾਰੀ ਦਾਤਿ[1] ॥੧੫॥
[1]ਦਾਜ ਆਦਿ ਦੀ।
ਅਬਿ ਸੁਣੀਯਹਿ ਜਿਮਿ ਪਰਯੋ ਬਿਗਾਰ।
ਭਯੋ ਜੁੱਧ ਬਹੁ ਭਟਨਿ ਸੰਘਾਰਿ[1]।
[1]ਸੂਰਮੇਂ ਨਾਸ਼ਕ।
ਲਵਪੁਰਿ ਸ਼ਾਹਜਹਾਂ ਕਿਯ ਬਾਸਾ।
ਅਨਗਨ ਚਮੂੰ ਧਰੀ ਚਹੁ ਪਾਸਾ ॥੧੬॥
ਪੈਦਲ ਬ੍ਰਿੰਦ ਕਰੇ ਬਹੁ ਡੇਰੇ।
ਤਿਮਿ ਹਯ ਕੇ ਅਸੁਵਾਰਿ ਘਨੇਰੇ।
ਗਨ ਮਤੰਗ ਚਿੰਘਾਰਤਿ ਖਰੇ।
ਕੰਚਨ ਰਜਤ ਝੂਲ ਪਰਵਰੇ[1] ॥੧੭॥
[1]ਸੋਨੇ ਚਾਂਦੀ ਦੇ ਝੁੱਲਾਂ ਨਾਲ ਢੱਕੇ ਹੋਏ।
ਚਹੁੰ ਦਿਸ਼ਿਨਿ ਕੋ ਧਨ ਗਨ ਆਵੈ।
ਦੰਡ ਭਰੈਂ ਸਗਰੇ ਡਰਪਾਵੈਂ।
ਅਵਨੀ ਤਲ ਮਹਿਂ[1] ਅਸ ਨਹਿਂ ਕੋਈ।
[1]ਹਿੰਦ ਦੀ) ਸਾਰੀ ਧਰਤੀ ਤੇ।
ਲੋਹਾ ਲੇਹਿ ਸਮੁਖ ਹੁਇ ਜੋਈ[1] ॥੧੮॥
[1]ਤਲਵਾਰ ਲੈਕੇ ਸਾਹਮਣੇ ਹੋਵੈ (ਭਾਵ ਜੰਗ ਕਰੇ)।
ਚੱਕ੍ਰਵਰਤਿ ਜਿਮਿ ਪ੍ਰਥਮ[1] ਮਹਾਨੇ।
[1]ਜਿਵੇਂ ਪਹਿਲੇ ਚੱਕ੍ਰਵਰਤੀ (ਰਾਜੇ) ਹੁੰਦੇ ਸਨ।
ਅਬਿ ਕਲਿ ਮਹਿਂ ਇਹ ਤਿਨਹੁ ਸਮਾਨੇ।
ਦਸ ਹਜ਼ਾਰ ਤੋਪਾਂ ਜਿਹ ਸੰਗਿ।
ਛੁਟਹਿਂ, ਸ਼ਕਤਿ ਜਿਨਿ ਦੇ ਗਿਰ ਭੰਗ[1] ॥੧੯॥
[1]ਜੇ ਤੋਪਾਂ) ਛੁੱਟਣ ਤਿਨ੍ਹਾਂ ਦੀ ਸ਼ਕਤੀ ਪਹਾੜ ਨੂੰ ਤੋੜ ਦੇਵੇ।
ਅਰਹਿਂ ਦੁਰਗ ਇਹੁ ਬਪੁਰੇ ਕਹਾਂ[1]।
[1]ਕਿਲੇ ਵਿਚਾਰੇ ਉਨ੍ਹਾਂ ਅੱਗੇ ਕੀ ਹਨ।
ਥਰਹਰ ਧਰ ਕੰਪਾਵਤਿ ਮਹਾਂ।
ਅਰਧ ਲੱਛ[1] ਰਹਿਂ ਤਯਾਰ ਜਮੂਰੇ।
[1]ਅੱਧਾ ਲੱਖ।
ਰਣ ਮਹਿਂ ਰਿਪੁਨਿ ਪ੍ਰਹਾਰਹਿਂ ਦੂਰੇ[1] ॥੨੦॥
[1]ਵੈਰੀਆਂ ਨੂੰ ਮਾਰਨ ਵਾਲੇ ਦੂਰੋਂ ਹੀ।
ਬਡ ਸਮਾਜ ਸੋਂ ਉਤਰਯੋ ਸ਼ਾਹੂ।
ਸੇਵਹਿਂ ਸਭਿ ਛਿਤਿ ਕੇ ਨਰਨਾਹੂ।
ਇਕ ਦਿਨ ਨਿਕਸਯੋ ਲਵਪੁਰਿ ਛੋਰਾ।

ਕਰਿ ਕੈ ਬਦਨ ਸੁਧਾਸਰ ਓਰਾ ॥੨੧॥
ਕਾਨਨ[1] ਮਹਿਂ ਗਨ ਜੀਵਨਿ ਘਾਵੈ। [1]ਬਨ।
ਸ੍ਵਾਨਨਿ ਤੇ ਗਨ ਮ੍ਰਿਗਨਿ ਗਹਾਵੈ।
ਕਰਤਿ ਅਖੇਰ ਆਧਿ ਮਗ ਆਵਾ।
ਸ਼੍ਰਮਤਿ ਸ਼ਾਹੁ ਤਹਿਂ ਕੁਛ ਅਲਸਾਵਾ[1] ॥੨੨॥ [1]ਆਰਾਮ ਕੀਤਾ।
ਕਰੵੋ ਨਿਵੇਸ ਨਿਸਾ ਬਿਸਰਾਮਾ।
ਲਗੇ ਤਹਾਂ ਤੰਬੂ ਅਬਿਰਾਮਾ।
ਬ੍ਰਿੰਦ ਬਾਹਨੀ ਉਮਡਤਿ ਆਈ।
ਕਰਿ ਦੀਨਿਸਿ ਡੇਰਾ ਚਹੁ ਘਾਈ ॥੨੩॥
ਗਜ ਬਾਜੀ ਨੇ ਬਨ ਮਥਿ ਗੇਰਾ[1]। [1]ਗਾਹ ਸੱਟਿਆ।
ਉਤਰੵੋ ਲਸ਼ਕਰ ਸ਼ਾਹੁ ਘਨੇਰਾ।
ਗਨ ਉਮਰਾਵ ਚਮੂੰ ਜੁਤਿ ਆਇ।
ਜੋ ਨਿਤ ਕਰਹਿਂ ਸਲਾਮਨਿ ਜਾਇ ॥੨੪॥
ਖਾਨ ਪਾਨ ਕਰਿ ਕੈ ਸਮੁਦਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਾਤ ਪਿਖਿ ਜਾਗੵੋ ਸ਼ਾਹੂ।
ਕਰਨਿ ਅਖੇਰ ਚਹਿਤਿ ਚਿਤ ਮਾਂਹੂ ॥੨੫॥
ਗਨ ਚੀਤੇ ਅਰੁ ਸ੍ਵਾਨਿ ਬਿਸਾਲੇ।
ਭੱਖਤਿ ਆਮਿਖ ਘ੍ਰਿਤ ਬਲ ਵਾਲੇ[1]। [1]ਭਾਵ ਹੈ ਜੋ ਘਿਉ ਤੇ ਮਾਸ ਖਾ ਖਾ (ਕੇ ਪਲੇ ਹੋਏ ਸਨ)।
ਬਹਿਰੀ, ਬਾਜ, ਕੁਹੀ, ਬਹੁ ਸ਼ਿਕਰੇ।
ਲਗਰ, ਝਗਰ, ਜੁਰਰੇ, ਖਗ ਪਕਰੇ[1] ॥੨੬॥ [1]ਪੰਛੀ ਪਕੜਨ ਵਾਲੇ।
ਬਾਜ, ਜੁਹੀ ਲੀਨੇ ਗਨ ਆਯੋ।
ਪਿਖਹਿ ਤਮਾਸ਼ਾ ਆਵਤਿ ਧਾਯੋ।
ਨਿਕਟਿ ਸੁਧਾਸਰਿ ਪਹੁੰਚੇ ਆਇ।
ਕੋਸ ਛਿ ਸਾਤ ਸੁ ਰਹਿਗੀ ਥਾਇਂ ॥੨੭॥
ਇਤਿ ਤੇ ਸਤਿਗੁਰੁ ਚਹੵੋ ਅਖੇਰੇ।
ਬਲੀ ਤੁਰੰਗ ਮੰਗਾਯਹੁ ਨੇਰੇ।
ਗਨ ਸੁਭਟਨਿ ਕੋ ਸੁਧਿ ਜਬਿ ਹੋਈ।

ਭਯੇ ਤਯਾਰਿ ਤੁਰਨਿ ਸਭਿ ਕੋਈ ॥੨੮॥
ਹਯਨਿ ਜ਼ੀਨ ਪਾਏ ਤਤਕਾਲਾ।
ਬਸਤ੍ਰ ਸ਼ਸਤ੍ਰ ਸਭਿ ਧਰੇ ਬਿਸਾਲਾ।
ਚਢੇ ਤੁਰਤਿ ਸਤਿਗੁਰੁ ਢਿਗ ਆਏ।
ਨਿਜ ਕੰਧਨਿ ਬੰਦੂਕ ਟਿਕਾਏ ॥੨੯॥
ਕਿਹ ਤੋਮਰ ਕਿਹ ਗਹੀ ਕਮਾਨ।
ਇਸ ਪ੍ਰਕਾਰ ਹੋਏ ਸਵਧਾਨ।
ਸਤਿਗੁਰ ਗਰੇ ਖੜਗ ਕੋ ਪਾਏ।
ਧਰਿ ਤਰਕਸ਼ ਕਟ[1] ਕਸੀ ਸੁਹਾਏ ॥੩੦॥

[1]ਭੱਥੇ ਕਮਰ ਨਾਲ।

ਕੰਧੈ ਧਨੁਖ ਕਠੋਰ ਕਰਾਲਾ[1]।

[1]ਭਯਾਨਕ।

ਭਏ ਤਯਾਰਿ ਸਤਿਗੁਰ ਤਤਕਾਲਾ।
ਚੰਚਲ ਬਲੀ ਕੁਮੈਤ[1] ਸੁ ਬਾਜਿ।

[1]ਕਾਲੋਂ ਲਈ ਲਾਲ ਰੰਗ ਦਾ ਘੋੜਾ (ਇਹ ਘੋੜਾ ਮਜ਼ਬੂਤ ਬਹੁਤ ਹੁੰਦਾ ਹੈ)।

ਆਰੋਹੇ ਗਹਿ, ਕਰ ਧਰਿ ਬਾਜ[1] ॥੩੧॥

[1]ਵਾਗਾਂ) ਫੜਕੇ ਚੜ੍ਹੇ ਤੇ ਹੱਥ ਤੇ ਬਾਜ ਧਰਿਆ।

ਜੁਰਰੇ, ਕੁਹੀ, ਸ੍ਵਾਨ ਬਲਵੰਤੇ।
ਮੀਰ ਸ਼ਿਕਾਰ ਸੰਗਿ ਗਮਨੰਤੇ।
ਦੁਇ ਤ੍ਰੈ ਕੋਸ ਫਿਰੇ ਬਨ ਗਾਹਤਿ।
ਹਨਿਬੇ ਸ਼ੂਕਰ, ਸਸੇ ਉਮਾਹਤਿ ॥੩੨॥
ਆਗਾ ਸ਼ਾਹਜਹਾਂ ਕੋ ਜਹਾਂ।
ਸ਼੍ਰੀ ਹਰਿਗੋਵਿੰਦ ਗਮਨੇ ਤਹਾਂ।
ਚਤੁਰ ਕੋਸ ਕੋ ਅੰਤਰ[1] ਰਹਯੋ।

[1]ਫਰਕ, ਫਾਸਲਾ।

ਕਰਯੋ ਅਖੇਰ ਜਿਤਿਕ ਚਿਤ ਚਹਯੋ ॥੩੩॥
ਤੀਤਰ, ਲਵਾ[1], ਬਟੇਰ ਸੰਘਾਰੇ।

[1]ਬਟੇਰ ਦੀ ਤਰ੍ਹਾਂ ਦਾ ਇਕ ਪੰਛੀ।

ਸੂਕਰ, ਸਸੇ ਬਿਲੋਕਿ ਪ੍ਰਹਾਰੇ।
ਹਯਨਿ ਪਲਾਵਤਿ ਪਾਛੇ ਪਰੈਂ[1]।

[1]ਫੜ ਲੈਂਦੇ ਹਨ।

ਮ੍ਰਿਗਨ ਥਕਾਇ ਜਿਯਤਿ ਕੋ ਧਰੈਂ ॥੩੪॥
ਇਤਿ ਉਤਿ ਫਿਰੈ ਧਵਾਵਹਿਂ ਘੋਰੇ।
ਦੂਰਿ ਦੂਰਿ ਲਗਿ ਕਾਨਨਿ ਟੋਰੇ।
ਸ਼੍ਰਮਤਿ ਭਏ ਸ਼੍ਰੀ ਹਰਿਗੋਵਿੰਦ।

ਕਰੇ ਅਖੇਰ ਬ੍ਰਿੱਤਿ ਹਤਿ ਬ੍ਰਿੰਦ ॥੩੫॥
ਬਿਧੀਏ ਸੋਂ ਬੋਲੇ 'ਬਹੁ ਫਿਰੇ।
ਅਧਿਕ ਤੁਰੰਗ ਧਵਾਵਨਿ ਕਰੇ।
ਸ਼੍ਰਮਤਿ ਭਏ ਕਿਤਿ ਛਾਂਵ ਨਿਹਾਰਹੁ।
ਉਤਰਹਿਂ ਤਹਾਂ ਸੁ ਸ਼੍ਰਮ ਨਿਰਵਾਰਹੁ'
॥੩੬॥
ਫਿਰੇ ਸਊਰ[1] ਦੂਰਿ ਲਗਿ ਹੇਰੇ।
ਆਇ ਬਤਾਏ ਸਤਿਗੁਰੁ ਨੇਰੇ।
'ਮਹਾਂਰਾਜ ਦ੍ਵੈ ਪੀਪਰ ਖਰੈ।
ਗੁਮਟਾਲਾ ਹਦਿ ਤੇ ਬਹੁ ਪਰੇ ॥੩੭॥
ਤਿਨ ਕੀ ਭੀ ਕੁਛ ਸਘਨ ਨ ਛਾਯਾ।
ਦਲ ਤਲਿ ਗਏ ਕਿਨਹੁ ਦੌਂ ਲਾਯਾ[1]।
ਸੁਨਤਿ ਅਰਿੰਦਮ ਤਿਤੁ ਕੋ ਗਏ[1]।
ਪਤਰੀ ਛਾਉਂ[1] ਹੇਰਿ ਉਤਰਏ ॥੩੮॥
ਊਪਰ ਬਸਤ੍ਰ ਡਾਰਿ ਕਿਯ ਛਾਯਾ।
ਆਇ ਫਰਾਸ਼ਨਿ ਫਰਸ਼ ਬਨਾਯਾ।
ਹਿਤ ਅਰਾਮ ਕਰਿਬੇ ਤਹਿਂ ਥਿਰੇ।
ਲੇ ਕਰਿ ਨੀਰ ਚੁਰੇ ਗਨ ਕਰੇ[1] ॥੩੯॥
ਮੁਖ ਪੰਕਜ ਕੋ ਬਹੁਰ ਪਖਾਰਾ।
ਮ੍ਰਿਦੁਲ ਪਦਨਿ ਪਰ ਜਲਿ ਕੋ ਡਾਰਾ।
ਜੇਠ ਮਾਸ ਕੋ ਘਾਮ ਨਿਵਾਰੇ।
ਬੈਠੇ ਸਤਿਗੁਰੁ ਸ਼੍ਰਮ ਨਿਰਵਾਰੇ ॥੪੦॥
ਦੂਰਿ ਦੂਰਿ ਛਾਯਾ ਅਵਿਲੋਕਿ।
ਪਰੇ ਉਤਰਿ ਜੇ ਸੰਗੀ ਲੋਕ।
ਹਯ ਬਾਂਧੇ ਡੋਰਿਨਿ ਕੇ ਸਾਥਿ।
ਦੇਖਤਿ ਭਟ ਜਿਤ ਦਿਸ਼ ਥਿਤ ਨਾਥ
॥੪੧॥
ਇਤਿ ਸ਼੍ਰੀ ਹਰਿ ਗੋਵਿੰਦ ਗਤਿ[1] ਐਸੇ।
ਹਿਤ ਬਿਸਰਾਮ ਛਾਂਵ ਮਹਿਂ ਬੈਸੇ।
ਸ਼ਾਹ ਜਹਾਂ ਉਤਿ ਖੇਲਿ ਅਖੇਰੇ।
ਕਾਨਨਿ ਕੇ ਹਤਿ ਜੀਵ ਘਨੇਰੇ ॥੪੨॥

[1]ਅਸਵਾਰ।
[1]ਪੱਤੇ ਸੜ ਗਏ ਹਨ ਕਿਸੇ ਨੇ ਅੱਗ ਲਾਈ (ਜਾਪਦੀ) ਹੈ।
[1]ਸੁਣਕੇ ਵੈਰੀ ਨਾਸ਼ਕ (ਗੁਰੂ) ਜੀ ਉਸ ਤਰਫ ਨੂੰ ਗਏ।
[1]ਪਤਲੀ ਛਾਂ। (ਅ) ਪੱਤਰਾਂ ਦੀ ਛਾਂ।
[1]ਬਹੁਤੇ ਚੁਲੇ ਕੀਤੇ।
[1]ਹਾਲ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਿਕਾਰ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਬਾਜ਼ ਗੁਰੂ ਜੀ ਨੇ ਫੜਿਆ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਖੇਲਤਿ ਅਧਿਕ ਸ਼ਿਕਾਰ ਕੋ,
ਸ਼ਾਹਜਹਾਂ ਬਨ ਮਾਂਹਿ।
ਹਤਿ ਕਰਿ ਚਲ੍ਯੋ ਲਹੌਰ ਦਿਸ਼ਿ,
ਹਨੇ ਜੀਵ ਬਹੁ ਤਾਂਹਿ ॥੧॥

ਚੌਪਈ:

ਬਾਜ ਵਲਾਇਤ ਕਿਸਿ ਤੇ ਆਯੋ।
ਹਿਤ ਸੁਗ਼ਾਤ ਪਿਖਿ ਭਲੋ ਪਠਾਯੋ।
ਲਖਿ ਆਛੋ ਹਿਤਿ ਪਿਖਨਿ ਤਮਾਸ਼ੇ।
ਚਢ੍ਯੋ ਸ਼ਾਹੁ ਆਯੋ ਇਤ ਪਾਸੇ ॥੨॥
ਹਟਿ ਜਬਿ ਚਲ੍ਯੋ[1], ਬਿਹੰਗ ਸੁਰਕਾਬ[2]।
[1]ਪਾਤਸ਼ਾਹ) ਜਦੋਂ ਮੁੜ ਚਲਿਆ। [2]ਚਕਵਾ [ਫਾ. ਸੁਰਖਾਬ]
ਨਿਕਸਿ ਉਡ੍ਯੋ ਪਿਖਿ ਸ਼ਾਹ ਅਜਾਬ[1]।
[1]ਅਨੋਖਾ, ਅਜੀਬ।
ਨਿਜ ਕਰ ਤੇ ਤਬਿ ਬਾਜ ਚਲਾਯਹੁ।
ਤੀਰ ਮਨਿੰਦ ਬਿਹੰਗ ਪਰ ਆਯਹੁ ॥੩॥
ਹੁਤੋ ਅਘਾਯਹੁ ਕਰੀ ਨ ਚੋਟਿ[1]।
[1]ਬਾਜ਼) ਰੱਜਿਆ ਹੋਇਆ ਸੀ (ਸੁਰਖਾਬ ਨੂੰ ਉਸ ਨੇ) ਮਾਰਿਆ ਨਾ।
ਬਾਜਿ ਕੁਮਤਿ ਨਰ ਮਹਿਂ ਇਹ ਖੋਟ।
ਤ੍ਰਿਪਤਿ ਹੋਇ ਪੁਨ ਕਾਮ ਨ ਆਵੈਂ[1]।
[1]ਬਾਜ ਤੇ ਮੂਰਖ ਪੁਰਸ਼ ਵਿਚ ਇਹ ਖੋਟ ਹੈ ਕਿ ਰੱਜੇ ਹੋਏ ਕੰਮ ਨਹੀਂ ਆਉਂਦੇ।
ਦਗ਼ਾ ਦੇਤਿ ਪ੍ਰਭੁ ਤੇ[1] ਫਿਰਿ ਜਾਵੈਂ ॥੪॥
[1]ਮਾਲਕ ਤੋਂ।
ਦੇਖਤਿ ਰਹ੍ਯੋ ਸ਼ਾਹੁ ਬਹੁਤੇਰਾ।
ਗਯੋ ਬਾਜ ਖਗ ਪਾਛੇ ਹੇਰਾ।
ਨਹਿਂ ਮਾਰ੍ਯੋ ਨਹਿਂ ਹਟਿ ਕਰਿ ਬੈਸੇ[1]।
[1]ਨਾਂ ਹੀ ਹੱਥ ਤੇ ਬੈਠਾ ਮੁੜਕੇ।
ਚਲ੍ਯੋ ਗਯੋ ਉਡਿ ਨਭ ਮਹਿਂ ਤੈਸੇ ॥੫॥
ਥਕਤਿ ਸ਼ਾਹੁ ਤਹਿਂ ਤੇ ਚਲਿ ਪਰ੍ਯੋ।
ਲਵਪੁਰਿ ਓਰਿ ਪਯਾਨਾ ਕਰ੍ਯੋ।
ਕੁਛਕ ਸਊਰਨਿ ਕੇ ਤਹਿਂ ਮੋਰਿ।
'ਮੀਰ ਸ਼ਿਕਾਰ! ਜਾਹੁ ਲਿਹੁ ਟੋਰਿ'
॥੬॥
ਚਢ੍ਯੋ ਸ਼ਾਹੁ ਸੁਖ ਕੀ ਅਸੁਵਾਰੀ[1]।
[1]ਸੁਖ ਵਾਲੀ ਅਸਵਾਰੀ (ਪਾਲਕੀ ਉੱਤੇ)।
ਤੁਰਨਿ ਪਹੁਚ੍ਯੋ ਪੁਰੀ ਮਝਾਰੀ।

ਮੀਰ ਸ਼ਿਕਾਰਨਿ ਜੁਤਿ ਅਸਵਾਰ।
ਆਵਤਿ ਪਾਛੇ ਬਾਜ ਨਿਹਾਰ[1] ॥੭॥ — [1]ਬਾਜ਼ ਨੂੰ ਲੱਭਦੇ।
ਤ੍ਰਾਸਤਿ ਉਡਤਿ ਸੁਕਾਬ[1] ਅਗਾਰੀ। — [1]ਸੁਰਖ਼ਾਬ।
ਤਿਮ ਸਭਿ ਅਏ ਸ਼ੀਘ੍ਰਤਾ ਧਾਰੀ।
ਉਡਤਿ ਉਡਤਿ ਆਏ ਚਲਿ ਤਹਾਂ।
ਸ਼੍ਰੀ ਹਰਿਗੋਵਿੰਦ ਉਤਰੇ ਜਹਾਂ ॥੮॥
ਸਹਤ ਸੁਕਾਬ ਬਾਜ਼ ਕੋ ਹੇਰੇ[1]। — [1]ਗੁਰੂ ਜੀ ਨੇ) ਡਿੱਠਾ।
ਸੁਨਜੋ ਸੁਭਟ ਤੇ ਗੁਰੁ ਤਿਸਿ ਬੇਰੇ।
ਅਪਨੋ ਬਾਜ਼ ਲੀਨਿ[1] ਉਤਲਾਏ। — [1]ਲੀਤਾ (ਗੁਰੂ ਜੀ ਨੇ)।
ਤਿਨਿ ਕੇ ਸਨਮੁਖ ਦਿਯੋ ਚਲਾਏ[1] ॥੯॥ — [1]ਉਨ੍ਹਾਂ) ਉਸ ਸੁਰਖਾਬ ਤੇ ਬਾਜ਼ ਦੇ ਅੱਗਿਓਂ ਦੀ ਆਪਣਾ ਬਾਜ਼ ਛੱਡ ਦਿੱਤਾ।
ਗਹਿ ਸੁਕਾਬ ਕੋ ਤੁਰਤਿ ਦਬਾਏ।
ਦੋਨਹੁੰ ਬਾਜ਼ ਉਤਰਿ ਛਿਤਿ[1] ਆਏ। — [1]ਧਰਤੀ ਤੇ।
ਆਇਸੁ ਪਾਇ ਧਾਇ ਸਿਖ ਗਏ।
ਜੁਗ ਬਾਜ਼ਨਿ ਕੋ ਪਕਰਤਿ ਭਏ ॥੧੦॥
ਲੇ ਤੂਰਨਿ ਹੀ ਆਏ ਤੀਰ।
ਬਲੀ ਬਿਲੋਕਿ ਬਾਜ਼ ਬਰੁ ਬੀਰੁ।
ਭਏ ਪ੍ਰਸੰਨ ਕਹਜੋ ਤਿਸ ਕਾਲ।
'ਸਾਧ ਸਾਧ ਸਿਖ ਭਯੋ ਨਿਹਾਲ' ॥੧੧॥
ਲੇ ਕਰਿ ਅਪਨੇ ਹਾਥ ਬਿਠਾਯਹੁ।
ਆਛੇ ਹੇਰਤਿ ਚਿਤ ਬਿਰਮਾਯਹੁ।
'ਨਿਪਜਜੋ ਕਿਸੂ ਬਲਾਇਤ ਮਾਂਹੂ।
ਅਪਰ ਨ ਕਿਸਿ ਕੋ ਅਸ ਬਿਨੁ ਸ਼ਾਹੂ[1] ॥੧੨॥ — [1]ਸ਼ਾਹ ਤੋਂ ਬਿਨਾਂ ਹੋਰ ਕਿਸੇ ਦਾ ਐਸਾ ਨਹੀਂ।
ਅਬਿ ਹਮ ਰਾਖਹਿਂ ਦੇਂ ਤਿਸਿ ਨਾਂਹੀ।
ਅਪਰ ਘਨੇ ਰਾਖਤਿ ਸੋ ਪਾਹੀ।
ਹਮਰੋ ਬਾਜਿ ਪ੍ਰਥਮ ਤਿਸਿ ਲੀਨੋ।
ਪੁਨ ਸ਼੍ਰੀ ਨਾਨਕ ਹਮ ਕੋ ਦੀਨੋ ॥੧੩॥
ਸੋ ਪਲਟੋ ਤਿਸਿ ਕੇ ਸਿਰ ਰਹਜੋ।
ਉਤਰਹਿ ਅਬਹਿ ਬਾਜ਼ ਹਮ ਗਹਜੋ।'
ਇਮ ਦਿਢਤਾ ਕਰਿ ਸਤਿਗੁਰੁ ਥਿਰੇ।
ਬਾਰਿ ਬਾਰਿ ਅਵਿਲੋਕਨਿ ਕਰੇ ॥੧੪॥

ਬਾਰਿ ਬਾਰਿ ਬਹੁ ਕਰਹਿਂ ਸਰਾਹਨਿ।
ਮਨਹੁਂ ਪ੍ਰਤੀਖਤਿ ਪੁਰਵੀ ਚਾਹਨਿ[1]।

[1]ਪਹਿਲੇ ਹੀ ਚਾਹ ਕਰਕੇ ਮਾਨੋ ਉਡੀਕਦੇ ਸਨ (ਗੁਰੂ ਜੀ)।

ਮੀਰ ਸ਼ਿਕਾਰ ਸੰਗਿ ਅਸਵਾਰ।
ਹਯਨਿ ਧਵਾਇ ਸ਼ੀਘ੍ਰਤਾ ਧਾਰਿ ॥੧੫॥
ਆਏ[†] ਖੋਜਤਿ ਚਮੂੰ ਨਿਹਾਰੀ।

[†]ਬਾਜ਼ ਫੜੇ ਜਾਣ ਦੇ ਮਗਰੋਂ ਏਹ ਲੋਕ ਪਹੁੰਚੇ ਹਨ। ਇਹ ਗੱਲ ਅਗਲੇ ਅੰਸੂ ਦੇ ਅੰਕ ੫ ਤੋਂ ਨਿਰਸੰਦੇਹ ਹੋ ਜਾਂਦੀ ਹੈ: ਕਿਤਿਕ ਦੇਰ ਪਾਛੇ ਹਮ ਗਏ।

ਬੂਝਯੋ 'ਉਤਰਯੋ ਕੌਨ ਅਗਾਰੀ?'
ਭਟਨਿ ਬਤਾਇ 'ਸਾਚ ਪਤਿਸ਼ਾਹੂ।
ਸ੍ਰੀ ਹਰਿ ਗੋਵਿੰਦ ਦੁਸ਼ਟਨਿ ਦਾਹੂ' ॥੧੬॥
ਸੁਨਿ ਕਰਿ ਜਰੇ, ਜਰੇ ਨਹਿਂ ਜਾਇ।
-ਅਪਰ ਕੌਨ ਪਤਿਸ਼ਾਹ ਕਹਾਇ-।
ਤੁਰਕ ਮੂਢ ਤਬਿ ਚਲਿ ਕਰਿ ਆਏ।
ਡੀਲ ਬਿਲੰਦ ਗੁਰੁ ਦਰਸਾਏ ॥੧੭॥
ਬਾਜ਼ ਸ਼ਾਹੁ ਕੋ ਹਾਥ ਬਿਠਾਯੋ।
ਤੁਰਕਨਿ ਦੇਖਤਿ ਬਾਕ ਅਲਾਯੋ।
'ਇਹ ਤੌ ਆਯਹੁ ਬਾਜ਼ ਹਮਾਰੋ।
ਤੁਮ ਗਹਿ ਲੀਨਿ ਹਾਥ ਜਿਸਿ ਧਾਰੋ' ॥੧੮॥
ਮੀਰ ਸ਼ਿਕਾਰਨਿ ਤੇ ਸੁਨਿ ਕਹੇ।
'ਕੋ ਤੁਮ, ਬਾਜ਼ ਕੌਨ ਕੋ ਅਹੇ?
ਹਮ ਕਿਸਿ ਢਿਗ ਲੈਬੇ ਨਹਿਂ ਗਏ।
ਬੈਠੇ ਇਹਾਂ ਉਡਤਿ ਗਹਿ ਲਏ ॥੧੯॥
ਤੁਮਰੇ ਹਾਥਨਿ ਤੇ ਨਹਿਂ ਛੀਨਾ।
ਸੰਗਿ ਬਾਜ਼ ਕੇ ਕੋ ਨਹਿਂ ਚੀਨਾ[1]।

[1]ਤੁਸਾਂ ਵਿਚੋਂ) ਬਾਜ਼ ਦੇ ਨਾਲ ਅਸਾਂ ਕਿਸੇ ਨੂੰ ਨਹੀਂ ਡਿੱਠਾ।

ਭ੍ਰਮਤਿ ਭ੍ਰਮਤਿ ਕਿਤ ਤੇ ਇਹ ਆਯੋ।
ਬਡੇ ਜਤਨ ਤੇ ਅਬਿ ਪਕਰਾਯੋ' ॥੨੦॥
ਮੀਰ ਸ਼ਿਕਾਰਨ ਉਰ ਹੰਕਾਰ।
ਸੁਨਿ ਗੁਰੁ ਤੇ ਬੋਲੇ ਰਿਸਿ ਧਾਰਿ।
'ਸ਼ਾਹੁਜਹਾਂ ਸਭਿ ਆਲਮ ਸ਼ਾਹੂ[1]।

[1]ਸਾਰੀ ਦੁਨੀਆਂ ਦਾ ਪਾਤਸ਼ਾਹ ਹੈ।

ਜਿਸਿ ਕੋ ਮਹਾਂ ਤੇਜ ਜਗ ਮਾਂਹੂ ॥੨੧॥
ਜਿਸਿ ਆਗੈ ਸਭਿ ਦੇਸ਼ ਨ੍ਰਿਪਾਲਾ।
ਝੁਕਤਿ ਸਦਾ ਗਨ ਤ੍ਰਸਤਿ ਬਿਸਾਲਾ।
ਨਹਿਂ ਮਵਾਸ ਕਿਤਹੂੰ ਥਲ ਛੋਰਾ।
ਸਭਿਹਿਨਿ ਪਰਿ ਕਰਿ ਅਪਨੋ ਜੋਰਾ[1] ॥੨੨॥

[1]ਅਪਨਾ ਜ਼ੋਰ ਸਭ ਤੇ ਕਰ ਲਿਆ ਹੈ।

ਤਿਸ ਤੇ ਤੁਮ ਜਾਨਤਿ ਕੈ ਨਾਂਹੀ?
ਹਮ ਚਾਕਰ ਹੈਂ ਤਿਸ ਕੇ ਪਾਹੀ।
ਖੇਲਤਿ ਇਤ ਅਖੇਰ ਸੋ ਆਵਾ।
ਖਗ ਪਰਿ ਤ੍ਰਿਪਤਜੋ ਬਾਜ਼ ਚਲਾਵਾ ॥੨੩॥
ਕਰੀ ਨ ਚੋਟ ਇਤਹਿ ਚਲਿ ਆਯੋ।
ਜਬਹਿ ਸ਼ਾਹ ਕੋ ਨਹੀਂ ਦਿਖਾਯੋ।
ਲਵਪੁਰਿ ਕੋ ਗਮਨਜੋ ਸਹਿਸਾਈ।
ਹਮ ਆਏ ਦੇਖਤਿ ਪਿਛਵਾਈ ॥੨੪॥
ਤੁਮ ਨੇ ਆਗੇ ਹੀ ਗਹਿ ਲੀਨੋ।
ਹਾਥ ਬਿਠਾਇ ਆਪਨੋ ਕੀਨੋ।
ਦਿਹੁ ਤੁਰਨਿ ਨਹਿਂ ਕਰਹਿ ਬਿਗਾਰੇ।
ਸੁਨਹਿ ਸ਼ਾਹੁ ਬਹੁ ਰਿਸ ਕੋ ਧਾਰੇ' ॥੨੫॥
ਪੁਨ ਗੁਰੁ ਕਹਜੋ 'ਸ਼ਾਹੁ ਕੋ ਜਾਨਹਿਂ।
ਤੂੰ ਤਿਸਿ ਚਾਕਰ ਸੋ ਪਿ ਪਛਾਨਹਿਂ।
ਹਮਹਿ ਬਾਜ਼ ਕਾਨਨ ਤੇ ਪਾਵਾ।
ਨਹੀਂ ਚਲਹਿ ਅਬਿ ਤੁਮਰੋ ਦਾਵਾ[1] ॥੨੬॥

[1]ਹੱਕ।

ਡਰਤਿ ਸ਼ਾਹੁ ਤੇ ਦੇਂ ਹਮ ਨਾਂਹੀ[†]।

[†]ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਮੁਖ਼ਲਸ ਖ਼ਾਂ ਦੇ ਜੰਗ ਦੀ ਤਰੀਕ ਨਹੀਂ ਦਿੱਤੀ ਪਰ ਬੀਬੀ ਵੀਰੋ ਦੇ ਵਿਆਹ ਦੇ ਦਿਤੇ ਸੰਮਤ ਤੋਂ ੧੬੭੯ (੧੬੨੨ ਈ:) ਸਹੀ ਹੋ ਜਾਂਦੀ ਹੈ (ਦੇਖੋ ਅੰਸੂ ੧੮ ਅੰਕ ੩੧) ਤਦੋਂ ਜਹਾਂਗੀਰ ਜੀਉਂਦਾ ਸੀ, ਤ੍ਵਾਰੀਖ ਖਾਲਸਾ ਨੇ ਸੰ: ੧੬੮੫ ਬਿ: (੧੬੨੮ ਈ:) ਦਿੱਤਾ ਹੈ, ਜੇ ਇਹੋ ਸੰਮਤ ਇਸ ਜੁੱਧ ਦਾ ਸਹੀ ਹੋਵੇ ਤਾਂ ਸ਼ਾਂਹਜਹਾਂ ਤਦੋਂ ਲਾਹੌਰ ਨਹੀਂ ਸੀ। ਜਹਾਂਗੀਰ ਦੇ ਮਰਨ ਵੇਲੇ (੧੬੨੭ ਈ: ਅਕਤੋਬਰ) ਸ਼ਾਹਜਹਾਂ ਦੱਖਣ ਵਿਚ ਸੀ, ਤੇ ਜਨਵਰੀ ੧੬੨੮ ਈ: ਵਿਚ ਉਹ ਆਗਰੇ ਆਕੇ ਤਖਤ ਤੇ ਬੈਠਾ ਆਮ ਇਤਿਹਾਸਕਾਰਾਂ ਨੇ ਦੱਸਿਆ ਹੈ, ਤੇ ਆਗਰੇ ਰਿਹਾ ਹੈ। ਅਕਤੂਬਰ ੧੬੨੯ ਵਿਚ ਸ਼ਾਹ ਜਹਾਨ ਦਖਣ ਖਾਨ ਜਹਾਨ ਤੇ ਚੜ੍ਹ ਕੇ ਗਿਆ ਹੈ। ਸੋ ਸ਼ਾਹ ਜਹਾਨ ਇਨੀਂ ਦਿਨੀਂ ਲਾਹੌਰ ਨਹੀਂ ਸੀ। ਮੁਖ਼ਲਸ ਖਾਂ ਕੋਈ ਮੁਗਲ ਵਡਕਾ ਸੀ, ਜਿਸ ਨਾਲ ਇਹ ਜੰਗ ਹੋਇਆ ਹੈ। ਕਿਸੇ ਹਾਕਮ ਤੱਲਕੇਦਾਰ ਯਾ ਮੁਗਲ ਵਡਕੇ ਦਾ ਜੁੱਧ ਪਾਤਸ਼ਾਹੀ ਜੁੱਧ ਆਮ ਲੋਕਾਂ ਵਿਚ ਸਮਝਿਆ ਜਾਣਾ ਮਾਮੂਲੀ ਗੱਲ ਹੈ।

ਇਤਿ: ਗੁਰੂ ਖਾ: (ਹਿੰਦੀ) ਨੇ ਮੁਖ਼ਲਸ ਖ਼ਾਂ ਨੂੰ ਸੂਬਾ ਲਾਹੌਰ ਦਾ ਨਾਇਬ ਲਿਖਿਆ ਹੈ। ਬਾਜ਼ ਅਪਣੇ ਆਪ ਵਿਚ ਜੁੱਧ ਦਾ ਕਾਰਨ ਨਹੀਂ ਪਰ ਸ੍ਵੈ ਸਤਿਕਾਰ ਤੇ ਸ੍ਵੈ ਰੱਖਯਾ ਦਾ ਅਸੂਲ ਕਾਰਣ ਹੈ। ਅੰਕ ੧੩ ਵਿੱਚ ਦਸਦੇ ਹਨ 'ਹਮਰੋ ਬਾਜ਼ਿ ਪ੍ਰਥਮ ਤਿਸ ਲੀਨੋ', ਦੂਸਰੇ ਬਨ ਵਿਚੋਂ ਖੁੱਲ੍ਹੇ ਪੰਛੀ ਨੂੰ ਫੜ ਲੈਣਾ ਸ਼ਿਕਾਰ ਦੇ ਤਦੋਂ ਦੇ ਤ੍ਰੀਕਿਆਂ ਵਿਚ ਫੜਨ ਵਾਲੇ ਦਾ ਹੋ ਜਾਂਦਾ ਸੀ। 'ਹਮਹਿ ਬਾਜ਼ ਕਾਨਨ ਤੇ ਪਾਵਾ। ਨਹੀਂ ਚਲਹਿ ਅਬਿ ਤੁਮਰੋ ਦਾਵਾ।' (ਅੰ: ੨੬)। ਤੀਸਰੇ ਬਾਜ਼ ਵਾਲਿਆਂ ਸਜਨਾਈ ਨਾਲ ਨਹੀਂ ਮੰਗ ਕੀਤੀ, ਪਰ ਭੈ ਦਿਖਾ ਕੇ ਤੇ ਫੇਰ ਝੂਠ ਬੋਲ ਕੇ ਤੇ ਪਾਤਸ਼ਾਹੀ ਰੋਅਬ ਪਾਇਆ ਹੈ, ਕਿ ਬਾਜ਼ ਪਾਤਸ਼ਾਹ ਦਾ ਹੈ ਜੋ ਡਰ ਕੇ ਦੇ ਦੇਣਗੇ, ਜਿਸ ਪਰ ਗੁਰੂ ਜੀ ਕਹਿੰਦੇ ਹਨ 'ਡਰਤ ਸ਼ਾਹੁ ਤੇ ਦੇ ਹਮ ਨਾਂਹੀ' (ਅੰਕ ੨੭)। ਇੱਥੇ ਹੁਣ ਮਾਮਲਾ ਬਾਜ਼ ਦਾ ਨਹੀਂ ਪਰ ਅਸੂਲ ਦਾ ਹੋ ਗਿਆ ਹੈ। ਬਾਕੀ ਪ੍ਰਜਾ ਸਾਰੀ ਦਬੇਲ ਹੋ ਚੁਕੀ ਹੈ, ਤੁਰਕਾਂ ਦੇ ਡਰ ਤੋਂ ਦੱਬ ਜਾਂਦੀ ਹੈ, ਪਰ ਸਤਿਗੁਰ ਜੀ ਜੋ ਪ੍ਰਜਾ ਵਿੱਚ ਜਾਨ ਭਰਨੀ ਚਾਹੁੰਦੇ ਹਨ, ਹੁਣ ਅਸੂਲ ਤੇ ਅੜਕੇ ਨਿਰਭੈਤਾ ਦਾ ਸਬਕ ਸਿਖਾਉਣ ਲੱਗੇ ਹਨ ਤੇ ਆਪਣੀ ਉੱਮਤ ਵਿੱਚੋਂ ਮੌਤ ਦਾ ਭੈ ਦੂਰ ਕਰ ਕੇ ਸੱਚ ਤੇ ਪਹਿਰਾ ਦੇਣ ਦੀ ਜਾਚ ਸਿਖਾਲਣ ਲੱਗੇ ਹਨ, ਚਾਹੋ ਅਸੂਲ ਦੀ ਦ੍ਰਿੜਤਾ ਵਿਚ ਜਾਨ ਦੇਣੀ ਪਵੇ।

ਗਹਜੋ ਜਤਨ ਤੇ ਰਾਖਹਿਂ ਪਾਹੀ।
ਜਾਇ ਪੁਕਾਰਹੁ ਤਾਂਹਿ ਅਗਾਰੀ।
ਜਿਸਿ ਕੋ ਬਕਤਿ ਜੋਰ ਤੁਮ ਭਾਰੀ[1]' ॥੨੭॥

[1]ਜਿਸ ਦਾ ਜ਼ੋਰ ਭਾਰੀ ਤੁਸੀਂ ਕਹਿੰਦੇ ਹੋ।

ਤੁਰਕ ਸਉਰ ਕੁਪੇ ਕਹਿ ਬੈਨਾ।
'ਪਾਤਸ਼ਾਹ ਕੋ ਤੁਮ ਡਰੁ[†] ਹੈ ਨਾ।

[†]ਇਹ ਬੇ ਕਾਨੂਨਾ ਡਰ ਦੇ ਰਹੇ ਹਨ।

ਤਰੈ ਤਨਾਵਨਿ ਕੇ ਤਿਹ ਬਾਸਾ[1]।

[1]ਉਸ ਦੀਆਂ ਤਣਾਵਾਂ ਹੇਠ (ਭਾਵ ਨੇੜੇ) (ਤੇਰਾ) ਵਾਸਾ ਹੈ।

ਕਜੋਂ, ਸਾਚੋ ਪਿਖਿ ਚਹੈਂ ਤਮਾਸ਼ਾ[1] ॥੨੮॥

[1]ਕਿਉਂ ਸੱਚੀ ਮੁਚੀ ਤਮਾਸ਼ਾ ਵੇਖਣਾ ਚਾਹੁਨਾ ਹੈਂ?

ਭੰਗ ਖਾਇ ਬੋਲਤਿ ਬਿਨੁ ਜਾਨੇ[1]।

[1]ਕੋਈ) ਭੰਗ ਖਾ ਕੇ ਬਿ ਸਮਝੀ ਨਾਲ ਜਿਵੇਂ ਬੋਲਦਾ ਹੈ।

ਤਿਮ ਸੁਭਾਉ ਰਾਵਰ ਕੋ ਜਾਨੇ।
ਚਮੂੰ ਹਜ਼ਾਰੋਂ ਜਿਨਿ ਕੇ ਪਾਸ।
ਸੋ ਕਰ ਜੋਰਤਿ ਧਰਿ ਉਰ ਤ੍ਰਾਸ ॥੨੯॥
ਕਹੇ[1] ਨ ਦੇਤਿ ਸ਼ਾਹੁ ਕੋ ਬਾਜ਼।

[1]ਸਾਡੇ) ਕਿਹਾਂ ਤੇ। (ਅ) ਕਹਿੰਦੇ ਹੋ ਕਿ ਨਹੀਂ.....।

ਬਚਹੁ ਕਹਾਂ ਕਿਤ ਜਾਵਹੁ ਭਾਜਿ?
ਆਇ ਸੈਨਿ ਜਬਿ ਘਾਲਹਿ ਜ਼ੋਰ।
ਲਰਹਿ ਕੌਨ ਤਬਿ ਤੁਮਰੀ ਓਰਿ ॥੩੦॥
ਸਹਤ ਬਾਜ਼ ਕੇ ਗਹਿ ਲੇ ਜਾਹਿਂ।
ਕਜੋਂ ਨ ਡਰਹੁ ਤੁਮ ਲਖਿ ਮਨ ਮਾਂਹਿ।'
ਸੁਨਿਤਿ ਰਿਸੇ ਗੁਰੁ ਬਾਕ ਉਚਾਰਾ।
'ਗੀਦੀ[1]! ਕਜਾ ਤੁਮ ਝਗਰੋ ਡਾਰਾ ॥੩੧॥

[1]ਬੁਜ਼ਦਿਲੋ, ਕਾਇਰੋ। [ਫਾ. ਗੀਦੀ]

ਜਾਹੁ ਭਲੇ ਲੈ ਕੈ ਹਥਿਆਰ।
ਕਜੋਂ ਤੁਮ ਚਾਹਤਿ ਖੈਬੇ ਮਾਰਿ।

ਸ਼ਾਹੁ ਬਾਜ਼ ਹਮ ਲੇਵਨਿ ਹਾਰੇ।
ਬਨਹੁ ਪੁਕਾਰੂ ਜਾਇ ਅਗਾਰੇ ॥੩੨॥
ਸੋ ਜਿਮਿ ਕਹੈ ਕਰਹੁ ਸੋ ਕਾਰੀ।
ਇਹਾਂ ਨ ਕੀਜਹਿ ਕੁਛ ਤਕਰਾਰੀ।
ਜੇ ਪਤਿ ਚਾਹਤਿ ਛੋਰਿ ਸਿਧਾਵੋ।
ਨਾਹਕ ਅਪਨੇ ਸ਼ਸਤ੍ਰ ਛਿਨਾਵੋ' ॥੩੩॥
ਸੁਨਿ ਰਿਸਿ ਦੇਖਿ ਸਿੱਖ ਸਵਧਾਨ।
ਬਿਧੀਏ ਆਦਿਕ ਜੇ ਬਲਵਾਨ।
ਕਹੇ ਕਠੋਰ ਜੋਰ ਭਰਿ ਬੈਨਾ[1]।
'ਕਿਮਿ ਮੂਢਹੁ! ਬੋਲਹੁ ਤੁਮ ਭੈ ਨਾ ॥੩੪॥
ਹੋਹਿ ਨ ਅਸ, ਰਹਿ ਸ਼ਾਹੁ ਕਿਥਾਈਂ[1]।
ਤੁਮ ਅਪਨੇ ਦਿਹੁ ਪ੍ਰਾਨ ਗਵਾਈ।'
ਕਿਤਿਕ ਸਿੱਖ ਗਹਿ ਖੜਗ ਰੁ ਢਾਲੇ।
ਕੁਪੇ ਸਊਰਨਿ ਕੀ ਦਿਸ਼ ਚਾਲੇ ॥੩੫॥
'ਬਾਜ਼ ਸੰਗਿ ਲਿਹੁ ਇਨਿ ਹਥਿਆਰ[1]।
ਭਾਗਹਿੰ ਬਪੁਰੇ ਕਰਹਿੰ ਪੁਕਾਰ।'
ਮਾਰ ਬਕਾਰਾ[1] ਸੁਭਟਨਿ ਕਰਜੋ।
ਪਿਖਿ ਸਭਿ ਦਿਸ਼ਿ ਤੁਰਕਨਿ ਮਨ ਡਰਜੋ ॥੩੬॥
-ਗਹਿ ਨਹਿੰ ਲੇਹਿੰ- ਪਿਛਾਰੀ ਮੁਰੇ।
ਹੁਇ ਨਿਰਾਸ ਗਮਨੇ ਲਵਪੁਰੇ।
ਬਿਸਮਿ ਬਿਸੂਰਤਿ ਮੂਰਖ ਮਾਨੀ।
'ਇਹ ਕਜਾ ਭਈ ਜਾਇ ਨਹਿੰ ਜਾਨੀ ॥੩੭॥
ਨਿਕਟਿ ਸ਼ਾਹੁ ਕੇ ਲੂਟਿ ਮਚਾਈ।
ਨਹੀਂ ਤ੍ਰਾਸ ਰੰਚਕ ਉਪਜਾਈ।
ਖ਼ੁਦ ਹਜ਼ਰਤ ਕੋ ਬਾਜ਼ ਅਛੇਰਾ।
ਜਿਸਹਿ ਦੇਖਿ ਕਰਿ ਮੁਦਤਿ ਬਡੇਰਾ ॥੩੮॥
ਮਨ ਭਾਵਤਿ ਵਸਤੁਨਿ ਕੋ ਦੇਖਹਿ[1]।

[1]ਜ਼ੋਰ ਭਰੇ ਬਚਨ, ਭਾਵ ਗੁਸੇ ਦੇ ਬਚਨ।

[1]ਪਾਤਸ਼ਾਹ ਤਾਂ ਕਿਤੇ (ਬੈਠਾ) ਰਹੇ।

[1]ਇਨ੍ਹਾਂ ਦੇ ਹਥਿਆਰ ਵੀ।

[1]ਡਰ ਦਾਬੇ ਦੇ ਲਫਜ਼ ਕਹਿਣੇ।

[1]ਜੇ ਕੋਈ (ਹੋਰ) ਮਨ ਭਾਂਵਦੀ (ਸੁਹਣੀ) ਚੀਜ਼ ਵੇਖਣਗੇ ਤਾਂ।

ਇਹ ਛੀਨਹਿਂ ਕਰ ਓਜ ਵਿਸ਼ੇਖ਼ਹਿ।
ਜੇ ਕਰਿ ਬਾਜ਼ ਸਹਤ ਗਹਿਵਾਵਹਿਂ।
ਤੌਂ ਪਲਟੋ[1] ਅਪਨੋ ਹਮ ਪਾਵਹਿਂ' ॥੩੯॥
ਕਰਤਿ ਉਤਾਇਲ ਤੁਰੰਗ ਧਵਾਏ।
ਚਲੇ ਗਏ ਨਹਿਂ ਕਹੂੰ ਟਿਕਾਏ।
ਲਵਪੁਰਿ ਬਿਖੈ ਪ੍ਰਵੇਸ਼ਨ ਭਏ।
ਚਹਤਿ ਪੁਕਾਰ ਕਰਨਿ ਕੋ ਗਏ ॥੪੦॥
ਇਤਿ ਸ਼੍ਰੀ ਸਤਿਗੁਰੁ ਤੁਰੰਗ ਅਰੂੜ੍ਹੇ।
ਕਰ ਪਰ ਥਿਰ ਕਰਿ ਬਾਜ਼ ਸੁ ਰੂੜੇ।
ਚਲਤਿ ਨਿਹਾਰਤਿ ਗੁਨ ਤਿਸਿ ਪਰਖਤਿ।
ਲਖਹਿਂ ਦੁਲਭ, ਬਹੁਮੋਲਾ, ਹਰਖਤਿ ॥੪੧॥
ਬੂਝਹਿਂ ਅਪਨੇ ਮੀਰ ਸ਼ਿਕਾਰਨਿ।
'ਅਸ ਆਗੇ ਤੁਮ ਕਰਜੋ ਨਿਹਾਰਨਿ?'
ਹਾਥ ਜੋਰਿ ਸੋ ਕਹਤਿ ਬਨਾਈ।
'ਇਨਹੁਂ ਬੀਚ ਹਮ ਬੈਸ ਬਿਤਾਈ ॥੪੨॥
ਬਹੁਤੇ ਬਾਜ਼ ਬਿਲੋਕਨਿ ਕਰੇ।
ਪਿਖ੍ਯੋ ਨ ਕੋ ਇਸਿ ਕੀ ਸਮਸਰੇ।
ਕਿਸਿ ਹੂੰ ਤੇ ਹਮ ਸੁਨ੍ਯੋ ਅਗਾਰੀ।
-ਸ਼ਾਹੁ ਬਿਲਾਇਤਿ ਕਿਸਿ ਕੋ ਭਾਰੀ ॥੪੩॥
ਸ਼ਾਹੁਜਹਾਂ ਹਿਤ ਪਠੀ ਸੁਗ਼ਾਤ।
ਬਾਜੀ[1] ਬਾਜ਼ ਰੁਚਿਰ ਅਵਿਦਾਤਿ।
ਦਿਖਿਯਤਿ ਨਹਿਂ ਇਸਿ ਦੇਸ਼ ਮਝਾਰੀ।
ਨਹਿਂ ਪਾਵਤਿ ਖਰਚੇ ਧਨ ਭਾਰੀ- ॥੪੪॥
ਸੋ ਇਹ ਬਾਜ਼ ਆਪਕੇ ਲਾਯਕ।
ਪ੍ਰਾਪਤਿ ਹੋਯਹੁ ਸਹਜਿ ਸੁਭਾਯਕ।
ਕਰਨਿ ਅਪਨਿਯੌਂ ਸਫਲ ਬਿਚਾਰਾ।
-ਅਦਭੁਤ ਰਚ੍ਯੋ ਮੋਹਿ ਕਰਤਾਰਾ

[1] ਬੱਦਲਾ।

[1] ਅਰਬੀ ਵਿੱਚ 'ਬਾਜ਼ੀ' ਪਦ ਦਾ ਅਰਥ 'ਬਾਜ਼' ਹੀ ਹੈ।
(ਅ) ਹਿੰਦੀ ਵਿੱਚ ਬਾਜ਼ੀ = ਘੋੜਾ। [ਸੰਸ: ਵਾਜਿਨ੍]।

॥ ੪੫ ॥
ਗੁਰੁ ਕੇ ਕਾਰਜ ਮਹਿਂ ਜਬਿ ਆਵੌਂ।
ਹੋਨਿ ਸਫਲਤਾ ਤਤਛਿਨ ਪਾਵੌਂ-।
ਇਮਿ ਬਿਚਾਰ ਆਯਹੁ ਤੁਮ ਪਾਸਾ।
ਪਿਖਹੁ ਗ਼ਰੀਬ ਨਿਵਾਜ ਤਮਾਸ਼ਾ'
॥ ੪੬ ॥
ਕਹਤਿ ਸੁਨਤਿ ਨਿਜ ਪੁਰਿ ਗੁਰੁ ਆਏ।
ਹਯ ਉਤਰੇ ਨਿਜ ਮਹਿਲ ਸਿਧਾਏ।
ਗਨ ਸੁਭਟਨਿ ਮਹਿਂ ਬਾਜ਼ ਰਖਾਯੋ।
'ਕਰਹੁ ਸੇਵ ਨੀਕੇ' ਫੁਰਮਾਯੋ ॥ ੪੭ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਬਾਜ਼' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

## ੫. [ਸ਼ਾਹ ਦੀ ਸੈਨਾਂ ਦੀ ਚੜ੍ਹਾਈ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਮੀਰ ਸ਼ਿਕਾਰ ਸਊਰ ਸਭਿ, ਕਰਿਬੇ
ਚਹਤਿ ਪੁਕਾਰ।
ਮਨਹੁ ਚਮੂੰ ਮਰਿਵਾਇ ਕਰਿ, ਸੁਧਿ ਕੋ
ਕਰਤਿ ਉਚਾਰ ॥੧॥

ਚੌਪਈ:

ਸ਼ਾਹ ਜਹਾਂ ਕੇ ਖਰੇ ਅਗਾਰੀ।
ਜਬਹਿ ਦ੍ਰਿਸ਼ਟਿ ਇਨਿ ਕੀ ਦਿਸ਼ਿ ਡਾਰੀ।
ਬੂਝਨਿ ਕਰੇ, 'ਖਰੇ ਕਿਮ ਭਏ?
ਬਾਜ਼ ਪਿਛਾਰੀ ਕੇਤਿਕ ਗਏ? ॥੨॥
ਪਕਰਯੋ ਜਾਇ ਕਿ ਉਡਿ ਕਿਤ ਗਯੋ?
ਮੁਖ ਮਲੀਨ ਤੁਮਰੋ ਦ੍ਰਿਸ਼ਟਯੋ।'
ਸੁਨਿ ਬੋਲੇ 'ਗੁਰੁ ਹਰਿਗੋਵਿੰਦ।
ਉਤਰਯੋ ਹੁਤੋ ਸੰਗ ਭਟ ਬ੍ਰਿੰਦ ॥੩॥
ਉਡਯੋ ਬਾਜ਼ ਤਿਨਿ ਢਿਗ ਚਲਿ ਗਯੋ।
ਸਹਤ ਸੁਕਾਬ ਬਿਲੋਕਨ ਕਯੋ।
ਅਪਨੋ ਬਾਜ਼ ਛੋਡਿ ਤਿਨਿ ਦੀਨਾ।
ਛੁਟਤਿ ਬਿਹੰਗ ਮਾਰਿ ਸੋ ਲੀਨਾ ॥੪॥
ਤਤਛਿਨਿ ਦੋਨਹੁ ਤਰੈ ਉਤਾਰੇ।
ਗਹਿ ਲੀਨੋ ਉਰ ਆਨੰਦ ਧਾਰੇ।
ਕਿਤਿਕ ਦੇਰਿ ਪਾਛੇ ਹਮ ਗਏ।
ਗੁਰੁ ਢਿਗ ਬਾਜ਼ ਬਿਲੋਕਤਿ ਭਏ ॥੫॥
ਕਹਯੋ ਤਬੈ -ਇਹ ਹਜ਼ਰਤ ਬਾਜ਼।
ਬਿਚਰਤਿ ਇਤ ਅਖੇਰ ਕੇ ਕਾਜ।
ਤ੍ਰਿਪਤਯੋ ਪੀਛੇ ਬਿਹੰਗ ਚਲਾਯੋ।
ਕਰੀ ਨ ਚੋਟਿ ਉਡਤਿ ਇਹ ਆਯੋ-
॥੬॥
ਸੁਨਿ ਕਰਿ ਕਹਯੋ -ਦੇਤਿ ਹਮ ਨਾਂਹੀ।
ਬਡੋ ਜਤਨ ਕਰਿ ਪਕਰਯੋ ਪਾਹੀ-।
ਡਰ ਰਾਵਰ ਕੋ ਦੀਨ ਬਡੇਰਾ।

ਕਹਿਸਿ ਕਠੋਰ ਘੋਰ ਤਿਸਿ ਬੇਰਾ[1] ॥੭॥
ਸੁਨਿ ਕਰਿ ਏਕ ਨਹੀਂ ਮਨ ਆਨੀ।
ਤਨਕ ਤ੍ਰਾਸ ਤੁਮਰੋ ਨਹਿਂ ਜਾਨੀ।
ਜਬਿ ਹਮ ਕੋ ਭੀ ਪਕਰਨਿ ਲਾਗੇ।
ਅਪਨੀ ਪਤਿ ਲੇ ਕਰਿ ਤਬਿ ਭਾਗੇ ॥੮॥
ਤੁਮ ਸੋ ਲਰਹਿ, ਦੇਹਿ ਨਹਿਂ ਬਾਜ਼।
ਕਰਿ ਰਾਖਯੋ ਗੁਰੁ ਜੰਗ ਸਮਾਜ।
ਜੇ ਕਰਿ ਤੁਮ ਕੁਛ ਚਲਤਿ ਅਗਾਰੀ।
ਮਿਟਤਿ ਨ, ਕਰਤਿ ਲੋਹ ਤਬਿ ਭਾਰੀ' ॥੯॥
-ਬਹੁ ਪ੍ਰਿਯ ਬਾਜ਼- ਸੁਨਯੋ[1] -ਗੁਰ ਛੀਨਾ।
ਰਹੇ ਜਾਚਿ ਪੁਨ ਕਯੋਂਹੁ ਨ ਦੀਨਾ-।
ਰਿਸਯੋ ਸ਼ਾਹੁ ਕਹਿ ਸਭਾ ਮਝਾਰੀ।
'ਇਹ ਤੌਂ ਰਿਪੁ ਸਮ ਨਿਕਟਿ ਹਮਾਰੀ ॥੧੦॥
ਆਜ ਬਾਜ਼ ਛੀਨਯੋ ਬਲ ਕਰਿ ਕੈ।
ਔਚਕ ਕਿਸੁ ਦੁਰਗ ਮਹਿਂ ਬਰਿ ਕੈ।
ਬਨਹਿ ਮਵਾਸੀ ਕਰਹਿ ਲਰਾਈ।
ਸਗਰੇ ਦੇਸ਼ ਫਤੂਰ ਉਠਾਈ' ॥੧੧॥
ਸ਼ਾਹੁ ਨਿਕਟਿ ਗੁਰੁ ਨਿੰਦਕਿ ਜੇਈ।
ਅਵਸਰ ਪਾਇ ਸੁਨਾਵਹਿਂ ਤੇਈ।
'ਗੁਰ ਬਿਗਾਰ ਬਹੁਤ ਹੀ ਕਰੇ।
ਛਿਮਾ ਠਾਨਿ ਤੁਮ ਨਜ਼ਰਿ ਨ ਧਰੇ[1] ॥੧੨॥
ਬਡ ਹਜ਼ਰਤ ਤੁਮ ਪਿਤਾ ਅਗਾਰੀ।
ਚੰਦੂ ਕਰੀ ਇਨਹੁਂ ਕੀ ਚਾਰੀ।
ਸੁਨਿ ਤਤਛਿਨਿ ਗੁਰੁ ਨਿਕਟਿ ਬੁਲਾਏ।
ਜਾਨੀ ਸੰਗ ਸੈਨ ਸਮੁਦਾਏ ॥੧੩॥
ਰਾਖੇ ਪਾਸਿ, ਕਰੀ ਤਕਰਾਈ।
ਜਾਨਿ ਨ ਦਏ ਅਪਰ ਕਿਸਿ ਥਾਈਂ।
ਅਪਨੀ ਸੈਨ ਕਛੁਕ ਸੰਗ ਰਾਖੀ।
ਜੇ ਅਖੇਰ ਕੇ ਹੁਇ ਅਭਿਲਾਖੀ ॥੧੪॥

[1]ਬਹੁਤ ਕਰੜੇ (ਬਚਨ) ਕਹਿ ਕਹਿ ਕੇ (ਅਸਾਂ ਨੇ)।

[1]ਸ਼ਾਹ ਨੇ) ਸੁਣਿਆਂ।

[1]ਭਾਵ ਤੁਸਾਂ ਪ੍ਰਵਾਹ ਨਹੀਂ ਕੀਤੀ।

ਸ਼ਾਹਿ ਚਮੂੰ ਤਬਿ ਸੰਗ ਸਿਧਾਰਹਿ।
ਨਹਿਂ ਬਿਸਵਾਸ ਇਨਹੁ ਕੋ ਧਾਰਹਿ।
ਤੁਮ ਢਿਗ ਲਵਪੁਰਿ ਬਾਸੋ ਕਏ।
ਕਾਜ਼ੀ ਸੁਤਾ ਸਾਥਿ ਲੈ ਗਏ ॥੧੫॥
ਤਊ ਆਪਿ ਨੇ ਛਿਮਾ ਧਰੀ ਹੈ।
ਅਬਹਿ ਅਵੱਗਜਾ ਫੇਰ ਕਰੀ ਹੈ।
ਟਰਹਿ ਨਹੀਂ ਬਿਨੁ ਕਰੇ ਲਰਾਈ।
ਬਰਹਿ ਦੁਰਗ ਆਕੀ ਹੁਇ ਜਾਈ
॥੧੬॥
ਗਹਿ ਲੀਜਹਿ ਤਬਿ ਫਲੁ ਕੋ ਪਾਵਹਿ।
ਨਾਂਹਿ ਤ ਕਛੂ ਬਿਗਾਰਿ ਉਠਾਵਹਿ।
ਚਲਹਿ ਨ ਬਸਿ ਜੇ ਦੁਰਗੁ ਪ੍ਰਵੇਸ਼ੈ।
ਰਿਦੈ ਜੰਗ ਜੋ ਚਹਤਿ ਹਮੇਸ਼ੈ ॥੧੭॥
ਜੇ ਅਬਿ ਛਿਮਹੁ, ਨ ਆਛੀ ਅਹੈ।
ਬਹੁਰ ਫਤੂਰ[1] ਉਠਾਵਨਿ ਚਹੈ।' — [1]ਫਸਾਦ।
ਸੁਨਤਿ ਸ਼ਾਹੁ ਉਰ ਨੀਕਿ ਬਿਚਾਰਾ।
ਮੁਗ਼ਲਸਖਾਨ[1] ਸਮੀਪਿ ਹਕਾਰਾ ॥੧੮॥ — [1]ਮੁਖ਼ਲਸਖ਼ਾਂਨ।
ਕਰਿ ਆਦਰ ਨਿਜ ਨਿਕਟਿ ਬਿਠਾਯਹੁ।
ਸਿਰੇਪਾਉ ਬਹੁ ਮੋਲ ਦਿਵਾਯਹੁ।
ਕੰਚਨ ਜ਼ੀਨਿ ਪਾਇ ਸ਼ੁਭਿ ਰੰਗ।
ਬਲੀ ਚਪਲ ਬਡਿ ਦੀਨਿ ਤੁਰੰਗ ॥੧੯॥
ਪੁਨ ਧਨ ਗਨ ਅਨਵਾਇ ਸੁ ਦੀਨਾ।
ਕਰਿ ਬਖਸ਼ਿਸ਼ ਕੋ ਭਾਖਨਿ ਕੀਨਾ।
'ਸਪਤ ਹਜ਼ਾਰ ਚਮੂੰ ਸੰਗ ਤੋਰੇ।
ਕੀਜਹਿ ਤਜਾਰਿ ਬਿਲਮਿ ਕੋ ਛੋਰੇ
॥੨੦॥
ਅਪਰ† ਸੈਨ ਲਿਹੁ ਸੰਗਿ ਬਨਾਈ। — †ਪਾ:-ਅਰਧ।
ਦਿਹੁ ਦੁੰਦਭਿ ਕੋ ਕਰਹੁ ਚਢਾਈ।
ਸ੍ਰੀ ਗੁਰੁ ਹਰਿਗੁਵਿੰਦ ਬਡ ਜੋਧਾ।
ਪਕਰਹੁ ਜਾਇ ਲਰਹੁ ਕਰਿ ਕ੍ਰੋਧਾ
॥੨੧॥
ਸਹਤ ਬਾਜ਼ ਕੇ ਲਜਾਵਨਿ ਕੀਜਹਿ।

ਕਿਧੌਂ ਅਚਾਨਕ ਹੀ ਗਹਿ ਲੀਜਹਿ।
ਜਤੋਂ ਕਤੋਂ ਕਰਿ ਜੇ ਲਜਾਵਹੁ ਇਹਾਂ।
ਮਨਸਬ ਕਰੌਂ ਪ੍ਰਥਮ ਤੇ ਮਹਾਂ[1]' ॥੨੨॥
ਸੁਨਿ ਮੁਗ਼ਲਸਖਾਂ[3] ਉਰ ਹਰਖਾਯੋ।
ਸ਼ਾਹੁ ਸਾਥਿ ਕਰ ਬੰਦਿ ਅਲਾਯੋ।
'ਕਜਾ ਮਮ ਆਗੈ ਕਰਹਿ ਸੁ ਜੰਗ।
ਪਹੁੰਚਤਿ ਹੀ ਗਹਿ ਲੇਉਂ ਨਿਸੰਗ ॥੨੩॥
ਚਮੂੰ ਅਸੂਦੀ[1] ਬਲੀ ਬਿਸਾਲਾ।
ਚਹਤਿ ਰਹਤਿ –ਹੁਇ ਜੰਗ ਕਰਾਲਾ।
ਗੁਰ ਢਿਗ ਸੈਨ ਕਹਾਂ ਜੋ ਲਰੈ।
ਕਿਸ ਬਿਧਿ ਮਮ ਆਗੈ ਸੋ ਅਰੈ' ॥੨੪॥
ਸ਼ਾਹੁ ਜਹਾਂ ਸੁਨਿ ਕੈ ਉਤਸਾਹੁ।
'ਸਾਧੁ ਸਾਧੁ' ਕਹਿ ਸਭਾ ਸੁ ਮਾਂਹੁ।
ਨਿਕਸਜੋ ਵਹਿਰ ਪਹਿਰਿ ਸਿਰੁਪਾਉ।
ਹੇਰਜੋ ਸਭਿਨਿ ਬਡੋ ਉਮਰਾਉ ॥੨੫॥
ਕਹਿ ਕਰਿ ਨਿਜ ਦੁੰਦਭਿ ਬਜਵਾਯੋ।
ਸੂਰਨਿ ਕੋ ਉਤਸਾਹੁ ਬਧਾਯੋ।
ਤਤਛਿਨਿ ਡਾਰੇ ਜ਼ੀਨ ਤੁਰੰਗ।
ਭਏ ਸਨੱਧਬੱਦ[1] ਭਟ ਅੰਗ ॥੨੬॥
ਖੜਗ, ਤੁਪਕ, ਤੋਮਰ, ਗਨ ਤਰਕਸ਼।
ਧਰਿ ਕਰਿ ਸ਼ਸਤ੍ਰ ਤੁਰਤ ਕਟ ਕਸਿ ਕਸਿ।
ਗੁਲਕਾਂ ਬਹੁ ਬਰੂਦ ਬਰਤਾਈ।
ਸੁਭਟਨਿ ਲਈ ਜਿਤਿਕ ਮਨ ਭਾਈ ॥੨੭॥
ਅਪਰ ਉਸ਼ਟ ਪਰ ਲਾਦਿ ਚਲਾਏ।
ਚਢੇ ਕੁਲਾਹਲ ਕਰਿ ਸਮੁਦਾਏ।
ਪ੍ਰੇਰੇ ਕਾਲ ਕਰਾਲ ਬਿਲੰਦੇ।
ਭਏ ਅਰੂਢ ਪਵੰਗਮ ਬ੍ਰਿੰਦੇ ॥੨੮॥
ਮੁਗ਼ਲਸਖਾਂ ਕਰਿ ਕੋਪ ਬਡੇਰੋ।
ਪਿਖਿ ਲਸ਼ਕਰ ਨਿਜ ਸੰਗ ਘਨੇਰੋ।

[1]ਤੇਰਾ) ਮਰਤਬਾ ਪਹਿਲੇ ਤੋਂ ਵੱਡਾ ਕਰ ਦਿਆਂਗਾ।

[1]ਆਰਾਮ ਪਾ ਚੁਕੀ, ਖੁਸ਼ਹਾਲ।

[1]ਤਿਆਰ ਬਰਤਿਆਰ, ਸ਼ਸਤ੍ਰ ਬਸਤ੍ਰ ਸਜਾ ਕੇ।

ਚਲ੍ਯੋ ਹੰਕਾਰਤਿ ਮੂਢ ਗੁਮਾਨੀ।
ਨਹਿ ਜਾਨਤਿ ਮ੍ਰਿਤੁ ਕੌ ਨਿਯਰਾਨੀ[1] ॥੨੯॥
ਜਬਿ ਡੇਰੇ ਤੇ ਨਿਸਰਿ[1] ਪਧਾਰਾ।
ਧੁਨਿ ਖੋਟੀ ਤੇ ਬਜਤਿ ਨਗਾਰਾ।
ਦਲ ਪਰਿ ਗੀਧ ਭ੍ਰਮੰਤੀ ਚਲੈਂ।
ਕਾਸ਼ਟ ਭਾਰ ਅਗਾਰੀ ਮਿਲੈ ॥੩੦॥
ਦੀਨਮਨੇ[1] ਬਾਜ਼ੀ ਰੁਦਨਾਵੈਂ।
ਨਿਜ ਲੋਚਨ ਤੇ ਅੱਸ਼੍ਰ ਬਹਾਵੈਂ।
ਚਲਤਿ ਅਕਾਰਨ ਗਿਰਿ ਗਿਰਿ ਪਰੈਂ।
ਕਿਤਿਕ ਭਟਨਿ ਪਗੀਯਾ ਪਰਿ ਤਰੈ[1] ॥੩੧॥
ਸ਼ਿਵਾ ਪੁਕਾਰਤਿ ਸਨਮੁਖ ਆਵਤਿ।
ਮ੍ਰਿਗ ਕੀ ਮਾਲ ਕੁਫੇਰੀ[1] ਧਾਵਤਿ।
ਦਾਰੁਨ ਕਾਕ ਬੋਲਤੇ ਉਡੇ।
ਇਮ ਅਪਸ਼ਕੁਨ ਬਿਲੋਕਤਿ ਬਡੇ ॥੩੨॥
ਮ੍ਰਿਤੁ ਨਿਕਟਿ ਤੇ ਜਾਨਹਿਂ ਨਾਂਹੀ।
ਚਲੇ ਸੁਧਾਸਰ ਮਾਰਗ ਮਾਂਹੀ।
ਗੁਰੁ ਸੰਗਤਿ ਨੇ ਸੁਨਿ ਸਭਿ ਬਾਤੀ।
ਸੁਧਿ ਕੇ ਹੇਤ ਲਿਖਿ ਤਬਿ ਪਾਤੀ ॥੩੩॥
'ਸ਼੍ਰੀ ਗੁਰੁ ਤੁਮ ਸਭਿ ਅੰਤਰਿਜਾਮੀ।
ਤਊ ਬਿਨੈ ਦਾਸਨਿ ਕੀ, ਸ੍ਵਾਮੀ!
ਹੇਤਿ ਬਾਜ਼ ਕੇ ਸ਼ਾਹੁ ਰਿਸਾਯੋ।
ਬਹੁ ਲਸ਼ਕਰ ਤੁਮ ਓਰਿ ਪਠਾਯੋ ॥੩੪॥
ਕਹ੍ਯੋ ਕ੍ਰੋਧ ਤੇ -ਗੁਰੂ ਗਹੀਜਹਿ।
ਬਾਜ਼ ਸਮੇਤਿ ਲਯਾਇਬੋ ਕੀਜਹਿ-।
ਮੁਗ਼ਲਸਖਾਂ ਉਮਰਾਵ ਬਡੇਰੋ।
ਚਢਿ ਆਯਹੁ ਦਲ ਸੰਗ ਘਨੇਰੋ ॥੩੫॥
ਆਪਿ ਸੁਜਾਨ ਅਹੋ ਸਭਿ ਰੀਤਿ।
ਹਤਹੁ ਮਲੇਛਨਿ, ਕੀਜਹਿ ਜੀਤ।
ਕਰਨੀ ਸੁਧਿ ਇਹ ਧਰਮ ਹਮਾਰੋ।

[1]ਨਹੀਂ ਜਾਣਦਾ ਮੌਤ ਨੂੰ (ਜੋ ਨੇੜੇ ਆਈ ਹੈ)।
[1]ਨਿਕਲਕੇ।
[1]ਉਦਾਸ ਹੋਏ।
[1]ਪੱਗਾਂ ਹੇਠਾਂ ਆ ਪਈਆਂ।
[1]ਉਲਟੇ ਪਾਸਿਓਂ।

ਲਿਖਿ ਭੇਜੀ ਸਭਿ ਲੇਹੁ ਸੰਭਾਰੋ' ॥੩੬॥
ਥੋਰੇ ਦਿਵਸ[1] ਪਠ੍ਯੋ ਤਬਿ ਚਾਰ[2]।
'ਜਾਵਹ ਚਲੇ ਬਿਲੰਬ ਬਿਸਾਰਿ।'
ਇਮਿ ਲਵਪੁਰਿ ਮਹਿਂ ਬੀਤੀ ਕਥਾ।
ਸੁਨਹੁ ਸੰਤ ਗੁਰੁ ਕੀਨੀ ਜਥਾ ॥੩੭॥
ਖੇਲਿ ਸ਼ਿਕਾਰੁ ਸਦਨ ਜਬਿ ਆਏ।
ਖਾਨ ਪਾਨ ਕਰਿ ਨਿਸਾ ਬਿਤਾਏ।
ਭਈ ਪ੍ਰਭਾਤਿ ਗਏ ਤਿਸ ਥਾਨ।
ਜਹਾਂ ਲੋਹਗੜ੍ਹ ਊਚਿ ਮਹਾਨ ॥੩੮॥
ਤਿਸਿ ਕੇ ਚਹੁਂ ਦਿਸ਼ਿ ਭੀਤ ਕਰਾਈ।
ਕੁਛ ਆਢੋ[1] ਕਰਿ ਹਿਤ ਤਕਰਾਈ।
ਕਾਸ਼ਟ ਦੀਰਘ ਹੇਤਿ ਉਸਾਰਨਿ।
ਧਰੇ ਆਨਿ[1] ਕੇਤਿਕ ਰਿਪੁ ਮਾਰਨਿ[2] ॥੩੯॥
ਕਿਤਿਕ ਭਟਨਿ ਡੇਰਾ ਕਰਿਵਾਯੋ।
'ਰਖਹੁ ਸੁਚੇਤੀ' ਬਾਕ ਅਲਾਯੋ।
ਤਖਤ ਸਥਾਨਿ ਆਨਿ ਕਰਿ ਬੈਸੇ।
ਸੁਰਨਿ ਸਹਤ ਸੁਰਪਤਿ ਥਿਤ ਜੈਸੇ ॥੪੦॥
ਗਨ ਸੁਭਟਨਿ ਕੋ ਲਗਯੋ ਦਿਵਾਨ।
ਛੀਨੇ ਬਾਜ਼ ਰਹੈਂ ਸਾਵਧਾਨ[1]।
ਸਤਿਗੁਰੁ ਅਪਨੇ ਸ਼ਸਤ੍ਰ ਮੰਗਾਏ।
ਧਰਿ ਊਚੇ ਥਲ ਧੂਪ ਧੁਖਾਏ ॥੪੧॥
ਫੂਲਨਿ ਕੀ ਮਾਲਾ ਪਹਿਰਾਵੈਂ।
ਚਰਚਤਿ ਚੰਦਨ ਕੋ ਚਿਤ ਲਾਵੈਂ।
ਚਾਰੁ ਚਮਰੁ ਕੋ ਗਹੇ ਝੁਲਾਵਤਿ।
ਇਮਿ ਪੂਜਤਿ ਬਹੁ ਚਿਤ ਹਰਖਾਵਤਿ ॥੪੨॥
ਆਯੁਧ ਤੇਗ਼ੇ ਬਾਢ ਚਰ੍ਹਾਏ।
ਤਰਕਸ਼ ਖਪਰੇ ਖਰ ਕਰਿਵਾਏ[1]।
ਧਨੁਖ ਕਠੋਰਨਿ ਪਨਚ[1] ਚਢਾਈ।

[1]ਥੋਹੜੇ ਜਿਹੇ ਦਿਨ ਨਾਲ। [2]ਦੂਤ।

[1]ਆਸਰਾ।

[1]ਮੰਗਵਾ ਕੇ। [2]ਵੈਰੀ ਮਾਰਨ ਵਾਲੇ (ਸਤਿਗੁਰੂ ਜੀ ਨੇ)।

[1]ਬਾਜ਼ ਖੋਹਿਆ ਕਰਕੇ (ਜੋ ਹਰ ਵੇਲੇ) ਸਵਧਾਨ ਰਹਿੰਦੇ ਹਨ।

[1]ਤਿੱਖੇ ਕੀਤੇ ਹੋਏ।

[1]ਚਿੱਲੇ, ਧਨੁਖ ਦੀ ਡੋਰੀ।

ਕੰਚਨ ਲਿਪਤਿ ਤੁਪਕ ਅਰਚਾਈ† ॥੪੩॥

†ਸ਼ਸਤ੍ਰ ਪੂਜਨ ਦੀ ਮੁਰਾਦ ਜੜ ਪੂਜਨ ਤੋਂ ਨਹੀਂ, ਪਰ ਦਬੇਲ ਪ੍ਰਜਾ ਵਿਚ ਸ਼ਸਤ੍ਰ ਦਾ ਪਿਆਰ ਤੇ ਸਤਿਕਾਰ ਸਿਖਾਲਣ ਤੋਂ ਹੈ।

ਇਤਿ ਸਤਿਗੁਰੁ ਅਸ ਖੇਲ ਰਚਾਯੋ।
ਤਜਾਰੀ ਕਰਨਿ ਜੰਗ ਮਨ ਭਾਯੋ।
ਉਤ ਦਮੋਦਰੀ ਸਗਰੀ ਤਜਾਰੀ।
ਕਰਤਿ ਬਜਾਹ ਕੀ ਸੌਂਜ ਸੁਧਾਰੀ ॥੪੪॥
ਦੇਨੀ ਦਾਤਿ ਅਧਿਕ ਕਰਿਵਾਈ।
ਰੁਚਿਰ ਬਿਭੂਖਨ ਕੋ ਘਰਵਾਈ।
ਬਸਤ੍ਰ ਸਿਵਾਵਨਿ† ਲਾਗੇ ਬ੍ਰਿੰਦ।
ਇੱਤਜਾਦਿਕ ਸਭਿ ਕੀਨਿ ਬਿਲੰਦ ॥੪੫॥

†ਪਾ:-ਸਿਵਾਵਤਿ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਾਹਜਹਾਨ ਸੈਨਾਂ ਚਢਨਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਲੋਹਗੜ੍ਹ ਯੁੱਧ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਇਸਿ ਬਿਧਿ ਸਤਿਗੁਰੁ ਕੁਛ ਥਿਰੇ,
ਪੁਨ ਭੋਜਨ ਕਰਿ ਖਾਨ।
ਪੌਢੇ ਬਹੁਰਿ ਪ੍ਰਯੰਕ ਪਰ,
ਢਰਜੋ ਦੁਪਹਿਰੇ ਜਾਨਿ ॥੧॥

ਚੌਪਈ:

ਬਿਜੀਆ[1] ਪਾਨ[†] ਕਰੇ ਹਰਖਾਏ।
ਬਹੁਰ ਸੁਚੇਤਾ ਸਕਲ ਬਨਾਏ।
ਕਰ ਪਦ ਬਦਨ ਪਖਾਰਨਿ ਕੀਨਾ।
ਥਿਰੇ ਤਖਤ ਪਰ ਦਰਸ਼ਨ ਦੀਨਾ ॥੨॥
ਉਤਸਵ ਹੋਤਿ ਬਜਾਹ ਕੋ ਭਾਰੋ।
ਗਨ ਸਮਾਜ ਕੋ ਕਰਿ ਕਰਿ ਤਜਾਰੋ।
ਰਾਖਹਿਂ ਸਦਨ ਬਨਾਇ ਘਨੇਰੇ।
ਜਾਨਹਿਂ -ਆਇ ਬਰਾਤਿ ਸਬੇਰੇ- ॥੩॥
ਗੁਰ ਕੀ ਗਤਿ ਇਕਿ ਗੁਰੁ ਹੀ ਜਾਨੈਂ।
ਅਪਰ ਨਹੀਂ ਕੋ ਰਿਦੇ ਪਛਾਨੈ।
-ਆਇ ਮਲੇਛ ਸੰਭਾਰਨਿ ਕਰੈਂ-।
ਇਹ ਗਤਿ ਕਿਸੈ ਨ ਜਾਨੀ ਪਰੈ ॥੪॥
ਲਗਜੋ ਦਿਵਾਨ ਸੁ ਤਖਤ ਅਗਾਰੀ।
ਗਾਵਹਿਂ ਸ਼ਬਦ ਰਾਗ ਧੁਨਿ ਭਾਰੀ।
ਸ਼ਸਤ੍ਰ ਸਜੇ ਜੋਧਾ ਸਵਧਾਨ।
ਆਨਿ ਆਨਿ ਬੈਠੇ ਬਲਵਾਨ ॥੫॥
ਸੋਦਰ ਸੰਧਜਾ ਲਗ ਤਹਿਂ ਬੈਸੇ।
ਪਾਯੋ ਭੋਗ ਨਮੋ ਕਿਯ ਤੈਸੇ।
ਸਤਿਗੁਰੁ ਮੰਦਿਰ ਬਿਖੈ ਪਧਾਰੇ।
ਨਿਜ ਨਿਜ ਥਲ ਤਬਿ ਸੁਭਟ ਸਿਧਾਰੇ ॥੬॥
ਖਾਨ ਪਾਨ ਕਰਿ ਕੈ ਗਨ ਸੋਏ।
ਕੇਤਿਕ ਰਾਤਿ ਬਿਤੀ ਜਬਿ ਜੋਏ।
ਲਵਪੁਰਿ ਤੇ ਸਿੱਖਨਿ ਅਰਦਾਸ।
ਆਇ ਪਹੂਚੀ ਸਤਿਗੁਰੁ ਪਾਸਿ ॥੭॥

[1]ਸੁੱਖਾ, ਭੰਗ। [†]ਭੰਗ ਪੀਣ ਬਾਬਤ ਦੇਖੋ ਰਾਸਿ ੪ ਅੰਸੂ ੪੪ ਅੰਕ ੧੦ ਦੀ ਹੇਠਲੀ ਟੂਕ।

ਦ੍ਵਾਰਪਾਲ ਸੋਂ, ਬਾਕ ਬਖਾਨੇ।
'ਅਬਿ ਹੀ ਚਹੌਂ ਗੁਰੂ ਢਿਗ ਜਾਨੇ।
ਹੈ ਜ਼ਰੂਰ ਕੋ ਕਾਮ ਬਿਸਾਲਾ।
ਦੇਰਿ ਨ ਕਰਹੁ ਜਾਹੁ ਦਰਹਾਲਾ ॥੮॥
-ਜਿਮਿ ਮੋ ਕਹੁ ਤੁਮ ਆਯਹੁ ਜਾਨਾ।
ਤਿਮਿ ਆਯੋ ਦਲ ਸ਼ਾਹੁ ਮਹਾਨਾ-।'
ਦ੍ਵਾਰਪਾਲ ਨੇ ਜਾਇ ਸੁਨਾਈ।
'ਲਵਪੁਰਿ ਤੇ ਪਾਤੀ ਅਬਿ ਆਈ ॥੯॥
ਕਹੈ ਸੁ -ਬਡਿ ਸੈਨਾ ਚਢਿ ਆਈ-।
ਮਿਲਜੋ ਚਹੈ ਰਾਵਰ ਕੇ ਤਾਂਈ।'
ਸੁਨਿ ਸਤਿਗੁਰੁ ਤਤਕਾਲ ਬੁਲਾਵਾ[1]।
ਅੰਤਰਿ ਬਰਿ ਕਰਿ ਸੀਸ ਨਿਵਾਵਾ ॥੧੦॥
ਧਰਿ ਦੀਨੀ ਅਰਦਾਸ ਅਗਾਰੀ।
ਪਢਿ ਬ੍ਰਿਤਾਂਤ ਸਭਿ ਕੀਨਸਿ ਤਯਾਰੀ।
ਪਠੇ ਲੋਹਗੜ ਕੇਤਿਕ ਜੋਧਾ।
'ਰੋਕਹੁ ਪ੍ਰਥਮ ਹਤਹੁ ਰਿਪੁ ਕ੍ਰੋਧਾ' ॥੧੧॥
ਪੁਨ ਲਵਪੁਰਿ ਕੇ ਸਿਖ ਕੋ ਬੂਝਾ।
'ਕਿਤਿ ਲਸ਼ਕਰ ਤਵ ਆਵਤਿ ਸੂਝਾ[1]?'
ਸੁਨਿ ਤਿਨਿ ਹਾਥ ਜੋਰਿ ਕਰਿ ਕਹਜੋ।
'ਸੰਗਿ ਸੈਨ ਕੇ ਮੈਂ ਮਗ ਲਹਜੋ ॥੧੨॥
ਢਰੇ ਦੁਪਹਿਰੇ ਤਹਿਂ ਤੇ ਚਲੇ।
ਕਈ ਹਜ਼ਾਰਿ ਸੁਭਟ ਕਲਮਲੇ[1]।
ਤਿਨਿ ਕੋ ਮਗ ਮਹਿਂ ਲਾਗੀ ਦੇਰਾ।
ਮੈਂ ਆਯੋ ਕਰਿ ਬੇਗ ਬਡੇਰਾ ॥੧੩॥
ਸ਼ਾਹੁ ਸੈਨ ਭੀ ਆਈ ਜਾਨਹੁ।
ਦਿਢਿ ਹੁਜਹਿ ਗੁਰੁ! ਬਿਲਮਿ ਨ ਠਾਨਹੁ।'
ਖੁਸ਼ੀ ਕਰੀ ਸਿਖ ਪਰਿ ਤਿਸ ਕਾਲ।
ਕ੍ਰਿਪਾ ਦ੍ਰਿਸ਼ਟਿ ਤ ਕਰਜੋ ਨਿਹਾਲ ॥੧੪॥

[1]ਲਾਹੌਰੋਂ ਆਏ ਸਿੱਖ ਨੂੰ) ਬੁਲਾਇਆ।

[1]ਡਿੱਠਾ ਹੈ।

[1]ਕੁਰਬਲ ਕੁਰਬਲ ਕਰਦੇ (ਅ) ਕਲਿਮਲੇ = ਪਾਪ ਵਾਲੇ।

ਬਹੁਰ ਲੋਹਗੜ ਤੇ ਸਿਖ ਆਯੋ।
ਉਤਲਾਵਤਿ ਨੇ ਬਾਕ ਸੁਨਾਯੋ।
'ਕ੍ਰਿਪਾ ਸਿੰਧੁ ! ਲਸ਼ਕਰ ਬਡਿ ਆਵਾ।
ਕਲਬਲਾਟ ਹਮ ਨੇ ਸੁਨਿ ਪਾਵਾ ॥੧੫॥
ਬਹੁ ਬਰੂਦ ਅਰੁ ਗੁਲਕਾਂ ਪਠੀਯਹਿ।
ਪੂਰਬ ਸੰਘਰ ਤਿਸਿ ਥਲ ਠਟੀਅਹਿ।
ਗੁਰ ਜੀ ! ਤੋਪ ਹੋਤਿ ਇਸ ਕਾਲ।
ਮਾਰਤਿ ਸ਼ੱਤ੍ਰੁਨਿ ਰੋਕਤਿ ਜਾਲ' ॥੧੬॥
ਸੁਨਿ ਸਤਿਗੁਰੁ ਤਬਿ ਹੁਕਮ ਬਖਾਨਾ।
'ਖੋਖਰ ਲਕਰੋ ਪਰਜੋ ਮਹਾਨਾ।
ਸਨਮੁਖ ਰਿਪੁਨਿ ਧਰਹੁ ਤਿਹ ਜਾਈ।
ਦਿਹੁ ਗੋਰਨ ਕੀ ਮਾਰਿ ਮਚਾਈ' ॥੧੭॥
ਪੁਨਿ ਸਿਖ ਨੇ ਗੁਰੁ ਬੂਝਨਿ ਕੀਨੇ।
'ਦੁਰਗ ਬਰੂਦ ਸੁ ਗੋਰਾ ਹੀਨੇ।
ਭਰਿ ਲਕਰੇ ਮਹਿਂ ਕਹਾਂ ਚਲਾਵੈਂ।
ਮ੍ਰਿਗ ਤੌਂ ਨਹੀਂ ਹੇਰਿ ਡਰ ਪਾਵੈਂ' ॥੧੮॥
ਬਹੁਰ ਹੁਕਮ ਗੁਰੁ ਤਿਨਹੁं ਬਖਾਨਾ।
'ਪੂਰਹੁ ਲਕਰਾ ਧੂਰਿ ਮਹਾਨਾ।
ਪਾਥਰ ਈਂਟ ਪਾਇ ਕਰਿ ਮਾਰੋ।
ਆਵਤਿ ਰਿਪੁ ਦਲ ਕੋ ਪਰਹਾਰੋ ॥੧੯॥
ਅੰਗ ਸੰਗ ਹਮ ਰਹੈਂ ਤੁਹਾਰੇ।
ਲਰਹੁ ਤਹਾਂ ਬਹੁ ਧੀਰਜ ਧਾਰੇ।'
ਸੁਨਿ ਬਿਸਮੇਂ ਸਿਖ ਧਾਇ ਪਹੂੰਚੇ।
ਲਕਰੋ ਧਰਜੋ ਉਠਾਇ ਸੁ ਊਚੇ ॥੨੦॥
ਪੂਰਿ ਧੂਰਿ ਸੋਂ ਠੋਕਨਿ ਕਰੀ।
ਅਗਨੀ ਤਬਹਿ ਪਲੀਤਾ ਧਰੀ।
ਛੁਟੀ ਤੋਪ ਸਮ ਅਵਨਿ ਹਲਾਈ।
ਮਨਹੁ ਗਾਜ ਮੰਡਪ ਕੜਕਾਈ[1] ॥੨੧॥
ਹੁਤੇ ਲੋਹਗੜ ਮਹਿਂ ਭਟ ਜੇਤੇ।
ਬਿਸਮਤਿ ਭਏ ਹਰਖ ਧਰਿ ਤੇਤੇ।
ਚੜ੍ਹੀ ਚੌਂਪ ਚਿਤ ਭਰਿ ਭਰਿ ਤਾਂਹੀ।
ਛੋਰਹਿਂ ਗੋਰੇ ਹੁਇ ਗਿਰ ਜਾਂਹੀ[1] ॥੨੨॥

[1]ਮਾਨੋਂ ਬਿਜਲੀ ਮੁਨਾਰੇ ਤੇ ਕੜਕੀ ਹੈ।

[1]ਜਦ ਚਲਾਂਵਦੇ ਹਨ ਤਾਂ (ਓਹ ਪੱਥਰ) ਗੋਲੇ ਹੋਕੇ ਡਿਗਦੇ

ਹਨ।

ਸ਼ਾਹੁ ਸੈਨ ਬਡਿ ਕਪਟ ਅਰੰਭਾ।
'ਕਿਮਿ ਸੁਧਿ ਹੋਈ' ਮਾਨ ਅਚੰਭਾ।
'ਨਾਂਹਿ ਤ ਸੁਪਤਿ ਪਰੇ ਗਹਿ ਲੈਹੈਂ[1]।
[1]ਫੜ ਲੈਣੇ ਸੀ।
ਬਿਨਾ ਜੰਗ ਤੇ ਕਾਜ ਬਨੈ ਹੈਂ[1] ॥੨੩॥
[1]ਕੰਮ ਬਣ ਜਾਣਾ ਸੀ।
ਭੋਰ ਹੋਤਿ ਗੁਰੁ ਬਾਜ ਸਮੇਤਿ।
ਗਹਿ ਲੇ ਚਾਲਤਿ ਅਨੰਦ ਸਮੇਤਿ।
ਸੋ ਨਹਿਂ ਦਗ਼ਾ ਭਯੋ[1], ਸੁਧਿ ਪਾਈ।
[1]ਓਹ ਦਗ਼ਾ (ਕਾਮਯਾਬ) ਨਹੀਂ ਹੋਯਾ।
ਜਿਨਹੁੰ ਅਗਾਰੀ ਤੋਪ ਚਲਾਈ ॥੨੪॥
ਅਬਿ ਧੌਂਸਨਿ ਪਰਿ ਚੋਬ ਹਨੀਜੈ।
-ਪਰਹਿ ਜੰਗ ਗਾਢੋ- ਸੁਧਿ ਦੀਜੈ।'
ਇਮਿ ਉਰ ਤੇ ਸਭਿ ਕਪਟ ਨਿਵਾਰਾ।
ਸਨਮੁਖ ਭਏ ਕ੍ਰੋਧ ਬਡਿ ਧਾਰਾ ॥੨੫॥

ਭੁਜੰਗ ਛੰਦ:

ਹਨੀ ਚੋਬ ਭਾਰੀ ਸੁ ਧੌਂਸੇ ਧੁਕਾਰੇ।
ਬਡੇ ਬੀਰ ਬਾਂਕੇ ਬਕੈਂ ਬਾਰ ਬਾਰੇ[1]।
[1]ਕਹਿੰਦੇ ਹਨ (ਮਾਰ ਲੌ ਮਾਰ ਲੌ) ਬਾਰ ਬਾਰ।
ਕਲਾ ਪੈ ਜੜੇ ਮੋੜ ਤੋੜੇ ਧੁਖੰਤੇ।
ਚਲਾਈ ਤੁਫੰਗੈ ਭਭੂਕੇ ਭਖੰਤੇ[1] ॥੨੬॥
[1]ਬੰਦੂਕਾਂ (ਅੱਗ ਦੇ) ਭਭੂਕੇ ਭਖਦੀਆਂ ਹਨ।
ਨਿਸਾ ਭੂਰ ਅੰਧੇਰ ਹੋਯੋ ਗੁਬਾਰਾ[1]।
[1]ਰਾਤ ਵੇਲੇ ਅੰਧੇਰੇ ਵਿਚ ਗੁਬਾਰ ਹੋ ਗਿਆ।
ਉਠੀ ਧੂਰਿ ਪੂਰੰ ਛਯੋ ਗੈਨ ਸਾਰਾ[1]।
[1]ਅਕਾਸ਼ ਸਾਰਾ ਛਾ ਗਿਆ।
ਨ ਦੀਸੈ ਕਛੂ ਆਪਿ ਹਾਥੈਂ ਪਸਾਰੇ[1]।
[1]ਹੱਥ ਪਸਾਰਿਆਂ ਨਹੀਂ ਦਿਸਦਾ।
ਪਲੀਤਾ ਭਖੇ ਤੇ ਮਲੀਨੰ ਨਿਹਾਰੇ[1] ॥੨੭॥
[1]ਥੋੜਾ ਜਿਹਾ (ਦਿਖਾਈ) ਦਿੰਦਾ ਹੈ।
ਦਿਸ਼ਾ ਤਾਂਹਿ ਤਾਕੈਂ ਚਲਾਵੈਂ ਤੁਫੰਗੇ।
ਭਰੈਂ ਫੇਰਿ ਛੋਰੈਂ ਬਡੇ ਬੇਗ ਸੰਗੈ।
ਕੜਾਕਾੜ ਨਾਦੰ[1] ਉਠਯੋ ਏਕ ਬਾਰੀ।
[1]ਸ਼ਬਦ।
ਇਤੇ ਲੋਹ ਕੋਟੰ ਬਕੈਂ[1] ਮਾਰਿ ਮਾਰੀ ॥੨੮॥
[1]ਲੋਹਗੜ ਵਿਚ (ਸੂਰਮੇ) ਕਹਿੰਦੇ ਹਨ।
ਬਡੀ ਕਾਠਿ ਕੀ ਤੋਪ ਚੌਂਪੈ ਚਲਾਵੈਂ।
ਬਡੇ ਚੁੰਗ ਬਾਂਧੇ ਜਹਾਂ ਸ਼ੱਤ੍ਰੂ ਆਵੈਂ[1]।
[1]ਬੜੀਆਂ ਟੋਲੀਆਂ ਬੰਨ੍ਹੀਂ ਜਿੱਥੇ ਕੁ ਸ਼ੱਤ੍ਰੂ ਆਂਵਦੇ ਹਨ।
ਪਖਾਣੰ ਕੀ ਈਟੰ ਬਨੈ ਤਾਂਹਿ ਗੋਰੇ।
ਲਗੈਂ ਅੰਗ ਭੰਗੈਂ, ਉਡੈਂ ਸੂਰ ਘੋਰੇ[1]
[1]ਬਹੁਤੇ (ਅ) ਘੋੜੇ।

॥੨੯॥
ਮਲੇਛਾਨਿ ਸੈਨਾਪਤੀ ਜਾਨਿ ਐਸੇ।
'ਗੁਰੂ ਆਪਿ ਈਹਾਂ, ਲਰੈਂ ਬੀਰ ਤੈਸੇ।
ਕਰੋ ਕਯੋਂ ਨ ਹੱਲਾ, ਗਹੋ ਬੇਗ ਜਾਈ।
ਚਮੂੰ ਸੰਗ ਥੋਰੀ, ਲਰੈ ਕੌਨ ਆਈ'
॥੩੦॥
ਕਹੇ ਤੇ ਚਲੇ ਲੋਹਕੋਟੰ[1] ਨਜੀਕਾ।
ਛੁਟੈਂ ਬ੍ਰਿੰਦ ਗੋਰੀ ਮਚਯੋ ਜੁੱਧ ਨੀਕਾ।
ਲਯੋ ਘੇਰਿ ਸੈਨਾ ਘਨੀ ਘੂਮਿ ਆਈ।
ਫਿਰੈਂ ਚਾਰਿ ਪਾਸੇ ਪਰੈ ਨ ਦਿਖਾਈ
॥੩੧॥

[1]ਲੋਹਗੜ੍ਹ।

ਦੋਹਰਾ:
ਮਚਯੋ ਲੋਹਗੜ ਜੰਗ ਇਮਿ,
ਭਯੋ ਸ਼ਬਦ ਬਿਕਰਾਲ।
ਮਨਹੁਂ ਭਾੜ ਧਾਨਾ ਭੁਜੇ[1],
ਭੜਭੜ ਭਈ ਬਿਸਾਲ ॥੩੨॥

[1]ਮਾਨੋ ਭੱਠ ਵਿਚ ਦਾਣੇ ਭੁੱਜਦੇ ਹਨ।

ਪਾਧੜੀਛੰਦ:
ਸੁਨਿ ਤਬਹਿ ਸ਼ਬਦ ਸ਼੍ਰੀ ਹਰਿਗੁਵਿੰਦ।
ਮਨ ਮੈਂ ਸੁ ਜਾਨਿ ਦਲ ਹੈ ਬਿਲੰਦ।
ਨਿਕਸੇ ਨਿਕੇਤ ਤੇ ਵਹਿਰ ਆਇ।
ਸਭਿ ਸ਼ਸਤ੍ਰ ਅੰਗ ਲੀਨੇ ਸਜਾਇ ॥੩੩॥
ਸਭਿ ਸਨਧਬੱਧ ਹ੍ਵੈ ਆਇ ਸੂਰ।
ਬੋਲਤਿ ਗਰੂਰ ਗੁਰੁ ਕੇ ਹਦੂਰ।
'ਅਬਿ ਬਿਲਮ ਕਹਾਂ ਆਗਜਾ ਸੁ ਦੇਹੁ।
ਜਿਸ ਤੇ ਮਲੇਛ ਗਨ ਮਾਰਿ ਲੇਹੁ'
॥੩੪॥
ਤਿਸ ਸਮੈ ਗੁਰੂ ਹ੍ਵੈ ਕਰਿ ਇਕੰਤ।
ਮੁਖਿ ਸੁਭਟ ਹਕਾਰਿ ਕੀਨਿਸਿ ਮਤੰਤ।
ਇਕਿ ਮਹਾਂ ਬਲੀ ਪੈਂਦਾ ਪਠਾਨ।
ਕੋ ਨਹੀਂ ਬੀਰ ਤਿਸ ਕੇ ਸਮਾਨ ॥੩੫॥
ਪੁਨ ਬਿਧੀਚੰਦ ਜੋਧਾ ਬਿਲੰਦ।
ਲਖਿ ਦਾਵ ਘਾਵ ਔਰ ਨ ਮਨਿੰਦ[1]।

[1]ਹੋਰ ਕੋਈ ਤੁੱਲ ਨਹੀਂ ਹੈ।

ਬਹੁ ਚਤੁਰ ਸ਼ੱਤ੍ਰੁ ਹਿਤ ਰਚਿ ਉਪਾਇ।
ਛਲ ਲੇਤਿ ਛਿਨਕ ਮਹਿਂ ਕਰਹਿ ਦਾਇ ॥੩੬॥
ਮੋਹਨ, ਗੁਪਾਲ, ਨਵਲੁ, ਨਿਹਾਲ।
ਇਹ ਚਤਰ ਸੂਰ ਚਾਤੁਰ ਬਿਸਾਲ।
ਬਿੱਦਜਾ ਤੁਫੰਗ ਕੀ ਅਧਿਕ ਜਾਨਿ।
ਰਿਪੁ ਸਮੁਖ ਦੇਖਿ ਘਰ ਦੇਂ ਨ ਜਾਨਿ ॥੩੭॥
ਇਕ ਸੁਭਟ ਪਿਰਾਣਾ ਸ਼ਮਸ ਪੀਨ[1]।

[1]ਜਿਸ ਦਾ ਦਾਹੜਾ ਵੱਡਾ ਹੈ (ਅ) ਸਮਸ = ਤੁਲ। ਪੀ = ਬਹੁੜੇ। ਨ = ਨਹੀਂ ਹੈ। ਭਾਵ (ਜਿਸ ਦੇ) ਤੁੱਲ ਹੋਰ (ਕੋਈ) ਨਹੀਂ ਹੈ।

ਤੋਮਰ ਪ੍ਰਹਾਰ ਜਾਨਹਿ ਪ੍ਰਬੀਨ।
ਪੁਨ ਕਰਹਿ ਖੜਗ ਕੇ ਦਾਵ ਘਾਵ।
ਜਬਿ ਸੁਨਹਿ ਜੰਗ ਚਿਤਿ ਹੋਤਿ ਚਾਵ ॥੩੮॥
ਪੁਨ ਜੈਤ ਰੁ ਜਾਤੀ ਮਲਿਕ ਦੋਇ।
ਤੀਰਨਿ ਪ੍ਰਹਾਰ ਸ਼ੱਤ੍ਰੁਨਿ ਪਰੋਇ।
ਇੱਤਜਾਦਿ ਸੁਭਟ ਗੁਰੁ ਤੀਰ ਆਇ।
ਹਯ ਪਰਿ ਅਰੋਹ ਥਿਤ ਕਿਤਿਕ ਥਾਇਂ ॥੩੯॥
ਤੋੜੇ ਧੁਖਾਇ ਬਨਿ ਸਾਵਧਾਨ।
ਬਿਚਿ ਤੁਪਕ ਬਰੂਦ ਗੁਲਕਾਂ ਠੁਕਾਨ[1]।

[1]ਗੋਲੀਆਂ ਠੋਕੀਆਂ।

ਭਟ ਕਿਤਿਕ ਦੁਗੁਲਕਾਂ[1] ਬੀਚਿ ਪਾਇ।

[1]ਦੋ ਗੋਲੀਆਂ।

ਕਰਿ ਰਾਖਿ ਤਯਾਰ ਹਾਥਨਿ ਉਠਾਇ ॥੪੦॥

ਚੌਪਈ:

ਨਿਜ ਸੈਨਾਪਤਿ ਸਤਿਗੁਰੁ ਹੇਰੇ।
ਸਾਦਰ ਕਰੇ ਬਿਠਾਵਨਿ ਨੇਰੇ।
ਸਭਿ ਸੋਂ ਕਹਯੋ 'ਕਰੈਂ ਮਤ ਕੌਨ[1]?

[1]ਕੇਹੜੀ ਗੱਲ ਕਰੀਏ?

ਲਰਨਿ ਭਲੋ ਨਹਿਂ ਅੰਤਰਿ ਭੌਨ[1] ॥੪੧॥

[1]ਘਰ ਅੰਦਰ।

ਪੁਰਿ ਕੋ ਤਯਾਗ ਚਲਹਿਂ ਅਬਿ ਬਾਹਰਿ।
ਥਿਰਹਿਂ ਹੇਰਿ ਮੈਦਾਨ ਸੁ ਠਾਹਰਿ[1]।

[1]ਮੈਦਾਨ ਦੀ ਥਾਂ।

ਰਾਤਿ ਅੰਧੇਰੀ ਸੂਝਤਿ ਨਾਂਹੀ।

ਆਨਿ ਪ੍ਰਵੇਸ਼ਹਿਂ ਰਿਪੁ ਘਰਿ ਮਾਂਹੀ ॥੪੨॥
ਅਪਨੋ ਪਰ ਕਾ ਲਖ੍ਯੋ ਨ ਜਾਈ।
ਆਪਸਿ ਬਿਖੈ ਘਾਵ ਤਨ ਘਾਈ[1]।
[1]ਜ਼ਖਮ ਸਰੀਰ ਤੇ ਖਾਵਾਂਗੇ।
ਦੂਰਿ ਦੂਰਿ ਜੋਧਾ ਘਿਰਿ ਜਾਇਂ[1]।
[1]ਜੋ ਵੱਖੋ ਵੱਖ ਹੋਕੇ ਲੜੀਏ ਤਾਂ) ਦੂਰ ਦੂਰ ਹੋਕੇ ਜੋਧੇ (ਵੈਰੀਆਂ ਵਿਚ) ਘਿਰ ਜਾਣਗੇ।
ਤਬਿ ਲਰਿਬੇ ਕੋ ਹ੍ਵੈ ਨ ਉਪਾਇ ॥੪੩॥
ਪੁਰਿ ਮਹਿਂ ਲਰਨਿ ਦੋਸ਼ ਸਮੁਦਾਈ।
ਹਮਰੋ ਮਤ -ਹ੍ਵੈ ਵਹਿਰਿ ਲਰਾਈ[1]-।
[1]ਸਾਡੀ ਸਲਾਹ ਹੈ ਕਿ ਲੜਾਈ ਬਾਹਰ ਹੋਵੇ।
ਚਢੇ ਹਯਨਿ ਪਰਿ ਰਿਪੁ ਗਨ ਮਾਰੈਂ।
ਕਰਹਿ ਜੰਗ ਅਰੁ ਰਹੈਂ ਕਿਨਾਰੈ[1]' ॥੪੪॥
[1]ਪਾਸੇ ਹੀ।
ਪੈਂਦੇਖਾਨ ਭਨੀ 'ਇਹ ਆਛੇ।
ਜੋ ਮਸਲਤਿ ਰਾਵਰਿ ਚਿਤ ਬਾਂਛੇ।
ਤਉ ਬਿਚਾਰਹੁ ਨਿਜ ਪਰਿਵਾਰ।
ਇਸਿ ਕੀ ਰੱਛਜਾ ਬਨਹਿ ਉਦਾਰ ॥੪੫॥
ਇਨਹਿਂ ਨਿਕਾਸਹੁ ਕਰਹੁ ਅਗਾਰੀ।
ਸਭਿ ਜੋਧਾ ਗਨ ਰਹੈਂ ਪਿਛਾਰੀ।
ਸਦਨ ਸਮਾਜ ਨ ਲਾਲਚ ਕਰੋ।
ਸਕਲ ਸਕੇਲ ਏਕਿ ਥਲ ਧਰੋ ॥੪੬॥
ਸੌ ਅਸੁਵਾਰ ਸੰਗਿ ਇਨਿ ਰਹੈਂ।
ਨਿਜ ਦਲ ਕੀ ਸਮੀਪਿਤਾ ਲਹੈਂ।
ਲਰਤਿ ਰਹੈਂ ਸ਼ੱਤ੍ਰੁਨਿ ਕੋ ਮਾਰੈਂ।
ਭਰਹਿਂ ਤੁਫੰਗਨਿ ਧਰਹਿਂ ਪ੍ਰਹਾਰੈਂ[1] ॥੪੭॥
[1]ਅਗੇ) ਧਰਕੇ ਮਾਰਨ।
ਲਰਤਿ ਜਿ ਆਗੈ ਪਾਛੈ ਹੱਲੈਂ[1]।
[1]ਭਾਵ, ਲੜਦੇ ਭਿੜਦੇ (ਅਸੀਂ) ਅੱਗੇ ਪਿੱਛੇ ਜੇ (ਕਿਸੇ ਪਾਸੇ) ਨਿਕਲ ਜਾਈਏ ਤਾਂ।
ਤਬਿ ਕੁਟੰਬ ਸੋਂ ਭਟ ਸੌ ਮਿਲੈਂ।
ਨਵਲਾ ਸੈਨਾਪਤੀ ਮਿਲਾਵਹੁ।
ਇਸ ਕਾਰਜ ਪਰਿ ਤਿਹ ਠਹਿਰਾਵਹੁ' ॥੪੮॥
ਸੁਨਿ ਕਰਿ ਨੀਕੇ ਹਰਿ ਗੋਵਿੰਦ।
ਨਵਲੇ ਕੋ ਦੇ ਕਰਿ ਭਟ ਬ੍ਰਿੰਦ।

ਭੇਜਯੋ ਸਭਿ ਪਰਿਵਾਰ ਨਿਕਾਸਨਿ।
'ਦਿਹੁ ਧੀਰਜ ਕੋ ਮਾਨਹਿ ਤ੍ਰਾਸ[1] ਨ' [1]ਡਰ ਨਾ ਮੰਨਣ।
॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਲੋਹਗੜ੍ਹ ਯੁੱਧ। ਬੀਬੀ ਵੀਰੋ ਘਰ ਰਹੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਪਠਿ ਨਵਲੇ ਕੋ ਸਤਿਗੁਰੂ, ਸਭਿ ਕੋ ਬਾਕ ਸੁਨਾਇ।
'ਹੁਤੇ ਲੋਹਗੜ ਕੇ ਬਿਖੈ, ਪੰਚ ਬੀਸੁ ਭਟ ਭਾਇ[1] ॥੧॥

ਚੌਪਈ:

ਅਰੇ ਲਰੇ ਭਟ ਛੁਟੀ ਤੁਫੰਗੈ।
ਤੋਪ ਸ਼ਬਦ ਕੋ ਹੇਤਿ ਉਤੰਗੈ।
ਤਿਨਹੁਂ ਰਖੀ ਅਟਕਾਇ ਲਰਾਈ।
ਉਠਤਿ ਕੁਲਾਹਲ[1] ਦੇਤਿ ਸੁਨਾਈ ॥੨॥
ਕਬਿ ਲੌ ਅਰਹਿ? ਸ਼ਾਹੁ ਦਲ ਭਾਰਾ[1]।
ਆਵਹਿ ਇਹਾਂ ਹੁਜੀਯਹਿ ਤਜਾਰਾ।
ਮਹਾਂ ਤਿਮਰ ਇਕ ਨਿਸਿ ਅੰਧਜਾਰੀ।
ਹਯਨਿ ਖੁਰਨਿ ਤੇ ਖੇਹ ਉਡਾਰੀ ॥੩॥
ਬਾਂਧੇ ਚੁੰਗ ਮਿਲੇ ਸਭਿ ਰਹੀਯਹਿ।
ਪ੍ਰਿਥਕ ਹੋਨਿ ਕੋ ਕਿਮਿ ਨਹਿਂ ਚਹੀਯਹਿ।
ਜਬਿ ਪ੍ਰਕਾਸ਼ ਸੂਰਜ ਕੋ ਪਾਵਹੁ।
ਤਬਿ ਤੁਰਕਨਿ ਰਿਪੁ ਮਾਰਿ ਗਿਰਾਵਹੁ' ॥੪॥
ਸੁਨਤਿ ਸੁਭਟ ਗੁਰੁ ਤੇ ਲਲਕਾਰੇ।
'ਪਾਤਿਸ਼ਾਹ! ਬਲ ਪਾਇ ਤੁਹਾਰੇ।
ਕਿਸਿ ਗਿਨਤੀ ਮਹਿਂ ਇਹ ਰਿਪੁ ਆਏ।
ਹਮ ਮਾਰਹਿਂ ਲਵਪੁਰਿ ਕੋ ਜਾਏ ॥੫॥
ਦੁਰਗ ਪਰਵੇਸ਼ਨਿ ਤੇ ਬਚਿ ਰਹੈਂ[1]।
ਨਾਂਹਿ ਤ ਸ਼ਾਹਜਹਾਂ ਕਹੁ ਗਹੈਂ।
ਜਬਿ ਚਮਕਹਿਂਗੇ ਖੜਗ ਕਰਾਲੇ।
ਤਬਿ ਦੇਖਹੁ ਹੁਇ ਜੰਗ ਬਿਸਾਲੇ ॥੬॥
ਪੁਨ ਸਤਿਗੁਰੁ ਸਿਖ ਅਪਰ ਪਠਾਵਾ।
'ਮੰਦਰ ਗਮਨਹੁ ਬਿਲਮਿ ਨ ਲਾਵਾ।
ਵਸਤੁ ਲੋਭ ਕੋ ਕਰੀਯਹਿ ਨਾਂਹੀ।

[1]੨੫ ਪ੍ਰੇਮੀ ਸੂਰਮੇ।

[1]ਹੌਲਾ।

[1]ਕਿੰਨਾ ਕੁ ਚਿਰ ਅੜਨਗੇ, ਸ਼ਾਹ ਦਾ ਦਲ ਭਾਰੀ ਹੈ।

[1]ਕਿਲੇ ਵਿਚ ਵੜਕੇ (ਭਾਵੇਂ) ਬਚ ਰਹਿਣ।

ਪਰੀ ਰਹਨਿ ਦਿਹੁ ਸਭਿ ਘਰੁ ਮਾਂਹੀ
॥੭॥
ਕਰਹੁ ਸ਼ੀਘ੍ਰਤਾ ਵਹਿਰ ਲਿਜਾਵਹੁ।
ਪੰਥ ਰਾਮਸਰ ਕੇਰਿ ਸਿਧਾਵਹੁ।
ਆਗਹਿ ਪਾਛਹਿ ਸੁਭਟ ਰਹੀਜਹਿ।
ਬਿਚਿ ਕੁਟੰਬ ਸਗਰੋ ਲੇ ਲੀਜਹਿ ॥੮॥
ਪ੍ਰਥਮ ਨ ਤੁਪਕ ਚਲਾਵਹੁ ਕੋਈ।
ਗਮਨਹੁ ਸ਼ਬਦ ਜਥਾ ਨਹਿਂ ਹੋਈ[1]'। [1]ਭਾਵ ਮਲਕੜੇ।
ਗਯੋ ਸਿੱਖ ਉਤਲਾਵਤਿ ਮੰਦਰ।
ਤਜਾਰੀ ਕਰਤਿ ਸਕਲ ਹੀ ਅੰਦਰ ॥੯॥
ਇਕ ਸਿੱਖ ਕੌਲਾਂ ਕੇਰਿ ਅਗਾਰਾ।
ਭੇਜਯੋ ਸਤਿਗੁਰੁ ਲਜਾਵਨ ਵਾਰਾ।
ਜਾਇ ਗੁਰੂ ਕੇ ਬਾਗ ਸੁਨਾਏ।
'ਲੋਭ ਨ ਕਰਹੁ ਵਸਤੁ ਸਮੁਦਾਏ ॥੧੦॥
ਸਭਿ ਤਜਿ ਨਿਕਸਹੁ ਬਿਲਮਿ ਨ ਕੀਜੈ।
ਸੈਨਿ ਸਮੀਪਿ ਅਈ ਲਖਿ ਲੀਜੈ।'
ਸਜੰਦਨ ਅਰੁ ਡੋਰੇ ਗਨ ਆਏ।
ਕਹਿ ਬਹੁ ਬਾਰੀ ਤੁਰਤ ਚਢਾਏ ॥੧੧॥
ਅਤਿ ਦਮੋਦਰੀ ਦੁਖੀ ਬਿਚਾਰੀ।
ਪੁੱਤ੍ਰੀ ਬਜਾਹ ਬਿਘਨ ਭਾ ਭਾਰੀ।
ਕੌਨ ਕੌਨ ਵਥੁ[1] ਚਿਤਵਤਿ ਖਰੀ। [1]ਕਿਹੜੀ ਕਿਹੜੀ ਚੀਜ਼ (ਲੈ ਚਲਾਂ)।
ਤ੍ਰਾਸਤਿ ਸਗਰੀ ਤਜਾਗਨਿ ਕਰੀ ॥੧੨॥
ਸੁਭਟਨਿ ਸਾਹਿਬਜ਼ਾਦੇ ਲੀਨਿ।
ਸੰਗ ਤੁਰੰਗ ਅਰੂਢਨਿ ਕੀਨਿ।
ਭਰਜੋ ਸਦਨ ਸਭ ਵਸਤੂ ਕੇਰਾ।
ਕਰਿ ਕੈ ਤਜਾਗ ਚਲੇ ਬਿਨੁ ਦੇਰਾ ॥੧੩॥
ਜਬਿ ਦਮੋਦਰੀ ਸਜੰਦਨ ਚਰੀ।
ਮਰਵਾਹੀ ਸਜੰਦਨ ਬਿਬ ਥਿਰੀ[1]। [1]ਰੱਥ ਵਿਚ ਦੋਵੇਂ ਬੈਠੀਆਂ।
ਨਾਨਕੀ ਤੇਗ ਬਹਾਦਰ ਲੀਨੇ।
ਚਢਿ ਡੋਰੇ ਪਰਿ ਚਲਿਬੋ ਕੀਨੇ ॥੧੪॥
ਦਾਸੀ ਦਾਸਨਿ ਕੇ ਸਮੁਦਾਈ।
ਚਲੇ ਸੰਗਿ ਨਹਿ ਬਿਲਮਿ ਲਗਾਈ।

ਰਾਤਿ ਅੰਧੇਰੀ ਪੰਥ ਨ ਸੂਝਤਿ।
ਗਮਨਤਿ ਰਾਮ ਤਾਲ ਮਗ ਬੂਝਤਿ ॥੧੫॥
ਆਪਸਿ ਮਹਿਂ ਇਤਿ ਉਤਿ ਹੁਇ ਚਾਲੇ।
ਸੰਘਨੇ ਬ੍ਰਿੱਛ ਖਰੇ ਬਹੁ ਡਾਲੇ।
ਚਲਿਬੇ ਕੋ ਮਗ ਬਡੋ ਨ ਜਹਾਂ।
ਨੀਠ ਨੀਠ ਗਮਨਤਿ ਭੇ ਤਹਾਂ ॥੧੬॥
ਜਾਇ ਰਾਮਸਰ ਪਰ ਥਿਰੁ ਹੋਏ।
ਸੁਭਟ ਸੁਚੇਤ ਬੀਰ ਰਸ ਭੋਏ।
ਉਤ ਕੌਲਾਂ ਆ ਮਿਲਿਬੋ ਕੀਨਿ।
ਗੁਰੁ ਪਰਿਵਾਰਹਿ ਸੰਗ ਪ੍ਰਬੀਨ ॥੧੭॥
ਸ਼੍ਰੀ ਹਰਿਗੋਵਿੰਦ ਢਿਗ ਸੁਧਿ ਆਈ।
ਕਰੀ ਸ਼ੀਘ੍ਰ ਹੀ ਅਪਨਿ ਚਢਾਈ।
ਪ੍ਰਥਮ ਅਕਾਲ ਤਖਤ ਕੇ ਥਾਈਂ।
ਹਯ ਆਰੂਢੇ ਗ੍ਰੀਵ ਨਿਵਾਈ ॥੧੮॥
ਪੌਰ ਦਰਸ਼ਨੀ ਬੰਦਨ ਕੀਨਿ।
ਚਲੇ ਪ੍ਰਦਛਨਾ[1] ਦਿਸ਼ਾ ਪ੍ਰਬੀਨ। [1]ਪ੍ਰਕਰਮਾਂ ਵੱਲ।
ਫਿਰਿ ਆਏ ਦੁਖਭੰਜਨਿ ਬੇਰਿ।
ਡੇਢ ਜਾਮ ਤਬਿ ਜਾਮਨਿ ਹੇਰਿ[1] ॥੧੯॥ [1]ਰਾਤ ਦੇਖੀ।
ਗੁਰੂ ਕਹਜੋ 'ਆਧੇ ਰਹੁ ਚਰੇ[1]। [1]ਘੋੜਿਆਂ) ਤੇ ਚੜ੍ਹੇ ਰਹੇ।
ਅਰਧ ਸ਼ਨਾਨ ਤਾਲਿ ਲਿਹੁ ਕਰੇ।
ਸੋ ਸਨੱਧ[1] ਹੁਇ ਹਯ ਜਬਿ ਚਰੈਂ। [1]ਤਿਆਰ ਬਰਤਿਆਰ।
ਪੁਨ ਸੋ ਅਰਧ ਸੁਚੇਤਾ ਕਰੈਂ ॥੨੦॥
ਇਮਿ ਕਹਿ ਆਪ ਕੀਨਿ ਇਸ਼ਨਾਨਾ।
ਬਸਤ੍ਰ ਸ਼ਸਤ੍ਰ ਪਹਿਰੇ ਬਿਧਿ ਨਾਨਾ।
ਫਿਰਤ ਪ੍ਰਦਛਨਾ ਚਲਿ ਕਰਿ ਆਏ।
ਪੌਰ ਦਰਸ਼ਨੀ ਸੀਸ ਨਿਵਾਏ ॥੨੧॥
ਅੰਦਰ ਸ਼੍ਰੀ ਹਰਿਮੰਦਰ ਗਏ।
ਦ੍ਵੈ ਕਰ ਬੰਦਿ ਬੰਦਨਾ ਕਿਏ।
ਖਰੇ ਹੋਇ ਗੁਰ ਸਭਿਨਿ ਅਗਾਰੀ।
ਬਿਨਤੀ ਲੇ ਕਰਿ ਨਾਮ ਉਚਾਰੀ ॥੨੨॥
ਛਪੈ:

ਸ਼੍ਰੀ ਗੁਰ ਨਾਨਕ ਜੋਤਿ
ਹੋਤਿ ਨਿਤ ਸਿੱਖ ਸਹਾਯਕ।
ਬਿਘਨ ਮਿਟਾਇ ਅਨੇਕ
ਏਕ ਚਿਤ ਸਿਮਰਿ ਸੁਭਾਯਕ[1]।

[1]ਜੋ) ਇਕ ਚਿਤ ਹੋਕੇ ਸੁਭਾਵਕ ਹੀ ਸਿਮਰੇ।

ਦੁਰਜਨ ਕੋ ਸਮੁਦਾਇ
ਆਇ ਤਿਨ ਤਤਛਿਨਿ ਘਾਯਕ[1]।

[1]ਆਇਆ ਹੈ ਵੈਰੀਆਂ ਦਾ ਸਮੂਹ ਉਨ੍ਹਾਂ ਨੂੰ ਛੇਤੀ ਮਾਰ ਦਿਓ।

ਦੁਸ਼ਟ ਅਰਿਸ਼ਟ ਨਿਵਾਰਿ
ਧਾਰ ਕਰ ਸਦਾ ਬਚਾਯਕ[1]।

[1]ਹੱਥ ਧਰਕੇ (ਦਾਸਾਂ ਨੂੰ) ਸਦਾ ਬਚਾਂਵਦੇ ਹੋ।

ਜਗ ਨਾਯਕ ਨਾਯਕ ਪ੍ਰਭੋ !
ਵਿਭੋ ਰੂਪ ਦਾਯਕ ਬਿਜੈ[1]।

[1]ਜਗਤ ਦੇ ਸ੍ਵਾਮੀਆਂ ਦੇ ਸ੍ਵਾਮੀ ਹੇ ਪ੍ਰਭੋ ! (ਆਪ ਦਾ) ਰੂਪ ਸਾਰੇ ਵਿਆਪਕ ਹੈ ਤੇ ਆਪ ਜੈ ਦੇ ਦਾਤੇ ਹੋ।

ਰਘੁਨਾਯਕ ਸਾਯਕ ਬਚਨ
ਰਚਨ ਅਨੰਦ ਸਦ ਜੈ ਅਜੈ[1] ॥੨੩॥

[1]ਰਾਮਚੰਦ੍ਰ ਦੇ ਬਾਣਾਂ (ਵਤ ਆਪ ਦੇ) ਬਚਨ (ਅਮੋਘ ਹਨ) ਅਨੰਦ ਤੇ ਜੈ ਦੇ ਆਪ ਰਚਨਹਾਰੇ ਹੋ ਤੇ ਅਜੈ (ਆਪ ਦਾ ਸਰੂਪ) ਹੈ।

ਸ਼੍ਰੀ ਅੰਗਦ ਕੁਲ ਚੰਦ
ਬੰਦਿ ਕਰ ਬੰਦਨ ਮੋਰੀ।
ਦੁੰਦ ਬਿਲੰਦ ਨਿਕੰਦ,
ਕੰਦ ਸੁਖ ! ਸ਼ਰਨੀ ਤੋਰੀ।
ਦੀਨ ਬੰਧੁ, ਗੁਨ ਸਿੰਧੁ,
ਪੰਧ ਗਤਿ ਕੋ ਦਿਖਰਾਵਤਿ[1]।

[1]ਮੁਕਤੀ ਦਾ ਰਾਹ ਦਿਖਾਂਵਦੇ ਹੋ (ਦਾਸਾਂ ਨੂੰ)।

ਜਸੁ ਬਿਸਾਲ, ਅਰਿ ਘਾਲਿ,
ਘਾਲਿ ਦਾਸਨ ਮਨ ਭਾਵਤਿ[1]।

[1]ਦਾਸਾਂ ਦੀ ਘਾਲਣਾ (ਜਿਨ੍ਹਾਂ ਨੂੰ) ਭਾਂਵਦੀ ਹੈ।

ਜਰ ਅਜਰ ਗੋਇ ਉਰ ਅਜਰ ਮਹਿਂ,
ਨਹਿਂ ਦਿਖਾਇ, ਅਸ ਮਤਿ ਗਹੇ[1]।

[1]ਜਰਕੇ ਅਜਰ (ਭਾਵ ਸਿੱਧੀਆਂ) ਗੁਪਤ ਰਖੀਆਂ ਹਨ, ਹਿਰਦੇ ਰੂਪ ਵਿਹੜੇ ਵਿਚ, ਤੇ ਦਿਖਾਈਆਂ ਨਹੀਂ, ਐਸੀ ਸੰਮਤੀ ਧਾਰੀ ਸੀ ਜਿਨ੍ਹਾਂ ਨੇ।

ਬਰ ਬਦਨ ਸਦਨ ਸੁਖ ਬਰ ਦਿਹੋ
ਲਹੌਂ ਬਿਜੈ ਰਿਪੁ ਦਲ ਦਹੇ[1] ॥੨੪॥

[1]ਆਪਣੇ ਸ੍ਰੇਸ਼ਟ ਮੁਖੋਂ ਹੇ ਸੁਖਾਂ ਦੇ ਘਰ ਸ੍ਰੇਸ਼ਟ ਵਰ ਦਿਓ ਕਿ ਮੈਂ ਫਤੇ ਪਾਵਾਂ ਵੈਰੀਆਂ ਦਾ ਦਲ ਨਾਸ਼ ਕਰਕੇ।

ਕੁਲ ਭੱਲਜਨਿ ਕੇ ਮੌਰ
ਔਰਿ ਸਮਸਰ ਨਹਿਂ ਜਨਿਯਤਿ।
ਦਾਤਾ ਮਹਿਦ ਉਦਾਰ
ਸਾਰ ਦਾਸਨਿ ਦੇ ਭਨੀਯਤਿ[1]।

[1]ਦਾਸਾਂ ਨੂੰ ਸਾਰ ਦੇਣ ਵਾਲੇ ਕਹੇ ਜਾਂਦੇ ਹੋ।

ਬਾਈਸ ਮੰਜੀ ਦੀਨ
ਕੀਨ ਸਿਖ ਦਾਸ ਨਿਹਾਲਾ।
ਨਿਵੈਂ ਜਗਤਿ ਦਰਬਾਰ
ਧਾਰਿ ਇੱਛਾ ਸੁ ਬਿਸਾਲਾ।
ਪਿਖਿ ਪ੍ਰੇਮ ਨੇਮ ਬਿਨੁ[1] ਛੇਮ ਦੇ,
ਇਮਿ[1] ਕੀਰਤੀ ਬਹੁ ਸਜੈ।
ਸ੍ਰੀ ਅਮਰਦਾਸ ਗੁਨ ਰਾਸਿ ਬਰ !
ਬਰ ਦੇਵਹੁ -ਰਿਪੁ ਤੇ ਬਿਜੈ- ॥੨੫॥
ਚੌਥੇ ਸਤਿਗੁਰੁ ਭਏ
ਲਏ ਜਸੁ ਜਗਤਿ ਉਜਾਲਾ।
ਸਦਾ ਪ੍ਰੇਮ ਕੇ ਬਸੀ
ਦੇਤਿ ਬਰ ਹੋਇ ਕ੍ਰਿਪਾਲਾ।
ਮਾਯਾ ਬਿਖੈ ਅਲੇਪ
ਛੇਪ ਨਹਿਂ ਕਿਸਹੂੰ ਕਾਲਾ।
ਸਦਾ ਸੱਚਿਦਾਨੰਦ,
ਬੰਦਿ ਪਦ[1] ਭਏ ਨਿਹਾਲਾ।
ਨਿਤ ਨਮਹਿ ਨਮਹਿ ਪੁਨ ਪੁਨ ਨਮਹਿ,
ਮਹਿ ਮਹਿਂ ਮਹਿਮਾਂ ਮਹਾਂਬਰ[1]।
ਕਰ ਜੋਰਿ ਨਿਹੋਰਤਿ ਬਿਜੈ ਦਿਹੁ
ਗੁਰੁ ਰਾਮਦਾਸ ! ਸ੍ਰੀ ਬਦਨ ਬਰ[1] ॥੨੬॥
ਭਗਤ ਭਾਵਨਾ ਭਰਨਿ
ਹਰਨਿ ਭੈ ਸ੍ਰੀ ਭਗਵੰਤਾ।
ਸ਼ਰਨਿ ਸੂਰ, ਪੂਨਿ ਪੂਰ,
ਮੁਕਤਿ ਦਾਯਕ ਸਭਿ[†] ਸੰਤਾ[1]।
ਪਰਉਪਕਾਰੀ ਧੀਰ
ਭੀਰ ਨਿਤ ਸਿੱਖਨਿ ਕੇਰੀ।
ਕਰਤਿ ਉਧਾਰ ਉਦਾਰ[1]
ਬਿਦਤ ਜਿਤਿ ਕਿਤ ਮਹਿਂ ਹੇਰੀ[1]।
ਸ੍ਰੀ ਅਰਜਨ ਸਿਰਜਨਿ ਸ਼੍ਰੇਯ ਜਨ
ਨਮੋ ਨਮੋ ਪਗ ਸਤਿਗੁਰੂ।
ਅਬਿ ਸ਼ੱਤ੍ਰ ਜੀਤਿ ਕੀ ਕਾਮਨਾ,
ਹਤੌਂ, ਪਲਾਵਹਿਂ ਸਮ ਰੁਰੂ[1]' ॥੨੭॥

[1]ਨੇਮ ਬਿਨਾ ਨਿਰਾ ਪ੍ਰੇਮ ਤੱਕ ਕੇ ਹੀ।
[1]ਇਉਂ।
[1]ਜਿਨ੍ਹਾਂ ਨੇ ਚਰਨ ਬੰਦੇ।
[1]ਪ੍ਰਿਥਵੀ ਤੇ ਮਹਿਮਾਂ (ਆਪ ਦੀ) ਬੜੀ ਭਾਰੀ ਹੈ।
[1]ਆਪਣੇ) ਸ੍ਰੇਸ਼ਟ ਮੁਖ ਤੋਂ।
[1]ਸਾਰੇ ਸੰਤਾਂ ਨੂੰ। [†]ਪਾ:-ਸਮ।
[1]ਮੁਕਤ ਕਰਦੇ ਹੋ ਦਾਤੇ ਹੋਕੇ।
[1]ਪ੍ਰਿਥਵੀ ਤੇ ਦਿਖਾਈ ਦੇ ਰਹੀ ਹੈ।
[1]ਦੌੜ ਜਾਣ ਹਰਨਾਂ ਵਾਂਗ।

ਦੋਹਰਾ:

ਸੁਨਿ ਉਸਤਤਿ ਕੋ ਤਿਹ ਸਮੈ, ਸ਼੍ਰੀ ਹਰਿਮੰਦਰ ਮਾਂਹਿ।
ਗਿਰਾ ਪ੍ਰਗਟ ਹੋਈ ਸੁਨੀ, 'ਕਰਹੁ ਤੁਰਕ ਗਨ ਦਾਹਿ ॥੨੮॥
ਪ੍ਰਥਮ ਜੰਗ ਤੁਮ ਤੇ ਉਠ੍ਯੋ[1], ਲਰੈਂ ਬਹੁਤ ਹੀ ਕਾਲ।
ਸਨੇ ਸਨੇ ਗਨ ਤੁਰਕ ਕੀ, ਉਖਰਹਿਂ ਜਰਾਂ ਬਿਸਾਲ ॥੨੯॥
ਲਹਹੁ ਬਿਜੈ ਰਿਪੁ ਬ੍ਰਿੰਦ ਤੇ, ਨ੍ਰਿਭੈ ਹਤਹੁ ਹਥਿਯਾਰ।
ਮਾਰਿ ਮਲੇਛਨਿ ਸੈਨਿ ਕੋ, ਲੀਜਹਿ ਬਿਜੈ ਉਦਾਰ' ॥੩੦॥
ਸੁਨਿ ਸ਼੍ਰੀ ਹਰਿਗੋਬਿੰਦ ਜੀ, ਨਮੋ ਕਰੀ ਕਰ ਜੋਰਿ।
ਪਰਮ ਪ੍ਰੇਮ ਕਰਿ ਨਿਕਸਿ ਤਬਿ, ਫਿਰੇ ਪ੍ਰਦਛਨਾ ਓਰਿ ॥੩੧॥
ਚਤਰ ਪ੍ਰਕਰਮਾ ਕਰਿ ਫਿਰੇ, ਕਰਿ ਬੰਦਨ ਦਰਬਾਰ।
ਪੌਰ ਦਰਸ਼ਨੀ ਆਇ ਕੈ, ਸਿਰ ਧਰਿ ਨਮਹਿਂ ਉਦਾਰ[1] ॥੩੨॥
ਕਰਜੋ ਹਕਾਰਨਿ ਹਯ ਬਲੀ, ਆਯੋ ਤਹਿਂ ਤਤਕਾਲ।
ਆਰੋਹਨਿ ਸਤਿਗੁਰੁ ਭਏ, ਧਨੁਖ ਕਠੋਰ ਸੰਭਾਲਿ ॥੩੩॥
ਚੰਚਲ ਬਲੀ ਤੁਰੰਗ ਬਹੁ, ਕੀਮਤਿ ਜਿਸ ਕੀ ਲਾਖ।
ਗੁਰੁ ਮਨ ਸੋਂ ਲਯ ਲੀਨਿ ਹੁਇ[1], ਚਲਤਿ ਜਥਾ ਅਭਿਲਾਖ ॥੩੪॥
ਗੋਲ[1] ਚਮੂੰ ਕੋ ਸੰਗਿ ਲੈ, ਹੋਇ ਗੁਰੂ ਸਵਧਾਨ।
ਚਾਹਤਿ ਭੇ ਸੰਗ੍ਰਾਮ ਕੋ, ਗਏ ਰਾਮਸਰ ਥਾਨ

[1]ਭਾਵ ਜੰਗ ਦਾ ਅਰੰਭ ਤੁਸਾਂ ਕੀਤਾ ਹੈ।

[1]ਭਾਵ ਗੁਰੂ ਜੀ।

[1]ਗੁਰੂ ਜੀ ਦੇ ਮਨ ਨਾਲ ਤਦਾਕਾਰ ਹੋਕੇ।

[1]ਜੱਥਾ।

॥੩੫॥
ਕਰੀ ਸੰਭਾਰਿ ਪ੍ਰਵਾਰ ਕੀ, ਸ਼੍ਰੀ ਸਤਿਗੁਰੁ ਤਿਸਿ ਕਾਲ।
-ਇਕਿ ਵੀਰੋ ਕੀ ਸੁਧਿ ਨਹੀਂ, ਔਰ ਸਕਲ ਹੈਂ ਨਾਲ ॥੩੬॥
ਗੁਡੀਯਾ ਰਹੀ ਸੰਭਾਲਤੀ, ਬੀਬੀ ਬੀਚ ਅਗਾਰ।
ਰਾਖਤਿ ਪ੍ਰਾਨਨਿ ਜਯੋਂ ਜਿਨੈ-, ਐਸੇ ਕਰਯੋ ਬਿਚਾਰ ॥੩੭॥
-ਮਾਤਾ ਸਮੁਝਯੋ ਹੋਇਗੀ, ਦੂਸਰ ਮਾਤਾ ਸੰਗ।
ਯਾਂ ਤੇ ਭੂਲੀ ਸਦਨ ਮੈਂ, -ਲਯਾਵੈ ਕੌਨ ਨਿਸੰਗ ॥੩੮॥
ਸਿੰਘੇ ਪ੍ਰੋਹਤ ਕੋ ਕਹਯੋ, 'ਬਾਬਕ[1] ਸੰਗਿ ਸਿਧਾਰਿ।
ਆਨੋ ਬੀਬੀ ਕੋ ਇਹਾਂ, ਸਫਲੈ ਜਨਮ ਤੁਹਾਰਿ' ॥੩੯॥
ਸ਼੍ਰੀ ਗੁਰੁ ਆਗਯਾ ਤੇ ਚਲੇ, ਹਾਥ ਬੰਦੂਕਨਿ ਧਾਰਿ।
ਸ਼੍ਰੀ ਨਾਨਕ ਸਿਮਰਤਿ ਰਿਦੈ, ਕਾਰਜ ਲਯਾਵਹਿਂ ਸਾਰ ॥੪੦॥
ਦਈ ਨਿਸ਼ਾਨੀ ਸਿਮਰਨੀ, ਕਹਯੋ 'ਜਿ ਹੁਇ ਭਟ ਭੇਰਿ।
ਤੁਪਕ ਅਵਾਜ਼ ਕਰੀਜਏ[1], ਪਠਹਿਂ ਬੀਰ ਬਿਨੁ ਦੇਰਿ ॥੪੧॥
ਘਿਰਿਬੇ ਤੇ ਚੌਕਸ ਰਹਹੁ, ਦਾਵ ਘਾਵ ਕਰਿ ਜਾਇ।
ਬੀਰ ਸਹਾਇਕ ਸਭਿ ਖਰੇ, ਸੁਨਤਿ ਸ਼ੀਘ੍ਰਤਾ ਆਇਂ[1]' ॥੪੨॥
ਦੋਨਹੁੰ ਜੋਧਾ ਧੀਰ ਧਰਿ, ਗਏ ਤੁਰੰਗ ਧਵਾਇ।
ਸਤਿਗੁਰੁ ਕਰਤਿ ਪ੍ਰਤੀਖਨਾ[1], ਖਰੇ ਭਏ

[1]ਰਬਾਬੀ ਦਾ ਨਾਮ ਹੈ।

[1]ਬੰਦੂਕ ਦੀ ਆਵਾਜ਼ ਕਰਨੀ।

[1]ਆਵਣਗੇ (ਤੁਹਾਡੀ ਸਹਾਇਤਾ ਨੂੰ)।

[1]ਉਡੀਕ।

ਤਿਸਿ ਥਾਇੰ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮਿ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਬੀਬੀ ਵੀਰੋ ਜੀ ਨੂੰ ਲਿਆਂਦਾ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਇਤਿ ਸਤਿਗੁਰ ਇਹ ਬਿਧਿ ਕਰੀ,
ਨਿਕਸੇ ਮੰਦਿਰ ਛੋਰਿ।
ਉਤ ਲਸ਼ਕਰ ਸਭਿ ਝੁਕ ਪਰਜੋ, ਜੰਗ ਲੋਹਗੜ੍ਹ ਘੋਰ[1] ॥੧॥

[1]ਭਜਾਨਕ (ਮਚ ਗਿਆ)।

ਚੌਪਈ:

ਸ਼ਲਖ ਤੁਫੰਗਨਿ ਬ੍ਰਿੰਦ ਚਲਾਈ।
ਬੀਚਿ ਲੋਹਗੜ ਮਾਰਿ ਮਚਾਈ।
ਇਤਿ ਉਤਿ ਘੇਰਿ ਲੀਨਿ ਜਬਿ ਗਾਢੇ।
ਦਾਰੁਨ ਜੰਗ ਮਚਜੋ ਰਿਸ ਬਾਢੇ ॥੨॥
ਅਲਪ ਭੀਤ ਚਹੁ ਦਿਸ਼ਿ ਮਹਿਂ ਤਾਂਹਿ।
ਓਟਾ ਹਿਤ ਬਚਾਵ ਕੁਛ ਨਾਂਹਿ[1]।
ਕੇਤਿਕ ਚਿਰ ਸੋ ਲਰੇ ਜੁਝਾਰੇ।
ਨੇਰੇ ਢੁਕਿ ਲੀਨਿਸਿ ਸਭਿ ਮਾਰੇ ॥੩॥

[1]ਬਚਾਉ ਵਾਸਤੇ ਕੁਛ ਨਹੀਂ ਸੀ।

ਅੰਤ ਸਮੈਂ ਕਰਵਾਰ ਪ੍ਰਹਾਰੈਂ[1]।
ਹਤੇ ਅਨੇਕ ਕਹਾਂ ਲਗ ਮਾਰੈਂ।
ਗਿਰੇ ਜੁਝ ਕਰਿ ਜੰਗ ਮਝਾਰਾ।
ਇਮਿ ਜਬਿ ਲਰਤਿ ਲੋਹਗੜ੍ਹ ਮਾਰਾ ॥੪॥

[1]ਤਲਵਾਰ ਮਾਰਦੇ ਹਨ।

ਅਧਿਕ ਅੰਧੇਰਾ ਦ੍ਰਿਸ਼ਟਿ ਨ ਪਰੈ।
ਜਾਨਜੋ ਇਹਾਂ ਨ ਕੋ ਅਬਿ ਅਰੈ।
ਸਤਿਗੁਰੁ ਕੇ ਮਹਿਲਨਿ ਕੋ ਗਏ।
ਕਿਤਿਕ ਸੁਧਾਸਰ ਦਿਸ਼ਿ ਕੇ ਅਏ ॥੫॥
ਸੁੰਨੋ ਹੇਰਿ ਪ੍ਰਵੇਸ਼ੇ ਜਾਈ।
ਕੋਸ਼ਟ ਭਰੇ ਪਰੇ ਜੁ ਮਿਠਾਈ।
ਹੁਤੇ ਛੁਧਾਤੁਰ ਤੁਰਕ ਘਨੇਰੇ।
ਲਵਪੁਰਿ ਅਚਜੋ ਚਢੇ ਜਿਸ ਬੇਰੇ ॥੬॥
ਲੇ ਲੇ ਕਰਿ ਬਿਸਾਲ ਪਕਵਾਨ।
ਹਰਖਤਿ ਹੋਤਿ ਲਗੇ ਮਿਲਿ ਖਾਨਿ।
ਅਪਰਨਿ ਕੋ ਬੁਲਾਇ ਢਿਗਿ ਲੇਤਿ।

'ਖਾਨਾ ਖਾਹੁ' ਆਪਿ ਤਹਿਂ ਦੇਤਿ ॥੭॥
'ਗੁਰੁ ਨਹਿਂ ਇਹਾਂ ਭਾਜਿ ਕਰਿ ਗਯੋ।
ਪਰਯੋ ਸਮਾਜ ਲੁਟਯੋ ਸਭਿ ਲਯੋ।'
ਇਮਿ ਸਗਰੇ ਪੁਰਿ ਮਹਿਂ ਫਿਰਿ ਗਏ।
ਖੋਜਤਿ ਫਿਰਹਿਂ ਨ ਕਿਤ ਦ੍ਰਿਸ਼ਟਏ ॥੮॥
ਧਰਯੋ ਹਰਖ ਤੁਰਕਨਿ -ਬਿਨੁ ਲਰੇ।
ਫਤੇ ਲਈ ਬਿਨੁ ਮਾਰੇ ਮਰੇ-।
ਇਮਿ ਨਹਿਂ ਜਾਨਤਿ ਮੂਰਖ ਕਾਚੇ।
-ਪ੍ਰਾਤਿ ਹੋਤ ਲੌ ਹਮ ਹੈਂ ਬਾਚੇ- ॥੯॥
ਪਸਰੀ ਸੈਨਿ ਸੁਧਾਸਰ ਤੀਕਾ।
ਫਿਰਹਿਂ ਤਿਮਰਿ ਮਹਿਂ, ਦਿਖਤਿ ਨ ਨੀਕਾ।
ਭੂਲੇ ਬਿਚਰਤਿ ਉਚੇ ਬੋਲਤਿ।
ਬੀਥਿਨਿ ਬਿਖੈ ਬ੍ਰਿੰਦ ਭਟ ਡੋਲਤਿ ॥੧੦॥
ਇਤਨੇ ਮਹਿਂ ਦੋਨਹੁ ਗੁਰੁ ਸੂਰੇ।
ਬਾਬਕ ਅਰ ਸਿੰਘਾ ਰਿਸ ਪੂਰੇ।
ਬੀਬੀ ਕੇਰਿ ਮਹਿਲ ਤਰ ਗਏ।
ਜੋ ਸੋਚਤਿ ਬੈਠੀ ਦੁਖ ਮਏ ॥੧੧॥
ਬਹੁ ਬਿਧਿ ਚਿਤਵਤਿ ਰਿਦੇ ਬਿਚਾਰੀ।
ਤਰੇ ਥਿਰੇ ਲੇ ਨਾਮ ਪੁਕਾਰੀ।
'ਆਵਹੁ ਸ਼ੀਘ੍ਰ ਗੁਰੂ ਸਿਮਰੰਤੇ।
ਕਯੋਂ ਕਰਿ ਬੈਠੀ ਹੋਇ ਨਿਚਿੰਤੇ' ॥੧੨॥
ਨਹਿਂ ਪਤਿਯਾਵਤਿ ਪਤਾ ਨ ਪਾਵੈ[1]।
-ਸ਼ੱਤ੍ਰ ਸੈਨ ਨਹਿਂ ਗਹਿ ਲੇ ਜਾਵੈ-।
'ਹੋ ਤੁਮ ਕੌਨ?' ਬੂਝਨਾ ਕੀਨੀ।
'ਜਬਿ ਲੌਂ ਨੀਕੇ ਲੇਉਂ ਨ ਚੀਨੀ ॥੧੩॥
ਤਬਿ ਲੌਂ ਨਹੀਂ ਕਿਵਾਰ ਉਘਾਰੌਂ।
ਬੈਠੀ ਇਹਾਂ ਪ੍ਰਾਨ ਹਨਿ ਡਾਰੌਂ।
'ਸਿੰਘੇ ਤਬਹਿ ਸਿਮਰਨੀ ਦੀਨਿ।

[1]ਭਰੋਸਾ ਨਹੀਂ ਰੱਖਦੀ ਜਿਤਨਾ ਚਿਰ ਪਤਾ ਨਹੀਂ ਪਾ ਲੈਂਦੀ।

'ਇਹੁ ਗੁਰੁ ਕਰ ਕੀ ਲੇਵਹੁ ਚੀਨਿ'
॥ ੧੪ ॥
ਦੀਪਕ ਕੇ ਪਰਕਾਸ਼ ਨਿਹਾਰੀ[1]। [1]ਬੀਬੀ ਨੇ ਮਾਲਾ) ਦੇਖੀ।
ਭਈ ਰਿਦੇ ਮਹਿਂ ਆਨੰਦ ਭਾਰੀ।
ਜਬੈ ਨਿਸ਼ਾਨੀ ਪਿਤ ਨਿਰਖਾਏ[1]। [1]ਦੇਖੀ।
ਉਤਰਿ ਅਗਾਰ ਕਿਵਾਰ ਬਿਲਾਏ[1] [1]ਘਰੋਂ ਉਤਰ ਕੇ ਬੂਹਾ ਖੋਲ੍ਹਿਆ।
॥ ੧੫ ॥
ਤਬਿ ਚਢਾਇ ਚਾਲੇ ਜੁਗ ਬੀਰ।
ਸਨੈ ਸਨੈ ਹਯ ਕੀ ਗਤਿ ਧੀਰ।
ਸੈਨਾ ਆਗੈ ਮੁਗ਼ਲ ਪਠਾਨੀ।
ਇਤਿ ਉਤਿ ਫਿਰਤਿ ਮਨਹੁਂ ਬਵਰਾਨੀ
॥ ੧੬ ॥
ਆਇ ਸੁਧਾਸਰ ਤਟ ਲਗਿ ਫਿਰੇ।
ਫਤੇ ਜਾਨਿ ਮਨ ਆਨੰਦ ਭਰੇ।
ਪੌਰ ਦਰਸ਼ਨੀ ਘੋਰਾ ਖਰਯੋ।
ਉਤਰਯੋ ਮੁਗ਼ਲ ਬੀਰ ਤਹਿਂ ਥਿਰਯੋ
॥ ੧੭ ॥
ਇਹ ਦੋਨਹੁਂ ਆਵਤਿ ਤਿਸ ਜਾਨੇ।
ਹਯ ਪਗ ਧਰਿ ਧਰਿ ਸ਼ਬਦ ਉਠਾਨੇ[1]। [1]ਘੋੜੇ ਦੇ ਪੈਰ ਧਰਤੀ ਤੇ ਧਰਨ ਦੀ ਆਵਾਜ਼ ਉਠੀ।
ਚਮਕ ਮੁਗ਼ਲ ਤਬਿ ਤੋਮਰ ਗਹਯੋ।
'ਅਹੋ ਕੌਨਿ ਤੁਮ?' ਬਲ ਭਰ ਕਹਯੋ
॥ ੧੮ ॥
ਬਾਬਕ ਭਨਯੋ 'ਆਪਨੇ ਭਾਈ।
ਥਿਰੇ ਰਹੋ ਰਾਖਹੁ ਤਕਰਾਈ।
ਖੋਜਤਿ ਗੁਰੁ ਕੋ ਬਿਚਰਤਿ ਸਾਰੇ।
ਤੁਮ ਨੇ ਅਬਿ ਲੌ ਨਹੀਂ ਨਿਹਾਰੇ?'
॥ ੧੯ ॥
ਇਮ ਕਹਿ ਚਲੇ ਜਾਤਿ ਅਗੁਵਾਏ।
ਮੁਗ਼ਲ ਬਰੋਬਰ ਕੋ ਜਬਿ ਆਏ।
ਚਰਯੋ ਖਰੋ ਸਾਯੁਧ ਸਵਧਾਨਾ।
ਤਬਿ ਸਿੰਘੇ ਮਨ ਐਸੇ ਜਾਨਾ ॥ ੨੦ ॥
-ਚਮੂੰ ਇਹਾਂ ਲਗ ਪਸਰੀ ਸਾਰੇ।

ਹੋਇ ਨ ਅਸ ਭਿਰ ਪਰਹਿੰ ਅਗਾਰੇ-।
ਔਚਕ ਹਯ ਕੀ ਬਾਗ ਉਚਾਈ।
ਕਰਯੋ ਤੇਜ ਕੁਛ ਚਲਯੋ ਪਲਾਈ ॥੨੧॥
ਬੀਬੀ ਕੇ ਪਗ ਭੂਖਨ ਛਨਕੇ।
ਚਲਤਿ ਬੇਗ ਤੇ ਮਿਲਿ ਮਿਲਿ ਠਨਕੇ[1]।
[1]ਆਪੋ ਵਿਚ ਖਹਿ ਕੇ ਖੜਕ ਪਏ।
ਤਿਨ ਕੋ ਸ਼ਬਦ ਮੁਗ਼ਲ ਸੋ ਸੁਨਿ ਕੇ।
ਰੌਰਾ ਕਰਯੋ ਊਚ ਬਚ ਭਨਿਕੇ ॥੨੨॥
'ਆਵਹੁ ਧਾਇ ਸੁਭਟ ਹਮ ਸੰਗੀ।
ਹੁਇ ਸੁਚੇਤ ਬਨ ਤੇਜ਼ ਤੁਰੰਗੀ[1]।
[1]ਘੋੜੇ ਤੇਜ਼ ਕਰਕੇ।
ਦੁਸ਼ਮਨ ਬਿਚ ਤੇ ਜ਼ਾਤਿ ਪਲਾਏ।
ਗੁਰੂ ਕਬੀਲੇ ਲੇਤਿ ਲੰਘਾਏ ॥੨੩॥
ਰੋਕਹੁ, ਜੇ ਲੇਨੋ ਹੈ ਬਾਜ।
ਨਤੁ ਮਿਲ ਜੈ ਹੈ ਅਪਨ ਸਮਾਜ[1]।'
[1]ਅਪਣੇ ਸਾਥੀਆਂ ਨਾਲ ਜਾ ਮਿਲੂ।
ਏਵ ਪੁਕਾਰਤਿ ਮੂਰਖ ਮਾਨੀ[1]।
[1]ਹੰਕਾਰੀ।
ਹਯ ਕੋ ਪ੍ਰੇਰਤਿ ਭਾ ਅਗੁਵਾਨੀ ॥੨੪॥
'ਜਾਨਿ ਨ ਦੇਉਂ ਦੁਬੇਲਾ ਤੋਹੀ[1]।
[1]ਤੁਹਾਨੂੰ ਦੋਹਾਂ ਨੂੰ। [ਪੰਜਾਬੀ-ਦੁਬੇਲਾ = ਘੋੜਾ ਜਿਸਦੀ ਪਿੱਠ ਤੇ ਦੋ ਅਸਵਾਰ ਹੋਣ]
ਉਤਰਿ ਛੋਰ ਅਬਿ ਸੁਟਿਬੇ[†] ਹੋਹੀ[1]।'
[1]ਉਤਰ ਪਓ, ਛੋੜ (ਘੋੜੇ ਨੂੰ) ਨਹੀਂ ਤਾਂ ਹੇਠਾਂ ਸੁੱਟ ਲਵਾਂਗਾ (ਤੋਮਰ ਮਾਰ ਕੇ)। [†]ਪਾ:-ਸੁਚਬੋ।
ਤੀਖਨ ਤੋਮਰ ਹਾਥ ਉਭਾਰਾ।
ਕਰਤਿ ਨੇਰ ਚਾਹਸਿ ਤਬਿ ਮਾਰਾ ॥੨੫॥
ਨਿਜਿ ਤੁਰੰਗ ਕੋ ਹਤਿ ਕਰ ਚਾਬਕ।
ਸਿੰਘੇ ਕਹਯੋ 'ਪਿਖਹਿਂ ਕਿਯਾ ਬਾਬਕ!
ਆਵਤਿ ਦੁਸ਼ਟ ਚਲਯੋ ਮਮ ਓਰਾ।
ਮੇਰੋ ਅਹੈ ਦੁਬੇਲਾ ਘੋਰਾ[1] ॥੨੬॥
[1]ਦੋ ਸਵਾਰਾਂ ਹੇਠ ਦਾ ਘੋੜਾ।
ਤੁਪਕ ਤਾਪ[1] ਤਿਹ ਧਰਿ ਕਰਿ ਧੀਰ।
[1]ਬੰਦੂਕ ਨੂੰ ਤਪਾ ਕੇ (ਭਾਵ ਪਲੀਤਾ ਦਾਗ ਕੇ)।
ਹਤਹੁ ਰਿਦਾ ਦਿਢ ਹ੍ਵੈ ਕਰਿ ਬੀਰ।
ਇਸ ਕੋ ਮਾਰਿ ਨਿਵਾਰਨਿ ਕਰੀਅਹਿ।
ਅਪਰ ਨ ਅਪਨੇ ਨਿਕਟਿ ਨਿਹਰੀਅਹਿ' ॥੨੭॥
ਸੁਨਿ ਬਾਬਕ ਤਬਿ ਤਯਾਰ ਤੁਫੰਗ[1]।
[1]ਬੰਦੂਕ ਜੋ ਪਹਿਲਾਂ ਭਰੀ ਹੋਈ ਸੀ।
ਲਖਯੋ ਚਲਤਿ ਹਯ ਖਰਕੇ ਸੰਗ[1]।
[1]ਚਲਦੇ ਘੋੜੇ ਦੇ ਖੜਾਕ ਨਾਲ ਜਾਣਿਆਂ (ਕਿ ਵੈਰੀ ਕਿੱਥੇ ਕੁ ਹੈ)।

ਘਨੇ ਤਿਮਰ ਤੇ ਦੀਖਹਿ ਥੋਰਾ।
ਤਊ ਸ਼ਬਦ ਕੀ ਓਰ ਸੁ ਜੋਰਾ ॥੨੮॥
ਹਯ ਕੁਦਾਇ ਕਰਿ ਨਿਕਟਿ ਪਹੂਚਾ।
'ਖਰੋ ਹੋਹੁ ਅਬਿ ਰਹੈਂ ਨ ਸੂਚਾ।'
ਸੁਨਿ, ਸਨਮੁਖ ਨੇਜਾ ਕਰ, ਆਯੋ[1]। [1]ਉਹ ਵੈਰੀ) ਆਇਆ।
ਨਿਕਟਿ ਹੋਇ ਕਰਿ ਚਹਤਿ ਚਲਾਯੋ ॥੨੯॥
ਤਬਿ ਬਾਬਕ ਨੇ ਭੰਡਿ ਪਲੀਤਾ[1]। [1]ਪਲੀਤਾ ਦਾਗਿਆ।
ਹਤਜੋ ਦੁਸ਼ਟ ਕੇ ਹੁਇ ਨਿਰਭੀਤਾ।
ਲਗੀ ਦੁਗੁਲਕਾਂ ਛੁਟਿ ਕਰਿ ਛਾਤੀ।
ਹਯ ਤੇ ਉਛਰਯੋ ਧਰਾ ਪਪਾਤੀ[1] ॥੩੦॥ [1]ਡਿੱਗ ਪਿਆ ਧਰਤੀ ਤੇ।
ਮਨਹੁਂ ਮਤੰਗ ਸ਼ੇਰ ਨੈ ਮਾਰਾ।
ਕਿਧੋਂ ਗਾਜ ਤੇ[1] ਗਿਰਜੋ ਮੁਨਾਰਾ। [1]ਬਿਜਲੀ ਨਾਲ।
ਕੈ ਸਮੂਲ ਬ੍ਰਿਛ ਬਾਯੂ ਡਾਰਾ।
ਬਹਜੋ ਰੁਧਰ ਘਾਯ ਸੁ ਭਭਕਾਰਾ[1] ॥੩੧॥ [1]ਭਕ ਭਕ ਕਰਕੇ ਜ਼ਖ਼ਮ ਤੋਂ ਲਹੂ ਚਲਿਆ।
ਛੁਟਜੋ ਤੁਰੰਗ ਧਾਇ ਕਿਤ ਗਯੋ।
'ਹਾਇ ਹਾਇ' ਬੋਲਤਿ ਮ੍ਰਿਤੁ ਭਯੋ।
ਨ੍ਰਿਭੈ ਹੋਇ ਕਰਿ ਚਲੇ ਅਗਾਰੀ।
ਦੂਰ ਰਹੀ ਸੈਨਾਂ ਰਿਪੁ ਭਾਰੀ ॥੩੨॥
ਸਤਿਗੁਰ ਕੋ ਇਤਿ ਹੀ ਦਿਸ਼ ਧਜਾਨ।
ਸੁਨੀ ਅਵਾਜ਼ ਤੁਪਕ ਕੀ ਕਾਨ।
ਨਿਜ ਸੁਭਟਨਿ ਸੋਂ ਗਿਰਾ ਉਚਾਰੀ।
'ਲਿਹੁ ਸੁਧ ਤੂਰਨ ਹੋਇ ਅਗਾਰੀ ॥੩੩॥
ਦੋਨਹੁਂ ਬੀਰ ਨਹੀਂ ਘਿਰਿ ਜਾਇਂ।
ਤੁਰਕ ਫਿਰਤਿ ਇਤ ਉਤ ਸਮੁਦਾਇ।'
ਪੈਂਦੇਖਾਨ ਹੁਕਮ ਸੁਨਿ ਚਲਜੋ।
ਸੂਰਨ ਕੋ ਗਨ ਤੂਰਨ ਮਿਲਜੋ ॥੩੪॥
ਤੁਪਕ ਤਜਾਰ ਕਰਿ ਭੇ ਸਮੁਹਾਈ।
ਤੁੰਦਿ ਤੁਰੰਗਨਿ ਚਲੇ ਧਵਾਈ।
ਜਹਿਂ ਲਗ ਦੋਨਹੁਂ ਮਿਲੇ ਨ ਬੀਰ।
ਤਹਿਂ ਲਗ ਜਾਹਿਂ ਚੀਰ ਅਰਿ ਭੀਰ

॥ ੩੫ ॥
ਇਮ ਗੁਰ ਕੋ ਦਲ ਜਬਿ ਉਮਡਾਯੋ।
ਤਬਿ ਲਗ ਸਿੰਘਾ ਬਾਬਕ ਆਯੋ।
ਸਰਬ ਹਕੀਕਤ ਭਈ ਸੁਨਾਈ।
'ਸਾਧ ਸਾਧ' ਸੁਨਿ ਗੁਰੂ ਅਲਾਈ
॥ ੩੬ ॥
ਭਏ ਨਿਹਾਲ ਅਨੰਦ ਸਮੁਦਾਈ।
ਹਲਤਿ ਪਲਤਿ ਮਹਿਂ ਰਹੇ ਸਹਾਈ†।

†ਪਾ:-ਸਦਾਈ।

ਤਬਿ ਲੌਂ ਪਹਿਰ ਰਾਤਿ ਰਹਿ ਗਈ।
-ਮਚਹਿ ਜੰਗ- ਗੁਰ ਉਰ ਲਖਿ ਲਈ
॥ ੩੭ ॥
-ਯਾਂ ਤੇ ਸਭਿ ਪਰਵਾਰ ਸਿਧਾਰੈ।
ਰਹਿਂ ਨਰ ਨਿਕਟਿ ਜਿ ਸ਼ਸਤ੍ਰਨਿ ਧਾਰੈਂ-।
ਇਮ ਬਿਚਾਰਿ ਗੁਰ ਬਾਕ ਉਚਾਰਾ।
'ਗੋਇੰਦਵਾਲ ਚਲਨਿ ਨਿਰਧਾਰਾ
॥ ੩੮ ॥
ਹੋਤਿ ਪ੍ਰਾਤਿ ਲਗ ਚਲਹੁ ਝਬਾਲ।
ਸਪਤ ਕੋਸ ਪਰ ਗ੍ਰਾਮ ਬਿਸਾਲ।
ਲਾਵਾ ਫੇਰਨ ਕੋ ਦਿਨ ਆਜੁ।
ਉਤਰਿ ਕਰਹੁ ਸਭਿ ਬਜਾਹ ਸਮਾਜੁ
॥ ੩੯ ॥
ਸਰਪੀ ਸਿਤਾ ਆਦਿ ਵਥੁ ਸਾਰੀ।
ਕਰਿ ਖਰੀਦ ਰਚੀਯਹਿ ਸਭਿ ਤਜਾਰੀ।
ਅਪਰ ਨ ਚਿੰਤਾ ਚਿਤ ਮਹਿਂ ਕਰੋ।
ਹੋਨਿਹਾਰ ਇਮ ਹੀ ਉਰ ਧਰੋ ॥ ੪੦ ॥
ਹਮ ਭੀ ਪਹੁੰਚਹਿਂਗੇ ਤਿਸ ਕਾਲਾ।
ਫੇਰੇ ਫੇਰਹਿਂ ਗ੍ਰਾਮ ਝਬਾਲਾ।'
ਸਭਿ ਕੁਟੰਬ ਇਤ ਭੋਜਨ ਕਰਜੋ।
ਪੁਨ ਕੌਲਾਂ ਕੇ ਸੰਗ ਉਚਰਜੋ ॥ ੪੧ ॥
'ਪੁਰਿ ਕਰਤਾਰ ਬਸਹੁ ਅਬਿ ਜਾਇ।
ਜਬਿ ਲਗ ਹਮ ਨ ਮਿਲਹਿਂ ਢਿਗ ਆਇ।
ਈਹਾਂ ਸੰਗ ਨ ਬਨਹਿਂ ਬਿਚਾਰ।

ਪਰਹਿ ਜੁੱਧ ਜੋਧਾ ਬਰਿਆਰਿ[1]' ॥੪੨॥
'ਮਿਲਹੁ ਸ਼ੀਘ੍ਰ' ਕਹਿ ਬੰਦਨ ਧਾਰੀ।
ਕਛੁ ਨਰ ਲੇ ਕਰਿ ਪੰਥ ਪਧਾਰੀ।
ਜਾਇ ਪ੍ਰਵੇਸ਼ੀ ਪੁਰਿ ਕਰਤਾਰਿ।
ਗੁਰ ਕੀ ਚਿੰਤਾ ਰਿਦੇ ਮਝਾਰ ॥੪੩॥
ਇਤ ਦਮੋਦਰੀ ਆਦਿ ਕੁਟੰਬ।
ਪਰੇ ਪੰਥ ਚਲਿ ਤਜਾਗ ਬਿਲੰਬ।
ਦੁਖਤਿ ਬਿਸਾਲ ਸਚਿੰਤਾ ਤ੍ਰਾਸ।
ਪਿਖਿ ਕੁਸੂਤ ਲੇ ਦੀਰਘ ਸ੍ਵਾਸ ॥੪੪॥
ਏਕ ਜਾਮ ਮਹਿਂ ਪਹੁਚੇ ਜਾਈ।
ਤਬਿ ਲੌ ਉਦੇ ਭਯੋ ਦਿਨਰਾਈ।
ਤਿਨ ਪੀਛੇ ਗੁਰ ਗਿਰਾ ਉਚਾਰੀ।
'ਗਮਨਹੁਂ ਸਿੱਖ ਬਰਾਤ ਅਗਾਰੀ ॥੪੫॥
ਇਤ ਆਵਤਿ ਕੋ ਦੇਹੁ ਹਟਾਇ।
ਗ੍ਰਾਮ ਝਬਾਲ ਤਿਨਹੁਂ ਲੇ ਜਾਇ।'
ਸੁਨਤਿ ਗਯੋ ਸਿਖ ਹਯ ਕੋ ਪ੍ਰੇਰਾ।
ਜਿਤਿ ਬਰਾਤ ਕੋ ਆਵਨ ਹੇਰਾ ॥੪੬॥
ਇਮਿ ਕਰਿ ਸਤਿਗੁਰ ਭਏ ਨਿਸੰਗ।
ਉਠੀ ਚੌਂਪ ਚਿਤ ਕਰਿਬੇ ਜੰਗ।
ਸਰਬ ਸੂਰ ਠਾਂਢੇ ਸਵਧਾਨਾ।
ਚਾਹਤਿ ਤੁਰਕਨ ਕੇ ਹਨਿ ਪ੍ਰਾਨਾ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

[1]ਬਲ ਵਾਲਿਆਂ ਨਾਲ।

## ੯. [ਲੋਹਗੜ੍ਹ ਯੁੱਧ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਜਿਤਿ ਕਿਤਿ ਕਰਿ ਪਰਵਾਰ ਨਿਜ, ਉਚਿਤ ਜੰਗ ਕੇ ਹੋਇ[1]।
ਭਏ ਨਿਸੰਸੈ ਲਰਨ ਕੋ, ਰਿਸੇ ਬੀਰ ਸਭਿ ਕੋਇ[1] ॥੧॥

[1]ਭਾਵ ਪਰਿਵਾਰ ਨੂੰ ਜੁੱਧ ਭੂਮੀ ਤੋਂ ਲਾਂਭੇ ਕਰਕੇ ਜੰਗ ਕਰਨ ਲਈ ਜੋਗ ਹੋਏ = ਬੇਫਿਕਰ ਹੋਕੇ ਲੜਨ ਜੋਗੇ ਹੋ ਗਏ।

[1]ਸਾਰੇ।

ਰਸਾਵਲ ਛੰਦ:

ਉਦੈ ਚੰਦ ਹੋਵਾ।
ਗੁਰੂ ਗੈਨ ਜੋਵਾ[1]।
ਕਛੂ ਭਾ ਪ੍ਰਕਾਸ਼ਾ।
ਦਿਖ੍ਯੋ ਆਸ ਪਾਸਾ ॥੨॥

[1]ਅਕਾਸ਼ ਦੇਖਿਆ।

ਨਿਦੇਸੰ ਬਖਾਨੀ[1]।
'ਜਿਤੇ ਸੂਰ ਮਾਨੀ[1]।
ਲਰੋ ਜਾਇ ਆਗੇ।
ਮਹਾਂ ਕ੍ਰੋਧ ਪਾਗੇ' ॥੩॥

[1]ਆਗਿਆ ਕਹੀ, ਹੁਕਮ ਕੀਤਾ।

[1]ਜਿਤਨੇ ਸੂਰਮੇ ਬਹਾਦਰ ਹਨ।

ਗੁਰੂ ਕੇ ਪ੍ਰਚਾਰੇ[1]।
ਚਲੇ ਬੀਰ ਭਾਰੇ।
ਅਹੈ ਨਾਮ -ਭਾਨੂ-।
ਚਮੂੰ ਨਾਥ ਜਾਨੂ[1] ॥੪॥

[1]ਵੰਗਾਰੇ ਹੋਏ।

[1]ਸੈਨਾਪਤਿ ਜਾਣੋ।

ਲਈ ਸੈਨ ਸੰਗਾ।
ਧਵਾਏ ਤੁਰੰਗਾ।
ਤੁਫੰਗੈਂ ਸੰਭਾਰੀ।
ਸੁ ਧੌਂਸਾ ਧੁਕਾਰੀ ॥੫॥

ਬਜੀ ਬੰਬ ਦੀਹਾ[1]।
ਸੁਨੀ ਦੂਰ ਜੀਹਾ[1]।
ਪਹੂੰਚੇ ਅਗਾਰੀ।
ਰਿਸੇ ਸੂਰ ਭਾਰੀ ॥੬॥

[1]ਭਾਰੀ ਡੰਕਾ।

[1]ਦੂਰ ਸੁਣੀ ਜਾਂਦੀ ਹੈ। (ਅ) ਜੀਵਾਂ ਨੂੰ।

ਤੁਫੰਗੈਂ ਚਲਾਈ।
ਸੁ ਨਾਦੰ ਉਠਾਈ।
ਮੁਖੰ 'ਮਾਰ ਮਾਰਾ।'
ਕਰੀ ਏਕ ਬਾਰਾ ॥੭॥

ਸੁਨਜੋ ਸ਼ਾਹ ਸੈਨਾ।
ਜੁ ਹੈ ਬੀਚ ਐਨਾ[1]। — [1]ਜੋ ਘਰਾਂ ਦੇ ਵਿਚ ਹੈਸੀ।
ਸੁ ਮੰਚੇ ਡਸਾਏ।
ਪਰੇ ਨੀਂਦ ਪਾਏ ॥੮॥
ਸੁਨੇ ਤੇ ਨਗਾਰਾ।
ਉਠੇ ਕੋਪ ਧਾਰਾ।
'ਗੁਰੂ ਨਾ ਪਲਾਯੋ[1]। — [1]ਦੌੜਿਆ ਨਹੀਂ ਜੇ।
ਅਬੈ ਕੋਪ ਆਯੋ[1] ॥੯॥ — [1]ਕ੍ਰੋਧ ਕਰਕੇ ਆਯਾ ਹੈ (ਸਾਡੇ ਉਤੇ)।
ਕਰੋ ਬੇਗ ਤਜਾਰੀ।'
ਚਢੇ ਬੀਰ ਬਾਰੀ।
ਪੁਰੀ ਛੋਰਿ ਚਾਲੇ।
ਧਰੇ ਤੇਗ਼ ਢਾਲੇ ॥੧੦॥
ਸੁ ਆਏ ਅਗਾਏ।
ਜਹਾਂ ਨਾਦ ਪਾਏ[1]। — [1]ਜਿਥੋਂ ਆਵਾਜ਼ ਆਉਂਦੀ ਸੁਣੀ ਸੀ।
ਚਢੇ ਚੰਦ ਛੋਟਾ।
ਅੰਧੇਰੰ ਨ ਮੋਟਾ[1] ॥੧੧॥ — [1]ਮੋਟਾ (ਭਾਵ ਗਾੜ੍ਹਾ) ਅੰਧੇਰਾ ਨਹੀਂ ਸੀ।
ਕਿਤੀ ਦੂਰ ਹੇਰੇ।
ਭਏ ਕਾਨ ਨੇਰੇ।
ਕੜਾ ਕਾੜ ਗੋਰੀ।
ਇਕੰ ਬਾਰ ਛੋਰੀ ॥੧੨॥
ਲਗੀ ਸ਼ੱਤ੍ਰੁ ਅੰਗਾ।
ਸੰਭਾਰੀ ਤੁਫੰਗਾ।
ਦੁਹੂੰ ਓਰ ਚਾਲੀ।
ਉਠੀ ਜਾਗ ਜ੍ਵਾਲੀ[1] ॥੧੩॥ — [1]ਅਗਨੀ ਭੜਕ ਉਠੀ।
ਕੜਾ ਕਾੜ ਮਾਚੇ।
ਲਗੇ ਲੋਹ ਆਂਚੇ[1]। — [1]ਲੋਹਾ ਗਰਮ ਹੋਯਾ।
ਫੁਟੇ ਅੰਗ ਜੋਧਾ।
ਗਿਰੇ ਹੀਨ ਬੋਧਾ[1] ॥੧੪॥ — [1]ਬੇਸੁਧ ਹੋਕੇ।
ਲਗੇ ਘਾਉ ਘੁਮੇ[1]। — [1]ਜ਼ਖਮੀ ਹੋ ਚੱਕਰ ਖਾਕੇ।
ਲਿਟੇ ਬ੍ਰਿੰਦ ਭੁ ਮੇ।
ਗਿਰਜੋ ਸ਼੍ਰੋਣ ਚਾਲਾ[1]। — [1]ਡਿਗਿਆਂ ਦਾ ਲਹੂ ਚੱਲ ਪਿਆ।
ਤੁਰੰਗਾਨਿ ਡਾਲਾ[1] ॥੧੫॥ — [1]ਘੋੜੇ ਬੀ (ਮਰਕੇ) ਡਿੱਗੇ। (ਅ) (ਬਾਕੀਆਂ ਨੇ) ਘੋੜੇ

ਅਗੇ ਕੀਤੇ।

ਜਥਾ ਧਾਇ ਆਏ।
ਤਥਾ ਘਾਵ ਘਾਏ[1]।

[1]ਜ਼ਖਮੀ ਕੀਤੇ।

ਰਹੇ ਠਾਂਢਿ ਫੇਰਾ।
ਗੁਰੂ ਜੋਰ ਹੇਰਾ[1] ॥੧੬॥

[1]ਗੁਰੂ ਜੀ ਦਾ ਬਲ ਦੇਖ ਲਿਆ।

ਨਹੀਂ ਪਾਇ ਘਾਲੇ[1]।

[1]ਪੈਰ ਨਾ ਪੱਟਣ ਦਿਤੇ (ਤੁਰਕਾਂ ਨੂੰ)।

ਅਗਾਰੀ ਨ ਚਾਲੇ[1]।

[1]ਅਗੇ ਨਾ ਚੱਲ ਸਕੇ।

ਮੁਖੰ ਤੋਰਿ ਗੇਰਾ[1]।

[1]ਮੂੰਹ ਭੰਨ ਭੰਨ ਕੇ ਡੇਗੇ।

ਥਿਰੇ ਤਾਂਹਿ ਬੇਰਾ ॥੧੭॥
ਮਚ੍ਯੋ ਜੰਗ ਭੀਮੰ।
ਤਜੇ ਨਾਂਹਿ ਸੀਮੰ[1]।

[1]ਹੱਦ ਨਾ ਛੱਡੀ।

ਬਡੀ ਮਾਰ ਹੋਈ।
ਮਲੇਛੀ ਖਰੋਈ[1] ॥੧੮॥

[1]ਖੜੀ ਹੋਈ ਮਲੇਛੀ (ਸੈਨਾ ਤੇ)।

ਤੁਰੰਗੰ ਧਵਾਏ।
ਤੁਫੰਗੰ ਚਲਾਏ।
ਨਿਜੰਗੰ[1] ਬਚਾਏ।

[1]ਅਪਣੇ ਅੰਗ।

ਇਤੈ ਊਤ ਜਾਏ ॥੧੯॥
ਗੁਰੂ ਕੇਰ ਸੂਰੇ।
ਤਬੈ ਕ੍ਰੋਧ ਪੂਰੇ।
ਅਗਾਰੀ ਸੁ ਚਾਲੇ।
ਤੁਫੰਗੈਂ ਸੰਭਾਲੇ ॥੨੦॥

ਦੋਹਰਾ:

ਝਟਪਟ ਭਟ ਲਟ ਪਟ ਲਿਟੇ, ਸਟ ਪਟ ਭੇ ਭਟ ਜੁੱਟ।
ਅਟਕ ਅਟਕ ਕਟਿ ਕਟਿ ਮਿਟੈਂ, ਚਟਪਟ ਕੱਟਾ ਕੁੱਟ[1] ॥੨੧॥

[1]ਗੋਲੀਆਂ ਖਾਕੇ) ਛੇਤੀ ਛੇਤੀ ਸੂਰਮੇ (ਇਕ ਦੂਜੇ ਦੇ) ਹੇਠ ਉਤੇ ਲਿਟ ਗਏ, (ਜੋ) ਸੂਰਮੇ (ਅਗੋਂ ਆ) ਜੁੱਟੇ ਓਹ ਸਟਪਟਾ ਗਏ (ਘਬਰਾ ਕੇ ਖਿਲਬਿਲ ਵਿਚ ਪੈ ਗਏ, ਕੁਛ ਘਬਰਾ ਵਿਚ ਅਗੋਂ ਅੜੇ, ਓਹ) ਅੜ ਅੜ ਕੇ (ਤਲਵਾਰਾਂ ਨਾਲ) ਕਟੇ ਜਾਕੇ ਮਰੇ, ਐਸੀ ਫੁਰਤੀ ਦੀ ਕਟਾਕੁਟ (ਤਲਵਾਰ ਦੀ ਮਾਰ) ਹੋਈ।

ਪਾਧੜੀ ਛੰਦ:

ਜਬਿ ਮਚ੍ਯੋ ਜੰਗ ਦਾਰੁਨ ਮਹਾਂਨ।
ਪਿਖਿ ਮੁਗ਼ਲਸ ਖਾਂ ਤਬਿ ਲੀਨਿ ਜਾਨਿ।
'ਬਹੁ ਲਰੈ ਜੁੱਧ, ਗੁਰ ਨਹਿਂ ਪਲਾਇ।'

ਨਿਜ ਮੁਖੀ ਬੀਰ ਲੀਨੇ ਬੁਲਾਇ ॥੨੨॥
ਸਨਮਾਨ ਸਾਥ ਸਭਿ ਕੋ ਕਹੰਤਿ।
'ਸਾਵਧਾਨ ਖਾਨ ! ਹੂਜੇ ਅਚਿੰਤ।
ਅਬਿ ਕਰਹੁ ਜੁੱਧ ਨਹਿਂ ਮਿਟਹੁ ਬੀਰ।
ਨਹਿਂ ਬਡੀ ਚਮੂੰ ਗੁਰ ਕੇਰਿ ਤੀਰਿ'
॥੨੩॥
ਇਮਿ ਕਹਿ ਪਠਾਨ ਭੇਜੇ ਬਿਲੰਦ।
ਕਰਿ ਤਜਾਰ ਤੁਪਕ ਢਿਗ ਆਇ ਬ੍ਰਿੰਦ।
ਅਰੁ ਰਹਜੋ ਸੁ ਭਾਨੁ ਜਹਿਂ ਬਿਸਾਲ।
ਨਹਿਂ ਤਜਹਿ ਥਾਨ ਰਿਪੁ ਹਨਤਿ ਜਾਲ
॥੨੪॥
ਉਤ ਸ਼ਮਸ ਖਾਨ ਛੋਰੀ ਤੁਫੰਗ।
ਬਹੁ ਆਨਿ ਖਾਨ ਕਰਿ ਅਪਨਿ ਸੰਗ।
ਦੁਹੁੰ ਦਿਸ਼ਨਿ ਬਿਖੈ ਗੁਲਕਾਂ ਲਗੰਤਿ।
ਹੁਇ ਅੰਗ ਭੰਗ ਭੂ ਮੈਂ ਗਿਰੰਤਿ[1] ॥੨੫॥

[1]ਅੰਗ ਟੁਟਦੇ ਹਨ ਤੇ ਧਰਤੀ ਤੇ ਡਿੱਗਦੇ ਹਨ।

ਉਤ ਤੁਰਕ ਨਾਮ ਜਿਹ ਸ਼ਮਸ ਖਾਨ।
ਗੁਰ ਸੁਭਟ ਇਤੈ ਭਾਨੁ ਜੁਆਨ।
ਲਲਕਾਰ ਬੀਰ ਦੁਹੁੰ ਦਿਸ਼ਨਿ ਦੋਇ[1]।

[1]ਦੋਹਾਂ ਤਰਫਾਂ ਤੋਂ ਦੋਵੇਂ।

ਗਨ ਤੁਪਕ ਚਲਾਇੰ ਲਗਿ ਘਾਇ ਸੋਇ[1]
॥੨੬॥

[1]ਲਗਦਿਆਂ ਓਹ ਜ਼ਖਮੀ (ਕਰ ਦੇਂਦੀ ਹੈ)।

ਭੁਜੰਗ ਪ੍ਰਯਾਤ ਛੰਦ:
ਚਲਾਈ ਤੁਫੰਗੈਂ ਦੁਹੂੰ ਓਰ ਢੂਕੇ।
ਮਹਾਂ ਨਾਦ ਹੋਯੋ ਮਿਲੇ ਬੀਰ ਕੂਕੇ।
ਗਿਰੇ ਜਯੋਂ ਮੁਨਾਰੇ ਪਰੇ ਪ੍ਰਾਨ ਖੋਏ।
ਮਨੋ ਭੰਗ ਖੈ ਕੇ ਥਕੇ ਆਨਿ ਸੋਏ ॥੨੭॥
ਪਰੇ ਕੀਨ ਹੱਲਾ ਮਲੇਛੀ ਸੁ ਧਾਈ[1]।

[1]ਮਲੇਛੀ (ਸੈਨਾ) ਧਾਕੇ ਹੱਲਾ ਕਰਕੇ ਆ ਪਈ।

ਇਤ ਮਾਰ ਗੋਰੀਨਿ ਐਸੀ ਮਚਾਈ[1]।

[1]ਇਧਰੋਂ (ਗੁਰੂ ਜੀ ਦੀ ਸੈਨਾ ਨੇ) ਗੋਲੀਆਂ ਦੀ ਐਸੀ ਮਾਰ ਮਚਾਈ।

ਕਿਨੂੰ ਆਨਿ ਨੇਜਾ ਉਭਾਰੇ ਪ੍ਰਹਾਰਾ[1]।

[1]ਉਭਾਰਕੇ ਮਾਰਿਆ।

ਕਿਨੂੰ ਚਾਂਪ ਤੇ ਬਾਨ ਕੋ ਐਂਚਿ ਮਾਰਾ[†]
॥੨੮॥

[†]ਪਾ:-ਬਾਨ ਐਂਚੇ ਪ੍ਰਹਾਰਾ।

ਕ੍ਰਿਪਾਨੈਂ ਲਈ ਧੂਹ ਮਜਾਨੈਂ ਸੁ ਨੰਗੀ।

ਖਿਚੰ ਖੈਂਚ ਬਾਹੈਂ ਭਏ ਬੀਰ ਜੰਗੀ।
ਬਹਯੋ ਸ਼੍ਰੋਣ, ਚੀਰੰ ਗਏ ਭੀਜ ਸਾਰੇ।
ਮਨੋ ਲਾਲ ਬਾਗੇ ਰਿਦੇ ਰੀਝ ਧਾਰੇ[1] ॥੨੯॥

[1]ਪਹਿਨੇ ਹਨ।

ਲਹੂ ਧੂਲ ਰਾਚਯੋ ਭਯੋ ਲਾਲ ਗਾਰਾ।
ਭਈ ਲੋਥ ਪੋਥੈਂ, ਪਰੀ ਧੁਮਿਆਰਾ[1]।

[1]ਰੌਲਾ, ਧੁੱਮ।

ਮਰੇ ਬ੍ਰਿੰਦ ਬਾਜੀ ਲਗੀ ਅੰਗ ਗੋਰੀ।
ਭਿੜੇ ਭੇੜ ਜੋਧਾ ਲਰਾਈ ਨ ਥੋਰੀ ॥੩੦॥

ਕਹਯੋ ਬਾਕ ਭਾਨੂੰ 'ਗੁਰੁ ਅੰਗ ਸੰਗਾ।
ਡਰੋ ਨਾਂਹਿ ਜੋਧਾ ! ਲਰੇ ਹ੍ਵੈ ਨਿਸੰਗਾ।
ਟਿਕਯੋ ਜੰਗ ਆਛੋ ਨਹੀਂ, ਜਾਨਿ ਲੀਜੈ[1]।

[1](ਇਕ ਥਾਂ ਤੇ) ਟਿਕਿਆ (ਅੜਿਆ) ਜੰਗ ਚੰਗਾ ਨਹੀਂ (ਭਾਵ-ਦੁਸ਼ਮਨ ਦੇ ਵਾਰ ਰੋਕਣ ਦੀ ਹਾਲਤ ਵਿਚ ਨਾ ਆਓ, ਤੁਸੀਂ ਹੱਲਾ ਕਰੋ)।

ਮਲੇਛਾਨਿ ਪੈ ਦੌਰ ਹੱਲਾ ਕਰੀਜੈ ॥੩੧॥
ਲਰਾਈ ਲਈ ਦੇਖਿ ਜੈਸੀ ਕੀ ਕੀਨੀ[1]।

[1](ਹੇ ਸੂਰਮਿਓਂ) ਜਿਹੋ ਜਿਹੀ ਲੜਾਈ (ਵਾਰ ਰੋਕਣ ਵਿਚ ਤੁਸਾਂ) ਕੀਤੀ ਹੈ (ਮੈਂ) ਦੇਖ ਲਈ ਹੈ (ਜਿਸ ਤੋਂ ਜਾਣਿਆਂ ਪੈਂਦਾ ਹੈ ਕਿ ਜੇ ਹੁਣ ਤੁਸੀਂ ਵਾਰ ਕਰੋ ਤਾਂ)। (ਅ) ਦੁਸ਼ਮਨ ਨੇ ਜੋ ਲੜਾਈ ਕੀਤੀ ਹੈ ਉਹਦੀ ਹਕੀਕਤ ਵੇਖ ਲਈ ਹੈ।

ਪਲਾਵੈਂ ਇਹਾਂ ਤੇ ਇਨੈ ਬੁੱਧ ਹੀਨੀ[1]।

[1]ਇਥੋਂ ਇਨ੍ਹਾਂ ਨੂੰ ਨਠਾ ਦਿਆਂਗੇ ਇਨ੍ਹਾਂ ਦੀ ਬੁੱਧੀ ਹਾਨ ਹੋ ਰਹੀ ਹੈ।

ਕਰੇ ਬੀਰ ਸੰਗੀ ਬਜਾਏ ਨਗਾਰਾ।
ਚਲਯੋ ਸਾਮੁਹੇ ਬੀਰ ਬੰਕੋ ਜੁਝਾਰਾ ॥੩੨॥
ਕਰੇ ਤੇਜ਼ ਤਾਜ਼ੀ ਪਰੇ ਹੂਹ ਦੇ ਕੈ[1]।

[1]ਯੁੱਧ ਦਾ ਨਾਦ ਕਰਕੇ।

ਜਹਾਂ ਖਾਨ ਠਾਂਢੇ ਮਚਯੋ ਲੋਹ ਤੈ ਕੈ।
ਬਕੈਂ 'ਮਾਰਿ ਮਾਰੰ' ਕਰਾਚੋਲ ਮਾਰੇ।
ਕਟੈਂ ਸਾਮੁਹੈ ਅੰਗ ਕੋਪੇ ਜੁਝਾਰੇ[1] ॥੩੩॥

[1]ਸਾਹਮਣੇ (ਆਏ ਵੈਰੀ) ਦੇ ਅੰਗ ਸੂਰਮੇਂ ਕ੍ਰੋਧਵਾਨ ਹੋਕੇ ਕੱਟਦੇ ਹਨ।

ਹੁਤੇ ਖਾਨ ਆਗੈ ਜਬੈ ਮਾਰਿ ਲੀਨੇ।
ਭਜੇ ਤ੍ਰਾਸਿ ਕੈ ਕੈ ਨਹੀਂ ਠਾਂਢਿ ਕੀਨੇ[1]।

[1]ਭਾਵ ਬਾਕੀ ਦੇ ਉੱਗੁਠ ਨੱਠੇ।

ਪਰੇ ਸਿੱਖ ਪਾਛੈ ਕ੍ਰਿਪਾਨੈਂ ਪ੍ਰਹਾਰੀ।
ਭਗੇ ਧੀਰ ਛੋਰੀ ਪਰੀ ਲੋਹ ਮਾਰੀ[1] ॥੩੪॥

[1]ਸ਼ਾਸਤ੍ਰਾਂ ਦੀ ਮਾਰ ਐਸੀ ਪਈ।

ਦੋਹਰਾ:
ਮੁ਼ਗਲਸਖਾਂ ਭਾਜੇ ਸੁਨੇ, ਭੇਜ੍ਯੋ ਅਨੁਵਰ ਖਾਨ।
'ਸ਼ਮਸਖਾਨ ਕੋ ਕ੍ਯਾ ਭਯੋ, ਜੋ ਹੋਯਹੁ ਅਗਵਾਨ?' ॥੩੫॥

ਸ੍ਵੈਯਾ ਛੰਦ:
ਸੁਨਿ ਕੈ ਬਾਕ ਧਵਾਯੋ ਬਾਜੀ
ਸ਼ਮਸ ਖਾਨ ਕੋ ਕਹ੍ਯੋ ਪੁਕਾਰ[1]। — [1]ਪੁਕਾਰ ਕੇ ਕਿਹਾ ਅਨਵਰ ਖਾਂ ਨੇ।
'ਕ੍ਯੋਂ ਨ ਪ੍ਰਹਾਰਹੁ ਚਢੇ ਸੁ ਆਵਹਿਂ,
ਕਿਤ ਜੈ ਹੋ ਕੁਲ ਲਾਜ ਬਿਸਾਰਿ?
ਆਗੈ ਮੁ਼ਗਲਸਖਾਨ ਖਰੋ ਕਹਿ
-ਕ੍ਯਾ ਹੋਯੋ ਭਟ ਜੇ ਅਗਵਾਰ[1]-। — [1]ਅਗੁਵਾਨੀ ਸੂਰਮਿਆਂ ਨੂੰ।
ਰਹ੍ਯੋ ਕ੍ਰੋਧ ਧਰਿ[1] 'ਮੁਰਹੁ, ਹਤਹੁ ਰਿਪੁ, — [1]ਭਾਵ ਮੁਗਲਸਖਾਨ ਗੁੱਸੇ ਹੋ ਰਿਹਾ ਹੈ।
ਪਠੋ ਸ਼ਾਹੁ ਤੁਮ ਬਡੇ ਜੁਝਾਰ' ॥੩੬॥
ਸੁਨਤਿ ਚਲ੍ਯੋ ਤਬਿ ਸ਼ਮਸ ਖਾਨ ਬਹੁ
ਖੈਂਚਿ ਕ੍ਰਿਪਾਨ ਧਵਾਇ ਤੁਰੰਗ।
ਗੁਰ ਸੈਨਾ ਮਹਿਂ ਪਰ੍ਯੋ ਸ਼ੇਰ ਸਮੁ
ਅਰਹਿ ਅਗਾਰੀ[1] ਕਾਟਤਿ ਅੰਗ। — [1]ਜੋ ਅੱਗੇ ਅੜਦਾ ਹੈ।
ਘਨੀ ਪਟੇ ਬਾਜ਼ੀ ਜਿਨਿ ਕੀਨਸਿ[1] — [1]ਭਾਵ ਪਠੇਬਾਜ਼ੀ ਸਿੱਖੀ ਸੀ।
ਤਛਾ ਮੁੱਛ ਤਿਮ ਕਰਤਿ ਨਿਸੰਗ[1]। — [1]ਤਿਵੇਂ (ਗੱਤਕੇ ਵਾਂਗ) ਨਿਸੰਗ ਹੋਕੇ ਤਛਾਮੁਛ ਕਰਦਾ ਹੈ।
ਹਯ ਚਪਲਾਵਤਿ ਇਤ ਉਤ ਧਾਵਤਿ,
ਘਾਵਤਿ ਭਟ, ਭਾਵਤਿ ਰਣ ਰੰਗ[1] ॥੩੭॥ — [1]ਸੂਰਮਿਆਂ ਨੂੰ ਜ਼ਖਮੀ ਕਰਦਾ ਹੈ ਜਿਸ ਨੂੰ ਰਣ ਰੰਗ (ਜੁੱਧ ਅਖਾੜਾ) ਭਾਂਵਦਾ ਹੈ।
ਪਿਖਿ ਭਾਨੂੰ ਕਰ ਤੁਪਕ ਸੰਭਾਰੀ
ਤੋੜਾ ਜੜ੍ਯੋ ਮੋੜ ਕਲ ਮਾਂਹਿ[1]। — [1]ਮੋੜ ਕੇ ਕਲਾ ਵਿਚ।
ਗਹਿ ਸਿਰਪੋਸ ਉਘਾਰਿ ਪਲੀਤਾ
ਹਯ ਕੁਦਾਇ ਫੇਰ੍ਯੋ ਢਿਗ ਤਾਂਹਿ[1]। — [1]ਤਿਸ (ਸ਼ਮਸਖਾਨ) ਦੇ ਪਾਸ।
ਡੰਭ[1] ਤੁਪਕ ਕੜਕੀ ਤੜਿਤਾ ਜਿਮ — [1]ਤੋੜੇ ਨੂੰ ਅੱਗ ਲਾਈ।
ਲਗੀ ਤੁਰੰਗ ਭੰਗ ਹੁਇ ਜਾਹਿ[1]। — [1]ਉਸ ਦੇ ਘੋੜੇ ਨੂੰ ਲਗੀ (ਤੇ ਉਹ) ਮਰ ਗਿਆ।
ਹੁਇ ਮੁਖ ਭਾਰ ਗਿਰ੍ਯੋ ਤਹਿਂ ਦਿਖਿ ਕੈ
ਸ਼ਮਸ ਖਾਨ ਤਜਿ ਤੁਰਨਿ ਵਾਹਿ ॥੩੮॥
ਰੁਪ੍ਯੋ ਪਾਇ, ਅਰ ਘਾਵ ਖਾਇ ਨਹਿਂ,

ਕਰਤਿ ਦਾਵ ਤੇ ਵਾਰ ਫਿਰੰਤਿ[1]।

[1]ਗੱਤਕੇ ਦੀ ਚਾਲ ਵਾਂਙੂ) ਪੈਰ ਬੰਨ੍ਹੀ ਖੜਾ ਹੈ ਘਾਉ ਨਹੀਂ ਖਾਂਦਾ, ਦਾਉ ਕਰਦਾ ਤੇ ਵਾਰ ਨੂੰ ਫੇਰ ਦੇਂਦਾ ਹੈ।

ਭਾਨੂ ਕਰਤਿ ਥਕਯੋ ਚਾਤੁਰਤਾ
ਨਹੀਂ ਸ਼ਸਤ੍ਰ ਖਾਯਹੁ ਭਰਮੰਤਿ।
ਦੁਹਿ ਦਿਸ਼ ਕੇ ਜੋਧਾ ਅਵਿਲੋਕਤਿ
-ਕਰਤਿ ਵਾਰ ਅਰੁ ਆਪ ਬਚੰਤਿ[1]।

[1]ਦੁਹ ਪਾਸਿਆਂ ਦੇ ਸੂਰਮੇ ਵੇਖ ਰਹੇ ਹਨ ਕਿ ਵਾਰ ਕਰਦਾ ਹੈ (ਸ਼ਮਸਖਾਨ ਅਤੇ) ਆਪਾ ਬਚਾ ਜਾਂਦਾ ਹੈ।

ਨਟ ਜਿਮ ਫਾਂਦਿਤ, ਖੜਗ ਨਚਾਵਤਿ,
ਢੁਕੈ ਨਿਕਟਿ ਭਟ ਕਾਟਿ ਗਿਰੰਤਿ[1]- ॥੩੯॥

[1]ਐਉਂ ਜਾਪਦਾ ਹੈ ਕਿ) ਨੇੜੇ ਢੁਕਦੇ ਹੀ ਸੂਰਮੇ ਨੂੰ ਕੱਟਕੇ ਸਿੱਟ ਦੇਵੇਗਾ।

ਭਾਨੂ ਚਪਯੋ[1]: ਤੁਫੰਗ ਚਲੈ ਨਹਿੰ,

[1]ਖਿਝਿਆ।

ਖੜਗ ਵਾਰ ਕੋ ਦਾਵ ਨ ਪਾਇ।
ਤਜਿ ਤੁਰੰਗ ਤਿਸ ਕੇ ਸਮ ਭੂ ਪਰ
ਖਰੋ ਭਯੋ ਚਿਤ ਚੌਂਪ ਬਢਾਇ।
ਖੈਂਚਿ ਖੜਗ ਖਰ ਢਾਲ ਸੰਭਾਰੀ
ਕਹਯੋ 'ਨ ਜਾਨ ਦੈਹੁਂ ਕਿਸ ਥਾਇਂ।
ਗਨ ਭਟ ਮਾਰਨ ਕੋ ਅਬਿ ਪਲਟਾ
ਲੇਹੁਂ ਛਿਨਕ ਮੈਂ ਤੁਵ ਉਥਲਾਇ' ॥੪੦॥
ਸ਼ਮਸਖਾਨ ਸੁਨਿ ਖੁਨਸਯੋ ਮਾਨੀ
'ਕਜਾ ਗਵਾਰ ਗੀਦੀ ਮਕਦੂਰ[1]!

[1]ਕਾਇਰ (ਤੇਰੀ) ਕੀ ਤਾਕਤ ਹੈ?

ਮਮ ਤੁਰੰਗ ਕੋ ਪਲਟਾ ਤਵ ਸਿਰ[1]'

[1]ਮੇਰੇ ਘੋੜੇ ਦਾ ਬਦਲਾ ਤੇਰੇ ਸਿਰ ਹੈ।

ਕਹਤਿ ਮਿਲੇ ਤਤਕਾਲ ਅਦੂਰ[1]।

[1]ਨੇੜੇ ਹੋਕੇ।

ਖਾਨ ਖੜਗ ਖਰਵਾਰ ਪ੍ਰਹਾਰਯੋ
ਲਯੋ ਸਿਪਰ ਪਰ ਕੀਨਸਿ ਕੂਰ[1]।

[1]ਵਾਰ) ਖਾਲੀ ਕਰ ਦਿਤਾ।

ਫੂਲਨ ਊਪਰ ਲਗਯੋ ਫੁਲਾਦੀ,
ਟੂਟਿ ਗਯੋ, ਹੇਰਤਿ ਸਭਿ ਸੂਰ[1] ॥੪੧॥

[1]ਢਾਲ ਦੇ ਫੁਲਾਂ ਉੱਪਰ (ਵਾਰ) ਲੱਗਾ ਸਾਰੇ ਸੂਰਮਿਆਂ ਦੇ ਦੇਖਦਿਆਂ ਫ਼ੁਲਾਦੀ (ਖੜਗ) ਟੁੱਟ ਗਈ।

ਭਾਨੂ ਉਛਲਤਿ ਕਰਾਚੋਲ[1] ਗਹਿ

[1]ਤਲਵਾਰ।

ਬਲ ਤੇ ਪਰਯੋ ਤਾਂਹਿ ਪਰ ਜਾਇ।
ਕਰਯੋ ਪ੍ਰਹਾਰ ਸਿਕੰਧਨ ਊਪਰ
ਬਹਯੋ ਜਿਨੇਊ ਸਮਸਰ ਘਾਇ[1]।

[1]ਜ਼ਖਮ ਜਨੇਊ ਵਾਂਗ ਲੱਗਾ।

ਗਿਰਯੋ ਪਠਾਨ ਪਿਖਯੋ ਗਨ ਤੁਰਕਨ

ਏਕ ਬਾਰਿ ਆਏ ਅਰਿਰਾਇ।
ਤੋਮਰ ਤੀਰਨਿ ਤਬਰ ਤੁਫੰਗਨਿ
ਅਨਵਰ ਸਹਤ ਸ਼ਸਤ੍ਰ ਸਮੁਦਾਇ
॥੪੨॥
ਕਰੈਂ ਪ੍ਰਹਾਰਨਿ, ਚਲ੍ਯੋ ਨ ਭਾਨੂ[1],
ਤੋਮਰ ਮਾਰ੍ਯੋ ਅਨਵਰ ਖਾਨ।
ਕਾਟਿ ਖੜਗ ਤੇ[1] ਨਿਸ਼ਫਲ ਕਰਿ ਕੈ
ਅਪਰ ਮਲੇਛਨਿ ਕੋ ਕਰਿ ਹਾਨ।
ਨਿਕਟ ਨ ਪਹੁੰਚਹਿਂ ਤ੍ਰਾਸ ਤੁਰਕ ਕਰਿ
ਰੁਪ੍ਯੋ ਬੀਰ[1] ਥਿਰੁ ਰਹ੍ਯੋ ਮਦਾਨ।
ਤਾਕਿ ਤੁਪਕ ਕੀ ਹਤੀ ਦੁ ਗੁਲਕਾਂ
ਲਗੀ ਸੀਸ ਤਜਿ ਤੂਰਨ ਪ੍ਰਾਨ[1] ॥੪੩॥

[1]ਭਾਨੂੰ ਪਿੱਛੇ ਨਾ ਹਟਿਆ।
[1]ਤੋਮਰ ਨੂੰ) ਕੱਟ ਕੇ ਖੜਗ ਨਾਲ।
[1]ਭਾਵ ਭਾਨੂੰ।
[1]ਭਾਨੂੰ ਨੇ) ਪ੍ਰਾਣ ਤਜ ਦਿੱਤੇ।

ਦੋਹਰਾ:
ਸ਼ਮਸਖਾਨ ਗਨ ਤੁਰਕ ਜੁਤਿ,
ਮਾਰਿ ਮਰ੍ਯੋ ਰਣਖੇਤ[1]।
ਗਯੋ ਸੁਰਗ† ਸੁਰ ਬਧੂ ਜੁਤ,
ਅਤਿ ਆਨੰਦ ਸਮੇਤ ॥੪੪॥

[1]ਯੁੱਧ ਭੂਮਿਕਾ (ਵਿਚ)।
†ਗੁਰਮਤ ਦੇ ਧਾਰਨੀ ਗੁਰ ਸਿੱਖ ਤਾਂ "ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥" ਇਸ ਪਦਵੀ ਦੇ ਚਾਹਵਾਨ ਹੁੰਦੇ ਹੈਨ, ਪਰ ਸਕਾਮ ਜੋਧਿਆਂ ਲਈ ਕਵਿ ਜੀ ਸ੍ਵਰਗ ਪ੍ਰਾਪਤੀ ਕਥਨ ਕਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਮਸਖਾਨ ਭਾਨੂ ਬੱਧ' ਬਰਨਨੰ ਨਾਮ ਨੌਮੋ ਅੰਸੂ ॥੯॥

## ੧੦. [ਅਲੀ ਮੁਹੰਮਦ, ਸਿੰਘਾ ਪ੍ਰੋਹਤ ਬੱਧ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਦੁਹਿ ਦਿਸ਼ਿ ਕੇ ਸੈਨਾਪਤੀ, ਦੋਨਹੁ ਭੇ ਹਤਿ
ਪ੍ਰਾਨ।
ਪਰੀ ਸੈਨ ਉਮਡਾਇ ਕੈ, ਦੁਹਿਦਿਸ਼ਿ ਤੇ
ਘਮਸਾਨ ॥੧॥

ਰਸਾਵਲ ਛੰਦ:

ਦਿਸ਼ਾ ਦੌਨ[1] ਆਏ।
ਮਹਾਂ ਸ਼ਸਤ੍ਰ ਘਾਏ।
ਫਿਰਜੋ ਕੋ ਨ ਪੁੱਠੇ[1]।
ਮਿਲੇ ਰੁੰਡ[†] ਕੁਠੇ[1] ॥੨॥
ਪਰੀ ਲੋਥ ਬ੍ਰਿੰਦੰ।
ਪ੍ਰਹਾਰੈਂ ਬਿਲੰਦੰ।
ਕਟੇ ਅੰਗ ਬੀਰੰ।
ਤਜੈਂ ਤੌ ਨ ਧੀਰੰ ॥੩॥
ਰਣੰ ਰੰਗ ਰਾਚੇ।
ਰਿਸੇ ਬੀਰ ਮਾਚੇ।
ਪਰੇ ਮ੍ਰਿੱਤੁ ਹ੍ਵੈ ਕੈ।
ਬਡੇ ਘਾਵ ਖੈ ਕੈ ॥੪॥
'ਕਹਾਂ ਜਾਹੁ ਭਾਗੇ?'
ਕਹੈਂ 'ਆਉ ਆਗੇ।'
ਕਟੀ ਬਾਂਹ ਕਾਹੂੰ।
ਫਿਰੈਂ ਜੰਗ ਮਾਂਹੂੰ ॥੫॥
ਕਿਸੀ ਪਾਇ ਕਾਟੇ।
ਕਟੇ ਕੰਧ ਸਾਟੇ[1]।
ਕਿਤੇ ਬੋਲ ਡਾਂਟੇ[1]।
ਫਟੇ ਪੇਟ ਫਾਟੇ[1] ॥੬॥
ਲਟਾਪੱਟ[1] ਹੋਏ।
ਭਜੇ ਨਾਂਹਿ ਦੋਏ।
ਮਰੇ ਬ੍ਰਿੰਦ ਜੋਧਾ।
ਤਜੈਂ ਪੈ ਨ ਕ੍ਰੋਧਾ ॥੭॥

[1]ਦੋਹਾਂ ਪਾਸਿਆਂ ਦੇ।

[1]ਕੋਈ ਪਿੱਛੇ ਨਾ ਹਟਿਆ।

[1]ਕੁੱਠੇ ਧੜ ਮਿਲੇ ਪਏ ਹਨ। [†]ਪਾ:-ਤੁੰਡ।

[1]ਕਿਸੇ ਦੇ) ਮੋਢੇ ਕੱਟਕੇ ਸੁੱਟੇ ਪਏ ਹਨ।

[1]ਤਾੜਦੇ ਹਨ।

[1]ਕਈਆਂ ਦੇ) ਪੇਟ ਫਟਕੇ ਦੁਫਾੜੇ ਹੋਏ ਪਏ ਸਨ।

[1]ਲੋਟ ਪੋਟ, ਗੁਥਮ ਗੁੱਥਾ।

ਦੋਹਰਾ:
ਸ਼ਮਸਖਾਨ ਮਾਰਜੋ ਸੁਨਜੋ, ਜਿਸ ਦਿਸ਼
ਮੁਗਲਸ ਖਾਨ।
ਤਿਸ ਦਿਸ਼ਿ ਕੋ ਭੇਜਤਿ ਭਯੋ, ਸੱਯਦ ਬੀਰ
ਮਹਾਨ ॥੮॥
ਬਲੀ ਮੁਹੰਮਦ ਅਲੀ ਤਬਿ, ਲੇ ਅਸਵਾਰ
ਹਜ਼ਾਰ।
ਮਰਜੋ ਸ਼ਮਸਖਾਂ ਅਯੋ ਤਹਿਂ, ਭਯੋ ਖੇਤ
ਬਿਕਰਾਰ ॥੯॥
ਰਸਾਵਲ ਛੰਦ:
ਬਜਾਏ ਨਗਾਰੇ।
ਭਯੋ ਨਾਦ ਭਾਰੇ।
ਤੁਫੰਗੈਂ ਚਲਾਈ।
ਤੁਰੰਗੈਂ ਪਲਾਈ ॥੧੦॥
ਇਤੈ ਸਿੱਖ ਬੀਰੰ।
ਪਿਖੀ ਸ਼ੱਤ੍ਰੁ ਭੀਰੰ[1]।
ਚਲੇ ਆਇ ਐਸੇ।
ਹੜ੍ਹਜੋ ਨੀਰ ਜੈਸੇ ॥੧੧॥
ਬਕੈਂ 'ਮਾਰ ਮਾਰੰ।'
ਅਨੇਕੈਂ ਪ੍ਰਹਾਰੰ।
ਲਗੈਂ ਬ੍ਰਿੰਦ ਗੋਰੀ।
ਤੁਫੰਗਾਨਿ ਛੋਰੀ[1] ॥੧੨॥
ਜਮੇ ਪੈਰ ਨਾਂਹੀ।
ਮਰੇ ਹੇਰਿ ਤਾਂਹੀ।
ਗੁਰੂ ਸੂਰ ਭਾਗੇ।
ਥਿਰੇ ਨਾਂਹਿ ਆਗੇ ॥੧੩॥
ਰਹੇ ਥੋਰ ਸੂਰੇ।
ਮਰੇ ਕ੍ਰੋਧ ਪੂਰੇ।
ਇਕੰ ਸੂਰ ਆਯੋ।
ਸੁ ਘੋਰਾ ਦੁਰਾਯੋ ॥੧੪॥
ਗੁਰੂ ਸੰਗ ਭਾਖਾ।
'ਬਡੋ ਜੰਗ ਰਾਖਾ।

[1]ਵੈਰੀ ਦੀ ਭੀੜ।

[1]ਚਲਾਈਆਂ।

ਲਰੇ ਪ੍ਰਾਨ ਹਾਨੇ।
ਰਹੇ ਥੋਰ ਜਾਨੇ ॥੧੫॥
ਉਤੈ ਸੈਨ ਭਾਰੀ।
ਸੁ ਆਈ ਅਗਾਰੀ।
ਖਿਰਯੋ ਜਾਇ ਨਾਂਹੀ।
ਕਹ੍ਯੋ ਆਪ ਪਾਹੀ† ' ॥੧੬॥

†ਪਾ:-ਮਾਹੀ।

ਦੋਹਰਾ:

ਸੁਨਿ ਸ਼੍ਰੀ ਹਰਿਗੋਵਿੰਦ ਜੀ, ਕਹ੍ਯੋ 'ਸੰਗ ਲਿਹੁ ਬੀਰ।
ਹਤਹੁ ਮਲੇਛਨਿ ਕੋ ਤਹਾਂ, ਥਿਰਹੁ ਥਾਨ ਧਰਿ ਧੀਰ' ॥੧੭॥

ਪਾਧੜੀ ਛੰਦ:

ਗੁਰ ਪਠ੍ਯੋ ਬਹੁਰ ਸਿੰਘਾ ਉਚਾਰ।
'ਭਟ ਸੰਗ ਪੰਚ ਸੈ ਬਲਿ ਉਦਾਰ।
ਸ਼੍ਰੀ ਅੰਮ੍ਰਿਤਸਰ ਜਿਤ ਦਿਸ਼ਿ ਪਹਾਰ[1]।
ਤਹਿਂ ਪਰ੍ਯੋ ਖੇਤ ਜੁਝੇ ਜੁਝਾਰ ॥੧੮॥

[1]ਪਹਾੜ (ਉੱਤਰ) ਦੀ ਦਿਸ਼ਾ ਵਲ।

ਹਯ ਕੇ ਧਵਾਇ ਮੈਦਾਨ ਹੇਰਿ।'
ਛੋਰਤਿ ਤੁਫੰਗ ਮਾਰੇ ਬਡੇਰਿ।
ਇਮ ਚਮੂੰ ਜੁਗਲ ਮਿਲਿ ਆਪ ਮਾਂਹਿ।
ਜਨੁ ਨਦੀ ਉਮਡਿ ਇਕ ਥਾਨ ਰਾਹਿ ॥੧੯॥
ਅਰਣੋਦਯ ਸਮੈ ਹੋਯਹੁ ਸੁ ਆਇ।
ਤੁਪਕਨਿ ਤੜਾਕ ਨਾਦੰ ਉਠਾਇ।
ਬਹੁ ਕਾਕ ਗ੍ਰਿੱਝ ਉਡਿ ਕੈ ਭ੍ਰਮੰਤਿ।
ਗੋਮਾਯ[1] ਬੋਲਿ ਮਾਸੰ ਭਖੰਤਿ ॥੨੦॥

[1]ਗਿੱਦੜ।

ਗਨ ਫਿਰੀ ਜੋਗਨੀ ਰੁਧਰਿ ਪਾਨ।
ਬਹੁ ਖਾਇ ਮਾਸ ਕੋ ਤ੍ਰਿਪਤਿ ਠਾਨਿ।
ਉਤ ਖਾਨ ਆਇ ਸ਼ਸਤ੍ਰਨਿ ਪ੍ਰਹਾਰਿ।
ਕਟਿ ਗਏ ਸੁਭਟ ਕੇਤਿਕ ਸੁਮਾਰ[1] ॥੨੧॥

[1]ਸ਼ੁਮਾਰ = ਗਿਣਤੀ ਕਿੰਨੀ ਕੁ (ਕਰੀਏ)। (ਅ) ਮਾਰ ਕੇ। (ੲ) ਜ਼ਖਮੀ ਕਰਕੇ।

ਦੁਹਿ ਦਿਸ਼ਨਿ ਰੌਰ ਮਾਚ੍ਯੋ ਬਿਸਾਲ।
ਗੁਲਕਾਂ ਲਗੰਤਿ ਗਿਰ ਪਰਤਿ ਜਾਲ।

ਭਟ ਮਿਲਿ ਪਠਾਨ ਹੱਲਾ ਸੁ ਕੀਨਿ।
ਗਨ ਮੁਗ਼ਲ ਦੌਰ ਰਣ ਰੰਗ ਭੀਨ ॥੨੨॥
ਮੁਹੰਮਦ ਅਲੀ ਬੋਲ੍ਯੋ ਗਰੂਰ।
'ਲਿਹੁ ਮਾਰਿ ਸਮੁਖ ਦੇਖੋਂ ਜੁ ਸੂਰ।
ਰਣ ਥਲ ਛੁਟਾਇ ਲੀਜਹਿ ਅਸ਼ੇਖ।
ਅਬਿ ਭਾ ਪ੍ਰਕਾਸ਼ ਲਿਹੁ ਨੈਨ ਦੇਖਿ'
॥੨੩॥
ਸੁਨਿ ਤੁਰਕ ਚਪੇ[1] ਚਾਲੇ ਅਗਾਇ।
ਇਕ ਬਾਰ ਦੌਰਿ ਰੌਰਾ ਮਚਾਇ।
ਚਮਕੰਤਿ ਖੜਗ ਪਕੜੰਤਿ ਢਾਲ।
ਛਟਕੰਤਿ ਤੁਪਕ, ਬਮਕੰਤਿ ਜ੍ਵਾਲ[1]
॥੨੪॥
ਸਰਕੰਤਿ[1] ਸੂਰ, ਹਰਖੰਤਿ ਹੂਰ।
ਦਰੜੰਤਿ ਦੀਹ[1], ਗਰਜੰਤਿ ਭੂਰ।
ਉਛਲੰਤਿ ਜਾਤਿ, ਮਾਰੰਤਿ ਸ਼ੱਤ੍ਰ।
ਖੜਕੰਤਿ ਮਿਲਤਿ, ਟੁਟਿਯੰਤਿ ਅੱਤ੍ਰ[1]
॥੨੫॥
ਇਤ ਸੁਭਟ ਗੁਰੂ ਕੇ ਪਰਤਿ ਦੌਰ।
ਨਹਿਂ ਭਜੈਂ ਖਾਨ ਥਿਤਿ ਕਟੰਤਿ ਠੌਰ[1]।
ਇਮ ਮਚ੍ਯੋ ਜੰਗ ਦਾਰੁਨ ਮਹਾਨ।
ਗਨ ਬਿਥਰਿ ਲੋਥ ਪੋਥਨਿ[1] ਸਥਾਨ
॥੨੬॥
ਨਿਜ ਸੂਰ ਸੰਗ ਸਿੰਘੇ ਨਿਹਾਰਿ।
ਤਿਨਿ ਕਹ੍ਯੋ ਬਾਕ ਊਚੇ ਉਚਾਰਿ।
'ਇਹੁ ਪਿਖਹੁ ਮਲੇਛ ਜਿ ਸਮੁਖ ਆਇ।
ਇਕ ਬਾਰ ਸ਼ਲਖ ਮਾਰੋ ਰਿਸਾਇ'
॥੨੭॥
ਇਮ ਕਹਤਿ ਚਲ੍ਯੋ ਆਗੈ ਰਿਸਾਇ।
ਬਹੁ ਬਜ੍ਯੋ ਰਾਗ ਮਾਰੂ ਸੁਹਾਇ।
ਕਹਿ 'ਮਾਰਿ ਮਾਰਿ' ਮਾਚ੍ਯੋ ਸੁ ਰੌਰ।
ਮਿਲਿ ਪਰੇ ਸੁਭਟ ਨਹਿਂ ਤਜਹਿਂ ਠੌਰਿ
॥੨੮॥

[1]ਖਿਝੇ।
[1]ਅਗਨ ਉਗਲੱਛਦੀਆਂ ਹਨ।
[1]ਅੱਗੇ ਵਧਦੇ ਹਨ।
[1]ਦਰੜ ਦਿੰਦੇ ਹਨ ਬਹੁਤਿਆਂ ਨੂੰ।
[1]ਮਿਲਕੇ ਖੜਕਦੇ ਹਨ ਸ਼ਸਤ੍ਰ ਤੇ ਟੁਟਦੇ ਹਨ ਅਸਤ੍ਰ।
[1]ਆਪਣੀ ਥਾਂ ਤੇ ਹੀ ਖੜੇ ਕੱਟੇ ਜਾਂਦੇ ਹਨ।
[1]ਲੋਥਾਂ ਪਰ ਲੋਥ।

ਇਕ ਬਾਰ ਸ਼ਲਖ ਛੋਰੀ ਤੁਫੰਗ।
ਪੁਨ ਖੜਗ ਗਹੇ ਕਰਿ ਮਜਾਨ ਨੰਗਿ।
ਕਟਿਯੰਤਿ ਅੰਗ, ਗਿਰਿਯੰਤਿ ਭੂਮਿ।
ਲਟਕੰਤਿ ਬੀਰ, ਗਿਰ ਪਰਤਿ ਘੂਮਿ[1] ॥੨੯॥

[1]ਚੱਕ੍ਰ ਖਾਕੇ।

ਗਨ ਤੁਰਕ ਮਾਰਿ ਗਿਰ ਆਪਿ ਜਾਇਂ।
ਗੁਰੁ ਕੇ ਜੁ ਸੂਰ ਸੰਮੁਖ ਰਿਸਾਇਂ।
ਇਮ ਮਰੇ ਮਾਰਿ ਸਿੰਘੇ ਨਿਹਾਰਿ।
ਲਲਕਾਰ ਪਰਜੋ ਜਿਹ ਬਲ ਉਦਾਰ ॥੩੦॥

ਬਲਿ ਬਿੱਪ੍ਰ ਗੁਰੁ ਪ੍ਰੋਧਾ ਸੁਭੱਟ।
ਤਬਿ ਭਯੋ ਸਮੁਖ ਮਾਰੇ ਉਲੱਟ।
ਜਿਸ ਢਿਗ ਕਮਾਨ ਲਗਿ ਕਾਨ ਤਾਨ।
ਧਰਿ ਪਨਚ ਚਲਾਵਤਿ ਤਾਕਿ ਬਾਨ ॥੩੧॥

ਬਡ ਗੁਰੁ ਪ੍ਰਤਾਪ ਜਿਸ ਲਗਹਿ ਜਾਇ।
ਤਨ ਤੁਰਕ ਫੋਰਿ ਪਾਰੈ ਪਰਾਇ[1]।
ਸਮ ਸਰਪ ਸ਼ੁੰਕਤੇ ਚਲਹਿਂ ਤੀਰ?
ਰਿਪੁ ਗਨ ਪ੍ਰਹਾਰਿ ਬੇਧਤਿ ਸਰੀਰ ॥੩੨॥

[1]ਪਾਰ ਪੈ ਜਾਂਦਾ ਹੈ (ਤੀਰ)।

ਰਸ ਬੀਰ ਰੂਪ ਮਾਨੋ ਕਰਾਲ।
ਬਹੁ ਫਿਰਤਿ ਪ੍ਰਹਾਰਤਿ ਸ਼ੱਤ੍ਰੁ ਜਾਲ।
ਦੁਹਿ ਦਿਸ਼ਿਨਿ ਮਰੀ ਸਮੁਦਾਇ ਸੈਨ।
ਜਨੁ ਥਕਤਿ ਬੀਰ ਕੀਨੀ ਸੁ ਸੈਨ ॥੩੩॥

ਇਮ ਹਤੇ ਤੁਰਕ ਤਬਿ ਹਾਲ ਚਾਲਿ[1]।
ਪਿਖਿ ਅਲੀ ਮੁਹੰਮਦ ਰਿਸ ਬਿਸਾਲ।
'ਮੁਝ ਖਰੇ ਨਿਕਟ ਚਾਲੇ ਪਲਾਇ।
ਕਹਾ ਕਹੈਂ ਲੋਕ ਕਿਮ ਭਾਜ ਜਾਇ' ॥੩੪॥

[1]ਹਲਚਲੀ (ਪੈ ਗਈ)।

ਘੋਰਾ ਭਜਾਇ ਮੋਰੇ ਸੁ ਬੀਰ।
ਤਬਿ ਪਿਖੇ ਤਜਤਿ ਸਿੰਘਾ ਜੁ ਤੀਰ।
ਨਹਿਂ ਟਿਕਨਿ ਦੇਤਿ ਇਹ ਭਟ ਭਜਾਇ।

ਪਿਖਿ ਭਯੋ ਸਮੁਖ ਇਸ ਕੇ ਰਿਸਾਇ
॥੩੫॥
ਸਿੰਘੇ ਸੁ ਪਿਖ੍ਯੋ ਆਯੋ ਅਗਾਇ।
ਇਹ ਤਕਹਿ ਮੋਹਿ ਤੁਪਕਨ ਚਲਾਇ।
ਹਯ, ਬਚਨਿ ਹੇਤ ਇਤ ਉਤ ਧਵਾਇ।
ਧਨ ਐਂਚਿ ਐਂਚ ਤੀਰਨ ਬਗਾਇ
॥੩੬॥
ਤਬਿ ਤਾਕਿ ਤੁਪਕ ਛੋਰੀ ਸੰਭਾਲਿ।
ਛੁਟਿ ਲਗੀ ਗੁਲਕ ਹਯ ਕੇ ਉਤਾਲ।
ਸਿੰਘੇ ਸਮੇਤ ਗਿਰ ਪਰ੍ਯੋ ਬਾਜ।
ਦੇਖਤਿ ਅਨੰਦ ਤੁਰਕਨ ਸਮਾਜ ॥੩੭॥
ਬਨਿ ਸਾਵਧਾਨ ਧਨੁ[1] ਲਿਯ ਸੰਬਾਰਿ। [1]ਧਨੁਖ।
ਚਹੁਂ ਓਰ ਤੁਰਕ ਪਰਵਾਰ ਡਾਰਿ।
ਘੇਰ੍ਯੋ ਸੁ ਬੀਰ ਕਰਿ ਮਾਰਿ ਮਾਰਿ।
ਤਬਿ ਤਕਹਿ ਤੀਰ ਮਾਰਹਿ ਜੁਝਾਰ
॥੩੮॥
ਜੋ ਨਿਕਟ ਹੋਤਿ ਤਿਹ ਬਿਕਟਿ[1] ਬਾਨ। [1]ਕਠਨ।
ਫੋਰਹਿ ਸਰੀਰ ਕਰਿ ਹਾਨਿ ਪਰਾਨ।
ਬਹੁ ਕਰਤਿ ਸ਼ੀਘ੍ਰਤਾ ਤਜਤਿ ਤੀਰ।
ਨਹਿਂ ਲਖ੍ਯੋ ਜਾਇ ਕਬਿ ਛੋਰਿ ਬੀਰ[1] [1]ਕਦੋਂ ਛੱਡਦਾ ਹੈ (ਤੀਰ) ਸੂਰਮਾਂ।
॥੩੯॥
ਲਲਕਾਰ ਅਲੀ ਮੁਹੰਮਦ ਸੁ ਆਇ।
'ਮੈ ਹਤੋਂ ਇਸਹਿ ਨਹਿਂ ਭਾਜਿ ਜਾਇ।'
ਤਬਿ ਲਗ੍ਯੋ ਤਾਕਬੇ ਤੁਪਕ ਧਾਰਿ।
ਧਨੁ ਤਾਨਿ ਬ੍ਰਿੱਪ ਨੇ ਤੀਰ ਮਾਰਿ ॥੪੦॥
ਲਗਿ ਪਰ੍ਯੋ ਭਾਲ, ਗਿਰਿਗੀ ਤੁਫੰਗ।
ਪੁਨ ਪਰ੍ਯੋ ਆਪ, ਭਾਜ੍ਯੋ ਤੁਰੰਗ।
ਇਮ ਤੁਰਕ ਸੈਨਪਤਿ ਲੀਨਿ ਮਾਰਿ।
ਨਹਿਂ ਟਰ੍ਯੋ ਆਪ ਸਿੰਘਾ ਜੁਝਾਰ ॥੪੧॥
ਤਬਿ ਤੁਰਤ ਚਮੂੰ ਇਕ ਬਾਰਿ ਆਇ।
ਅਨਗਨ ਤੁਫੰਗ ਗੁਲਕਾਂ ਚਲਾਇ।
ਕਰਿ ਮਾਰਿ ਮਾਰਿ ਹੱਲਾ ਸੁ ਕੀਨਿ।

ਗੁਰੁ ਕੀ ਸੁ ਚਮੂੰ ਪਰ ਓਜ ਦੀਨਿ[1] ॥੪੨॥

[1]ਜ਼ੋਰ ਪਾਯਾ।

ਥਿਰ ਪੈਦਲ ਸਿੰਘਾ ਲगਤਿ ਘਾਇ[1]।

[1]ਜ਼ਖਮ।

ਰੁਪ ਰਹ੍ਯੋ[1] ਬੀਰ ਨਹਿਂ ਪਗ ਉਠਾਇ।

[1]ਟਿਕ ਰਿਹਾ।

ਮਿਲਿ ਬਹੁਤ ਆਨ ਕਰਵਾਲ[1] ਸੰਗ।

[1]ਤਲਵਾਰ।

ਨਹਿਂ ਚਲ੍ਯੋ ਪਾਇ ਕਟਵਾਇ ਅੰਗ ॥੪੩॥

ਹੁਇ ਖੰਡ ਖੰਡ ਮਿਲਿ ਗਯੋ ਖੇਤ।

ਹਤਿ ਰਿਪੁਨਿ ਚਹਤਿ ਰਿਸ ਕੇ ਸਮੇਤ।

ਜਬਿ ਸਿੰਘਾ ਇਵ ਲੀਨੋ ਸੰਘਾਰਿ।

ਬਹੁ ਘਾਇ ਖਾਇ ਗਿਰਿ ਗੇ ਸੁਮਾਰਿ[1] ॥੪੪॥

[1]ਮਰਕੇ ਗਿਰ ਗਿਆ।

ਹਲਿ ਚਲੀ ਚਮੂ ਮਹਿਂ, ਮੀਰ ਬਿਸਾਲ[1]।

[1]ਵੱਡੇ ਸੂਰਮੇ ਦੇ ਮਾਰਿਆਂ।

ਰਣ ਖੇਤ ਭਯੋ ਦਿਖੀਯਤਿ ਕਰਾਲ।

ਸੁਧਿ ਗਈ ਗੁਰੂ ਢਿਗ ਸੁਨਤਿ ਕਾਨਿ।

ਕਰਿ ਕ੍ਰੋਧ ਆਪ ਭੇ ਸਾਵਧਾਨ ॥੪੫ ॥

ਦੋਹਰਾ:

ਇਸ ਪ੍ਰਕਾਰ ਰਣ ਤੁਮਲ ਭਾ[1], ਮਰੇ ਹਜ਼ਾਰਹੁਂ ਬੀਰ।

[1]ਡਾਢੀ ਭਾਰੀ ਮੁੱਠਭੇੜ।

ਸ੍ਰੀ ਗੁਰ ਹਰਿਗੋਵਿੰਦ ਤਬਿ, ਉਮਡਨਿ ਚਹਿਂ ਧਰਿ ਧੀਰ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਅਲੀ ਮੁਹੰਮਦ ਸਿੰਘਾ ਪ੍ਰੋਹਤ ਬੱਧ' ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਨੰਦਾ ਮਿਰਜ਼ਾਬੇਗ ਯੁੱਧ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਕਹਿ ਗੁਰੁ ਪੈਂਦੇ ਖਾਨ ਕੋ 'ਤੁਰਕ ਸੈਨ
ਸਮੁਦਾਇ।
ਹੋਹਿ ਨਿਬੇਰੋ ਹਤੇ ਤੇ, ਇਸ ਬਿਧਿ ਕੀਜੈ
ਦਾਇ:- ॥੧॥

ਭੁਜੰਗ ਪ੍ਰਯਾਤ ਛੰਦ:

ਰਹੇ ਸੰਗ ਜੋਧਾ ਸੁ ਥੋਰੇ ਹਮਾਰੇ।
ਸਬੈ ਔਰ ਸੈਨਾ ਸੁ ਲੀਜੈ ਸੰਗਾਰੇ।
ਦਿਸ਼ਾ ਦੱਛਨੀ ਮੈਂ ਚਲੇ ਆਪ ਜਾਵੋ।
ਤੁਫੰਗੈਂ ਕਰੋ ਤਜਾਰਿ ਤੋੜੇ ਮਿਲਾਵੋ ॥੧॥
ਪਰਜੋ ਜੰਗ ਥਾਨੰ ਤਹਾਂ ਆਪ ਜਾਵੈਂ।
ਰਿਪੁੰ ਸਾਮੁਹੇ ਮਾਰਿ ਗਾਢੀ ਮਚਾਵੈਂ।
ਮਲੇਛੀ ਚਮੂ ਆਇ ਮੰਡੈ ਲਰਾਈ।
ਬਧੈਂ ਖੇਤ ਆਗੇ ਧਰੈਂ ਪਾਇ ਧਾਈ ॥੨॥
ਤਬੈ ਖਾਨ ਪੈਂਦਾ! ਪਰੋ ਧਾਇ ਐਸੇ।
ਬਟੇਰਾ ਪਿਖੇ ਤੇ ਗਹੇ ਬਾਜ ਜੈਸੇ।
ਧਰੈਂ ਤ੍ਰਾਸ ਭਾਜੈਂ ਕਰਾਚੋਲ[1] ਮਾਰੋ।
[1]ਤਲਵਾਰ।
ਲਖੇਰੋ ਪਖੇਰੋ[1] ਭਟੰ ਕਾਟਿ ਡਾਰੋ' ॥੩॥
[1]ਲੇਥੂ ਪੇਥੂ ਕਰੋ।
ਕਰਜੋ ਮੰਤ੍ਰ ਐਸੇ ਗੁਰੂ ਧੀਰ ਚਾਲੇ।
ਬਜੈ ਬ੍ਰਿੰਦ ਧੌਂਸਾਨਿ ਨਾਦੰ ਬਿਸਾਲੇ।
ਤੁਫੰਗੈਂ ਕਰੀ ਤਜਾਰਿ ਤੋੜੇ ਉਠਾਏ।
ਕਸੀ ਠੋਕਿ ਗੋਰੀ ਪਲੀਤਾ ਮਿਲਾਏ ॥੪॥
ਕਿਨੇ ਲੀਨਿ ਨੇਜ਼ਾ ਕਿ ਸਾਂਗੰ ਸੰਭਾਰੇ।
ਕਿਨੂ ਚਾਂਪ[1] ਮੈਂ ਬਾਨ ਜੇਹੰ ਸੰਚਾਰੇ[2]।
[1]ਧਨੁਖ। [2]ਚਿੱਲੇ ਵਿਚ ਜੋੜਿਆ।
ਗੁਰੂ ਤੁੰਦ ਤਾਜ਼ੀ[1] ਕਿਯੋ ਆਪ ਚਾਲੇ।
[1]ਤੇਜ਼ ਘੋੜਾ।
ਮਲੇਛਾਨਿ ਪੈ ਕੋਪ ਜਾਗਜੋ ਬਿਸਾਲੇ ॥੫॥
ਕਰਜੋ ਚਾਂਪ[3] ਸੱਜੀ[1] ਕਠੋਰੰ ਕਰਾਲਾ।
[1]ਸੱਜੇ ਪਾਸੇ।
ਧਰੇ ਤੀਰ ਤੀਖੇ ਨਿਖੰਗੈ ਸੰਭਾਲਾ।
ਕਰੀ ਢੂਕ ਬੀਰਾਨਿ ਪੈ ਮਾਰ ਮਾਚੀ।
ਕਟੇ ਤੁੰਡ ਮੁੰਡੰ ਲਹੂ ਧੁਲਿ ਰਾਚੀ ॥੬॥

ਤੁਫੰਗੈਂ ਚਲੀ ਏਕ ਬਾਰੀ ਤੜਾਕੈ।
ਮਨੋ ਗਾਜ ਪੁੰਜੰ[1] ਗਿਰੰ ਪੈ ਕੜਾਕੈ। — [1]ਬਹੁਤੀ ਬਿਜਲੀਆਂ।
ਗਈ ਫੂਟਿ ਮੁੰਡੰ ਲਗੀ ਜੋਰ[1] ਗੋਰੀ। — [1]ਜ਼ੋਰ ਨਾਲ।
ਕਿਸੂ ਸੂਰ ਛਾਤੀ ਗਰੀ ਪਾਰ ਫੋਰੀ[1] ॥੭॥ — [1]ਛੇਕ ਪਾਕੇ ਫੋੜਕੇ ਪਾਰ ਹੋਈ।
ਕਿਸੂ ਬਾਂਹ ਟੂਟੀ ਗਿਰੇ ਸ਼ਸਤ੍ਰ ਭੂ ਮੈਂ।
ਰਿਦਾ ਬੇਧਿ ਕਾਹੂੰ ਖਰੇ ਬੀਰ ਘੂਮੈਂ।
ਕਿਸੂ ਲਾਤ ਟੂਟੀ ਗਈ ਫੋਰਿ ਗੋਰੀ।
ਕਿਤੇ ਪਾਨਿ[1] ਮਾਂਗੈ ਪਿਪਾਸਾ[2] ਨ ਥੋਰੀ ॥੮॥ — [1]ਪਾਣੀ। [2]ਤ੍ਰੇਹ।
ਹਜ਼ਾਰੋਂ ਮਰੇ ਬੀਰ ਕੇਈ ਲੁਠੰਤੇ[1]। — [1]ਲੁੱਛਦੇ ਹਨ।
ਕਿਤੇ ਘਾਇ ਖਾਏ ਸੁ ਕੇਈ ਉਠੰਤੇ।
ਪਰਯੋ ਭੂਰ ਰੌਰਾ ਹਲਾ ਹਾਲ ਹੋਈ।
ਝਟਾ ਪੱਟ ਜੁੱਟੇ ਮਿਟੇ ਨਾਂਹਿ ਢੋਈ ॥੯॥

ਤੋਟਕ ਛੰਦ:

ਗੁਰ ਸ੍ਰੀ ਹਰਿਗੋਵਿੰਦ ਬੀਰ ਮਹਾਂ।
ਚਲਿ ਆਇ ਪਿਖਯੋ ਰਣ ਰੰਗ ਜਹਾਂ।
ਸਮ ਅੰਜੁਲ ਕੇ ਖਪਰੇ[1] ਜੁ ਬਡੇ। — [1]ਬੁੱਕਾਂ ਵਤ ਚੌੜੇ ਤੀਰ।
ਧਨੁ ਜੇਹ ਅਰੋਪਤਿ[1] ਬ੍ਰਿੰਦ ਛਡੇ ॥੧੦॥ — [1]ਧਨੁਖ ਦੇ ਚਿੱਲੇ ਵਿਚ ਜੋੜਕੇ।
ਫਨਿ ਕੋ ਬਿਸਤਾਰਤਿ ਨਾਗ ਮਨੋ।
ਚਲਿ ਸ਼ੂੰਕਤਿ ਬੇਗ ਸਮੇਤ ਘਨੋ।
ਮੁਗ਼ਲਾਨਿ ਪਠਾਨਨਿ ਕੇ ਗਨ ਮੈਂ।
ਲਗਿ ਜਾਇੰ ਅਚਾਨਕ ਜਾਂ ਤਨੁ ਮੈਂ ॥੧੧॥
ਠਹਿਰੈਂ ਨਹਿਂ, ਪਾਰ ਪਰੈਂ ਨਰ ਤੇ।
ਅਗਵਾਰਿ ਖਰੋ ਬਿਧਤਾ ਸਰ ਤੇ[1]। — [1]ਜੇ ਕੋਈ ਉਸ ਤੋਂ) ਅੱਗੇ ਹੋਰ ਵੀ ਖੜਾ ਹੋਵੇ (ਤਾਂ ਉਹ ਬੀ ਤਿਸ) ਤੀਰ ਨਾਲ ਵਿੰਨ੍ਹਿਆਂ ਜਾਂਦਾ ਹੈ।
ਲਗਿ ਬੇਧਤਿ ਦੋਇ ਕਿ ਤੀਨਿ ਨਰੰ।
ਗੁਰੁਦੇਵ ਚਲਾਇ ਸਮੂਹ ਸਰੰ[1] ॥੧੨॥ — [1]ਬਹੁਤੇ ਬਾਣ।
ਬਡ ਰੌਰ ਮਚਯੋ ਰਣ ਠੌਰ ਬਿਖੈ।
ਭਟ ਮਾਰਤਿ ਕੈ ਮਰਤੇ ਸੁ ਦਿਖੈਂ।
ਹਯ ਬ੍ਰਿੰਦ ਕਿਤੇ ਹਿਹਨਾਵਤਿ ਹੈਂ।
ਕਿਤ ਸੂਰ ਬਿਨਾ ਬਹੁ ਧਾਵਤਿ ਹੈਂ

॥੧੩॥
ਗੁਲਕਾਂਨਿ ਲਗੇ ਕਿਤਿ ਭੂਮਿ ਲਿਟੈਂ।
ਕਿਤਨੇ ਕੁ ਮਰੇ ਭਟ ਕਾਟਿ ਸਟੈਂ।
ਜੁਤਿ ਭੂਖਨ ਜ਼ੀਨ ਸ਼ਿੰਗਾਰ ਕਰੇ।
ਅਸੁਵਾਰ ਸਮੇਤ ਅਨੇਕ ਮਰੇ ॥੧੪ ॥
ਸ੍ਵੈਯਾ ਛੰਦ:
ਮੁਗ਼ਲਸਖਾਂਨ ਸੁਨੀ ਸੁਧਿ ਗੁਰ ਕੀ
'ਆਪ ਚਢੇ ਛੋਰਤਿ ਹੈਂ ਬਾਨ।
ਏਕ ਬਾਰ ਦਲ ਉਮਡ ਪਰਯੋ ਬਡ
ਚਲਤਿ ਕ੍ਰਿਪਾਨ ਭਯੋ ਘਮਸਾਨ।
ਮੁਹਰੀ ਦਈ ਫੇਰਿ ਸੈਨਾ ਕੀ,
ਹਟਿ ਪਾਛੇ ਕੇਤਿਕ ਤਜਿ ਬਾਨ।
ਕਿਤਿਕ ਕਾਲ ਮੈਂ ਕਰਹਿਂ ਨਿਬੇਰਨਿ
ਸਰ ਮਾਰਤਿ ਸਤਿਗੁਰ ਸਵਧਾਨ'
॥੧੫॥
ਇਮ ਸੁਨਿ ਪੰਚ ਹਜ਼ਾਰ ਚਮੂੰ ਕਹੁ
ਆਇਸੁ ਦਈ 'ਅਰਹੁ ਅਗਵਾਇ।
ਗਹਿ ਲੀਜਹਿ ਗੁਰੁ ਬਲ ਛਲ ਕਰਿ ਕੈ
ਸਗਰੇ ਕਾਰਜ ਸਿਧ ਹੁਇ ਜਾਇਂ।
ਘੇਰ ਲੇਹੁ ਚਹੁੰਦਿਸ਼ਿ ਤੇ ਦਲ ਗਨ
ਸੈਨ ਮਰੇ ਇਕਲੋ ਤਬਿ ਪਾਇ।
ਭਾਜਯੋ ਦਯੋ ਖੁਦਾਇ ਅਬਹਿ ਗੁਰ
ਸ਼ਾਹੁ ਨਿਕਟਿ ਦਿਹੁ, ਬਡ ਹਰਖਾਇ'
॥੧੬॥
ਸੁਨਿ ਆਗਯਾ ਭਟ ਪੰਚ ਹਜ਼ਾਰੋਂ
ਸ਼ਸਤ੍ਰ ਸੰਭਾਰਿ ਤੁਰੰਗ ਚਲਾਇ।
'ਗਹਹੁ ਗੁਰੂ ਕਹੁ' ਬੋਲਤਿ ਧਾਏ
'ਭਯੋ ਮਦਤ ਹਮ ਆਨਿ ਖ਼ੁਦਾਇ।
ਬਾਜ ਸਹਤ ਲੇ ਚਲਹਿਂ ਜਿਯਤਿ ਕੋ,
ਸ਼ਾਹੁ ਪ੍ਰਸੰਨ ਇਨਾਮ ਦਿਵਾਇ।
ਚਮੂੰ ਅਲਪ ਤੇ ਕਯਾ ਲਰਿ ਸਾਕਹਿ
ਇਕ ਬਿਰ ਪਰੋ ਸਕਲ ਹੀ ਧਾਇ'

॥੧੭॥

ਰਸਾਵਲ ਛੰਦ:

ਮਲੇਛੀ ਜੁ ਸੈਨਾ।
ਮਿਲੀ† ਜੰਗ ਐਨਾ[1]।
ਕਰੈਂ 'ਮਾਰ ਮਾਰੰ।'
ਹਥ੍ਯਾਰੰ ਸੰਭਾਰੰ ॥੧੮॥
ਬੰਦੂਕੈਂ ਸੰਭਾਰੀ।
ਬਰੂਦੰ ਸੁ ਡਾਰੀ।
ਕਸੀ ਦੋਇ ਗੋਰੀ।
ਗਜੰ ਠੋਕਿ ਛੋਰੀ ॥੧੯॥
ਪਲੀਤੇ ਮਿਲਾਏ।
ਸੁ ਤੋੜੇ ਡੰਭਾਏ[1]।
ਕੜਾ ਕਾੜ ਛੁੱਟੈਂ।
ਭਟੰ ਲਾਗਿ ਫੁੱਟੈਂ ॥੨੦॥
ਕਰਜੋ ਦੌਰਿ ਹੱਲਾ।
ਰਣੰ ਖੇਤ ਮੱਲਾ।
ਪ੍ਰਹਾਰੀ ਕ੍ਰਿਪਾਨੈਂ।
ਬਡੇ ਬੀਰ ਹਾਨੈ ॥੨੧॥
ਗੁਰੂ ਬਾਨ ਛੋਰੇ।
ਚਲੇ ਬੇਗ ਘੋਰੇ।
ਜਿਸੇ ਜਾਇ ਲਾਗੈਂ।
ਤਬੈ ਪ੍ਰਾਨ ਤਜਾਗੈ ॥੨੨॥
ਦਲੰ ਮੇਘ ਘੋਰੇ[1]।
ਸੋ ਗੋਰੀ ਕਿ ਓਰੇ[1]।
ਪਰੈਂ ਏਕ ਬਾਰੀ।
ਹਲਾ ਹੂਲ ਭਾਰੀ ॥੨੩॥
ਗਿਰੇ ਮੂਰਛਾਏ।
ਮਨੋ ਨੀਂਦ ਪਾਏ।
ਕਿਤੇ ਪ੍ਰਾਨ ਹਾਨੇ।
ਕਿਨੇ ਰੋਸ ਠਾਨੇ ॥੨੪॥

ਸ੍ਵੈਯਾ:

ਪੰਜ ਹਜ਼ਾਰ ਪਰੇ ਲਲਕਾਰ

[1]ਜੰਗ ਵਿਚ ਠੀਕ ਰੁੱਝੀ। †ਪਾ:-ਜੁਟੀ।

[1]ਤੋੜੇ ਦਾਗੇ।

[1]ਫੌਜ ਹੈ ਬੱਦਲ ਭਯਾਨਕ (ਵਾਂਙ)।

[1]ਤੇ) ਓਹ ਗੋਲੀਆਂ ਹਨ ਕਿ ਗੜੇ।

ਤੁਫੰਗਨਿ ਮਾਰ ਕੈ ਰਾਰਿ ਮਚਾਈ।
ਚੇਤ ਬਿਖੈ ਜਿਮ ਮੇਘ ਘਟਾ ਬਨਿ
ਓਰਨ ਕੀ ਬਰਖਾ ਬਰਖਾਈ।
ਸੂਰ ਖਰੇ ਜਿਮ ਖੇਤ ਪਕര਼ੋ
ਇਕ ਬਾਰ ਹੀ ਮਾਰਿ ਕੈ ਭੂਮ ਗਿਰਾਈ।
ਤੀਰ ਗੁਰੂ ਕੇ ਸਮੀਰ ਬਹੈ
ਦਲ ਫਾਟ ਗਯੋ ਨਹਿ ਧੀਰਜ ਪਾਈ[1] ॥੨੫॥

[1]ਗੁਰੂ ਜੀ ਦੇ ਤੀਰ (ਮਾਨੋ) ਵਾਯੂ ਵਗੀ ਹੈ। (ਜਿਸ ਨਾਲ ਵੈਰੀ) ਦਲ (ਦੀਆਂ ਘਟਾਂ) ਪਾਟ ਗਈਆਂ ਤੇ ਟਿਕ ਨਾਂ ਸਕੀਆਂ।

ਸ੍ਰੀ ਹਰਿਗੋਵਿੰਦ ਚਾਂਪ ਕਠੋਰ ਤੇ
ਯੌਂ ਖਪਰੇ ਖਰ ਮਾਰਿਤ ਹੈਂ।
ਤੇਜ਼ ਤੁਰੰਗ ਕਰੇ ਬਿਚਰੈਂ,
ਜਿਤ ਬ੍ਰਿੰਦ ਰਿਪੂ ਤਿਤੁ ਡਾਰਤਿ ਹੈਂ।
ਲਾਗਤਿ ਹੀ ਉਥਲੈਂ ਹਯ ਤੇ
ਮਰਿ ਜਾਤਿ ਨ ਬਾਕ ਉਚਾਰਤਿ ਹੈਂ।
ਸੂਰ ਬਚੈ ਨ ਤੁਰੰਗ ਬਚੈ,
ਜਿਸ ਅੰਗ ਲਗੈ ਨ ਸੰਭਾਰਤਿ ਹੈ ॥੨੬॥
ਤੀਰਨਿ ਕੀ ਪਿਖਿ ਲਾਘਵਤਾ[1]
ਜਿਨ ਤੇ ਹਤਿ ਸੈਂਕੜੇ ਸੂਰ ਭਏ।
ਫੇਰ ਟਰੈਂ ਨ ਥਿਰੇ ਗੁਰ ਅੱਗ੍ਰ,
ਸਮੱਗ੍ਰ ਹੀ ਉੱਗ੍ਰਗ੍ਰ[1] ਨ ਧੀਰ ਲਏ।
ਖਾਨ ਬਡੇ ਮੁਗ਼ਲਾਨ ਕੀ ਸੈਨਿ ਕਿ
ਸੱਯਦ ਸ਼ੇਖ ਬਿਸਾਲ ਤਏ[1]।
ਦੇਖਹੁ ਕਜਾ, ਨ ਚਮੂੰ ਢਿਗ ਦੀਰਘ
ਘੇਰੋ ਚਹੁੰਦਿਸ਼, ਲੇਹੁ ਜਏ[1]' ॥੨੭॥

[1]ਫੁਰਤੀ।

[1]ਸਾਰੇ ਹੀ ਚੰਗੇ (ਸੂਰਮੇ)।

[1]ਤਿਆਰ ਬਰਤਿਆਰ ਹੋਏ, (ਅ) ਤਪੇ।

[1]ਜੈ, ਜੀਤ।

ਯੌਂ ਕਹਿ ਪੀਸ ਕੈ ਦਾਂਤ ਪਰੇ
ਗੁਰੁ ਊਪਰ ਏਕ ਹੀ ਬਾਰਿ ਘਨੇ।
ਹੋਤਿ ਭਏ ਥਿਰ ਥੰਭ ਮਨੋ
ਗਨ ਛੋਰਤਿ ਬਾਨ ਕੋ ਕੋਪ ਸਨੇ।
ਅੱਗ੍ਰ ਜੁ ਆਵਤਿ ਤਾਂ ਉਥਲਾਵਤਿ
ਜਯੋਂ ਬਡ ਗਾਜ ਮੁਨਾਰੇ ਹਨੇ।
ਕਾਨ ਪ੍ਰਮਾਨ ਲੌ ਤਾਨਿ[1] ਚਲਾਵਤਿ
ਮਾਰੇ ਅਨੇਕ ਹੀ ਕੌਨ ਗਿਨੇ ॥੨੮॥

[1]ਕੰਨ ਤੀਕ ਖਿਚਕੇ।

ਪੂਰਬ ਮੰਤ੍ਰ ਕਰਯੋ ਤਿਸ ਹੇਤੁ[1]
[1]ਪਹਿਲੀ ਸਲਾਹ ਜੋ (ਪੈਂਦੇ ਖਾਨ ਨਾਲ ਕੀਤੀ ਸੀ ਜੋ ਦੱਖਣ ਨੂੰ ਭੇਜਿਆ ਸੀ) ਉਸ ਲਈ.....।

ਹਟੇ ਗੁਰੁ ਪਾਛੇ ਤਜੇ ਰਣ ਥਾਨਾ।
ਦੇਖਿ ਮਲੇਛ ਬਡੇ ਉਮਡੇ
ਹਥਿਯਾਰ ਪ੍ਰਹਾਰ ਕਰੈਂ ਘਮਸਾਨਾ।
ਯੌਂ ਕੜਕੀ ਇਕ ਬਾਰਿ ਤੁਫੰਗ
ਮਨੋ ਤੜਿਤਾ ਗਨ ਗਾਜ ਮਹਾਨਾ[1]।
[1]ਮਾਨੋ ਬੜੀਆਂ ਬਿਜਲੀਆਂ ਗੱਜੀਆਂ ਹਨ।

ਚੌਂਪ ਤੇ ਊਪਰਿ ਧਾਇ ਪਰੇ
ਜਿਨ ਕੋ ਤਨ ਕਾਲ ਮਹਾਂ ਨਿਯਰਾਨਾ[1] ॥੨੯॥
[1]ਜਿਨ੍ਹਾਂ ਦੇ ਤਨ ਦੀ ਮੌਤ ਨੇੜੇ ਆਈ ਹੈ।

'ਭਾਜਿ ਨ ਜਾਇ ਗਰੂ ਰਣ ਛੋਰਿ ਕੈ
ਘੇਰਹੁ ਕਯੋਂ ਨ ਹਟਯੋ ਜਿ ਪਿਛਾਰੀ।
ਸ਼ਾਹੁ ਚਮੂੰ ਬਡ ਜਾਇ ਅਰਯੋ
ਨਹਿਂ ਬਾਹਨੀ ਸੰਗ ਅਬੈ ਬਹੁ ਮਾਰੀ[1]।'
[1]ਮਾਰ ਲਓ।

ਯੌਂ ਕਹਿ ਆਪਸਿ ਮੋਂ ਉਮਡੇ
ਕਰਵਾਲ ਕਰਾਲਨਿ ਖੈਂਚਿ ਨਿਕਾਰੀ।
ਬ੍ਰਿੰਦ ਬਡੀ ਲਿਸ਼ਕੈ, ਕਰ ਬੀਰਨਿ[1]
[1]ਸੂਰਮਿਆਂ ਦੇ ਹੱਥਾਂ ਵਿਚ।

ਜਯੋਂ ਤੜਿਤਾ ਗਨ ਰੂਪ ਕੋ ਧਾਰੀ ॥੩੦॥
ਸ਼੍ਰੀ ਗੁਰ ਕੀ ਗਤਿ ਦੇਖਿ ਤਬੈ
ਤਖਤੂ ਸਿਖ ਜੈਤ ਨੇ ਬਾਕ ਉਚਾਰੇ।
'ਰਾਵਰ ਕੇ ਹਟਿ ਆਵਨਿ ਤੇ
ਇਹ ਧਾਇ ਮਲੇਛ ਪਰ ਅਬਿ ਸਾਰੇ।
ਆਪ ਕੇ ਬੀਰ ਧਕਾਇ ਲਿਏ
ਰਣ ਖੇਤ ਮਹਾਂ ਕਰਿ ਜੋਰ ਨਿਕਾਰੇ।
ਧੀਰ ਧਰੋ ਸੁ ਗ਼ਰੀਬ ਨਿਵਾਜ
ਹਤੈਂ ਇਨ ਕੋ ਤੁਮਰੇ ਲਲਕਾਰੇ' ॥੩੧॥
ਸ਼੍ਰੀ ਹਰਿਗੋਵਿੰਦ ਬੀਰ ਬਹਾਦੁਰ
ਬਾਕ ਕਹਯੋ 'ਇਨ ਆਵਨਿ ਦੀਜੈ।
ਜਾਨਿ ਕੈ ਥਾਨ ਤਜਯੋ ਹਮ ਨੇ,
ਅਗਵਾਇ ਬਧੈਂ ਚਿਤ ਚੌਂਪ ਪਤੀਜੈ।
ਏਕ ਹੀ ਬਾਰਿ ਕਰੈਂ ਕਟੀਯਾ,
ਮਟੀਯਾ ਜਿਮ ਸੋਟਿ ਤੇ ਫੋਰਨਿ ਕੀਜੈ[1]।
[1]ਜਿਵੇਂ ਸੋਟੇ ਨਾਲ ਮਟਕੀ ਤੋੜ ਦੇਈਦੀ ਹੈ।

ਮਾਰੋ ਤੁਫੰਗਨ ਤੇ ਗੁਲਕਾਂ ਅਰ
ਤਜਾਰ ਰਹੋ ਅਬਿ ਜੰਗ ਦਿਖੀਜੈ'
॥੩੨॥

ਦੋਹਰਾ:
ਇਤਿ ਐਸੇ ਈ ਕਹਤਿ ਥੇ, ਆਯੇ ਪੈਂਦੇਖਾਨ।
ਬਿਧੀ ਚੰਦ ਜਿਹ ਸੰਗ ਹੈ, ਪਰੇ ਜੰਗ ਪਰ ਆਨ ॥੩੩॥
ਅਜਬ ਤਮਾਂਚਾ ਗ਼ਜ਼ਬ ਕੋ, ਲਗਜੋ ਮਲੇਛਨਿ ਅੰਗ।
ਭੁਰਜਹਿਂ ਧਾਨਾ ਭਾਠ ਜਿਮ[1], ਛੁਟੀ ਸ਼ਲਖ ਤੁਫੰਗ ॥੩੪॥

ਚਾਚਰੀ ਛੰਦ:
ਤੁਫੰਗੈਂ। ਨਿਸੰਗੈਂ।
ਉਠਾਈ। ਚਲਾਈ ॥੩੫॥
ਦੁਗੋਰੀ। ਕਿ ਛੋਰੀ।
ਪਲੀਤੇ। ਧੁਖੀਤੇ ॥੩੬॥
ਉਲੱਟੇ। ਪਲੱਟੇ[1]।
ਦਬੱਟੇ[1]। ਨ ਲੱਟੇ[2] ॥੩੭॥
ਕੜਾਕੇ। ਤੜਾਕੇ।
ਸੁ ਨੇਜੇ। ਜੁ ਤੇਜ਼ੇ ॥੩੮॥
ਉਠਾਏ। ਭ੍ਰਮਾਏ।
ਲਗਾਏ। ਧਸਾਏ ॥੩੯॥
ਕ੍ਰਿਪਾਨੈਂ। ਮਹਾਨੈਂ।
ਨਿਕਾਸੀ। ਪ੍ਰਕਾਸ਼ੀ ॥੪੦॥
ਚਲਾਈ। ਲਗਾਈ।
ਪ੍ਰਕਾਟੇ[1]। ਨ ਹਾਟੇ ॥੪੧॥
ਅਚਾਨੇ[1]। ਪ੍ਰਹਾਨੇ।
ਅਰਾਤੀ। ਕਿ ਘਾਤੀ ॥੪੨॥
ਹਥਜਾਰੇ। ਉਘਾਰੇ।
ਉਭਾਰੇ। ਪ੍ਰਹਾਰੇ ॥੪੩॥
ਦੁ ਹੁੱਲੇ[1]। ਸੁਹੱਲੇ।

[1]ਜਿਵੇਂ ਭੱਠੀ ਵਿਚ ਧਾਈਂ ਭੁੱਜਦੇ ਹਨ।

[1]ਪਲਟਾਕੇ।

[1]ਦਬਾਏ। [2]ਹਟੇ ਨਹੀਂ।

[1]ਚੰਗੀ ਤਰ੍ਹਾਂ ਕੱਟੇ।

[1]ਅਚਾਨਕ ਹੀ।

[1]ਦੋਹਾਂ ਪਾਸਿਆਂ ਦੇ।

ਇਕੱਲੇ। ਧਕੱਲੇ ॥੪੪॥
ਅਰੇ ਹੈਂ। ਖਰੇ ਹੈਂ।
ਮਰੇ ਹੈਂ। ਤਰੇ ਹੈਂ ॥੪੫॥
ਉਚਾਰੈਂ। ਪੁਕਾਰੈਂ।
ਪ੍ਰਹਾਰੈਂ। ਸੰਘਾਰੈਂ ॥੪੬॥

ਸਿਰਖਿੰਡੀ ਛੰਦ:

ਪੈਂਦੇ ਖਾਂ ਬਡ ਜੋਧਾ, ਪਰਜੋ ਰਿਸਾਇ ਕੈ।
ਖੜਗ ਹਾਥ ਬਡ ਕ੍ਰੋਧਾ, ਕਰਹਿ ਪ੍ਰਹਾਰਿ ਕੈ।
ਜਿਨ ਆਗਾ ਬਡ ਰੋਧਾ[1], ਮਾਰੇ ਧਰਿ ਧਰੇ।
ਜਾਤੀ ਮਲਕ ਕਿ ਪ੍ਰੋਧਾ,
'ਹਤਿ ਹਤਿ' ਤਾਂ ਰਰੇ[†1] ॥੪੭॥

[1]ਰੋਕਿਆ।
[1]ਤਿਨ੍ਹਾਂ ਨੂੰ ਕਹਿੰਦਾ ਹੈ 'ਮਾਰ ਲੌ, ਮਾਰ ਲੌ।'
[†]ਪਾ:-ਹਤਹਿ ਤਤਾਰਦੇ = ਤੀਰ ਮਾਰਦਾ ਹੈ।

ਨੰਦਾ ਸਿੱਖ ਪਿਰਾਗਾ, ਤੇਗ਼ੇ ਧੂਹਿ ਕੈ।
ਸੁਭਟਨਿ ਕਾਟਨਿ ਲਾਗਾ, ਤੁਰੰਗ ਫੰਦਾਇ ਕੈ।
ਮਾਰੇ ਰੋਕਤਿ ਆਗਾ, ਝਟ ਪਟ ਗਿਰ ਪਰੇ।
ਜੰਗ ਭੀਮ ਬਡ ਜਾਗਾ, ਜੋਗਨਿ ਹਸਤਿ ਹੈਂ ॥੪੮॥
ਲੋਹੁ ਖੱਪਰ ਭਰਤਿ, ਅਘਾਵਤਿ ਪਾਵਤੀ।
ਰਿਦੇ ਹਰਖ ਕੋ ਧਰਤਿ, ਸੁ ਤਾਲਿ[1] ਬਜਾਵਤੀ।
ਭੂਤ ਪ੍ਰੇਤ ਗਨ ਫਿਰਤਿ, ਖਾਇ ਡਕਰਾਵਤੇ[1]।
ਆਂਤ੍ਰਨ ਮਾਲਾ ਕਰਤਿ, ਹਸਤਿ ਬਹੁ ਨਾਚਤੇ ॥੪੯॥
ਭੇੜ ਪਇਆ ਤਰਵਾਰੀਂ, ਬਰਛੇ ਠੇਲਿ ਕੈ[1]।
ਅਤਿ ਕਾਲੀ ਕਿਲਕਾਰੀ, ਆਮਿਖ ਭੱਖਿ ਕੈ।
ਆਂਤ੍ਰੇ ਗਹਤਿ ਉਡਾਰੀ, ਗ੍ਰੀਝ ਕਿ ਚੰਗ ਹੈਂ[1]।

[1]ਤਾੜੀਆਂ।
[1]ਡਕਾਰ ਮਾਰ ਕੇ।
[1]ਕੱਢਕੇ, ਅਗੇ ਨੂੰ ਵਧਾਕੇ।
[1]ਗ੍ਰਿੱਝਾਂ ਹਨ ਕਿ ਪਤੰਗਾਂ ਹਨ ਮਾਨੋ।

ਕਾਕ[1] ਰੁ ਕੰਕ[2] ਪੁਕਾਰੀ, ਦਾਰੁਨ ਸ਼ਬਦ ਤੇ ॥੫੦॥

[1]ਕਾਕ = ਕਾਂ। [2]ਕੰਕ = ਇਕ ਸ਼ਿਕਾਰੀ ਪੰਛੀ ਚੀਲ ਵਰਗਾ, ਜਿਸ ਦੇ ਖੰਭ ਤੀਰਾਂ ਨੂੰ ਲਾਉਂਦੇ ਸਨ। ਚਿੱਟੀ ਚੀਲ।

ਨੰਦਾ ਗੁਰੂ ਅਗਾਰੀ, ਖੈਂਚਿ ਕ੍ਰਿਪਾਨ ਕੋ।
ਵਾਹਤਿ ਵਾਰੋ ਵਾਰੀ, ਮੁਗ਼ਲ ਪਠਾਨ ਕੋ।
ਅਰਹਿ ਤਾਂਹਿ ਦੇ ਮਾਰੀ, ਧਰਹਿਂ ਨ ਪ੍ਰਾਨ ਕੋ।
ਜੁੱਟਯੋ ਬੀਰ ਜੁਝਾਰੀ, ਸ਼ੱਤ੍ਰਨਿ ਹਾਨਿ ਕੋ ॥੫੧॥
ਤੁਰਕ ਪਰੇ ਅਰਿਰਾਇ, ਸੁ ਨੰਦਾ ਘਿਰ ਗਯੋ।
ਗੁਲਕਾਂ ਚਲਿ ਸਮੁਦਾਇ, ਤੁਰੰਗਮ ਹਤਿ ਭਯੋ।
ਚਹੁੰਦਿਸ਼ਿ ਮਹਿਂ ਰਿਪੁ ਆਇ, ਪ੍ਰਹਾਰਹਿਂ ਏਕ ਕੇ।
ਸਭਿ ਤੇ ਅੰਗ ਬਚਾਇ, ਹਤੇ ਗਨ ਸੂਰਮੇ ॥੫੨॥
ਖੜਗ ਟੁਟਯੋ ਜਿਸ ਕਾਲ,
ਨਿਰਾਯੁਧ ਹ੍ਵੈ ਗਯੋ।
ਮਿਰਜ਼ਾਬੇਗ ਬਿਸਾਲ,
ਲਾਤ ਤੇ ਗਹਿ ਲਯੋ।
ਐਂਚ ਉਤਾਰਿ ਉਤਾਲ, ਨਹੀਂ ਸ਼੍ਰਮ ਕਿਛ ਕਿਯੋ[1]।
ਅਵਨੀ ਪਰ ਤਿਹ ਡਾਲ, ਮਹਾਂ ਬਲ ਤੇ ਦਿਯੋ ॥੫੩॥

[1]ਖਿਚ ਕੇ ਘੋੜੇ ਉਤੋਂ ਲਾਹ ਲਿਆ ਛੇਤੀ ਨਾਲ ਹੀ ਕੋਈ ਦੇਰ ਨ ਕੀਤੀ।

ਦੋਹਰਾ:
ਨੰਦਾ ਚਾਹਤਿ -ਖੜਗ ਕੋ, ਇਸ ਤੇ ਲੈਹੋਂ ਛੀਨਿ-।
ਮਿਰਜ਼ਾਬੇਗ ਸੰਭਾਰਿ ਕੈ, ਭਰਿ ਕੌਰੀ ਮਹਿਂ ਲੀਨਿ ॥੫੪॥

ਚੌਪਈ:
ਮੁਸ਼ਟ[1] ਯੁੱਧ ਦੋਨਹੁ ਅਰ ਪਰੇ।
ਘਾਵ ਕਰਨਿ ਤੇ ਭਟ ਹਟਿ ਖਰੇ।

[1]ਮੁੱਕਿਆਂ ਦਾ।

ਪਿਖਿਨਿ ਲਗੇ ਤਿਨ ਦੁਹਨ ਤਮਾਸ਼ਾ।
ਮੁਗ਼ਲ ਸਿੱਖ ਰਨ[1] ਮਹਦ ਪ੍ਰਕਾਸ਼ਾ ॥੫੫॥

[1]ਮੁਗਲ ਤੇ ਸਿੱਖ ਦਾ ਜੰਗ।

ਕਬਹਿ ਮੁਸ਼ਟ ਕਬਿ ਹਤਹਿਂ ਤਮਾਚੇ[1]।

[1]ਚਪੇੜਾਂ।

ਕਬਿ ਕੌਰੀ[1] ਕੋ ਭਰਿ ਰਿਸ ਰਾਚੇ।

[1]ਜੱਫੀ।

ਹਿਤ ਗੇਰਨ ਕੇ ਓਜ ਲਗਾਵੈਂ।
ਚਪੇ ਬੀਰ ਜੁਗ ਜੰਗ ਮਚਾਵੈਂ ॥੫੬॥
ਬਦਨ ਬਿਲੋਚਨ ਜਿਨ ਕੇ ਲਾਲ।
ਅੰਗਨਿ ਗੁੰਦਤਿ[1], ਰੂਪ ਕਰਾਲ।

[1]ਅੰਗ ਗੁੰਦੇ ਹੋਏ, ਭਾਵ ਇਕ ਦੂਜੇ ਨਾਲ ਜੁੜੇ ਹੋਏ।

ਸੈਨ ਮਲੇਛੀ ਅਪਰ ਜੁ ਆਈ।
ਤਿਨ ਕੀ ਸ਼ਲਖ ਛੁਟੀ ਅਗਵਾਈ ॥੫੭॥
ਤਿਨ ਕੇ ਕਿਤਿਕ ਲਗੀ ਜਬਿ ਗੋਰੀ।
ਦੇਹਿ ਦੁਹਨਿ ਕੀ ਬਹੁ ਥਲ ਫੋਰੀ[1]।

[1]ਕਈਆਂ ਥਾਵਾਂ ਤੋਂ ਫੁੱਟ ਗਈ।

ਗੁੰਦਤਿ ਅੰਗ[1] ਦੁਉ ਧਰ ਡਾਰੇ।

[1]ਭਾਵ ਜੱਫੀਆਂ ਪਾਈਆਂ ਪੁਵਾਈਆਂ।

ਚਢਿ ਬਿਵਾਨ ਇਕ, ਸੁਰਗ ਸਿਧਾਰੇ ॥੫੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਨੰਦਾ ਮਿਰਜ਼ਾ ਬੇਗਬਧ' ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

## ੧੨. [ਤੋਤਾ, ਤਿਲੋਕਾ, ਅਨੰਤਾ, ਨਿਹਾਲੂ ਬੱਧ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਦੁਹਿਦਿਸ਼ਿ ਤੇ ਗੁਰ ਦਲ ਪਰਜੋ, ਭਈ ਤੁਫੰਗਨਿ ਮਾਰਿ।
ਗਿਰੇ ਬੀਰ ਸੰਗ੍ਰਾਮ ਮਹਿਂ, ਭਾਗੇ ਕਿਤਿਕ ਸੁਮਾਰਿ[1] ॥੧॥

[1]ਜ਼ਖਮੀ ਹੋਕੇ।

ਚੌਪਈ:

ਸ਼੍ਰੀ ਹਰਿ ਗੋਵਿੰਦ ਕੇ ਬਡ ਜੋਧਾ।
ਕਰੀ ਲਖੇਰ ਪਥੇਰ ਸੁ ਕ੍ਰੋਧਾ।
ਉੱਦੋ, ਦਾਊ, ਦੋਇ ਹਰੀ ਕੇ।
ਅਮੀਆਂ, ਹੇਹਰ ਮੁੱਖ ਅਨੀ ਕੇ[1] ॥੨॥

[1]ਸੈਨਾਂ ਦੇ ਮੁਖੀ।

ਰਿੰਧਾਵਾ ਮੁਹਰੂ ਬਡ ਬੀਰ।
ਮੋਹਨ ਅਪਰ ਗੁਪਾਲਾ ਧੀਰ।
ਜੈਤਾ, ਤੋਤਾ, ਕਿਸ਼ਨ, ਨਿਹਾਲੂ।
ਨਾਮ ਪਿਰਾਗਾ ਸੂਰ ਬਿਸਾਲੂ ॥੩॥
ਤਖਤੂ, ਦਯਾਲ, ਤਿਲੋਕਾ, ਧੀਰਾ।
ਦੇਵੀ ਦਾਸ, ਅਨੰਤਾ, ਹੀਰਾ।
ਪੈੜਾ ਆਦਿਕ ਕੌਨ ਗਨੀਜਹਿ।
ਗੁਰ ਸੈਨਾ ਕੇ ਮੁੱਖਿ ਜਨੀਜਹਿ ॥੪॥
ਜਾਤੀ ਮਲਕ ਬਿੱਪ੍ਰ ਬਡਿ ਜੋਧਾ।
ਸੋਢੀ ਬੰਸ ਸਭਿਨਿ ਕੋ ਪ੍ਰੋਧਾ[1]।
ਜੇਠਾ, ਬਿਧੀਚੰਦ ਬਲਵੰਤਾ।
ਪੈਂਦੇ ਖਾਨ ਬੀਰ ਅਤਿਯੰਤਾ ॥੫॥

[1]ਪ੍ਰੋਹਿਤ।

ਬਾਬਕ ਨਾਮ ਰਬਾਬੀ ਪਾਸ†।

†ਗੁਰੂ ਜੀ ਦੀ ਕਰਨੀ ਵਲ ਤੱਕੋ ਪ੍ਰੋਹਤਾਂ, ਬ੍ਰਾਹਮਣਾਂ ਤੇ ਰਬਾਬੀਆਂ ਤੱਕ ਨੂੰ ਯੱਧੇ ਬਣਾ ਲਿਆ।

ਆਯੁਧ ਬਿੱਦਯਾ ਕੋ ਅੱਭ੍ਯਾਸ।
ਇਹ ਤਿਹ ਸਮੈਂ ਭਏ ਰੰਗ ਰੱਤੇ।
ਚਲੀ ਕ੍ਰਿਪਾਨੈ ਰਿਸ ਭਰਿ ਤੱਤੇ ॥੬॥
ਉਤ ਲੁਤਫੁੱਲਹਿ ਖਾਨ[1] ਬਹਾਦਰ।
ਸ਼ਾਹਜਹਾਂ ਰਾਖਹਿ ਜਿਸ ਆਦਰ।
ਪੁਨ ਇਸਮਾਇਲ ਖਾਨ ਚਮੂੰਪਤਿ।
ਜੋ ਜਾਨਤਿ ਹੈ ਜੁੱਧ ਕਰਨਿ ਅਤਿ ॥੭॥

[1]ਉਸ ਤਰਫ ਲੁਤਫ ਉੱਲਾ ਖਾਨ।

ਦੁੰਦੇ ਖਾਨ, ਬਹਾਦਰ ਖਾਨ।
ਇੱਤਯਾਦਿਕ ਬਡ ਬੀਰ ਪਠਾਨ।
ਸੱਯਦ ਇਕ ਦਿਦਾਰਲੀ[1] ਭਾਰਾ। [1]ਦੀਦਾਰ ਅਲੀ।
ਬਲੀ ਬੇਗ, ਦਲ ਬੇਗ ਉਦਾਰਾ ॥੮॥
ਇਸ ਤੇ ਆਦਿ ਮੁਗ਼ਲ ਸਿਰਦਾਰ।
ਜਿਨ ਸੰਗ ਸੈਨਾਂ ਕਈ ਹਜ਼ਾਰ।
ਰੌਰਾ ਪਰਜੋ ਸਭੀ ਢੁਕ ਪਰੇ।
ਦੁਹਿਦਿਸ਼ ਕੇ ਜੋਧਾ ਥਿਰਿ ਅਰੇ ॥੯॥

ਭੁਯੰਗ ਪ੍ਰਯਾਤ ਛੰਦ:

ਦਊ ਬੀਰ ਬਾਂਕੇ, ਗੁਰੂ ਕੇ ਬਧਾਏ।
ਬਿਧੀਚੰਦ ਪੈਂਦਾ, ਰਿਦੇ ਰੋਸ ਆਏ।
ਮਲੇਛੀ ਚਮੂੰ, ਸਿੰਧੁ ਜੈਸੀ ਬਿਸਾਲਾ।
ਬਰੇ ਮੱਛ ਦੋਨੋ, ਹਲਾ ਚਾਲ ਘਾਲਾ ॥੧੦॥
ਤੁਰੰਗੈਂ ਚਲਾਈ, ਦਈ ਦਾਸ ਪਾਸੇ[1]। [1]ਚਲ ਚੁਕੀਆਂ ਬਿੰਦੂਕਾਂ (ਨੌਕਰਾਂ ਨੂੰ ਫੜਾ ਕੇ)।
ਗਹੇ ਫੇਰ ਨੇਜ਼ੇ, ਉਭਾਰੇ ਹੁਲਾਸੇ।
ਪਰੇ ਦੌਰਿ ਐਸੇ, ਜਥਾ ਬਾਜ਼ ਭੁਖਾ।
ਉਡਜੋ ਹੇਰਿ ਪੰਛੀ, ਗਹੈ ਖਾਇ ਸੂਖਾ[1] ॥੧੧॥ [1]ਸੁਖੈਨ ਹੀ (ਅ) ਸੁੱਕੇ ਨੂੰ ਹੀ।
ਉਥੱਲੇ ਪਥੱਲੇ, ਨ ਜੋ ਪਾਇ ਹੱਲੇ।
ਕਰੇ ਛੂਛ ਬਾਜੀ, ਅਕੱਲੇ ਧਕੱਲੇ[1]। [1]ਅਕੱਲਿਆਂ ਨੇ ਧੱਕ ਦਿਤੇ।
ਹਤੈਂ ਨੋਕ ਨੇਜ਼ਾਨਿ[1], ਦੇਹੀ ਖੁਭਾਵੈਂ। [1]ਨੇਜ਼ਿਆਂ ਦੀਆਂ ਨੋਕਾਂ।
ਗਹੈਂ ਬਾਂਸ ਐਂਚੰ, ਫਲੰ ਕੋ ਚੜਾਵੈਂ[1] ॥੧੨॥

[1]ਨੇਜ਼ਾ ਮਾਰਕੇ ਨੋਕ (ਨੇਜ਼ੇ ਦੀ) ਦੇਹੀ ਵਿਚ ਖੁਭਾ ਦੇਂਦੇ ਹਨ (ਫੇਰ) ਫੜੇ ਹੋਏ (ਨੇਜੇ ਦੇ) ਵਾਂਸ ਨਾਲ ਖਿੱਚ ਕੇ ਅਸਮਾਨ ਰੁਖ਼ ਕਰਕੇ (ਘੁਮਾ ਕੇ ਸਿੱਟ ਦੇਂਦੇ ਹਨ। [ਹਿੰਦੀ, ਫਲੰਕ, ਫਾ. ਫਲਕ = ਅਸਮਾਨ। ਕਵਿ ਪਦਮਾਕਰ ਨੇ ਬੀ ਪਦ ਫਲੰਕਾ, ਅਸਮਾਨ ਅਰਥਾਂ ਵਿਚ ਪਰਤਿਆ ਹੈ] (ਅ) (ਖੁੱਭੇ ਹੋਏ ਨੇਜੇ ਦੇ ਫਲੰਕੋ =) ਫਲ ਨਾਲ (ਵੈਰੀ ਦੀ) ਦੇਹ ਨੂੰ (ਨੇਜ਼ੇ ਦੇ ਹੱਥ ਵਿਚ) ਫੜੇ ਵਾਂਸ ਨਾਲ ਖੜਾ ਕਰਕੇ (ਸਿੱਟ ਦੇਂਦੇ ਹਨ)।

ਬਲੀ ਦੀਹ ਘੋਰੇ, ਧਵਾਵੈਂ, ਪ੍ਰਹਾਰੈਂ।
ਕਿਸੂ ਫੇਟ ਸੋਂ[1], ਗੇਰਿ ਭੂ ਮੈ ਸੰਘਾਰੈਂ। [1]ਸੱਟ ਨਾਲ।
ਕਿਸੂ ਦੇਂ ਧਕੇਲਾ, ਤੁਰੰਗੈ ਸਮੈਤਾ।
ਗਿਰੈਂ ਪ੍ਰਾਨ ਖ੍ਵੈ ਕੈ, ਨ ਹੋਵੈਂ ਸੁਚੇਤਾ ॥੧੩॥

ਤਬੈ ਬੀਰ ਪੈਂਦਾ, ਕੁਪ੍ਯੋ ਜੰਗ ਮਾਂਹੀ।
ਹਯੰ ਛੋਰਿ ਦੀਨੋ, ਲਿਯੋ ਖੱਗ ਤਾਂਹੀ।
ਦੁਤੀ ਹਾਥ ਮੈਂ, ਢਾਲ ਭਾਰੀ ਸੰਭਾਰੀ।
ਬਰ੍ਯੋ ਫਾਂਦਿ ਕੈ, ਬੀਰ ਕੀਨੇ ਸੰਘਾਰੀ ॥੧੪॥
ਹਤੈ ਤੇਗ ਕਾਂ ਕੇ[1], ਕਿਤੇ ਢਾਲ ਢਾਹੇ।
ਕਿਸੂ ਦੇ ਧਕੇਲਾ, ਰਖੇ ਜੰਗ ਮਾਂਹੇ।
ਹਤੈ ਲਾਤ ਕਾਂ ਕੇ, ਗਿਰੈਂ ਬੀਰ ਭਾਰੇ।
ਸਹਾਰ੍ਯੋ ਨ ਜਾਈ, ਕਿਤੇ ਸੂਰ ਮਾਰੇ ॥੧੫॥

[1]ਕਿਸੇ ਦੇ।

ਕਰੀ ਤੇਗ਼ ਮ੍ਯਾਨੰ, ਰਖੀ ਢਾਲ ਬਾਏਂ।
ਚਲ੍ਯੋ ਜਾਤਿ ਘੋਰਾ, ਗਹੇ[1] ਹਾਥ ਦਾਏਂ।
ਕਰੈ ਓਜ ਤੇ, ਟਾਂਗ ਐਂਚੈ, ਗਿਰਾਵੈ।
ਤਰੈ ਬੀਰ ਦਾਬੈ, ਮਰੈ, ਪ੍ਰਾਨ ਜਾਵੈ ॥੧੬॥

[1]ਫੜਕੇ।

ਡਰੇ ਬੀਰ ਸਾਰੇ, ਨਹੀਂ ਨੇਰ ਕੀਨੋ।
ਖਰੇ ਦੂਰ ਗੋਰੀ, ਚਲਾਵੈਂ ਸੁ ਚੀਨੋ।
ਤਬੈ ਧਾਇ ਘੋਰੇ, ਚਰ੍ਯੋ ਬੀਰ ਪੈਂਦਾ।
ਤੁਫੰਗੰ ਸੰਭਾਰੀ, ਨਹੀਂ ਖੌਫ† ਕੈਂਦਾ[1] ॥੧੭॥

[1]ਕਿਸੇ ਦਾ। †ਪਾ:-ਤ੍ਰਾਸ।

ਨਰਾਜ ਛੰਦ:

ਭਰੇ ਪਠਾਨ ਕੋਪ ਮੈਂ, ਫਿਰੇ ਸੁ ਮੋਰ[1] ਖਾਇ ਕੈ।
ਤੜਾ ਭੜੀ ਤੁਫੰਗ ਤੇ, ਮਚਾਇੰ ਬੀਰ ਘਾਇ ਕੈ।
ਇਤੇ ਗੁਰੂ ਅਗਾਰ ਕੋ, ਸਿਧਾਰਿ ਪਾਉਂ ਡਾਰਿ ਕੈ[1]।
ਪਰੇ ਜੁਝਾਰ ਦੌਰਿ ਕੈ, ਕ੍ਰਿਪਾਨ ਕੋ ਪ੍ਰਹਾਰਿ ਕੈ ॥੧੮॥

[1]ਮੋੜਾ।

[1]ਅਗਾਹਾਂ ਨੂੰ ਪੈਰ ਧਰਕੇ ਟੁਰੇ ਭਾਵ ਤੁਰਕਾਂ ਤੇ ਜਾ ਪਏ।

ਤੁਰੰਗ ਸੰਗ ਅੰਗ ਭੰਗ, ਸੂਰ ਪ੍ਰਾਨ ਛੋਰਿ ਕੈ।
ਭਏ ਅਰੋਹ[1] ਦੇਵ ਲੋਕ, ਸ਼ੋਕ ਤ੍ਯਾਗਿ

[1]ਚੜ੍ਹ ਗਏ। [2]ਚਾਹ ਕੇ।

ਲੋਰਿ ਕੈ[2]।
ਫਿਰੈਂ ਕਬੰਧ[1] ਅੰਧ ਸੇ, ਗਿਰੈਂ ਭਵਾਰਿ ਖਾਇ ਕੈ। [1]ਧੜ।
ਪੁਕਾਰ ਮਾਰਿ ਮਾਰਿ ਕੈ, ਕਟੈਂ ਕ੍ਰਿਪਾਨ ਘਾਇ ਕੈ ॥੧੯॥
ਕਟੈਂ ਸਿਕੰਧ[1] ਦੰਡ[2] ਬਾਹੁ, ਹਾਥ ਅੰਗੁਰੀਨ ਤੇ। [1]ਮੋਢੇ। [2]ਬਾਹਾਂ।
ਗਿਰੰਤਿ ਸੀਸ ਗ੍ਰੀਵ ਤੇ, ਕਿ ਤੁੰਡ[1] ਕਾਟਿ ਦੀਨ ਤੇ। [1]ਮੂੰਹ।
ਉਰੂ ਕਿ ਗੋਡਿਯਾਨ ਤੇ, ਨਿਕੰਦਿ ਦੇਤਿ ਡਾਰਿ ਕੈ।
ਗੁਮਾਯ ਮਾਸ ਖਾਤਿ ਬ੍ਰਿੰਦ, ਜੋਗਨੀ ਡਕਾਰਿ ਕੈ ॥੨੦॥
ਬਿਹੰਗ ਮਾਸਹਾਰਿ[1], ਆਇ ਖਾਤਿ ਹੈਂ ਅਘਾਇ ਕੈ। [1]ਮਾਸਾਹਾਰੀ (ਪੰਛੀ)।
ਬਿਥਾਰਿ ਸ਼੍ਰੋਣ ਮਾਸ ਕੋ, ਪ੍ਰਕਾਸ਼ ਬੀਰ ਘਾਇ ਕੈ।
ਕਰੰਤਿ ਲੋਥ ਪੋਥਨਾ, ਤੁਰੰਗ ਛੂਛ ਦੌਰਤੇ।
ਪ੍ਰਹਾਰਤੇ ਕ੍ਰਿਪਾਨ ਆਨਿ, ਤਜਾਗ ਨਾਂਹਿ ਠੌਰ ਤੇ ॥੨੧॥
ਹਜ਼ਾਰ ਹੀ ਮਲੇਛ ਮਾਰਿ, ਸ਼੍ਰੀ ਗੁਰੂ ਪ੍ਰਹਾਰਤੇ।
ਬਿਸਾਲ ਚਾਂਪ ਐਂਚਿ ਐਂਚਿ, ਤੀਰ ਬੀਰ ਡਾਰਤੇ।
ਪੁਲਾਦਿ ਭੱਲਜ[1] ਤੀਖਨਾ, ਲਗੈ ਸਜੋਰ ਜਾਇ ਕੈ। [1]ਪੁਲਾਦੀ ਬਾਣਾਂ ਦੀ ਮੁਖੀ।
ਤੁਰੰਗ ਸੂਰ ਬੀਚ ਕੋ, ਪਰੈ ਸੁ ਪਾਰ ਘਾਇ ਕੈ ॥੨੨॥
ਨ ਪਾਨਿ[1] ਫੇਰ ਜਾਚਤੇ, ਨ ਪ੍ਰਾਨ ਦੇਹਿ ਧਾਰਤੇ। [1]ਪਾਣੀ।
ਭਈ ਭਯਾਨ ਭੂਮਿਕਾ, ਭਗੈਲ ਭੈ ਸਿਧਾਰਤੇ[1]। [1]ਕਾਇਰ ਭੈ ਖਾਕੇ ਉੱਠ ਨੱਸੇ।

ਬਿਸਾਲ ਬੀਰ ਬਾਂਕਰੇ, ਨ ਹਾਂ ਕਰੇ ਹੰਕਾਰ ਤੇ।
ਪ੍ਰਚਾਰਤੇ[1], ਪ੍ਰਹਾਰਤੇ, ਸੁ ਮਾਰਤੇ ਨ ਹਾਰਤੇ[2] ॥੨੩॥

[1]ਵੰਗਾਰਿਆਂ ਹੋਇਆਂ ਬੜੇ ਬਾਂਕੇ ਬੀਰ (ਪਠਾਣ) ਨਾ ਕੁਸਕਦੇ ਹਨ, ਨਾਂ ਹੰਕਾਰ ਕਰਦੇ ਹਨ, ਭਾਵ ਓਹ ਦਮਗਜਾ ਨਹੀਂ ਮਾਰਦੇ ਐਸੇ ਡਰੇ ਹਨ। [2]ਗੁਰੂ ਕੇ ਯੋਧੇ ਸ਼ਸਤ੍ਰ) ਚਲਾਉਂਦੇ ਹਨ ਮਾਰਦੇ ਹਨ, ਤੇ ਥਕਦੇ ਨਹੀਂ।

ਭੁਯੰਗ ਪ੍ਰਯਾਤ ਛੰਦ:

ਪੁਨੰ ਕੀਨਿ ਹੱਲਾ, ਜੁ ਸੈਨਾ ਪਠਾਨੀ।
ਗੁਰੂ ਓਰ ਆਏ, ਬਡੇ ਬੀਰ ਮਾਨੀ।
'ਗਹੋ ਕਜੋਂ ਨ' ਬੋਲੈਂ[1], 'ਰਹੇ ਸਿੱਖ ਥੋਰੇ।'
ਨਿਕਾਸੀ ਕ੍ਰਿਪਾਨੈਂ, ਧਵਾਏ ਸੁ ਘੋਰੇ ॥੨੪॥

[1]ਪਠਾਣ) ਬੋਲਦੇ ਹਨ ਕਿ।

ਗੁਰੂ ਤੀਰ ਆਏ, ਸੁ ਹੱਲਾ ਬਿਲੋਕਾ।
ਭਰੇ ਕ੍ਰੋਧ ਮੈਂ, ਬੀਰ ਤੋਤਾ, ਤਿਲੋਕਾ।
ਅਨੰਤਾ, ਨਿਹਾਲੂ, ਚਲੇ ਬੀਰ ਚਾਰੋਂ।
ਜਹਾਂ ਖਾਂਨ ਠਾਂਢੇ, ਬਿਲੋਕੇ ਹਜ਼ਾਰੋਂ ॥੨੫॥
ਲਈ ਸੰਗ ਸੈਨਾਂ, ਗਏ ਧਾਇ ਆਗੇ।
ਤੁਫੰਗੈਂ ਤੜਾਕੇ, ਉਠੇ ਜ੍ਵਾਲ ਜਾਗੇ।
ਚਲੀ ਏਕ ਬਾਰੈਂ, ਸੁ ਨਾਦੰ ਉਠਾਏ।
ਮਨੋ ਗਾਜ ਬ੍ਰਿੰਦੰ[1], ਗਿਰੇ ਭੂਮਿ ਆਏ ॥੨੬॥

[1]ਬਿਜਲੀਆਂ (ਦੀ ਮਾਰ ਨਾਲ)।

ਫੁਟੇ ਤੁੰਡ ਮੁੰਡੰ, ਮਨੋ[1] ਝੁੰਡ ਹਾਂਡੀ[2]।

[1]ਮੂੰਹ ਸਿਰ। [2]ਮਾਨੋ ਸਾਰੀਆਂ ਹਾਂਡੀਆਂ (ਟੁੱਟੀਆਂ ਪਈਆਂ) ਹਨ।

ਪ੍ਰਚੰਡੇ ਪਰੀ, ਦੰਡ ਖੰਡੇ ਜਿ ਕਾਂਡੀ[1]।

[1]ਬਲ ਵਾਲੀਆਂ ਬਾਂਹੀ (ਇਉਂ) ਪਈਆਂ ਹੈਨ ਜੀਕੁਣ ਕੱਟੀਆਂ ਹੋਈਆਂ (ਦਰਖਤਾਂ ਨਾਲੋਂ) ਡਾਲੀਆਂ (ਅ) (ਪ੍ਰਚੰਡ =) ਚਮਕਦੇ ਸ਼ਸਤ੍ਰਾਂ ਸਮੇਤ (ਦੰਡ =) ਬਾਹੀਆਂ।

ਬਡੇ ਐਂਡਿ ਬੈਂਡੇ[1], ਉਮੰਡੇ[2] ਘਮੰਡੇ।

[1]ਬੜੇ ਆਕੜ ਵਾਲੇ ਟੇਢੇ। [2]ਉਛਲੇ।

ਪਰੇ ਰੁੰਡ[1] ਹ੍ਵੈ ਕੈ, ਭਏ ਖੰਡ ਖੰਡੇ ॥੨੭॥

[1]ਸਿਰ ਤੋਂ ਬਿਨਾਂ ਧੜ।

ਦੁਹੂੰ ਓਰ ਤੇ, ਮਾਰ ਗੋਰੀਨ ਹੋਈ।
ਪਲੀਤੇ ਧੁਖੈਂ, ਸੈਨ ਨੇ ਕੀਨਿ ਢੋਈ।
ਗਿਰੈਂ ਬੀਰ ਘੋਰਾਨਿ ਤੇ ਭੂਮਿ ਐਸੇ।
ਫਲੰ ਡਾਲ ਤੇ, ਬਾਯੁ ਕੇ ਬੇਗ ਜੈਸੇ

॥੨੮॥
ਉਤੇ ਖਾਨ ਢੂਕੇ, ਹਲਾਹੱਲ ਕੀਨੇ।
ਰੁਹੇਲੇ[1] ਗਹੇ, ਤੇਗ਼ ਦੇਰੀ ਬਿਹੀਨੇ। [1]ਪਠਾਣਾਂ ਦੀ ਜ਼ਾਤ ਹੈ।
ਚਲੇ ਚੁੰਗ ਦਾਓਜ਼ਈ[1] ਬੀਰ ਆਏ। [1]ਦਾਊਦਜ਼ਈ ਜ਼ਾਤ ਹੈ ਪਠਾਣਾਂ ਦੀ।
ਗੁਰੂ ਸਾਮੁਹੇ, ਏਕਠੇ ਹੋਇ ਧਾਏ ॥੨੯॥
ਤਬੈ ਔਰ ਆਗੇ, ਨਿਹਾਲੂ, ਤਿਲੋਕੇ।
ਤੁਫੰਗੈਂ ਪ੍ਰਹਾਰੀ, ਅਗਾਰੀ ਸੁ ਰੋਕੇ।
ਘਨੇ ਓਰੜੇ ਨਾ ਟਿਕੈ ਧੂਮ ਪਾਏ।
ਤਬੈ ਬੀਰ ਤੋਤਾ, ਅਨੰਤਾ ਸੁ ਆਏ
॥੩੦॥
ਕ੍ਰਿਪਾਨੈ ਨਿਕਾਸੀ, ਤੁਫੰਗਾਨਿ ਛੋਰੀ।
ਭਈ ਹਾਲ ਹੂਲੰ, ਚਲੈ ਬਾਨ ਗੋਰੀ।
ਧਕਾਧੱਕ ਹੋਈ, ਹਕਾਹੱਕ ਬਾਜੀ[1]। [1]ਹਾਕ ਤੇ ਹਾਕ ਵੱਜੀ।
ਲਟਾ ਪੱਟ[1] ਜੁੱਟੇ, ਖਿਲੈਂ ਜੰਗ ਬਾਜੀ [1]ਜਫੋ ਜੱਫੀ।
॥੩੧॥
ਸਟਾਸੱਟ ਸੇਲੇ, ਭਈ ਰੇਲ ਪੇਲਾ[1]। [1]ਧੱਕੋ ਧੱਕੀ।
ਕਰਾਚੋਲ ਭਾਲੇ, ਹਲਾ ਚਾਲ ਮੇਲਾ।
ਦੁਚੋਬੈਂ ਬਜੈਂ, ਦੀਹ ਧੌਂਸੇ ਧੁੰਕਾਰੇ।
ਲਗੇ ਢੋਲ ਡੰਕੇ, ਉਠ੍ਯੋ ਨਾਦ ਭਾਰੇ
॥੩੨॥
ਮਿਲੇ ਆਪ ਮਾਂਹੀ, ਹਥਾ ਵੱਥ ਹੋਏ।
ਪਟੇ ਬਾਜਿ ਬਿੱਦ੍ਯਾ, ਕਰੈਂ ਬੀਰ ਢੋਏ[1]। [1]ਨੇੜੇ ਹੋਕੇ।
ਬਲੀ ਬੇਗ[1] ਕੋ, ਧਾਇ ਮਾਰ੍ਯੋ ਤਿਲੋਕੇ। [1]ਵਲੀਬੇਗ ਨਾਮ ਹੈ।
ਕਰਾਚੋਲ ਬਾਹ੍ਯੋ, ਬਲੀ ਪਾਸ ਹੋ ਕੇ
॥੩੩॥
ਅਧੋ ਆਧਿ ਚੀਰਾ, ਗਿਰ੍ਯੋ ਛੋਰਿ ਘੋਰਾ।
ਹੁਤੋ ਭ੍ਰਾਤ ਤਾਂ ਕੋ, ਇਸੇ ਦੇਖਿ ਦੌਰਾ।
ਹਤ੍ਯੋ ਦੀਹ ਨੇਜਾ, ਲਗ੍ਯੋ ਗ੍ਰੀਵ ਮਾਂਹੀ।
ਪਰ੍ਯੋ ਭੂਮਿ ਮੈਂ, ਪੈ ਤਜ੍ਯੋ ਕੋਪ ਨਾਂਹੀ
॥੩੪॥
ਪਿਖ੍ਯੋ ਧਾਇ ਤੋਤੇ, ਚਲ੍ਯੋ ਮਾਰਿ ਨੇਜਾ।
ਕਹ੍ਯੋ 'ਹੋਹੁ ਠਾਂਢੇ ਨਹੀਂ, ਵਾਰ ਲੇਜਾ।'

ਸੰਭਾਰੀ ਤੁਫੰਗੰ, ਹਤੀ ਤਾਕਿ ਗੋਰੀ।
ਦਯੋ ਫੇਰਿ ਮਾਥਾ[†] ਮਰਯੋ ਪ੍ਰਾਨ ਛੋਰੀ ॥੩੫॥ [†]ਪਾ:-ਦਿਏ ਫੇਰ ਪਾਸੇ।
ਤਬੈ ਖਾਨ ਜ਼ੈਨਾ, ਪਿਖੈ -ਦੋਇ ਮਾਰੇ।
ਤਿਨੋਂ ਤੇ ਹਮਾਰੇ, ਬਡੇ ਬੀਰ ਹਾਰੇ-।
ਤੁਰੰਗੰ ਧਵਾਯੋ ਅਯੋ ਤੀਰ ਤੋਤੇ।
'ਕਹਾਂ ਜਾਇ? ਮਾਰੋਂ, ਬਚੈਂ ਨਾਂਹਿ ਮੋ ਤੇ' ॥੩੬॥
ਬਲੀ ਬੀਰ ਤੋਤੇ, ਕ੍ਰਿਪਾਨੰ ਸੰਭਾਰੀ।
ਜਬੈ ਨੇਰ ਕੀਨੋ, ਤਬੈ ਗ੍ਰੀਵ ਝਾਰੀ।
ਗਹੇ ਹਾਥ ਖੱਗੰ[1], ਗਿਰਯੋ ਜ਼ੈਨਖਾਨਾ। [1]ਤਲਵਾਰ।
ਮਲੇਛਾਨਿ ਦੇਖ੍ਯੋ, ਹਤੇ ਦੋਇ ਜ੍ਵਾਨਾ ॥੩੭॥
ਚਲਾਈ ਤੁਫੰਗੈਂ, ਇਕੈ ਬਾਰ ਬ੍ਰਿੰਦੰ।
ਗਿਰਯੋ ਬੀਰ ਤੋਤਾ, ਮਹਾਂ ਰੋਸਵੰਦੰ।
ਅਨੰਤਾ, ਨਿਹਾਲੂ, ਰੁਪੇ ਬੀਰ ਦੋਊ।
ਮਨੋ ਸ਼ੇਰ ਗਾਜੈਂ, ਥਿਰੇ ਜੰਗ ਜੋਊ ॥੩੮॥
ਗੁਰੂ ਕੋ ਅਗਾਰੀ, ਪ੍ਰਹਾਰੈਂ ਹਥਯਾਰੰ।
ਮਿਲੇ ਸੈਨ ਮੱਧੇ, ਕਰੇ ਮਾਰ ਮਾਰੰ।
ਉਥੱਲੇ ਪਥੱਲੇ, ਬਡੇ ਬੀਰ ਬੰਕੇ।
ਪਰੀ ਧੂਮ ਭਾਰੀ, ਸੰਘਾਰੇ ਨਿਸ਼ੰਕੇ ॥੩੯॥
ਭਟੰ ਅੰਗ ਭੰਗੇ, ਕਰੇ ਜੰਗ ਚੰਗੇ।
ਬਡੇ ਖਾਨ ਖੂਨੀ, ਹਨੇ ਸ਼੍ਰੋਨ ਰੰਗੇ।
ਪਿਖ੍ਯੋ ਦੌਨ ਕੋ, ਬੀਰ ਬ੍ਰਿੰਦੰ ਗਿਰਾਏ।
ਖੁਸ਼ੀ ਸ਼੍ਰੀ ਗੁਰੂ ਕੀਨਿ 'ਸਾਧੁ' ਅਲਾਏ[1] ॥੪੦॥ [1]'ਸ਼ਾਬਾਸ਼' ਕਹਿਆ।

ਸੈਯਾ:
ਬੀਰ ਬਾਹਦੁਰ ਖਾਨ ਪਿਖੇ
ਜੁਗ ਸੂਰ ਗੁਰੂ ਕੇ ਫਿਰੈਂ ਸੁ ਪ੍ਰਹਾਰਤਿ।
ਲੇ ਕਰਿ ਬ੍ਰਿੰਦ ਤੁਫੰਗਨਿ ਕੋ

ਇਕ ਬਾਰ ਘਨੀ ਗੁਲਕਾਂ ਕਸਿ ਮਾਰਤਿ।
ਯੌਂ ਉਥਲਾਇ ਦਿਯੇ ਭਟ ਪੁੰਜ
ਮਨੋ ਕਰਿ ਟਾਮਨਿ ਕੋ ਹਨਿ ਡਾਰਤਿ।
ਸ੍ਰੀ ਹਰਿ ਗੋਵਿੰਦ ਧਾਰਿ ਅਨੰਦ
ਬਡੇ ਭਟ ਆਪਨੈ ਕੋ ਲਲਕਾਰਤਿ
॥੪੧॥
'ਮਾਰਹੁ ਬੀਰ ਮਲੇਛਨ ਕੈ'
ਸੁਨਿ ਕੈ ਗੁਰੁ ਵਾਕ ਪਰੇ ਭਟ ਧਾਈ।
ਛੋਰਿ ਤੁਫੰਗ ਕ੍ਰਿਪਾਨ ਲਈ
ਰਿਸ ਬ੍ਰਿੰਦ ਮਿਲੇ ਬਹੁ ਮਾਰ ਮਚਾਈ।
ਭਾਦਵ ਕੀ ਘਟ ਮੈਂ ਤੜਿਤਾ
ਗਨ ਸ੍ਰੀ ਸ਼ਮਸ਼ੇਰ ਤਤਾ ਚਮਕਾਈ।
ਸ੍ਰੋਣਤ ਸੋਂ ਮਿਲਿ ਲਾਲ ਭਈ
ਜਨੁ ਕਾਲ ਕੀ ਜੀਭ ਹੈਂ ਪਾਨ ਚਬਾਈ
॥੪੨॥
ਆਇ ਬਹਾਦੁਰ ਖਾਨ ਪਰਜੋ
ਜੁਗ ਬੀਰ ਘਿਰੇ ਭੜਥੂ ਬਡ ਪਾਯੋ।
ਮਾਰਿ ਅਨੇਕ ਮਲੇਛਨਿ ਕੋ
ਤਤਕਾਲ ਨਿਹਾਲੁ ਗਿਰਜੋ ਗਨ ਘਾਯੋ।
ਬੀਰ ਅਨੰਤੇ ਬਹਾਦਰ ਖਾਨ ਕੇ
ਕੋਪ ਕੈ ਜਾਇ ਕ੍ਰਿਪਾਨ ਚਲਾਯੋ।
ਬਾਂਹ ਕਟੀ ਸ਼ਮਸ਼ੇਰ ਸਮੇਤ
ਲਹੂ ਗੰਧ ਤੇ† ਗਿਰਿ ਕੈ ਮੁਰਛਾਯੋ
॥੪੩॥

†ਜੇ ਪਾਠ 'ਕੰਧ' ਹੋਵੇ ਤਾਂ ਅਰਥ ਲਗੇਗਾ ਮੋਢੇ ਤੇ। ਜੇ ਗੰਧ ਹੋਵੇ ਤਾਂ ਮਿੱਝ ਅਰਥ ਲਾਉਂਦੇ ਹਨ, ਪਰ ਜਾਪਦਾ ਹੈ ਕਿ ਕਵੀ ਜੀ ਦੀ ਮੁਰਾਦ ਸੰਸਕ੍ਰਿਤ ਦੇ ਪਦ 'ਗੰਧਨ' ਤੋਂ ਹੈ। ਲਹੂ (ਬਹੁਤ) ਨੁਕਸਾਨ ਚੋਣ ਤੇ [ਸੰਸ: ਗੰਧਨ = ਕਤਲ, ਸੱਟ, ਜ਼ਰਬ]

ਦੋਹਰਾ:
ਮਿਲਿ ਪਠਾਨ ਸਮੁਦਾਇ ਨੇ, ਹਨਜੋ ਅਨੰਤਾ ਬੀਰ।
ਚਾਰਹੁੰ ਗੁਰ ਸੂਰੇ ਹਤੇ, ਧਰੀ ਤੁਰਕ ਉਰ ਧੀਰ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਚਤਰ ਬੀਰ ਹਤਨ' ਪ੍ਰਸੰਗ ਬਰਨਨੰ ਨਾਮੁ ਦੁਵਾਦਸ਼ਮੋ ਅੰਸੂ ॥੧੨॥

## ੧੩. [ਲੋਹਗੜ੍ਹ ਯੁੱਧ-ਜਾਰੀ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਮਚਜੋ ਮਹਾਂ ਸੰਗ੍ਰਾਮ ਜਬਿ, ਕਰ ਚਮਕਤਿ ਸ਼ਮਸ਼ੇਰ।
ਸ਼੍ਰੀ ਗੁਰ ਹਰਿ ਗੋਵਿੰਦ ਤਬਿ, ਭਰੇ ਕੋਪ ਸਮ ਸ਼ੇਰ ॥੧॥

ਸੈਯਾ:

ਤੀਰ ਤਜੇ ਗਨ ਭੀਰ ਭਜੇ,
ਨਹਿਂ ਓਜ ਸਜੇ[1], ਨ ਲਜੇ ਮਨ ਕਾਚੇ। — [1]ਬਲ ਨ ਲਾ ਸਕੇ।
ਤੀਖਨ ਭੀਖਨ ਜੇ ਖਪਰੇ
ਸਰ ਮੋਟ, ਪਕੇ ਦਿਢ ਗ੍ਰੰਥ ਹੈਂ ਤਾਚੇ[1]। — [1]ਪੱਕੀਆਂ ਤੇ ਮਜ਼ਬੂਤ ਗੰਢਾਂ ਹਨ ਤਿਨ੍ਹਾਂ (ਬਾਣਾਂ) ਦੀਆਂ।
ਕੰਕਨ[1] ਪੰਖ ਬਿਲੰਦ ਲਗੇ — [1]ਕੰਕ ਪੰਛੀ ਦੇ।
ਜਿਨ ਕੰਚਨ ਬਾਗਰ[1] ਸੁੰਦਰ ਰਾਚੇ। — [1]ਤੀਰ ਦੇ ਪਿਛਲੇ ਸਿਰੇ ਦੀ ਗੰਢ ਜੋ ਕਮਾਨ ਦੀ ਰੱਸੀ ਤੇ ਧਰਕੇ ਖਿੱਚੀਦੀ ਹੈ। [ਪੰਜਾ: ਬਾਗੜ। ਫਾ. ਬਾਗਰਹ = ਗੰਢ]
ਚਾਂਪ ਨੁਟੰਕ[†] ਤੇ[1] ਛੋਰਤਿ ਹੈਂ — [1]ਨੌਟੰਕ ਦੇ ਧਨੁਖ ਤੋਂ। ਇਕ ਟਾਂਕ = ਧਨੁਖ ਦੀ ਸ਼ਕਤੀ ਦੀ ਪ੍ਰੀਖ੍ਯਾ ਦੇ ਵਾਸਤੇ ਇਕ ਤੋਲ ਜੋ ੨੫ ਸੇਰ ਦਾ ਹੁੰਦਾ ਸੀ (ਹਿੰਦੀ ਕੋਸ਼)। [†]ਪਾ:-ਨੌਟੰਕ।
ਜਿਹ ਲਾਗਿ ਪਰੇ ਕਿਮ ਸੋ ਨਰ ਬਾਚੇ ॥੨॥

ਤੂਰਨ ਤੀਰਨਿ ਪੂਰਤਿ ਸ਼੍ਰੋਣ ਲੌ
ਫੋਰਿ ਸਰੀਰਨਿ ਸੂਰ ਗਿਰਾਏ।
ਜਾਨੇ ਨ ਜਾਤਿ ਨਿਖੰਗ ਨਿਕਾਰਤਿ,
ਜੋ ਸੰਚਾਰਤਿ ਚਾਂਪ ਚਢਾਏ[1]। — [1]ਚਿੱਲੇ ਵਿਚ ਜੋੜਦੇ ਹਨ (ਬਾਣ) ਨੂੰ, ਧਨੁਖ ਖਿੱਚਕੇ।
ਛੂਟਤਿ ਸ਼ੂੰਕਤਿ ਜੋਰ ਭਰੇ
ਫਣ ਕੋ ਬਿਸਤਾਰਤਿ ਨਾਗ ਸਿਧਾਏ[1]। — [1]ਮਾਨੋਂ) ਨਾਗ ਜਾਂਦੇ ਹਨ।
ਏਕ ਦ੍ਵੈ ਤੀਨ ਕੋ ਬੇਧਤਿ ਹੈਂ
ਗਿਰ ਜਾਂਹਿ ਘਨੇ ਭਟ ਯੌਂ ਉਥਲਾਏ ॥੩॥

ਸ਼੍ਰੀ ਹਰਿ ਗੋਵਿੰਦ ਬੀਰ ਬਹਾਦੁਰ
ਬਾਦਰ ਜਯੋਂ ਸਰ ਕੋ ਬਰਖਾਵੈਂ।
ਦੇਂ ਲਲਕਾਰੇ ਮਨੋ ਗਰਜੈਂ,
ਕਰ ਚਾਂਪ ਧਰੇ ਧਨੁ ਇੰਦ੍ਰ[1] ਸੁਹਾਵੈਂ। — [1]ਮਾਨੋਂ) ਸੱਤ ਰੰਗੀ ਅਕਾਸ਼ੀ ਪੀਂਘ।

ਕੋਪ ਸਮੀਰ ਤੈ[1] ਜਾਤਿ ਇਤੇ ਉਤ
ਮੋਰਿ ਤੁਰੰਗ ਕੋ ਮੋਰ ਨਚਾਵੈਂ[1]।
ਨੀਰ ਮਨਿੰਦ ਬਹੈ ਤਨੁ ਸ਼੍ਰੋਣਤਿ,
ਜੋਗਨਿ, ਕਾਕਨਿ, ਕੰਕਨਿ ਪਜਾਵੈ ॥੪॥

ਕਬਿੱਤ:

ਪੈਂਦੇਖਾਨ, ਬਿਧੀਚੰਦ, ਮੋਹਨ, ਗੁਪਾਲਾ ਬੀਰ,
ਜੈਤ ਸੋਂ ਪਿਰਾਗਾ ਧੀਰ, ਪੈੜਾ ਜੰਗ ਆਯੋ ਹੈ।
ਤਖਤੂ ਮਲਕ ਜਾਤੀ ਫਿਰੈਂ ਰਿਪੁ ਘਾਤੀ ਭਏ,
ਦੇਵੀ ਦਾਸ, ਕਿਸ਼ਨਾ ਸੁਭਟ ਸਮੁਦਾਯੋ ਹੈ।
ਉੱਦਾ, ਦਾਊ, ਦਯਾਲ, ਭਾਗੂ, ਭੱਟੂ, ਦੌਨ ਭ੍ਰਾਤ ਬਲੀ
ਹੀਰਾ ਅਰੁ ਧੀਰਾ ਰਣ ਰੰਗ ਕੋ ਮਚਾਯੋ ਹੈ।
ਛੱਜੂ, ਗੱਜੂ, ਮੋਹਰੂ, ਰਿੰਧਾਵਾ ਤੇ ਸੁਜਾਨਾ ਸੂਰ,
ਦੌਰਜੋ ਦਯਾ ਚੰਦ ਮਨ ਰੋਸ ਕੋ ਬਢਾਯੋ ਹੈ ॥੫॥
ਗਿਨੇ ਕੌਨ ਕਹਾਂ ਲਗਿ ਗੁਰੂ ਕੋ ਹਜ਼ੂਰ ਸੂਰ,
ਪੂਰਨ ਗ਼ਰੂਰ ਕਰਿ ਤੂਰਨ ਪ੍ਰਾਹਰਤੇ।
ਤ੍ਰਾਸ ਬਿਨਾਂ ਸ਼ੇਰ ਜੈਸੇ ਬਿਚਰੈਂ ਮਲੇਛ ਬੀਚ,
ਤੋਮਰ ਭ੍ਰਮਾਵੈਂ, ਕੈ ਤੁਫੰਗ ਕੱਸਿ ਮਾਰਤੇ।
ਕੇਊ ਚਾਂਪ ਐਂਚਿ ਐਂਚਿ ਛੋਰੈਂ ਸਰ ਮਾਰੈ ਅਰਿ,
ਤੁਰਕ ਹਜ਼ਾਰੋਂ ਗਿਰੈਂ ਰਿਦੈ ਰਿਸ ਧਾਰਤੇ।
ਰਿਪਹਿਂ ਨਿਹਾਰਤੇ, ਪੁਕਾਰ ਲਲਕਾਰਤੇ,
ਬੰਗਾਰਤੇ, ਨ ਹਾਰਤੇ, ਸੁ ਮਾਰਿ ਮਾਰਿ ਡਾਰਤੇ ॥੬॥
ਆਏ ਉਤਿ ਮੁਗ਼ਲ -ਕਰੀਮਬੇਗ- ਸੈਨ
ਸੰਗ ਦੂਸਰੋ -ਰਹੀਮਬੇਗ- -ਅਲੀਬੇਗ-

[1]ਕ੍ਰੋਧ ਰੂਪੀ ਪੌਣ ਤੇ।
[1]ਮੋੜਕੇ ਘੋੜੇ ਨੂੰ ਮੋਰ ਵਤ ਨਚਾਂਵਦੇ ਹਨ।

ਧਾਇ ਕੈ।
ਬਲੀ -ਜੰਗਬੇਗ- ਜਾਂ ਕੈ ਸੰਗ ਹੈ ਤੁਰੰਗ ਦਲ,
ਔਰ -ਸ਼ਮਸ਼ੇਰਬੇਗ- ਬੇਗ ਤੇ ਸੁ ਆਇ ਕੈ।
ਖ੍ਵਾਜਾਬੇਗ, ਮੌਜਬੇਗ, ਸੂਰਮਾ ਹਯਾਤ ਬੇਗ,
ਬਡੋ ਸੁਲਤਾਨ ਬੇਗ ਪਰਜੋ ਹੈ ਰਿਸਾਇ ਕੈ।
ਮੁਗ਼ਲਸਖਾਨ ਨੈ ਬਖਾਨ ਕੋਪ ਠਾਨਿ ਕਰਿ
'ਕਜੋਂ ਨ ਕਰੋ ਹਾਨ ਕੋ ਨਿਦਾਨ[1] ਜੰਗ ਪਾਇ ਕੈ ॥੭॥

[1]ਓੜਕ ਦਾ।

ਸ੍ਵੈਯਾ:
ਕਾਇਮ ਖਾਂ, ਇਸਮਾਇਲ ਖਾਂ,
ਲੁਤਫੁੱਲਹਿ ਖਾਨ, ਇਨਾਇਤ ਖਾਨਾ।
ਬੀਰ ਕਲੰਦਰ ਖਾਨ ਕੁਪਜੋ,
ਹਯ ਤੇਜ਼ ਅਰੋਹ ਮੁਹੰਮਦਖਾਨਾ।
ਕੋਪ ਸਲਾਬਤਖਾਨ ਭਰਜੋ,
ਇਲਮਾਸਹਿ ਖਾਂਨ, ਜਹਾਨਖਾਂ ਜਾਨਾ[1]।
ਦੌਲਤਖਾਨ, ਮੁਦੱਫਰਖਾਂ
ਅਰੁ ਹੈਦਰਖਾਨ ਮਹਾਂ ਅਭਿਮਾਨ ॥੮॥

[1]ਜਾਣੋ।

ਦੋਹਰਾ:
ਸੱਯਦ ਸੁਭਟ ਦਿਦਾਰਲੀ[1], ਗਿਨੌਂ ਕਹਾਂ ਲਗਿ ਆਨ।
ਸਭਿ ਸੌਂ ਕਰਿ ਕੈ ਕੋਪ ਕੋ, ਬੋਲਜੋ ਮੁਗ਼ਲਸਖਾਨ ॥੯॥

[1]ਦਿਦਾਰ ਅਲੀ।

ਸ੍ਵੈਯਾ ਛੰਦ:
'ਮਨਸਬ[1] ਬਡੇ ਬਡੇ ਤੁਮ ਪਾਏ,
ਪਾਤਸ਼ਾਹ ਠਾਨਤਿ ਸਨਮਾਨ।
ਗ੍ਰਾਮ ਜਗੀਰ ਬਿਲੰਦੈ ਦੌਲਤ
ਲੇਤਿ ਸਕਲ ਹੀ ਨਿਤ ਸੁਖ ਮਾਨਿ।
ਕਾਜ ਪਰਜੋ ਅਬ ਮਾਲਕ ਕੋ ਇਹ
ਕਜੋਂ ਨ ਕਰਤਿ ਹ੍ਵੈ ਕੈ ਸਵਧਾਨ।
ਸਨਮੁਖ ਹੁਇ ਤਨ ਲਰਤਿ ਨ ਰਨ ਕੋ,

[1]ਮੁਰਾਤਬੇ।

ਕਰਿ ਰਾਖੇ ਅਬ ਪਜਾਰੇ ਪ੍ਰਾਨ ॥੧੦॥
ਨਿਮਕ ਹਰਾਮੀ ਬਨਹੁ ਨ, ਭਾਈ[1] !
ਹਮਰੋ ਲਸ਼ਕਰ ਮਹਿਦ ਮਹਾਨ।
ਬਿੱਦਜਾ ਸ਼ਸਤ੍ਰਨਿ ਕੀ ਸਭ ਜਾਨਹੁ
ਭਏ ਅਰੋਹਨਿ ਬਲੀ ਕਿਕਾਨ।
ਭਾਗੇ ਕਹਾਂ ਰਹਹੁ, ਕੋ ਥਲ ਨਹਿਂ,
ਕਯੋਂ ਕੁਲ ਲਾਜ ਨ ਕਰਤੇ ਕਾਨ?
ਪੁਨ ਕਿਸ ਕਾਮ ਸ਼ਾਹੁ ਕੋ ਆਵਹੁ
ਅਲਪ ਕਾਮ ਭੀ ਇਤੋ ਸਰਾਨ[1] ॥੧੧॥
ਕਹਾਂ ਗੁਰੂ ਪਹਿ ਦਲ ਬਲ, ਜੋਧੇ
ਹਮ ਤੇ ਦਸ ਗੁਨ ਥੋਰੇ ਜਾਨਿ।
ਅਰਯੋ ਰਹਯੋ ਪਕਰਯੋ ਨ ਗਯੋ ਜਬਿ
ਕਯਾ ਤੁਮਰੀ ਮਾਨਹਿਂ ਕੋ ਆਨਿ[1]?
ਗਹੋ ਕਿ ਮਾਰਹੁ ਨਾਂਹਿ ਤ ਮਰੀਯਹਿ,
ਰਹਿ ਆਵਹਿ ਤੌ ਬਾਤ ਜਹਾਨ।'
ਸੁਨਿ ਦਿਦਾਰਲੀ ਸੱਯਦ ਬੋਲਯੋ
'ਤੀਖਨ' ਭੀਖਨ ਗੁਰ ਕੇ ਬਾਨ ॥੧੨॥
ਸਨਮੁਖ ਠਹਿਰਨਿ ਦੇਤਿ ਨਹੀਂ ਸੋ
ਤੀਨ ਤੀਨ ਮਹਿਂ ਪਾਰ ਪਰੰਤਿ।
ਜਿਨ ਕੇ ਲਗੇ ਨ ਉਕਸਨ ਪਾਏ[1],
ਇਕ ਪੈਂਦੇ ਖਾਂ ਸੋ ਬਲਵੰਤ।
ਦੇਤਿ ਧਕੇਲੇ, ਹਯ ਧਰ ਮੇਲੇ,
ਕੋਇ ਨ ਝੇਲੇ ਕਰਿਦੇ ਅੰਤਿ[1]।
ਤੁਮ ਭਾਖਤਿ ਗੁਰੁ ਢਿਗ ਦਲ ਥੋਰਾ
ਅਪਨੋ ਲਸ਼ਕਰ ਬਹੁ ਨਿਬਰੰਤਿ[1] ॥੧੩॥
ਦੇਖੋ ਆਗੇ ਹੁਇ, ਗਨ ਲੋਥਨਿ,
ਮਰੇ ਹਜ਼ਾਰੋਂ ਮੁਗ਼ਲ ਪਠਾਨ।'
ਸੁਨਿ ਬਰਿਆਮ ਬਿਸਾਲ ਗੁਰੂ ਕੋ[1]
ਕੁਪਯੋ ਅਧਿਕ ਹੀ ਮੁਗ਼ਲਸਖਾਨ।
ਚਲਯੋ ਆਪ ਹੁਇ ਸਨਮੁਖ ਰਣ ਕੋ
ਬਾਮ ਬਿਲੋਚਨ ਫਰਕਯੋ ਜਾਨਿ।

[1]ਹੇ ਭਰਾਵੋ।

[1]ਪੂਰਾ ਨਾ ਹੋਯਾ।

[1]ਕਾਣ।

[1]ਹਿਲਣ ਨਾ ਪਾਏ।

[1]ਧੱਕਾ ਦੇਕੇ ਘੋੜਿਆਂ ਨੂੰ ਬੀ ਧਰਤੀ ਤੇ ਸੁੱਟ ਦਿੰਦਾ ਹੈ ਕਿਸੇ ਤੋਂ (ਉਸਦਾ ਵਾਰ) ਝੱਲਿਆ ਨਹੀਂ ਜਾਂਦਾ, ਮਾਰ ਹੀ ਸੱਟਦਾ ਹੈ।

[1]ਨਿੱਬੜਦਾ ਜਾਂਦਾ ਹੈ।

[1]ਗੁਰੂ ਜੀ ਦੀ ਬਹੁਤ ਬਹਾਦਰੀ।

ਮੁਰਝਾਯੋ -ਅਬਿ ਹਟਨਿ ਬਨਹਿ ਨਹਿਂ-
ਮੂਢ ਬਿਸੂਰਤਿ ਜਨੁ ਭਾ ਹਾਨ ॥੧੪॥
ਉਮਡਯੋ ਲਸ਼ਕਰ ਪਿਖਿ ਸਰਦਾਰਨਿ
ਏਕੋ ਬਾਰ ਪਰੇ ਅਰਿਰਾਇ।
ਸ਼ਲਖ ਤੁਫੰਗਨਿ ਕੀ ਬਡ ਛੂਟਤਿ
ਉਠਯੋ ਧੂਮ ਜਨੁ ਘਨ ਗਨ ਛਾਇ।
ਜ੍ਵਾਲਾ ਬਮਣੀ ਤੇ[1] ਛੁਟਿ ਗੁਲਕਾਂ — [1]ਬੰਦੂਕਾਂ ਤੋਂ।
ਸਮ ਓਰਨਿ ਕੀ[1] ਬਡ ਬਰਖਾਇ। — [1]ਗੜਿਆਂ ਵਾਂਙੂੰ।
ਫੋਰੇ ਸੂਰ ਸਰੀਰਨਿ ਉਰ, ਸਿਰ,
ਟੂਟੀ ਭੁਜਾ, ਲਾਤ, ਗਨ ਪਾਇ[1] ॥੧੫॥ — [1]ਪੈਰ।
ਇਤ ਸ਼੍ਰੀ ਹਰਿਗੋਵਿੰਦ ਅਨੰਤੇ
ਬੀਰ ਬਿਲੰਦ ਬੀਰ ਰਸ ਧਾਰਿ।
ਜਾਤੀ ਮਲਕ, ਬਿਧੀ ਚੰਦ, ਪੈਂਦਾ,
ਇਨ ਕੋ ਹੇਰਿ ਦਿਏ ਲਲਕਾਰ।
'ਓਰੜ ਪਰੇ ਤੁਰਕ ਗਨ ਸਾਰੇ
ਹੋਹੁ ਸੁਚੇਤ ਹਤਹੁ ਹਥਿਆਰ।
ਨਮਸਕਾਰਨੀ ਤੇ[ਪ] ਗਨ ਗੁਲਕਾਂ
ਕੈ ਚਾਂਪਨਿ ਤੇ ਬਾਨਨਿ ਮਾਰਿ ॥੧੬॥
ਪ੍ਰਥਮ ਕਰਹੁ ਸੰਗ੍ਰਾਮ ਇਨਹੁਂ ਕੋ
ਬਹੁਰੋ ਸਭਿ ਐਂਚਹੁ ਤਲਵਾਰ।
ਕਾਟਿ ਕਾਟਿ ਡਾਰਹੁ ਅਰੁ ਫਾਟਹੁ[1], — [1]ਤਾੜੋ ਤੇ ਪਾੜੋ।
ਨਹਿਂ ਪਾਟਹੁ[1] ਮਿਲਿ ਕੈ ਇਕ ਬਾਰਿ। — [1]ਪਰ) ਆਪੋ ਵਿਚੋਂ ਵੱਖ ਨਾ ਹੋਵੇ।
ਕਤਲੇ ਕਰਹੁ ਮੁਰਹੁ ਨਹਿਂ ਧੁਰਿ ਲਗਿ[1] — [1]ਅੰਤ ਤਕ।
ਇਨ ਕੋ ਬਲ ਗੁਰ ਲਿਯੋ ਨਿਕਾਰਿ।
ਅੰਗ ਸੰਗ ਸ਼੍ਰੀ ਨਾਨਕ ਹਮਰੇ,
ਬਿਜੈ ਧਰੋ ਅਰਿ ਲਸ਼ਕਰ ਮਾਰਿ'
॥੧੭॥
ਆਵਤਿ ਸੈਨ ਮਲੇਛੀ ਪਿਖਿ ਕੈ
ਹੱਲਾ ਕਰਯੋ ਰਿਦੈ ਸਭਿ ਜਾਨਿ।
ਹੁਕਮ ਗੁਰੂ ਕੋ ਸੁਨਿ ਕਰਿ ਸਾਰੇ
ਭਯੋ ਬਚਨ ਰਿਪੁ ਕੋ ਬਲ ਹਾਨਿ।
ਆਗੈ ਧਾਇ ਪਰੇ ਸਿਖ ਸਾਰੇ

ਕਾਸ਼ਟ ਪਿਸ਼ਟਿਨਿ[1] ਛੋਰਿ ਮਹਾਨਿ।
ਮੁਗ਼ਲ ਪਠਾਂਨ ਆਨਿ ਕੈ ਸਨਮੁਖ
ਬਰਖਾ ਕਰੀ ਬ੍ਰਿੰਦ ਗੁਲਕਾਨਿ ॥੧੮॥

[1]ਬੰਦੂਕਾਂ।

ਹਰਿ ਬੋਲਮਨਾ ਛੰਦ:

ਭਟ ਕੋਪ ਭਰੇ। ਦਿਸਿ ਦੋਇ ਜੁਰੇ।
ਇਸ ਭਾਂਤਿ ਥਿਰੇ। ਜਨੁ ਥੰਭ ਖਰੇ ॥੧੯॥
ਗੁਲਕਾਂ ਬਰਖੈਂ। ਰਿਪੁ ਕੋ ਧਰਖੈਂ[1]।
ਬਡਿ ਮਾਰ ਮਚੀ। ਰਜ ਸ਼੍ਰੋਣ ਰਚੀ[1] ॥੨੦॥

[1]ਕੰਬਾਉਂਦੀਆਂ (ਅ) ਹਰਾਉਂਦੀਆਂ [ਸੰਸ: ਧਰ੍ਰਖਣ]

[1]ਧੂੜ ਲਹੂ ਨਾਲ ਰਚ ਗਈ।

ਭਟ ਬ੍ਰਿੰਦ ਗਿਰੇ। ਮੁਖ ਕੋ ਨ ਮੁਰੇ।
ਰਣ ਧੂਮ ਪਰੀ। ਗਨ ਸੈਨ ਮਰੀ ॥੨੧॥
ਬਹੁ ਬਾਨ ਛੁਟੇ। ਰਿਸਿ ਬੀਰ ਜੁਟੇ।
ਦ੍ਰਿਗ ਲਾਲ ਕਰੇ। ਪਗ ਰੋਪਿ ਅਰੇ[1] ॥੨੨॥

[1]ਪੈਰ ਟਿਕਾਕੇ ਅੜੇ।

ਦਿਸਿ† ਦ੍ਵੈ ਨ ਹਟੇ। ਥਿਰ ਥਾਨ ਕਟੇ।
ਗਿਰਿ ਭੂਮਿ ਪਰੇ। ਪਿਖਿ ਹੂਰ ਬਰੇ[1] ॥੨੩॥

†ਪਾ:-ਪਗ।

[1]ਹੂਰਾਂ ਨੇ ਵੇਖਕੇ ਵਰ ਲਏ।

ਮੁਖ ਚੰਦ ਫਬੈ। ਤਨ ਗੌਰ ਸਬੈ।
ਮ੍ਰਿਗ ਨੈਨ ਬਨੇ। ਮਨ ਪ੍ਰੇਮ ਸਨੇ ॥੨੪॥
ਅਸ ਹੂਰ ਫਿਰੈਂ। ਪਿਖਿ ਸੂਰ ਬਰੈਂ[1]।
ਉਤਸਾਹ ਮਹਾਂ। ਰਣ ਹੋਤਿ ਜਹਾਂ ॥੨੫॥

[1]ਸੂਰਮਿਆਂ ਨੂੰ ਵੇਖਕੇ ਵਰਦੀਆਂ ਹਨ।

ਹਯ ਪ੍ਰੇਰਤਿ ਹੈਂ। ਰਣ ਫੇਰਤਿ† ਹੈਂ।
ਇਕ ਟੇਰਤਿ ਹੈਂ। ਫਿਰ ਘੇਰਤਿ ਹੈਂ ॥੨੬॥

†ਪਾ:-ਛੇਰਤਿ।

ਗੁਰ ਤੀਰ ਹਤੇ। ਚਹਿਂ ਜੰਗ ਫਤੇ।
ਖਪਰੇ ਖਰ ਹੈਂ। ਦ੍ਰਿਢ ਜੇ ਸਰ ਹੈਂ[1] ॥੨੭॥

[1]ਜੋ ਤਿੱਖੇ ਤੇ ਪੱਕੇ ਖਰੇ ਤੀਰ ਹਨ।

ਤਨ ਪਾਰ ਪਰੈਂ। ਤਤਕਾਲ ਮਰੈਂ।
ਜਨੁ ਨਾਗ ਡਸੇ। ਇਮ ਬਾਨ ਲਸੇ ॥੨੮॥
ਬਲ ਭੀਮ[1] ਭਯੋ। ਪਲ[2] ਸ਼੍ਰੋਣ[3] ਪਯੋ।

[1]ਭਯਾਨਕ। [2]ਮਾਸ। [3]ਲਹੂ।

ਖਗ ਖਾਹਿਂ ਮਹਾਂ। ਗਨ ਸਜਾਲ ਤਹਾਂ ॥੨੯॥

ਦੋਹਰਾ:

ਦੋਨਹੁੰ ਦਲ ਹੱਲਾ ਕਰਜੋ, ਮਿਲਿ ਗਏ ਆਪਸ ਮਾਂਹਿ।
ਕਟਿ ਕਟਿ ਝਟ ਪਟ ਗਿਰਤਿ ਹੈਂ, ਹਯ ਤੇ ਤਰ ਪਰ ਜਾਹਿਂ[1] ॥੩੦॥

[1]ਘੋੜੇ ਤੋਂ ਹੇਠਾਂ (ਧਰਤ ਤੇ) ਜਾ ਪੈਂਦੇ ਹਨ।

ਭੁਯੰਗ ਪ੍ਰਯਾਤ ਛੰਦ:

ਸਰੋਹੀ ਚਲੀ, ਬਾਢ ਵਾਰੀ ਹਲੱਬੀ[1]।

[1]ਤਲਵਾਰ ਚਲੀ ਤੇਜ਼ ਧਾਰ ਵਾਲੀ ਹਲਬ (ਸ਼ਹਿਰ ਦੀ ਬਣੀ ਹੋਈ)।

ਖਿਚੇ ਮਜਾਨ, ਤੇਗੇ ਫੁਲਾਦੀ ਜੁਨੱਬੀ[1]।

[1]ਜਨਬ ਸ਼ਹਿਰ ਦੀ ਬਣੀ ਤਲਵਾਰ। [ਫਾ. ਜਨਬ] (ਅ) ਡਿੰਗ: ਭਾ: ਵਿਚ ਜਨੈਬ ਨਾਮ ਤਲਵਾਰ ਦਾ ਹੈ।

ਸੁ ਖੰਡੇ ਦੁਧਾਰੇ, ਪ੍ਰਚੰਡੇ ਚਮੱਕੇ।
ਚਲੀ ਸੈਫ ਸਾਫੰ, ਕਟੈਲੀ ਦਮੱਕੇ[1] ॥੩੧॥

[1]ਤਲਵਾਰਾਂ ਸਾਫ ਕੱਟਣ ਵਾਲੀਆਂ ਚਮਕਦੀਆਂ ਹਨ।

ਲਗੈ ਖੱਗ ਪੈ ਖੱਗ, ਟੂਟੈ ਛਣੰਕੈ।
ਗਰੇ ਮੈਂ ਸੰਜੋਏ, ਕਿ ਤਾਂ ਸੋਂ ਝਣੰਕੈ।
ਚਲੇ ਸੇਲ ਮੇਲੇ, ਭਈ ਰੇਲ ਪੇਲੇ।
ਮਨੋਂ ਰੰਗ ਲੇ ਲੇ, ਮਿਲੇ ਫਾਗ ਖੇਲੇਂ[1] ॥੩੨॥

[1]ਮਿਲਕੇ ਹੋਲੀ ਖੇਡਦੇ ਹਨ।

ਭੁਜਾਦੰਡ ਕੰਧੈ, ਗਰੇ ਕਾਟ ਡਾਰੇ।
ਕਿਸੂ ਤੁੰਡ[1] ਮੁੰਡੰ[2], ਕਿ ਰੁੰਡੰ[3] ਬਿਦਾਰੇ।

[1]ਮੁਖ। [2]ਸਿਰ। [3]ਧੜ।

ਕਟੀ ਅੰਗੁਰੀ, ਹਾਥ ਲੋਹੂ ਬਹੰਤਾ।
ਬਢਜੋ[1] ਪੈਰ ਕਾਂ ਕੋ, ਨ ਉਠੇ ਸਕੰਤਾ ॥੩੩॥

[1]ਵੱਢਿਆ ਗਿਆ।

ਕਟਜੋ ਗੋਡ ਕਾਂ ਕੋ, ਕਿ ਜੰਘਾ ਭਿਦੀ ਹੈਂ[1]।

[1]ਵਿੰਨ੍ਹੀਆਂ ਗਈਆਂ ਹਨ।

ਉਰੂ ਬਾਢਿ ਗੇਰੇ, ਕਿ ਛਾਤੀ ਛਿਦੀ ਹੈ।
ਗਈ ਲੋਥ ਪੈ ਲੋਥ, ਗੁੰਥੀ ਬਿਥਾਰੀ[1]।

[1]ਲਹੂ ਨਾਲ) ਗੁੱਥੀਆਂ ਹੋਈਆਂ (ਲੋਥਾਂ ਕਿਤੇ) ਲੋਥ ਤੇ ਲੋਥ (ਤੇ ਕਿਤੇ) ਖਿੱਲਰੀਆਂ ਪਈਆਂ ਹਨ।

ਪਰੇ ਸੀਸ ਫੂਟੇ, ਹਯੰ ਪਾਇ ਧਾਰੀ[1] ॥੩੪॥

[1]ਘੋੜਿਆਂ ਦੇ ਪੈਰ ਰੱਖਣ ਨਾਲ।

ਤਛਾ ਮੁੱਛ ਜੋਧਾ, ਝਟਾ ਪੱਟ ਹੋਏ।
ਗਹੇ ਸਾਂਗ ਨੇਜ਼ੇ, ਪ੍ਰਹਾਰੇ ਪਰੋਏ।
ਚਲੀ ਤੇਗ਼ ਐਸੇ, ਬਡੇ ਬੀਰ ਮਾਰੇ।

ਜਤਾ ਕਾਟਿ ਖਾਤੀ, ਗਨੰ ਕਾਠ ਡਾਰੇ[1] ॥੩੫॥
ਤੁਫੰਗੈਂ ਭਈ ਬੰਦ, ਜੁੱਟੈਂ ਕ੍ਰਿਪਾਣੈਂ।
ਖਚਾ ਖੱਚ ਮਾਚੀ, ਗਚਾ ਗੱਚ ਠਾਣੈਂ[1]।
ਜਮੀ ਹਾਥ ਮੁਸ਼ਟੈਂ, ਲਹੂ ਲਾਗਿ ਰਾਂਗੇ।
ਕਟੇ ਬਾਹੁ ਜੰਗਾ, ਮਨੋ ਬ੍ਰਿੱਛ ਛਾਂਗੇ ॥੩੬॥
ਪਰੇ ਸੂਰ ਸੁੱਤੇ, ਸੁ ਆਖੈਂ ਪਸਾਰੀ।
ਭਕਾ ਭੱਕ ਬੋਲੈ, ਲਹੂ ਘਾਵ ਭਾਰੀ।
ਕਿਤੇ ਬੀਰ ਔਂਧੇ, ਕਿ ਸੂਧੇ ਪਰੇ ਹੈਂ।
ਚਲੇ ਦੌਰ ਘੋਰੇ, ਤਹਾਂ ਸੋ ਦਰੇ ਹੈਂ[1] ॥੩੭॥
ਖਿਰੇ ਰੰਗ ਲਾਲੰ, ਬਡੇ ਸੂਰ ਭਾਸੇ।
ਜਥਾ ਮਾਸ ਬੈਸਾਖ, ਫੂਲੇ ਪਲਾਸੇ[1]।
ਅਧਮੂੰ[1] ਜਥਾ ਲਾਟ, ਬੰਨ੍ਹੀ[2] ਪ੍ਰਕਾਸ਼ੀ।
ਚਲੈਂ ਤੇਗ ਬ੍ਰਿੰਦੰ, ਦਿਪੈਂ ਚੰਚਲਾ ਸੀ[1] ॥੩੮॥
ਕਹਾਂ ਲੌ ਕਹੌਂ, ਜੰਗ ਕੀ ਬਾਤ ਜੋਈ।
ਕਟੇ ਅੰਗ ਜੋਧਾਨਿ, ਕ੍ਰੋਧਾਨ ਖੋਈ।
ਰੁਕਯੋ ਖੇਤ ਸਾਰੋ, ਨ ਘੋਰੇ ਧਵਾਵੈਂ।
ਚਲਯੋ ਹੂੰ ਨ ਜਾਈ, ਕਹਾਂ ਸੋ ਚਲਾਵੈਂ ॥੩੯ ॥

ਚੌਪਈ:

ਕਰਯੋ ਕ੍ਰਿਪਾਨਨਿ ਸੋਂ ਘਮਸਾਨਾ।
ਬਜਯੋ ਲੋਹ ਜਿਮ ਘਰੈਂ ਮਹਾਨਾ।
ਐਸੀ ਬਾਤ ਭਈ ਤਿਸ ਕਾਲਾ।
ਗਹੀ ਮਲੇਛਨਿ ਗਨ ਕਰਵਾਲਾ[1] ॥੪੦॥
ਕੇਤਿਕ ਪਰੀ ਟੂਟ ਕਰਿ ਧਰਨੀ[1]।
ਗਹੀ ਰਹੀ ਕਰ ਮੁਸ਼ਟ ਸੁਵਰਨੀ[1]।
ਕਿਤਿਕ ਸੁਭਟ ਕੋ ਚਲਯੋ ਨ ਹਾਥਾ।
ਭਯੋ ਸਥੰਭ ਤ੍ਰਾਸ ਕੇ ਸਾਥਾ ॥੪੧॥
ਕੇਤਿਕ ਬੀਰਨਿ ਕੀ ਮਤਿ ਮਾਰੀ।

[1]ਜਿਵੇਂ ਤ੍ਰਖਾਣ ਸਮੂਹ ਲਕੜੀ ਕੱਟ ਸੁੱਟਦਾ ਹੈ।
[1]ਥਾਂ (ਲਹੂ ਨਾਲ) ਗੱਚ ਕਰ ਦਿੱਤਾ।
[1]ਦਰੜ ਦਿੱਤੇ ਹਨ।
[1]ਛਿੱਛਰਾ।
[1]ਧੂਆਂ ਰਹਤ। [2]ਅਗਨੀ ਦੀ ਲਾਟ।
[1]ਬਿਜਲੀ ਵਤ ਪ੍ਰਕਾਸ਼ਦੀਆਂ ਹਨ।
[1]ਤਲਵਾਰਾਂ।
[1]ਧਰਤੀ ਤੇ।
[1]ਹੱਥ ਵਿਚ ਸੋਨੇ ਦੀਆਂ ਮੁੱਠਾਂ ਫੜੀਆਂ ਰਹਿ ਗਈਆਂ।

ਰੋਮ ਨ ਕਾਟ੍ਯੋ ਕਰੇ ਪ੍ਰਹਾਰੀ।
ਕੇਤਿਕ ਤੁਰੰਗ ਧਵਾਵਤਿ ਜਾਤੇ।
ਉਗਲ ਮਯਾਨ ਤੇ ਖੜਗ ਪਪਾਤੇ[1] ॥੪੨॥
ਕਹੈਂ ਮਲੇਛ 'ਦਗਾ ਦਿਯ ਲੋਹੇ।
ਕਰੇ ਪ੍ਰਹਾਰ ਬਿਫਲ ਸਭਿ ਹੋਹੇ।'
ਗੁਰ ਸਿੱਖਜਨ ਕ੍ਰਿਪਾਨ ਮੁਲ ਥੋਰੇ।
ਭਏ ਸੁ ਤਿਸ ਛਿਨ ਤੀਖਨ ਘੋਰੇ[1] ॥੪੩॥
ਸਹਿਜੇ ਚਲਹਿਂ ਤਾਰ ਸਮ ਨਿਕਸੈਂ।
ਕਾਟਿ ਕਾਟਿ ਤੁਰਕਨਿ, ਸਿਖ ਬਿਗਸੈਂ।
ਸਭਿ ਮਲੇਛ ਤਬਿ ਸ਼੍ਰਮ ਕੇ ਸੰਗ।
ਸਪਤ ਜਾਮ ਭੇ ਚਢੇ ਤੁਰੰਗ[1] ॥੪੪॥
ਕਰਤਿ ਜੰਗ ਤ੍ਰੈ ਪਹਿਰ ਬਿਤਾਏ।
ਨਹਿ ਸੁਪਤੇ ਨਾਹਨ ਕੁਛ ਖਾਏ।
ਖੜਗ ਜੰਗ ਜਬਿ ਮਚ੍ਯੋ ਕਰਾਰਾ।
ਮਾਯਾ ਮੋਹ ਰਿਪੁਨ ਪਰ ਡਾਰਾ ॥੪੫॥

ਦੋਹਰਾ:
ਏਕ ਛੁਧਤਿ, ਦੂਜੇ ਥਕਤਿ, ਤੀਜੈ ਰਿਸ ਗੁਰ ਕੀਨਿ।
ਸਿਥਲ[1] ਅੰਗ ਤੁਰਕਨਿ ਕਰੇ, ਸਿਖ ਸਭਿ ਭੇ ਬਲ ਪੀਨ ॥੪੬॥
ਸਪਤ ਸੱਹਸ੍ਰ ਜੁ ਬਾਹਨੀ, ਭਈ ਕਤਲ ਤਿਸ ਕਾਲ।
ਬਾਕੀ ਭਟ ਜੇਤਿਕ ਬਚੈ, ਤਿਨ ਕੈ ਤ੍ਰਾਸ ਬਿਸਾਲ ॥੪੭॥
ਬਜ੍ਯੋ ਖੜਗ ਘਟਿਕਾ ਚਤੁਰ, ਹਟੇ ਸੂਰ ਨਿਜ ਓਰ[1]।
ਲਰਤਿ ਅਘਾਈ ਬਾਹਨੀ, ਭਾਜੇ ਦਿਯੇ ਸੁ ਛੋਰਿ ॥੪੮॥
ਬਿਸਰਾਮੇ ਅਰੁ ਤ੍ਰਿਪਤ ਥੇ, ਪੁਨ ਗੁਰ ਬਖਸ਼੍ਯੋ ਜ਼ੋਰ।
ਜਿਸ ਤੇ ਮਾਰ੍ਯੋ ਤੁਰਕ ਗਨਿ, ਕਰ੍ਯੋ ਖੇਤ

[1]ਮਿਆਨ ਤੋਂ ਕਢਦਿਆਂ ਤਲਵਾਰਾਂ ਡਿੱਗ ਪੈਂਦੀਆਂ ਹਨ।
[1]ਬਹੁਤ ਤਿੱਖੇ।
[1]ਘੋੜੇ ਤੇ ਚੜ੍ਹਿਆਂ ਸੱਤ ਪਹਿਰ ਹੋ ਗਏ।
[1]ਢਿੱਲੇ।
[1]ਆਪੋ ਆਪਣੇ ਪਾਸੇ।

ਰਣ ਘੋਰ ॥੪੯॥
ਬਿਧੀ ਚੰਦ ਪੈਂਦਾ ਬਲੀ, ਕਰਹਿਂ ਪ੍ਰਹਾਰ ਜਿ
ਏਕ।
ਦੁਇ ਤ੍ਰੈ ਕਾਟਤਿ ਸੁਭਟ ਕੋ, ਮਾਰੇ ਏਵ
ਅਨੇਕ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਜੰਗ' ਪ੍ਰਸੰਗ ਬਰਨਨੰ ਨਾਮ ਤ੍ਰੋਦਮਸੋ ਅੰਸੂ ॥੧੩॥

## ੧੪. [ਦੂਤ ਆਵਨ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਮੁਗ਼ਲ ਪਠਾਨ ਮਹਾਨ ਦਲ, ਕਤਲ ਭਯੋ ਜਬਿ ਏਵ।
ਸੁਭਟ ਸੰਭਾਰੇ ਆਪਨੇ, ਸਗਰੇ ਸ੍ਰੀ ਗੁਰ ਦੇਵ ॥੧॥

ਚੌਪਈ:

ਮੁਗ਼ਲਸਖਾਨ ਥਿਰਯੋ ਇਕ ਥਾਨ।
ਜਿਸ ਕੈ ਚਿੰਤਾ ਸ਼ੋਕ ਮਹਾਨ।
ਜਿਤਿਕ ਸਹੰਸ੍ਰ ਬਚੇ ਭਟ ਹਾਰੇ।
ਸਭਿ ਦਿਸ਼ਿ ਤੇ ਤਿਸ ਪਾਸਿ ਪਧਾਰੇ ॥੨॥
ਤਬਹਿ ਦੂਤ ਇਕ ਨਿਕਟਿ ਬੁਲਾਯੋ।
ਕਹਿ ਬਹੁ ਬਿਧਿ ਗੁਰੁ ਨਿਕਟ ਪਠਾਯੋ।
ਸ਼ਸਤ੍ਰ ਹੀਨ ਹੁਇ ਗਯੋ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ[1] ॥੩॥
'ਗੁਰੁ ਸਾਹਿਬ! ਸੁਨੀਯਹਿ ਦੇ ਕਾਨ।
ਮੋਹਿ ਪਠਾਯੋ ਮੁਗਲਸਖਾਨ।
ਕਹੀ ਆਪਿ ਕੋ ਬਾਤ ਭਲੇਰੀ।
-ਤਜਹੁ ਲਰਾਈ ਭਈ ਘਨੇਰੀ ॥੪॥
ਹਜ਼ਰਤ ਕੋ ਅਬਿ ਦੀਜਹਿ ਬਾਜ।
ਨਹਿਂ ਥਲ ਅਸ ਜਹਿਂ ਬਸਿ ਹੋ ਭਾਜ।
ਨਾਹਕ ਪ੍ਰਾਨ ਦੇਤਿ ਕਯੋਂ ਲਰਿ ਕੈ।
ਕਜਾ ਸੁਧਰਹਿ ਜਬਿ ਮਰਿ ਹੋ ਅਰਿ ਕੈ ॥੫॥
ਕਈ ਲਾਖ ਸੈਨਾ ਪਤਿਸ਼ਾਹੀ।
ਕਿਮਿ ਸਮਤਾ ਚਾਹਹੁ ਚਿਤ ਮਾਂਹੀ।
ਅਲਪ ਬਾਜ਼ ਕੀ ਬਾਤ ਪਛਾਨੋ।
ਇਤੋ ਬਿਗਾਰ ਅਪਨਿ ਕਯੋਂ ਠਾਨੋ ॥੬॥
ਕਰੀ ਭੁਲਿ ਕਰਿ ਸਮਝਹੁ ਅਬੈ।
ਮੋ ਮੰਗ ਮਿਲਹੁ ਸੁਧਾਰਹੁ ਸਬੈ।
ਸ਼ਾਹੁ ਸਮੀਪ ਆਪ ਲੇ ਚਲੌਂ।

[1] ਉਸ ਦੂਤ ਨੇ) ਨਮਸਕਾਰ ਕੀਤੀ।

ਤੁਮਹਿ ਮਿਲਾਇ ਭਲੇ ਕਰਿ ਮਿਲੌਂ ॥੭॥
ਜੋ ਕੀਨਿਸਿ ਅਪਰਾਧ ਬਿਸਾਲਾ।
ਛਿਮਾ ਕਰਾਵੌਂ ਮੈਂ ਤਤਕਾਲਾ।
ਨਿਜ ਪੁਰਿ ਆਦਿ ਗ੍ਰਾਮ ਜੇ ਸਾਰੇ।
ਭੁੰਚਹੁ ਨਿਤ ਜਿਮ ਅਹੋ ਅਗਾਰੇ[1] ॥੮॥ [1]ਜਿਵੇਂ ਅੱਗੇ ਹੈ।
ਅਬਿ ਲੌ ਲਖਹੁਂ[1] ਆਪਿ ਕੀ ਨੀਕੀ। [1]ਸਮਝਦਾ ਹਾਂ।
ਕਰਹੁ ਕੁਸ਼ਲ ਨਿਜ ਅਰੁ[†] ਸਭਿ ਜੀ ਕੀ। [†]ਪਾ:-ਘਰ।
ਨਾਂਹਿ ਤ ਲੀਜੈ ਰਿਦੈ ਬਿਚਾਰਿ।
ਜੇਤਿਕ ਹੋਇ ਤੁਮਾਰ ਬਿਗਾਰਿ ॥੯॥
ਸ਼ਾਹਜਹਾਂ ਕੋ ਤੇਜ਼ ਬਿਸਾਲਾ।
ਜਿਸ ਕੋ ਝੁਕੈਂ ਸਕਲ ਮਹਿਪਾਲਾ।
ਦੇਸ਼ਨਿ ਕੇ ਪਤਿ ਜੇ ਬਰਿਆਮੂ[1]। [1]ਬਹਾਦੁਰ।
ਠਾਨਹਿਂ ਆਨਿ ਸਲਾਮ ਤਮਾਮੂ ॥੧੦॥
ਮਾਰਵਾੜ, ਹਾਂਡੇ, ਰਾਠੌਰ[1]। [1]ਰਾਜਪੂਤਾਂ ਦੀਆਂ ਜਾਤੀਆਂ।
ਜਿਨ ਢਿਗ ਬਡੇ ਮਵਾਸੇ ਠੌਰਿ।
ਦਿਸ਼ਿ ਦੱਛਣ ਕੇ ਦੇ ਦੇ ਡੋਰੇ।
ਹੋਇ ਦੀਨ ਮਿਲਿ ਸ਼ਾਹੁ ਨਿਹੋਰੇ[1] ॥੧੧॥ [1]ਬੇਨਤੀ ਕਰਦੇ ਹਨ।
ਪੂਰਬ ਦਿਸ਼ਿ ਕੇ ਆਦਿ ਬੰਗਾਲਾ।
ਝੁਕੇ ਮਹਿਪ ਲਖਿ ਤੇਜ ਬਿਸਾਲਾ।
ਪੁਨ ਪਰਬਤ ਬਾਸੀ ਜੇ ਰਾਜਾ।
ਲੇ ਕਰਿ ਭਲੇ ਸੁਗਾਤ[1] ਸਮਾਜਾ[2] ॥੧੨॥ [1]ਤੁਹਫੇ। [2]ਸਮੂਹ।
ਤਨੁਜਾ ਡੋਰੇ ਦੇ ਦੇ ਮਿਲੇ।
ਅਪਨੇ ਕਾਜ ਸਵਾਰਹਿਂ ਭਲੇ।
ਪਸ਼ਚਮਿ ਦਿਸ਼ਿ ਜਹਿਂ ਬਲਖ ਬੁਖਾਰਾ।
ਗਿਨੌਂ ਕਹਾਂ ਲਗਿ ਦੇਸ਼ ਉਦਾਰਾ[1] ॥੧੩॥ [1]ਬਹੁਤੇ।
ਫਿਰਹਿ ਸਭਿਨਿ ਮਹਿਂ ਸ਼ਾਹੁ ਦੁਹਾਈ।
ਪਿਖਿ ਪ੍ਰਤਾਪ ਕੋ ਸਭਿ ਡਰਪਾਈ।
ਨਹੀਂ ਜਗਤ ਮਹਿਂ ਕੋ ਨਰ ਆਨ।
ਜੋ ਸਨਮੁਖ ਹੁਇ ਬਨਹਿ ਸਮਾਨ ॥੧੪॥
ਲਾਖਹੁਂ ਚਢਹਿਂ ਬਾਹਨੀ ਸੰਗਿ।
ਆਇਸੁ ਮਾਨਿ ਪ੍ਰਾਨ ਦੇਂ ਜੰਗਿ।
ਤੁਮ ਕਿਸਿ ਕੇ ਬਲ ਕਰਹੁ ਲਰਾਈ।

ਮੁਸ਼ਕਲ ਬਨਹਿ, ਬਸਹੁ ਕਿਸਿ ਥਾਂਈ?
॥੧੫॥
ਅਰਹੁ ਲਰਹੁ ਹੋਵੈਂ ਹਤਿ ਪ੍ਰਾਨਾ।
ਜੀਵਹੁ ਛਪਹੁ ਜਾਇ ਕਿਸ ਥਾਨਾ?
ਮਾਨੋ ਮੋਰਿ ਕਹਜੋ ਦਿਹੁ ਬਾਜ।
ਨਤੁ ਮੈਂ ਹਤੌਂ ਲਰਤਿ ਹੀ ਆਜ ॥੧੬॥
ਸ਼੍ਰੀ ਨਾਨਕ ਗਾਦੀ ਪਰ ਅਹੋ।
ਪੂਰਬ ਰੀਤਿ ਜਥਾ ਤਿਮ ਰਹੋ।
ਨਈ ਚਾਲਿ ਤੁਮ ਕੀਨਿਸਿ ਕੈਸੇ।
ਸਮਤਾ ਚਹਤਿ ਸ਼ਾਹੁ ਕੀ ਜੈਸੇ ॥੧੭॥
ਤਖਤ ਰਚਜੋ ਅਰੁ ਚਮੂ ਬਨਾਵਹੁ।
ਜਗ -ਸਾਚੇ ਪਤਿਸ਼ਾਹ- ਕਹਾਵਹੁ।
ਇਹ ਸਭਿ ਤਜਾਗਿ ਬਾਜ਼ ਲਿਹੁ ਸੰਗਿ।
ਮੈਂ ਕਰਿ ਦੇਉਂ ਸ਼ਾਹੁ ਸੋਂ ਰੰਗ[1] ॥੧੮॥ [1]ਸੁਲਹ।
ਜੇ ਸਜਾਨੇ ਤੁਮਰੇ ਢਿਗ ਥਿਰਵਤਿ[1]। [1]ਰਹਿੰਦੇ ਹਨ।
ਤਿਨਿ ਕੇ ਸਾਥ ਲੇਹੁ ਕਰਿ ਮਸਲਤਿ।
ਜਜੋਂ ਆਛੀ ਤੁਮ ਕੋ ਬਨਿ ਆਇ।
ਕਹਿ ਭੇਜਹੁ ਤਿਮ ਕਰਹਿਂ ਬਨਾਇ-'
॥੧੯॥
ਸੁਨਤਿ ਦੂਤਿ ਕੇ ਬਚ ਮੁਸਕਾਏ।
ਸ਼੍ਰੀ ਹਰਿ ਗੋਵਿੰਦ ਚੰਦ ਸੁਹਾਏ।
'ਸੁਨਹੁ ਦੂਤ! ਅਬਿ ਬਾਕ ਹਮਾਰੇ।
ਮੁਗਲਸਖਾਨ ਬਤਾਵਹੁ ਸਾਰੇ ॥੨੦॥
-ਲਾਖ ਰਜਤਪਨ ਕੀਮਤਿ ਜਾਂਹੀ।
ਅਸ ਬਾਜੀ[1] ਆਵਤਿ ਹਮ ਪਾਹੀ। [1]ਘੋੜਾ।
ਮੋਲਿ ਖਰਚ ਸਿਖ ਮਗ ਸਹਿਂ ਲਜਾਵਤਿ।
ਸੁਨਜੋ ਸ਼ਾਹੁ ਨੇ ਅਸ ਅਸੁ[1] ਆਵਤਿ [1]ਐਸਾ ਘੋੜਾ।
॥੨੧॥
ਛੀਨਿ ਲੀਨਿ, ਸਿਖ ਕਹਿ ਬਹੁ ਰਹਜੋ।
ਥਲ ਤੇ ਉਰ ਹੰਕਾਰਤਿ ਗਹਜੋ।
ਗੁਰੁ ਪੀਰਨਿ ਕੋ ਤ੍ਰਾਸ ਨ ਕੀਨਿ।
ਮਨ ਭਾਵਤਿ ਕਰਿ ਤਤਛਿਨਿ ਲੀਨਿ

॥੨੨॥
ਸੋ ਕਾਜ਼ੀ ਤੇ ਹਮ ਪੁਨ ਲਯੋ।
ਪ੍ਰਥਮ ਬ੍ਰਿਤਾਂਤ ਤੋਹਿ ਕਹਿ ਦਯੋ।
ਅਬਿ ਇਹ ਉਡਤਿ ਜਾਤਿ ਖਗ ਸਾਥ[1]। [1]ਪੰਛੀ ਨਾਲ।
ਗਹਜੋ ਜਤਨ ਕਰਿ ਬਾਜ਼ ਸੁ ਹਾਥਿ
॥੨੩॥
ਸੋ ਪਲਟਾ ਹਮ ਨੇ ਨਿਜ ਲੀਨਿ।
ਪ੍ਰਥਮ ਬਿਗਾਰਿ ਸ਼ਾਹੁ ਨੇ ਕੀਨਿ।
ਇਸ ਕੋ ਪਿਤਾ ਅਦਾਇਬ ਰਾਖਤਿ।
ਉੱਤਮ ਵਸਤੁ ਦੇਤਿ ਅਭਿਲਾਖਤਿ
॥੨੪॥
ਨਿਮਜੋ ਰਹਜੋ ਘਰ ਗੁਰੂ ਅਗਾਰੀ।
ਡਰ ਖੁਦਾਇ ਕੋ ਰਿਦੇ ਮਝਾਰੀ।
ਬਨੀ ਰਹੀ ਤਿਹ ਸਾਥਿ ਹਮਾਰੀ।
ਬਿਤਜੋ ਕਾਲ ਚਿਰ ਨਹੀਂ ਬਿਗਾਰੀ
॥੨੫॥
ਇਹ ਖੁਦਾਇ ਕੋ ਜਾਨਹਿ ਨਾਂਹੀ।
ਬਡੋ ਰਾਜ ਕੋ ਮਦ[1] ਇਸ ਮਾਂਹੀ। [1]ਹੰਕਾਰ।
ਨਹਿਂ ਮਿਲਾਪਿ ਹਮਰੋ ਬਨਿ ਆਵੈ।
ਦੇਹਿਂ ਜਿ ਬਾਜ਼ ਨ ਪਲਟਾ ਪਾਵੈਂ ॥੨੬॥
ਯਾਂ ਤੇ ਹਮਰੋ ਜੰਗ ਕਰਾਰਾ।
ਮਾਰਹਿਂ ਤੁਰਕ, ਹਰਹਿਂ[1] ਹੰਕਾਰਾ। [1]ਨਾਸ਼ ਕਰਾਂਗੇ।
ਪੁਰਖ ਅਕਾਲ ਪ੍ਰਮੇਸ਼ੁਰ ਜੋਇ।
ਸਭਿ ਅਵਨੀ ਕੋ ਮਾਲਿਕ ਸੋਇ ॥੨੭॥
ਤਿਸ ਕੇ ਕਰੇ ਇਸੀ ਮਹਿਂ[1] ਰਹੈਂ। [1]ਇਸੇ ਪ੍ਰਿਥਵੀ ਵਿਚ।
ਭੋਗਹਿਂ ਖ਼ਾਨ ਪਾਨ ਸਭਿ ਲਹੈਂ।
ਇਹ ਕਜਾ ਜੰਤੁ ਮਸ਼ਕ[1] ਸਮ ਤਹਾਂ। [1]ਮੱਛਰ।
ਕੂਰੋ ਹੰਕਾਰਹਿਂ ਉਰ ਮਹਾਂ ॥੨੮॥
ਇਹ ਸਮ ਬੀਤੇ ਕਈ ਕਰੋਰ।
ਗਿਨਤਜੋ ਜਿਨ ਕੇ ਪਾਇ ਨ ਓਰ[1]। [1]ਓੜਕ।
ਸ਼੍ਰੀ ਨਾਨਕ ਦੀਨੋ ਇਨਿ ਰਾਜ।
ਜਿਸ ਕਰਿ ਏਤੋ ਵਧਜੋ ਸਮਾਜ ॥੨੯॥

ਗੁਰੁ ਘਰ ਸੋਂ ਜਿ ਅਵੱਗਜਾ ਕੈਹੈ।
ਸਨੇ ਸਨੇ ਸਭਿ ਛੀਨਿ ਸੁ ਲੈਹੈ।
ਨਿਜਿ ਸਿੱਖਨਿ ਕੋ ਸਹਤ ਸਮਾਜ।
ਦੈ ਹੈਂ ਸਭਿ ਅਵਨੀ ਕੋ ਰਾਜ ॥੩੦॥
ਜਿਸ ਜਲ ਤੇ ਪੰਕਜ ਨਿਪਜੈ ਹੈ।
ਤਿਸ ਬਿਹੀਨ ਹੁਇ ਜਰ ਬਰ ਜੈ ਹੈ[1]।
ਗੁਰੁ ਸੇਵਾ ਤੇ ਇਨ ਕੋ ਪ੍ਰਾਪਤਿ।
ਸੋ ਨਹਿੰ ਰਹੈ, ਪਰੈ ਇਨ ਆਪਤਿ ॥੩੧॥
ਕਰਿ ਕੂਰੇ ਇਨਿ ਕੋ ਸਭਿ ਰੀਤਿ।
ਰਾਜ ਪ੍ਰਤਾਪ ਜਾਇ ਸਭਿ ਬੀਤਿ।
ਛੋਰਿ ਬਾਜ ਕੀ ਬਾਤਿ ਪਲਾਵਹੁ।
ਜਾਇ ਸ਼ਾਹੁ ਅਪਨੇ ਸਮੁਝਾਵਹੁ ॥੩੨॥
ਨਾਤੁਰ ਜਾਨਿ ਲੇਹੁ ਬਿਚ ਜੀ ਕੇ।
ਕਰਿ ਸੰਗ੍ਰਾਮ ਹਤੌਂ ਸਭਿ ਨੀਕੇ।
ਜਿਮ ਇਹ ਆਗੇ ਮਾਰੇ ਪਰੇ।
ਜਿਸ ਕੇ ਜ਼ੋਰ ਸ਼ਾਹੁ ਮਦ ਭਰੇ ॥੩੩॥
ਤਿਮ ਲਾਖਹੁੰ ਤੁਰਕਨਿ ਕੋ ਹਾਲਿ।
ਮਾਰੌਂ ਕਰਿ ਕੈ ਜੰਗ ਕਰਾਲ।
ਕਾਇਰੁ ਹੋਹਿ ਸੁ ਡਰਪਹਿ ਭਾਖੇ[1]†।
ਹਮ ਤੌਂ ਸਦਾ ਜੁੱਧ ਅਭਿਲਾਖੇਂ ॥੩੪॥
ਚਿਰ ਕੇ ਰਹੇ ਪ੍ਰਤੀਖਤ ਧਾਮੂ।
ਅਬਿ ਇਹ ਮਚਜੋ ਮਹਾਂ ਸੰਗ੍ਰਾਮੂ।
ਬਹੁਤ ਅਨੀ ਕੋ ਕਹਾਂ ਬਤਾਵੈਂ[1]।
ਕਾਸ਼ਟ ਬ੍ਰਿੰਦ ਬਿਲੰਦ ਬਨਾਵੈਂ ॥੩੫॥
ਅਗਨਿ ਸਮਾਨ ਜਾਨਿ ਲਿਹੁ ਮੋਹੀ।
ਲਗੇ ਛਿਨਿਕ ਭਸਮੀ ਸਭਿ ਹੋਹੀ।
ਅਜਹੁੰ ਸਮਝ ਕਰਿ ਜਾਹੁ ਪਲਾਏ।
ਨਾਂਹਿ ਤ ਮਰਹੁ ਜੁੱਧ ਮਹਿ ਆਏ ॥੩੬॥
ਲਵਪੁਰ ਲਗਿ ਕਾਟਤਿ ਹਮ ਜੈਹੈ।
ਸਮੁਖ ਭਏ ਨਹਿੰ ਬਾਚਨਿ ਪੈਹੈਂ।

[1]ਸੜ ਬਲ ਜਾਂਦਾ ਹੈ।

[1]ਜੋ ਕਾਇਰ ਹੋਵੇ ਸੋ ਤੇਰੇ ਕਹਿਆਂ ਡਰੇ। †ਇਹ ਕਾਇਰਤਾ ਪ੍ਰਜਾ ਵਿਚੋਂ ਕੱਢਣੀ ਹੀ ਤਾਂ ਆਪ ਦਾ ਅਸਲ ਪ੍ਰਯੋਜਨ ਸੀ।

[1]ਬਹੁਤੀ ਸੈਨਾਂ (ਦੇ ਹੋਣ ਦਾ ਡਰਾਵਾ) ਕੀ ਦਸਦਾ ਹੈਂ।

ਕੁਪੇ ਬੀਰ ਕਿਮ ਤਜਾਗੈਂ ਨਾਂਹੀ।
ਨਿਸ਼ਚੈ ਲਖਹੁ ਅਪਨਿ ਮਨ ਮਾਂਹੀ
॥੩੭॥
ਸੁਨਿ ਭੋ ਦੂਤ! ਜਾਇ ਸਮਝਾਵਹੁ।
-ਕਜੋਂ ਨਾਹਕ ਨਿਜ ਪ੍ਰਾਨ ਗਵਾਵਹੁ।
ਕਹਹੁ ਸ਼ਾਹੁ ਸੋਂ ਪਲਟੇ ਬਾਜਿ[1]। [1]ਘੋੜੇ ਦੇ ਬਦਲੇ।
ਗੁਰੁ ਨੇ ਗਹਜੋ ਤੁਮਾਰੋ ਬਾਜ਼-' ॥੩੮॥
ਸਨੇ ਕੋਪ ਗੁਰੁ ਕੇ ਬਚ ਸੁਨੇ।
ਤੂਸ਼ਨਿ ਦੂਤ ਭਯੋ ਨਹਿਂ ਭਨੇ।
-ਨਹੀਂ ਜੁੱਧ ਤੇ ਗੁਰੂ ਮਿਟੰਤਾ।
ਇਤੇ ਮਰੇ ਸਮੁਝਜੋ ਨ ਕਦੰਤਾ- ॥੩੯॥
ਗਮਨਜੋ ਜਿਸ ਥਲ ਮੁਗਲਸਖਾਨ।
ਸਕਲ ਹਕੀਕਤਿ ਕੀਨਿ ਬਖਾਨ।
'ਬਾਜ ਨ ਦੇਤਿ ਗੁਰੂ, ਨਹਿਂ ਡਰੈ।
ਕਿਤੋ ਆਇ ਲਸ਼ਕਰ ਤੌਂ ਲਰੈ ॥੪੦॥
ਬਡੋ ਹੌਂਸਲਾ ਜਿਨ ਕੇ ਜੰਗ।
ਮਾਰਨ ਮਰਨਿ ਬੀਰ ਰਸ ਸੰਗ।'
ਜਜੋਂ ਗੁਰੁ ਕਹੀ ਸੁ ਸਕਲ ਸੁਨਾਈ।
'-ਦਈ ਸ਼ਾਹੁ ਕੋ ਗੁਰੁ[1] ਬਡਿਆਈ [1]ਗੁਰੂ ਨਾਨਕ ਜੀ ਨੇ।
॥੪੧॥
ਕਰਹਿ ਅਵੱਗਜਾ ਲੈ ਹੈਂ ਛੀਨ-।
ਇਮ ਬੋਲਤਿ ਬਿਨੁ ਤ੍ਰਾਸ ਪ੍ਰਬੀਨ।'
ਮੁਗਲਸਖਾਨ ਸੁਨਜੋ ਉਰ ਡਰੈ।
-ਮੇਰੇ ਪ੍ਰਾਨ ਗੁਰੂ ਅਬਿ ਹਰੈ ॥੪੨॥
ਸੈਨਾ ਕੇ ਸਰਦਾਰ ਸੰਘਾਰੇ।
ਸਨਮੁਖ ਗਏ ਸਰਬ ਗੁਰੁ ਮਾਰੇ।
ਤੀਰਨਿ ਕੀ ਤਰੀਫ ਭਟ ਕਰਤੇ।
ਛੂਟੇ ਏਕ ਅਨੇਕੈਂ ਮਰਤੇ ॥੪੩॥
ਸੋ ਮੁਝ ਕੋ ਕਿਮ ਤਜਾਗਨਿ ਕਰੈ।
ਦਲ ਸਰਦਾਰ ਜਾਨ ਕਰਿ ਹਰੈ।
ਬਿਨਾ ਲਰੇ ਤੇ ਜੇ ਹਟਿ ਜਾਵੌਂ।
ਸ਼ਾਹੁ ਸੰਗ ਕਜਾ ਬਾਕ ਅਲਾਵੌਂ ॥੪੪॥

ਕਾਇਰ ਲਖਹਿ, ਨ ਦੇ ਬਡਿਆਈ।
ਬਿਨੁ ਮਾਰੇ ਤਬਿ ਭੀ ਮਰਿ ਜਾਈਂ।
ਸਭਿ ਲਸ਼ਕਰ ਗੀਦੀ ਮੁਝ ਜਾਨਹਿ।
ਸਕਲ ਬੀਰ ਅਪਵਾਦ ਬਖਾਨਹਿਂ ॥੪੫॥
ਯਾਂ ਤੇ ਹੋਨੀ ਹੋਇ ਸੁ ਹੋਇ।
ਲਰਿਬੇ ਉਚਿਤ ਮੋਹਿ ਕਹੁ ਜੋਇ-।
ਏਵ ਬਿਚਾਰਤਿ ਘਰੀ ਬਿਤਾਈ।
ਪੁਨ ਆਇਸੁ ਸਭਿ ਸਾਥ ਅਲਾਈ
॥੪੬॥
'ਚਢਹੁ ਤੁਰੰਗ ਬਿਲਮ ਨਹਿਂ ਕੀਜਹਿ।
ਸਭਿ ਧੌਂਸਨਿ ਚੋਬਨਿ ਹਨਿ ਦੀਜਹਿ।
ਗਹਹੁ ਕਿ ਮਾਰਹੁ ਗੁਰ ਕੋ ਜਬੈ।
ਅਪਨੋ ਜੀਵਨਿ ਜਾਨਹੁ ਤਬੈ ॥੪੭॥
ਨਾਂਹਿ ਤ ਇਤ ਤੇ ਜੇ ਬਚਿ ਜਾਇ।
ਸ਼ਾਹੁ ਜਹਾਂ ਤਿਹ ਠਾਂ ਮਰਿਵਾਇ।
ਇਹਾਂ ਮਰਨ ਦ੍ਵੈ ਲੋਕ ਮਝਾਰੀ।
ਜਸੁ ਅਰੁ ਭਿਸਤਿ ਪਾਇ ਸੁਖ ਭਾਰੀ
॥੪੮॥
ਲਵਪੁਰਿ ਜਾਇ ਮਰਨਿ ਦੁਖਦਾਨੀ।
ਦੋਜ਼ਕ ਪਰਨਿ ਨਿੰਦ ਜਗ ਠਾਨੀ।'
ਇਮ ਕਹਿ ਸਭਿਹਿਨਿ, ਭਾ ਸਵਧਾਨ।
ਸ਼ਸਤ੍ਰ ਲਗਾਇ ਮੰਗਾਇ ਕਿਕਾਨ
॥੪੯॥
ਦੇਖਿ ਰਹੇ ਸਰਦਾਰ ਨ ਨੇਰੇ।
ਜਿਸ ਕੋ ਆਗੈ ਰਣ ਹਿਤ ਪ੍ਰੇਰੇ।
ਮਰੇ ਸਰਬ ਹੀ ਉਰ ਬਿਸਮਾਯੋ।
ਗੁਰ ਕੇ ਸਮੁਖ ਆਪ ਹੀ ਧਾਯੋ ॥੫੦॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਦੂਤ ਪਠਾਨ' ਪ੍ਰਸੰਗ ਬਰਨਨੰ ਨਾਮ ਚਤੁਰ ਦਸਮੋ ਅੰਸੂ ॥੧੪॥

## ੧੫. [ਮੁਗਲਸਖਾਨ ਯੁੱਧ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਬਹੁ ਧੌਂਸਨਿ ਧੁੰਕਾਰ ਕੋ, ਸੁਨਿ ਸਿਖ ਆਏ ਦੌਰਿ।
ਸ੍ਰੀ ਹਰਿਗੋਵਿੰਦ ਸੋਂ ਕਹਜੋ, 'ਸੁਨਹੁ ਗੁਰੂ ਸਿਰਮੌਰ! ॥੧॥

ਚੌਪਈ:

ਆਗੇ ਦੂਰਿ ਹੁਤੇ ਹਮ ਖਰੇ।
ਜਬਿ ਕੇ ਕਤਲ ਭਏ ਰਿਪੁ ਮਰੇ।
ਤਕਰਾਈ ਹਿਤ ਇਕ ਸੌ ਠਾਂਢੇ।
ਪਕਰੇ ਸ਼ਸਤ੍ਰ ਸੱਤ੍ਰ ਹਿਤ ਗਾਢੇ ॥੨॥
ਜੇਤਿਕ ਤੁਰਕ ਸਮੂਹ ਭਗੈਲ[1]। — [1]ਕਾਇਰ।
ਅਰੁ ਜੇਤਿਕ ਰਾਖੇ ਨਿਜ ਗੈਲ[1]। — [1]ਆਪਣੇ ਪਿੱਛੇ।
ਸਭਿ ਕਰਿ ਇਕਠੇ ਰਿਸਿ ਕੋ ਠਾਨਿ।
ਆਪ ਚਢਜੋ ਅਬਿ ਮੁਗਲਸਖਾਨ ॥੩॥
ਗਨ ਨਿਸ਼ਾਨ ਬਾਜਤਿ ਅਬਿ ਆਵੈਂ।
ਬਾਦਤਿ[1] ਅਪਰ ਅਨੇਕ ਬਜਾਵੈਂ। — [1]ਵਾਜੇ।
ਫਰਰੇ ਛੁਟੇ ਨਿਸ਼ਾਨ ਅਗਾਰੀ।
ਆਵਤਿ ਦਲ ਜੁਤਿ ਬਡ ਹੰਕਾਰੀ ॥੪॥
ਸਾਵਧਾਨ ਹੁਜਹਿ ਗੁਰੁ ਪੂਰੇ!
ਇਕਠੇ ਕਰਹੁ ਨਿਕਟਿ ਗਨ ਸੂਰੇ।
ਅਬਿ ਕੈ ਇਕ ਹੱਲੇ ਕੇ ਤੁਰਕਾ[1]। — [1]ਇਕ ਹੱਲੇ ਦੀ, (ਮਾਰ) ਤੁਰਕ ਹਨ।
ਬਿਜੈ ਡੰਕ ਤਬਿ ਬਾਜਹਿ ਗੁਰ ਕਾ' ॥੫॥
ਲੱਖਾ ਢਿਗ ਨਗਾਰਚੀ ਅਹਾ।
ਖਾਸ ਗੁਰੂ ਕੇ ਜੋ ਨਿਤ ਰਹਾ।
ਸੈਨਾਪਤਿ ਅਪਰਨਿ ਕੇ ਜੁਦੇ।
ਨਿਜ ਨਿਜ ਮਿਸਲਿ ਰਹਤਿ ਜਦ ਕਦੇ ॥੬॥
ਸ੍ਰੀ ਹਰਿਗੋਬਿੰਦ ਬਾਕ ਉਚਾਰੇ।
'ਦੁਹਰੀ ਚੋਬਨਿ ਹਨਹੁ ਨਗਾਰੇ।
ਕਰਹੁ ਸੂਰ ਸੱਜੀ[1] ਰਿਪੁ ਮਾਰੈਂ। — [1]ਸੂਰਮਿਆਂ ਨੂੰ ਤਿਆਰ ਬਰ ਤਿਆਰ ਕਰੇ।

ਅਬਿ ਕੇ ਥਿਰਹਿਂ ਨ[1], ਭਾਜ ਪਧਾਰੈਂ ॥੭॥
ਐਸੀ ਕਰਹੁ ਮਲੇਛਨ ਮਾਰਿ।
ਇਕ ਭਾਜਨਿ ਕੀ ਰਹਹਿ ਸੰਭਾਰਿ।'
ਬਿਧੀਚੰਦ ਕਰ ਜੋਰਿ ਸੁਨਾਯਹੁ।
'ਇਮਿ ਹੀ ਹੁਇ ਜਿਸ ਆਪ ਅਲਾਯਹੁ ॥੮॥
ਹੁਤੇ ਸ਼ਿਰੋਮਣਿ ਸੇ ਹਤਿ ਹੋਏ।
ਕੁਛਕ ਭਗੈਲ ਆਨਿ ਫਿਰ ਢੋਏ।
ਅਹੈ ਪ੍ਰਤਾਪ ਆਪ ਕੋ ਭਾਰੇ।
ਮਰੇ ਮਲੇਛ ਕਿਤਿਕ ਬਿਨ ਮਾਰੇ ॥੯॥
ਗਿਰੇ ਅਚਾਨਕ ਹਯਨ ਭਜਾਵਤਿ।
ਦਰੇ ਗਏ[1] ਸੈਨਾ ਕੇ ਧਾਵਤਿ।
ਔਚਕ ਹਾਥਨਿ ਤੇ ਹਥਿਯਾਰ।
ਗਿਰ ਧਰਨੀ ਪਰ ਨਹਿਂ ਨ ਸੰਭਾਰ ॥੧੦॥
ਪੈਂਦੇ ਖਾਨ ਪਰਜੋ ਜਬਿ ਫੇਰਿ।
ਅਨਗਨ ਭਟਨਿ ਲਥੇਰ ਪਥੇਰ।
ਕੇਤਿਕ ਸ਼ਸਤ੍ਰਨ ਸੋਂ ਛਿਤ ਮੇਲੇ।
ਕਿਤਿਕ ਸੰਘਾਰੇ ਹਾਥ ਧਕੇਲੇ ॥੧੧॥
ਪ੍ਰਿਥਮ ਤੁਫੰਗਨਿ ਚਲਿਬੋ ਕਰਜੋ।
ਖੜਗ ਜੰਗ ਮਹਿਂ ਕਛੂ ਨ ਸਰਜੋ।
ਤਥਾ ਭਈ ਜੇ ਅਬਿ ਕੀ ਬਾਰੇ।
ਕੁਛ ਮਰਿ ਹੈਂ ਕੁਛ ਭਾਜਹਿਂ ਹਾਰੇ' ॥੧੨॥
ਇਮ ਬੋਲਤਿ ਹੀ ਲਸ਼ਕਰ ਆਯੋ।
ਮਾਰਿ ਤੁਪਕ ਜੇਤਿਕ ਨਿਯਰਾਯੋ।
ਜ੍ਵਾਲਾ ਬਮਣੀ[1] ਸਭਿ ਮਿਲਿ ਛੋਰੀ।
ਪਹੁੰਚਿ ਦੂਰ ਲੌ ਲਾਗਤਿ ਗੋਰੀ ॥੧੩॥

ਭੁਜੰਗ ਪ੍ਰਯਾਤ ਛੰਦ:

ਪਿਖੈ ਆਪਿ ਮੈਂ ਫੇਰ ਬਾਜੇ ਨਗਾਰੇ।
ਦੁਹੂ ਓਰ ਤੇ ਬੀਰ ਬੰਕੇ ਕਰਾਰੇ।

[1]ਹੁਣ ਠਹਿਰਨਗੇ ਨਹੀਂ।
[1]ਦਰੜੇ ਗਏ।
[1]ਬੰਦੂਕਾਂ।

ਪਲੀਤੇ ਧੁਖੇ ਜ੍ਵਾਲਮਾਲਾ[1] ਜਗਾਈ।
[1]ਮਾਨੋਂ) ਅੱਗ ਦੀ ਲੜੀ। (ਅ) ਬੰਦੂਕਾਂ।
ਉਠ੍ਯੋ ਨਾਦ ਉਚੰ ਨਭੰ ਧਮ[1] ਛਾਈ ॥੧੪॥
[1]ਅਕਾਸ਼ ਵਿਚ ਧੂਆਂ।
ਕਰੇ ਤੁੰਦ ਤਾਜੀ[1] ਭਏ ਸ਼ਤ੍ਰੁ ਸੌਹੈਂ।
[1]ਘੋੜੇ।
ਰਿਸੇ ਸੂਰ ਸਾਰੇ ਕਰੀ ਬੰਕ ਭੌਹੈਂ।
ਧਵਾਵੈਂ ਤੁਰੰਗੰ ਤੁਫੰਗੰ ਚਲਾਵੈਂ।
ਵਧੈ ਜੌਨ ਆਗੇ ਤਿਸੈ ਤਾਕਿ ਘਾਵੈਂ ॥੧੫॥
ਗਿਰੇ ਲਾਗਿ ਗੋਰੀ ਸੰਭਾਰੈਂ ਨ ਫੇਰੇ?
ਚਲੇ ਆਇ ਨੇਰੇ ਮਹਾਂਕਾਲ ਪ੍ਰੇਰੇ।
ਨਚੀ ਜੋਗਣੀ ਹਾਥ ਧਾਰੇ ਕਪਾਲਾ[1]।
[1]ਖੋਪਰੀ।
ਭਰੈਂ ਸ਼੍ਰੋਨਿ ਸੋਂ ਫੇਰ ਪੀਵੈਂ ਕਰਾਲਾ ॥੧੬॥
ਤਬੈ ਭੀਮ ਭੈਰੋਂ ਫਿਰ੍ਯੋ ਮੋਦ ਪਾਏ।
ਭਖੈਂ ਮਾਸ ਗੋਮਾਯ[1] ਕੰਕੈ[2] ਅਘਾਏ।
[1]ਗਿਦੜੀਆਂ। [2]ਚਿੱਟੀ ਚੀਲ।
ਮਹਾਂ ਕਾਕ ਬੋਲੈਂ ਉਡੰਤੇ ਭ੍ਰਮਾਏ।
ਜਿਤੇ ਮਾਸਹਾਰੀ ਮਿਲੇ ਬ੍ਰਿੰਦ ਆਏ ॥੧੭॥

ਪਾਧੜੀ ਛੰਦ:

ਦਲ ਢੁਕੇ ਹੋਏ ਕਰਿ ਮਾਰਿ ਮਾਰਿ।
ਬਹੁ ਛੁਟੀ ਤੁਪਕ ਗੋਰੀ ਪ੍ਰਹਾਰ।
ਗਿਰ ਪਰੇ ਸੂਰ ਫੂਟੇ ਸਰੀਰ।
ਹਯ ਫਿਰੈਂ ਛੂਛ ਜਬਿ ਮਰਤਿ ਬੀਰ ॥੧੮॥
ਦੁਹ ਦਿਸ਼ਨਿ ਬ੍ਰਿੰਦ ਗੁਲਕਾਂ ਚਲੰਤਿ।
ਜਨੁ ਚੇਤ ਮਾਸ ਓਰੇ ਪਰੰਤਿ।
ਇਤਿ ਉਤਿ ਭ੍ਰਮਾਇ ਘੋਰੇ ਧਵਾਇ।
ਰਿਪੁ ਹਨਹਿਂ ਤਾਕਿ ਤੁਪਕਨਿ ਚਲਾਇ ॥੧੯॥
ਗੁਰੁ ਹਰਿਗੁਵਿੰਦ ਗਮਨੇ ਅਗਾਰਿ।
ਦਿਢ ਚਾਂਪ ਆਪਿ ਕਰ ਲੀਨਿ ਧਾਰਿ।
[1]ਦਸ ਤਰਕਸ਼ ਸਰ ਆਗੇ ਚਲਾਇ।
[1]ਦਸ ਭਥੇ ਤੀਰਾਂ ਦੇ ਅਗੇ ਚਲਾਏ ਸਨ, (ਹੁਣ) ਫੇਰ ਚੰਗੇ (ਤੀਰ) ਮੰਗਾਕੇ (ਭੱਥੇ) ਭਰ ਲਏ।

ਪੁਨ ਭਰੇ ਫੇਰਿ ਨੀਕੇ ਮੰਗਾਇ[1] ॥੨੦॥
ਖਰ ਖਪਰੇ ਅੰਜੁਲ ਕੇ ਸਮਾਨ।
ਸਮ ਸੇਲ ਕਿਤਿਕ ਤੁੱਕੇ ਮਹਾਨ।
ਅਧ ਚੰਦ੍ਰ ਜਥਾ ਤਿਸ ਕੇ ਅਕਾਰ।
ਸਰ ਮੀਨ ਮੁਖੇ ਜਿਨ ਅਧਿਕ ਮਾਰਿ ॥੨੧॥

[1]ਤੀਰ।

ਖਰ ਕੰਟਕ[1] ਸੇ ਕੇਤਿਕ ਘਰਾਇ।
ਤਬਿ ਚਲੇ ਸ਼ੂੰਕ ਜਨੁ ਨਾਗ ਜਾਇ।
ਜਬਿ ਪਰੇ ਸੈਨ ਤੁਰਕਾਨਿ ਮਾਂਹਿ।
ਚਲਿ ਸਾਫ ਸ਼ੀਘ੍ਰ ਸੁਭਟਨਿ ਲਗਾਹਿਂ ॥੨੨॥

[1]ਕੰਡੇ ਵਰਗੇ ਤਿਖੇ।

ਇਕ ਬੇਧਿ[1] ਦੁਤਿਯ ਕੈ ਲਗਤਿ ਜਾਇ।
ਤਿਹ ਛੇਦਿ ਤੀਸਰੇ ਕਰਹਿ ਘਾਇ।
ਹਯ ਹੋਹਿ ਕਿ ਭਟ, ਜਿਸ ਕੇ ਲਗੰਤਿ।
ਨਹਿਂ ਬਚਹਿ ਫੇਰਿ ਤੂਰਨ ਗਿਰੰਤਿ ॥੨੩॥

[1]ਇਕ ਨੂੰ ਵਿੰਨ੍ਹਕੇ।

ਤਬਿ ਲਗੇ ਗਿਰਨਿ ਜੋਧਾ ਬਿਸਾਲ।
ਪਰਖੰਤਿ ਬਾਨੁ ਛੂਟੇ ਕਰਾਲ।
'ਇਹ ਗੁਰੂ ਹਾਥ ਕੇ ਲਗਤਿ ਆਇ।
ਹਯ ਭਟਨਿ ਅਨੇਕਨਿ ਬਿਧਤਿ ਜਾਇ' ॥੨੪॥
ਬਹੁ ਬਡੇ ਰੁ ਮੋਟੇ ਦੇਖਿ ਦੇਖਿ।
ਜੇ ਜਿਯਤਿ ਤ੍ਰਾਸ ਧਰਤੇ ਵਿਸ਼ੇਖ।
'ਇਸ ਸਮੇਂ ਕੌਨ ਸਾਕਹਿ ਚਲਾਇ।
ਬਡਿ ਇਨਹੁ ਉਚਿਤ ਧਨੁ ਜੋ ਕਰਾਇ[1] ॥੨੫॥

[1]ਵੱਡਾ ਧਨੁਖ ਜੋ ਬਣਾਇਆ ਹੈ, ਸੋ ਇਨ੍ਹਾਂ ਦੇ ਹੀ ਲਾਇਕ ਹੈ।

ਕੋ ਸਕਹਿ ਐਂਚ ਬਡਿ ਹੁਇ ਕਠੋਰ।
ਜਿਸ ਧਰੇ ਜੋਰ[1] ਬਹੁ ਭਟਨਿ ਫੋਰਿ।
ਨਹਿਂ ਬਚਹਿ ਗਜਿੰਦ ਜਿ[1] ਲਗਤਿ ਜਾਇ।
ਹਯ ਨਰਨਿ ਕੌਨ ਗਿਨਤੀ ਕਰਾਇ' ॥੨੬॥
ਤਬਿ ਮੁਗਲਸਖਾਂ ਕਹੁ ਕਹਤਿ ਜਾਇ।

[1]ਬਲ ਨਾਲ ਜਿਸ ਧਾਰਨ ਕਰਨ ਤੇ।

[1]ਹਾਥੀ ਨੂੰ ਜੇ।

'ਇਹ ਦਿਖਹੁ ਤੀਰ ਗੁਰੁ ਗਨ ਚਲਾਇ।
ਜੇ ਰਹਹੁ ਥਿਰੇ ਰਣ ਕਰਤਿ ਆਪਿ।
ਤੌ ਕਿਤਿਕ ਕਾਲ ਭਟ ਦੇਹਿਂ ਖਾਪਿ ॥੨੭॥
ਇਕ ਤੀਰ ਸੰਗਿ ਦੇਂ ਬਹੁਤ ਘਾਇ।
ਨਹਿਂ ਸਮੁਹਿ[1] ਹੋਤਿ ਭਟ ਤ੍ਰਾਸ ਪਾਇ। [1]ਸਾਹਮਣੇ।
ਹੋਨੀ ਸੁ ਹੋਇ ਹੱਲਾ ਕਰੇਹੁ।
ਕਰਿ ਖੜਗ ਜੰਗ ਤੇ ਮਾਰਿ ਦੇਹੁ ॥੨੮॥
ਪਕਰਯੋ ਨ ਜਾਇ ਗੁਰੁ ਬਲਿ ਬਿਸਾਲ।
ਜਿਨ ਕਰਯੋ ਖੇਤ ਸੰਘਰ ਕਰਾਲ।'
ਸੁਨਿ ਮੁਗਲਸਖਾਂ ਉਰ ਤ੍ਰਾਸ ਧਾਰਿ।
-ਗੁਰੁ ਤੇ ਨ ਹੋਇ ਪ੍ਰਾਨਨਿ ਉਧਾਰ[1] ॥੨੯॥ [1]ਪ੍ਰਾਣਾਂ (ਦਾ) ਬਚਾਉ।
ਜਬਿ ਪਿਖਹਿਂ ਸਮੁਖ, ਆਵਹਿਂ ਸੁ ਧਾਇ।
ਮ੍ਰਿਤੁ ਹੇਤੁ ਕੀਨਿ ਔਚਕ ਖ਼ੁਦਾਇ।
ਅਬਿ ਬਨਹਿਂ ਨਾਂਹਿ ਹਟਿਬੋ ਪਿਛਾਰਿ।
ਮਰਿ ਗਏ ਬੀਰ ਲਰਿ ਕੈ ਜੁਝਾਰ ॥੩੦॥
ਜਿਨ ਕੋ ਭਰੋਸ ਥੋ ਜੁੱਧ ਮਾਂਹਿ।
ਸੋ ਮਰੇ ਬੀਰ ਦਿਖਿਯੰਤਿ ਨਾਂਹਿ-।
ਕੁਮਲਾਇ ਬਦਨ ਗੀਦੀ ਬਿਸਾਲ।
ਗਨ ਸੁਭਟ ਹਕਾਰਿ ਲੀਨੇ ਸੁ ਨਾਲਿ ॥੩੧॥
ਤਬਿ ਚਲਯੋ ਅੱਗ੍ਰ ਬਾਜੇ ਨਿਸ਼ਾਨ[1]। [1]ਧੌਂਸੇ।
ਸਭਿ ਦਏ ਛੋਰਿ ਫਰਰੇ ਨਿਸ਼ਾਨ[1]। [1]ਝੰਡਿਆਂ ਦੇ ਫਰੈਰੇ।
ਉਤਸਾਹੁ ਸਭਿਨਿ ਕੋ ਦੇ ਪੁਕਾਰ।
'ਹਤਿ ਲੇਹੁ ਬੀਰ ਨਿਜ ਕਾਰ ਸਾਰ ॥੩੨॥
ਚਲਿ ਸ਼ਾਹੁ ਨਿਕਟਿ ਜਸੁ ਕਹਿਂ ਤੁਮਾਰਿ।
ਬਖਸ਼ਿਸ਼ਿ ਦਿਵਾਉਂ ਸਭਿ ਕੋ ਸੰਭਾਰਿ।'
ਸੱਯਦ ਦਿਦਾਰਲੀ ਕੀਨਿ ਬਾਮ[1]। [1]ਖੱਬੇ ਪਾਸੇ ਕੀਤਾ ਸੱਯਦ ਦੀਦਾਰ ਅਲੀ।
ਸੁਲਤਾਨ ਬੇਗ ਇਕ ਮੁਗ਼ਲ ਨਾਮ ॥੩੩॥

ਤਿਹ ਕਰਜੋ ਦਾਹਨੇ ਸੈਨ ਸੰਗਿ।
ਇਹ ਬਚੇ ਬੀਰ ਦਵੈ ਕਰਤਿ ਜੰਗ।
ਸਭਿ ਔਰ ਮਾਰਿ ਧੂਲੀ ਮਿਲਾਇ।
ਚਲਿ ਅੱਗ੍ਰ ਜਿਤੇ ਉਰ ਤ੍ਰਾਸ ਪਾਇ ॥੩੪॥
ਹੱਲਾ ਤਿਆਰਿ ਕੀਨੋ ਨਿਹਾਰ।
ਇਤਿ ਗੁਰੂ ਆਪਨੇ ਲੇ ਜੁਝਾਰ।
ਭਟ ਪੈਂਦਖਾਨ ਨਿਜ ਬਾਮ ਕੀਨਿ।
ਭਟ ਬਿਧੀਚੰਦ ਦਾਏਂ ਸੁ ਲੀਨਿ ॥੩੫॥
ਬਰ ਬਿੱਪ੍ਰ ਮਲਕ ਜਾਤੀ ਕਰਾਲ।
ਸੋ ਪਰਜੋ ਧਾਇ ਭਟ ਲੀਨਿ ਨਾਲਿ।
ਦਲ ਮਿਲੇ ਦੋਇ ਕਰਿ ਮਾਰਿ ਮਾਰਿ।
ਉਰ ਕ੍ਰੋਧ ਧਾਰਿ ਚਾਲੇ ਪ੍ਰਹਾਰਿ[1] ॥੩੬॥

[1]ਮਾਰਨੇ ਨੂੰ।

ਇਤਿ ਉਤਿ ਧਵਾਇ ਆਪਾ ਬਚਾਇ।
ਕਰਿ ਤਜਾਰ ਤੁਪਕ ਤਾਕਹਿਂ ਚਲਾਇ।
ਭਟ ਉਥਲ ਪਥਲ ਗਿਰ ਗਿਰ ਪਰੰਤਿ।
ਜਿਸ ਲਗਹਿ ਘਾਇ ਨਹਿਂ ਸੋ ਬਚੰਤਿ ॥੩੭॥
ਤਬਿ ਪੈਂਦ ਖਾਨ ਕੁਪਿਓ ਬਿਲੰਦ।
ਗਨ ਹਤਹਿ ਬਾਨ ਸੂਰਾ ਨਿਕੰਦ[1]।

[1]ਬਹੁਤੇ ਤੀਰ ਮਾਰਕੇ ਸੂਰਮੇ ਨਾਸ਼ ਕੀਤੇ।

ਬਹੁ ਗੁਰੂ ਤੀਰ ਰਣ ਖੇਤ ਮਾਂਹਿ।
ਬਰਖੰਤਿ, ਅਧਿਕ ਦੇਂ ਟਿਕਨਿ ਨਾਂਹਿ ॥੩੮॥
ਜਿਤਿ ਤੁਰਕ ਬ੍ਰਿੰਦ ਤਿਤ ਸ਼ੁਕ ਜਾਤਿ[1]।

[1]ਸ਼ੁਕਦੇ ਜਾਂਦੇ ਹਨ।

ਬਡਿ ਕੰਕ ਪੰਖ ਜਿਨਿ[1], ਕਰਤਿ ਘਾਤਿ।

[1]ਚਿੱਟੀ ਚੀਲ ਦੇ ਵਡੇ ਵਡੇ ਖੰਭ (ਲੱਗੇ ਹੋਏ ਹਨ) ਜਿਨ੍ਹਾਂ ਨੂੰ।

ਨਹਿਂ ਨਿਫਲ ਏਕ ਹੋਵੈ ਖਤੰਗ।
ਹਤਿ ਸੁਭਟ ਅੰਗ ਕੈ ਲਗਿ ਤੁਰੰਗ ॥੩੯॥
ਗਿਰ ਪਰਤਿ ਤੁਰਤਿ ਨਹਿਂ ਲਗਤਿ ਬਾਰ।
ਇਤਿ ਬਿਧੀਚੰਦ ਬਹੁ ਕਰਤਿ ਮਾਰਿ।
ਸੁਲਤਾਨ ਬੇਗ ਕੇ ਹੋਇ ਤੀਰ।

ਧਨੁ ਐਂਚਿ ਕਾਨ ਲਗਿ ਹਤਸਿ ਤੀਰ
॥ ੪੦ ॥
ਜਿਸਿ ਕੇ ਸੰਜੋਯ ਸਿਰ ਟੋਪ ਲੋਹ।
ਬਚਿ ਗਯੋ ਤਾਂਹਿ ਤੇ, ਕਰਸਿ ਕ੍ਰੋਹ[1]।
ਬਰਛਾ ਉਭਾਰਿ ਤਬਿ ਆਇ ਧਾਇ।
ਤਕਿ ਬਿਧੀ ਚੰਦ ਕੈ ਲਾਇ ਘਾਇ
॥ ੪੧ ॥
ਕਰਿ ਚਪਲ ਤੁਰੰਗ ਆਗੇ ਚਲਾਇ।
ਲਗਿ ਭੁਜਾ ਬੀਚ ਭਾ ਤਨਕ ਘਾਇ।
ਗੁਰੁ ਹਾਥ ਦੇਯ ਰਾਖ੍ਯੋ ਬਚਾਇ।
ਜਬਿ ਚਲ੍ਯੋ ਮੁਗ਼ਲ ਹਟਿ ਪਾਛਿ ਧਾਇ
॥ ੪੨ ॥
ਕਹਿ ਬਿਧੀਚੰਦ 'ਕ੍ਯੋਂ ਜਾਤਿ ਕੂਰ[1]?
ਇਮਿ ਜੰਗ ਰੀਤਿ ਨਹਿਂ ਕਰਤਿ ਸੂਰ।'
ਲਲਕਾਰਿ ਖੜਗ ਖੈਂਚ੍ਯੋ ਚਲਾਇ।
ਤਬਿ ਮੁਗ਼ਲ ਢਾਲ ਆਡੀ ਅਗਾਇ[1]
॥ ੪੩ ॥
ਨਹਿਂ ਲਗ੍ਯੋ ਘਾਇ ਬਡਿ ਜਾਨਿ ਦਾਇ।
ਤਬਿ ਬਿਧੀ ਚੰਦ ਬਹੁ ਕ੍ਰੋਧ ਪਾਇ।
ਚਪਿ, ਗਯੋ ਦੂਰ, ਲਿਯ ਚਾਪ ਬਾਨ।
ਕਰਿ ਓਜ ਐਂਚਿ, ਕਰ ਲਾਗਿ ਕਾਨ
॥ ੪੪ ॥
ਬਿਨੁ ਕਵਚ[1] ਖੋਦ[2] ਤੇ ਗ੍ਰੀਵ ਹੇਰਿ।
ਤਹਿਂ ਤਾਕਿ ਤੀਰ ਹ੍ਵੈ ਕੈ ਦਲੇਰਿ।
ਛੁਟਿ ਚਲ੍ਯੋ ਧਨੁਖ ਤੇ ਮਨਹੁ ਨਾਗਿ।
ਬਡਿ ਬੇਗ ਸੰਗ ਤਿਹਿ ਕੰਠ ਲਾਗਿ
॥ ੪੫ ॥
ਸੁਲਤਾਨ ਬੇਗ ਲਾਗੇ ਖਤੰਗ।
ਗਿਰ ਪਰ੍ਯੋ ਭੂਮ ਤਜਿ ਕੈ ਤੁਰੰਗ।
ਦੁਇ ਦਿਸ਼ਨਿ ਪਿਖਤਿ ਭਟ ਬ੍ਰਿੰਦ ਤਾਂਹਿ।
ਤਜਿ ਪ੍ਰਾਨ ਗਯੋ ਤਬਿ ਭਿਸਤ ਮਾਂਹਿ
॥ ੪੬ ॥

[1]ਕ੍ਰੋਧ ਕੀਤਾ।

[1]ਹੇ ਝੂਠੇ!

[1]ਅੱਗੋਂ ਅੱਡੀ।

[1]ਲੋਹੇ ਦਾ ਕੁੜਤਾ, ਜ਼ਿਰਾ ਬਕਤਰ। [2]ਲੋਹੇ ਦਾ ਟੋਪ।

ਸਭਿ ਤੁਰਕ ਸ਼ੋਕ ਅਰੁ ਤ੍ਰਾਸ ਧਾਰਿ।
ਇਤਿ ਸਿੱਖ ਪ੍ਰਮੋਦਤਿ ਭੇ ਨਿਹਾਰ।
ਤਜਿ ਜਿਯਨਿ ਆਸ ਭੈ ਭੀਤਿ ਹੋਇ।
ਇਮ ਜੁਟੀ ਸੈਨ ਕਰਿ ਬਹੁਤਿ ਢੋਇ
॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸੁਲਤਾਨ ਬੇਗ ਬੱਧ' ਪ੍ਰਸੰਗ ਬਰਨੰ ਨਾਮ ਪੰਚ ਦਸ਼ਮੋ ਅੰਸੂ ॥੧੫॥

## ੧੬. [ਗੁਰੂ ਜੀ ਦੀ ਵਿਜਯ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਮਚਜੋ ਜੰਗ ਦਾਰੁਨ ਮਹਾਂ, ਤਬਿ ਦਿਦਾਰਲੀ ਆਇ।
ਪੈਂਦਾ ਖਾਨ ਬੰਗਾਰਿਓ, ਜਨੁ ਨਿਜ ਕਾਲ ਬਨਾਇ[1] ॥੧॥

[1]ਆਪਣੀ ਮੌਤ ਬਣਾ ਕੇ।

ਪਾਧੜੀ ਛੰਦ:

[†]ਪਾ:-ਫੰਧਾਇ।

ਹਯ ਕੋ ਧਵਾਇ[†] ਦੋਨਹੁਂ ਸੁ ਬੀਰ।
ਲਿਯ ਚਾਂਪ ਆਪ ਖਰ ਸੰਧਿ ਤੀਰ[1]।

[1]ਤੀਰ ਜੋੜੇ।

ਕੀਨੇ ਪ੍ਰਹਾਰ ਇਤਿ ਉਤਹਿ ਧਾਇ।
ਦੁਹੁਂ ਦਿਸ਼ਨਿ ਸੂਰ ਲਗਿ ਅਨਿਕ ਘਾਇ ॥੨॥
ਢਲਕੰਤਿ ਢਾਲ, ਚਮਕੰਤਿ ਤੇਗ।
ਥਰਕੰਤਿ ਛਟਾ ਘਨ ਜਯੋਂ ਸਬੇਗ[1]।

[1]ਜਿਵੇਂ ਬੱਦਲਾਂ ਵਿਚ ਬਿਜਲੀ ਛੇਤੀ ਛੇਤੀ ਲਿਸ਼ਕਦੀ ਹੈ।

ਲਗਿਯੰਤਿ ਘਾਇ, ਗਿਰਿਯੰਤਿ ਬੀਰ।
ਧਰਿਯੰਤਿ ਧੀਰ, ਭਜਿਯੰਤਿ ਭੀਰ ॥੩॥
ਭਭਕੰਤਿ ਘਾਇ, ਢਰਿਯੰਤਿ ਸ਼੍ਰੋਣ[1]।

[1]ਲਹੂ ਢਲਦਾ ਭਾਵ ਵਗਦਾ ਹੈ।

ਦਲਿਯੰਤਿ ਦੀਹ, ਬੁਝਿਯੰਤਿ ਕੌਣ[1]।

[1]ਕੌਣ ਜਾਣਿਆਂ ਜਾਵੇ ਭਾਵ ਕੋਈ ਪਛਾਣਿਆਂ ਨਹੀਂ ਜਾਂਦਾ।

ਘੁਮਿਯੰਤਿ ਹੂਰ, ਬਰਿਯੰਤਿ ਸੂਰ।
ਹਰਖੰਤਿ ਹੇਰਿ, ਬਰਖੰਤਿ ਨੂਰ ॥੪॥
ਸੱਯਦ ਦਿਦਾਰਲੀ ਤਜਿ ਖਤੰਗ।
ਪਿਖਿ ਪੈਂਦਖਾਨ ਕੇ ਹਨਤਿ ਅੰਗ।
ਪਹਿਰੇ ਸੰਜੋਇ, ਨਹਿਂ ਲਗਤਿ ਕੋਇ।
ਸਹਿ ਡੋਬ ਲੋਹ ਮਹਿਂ ਦੇਹਿ ਸੋਇ[1] ॥੫॥

[1]ਉਸ ਦੀ ਦੇਹ ਲੋਹੇ ਵਿਚ ਡੁਬੀ ਹੋਈ ਹੈ।

ਬਹੁ ਕਰਿ ਉਪਾਇ ਹਥਿਯਾਰ ਡਾਰਿ।
ਇਤਿ ਉਤਿ ਧਵਾਇ ਕਹਿ ਹੈ ਪ੍ਰਹਾਰਿ।
ਤਬਿ ਪੈਂਦਖਾਨ ਗਨ ਤਜਤਿ ਬਾਨ।
-ਗਰ ਕਵਚ[1] ਤਾਂਹਿ ਨਹਿਂ ਚੁਭਹਿ- ਜਾਨਿ ॥੬॥

[1]ਸੰਜੋਇ।

ਇਮਿ ਉਰ ਬਿਚਾਰ ਤਕਿ ਕੈ ਤੁਰੰਗ।
ਹਤਿ ਤੀਰ ਤਾਂਹਿ ਕੇ ਭਾਲ ਅੰਗ।

ਬਡਿ ਬੇਗ ਸਹਤ ਲਾਗਜੋ ਪ੍ਰਹਾਰ।
ਪਰਵਿਸ਼ਜੋ ਸ਼ੀਘ੍ਰ ਗਾ ਪਿਛਲਿ ਪਾਰਿ ॥੭॥
ਤਤਕਾਲ ਗਿਰਜੋ ਸੱਯਦ ਤੁਰੰਗ।
ਤਬਿ ਪਰਜੋ ਉਤਰਿ ਧਰਿ ਬੇਗ ਅੰਗ।
ਸੜਕੰਤਿ[1] ਖੜਗ ਗਹਿ ਢਾਲ ਹਾਥਿ।
ਰੁਪ ਰਹਜੋ ਬੀਰ ਕਹਿ ਖਾਨ ਸਾਥਿ ॥੮॥
'ਹਯ ਹਤਜੋ, ਕਹਾਂ ਕਿਯ ਓਜ ਤੋਹਿ।
ਤੁਝ ਹਤਨਿਹਾਰ, ਪਿਖਿ ਲੇਹੁ ਮੋਹਿ।
ਅਬਿ ਤਰੈ ਉਤਰਿ ਕਰਿ ਦੋਇ ਹਾਥ।
*ਨਿਰਾ ਗਿਆਨ ਸਮਝ ਯਾ ਬੁੱਧੀ ਦਾ ਵਿਸ਼ਾ ਹੈ। ਸਤਿਗੁਰ ਦੇ ਘਰ ਵਿਚ ਨਾਮ ਦਾ ਅੱਭਜਾਸ ਰਜ਼ਾ ਦੇ ਦਰਜੇ ਤੇ ਲੈ ਜਾਂਦਾ ਹੈ, ਤੇ ਪ੍ਰੇਮ ਰੰਗ ਨਾਲ ਜੀਵ ਦੀ ਜੀਵਤ ਕਣੀ ਵਾਹਿਗੁਰੂ ਮਿਲਾਪ ਵਿਚ ਜਾਂਦੀ ਹੈ। ਕੌਲਾਂ ਨਾਮ ਅੱਭਜਾਸਣ ਸੀ, ਉਸ ਨੂੰ ਸਤਿਗੁਰ ਦਾ ਧਜਾਨ ਸਿੱਧ ਸੀ, ਉਹ ਉੱਚੀ ਆਤਮਾ ਵਾਲੀ ਹੋ ਚੁਕੀ ਹੋਈ ਸੀ, ਸਤਿਗੁਰ ਜੀ ਨੇ ਇਸ ਵੇਲੇ ਪਰਮਾਪਦ ਦੀ ਦਾਤ ਬਖਸ਼ੀ ਤੇ ਪ੍ਰੀਤ ਨਾਲ ਪ੍ਰਾਪਤ ਹੋਣ ਵਾਲੀ ਮੁਕਤੀ ਤੇ ਸਾਈਂ ਜੀ ਨੂੰ ਮੇਲਣ ਵਾਲੀ ਸਦਗਤੀ ਬਖਸ਼ ਦਿੱਤੀ। ਫੋਕਾ ਵੇਦਾਂਤ ਕਦੇ ਸਦਗਤੀ ਨਹੀਂ ਕਰ ਸਕਿਆ। ਹਾਂ, ਬੁੱਧੀ ਨੂੰ ਗਜਾਨ ਦੇਕੇ ਅਕਲਈਆ ਬਣਾ ਦੇਂਦਾ ਹੈ। ਕੌਲਾਂ ਦੇ ਰਸਾਂ ਕਸਾਂ ਨੂੰ ਜਿੱਤ ਲੈਣ, ਧਜਾਨ ਸਿੱਧ ਹੋਣ ਤੇ ਨਾਮ ਪ੍ਰੇਮਣ ਹੋਣ ਦੇ ਜ਼ਿਕਰ ਪਿੱਛੇ ਆ ਚੁੱਕੇ ਹਨ ਤੇ ਪਿਛਲੇ ਅੰਸੂ ਦੇ ੪੫ ਤੇ ੪੬ ਅੰਕ ਵਿਚ ਗੁਰੂ ਜੀ ਵਰ ਦੇ ਆਏ ਹਨ ਕਿ ਭਵ ਸਾਗਰ ਤੋਂ ਤੂੰ ਉਧਰ ਗਈ ਫੇਰ ਜਨਮ ਮਰਨ ਤਣਨੂੰ ਨਹੀਂ ਹੋਣਾ, ਉੱਤਮ ਪਦ ਤਣਨੂੰ ਦੇ ਦਿੱਤਾ। ਫਿਰ ਦੇਖੋ ਕੌਲਾਂ ਨੇ ਕਣਸਾ ਗੁਰ ਘਰ ਦੀ ਮੁਕਤੀ ਦਾ ਆਦਰਸ਼ ਦਿਖਾਇਆ ਹੈ। (ਦੇਖੋ ਪਿਛਲਾ ਅੰਸੂ ਅੰਕ ੪੯) ਕਿ ਉਹ ਅੰਤ ਸਮੇਂ ਸਤਿਗੁਰ ਦੇ ਦਰਸ਼ਨ ਮੰਗਦੀ ਹੈ। ਉਹ ਪ੍ਰੇਮ ਨਾਲ ਪ੍ਰਾਪਤ ਵਾਹਿਗੁਰੂ ਮਿਲਾਪ ਨੂੰ ਮੁਕਤੀ ਸਮਝਦੀ ਹੈ, ਜਣਸੇ ਗੁਰਵਾਕ ਹਣ:-

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥

[ਗਉੜੀ ਮ: ੫]

ਨਾਮ ਅਭਜਾਸ ਨਾਲ ਹਉਮੈ ਕੱਟ ਜਾਇ, ਉਹ ਨਿਰਮਲਤਾ ਸਦਗਤੀ ਹੈ, ਉਹ ਗਜਾਨ ਹੈ।

## ੨੪. [ਕਉਲਾਂ ਪ੍ਰਲੋਕ ਗਮਨ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਜਿਮ ਮਦ ਉਤਰੇ ਹੋਤਿ ਸੁਧਿ[1] ਤਿਮ ਅੱਗਜਾਨ ਨਿਵਾਰਿ।
ਜਾਨਜੋ ਅਪਨਿ ਸਰੂਪ ਕੋ ਅਦਭੁਤ ਰਿਦੈ ਨਿਹਾਰਿ ॥੧॥

[1]ਜਿਵੇਂ ਨਸ਼ਾ ਉਤਰਿਆਂ ਹੋਸ਼ ਆਉਂਦੀ ਹੈ।

ਚੌਪਈ:

ਇਕ ਘਟਿਕਾ ਲਗਿ ਬਾਕ ਸੁਨਾਏ।
ਸਤਿਗੁਰ ਗਜਾਨ ਦਿਯੋ ਭ੍ਰਮ ਜਾਏ[†]?

[†]ਹੁਣ ਤਕ ਕੌਲਾਂ ਅੱਗਜਾਨ ਵਿਚ ਸੀ, ਇਹ ਖਿਆਲ ਕਰਨਾ ਦਰੁਸਤ ਨਹੀਂ। ਹੁਣ ਸਰੂਪ ਵਿਚ ਲੀਨ ਹੈ।

ਮੁੱਦ੍ਰਿਤ ਨੈਨ ਸਰੂਪ ਬਿਚਾਰਜੋ।
ਦ੍ਵੈ ਘਟਿਕਾ ਲਗਿ ਆਨੰਦ ਧਾਰਜੋ ॥੨॥
ਪੁਨ ਪ੍ਰੀਤਮ ਕੋ ਹੇਰਨਿ ਲਾਗੀ।
'ਧੰਨ ਧੰਨ ਗੁਰੁ! ਮੈਂ ਬਡਿਭਾਗੀ।
ਜਿਸ ਪਦ ਹੇਤ ਜਤੀ ਬ੍ਰਹਮਚਾਰੀ।
ਜੋਗੀ ਆਦਿ ਕਸ਼ਟ ਬਹੁ ਧਾਰੀ ॥੩॥
ਸੋ ਮੋ ਕਹੁ ਛਿਨ ਮਾਹਿਂ ਦਰਸਾਯਹੁ।
ਹੌਮੈਂ ਦੀਰਘ ਰੋਗ ਮਿਟਾਯਹੁ।
ਧੰਨ ਧੰਨ ਸਤਿਗੁਰ ਗਤਿ ਨਜਾਰੀ।
ਨਮੋ ਨਮੋ ਭਵ ਭੰਜਨਹਾਰੀ! ॥੪॥
ਗੂੜ[1] ਗੁਪਤ ਤਤਕਾਲ ਜਨਾਯਹੁ।
ਕੋਟ ਜਨਮ ਕੋ ਕਸ਼ਟ ਮਿਟਾਯਹੁ।
ਹੇ ਸਤਿਗੁਰ! ਮੈਂ ਭਈ ਸਨਾਥਾ[1]।'
ਇਮ ਕਹਿ ਧਰਜੋ ਚਰਨ ਪਰ ਮਾਥਾ ॥੫॥

[1]ਗੁੱਝਾ।

[1]ਨਿਹਾਲ।

ਸ੍ਰੀ ਹਰਿ ਗੋਬਿੰਦ ਪੁਨਹੁ ਬਖਾਨਾ।
'ਤਵ ਤਨ ਅੰਤ ਸਮਾਂ ਨਿਯਰਾਨਾ।
ਹੋਹੁ ਕੁਸ਼ਾਸਨ[1] ਪਰ ਥਿਰ ਅਬੈ[†]।

[1]ਦੱਭ ਦੇ ਆਸਨ ਤੇ।

[†]ਜਿਸ ਨੂੰ ਪਰਮਗਤੀ ਮਿਲ ਗਈ ਹੈ ਤੇ ਬ੍ਰਹਮ ਗਜਾਨ ਹੋ ਗਿਆ ਹੈ ਕੀਹ ਉਸ ਲਈ ਅਜੇ ਇਸ ਬ੍ਰਾਹਮਣੀ ਵਹਿਮ ਦੀ ਲੋੜ ਬਾਕੀ ਹੈ ਕਿ ਕੁਸ਼ਾ ਦੇ ਆਸਨ ਤੇ ਮਰੇ ਤੇ ਜੇ ਪਲੰਘ ਤੇ ਮਰ ਜਾਏ ਤਾਂ ਉਹ ਬ੍ਰਹਮ ਗਜਾਨ ਦੌੜ ਜਾਏਗਾ? ਇਹ ਬਾਤਾਂ ਭ੍ਰਮ ਮਾਤ੍ਰ ਹਨ, ਜਾਪਦਾ ਹੈ ਕਿ ਰਾਜ ਦਰਬਾਰ ਦੇ ਬ੍ਰਾਹਮਣ ਮੁਖੀਆਂ ਨੇ ਮਲੋਮੱਲੀ ਪੁਆਈਆਂ ਹਨ ਯਾ ਆਖੇਪਕ ਹਨ।

ਮਨਹਿ ਟਿਕਾਉ ਛੋਰ ਦਿਸ਼ਿ ਸਬੈ[1]' ॥੬॥

[1]ਸਭ ਪਾਸਿਆਂ ਤੋਂ ਮਨ ਨੂੰ ਹਟਾਕੇ।

ਤਤਛਿਨ ਦਾਸੀ ਕੁਸ਼ਾ[1] ਡਸਾਈ।
ਬਿਕੁਲਾਵਤਿ ਉਠਾਇ ਕਰਿ ਪਾਈ।
ਆਂਖ ਉਘਾਰਤਿ ਹੇਰਤਿ ਗੁਰੁ ਕੋ।
ਬਸਨਹਾਰਿ ਜੋ ਨਿਸ ਦਿਨ ਉਰ ਕੋ ॥੭॥

[1]ਦੱਭ।

ਬੋਲਨਿ ਸ਼ਕਤਿ ਰਹੀ ਪੁਨ ਨਾਂਹੀ।
ਚਖਨ ਪਲਕ[1] ਗੁਰਦਰਸ਼ਨਿ ਮਾਂਹੀ[†]।

[1]ਭਾਵ ਬਿਨਾ ਝਮਕੇ ਅੱਖਾਂ ਦੀ ਟੱਕ। [†]ਮਹਾਨ ਤੇ ਧੰਨਤਾਂ ਯੋਗ ਪਦ ਦਾ ਕਵੀ ਜੀ ਆਪ ਰੂਪਕ ਦੱਸ ਰਹੇ ਹਨ, ਜਿਸ ਵਿਚ ਜਾਣਨਾ ਮਾਤ੍ਰ ਮੁਖ ਨਹੀਂ ਪਰ ਪ੍ਰੇਮ ਨਾਲ ਜੁੜ ਜਾਣਾ ਮੁਖ ਹੈ।

ਹੇਰਤਿ ਹੇਰਤਿ[++] ਨਿਕਸੇ ਪ੍ਰਾਨਾ।
ਭਈ ਧੰਨ ਪਦ[++] ਪਾਇ ਮਹਾਨਾ ॥੮॥
ਮ੍ਰਿਤਕ ਭਈ ਗੁਰ ਦਾਸ ਹਕਾਰੇ।
ਤਿਸ ਕੀ ਦਾਸੀ ਸਾਥ ਉਚਾਰੇ।
'ਮ੍ਰਿਤਕ ਕ੍ਰਿਆ ਕੀਜਹਿ ਅਬਿ ਸਾਰੀ[†]।

[†]ਮ੍ਰਿਤਕ ਕ੍ਰਿਆ ਕਰੋ ਤੋਂ ਮੁਰਾਦ ਆਪਣੇ ਤ੍ਰੀਕੇ ਦੀ ਹੈ, ਮੁਸਲਮਾਨੀ ਤ੍ਰੀਕੇ ਨੂੰ ਮ੍ਰਿਤਕ ਕ੍ਰਿਆ ਨਹੀਂ ਆਖਦੇ।

ਲੇ ਗਮਨਹੁ ਸ਼ੁਭ ਬਾਗ ਮਝਾਰੀ' ॥੯॥
ਕਹੇ ਗੁਰੂ ਕੇ ਮਿਲਿ ਨਰ ਨਾਰਿ।
ਕਰੀ ਨੁਹਾਵਨਿ ਨਿਰਮਲ ਬਾਰ[1]।

[1]ਨਿਰਮਲ ਜਲ ਨਾਲ।

ਬਹੁਤ ਮੋਲ ਕੋ ਪਾਇ ਦੁਸ਼ਾਲਾ।
ਗਾਇ ਰਬਾਬੀ ਸਬਦ ਬਿਸ਼ਾਲਾ ॥੧੦॥
ਕਰਿ ਗਮਨੇ ਉਪਬਨ ਮਾਂਹੀ।
ਇਮ ਕੌਲਾਂ ਗਥ ਸਗਰੀ ਪ੍ਰਾਹੀ[1]।
{ਵਿਸ਼ੇਸ਼ ਟੂਕ}

[1]ਇਸ ਤਰ੍ਹਾਂ ਕੌਲਾਂ ਨੇ ਸਾਰੀ ਸ਼ੁਭਗਤੀ ਪਾ ਲਈ। [ਹਿੰਦੀ, ਗ੍ਰੱਥ = ਮਾਲ, ਪੂੰਜੀ, ਗਤੀ] (ਅ) ਇਉਂ ਕੌਲਾਂ ਦੀ ਸਾਰੀ ਗਾਥਾ (ਕਥਾ) ਆਖੀ ਹੈ।

ਸਤਿਗੁਰ ਬੈਠੇ ਲਾਇ ਦਿਵਾਨ।
ਆਵਤਿ ਭਏ ਲੋਕ ਸਭਿ ਜਾਨਿ ॥੧੧॥[⚐]

[⚐]ਸ਼੍ਰੀ ਕੌਲਾਂ ਜੀ ਦੇ ਪ੍ਰਸੰਗ ਦੀ ਪੁਰਾਣੀ ਖੋਜ ਕਰਦਿਆਂ ਪਹਿਲੀ ਸ਼ੈ ਮਹਿਮਾ ਪ੍ਰਕਾਸ਼ ਹੈ। ਸਾਡੇ ਪਾਸ ਜੋ ਪੋਥੀ ਹੈ ਸੋ ੧੮੫੭ ਬਿ: ਸੰਮਤ ਦੀ ਲਿਖੀ ਹੋਈ ਹੈ, ਅਰਥਾਤ ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ੪੩ ਵਰ੍ਹੇ ਪਹਿਲੋਂ ਦੀ ਲਿਖੀ ਹੋਈ; ਉਂਵ ਇਹ ਰਚਨਾਂ ੧੮੩੦-੩੩ ਦੇ ਲਗਪਗ ਦੀ ਹੈ। ਇਸ ਵਿਚ ਕੌਲਾਂ ਜੀ ਦਾ ਪ੍ਰਸੰਗ ਨਹੀਂ ਹੈ। ਵਾਰਤਕ ਮਹਿਮਾ ਪ੍ਰਕਾਸ਼ ੧੭੯੮ ਬਿ: ਦੀ ਰਚਨਾ ਹੈ, ਉਸ ਵਿਚ ਬੀ ਇਹ ਪ੍ਰਸੰਗ ਨਹੀਂ ਹੈ। ਗੁਰ ਬਿਲਾਸ ਛੇਵੀਂ ਪਾਤਸ਼ਾਹੀ ਵਿਚ ਪ੍ਰਸੰਗ ਰਤਾ ਰਤਾ ਫ਼ਰਕ ਨਾਲ ਹੈ, ਪਰ ਇਸ ਗੁਰ ਬਿਲਾਸ ਦੇ ਰਚਨ ਦਾ ਸਮਾਂ ਮਹਾਰਾਜਾ ਸ਼ੇਰ ਸਿੰਘ ਦਾ ਸਮਾਂ ਖਿਆਲ ਕੀਤਾ ਜਾ ਰਿਹਾ ਹੈ, ਇਹ ਸਮਾਂ ਸੂਰਜ ਪ੍ਰਕਾਸ਼ ਦੀ ਸਮਾਪਤੀ ਦੇ ਨਾਲ ਹੀ ਜਾ ਢੁੱਕਦਾ ਹੈ। ਪੰਜ ਸੌ ਸਾਖੀ ਦੀ ਪੋਥੀ ਬੜੀ ਖੋਜ ਕਰਨ ਤੇ ਬੀ ਸਾਨੂੰ ਅਜੇ ਤਕ ਨਹੀਂ ਮਿਲੀ। ਸਭ ਤੋਂ ਪੁਰਾਤਨ ਲੇਖਕ ਭਾਈ ਗੁਰਦਾਸ ਜੀ ਹਨ ਜੋ ਗੁਰੂ ਜੀ ਦੇ ਸਮੇਂ ਹੋਏ ਹਨ। ਕਵੀ ਸੰਤੋਖ ਸਿੰਘ ਜੀ ਨੇ ਉਹਨਾਂ ਦੀ ਇਕ ਪੌੜੀ (ਵਾਰ ੨੬ ਪਉੜੀ ੨੪) ਗੁਰੂ ਜੀ ਦੇ ਬੀਰ ਰਸੀ ਜੀਵਨ ਪਰ ਲੋਕਾਂ ਦੀਆਂ ਉਸ ਵੇਲੇ ਦੀਆਂ ਸ਼ੰਕਾਵਾਂ ਤੇ ਇਤਰਾਜ਼ਾਂ ਦੀ ਦਿਤੀ ਹੈ। ਉਸ ਪੌੜੀ ਵਿਚ ਕੋਈ ਹਰਫ ਯਾ ਪਦ ਇਸ਼ਾਰੇ ਮਾਤ੍ਰ ਐਸਾ

ਨਹੀਂ ਜਿਸ ਤੋਂ ਕੌਲਾਂ ਜੀ, ਯਾ ਉਹਨਾਂ ਕਰਕੇ ਕਿਸੇ ਉਲਾਂਭੇ ਦਾ ਇਸ਼ਾਰਾ ਹੋਵੇ ਯਾ ਸਪਸ਼ਟ ਉਲਾਂਭੇ ਦਾ ਵਰਣਨ ਹੋਵੇ। ਜੇ ਕੌਲਾਂ ਜੀ ਦੀ ਸਾਖੀ-ਜਿਵੇਂ ਇਥੇ ਦਿੱਤੀ ਹੈ-ਹੋਈ ਹੁੰਦੀ ਤਾਂ ਇਸ ਪਉੜੀ ਵਿਚ ਜ਼ਿਕਰ ਜ਼ਰੂਰ ਹੁੰਦਾ। ਬਾਹਰ ਦੇ ਲਿਖੇ ਫਾਰਸੀ ਲੇਖਕਾਂ ਦੀ ਸਾਰੀ ਖੋਜ ਦਾ ਅਵਸਰ ਇਸ ਵੇਲੇ ਅਸਾਂ ਪਾਸ ਨਹੀਂ, ਪਰ ਦਬਿਸਤਾਨਿ ਮਜ਼ਾਹਬ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਗਈ ਹੈ, ਕਿਉਂਕਿ ਲੇਖਕ ਇਕ ਥਾਵੇਂ ਲਿਖਦਾ ਹੈ ਕਿ 'ਮੈਂ ਗੁਰੂ ਹਰਿਗੋਬਿੰਦ ਜੀ ਦੇ ਜ਼ਬਾਨੀ ਇਹ ਗੱਲ ਸੁਣੀ ਹੈ।' ਇਹ ਲੇਖਕ ਕੌਲਾਂ ਜੀ ਦਾ ਜ਼ਿਕਰ ਨਹੀਂ ਕਰਦਾ; ਉਂਞ ਉਸ ਨੇ ਹੋਰ ਕਈ ਪ੍ਰਸੰਗ ਗੁਰੂ ਸਾਹਿਬਾਂ ਬਾਬਤ ਲਿਖੇ ਹਨ।

੧ ਭਾਈ ਸੰਤੋਖ ਸਿੰਘ ਜੀ ਨੇ ਜੋ ਕੁਝ ਲਿਖਿਆ ਹੈ, ਉਸੇ ਨੂੰ ਖੋਜ ਕੇ ਪੜ੍ਹਿਆ ਜਾਵੇ ਤਾਂ ਇਸ ਸਿਧਾਂਤ ਤੇ ਪਹੁੰਚੀਦਾ ਹੈ ਕਿ ਕੌਲਾਂ ਕੱਲਜਾਨ ਵਾਸਤੇ ਆਈ ਤੇ ਸਦਗਤੀ ਨੂੰ ਪ੍ਰਾਪਤ ਹੋਈ। ਯਥਾ:-(੧) ਕੌਲਾਂ ਜੀ ਦੇ ਸ਼ਰਨ ਆਉਣ ਦੀ ਦਰਖਾਸਤ ਵਾਲੇ ਪੱਤ੍ਰ ਦੇ ਜਵਾਬ ਵਿਚ ਗੁਰੂ ਜੀ ਨੇ ਲਿਖਿਆ ਹੈ:-

'ਜੇ ਜਹਾਜ ਚਢ ਗਏ ਹਮਾਰੇ। ਦੀਨ ਦੁਨੀ ਹਮ ਤਿਸ ਰਖਵਾਰੇ।<br>
ਬਿਨਾ ਜਹਾਜ ਚਢੇ ਨਹਿਂ ਵਾਲੀ। ਬਡ ਪੁਰਸ਼ਨ ਕੀ ਹੈ ਅਸ ਚਾਲੀ।'

[ਰਾਸਿ ੫ ਅੰਸੂ ੧੯ ਅੰਕ ੨੮, ੨੯]

ਜਿਸ ਦੇ ਉੱਤਰ ਵਿਚ ਕੌਲਾਂ ਲਿਖਦੀ ਹੈ:-

'ਸੁਨੀਅਹਿ ਗੁਰੂ ਗਰੀਬ ਨਿਵਾਜੂ। ਮੈਂ ਤਨ ਮਨ ਤੇ ਚਢੀ ਜਹਾਜੂ।'

[ਰਾਸਿ ੫, ਅੰਸੂ ੧੯ ਅੰਕ ੩੨]

ਸਿੱਖੀ ਬੋਲ ਚਾਲ ਵਿਚ ਜਹਾਜ਼ ਚੜ੍ਹਨ ਦੇ ਅਰਥ ਹਨ ਸਿਖ ਧਰਮ ਨੂੰ ਧਾਰਨ ਕਰ ਲੈਣਾ। (੨) ਭਾਈ ਬੁੱਢਾ ਜੀ ਨੂੰ ਜਦ ਗੁਰੂ ਜੀ ਕੌਲਾਂ ਨੂੰ ਲਿਆਉਣੋਂ ਸੰਕੋਚ ਦੱਸਦੇ ਹਨ ਤਾਂ ਭਾਈ ਬੁੱਢਾ ਜੀ ਕਹਿੰਦੇ ਹਨ ਕਿ ਉਹ ਪਿਛਲੇ ਜਨਮ ਦੀ ਬੜੀ ਤਪੱਸ੍ਵਨੀ ਹੈ, ਉਸ ਨੇ ਬ੍ਰਤ ਧਾਰੇ ਤੇ ਘਾਲ ਕੀਤੀ ਹੈ, ਇਹ ਉਸ ਦੇ ਧਰਮ ਅਨੁਰਾਗਨਿ ਤੇ ਅਧਿਕਾਰੀ ਜੱਗਜਾਸੂ ਹੋਣ ਦਾ ਸਬੂਤ ਹੈ, ਯਥਾ:-

'ਚਿਰੰਕਾਲ ਕੀ ਤਪ ਕੋ ਤਾਪਤਿ। ਅਬਿ ਭੀ ਹ੍ਵੈ ਨ ਆਪ ਕੋ ਪ੍ਰਾਪਤ? ॥੧੬॥<br>
ਕਿਸੁ ਦੋਸ਼ ਤੇ ਤਨ ਤੁਰਕਾਨੀ। ਤਉ ਘਾਲ ਤੇ ਉਚਿਤੈ ਜਾਨੀ।<br>
ਚੰਦ੍ਰਾਇਣ ਆਦਿਕ ਬ੍ਰਤ ਧਰੇ। ਕਸ਼ਟ ਅਨਿਕ ਤਨ ਸਹਿਬੋ ਕਰੇ' ॥੧੭॥

[ਰਾਸ ੫ ਅੰਸੂ ੧੮]

(੩) ਫਿਰ ਕੌਲਾਂ ਆਪ ਆਪਣੇ ਪਿਤਾ ਦੀ ਝਿੜਕ ਦੇ ਜਵਾਬ ਵਿਚ ਕਹਿੰਦੀ ਹੈ:-

ਮੈਂ ਤੋ ਤਰੀ ਪਰੀ ਸ਼ਰਨਾਈ। ਨਿਕਸੀ ਨਰਕ ਸੁਰਗ ਮਹੁ ਆਈ।'

[ਰਾਸ ੫ ਅੰਸੂ ੨੪ ਅੰਕ ੧੫]

(੪) ਨਾਨਕ ਮਤੇ ਜਾਣ ਲਗਿਆਂ ਕੌਲਾਂ ਸਤਿਗੁਰਾਂ ਦੇ ਨਿੱਤ ਦਰਸ਼ਨ ਦੀ ਯਾਚਨਾ ਕਰਦੀ ਹੈ ਤਾਂ ਗੁਰੂ ਜੀ ਫੁਰਮਾਉਂਦੇ ਹਨ:-

'ਪਾਛਲ ਰਾਤ ਉਠਹੁ ਅਸ਼ਨਾਨਹੁ। ਜਪੁਜੀ ਮੁਖ ਤੇ ਪਾਠ ਬਖਾਨਹੁ।<br>
ਭੋਗ ਪਾਇ ਜਬਿ ਸੀਸ ਨਿਵਾਵੈਂ। ਦਰਸ ਹਮਾਰੋ ਤਬਿ ਤੁੰ ਪਾਵੈਂ।'

[ਰਾਸਿ ੫ ਅੰਕ ੩੧, ਅੰਕ ੨੨]

ਜਿਸ ਦਿਨ ਕੌਲਾਂ ਵਿਆਕੁਲ ਹੋ ਇੰਨੀ ਅੰਤਰ ਮੁਖ ਹੋਈ ਕਿ ਸਮਾਧੀ ਲਗ ਗਈ ਉਸ ਦਿਨ ਗੁਰੂ ਜੀ ਉਸ ਦੀ ਅੰਤ੍ਰੀਵ ਖਿੱਚ ਨੂੰ ਸਹੀ ਕਰਕੇ ਉਸ ਵਲ ਟੁਰਦੇ ਹਨ। ਕਵੀ ਜੀ ਉਸ ਵੇਲੇ ਦੇ ਬਿਰਦ ਨੂੰ ਐਉਂ ਦੱਸਦੇ ਹਨ:-

'ਭਗਤ ਵਛਲ ਜੋ ਬਿਰਦ ਉਦਾਰਾ। ਉਰ ਗਾਢੋ ਕਰਿ ਅੰਗੀਕਾਰਾ।'

[ਰਾ: ੫ ਅੰਕ ੫੭ ਅੰਕ ੩੬]

(੬) ਜਦ ਕੌਲਾਂ ਨੂੰ ਆਪਣਾ ਨਾਮ ਕਾਇਮ ਰੱਖਣ ਦੀ ਮਾਇਆ ਫੁਰਦੀ ਹੈ ਤੇ ਪੁੱਤ੍ਰ ਦੀ ਲੋੜ ਭਾਸਦੀ ਹੈ, ਤਾਂ ਗੁਰੂ ਜੀ ਉਸ ਨੂੰ ਕੌਲਸਰ ਲਾਕੇ ਨਾਮ ਕਾਇਮ ਰਹਿਣੇ ਦੀ ਲੋੜ ਪੂਰੀ ਕਰ ਦੇਂਦੇ ਹਨ ਤੇ ਉਹ ਸੁਖੀ ਹੋ ਜਾਂਦੀ ਹੈ।

ਸਾਰਿਆਂ ਗੁਰੂ ਸਾਹਿਬਾਨ ਦਾ ਇਕ ਪ੍ਰਬਲ ਬਿਰਦ ਰਿਹਾ ਹੈ ਜਿੱਥੇ ਕਿ ਕਿਸੇ ਨੇ ਪ੍ਰੀਤਵਾਨ ਹੋਕੇ ਯਾ ਪ੍ਰੇਮਵਸ਼ ਹੋਕੇ ਆਪ ਨੂੰ ਯਾਦ ਕੀਤਾ ਹੈ ਓਥੇ ਹੀ ਅੱਪੜੇ ਹਨ, ਯਾ ਜੇ ਸ਼ਰਨ ਮੰਗੀ। ਹੈ ਤਾਂ ਦਿੱਤੀ ਹੈ। ਛੇਵੇਂ ਹੀ ਸਤਿਗੁਰਾਂ ਦਾ ਭਾਈ ਰੁਪੇ ਆਦਿਕਾਂ ਦੇ ਪਹੁੰਚਣਾ, ਡਰੋਲੀ ਸਾਈਂ ਦਾਸ ਨੂੰ ਬਹੁੜਨਾਂ, ਨਾਨਕ ਮਤੇ ਸਾਧੂ ਪਾਸ ਅੱਪੜਨਾ, ਕਸ਼ਮੀਰ ਮਾਈ ਭਾਗਭਰੀ ਦੀ ਖਿੱਚ ਤੇ ਜਾ ਪਹੁੰਚਣਾ, ਕਈ ਪ੍ਰਸੰਗ ਹਨ। ਮਾਈ ਭਾਗਭਰੀ ਦੇ ਪ੍ਰਸੰਗ ਉਤੇ ਕੋਈ ਕਿੰਤੂ ਨਹੀਂ ਕਰਦਾ, ਕਿਉਂਕਿ ਉਹ ਬ੍ਰਿੱਧਾ ਹੈ, ਪਰ ਕੌਲਾਂ ਦੇ ਪ੍ਰਸੰਗ ਤੇ ਇਸ ਕਰਕੇ ਕਿ ਉਹ ਯੁਬਾ ਅਵਸਥਾ ਵਿਚ ਹੈ। ਕਿੰਤੂ ਕਰਨਾ ਸਤਿਗੁਰਾਂ ਦੇ ਬਿਰਦ ਨੂੰ ਨਾ ਸਮਝ ਸਕਣਾ ਹੈ। ਉਹਨਾਂ ਦਾ ਬਿਰਦ ਹੈ ਇਨਸਾਨੀ ਦਿਲ ਦੀ ਪੀੜਾ ਨੂੰ ਹਰਨਾ, ਉੱਚੇ ਸੁਹਣੇ ਪਿਆਰ ਤੇ ਪਿਆਰ ਦੀ ਤੀਖਣਤਾ ਨੂੰ ਸੜ ਉੱਠਣ ਤੋਂ ਬਚਾ ਕੇ ਆਤਮ ਜੀਵਨ ਦੀ ਰੌ ਵਿਚ ਜਿਵਾਲ ਦੇਣਾ। ਇਸ ਬਿਰਦ ਦੇ ਪਾਲਣ ਵਿਚ ਉਹਨਾਂ ਜੁਵਾ ਕਿ ਬ੍ਰਿੱਧ, ਮਨੁੱਖ ਕਿ ਇਸਤ੍ਰੀ ਰਾਉ ਕਿ ਰੰਕ ਕਿਸੇ ਵਿਚ ਫਰਕ ਨਹੀਂ ਕਰਨਾ। ਇਸ ਬਿਰਦ ਦੀ ਹਰ ਹਾਲ ਵਿਚ ਪਾਲਣਾ ਕਰਨੀ ਉਨ੍ਹਾਂ ਦੀ ਨਿਰਭੈਤਾ ਤੇ ਭਗਤ ਵੱਛਲਤਾ ਦਾ ਕਮਾਲ ਦੱਸਦੀ ਹੈ, ਤੇ ਮਹਾਨ ਆਦਰ ਯੋਗ ਹੈ। ਉਨ੍ਹਾਂ ਦੇ ਐਸੇ ਪ੍ਰਸੰਗਾਂ ਪਰ ਤੰਗ ਤੇ ਮੁਰਦਾਰ ਦਿਲਾਂ ਨੂੰ ਹੀ ਕਿੰਤੂ ਫੁਰਦੇ ਹਨ।

ਫਿਰ ਸ੍ਰੀ ਗੁਰੂ ਹਰਿਗੋਵਿੰਦ ਜੀ ਦੇ ਸ਼ੁਭਾਚਰਣ ਬਾਬਤ ਕਵੀ ਜੀ ਲਿਖਦੇ ਹਨ:-

ਇਹ ਸੁੰਦਰਤਾ ਇਹ ਤਰੁਨਾਈ। ਇਹ ਕਦ, ਇਹ ਬਲ, ਇਹ ਚਤੁਰਾਈ।
ਸਭਕੋ ਪਾਇ ਕਿਯੋ ਮਨ ਬਸ ਮੈ। ਨਹਿਂ ਦੌਰਤਿ ਕਬਹੂੰ ਕਿਸ ਰਸ ਮੈ॥

[ਰਾ: ੫ ਅੰ: ੭-੩੩]

ਪੁਨਾ:- ਬਾਸਹਿਂ ਸਾਗਰ ਮਹਿਂ ਦਿਨ ਰੈਨ। ਪਟ ਪਾਲੋ ਬੀ ਆਲੋ ਹੈ ਨ।
ਕਾਜਰ ਕੋ ਕੋਠਾ ਬਡ ਕਾਰੋ। ਕਰਹਿਂ ਕਾਰ ਬਿਚ ਸੰਝ ਸਕਾਰੋ॥੬॥
ਤਉ ਸ਼ਜਾਮਤਾ ਛੁਈ ਨ ਲੇਸ਼। ਉੱਜਲ ਪੋਸ਼ਿਸ਼ ਰਹੇ ਹਮੇਸ਼।
ਜੇਤਿਕ ਮਹਾਂ ਅਜ਼ਮਤੀ ਨਰ ਹੈਂ। ਗੁਰਕੋ ਪਿਖਿ ਪਿਖਿ ਬਿਸਮਤਿ ਉਰ ਹੈਂ॥੭॥
ਪਰੇ ਜਗਤ ਬਿਵਹਾਰਨ ਐਸੇ। ਹਰਖ ਸ਼ੋਕ ਉਰ ਛੁਹਜੋ ਨ ਕੈਸੇ॥

[ਰਾ: ੫ ਅੰ: ੫੫]

ਫਿਰ ਕਾਜ਼ੀ ਦੇ ਸ਼ਾਹ ਪਾਸ ਜਾ ਪੁਕਾਰਨ ਤੇ ਵਜ਼ੀਰ ਖਾਂ ਪਾਤਸ਼ਾਹ ਨੂੰ ਕਉਲਾਂ ਦਾ ਹਾਲ ਸੁਣਾਉਂਦਾ ਹੋਇਆ ਦੱਸਦਾ ਹੈ ਕਿ ਗੁਰੂ ਦਾ ਘਰ ਨਿਮਾਣਿਆਂ ਦਾ ਮਾਣ ਹੈ ਤੇ ਉੱਥੇ ਅਨੇਕਾਂ ਹੀ ਨਰ, ਤ੍ਰੀਮਤਾਂ ਪਏ ਰਹਿੰਦੇ ਹਨ, ਜਿਨ੍ਹਾਂ ਨੂੰ ਗੁਰੂ ਜੀ ਦੇ ਅਤੁੱਟ ਲੰਗਰੋਂ ਭੋਜਨ ਤੇ ਬਸਤ੍ਰ ਆਦਿ ਮਿਲਦੇ ਰਹਿੰਦੇ ਹਨ:-

'ਹਜ਼ਰਤ ਸੁਨਹੁ ਕਹਾਂ ਕਿਸ ਕਹੀਅਹਿ। ਕਲਜੁਗ ਸਮਾਂ ਕਹਿਰ ਕੋ ਲਹੀਅਹਿ।
ਤਨੁਜਾ ਤਰੁਨ ਕੀਨਿ ਦੁਖਿਆਰੀ। ਕਰਜੋ ਨਿਕਾਹ ਨ, ਦਿਨ ਪ੍ਰਤਿ ਮਾਰੀ॥੮॥
ਹੁਇ ਲਚਾਰ ਨਿਕਸੀ ਗ੍ਰਿਹ ਛੋਰਿ। ਬਿਚਰਤਿ ਗਈ ਸੁਧਾਸਰ ਓਰਿ।
ਇਸਕੇ ਮਾਰਨ ਤੇ ਡਰਿ ਧਰਿ ਕੈ॥ ਬਸੀ ਤਹਾਂ, ਆਇ ਨ ਮੁਰ ਕਰਿ ਕੈ॥੯॥
ਸ੍ਰੀ ਗੁਰ ਕੋ ਘਰ ਸਦਾ ਕ੍ਰਿਪਾਲ। ਪਰੇ ਅਨੇਕ ਰਹਹਿਂ ਨਰ ਬਾਲ।
ਅੰਨ ਸਭਿਨਿ ਕੋ ਦੇਤੇ ਰਹੈਂ। ਅਸਨ ਬਸਨ ਬਸਹਿ ਜੁ ਤਹਿਂ, ਲਹੈ॥੧੦॥
ਤਿਨ ਪਰ ਕਰਤਿ ਪੁਕਾਰ ਅਜਾਨ। ਜਿਨਹੁ ਦੀਨਿ ਬਡ ਹਜ਼ਰਤ ਪ੍ਰਾਨ।
ਮੀਆਂ ਮੀਰ ਆਦਿ ਜੇ ਪੀਰ। ਜਿਨਤੇ ਅਦਬ ਕਰਹਿਂ ਮਿਲਿ ਤੀਰ॥੧੧॥

[ਰਾਸਿ ੫ ਅੰਸੂ ੨੫]

ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੇ ਨੇੜੇ ਤੇੜੇ ਦੇ ਹੋਰ ਲੇਖਕ ਤੇ ਮਗਰਲੇ ਇਤਿਹਾਸਕਾਰਾਂ ਨੇ ਕੌਲਾਂ ਦੇ ਪ੍ਰਸੰਗ ਬਾਬਤ ਜੋ ਕੁਛ ਲਿਖਿਆ ਹੈ ਸੋ ਇਹ ਹੈ:-

(੧) ਸ੍ਰੀ ਗੁਰੂ ਸਿਧਾਂਤ ਪਾਰਿਜਾਤ ਗ੍ਰੰਥ ਪੰਡਤ ਹਰਿ ਸਿੰਘ ਜੀ ਕ੍ਰਿਤ ਦੇ ਯਾਰ੍ਹਵੇਂ ਵਿਸ਼੍ਰਾਮ ਵਿਖੇ ਇਉਂ ਲਿਖਿਆ ਹੈ:-

ਪ੍ਰੇਕ੍ਸ਼ਤਾਥ ਤਥਾ ਦਾਸੀ ਗਤੇਚਾਸਤੰ ਦਿਵਾਕਰੇ।
ਸ਼੍ਰਾਵਤੰਚ ਤਯਾ ਵ੍ਰਤੰ ਪ੍ਰਾਹ ਦੇਵਸ ਤਦੁਤਰਮ੍॥੯੩॥
ਭਾਵ:

ਸ੍ਰੀ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸ੍ਵਰੂਪ ਦਾ ਦਰਸ਼ਨ ਕਰਕੇ ਜਦ ਕਾਜ਼ੀ ਦੀ ਪੁੱਤ੍ਰੀ ਨੂੰ ਸ਼ਰਧਾ ਹੋ ਆਈ ਤਦ ਉਸ ਨੇ ਆਪਣੀ ਗੋਲੀ ਭੇਜੀ ਜੋ ਸੰਧ੍ਯਾ ਵੇਲੇ ਗੁਰੂ ਜੀ ਪਾਸ ਪੁੱਜੀ ਤੇ (ਕੌਲਾਂ ਵਲੋਂ ਸ਼ਰਧਾ ਭਾਵ ਦੀ ਗੱਲ ਸੁਣਾਈ)। ਉਸ ਦਾ ਹਾਲ ਸੁਣਕੇ (ਸਤਿਗੁਰੂ) ਦੇਵ ਜੀ ਨੇ ਉੱਤਰ ਦਿੱਤਾ ਕਿ ਜੇ ਉਹ ਆਵਨਾ ਚਾਹੁੰਦੀ ਹੈ ਤਾਂ ਉਸ ਨੂੰ ਜਾਕੇ ਕਹੋ ਕਿ:-

ਭੋਗ ਵਾਂਛਾ ਨਾ ਦੇਦ ਅਸਤਿ ਤਦਾ ਗਛੇਤ ਨ ਸੰਸ਼ਜ:

ਇੰਦ੍ਰ ਸ਼੍ਰੁਤਵਾ ਗਤਾ ਦਾਸੀ ਪੁਨ: ਸ਼ੀਘ੍ਰੰ ਸਮਾਗਤਾ ॥ ੯੪ ॥

ਭਾਵ:

ਜੇ ਉਸ ਨੂੰ (ਕਾਮ) ਭੋਗ ਦੀ ਇੱਛਾ ਨਹੀਂ ਤਾਂ (ਪਰਮਾਰਥੀ) ਸ਼ਰਧਾ ਸਮੇਤ ਆਵਨ ਵਿਚ ਕੋਈ ਰੋਕ ਨਹੀਂ। ਇਹ ਗੱਲ ਸੁਣਕੇ ਦਾਸੀ ਗਈ (ਤੇ ਉਸ ਨੇ ਉਸਨੂੰ ਜਾ ਗੱਲ ਸੁਣਾਈ ਤੇ ਇਹ ਉੱਤਰ ਲੈਕੇ) ਛੇਤੀ ਵਾਪਸ ਆਈ ਕਿ:-

ਪ੍ਰਾਹ ਦੇਵੰ ਨ ਭੋਗੇਛਾ ਦਰਸ਼ਨੇ ਛੈਵ ਵਰਤਤੇ।

ਪ੍ਰਭੋ ਤਸਜਾ: ਤ੍ਵਯਾ ਸਾਕੰ ਸਾ ਗਮਿਸ਼ਜਤਿ ਸਤਪੁਰਮ੍ ॥ ੯੫ ॥

ਭਾਵ:

('ਕੌਲਾਂ ਜੀ ਦੀ ਗੋਲੀ ਨੇ) ਕਿਹਾ, ਹੇ ਦੇਵ ਉਸਨੂੰ ਕਾਮਭੋਗ ਦੀ ਮਲੀਨ ਇੱਛਾ ਨਹੀਂ, ਉਸਨੂੰ ਆਪ ਜੀ ਦੇ ਦਰਸ਼ਨ ਦੀ ਹੀ ਕੇਵਲ ਇੱਛਾ ਹੈ। ਹੇ ਪ੍ਰਭੋ ਉਹ (ਕੌਲਾਂ ਜੀ) ਤੁਸਾਡੇ ਨਾਲ ਸ੍ਰੀ ਅੰਮ੍ਰਿਤਸਰ ਜੀ ਜਾਣਾ ਚਾਹੁੰਦੀ ਹੈ।

ਉਪ੍ਰੋਕਤਿ ਸ਼ਲੋਕਾਂ ਤੋਂ ਪਹਿਲੇ ਇਹ ਪ੍ਰਸੰਗ ਹੈ ਕਿ ਕੌਲਾਂ ਦੇਵ ਲੋਕ ਵਿਚ ਉਰਵਸ਼ੀ ਨਾਮ੍ਰ ਅਪੱਸਰਾਂ ਸੀ ਤੇ ਕਪਿਲਮੁਨੀ ਦੇ ਸ੍ਰਾਪ ਕਰਕੇ ਯਵਨਾਂ ਦੇ ਘਰ ਪੈਦਾ ਹੋਈ ਸੀ। ਇਸੇ ਪੋਥੀ ਵਿਚ ਕੌਲਾਂ ਜੀ ਦੇ ਅੰਤ ਕਾਲ ਵੇਲੇ ਕੌਲਾਂ ਦੇ ਮੁਖੋਂ ਇਹੋ ਕਥਨ ਦਿੱਤਾ ਹੈ, ਯਥਾ:-

ਕੌਲੋ ਵਾਚ:

ਅੰਤਕਾਲੇ ਮਯਾ ਦ੍ਰਸ਼੍ਰੰ ਸ਼੍ਰੀ ਮਤਾਂ ਪਦ ਪੁਸ਼ਕਰਮ।

ਅਤੋ ਜਾਨੇ ਕ੍ਰਿਪਾ ਸਿਧੋ ਮੁਨੇ: ਸ਼ਾਪੋ ਵਰਾਯਤੇ ॥ [੧੧ ਵਿਸ਼੍ਰਾਂਮ, ਸ਼ਲੋਕ ੧੮੩]

ਭਾਵ:

ਸ੍ਰੀ ਯੁਤ (ਸਤਿਗੁਰੂ ਜੀਉ!) ਮੈਂ ਅੰਤ ਵੇਲੇ ਆਪ ਜੀ ਦੇ ਚਰਨ ਕਵਲ ਦੇਖੇ ਹਨ, ਇਸ ਲਈ ਮੈਂ ਹੁਣ ਜਾਣ ਲੀਤਾ ਹੈ ਕਿ (ਕਪਿਲ ਮੁਨੀ ਦੇ) ਸ੍ਰਾਪ ਦਾ ਅੰਤ ਹੋ ਗਿਆ ਹੈ।

ਇਦੰਚੋਕਤਾ ਗਤਾ ਦੇਵੀ ਨਿਜੰ ਰੂਪੰ ਸਨਾਤਨਮ [੧੮੫ ਸ਼ਲੋਕ ਦਾ ਪੂਰਵਾਰਧ]

ਭਾਵ:

ਇਹ ਕਹਿਕੇ ਉਹ ਦੇਵੀ ਆਪਣੇ ਆਦਿ ਨਿਜ ਰੂਪ ਨੂੰ ਪ੍ਰਾਪਤ ਹੋ ਗਈ।

(੨) ਇਤਿਹਾਸ ਗੁਰੂ ਖਾਲਸਾ (ਹਿੰਦੀ) ਦੇ ਕਰਤਾ ਸਾਧੂ ਸ੍ਰੀ ਗੋਬਿੰਦ ਸਿੰਘ ਜੀ ਕਉਲਾਂ ਬਾਬਤ ਐਉਂ ਲਿਖਦੇ ਹਨ:-

"ਰੁਸਤਮ ਨਾਮਕ ਕਾਜ਼ੀ ਕੇ ਘਰ ਮੇਂ ਏਕ ਕੌਲਾਂ ਨਾਮਕ ਪੁੱਤ੍ਰੀ ਫਕੀਰ ਮੀਆਂ ਮੀਰ ਦੀ ਮੁਰੀਦ (ਸ਼ਿਸ਼) ਥੀ, ਵਹੁ ਅਤਿ ਸੁੰਦਰੀ ਹੋਨੇ ਪਰ ਭੀ ਬਹੁਤ ਹੀ ਸੁਸ਼ੀਲਾ ਤਥਾ ਲੱਜਾਵਤੀ ਥੀ, ਛੋਟੇਪਨ ਹੀ ਸੇ ਉਸਨੇ ਪਰਮੇਸ਼ੂਰ ਕੇ ਭਜਨ ਸਿਮਰਨ ਫਕੀਰੋਂ ਕੀ ਸੁਹਬਤ ਮੇਂ, ਅਪਨੇ ਮਨ ਕੋ ਪਰਵਿਰਤ ਕਰ ਰਖਾ ਥਾ, ਯੁਵਤੀ ਹੋ ਕਰ ਭੀ ਉਸ ਨੇ ਅਪਨਾ ਵਿਵਾਹ ਕਰਨੇ ਸੇ ਪਿਤਾ ਮਾਤਾ ਕੋ ਇਨਕਾਰ ਕੀਆ ਥਾ ਔਰ ਘਰ ਮੇਂ ਭੀ ਏਕ ਇਕਾਂਤ ਸਥਲ ਮੇਂ ਪ੍ਰਤਿ ਛਿਣ ਨਿਵਾਸ ਕਰਾ ਕਰਤੀ ਥੀ। ਜੱਬ ਕਭੀ ਬਾਹਰ ਜਾਤੀ ਤੋਂ ਅਪਣੇ ਗੁਰੂ ਮੀਆਂ ਮੀਰ ਫਕੀਰ ਕੇ ਦਰਸ਼ਨ ਹੀ ਕੋ ਜਾਤੀ ਅਨਯਥਾ ਘਰ ਸੇ ਬਾਹਰ ਪਾਉਂ ਭੀ ਨਾ ਨਿਕਾਲਤੀ ਥੀ। ਉਸ ਨੇ ਬਹੁਤ ਬਾਰ ਮੀਆਂ ਮੀਰ ਜੀ ਕੀ ਮਜਲਿਸ ਮੇਂ ਮੀਆਂ ਮੀਰ ਜੀ ਕੇ ਮੁਖ ਸੇ ਤਥਾ ਔਰ ਅੱਛੇ ਅੱਛੇ ਫਕੀਰੋਂ ਕੇ ਮੁਖ ਸੇ ਸ੍ਰੀ ਗੁਰੂ ਹਰਿ ਗੋਵਿੰਦ ਜੀ ਕੀ ਅਨੇਕ ਤਰ੍ਹਾਂ ਕੀ ਪ੍ਰਸ਼ੰਸ਼ਾ ਸੁਣੀ ਥੀ ਵੈਸੇ ਹੀ ਕਭੀ ਕਭੀ ਆਪਣੀ ਮਜਲਿਸ ਮੇਂ ਭੀ ਕਰਤੀ। ਇਸ ਕਾ ਪਿਤਾ ਕਾਜ਼ੀ ਤੋ ਪ੍ਰਥਮ ਹੀ ਇਸ ਕੇ ਵਿਵਾਹ ਨਾ ਕਰਵਾਨੇ ਸੇ ਤਥਾ ਇਸ ਕੇ ਫਕੀਰੋਂ ਕੀ ਸੰਗਤ ਮੇਂ ਰਹਿਨੇ ਸੇ ਇਸ ਪਰ ਪੂਰਨ ਰੂਪ ਸੇ ਅਪ੍ਰਸੰਨ ਥਾ। ਜਬ ਇਸ ਕੇ ਮੁਖ ਸੇ ਕਾਜ਼ੀ ਨੇ ਗੁਰੂ ਹਰਿਗੋਬਿੰਦ ਜੀ ਕੀ

ਸ਼ਲਾਘਾ ਸੁਨੀ ਤੋ ਕ੍ਰੁੱਧ ਹੋ ਕਰ ਕਹਿਨੇ ਲਗਾ ਕਿ 'ਏ ਕਾਫਰੇ! ਤੂੰ..... ਕੀ ਤਾਰੀਫ ਕਰਤੀ ਹੈ ਔਰ ਸ਼ਰਅ਼ ਮੁਹੰਮਦੀ ਕੋ ਨਹੀਂ ਮਾਨਤੀ ਹੈ ਕਿ ਜਿਸ ਮੇਂ ਹਿੰਦੂ ਕਾਫਰ ਕੀ ਤਾਰੀਫ (ਸ਼ਲਾਘਾ) ਕਰਨੇ ਵਾਲੇ ਕੋ ਹੁਕਮ ਕਤਲ ਹੈ।' ਕੌਲਾਂ ਨੇ ਜਵਾਬ ਦੀਆ ਕਿ 'ਬਾਪ ਜੀ! ਸ਼ਰਆ ਮੁਹੰਮਦੀ ਫਕੀਰੋਂ ਕੇ ਲੀਏ ਯਾ ਮੇਰੇ ਲੀਏ ਨਹੀਂ ਹੈ ਕਿੰਤੂ ਮੂਰਖੋਂ ਕੇ ਲੀਏ ਹੈ, ਜੋ ਸਿਵਾਏ ਸ਼ਰਅ਼ ਕੇ ਦੂਸਰਾ ਕੁਛ ਜਾਨਤੇ ਮਾਨਤੇ ਹੀ ਨਹੀਂ, ਔਰ ਫਕੀਰ ਤੋ ਖੁਦਾ ਕੇ ਬੰਦੇ ਹੈਂ, ਇਨ ਕੀ ਖੁਦਾ ਮਾਨਤਾ ਹੈ ਜੈਸਾ ਚਾਹੇਂ ਕਰੇਂ ਇਨ ਕੋ ਸ਼ਰਆ ਮੁਹੰਮਦੀ ਸੇ ਕਿਆ ਕਾਮ ਹੈ। 'ਇੱਤਜਾਦਿ ਪੁੱਤ੍ਰੀ ਕੇ ਜਵਾਬ ਸੁਨ ਕਰ ਕਾਜ਼ੀ ਸਾਹਿਬ ਕੇ ਹਿਰਦੇ ਮੇਂ, ਅਗਨ ਜਲ ਉਠੀ ਔਰ ਉਸੀ ਦਿਨ ਦੂਸਰੇ ਕਾਜ਼ੀਓਂ ਸੇ ਮਿਲ ਕਰ ਅਪਨੀ ਪੁੱਤ੍ਰੀ ਕੌਲਾਂ ਕੇ ਸ਼ਰਆ ਕੇ ਬਾਹਰ ਬਰਤਾਵ ਕਰਨੇ ਕੇ ਅਪਰਾਧ ਮੇਂ ਹੁਕਮ ਕਤਲ ਨਿਕਾਲਾ। ਕੌਲਾਂ ਕੀ ਮਾਤਾ ਨੇ ਇਸ ਵਾਰਤਾ ਕੋ ਸੁਨ ਕਰ ਕੌਲਾਂ ਕੋ ਤਥਾ ਪੀਰ ਮੀਆਂ ਮੀਰ ਕੋ ਭੀ ਇਸ ਵਾਰਤਾ ਸੇ ਪਰਿਚਿਤ ਕੀਆ, ਜਿਸ ਪਰ ਮੀਆਂ ਮੀਰ ਨੇ ਕੌਲਾਂ ਕੋ ਕਹਾ ਕਿ 'ਯਹਾਂ ਪਰ ਕੋਈ ਉਪਾਉ ਤੇਰੇ ਬਚਨੇ ਕਾ ਪ੍ਰਤੀਤ ਨਹੀਂ ਹੋਤਾ, ਵਜਰਥ ਮਨਸੂਰ ਕੀ ਤਰ੍ਹਾਂ ਇਨ ਜ਼ਾਲਿਮ ਲੋਗੋਂ ਕੇ ਹਾਥ ਸੇ ਕਤਲ ਕਰੀ ਜਾਏਗੀ, ਇਸ ਸੇ ਅਛਾ ਹੋਵੇ ਜੋ ਤੂੰ ਅਭੀ ਸ਼ਰਣ ਪਾਲਕ ਗੁਰੂ ਹਰਿਗੋਵਿੰਦ ਜੀ ਕੇ ਪਾਸ ਅੰਮ੍ਰਿਤਸਰ ਮੇਂ ਚਲੀ ਜਾਵੇਂ, ਇਸ ਕਾਲ ਮੇਂ ਸਿਵਾਇ ਉਨਕੇ ਤੇਰੀ ਜਾਨ ਕੋ ਬਚਾਨੇ ਵਾਲਾ ਔਰ ਦੂਸਰਾ ਨਹੀਂ ਹੈ।' ਕੌਲਾਂ ਨੇ ਅਪਨੇ ਗੁਰੂ ਕਾ ਕਹਾ ਉਚਿਤ ਸਮਝਾ ਉਸੀ ਵਕਤ ਬਾਂਧ ਬਨਾ ਕਰ ਇਕ ਅਪਨੇ ਗੁਰ ਭਾਈ ਕੋ ਸਾਥ ਲੇ ਕਰ ਸ਼ਹਿਰ ਅੰਮ੍ਰਿਤਸਰ ਕੋ ਰਵਾਨਾ ਹੁਈ। ਵਹਾਂ ਪਰ ਮੀਆਂ ਮੀਰ ਜੀ ਕੀ ਪਹਿਚਾਨ ਸੇ ਸ੍ਰੀ ਗੁਰੂ ਹਰਿਗੋਬਿੰਦ ਜੀ ਕੀ ਸ਼ਰਣ ਮੇਂ ਨਿਵਾਸ ਕਰਨੇ ਲਗੀ। ਕਾਜ਼ੀ ਸਾਹਿਬ ਨੇ ਭੀ ਪੀਛੇ ਸੇ ਸੁਨ ਲੀਆ, ਵੁਹ ਲੇਨੇ ਕੇ ਵਾਸਤੇ ਅੰਮ੍ਰਿਤਸਰ ਗਿਆ ਪ੍ਰੰਤੂ ਕਤਲ ਭੈ ਭੀਤ ਕੌਲਾਂ ਨੇ ਸਰਵਥਾ ਜਾਨਾ ਨਹੀਂ ਚਾਹਾ। ਸ਼੍ਰੀ ਗੁਰੂ ਜੀ ਨੇ ਉਸ ਕੇ ਨਿਵਾਸ ਕੇ ਲੀਏ ਏਕ ਪ੍ਰਿਥਕ ਮੰਦਿਰ ਬਨਵਾਇਆ। ਔਰ ਕਹਾ ਕਿ 'ਜੈਸੇ ਤੁਮਾਰੀ ਇੱਛਾ ਹੋ ਅਪਨਾ ਜੀਵਨ ਪੂਰਾ ਕਰੋ।' ਉਸ ਕੀ ਪ੍ਰਤੀਛਿਣ ਪਰਮੇਸ਼ੁਰ ਪਰਾਇਣਤਾ ਦੇਖ ਕਰ ਸ਼੍ਰੀ ਗੁਰੂ ਜੀ ਉਸ ਪਰ ਵਿਸ਼ੇਖ ਪ੍ਰੰਨ ਰਹਿਤੇ ਔਰ ਹਰ ਤਰ੍ਹਾਂ ਕੀ ਉਸ ਕੀ ਖਾਤਰੀ ਰਖਤੇ। ਕੁਛ ਸਮਯ ਐਸੇ ਹੀ ਬਯਤੀਤ ਹੂਆ ਤੋ ਏਕ ਦਿਨ ਕੌਲਾਂ ਨੇ ਅਪਨੇ ਸਭੀ ਆਭੂਖਣ ਤਥਾ ਕੁਛ ਨਕਦੀ ਜੋ ਕਿ ਉਸ ਕੀ ਮਾਤਾ ਨੇ ਉਸ ਕੋ ਦਿਯੇ ਥੇ ਇਕੱਤ੍ਰ ਕਰਕੇ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਕੇ ਆਗੇ ਰਖ ਦੀਆ ਔਰ ਹਾਥ ਜੋੜ ਕੇ ਕਹਾ ਕਿ 'ਦੀਨ ਬੰਧੋ ਇਸ ਮੇਰੇ ਪੈਸੇ ਕੋ ਕਿਸੀ ਐਸੇ ਧਰਮ ਕਾਰਯ ਮੇਂ ਲਗਾ ਦੀਜੀਏ ਜਿਸ ਮੇਂ ਕੁਛ ਕਾਲ ਮੇਰਾ ਨਾਮ ਇਸ ਸੰਸਾਰ ਪਰ ਰਹਿ ਜਾਏ।' ਸ਼੍ਰੀ ਗੁਰੂ ਜੀ ਨੇ ਉਸ ਧਨ ਸੇ ਉਸੀ ਕੇ ਨਾਮ ਕਾ ਏਕ ਤਾਲਾਬ ਖੁਦਾ ਦੀਆ ਜੋ ਕਿ ਅਬ ਤਕ ਮਹਾਂ ਪ੍ਰੱਖਜਾਤ ਧਰਮ ਪਵਿੱਤਰ ਅੰਮ੍ਰਿਤਸਰ ਸ਼ਹਿਰ ਮੇਂ ਕੌਲਸਰ ਕੇ ਨਾਮ ਸੇ ਪ੍ਰਸਿੱਧ ਹੈ।'

[ਪੰਨਾ ੨੬੭ ਤੋਂ ੨੬੯]

(੩) ਸਭ ਤੋਂ ਅਖੀਰਲੇ ਲੇਖਕ ਬਦੇਸ਼ੀ ਤੇ ਅਨਜ ਭਾਸ਼ਾ ਵਿਚ ਲਿਖਣ ਵਾਲੇ ਮਿ: ਐਮ. ਏ. ਮੈਕਾਲਫ ਹਨ, ਉਹਨਾਂ ਨੇ ਬੀ ਇਤਿਹਾਸ ਗੁਰੂ ਖਾਲਸਾ ਵਾਲੀ ਵਾਰਤਾ ਨੂੰ ਠੀਕ ਮੰਨਿਆ ਹੈ ਤੇ ਇਸੇ ਦਾ ਭਾਵ ਆਪਣੀ ਪੁਸਤਕ ਜਿਲਦ ਚਉਥੀ ਸਫਾ ੪੩ ਤੇ ੪੪ ਤੇ ਦਿਤਾ ਹੈ।

(੪) ਰਾਏ ਸਾਹਿਬ ਲਾਲਾ ਕਨ੍ਹਯਾ ਲਾਲ ਜੀ ਆਪਣੀ ਤਾਰੀਖੇ ਪੰਜਾਬ (ਉਰਦੂ) ਵਿਚ ਇਸ ਪ੍ਰਕਾਰ ਲਿਖਦੇ ਹਨ:-

'ਕੌਲਾਂ† ਨਾਮ ਕਾਜ਼ੀ ਕੀ ਲੜਕੀ ਗੁਰੂ ਜੀ ਕੇ ਜਮਾਲੇ ਬਾ ਕਮਾਲ ਪਰ ਸ਼ੇਫਤਾ ਹੋ ਗਈ ਔਰ ਗੁਰੂ ਜੀ ਕੇ ਸਾਥ ਅੰਮ੍ਰਿਤਸਰ ਆ ਗਈ, ਉਸ ਕੀ ਦਰਖਾਸਤ ਅਗਰਚਿਹ ਔਰ ਥੀ ਮਗਰ ਗੁਰੂ ਜੀ ਨੇ ਕਹਾ ਕਿ ਤੁਮ ਗੈਰ ਖ਼ਿਆਲ ਦਿਲ ਮੇਂ ਨਾ ਕਰੋ ਹਮਾਰੀ ਗੁਰਿਆਈ ਕੇ ਖਾਨਦਾਨ ਮੇਂ ਪਹਿਲੇ ਗੁਰੂ ਜੀ ਸੇ ਲੇਕਰ ਆਜ ਤਕ ਮੁਬਾਸ਼ਰਤ ਮਨ੍ਹਾ ਹੈ।'

†ਧੀ ਮੁਸਲਮਾਨ ਦੀ ਤੇ ਨਾਮ 'ਕੌਲਾਂ' ਇਸ ਪਰ ਬੀ ਕਈ ਸੋਚਵਾਨ ਹੈਰਾਨ ਹੁੰਦੇ ਹਨ। ਕੌਲਾਂ-ਕਮਲਾ-ਨਾਮ ਮਾਇਆ ਦਾ ਬੀ ਹੈ।

[ਸਫਾ ੩੦

(੫) ਭਾਈ ਗਿਆਨ ਸਿੰਘ ਜੀ ਤ੍ਵਾਰੀਖ ਖਾਲਸਾ ਵਿਚ ਐਉਂ ਲਿਖਦੇ ਹਨ:-

"ਕਾਜ਼ੀ ਦੀ ਬੇਟੀ ਕੌਲਾਂ ਭੀ ਅਜੇਹੀ ਪ੍ਰੇਮਣ ਹੋਈ ਕਿ ਉਹ ਰੋਜ਼ ਮੀਆਂਮੀਰ ਦੀ ਸੰਗਤ ਵਿਚ ਆਯਾ ਕਰੇ ਅਤੇ ਬਹੁਤ ਸਾਰੀ ਬਾਣੀ ਗੁਰੂ ਜੀ ਦੀ ਉਸ ਨੇ ਯਾਦ ਕਰ ਲਈ ਜਿਸ ਨੂੰ ਹਰ ਵੇਲੇ ਪੜ੍ਹਨ ਲਗੀ। ਕੌਲਾਂ ਦਾ ਬਾਪ ਕਾਜ਼ੀ ਜੋ ਗੁਰੂ ਜੀ ਨਾਲ ਘੋੜੇ ਦੀ ਕੀਮਤ ਲੈਣ ਬਦਲੇ ਲੜ ਪਿਆ ਹੋਯਾ ਸੀ ਤੇ ਦੂਸਰੀ ਜਵਾਨ ਲੜਕੀ ੨੦ ਬਰਸ ਦੀ ਨੂੰ ਮੀਆਂ ਮੀਰ ਤੇ ਗੁਰੂ ਸਾਹਿਬ ਦੀ ਮਜਲਸ ਵਿਚ ਜਾਂਦਿਆਂ ਦੇਖਕੇ ਵਧੇਰੇ ਖਿਝਿਆ, ਤੇ ਸਭ ਤੋਂ ਵਧਕੇ ਏਸ ਗੱਲੋਂ ਖਿਝਿਆ, ਅਰ ਕੌਲਾਂ ਨੂੰ ਆਖਣ ਲਗਾ ਜੋ ਤੂੰ..... ਦੀ ਬਾਣੀ ਨਾ ਪੜ੍ਹਿਆ ਕਰ; ਤਾਂ ਕੌਲਾਂ ਉਸ ਦੇ ਆਖੇ ਨਾ ਲਗੀ ਤੇ ਗੁਰੂ ਜੀ ਦੀ ਬਾਣੀ ਵਧੇਰੇ ਪੜ੍ਹਨ ਲਗੀ। ਓੜਕ ਕਾਜ਼ੀ ਨੇ ਕਿਹਾ ਕਿ ਤੂੰ ਸ਼ਰਾ ਮੁਹੰਮਦੀ ਦੇ ਅਨੁਸਾਰ ਕਤਲ ਕਰਨ ਦੇ ਲਾਇਕ ਹੋਵੇਂਗੀ, ਕਿਉਂਕਿ ਸ਼ਰਾ ਦਾ ਹੁਕਮ ਹੈ ਕਿ ਜੋ ਕੋਈ ਹਿੰਦੂ ਦੀ ਬਾਣੀ ਪੜ੍ਹਦਾ ਹੈ ਉਹ ਕਤਲ ਕਰਨ ਦੇ ਜੋਗ ਹੈ। ਕੁਝ ਚਿਰ ਤਾਂ ਕਾਜ਼ੀ ਨੇ ਬਹੁਤੇਰਾ ਸਮਝਾਇਆ, ਪਰ ਜਦ ਕੌਲਾਂ ਸੱਚਾ ਪਾਸਾ ਛੱਡਕੇ ਓਸ ਦੀਆਂ ਬਨਾਵਟੀ ਗੱਲਾਂ ਪਰ ਨਾ ਰੀਝੀ ਤਾਂ ਕਾਜ਼ੀ ਨੇ ਹੋਰਨਾਂ ਕਾਜ਼ੀਆਂ ਪਾਸੋਂ ਕੌਲਾਂ ਦੇ ਮਾਰਨ ਦਾ ਫਤਵਾ ਦਿਵਾ ਦਿੱਤਾ। ਇਹ ਖਬਰ ਸੁਣਕੇ ਕੌਲਾਂ ਦੀ ਮਾਂ ਨੇ ਧੀ ਦੀ ਜਾਨ ਬਚਾਉਣ ਲਈ ਕਾਜ਼ੀ ਤੋਂ ਚੋਰੀ ਉਸ ਨੂੰ ਮੀਆਂਮੀਰ ਪਾਸ ਭੇਜ ਦਿੱਤਾ। ਕੌਲਾਂ ਨੇ ਮੀਆਂ ਮੀਰ ਨੂੰ ਜਾਕੇ ਸਾਰਾ ਬ੍ਰਿਤੰਤ ਸੁਣਾਇਆ ਤਾਂ ਮੀਆਂ ਮੀਰ ਨੇ ਆਪਣੇ ਚੇਲੇ ਅਬਦੁਲਾ ਸ਼ਾਹ ਨੂੰ ਕੌਲਾਂ ਨਾਲ ਦੇਕਰ ਗੁਰੂ ਹਰਿ ਗੋਬਿੰਦ ਜੀ ਵਲ ਭੇਜ ਦਿੱਤਾ ਤੇ ਆਖ ਭੇਜਿਆ ਕਿ ਕੌਲਾਂ ਆਪ ਦੀ ਸ਼ਰਨ ਆਈ ਹੈ, ਏਸ ਦੀ ਜਾਨ ਬਚਾਉਣੀ ਤੁਹਾਡਾ ਤੇ ਸਾਡਾ ਧਰਮ ਹੈ।ਸੋ ਮੈਂ ਤਾਂ ਆਪਣੇ ਪਾਸ ਰੱਖ ਨਹੀਂ ਸਕਦਾ, ਕਿਉਂਕਿ ਕਾਜ਼ੀਆਂ ਦਾ ਫਤਵਾ ਲਗ ਚੁੱਕਾ ਹੈ ਤੇ ਮੇਰੇ ਕੋਲੋਂ ਬਾਦਸ਼ਾਹੀ ਆਦਮੀ ਏਸ ਨੂੰ ਲੈ ਜਾਣਗੇ, ਤੇ ਆਪ ਨਾਲ ਸ਼ਾਹ ਦਾ ਭੀ ਕੋਈ ਵੱਸ ਨਹੀਂ ਚੱਲੇਗਾ। ਤਾਂ ਤੇ ਸ਼ਰਨ ਆਈ ਦੀ ਲੱਜਾ ਰੱਖਕੇ ਇਸ ਦੀ ਜਾਨ ਬਚਾਓ। ਗੁਰੂ ਜੀ ਓਸ ਵੇਲੇ ਅੰਮ੍ਰਿਤਸਰ ਨੂੰ ਤਿਆਰ ਸੇ, ਏਸ ਲਈ ਕੌਲਾਂ ਬੀ ਅਬਦੁਲਾ ਸ਼ਾਹ ਦੇ ਸਮੇਤ ਅੰਮ੍ਰਿਤਸਰ ਹੀ ਆ ਗਈ ਤੇ ਕੌਲਾਂ ਨੇ ਗੁਰੂ ਜੀ ਅੱਗੇ ਘਿਘਿਆਇ ਕੇ ਬੇਨਤੀ ਕੀਤੀ ਕਿ ਗੁਰੂ ਦਾ ਘਰ ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਹੈ ਸੋ ਮੇਰੀ ਰੱਖਜਾ ਕਰੋ। ਕੌਲਾਂ ਦੇ ਦੀਨ ਬਚਨ ਤੇ ਮੀਆਂ ਮੀਰ ਦਾ ਸੁਨੇਹਾ ਸੁਣਕੇ ਤੇ ਕੌਲਾਂ ਨੂੰ ਕੇਵਲ ਸਤਿਸੰਗ ਦੀ ਪਿਆਰੀ ਤੇ ਗਿਆਨ ਦੀ ਗਾਹਕ ਦੇਖ ਕੇ ਗੁਰੂ ਜੀ ਨੇ ਲੰਗਰੋਂ (ਜਿੱਥੇ ਹੋਰ ਸੈਂਕੜੇ ਗ੍ਰੀਬ ਗੁਰਬਾ ਖਾਂਦੇ ਸੀ) ਰੋਟੀ ਕਪੜਾ ਮਿਲਣ ਦਾ ਹੁਕਮ ਦੇ ਦਿੱਤਾ, ਅਤੇ ਆਪਣੇ ਮਹਿਲਾਂ ਤੋਂ ਛੀ ਸੱਤ ਸੌ ਕਰਵ ਦੀ ਵਿੱਥ ਪਰ ਫੁਲਾਂ ਵਾਲੀ ਢਾਬ ਦੇ ਕਿਨਾਰੇ ਇਕ ਕੋਠਾ ਉਸ ਦੇ ਰਹਿਣ ਲਈ ਦਿੱਤਾ, ਅਤੇ ਧੀਰਜ ਦੇਕੇ ਆਖਿਆ ਹੁਣ ਤੈਨੂੰ ਕੋਈ ਫੜ ਕੇ ਨਹੀਂ ਲੈਜਾ ਸਕਦਾ, ਭਾਵੇਂ ਬਾਦਸ਼ਾਹ ਕਿਉਂ ਨਾ ਚੜ੍ਹ ਆਏ, ਤੂੰ ਨਿਸ਼ੰਗ ਬੇਫਿਕਰ ਹੋਕੇ ਭਜਨ ਕਰਿਆ ਕਰ। ਇਹ ਸੁਣ ਕੇ ਕੌਲਾਂ ਨੂੰ ਧੀਰਜ ਹੋ ਗਿਆ, ਤੇ ਓਥੇ ਬੈਠ ਕੇ ਭਜਨ ਕਰਨ ਲੱਗੀ।'

[ਹਿੱਸਾ ੧ ਨੰ: ੨ ਪੰਨਾ ੧੯੬ ਤੋਂ ੧੯੮

(੬) ਉਮਦਾਤੁੱਤ੍ਵਾਰੀਖ (ਫ਼ਾਰਸੀ) ਦਫਤਰਿ ਅੱਵਲ ਵਿਚ ਇਉਂ ਲਿਖਿਆ ਹੋਇਆ ਹੈ:-

"ਕਉਲਾਂ ਨਾਮੀ ਕਨੀਜ਼ ਕਿ ਕਾਜ਼ੀ ਕਿ ਅਜ਼ ਜ਼ੁਮਰਹਿ ਮੁੱਅ੍ਤਕ੍ਦਿਾਂ
ਈਂ ਜੁਨਾਬਿ ਆਲੀ ਬੂਦ, ਮੁਸ਼ਰਿਫ ਗਰਦੀਦ।" [ਪੰਨਾ ੨੨

ਅਰਥਾਤ:

ਕਾਜ਼ੀ ਦੀ ਕੌਲਾਂ ਨਾਮ ਦੀ ਕਨੀਜ਼ (ਦਾਸੀ) ਜੋ ਕਿ ਇਨ੍ਹਾਂ ਮਹਾਨ ਵਜਕਤੀ ਭਾਵ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਦੇ ਨਿਹਚਾ ਧਾਰਨ ਵਾਲਿਆਂ ਭਾਵ ਸਿੱਖਾਂ ਦੀ ਸੰਗਤ ਵਿਚੋਂ ਸੀ, ਗੁਰੂ ਜੀ ਦੇ (ਉਪਦੇਸ਼ ਨਾਲ) ਵਡਜਾਈ ਗਈ।

ਗੁਰੂ ਜੀ ਦੇ ਸਮੇਂ ਮਹਾਨ ਪੁਰਖ ਤੇ ਮਹਾਨ ਵਿਦਵਾਨ ਕਵੀ ਤੇ ਲੇਖਕ ਭਾਈ ਗੁਰਦਾਸ ਜੀ ਆਪਣੀ ਅੱਖੀਂ ਵੇਖਕੇ, ਸ੍ਰੀ ਗੁਰੂ ਹਰਿਗੋਵਿੰਦ ਜੀ ਬਾਬਤ ਇੰਵ ਲਿਖਦੇ ਹਨ:-

ਹਰਖਹੁੰ ਸੋਗਹੁੰ ਬਾਹਿਰਾ ਹਰਣ ਭਰਣ ਸਮਰੱਥ ਸਰੰਦਾ।
ਰਸ ਕਸ ਰੂਪ ਨ ਰੇਖ ਵਿੱਚ ਰਾਗ ਰੰਗ ਨਿਰਲੇਪ ਰਹੰਦਾ।
ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦ ਗੋਵਿੰਦ ਗੁਰ 'ਹਰਿਗੋਵਿੰਦ' ਸਦਾ ਵਿਗਸੰਦਾ।
ਅਚਰਜ ਨੋਂ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।

ਗੁਰਮੁਖ ਮਾਰਗ ਚੱਲਣਾ ਖੰਡੇਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥ ੨੧ ॥
[ਭਾ: ਗੁ: ੨੪

ਸ਼ੋਕ ਠਾਨਿ ਬੈਠਹਿਂ ਗੁਰ ਤੀਰ।
ਆਯੋ ਪੈਂਦਖਾਨ ਬਰ ਬੀਰ।
'ਹਾਇ! ਮਾਤ' ਕਹਿ ਉਚ ਪੁਕਾਰਾ।
ਦੇ ਧੀਰਜ ਸਤਿਗੁਰ ਨਿਰਵਾਰਾ ॥ ੧੨ ॥
ਸਭਿ ਹੀ ਸੁਭਟ, ਸਿੱਖ ਨਰ ਪੁਰਿ ਕੇ।
ਗਮਨੇ ਬੈਠਿ ਬੈਠਿ ਢਿਗ ਗੁਰਕੇ।
ਸੰਧਜਾ ਭਈ ਗਏ ਗੁਰੁ ਡੇਰੇ।
ਨਿਜ ਨਿਜ ਥਾਨ ਸਕਲ ਚਲਿ ਹੇਰੇ ॥ ੧੩ ॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੂ ਭੋਰ ਹੁਇ ਆਈ।
ਇਸ ਬਿਧਿ ਕੇਤਿਕ ਦਿਵਸ ਬਿਤਾਏ।
ਗੁਰੁ ਸੁਧਿ ਸੁਨਿ ਕਰਿ ਇਤ ਕੋ ਆਏ ॥ ੧੪ ॥
ਚਾਕਰ ਰਹਨਿ ਸੁਭਟ ਚਲਿ ਆਵੈਂ।
ਦੇਖਿ ਉਚਿਤ ਰਣ ਗੁਰੁ ਟਿਕਾਵੈਂ[1]।
ਭਯੋ ਸ਼ਾਹੁ ਕੇ ਸੰਗ ਬਖੇਰਾ।
ਲਰ ਕਰਿ ਲਸ਼ਕਰ ਹਤਜੋ ਘਨੇਰਾ ॥ ੧੫ ॥
ਭਯੋ ਬਿਦਤ ਜਸੁ ਜਹਿਂ ਕਹਿਂ ਸਾਰੇ।
-ਅਰਹਿ ਆਜ ਕੋ ਸ਼ਾਹੁ ਅਗਾਰੇ।
ਬਿਨਾ ਮਵਾਸ ਗਿਰਨ ਕੇ ਥਾਨ[1]।
ਅਟਕਹਿ ਕੌਨ, ਪ੍ਰਾਨ ਦੇ ਹਾਨ ॥ ੧੬ ॥
ਲਵਪੁਰਿ ਸੁਧਾ ਸਰੋਵਰ ਨੇਰੇ।
ਤਹਿਂ ਰਹਿ ਕਿਯੋ ਮਹਿਦ ਭਟ ਭੇਰੇ।
ਰਣ ਮਹਿਂ ਹੇਰਿ ਹੇਰਿ ਉਮਰਾਵਨਿ।
ਜੇ ਸਰਦਾਰ ਕਰੇ ਸਭਿ ਘਾਵਨਿ ॥ ੧੭ ॥
ਜਿਨ ਕੋ ਬਲ ਪਿਖਿ ਠਟਕਜੋ[1] ਸ਼ਾਹੂ।
ਬਹੁਰ ਨ ਕੀਨਿ ਲਰਨਿ ਉਤਸਾਹੂ।
ਇਸ ਬਿਧਿ ਕੋ ਜੋਧਾ ਇਸ ਕਾਲਾ।

[1]ਰੱਖ ਲੈਂਦੇ ਹਨ।

[1]ਪਹਾੜਾਂ ਦੇ ਆਕੀ ਟਿਕਾਣਿਆਂ ਤੋਂ ਬਿਨਾਂ।

[1]ਠਠੰਬਰ ਗਿਆ।

ਨਹਿੰ ਮਹਿ ਮੰਡਲ ਮਹਿੰ ਬਲ ਵਾਲਾ ॥੧੮॥
ਸਕਲ ਦੇਸ਼ ਪਤਿਸ਼ਾਹੁ ਮਹਾਨਾ[1]।
ਤਿਸ ਕੋ ਤ੍ਰਾਸ ਨੈਕ ਨਹਿੰ ਮਾਨਾ।
ਹਤਿ ਲਸ਼ਕਰ ਕੋ ਧੂਰ ਮਿਲਾਯੋ।
ਨ੍ਰਿਭੈ ਬਾਸ ਦ੍ਵਾਬੇ ਅਬਿ ਆਯੋ- ॥੧੯॥
ਇਮ ਜਹਿਂ ਕਹਿਂ ਪ੍ਰਗਟਾਇ ਪ੍ਰਸੰਗ।
ਸੁਜਸੁ ਕਰਹਿਂ ਜੋਧਾ ਬਲ ਅੰਗ।
ਆਇਂ ਸੁਭਟ ਰਣ ਕੇ ਉਤਸਾਹੀ।
ਚਾਕਰ ਹੋਇ ਰਹਤਿ ਗੁਰ ਪਾਹੀ ॥੨੦॥
ਸ਼ਸਤ੍ਰਨਿ ਕੀ ਬਿੱਦਯਾ ਨਿਤ ਹੋਵੈ।
ਕਰਹਿ ਪਰਸਪਰ ਵਧਿ ਘਟਿ ਜੋਵੈਂ।
ਚਲਹਿ ਤੁਫੰਗ, ਕਿ ਤੋਮਰ ਗਹੈਂ।
ਤੁਰੰਗ ਧਵਾਇ ਦਿਖਾਵਤਿ ਅਹੈਂ ॥੨੧॥
ਬਸਹਿਂ ਪਠਾਨ ਗ੍ਰਾਮ ਜੇ ਨੇਰੇ।
ਹੱਥਯਾਰਨਿ ਕੋ ਗਹਤਿ ਘਨੇਰੇ।
ਸੋ ਸਭਿ ਸੁਨਹਿਂ 'ਗੁਰੂ ਕੇ ਪਾਸਿ।
ਪੈਂਦੇ ਖਾਨ ਬੀਰ ਬਲ ਰਾਸਿ' ॥੨੨॥
ਮਿਲਨਿ ਹੇਤ ਬਹੁਤੇ ਚਲਿ ਆਵੈਂ।
ਬੈਠਹਿਂ ਰਣ ਕੀ ਬਾਤ ਚਲਾਵੈਂ।
'ਕੌਨ ਕੌਨ ਗੁਰ ਕੋ ਭਟ ਅਰਜੋ।
ਮਾਰ ਗਜ਼ਬ ਕੀ ਲਸ਼ਕਰ ਮਰਜੋ[1]' ॥੨੩॥
ਤਿਨ ਮੈਂ ਪੈਂਦੇਖਾਨ ਬਖਾਨੈ।
'ਇਕ ਤੋ ਗੁਰੂ ਮਹਾਂਬਲ ਠਾਨੈਂ।
ਮੈਂ ਤਬਿ ਕੀਨਿਸਿ ਨਿਮਕ ਹਲਾਲ।
ਕਰਜੋ ਜੰਗ ਕੋ ਤਬਹਿ ਕਰਾਲ ॥੨੪॥
ਕਿਨਹੁੰ ਨ ਲੀਨਸਿ ਆਗਾ ਮੋਹਿ।
ਮਾਰੇ ਬ੍ਰਿੰਦ ਸ਼ੱਤ੍ਰ ਕਰਿ ਕ੍ਰੋਹ।
ਮੋ ਬਿਨ ਫਤੇ ਨ ਹੋਤਿ ਲਰਾਈ।
ਗਨ ਜੋਧਾਨਿ ਕੌਨ ਇਮ ਘਾਈ[1]? ॥੨੫॥

[1]ਜੋ) ਸਾਰੇ ਦੇਸ਼ ਦਾ ਵੱਡਾ ਪਾਤਸ਼ਾਹ ਹੈ।

[1]ਗਜ਼ਬ ਦੀ ਮਾਰ ਨਾਲ ਫੌਜ ਮਰੀ।

[1]ਇਉਂ ਕੌਣ ਮਾਰ ਸਕਦਾ ਸੀ।

ਜਿਸ ਕੇ ਇਕ ਇਕ ਖੜਗ ਪ੍ਰਹਾਰਾ।
ਸਹਤ ਤੁਰੰਗ ਜੁਦਾ ਕਰਿ ਡਾਰਾ।
ਕਿਸ ਕੋ ਦੀਨਿ ਧਕੇਲਾ ਮਾਰਯੋ।
ਕੋ ਹਯ ਪਗ ਗਹਿ ਉਲਟਾ ਡਾਰਯੋ
॥੨੬॥
ਕੋ ਤੀਰਨਿ ਕੇ ਸਾਥ ਪਰੋਏ।
ਭਾਗੇ ਰਿਪੁ, ਨਹਿਂ ਸਨਮੁਖ ਜੋਏ।
ਜੌ ਮੈਂ ਗੁਰ ਕੇ ਨਿਕਟ ਨ ਹੋਤਿ।
ਕਿਮ ਸੰਘਰ ਕੀ ਬਿਜੈ ਉਦੋਤਿ[1]? [1]ਕਿਵੇਂ ਜੰਗ ਦੀ ਫਤੇ ਹੁੰਦੀ?
॥੨੭॥
ਮੁਝ ਕੋ ਜਾਨਿ ਬਡੋ ਬਲਵਾਨ।
ਰਾਖਹਿਂ ਨਿਕਟ ਅਧਿਕ ਸਨਮਾਨ।
ਫਤੇ ਮੋਹਿ ਭੁਜਦੰਡਨਿ ਬਸੈ।
ਕੌਨ ਸਕਹਿ ਸਹਿ, ਦੇਖਤਿ ਨਸੈਂ'
॥੨੮॥
ਇੱਤਯਾਦਿਕ ਬੋਲਤਿ ਜਹਿਂ ਕਹਾਂ।
ਵਧਯੋ ਗਰਬ ਪੈਂਦੇ ਉਰ ਮਹਾਂ।
ਸਤਿਗੁਰ ਜਾਨਯੋ -ਭਾ ਮਤਿ ਹੀਨਾ।
ਜਰਹਿ ਬਡਾਈ ਨਹਿਂ, ਮਨ ਪੀਨਾ[1] [1]ਮਨ ਦਾ ਮੋਟਾ।
॥੨੯॥
ਨਹਿ ਗੰਭੀਰ ਧੀਰ, ਮਨ ਮਾਨੀ[1]। [1]ਮਨ ਦਾ ਹੰਕਾਰੀ ਹੋ ਗਿਆ ਹੈ।
ਹੁਇ ਫਲ ਬੁਰੋ, ਪਰਹਿ ਅਸ ਜਾਨੀ-।
ਨਾਮ ਮੀਰ ਛੋਟਾ ਇਕ ਗ੍ਰਾਮ।
ਜਹਾਂ ਪਠਾਨਨਿ ਕੇ ਗਨ ਧਾਮ ॥੩੦॥
ਤਹਿਂ ਤੇ ਆਈ ਤਬਹਿ ਸਗਾਈ।
ਕਰਿਵਾਈ ਗੁਰ ਆਇਸੁ ਪਾਈ।
ਸਤਿਗੁਰ ਦਰਬ ਦੀਨਿ ਬਹੁਤੇਰਾ।
ਕਰਯੋ ਨਿਕਾਹ ਤਬਹਿ ਬਿਨੁ ਦੇਰਾ
॥੩੧॥
ਦਾਰਾ ਸੰਗ ਮਿਲਯੋ ਸੁਖ ਪਾਏ।
ਬਸਹਿ ਨਿਸਾ ਤਿਸ ਗ੍ਰਾਮਹਿ ਜਾਏ।
ਇਕ ਦਿਨ ਗੁਰ ਸੋਂ ਕਹਿ ਕਰ ਜੋਰਿ।

'ਘਰ ਨ ਬਨੵੋ ਮੇਰੋ ਕਿਸ ਠੌਰ ॥੩੨॥
ਭਯੋ ਬਜਾਹ ਅਰ ਚਹਿਯਤਿ ਸੋਇ।
ਬਿਨਾ ਨਿਕੇਤ ਨਹੀਂ ਸੁਖ ਹੋਇ।'
ਸ਼੍ਰੀ ਹਰਿ ਗੋਵਿੰਦ ਸਾਚ ਪਛਾਨਾ।
ਸੁਨਿ ਪੁਨ ਦੀਨਸਿ ਦਰਬ ਮਹਾਨਾ
॥੩੩॥
ਸਦਨ -ਮੀਰ ਛੋਟੇ- ਬਨਿਵਾਏ।
ਸੁੰਦਰ ਮੰਦਰ ਕਹਿ ਚਿਨਵਾਏ।
ਪੁਨ ਬੀਵੀ ਕੇ ਹੇਤ ਬਿਭੂਖਨ।
ਕਰਿਵਾਏ ਗਨ ਦੀਨਿ ਅਦੂਖਨ[1] ॥੩੪॥

[1]ਗੁਰੂ ਜੀ ਨੇ।

ਗ੍ਰੇਹਿ ਸਮਿੱਗ੍ਰੀ ਦਈ ਬਨਾਇ।
ਪੈਂਦੇਖਾਨ ਪਾਇ ਹਰਖਾਇ।
ਰਹਨਿ ਲਗੵੋ ਬੀਵੀ ਕੇ ਸਾਥ।
ਬਹੁ ਸੁਖ ਲਹੈ ਕ੍ਰਿਪਾ ਗੁਰੁ ਨਾਥ ॥੩੫॥
ਕਹੵੋ ਪ੍ਰਭੁ 'ਅਬਿ ਸਦਨ ਬਸੀਜੈ।
ਕਬਿ ਕਬਿ ਇਤਿ ਦਿਸ਼ ਆਵਨ ਕੀਜੈ।
ਜਬਿ ਹਮ ਚਾਹੈਂ ਲੇਹਿਂ ਬੁਲਾਇ।
ਨਾਂਹਿ ਤ ਰਹ ਗ੍ਰਿਹ ਅਨੰਦ ਉਪਾਇ'
॥੩੬॥
ਮਾਨਿ ਬਾਕ ਤੈਸੇ ਤਬਿ ਕਰੈ।
ਬਹੁ ਦਿਨ ਰਹੈ ਆਪਨੇ ਘਰੈ।
ਇਮ ਪੈਂਦਾ ਹੋਯਹੁ ਹੰਕਾਰੀ।
ਸਤਿਗੁਰ ਤਿਸ ਕੀ ਲੇਂ ਸੁਧਿ ਸਾਰੀ
॥੩੭॥
ਕਿਸੁ ਵਸਤੁ ਕੀ ਕਮੀ ਨ ਕੋਈ।
ਵਸਤੁ ਅਮੋਲਕ ਦੇਂ ਗੁਰੁ ਸੋਈ।
ਨਿਕਟਿ ਗ੍ਰਾਮ ਪੁਰਿ ਜੇਤਿਕ ਅਹੈਂ।
ਗੁਰੁ ਆਵਨਿ ਕੀ ਸੁਧਿ ਕੋ ਲਹੈਂ ॥੩੮॥
ਲੇ ਲੇ ਬਹੁ ਵਸਤੁਨਿ ਉਪਹਾਰੇ।
ਆਵਹਿ ਜਿਤਿ ਕਿਤ ਤੇ ਦਿਨ ਸਾਰੇ।
ਅਰਪਨਿ ਕਰਿ ਕਰਿ ਵਸਤੁਨਿ ਬ੍ਰਿੰਦ।
ਬੰਦਤਿ ਸੁੰਦਰ ਪਦ ਅਰੁਬਿੰਦ ॥੩੯॥

ਕਰਹਿ ਮੇਵਰੋ ਢਿਗ ਅਰਦਾਸ।
ਪੂਰਹਿਂ ਸਿੱਖਨ ਕੀ ਸਭਿ ਆਸ।
ਦਰਸ਼ਨ ਕਰੈਂ ਨਿਸਾ ਢਿਗ ਰਹੈਂ।
ਗਮਨਹਿਂ ਘਰ ਗਨ ਖੁਸ਼ੀਯਨਿ ਲਹੈਂ ॥੪੦॥
ਸਗਰੇ ਦਿਨ ਸਤਿਗੁਰ ਕੇ ਤੀਰ।
ਆਇਂ ਜਾਇਂ ਸਿਖ ਹੋਵਤਿ ਭੀਰ।
ਕੇਤਿਕ ਜੋਧਾ ਚਾਕਰ ਰਹੈਂ।
ਜੇ ਹੱਥਜਾਰਨਿ ਬਿੱਦਜਾ ਲਹੈਂ ॥੪੧॥
ਕਿਤਿਕ ਤੁਰੰਗ ਸਿੱਖਜ ਅਰਪੰਤੇ।
ਕੇਤਿਕ ਲੇਤਿ ਮੋਲ ਖਰਚੰਤੇ।
ਕਿਤਿਕ ਧਨੁਖ ਲੇ ਦਰਬ ਦਿਵਾਵੈਂ।
ਕੇਤਿਕ ਤਰਕਸ਼ ਢਿਗ ਬਨਿਵਾਵੈਂ ॥੪੨॥
ਖਰ ਤਤਾਰਚੇ ਲੋਹਾ ਖਰੇ[1]।
ਪੁਰਿ ਕਰਤਾਰ ਘਰਾਵਨਿ ਕਰੇ।
ਖਪਰੇ ਸੇਲੇ ਆਦਿ ਬਨਾਵੈਂ।
ਭਾਂਤਿ ਅਨੇਕਨਿ ਕੌਨ ਗਿਨਾਵੈਂ ॥੪੩॥
ਗੁਲਕਾਂ ਗਾਲਬ ਮਹਿਂ[1] ਢਲਵਾਇ।
ਕਰਿ ਕਰਿ ਤਜਾਰ ਰਖਹਿਂ ਸਮੁਦਾਇ।
ਬਹੁਤ ਬਰੂਦ ਅਨਾਵਨਿ ਕਰੈਂ।
ਆਛੀ ਰੀਤਿ ਸੰਭਾਰਤਿ ਧਰੈਂ ॥੪੪॥
ਨਮਸਕਾਰਨੀ[1] ਬਿਕਬੇ ਆਵੈਂ।
ਲੇਤਿ ਮੋਲ ਕੋ ਦਰਬ ਦਿਵਾਵੈਂ।
ਬੀਰਨਿ ਕੋ ਬਖਸ਼ਤਿ ਪਰਖੰਤੇ।
ਹਤਹਿਂ ਨਿਸ਼ਾਨੇ ਨਹੀਂ ਚੁਕੰਤੇ ॥੪੫॥
ਦਿਨ ਪ੍ਰਤਿ ਸ਼ਸਤ੍ਰਨਿ ਕੋ ਅਭਿਆਸ।
ਹੋਤਿ ਅਧਿਕ ਸਤਿਗੁਰੂ ਬਿਲਾਸ।
ਮਾਰਿ ਬਕਾਰਾ ਸਿਖ ਕਰੇ ਹੈਂ।
'ਹਤਹੁ ਤੁਰਕ ਲਵਪੁਰੀ ਲੁਟੈ ਹੈਂ ॥੪੬॥
ਲੇਹੁ ਮਲੇਛਨਿ ਤੇ ਅਬਿ ਰਾਜ।
ਮਹਾਂ ਦੁਸ਼ਟ ਇਨ ਵਧਜੋ ਸਮਾਜ।

[1]ਖਰੇ ਲੋਹੇ ਦੇ ਤਿੱਖੇ ਬਾਣ।

[1]ਸੰਚੇ ਵਿਚ।

[1]ਬੰਦੂਕਾਂ।

ਕਰਹੁ ਗੁਰੂ ! ਆਇਸੁ ਅਬਿ ਐਸੇ।
ਪਰਹਿ ਜੰਗ, ਹਤਿ ਸ਼ੱਤ੍ਰੂ ਜੈਸੇ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟ। ਰਾਸੇ 'ਕੌਲਾਂ ਪ੍ਰਲੋਕ ਪੈਂਦਾ ਬਜਾਹ' ਪ੍ਰਸੰਗ ਬਰਨਨੰ ਨਾਮ ਚਤੁਰ ਬਿਸੰਤੀ ਅੰਸੂ ॥੨੪॥

## ੨੫. [ਪਠਾਣ ਉਮਰਾਵ ਸਿੱਖ ਹੋਇਆ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਸਤਿਗੁਰ ਕਰਹਿਂ ਅਖੇਰ ਨਿਤ, ਚਢਹਿਂ
ਸੁਭਟ ਸਮੁਦਾਇ।
ਹੱਥਯਾਰਨਿ ਵਿੱਦਯਾ ਕਰਹਿਂ, ਜੀਵ
ਅਨਿਕ ਬਨ ਘਾਇ ॥੧॥

ਚੌਪਈ:

ਦੁਸ਼ਟ ਜੀਵ ਬਨ ਕੇ ਬਹੁ ਮਾਰੇ।
ਗੋ ਮਹਿਖਨਿ ਕੋ ਤ੍ਰਾਸ ਨਿਵਾਰੇ।
ਨ੍ਰਿਭੈ ਹੋਇ ਨਰ ਤ੍ਰਿਣਨ ਚੁਗਾਵੈਂ।
ਜਾਹਿਂ ਪ੍ਰਾਤਿ ਬਨ, ਸੰਧਯਾ ਲ੍ਯਾਵੈਂ ॥੨॥
ਚੋਰ ਜਾਰ ਕੋ ਤ੍ਰਾਸ ਉਪੰਨਾ[1]। — [1]ਸਤਿਗੁਰੂ ਜੀ ਦਾ) ਡਰ ਪੈਦਾ ਹੋਯਾ।
ਪੁਰਿ ਨਰ ਉਚਰਹਿਂ 'ਗੁਰ ਧੰਨ ਧੰਨਾ।'
ਸਤਿਜੁਗ ਭਾ ਗੁਰ ਰਾਜ ਮਝਾਰਾ।
ਤਜੀ ਖੁਦਾਈ ਨਰ ਡਰ ਧਾਰਾ ॥੩॥
ਸਕਲ ਦੇਸ਼ ਦੂਾਬੇ ਮਹਿਂ ਕੀਰਤਿ।
ਪੁਰਿ ਗ੍ਰਾਮਨਿ ਮਹਿਂ ਭੀ ਬਿਸਤੀਰਤਿ।
ਸੁਭਟ ਬ੍ਰਿੰਦ ਸਤਿਗੁਰ ਢਿਗ ਗਏ।
ਸ਼ਸਤ੍ਰਨਿ ਬਿੱਦਯਾ ਮਹਿਂ ਨਿਪੁਨਏ[1] ॥੪॥ — [1]ਚਤੁਰ ਹੋਏ।
ਇਕ ਦਿਨ ਸ਼੍ਰੀ ਸਤਿਗੁਰ ਭਗਵਾਨ।
ਲੇ ਨਿਜ ਸੰਗ ਸੁ ਪੈਂਦੇ ਖਾਨ।
ਉਪਬਨ ਮਹਿਂ ਗਮਨੇ ਗੁਨ ਖਾਨੀ।
ਦੇਖਤਿ ਸ਼ੋਭਾ ਬ੍ਰਿਛਨਿ ਮਹਾਨੀ ॥੫॥
ਮਨਹੁ ਨੀਲ ਘਟਿ[1] ਇਹ ਉਮਡਾਈ। — [1]ਨੀਲੀ ਘਟਾ।
ਕੈ ਨੀਲੀ ਮਣਿ ਗਿਰ ਸਮਦਾਈ[1]। — [1]ਯਾ (ਇਹ) ਸਾਰੇ ਨੀਲੀ ਮਣੀਆਂ ਪਹਾੜ ਹਨ।
ਅਰਣ ਬਰਣ ਕੇ[1] ਫਲ ਬਿਸਾਲਾ। — [1]ਲਾਲ ਰੰਗ ਦੇ।
ਕਤਹੁੰ ਪੀਤਿ[1] ਬਿਸਦ[2] ਕੀ ਮਾਲਾ ॥੬॥ — [1]ਪੀਲੇ। [2]ਚਿੱਟੇ।
ਅਨਿਕ ਰੰਗ ਕੀ ਧਾਤ[1] ਮਨੋ ਹੈ। — [1]ਮਾਨੋਂ ਨੀਲਾ ਪਰਬਤ ਅਨੇਕ ਰੰਗ ਦੀਆਂ ਧਾਤੂਆਂ ਸਣੇ ਹੈ।
ਨੀਲੋ ਪਰਬਤ ਇਨਹਿ ਸਨੋ ਹੈ[1]। — [1]ਮਾਨੋਂ ਨੀਲਾ ਪਰਬਤ ਅਨੇਕ ਰੰਗ ਦੀਆਂ ਧਾਤੂਆਂ ਸਣੇ ਹੈ।
ਸ਼ੇਰ ਸਮਾਨ ਧਸੇ ਗੁਰੁ ਜਾਈ।

ਪਰੀ ਰੈਨ ਜਨੁ ਨੈਨ ਦਿਸਾਈ[1] ॥੭॥
[1]ਨੇਤ੍ਰਾਂ ਨੂੰ ਮਾਨੋ ਰਾਤ ਪਈ ਦਿੱਸੀ।
ਉਡਗਨਿ ਪੁਸ਼ਪ[1] ਪ੍ਰਕਾਸ਼ਤਿ ਜਹਾਂ।
[1]ਫੁੱਲਾਂ ਰੂਪੀ ਤਾਰੇ।
ਸਤਿਗੁਰੁ ਚੰਦ ਪ੍ਰਕਾਸ਼ੇ ਤਹਾਂ।
ਮੰਦ ਮੰਦ ਬਿਚਰਤਿ ਹਿਤ ਸੈਲ।
ਦੱਖਣ ਦਿਸ਼ ਆਏ ਜਿਤ ਸੈਲ[1] ॥੮॥
[1]ਜਿੱਧਰ ਪਹਾੜ ਸਨ।
ਗਨ ਮੋਰਨਿ ਕੋ ਸ਼ੋਰ ਸੁਨੀਜੈ।
ਪੁਸ਼ਪਨਿ ਸੋਭਾ ਅਧਿਕ ਜਨੀਜੈ।
ਨਿੰਬੂ, ਨਾਰੰਗੀ ਰਸ ਭਰੇ।
ਜਾਮਨੁ[1], ਗਨ ਰਸਾਲ ਤਰੁ[2] ਖਰੇ ॥੯॥
[1]ਜਾਮਨੂੰ। [2]ਅੰਬਾਂ ਦੇ ਬ੍ਰਿੱਛ।
ਆਰੂ, ਆਮਰੂਦ, ਕਨਿ[1] ਲੀਨਿ।
[1]ਪੀਲੀ ਚੰਬੇਲੀ, ਪੀਲੀ ਕਨੇਰ ‘[ਸੰਸ:-ਕਰ੍ਣਿਕਾਰ]
ਲਾਗੇ ਦਲ ਫਲ ਝੁਕਿਬੋ ਕੀਨਿ।
ਦਾਰਮ[1], ਰਾਇਬੇਲ, ਚੰਬੇਲੀ।
[1]ਅਨਾਰ।
ਖਿਲੀ ਸੇਵਤੀ ਸ਼ੋਰਭ ਝੇਲੀ[1] ॥੧੦॥
[1]ਸੁਗੰਧੀ ਦੇ ਰਹੀ ਹੈ।
ਸੁੰਦਰ ਸਥਲ ਫਰਸ਼ ਕਰਿਵਾਇਸ।
ਬੈਠੇ ਸਤਿਗੁਰੁ ਅਨੰਦ ਉਪਾਇਸਿ।
ਗਨ ਸੁਭਟਨਿ ਕੋ ਲਗਜੋ ਦਿਵਾਨ।
ਬੈਠਜੋ ਨਿਕਟਿ ਸੁ ਪੈਂਦੇ ਖਾਨ ॥੧੧॥
ਚੌਪਰ ਹਿਤ ਖੇਲਨਿ ਮੰਗਵਾਯੋ।
ਸਨਮੁਖ ਅਪਨੇ ਖਾਨ ਬਿਠਾਯੋ।
ਧਰਿ ਧਰਿ ਦਾਵ ਪਰਚਬੋ ਕਰੈਂ।
ਡਲ ਡਾਲਹਿਂ ਨਰਦਨਿ ਕੋ ਚਰੈਂ[1] ॥੧੨॥
[1]ਡਲਾਂ ਨੂੰ ਸੁੱਟ ਕੇ ਨਰਦਾਂ ਚਲਾਉਂਦੇ ਹਨ।
ਕਿਤਿਕ ਕਾਲ ਅਸ਼ਟਾਪਦ[1] ਖੇਲਾ।
[1]ਚੌਂਪੜ।
ਜੀਤਹਿਂ ਗੁਰੁ ਡਾਲਨਿ ਕੋ ਮੇਲਾ।
ਇਕ ਉਮਰਾਵ ਤਬਹਿ ਚਲਿ ਆਯੋ।
ਮਿਲਨਿ ਹੇਤੁ ਕੋ ਮਨ ਲਲਚਾਯੋ ॥੧੩॥
ਹਿਤ ਮੁਹਿੰਮ[1] ਕਿਤ ਸ਼ਾਹੁ ਪਠਾਵਾ।
[1]ਜੰਗ।
ਬਹੁ ਲਸ਼ਕਰ ਤਿਹ ਸਾਥ ਪਠਾਵਾ।
ਕਿਸੀ ਗਿਰੇਸ਼ੁਰ[1] ਪਰ ਚਢਿ ਗਯੋ।
[1]ਪਹਾੜੀ ਰਾਜੇ।
ਤਹਾਂ ਜਾਇ ਰਣ ਠਾਨਤਿ ਭਯੋ ॥੧੪॥
ਪਰਬਤੇਸ਼[੧੯] ਤਬਿ ਕੀਨਿ ਲਰਾਈ।
ਖੜਗ ਤੁਫੰਗਨਿ ਮਾਰ ਮਚਾਈ।
ਬ੍ਰਿੰਦ ਤੁਰਕ ਸੰਘਾਰ ਭਗਾਏ।

ਠਹਿਰ੍ਯੋ ਗਯੋ ਨ ਤ੍ਰਾਸ ਉਪਾਏ ॥੧੫॥
ਭਾਗੇ ਮਾਰਿ ਖਾਇ ਚਲਿ ਆਏ।
ਸ਼ਾਹਜਹਾਂ ਢਿਗ ਰੋਇ ਸੁਨਾਏ।
ਕੋਪ੍ਯੋ ਸ਼ਾਹੁ ਸੁਨਤਿ ਰਣ ਹਾਰਾ।
ਬਾਰਿ ਬਾਰਿ ਉਮਰਾਵ ਧਿਕਾਰਾ ॥੧੬॥
'ਬਡੋ ਨਿਲਾਜ ਲਾਜ ਨਹਿਂ ਆਵੈ।
ਅਬਿ ਮਮ ਸਨਮੁਖ ਖਰੋ ਦਿਸਾਵੈ।
ਦੂਰਿ ਹੋਹੁ ਗੀਦੀ ਰੁ ਗਵਾਰੇ।
ਥਿਰਹੁ ਨ ਮੇਰੇ ਨੇਤ੍ਰ ਅਗਾਰੇ' ॥੧੭॥
ਲਖਿ ਕਾਇਰ ਕੋ ਦਿਯੋ ਨਿਕਾਸਿ।
ਰਹਨਿ ਨ ਦਿਯੋ ਆਪਨੇ ਪਾਸ।
ਸੋ ਦੁਖ ਪਾਇ ਨਿਕਸਿ ਇਤਿ ਆਯੋ।
-ਗੁਰ ਕੋ ਦੇਖੌਂ- ਜਿਯ ਲਲਚਾਯੋ ॥੧੮॥
ਗਰ ਸ਼ਮਸ਼ੇਰ ਸਿਪਰ ਕੋ ਧਰੇ।
ਆਯੋ ਨਿਕਟਿ ਗਰਬ ਉਸ ਭਰੇ।
ਗਰਬ ਪ੍ਰਹਾਰੀ ਗੁਰੁ ਨੇ ਜਾਨਾ।
-ਇਹ ਕਾਇਰ ਅਰੁ ਮਨ ਗਰਬਾਨਾ- ॥੧੯॥
ਜਾਇ ਨਿਕਟਿ ਗੁਰ ਕੇਰਿ ਖਰੋਵਾ।
ਨਹਿਂ ਪ੍ਰਭੁ ਨੇ ਤਿਸ ਕੀ ਦਿਸ਼ਿ ਜੋਵਾ।
ਅਸ਼ਟਾਪਦ[1] ਖੇਲਨਿ ਮਹਿਂ ਧਯਾਨੇ।
ਡਲ ਡਾਲਤਿ ਅਰੁ ਨਰਦ ਪਯਾਨੇ[1] ॥੨੦॥
ਖਰ੍ਯੋ ਰਹ੍ਯੋ ਚਿਤ ਚਹਤਿ ਵਿਸ਼ੇਖੇ।
-ਜਬਿ ਸਤਿਗੁਰੁ ਮੇਰੀ ਦਿਸ਼ਿ ਦੇਖੇਂ।
ਕਰੌਂ ਸਲਾਮ ਬੈਠਿ ਹੌਂ ਫੇਰੇ-।
ਇਮ ਚਿਤਵਤਿ ਚਿਤ ਬਿਤਿ ਬਹੁ ਬੇਰੇ[1] ॥੨੧॥
ਖਰੇ ਪਠਾਨ ਕ੍ਰੋਧ ਬਡ ਜਾਗਾ।
ਚਿਤ ਮਹਿਂ ਪੁਨ ਚਿਤਵਨਿ ਇਮ ਲਾਗਾ।
-ਇਕ ਸ਼ਮਸ਼ੇਰ ਪ੍ਰਹਾਰੌਂ ਐਸੇ।
ਧਰ ਤੇ ਸਿਰ ਉਤਰਹਿ ਇਸ ਜੈਸੇ

[1]ਚੌਂਪੜ।
[1]ਨਰਦਾਂ ਚਲਾਉਂਦੇ ਜਾਣ।
[1]ਬਹੁਤ ਦੇਰ ਬੀਤ ਗਈ।

॥੨੨॥
ਆਦਰ ਅਪਰ ਕਰਨਿ ਤੌਂ ਰਹਜੋ।
ਨੇਤ੍ਰ ਉਠਾਇ ਨ ਮਮ ਦਿਸ਼ਿ ਲਹਜੋ-।
ਚਿਤਵਜੋ ਜਬਿ ਸ਼ਮਸ਼ੇਰ ਪ੍ਰਹਾਰਨਿ।
ਕਰਜੋ ਖਾਨ ਦਿਸ਼ਿ ਗੁਰੂ ਨਿਹਾਰਨਿ ॥੨੩॥
ਕਹਜੋ ਤਾਹਿ 'ਨਿਜ ਸੁਭਟ ਕਹਾਵਹੁ[1]!
ਜਹਾਂ ਪਰਹਿ ਰਣ ਤਹਾਂ ਪਲਾਵਹੁ[1]!
ਜਹਾਂ ਖੜਗ ਕੋ ਜੰਗ ਮਚਾਵਨਿ।
ਤਹਾਂ ਕਰਹੁ ਨਿਜ ਪੀਠ ਦਿਖਾਵਨਿ! ॥੨੪॥
ਜਹਾਂ ਸ਼ੱਤ੍ਰੁ ਕੇ ਮਾਰਨਿ ਬਨੈ।
ਤਿਸ ਥਲ ਹੋਤਿ ਤ੍ਰਾਸ ਕੇ ਸਨੈ!
ਉਚਿਤ ਨਿਵਨਿ ਜਹਿਂ ਫਕਰ ਅਗਾਰੀ।
ਤਹਿਂ ਚਾਹਤਿ ਸ਼ਮਸ਼ੇਰ ਪ੍ਰਹਾਰੀ! ॥੨੫॥
ਸ਼ੱਤ੍ਰੁ ਸੰਘਾਰਤਿ ਰਿਸਿ ਕਰਿ ਤੋਹੀ।
ਫਕਰ ਬਿਨਾਸਹਿ ਕੁਟੰਬ ਜੁ ਹੋਹੀ।
ਰਿਪੁ ਇਸ ਲੋਕਹਿ ਸੁਖਨਿ ਬਿਨਾਸੈ।
ਫਕਰ ਦੁਹੂੰ ਲੋਕਨਿ ਸੁਖ ਗ੍ਰਾਸੈ[1] ॥੨੬॥
ਜਹਾਂ ਥਾਨ ਹੰਕਾਰ ਕਰਨਿ ਕੋ।
ਤਹਿ ਤੇ ਕੀਨਿਸਿ ਰਿਦਾ ਡਰਨਿ ਕੋ।
ਨਿਰਹੰਕਾਰ ਹੋਨਿ ਥੋ ਜਹਾਂ।
ਫਕਰਨਿ ਆਗੈ ਗਰਬਤਿ ਮਹਾਂ ॥੨੭॥
ਗਹੀ ਹਾਥ ਮਹਿਂ ਰਹਿ ਤਰਵਾਰ।
ਫਕਰ ਪ੍ਰਾਨ ਕੋ ਦੇਹਿਂ ਨਿਕਾਰ।
ਗੁਰ ਘਰ ਮਹਿਂ ਮਾਨੀ ਕੋ ਥਾਂਵ ਨ[1]।
ਨਿਰਮਾਨੀ ਨਿਤ ਗੁਰੁ ਮਨ ਭਾਵਨਿ' ॥੨੮॥
ਸੁਨਤਿ ਖਾਨ ਮਨ ਮਹਿਂ ਬਿਸਮਾਯੋ।
-ਚਿਤ ਮਹਿਂ ਚਿਤਵਤਿ ਗੁਰੁ ਲਖਿ ਪਾਯੋ[1]-।

[1]ਆਪਣੇ ਆਪ ਨੂੰ ਸੂਰਮਾ ਕਹਾਂਵਦੇ ਹੋ।
[1]ਓਥੇ ਤਾਂ ਦੌੜ ਜਾਂਦੇ ਹੋ।
[1]ਫੱਕਰ ਦੋਹਾਂ ਲੋਕਾਂ ਦਾ ਸੁਖ ਗ੍ਰਾਸ ਲੈਂਦੇ ਭਾਵ ਨਾਸ਼ ਕਰ ਦੇਂਦੇ ਹਨ।
[1]ਹੰਕਾਰੀ ਨੂੰ ਥਾਂ ਨਹੀਂ।
[1]ਜੋ ਮੈਂ) ਚਿਤ ਵਿਚ ਚਿਤਵਦਾ ਸਾਂ (ਉਹ) ਗੁਰੂ ਜੀ ਨੇ ਜਾਣ ਲਿਆ ਹੈ।

ਭਯੋ ਦੀਨ ਉਰ, ਜੋਰੇ ਹਾਥ।
ਪਰਯੋ ਅਗਾਰੀ ਟੇਕਯੋ ਮਾਥ ॥੨੯॥
'ਕਰਾਮਾਤ ਸਾਹਿਬ ਤੁਮ ਭਾਰੇ।
ਸਕਯੋ ਨ ਜਾਨਿ ਰਿਦੇ ਰਿਸ ਧਾਰੇ।
ਛਿਮਹੁ ਪ੍ਰਭੁ ! ਤੁਮ ਹੋ ਬਲਦਾਯਕ।
ਮੀਰੀ ਅਰੁ ਪੀਰੀ ਕੇ ਲਾਯਕ ॥੩੦॥
ਮਮ ਅਪਰਾਧ ਛਿਮਾ ਕੋ ਧਰੀਅਹਿ।
ਸੇਵਕ ਨਿਜ ਪਗ ਪੰਕਜ ਕਰੀਅਹਿ।
ਤਜਹੁ ਅਪਰ ਸਤਿਗੁਰੁ ! ਸਭਿ ਗਿਨਤੀ।
ਕਰਹੁ ਨਿਹਾਰਨਿ, ਜੋ ਮਮ ਬਿਨਤੀ ॥੩੧॥
ਭੂਲਤਿ ਸਦਾ ਦਾਸ ਗਨ ਆਏ।
ਪੀਰ ਛਿਮਾਂ ਹੀ ਕਰਤਿ ਰਹਾਏ।'
ਦੇਖਿ ਦੀਨ ਗੁਰੁ ਭਏ ਕ੍ਰਿਪਾਲਾ।
ਬੈਠਾਰਯੋ ਸਮੀਪ ਤਿਸ ਕਾਲਾ ॥੩੨॥
ਨਿਜ ਸਿਖ ਕਰਿ ਕੈ ਸਿੱਖਯਾ ਦਈ।
'ਫਕਰਨਿ ਆਗੈ ਨਮਤਾ ਲਈ'। 'ਨਿੰਮ੍ਰਤਾ ਲਈ (ਹੱਥੀਂ) ਭਾਵ ਨਿੰਮ੍ਰਤਾ ਧਾਰੀ ਰੱਖੀਂ।
ਸੰਤਨਿ ਢਿਗ ਗਮਨਹੁ ਤਜਿ ਮਾਨ।
ਸੇਵਾ ਕਰਹੁ ਹੋਹਿਂ ਸੁਖਵਾਨ ॥੩੩॥
ਨਿਤ ਸਤਿਗੁਰੁ ਕੋ ਸਿਮਰਨਿ ਕਰੋ।
ਗਰਭ ਜੋਨਿ ਮਹਿਂ ਬਹੁਰਿ ਨ ਪਰੋ।'
ਭਯੋ ਸਿੱਖ ਗੁਰੁ ਕੋ ਤਬਿ ਖਾਨ।
ਬਾਜ਼ੀ ਜੀਤਿ ਉਠੇ ਭਗਵਾਨ ॥੩੪॥
ਚਲਿ ਕਰਿ ਨਿਜ ਡੇਰੇ ਕਹੁ ਆਏ।
ਖਾਨ ਪਾਨ ਤਿਸ ਖਾਨ ਦਿਵਾਏ।
ਦਿਨ ਦੋਇਕ ਗੁਰੁ ਕੇ ਢਿਗ ਰਹਯੋ।
ਭਾਉ ਬਿਸਾਲ ਰਿਦੇ ਮਹਿਂ ਲਹਯੋ ॥੩੫॥
ਉਸਤਤਿ ਕਰਤਿ ਰਹਤਿ ਨਿਸ ਦਿਨ ਮੈਂ।
ਗੁਰ ਕੇ ਗੁਨ ਗਨ ਚਿਤਵਹਿ ਮਨ ਮੈਂ।
ਬੈਠਯੋ ਨਿਕਟਿ ਬਿਲੋਕਿ ਕ੍ਰਿਪਾਲਾ।
ਬਿਰਦ ਸੰਭਾਰਿ ਕਹਯੋ ਤਿਸ ਕਾਲਾ ॥੩੬॥

'ਜਾਹੁ ਖਾਨ ! ਅਬਿ ਸਦਨ ਮਝਾਰੀ।
ਬਨਹਿਂ ਪ੍ਰਥਮ ਸਮ ਮਨਸਬ ਭਾਰੀ।
ਸ਼੍ਰੀ ਗੁਰ ਨਾਨਕ ਬਖਸ਼ਜੋ ਤੋਹਿ।
ਸਕਲ ਸਮਾਜ ਤਥਾ ਪੁਨ ਹੋਹਿ' ॥੩੭॥
ਸੁਨਿ ਬਰ ਗੁਰੁ ਕੋ ਹਰਖਜੋ ਖਾਨ।
ਬਾਰਿ ਬਾਰਿ ਪਦ ਬੰਦਨ ਠਾਨਿ।
ਮਾਨਜੋ ਬਚਨ ਭਾਉ ਕੋ ਧਾਰਾ।
ਲੇ ਆਇਸੁ ਕੋ ਸਦਨ ਸਿਧਾਰਾ ॥੩੮॥
ਚਾਰਿਕ ਦਿਨ ਘਰ ਬੈਠਜੋ ਰਹਜੋ।
ਸ਼ਾਹੁ[1] ਸਭਾ ਮਹਿ ਐਸੇ ਕਹਜੋ।
'ਸੋ ਉਮਰਾਵ ਹੁਤੋ ਬਹੁ ਦਿਨ ਕੋ।
ਕਹਾਂ ਭਯੋ ਜੇ ਤਜਾਗਜੋ ਰਨ ਕੋ ॥੩੯॥
ਕਈ ਬਾਰਿ ਆਗੈ ਇਹ ਲਰਜੋ।
ਕਾਰਜ ਸ਼ਾਹੁ ਸਦਨ ਕੋ ਕਰਜੋ।'
ਪਠਜੋ ਦੂਤ ਤਿਹ ਨਿਕਟਿ ਹਕਾਰਾ।
ਪੂਰਬ ਤੇ ਬਿਸਾਲ ਸਤਿਕਾਰਾ ॥੪੦॥
-ਭਯੋ ਅਨਾਦਰ ਇਸ ਕੋ- ਜਾਨਾ।
ਮਨਸਬ ਬਖਸ਼ਜੋ ਤਬਹਿ ਮਹਾਨਾ।
ਗੁਰ ਕਰੁਨਾ ਤੇ ਮ੍ਰਿਗ ਭਾ ਸ਼ੇਰ[1]।
ਸਿਮਰਨਿ ਕਰਤਾ ਸੰਝ ਸੁਬੇਰ ॥੪੧॥
ਇਮ ਸ਼੍ਰੀ ਹਰਿਗੋਵਿੰਦ ਪੁਰਿ ਬਾਸੇ।
ਮਨ ਭਾਵਤਿ ਬਹੁ ਕਰੇ ਬਿਲਾਸੇ।
ਕਬਿ ਉਪਬਨ ਮਹਿਂ ਦਿਵਸ ਗੁਜ਼ਾਰੈਂ।
ਕਬਿ ਬਨ ਬ੍ਰਿੱਤਿ ਅਖੇਰ ਸਿਧਾਰੈਂ ॥੪੨॥
ਦਿਨ ਸਾਵਣ ਕੇ ਬਰਖਾ ਹੋਤਿ।
ਬਰਣ ਬਰਣ ਕੇ ਜਲਦ ਉਦੋਤਿ[1]।
ਘੋਖਤਿ ਘਨ ਗਨ ਇਤ ਉਤ ਧਾਵੈਂ।
ਧਰਾ ਸਜਲ ਕਰਿ ਅਨੰਦ ਉਪਾਵੈਂ ॥੪੩॥
ਹਰਿਆਵਲ ਅਵਿਨੀ ਪਰ ਹੋਈ।
ਇੰਦੁਬਧੂ[1] ਬਿਚਰਤਿ ਬਿਚ ਜੋਈ।

[1]ਸ਼ਾਹ ਨੇ।

[1]ਹਰਨ ਤੋਂ ਸ਼ੇਰ ਹੋ ਗਿਆ।

[1]ਰੰਗ ਰੰਗ ਦੇ ਬੱਦਲ ਪ੍ਰਗਟ ਹੁੰਦੇ ਹਨ।

[1]ਚੀਚ ਵਹੁਟੀਆਂ।

ਮਨਹੁ ਸਬਿੰਦੂ ਨੀਲ ਉਢੋਨੀ।
ਊਪਰ ਪਹਿਰੀ ਸੁੰਦਰ ਛੋਨੀ[1] ॥੪੪॥

[1]ਮਾਨੋਂ (ਲਾਲ) ਬਿੰਦੀਆਂ ਵਾਲੀ ਨੀਲੀ ਚਾਦਰ ਸੁੰਦਰ ਪ੍ਰਿਥਵੀ ਨੇ ਉਪਰ ਪਹਿਨੀ ਹੈ।

ਬਹਜੋ ਪ੍ਰਵਾਹ ਨਦੀ ਬਹੁ ਨਾਰੇ[1]।
ਜਿਤ ਕਿਤ ਬਰਖਹਿਂ ਜਲਧਰ ਧਾਰੇ[1]।
ਸਤਿਗੁਰੁ ਪੁਰਿ ਕਰਤਾਰ ਬਿਰਾਜੇ।
ਜਿਨ ਕੇ ਨਾਮ ਜਪੇ ਅਘ ਭਾਜੇ ॥੪੫॥

[1]ਨਾਲਿਆਂ ਦਾ।

[1]ਬੱਦਲ ਦੀਆਂ ਧਾਰਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਖਾਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

## ੨੬. [ਕਰਤਾਰ ਪੁਰੋਂ ਕੂਚ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਬਾਰ ਬਾਰ ਬਰ ਬਾਰ ਕੋ, ਬਾਰਦ ਬਰਸਤਿ ਬ੍ਰਿੰਦ[1]।
ਪਿਖਤਿ ਬਹਾਰ ਉਦਾਰ ਕੋ, ਨਿਤ ਸ੍ਰੀ[†] ਹਰਿਗੋਬਿੰਦ ॥੧॥

ਚੌਪਈ:

ਬਰ ਤਰੁਵਰੁ ਸਰੁਵਰੁ ਪਰ ਖਰੇ[1]।
ਨਿਰਮਲ ਜਲ ਨਵੀਨ ਸੋਂ ਭਰੇ।
ਧਰਾ ਤਰਾਵਤਿ ਜਹਿਂ ਕਹਿਂ ਪਿਖਿਯਤਿ।
ਹਰਿਆਵਲ ਮੁਦ ਦਾਯਕ ਦਿਖਿਯਤਿ ॥੨॥
ਕੁਹਕਤਿ ਕੋਕਿਲਕਾ ਉਪਬਨ ਮੈਂ[1]।
ਤੜਿਤਾ[1] ਦਮਕਤਿ ਬਹੁ ਬਿਧਿ ਘਨ ਮੈਂ।
ਮਧੁਰ ਮਧੁਰ ਉਪਜਤਿ ਘਨਘੋਰ।
ਠੌਰ ਠੌਰ ਮੋਰਨਿ ਕੇ ਸ਼ੋਰ ॥੩॥
ਇਕ ਦਿਨ ਸਤਿਗੁਰ ਸਭਾ ਸੁਹਾਏ।
ਸਿੱਖ ਮਸੰਦ ਸੁਭਟ ਸਮੁਦਾਏ।
ਜਥਾ ਸੁਰਨਿ ਮਹਿਂ ਇੰਦ੍ਰ ਬਿਰਾਜੈ।
ਦੁਤਿ ਕੋ ਦੇਖਿ ਸੁਧਰਮਾ[1] ਲਾਜੈ ॥੪॥
ਗੁਰੂ ਬਦਨ ਕੋ ਸਕਲ ਬਿਲੋਕੈਂ।
ਚਲਨਿ ਅਪਰ ਦਿਸ਼ਿ ਤੇ ਦ੍ਰਿਗ ਰੋਕੈਂ।
ਮੁਸਕਾਵਤਿ ਸਭਿ ਕੀ ਦਿਸ਼ਿ ਹੇਰੈਂ।
ਕ੍ਰਿਪਾ ਕਟਾਖਨਿ ਤੇ ਨਿਤ ਪ੍ਰੇਰੈਂ[1] ॥੫॥
ਚੰਦ ਬਦਨ ਤੇ ਸੁਧਾ ਸਮਾਨੀ।
ਕਬਿ ਕਬਿ ਕਰਤਿ ਉਚਾਰਨਿ ਬਾਨੀ।
ਕਹਤਿ ਭਏ 'ਪਾਵਸ[1] ਰੁਤਿ ਨੀਕੀ।
ਅਬਿ ਸਰਿਤਾ ਤਟ ਹੁਇ ਰਮਨੀਕੀ[1] ॥੬॥
ਬਹੈ ਪ੍ਰਵਾਹ ਬੇਗ ਕੇ ਸੰਗ।
ਬ੍ਰਿੰਦ ਉਠੰਤਿ ਉਤੰਗ ਤਰੰਗ।

[1]ਵਾਰ ਵਾਰ ਬਹੁਤੇ ਬੱਦਲ ਸ੍ਰੇਸ਼ਟ ਜਲ ਵਰਸਾਉਂਦੇ ਹਨ।
[†]ਪਾ:-ਸੁ ਨਿਤ ਹੀ ਸ੍ਰੀ ਗੁਰ।
[1]ਸੁਹਣੇ ਬ੍ਰਿੱਛ ਸਰੋਵਰ ਪਰ ਖੜੇ ਹਨ (ਜੋ)....।
[1]ਕੋਇਲਾਂ ਬਾਗਾਂ ਵਿਚ ਕੂਕਦੀਆਂ ਹਨ।
[1]ਬਿਜਲੀ।
[1]ਦੇਵ ਸਭਾ।
[1]ਪਿਆਰ ਕਰਦੇ ਹਨ।
[1]ਬਰਸਾਤ।
[1]ਸੁਹਾਵਣੀ।

ਤਟ ਊਚੇ ਕਰਦਮ ਨਹਿਂ ਜੋਇ।
ਤਹਾਂ ਅਖੇਰਬ੍ਰਿਤੀ ਭੀ ਹੋਇ ॥੭॥
ਪਰਖਹੁ ਥਾਨ ਪ੍ਰਥਮ ਜਿਨਿ ਪਿਖੈ[1]।
ਚਢਹਿਂ ਅਖੇਰ ਬ੍ਰਿਤੀ ਜਿਸ ਬਿਖੈ।
ਨਦੀ ਬਿਪਾਸਾ ਕੋ ਅਸ ਤੀਰ।
ਬਸਹਿਂ ਕਿਤਿਕ ਦਿਨ ਲੇ ਭਟ ਭੀਰ' ॥੮॥
ਤਬਿ ਇਕ ਸਿਖ ਬੋਲਜੇ ਕਰ ਬੰਦਿ।
'ਮਹਾਰਾਜ! ਜਿਮ ਚਹਹੁ ਅਨੰਦ।
ਤੀਰ ਬਿਪਾਸਾ ਕੇ ਸਭਿ ਗ੍ਰਾਮੂ।
ਤਹਾਂ ਦਾਸ ਰਾਵਰਿ ਕੇ ਧਾਮੂ ॥੯॥
ਬਾਘੇ ਨਾਮ ਕਹੈਂ ਤਿਸ ਥਾਨਾ।
ਉਚਿਤ ਆਪ ਕੇ ਜਥਾ ਬਖਾਨਾ।
ਕਰਦਮ ਅਲਪ ਹੋਤਿ ਥਲ ਊਚਾ।
ਕਰੋ ਅਖੇਰ ਬ੍ਰਿੱਤ, ਹੈ ਮੂਚਾ[1] ॥੧੦॥
ਬਹੈ ਸਮੀਪ ਪ੍ਰਵਾਹ ਬਿਪਾਸਾ।
ਕਰਹੁ ਬਿਲੋਕਨਿ ਬੈਸਿ ਤਮਾਸ਼ਾ।
ਬਿਬਿਧਿ ਬਿਧਿਨ ਕੇ ਬਹੁਤ ਬਿਨੋਦ।
ਬਿਲਸਹੁ ਰਾਵਰ, ਪਿਖਹੁ ਪਯੋਦ[1] ॥੧੧॥
ਕ੍ਰਿਪਾ ਕਰਹੁ ਸੋ ਥਾਨ ਤੁਮਾਰਾ।
ਦਾਸਨਿ ਦਿਹੁ ਦਰਸ਼ਨ ਨਿਸਤਾਰਾ[1]।'
ਸਿਖ ਕੋ ਬਾਕ ਸਕਲ[1] ਸੁਨਿ ਲਯੋ।
ਮੋਨ ਰਹੇ, ਨਹਿਂ ਉੱਤਰ ਦਯੋ ॥੧੨॥
ਅਪਰ ਸਿੱਖ ਨੇ ਬਹੁਰ ਬਖਾਨਾ।
'ਏਕ ਸਥਾਨ ਭਲੋ ਮੈਂ ਜਾਨਾ।
ਮਹਾਂਰਾਜ! ਚਾਹਤਿ ਚਿਤ ਜੈਸੇ।
ਸਕਲ ਰੀਤਿ ਕਹਿ[1] ਸੁੰਦਰ ਤੈਸੇ ॥੧੩॥
ਊਚੋ ਬਹੁ ਨਿਤ ਪੰਕ[1] ਬਿਹੀਨਾ।
ਤਰੈ ਬਿਪਾਸਾ ਨੀਰ ਨਵੀਨਾ।
ਬਸਹਿਂ ਲੋਕ ਥੋਰੇ ਕਰਿ ਮੇਲਾ[1]।

[1]ਜੇ ਕਿਸੇ ਨੇ (ਐਸਾ ਥਾਂ) ਪਹਿਲਾਂ ਦੇਖਿਆ ਹੋਵੇ (ਤਾਂ ਉਹ ਥਾਂ) ਪਰਖ ਲਓ।

[1](ਥਾਂ) ਉੱਚਾ ਹੈ।

[1]ਬੱਦਲ।

[1]ਮੁਕਤੀ (ਦਾਤਾ) ਦਰਸ਼ਨ।

[1]ਸਿੱਖ ਦੀ ਸਾਰੀ ਗੱਲ।

[1]ਸਭ ਤਰ੍ਹਾਂ ਨਾਲ।

[1]ਚਿੱਕੜ।

[1]ਮਿਲ ਕਰਕੇ।

ਗ੍ਰਾਮ ਨਾਮ ਤਿਸ ਕਹਤਿ ਰੁਹੇਲਾ ॥੧੪॥
ਕਰਹੁ ਅਖੇਰ ਬ੍ਰਿਤ ਮਨ ਬਾਈ।
ਬੈਠੇ ਪਿਖਹੁ ਨਦੀ ਜਲ ਜਾਈ।
ਤਿਹ ਸਮ ਕਰਦਮ ਹੀਨ ਸਥਾਨ।
ਤੀਰ ਬਿਪਾਸਾ ਰੁਚਿਰ ਨ ਆਨ ॥੧੫॥
ਉਚਿਤ ਆਪ ਕੇ ਕਰਹੁ ਬਿਨੋਦ।
ਅਵਿਲੋਕਹੁ ਬਰਖੰਤਿ ਪਯੋਦ।'
ਅਪਰ ਸਿੱਖ ਸੁਨਿ ਕਰਿ ਤਬਿ ਕਹਜੋ।
'ਨਿਸ਼ਚੈ ਸੁਭ ਸਥਾਨ ਸੋ ਲਹਜੋ' ॥੧੬॥
ਸ਼੍ਰੀ ਹਰਿਗੋਵਿੰਦ ਸੁਨਿ ਸਭਿ ਜਾਨਾ।
ਗਮਨ ਤਹਾਂ ਕੋ ਮਨ ਮਹਿਂ ਭਾਨਾ[1]।
ਸ਼੍ਰੀ ਗੁਰਦਿੱਤਾ ਨਿਕਟਿ ਨਿਹਾਰਾ।
ਪਰਮ ਪ੍ਰੇਮ ਤੇ ਬਾਕ ਉਚਾਰਾ ॥੧੭॥
'ਗੋਇੰਦਵਾਲ ਆਪ ਚਲਿ ਜਾਵਹੁ।
ਮਿਲਹੁ ਕੁਟੰਬ ਮੋਦ ਮਨ ਪਾਵਹੁ।
ਨਿਜ ਮਾਤਾ ਅਰੁ ਭ੍ਰਾਤਨਿ ਸੰਗ।
ਸੋ ਤੁਵ ਹੇਰਨਿ ਚਾਹਤਿ ਅੰਗ ॥੧੮॥
ਫਿਰਨਿ ਵਹਿਰ ਬਰਖਾ ਰੁਤਿ ਮਾਂਹੀ।
ਬਿਖਮ ਅਹੈ ਸਭਿ ਬਿਧਿ, ਸੁਖ ਨਾਂਹੀ।
ਅਰੁ ਤੁਰਕਨਿ ਸੋਂ ਵਧਜੋ ਬਿਖੇਰਾ।
ਆਇ ਪਰਹਿ ਕਿਤ ਜੰਗ ਘਨੇਰਾ ॥੧੯॥
ਅਲਪ ਬੈਸ ਯਾਂ ਤੇ ਸੁਖ ਲੀਜੈ।
ਗੋਇੰਦਵਾਲ ਬਾਸ ਕੋ ਕੀਜੈ।'
ਪਿਤ ਆਇਸੁ ਕੋ ਸਿਰ ਪਰ ਧਰਿ ਕੈ।
ਹਾਥ ਬੰਦਿ ਬੰਦਨ ਪਦ ਕਰਿ ਕੈ ॥੨੦॥
ਹਯ ਤਯਾਰ ਪਰ ਭਯੋ ਅਰੂਢ।
ਸਮੁਝਿ ਗੁਰੂ ਕੋ ਆਸ਼ੈ ਗੂਢ।
ਸੰਗਿ ਸਊਰ ਇਕਾਦਸ਼ ਕਰੇ।
ਪਹੁੰਚਨਿ ਹਿਤ ਤੁਰਨ ਮਗ ਪਰੇ ॥੨੧॥
ਗੋਇੰਦਵਾਲ ਪ੍ਰਵੇਸ਼ੇ ਜਾਈ।
ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਈ।

[1]ਭਾ ਗਿਆ।

ਭ੍ਰਾਤਨਿ ਸਾਥ ਖੇਲਿਬੋ ਕਰੇ।
ਮਨ ਭਾਵਤਿ ਸੁਖ ਕੋ ਨਿਤ ਧਰੇ ॥੨੨॥
ਸ਼੍ਰੀ ਹਰਿਗੋਵਿੰਦ ਭੇ ਤਬਿ ਤਯਾਰ।
ਹੇਰਨਿ ਤੀਰ ਬਿਪਾਸਾ ਬਾਰਿ।
ਬਜਵਾਇਸਿ ਤਬਿ ਕੂਚ ਨਗਾਰਾ।
ਭਯੋ ਸਨੱਧਬੱਧ ਦਲ ਸਾਰਾ ॥੨੩॥
ਕਿਤਿਕਨਿ ਛੋਰੇ ਤੁਪਕ ਤੜਾਕੇ।
ਸੁਨੇ ਦੂਰ ਲਗਿ ਸ਼ਬਦ ਸੁ ਜਾਂ ਕੇ।
ਤਿਸ ਛਿਨ ਗੁਰੁ ਢਿਗ ਪੈਂਦੇ ਖਾਨ।
ਆਯੋ ਨਿਜ ਘਰ ਤੇ ਸੁਧਿ ਜਾਨ ॥੨੪॥
ਤਿਸ ਕੋ ਦੇਖਤਿ ਪ੍ਰਭੁ ਬਿਚਾਰਾ।
-ਇਸ ਮੂਰਖ ਕੇ ਉਰ ਹੰਕਾਰਾ।
'ਮਮ ਭੁਜ ਅਲੰਬ ਬਿਜੈ ਗੁਰ ਲੇਤਿ।
ਸ਼ੱਤ੍ਰਨਿ ਬ੍ਰਿੰਦ ਹਤੌਂ ਰਣ ਖੇਤ' ॥੨੫॥
ਅਬਿ ਤਹਿਂ ਜੰਗ ਪਰਹਿਗੋ ਭਾਰੀ।
ਜੇ ਕਰਿ ਹੁਇ ਹੈ ਸੰਗ ਹਮਾਰੀ।
ਬਹੁਤ ਗਰਬ ਕੋ ਧਰਿ ਹੈ ਫੇਰੇ।
'ਗੁਰੁ ਕੀ ਜੀਤਿ ਭਈ ਬਲ ਮੇਰੇ' ॥੨੬॥
ਯਾਂ ਤੇ ਇਸ ਬਿਨ ਅਬਿ ਕੇ ਲਰੀਯਹਿ।
ਬਿਜੈ ਲੇਹਿਂ ਗਨ ਤੁਰਕਨਿ ਹਰੀਯਹਿ-।
ਇਮ ਬਿਚਾਰਿ ਗੁਰ ਬਾਕ ਬਖਾਨਾ।
'ਪੈਂਦੇ ਖਾਨ! ਰਹਹੁ ਘਰ ਥਾਨਾ ॥੨੭॥
ਅਬਿ ਹੂੰ ਤੇਰੋ ਭਯੋ ਨਿਕਾਹ।
ਬਸਹੁ ਆਪ ਬੀਵੀ ਕੇ ਪਾਹ।
ਹਮ ਹੇਰਹਿਂ ਹਰਿ[1] ਤੀਰ ਬਿਪਾਸਾ। [1]ਜਲ।
ਬਰਖਤਿ ਬਦਰਾ[1] ਅਧਿਕ ਚੁਮਾਸਾ ॥੨੮॥ [1]ਬੱਦਲ।
ਕੇਤਿਕ ਦਿਨ ਹਮ ਤਹਾਂ ਬਿਤਾਵੈਂ[1]। [1]ਦੱਸਦੇ ਹਨ।
ਬਿਨ ਕਰਦਮ ਸੋਂ ਥਾਨ ਬਤਾਵੈਂ।
ਪਰੇ ਕਾਰ ਤੌ ਲੇਹਿ ਬੁਲਾਈ।
ਤਬਿ ਲੌ ਸਦਨ ਬਸਹੁ ਸੁਖ ਪਾਈ'

॥੨੯॥
ਹਾਥ ਜੋਰਿ ਕਹਿ ਪੈਂਦੇ ਖਾਨ।
'ਮੈਂ ਕਿਮ ਬਸਹੁਂ ਅਪਨ ਘਰ ਥਾਨ।
ਸ਼ਾਹੁਜਹਾਂ ਕੇ ਸੰਗ ਬਿਗਾਰ।
ਭਯੋ ਅਧਿਕ ਲਸ਼ਕਰ ਕੋ ਮਾਰਿ ॥੩੦॥
ਔਚਕ ਪਰਹਿ ਜਿ ਆਨਿ ਲਰਾਈ।
ਪਠਹਿ ਸ਼ਾਹੁ ਸੈਨਾਂ ਸਮੁਦਾਈ।
ਪਹੁੰਚਜੋ ਜਾਇ ਨ ਮੋ ਤੇ ਤਬੈ।
ਕਿਮ ਸਤਿਗੁਰ ਤਜਿ ਗਮਨਹੁਂ ਅਬੈ?
॥੩੧॥
ਜੇ ਮੈਂ ਕਾਜ ਨ ਆਇ ਤੁਮਾਰੇ।
ਸਕਲ ਜਗਤ ਹੀ ਦੇਖਿ ਧਿਕਾਰੇ।
ਦੀਰਘ ਮੁਰਸ਼ਿਦ[1], ਪਿਤਾ, ਖ਼ੁਦਾਇ!
ਤੁਮ ਹੀ ਹੋ ਮੇਰੇ ਸੁਖਦਾਇ ॥੩੨॥
ਮੋ ਕਹੁ ਉਚਿਤ ਨ ਛੋਰੋਂ ਸਾਥ।
ਰਣ ਕੇ ਸਮਾਂ ਲਖਹੁ ਗੁਰਨਾਥ!'
ਪੁਨ ਸੁਨਿ ਕਰਿ ਤਿਹ ਕਹਜੋ ਕ੍ਰਿਪਾਲ।
ਜਜੋਂ ਤੂੰ ਕਹੈਂ ਅਹੈ ਸੋ ਢਾਲਿ ॥੩੩॥
ਤਉ ਪ੍ਰਸੰਨ ਹੋਇ ਹਮ ਕਹਜੋ।
ਬਸਨ ਸਮਾਂ ਤੁਵ ਘਰ ਕੋ ਲਹਜੋ।
ਰਹੋ ਚੁਮਾਸਾ ਬਨਿਤਾ ਤੀਰ।
ਪੁਨ ਹਮ ਸੋਂ ਮਿਲੀਅਹਿ ਬਡਿ ਬੀਰ
॥੩੪॥
ਕਜੋਂ ਸੰਕਤਿ ਚਿਤ, ਬਸਹੁ ਅਵਾਸ।
ਅਹੈਂ ਸਦਾ ਤੁ ਹਮਰੇ ਪਾਸ।
ਮਾਨਿ ਬਾਕ ਨਹਿਂ ਫੇਰ ਕਰੀਜੈ।
ਕਰਹਿਂ ਹਕਾਰਨਿ ਆਨਿ ਮਿਲੀਜੈ'
॥੩੫॥
ਹਾਥ ਜੋਰਿ, ਪੁਨ ਬੋਲਜੋ ਨਾਹਨ।
ਤਉ ਸੁ ਬਿਛੁਰਨਿ ਕੀ ਚਿਤ ਚਾਹ ਨ।
ਸਿਰ ਪਰ ਆਇਸੁ ਗੁਰ ਕੀ ਧਾਰੀ।
ਰਹਜੋ ਜਬਹਿ, ਪ੍ਰਭੁ ਸੀਖ ਉਚਾਰੀ

[1]ਵੱਡੇ ਗੁਰੂ।

॥੩੬॥
'ਹੋਹੁ ਨ ਪਰ ਤ੍ਰਿਯ ਸੋਂ ਬਿਭਚਾਰੀ।
ਰਿਦੇ ਪ੍ਰੀਤ ਧਾਰਹੁ ਨਿਜ ਨਾਰੀ।
ਦਯਾ ਧਰਹੁ ਦਿਹੁ ਦੀਨਨਿ[1] ਦਾਨ। [1]ਦੀਨਾਂ ਨੂੰ।
ਕਿਹ ਕੋ ਦੁਖ ਨਹਿਂ ਦੇਹੁ ਸੁਜਾਨ!
॥੩੭॥
ਪਰ ਤ੍ਰਿਯ ਕੋ ਸਨਮੁਖ ਨ ਲਿਆਵਹੁ।
ਸ਼ੱਤ੍ਰੁਨ ਸੋਂ ਨਹਿਂ ਪੀਠ ਦਿਖਾਵਹੁ।
ਨਿਤ ਖ਼ੁਦਾਇ ਸਿਮਰਹੁ ਸੁਖ ਪਾਵਹੁ।
ਪ੍ਰਭੁ ਭਾਣਾ ਪਿਖਿ ਅਨੰਦ ਉਪਾਵਹੁ'
॥੩੮॥
ਕਰਿ ਪਦ ਬੰਦਨ ਬੋਲਯੋ ਪੈਂਦਾ।
'ਨਹਿਂ ਮੈ ਤ੍ਰਾਸ ਧਰਹੁਂ ਰਿਪੁ ਕੈਂ ਦਾ[1]। [1]ਕਿਸੇ ਵੈਰੀ ਦਾ।
ਰਾਵਰਿ ਕੇ ਪ੍ਰਤਾਪ ਕਰਿ ਮੋਹੀ।
ਸਰਬ ਭਾਂਤਿ ਕੋ ਆਨੰਦ ਹੋਹੀ' ॥੩੯॥
ਗਯੋ ਆਪਨੇ ਸਦਨ ਮਝਾਰਾ।
ਬਿਬਿਧਿ ਬਿਲਾਸ ਕਰੇ ਮਿਲਿ ਦਾਰਾ।
ਸ੍ਰੀ ਹਰਿਗੋਵਿੰਦ ਚਢੇ ਤੁਰੰਗ।
ਦੁੰਦਭਿ ਬਜਯੋ ਅਧਿਕ ਧੁਨਿ ਸੰਗ
॥੪੦॥
ਮਨਹੁਂ ਬਿਦਤਿ ਹੀ ਬਿਜੈ ਬਤਾਵੈ।
ਹਨੇ ਚੋਬ ਇਮ ਸ਼ਬਦ ਉਠਾਵੈ।
ਸੁਭਟ ਅਰੂਢ ਹਯਨਿ ਪਰ ਭਏ।
ਕਸੀ ਤੁਫੰਗ ਤਯਾਰ ਕਰਿ ਲਏ ॥੪੧॥
ਸਤਿਗੁਰੁ ਪ੍ਰੇਰਤਿ ਚਲਯੋ ਤੁਰੰਗ।
ਜਨੁ ਗਮਨਤਿ ਉਠਿ ਗੰਗ ਤਰੰਗ।
ਸਾਵਣ ਦੁਤੀ ਦਿਵਸ ਸੁਰ ਗੁਰੂ[1]। [1]ਵੀਰਵਾਰ।
ਏਕ ਮਾਸ ਬਸਿ ਗਮਨੇ ਗੁਰੂ ॥੪੨॥
ਸ੍ਰੀ ਕਰਤਾਰ ਪੁਰਾ ਤਜਿ ਚਾਲੇ।
ਤੁਰਕ ਬਿਨਾਸਨ ਚਹਿਤਿ ਬਿਸਾਲੇ।
ਆਗੇ ਮਿਲੇ ਸ਼ਗੁਨ ਸ਼ੁਭ ਹੋਤਿ।
ਰਿਪੁ ਨਾਸ਼ਨਿ ਗੁਰ ਬਿਜੈ ਉਦੋਤਿ[1] [1]ਜੋ ਸ਼ਗੁਨ) ਵੈਰੀਆਂ ਨੂੰ ਨਾਸ਼ ਕਰਨ ਵਾਲੇ ਗੁਰੂ ਜੀ ਦੀ

॥੪੩॥ ਬਿਜੈ ਦੇ ਸੂਚਕ ਹਨ।

ਮਿਲੀ ਜੋਖਤਾ[1] ਬਾਲਕ ਗੋਦ।
ਹੁਤੀ ਸੁਹਾਗਨ ਸਹਤ ਪ੍ਰਮੋਦ।
ਸੁਰਭੀ ਬਤਸ ਚੁੰਘਾਵਤਿ[1] ਠਾਂਢੀ।
ਚਾਟਤਿ ਰਿਦੇ ਪ੍ਰੀਤਿ ਬਹੁ ਬਾਢੀ ॥੪੪॥
ਸੁੰਦਰ ਗੌਨ ਪੌਨ ਤਬਿ ਕੀਨਿ[1]।
ਮ੍ਰਿਗਨ ਸੁ ਮਾਲ ਦਾਹਿਨੇ ਲੀਨਿ[1]।
ਮ੍ਰਿਦੁਲ ਸ਼ਬਦ ਕੋ ਕਰਹਿਂ ਬਿਹੰਗ।
ਜੇ ਸ਼ੁਭਿ ਹੋਤਿ ਭਏ ਸੁਖ ਅੰਗ ॥੪੫॥
ਦੁੰਦਭਿ ਬਾਜਤਿ ਮਾਰਗ ਚਾਲੇ।
ਮਿਲਹਿਂ ਗ੍ਰਾਮ ਕੇ ਮਾਨਵ ਜਾਲੇ।
ਅਰਪਹਿਂ ਭੇਟ ਧਾਇ ਕਰਿ ਆਗੇ।
ਪਦ ਅਰਬਿੰਦ ਛੁਵੈਂ ਬਡਭਾਗੇ ॥੪੬॥
ਹੇਰਿ ਹੇਰਿ ਸੁਧਿ ਸਭਿਨਿ ਸੁਨਾਵੈਂ।
ਬਡੋ ਲਾਭ ਲਖਿ ਦੌਰਤਿ ਆਵੈਂ।
ਖੁਸ਼ੀ ਕਰਤਿ ਗਮਨੰਤਿ ਕ੍ਰਿਪਾਲਾ।
ਉਲੰਘੇ ਇਸ ਬਿਧਿ ਪੰਥ ਬਿਸਾਲਾ ॥੪੭॥

[1]ਇਸਤ੍ਰੀ।
[1]ਗਊ ਵੱਛਾ ਚੁਘਾਉਂਦੀ।
[1]ਤਦੋਂ ਸੁਹਾਵਣੀ ਵਾਉ ਚਲ ਪਈ।
[1]ਹਰਨਾਂ ਦੀ ਕਤਾਰ ਨੇ ਸੱਜਾ ਪਾਸਾ ਲਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ 'ਸ਼੍ਰੀ ਸਤਿਗੁਰ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿਸੰਤੀ ਅੰਸੂ ॥੨੬॥

## ੨੭. [ਘੇਰੜ (ਭਗਵਾਨ ਦਾਸ)]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਨਦੀ ਬਿਪਾਸਾ ਤੀਰ ਪਰ, ਥਿਰੈਂ ਗ਼ਰੀਬ ਨਿਵਾਜ।
ਚਲਤਿ ਪ੍ਰਵਾਹ ਸਬੇਗ ਜਲ, ਖਰੇ ਦੇਖਿਬੇ ਕਾਜ ॥੧॥

ਚੌਪਈ:

ਦੇਸ਼ ਜੁ ਦੂਾਬੇ ਕੋ ਤਟ ਨੀਵਾ[1]।
ਮੱਦ੍ਰ ਦੇਸ ਤਟ ਊਚੋ ਥੀਵਾ[1]।
ਕਰਤਿ ਬਿਭਾਗ[1] ਪ੍ਰਵਾਹ ਚਲੰਤਾ।
ਦੁਹਿ ਦਿਸ਼ਿ ਤਟ ਦ੍ਵੈ ਦੇਸ਼ ਕਰੰਤਾ[1] ॥੨॥
ਤੀਰ ਪਾਰ ਕੋ ਊਚੇ ਹੇਰੇ[1]।
ਕੇਵਟ[1] ਆਵਾ ਤਰ ਤਿਸ ਬੇਰੇ।
ਨੌਕਾ ਗਨ ਕੋ ਤੁਰਨ ਲਜਾਏ।
ਹਾਥ ਬੰਦਿ ਬਹੁ ਬਿਨੈ ਅਲਾਏ ॥੩॥
ਚਢਿ ਤਰਨੀ ਪਰ ਪਾਰਿ ਪਰੇ ਹੈਂ।
ਤਟ ਊਚੇ ਪਰ ਜਾਇ ਖਰੇ ਹੈਂ।
ਅਪਰ ਸੁਭਟ ਜੇ ਹੈਂ ਸਮੁਦਾਇ।
ਕਰੇ ਪਾਰ ਸਭਿ ਤਰੀ ਚਢਾਇ ॥੪॥
ਹਯ ਆਰੋਹ ਗੁਰੂ ਤਹਿਂ ਫਿਰੇ।
ਚਹੁੰ ਦਿਸ਼ਿ ਤੇ ਥਲ ਦੇਖਨਿ ਕਰੇ।
ਸਲਿਤਾ ਤਟ ਪਰ ਊਚੋ ਥੇਹ।
ਬੈਠੇ ਬਹੁ ਬਹਾਰ ਕੋ ਦੇਹਿ[1] ॥੫॥
ਇਕ ਦਿਸ਼ਿ ਬਸਹਿਂ ਲੋਕ ਕੁਛ ਥੋਰੇ।
ਅਪਰ ਥੇਹ ਸੂੰਨੋ ਤ੍ਰੈ ਓਰੇ।
ਪੁਰਿ ਕੇ ਬਸਨਿ ਉਚਿਤ ਲਖਿ ਥਾਨਾ।
ਰਿਦੇ ਮਨੋਰਥ ਏਵ ਉਠਾਨਾ ॥੬॥
ਡੇਰਾ ਤਿਸੀ ਥੇਹ ਪਰ ਕੀਨੋ।
ਪਿਖਤਿ ਬਿਪਾਸਾ ਜਲ ਸ਼ੁਭ ਚੀਨੋ।
ਉਤਰਜੋ ਦਲ ਸਭਿ ਗੁਰ ਕੋ ਆਇ।

[1]ਦਵਾਬੇ ਦੇਸ਼ ਦੇ ਪਾਸੇ ਦਾ ਕੰਢਾ ਨੀਵਾਂ (ਦਿੱਸ ਰਿਹਾ) ਸੀ।
[1]ਤੇ ਮੱਦਰ ਦੇਸ਼ ਦੇ ਪਾਸੇ ਦਾ ਕੰਢਾ ਉੱਚਾ ਸੀ, ਭਾਵ ਬਾਰੀ ਦੁਆਬੇ ਦਾ ਪਾਸਾ ਹੈ।
[1]ਦੋ ਹਿੱਸੇ।
[1]ਦਰਯਾ) ਦੋਹਾਂ ਪਾਸਿਆਂ ਦੇ ਦੋ ਕੰਢਿਆਂ ਨੂੰ ਦੋ ਦੇਸ਼ ਬਣਾ ਰਿਹਾ ਹੈ।
[1]ਪਾਰਲਾ ਕੰਢਾ ਉੱਚਾ ਦੇਖਕੇ।
[1]ਮਲਾਹ।
[1]ਅਨੰਦ ਦੇਂਦਾ ਹੈ।

ਜਹਿਂ ਕਹਿਂ ਤੰਬੂ ਦਿਏ ਲਗਾਇ ॥੭॥
ਸੁਧਿ ਪਾਈ ਨਰ ਜੇ ਸਭਿ ਗ੍ਰਾਮੂ।
ਆਇ ਦਰਸ ਕੀਨਸਿ ਅਭਿਰਾਮੂ।
ਦੇਖਿ ਦੇਖਿ ਗਮਨੇ ਨਿਜ ਧਾਮੂ।
ਤਹਾਂ ਬਸਤਿ ਇਕ ਘੇਰੜ ਨਾਮੂ ॥੮॥
ਥੇਹੁ ਮਾਲਕੀ ਧਾਰਤਿ ਸੋਊ[†]।

[†]ਇਤਿਹਾਸ ਗੁ: ਖਾ: ਨੇ ਇਹ ਚੰਦੂ ਦੀ ਮਾਲਕੀ ਪਾਤਸ਼ਾਹ ਵਲੋਂ ਜ਼ਬਤ ਹੋਕੇ ਸਤਿਗੁਰਾਂ ਨੂੰ ਸਮਰਪਨ ਹੋਈ ਲਿਖੀ ਹੈ, ਘੇਰੜ ਇਲਾਕੇ ਦਾ ਮਾਲਗੁਜ਼ਾਰ ਸੀ।

ਤਿਸੀ ਕੀ ਆਗਜਾ ਮਹਿਂ ਸਭਿ ਕੋਊ।
ਸੁਨੀ ਕਾਨ ਮਹਿਂ ਸੁਧਿ ਗੁਰ ਆਏ।
ਊਚੇ ਥਲ ਡੇਰੇ ਸਭਿ ਪਾਏ ॥੯॥
ਸੰਸੈ ਭਯੋ ਬਿਸਾਲ ਰਿਦੇ ਤਿਹ।
-ਬਲਿ ਕੀ ਬਾਤ ਕਰਤਿ ਅਤਿਸ਼ੈ ਇਹ[1]।

[1]ਜ਼ੋਰਾਵਰੀ ਦੀ ਗਲ ਕਰਦੇ ਹਨ ਏਹ ਭਾਵ ਗੁਰੂ ਜੀ।

ਸ਼ਾਹ ਜਹਾਂ ਤੇ ਤ੍ਰਾਸ ਨ ਧਾਰਾ।
ਲਰ ਕਰਿ ਲਸ਼ਕਰ ਰਣ ਮਹਿਂ ਮਾਰਾ ॥੧੦॥
ਇਹਾਂ ਨ ਕਰੈ ਕਛੁਕ ਉਤਪਾਤਾ।
ਆਯੋ ਕੌਨ ਕਾਜ ਕਜਾ ਜਾਤਾ[1][†]-।

[1]ਕੀ ਜਾਣੀਏ। [†]ਪਾ:-ਕਹਿ ਜਾਤਾ।

ਏਵ ਬਿਚਾਰਤਿ ਮੂਰਖ ਆਵਾ।
ਜਿਸ ਕੋ ਕਾਲ ਹੋਨਿ ਨਿਯਰਾਵਾ ॥੧੧॥
ਆਗੈ ਗੁਰ ਢਿਗ ਲਗਜੋ ਦਿਵਾਨ।
ਬੈਠੇ ਸੁਭਟ ਥਿਰੇ ਸਵਧਾਨ।
ਘੇਰੜ ਉਰ ਗਰਬਤਿ ਚਲਿ ਆਯੋ।
ਜਰਜੋ ਹੇਰਿ ਮੂਰਖ ਦੁਖ ਪਾਯੋ ॥੧੨॥
ਆਛੀ ਰੀਤਿ ਨ ਬੰਦਨ ਕੀਨੀ।
ਨਹੀਂ ਉਪਾਇਨ ਆਗੇ ਦੀਨੀ।
ਬੂਝਨ ਲਗਜੋ ਸੁ 'ਕਾਰਜ ਕੌਨ?
ਨਿਕਸੇ ਬਰਖਾ ਮਹਿਂ ਤਜਿ ਭੌਨ' ॥੧੩॥
ਗੁਰੂ ਕਹਜੋ 'ਥਲ ਉਚ ਨਿਹਾਰਾ।
ਤਰੇ ਪ੍ਰਵਾਹ ਨਦੀ ਜਲ ਭਾਰਾ।
ਕੇਤਿਕ ਦਿਨ ਠਹਿਰਹਿਂ ਇਸ ਥਾਨ।
ਖੇਲਹਿਂ ਬ੍ਰਿਤੀ ਅਖੇਰ ਮਹਾਨ ॥੧੪॥
ਬਿਨ ਕਰਦਮ ਅਵਿਨੀ ਤਲ ਜਾਨਾ।

ਇਸ ਕਾਰਨ ਹਮ ਆਵਨ ਠਾਨਾ।'
ਸੁਨਿ ਖੁਨਸਜੋ ਮਨ ਬੱਕ੍ਰ ਬਖਾਨੇ[1]।
'ਭਲੇ ਅਖੇਰ ਬ੍ਰਿੱਤਿ ਕੋ ਠਾਨੇ ॥੧੫॥
ਹਿਤ ਸ਼ਿਕਾਰ ਕੇ ਲੀਨਸਿ ਬਾਜ[1]।
ਕਿਤਿਕ ਬਿਗਾਰੇ ਅਪਨੇ ਕਾਜ।
ਸ਼ਾਹੁ ਸੰਗ ਬਾਂਧਜੋ ਬਡ ਬੈਰ।
ਬਹੁਰਿ ਕਹਾਂ ਬਾਂਛਤਿ ਹੈ ਖੈਰ ॥੧੬॥
ਸਦਨ ਉਜਾਰ ਸੁਧਾਸਰ ਆਏ।
ਅਜਹੁ ਨ ਤਜਾਗੇ ਸਹਜਿ ਸੁਭਾਏ[1]।
ਠੋਕਰ ਲਾਗਹਿ ਸਮੁਝਹਿਂ ਸਜਾਨੇਂ।
ਹਾਨ ਲਾਭ ਕੋ ਸਕਲ ਪਛਾਨੇਂ ॥੧੭॥
ਬਡੇ ਗੁਰੂ ਜਬਿ ਭਏ ਅਗਾਰੀ।
ਸੰਤ ਸਰੂਪ ਪਰਮ ਉਪਕਾਰੀ।
ਸ਼ਾਹੁ ਆਦਿ ਖਿਲਕਤ ਸਭਿ ਆਵੈਂ।
ਨਿਤਪ੍ਰਤਿ ਜਿਨ ਕੋ ਸੀਸ ਝੁਕਾਵੈਂ ॥੧੮॥
ਤੁਮ ਨੇ ਰੀਤਿ ਨਵੀਨ ਚਲਾਈ।
ਸ਼ਸਤ੍ਰ ਬੰਧਿ ਕਰਿ ਧੂਮ[1] ਉਠਾਈ।
ਨੀਕੀ ਬਾਤ ਨਹੀਂ ਉਤਪਾਤਿ[1]।
ਕਰਤਿ ਫਿਰਤਿ ਲੋਕਨਿ ਕੋ ਘਾਤ' ॥੧੯॥
ਗੁਰੂ ਕਹਜੋ 'ਹਮ ਅਪਨਿ ਬਿਗਾਰਾ।
ਤੈਂ ਕਜੋਂ ਉਰ ਮਹਿਂ ਸੰਕਟ ਧਾਰਾ।
ਬਿਗਰੇ ਕਾਰਜ ਹਮ ਦੁਖ ਹੋਇ।
ਪਰਜੋ ਤੋਹਿ ਸਮ ਕੇ ਸਿਰ ਸੋਇ[1]? ॥੨੦॥
ਜੇ ਜੇ ਨਿੰਦਕ ਅਹੈਂ ਹਮਾਰੇ।
ਦਿਨ ਪ੍ਰਤਿ ਦੁਖ ਬਿਸਾਲ ਤਨ ਧਾਰੇ।
ਗੁਰੁ ਘਰ ਕੋ ਨਿਤ ਸੁਧਰਹਿ ਕਾਜ।
ਤੁਰਕਨਿ ਛੀਨ ਲੇਹਿਂਗੇ ਰਾਜ' ॥੨੧॥
ਗੁਰ ਕੋ ਤੌਰ ਹੇਰਿ ਬਿਧਿ ਔਰਿ।

[1]ਮਨ ਦੇ ਟਢੇ ਨੇ ਕਹਿਆ। (ਅ) ਮਨ ਵਿਚ ਗੁੱਸੇ ਹੋਇਆ ਤੇ ਟੇਢਾ ਬੋਲਿਆ।

[1]ਪਾਤਸ਼ਾਹੀ) ਬਾਜ਼।

[1]ਆਪਣਾ ਮੁੱਢਲਾ ਸੁਭਾਉ।

[1]ਰੌਲਾ।

[1]ਉਪੱਦ੍ਰਵ (ਉਠੌਣ) ਦੀ।

[1]ਤੇਰੇ ਵਰਗੇ ਦੇ ਸਿਰ ਕੀ ਉਹ ਕਸ਼ਟ ਪੈ ਗਿਆ ਹੈ?

ਉਠਿ ਗਮਨਜੋ ਪਹੁੰਚਜੋ ਨਿਜ ਠੌਰਿ।
ਖਾਨ ਪਾਨ ਸਤਿਗੁਰ ਕਰਿਵਾਏ।
ਸੁਭਟਨਿ ਸਹਤ ਅਚੇ ਮਨ ਭਾਏ ॥੨੨॥
ਬਿਧੀਚੰਦ ਸੋਂ ਬੂਝਨਿ ਕਰਜੋ।
'ਹਮ ਨੀਕੋ ਇਹ ਥਾਨ ਨਿਹਰਜੋ।
ਤੀਰ ਬਿਪਾਸਾ ਨਗਰ ਬਸਾਵੈਂ।
ਸਦਾ ਚੁਮਾਸਾ ਇਹਾਂ ਬਿਤਾਵੈਂ ॥੨੩॥
ਹਾਥ ਜੋਰਿ ਤਿਹ ਸੁਨਤਿ ਬਖਾਨਾ।
'ਸ਼੍ਰੀ ਜਗ ਗੁਰ ! ਤੁਮਰੇ ਸਭਿ ਥਾਨਾ।
ਹੁਇ ਪ੍ਰਸੰਨਤਾ ਰਾਵਰ ਕੇਰੀ।
ਪਰਾਲਬਧ ਤਹਿਂ ਨਰਨ ਘਨੇਰੀ' ॥੨੪॥
ਸ਼੍ਰੀ ਮੁਖ ਕਹਜੋ 'ਦੇਰ ਨਹਿਂ ਕਾਈ।
ਹੋਤਿ ਪ੍ਰਾਤਿ ਦਿਹੁ ਟੱਕ ਲਗਾਈ।
ਬਹੁ ਨਰ ਕਰਹਿਂ ਸ਼ੀਘ੍ਰ ਹੁਇ ਜਾਇ।
ਪ੍ਰਿਥਮ ਕੋਟ[1] ਕੋ ਦਿਹ ਚਿਨਵਾਇ' ॥੨੫॥
ਇਮ ਮਸਲਤ ਕਰਿ ਨਿਸ ਮਹਿਂ ਸੋਏ।
ਜਾਗਤਿ ਭਏ ਸਮੋ ਨਿਜ ਜੋਏ।
ਸੌਚ ਸ਼ਨਾਨ ਧਜਾਨ ਪਠਿ ਬਾਨੀ।
ਦਿਨਕਰ ਉਦਜੋ ਤਿਮਰ ਗਨ ਹਾਨੀ ॥੨੬॥
ਕਿਤਕਿ ਪ੍ਰਸਾਦਿ ਮੰਗਾਯਹੁ ਪਾਸ।
ਖਰੇ ਹੋਇ ਠਾਨੀ ਅਰਦਾਸਿ।
'ਸ਼੍ਰੀ ਨਾਨਕ, ਸ਼੍ਰੀ ਅੰਗਦ ਗੁਰੁ।
ਸ਼੍ਰੀ ਗੁਰ ਅਮਰ ਕਾਮਨਾ ਪੁਰੁ ॥੨੭॥
ਸ਼੍ਰੀ ਗੁਰ ਰਾਮਦਾਸ ਸੁਖਰਾਸ।
ਸ਼੍ਰੀ ਅਰਜਨ ਸਿਖ ਪੁਰਵਤਿ ਆਸ।
ਸ਼੍ਰੀ ਹਰਿ ਗੋਵਿੰਦ ਜੀ ਇਸ ਥਾਂਨਾ।
ਚਹਤਿ ਬਸਾਯਹੁ ਨਗਰ ਮਹਾਨਾ ॥੨੮॥
ਅੰਗ ਸੰਗਿ ਨਿਤ ਬਨਹੁ ਸਹਾਇਕ।
ਸਰਬ ਕਲਾ ਸਮਰਥ ਸੁਖਦਾਇਕ।
ਕ੍ਰਿਪਾ ਆਪ ਕੀ ਕਾਰਜ ਸਾਰੇ।

[1]ਚਾਰ ਦੀਵਾਰੀ, ਫਸੀਲ। (ਅ) ਕਿਲਾ।

ਦਾਸਨ ਪਾਸ ਸਦਾ ਰਖਵਾਰੇ' ॥੨੯॥
ਇਸ ਕਹਿ ਸਭਿਹਿਨਿ ਸੀਸ ਨਿਵਾਯੋ।
ਫੇਰ ਪ੍ਰਸਾਦਿ ਤਹਾਂ ਬਰਤਾਯੋ।
ਦੁੰਦਭਿ ਚੋਬ ਓਜ ਤੇ ਹਨੀ।
ਬਿਜੈ ਸਨੀ[1] ਉਪਜੀ ਧੁਨਿ ਘਨੀ ॥੩੦॥ [1]ਫਤੇ ਵਾਲੀ।
ਟੱਕ ਆਪ ਸ਼੍ਰੀ ਗੁਰੂ ਲਗਾਯੋ।
'ਨਗਰ ਕੋਟ ਕੀਜਹਿ' ਫੁਰਮਾਯੋ।
ਬ੍ਰਿੰਦ ਮਿਹਨਤੀ ਦਏ ਲਗਾਈ।
ਅਧਿਕ ਸ਼ੀਘ੍ਰ ਕਰਿ ਗੁਰਨਿ ਦਿਖਾਈ ॥੩੧॥
ਭਏ ਪ੍ਰਸੰਨ ਹੇਰਿ ਕਰਿ ਸਰਬ।
ਬਖਸ਼ਜੋ ਤਾਤਕਾਲ ਗਨ ਦਰਬ।
ਬਹੁ ਗ੍ਰਾਮਨ ਕੇ ਨਰ ਬੁਲਵਾਏ।
ਦਈ ਦਿਹਾਰੀ ਕਾਰ ਲਗਾਏ ॥੩੨॥
ਸੁਧਿ ਸੁਨਿ ਘੇਰੜ ਖੱਤ੍ਰੀ ਮੰਦ।
ਚਿਤ ਮਹਿਂ ਚਿੰਤਾ ਵਧੀ ਬਿਲੰਦ।
-ਭੂਮ ਦਬਾਇ ਲੀਨ ਸਭਿ ਮੇਰੀ।
ਸੀਨੇ ਜ਼ੋਰੀ[1] ਕਰਤਿ ਘਨੇਰੀ ॥੩੩॥ [1]ਜ਼ਬਰਦਸਤੀ।
ਕਜਾ ਇਸ ਨੇ ਮਨ ਮਹਿਂ ਅਬਿ ਠਾਨੀ।
ਕਿਸ ਕੀ ਸ਼ੰਕਾ ਤਨਕ ਨ ਮਾਨੀ-।
ਨਰ ਇਕਠੇ ਕਰਿ ਬੂਝਨਿ ਲਾਗਾ।
'ਇਹ ਕਿਸ ਰਾਹ ਸੁ ਰੋਕਹਿ ਜਾਗਾ[1]? ॥੩੪॥ [1]ਕਿਸ ਤਰ੍ਹਾਂ ਜਗਾ ਰੋਕਦਾ ਹੈ।
ਹਮਹਿਂ ਕਿ ਤੁਮਹਿਂ ਬੂਝਿ ਨਹਿਂ ਲੀਨਿ।
ਕਿਸ ਕੋ ਕਿਸ ਬਿਧਿ ਕੁਛ ਨਹਿਂ ਦੀਨ।'
ਸੁਨਿ ਕੈ ਲੋਕਨਿ ਬਾਕ ਬਖਾਨੋ।
'ਇਹ ਗੁਰੁ ਜਾਨੈ, ਕੈ ਤੁਮ ਜਾਨੋ ॥੩੫॥
ਕੋਟ ਹੋਇ ਅੰਤਰ ਘਰ ਬਾਸਹਿਂ।
ਨਹਿਂ ਹੋਵਹਿ ਤੌ ਕਰਹਿਂ ਨ ਆਸਹਿ[1]। [1](ਲੋਕਾਂ ਕਿਹਾ ਜੇ) ਫਸੀਲ ਬਣ ਗਈ ਅੰਦਰ ਘਰ (ਸਾਡੇ) ਪਏ ਵੱਸਣਗੇ ਜੇ ਨਾ ਬਣੀ ਤਾਂ ਅਸੀਂ ਆਸਾ ਨਹੀਂ ਕਰਦੇ (ਕਿ ਬਣੇ) ਭਾਵ ਸਾਡੀ ਹਾਨ ਲਾਭ ਕੋਈ ਨਹੀਂ।
ਗੁਰ ਬਲਵਾਨ ਨ ਮਾਨਹਿ ਕਾਨ।
ਅਰਹਿ ਕੌਨ, ਦੇਂ ਪ੍ਰਾਨਨ ਹਾਨਿ ॥੩੬॥

ਸਪਤ ਹਜ਼ਾਰ ਮਾਰਿ ਅਬਿ ਆਵਾ।
ਫਿਰਹਿ ਸ਼ੇਰ ਸਮ ਤ੍ਰਾਸ ਨ ਪਾਵਾ।'
ਸਭਿਹਿਨਿ ਕਰਤਿ ਅਨਾਦਰ ਬੋਲਾ।
'ਮੈਂ ਕਰਿ ਹੌਂ ਆਛੇ ਇਸ ਹੌਲਾ ॥੩੭॥
ਕਿਮ ਪਰਿ ਪਾਇ ਸਕਹਿ ਇਸ ਥਾਨ।
ਚਾਹਤਿ ਹੈ ਕਿ ਨਹੀਂ ਨਿਜ ਪ੍ਰਾਨ।
ਅਬਿ ਦੇਖਹੁ ਮੈਂ ਡਰ ਉਪਜਾਵੌਂ।
ਨਾਂਹਿ ਤ ਸੈਨ ਸ਼ਾਹ ਤੇ ਲਜਾਵੌਂ' ॥੩੮॥
ਉਰ ਹੰਕਾਰੀ ਬਕਹਿ ਕੁਬੈਨਾ।
ਸਤਿਗੁਰ ਦਿਸ਼ਿ ਤੇ ਡਰ ਉਰ ਹੈ ਨਾ।
ਸੇਤ ਬਾਰ[1] ਸਿਰ ਮੁਖ ਪਰ ਤਾਂਹੀ। — [1]ਚਿੱਟੇ ਵਾਲ।
ਤਊ ਓਜ ਬਹੁ ਤਨ ਕੇ ਮਾਂਹੀ ॥੩੯॥
ਮੋਟਾ ਪੇਟ ਓਠ ਭੀ ਮੋਟੇ।
ਤੁੰਡ ਬਡੋ ਕੁਛ ਲੋਚਨ ਛੋਟੇ।
ਧੋਤੀ ਕਰਤਿ ਰਹਤਿ ਜੋ ਢੀਲੀ।
ਗ੍ਰੀਵਾ ਛੋਟੀ ਜਨੁ ਧਰ ਲੀਲੀ[1] ॥੪੦॥ — [1]ਮਾਨੋ ਧੜ ਨੇ ਨਿਗਲੀ ਹੈ।
ਢੀਲੀ ਜਾਮੇ ਕੀ ਬਹੁ ਤਨੀਯਾਂ।
ਝਗਰਨਿ ਕੋ ਪ੍ਰਬੀਨ ਜਨੁ ਬਨੀਆਂ[1]। — [1]ਝਗੜੇ ਲਈ ਚਲਾਕ ਬਣੀਏਂ ਵਾਂਙੂ ਹੈ।
ਪੋਲੀ ਬਡੀ ਪਾਗ ਸਿਰ ਧਾਰੈ।
ਕਰ ਸੋਟੀ ਧਰਿ ਧਰਿ[1] ਪਗ ਡਾਰੈ ॥੪੧॥ — [1]ਰੱਖ ਰੱਖ ਕੇ।
ਉਰ ਹੰਕਾਰੀ ਘਰ ਕੀ ਠੌਰ[1]। — [1]ਭਾਵ ਆਪਣੇ ਘਰ ਵਿਚ।
ਅਪਨੇ ਸਮ ਨਹਿਂ ਜਾਨਹਿਂ ਔਰ।
ਅਪਨੀ ਜਾਤਿ ਗੁਰੂ ਕੀ ਜਾਨੈ।
ਕਰੈ ਸ਼ਰੀਕਪਨੋ, ਹਿਤ ਹਾਨੈ[1] ॥੪੨॥ — [1]ਆਪਣਾ) ਭਲਾ ਨਾਸ਼ ਕਰਦਾ ਹੈ।
-ਜਰੀ ਨ ਜਾਇ ਕ੍ਰਿੱਤ ਇਹ ਗੁਰ ਕੀ।
ਬਿਸਰਤਿ ਨਾਂਹਿਨ ਚਿੰਤਾ ਉਰ ਕੀ।
ਕਹੌਂ ਜਾਇ ਮੈਂ ਜੇ ਹਟਿ ਰਹੈ।
ਨਾਂਹਿ ਤ ਬਹੁ ਸੰਕਟ ਕੋ ਸਹੈ- ॥੪੩॥
ਇਮ ਚਿਤ ਠਾਨਿ ਗੁਰੂ ਢਿਗ ਚਲ੍ਯੋ।
ਅਗਨਿ ਈਰਖਾ ਤੇ ਮਨ ਜਲ੍ਯੋ।
ਕ੍ਰੋਧ ਅਹੂਤੀ ਪਰਤਿ ਪ੍ਰਚੰਡ।
ਗੁਰ ਯਸ਼ ਸੁਨਤਿ ਹਤਿਯ ਜਨੁ ਦੰਡ[1] — [1]ਮਾਨੋ (ਅੱਗ ਵਿਚ) ਡੰਡਾ ਵੱਜਦਾ ਹੈ।

॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ਼੍ਰੀ ਗੁਰ ਨਗਰ ਬਨਾਵਨ' ਪ੍ਰਸੰਗ ਬਰਨਨੰ ਨਾਮ ਸਖਤਬਿੰਸਤੀ ਅੰਸੂ ॥੨੭॥

## ੨੮. [ਘੇਰੜ ਬਕਬਾਦ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਮਤਿ ਮੋਟੀ ਬਡ ਦੁਸ਼ਟ ਕੀ, ਚਲਿ ਆਯਹੁ ਗੁਰ ਪਾਸ।
ਰਿਦੇ ਰੋਸ ਖੱਦਜੋਤ[1] ਜਿਮ, ਸਮਤਾ ਚਹਿ ਸਪਤਾਸ[2] ॥੧॥

ਚੌਪਈ:

ਬੈਠਜੋ ਨਿਕਟਿ, ਨ ਬੰਦਨ ਠਾਨੀ।
ਸਮ ਗਵਾਰ ਬੋਲਜੋ ਮੁਖ ਬਾਨੀ।
'ਕਹੁ ਭਾਈ ਅਰਜਨ ਕੇ ਨੰਦ!
ਕਯਾ ਕੀਨਸਿ ਉਤਪਾਤ ਬਿਲੰਦ? ॥੨॥
ਇਸ ਭੂਮੀ ਕੋ ਮਾਲਿਕ ਕੋਈ।
ਹੈ ਕਿ ਨਹੀ? ਜਾਨਹਿ ਕਹੁ ਸੋਈ।
ਕਿਸ ਕੋ ਤੈਂ ਬੂਝਨਿ ਕਰ ਲੀਨਿ।
ਖਰਚਜੋ ਕਹਾਂ? ਮੋਲ ਕਿਸ ਦੀਨਿ?' ॥੩॥
ਸ੍ਰੀ ਮੁਖ ਤੇ ਹਸਿ ਕਰਿ ਫੁਰਮਾਯੋ।
'ਦੁਸ਼ਟਨਿ ਸਿਰ ਉਤਪਾਤ ਉਠਾਯੋ।
ਕਰਤਾ ਪੁਰਖ ਭੂਮਿ ਕੋ ਮਾਲਿਕ।
ਅਪਰ ਕਿਸੂ ਕੇ ਕਯਾ ਹੈ ਤਾਲਿਕ? ॥੪॥
ਸੋ ਪਰਮੇਸ਼ੁਰ ਬੂਝਨਿ ਕਰਜੋ।
ਪੁਰਿ ਕੋ ਰਚਨਿ ਮਨੋਰਥ ਧਰਜੋ।
ਹਰਿ ਚਰਨਨਿ ਰੁਚਿ ਮਹਿਂ ਚਿਤ ਪਰਚਜੋ।
ਸਭਿ ਹਿਤ ਇਹੀ ਮੋਲ ਹਮ ਖਰਚਜੋ ॥੫॥
ਅਪਰ ਬੂਝਨੋ ਹਮ ਨਹਿਂ ਕੀਨੋ।
ਮਹਾਰਾਜ ਰਾਜਾ ਪ੍ਰਭੁ ਚੀਨੋ[1]।'
ਸੁਨਿ ਘੇਰੜ ਬੋਲਜੋ ਮਤਿ ਕਾਚਾ।
'ਨਿਸ਼ਚੈ ਬਨਜੋ ਭਗਤਿ ਤੂੰ ਸਾਚਾ ॥੬॥
ਖੜਗ ਕਮਾਨ ਸ਼ਸਤ੍ਰ ਸਭਿ ਧਾਰੈਂ।

[1]ਟਿਟਾਣਾ। [2]ਸੂਰਜ ਦੀ।

[1]ਜਾਣਿਆਂ ਹੈ।

ਨਿਤ ਉਠਿ ਗਨ ਜੀਵਨਿ ਕੋ ਮਾਰੈਂ।
ਕਈ ਹਜ਼ਾਰ ਸੈਨ ਜੋ ਆਈ।
ਤੀਨ ਪਹਿਰ ਮਹਿਂ ਧੂੜਿ ਮਿਲਾਈ ॥੭॥
ਦਯਾ ਹੀਨ ਹੁਇ ਲਸ਼ਕਰ ਮਾਰਾ।
ਅਸ ਤੂੰ ਭਗਤ ਜਗਤਿ ਨਿਰਧਾਰਾ।
ਸ਼ਾਹਜਹਾਂ ਕੋ ਜਾਨਤਿ ਨਾਂਹੀ।
ਲਿਯੋ ਘੇਰ ਅੰਮ੍ਰਿਤਸਰ ਮਾਂਹੀ ॥੮॥
ਨੀਠਿ ਨੀਠ ਬਚਿ ਕੈ ਚਲਿ ਆਯੋ।
ਇਤਿ ਆਵਤਿ ਉਤਪਾਤ ਉਠਾਯੋ।'
ਇਮ ਕਹਿ ਉਠਤਿ ਭਯੋ ਘਰ ਚਾਲਾ।
ਬੋਲਤਿ ਬਚਨ ਅਨੁਚਿਤ ਬਿਸਾਲਾ ॥੯॥
'ਭਲਾ ਭਯੋ ਗੁਰ ਹਿੰਦੁਨਿ ਕੇਰਾ।
ਕਰਨਿ ਕੁਕਰਮਨਿ ਮਹਿਂ ਮਨ ਪ੍ਰੇਰਾ।
ਪ੍ਰਾਨੀ ਘਾਤ ਚਹਤਿ ਦਿਨ ਰਾਤਿ।
ਲਰਿਬੇ ਹੇਤੁ ਕਰਨਿ ਉਤਪਾਤ ॥੧੦॥
ਲੇਨਿ ਦੇਨਿ ਇਤ ਨਾਹਨਿ ਤੇਰੋ।
ਪਿਤਾ ਪਿਤਾਮਾ ਕੋ ਨਹਿਂ ਝੇਰੋ।
ਔਚਕ ਆਨਿ ਪਰਜੋ ਕਰਿ ਡੇਰਾ।
ਲਗਜੋ ਬਨਾਵਨਿ ਕੋਟ ਚੁਫੇਰਾ ॥੧੧॥
ਨਾਂਹਿ ਤ ਜੇ ਚਾਹਤਿ ਨਿਜ ਭਲਾ।
ਹੋਤਿ ਪ੍ਰਭਾਤਿ ਜਾਹੁ ਤੂੰ ਚਲਾ।
ਕੋ ਜਾਨਹਿ ਕੋ ਨਾਂਹਨਿ ਜਾਨਹਿ।
ਉਦੈ ਭਾਨੁ ਤੇ ਪ੍ਰਥਮ ਪਯਾਨਹਿ[1] ॥੧੨॥ [1]ਚਲਾ ਜਾਹੁ।
ਇਹਾਂ ਨ ਬਸਨੋ ਪਾਵਹਿ ਕੋਈ।
ਸਰਬ ਢਹਾਵੋਂ ਚਿਨਤੇ ਜੋਈ।'
ਇਮ ਬੋਲਤਿ ਕਰਤੋ ਬਕਬਾਦ।
ਧਾਮ ਗਯੋ ਗੁਰ ਕਹਿ ਅਪਵਾਦ ॥੧੩॥
ਕਹੀ ਕਠੋਰ ਅਨੁਚਿਤੀ ਬਾਨੀ।
ਛਿਮਾ ਨਿਧਾਨ ਛਿਮਾ ਮਨ ਠਾਨੀ।
ਬਿਧੀ ਚੰਦ ਰਿਸ ਬਚਨ ਉਚਾਰਾ।
'ਇਹ ਗੁਰੁ ਦ੍ਰੋਹੀ ਚਹਿਯਤਿ ਮਾਰਾ
॥੧੪॥

ਨਹੀਂ ਅਦਾਇਬ ਸਾਹਿਬ ਕੇਰਾ।
ਬੋਲਤਿ ਗਮਨਜੋ ਨਿਠੁਰ ਬਡੇਰਾ।'
ਸੁਨਿ ਸ਼੍ਰੀ ਗੁਰ ਮੁਸਕਾਇ ਬਖਾਨਾ।
'ਦੇਹੁ ਬਲੀ ਪੁਰਿ ਮਹਿਖ ਸਮਾਨਾ ॥੧੫॥
ਇਸ ਕੇ ਹਤੇ ਨੀਵ[1] ਥਿਰ ਹੋਇ।
ਸਗਰੇ ਸ਼ਗੁਨ ਜਨਾਵਤਿ ਜੋਇ।'
'ਮਹਾਂਰਾਜ! ਆਇਸੁ ਅਬਿ ਦੀਜੈ।
ਜਾਇ ਸਦਨ ਹਮ ਤਾਂਹਿ ਗਹੀਜੈਂ ॥੧੬॥
ਆਨਹਿਂ ਰਾਵਰਿ ਕੇ ਅਬਿ ਪਾਸ।
ਚੰਦ ਕੇ ਸਮ ਕਰਹਿਂ ਬਿਨਾਸ਼।
ਪਨਹੀ ਕੇ ਮਾਰੇ ਮਰਿ ਜਾਇ।
ਗੁਰੁ ਨਿੰਦਕ ਤਬਿ ਹੀ ਫਲ ਪਾਇ' ॥੧੭॥
ਸ਼੍ਰੀ ਹਰਿਗੋਵਿੰਦ ਬਾਕ ਬਖਾਨੇ।
'ਗੁਰ ਦ੍ਰੋਹੀ ਜੇਤਿਕ ਜਗ ਜਾਨੇ।
ਭੂਤ ਭਵਿੱਖਤ ਜੇ ਅਬਿ ਅਹੈਂ।
[1]ਕਜੋਂ ਨ ਕਹੋ ਅਘ ਕੋ ਫਲ ਲਹੈਂ ॥੧੮॥
ਲੋਕ ਬਿਖੈ ਜਰ ਉਖਰਹਿ ਸਾਰੀ।
ਮਰਹਿ ਪਾਇ ਦੁਖ ਨਰਕ ਮਝਾਰੀ।
ਕੋਇ ਨ ਵਾਲੀ ਬਨਹਿ ਸਹਾਇ।
ਭੋਗਹਿ ਸੰਕਟ ਬਹੁ ਬਿਲਲਾਇ ॥੧੯॥
ਇਹ ਘੇਰੜ ਅਬਿ ਅਬਿਗਤਿ ਪਾਵੈ।
ਸਮ ਚੰਦੂ ਕੇ ਨਰਕ ਸਿਧਾਵੈ।
ਬਚਤਿ ਨਹੀਂ ਦੀਖਤਿ ਮਰਿ ਰਹੈ।
ਆਜ ਕਾਲ ਮਹਿਂ ਮ੍ਰਿਤੁ ਕੋ ਲਹੈ' ॥੨੦॥
ਇਮ ਕਹਿ ਮੌਨ ਕਰੀ ਜਗਨਾਥ।
ਬਨਹਿ ਕੋਟ ਬਡ ਤੁਰਨ ਸਾਥ।
ਮਾਨਵ ਲਗੇ ਕਾਰ ਸਮੁਦਾਇ।
ਖਰੇ ਸਿੱਖ ਕਹਿ ਕਹਿ ਬਨਵਾਇਂ ॥੨੧॥

[1]ਨੀਂਹ।

[1]ਕੁਛ ਨਾ ਕਰੋ (ਆਪੇ) ਪਾਪਾਂ ਦਾ ਫਲ ਲੈਣਗੇ। (ਅ) ਕਹੋ, ਕਿਉਂ ਨਹੀਂ?

ਸੁਨਿ ਮਿਹਨਤਿ ਨਰ[1] ਆਵਤਿ ਧਾਈ।
ਬਿਧੀਚੰਦ ਕਹਿ ਸਭਿਨਿ ਲਗਾਈ।
ਤਿਸ ਦਿਨ ਕੇਤਿਕ ਹੋਯਸਿ ਤਯਾਰ।
ਸੰਧਯਾ ਲਗਿ ਭਈ ਸ਼ੀਘ੍ਰ ਸੁ ਕਾਰਿ ॥੨੨॥
ਪਰੀ ਨਿਸਾ ਤੇ ਸਭਿ ਪਰਿ ਸੋਏ।
ਜਾਗੇ ਬਹੁਰ ਪ੍ਰਾਤਿ ਕੇ ਜੋਏ।
ਹੋਨਿ ਲਗਯੋ ਤੈਸੇ ਤਬਿ ਕਾਜ।
ਹੇਰਯੋ ਫਿਰ ਕਰਿ ਗੁਰ ਮਹਾਰਾਜ ॥੨੩॥
ਸ਼੍ਰੀ ਮੁਖ ਤੇ ਸਭਿ ਕੋ ਫੁਰਮਾਯੋ।
'ਕਰਯੋ ਤਯਾਰ ਜਨੁ ਬਨਯੋ ਬਨਾਯੋ।
ਦਿਯੋਂ ਦਰਬ ਦੁਗਨੀ ਸੁ ਮਜ਼ੂਰੀ।'
ਲੇ ਸਭਿ ਕਰਤਿ ਪ੍ਰੇਮ ਤੇ ਰੂਰੀ ॥੨੪॥
ਸਤਿਗੁਰ ਬੈਠੇ ਲਾਇ ਦਿਵਾਨ।
ਨਿਕਟਿ ਸੁਭਟ ਗਨ ਜੇ ਸਵਧਾਨ।
ਜਾਮ ਦਿਵਸ ਜਬਿ ਚਢਿ ਕਰਿ ਆਯੋ।
ਘੇਰੜ ਦੇਖਯੋ ਲੀਨਿ ਬਨਾਯੋ ॥੨੫॥
ਅਧਿਕ ਕ੍ਰੋਧ ਤੇ ਪੂਰਨ ਹੋਯੋ।
ਗੁਰ ਇਰਖਾ ਦੁਖ ਰਿਦਾ ਪਰੋਯੋ।
ਮਹਾਂ ਪ੍ਰਤਾਪ ਦੀਪ ਸਮ ਜਾਨਾਂ।
ਪਰਿਬੇ ਚਹੈ ਪਤੰਗ ਸਮਾਨਾ ॥੨੬॥
ਸ਼ਾਹੁ ਜਹਾਂ ਬਲ ਤੇ ਗਰਬੰਤਾ।
ਕਾਲ ਨਿਕਟਿ ਭਾ ਨਹੀਂ ਲਖੰਤਾ।
ਆਯਹੁ ਚਲਿ ਕਰਿ ਸ਼੍ਰੀ ਗੁਰ ਓਰੀ।
ਝੂਲ ਪਾਗ ਸਿਰ, ਹਾਥ ਸਟੋਰੀ[1] ॥੨੭॥
ਮਹਾਂ ਮੂਢ ਕੁੜਿਯਾਰ ਕੁਪੱਤਾ।
ਚਹਤਿ ਨਿਕਟ ਜੈਬੇ ਚਵਗੱਤਾ।
-ਇਸ ਕੋ ਆਜਿ ਡਰਾਉਂ ਬਿਸਾਲਾ।
ਜੇ ਸੁਨਿ ਕਰਿ ਜਾਵਹਿ ਕਰਿ ਟਾਲਾ ॥੨੮॥
ਨਾਂਹਿ ਤ ਲਸ਼ਕਰ ਕੋ ਲੇ ਆਊਂ।
ਪਰ ਧਰ[1] ਰੋਕਨਿ ਫਲ ਦਿਖਰਾਊਂ।

[1]ਮਜੂਰ ਲੋਕ।

[1]ਸਿਰ ਤੇ ਵੱਡੀ ਸਾਰੀ ਪੱਗ ਤੇ ਹੱਥ ਵਿਚ ਸੋਟੀ।

[1]ਪਰਾਈ ਧਰਤੀ।

ਗਹ੍ਯੋ ਜਾਇ ਕ ਮਾਰ੍ਯੋ ਜਾਈ।
ਆਗੈ ਰਹ੍ਯੋ ਸ਼ਾਹੁ ਰਿਸ ਪਾਈ- ॥੨੯॥
ਇਮ ਚਿਤ ਮਹਿਂ ਚਿਤਵਤਿ ਚਲਿ ਆਯੋ।
ਜਹਾਂ ਬੈਠਿ ਗੁਰਦੇਵ ਸੁਹਾਯੋ।
ਬੋਲ੍ਯੋ ਮੂਰਖ ਨਮੋ ਨ ਕੀਨੀ।
ਜਾਤਿ ਮਾਨ ਰਿਸ ਮਹਿਂ ਮਤਿ ਭੀਨੀ ॥੩੦॥
'ਨਹੀਂ ਟਰ੍ਯੋ ਕਰਿਬੇ ਉਤਪਾਤਿ?
ਸਮੁਝ੍ਯੋ ਭਲੀ ਨ ਅਪਨੀ ਬਾਤਿ।
ਕਰਨਿ ਬੁਰਾ ਨਿਜ ਕੋ ਕਿਮ ਚਾਹਤਿ?
ਸਰਪ ਸ਼ੇਰ ਕੋ ਗਹਨਿ ਉਮਾਹਤਿ ॥੩੧॥
ਕ੍ਯੋਂ ਚਾਹਤਿ ਨਿਜ ਪ੍ਰਾਨਨਿ ਹਾਨਾ?
ਮਮ ਜੀਵਤਿ ਕਿਮ ਬਸਹਿ ਸਥਾਨਾ।
ਸ਼ਾਹ ਜਹਾਂ ਕੋ ਸਮੁਝਤਿ ਨਾਂਹੀ?
ਨਾਹਕ ਮਰਹਿ ਕੈਦ ਕੇ ਮਾਂਹੀ' ॥੩੨॥
ਸ਼੍ਰੀ ਹਰਿਗੋਵਿੰਦ ਸੁਨਤਿ ਬਖਾਨਾ।
'ਮਰ੍ਯੋ ਚਹਿਤਿ ਕ੍ਯੋਂ? ਮੂਢ ਮਹਾਨਾ!
ਸ਼ਾਹ ਜਹਾਂ ਰਹਿ ਹੈ ਕਿਸ ਥਾਈਂ।
ਮਾਰ੍ਯੋ ਮਰਹਿਂ, ਕੂਰ[1]! ਬਿਨੁ ਆਈ ॥੩੩॥
ਪ੍ਰਾਨ ਉਬਾਰ, ਦ੍ਰਿਸ਼ਟਿ ਤੇ ਟਰੋ[1]।
ਨਹਿਂ ਆਵਨਿ ਇਤਿ ਕੋ ਕਬਿ ਕਰੋ।
ਸ਼ਾਹੁ ਭਰੋਸੇ ਮਹਿਂ ਮਰਿ ਜੈ ਹੈਂ।
ਹਮ ਨਹਿਂ ਡਰਹਿਂ ਤੁਰਕ ਬਧ ਕੈ ਹੈਂ[1]' ॥੩੪॥
ਸੁਨਿ ਘੇਰੜ ਕਰਿ ਕ੍ਰੋਧ ਬਖਾਨਤਿ।
'ਅਜਹੁੰ ਨ ਸ਼ਾਹੁ ਜਹਾਂ ਕੋ ਜਾਨਤਿ।
ਜਿਸ ਤੇ ਆਧੀ ਰਾਤਿ ਪਲਾਯੋ।
ਸਗਰੋ ਬਜਾਹ ਸਮਾਜ ਲੁਟਾਯੋ ॥੩੫॥
ਨੀਠਿ ਨੀਠਿ ਕ੍ਯੋਂ ਹੂੰ ਬਚਿ ਰਹ੍ਯੋ।
ਅੰਧਕਾਰੀ ਮਹਿਂ ਕਿਨਹੁ ਨ ਲਹ੍ਯੋ।
ਸੁਧਾ ਸਰੋਵਰ ਸਦਨ ਛਿਨਾਏ।

[1]ਹੇ ਕੂੜੇ।
[1]ਪਰੇ ਹੋ ਜਾ।
[1]ਤੁਰਕਾਂ ਦਾ ਨਾਸ਼ ਕਰਾਂਗੇ।

ਕੇਤਿਕ ਸਿਖ ਬਪੁਰੇ ਮਰਿਵਾਏ ॥੩੬॥
ਅਜਹੁੰ ਨ ਸਮੁਝਤਿ ਭਾ ਅਸ ਹਾਲ।
ਕਰਤਿ ਫਿਰਤਿ ਉਤਪਾਤਿ ਬਿਸਾਲ।
ਅਬਿ ਕੈ ਸ਼ਾਹੁ ਨ ਛੋਰੈ ਤੋਹੀ।
ਪਹੁੰਚਨਿ ਦੇਹੁ ਨਿਕਟਿ ਅਬਿ ਮੋਹੀ'
॥੩੭॥
ਸੁਨਿ ਸਤਿਗੁਰ ਬਹੁਰੋ ਸਮੁਝਾਵੈਂ।
'ਹਮ ਤੇ ਸਮੁਝ ਰਹੇ ਜਿਮ ਭਾਵੈ।
ਸ਼ਾਹਜਹਾਂ ਸੰਗ ਮੇਰੋ ਝਗਰਾ।
ਸ਼ਾਹੁ ਲਖਹਿ ਕੈ ਸੋ ਹਮ ਸਗਰਾ[1] ॥੩੮॥ [1]ਸਾਰਾ ਸੋ (ਝਗੜਾ)।
ਤੂੰ ਕਿਮ ਕਲਪਤਿ? ਮੂਢ ਗਵਾਰ!
ਇਨ ਬਾਤਿਨਿ ਕੀ ਕਹਾ ਤੁਝ ਸਾਰ?
ਛਿਮਾ ਧਰੀ ਅਬਿ ਲੌ ਤੁਵ ਊਪਰ।
ਨਾਂਹਿ ਤ ਮਰਹਿਂ, ਪਰਹਿਂ ਖਲ! ਭੂ ਪਰ[1] [1]ਧਰਤੀ ਤੇ।
॥੩੯॥
ਮੁਖ ਕੋ ਰੋਕ, ਨ ਬੋਲ ਕਠੋਰਾ।
ਨਤੁ ਆਈ ਅਪਦਾ ਅਬਿ ਘੋਰਾ।
ਕੋਇ ਨ ਹੋਇ ਹਿਮਾਇਤ[1] ਤੇਰੀ। [1]ਮੱਦਦ।
ਮਰ ਜੈ ਹੈਂ ਮੂਰਖ ਬਿਨ ਡੇਰੀ ॥੪੦॥
ਜੇ ਪੀਛੇ ਬਡ ਹੋਇ ਲਰਾਈ।
ਤੋਹਿ ਕਹਾਂ, ਨਹਿਂ ਪ੍ਰਾਨਨਿ ਪਾਈ[1]। [1]ਤੈਨੂੰ (ਫਿਰ) ਕੀ, ਤੂੰ ਤੇ (ਫਿਰ) ਜੀਓ ਸਕਣਾ ਹੀ ਨਹੀਂ।
ਪਰੀ ਰਹਹਿ ਭੂਮੀ ਸਭਿ ਇਹਾਂ।
ਗਏ ਤਜਾਗ ਸੇ ਗਿਨੀਅਹਿ ਕਹਾਂ ॥੪੧॥
ਤੁਵ ਛਿਤਿ ਤੁਵ ਢਿਗ ਰਹੈ ਸਦਾਮੂ[1]। [1]ਹਮੇਸ਼ ਹੀ।
ਕਰਹਿਂ ਕਿਤਿਕ ਦਿਨ ਹਮ ਬਿਸਰਾਮੂ।
ਰਾਖਿ ਮਾਲਕੀ ਆਪਨਿ ਸਦਾ।
ਹੁਇ ਆਗਵਨ ਹਮਾਰੋ ਕਦਾ† ॥੪੨॥ †ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜੀ ਦਾ ਸੰਕਲਪ ਕਬਜ਼ਾ ਕਰਨ ਦਾ ਨਹੀਂ ਸੀ ਤੇ ਬਣਾਕੇ ਮਾਲਕ ਉਸੇ ਨੂੰ ਰਹਿਣ ਦੇਣ ਦਾ ਸੀ। ਇਕ ਲੇਖਕ ਜੀ ਲਿਖਦੇ ਹਨ ਕਿ ਮਾਲਕੀ ਹੀ ਗੁਰੂ ਜੀ ਦੀ ਸੀ। ਦੇਖੋ ਸਫਾ ੨੯੦੨, ਟੂਕ।
ਜੌਂ ਨਿਜ ਭਲਾ ਚਹੈਂ, ਕਰਿ ਟਾਰਾ।
ਬੈਠਿ ਜਾਹ ਨਿਜ ਸਦਨ ਮਝਾਰਾ।

ਕਬਿ ਲੌ ਛਿਮਾ ਧਰਹਿਂ ਹਮ ਐਸੇ।
ਚੰਦਨ ਸੀਤਲ ਹੋਵਤਿ ਜੈਸੇ ॥੪੩॥
ਜੇ ਕਰਿ ਤਿਸਹਿ ਘਸਾਇਂ ਘਨੇਰੇ।
ਉਪਜਹਿ ਅਗਨੀ ਵਧਹਿ ਬਧੇਰੇ।
ਦਾਰੁਨ ਕੇਹਰਿ ਕੋ ਕਿਮ ਛੇਰੈ।
ਹਤਨਿ ਹਾਰ ਗਜਰਾਜ ਬਡੇਰੈ[1] ॥੪੪॥
ਕਜ਼ਾ ਤੂੰ ਅਹੈਂ ਕੁਰੰਗ ਮਨਿੰਦ।
ਗਰਜਨਿ ਸੁਨਤਿ ਪਲਾਵਹਿਂ ਬ੍ਰਿੰਦ[1]।
ਗਿਰਹਿਂ ਗਰਤ ਕਜੋਂ ਜਾਨਿ ਅਗਾਰੀ[1]?
ਜਹਿਂ ਤੇ ਕੋਇ ਨ ਸਕੈ ਉਬਾਰੀ ॥੪੫॥
ਆਵਿਨੀ ਪਰੀ ਰਹੈ ਸਭਿ ਇਹਾਂ।
ਤੂੰ ਖੋਜਜੋ ਭੀ ਪਾਇਂ ਨ ਕਹਾਂ।
ਜਿਸ ਕੋ ਬਲ ਰਾਖਹਿਂ ਮਤਿ ਮੰਦੇ!
ਸੋ ਇਸ ਥਲ ਤੇ ਦੂਰ ਬਿਲੰਦੇ ॥੪੬॥
ਜੇਕਰਿ ਸੋ ਭੀ ਆਨਿ ਬਚਾਵੈ।
ਤੋਹਿ ਸੰਗ ਹਮ ਤਿਸ ਕੋ ਘਾਵੈਂ।
ਕਿਤ ਭੂਲਜੋ ਬੋਲਤਿ ਕੂੜਜਾਰੇ!
ਗਮਨਹੁ ਘਰ ਲਿਹੁ ਪ੍ਰਾਨ ਉਬਾਰੇ'
॥੪੭॥
ਇਮ ਸਤਿਗੁਰ ਸਮੁਝਾਵਤਿ ਸਜਾਨੇ।
ਛਿਮਾ ਧਰੀ -ਹੋਇ ਨ ਕਿਮ ਹਾਨੇ-।
ਤਊ ਮੂਢ ਕੀ ਮ੍ਰਿਤੁ ਨਿਯਰਾਈ।
ਨਹਿਂ ਸਮੁਝਜੋ ਮਤਿ ਦੈਵ ਭੁਲਾਈ
॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਘੇਰੜ ਕੋ ਬਕਬਾਦ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

[1]ਜੋ (ਸ਼ੇਰ) ਵੱਡੇ ਹਾਥੀਆਂ ਨੂੰ ਮਾਰਨ ਵਾਲਾ ਹੈ।

[1]ਤੂੰ ਹਰਨ ਸਮ ਹੈਂ (ਉਸ ਸ਼ੇਰ ਦੀ ਤਾਂ) ਗਰਜ ਸੁਣਕੇ ਸਾਰੇ ਹੀ ਦੌੜ ਜਾਂਦੇ ਹਨ।

[1]ਅੱਗੇ ਟੋਆ ਵੇਖਕੇ ਕਿਉਂ (ਉਸ ਵਿਚ) ਡਿੱਗਦਾ ਹੈਂ?

## ੨੯. [ਘੇਰੜ ਮ੍ਰਿਤੂ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸੁਨਿ ਗੁਰ ਕੇ ਬਚ ਰਿਸ ਭਰੇ, ਓਜ ਪ੍ਰਤਾਪ ਸਮੇਤ।
ਨਹਿਂ ਸਮੁਝ੍ਯੋ ਨਿੰਦਕ ਮਹਾਂ, ਪ੍ਰਭੁ ਕੋ ਲਖ੍ਯੋ ਨ ਭੇਤਿ ॥੧॥

ਚੌਪਈ:

ਬੋਲ੍ਯੋ ਬਹੁ ਕਠੋਰ ਅਭਿਮਾਨੀ।
'ਮੈਂ ਨ ਡਰੋਂ ਸੁਨਿ ਕੈ ਤੁਵ ਬਾਨੀ।
ਕਰੌਂ ਤਿਦਾਰਕ[1] ਤੋ ਸੰਗ ਐਸੇ।
ਸਿਮਰਹਿਂ[1] ਸਕਲ ਆਰਬਲ ਜੈਸੇ ॥੨॥
ਪਿਤ ਅਰਜਨ ਕੋ ਜਸ ਭਾ ਹਾਲ।
ਕ੍ਯੋਂ ਨਹਿਂ ਸਿਮਰਤਿ ਮਹਾਂ ਕਰਾਲ।
ਮਰ੍ਯੋ ਕੈਦ ਮਹਿਂ ਹਠਿ ਨਹਿਂ ਹਾਰ੍ਯੋ।
ਤਿਸੀ ਰੀਤਿ ਅਬਿ ਪੁੱਤ੍ਰ ਬਿਚਾਰ੍ਯੋ ॥੩॥
-ਗੁਰੂ ਗੁਰੂ- ਜਗ ਕਰਤੇ ਫਿਰੈਂ।
ਨਰ ਬ੍ਰਿੰਦਨਿ ਕੋ ਬੰਚਨ ਕਰੈਂ।
ਧਨ ਬਹੁ ਆਇ ਜਰ੍ਯੋ ਨਹਿਂ ਜਾਈ।
ਜਹਿਂ ਕਹਿਂ ਚਲਿ ਉਤਪਾਤ ਉਠਾਈ ॥੪॥
ਦਿਯੋ ਦੇਸ਼ ਤੇ ਵਹਿਰ ਨਿਕਾਰੇ।
ਅਜਹੁਂ ਨ ਸਮੁਝਿ ਤ੍ਰਾਸ ਨਹਿਂ ਧਾਰੇ।
ਕਹਾਂ ਭਯੋ ਸ਼੍ਰੀ ਨਾਨਕ ਜੋਈ।
ਸ਼੍ਰੀ ਅੰਗਦ ਸ਼੍ਰੀ ਅਮਰ ਜਿ ਹੋਈ ॥੫॥
ਰਾਮਦਾਸ ਅਰਜਨ ਕ੍ਯਾ ਭਯੋ।
ਜਗ ਤੇ ਬੰਚਨ ਕਰਿ ਧਨ ਲਯੋ।
ਅਜ਼ਮਤਿਵੰਤਿ ਕਹਾਵਤਿ ਕੂਰੇ।
ਕਹਿ ਕਹਿ ਬਨਿ ਬੈਠੇ ਗੁਰ ਪੂਰੇ ॥੬॥
ਚਲ੍ਯੋ ਜਾਹੁ ਜੇ ਭਲੋ ਚਹੰਤਾ।
ਕ੍ਯੋਂ ਹੁਇ ਹੌਰੇ ਬਨ੍ਯੋ ਮਹੰਤਾ[1]।'
ਇਮ ਕਹਿ ਗਾਰਿ ਨਿਕਾਰਨਿ ਲਾਗਾ।

[1]ਭਾਵ ਮੱਕੁ ਬੰਨ੍ਹਾਂਗਾ।

[1]ਯਾਦ ਰਖੇਂਗਾ।

[1]ਪੂਜ ਬਣਿਆਂ ਹੋਯਾ ਹੈਂ ਕਿਉਂ ਹੌਲਾ ਹੋਯਾ (ਚਾਹੁੰਦਾ) ਹੈਂ।

ਸੁਨਤਿ ਕੋਪ ਗੁਰ ਕੋ ਉਰ ਜਾਗਾ ॥੭॥
ਇਕ ਤੌਂ ਸ਼੍ਰੀ ਨਾਨਕ ਤੇ ਆਦਿ।
ਬੇਮਿਰਜਾਦਾ[1] ਕਹ੍ਯੋ ਅਪਵਾਦਿ। [1]ਅਯੋਗ।
ਦੁਤੀਏ ਸਨਮੁਖ ਗਾਰਿ ਨਿਕਾਰੀ।
ਯਾਂ ਤੇ ਗੁਰੁ ਉਰ ਮਹਿਂ ਰਿਸ ਭਾਰੀ ॥੮॥
ਕਹ੍ਯੋ ਹੁਕਮ ਸਿੱਖਨਿ ਕੋ 'ਧਰੋ[1]। [1]ਫੜ ਲਓ।
ਅਧਿਕ ਮਾਰਿ ਜੂਤਨ ਕੀ ਕਰੋ।
ਦੇਖਹੁ ਇਸ ਕੀ ਸ਼ਾਹੁ ਸਹਾਇ।
ਮਾਰਿ ਮਾਰਿ ਦਿਹੁ ਅਕਲ ਗਵਾਇ ॥੯॥
ਜਿਸ ਮੁਖ ਤੇ ਗੁਰੁ ਨਿੰਦਾ ਕਹੈ।
ਤਿਸ ਪਰ ਹਤਹੁ ਤੁਰਤ ਫਲ ਲਹੈ।'
ਸੁਨਤਿ ਹੁਕਮ ਕੋ ਕੋਪ ਬਿਸਾਲੇ।
ਉਠਿ ਪਕਰ੍ਯੋ ਸਿੱਖਨਿ ਬਲ ਵਾਲੇ ॥੧੦॥
ਤਊ ਗਵਾਰ ਗਾਰਿ ਕੋ ਦੇਤਿ।
ਅਪਨੇ ਪਰ ਅਪਦਾ ਕੋ ਲੇਤਿ।
ਲਾਗੇ ਜੂਤ ਬਜਨਿ ਸਿਰ ਭਾਰੇ।
ਕਿਨਹੂੰ ਡਾਰੀ ਪਾਗ ਉਤਾਰੇ ॥੧੧॥
ਪਨਹੀ ਹਤਹਿਂ ਵਾਰ ਨਹਿਂ ਪਾਵੈਂ।
ਰੋਡੇ ਸਿਰ ਪਰ ਸ਼ਬਦ ਉਠਾਵੈਂ।
'ਹਾਇ ਹਾਇ' ਬਹੁ ਮੂਢ ਉਚਾਰਤਿ।
ਤਊ ਗੁਰੂ ਕੋ ਗਾਰਿ ਨਿਕਾਰਤਿ ॥੧੨॥
ਤਜੋਂ ਤਜੋਂ ਮੁਖ ਪਰ ਪਨਹੀ ਮਾਰੈਂ।
ਭਯੋ ਮਹਾਂ ਦੁਖ ਊਚ ਪੁਕਾਰੈ।
ਸੁਨਿ ਸੁਨਿ ਨਰ ਆਏ ਸਮੁਦਾਇ।
ਰਾਖੇ ਦੂਰ ਭਟਨਿ ਅਟਕਾਇ ॥੧੩॥
ਗ੍ਰਾਮਨਿ ਕੇ ਨਰ ਬ੍ਰਿੰਦ ਬਿਲੋਕੈਂ।
ਨਿਕਟਿ ਨ ਹੋਨਿ ਦੇਤਿ ਭਟ ਰੋਕੈਂ।
ਐਸੀ ਪਰੀ ਮਾਰ ਇਕ ਬਾਰਾ।
ਕਰਿ ਮੂਰਛ ਧਰਨੀ ਪਰ ਡਾਰਾ ॥੧੪॥
ਬਹੁਰ ਉਠ੍ਯੋ ਨਹਿਂ ਸਮੁਝ੍ਯੋ ਮੰਦ।

ਸਿਰ ਨਾਂਗੋ ਦੇ ਗਾਰਿ ਬਿਲੰਦ।
'ਰਹੁ ਬੈਠਾ ਪਲਟਾ ਅਬਿ ਲੇਵੌਂ।
ਜਿਮ ਮਾਰਯੋ ਤੈਸੇ ਫਲ ਦੇਵੌਂ' ॥੧੫॥
ਸੁਨਤਿ ਗਾਰ ਅਰੁ ਗੁਰ ਕੀ ਨਿੰਦਾ।
ਜਾਨਿ ਪੁਕਾਰੂ ਕਰਿ ਚਿਤ ਚਿੰਦਾ[1]।

[1]ਚਿੱਤ ਵਿਚ ਸੋਚਕੇ ਜਾਣਿਆਂ (ਜੋ ਇਹ) ਪੁਕਾਰੂ ਹੋਵੇਗਾ।

ਤਬਿ ਸਤਿਗੁਰ ਨੇ ਹੁਕਮ ਬਖਾਨਾ।
'ਇਹ ਮਹਿਖਾਸੁਰ[1] ਹਮ ਨੇ ਜਾਨਾ ॥੧੬॥

[1]ਦੈਂਤ ਦਾ ਨਾਮ।

ਮਾਰਹੁ ਪੁਰਿ ਕੀ ਭੇਟ ਚਢਾਵਹੁ।
ਦੇਵੀ ਰੂਪ ਬਿਪਾਸਾ ਪਾਵਹੁ।
ਸਗਰੇ ਸਿਖ ਸੁਰ ਬ੍ਰਿੰਦ ਸਮਾਨਾ।
ਇਸ ਮਾਰੇ ਹੋਵੈਂ ਸੁਖ ਨਾਨਾ ॥੧੭॥
ਨਹੀਂ ਪੁਕਾਰੂ ਇਸੇ ਪਠਾਵਹੁ।
ਜਮ ਕੇ ਸਦਨ ਤੁਰਤ ਪਹੁੰਚਾਵਹੁ।
ਸੁਨਿ ਰਜਾਇ ਗੁਰ ਕੀ ਸਿਖ ਧਾਏ।
ਲਾਤ ਮੁਸ਼ਟ ਕੇ ਘਾਵ ਲਗਾਏ ॥੧੮॥
ਐਸੀ ਪਰੀ ਮਾਰ ਤਿਸ ਬਾਰਾ।
ਤਤਛਿਨ ਹਾਨਯੋ ਪ੍ਰਾਨ ਬਿਦਾਰਾ।
ਲਗੇ ਮੁਸ਼ਟ ਸਿਰ ਮਹਿਂ ਬਲਵੰਤੇ।
ਪਰਤਿ ਜੁਤ ਭਾ ਤਨ ਕੋ ਅੰਤੇ ॥੧੯॥
ਪਕਰੀ ਟਾਂਗ ਘਸੀਟਯੋ ਫੇਰ।
ਦੀਨਿ ਬਿਪਾਸਾ ਕੇ ਬਿਚ ਗੇਰਿ।
ਬਹਯੋ ਗਯੋ ਕਿਤ ਨਦਰ ਨ ਆਯੋ।
ਨਾਹਕ ਮੂਰਖ ਪ੍ਰਾਨ ਗਵਾਯੋ ॥੨੦॥
ਰਤਨ ਚੰਦ ਘੇਰੜ ਕੋ ਨੰਦਨ[1]।

[1]ਪੁੱਤ੍ਰ।

ਜਬਿ ਦੇਖਯੋ ਨਿਜ ਪਿਤਾ ਨਿਕੰਦਨ।
ਧਰਯੋ ਤ੍ਰਾਸ ਬੜਵਾ ਚਢਿ ਚਾਲਾ।
ਦੂਰਿ ਜਾਇ ਰੁਦਨੰਤਿ ਬਿਸਾਲਾ ॥੨੧॥
'ਹਾਇ ਪਿਤਾ! ਤੂੰ ਕਯੋਂ ਨ ਪਲਾਵਾ[1]।

[1]ਤੂੰ ਨੱਠ ਕਿਉਂ ਨਾ ਗਿਓਂ।

ਨਾਹਕ ਅਰਯੋ, ਪ੍ਰਾਨ ਬਿਨਸਾਵਾ।'
ਅਪਰ ਗ੍ਰਾਮ ਮਹਿਂ ਬੈਠਿ ਬਿਚਾਰੇ[1]।

[1]ਹੋਰ ਕਿਸੇ ਪਿੰਡ ਵਿਚ ਬੈਠਕੇ ਵਿਚਾਰਿਆ (ਰਤਨ ਚੰਦ ਨੇ)।

ਨਿਜ ਨਰ ਸਗਰੇ ਨਿਕਟਿ ਹਕਾਰੇ
॥੨੨॥

ਇਤਿ ਘੇਰੜ ਜਬਿ ਸਰਿਤਾ ਡਾਰਯੋ।*

*ਘੇਰੜ ਦੀ ਮੌਤ ਤੇ ਜੁੱਧ ਦੇ ਕਾਰਣਾਂ ਦਾ ਮੁਫੱਸਲ ਪਤਾ ਗੁਰ ਪ੍ਰਤਾਪ ਸੂਰਜ ਵਿਚ ਨਹੀਂ ਆਇਆ। ਇਤਿਹਾਸ ਗੁਰੂ ਖਾਲਸਾ ਵਿਚ ਇਉਂ ਲਿਖਿਆ ਹੈ:-

"ਵਹਾਂ ਸੇ ਚਲ ਕਰ ਸ਼ਹਿਰ ਹਰਿਗੋਵਿੰਦ ਪੁਰ ਮੇਂ ਜੋ ਕਿ ਸ਼ਹਿਰ ਬਟਾਲਾ ਪ੍ਰਾਂਤ ਮੇਂ ਵਿਦਯਮਾਨ ਹੈ, ਜਾਇ ਵਿਰਾਜੇ। ਯੇਹ ਸ਼ਹਿਰ ਪ੍ਰਥਮ ਚੰਦੂ ਲਾਲ ਦੀਵਨ ਕੇ ਅਧਿਕਾਰ ਮੇਂ ਥਾ। ਜਬ ਬਾਦਸ਼ਾਹ ਨੇ ਉਸ ਕੀ ਸਾਰੀ ਜਾਇਦਾਦ (ਸੰਪਤਿ) ਜਪਤ ਕਰਨੇ ਕਾ ਹੁਕਮ ਦਿਯਾ ਥਾ, ਉਸੀ ਸਮਯ ਯੇਹ ਸ਼ਹਿਰ ਭੀ ਵੈਰਾਨ ਕਰ ਦੀਆ ਗਿਆ ਥਾ। ਉਸ ਕੇ ਪੀਛੇ ਫਿਰ ਸ਼੍ਰੀ ਗੁਰੂ ਹਰਿਗੋਵਿੰਦ ਜੀ ਨੇ ਬਾਦਸ਼ਾਹੀ ਸਨਦ ਲੇ ਕਰ ਇਸ ਕੋ ਕਾਰਤਿਕ ਮਾਸ ਸੰਵਤ ੧੬੮੫ ਵਿੱਕ੍ਰਮੀ ਮੇਂ ਅਪਨੇ ਨਾਮ ਸੇ ਨੂਤਨ ਬਸਾਇਆ ਥਾ। ਵਹਾਂ ਪਹੁੰਚ ਕਰ ਸ਼੍ਰੀ ਗੁਰੂ ਜੀ ਨੇ ਉਸ ਸ਼ਹਿਰ ਕੀ ਆਬਾਦੀ ਕੀ ਉਨਤੀ ਕਰਨੀ ਚਾਹੀ, ਪਰੰਤੂ ਘੇਰੜ ਗੋਤ੍ਰ ਕਾ ਭਗਵਾਨ ਨਾਮਕ ਖੱਤ੍ਰਿਯ ਜੋ ਕਿ, ਦੀਵਾਨ ਚੰਦੂ ਕਾ ਨਾਤੇਦਾਰ ਤਥਾ ਉਸ ਪ੍ਰਾਂਤ ਕਾ ਮਾਲ ਗੁਜ਼ਾਰ ਥਾ, ਬਾਦਸ਼ਾਹ ਕੋ ਇਨਕਾ ਵਿਰੋਧੀ ਦੇਖ ਕਰ ਉਸਨੇ ਇਨ ਕੋ ਉਸ ਗਰਾਮ ਸੇ ਬੇਦਾਵੇ ਕਰਨੇ ਕਾ ਇਰਾਦਾ ਕਿਆ, ਅਰਥਾਤ ਉਸ ਨੇ ਵੋਹ ਗਰਾਮ ਇਨ ਸੇ ਛੀਨ ਲੇਨਾ ਚਾਹਾ। ਇਸੀ ਲਿਯੇ ਇਨ ਕੇ ਆਬਾਦੀ ਕੀ ਉਨਤੀ ਕਰਨੇ ਮੇਂ ਵਿਰੋਧ ਕਰਨੇ ਲਗਾ, ਅਪਨੇ ਬਹੁਤ ਸੇ ਨੌਕਰ ਚਾਕਰ ਬਟੋਰ ਕਰ ਸ਼੍ਰੀ ਗੁਰੂ ਹਰਿਗੋਵਿੰਦ ਜੀ ਕੇ ਸਾਮ੍ਹਨੇ ਲੜਨੇ ਕੋ ਭੀ ਤਿਆਰ ਹੁਆ। ਸ਼੍ਰੀ ਗੁਰੂ ਜੀ ਨੇ ਬਹੁਤ ਵਾਰਣ ਭੀ ਕਿਆ ਪਰੰਤੂ ਉਸ ਨੇ ਉਨਮਤ ਚਿਤ ਹੋ ਕਰ ਏਕ ਭੀ ਨਾ ਸੁਨੀ। ਅੰਤ ਮੇਂ ਖੂਬ ਲੜਾਈ ਹੁਈ ਔਰ ਵਹੀ ਭਗਵਾਨਾ ਅਪਨੇ ਸਭੀ ਸਹਿਕਾਰਿਓਂ ਕੇ ਸਾਥ ਮਾਰਾ ਗਿਆ।

ਸ਼੍ਰੀ ਗੁਰੂ ਜੀ ਨੇ ਉਸ ਕੇ ਮਕਾਨੋਂ ਕੋ ਗਿਰਵਾ ਦਿਯਾ ਔਰ ਉਸੀ ਭੂਮਿ ਮੇਂ ਅਪਨੇ ਬਹਾਦੁਰ ਪੈਂਦੇ ਖਾਨ ਕੇ ਕਹਿਨੇ ਸੇ ਏਕ ਮਸਜਿਦ ਭੀ ਬਨਵਾ ਦਈ, ਉਸੀ ਕੇ ਪਾਸ ਏਕ ਸਰਾਏ ਧਰਮਸਾਲਾ ਤੈਯਾਰ ਕਰਵਾ ਦਈ। ਔਰ ਵਹਾਂ ਪਰ ਏਕ ਸਦਾ ਵਰਤ ਲੰਗਰ ਭੀ ਗ਼ਰੀਬ ਲੋਗੋਂ ਕੇ ਵਾਸਤੇ ਜਾਰੀ ਕਰਵਾਯਾ।"

ਇਸੀ ਤਰ੍ਹਾਂ ਸ: ਖਜ਼ਾਨ ਸਿੰਘ ਨੇ ਲਿਖਿਆ ਹੈ ਕਿ "ਗੁਰੂ ਜੀ ਹਰਿਗੋਬਿੰਦ ਪੁਰੇ ਬਹੁਤ ਚਿਰ ਨ ਗਏ ਤਾਂ ਭਗਵਾਨਾ ਨਾਮੇ ਚੰਦੂ ਦੇ ਇਕ ਨਾਤੇਦਾਰ ਨੇ ਇਸ ਪਰ ਕਬਜ਼ਾ ਕਰ ਲਿਆ ਸੀ। ਸੰਮਤ ੧੬੮੬ ਵਿਚ ਜਦ ਗੁਰੂ ਜੀ ਓਥੇ ਗਏ ਤਾਂ ਉਸ ਨੇ ਕਬਜ਼ਾ ਨਾ ਛਡਿਆ, ਕਿਉਂਕਿ ਉਸ ਜਾਣਿਆਂ ਕਿ ਪਾਤਸ਼ਾਹ ਇਨ੍ਹਾਂ ਨਾਲ ਖਫੇ ਹੈ, ਇਸ ਕਰਕੇ ਮੇਰੀ ਚਾਲ ਚਲ ਜਾਏਗੀ। ਉਸ ਨੇ ਰੋਕ ਪਾਈ ਤੇ ਲੜਾਈ ਮਚਾਈ, ਜਿਸ ਵਿਚ ਉਹ ਮਾਰਿਆ ਗਿਆ; ਤਦ ਉਸ ਦਾ ਪੁੱਤ੍ਰ ਰਤਨ ਚੰਦ ਜਾਲੰਧਰ ਫਰਯਾਦੀ ਗਿਆ।"

ਤਵਾ: ਖਾ: ਨੇ ਬੀ ਹਰਿਗੋਬਿੰਦ ਪੁਰ ਇਸ ਗੱਲ ਤੋਂ ਪਹਿਲੇ ਦਾ ਬਸਾਇਆ ਹੋਇਆ ਦੱਸਿਆ ਹੈ। ਯਥਾ- 'ਤਾਂ ਹਰਿਗੋਬਿੰਦ ਪੁਰ ਜੋ ਬਯਾਸ ਦੇ ਬਹੁਤ ਉਚੇ ਕਿਨਾਰੇ ਤੇ ਰੇਤਲੀ ਜ਼ਿਮੀਂ ਵਿਚ ਸੀ, ਗੁਰੂ ਸਾਹਿਬ.... ਉਥੇ ਜਾ ਰਹੇ।' ਫਿਰ ਇਸ ਪਿੰਡ ਦੀ ਪਾਤਸ਼ਾਹ ਵਲੋਂ ਗੁਰੂ ਜੀ ਨੂੰ ਸਨਦ ਮਿਲਨੀ ਬੀ ਇਨ੍ਹਾਂ ਨੇ ਮੰਨੀ ਹੈ।

ਉਮਦਾਤੁੱਤਵਾਰੀਖ ਵਾਲੇ ਨੇ ਹਰਿਗੋਬਿੰਦ ਪੁਰੇ ਗੁਰੂ ਜੀ ਦਾ ਜਨਮ ਅਸਥਾਨ ਦੱਸਿਆ ਹੈ ਤੇ ਉਨ੍ਹਾਂ ਦੀ ਅਵਤਾਰ ਭੂਮੀ ਤੋਂ ਹੀ ਹਰਿ ਗੋਬਿੰਦ ਪੁਰ ਪਿਆ ਦੱਸਿਆ ਹੈ। ਭਾਵੇਂ ਇਸ ਨੂੰ ਜਨਮ ਭੂਮੀ ਮੰਨਣਾ ਭੁੱਲ ਹੈ ਪਰ ਇਸ ਤੋਂ ਇਸ ਦੇ ਪਹਿਲੇ ਵਸਾਏ ਹੋਣ ਦੀ ਸੰਭਾਵਨਾ ਸਹੀ ਹੁੰਦੀ ਹੈ। ਬਾਕੀ ਜੁੱਧ ਜੰਗ ਦਾ ਹੋਣਾ ਸਪਸ਼ਟ ਹੈ। ਗੁਰੂ ਜੀ ਉਸ ਨੂੰ ਵਧਾਉਣਾ ਵਸਾਉਣਾ ਚਾਹੁੰਦੇ ਸਨ, ਅਚਰਜ ਨਹੀਂ ਕਿ ਆਪਣੇ ਜੁੱਧ ਜੰਗਾਂ ਦੇ ਲਈ ਰਿਹੈਸ਼ੀ ਟਿਕਾਣਾ ਕੋਟ ਆਦਿ ਰਚਣੇ ਚਾਂਹੁੰਦੇ ਸਨ, ਕਿਉਂਕਿ ਅੰਮ੍ਰਿਤਸਰ ਨੂੰ ਜੰਗ ਭੂਮੀ ਬਣਾਉਣਾ ਆਪ ਦਾ ਸੰਕਲਪ ਨਹੀਂ ਸੀ।

ਘੇਰੜ ਮਾਲਗੁਜ਼ਾਰ ਤਾਂ ਅਮੀਰ ਸੀ, ਲੋਕਾਂ ਤੇ ਜ਼ੁਲਮ ਕਰਦਾ ਸੀ, ਤੇ ਸਤਿਗੁਰਾਂ ਤੋਂ ਜ਼ਬਰਦਸਤੀ ਜ਼ਿਮੀਂ ਖੋਹੀ ਚਾਹੁੰਦਾ ਸੀ ਜੋ ਕਿ ਉਨ੍ਹਾਂ ਦੀ ਸੀ, ਤੇ ਵਾਹਰ ਲੈਕੇ ਮਾਰਨ ਆ ਪਿਆ ਤੇ ਇਉਂ ਮਾਰਿਆ ਗਿਆ ਸਹੀ ਹੁੰਦਾ ਹੈ। ਇਸ ਦਾ 'ਇਕੱਲਿਆਂ ਆਉਣਾ, ਗੁਰੂ ਜੀ ਦੇ ਹੁਕਮ ਨਾਲ ਮਾਰੇ ਜਾਣਾ' ਹੋਰ ਕਿਸੇ ਲੇਖਕ ਨੇ ਨਹੀਂ ਲਿਖਿਆ।

ਸਭਿਨਿ ਅਨੰਦ ਬਿਲੰਦੈ ਧਾਰਯੋ।
'ਬਿਜੈ ਸਦਾ ਗੁਰ ਕੀ ਅਰਿ ਮਰੈਂ।'
ਊਚਿ ਧੁਨੀ ਇਮ ਉਚਰਨਿ ਕਰੈਂ ॥੨੩॥
ਗੁਰ ਕੇ ਸਭਟ ਸਦਾ ਸਵਧਾਨੇ।
ਗੁਰ ਜੈਕਾਰਾ ਸ਼ਬਦ ਬਖਾਨੇ।
ਕੋਟ ਚੁਗਿਰਦੇ ਕੋ ਬਡ ਹੋਤਿ।
ਗਨ ਮਾਨਵ ਲਗਿ ਕੀਨਿ ਉਦੋਤਿ ॥੨੪॥
ਘੇਰੜ ਮਰਯੋ ਸਕਲ ਤਬਿ ਜਾਨਾ।
ਭਯੋ ਤ੍ਰਾਸ ਗੁਰੁ ਤੇ ਸਭਿ ਥਾਨਾ।
ਨਿੰਦਾ ਕੋ ਨਹਿਂ ਕਰਤਿ ਉਚਾਰਨ।
ਡਰਹਿਂ ਗ੍ਰਾਮ ਗਨ ਕਰਹਿਂ ਨ ਮਾਰਨਿ ॥੨੫॥
ਜ਼ਿਮੀਦਾਰ ਜਹਿਂ ਕਹਿਂ ਕੇ ਆਇ।
ਆਨਿ ਅਕੋਰਨਿ ਕੋ ਅਰਿਪਾਇਂ।
ਦਧਿ ਅਰੁ ਦੁਗਧ ਕਿਤਿਕ ਕੇ ਆਵੈਂ।
ਧਰ ਆਗੈ ਸਭਿ ਸੀਸ ਨਿਵਾਵੈਂ ॥੨੬॥
ਪੀਰੀ ਮੀਰੀ ਤੇਗ ਸੁ ਧਾਰੀ।
ਬਿਦਤਿ ਭਈ ਅਬਿ ਜਗਤਿ ਮਝਾਰੀ।
ਜੋ ਜੋ ਦੁਸ਼ਟ ਬਿਅਦਬੀ ਕਰੈ।
ਸੋ ਸੋ ਤਤਛਿਨ ਫਲ ਦੁਖ ਭਰੈ ॥੨੭॥
ਵਧਯੋ ਤੇਜ ਸਭਿ ਬਿਖੈ ਬਿਸਾਲਾ।
ਬਸਹਿ ਨੰਮ੍ਰਤਾ ਦੰਡ ਕਰਾਲਾ[1]।

[1]ਇਹ ਇਕ ਨੀਤੀ ਬਚਨ ਹੈ ਕਿ ਕਰੜੇ ਦੰਡ ਵਿਚ ਨਿੰਮ੍ਰਤਾ ਵਸਦੀ ਹੈ, ਭਾਵ ਇਹ ਕਿ ਕਰਾਰੇ ਹੱਥਾਂ ਅੱਗੇ ਲੋਕੀਂ ਨੀਉਂਦੇ ਹਨ। ਅਗਲੀਆਂ ਤੁਕਾਂ ਵਿਚ ਇਸ ਦੇ ਉਦਾਹਰਨ ਹਨ।

ਜਿਮਿ ਦਧਿ ਮਥਿਯਤਿ ਇਤ ਉਤ ਬਲ ਤੇ।
ਤਬਿ ਸੁੰਦਰ ਨਵਨੀਤ[1] ਨਿਕਲਤੇ ॥੨੮॥

[1]ਮੱਖਣ।

ਜਿਮ ਬਲ ਤੇ ਤਰ ਲਾਠ[1] ਦਬਾਵਹਿ।

[1]ਲਠ।

ਕੋਲੂ ਊਖ ਸੁਰਸ[1] ਨਿਕਸਾਵਹਿ।

[1]ਵੇਲਣੇ ਤੋਂ ਗੰਨੇ ਦਾ ਰਸ।

ਤਥਾ ਜਗਤ ਕੀ ਰੀਤਿ ਸੁ ਲਾਗੇ।

ਪਿਖਿਹਿੰ ਦੰਡ ਕਰ ਨੰਮ੍ਰਹਿੰ ਆਗੇ[1] ॥੨੯॥
ਰਹੈ ਭੀਰ ਸਤਿਗੁਰ ਕੇ ਤੀਰ।
ਪ੍ਰਜਾ ਲੋਕ ਗਨ ਬੰਕੇ ਬੀਰ।
ਬ੍ਰਿੰਦ ਮਜੂਰ ਲਗੇ ਹਿਤ ਕਾਰ।
ਕਰਤਿ ਕਰਾਵਤਿ ਬਿਬਿਧਿ ਪ੍ਰਕਾਰ ॥੩੦॥
ਬਨਤਿ ਕੋਟ ਚੌਗਿਰਦਾ ਪੁਰਿ ਕੋ।
ਨਰ ਗਨ ਕਹੈਂ 'ਨਾਮ ਹੁਇ ਗੁਰ ਕੋ।'
ਕਰਤਿ ਸ਼ੀਘ੍ਰਤਾ ਕਿਤਿਕ ਉਸਾਰਾ।
ਪਹੁੰਚਤਿ ਬ੍ਰਿੰਦ ਈਂਟ ਅਰੁ ਗਾਰਾ ॥੩੧॥
ਦੋਇ ਸਮੈਂ ਫਿਰਿ ਕਰਿ ਗੁਰ ਹੇਰਤਿ।
'ਕੀਜਹਿ ਤਯਾਰ ਸ਼ੀਘ੍ਰ' ਕਹਿ ਪ੍ਰੇਰਤਿ।
ਉਤ ਘੇਰੜ ਕੀ ਸੁਨਹੁ ਕਹਾਨੀ।
ਰਤਨ ਚੰਦ ਤਿਹ ਸੁਤ ਜਿਮ ਠਾਨੀ ॥੩੨॥
ਸਭਿ ਕੁਟੰਬ ਮਿਲਿ ਬਹੁ ਰੁਦਨਾਏ।
ਦੇ ਧੀਰਜ ਤਿਹ ਬਾਕ ਅਲਾਏ।
'ਮੈਂ ਪਿਤ ਕੋ ਪਲਟਾ ਅਬਿ ਲੈ ਹੌਂ।
ਨਾਂਹਿ ਤ ਨੀਰ ਡੂਬਿ ਮਰਿ ਜੈਹੌਂ ॥੩੩॥
ਕੈ ਗੁਰ ਕੀ ਇਮ ਲੋਥ ਰੁਲੈ ਹੌਂ।
ਕੈ ਜ਼ੰਜੀਰ ਪਾਇ ਗਿਰਵੈਹੌਂ[1]।
ਜਿਮ ਮਮ ਪਿਤਾ ਨਦੀ ਮਹਿਂ ਡਾਰਾ।
ਤਿਮ ਗੁਰੁ ਕੀ ਗਤਿ ਹੁਇ ਇਸ ਬਾਰਾ ॥੩੪॥
ਨਗਰ ਜਲੰਧਰ ਸੂਬਾ ਭਾਰਾ।
ਤਿਹ ਸੰਗ ਮੇਰੋ ਹੈ ਬਹੁ ਪਯਾਰਾ।
ਅਪਰ ਬਾਤ ਆਛੀ ਇਕ ਅਹੈ।
ਚੰਦੂ ਕੋ ਨੰਦਨ ਤਹਿਂ ਰਹੈ ॥੩੫॥
ਤਿਸ ਕੋ ਭੀ ਪਿਤ[1] ਗੁਰੁ ਨੇ ਮਾਰਾ।
ਗਹਿ ਰਾਖਯੋ ਚਿਰਕਾਲ ਚੰਡਾਰਾ[1]।

[1]ਹੱਥ ਵਿਚ ਡੰਡਾ ਵੇਖਕੇ ਅੱਗੋਂ ਨਿਉਂਦੇ ਹਨ, ਉਸ ਦੀ ਪੁਸ਼ਟੀ ਹੈ ਜੋ ਪਿਛਲੇ ਅੰਕ ਵਿਚ ਕਹਿ ਆਏ ਹਨ।

[1]ਸੁਟਾਵਾਂਗਾ (ਨਦੀ ਵਿਚ)

[1]ਭਾਵ ਚੰਦੂ ਨੂੰ।

[1]ਚੰਡਾਲਾਂ ਨੇ (ਚੰਦੂ ਨੂੰ)।

ਦੋਨਹੁੰ ਮਿਲਿ ਹਮ ਮਸਲਤ ਕਰੈਂ।
ਜਯੋਂ ਕਯੋਂ ਕਰਿ ਗੁਰੁ ਗਹਿ ਕਰਿ ਧਰੈਂ[1] ॥੩੬॥
ਰਹਹੁ ਦੂਰਿ ਸਭਿ ਨਿਕਟਿ ਨ ਜਾਵਹੁ।
ਕਹੇ ਸੁਨੇ, ਨਹਿਂ ਕਿਸ ਪਤਿਆਵਹੁ[1]।'
ਇਮ ਕਹਿ ਨਰ ਗਨ ਸੰਗੀ ਕੀਨੇ।
ਚਲਯੋ ਪੰਥ ਮਹਿਂ ਬਿਲਮ ਬਿਹੀਨੇ ॥੩੭॥
ਮਹਾਂ ਦੁਖਿਤਿ ਪਿਤ ਸ੍ਰਿਮਰਤਿ ਗਯੋ।
ਜਾਇ ਪ੍ਰਵੈਸ਼ ਜਲੰਧਰ ਭਯੋ।
ਕਰਮਚੰਦ ਚੰਦੂ ਕੋ ਨੰਦਨ।
ਤਿਸ ਕੋ ਮਿਲਯੋ ਪ੍ਰਥਮ ਕਰਿ ਬੰਦਨ ॥੩੮॥
ਬੈਠਿ ਸਮੀਪ ਰੁਦਨ ਕੋ ਠਾਨਾ।
ਬੂਝਯੋ ਤਿਨਹੁੰ ਪ੍ਰਸੰਗ ਬਖਾਨਾ।
'ਸੁਨਹੁ ਭ੍ਰਾਤ ! ਜਿਮ ਤੁਝ ਸੰਗ ਕੀਨਿ।
ਤਿਮ ਗੁਰ ਨੇ ਮੁਝ ਕੋ ਦੁਖ ਦੀਨਿ ॥੩੯॥
ਪਿਤਾ ਮੋਹਿ ਸੂਧਾ ਚਿਤ ਸਾਧੂ।
ਨਹੀਂ ਕਰਯੋ ਤਿਸ ਕੇ ਅਪਰਾਧੂ।
ਗਹਿ ਲੀਨਿਸਿ ਅਬਿਗਤਿ[1] ਕਰਿ ਮਾਰਾ।
ਖੈਂਚਿ ਬਿਪਾਸਾ ਸਰਿਤਾ ਡਾਰਾ ॥੪੦॥
ਕਰਿ ਮੈਂ ਤ੍ਰਾਸ ਬਿਸਾਲ ਪਲਾਯੋ।
ਤਕਯੋ[1] ਤਹਾਂ ਤੇ ਤੁਵ ਢਿਗ ਆਯੋ।
ਹਮ ਦੋਨਹੁੰ ਕੇ ਪਿਤ ਕੋ ਮਾਰਾ।
ਨਹਿਂ ਪਲਟਾ ਹਮ ਲੀਨਿ ਸੰਭਾਰਾ ॥੪੧॥
ਧਿਕ ਧਿਕ ਜਗਤ ਕਹੈ ਹਮ ਹੀ ਕੋ।
ਖਾਨ ਪਾਨ ਹਮਰੋ ਨਹਿਂ ਨੀਕੋ।
ਪਿਤ ਕੋ ਮਾਰਨਿਹਾਰ ਉਦਾਰਾ।
ਜਬਿ ਲੌ ਛਲ ਬਲ ਕਰ ਨਹਿਂ ਮਾਰਾ ॥੪੨॥
ਜਹਾਂਗੀਰ ਤੌ ਰਖਹਿ ਅਦਾਇਬ[1]।

[1]ਫੜ ਲਵਾਂਗੇ।
[1]ਭਰੋਸਾ ਨਾ ਕਰੋ।
[1]ਬੁਰੀ ਮੌਤੇ।
[1]ਤੇਰਾ ਆਸਰਾ) ਤੱਕ ਕੇ।
[1]ਜਹਾਂਗੀਰ ਤਾਂ ਰੱਖਦਾ ਸੀ ਅਦਬ।

ਹਾਥ ਜੋਰਿ ਭਾਖਤਿ -ਗੁਰੂ ਸਾਹਿਬ-।
ਸੋ ਤੌ ਮਰਜੋ, ਰਹਜੋ ਨਹਿਂ ਅਬੈ।
ਸ਼ਾਹਜਹਾਂ ਸੋਂ ਮਿਲਤਿ ਨ ਕਬੈ ॥੪੩॥
ਜੁਤਿ ਉਮਰਾਵ ਸੁ ਲਸ਼ਕਰ ਮਾਰਾ।
ਛੀਨਿ ਬਾਜ ਇਤਿ ਭਾਜਿ ਸੰਭਾਰਾ।
ਸੋ ਸ਼ੱਤ੍ਰੂ ਇਹ ਮਹਿਦ ਮਹਾਨਾ।
ਉੱਦਮ ਧਰਹੁ ਕਰਹਿਂ ਗੁਰੁ ਹਾਨਾ'
॥੪੪॥
ਕਰਮ ਚੰਦ ਬੋਲਜੋ 'ਕਿਸ ਰੀਤਿ?
ਗਹਹਿ ਕਿ ਮਾਰਹਿ ਗੁਰ ਕੋ ਜੀਤ।
ਦਲ ਜਿਹ ਸੰਗ, ਆਪ ਬਡ ਜੋਧਾ।
ਜਾਨਜੋ ਸ਼ਾਹੁ ਜਹਾਂ ਤਜਿ ਕ੍ਰੋਧਾ ॥੪੫॥
ਕਿਸ ਮਸਲਤ ਕਰਿ ਬਲ ਤੇ ਘਾਲਹਿਂ[1]। [1]ਮਾਰੀਏ।
ਕੈ ਕਰਿਬੋ ਕੁਛ ਕਪਟ ਕਰਾਲਹਿ[1]। [1]ਯਾ ਕੋਈ ਭਿਆਨਕ ਕਪਟ ਕਰੀਏ।
ਸੋ ਬਤਾਉ ਜਿਮ ਬਸਿ ਮਹਿਂ ਆਵਹਿ।
ਨਾਂਹਿ ਤ ਸ਼ਸਤ੍ਰ ਸਾਥ ਬਿਨਸਾਵਹਿ
॥੪੬॥
ਸਭਿ ਪੀਰਨਿ ਕੋ ਤਬਹਿ ਮਨਾਵੌਂ।
ਬਹੁਤ ਸ਼ੀਰਨੀ ਤਬਿ ਬਰਤਾਵੌਂ।
ਸਿਰ ਪਰ ਪਾਗ ਬਾਂਧਿ ਹੌਂ ਤਬੈ।
ਹਤਹਿਂ ਕਿ ਪਕਰਹਿਂ ਗੁਰੁ ਕੋ ਜਬੈ
॥੪੭॥
ਤਬਿ ਹੀ ਜੀਵਨ ਹੁਇ ਸੁਖ ਭਰਜੋ।
ਨਾਂਹਿ ਤ ਸਮੈਂ ਬਿਤਾਵੌਂ ਮਰਜੋ।
ਇਸ ਤੇ ਅਪਰ ਨ ਮੋ ਕਹੁ ਆਛੇ।
ਪੂਰੀ ਕਰਹਿਂ ਪੀਰ ਮਨ ਬਾਂਛੇ[1] ॥੪੮॥ [1]ਪੀਰ (ਮੇਰੀ) ਮਨ ਦੀ ਇੱਛਾ ਪੂਰੀ ਕਰਨ।
ਧਨ ਖਰਚਨਿ ਮੈਂ ਸ਼ਾਮਲ ਤੇਰੇ।
ਕਰਿ ਹੌਂ ਜਿਤਿਕ ਸ਼ਕਤਿ ਹੈ ਮੇਰੇ।
ਜੇ ਕਾਰਜ ਹੁਇ ਸ਼ਾਹੁ ਨਜੀਕਾ।
ਸੋ ਮੈਂ ਕਰੌਂ ਲਾਇ ਬਲ ਨੀਕਾ ॥੪੯॥
ਮੁਝ ਤੁਝ ਕੋ ਸਮ[1] ਕਾਰਜ ਅਹੈ। [1]ਇਕੋ ਜਿਹਾ।
ਪਿਤ ਕੋ ਪਲਟਾ ਦੋਨਹੁ ਲਹੈਂ।

ਹੁਤੋ ਅਗਨਿ ਕੇ ਸਮ ਤਿਹ ਜਾਰਨਿ[1]।
ਨਹਿਂ ਏਕਲ ਤੇ ਹੋਯਉ ਜਾਰਨਿ[1] ॥੫੦॥

[1]ਤਿਸ ਦਾ ਸਾੜਨਾ।
[1]ਮੈਥੋਂ) ਕੱਲੇ ਤੋਂ ਉਸ ਦਾ ਬਾਲਣਾ ਨਹੀਂ ਹੋ ਸਕਿਆ [ਹਿੰ: ਉਜਾਲਨਾ]

ਮਿਲਜੋ ਪੌਨ ਸਮ ਤੂੰ ਅਬਿ ਆਇ।
ਜਜੋਂ ਕਜੋਂ ਕਰਿ ਲੇਂ ਬਾਤ ਬਨਾਇ।
ਮਨਹੁ ਉਡੀਕਤਿ ਕੋ ਚਲਿ ਆਯੋ।
ਕਰਿ ਉੱਦਜੋਗ[1] ਹੋਹਿ ਮਨ ਭਾਯੋ' ॥੫੧॥

[1]ਉੱਦਮ।

ਕਰਮਚੰਦ ਇਮ ਧੀਰਜ ਦੀਨਿ।
ਅਪਨੇ ਘਰਿ ਮਹਿਂ ਆਦਰ ਕੀਨਿ।
ਖਾਨ ਪਾਨ ਕੀ ਲੇ ਸਭਿ ਸਾਰ।
ਮਿਲੇ ਦੁਖੀ ਦੋਨਹੁ ਕੁਰਿਆਰ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਘੇਰੜ ਅਰ ਚੰਦੂ ਨੰਦਨ' ਪ੍ਰਸੰਗ ਬਰਨਨੰ ਨਾਮ ਏਕੋਨਿ ਤ੍ਰਿੰਸਤੀ ਅੰਸੂ ॥੨੯॥

## ੩੦. [ਰਤਨ ਚੰਦ ਤੇ ਕਰਮ ਚੰਦ ਨੇ ਸੂਬਾ ਚੜ੍ਹਾ ਲਿਆਂਦਾ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਰਹਜੋ ਨਿਸਾ ਮਹਿਂ ਮਿਲਿ ਦੁਖੀ, ਗੁਰ ਨਿੰਦਕ ਕੁੜਿਆਰ।
ਕਰਮ ਚੰਦ ਸੋਂ ਤਬਿ ਕਹਜੋ, ਰਤਨ ਚੰਦ ਦੁਖਧਾਰਿ ॥੧॥

ਚੌਪਈ:

'ਸੁਨਹੁ ਪ੍ਰਸੰਗ ਪਿਤਾ ਜਿਮ ਮਾਰਾ।
ਹਮ ਬੈਠੇ ਸਭਿ ਸਦਨ ਮਝਾਰਾ।
ਆਇ ਅਚਾਨਕ ਗੁਰੁ ਤਿਸ ਗ੍ਰਾਮੂ।
ਉਤਰਜੋ ਠਾਨਿ ਜਾਨਿ ਅਭਿਰਾਮੂ ॥੨॥
ਦਿਵਸ ਆਗਲੇ ਕੋਟ ਉਸਾਰਾ।
-ਨਗਰ ਬਸਾਵੌਂ ਮੈਂ ਨਿਰਧਾਰਾ-।
ਸੁਨਿ ਮਮ ਪਿਤਾ ਗਯੋ ਤਿਹ ਕਹਜੋ।
-ਮਾਲਿਕ ਭੂਮਿ ਕੌਨ ਤੈਂ ਲਹਜੋ? ॥੩॥
ਬੂਝਜੋ ਹੈ ਕਿ ਨਹੀਂ, ਕਿਤ ਕੋਊ?
ਹਾਕਮ ਪ੍ਰਜਾ ਨ ਰਾਜੀ ਦੋਊ।
ਸ਼ਾਹ ਜਹਾਂ ਸਭਿ ਮੁਲਖਨਿ ਮਾਲਿਕ।
ਲੇਨਿ ਦੇਨਿ ਸਭਿ ਤਿਸ ਕੇ ਤਾਲਿਕ- ॥੪॥
ਏਕ ਨਹੀਂ ਮਮ ਪਿਤ ਕੀ ਮਾਨੀ।
ਸ਼ਾਹੁ ਨਾਮ ਤੇ ਗਾਰਿ ਬਖਾਨੀ।
ਪਕਰਿ ਮਾਰਿ ਸਰਿਤਾ ਮੈਂ ਗੇਰਾ।
ਤ੍ਰਾਸ ਨਹੀਂ ਮਾਨਤਿ ਕਿਸ ਕੇਰਾ ॥੫॥
ਅਬਿ ਤਹਿਂ ਪਰਜੋ ਕੋਟ ਚਿਨਵਾਵੈ।
ਅਪਨਿ ਨਾਮ ਪਰ ਨਗਰ ਬਸਾਵੈ।
ਅਬਿ ਸੁਨਿ ਮਾਰਨਿ ਕੇਰ ਉਪਾਊ।
ਜੈਸੇ ਮੈਂ ਆਯੋ ਤਕ ਦਾਊ ॥੬॥
ਇਕ ਤੌ ਤੇਰੋ ਹੋਹਿ ਸਹਾਰਾ।
ਇਹਾਂ ਜੁ ਸੂਬਾ ਸੈਨ ਉਦਾਰਾ[1]।
ਇਸ ਕੇ ਸਾਥ ਮੋਹਿ ਮਿੱਤ੍ਰਾਈ।
ਅਬਿਲੌ ਕਾਜ ਨ ਕੁਛ ਬਨਿ ਆਈ ॥੭॥

[1]ਬਹੁਤੀ ਸੈਨਾਂ ਵਾਲਾ।

ਚਲਹਿਂ ਪ੍ਰਾਤਿ ਕੋ ਇਸ ਕੇ ਪਾਸ।
ਸਗਰੀ ਬਾਤ ਸੁਨਾਵਹਿਂ ਤਾਸਿ।
ਸੈਨਾਂ ਸਹਤ ਚਲਹਿ ਜੇ ਆਪ।
ਤੇ ਗਹਿ ਲੇਹਿਂ ਹਰਹਿਂ ਗੁਰੁ ਦਾਪ[1] ॥੮॥

[1]ਗੁਰੂ ਦਾ ਹੰਕਾਰ ਦੂਰ ਕਰਾਂਗੇ। (ਅ) ਗੁਰੂ ਨੂੰ ਹੰਕਾਰ ਨਾਲ।

ਹਮ ਤੁਮ ਦੋਨਹੁ ਕਰਹਿਂ ਪੁਕਾਰੂ।
ਗੁਰ ਅਪਰਾਧ ਹੋਹਿ ਨਿਰਧਾਰੂ[1]।'

[1]ਗੁਰੂ ਜੀ ਦਾ ਅਪਰਾਧ ਨਿਰਨੇ ਹੋ ਜਾਏਗਾ।

ਕਰਮ ਚੰਦ ਸੁਨਿ ਅਨੰਦ ਵਧਾਯੋ।
'ਹਮ ਤੁਮ ਦੋਨਹੁਂ ਜਬਹਿ ਸੁਨਾਯੋ ॥੯॥
ਚਢਹਿ ਤੁਰਤ ਕੁਛ ਲਗਹਿ ਨ ਦੇਰਿ।
ਲਸ਼ਕਰ ਜਿਸ ਕੇ ਨਿਕਟਿ ਬਡੇਰਿ।
ਸਕਲ ਦੇਸ਼ ਇਸ ਨਜਾਉਂ ਚੁਕਾਵੈ।
ਜਬਰੀ ਕਰਹਿ ਸੁ ਬਰਜਿ ਹਟਾਵੈ ॥੧੦॥
ਇਸ ਤੇ ਪਰੈ ਅਪਰ ਕਜਾ ਹੋਇ।
ਇਮ ਸੁਨਿ ਕੈ ਕੋਪਹਿ ਸਭਿ ਕੋਇ।
-ਭੂਮਿ ਪਰਾਈ ਛੀਨਿ ਸੁ ਮਾਰਾ।
ਨਾਂਹਿ ਚਢਹੁ ਹੁਇ ਦੇਸ਼ ਉਜਾਰਾ ॥੧੧॥
ਗਢ[1] ਪਾਵਹਿ ਗੁਰ ਆਕੀ ਹੋਇ।

[1]ਕਿਲ੍ਹਾ।

ਗ੍ਰਾਮ ਨਿਕਟਿ ਕੋ ਰੋਕਹਿ ਸੋਇ-।'
ਇਮ ਕਹਿ ਸੁਨਿ ਆਪਸ ਮਹਿਂ ਸੋਏ।
ਜਾਗੇ ਬਹੁਰ ਪ੍ਰਾਤਿ ਕੋ ਜੋਏ ॥੧੨॥
ਬੈਠਯੋ ਸੂਬਾ ਅਬਦੁਲਖਾਨ।
ਲਗੀ ਕਚਹਿਰੀ ਨਿਕਟਿ ਮਹਾਨ।
ਸਿਰ ਨਾਂਗੋ ਕਰਿ ਜਾਇ ਪੁਕਾਰਾ।
'ਕਰਯੋ ਕਹਿਰ, ਮੇਰੋ ਪਿਤ ਮਾਰਾ ॥੧੩॥
ਗੁਰ ਨੇ ਛੀਨਿ ਲੀਨਿ ਸਭਿ ਧਰਨੀ।
ਬਿਨਾਂ ਤ੍ਰਾਸ ਕੀਨਸਿ ਅਸ ਕਰਨੀ।
ਕੋਟ ਉਸਾਰਤਿ ਤਹਿਂ ਬਡ ਗਾਢੋ।
ਹੋਹਿ ਮਵਾਸਿ ਗਰਬ ਉਰ ਬਾਢੋ' ॥੧੪॥
ਅਬਦੁਲ ਖਾਂ ਸੁਨਿ ਪਾਸ ਹਕਾਰਾ।
'ਕਹੁ ਨਿਰਨੈ ਕਰਿ ਕਯੋਂ ਕਰਿ ਮਾਰਾ?

ਲੇਨਿ ਦੇਨਿ ਕਜ਼ਾ ਪਿਖਿ ਅਪਰਾਧਾ।
ਕਯੋਂ ਗਹਿ ਮਾਰਯੋ ਦੇ ਕਰਿ ਬਾਧਾ?'
॥੧੫॥
ਕਰਮ ਚੰਦ ਪੁਨ ਸਕਲ ਸੁਨਾਈ।
'ਸੋ ਨਹਿਂ ਡਰਤਿ ਕਰਹਿ ਮਨ ਭਾਈ।
ਜੇਠ ਬਿਖੈ ਏਤੋ ਉਤਪਾਤ।
ਜਿਸ ਤੇ ਭਯੋ ਨਰਨਿ ਗਨ ਘਾਤ ॥੧੬॥
ਲੇ ਕਰਿ ਬਾਜ਼ ਸ਼ਾਹੁ ਕੋ ਆਵਾ।
ਸਦਨ ਸੁਧਾਸਰ ਤੇ ਨਿਕਸਾਵਾ।
ਗ੍ਰਾਮ ਰੁਹੇਲਾ ਤਹਿਂ ਸਭਿ ਧਰਨੀ।
ਹੁਤੀ ਇਨਹੁਂ ਕੀ ਦੇਸ਼ਨਿ ਬਰਨੀ[1]
॥੧੭॥
ਛੀਨਿ ਲੀਨਿ, ਗੜ੍ਹ ਕਰਹਿਂ ਉਸਾਰਨ।
ਘੇਰੜ ਗਯੋ ਬਰਜਿਬੇ ਕਾਰਨ।
ਪਕਰਿ ਮਾਰ ਸਰਿਤਾ ਮਹਿਂ ਡਾਰਾ।
ਸ਼ਾਹੁ ਜਹਾਂ ਕੋ ਤ੍ਰਾਸ ਨ ਧਾਰਾ ॥੧੮॥
ਅਬਿ ਤੁਮਰੋ ਕੁਛ ਡਰ ਨਹਿਂ ਧਰਯੋ।
ਮਾਰ ਦੀਨਿ ਮਨ ਭਾਵਤਿ ਕਰਯੋ।
ਤੁਮ ਸੋਂ ਬਿਗਰਹਿਗੋ ਇਕ ਦਯੋਸ।
ਤਬਿ ਤੁਮਰੋ ਬਸ ਚਲੈ ਨ ਰੋਸ ॥੧੯॥
ਅਬਿ ਪਕਰਹੁ ਕੈ ਕਰਹੁ ਸੰਘਾਰਨਿ।
ਅਹੈ ਸੁਖੈਨ, ਨ ਲਰਿਬੇ ਕਾਰਨਿ[1]।
ਬਹੁਰ ਜਮਾਂ ਕਰਿ ਲੇਹਿ ਲਰਾਈ।
ਗਢ ਪਾਏ ਕਰਿ ਹੈ ਤਕਰਾਈ ॥੨੦॥
ਜੇ ਨਹਿਂ ਚਢਹੁ, ਬਾਤਿ ਦਿਹੁ ਟਾਰਿ।
ਇਸ ਮਹਿਂ ਔਗਨਿ ਅਧਿਕ ਪ੍ਰਕਾਰ।
ਅਲਪ ਸੰਗ ਦਲ, ਪੁਨ ਹੁਇ ਭਾਰੋ।
ਅਪਰ ਸਮਾਜ ਸੰਚਿ ਲੇ ਸਾਰੋ ॥੨੧॥
ਆਗੇ ਮਾਰਯੋ ਮੁਗ਼ਲਸਖਾਨ।
ਔਚਕ ਚਲਹੁ ਗਹਹੁ ਜੁਤਿ ਪ੍ਰਾਨ[1]।
ਲਰਹਿ ਅਗਾਰੀ ਤੌ ਦਿਹੁ ਮਾਰ।

[1]ਦੇਸ਼ ਦੇ ਲੋਕਾਂ ਵਿਚ ਕਹੀ ਜਾਂਦੀ ਹੈ।

[1]ਲੜਾਈ ਦੇ ਕਾਰਨ (= ਸਮਾਨ ਗੁਰੂ ਜੀ ਪਾਸ) ਕੋਈ ਨਹੀਂ ਹਨ।

[1]ਭਾਵ ਜੀਉਂਦਾ।

ਹਜ਼ਰਤਿ ਹੋਇ ਪ੍ਰਸੰਨ ਉਦਾਰ ॥੨੨॥
ਛੀਨਹੁ ਬਾਜ਼ ਆਪ ਲੇ ਚਲੋ।
ਪਾਤਸ਼ਾਹੁ ਸੋਂ ਹਰਖਤਿ ਮਿਲੋ।
ਬਖਸ਼ੈ ਮਨਸਬ ਬਹੁਰ ਸਵਾਇ।
ਬਾਜ਼ ਅਮੋਲਕ ਜਬਿ ਲਿਹੁ ਪਾਇ ॥੨੩॥
ਤੋ ਢਿਗ ਲਸ਼ਕਰ ਹੈ ਅਬਿ ਭਾਰਾ।
ਲੇਹੁ ਫਤੇ ਮੈਦਾਨ ਮਝਾਰਾ।
ਹਰਿਗੋਵਿੰਦ ਕੋ ਜੇ ਗਹਿ ਲੈ ਹੈਂ।
ਬਡੋ ਮਰਾਤਬ ਹਜ਼ਰਤ ਦੈ ਹੈ ॥੨੪॥
ਦੁਸ਼ਮਨ ਸ਼ਾਹ ਜਹਾਂ ਕੋ ਭਾਰੋ।
ਸੁਧਰਹਿਂ ਸਭਿ ਕਾਰਜ, ਜਬਿ ਮਾਰੋ।'
ਅਬਿਦੁਲ ਖਾਨ ਕਾਨਿ ਸਭਿ ਸੁਨਿ ਕੈ।
ਹਾਨ ਲਾਭ ਨੀਕੇ ਮਨ ਗੁਨਿ ਕੈ ॥੨੫॥
ਨਿਸ਼ਚੈ ਕੀਨਿ -ਗੁਰੂ ਕੋ ਗਹੌਂ।
ਹਜ਼ਰਤ ਕੀ ਪ੍ਰਸੰਨਤਾ ਲਹੌਂ।
ਅਰ ਮਮ ਸਖਾ ਕਾਜ ਇਹ ਆਯੋ।
ਕਰੌਂ ਭਲੇ ਚਲਿ ਕੈ ਮਨ ਭਾਯੋ ॥੨੬॥
ਲੇ ਕਰਿ ਬਾਜ਼ ਮਿਲੌਂ ਅਬਿ ਸ਼ਾਹੂ।
ਪਾਵੌਂ ਬਡ ਮਨਸਬ ਤਿਸ ਪਾਹੂ।
ਔਚਕ ਫਤੇ ਮੋਹਿ ਕਹੁ ਪਾਈ।
ਕਯੋਂ ਨ ਲੇਉਂ ਮੈਂ ਅਲਪ ਲਰਾਈ- ॥੨੭॥
ਨਿਜ ਸਮੀਪ ਕੇ ਬੂਝਨ ਕਰੇ।
ਸਭਿਨਿ ਕਹਯੋ 'ਅਬਿ ਕਯਾ ਗੁਰੁ ਲਰੇ?
ਹੁਤੇ ਸਿੱਖ ਬਪੁਰੇ ਕੁਝ ਸੰਗਿ।
ਹਤੇ ਗਏ ਸੋ ਕੀਨਸਿ ਜੰਗ ॥੨੮॥
ਦਈ ਖੁਦਾਇ ਤੋਹਿ ਬਡਿਆਈ।
ਅਬਿ ਔਚਕ ਬਿਧਿ ਆਨਿ ਬਨਾਈ।
ਦੁਸ਼ਮਨ ਹਜ਼ਰਤਿ ਕੋ ਅਤਿ ਅਹੈ।
ਕਰਹਿ ਸੰਘਾਰਨਿ ਕੈ ਤਿਸ ਗਹੈਂ ॥੨੯॥
ਕਯੋਂ ਨ ਪ੍ਰਸੰਨ ਸ਼ਾਹੁ ਤਬਿ ਹੋਇ।

ਤੁਝ ਕੋ ਹੈ ਸੁਖੇਨ ਅਬਿ ਸੋਇ।
ਕਜਾ ਬੂਝਹੁ, ਚਢੀਅਹਿ ਅਬਿ ਤੂਰਨ।
ਲੇਹੁ ਬਿਜੈ ਹੁਹਿ ਕਾਜ ਸੰਪੂਰਨ' ॥੩੦॥
ਸੁਨਿ ਮਸਲਤਿ ਕੋ ਨਿਜ ਸਾਥੀਨਿ।
ਹਰਖਜੋ ਗਰਬਤਿ ਆਗਜਾ ਦੀਨਿ।
'ਚਢਨਿ ਹੇਤੁ ਦੁੰਦਭਿ ਬਜਵਾਯੋ।
ਗੁਲਕਾਂ ਬਹੁ ਬਰੂਦ ਬਰਤਾਯੋ ॥੩੧॥
ਜੋ ਜਿਸ ਚਹੀਅਹਿ ਸੋ ਸਭਿ ਦੀਜਹਿ।
ਸੈਨਾ ਸਰਬ ਤਜਾਰ ਕਰਿ ਲੀਜਹਿ।'
ਇਤ ਉਤ ਮਾਨਵ ਸ਼ੀਘ੍ਰ ਪਲਾਏ।
ਹਿਤ ਤਜਾਰੀ ਦੁੰਦਭਿ ਬਜਵਾਏ ॥੩੨॥
ਸੈਨਾਪਤਿ ਸਭਿ ਨਿਕਟਿ ਹਕਾਰੇ।
ਸਨਮਾਨਤਿ ਮ੍ਰਿਦੁ ਬਾਕ ਉਚਾਰੇ।
ਸ਼ਸਤ੍ਰ ਬਸਤ੍ਰ ਬਖਸ਼ੇ ਸਮੁਦਾਇ।
'ਚਢਹੁ ਸਕਲ ਹੀ ਬਿਲਮ ਭੁਲਾਇ'
॥੩੩॥
ਤਰਕਸ਼, ਤੋਮਰ, ਧਨੁਖ ਸੰਭਾਰੇ।
ਤੁਪਕ, ਤਮਾਂਚੇ ਗਜ਼ਬ ਗੁਜਾਰੇ[1]।
ਗੁਲਕਾਂ ਗਨ, ਬਰੂਦ ਮਨ ਭਾਈ।
ਲੇ ਲੇ ਸੁਭਟ ਤਜਾਰ ਸਮੁਦਾਈ ॥੩੪॥
ਭਾਂਤਿ ਭਾਂਤਿ ਕੇ ਖੜਗ ਬਿਲੰਦੇ।
ਮੁਸ਼ਟਨਿ ਲਿਪ ਚਾਮੀਕਰ ਬ੍ਰਿੰਦੇ[1]।
ਬਹੁਤ ਮੋਲ ਕੀ ਸਿਪਰ ਸੰਭਾਰੀ।
ਭਯੋ ਸਨੱਧਬੱਧ ਦਲ ਭਾਰੀ ॥੩੫॥
ਅਬੁਦੁਲਖਾਨ ਅਧਿਕ ਉਤਸਾਹੂ।
ਪਿਖਿ ਸੈਨਾ ਉਰ ਜੰਗ ਉਮਾਹੂ।
-ਦਲ ਜੁਤਿ ਕਜਾ ਗੁਰ ਹਮਰੇ ਆਗੇ।
ਗਹੈਂ ਕਿ ਮਾਰਹਿਂ ਜੇ ਨਹਿਂ ਭਾਗੇ-
॥੩੬॥
ਨਿਕਸਜੋ ਵਹਿਰ ਬੰਬ ਬਜਵਾਈ।
ਚਢੀ ਬਾਹਿਨੀ ਹੁਇ ਸਮੁਦਾਈ।
ਜਥਾ ਘਟਾ ਪ੍ਰੇਰੀ ਬਡ ਪੌਨ।

[1]ਗਜ਼ਬ ਕਰਨ ਵਾਲੇ।

[1]ਜਿਨ੍ਹਾਂ ਦੀਆਂ ਮੁੱਠਾ ਨੂੰ ਸੋਨਾ ਲਗਾ ਸੀ।

ਬਾਦਿਤ ਬਜਤਿ ਗਰਜਨਾ ਤੌਨ[1] ॥੩੭॥ — [1]ਤਿਵੇਂ ਤਿੰਨ੍ਹਾਂ ਵਾਜਿਆਂ ਦੇ ਵੱਜਣ ਦੀ ਗਰਜ ਹੈ।
ਚਮਕਹਿਂ ਸ਼ੱਤ੍ਰ ਚੰਚਲਾ[1] ਮਾਨੋ। — [1]ਬਿਜਲੀ।
ਗੁਲਕਾਂ ਓਰੇ ਭਰੇ ਮਹਾਨੋ।
ਸਿੱਖਨਿ ਕੋ ਦਲ ਪਾਕਜੋ ਖੇਤ।
ਚਲੇ ਤਹਾਂ ਬਰਸਨ ਕੇ ਹੇਤੁ ॥੩੮॥
ਗੁਰ ਕੇ ਬਾਨ ਬਿਪਰਜੈ ਵਾਯੁ[1]। — [1]ਉਲਟੀ ਹਵਾ।
ਜੋ ਸਨਮੁਖ ਚਲਿ, ਦੇਹਿ ਉਡਾਯੂ।
ਚਲਜੋ ਬੇਗ ਕਰਿ ਲਸ਼ਕਰ ਭਾਰੋ।
ਉਤਸਾਹਤਿ ਬੋਲਤਿ 'ਗੁਰ ਮਾਰੋ' ॥੩੯॥
ਭਏ ਸਗੁਨ ਮੰਦੇ ਅਵਿਲੋਕ।
ਸਜਾਨੇ ਦਿਲ ਮਹਿਂ ਧਾਰਤਿ ਸ਼ੋਕ।
ਸਮੁਖ ਬਾਯੁ[1], ਮ੍ਰਿਗ ਮਾਲ ਕੁਫੇਰੀ[2]। — [1]ਸਾਹਮਣੀ ਵਾਉ। [2]ਤੇ ਹਰਨਾਂ ਦੀ ਡਾਰ ਉਲਟੇ ਪਾਸਿਓਂ।
ਹਯ ਰੋਦਤਿ ਦ੍ਰਿਗ ਅੱਸ਼੍ਰ ਗੇਰੀ ॥੪੦॥
ਸਿਰ ਪਰ ਬਾਯਸ, ਗੀਧ ਭ੍ਰਮਾਵੈਂ[1]। — [1]ਘੁੰਮਦੇ ਹਨ।
ਸ਼ਿਵਾ ਅਸ਼ਿਵਾ[1] ਪੁਕਾਰਤਿ ਆਵੈਂ। — [1]ਗਿਦੜੀਆਂ ਅਮੰਗਲ ਰੂਪ।
ਗਿਰਹਿਂ ਅਚਾਨਕ ਚਾਲਤਿ ਘੋਰੇ।
ਮਨ ਸੂਰਨਿ ਕੇ ਮਲਿਨ ਅਥੋਰੇ[1] ॥੪੧॥ — [1]ਬਹੁਤੇ ਮਲਿਨ ਹੋਏ ਹੋਏ ਹਨ।
ਮਿਲਜੋ ਕਾਠ ਕੋ ਭਾਰ ਅਗਾਰੀ।
ਖਰ ਬੋਲਜੇ, ਮ੍ਰਿਤੁ ਸੂਚਤਿ ਭਾਰੀ[1]। — [1]ਗਧਾ ਬੋਲਿਆ ਜੋ ਭਾਰੀ ਮੌਤ ਜਣਾਂਵਦਾ ਹੈ।
ਦੁੰਦਭਿ ਨਾਦਤਿ ਅਲਪ ਮਲੀਨਾ।
ਜਾਤਿ ਲਿਯੇ ਮਿਰਤਕ ਸਭਿ ਚੀਨਾ ॥੪੨॥
ਰਤਨ ਚੰਦ ਢਿਗ ਅਬਦੁਲ ਖਾਨ।
ਕਰਮ ਚੰਦ ਚੰਦੂ ਸੁਤ ਜਾਨ।
ਬੂਝਤਿ 'ਕਿਤਿਕ ਕੋਟ ਕਰਿ ਲੀਨਿ?
ਸੰਗ ਕਿਤਿਕ ਦਲ ਦੇਖਨਿ ਕੀਨਿ?' ॥੪੩॥
ਕਹਨਿ ਲਗਜੋ 'ਕਜਾ ਤੁਮਰੇ ਆਗੇ?
ਮੈਂ ਜਾਨੀ ਮਨ, ਪਿਖਿ ਗੁਰੁ ਭਾਗੇ।
ਆਟੇ ਬਿਖੈ ਲੋਨ ਅਨੁਮਾਨਾ।
ਮਿਹਰ ਖੁਦਾਇ ਆਪ ਪਰ ਜਾਨਾ'

॥ ੪੪ ॥
ਚਲਯੋ ਬੇਗ ਤੇ ਲਸ਼ਕਰ ਭਾਰਾ।
ਜਯੋਂ ਸਲਿਤਾਪਤਿ ਤਜਯੋ ਕਿਨਾਰਾ[1]। — [1]ਜਿਵੇਂ ਸਮੁੰਦਰ ਕਿਨਾਰੇ ਛੱਡਕੇ ਵਹਿ ਟੁਰੇ।
ਉਛਰਯੋ ਬਡ ਤਰੰਗ ਜੁਤਿ ਜਾਵੈ।
ਇਸ ਪ੍ਰਕਾਰ ਸੋ ਨਦਰੀ ਆਵੈ ॥ ੪੫ ॥
ਜਰਾਸਿੰਧੁ ਜਨੁ ਮੀਤ[1] ਬੁਲਾਯੋ। — [1]ਜਰਾਸਿੰਧੁ ਨੇ ਮਾਨੋ (ਆਪਣੇ) ਮਿੱਤ੍ਰ (ਕਾਲ ਯਮਨ) ਨੂੰ।
ਕਾਲ ਜਮਨ ਦਲ ਬਡ ਜੁਤਿ ਧਾਯੋ।
ਹਰਿਗੁਵਿੰਦ[1] ਪਰ ਲਰਨਿ ਸਿਧਾਵਾ। — [1]ਸ਼੍ਰੀ ਕ੍ਰਿਸ਼ਨ ਜੀ ਤੇ।
ਹਰਿ ਗੁਵਿੰਦ[1] ਪਰ ਤਿਮ ਇਹ ਆਵਾ ॥ ੪੬ ॥ — [1]ਸ਼੍ਰੀ ਗੁਰੂ ਹਰਿਗੋਬਿੰਦ ਜੀ ਤੇ।
ਚਲੇ ਬੀਰ ਦਸ ਪੰਚ ਹਜ਼ਾਰ[1]। — [1]ਪੰਦਰਾਂ ਹਜ਼ਾਰ।
ਪੁਸ਼ਟ ਤੁਰੰਗਨਿ ਪਰ ਅਸੁਵਾਰ।
ਲਿਏ ਸਹੰਸ੍ਰ ਚਤੁਰ ਦਸ਼ ਜੋਧਾ।
ਖਰ[1] ਜਨੁ ਚਢਯੋ ਰਾਮ ਪਰਿ ਕ੍ਰੋਧਾ ॥ ੪੭ ॥ — [1]ਇਕ ਰਾਖਸ਼ ਦਾ ਨਾਮ ਜੋ ਰਾਵਨ ਦਾ ਭਰਾ ਸੀ ਤੇ ਪੰਚ ਬਟੀ ਦੇ ਟਿਕਾਣੇ ਰਾਮ ਜੀ ਨੇ ਮਾਰਿਆ ਸੀ।
ਮਦਰਾ ਪਾਨ ਮਲੇਛ ਕਰੰਤੇ।
ਕਹਿ ਕਹਿ ਅਬਦੁਲ ਖਾਨ ਸੁਨੰਤੇ।
'ਕਹਾਂ ਗੁਰੂ ਅਬਿ ਦੇਹੁ ਬਤਾਇ।
ਗਹੈਂ ਤੁਰਤ ਕਜਾ ਜੰਗ ਮਚਾਇ ॥ ੪੮ ॥
ਕੋ ਅਬਿ ਅਟਕਹਿ ਲਰਹਿ ਅਗਾਰੀ।
ਛਿਨ ਮਹਿਂ ਸ਼ੱਤ੍ਰੁਨਿ ਦੇਹਿਂ ਸੰਘਾਰੀ।
ਹਮਰੀ ਸੈਨਾ ਬਡ ਸਵਧਾਨ।
ਕੌਨ ਅਰਹਿ ਆਗੇ ਇਨ ਆਨਿ' ॥ ੪੯ ॥
ਜਥਾ ਸਗਰ[1] ਕੇ ਸੁਤ ਹੰਕਾਰੇ। — [1]ਇਕ ਰਾਜੇ ਦਾ ਨਾਮ ਜਿਸ ਦੇ ਸੱਠ ਹਜ਼ਾਰ ਪੁੱਤ੍ਰ ਸਨ, ਜੋ ਹੰਕਾਰ ਵਿਚ ਕਪਲ ਮੁਨੀ ਦਾ ਅਪਮਾਨ ਕਰਕੇ ਉਸ ਦੇ ਸ੍ਰਾਪ ਨਾਲ ਭਸਮ ਹੋ ਗਏ।
ਗਿਨਹਿ ਨ ਕਾਹੂੰ ਅਵਨਿ ਮਝਾਰੇ।
ਪਲਕ ਉਘਾਰਨਿ[1] ਤੇ ਜਰਿ ਗਏ। — [1]ਕਪਲ ਮੁਨੀ ਦੀ) ਦ੍ਰਿਸ਼ਟੀ ਨਾਲ, ਭਾਵ ਸ੍ਰਾਪ ਨਾਲ।
ਤਥਾ ਮੂਢ ਚਾਹਤਿ ਰਿਸਿ ਭਏ[1] ॥ ੫੦ ॥ — [1]ਮਾਨੋਂ) ਤਿਵੇਂ ਚਾਹ ਰਹੇ ਹਨ।
ਕਰਤੇ ਮਾਰ ਬਕਾਰਾ ਚਾਲੇ।
ਪੀ ਸ਼ਰਾਬ ਕੇਤਿਕ ਮਤਵਾਲੇ।

ਹਯਨਿ ਬਾਗ ਕਰ ਗਹੈਂ ਕੁਦਾਵੈਂ।
ਤੁਪਕ ਸੰਭਾਰਤਿ ਕਿਤਿਕ ਧਵਾਵੈਂ
॥ ੫੧ ॥
ਪਟਹਿ ਭੇਰਿ[1] ਰਣਸਿੰਙੇ ਬਜੇ।
ਬਸਤ੍ਰ ਸ਼ਸਤ੍ਰ ਜੁਤਿ ਜੋਧਾ ਸਜੇ।
ਧੁਨਿ ਉਚੀ ਤੇ ਬਾਜਤਿ ਢੋਲ।
ਭਟ ਮੁਦ ਧਰਤਿ ਪੁਕਾਰਤਿ ਬੋਲ ॥ ੫੨ ॥
ਚਲ੍ਯੋ ਪੰਥ ਲਸ਼ਕਰ ਤਬਿ ਐਸੇ।
ਗਿਰ ਪਰ ਬਰਖੇ ਤੇ ਹੜ੍ਹ ਜੈਸੇ।
ਦੁਹਰੀ ਚੋਬ ਦੁੰਦਭਿਨਿ ਪਰੀ।
ਦੂਰਿ ਦੂਰਿ ਲਗਿ ਧੁਨਿ ਸੁਨਿ ਪਰੀ
॥ ੫੩ ॥
ਪਹੁੰਚੇ ਆਨਿ ਰੁਹੇਲੇ ਤੀਰ।
ਕਲਮਲਾਤਿ[1] ਇਕਠੀ ਭਟ ਭੀਰ।
ਸਭਿ ਮਹਿਂ ਸੂਬਾ ਅਬਦੁਲ ਖਾਨ।
ਪਿਖਿ ਲਸ਼ਕਰ ਉਰ ਧਰਿ ਕਰਿ ਮਾਨ
॥ ੫੪ ॥
ਦਯੋ ਹੁਕਮ ਮੰਗਵਾਇਸਿ ਤਰਨੀ[1]।
ਪਾਰ ਸੈਨ ਸਭਿ ਤੂਰਨ ਕਰਨੀ।
ਤਤਛਿਨ ਕੇਵਟ ਹੁਇ ਸਮੁਦਾਯਾ।
ਲਸ਼ਕਰ ਕਰ੍ਯੋ ਪਾਰ, ਧਨ ਪਾਯਾ
॥ ੫੫ ॥

[1] ਭੇਰੀਆਂ।

[1] ਕੁਰਬਲ ਕੁਰਬਲ ਕਰਦੀ।

[1] ਬੇੜੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਅਬਦੁਲ ਖਾਨ ਸੂਬਾ ਅਰੂਢਨ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

## ੩੧. [ਜੰਗ ਦੀ ਤਿਆਰੀ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਕੋਸ ਰੁਹੇਲਾ ਜਬਿ ਰਹਜੋ ਠਾਂਢੇ
ਅਬਦੁਲਖਾਨ।
ਕਰੀ ਸੰਭਾਰਨਿ ਸੈਨ ਕੀ ਸੈਨਾਪਤਿ
ਬਲਵਾਨ ॥੧॥

ਚੌਪਈ:

ਲਰਨਿ ਜੰਗ ਕੋ ਬਜੋਂਤ ਬਿਚਾਰਾ।
ਪ੍ਰਿਥਕ ਪ੍ਰਿਥਕ ਦਲ ਭਾਗ ਸੁਧਾਰਾ[1]।
ਜਥੇਦਾਰ ਇਕ ਬੈਰਮ ਖਾਨ।
ਸ਼ਸਤ੍ਰ ਧਰਨਿ ਮਹਿਂ ਸੁਭਟ ਮਹਾਨ ॥੨॥
ਬਿੱਦਜਾ ਖੜਗ ਪ੍ਰਹਾਰਨਿ ਕੇਰੀ।
ਪਟੇ ਬਾਜ਼ ਕੀ ਰੀਤਿ ਬਡੇਰੀ।
ਏਕ ਹਜ਼ਾਰ ਸੰਗ ਦਲ ਕੀਨਾ।
ਹੱਥਿਯਾਰਨਿ ਮਹਿਂ ਜੋ ਬਲ ਪੀਨਾ ॥੩॥
ਦੁਤਿਯ ਮੁਹੰਮਦ ਖਾਨ ਸੁਜਾਨਾ।
ਬਿੱਦਜਾ ਬਾਨਨਿ ਬਿਖੈ ਮਹਾਨਾ।
ਚਾਂਪ ਕਠੋਰ ਐਂਚਿ ਜੋ ਮਾਰਤਿ।
ਬਹੁ ਸ਼ੱਤ੍ਰੁ ਆਗੇ ਜਿਸ ਹਾਰਤਿ ॥੪॥
ਜੀਤੇ ਆਗੈ ਜੰਗ ਬਿਸਾਲਾ।
ਬਲੀ ਅਧਿਕ ਅਰੁ ਪਿਖਹਿ ਕਰਾਲਾ।
ਏਕ ਹਜ਼ਾਰ ਸੁਭਟ ਦਲ ਦੈ ਕੈ।
ਸਾਵਧਾਨ ਹਿਤ ਲਰਿਬੇ ਕੈ ਕੈ ॥੫॥
ਤ੍ਰਿਤਿਯ ਖਾਨ ਬਲਵੰਡ ਪ੍ਰਚੰਡ[1]।
ਪਰਹਿ ਜੁਧ ਤਬਿ ਕਰਹਿ ਘਮੰਡ[1]।
ਕਰਿ ਮਹਿਂ ਤੋਮਰ ਬੰਬ ਲਿਆਲੇ।
ਏਕ ਹਜ਼ਾਰ ਕਰਜੋ ਜਿਸ ਨਾਲੇ ॥੬॥
ਚੌਥੋ ਅਲੀਬਖਸ਼ ਬਡਿ ਬੀਰ।
ਤੁਪਕ ਚਲਾਵਹਿ ਜੋ ਧਰਿ ਧੀਰ।
ਨਫਰ[1] ਤਜਾਰਿ ਕਰਿ ਕਰਿ ਜਿਸ ਦੇਤਿ।
ਛੋਰਤਿ ਜਿਤਿਕ ਸ਼ੱਤ੍ਰੁ ਹਤਿ ਲੇਤਿ ॥੭॥

[1]ਦਲ ਦੇ ਹਿਸੇ ਕੀਤੇ ਸੁਵਾਰ ਕੇ।

[1]ਬੜਾ ਬਲਵਾਨ।

[1]ਘਮਸਾਨ ਕਰਦਾ ਹੈ।

[1]ਨੌਕਰ।

ਚਲੀ ਤੁਪਕ ਜਿਸ ਛੂਛ ਨ ਜਾਇ।
ਬਿਦਤਿ ਲਖਹਿਂ ਜੋਧਾ ਸਮੁਦਾਇ।
ਸੁਭਟ ਇਮਾਮ ਬਖਸ਼ ਗਿਨਿ ਪੰਚ।
ਆਯੁਧ ਬਿੱਦਜਾ ਜਿਨ ਬਹੁ ਸੰਚਿ[1] ॥੮॥ [1]ਧਾਰੀ ਹੈ।
ਹਯ ਅਰੂਢਿਬੇ ਵਿੱਦਜਾ ਮਹਾਂ।
ਰਣ ਮਹਿਂ ਫੇਰਤਿ ਇਤਿ ਉਤਿ ਚਹਾ।
ਪੰਚ ਹਜ਼ਾਰ ਪੰਚਿ ਕੇ ਸੰਗ।
ਕਰਿ ਸੁਚੇਤ ਦੀਨੇ ਹਿਤ ਜੰਗ ॥੯॥
ਅਬਿਦੁਲ ਖਾਂ ਕੇ ਨੰਦਨ ਦੋਇ।
ਆਯੁਧ ਬਿੱਦਜਾ ਜਾਨਹਿਂ ਜੋਇ।
ਨਬੀ ਬਖਸ਼ ਜੇਠਾ ਸੁਤ ਅਹੈ।
ਦੁਤਿਯ ਕਰੀਮ ਬਖਸ਼ ਲਘੁ ਕਹੈਂ ॥੧੦॥
ਅਲੰਕਾਰ ਜਿਨ ਚਾਮੀਕਰ ਕੇ।
ਜਬਰ ਜਵਾਹਰ ਜ਼ੇਵਰ ਜ਼ਰ ਕੇ।
ਜਿਨ ਕੇ ਤਰੈ ਤੁਰੰਗ ਬਹੁ ਮੋਲੇ।
ਨਟ ਜਿਮ ਫਾਂਦਤਿ ਇਤ ਉਤਿ ਡੋਲੇ ॥੧੧॥
ਦੋਇ ਸੰਹਸ੍ਰ ਏਕ ਸੰਗ ਕਰਿ ਕੈ।
'ਹਤਹੁ ਰਿਪੁਨਿ ਕੋ ਓਜ ਸੰਭਰਿ ਕੈ।'
ਜੁਗਮ ਹਜ਼ਾਰ ਦੁਤਿਯ ਸੰਗਿ ਦੀਨੇ।
ਸਾਵਧਾਨ ਹ੍ਵੈ ਕੈ ਰਿਸ ਭੀਨੇ ॥੧੨॥
ਖਸ਼ਟ ਸਹੰਸ੍ਰ ਆਪਨੇ ਸੰਗ।
ਅਬਦੁਲ ਖਾਨ ਰਖੇ ਹਿਤ ਜੰਗ।
ਇਮ ਸੁਭਟਨਿ ਕੋ ਕਰਜੋ ਬਿਭਾਗ[1]। [1]ਵੰਡ।
ਹਿਤ ਸੰਗ੍ਰਾਮ ਧਾਰਿ ਅਨੁਰਾਗ ॥੧੩॥
ਇਤ ਸਤਿਗੁਰੁ ਕੇ ਢਿਗ ਸੁਧਿ ਆਈ।
'ਕਜਾ ਬੈਠੇ ਸੋਝੀ ਨਹਿਂ ਕਾਈ।
ਦਸ ਅਰੁ ਪੰਚ ਸਹੱਸ੍ਰੈ ਜੋਧਾ।
ਚਢਿ ਆਯੋ ਤੁਮ ਪਰ ਕਰਿ ਕ੍ਰੋਧਾ ॥੧੪॥
ਟੋਲ ਅਸ਼ਟ ਬਾਂਧੇ ਸਮੁਦਾਈ।
ਚਢਿ ਆਏ, ਅਬਿ ਪਰਹਿ ਲਰਾਈ।
ਹੁਜਹੁ ਤਜਾਰਿ ਸ਼ਸਤ੍ਰ ਸੰਭਾਰੋ।

ਜ਼ੀਨ ਤੁਰੰਗਨਿ ਤੂਰਨ ਡਾਰੋ' ॥੧੫॥
ਸੁਨਿ ਸਤਿਗੁਰੁ ਤਬਿ ਬਾਕ ਉਚਾਰੇ।
'ਹਨਹੁ ਸ਼ੀਘ੍ਰ ਹੀ ਚੋਬ ਨਗਾਰੇ।
ਸੱਜੀ ਸੁਭਟ ਸਕਲ ਹੁਇ ਜਾਓ[1]।
ਗਹਿ ਗਹਿ ਸ਼ਸਤ੍ਰ ਮੋਹਿ ਢਿਗ ਆਓ'
॥੧੬॥
ਸੁਨਿ ਗੁਰੁ ਹੁਕਮ ਜੰਗ ਕੋ ਜਾਨਾ।
ਸੁਭਟ ਸ਼ਸਤ੍ਰ ਗਹਿ ਭੇ ਸਵਧਾਨਾ।
ਜੱਟੂ ਗਹਿ ਤੁਫੰਗ ਤਬਿ ਆਯੋ।
ਪਿਖਿ ਸ੍ਰੀ ਹਰਿਗੋਵਿੰਦ ਅਲਾਯੋ ॥੧੭॥
'ਲੇਹੁ ਸੰਗਿ ਜੁਗ ਸ਼ਤ[1] ਅਸੁਵਾਰ।
ਖਰੇ ਅਗਾਰੀ ਹੋਹੁ ਸੰਭਾਰੁ।
ਰਾਖਹੁ ਤੁਪਕ ਤਜਾਰਿ ਕਰਿ ਸਾਰੀ।
ਪਰੈ ਨੇਰ ਦਿਹੁ ਇਕਿ ਵਿਰਿ ਮਾਰੀ'
॥੧੮॥
ਪੁਨ ਕੱਲਜਾਨੇ ਕੀ ਦਿਸ਼ਿ ਹੇਰਾ।
ਸੌ ਅਸੁਵਾਰ ਦੀਨਿ ਤਿਸ ਬੇਰਾ।
'ਤਾਤਕਾਲ ਤੋਰੇ ਸੁ ਲਗਾਵਹੁ।
ਹਤਹੁ ਤੁਫੰਗੈ, ਆਪ ਬਚਾਵਹੁ' ॥੧੯॥
ਪੁਨ ਨਾਨੋ ਇਕ ਆਯੁਧ ਧਾਰੀ।
ਸ਼ੱਤ੍ਰ ਪ੍ਰਹਾਰਨਿ ਮਹਿਂ ਬਲਿ ਭਾਰੀ।
ਤਿਸ ਕੇ ਸੰਗ ਤੀਨ ਸੈ ਕੀਨੇ।
'ਹਤਹੁ ਮਲੇਛਨਿ ਕੋ ਬਲ ਪੀਨੇ'
॥੨੦॥
ਬਹੁਰ ਪਿਰਾਗਾ ਚਲਿ ਕਰਿ ਆਯੋ।
ਕ੍ਰਿਪਾ ਦ੍ਰਿਸ਼ਟਿ ਤੇ ਗੁਰੁ ਦਰਸਾਯੋ।
ਕਰੇ ਪੰਚ ਸੈ ਸੂਰਾ ਸੰਗ।
ਕਹ੍ਯੋ ਕਿ 'ਰੋਕਹੁ ਆਗਾ ਜੰਗ' ॥੨੧॥
ਸਨਮੁਖ ਮਥਰਾ ਦੇਖਨਿ ਕਰ੍ਯੋ।
ਮਹਾਂ ਬੀਰ ਬਡਿ ਆਯੁਧ ਧਰ੍ਯੋ।
ਤਾਂ ਕੇ ਸੰਗ ਚਾਰ ਸੈ ਘੋਰਾ।
ਕਹ੍ਯੋ 'ਹਤਹੁ ਤੁਰਕਨਿ, ਦਿਹੁ ਮੋਰਾ'

[1]ਸਾਰੇ ਸੂਰਮੇਂ ਸਜਕੇ ਤਿਆਰ ਹੋ ਜਾਵੋ।

[1]ਦੋ ਸੌ।

॥੨੨॥
ਗੁਰੂ ਨਿਕਟ ਪੁਨ ਜਗਨਾ ਖਰਯੋ।
ਕ੍ਰਿਪਾ ਧਾਰਿ ਤਿਸ ਓਰ ਨਿਹਰਯੋ।
ਤਿਸ ਕੇ ਸੰਗ ਸੁਭਟ ਸੌ ਕਰੇ।
'ਹਤਹੁ ਤੁਫੰਗ ਸ਼ੱਤ੍ਰ ਅਰਿ ਪਰੇ' ॥੨੩॥
ਪਰਸਰਾਮ ਸ਼ਕਤੂ ਦੁਇ ਆਏ।
ਤਰਕਸ਼ ਧਨੁਖ ਸਰੀਰ ਸਜਾਏ।
ਜਿਨ ਕੇ ਬਾਨ ਗਿਨੇ ਭਟ ਮਾਂਹੀ[1]।
'ਹਤਹਿਂ ਸ਼ੱਤ੍ਰ ਸੋ ਬਾਚਤਿ ਨਾਂਹੀ'
॥੨੪॥
ਪਰਸਰਾਮ ਸੰਗ ਦੋ ਸੈ ਦੀਨੋ।
ਸ਼ਕਤੂ ਕੋ ਗੁਰੁ ਨਿਜ ਸੰਗ ਲੀਨੋ।
ਮੋਲਕ, ਜਾਤੀ ਮਲਕ, ਅਨੰਦਾ।
ਬਿਧੀਆ ਆਦਿਕ ਬੀਰ ਬਿਲੰਦਾ
॥੨੫॥
ਇਹ ਸਭਿ ਰਾਖੇ ਅਪਨੇ ਸੰਗ।
ਕਰਿਬੇ ਹੇਤੁ ਰਿਪੁਨਿ ਸੋਂ ਜੰਗ।
ਟੋਲ ਅਸ਼ਟ ਜਿਮ ਤੁਰਕ ਬਨਾਏ।
ਸੁਨਿ ਕਰਿ ਅਪਨੇ ਤਥਾ ਚਢਾਏ ॥੨੬॥
ਇਤਿ ਸਤਿਗੁਰੁ ਨਿਜ ਕੀਨਸਿ ਤਯਾਰੀ।
ਜ਼ਾਫਤ[1] ਤੁਰਕਨਿ ਦੇਨਿ ਅਗਾਰੀ।
ਸਿਪਰਨਿ ਕੇ ਬਡ ਹੋਹਿਂ ਰਕੇਬ[1]।
ਤੀਰਨਿ ਖਪਰੇ ਮਨਹੁ ਜਲੇਬ[1] ॥੨੭॥
ਤਰਵਾਰਨ ਘੇਵਰ ਸਮ ਜਾਨਿ।
ਤੋਮਰ ਕੇ ਫੁਲ ਬਰਫੀ ਮਾਨਿ।
ਅਨਗਨ ਗੁਲਕਾਂ ਸ਼ੱਕਰਪਾਰੇ।
ਜੋਧਾ ਬ੍ਰਿੰਦ ਪਰੋਸਨ ਹਾਰੇ ॥੨੮॥
ਤਬਿ ਭੇਜਯੋ ਨਰ ਅਬਦੁਲਖਾਨ।
'ਗੁਰੂ ! ਪਲਾਵਹੁ ਤਜਿ ਕਰਿ ਥਾਨ।
ਸਭਿ ਅਪਰਾਧ ਮਿਟਹਿ, ਚਲਿ ਜਾਓ।
ਭਲੋ ਨ ਨਿਤ ਉਤਪਾਤ ਉਠਾਓ'

[1]ਸੂਰਮਿਆਂ ਵਿਚ ਜਿਨ੍ਹਾਂ ਦੇ ਬਾਣ (ਐਉਂ) ਗਿਣੇ ਭਾਵ ਸਲਾਹੇ ਜਾਂਦੇ ਹਨ ਕਿ.....।

[1]ਭੋਜਨ [ਅ਼: ਜ਼ਿਆਫ਼ਤ = ਮਹਿਮਾਨੀ ਖਾਣਾ]

[1]ਥਾਲ।

[1]ਤੀਰਾਂ ਦੇ ਖਪਰਿਆਂ ਦੇ ਮਾਨੋ ਜਲੇਬ।

॥੨੯॥
ਆਯਹੁ ਦੂਤ ਗੁਰੂ ਕੇ ਤੀਰ।
ਦੇਖਤਿ ਭਯੋ ਤਜਾਰ ਭਟ ਭੀਰ।
ਖਰੇ ਹੋਇ ਕਰਿ ਬੰਦਨ ਕੀਨਿ।
'ਅਬਦੁਲਖਾਨ ਸੰਦੇਸਾ ਦੀਨਿ ॥੩੦॥
-ਨਾਹਕ ਤੁਮ ਘੇਰੜ ਕੋ ਮਾਰਾ।
ਭੂਮਿ ਛੀਨਿ ਕਰਿ ਕੋਟ ਉਸਾਰਾ।
ਕਿਹ ਸੋਂ ਬੂਝਿ ਕੀਨਿ ਇਹ ਕਾਜ?
ਲੀਨਸਿ ਪ੍ਰਥਮ ਸ਼ਾਹੁ ਕੋ ਬਾਜ ॥੩੧॥
ਗਾਦੀ ਫਕਰਨਿ ਕੇਰ ਤੁਹਾਰੀ।
ਕ੍ਯੋਂ ਰਾਜਨਿ ਸਮ ਰੀਤਿ ਧਾਰੀ?
ਤ੍ਰਾਸ ਨ ਧਰੋ ਕਿਸੀ ਕੋ ਮਨ ਮੈਂ।
ਸਨਮੁਖ ਹੋਤਿ ਸ਼ਾਹੁ ਸੋਂ ਰਨ ਮੈਂ ॥੩੨॥
ਛਿਮੈ ਸਕਲ ਅਪਰਾਧ ਤੁਮਾਰੇ।
ਤਜਹੁ ਗ੍ਰਾਮ ਕੋ ਜਾਹੁ ਪਧਾਰੇ।
ਨਾਂਹਿ ਤ ਮੈਂ ਆਯਹੁ ਦਲ ਜੋਰਿ।
ਸੁਨਿ ਅਪਰਾਧ ਆਪ ਕੀ ਓਰ ॥੩੩॥
ਪਲਟਾ ਪੂਰਬ ਕੋ ਸਭਿ ਲੈ ਹੌਂ।
ਛੀਨ ਬਾਜ ਹਜ਼ਰਤ ਕੋ ਦੈ ਹੌਂ।
ਤੁਮ ਕੋ ਗਹਿ ਲੈ ਚਲਿ ਹੌਂ ਜੀਵਤਿ।
ਕੌਨ ਬਡਾਈ ਮੈਂ ਥਿਰ ਥੀਵਤਿ[1] ॥੩੪॥

[1]ਕਿਸ ਵਡਿਆਈ ਵਿਚ ਟਿਕਿਆ ਬੈਠਾ ਹੈਂ, ਭਾਵ ਮਾਣ ਨਾਂ ਕਰੋ ਵਡਿਆਈ ਨਹੀਂ ਰਹਿਣੀ।

ਦਸ ਅਰ ਪੰਚ ਹਜ਼ਾਰ ਸੁ ਜੋਧਾ।
ਆਵਤਿ ਉਮਡ੍ਯੋ ਦਲ ਕਰਿ ਕ੍ਰੋਧਾ।
ਮਾਰੇ ਜਾਹੁ ਕਿਧੋਂ ਗਹਿ ਲੈ ਹੈਂ।
ਪੁਨ ਉਪਾਉ ਛੂਟਨਿ ਨਹਿਂ ਪੈਹੈਂ-'
॥੩੫॥
ਸੁਨਿ ਸ੍ਰੀ ਹਰਿਗੋਵਿੰਦ ਰਿਸਾਏ।
ਸੰਗ ਦੂਤ ਕੇ ਬਾਕ ਅਲਾਏ।
'ਭਾਜਹਿਂ ਗੀਦੀ ਹੋਹਿਂ ਗਵਾਰ।
ਹਮ ਜੀਤਹਿਂਗੇ ਜੰਗ ਜੁਝਾਰ ॥੩੬॥
ਸ਼ਾਹੁ ਜਹਾਂ ਤੁਮਰੋ ਹੈ ਸ਼ਾਹੂ।

ਹਮਰੋ ਕਰਤਾ ਪੁਰਖ ਅਲਾਹੂ।
ਗਹਜੋ ਜਾਇ ਕੋ ਮਾਰਜੋ ਜਾਇ[1]।
[1]ਕੌਣ ਫੜਿਆ ਜਾਂਦਾ (ਤੇ ਕੌਣ) ਮਾਰਿਆ ਜਾਂਦਾ ਹੈ।
ਜਾਨਜੋ ਜਾਇ ਬਿਲਮ ਨਹਿਂ ਕਾਇ ॥੩੭॥
ਮੀਰੀ ਅਰੁ ਪੀਰੀ ਜਗ ਦੋਇ।
ਗਾਦੀ ਤਖਤ ਲਿਏ ਹਮ ਸੋਇ।
ਜੰਗ ਸੰਗ ਸਦ ਕਾਮ ਹਮਾਰਾ।
ਮਾਰਹਿਂ ਸ਼ੱਤ੍ਰੁਨਿ ਬਧਜੋ ਅਖਾਰਾ ॥੩੮॥
ਜਿਸ ਮਗ ਭੇਜਜੋ ਮੁਗਲਸਖਾਨ।
ਤਹਿਂ ਕੋ ਤੁਮ ਅਬਿ ਚਹਿਸਿ ਪਯਾਨ।
ਸ਼ੱਤ੍ਰੁ ਬਧਨ ਕੋ ਨਹਿਂ ਅਪਰਾਧੂ।
ਹੋਤਿ ਦੋਸ਼ ਜਹਿਂ ਦੁਖ ਲਹਿ ਸਾਧੂ ॥੩੯॥
ਤੁਮਰੇ ਹਤਨਿ ਹੇਤੁ ਉਤਪਾਤ।
ਹੋਤਿ ਆਪ ਹੀ ਨਹਿਂ ਮਿਟ ਜਾਤਿ[1]।
[1]ਆਪਣੇ ਆਪ ਹੀ ਰੋ ਰਹੇ ਹਨ ਮਿਟ ਨਹੀਂ ਸਕਦੇ।
ਬਹੁ ਘੇਰੜ ਕੋ ਹਮ ਸਮੁਝਾਵਾ।
ਪ੍ਰੇਰਜੋ ਕਾਲ ਨਹੀਂ ਮਨ ਲਜਾਵਾ ॥੪੦॥
ਹਮ ਨੇ ਕੌਨ ਦੁਰਗ ਅਬਿ ਪਾਯੋ।
ਚਾਰਿ ਦਿਵਸ ਬਿਸਰਾਮ ਬਨਾਯੋ।
ਚਢਿ ਕਰਿ ਆਏ ਸਜਾਨ ਨ ਕਰੀ[1]।
[1]ਤੁਸੀਂ ਝੱਟ) ਚੜ੍ਹ ਆਏ ਹੋ (ਕੁਝ) ਪਛਾਣ ਨਾਂ ਕੀਤੀ। ਭਾਵ ਚੜ੍ਹਾਈ ਤੋਂ ਪਹਿਲਾਂ ਤਹਕੀਕਾਤ ਨਾ ਕੀਤੀ ਅਸਲੀਅਤ ਦੀ।
ਤਉ ਛਿਮਾ ਹਮ ਤੁਮ ਪਰ ਧਰੀ ॥੪੧॥
ਚਲੇ ਜਾਹੁ ਜੇ ਚਹਹੁ ਜਿਠਾਈ[1]।
[1]ਵਡਿਆਈ।
ਨਾਂਹਿ ਤ ਲਖਹੁ ਮ੍ਰਿਤੁ ਨਿਯਰਾਈ[1]-।
[1]ਮੌਤ ਨੇੜੇ ਆਈ ਹੈ।
ਕਹਹੁ ਦੂਤਿ! ਇਮ ਅਬਦੁਲਖਾਨ।
-ਜੇ ਮਿਲਿਬੋ ਚਹਿ ਮੁਗਲਸਖਾਨ[1] ॥੪੨॥
[1]ਭਾਵ ਜੇ ਮਰਨਾ ਚਾਹੁੰਦੇ ਹੋ।
ਤੌ ਚਲਿ ਆਉ ਨ ਰੋਕਹਿ ਕੋਈ।
ਜੇ ਹਟਿ ਜਾਹੁ ਤ ਜੀਵਨ ਹੋਈ।
ਦੋ ਮਹਿਂ ਇਕ ਨਿਰਨੈ ਕਰਿ ਲੀਜੈ।
ਲਰਹਿ ਮ੍ਰਿਤਕ ਹੁਇ, ਹਟਿਬੇ ਜੀਜੈ-' ॥੪੩॥
ਸੁਨਿ ਸਿਰ ਧੁਨ ਗਮਨਜੋ ਤਬਿ ਦੂਤਿ।

ਦੇਖ੍ਯੋ ਗੁਰ ਢਿਗ ਜਥਾ ਕਸੂਤ[1]।
ਅਬਦੁਲਖਾਨ ਜਾਇ ਸਮੁਝਾਯੋ।
ਕਹ੍ਯੋ ਨ੍ਰਿਭੈ ਜਿਮ[1], ਤਥਾ ਅਲਾਯੋ ॥੪੪॥
'ਸੁਪਨੇ ਭੀ ਜਿਮ ਡਰਤਿ ਨ ਸ਼ੇਰ।
ਤਿਮ ਹੇਰ੍ਯੋ ਗੁਰ ਬਡੋ ਦਲੇਰ।
ਸ਼ਾਹੁ ਆਦਿ ਸੂਬੇ ਉਮਰਾਏ।
ਤਨਕ ਤ੍ਰਾਸ ਕਿਸ ਤੇ ਨਹਿਂ ਪਾਏ ॥੪੫॥
ਤਯਾਰ ਲਰਨ ਰਨ ਕੋ ਬਨਿ ਰਹ੍ਯੋ।
ਡਰਤਿ ਨ, ਟਰਤਿ ਨ, ਸਭਿ ਬਿਧਿ ਕਹ੍ਯੋ।'
ਸੁਨਿ ਕਰਿ ਕੋਪ੍ਯੋ ਅਬਦੁਲਖਾਨ।
ਜੰਗ ਕਰਨਿ ਕੋ ਭਾ ਸਵਧਾਨ ॥੪੬॥
ਚਲ੍ਯੋ ਸਮੁਖ ਧੌਂਸੇ ਧੁੰਕਾਰੇ।
ਬਾਦਤਿ ਅਪਰ ਬਜੇ ਧੁਨਿ ਭਾਰੇ।
ਸ਼ਲਖ ਤੁਫੰਗਨਿ ਸਮੁਖ ਚਲਾਈ।
ਉਠ੍ਯੋ ਧੂਮ ਰਜ ਜੁਤਿ ਸਮੁਦਾਈ ॥੪੭॥
ਸੈਨਾ ਕਿਧੌਂ ਘਟਾ ਚਢਿ ਆਈ।
ਧੁਖਹਿਂ ਪਲੀਤੇ ਛਟਾ ਸੁਹਾਈ।
ਕਰਕਤਿ ਗਾਜ ਗਿਰਤਿ ਬਹੁ ਬਾਰੀ[1]।
ਕਾਤੁਰ ਸਰਪ ਸੁਕਚਿ ਡਰ ਭਾਰੀ[1] ॥੪੮॥
ਮੋਰ ਸੂਰਮਾ ਸੁਨਿ ਹਰਿਖਾਏ।
ਗੁਲਕਾਂ ਜਨੁ ਕਰਕਾ[1] ਬਰਖਾਏ।
ਸ੍ਰੀ ਗੁਰੁ ਤੀਰ ਸਮੀਰ ਬਹੇ ਬਿਨੁ[1]।
ਤਿਸੀ ਰੀਤਿ ਦੀਖਤਿ ਹੈ ਬਨਿ ਠਨਿ[1] ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਅਬੁਦੁਲ ਖਾਨ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

[1]ਜਿਸ ਤਰ੍ਹਾਂ ਦੀ ਪ੍ਰਤਿਕੂਲ ਦਸ਼ਾ।
[1]ਜਿਵੇਂ (ਗੁਰੂ ਜੀ ਨੇ) ਨਿਰਭੈ ਕਿਹਾ ਸੀ।
[1]ਕੜਕੜ ਦੀ ਅਵਾਜ਼ ਉਠਦੀ ਹੈ ਜਿਵੇਂ) ਬਿਜਲੀ ਕੜਕਦੀ ਹੈ, (ਗੋਲੀਆਂ) ਬਹੁਤ ਡਿਗਦੀਆਂ ਹਨ (ਜਿਵੇਂ) ਮੀਂਹ ਪੈਂਦਾ ਹੈ। [ਬਾਰੀ = ਪਾਣੀ, ਮੀਂਹ]
[1]ਸਰਪਾਂ ਰੂਪ ਕਾਇਰ ਬਹੁਤੇ ਡਰ ਨਾਲ ਸੰਕੁਚਦੇ ਹਨ।
[1]ਗੜੇ।
[1]ਸ੍ਰੀ ਗੁਰੂ ਜੀ ਦੇ ਬਾਣ ਰੂਪ ਪੌਣ ਚੱਲੇ ਬਿਨਾਂ।
[1]ਬਣਾਉ ਤਣਾਉ।

## ੩੨. [ਯੁੱਧ। ਜੱਟੂ, ਮੁਹੰਮਦ ਖਾਨ ਬੱਧ]

੩੧<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੁ>>੩੩

ਦੋਹਰਾ:

ਸ੍ਰੀ ਗੁਰ ਹਰਿਗੋਵਿੰਦ ਜੀ, ਮਹਾਂ ਧੀਰ ਬਲਬੀਰ।
ਭਏ ਅਰੂਢਨਿ ਤੁਰੰਗ ਪਰ, ਲਸ਼ਕਰ ਪਿਖ੍ਯੋ ਅਭੀਰ[1] ॥੧॥

[1]ਬਹਾਦੁਰ (ਗੁਰੂ ਜੀ ਨੇ)। (ਅ) (ਆਪਣੇ) ਲਸ਼ਕਰ ਨੂੰ ਦਲੇਰ ਡਿੱਠਾ।

ਚੌਪਈ:

ਟੋਲ ਅਸ਼ਟ ਜਿਨ ਬੰਧਨ ਕਰੇ।
ਕੁਛ ਬਾਵੈਂ ਕੁਛ ਦਾਏਂ ਧਰੇ।
ਆਗੈ ਅਰੁ ਪਾਛੈ ਨਿਜ ਕੀਨਿ।
ਆਪ ਬੀਚ ਆਵਤਿ ਬਲ ਪੀਨ ॥੨॥
ਤਿਮ ਟੋਲਨਿ ਕੇ ਆਗੇ ਟੋਲਿ।
ਕਰੇ ਆਪਨੇ ਸਤਿਗੁਰ ਬੋਲਿ।
'ਡੇਰਾ ਤਜੀਅਹਿ ਕਰਹੁ ਪਿਛਾਰੀ।
ਸ਼ਲਖ ਪ੍ਰਹਾਰੁ ਹੋਹੁ ਅਗਾਰੀ ॥੩॥
ਨਿਜ ਨਿਜ ਟੋਲਿ ਬਿਖੈ ਥਿਰਿ ਰਹੀਯਹਿ।
ਵਧਿ ਬਹੁ ਆਗੈ ਹਤਨਿ ਨ ਕਹੀਯਹਿ।'
ਸੈਨਾਂਪਤਿ ਸਭਿ ਕੋ ਸਮੁਝਾਏ।
ਆਗੈ ਚਲੇ ਸੂਰ ਉਮਡਾਏ ॥੪॥
ਸ੍ਰੀ ਗੁਰੁ ਸਭਿ ਕੇ ਬੀਚਿ ਬਿਰਾਜੈਂ।
ਮਨਹੁ ਸੁਰਨਿ ਮਹਿਂ ਸੁਰਪਤਿ ਛਾਜੈ।
ਕੈ ਜਾਦਵ ਮਹਿਂ ਹਰਿਗੋਵਿੰਦ[1]।
ਤਿਮ ਸਿੱਖਨਿ ਮਹਿਂ ਹਰਿ ਗੋਵਿੰਦ ॥੫॥

[1]ਸ੍ਰੀ ਕ੍ਰਿਸ਼ਨ ਜੀ।

ਧਨੁਖ ਕਠੋਰ ਹਾਥ ਮਹਿਂ ਧਾਰਾ।
ਕੋ ਨਹਿਂ ਐਂਚ ਸਕਹਿ ਬਲਿ ਭਾਰਾ।
ਤੀਛਨ ਭੀਛਨ ਈਛਨ ਦੇਖਿ।
ਖਪਰੇ ਤਰਕਸ਼ ਭਰ੍ਯੋ ਅਸ਼ੇਖ[1] ॥੬॥

[1]ਤ੍ਰਿੱਖੇ ਤੇ ਭਯਾਨਕ (ਖਪਰੇ ਤੀਰ) ਅੱਖਾਂ ਨਾਲ ਦੇਖ ਦੇਖ ਕੇ ਸਾਰਾ ਤਰਕਸ਼ ਭਰ ਲਿਆ [ਸੰਸ: ਤੀਕਸ਼ਣ = ਤ੍ਰਿੱਖੇ। ਭੀਸ਼ਣ = ਭਯਾਨਕ। ਈਕਸ਼ੁਨ = ਅੱਖ]

ਅਪਰ ਨਿਖੰਗ[1] ਸੰਗ ਉਚਵਾਏ।
ਜਬਿ ਚਹੀਅਹਿ ਲੇਂ ਤੁਰਤ ਚਲਾਏ।
ਸ੍ਰੀ ਕਰਤਾਰਪੁਰੈ ਕਰਿਵਾਏ।

[1]ਹੋਰ ਭੱਥੇ।

ਸਿੱਖਯਾ ਕੋ ਦੈ ਦੈ ਘਰਿਵਾਏ ॥੭॥
ਸਿਪਰ ਬਿਸਾਲ ਧਰੀ ਭੁਜਮੂਲ[1]। — [1]ਮੋਢੇ (ਉੱਤੇ)।
ਸਵਾ ਪਾਂਚ ਸਿਰ ਕੇ[1] ਜਿਸ ਫੂਲ। — [1]ਸਵਾ ਪੰਜ ਸੇਰ ਦੇ।
ਖੜਗ ਖੇਤ ਕਰ ਬਾਮੇ ਧਰਨੀ[1]। — [1]ਤਲਵਾਰ ਦਾ ਜੁੱਧ ਕਰਨ (ਵੇਲੇ ਜੋ ਢਾਲ ਕਿ ਖੱਬੇ ਹੱਥ ਧਾਰਨ ਕਰੀਦੀ ਹੈ ਤੇ ਪੈਰਾਂ ਨਾਲ ਉਛਲਕੇ ਜਿਸ ਉਤੇ ਸ਼ੱਤ੍ਰ (ਦਾ ਵਾਰ) ਸਹਾਰੀਦਾ ਹੈ।
ਪਦ ਸੋਂ ਫਾਂਦਨਿ ਰਿਪੁ ਤੇ ਜਰਨੀ ॥੮॥
ਚੰਦ੍ਰਹਾਸ ਚੌਰਾ ਖਰ ਧਾਰਾ[1]। — [1]ਤਲਵਾਰ ਯਾ) ਖੰਡਾ ਚੌੜਾ ਤਿੱਖੀ ਧਾਰ ਵਾਲਾ।
ਦੀਰਘ ਹੁਤੋ ਦਿਪਤਿ ਗਰ ਧਾਰਾ।
ਏਕ ਹਾਥ ਮਹਿਂ ਬਾਗ ਉਠਾਏ[1]। — [1]ਘੋੜੇ ਦੀ ਵਾਗ।
ਦੁਸ਼ਮਨ ਦਲ ਦਿਸ਼ਿ ਦ੍ਰਿਸ਼ਟਿ ਚਲਾਏ ॥੯॥
ਜੱਟੂ ਗਯੋ ਸੈਨ ਲੈ ਸੰਗਿ।
ਤੁਪਕ ਪ੍ਰਾਹਰਤਿ ਛੇਰਯੋ ਜੰਗ।
ਠਹਾ ਠਹੀ ਬੰਦੂਕਨਿ ਹੋਈ।
ਫੇਰਤਿ ਹਯ ਬਡ ਜੋਧਾ ਜੋਈ ॥੧੦॥
ਨਿਕਸਿ ਗੋਲ[1] ਤੇ ਲਰਤਿ ਅਗਾਰੀ। — [1]ਜੱਥਾ, ਤੁੰਮਲ।
ਤੁਰੰਗ ਧਵਾਇ ਤੁਫੰਗ ਪ੍ਰਹਾਰੀ।
ਜੱਟੂ ਕਰਯੋ ਨੇਰ ਜਿਸ ਕਾਲਾ।
ਲਾਗਤਿ ਗੁਲਕਾਂ ਰਿਦੇ ਕਰਾਲਾ ॥੧੧॥

ਪਾਧੜੀ ਛੰਦ:

ਬਹੁ ਵਧਯੋ ਅਧਿਕ ਜੱਟੂ ਸੁ ਬੀਰ।
ਤਿਹ ਦੇਖਿ ਮੁਹੰਮਦ ਖਾਨ ਧੀਰ।
ਲੇ ਸੰਗ ਸਹੱਸ੍ਰੈ ਅੱਗ੍ਰ ਚਾਲਿ।
ਤਜਾਗੰਤਿ[1] ਤੁਪਕ ਨਾਦਤਿ ਕਰਾਲ ॥੧੨॥ — [1]ਚਲਾਉਂਦੇ ਹਨ।
ਲਗਿ ਗਿਰਤਿ ਸੁਭਟ ਘਾਇਲ ਘੁਮੰਤਿ।
ਕਰਿ ਮਾਰ ਮਾਰ ਊਪਰ ਪਰੰਤਿ।
ਕੁਛ ਢਰਯੋ ਭਾਨੁ ਤਬਿ ਦਯੋਸ ਮੱਧ[1]। — [1]ਦੁਪਹਿਰ ਤੋਂ (ਪਿੱਛੋਂ) ਤਦੋਂ ਕੁਝ ਸੂਰਜ ਢਲ ਗਿਆ।
ਭਿਰ ਪਰੇ ਸੂਰ ਚਹਿਂ ਜੀਤ ਜੁੱਧ ॥੧੩॥
ਕੜਕੰਤਿ ਦੀਹ ਛੁਟਕੰਤਿ ਜ੍ਵਾਲ[1]। — [1]ਭਾਵ ਬੰਦੂਕ।
ਕਸਿਯੰਤਿ[1] ਬਹੁਰ ਬਾਰੂਦ ਡਾਲਿ। — [1]ਡਰਦੇ ਹਨ।
ਛਣਕੰਤਿ ਲਗਤਿ ਗਜ ਫੇਰਿ ਫੇਰਿ।

ਗੁਲਕਾਂਨਿ ਠੋਕਿ ਰਿਪੁ ਹੇਰਿ ਹੇਰਿ
॥੧੪॥
ਧਰਿਯੰਤਿ ਸ਼ਿਸਤ[1] ਤੋਰਾ ਸੁ ਜੋਰਿ।
ਧੁਖਿਯੰਤਿ ਪਲੀਤਾ ਠੌਰਿ ਠੌਰਿ।
ਬਹੁ ਸ਼ਬਦ ਤੜਾ ਭੜ ਹੋਨਿ ਲਾਗਿ।
ਛੁਟਿ ਗੁਲਕਾਂ ਜ੍ਵਾਲਾ ਜਾਗਿ ਜਾਗਿ
॥੧੫॥
ਬਡਿ ਉਠ੍ਯੋ ਧੂਮ ਲਿਯ ਗਗਨ ਛਾਇ।
ਰਜ ਚਢੀ ਉਰਧ[1], ਰਵਿ ਨਹਿਂ ਦਿਖਾਇ।
ਭਟ ਭਿਰੇ ਭੇਰਿ ਲਲਕਾਰ ਬੋਲਿ।
ਇਤ ਉਤ ਧਵਾਇ ਪਰਿ ਗਿਰਤਿ ਡੋਲਿ
॥੧੬॥
ਮਿਲਿ ਗਏ ਸੂਰ ਇਮ ਆਪ ਮਾਂਹਿ।
ਦ੍ਵੈ ਨਦੀ ਬਹਤਿ ਇਕ ਥਾਨ ਜਾਂਹਿ।
ਤੁਰਕਾਨ ਸੋਨ ਉਮਡੀ ਬਿਸਾਲ।
ਗੁਲਕਾਂਨ ਮਾਰਿ ਗੇਰੇ ਉਤਾਲ ॥੧੭॥
ਜੱਟੂ ਪ੍ਰਚੰਡ ਕੋ ਘੇਰਿ ਲੀਨਿ।
ਤੁਰੰਗਨਿ ਧਵਾਇ ਆਗੇ ਸੁ ਕੀਨਿ।
ਵਧਿ ਗਏ ਬਹੁਤ ਕਰਿ ਮਾਰਿ ਮਾਰਿ।
ਹੁਇ ਨਿਕਟਿ ਜਾਇ ਤੁਪਕਨਿ ਪ੍ਰਹਾਰ
॥੧੮॥
ਤਬਿ ਕਹ੍ਯੋ ਮੁਹੰਮਦਖਾਨ ਦੇਖਿ।
'ਇਨ ਲੇਹੁ ਪ੍ਰਿਥਕ ਕਰਿ ਜੇ ਅਸ਼ੇਖ਼।
ਭਟ ਅੱਗ੍ਰ ਰੋਕ ਬਹੁ ਸਾਵਧਾਨ।
ਇਕ ਬਾਰ ਪਰਹੁ ਸਭਿ ਕਰਹੁ ਹਾਨਿ'
॥੧੯॥
ਸੁਨਿ ਸੈਨਪਤੀ ਕੇ ਬਾਕ ਬੀਰ।
ਫਿਰਿ ਗਏ ਅੱਗ੍ਰ ਲਿਯ ਘੇਰ ਧੀਰ।
ਜੱਟੂ ਨ ਤ੍ਰਾਸ ਚਿਤ ਤਨਕ ਕੀਨਿ।
ਲਲਕਾਰ ਸੁਭਟ ਗਨ ਧੀਰ ਦੀਨਿ
॥੨੦॥
ਇਕ ਬਾਰ ਮਾਰਿ ਗੁਲਕਾਂ ਗਿਰਾਇ।

[1]ਸੇਧ ਬੰਨ੍ਹਦੇ ਹਨ।

[1]ਉੱਪਰ ਨੂੰ।

ਭਟ ਪਰੇ ਉਥਲ ਲਗਿ ਮਰਤਿ ਘਾਇ।
ਕਿਸਹੁਂਨਿ ਸੀਸ ਫੂਟਯੋ ਮਰੰਤਿ।
ਕਿਸ ਕੇਰਿ ਬਦਨ ਗੁਲਕਾ ਫੁਰੰਤਿ[1] ॥੨੧॥
ਕਿਸ ਰਿਦਾ ਬਿਦੀਰਨਿ[1] ਪਰਤਿ ਭੂਮ।
ਕਿਸਿ ਉਦਰ ਲਗੀ ਘਾਇਲ ਸੁ ਘੂਮਿ।
ਕਿਸ ਬਾਂਹ ਟੂਟਿ, ਕਿਸ ਟਾਂਗ ਟੂਟਿ।
ਬਹੁ ਤੁਪਕ ਛੋਰਿ ਦਲ ਅਧਿਕ ਜੁਟਿ ॥੨੨॥
ਬਹੁ ਗਿਰੇ ਸਿੱਖਯ ਤੁਰਕਾਂਨ ਸੰਗਿ।
ਕਿਤ ਮਰੇ ਪਰੇ ਦੀਰਘ ਤੁਰੰਗ।
ਕਿਤਹੁਂ ਭਜੰਤਿ ਛੁਛੇ ਪਲਾਂਣ[1]।
ਕਿਤ ਘਾਇ ਸਹਤ ਦਰੜੇ ਕਿਕਾਂਣ[1] ॥੨੩॥
ਜੱਟੂ ਸੁ ਘਿਰਤਿ ਬਡ ਕੀਨ ਜੁੱਧ।
ਗਨ ਤੁਰਕ ਮਾਰਿ ਮਾਰਤਿ ਸੁ ਕ੍ਰੁੱਧ।
ਪਿਖਿ ਜਥੇਦਾਰ ਕੱਲਜਾਨ ਨਾਮ।
ਸੋ ਭਯੋ ਅੱਗ੍ਰ ਬਡਿ ਜੰਗ ਧਾਮ ॥੨੪॥
ਤੁਪਕੰ ਤੜਾਕ ਬਹੁ ਛੋਰਿ ਛੋਰਿ।
ਹਤਿ ਕਰੇ ਤੁਰਕ ਤਨ ਫੋਰਿ ਫੋਰਿ।
ਜੋ ਹੁਤੇ ਅੱਗ੍ਰ ਕੁਛ ਮਾਰਿ ਦੀਨਿ।
ਕੁਛ ਚਲੇ ਭਾਜਿ ਉਰ ਤ੍ਰਾਸ ਲੀਨਿ ॥੨੫॥
ਕਰਿ ਹਲਾਹੂਲ ਰੋਕੇ ਪ੍ਰਚੰਡ।
ਫਿਰ ਹਟੈਂ ਬੀਰ ਫੋਰੰਤਿ ਤੁੰਡ[1]।
ਤੁਰਕਾਨ ਸੈਨ ਸਭਿ ਮੋਰਿ ਦੀਨਿ।
ਰਿਸਿ ਪਰੇ ਸੁਭਟ ਰਣ ਅਧਿਕ ਕੀਨਿ ॥੨੬॥

ਸੈਯਾ:
ਬੈਰਮ ਖਾਂ ਮਨ ਕੋਪ ਭਯੋ,
'ਲਘੁ ਬਾਹਿਨੀ ਤੇ[1] ਕਿਮ ਤ੍ਰਾਸ ਕੋ ਧਾਰੇ?
ਜੰਗ ਨਿਸੰਗ ਕਰੋ ਹਟਿ ਕੈ

[1]ਗੋਲੀ ਫੋੜਦੀ ਹੈ।
[1]ਵਿੰਨ੍ਹਿਆਂ ਜਾਕੇ।
[1]ਸੱਖਣੀਆਂ ਕਾਠੀਆਂ ਵਾਲੇ।
[1]ਘੋੜਿਆਂ ਨੇ।
[1]ਮੁਖ।
[1]ਥੋੜੀ ਫੌਜ (ਕੋਲੋਂ)।

ਇਕ ਬਾਰ ਤੁਫੰਗਨਿ ਛੋਰਹੁ ਸਾਰੇ।'
ਦੌਰ ਪਰੇ ਗੁਰੁ ਸੈਨ ਕੇ ਊਪਰ
ਯੌਂ ਗੁਲਕਾਂ ਬਰਖੀ ਤਿਸ ਬਾਰੇ।
ਚੇਤ ਮੈਂ ਬਾਰਦ ਘੋਰ ਕੈ ਧਾਇਹੁ[1]
[1]ਬੱਦਲ ਗਰਜਕੇ ਧਾ ਕੇ ਆਏ।
ਬੇਗ ਕਰੇ ਕਰਕਾ ਗਨ ਡਾਰੇ ॥੨੭॥
ਬੈਰਮ ਖਾਨ ਪਰਜੋ ਜਬਿ ਆਇ ਕੈ
ਸ੍ਰੀ ਗੁਰੁ ਕੇ ਭਟ ਕ੍ਰੋਧਤਿ ਭਾਰੇ।
ਨੇਰ ਕਰਜੋ ਗਹਿ ਤੋਮਰ ਤੀਰਨਿ
ਮਾਰਤਿ ਬੋਲਨਿ ਕੇ ਲਲਕਾਰੇ[1]।
[1]ਬੋਲਕੇ ਲਲਕਾਰੇ ਮਾਰਦੇ ਹਨ।
ਜੋ ਤੁਰਕਾਨਿ ਕੀ ਸੈਨ ਵਧੀ
ਬਧ ਕੀਨਿ ਸਭੀ ਹਯ ਤੇ ਧਰ ਡਾਰੇ[1]।
[1]ਧਰਤੀ ਤੇ ਸੁੱਟ ਲਏ।
ਯੌਂ ਉਥਲੇ ਰਣਬੀਰ ਗਿਰੇ
ਜਿਮ ਗਾਜ ਤੇ[1] ਦੀਹ ਸਮੂਹ ਮੁਨਾਰੇ ॥੨੮॥
[1]ਜਿਵੇਂ ਬਿਜਲੀ ਨਾਲ।
ਟੂਟਿ ਕੈ ਜੁਟਿ ਤੁਫੰਗਨਿ ਛੂਟਤਿ
ਫੇਰ ਅਰੇ ਕਰਵਾਰ ਨਿਕਾਰੇ[1]।
[1]ਘੋੜਿਆਂ ਤੋਂ ਹੇਠਾਂ ਡਿਗ ਪੈਣ ਕਰਕੇ ਵੈਰੀ ਦੇ) ਜੱਟ ਟੁੱਟ ਗਏ ਤੇ ਬੰਦੂਕਾਂ ਛੁੱਟ ਗਈਆਂ ਫੇਰ ਤਲਵਾਰਾਂ ਧੂਹਕੇ ਅੜ ਖਲੋਤੇ।
ਬ੍ਰਿੰਦ ਮਨੋ ਚਪਲਾ[1] ਚਮਕੈਂ
[1]ਬਿਜਲੀਆਂ।
ਲਿਪ ਸ਼੍ਰੋਣਤ[1] ਸੋਂ ਰੰਗ ਲਾਲ ਉਘਾਰੇ।
[1]ਲਹੂ।
ਮੋਢਨਿ ਤੇ ਕਟਿ ਬਾਹੁਨਿ ਕੋ
ਤਜਿ ਬਾਹਨਿ ਭੂਮਿ ਧਰੇਤਿ ਜੁਝਾਰੇ[1]।
[1]ਮੋਢਿਆਂ ਤੋਂ ਬਾਹਾਂ ਕਟੀਆਂ ਜਾਕੇ (ਤਲਵਾਰ ਦਾ) ਵਾਹੁਣਾ ਛੁਟਦਾ ਜਾਕੇ ਸੂਰਮੇਂ ਪ੍ਰਿਥਵੀ ਤੇ (ਡਿੱਗ) ਰਹੇ ਹਨ।
ਗ੍ਰੀਵ ਕਟੀ ਕਿਸ, ਜਾਂਘ ਕਟੀ ਕਿਸ,
ਛਾਤੀ ਫਟੀ ਗਿਰ 'ਹਾਇ' ਉਚਾਰੇਂ ॥੨੯॥
ਲੋਥ ਪੈ ਲੋਥ ਗਈ ਗਿਰ ਕੈ ਬਹੁ
ਸ਼੍ਰੋਣਤ ਕੇ ਛੁਟਿ ਚਾਲ ਪਨਾਰੇ[1]।
[1]ਪਰਨਾਲੇ।
ਬੋਲਤਿ ਘਾਵ ਭਕਾਭਕ, ਬ੍ਰਿੰਦ
ਗਿਰੇ ਹੁਇ ਘਾਇਲ, ਜਾਤਿ ਪੁਕਾਰੇ।
ਹਾਥਨਿ ਮੈਂ ਤਰਵਾਰ ਗਹੀ
ਨਿਕਸੇ ਤਨ ਪ੍ਰਾਨ, ਪੈ ਨਾਹਨਿ ਡਾਰੇ[1]।
[1]ਪਰ (ਹੱਥੋਂ ਤਲਵਾਰਾਂ) ਨਹੀਂ ਸੁੱਟੀਆਂ।

ਬਾਯਸ, ਗੀਧ, ਗੁਮਾਯ[1] ਮਹਾਂ, — [1]ਗਿਦੜ।
ਬਡਿ ਕੰਕ[1] ਅਘਾਤਿ ਹੈਂ ਮਾਸ ਅਹਾਰੇ ॥੩੦॥ — [1]ਚਿਟੀਆਂ ਚੀਲਾਂ, ਗਿਰਝਾਂ ਦੀ ਕਿਸਮ।

ਦੋਹਰਾ:
ਇਤ ਗੁਰੁ ਕੋ ਬਡਿ ਸੂਰਮਾ, ਜੱਟੂ ਅਰਜੋ ਹੰਕਾਰ।
ਖਾਂਨ ਮੁਹੰਮਦ ਤੁਰਕ ਕੌ, ਦੋਨਹੁ ਭਿਰੇ ਜੁਝਾਰ ॥੩੧॥

ਨਰਾਜ ਛੰਦ:
ਤਬੈ ਸੁ ਕੋਪ ਸਿੱਖ ਹ੍ਵੈ, ਕਰੇ ਕ੍ਰਿਪਾਨ ਨੰਗਿਯਾਂ।
ਪ੍ਰਹਾਰ ਬਾਰ ਬਾਰ ਹੀ, ਸੁਰੰਗ ਰੰਗ ਚੰਗਿਯਾਂ।
ਕੜਾਕੜੀ ਮਚਾਇ ਕੈ, ਨਚਾਇ ਕਾਲ ਜੀਹ ਸੀ[1]। — [1]ਕਾਲ ਦੀ ਜੀਭ ਵਰਗੀ (ਤਲਵਾਰ ਨੂੰ)।
ਉਭਾਰ ਮਾਰਿ ਮਾਰਿ ਕੈ, ਪੁਕਾਰ ਗਾਜ ਸੀਹ ਸੀ[1] ॥੩੨॥ — [1]ਤਲਵਾਰ) ਉਭਾਰ ਕੇ 'ਮਾਰੋ ਮਾਰ' ਦੀ ਪੁਕਾਰ (ਐਉਂ ਪਾਉਂਦੇ ਹਨ ਕਿ) ਮਾਨੋਂ ਸ਼ੇਰ ਗੱਜਦਾ ਹੈ। [ਗਾਜ ਸ਼ੀਂਹ ਸੀ] (ਅ) ਬਿਜਲੀ ਵਾਂਙੂ ਹਸਦੀ (= ਚਮਕਦੀ) ਤਲਵਾਰ ਉਭਾਰ ਕੇ 'ਮਾਰੋ ਮਾਰ' ਪੁਕਾਰਦੇ ਹਨ।

ਸਧੀਰ ਬੀਰ ਬੀਰ ਕੈ, ਸਰੀਰ ਕਾਟਿ ਡਾਰਿਤੇ।
ਅਭੀਰ ਪੀਰ ਨਾ ਗਿਨੈ[1], ਸਮੂਹ ਸ਼ੱਤ੍ਰ ਮਾਰਤੇ। — [1]ਸੂਰਮੇਂ ਪੀੜਾ ਨਹੀਂ ਗਿਣਦੇ।
ਘਮੰਡ[1] ਜੰਗ ਕੋ ਪਰਜੋ, ਪ੍ਰਚੰਡ੧੧ ਸੂਰਮਾਨਿ ਤੇ[2]। — [1]ਪ੍ਰਚੰਡ ਘਮਸਾਨ। [2]ਸੂਰਮਿਆਂ ਤੋਂ।
ਗਿਰੰਤਿ ਖੰਡ ਖੰਡ ਹ੍ਵੈ, ਨ ਪੰਡ ਤੁੰਡ ਠਾਨਿਤੇ[1] ॥੩੩॥ — [1]ਪੀਲਾ ਮੂੰਹ ਨਹੀਂ ਕਰਦੇ।

ਪਾਧੜੀ ਛੰਦ:
ਤਬਿ ਅਰਜੋ ਮੁਹੰਮਦਖਾਨ ਆਨਿ।
ਜੱਟੂ ਸੁ ਬੀਰ ਜਹਿਂ ਜੁੱਧ ਠਾਨਿ।
ਬਰਖੰਤਿ ਬਹੁਤ ਗੁਲਕਾਂ ਲਗੰਤਿ।
ਪਟ ਭਰੇ ਸ਼੍ਰੋਣ ਸੂਰਾ ਪਗੰਤਿ[1] ॥੩੪॥ — [1]ਰੰਗੇ ਹਨ।
ਰਿਸਿ ਭਰਜੋ ਮੁਹੰਮਦਖਾਨਿ ਭਾਖਿ।

'ਨਹਿਂ ਭਾਗਿ, ਖਰੋ ਰਹੁ ਜੀਤ ਕਾਂਖਿ[1] !
ਮਮ ਹਾਥ ਕੇਰ ਇਕ ਤੀਰ ਦੇਖਿ।
ਨਹਿਂ ਜਿਯਤਿ ਜਾਨਿ ਦੈ ਹੌਂ ਵਿਸ਼ੇਖ'
॥ ੩੫ ॥

[1]ਹੇ ਜਿੱਤ ਦੀ ਇੱਛਾ ਵਾਲਿਆ।

ਸੁਨਿ ਜਟੂ ਬਾਕ ਤਿਸ ਨਹਿਂ ਸਹਾਰ।
ਲਲਕਾਰ ਪਰਜੋ ਇਕ ਬਿਰ ਪੁਕਾਰ।
ਕਰਿ ਤਜਾਰ ਤੁਪਕ ਤਿਹ ਤਾਕ ਲੱਛ[1]।
ਗੁਲਕਾਂ ਚਲੀ ਨਿਜ ਦੇਹਿ ਰੱਛ[1] ॥ ੩੬ ॥

[1]ਨਿਸ਼ਾਨਾਂ।

[1]ਉਸ (ਜੱਟੂ ਨੇ) ਆਪਣੀ ਦੇਹ ਦਾ ਬਚਾਉ ਕਰਕੇ ਗੋਲੀ ਚਲਾਈ।

ਤਤਕਾਲ ਤੁਰੰਗਮ ਮਾਰਿ ਲੀਨਿ।
ਸਰ ਚਾਂਪ ਤੇ ਸੁ ਚਲਿਬੋ ਨ ਦੀਨਿ[1]।
ਧਰ[1] ਖਰੋ ਭਯੋ ਨਿਜ ਕੋ ਸੰਭਾਰਿ।
ਧਨੁ ਖੈਂਚਿ ਬਾਨ ਭਰਿ ਕਰਿ ਪ੍ਰਹਾਰ
॥ ੩੭ ॥

[1]ਮੁਹੰਮਦ ਖਾਨ ਦਾ) ਤੀਰ ਧਨੁਖ ਤੋਂ ਚੱਲਣ ਹੀ ਨਹੀਂ ਦਿੱਤਾ।

[1]ਧਰਤੀ ਤੇ।

ਛੁਟਿ ਗਯੋ ਸਰਪ ਸਮ ਜਾਇ ਲਾਗ।
ਜੱਟੂ ਭੁਜਾਨ ਕੇ ਬੀਚਿ ਖਾਗ[1]।
ਬਿਧ ਗਯੋ ਪਾਰਿ[1], ਗੁਰੁ ਰਾਖਿ ਲੀਨਿ।
ਪੁਨ ਅਪਰ ਤੀਰ ਮਾਰਜੋ ਪ੍ਰਬੀਨ ॥ ੩੮ ॥

[1]ਚੁਭ ਗਿਆ। [ਹਿੰਦੀ: ਖਾਗਨਾ, ਚੁਭਣਾ, ਗੱਢ ਜਾਣਾ]

[1]ਵਿੰਨ੍ਹ ਕੇ ਪਾਰ ਹੋ ਗਿਆ।

ਤਿਹ ਸੰਗ ਤੁਰੰਗਮ ਦੀਨਿ ਗੇਰਿ।
ਜੱਟੂ ਸੁ ਤਜਾਰਿ ਭਾ ਠਾਂਢਿ ਫੇਰ।
ਕਰਿ ਤੁਪਕ ਤਜਾਰ ਤਾਕੀ ਸੁ ਬੀਰ।
ਧਨੁ ਖੈਂਚਿ ਮੁਹੰਮਦ ਤਾਕ ਤੀਰ ॥ ੩੯ ॥
ਛੁਟਿ ਪਰੇ ਦੁਹਨਿ ਤੇ ਏਕ ਬਾਰ।
ਇਤਿ ਗੁਲਕਾਂ ਉਤ ਤੇ ਸਰ[1] ਪ੍ਰਹਾਰ।
ਦੋਨਹੁ ਸੁ ਬੀਰ ਕੇ ਵਾਰ ਦੋਇ।
ਲਗਿ ਦੁਹਨਿ ਅੰਗਿ ਉਰ ਬਿਧਤਿ ਸੋਇ
॥ ੪੦ ॥

[1]ਤੀਰ।

ਜੱਟੂ ਕਿ ਰਿਦੇ ਲਗਿ ਤੀਰ ਪਾਰਿ।
ਗਿਰ ਪਰਜੋ ਭੂਮਿ ਘੈ ਕੈ ਭਵਾਰਿ[1]।
ਉਤ ਲਗੀ ਜਾਇ ਗੁਲਕਾਂ ਪ੍ਰਚੰਡ।
ਫਟਿ ਗਯੋ ਤੁੰਡ ਭਟ ਪਿਖਤਿ ਝੁੰਡ
॥ ੪੧ ॥

[1]ਭਵਾਲੀ ਖਾਕੇ।

ਦੋਨਹੁਂ ਸੁ ਬੀਰ ਜੁਝੇ ਜੁਝਾਰ।
ਦਲ ਦੁਹਨਿ ਦਿਸ਼ਨਿ ਤੇ ਭਟ ਨਿਹਾਰਿ।
ਅਰਿਰਾਇ ਪਰੇ ਊਪਰ ਸੁ ਧਾਇ।
ਇਕ ਬਾਰ ਖੈਂਚਿ ਕਰਵਾਰ, ਘਾਇ[1] ॥੪੨॥

[1]ਜ਼ਖ਼ਮੀ ਕੀਤੇ।

ਲਰਿ ਮਰਤਿ ਤੁਰਤਿ ਨਹਿਂ ਅਟਕ ਹੋਤਿ।
ਤਰਵਾਰ ਕਿ ਤੋਮਰ ਗਹਿ ਉਦੋਤਿ।
ਵਾਰਨਿ ਪ੍ਰਹਾਰ ਨਹਿਂ ਦੇਰਿ ਲਾਇ।
ਰਿਸ ਭਰੇ ਅਰੇ ਹੀ ਕਟਤਿ ਥਾਇਂ ॥੪੩॥
ਦਲ ਮਰਜੋ ਕਿਤਿਕ ਲੋਥਨ ਬਿਥਾਰਿ।
ਪਰਿ ਰਹੇ ਬੀਰ ਬੰਕੇ ਜੁਝਾਰ।
ਇਕ ਬਾਰਿ ਮਾਰਿ ਸਿੱਖਨਿ ਸੁ ਕੀਨਿ।
ਨਹਿਂ ਤੁਰਕ ਅਰੇ ਬਡ ਤ੍ਰਾਸ ਲੀਨਿ ॥੪੪॥
ਗੁਰੁ ਬੀਰ ਏਕ, ਦਸ ਸ਼ੱਤ੍ਰੁ ਸੰਗਿ।
ਠਹਿਰੈਂ ਨ ਅੱਗ੍ਰ ਭਾ ਭੀਮ ਜੰਗ।
ਬਹੁ ਕਰੀ ਮਾਰ ਕੱਲਜਾਨ ਬੀਰ।
ਤੋਮਰ ਤੁਫੰਗ ਤਰਵਾਰ ਤੀਰ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਜੱਟੂ ਅਰੁ ਮੁਹੰਮਦ ਖਾਨ ਬੱਧ' ਪ੍ਰਸੰਗ ਬਰਨਨੰ ਨਾਮ ਦ੍ਵੈਤ੍ਰਿੰਸਤੀ ਅੰਸੂ ॥੩੨॥

## ੩੩. [ਬੈਰਮਖਾਨ, ਮਥੁਰਾ ਬੱਧ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਤੁਰਕ ਤ੍ਰਾਸ ਧਰਿ ਜਬਿ ਭਜੇ, ਦੇਖੇ ਅਬਦੁਲਖਾਨ।
ਬਡੋ ਕ੍ਰੋਧ ਕਰਿ ਤਪ ਗਯੋ, ਬੋਲ੍ਯੋ ਦੁਸ਼ਟ ਮਹਾਨ ॥੧॥

ਸ੍ਵੈਯਾ:

ਬੈਰਮਖਾਨ ਕੋ ਤੀਰ ਬੁਲਾਇ ਕੈ
ਕੋਪ ਕੋ ਧਾਰਿ ਕਹ੍ਯੋ ਸਮੁਦਾਈ[1]। — [1]ਸਾਰੀ ਵਾਰਤਾ।
'ਕ੍ਯੋਂ ਨ ਥਿਰੋ ਸੰਗ੍ਰਾਮ ਪਰ੍ਯੋ
ਅਬਿ ਭਾਜਿ ਕੈ ਜਾਹੁਗੇ ਕੌਨ ਸੇ ਥਾਈਂ?
ਕ੍ਯਾ ਤੁਮ ਲਾਜ ਪੈ ਗਾਜ ਪਰੀ[1], — [1]ਕੀ ਤੇਰੀ ਲੱਜਾ ਤੇ ਬਿਜਲੀ ਪੈ ਗਈ ਹੈ?
ਬਹੁ ਬੋਲਤਿ ਥੇ ਮਿਲਿ ਕੈ ਅਗੁਵਾਈ[1]। — [1]ਅੱਗੇ ਤਾਂ ਤੁਸੀਂ ਮਿਲਕੇ ਵਧ ਵਧ ਕੇ ਬੋਲਦੇ ਸੀ।
-ਕੌਨ ਅਰੈ ਹਮ ਸੰਗਿ ਮਹਾਂ ਭਟ-,
ਥੋਰੇ ਈ ਸਿੱਖਨਿ ਦੀਨੋ ਪਲਾਈ[1] ॥੨॥ — [1]ਥੋੜੇ ਸਿੱਖਾਂ ਨੇ ਹੀ (ਤੁਹਾਨੂੰ) ਨਠਾ ਦਿੱਤਾ।
ਤੂਰਨ ਤੂੰ ਰਨ ਕੋ ਕਰਿ ਜਾਹੁ
ਸਭੈ ਭਟ ਰੋਕਹੁ ਦੈ ਲਲਕਾਰਾ।'
ਬੈਰਮਖਾਨ ਸੁਨੇ ਬਚ ਬਾਨ ਸੇ,
ਕ੍ਰੋਧ ਭਯੋ ਨਹਿਂ ਜਾਇ ਸਹਾਰਾ।
ਲੈ ਦਲ ਕੋ ਉਮਡ੍ਯੋ ਇਕ ਵਾਰ ਹੀ,
ਪੀਸਤਿ ਦਾਂਤਨਿ ਕੋ ਬਲ ਧਾਰਾ।
ਆਇ ਪਰ੍ਯੋ ਗਨ ਸਿੱਖਨਿ ਪੈ
ਥਿਰ ਹੋਤਿ ਭਏ ਬਡ ਬੀਰ ਜੁਝਾਰਾ[1] ॥੩॥ — [1]ਜੰਗਜੂ ਸੂਰਮੇ।
ਮਾਰ ਤੁਫੰਗਨਿ ਮਾਚੀ ਘਨੀ,
ਨ ਅਰੇ ਸਿਖ, ਬੈਰਮ ਖਾਨ ਭਜਾਏ।
ਤੋਮਰ ਤੀਰਨਿ ਸੋਂ ਗੁਲਕਾਨਿ
ਕਰੀ ਬਰਖਾ ਇਕਸਾਰ ਧਵਾਏ[1]। — [1]ਸੂਰਮਿਆਂ ਨੂੰ ਭਜਾ ਦਿੱਤਾ।
ਦੋਨਹੁਂ ਕੀ ਦਿਸ਼ਿ ਤੇ ਮਰਿ ਕੈ
ਭਟ ਹੂਰ ਬਿਮਾਨ ਚਢੇ ਮੁਦ ਪਾਏ।
ਦੇਹਿ ਤਜੀ ਸਭਿ ਪਾਪਨਿ ਕੇ

ਜੁਤਿ ਪੁੰਨ ਸਰੀਰ ਕੋ ਧਾਰਿ ਸਿਧਾਏ[1] ॥੪॥
ਸ੍ਰੀ ਹਰਿਗੋਵਿੰਦ ਬੀਰ ਬਹਾਦੁਰ
ਆਦਰ ਤੇ ਮਥੁਰਾ[1] ਢਿਗ ਹੇਰਾ।
'ਜਾਹੁ ਬਲੀ ! ਇਹ ਖਾਂਨ ਜੁ ਆਵਤਿ
ਮਾਰਤਿ ਹੈ ਉਰ ਕ੍ਰੋਧ ਘਨੇਰਾ।
ਰੋਕਹੁ ਅੱਗ੍ਰ, ਹਤੋ ਕਰਿ ਜੰਗ,
ਕਹਾਵਤਿ ਹੈ ਇਹ ਬੀਰ ਬਡੇਰਾ।
ਮਾਰੇ ਘਨੇ ਭਟ, ਨਾ ਅਟਕਯੋ ਕਿਤ,
ਕਾਟਤਿ ਹਾਥ ਗਹੀ ਸ਼ਮਸ਼ੇਰਾ[1]' ॥੫॥
ਸਾਦਰ ਸ੍ਰੀ ਗੁਰ ਤੇ ਸੁਨਿ ਕੈ
ਮਥੁਰਾ ਮਨ ਆਨੰਦ ਕੋ ਉਪਜਾਏ।
'ਆਪ ਸਹਾਇ ਕਰੋ ਪ੍ਰਭੁ ਪੂਰਨ !
ਮਾਰਤਿ ਹੌਂ ਇਸ ਕੌ ਉਥਲਾਏ।
ਕਯਾ ਇਹ ਗੀਦੀ ਗਵਾਰ ਅਹੈ
ਗਨ ਕਾਲ ਕੇ ਪ੍ਰੇਰੇ ਚਲੇ ਇਤ ਆਏ।
ਰਾਵਰ ਕੇ ਬਲ ਦੀਹ ਪ੍ਰਤਾਪ ਤੇ
ਸ਼ਾਹਜਹਾਂ ਕੋ ਗਹੈਂ ਹਮ ਜਾਏ' ॥੬॥
ਯੌਂ ਕਹਿ ਕੈ ਗਰੁ ਆਇਸੁ ਲੇ,
ਕਰਿ ਬੰਦਨ ਕੋ, ਹਯ ਤੇਜ ਕਰਯੋ।
ਚਾਰ ਸੈ ਸੂਰ ਚਲੇ ਜਿਹ ਸੰਗ
ਸੁ ਮਾਰਿ ਹੀ ਮਾਰ ਕੋ ਸ਼ੇਰ ਪਰਯੋ।
ਦੀਹ ਦਮਾਮਨਿ ਚੋਬ ਲਗੇ
ਸੁਨਿ ਬੀਰਨਿ ਕੈ ਉਰ ਮੋਦ ਭਰਯੋ।
ਤੇਜ਼ ਤੁਰੰਗ ਸੰਭਾਰਿ ਤੁਫੰਗਨਿ
ਜੰਗ ਰਚਯੋ ਉਤਸਾਹੁ ਧਰਯੋ ॥੭॥
ਬੈਰਮਖਾਨ ਹੁਤੋ ਜਿਸ ਥਾਂਨ
ਕਰੈ ਭਟ ਹਾਨ, ਗਯੋ ਤਹਿੰ ਧਾਏ।
ਯੌਂ ਲਲਕਾਰਿ ਪਰਯੋ ਤੁਰਕਾਨ ਮੈਂ,
ਸ਼ੇਰ ਪਰੈ ਮ੍ਰਿਗ ਬ੍ਰਿੰਦ ਮੈਂ ਜਾਏ।
ਮਾਰਿ ਕਰੀ ਬਰਖਾ ਗੁਲਕਾਨਿ ਕੀ
ਜਯੋਂ ਘਨ ਊਨਵ[1] ਕੈ ਬਰਖਾਏ।

[1]ਪਾਪਾਂ ਵਾਲੀ ਦੇਹ ਤਯਾਗਕੇ ਪੁੰਨੀ ਸਰੀਰ ਧਾਰਕੇ ਗਏ (ਭਾਵ ਦੇਵਤਾ ਰੂਪ ਹੋਕੇ)।

[1]ਸੂਰਮੇ ਦਾ ਨਾਮ।

[1]ਹੱਥ ਵਿਚ ਤਲਵਾਰ ਫੜਕੇ ਕੱਟੀ ਜਾਂਦਾ ਹੈ।

[1]ਓਰੜਕੇ।

ਸੂਰ ਦੜਾਦੜ ਭੂਮਿ ਪਰੈਂ
ਬਨ ਮੈਂ ਤੁਰ ਖਾਤੀ[1] ਜਯੋਂ ਕਾਟ ਗਿਰਾਏ ॥੮॥
[1]ਤਰਖਾਨ।

ਲੋਹ ਮਚਯੋ ਦੁਹੂੰ ਓਰਨਿ ਤੇ
ਜਨੁ ਓਰਨਿ ਤੇ ਕ੍ਰਿਸ਼ਿ ਪਾਕ[1] ਗਿਰੀ।
[1]ਪੱਕੀ ਖੇਤੀ।

'ਹਾਇ' ਉਚਾਰਤਿ ਘਾਇਲ ਆਰਤ[1],
[1]ਦੁਖੀ ਜ਼ਖਮੀ 'ਹਾਇ ਹਾਇ' ਕਹਿੰਦੇ ਹਨ।

ਬੀਰ ਬੰਗਾਰਤਿ ਧੀਰ ਧਰੀ।
ਆਪਸ ਮੈਂ ਉਰਝੇ ਇਕ ਬਾਰ ਹੀ
ਮਾਰਿ ਕ੍ਰਿਪਾਨਨਿ ਦੀਹ ਕਰੀ।
ਸ਼੍ਰੋਣਤਿ ਭੂਮਿ ਰੰਗੀਨ ਭਈ
ਗਨ ਲੋਥਨਿ ਪੈ ਗਨ ਲੋਥ ਪਰੀ ॥੯॥
ਬੀਰ ਟਿਕੇ ਨ ਕਟੇ ਰਨ ਖੇਤ ਮੈਂ,
ਓਜ ਤੇ ਨਾਂਹਿ ਮਿਟੇ ਲਰਿ ਕੈ।
ਹੋਤਿ ਭਏ ਪਟ ਲਾਲ ਸਮੂਹਨਿ
ਚਾਚਰ[1] ਖੇਲਤਿ ਜਯੋਂ ਫਿਰਿ ਕੈ।
[1]ਹੋਲੀ [ਸੰਸ: ਚਰਚਰੀ = ਹੋਲੀ ਦਾ ਗੀਤ, ਤਮਾਸ਼ਾ, ਹੋਲਾ ਆਦਿ]

ਕਾਸ਼ਟ ਪ੍ਰਿਸ਼ਟਨਿ ਕੋ[1] ਬਡ ਨਾਦ
[1]ਬੰਦੂਕਾਂ ਦਾ।

ਭਯੋ ਤਿਸ ਕਾਲ ਰਹੇ ਅਰਿ ਕੈ।
ਕੋ ਨ ਮਿਟਯੋ ਦੁਹੂੰ ਓਰਨਿ ਤੇ
ਚਪਿ[1] ਆਪਸ ਬੀਚਿ ਗਿਰੇ ਮਰਿ ਕੈ ॥੧੦॥
[1]ਖਿਝਕੇ।

ਮਾਰ ਮਚੀ, ਕਹਿੰ 'ਮਾਰਿ ਹੀ ਮਾਰਿ'
ਸੁ ਮਾਰ ਕਰੇ ਹਥਿਯਾਰਨਿ ਸੰਗਾ।
ਭੀਮ ਗਯੋ ਰਣ ਖੇਤ ਮਹਾਂ
ਪਿਖਿ ਕਾਇਰ ਕੇ ਉਰ ਹੋਤਿ ਅਤੰਗਾ[1]।
[1]ਡਰ।

ਸੂਰਨਿ ਕੇ ਮੁਖ ਲਾਲੀ ਚਢੀ
ਰਿਪੁ ਮਾਰਤਿ ਹੈਂ ਬਿਚ ਜੰਗ ਨਿਸੰਗਾ।
ਸੀਸ ਕਟੇ ਗਨ, ਬਾਹੁ[1] ਕਟੇ ਗਨ,
[1]ਬਾਹਾਂ।

ਬਾਹ[1] ਕਟੇ ਗਿਰ ਗੇ ਬਿਨ ਅੰਗਾ ॥੧੧॥
[1]ਘੋੜੇ [ਸੰਸ: ਵਾਹ] (ਅ) ਟੰਗਾਂ। [ਸੰਸ: ਵਰ੍ = ਲਈ ਫਿਰਨਾ]

ਰੋਕੀ ਅਗਾਰੀ ਜਬੈ ਮਥਰਾ
ਤਬਿ ਬੈਰਮਖਾਨ ਤੁਫੰਗ ਚਲਾਏ।
'ਮਾਰਹੁ ਰੇ ਕਿਮ ਠਾਂਢਿ ਰਹੇ,

ਭਟ ਥੋਰੇ ਅਹੈਂ ਕਿਸ ਨੇ ਅਟਕਾਏ?'
ਲੇ ਕਰਿ ਸੰਗ ਸਹੱਸ੍ਰ ਸੂਰਮੇ
ਆਇ ਪਰਯੋ ਹਥਿਆਰ ਉਠਾਏ।
ਮਾਰਿ ਤੁਫੰਗਨਿ ਐਸੀ ਕਰੀ
ਦਿਸ਼ਿ ਦੋਇਨ ਕੇ ਹਯ ਤੇ ਉਥਲਾਏ
॥੧੨॥
ਕੇਤਿਨ ਕੇਰਿ ਤੁਰੰਗ ਹਤੇ ਰਣਿ[1], — [1]ਜੰਗ ਵਿਚ।
ਕੇਤਿਕ ਬੀਰ ਮਰੇ ਹਯ ਛੋਰੇ।
ਕੇਤਿਨਿ ਕੀ ਭੁਜ ਕਾਟਿ ਦਈ
ਅਰਿ ਕੇਤਿਨਿ ਕੇ ਗੁਲਕਾਂ[1] ਉਰ ਫੋਰੇ। — [1]ਗੋਲੀਆਂ ਨੇ।
ਕੇਤਿਨਿ ਕੀ ਕਟਿ ਗ੍ਰੀਵ ਗਈ ਸੁ
ਕਬੰਧ[1] ਉਠੇ ਪਿਖਿ ਦਾਰੁਨ ਦੌਰੇ। — [1]ਧੜ।
ਕੇਤਿਨਿ ਕੀ ਕਟਿ ਜੰਘ ਗਈ
ਲੰਗਰੇ ਸੁ ਖਰੇ ਮੁਖ ਸ਼ੱਤ੍ਰਨਿ ਓਰੇ ॥੧੩॥
ਰੋਸ ਭਰਯੋ ਮਥੁਰਾ ਹਯ ਫੇਰਤਿ
ਮਾਰਿ ਤੁਫੰਗਨਿ ਸ਼ੱਤ੍ਰ ਹਟਾਵੈ।
ਦੁੰਦਭਿ ਦੀਹ ਬਜੈਂ ਦੁਹੁ ਓਰਨਿ
ਤੀਰਨਿ ਤੋਮਰ ਤਾਕ ਚਲਾਵੈਂ।
'ਮਾਰਹੁ ਮਾਰਿ' ਪੁਕਾਰਤਿ ਹੈਂ
ਮੁਖ ਸ਼੍ਰੋਣ ਭਰੇ ਅਸਿ ਕੋ[1] ਚਮਕਾਵੈਂ। — [1]ਤਲਵਾਰਾਂ ਨੂੰ।
ਟੂਟ ਪਰੇ ਭਟ ਜੂਟ ਗਏ,
ਅਟਕੇ ਨ ਮਿਟੈਂ, ਲਟਕੇ ਝਟਕਾਵੈਂ[1]
॥੧੪॥
— [1]ਟੁੱਟ ਕੇ ਪਏ ਸੂਰਮੇ (ਤੇ ਆਪੋ ਵਿਚ) ਜੁੱਟ ਗਏ, (ਆਪੋ ਵਿਚ) ਅੜੇ ਹੋਏ ਪਿੱਛੇ ਨਹੀਂ ਹੁੰਦੇ, (ਆਪ) ਨਾਸ਼ ਹੁੰਦੇ ਹਨ ਤੇ ਵੈਰੀ ਨੂੰ ਝਟਕਾ ਸੁੱਟਦੇ ਹਨ। (ਅ) (ਤਲਵਾਰ) ਟੁੱਟ ਪਈ ਤੇ ਸੂਰਮੇ ਜੁੱਟ ਗਏ (ਹਥੋ ਹਥੀ ਤੇ) ਪਰਸਪਰ ਅੜੇ ਹਟਦੇ ਨਹੀਂ, ਚੰਬੜੇ ਹੋਏ ਝਟਕੇ ਮਾਰਦੇ ਹਨ।

ਯੌਂ ਜਬਿ ਮਾਰਿ ਮਚੀ ਦੁਹੂੰ ਓਰ ਤੇ,
ਬੀਰ ਗਿਰੇ ਮਰਿ ਕੈ ਸਮੁਦਾਈ।
ਬੈਰਮਖਾਨ ਅਰਯੋ ਤਬਿ ਆਪ ਹੀ
ਬੀਰ ਕਿਤੇਕ ਹੈਂ ਸੰਗ ਸਹਾਈ।
ਖੈਂਚਿ ਲਈ ਕਰਵਾਰਨਿ ਮਯਾਨ ਤੇ
ਮਾਰਤਿ ਬੇਗ ਅਰੈ[1] ਅਗੁਵਾਈ। — [1]ਜੋ) ਅੜੇ।
ਆਵਤਿ ਗੇਰਤਿ ਸੂਰਨਿ ਕੋਂ

ਠਹਿਰੈ ਨਹਿ ਕੋ, ਅਸ ਮਾਰ ਮਚਾਈ
॥੧੫॥

ਹੰਸਕ ਛੰਦ:

ਬੈਰਮਖਾਨਾ। ਕੀਨਿ ਮਦਾਨਾ।
ਖੈਂਚਿ ਕ੍ਰਿਪਾਨਾ। ਬੀਰਨਿ ਹਾਨਾ ॥੧੬॥
ਕੋ ਨ ਅਰੰਤਾ। ਮਾਰਿ ਗਿਰੰਤਾ।
ਰੌਰ ਮਚੰਤਾ। ਜੋ ਬਲਿਵੰਤਾ ॥੧੭॥
ਘੋਰ ਨਚਾਵੈ। ਵਾਰ ਚਲਾਵੈ।
ਘਾਇਨਿ ਘਾਵੈ[1]। ਹੈ ਉਥਲਾਵੈ ॥੧੮॥ [1]ਜ਼ਖਮਾਂ ਤੇ ਜ਼ਖਮ ਲਾਉਂਦਾ ਹੈ।
ਜਾਨਤਿ ਬਿੱਦਜਾ। ਸ੍ਰੀ ਅਸਿ ਛਿੱਦਜਾ[1]। [1]ਜਾਣਦਾ ਹੈ ਵਿੱਦਜਾ ਤਲਵਾਰ ਨਾਲ ਕੱਟਣ ਦੀ (ਤਕੋ ਇਸੇ ਰਾਸ ਦੀ ਅੰਸੂ ੩੧ ਅੰਕ ੩)।
ਨਾ ਅਟਕੰਤਾ। ਸਿੱਖਨਿ ਹੰਤਾ ॥੧੯॥
ਸੂਰ[1] ਜੁ ਔਰੇ। ਆਵਤਿ ਦੌਰੇ। [1]ਸੂਰਮੇਂ।
ਤੋਮਰ ਤੀਰੰ। ਬੇਧਿ[1] ਸਰੀਰੰ ॥੨੦॥ [1]ਵਿੰਨ੍ਹਦੇ ਹਨ।
ਸਿੱਖਨਿ ਹੇਰਾ। ਬੀਰ ਬਡੇਰਾ।
ਮਾਰਤਿ ਖੱਗੰ। ਧਾਵਤਿ ਅੱਗੰ ॥੨੧॥
ਦੀਹ ਹੰਕਾਰੀ[1]। ਆਇ ਅਗਾਰੀ। [1]ਬੜੇ ਹੰਕਾਰ ਵਾਲਾ ਹੈ।
ਸੈਨ ਸੰਘਾਰੀ। ਹੈ ਬਲਿਭਾਰੀ ॥੨੨ ॥

ਹਰਿਬੋਲਮਨਾ ਛੰਦ:

ਪਿਖਿ ਕੈ ਮਥਰਾ। ਰਣ ਭਾ ਸੁਥਰਾ[1]। [1]ਚੰਗਾ।
ਭਟ ਕਾਟਿ ਗਿਰੇ। ਗਨ ਦੇਹਿ[1] ਪਰੇ [1]ਸਰੀਰ।
॥੨੩॥
ਜਹਿ ਖਾਨ ਖਰੋ। ਤਹਿ ਆਨਿ ਅਰੋ।
ਭਟ ਬ੍ਰਿੰਦ ਲਿਏ। ਤਹਿ ਠਾਂਢ ਕਿਏ
॥੨੪॥
ਅਗਨੀ ਉਗਲਾ। ਗੁਲਕਾਨਿ ਡਲਾ[1]। [1]ਅਗਨੀ ਉਗਲਾ (= ਬੰਦੂਕਾਂ) ਵਿਚ ਗੋਲੀਆਂ ਪਾਈਆਂ।
ਕਸਿ ਛੋਰਿ ਦਈ[1]। ਬਹੁ ਮਾਰਿ ਕਈ [1]ਸ਼ਿਸਤਾਂ ਬੰਨ੍ਹਕੇ ਚਲਾਈਆਂ।
॥੨੫॥
ਭਟ ਭੂਮਿ ਗਿਰੇ। ਹਯ ਛੂਛ ਫਿਰੇ।
ਤੁਰਕਾਨਿ ਹਨੇ। ਤਜਿ ਪ੍ਰਾਨ ਘਨੇ
॥੨੬॥
ਦਿਸਿ ਦ੍ਵੈ ਰਿਸ ਕੈ। ਤੁਪਕਾਂ ਕਸਿ ਕੈ।
ਸਮੁਦਾਇ ਛਟੈਂ। ਮੁਖ ਸੂਰ[1] ਜੁਟੈਂ [1]ਸੂਰਮਿਆਂ ਦੇ ਮੂੰਹ।

॥੨੭॥
ਨਹਿਂ ਪਾਛਿ ਹਟੇ। ਤਿਸ ਥਾਨ ਲਿਟੇ।
ਸਿਰ ਫਟਿ ਗਏ। ਗੁਲਕਾਨਿ ਹਏ
॥੨੮॥

ਸ੍ਵੈਯਾ:
ਸ਼ੀਘ੍ਰ ਚਲਾਇ ਕੁਦਾਇ ਤੁਰੰਗ ਕੋ
ਰੋਸ ਭਰ੍ਯੋ ਮਥੁਰਾ ਮਨ ਮੈਂ।
ਬੈਰਮਖਾਨ ਕੇ ਨੇਰ ਢੁਕ੍ਯੋ
ਪਿਖਿ ਆਵਤਿ ਦੀਹ ਵਧ੍ਯੋ ਰਨ ਮੈਂ।
ਊਚਿ ਪੁਕਾਰ ਕਹ੍ਯੋ ਲਲਕਾਰ
'ਹਨੇ ਭਟ ਤੈਂ ਪ੍ਰਵਿਸ਼੍ਯੋ ਗਨ ਮੈਂ।
ਸੂਰ ਮਿਲ੍ਯੋ ਨਹਿਂ ਕੋ ਅਬਿ ਲੌਂ,
ਥਿਰਤਾ ਕਰਿ ਬੀਰ! ਅਯੋਧਨ ਮੈਂ[1]
॥੨੯॥

[1]ਜੁੱਧ ਵਿਚ, ਜੰਗ ਭੂਮੀ ਵਿਚ [ਸੰਸ: ਆਯੋਧਨ] (ਅ) ਮੈਂ ਉਹ (ਸੂਰਮਾ) ਹਾਂ ਜਿਸ ਨਾਲ ਜੁੱਧ ਨਹੀਂ ਹੋ ਸਕਦਾ। [ਸੰਸ: ਅਯੋਧਯ]

ਸਾਮੁਹੇ ਮੋਹਿ ਖਰੋ ਅਬਿ ਹੋਹੁ,
ਟਰੋ ਨਹਿਂ, ਤੋਹਿ ਦਿਖਾਵਹੁਂ ਹਾਥਾ।'
ਯੌਂ ਸੁਨਿ ਬੈਰਮਖਾਨ ਹਸ੍ਯੋ
'ਤੁਮ ਜਾਨਤਿ ਕ੍ਯਾ ਹਥਿਆਰਨਿ ਗਾਥਾ?
ਮੈਂ ਜਬਿ ਲੌਂ ਨ ਕੁਪ੍ਯੋ ਤੁਮ ਪੈ
ਤਬਿ ਲੌਂ ਤੁਰਕਾਨਿ ਹਨਹੁ ਬਲਿ ਸਾਥਾ।
ਦੇਖਹੁ ਮਾਰਤਿ ਹੌਂ ਸਭਿ ਕੋ
ਕਰਿ ਹੌਂ ਬਹੁ ਰੁੰਡ[1] ਕਟੌਂ ਗਨ ਮਾਥਾ[2]'
॥੩੦॥

[1]ਧੜ। [2]ਸਿਰ।

ਬੋਲਤਿ ਬੈਰਮਖਾਨ 'ਖਰੋ',
ਤਬਿ ਜੋਰਿ ਤੁਫੰਗ ਕੋ ਘੋਰ ਪ੍ਰਹਾਰੀ।
ਯੌਂ ਕੜਕੀ ਜਨੁ ਗਾਜ ਪਰੀ,
ਲਖਿ ਖਾਨਿ ਤੁਰੰਗ ਕੁਦਾਇ ਅਗਾਰੀ[1]।

[1]ਬੈਰਮਖਾਨ ਨੇ ਲਖ ਲਿਆ ਤੇ ਘੋੜਾ ਅੱਗੇ ਨੂੰ ਕੁਦਾ ਲਿਆ।

ਆਪ ਗਯੋ ਬਚਿ ਬਾਹਨਿ ਕੇ ਲਗਿ[1]
ਟੂਟ ਗਈ ਤਿਹ ਟਾਂਗ ਪਿਛਾਰੀ।
ਤੁਰਨ ਹੀ ਅਵਿਨੀ ਗਿਰ ਗਾ,
ਪਦ ਤੀਨ ਤੇ ਨਾਂਹਿਨਿ ਚਾਲਿ ਅਗਾਰੀ

[1]ਭਾਵ ਘੋੜੇ ਨੂੰ ਲੱਗੀ।

॥੩੧॥
ਬੈਰਮਖਾਨ ਖਰੋ ਧਰਨੀ ਪਰ
ਢਾਲ ਕ੍ਰਿਪਾਨ ਕੋ ਹਾਥ ਸੰਭਾਰੇ।
ਹ੍ਵੈ ਹੁਸ਼ਿਆਰ ਪ੍ਰਾਹਰਨਿ ਲਾਗਿ
ਕਟੈ ਗਨ ਅੰਗ ਧਰਾ ਪਰ ਡਾਰੇ।
ਘੋਰਨਿ ਕੈ ਅਰੁ ਸੂਰਨਿ ਕੈ
ਅਸਿ ਮਾਰਤਿ, ਆਪ ਬਚਾਵਨਿ ਧਾਰੇ।
ਕੇਤੇ ਗਿਰੇ ਭਟ ਨਾਂਹਿ ਸੰਭਾਰਤਿ
ਕੇਤਿਕ ਆਇ ਪਰੈਂ ਲਲਕਾਰੇ ॥੩੨॥
ਸ੍ਰੀ ਗੁਰੁ ਕੇ ਭਟ ਮਾਰਨਿ ਕੇ
ਹਿਤ ਬੈਰਮਖਾਨ ਕੋ ਘੇਰਿ ਲਯੋ।
ਖਾਇ ਪ੍ਰਹਾਰ ਨਹੀਂ ਕਿਸਿ ਤੇ,
ਕਰਿ ਬ੍ਰਿੰਦ ਉਪਾਇ ਨ ਘਾਇ ਘਯੋ[1]।

[1]ਸਾਰੇ ਹੀ ਯਤਨ ਕਰ ਰਹੇ (ਪਰ ਉਸ) ਨੇ ਜ਼ਖਮ ਨਾ ਖਾਧਾ।(ਅ) ਭਾਵ ਦਾਉ ਘਾਉ ਨੂੰ ਬਚਾ ਜਾਂਦਾ ਹੈ।

ਚੰਚਲਤਾ ਧਰਿ ਨਾਚਤਿ ਹੈ ਜਨੁ
ਢਾਲ ਤੇ ਵਾਰ ਕੋ ਰੋਕ ਦਿਯੋ।
ਤੇਗ ਤੇ ਮਾਰਤਿ ਆਪਿ ਬਚਾਇ ਕੈ
ਸੂਰ ਹਿਰਾਨ ਭਏ ਨ ਹਯੋ[1] ॥੩੩॥

[1]ਮਾਰਿਆ ਨਹੀਂ ਗਿਆ।

ਯੌਂ ਪਿਖਿ ਕੈ ਮਥੁਰਾ ਰਿਸਿ ਕੈ
ਹਯ ਤੇ ਉਤਰਯੋ ਤਤਕਾਲ ਤਹਾਂ।
ਦਾਵ ਤਕਯੋ, ਕਰਵਾਰ ਨ ਖਾਇ,
ਇਤੈ ਉਤ ਧਾਇ ਬਚਾਇ ਮਹਾਂ।
ਤੁਰਨਤਾ ਧਰਿ ਕੈ ਤਬਿ ਔਚਕ
ਜੋਰ ਕਰਯੋ ਹਤਿ ਵਾਰ ਜਹਾਂ[1]।

[1]ਬਲ ਨਾਲ ਵਾਰ ਮਾਰ ਰਿਹਾ ਸੀ ਜਿੱਥੇ।

ਦੌਨ ਭੁਜਾਨ ਕੇ ਬੀਚ ਗਹਯੋ,
ਛੁਟਿ ਜਾਨ ਚਹਯੋ, ਛੁਟਿਬੋ ਨ ਲਹਾ
॥੩੪॥
ਬਾਹਿਨ ਕੇ ਬਲ ਕੋ ਕਰਿ ਕੈ
ਉਲਟਾਇ ਕੈ ਬੈਰਮ ਖਾਂਨ ਗਿਰਾਯੋ।
ਛੀਨ ਕ੍ਰਿਪਾਨ ਹਨੀ ਤਿਸ ਗ੍ਰੀਵ
ਕਟਯੋ ਧਰ ਤੇ ਸਿਰ ਦੂਰ ਬਗਾਯੋ।
ਦੇਖਤਿ ਹੀ ਮਥੁਰਾ ਬਲ ਕੋ[1]

[1]ਮਥਰਾ ਦੇ ਬਲ ਨੂੰ।

ਗੁਰੁ ਕੋ ਦਲ ਦੀਰਘ ਹੀ ਹਰਖਾਯੋ।
ਖਾਨ ਕੀ ਸੈਨ ਰਿਸੀ ਅਤਿਸ਼ੈ
ਜਿਨ ਕੋ ਸਿਰਦਾਰ ਧਰਾ ਉਥਲਾਯੋ
॥੩੫॥
ਆਨਿ ਪਰੇ ਮਥਰਾ ਸਿਰ† ਊਪਰ — †ਪਾ:-ਸਿੱਖ।
ਤੋਮਰ ਤੀਰ ਹਨੈ ਤਰਵਾਰੈਂ।
ਘੇਰਿ ਲਿਯੋ ਬਡ ਬੀਰ ਬਹਾਦੁਰ
ਰਾਤਿ ਕੋ ਚੰਦ ਜਥਾ ਪਰਵਾਰੈਂ।
ਹ੍ਵੈ ਪੁਰਜ਼ੇ ਪੁਰਜ਼ੇ ਗਿਰ ਗਾ ਤਬਿ
ਆਪਿ ਮਰਜੋ ਬਹੁ ਸ਼ੱਤ੍ਰੁਨਿ ਮਾਰੈ।
ਦੇਖਿ ਗੁਰੂ ਬਿਕਸੇ ਪੁਰਸ਼ਾਰਥ[1], — [1]ਬਲ।
'ਧੰਨ' ਸਭੈ ਸਿੱਖ ਤਾਂਹਿ ਉਚਾਰੈਂ ॥੩੬॥
ਆਪਸ ਮੈਂ ਮਿਲਿ ਸੈਨ ਗਈ
ਤਜਿ ਹਾਥ ਤੁਫੰਗਨਿ ਕੋ ਲਲਕਾਰੇ।
ਤੋਮਰ ਕੀ ਬਡ ਮਾਰ ਮਚੀ,
ਤਲਵਾਰ ਨਚੀ, ਚਲਿ[1] ਲੋਹੂ ਪਨਾਰੇ। — [1]ਚੱਲ ਪਏ।
ਫੇਰਿ ਕਟਾਰਨਿ ਜੁਟਿ ਗਏ
ਜਨੁ ਹੇਰੁ ਬਰੰਗਨਿ ਪ੍ਰਾਨ ਦੇ ਵਾਰੇ[1]। — [1]ਮਾਨੋ ਅਪੱਸ਼ਰਾਂ ਨੂੰ ਦੇਖਕੇ ਪ੍ਰਾਨ ਵਾਰ ਰਹੇ ਹਨ।
ਮਾਰਿ ਮਰੇ ਧਰ[1] ਬੀਚ ਪਰੇ, — [1]ਧਰਤੀ।
ਧਰ[1] ਸੀਸ ਕਟੇ ਨ ਹਟੇ ਪਿਛਵਾਰੇ — [1]ਧੜ।
॥੩੭॥

ਦੋਹਰਾ:
ਇਮ ਮਾਚਜੋ ਘਮਸਾਨ ਤਬਿ ਮਰੇ ਹਜ਼ਾਰਹੁੰ
ਬੀਰ।
ਪਿਖਿ ਭਾਜੇ ਕਾਇਰ ਤਬੈ, ਸੂਰ ਰਹੇ ਧਰਿ
ਧੀਰ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬੈਰਮਖਾਨ ਅਰ ਮਥਰਾ ਸਿੱਖ ਬੱਧ' ਪ੍ਰਸੰਗ ਬਰਨਨੰ ਨਾਮ ਤ੍ਰੈਤ੍ਰਿੰਸਤੀ ਅੰਸੂ ॥੩੩॥

## ੩੪. [ਬਲਵੰਡ ਖਾਂ ਤੇ ਕਲਜਾਣਾ ਬੱਧ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਬਜੇ ਜੁਝਾਊ[1] ਦੁਹ ਦਿਸ਼ਿਨਿ,
ਉਮਡਿ ਚਲੀ ਬਡ ਸੈਨ।
ਕੱਲਜਾਣਾ ਤਬਿ ਕੋਪ ਕੈ,
ਤੁਰਕਨਿ ਕੋ ਪਿਖਿ ਨੈਨ ॥੧॥

[1]ਮਾਰੂ ਵਾਜੇ।

ਭੁਯੰਗ ਛੰਦ:

ਜਹਾਂ ਭੇੜ ਗਾੜ੍ਹੋ, ਕਰਾਚੋਲ[1] ਚਾਲੈਂ।
ਪਰਜੋ ਧਾਇ ਸੂਰਾ ਅਨੀ ਬ੍ਰਿੰਦ ਹਾਲੈਂ[1]।
ਤੁਫੰਗਾਨਿ ਮੈਂ ਦੋਇ ਡਾਲੰਤਿ ਗੋਰੀ।
ਕਰਜੋ ਢੋਇ ਢੂਕੇ ਇਕੰਬਾਰ ਛੋਰੀ ॥੨॥

[1]ਤਲਵਾਰਾਂ।

[1]ਸਾਰੀ ਫੌਜ ਹਿਲਾ ਦਿੱਤੀ।

ਪਲੀਤੇ ਧੁਖੇ ਬ੍ਰਿੰਦ ਜ੍ਵਾਲਾ ਉਗਾਲੀ[1]।
ਉਠੈ ਨਾਦ ਊਚੇ ਦੁਊ ਓਰ ਚਾਲੀ।
ਬਹੀ ਸ਼ੂੰਕ ਗੋਰੀ ਸੜਾਕੇ ਲਗੰਤੀ।
ਕਿਸੂ ਤੁੰਡ ਕੈ ਮੁੰਡ ਖੰਡੈ ਧਸੰਤੀ[1] ॥੩॥

[1]ਸਮੂਹ ਬੰਦੂਕਾਂ ਦੇ ਪਲੀਤੇ ਧੁਖੇ [ਜ੍ਵਾਲਾ ਉਗਲਾ = ਬੰਦੂਕ]

[1]ਕਿਸੇ ਦਾ ਮੁੱਖ ਯਾ ਸਿਰ ਤੋੜਦੀ ਹੋਈ ਧਸ ਜਾਂਦੀ ਹੈ।

ਕਸੈਂ ਫੇਰ ਬਾਰੂਦ ਡਾਲੈਂ ਸ਼ਿਤਾਬੀ।
ਲਗੈਂ ਸੂਰ ਘੂਮੈਂ ਗਿਰੈਂ ਜਯੋਂ ਸ਼ਰਾਬੀ।
ਛਣੰਕਾਰ ਹੋਵੈ ਗਜੰ ਕੇਰ ਠੋਕੇ[1]।
ਕੜਾਕਾੜ ਛੋਰੈਂ ਸਭੈ ਸ਼ੱਤ੍ਰੁ ਰੋਕੇ ॥੪॥

[1]ਗਜਾਂ ਦੇ (ਬੰਦੂਕਾਂ ਵਿਚ) ਠੋਕਿਆਂ.....।

ਜਹਾਂ ਖਾਨ ਕੇ ਢੁੰਗ ਬਾਂਧੇ[1] ਲਰੰਤੇ।
ਕਰੀ ਮਾਰ ਭਾਰੀ ਗਿਰੰਤੇ ਮਰੰਤੇ।
ਪਰੇ ਜਾਇ ਜੋਧਾ ਗੁਰੂ ਸਿੱਖ ਬੰਕੇ।
ਕਰੈਂ ਸ਼ੀਘ੍ਰਤਾ ਭੂਰ ਨਾਂਹੀ ਅਤੰਕੇ[1] ॥੫॥

[1]ਟੋਲੀਆਂ ਬੰਨ੍ਹਕੇ।

[1]ਡਰਦੇ ਨਹੀਂ।

ਧਰੈਂ ਸੂਰਤਾ ਸ੍ਰੀ ਗੁਰੂ ਕੋ ਦਿਖਾਵੈਂ।
ਬੰਗਾਰੈਂ ਮਲੇਛਾਨਿ ਸੌਹੈਂ ਚਲਾਵੈਂ।
ਗਿਰੇ ਬੀਰ ਬੰਕੇ ਕਰੇ ਮੂਛ ਬੰਕੀ[1]।
ਪ੍ਰਹਾਰੈਂ ਕਿਤੇ ਕੋਇ ਭਾਜੇ ਸਸ਼ੰਕੀ[1] ॥੬॥

[1]ਮੁੱਛਾਂ ਤੇ ਤਾਉ ਦੇਣ ਵਾਲੇ।

[1]ਸਹਿਤ ਡਰ ਦੇ।

ਪਰੀ ਲੋਥ ਪੈ ਲੋਥ ਪੋਥਾਨਿ[1] ਹੋਈ।
ਤੁਫੰਗੈਂ ਗਿਰੰਤੀ ਸੰਭਾਰੰਤਿ ਕੋਈ।
ਉਤੈ ਖਾਨ ਢੂਕੇ ਇਤੈ ਸਿੱਖ ਗਾਜੇ।
ਭਏ ਸੰਮੁਖੈ ਸੂਰ ਪੀਛੈ ਨ ਭਾਜੇ ॥੭॥

[1]ਢੇਰ।

ਦੋਹਰਾ:

ਮਾਰਮਚੀ ਦੁਹੂੰ ਓਰ ਤੇ,
ਭਟ ਕੱਲਜਾਨਾ ਧਾਇ।
ਪਰਜੋ ਬੀਚ ਤੁਰਕਾਨਿ ਕੇ,
'ਮਾਰਿ ਮਾਰਿ' ਮੁਖ ਗਾਇ ॥੮॥

ਪਾਧੜੀ ਛੰਦ:

ਪਿਖਿ ਅਬਦੁਲ ਖਾਂ 'ਰਣ ਭਾ ਬਿਸਾਲ।
ਗੁਰੁ ਬੀਰ ਆਨਿ ਪ੍ਰਵਿਸ਼ੰਤਿ ਜਾਲ।
ਕਟਿ ਗਈ ਬਾਹਨੀ ਬਹੁਤ ਖੇਤਿ।
ਗਨ ਖਾਨ ਅੱਗ੍ਰ ਦਿਢ ਨਹਿਂ ਸੁਚੇਤ ॥੯॥
ਉਤਸਾਹ ਹੀਨ ਨਹਿਂ ਲਰਤਿ ਧਾਇ।'
ਤਬਿ ਕ੍ਰੋਧ ਧਾਰਿ ਬੋਲਜੋ ਸੁਨਾਇ।
ਬਲਵੰਡ ਖਾਨ ਕੋ ਢਿਗ ਬੁਲਾਇ।
'ਤੁਮ ਹੁਤੋ ਬੀਰ ਤੋਮਰ ਭ੍ਰਮਾਇ ॥੧੦॥
ਤਨ ਦੇਤਿ ਕਯੋਂ ਨ ਅਬਿ ਲਰਨ ਹੇਤੁ।
ਗੁਰ ਸਿੱਖਨਿ ਰੋਕਜੋ ਜੰਗ ਖੇਤ।
ਜੇ ਹਰਿਗੁਵਿੰਦ ਕੋ ਲਿਹੁ ਨ ਮਾਰਿ।
ਨਹਿਂ ਪਕਰਹੁ ਆਪਿ ਜਿ, ਹੌ ਜਿ ਹਾਰਿ[1]† ॥੧੧॥
ਤੁਮ ਕਹੋ ਕਹਾਂ ਬੈਠਨਿ ਸਥਾਨ।
ਨਹਿਂ ਬੀਚ ਸੁ ਬੋਲਨਿ ਦੇਹਿਂ ਖਾਨ[1]।
ਗੁਰ ਅਲਪ ਸੈਨ ਤੇ ਅਰਹਿ ਜੰਗ।
ਪੁਨ ਲਰਹੁ ਕਹਾਂ ਨਿਜ ਅਧਿਕ ਸੰਗ[1]? ॥੧੨॥
ਇਹ ਜਥੇਦਾਰ ਆਵਤਿ ਅਗਾਇ।
ਸੁਰਖਾ ਤੁਰੰਗ[1] ਚੰਚਲ ਕੁਦਾਇ।
ਇਸ ਹਤਹੁ ਅੱਗ੍ਰ ਹ੍ਵੈ ਕੈ ਰਿਸਾਇ।
ਪੁਨ ਗੁਰੂ ਬਾਹਨੀ ਦਿਹੁ ਪਲਾਇ ॥੧੩॥
ਅਟਕੈ ਨ ਕੋਇ ਹੱਲਾ ਸੁ ਘਾਲਿ।
ਭਟ ਅਲੀ ਬਖਸ਼ ਤਿਸ ਲੇਹੁ ਨਾਲਿ।'
ਬਲਵੰਡ ਖਾਨ ਪਰਚੰਡ ਬੀਰ।
ਸੁਨਿ ਕੈ ਸੁ ਕ੍ਰੋਧ ਬਚ ਅਤਿ ਅਭੀਰ[1]

[1]ਤੇ) ਜੇ ਆਪ ਨਾਂ ਪਕੜੋਗੇ (ਤਾਂ) ਹਾਰ ਹੋ ਜਾਏਗੀ।
†ਪਾ:-ਜੈਹੋ ਜਿ ਹਾਰਿ।

[1]ਤੇ) ਖਾਨ (ਆਪਣੇ) ਵਿੱਚ ਬੋਲਣ ਨਹੀਂ ਦੇਣਗੇ।

[1]ਤੁਸੀਂ ਆਪ ਤੋਂ ਬਹੁਤੀ (ਸੈਨਾਂ) ਨਾਲ ਫਿਰ ਕੀਕੂੰ ਲੜੋਗੇ?

[1]ਲਾਲ ਘੋੜਾ।

[1]ਬੜੀ ਵੀਰਤਾ ਵਾਲੇ।

॥੧੪॥
ਘੋਰਾ ਕੁਦਾਇ ਤੋਮਰ ਸੰਭਾਰਿ।
ਢਿਗ ਅਲੀਬਖਸ਼ ਲੀਨੋ ਹਕਾਰਿ।
ਹੁਇ ਸਮੁਖ ਚਲੵੋ ਗੁਰ ਕੇ ਰਿਸਾਇ।
ਭਟ ਦ੍ਵੈ ਹਜ਼ਾਰ ਜਿਨ ਸੰਗ ਧਾਇ ॥੧੫॥
ਇਮ ਭਏ ਅੱਗ੍ਰ ਗੁਰ ਸਮੁਖ ਦੌਰਿ।
ਕਰਿ ਹਲਾਹੂਲ ਸੰਗ੍ਰਾਮ ਠੌਰ।
ਤਬਿ ਪਿਖੵੋ ਕਲਜਾਨੇ ਕ੍ਰੋਧ ਧਾਰਿ।
ਤਿਹ ਸਮੁਖ ਹੋਇ ਊਚੇ ਪੁਕਾਰਿ ॥੧੬॥
'ਮੈ ਖਰੋ ਤੋਹਿ ਕੋ ਹਤਨਿਹਾਰ।
ਕਿਮ ਜਾਤਿ ਅੱਗ੍ਰ ਕੋ ਹਮਹੁ ਟਾਰਿ।
ਬਿਨ ਮਰੇ ਕਿ ਮਾਰੇ ਜੰਗ ਮਾਂਹਿ।
ਇਤ ਉਤਹਿ ਜਾਤਿ ਇਹ ਉਚਿਤ ਨਾਂਹਿ'
॥੧੭॥
ਇਮ ਕਹਿ ਸੰਭਾਰਿ ਤੁਪਕੰ ਪ੍ਰਹਾਰ।
ਬਲਵੰਡ ਮੁਰੵੋ ਸੁਨਿ ਕ੍ਰੋਧ ਧਾਰਿ।
'ਕੵੋਂ ਚਹਿਤਿ ਨ ਜੀਵਨ? ਪ੍ਰਾਨ ਦੇਤਿ।'
ਕਹਿ ਭਯੋ ਸਮੁਖ, ਦੋਨਹੁ ਸੁਚੇਤ ॥੧੮॥
ਕਬਿੱਤ:
ਪਰੵੋ ਰੌਰ ਦੌਰਿ ਕਰਿ ਠੌਰ ਠੌਰ ਕੁਪੇ
ਬੀਰ,
ਦੋ ਦੋ ਗੋਰੀ ਠੋਕਿ ਤਜਾਰ ਤੁਪਕ ਸੰਭਾਰਿ
ਕੈ।
ਪਰੇ ਅਰਿਰਾਇ, ਧਾਇ ਮਿਲੇ ਸਮੁਦਾਇ
ਜਾਇ,
ਹਯਨਿ ਕੁਦਾਇ ਕੈ ਪਲਾਇ ਅਰਿ ਮਾਰਿ
ਕੈ।
ਜ੍ਵਾਲਾ ਉਗਲਾਣੀ ਤੇ[1] ਪਠਾਣੀ ਸੈਣ ਹਾਣੀ
ਗਣ,
ਮਾਂਗਿ ਮਾਂਗਿ ਪਾਣੀ ਪ੍ਰਾਣ ਛੋਰੇ ਤਨ ਡਾਰ
ਕੈ।
ਆਯੁਧ ਪ੍ਰਹਾਰ ਕੈ ਸੁਭਟਨਿ ਬੰਗਾਰ ਕੈ

[1]ਬੰਦੂਕਾਂ ਤੋਂ।

ਮਰੇ ਹੈਂ ਅਰਿ ਮਾਰਿ ਕੈ, ਗਿਰੇ ਹੈਂ ਖਾਨ ਹਾਰਿ ਕੈ ॥੧੯॥
ਖਾਨ ਬਲਵੰਡ ਬਲਿਵੰਡ ਭੁਜਦੰਡਨਿ ਤੇ[1]
ਤੋਮਰ ਪ੍ਰਚੰਡ ਕੋ ਭ੍ਰਮਾਇ ਬਾਰਿ ਬਾਰਿ ਤੇ।
ਘੋਰਨਿ ਕੋ ਮੋਰਨਿ ਮਨਿੰਦ ਸੋ ਨਚਾਇ ਕਰਿ
ਮਾਰੈ ਸਿੱਖ ਓਰ, ਉਰ ਫੋਰਿ ਫੋਰਿ ਡਾਰਿਤੇ[1]।
ਬਾਹੁਨਿ ਕੋ ਬਲ ਕਰਿ ਬਾਹਨੀ ਹਿਲਾਇ ਦਈ,
ਬਾਹਨਿ ਕੋ ਪ੍ਰੇਰਿ ਬਾਹੁ ਘਾਉ, ਬਹੁ ਮਾਰਿ ਤੇ[1]।
ਊਚੇ ਸੋ ਪੁਕਾਰਤੇ, ਬੰਗਾਰਤੇ, ਨ ਹਾਰਤੇ ਹੈਂ,
ਖਰੇ ਲਲਕਾਰਤੇ ਤੁਫੰਗਨਿ ਪ੍ਰਹਾਰ ਤੇ ॥੨੦॥
ਜਬੈ ਬਲਵੰਡ[1] ਰਨ ਮੰਡਿ ਕੈ ਘਮੰਡ[2] ਕਰਯੋ
ਭਏ ਖੰਡ ਖੰਡ ਚਲੀ ਚੰਡ ਜੋ ਕ੍ਰਿਪਾਨ ਤੇ[1]।
ਸਿੱਖਨਿ ਸਮੇਤ ਹ੍ਵੈ ਕਲਜਾਨੇ ਨੇ ਬਿਲੋਕਯੋ ਤਬਿ
ਬਾਜ਼ੀ ਕੋ ਤ੍ਰਿਪਾਇ[1] ਭਯੋ ਆਗੇ ਕੋਪ ਠਾਨਿ ਤੇ।
ਗੋਰੀ ਦੋਇ ਡਾਰਿ ਕੈ ਤੁਫੰਗ ਨਿਜ ਤਯਾਰ ਕਰਿ
ਮੇਲਿ ਕੈ ਪਲੀਤਾ ਕੋ ਉਭਾਰੀ ਧਰਿ ਪਾਨ ਤੇ[1]।
ਲਗੀ ਜਾਇ ਜ੍ਵਾਨ ਤੇ ਸੁ ਪ੍ਰਾਨ ਕਰ ਹਾਨਿ ਤੇ
ਗਿਰਾਯੋ ਹੈ ਕਿਕਾਨ ਤੇ ਨ ਉਠਯੋ ਤਿਸ ਥਾਨ ਤੇ ॥੨੧॥
ਨੇਜ਼ਾ ਨਹਿੰ ਤਯਾਗਯੋ, ਅਨੁਰਾਗਯੋ ਜੰਗ, ਭੰਗ ਭਯੋ[1]

[1]ਬਲਵੰਡ ਖਾਂ ਬਲ ਵਾਲੀਆਂ ਭੁਜਾਂ ਨਾਲ।

[1]ਫੋੜ ਫੋੜਕੇ ਸੁੱਟ ਦਿੱਤੇ।

[1]ਬਾਹਾਂ ਦਾ ਬਲ ਕਰਕੇ (ਵੈਰੀ ਦੀ) ਸੈਨਾਂ ਹਿਲਾ ਦਿੱਤੀ (ਫਿਰ) ਘੋੜੇ ਪ੍ਰੇਰ ਕੇ (ਸ਼ਸਤ੍ਰ) ਵਾਹ ਕੇ ਬਹੁਤਿਆਂ ਨੂੰ ਜ਼ਖਮੀ (ਕਰ ਦਿੱਤਾ ਤੇ ਕਈ) ਮਾਰ ਵੀ ਦਿੱਤੇ।

[1]ਬਲਵੰਡ ਖਾਨ ਨੇ। [2]ਘਮਸਾਨ, ਹੰਕਾਰ।

[1]ਤਿੱਖੀ ਕ੍ਰਿਪਾਨ ਦੇ ਚਲਣ ਤੇ।

[1]ਟਪਾਇਕੇ।

[1]ਰੱਖਕੇ ਹੱਥ ਤੇ।

[1]ਨਾਸ਼ ਹੋ ਗਿਆ।

ਦੇਖਿ ਕੈ ਬਖਸ਼ਅਲੀ ਬਿਸਮਿਓ ਬਿਚਾਰਿ ਕੈ।
ਬੀਰਨਿ ਸੋਂ ਕਹ੍ਯੋ 'ਬਲਵੰਡਖਾਨ ਗਿਰ੍ਯੋ ਮਰ੍ਯੋ,
ਹੂਜੀਏ ਅਗਾਰੀ ਨਤੁ ਧਾਵੈਂ ਰਿਪੁ ਮਾਰਿ ਕੈ।
ਰੋਕੋ ਆਗਾ ਜਾਇ ਬ੍ਰਿੰਦ ਤੁਪਕ ਚਲਾਇ ਧਾਇ,
ਬਡੇ ਭਟ ਘਾਇ, ਖਾਇ ਮਾਰੈ ਤਨ ਡਾਰਿ ਕੈ।
ਆਯੁਧ ਸੰਭਾਰਿ ਕੈ ਬਿਸਾਲ ਧੀਰ ਧਾਰਿ ਕੇ
ਅਰੀਜੈ[1] ਅਰਿ ਮਾਰਿ ਕੈ, ਸੁ ਹੋਸ਼ ਕੋ ਸੰਭਾਰਿ ਕੈ' ॥੨੨॥

[1]ਅੜੋ।

ਰਸਾਵਲ ਛੰਦ:
ਕਹੈ ਯੌਂ ਪੁਕਾਰੀ। ਪਯਾਨੇ ਅਗਾਰੀ।
ਤੁਫੰਗੈਂ ਸੰਭਾਰੀ। ਬਰੂਦੈ ਸੁ ਡਾਰੀ ॥੨੩॥
ਗਜੰ ਠੋਕਿ ਗੋਰੀ। ਕਰੀ ਸ਼ੱਤ੍ਰੁ ਓਰੀ।
ਪਲੀਤੇ ਮਿਲਾਇ। ਸੁ ਤੋੜੇ ਧੁਖਾਏ ॥੨੪॥
ਸਮੂਹੇ ਅਰਾਤੀ[1]। ਤੱਕੈਂ ਤਾਂਹਿ ਛਾਤੀ।
ਛੁਟੀ ਸ਼ੂੰਕ ਜਾਤੀ। ਲਗੀ ਬੇਗ ਤਾਤੀ[1] ॥੨੫॥

[1]ਵੈਰੀ।
[1]ਤੱਤੀ।

ਬਡੇ ਸ਼ੱਤ੍ਰੁ ਘਾਤੀ। ਤੁਰੰਗੈਂ ਪਪਾਤੀ[1]।
ਭਰੇ ਸ਼੍ਰੋਣ[1] ਝੁਲੇ। ਪਲਾਸੰ ਪ੍ਰਫੁਲੇ[2] ॥੨੬॥

[1]ਡਿੱਗਦੇ ਹਨ।
[1]ਲਹੂ ਨਾਲ ਭਿੱਜੇ। [2]ਮਾਨੋ) ਛਿੱਛਰੇ ਫੁੱਲੇ ਹਨ।

ਅੱਲੀ ਬਖਸ਼ ਧਾਯੋ। ਤੁਰੰਗੈ ਨਚਾਯੋ।
ਕਲਜਾਨੈ ਸੁ ਹੇਰਾ। ਕਹ੍ਯੋ ਤਾਂਹਿ ਬੇਰਾ ॥੨੭॥
'ਹਤ੍ਯੋ ਖ਼ਾਨ ਆਗੇ। ਅਬੈ ਜੇ ਨ ਭਾਗੇ।
ਪਠੌਂ ਤਾਂਹਿ ਸੰਗਾ।' ਸੰਭਾਰੀ ਤੁਫੰਗਾ ॥੨੮॥
ਕਬੈ ਬਾਮ ਪਾਸੇ। ਤੁਰੰਗੰ ਨਿਕਾਸੇ।

ਕਬੈ ਹਾਥ ਦਾਂਏ। ਚਲਾਕੀ ਦਿਖਾਏ ॥੨੯॥
ਚੁਕੈ ਨਾਂਹਿ ਗੋਰੀ। ਜਿਸੇ ਤਾਕਿ ਛੋਰੀ।
ਹਤਜੋ ਸੋ ਨਿਸੰਸੈ। ਬਡੇ ਬੀਰ ਧ੍ਵੰਸੈ[1] ॥੩੦॥ [1]ਨਾਸ਼ ਕੀਤੇ।
ਕਲਜਾਨਾ ਜੁ ਧਾਯੋ। ਅਗਾਊ ਸੁ ਆਯੋ।
ਅਲੀ ਬਖ਼ਸ਼ ਧਾਰੀ। ਤੁਫੰਗੰ ਤਯਾਰੀ ॥੩੧॥
ਤਕਜੋ ਅੱਗ੍ਰ ਆਵਾ। ਸੁ ਤੋਰਾ ਝੁਕਾਵਾ।
ਸ਼ਿਤਾਬੀ ਪਲੀਤਾ। ਉਠਜੋ ਨਾਦ ਕੀਤਾ ॥੩੨॥
ਛਟੀ ਆਇ ਗੋਰੀ। ਰਿਦਾ ਦੀਨਿ ਫੋਰੀ।
ਗਿਰਜੋ ਝੂਮ ਐਸੇ। ਕਟਜੋ ਰੁਖ[1] ਜੈਸੇ ॥੩੩॥ [1]ਬ੍ਰਿੱਛ।
ਮਰਜੋ ਜੇ ਕਲਜਾਨਾ। ਭਏ ਮੋਦ ਖਾਨਾ[1]। [1]ਪਠਾਣ ਖੁਸ਼ ਹੋਏ।
ਹਲਾਹਾਲ ਕੀਨੇ। ਚੜੀ ਚੌਂਪ ਚੀਨੇ[1] ॥੩੪॥ [1]ਉਤਸਾਹ ਚੜ੍ਹਿਆ ਦਿੱਸਦਾ ਸੀ।
ਅਗਾਊ ਪਯਾਨੇ। ਭਏ ਸਾਵਧਾਨੇ।
ਰਣੰ ਰੰਗ ਰਾਚੇ। ਮਹਾਂ ਰੋਸ ਮਾਚੇ ॥੩੫॥
ਕ੍ਰਿਪਾਨੈਂ ਨਿਕਾਰੀ। ਪਰੇ ਏਕ ਬਾਰੀ।
ਤਛਾਮੁੱਛ ਕਾਟੇ। ਕਿਤੇ ਸਿੱਖ ਡਾਟੇ ॥੩੬॥
ਕਿਤੇ ਮਾਰ ਨੇਜ਼ੇ। ਪਰੋਏ ਕਰੇਜੇ।
ਕਿਤੇ ਮੁਸ਼ਟ ਜੁੱਧੰ। ਕਰੈਂ ਸੂਰ ਕ੍ਰੁੱਧੰ ॥੩੭॥
ਕਰਾਚੋਲ ਭਾਰੇ। ਸੁ ਖੰਡੇ ਦੁਧਾਰੇ।
ਤਜੀ ਢਾਲ ਆਗੇ[1]। ਭਿੱਰੇ ਸ਼ੰਕ[2] ਤਜਾਗੇ ॥੩੮॥ [1]ਢਾਲ ਅਗੇ ਕਰਕੇ ਚਲਾਉਂਦੇ ਹਨ ਖੰਡੇ ਤੇ ਕਰਾਚੋਲ। [2]ਡਰ।
ਇਤੇ ਸਿੱਖ ਕੂਕੈਂ। ਉਤੇ ਖਾਂਨ ਢੂਕੈਂ।
ਸਿਪਾਹੀ ਕਰਾਰੇ। ਨਹੀਂ ਕੋਇ ਹਾਰੇ ॥੩੯॥
ਕਟੇ ਅੱਗ੍ਰ ਹ੍ਵੈ ਕੈ। ਹਤੈਂ ਕੋਪ ਕੈ ਕੈ।

ਬਡੋ ਸ਼੍ਰੋਣ ਚਾਲਾ। ਸੁ ਲੋਥੈਂ ਕਰਾਲਾ
॥੪੦॥
ਪਰੀ ਖੇਤ ਮਾਂਹੀ। ਬਿਹੰਗੇ ਸੁ ਖਾਂਹੀ।
ਫਿਰੈਂ ਸਜਾਲ ਮਾਤੇ[1]। ਭਟੰ ਮਾਸ ਖਾਤੇ
॥੪੧॥
ਗਨੰ ਕੰਕ ਆਏ। ਥਿਰੇ ਜੰਗ ਥਾਏਂ।
ਬਡੀ ਗ੍ਰਿੱਝ ਬੋਲੈਂ। ਭਈ ਬ੍ਰਿੰਦ ਡੋਲੈਂ
॥੪੨॥
ਦੋਹਰਾ:
ਫਿਰੈਂ ਜੋਗਨੀ ਭੀਖਨਾਂ,
ਕਰਤੀ ਸ਼੍ਰੋਣਤ ਪਾਨਿ।
ਭੂਤ ਪ੍ਰੇਤ ਨਾਚਤਿ ਹਸਤਿ,
ਉਠਿ ਉਠਿ ਪਰਤਿ ਮਸਾਨ ॥੪੩॥
ਕਤਲ ਭਏ ਸਿਖ ਗਨ ਜਬੈ,
ਓਰੜ ਪਰੇ[1] ਪਠਾਨ।
ਲਸ਼ਕਰ ਦੀਰਘ ਜਿਨਹੁ ਕੋ,
ਕਰਹਿ ਕਹਾਂ ਤਕ ਹਾਨ ॥੪੪॥
ਸਿੱਖਨਿ ਕੋ ਅਰੁ ਖਾਨ ਕੋ,
ਪਰਜੋ ਜੰਗ ਬਿਕਰਾਲ।
ਦੋਨਹੁ ਮਰਿ ਕਰਿ ਗਿਰਤਿ ਹੈਂ,
ਲੋਥ ਲੋਥ ਪਰ ਜਾਲ ॥੪੫॥
ਕੇਤਿਕ ਸਿਰ ਨਾਂਗੇ ਪਰੇ,
ਜੰਬੁਕ ਖੈਂਚਤਿ ਮਾਸ।
ਦ੍ਰਿਗ ਉਘਰੇ ਜਨੁ ਜਿਯਤਿ ਹੈਂ,
ਨਿਕਸੇ ਪ੍ਰਾਨ ਤਹਾਂ ਸੁ[1] ॥੪੬॥
ਤੋਮਰ ਤਰਵਾਰਨਿ ਤਬਰ[1],
ਤੇਗ਼ੇ ਤੀਰ ਤੁਫੰਗ।
ਅੰਗ ਭੰਗ ਬਿਚ ਜੰਗ ਕੇ,
ਸ਼੍ਰੋਣ ਲਾਲ ਤਨ ਰੰਗ ॥੪੭॥
ਮਰੇ ਹਜ਼ਾਰੋਂ ਹਯ ਬਲੀ,
ਛੂਛੇ ਕੋ ਬਿਚਰੰਤਿ।
ਕੋ ਘਾਯਲ ਹ੍ਵੈ ਕਰਿ ਖਰੇ,

[1]ਮੱਤੇ ਹੋਏ।

[1]ਟੁੱਟਕੇ ਪਏ।

[1]ਤਿੱਥੇ ਹੀ (ਤਿਨ੍ਹਾਂ ਵਿਚੋਂ)।

[1]ਵਡੇ ਸਫਾਜੰਗ [ਅ਼: ਤਬਰ]

ਘੁਮਤਿ ਨਹੀਂ ਚਲੰਤਿ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬਲਵੰਡ ਖਾਂਨ ਕਲਜਾਨਾ ਸਿੱਖ ਬੱਧ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਬੱਧ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਅਲਪ ਸਿੱਖ ਆਗੈ ਰਹੇ ਘੇਰੇ ਆਨਿ ਪਠਾਨ।
ਸ਼੍ਰੀ ਹਰਿਗੋਵਿੰਦ ਦੇਖਿ ਕੈ ਕੋਪੇ ਰਿਦੇ ਮਹਾਨ ॥੧॥

ਸੈਯਾ ਛੰਦ:

ਅਲੀ ਬਖਸ਼ ਸਭਿ ਲਸ਼ਕਰ ਆਗੇ
ਹਤਹਿ ਤਫੰਗ ਭਯੋ ਹੰਕਾਰ।
ਸੈਨ ਸਕਲ ਤੁਰਕਾਨੀ ਉਮਡੀ
ਬਹੁ ਧੌਂਸਨਿ ਕੀ ਉਠਿ ਧੁੰਕਾਰ।
ਹਾਥਨਿ ਗਹੇ ਪਤਾਕਾ[1] ਆਵਤਿ
ਫਰਰੇ ਛੋਰਿ ਦਿਏ ਤਿਸ ਬਾਰਿ।
ਭਈ ਜੀਤਿ ਮਨਿ ਜਾਨਤਿ ਮੂਰਖ
ਤੁਰੰਗ ਧਵਾਇ ਪਰੇ ਇਕਸਾਰ ॥੨॥

[1]ਝੰਡੇ।

ਸ਼੍ਰੀ ਗੁਰ ਚਾਂਪ ਕਠੋਰ ਸੰਭਾਰਾ
ਬਾਨ ਪਨਚ ਕੇ ਬਿਚ ਬਗਰਾਇ[1]।
ਐਂਚਿ ਕਾਨ ਲਗਿ ਖਪਰਾ ਛੋਰਯੋ
ਗਯੋ ਬੀਰ ਬੇਧਤਿ ਅਗਵਾਇ।
ਇਕ ਦੁਇ ਤੀਨ ਚਾਰ ਲਗਿ ਪੰਚਹੁੰ
ਜੋ ਸਨਮੁਖ ਤਿਸ ਭੇਦਤਿ ਜਾਇ।
ਅਬਦੁਲ ਖਾਨ ਖਰੋ ਜਹਿਂ ਪਾਛੇ
ਤਹਿਂ ਲੌ ਪਹੁੰਚਯੋ ਬ੍ਰਿੰਦਨ ਘਾਇ ॥੩॥

[1]ਚਿੱਲੇ ਦੇ ਵਿੱਚ ਵਗਾਕੇ ਭਾਵ ਜੋੜਕੇ।

ਇਮ ਕਰਿ ਕੋਪ ਪ੍ਰਹਾਰੇ ਸਰ ਖਰ,
ਗਿਰੇ ਸੈਂਕਰੇ ਮੁਗ਼ਲ ਪਠਾਨ।
'ਕੋ ਮਾਰਤਿ ਇਹੁ ਦਿਖੀਯਤਿ ਨਾਂਹਿਨ
ਹਮਰੇ ਬੀਰ ਕੀਨਿ ਗਨ ਹਾਨ।'
ਠਟਕ ਗਏ ਭਟ[1] ਅਟਕ ਰਹੇ ਤਹਿਂ,
ਨਹਿਂ ਆਗੇ ਪੁਨ ਕੀਨਿ ਪਯਾਨ।
ਤਬਿ ਨਾਨੋ ਕੀ ਦਿਸ਼ਾ ਦੇਖਿ ਕਰਿ
ਦਯਾ ਦ੍ਰਿਸ਼ਟਿ ਤੇ ਹੁਕਮ ਬਖਾਨਿ ॥੪॥

[1]ਠਿਠੰਬਰ ਗਏ (ਵੈਰੀ ਦੇ) ਸੂਰਮੇ।

'ਅਲੀ ਬਖਸ਼! ਇਹ ਆਗੇ ਆਵਤਿ
ਤੋਹਿ ਹਾਥ ਤੇ ਅਬਿ ਮ੍ਰਿਤੁ ਹੋਇ।
ਤੁਪਕ ਅਚੂਕ ਚਲਾਵਤਿ, ਚੌਕਸ
ਬਚਹੁ ਆਪ[1], ਇਸ ਲੇਹੁ ਪਰੋਇ।'

[1]ਬੰਦੂਕ ਅਚੂਕ (= ਨਿਸ਼ਾਨਾਂ ਨਾ ਚੁੱਕਨ ਵਾਲੀ ਇਹ ਅਲੀਬਖਸ਼) ਚਲਾਉਂਦਾ ਹੁੰਦਾ ਹੈ ਸੋ ਤੁਸੀਂ ਚੌਕਸ ਹੋਕੇ ਆਪ ਬਚਣਾ ਤੇ...।

ਸੁਨਿ ਸਤਿਗੁਰੁ ਤੇ ਨਾਨੋ ਤਿਹ ਛਿਨ
ਧਨੁਖ ਸੰਭਾਰਯੋ ਨਿਸ਼ਠੁਰ ਜੋਇ।
ਘੋਰਾ ਪ੍ਰੇਰਤਿ ਹੇਰਤਿ ਰਿਪੁ ਕੋ
ਆਗੈ ਗਯੋ ਬੀਰ ਬਡ ਸੋਇ ॥੫॥
ਬੀਰਨਿ ਪਰ ਤੀਰਨਿ ਕੀ ਬਰਖਾ
ਘਨ ਸਮਸਰ ਕਰਤਾ ਇਕ ਬਾਰਿ।
ਸੰਗ ਤੀਨ ਸੈ ਸਿੱਖ ਸਮੁਖ ਭੇ
ਛੁਟੀ ਤੁਫੰਗਨਿ ਸ਼ਲਖ ਉਦਾਰਿ।
ਕਰਿ ਹੱਲਾ ਬਡਿ ਮੇਲ ਕੁਲਾਹਲ
ਸ਼ਬਦ ਤੜਾ ਭੜ ਉਠਿ ਕੜਕਾਰ।
ਵਧੇ ਪਠਾਂਨ ਦੜਾਦੜ ਗੇਰੇ
ਧਰ ਊਪਰ ਮਰਿ ਪਰੇ ਜੁਝਾਰ ॥੬॥
ਅਲੀ ਬਖਸ਼ ਕੋ ਤਕਿ ਕਰਿ ਨਾਨੋ
ਤੀਖਨ ਭੀਖਨ ਬਾਨ ਨਿਕਾਰ।
ਜਿਸ ਤੇ ਜੀਵਤਿ ਰਹਹਿ ਨ ਸ਼ੱਤ੍ਰੂ
ਬਾਗ ਉਠਾਇ ਦੁਰਾਇ ਅਗਾਰ[1]।

[1]ਘੋੜੇ ਦੀ ਵਾਗ ਚੁੱਕੀ ਤੇ ਦੁੜਾਕੇ ਅੱਗੇ ਕੀਤਾ।

ਸਨਮੁਖ ਹ੍ਵੈ ਕਰਿ ਐਂਚਿ ਕਾਨ ਲਗਿ
ਅਲੀ ਬਖ਼ਸ਼ ਪਿਖਿ ਤੁਪਕ ਸੰਭਾਰ।
ਤਜਾਰ ਕਰਨਿ ਲਾਗਯੋ ਤਬਿ ਤੂਰਨ
ਤੋਰਾ ਜਰਯੋ ਪਲੀਤੇ ਧਾਰਿ ॥੭॥
ਤਜਾਰਿ ਕਰਤਿ ਹੀ ਰਹਯੋ ਮੰਦ ਮਤਿ
ਇਤਨੇ ਮਹਿਂ ਨਾਨੋ ਬਲਵਾਨ।
ਤਕਯੋ ਤੁੰਡ ਦਰ ਖਪਰਾ ਛੋਰਯੋ[1],

[1]ਨਾਨੋ ਨੇ ਵੈਰੀ ਦਾ) ਮੂੰਹ ਰੂਪੀ ਦਰਵਾਜ਼ਾ ਤੱਕ ਕੇ ਤੀਰ ਮਾਰਿਆ।

ਗਯੋ ਸਰਪ ਕੇ ਹੋਹਿ ਸਮਾਨ।
ਧਰੀ ਸ਼ਿਸਤ ਬੰਦੂਕ ਰਹੀ ਕਰ
ਬਰਮੀ ਜਿਮ ਪ੍ਰਵਿਸ਼ਯੋ ਮੁਖ ਬਾਨ[1]।

[1]ਉਸ ਵਲੋਂ) ਬੰਦੂਕ ਦੀ ਬਧੀ ਸ਼ਿਸਤ ਹੱਥ ਵਿਚ ਹੀ ਰਹਿ ਗਈ, (ਤੇ ਉਸ ਦੇ) ਵਰਮੀ ਰੂਪੀ ਮੂੰਹ ਵਿਚ ਤੀਰ ਧਸ

ਗਿਆ।

ਗਿਰਯੋ ਤੁਰੰਗ ਤੇ ਖਾਇ ਭਵਾਰੀ
ਔਂਧੋ ਪਰਯੋ ਜੰਗ ਕੇ ਥਾਨ ॥੮॥
ਅਲੀ ਬਖ਼ਸ਼ ਕੋ ਮਾਰਿ ਲੀਨਿ ਜਬਿ
ਸਭਿ ਅਵਿਲੋਕਤਿ ਜਿਯਤਿ[1] ਪਠਾਨ।
ਧਰਯੋ ਤ੍ਰਾਸ, ਕੁਛ ਪਾਛੇ ਹਟਿਗੇ,
ਸਿੱਖ ਓਰੜੇ ਬਡਿ ਬਲਵਾਨ।
ਐਂਚਿ ਕ੍ਰਿਪਾਨੈਂ ਲਈ ਮਹਾਨੈਂ
ਸ਼ੱਤ੍ਰੁਨਿ ਹਾਨੈ ਬਡ ਰਣ ਠਾਨਿ।
ਹਲੀ ਸੈਨ ਕੋ[1] ਜਬਹਿ ਬਿਲੋਕਾ
ਚਹਿ ਰੋਕਾ ਤਬਿ ਅਬਦੁਲ ਖਾਨ ॥੯॥
ਹੁਤੋ ਇਮਾਮ ਬਖਸ਼ ਤਬਿ ਨੇਰੇ
ਕਹਯੋ ਕ੍ਰੋਧ ਤੇ 'ਕਹਾਂ ਪਿਖੰਤਿ?
ਗੁਰ ਤੇ ਤੁਰਕ ਤ੍ਰਾਸ ਉਰ ਧਰਿ ਕਰਿ
ਧਾਵਤਿ ਆਵਤਿ ਆਯੁਧਵੰਤਿ।
ਲੇ ਨਿਜ ਲਸ਼ਕਰ ਸਨਮੁਖ ਹ੍ਵੈ ਕਰਿ
ਮਾਰਹੁ ਸਿੱਖਨਿ ਕੋ ਬਲਵੰਤ।
ਭਾਗੇ ਕਹਾਂ ਜਾਹੁਗੇ ਮੂਰਖ!
ਮੋਰਹੁ ਸਕਲ ਧੀਰ ਧਰਿਯੰਤਿ[1]' ॥੧੦॥
ਸੁਨਤਿ ਇਮਾਮ ਬਖਸ਼ ਤਬਿ ਧਾਯਹੁ
ਲੇ ਕਰਿ ਸੰਗਿ ਸਊਰ ਹਜ਼ਾਰ।
ਜਹਾਂ ਲਰਤਿ ਨਾਨੋ ਭਟ ਮਾਰਤਿ
ਤੀਰ ਤੁਫੰਗ ਚਲਤਿ ਹਥਿਆਰਿ।
ਤਹਾਂ ਆਨਿ ਜੁਟਯੋ, ਬਹੁ ਛੂਟੈਂ
ਗੋਰੀ, ਫੋਰਹਿਂ ਰਿਦੈ ਜੁਝਾਰ।
ਗਿਰ ਗਿਰ ਪਰਹਿਂ ਪਵੰਗਮ ਤੇ[1] ਭਟ
ਅੰਗ ਭੰਗ ਕੋ ਕਰਹਿਂ ਪੁਕਾਰਿ ॥੧੧॥
ਭਿਰੇ ਸਿੱਖ ਗੁਰੁ ਕੇ ਸੰਗ ਤੁਰਕਨਿ
ਮੁਰੇ ਨ ਪੀਛੇ ਇਕ ਪਗ ਥਾਨ।
ਚਮਕਹਿਂ ਖੜਗ ਸ਼੍ਰੋਣ ਸੋਂ ਲਿਪਟੇ,
ਕਟਹਿਂ ਅੰਗ ਭਟ ਘਾਇ ਮਹਾਨ।
ਹਤਹਿਂ ਸੀਸ ਪਰ ਮੁਖ ਲਗਿ ਚੀਰਹਿਂ

[1]ਜੋ) ਜੀਂਵਦੇ ਸਨ।

[1]ਸੈਨਾਂ ਨੂੰ ਹਿੱਲ ਗਿਆਂ।

[1]ਧੀਰਜ ਧਾਰ ਕੇ ਸਭ ਨੂੰ ਮੋੜ ਦਿਓ।

[1]ਘੋੜਿਆਂ ਤੋਂ।

ਕੇਤਿਕ ਕੇ ਮੁਖ ਬਜਹਿਂ ਕ੍ਰਿਪਾਨ।
ਕਰਨ, ਨਾਸਿਕਾ ਛਿਦੇ ਕਿਤਿਕ ਕੇ
ਕੇਚਿਤ ਕਰੇ ਬਿਲੋਚਨ ਹਾਨ ॥੧੨॥
ਮੋੜੇ ਲਗਹਿ ਬੀਚ ਤੇ ਚੀਰਤਿ,
ਸ਼ਸਤ੍ਰ ਗਹੇ ਹਾਥਨਿ ਕਟਿ ਜਾਤਿ।
ਕੇਤਿਕ ਕੰਠ ਕਟਤਿ, ਸਿਰ ਉਤਰਤਿ,
ਧਰ ਗਿਰ ਪਰਤਿ, ਕਿਤਿਕ ਤਰਫਾਤਿ।
ਕਟ ਤੇ ਕਟਤਿ[1], ਨ ਮਿਟਤਿ ਅਟਕ ਭਟ[2],
ਮਾਰਤਿ ਖਰੇ ਖੜਗ ਸਹਿਗਾਤ[1†]।
ਸ਼੍ਰੋਣਤ ਬਹਤਿ ਅਨੇਕਨਿ ਕੇ ਤਨ
ਘਾਉ[1] ਭਕਾ ਭਕ ਬੋਲਤਿ ਘਾਤਿ ॥੧੩॥
ਸਮੁਖ ਇਮਾਮ ਬਖਸ਼ ਤਬਿ ਹੋਯਸਿ
ਹਯ ਚਰਿਬੇ ਬਿੱਦਜਾ ਬਡ ਜਾਨਿ।
ਅਧਿਕ ਫੰਦਾਵਤਿ ਇਤ ਉਤ ਫੇਰਤਿ
ਕਬਹਿ ਤੁਫੰਗ ਹਤਹਿ ਢਿਗ ਆਨਿ।
ਕਬਿ ਨੇਜ਼ਾ ਗਹਿ ਮਾਰਤਿ ਧਾਵਤਿ
ਕਬਹੁੰ ਸੁਭਟ ਕੇ ਘਾਇ[1] ਕ੍ਰਿਪਾਨ।
ਨਾਨੋ ਸੰਗ ਅਰਯੋ ਤਬਿ ਹ੍ਵੈ ਢਿਗ
ਦੋਨਹੁ ਗਹੈ ਖੜਗ ਖਰ ਪਾਨ[1] ॥੧੪॥
ਫੇਰਿ ਤੁਰੰਗਮ ਦਾਵ ਬਿਲੋਕਹਿਂ
ਦੋਨਹੁੰ ਚਮਕਾਵਤਿ ਸ਼ਮਸ਼ੇਰ।
ਘੋਰਨਿ ਫੇਰਨਿ ਕੀ ਬਹੁ ਬਿੱਦਜਾ
ਕਰਤਿ ਆਪ ਮਹਿਂ ਢੂਕੇ ਨੇਰ।
ਜਬਿ ਨਾਨੋ ਨੇ ਖੜਗ ਪ੍ਰਹਾਰਯੋ
ਰੋਕਯੋ ਨਿਜ ਕਰਿ ਖੜਗ ਅਗੇਰ।
ਦੁਤਿਯ ਵਾਰ ਪੁਨ ਕੀਨਸਿ ਤੁਰਨ
ਬਾਮ ਹਾਥ ਕਾਟਯੋ ਬਿਨ ਦੇਰਿ ॥੧੫॥
ਕੁਪਯੋ ਇਮਾਮ ਬਖਸ਼ ਕਰ ਕਟਿ ਗਾ,
ਬਲ ਤੇ ਮਾਰਯੋ ਖੜਗ ਉਠਾਇ।
ਲਗਿ ਸਿਕੰਧ[1] ਛਾਤੀ ਲਗਿ ਚੀਰਯੋ

[1]ਕਮਰ ਤੋਂ ਕਟੇ ਜਾਂਦੇ ਹਨ। [2]ਸੂਰਮੇ ਨਾਂ ਹਟਦੇ ਹਨ ਨਾਂ ਅਟਕਦੇ ਹਨ।

[1]ਖੜੇ ਹੋਏ ਤਲਵਾਰ ਮਾਰਦੇ ਹਨ (ਤੇ ਤਲਵਾਰ) ਸਰੀਰ ਤੇ ਸਹਿੰਦੇ ਹਨ। †ਪਾਠਾਂਤ੍ਰ:-ਮਹਿ ਗਾਤ = ਸਰੀਰ ਵਿਚ।

[1]ਜ਼ਖਮੀਆਂ ਦੇ ਘਾਉ। (ਅ) ਕੱਟੇ ਹੋਏ ਜ਼ਖਮ।

[1]ਮਾਰਦਾ ਹੈ।

[1]ਤਿੱਖੀਆਂ ਖੜਗਾਂ ਹੱਥ ਵਿਚ।

[1]ਮੋਢੇ ਤੋਂ।

ਗਿਰਯੋ ਤੁਰੰਗ ਪਰ ਤੇ ਉਥਲਾਇ।
ਸਾਦਰ ਦੇਵਬਧੂਨਿ[1] ਉਠਾਯਹੁ
ਨਾਂਨੋ ਲੀਨਿ ਬਿਮਾਨ ਚਢਾਇ।
ਸਿੱਖ ਬਿਲੋਕਿ ਓਰੜੇ ਸਨਮੁਖ
ਤੋਮਰ ਤੀਰ ਤੁਫੰਗ ਚਲਾਇ ॥੧੬॥

[1]ਅਪੱਸਰਾਂ ਨੇ।

ਇਕ ਕਰ ਕਟਯੋ ਏਕ ਕਰ ਮਾਂਹੀ
ਖੜਗ ਗਹੈ ਮਾਰਤਿ ਬਿਚਲਾਇ[1]।
ਤੁਰਕ ਹਜ਼ਾਰਹੁੰ 'ਮਾਰਿ ਮਾਰਿ' ਕਹਿ
ਆਇ ਪਰੇ ਸਿੱਖਨਿ ਪਰ ਧਾਇ।
ਪਰਯੋ ਰੌਰ ਤਬਿ, ਉਠਯੋ ਸ਼ੋਰ ਬਡ,
ਦੁਹਰੀ ਚੋਬ ਦਮਾਮੇ ਵਾਇ[1]।
ਤੁਪਕ, ਤਮਾਚੇ, ਤੋਮਰ, ਤੀਰਨਿ,
ਤਰਵਾਰਨਿ, ਤਬਰਨਿ ਤਰ ਘਾਇ[1] ॥੧੭॥

[1]ਖਿੰਡਾ ਰਿਹਾ ਹੈ।

[1]ਵਜਾਈ।

[1]ਕੁਹਾੜਿਆਂ ਨਾਲ ਬਹੁਤ ਮਾਰਦੇ ਹਨ।

ਭਾਗੇ ਸਿੱਖ ਕਿਤਿਕ ਹਟਿ ਪਾਛੇ
ਕੇਚਿਤ ਪਹੁੰਚੇ ਗੁਰੁ ਢਿਗ ਦੌਰਿ।
'ਮਹਾਰਾਜ! ਨਾਨੋ ਰਣ ਮਾਰਯੋ
ਤੁਮਰੋ ਸਰਦਾਰ ਨ ਤਿਸ ਠੌਰਿ।
ਪਰਯੋ ਜੋਰ ਉਤ ਸਿੱਖਨਿ ਊਪਰਿ
ਭੇਜਹੁ ਜਥੇਦਾਰ ਕੋ ਔਰਿ।
ਦੇਖਹੁ ਕਰਹੁ ਬਿਲੋਚਨ ਉਤ ਕੋ
ਵਧੇ ਤੁਰਕ ਮੇਲਯੋ ਬਡ ਰੌਰ' ॥੧੮॥
ਸੁਨਿ ਸ਼੍ਰੀ ਹਰਿਗੋਵਿੰਦ ਨਿਹਾਰਯੋ
ਕਰਯੋ ਪਿਰਾਗੇ ਸੰਗ ਬਖਾਨ।
'ਤੂਰਨ ਤੂੰ ਰਨ ਕੋ ਤਹਿਂ ਪਹੁੰਚਹੁ
ਜਹਾਂ ਲਰਾਈ ਜ਼ੋਰ ਮਹਾਨ।'
ਜਗਨਾ ਕਿਸ਼ਨਾ ਸੁਭਟ ਅਮੋਲਕ
ਪਿਖਿ ਠਾਂਵੇ ਇਨ ਪਠਯੋ ਸੁਜਾਨ।
ਔਰ ਸੂਰ ਸਭਿ ਦੌਰ ਠੌਰ ਤਿਸ
ਜਾਇ ਲਰੇ ਮੇਲਯੋ ਘਮਸਾਨ ॥੧੯॥
ਚਲੀ ਤੁਫੰਗ ਤਮਾਚੇ ਤੂਰਨ,
ਤੋਮਰ ਤੀਰਨਿ ਕੇਰ ਪ੍ਰਹਾਰ।

ਹਟਤਿ ਨ ਪੀਛੇ, ਥਿਰੇ ਖਾਨ ਤਹਿਂ,
ਪਰੇ ਸੁ ਜੋਧਾ ਕਟੇ ਸੁ ਮਾਰਿ[1]।

ਪਰਜੋ ਸੰਗ੍ਰਾਮ ਘੋਰ ਤਿਸ ਛਿਨ ਮਹਿਂ
ਚਹੁੰਦਿਸ਼ਿ ਚਮਕਤਿ ਗਨ ਤਲਵਾਰ।
ਫਿਰਤਿ ਇਮਾਮ ਬਖ਼ਸ਼ ਇਕ ਕਰ ਕਟਿ,
ਜਗਨੇ ਮਾਰਿ ਦੀਨਿ ਬਲ ਧਾਰਿ ॥੨੦॥
ਜਿਸ ਥਲ ਮਹਿਂ ਗੁਰੁ ਭਟ ਦਿਢ ਹ੍ਵੈ ਕਰਿ
ਲਰਤਿ ਰਹੇ ਸੋ ਲਿਯੋ ਛੁਟਾਇ।
ਗਾਡ ਪਤਾਕਾ[1] ਤਹਿਂ ਭੇ ਗਾਢੇ
ਨਹਿਂ ਪਾਛੇ ਪੁਨ ਪਾਂਇ ਹਟਾਇ।
ਸੋ ਥਲ ਚਹਿਤਿ ਛੁਟਾਵਨਿ ਕੋ
ਪੁਨ ਲੇ ਕਰਿ ਸੰਗ ਸੁਭਟ ਸਮੁਦਾਇ।
ਪਰਜੋ ਪਿਰਾਗਾ ਊਪਰ ਤਿਨ ਕੇ
ਕਰਵਾਰਨਿ ਕੀ ਮਾਰ ਮਚਾਇ ॥੨੧॥
ਗਿਰੇ ਪਠਾਨ ਮੁਗਲ ਹ੍ਵੈ ਪੁਰਜ਼ੇ
ਨਹਿਂ ਛੋਰਤਿ ਨਿਜ ਪਾਇ ਜਮਾਇ।
ਗੁਰੁ ਭਟ ਭਨੈਂ 'ਸੁ ਥਾਨ ਛੁਰਾਵਹੁ
ਪਰਜੋ ਜ਼ੋਰ ਰਣ ਕੋ ਤਿਸ ਥਾਇਂ।'
ਬਿਧੀ ਚੰਦ ਗੁਰ ਸਾਥ ਬਖਾਨੀ
'ਮੋ ਪ੍ਰਤਿ ਹੁਕਮ ਦੇਹੁ ਫੁਰਮਾਇ।
ਤਹਿਂ ਸੰਗ੍ਰਾਮ ਭਯਾਨਕ ਮਾਚਜੋ
ਪਹੁਚੌਂ ਸ਼ੀਘ੍ਰ ਸੁ ਬਨੌਂ ਸਹਾਇ' ॥੨੨॥
ਸੁਨਿ ਸਤਿਗੁਰੁ ਨੇ ਆਇਸੁ ਭਾਖੀ
ਤਿਹ ਸਥਾਨ ਪਰ ਜੁਟਿਗੇ ਬੀਰ।
'ਜਾਹੁ ਛੁਟਾਇ ਤਾਂਹਿ ਹਟਿ ਆਵਹੁ,
ਠਹਿਰਹੁ ਨਹਿਂ ਚਿਰ ਕਾਲ, ਸੁਧੀਰ!'
ਸੁਨਤਿ ਤੁਰੰਗਮ ਗਯੋ ਧਵਾਵਤਿ
ਸੰਗ ਲਿਏ ਜੋਧਾ ਗਨ ਭੀਰ।
ਮਾਰਿ ਮਾਰਿ ਕਰਿ ਜਾਇ ਪਰੇ ਤਬਿ
ਹਤੇ ਹਜ਼ਾਰਹੁਂ ਗਿਰੇ ਸਰੀਰ ॥੨੩॥
ਖੜਗ ਪ੍ਰਹਾਰਤਿ ਸੁਭਗ[1] ਬਡੇਰੇ

[1]ਜੋ ਜੋਧਾ (ਆ ਕੇ) ਪੈਂਦਾ ਹੈ ਉਸ ਨੂੰ ਕੱਟਕੇ ਮਾਰ ਦਿੰਦੇ ਹਨ।

[1]ਝੰਡਾ ਗਡਕੇ।

[1]ਸ੍ਰੇਸ਼ਟ।

ਦੁਹਿਂ ਦਿਸ਼ਿ ਤੇ ਮਾਚਯੋ ਘਮਸਾਨ।
ਭਈ ਲੋਥ ਪੋਥਨਿ ਅਨਗਨ ਤਹਿਂ
ਮਾਰਿ ਮਰੇ ਗਿਰਿ ਗੇ ਤਿਸ ਥਾਨ।
ਬਿਧੀਚੰਦ ਪਹੁੰਚਯੋ ਤਿਸ ਥਲ ਥਿਰ
ਛੀਨ ਪਤਾਕਾ ਲੀਨਿ ਸੁਜਾਨਿ।
ਕਿਤਿਕ ਕਟੇ ਅਰ ਕਿਤਿਕ ਪਲਾਏ
ਨਿਜ ਥਲ ਪਰ ਸਿਖ ਭੇ ਸਵਧਾਨ
॥੨੪॥
ਗਏ[1] ਦੌਰ ਕਰਿ, ਪਿਖਹਿਂ ਨ ਪਾਛੇ, [1]ਪਠਾਨ) ਗਏ।
ਜਹਾਂ ਬਿਲੋਕਤਿ ਅਬਦੁਲਖਾਨ।
[1] 'ਕਤਲ ਪਠਾਨ ਘਨੇ ਤਹਿਂ ਗਿਰਿ ਗੇ, [1]ਅਬਦੁਲ ਖਾਂ ਨੂੰ ਕਿਹੋ ਨੇ।
ਭਾਗੀ ਚਮੂੰ ਤ੍ਰਾਸ ਕੋ ਠਾਨਿ।
ਲੀਨੀ ਛੀਨਿ ਪਤਾਕਾ ਤੁਮਰੀ
ਭਯੋ ਬਿਸਾਲ ਤਬਹਿ ਘਮਸਾਨ।
ਅਰਜੋ ਨ ਕੋਈ, ਖਰਜੋ ਨ ਹੋਵਾ,
ਪਰਜੋ ਮਹਾਂ ਰਣ, ਥਿਰਜੋ ਨ ਥਾਨ
॥੨੫॥
ਕਟੇ ਤਹਾਂ ਹੀ ਹਟੇ ਨ ਥੋਰੇ,
ਜਹਿਂ ਤੇ ਭਾਜੇ ਸਿਖ ਪੁਨ ਆਇ।
ਜੋਰ ਪਾਇ ਕਰਿ ਛੀਨ ਲੀਨਿ ਸੋ,
ਆਗੇ ਆਵਤਿ ਮਾਰਿ ਮਚਾਇ।'
ਅਬਦੁਲਖਾਨ ਕਾਨ ਇਮ ਸੁਨਿ ਕਰਿ
ਭਯੋ ਹਿਰਾਨ ਮਨਹਿ ਪਛੁਤਾਇ।
-ਔਚਕ ਜੰਗ ਪਾਇ ਗਰ ਅਪਨੇ
ਸੁਭਟ ਸੰਗ ਕੇ ਸਭਿ ਮਰਿਵਾਇ-
॥੨੬॥
ਕਰਮਚੰਦ ਅਰੁ ਰਤਨ ਚੰਦ ਜੁਗ
ਦੋਨਹੁ ਕੋ ਰਿਸ ਕਹਿ ਬੁਲਿਵਾਇ।
ਬੂਝਨਿ ਕਰੇ 'ਕਹਾਂ ਤੁਮ ਹੇਰਤਿ?
ਪ੍ਰੇਰਤਿ ਚਮੂੰ ਅਧਿਕ ਮਰਿਵਾਇ?
ਕਹਤਿ ਹੁਤੇ ਤੁਮ, ਗੁਰੁ ਢਿਗ ਜੋਧਾ
ਨਹਿਂ ਕੋ, ਰੰਕ ਸਿੱਖ ਸਮੁਦਾਇ।

ਆਟੇ ਮਹਿਂ ਜਿਮ ਲਵਨ ਬਤਾਵਤਿ,
ਅਬਿ ਕਜ਼ਾ ਭਯੋ ਦਿਏ ਸਭਿ ਘਾਇ?
॥੨੭॥
ਪੰਚ ਹਜ਼ਾਰ ਚਮੂੰ ਕੇ ਸੰਗੈ
ਪੰਚ ਚਮੂੰਪਤਿ ਦਿਏ ਸੰਘਾਰ।
ਬਚੇ ਸੁ ਭਾਜੇ ਆਵਤਿ ਇਤਿ ਕੋ
ਆਗੇ ਭਈ ਗ਼ਜ਼ਬ ਕੀ ਮਾਰ।
ਨਬੀਬਖਸ਼ ਨੰਦਨ ਬਡ ਮੇਰੋ
ਤਿਸ ਕੇ ਸਾਥ ਸੁ ਦੋਇ ਹਜ਼ਾਰਿ।
ਔਰ ਹਜ਼ਾਰ ਦੋਇ ਸੰਗ ਲੀਜਹਿ
ਗਮਨਹੁ ਆਗੈ ਜਹਿਂ ਬਡ ਰਾਰ[1] ॥੨੮॥
ਮੈਂ ਆਯੋ[1], ਤੁਮ ਤੇ ਕੁਛ ਪਾਛੇ,
ਜਹਿਂ ਲਗਿ ਗੁਰੂ ਤਹਾਂ ਲਗਿ ਜਾਇ।
ਗਹਹੁ ਕਿ ਮਾਰਹੁ ਬੇਗ ਸਿਧਾਰਹੁ'
ਬੋਲਜੋ ਰਤਨ ਚੰਦ ਬਿਸਮਾਇ।
'ਨਹੀਂ ਸੈਨ ਕੁਛ, ਤੁਮ ਭੀ ਜਾਨਹੁ,
ਕੌਨ ਲਰਜੋ ਏਤੋ ਅਗੁਵਾਇ?
ਅਬਿ ਹਮ ਜੈ ਹੈਂ, ਪਿਖਹੁ, ਲਰੈ ਹੈਂ,
ਕਿਮ ਅਟਕਹਿਂ? ਸਭਿ ਜਾਹਿਂ ਪਲਾਇ'
॥੨੯॥

ਦੋਹਰਾ:
ਨਬੀਬਖਸ਼ ਪਿਤ ਸੋਂ ਕਹਜੋ, 'ਕਜੋ ਚਿੰਤਾ ਚਿਤ ਦੀਨਿ?
ਜਬਿ ਲੌ ਮੈਂ ਪਹੁੰਚਜੋ ਨਹੀਂ, ਤਬਿ ਲੌ ਸੰਘਰ ਕੀਨਿ[1] ॥੩੦॥
ਦੇਖਹੁ ਕੈਸੇ ਮੈਂ ਹਤੌਂ, ਕੌਨ ਲਰੈਗੋ ਆਨਿ।
ਅਨਿਕ ਜਾਤਿ ਕੇ ਰੰਕ ਨਰ, ਇਕਠੇ ਕਰਿ ਦਲ ਠਾਨਿ[1] ॥੩੧॥

ਹੰਸਕ ਛੰਦ:
ਮੈਂ ਗਹਿ ਲੈ ਹੌਂ। ਨਾ ਅਟਕੈ ਹੌਂ।
ਕੌਨ ਅਰੈ ਗੋ। ਜੰਗ ਪਰੈ ਗੋ ॥੩੨॥
ਆਵਹੁ ਪਾਛੇ। ਆਯੁਧ ਕਾਛੇ[1]।

[1]ਜੰਗ।
[1]ਮੈਨੂੰ ਆਯਾ (ਜਾਣੋ)।
[1]ਤਦੋਂ ਤੱਕ ਹੀ (ਗੁਰੂ ਜੁੱਧ ਕਰਦਾ ਰਿਹਾ ਹੈ।
[1]ਬਣਾਇਆ ਹੈ (ਗੁਰੂ ਜੀ ਨੇ)।
[1]ਫਬਾਇਕੇ।

ਕੋਇ ਨ ਝਾਲੈ। ਜੇ ਭਜਿ ਚਾਲੈਂ ॥੩੩॥
ਤੌ ਤੁਮ ਰੋਕੋ। ਠਾਂਢਿ ਬਿਲੋਕੋ।
ਛੋਰਿ ਤੁਫੰਗੈਂ। ਘੇਰਿ ਨਿਸੰਗੈਂ ॥੩੪॥
ਕਾਜ ਸੁਧਾਰੋ। ਧਾਮ ਪਧਾਰੋ[1]।
ਲਾਜ ਰਖੀਜੈ। ਕੀਰਤਿ ਲੀਜੈ' ॥੩੫॥
ਯੌਂ ਕਹਿ ਚਾਲਾ। ਕੋਪ ਬਿਸਾਲਾ।
ਲੈ ਕਰਵਾਲਾ। ਸੁੰਦਰ ਢਾਲਾ ॥੩੬॥
ਬੰਬਲਿਆਲਾ। ਤੋਮਰ ਭਾਲਾ[1]।
ਰੂਪ ਕਰਾਲਾ। ਲੋਚਨ ਲਾਲਾ ॥੩੭॥
ਪ੍ਰੇਰਿ ਤੁਰੰਗਾ। ਚਚਲ ਅੰਗਾ।
ਅਗ੍ਰ ਕੁਦਾਵਾ। ਜਗੋਂ ਨਟ ਜਾਵਾ ॥੩੮ ॥

ਦੋਹਰਾ:
ਅਪਰ ਚਮੂੰ ਚਾਲੀ ਤਬਹਿ, ਜਿਮ ਜਲ ਕੇਰ ਪ੍ਰਵਾਹ।
ਰਤਨਚੰਦ ਭਾ ਏਕ ਦਿਸ਼ਿ, ਧਾਏ ਕਰਤਿ ਉਮਾਹ ॥੩੯॥
ਕਰਮਚੰਦ ਦੂਸਰ ਦਿਸ਼ਾ, ਧੀਰ ਦੇਤਿ ਬਡਿ ਬੀਰ।
ਗਹਿ ਲੈਂ ਹੈਂ ਅਬਿ ਗੁਰੂ ਕੋ, ਪਹਿਲੇ ਹੱਲੇ ਚੀਰਿ[1]' ॥੪੦॥

[1]ਇਹ ਕਾਜ ਸੁਧਾਰ ਲਓ (ਤੇ ਫੇਰ) ਘਰ ਨੂੰ ਟੁਰ ਚਲ।

[1]ਬੰਬਲਾਂ (= ਫੰਮਣਾਂ) ਵਾਲਾ ਤੋਮਰ ਤੇ ਭਾਲਾ। (ਦੇਖੋ ਪ੍ਰਯਾਇ ਦਸਮ ਗ੍ਰੰਥ ਪੰਨਾ ੧੧੩)

[1]ਸਿਖਾਂ ਦੀ ਸੈਨਾ) ਚੀਰ ਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਇਮਾਮਬਖਸ਼ ਅਲੀਬਖਸ਼ ਨਾਨੋ ਬੱਧ' ਪ੍ਰਸੰਗ ਬਰਨਨੰ ਨਾਮੁ ਪੰਚ ਤ੍ਰਿਸੰਤੀ ਅੰਸੂ ॥੩੫॥

## ੩੬. [ਕਰਮ ਚੰਦ ਫੜਕੇ ਛੱਡਿਆ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਦੁੰਦਭਿ ਬਜੇ ਅਨੇਕ ਹੀ, ਦਸ ਸਹੱਸ੍ਰ ਬਡ ਸੈਨ।
ਉਮਡੀ ਆਵਤਿ ਜੰਗ ਕੋ, ਬਿਧੀਚੰਦ ਪਿਖਿ ਨੈਨ ॥੧॥

ਨਿਸ਼ਾਨੀ ਛੰਦ:
ਪਿਖ੍ਯੋ ਪਿਰਾਗਾ ਨਿਕਟ ਨਿਜ, ਤਿਸ ਕੋ ਸਮੁਝਾਯੋ।
'ਕਰਹੁ ਸ਼ੀਘ੍ਰਤਾ ਜਾਹੁ ਅਬਿ, ਗੁਰੁ ਕੇ ਢਿਗ ਧਾਯੋ।
[1]ਆਗੈ ਆਵਤਿ ਬਾਹਨੀ, ਸਭਿ ਜ਼ੋਰ ਲਗਾਏ।
ਪਾਛੈ ਅਬਦੁਲ ਖਾਨ ਹੈ, ਫਰਰੇ ਛੁਟਵਾਏ ॥੨॥
ਜੰਗ ਅੰਤ ਕੋ ਚਹਤਿ ਹੈ, ਪ੍ਰੇਰੇ ਸਭਿ ਕਾਲਾ[1]।
ਧੂਰ ਉਡ੍ਯੋ ਪੂਰ੍ਯੋ ਗਗਨ, ਜਨੁ ਘੜਾ ਬਿਸਾਲਾ-।
ਸੁਧਿ ਦੀਜੈ ਸਤਿਗੁਰੂ ਕੋ -ਮਾਚਹਿ ਘਮਸਾਨਾ।
ਜਯੋਂ ਰਜਾਇ ਹੁਇ ਰਾਵਰੀ ਮਾਰਹਿਂ ਤੁਰਕਾਨਾ' ॥੩॥
ਸੁਨਤਿ ਪਿਰਾਗਾ ਤਬਿ ਗਯੋ, ਲੈ ਦਸਕ ਸਊਰਾ।
ਜਿਸ ਥਲ ਮਹਿਂ ਸ਼੍ਰੀ ਸਤਿਗੁਰੂ, ਹਰਿਗੋਬਿੰਦ ਸੂਰਾ।
ਹਾਥ ਬੰਦਿ ਬੰਦਨ ਕਰੀ, ਸਭਿ ਦਸ਼ਾ ਸੁਨਾਈ।
'ਅਬਦਲੁਖਾਂ ਅਬਿ ਆਪ ਹੀ, ਆਯਹੁ ਅਗੁਵਾਈ ॥੪॥

[1]ਤੇ ਆਖੇ ਕਿ....।
[1]ਮੌਤ ਨੇ।

ਚਢੀ ਫੌਜ ਸਮ ਘਟਾ ਕੇ, ਆਵਤਿ ਉਮਡਾਈ।
ਤਜਾਗਹੁ ਤੀਰ ਸਮੀਰ ਸਮ, ਜਿਸ ਤੇ ਮਿਟਿ ਜਾਈ।'
ਸੁਨਿ ਕਰਿ ਸ਼੍ਰੀ ਗੁਰੁ ਨੀਰ ਸੋਂ, ਕਰ ਚਰਨ ਪਖਾਰੇ।
ਕਰਜੋ ਸੁਚੇਤਾ ਸਕਲ ਬਿਧਿ, ਮੁਛ ਸ਼ਮਸ[1] ਸੁਧਾਰੇ ॥੫॥

[1]ਦਾੜ੍ਹਾ।

ਪਹਿਰੇ ਬਸਤ੍ਰ ਨਵੀਨ ਸਭਿ, ਕਲ਼ਗੀ ਬਡ ਸ਼ੋਭੇ।
ਜਿਗਾ ਬਧੀ ਹੀਰੇ ਬਡੇ, ਜਿਨ ਪਿਖਿ ਮਨ ਲੋਭੇ।
ਚੰਦ੍ਰਹਾਸ[1] ਚੌਰਾ ਰੁਚਿਰ, ਲੇਕਰਿ ਗਰ ਪਾਯੋ।
ਤਰਕਸ਼ ਜਰਜੋ ਜਵਾਹਰਨਿ, ਜ਼ਾਹਰ ਦਮਕਾਯੋ ॥੬॥

[1]ਤਲਵਾਰ।

ਤੀਛਨ ਭੀਛਨ ਤੀਰ ਗਨ, ਈਛਨ[1] ਤੇ ਹੇਰੇ।
ਖਪਰੇ ਸਰਪ ਸਮਾਨ ਜੇ, ਭਰਿ ਲੀਨਿ ਘਨੇਰੇ।
ਗਰ ਮੈਂ ਪਾਇ ਨਿਖੰਗ ਅਸ[1], ਪੁਨ ਸਿਪਰ ਸੰਭਾਰੀ।
ਸ਼ੋਭਤਿ ਪਾਇ ਸਿਕੰਧ ਧਰਿ, ਬਧਿ ਲੀਨ ਪਿਛਾਰੀ[1] ॥੭॥

[1]ਨੇਤ੍ਰਾਂ ਨਾਲ।

[1]ਐਸਾ ਭੱਥਾ।

[1]ਮੋਢੇ ਤੇ ਰੱਖਕੇ ਪਿੱਛੇ ਬੰਨ ਲੀਤੀ (ਢਾਲ)।

ਫੱਟੀ ਦ੍ਵੈ ਚੌਰੀ ਅਧਿਕ, ਦਿਢ ਮੁਸ਼ਟ ਬਿਸਾਲਾ[1]।
ਚਾਮੀਕਾਰ ਤੇ ਲਿਪਤਿ ਸਭਿ, ਦੀਪਤਿ ਦੁਤਿ ਜਾਲਾ।
ਗਾਢੇ ਜੁਗ ਗੋਸ਼ੇ[1] ਬਡੇ, ਪੈ ਬਹੁ ਲਪਟਾਏ[2]।
ਕਾਰੀਗਰ ਰਾਖੇ ਨਿਕਟਿ, ਕਹਿ ਕਰਿ ਕਰਿਵਾਏ ॥੮॥

[1](ਧਨੁਖ ਦੀਆਂ) ਦੋ ਫਟੀਆਂ ਬਹੁਤ ਚੌੜੀਆਂ ਤੇ ਮੁੱਠ ਜਿਸ ਦੀ ਬਹੁਤ ਪੱਕੀ ਹੈ।

[1]ਧਨੁਖ ਦੇ ਸਿਰੇ। [2](ਉੱਪਰ) ਬਹੁਤ ਤੰਦੀ ਲਪੇਟੀ ਹੋਈ ਹੈ।

ਦੀਰਘ ਘੋਰ ਕਠੋਰ ਬਡ, ਜਿਸ ਖਿਚੈ ਨ ਕੋਈ।
ਗਿਨਤੀ ਟੰਕਨਿ ਕੀ ਨ ਕੁਛ, ਦਿਢ ਜੇਹ ਸੰਜੋਈ[1]।
ਜਗਤ ਬਿਖੈ ਦੂਜਾ ਨ ਕੋ, ਐਂਚਹਿ ਬਲ ਲਾਏ।
ਲਿਯੋ ਸਰਾਸਨ ਹਾਥ ਅਸ, ਗੁਨ ਜਾਂਹਿ ਸੁਨਾਏ ॥੯॥
ਸਰ ਮੋਟੇ, ਪਰ ਕੰਕ ਕੇ, ਖਪਰੇ ਬਹੁ ਤੀਖੇ।
ਜਿਸ ਤੇ ਛੁਟਿ ਕਰਿ ਬੇਗ ਤੇ, ਬਡ ਸਰਪ ਸਰੀਖੇ।
ਬੇਧਤਿ ਹੈਂ ਗਨ ਅਰਿਨਿ ਕੋ, ਪ੍ਰਾਨਨਿ ਕਰਿ ਹਾਨਾ।
ਗਹਿ ਕਰਿ ਸ਼੍ਰੀ ਸਤਿਗੁਰੁ ਬਲੀ, ਹੋਏ ਸਵਧਾਨਾ ॥੧੦॥
ਖੰਜਰ ਜਮਧਰ[1], ਕਮਰ ਸੋਂ, ਪੁਨ ਧਰਜੋ ਤਮਾਚਾ।
'ਆਨਹੁ ਬਲੀ ਤੁਰੰਗ ਮਮ' ਬੋਲਜੋ ਗੁਰੁ ਸਾਚਾ।
ਸੁਨਤਿ ਹੁਕਮ ਕਰਿ ਸ਼ੀਘ੍ਰਤਾ, ਆਨਜੋ ਸ਼ਿੰਗਾਰਾ[1]।
ਜਾਹਰ ਜਰਤਿ ਜਵਾਹਰਨਿ, ਜਿਹ ਜ਼ੀਨ[1] ਸੁਧਾਰਾ ॥੧੧॥
ਲਾਂਗੁਲ[1] ਫੇਰਤਿ ਆਵਤੋ, ਊਚੋ ਕਰਿ ਗਾਟਾ[2]।
ਫੁਰਕਤਿ, ਪਗ ਕੋ ਧਰਤਿ ਹੈ, ਧਰਨੀ ਕਹੁ ਕਾਟਾ।
ਬਰਣ ਕੁਮੈਤ[1], ਸੁਵਰਣ ਕੇ, ਭੂਖਨ ਚਮਕੰਤੇ।
ਗਜ ਗਾਹਨਿ[1] ਜੁਤਿ ਸ਼ੋਭਤੋ, ਕਵਿਕਾ ਚਰਬੰਤੇ[2] ॥੧੨॥
ਮਨਹੁਂ ਕਰਭ[1] ਬਲਿ ਪੁਸ਼ਟ ਹੈ, ਦੁਸ਼ਟਨਿ

[1]ਚਿੱਲਾ ਬਹੁਤ ਪੱਕਾ ਜੋੜਿਆ ਹੈ। [ਫਾ. ਜ਼ਿਹ = ਚਿੱਲਾ]

[1]ਕਟਾਰ।

[1]ਸ਼ਿੰਗਾਰ ਕੇ।

[1]ਕਾਠੀ।

[1]ਪੂਛ। [2]ਗਰਦਨ।

[1]ਲਾਖਾ ਰੰਗ ਹੈ।

[1]ਗਜਗਾਹਾਂ ਨਾਲ। [2]ਲਗਾਮ ਚੱਬਦਾ ਹੈ।

[1]ਹਾਥੀ ਦਾ ਬੱਚਾ।

ਦਰੜੰਤਾ।
ਛਾਤੀ ਆਯੁਤ ਚਪਲ ਬਹੁ, ਮਨ ਕਹਜੇ ਕਰੰਤਾ।
ਪੂਰਬ ਕੇ ਬਡ ਭਾਗ ਤੇ, ਸਤਿਗੁਰੁ ਤਰ ਆਯੋ।
ਵਾਹਿਗੁਰੂ ਕਹਿ ਕਰਿ ਉਠੇ, ਘੋਰਾ ਦਰਸਾਯੋ ॥੧੩॥
ਪਗ ਰਕਾਬ ਦੇ ਕਰਿ ਤਬੈ, ਗਹਿ ਗ੍ਰੀਵ ਸੁ ਕੇਸਾ[1]।
ਆਸਨ ਆਏ[1] ਵਾਗ ਗਹਿ, ਬਲਿਵੰਡ ਬਿਸ਼ੇਸ਼ਾ।
ਦੀਹ ਦਮਾਮਨਿ ਚੋਬ ਲਗਿ, ਉਠਿ ਨਾਦ ਬਿਸਾਲੇ।
ਸੱਜੀ[1] ਸਭਿ ਜੋਧਾ ਚਢੇ, ਗਨ ਸ਼ਸਤ੍ਰ ਸੰਭਾਲੇ ॥੧੪॥
ਸਮੁਖ ਭਏ ਸ਼ੱਤ੍ਰਨਿ ਕੇ, ਕਰਿ ਚਹਿਸਿ ਬਿਨਾਸਾ।
ਕੁਛਕ ਚਲੇ ਦੇਖਤਿ ਭਏ, ਬਡ ਜੰਗ ਤਮਾਸ਼ਾ।
ਨਮਸਕਾਰਨੀ[1] ਗਨ ਚਲੈਂ, ਬਹੁ ਸ਼ਬਦ ਉਠੰਤੇ।
ਮਨਹੁਂ ਮ੍ਰਿਦੰਗਨਿ[1] ਬਜਤਿ, ਬਹੁ ਉਤਸਾਹ ਕਰੰਤੇ ॥੧੫॥
ਮਾਰਿ ਮਾਰਿ ਮੁਖ ਕਰਤਿ ਹੈ, ਜਨੁ ਗਾਵਤਿ ਗੀਤਾ।
ਗੁਲਕਾਂ ਬ੍ਰਿੰਦ ਸੜਾਕ ਲਗਿ, ਇਹ ਤਾਲ ਪੁਰੀਤਾ[1]।
ਰੰਗ ਅਖਾਰਾ ਜੰਗ ਕੋ, ਗੁਰੁ ਮਹਿਦ ਨਿਹਾਰਾ[1]।
ਬੀਚ ਪ੍ਰਵੇਸ਼ਨਿ ਹੋਨਿ ਕੋ, ਤਤਕਾਲ ਬਿਚਾਰਾ ॥੧੬॥
ਪਰਸਰਾਮ ਸ਼ਕਤੂ[†] ਸੁਭਟ, ਦੋਨਹੁਂ ਤਬਿ

[1]ਗਰਦਨ ਦੇ ਵਾਲ ਪਕੜ ਕੇ।
[1]ਘੋੜੇ ਦੀ ਕਾਠੀ ਤੇ ਆਏ।
[1]ਸੱਜ ਕੇ।
[1]ਬੰਦੂਕਾਂ।
[1]ਢੋਲ।
[1]ਤਾਲ ਪੂਰਿਆ ਜਾ ਰਿਹਾ ਹੈ।
[1]ਭਾਵ ਜੰਗ ਭੂਮੀ ਵਿਚ ਜੰਗ ਦਾ ਜ਼ੋਰ ਗੁਰੂ ਜੀ ਨੇ ਬਹੁਤ ਡਿੱਠਾ।
[†]ਪਾ:-ਕੱਟੂ।

ਆਏ।
ਹਾਥ ਜੋਰਿ ਆਗੇ ਖਰੇ, ਇਮ ਬਾਕ ਸੁਨਾਏ।
'ਮਹਾਂਰਾਜ! ਅਵਿਲੋਕੀਏ, ਸੰਗ੍ਰਾਮ ਤਮਾਸ਼ਾ।
ਆਪ ਰਹਹੁ ਠਾਂਢੇ ਪ੍ਰਭੂ! ਨਿਜ ਦਲ ਕੇ ਪਾਸਾ ॥੧੭॥
ਦਾਸਨ ਪ੍ਰਤਿ ਆਇਸੁ ਕਰਹੁ, ਤੁਰਕਨਿ ਕੋ ਮਾਰੈਂ।
ਰਾਵਰਿ ਬਾਕ ਪ੍ਰਤਾਪ ਤੇ, ਬਲ ਧਰਿ ਸੰਘਾਰੈਂ।
ਅਰਹਿਂ ਅਗਾਰੀ ਅਰਿ ਕਹਾਂ, ਏ ਅਲਪ ਬਿਚਾਰੇ।
ਲਵਪੁਰਿ ਦਿੱਲੀ ਆਗਰੇ, ਲੁਟਿ ਕਰਹਿਂ ਉਜਾਰੇ' ॥੧੮॥
ਪਿਖਿ ਦੁਨਹਨਿ ਉਤਸਾਹ ਕੋ, ਗੁਰ ਹੁਕਮ ਬਖਾਨਾ।
'ਪਿਖਹੁ ਜ਼ੋਰ ਜਹਿਂ ਜੰਗ ਕੋ, ਪਾਵਹੁ ਘਮਸਾਨਾ।
ਸਨੈਂ ਸਨੈਂ ਹਮ ਆਇ ਹੈਂ, ਜਹਿਂ ਅਬਦੁਲਖਾਨਾ।
ਆਜ ਨਿਦਾਨ[1] ਸੁ ਕਰਹਿਂਗੇ, ਗਨ ਤੁਰਕਨਿ ਹਾਨਾ' ॥੧੯॥
ਸੁਨਿ ਹਰਖੇ ਗੁਰ ਹੁਕਮ ਕੋ, ਤਾਜ਼ੀ ਤਿਰਪਾਏ[1]।
ਸ਼ਸਤ੍ਰ ਉਘਾਰੇ ਹਾਥ ਮੈਂ, ਧੌਂਸੇ ਬਜਿਵਾਏ।
ਲੇ ਕਰਿ ਕਿਤਿਕ ਅਨੀਕਨੀ[1], ਤੁਰਕਨਿ ਪਰ ਧਾਏ।
ਜਥਾ ਮ੍ਰਿਗਨਿ ਗਨ ਹੇਰਿ ਕਰਿ, ਕੇਹਰਿ ਇਹ ਧਾਏ[†] ॥੨੦॥
ਪਰੇ ਜਾਇ ਤੁਪਕਨਿ ਚਲੀ, ਐਸੀ ਇਕ ਬਾਰੇ।

[1]ਅੰਤ।
[1]ਘੋੜੇ ਟਪਾਏ।
[1]ਸੈਨਾ।
[†]ਪਾ:-ਥਾਏ।

ਨਬੀ ਬਖਸ਼ ਕੇ ਸਹਿਤ ਹੀ, ਆਏ ਕੁੜਿਆਰੇ।
ਹੇਲਾ ਘਾਲਿ ਬਿਸਾਲ ਕੋ, ਦੋਨਹੁ ਦਲ ਜੁਟੇ।
ਬਾਜ਼, ਕੁਹੀ, ਜੁਰਰੇ ਮਨੋ, ਪਿਖਿ ਆਮਿਖ ਟੂਟੇ ॥੨੧॥
ਪ੍ਰਥਮ ਤੁਫੰਗੈਂ ਮਾਰਿ ਕਰਿ, ਗਨ ਤੀਰ ਪ੍ਰਹਾਰੇ।
ਪੁਨ ਤੋਮਰ ਤਰਵਾਰ ਪਰ, ਸ਼ਸ਼ਤ੍ਰਨ ਕਰ ਡਾਰੇ[1]।
ਜਮਧਰ[1] ਲੈ ਪਹੁੰਚੇ ਸੁਭਟ, ਮਾਰਤਿ ਅਰੁ ਖਾਤੇ।
ਮੁਸ਼ਟ ਜੁੱਧ ਕੋ ਭਿਰਿ ਪਰੇ, ਸੰਘਰ ਰਸ ਰਾਤੇ ॥੨੨॥
ਨਹਿਂ ਪੀਛੇ ਕੋ ਪਗ ਧਰਤਿ, ਨਿਜ ਲਾਜ ਨਿਬਾਹੀ।
ਮਾਰਿ ਮਾਰਿ ਮਰਿ ਮਰਿ ਗਿਰੇ, ਕਟਿ ਆਪਸ ਮਾਂਹੀ।
ਤੁਰਕਨਿ ਪਰ ਲੋਹਾ ਉਲਟ, ਇਮ ਪਰਜੋ ਬਡੇਰਾ।
ਜਿਯਤਿ ਦਿਖਤਿ ਕੈ ਮਰਿ ਗਏ, ਗਨ ਦਲ ਇਕ ਬੇਰਾ ॥੨੩॥
ਹੋਤਿ ਬੁਦਬੁਦੇ[1] ਬ੍ਰਿੰਦ ਜਿਮ, ਬਹੁ ਬਾਯੁ ਬਿਨਾਸੈ।
ਤਿਮ ਮਰਿਗੇ ਰਿਪੁ ਸ਼ੀਘ੍ਰ ਹੀ, ਕੋ ਭਾਗਤਿ ਤ੍ਰਾਸੈ[1]।
ਕੋਪਜੋ ਬਿਧੀਆ ਤਬਿ ਫਿਰਜੋ, ਬਿਚ ਜੰਗ ਨਿਸੰਗੈ।
ਤਾਨਤਾਨ ਕਰਿ ਕਾਨ ਲਗਿ, ਗਨ ਹਤਹਿ ਖਤੰਗੈਂ ॥੨੪॥
ਦ੍ਵੈ ਦ੍ਵੈ ਬਾਨ ਸੰਚਾਰਿਕੈ, ਦ੍ਵੈ ਦ੍ਵੈ ਤਨੁ ਪਾਰੇ[1]।

[1]ਸ਼ਸਤਰਾਂ ਪੁਰ ਹੱਥ ਪਾਏ।

[1]ਬਰਛੀ।

[1]ਬੁਲਬੁਲੇ।

[1]ਕਈ ਡਰ ਕੇ ਭੱਜ ਚੱਲੇ।

[1]ਦੋ ਦੋ ਤੀਰ (ਚਿੱਲੇ ਵਿਚ) ਸੰਨ੍ਹ ਕੇ ਦੋ ਦੋ ਤਨ ਪਾਟ ਸਿੱਟੇ (ਅ) ਪਾਰ ਕੀਤੇ।

ਅਨਗਨ ਤੁਰਕਨਿ ਕੋ ਹਨੇ, ਨਹਿਂ ਹੋਤਿ ਸੰਭਾਰੇ।
ਚੰਚਲ ਬਲੀ ਤੁਰੰਗ ਕੋ, ਨਹਿਂ ਕਹੂੰ ਟਿਕਾਏ।
ਜਹਿਂ ਦੇਖੈ ਰਿਪੁ ਵਧਤਿ ਹੈਂ, ਤਹਿਂ ਦੇ ਉਥਲਾਏ ॥੨੫॥
ਤੁਰਕ ਬ੍ਰਿੰਦ ਮੈਂ ਬਰਿ ਗਯੋ, ਹਨਿ ਮੁਗ਼ਲ ਪਠਾਨਾ।
ਮਾਰਿ ਮਾਰਿ ਘਮਸਾਨ ਕਰਿ, ਬਲਿਵਾਨ ਮਹਾਨਾ।
ਜਿਤ ਦਿਸ਼ਿ ਕੋ ਬਿਚਰਤਿ ਬਲੀ, ਹੁਇ ਜਾਤਿ ਮਦਾਨਾ[1]।
ਸ਼ੱਤ੍ਰੂ ਹੇਰਿ ਮਾਰਜੋ ਚਹਿਤ ਕਰਿ, ਦਾਵ ਸੁ ਨਾਨਾ ॥੨੬॥
ਕਿਸ ਕੋ ਜਤਨ ਨ ਚਲਤਿ ਹੈ, ਆਪਸ ਮਰਿ ਜੈ ਹੈਂ।
ਗਰਜ ਬੰਗਾਰਤਿ ਹਨਤਿ ਜਿਮ, ਕੇਹਰਿ ਨਿਰਭੈ ਹੈ।
ਐਂਚਿ ਚਾਂਪ ਕੌਂ ਸਰ ਤਜੈ, ਤਕਿ ਤਕਿ ਰਿਪੁ ਛਾਤੀ।
ਲਗਤਿ ਪਾਰ ਹੀ ਪਰਤਿ ਹੈਂ, ਹਯ ਤਰੈ ਪਪਾਤੀ[1] ॥੨੭॥
ਇਤਨੇ ਮੈਂ ਚੰਦੂ ਤਨੁਜ, ਚਲਿ ਸਨਮੁਖ ਆਵਾ।
ਪਰੀ ਲੋਥ ਪਰ ਲੋਥ ਜਹਿਂ, ਸ਼੍ਰੋਣਤਿ ਬਿਥਰਾਵਾ।
ਕਰਤਿ ਚੌਂਪ ਆਗੇ ਅਰਜੋ, ਮੂਰਖ ਮਤਿ ਹੀਨਾ।
ਬਿਧੀਏ ਕੀਨਿ ਚਿਨਾਰਿ ਕੋ, ਬਡ ਆਨੰਦ ਲੀਨਾ ॥੨੮॥
ਕਹਤਿ ਭਯੋ 'ਮਮ ਪਿਤ ਹਤਜੋ, ਤੈਂ ਗੁਰੁ ਕੇ ਆਗੇ।

[1]ਮੈਦਾਨ ਹੋ ਜਾਂਦਾ ਹੈ, ਭਾਵ ਸਫਾਇਆ ਕਰੀ ਜਾਂਦਾ ਹੈ।

[1]ਘੋੜੇ ਤੋਂ ਹੇਠ ਡਿੱਗ ਪੈਂਦੇ ਹਨ।

ਕਰਤਿ ਪ੍ਰਤੀਖਨ ਮੈਂ ਰਹ੍ਯੋ, ਸੋ ਅਬਿ ਫਲ ਲਾਗੇ।
ਜਿਮ ਚਾਹਤਿ ਸੋ ਬਿਧਿ ਬਨੀ, ਰਣ ਮਹਿਂ ਤੁਝ ਹੇਰੇ।
ਪਿਤ ਪਲਟਾ ਇਹ ਕਰਜ਼ ਸਿਰ, ਉਤਰਹਿ ਅਬਿ ਮੇਰੇ ॥੨੯॥
ਪੂਰਬ ਤੁਮ ਕੋ ਮਾਰਿ ਕੈ, ਰਣ ਖੇਤ ਮਝਾਰੇ।
ਹਰਿਗੁਵਿੰਦ ਕੋ ਪੁਨ ਗਹੌਂ, ਜੋਧਾ ਬਰਿਆਰੇ[1]।'
ਸੁਨਤਿ ਹਸ੍ਯੋ ਬਿਧੀਆ ਅਧਿਕ, ਉੱਤਰ ਕੋ ਦੀਨਾ।
'ਚਹਿਤ ਉਤਾਰ੍ਯੋ ਪਿਤ ਕਰਜ਼, ਤੂੰ ਮਹਾਂ ਪ੍ਰਬੀਨਾ ॥੩੦॥
ਅਬਿ ਤੁਝ ਕੋ ਮਾਰਹਿਂ ਤੁਰਤ, ਰਿਣ ਕੌਨ ਉਤਾਰੇ?
ਇਹ ਸੰਸਾ ਸਭਿ ਕਰਤਿ ਹੈਂ, ਕਿਮ ਨਿਰਣੈਂ ਧਾਰੇਂ?'
ਕਰਮਚੰਦ[1] ਇਮ ਸੁਨਤਿ ਹੀ, ਤਕ ਤੀਰ ਪ੍ਰਹਾਰਾ।
ਤਨਿ ਬਿਧੀਏ ਕੇਤਿਕ[1] ਚੁਭ੍ਯੋ, ਗਹਿ ਖੈਂਚ ਨਿਕਾਰਾ ॥੩੧॥
ਪੁਨ ਤੂਰਨ ਹੀ ਤੀਰ ਖਰ, ਤਕ ਔਰ ਚਲਾਯੋ[†]।
ਹਯ ਕੁਦਾਇ ਬਿਧੀਏ ਤਬੈ, ਨਿਜ ਗਾਤਿ ਬਚਾਯੋ।
ਆਪ ਚਾਂਪ ਗਹਿ ਦਿਢ ਤੁਰਤ, ਤਾਨ੍ਯੋ ਧਰਿ ਬਾਨਾ।
ਸਨਮੁਖ ਹ੍ਵੈ ਛੋਰਾ ਤਬਹਿ, ਤਕ ਸ਼ੱਤ੍ਰੁ ਨਿਸ਼ਾਨਾ ॥੩੨॥
ਲਗ੍ਯੋ ਬਾਜ ਕੇ ਭਾਲ ਮਹਿਂ, ਗਾ ਪਾਛਲ ਪਾਰਾ।

[1]ਜੋ ਬਲਵਾਨ ਯੋਧਾ ਹੈ। (ਅ) ਹੇ ਬਲਵਾਨ ਯੋਧੇ।

[1]ਚੰਦੂ ਦਾ ਪੁੱਤਰ।

[1]ਥੋੜਾ ਜਿਹਾ।

[†]ਪਾ:-ਤੱਕ੍ਯੋ ਹੁ ਚਲਾਯੋ।

ਝੜ[1] ਅਵਿਨੀ ਪਰ ਗਿਰ ਪਰਯੋ, ਜਨੁ ਗਾਜ ਸੰਘਾਰਾ।

[1]ਝੱਟ। (ਅ) ਝੜ ਕੇ।

ਪਹੁੰਚਯੋ ਬਿਧੀਆ ਨਿਕਟਿ ਚਲਿ, ਨਹਿਂ ਖੜਗ ਪ੍ਰਹਾਰਾ।
ਦਬੀ ਟਾਂਗ ਹਯ ਕੇ ਤਰੇ, ਤਰ ਉਤਰ ਨਿਕਾਰਾ[1] ॥੩੩॥

[1]ਹੇਠਾਂ ਉਤਰ ਕੇ (ਬਿਧੀ ਚੰਦ ਨੇ ਕਰਮ ਚੰਦ ਨੂੰ) ਕਢਿਆ।

ਗਹਿ ਲੀਨਸਿ ਕਰਿ ਸ਼ੀਘ੍ਰਤਾ, ਪਾਛੇ ਕੋ ਚਾਲਾ[1]।

[1]ਭਾਵ ਗੁਰੂ ਜੀ ਵੱਲ ਫੜਕੇ ਲੈ ਚਲਿਆ।

ਅਪਰ ਸਿੱਖ ਅਰੁ ਤੁਰਕ ਤਹਿਂ, ਰਣ ਮਚਯੋ ਕਰਾਲਾ।
ਪਰੇ ਬਹੁਤ ਅਰਿਰਾਇਕੈ, ਤਿਹ ਚਹਿਤ ਛੁਟਾਯੋ।
ਗੁਰੁ ਦਲ ਤੇ ਸ਼ਲਖੈਂ ਚਲੀ, ਸਭਿ ਕੋ ਅਟਕਾਯੋ ॥੩੪॥
ਕਰੇ ਸ਼ੀਘ੍ਰਤਾ ਬਲ ਸਹਤ, ਗਹਿ ਆਨਯੋ ਬੈਰੀ।
ਸ਼੍ਰੀ ਗੁਰੂ ਹਰਿਗੋਵਿੰਦ ਜਹਿਂ, ਪਾਯਹੁ ਤਿਨ ਪੈਰੀ।
ਨੀਚ ਗੀਵ ਕੋ ਕਰਿ ਰਹਯੋ, ਨਹਿਂ ਸਨਮੁਖ ਜੋਵਾ।
ਬਿਧੀਆ ਬੋਲਯੋ ‘ਪ੍ਰਭੁ ਜੀ! ਰਿਣ ਬਡ ਸਿਰ ਹੋਵਾ ॥੩੫॥
ਪਲਟਾ ਪਿਤ ਲੈਬੇ ਅਯੋ, ਰਿਣ ਉਤਰਯੋ ਨਾਂਹੀ।
ਬੰਧਹੁ ਮਸ਼ਕੈਂ ਪਾਗ ਸੋਂ, ਪਗ ਸ਼ਿੰਖਲ ਪਾਹੀ[1]।’

[1]ਪੈਰਾਂ ਵਿਚ ਸੰਗਲ ਪਾ ਕੇ।

ਗੁਰੁ ਕ੍ਰਿਪਾਲ ਹਸਿ ਕਰਿ ਕਹਯੋ ‘ਕਜਾ ਇਸ ਤੇ ਲੈਬੋ?
ਛੋਰਿ ਦੇਹੁ ਕੁੜਿਆਰ ਕੋ, ਪੁਨ ਕਰਹਿ ਨ ਐਬੋ ॥੩੬॥
ਜਥਾ ਦੁਸ਼ਟ ਪਿਤ, ਸੁਤ ਤਥਾ, ਤੁਰਕਨਿ ਕੇ ਚੇਰੇ।

ਕੁਛਕ ਜੁਤ ਸਿਰ ਮੈਂ ਹਤਹੁ, ਸਿਮਰਹਿ
ਗੁਨ ਤੇਰੇ।'
ਹੁਕਮ ਮਾਨਿ ਤਜਾਗਜੋ, ਤਬੈ ਪਨਹੀ ਕਛ
ਮਾਰੇ।
ਨਹੀਂ ਬੋਲ ਮੁਖ ਆਵਤੋ, ਭਾਗਜੋ
ਛੁਟਿਹਾਰੇ[1] ॥੩੭॥
ਜਾਇ ਮਿਲਜੋ ਤੁਰਕਨਿ ਬਿਖੈ, ਜਹਿਂ
ਅਬਦੁਲ ਖਾਨਾ।
ਧਰਕਤਿ ਉਰ ਬਡ ਸ੍ਵਾਸ ਲੇ, ਅਸ ਬਾਕ
ਬਖਾਨਾ।
'ਗਹਜੋ ਮੋਹਿ ਲੇ ਕਰਿ ਗਏ, ਗੁਰੁ ਜਹਾਂ
ਖਰੋ ਹੈ।
ਛਲ ਬਲ ਕੋ ਧਰਿ ਸ਼ੀਘ੍ਰਤਾ, ਮੈਂ ਛੁਟਨਿ
ਕਰੋ ਹੈ ॥੩੮॥
ਸਿੱਖਨ ਕੋ ਮਾਰਤਿ ਅਯੋ, ਸਭਿ ਭੇਦ
ਨਿਹਾਰਾ।
ਰਹਜੋ ਅਲਪ ਦਲ ਗੁਰੂ ਕੋ, ਸਮੁਦਾਇ
ਸੰਘਾਰਾ[1]।
ਆਪ ਅਗਾਰੀ ਹੋਇ ਕੈ, ਹੇਲਾ ਅਬਿ
ਘਾਲੋ।
ਹਰਿਗੁਵਿੰਦ ਕੋ ਲੇਹਿਂ ਗਹਿ, ਨਿਜ ਓਜ
ਸੰਭਾਲੋ' ॥੩੯॥
ਇਮ ਕਹਿ ਅਬਦੁਲਖਾਂਨ, ਕੋ ਕੁਛ ਅੱਗ੍ਰ
ਚਲਾਯੋ।
ਅਪਰ ਤੁਰੰਗ ਜੁ ਸੰਗ ਥੇ, ਤਿਸ ਪਰ ਚਢਿ
ਧਾਯੋ।
ਇਮ ਬਿਧੀਏ ਕੀ ਗਾਥ ਇਤਿ, ਘਾਲਜੋ
ਘਮਸਾਨਾ।
ਪਰਸਰਾਮ ਸ਼ਕਤੂ ਉਤੈ, ਦੋਨਹੁ ਰਣ ਥਾਨਾ
॥੪੦॥

[1]ਛਟ ਕਰਕੇ।

[1]ਬਹੁਤਾ ਮਾਰਿਆ ਗਿਆ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਚੰਦੂ ਸੁਤ ਗਹਿ ਕੈ ਛੋਰਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਨਬੀਬਖਸ਼, ਪਰਸਰਾਮ ਤੇ ਸ਼ਕਤੂ ਬੱਧ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਨਬੀਬਖਸ਼ ਲਸ਼ਕਰ ਮਹਾਂ, ਲੇ ਕਰਿ ਆਯੋ
ਸੰਗ।
ਤੋਮਰ ਤਰਵਾਰਨਿ ਤਬਰ, ਗਹੇ ਤੁਫੰਗ
ਖਤੰਗ ॥੧॥

ਪਾਧੜੀ ਛੰਦ:

ਭਰਿਯੰਤਿ ਤੁਪਕ ਬਾਰੂਦ ਸੰਗ।
ਛਨਕੰਤਿ ਗਜਨਿ[1] ਧਾਏ ਤੁਰੰਗ।
ਠਕਿਯੰਤਿ ਗੁਲਕ ਤੋੜਾ ਸੰਭਾਰਿ।
ਧੁਖਿਯੰਤਿ ਪਲੀਤਾ ਬਾਰਿ ਬਾਰਿ ॥੨॥

[1]ਛਣਕਾਉਂਦੇ ਹਨ ਗਜਾਂ ਨੂੰ।

ਕੜਕੰਤਿ ਨਾਦ ਜ੍ਵਾਲਾ ਉਗਾਲ[1]।
ਛੁਟਕੰਤਿ ਬ੍ਰਿੰਦ ਘਾਇਲ ਉਤਾਲ।
ਇਤ ਉਤ ਤੁਰੰਗ ਸੂਰੇ ਧਵਾਇ।
ਜੋ ਵਧਤਿ ਅੱਗ੍ਰ ਤਿਸ ਦੇਂ ਗਿਰਾਇ ॥੩॥

[1]ਬੰਦੂਕਾਂ ਦਾ।

ਗਿਰਯੰਤਿ ਸੁਭਟ ਹਯ, ਆਇ ਧਾਇ।
ਮਿਲਿ ਗਏ ਆਪ ਮਹਿਂ ਕਰਤਿ ਘਾਇ।
ਮੁਖ ਮਾਰਿ ਮਾਰਿ ਜੋਧਾ ਰਟੰਤਿ।
ਬਾਹੈਂ[1] ਕ੍ਰਿਪਾਨ ਅੰਗਨਿ ਕਟੰਤਿ ॥੪॥

[1]ਵਾਹੁੰਦੇ ਹਨ।

ਤਬਿ ਪਰਸਰਾਮ ਸ਼ਕਤ ਬਿਸਾਲ।
ਗਹਿ ਦੁਹਨਿ ਚਾਂਪ ਸਰ ਕੋ ਨਿਕਾਲਿ।
ਪ੍ਰੇਰੇ ਤੁਰੰਗ ਬਡ ਬੇਗ ਸੰਗ।
ਗਨ ਸੂਰ ਸਹਤ ਪਕਰੇ ਤੁਫੰਗ ॥੫॥
ਜਹਿਂ ਨਬੀ ਬਖ਼ਸ਼ ਬਡ ਬੰਧਿ ਟੋਲਿ।
ਤਿਤ ਕੋ ਪਹੁੰਚਿ ਕਰਿ ਸਾਥਿ ਗੋਲ[1]।
ਨਿਕਸੰਤਿ ਬੀਰ ਘੋਰਾ ਧਵਾਇ।
ਛੁਟਕੰਤਿ ਤੁਪਕ ਰਿਪੁ ਨੇਰ ਜਾਇ ॥੬॥

[1]ਨਾਲ ਟੋਲਾ ਬਣਾਇਕੇ।

ਬਜਿਯੰਤਿ ਪਟਹ ਭੇਰੀ ਬਿਲੰਦ।
ਢਮਕੰਤਿ ਢੋਲ ਨਾਦਤਿ ਅਮੰਦ[1]।
ਫਰਰੇ ਖੁਲਾਇ ਚਮਕੇ ਨਿਸ਼ਾਨ।
ਕਰਿ ਅੱਗ੍ਰ ਰੋਪ[1] ਗਾਢੇ ਸਥਾਨ ॥੭॥

[1]ਭਾਰੀ, ਉੱਚੀ।

[1]ਰੋਕਕੇ।

ਸ਼ਲਖੈਂ ਤੁਫੰਗ ਛੁਟੀ ਬਿਸਾਲ।
ਮੁਖ ਸੀਸ ਫੋਰਿ ਗੇਰਤਿ ਉਤਾਲ।
ਨਿਕਸੰਤਿ ਮੀਝ ਬਿਥਰੰਤਿ ਪਾਸ।
ਕਰਿ ਸੇਤ ਜੁ ਮੇਚਕ ਕੇਸ ਪਾਸ[1] ॥੮॥

[1]ਸਿਰ ਦੀ ਮਿੱਝ ਨਿਕਲ ਕੇ ਪਾਸ ਖਿਲਰੀ ਹੈ, ਜੋ ਕਾਲੇ ਕੇਸਾਂ ਦੀ ਗੰਢ ਨੂੰ ਚਿੱਟਿਆਂ ਕਰ ਰਹੀ ਹੈ। [ਪਾਸਿ = ਕੋਲ। ਪਾਸੁ = ਗੰਢ, ਜੂੜੀ]

ਮੁਖ ਲਗਹਿ ਦੰਤ ਕੋ ਤੋਰਿ ਦੇਤਿ।
ਕਿਹ ਆਂਖ ਫੂਟਿ ਥਿਰ ਜੰਗ ਖੇਤਿ।
ਮਿਲਿ ਗਏ ਸੂਰ ਪਰ ਘੋਰ ਸ਼ੋਰਿ[1]।

[1]ਭਯਾਨਕ ਰੌਲਾ ਪੈ ਗਿਆ।

ਕਰਤੇ ਪੁਕਾਰ ਰਿਪੁ ਤੋਰਿ ਫੋਰਿ ॥੯॥
ਕੋ ਸ਼੍ਰਮਤਿ ਭਏ ਖੜਗਨਿ ਪ੍ਰਹਾਰਿ।
ਕੋ ਕਰਤਿ ਤ੍ਰਾਸ ਕੋ ਹ੍ਵੈ ਸੁਮਾਰਿ[1]।

[1]ਕਈ ਮਾਰ ਪੈਂਦੀ (ਦੇਖਕੇ) ਡਰ ਰਹੇ ਹਨ। (ਅ) ਕਈ ਡਰਦੇ ਤੇ ਕਈ ਜ਼ਖਮੀ ਹੋ ਰਹੇ ਹਨ।

ਕਿਤਿ ਗਿਰੇ ਮ੍ਰਿਤਕ ਹ੍ਵੈ ਕੈ ਕਿਕਾਣ[1]।
ਤਰਫੰਤਿ ਕਿਤੇ ਨਹਿੰ ਨਿਕਸਿ ਪ੍ਰਾਣ ॥੧੦॥

[1]ਘੋੜਿਆਂ ਤੋਂ।

ਬਲਵੰਤ ਬੀਰ ਕਰਿ ਰੁੰਡ ਮੁੰਡ।
ਪਰਚੰਡ ਜੁੱਧ ਗਿਰਿ ਖੰਡ ਖੰਡ।
ਖਿਚਿਯੰਤਿ ਪਕਰਿ ਆਂਤ੍ਰੈ[1] ਗੁਮਾਯ[2]।

[1]ਆਂਦਰਾਂ। [2]ਗਿੱਦੜ।

ਬਡ ਆਇ ਜੋਗਣੀ ਧਾਯ ਧਾਯ ॥੧੧॥
ਭਰਿਯੰਤਿ ਖਪਰ ਸ਼੍ਰੋਣੰਤਿ ਪਾਨ[1]।

[1]ਲਹੂ ਪੀਂਦੀਆਂ ਹਨ।

ਸਿਰ ਖਿੰਡੇ ਬਾਰ[1] ਕਰਿ ਨਾਚ ਗਾਨ।

[1]ਵਾਲ।

ਬਹੁ ਭੂਤ ਪ੍ਰੇਤਿ ਬੋਲੈਂ ਬਕਾਰ।
ਕਰਿ ਲਹੂ ਪਾਨ ਲੇਤੇ ਡਕਾਰ ॥੧੨॥
ਗਨ ਕੰਕ[1] ਨਾਦ ਚਾਵਡਿ[2] ਚਿੰਕਾਰ।

[1]ਚਿੱਟੀ ਚੀਲ। [2]ਬਿੱਲਾਂ।

ਬਡ ਭੀਮ ਕਾਕ ਕਾਂ ਕਾਂ ਪੁਕਾਰ।
ਹਯ ਤਰੈ ਗਏ ਦਬਿ ਸੂਰ, ਸੋਇ।
ਹਾਂਕਰਤਿ ਅਪਰ 'ਕਰਿ ਰੱਛ ਜੋਇ[1]' ॥੧੩॥

[1]ਓਹ ਦੂਸਰਿਆਂ ਨੂੰ ਹਾਕਰਾਂ ਮਾਰਦੇ ਹਨ 'ਜੋ (ਸਾਡਾ) ਬਚਾ ਕਰਨਾ।'

ਮੁਰ ਆਪ ਮੋਰਤੇ ਮਰਤਿ ਘੋਰ[1]।

[1]ਅੰਨ੍ਵਯ:-ਮੁਰ ਮੋਰਤੇ ਘੋਰ ਮਰਤ ਆਪ। (ਓਹ) ਪਰਤ ਕੇ (ਮਰੇ) ਘੋੜਿਆਂ ਨੂੰ ਪਰੇ ਕਰਦੇ ਹੋਏ ਮਾਰੇ ਜਾਂਦੇ ਹਨ।

ਭਾ ਤੁਮਲ ਜੁੱਧ[1] ਬਡ ਮਾਚਿ ਸ਼ੋਰ।

[1]ਘੋਰ ਲੜਾਈ। (ਅ) ਹੱਥੋ ਹੱਥੀ ਦਾ ਜੁੱਧ। [ਸੰਸ: ਤੁਮੁਲ। ਪੰ: ਤੁਮਲ]

ਜਹਿਂ ਨਬੀਬਖ਼ਸ਼ ਤਹਿਂ ਅੱਗ੍ਰ ਸੂਰ।

ਬਹੁ ਲਰੇ ਮਰੇ ਗਿਰਿ ਪਰਤਿ ਧੂਰ
॥੧੪॥
ਤਬਿ ਪਰਸਰਾਮ ਸ਼ਕਤੂ ਮਹਾਂਨ।
ਭਟ ਦੁਊ ਚਾਂਪ ਕੋ ਤਾਨਿ ਤਾਨਿ।
ਸਰ ਸਰਪ ਸੁ ਸਮਸਰ ਮਾਰਿ ਮਾਰਿ।
ਚਲਿ ਜਾਤਿ ਸਮੁਖ ਤਾਂ ਕੇ ਜੁਝਾਰ[1]
[1]ਤਿਨ੍ਹਾਂ ਸੂਰਮਿਆਂ ਦੇ ਸਾਮ੍ਹਣੇ।
॥੧੫॥
ਇਮ ਮਚੀ ਲੋਹ ਕੀ ਮਾਰਿ ਭੂਰ।
ਬਹਿ ਚਲ੍ਯੋ ਸ਼੍ਰੋਣ ਗਈ ਲੋਥ ਪੂਰ।
ਤਬਿ ਤੁਰਕ ਤ੍ਰਾਸ ਕੋ ਧਾਰਿ ਭਾਗਿ।
ਨਹਿਂ ਜਮੇ ਪਾਂਇ, ਬਡ ਸ਼ਸਤ੍ਰ ਲਾਗਿ
॥੧੬॥
ਗੁਰ ਬੀਰ ਏਕ, ਦਸ ਤੁਰਕ ਸੰਗ।
ਕਰਿ ਕਰਿ ਪ੍ਰਹਾਰ ਮਰਿ ਮਾਰਿ ਜੰਗ।
ਤਬਿ ਨਬੀਬਖਸ਼ ਪਿਖਿ ਭਾ ਹਿਰਾਨ।
-ਇਹ ਭਯੋ ਕਹਾਂ ਨਹਿਂ ਜਾਇ ਜਾਨ
॥੧੭॥
ਮਰਿ ਗਈ ਸੈਨ, ਸਿਖ ਅਲਪ ਪਾਸ[1]।
[1]ਪਾਸੋਂ।
ਠਹਿਰੈਂ ਨ ਅੱਗ੍ਰ ਬਡ ਪਾਇ ਤ੍ਰਾਸ।
ਪਰਿ ਗਯੋ ਲੋਹੁ ਪੁਠੋ ਕਰਾਲ।
ਜਹਿਂ ਕਹਾਂ ਸੂਰ ਮਰਿ ਤੁਰੰਗ ਜਾਲ-
॥੧੮॥
ਨਿਜ ਹਯ ਧਵਾਇ ਰੋਕੰਤਿ ਬੀਰ।
'ਸਭਿ ਹਟੋ, ਥਿਰੋ, ਕਿਮ ਤਜਤਿ ਧੀਰ?-
ਤੁਮ ਬਡ ਗ਼ਰੂਰ ਸੋਂ ਕਹਤਿ ਨੀਤਿ।
-ਰਣ ਬਿਖੈ ਸਦਾ ਹਮ ਲੇਤਿ ਜੀਤਿ-
॥੧੯॥
ਅਬਿ ਅਲਪ ਸਿੱਖ ਨਹਿਂ ਇਲਮ ਜਾਨਿ[1]।
[1]ਜੁੱਧ ਦੀ) ਵਿਦਿਆ ਨਹੀਂ ਜਾਣਦੇ।
ਨਹਿਂ ਸ਼ਸਤ੍ਰ ਬੰਧਨੇ ਮਹਿਂ ਸੁਜਾਨਿ।
ਤਿਨ ਪਾਸ ਤੇ ਸੁ ਤੁਮ ਤ੍ਰਾਸ ਧਾਰਿ।
ਕਿਨ ਤੇ ਭਜੇ? ਜਿਨ ਕਹਿਂ ਗਵਾਰ[1]?
[1]ਕਿੰਨ੍ਹਾਂ ਤੋਂ ਭਜਦੇ ਹੋ? ਜਿਨ੍ਹਾਂ ਨੂੰ ਗੰਵਾਰ ਕਹਿੰਦੇ ਹਨ?
॥੨੦॥

ਪੁਨ ਜਿਯਤਿ ਸਭਾ ਮਹਿਂ ਕਹਹੁ ਕਾਹਿ[1]?
-ਹਮ ਬਚੇ ਭਾਜਿ ਤਹਿਂ ਲਰਿਯ ਨਾਂਹਿ-।'
ਇਮ ਕਹਿ ਰਿਸਾਇ ਨਿਜ ਸੈਨ ਮੋਰਿ।
ਬਿਚ ਥਿਰਯੋ ਆਪ ਕਰਿ ਜ਼ੋਰ ਸ਼ੋਰ ॥੨੧॥

[1]ਕੀ ਕਹੋਗੇ?

ਪਿਖਿ ਨਬੀਬਖਸ਼ ਕੋ ਪਰਸ ਰਾਮ।
ਬਡ ਤੁਰੰਗ ਧਵਾਇ ਐਂਚਤਿ ਲਗਾਮ।
ਤਨ ਬਿਖੈ ਬਿਭੂਖਨ ਜਟਤਿ ਹੀਰ।
ਬਹੁ ਚਮਕਤਿ ਚਾਮੀਕਰ[1] ਸਰੀਰ ॥੨੨॥

[1]ਸੋਨੇ ਨਾਲ।

ਸਿਰ ਬਧਯੋ ਸੁ ਚੀਰਾ ਛੋਰਦਾਰ[1]।
ਬਡ ਮੋਲ ਕੇ ਸੁ ਪਟ ਸ਼ੁਭਤਿ ਚਾਰੁ।
ਕਟਿ ਸੰਗ ਬੰਧਿ ਖੜਗੈਂ ਨਿਖੰਗ।
ਕਰ ਮੈਂ ਕਮਾਨ ਬਿਚਰਤਿ ਨਿਸੰਗ ॥੨੩॥

[1]ਪੱਲਿਆਂ ਵਾਲਾ।

ਬਹੁ ਚਪਲ ਚਲਾਕੀ ਚਾਰੁ ਅੰਗ।
ਬਡ ਮੋਲਿ ਬਲੀ ਸੁੰਦਰ ਤੁਰੰਗ।
ਜਿਹ ਜ਼ੀਨ ਜਰਾਊ ਬਹੁ ਸੁਹਾਇ।
ਰਣ ਬਿਖੈ ਚੌਂਪ ਸੋਂ ਸਮੁਖ ਆਇ ॥੨੪॥
ਪਿਖਿ ਪਰਸਰਾਮ ਚਾਹਤਿ ਪ੍ਰਹਾਰ।
ਤਬਿ ਤਜੇ ਤੀਰ ਤੀਖੇ ਅਗਾਰ।
ਸ਼ਕਤੂ ਬੁਲਾਇ ਅਪਨੈ ਸਮੀਪ।
ਕਹਿ 'ਇਸਹਿ ਹਤਹੁ, ਹੈ ਬਡ ਮਹੀਪ[1]' ॥੨੫॥

[1]ਇਹੋ ਹੀ) ਵੱਡਾ ਰਾਜਾ ਹੈ।

ਪਿਖਿ ਅਨੰਦ ਪਾਇ ਦੋਨਹੁ ਸੁ ਬੀਰ।
ਇਤ ਉਤ ਧਵਾਇ ਹਯ ਤਜਿਤ ਤੀਰ।
ਗਨ ਸੁਭਟ ਸੰਗ ਲਲਕਾਰ ਲੀਨਿ।
ਹੇਲਾ ਸੁ ਘਾਲਿ ਬਡ ਸ਼ੋਰ ਕੀਨਿ ॥੨੬॥
ਗੁਲਕਾਂਨਿ ਕੇਰਿ ਬਰਖਾ ਬਿਸਾਲ।
ਦੁਹੁਂ ਦਿਸ਼ਅਨਿ ਤੇ ਬਹੁ ਭੀ ਕਰਾਲ।
ਤਬਿ ਨਬੀਬਖਸ਼ ਬਾਂਕੋ ਸੁ ਬੀਰ।
ਬਹੁ ਅਤਰ ਸੰਗ ਜਿਸ ਕੇ ਸੁ ਚੀਰ

॥੨੭॥
ਕਰ ਗਹਿ ਕਮਾਨ ਲੈ ਬਹਾਨ, ਰੋਪਿ[1]। — [1]ਜੰਮ ਕੇ।
ਮਾਰੇ ਸਬੇਗ ਚਿਤ ਚੌਂਪਿ ਕੋਪ।
ਲਲਕਾਰ ਸਭਿਨਿ ਤੇ ਅੱਗ੍ਰ ਧਾਇ।
ਦਲ ਕੋ ਹਟਾਇ ਨਿਜ ਸੰਗ ਲਜਾਇ
॥੨੮॥
ਸ਼ਸਤਰ ਸੰਭਾਰਿ ਤੋਮਰ ਤੁਫੰਗ।
ਚਲਿਯੰਤਿ ਖੜਗ ਕਟਿਯੰਤਿ ਅੰਗ।
ਦਰੜੰਤਿ ਸੂਰ, ਢਰੜੰਤਿ ਢਾਲ[1]। — [1]ਜੋ) ਦਰੜੇ ਜਾਂਦੇ ਹਨ ਸੂਰਮੇਂ (ਤਿਨ੍ਹਾਂ ਦੀਆਂ) ਡਿਗਦੀਆਂ ਹਨ ਢਾਲਾਂ।
ਚਰੜੰਤਿ ਚਾਂਪ[1] ਅਰੜੰਤਿ ਜਾਲ[2] — [1]ਚਿੜਕਦੇ ਹਨ ਧਨੁਖ। [2]ਜਿਨ੍ਹਾਂ ਨੂੰ ਲਗਦੇ ਹਨ ਤੀਰ ਸੋ) ਸਾਰੇ ਅਰੜਾਉਂਦੇ ਹਨ।
॥੨੯॥
ਖਰੜੰਤਿ ਖੋਲ ਸਰੜੰਤਿ ਸੇਲ[1]। — [1]ਖੜਾਕ ਹੁੰਦਾ ਹੈ ਲੋਹੇ ਦੇ ਟੋਪਾਂ ਤੇ ਭਾਲੇ ਦੇ ਵਜਣ ਦਾ।
ਤੜਕੰਤਿ ਤੀਰ[1] ਭਰੜੈਂ ਭਗੇਲਿ[2]। — [1]ਤੀਰ ਤੜਾਕੇ ਮਾਰਦੇ ਹਨ। [2]ਭਾਵ ਡਰਦੇ ਹਨ ਕਾਇਰ।
ਰੜਕੰਤਿ ਘਾਵ ਬਰੜੰਤਿ[1] ਬੀਰ। — [1]ਬੋਕਦੇ ਹਨ।
ਥਿਰਕੰਤਿ ਥਕਤਿ, ਥਰਕੰਤਿ ਭੀਰੁ[1] — [1]ਥਕ ਕੇ ਥਿੜਕਦੇ ਹਨ ਤੇ ਕੰਬਦੇ ਹਨ ਕਾਇਰ।
॥੩੦॥
ਕਹਿਰੰਤਿ ਕੂਕ[1] ਹਹਿਰੰਤਿ ਜਾਤਿ[2]। — [1]ਕੂਕਾਂ ਕਹਿਰ ਦੀਆਂ ਮਾਰਦੇ ਹਨ। [2]ਡਰ ਨਾਲ) ਕੰਬ ਜਾਂਦੇ ਹਨ।
ਅਹਿਰੰਤਿ ਕੋਇ ਕਟਿਯੰਤਿ ਗਾਤਿ[1]। — [1]ਕੋਈ ਅੜਦਾ ਹੈ ਉਸ ਦਾ ਸਰੀਰ ਕਟ ਜਾਂਦਾ ਹੈ? (ਅ) ਕਈਆਂ ਦੇ ਸਰੀਰ ਕੱਟੇ ਜਾਕੇ ਲਕੜੀ ਵਾਂਗੂ ਤੱਛੇ ਜਾਂਦੇ ਹਨ। [ਹਿੰ: ਅਹਰਨਾ = ਡੋਲਣਾ, ਤੱਛਣਾ]

ਤਬਿ ਨਬੀਬਖਸ਼ ਕੇ ਬਾਨ ਸੰਗ।
ਸਿਖ ਗਿਰੇ ਕਿਤਿਕ ਹੁਇ ਅੰਗ ਭੰਗ
॥੩੧॥
ਪਿਖਿ ਪਰਸਰਾਮ ਉਰ ਕੋਪ ਠਾਨਿ।
ਇਕ ਹਨਜੋ ਬਾਨੁ ਧਨੁ ਅਧਿਕ ਤਾਨ।
ਲਗਿ ਗਾ ਤੁਰੰਗ ਕੇ ਤੰਗ ਥਾਨ।
ਬਿਧਿ ਭਯੋ ਪਾਰਿ ਗਿਰਿ ਤਬਿ ਮਹਾਨ
॥੩੨॥
ਤਬਿ ਨਬੀਬਖਸ਼ ਸੰਭਾਰਿ ਆਪ।
ਦਿਯ ਪਾਂਇ ਰੋਪ, ਕਰ ਧਾਰਿ ਚਾਂਪ।
ਸਰ ਪਰਸਰਾਮ ਕੇ ਮਾਰਿ ਅੰਗ।

ਖਰ ਪਰੇ ਪਾਰਿ ਗਿਰ ਤਜਿ ਤੁਰੰਗ ॥੩੩॥
ਤਿਹ ਭਈ ਮੂਰਛਾ ਧਨੁਖ ਗੇਰਿ।
ਬਹੁ ਸਿੱਖ ਆਇ ਰੱਛ੍ਯੋ ਸੁ ਘੇਰਿ।
ਗਹਿ ਖੜਗਹਿ ਸ਼ਕਤੂ ਦਿਢ ਬਿਸਾਲ।
ਤਿਸ ਕੀ ਸਹਾਇ ਮਹਿਂ ਗਹਿ ਸੁ ਢਾਲ ॥੩੪॥
ਰੁਪ ਰਹ੍ਯੋ ਸੂਰ ਆਗੇ ਖਰੋਇ।
ਉਤ ਪਰੇ ਤੁਰਕ ਗਨ ਕੀਨਿ ਢੋਇ[1]।
ਹੇਲਾ ਸੁ ਘਾਲਿ ਜੁਟਿ ਗੇ ਸੁਭੱਟ।
ਤਨ ਕਾਟਿ ਕਾਟਿ ਕੇਤਿਕ ਦਬੱਟ ॥੩੫॥
ਤਬਿ ਪਰ੍ਯੋ ਜੋਰ ਰਣ ਕੋ ਮਹਾਨ।
ਨਹਿਂ ਤਊ ਸਿੱਖ ਤਜ ਦੀਨਿ ਥਾਨ।
ਜੋ ਨੇਰ ਆਇ ਤਿਸ ਕਰਤਿ ਘਾਵ[1]†।
ਇਹ ਤੁਪਕ ਤੀਰ ਤੋਮਰ ਚਲਾਵ ॥੩੬॥
ਭਟ ਪਰਸਰਾਮ ਕੇ ਨਿਕਟਿ ਠਾਂਢ।
ਬਹੁ ਭਈ ਖੜਗ ਮੇਂ ਕਾਟ ਬਾਢ।
ਘਟਿਕਾ ਮਝਾਰ ਕਰਿ ਮਾਰਿ ਮਾਰਿ।
ਗਿਰ ਪਰੇ ਸੂਰ ਸੈਂਕਰ ਹਜ਼ਾਰ ॥੩੭॥
ਗਨ ਤੁਰਕ ਓਰੜੇ ਨੇਰ ਪਾਇ।
ਕਰਿ ਸ਼ੋਰ ਘੋਰ ਚਾਹਸਿ ਭਜਾਇ।
ਤਭਿ ਖੜਗ ਹਤਹਿ ਸ਼ਕਤੂ ਕਰਾਲ।
ਰਿਪੁ ਕੋ ਪ੍ਰਹਾਰ ਕਰਿ ਓਟ ਢਾਲ ॥੩੮॥
ਰਣ ਥੰਭ ਮਨਹੁਂ ਗਾਢੋ ਖਰੋਇ।
ਬਹੁ ਸਿੱਖ ਸਹਾਇਕ ਸੰਗ ਜੋਇ।
ਗਨ ਤੁਰਕ ਮਾਰਿ ਅੰਬਾਰ ਲਾਇ।
ਜਿਮ ਦੀਪ ਪਤੰਗਨਿ ਪਰਤਿ ਆਇ ॥੩੯॥
ਤਬਿ ਪਰਸਰਾਮ ਸੁਧਿ ਪਾਇ ਅੰਗ।
ਹੁਇ ਸਾਵਧਾਨ ਅਵਿਲੋਕ ਜੰਗ।
ਉਠਿ ਠਾਂਢਿ ਹੋਇ ਸ਼ਸਤ੍ਰਨਿ ਸੰਭਾਲਿ।
ਪਿਖਿ ਨਬੀ ਬਖਸ਼ ਕੋ ਰਿਸਿ ਬਿਸਾਲ

[1]ਬਹੁਤੇ ਅੱਗੇ ਹੋਏ।

[1]ਨਾਸ਼। †ਇਨ੍ਹਾਂ ਤੁਕਾਂ ਦਾ ਕਈ ਨੁਸਖਿਆਂ ਵਿਚ ਪਾਠ ਨਹੀਂ ਹੈ।

॥ ੪੦ ॥
ਜਹਿਂ ਖਰੋ ਜਾਇ ਭਟ ਭੇਰਿ ਕੀਨ।
ਖੜਗਨਿ ਪ੍ਰਹਾਰਿ ਬਹੁ ਦਾਵ ਲੀਨਿ।
ਸੂਰੇ ਸਮੂਹ ਚਮਕੀ ਕ੍ਰਿਪਾਨ।
ਸ਼ਕਤ ਸਮੇਤਿ ਗਨ ਸਿੱਖ ਆਨਿ[1] ॥ ੪੧ ॥
[1]ਆਏ।
ਬਹੁ ਚਲੇ ਖੜਗ ਕਰਿ ਕਰਿ ਪ੍ਰਹਾਰ।
ਸਿਰ ਨਬੀਬਖਸ਼ ਕੋ ਕਾਟਿ ਡਾਰਿ।
ਬਿਚ ਜੁੱਧ ਗਿਰੇ ਕਟਿ ਕਟਿ ਮਹਾਨ।
ਤਨ ਛੁਟੇ ਪਰਾਨ ਨਹਿਂ ਛੁਟਿ ਕ੍ਰਿਪਾਨ ॥ ੪੨ ॥
ਰਣ ਪਰੀ ਲੋਥ ਆਂਖਨ ਉਘਾਰ†।
†ਪਾ:-ਤੁੰਡਹਿ ਉਘਾਰ।
ਬਹੁ ਪਰੇ ਅਰਿਨਿ ਸੋਂ ਅਰਿ ਜੁਝਾਰ[1]।
[1]ਸੂਰਮੇ ਅੜ ਪਏ।
ਗਨ ਤੁਰਕ ਬਿਲੋਕਯੋ ਭਾ ਨਿਕੰਦ।
ਰਣ ਅਬਦੁਲ ਖਾਂ ਨੰਦਨ[1] ਬਿਲੰਦ ॥ ੪੩ ॥
[1](ਦਾ) ਪੁੱਤ੍ਰ।
ਜਹਿਂ ਪਰਸਰਾਮ ਸ਼ਕਤੁ ਜੁਝਾਰ।
ਕਟਿ ਗਏ ਦੋਨ ਬਹੁ ਰਿਪੁਨਿ ਮਾਰਿ।
ਲਰਿ ਤ੍ਰਿਪਤਿ ਹੋਇ ਦੀਨੇ ਸੁ ਪ੍ਰਾਨ।
ਜੇ ਜਿਯਤਿ ਹਟੇ ਬਹੁ ਸ਼੍ਰਮਨਿ ਮਾਨਿ[1] ॥ ੪੪ ॥
[1]ਜੇਹੜੇ ਜੀਉਂਦੇ ਸਨ ਓਹ ਬਹੁਤੀ ਥਕਾਨ ਮੰਨਕੇ ਹਟ ਗਏ।

ਦੋਹਰਾ:
ਦੁਹੂੰ ਦਿਸ਼ਨਿ ਤੇ ਥਕਿ ਗਏ, ਮਿਟੇ[1] ਜੰਗ ਤੇ ਸੂਰਿ।
[1]ਹਟ ਗਏ।
ਲੋਥਨਿ ਪਰਿ ਲੋਥੈਂ ਪਰੀ, ਕਰਦਮ ਸ਼੍ਰੋਣਿਤ ਧੂਰਿ[1] ॥ ੪੫ ॥
[1]ਧੂੜ ਤੇ ਲਹੂ (ਮਿਲਕੇ) ਚਿੱਕੜ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਨਬੀਬਖਸ਼ ਅਰ ਪਰਸਰਾਮ ਸ਼ਕਤੁ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

## ੩੮. [ਕਰੀਮ ਬਖਸ਼ ਹੱਲੇ ਲਈ ਤਿਆਰ ਹੋਯਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਦੌਰਿ ਗਏ ਦ੍ਵੈ ਦਾਸ ਤਬਿ, ਜਹਿਂ ਥਿਰ ਅਬਦੁਲਖਾਨ।
'ਦੇਖਹੁ ਕਹਾਂ ਨਬਾਬ ਜੀ! ਬਿਗਰਜੋ ਕਾਜ ਮਹਾਨ ॥੧॥

ਤੋਟਕ ਛੰਦ:

ਤੁਵ ਨੰਦਨ ਚੰਦ ਮਨਿੰਦ ਹੁਤੋ।
ਰਿਪੁ ਬ੍ਰਿੰਦਨਿ ਕੰਦਤਿ ਸੋ ਪਿ ਹਤੋ[1]।
ਘਮਸਾਨ ਘਨੋ ਕਰਿ ਜੰਗ ਮਹੀ।
ਪਿਛਵਾਇ ਹਟਜੋ ਇਕ ਪੈਰ ਨਹੀਂ ॥੨॥

[1]ਮਾਰਦਾ ਹੋਇਆ ਸੋ ਬੀ ਮਾਰਿਆ ਗਿਆ।

ਅਰਜੇ ਸਰ ਤੇ[1] ਬਰਜੇ ਤਰਜੇ[2]।
ਕਟਿ ਆਪਿ ਗਿਰਜੋ ਪੁਰਜੇ ਪੁਰਜੇ।
ਬਹੁ ਬੀਰ ਮਰੇ ਤਿਹ ਸੰਗ ਤਹਾਂ।
ਗਨ ਲੋਥ ਪਰੀ ਬਹਿ ਸ਼੍ਰੋਣ[1] ਮਹਾਂ' ॥੩॥

[1]ਤੀਰਾਂ ਨਾਲ ਵਿੰਨ੍ਹੇ। [ਹਿੰਦੀ, ਅਰਜਨਾ, ਅਰੁਝਨਾ = ਫਸਾ ਲੈਣਾ। ਸੰਸ: ਅਰ੍ਜ੍ = ਪ੍ਰਾਪਤਕ:] (ਅ) ਅਰਿ ਜੇ = ਜੋ ਵੈਰੀ ਸਨ ਤੀਰਾਂ ਨਾਲ। [2]ਰੋਕਕੇ ਤਾੜੇ।

[1]ਲਹੂ।

ਸੁਨਿ ਸ੍ਰੋਨ[1] ਨਬਾਬ ਸ਼ਿਤਾਬ ਤਬੈ।
ਸਮ ਬਾਂਨ ਲਗੇ ਤਿਸ ਬੈਨ ਸਬੈ।
ਰੁਦਨੰਤਿ ਬਡੋ ਬਿਰਲਾਪ ਕਰੈ।
'ਤ੍ਰਿਪਤਜੋ ਨਹਿਂ ਦੇਖਿ, ਲਖਜੋ ਨ ਮਰੈ[1] ॥੪॥

[1]ਕੰਨੀਂ।

[1]ਮੈਂ ਤਾਂ ਹੇ ਪੁੱਤ੍ਰ ਤੈਨੂੰ) ਵੇਖਕੇ ਰੱਜਿਆਂ ਵੀ ਨਹੀਂ ਸਾਂ, (ਮੈਂ) ਨਾ ਲਖਿਆ ਕਿ (ਤੂੰ ਅੱਜ ਹੀ) ਮਰ ਜਾਏਂਗਾ।

ਗਮਨਜੋਂ ਕਿਸ ਥਾਨਹਿਂ ਪ੍ਰਾਨ ਤਜੇ।
ਮੁਝ ਛੋਰਿ ਗਯੋਂ ਰਣ ਤੇ ਨ ਭਜੇ।
ਕਿਮ ਜਾਇ ਲਰਜੋ? ਨਹਿਂ ਪਾਛਿ ਰਹਜੋਂ।
ਤੁਝ ਜਾਤਿ ਬਡੋ ਸਮੁਝਾਇ ਕਹਜੋ' ॥੫॥
ਲਘੁ ਨੰਦਨ ਆਇ ਗਯੋ ਸੁਨਿ ਕੈ।
ਸਮੁਝਾਇ ਪਿਤਾ ਕਹੁ, ਯੌਂ ਭਨਿ ਕੈ।
'ਬਿਰਲਾਪਤਿ ਆਪ, ਨਿਲਾਯਕ ਤੈਂ[1]।
ਸਭਿ ਲੋਕ ਨਿਹਾਰਤਿ ਨਾਯਕ ਤੈਂ[1] ॥੬॥
ਅਬਿ ਧੀਰ ਧਰੋ, ਨਹਿਂ ਜੋਗ ਤੁਮੈਂ।

[1]ਇਹ ਤੇਰੇ ਲਾਇਕ ਨਹੀਂ।

[1]ਸਾਰੇ ਲੋਕ ਤੈਨੂੰ (ਸਾਰੀ ਫੌਜ ਦਾ) ਸੁਆਮੀ ਵੇਖਦੇ ਹਨ।

ਨਹਿਂ ਰੋਦਨ ਕੋ ਇਹ ਜਾਨਿ ਸਮੈਂ।
ਜਬਿ ਲੌ ਗੁਰ ਕੋ ਗਹਿ ਲੇਹੁ ਨਹੀਂ।
ਰਣ ਬੀਚ ਕਿਧੌਂ ਹਤਿ ਦੇਹੁ ਤਹੀਂ ॥੭॥
ਤਬਿ ਲੌ ਨ ਹਟੌਂ, ਬਡ ਜੰਗ ਕਰੌਂ।
ਅਬਿ ਆਇਸੁ ਮੋਹਿ ਭਲੇ ਉਚਰੌਂ।
ਗਹਿ ਲ੍ਯਾਇੰ ਗੁਰੂ ਤਬਿ ਬਾਤ ਰਹੈ।
ਨਤੁ ਸ਼ਾਹੁਜਹਾਂ ਧਿਧਿਕਾਰ ਕਹੈ' ॥੮॥
ਲਘੁ ਨੰਦਨ ਤੇ ਸੁਨਿ ਬਾਕ ਤਬੈ।
ਧਰਿ ਧੀਰਜ ਕੋ ਤਜਿ ਸ਼ੋਕ ਸਬੈ।
ਉਮਡ੍ਯੋ ਰਣ ਕੋ ਦਲ ਸੰਗ ਲਿਯੋ।
ਹਥਿਆਰ ਸੰਭਾਰਿ ਅਗਾਰਿ ਭਯੋ ॥੯॥
ਗਨ ਦੁੰਦਭਿ ਪੈ ਦੁਇ ਚੋਬ ਪਰੀ।
ਬਡ ਨਾਦ ਵਧ੍ਯੋ ਕਿਲਕਾਰ ਕਰੀ।
ਤੁਰਕਾਨ ਲਖ੍ਯੋ ਸਭਿ ਅੰਤਿ ਭਯੋ।
ਬਿਸਮਾਇ ਰਹੇ ਰਣ ਹੇਰਿ ਲਯੋ ॥੧੦॥

ਦੋਹਰਾ:

ਲਘੁ ਸੁਤ ਅਬਦੁਲ ਖਾਨ ਕੋ, ਭ੍ਰਾਤਾ ਮਰ੍ਯੋ ਬਿਸਾਲ।
ਅਧਿਕ ਕ੍ਰੋਧ ਜਿਸ ਕੇ ਭਯੋ, ਪਿਖਿ ਪਿਤ ਰੋਦਤਿ ਹਾਲ ॥੧੧॥
ਮਸੁ ਭੀਜਤਿ ਬਾਂਕੋ ਬਡੋ, ਆਯੁਧ ਵਿੱਦ੍ਯਾ ਜਾਨਿ।
ਕੰਚਨ ਜਰੇ ਜਵਾਹਰਨਿ, ਜਬਰ ਜ਼ੇਬ ਜਿਨ ਠਾਨਿ[1] ॥੧੨॥

[1]ਧਾਰੀ ਹੈ।

ਚੌਪਈ:

ਨਾਮ ਕਰੀਮ ਬਖਸ਼ ਬਲਵੰਤਾ।
ਅਭਿਮਾਨੀ ਨਹਿਂ ਕਿਸੇ ਗਿਨੰਤਾ।
ਅਧਿਕ ਮੋਲ ਕੋ ਤਰੇ ਤੁਰੰਗ।
ਚੰਚਲ ਕਰਤਿ ਚਲਾਕੀ ਅੰਗ ॥੧੩॥
ਸਹਤ ਸੰਮਲੇ[1] ਸਿਰ ਪਰ ਚੀਰਾ।
ਤੁਰਰਾ[1] ਧਰ੍ਯੋ ਅਪਰ ਸੁਭ ਚੀਰਾ।
ਤੀਖਨ ਬਰਛੀ ਗਹਿ ਕਰਿ ਹਾਥ।

[1]ਪਿਛਲਾ ਲੜ (ਪੱਗ ਦਾ), ਸ਼ਿਮਲਾ।

[1]ਪਗ ਦੇ ਅੱਗੇ ਦਾ ਟੁੰਗਿਆ ਹੋਇਆ ਲੜ।

ਬੂਝਤਿ ਭਾ ਨਿਜ ਸਾਥੀ ਸਾਥ ॥੧੪॥
'ਭ੍ਰਾਤਾ ਨਬੀਬਖਸ਼ ਕਿਸ ਥਾਨ?
ਹਨਯੋ ਗਵਾਰਨਿ ਕਰਹੁ ਬਖਾਨ?
ਤਿਸ ਕੀ ਲੋਥ ਦਿਖਾਵਹੁ ਮੋਹੀ।
ਹਰਿਗੁਵਿੰਦ ਅਬਿ ਤਿਸ ਮਗ ਹੋਹੀ'
॥੧੫॥
ਸੁਨਿ ਸੁਭਟਨਿ ਸਭਿ ਬਾਤ ਬਤਾਈ।
'ਪਿਖਹੁ ਜਹਾਂ ਥਿਤਿ ਸਿਖ ਸਮੁਦਾਈ।
ਗਾਢੇ ਖਰੇ ਤਫੰਗ ਸੰਭਾਰੇ।
ਤਿਸ ਤੇ ਪਰੇ ਪਿਖਹੁ ਭਟ ਭਾਰੇ ॥੧੬॥
ਤਿਨ ਤੇ ਦਾਹਿਨ ਓਰ ਨਿਹਾਰੋ।
ਆਪ ਗੁਰੂ ਠਾਂਢੋ ਬਲ ਭਾਰੋ।
ਨਬੀ ਬਖਸ਼ ਕੋ ਜਬਿ ਹੂੰ ਮਾਰਾ।
ਤੁਰਕ ਪਲਾਇ ਪਰੇ ਬਲ ਹਾਰਾ ॥੧੭॥
ਰੋਕਯੋ ਥਾਨ ਆਨਿ ਰਿਪੁ ਬ੍ਰਿੰਦ।
ਅਬਿ ਠਾਂਢੇ ਕਰਿ ਗੋਲ ਬਿਲੰਦ[1]।'
ਸੁਨਤਿ ਕਰੀਮ ਬਖਸ਼ ਸਭਿ ਗਾਥਾ।
ਲਾਲ ਬਿਲੋਚਨ ਮੁਖ ਰਿਸ ਸਾਥਾ ॥੧੮॥
ਨਬੀ ਬਖਸ਼ ਜਹਿਂ ਲਰਿ ਗਿਰ ਮਰਯੋ।
ਬਲੀ ਸ਼ੁਭਟ ਲੇ ਚਲਿਬੋ ਕਰਯੋ।
ਕਹਯੋ ਸਭਿਨਿ ਸੋਂ ਊਚਿ ਪੁਕਾਰ।
'ਅਹੋ ਨੁਵਾਲੇ ਪਜਾਲੇ ਯਾਰਿ[1]! ॥੧੯॥
ਹਰਿਗੁਵਿੰਦ ਲੌ ਪਹੁੰਚਹਿ ਜੋਇ।
ਜੀਵਨ ਕੀ ਜਿਸ ਚਾਹਿ ਨ ਹੋਇ।
ਸੁਤ ਬਨਿਤਾ ਜੋ ਸਿਮਰਹਿ ਨਾਂਹੀ।
ਸੋ ਮਮ ਸੰਗ ਚਲਹੁ ਰਣ ਮਾਂਹੀ ॥੨੦॥
ਜਿਸ ਕੇ ਰਿਦੇ ਤ੍ਰਾਸ ਹੈ ਭਾਰਾ।
ਨਿਜ ਕੁਟੰਬ ਸੰਗ ਰਾਖਹਿ ਪਯਾਰਾ।
ਸੋ ਹਟਿ ਜਾਹੁ ਸੰਗ ਨਹਿਂ ਆਵਹੁ।
ਪਿਤ ਸਮੀਪਿ ਠਹਿਰਹੁ ਤਹਿਂ ਜਾਵਹੁ'
॥੨੧॥
ਸੁਨਿ ਕੈ ਕਾਇਰ ਇਤ ਉਤਿ ਹੋਏ।

[1]ਭਾਰੀ ਘੇਰਾ ਘੱਤਕੇ।

[1]ਹੇ ਕੱਠੇ ਖਾਣ ਪੀਣ ਵਾਲਿਓ।

ਜਾਨਯੋ -ਆਜ ਮਰਣ ਸਭਿ ਕੋਏ।
ਇਨਿ ਅਖਿਲਨਿ ਕੀ ਕਰਹਿ ਕੁਠਾਰੀ[1]।
ਨਹਿਂ ਗੁਰੁ ਛੋਰਹਿ ਜੋਧਾ ਭਾਰੀ ॥੨੨॥
ਨਾਹਕ ਧਾਰਿ ਗਰਬ ਚਢਿ ਆਏ।
'ਹਮ ਪਕਰਹਿਂ ਗੁਰੁ ਕੋ ਅਬਿ ਜਾਏ।'
ਸਪਤ ਸਹੰਸ੍ਰ ਅੱਗ੍ਰ ਜਿਨ ਮਾਰਾ।
ਬਚੇ ਸੁ ਭਾਜੇ ਤੁਰਕ ਹਜ਼ਾਰਾ ॥੨੩॥
ਸੋ ਇਨ ਕੇ ਕਰ ਮਹਿਂ ਕਿਮ ਆਵੈ।
ਕਰਾਮਾਤਿ ਸਾਹਿਬ ਦਰਸਾਵੈ।
ਸ਼੍ਰੀ ਨਾਨਕ ਸਭਿ ਪੀਰਨਿ ਪੀਰ।
ਤਿਨ ਗਾਦੀ ਪਰ ਇਹ ਬਡ ਬੀਰ ॥੨੪॥
ਗਹ੍ਯੋ ਨ ਜਾਇ ਨ ਮਾਰ੍ਯੋ ਜਾਇ।
ਹਨਹਿ ਤੁਰਕ ਸੈਨਾ ਸਮੁਦਾਇ-।
ਇਮ ਜਿਨ ਜਾਨਾ ਤਿਨ ਡਰ ਮਾਨਾ।
ਸੋ ਟਰਿ ਗਏ ਦਾਵ[1] ਕਰਿ ਨਾਨਾ ॥੨੫॥
ਨਿਤਰੇ ਬੀਰ ਮਰਨ ਡਰੁ ਜਾਂਹਿ ਨ।
ਸੁਤ ਬਨਿਤਾ ਕੋ ਸਿਮਰਤਿ ਨਾਂਹਿ ਨ।
ਬਾਂਧ੍ਯੋ ਚੁੰਗ[1] ਪ੍ਰਿਥਕ ਜਬਿ ਹੋਵਾ।
ਅਬਦੁਲ ਖਾਨ ਦੂਰ ਤੇ ਜੋਵਾ ॥੩੬॥
ਬੂਝ੍ਯੋ ਸੁਭਟ ਸੁਨਾਵਨਿ ਠਾਨਾ[1]।
'ਜਾਤਿ ਕਰੀਮ ਬਖਸ਼ ਬਲਿਵਾਨਾ।
ਕਹੈ ਕਿ[1] -ਗੁਰੁ ਲਗਿ ਪਹੁੰਚਹੁੰ ਜਾਈ-।
ਲੀਏ ਬੀਨ ਜੋਧਾ ਸਮੁਦਾਈ' ॥੨੭॥
ਬਡੇ ਪੁੱਤ੍ਰ ਕੋ ਸਿਮਰਤਿ[1] ਕਹ੍ਯੋ।
'ਇਨ ਕ੍ਯੋਂ ਮਰਨਿ ਆਪਨੋ ਚਹ੍ਯੋ?
ਜਾਹੁ ਸ਼ਿਤਾਬੀ ਕਰਹੁ ਹਟਾਵਨਿ।'
ਆਯੋ ਇਕ ਕਰਿ ਤਰੰਗ ਦਰਾਵਨਿ ॥੨੮॥
'ਬਰਜਤਿ ਹੈ ਨਬਾਬ ਤੁਝ ਖਰੋ।
-ਠਹਿਰਹੁ, ਇਹਾਂ ਜੰਗ ਕੋ ਕਰੋ।
ਕਹਾਂ ਕਸੁ ਤੇ ਜਾਹੁ ਮਰਨ ਕੋ।

[1]ਇਨ੍ਹਾਂ ਸਾਰਿਆਂ ਦੀ ਕੁਠਾਲੀ ਕਰੇਗਾ ਭਾਵ ਸਾਰਿਆਂ ਨੂੰ ਗਾਲ ਦੇਵੇਗਾ (ਗੁਰੂ)।
[1]ਬਹਾਨੇ।
[1]ਰੌਲਾ।
[1]ਅਬਦਲੁ ਖਾਂ ਨੇ ਇਕ) ਸੂਰਮੇ ਤੋਂ ਪੁੱਛਿਆ (ਉਸ ਨੇ ਇਹ) ਸੁਣਾਇਆ ਕਿ:-
[1]ਕਰੀਮ ਬਖਸ਼) ਕਹਿੰਦਾ ਹੈ ਕਿ।
[1]ਯਾਦ ਕਰਕੇ।

ਰਿਪੁ ਠਾਂਢੇ ਬਹੁ ਪਾਨ ਹਰਨ ਕੋ-'
॥੨੯॥
ਸੁਨਿ ਕਰਿ ਪਿਤ ਕੌ ਕਹ੍ਯੋ ਨ ਮਾਨ੍ਯੋ।
'ਮੈਂ ਮਾਰੌਂ ਜਿਨ ਭ੍ਰਾਤਾ ਹਾਨ੍ਯੋ।'
ਇਤਿ ਸ਼੍ਰੀ ਹਰਿਗੋਵਿੰਦ ਸਭਿ ਜਾਨੀ।
-ਹੇਲਾ ਤ੍ਯਾਰ ਕੀਨਿ ਅਭਿਮਾਨੀ[1]-
॥੩੦॥

[1]ਇਧਰ ਸ਼੍ਰੀ ਹਰਿਗੋਵਿੰਦ ਜੀ ਨੇ ਸਭ ਜਾਣ ਲਿਆ ਕਿ ਅਭਿਮਾਨੀ (ਕਰੀਮ ਬਖ਼ਸ਼) ਨੇ ਹੱਲੇ ਦੀ ਤਿਆਰੀ ਕੀਤੀ ਹੈ।

ਬਿਧੀ ਚੰਦ ਕੋ ਹੁਕਮ ਬਖਾਨਾ।
'ਇਹ ਸਨਮੁਖ ਜੋ ਟੋਲ ਮਹਾਨਾ।
ਸੁਤ ਨਵਾਬ ਕੋ ਲਘ ਅਭਿਮਾਨੀ।
ਭ੍ਰਾਤਾ ਮਰੇ ਬ੍ਰਿਥਾ[1] ਬਹੁ ਮਾਨੀ ॥੩੧॥

[1]ਪੀੜਾ।

ਹੇਲਾ ਘਾਲਨਿ ਕੋ ਅਬਿ ਚਾਹਤਿ।
ਬੀਨ ਸੂਰਮੇ ਆਇ ਉਮਾਹਤਿ।
ਲਿਹੁ ਆਗਾ ਅਬਿ ਠਾਂਢੇ ਹੋਇ।
ਤਜਹੁ ਤੀਰ ਗਨ ਬੀਚ ਪਰੋਇ ॥੩੨॥
ਸਾਵਧਾਨ ਹ੍ਵੈ ਆਪ ਬਚਾਵਹੁ।
ਲਿਹੁ ਦਲ ਸੰਗ ਅੱਗ੍ਰ ਕੋ ਧਾਵਹੁ।'
ਬਿਧੀ ਚੰਦ ਹਰਖ੍ਯੋ ਸੁਨਿ ਸਾਦਰ।
ਗਰਜਤਿ ਬੋਲ੍ਯੋ ਬੀਰ ਬਹਾਦੁਰ ॥੩੩॥
'ਮਹਾਂਰਾਜ! ਕ੍ਯਾ ਗੀਦੀ ਏਹੂ।
ਹਤਹਿਂ ਸ੍ਯਾਲ ਸਮ, ਆਵਨਿ ਦੇਹੂ[1]।'

[1]ਆਉਣ ਦਿਓ ਸੁ।

ਇਮ ਕਹਿ ਬਡ ਧੌਂਸਾ ਬਜਵਾਯੋ।
ਬਜੀ ਬੰਬ ਉਨਿ† ਜਨੁ ਗਰਜਾਯੋ[1]
॥੩੪॥

[1]ਮਾਨੋਂ ਝੁਕ ਕੇ ਆਇਆ (ਬੱਦਲ) ਗਰਜਿਆ ਹੈ। ਪਾਠਾਂਤ੍ਰ ਜੇ ਐਉਂ ਹੋਵੇ:-ਬਜੀ ਬੰਬ ਘਨ ਜਨੁ ਗਰਜਾਯੋ ਤਾਂ ਅਰਥ ਸਪਸ਼ਟ ਹੈ। †ਪਾ:-ਉਠਿ।

ਪਾਇ ਹੁਕਮ ਗੁਰੁ ਕੋ ਤਬਿ ਚਾਲਾ।
ਲੇ ਕਰਿ ਸੰਗੈ ਸੁਭਟ ਬਿਸਾਲਾ।
ਤੁਰਕਨਿ ਜਾਇ ਸੁ ਕੀਨਿ ਬਖਾਨ।
ਜਹਾਂ ਥਿਰ੍ਯੋ ਹੈ ਅਬਦੁਲਖਾਨ ॥੩੫॥
'ਨਹੀਂ ਕਰੀਮ ਬਖਸ਼ ਨੇ ਮਾਨਾ।
ਕਹੈ -ਪਹੁੰਚਿ ਹੌਂ ਗੁਰੁ ਜਿਸ ਥਾਨਾ-।'
ਸੁਨਿ ਕੈ ਸਿਰ ਧੁਨਿ ਕੈ ਪਛੁਤਾਵਾ।

'ਗਯੋ ਬੰਸ ਜਗ ਤੇ, ਅਬਿ ਪਾਵਾ[1]† ॥੩੬॥

[1](ਇਹ ਮੈਂ) ਹੁਣ ਪਾ ਲਿਆ ਭਾਵ ਸਮਝ ਲਿਆ ਹੈ (ਕਿ ਮੇਰੀ) ਬੰਸ (ਦਾ ਨਾਮ ਨਿਸ਼ਾਨ) ਜੱਗ ਤੋਂ ਗਿਆ ਭਾਵ ਹੋ ਮੁਕਾ। †ਪਾ:-ਪਛਤਾਵਾ।

ਔਚਿਕ ਖੱਤ੍ਰੀ ਆਨਿ ਚਢਾਏ[1]।'
ਆਪ ਮਰਯੋ ਹਮ ਕੋ ਮਰਿਵਾਏ।'
ਰਤਨ ਚੰਦ ਅਰੁ ਕਰਮ ਚੰਦ ਦੁਇ।
ਤਿਨ ਕੀ ਦਿਸ਼ਾ ਦੇਖਿ ਕੈ ਰਿਸ ਹੁਇ ॥੩੭॥

[1]ਖੱਤ੍ਰੀ ਨੇ ਚੜ੍ਹਾ ਲਿਆਂਦਾ।

ਕਹਯੋ ਤਰਜ ਕੈ ਤਿਨ ਕੇ ਸੰਗਿ।
'ਇਹਾ ਖਰੇ ਕਯੋਂ ਭਏ ਨਿਸੰਗ?
ਨਬੀਬਖਸ਼ ਕੋ ਜਿਸ ਥਲ ਮਾਰਾ।
ਤਹਾਂ ਕਰੀਮ ਬਖਸ਼ ਪਗ ਧਾਰਾ ॥੩੮॥
ਮਿਲਹੁ ਜਾਇ ਅਬਿ ਤਿਸ ਕੇ ਸੰਗਿ।
ਰੱਛਹੁ ਮਮ ਸੁਤ ਕੋ ਬਿਚ ਜੰਗ।
ਜਹਾਂ ਕਰੀਮ ਬਖਸ਼ ਚਲਿ ਜਾਇ।
ਤਿਸ ਕੋ ਸਾਥ ਛੋਰਿ ਨਹਿੰ ਆਇ ॥੩੯॥
ਮੈਂ ਇਤ ਘਾਲੌਂ ਜੋਰ ਘਨੇਰਾ।
ਹੋਇ ਅੰਤ ਰਣ ਕੋ ਇਸ ਬੇਰਾ।
ਗਹਹੁ ਕਿ ਮਾਰੋ ਗੁਰ ਕੋ ਜਾਈ।
ਨਬੀਬਖਸ਼ ਕੋ ਪਲਟੋ ਪਾਈ' ॥੪੦॥
ਰਿਸਿ ਕੋ ਬਚ ਨਬਾਬ ਕੋ ਸੁਨਯੋ।
ਗੁਨਯੋ ਸਸ਼ੋਕ ਪੁੱਤ੍ਰ ਜਿਸ ਹਨਯੋ[1]।

[1](ਉਸਨੂੰ) ਸ਼ੋਕਵਾਨ ਜਾਣਿਆਂ (ਕਿਉਂਕਿ) ਪੁੱਤ੍ਰ ਉਸ ਦਾ ਜੋ ਮਾਰਿਆ ਗਿਆ ਸੀ।

ਦੋਨਹੁਂ ਖੱਤ੍ਰੀ ਤੂਸ਼ਨਿ ਧਰਿ ਕੈ।
ਪ੍ਰੇਰੇ ਹਯ ਤੁਰਨਤਾ ਕਰਿ ਕੈ ॥੪੧॥
ਕੁਛਕ ਸੁਭਟ ਲੇ ਸੰਗ ਸਿਧਾਰੇ।
ਮਿਲੇ ਕਰੀਮ ਬਖਸ਼ ਬਨਿ ਪਜਾਰੇ।
ਬਾਦਤ ਬਾਜਨਿ ਲਗੇ ਜੁਝਾਊ।
ਗਮਨੇ ਅੱਗ੍ਰ ਟੋਲ ਸਮੁਦਾਊ ॥੪੨॥
ਜਬੈ ਤੁਰਕ ਧੌਂਸੇ ਧੁੰਕਾਰੇ।
ਹਯ ਕੁਦਾਇ ਫੇਰੇ ਅਗਵਾਰੇ।
ਬਿਧੀ ਚੰਦ ਤਿਹ ਸਨਮੁਖ ਹੋਵਾ।

ਸ਼ਸਤ੍ਰ ਸੰਭਾਰਤਿ ਆਗੇ ਜੋਵਾ ॥੪੩॥
ਛੂਟਨਿ ਲਗੀ ਤੁਫੰਗੈਂ ਬ੍ਰਿੰਦ।
ਤੜਭੜ ਉਠਯੋ ਸ਼ਬਦ ਬਿਲੰਦ।
ਤੁਮਲ ਜੁੱਧ[1] ਤਬਿ ਮਚੇ ਘਨੇਰਾ।
ਦੁਹਿ ਦਿਸ਼ਿ ਹੇਲਾ ਕੀਨਿ ਬਡੇਰਾ ॥੪੪॥

[1]ਘਮਸਾਨ ਦਾ ਜੁੱਧ [ਸੰ: ਤੁਮੁਲ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਹੱਲਾ ਕਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਕਰੀਮ ਬਖਸ਼ ਬੱਧ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਲਘੁ ਸੁਤ ਤਬਹਿ ਨਬਾਬ ਕੋ,
ਕਰਿ ਸ਼ਿਤਾਬ ਉਮਡੰਤਿ।
ਜਯੋਂ ਜਯੋਂ ਆਗੇ ਹੋਤਿ ਹੈ,
ਤਯੋਂ ਤਯੋਂ ਜੰਗ ਮਚੰਤਿ ॥੧॥

ਪਾਧੜੀ ਛੰਦ:

ਕਰਿ ਹਲਾਹੂਲ ਬਹੁ ਜ਼ੋਰ ਸ਼ੋਰ।
ਬਡ ਪਰਯੋ ਰੌਰ ਚਹੁੰ ਓਰ ਘੋਰ।
ਭਰਮੰਤਿ ਗ੍ਰਿੱਧ ਮੁਖ ਮਾਸ ਧਾਰਿ।
ਗਨ ਭਏ ਕਾਕ ਕੂਕਤਿ ਪੁਕਾਰਿ ॥੨॥
ਖੱਪਰ ਭਰੰਤਿ ਬਹੁ ਸ਼੍ਰੋਣ ਸੰਗ।
ਕਰਿ ਪਾਨ ਜੋਗਨੀ ਨਾਚਿ ਅੰਗਿ[1]। — [1]ਅੰਗ =) ਸਰੀਰ ਨੂੰ ਨਚਾਉਂਦੀਆਂ ਹਨ।
ਸਿਰ ਖਿੰਡ ਝੰਡ ਝੁੰਡਨ ਪ੍ਰਚੰਡ[1]। — [1](ਜਿਨ੍ਹਾਂ) ਸਾਰੀਆਂ (ਜੋਗਣੀਆਂ ਦੇ) ਸਿਰ ਉਤੇ (ਪ੍ਰਚੰਡ ਝੰਡ =) ਭਜਾਨਕ ਵਾਲ ਖਿੰਡੇ ਹੋਏ ਹਨ।
ਹੜ ਹੜ ਹਸੰਤਿ ਬਡ ਭੀਮ ਤੁੰਡ[1] ॥੩॥ — [1]ਮੂੰਹ।
ਆਮਿਖ ਭਖੰਤਿ ਗਹਿ ਰੁੰਡ ਮੁੰਡ[1]। — [1]ਧੜ ਤੇ ਸਿਰ।
ਗਨ ਦੰਤ ਸੰਗ ਕਰਿ ਖੰਡ ਖੰਡ।
ਲੇ ਹਯਨਿ ਪੂਛ ਸਿਰ ਪਰ ਧਰੰਤਿ।
ਨਰ ਮੁੰਡ ਮਾਲ[1] ਲਾਂਬੀ ਕਰੰਤਿ ॥੪॥ — [1]ਮਨੁੱਖਾਂ ਦੇ ਸਿਰਾਂ ਦੀ ਮਾਲਾ।
ਭਟਹੁੰਨਿ ਹਾਥ ਕੈ ਪਾਇ ਕਾਟ[1]। — [1]ਸੂਰਮਿਆਂ ਦੇ ਹੱਥ ਯਾ ਪੈਰ ਕੱਟ ਕੇ।
ਧਰਿ ਕੈ ਸਿਕੰਧ ਪਿਖਿ ਆਨਿ ਡਾਟ[1]। — [1]ਹੋਰਨਾਂ ਨੂੰ ਤਾੜਦੀਆਂ ਹਨ।
ਹਯ ਚਰਨ ਆਗਲੇ ਕਿਨ[1] ਉਖਾਰ। — [1]ਕਿਨ੍ਹਾਂ ਨੇ।
ਬਿਚਰੰਤਿ ਬ੍ਰਿੰਦ ਹਾਥਨਿ ਉਭਾਰ ॥੫॥
ਕਿਨਹੁੰ ਸੁ ਆਂਤ੍ਰੈ ਗ੍ਰੀਵ ਡਾਰਿ।
ਗਨ ਭੂਤ ਪ੍ਰੇਤ ਪਾਵਤਿ ਧਮਾਰ[1]। — [1]ਲੁੱਡੀ, ਨਾਚ।
ਬਹੁ ਖਾਹਿੰ ਮਾਸ, ਕਰਿ ਸ਼੍ਰੋਣ ਪਾਨ।
ਤਬਿ ਬਰਨ ਅਰੁਨ ਲਿਪਤੇ ਮਹਾਂਨ[1] ॥੬॥ — [1]ਲਾਲ ਰੰਗ ਨਾਲ ਬਹੁਤ ਲਿਬੜੀਆਂ ਹੋਈਆਂ।
ਰਣੁ ਖੇਤ ਦੀਖਿ ਭੀਖਨਿ ਬਿਲੰਦ[†]। — [†]ਇੱਥੇ ਭਜਾਨਕ ਰਸ ਦਾ ਕਮਾਲ ਹੈ।
ਗਨ ਤੁਰਕਨਿ ਕੇ ਹੁਇ ਓਜ ਮੰਦ।
ਸ਼ਲਖੈਂ ਪ੍ਰਚੰਡ ਛੂਟੈਂ ਤੁਫੰਗ।

ਪੁਨ ਕਰਤਿ ਸ਼ੀਘ੍ਰਤਾ ਫਿਰਤਿ ਜੰਗ
॥੭॥
ਕਿਨਹੁੰ ਬਰੂਦ ਬਿਚ ਤੁਪਕ ਡਾਲਿ।
ਬਹੁ ਠੋਕਿ ਠੋਕਿ ਗਜ ਕੋ ਨਿਕਾਲਿ।
ਗੁਲਕਾਨਿ ਡਾਲਿ ਆਛੇ ਟਿਕਾਇ।
ਪੁਨ ਭਰਤਿ, ਪਲੀਤਾ ਦੇਂ ਮਿਲਾਇ
॥੮॥
ਤੋਰਾ ਉਭਾਰਿ ਤੋਤੇ[1] ਜੜੰਤਿ। [1]ਬੰਦੂਕ ਦੇ ਘੋੜੇ ਵਿਚ।
ਧਰਿ ਸ਼ਿਸਤ ਤਾਕ ਕਰ ਤੇ ਦਬੰਤਿ।
ਬਹੁ ਕਰਤਿ ਸ਼ੀਘ੍ਰ ਇਹ ਸਕਲ ਕਾਰ।
ਛੂਟੈਂ ਤੁਫੰਗ ਰਣ ਬੇਸ਼ੁਮਾਰ ॥੯॥
ਇਮਿ ਮਰਤਿ ਮਾਰਤੇ[1] ਨੇਰ ਕੀਨਿ। [1]ਮਰਦਿਆਂ ਮਾਰਦਿਆਂ।
ਤੀਰਨ ਪ੍ਰਹਾਰਿ ਕਰਿ ਘਾਇ ਦੀਨਿ।
ਚਰੜੰਤਿ ਚਾਂਪ, ਛੁਟਕੰਤਿ ਬਾਨ।
ਭਟ ਕੋ ਨਿਖੰਗ ਤੇ ਕਾਢਿ ਤਾਨ[1] ॥੧੦॥ [1]ਕੋਈ ਸੂਰਮਾਂ ਭੱਥੇ ਵਿਚੋਂ (ਤੀਰ) ਕਢਕੇ ਤਾਣਦਾ ਹੈ।
ਜੇਹਨਿ ਅਰੋਪਿ[1] ਤਕਿ ਸ਼ੱਤ੍ਰ ਗਾਤਿ। [1]ਚਿੱਲੇ ਵਿਚ ਚੜ੍ਹਾਕੇ।
ਬਲ ਤੇ ਛੁਟੰਤਿ ਕਰਿ ਦੇਤਿ ਘਾਤਿ।
ਬਹੁ ਤੁਮਲ ਜੁੱਧ ਮਾਚਜੋ ਕਰਾਲ।
ਮਿਲਿ ਗਏ ਪਰੀ ਬਹੁ ਹਾਲ ਚਾਲਿ
॥੧੧॥
ਤੋਮਰ ਭ੍ਰਮਾਇ ਮਾਰੰਤਿ ਫੇਰਿ।
ਤਨ ਲਗੈਂ ਸ਼ੱਤ੍ਰ ਦੇਂ ਭੂਮਿ ਗੇਰਿ।
ਬਹੁਰੋ ਨਿਕਾਸਿ ਤਕ ਔਰਿ ਮਾਰਿ[1]। [1]ਦੂਸਰੇ ਨੂੰ ਤੱਕਕੇ ਮਾਰਦੇ ਹਨ।
ਤਰਵਾਰਿ ਝਾਰ ਦੇਂ ਕਾਟ ਡਾਰਿ ॥੧੨॥
ਬਰਛੀਨਿ ਤੀਛਨਾ ਓਜ ਸੰਗਿ।
ਮਾਰੈਂ ਧਸਾਇ ਰਿਪੁ ਫੋਰ ਅੰਗਿ।
ਖਰ ਸੇਲ ਮੇਲ ਭੀ ਰੇਲਿ ਪੇਲਿ[1]। [1]ਭਰਮਾਰ। (ਅ) ਧੱਕਾ ਧੱਕੀ।
ਛਿਨ ਬਿਖੈ ਛੈਲ ਗਿਰ ਪਰਤਿ ਝੇਲਿ[1] [1]ਧੱਕਾ ਖਾ ਕੇ।
॥੧੩॥
ਲਗਿ ਸ਼ਸਤ੍ਰ ਚੋਟ ਹੁਇ ਲੋਟ ਪੋਟ।
ਕੋ ਧਰਤਿ ਢਾਲ ਲੇ ਸਮੁਖ ਓਟ।
ਜਮਧਰ ਨਿਕਾਰਿ ਕਿਨ ਉਦਰ ਮਾਰਿ।

ਤਰਵਾਰ ਚਲਤਿ ਰਣ ਬਾਰ ਬਾਰ ॥੧੪॥
ਲੋਹੂ ਸ਼ਨਾਨ ਤੇ ਲਾਲ ਜਾਲ।
ਥਹਿਰੰਤਿ ਹਾਥ ਮਹਿਂ ਚਾਲਿ ਚਾਲਿ[1]।

[1]ਲਹਿਰਾਉਂਦੀ ਹੈ ਹੱਥ ਵਿਚ ਚੰਚਲ (ਤਲਵਾਰ)। (ਅ) (ਤਲਵਾਰ) ਚਲ ਚਲ ਕੇ ਹੱਥ ਵਿਚ ਥਿੜਕਦੀ ਹੈ।

ਕੇਤਿਕ ਪ੍ਰਹਾਰ ਤੇ ਖੜਗ ਟੂਟਿ।
ਰਹਿ ਮੁਸ਼ਟ ਹਾਥ ਮਿਲਿ, ਮੁਸ਼ਟ ਕੂਟਿ[1] ॥੧੫॥

[1]ਹੱਥ (ਤਲਵਾਰ ਦੇ) ਕਬਜ਼ੇ ਨਾਲ ਚੰਮੜੇ ਰਹੇ ਤੇ ਕਬਜ਼ੇ ਨਾਲ (ਹੀ ਇਕ ਦੂਜੇ ਨੂੰ) ਕੁੱਟਦੇ ਹਨ।

ਜਿਯਬੇ ਨਿਰਾਸ ਹੁਇ ਲਰਤਿ ਬੀਰ।
ਭਾਗੇ ਭਗੈਲ ਭੈ ਭੂਰ ਭੀਰ।
ਨੰਦਨ ਨਬਾਬ ਕੇ ਨੇਰ ਕੀਨਿ।
ਜਿਨ ਸਾਥ ਬੀਰ ਲੇ ਬੀਨ ਬੀਨ ॥੧੬॥
ਊਚੇ ਪੁਕਾਰ ਸਭਿ ਸੋਂ ਕਹੰਤਿ।
'ਮਿਲਿ ਜਾਹੁ ਹੇਲ ਕਰਿ ਸ਼ੱਤ੍ਰ ਹੰਤਿ।
ਇਹ ਸਿੱਖ ਅਲਪ ਤੁਮਰੇ ਅਗਾਰਿ।
ਕਰਿ ਕਤਲ ਸਭਿਨਿ ਦਿਹੁ ਮਾਰਿ ਡਾਰਿ ॥੧੭॥
ਗੁਰੁ ਹਰਿਗੋਵਿੰਦ ਕੋ ਘੇਰਿ ਲੇਹੁ।
ਮਿਲਿ ਕੈ ਸਮੂਹ ਨਹਿਂ ਜਾਨਿ ਦੇਹੁ।
ਰਣ ਕਰਤਿ ਜਿਯਤਿ ਕੋ ਗਹਹੁ ਧਾਇ।
ਨਤੁ ਦੇਹੁ ਮਾਰਿ, ਨਹਿਂ ਭਾਜ ਜਾਇ ॥੧੮॥
ਰਣ ਫਤੇ ਹੋਇ ਤੁਮਰੀ ਬਿਸਾਲ।
ਪੁਨ ਦਰਬ ਜਗੀਰਨਿ ਲੇਹੁ ਜਾਲ।
ਘਰ ਕਰਹੁ ਖੁਸ਼ੀ ਪੀਵਹੁ ਸ਼ਰਾਬ।
ਮਿਲਿ ਸਭਿਨਿ ਬੀਚ ਭੱਖਹੁ ਕਬਾਬ ॥੧੯॥
ਬਹੁ ਸਿਫਤਿ ਹੋਇ ਸਭਿਕੀ ਜਹਾਨ।
ਜਹਿਂ ਜਾਹੁ ਤਹਾਂ ਦੇਂ ਅਧਿਕ ਮਾਨ।'
ਇਮ ਕਹਤਿ ਦਿਲਾਸਾ ਅਧਿਕ ਕੀਨਿ।
ਲੇ ਸਭਿਨਿ ਸੰਗ ਆਯੋ ਪ੍ਰਬੀਨ ॥੨੦॥
ਜਬਿ ਵਧਜੋ ਅੱਗ੍ਰ ਘੋਰਾ ਕੁਦਾਇ।
ਤਬਿ ਬਿਧੀਚੰਦ ਸਤਿਗੁਰ ਮਨਾਇ।

ਕਰ ਧਨੁਖ ਧਾਰਿ ਤੀਰਨਿ ਪ੍ਰਹਾਰ।
ਜੋ ਵਧਹਿ ਅੱਗ੍ਰ ਤਿਸ ਦੇਤਿ ਮਾਰਿ ॥੨੧॥
ਅਪਨੋ ਤੁਰੰਗ ਤਹਿਂ ਫੇਰਿ ਫੇਰਿ।
ਰਣ ਤੁਰਕ ਖਪਾਵਤਿ ਬੇਰਿ ਬੇਰਿ[1]।
[1]ਵਾਰੀ ਵਾਰੀ।
ਤਬਿ ਕ੍ਰੀਮਬਖਸ਼ ਬਰਛੀ ਸੰਭਾਰਿ।
ਨਿਜ ਹਯ ਨਚਾਇ ਹਨਿ ਬਾਰਿ ਬਾਰਿ ॥੨੨॥
ਜਿਸ ਕੇ ਸਹਾਇ ਖੱਤ੍ਰੀ ਸੁ ਦੁੰਦ[1]।
[1]ਦੋਵੇਂ।
ਇਕ ਰਤਨਚੰਦ ਅਰੁ ਕਰਮਚੰਦ।
ਬਹੁ ਸੁਭਟ ਸੰਗ ਕਰਿ ਮਾਰਿ ਮਾਰਿ।
ਹਤਿ ਕੈ ਹਥਜਾਰ ਦੇਂ ਆਵਿਨਿ ਡਾਰਿ ॥੨੩॥

ਭੁਜੰਗ ਛੰਦ:

ਘਨੇ ਸਿੱਖ ਆਏ ਪਰੇ ਦੌਰ ਐਸੇ।
ਪਿਖੇ ਮਾਸ ਕੋ ਬਾਜ ਧਾਵੰਤਿ ਜੈਸੇ।
ਧਕਾ ਧੱਕ ਧੀਰੰ ਹਥਾ ਵੱਥ ਹੋਏ[1]।
[1]ਧੀਰਜੀ ਜਾਂ ਹਠੀਲੇ (ਸੂਰਮਿਆਂ) ਨੂੰ (ਆ) ਧੱਕਮਧੱਕਾ ਕੀਤੀ ਤੇ ਹਥੋ ਹੱਥ ਦੀ (ਲੜਾਈ) ਛਿੜ ਪਈ।
ਕਰਾਚੋਲ ਬਾਹੈਂ ਉਟੈਂ ਢਾਲ ਕੋਏ[1] ॥੨੪॥
[1]ਕਈ ਆਸਰਾ ਕਰਕੇ ਢਾਲ ਦਾ ਤਲਵਾਰ ਵਾਹੁੰਦੇ ਹਨ।
ਤੁਟੈਂ ਤੀਖ ਤੇਗੇ ਲਗੈਂ ਲੋਹ ਉਪੈ।
ਕਿਤੇ ਅੰਗ ਕਾਟੇ ਗਿਰੈਂ ਸੂਰ ਭੂ ਪੈ।
ਮਹਾਂ ਲੋਥ ਪੋਥਾਨਿ ਹੋਈ ਕਰਾਲਾ।
ਬਹਯੋ ਸ਼੍ਰੋਣ ਜਾਤੋ ਧਰਾ ਰੰਗ ਲਾਲਾ ॥੨੫॥
ਕਰਯੋ ਖਾਨ ਹੇਲਾ ਗੁਰੂ ਸੂਰ ਹਾਲੇ।
ਪਰੇ ਸ਼ੱਤ੍ਰੂ ਬ੍ਰਿੰਦੰ ਕਹਾਂ ਤੀਕ ਝਾਲੇਂ।
ਛੁਟਾਈ ਛਿਤੰ ਕੋ ਤਹਾਂ ਤੀਕ ਆਏ।
ਨਬਾਬੰ ਤਨੂਜੰ[1] ਪਰਯੋ ਜੌਨ ਥਾਏਂ ॥੨੬॥
[1]ਨਬਾਬ ਦਾ ਪੁੱਤ੍ਰ।
ਪਿਖਯੋ ਭ੍ਰਾਤ ਜੇਠਾ ਕਟੇ ਅੰਗ ਡਾਲਾ[1]।
[1]ਪਿਆ ਹੈ।
ਪਰਯੋ ਧੂਰ ਮੈਂ ਤੁੰਡ ਮੁੰਡੈ ਕਰਾਲਾ।
ਗਿਰਯੋ ਨੈਨ ਤੇ ਨੀਰ ਰੋਦੰਤਿ ਹੇਰੇ।
ਪੁੰਨ ਜੁੱਧ ਕੋ ਕੋਪ ਕੀਨੋ ਘਨੇਰੇ ॥੨੭॥
ਦਬਾਏ ਅਗਾਰੀ, ਪ੍ਰਹਾਰੇ, ਭਜਾਏ।

ਨਹੀਂ ਪਾਇ ਜਾਮੇ ਘਨੇ ਸ਼ੱਤ੍ਰ ਆਏ।
ਮਰੇ ਸੈਂਕਰੇ ਸੂਰ ਖੇਤੰ ਮਝਾਰਾ।
ਨਬਾਬੰ ਤਨੂਜੰ ਕਰਯੋ ਜੰਗ ਭਾਰਾ ॥੨੮॥
ਰਿਦੇ ਸ਼ੋਕ ਤੇ ਕੋਪ ਜਾਗਯੋ ਬਡੇਰੇ।
ਭਜੇ ਸਿੱਖ ਥੋਰੇ ਬਿਧੀਚੰਦ ਹੇਰੇ।
ਤਬੈ ਚਾਪ ਤੇ ਤੀਰ ਤੀਖੇ ਪ੍ਰਹਾਰੇ।
ਲਗੇ ਸ਼ੱਤ੍ਰ ਕੇ ਅੰਗ ਪਾਰੈ ਪਧਾਰੇ[1] ॥੨੯॥
ਲਿਯੋ ਰੋਕ ਆਗਾ ਜਥਾ ਦੇ ਕਪਾਟੇ।
ਕਰੇ ਸਿੱਖ ਪੀਛੇ ਬਡੇ ਖਾਨ ਡਾਟੇ।
ਉਥੱਲੇ, ਪਥੱਲੇ, ਲਥੇਰੇ, ਪਥੇਰੇ।
ਪਰੀ ਧੂਮ ਭਾਰੀ ਪੁਕਾਰੈਂ ਘਨੇਰੈ ॥੩੦॥
ਲਏ ਰੋਕ ਸਾਰੇ ਇਸੀ ਰੀਤਿ ਜਾਨੋ।
ਹੜ੍ਹੰ ਨੀਰ ਕੋ ਸੈਲ ਜੈਸੇ ਮਹਾਨੋ।
ਜਥਾ ਜੰਗ ਥੰਭਾ ਬਿਧੀਚੰਦ ਹੋਵਾ।
ਕਰੀਮੂ ਬਡੋ ਜ਼ੋਰ ਦੈ ਕੈ ਸੁ ਜੋਵਾ ॥੩੧॥
'ਖਰੋ ਹੋਹੁ ਗੀਦੀ! ਕਹਾਂ ਜਾਤਿ ਆਗੇ?
ਲਰੋ ਸੰਗ ਮੇਰੇ ਚਹੈਂ ਪ੍ਰਾਣ ਤਜਾਗੇ।'
ਸੁਨੀ ਬਾਤ ਕਾਨੰ ਕਰੀਮੂ ਰਿਸਾਯੋ।
ਗਹਯੋ ਸੇਲ ਤੀਖੋ ਤੁਰੰਗੈਂ ਧਵਾਯੋ ॥੩੨॥
ਬਿਧੀਚੰਦ ਕੇ ਨੇਰ ਢੁਕਯੋ ਸੁ ਆਈ।
ਪ੍ਰਹਾਰਯੋ ਤਬੈ ਸਾਮੁਹੇ ਓਜ ਲਾਈ।
ਲਗਯੋ ਜ਼ੀਨ ਬੀਚੰ ਖ੍ਰਗੀਨੰ ਪਰੋਯੋ।
ਗੁਰੂ ਜੀ ਬਚਾਯੋ, ਸਹਾਈ ਸੁ ਹੋਯੋ ॥੩੩॥
ਨਿਕਾਸਯੋ ਦੁਧਾਰਾ ਸੁ ਖੰਡਾ ਪ੍ਰਚੰਡੰ।
ਕਟਯੋ ਸੇਲ ਗੇਰਯੋ ਭਏ ਦੋਇ ਖੰਡੰ।
ਕਹਯੋ 'ਜਾਹੁ ਨਾਂਹੀ ਮਮੰ ਵਾਰ ਦੀਜੈ।
ਨਹੀਂ ਜਾਨਿ ਦੈ ਹੌਂ ਥਿਰੋ ਜੰਗ ਕੀਜੈ ॥੩੪॥
ਗਜੰ ਗਾਹ[1] ਬੰਧ ਪੁਨੰ ਭਾਗ ਜਾਨੋ।

[1]ਪਾਰ ਪੈ ਗਏ।

[1]ਇਕ ਪ੍ਰਕਾਰ ਦਾ ਘੋੜੇ ਦਾ ਸ਼ਿੰਗਾਰ। ਅਸਲ ਵਿਚ ਇਕ ਪ੍ਰਕਾਰ ਦਾ ਲਟਕਨ ਜੋ ਚੌਰ ਦੇ ਵਾਲਾਂ ਆਦਿਕਾਂ ਦਾ ਬਣਾਕੇ ਹਾਥੀ ਦੀ ਗਰਦਨ ਦੇ ਦੁਵੱਲੀ ਲਟਕਾਉਂਦੇ ਹਨ, ਪਰ ਘੋੜੇ ਦੇ ਕੰਨਾਂ ਤੋਂ ਲੈ ਕਾਠੀ ਤੱਕ ਦੁਵੱਲੀ ਲਟਕਦੇ

ਲਟਕਨਾਂ ਨੂੰ ਹੀ ਇਹੋ ਕਹਿੰਦੇ ਹਨ। ਹਿੰਦੀ ਵਿਚ ਹਾਥੀ ਘੋੜੇ ਦੇ ਝੋਲ ਨੂੰ ਬੀ ਕਹਿੰਦੇ ਹਨ ਤੇ ਇਸ ਤੁਕ ਵਿਚ ਕਈ ਦਾਨੇ ਇਸ ਦਾ ਅਰਥ 'ਗਾਨਾ' ਤੇ 'ਤੁਰਲਾ' ਬੀ ਲਾਉਂਦੇ ਹਨ।

ਨਹੀਂ ਬਾਤਿ ਆਛੀ ਕਰੀ ਲਾਜ ਹਾਨੋ।'
ਕਰੀਮੁ ਰਿਸਯੋ ਮੋਰਿ[1] ਘੋਰਾ ਸੁ ਆਯੋ।
ਮਨੋ ਪੂਛ ਤੇ ਨਾਗ ਕਾਹੂੰ ਦਬਾਯੋ ॥੩੫॥
ਲਯੋ ਖੈਂਚ ਤੇਗ਼ਾ -ਹਤੌਂ- ਚੀਤ ਚਾਹਯੋ।
ਇਤੇ ਮੈਂ ਬਿਧੀਚੰਦ ਨੇ ਵਾਰ ਬਾਹਯੋ।
ਕਰੀ ਢਾਲ ਆਗੈ ਬਚਯੋ ਅੰਗ ਸਾਰੋ।
ਕਰੀਮੁ ਰਿਸਯੋ ਫੇਰ ਕੈ ਵਾਰ ਝਾਰੇ[1] ॥੩੬॥
ਬਿਧੀਚੰਦ ਨੇ ਤੇਗ਼ ਪੈ ਤੇਗ਼ ਲੀਨੀ।
ਕੁਪਯੋ ਲਾਲ ਨੈਨੰ ਪੁਨੰ ਘਾਤਿ ਚੀਨੀ[1]।
ਤੁਰੰਗੇ ਤ੍ਰਪਾਯੋ ਤਬੈ ਦੰਤ ਪੀਸੰ[1]।
ਪ੍ਰਹਾਰਯੋ ਸ ਜ਼ੋਰੰ, ਕਟਯੋ ਸ਼ੱਤ੍ਰੁ ਸੀਸੰ ॥੩੭॥
ਕਰੀਮੁ ਗਿਰਯੋ ਭੂਮਿ ਝੂਮਯੋ ਜੁਝਾਰਾ।
ਬਿਧੀਚੰਦ ਗਾਜਾ ਮਨੋ ਸ਼ੇਰ ਭਾਰਾ।
ਹਟੇ ਖਾਨ ਪੀਛੇ ਜਬੈ ਮ੍ਰਿੱਤੁ ਦੇਖਾ।
ਨਹੀਂ ਧੀਰ ਬਾਂਧੀ ਸੁ ਤ੍ਰਾਸੇ ਵਿਸ਼ੇਖਾ ॥੩੮॥
ਤਬੈ ਦੋਇ ਖੱਤ੍ਰੀ ਦੁਖੀ ਹੋਇ ਹਾਲੇ।
ਹਟੇ ਪਾਂਇ ਪਾਛੈ ਨਹੀਂ ਅੱਗ੍ਰ ਘਾਲੇ।
-ਉਭੈ ਪੁੱਤ੍ਰ ਸੂਬੇ ਇਨੋ੍ਹ ਮਾਰਿ ਦੀਨੇ।
ਬਚੈ ਕੌਨ ਆਗੇ- ਭਏ ਦੀਨ ਹੀਨੇ ॥੩੯॥

ਦੋਹਰਾ:
ਰਨ ਕੇ ਸਨਮੁਖ ਹੋਤਿ ਨਹਿੰ, ਮਹਾਂ ਤ੍ਰਾਸ ਕੋ ਪਾਇ।
ਉਤ ਨਬਾਬ ਤੇ ਡਰਤਿ ਹੈਂ, ਤਿਸ ਕੇ ਨਿਕਟਿ ਨ ਜਾਇਂ ॥੪੦॥
-ਬੁਰੀ ਭਈ- ਚਿਤ ਚਿਤਵਤੇ, ਟਰੇ

[1]ਮੋੜ ਕੇ।
[1]ਆਪਣਾ) ਵਾਰ ਝਾੜਿਆ ਭਾਵ ਕੀਤਾ।
[1]ਦਾਉ ਤਾੜਿਆ।
[1]ਵਿਉਂਤ ਨਾਲ ਘੋੜੇ ਨੂੰ) ਟਪਾਇਆ ਦੰਦ ਪੀਹਕੇ।

ਅਪਰ ਹੀ ਥਾਨ।
ਚਮੂੰ ਪਲਾਈ ਸਕਲ ਹੀ ਹਤਿ, ਸੁਤ ਅਬਦੁਲ ਖਾਨ ॥੪੧॥

ਚੌਪਈ:

ਨਬੀ ਬਖਸ਼ ਕੋ ਪੂਰਬਿ ਮਾਰਯੋ।
ਪੁਨਹੁ ਕਰੀਮ ਬਖਸ਼ ਹਨਿ ਡਾਰਯੋ।
ਭਾਗੀ ਤੁਰਕ ਬਾਹਨੀ ਸਾਰੀ।
ਬਿਧੀਚੰਦ ਤਬਿ ਪਰਯੋ ਪਿਛਾਰੀ ॥੪੨॥
ਕਟਹਿਂ ਖੜਗ ਸੋਂ ਹਾ ਹਾ ਕਰਿਹੀਂ।
ਕਿਤਿਕ ਦੌਰ ਤੇ ਗਿਰ ਗਿਰ ਪਰਿਹੀਂ।
ਚਮਕੀ ਘਨੀ ਕ੍ਰਿਪਾਨੈਂ ਨੰਗੀ।
ਥਹਿਰਤਿ ਹਾਥਨਿ ਸ਼੍ਰੋਣਤਿ ਰੰਗੀ[1] ॥੪੩॥
ਬਿਧੀਚੰਦ ਸੰਗ ਸਿੱਖ ਘਨੇਰੇ।
ਜਗਨਾ ਮੋਲਕ ਹਯ ਬਡ ਪ੍ਰੇਰੇ।
ਜਮੇ ਹਾਥ ਕਬ ਜਿਨਿ ਕੇ ਸੰਗ[1]।
ਲਿਪਟਯੋ ਲਹੂ ਲਾਲ ਸਰਬੰਗ ॥੪੪॥
ਭਾਜੇ ਖਾਨ ਤ੍ਰਾਸ ਬਹੁ ਧਾਰਾ।
ਤਬਿ ਨਬਾਬ ਲਗਿ ਪਰੀ ਪੁਕਾਰਾ।
'ਕਜਾ ਦੇਖਤਿ ਹੋ ਥਿਰੇ ਤਮਾਸ਼ਾ।
ਪੁੱਤ੍ਰ ਦੂਸਰੋ ਭਯੋ ਬਿਨਾਸ਼ਾ ॥੪੫॥
ਆਗੇ ਵਧਿ ਏਕੋ ਲਰਿ ਮਰਯੋ।
ਸਕਲ ਭਜਾਏ ਕੋਇ ਨ ਅਰਯੋ।
ਇਕ ਗੁਰ ਕੇ ਦਲ ਤੇ ਭਟ ਆਯੋ।
ਦੁਹਨਿ ਖੜਗ ਕੋ ਜੰਗ ਮਚਾਯੋ ॥੪੬॥
ਤਿਸ ਨੇ ਸੀਸ ਕਾਟ ਕਰਿ ਗੇਰਾ।
ਲਸ਼ਕਰ ਪਿਖਿ ਭਾਜਯੋ ਤਬਿ ਤੇਰਾ।'
ਸੁਨਤਿ ਨਬਾਬ ਸ਼ੋਕ ਧਰਿ ਭਾਰੀ।
ਬਹਯੋ ਬਿਲੋਚਨ ਤੇ ਬਹੁ ਬਾਰੀ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਕਰੀਮ ਬਖਸ਼ ਬੱਧ' ਪ੍ਰਸੰਗ ਬਰਨਨੰ ਨਾਮ ਏਕੋਨਚੱਤ੍ਵਾਰਿੰਸਤੀ ਅੰਸੂ ॥੩੯॥

[1]ਲਹਿਰਾਉਂਦੀਆਂ ਹਨ ਹੱਥਾਂ ਵਿਚ ਲਹੂ ਰੰਗੀਆਂ।

[1]ਤਲਵਾਰ ਦੀਆਂ ਮੁੱਠਾਂ ਨਾਲ।

## ੪੦. [ਅਬਦੁਲਖਾਂ ਦੀ ਚੜ੍ਹਾਈ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਪੁੱਤ੍ਰ ਮਰੇ ਤੇ ਸ਼ੋਕ ਭਾ, ਰੁਦਤਿ ਨਬਾਬ ਬਿਸਾਲ।
ਤਿਸ ਛਿਨ ਕੋ ਪਛੁਤਾਵਤੋ, ਜਬਿ ਚਢਿ ਆਇ ਉਤਾਲ ॥੧॥

ਚੌਪਈ:

ਇਮ ਦੇਖਯੋ ਜਬਿ ਅਬਦੁਲਖਾਨ।
ਲੋਕ ਲਰਨਿ ਤੇ ਹਟੇ ਮਹਾਨ।
ਆਪ ਆਪਿ ਕੋ ਥਿਰੇ ਪਿਛੇਰੇ[1]। — [1]ਪਿੱਛੇ ਹੋ ਹੋ) ਖਲੋ ਗਏ।
ਕੋ ਕੋ ਚਲਹਿ ਤੁਪਕ ਤਿਸ ਬੇਰੇ ॥੨॥
ਜੰਗ ਉਝਾਰ[†] ਸਮਾਨ ਬਿਲੋਕਾ[1]। — [1]ਜੰਗ ਉਜਾੜ ਤੁਲ ਡਿੱਠਾ (ਅ) ਜੰਗ ਵਿਚ ਉਜਾੜੇ ਦਾ ਸਾਮਾਨ ਡਿੱਠਾ। [†]ਪਾ:-ਉਜਾਰ।
ਪਿਖਿ ਨਬਾਬ ਕੋ ਸਭਿ ਕੋ ਸ਼ੋਕਾ[1]। — [1]ਨਵਾਬ ਵਲ ਵੇਖਕੇ ਸਭ ਨੂੰ ਸ਼ੋਕ (ਉਪਜਦਾ ਹੈ, ਕਿਉਂਕਿ ਦੋਵੇਂ ਪੁੱਤ੍ਰ ਉਸ ਦੇ ਮਾਰੇ ਗਏ ਹਨ)।
ਦੋਨਹੁ ਖਤ੍ਰੀ ਢਿਗ ਚਲਿ ਆਏ।
ਜਿਨਹੁ ਲਰਨਿ ਕੋ ਸਰਬ ਚਢਾਏ ॥੩॥
ਕਰਹਿੰ ਤ੍ਰਾਸ ਥਿਰ ਦੂਰਿ ਰਹੇ ਹੈਂ।
ਮਰੇ ਬਹੁਤ ਲਘੁ ਜਿਯਤਿ ਲਹੇ ਹੈਂ।
ਕਿਤਿਕ ਬਾਰਿ ਲੌਂ ਰੁਦਤਿ ਥਿਰਯੋ ਹੈ।
ਬਹੁਰ ਨਬਾਬ ਬਿਚਾਰ ਕਰਯੋ ਹੈ ॥੪॥
-ਸਭ ਲਸ਼ਕਰ ਕੋ ਅਹੌਂ ਅਧਾਰਾ[1]। — [1]ਮੈਂ ਆਸਰਾ ਹਾਂ।
ਬਿਦਤਹਿ ਬਾਤ 'ਗੁਰੂ ਤੇ ਹਾਰਾ।'
ਸ਼ਾਹੁ ਜਹਾਂ ਸੁਨਿ ਦੇਹਿ ਨਿਕਾਰਾ।
ਕਹਾਂ ਰਹੌਂ ਮੈਂ ਖਾਇ ਅਹਾਰਾ ॥੫॥
ਪੁੱਤ੍ਰ ਗਏ ਮਰਿ ਬੀਰ ਬਿਸਾਲੇ।
ਧਿਕ ਜੀਵਨ ਮੇਰੋ ਇਸ ਕਾਲੇ।
ਹਰਿਗੁਵਿੰਦ ਕੋ ਗਹੌਂ ਕਿ ਮਾਰੌਂ।
ਤੌ ਜੀਵਨਿ ਕੋ ਨੀਕ ਨਿਹਾਰੌਂ ॥੬॥
ਨਤੁ ਜਹਿਂ ਪੁੱਤ੍ਰ ਗਏ ਮਰਿ ਆਗੇ।
ਜਾਉਂ ਆਪ ਮੈਂ ਤਿਨ ਸੰਗ ਲਾਗੇ।
ਲਰਿਬੇ ਹਟੌਂ ਨਹੀਂ ਮੁਝ ਨੀਕੀ[1]। — [1]ਲੜਨ ਤੋਂ ਹੱਟ ਰਹਿਣਾ ਮੇਰੇ ਲਈ ਚੰਗਾ ਨਹੀਂ।

ਬਾਤ ਸ਼ਾਹੁ ਦਿਸ਼ਿ ਤੇ ਹੁਇ ਫੀਕੀ ॥੭॥
ਜਗ ਮਹਿਂ ਨਿੰਦਾ ਬਿਥਰੈ ਮੇਰੀ।
ਅਸ ਜਿਯ ਤੇ[1] ਆਛੀ ਮ੍ਰਿਤੁ ਹੇਰੀ-। [1]ਐਹੋ ਜਹੇ ਜੀਉਣ ਨਾਲੋਂ।
ਇਮ ਚਿਤਵਤਿ ਪੌਂਛ੍ਯੋ ਦ੍ਰਿਗ ਬਾਰੀ।
ਅਵਿਲੋਕਤਿ ਭਾ ਜੰਗ ਉਝਾਰੀ[1] ॥੮॥ [1]ਜੰਗ ਦਾ ਉਜਾੜਾ ਡਿੱਠੋ ਸੁ।
-ਘਟਿਕਾ ਏਕ ਰਹ੍ਯੋ ਦਿਨ ਆਈ।
ਬਿਨਾ ਲਰੇ ਜੇ ਨਿਸ ਪਰ ਜਾਈ।
ਬਹੁਰ ਕਹਾਂ ਜਾਨੈਂ ਕਯਾ ਹੋਇ।
ਲਰਿਬੇ ਸਮਾਂ ਨ ਪ੍ਰਾਪਤਿ ਕੋਇ ॥੯॥
ਸੈਨਾਪਤਿ ਜੁਤਿ ਸੁਤ ਮਰਿ ਗਏ।
ਮਮ ਆਗੇ ਪ੍ਰਾਨਨਿ ਕੋ ਦਏ।
ਜਿਨ ਕੇ ਬਿਨਾ ਲਰਨਿ ਤੇ ਸੈਨਾਂ।
ਹਟਿ ਕਰਿ ਥਿਰੀ ਅੱਗ੍ਰ[1] ਕੋ ਹੈ ਨਾ ॥੧੦॥ [1]ਮੁਖੀਆ।
ਇਕ ਮੈਂ ਰਹ੍ਯੋ ਮਰੌਂ ਕੈ ਮਾਰੋਂ।
ਦ੍ਵੈ ਬਿਨ ਜੀਵਨ ਨਹੀਂ ਬਿਚਾਰੋਂ-।
ਦੋਨਹੁ ਖਤ੍ਰੀ ਜੀਵਤਿ ਜਾਨੇ।
ਰਿਸ ਕੇ ਨਿਕਟਿ ਹਕਾਰਨਿ ਠਾਨੇ ॥੧੧॥
'ਸਦਾ ਹੈਫ ਸਦ[1] ਤੁਮਰੇ ਤਾਈਂ। [1]ਸੋ ਵਾਰ ਅਫਸੋਸ ਭਾਵ ਲਾਨਤ।
ਨਹੀਂ ਭਏ ਗੁਰੁ ਸਨਮੁਖ ਜਾਈ।
ਹਤੇ ਪੰਚ ਸੂਰੇ ਸਰਦਾਰ।
ਦੋਇ ਪੁੱਤ੍ਰ ਰਣ ਲੀਨੇ ਮਾਰਿ ॥੧੨॥
ਤੁਮ ਗੀਦੀ ਇਤ ਉਤ ਹੁਇ ਜਾਤੇ।
ਨਹੀਂ ਸ਼ਸਤ੍ਰ ਮਾਰਤਿ ਅਰੁ ਖਾਤੇ।
ਬੀਚ ਕਚਹਿਰੀ ਬਾਤ ਬਨਾਵਹੁ।
ਰਾਰ ਛੇਰ ਕਰਿ ਬੀਰ ਹਨਾਵਹੁ ॥੧੩॥
ਅਬਿ ਮੁਝ ਸੰਗ ਅਗਾਰੀ ਚਾਲਹੁ।
ਜਯੋਂ ਬੋਲਤਿ ਤਜੋਂ ਸ਼ਸਤ੍ਰ ਸੰਭਾਲਹੁ।'
ਭਏ ਕ੍ਰੂਰ ਨਹਿਂ ਬੋਲੇ ਬੈਨ।
ਨਹੀਂ ਨਬਾਬ ਦਿਸ਼ਾ ਕਰਿ ਨੈਨ ॥੧੪॥
ਅਬਦੁਲ ਖਾਂ ਤਬਿ ਹੁਕਮ ਬਖਾਨਾ।

ਬਜੇ ਦਮਾਮੇ ਨਾਦ ਮਹਾਨਾ।
ਆਗੇ ਭਏ ਪਤਾਕਾ ਵਾਰੇ[1]। [1]ਝੰਡਿਆਂ ਵਾਲੇ।
ਉਮਡੇ ਬੀਰ ਕ੍ਰੋਧ ਕਰਿ ਭਾਰੇ ॥੧੫॥
ਚਲ੍ਯੋ ਨਬਾਬ ਆਪ ਧਰਿ ਕ੍ਰੋਧਾ।
ਲੀਨੇ ਸਕਲ ਸਕੇਲ ਸੁ ਜੋਧਾ।
ਜਹਿਂ ਰਣ ਖੇਤ ਗੁਰੂ ਭਟ ਠਾਂਢੇ।
ਰੋਪੇ ਪਾਇ ਸ਼ਸਤ੍ਰ ਗਹਿ ਗਾਢੇ ॥੧੬॥
ਮਰੇ ਤੁਰਕ ਲਾਗੇ ਅੰਬਾਰਾ।
ਹਯ ਪਰ ਹਯ ਮਰਿ ਗਿਰੇ ਉਦਾਰਾ।
ਸ੍ਵਾਨ[1] ਸ਼੍ਰਿੰਗਾਲ[2] ਮਾਸ ਕੋ ਖਾਤੇ। [1]ਕੁੱਤੇ। [2]ਗਿੱਦੜ।
ਭੂਤ ਪ੍ਰੇਤ ਡਾਕਨਿ ਡਕਰਾਤੇ ॥੧੭॥
ਭਯੋ ਰੁਦ੍ਰ ਫਿਰਿਬੇ ਕੋ ਸਮੋ[1]। [1]ਸ਼ਾਮਾਂ ਦਾ ਸਮਾਂ, ਰੁੱਦ੍ਰ ਸ਼ਾਮਾਂ ਨੂੰ ਨਿਕਲਦਾ ਕਹਿੰਦੇ ਹਨ।
ਗਣ ਅਨੇਕ ਸੰਗ ਭੇ[1] ਕਰਿ ਨਮੋ। [1]ਰੁਦ੍ਰ ਦੇ) ਨਾਲ ਅਨੇਕਾਂ ਗਣ ਹੋ ਲਏ।
ਰਣ ਬਚਿੱਤ੍ਰ ਕੋ ਹਰਖ੍ਯੋ ਹੇਰਤਿ।
ਗ੍ਰਿੱਝ, ਪਿਸ਼ਾਚ, ਕਾਕ ਗਨ ਟੇਰਤਿ ॥੧੮॥
ਬਹੁ ਰਣ ਕੀਨ ਲਥੇਰ ਪਥੇਰਾ।
ਬਿਧੀ ਚੰਦ ਸਿਖ ਬੀਰ ਬਡੇਰਾ।
ਪਿਖਿ ਤੁਰਕਨਿ ਕੋ ਗੁਰ ਢਿਗ ਗਯੋ।
ਸਗਰੋ ਭੇਤ ਸੁਨਾਵਤਿ ਭਯੋ ॥੧੯॥
'ਮਹਾਂਰਾਜ! ਹੇਰਹੁ ਰਿਪੁ ਆਏ।
ਰਹੇ ਇਤਿਕ, ਭੇ ਮ੍ਰਿਤੁ ਸਮੁਦਾਏ।
ਅਬਿ ਕੇ ਮਚਹਿ ਜੰਗ ਬਡ ਭਾਰੀ।
ਜਿਯਤਿ ਬਾਹਨੀ ਉਮਡੀ ਸਾਰੀ ॥੨੦॥
ਇਨ ਕੇ ਅੰਤ[†] ਭਏ ਰਣ ਅੰਤ। [†]ਪਾ:-ਦਿਨ ਕੇ ਅੰਤ।
ਹੋਵਹਿਗੋ ਅਬਿ, ਗੁਰੁ ਭਗਵੰਤ!'
ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰੇ।
'ਹੁਤੇ ਪੰਚ ਸਰਦਾਰ ਸੁ ਮਾਰੇ ॥੨੧॥
ਦ੍ਵੈ ਨਬਾਬ ਕੇ ਸੁਤਿ ਹਤਿ ਹੋਏ।
ਮੁਖਿ ਭਟ ਰਹ੍ਯੋ ਨਹੀਂ ਅਬਿ ਕੋਏ।
ਆਪੇ ਆਯਹੁ ਅਬਦੁਲ ਖਾਨ।
ਰਣ ਕੀ ਚਾਹਤਿ ਬਿਜੈ ਮਹਾਨ ॥੨੨॥

ਅਪਰ ਤੁਰਕ ਸਭਿ ਸਿੱਖਨਿ ਮਾਰੇ।
ਰਹੇ ਸ਼ੇਸ਼ ਸੋ ਆਏ ਸਾਰੇ†।
ਅਬਹਿ ਸੰਗ ਇਸ ਜੰਗ ਹਮਾਰਾ।
ਦੇਖਹੁ ਸਗਰੇ ਬਲ ਜਿਮ ਭਾਰਾ ॥੨੩॥
ਕਰੌਂ ਨਿਦਾਨ[1] ਤੁਰਕ ਗਨ ਕੇਰਾ।
ਨਹੀਂ ਪ੍ਰਤਾਪ ਲਖਤਿ ਇਹ ਮੇਰਾ।
ਪ੍ਰਾਨ ਦੇਨਿ ਕੋ ਚਾਹਤਿ ਮਾਨੀ।
ਸਨੇ ਸਨੇ ਸਭਿ ਹੋਵੈਂ ਹਾਨੀ ॥੨੪॥
ਕਰਹਿਂ ਰਾਜ ਸਿਖ ਸੇਵਕ ਮੇਰੇ।
ਦਿਏ ਸਕਾਮ ਪ੍ਰਾਨ ਇਸ ਬੇਰੇ।
ਨਿਸ਼ਕਾਮੀ ਕੈਵਲ ਕੋ ਪਾਵੈਂ।
ਸਹਿਕਾਮੀ ਸਿਖ ਰਾਜ ਕਮਾਵੈਂ ॥੨੫॥
ਹਿੰਦੁ ਧਰਮ ਕੋ ਰਾਖਹਿਂ ਜਗ ਮੈਂ।
ਚਲਹਿਂ ਚਲਾਵਹਿਂ ਸਿੱਖੀ ਮਗ ਮੈਂ।
ਪੁਨ ਮ੍ਰਿਤੁ ਹੋਹਿ ਮੋਹਿ ਮਿਲਿ ਆਏ।
ਸ਼ੁਭ ਗਤਿ ਕੋ ਪ੍ਰਾਪਤਿ ਹੁਇ ਜਾਏਂ' ॥੨੬॥
ਇਮ ਕਹਿ ਗੁਰੁ ਕੋ ਬਜਜੋ ਨਗਾਰਾ।
ਸਾਵਧਾਨ ਭੇ ਸਿੱਖ ਜੁਝਾਰਾ।
ਦੋਇ ਪਹਿਰ ਲਗਿ ਮਾਚਜੋ ਜੰਗ।
ਭਏ ਸ਼੍ਰਮਤਿ ਲਰਤੇ ਰਿਪੁ ਸੰਗ[1] ॥੨੭॥
ਸ਼੍ਰੀ ਹਰਿਗੋਵਿੰਦ ਚਲੇ ਅਗਾਰੀ।
ਚਹਤਿ ਕਰਜੋ ਪੁਰਸ਼ਾਰਥ ਭਾਰੀ[1]।
ਹਨਜੋ ਚਹੈਂ ਤਬਿ ਅਬਦੁਲਖਾਨ।
ਦੁਹ ਦਿਸ਼ਿ ਕੇ ਛੁਟਿ ਰਹੇ ਨਿਸ਼ਾਨ ॥੨੮॥
ਬਾਜਨ ਲਗੇ ਜੁਝਾਊ ਬਾਜੇ।
ਭਯੋ ਨੇਰ ਪੁਨ ਜੋਧਾ ਗਾਜੇ।
ਛੂਟਨਿ ਲਗੀ ਤੁਫੰਗੈਂ ਫੇਰਿ।
ਫੇਰਤਿ ਫੇਰ ਫੇਰ ਹਯ ਛੇਰਿ[1] ॥੨੯॥
ਨਿਕਸਿ ਗੋਲ ਤੇ ਤੁਪਕ ਪ੍ਰਹਾਰੈਂ।
ਦੂਸਰ ਆਇ ਬਿਲੋਕਿ ਬੰਗਾਰੈਂ।

†ਪਾ:-ਸੁਤ ਨਬਾਬ ਜੁਤ ਸੁਭਟ ਸੰਘਾਰੇ।

[1]ਖਾਤਮਾਂ।

[1]ਵੈਰੀ ਨਾਲ ਲੜਦੇ (ਸਿੱਖ) ਥੱਕ ਗਏ।

[1]ਮਹਾਨ ਜ਼ੋਰ, ਸਾਕਾ।

[1]ਘੋੜਿਆਂ ਨੂੰ ਛੇੜਕੇ ਫੇਰ ਫੇਰ ਕੇ ਫੇਰਦੇ ਹਨ।

ਸਿੱਖ ਜਾਇ ਤੁਰਕਨ ਕੋ ਗੇਰਹਿਂ।
ਤੁਰਕ ਆਇ ਹਤਿ ਆਗੋ ਘੇਰਹਿਂ
॥੩੦॥
ਸ੍ਰੀ ਸਤਿਗੁਰੁ ਕਰ ਚਾਂਪ ਕਰਾਲਾ।
ਚੁਟਕੀ ਫੇਰਹਿਂ ਬਾਨ ਬਿਸਾਲਾ।
ਕੀਨਸਿ ਤੇਜ਼ ਤਰੰਗਮ ਭਾਰਾ।
ਇਤ ਉਤ ਸਨਮੁਖ ਬਲੀ ਉਦਾਰਾ
॥੩੧॥
ਦੇਖਤਿ ਹੈਂ ਸ਼ੱਤ੍ਰੁਨਿ ਦਲ ਬ੍ਰਿੰਦੰ।
ਜਹਾਂ ਨਬਾਬ ਸਸ਼ੋਕ ਬਿਲੰਦੰ।
ਪ੍ਰੇਰੇ ਕਾਲ ਅਗਾਰੀ ਖਰੇ।
ਸਤਿਗੁਰੁ ਤੀਰ ਪ੍ਰਹਾਰਨਿ ਕਰੇ ॥੩੨॥
ਤੀਛਨ ਭੀਛਨ ਈਛਨਿ[1] ਹੇਰੇ। [1]ਨੇਤ੍ਰਾਂ ਨਾਲ।
ਚਲੇ ਸਰਪ ਸਮ ਸ਼ੂਕ ਬਡੇਰੇ।
ਸ਼ੱਤ੍ਰੁਨਿ ਕੇ ਸਰੀਰ ਇਮ ਬਰੈਂ।
ਬਰਮੀ ਮਹਿਂ ਪ੍ਰਵੇਸ਼ ਜਿਮ ਕਰੈਂ[1] ॥੩੩॥ [1]ਕਰਦੇ ਹਨ (ਸੱਪ)।
ਇੱਕ ਤਨ ਫੋਰਿ ਪਾਰ ਹੁਇ ਜਾਇਂ।
ਪੁਨ ਦੂਸਰ ਕੇ ਪਾਰ ਸਿਧਾਇਂ।
ਜੋਧਾ ਕੈ ਤੁਰੰਗ ਹੁਇ ਕੋਇ।
ਬੇਧਤਿ ਜਾਤਿ ਸਰਬ ਸਰ ਸੋਇ ॥੩੪॥
ਧਰ ਪਰ ਪਰਹਿਂ ਦੜਾ ਦੜ ਜੋਧੇ।
ਦੇਖਤਿ ਮਹਾਂ ਤੁਰਕ ਗਨ ਕ੍ਰੋਧੇ।
'ਬੇਧਹਿਂ ਦੂਰ ਖਰੇ ਹੀ ਤੀਰ।
ਮਾਰਿ ਮਾਰਿ ਕਜੋਂ ਮਰਹੁ ਨ ਬੀਰ'
॥੩੫॥
ਇਮ ਕਹਿ ਵਧੇ ਤੁਰਕ ਗਨ ਆਗੇ।
ਧਰ ਜ੍ਵਾਲਾਬਮਣੀ[1] ਰਿਸ ਜਾਗੇ। [1]ਬੰਦੂਕਾਂ।
ਕੜਾਕੜੀ ਇਕ ਬਾਰ ਚਲਾਈ।
ਗੁਰੁ ਦਲ ਪਰ ਗੁਲਕਾਂ ਬਰਖਾਈ ॥੩੬॥
ਜਬਹਿ ਲਗੀ ਸਿੱਖਨਿ ਤਨ ਗੋਰੀ।
ਰਿਸ ਜਾਗੀ ਗਮਨੇ ਰਿਪੁ ਓਰੀ।
ਛੋਰਿ ਤੁਫੰਗਨਿ ਘਾਲਜੋ ਜ਼ੋਰ[1]। [1]ਬੰਦੂਕਾਂ ਚਲਾਉਣ ਤੇ ਜ਼ੋਰ ਪਾਇਆ।

ਪੁਨ ਬਾਰੂਦ ਪਾਇ ਕਰਿ ਔਰ ॥੩੭॥
ਗਜ ਸੋਂ ਠੋਕਤਿ ਪਾਇ ਦੁਗੋਰੀ।
ਕਰਤਿ ਸ਼ੀਘ੍ਰਤਾ ਰਿਪੁ ਦਿਸ਼ਿ ਛੋਰੀ।
ਦੁਹਿਦਿਸ਼ਿ ਮਾਚਜੋ ਰਣ ਘਮਸਾਨਾ।
ਭਯੋ ਤੁਮਲ[1] ਬਡ ਰੌਰ ਉਠਾਨਾ ॥੩੮॥ [1]ਘਮਸਾਨ।
ਚਾਂਪ ਕਠੋਰਨਿ ਤੇ ਸਰ ਚਾਲੇ।
ਬੇਧਤਿ ਜੋਧਨਿ ਦੇਹਿ ਕਰਾਲੇ।
ਹਯਨਿ ਕੁਦਾਵਤਿ ਤੋਮਰ ਮਾਰਤਿ।
ਬੇਧਤਿ ਸ਼ੱਤ੍ਰੁ ਭੂਮ ਪਰ ਡਾਰਤਿ ॥੩੯॥
ਤੀਛਨ ਬਰਛੀ ਛਿੱਪ੍ਰ ਛੁਰੰਤੀ।
ਤਨ ਫੋਰਨਿ ਕਰਿ ਪਾਰ ਪਰੰਤੀ।
ਬਿਧੇ ਸੂਰ ਤਤਛਿਨ ਧਰ ਡਾਰੇ।
ਸੀਖ਼ ਵਿੰਨ੍ਹ ਜਨੁ ਵੜੇ ਉਤਾਰੇ[1] ॥੪੦॥ [1]ਸੀਖ ਨਾਲ ਵਿੰਨ੍ਹਕੇ ਮਾਨੋਂ ਵੜੇ ਉਤਾਰੇ ਹਨ।
ਪੁਨ ਗਹਿ ਗਹਿ ਨੰਗੀ ਸ਼ਮਸ਼ੇਰ।
ਸੂਰਾ ਭਿਰੇ ਓਜ ਸਮਸ਼ੇਰ।
ਬਹੈਂ[1] ਪਰਸਪਰ ਕਾਟਤਿ ਅੰਗ। [1]ਵਾਹਕੇ (ਤਲਵਾਰਾਂ)।
ਸ਼੍ਰੋਣਤਿ ਗਿਰਤਿ ਲਾਲ ਛਿਤ ਰੰਗ ॥੪੧॥
ਕਿਨਹੁੰ ਨਿਕਾਰੀ ਜਮਧਰ ਧਾਰੀ।
ਨਿਕਟਿ ਢੁਕੇ ਸ਼ੱਤ੍ਰੁਨਿ ਤਨ ਮਾਰੀ।
ਹਿਹਨਾਵਤਿ ਬਹੁ ਫਿਰਹਿਂ ਤੁਰੰਗ।
ਛੂਛ ਜ਼ੀਨ, ਕੋ ਘਾਇਲ ਅੰਗ ॥੪੨॥
ਦੁਇ ਦਲ ਮਿਲਿ ਗੇ ਮਾਰ ਸੁ ਮਾਚੀ।
ਕਰਦਮ ਸ਼੍ਰੋਣ ਮਾਸ ਛਿਤ ਰਾਚੀ।
ਗਿਰੇ ਛਿਨਕ ਮਹਿਂ ਸੁਭਟ ਹਜ਼ਾਰੋਂ।
ਹਥਿਯਾਰਨਿ ਕੇ ਭਏ ਪ੍ਰਹਾਰੋ[1] ॥੪੩॥ [1]ਵਾਰ, ਮਾਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਅਬਦੁਲਖਾਨ ਰਣ ਆਗਮਨ' ਪ੍ਰਸੰਗ ਬਰਨਨੰ ਨਾਮ ਚੱਤਵਾਰਿੰਸਤੀ ਅੰਸੂ ॥੪੦॥

## ੪੧. [ਅਬਦੁਲ ਖਾਂ ਵੱਲੋਂ ਹੱਲਾ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਬਜੇ ਜੁਝਾਊ[1] ਬਹੁਤ ਹੀ, ਜੁਟੇ ਸੁਭਟ ਸੁ ਕਟੱਕ[2]।

[1]ਮਾਰੂ (ਵਾਜੇ)। [2]ਸੈਨਾ ਦੇ।

ਕਟਿ ਕਟਿ ਝਟ ਪਟ ਬਿਕਟ ਜੇ, ਸਟਪਟ ਕ੍ਵੈ ਨ ਅਟੱਕ[1] ॥੧॥

[1]ਜੇਹੜੇ (ਬਿਕਟ =) ਬਹਾਦੁਰ (ਸੂਰਮੇ ਸਨ ਉਹ ਬੀ ਸਟਪਟਾ ਗਏ (ਜਦੋਂ) ਝੱਟ ਪੱਟ ਕਟਾ ਵੱਢ (ਹੋਣ ਲੱਗ ਪਈ ਤੇ) ਕੋਈ ਬੀ ਨਾ ਅਟਕਿਆ।

ਰਸਾਵਲ ਛੰਦ:

ਚਲੇ ਤੀਰ ਗੋਰੀ।
ਮਨੋ ਖੇਲਿ ਹੋਰੀ।
ਸਟਾ ਸੱਟ ਸੇਲੇ[1]।
ਮਨੋ ਮੂਠ ਮੇਲੇ[1] ॥੨॥

[1]ਛੇਤੀ (ਛੇਤੀ) ਸੁੱਟਦੇ (= ਚਲਾਉਂਦੇ ਹਨ) ਸੇਲੇ।

[1]ਮਾਨੋਂ (ਗੁਲਾਲ ਦੀਆਂ) ਮੁੱਠਾਂ ਪਾਂਵਦੇ ਹਨ।

ਸਮੂਹੈਂ ਤੁਫੰਗਾ।
ਕਰੇ ਘਾਉ ਅੰਗਾ।
ਲਗੀ ਪੀਚਕਾਰੀ[1]।
ਖਿਰਯੋ ਰੰਗ ਭਾਰੀ ॥੩॥

[1]ਪਿਚਕਾਰੀ।

ਪਤੰਗੀ ਸੁ ਰੰਗਾ[1]।

[1]ਵਕਮ ਲਕੜੀ ਜੋ ਬੜਾ ਸੁਹਣਾਂ ਲਾਲ ਰੰਗ ਦਿੰਦੀ ਹੈ [ਸੰ: ਪਤ੍ਰੰਗ]

ਚਲਯੋ ਸ਼੍ਰੋਣ ਅੰਗਾ।
ਸੁ ਢਾਲੇ ਉਛਾਲੇ।
ਤਫੈਂ ਜਯੋਂ ਬਿਸਾਲੇ ॥੪॥
ਸੁ 'ਮਾਰੰ' ਅਲਾਵੈਂ।
ਮਨੋ ਗੀਤ ਗਾਵੈਂ।
ਪਰੈਂ ਧਾਇ ਧਾਈ।
ਕ੍ਰਿਪਾਨੈਂ ਚਲਾਈ ॥੫॥
ਕਟੈਂ ਅੰਗ ਗੇਰੈਂ।
ਸੁ ਲੋਥੈਂ ਘਨੇਰੈਂ।
ਨਬਾਬੰ ਦਿਖਾਵੈਂ।
ਬਡੇ ਓਜ ਲਾਵੈਂ ॥੬॥
ਨਹੀਂ ਪਾਇ ਪਾਛੇ।
ਭਿਰੇ ਸੂਰ ਆਛੇ।
ਇਤੈ ਸਿੱਖ ਦੌਰੇ।

ਮਚਜੋ ਭੀਮ† ਰੌਰੇ ॥੭॥
ਪਰੈਂ ਹੂਹ ਦੈ ਕੈ[1]।
ਕ੍ਰਿਪਾਨੈਂ ਚਲੈ ਕੈ।
ਕਿਤੇ ਢਾਲ ਓਡੈਂ।
ਕਿਤੇ ਹਾਥ ਛੋਡੈਂ ॥੮॥
ਸੁ ਬੰਕੇ ਸਿਪਾਹੀ।
ਮਰੇ ਜੰਗ ਮਾਂਹੀ।
ਬਿਧੀ ਚੰਦ ਰੋਸਾ।
ਬਡੀ ਜੰਗ ਹੋਸਾ[1] ॥੯॥
ਸੁ ਆਪੰ ਬਚਾਵੈ।
ਘਨੇ ਸ਼ੱਤ੍ਰੁ ਘਾਵੈ।
ਤਜੈ ਤੀਰ ਤੀਖੇ।
ਜੁ ਸਰਪੰ ਸਰੀਖੇ ॥੧੦॥
ਭਟੰ ਪ੍ਰਾਨ ਹਾਨੇ।
ਗਿਰੇ ਜੰਗ ਥਾਨੇ।
ਮੁਖੰ ਭਾਰ ਕੇਈ।
ਸੁ ਔਂਧੇ ਪਰੇਈ[1] ॥੧੧॥
ਜਹਾਂ ਘਾਵ ਹੋਹੂ।
ਭਕਾਭੱਕ ਲੋਹੂ।
ਕਹੂੰ ਕੰਪ ਧਾਰੇ।
ਭਯੋ ਤ੍ਰਾਸ ਭਾਰੇ ॥੧੨॥
ਕਹੂੰ ਕੋਪ ਠਾਨੇ।
ਗਹਜੋ ਖੱਗ ਪਾਨੇ।
ਝਟਾਝੱਟ ਬਾਹੈਂ।
ਕਰੈਂ ਓਜ ਬਾਹੈਂ ॥੧੩॥
ਤਛਾ ਮੁੱਛ ਹੋਏ।
ਬਡੀ ਨੀਂਦ ਸੋਏ।
ਕਟੀ ਜੰਘ ਕਾਹੂੰ।
ਖਰੇ ਜੰਗ ਮਾਹੂੰ ॥੧੪॥
ਕਟੇ ਕਾਹੁ ਪਾਸੇ।
ਸੁ ਆਤ੍ਰੈਂ ਨਿਕਾਸੇ।

†ਪਾ:-ਭੀਰ = ਭੀੜ ਕਰਕੇ।

[1]ਯੁੱਧ ਨਾਦ ਕਰਕੇ।

[1](ਜਿਸਨੂੰ) ਜੰਗ (ਵਿਦਯਾ ਦੀ) ਬੜੀ ਖਬਰ ਹੈ। (ਅ) ਜਿਸ ਨੂੰ ਜੰਗ ਦੀ ਬੜੀ ਹਵਸ (= ਚਾਹ) ਹੈ।

[1]ਮੂਧੇ ਹੋਕੇ ਡਿੱਗੇ।

ਰਿਦਾ ਕਾਹੁ ਛੇਦਾ।
ਪਰੇ ਪਾਇ ਖੇਦਾ ॥੧੫॥
ਕਿਸੂ ਹਾਥ ਕਾਟਾ।
ਦਯੋ ਤ੍ਰਾਸ ਡਾਟਾ।
ਦੁਧਾਰੇ ਜੁ ਖੰਡੇ।
ਸੁ ਤੀਖੇ ਪ੍ਰਚੰਡੇ ॥੧੬॥
ਬਡੇ ਬਾਢਵਾਰੇ।
ਪੁਲਾਦੀ ਕਰਾਰੇ।
ਲਗੈਂ ਗ੍ਰੀਵ ਜਾਹੂੰ।
ਗਿਰੈ ਸੀਸ ਤਾਹੂੰ ॥੧੭॥
ਭਏ ਰੁੰਡ ਮੁੰਡੰ।
ਪਰੇ ਖੰਡ ਖੰਡੰ।
ਕਟੇ ਕਾਹੁ ਤੁੰਡੰ।
ਲਿਟੇ ਸੂਰ ਝੁੰਡੰ ॥੧੮॥
ਪ੍ਰਚੰਡੈ ਘੁਮੰਡੇ[1]।
ਕਟੇ ਬਾਹੁ ਦੰਡੇ।
ਸਰੋਹੀ, ਹਲੱਬੀ।
ਸੁ ਤੇਗੇ ਜੁਨੱਬੀ[1] ॥੧੯॥
ਕੜਾਕਾੜ ਝਾੜੈਂ।
ਬਨੇ ਭੀਮ[1] ਤਾੜੈਂ।
ਬਡੇ ਸਿੱਖ ਕ੍ਰੋਧੇ।
ਮਹਾਂ ਜੰਗ ਜੋਧੇ ॥੨੦॥
ਮਲੇਛਾਨ ਹੱਲਾ।
ਦਿਢੰ ਹੋਇ ਝੱਲਾ।
ਘਨੀ ਮਾਰਿ ਮਾਚੀ।
ਲਹੂ ਧੂਲਿ ਰਾਚੀ ॥੨੧॥

ਦੋਹਰਾ:
ਇਕ ਇਕ ਸਿੱਖ ਗੁਰੁ ਸੁਭਟ ਜੇ
ਦਸ ਦਸ ਤੁਰਕ ਸੰਘਾਰਿ।
ਕੋ ਸ਼ਹੀਦ ਕੋ ਜਿਯਤਿ ਭਾ
ਸਤਿਗੁਰੁ ਕੋ ਬਲ ਧਾਰਿ ॥੨੨॥

ਰਸਾਵਲ ਛੰਦ:

[1]ਭਾਰੀ ਹੰਕਾਰੀ (ਸੂਰਮਿਆਂ) ਦੇ.....।
[1]ਭਾਵ ਤਲਵਾਰਾਂ।
[1]ਭਯਾਨਕ ਬਣਕੇ।

| | |
|---|---|
| ਗੁਰੂ ਕੋਪ ਹੋਏ। | |
| ਪਿਖੇ ਸ਼ੱਤ੍ਰ ਢੋਏ। | |
| ਮਲੇਛੰ ਸਮੂਹਾ। | |
| ਪਰੇ ਦੀਨਿ ਹੂਹਾ[1] ॥੨੩॥ | [1]ਹੱਲਾ ਕਰਕੇ ਯਾ ਯੁੱਧ ਨਾਦ ਕਰਕੇ ਆ ਪਏ। |
| ਕਰੇ ਲਾਲ ਨੈਨਾ। | |
| ਲਿੱਯੋ ਬਾਨ ਪੈਨਾ[1]। | [1]ਤਿੱਖਾ। |
| ਨਿਖੰਗੈਂ ਨਿਕਾਸਾ। | |
| ਮੁਖੀ ਤੇ ਪ੍ਰਕਾਸ਼ਾ ॥੨੪॥ | |
| ਹੁਤੋ ਮੋਟਿ ਕਾਨਾ। | |
| ਸੁ ਪੰਖੈ ਮਹਾਨਾ[1]। | [1]ਵੱਡੇ ਖੰਭ ਵਾਲਾ। |
| ਗੁਨੰ ਚਾਂਪ ਜੋਰਾ[1]। | [1]ਧਨੁਖ ਦੀ ਤੰਦੀ ਵਿਚ ਜੋੜਿਆ। |
| ਕਠੋਰੈਂ ਜੁ ਚੌਰਾ[1] ॥੨੫॥ | [1]ਜੋ ਕਰੜਾ ਤੇ ਚੌੜਾ ਹੈ। |
| ਕਰਜੋ ਤਾਨ ਤਾਨਾ[1]। | [1]ਬਲ ਨਾਲ ਤਾਣਿਆ। |
| ਲਗਜੋ ਪਾਨ ਕਾਨਾ[1]। | [1]ਕਿ ਹੱਥ ਕੰਨ ਨੂੰ ਜਾ ਲਗਾ। |
| ਤਕਜੋ ਗੋਲ[1] ਮਾਰਾ। | [1]ਟੋਲੇ ਨੂੰ ਤੱਕ ਕੇ। |
| ਚਲਜੋ ਬੇਗ ਪਾਰਾ[1] ॥੨੬॥ | [1]ਝੱਟ ਪਾਰ ਹੋ ਗਿਆ। |
| ਲਗਜੋ ਸ਼ੂੰਕ ਕੈਸੇ। | |
| ਬਰਜੋ ਨਾਗ ਜੈਸੇ। | |
| ਗਯੋ ਫੋਰਿ ਛਾਤੀ। | |
| ਧਰਾ ਪੈ ਪਪਾਤੀ ॥੨੭॥ | |
| ਦੁਤੀ ਜਾਇ ਭੇਦਾ[1]। | [1]ਫਿਰ) ਦੂਜੇ (ਸੂਰਮੇ ਨੂੰ) ਜਾ ਵਿੰਨ੍ਹਿਆਂ। |
| ਤਿਸੈ ਅੰਗ ਛੇਦਾ[1]। | [1]ਵਿੰਨ੍ਹਿਆਂ। |
| ਪਰਜੋ ਭੂਮਿ ਜਾਈ। | |
| ਤ੍ਰਿਤੀ ਫੇਰਿ ਘਾਈ ॥੨੮॥ | |
| ਭਟੰ ਚੌਥ ਲਾਗੇ। | |
| ਤਬੈ ਪ੍ਰਾਨ ਤਜਾਗੇ। | |
| ਪੁਨੰ ਪੰਚ ਬੀਧਾ[1]। | [1]ਫਿਰ ਪੰਜਵਾਂ (ਸੂਰਮਾਂ) ਵਿੰਨ੍ਹਿਆਂ। |
| ਗਡਜੋ ਜਾਇ ਸੀਧਾ ॥੨੯॥ | |
| ਧਰਜੋ ਤੀਰ ਦੂਵਾ। | |
| ਮਹਾਂ ਕੋਪ ਹੁਵਾ। | |
| ਤਜਜੋ ਬੇਗ ਸੰਗਾ। | |
| ਘਨੇ ਸ਼ੱਤ੍ਰ ਭੰਗਾ ॥੩੦॥ | |

ਇਸੀ ਰੀਤਿ ਫੇਰੇ।
ਪ੍ਰਹਾਰੈਂ ਘਨੇਰੇ।
ਗਿਰੇ ਖਾਨ ਮਾਨੀ।
ਦਿਏ ਪ੍ਰਾਨ ਹਾਨੀ ॥੩੧॥
ਲਗੈਂ ਬਾਨ ਜਾਏ।
ਘਨੇ ਸ਼ੱਤ੍ਰੂ ਘਾਏ।
ਭਰੇ ਜੋ ਨਿਖੰਗੈਂ।
ਚਲਾਏ ਖਤੰਗੈਂ ॥੩੨॥
ਇਕੰ ਦੋਇ ਤੀਨੋਂ।
ਕਰੈਂ ਪ੍ਰਾਨ ਹੀਨੋਂ।
ਬਡੇ ਬੇਗ ਵਾਰੇ।
ਲਗੈਂ ਫੋਰਿ ਪਾਰੇ[1] ॥੩੩॥
ਧਵਾਵੈਂ ਤੁਰੰਗਾ।
ਪ੍ਰਹਾਰੈਂ ਖਤੰਗਾ।
ਚਲਾਵੈਂ ਤੁਫੰਗਾ।
ਭਟੰ ਅੰਗ ਭੰਗਾ ॥੩੪॥
ਬਡੇ ਘਾਵ ਸੰਗਾ।
ਲਹੂ ਲਾਲ ਰੰਗਾ।
ਬਨੈਂ ਬੇਸ ਚੰਗਾ।
ਮਚਯੋ ਭੀਮ ਜੰਗਾ ॥੩੫॥

[1]ਪਾਰ ਹੋ ਜਾਂਦੇ ਹਨ।

ਦੋਹਰਾ:
ਕਹਿੰ ਲਗਿ ਬਰਨੋ ਜੁੱਧ ਕੋ, ਭਯੋ ਮਹਾਂ ਘਮਸਾਨ।
ਪ੍ਰਥਮ ਤੁਫੰਗਨਿ ਤੇ ਮਰੇ, ਤੁਰਕਨਿ ਕੋ ਅਵਸਾਨ[1] ॥੩੬॥

[1]ਪਹਿਲੇ ਹੀ ਤੀਰਾਂ ਨਾਲ ਤੁਰਕਾਂ ਦੇ ਔਸਾਨ ਮਰ ਗਏ (ਹੌਂਸਲੇ ਢਿਲੇ ਪੈ ਗਏ)। [ਹਿੰ: ਔਸਾਨ = ਹੋਸ਼, ਹੌਂਸਲਾ, ਧੀਰਜ] (ਅ) ਤੁਰਕਾਂ ਦਾ ਨਾਸ਼ ਹੋ ਗਿਆ। [ਸੰਸ: ਅਵਸਾਨ = ਨਾਸ਼]

ਪਾਧੜੀ ਛੰਦ:
ਗੁਲਕਾਨਿ ਮਾਰਿ ਕਰਿ ਪ੍ਰਾਨ ਹਾਨਿ।
ਰਣ ਖੇਤ ਬਿਖੈ ਸੁਪਤੇ ਮਹਾਂਨ।
ਪੁਨ ਬਾਨ ਸੰਗ ਭਾ ਭੀਮ ਜੰਗ।
ਤਬਿ ਭਏ ਤੁਰਕ ਗਨ ਪ੍ਰਾਨ ਭੰਗਿ ॥੩੭॥

ਖਰ ਸੇਲ ਸਕਤਿ ਤੋਮਰ ਪ੍ਰਹਾਰਿ।
ਇਨ ਸਾਥ ਘਨੇ ਰਣ ਤੁਰਕ ਮਾਰਿ।
ਪੁਨਿ ਚਲੇ ਖੜਗ ਇਕ ਬਾਰਿ ਬ੍ਰਿੰਦ।
ਕਟਿ ਗਏ ਬਹੁਤ ਛਿਨ ਮੈਂ ਨਿਕੰਦਿ[1] ॥੩੮॥

[1]ਕੱਟਕੇ ਨਾਸ਼ ਹੋ ਗਏ।

ਰਣ ਖੇਤ ਦੂਰਿ ਲਗ ਭਾ ਮਹਾਨ।
ਜਹਿਂ ਕਰਹਿਂ ਜੋਗਨੀ ਸ਼੍ਰੋਨ ਪਾਨ।
ਖੱਪਰ ਭਰੰਤਿ ਬਹੁ ਬਾਰਿ ਬਾਰਿ।
ਹ੍ਵੈ ਤ੍ਰਿਪਤਿ ਬਹੁਤਿ ਲੇਤੀ ਡਕਾਰ ॥੩੯॥
ਬਹੁ ਗ੍ਰਿੱਝ ਕੰਕ ਬਾਇਸ ਪੁਕਾਰ।
ਮਨ ਭਾਇ ਖਾਇ ਆਮਿਖ ਅਹਾਰ।
ਗਨ ਮਿਲੇ ਆਨਿ ਨਿਰਭੈ ਗੁਮਾਯ[1]।
ਲਖਿ ਸੰਝ ਬੋਲਤੇ ਧੁਨਿ ਉਚਾਯ ॥੪੦॥

[1]ਗਿਦੜੀਆਂ।

ਬਹੁ ਭੂਤ ਪ੍ਰੇਤ ਨਾਚੰਤਿ ਗਾਇ।
ਹੜ ਹੜ ਹਸੰਤਿ ਮਨ ਭਾਯ ਪਾਯ[1]।

[1]ਮਨ ਭਾਂਵਦਾ (ਮਾਸ ਆਦਿਕ) ਪਾਕੇ।

ਡਾਕਨਿ ਪਿਸ਼ਾਚ[1] ਬਹੁ ਰੁਧਿਰ ਰਾਚਿ।

[1]ਡਾਇਣਾਂ ਤੇ ਜਿੰਨ, ਭੂਤ।

ਬਹੁ ਮਾਸ ਖਾਤਿ ਰੁਚਿ ਮਾਚਿ ਮਾਚਿ[1] ॥੪੧॥

[1]ਭਾਵ ਖੁਸ਼ ਹੋ ਹੋਕੇ।

ਬਿਥਰੇ ਸੁ ਪਰੇ ਬਹੁ ਰੁੰਡ ਮੁੰਡ।
ਇਕ ਗਿਰੇ ਸੂਰ ਤਨ ਖੰਡ ਖੰਡ।
ਗਨ ਤੁਪਕ, ਧਨੁਖ, ਤੋਮਰ, ਕ੍ਰਿਪਾਨ।
ਬਹੁ ਪਰੇ ਖੇਤ ਮਹਿਂ ਮੂਲ ਮਹਾਨ[1]† ॥੪੨॥

[1]ਇਸ ਤਰ੍ਹਾਂ ਦੇ) ਬੜੇ ਬੜੇ ਮੁਲ ਵਾਲੇ (ਸ਼ਸਤ੍ਰ) ਯੁੱਧ ਭੂਮਕਾ ਵਿਚ ਬਹੁਤ ਪਏ ਹਨ। †ਪਾ:-ਖੇਤ ਮਹਿਂ ਮੁਸਲਮਾਨ। ਪੁਨਾ:-ਖੇਤ ਮੁਗਲੈਂ ਮਹਾਨ।

ਮਰਿ ਗਏ ਬੀਰ ਜੇ ਧਰਨਿਹਾਰ[1]।

[1]ਜਿਨ੍ਹਾਂ ਨੂੰ ਧਾਰਨ ਵਾਲੇ ਸੂਰਮੇ ਮਰ ਗਏ ਹਨ।

ਕੁਛ ਰਹੇ ਆਨਿ ਥੋਰੇ ਜੁਝਾਰ।
ਹਯ ਮਰੇ ਪਰੇ ਜਹਿਂ ਕਹਿਂ ਬਿਲੰਦ।
ਕੋ ਤਰਫਿ ਤਰਫਿ ਹੋਵਤਿ ਨਿਕੰਦ ॥੪੩॥
ਜਿਨ ਜ਼ੀਨ ਰਜਤ ਅਰ ਹੇਮ ਕੇਰਿ।
ਕੋ ਬਿਚਰਤਿ ਛੂਛੇ ਹੇਰਿ ਹੇਰਿ†।

†ਪਾ:-ਕੋ ਫਿਰਤਿ ਛੂਛ ਭਜਿ ਹੇਰ ਹੇਰ।

ਭਟ ਪਰੇ ਕਿਤਿਕ ਘਾਇਲ ਮਹਾਨ।
ਦਰੜੰਤਿ ਸਭਿਨਿ ਦੇ ਪ੍ਰਾਨ ਹਾਨ ॥੪੪॥

ਕਿਸ ਕੀ ਸੰਭਾਰ ਨਹਿਂ ਕੋਇ ਲੇਤਿ।
ਬਹੁ ਮਰੇ ਅਲਪ ਰਹਿਗੇ ਸੁ ਖੇਤ।
ਤਿਸ ਕਾਲ ਮਾਰਿ ਭੀ ਕੁਛਕ ਐਸ।
ਮਰਿ ਗਏ ਤੁਰਕ ਲਖਿਯਤਿ ਨ ਕੈਸ ॥੪੫॥
ਕੁਛ ਰਹੇ ਸ਼ੇਸ਼ ਤਜਿ ਜਿਯਨਿ ਆਸਿ।
ਕਾਯਰ ਭਜੰਤਿ ਧਰਿ ਅਧਿਕ ਤ੍ਰਾਸ।
ਪਿਖਿ ਅਬਦੁਲ ਖਾਂ ਬਿਸਮਜੋ ਵਿਸ਼ੇਸ਼।
-ਕਿਮ ਮਰੀ ਸੈਨ ਰਹਿ ਅਲਪ ਸ਼ੇਸ਼- ॥੪੬॥
ਰਣ ਬਿਖੈ ਜੀਤ ਅਰੁ ਜਿਯਨਿ ਆਸ।
ਹੁਇਗੋ ਨਿਰਾਸ ਪਿਖਿ ਸਕਲ ਨਾਸ਼।
-ਅਬਿ ਮਰੌਂ ਜੰਗ ਕੇ ਸਮੁਖ ਹੋਇ।
ਕੈ ਹਤੌਂ ਗੁਰੂ ਨਿਜ ਦ੍ਰਿਸ਼ਟਿ ਜੋਇ ॥੪੭॥
ਨਹਿਂ ਖਿਰੌਂ ਦੂਰ ਅਬਿ ਲੇਉਂ ਦੇਖਿ।
ਕਿਮ ਹਤਹਿ ਸ਼ਸਤ੍ਰ ਗੁਰ ਭਾ ਵਿਸ਼ੇਖ[1]।

[1]ਗੁਰੂ ਜੋ ਵੱਡਾ (ਬਲੀ) ਹੋ ਗਿਆ ਹੈ, ਕੀਕੂੰ ਸ਼ਸਤ੍ਰ ਮਾਰਦਾ ਹੈ। (ਅ) (ਮੈਂ ਤੱਕਾਂ ਤਾਂ ਸਹੀ) ਗੁਰੂ ਸ਼ਸਤ੍ਰ ਚਲਾਵਨ ਵਿਚ ਕਿਵੇਂ ਵੱਡਾ ਹੋ ਗਿਆ ਹੈ।

ਤਿਹ ਸੰਗ ਜੁਟੋਂ ਮੈਂ ਆਪ ਜਾਇ।
ਮੋ ਲਰੇ ਬਿਨਾ ਨਹਿਂ ਕੋ ਉਪਾਇ ॥੪੮॥
ਗੁਰ ਹਾਥ ਸਾਥ ਮਰਿਹੌਂ ਲਰੰਤਿ।
ਕੈ ਲੇਉਂ ਮਾਰਿ ਰਣ ਹੋਇ ਅੰਤ-।
ਇਸ ਬਿਧਿ ਬਿਚਾਰ ਮਨ ਕਸ਼ਟ ਪਾਇ।
ਹਿਤ ਮਰਣ ਚਲਜੋ ਸੂਬਾ ਅਗਾਇ ॥੪੯॥
ਜੁਗ ਸੰਗ ਲੀਨਿ ਖੱਤ੍ਰੀ ਬਿਲੰਦ।
ਇਕ ਕਰਮਚੰਦ ਅਰੁ ਰਤਨਚੰਦ।
ਕਰਿ ਬਾਮ ਦਾਹਿਨੇ ਚੁਹਨਿ ਬੀਰ।
ਗੁਰੁ ਸਮੁਖ ਚਲਜੋ ਹ੍ਵੈ ਕੈ ਅਭੀਰ[1] ॥੫੦॥

[1]ਦਲੇਰ ਹੋਕੇ।

ਬਿਧੀ ਆਦਿ ਸਿੱਖ ਜੇ ਲਰਤਿ ਔਰ।
ਤਜਿ ਸੁਭਟ ਤੁਰਕ ਤਿਨ ਸੰਗ ਠੋਰਿ[1]।

[1]ਤਿਨ੍ਹਾਂ ਨਾਲ (ਲੜਨ ਲਈ) ਉਸ ਥਾਂ ਤੇ (ਹੋਰ) ਤੁਰਕ

ਸੂਰਮੇ ਛੱਡ ਕੇ।

ਤਹਿਂ ਤੇ ਸੁ ਟਰਯੋ ਗੁਰ ਜਾਂਹਿ ਥਾਨ।
ਪਹੁੰਚਯੋ ਨਬਾਬ ਤਹਿਂ ਤੁਰਤ ਆਨਿ
॥੫੧॥
ਬਹੁ ਰਿਦੇ ਧਾਰਿ ਗੁਰੁ ਪਿਖਨਿ ਚਾਹਿ।
-ਮਰਿ ਰਹੌਂ ਕਿ ਮਾਰੋਂ ਜੰਗ ਮਾਂਹਿ।
ਨਿਜ ਬਲ ਦਿਖਾਇ, ਤਿਹ ਦੇਖਿ ਲੇਉਂ।
ਕਰਿ ਹੌਂ ਨਿਬੇਰ ਗੁਰ ਮਾਰਿ ਦੇਉਂ-
॥੫੨॥

ਦੋਹਰਾ:

ਇਸ ਬਿਧਿ ਠਟਿ ਕਰਿ ਆਇਗੋ
ਜਹਿਂ ਥਿਤ ਗੁਰ ਭਗਵਾਨ।
ਪਿਖਿਨਿ ਪਰਸਪਰ ਹੋਤਿ ਭਾ
ਲਰਿਬੇ ਚੌਂਪ ਮਹਾਨ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸੁਭਟਨ' ਪ੍ਰਸੰਗ ਬਰਨਨੰ ਨਾਮ ਏਕ ਚੱਤਵਾਰਿੰਸਤੀ ਅੰਸੂ ॥੪੧॥

## ੪੨. [ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਸਨਮੁਖ ਭਯੋ ਨਬਾਬ ਜਬਿ, ਬਹੁ ਸੈਨਾ ਮਰਿਵਾਇ।
ਦ੍ਰਿਸ਼ਟਿ ਪਰਸਪਰ ਪ੍ਰੇਰਿ ਤਬਿ, ਪਿਖੇ ਰੂਪ ਦ੍ਰਿਗ ਲਾਇ ॥੧॥

ਚੌਪਈ:

ਕਰ ਧਨੁ, ਕਟ ਇਖਧੀ[1] ਸ਼ਮਸ਼ੇਰ[2]।
ਸਿਪਰ ਸਹਤ ਸ਼੍ਰੀ ਗੁਰ ਸਮ ਸ਼ੇਰ।
ਬਡੇ ਪ੍ਰਤਾਪਵੰਤਿ ਪਿਖਿ ਕਰਿ ਕੈ।
ਹਤਨਿ ਹੇਤ ਗਨ ਜਤਨ ਸਿਮਰਿ ਕੈ ॥੨॥

[1]ਹੱਥ ਵਿਚ ਧਨੁਖ, ਲੱਕ ਵਿਚ ਭੱਥਾ [ਸੰ: ਇਖ਼ੁਧੀ]। [2]ਤਲਵਾਰ।

ਤੁਰੰਗ ਨਚਾਵਤਿ ਜੁਤਿ ਗਜਗਾਹਨਿ[1]।
ਸਿੱਖਨਿ ਕੋ ਚਾਹਤਿ ਅਵਿਗਾਹਨਿ[1]।
ਚਾਂਪ ਹਾਥ ਮਹਿਂ ਤੀਰ ਨਿਕਾਰਤਿ।
ਐਂਚਿ ਕਾਨ ਲਗਿ ਬਲ ਕਰਿ ਮਾਰਤਿ ॥੩॥

[1]ਦੇਖੋ ਇਸੇ ਰਾਸ ਦਾ ਅੰਸੂ ੩੯ ਅੰਕ ੩੫ ਦੀ ਪਹਿਲੀ ਸਤਰ ਦਾ ਪ੍ਰਯਾਯ।

[1]ਹਲ ਚਲ ਪਾ ਦੇਣੀ। (ਅ) ਭਾਵ, ਸਿੱਖਾਂ ਨੂੰ ਲੰਘ ਕੇ ਸਤਿਗੁਰੂ ਜੀ ਪਾਸ ਜਾਵਣਾ ਚਾਹੁੰਦਾ ਹੈ।

ਕੰਚਨਿ ਕੇਰ ਬਿਭੂਖਨ ਅੰਗ।
ਜਬਰ ਜਵਾਹਰਿ ਜਰਤੀ ਸੰਗ।
ਬਲੀ ਚਪਲ ਬਡ ਮੋਲ ਤੁਰੰਗ।
ਠਹਿਰਤਿ ਨਹਿਂ ਥਰਕਤਿ ਬਿਚ ਜੰਗ[1] ॥੪॥

[1]ਟਿਕਦਾ ਨਹੀਂ ਤੇ ਥਰਕਦਾ ਰਹਿੰਦਾ ਹੈ ਭਾਵ ਦਾਉ ਘਾਉ ਤੋਂ ਬਚਣ ਲਈ ਇਧਰ ਉਧਰ ਹੁੰਦਾ ਰਹਿੰਦਾ ਹੈ।

ਤਿਮ ਦੋਨਹੁ ਖੱਤ੍ਰੀ ਚਲਿ ਆਏ।
ਗੁਰੁ ਕੋ ਹੇਰਿ ਰਿਦੇ ਤਪਤਾਏ।
ਤਿਨਹੁ ਬਿਲੋਕਤਿ ਸਤਿਗੁਰ ਬੋਲੇ।
'ਅਬਹਿ ਕਾਲ, ਪਲਟਾ ਪਿਤ ਕੋ ਲੇ[1] ॥੫॥

[1]ਹੁਣ ਸਮਾਂ ਹੈ ਪਿਤਾ ਦਾ ਬਦਲਾ ਲੈ ਲੈ।

ਕਿਮ ਕਾਇਰ ਬਨਿ ਸਮੁਖ ਨ ਆਵਹੁ?
ਰਚਿ ਉਪਾਧਿ ਬਡਿ ਤੁਰਕ ਹਨਾਵਹੁ।
ਬੈਹਿ ਕਚਹਿਰੀ ਬਾਤਿ ਬਨੈ ਹੈਂ।

-ਪਿਤ ਪਲਟਾ ਗੁਰੁ ਤੇ ਹਮ ਲੈਹੈਂ- ॥੬॥
ਤੁਮ ਕਹਿਬੋ ਕਹੁ ਮਹਿਦ ਧਿਕਾਰੂ।
ਨਹਿਂ ਢਿਗ ਹੋਵਤਿ ਜੰਗ ਮਝਾਰੂ[1]।'
ਸੁਨਿ ਕਰਿ ਜਰੇ, ਜਰੇ ਨਹਿਂ ਬੈਨ।
ਰਿਸ ਤੇ ਕਰੇ ਲਾਲ ਜੁਗ ਨੈਨ ॥੭॥
ਦੋਨਹੁਂ ਖੱਤਰੀ ਸਹਤ ਨਬਾਬ।
ਚੰਚਲ ਕਰੇ ਤੁਰੰਗ ਸ਼ਤਾਬ।
ਢੁਕੇ ਨਿਕਟਿ ਗੁਰੁ ਚਾਹਸਿ ਮਾਰਾ।
ਚਾਂਪਨ ਮਹਿਂ ਕਰਿ ਬਾਨ ਸੰਚਾਰਾ[1]† ॥੮॥
ਐਂਚਿ ਐਂਚਿ ਤੀਨਹੁਂ ਬਲ ਪੀਨ।
ਸਤਿਗੁਰ ਸਨਮੁਖ ਛੋਰਨਿ ਕੀਨਿ।
ਸ੍ਰੀ ਹਰਿਗੋਵਿੰਦ ਹਯ ਚਪਲਾਵੈਂ।
ਇਤ ਉਤ ਫੇਰਤਿ ਅੰਗ ਬਚਾਵੈਂ ॥੯॥
ਅਪਨੋ ਧਨੁਖ ਕਠੋਰ ਸੰਭਾਰਾ।
ਖਰ ਖਪਰਾ ਧਰਿ ਗੁਨ ਸੰਚਾਰਾ[1]।
ਤਾਨ ਕਾਨ ਲਗਿ ਮਾਰਸਿ ਬਾਨਾ।
ਗਯੋ ਬੇਗ ਜੁਤਿ[1] ਸਰਪ ਸਮਾਨਾ ॥੧੦॥
ਰਤਨਚੰਦ ਕੋ ਤਾਕਿ ਚਲਾਵਾ।
ਸੋ ਹਲਿ ਗਯੋ ਤੁਰੰਗ ਕੋ ਘਾਵਾ।
ਉਛਰਤਿ ਕੀ ਛਾਤੀ ਬਿਧਿ ਗਇਊ।
ਪਾਛਲ ਦਿਸ਼ਾ ਪਾਰ ਸਰ ਭਇਊ[1] ॥੧੧॥
ਗਿਰਜੋ ਉਥਲ ਅਸੁ ਹੇਰਤਿ ਖਰੇ।
ਖਾਨ ਬਾਨ ਕੀ ਸਿਫਤੀ ਕਰੇ[1]।
'ਮੋ ਸਰ ਕੀ ਏਤੀ ਨਹਿਂ ਮਾਰਿ।
ਪਰਜੋ ਪਾਰ ਹਯ ਕੋ ਧਰਿ ਡਾਰਿ' ॥੧੨॥
ਰਤਨਚੰਦ ਗਿਰ ਪਰਜੋ ਸੰਭਾਰਾ।
ਕਰਮਚੰਦ ਤਬਿ ਭਯੋ ਅਗਾਰਾ।
ਹਤਜੋ ਤੀਰ ਗੁਰੁ ਕੇ ਹਯ ਲਾਗਾ।
ਘਾਵ ਗ੍ਰੀਵ ਮਹਿਂ ਗਿਰਜੋ ਨ ਆਗਾ[1]

[1]ਕਿਉਂਕਿ) ਜੰਗ ਵਿਚ ਤਾਂ ਨੇੜੇ ਨਹੀਂ ਢੁਕਦੇ ਹੋ।
[1]ਮੇਲਕੇ। †ਪਾ:-ਸੰਭਾਰਾ।
[1]ਚਿੱਲੇ ਵਿਚ ਜੋੜਿਆ।
[1]ਵੇਗ ਨਾਲ।
[1]ਘੋੜੇ ਦੀ) ਛਾਤੀ ਵਿੰਨ੍ਹਕੇ ਪਿਛਲੇ ਪਾਸਿਓਂ ਜਾ ਨਿਕਲਿਆ।
[1]ਅਬਦੁਲ) ਖਾਂ (ਗੁਰੂ ਜੀ ਦੇ ਚਲਾਏ) ਬਾਣ ਦੀ ਸਿਫਤ ਕਰਨ ਲੱਗ ਪਿਆ ਕਿ....।
[1]ਘੋੜੇ ਦੀ ਗਿੱਚੀ ਦੇ ਅੱਗੇ ਜ਼ਖਮ ਤਾਂ ਹੋ ਗਿਆ, ਪਰ

॥੧੩॥
ਐਂਚਿ ਗੁਰੂ ਨੇ ਤੀਰ ਨਿਕਾਰਾ।
ਹਯ ਛੇਰਯੋ ਜਿਸ ਮਹਿਂ ਬਲ ਭਾਰਾ।
ਪ੍ਰਥਮ ਸਮਾਨ ਉਠ੍ਯੋ ਕਰਿ ਛਾਲ।
ਜਾਤਿ ਗ੍ਰੀਵ ਤੇ ਰੁਧਰ ਬਿਸਾਲ ॥੧੪॥
ਸਤਿਗੁਰ ਕੇ ਰਿਸਿ ਉਪਜੀ ਮਹਾਂ।
ਨਿਜ ਹਾਵਨ ਕੇ ਸ਼੍ਰੋਣਤ ਲਹਾ।
ਧਨੁਖ ਸਿਕੰਧ ਧਰਯੋ ਤਿਸ ਕਾਲਾ।
ਐਂਚਯੋ ਤੂਰਨ ਖੜਗ ਕਰਾਲਾ ॥੧੫॥
ਦੜਬੜਾਇ ਘੋਰਾ ਤਬਿ ਛੇਰਾ।
ਕਰਮਚੰਦ ਕੋ ਤਤਛਿਨ ਘੇਰਾ।
ਦਾਰੁਨ ਗੁਰੁ ਸਰੂਪ ਜਬਿ ਹੇਰਾ।
ਜੀਵਨ ਤੇ ਨਿਰਾਸ ਤਿਸ ਬੇਰਾ ॥੧੬॥
ਪ੍ਰੇਰਿ ਤੁਰੰਗ ਸਿਪਰ ਗਹਿ ਹਾਥ।
ਖੈਂਚਯੋ ਖੜਗ ਕੋਪ ਕੇ ਸਾਥ।
ਗੁਰੁ ਨੇ ਫਿਰ ਚੌਗਿਰਦ ਦਬਾਯੋ।
ਜਾਨਯੋ ਤਬੈ ਕਾਲ ਨਿਯਰਾਯੋ† ॥੧੭॥
ਰਤਨਚੰਦ ਅਰੁ ਬਲੀ ਨਬਾਬ।
ਕੀਨਸਿ ਤਿਨ ਤੇ ਪ੍ਰਿਥਕ ਸ਼ਿਤਾਬ[1]।
ਬਲਿ ਕਰਿ ਗੁਰ ਕੇ ਖੜਗ ਪ੍ਰਹਾਰਾ।
ਕਰੀ ਸਿਪਰ ਆਗੈ ਤਿਸ ਬਾਰਾ ॥੧੮॥
ਜਬਹਿ ਵਾਰ ਤੇ ਅੰਗ ਬਚਾਵਾ।
ਤਬਿ ਤੁਰੰਗ ਸਿਰ ਕਾਟਿ ਗਿਰਾਵਾ।
ਗਿਰ ਕਰਿ ਕਰਮ ਚੰਦ ਹੁਇ ਖਰਯੋ।
ਰਤਨਚੰਦ ਢਿਗ ਆਵਨਿ ਕਰਯੋ ॥੧੯॥
ਦੋਨਹੁ ਬਿਨ ਹਯ ਤੇ ਹੁਇ ਖਰੇ।
ਪਿਖਿ ਨਬਾਬ ਆਯਹੁ ਰਿਸਿ ਧਰੇ।
ਤੀਨਹੁੰ ਤੀਰ ਚਲਾਵਤਿ ਆਗੇ।
ਗੁਰੁ ਤੁਰੰਗ ਕੈ ਬਹੁਤੇ ਲਾਗੇ ॥੨੦॥
ਅੰਗ ਅੰਗ ਬੀਧਯੋ ਜਿਸ ਕੇਰਾ।
ਰਿਸਿ ਧਰਿ ਗੁਰੁ ਨਬਾਬ ਕੋ ਹੇਰਾ।

ਘੋੜਾ ਢੱਠਾ ਨਾ।

†ਪਾ:-ਮਾਰਿ ਮਾਰਿ ਐਸੇ ਕਹਿ ਆਯੋ। ਗੁਰ ਨੇ ਫਿਰ ਚੌਗਿਰਦ ਦਬਾਯੋ।

[1]ਰਤਨ ਚੰਦ ਤੇ ਨਬਾਬ) ਤੋਂ ਛੇਤੀ ਨਾਲ (ਉਸਨੂੰ) ਨਿਖੇੜ ਲਿਆ।

ਖਰ ਖਪਰਾ ਧਨੁ ਐਂਚ ਚਲਾਯੋ।
ਗਯੋ ਬੇਗ ਤੇ ਜਨੁ ਅਹਿ ਪਾਯੋ ॥੨੧॥
ਬਿਚਰਤਿ ਸੂਬੇ ਕੋ ਹਯ ਭਾਰਾ।
ਲਗ੍ਯੋ ਜਾਇ ਤਿਹ ਭਾਲ ਮਝਾਰਾ।
ਦੜ ਅਵਿਨਿ ਪਰ ਗਿਰ੍ਯੋ ਤੁਰੰਗ।
ਖਰੋ ਨਬਾਬ ਸੰਭਾਰ੍ਯੋ ਅੰਗ ॥੨੨॥
ਤਬਿ ਤੀਨਹੁਂ ਕੇ ਰਿਸਿ ਬਹੁ ਛਾਈ।
ਚਹਤਿ -ਗੁਰੂ ਕੇ ਹਯ ਦੇਂ ਘਾਈ-।
ਜੋਰਿ ਜੋਰਿ ਤੀਨਹੁਂ ਸਰ ਮਾਰੇ।
ਬੀਧੇ ਅੰਗ ਤੁਰੰਗਮ ਸਾਰੇ ॥੨੩॥
ਤਬਿ ਤੀਨਹੁਂ ਤੇ ਛੁਟਿ ਕਰਿ ਤੀਰ।
ਲਗੇ ਭਾਲ ਹਯ ਕੇ ਬਢਿ[1] ਪੀਰ।
ਗਿਰਿ ਧਰਨੀ ਪਰ ਸੁਰਗ ਸਿਧਾਰਾ।
ਗੁਰੂ ਤਰ ਰਹ੍ਯੋ ਭਾਗ ਜਿਸ ਭਾਰਾ ॥੨੪॥
ਸ਼੍ਰੀ ਹਰਿਗੋਵਿੰਦ ਬਡਿ ਬਲ ਜੋਧਾ।
ਪਦ ਕੇ ਭਾਰ ਖਰੋ ਉਰ ਕ੍ਰੋਧਾ।
ਮਨੋ ਦਾਹਬੇ ਜਗਤ ਅਸ਼ੇਖ਼[1]।
ਬਨ੍ਯੋ ਰੁੱਦ੍ਰ ਕੋ ਰੁੱਦ੍ਰਹਿ ਬੇਖ[1] ॥੨੫॥
ਬਿਧੀਚੰਦ ਆਦਿਕ ਭਟ ਭਾਰੇ।
ਲਰਤਿ ਤੁਰਕ ਕੁਛ ਅੰਤਰ ਧਾਰੇ[1]।
ਲਖ੍ਯੋ ਨ, ਗੁਰੁ ਕੋ ਹਯ ਮਰਿ ਗਯੋ।
ਰੁਕੇ ਤਿਸੀ ਦਿਸ਼ਿ ਰਣ ਬਹੁ ਕਿਯੋ ॥੨੬॥
ਕੁਛਕ ਤਿਮਰ ਜਗ ਪਸਰਨਿ ਲਾਗ੍ਯੋ।
ਅਥ੍ਯੋ ਸੂਰ, ਸੂਰਨਿ ਰਿਸਿ ਜਾਗ੍ਯੋ।
ਉਤ ਨਵਾਬ ਜੁਤਿ ਚਾਹਤਿ ਸਾਰੇ।
-ਨਿਸ ਤੇ ਪ੍ਰਥਮ ਲੇਹਿਂ ਗੁਰੁ ਮਾਰੇ- ॥੨੭॥
ਇਤ ਸਤਿਗੁਰੁ ਉਰ ਇਹ ਅਭਿਲਾਸ਼ਾ।
-ਪ੍ਰਥਮ ਤਿਮਰ ਤੇ ਰਿਪੁਨਿ ਬਿਨਾਸ਼ਾ।
ਹਤਿ ਕੈ ਸ਼ੱਤ੍ਰ ਚਿੰਤ ਕੋ ਖੋਇ।

[1]ਵਧੀ।
[1]ਸਾੜਨੇ ਲਈ ਸਾਰੇ ਜਗਤ ਨੂੰ।
[1]ਰੁੱਦ੍ਰ ਦਾ ਭਯਾਨਕ ਰੂਪ ਬਣ ਗਿਆ ਹੈ।
[1]ਤੁਰਕਾਂ ਨਾਲ ਲੜਦੇ ਸਨ (ਗੁਰੂ ਜੀ ਤੋਂ) ਕੁਛ ਫਰਕ ਤੇ।

ਰੈਨ ਬਿਖੈ ਸੁਖ ਸੋਂ ਪੁਨ ਸੋਇੰ- ॥੨੮॥
ਦੁਨਹਨਿ ਕੀ ਸੈਨਾਂ ਉਤਿ ਲਰੈ।
ਸ਼ਸਤ੍ਰ ਪ੍ਰਹਾਰਤਿ ਮਾਰਤਿ ਮਰੈਂ।
ਇਤ ਸੈਨਾ ਕੇ ਮੁਖਿ ਸਿਰਦਾਰ।
ਮਾਚਯੋ ਜੰਗ ਮਹਾਂ ਬਿਕਰਾਰ ॥੨੯॥
ਤਬਿ ਤੀਨਹੁਂ ਨੇ ਰਿਦੇ ਬਿਚਾਰੇ।
ਮਿਲਿ ਆਪਸ ਮਹਿਂ ਬਾਕ ਉਚਾਰੇ।
'ਕਰਨੀ ਬਿਲਮ ਨ ਆਛੀ ਹਮੈਂ।
ਗੁਰੁ ਇਕ, ਹਮ ਤੀਨਹੁਂ ਇਹ ਸਮੈਂ
॥੩੦॥
ਕਰਹੁ ਨੇਰ ਕੋ ਖੜਗ ਪ੍ਰਹਾਰਹੁ।
ਗੁਰ ਕੇ ਅੰਗ ਤੁਰਤ ਕਟਿ ਡਾਰਹੁ।
ਨਾਂਹਿਤ ਘੇਰ ਗਹਹੁ ਗੁਰੁ ਜੀਵਤਿ।
ਤਬਿ ਮੁਰਾਦ ਪੂਰਨਿ ਤੁਮ ਥੀਵਤਿ'
॥੩੧॥
ਰਤਨ ਚੰਦ ਤੇ ਸੁਨਿ ਇਮ ਕਾਨ।
ਗਮਨਯੋਂ ਸੂਬਾ ਬਨਿ ਸਵਧਾਨ।
ਦੋਨਹੁਂ ਖੱਤ੍ਰੀ ਲੇ ਨਿਜ ਸਾਥ।
ਭਏ ਅੱਗ੍ਰ ਗਹਿ ਢਾਲਨਿ ਹਾਥ ॥੩੨॥
ਨਿਕਟਿ ਆਨਿ ਗੁਰੁ ਕੋ ਬੰਗਾਰਯੋ।
'ਤੈਂ ਬਹੁ ਲਸ਼ਕਰ ਤੁਰਕਨਿ ਮਾਰਯੋ।
ਪ੍ਰਥਮ ਛਿਨਾਇ ਬਾਜ਼ ਕੋ ਆਨਾ।
ਨਹੀਂ ਸ਼ਾਹੁ ਤੇ ਡਰ ਉਰ ਮਾਨਾ ॥੩੩॥
ਅਬਿ ਭੀ ਨਿਰਭੈ ਕਾਰਜ ਕੀਨਾ।
ਕਰਯੋ ਜੁੱਧ ਕੁਛ ਬਲ ਨਹਿਂ ਚੀਨਾ[1]।
ਘਨੇ ਸੁਭਟ ਕੇ ਪ੍ਰਾਨ ਬਿਦਾਰੇ।
ਅਬਿ ਆਯੋ ਹੈਂ ਅੱਗ੍ਰ ਹਮਾਰੇ ॥੩੪॥
ਲੇ ਸਭਿ ਕੋ ਪਲਟਾ ਤੁਵ ਮਾਰਿ।
ਤਬਿ ਸੁਪਤਹਿੰਗੇ ਲਾਤ ਪਸਾਰਿ।'
ਸੁਨਿ ਕਰਿ ਬੋਲੇ ਸਤਿਗੁਰੁ ਸਾਚੇ।
'ਅਰੇ ਮੂਢ! ਕਹਾ ਕਹਿ? ਮਤਿ ਕਾਚੇ!
॥੩੫॥

[1]ਨਹੀਂ ਦੇਖਿਆ (ਸਾਡਾ) ਬਲ।

ਪ੍ਰਥਮ ਮਰੇ ਤਿਨ ਪਲਟਾ ਲੇਤਿ।
ਅਬਿ ਤੂੰ ਮਰਿ ਜੈਹੈਂ ਰਣ ਖੇਤਿ।
ਕੋ ਪਲਟਾ ਲੈ ਹੈ ਪੁਨ ਤੇਰੇ?
ਦ੍ਵੈ ਸੁਤ ਸੋ ਮਰਿਵਾਇ ਅਗੇਰੇ ॥੩੬॥
ਜਿਸ ਮਗ ਮਹਿਂ ਅਗਲੇ ਚਲਿ ਗਏ।
ਸੋ ਨਹਿਂ ਬੰਦ ਭਯੋ, ਪ੍ਰਗਟਏ[1]।

[1]ਖੁਲ੍ਹਾ ਪਿਆ ਹੈ।

ਤੁਰਕਨਿ ਜਰ੍ਹਾਂ ਉਖੇਰਨਹਾਰ।
ਮੁਝ ਕੋ ਜਾਨੋ ਬਲੀ ਉਦਾਰ ॥੩੭॥
ਤੁਮ ਤੀਨੋਂ, ਮੈਂ ਏਕਲ ਖਰੋ।
ਲਰੋ ਮਰੋ ਕੁਛ ਤ੍ਰਾਸ ਨ ਕਰੋ।
ਅਬਿ ਇਹ ਜੁੱਧ ਮੂਲ ਉਪਜਾਯੋ[1]।

[1]ਇਹ ਮੁੱਢ ਜੁੱਧ ਹੈ (ਹੋਰ ਜੁੱਧ ਅੱਗੇ ਵੱਧ ਵੱਧਕੇ ਹੋਣੇ ਹਨ)।

ਸਨੇ ਸਨੇ ਜਗ ਮੈਂ ਵਧਿ ਜਾਯੋ ॥੩੮॥
ਹਮਰੇ ਸਿੱਖ ਸਦਾ ਬਲ ਸੰਗ।
ਤੁਰਕਨਿ ਸਾਥ ਕਰਹਿਂ ਬਡ ਜੰਗ।
ਛੀਨਹਿਂ ਰਾਜ ਤੇਜ ਹਮ ਸਾਰੇ।
ਕਹਾਂ ਬਾਜ ਕੀ ਬਾਤ ਉਚਾਰੇ' ॥੩੯॥
ਅਬਦੁਲ ਖਾਨ ਦਿਖਾਵਨਿ ਹੇਤੁ।
ਕਰਮਚੰਦ ਹੁਇ ਸਨਮੁਖ ਖੇਤ।
ਢਾਲ ਖੜਗ ਦੋਨਹੁ ਕਰ ਧਾਰੇ।
ਫਾਂਧਿ ਚਰਨ ਸੋਂ ਗੁਰੁ ਲਲਕਾਰੇ ॥੪੦॥
'ਬਨਿ ਸੁਚੇਤ ਅਬਿ ਮੈਂ ਤੁਜ ਮਾਰੋਂ।
ਪਿਤ ਹਤਿ ਕੋ ਰਿਣ ਸਕਲ ਉਤਾਰੋਂ।
ਚੰਦੂ ਕੋ ਸੁਤ ਮੋ ਕਹੁ[1] ਜਾਨ।

[1]ਮੈਨੂੰ।

ਪਿਤ ਪਲਟੇ ਹਿਤ ਤੁਮ ਕਿਯ ਹਾਨਿ[1] ॥੪੧॥

[1]ਆਪਣੇ) ਪਿਤਾ ਦੇ ਬਦਲੇ ਲਈ ਤੁਸਾਂ (ਮੇਰਾ ਪਿਤਾ) ਮਾਰਿਆ ਸੀ।

ਤੈਸੀ ਬਨੀ ਬਾਤ ਮੁਹਿ ਆਇ।
ਐਸੇ ਸਮੋਂ ਨਹੀਂ ਕਬਿ ਪਾਇ।
ਕਰਤਿ ਪ੍ਰਤੀਖਨਿ ਪ੍ਰਾਪਤਿ ਹੋਵਾ।'
ਇਮ ਕਹਿ ਉਛਰਤਿ ਕੋ ਗਰ ਜੋਵਾ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਜੰਗ ਪ੍ਰਸੰਗ' ਬਰਨਨੰ ਨਾਮ ਦੋਇ ਚੱਤਵਾਰਿੰਸਤੀ ਅੰਸੂ ॥੪੨॥

## ੪੩. [ਅਬਦੁਲਖਾਂ ਆਦਿ ਮਾਰੇ ਗਏ। ਜੰਗ ਫਤਹ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਜਬਹਿ ਚੰਦੂ ਨੰਦਨ ਭਯੋ, ਗੁਰ ਕੇ ਸਨਮੁਖ ਆਇ।
ਰਤਨ ਚੰਦ ਸੂਬਾ ਦੁਊ, ਆਏ ਤਿਸ ਪਿਛਵਾਇ ॥੧॥

ਚੌਪਈ:

ਖੜਗ ਉਭਾਰਿ ਗੁਰੂ ਪਰ ਆਯੋ।
ਕਰਿ ਬਾਹੁਨ ਬਲ ਤਬਹਿ ਚਲਾਯੋ।
ਸਿਰ ਪਰ ਆਵਤਿ ਵਾਰ ਨਿਹਾਰਾ।
ਸਤਿਗੁਰ ਢਾਲਾ ਤੁਰਤ ਸੰਭਾਰਾ ॥੨॥
ਲਿਯੋ ਵਾਰ ਤਿਹ ਰੋਕਯੋ ਆਗਾ[1]। — [1]ਵਾਰ ਦਾ ਅੱਗਾ।
ਫੂਲਨਿ ਲਾਗਿ ਚਿਣਗ ਗਨ ਜਾਗਾ[1]। — [1]ਢਾਲ ਦਿਆਂ ਫੁੱਲਾਂ ਨੂੰ ਲੱਗਕੇ ਚਿਣਗਾਂ ਨਿਕਲੀਆਂ।
ਪੁਨ ਸਤਿਗੁਰੁ ਕੁਛ ਫਾਂਦਨ ਕਰਿ ਕੈ।
ਬਾਮ ਹਾਥ ਤੇ ਬਲ ਸੰਭਰਿ ਕੈ ॥੩॥
ਦੂਸਰ ਵਾਰ ਪ੍ਰਹਾਰਤਿ ਜਾਨਾ।
ਹਤੀ ਬਦਨ ਪਰ ਸਿਪਰ ਮਹਾਨਾ।
ਗਿਰਯੋ ਧਰਾ ਪਰ ਮੁਰਛਾ ਪਾਈ।
ਕੋ ਸਹਿ ਸਕਹਿ, ਥਿਰਹਿ ਅਗੁਵਾਈ[1] ॥੪॥ — [1]ਅੱਗੇ ਠਹਿਰਕੇ।
ਰਤਨ ਚੰਦ ਦਿਢ ਦੂਜੀ ਓਰ।
ਖੜਗ ਉਭਾਰਿ ਆਇ ਕਰਿ ਜੋਰ।
ਨਟ ਜਿਮ ਫਾਂਦਤਿ ਆਨਿ ਚਲਾਯੋ।
ਗੁਰੁ ਟਰਿ ਬਾਏਂ ਵਾਰ ਬਚਾਯੋ ॥੫॥
ਊਪਰ ਕੋ ਉਛਰਤਿ ਪੁਨ ਆਵਾ।
ਦੁਤਿਯ ਵਾਰ ਕੋ ਚਹਤਿ ਚਲਾਵਾ।
ਤਾਵਤ ਸ਼ੀਘ੍ਰ ਧਾਰ[1] ਗੁਰ ਸਾਚਾ। — [1]ਛੇਤੀ ਕਰਕੇ।
ਕਾਢ ਕਮਰ ਤੇ ਹਤਿਸਿ ਤਮਾਚਾ ॥੬॥
ਕਿਸੂ ਵਿਲਾਇਤ ਤੇ ਸਿਖ ਲ੍ਯਾਯੋ।
ਬਚਹਿ ਨ ਕਯੋਂ ਹੂੰ ਜਿਹ ਨਰ ਘਾਯੋ।
ਰਤਨ ਚੰਦ ਕੇ ਲਾਗਸਿ ਛਾਤੀ।

| | |
|---|---|
| ਉਛਰਤਿ ਊਚੋ ਅਵਨਿ ਪਪਾਤੀ[1] ॥੭॥ | [1]ਉੱਚਾ ਉੱਛਲਦਾ ਧਰਤੀ ਤੇ ਡਿੱਗ ਪਿਆ। |
| ਉਗਲਤਿ ਸ਼੍ਰੋਣਤ ਬਤਨ ਪਸਾਰੇ। | |
| ਪ੍ਰਾਣ ਗਏ, ਨਹਿਂ ਹਾਇ ਉਚਾਰੇ। | |
| ਅਬਦੁਲਖਾਨ ਵਿਲੋਕਤਿ ਕ੍ਰੋਧਾ। | |
| ਜਾਨਜੋ ਰਿਦੇ -ਗੁਰੂ ਬਡਿ ਜੋਧਾ- ॥੮॥ | |
| ਫਾਂਦਤਿ ਲਲਕਾਰਤਿ ਮੁਖ ਬੋਲਾ। | |
| 'ਖਰੇ ਰਹੋ, ਨਹਿਂ ਕੀਜਹਿ ਓਲਾ[1]।' | [1]ਕੋਈ ਓਟ ਨਾ ਕਰ ਲੈਣੀ। |
| ਕਹੇ ਤਾਂਹਿ ਕੇ ਸਿਪਰ ਜਿ ਹਾਥ। | |
| ਪਾਇ ਸਿਕੰਧ ਸ਼ੀਘ੍ਰਤਾ ਸਾਥ ॥੯॥ | |
| ਨਾਂਗੋ ਖੜਗ ਗਹੇ ਗੁਰੁ ਫਿਰੈਂ। | |
| ਇਤ ਉਤ ਦਾਵ ਤਾਕਬੋ ਕਰੈਂ। | |
| ਪੁਨ ਗੋ ਮੂਤ੍ਰਾਕਾਰ ਫਿਰੰਤੇ[1]। | [1]ਬਲਦ ਮੁਤਨੀ WW ਵਾਂਗ ਫਿਰਦੇ ਹਨ। |
| ਸਮੁਖ ਪਰਾ ਮੁਖ ਕਬਿ ਬਿਚਰੰਤੇ[1] ॥੧੦॥ | [1]ਕਦੇ ਸਾਹਮਣੇ ਕਦੇ ਪੂਰਾ (ਟੇਢਾ) ਮੂੰਹ ਕਰਕੇ ਵਿਚਰਦੇ ਹਨ। |
| ਪਟੇਬਾਜ਼ ਬਿੱਦਜਾ ਅੱਭਜਾਸ। | |
| ਅਬਦੁਲ ਖਾਂ ਬਹੁ ਕਰਤਿ ਉਪਾਸ[1]। | [1]ਅਬਦੁਲ ਖਾਂ ਪਟੇਬਾਜ਼ੀ ਦੀ ਵਿੱਦਜਾ ਦਾ ਅੱਭਜਾਸ ਤੇ (ਉਪਾਸ =) ਤੀਰੰਦਾਜ਼ੀ ਦਾ ਅੱਭਜਾਸ ਬਹੁਤ ਕਰਦਾ ਰਿਹਾ ਸੀ (ਪਹਿਲੀ ਉਮਰੇ)। [ਸੰਸ: ਉਪਾਸਨ = ਤੀਰਅੰਦਾਜ਼ੀ] |
| ਜਿਮ ਗੁਰੁ ਕਰਤਿ ਖਾਨ ਤਿਮ ਕਰੈ। | |
| ਖਾਨ ਕਰਤਿ ਜਿਮ ਗੁਰੁ ਤਿਮ ਫਿਰੈਂ ॥੧੧॥ | |
| ਦੁਊ ਚਹਤਿ ਹੈਂ ਵਾਰ ਚਲਾਯੋ। | |
| ਜੈ ਹੋਵਨਿ ਦੋਨਹੁ ਮਨ ਭਾਯੋ। | |
| ਸੈਨਾਂ ਦੋਨਹੁੰ ਕੇ ਮੁਖਿ ਅਹੈਂ[1]। | [1]ਮੁਖੀਏ ਹਨ। |
| ਦੋਨਹੁੰ ਦਾਵ ਖੜਗ ਨਿਰਬਹੈਂ ॥੧੨॥ | |
| ਓਟ ਸਿਪਰ ਕੀ ਦੋਨਹੁੰ ਤਜਾਗੀ। | |
| ਦੋਨਹੁੰ ਬੀਰ ਬੀਰ ਰਸ ਪਾਗੀ। | |
| ਦੋਨਹੁੰ ਸ਼ਸਤ੍ਰਨਿ ਬਿੱਦਜਾ ਕਰਤਾ। | |
| ਲਰਨ ਹਟਨਿ ਕੇ ਦੋਨਹੁੰ ਭਰਤਾ[1] ॥੧੩॥ | [1]ਪ੍ਰਬੀਨ [ਸੰਸ: ਭਰਤ: = ਨਾਟਕ ਕਰਤਾ](ਅ) ਮਾਲਕ ਹਨ। [ਸੰਸ: ਭਰ੍ਤ੍ਰੀ = ਮਾਲਕ] |
| ਦੋਨਹੁੰ ਬੰਕੇ ਬੀਰ ਜੁਝਾਰੇ। | |
| ਦੋਨਹੁੰ ਅਰੇ ਮਰਨਿ ਕੈ ਮਾਰੇ[1]। | [1]ਮਰਨ ਯਾ ਮਾਰਨ ਲਈ। |

ਦੋਨਹੁੰ ਕੇ ਬਹੁ ਭਾ ਉਤਸਾਹੂ।
ਦੋਨਹੁੰ ਅਰਣ ਬਰਣ ਰਨ ਮਾਂਹੂ ॥੧੪॥
ਦੋਨਹੁੰ ਕਰਹਿਂ ਵਾਰ ਕੋ ਨਾਨਾ।
ਦੋਨਹੁੰ ਧਰਹਿਂ ਆਵਨੋ ਜਾਨਾ[1]।
ਗੁਰ ਕੋ ਰਣ ਲਖਿ ਸੁਰ ਸਮੁਦਾਏ।
ਉਤਲਾਵਤਿ ਅਵਿਲੋਕਨਿ ਆਏ ॥੧੫॥
ਥਿਰੇ ਗਗਨ ਮਹਿਂ ਹੇਰਤਿ ਜੁੱਧਾ।
ਦੋਨਹੁੰ ਬੀਰ ਭਰੇ ਉਰ ਕ੍ਰੁੱਧਾ।
ਕਬਹੁੰ ਖਾਨ ਗੁਰੂ ਊਪਰ ਆਵੈ।
ਕਬਹੁੰ ਖਾਨ ਪਰ ਸ੍ਰੀ ਗੁਰੁ ਜਾਵੈਂ ॥੧੬॥
ਕਬਿ ਬਾਵੈਂ ਨਿਕਸਹਿਂ ਕਬਿ ਦਾਏਂ।
ਬਿਚਰਤਿ ਉਛਰਤਿ ਖੜਗ ਉਠਾਏ।
ਅਬਦੁਲ ਖਾਂ ਤਬਿ ਵਾਰ ਪ੍ਰਹਾਰਾ।
ਖੜਗ ਅੱਗ੍ਰ ਕਰਿ ਗੁਰੂ ਸਹਾਰਾ ॥੧੭॥
ਬਹੁਰ ਹਟਜੋ ਲਖਿ ਛੂਛੋ ਵਾਰਿ।
ਸਤਿਗੁਰੁ ਫਾਂਦਤਿ ਹਾਥ ਉਭਾਰਿ।
ਊਚੇ ਬੋਲਿ ਕਰਜੋ ਰਿਪੁ ਡਾਟਨਿ[1]।
ਤਕਜੋ ਤਰੇ ਕੋ ਜੰਘਨ ਕਾਟਨਿ[1] ॥੧੮॥
ਜਾਨਜੋ ਖਾਨ ਸੁ ਤਰੇ ਪ੍ਰਹਾਰਹਿਂ[1]।
ਵਾਰ ਬਚਾਵਨਿ ਹਿਤ ਸੰਭਾਰਹਿ।
ਤਰੇ ਜੰਘ ਦਿਸ਼ਿ ਜਬਿ ਬਿਰਮਾਯੋ[1]।
ਕਰਿ ਬਲ ਕੋ ਗੁਰੁ ਖੜਗ ਚਲਾਯੋ ॥੧੯॥
ਤਰੇ ਬਚਾਵਤਿ ਮੂਰਖ ਰਹਜੋ।
ਚੰਦ੍ਰਹਾਸ ਗ੍ਰੀਵਾ ਪਰ ਬਹਜੋ।
ਤਤਛਿਨ ਧਰ ਤੇ ਸੀਸ ਉਤਾਰਾ।
ਬਹੀ ਸਾਫ ਬਹੁ ਤੀਖਨ ਧਾਰਾ ॥੨੦॥
ਚਕ ਪਰ ਬਾਸਨ ਕਰਿ ਜਿਮ ਤਜਾਰੂ।
ਤੂਰਨ ਲੇਤਿ ਕੁਲਾਲ ਉਤਾਰੂ[1]।
ਗਨ ਸਾਬਨ ਮਹਿਂ ਅਯ ਕੀ ਤਾਰੇ[1]।

[1]ਵਧਣਾ ਤੇ ਹਟਣਾ।

[1]ਵੈਰੀ ਨੂੰ ਡਾਂਟਿਆਂ।

[1]ਮਾਨੋਂ ਖਾਨ ਦੀਆਂ) ਜੰਘਾਂ ਕੱਟਣ ਲਈ (ਗੁਰੂ ਜੀ ਨੇ) ਹੇਠਾਂ ਨੂੰ ਤੱਕਿਆ।

[1]ਹੇਠੋਂ ਹੀ ਮਾਰਨਗੇ।

[1]ਹੇਠਾਂ ਲੱਤਾਂ ਵਾਲੇ ਪਾਸੇ (ਦੇ ਬਚਾਉ ਵਿਚ) ਜਦ (ਨਬਾਬ) ਪਰਚ ਗਿਆ ਭਾਵ ਲਗ ਗਿਆ।

[1]ਘੁਮਿਆਰ ਜਿਵੇਂ ਚੱਕ ਤੇ ਭਾਂਡਾ ਤਿਆਰ ਕਰਕੇ ਤੁਰਤੇ (ਤਾਗੇ ਨਾਲ ਕੱਟਕੇ) ਉਤਾਰ ਲੈਂਦਾ ਹੈ।

[1]ਸਾਬਨ ਦੇ ਚੱਕੇ ਵਿਚ ਲੋਹੇ ਦੀ ਤਾਰ।

ਜਿਮ ਪ੍ਰਹਾਰ ਕਰਿ ਕੁਛਕ ਉਤਾਰੇ ॥੨੧॥

ਸਾਖਾ[1] ਮਨੋ ਪਾਕ ਫਲ ਰਹਜੋ।

[1]ਟਾਹਣੀ ਨਾਲ।

ਗਿਰਜੋ ਸਬੇਗ ਬਾਯੁ ਕੇ ਬਹਜੋ?
ਤਿਮ ਸਿਰ ਗਿਰਿਗਾ ਅਬਦੁਲ ਖਾਨ।
ਲੋਚਨ ਪਸਰੇ ਰਹੇ ਮਹਾਨ ॥੨੨॥

ਮਨਹੁਂ ਗਾਜ ਨੇ ਮੰਡਪ ਡਾਰਾ[1]।

[1]ਗੁੰਬਦ ਡੇਗਿਆ ਹੈ।

ਕੈ ਭੁਚਾਲ ਤੇ ਗਿਰਜੋ ਮਨਾਰਾ।
ਸ਼੍ਰੀ ਹਰਿਗੋਵਿੰਦ ਸ਼ੱਤ੍ਰੁ ਬਿਲੋਕਾ।
ਪਰਜੋ ਪ੍ਰਿਥੀ ਪਰ ਪ੍ਰਾਨਨਿ ਫੋਕਾ[1] ॥੨੩॥

[1]ਪ੍ਰਾਣਾਂ ਤੋਂ ਖਾਲੀ।

ਭਾ ਪ੍ਰਬ੍ਰਿਤ ਤਮ ਤੋਮ ਕਰਾਲਾ[1]।

[1]ਬੜਾ ਭਿਆਨਕ ਤੇ ਡੂੰਘਾ ਅੰਨ੍ਹੇਰਾ ਹੋ ਗਿਆ। [ਸੰਸ: = ਸ੍ਤੋਮ = ਸਮੂਹ, ਬਹੁਤ। ਹਿੰਦੀ, ਤੋਮ]

ਮ੍ਰਿਤਕ ਖਾਨ ਢਿਗ ਗੁਰੁ ਤਿਸ ਕਾਲਾ।
[1] 'ਪਰਜੋ ਦੁਸ਼ਟ ਹਮ ਪਰ ਚਢਿ ਆਯੋ[2]।

[1]ਗੁਰੂ ਜੀ ਬੋਲੇ। [2]ਜੋ ਚੜ੍ਹ ਆਇਆ ਸੀ।

ਤੁਰਕ ਮੂਢ ਮਤਿ ਚਿਤ ਗਰਬਾਯੋ ॥੨੪॥
ਜੈ ਸਤਿਗੁਰ ਕੀ ਸਦਾ ਅਨੰਦ।'
ਕਹਜੋ ਜਬਹਿ ਸ਼੍ਰੀ ਹਰਿ ਗੋਵਿੰਦ।
ਕਰਮਚੰਦ ਕੋ ਸੁਧਿ ਤਬਿ ਆਈ।
ਜਬਿ ਗੁਰੁ ਗਿਰਾ ਸ਼੍ਰਵਨ ਸੁਨਿ ਪਾਈ ॥੨੫॥

[1]ਚਿਤਵਤਿ -ਮ੍ਰਿਤੁ ਨਬਾਬ ਕੀ ਕਹੀਯਤਿ।

[1]ਕਰਮ ਚੰਦ) ਚਿਤਵਦਾ ਹੈ ਕਿ ਨਬਾਬ ਦੀ ਮੌਤ ਕਹੀ ਜਾ ਰਹੀ ਹੈ, (ਭਾਵ ਇਹ ਕਿ ਗੁਰੂ ਜੀ ਦੀ ਕਥਨੀ ਤੋਂ ਕਰਮਚੰਦ ਨੇ ਨਵਾਬ ਮਰ ਗਿਆ ਸਮਝ ਲਿਆ ਤੇ ਸੋਚਦਾ ਹੈ ਕਿ) ਰਤਨ ਚੰਦ ਦਾ ਪਤਾ ਕੋਈ ਨਹੀਂ ਤੇ ਮੈਂ (ਨਵਾਬ ਦੇ) ਕੋਲ ਪਿਆ ਹਾਂ, ਇਸ ਗੁਰੂ ਦੇ ਸਿੱਖ ਆਉਣਗੇ.....।

ਰਤਨ ਚੰਦ ਕੀ ਸੁਧਿ ਨਹਿਂ ਲਹੀਯਤਿ†।

†ਪਾ:-ਚਿਤਵਤਿ ਮ੍ਰਿਤੁ ਨਿਵਾਬ ਮਰਿ ਗਯੋ-। ਕਰਮ ਚੰਦ ਚਿੰਤਾਤੁਰ ਭਯੋ = ਭਾਵ ਇਹ ਹੈ ਕਿ ਕਰਮ ਚੰਦ ਨੇ ਗੁਰੂ ਜੀ ਨੂੰ ਇਹ ਵਾਕ ਕਹਿੰਦੇ ਸੁਣਿਆਂ ਕਿ 'ਨਵਾਬ ਸਾਡੀ ਮੌਤ ਚਿਤਵਦਾ ਆਇਆ ਸੀ ਤੇ ਆਪ ਹੀ ਮਰ ਗਿਆ ਹੈ', ਇਸ ਤੋਂ ਇਹ ਜਾਣ ਕੇ ਕਿ ਨਬਾਬ ਮਰ ਗਿਆ ਹੈ, ਉਸਨੂੰ ਚਿੰਤਾ ਹੋਈ।

ਮੈਂ ਢਿਗ ਪਰਜੋ, ਆਇਂ ਸਿਖ ਇਸ ਕੇ[u]।
ਹੇਰਤਿ ਹਤਹਿਂ ਸ਼ੱਤ੍ਰੁ ਲਖਿ, ਰਿਸ ਕੇ

॥੨੬॥
ਅਬਿ ਇਹ ਏਕਲ ਹੈ ਮਮ ਤੀਰ।
ਲਰਤਿ ਰਹਯੋ ਬਹੁ ਸ਼੍ਰਮਤਿ ਸਰੀਰ[1]।
ਉਠਿ ਮੈਂ ਹਤੋ ਮਹਾਂ ਜਸ ਪਾਊਂ।
ਸ਼ਾਹ ਸਮੀਪ ਸੁ ਜਾਇ ਸੁਨਾਊਂ ॥੨੭॥
ਇਮ ਬਿਚਾਰਿ ਕਰਿ ਉਠਿ ਲਲਕਾਰਾ।
'ਠਾਂਢੋ ਰਹੁ! ਨਬਾਬ ਤੈਂ ਮਾਰਾ।
ਨਿਜ ਕਰਤੂਤਨਿ ਕੋ ਫਲ ਲੀਜੈ।
ਜਮ ਸਥਾਨ ਕੋ ਦੇਖਨਿ ਕੀਜੈ' ॥੨੮॥
ਨੰਦਨ ਚੰਦੂ ਸ੍ਵਾਹੀ ਕੇਰਾ।
ਮਹਾਂ ਕ੍ਰੋਧ ਤੇ ਸ਼੍ਰੀ ਗੁਰੁ ਹੇਰਾ।
'ਅਬਿ ਲੌਂ ਜੀਵਤਿ ਹੈਂ ਰਣ ਮਾਂਹੀ?
ਨਿਜ ਸੰਗਨਿ ਸੰਗ ਗਮਨਯੋ, ਨਾਂਹੀ?
॥੨੯॥
ਤੋਹਿ ਉਡੀਕਤਿ ਹੋਹਿਂ ਅਗਾਰੀ।
ਕਿਮ ਬਿਲੰਬ ਤਿਨ ਪੀਛੈ ਧਾਰੀ?
ਨਿਕਟਿ ਆਉ ਤਿਨ ਸਾਥ ਮਿਲਾਵੈਂ।
ਬਹੁਰ ਇਕਾਕੀ ਜਮ ਪੁਰਿ ਜਾਵੈਂ[1]'
॥੩੦॥
ਇਮ ਕਹਿਤੇ ਗੁਰੁ ਊਪਰ ਆਯੋ।
ਨਾਂਗੋ ਚੰਦ੍ਰਹਾਸ ਚਮਕਾਯੋ।
ਜਿਮ ਦੀਪਕ ਪਰ ਜਾਇ ਪਤੰਗ।
ਕਰਹਿ ਬਿਨਾਸ਼ਨ ਅਪਨੇ ਅੰਗ ॥੩੧॥
ਮੂਰਖ ਜਾਇ ਨੇਰ ਤਬਿ ਠਾਨਾ।
ਸਤਿਗੁਰੁ ਬੋਲੇ 'ਬਨ ਸਵਧਾਨਾ।
ਕਰਿ ਲਿਹੁ ਵਾਰ ਪ੍ਰਥਮ ਬਲ ਧਰਿ ਕੈ।
ਨਤੁ ਪਛੁਤੈ ਹੈਂ ਪੀਛੈ ਮਰਿਕੈ' ॥੩੨॥
ਸੁਨਤਿ ਵਾਰ ਕੀਨਸਿ ਤਬਿ ਆਇ।
ਸਿਰ ਕੋ ਕਿਧੌਂ ਸਿਕੰਧ ਤਕਾਇ।
ਖੜਗ ਚਲਾਯਹੁ ਗੁਰੁ ਅਵਿਲੋਕਾ।
ਅਪਨ ਖੜਗ ਪਰ ਤਿਸ ਕੋ ਰੋਕਾ
॥੩੩॥

[1]ਬੜਾ ਥੱਕਿਆ (ਹੈ ਗੁਰੂ ਦਾ) ਸਰੀਰ।

[1]ਪਿਛੋਂ ਇਕੱਲਾ ਜਾਏਂਗਾ ਜਮਪੁਰੀ ਨੂੰ।

ਰਿਸਤੇ ਬਲ ਤੇ ਤਿਨਹਿ ਪ੍ਰਹਾਰਾ।
ਬਜਯੋ ਖੜਗ ਪਰ ਖੜਗ ਕਰਾਰਾ।
ਦੋਨਹੁੰ ਟੂਟ ਧਰਾ ਪਰ ਪਰੇ।
ਦੋਨਹੁੰ ਮੁਸ਼ਟ ਰਹੇ ਕਰ ਧਰੇ[1] ॥੩੪॥

[1]ਦੋਵੇਂ ਮੁਠਾਂ ਹੱਥ ਵਿਚ ਫੜੀਆਂ ਰਹਿ ਗਈਆਂ।

ਪਿਖਿ ਸ਼੍ਰੀ ਹਰਿਗੋਵਿੰਦ ਬਿਚਾਰੇ।
-ਅਬਿ ਜਮਧਰ ਸੋਂ ਜੇ ਇਸ ਮਾਰੇਂ।
ਸ਼ਸਤ੍ਰ ਮੌਤ ਤੇ ਦੁਸ਼ਟਿ ਮਰੈ ਹੈ।
ਯਾਂ ਤੇ ਹਾਥਨ ਸਾਥ ਹਤੈ ਹੈਂ ॥੩੫॥
ਇਹ ਭੀ ਖਰਯੋ ਨਿਰਾਯੁਧ[1] ਰਹ੍ਯੋ।

[1]ਬੇਹਥਿਆਰਾ।

ਹਤਨਿ ਸ਼ਸਤ੍ਰ ਨਹਿਂ ਆਛੋ- ਲਹ੍ਯੋ।
ਬਲ ਕਰਿ ਗਹੀ ਬਾਂਹੁ ਗੁਰੁ ਤਬੈ।
ਜਤਨ ਛੁਟਨਿ ਹਿਤ ਠਾਨਤਿ ਸਬੈ ॥੩੬॥
ਜਿਮ ਗਜ ਸੁੰਡ ਬਿਖੈ ਗਹਿਵਾਵੈ।
ਬਹੁਰ ਅੰਗ ਨਿਜ ਸਸਾ ਛੁਡਾਵੈ[1]।

[1]ਸਹਿਆ ਛਡਾਉਣਾ (ਚਾਹੇ)।

ਜੋਰ ਮਰੋਰ ਤੋਰ ਕਰਿ ਰਹ੍ਯੋ।
ਮੋਚਨਿ ਹਾਥ ਨ ਕਯੋਂਹੂੰ ਲਹ੍ਯੋ[1] ॥੩੭॥

[1]ਹੱਥਾਂ ਤੋਂ ਛੁੱਟਣਾ ਕਿਵੇਂ ਨਾ ਮਿਲਿਆ, ਭਾਵ ਛੁੱਟ ਨਾ ਸਕਿਆ।

ਦੁਤਿਯ ਹਾਥ ਤੇ ਓਜ ਦਿਖਾਵਤਿ।
ਸ਼ੇਰ ਅੰਕ ਜਯੋਂ ਮ੍ਰਿਗ ਉਤਲਾਵਤਿ[1]।

[1]ਸ਼ੇਰ ਦੀ ਜੱਫੀ ਵਿਚ ਜਿਵੇਂ ਮਿਰਗ ਕਾਹਲਾ ਪੈਂਦਾ ਹੈ।

ਤਬਿ ਸਤਿਗੁਰੁ ਗਹਿ ਕੈ ਕਰ ਦਾਏਂ।
ਅਲਪ ਭਾਰ ਲਖਿ ਲੀਨਿ ਉਠਾਏ ॥੩੮॥
ਕਰਯੋ ਭ੍ਰਮਾਵਨਿ ਕੇਤਿਕ ਫੇਰੇ।
ਛਿਤ ਪਛਾਰ ਕਰਿ ਦੀਨਸਿ ਗੇਰੇ।
ਫੂਟਿ ਗਯੋ ਸਿਰ, ਚੂਰਨ ਅੰਗ।
ਤਨ ਕੀ ਸੰਧਿ ਛੁਟੀ ਸਰਬੰਗ[1] ॥੩੯॥

[1]ਸਰੀਰ ਦੇ ਸਾਰੇ ਅੰਗਾਂ ਦੇ ਜੋੜ ਛੁੱਟ ਗਏ।

ਇਮ ਬਿਨਾਸ ਗਨ ਸ਼ੱਤ੍ਰੂ ਕਰਿ ਕੈ।
ਪੁਨ ਚਹੁੰਦਿਸ਼ਿ ਮਹਿਂ ਭਲੇ ਨਿਹਰਿ ਕੈ।
ਰਹ੍ਯੋ ਨ ਕੋਈ ਲਰਿਬੇ ਜੋਗ।
ਹੁਤੇ ਜਿਯਤਿ ਕੁਛ, ਭਾਗੇ ਲੋਗ ॥੪੦॥
ਭਯੋ ਅੰਧੇਰਾ ਦ੍ਰਿਸ਼ਟਿ ਨ ਪਰੈ।

ਜਹਿਂ ਕਹਿਂ ਤੁਰਕ ਤ੍ਰਾਸ ਕੋ ਧਰੈਂ।
ਸੂਬਾ ਮਰਯੋ ਜਾਨਿ ਸਭਿ ਲੀਨੋ।
ਜਿਯਤਿ ਸ਼ੇਖ਼ ਭਾਗੇ ਡਰ ਚੀਨੋ ॥੪੧॥
ਸਨੈ ਸਨੈ ਕਾਇਰ ਜਬਿ ਭਾਗੇ।
ਬਿਧੀਆ ਦੇਖਤਿ ਨਹਿਂ ਰਿਪੁ ਆਗੇ।
ਗੁਰੁ ਸੁਧਿ ਹਿਤ ਪਾਛੇ ਕਹੁ ਮੁਰਯੋ।
ਸਨੈ ਸਨੈ ਆਵਤਿ ਹੈ ਤੁਰਯੋ ॥੪੨॥
ਇਤ ਸਤਿਗੁਰੁ ਸ਼੍ਰਮ ਕੋ ਕੁਛ ਠਾਨਿ।
ਬੈਠਿ ਗਏ ਤਿਸ ਹੀ ਰਣ ਥਾਨ।
ਤੀਨਹੁਂ ਮਰੇ ਨਿਕਟਿ ਹੀ ਪਰੇ।
ਤਿਨ ਕੇ ਬੀਚ ਸਤਿਗੁਰੂ ਥਿਰੇ ॥੪੩॥
ਅਵਿਨਿ ਗਗਨ ਮਹਿਂ ਤਮ ਬਿਸਤਾਰਾ[1]। [1]ਫੈਲ ਗਿਆ।
ਨਹੀਂ ਨਿਕਟਿ ਹੀ ਪਰਹਿ ਨਿਹਾਰਾ।
ਚਲਨਿ ਤੁਫੰਗ ਸਕਲ ਹਟਿ ਰਹੀ।
ਤੁਰਕ ਤ੍ਰਾਸ ਕਰਿ ਬੋਲਤਿ ਨਹੀਂ ॥੪੪॥
ਹਟੇ ਸਕਲ ਨਿਜ ਨਿਜ ਪਸਚਾਤ[1]। [1]ਆਪੋ ਆਪਣੇ ਪਿੱਛੇ ਵੱਲ।
ਰੌਰਾ ਮਚਤਿ, ਭਯੋ ਸਭਿ ਸ਼ਾਂਤਿ।
ਜਾਨਯੋ ਪਰੈ ਨਹੀਂ ਕਿਤ ਕੋਇ।
ਦੂਰਿ ਦੂਰਿ ਲੌ ਹਟਿ ਥਿਰ ਹੋਇ ॥੪੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਅਬਦੁਲਖਾਨ ਰਤਨ ਚੰਦ ਕਰਮ ਚੰਦ ਬੱਧ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾਰਿੰਸਤੀ ਅੰਸੂ ॥੪੩॥

## ੪੪. [ਯੁੱਧ ਫਤਹ। ਲੋਥ ਦੀ ਸੰਭਾਲ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਬਿਧੀਚੰਦ ਤੇ ਪਰੇ ਸਿਖ, ਫਤੇ ਗੁਰੂ ਕੀ ਜਾਨਿ[1]।
ਤਿਮਰ ਬਿਖੈ ਕਰਿ ਹੇਲ ਕੋ, ਮੇਲਿ ਦਿਯੋ ਘਮਸਾਨ ॥੧॥

[1]ਬਿਧੀਚੰਦ ਤੋਂ ਪਰੇ (ਖਲੋਤੇ) ਸਿੱਖਾਂ ਨੇ ਗੁਰੂ ਜੀ ਦੀ ਫਤੇ (ਹੋਈ) ਜਾਣਕੇ।

ਚੌਪਈ:

ਇਕਦਿਸ਼ਿ ਤੇ ਜਨੋਂ ਬਾਵਨਿ ਲਾਗੇ।
ਤਮ ਮਹਿਂ ਤੁਰਕ ਤ੍ਰਾਸ ਕਰਿ ਭਾਗੇ।
ਜਿਨ ਕੇ ਰਣ ਮਹਿਂ ਤੁਰੰਗ ਮਰੇ ਹੈਂ।
ਇਤ ਉਤ ਬਿਥਰੇ ਜਾਇ ਦੁਰੇ ਹੈਂ ॥੨॥
ਅਰਤਿ ਜਾਤਿ ਕੋ[†] ਭਾਗਤਿ ਜਾਤਿ।
ਪੀਛੇ ਸਿੱਖ ਖੜਗ ਕਰਿ ਘਾਤਿ।
ਜਾਤਿ ਪਿਛਾਰੀ ਕਾਟਤਿ ਜਬੈ।
ਗੁਰੂ ਦੁਹਾਈ ਬੋਲੇ ਤਬੈ ॥੩॥
ਸੁਨਤਿ ਸਿੱਖ ਪੀਛੇ ਹਟਿ ਆਏ।
ਨਹਿਂ ਮਾਰਨਿ ਹਿਤ ਹਾਥ ਉਠਾਏ[†]।

[†]ਪਾ:-ਆਰਤਿ ਹ੍ਵੈ ਕਰਿ।

[†]ਇਹ ਸੂਰਮਗਤੀ ਤੇ ਦਇਆ ਦੀ ਅਵਧੀ ਹੈ ਕਿ ਭਜਦਿਆਂ ਨੂੰ ਮਾਰਿਆ ਨਹੀਂ।

ਜਹਿਂ ਸਤਿਗੁਰੁ ਡੇਰੋ ਨਿਜ ਡਾਰਾ।
ਤਜੇ ਦਾਸ ਤਹਿਂ ਰਾਖਿ ਸੁਧਾਰਾ ॥੪॥
ਤਿਨਹੁਂ ਬਿਚਾਰ ਕੀਨਿ ਮਨ ਮਾਂਹੀ।
-ਤਿਮਰ ਭਯੋ ਗੁਰੁ ਆਗਮ ਨਾਂਹੀ-।
ਸੰਧਯਾ ਪਰੀ ਜਾਨਿ ਤਿਸ ਕਾਲਾ।
ਦ੍ਵੈ ਮਸ਼ਾਲਚੀ ਜਾਰਿ ਮਸਾਲਾਂ ॥੫॥
ਤੂਰਣ ਹੀ ਰਣ ਕੀ ਦਿਸ਼ ਆਏ।
ਖੋਜਨਿ ਲਗੇ ਨਹੀਂ ਗੁਰੁ ਪਾਏ।
ਬਿਧੀਚੰਦ ਜੁਗ ਦੇਖਿ ਮਸਾਲ।
ਹਯ ਧਵਾਇ ਆਯਸਿ ਤਤਕਾਲ ॥੬॥
ਗੁਰੁ ਸੁਧਿ ਬੂਝਤਿ ਆਪਸ ਮਾਂਹੀ।
ਸਕਲ ਕਹਤਿ 'ਦੇਖੇ ਹਮ ਨਾਂਹੀ।'
ਚਿੰਤਾ ਅਧਿਕ ਸਭਿਨਿ ਕੇ ਹੋਈ।
ਖੋਜਨ ਲਗੇ ਖੇਤ ਸਭਿ ਕੋਈ ॥੭॥

ਇਤ ਉਤ ਮਹਿ ਬਿਚਰਤਿ ਅਸੁਵਾਰ।
'ਕਹਾਂ ਗੁਰੂ ਜੀ' ਕਰਤਿ ਪੁਕਾਰ।
ਸਭਿ ਕੈ ਮਨ ਸੰਦੇਹ ਵਧੇਰਾ।
ਗੁਰੂ ਨਹੀਂ ਹੇਰੇ ਇਸ ਬੇਰਾ ॥੮॥
ਖੋਜਤਿ ਪਰੀ ਲੋਥ ਸਮੁਦਾਏ।
ਪਸਰ੍ਯੋ ਸ਼੍ਰੋਣਤਿ ਪਗ ਫਿਸਲਾਏ।
ਦਾਰੁਣ ਜੰਗ ਭੂਮਕਾ ਭਾਰੀ।
ਮਰੇ ਪਰੇ ਭਟ ਹਯਨਿ ਹਜ਼ਾਰੀ ॥੯॥
ਰਲੇ ਮਿਲੇ ਸਿਖ ਤੁਰਕ ਘਨੇਰੇ।
ਇਤ ਉਤ ਬਿਚਰਤਿ ਭੇ ਸਭਿ ਹੇਰੇ।
ਕਰਹਿਂ ਮਸਾਲਨਿ ਕੇਰ ਪ੍ਰਕਾਸ਼।
ਇਸ ਬਿਧਿ ਗਏ ਗੁਰੂ ਕੇ ਪਾਸ ॥੧੦॥
ਅਬੁਦੁਲਖਾਨ ਮਾਰਿ ਢਿਗ ਥਿਰੇ।
ਨਿਕਟਿ ਅਪਰ ਮਾਰੇ ਬਹੁ ਪਰੇ†।
ਸੰਘਰ ਘਾਇ ਘਨੇ ਲਗਿ ਘੋਰੇ[1]।
ਸੋ ਭੀ ਮਰ੍ਯੋ ਖੇਤ ਰਣ ਘੋਰੇ[1] ॥੧੧॥
ਥਿਰ ਇਕਾਕੀ ਬੀਰ ਬਿਸਾਲਾ।
ਕਰੇ ਬਿਲੋਕਨਿ ਗੁਰੁ ਜਿਸ ਕਾਲਾ।
ਭਏ ਪ੍ਰਫੁੱਲਜਤ ਪਾਇਨ ਪਰੇ।
ਹੇਰਿ ਹੇਰਿ ਸਭਿ ਧੀਰਜ ਧਰੇ ॥੧੨॥
ਬਿਧੀਚੰਦ ਕਰ ਜੋਰਿ ਬਖਾਨਾ।
'ਕਿਮ ਥਿਰ ਰਹੇ, ਪ੍ਰਭੂ ! ਰਣ ਠਾਨਾ[1]? †।
ਦਾਸ ਨ ਪਾਸ[1], ਇਕਾਕੀ ਅਹੋ।
ਕਹੋ ਪ੍ਰਭੂ ਅਬਿ ਕ੍ਯਾ ਚਿਤ ਚਹੋ?' ॥੧੩॥
ਸੁਨਿ ਸ਼੍ਰੀ ਹਰਿਗੋਵਿੰਦ ਉਚਾਰਾ।
'ਜੋ ਚਿਤ ਚਹੈਂ ਕਰਨਿ ਹਮ ਕਾਰਾ।
ਸੋ ਭੁਨਸਾਰ ਭਏ ਤੇ ਹੋਇ।
ਅਬਿ ਡੇਰੇ ਗਮਨਹੁ ਸਭਿ ਕੋਇ ॥੧੪॥
ਕੋ ਸਿਖ ਘਾਇਲ ਹੋ ਰਣ ਬਿਸੈ[1]।
ਕਰਹੁ ਸੰਭਾਰਨਿ ਆਨਹੁਂ ਤਿਸੈ†।'

†ਪਾ:-ਨਿਕਟਿ ਅਪਾਰ ਪਰੇ ਬਹੁ ਮਰੇ।
[1]ਯੁੱਧ ਵਿੱਚ (ਗੁਰੂ ਜੀ ਦੇ) ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ।
[1]ਭਯਾਨਕ ਜੁੱਧ ਭੂਮੀ ਵਿਚ।
[1]ਰਣ ਕਰਕੇ। †ਪਾ:-ਨਿਰਬਾਨਾ।
[1]ਦਾਸ ਪਾਸ ਨਹੀਂ।
[1]ਵਿਚ।
†ਅਪਣਿਆਂ ਨਾਲ ਪਿਆਰ ਦਾ ਨਮੂਨਾ ਹੈ।

ਅਸ ਕਹਿ ਸਤਿਗੁਰ ਨੇ ਹਯ ਲੀਨਿ।
ਭਏ ਅਰੂਢਨਿ ਪਜਾਨੋ ਕੀਨਿ ॥੧੫॥
ਨਿਜ ਡੇਰੇ ਕਹੁ ਚਲਿ ਕਰਿ ਆਏ।
ਬਿਧੀਏ ਘਾਇਲ ਸਿਖ ਉਠਵਾਏ।
ਸਭਿ ਰਣ ਖੇਤ ਖੋਜਿ ਕਰਿ ਆਛੇ।
ਸਨੈ ਸਨੈ ਆਵਤਿ ਭਾ ਪਾਛੇ ॥੧੬॥
ਆਇ ਸਿਵਰ ਮਹਿਂ ਅਨੰਦ ਵਧਾਏ।
ਦੁੰਦਭਿ ਫਤੇ ਕੇਰ ਬਜਵਾਏ।
ਸਭਿ ਕੀ ਕਰੀ ਸੰਭਾਰਨਿ ਡੇਰੇ।
ਖਾਨ ਪਾਨ ਕੋ ਦੀਨਿ ਘਨੇਰੇ ॥੧੭॥
ਭਏ ਨਚਿੰਤ[1] ਸ਼ੱਤ੍ਰੁਗਨ ਮਾਰੇ।
ਸੁਪਤਿ ਜਥਾ ਸੁਖ ਭੇ ਤਬਿ ਸਾਰੇ।
ਪਾਛਲਿ ਨਿਸਾ ਉਠੇ ਗੁਨ ਖਾਨੀ।
ਨਿਤ ਕੀ ਸੌਚ ਸਕਲ ਤਬਿ ਠਾਨੀ ॥੧੮॥
ਕਰਿ ਮੱਜਨ, ਸੁਖ[1] ਧਜਾਨ ਲਗਾਯੋ।
ਪ੍ਰਾਚੀ ਦਿਸ਼ਿ[1] ਪ੍ਰਕਾਸ਼ ਹੁਇ ਆਯੋ।
ਸਭਿਨਿ ਸ਼ਨਾਨ ਕੀਨਿ ਜਿਸ ਕਾਲ।
ਭਏ ਅਰੂਢਨਿ ਗੁਰੂ ਕ੍ਰਿਪਾਲ ॥੧੯॥
ਬਿਧੀ ਚੰਦ ਕੋ ਲੇ ਕਰਿ ਸੰਗ।
ਦੇਖੀ ਜਾਇ ਭੂਮਿਕਾ ਜੰਗ।
ਤੁਰਕ ਸੱਹਸ੍ਰ ਚਤੁਰਦਸ[1] ਮਰੇ।
ਕੇਤਿਕ ਸਿੱਖ ਬੀਚ ਤਿਨ ਪਰੇ ॥੨੦॥
ਕਹਿ ਸਤਿਗੁਰੁ ਨੇ ਗਰਤ ਖਨਾਵਾ।
ਅਬਦੁਲ ਖਾਨ ਉਠਾਇ ਪੁਵਾਵਾ।
ਪੁਨ ਤਿਸ ਕੇ ਸੁਤ ਖੋਜਿ ਉਠਾਏ।
ਤਿਸੀ ਗਰਤ ਮਹਿਂ ਆਨਿ ਸੁ ਪਾਏ ॥੨੧॥
ਪੁਨ ਪੰਚਹੁ ਸਰਦਾਰ ਅਨਾਏ।
ਪਾਇ ਗਰਤ ਮਹਿਂ ਸਭਿ ਦਫਨਾਏ†।
ਊਪਰ ਰਚਯੋ ਦਮਦਮਾ ਤੁੰਗ[1]।

[1]ਬੇਫਿਕਰ।
[1]ਸੁਖ ਸਰੂਪ ਵਿਚ।
[1]ਪੂਰਬ ਦਿਸ਼ਾ ਵੱਲ।
[1]ਚੌਦਾਂ ਹਜ਼ਾਰ।
†ਵੈਰੀ ਦੇ ਧਾਰਮਿਕ ਨਿਸ਼ਚੇ ਅਨੁਸਾਰ ਕੀਤਾ ਹੈ ਜੋ ਉਨ੍ਹਾਂ ਦੇ ਸਰਦਾਰ ਦਫਨ ਕੀਤੇ ਹਨ ਸਾੜੇ ਨਹੀਂ।
[1]ਉੱਚਾ

ਤਿਸ ਪਰ ਬੈਠੇ ਗੁਰੁ ਅਰਿ ਭੰਗ ॥੨੨॥
ਬਿਧੀ ਚੰਦ ਸੋਂ ਕਹਿ ਮੁਸਕਾਵਤਿ।
'ਜਿਸ ਬਿੱਦਜਾ ਕੋ ਸਦਾ ਕਮਾਵਤਿ।
ਸੋ ਅਬਿ ਆਈ ਕਾਮ ਹਮਾਰੇ।
ਅਰੇ ਰਿਪੁਨਿ ਗਨ ਕੋ ਰਣ ਮਾਰੇ ॥੨੩॥
ਅਬਦੁਲ ਖਾਨ ਅਰਜੋ ਬਹੁ ਲਰਜੋ।
ਖੜਗ ਜੰਗ ਕੋ ਕਰਿ ਕਰਿ ਮਰਜੋ।
ਘਨੇ ਘਾਇ ਘਾਲੇ ਅਰੁ ਖਾਏ।
ਦੋਨਹੁੰ ਖੱਤ੍ਰੀ ਮਾਰਿ ਗਿਰਾਏ ॥੨੪॥
ਪਿਤ ਪਲਟਾ ਚਾਹਤਿ ਨਿਤ ਰਹੇ।
ਅਬਿ ਸਭਿ ਹੀ ਪੂਰੇ ਕਰਿ ਦਏ।
ਸੰਘਰ ਘੋਰ ਘਨੋ ਘਮਸਾਨ[1]। [1]ਘਮਸਾਨ ਹੋਯਾ।
ਤੁਰਕ ਹਜ਼ਾਰਨਿ ਕੋ ਅਵਸਾਨ[1]' ॥੨੫॥ [1]ਅੰਤ ਹੋਇਆ।
ਸੁਨਿ ਸਾਦਰ ਬਿਧੀਏ ਤਬਿ ਕਹਜੋ।
'ਜਿਨਹੁੰ ਪ੍ਰਤਾਪ ਨ ਰਾਵਰਿ ਲਹਜੋ।
ਸੋ ਮਤਿਮੰਦ ਹਾਨ ਹੀ ਪਾਵੈਂ।
ਤੁਮ ਤੇ ਕਵਨਿ ਜੀਵਤੋ ਜਾਵੈ ॥੨੬॥
ਤੀਨ ਲੋਕ ਮੈਂ ਬਲੀ ਨ ਕੋਈ।
ਅਰਹਿ ਆਪ ਕੇ ਸਨਮੁਖ ਹੋਈ।
ਤੁਰਕ ਬਾਪੁਰੇ ਕਹਾਂ ਅਗਾਰੀ।
ਸਮਤਾ ਚਹਤਿ ਮਰੇ ਰਣ ਹਾਰੀ' ॥੨੭॥
ਪੁਨ ਸਤਿਗੁਰੁ ਨੇ ਹੁਕਮ ਬਖਾਨਾ।
'ਨਰ ਇਕਠੇ ਕੀਜਹਿ ਇਸ ਥਾਨਾ।
ਜੇਤਿਕ ਅਹੈਂ ਗ੍ਰਾਮ ਕੇ ਆਨਹੁ।
ਸਕਲ ਮਿਹਨਤੀ ਸਾਥ ਬਖਾਨਹੁ ॥੨੮॥
ਸੈਨਾ ਕੇ ਨਰ ਇਕਠੇ ਹੋਇ।
ਕਰਹੁ ਕਾਰ ਮਿਲਿ ਕੈ ਸਭਿ ਕੋਇ।
ਪਰੇ ਮ੍ਰਿਤਕ ਜੇਤਿਕ ਦਰਸਾਹੀਂ।
ਡਾਰਹੁ ਸਕਲ ਬਿਪਾਸਾ ਮਾਂਹੀ ॥੨੯॥
ਪ੍ਰਥਮ ਆਪਨੇ ਸਿੱਖ ਉਠਾਵਹੁ।
ਹਮਹਿ ਨਾਮ ਤਿਨ ਕੇਰ ਸੁਨਾਵਹੁ।
ਬੀਚ ਬਿਪਾਸਾ ਦੇਹੁ ਪ੍ਰਵਾਹਾ।

ਹਮ ਬੈਠਹਿਂ ਚਲਿ ਕਰਿ ਤਟ ਪਾਹਾ[†]' ॥੩੦॥

[†]ਜਲ ਦਾਹ ਦੇਣ ਲਗੇ ਹਨ ਤੇ ਬਿਰਦਪਾਲ ਜੀ ਬਹਾਦਰਾਂ ਨੂੰ ਆਪਣੀ ਮਿਹਰਾਂ ਦੀ ਨਜ਼ਰ ਨਾਲ ਮੁਕਤ ਭੁਕਤ ਦੇਣ ਲਗੇ ਹਨ।

ਇਮ ਕਹਿ ਸ਼੍ਰੀ ਹਰਿਗੋਵਿੰਦ ਚੰਦ।
ਉਠਿ ਕਰਿ ਚਲੇ ਸੰਗ ਸਿਖ ਬ੍ਰਿੰਦ।
ਦੇ ਕਰਿ ਹੁਕਮ ਆਇ ਤਿਸ ਕਾਲਾ।
ਥਿਰੇ ਬਿਪਾਸਾ ਪਾਸ ਕ੍ਰਿਪਾਲਾ ॥੩੧॥
ਬਿਜਨਾ ਚਮਰ ਹੋਇ ਫਿਰ[†] ਫੇਰੇ[1]।

[1]ਪੱਖਾ (ਫਿਰ =) ਝੱਲਿਆ ਜਾ ਰਿਹਾ ਹੈ, ਚੌਰ ਫੇਰਿਆ ਜਾ ਰਿਹਾ ਹੈ। (ਅ) ਪੱਖਾ ਤੇ ਚੌਰ ਫਿਰ ਫਿਰ (ਲਗਾਤਾਰ) ਹੋ ਰਿਹਾ ਹੈ। [†]ਪਾ:-ਦਾਸ ਕਰ।

ਬੈਠੇ ਪੂਰ ਬਿਪਾਸਾ[1] ਹੇਰੇ।

[1]ਬਿਆਸਾ ਦਾ ਜਲ ਪ੍ਰਵਾਹ।

ਬੀਨ ਬੀਨ ਸਿੱਖਨਿ ਕੇ ਦੇਹਿ।
ਆਨਹਿਂ, ਨਾਮ ਸੁਨਾਇ ਸੁ ਦੇਹਿਂ ॥੩੨॥
ਪੁਨ ਸਰਿਤਾ ਮਹਿਂ ਕਰਹਿਂ ਪ੍ਰਵਾਹੂ।
ਬਹੇ ਅਧਿਕ ਹੀ ਜਲ ਕੇ ਮਾਂਹੂ।
ਸਿੱਖਨਿ ਕੋ ਪ੍ਰਵਾਹ ਕਰਿ ਸਾਰੇ।
ਬੈਠੇ ਸ਼੍ਰੀ ਗੁਰੁ ਪਿਖਹਿਂ ਕਿਨਾਰੇ ॥੩੩॥
ਸਹਿਕਾਮੀ ਨਿਸ਼ਕਾਮੀ ਜਾਨੇ।
ਭੋਗ ਮੋਖ ਬਖਸ਼ੀ ਤਿਸ ਥਾਨੇ।
ਸਹਿਕਾਮੀ ਕੋ ਪ੍ਰਿਥਵੀ ਰਾਜ।
ਬਖ਼ਸ਼ਯੋ ਸੰਗ ਹੀ ਸਕਲ ਸਮਾਜ ॥੩੪॥
ਨਿਸ਼ਕਾਮੀ ਕੇ ਬੰਧ ਨਿਵਾਰੇ।
ਦਈ ਮੁਕਤਿ ਜਾਨੇ ਅਤਿ ਪਜਾਰੇ।
ਸਕਲ ਸਿਖ ਜਬਿ ਦਿਏ ਬਹਾਏ।
ਪੁਨ ਤੁਰਕਨਿ ਕੀ ਲੋਥਨਿ ਲਜਾਏ ॥੩੫॥
ਹੁਤੇ ਸਹੰਸ੍ਰ ਪੰਚ ਦਸ ਜੇਈ।
ਬਚੇ ਹਜ਼ਾਰ ਪਲਾਇ ਸੁ ਤੇਈ।
ਅਪਰ ਮਰੇ ਸਭਿ ਲੇ ਲੇ ਆਵੈਂ।
ਬਹੁ ਟਾਂਗ ਕੋ ਗਹੈਂ ਬਗਾਵੈਂ ॥੩੬॥
ਜਲ ਕੇ ਜੰਤੁ ਹਜ਼ਾਰਹੁ ਆਏ।
ਆਮਿਖ ਕਾਟਿ ਕਾਟਿ ਸ਼ਵ[1] ਖਾਏ।

[1]ਮੁਰਦਿਆਂ ਦੇ।

ਬ੍ਰਿੰਦ ਮਨੁਜ ਲਾਗੇ ਤਹਿ ਲਜਾਵਨਿ।
ਤੁਰਨਿ ਕਰਹਿਂ ਨਦੀ ਮਹਿਂ ਪਾਵਨਿ ॥੩੭॥
ਸਕਲ ਖੇਤ ਰਣ ਕੇ ਜੇ ਮਰੇ।
ਨਰ ਗਨ ਆਨਿ ਆਨਿ ਬਲ ਕਰੇ[1]।
ਕੋਊ ਸਜਾਲ[1] ਕੇ ਹੈਂ ਅਧਿ ਖਾਏ।
ਅੰਗ ਭੰਗ ਕਰਵਾਰਨਿ ਘਾਏ ॥੩੮॥
ਧਰਿ ਧਰਿ ਸਭਿ ਕੋ ਬੀਚ ਬਗਾਵੈਂ।
ਉਛਰਹਿ ਨੀਰ ਲੀਨਿ ਹੁਇ ਜਾਵੈਂ।
ਸਭਿ ਉਚਵਾਇ ਨਦੀ ਗਿਰਵਾਏ।
ਸਕਲ ਸਥਾਨ ਭਲੋ ਕਰਿਵਾਏ[†] ॥੩੯॥

[1]ਕਰਕੇ।
[1]ਗਿਦੜਾਂ ਦੇ।
[†]ਮੁਰਦੇ ਸੜਦੇ ਰਹਿਣ ਤੋਂ ਬੀਮਾਰੀ ਪੈਣ ਦਾ ਡਰ ਹੁੰਦਾ ਹੈ, ਸੋ ਸਭ ਤੋਂ ਸੌਖਾ ਰਸਤਾ ਪ੍ਰਵਾਹ ਦਾ ਸੀ ਆਪਣੇ ਤੇ ਵੈਰੀ ਦੇ ਸਾਰੇ ਇਕੇ ਤਰ੍ਹਾਂ ਨਦੀ ਵਿਚ ਤੋਰ ਦਿੱਤੇ।

ਉਠੇ ਗੁਰੂ ਪੁਨ ਗਮਨੇ ਡੇਰੇ।
ਸੰਗ ਸਿੱਖ ਪਰਮੁਦਿਤਿ[1] ਘਨੇਰੇ।
ਰਣ ਕੀ ਬਾਤ ਅਨੇਕ ਕਰੰਤੇ।
ਕਹਤਿ ਸੁਨਾਵੈਂ ਗੁਰੁ ਭਗਵੰਤੇ ॥੪੦॥
'ਬਡੀ ਮਾਰ ਤੁਰਕਨਿ ਕੋ ਹੋਈ।
ਬਿਦਤਹਿ ਜਗਤ ਲਖਹਿਂ ਸਭਿ ਕੋਈ।
ਸ਼ਾਹੁ ਜਹਾਂ ਭੀ ਜਾਨਹਿਂ ਨੀਕੇ।
ਲਗੇ ਹਾਥ ਗੁਰੁ ਸਿੱਖਨਿ ਹੀ ਕੇ' ॥੪੧॥
ਆਨਿ ਆਪਨੇ ਸਿਵਰ ਬਿਰਾਜੇ।
ਜਿਨ ਕੇ ਨਾਮ ਜਪੇ ਜਮ ਭਾਜੇ।
ਦੇਸ਼ ਦੁਆਬੇ ਮਾਝੇ ਸਾਰੇ।
ਸਤਿਗੁਰ ਕੋ ਜਸ ਕਰਤਿ ਉਚਾਰੇ ॥੪੨॥
ਜਹਿਂ ਕਹਿਂ ਫੈਲਗੋ ਜੁੱਧ ਬ੍ਰਿਤਾਂਤ।
'ਭਯੋ ਮਹਿਦ ਤੁਰਕਨਿ ਕੋ ਘਾਤ।
ਆਯੁਧ ਧਰਿਬੇ ਗੁਰੁ ਸਫਲਾਏ।
ਅਨ ਗਨ ਦੋਖੀ ਦੁਸ਼ਟ ਖਪਾਏ ॥੪੩॥
ਪ੍ਰਥਮ ਹੁਤੀ ਗੁਰੁ ਘਰ ਮਹਿਂ ਪੀਰੀ।
ਲਖੀ ਪਰਤਿ, ਲੈ ਹੈਂ ਅਬਿ ਮੀਰੀ।
ਪਤਿਸ਼ਾਹਿਤ ਕੋ ਗਰਦ ਮਿਲਾਵੈਂ।

[1]ਅਨੰਦ ਪ੍ਰਸੰਨ।

ਨਿਜ ਸਿੱਖਨਿ ਤੇ ਰਾਜ ਕਰਾਵੈਂ ॥੪੪॥
ਇਮ ਜੇ ਕਰਿ ਨਿਤ ਰਖਹਿਂ ਲਰਾਈ।
ਸਭਿ ਤੁਰਕਾਨੋ ਦੇਹਿਂ ਖਪਾਈ।'
ਸੱਜਨ ਸੁਨਿ ਸੁਨਿ ਅਨੰਦ ਧਰੰਤੇ।
ਦੁਰਜਨ ਜਰਹਿਂ, ਨ ਰਿਦੇ ਜਰੰਤੇ[1] [1]ਦੁਰਜਨ ਸੜਦੇ ਹਨ ਚਿਤ ਵਿੱਚ ਸਹਾਰ ਨਹੀਂ ਸਕਦੇ।
॥੪੫॥
ਪੂਰਬ, ਦੱਛਨ, ਪੱਛਮ, ਉੱਤਰ।
ਫੈਲਜੋ ਜਹਿਂ ਕਹਿਂ ਸੁਜਸ ਪਵਿੱਤਰ।
'ਧੰਨ ਧੰਨ ਸ਼੍ਰੀ ਸਤਿਗੁਰੂ ਪੂਰਨ।
ਜੋਧਾ, ਮਹਦ ਬਲੀ, ਅਰਿ ਚੂਰਨ'
॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਲੋਥਨ ਨਦੀ ਗੇਰਨਿ' ਪ੍ਰਸੰਗ ਬਰਨਨੰ ਨਾਮ ਚਤੁਰਾਂਚੱਤਵਾਰਿੰਸਤੀ ਅੰਸੂ ॥੪੪॥

## ੪੫. [ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਸੁਨਹੁ ਸਿੰਘ ਸਿਖ ਗਨ ਸਕਲ[1] !
ਸਤਿਗੁਰੁ ਕਥਾ ਰਸਾਲ।
ਭਯੋ ਯੁੱਧ ਇਸ ਭਾਂਤਿ ਇਹ, ਬਰਨਜੋ
ਸੁਜਸ ਕ੍ਰਿਪਾਲ ॥੧॥

ਚੌਪਈ:

ਬੈਠਜੋ ਸ਼੍ਰੀ ਹਰਿ ਗੋਵਿੰਦ ਜੋਧਾ।
ਮਨਹੁਂ ਰੂਪ ਇਹ ਧਰਜੋ ਪ੍ਰਬੋਧਾ[1]।
ਹੁਕਮ ਮਸੰਦਨਿ ਸੰਗ ਬਖਾਨਾ।
'ਕਰੋ ਕੋਟ ਚੌਗਿਰਦ ਮਹਾਨਾ ॥੨॥
ਬਸਹਿ ਨਗਰ ਸੁੰਦਰ ਜਿਸ ਬੀਚਿ।
ਪਰਹਿਂ ਮਹਲ ਗਨ ਊਚ ਰੁ ਨੀਚਿ।
ਰਾਖਹੁ ਪੰਚ ਪੌਰ ਪੁਰਿ ਕੇਰੇ।
ਕਾਰੀਗਰਨਿ ਲਗਾਇ ਘਨੇਰੇ ॥੩॥
ਕਰਹੁ ਸ਼ੀਘ੍ਰਤਾ ਲੇਹੁ ਬਨਾਇ।
ਦਿਹੁ ਧਨ ਮਿਹਨਤਿ ਬ੍ਰਿੰਦ ਲਗਾਇ।'
ਸੁਨਤਿ ਮਸੰਦਨਿ ਕੀਨਸਿ ਤੈਸੇ।
ਸ਼੍ਰੀ ਮੁਖ ਤੇ ਫਰਮਾਯਹੁ ਜੈਸੇ ॥੪॥
ਦਿਯੋ ਦਰਬ ਸਭਿ ਕੋ ਮਨ ਭਾਏ।
ਬ੍ਰਿੰਦ ਪਚਾਵੇ[1] ਕਹਿ ਚਢਿਵਾਏ।
ਪਾਕੀ ਈਂਟਨਿ ਤਜਾਰੀ ਕਰੈਂ।
ਆਇਂ ਮਿਹਨਤੀ ਜਿਹ ਸੁਨਿ ਧਰੈਂ ॥੫॥
ਕਾਰੀਗਰ ਸਮੂਹ ਮੰਗਵਾਏ।
ਦੇ ਦੇ ਦਰਬ ਸੁ ਸਰਬ ਲਗਾਏ।
ਚਿਨਿਬੇ ਲਗੇ ਸ਼ੀਘ੍ਰਤਾ ਧਾਰੀ।
ਪਾਕੀ ਈਂਟ ਕਰੀ ਬਹੁ ਤਜਾਰੀ ॥੬॥
ਹਰਖਤਿ ਹੋਇ ਕਾਰ ਕੋ ਕਰਿ ਹੀਂ।
ਧਨ ਗਨ ਲੀਨ ਭਾਉ ਪੁਨ ਧਰਿਹੀਂ।
ਅੰਦਰ ਮੰਦਿਰ ਲਗੇ ਉਸਾਰਨਿ।
ਗ਼ਨੀ ਗਰੀਬ[1] ਬਾਸਿਬੇ ਕਾਰਨ ॥੭॥

[1]ਸੰਮੂਹ ਸਿੰਘੋ ਤੇ ਸਾਰੇ ਸਿੱਖੋ ਸੁਣੋ !

[1]ਮਾਨੋ ਗਿਆਨ ਨੇ ਇਹ ਰੂਪ ਧਰਿਆ ਹੈ।

[1]ਆਵੇ।

[1]ਅਮੀਰ ਗ਼ਰੀਬ ਦੇ।

ਬਹੁ ਰਉਣਕ ਤਬਿ ਹੋਵਤਿ ਭਈ।
ਮਿਲੇ ਲੋਕ ਲਖਿ ਨਗਰੀ ਨਈ।
ਤਬਿ ਸਤਿਗੁਰ ਨੇ ਰਿਦੇ ਬਿਚਾਰਾ।
ਘਰ ਘੇਰੜ ਕੋ ਜਹਾਂ ਨਿਹਾਰਾ ॥੮॥
ਚਹਤਿ ਉਖਾਰਜੋ ਰਿਪੁ ਕੋ ਮੂਲ।
ਗਰਬਤਿ ਜੋ ਹੋਯਸਿ ਪ੍ਰਤਿਕੂਲ।
-ਨੀਵ ਨ ਉਖਰਹਿ[†] ਜੇ ਇਸ ਕੇਰੀ।
ਤਉ ਮਾਲਿਕੀ ਕਰਿ ਹੈ ਫੇਰੀ ॥੯॥
ਪੁਰ ਮਹਿਂ ਅਵਿਨੀ ਅਪਨੀ ਜਾਨਿ।
ਘੇਰੜ ਕੇਰਿ ਸੰਬੰਧੀ ਆਨਿ।
ਤੁਰਕਨਿ ਕੀ ਸਹਾਇ ਕੋ ਪਾਇ।
ਬਹੁਰ ਲੇਹਿਂਗੇ ਸੇ ਅਪਨਾਇ- ॥੧੦॥
ਇਮ ਲਖਿ ਕਰਿ ਗੁਰੁ ਹੁਕਮ ਬਖਾਨਾ।
'ਘਰ ਘੇਰੜ ਕੋ ਹੈ ਜਿਸ ਥਾਨਾ।
ਦੂਰ ਕਰਹੁ ਤਿਸ ਕੀ ਬੁਨਿਆਦ[1]।
ਨੀਵ ਉਖੇਰਹੁ ਹੋਇ ਨ ਬਾਦ[1] ॥੧੧॥
ਕਰਿਬੇ ਉਚਿਤ ਹੁਤੀ ਧ੍ਰਮਸਾਲਾ।
ਤੁਰਕਨਿ ਕੋ ਬਲ ਹੁਇ ਜਸ ਕਾਲਾ।
ਕਰਹਿਂ ਬਾਦ[1] ਮਤਿਮੰਦ ਢਹਾਵਹਿਂ।
ਘਰ ਘੇਰੜ ਕੋ ਬਹੁਰ ਬਨਾਵਹਿਂ ॥੧੨॥
ਹਮ ਨੇ ਕਰੀ ਬਾਦ ਬੁਨਿਯਾਦ।
ਹ੍ਵੈ ਨ ਬਿਬਾਦ ਤਿ ਜਤੋਂ ਅਹਿਲਾਦਿ[1]।
ਯਾ ਤੇ ਇਹਾਂ ਮਸੀਤ ਬਨਾਵਹੁ।
ਸੁੰਦਰ ਦਰ ਤਿਮ ਹੀ ਰਖਵਾਵਹੁ ॥੧੩॥
ਧਰਹਿਂ ਪ੍ਰੀਤਿ ਗਨ ਤੁਰਕ ਮਸੀਤ।
ਕਬਿ ਨਹਿਂ ਕਰਿ ਹੈਂ ਪੁਨ ਬਿਪਰੀਤਿ[†]।'
ਸੁਨਤਿ ਮਸੰਦਨਿ ਤਥਾ ਬਨਾਈ।
ਅਬਿ ਲੌ ਬਿਦਤਿ ਅਹੈ ਤਿਸ ਥਾਈਂ ॥੧੪॥
ਸਤਿਗੁਰ ਤਹਾਂ ਬਿਰਾਜਤਿ ਰਹੇ।
ਰੁਤਿ ਬਰਖਾ ਕੇ ਆਨੰਦ ਲਹੇ।

[†]ਪਾ:-ਨੀਵ ਉਖੇਰਹਿ।

[1]ਨੀਂਹ।

[1]ਝਗੜਾ ਨਾ ਹੋਵੇ। (ਅ) ਬਾਅਦ = ਪਿਛੋਂ।

[1]ਭਾਵ ਨਾਸ਼।

[1]ਜਿਵੇਂ ਝਗੜਾ ਨਾ ਹੋਵੇ ਤੇ ਸੁਖ ਰਹੇ।

[†]ਇਤਿਹਾਸ ਗੁਰੂ ਖਾਲਸਾ (ਹਿੰਦੀ) ਨੇ ਇਹ ਮਸੀਤ ਪੈਂਦੇ ਖਾਂ ਦੀ ਇੱਛਾ ਅਨੁਸਾਰ ਬਣਵਾਈ ਗਈ ਲਿਖੀ ਹੈ।

ਬਿਦਤੇ ਜਲਧਰ[1] ਗਗਨ ਮਝਾਰੀ।
ਜਯੋਂ ਤਨ ਧਰਹਿਂ ਸੰਤ ਉਪਕਾਰੀ ॥੧੫॥
ਕੱਲਰ, ਖੇਤ, ਸਕਲ ਥਲ ਬਰਖੈਂ।
ਦੇਖਿ ਦੇਖਿ ਕਰਿ ਜਨ ਗਨ ਹਰਖੈਂ।
ਜਿਮ ਗੁਰੁ ਗਿਰਾ ਸੁਨਹਿ ਸਭਿ ਕੋਈ।
ਪ੍ਰੇਮ ਬੀਜ ਕਹੁੰ ਉਤਪਤਿ ਹੋਈ ॥੧੬॥
ਮਧੁਰ ਮਧੁਰ ਧੁਨਿ ਸੁਨਿ ਸੁਨਿ ਮੋਰ।
ਠੌਰ ਠੌਰ ਬੋਲਤਿ ਕਰਿ ਸ਼ੋਰ।
ਜਥਾ ਕੀਰਤਨ ਸੁਨਿ ਜੱਗਯਾਸੀ।
ਬਸਹਿ ਰਿਦੇ ਪੁਨ ਗਾਇ[†] ਪ੍ਰਕਾਸ਼ੀ ॥੧੭॥
ਦਾਦਰ ਟੇਰਤਿ ਹੈਂ ਚਹੁੰ ਓਰ।
ਜਿਮ ਸਿਖ ਪਢਹਿਂ ਗਿਰਾ ਗੁਰ ਜੋਰ।
ਬਹੁ ਜਲ ਪਾਇ ਮੁਦਤਿ ਭੇ ਮੀਨ।
ਜਥਾ ਸਿੱਖ ਗੁਰੁ ਪ੍ਰੇਮ ਪ੍ਰਬੀਨ ॥੧੮॥
ਜਰਯੋ ਜਵਾਸਾ, ਜਰਯੋ ਨ ਜਲ ਕੋ[1]।
ਸੁਨਿ ਨਿੰਦਕ ਜਸੁ ਗੁਰੂ ਬਿਮਲ ਕੋ।
ਹਰਿਆਵਲਿ ਸਗਰੇ ਜਗ ਹੋਈ।
ਗੁਰੁ ਸਿੱਖੀ ਜਿਮ ਸਭਿ ਥਲ ਜੋਈ ॥੧੯॥
ਸਰਿਤਾ ਕੋ ਪ੍ਰਵਾਹ ਬਹੁ ਬਾਢਾ।
ਜੁਗ ਕੰਠਨਿ ਤੇ[1] ਜਲ ਕਹੁ ਕਾਢਾ।
ਜਿਮ ਭਗਤਨਿ ਕੈ ਪ੍ਰੇਮ ਪ੍ਰਵਾਹੂ।
ਰਸ ਕੋ ਲੈਬੇ ਵਧਹਿ ਉਮਾਹੂ ॥੨੦॥
ਪਾਵਸ[1] ਪਾਇ ਬੀਜ ਬਹੁ ਉਪਜੈਂ।
ਜਿਮ ਸਿੱਖੀ ਤੇ ਗੁਨ ਗਨ ਨਿਪਜੈਂ।
ਸਤਿਗੁਰੁ ਸਲਿਤਾ ਕੇ ਤਟਿ ਜਾਇ।
ਬੈਠਿ ਬਿਲੋਕਹਿਂ ਜਲ ਸਮੁਦਾਇ ॥੨੧॥
ਬਡੇ ਬੇਗ ਤੇ ਬਗਹਿ ਪ੍ਰਵਾਹੂ।
ਕਾਸ਼ਟ ਬਹੇ ਜਾਇਂ ਗਨ ਮਾਂਹੂ।
ਨੀਰ ਨਵੀਨ ਮਲੀਨ ਸੁ ਪੀਨ[1]।
ਤਰੁ ਜੁਤਿ ਤਟ ਕੋ ਢਾਹਨਿ ਕੀਨਿ

[1]ਬੱਦਲ।
[†]ਪਾ:-ਪੀਤਿ।
[1]ਸੜ ਗਿਆ ਜਵਾਹਾਂ ਪਾਣੀ ਨੂੰ ਨਾ ਸਹਾਰ ਕੇ।
[1]ਕੰਢਿਆਂ ਤੋਂ।
[1]ਬਰਸਾਤ।
[1]ਮੈਲਾ ਤੇ ਗਾੜ੍ਹਾ।

॥੨੨॥
ਸਹਤ ਅਨੇਕ ਬਿਕਾਰ ਅਸ਼ੇਖੁ।
ਹਤਹਿ ਗਜ਼ਾਨ ਜਿਮ ਰਾਗ ਰੁ ਦ੍ਵੈਖੁ।
ਕਬਿ ਕਬਿ ਲਾਗਹਿ ਤਹਾਂ ਦਿਵਾਨ।
ਕਰਹਿਂ ਰਬਾਬੀ ਸ਼ਬਦ ਸੁ ਗਾਨਿ ॥੨੩॥
ਦੇ ਦੇ ਲੋਕ ਮਿਲਹਿਂ ਉਪਹਾਰਾ।
ਜਾਨਹਿਂ ਗੁਰੁ ਪ੍ਰਤਾਪ ਉਦਾਰਾ†। †ਪਾ:-ਲੈ ਉਪਦੇਸ਼ ਹੋਤ ਨਿਸਤਾਰਾ।
ਗ੍ਰਾਮ ਗ੍ਰਾਮ ਘਰ ਘਰ ਤਿਸ ਦੇਸ਼।
ਵਧਯੋ ਨਿਤਾਪ੍ਰਤਿ ਤੇਜ ਵਿਸ਼ੇਸ਼ ॥੨੪॥
ਬਹੁਤ ਘਾਵ ਬਿਧੀਏ ਕੇ ਘੋਰੇ[1]। [1]ਘੋੜੇ ਨੂੰ (ਲਗੇ ਸਨ)।
ਮ੍ਰਿਤਕ ਭਯੋ ਸੋ ਭੀ ਤਿਸ ਠੌਰੇ†। †ਪਾ:-ਬੇਰੇ।
ਅਪਰ ਸੁਭਟ ਕੇ ਮਰੇ ਤੁਰੰਗ।
ਕੇਤਿਕ ਜੋਧਾ ਘਾਇਲ ਅੰਗ ॥੨੫॥
ਸਭਿ ਕੀ ਖਾਨ ਪਾਨ ਸੁਧਿ ਸਾਰੀ।
ਲੇਤਿ ਸਦਾ ਗੁਰੁ ਕਰੁਨਾ ਧਾਰੀ।
ਲਗੇ ਖਰੀਦਨਿ ਹਯ ਬਡਿ ਮੋਲ।
ਧਾਇਂ ਅਧਿਕ, ਬਲ ਜੁਤਿ ਅਰੁ ਲੋਲ[1] ॥੨੬॥ [1]ਤੇਜ਼ ਦੌੜਨ ਵਾਲੇ ਬੜੇ ਬਲੀ ਤੇ ਚੰਚਲ।
ਦੇਤਿ ਭਏ ਸਿੱਖਨ ਕੇ ਤਰੈ।
ਲੈ ਲੈ ਸੁਭਟ ਸਰਾਹਤਿ ਚਰ੍ਹੈਂ।
ਬਹੁ ਕੀਮਤਿ ਕੋ ਹਯ ਨਹਿਂ ਪਾਵੈਂ।
ਜਿਸ ਪਰ ਗੁਰੁ ਚਢੈਂ ਹਰਖਾਵੈਂ ॥੨੭॥
ਬਡੋ ਚਲਾਕ ਬਲੀ ਤਨ ਹੋਇ।
ਸਤਿਗੁਰੁ ਭਾਰ ਉਚਾਵਹਿ ਸੋਇ।
ਇਕ ਤੌਂ ਬਲ ਜੁਤਿ ਡੀਲ ਬਿਸਾਲਾ[1]। [1]ਸਤਿਗੁਰੂ ਜੀ ਦੀ) ਬਲਵਾਨ ਤੇ ਵਡੀ ਡੀਲ ਹੈ।
ਦੁਤਿਯ ਅਰੂਢਨਿ ਤੇਜ ਕ੍ਰਿਪਾਲਾ[1] ॥੨੮॥ [1]ਦੂਜੇ ਕ੍ਰਿਪਾਲ ਜੀ ਤੇਜ (ਘੋੜੇ ਤੇ ਹੀ) ਚੜ੍ਹਦੇ ਹਨ। (ਅ) ਦੂਜੇ ਕ੍ਰਿਪਾਲੂ ਦਾ ਚੜ੍ਹਨਾ (ਬੜਾ) ਤੇਜ ਵਾਲਾ ਹੈ।
ਨਹਿਂ ਪਸੰਦ ਮਹਿਂ ਕੋ ਹਯ ਆਵੈ।
ਗੁਰੁ ਅਸਵਾਰੀ ਜੋ ਨਿਬਹਾਵੈ।
ਸਿਮਰਤਿ ਹੈਂ ਨਿਤ ਪ੍ਰਥਮ ਤਰੰਗ।
ਗੁਨ ਗਨ ਸਰਬ ਹੁਤੇ ਜਿਸ ਅੰਗ ॥੨੯॥
'ਲਵਪੁਰਿ ਤੇ ਬਹੁ ਕਰੇ ਉਪਾਯ।

ਤਬਿ ਕੇ ਹਮ ਲਜਾਏ ਹਰਖਾਯ।
ਚਿਰੰਕਾਲ ਦੀਨਸਿ ਅਸਵਾਰੀ।
ਲਗੇ ਘਾਵ ਗਨ ਮ੍ਰਿਤੁ ਕੋ ਧਾਰੀ' ॥੩੦॥
ਸਭਿ ਮਹਿਂ ਕਹਿ ਕਹਿ ਬਾਕ ਸੁਨਾਵੈਂ।
'ਬਲੀ ਤੁਰੰਗ ਕਹੂੰ ਜੇ ਪਾਵੈਂ।
ਮੁਖ ਮਾਂਗਜੋ ਧਨ ਦੇਵਨਿ ਕਰੈਂ।
ਅਪਰ ਖੁਸ਼ੀ ਹਮ ਤਿਸ ਪਰ ਧਰੈਂ ॥੩੧॥
ਨਿਕਟਿ ਨ ਪੱਯਤਿ ਹੈ ਇਸ ਦੇਸ਼।
ਕਹਾਂ ਬਤਾਵਹਿ ਕੋ ਅਸ ਬੇਸ[1]।'

[1]ਕਿਧਰੋਂ (ਕੋਈ) ਪਤਾ ਹੀ ਦੇਵੇ ਐਸੇ ਸਰੂਪ ਵਾਲੇ (ਘੋੜੇ) ਦਾ।

ਅਪਰ ਸੁਭਟਿ ਸਿਖ ਰਹਨਿ ਜੁ ਐ ਹੈਂ[1]।
ਤਿਨ ਕੋ ਸਤਿਗੁਰੁ ਰਾਖਤਿ ਜੈ ਹੈਂ ॥੩੨॥

[1]ਆਂਵਦੇ ਹਨ।

ਇਮ ਹੀ ਕਿਤਿਕ ਕਾਲ ਜਬਿ ਬੀਤਾ।
ਹਯ ਕੋ ਚਾਹਤਿ ਚੀਤ ਸੁ ਨੀਤਾ।
ਪਸ਼ਚਮ ਦਿਸ਼ਿ ਸੰਗਤਿ ਸਮੁਦਾਈ।
ਗੁਰੁ ਦਰਸ਼ਨ ਹਿਤ ਭੀ ਇਕ ਠਾਈ ॥੩੩॥
ਤਿਸ ਸੰਗਤਿ ਮਹਿਂ ਸਿੱਖ ਸਭਾਗਾ[1]।

[1]ਭਾਗਾਂ ਵਾਲਾ।

ਧਨੀ ਬਡੋ ਅਰੁ ਨਾਮ ਸਭਾਗਾ।
ਗੁਰੁ ਕੀ ਕਾਰ ਸਕੇਲਨਿ ਕਰਿ ਕੈ।
ਹਯ ਲੀਨੇ ਗੁਰੁ ਖੁਸ਼ੀ ਬਿਚਰਿ ਕੈ ॥੩੪॥
ਲਾਖ ਲਾਖ ਕੀ ਕੀਮਤ ਭਾਰੇ।
ਪੰਚ ਤੁਰੰਗ ਲਿਯੇ ਬਲ ਭਾਰੇ।
ਲੋਕ ਹਜ਼ਾਰਹੁਂ ਸੰਗਤਿ ਜਾਨਿ।
ਮਿਲ ਤਿਨ ਮਹਿਂ ਤਬਿ ਕੀਨਿ ਪਯਾਨ ॥੩੫॥
ਬਹੁ ਬਿਧਿ ਤੇ ਕਰਿ ਕਰਿ ਚਤੁਰਾਈ।
ਤੁਰਕਨਿ ਤੇ ਨਿਤ ਲੇਤਿ ਛਪਾਈ।
ਸੇਵਾ ਕਰਤਿ ਅਨਿਕ ਪਰਕਾਰ।
ਆਇ ਪਹੂਚੇ ਗੁਰ ਦਰਬਾਰ ॥੩੬॥
ਨਿਸਾ ਭਈ ਲਖਿ, ਦਰਸੇ ਨਾਂਹੀ।

ਡੇਰਾ ਕਰਤਿ ਭਏ ਪੁਰਿ ਮਾਂਹੀ।
ਭਈ ਪ੍ਰਭਾਤਿ ਲਗਯੋ ਦੀਵਾਨ।
ਦਈ ਮੇਵੜੇ ਤਬਿ ਸੁਧਿ ਆਨਿ ॥੩੭॥
'ਅਬਿ ਦਰਸ਼ਨ ਕੋ ਸਮੋ ਜਨੀਜੈ।
ਸ੍ਰੀ ਸਤਿਗੁਰ ਤੇ ਖੁਸ਼ੀ ਸੁ ਲੀਜੈ।'
ਲੈ ਲੈ ਸੰਗਤਿ ਸਭਿ ਉਪਹਾਰ।
ਭੂਖਨ ਬਸਤ੍ਰ ਅਨੇਕ ਪ੍ਰਕਾਰ ॥੩੮॥
ਸ਼ਸਤ੍ਰ ਤੁਰੰਗ ਦਰਬ ਸਮੁਦਾਈ।
ਧਰਿ ਧਰਿ ਭਾਉ ਰਿਦੈ ਅਧਿਕਾਈ।
ਜਾਇ ਗੁਰੂ ਕੋ ਦਰਸ਼ਨ ਕੀਨਿ।
ਬੈਠੇ ਤਖ਼ਤ ਸ਼ੁਭਤਿ ਬਲ ਪੀਨ ॥੩੯॥
ਬਾਰਿ ਬਾਰਿ ਸਿਰ ਚਾਮਰ ਢੁਰੈ।
ਢਿਗ ਅਰਦਾਸ ਮੇਵਰੋ ਕਰੈ।
ਆਗੈ ਸਕਲ ਉਪਾਇਨ ਧਰਿ ਧਰਿ।
ਬਾਰਿ ਬਾਰਿ ਪਦ ਬੰਦਨ ਕਰਿ ਕਰਿ ॥੪੦॥
ਸੰਗਤਿ ਮਹਾਂ ਮੋਦ ਮਨ ਪਾਯੋ।
ਜਗ ਗੁਰ ਪਾਵਨਿ ਕੋ ਦਰਸਾਯੋ।
ਸ੍ਰੀ ਹਰਿਗੋਵਿੰਦ ਸ਼ਸਤ੍ਰ ਨਿਹਾਰੇ।
ਪੁਨ ਘੋਰੇ ਆਏ ਬਲਿ ਭਾਰੇ ॥੪੧॥
ਰੂਪ ਰੰਗ ਤਿਨ ਕੋ ਸਭਿ ਹੇਰੇ।
ਸੁੰਦਰ ਆਕ੍ਰਿਤ[1] ਬਲੀ ਬਡੇਰੇ।
ਖੁਸ਼ੀ ਅਧਿਕ ਹੀ ਸਿਖ ਪਰ ਕੀਨਿ।
ਜਨਮ ਮਰਨ ਬੰਧਨ ਕਟਿ ਦੀਨ ॥੪੨॥
ਅਪਰ ਸਿੱਖ ਸੰਗਤ ਗਨ ਸਾਰੇ।
ਜਸ ਇੱਛਾ ਧਰਿ ਗੁਰੂ ਨਿਹਾਰੇ।
ਸਭਿ ਕੀ ਤਬਿ ਪੂਰਨ ਕਰਿ ਦਈ।
ਅਧਿਕ ਪ੍ਰੀਤਿ ਆਗੇ ਉਪਜਈ ॥੪੩॥
ਸੁੰਦਰ ਬਦਨ ਚੰਦ ਮਾਨਿੰਦ।
ਮੁਦਤਿ ਦੇਖਿ ਸ੍ਰੀ ਹਰਿ ਗੋਵਿੰਦ।
ਹਰਖੇ ਮਨ ਬਾਂਛਤਿ ਕੋ ਪਾਇ।
ਨਰ ਤਨ ਅਪਨੇ ਕੋ ਸਫਲਾਇ ॥੪੪॥

[1]ਸੁੰਦਰ ਸਰੀਰ ਵਾਲੇ। [ਸੰਸ: ਆਕ੍ਰਿਤਿ]

ਕੇਤਿਕ ਦਿਨ ਦਰਸ਼ਨ ਕੋ ਕਰਿ ਕੈ।
ਸੰਗਤਿ ਗਮਨੀ ਮੁਦ ਉਰ ਧਰਿ ਕੈ।
ਅਨਿਕ ਪ੍ਰਕਾਰ ਗੁਰੂ ਜਸ ਕਹਿਤੇ।
ਦਿਨ ਮਹਿਂ ਚਲਤਿ, ਨਿਸਾ ਮਹਿਂ ਰਹਿਤੇ
॥੪੫॥
'ਤੁਰਕ ਬਿਨਾਸ਼ਕ ਗੁਰੁ ਅਵਤਾਰੀ।
ਚਹੁ ਦਿਸ਼ਿ ਕੀ ਸੰਗਤਿ ਸੁਖਕਾਰੀ[1]।'
ਇੱਤਜਾਦਿਕ ਕੀਰਤਿ ਕੋ ਭਾਖਤਿ।
ਸੁਨਹਿ ਅਪਰ ਸੋ ਦਰਸ਼ਨ ਕਾਂਖਤਿ
॥੧੬॥

[1]ਸੰਗਤ ਨੂੰ ਸੁਖ ਦਾਤੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਤੁਰੰਗ ਸੰਗਤ ਲਜਾਵਨ' ਪ੍ਰਸੰਗ ਬਰਨਨੰ ਨਾਮ ਪੰਚ ਚੱਤਵਾਰਿੰਸਤੀ ਅੰਸੂ ॥੪੫॥

## ੪੬. [ਘੋੜਿਆਂ ਦੀ ਬਖਸ਼ਿਸ਼। ਸ਼ੁਧ ਜਪੁਜੀ ਪਾਠ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਸ੍ਰੀ ਗੁਰੁ ਹਰਿਗੋਬਿੰਦ ਜੀ ਪ੍ਰਭੁ ਜੋਧਾ ਬਲਵਾਨ।
ਸ਼ੌਕ ਬਿਲੰਦ ਤੁਰੰਗ ਕੋ ਚਢਹਿਂ ਪ੍ਰੀਤਿ ਕੋ ਹਾਨਿ ॥੧॥

ਚੌਪਈ:

ਪੰਚ ਪਵੰਗਮ ਲਗੇ ਤਬੇਲੇ।
ਸੇਵਕ ਲਾਗੇ ਕਰਨਿ ਸੁਹੇਲੇ[1]।
ਪੁਨ ਸਤਿਗੁਰੁ ਇਕ ਇਕਿ ਫਿਰਵਾਯੋ।
ਫਾਂਧਨਿ ਚੰਚਲ ਬੇਗ ਧਵਾਯੋ ॥੨॥

[1]ਸੁਖੀ ਕਰਨ ਲਗੇ, ਭਾਵ ਸੇਵਾ ਕਰਨ ਲਗੇ ਘੋੜਿਆਂ ਦੀ।

ਤਿਨ ਪੰਚਹੁਂ ਮੈਂ ਏਕ ਭਲੇਰੋ।
ਚੰਚਲ ਬਲ ਮੈਂ ਬੇਗ ਬਡੇਰੋ।
ਸ੍ਰੀ ਹਰਿ ਗੋਵਿੰਦ ਆਪ ਚਰ੍ਹਨਿ ਕੋ।
ਰਖਵਾਯਹੁ ਕਹਿ, ਸੁਸ਼ਟ ਬਰਨ ਕੋ[1]† ॥੩॥

[1]ਸ੍ਰੇਸ਼ਟ ਰੰਗ ਦਾ। †ਪਾ:-ਕਹਿ ਸੁਭਟ ਬਚਨ ਕੋ।

ਜ਼ੀਨ ਜਰਾਊ ਜਰੇ ਜਵਾਹਿਰ।
ਜਬਰ ਜ਼ੇਬ ਜਗਮਗ ਜਿਸ ਜ਼ਾਹਰ।
ਸੁੰਦਰ ਕੋਰਦਾਰ ਬਰ ਹੀਰੇ।
ਜੋਗ ਥਾਨ ਕੇ ਜਾਨਤਿ ਚੀਰੇ[1] ॥੪॥

[1]ਭਾਵ ਸੁਹਣੇ ਸ੍ਰੇਸ੍ਹ ਹੀਰੇ ਜਿਸ ਜਿਸ ਥਾਂ ਤੇ ਜੜੇ ਹੋਏ ਹਨ ਉਸੇ ਉਸੇ ਥਾਂ ਦੇ ਮੁਤਾਬਕ ਜਾਣਕੇ ਚੀਰੇ ਗਏ ਸਨ।

ਅਪਰ ਅਜਾਇਬ ਜੁਕਤਿ ਬਨਜੋ ਹੈ।
ਸੁ ਵਰਨ ਸ਼ੋਭਤਿ ਸੂ੍ਰਨ ਸਨਜੋ ਹੈ[1]।
ਐਸੋ ਤੁਰੰਗ ਸੁਗਮ ਨਹਿਂ ਆਵੈ†।
ਜੋ ਸਤਿਗੁਰ ਕੇ ਮਨ ਮਹਿਂ ਭਾਵੈ+ ॥੫॥

[1]ਸੋਨੇ ਸਮੇਤ ਸ੍ਰੇਸ਼ਟ ਰੰਗ ਦਾ ਸ਼ੋਭਦਾ ਹੈ।

†ਇਹ ਦੋਵੇਂ ਤੁਕਾਂ ਕਈ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਨਹੀਂ ਹਨ, ਤੇ ਚੌਪਈ ਦੇ ਦੋ ਹੀ ਚਰਨ ਹਨ।

ਕਰਜੋ ਹੁਕਮ 'ਆਨਹੁ ਕਰਿ ਤਜਾਰ।'
ਦਾਸਨ ਤਤਛਿਨ ਮਾਂਹਿ ਸ਼ਿੰਗਾਰ।
ਰੇਸ਼ਮ ਡੋਰ ਗਹੇ ਕਰ ਆਨਜੋ।
ਧੰਨ ਭਾਗ ਜੁਤਿ ਸਭਿ ਨੇ ਜਾਨਜੋ ॥੬॥
ਤਨ ਕੋ ਬਰਨ ਦਿਪਤਿ ਇਸ ਭਾਂਤੀ।
ਮਨਹੁਂ ਤਾਫਤਾ ਸੁੰਦਰ ਕਾਂਤੀ[1]।

[1]ਸੁਹਣੀ ਦਮਕ ਦਾ ਤਾਫਤਾ ਹੈ [ਫਾ. ਤਾਫਤਾ = ਇਕ ਪ੍ਰਕਾਰ ਦਾ ਰੇਸ਼ਮੀ ਕਪੜਾ, ਯਾ ਵਧੀਆ ਪਸ਼ਮੀਨੇ ਦਾ

ਕਪੜਾ ਜੋ ਨਰਮੀ ਨਾਲ ਲੁਸ ਲੁਸ ਕਰਦਾ ਹੈ ਤੇ ਚਮਕਦਾ ਹੈ]

ਜੁਗਮ ਸ੍ਰੋਨ ਲਘੁ ਸੁੰਦਰ ਖਰੇ[1]।
[1]ਖੜੇ।

ਆਯੁਤ ਛਾਤੀ ਲੋਚਨ ਖਰੇ[1] ॥੭॥
[1]ਸੁੰਦਰ।

ਅਲਪ ਗਾਮਚੀ[1], ਸੁੰਮ ਬਡੇਰੇ।
[1]ਸੁੰਮ ਦੇ ਉੱਪਰ ਤੇ ਗਿੱਟੇ ਦੇ ਹੇਠ, ਦੋਹਾਂ ਦੇ ਵਿਚਕਾਰਲਾ ਥਾਂ।

ਬੰਕੀ[1] ਗ੍ਰੀਵ ਚਲਹਿ ਜਿਸ ਬੇਰੇ।
[1]ਬਾਂਕੀ।

ਸਿਮਰਿ ਗੁਰੂ ਸ੍ਰੀ ਨਾਨਕ ਆਦਿ।
ਚਢੇ ਸ਼ਸਤ੍ਰ ਧਾਰੀ ਅਹਿਲਾਦ ॥੮॥
ਸੁੰਦਰ ਚਾਲ ਪਾਇ ਕਰਿ ਫੇਰਾ।
ਰੋਕਤਿ ਚਾਹਤਿ ਬੇਗ ਬਡੇਰਾ।
ਬਹੁਰੋ ਲਾਰਾ[1] ਛੇਰਨਿ ਕੀਨਿ।
[1]ਦੁੜਕੀ ਚਾਲ ਜੋ ਬਹੁਤ ਹੀ ਖੁੱਲ੍ਹੀ ਪਵੇ।

ਕਰਤਿ ਓਜ ਗੁਰੁ ਧੀਰਜ ਦੀਨਿ ॥੯॥
ਛੋਟੀ ਛਾਲ ਉਛਾਲਨਿ ਕਰੇ।
ਗਿਨ ਗਿਨ ਚਰਨ ਮਨਹੁ ਧਰਿ ਧਰੇ।
ਬਹੁਰ ਧਵਾਇ ਬੇਗ ਕੋ ਹੇਰਾ।
ਭਾਖਤਿ ਕਵਿ ਤਿਹ ਸੁਜਸ ਬਡੇਰਾ ॥੧੦॥
ਜਨੁ ਬਾਜੀ ਮੇਲੀ ਬਡ ਬਾਜੀ।
ਨਟ ਬਾਜੀ ਜਿਸ ਦੇਖਤਿ ਲਾਜੀ[1]।
[1]ਘੋੜੇ ਨੇ ਮਾਨੋਂ ਬਾਜ਼ੀ ਪਾਈ ਹੈ ਜਿਸਨੂੰ ਵੇਖਕੇ ਨਟ ਦੀ ਬਾਜ਼ੀ ਲੱਜਿਤਿ ਹੁੰਦੀ ਹੈ।

ਪੌਨ ਗੌਨ ਕੋ ਕੀਨਿ ਪਿਛੇਰੈ[1]।
[1]ਪਿੱਛੇ।

ਬਪੁਰੇ ਮ੍ਰਿੱਗ ਕਹਾਂ ਸਮ ਦੌਰੈਂ ॥੧੧॥
ਮਨ ਕੇ ਸਾਥ ਸਥਾਪਨ ਧਾਰੈ[†]।
[†]ਕਵਿਤਾ ਦਾ ਕਮਾਲ ਹੈ।

ਜਨੁ ਚਪਲਾ ਕੋ ਚਪਲ ਸਿਖਾਰੈ[1]।
[1]ਮਾਨੋ ਬਿਜਲੀ ਨੂੰ ਵੀ ਚੰਚਲਤਾਈ ਸਿਖਾਲਦਾ ਹੈ।

ਨਯਨ ਨਾਗਰੀ ਤੇ ਹੁਇ ਆਗਰ[1]।
[1]ਨੈਨ ਇਸਤ੍ਰੀ (ਦੇ ਨੇਤ੍ਰਾਂ) ਤੋਂ ਵੀ ਵਧਕੇ ਹਨ [ਸੰਸ: ਆਕਰ-ਸ੍ਰੇਸ਼ਟ, ਵਧਕੇ, ਉੱਤਮ]

ਕਿਧੌਂ ਜੂਪ ਕੋ ਦਾਵ ਉਜਾਗਰ ॥੧੨॥
ਛਾਤੀ ਛੁਵੈਂ ਛਾਲ ਪਗ ਦੌਨ[1]।
[1]ਛਾਲ ਸਮੇਂ ਦੋਵੇਂ (ਅਗਲੇ) ਪੈਰ ਛਾਤੀ ਨੂੰ ਛੁਹੰਦੇ ਹਨ।

ਛਿਤ ਲਗਿ ਪਾਛਲਿ ਪਾਇ ਸੁ ਔਨ[1]।
[1]ਪਿਛਲੇ ਪੈਰ (ਸਿਰਫ ਛੁਹਣ ਮਾਤ੍ਰ) ਹੀ ਧਰਤੀ ਨੂੰ ਲੱਗਦੇ ਆਉਂਦੇ ਹਨ।

ਥਰਕਤਿ ਮਨਹੁ ਥਾਰ ਮਹਿਂ ਮੋਤੀ[1]।
[1]ਜਿਵੇਂ ਥਾਲ ਵਿਚ ਮੋਤੀ।

ਜਨੁ ਜਲ ਮਛਲੀ ਇਤ ਉਤ ਹੋਤੀ ॥੧੩॥

ਸਭਿ ਬਿਧਿ ਪਿਖਿ ਸ਼੍ਰੀ ਹਰਿ ਗੋਵਿੰਦ।
ਚਢਿ ਕਰਿ ਭਏ ਅਨੰਦ ਬਿਲੰਦ।
ਕਰਿ ਪਸੰਦ ਇਕ ਰਾਖਯੋ ਆਪ।
ਜਿਹ ਅਰੂਢਿ ਪਾਪੀ ਨਰ ਖਾਪਿ ॥੧੪॥
ਅਪਰ ਪਿਖਯੋ ਸੁੰਦਰ ਬਲ ਪੀਨ।
ਬਿਧੀ ਚੰਦ ਕੋ ਬਾਜੀ ਦੀਨਿ।
ਹੁਇ ਅਰੂਢ ਤਿਨ ਫੇਰਿ ਦਿਖਾਯੋ।
ਮਨਹੁਂ ਪੌਨ ਕੋ ਪੂਤ ਸੁਹਾਯੋ ॥੧੫॥
ਲੇ ਕਰਿ ਭਯੋ ਅਨੰਦਤਿ ਬਾਈ।
ਸ਼੍ਰੀ ਗੁਰੁ ਪਾਇਨ ਸੀਸ ਝੁਕਾਈ।
ਪੁਨ ਤ੍ਰਿਤੀਆ ਘੋਰਾ ਮੰਗਵਾਇ।
ਊਪਰ ਸੁੰਦਰ ਜ਼ੀਨ ਸੁਹਾਇ ॥੧੬॥
ਸ਼੍ਰੀ ਗੁਰੁਦਿੱਤੇ ਹੇਤੁ ਪੁਚਾਯੋ।
ਲੇ ਕਰਿ ਸੇਵਕ ਤਤਛਿਨ ਆਯੋ।
ਗੋਇੰਦਵਾਲ ਪਹੂਚਯੋ ਜਾਇ।
ਦੇ ਕਿਰ ਗੁਰੁ ਸੁਧਿ ਸਕਲ ਸੁਨਾਇ ॥੧੭॥
ਚੌਥੇ ਤੁਰੰਗ ਹਜ਼ੂਰ ਹਕਾਰਾ।
ਜ਼ੀਨ ਬਿਭੂਖਨ ਜੁਕਤਿ ਸ਼ਿੰਗਾਰਾ।
ਪੈਂਦੇਖਾਨ ਸਮੀਪ ਪਠਾਯੋ।
ਸੋ ਲੈ ਕਰਿ ਉਰ ਮਹਿਂ ਹਰਖਾਯੋ ॥੧੮॥
ਏਕ ਤੁਰੰਗ ਸ਼ੇਖ ਰਹਿ ਗਯੋ।
ਖਾਸ ਤਬੇਲੇ ਮਹਿਂ ਰਖਿ ਲਯੋ।
ਇਕ ਦਿਨ ਬੈਠਿ ਦਿਵਾਨ ਮਝਾਰਾ।
ਸੁਭਟ ਸਿੱਖ ਤਹਿਂ ਸ਼ੁਭਤਿ ਹਜ਼ਾਰਾ ॥੧੯॥
ਸਭਿਨਿ ਸੁਨਾਇ ਮੁਕੰਦ ਬਖਾਨੀ।
'ਕੋ ਸਿਖ ਸੁੱਧ ਪਠਹਿ ਗੁਰੁ ਬਾਨੀ।
ਜਥਾ ਜੋਗ ਮਾਤ੍ਰਾ ਅਰੁ ਬਰਣ[1]।
ਪਠਹਿ ਸੰਭਾਰਿ ਸੁਨਾਵਹਿ ਕਰਣ[1]' ॥੨੦॥
ਸੁਨਿ ਗਨ ਸਿੱਖ ਹਾਥ ਕੋ ਜੋਰਿ।

[1]ਲਗਾਂ ਤੇ ਅੱਖਰ।

[1]ਮਨ ਨੂੰ ਸੰਭਾਲ ਕੇ ਪੜ੍ਹ ਸੁਨਾਵੇ [ਸੰਸ: ਕਰਣ = ਦੇਹ, ਇੰਦ੍ਰੇ, ਮਨ ਆਦਿ] (ਅ) ਕੰਨਾਂ ਨੂੰ।

ਕਹੈਂ 'ਗੁਰੂ ਹਮ ਤੁਮਰੇ ਜੋਰ।
ਨਿਤ ਹੀ ਪਾਠ ਕਰਹਿਂ ਗੁਰ ਬਾਨੀ।
ਕੰਠ ਹਮਾਰੇ ਅਹੈ ਮਹਾਨੀ ॥੨੧॥
ਛੇਮ ਹੇਤੁ, ਹਮ ਨੇਮ ਸਮੇਤਾ।
ਹਟਹਿਂ ਪ੍ਰੇਮ ਤੇ, ਕਟਹਿਂ ਕੁਹੇਤਾ[1]।'

ਸੁਨਿ ਪੁਨ ਗੁਰੂ ਭਨਜੋ 'ਹੈ ਨੀਕੀ।
ਗੁਰਬਾਨੀ ਸੰਗਿ ਪ੍ਰੀਤੀ ਹੀ ਕੀ ॥੨੨॥
ਤਊ ਸਿੱਖ ਜੋ ਹੁਇ ਬੁਧਿਵੰਤਾ।
ਕਰਤਿ ਪ੍ਰੇਮ ਲਖਿ ਸ਼ੁੱਧ ਪਠੰਤਾ।
ਸੋ ਅਬਿ ਸਨਮੁਖ ਥਿਰਹਿ ਹਮਾਰੇ।
ਜਪੁਜੀ ਪਾਠ ਕਰਹਿ ਨਿਰਧਾਰੇ ॥੨੩॥
ਸ਼ੁੱਧ ਸੁਨਾਇ ਰਿਝਾਵਹਿ ਮੋਹੀ।
ਮਨ ਬਾਂਛਤਿ ਫਲ ਪ੍ਰਾਪਤਿ ਹੋਹੀ।
ਨਹਿਂ ਅਦੇਯ ਵਸਤੁ ਪੁਨ ਕੌਨ।
ਜਿਮ ਜਾਚਹਿ ਹਮ ਦੈ ਹੈਂ ਤੌਨ' ॥੨੪॥
ਇਸ ਬਿਧਿ ਪੁਨ ਜਬਿ ਸਤਿਗੁਰੁ ਕਹਜੋ।
ਸਭਿਨਿ ਬਿਚਾਰਿ ਗੁਰੂ ਰੁਖ਼ ਲਹਜੋ।
ਇਕ ਸਿਖ ਗੁਰਮੁਖ ਨਾਮ -ਗੁਪਾਲਾ-।
ਹਾਥ ਜੋਰਿ ਕਹਿ 'ਸੁਨਹੁ ਕ੍ਰਿਪਾਲਾ!
॥੨੫॥
ਜੋ ਸੇਵਕ ਪ੍ਰਤਿ ਆਇਸੁ ਕਰੀਯਹਿ।
ਅਪਨਿ ਕ੍ਰਿਪਾ ਬਲ ਮੋ ਪਰ ਧਰੀਯਹਿ।
ਕਰੌਂ ਸੁਨਾਵਨਿ ਮੈਂ ਥਿਰ ਹੋਇ।
ਸ਼ੁੱਧ ਪਾਠ ਜਿਮ ਜਪੁ ਕੋ ਜੋਇ' ॥੨੬॥
ਸੁਨਤਿ ਗਰੀਬ ਨਿਵਾਜ ਬਖਾਨਾ।
'ਆਛੀ ਬਾਤਿ, ਥਿਰਹੁ ਇਸ ਥਾਨਾ।'
ਨਿਜ ਸਨਮੁਖ ਆਸਨ ਡਸਿਵਾਵਾ।
ਕਰਿ ਆਇਸੁ ਤਿਸ ਪਰ ਬੈਠਾਵਾ
॥੨੭॥
'ਕਰਹੁ ਸੁਨਾਵਨਿ ਸ਼ੁਧ ਜਪੁ ਮੋਹੀ।
ਜਾਚਹਿਂ ਕਹੈਂ ਜੁ, ਦੇਵੋਂ ਤੋਹੀ।'

[1]ਭਾਵ ਛੇਮ ਦੇ ਕੁਹੇਤਾ = ਮੁਕਤੀ ਦੇ (ਕੁਹਿਤੂ ਭਾਵ) ਪ੍ਰਤਿਬੰਧਕ ਸਮਾਨਾਂ ਨੂੰ।

ਬੈਠਯੋ ਸਨਮੁਖ ਲਗਯੋ ਉਚਾਰਨਿ।
ਸਿਮਰਯੋ ਸ਼੍ਰੀ ਨਾਨਕ ਸੁਖ ਕਾਰਨਿ ॥੨੮॥
ਪੂਰਬ ਕਹਿ 'ਇਕਿ ਓਅੰਕਾਰਾ।'
'ਸਤਿਨਾਮ' ਕੋ ਬਹੁਰ ਉਚਾਰਾ।
ਸ਼੍ਰੀ ਹਰਿਗੋਵਿੰਦ ਸੁਨਿ ਕਰ ਜੋਰਿ।
ਨਮਸਕਾਰ ਕੀਨੀ ਸਿਖ ਓਰਿ ॥੨੯॥
ਪਠਯੋ ਮੰਗਲਾਚਰਨ ਬਹੋਰੀ।
ਬਰਨਨਿ ਕੀਨਸਿ ਜੋ ਖਟ ਪੌਰੀ।
'ਜੇ ਜੁਗ ਚਾਰੇ' ਜੁਤਿ ਅਨੁਰਾਗ।
ਪਠੀ[1], ਕਹਯੋ ਜਿਸ ਮਹਿਂ ਬੈਰਾਗ ॥੩੦॥
ਬਹੁਰ ਚਤੁਰ ਪਠਿ[1] 'ਸ਼੍ਰਵਣ' ਮਹਾਤਮ।
ਕਰਿਬੇ ਸ਼੍ਰਵਣ ਬ੍ਰਹਮ ਅਨੰਦਾਤਮ।
ਬਹੁਰ 'ਮਨਨ' ਕੀ ਪਵਰੀ ਚਾਰ।
ਕਰੀ ਸੁਨਾਵਨਿ ਸ਼ੁੱਧ ਉਚਾਰਿ ॥੩੧॥
ਪੁਨਹ ਪਠਤਿ ਭਾ 'ਪੰਚ ਪ੍ਰਵਾਨ।'
ਨਿਧਯਾਸਨ ਜਹਿਂ ਕੀਨਿ ਬਖਾਨ।
'ਤੂ ਸਦਾ ਸਲਾਮਤਿ ਨਿਰੰਕਾਰ।'
ਸਖਯਾਤਕਾਰ ਪਰ ਤੁਕ ਇਹ ਚਾਰ ॥੩੨॥
ਪਠੀ ਅਸੰਖਨ ਪਵਰੀ ਫੇਰ।
ਸ਼ਕਤਿ ਸ਼ਾਂਤਕੀ ਪ੍ਰਥਮ ਸੁ ਹੇਰਿ।
ਬਹੁਰ ਤਾਮਸੀ ਸ਼ਕਤਿ ਬਖਾਨੀ।
ਜਿਨ ਕੋ ਅੰਤ ਨ ਕਿਨ ਹੂੰ ਜਾਨੀ ॥੩੩॥
ਚਾਰ ਪ੍ਰਕਾਰਨਿ ਬ੍ਰਹਮ ਜੁ ਗਯਾਨ।
ਸਕਲ ਸੁਨਾਵਨ ਕੀਨਿ ਬਖਾਨ।
ਪੁਨ ਬਿਅੰਤਤਾ ਕਹੀ ਬ੍ਰਹਮ ਕੀ।
ਜੀਵ ਈਸ਼ ਇਕਤਾ ਕਰਿ ਸਮ ਕੀ[1] ॥੩੪॥
ਸਨੈ ਸਨੈ ਸਭਿ ਕੀਨਿ ਸੰਭਾਰ।
ਮਾਤ੍ਰਾ ਬਰਣ ਭਲੇ ਨਿਰਧਾਰਿ।

[1]ਪ੍ਰੇਮ ਨਾਲ ਪੜ੍ਹੀ।

[1]ਚਾਰ (ਪੌੜੀਆਂ) ਪੜ੍ਹੀਆਂ।

[1]ਜੀਵ ਈਸ਼੍ਵਰ ਦੀ ਸਮਤਾ ਕਰ ਏਕਤਾ ਕਹੀ।

ਸੁਨਿ ਸਤਿਗੁਰੁ ਤਬਿ ਰਿਦੇ ਬਿਚਾਰੀ।
-ਜਪੁ ਕੇ ਸਮ ਕਯਾ ਵਸਤੁ ਉਦਾਰੀ ॥੩੫॥
ਜੋ ਇਸ ਕੋ ਅਬਿ ਦੈਬੌ ਕਰੈਂ।
ਕੋਇ ਨ ਸਮਤਾ ਕਯੋਂ ਹੂੰ ਧਰੈ।
ਜੋ ਸਗਰੇ ਜਗ ਕੀ ਗੁਰਿਆਈ।
ਇਹ ਦੈਹੈਂ-, ਨਿਸ਼ਚੈ ਠਹਿਰਾਈ ॥੩੬॥
'ਨਾਨਕ ਨਦਰੀ ਨਦਰਿ ਨਿਹਾਲ।'
ਇਹ ਤੁਕ ਪਠੀ ਪ੍ਰੀਤਿ ਕੇ ਨਾਲ।
ਤਬਿ ਸਤਿਗੁਰ ਮਨ ਮੋਦ ਉਪਾਯੋ।
ਜਾਨੂੰ[1] ਉਠਿਬੇ ਹੇਤ ਉਠਾਯੋ ॥੩੭॥ — [1]ਗੋਡਾ।
ਤਿਲਕਿ ਦੇਨਿ ਕੋ ਚਾਹਯੋ ਰਿਦੈ।
ਸਿਖ ਨੇ ਕਰਯੋ ਮਨੋਰਥ ਤਬੈ[1]। — [1]ਭਾਵ ਇਕ ਮਨ ਪਾਠ ਕਰਦੇ ਨੂੰ ਫੁਰਨਾ ਫੁਰ ਪਿਆ।
-ਰਹਯੋ ਪੰਚਮੋਂ ਹਯ ਬਡ ਮੋਲ।
ਸੋ ਮੈਂ ਲੇਉਂ ਗੁਰੂ ਤੇ ਬੋਲ ॥੩੮॥
ਜ਼ੀਨ ਸਮੇਤ ਪਾਇ ਕਰਿ ਸੋਊ।
ਚਢੋਂ ਤਿਸੀ ਪਰ ਮਨ ਮੁਦ ਹੋਊ।
ਅਸ ਅਸ੍ਵ ਪਰ ਹੋਵਨਿ ਅਸੁਵਾਰ[1]। — [1]ਐਸੇ ਘੋੜੇ ਪਰ ਅਸਵਾਰ ਹੋਣਾ।
ਪਾਇ ਪ੍ਰਿਥੀ ਪਰ ਸੁਰਗ ਬਹਾਰ[1] ॥੩੯॥ — [1]ਧਰਤੀ ਉੱਤੇ ਸੁਰਗਾਂ (ਦਾ) ਅਨੰਦ ਪਾਉਣਾ ਹੈ।
ਜਿਸ ਕੋ ਦੇਖਿ ਸਿਹਾਵਤਿ ਨੈਨ[1]। — [1]ਨੈਨ ਲਲਚਦੇ ਹਨ, ਠਰਦੇ ਹਨ, ਪ੍ਰਸੰਨ ਹੁੰਦੇ ਹਨ।
ਸੋ ਮੋ ਕਹੁ ਗੁਰੁ ਕਰਿ ਹੈਂ ਦੈਨਿ।
'ਮੁਖ ਮਾਂਗਯੋ ਦੈ ਹੈਂ' ਕਹਿ ਲੀਨਿ-।
ਏਵ ਮਨੋਰਥ ਕੋ ਮਨ ਕੀਨਿ ॥੪੦॥
ਜਬਹਿ ਪਿਖਯੋ ਗੁਰੁ ਚਰਨ ਉਠਾਯੋ।
ਪ੍ਰਭੁ ਮਾਯਾ ਨੈ ਤਬਿ ਬਿਚਲਾਯੋ।
ਸਮਝਯੋ ਰਿਦੇ -ਗੁਰੁ ਅਬਿ ਚਲੈਂ।
ਸੁਨਹਿ ਸਲੋਕ ਨ ਸਭਿ ਫਲ ਫਲੇ[1]- ॥੪੧॥ — [1]ਸਲੋਕ (ਉਨ੍ਹਾਂ ਨੇ) ਸੁਣਨਾ ਨਹੀਂ ਤੇ (ਮੇਰੀ) ਸਾਰੀ (ਘਾਲ ਦਾ) ਫਲ ਫਲਨਾ ਨਹੀਂ, ਭਾਵ ਮੈਨੂੰ ਹੁਣ ਘੋੜਾ ਮਿਲਣਾ ਨਹੀਂ।
ਬਿਫਲ ਮਨੋਰਥ ਹੋਵਤਿ ਦੀਖਾ।
-ਰਹਯੋ ਛੂਛ ਮੈਂ ਪ੍ਰਥਮ ਸਰੀਖਾ-।
ਲਖਿ ਉਰ ਕੀ ਗੁਰੁ ਅੰਤਰਜਾਮੀ।

'ਬੋਲੇ ਕਹਾਂ ਕੀਨ ਤੈਂ ਕਾਮੀ ॥੪੨॥
ਬਿਨਾ ਮਨੋਰਥ[1] ਜਪੁਜੀ ਸਾਰੋ।
ਪੂਰਬ ਸਮ ਜੇ ਸਕਲ ਉਚਾਰੋ।
ਸ਼੍ਰੀ ਨਾਨਕ ਗਾਦੀ ਬਡਿਆਈ।
ਸਗਰੇ ਜਗ ਕੀ ਬਰ ਗੁਰਿਆਈ ॥੪੩॥
ਸੋ ਹਮ ਦੈਨਿ ਉਠਤਿ ਇਸ ਸਮੇਂ।
ਜਿਸ ਕੇ ਅੱਗ੍ਰ ਤ੍ਰਿਲੋਕੀ ਨਮੇ।
ਕਹਾਂ ਕਰਹਿਂ, ਬਸ ਤੋਹਿ ਨ ਕੋਈ।
ਜਹਾਂ ਉਚਿਤ ਹੁਇ ਪਹੁੰਚੈ ਸੋਈ ॥੪੪॥
ਅਬਿ ਭੀ ਧੰਨ ਜਨਮ ਤੁਵ ਭਯੋ।
ਜਨਮ ਮਰਨ ਦੁਖ ਸਭਿ ਮਿਟਿ ਗਯੋ।
ਕਰਜੋ ਮਨਰੋਥ ਜੋ ਅਬਿ ਜੈਸੇ।
ਸੋ ਲੀਜਹੁ ਨਹਿਂ ਬਿਲਮਹੁ ਕੈਸੇ' ॥੪੫॥
ਕਹਿ ਕਰਿ ਸੋ ਘੋਰਾ ਮੰਗਵਾਯੋ।
ਸੁੰਦਰ ਜਿਸ ਪਰ ਜ਼ੀਨ ਸੁਹਾਯੋ।
ਸਵਾ ਲਾਖ ਕੀ ਕੀਮਤ ਜਾਂਹੀ।
ਹੁਇ ਪ੍ਰਸੰਨ ਬਖ਼ਸ਼ਤਿ ਭੇ ਤਾਂਹੀ ॥੪੬॥
ਬਸਤ੍ਰ ਬਿਭੂਖਨ ਧਨ ਕੁਛ ਔਰ।
ਦੇਤਿ ਭਏ ਸੋਢੀ ਸਿਰਮੌਰ।
ਲਏ ਗੁਪਾਲੇ ਅਨੰਦ ਉਪਾਯੋ।
ਸ਼੍ਰੀ ਗੁਰੁ ਤੇ ਸੁਨਿ ਕਰਿ ਪਛੁਤਾਯੋ ॥੪੭॥
ਮਾਤ੍ਰਾ ਬਰਣ ਸੰਭਾਰਹਿ ਸਾਰੇ।
ਸ਼੍ਰੀ ਗੁਰੁ ਬਾਨੀ ਸਿੱਖ ਉਚਾਰੇਂ।
ਮਹਾਂ ਮਹਾਤਮ ਕਰਿ ਦਿਖਰਾਯੋ।
'ਨਹਿਂ ਤ੍ਰਿਲੋਕ ਮੈਂ ਸਮ ਕੁਛ ਪਾਯੋ[1]' ॥੪੮॥
ਇਮ ਸਤਿਗੁਰੁ ਬਹੁ ਕੇਰੇ ਬਿਲਾਸਾ।
ਘਨੇ ਸੁਭਟ ਰਾਖਹਿਂ ਨਿਜ ਪਾਸਾ।
ਤੁਰੰਗ ਬਿਕਨਿ ਆਵੈਂ ਸੋ ਲੇਤਿ।
ਸੈਨਾਂ ਮਹਿਂ ਬਰਤਾਇ ਸੁ ਦੇਤਿ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਤੁਰੰਗਨ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤਵਾਰਿੰਸਤੀ ਅੰਸੂ ॥੪੬॥

[1]ਸੁਾਰਥ ਰਹਿਤ ਰਹਿਕੇ। (ਅ) ਅਫੁਰ ਰਹਿਕੇ।

[1](ਕਿ) ਤਿੰਨ੍ਹਾਂ ਲੋਕਾਂ ਵਿਚ ਹੀ ਕੋਈ ਚੀਜ਼ (ਸ਼ੁੱਧ ਜਪੁਜੀ ਪਾਠ ਦੇ) ਤੁੱਲ ਪਾਈ ਦੀ ਨਹੀਂ।

## ੪੭. [ਨਵੇਂ ਨਗਰ ਦਾ ਨਾਮ 'ਸ਼੍ਰੀ ਹਰਿ ਗੁਵਿੰਦ ਪੁਰ' ਧਰਿਆ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਹਯ ਅਕੋਰ ਗਨ ਦੇਯ ਕਰਿ, ਸੰਗਤਿ ਗਈ
ਬਿਸਾਲ।
ਜਾਇ ਸ਼ਨਾਨੇ ਸੁਧਾਸਰ, ਦੇਖਤਿ ਭਏ
ਨਿਹਾਲ ॥੧॥

ਚੌਪਈ:

ਤੀਰਥ ਤਰਨ ਤਰਨ ਪੁਨ ਗਏ।
ਤਹਾਂ ਸ਼ਨਾਨ ਕਰਤਿ ਸਭਿ ਭਏ।
ਤਹਿਂ ਸੰਗਤਿ ਨੇ ਰਿਦੇ ਬਿਚਾਰਾ।
'ਬ੍ਰਿਧ ਸਾਹਿਬ ਗੁਰੁ ਸਿੱਖ ਉਦਾਰਾ ॥੨॥
ਜਿਸ ਕੋ ਬਚਨ ਪਾਇ ਗੁਰੁ ਜਨਮੇ।
ਸ਼੍ਰੀ ਹਰਿਗੋਵਿੰਦ ਬਿਦਤਿ ਸਭਿਨਿ ਮੇਂ।
ਇਹਾਂ ਨਿਕਟਿ ਤਿਸ ਦਰਸ਼ਨ ਕਰੋ।
ਜਾਨਹੁ ਤਿਸੈ ਗੁਰੂ ਸਮਸਰੋ[1]' ॥੩॥
ਇਮ ਮਸਲਤ ਕਰਿ ਸੰਗਤਿ ਗਈ।
ਬੀੜ ਗੁਰੂ ਕੇ ਜਹਿਂ ਸੁਧਿ ਲਈ।
ਆਗੈ ਬ੍ਰਿਧ ਭਾਈ ਗੁਰਦਾਸਿ।
ਦੋਨਹੁ ਬੈਠੇ ਗਜਾਨ ਪ੍ਰਕਾਸ਼[1] ॥੪॥
ਸਭਿਨਿ ਉਪਾਇਨ ਧਰਿ ਧਰਿ ਬੰਦੇ।
ਦਰਸ਼ਨ ਲੇ ਕਰਿ ਰਿਦੇ ਅਨੰਦੇ।
ਦਈ ਪ੍ਰਦਛਨਾ ਸਨਮੁਖ ਬੈਸੇ।
ਤਬਿ ਭਾਈ ਬੂਝੈ ਸਭਿ ਐਸੇ ॥੫॥
'ਕਹਿਂ ਤੇ ਆਏ? ਕਹਾਂ ਪਯਾਨੇ?'
ਸੁਨਿ ਸੰਗਤਿ ਸ਼ੁਭ ਵਾਕ ਬਖਾਨੇ।
'ਤੀਰ ਬਿਪਾਸਾ ਗ੍ਰਾਮ ਰੁਹੇਲਾ।
ਸ਼੍ਰੀ ਹਰਿ ਗੋਬਿੰਦ ਗੁਰੂ ਸੁਹੇਲਾ ॥੬॥
ਤਿਹ ਠਾਂ ਮਚਯੋ ਅਧਿਕ ਸੰਗ੍ਰਾਮੂ।
ਤੁਰਕ ਹਜ਼ਾਰੋਂ ਗੇ ਜਮ ਧਾਮੂ।
ਤਿਨ ਦਰਸ਼ਨ ਕਰਿ ਇਤਿ ਦਿਸ਼ਿ ਆਏ।
ਰਾਵਰ ਕੇ ਦਰਸ਼ਨ ਅਬਿ ਪਾਏ' ॥੭॥

[1]ਬਰਾਬਰ।

[1]ਗਿਆਨ ਕਥਨ ਕਰਦੇ ਸਨ।

ਸਰਬ ਪ੍ਰਸੰਗ ਸੁਨਜੋ ਹਰਖਾਏ।
ਸੰਗਤਿ ਕੋ ਬਰ ਦੇ ਤ੍ਰਿਪਤਾਏ।
ਪੁਨ ਸੰਗਤਿ ਨਿਜ ਥਾਨ ਪਯਾਨੀ।
ਬ੍ਰਿਧ ਨੇ ਬਹੁਰੋ ਗਿਰਾ ਬਖਾਨੀ ॥੮॥
'ਸੁਨਿ ਗੁਰੁਦਾਸ ! ਥਿਤੀ ਬਹੁ[†] ਬੇਰੇ।
ਸ੍ਰੀ ਹਰਿ ਗੋਵਿੰਦ ਦਰਸ਼ਨ ਹੇਰੇ।
ਕਰਜੋ ਸੁਧਾਸਰ ਰਣ ਰਿਪੁ ਮਾਰੇ।
ਤਹਾਂ ਜਾਇ ਪੁਨ[1] ਅਧਿਕ ਸੰਘਾਰੇ ॥੯॥
ਅਬਿ ਦਰਸ਼ਨ ਕਰਨੋ ਬਨਿ ਆਵੈ।
ਮਿਲਿ ਕਰਿ ਸੁਧਿ ਸਗਰੀ ਕੋ ਪਾਵੈਂ।'
ਸੁਨਿ ਗੁਰੁਦਾਸ ਰਿਦੇ ਬਹੁ ਭਾਈ[1]।
ਪੰਥ ਚਲੇ ਸਭਿ ਬਿਲਮ ਬਿਹਾਈ ॥੧੦॥
ਪ੍ਰਿਥਮ ਸੁਧਾਸਰ ਆਨਿ ਸ਼ਨਾਨੇ।
ਸ੍ਰੀ ਹਰਿਮੰਦਰ ਦਰਸ਼ਨ ਠਾਨੇ।
ਤੀਨ ਸਿੱਖ ਤਹਿਂ ਅਪਰ ਮਿਲੇ ਹੈਂ।
ਸੁਨਿ ਸੁਧਿ ਗੁਰੁ ਕੇ ਦਰਸ ਚਲੇ ਹੈਂ ॥੧੧॥
ਜੋਧ, ਅਜਿੱਤਾ, ਤੀਸਰ ਜੀਵਾ।
ਪੰਚਹੁ ਚਲੇ ਪ੍ਰੇਮ ਕੀ ਸੀਵਾ।
ਤੀਰ ਬਿਪਾਸਾ ਕੇ ਚਲਿ ਆਏ।
ਸਤਿਗੁਰੁ ਜਸੁ ਘਰ ਘਰ ਸੁਨਿ ਪਾਏ ॥੧੨॥
'ਮੁਗ਼ਲਮਾਰ ਗੁਰੁ ਭਯੋ ਬਡੇਰਾ।
ਰਣ ਘਾਲਜੋ ਘਮਸਾਨ ਘਨੇਰਾ।'
ਗ੍ਰਾਮ ਗ੍ਰਾਮ ਮੈਂ ਕਹਹਿਂ ਸੁਨਾਵੈਂ।
ਸੁਨਿ ਸੁਨਿ ਸਿੱਖ ਮੋਦ ਉਪਜਾਵੈਂ ॥੧੩॥
ਆਗੈ ਸਤਿਗੁਰ ਕਥਾ ਸੁਨੀਜੈ।
ਜਿਸ ਤੇ ਸਕਲ ਕਾਮਨਾ ਲੀਜੈ।
ਸੁੰਦਰ ਸਗਰੋ ਕੋਟ ਚਿਨਾਵਾ।
ਨਗਰ ਬਸਾਵਨਿ ਮਨ ਲਲਚਾਵਾ ॥੧੪॥
ਤਬਿ ਬਿਸ਼ੁਕਰਮਾ ਨਰ ਤਨ ਧਰਿ ਕੈ।
ਗੁਰੁ ਕਾਰਜ ਕੋ ਚਿਤਵਨ ਕਰਿ ਕੈ।

†ਪਾ:-ਚਿਰ।
[1]ਤੇ ਹੁਣ) ਫਿਰ ਤਿਥੇ (ਰੁਹੇਲੇ) ਜਾਕੇ।
[1]ਚੰਗੀ ਲਗੀ।

ਹਾਥ ਜੋਰਿ ਕਰਿ ਦਰਸ਼ਨ ਲੀਨਾ।
ਪਦ ਅਰਿਬਿੰਦਨ ਬੰਦਨ ਕੀਨਾ ॥੧੫॥
'ਮੇਧਾਵੀ' ਨਿਜ ਨਾਮ ਧਰਾਯੋ।
ਗੁਰੁ ਸਨਮੁਖ ਹੁਇ ਬਾਕ ਅਲਾਯੋ।
'ਅਪਨਿ ਸਫਲਤਾ ਕਰਿਬੇ ਕਾਰਨਿ।
ਆਯੋ ਤੁਮ ਹਿਤ ਨਗਰ ਉਸਾਰਨਿ ॥੧੬॥
ਇਸ ਵਿੱਦਜਾ ਮਹਿਂ ਮਹਾਂ ਪ੍ਰਬੀਨਾ।
ਆਇਸੁ ਦੀਜਹਿ ਰਚੌਂ ਨਵੀਨਾ।'
ਤਬਿ ਸਤਿਗੁਰ ਸਗਰੀ ਬਿਧਿ ਜਾਨਿ।
ਕਹਜੋ ਭਲੇ ਨਿਜ ਕਰੁਨਾ ਠਾਨਿ ॥੧੭॥
'ਸਭਿ ਕਾਰੀਗਰ ਮੈਂ ਮੁਖਿ ਹੋਵਹੁ।
ਰਚਹੁ ਨਗਰ ਨੀਕੀ ਬਿਧਿ ਜੋਵਹੁ।
ਸਭਿ ਕੋ ਨਿਜ ਕਰ ਦੇਹੁ ਮਜੂਰੀ।
ਤੂਰਨ ਕਰਹੁ ਸੰਪੂਰਨ ਰੂਰੀ' ॥੧੮॥
ਆਇਸੁ ਪਾਇ ਕਰੀ ਸਭਿ ਕਾਰ।
ਰਚਜੋ ਨਗਰ ਬੀਥੀ ਰੁ ਬਜਾਰ[1]।
ਆਦਿ ਮਸੀਤ ਸਦਨ ਤਬਿ ਸਾਰੇ।
ਕਰਿਵਾਵਨਿ ਲਾਗਸਿ ਤਬਿ ਤਜਾਰੇ ॥੧੯॥
ਬੈਠੇ ਸਤਿਗੁਰੁ ਲਾਇ ਦਿਵਾਨ।
ਗਾਵਤਿ ਸ਼ਬਦ ਰਬਾਬੀ ਗਜਾਨ।
ਆਇ ਸਿੱਖ ਨੇ ਤਬਹਿ ਸੁਨਾਯੋ।
'ਬ੍ਰਿਧ ਸਾਹਿਬ ਗੁਰਦਾਸਹਿ ਆਯੋ' ॥੨੦॥
ਸੁਨਤਿ ਮੁਦਤਿ ਸ਼੍ਰੀ ਹਰਿਗੋਵਿੰਦ।
ਨਿਕਟਿ ਹਕਾਰਜੋ ਬਿਧੀਆ ਚੰਦ।
'ਲੇ ਕਰਿ ਬਿੰਦ ਸਿੱਖ ਚਲਿ ਜਾਵਹੁ।
ਸਾਦਰ ਬੰਦਨ ਕਰਿ ਇਤ ਲਜਾਵਹੁ' ॥੨੧॥
ਸੁਨਿ ਬਿਧੀਆ ਸਿਖ ਗਨ ਲੇ ਗਯੋ।
ਜਾਇ ਬ੍ਰਿੱਧ ਕੋ ਦਰਸਤਿ ਭਯੋ।

[1]ਗਲੀਆਂ ਤੇ ਬਜ਼ਾਰ।

ਨਮੋ ਕਰੀ ਸਭਿ ਨੇ ਸਨਮਾਨ।
ਆਏ ਗੁਰੁ ਢਿਗ ਕਰਿ ਅਗਵਾਨ[1] ॥੨੨॥
ਦੇਖਿ ਦੂਰ ਤੇ ਹਰਿਗੋਵਿੰਦ।
ਉਠੇ ਤੁਰਤ ਹੀ ਜੁਤਿ ਸਿਖ ਬ੍ਰਿੰਦ।
ਦਰਸ਼ਨ ਕਰਤਿ ਅਨੰਦ ਬਿਲੰਦੇ।
ਪਦ ਬੰਦਤਿ ਦੁਹਦਿਸ਼ਿ ਕਰ ਬੰਦੇ ॥੨੩॥
ਬੁੱਢੇ ਚਰਨ ਗੁਰੂ ਕੇ ਗਹੇ।
ਗੁਰੁ ਬ੍ਰਿਧ ਪਦ ਪਰ ਕਰ ਧਰਿ ਰਹੇ।
'ਸ਼੍ਰੀ ਨਾਨਕ ਸਮ ਜਾਨਹਿਂ ਤੁਮ ਕੋ।
ਲਖਹੁ ਆਪਨੇ ਸੇਵਕ ਹਮ ਕੋ' ॥੨੪॥
ਤਿਮ ਗੁਰਦਾਸ ਸੰਗ ਗੁਰ ਮਿਲੇ।
ਕੁਸ਼ਲ ਪ੍ਰਸ਼ਨ ਕਰਿ ਹਿਤ ਸੋਂ ਭਲੇ।
ਤੀਨਹੁਂ ਸਿੱਖਨਿ ਗੁਰ ਪਦ ਬੰਦੇ।
ਖੁਸ਼ੀ ਕਰੀ ਸਭਿ ਬੈਠਿ ਅਨੰਦੇ ॥੨੫॥
ਸ਼੍ਰੀ ਗੁਰੁ ਬ੍ਰਿਧ ਕੋ ਗਹਿ ਕਰਿ ਹਾਥ।
ਇਕ ਆਸਨ ਬੈਠੇ ਲੇ ਸਾਥ।
ਮਨੋ ਦੇਵ ਗੁਰੁ[1] ਬਿਸ਼ਨੁ ਮਿਲੇ ਹੈਂ।
ਉਗ੍ਰੱਸੈਨ ਜਿਮ ਕ੍ਰਿਸ਼ਨ ਰਲੇ ਹੈਂ ॥੨੬॥
ਬਚਨ ਬਿਲਾਸ ਮੁਦਤਿ ਹੁਇ ਕਰੇ।
'ਰਣ ਮਹਿਂ ਤੁਰਕ ਬ੍ਰਿੰਦ ਹੀ ਮਰੇ।'
ਬੈਠੇ ਜਬਹਿ ਤਿਮਰ ਹੁਇ ਆਯੋ।
ਘਰ ਨਵੀਨ ਜੋ ਗੁਰੁ ਬਨਵਾਯੋ ॥੨੭॥
ਤਿਸ ਮਹਿਂ ਡੇਰਾ ਬ੍ਰਿੱਧ ਉਤਾਰਾ।
ਸਾਦਰ ਜੁਤਿ ਗੁਰੁਦਾਸ ਉਦਾਰਾ।
ਦਾਸਨਿ ਪ੍ਰਤਿ ਆਇਸੁ ਫੁਰਮਾਈ।
'ਸੇਵਾ ਕਰਹੁ ਸਕਲ ਮਨ ਭਾਈ' ॥੨੮॥
ਸੁੰਦਰ ਪਲੰਘ ਪਠੇ ਤਤਕਾਲਾ।
ਖਾਨ ਪਾਨ ਹਿਤ ਅਸਨ ਰਸਾਲਾ।
ਹਾਥ ਜੋਰਿ ਸੇਵਕ ਭੇ ਠਾਂਢੇ।

[1]ਅੱਗੇ ਕਰਕੇ (ਬਾਬੇ ਬੁੱਢੇ ਜੀ ਨੂੰ)।

[1]ਬ੍ਰਹਸਪਤਿ।

ਜਿਮ ਜਿਮ ਕਹਯੋ ਕਰਯੋ ਹਿਤ ਗਾਢੇ[1] ॥੨੯॥

ਸਾਦਰ ਸਭਿ ਸੇਵਾ ਕਰਿਵਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਪ੍ਰਾਤਿ ਭਏ ਸਲਿਤਾ ਕੇ ਤੀਰ।
ਜਾਇ ਸ਼ਨਾਨੇ ਸੌਚ ਸਰੀਰ ॥੩੦॥

ਜਪੁ ਆਦਿਕ ਨਿਤ ਨੇਮ ਜੁ ਬਾਨੀ।
ਪਢਿ ਕਰਿ ਨਦੀ ਕੂਲ ਮਨ ਭਾਨੀ[1]।
ਆਏ ਬਹੁਰ ਗੁਰੂ ਗੁਨ ਗਾਵਤਿ।
ਅਦਭੁਤਿ ਲੀਲਾ ਜਗ ਦਖਰਾਵਤਿ ॥੩੧॥

ਸਨੇ ਸਨੇ ਚਲਿ ਆਏ ਤਹਾਂ।
ਲਗਯੋ ਦਿਵਾਨ ਬਿਰਾਜਤਿ ਜਹਾਂ।
ਗਹਿ ਕਰ ਕੋ ਗੁਰੁ[1] ਨਿਕਟਿ ਬਿਠਾਏ।
ਸ਼ਬਦ ਬਿਲਾਵਲ ਆਦਿ ਜਿ ਗਾਏ ॥੩੨॥

ਸੁਨਹਿੰ ਰਬਾਬੀ ਤੇ ਆਨੰਦਹਿੰ।
ਆਇ ਅਨਿਕ ਨਰ ਗੁਰੁ ਪਗ ਬੰਦਹਿੰ।
ਕਿਤਿਕ ਸਮਾਂ ਜਬਿ ਬੈਠਿ ਬਿਤਾਵਾ।
ਮੇਧਾਵੀ ਕਾਰੀਗਰ ਆਵਾ ॥੩੩॥

ਹਾਥ ਜੋਰਿ ਕਰਿ ਬਾਕ ਉਚਾਰਾ।
'ਮਹਾਰਾਜ! ਬਹੁ ਕਾਰ ਸੁਧਾਰਾ।
ਫਿਰਹੁ ਨਗਰ ਅਵਿਲੋਕਨਿ ਕੀਜੈ।
ਸਿੱਖਨਿ ਕੀ ਸੇਵਾ ਸਫਲੀਜੈ ॥੩੪॥

ਬ੍ਰਿਧ ਗੁਰੁਦਾਸ ਲਿਏ ਨਿਜ ਸਾਥ।
ਗਮਨੇ ਅਪਰ ਸੰਗ ਸਭਿ ਨਾਥ।
ਪੁਰਿ ਪ੍ਰਵੇਸ਼ ਹੁਇ ਹੇਰਨਿ ਲਾਗੇ।
ਸਤਿਗੁਰੁ ਜਾਤਿ ਬਤਾਵਤਿ ਆਗੇ[1] ॥੩੫॥

ਲਘੁ ਦੀਰਘ ਬੀਥੀ ਜਿ ਬਨਾਈ।
ਮੇਧਾਵੀ ਤਬਿ ਸਰਬ ਦਿਖਾਈ।

[1]ਬੜੇ ਪ੍ਰੇਮ ਨਾਲ।

[1]ਮਨ ਨੂੰ ਭਾਉਣ ਵਾਲੇ ਨਦੀ ਦੇ ਕੰਢੇ (ਨਿਤਨੇਮ ਦੀ ਬਾਣੀ) ਪੜ੍ਹਕੇ।

[1]ਗੁਰਾਂ ਨੇ (ਬਾਬਾ ਜੀ ਦਾ) ਹੱਥ ਫੜਕੇ।

[1]ਸਤਿਗੁਰੂ ਨੂੰ ਅੱਗੋਂ ਹੋਕੇ ਦੱਸੀ ਜਾਂਦਾ ਹੈ (ਮੇਧਾਵੀ)।

ਮੰਦਰ ਜਿਸ ਬਿਧਿ ਕੇ ਸ਼ੁਭ ਕੀਨਿ।
ਸਨੈ ਸਨੈ ਗਮਨੇ ਸਭਿ ਚੀਨ ॥੩੬॥
ਸਕਲ ਬੀਥਿਕਾ ਮਹਿਂ ਫਿਰਿ ਆਏ।
ਖਰੇ ਮਸੀਤ ਭਈ ਜਿਸ ਥਾਏਂ।
ਤਬਿ ਗੁਰਦਾਸ ਪੁਛਿਬੋ ਕਰਜੋ।
'ਇਹ ਤੌਂ ਅਦਭੁਤ ਕਰਮ ਨਿਹਰਜੋ ॥੩੭॥
ਰਾਵਰ ਨੇ ਮਸੀਤ ਚਿਨਵਾਈ।
ਇਹ ਕਜਾ ਕਾਰਨ ਦੇਹੁ ਬੁਝਾਈ।'
ਤਬਿ ਘੇਰੜ ਕੋ ਸਕਲ ਪ੍ਰਸੰਗ।
ਕਰਜੋ ਸੁਨਾਵਨਿ ਸੋ ਸਰਬੰਗ ॥੩੮॥
ਬ੍ਰਿਧ ਆਦਿਕ ਹਰਖੇ ਸਭਿ ਸੁਨਿ ਕਰਿ।
ਬਹੁ ਚਾਤੁਰਤਾ ਗੁਰੁ ਕੀ ਉਰ ਧਰਿ।
ਕਾਰਣ ਰਣ ਕੋ ਇਸ ਤੇ ਭਯੋ।
ਜਿਸ ਤੇ ਬ੍ਰਿੰਦ ਤੁਰਕ ਰਿਪੁ ਛਯੋ ॥੩੯॥
ਸਕਲ ਨਗਰ ਕੋ ਫਿਰ ਨਿਹਾਰਾ।
ਬਹੁ ਜਸੁ ਤਬਿ ਗੁਰਦਾਸ ਉਚਾਰਾ।
ਬ੍ਰਿਧ ਆਦਿਕ ਪੁਰਿ ਅਧਿਕ ਸਰਾਹਾ।
'ਰਚਜੋ ਰੁਚਿਰ ਸ਼ੁਭ ਸਲਿਤਾ ਪਾਹਾ ॥੪੦॥
ਉਚੇ ਥਲ ਬਡ ਸੈਲ ਹੁਵੰਤੀ[1]।
ਬਸਹਿ ਪ੍ਰਜਾ ਬਹੁ ਮੋਦ ਭਵੰਤੀ[1]।'
ਕਰਤਿ ਸਰਾਹਨਿ ਕੋ ਚਲਿ ਆਏ।
ਬੈਠੇ ਸਤਿਗੁਰੁ ਹਰਖ ਉਪਾਏ ॥੪੧॥
ਬਿਧੀ ਚੰਦ ਬੋਲਜੋ ਤਿਸ ਕਾਲਾ।
'ਇਹ ਗੁਰੁ ਪੁਰਿ ਨਿਤ ਬਸਹਿ ਬਿਸਾਲਾ।
ਅਬਿ ਲੌ ਨਾਮ ਨਹੀਂ ਕੁਛ ਧਰਜੋ।
ਪ੍ਰਥਮ ਨਾਮ ਕੋ ਨਾਸ਼ਨ ਕਰਜੋ' ॥੪੨॥
ਬਾਤ ਸਮੈਂ ਸਿਰ ਭਾਖਨਿ ਕਰੀ।
ਗੁਰੂ ਖੁਸ਼ੀ ਬਹੁ ਤਿਸਿ ਪਰ ਪਰੀ।
ਮੁਸ਼ਕਾਵਤਿ ਮੁਖ ਬਾਕ ਬਖਾਨਾ।
'ਬ੍ਰਿਧ ਸਾਹਿਬ ਜੀ ਬਡੇ ਸੁਜਾਨਾ ॥੪੩॥

[1]ਸੈਰ ਹੁੰਦੀ ਹੈ।
[1]ਬੜੀ ਅਨੰਦ ਹੋਕੇ।

ਪੁਰਿ ਕੋ ਨਾਮ ਧਰਹਿੰਗੇ ਏਹੀ।
ਜਗ ਮਹਿਂ ਬਿਥਰਹਿ ਸਦਾ ਰਹੇਹੀ[1]।'
ਸੁਨਿ ਬ੍ਰਿਧ ਨੇ ਸਭਿ ਬਿਖੈ ਸੁਨਾਯੋ।
'ਸ਼੍ਰੀ ਅੰਮ੍ਰਿਤਸਰ ਪ੍ਰਥਮ ਬਸਾਯੋ ॥੪੪॥
ਰਾਵਰ ਕੇਰ ਪਿਤਾਮਾ ਜੋਈ।
ਜਿਸ ਕੋ ਜਸੁ ਗਾਵਤਿ ਸਭਿ ਕੋਈ।
ਸ਼੍ਰੀ ਅਰਜਨ ਤੁਮ ਪਿਤਾ ਸੁਜਾਨਾ।
ਤਿਨਹੁ ਨਾਮ[1] ਪਰ ਨਾਮ ਬਖਾਨਾ ॥੪੫॥
ਰਾਮਦਾਸ ਪੁਰਿ ਨਾਮ ਧਰਜੋ ਹੈ।
ਗੁਰੂ ਗ੍ਰੰਥ ਮਹਿਂ ਲਿਖਨ ਕਰਜੋ ਹੈ।
ਬਿਦਤਿ ਜਗਤ ਮਹਿਂ ਜਾਨਹਿਂ ਸਾਰੇ।
ਕਰਜੋ ਆਪ ਨੇ ਤਿਸੀ ਪ੍ਰਕਾਰੇ ॥੪੬॥
ਤਿਸੀ ਰੀਤਿ ਹੀ ਹੁਇ ਅਭਿਰਾਮੂ।
-ਸ਼੍ਰੀ ਹਰਿਗੋਵਿੰਦ ਪੁਰਿ- ਸ਼ੁਭ ਨਾਮੂ।
ਸ਼੍ਰੀ ਨਾਨਕ ਰਚਿ ਪੁਰਿ ਕਰਤਾਰਾ।
ਬਿਬ ਗੁਰ[1] ਕਰੀ ਖਡੂਰ ਉਦਾਰਾ ॥੪੭॥
ਗੋਇੰਦਵਾਲ ਬਸਾਯਹੁ ਤੀਜੇ।
ਰਾਮਦਾਸ ਪੁਰਿ ਚਤੁਰਥ ਥੀਜੇ।
ਸ਼੍ਰੀ ਕਰਤਾਰਪੁਰਾ ਵਿਚ ਦੂਾਬੇ।
ਸ਼੍ਰੀ ਗੁਰੁ ਅਰਜਨ ਕੀਨਿ ਅਜਾਬੇ[1] ॥੪੮॥
ਸ਼੍ਰੀ ਹਰਿ ਗੋਵਿੰਦ ਪੁਰਿ ਤੁਮ ਕੀਨੋ।
ਮੈਂ ਨਿਜ ਮਨ ਮਹਿਂ ਇਸ ਬਿਧਿ ਚੀਨੋ।'
ਸੁਨਿ ਗੁਰੁ ਆਦਿ ਸਭਾ ਜੇ ਸਾਰੀ।
ਬ੍ਰਿਧ ਕੋ 'ਧੰਨਹਿ ਧੰਨ' ਉਚਾਰੀ ॥੪੯॥
ਸਭਿ ਮਹਿਂ ਪ੍ਰਗਟ ਨਾਮ ਤਬਿ ਹੋਵਾ।
ਸਗਰੇ ਅਨੰਦ ਧਾਰਿ ਕਰਿ ਜੋਵਾ।
ਇਮ ਸਤਿਗੁਰੁ ਪੁਰਿ ਨਾਮ ਧਰਾਯੋ।
ਅਬਿ ਲੌਂ ਸਗਰੇ ਜਗ ਪ੍ਰਗਟਾਯੋ ॥੫੦॥
ਖਾਸ ਮਹਿਲ ਗੁਰੁ ਕੇ ਬਰ ਚਿਨੇ।
ਬ੍ਰਿੰਦ ਖਚੇ ਨਗ ਕੰਚਨ ਸਨੇ।
ਰੁਚਿਰ ਰੀਤਿ ਕੇ ਦਰ ਰਖਵਾਏ।

[1]ਫੈਲੇਗਾ ਤੇ ਸਦਾ ਰਹੇਗਾ।
[1]ਭਾਵ ਸ਼੍ਰੀ ਗੁਰੂ ਰਾਮ ਦਾਸ ਜੀ ਦੇ।
[1]ਦੂਜੇ ਗੁਰੂ ਜੀ ਨੇ।
[1]ਅਣੋਖਾ।

ਜਿਸ ਕੋ ਦੇਖਤਿ ਦੇਵ ਲੁਭਾਏ ॥੫੧॥
ਇਮ ਕੇਤਿਕ ਦਿਨ ਕਰੇ ਗੁਜ਼ਾਰਨਿ।
ਸਿੱਖ ਅਨੇਕੈਂ ਕਰਤਿ ਉਧਾਰਨਿ।
ਜਹਿਂ ਕਹਿਂ ਜਗ ਮਹਿਂ ਜਸੁ ਬਹੁ ਫੈਲਾ।
ਜਿਸ ਆਗੈ ਨਿਸਪਤਿ ਲਗਿ ਮੈਲਾ[1] ॥੫੨॥

[1]ਚੰਦ੍ਰਮਾ ਬੀ ਮੈਲਾ ਲਗਦਾ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬ੍ਰਿੱਧ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾਰਿੰਸਤੀ ਅੰਸੂ ॥੪੭॥

## ੪੮. [ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ']

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਸ਼੍ਰੀ ਗੁਰੁ ਹਰਿਗੋਵਿੰਦ ਜੀ, ਬੀਰ ਧੀਰ ਗੰਭੀਰ।
ਦਾਸਨ ਕਰਹਿਂ ਨਿਹਾਲ ਗਨ, ਜੋ ਸੇਵਤਿ ਹੁਇ ਤੀਰ ॥੧॥

ਚੌਪਈ:

ਇਕ ਕਸ਼ਮੀਰੀ ਖ੍ਵਾਜਾ ਨਾਮ।
ਪੂਰਬ ਭਾਗ ਜਗੇ ਅਭਿਰਾਮ।
ਨਿਤ ਸਤਿਗੁਰ ਕੀ ਸੇਵਾ ਗਹੀ।
ਸਾਵਧਾਨ ਸਦ ਆਲਸ ਨਹੀਂ ॥੨॥
ਸ਼੍ਰੀ ਹਰਿਗੋਵਿੰਦ ਕੇਰਿ ਤੁਰੰਗ।
ਮਲਹਿ ਸੁਧਾਰਹਿ ਸਗਰੇ ਅੰਗ।
ਜਬਿ ਅਰੂਢ ਕਰਿ ਪੰਥ ਪਧਾਰਹਿਂ।
ਆਗੈ ਅਸੁ ਕੇ ਸਦਾ ਸਿਧਾਰਹਿ ॥੩॥
ਇਕ ਸਰੂਪ ਸੋਂ ਚਿਤ ਬਿਰਮਾਯੋ।
ਕਹਨਿ ਸੁਨਨਿ ਕਿਹ ਸੰਗ ਨ ਭਾਯੋ।
ਰਹੇ ਇਕਾਂਕੀ ਮੇਲਿ ਨ ਠਾਨਿ[1]।

[1]ਇਕੱਲਾ ਰਹਿੰਦਾ ਤੇ (ਕਿਸੇ ਨਾਲ) ਮੇਲ ਨਹੀਂ ਰੱਖਦਾ ਸੀ।

ਗੁਰੁ ਸੇਵਾ ਮਹਿਂ ਰਹਿ ਸਵਧਾਨ ॥੪॥
ਕ੍ਰਿਪਾ ਦ੍ਰਿਸ਼ਟਿ ਇਕ ਦਿਨ ਪਿਖਿ ਧਾਰੀ।
ਦੌਰਯੋ ਗਮਨਤਿ ਤੁਰੰਗ ਅਗਾਰੀ।
ਸ੍ਵੇਦ[1] ਅੰਗ ਤੇ ਚਲਹਿ ਬਿਸਾਲਾ।

[1]ਮੁੜ੍ਹਕਾ।

ਤਨ ਕੋ ਸ਼੍ਰਮ[1] ਨ ਪਿਖਹਿ ਤਿਸ ਕਾਲਾ ॥੫॥

[1]ਥਕਾਨ।

ਇਕ ਸੇਵਾ ਕੇ ਤਤਪਰ ਹੋਵਾ।
ਸੁਖ ਦੁਖ ਆਦਿ ਦੁੰਦ[1] ਸਮ[2] ਜੋਵਾ।

[1]ਭਾਵ ਦ੍ਵੰਦਾਂ ਦੇ ਜੋੜੇ-ਯਥਾ, ਹਰਖ ਸ਼ੋਕ, ਦੁਖ ਸੁਖ। [2]ਇਕ ਬਰੋਬਰ।

ਉਤਰਿ ਗੁਰੂ ਨੇ ਨਿਕਟਿ ਹਕਾਰਾ।
'ਕਹੁ ਕਯਾ ਇੱਛਾ ਰਿਦੇ ਮਝਾਰਾ?' ॥੬॥
ਸੁਨਿ ਕਰਿ ਹਾਥ ਜੋਰਿ ਬਚ ਭਾਖਾ।

'ਇਕ ਰਾਵਰਿ ਦਰਸ਼ਨ ਅਭਿਲਾਖਾ।
ਅਪਰ ਚਾਹਿ ਨਹਿਂ ਮੇਰੇ ਕੋਈ।
ਸਦਾ ਸਮੀਪੀ ਤੁਮਰੇ ਹੋਈ ॥੭॥
ਸੇਵਾ ਕਰਤਿ ਰਹੋਂ ਨਿਸ਼ਕਾਮਾ।
ਪਿਖੌਂ ਬਦਨ ਰਾਵਰਿ ਸੁਖ ਧਾਮਾ।'
ਸੁਨਤਿ ਪ੍ਰਸੀਦੇ ਕ੍ਰਿਪਾ ਨਿਧਾਨਾ।
'ਭਯੋ ਨਿਹਾਲ' ਸੁ ਬਾਕ ਬਖਾਨਾ ॥੮॥
ਤਿਸ ਦਿਨ ਤੇ ਪ੍ਰਸੰਨ ਮਨ ਰਹੈ।
ਕਿਹ ਸੋਂ, ਕੈਸੇ ਕਬਹੁਂ ਨ ਕਹੈ।
ਇਕ ਸੱਯਦ ਜਾਨੀ ਜਿਸ ਨਾਮੂ।
ਬੇਖ ਫਕੀਰ ਭਯੋ ਤਜਿ ਧਾਮੂ[1] ॥੯॥
ਖੋਜਹਿ ਮਗ ਜਿਮ ਹੁਇ ਕੱਲਜਾਨ।
ਨਿਸ ਦਿਨ ਚਹਤਿ ਫਿਰਜੋ ਬਹੁ ਥਾਨ।
ਹਿੰਦੁ ਤੁਰਕ ਬਹੁ ਬਿਧਿ ਸੋਂ ਖੋਜੇ।
ਪੰਚ ਨਿਵਾਜ ਕਰਹਿ ਸਭਿ ਰੋਜੇ ॥੧੦॥
ਜ਼ੁਹਦ ਕਰਤਿ[1], ਖੋਜਤਿ ਬਹੁ ਥਾਈਂ।
ਕਛੂ ਨ ਮੌਲਾ ਕੀ ਸੁਧਿ ਪਾਈ।
ਕਿਤੇ ਫਕੀਰ ਤੁਰਕ ਕੀ ਸੇਵਾ।
ਹਿੰਦੂ ਸਾਧਨਿ ਤੇ ਚਹਿ ਭੇਵਾ ॥੧੧॥
ਕਹੂੰ ਨ ਹੋਈ ਪੂਰਨ ਆਸ਼ਾ।
ਖੋਜਤਿ ਫਿਰਤਿ ਮਨੋ ਮ੍ਰਿਗ ਪਜਾਸਾ।
ਪੂਰਨ ਸੰਤ ਮਿਲਜੋ ਨਹਿਂ ਕੋਈ।
ਪ੍ਰਭੁ ਕੋ ਪੰਥੁ ਦਿਖਾਵਹਿ ਜੋਈ ॥੧੨॥
ਅਤਿ ਬਜਾਕੁਲ ਚਿਤ ਬਹੁ ਦੁਖ ਪਾਵਾ।
ਕਿਸ ਕਰੁਨਾ ਕਰਿ ਤਾਂਹਿ ਬਤਾਵਾ।
'ਸ਼੍ਰੀ ਨਾਨਕ ਕੀ ਗਾਦੀ ਮਹਾਂ।
ਸਿੱਖੀ ਪਸਰੀ ਜਗ ਜਹਿਂ ਕਹਾਂ ॥੧੩॥
ਤਿਨ ਕੇ ਸੇਵਕ ਸਭਿ ਕਿਛੁ ਪਾਯੋ।
ਪ੍ਰਭੁ ਮਿਲਿਬੇ ਕੋ ਪੰਥ ਬਤਾਯੋ।
ਸਿੱਧਾਂ ਜਿਨਹੁ ਅਗਾਰੀ ਖਰੀ।
ਅੰਗੀਕਾਰ ਨ ਤਿਨ ਜਨ ਕਰੀ[1] ॥੧੪॥
ਅਬਿ ਸ਼੍ਰੀ ਹਰਿ ਗੋਵਿੰਦ ਬਡ ਜੋਧਾ।

[1]ਘਰ ਛਡ ਫਕੀਰੀ ਵੇਸ਼ ਵਿੱਚ ਹੋ ਗਿਆ।

[1]ਤਪ ਕਰਦਾ।

[1]ਤਿੰਨ੍ਹਾਂ ਦੇ ਦਾਸਾਂ ਨੇ ਵੀ ਅੰਗੀਕਾਰ ਨਹੀਂ ਕੀਤੀਆਂ।

ਬਧਜੋ ਸ਼ਾਹੁ ਘਰ ਸੰਗ ਬਿਰੋਧਾ।
ਸੋ ਅੰਤਰਜਾਮੀ ਗੁਰ ਪੂਰਾ।
ਮਿਲਿ ਸੇਵਹਿ ਪ੍ਰਾਪਤਿ ਮਗ ਰੂਰਾ ॥੧੫॥
ਮਹਾਂ ਕ੍ਰਿਪਾਲ ਮਨਿੰਦ ਖੁਦਾਇ।
ਜਿਮ ਚਾਹਤਿ ਤਿਮ ਲੇਤਿ ਬਨਾਇ।
ਦਾਸ ਨਿਹਾਲ ਕਰਹਿ ਤਤਕਾਲੂ।
ਸ਼ਰਧਾ ਪ੍ਰੇਮ ਬਿਲੋਕਿ ਬਿਸਾਲੂ' ॥੧੬॥
ਸੁਨਿ ਜਸੁ ਕੋ ਮਨ ਮਹਿਂ ਹਰਖਾਯੋ।
ਖੋਜਤਿ ਪਾਰਸ ਮਨਹੁਂ ਬਤਾਯੋ।
ਚਲਿ ਆਯਹੁ ਉਤਲਾਵਤਿ ਸੋਊ।
ਚਿਤ ਮਹਿਂ ਚਿਤਵਤਿ -ਕਿਸ ਬਿਧਿ ਜੋਊ[1]- ॥੧੭॥
ਸੰਕਤਿ[1] ਆਇ ਸੁ ਖ੍ਵਾਜੇ ਮਿਲਜੋ।
ਜੋ ਗੁਰੁ ਪ੍ਰੇਮ ਬਿਖੈ ਢੁਲਿ ਰਲਜੋ[1]।
ਸਗਰੀ ਅਪਨੀ ਬ੍ਰਿਥਾ ਸੁਨਾਈ।
'ਮੈਂ ਖੋਜਤਿ ਨੇ ਬੈਸ ਬਿਤਾਈ ॥੧੮॥
ਤੂੰ ਮਮ ਮੇਲੀ ਤੁਰਕ ਸਰੀਰ।
ਗੁਰੁ ਕੋ ਭੇਵ ਬਤਾਵਹੁ, ਬੀਰ[1] !
ਕਿਮ ਪ੍ਰਸੰਨ ਹੁਇ ਕਰੁਨਾ ਧਾਰੈਂ।
ਮੋਹਿ ਦੀਨ ਕੋ ਪੰਥ ਦਿਖਾਰੈਂ ॥੧੯॥
ਤਬਿ ਖ੍ਵਾਜੇ ਨੇ ਸਭਿ ਬਿਧਿ ਕਹੀ।
'ਇਨ ਸਮ ਅਪਰ ਨਹੀਂ ਮਹਿ ਮਹੀ[1]।
ਗੁਰੁ ਸਮਰਥ ਸਭਿ ਅੰਤਰਜਾਮੀ।
ਪ੍ਰੇਮ ਪਿਖਹਿਂ ਦਾਸਨਿ ਕੋ ਸ੍ਵਾਮੀ ॥੨੦॥
ਕਰਹਿਂ ਉਧਾਰਨਿ ਬਿਲਮ ਨ ਲਾਵੈਂ।
ਜਿਸ ਦਿਨ ਕਰੁਨਾ ਰਸ ਢਲਿ ਆਵੈਂ।
ਸ਼੍ਰੀ ਸਤਿਗੁਰੁ ਕੇ ਦ੍ਵਾਰੇ ਬਹੋ।
ਕਿਸ ਤੇ ਸੁਨਹੁ ਨ ਕਿਹ ਸੋਂ ਕਹੋ ॥੨੧॥
ਰਿਦੇ ਅਰਾਧਹੁ ਤੁਸ਼ਨਿ ਠਾਨੋ।
ਨਿਜ ਪ੍ਰਸੰਗ ਕਿਹ ਸੋਂ ਨ ਬਖਾਨੋ।
ਜਬਿ ਜਾਨਹਿਂ ਤੇਰੋ ਅਹਿਵਾਲ।

[1]ਕਿਵੇਂ ਦਰਸ਼ਨ ਕਰਾਂ।

[1]ਸੰਕੁਚਦਾ।

[1]ਪਸੀਜ ਕੇ ਇਕ ਮਿਕ ਹੋ ਰਿਹਾ ਸੀ।

[1]ਹੇ ਭਾਈ।

[1]ਪ੍ਰਿਥਵੀ ਵਿਖੇ।

ਕਸਹਿਂ ਕਸੌਟੀ, ਰਹੋ ਸੰਭਾਲ ॥੨੨॥
ਦਏ ਤਾਉ ਤੇ ਉਤਰਹਿਂ ਪੂਰਾ।
ਕ੍ਰਿਪਾ ਕਰਹਿਂ ਹੁਇ ਤਵ ਉਰ ਰੂਰਾ।
ਜਿਮ ਕੰਚਨ ਕੋ ਆਗਾਂ ਦੇਤਾ[1]†।

[1]ਜਿਵੇਂ (ਸੁਨਿਆਰਾ) ਸੋਨੇ ਨੂੰ ਅੱਗਾਂ ਦੇਂਦਾ ਹੈ। †ਦੋ ਲਿਖਤੀ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਨ ਦਿੱਤੇ ਹਨ। ਇਕ ਲਿਖਤੀ ਨੁਸਖੇ ਵਿਚ ਇਸਦੀ ਥਾਵੇਂ ਇਹ ਪਾਠ ਹੈ:-ਅੰਤਰਜਾਮੀ ਲਖਿ ਮਨ ਮਾਂਹੀ। ਕਰਹੁ ਸੇਵ ਮਨ ਅਹੰ ਤਜਾਹੀ।

ਖੋਟ ਨਿਕਾਰਿ ਸੁਧ ਕਰਿ ਲੇਤਾ* ॥੨੩॥
ਭਲੀ ਪ੍ਰਕਾਰ ਲੇਹਿਂ ਜਬਿ ਸੋਧੇ।
ਤਬਿ ਖੁਦਾਇ ਮਗ ਤੋਹਿ ਪ੍ਰਬੋਧੇਂ।
ਸਫਲਹਿ ਕਹਨਿ ਇਨਹੁ ਤਤਕਾਲੂ?
ਸੁਨਹਿਂ ਪੀਰ ਜੀ! ਹੋਹਿਂ ਨਿਹਾਲੂ' ॥੨੪॥
ਸੁਨਿ ਜਾਨੀ ਸੱਯਦ ਅਸ ਗਾਥਾ।
ਮਨ ਕਰਿ ਤਹੀਂ ਨਿਵਾਇਸਿ ਮਾਥਾ।
ਭਯੋ ਸਥਿਰ ਗੁਰਦ੍ਵਾਰ ਅਗਾਰੀ।
ਭੁਖ ਪਿਪਾਸਾ ਸਹਿ ਦੁਖ ਬਾਰੀ ॥੨੫॥
ਸ਼੍ਰੀ ਗੁਰੁ ਕੋ ਹੇਰਹਿ ਜਿਸ ਸਮੋ।
ਮਹਾਂ ਦੀਨ ਹੁਇ ਧਾਰਤਿ ਨਮੋ।
ਅਪਰ ਕਛੂ ਕਿਮ ਸੁਨਹਿ ਨ ਕਹੈ।
ਆਤਪ ਛਾਂਵ ਦਿਵਸ ਨਿਸ ਸਹੈ ॥੨੬॥
ਨੀਚ ਗ੍ਰੀਵ ਬੈਠੜੋ ਇਕ ਥਾਨ।
ਮਨ ਮਹਿਂ ਰਾਖਹਿ ਸਤਿਗੁਰੁ ਧ੍ਯਾਨ।
ਕਿਤਿਕ ਦਿਵਸ ਮਹਿਂ ਕਹ੍ਯੋ ਗੁਸਾਈਂ।
'ਇਹ ਕੋ ਬੈਠ੍ਯੋ? ਬੂਝਹੁ ਜਾਈ' ॥੨੭॥
ਪਠ੍ਯੋ ਸਿੱਖ, ਇਮ ਪੂਛ ਪਠਾਯਹੁ[1]।

[1]ਸਿੱਖ ਨੂੰ ਭੇਜਿਆ (ਤੇ ਉਸ ਹੱਥੀਂ) ਇਉਂ ਪੁਛ ਭੇਜਿਆ।

'-ਕੌਨ ਅਰਥ ਧੂੰਆ ਤੁਮ ਪਾਯਹੁ[1]?

[1]ਕਿਸ ਮਤਲਬ ਲਈ ਧੂੰਆਂ ਪਾ ਬੈਠਾ ਹੈਂ, ਭਾਵ ਦ੍ਰਿੜ ਹੋਕੇ ਬੈਠਾ ਹੈਂ।

ਬਸਤ੍ਰ ਦਰਬ ਤੇ ਆਦਿਕ ਆਨ[1]।

[1]ਹੋਰ।

ਸੋ ਮੁਖ ਤੇ ਪ੍ਰਾਰਥਨਾ ਠਾਨਿ ॥੨੮॥
ਕਹਿ ਗੁਰੁ ਘਰ ਤੇ ਲੀਜਹਿ ਪਾਇ।
ਕਰਿ ਕਾਰਜ ਕੋ ਸਦਨ ਸਿਧਾਇ-।'

ਗਯੋ ਸਿੱਖ ਨੇ ਸਰਬ ਸੁਨਾਈ।
'ਨਿਜ ਅਭਿਲਾਖਾ ਦੇਹੁ ਜਨਾਈ ॥੨੯॥
ਸਤਿਗੁਰੁ ਕੈ ਪਰਵਾਹ ਨ ਕੋਈ।
ਤੋਹਿ ਭਾਗ ਮਹਿਂ ਪਰਾਪਤਿ ਸੋਈ।'
ਸੁਨੀ ਸਿੱਖ ਤੇ ਸੱਯਦ ਜਾਨੀ[1]।
ਹੋਇ ਨੰਮ੍ਰਿ ਕਰ ਜੋਰਿ ਬਖਾਨੀ ॥੩੦॥
'ਨੱਸ੍ਵਰ[1] ਅਹੈਂ ਪਦਾਰਥ ਸਾਰੇ।
ਤਿਨ ਕੇ ਲੋਭ ਨ ਰਿਦੇ ਹਮਾਰੇ।
ਮੈਂ ਤਾਲਿਬ ਮੌਲਾ[1] ਕੋ ਏਕ।
ਦੇਹਿਂ ਕ੍ਰਿਪਾ ਕਰਿ ਜਲਧਿ ਬਿਬੇਕ'
॥੩੧॥
ਸਿੱਖਨਿ ਸੁਨਿ ਕੈ ਜਾਇ ਸੁਨਾਈ।
ਕਰੀ ਮੌਨ ਤਬਿ ਗੁਰੁ ਗੋਸਾਈਂ।
ਕਿਤਿਕ ਕਾਲ ਮਹਿਂ ਆਗਜਾ ਦੀਨਿ।
'ਕਰਹੁ ਓਟ ਇਸ ਦਿਸ਼ਿ ਤੇ ਚੀਨ
॥੩੨॥
ਭੀਤ[1] ਉਚੇਰੀ ਦਿਹੁ ਚਿਨਵਾਈ।
ਆਵਤਿ ਜਾਤਿ ਨਹੀਂ ਦਰਸਾਈ[1]।'
ਤਬਿ ਸੁਨਿ ਸਿੱਖਨਿ ਤੈਸੇ ਕੀਨਸਿ।
ਤਿਸ ਕੇ ਅੱਗ੍ਰ ਚਿਨਾਇ ਸੁ ਦੀਨਸਿ
॥੩੩॥
ਜਾਨੀ ਬੈਠਿ ਰਹਯੋ ਗਹਿ ਸੇਵਾ।
ਦਰਸ ਨਹੀਂ ਹ੍ਵੈ ਤਬਿ ਗੁਰੁਦੇਵਾ।
ਨਿਸ ਦਿਨ ਨਾਮ ਗੁਰੂ ਕੋ ਜਪੈ।
ਆਤਪ, ਛੁਧਾ ਆਦਿ ਤੇ ਤਪੈ ॥੩੪॥
ਮਨ ਮਹਿਂ ਪ੍ਰੇਮ ਬ੍ਰਿਧਾਇ ਬਿਸਾਲਾ।
ਧਰਹਿ ਧਯਾਨ ਇਸਥਿਰ ਸਭਿ ਕਾਲਾ।
ਗੁਰੁ ਕੋ ਸੇਵਕ ਖ੍ਵਾਜਾ ਜੋਈ।
ਕੁਛ ਸੁਧਿ ਖਾਨ ਪਾਨ ਲੇ ਸੋਈ ॥੩੫॥
ਜਾਨੀ[1] ਕੋ ਇਕ ਜਾਨਾ ਬਿਨਾ[2]।
ਕਛੁ ਨ ਸੁਹਾਵਤਿ ਉਰ ਇਕ ਛਿਨਾ[1]।

[1]'ਜਾਨੀ' ਨਾਮ ਹੈ ਸੱਯਦ ਦਾ।
[1]ਨਾਸ਼ ਹੋਣ ਵਾਲੇ।
[1]ਰੱਬ ਦਾ ਜੱਗਜਾਸੂ।
[1]ਕੰਦ।
[1]ਕੋਈ) ਆਉਂਦਾ ਜਾਂਦਾ ਨਾ ਦਿੱਸੇ ਸੁ।
[1]ਨਾਮ ਹੈ ਸੱਯਦ ਦਾ। [2]ਪਿਆਰ ਬਿਨਾ [ਫ਼ਾ. ਜਾਨਾਂ = ਪਿਆਰਾ]
[1]ਛਿਨ ਮਾਤ੍ਰ।

ਭਯੋ ਪ੍ਰੇਮ ਤੇ ਚਿਤ ਮਸਤਾਨਾ।
ਦਿਨ ਪ੍ਰਤਿ ਬ੍ਰਧਤੋ ਜਾਤਿ ਮਹਾਨਾ ॥੩੬॥
ਗੁਰੁ ਪਜਾਰੇ ਕੀ ਲਾਗੀ ਲਗਨ।
ਸਕਲ ਕਾਲ ਮਹਿਂ ਪ੍ਰੀਤਿ ਨਿਮਗਨ[1]।
ਦਰਸ਼ਨ ਬਿਨਾ ਦਰਸ ਕਰਿ ਨੀਤ[1]।
ਬਿਨਾਂ ਸੁਨਾਇ ਸੁ ਸੁਨਤੋ ਚੀਤ ॥੩੭॥
ਬਿਨ ਅਹਾਰ ਤੇ ਤ੍ਰਿਪਤਯੋ ਰਹੇ।
ਮਨ ਮਹਿਂ ਮਸਤ ਮੌਨ ਸੁਖ ਲਹੇ।
ਇਸ ਪ੍ਰਕਾਰ ਬੀਤਯੋ ਚਿਰ ਕਾਲ।
ਸ਼੍ਰੀ ਸਤਿਗੁਰ ਨਹਿਂ ਕਰੀ ਸੰਭਾਲ ॥੩੮॥
ਤਿਸ ਉਰ ਪ੍ਰੀਤਿ ਘਟੀ ਨਹਿਂ ਕਯੋਂ ਹੂੰ।
ਦਿਨ ਪ੍ਰਤਿ ਵਧਤਿ ਜਾਤਿ ਸੁਖ[1] ਤਯੋਂ ਹੂੰ।
ਦਰਸ਼ਨ ਕੀ ਅਭਿਲਾਖ ਬਿਸਾਲਾ।
-ਕਰਹਿਂ ਕ੍ਰਿਪਾ ਸਤਿਗੁਰੁ ਕਿਸ ਕਾਲਾ? ॥੩੯॥
ਇਕ ਦਿਨ ਬੈਠੇ ਸਭਾ ਮਝਾਰਾ।
ਤਬਿ ਸਿੱਖਨਿ ਕਰ ਜੋਰਿ ਉਚਾਰਾ।
'ਬਡ ਸੇਵਾ ਮਹਿਂ ਸੱਯਦ ਜਾਨੀ।
ਗੁਰ ਦਰਸ਼ਨ ਮਨ ਪ੍ਰੀਤੀ ਠਾਨੀ' ॥੪੦॥
ਸਹਜ ਸੁਭਾਇਕ ਸੁਨਿ ਗੁਰ ਕਹਯੋ।
'-ਜੇ ਕਰਿ ਦਿਢ ਹਠ ਐਸੇ ਗਹਯੋ।
ਤੌ ਅਬਿ ਜਾਇ ਡੁਬਹੁ ਦਰਿਆਉ-।
ਹਮ ਢਿਗ ਤੇ ਤਿਹ ਦੇਹੁ ਸੁਨਾਉ' ॥੪੧॥
ਇਕ ਸਿਖ ਨੇ ਤਿਹ ਜਾਇ ਸੁਨਾਵਾ।
'ਹੁਕਮ ਗੁਰੂ ਨੇ ਇਮ ਫੁਰਮਾਵਾ।'
ਜਾਨੀ ਸੁਨਿ ਹਰਖਯੋ ਅਸ ਬਚ ਕੋ।
'ਕਹਿਓ ਅਹੈ ਮੋਹਿ ਪ੍ਰਤਿ ਸਚੁ ਕੋ' ॥੪੨॥
ਦੌਰਯੋ ਜਾਇ ਨਦੀ ਮਹਿਂ ਪਰਯੋ।

[1]ਮਸਤ।

[1]ਬਾਹਰਲੇ) ਦਰਸ਼ਨ ਬਿਨਾਂ (ਅੰਤਰ ਆਤਮੇ) ਦਰਸ਼ਨ ਕਰਦਾ ਹੈ ਹਮੇਸ਼ਾਂ।

[1]ਅੰਦਰ ਦਾ ਸੁਖ।

ਤੂਰਨ ਸਿਖ ਗੁਰੁ ਪਠਵਨਿ ਕਰਯੋ।
ਡੂਬਤਿ ਜਾਨੀ ਵਹਿਰ ਨਿਕਾਸਾ।
ਆਨਿ ਬਿਠਾਇ ਦੀਨਿ ਥਲ ਤਾਸਾ[1] ॥੪੩॥
ਬਹੁਰ ਸਿੱਖਜ ਬਹੁ ਕਰਹਿਂ ਸਪਾਰਸ਼।
'ਤੁਮਰੀ ਆਗਯਾ ਮਹਿਂ ਬਿਨ ਆਰਸ[1]।
ਉਠੈ ਨਹੀਂ ਤਿਸ ਥਲ ਮਹਿਂ ਜੈ ਹੈ।
ਨਾਤੁਰ ਰਾਵਰਿ ਦਰਸ਼ਨ ਪੈ ਹੈ' ॥੪੪॥
ਕਸਯੋ ਕਸੌਟੀ ਸ਼੍ਰੀ ਗੁਰੁ ਦੇਖਾ।
ਜਾਨੀ ਜਾਨਾ ਪ੍ਰੇਮ ਵਿਸ਼ੇਖਾ[1]।
ਪੁਨ ਕਹਿ ਪਠਯੋ 'ਰਿੱਧ ਸਿੱਧ ਲੇਹੂ।
ਜਿਮ ਚਾਹਹੁ ਤਿਮ ਕਿਸ ਕਰਿ ਦੇਹੂ[1]' ॥੪੫॥
ਕਹਿ ਜਾਨੀ 'ਇਕ ਜਾਨਾਂ[1] ਬਿਨਾਂ।
ਅਪਰ ਨ ਜਾਨੋਂ ਕੁਛ ਹੁਇ ਘਨਾ।'
ਜਬਿ ਇਨ ਕੋ ਭੀ ਤਯਾਗ ਬਖਾਨਾ।
ਦਰਸ਼ਨ ਲਾਗੀ ਪ੍ਰੀਤਿ ਮਹਾਨਾ ॥੪੬॥
ਤਬਿ ਜਾਨੀ ਕੋ ਨਿਕਟਿ ਬੁਲਾਇਵ।
ਦੇ ਦਰਸ਼ਨ ਪ੍ਰਭੁ ਪੰਥ ਬਤਾਇਵ।
ਸੁਨਤਿ ਸਮਾਯਹੁ ਪਰਮਾਨੰਦ।
ਪਰਯੋ ਚਰਨ ਪਰ ਕਰ ਜੁਗ ਬੰਦਿ ॥੪੭॥
ਤਬਿ ਅੰਤਰ ਗਤਿ ਲਗੀ ਸਮਾਧਿ।
ਮਿਟ ਗਈ ਬਯਾਧ ਰੁ ਆਧਿ ਉਪਾਧਿ।
ਤਬਿ ਖ੍ਵਾਜਾ ਸਤਿਗੁਰੁ ਬੁਲਵਾਯੋ।
ਦੋਨਹੁਂ ਪ੍ਰਤਿ ਅਸ ਹੁਕਮ ਅਲਾਯੋ ॥੪੮॥
'ਪੂਰੀ ਪਰੀ ਤੁਮਾਰੀ ਸੇਵਾ।
ਕਰੇ ਪ੍ਰਸੰਨ ਭਲੇ ਗੁਰੁਦੇਵਾ।
ਅਬਿ ਕਿਸ ਥਲ ਹੁਇ ਰਹੋ ਇਕੰਤ।
ਜਿਸ ਰਹਿਨੀ ਮਹਿਂ ਸੰਤ ਮਹੰਤ' ॥੪੯॥

[1]ਤਿਸੇ ਹੀ ਥਾਂ।
[1]ਬਿਨਾਂ ਆਲਸ।
[1]ਜਾਨੀ ਦਾ ਜਾਣਿਆਂ ਬਹੁਤਾ ਪ੍ਰੇਮ।
[1]ਰਿਧਿ ਸਿੱਧਿ ਲੈ ਲੈ (ਜਿਨ੍ਹਾਂ ਨਾਲ) ਜੋ ਜਿਸਨੂੰ ਚਾਹੇਂ ਸੋ ਕਰ ਦੇਵੇਂਗਾ।
[1]ਪਿਆਰੇ।

ਮਾਨਜੋ ਬਾਕ 'ਕਰਹਿਂ ਹਮ ਐਸੇ।'
ਰਹੇ ਕਿਤਿਕ ਦਿਨ ਪੂਰਬ ਜੈਸੇ।
ਟਹਿਲ ਕਰਹਿਂ ਨਿਜ ਹਾਥਨਿ ਸਾਥ।
ਚਰਨ ਸਪਰਸਹਿਂ ਸ਼੍ਰੀ ਗੁਰੁ ਨਾਥ ॥੫੦॥
ਬੇਪਰਵਾਹ ਮਗਨ ਮਨ ਰਹੈਂ।
ਗੁਰੁ ਸ਼ਰਧਾ ਕੋ ਉਰ ਨਿਰਬਹੈਂ।
ਮਨ ਸੰਕਲਪ ਸੁ ਜਥਾ ਉਠਾਇ।
ਨੰਦ ਲਾਲ ਤਿਨ ਕੇ ਢਿਗ ਆਇ[1] ॥੫੧॥

[1]ਜਦੋਂ ਹੀ ਕਿ ਮਨ ਵਿਚ ਸੰਕਲਪ ਉਠਾਇਆ, (ਕਿ ਕੋਈ ਅਪਣੇ ਥਾਂ ਗੁਰੁ ਸੇਵਾ ਵਿਚ ਛੱਡ ਕੇ ਰਹੀਏ, ਤਦੋਂ ਹੀ ਇਕ) ਨੰਦ ਲਾਲ ਨਾਮੇ ਉਨ੍ਹਾਂ ਪਾਸ ਆ ਗਿਆ।

ਦੋਇਨ ਅਪਨਾ ਚੇਲਾ ਕੀਨਸਿ।
ਪ੍ਰਭੁ ਕੋ ਪੰਥ ਤਾਂਹਿ ਕੋ ਦੀਨਸਿ।
ਕਰਿ ਉਪਦੇਸ਼ ਕਹਜੋ ਤਿਸ ਤਾਈਂ।
'ਸੇਵਾ ਕੀਜਹਿ ਗੁਰੁ ਗੋਸਾਈਂ' ॥੫੨॥
ਨਿਜ ਬਦਲੇ ਮਹਿਂ ਸੇਵਾ ਹੇਤੁ।
ਛੋਰਜੋ ਸੋ ਸਤਿਗੁਰੁ ਨਿਕੇਤ।
ਨੰਦ ਲਾਲ ਕੈ ਪ੍ਰੇਮ ਬਿਸਾਲਾ।
ਗੁਰੁ ਢਿਗ ਕਰਹਿ ਘਾਲਨਾ ਘਾਲਾ ॥੫੩॥
ਸੁੰਦਰ ਤਿਹ ਸਰੂਪ ਗੁਰੁ ਹੇਰਾ।
ਜਿਸ ਕੈ ਮਨ ਅਨੁਰਾਗ ਘਨੇਰਾ।
ਹੋਇ ਪ੍ਰਸੰਨ 'ਸੋਹਿਣਾ' ਨਾਮ।
ਤਿਸ ਕੋ ਭਾਖਤਿ ਭੇ ਸੁਖ ਧਾਮ ॥੫੪॥
ਤਿਸ ਦਿਨ ਤੇ ਪ੍ਰਸਿੱਧ ਸਭਿ ਮਹੀਆ।
ਨਾਮ ਸੋਹਿਣਾ ਜਿਸ ਕਿਸ ਕਹੀਆ।
ਸਤਿਗੁਰੁ ਕੋ ਸੇਵੇ ਨਿਸ਼ਕਾਮ।
ਮਨ ਧਾਵਤਿ ਪਾਯਹੁ ਬਿਸਰਾਮ ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਖ੍ਵਾਜੇ ਅਤੇ ਜਾਨੀ ਸੱਯਦ ਕੌ' ਪਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥੪੮॥

## ੪੯. [ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾਂ ਸੁਣੀ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਸ੍ਰੀ ਗੁਰੂ ਹਰਿ ਗੋਬਿੰਦ ਜੀ,
ਕਰਤਿ ਦਾਸ ਕੱਲਜਾਨ।
ਇਕ ਦਿਨ ਬੈਠੇ ਸਭਾ ਮਹਿਂ,
ਉਡਗਨ ਚੰਦ ਸਮਾਨ ॥੧॥

ਚੌਪਈ:

ਦਰਸ਼ਨ ਕਰਹਿਂ ਸਿੱਖ ਸੁਖ ਪਾਵਹਿਂ।
ਮਹਾਂ ਪ੍ਰੇਮ ਤੇ ਬਲਿ ਬਲਿ ਜਾਵਹਿਂ।
ਸ਼੍ਰੀ ਹਰਿ ਗੋਵਿੰਦ ਆਨੰਦ ਧਾਰਾ।
ਸਾਹਿਬ ਬੁੱਢੇ ਸਮੁਖ ਨਿਹਾਰਾ ॥੨॥
ਸੁੰਦਰ ਬਾਕ ਬਿਲਾਸ ਬਖਾਨਾ।
'ਹੇ ਭਾਈ! ਤੁਮ ਬੈਸ ਮਹਾਨਾ।
ਸ਼੍ਰੀ ਨਾਨਕ ਕੀ ਕੀਨੀ ਸੇਵਾ।
ਸੇਵੇ ਸ਼੍ਰੀ ਅੰਗਦ ਗੁਰਦੇਵਾ ॥੩॥
ਤਿਨ ਕੀ ਜੁਗਤਿ ਅਪਰ ਸ਼ੁਭ ਕਰਨੀ।
ਕਰੀ ਨਿਹਾਰਨਿ ਦੁਰਮਤਿ ਦਰਨੀ[1]। — [1]ਦੁਰਮਤ ਨਾਸ਼ ਕਰਨੇ ਵਾਲਾ।
ਜਥਾ ਚਰਿੱਤ੍ਰ ਕੀਏ ਸ਼੍ਰੀ ਨਾਨਕ।
ਬਾਕ ਅਮੋਲ ਮਨੋ ਮਨਿ ਮਾਨਕ[1] ॥੪॥ — [1]ਮਨ ਦੇ ਰਤਨ (ਅ) ਮਣੀ ਤੇ ਮਾਣਕ।
ਭੁਕਤਿ ਮੁਕਤਿ ਸਭਿ ਹਾਜ਼ਰ ਜਿਨ ਕੇ।
ਕਰੇ ਕਰਮ ਹੇਰੇ ਤੁਮ ਤਿਨ ਕੇ।
ਸ਼੍ਰੀ ਅੰਗਦ ਗੁਰ ਅਮਰ ਗੁਸਾਈਂ।
ਸਭਿ ਲੀਲਾ ਜਿਮ ਕੀਨਿ ਸੁਹਾਈ ॥੫॥
ਸੁਖਦ ਕਰੀ ਜਸ ਤੀਨਹੁ[1] ਕਰਨੀ। — [1]ਜਿਵੇਂ ਤਿੰਨਾਂ ਹੀ (ਸਤਿਗੁਰਾਂ) ਨੇ।
ਹਮਹਿਂ ਸੁਨਾਵਹੁ ਤਿਮ ਦੁਖ ਹਰਨੀ।
ਸੁਨੀ ਅਪਰ ਨੇ ਕਿਸ ਤੇ ਕਾਨ[1]। — [1]ਹੋਰ ਤਾਂ (ਕਿਸੇ ਨੇ) ਕਿਸੇ ਤੋਂ ਕੰਨੀਂ ਸੁਣੀ ਹੀ ਹੋਵੇਗੀ।
ਤੁਮ ਬਿਦਮਾਨ ਬਿਲੋਕਨਿ ਠਾਨਿ[1] ॥੬॥ — [1]ਤੇ ਤੁਸਾਂ ਨੇ ਪ੍ਰਤੱਖ਼ ਦੇਖੀ ਹੈ।
ਅਹੌ ਪੁਰਾਤਨ ਪਰਮ ਪ੍ਰਬੀਨਾ।
ਗੁਰ ਸਿੱਖੀ ਸ਼ਰਧਾ ਮਨ ਭੀਨਾ।'
ਸ਼੍ਰੀ ਹਰਿ ਗੋਵਿੰਦ ਕੇ ਬਚ ਸੁਨੇ।
ਮੁਸਕਾਵਤਿ ਬੁੱਢਾ ਬਚ ਭਨੇ ॥੭॥

'ਅੰਤਰਜਾਮੀ ਤੁਮ ਸਭਿ ਜਾਨੋ।
ਭੂਤ ਭਵਿੱਖਤ ਨਾਂਹਿ ਨ ਛਾਨੋ[1]। — [1]ਛਿਪੀ ਹੋਈ ਨਹੀਂ ਹੈ।
ਤੁਮ ਸੂਰਜ ਮੈਂ ਦੀਪ ਸਮਾਨੋ।
ਕਹਾ ਮੈਂ ਕਰੌਂ ਪ੍ਰਕਾਸ਼ ਬਖਾਨੋ ॥ ੮ ॥
ਸਤਿਗੁਰ ਕੇ ਗੁਨ ਮਹਦ ਮਹਾਨੋ।
ਮਮ ਮਤਿ ਲਘੁ ਕੈਸੇ ਤਿਸ ਜਾਨੋ।
ਕਿਮ ਸੁਕਤਾ ਤੇ ਸਿੰਧ ਉਲੀਚੋ[1]। — [1]ਸਿਪੀ ਨਾਲ ਸਮੁੰਦ੍ਰ ਕੀਕੂੰ ਝੱਟਿਆ ਜਾਵੇ। [ਉਲੀਚਨਾ = ਝੱਟਨਾ]
ਕਿਮ ਕਰਿ ਛਾਦੌਂ ਭਾਨੁ ਮਰੀਚੋ[1]' ॥ ੯ ॥ — [1]ਸੂਰਜ ਦੀਆਂ ਕਿਰਨਾਂ ਕਿਵੇਂ ਢੱਕੀਆਂ ਜਾਣ।
ਸੁਨਿ ਸਤਿਗੁਰ ਬੋਲੇ 'ਹਮ ਜਾਨੈਂ।
ਜਿਮ ਤੁਮ ਭਾਖਹੁ ਤਥਾ ਪਛਾਨੈਂ।
ਸਭਿ ਕਿਛ ਹਮਰੇ ਗਜਾਤ ਜਦਾਪੀ[1]। — [1]ਭਾਵੇਂ।
ਸੁਨਜੋ ਚਹੈਂ ਤੁਵ ਬਦਨ[1] ਤਦਾਪੀ ॥ ੧੦ ॥ — [1]ਮੂੰਹ ਤੋਂ।
ਸਤਿਗੁਰ ਕੇ ਨਿਤ ਸਨਮੁਖ ਰਹਜੋ।
ਕਰਨੀ ਜੁਗਤਿ ਸੁਭਾਵ ਸੁ ਲਹਜੋ।
ਯਾਂ ਤੇ ਸਭਿ ਹੂੰ ਬਰਨਨ ਕਰੀਐ।
ਹਮਰੇ ਉਰ ਪ੍ਰਸੰਨਤਾ ਧਰੀਐ' ॥ ੧੧ ॥
ਸੁਨਿ ਭਾਈ ਬ੍ਰਿਧ ਪਰਮ ਸਿਆਨਾ।
ਲਗਜੋ ਬਿਚਾਰਨਿ ਕਰਿ ਕਰਿ ਧਜਾਨਾ।
-ਕੋ ਕੋ ਜੁਗਤਿ ਗੁਰੂ ਕੀ ਕਹੌਂ।
ਮੈਂ ਅਜਾਨ ਗਤਿ ਸਭਿ ਕਿਮ ਲਹੌਂ- ॥ ੧੨ ॥
ਇਮ ਚਿਤਵਨ ਕਰਿ ਕਰਿ ਮਤਿ ਮਥਾ[1]। — [1]ਬੁੱਧਿ ਵਿੱਚ ਵਿਚਾਰ ਕੀਤੀ।
ਰਿਦੇ ਪ੍ਰਕਾਸ਼ੀ ਅਦਭੁਤ ਕਥਾ।
ਸ਼੍ਰੀ ਹਰਿਗੋਵਿੰਦ ਦਿਸ਼ਾ ਨਿਹਾਰਾ।
'ਸੁਨਹ ਗੁਰੂ!' ਇਮ ਬਾਕ ਉਚਾਰਾ ॥ ੧੩ ॥
'ਸ਼੍ਰੀ ਬਾਬਾ ਨਾਨਕ ਅਵਤਾਰ।
ਸੁਤਹਿ ਪ੍ਰਕਾਸ਼ੀ ਕਰਨੀ ਸਾਰ।
ਜਨਮਤਿ ਹੀ ਅਜ਼ਮਤ ਬਿਦਤਾਈ।
ਸਗਰੇ ਜਗ ਮਹਿਂ ਮਹਿਮਾ ਛਾਈ ॥ ੧੪ ॥
ਮਤਿਮੰਦਨਿ ਕੋ ਪੰਥ ਬਤਾਯੋ।

ਸੰਤਨ ਕੋ ਉਪਦੇਸ਼ ਦ੍ਰਿੜਾਯੋ।
ਮੀਰ, ਪੀਰ ਤੁਰਕਨ ਕੇ ਸਾਰੇ।
ਪਰੇ ਸ਼ਰਨ ਉਰ ਸ਼ਰਧਾ ਧਾਰੇ ॥੧੫॥
ਜੋਗੀ, ਸਿੱਧ, ਨਾਥ, ਬ੍ਰਹਮਚਾਰੀ।
ਤਪੀ, ਦਿਗੰਬਰ[1], ਜੇ ਪਟਧਾਰੀ[2]।
ਸੰਨਜਾਸੀ ਆਦਿਕ ਕੋ ਗਨੈ।
ਸਾਧ ਬੇਖ ਬਡ ਲਘੁ ਜੇ ਘਨੇ ॥੧੬॥

[1]ਨਾਂਗੇ ਜੈਨੀ। [2]ਕਪੜੇ ਪਹਿਨਣ ਵਾਲੇ।

ਕਲਜੁਗ ਮਹਿਂ ਤਿਨ ਕੋ ਬਡ ਮਾਨੇ।
ਗੁਰੂ ਸਕਲ ਜਗ ਨੇ ਕਰਿ ਜਾਨੇ।
ਤੀਨ ਲੋਕ ਮਹਿਂ ਬਧ੍ਯੋ ਪ੍ਰਤਾਪੇ।
ਸੁਰ ਨਰ ਅਸੁਰ ਸਿੱਖ ਨਿਜ ਥਾਪੇ ॥੧੭॥
ਅਧਿਕ ਦਰਬ ਸਤਿਨਾਮ ਬਟੋਰਾ।
ਜਿਸਹਿ ਅਹੰ ਸਮ ਲਗੈ ਨ ਚੋਰਾ[1]।
ਪ੍ਰੇਮ ਭਗਤਿ ਕੇ ਭਰੇ ਭੰਡਾਰੇ।
ਭਰਿ ਸਤਿਨਾਮ ਖਜ਼ਾਨੇ ਸਾਰੇ ॥੧੮॥

[1]ਹੰਕਾਰ ਮਮਤਾ ਆਦਿ ਚੋਰ।

ਸ਼੍ਰੀ ਅੰਗਦ ਕੋ ਸੌਂਪਨਿ ਕਰੇ।
ਨਿਖੁਟਹਿਂ ਜੇ ਨ[1], ਰਹੈਂ ਸਦ ਭਰੇ।

[1]ਮੁਕਦੇ ਨਹੀਂ।

ਨਿਤਪ੍ਰਤਿ ਖਰਚੇ ਬ੍ਰਿਧਤਾ ਲਹੇ[1]।
ਦਾਰਿਦ ਜਨਮ ਰਮਨ ਕੋ ਦਹੇਂ ॥੧੯॥

[1]ਖਰਚਣ ਨਾਲ ਵੱਧਦੇ ਹਨ।

ਦੁਤੀਏ ਪਾਤਿਸ਼ਾਹ ਨੇ ਲੀਨਸਿ।
ਰਾਖੇ ਗੁਹਜ ਬਿਦਤਿ ਨਹਿਂ ਕੀਨਸਿ।
ਕਿਸ ਕੋ ਹਿਤ ਕਰਿ ਨਹਿਂ ਦਿਖਰਾਏ[†]।
ਮੁਖ ਤੇ ਕਹਿ ਨਹਿਂ ਕਾਹੁੰ ਸੁਨਾਏ ॥੨੦॥

[†]ਪਾ:-ਕਰਿ ਕਰਿ ਦਿਖਰਾਏ।

ਪਲ ਪਲ ਬਧਹਿ ਅਧਿਕ ਅਧਿਕਾਈ।
ਅਤਿ ਅਪਾਰ ਗਤਿ ਲਖੀ ਨ ਜਾਈ।
ਭਾਉ ਦਿਖਾਇ ਪਰਮ ਅਵਧੂਤ।
ਨਿਰਵਿਕਲਪ[1] ਨਿਰਲੰਬ[2], ਸੁ ਪੂਤ[3] ॥੨੧॥

[1]ਕਲਪਨਾ ਰਹਿਤ। [2]ਆਸਰਾ ਰਹਿਤ। [3]ਸਹਿਤ ਪਵਿੱਤ੍ਰਤਾ।

ਸਿੱਧਿ, ਸ਼ਕਤਿ ਨਹਿਂ ਬਿਦਤਨਿ ਪਾਵੈ।
ਪਰਮਾਨੰਦ ਨਿਮਗਨ ਬਿਹਾਵੈ।
ਅੰਤਰ ਗਤੀ ਅਖੰਡ ਸਮਾਧਿ।

ਇਕ ਰਸ ਪੁੰਨ ਨ ਪਾਪ ਬਯਾਧਿ ॥੨੨॥
ਅਜਰ ਜਰਨ ਗਤਿ ਅਸ ਦਿਖਰਾਈ।
ਭੂਤ ਭਵਿੱਖ ਨ ਕਿਸ ਹੂੰ ਪਾਈ।
ਸਤਿਗੁਰ ਕੇ ਘਰ ਬਿਨਾ ਨ ਆਨ[1]।
ਸੁਨੀ ਨ ਹੇਰੀ ਕਿਤਹੁੰ ਜਹਾਨ ॥੨੩॥
ਅਮਰਦਾਸ ਸਤਿਗੁਰੂ ਪ੍ਰਬੀਨ।
ਸਕਲ ਖਜ਼ਾਨੋ ਤਿਨ ਕੋ ਦੀਨਿ।
ਲੇ ਕਰਿ ਨਾਮ ਭਗਤਿ ਭੰਡਾਰ।
ਜਿਨ ਗੁਨ ਅੰਤ ਨ ਪਾਰਾਵਾਰ ॥੨੪॥
ਤਿਨਹੁੰ ਨਵੀਨ ਜੁਗਤਿ ਬਿਦਤਾਈ।
ਆਏ ਸ਼ਰਨ ਜਿ ਨਰ ਸਮੁਦਾਈ।
ਬਖ਼ਸ਼ਯੋ ਸਭਿ ਕੋ ਨਾਮ ਖਜ਼ਾਨਾ।
ਨੌ ਨਿਧਿ, ਰਿਧਿ, ਸਿਧਿ ਦੀਨਿ ਮਹਾਨਾ ॥੨੫॥
ਸੋ ਹਰਿ ਧਨ ਦੁਹੂੰ ਹਾਥ ਲੁਟਾਯੋ।
ਜੋ ਸ਼ਰਨਾਗਤ ਸਭਿ ਨੇ ਪਾਯੋ।
ਚਹੁੰ ਦਿਸ਼ਿ ਬਿਦਿਸ਼ਿਨਿ ਮਹਿਂ ਪਸਰਾਯੋ।
ਜਹਿਂ ਕਹਿਂ ਜਗ ਮਹਿਂ ਨਾਮ ਜਪਾਯੋ ॥੨੬॥
ਗੁਰ ਸਮ ਦਾਤਾ ਕਹੂੰ ਨ ਅਹੇ।
ਬਡਭਾਗੀ ਸਭਿਹਿਨਿ ਤਬਿ ਲਹੇ।
ਜਿਨ ਸੇਵੇ ਹ੍ਵੈ ਕਰਿ ਨਿਹਕਾਮ।
ਤਿਸ ਨੇ ਲਯੋ ਨਕਦ ਹਰਿਨਾਮ ॥੨੭॥
ਜਿਨ ਸਕਾਮ ਗੁਰ ਸੇਵਨਿ ਕੀਨਾ।
ਰਿਧਿ ਸਿਧਿ ਸਹਤ ਨਾਮ ਪ੍ਰਭੁ ਦੀਨਾ[1]।
ਇਕ ਕਰ ਭਯੋ 'ਭਗਤਿ' ਗੁਰ ਸੇਵਾ।
ਦੁਤਿਯ ਹਾਥ 'ਕਰੁਨਾ' ਗੁਰਦੇਵਾ[1] ॥੨੮॥
ਇਨ ਦੁਉ ਹਾਥਨਿ[1] ਨਾਮ ਖਜਾਨਾ।

[1]ਹੋਰ ਥਾਂ।

[1]ਭਾਵ-ਗੁਰੂ ਜੀ ਨੇ ਜੋ ਸੇਵਾ ਤੇ ਭਗਤੀ ਕੀਤੀ ਹੈ ਦੂਸਰੇ ਸਤਿਗੁਰਾਂ ਦੀ, ਸੋ ਇਕ ਹੱਥ ਤਾਂ ਗੁਰਸੇਵਾ 'ਭਗਤੀ' ਰੂਪ ਹੋ ਗਿਆ ਹੈ, ਜਿਸ ਕਰਕੇ ਇਹ ਹੱਥ ਨਾਮ ਆਦਿ ਸੱਚੇ ਧਨਾਂ ਨਾਲ ਭਰਪੂਰ ਹੈ, ਦੂਸਰਾ ਹੱਥ ਗੁਰਦੇਵ ਜੀ ਦਾ ਆਪਣੇ ਮ੍ਰਿਦੁਲ ਸੁਭਾਵ ਤੋਂ ਬਖਸ਼ਿਸ਼ ਰੂਪ ਹੋ ਰਿਹਾ ਹੈ।

[1]ਇਨ੍ਹਾਂ ਦੁਹਾਂ ਹਥਾਂ ਨਾਲ.....।

ਪ੍ਰਗਟ ਲੁਟਾਯਹੁ ਸਭਿ ਜਗ ਜਾਨਾ।
ਦਿਨ ਪ੍ਰਤਿ ਕਰਤਿ ਰਹੇ ਅਸ ਲੀਲਾ।
ਬਖ਼ਸ਼ਤਿ ਬਖ਼ਸ਼ਿਸ਼ ਅਧਿਕ ਸੁਸ਼ੀਲਾ ॥੨੯॥
ਤਬਿ ਮੈਂ ਦੇਖੇ ਧਰਿ ਕਰਿ ਧਜਾਨਾ।
ਕਿਸ ਪ੍ਰਕਾਰ ਹੈ ਨਾਮ ਖਜ਼ਾਨਾ।
ਰੰਚਕ ਹਰਿ ਧਨ ਘਟਯੋ ਨ ਕੋਈ।
ਅਦਭੁਤ ਗਤਿ ਅਵਿਲੋਕੀ ਸੋਈ ॥੩੦॥
ਬਧਯੋ ਅਨੰਤ ਗੁਨਾ ਭੰਡਾਰਾ।
ਜਿਸ ਨਿਸਤਾਰੇ ਲੋਕ ਹਜ਼ਾਰਾਂ।
ਪਿਖਿ ਚਰਿੱਤ੍ਰ ਮੈਂ ਬਹੁ ਬਿਸਮਾਯੋ।
ਨਿਜ ਮਤਿ ਕਰਿ ਕੁਛ ਜਾਇ ਨ ਪਾਯੋ ॥੩੧॥
ਤਬਿ ਮੈਂ ਤਿਨ ਕੇ ਹੋਇ ਅਗਾਰੀ।
ਬਹੁਤ ਭਾਂਤਿ ਕੀ ਸਤੁਤਿ ਉਚਾਰੀ।
ਸ਼੍ਰੀ ਗੁਰੂ ਅਮਰਦਾਸ ਬੱਖਜਾਤਾ।
ਧੰਨ ਧੰਨ ਸਭਿ ਤੇ ਬਡ ਦਾਤਾ ॥੩੨॥
ਸਮ ਪਾਰਸ ਕੀ ਪਰਸਤਿ ਰਹੇ।
ਨਰ ਲੋਹਾ ਕੰਚਨਤਾ ਗਹੇ[1]।

[1]ਭਾਵ-(ਗੁਰੂ ਜੀ) ਨਰਾਂ ਰੂਪੀ ਲੋਹੇ ਨੂੰ ਪਾਰਸ ਸਮ ਛੂਹਦੇ ਰਹੇ (ਉਹ ਨਰ) ਸੋਨਾ ਹੁੰਦੇ ਗਏ।

ਬਾਵਨ ਚੰਦਨ ਸਮ ਜਗ ਥਿਰੇ।
ਨਰ ਤਰੁਵਰ ਸ੍ਰੀਖੰਡ ਸਭਿ ਕਰੇ ॥੩੩॥
ਗੰਗਾ ਜਲ ਪਾਵਨ ਸਮ ਹੋਏ।
ਆਇ ਅਪਾਵਨ ਭੀ ਮਿਲਿ ਕੋਏ[1]।

[1]ਭਾਵ ਇਹ ਹੈ ਕਿ ਨਦੀ ਨਾਲੇ ਮੈਲੇ ਕਚੈਲੇ ਗੰਗਾ ਨੂੰ ਮਿਲਕੇ ਗੰਗਾ ਹੀ ਕਹਾਉਂਦੇ ਤੇ ਉਹੋ ਸਤਿਕਾਰ ਪਾਉਂਦੇ ਹਨ।

ਇਕ ਸਮ ਸੋ ਸਗਰੇ ਕਰਿ ਦਏ।
ਮੋਖ ਉਚਿਤ ਸੇਵਕ ਸਭਿ ਕਿਏ ॥੩੪॥
ਜਿਮ ਸਮੁੰਦ੍ਰ ਮਹਿਂ ਜਲ ਚਲਿ ਆਯੋ।
ਤਿਨ ਸਰੂਪ ਸੋ ਅਪਨਿ ਬਨਾਯੋ।
ਇਸ ਪ੍ਰਕਾਰ ਕੇ ਚਲਿਤ ਤੁਮਾਰੇ।
ਅਨ ਗਨ ਅਪਨੇ ਦਾਸ ਉਧਾਰੇ' ॥੩੫॥
ਕਹਤਿ ਬ੍ਰਿੱਧ 'ਮੈਂ ਐਸੇ ਦੇਖੇ।

ਤੀਨ ਗੁਰਨਿ ਕੇ ਕਰਮ ਵਿਸ਼ੇਖੇ।
ਅਪਰ ਬਾਤ ਕਜਾ ਬਰਨਨ ਕਰੌਂ।
ਸਭਿ ਕਹਿਬੇ ਕੀ ਸ਼ਕਿਤ ਨ ਧਰੌਂ ॥੩੬॥
ਤੁਮ ਸੂਬੱਗ ਕੁਛ ਨਾਂਹਿਨ ਛਾਨੋ[1]। [1]ਕੁਛ ਲੁਕਿਆ ਨਹੀਂ ਹੈ (ਤੁਸਾਂ ਤੋਂ)।
ਜੋ ਜੋ ਕੀਨਿ ਆਪ ਹੀ ਜਾਨੋ।'
ਸੁਨਿ ਬ੍ਰਿਧ ਤੇ ਸ਼੍ਰੀ ਹਰਿ ਗੋਵਿੰਦ।
ਨਿਜ ਸਮਾਧਿ ਮਹਿਂ ਥਿਰੇ ਬਿਲੰਦ ॥੩੭॥
ਅਚਲ ਸਰੀਰ ਸਕਲ ਹੁਇ ਗਯੋ।
ਕੋ ਨ ਸਭਾ ਮਹਿਂ ਬੋਲਤਿ ਭਯੋ।
ਰਹੇ ਨਿਮਗਨ ਜਾਮ, ਪੁਨ ਜਾਗੇ।
ਬਹੁਰ ਬ੍ਰਿੱਧ ਦਿਸ਼ਿ ਦੇਖਨਿ ਲਾਗੇ ॥੩੮॥
'ਵਾਹੁ ਵਾਹੁ' ਸ਼੍ਰੀ ਮੁਖਹੁੰ ਉਚਾਰਾ।
'ਹੇ ਭਾਈ! ਤੁਮ ਸਿੱਖ ਉਦਾਰਾ।
ਸਭਿ ਸਤਿਗੁਰ ਕੋ ਨਿਤ ਬਹੁ ਪਜਾਰੇ।
ਤੋ ਸਮ ਸਿੱਖੀ ਅਪਰ ਨ ਧਾਰੇ[1] ॥੩੯॥ [1]ਹੋਰ ਕਿਸੇ ਨਹੀਂ ਧਾਰੀ।
ਅਦਭੁਤ ਕਥਾ ਸੁਨਾਵਨਿ ਕੀਨਿ।
ਹਮਰੇ ਮਨ ਆਨੰਦ ਬਡ ਦੀਨਿ।
ਐਸੀ ਗਾਥਾ ਤੁਮ ਸਭਿ ਜਾਨੋ।
ਸਤਿਗੁਰ ਘਰ ਕੋ ਭੇਵ ਪਛਾਨੋਂ ॥੪੦॥
ਯਾਂ ਹੀ ਤੇ ਹਮ ਬੂਝ ਸੁ ਲੀਨੋ।
ਜਥਾ ਜੋਗ ਤੁਮ ਭਾਖਨਿ ਕੀਨੋ।'
ਸੁਨਿ ਕਰਿ ਸਰਬ ਸਿੱਖ ਹਰਖਾਏ।
'ਧੰਨ ਧੰਨ' ਬ੍ਰਿਧ ਕੇ ਪ੍ਰਤਿ ਗਾਏ ॥੪੧॥
ਮਹਿਮਾ ਮਹਾਂ ਜਾਨਿ ਸਭਿ ਲੀਨਿ।
ਸਿਰ ਨਿਵਾਇ ਕਰਿ ਬੰਦਨ ਕੀਨਿ।
ਇਸ ਪ੍ਰਕਾਰ ਗੁਰ ਕਰੇ ਬਿਲਾਸਾ।
ਸੰਤ ਉਧਾਰਤਿ ਦੁਸ਼ਟ ਬਿਨਾਸਾ ॥੪੨॥
ਬੀਰ, ਅਰਿੰਦਮ[1], ਧੀਰਜ ਧਾਰੀ। [1]ਵੈਰੀ ਨਾਸ਼ਕ (ਤੇ)।
ਰਣ ਮਹਿਂ ਅਚਲ ਬਲੀ, ਭੁਜ ਭਾਰੀ।
ਮਹਾਂ ਧਨੁਖ ਨਿਸ਼ਠੁਰ ਧਰਿ ਹਾਥ।

ਸਰਪ ਸਮਾਨ ਬਾਨ ਖਰ ਸਾਥ ॥੪੩॥
ਹਤਹਿਂ ਸ਼ੱਤ੍ਰੁ ਗਨ ਅਰਹਿ ਨ ਕੋਈ।
ਬਚੈ ਸੁ ਰਣ ਤਜਿ ਭਾਜਹਿ ਜੋਈ।
ਕਰਾਮਾਤ ਕੋ ਰਾਖਹਿਂ ਗੋਈ[1]। [1]ਗੁਪਤ।
ਕਰਹਿਂ ਕ੍ਰਿੱਤ ਨਰ ਅਨੁਹਰ[1] ਹੋਈ [1]ਮਨੁਖ ਸਮਾਨ।
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬ੍ਰਿੱਧ' ਪ੍ਰਸੰਗ ਬਰਨਨੰ ਨਾਮ ਏਕਉਨ ਪੰਚਾਸਤੀ ਅੰਸੂ ॥੪੯॥

## ੫੦. [ਬਾਬਾ ਵਿਦਾ। ਕਾਂਸ਼ੀ ਸੰਗਤ। ਬਾਜ ਬਟੇਰ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਰਹੇ ਕਿਤਿਕ ਦਿਨ ਗੁਰੂ ਢਿਗ, ਬ੍ਰਿਧ ਸਾਹਿਬ ਬਡ ਧੀਰ।
ਬ੍ਰਿੱਧ ਅਵਸਥਾ ਧਰਮ ਭੀ[1], ਨਿਰਬਲ ਭਯੋ ਸਰੀਰ ॥੧॥ [1]ਬਹੁਤੀ ਹੋਈ।

ਚੌਪਈ:

ਚਹਯੋ ਚਲਨਿ ਚਿਤ ਅਪਨਿ ਸਥਾਨੀ।
ਤਜਨਿ ਸਰੀਰ ਦਸ਼ਾ ਨਿਯਰਾਨੀ।
ਸ਼੍ਰੀ ਨਾਨਕ ਗੁਰ ਤੇ ਸਿਖ ਹੋਯੋ।
ਖ਼ਸ਼ਟਮ ਹਰਿਗੋਵਿੰਦ ਗੁਰ ਜੋਯੋ ॥੨॥
ਖਸ਼ਟ ਗੁਰਨਿ ਕੇ ਚਲਿਤ ਨਿਹਾਰੇ।
ਰਹਯੋ ਸਮੀਪੀ ਗਯਾਨ ਉਦਾਰੇ।
ਜਿਸ ਕੇ ਕਰ ਤੇ ਨਿਕਸਹਿ ਟੀਕਾ[1]। [1]ਤਿਲਕ।
ਸੋ ਗੁਰ ਬਨਹਿ ਸਭਿਨਿ ਸੋ ਟੀਕਾ[1] ॥੩॥ [1]ਸਾਰਿਆਂ ਦਾ ਸ਼ਿਰੋਮਣ।
ਗੁਰ ਘਰ ਮਹਿਂ ਜਿਸ ਕੇ ਸਮ ਆਨ ਨ[1]। [1]ਹੋਰ ਨਹੀਂ।
ਫੁਰਹਿ ਬਾਕ ਜਿਮ ਨਿਕਸਹਿ ਆਨਨ[1]। [1]ਮੁਖੋਂ ਜਿਵੇਂ ਨਿਕਲੇ।
ਇਕ ਦਿਨ ਬੈਠੇ ਬਿਨੈ ਬਖਾਨੀ।
'ਬਿਨਾਂ ਭਨੇ ਸਭਿ ਕੀ ਤੁਮ ਜਾਨੀ ॥੪॥
ਅਬਿ ਮੈਂ ਗਮਨ ਚਹੋਂ ਨਿਜ ਨਗਰੀ।
ਬੀਤ ਗਈ ਆਵਰਦਾ[1] ਸਗਰੀ। [1]ਆਯੂ।
ਕ੍ਰਿਪਾ ਸਿੰਧੁ! ਇਕ ਬਰ ਅਬਿ ਦੀਜੈ।
ਮੋਹਿ ਮਨੋਰਥ ਕੋ ਸਫਲੀਜੈ' ॥੫॥
ਸੁਨਿ ਸ਼੍ਰੀ ਹਰਿਗੋਬਿੰਦ ਬਖਾਨਾ।
'ਤੁਮ ਤੇ ਨਹਿਂ ਅਦੇਯ ਹਮ ਜਾਨਾ।
ਤਨ ਮਨ ਧਨ ਜੇਤਿਕ ਹੈ ਮੇਰੇ।
ਕ੍ਰਿਪਾ ਆਪ ਕੀ ਤੇ ਨਿਤ ਹੇਰੇ ॥੬॥
ਮੋ ਕਹੁ ਸੇਵਕ ਅਪਨਿ ਪਛਾਨਹੁ।
ਜਿਮ ਚਾਹਤਿ ਤਿਮ ਹੁਕਮ ਬਖਾਨਹੁ।'
ਸੁਨਤਿ ਬ੍ਰਿੱਧ ਨੇ ਕਿਯ ਬਡਿਆਈ।
'ਇਹੀ ਰੀਤਿ ਰਾਵਰਿ ਬਨਿ ਆਈ

॥੭॥
ਅਬਿ ਕੁਛ ਨਹੀਂ, ਸਨਾਤਨ ਅਹੈ[1]।
ਬੇਦ ਪੁਰਾਨ ਸੰਤ ਸਭਿ ਕਹੈਂ।
ਜਨ ਕੀ ਅਪਨੇ ਤੇ ਅਧਿਕਾਈ[1]।
ਕਰਤਿ ਕ੍ਰਿਪਾ ਕਰਿ, ਸਭਿ ਲਖਿ ਪਾਈ ॥੮॥
ਅਪਨੋ ਪ੍ਰਣ ਰਣ ਮਹਿਂ ਕਰਿ ਕਾਚਾ।
ਭੀਖਮ ਕੋ ਨਿਰਬਾਹਜੋ ਸਾਚਾ[1†]।
ਇੱਤਜਾਦਿਕ ਕੇਤਿਕ ਥਲ ਭਨੀਯਹਿ।
ਅੰਤ ਨ ਪਾਇ ਸਕਹਿ ਜੋ ਗਨੀਅਹਿ ॥੯॥
ਮਨ ਮੇਰੇ ਮਹਿਂ ਬਸਹੁ ਗੁਸਾਈਂ।
ਸਥਿਰ ਸੁਮੇਰ ਸਮਾਨ ਸਦਾਈ।
ਜਬਿ ਮੇਰੋ ਕਬਿ ਆਇ ਸੰਦੇਸਾ।
ਸੁਨਹੁ ਗਰੀਬ ਨਿਵਾਜ ਅਸ਼ੇਸ਼ਾ ॥੧੦॥
ਤਬਿ ਜਜੋਂ ਕਜੋਂ ਕਰਿ ਦਰਸ਼ਨ ਦੀਜੈ।
ਇਹ ਬਿਨਤੀ ਮੇਰੀ ਸੁਨਿ ਲੀਜੈ।'
'ਇਮ ਹੀ ਹੋਇ' ਕਰਜੋ ਗੁਰ ਜਬੈ।
ਦੁਹੁਂ ਦਿਸ਼ਿ ਪਦ ਬੰਦਨ ਕਰਿ ਤਬੈ ॥੧੧॥
ਜੋਧ, ਅਜਿੱਤਾ, ਜੀਵਾ ਤੀਨ।
ਤਿਨਹੁ ਗੁਰੂ ਕੋ ਬੰਦਨ ਕੀਨਿ।
ਚਾਰੋਂ ਚਲੇ ਖੁਸ਼ੀ ਕੋ ਪਾਇ।
ਸਿਮਰਤਿ ਸ਼੍ਰੀ ਨਾਨਕ ਸੁਖਦਾਇ ॥੧੨॥
ਲਖਿ ਕੈ ਰੁਖ ਗੁਰ ਕੋ ਗੁਰਦਾਸ।
ਕਰਜੋ ਬਾਸ ਸੁਖਰਾਸਹਿ ਪਾਸ।
ਬ੍ਰਿਧ ਕੋ ਬਿਦਾ ਕਰਨਿ ਤਿਸ ਬੇਰੇ।
ਚਲੇ ਗੁਰੂ ਸੰਗ ਸਿੱਖ ਘਨੇਰੇ ॥੧੩॥
ਗਏ ਦੂਰ ਲਗਿ ਬ੍ਰਿਧ ਥਿਰ ਹੋਯੋ।

[1]ਹੁਣ ਕੋਈ (ਨਵੀਂ) ਨਹੀਂ, ਪੁਰਾਤਨ (ਰੀਤ) ਹੈ।

[1]ਦਾਸ ਦੀ ਆਪਣੇ ਆਪ ਤੋਂ ਅਧਿਕਤਾ।

[1]ਭੀਸ਼ਮ ਪਿਤਾਮੇ ਦਾ (ਵਾਕ) ਸੱਚਾ ਨਿਬਾਹ ਦਿੱਤਾ। [†]ਕ੍ਰਿਸ਼ਨ ਜੀ ਦਾ ਪ੍ਰਣ ਕਿ ਮੈਂ ਜੁੱਧ ਵਿਚ ਸ਼ਸਤ੍ਰ ਨਹੀਂ ਪਕੜਾਂਗਾ, ਭੀਸ਼ਮ ਦਾ ਕਹਿਣਾ ਕਿ ਮੈਂ ਪਕੜਾਵਾਂਗਾ ਉਸ ਵਲ ਇਸ਼ਾਰਾ ਹੈ। ਜੁੱਧ ਵਿਚ ਅੰਤ ਅਰਜਨ ਦੀ ਰੱਖਯਾ ਹਿਤ ਪਹੀਆ ਚੁੱਕ ਕੇ ਕ੍ਰਿਸ਼ਨ ਜੀ ਨੇ ਮਾਰਿਆ ਸੀ।

ਸਤਿਗੁਰ ਪਾਇਨ ਆਵਤਿ ਜੋਯੋ।
ਕਰਤਿ ਪਰਸਪਰ ਬੰਦਨ ਭਲੇ।
ਗੁਰ ਕੋ ਮੋਰਿ ਅਗਾਰੀ ਚਲੇ ॥੧੪॥

ਦੋਹਰਾ:
ਗ੍ਰਾਮ ਨਾਮ ਰਮਦਾਸ ਕੇ, ਬ੍ਰਿਧ ਕੇ ਸਦਨ ਸਦਾਇ।
ਤਹਿਂ ਕੋ ਪਹੁੰਚੇ ਜਾਇ ਕਰਿ, ਗੁਰ ਗੁਨ ਭਨਿ ਸਮੁਦਾਇ ॥੧੫॥

ਚੌਪਈ:
ਸ਼੍ਰੀ ਹਰਿਗੋਬਿੰਦ ਸਭ ਸੁਖ ਸਾਜੈਂ।
ਸ਼੍ਰੀ ਹਰਿਗੋਬਿੰਦ ਪੁਰੇ ਬਿਰਾਜੈਂ।
ਸੰਗਤਿ ਦੇਸ਼ ਬਿਦੇਸ਼ਨਿ ਆਵੈ।
ਅਨਿਕ ਅਕੋਰਨ ਕੋ ਅਰਪਾਵੈ ॥੧੬॥
ਮਨੋ ਕਾਮਨਾ ਪਾਇ ਸਿਧਾਰੈ।
ਜਹਿਂ ਕਹਿਂ ਸਤਿਗੁਰ ਸੁਜਸ ਉਚਾਰੈ।
ਇਕ ਆਵਤਿ ਇਕ ਜਾਤਿ ਸਦਨ ਕੋ।
ਪਿਖਿ ਗੁਰ ਸਾਰਦ ਚੰਦ ਬਦਨ ਕੋ[1] ॥੧੭॥

[1]ਗੁਰੂ ਜੀ ਦੇ ਸਰਦ ਰੁੱਤ ਦੇ ਚੰਦ੍ਰਮਾਂ ਵਰਗੇ ਮੁੱਖ ਦੇ ਦਰਸ਼ਨ ਕਰਕੇ।

ਇਕ ਦਿਨ ਚੜ੍ਹੇ ਅਖੇਰ ਕਰਨਿ ਕੋ।
ਲੇਕਿਰ ਜੁਰਰੇ ਬਾਜ ਨਰਨਿ ਕੋ।
ਚੀਤੇ ਸ੍ਵਾਨ ਸੰਗ ਬਹੁ ਲੀਨਿ।
ਕਾਨਨ ਮਹਿਂ ਬਡ ਬਿਚਰਨ ਕੀਨਿ ॥੧੮॥
ਸੁਭਟ ਸੰਗ ਗਨ ਚੜੇ ਤੁਰੰਗ।
ਹਤੇ ਬ੍ਰਿੰਦ ਹੀ ਛੋਰਿ ਤੁਫੰਗ।
ਮ੍ਰਿਗਨਿ ਬਿਹੰਗਨਿ ਸੂਕਰ ਘਨੇ।
ਖੋਜਿ ਖੋਜਿ ਕਰਿ ਜਿਤ ਕਿਤ ਹਨੇ ॥੧੯॥
ਪੁਨ ਊਚੇ ਥਲ ਆਨਿ ਸੁਹਾਏ।
ਨਾਮ ਦਮਦਮਾ ਜਹਾਂ ਸੁਹਾਏ।
ਕਾਂਸ਼ੀ ਤੇ ਚਲਿ ਸੰਗਤਿ ਆਈ।
ਦਰਸ਼ਨ ਕਰਿਬੇ ਚਾਹ ਵਧਾਈ ॥੨੦॥

ਏਕ ਸਿੱਖ ਤਿਨ ਮਹਿਂ ਮਤਿਵੰਤਾ।
ਦਰਸ਼ਨ ਕੋ ਤੂਰਨ ਲਲਚੰਤਾ।
ਸੰਗਤਿ ਛੋਰਿ ਬਿਪਾਸਾ ਪਾਸੀ।
ਸੁਨਿ ਸੁਧਿ ਗਯੋ ਜਹਾਂ ਸੁਖਰਾਸੀ ॥੨੧॥
ਆਮਿਖ ਮਦ[1] ਨਹਿਂ ਅੰਗੀਕਾਰੈ। [1]ਮਾਸ ਤੇ ਸ਼ਰਾਬ।
ਧਰਹਿ ਸੁਮਤਿ ਪਰਲੋਕ ਸੁਧਾਰਹਿ।
ਸ਼ੀਘ੍ਰ ਪਹੂੰਚਜੋ ਧਰੀ ਉਪਾਯਨ।
ਬੰਦਨ ਕੀਨਿ ਕਮਲ ਸੇ ਪਾਇਨ ॥੨੨॥
ਤਬਿ ਗੁਰ ਕੇ ਕਰ ਬਾਜ ਬਡੇਰਾ।
ਦੁਤਿਯ ਹਾਥ ਸੋਂ ਗਹੇ ਬਟੇਰਾ।
ਆਮਿਖ ਤਹਾਂ ਖੁਵਾਵਨਿ ਕਰੇ।
ਦੋਨਹੁ ਕਰ ਸ਼੍ਰੋਣਤ ਸੋਂ ਭਰੇ ॥੨੩॥
ਹੇਰਤਿ ਸਿਖ ਨੇ ਤਰਕ ਬਿਚਾਰੀ।
-ਗਾਦੀ ਸ਼੍ਰੀ ਨਾਨਕ ਕੀ ਭਾਰੀ।
ਦਯਾ ਬਿਹੀਨ ਕਰਤਿ ਇਹ ਕਾਜਾ।
ਜਿਨ ਕੋ ਨਾਮ ਗਰੀਬ ਨਿਵਾਜਾ ॥੨੪॥
ਕਾਸ਼ੀ ਤਜਿ ਕਰਿ ਦੂਰ ਘਨੇਰੇ।
ਆਏ ਇਹਾਂ ਰੀਤਿ ਅਸ ਹੇਰੇ-।
ਇਮ ਗਿਨਤੀ ਮਨ ਗਿਨਤਿ ਮਹਾਨੀ।
ਸ਼੍ਰੀ ਗੁਰ ਹਰਿਗੋਵਿੰਦ ਸਭਿ ਜਾਨੀ ॥੨੫॥
'ਕਜਾ ਚਿਤਵਤਿ ਚਿਤ ਮਹਿਂ ਬਹੁ ਤਰਕਾ।
ਭੇਵ ਨ ਜਾਨ ਸਕਹਿ ਤੂੰ ਧੁਰ ਕਾ[1]।' [1]ਆਦਿ ਦਾ, ਪਿਛਲਾ।
ਸੁਨਤਿ ਸਿੱਖ ਗੁਰ ਤੇ ਬਿਸਮਾਯਹੁ।
ਹੋਇ ਦੀਨ ਕਰਿ ਬਿਨੈ ਅਲਾਯਹੁ ॥੨੬॥
'ਕ੍ਰਿਪਾ ਨਿਧਾਨ ! ਆਪ ਸਭਿ ਜਾਨਹੁ।
ਘਟ ਘਟ ਕੋ ਬ੍ਰਿਤਾਂਤ ਨਹਿਂ ਛਾਨਹੁ।
ਮੈਂ ਕਜਾ ਕਹੌਂ ਨ ਸਮਰਥ ਕੋਈ।
ਵਹਿਰ ਕ੍ਰਿਆ ਪਿਖਿ ਸ਼ੰਕਾ ਹੋਈ' ॥੨੭॥
ਤਬਿ ਸਤਿਗੁਰ ਤਿਨ ਖਗ ਕੀ ਗਾਥਾ।
ਪ੍ਰਥਮ ਜਨਮ ਕੀ ਕਹਿ ਸਿਖ ਸਾਥਾ।

'ਹੁਤੋ ਬਟੇਰਾ ਕੇਵਟ ਸਰਿਤਾ[1]।
ਲੇਤਿ ਮਜੂਰੀ ਪਾਰ ਉਤਰਿਤਾ ॥੨੮॥

[1]ਨਦੀ ਤੇ ਮਲਾਹ ਸੀ।

ਚਤੁਰਥ ਸ਼੍ਰੀ ਸਤਿਗੁਰ ਕੇ ਤੀਰ[1]।
ਹੁਤੋ ਬਾਜ ਇਹ ਸਿੱਖ ਸਰੀਰ।
ਕਿਸ ਕਾਰਜ ਕੋ ਜਬਹਿ ਪਠਾਯੋ।
ਚਲਿ ਮਾਰਗ ਇਸ ਕੇ ਢਿਗ ਆਯੋ ॥੨੯॥

[1]ਸ਼੍ਰੀ ਗੁਰੂ ਰਾਮਦਾਸ ਜੀ ਦੇ ਪਾਸ।

ਕਹਯੋ ਕਿ-ਮੋ ਕੋ ਪਾਰ ਉਤਾਰ।
ਗੁਰ ਕੋ ਕਾਜ ਕਰਨ ਬਿਨ ਬਾਰ[1]-।
ਚਢਿ ਬੈਠਯੋ ਤਰਨੀ[1] ਪਰ ਜਬੈ।
ਸਰਿਤਾ ਬੀਚ ਚਲੀ ਤਰ ਤਬੈ ॥੩੦॥

[1]ਬਿਨਾ ਦੇਰੀ ਦੇ ਕਰਨਾ ਹੈ।

[1]ਬੇੜੀ।

ਸਭਿ ਤੇ ਲਈ ਮਜੂਰੀ ਜਾਚਿ।
ਸਿਖ ਕੇ ਪਾਸ ਸੁ ਪੈਸੇ ਪਾਂਚ।
ਸੋ ਸਭਿ ਦੇਇ ਰਹਯੋ ਨਹਿਂ ਲੀਨਿ।
ਰਿਸ ਧਰਿ ਅਦਿਕ ਤਾੜਨਾ ਕੀਨਿ ॥੩੧॥

-ਤੁਰਕ ਜੇਜੀਆ ਅਧਿਕ ਲਗਾਯਹੁ।
ਇਨ ਤੇ ਚੌਗੁਨ ਦੇਹਿ ਤ ਜਾਯਹੁ-।
ਸੁਨਿ ਸਿਖ, ਬਿਨਤੀ ਕਰਿ ਬਹੁ ਕਹਯੋ।
-ਅਬਿ ਮਮ ਪਾਸ ਨਹੀਂ ਕੁਛ ਰਹਯੋ ॥੩੨॥

ਕਾਰਜ ਗੁਰ ਕੇ ਉਲੰਘਨ ਪਾਰ।
ਲੀਜੈ ਇਹ, ਨ ਕਰਹੁ ਤਕਰਾਰ।
ਕਹਿ ਬਹੁ ਰਹਯੋ ਨ ਮੂਰਖ ਮਾਨੀ।
ਲੀਨਿ ਉਠਾਇ ਗਹਯੋ ਦਿਢ ਪਾਨੀ[1] ॥੩੩॥

[1]ਦ੍ਰਿੜ ਹੱਥ ਨਾਲ।

ਬਲ ਤੇ ਸਿਖ ਕੋ ਦੀਨਿ ਧਕੇਲਾ।
ਹੁਇ ਨਿਰਦੈ ਸਲਿਤਾ ਮਹਿਂ ਮੇਲਾ[1]।
ਸਹਤ ਕ੍ਰੋਧ ਸਿਖ ਚਾਹਤਿ ਐਸੇ।
-ਆਮਿਖ ਕਾਟ ਖਾਉਂ ਇਸ ਜੈਸੇ ॥੩੪॥

[1]ਨਦੀ ਵਿੱਚ ਸੁੱਟ ਦਿੱਤਾ।

ਗੁਰ ਕੋ ਅਦਬ ਨ ਕਰੁਨਾ[1] ਕੀਨਿ-।

[1]ਨਾ ਹੀ ਮੇਰੇ ਤੇ ਤਰਸ।

ਇਮ ਚਿਤਵਤਿ ਪ੍ਰਾਨਨ ਤਜਿ ਦੀਨਿ।
ਸਿਖ ਨੇ ਦੇਹਿ ਬਾਜ ਕੇ ਪਾਯੋ।
ਦੈਵ ਜੋਗ ਤੇ ਹਮ ਕਰ ਆਯੋ ॥੩੫॥
ਮਰਿ ਕੇਵਟ ਇਹ ਭਯੋ ਬਟੇਰਾ।
ਲੇ ਪਲਟਾ ਅਬਿ ਪੂਰਬ ਕੇਰਾ।
ਤਜਾਗ ਦੇਹਿੰਗੇ ਤਨ ਕੋ ਦੋਊ।
ਜਨਮ ਧਰਨਿ ਅਨ ਕਾਜ ਨ ਕੋਊ'
॥੩੬॥
ਇਮ ਕਹਿਤੇ ਦੋਨਹੁਂ ਤਨ ਤਜਾਗਾ।
ਨਭ ਪ੍ਰਕਾਸ਼ ਕੁਛ ਦੀਖਨਿ ਲਾਗਾ।
ਗੁਰ ਕਰ ਲਗੇ ਸੁ ਆਇ ਬਿਮਾਨ।
ਗਏ ਸੁਰਗ ਕੋ ਬਹੁ ਸੁਖ ਠਾਨਿ ॥੩੭॥
ਤਬਿ ਸਿਖ ਨੇ ਬੂਝੇ ਕਰ ਜੋਰਿ।
'ਕਸ ਪ੍ਰਕਾਸ਼ ਭਾ ਨਭ ਕੀ ਓਰ?
ਇਨ ਕੇ ਮਰਤਿ ਤੁਰਤ ਹੀ ਭਯੋ।
ਪਲਕ ਫੁਰਨ ਮਹਿਂ ਹਟਿ ਸਭਿ ਗਯੋ'
॥੩੮॥
ਸਤਿਗੁਰ ਕਹਜੋ 'ਸੁਰਗ ਇਹ ਗਏ।
ਬਿਦਤਿ ਪ੍ਰਕਾਸ਼ ਬਿਮਾਨਨ ਕਿਏ।'
ਸੁਨਿ ਕਰ ਜੋਰਿ ਬੰਦਨਾ ਕਰਿ ਕੈ।
ਗਯੋ ਸਿੱਖ ਸਭਿ ਚਲਿਤ ਨਿਹਰਿ ਕੈ
॥੩੯॥
ਸੰਗਤਿ ਸੰਗ ਮਿਲਜੋ ਤਬਿ ਜਾਇ।
ਸਭਿ ਪ੍ਰਸੰਗ ਕੋ ਦਯੋ ਸੁਨਾਇ।
ਧਰਿ ਸ਼ਰਧਾ ਕੋ ਤਬਿ ਹਰਖਾਏ।
ਸਗਰੇ ਸਿਖ ਦਰਸ਼ਨ ਕੋ ਆਏ ॥੪੦॥
ਇਤ ਸਤਿਗੁਰ ਅਪਨੇ ਥਲ ਆਏ।
ਬੈਠੇ ਬਡੋ ਦਿਵਾਨ ਲਗਾਏ।
ਸ਼ਬਦ ਰਬਾਬੀ ਗਾਵਨਿ ਲਾਗੇ।
ਸੁਨਹਿਂ ਸਿੱਖ ਗੁਰ ਪਗ ਅਨੁਰਾਗੇ
॥੪੧॥
ਜੋ ਜੋ ਸੰਗਤਿ ਲਜਾਇ ਅਕੋਰ।

ਸੋ ਲੇ ਕਰਿ ਆਏ ਗੁਰ ਓਰ।
ਆਗੈ ਧਰਿ ਧਰਿ ਕਰਿ ਕਰਿ ਨਮੋ।
ਪਿਖਿ ਪਿਖਿ ਦਰਸ਼ਨ ਮੁਦ ਤਿਹ ਸਮੋ
॥੪੨॥
ਸਤਿਗੁਰ ਦਯਾ ਦ੍ਰਿਸ਼ਟਿ ਸੋਂ ਹੇਰੈਂ।
ਕੀਨਿ ਕਾਮਨਾ ਪੂਰ ਘਨੇਰੈਂ।
ਸਭਿ ਕੋ ਕੁਸ਼ਲ ਬੂਝ ਸਨਮਾਨੇ।
ਬੈਠੇ ਅਤਿ ਅਨੰਦ ਕੋ ਠਾਨੇ ॥੪੩॥
ਜੋ ਜੋ ਤਿਸੀ ਦੇਸ਼ ਕੀ ਗਾਥਾ।
ਬੂਝਨ ਕਰੀ ਕਹੀ ਗੁਰ ਸਾਥਾ।
ਸੰਧਯਾ ਲਗਿ ਬੈਠੇ ਤਿਸ ਥਾਨ।
ਸੋਦਰ ਭੋਗ ਪਰਯੋ ਸੁਨਿ ਕਾਨ ॥੪੪॥
ਗਏ ਗੁਰੂ ਨਿਜ ਮੰਦਿਰ ਫੇਰੇ।
ਸੰਗਤਿ ਸਭਿ ਗਮਨੀ ਨਿਜ ਡੇਰੇ।
ਕੇਤਿਕ ਦਯੋਸ ਬਸੇ ਗੁਰ ਦਰਸ਼ੈਂ।
ਬਾਕ ਸੁਨਹਿਂ ਸਭਿ ਹੀ ਉਰ ਹਰਸ਼ੈਂ[1] [1]ਖੁਸ਼ ਹੁੰਦੇ ਹਨ।
॥੪੫॥
ਬਹੁਰੋ ਬਿਦਾ ਹੋਇ ਕਰਿ ਗਏ।
ਜਾਇ ਸੁਧਾਸਰ ਮੱਜਨ ਕਿਏ।
ਅਪਰ ਤੀਰਥਨਿ ਕੇ ਇਸ਼ਨਾਨੇ।
ਮਨ ਭਾਵਤ ਕਰਿ ਸਦਨ ਪਯਾਨੇ ॥੪੬॥
ਇਮ ਸਤਿਗੁਰ ਤਹਿਂ ਕਰਤਿ ਬਿਲਾਸ।
ਰਹੈਂ ਹਜ਼ਾਰੋਂ ਸੇਵਕ ਪਾਸ।
ਭੁਗਤਿ ਮੁਕਤਿ ਕੀ ਬਖਸ਼ਿਸ਼ ਹੋਤਿ।
ਨਿਤ ਪ੍ਰਤਿ ਸਿੱਖੀ ਅਧਿਕ ਉਦੋਤਿ
॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸੰਗਤਿ' ਪ੍ਰਸੰਗ ਬਰਨਨੰ ਨਾਮ ਪੰਚਸਤੀ ਅੰਸੂ ॥੫੦॥

## ੫੧. [ਭਾਈ ਗੜ੍ਹੀਆ। ਮੀਆਂ ਦੌਲਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

ਸਿੱਖ ਹੁਤੋ ਗੜ੍ਹੀਆ ਮਹਾਂ,
ਰਹਿ ਹਜ਼ੂਰ ਲਹਿ ਗਜਾਨ।
ਚਰਨ ਕਮਲ ਸੇਵਤਿ ਸਦਾ,
ਕਰਿ ਕਰਿ ਪ੍ਰੇਮ ਮਹਾਨ ॥੧॥

ਚੌਪਈ:

ਸ੍ਰੀ ਹਰਿਗੋਵਿੰਦ ਬਲੀ ਬਿਲੰਦ।
ਸਿੱਖਜ ਚਕੋਰਨਿ ਕੋ ਨਿਤ ਚੰਦ।
ਗੜ੍ਹੀਏ ਪ੍ਰਤਿ ਆਗਜਾ ਫੁਰਮਾਈ।
'ਅਬਿ ਕਸ਼ਮੀਰ ਪੁਰੀ ਕਹੁ ਜਾਈ[1] [1]ਜਾ ਕੇ।
॥੨॥
ਤਹਿਂ ਕੀ ਕਾਰ ਸਕੇਲਿ ਬਿਸਾਲਾ।
ਲੇ ਆਵਹੁ ਇਤ, ਰਹਿ ਕਿਤ ਕਾਲਾ।'
ਸੁਨਿ ਗੜ੍ਹੀਏ ਕਰਿ ਰਿਦੇ ਅਨੰਦ।
ਮਾਨੀ ਆਗਜਾ ਦ੍ਵੈ ਕਰ ਬੰਦਿ ॥੩॥
ਬੰਦਨ ਕਰਿ ਕੈ ਪਦ ਅਰਬਿੰਦ।
ਗਮਨਜੋ ਮਾਰਗ ਪ੍ਰੇਮ ਬਿਲੰਦ।
ਨਿਤ ਪ੍ਰਤਿ ਚਿਤ ਮੂਰਤਿ ਗੁਰ ਰਾਖੇ।
ਰਸਨਾ ਸੱਤਜਨਾਮ ਕੋ ਭਾਖੇ ॥੪॥
ਸਨੈ ਸਨੈ ਚਲਿ ਕੈ ਗੁਜਰਾਤ।
ਪਹੁੰਚਤਿ ਭਯੋ ਹੁਤੋ ਬੱਖਜਾਤ।
ਬਸਹਿਂ ਗੁਰੂ ਕੇ ਸਿਖ ਸਮੁਦਾਇ।
ਤਿਨਹੁਂ ਸੁਨੀ 'ਗੜ੍ਹੀਆ ਪੁਰਿ ਆਇ'
॥੫॥
ਸਭਿ ਸੰਗਤਿ ਇਕਠੀ ਹੁਇ ਕਰਿ ਕੈ।
ਹਿਤ ਸਨਮਾਨ ਭਾਉ ਬਹੁ ਧਰਿ ਕੈ।
ਮਿਲੇ ਜਾਇ ਕਰਿ ਨਿੰਮ੍ਰੀ ਹੋਏ।
ਮਨਹੁਂ ਗੁਰੂ ਕੋ ਦਰਸ਼ਨ ਜੋਏ ॥੬॥
ਅਪਨੇ ਗ੍ਰਿਹ ਮਹਿਂ ਆਨਿ ਉਤਾਰੇ।
ਤਾ ਤੇ ਜਲ ਤੇ ਚਰਨ ਪਖਾਰੇ।

ਸੁੰਦਰ ਸਿਹਜਾ ਤਬੈ ਡਸਾਇ।
ਅਧਿਕ ਭਾਉ ਕਰਿ ਦਿਏ ਬਿਠਾਇ
॥੭॥
ਸਭਿ ਸਿੱਖਨਿ ਚਰਨਾਂਮ੍ਰਿਤ ਲੀਨਾ।
ਅਪਰ ਸੇਵ ਸਭਿ ਹੀ ਬਿਧਿ ਕੀਨਾ।
ਸ੍ਵਾਦਲ ਬਹੁ ਅਹਾਰ ਕਰਿਵਾਏ।
ਬਿਨਤੀ ਕਰਿ ਆਛੇ ਤ੍ਰਿਪਤਾਏ ॥੮॥
ਇਕ ਮੀਆਂ ਦੌਲਾ ਤਿਸ ਥਾਨ।
ਸਾਹਿਬ ਕੋ[1] ਪ੍ਰੇਮੀ ਸੁ ਮਹਾਨ।
ਸੰਤ ਸੰਗ ਕੀ ਨਿਤ ਅਭਿਲਾਖਾ।
ਮੌਲਾ ਕੇ ਦਰਸ਼ਨ ਕੀ ਕਾਂਖਾ ॥੯॥
ਗੜ੍ਹੀਏ ਕੋ ਆਵਨਿ ਸੁਨਿ ਪਾਯੋ।
ਪ੍ਰੇਮ ਧਾਰਿ ਬਹੁ ਮਿਲਿਬੇ ਆਯੋ।
ਜਿਸ ਮਹਿਂ ਮਹਾਂ ਸੰਤ ਕੇ ਲੱਛਨ।
ਪਰਉਪਕਾਰੀ ਸਦਾ ਬਿਚੱਛਨ ॥੧੦॥
ਦੇਖਜੋ ਜਾਇ ਨ ਦੁਖੀਯਾ ਕਬੈ।
ਕਰਿ ਅਤਿ ਜਤਨ ਹਤੈ ਦੁਖ ਸਬੈ।
ਮਨ ਤੇ, ਤਨ ਤੇ, ਧਨ ਤੇ ਸਦਾ।
ਦੁਖ ਕੋ ਹਰਹਿ ਦੁਖੀ ਪਿਖਿ ਜਦਾ ॥੧੧॥
ਰੰਕ ਬ੍ਰਿੰਦ ਕੋ ਜਬਿਹੁਂ ਲਹੈ।
ਛੁਧਿਤ ਰੁ ਬਸਨ ਰਹਤਿ ਜੇ ਰਹੈ।
ਤਿਨ ਸਭਿ ਕੋ ਮਿਹਨਤੀ ਲਗਾਵੈ।
ਢਹੇ ਕੂਪ ਕੈ ਪੁਰ ਬਨਵਾਵੈ ॥੧੨॥
ਬਿਖਮ ਪੰਥ ਕੋ ਸਮ ਕਰਵਾਵੈ[1]।
ਮਾਰਗ ਪਰ ਤਰੁਵਰ ਲਗਵਾਵੈ।
ਜਬਹਿ ਮਜੂਰੀ ਬਹੁ ਚਢਿ ਜਾਇ।
ਜਾਚਹਿਂ ਨਿਕਟਿ ਰੰਕ ਸਮੁਦਾਇ ॥੧੩॥
ਅਵਿਨੀ ਕੋ ਖਨਿ ਕੈ ਤਤਕਾਲਾ।
ਦਰਬ ਨਿਕਾਸਹਿ ਤਹਾਂ ਬਿਸਾਲਾ।
ਜਥਾਜੋਗ ਸਭਿ ਹੀ ਕੋ ਦੈ ਕੈ।
ਪ੍ਰਤਿਪਾਲਤਿ ਇਮ ਰੰਕ ਦਿਖੈ ਕੈ ॥੧੪॥
ਹਿੰਦੂ ਤੁਰਕ ਕੋਇ ਦੁਖੁ ਮਾਂਹਿ।

[1]ਰੱਬ ਦਾ।

[1]ਉੱਚੇ ਨੀਵੇਂ ਰਾਹ ਨੂੰ ਇਕੋ ਜਿਹਾ ਕਰਵਾ ਦੇਵੇ।

ਸਭਿ ਮੀਆਂ ਦੌਲੇ ਢਿਗ ਜਾਹਿਂ।
ਅਰਜ਼ ਗੁਜ਼ਾਰਹਿ ਹੋਇ ਹਜ਼ੂਰੀ।
ਕਰਹਿ ਮੁਰਾਦ ਸਭਿਨਿ ਕੀ ਪੂਰੀ ॥੧੫॥
ਸਹਿਜ ਸੁਭਾਇ ਹੁਤੋ ਇਮ ਰੀਤਿ।
ਸੰਤ ਪ੍ਰੀਤ ਨਿਤ ਚੀਤ ਸੁ, ਮੀਤ[1] !
ਭਾਈ ਗੜ੍ਹੀਏ ਕੋ ਲਖਿ ਸੰਤ।
ਆਯੋ ਮਿਲਨਿ ਹੇਤੁ ਹਿਤਵੰਤਿ ॥੧੬॥
ਨਿਕਟਿ ਹੋਇ ਜਬਿ ਦਿਖੇ ਪਰਸਪਰ।
ਕਰਿ ਬਹੁ ਭਾਉ ਸੁ ਰਹੇ ਹਰਖਿ ਭਰਿ।
ਖਰੇ ਹੋਇ ਭਰਿ ਅੰਕ ਮਿਲੇ ਹੈਂ।
ਬੂਝਿ ਕੁਸ਼ਲ ਕੋ ਪ੍ਰੀਤਿ ਢੁਲੇ ਹੈਂ ॥੧੭॥
ਪੁਨ ਸਤਿਗੁਰੂ ਮਹਾਤਮ ਕਹੈਂ।
ਦੋਨੋ ਮਹਿਮਾ ਮਹਾਂ ਸੁ ਲਹੈਂ[†]।
-ਲਾਖਹੁਂ ਸੇਵਕ ਕਰੇ ਨਿਹਾਲ।
ਜਿਹ ਬਡ ਭਾਗ ਸੁ ਮਿਲਹਿ ਕ੍ਰਿਪਾਲ- ॥੧੮॥
ਤਬਿ ਮੀਆਂ ਦੌਲਾ ਹਰਖਾਏ।
ਸਹਤ ਬੇਨਤੀ ਬੈਨ ਅਲਾਏ।
'ਗੁਰ ਅਰਜਨ ਜੀ ਕੀਨਿ ਜੁ ਬਾਨੀ।
ਸੁਨਨਿ ਸੁਖਮਨੀ ਚਾਹਿ ਮਹਾਨੀ ॥੧੯॥
ਕ੍ਰਿਪਾ ਧਾਰਿ ਅਬਿ ਮੋਹਿ ਸੁਨਾਵੋ।
ਕਹਿ ਗੁਰ ਬਾਕ ਰਿਦਾ ਹਰਖਾਵੋ।
ਜਿਸ ਕੇ ਬਿਖੈ ਸਿਫਤ ਬਹੁ ਮੌਲਾ।'
ਇਮ ਜਬਿ ਪ੍ਰੇਮ ਧਾਰਿ ਕਹਿ ਦੌਲਾ ॥੨੦॥
ਸੁਨਿ ਗੜ੍ਹੀਆ ਤਬਿ ਲਗਯੋ ਸੁਨਾਵਨਿ।
ਮੀਆਂ ਭਯੋ ਮਗਨ ਰਸ ਪਾਵਨ।
ਇਕ ਸ਼ਲੋਕ ਪੌਰੀ ਜੁਤਿ ਗਾਯੋ।
ਪੁਨ ਰਹਾਉ ਕੋ ਪਾਠ ਸੁਨਾਯੋ ॥੨੧॥
'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ।'
ਸੁਨਿ ਦੌਲਾ ਮਨ ਭਯੋ ਅਨੰਦ।

[1]ਹੇ ਮਿਤ੍ਰ! ਉਸਦੇ ਚਿੱਤ ਵਿਚ ਸੰਤਾਂ ਦੀ ਸਦਾ ਪ੍ਰੀਤ ਸੀ।

[†]ਪਾ:-ਮਹਿਮਾਂ ਸਤਿਗੁਰ ਕੀ ਬਹੁ ਲਹੈਂ।

ਲਗਯੋ ਬਿਚਾਰਨਿ ਅਰਥ ਬਿਲੰਦ ॥੨੨॥
ਉਰ ਪ੍ਰਸੰਨ ਹੁਇ ਬਾਕ ਉਚਾਰਾ।
'ਹਾਸਲ ਭਾ ਮਕ਼ਸੂਦ[1] ਹਮਾਰਾ। [1]ਪ੍ਰਯੋਜਨ।
ਇਹ ਗੁਰ ਬਾਕ ਰਿਦੈ ਲਖਿ ਲੀਨਿ।
ਮੈਂ ਜਾਨੀ ਮਹਿਮਾ ਇਸ ਪੀਨ[1] ॥੨੩॥ [1]ਭਾਰੀ।
ਸੁਖ ਬਿਲੰਦ ਹੈ ਸ੍ਰੀ ਪ੍ਰਭੁ ਨਾਮੂ।
ਬਿਨਾ ਸੰਤ ਨਹਿੰ ਪੂਰਨ ਕਾਮੂ।
ਇਸ ਤੇ ਖ਼ਾਤਰ ਜਮਾ[1] ਹਮਾਰੀ। [1]ਤਸੱਲੀ।
ਅਪਰ ਸੁਨਨਿ ਕੀ ਚਾਹਿ ਨਿਵਾਰੀ ॥੨੪॥
ਗੁਰਬਾਨੀ ਸਮ ਅਪਰ ਨ ਬਾਨੀ।
ਇਕ ਤੁਕ ਸੁਨੇ ਪਰਮ ਗਤਿ ਜਾਨੀ।
ਤੁਕ ਰਹਾਉ ਕੀ ਦੋਇਨ ਮਾਂਹਿ।
ਜੋਗ ਭੋਗ ਸਭਿ ਪਾਯੋ ਜਾਹਿ' ॥੨੫॥
ਸੁਨਿ ਕਰਿ ਗੜ੍ਹੀਆ ਭਯੋ ਪ੍ਰਸੰਨ।
ਕਹਯੋ ਬਿਹਸਿ 'ਦੌਲਾ! ਤੁਮ ਧੰਨ।'
ਇਮ ਚਰਚਾ ਕਰਿ ਹਰਖੇ ਦੋਊ।
ਸਤਿਗੁਰ ਪ੍ਰੇਮ ਮਹਾਂ ਮਨ ਸੋਊ ॥੨੬॥
ਦਿਨ ਦੋ ਇਕ ਰਹਿ ਗੜ੍ਹੀਆ ਚਲਯੋ।
ਤਬਹਿ ਆਨਿ ਪੁਨ ਦੌਲਾ ਮਿਲਯੋ।
ਸਭਿ ਸੋਂ ਬਿਦਾ ਹੋਇ ਚਲਿ ਪਰਯੋ।
ਮੀਆਂ ਨੇ ਯਾ ਕੋ ਸੰਗ ਕਰਯੋ[1] ॥੨੭॥ [1]ਭਾਵ ਗੜ੍ਹੀਏ ਦੇ ਨਾਲ ਗਿਆ।
ਨਗਰ ਵਹਿਰ ਪਹੁੰਚਾਵਨਿ ਗਯੋ।
ਗੁਰ ਜਸੁ ਬੂਝਤਿ ਸੁਨਤੋ ਭਯੋ।
ਵਹਿਰ ਨਗਰ ਤੇ ਕੇਤਿਕ ਚਾਲਾ।
ਦੇਖਯੋ ਸਿਕਤਾ[1], ਆਇ ਬਿਸਾਲਾ ॥੨੮॥ [1]ਰੇਤ।
ਟੂਟੀ ਪਨਹੀ[1] ਗੜ੍ਹੀਏ ਚਰਨ। [1]ਜੁੱਤੀ।
ਬਾਰੂ ਪਰਹਿ ਧਰਹਿ ਜਬਿ ਧਰਨਿ[1]। [1]ਰੇਤਾ (ਜੁੱਤੀ ਵਿਚ) ਪੈ ਜਾਂਦਾ ਹੈ ਜਦੋਂ (ਪੈਰ ਧਰਤੀ ਤੇ) ਧਰਦਾ ਹੈ।
ਜਬਹਿ ਉਠਾਵਹਿ ਉਡਹਿ ਬਿਸਾਲੇ।

ਜਾਨੁ ਲਗਿ[1] ਜੰਘਨ ਕੇ ਨਾਲੇ ॥੨੯॥
ਦੇਖਤਿ ਦੌਲੇ ਮਨ ਠਹਿਰਾਈ।
-ਪਨਹੀ ਅਪਰ ਨ ਕਿਤਹੂੰ ਪਾਈ-।
ਰਿਦੇ ਬਿਚਾਰਤਿ ਸੰਗ ਸੁ ਜਾਇ।
-ਬਿਨ ਧਨ ਤੇ ਇਹ ਅਸ ਦੁਖ ਪਾਇ ॥੩੦॥
ਕੋ ਨਿਧਿ ਸਿਧਿ ਗੜ੍ਹੀਏ ਕੋ ਦੇਵੋਂ।
ਦੇ ਸੁਖ ਸੰਤ ਪੁੰਨ ਮੈਂ ਲੇਵੋਂ-।
ਜੋ ਦੌਲੇ ਚਿਤ ਚਿਤਵਨ ਠਾਨੀ।
ਸਭਿ ਗੜ੍ਹੀਏ ਤਤਛਿਨ ਪਹਿਚਾਨੀ ॥੩੧॥
-ਮੁਝ ਗੁਰ ਸਿਖ ਕੋ ਨਿਰਧਨ ਜਾਨਾ।
ਸ਼ਕਤਿ ਹੀਨ ਮਨ ਮਹਿਂ ਪਹਿਚਾਨਾ।
ਅਪਨੀ ਕਲਾ ਕੁਛਕ ਦਿਖਰਾਵੌਂ।
ਤਬਿ ਇਸ ਕੀ ਸਭਿ ਸ਼ੰਕ ਮਿਟਾਵੌਂ- ॥੩੨॥
ਤਬਿ ਠਾਂਢੋ ਹੁਇ ਦ੍ਰਿਸ਼ਟਿ ਨਿਹਾਰੀ।
ਚਹੁੰਦਿਸ਼ਿ ਬਿਖੈ ਹੇਮ ਛਿਤ ਸਾਰੀ।
ਸਭਿ ਸਿਕਤਾ ਭੀ ਕੰਚਨ ਕਿਨਕੇ।
ਬਡੇ ਰੋਰ ਸਮ ਦਿਪਹਿਂ ਰਤਨ ਕੇ ॥੩੩॥
ਦੌਲੇ ਪੀਰ ਹੇਰਿ ਕਰਿ ਸਿਧਿ ਕੋ।
ਜਾਨਤਿ ਭਾ -ਪੂਰਨ ਸਭਿ ਬਿਧਿ ਕੋ।
ਲਛਮੀ ਕੀ ਪ੍ਰਵਾਹ ਇਸ ਨਾਂਹੀ।
ਸ਼ਾਹਨਸ਼ਾਹ, ਸ਼ਕਤਿ ਸਭਿ ਪਾਹੀ ॥੩੪॥
ਅਜਰ ਜਰਨ ਉਰ ਧੀਰਜ ਧਾਰੀ।
ਅਤਿ ਤਜਾਗੀ, ਨਾਂਹਿਨ ਹਿਤਕਾਰੀ[1]-।
ਹਾਥ ਜੋਰਿ ਕਦਮਨਿ ਪਰ ਪਰਜੋ।
ਰਹਿਨੀ ਦੇਖਿ ਸੁਜਸੁ ਬਹੁ ਕਰਜੋ ॥੩੫॥
'ਧੰਨ ਤੁਮਹਿ, ਗੁਰ ਧੰਨ ਤੁਮਾਰੋ।
ਇਤੀ ਸ਼ਕਤਿ ਸਭਿ ਰਿਦੇ ਸਹਾਰੋ।'
ਗੜ੍ਹੀਏ ਕਹਜੋ 'ਨ ਗੁਰ ਘਰ ਕਮੀ[1]।

[1]ਗੋਡੇ ਤੱਕ।

[1]ਮਾਇਆ ਦਾ) ਹਿਤ ਕਰਨ ਵਾਲਾ ਨਹੀਂ।

[1]ਘਾਟਾ।

ਬਲ ਦੀਰਘ ਤੇ ਹੋਵਤਿ ਛਮੀ[1]' ॥੩੬॥
ਇਮ ਕਹਿ ਦੌਲੇ ਤੇ ਹੁਇ ਬਿਦਾ।
ਮਗ ਕਸ਼ਮੀਰ ਪਜਾਨ੍ਯੋ ਤਦਾ।
ਜਬਿ ਪਹੁੰਚ੍ਯੋ ਸੰਗਤਿ ਸਭਿ ਆਈ।
ਕਰੇ ਭਾਉ ਕੋ ਸੀਸ ਨਿਵਾਈ ॥੩੭॥
ਪਦ ਰਜ ਸੋਂ ਮੁਖ ਪਰ ਕਰ ਫਿਰ੍ਯੋ[1]।
ਲਯੋ ਹੁਕਮ ਨਾਮਾ ਸਿਰ ਧਰ੍ਯੋ।
ਪਢਿ ਕਰਿ ਸਭਿ ਉਰ ਆਨੰਦ ਭਰ੍ਯੋ।
ਗੁਰੂ ਪੁਰਬ ਸੰਗਤਿ ਨੇ ਕਰ੍ਯੋ ॥੩੮॥
ਕਰਿ ਇਕਠੀ ਗੁਰ ਕਾਰ ਤਗੀਦ।
ਦੇ ਕੈ ਸਰਬ ਲਿਖਾਇ ਰਸੀਦ।
ਗੜ੍ਹੀਏ ਦਰਬ ਪਾਇ ਗੁਰ ਕੇਰੇ।
ਨਾਨਾ ਭੋਜਨ ਕੀਨਿ ਘਨੇਰੇ ॥੩੯॥
ਸਤਿਸੰਗਤਿ ਕੋ ਕਰਿ ਭੋਗਾਏ।
ਦਿਯੋ ਰੰਕ ਜੋ ਮਾਂਗਨਿ ਆਏ।
ਕਰ੍ਯੋ ਖਰਚ ਜੇਤਿਕ ਗੁਰ ਦਰਬਾ।
ਪੁਰਿ ਕਸ਼ਮੀਰ ਬਿਖੈ ਸੋ ਸਰਬਾ ॥੪੦॥
ਹਟਿ ਆਯਹੁ ਗੁਰ ਦਰਸਨ ਕੀਨਾ।
ਪਰ੍ਯੋ ਚਰਨ ਪਰ ਪ੍ਰੇਮ ਪ੍ਰਬੀਨਾ।
ਬੂਝ੍ਯੋ ਸਤਿਗੁਰ 'ਕਹੁ ਕਜਾ ਲਜਾਯਹੁ।
ਕਜਾ ਸੰਗਤਿ ਨੇ ਤੁਵ ਅਰਪਾਯਹੁ[1]' ॥੪੧॥
ਕਹਤਿ ਭਯੋ 'ਸੁਨਿ ਸ਼੍ਰੀ ਗੁਰ ਸ੍ਵਾਮੀ।
ਸਭਿ ਜਾਨਤਿ ਤੁਵ ਅੰਤਰਜਾਮੀ।
ਗੁਰ ਪੂਜਾ ਜੋ ਸਿੱਖਨਿ ਦੀਨੀ।
ਜੋ ਮੈਂ ਤੁਮ ਕੋ ਅਰਪਨ ਕੀਨੀ ॥੪੨॥
ਕਰਿ ਗੁਰਪੁਰਬ ਸਿੱਖ ਤ੍ਰਿਪਤਾਏ।
ਤੁਮ ਸਭਿ ਘਟ ਭੋਗੀ ਸੁਖ ਪਾਏ।'
ਸੁਨਿ ਕਰਿ ਸਤਿਗੁਰ ਬਿਗਸਨ ਕੀਨਾ।
'ਭਲੀ ਕਰੀ ਤੈਂ, ਸਿੱਖ ਪ੍ਰਬੀਨਾ!' ॥੪੩॥
ਸਰਬ ਮਸੰਦ ਜਿ ਗੁਰ ਅਗੁਵਾਈ।

[1]ਭਾਰੀ ਬਲ ਤੇ ਹੁੰਦਿਆਂ ਸਹਨਸ਼ੀਲ ਹੁੰਦੇ ਹਨ।

[1]ਫੇਰਿਆ।

[1]ਭੇਟਾ ਦਿੱਤੀ ਹੈ।

ਸਭਿਹਿਨਿ ਸੋਂ ਕਹਿ ਕੈ ਸਮੁਝਾਈ।
'ਜੋ ਕਸ਼ਮੀਰ ਕਾਰ ਧਨ ਭਾਰੀ।
ਹਮ ਗੜ੍ਹੀਏ ਤੇ ਲੀਨਿ ਸੰਭਾਰੀ' ॥੪੪॥
ਭਏ ਪ੍ਰਸੰਨ ਬਿਸਾਲ ਕ੍ਰਿਪਾਲਾ।
ਅਸ ਆਇਸੁ ਦੀਨੀ ਤਿਸ ਕਾਲਾ।
'ਅਬਿ ਤੁਮ ਗ੍ਰਿਹ ਬੈਠਹੁ ਸੁਖ ਪਾਵਹੁ।
ਸਿੱਖੀ ਜਗਤ ਬਿਖੈ ਬਿਦਤਾਵਹੁ ॥੪੫॥
ਪਰੀ ਥਾਇੰ ਸਭਿ ਘਾਲ ਤੁਮਾਰੀ।
ਗ੍ਰਿਹ ਮਹਿਂ ਸਿਮਰਹੁ ਨਾਮ ਮੁਰਾਰੀ।'
ਗੁਰ ਤੇ ਬਿਦਾ ਹੋਇ ਗ੍ਰਿਹ ਆਇਵ।
ਚਰਨ ਪ੍ਰੇਮ ਕਰਿ ਤੈਸੇ ਧਯਾਇਵ ॥੪੬॥
ਜੋ ਜਾਚਨ ਜਾਵਹਿ ਤਿਸ ਪਾਸੁ।
ਦੇ ਤਤਕਾਲ ਨਿਕਾਸਿ ਅਵਾਸ[1]।
ਜਬਿ ਖਰਚੀ ਤਿਸ ਤੇ ਥੁਰਿ ਜਾਇ।
ਜਾਚਨਹਾਰ ਆਇਂ ਸਮੁਦਾਇ ॥੪੭॥
ਤਬਿ ਇਹ ਬਾਤ ਪੁਕਾਰ ਕਹੰਤਾ।
'ਜੋ ਸੁਤ ਚਾਹੈ ਬਿਨ ਸੁਤਵੰਤਾ।
ਪੰਚ ਰਜਤਪਣ ਆਨਿ ਚਢਾਵਹਿ।
ਸੋ ਤਤਕਾਲ ਪੁੱਤ੍ਰ ਕੋ ਪਾਵਹਿ' ॥੪੮॥
ਇਮ ਲੇ ਕਰਿ ਭੁਖੇ ਕਉ ਦੇਵਹਿ।
ਸਿਮਰ ਨਾਮ ਸਤਿਗੁਰ ਕੋ ਸੇਵਹਿ।
ਸਦਾ ਰਹੈ ਮਨ ਤੇ ਉਪਕਾਰੀ।
ਕਰੁਨਾ ਕਰਹਿ ਹਰਿ ਨਰ ਨਾਰੀ ॥੪੯॥

[1]ਘਰੋਂ (ਧਨ) ਕੱਢਕੇ ਦੇ ਦੇਵੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਭਾਈ ਗੜੀਏ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

## ੫੨. [ਪੰਡਤ ਨਿਤਾਨੰਦ ਦੀ ਕਥਾ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

ਇਕ ਦਿਨ ਸ਼੍ਰੀ ਸਤਿਗੁਰ ਕਹਜੋ, 'ਕਥਾ
ਸੁਨਹਿਂ ਅਬਿ ਕੋਇ।'
ਪਠਜੋ ਵਟਾਲੇ ਨਗਰ ਕੋ, ਏਕ ਸਿੱਖ ਛਿਨ
ਸੋਇ[1] ॥੧॥

[1]ਉਸ ਛਿਨ।

ਚੌਪਈ:

'ਨਿਤਾਨੰਦ ਨਿਜ ਪੰਡਤਿ ਮਹਾਂ।
ਆਨ ਹਕਾਰਿ, ਬਸਹਿ ਪੁਰਿ ਤਹਾਂ।'
ਸੁਨਤਿ ਸਿੱਖ ਤੁਰਨ ਚਲਿ ਗਯੋ।
ਪੰਡਤ ਸੰਗ ਕਹਤਿ ਇਮ ਭਯੋ ॥੨॥
'ਤੁਮ ਤੇ ਕਥਾ ਸੁਨੀ ਗੁਰ ਚਾਹੈਂ।
ਪੁਸਤਕ ਲੇਹੁ ਚਲਹੁ ਤਿਨ ਪਾਹੈ।'
ਸੁਨਿ ਮੁਦ ਧਰਿ ਦਿਜ ਹਯੋਹੁ ਤਜਾਰੀ।
ਪਰਜੋ ਪੰਥ ਹੁਇ ਸਿੱਖ ਸੰਗਾਰੀ ॥੩॥
ਆਇ ਮਿਲਜੋ ਸਤਿਗੁਰ ਕੇ ਸੰਗ।
ਸਨਮਾਨਜੋ ਬਹੁ ਲਖਿ ਦਿਜ ਅੰਗ।
ਅਗਲੇ ਦਿਵਸ ਕਥਾ ਕਰਿਵਾਈ।
ਬਹੁ ਰਾਜਨਿ ਕੀ ਗਾਥ ਸੁਨਾਈ ॥੪॥
ਲਗਹਿ ਦਿਵਾਨ ਆਨਿ ਕਰਿ ਭਾਰਾ।
ਸੁਨਹਿਂ ਗੁਰੂ ਜੁਤਿ ਸਿੱਖ ਹਜ਼ਾਰਾ।
ਚਿਰ ਲੌ ਬੈਠਹਿਂ ਕਥਾ ਸੁਨਤੇ।
ਅਨਿਕ ਪ੍ਰਸੰਗਨ ਕੋ ਬਰਨੰਤੇ ॥੫॥
ਕੇਤਿਕ ਦਿਵਸ ਕਥਾ ਮਨ ਲਾਯੋ।
ਇਕ ਪ੍ਰਸੰਗ ਤਬਿ ਐਸੋ ਆਯੋ।
-ਜਮ ਕੀ ਪੁਰੀ ਦੂਰ ਮਗ ਜਾਇ।
ਏਕ ਬਰਖ ਮਹਿਂ ਨਰ ਪਹੁਚਾਇ- ॥੬॥
ਇਹ ਸੁਨਿ ਸਿੱਖਨਿ ਮਨ ਮਹਿਂ ਧਰਜੋ।
ਕਥਾ ਕਹਨਿ ਤ ਜਬਿ ਹਟਿ ਪਰਜੋ।
ਚਾਰ ਸਿੱਖ ਤਬਿ ਆਪਸ ਮਹੀਆ।
ਤਿਸ ਪ੍ਰਸੰਗ ਪਰ ਐਸੇ ਕਹੀਆ ॥੭॥

ਸੁੰਦਰ ਨਾਮ ਸਿੱਖ ਤਬਿ ਲਹਜੋ।
'ਪੰਥ ਬਰਖ ਕੋ ਪੰਡਿਤ ਕਹਜੋ।
ਮੈਂ ਗੁਰ ਕਰੁਨਾ ਤੇ ਚਲਿ ਜੈ ਹੌਂ।
ਚਾਰ ਪਹਿਰ ਕੇ ਬਿਖੈ ਸਿਧੈ ਹੌਂ' ॥੮॥
ਸੁਨਿ ਲਾਲਾ ਸਿਖ ਬੋਲਜੋ ਤਬੈ।
'ਗੁਰੂ ਦਯਾ ਤੇ ਉਲੰਘੌਂ ਸਬੈ।
ਦੋਇ ਪਹਿਰ ਕੋ ਮਾਰਗ ਮੇਰੋ।
ਪਹੁੰਚੌਂ, ਅਪਰ ਬਿਲਮ ਨਹਿੰ ਹੇਰੋਂ'
॥੯॥
ਪੁਨ ਮੱਯਾ ਸਿਖ ਬਾਕ ਬਖਾਨੇ।
'ਉਲੰਘੌਂ ਜਾਮ[1] ਦਯਾ ਗੁਰ ਠਾਨੇ।'
ਬਹੁਰ ਨਿਹਾਲੇ ਬਾਕ ਉਚਾਰੇ।
'ਗੁਰ ਕਰੁਨਾ ਤੇ ਨਿਮਖ ਮਝਾਰੇ[1]†
॥੧੦॥
ਜਾਉਂ ਪ੍ਰਲੋਕ ਜੁ ਪੰਡਿਤ ਭਨਿਓ†।'
ਇਮ ਆਪਸ ਮਹਿਂ ਕਹਿਓ ਸੁਨਿਓ+।
ਇਨ ਰੀਤਨ ਕੇ ਕਹੇ ਵਾਕ ਜਬਿ†।
ਪੰਡਿਤ ਇਨ ਕੀ ਦਿਸ਼ਾ ਦੇਖਿ ਤਬਿ
॥੧੧॥
ਬਿਸਮਜੋ ਮਨ ਮਹਿਂ ਗੁਰ ਸੰਗ ਬੂਝਾ।
'ਸਿਖਿ ਕਿਮ ਕਹਤਿ? ਕਹਾਂ ਇਨ ਸੂਝਾ?
ਬੇਦ ਬਯਾਸ ਕੇ ਕਰੇ ਪੁਰਾਨਾ।
ਤੁਮ ਹੀ ਜਾਨਹੁ ਕ੍ਰਿਪਾ ਨਿਦਾਨਾ!
॥੧੨॥
ਲਿਖਜੋ ਪੁਰਾਨ ਬਿਖੈ ਕੈ ਕੂਰ।
ਕੈ ਸਿਖ ਬੋਲਤਿ ਕੂਰ ਹਜ਼ੂਰ।
ਚਾਰਿ ਜਾਮ ਕੈ ਨਿਮਖ ਮਝਾਰਾ।
ਪੰਥ ਬਡੋ ਕਿਮ ਉਲੰਘਹਿ ਸਾਰਾ'
॥੧੩॥
ਤਬਿ ਸਤਿਗੁਰ ਗੁਰਦਾਸ ਨਿਹਾਰਾ।
'ਦਿਹੁ ਪੰਡਿਤ ਕੋ ਸੰਸੈ ਟਾਰਾ।
ਜਤਾ ਜੋਗ ਉੱਤਰ ਕੋ ਦੀਜੈ।

[1]ਇਕ ਪਹਿਰ ਵਿਚ।

[1]ਪਲ ਵਿੱਚ ਹੀ। †ਪਾ:-ਨਿਹਾਰੇ।

†ਕਈ ਨੁਸਖਿਆਂ ਵਿੱਚ ਇਹ ਦੋ ਤੁਕਾਂ ਨਹੀਂ ਹਨ।

†ਪਾ:-ਇਮ ਆਪਸ ਮਹਿ ਕਹਜੋ ਸੁਨਜੋ ਜਬ।

ਦਿਜਬਰ ਕੋ ਸ਼ਾਂਤੀ ਉਰ ਕੀਜੈ' ॥੧੪॥
ਗੁਰ ਰੁਖ਼ ਪਾਇ ਕਹੜੋ ਗੁਰਦਾਸ।
'ਸੁਨਹੁ ਬਿੱਪ੍ਰ ਸਚ ਕਹਿਂ ਤੁਮ ਪਾਸ।
ਕਹੇ ਬਜਾਸ ਕੇ ਸਕਲ ਪੁਰਾਨ।
ਹੈਂ ਸਾਚੇ ਸਭਿ ਸੁਨਹਿ ਜਹਾਨ ॥੧੫॥
ਸਤਿਗੁਰ ਕੇ ਸਿਖ ਸੋ ਭੀ ਸਾਚੇ।
ਸਦਾ ਉਪਾਸਨ ਗੁਰ ਕੀ ਰਾਚੇ[1]। — [1]ਰਚੇ ਹੋਏ।
ਕਰਮ ਕਾਂਡ ਮੈਂ ਜੋ ਜਗ ਜੀਵਾ[1]। — [1]ਜਗਤ ਦੇ ਜੀਅ ਜੋ ਕਰਮ ਕਾਂਡ ਵਿਚ (ਲਗੇ ਹਨ)।
ਕਰਹਿਂ ਸ਼ੁਭਾਸ਼ੁਭ ਸਰਬ ਸਦੀਵਾ ॥੧੬॥
ਤਿਨ ਕੋ[1] ਪੰਥ ਤਥਾ ਹੀ ਜਾਨਾ। — [1]ਭਾਵ ਕਰਮ ਕਾਂਡੀਆਂ ਦਾ।
ਪੁੰਨੀ ਕੋ ਅਸਵਾਰੀ ਨਾਨਾ।
ਤਊ ਬਰਖ ਦਿਨ ਮਹਿਂ ਤਹਿਂ ਜਾਇ।
ਲੇਖਾ ਧਰਮ ਰਾਇ ਢਿਗ ਪਾਇ ॥੧੭॥
ਜੇ ਪਾਪੀ ਤਿਨ ਮਾਰਤਿ ਜਾਤੇ।
ਦੁਖ ਕੋ ਪਾਇ ਸੁ ਪਾਇ ਪ੍ਰਯਾਤੇ[1]। — [1]ਪੈਰੀਂ ਤੁਰਦੇ ਹਨ।
ਸੋ ਭੀ ਜਾਹਿਂ ਬਰਖ ਦਿਨ ਮਾਂਹੀ।
ਲਹੈਂ ਸਜ਼ਾਇਨਿ ਅੰਤਕ ਪਾਹੀ[1] ॥੧੮॥ — [1]ਸਜ਼ਾਵਾਂ ਜਮ ਪਾਸੋਂ।
ਤਿਨ ਕੋ ਜਾਨੈ ਭਨਹਿ ਪੁਰਾਨ[1]। — [1]ਪੁਰਾਨ ਤਿਨ੍ਹਾਂ ਬਾਬਤ ਹੀ ਜਾਣਕੇ ਕਹਿੰਦਾ ਹੈ।
ਗੁਰ ਸਿੱਖਨਿ ਕੋ ਨਹਿਂਨ ਬਖਾਨ[1]। — [1]ਗੁਰਸਿੱਖਾਂ ਬਾਬਤ ਨਹੀਂ ਕਹਿੰਦਾ।
ਇਨ ਕੇ ਨਿਕਟਿ ਨਹੀਂ ਜਮ ਆਵੈ।
ਰਹੈ ਦੂਰ ਦੀਰਘ ਡਰ ਪਾਵੈ ॥੧੯॥
ਧਰਮਰਾਇ ਆਦਰ ਕਰਿ ਮਿਲੈ।
ਸਾਧ ਸਾਧ ਸਭਿ ਕਹਿਂ ਜਬਿ ਚਲੈਂ।
ਸ਼੍ਰੀ ਨਾਨਕ ਕੀ ਸਿੱਖੀ ਮਹਾਂ।
ਮਹਾਂ ਮਹਾਤਮ ਹੈ[†] ਜਹਿਂ ਕਹਾਂ ॥੨੦॥

[†]ਇਸ ਪ੍ਰਸੰਗ ਵਿੱਚ ਗੁਰਸਿੱਖੀ ਦੀ ਮਹਿਮਾ ਦੱਸੀ ਹੈ। ਗੁਰੂ ਦੇ ਸਿੱਖ ਨਾਮ ਜਪਦੇ ਹਨ, ਨਾਮ ਜਪਣਾ ਵਾਹਿਗੁਰੂ ਪ੍ਰੇਮ ਹੈ, ਉਨ੍ਹਾਂ ਦੀ ਡੋਰ ਹਰਿਚਰਨਾਂ ਵਿਚ ਲਗੀ ਹੁੰਦੀ ਹੈ, ਸੋ ਸਾਂਈ ਦਰ ਜਾਂਦੇ ਹਨ, ਉਨ੍ਹਾਂ ਨੂੰ ਕੌਣ ਰੋਕਣ ਵਾਲਾ ਹੈ। ਓਹ ਲੱਗੇ ਹਨ ਪਿਆਰੇ ਨਾਲ ਤੇ ਮਿਲ ਰਹੇ ਹਨ ਪਿਆਰੇ ਨਾਲ, ਜਾਣਾ ਆਉਣਾ ਉਨ੍ਹਾਂ ਦਾ ਕਿੱਥੇ ਹੈ ਜੋ ਜੀਉਂਦੇ ਜੀ ਅੰਤ੍ਰਾਤਮੇ ਮੇਲ ਵਿਚ ਰਹਿੰਦੇ ਹਨ। ਕਰਮਕਾਂਡੀ ਕਰਮਾਂ ਤੇ ਸੰਕਲਪਾਂ ਦੇ ਬੰਧਨ ਵਿਚ ਹੈਨ, ਕਰਮ ਤੇ ਸੰਕਲਪ ਨੂੰ ਅਪਨੇ ਅਗਜਾਨ ਦੇ ਬੰਧਨ ਹੈਨ।

ਜੇਤਿਕ ਬਲ ਜਿਸ ਮਹਿਂ ਹੁਇ ਆਵੈ।
ਤੇਤਿਕ ਕਹੈ ਨ ਕੂਰ ਅਲਾਵੈ।
ਇਨ ਸਿੱਖਨ ਮਹਿਂ ਸ਼ਕਤੀ* ਐਸੇ।

ਦਈ ਗੁਰੂ ਕੀ ਭਾਖਤਿ ਜੈਸੇ ॥੨੧॥
ਜੇ ਸ਼੍ਰੀ ਗੁਰ ਕਰੁਨਾ* ਫਲ ਪੈਂ ਹੈਂ।
ਨਿਮਖ ਨ ਲਗਹਿ ਤਹਿਂ ਪਹੁੰਚੈ ਹੈਂ।
ਸ਼੍ਰੀ ਗ੍ਰੰਥ ਮਹਿਂ ਬਹੁ ਥਲ ਕਹ੍ਯੋ[†]।
ਜਮ ਨਹਿਂ ਪਿਖਹਿ ਗੁਰੂ ਜਿਨ ਲਹ੍ਯੋ* ॥੨੨॥
ਯਾਂ ਤੇ ਗੁਰ ਮਹਿਮਾ ਬਹੁ ਬਾਰੀ।
ਨਹੀਂ ਮਹਾਤਮ ਜਾਇ ਉਚਾਰੀ।'
ਸੁਨਿ ਪੰਡਿਤ ਚਿਤਵਤਿ ਚਿਤਮਾਂਹੀ।
-ਕਹਾਂ ਕਥਾ ਉਚਰੌਂ ਗੁਰ ਪਾਹੀ ॥੨੩॥
ਭੂਤ ਭਵਿੱਖਤਿ ਕੇ ਇਹ ਗ੍ਯਾਤਾ।
ਸਗਰੇ ਜਗਤ ਪੂਜ ਬੱਖ੍ਯਾਤਾ।
ਦੇਸ਼ ਬਿਦੇਸ਼ਨ ਸਿੱਖ ਕਰੋਰ।
ਜੋ ਸਿਮਰਹਿਂ ਹਾਜ਼ਰ ਤਿਸ ਓਰ ॥੨੪॥
ਕਾਰਜ ਪੂਰਹਿਂ ਹੋਹਿਂ ਸਹਾਇ।
ਇਹ ਸਭਿ ਮਹਿਂ ਅਬਿ ਜਾਨੀ ਜਾਇ।
ਤਥਾ ਸਹਾਇਕ ਬਨਹਿਂ ਅਗਾਰੀ।
ਜਾਨੀ ਪਰਹਿ ਭਲੇ ਨਿਰਧਾਰੀ ॥੨੫॥
ਕਰਤਾ ਹਰਤਾ ਸਭਿ ਜਗ ਕੇਰਾ।
ਗਹੌਂ ਸ਼ਰਨ ਕਾਟਹਿਂ ਦੁਖ ਮੇਰਾ-।
ਇਮ ਬਿਚਾਰਿ ਕਰਿ ਪਾਇਨ ਪਰ੍ਯੋ।
'ਛਿਮਹੁ ਜਾਤਿ ਕੋ ਮਦ ਮੈਂ ਕਰ੍ਯੋ ॥੨੬॥
ਲਗ੍ਯੋ ਸੁਨਾਵਨਿ ਕਥਾ ਅਗਾਰੀ।
ਸਰਬ ਕਲਾ ਸਮਰਥ ਗੁਨਕਾਰੀ।
ਮਹਿਮਾ ਜਾਨੀ ਨਹੀਂ ਤੁਮਾਰੀ।
ਪਰ੍ਯੋ ਸ਼ਰਨ ਦਿਹੁ ਕੁਮਤਿ ਬਿਦਾਰੀ ॥੨੭॥
ਨਹੀਂ ਜਾਤਿ ਕੋ ਅਬਿ ਕੁਛ ਮਾਨ।
ਕਰਹੁ ਸਿੱਖ, ਸਭਿ ਬੰਧਨ ਹਾਨਿ।'
ਸੁਨਿ ਬਿਨਤੀ ਸਤਿਗੁਰ ਮੁਸਕਾਏ।

[†]ਯਥਾ:-ਗੁਰ ਸੇਵਾ ਜਮ ਤੇ ਛੁਟਕਾਰਿ॥ ਪੁਨ-ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ਪੁਨ:- ਦੂਰਿ ਰਹੀ ਉਹ ਜਨ ਤੇ ਬਾਟ॥

ਦਿਜ ਕੇ ਜਾਗੇ ਭਾਗ ਸੁਹਾਏ ॥੨੮॥
ਕਰਯੋ ਸਿੱਖ ਚਰਨਾਂਮ੍ਰਿਤ ਲੀਨਾ।
ਭਯੋ ਮਾਨ ਤੇ ਬਿੱਪ੍ਰ ਬਿਹੀਨਾ।
ਕ੍ਰਿਪਾ ਦ੍ਰਿਸ਼ਟਿ ਗੁਰ ਐਸੀ ਕਰੀ।
ਸਰਬ ਬਾਤ ਕੀ ਸੋਜੀ ਪਰੀ ॥੨੯॥
ਪੰਥ ਬਰਖ ਦਿਨ ਕੋ ਜੋ ਕਹਯੋ।
ਨਿਮਖ ਮਾਤ੍ਰ ਕੋ ਦਿਜਬਰ ਲਹਯੋ।
ਭਯੋ ਅਨੰਦ ਬਿਲੰਦੈ ਦੀਖਾ[1]।
ਦੇਨਿ ਜੁ ਅਯੋ ਆਪ ਲੀ ਸੀਖਾ[1] ॥੩੦॥
ਪੁਨ ਗੁਰ ਆਇਸੁ ਕਹਿ ਬਹੁ ਬਾਰੀ।
ਸਭਿ ਪੁਰਾਨ ਕੀ ਕਥਾ ਉਚਾਰੀ।
ਸਿੱਖ ਸੁਭਟ ਸਭਿ ਸੁਨਹਿਂ ਬਿਚਾਰਹਿਂ[†]।
ਸਤਿਗੁਰ ਮਹਿਮਾਂ ਮਹਾਂ ਉਚਾਰਹਿਂ ॥੩੧॥
ਪਰਯੋ ਭੋਗ ਧਨ ਦੀਨਿ ਬਿਸਾਲਾ।
ਹਲਤਿ ਪਲਤਿ ਦਿਜ ਕੀਨਿ ਨਿਹਾਲਾ।
ਪੁਨ ਸਭਿ ਸੰਗਤਿ ਦਰਬ ਚਢਾਯੋ।
ਅਤਿ ਅਨੰਦ ਕੋ ਰਿਦੇ ਉਪਾਯੋ ॥੩੨॥
ਰਹਨਿ ਲਗਯੋ ਸਤਿਗੁਰ ਕੇ ਪਾਸ।
ਧਨ ਕੋ ਭੇਜਯੋ ਅਪਨਿ ਅਵਾਸ।
ਨਿਤ ਸ਼੍ਰੀ ਹਰਿਗੋਵਿੰਦ ਨਿਹਾਰੈ।
ਚਲਿਤ ਅਨਿਕ ਅਸਚਰਜ ਬਿਚਾਰੈ ॥੩੩॥
ਸੰਗਤਿ ਦੂਰ ਦੂਰ ਤੇ ਆਵੈ।
ਮਨ ਬਾਂਛਤਿ ਸਗਲੇ ਬਰ ਪਾਵੈਂ।
ਅਨ ਗਨ ਧਨ ਨਿਤ ਆਇ ਉਪਾਇਨ।
ਜਗ ਪੂਜਹਿ ਕਮਲਨ ਸੇ ਪਾਇਨ ॥੩੪॥
ਕਰਹਿਂ ਅਖੇਰ ਬਿੱਤ੍ਰ ਮਨ ਭਾਈ।
ਬਿਚਰਹਿਂ ਕਾਨਨ ਮਹਿਂ ਸੁਖਦਾਈ।
ਨਿਤ ਹੀ ਨਵੇਂ ਬਿਲਾਸ ਹੁਵੰਤੇ।
ਅਨਗਨ ਨਰਨ ਉਧਾਰ ਕਰੰਤੇ ॥੩੫॥

[1]ਦੇਖਕੇ।
[1]ਸਿੱਖਿਆ ਲੀਤੀਓਸੁ।
[†]ਸੂਰਮਿਆਂ ਨੂੰ ਰਣਯੁੱਧ ਦੇ ਇਤਿਹਾਸ ਸੁਣਵਾਏ ਹੋਸਨ ਜੋ ਬੀਰਰਸ ਵਧੇ। ਦੇਖੋ ਅੱਗੇ ਅੰਕ ੩੭।

ਸ਼ਸਤ੍ਰਨ ਬਿੱਦ੍ਯਾ ਕੋ ਅੱਭ੍ਯਾਸ।
ਕਰਹਿ ਆਪ ਅਰੁ ਸੁਭਟ ਜਿ ਪਾਸ।
ਅਧਿਕ ਤੁਫੰਗਨ ਮਿਲਹਿ ਚਲਾਵਹਿਂ।
ਹਤਹਿਂ ਨਿਸ਼ਾਨੇ ਤੁਰੰਗ ਧਵਾਵਹਿਂ ॥੩੬॥
ਤੀਰਨਿ ਕੀ ਬਿੱਦ੍ਯਾ ਬਡ ਹੋਇ।
ਕਰਹਿਂ ਪ੍ਰਹਾਰਨਿ ਧਾਰਤਿ ਜੋਇ।
ਰਣ ਪ੍ਰਸੰਗ ਨਿਤ ਸੁਨਿਹਂ ਸੁਨਾਵਹਿਂ।
ਬਖਸ਼ਹਿਂ ਮੌਜ[1] ਅਨੰਦ ਉਪਾਵਹਿਂ ॥੩੭॥

[1]ਦੌਲਤ। ਬਖਸ਼ੀਸ਼। (ਦੇਖੋ ਰਾਸ ੫, ਅੰਸੂ ੧੫, ਅੰਕ ੯)।

ਤੁਰਕਨ ਮਾਰਨਿ ਕੀ ਰਨ ਗਾਥਾ।
ਕਰਹਿ ਆਪਨੇ ਸੁਭਟਨ ਸਾਥਾ।
'ਇਸ ਪ੍ਰਕਾਰ ਮਾਰੇ ਮਤਿ ਹੀਨੇ।
ਆਏ ਬ੍ਰਿੰਦ ਰਾਜ ਮਦ ਕੀਨੇ' ॥੩੮॥
ਰਣ ਬ੍ਰਿਤਾਂਤ ਜੈਸਿਕ[1] ਤਬਿ[†] ਭਯੋ।
ਸਗਰੇ ਜਗਤ ਬਿਖੈ ਪ੍ਰਗਟਯੋ।

[1]ਜਿਹੋ ਜਿਹਾ। [†]ਪਾ:-ਜਬ।

ਸਭਿਹਿਨਿ ਕੇ ਭਾ ਇਸ ਬਿਧ ਬੋਧਾ[1]।
'ਗੁਰ ਸਮਾਨ ਜਗ ਅਪਰ ਨ ਜੋਧਾ ॥੩੯॥

[1]ਗਿਆਨ।

ਅਤਿ ਦੀਰਘ[†] ਪਰ ਸੈਨ[1] ਗਿਨੈ।
ਏਕ ਹੋਇ ਤ ਇਕ ਹੀ ਹਨੈ।
ਬਹੁ ਥੋਰਨਿ ਕੀ ਨਹੀਂ ਬਿਚਾਰ।
ਜੁਟਹਿਂ ਜੰਗ ਸੇ ਲੀਨਸਿ ਮਾਰਿ ॥੪੦॥

[1]ਪਰਾਈ ਸੈਨਾਂ। [†]ਪਾ:-ਜਥਾ ਕ੍ਰਿਸ਼ਨ।

ਤੀਰਨਿ ਕੀ ਬਿੱਦ੍ਯਾ ਬਡ ਠਾਨੈਂ।
ਬਹੁਤਨ ਕੇ ਬਿਚ ਪਾਰ ਸੁ ਹਾਨੈ[1]।
ਜਿਨ ਕੋ ਧਨੁਖ ਕਠੋਰ ਬਿਸਾਲਾ।
ਕੋ ਨਹਿਂ ਐਂਚ ਸਕਹਿ ਇਸ ਕਾਲਾ ॥੪੧॥

[1]ਪਾਰ ਕਰਕੇ ਮਾਰ ਦਿੰਦੇ ਹਨ।

ਜੋ ਸਨਮੁਖ ਭਾ ਤਤਛਿਨ ਮਾਰਜੋ।
ਜੀਵਤਿ ਰਹਜੋ ਭਾਜਿ ਸੋ ਹਾਰਜੋ।'
ਇੱਤ੍ਯਾਦਿਕ ਜਸੁ ਜਗ ਮਹਿਂ ਜ਼ਾਹਿਰ।
ਕਹਤਿ ਮਿਲੈਂ ਨਰ ਘਰ ਕੈ ਬਾਹਰਿ

॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬ੍ਰਿੱਪ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

## ੫੩. [ਬਾਬਾ ਬੁੱਢਾ ਪ੍ਰਲੋਕ ਗਮਨ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਗ੍ਰਾਮ ਨਾਮ ਰਮਦਾਸ ਕੇ, ਤਹਾਂ ਬ੍ਰਿੱਧ ਕੇ ਧਾਮ।
ਕਰੇ ਬਿਤਾਵਨ ਦਿਨ ਕਿਤਿਕ, ਬ੍ਰਹਮਾਨੰਦ ਬਿੱਸ੍ਰਾਮ[1] ॥੧॥

ਚੌਪਈ:

ਤਜਨਿ ਸਰੀਰ ਸਮਾ ਨਿਯਰਾਵਾ।
ਸਕਲ ਭੇਵ ਬੁੱਢੇ ਲਖਿ ਪਾਵਾ।
ਰਿਦੇ ਮਨੋਰਥ ਐਸੇ ਕੀਨਿ।
ਅੰਤ ਸਮੋ ਅਪਨੋ ਢਿਗ ਚੀਨਿ ॥੨॥
-ਸ਼੍ਰੀ ਹਰਿ ਗੋਵਿੰਦੁ ਹੋਵਹਿਂ ਤੀਰ।
ਜਬਿ ਮੈਂ ਤਜਾਗਨਿ ਲਗੌਂ ਸਰੀਰ।
ਦੇਖਤਿ ਆਗੈ ਰੂਪ ਮੁਕੰਦਾ।
ਜਿਸ ਕੋ ਚਾਹਤਿ ਮੁਨਿਜਨ ਬ੍ਰਿੰਦਾ ॥੩॥
ਅਪਰ ਕਾਜ ਇਕ ਔਰ ਲਖਾਊਂ।
ਨਿਜ ਸੁਤ ਕੋ ਅਬਿ[†] ਕਰ ਪਕਰਾਊਂ।
ਉਚਿਤ ਅਹੈ ਮੋ ਕਹੁ ਇਹੁ ਕਰਨੀ।
ਹਮ ਸਗਰੇ ਸਤਿਗੁਰ ਕੀ ਸ਼ਰਨੀ ॥੪॥
ਲੋਕ ਪ੍ਰਲੋਕ ਆਦਿ ਅਰੁ ਅੰਤ।
ਹਮਰੋ ਨਹਿਂ ਕੋ, ਬਿਨ ਭਗਵੰਤੁ-।
ਇਮ ਬਿਚਾਰਿ ਕਰਿ ਸਿੱਖ ਹਕਾਰਾ।
ਭਾਉ ਸੁਮਤਿ ਜਿਸ ਬਹੁ ਉਰ ਧਾਰਾ ॥੫॥
ਨਿਕਟਿ ਬਿਠਾਇ ਸਕਲ ਸਮੁਝਾਈ।
'ਗੁਰ ਢਿਗ ਗਮਨਹੁ ਬਿਲਮ ਬਿਹਾਈ।
ਮਮ ਦਿਸ਼ਿ ਤੇ ਇਹ ਬਿਨੈ ਸੁਨਾਵਹੁ।
-ਦਾਸ ਕਦੀਮੀ ਲਖਿ ਕਰਿ ਆਵਹੁ ॥੬॥
ਜਿਮ ਕੁਰਖੇਤ੍ਰ ਬਿਖੈ ਰਣ ਠਾਨੇ।
ਕ੍ਰਿਸ਼ਨ ਹਸਤਨਾਪੁਰੀ ਪਯਾਨੇ।

[1]ਬ੍ਰਹਮਾਂਨੰਦ ਵਿਚ ਟਿਕ ਕੇ।

[†]ਪਾ:-ਤਿਨ।

ਸਭਿ ਪਾਂਡਵ ਕੋ ਲੇ ਕਰਿ ਸਾਥ।
ਅਭਿਸੇਂਚਜੋ[1] ਧਰਮਜ ਨਰਨਾਥ ॥੭॥ — [1]ਭਾਵ ਗਦੀ ਦਿੱਤੀ।
ਸਰ[1] ਸਿਹਜਾ ਪਰ ਭੀਸ਼ਮ ਪਰਜੋ। — [1]ਬਾਣਾਂ ਦੀ।
ਧਰਮ ਨਿਬਾਹ ਆਪਨੋ ਕਰਜੋ।
ਅੰਤ ਸਮੈਂ ਅਪਨੋ ਤਿਨ ਜਾਨਾ।
ਕ੍ਰਿਸ਼ਨ ਹਕਾਰੇ ਧਰਿ ਕਰਿ ਧਜਾਨਾ ॥੮॥
ਤਤਛਿਨ ਅਪਨੋ ਸਿਮਰਨ ਚੀਨਾ[1]। — [1]ਯਾਦ ਕਰਦਾ ਜਾਣਿਆਂ (ਭੀਸ਼ਮ ਨੂੰ ਕ੍ਰਿਸ਼ਨ ਜੀ ਨੇ)।
ਸਭਿ ਕੁਛ ਤਜਿ ਪ੍ਰਸਥਾਨੋ ਕੀਨਾ।
ਅੰਤ ਸਮੇਂ ਮਹਿਂ ਦਰਸ਼ਨ ਦਯੋ।
ਤੈਸੋ ਸਮੋਂ ਆਨਿ ਅਬਿ ਭਯੋ[†] ॥੯॥ — [†]ਕਵੀ ਜੀ ਆਪਣੀ ਵਾਕਫੀ ਦੇ ਦਾਇਰੇ ਦੇ ਹੋ ਚੁਕੇ ਪ੍ਰਸੰਗਾਂ ਦਾ ਦ੍ਰਿਸ਼ਟਾਂਤ ਦੇ ਰਹੇ ਹਨ, ਰਚਨਾਂ ਨੂੰ ਅਲੰਕ੍ਰਿਤ ਕਰਨੇ ਲਈ।

ਕ੍ਰਿਪਾ ਕਰਹੁ ਆਵਹੁ ਹਿਤ ਧਾਰੇ।
ਜਿਮ ਜਟਾਯੁ ਤਨ ਤਜਤਿ ਨਿਹਾਰੇ।
ਸੀਤਾ ਖੋਜਤਿ ਇਤ ਉਤ ਧਾਏ।
ਨਿਜ ਜਨ ਜਾਨਿ ਤੁਰਤ ਹੀ ਆਏ ॥੧੦॥
ਤਿਮ ਅਬਿ ਬਿਰਦ ਸੰਭਾਰਤਿ ਆਵਹੁ।
ਅਘ ਹਾਨੀ ਨਿਜ ਦਰਸ ਦਿਖਾਵਹੁ–।'
ਬ੍ਰਿਧ ਕੋ ਨਮੋ ਕਰਤਿ ਸਿਖ ਚਲਜੋ।
ਤੂਰਨ ਆਇ ਗੁਰੂ ਸੰਗ ਮਿਲਜੋ ॥੧੧॥
ਨਮਸਕਾਰ ਕਰਿ ਬ੍ਰਿੱਧ ਸੰਦੇਸਾ।
ਬੈਠਜੋ ਭਾਖਿ ਸੁਨਾਇ ਅਸ਼ੇਸ਼ਾ।
ਸੁਨਿ ਸਤਿਗੁਰ ਨਿਜ ਪ੍ਰਿਯ ਕੀ ਬਾਤ।
ਤਜ਼ਾਰੀ ਕਰੀ ਸ਼ੀਘ੍ਰ ਸਭਿ ਭਾਂਤਿ ॥੧੨॥
ਬਿਧੀਆ ਅਰੁ ਭਾਈ ਗੁਰਦਾਸ।
'ਬ੍ਰਿਧ ਤਨ ਅੰਤ' ਕਹਜੋ ਸਭਿ ਪਾਸ।
ਪੁਰਿ ਮਹਿਂ ਜਥੇਦਾਰ ਇਕ ਛੋਰਾ।
ਕਿਤਿਕ ਸੈਨ ਦੇ ਕਰਿ ਤਿਸ ਠੌਰਾ ॥੧੩॥
ਪੁਰਿ ਜਨ ਸਭਿ ਕੋ ਧੀਰਜ ਦੀਨਿ।
ਚਢਿਬੇ ਤੁਰੰਗ ਹਕਾਰਨਿ ਕੀਨਿ।

ਚਮੂੰ ਸਕਲ ਹ੍ਵੈ ਕਰਿ ਤਬਿ ਤਜਾਰ।
ਚਢੇ ਸੰਗ ਗੁਰ ਭੇ ਅਸਵਾਰ ॥੧੪॥
ਕੁਛਕ ਸੈਨ ਦੇ ਸੰਗ ਨਿਹਾਲੇ।
ਸੌਂਪਯੋ ਪੁਰਿ ਕੋ ਰਾਖਿ ਸੰਭਾਲੇ।
ਚਢਿ ਸਤਿਗੁਰ ਤਬਿ ਪੰਥ ਪਯਾਨੇ।
ਕਰੀ ਸ਼ੀਘ੍ਰਤਾ ਨਹਿਂ ਠਹਿਰਾਨੇ ॥੧੫॥
ਬਡੇ ਬੇਗ ਤੇ ਤੁਰੰਗ ਚਲਾਏ।
ਤੂਰਨ ਪੰਥ ਸੰਪੂਰਨ ਆਏ।
ਨਾਮਦੇਵ ਕੋ ਹੁਤੋ ਸਥਾਨ।
ਰੁਚਿਰ ਦੇਹੁਰਾ ਕਰਿਬੋ ਠਾਨਿ[1] ॥੧੬॥

[1](ਉਸ ਥਾਂ) ਕੀਤਾ ਹੋਇਆ ਸੀ।

ਬਿਨਾ ਕਬੀਰ ਭਗਤ ਜੋ ਔਰ।
ਸਭਿ ਕੇ ਬਿਖੈ ਲਖਯੋ ਸਿਰਮੌਰ।
ਉਤਰਿ ਤੁਰੰਗ ਤੇ ਬੰਦਨ ਕੀਨਿ।
ਪ੍ਰਭ ਕੋ ਭਗਤ ਲਖਯੋ ਰਸ ਭੀਨ ॥੧੭॥
ਜਤਾ ਮਤੰਗ ਮਨੀ ਕੇ ਆਸ਼੍ਰਮ।
ਪਹੁੰਚੇ ਰਘੁਪਤਿ[1] ਧਾਰਿ ਮਹਾਸ਼੍ਰਮ।

[1]ਸ਼੍ਰੀ ਰਾਮਚੰਦ੍ਰ ਜੀ।

ਮੁਨਿ ਸਥਾਨ ਕੋ ਬੰਦਨ ਕੀਨੀ।
ਤਥਾ ਰੀਤਿ ਇਹ ਠਾਂ ਸਭਿ ਚੀਨੀ ॥੧੮॥
ਕਰਤਿ ਸ਼ੀਘ੍ਰਤਾ ਪੰਥ ਮਝਾਰੀ।
ਬਸੇ ਨਿਸਾ ਇਕ ਗਏ ਅਗਾਰੀ।
ਗ੍ਰਾਮ ਸਮੀਪ ਜਬੈ ਪਹੁੰਚਯੋ।
ਦੇਖਿ ਦੂਰ ਤੇ ਇਕ ਨਰ ਗਯੋ ॥੧੯॥
'ਬ੍ਰਿੱਧ ਜੀ! ਹਰਿਗੋਬਿੰਦ ਆਏ।'
ਸੁਨਤਿ ਪ੍ਰੇਮ ਉਗਮਯੋ ਅਧਿਕਾਏ।
ਸਭਿ ਤਨ ਮਹਿਂ ਰੁਮੰਡ ਹੁਇ ਆਵਾ।
ਰੁਚਿਰ ਬਿਲੋਚਨ ਮਹਿਂ ਜਲ ਛਾਵਾ ॥੨੦॥
ਗਦਗਦ ਬਾਨੀ ਜਾਇ ਨ ਬੋਲਾ।
ਮਨਹੁ ਪਰੇਮ ਪੂਰਨ ਭਰਿ ਤੋਲਾ[1]।

[1]ਮਾਨੋ ਪ੍ਰੇਮ ਦਾ ਤੋਲ (ਵਜ਼ਨ) ਪੂਰਨ ਭਰ ਗਿਆ ਹੈ।

ਉਠਿ ਕਰਿ ਗਮਨਯੋ ਭਯੋ ਸਥੰਭਾ।
ਚਲਤਿ ਨ ਪਗ ਮਨ ਮਾਨਿ ਅਚੰਭਾ

॥੨੧॥
ਥਕਤਿ ਹੋਇ ਕਰਿ ਤਹਿਂ ਹੀ ਬੈਸਾ।
ਸਕਲ ਸ਼ਰੀਰ ਪਨਸ ਫਲ ਜੈਸਾ[1]।

ਮੂੰਦਿ ਬਿਲੋਚਨ ਲੇ ਰਸ ਧ੍ਯਾਨਾ।
ਭਯੋ ਪ੍ਰੇਮ ਤੇ ਬਿਬਸ ਮਹਾਨਾ ॥੨੨॥
ਇਤਨੇ ਮਹਿਂ ਗੁਰ ਗਏ ਅਵਾਸ।
ਸੰਗ ਲਿਏ ਬਿਧੀਆ ਗੁਰਦਾਸ।
ਅਚਲ ਸਮਾਧਿ ਮਨਹੁਂ ਚਿਰਕਾਲਾ।
ਬੈਠ੍ਯੋ ਜੋਗੀ ਕੋਈ ਬਿਸਾਲਾ ॥੨੩॥
ਦੇਖਤਿ ਰਹਿ ਗਏ ਠਾਂਢੇ ਸ੍ਵਾਮੀ।
ਲਖੀ ਰਿਦੈ ਗਤਿ ਅੰਤਰਜਾਮੀ।
ਅਧਿਕ ਪ੍ਰੇਮ ਗੁਰ ਕੇ ਉਰ ਆਵਾ।
ਦੌਨ ਬਿਲੋਚਨ ਜਲ ਭਰਿ ਆਵਾ ॥੨੪॥
ਨਹਿਂ ਕੁਛ ਕਹ੍ਯੋ ਗਯੋ ਰਹਿ ਖਰੇ।
ਤਬਿ ਗੁਰਦਾਸ ਬ੍ਰਿੱਧ ਪਗ ਧਰੇ।
ਕਰਿ ਬੰਦਨ ਕੋ ਕੁਛਕ ਹਿਲਾਏ।
ਪੰਕਜ ਸੇ ਲੋਚਨ ਬਿਕਸਾਏ ॥੨੫॥
ਪ੍ਰੇਮ ਬਿਬਸ ਜਬਿ ਸਤਿਗੁਰ ਹੇਰੇ।
ਤੂਰਨ ਗਹੇ ਪਾਇ ਤਿਸ ਬੇਰੇ।
ਨੰਮ੍ਰਿ ਭਏ ਸ਼੍ਰੀ ਹਰਿ ਗੋਵਿੰਦ।
ਗਹੇ ਬ੍ਰਿੱਧ ਕੇ ਪਦ ਅਰਬਿੰਦ ॥੨੬॥
ਬੈਠਨਿ ਕੇ ਸਥਾਨ ਲੇ ਗਏ।
ਸਭ ਸਿਖ ਬ੍ਰਿਧ ਕੋ ਬੰਦਤਿ ਭਏ।
ਤਹਿਂ ਕੇ ਸਿਖ ਗੁਰ ਕੋ ਕਿਯ ਨਮੋ।
ਬੈਠਤਿ ਭਏ ਬ੍ਰਿੰਦ ਤਿਹ ਸਮੋਂ ॥੨੭॥
ਬ੍ਰਿਧ ਸਾਹਿਬ ਕਰ ਜੋਰਿ ਉਚਾਰੀ।
'ਇਹ ਕੁਛ ਰੀਤਿ ਨਈ ਨ ਤੁਮਾਰੀ।
ਦਾਸਨ ਬਹਿ ਹੁਇ ਕਰੁਨਾ ਕਰਿ ਹੌਂ।
ਕਛੂ ਨ ਲੋਕ ਲਾਜ ਕੋ ਧਰਿ ਹੌਂ ॥੨੮॥
ਬਿਰਦ ਸੰਭਾਰਿ ਆਪਨੋ ਆਏ।
ਮੇਰੋ ਅੰਤ ਸਮਾਂ ਨਿਯਰਾਏ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ।

[1]ਕਟਹਰ ਦੇ ਫਲ ਵਰਗਾ, ਭਾਵ ਕਟਹਰ ਫਲ ਦੇ ਕੰਡਿਆਂ ਵਾਂਙੂ ਰੁਮਾਂਚ ਹੋ ਗਏ।

ਨਿਤ ਸਿੱਖਨਿ ਬਸਿ ਗੁਰੂ ਪ੍ਰਬੀਨਾ' ॥੨੯॥
ਸੁਨਿ ਸ੍ਰੀ ਗੁਰ ਸ਼ੁਭ ਉੱਤਰ ਦੀਨਾ।
'ਤੁਮ ਸਿੱਖੀ ਮਗ ਉੱਜਲ ਕੀਨਾ।
ਰਾਵਰ ਕੋ ਆਚਰਨ ਗਹੈਂਗੇ।
ਸੋ ਸਿਖ ਅਘ ਬੰਨ੍ਹੀ ਨ ਦਹੈਂਗੇ[1] ॥੩੦॥
ਤੋਰ ਨਾਮ ਲੇ ਸਿੱਖੀ ਧਰੈਂ।
ਕਹੋ ਕਜੋਂ ਨ ਭਵ ਸਾਗਰ ਤਰੈਂ।'
ਇਤਜਾਦਿਕ ਬਹੁ ਆਪਸ ਮਾਂਹੀ।
ਕਹੀ ਸੁਨੀ ਮਹਿਮਾ ਥਿਤ ਪਾਹੀ ॥੩੧॥
ਸੁੰਦਰ ਮੰਦਿਰ ਅੰਦਰ ਡੇਰਾ।
ਕਰਿਵਾਯਹੁ ਸਾਦਰ ਤਿਸ ਬੇਰਾ।
ਜਥਾ ਜੋਗ ਸਭਿ ਕੋ ਸੁਖ ਦਯੋ।
ਦੇਗ ਪ੍ਰਸਾਦ ਤਜਾਰ ਤਬਿ ਭਯੋ ॥੩੨॥
ਭਾਂਤਿ ਭਾਂਤਿ ਕੇ ਭੋਜਨ ਕਰੇ।
ਮਧੁਰ ਤੁਰਸ਼[1] ਬਹੁ ਸ੍ਵਾਦਨਿ ਭਰੇ।
ਨਿਕਟਿ ਬੈਠਿ ਗੁਰ ਕੋ ਅਚਵਾਯੋ।
ਪੁਨ ਸਭਿ ਸੈਨਾ ਕੋ ਬਰਤਾਯੋ ॥੩੩॥
ਸੁਪਤਨਿ ਸਮੈਂ ਜਾਨਿ ਬ੍ਰਿਧ ਭਾਈ।
ਮ੍ਰਿਦੁ ਸਿਹਜਾ ਸੁੰਦਰ ਡਸਿਵਾਈ।
ਭੂਮਾਸਨ ਅਪਨੋ ਤਬਿ ਕੀਨਿ।
ਸ਼੍ਰੀ ਹਰਿ ਗੋਵਿੰਦ ਸਭਿ ਬਿਧਿ ਚੀਨਿ ॥੩੪॥
ਤਜਿ ਸਿਹਜਾ ਭੂਮਾਸਨ ਕਰੇ।
ਬ੍ਰਿਧ ਸਾਹਿਬ ਕੇ ਢਿਗ ਗੁਰ ਥਿਰੇ।
ਨਿਸ ਮਹਿਂ ਬਚਨ ਬਿਲਾਸ ਕਰੰਤਿ।
ਭਨਤਿ ਭਏ ਸ਼੍ਰੀ ਗੁਰ ਭਗਵੰਤ ॥੩੫॥
'ਸ਼੍ਰੀ ਨਾਨਕ ਆਦਿਕ ਗੁਰ ਸਾਰੇ।
ਰਹੇ ਨਿਕਟਿ ਸਭਿ ਰੀਤਿ ਨਿਹਾਰੇ।
ਹਾਨ ਲਾਭ ਸਭਿ ਬਿਧਿ ਹੀ ਜਾਨਹੁ।
ਮੁਝ ਪ੍ਰਤਿ ਕੁਛ ਉਪਦੇਸ਼ ਬਖਾਨਹੁ ॥੩੬॥

[1]ਪਾਪਾਂ ਦੀ ਅੱਗ ਵਿਚ ਨਹੀਂ ਸੜਨਗੇ।

[1]ਖੱਟੇ।

ਸੇਵਕ ਜਾਨਿ ਦਯਾ ਰਸ ਢਰੀਅਹਿ।
ਸੀਛਾ ਭਲੀ ਬਤਾਵਨਿ ਕਰੀਅਹਿ।'
ਸੁਨਿ ਬ੍ਰਿਧ ਕਹ੍ਯੋ 'ਆਪ ਨਾਰਾਇਨ।
ਛਠਮ ਰੂਪ ਤੁਮ ਧਰ੍ਯੋ ਸੁਹਾਇਨ ॥੩੭॥
ਗਨ ਸਿੱਖਨਿ ਗੋ ਦਿਜ ਅਰੁ ਧਰਨੀ[1]।
ਧਰ੍ਯੋ ਦੇਹਿ ਰੱਛਾ ਇਨ ਕਰਨੀ।
ਧ੍ਯਾਨ ਬਿਖੈ ਆਰਾਧਤਿ ਜੋਗੀ।
ਭੋਗਨ ਹਿਤ ਸੇਵਤਿ ਸਭਿ ਭੋਗੀ ॥੩੮॥
ਬ੍ਰਹਮ ਆਤਮਾਨੰਦ ਸਰੂਪ।
ਠਾਨਤਿ ਅਚਰਜ ਚਲਿਤ ਅਨੂਪ।
ਸਭਿ ਕੋ ਸੀਖਕ[1] ਰਾਵਰ ਅਹੋ।
ਕਹਾਂ ਸੀਖ ਮੈਂ ਤੁਮ ਸੋਂ ਕਹੋਂ ॥੩੯॥
ਮਮ ਸੁਤ ਕੀ ਅਬਿ ਭੁਜਾ ਗਹੀਜੈ।
ਮਮ ਸਮਾਨ ਹੀ ਨਿਤ ਨਿਬਹੀਜੈ।
ਸ਼੍ਰੀ ਨਾਨਕ ਗੁਰ ਅੰਗਦ ਔਰ।
ਪੁਨ ਕੁਲ ਭੱਲਜਨਿ ਕੇ ਸਿਰਮੌਰ ॥੪੦॥
ਸ਼੍ਰੀ ਗੁਰ ਰਾਮਦਾਸ, ਗੁਰ ਅਰਜਨ?
ਕਰੀ ਸੁ ਬਹੁ ਸਿੱਖੀ ਜਗ ਸਿਰਜਨ।
ਮੇਰੀ ਬਾਤ ਜਥਾ ਨਿਰਬਾਹੀ।
ਤਿਮ ਮਮ ਸੁਤ ਰਹਿ ਤੁਮਰੇ ਪਾਹੀ' ॥੪੧॥
ਇਮ ਕਹਿ ਅਪਨੋ ਸੁਤ ਬੁਲਵਾਯੋ।
ਚਰਨ ਪਾਇ ਗੁਰ ਨਿਕਟਿ ਬਿਠਾਯੋ।
ਭਾਨਾ[1] ਹਾਥ ਗਹ੍ਯੋ ਨਿਜ ਹਾਥ।
ਗਹਿਵਾਈ ਤਬਿ ਹੀ ਪਿਖਿ ਨਾਥ ॥੪੨॥
ਸ਼੍ਰੀ ਹਰਿ ਗੋਵਿੰਦ ਗਹਿ ਕਰ ਸਾਥੇ।
ਰਾਖੀ ਬਾਹੁ ਤਾਂਹਿ, ਨਿਜ ਮਾਥੇ।
ਕਹਿ ਬਹੁ ਬਿਧਿ ਸੋਂ ਧੀਰਜ ਦੀਨਾ।
ਅਪਰ ਕਰੀ ਚਰਚਾ ਰਸ ਭੀਨਾ ॥੪੩॥
ਤੀਨ ਪਹਿਰ ਜਾਗਤਿ ਹੀ ਰਹੇ।

[1]ਸਿੱਖਾਂ, ਗਊਆਂ, ਬ੍ਰਹਮਨਾਂ (ਭਾਵ ਭਲੇ ਪੁਰਖਾਂ, ਸੰਤਾਂ) ਤੇ ਪ੍ਰਿਥਵੀ ਲਈ।

[1]ਸਿੱਖਿਆ ਦੇਣ ਵਾਲੇ।

[1]ਬ੍ਰਿਧ ਜੀ ਦੇ ਸਪੁੱਤ੍ਰ ਜੀ ਦਾ ਨਾਮ ਹੈ।

ਬ੍ਰਿਧ ਕੇ ਬਾਕ ਸੁਨੇ ਅਰੁ ਕਹੇ।
ਆਇਸੁ ਗੁਰ ਕੀ ਲੇ ਉਠਿ ਖਰਯੋ।
ਜਲ ਸੀਤਲ ਸੋਂ ਮੱਜਨ ਕਰਯੋ ॥੪੪॥
ਪੁਨ ਸ਼੍ਰੀ ਹਰਿ ਗੋਵਿੰਦੁ ਢਿਗ ਆਯੋ।
ਬੈਠਯੋ ਸਨਮੁਖ ਉਰ ਹਰਖਾਯੋ।
ਇਕ ਚਿਤ ਹ੍ਵੈ ਕਰਿ ਜਪੁਜੀ ਸਾਰਾ।
ਸਨੇ ਸਨੇ ਸੰਭਾਰਿ ਉਚਾਰਾ ॥੪੫॥
ਪਠਿ ਕਰਿ ਗੁਰ ਦਿਸ਼ਿ ਬੰਦਨ ਕੀਨਿ।
ਨਿਜ ਦਾਸਨਿ ਕੋ ਆਇਸੁ ਦੀਨ।
'ਪਾਵਨ ਕੁਸ਼ਾ ਕਰਹੁ ਛਿਤੁ ਪਾਵਨ†।

†ਏਹ ਭਰਮ ਸਤਿਗੁਰ ਦੇ ਘਰ ਵਿਚ ਨਹੀਂ ਹੈਸਨ। ਬਾਬੇ ਬੁੱਢੇ ਜੈਸੇ ਪਰਮਪਦ ਦੇ ਮਾਲਕ ਨੂੰ ਕਿਸੇ ਐਸੀ ਰਸਮ ਦੀ ਲੋੜ ਨਹੀਂ। ਦੀਵਾ ਆਦਿ ਹੋਰ ਕੋਈ ਭਰਮ ਨਹੀਂ ਕੀਤਾ, ਨਿਰਾ ਕੁਸ਼ਾ ਦਾ ਭਰਮ ਬ੍ਰਿਥਾ ਹੈ, ਹਾਂ ਸਫ਼ਾਈ, ਖੁਸ਼ਬੋ ਰੋਸ਼ਨੀ ਇਹ ਸੁਹਣੀਆਂ ਗੱਲਾਂ ਹਨ।

ਬੈਠਿ ਸ਼ਬਦ ਕੋ ਕੀਜੈ ਗਾਵਨ ॥੪੬॥
ਸਭਿ ਸੁਗੰਧਿਤਾ ਕਰਿ ਛਿਰਕਾਵਨਿ।
ਸੱਤਿਨਾਮ ਸਿਮਰਹੁ ਹਰਿਖਾਵਨ।
ਦੀਪਕ ਬ੍ਰਿੰਦ ਬਾਰ ਕਰਿ ਧਰੀਅਹਿ।
ਸੰਗਤਿ ਸਗਲ ਇਕੱਤਰ ਕਰੀਅਹਿ' ॥੪੭॥
ਸੁਨਿ ਬ੍ਰਿਧ ਹੁਕਮ ਦਾਸ ਗਨ ਆਏ।
ਕਹਯੋ ਜਥਾ ਸਭਿ ਕਾਜ ਬਨਾਏ।
ਸ਼੍ਰੀ ਹਰਿ ਗੋਵਿੰਦ ਕੇਰ ਅਗਾਰੀ।
ਹਾਥ ਜੋਰਿ ਬਹੁ ਬਿਨੈ ਉਚਾਰੀ ॥੪੮॥
'ਆਇਸੁ ਦੀਜੈ ਅੱਗ੍ਰ ਸਿਧਾਊਂ।
ਪਦਵੀ ਪਰਮ ਆਪ ਕੀ ਪਾਊਂ।'
ਸਤਿਗੁਰ ਕਹਯੋ 'ਬਿਰਾਜਹੁ ਪਜਾਰੇ!
ਗਗਨ ਸਮਾਨ ਬਿਆਪਹੁ ਸਾਰੇ' ॥੪੯॥
ਸੁਨਿ ਪੌਢਯੋ ਕੁਸ਼ ਆਸਨ ਊਪਰ।
ਸੇਤ ਬਸਤ੍ਰ ਕੋ ਲੀਨਿ ਤਨੂਪਰ[1]।
ਖੁਲ੍ਹੇ ਬਿਲੋਚਨ ਸਨਮੁਖ ਹੇਰਤਿ।
ਸਤਿਗੁਰ ਕ੍ਰਿਪਾ ਦ੍ਰਿਸ਼ਟਿ ਸੋਂ ਪ੍ਰੇਰਤਿ ॥੫੦॥

[1]ਤਨ ਉੱਤੇ।

ਤਨ ਕੋ ਤਜਾਗਿ ਪਰਾਨ ਜਬਿ ਗਯੋ।
ਗੁਰੂ ਬਿਖੈ ਲੈ ਹੋਵਤਿ ਭਯੋ।
ਤਜੀ ਰਹੀ ਤਹਿਂ ਕਾਂਯਾਂ ਖਾਲੀ।
ਜਨੁ ਗਜ ਫੂਲ ਮਾਲ ਕੋ ਡਾਲੀ ॥੫੧॥
ਸੁਗਮ ਦੇਹਿ ਤੇ ਹੋਯੋ ਭਿੰਨ।
ਜੋ ਗੁਰ ਸੋਂ ਨਿਤ ਰਹਜੋ ਅਭਿੰਨ।
ਧੰਨ ਜਨਮ ਨਿਤ ਪਰਉਪਕਰੀ।
ਜਨੁ ਸਿੱਖੀ ਕੀ ਨੀਵ ਉਸਾਰੀ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬੁੱਢੇ ਤਨ ਤਜਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਸਤਿ ਅੰਸੂ ॥੫੩॥

## ੫੪. [ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਬ੍ਰਿਧ ਸਾਹਿਬ ਜੀ ਮਹਾਂ ਸਿਖ,
ਜੈਸੇ ਭਗਤ ਕਬੀਰ।
ਦੇਹਿ ਅੰਤ ਸੁਰ ਜਾਨਿ ਕੈ,
ਆਇ ਬਿਮਾਨਨਿ ਭੀਰ ॥੧॥

ਚੌਪਈ:

ਅਰਣ ਬਰਣ ਭਾ ਗਗਨ ਮਝਾਰਾ।
ਮਿਲਿ ਸੁਰ ਜੈ ਜੈ ਕਾਰ ਉਚਾਰਾ।
ਬੈਠੇ ਸ਼੍ਰੀ ਹਰਿ ਗੋਵਿੰਦ ਚੰਦ।
ਅਭਿਬੰਦਨ ਕੀਨਸਿ ਕਰ ਬੰਦਿ ॥੨॥
ਉਤਸਵ ਰਚਿਤਿ ਕੁਲਾਹਲ ਰੋਵਾ।
ਨਭ ਅਵਨੀ ਮਹਿਂ ਅਚਰਜ ਜੋਵਾ।
ਆਸਾਵਾਰ ਰਬਾਬੀ ਗਾਵਹਿਂ।
ਬਹੁ ਬਿਰਾਗ ਕੇ ਸ਼ਬਦ ਸੁਨਾਵਹਿਂ ॥੩॥
ਸ਼ਬਦ ਸੁਨਤਿ ਪ੍ਰਭਾਤਿ ਹੁਇ ਆਈ।
ਕਹਿ ਸਤਿਗੁਰ ਤਜਾਰੀ ਕਰਿਵਾਈ।
ਜ਼ਰੀ ਬਾਦਲਾ ਸਹਤ ਬਿਮਾਨ।
ਫੂਲਨ ਮਾਲਾ ਛਾਇ ਮਹਾਨ ॥੪॥
ਬ੍ਰਿਧ ਕੋ ਤਬਿ ਸ਼ਨਾਨ ਕਰਿਵਾਯੋ।
ਨਰਨ ਉਚਾਇ ਬੀਚ ਪੌਢਾਯੋ।
ਊਪਰ ਸੁੰਦਰ ਪਾਇ ਦੁਸ਼ਾਲੇ।
ਸਤਿਗੁਰ ਆਪ ਬਿਮਾਨ ਉਠਾਲੇ ॥੫॥
ਭਾਨਾ, ਬਿਧੀ ਚੰਦ, ਗੁਰਦਾਸ।
ਸੰਗਤਿ ਘਨੀ ਲਗੀ ਚਹੁੰ ਪਾਸ।
ਬ੍ਰਿਧ ਪੋਤਾ ਤਬਿ ਚਵਰ ਢੁਰਾਵੈ।
ਆਗੇ ਗਮਨ ਸ਼ਬਦ ਕੋ ਗਾਵੈ ॥੬॥
ਅਤਰ ਗੁਲਾਬ ਮਹਿਕ ਛਿਰਕਾਵਾ।
ਲਘੁ ਦੀਰਘ ਬਾਦਤ[1] ਬਜਵਾਵਾ।
ਧਨ ਬਰਖਾਵਤਿ ਘਨੋ ਅਗਾਰੀ।
ਧਨ, ਘਰ ਕੀ ਨਰ ਪ੍ਰੀਤਿ ਵਿਸਾਰੀ ॥੭॥

[1]ਵਾਜੇ।

ਸਗਰੇ ਸਿਮਰਤਿ ਮਰਨ ਕਰਾਲਾ।
ਵਿਸ਼ਯ ਵਿਰਾਗੀ ਭਏ ਬਿਸਾਲਾ[1]।

[1]ਭਯਾਨਕ ਮੌਤ ਸਭ ਨੂੰ ਯਾਦ ਹੈ, ਵਿਸ਼ਿਆਂ ਤੋਂ ਬਹੁਤ ਵੈਰਾਗੀ ਹੋ ਰਹੇ ਹਨ। (ਦੇਖੋ ਅੰਕ ੧੪)।

ਬ੍ਰਿਧ ਕੋ ਅਸ ਪ੍ਰਤਾਪ ਤਹਿਂ ਛਾਵਾ।
ਸਿੱਖਨਿ ਮਨ ਨਿਰਮਲ ਹੁਇ ਆਵਾ ॥੮॥
ਚੰਦਨ ਚਿਖਾ ਰਚੀ ਤਿਸ ਕਾਲਾ।
ਊਪਰ ਧਰਿ ਜਵ ਤਿਲ ਘ੍ਰਿਤ ਡਾਲਾ।
ਭਾਨਾ ਲੇ ਕਰ ਲਾਂਬੂ ਲਾਯੋ।
ਸ਼ਬਦ ਰੁਦਨ ਕੋ ਤਬਹਿ ਉਠਾਯੋ ॥੯॥
ਲਖਿ ਪ੍ਰਿਯ ਅਤਿ ਸ਼੍ਰੀ ਹਰਿਗੋਵਿੰਦ।
ਤਜੇ ਬਿਲੋਚਨ ਤੇ ਜਲ ਬੁੰਦ।
ਗੁਰ ਕੋ ਪਿਖਿ ਸਭਿ ਕੀਨਿ ਵਿਰਾਗਾ।
ਕਰਿ ਕਪਾਲ ਕ੍ਰਿਆ ਮਨੁ ਰਾਗਾ[1]† ॥੧੦॥

[1]ਮਨ ਦਾ ਪ੍ਰੇਮ ਕਰਕੇ। †ਪਾ:-ਅਨੁਰਾਗਾ।

ਕਰਿ ਸ਼ਨਾਨ ਗੁਰ ਜੁਤਿ ਸਮੁਦਾਏ।
ਸਨੇ ਸਨੇ ਡੇਰੇ ਕਉ ਆਏ।
ਬੈਠਿ ਲਗਾਯੋ ਅਧਿਕ ਦਿਵਾਨ।
ਮਿਲੀ ਸਕਲ ਹੀ ਸੰਗਤਿ ਆਨਿ ॥੧੧॥
ਸਿੱਖ ਅਜਿੱਤੇ ਚਰਿਤ ਨਿਹਾਰਾ[1]।

[1]ਅਜਿਤੇ ਨੇ ਕੌਤਕ ਵੇਖਿਆ।

ਬ੍ਰਿਧ ਪ੍ਰਤਾਪ ਜਸੁ ਚਹਤਿ ਬਿਥਾਰਾ।
ਹਾਥ ਜੋਰਿ ਸਭਿ ਬਿਖੈ ਬਖਾਨਾ।
'ਸ਼੍ਰੀ ਗੁਰ ਸੰਸੈ ਦਿਹੁ ਮਮ ਹਾਨਾ ॥੧੨॥
ਜਬਿ ਸਸਕਾਰਨਿ ਕੋ ਲੇ ਚਾਲੇ।
ਪਿਖ੍ਯੋ ਸਭਿਨਿ ਸਿਰ ਛਤ੍ਰ ਬਿਸਾਲੇ।
ਕਰਿ ਕੈ ਦਾਹੁ ਜਬੈ ਹਟਿ ਆਏ।
ਤੁਮ ਪਰ ਹੀ ਇਕ ਛਤ੍ਰ ਸੁਹਾਏ ॥੧੩॥
ਕਹੋ ਕ੍ਰਿਪਾ ਕਰਿ ਕਯਾ ਇਹ ਭਯੋ?'
ਸੁਨਿ ਸਤਿਗੁਰ ਤਿਹ ਉੱਤਰ ਦਿਯੋ।
'ਜਬਹਿ ਗਏ ਸਿਮਰਤਿ ਸਭਿ ਮਰਨਾ।
ਜਗ ਵਿਰਾਗ ਧਾਰਯੋ ਰਸ ਕਰੁਨਾ[1] ॥੧੪॥

[1]ਕਰੁਣਾਰਸ।

ਤਹਿं ਤੇ ਜਬਿ ਪੁਰਿ ਦਿਸ਼ਿ ਹਟਿ ਆਏ।
ਸੁਤ ਤ੍ਰਿਯ ਧਨ ਸੰਕਲਪ ਉਠਾਏ।
ਫਸੇ ਮੋਹ ਮਨ ਪ੍ਰਥਮ ਸਮਾਨੇ।
ਯਾਂ ਤੇ ਛਤ੍ਰ ਭਏ ਸਭਿ ਹਾਨੇ[1]' ॥੧੫॥

[1]ਭਾਵ ਏਹ ਕਿ ਗੁਰੂ ਜੀ ਪੂਰਨ ਵਿਰਾਗ ਵਿਚ ਸਦਾ ਰਹਿੰਦੇ ਹਨ।

ਪੁਨ ਭਾਨੇ ਸਾਹਿਬ ਕੋ ਧੀਰ।
ਦੇਤਿ ਭਏ ਬਹੁ ਬਿਧਿ ਬਰ ਬੀਰ।
'ਹੋਨਹਾਰ ਕੀ ਚਿੰਤ ਨ ਕਰੀਯਹਿ।
ਸਭਿ ਜਗ ਕੀ ਇਹ ਰੀਤਿ ਨਿਹਰੀਅਹਿ ॥੧੬॥
ਜਨਮ ਧਾਰਿ ਜਗ ਕਰਮ ਕਮਾਵੈ।
ਆਇ ਕਾਲ ਸਭਿ ਤਨ ਬਿਨਸਾਵੈ।
ਸਾਧਿ ਲੀਨਿ ਜਿਨਹੁ ਪਰਲੋਕ।
ਜਸ ਬਿਸਤਾਰਹਿ ਪੁਰਿ ਪੁਨਿ ਓਕ[1] ॥੧੭॥

[1]ਨਗਰ ਨਗਰ ਤੇ ਫਿਰ ਘਰ ਘਰ ਵਿਚ।

ਸੇ ਨਹਿਂ ਮਰੇ ਜਿਯਤਿ ਸਭਿ ਕਾਲਾ।
ਅਪਰ ਮਰੇ ਦੁਖ ਲਹਹਿਂ ਬਿਸਾਲਾ।
ਬ੍ਰਿਧ ਜੀ ਆਪ ਤਰੇ ਜਗ ਸਾਗਰ।
ਤਾਰੇ ਸਿੱਖ ਸਮੂਹ ਉਜਾਗਰ ॥੧੮॥
ਇਨ ਕੀ ਸਮਤਾ ਨਹਿਂ ਕਿਸ ਮਾਂਹੀ।
ਸਦ ਅਟੱਲ ਜਸੁ ਮਿਟਹਿ ਸੁ ਨਾਂਹੀ।
ਗੁਰ ਕੇ ਸਿੱਖ ਭਾਉ ਉਰ ਧਾਰੀ।
ਇਨ ਕੀ ਕੀਰਤਿ ਕਰਹਿਂ ਉਚਾਰੀ' ॥੧੯॥
ਇੱਤਜਾਦਿਕ ਸਤਿਗੁਰੂ ਬਖਾਨਾ।
ਕਰਿ ਉਪਦੇਸ਼ ਦ੍ਰਿੜਾਇ ਸੁ ਗਜਾਨਾ।
ਸੁਨਿ ਗ੍ਰਾਮਨਿ ਤੇ ਸੰਗਤਿ ਆਵੈ।
ਸਭਿ ਭਾਨੇ ਕੋ ਆਨਿ ਬੁਲਾਵੈਂ ॥੨੦॥
ਸਤਿਗੁਰ ਕਹਿ ਕਰਿ ਦੇਗ ਕਰਾਈ।
ਸਭਿ ਸੰਗਤਿ ਕੋ ਦੀਨਿ ਬ੍ਰਤਾਈ।
ਭਾਨੇ ਸਹਤ ਆਪ ਪੁਨ ਖਾਯੋ।
ਜਥਾ ਜੋਗ ਸਭਿ ਕਾਜ ਕਰਾਯੋ ॥੨੧॥

ਮ੍ਰਿਤਕ ਕ੍ਰਿਆ† ਸਗਰੀ ਕਰਿਵਾਏ।

†ਮ੍ਰਿਤਕ ਕ੍ਰਿਆ ਆਦਿ ਪਰ ਅੱਗੇ ਲਿਖ ਆਏ ਹਾਂ ਦੇਖੋ ਰਾਸਿ ੨ ਅੰਸੂ ੨੪ ਅੰਕ ੪੧ ਤੇ ਰਾਸਿ ੪ ਅੰਸੂ ੨੩ ਅੰਕ ੨੭ ਦੀਆਂ ਹੇਠਲੀਆਂ ਟੂਕਾਂ। ਇਸ ਲਈ ਇਹ ਸੰਭਵ ਨਹੀਂ ਕਿ ਭਾਈ ਬੁੱਢੇ ਵਰਗੇ ਪੂਰਨ ਪੁਰਖ ਨੂੰ ਕਿਸੇ ਕ੍ਰਿਆ ਦੀ ਲੋੜ ਹੋਵੇ ਤੇ ਤਾਰਨਹਾਰ ਸਤਿਗੁਰੂ ਜੀ ਆਪ ਐਸੇ ਕਰਮ ਕਰਵਾਉਂਦੇ ਜੋ ਕਿ ਆਦਿ ਪਾਤਸ਼ਾਹੀ ਤੋਂ ਵਿਵਰਜਤਿ ਹੁੰਦੇ ਆਏ ਸਹੀ ਹੁੰਦੇ ਹਨ, ਜੈਸੇ ਕਿ ਕਵੀ ਜੀ ਨੇ ਦੱਸਿਆ ਹੈ ਕਿ ਦੂਜੇ ਸਤਿਗੁਰਾਂ ਨੇ ਹੁਕਮ ਦਿੱਤਾ ਸੀ:
ਜਗ ਅਰ ਕੁਲ ਤੇ ਜਿਤਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾ। ਕਰਹੁ ਅਨੰਦ ਮੰਗਲਾਚਾਰਾ। ਦੇਹੁ ਸਰੀਰ ਅਗਨਿ ਸਸਕਾਰਾ। [ਰਾ: ੧ ਅੰ: ੨੦-੩] ਦੂਸਰੇ, ਜੀਵਨ ਚਰਿਤ੍ਰ ਭਾਈ ਬੁੱਢਾ ਸਾਹਿਬ ਜੀ ਵਿਚ ਮ੍ਰਿਤਕ ਕ੍ਰਿਆ ਤੇ ਫੁੱਲ ਗੰਗਾ ਜਾਣੇ ਨਹੀਂ ਲਿੱਖੇ।

ਦਿਨ ਚੌਥੇ ਮਹਿਂ ਅਸਥਿ ਚੁਨਾਏ।
ਕਰੇ ਸੰਗ ਮਾਨਵ ਸਮੁਦਾਏ।
ਸ੍ਰੀ ਗੰਗਾ ਮਹਿਂ ਦੀਨਿ ਪੁਚਾਏ* ॥੨੨॥
ਪਾਠ ਗ੍ਰਿੰਥ ਕੋ ਸਭਿ ਕਰਿਵਾਯੋ।
ਸ਼੍ਰੀ ਗੁਰਦਾਸ ਪਢ੍ਯੋ ਮਨ ਲਾਯੋ।
ਨਿਤ ਨਵੀਨ ਸੰਗਤਿ ਬਹੁ ਆਵੈ।
ਕਿਤਿਕ ਰਹੈਂ ਢਿਗ ਕਿਤਿਕ ਸਿਧਾਵੈਂ ॥੨੩॥
ਦਿਵਸ ਤ੍ਰਯੋਦਸ਼ੀ ਕੋ ਜਬਿ ਆਯੋ।
ਬੈਠੇ ਗੁਰੂ ਦਿਵਾਨ ਲਗਾਯੋ।
ਭੋਗ ਪਵਾਇ ਗ੍ਰੰਥ ਕੋ ਜਬੈ।
ਪਗ ਭਾਨੇ ਕੋ ਦੀ ਗੁਰ ਤਬੈ ॥੨੪॥
ਸ਼੍ਰੀ ਬ੍ਰਿਧ† ਕੀ ਗਾਦੀ ਪਰ ਥਿਰ੍ਯੋ[1]।

[1]ਸ੍ਰੀ ਬਾਬਾ ਬੁੱਢਾ ਜੀ ਦੀ ਗੱਦੀ ਪਰ ਬੈਠਾ। †ਆਮ ਪਾਠ 'ਸ੍ਰੀ ਗੁਰੂ' ਮਿਲਦਾ ਹੈ, ਪਰ ਸਾਨੂੰ ਇਕ ਪੁਰਾਤਨ ਨੁਸਖੇ ਵਿਚੋਂ ਐਤਕੀਂ ਇਹ ਪਾਠ ਮਿਲਿਆ ਹੈ, ਜੋ ਸਹੀ ਹੈ।

ਦੇ ਨਰ ਭੇਟ ਪ੍ਰਨਾਮ ਸੁ ਕਰ੍ਯੋ।
ਸ਼ਬਦ ਬਿਲਾਵਲ ਆਨੰਦ ਗਾਯੋ।
ਬ੍ਰਿੰਦ ਰਬਾਬੀ ਧਨ ਗਨ ਪਾਯੋ ॥੨੫॥
ਜਥਾਜੋਗ ਸਭਿ ਕੋ ਧਨ ਦੀਨਾ।
ਕੀਨਿ ਮੰਗਲਾਚਾਰ ਨਵੀਨਾ।
ਬਹੁ ਸੰਗਤਿ ਲੇ ਪੁੰਜ ਉਪਾਇਨ।
ਦੇ ਭਾਨੇ ਕੋ ਬੰਦਹਿਂ ਪਾਇਨ ॥੨੬॥
ਜਿਮ ਗੁਰ ਹੁਕਮ ਜਥੋਚਿਤ ਦੀਨਾ।
ਤਿਮ ਭਾਨੇ ਅਰੁ ਸੰਗਤਿ ਕੀਨਾ।
ਇਕ ਦਿਨ ਮਹਿਂ ਸ੍ਰੀ ਹਰਿਗੋਵਿੰਦ।
ਬੈਠੇ ਦਿਪਤਿ ਸੰਗਤਾਂ ਬ੍ਰਿੰਦ ॥੨੭॥

ਏਕ ਅੰਗਨਾ[1] ਤਿਹ ਛਿਨ ਆਈ।
ਊਚੀ ਧੁਨਿ ਸੋਂ ਬਿਨੈ ਸੁਨਾਈ।
'ਸੁਨਹੁ ਗੁਰੂ! ਹਮ ਬਸਤੇ ਪੱਟੀ।
ਦੇਸਾਂ ਨਾਮ ਜਾਤਿ ਕੀ ਜੱਟੀ ॥੨੮॥
ਕੁਲ ਸਿੱਧੂ ਮਹਿਂ ਮੋ ਕਹੁ ਬਯਾਹੀ।
ਸੁਨਿ ਜਸੁ ਬਹੁ ਆਈ ਤੁਮ ਪਾਹੀ।
ਆਸਾਵੰਤਨ ਕੀ ਨਿਤ ਆਸਾ।
ਪੁਰਵਤਿ ਹੋ, ਰਾਵਰਿ ਭਰਵਾਸਾ ॥੨੯॥
ਪੁੱਤ੍ਰ ਨਹੀਂ ਉਪਜਤਿ ਹੈ ਮੇਰੇ।
ਹਾਰੀ ਕਰਿ ਉਪਚਾਰ ਘਨੇਰੇ।
ਅਬਿ ਸਮੀਪ ਤੁਮਰੇ ਚਲਿ ਆਈ।
ਦਿਹੁ ਸੁਤ ਮੋ ਕਹੁ ਲਖਿ ਸ਼ਰਨਾਈ' ॥੩੦॥
ਸ਼੍ਰੀ ਹਰਿ ਗੋਵਿੰਦ ਸੁਨਤਿ ਉਚਾਰਾ।
'ਲਿਖਯੋ ਨਹੀਂ ਸੁਤ ਤੋਹਿ ਲਿਲਾਰਾ।'
ਸੁਨਤਿ ਉਦਾਸ ਭਈ ਸਹਿ ਚਿੰਤਾ।
ਲਖਯੋ -ਭਾਗ ਮਮ ਨਹਿਂ ਸੁਤਵੰਤਾ[1]- ॥੩੧॥
ਬਹੁਤ ਬਿਸੂਰਤਿ ਕਿਸ ਥਲ ਬੈਸੀ।
ਦਿਖੀ ਚਲਤਿ ਗੁਰਦਾਸਹਿਂ ਤੈਸੀ[1]।
ਦੁਖੀ ਜਾਨਿ ਬੂਝੀ 'ਕਯਾ ਭਯੋ?
ਕਯੋਂ ਸਚਿੰਤ ਮਨ ਅਪਨੋ ਕਿਯੋ' ॥੩੨॥
ਤਿਯ ਨੇ ਸਗਰੀ ਕਥਾ ਸੁਨਾਈ।
'ਸੁਤ ਹਿਤ ਮਮ ਸਤਿਗੁਰ ਢਿਗ ਆਈ।
ਮੁਸਕਾਵਤਿ ਮੁਖ ਤੇ ਫੁਰਮਾਯੋ।
-ਲਿਖਯੋ ਨ ਤਵ ਮਸਤਕ ਦ੍ਰਿਸ਼ਟਾਯੋ[†]-' ॥੩੩॥
ਦੀਨ ਬਾਤ ਸੁਨਿ ਕੈ ਤਬਿ ਭਾਈ।
ਪੁੱਤ੍ਰ ਲੇਨਿ ਕੀ ਸੀਖ ਸਿਖਾਈ।
'ਅਬਿ ਕੇ ਜਾਹੁ ਧਾਰਿ ਸੁਤ ਆਸ।

[1]ਇਸਤ੍ਰੀ।

[1]ਸਮਝੀ ਕਿ ਮੇਰੇ ਭਾਗ ਪੁੱਤ੍ਰ ਵਾਲੇ ਨਹੀਂ।

[1]ਓਵੇਂ ਭਾਵ ਉਦਾਸ ਜਾਂਦੀ ਗੁਰਦਾਸ ਨੇ ਦੇਖੀ। (ਅ) ਗੁਰਦਾਸ ਹਿਤੈਸ਼ੀ = ਪ੍ਰੇਮੀ ਭਾਈ ਗੁਰਦਾਸ ਨੇ ਡਿੱਠੀ ਕੋਲੋਂ ਲੰਘਦਿਆਂ।

[†]ਇਹ ਚੌਪਈ ਛਾਪੇ, ਦੋ ਨੁਸਖੇ ਵਿਚ ਨਹੀਂ ਪਰ ਲਿਖਤੀਆਂ ਵਿਚ ਹੈ।

ਲੇਹੁ ਕਲਮ ਰੁਸ਼ਨਾਈ[1] ਪਾਸ ॥੩੪॥
ਜਬਿ ਗੁਰ ਕਹੈਂ -ਲਿਖ੍ਯੋ ਨਹਿਂ ਤੇਰੈ-।
ਤਬਿ ਇਮ ਕਹੁ ਕਰਿ ਕਲਮ ਅਗੇਰੈ।
-ਲਿਖਨ ਹਾਰ ਇਤ ਉਤ ਤੁਮ ਸਾਰੇ।
ਤਹਿਂ ਨ ਲਿਖ੍ਯੋ ਜੇ ਭਾਗ ਹਮਾਰੇ ॥੩੫॥
ਕ੍ਰਿਪਾ ਕਰਹੁ ਤਬਿ, ਅਬਿ ਲਿਖਿ ਦੀਜੈ।
ਸ਼ਰਨਾਗਤਿ ਲਖਿ ਆਸ ਪੁਰੀਜੈ-।'
ਸੁਨਿ ਤ੍ਰਿਯ ਹਿਤ ਕੀ ਸਿੱਖ੍ਯਾ ਧਰੀ।
ਅਗਲੇ ਦਿਵਸ ਤਥਾ ਬਿਧਿ ਕਰੀ
॥੩੬॥
ਬੀਤੀ ਨਿਸ ਪ੍ਰਭਾਤਿ ਹੁਇ ਆਈ।
ਹਿਤ ਅਖੇਰ ਤਯਾਰੀ ਕਰਿਵਾਈ।
ਬਸਤ੍ਰ ਸ਼ਸਤ੍ਰ ਸਤਿਗੁਰ ਸਭਿ ਧਾਰੇ।
ਹਯ ਸਜ਼ੀਨ ਕੇ ਲੀਨਿ ਹਕਾਰੇ ॥੩੭॥
ਚਢੇ ਸੁਭਟ ਸ਼ੁਭ ਆਯੁਧ ਦਾਰੀ।
ਬਾਜ, ਕੁਹੀ, ਸ੍ਵਾਨਨ ਕਰਿ ਤਯਾਰੀ।
ਹਯ ਅਰੂਢਿ ਸ਼੍ਰੀ ਹਰਿ ਗੋਵਿੰਦ।
ਚਲੇ, ਪਿਛਾਰੀ ਜੋਧਾ ਬ੍ਰਿੰਦ ॥੩੮॥
ਸਨੇ ਸਨੇ ਤਬਿ ਪ੍ਰੇਰਿ ਤੁਰੰਗ।
ਨਿਕਸਨ ਲਗੇ ਗ੍ਰਾਮ ਭਟ ਸੰਗ।
ਸੋ ਤ੍ਰਿਯ ਤਬਿ ਪਹੁੰਚੀ ਉਤਲਾਵਤਿ।
ਆਗੈ ਭਈ ਪ੍ਰਭੁ ਜਿਤ ਜਾਵਤਿ ॥੩੯॥
'ਗੁਰੂ ਗਰੀਬ ਨਿਵਾਜ, ਕ੍ਰਿਪਾਲਾ!
ਪੁਰਵਹੁ ਸੁਤ ਕੀ ਆਸ ਬਿਸਾਲਾ।
ਜਸ ਸੁਨਿ ਚਲੀ ਦੂਰ ਤੇ ਆਈ।
ਤੁਮ ਸਮਰਥ ਕੀ ਮੈਂ ਸ਼ਰਨਾਈ' ॥੪੦॥
ਮੁਸਕਾਵਤਿ ਸਤਿਗੁਰ ਤਬਿ ਪਿਖ੍ਯੋ।
'ਤੌਹਿ ਭਾਗ ਮਹਿਂ ਨਹਿਂ ਸੁਤ ਲਿਖ੍ਯੋ।'
ਤਬਿ ਤ੍ਰਿਯ ਅਵਸਰ ਪਾਯਹੁ ਨੀਕਾ।
ਚਲਿ ਆਗੇ ਹੁਇ ਪ੍ਰਭੁ ਨਜੀਕਾ ॥੪੧॥
ਕਰ ਮਹਿਂ ਲਿਏ ਕਲਮ ਰੁਸ਼ਨਾਈ[1]।
ਭਨੀ ਬਿਨੈ ਸੋ ਕਰਿ ਅਗਵਾਈ।

[1]ਸਿਆਹੀ।

[1]ਸਿਆਹੀ।

'ਇਤ ਉਤ ਲਿਖਨਹਾਰ ਹੋ ਰਾਵਰ!
ਜੇ ਨ ਲਖਹਿਂ ਇਮ, ਸੇ ਨਰ ਬਾਵਰ
॥੪੨॥
ਤਹਿਂ ਨਹਿਂ ਲਿਖ੍ਯੋ ਆਪ ਨੇ ਜੇਈ।
ਕ੍ਰਿਪਾ ਧਾਰਿ ਅਬਿ ਲਿਖ ਦਿਹੁ ਸੇਈ।'
ਬਿਕਸੇ ਪ੍ਰਭੁ ਜੁਗਤਿ ਕੋ ਜਾਨਾ।
'ਹੁਇ ਸੁਤ ਤੇਰੇ' ਬਾਕ ਬਖਾਨਾ ॥੪੩॥
ਸੁਨਿ ਦੇਸਾਂ† ਕਹਿ 'ਦੇਹੁ ਪ੍ਰਤੀਤ।

†ਇਹ ਪ੍ਰਸੰਗ ਦੇਸਾਂ ਨਾਮੇ ਪੱਟੀ ਦੀ ਜੱਟੀ ਦਾ ਏਥੇ ਹੋਇਆ ਹੈ। ਇਕ ਹੋਰ ਪ੍ਰਸੰਗ ਇਸੇ ਤਰ੍ਹਾਂ ਦਾ ਹੂਬਹੂ ਦਸਮੇਂ ਸਤਿਗੁਰਾਂ ਦੇ ਸਮੇਂ ਹੋਇਆ ਹੈ, ਉਹ ਪ੍ਰਸੰਗ ਸੁਲੱਖਣੀ ਨਾਮੇ ਜੱਟੀ ਜੋ ਚੱਬੇ ਦੀ ਰਹਿਣ ਵਾਲੀ ਸੀ ਦਾ ਹੈ, ਜਿਸ ਦਾ ਜ਼ਿਕਰ ਕਵੀ ਜੀ ਨੇ ਐਨ ੧ ਅੰਸੂ ੨੧ ਵਿਚ ਦਿੱਤਾ ਹੈ। ਚੱਬਾ ਅੰਮ੍ਰਿਤਸਰ ਤੋਂ ਤ੍ਰੈ ਚਾਰ ਮੀਲ ਦੱਖਣ ਨੂੰ ਤਰਨ ਤਾਰਨ ਦੀ ਸੜਕ ਤੇ ਹੈ ਤੇ ਰੇਲ ਦਾ ਸਟੇਸ਼ਨ ਸੰਗ੍ਰਾਣਾ ਸਾਹਿਬ ਗੁਰਦੁਆਰੇ ਦੇ ਪਾਸ ਹੈ। ਇਸ ਚੱਬੇ ਦੀ ਸੁਲੱਖਣੀ ਮਾਲਵੇ ਵਿਚ ਦਸਵੇਂ ਸਾਹਿਬਾਂ ਨੂੰ ਮਿਲੀ ਸੀ। ਤਵਾ: ਖਾ: ਵਾਲੇ ਦੱਸਦੇ ਹਨ ਕਿ ਇਕ ਚੱਬਾ ਮਾਲਵੇ ਵਿਚ ਹੈ, ਇਕ ਇਹ ਅੰਮ੍ਰਿਤਸਰ ਲਾਗਲਾ ਹੈ, ਦੇਸਾਂ ਦਾ ਪ੍ਰਸੰਗ ਛੇਵੇਂ ਸਤਿਗੁਰਾਂ ਦੇ ਸਮੇਂ ਅੰਮ੍ਰਿਤਸਰ ਵਾਲੇ ਚੱਬੇ ਹੋਇਆ ਦੱਸਿਆ ਨੇ, ਤੇ ਸੁਲੱਖਣੀ ਦਾ ਪ੍ਰਸੰਗ ਦਸਵੇਂ ਸਾਹਿਬਾਂ ਦੇ ਸਮੇਂ ਮਾਲਵੇ ਵਿਚ ਹੋਇਆ ਦੱਸਿਆ ਨੇ। ਦੇਖੋ ਤਵਾ: ਖਾ: ਹਿੱਸਾ ੧ ਨੰ: ੩ ਪੰਨਾ ੮੨੨ ਤੇ ਹਿੱਸਾ ੧ ਨੰ: ੩ ਪੰਨਾ ੨੦੫੯।

ਲਿਖਹੁ ਗੁਰੂ ਤਬਿ ਹੁਇ ਥਿਰ ਚੀਤ।'
ਭੇ ਪ੍ਰਸੰਨ ਗੁਰ ਲਿਖਨਿ ਸੁ ਲਾਗੇ।
ਗਹੀ ਕਲਮ ਹਯ ਚਾਲਤਿ ਆਗੇ ॥੪੪॥
ਕਰਨਿ ਇਕਾਂਗ ਚਹ੍ਯੋ, ਕਰ ਹਾਲਾ[1]। [1]ਹੱਥ ਹਿੱਲ ਗਿਆ?
ਸਾਤਾ ਲਿਖ੍ਯੋ ਗਯੋ ਤਿਸ ਕਾਲਾ।
ਭਯੋ ਅੰਕ ਸਤਿਗੁਰ ਢਿਗ ਹੇਰਾ।
ਬਹੁ ਪ੍ਰਸੰਨ ਬੋਲੇ ਤਿਸ ਬੇਰਾ ॥੪੫॥
'ਇਕ ਸੁਤ ਹੇਤੁ ਗਹੀ ਸ਼ਰਨਾਈ।
ਅੰਕ ਸਪਤ ਕੋ ਭਾ ਬਰਿਆਈ[1]। [1]ਮੱਲੋਮੱਲੀ।
ਅਬਿ ਘਰ ਜਾਹੁ ਸਪਤ ਸੁਤ ਪਾਵਹਿਂ।
ਭਈ ਆਸ ਪੂਰੀ ਜਿਤ ਆਵਹਿਂ ॥੪੬॥
ਸੁਨਿ ਦੇਸਾਂ ਉਰ ਅਨੰਦ ਬਿਲੰਦ।
'ਧੰਨ ਗੁਰੂ' ਕਹਿ ਨਮਹਿਂ ਸੁ ਬੰਦਿ।
ਲੇ ਕਰਿ ਬਰ ਕੋ ਘਰਹਿ ਸਿਧਾਰੀ।
ਜਹਿਂ ਕਹਿਂ ਕਹਿ ਕਹਿ ਕਿਤ[1] ਬਿਸਤਾਰੀ [1]ਕੀਰਤੀ।
॥੪੭॥
ਸ਼੍ਰੀ ਹਰਿਗੋਵਿੰਦ ਚੰਦ ਬਿਲੰਦੇ।
ਗਏ ਅਖੇਰ ਬ੍ਰਿਤੀ ਆਨੰਦੇ।

ਊਬਟ[1] ਜਿਤ ਦਿਸ਼ਿ ਘਨੀ ਨਿਹਾਰੀ।
ਗਈ ਤਹਾਂ ਪ੍ਰਭੁ ਕੀ ਅਸੁਵਾਰੀ ॥੪੮॥

[1]ਕਠਨ ਥਾਂ (ਜੰਗਲ ਦੀ) [ਸੰਸ: ਉਦ੍ਵਾਟ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਦੇਸਾਂ ਜੱਟੀ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥੫੪॥

## ੫੫. [ਗਊ ਦੇ ਅਲੰਕਾਰ ਵਿਚ ਧਰਤੀ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਬਹਿ ਸਲਿਤਾ ਐਰਾਵਤੀ,
ਤਿਸ ਤੇ ਉਰੇ ਕਿਤੇਕ।
ਬਿਚਰਤਿ ਹੇਤ ਸ਼ਿਕਾਰ ਕੇ,
ਸ੍ਰੀ ਗੁਰੁ ਜਲਧਿ ਬਿਬੇਕ ॥੧॥

ਚੌਪਈ:

ਦੇਖੀ ਜਬਿ ਉਦਜਾਨ ਮਹਾਨ।
ਮਿਲਜੋ ਏਕ ਮਾਨਵ ਤਹਿਂ ਆਨਿ।
ਹਿੰਦੂ ਹੁਤੋ ਹੇਰਿ ਗੁਰ ਪੂਰਨ।
ਚਰਨ ਕਮਲ ਬੰਦੇ ਤਿਨ ਤੂਰਨ ॥੨॥
ਪੁਨ ਕਰ ਜੋਰਿ ਬਤਾਇਸਿ ਬਾਤਿ।
'ਨਿਕਟ ਦੁਸ਼ਟ ਗੋ[1] ਕਰਤੇ ਘਾਤਿ। [1]ਗਊ ਦਾ।
ਤਿਨ ਕੇ ਬਸ ਨਹਿਂ ਆਵਤਿ ਸੋਈ।
ਕਰਤਿ ਓਜ ਕੋ[1] ਮੈਂ ਤਹਿਂ ਜੋਈ' ॥੩॥ [1]ਬਲ ਕਰਦੇ ਹਨ (ਉਸਦੇ ਕਾਬੂ ਕਰਨ ਨੂੰ)।
ਸੁਨਿ ਸਤਿਗੁਰੁ ਸੋ ਆਗੇ ਕਰਜੋ।
ਹਯ ਧਵਾਇ ਚਾਲੇ ਰਿਸਿ ਧਰਜੋ।
ਹੁਤੇ ਨਿਕਟ ਹੀ ਜਾਇ ਨਿਹਾਰੇ।
ਖੜਗ ਨਿਕਾਸਜੋ ਤਤਛਿਨ ਮਾਰੇ ॥੪॥
ਭਾਜ ਚਲੇ ਕੁਛ ਘੇਰਿ ਪ੍ਰਹਾਰੇ।
ਖੰਡ ਖੰਡ ਕਰਿ ਧਰ ਪਰ ਡਾਰੇ।
ਗ੍ਰਾਮ ਸਮੀਪਿ ਹੁਤੋ ਤਿਨ ਕੇਰਾ।
ਸੁਨਜੋ ਰੌਰ ਧਾਏ ਤਿਸ ਬੇਰਾ ॥੫॥
ਚਾਂਪ ਬੰਦੂਕ ਸੰਭਾਰਿਤ ਆਏ।
ਮਰੇ ਦੇਖਿ ਕਰਿ ਸਮੁਖ ਚਲਾਏ।
ਸਭਿ ਸੈਨਾ ਗੁਰੁ ਕੀ ਤਬਿ ਧਾਈ।
ਤਜੀ ਤੁਫੰਗ ਸ਼ਲਖ ਸਮੁਦਾਈ ॥੬॥
ਗੁਲਕਾਂ ਲਗੀ ਮਰੇ ਇਕ ਬਾਰੀ।
ਬਾਜੇ ਜਿਯਤਿ ਤ੍ਰਾਸ ਕੋ ਧਾਰੀ।
ਗ੍ਰਾਮ ਛਾਪਰੀ ਕੋ ਗਨ ਘਾਲੇ।
ਬਸਹਿਂ ਜਮਨ[1] ਜੇ ਅਘੀ ਬਿਸਾਲੇ ॥੭॥ [1]ਤੁਰਕ।

ਸੁਭਟ ਪਹੁੰਚਿ ਤਿਨ ਆਗ ਲਗਾਈ।
ਜਰ ਕਰਿ ਛਾਰ ਭਈ ਸਮੁਦਾਈ।
ਪਾਪੀ ਤੁਰਕ ਜਿਤਿਕ ਤਹਿਂ ਹੇਰੇ।
ਕਾਟੇ ਖੜਗਨਿ ਸੋਂ ਤਿਸ ਬੇਰੇ ॥੮॥
ਧਰਨੀ ਧੇਨੁ ਹੁਤੀ ਤਨ ਔਰ।
ਧਰਿ ਸੁਰ ਜੁਤਿ ਆਈ ਤਿਸ ਠੌਰ[1]†।

[1]ਧਰਤੀ ਹੋਰਨਾਂ ਦੇਵਤਿਆਂ ਸਮੇਤ ਗਊ ਦਾ ਸਰੀਰ ਧਾਰ ਕੇ ਤਿਸ ਥਾਂ ਤੇ ਆਈ ਸੀ।

†ਕਵੀ ਜੀ ਨੇ ਉੱਪਰ ਜੋ ਤੁਰਕਾਂ ਦੇ ਹੱਥੋਂ ਗਊ ਨੂੰ ਸੁਤੰਤਰ ਕਰਾਉਣ ਤੇ ਦੁਸ਼ਟਾਂ ਨੂੰ ਡੰਡ ਦੇਣ ਦਾ ਪ੍ਰਸੰਗ ਦਿੱਤਾ ਹੈ ਓਹ ਇਥੇ ਦਸਦੇ ਹਨ ਕਿ ਅਲੰਕਾਰ ਹੈ।
ਇਸ ਦਾ ਭਾਵ ਇਹ ਹੈ ਕਿ ਧਰਤੀ (ਹਿੰਦ ਦੀ ਧਰਤੀ) ਤੁਰਕਾਂ ਦੇ ਹੱਥ ਆਈ ਹੋਈ ਸੀ, ਰਾਜ ਦੇ ਜ਼ਾਲਮ ਕਰਮਚਾਰੀ ਅਨੀਤੀ ਨਾਲ ਇਸ ਨੂੰ ਤਬਾਹ ਕਰ ਰਹੇ ਸਨ। ਗੁਰੂ ਸਾਹਿਬ ਜੀ ਨੇ ਜ਼ਾਲਮਾਂ ਨੂੰ ਡੰਡ ਦੇ ਕੇ ਧਰਤੀ ਰੂਪੀ ਧੇਨ ਨੂੰ ਦਾ ਛੁਟਕਾਰਾ ਦਿਵਾਇਆ। ਧਰਤੀ ਦੇ ਅਸਲੀ ਵਸਨੀਕ ਜੋ ਹਿੰਦੀ ਸਨ ਉਨ੍ਹਾਂ ਨੂੰ ਬਾਹਰੋਂ ਆਏ ਤੁਰਕ ਦਬੇਲ ਕਰ ਕੇ ਆਪ ਰਾਜ ਕਰਦੇ ਸਨ, ਤੇ ਉਨ੍ਹਾਂ ਨੂੰ ਨੀਵਾਂ ਤੇ ਨਿਰਬਲ ਰਖਦੇ ਤੇ ਸੁਰਤ ਉੱਚੀ ਨਹੀਂ ਸਨ ਉੱਠਣ ਦੇਂਦੇ। ਗੁਰੂ ਜੀ ਇਸ ਦਾ ਉਧਾਰ ਕਰਨ ਲੱਗੇ ਸੇ। ਇਹ ਭਾਵ ਹੈ ਇਸ ਬੁਝਾਰਤ ਰੂਪ ਕਹਾਣੀ ਦਾ।

ਇਕ ਸਤਿਗੁਰ ਕੋ ਪਰਹਿ ਦਿਖਾਈ।
ਅਪਰ ਨ ਪਿਖਹਿਂ ਖਰੇ ਸਮੁਦਾਈ ॥੯॥
ਸੁਰ ਜੁਤਿ ਅਵਿਨੀ ਬਿਨੈ ਉਚਾਰੀ।
'ਤੁਰਕਨਿ ਮੋ ਕਹੁ ਕੀਨਿ ਦੁਖਾਰੀ।
ਅਨਿਕ ਰੀਤਿ ਕੇ ਪਾਪ ਕਰੰਤਿ।
ਮੈਂ ਨਹਿਂ ਤਿਨ ਕੋ ਭਾਰਿ ਸਹੰਤਿ ॥੧੦॥
ਜਿਸ ਹਿਤ ਆਪ ਲੀਨਿ ਅਵਤਾਰਾ।
ਰਾਜ ਮਲੇਛ ਬਿਨਾਸਹੁ ਸਾਰਾ।
ਬਿੱਪ੍ਰ, ਧੇਨੁ, ਸੰਤਨਿ ਸੁਖ ਦੀਜੈ।
ਤੁਰਕ ਰਾਜ ਕੋ ਦੂਰ ਕਰੀਜੈ' ॥੧੧॥
ਸੁਨਿ ਸਤਿਗੁਰੁ ਤਬਿ ਦੀਨ ਦਿਲਾਸਾ।
'ਕਿਤਿਕ ਕਾਲ ਮਹਿਂ ਹੋਇ ਬਿਨਾਸਾ।
ਪੌਤ੍ਰ ਹਮਾਰੋ ਹੁਇ ਜਿਸ ਕਾਲਾ।
ਕਰਹਿ ਖਲਨਿ ਸੰਗ ਜੰਗ ਕਰਾਲਾ ॥੧੨॥
ਉਪਜਾਵੌਂ ਤਬਿ ਪੰਥ ਵਿਸ਼ਾਲਾ।
ਅਵਿਨਿ ਰਾਜ ਕਰਹਿਂ ਚਿਰਕਾਲਾ।
ਸਭਿ ਤੁਰਕਨਿ ਕੋ ਰਾਜ ਉਠਾਵੈਂ।
ਸਨੇ ਸਨੇ ਇਹ ਸਭਿ ਖਪਿ ਜਾਵੈਂ†' ॥੧੩॥

†ਜੋ ਲੋਕ ਪ੍ਰਸ਼ਨ ਕਰਦੇ ਹਨ ਕਿ ਛੇਵੇਂ ਯਾ ਦਸਵੇਂ ਗੁਰਾਂ ਨੇ ਆਪਣੇ ਜੀਵਨ ਵਿਚ ਜ਼ੁਲਮੀ ਰਾਜ ਸਾਰਾ ਨਹੀਂ ਦੂਰ ਕੀਤਾ ਸੀ, ਓਹ ਨਹੀਂ ਸਮਝਦੇ ਕਿ ਉਨ੍ਹਾਂ ਨੇ ਇਕ ਐਸੀ ਵਿਉਂਤ ਰਚ ਦਿੱਤੀ ਸੀ, ਤੇ ਬੰਦੇ ਪੈਦਾ ਕਰ ਦਿੱਤੇ ਸਨ ਕਿ ਪਰਜਾ ਵਿਚ ਜਾਗ੍ਰਤ ਆ ਜਾਵੇ ਤੇ ਸੁਰਜੀਤ ਹੋ ਕੇ ਬਲ ਧਾਰੇ ਤੇ ਸੁਤੰਤਰ ਹੋ ਜਾਵੇ। ਇਸ ਲਈ ਕਵੀ ਜੀ ਏਥੇ 'ਸਨੇ ਸਨੇ' ਕਹਿ ਰਹੇ ਹਨ। ਸੋ ਜਿਨ੍ਹਾਂ ਨੇ ਗੁਰਾਂ ਦੀ ਸੱਦ ਸੁਣੀ ਤੇ ਕਿਹਾ ਮੰਨਿਆਂ, ਉਨ੍ਹਾਂ (ਹਿੰਦੀਆਂ ਭਾਵ ਸਿੱਖਾਂ ਨੇ) ਆਖ਼ਰ ਤੁਰਕ ਰਾਜ ਮਿਟਾ ਕੇ ਸਿੱਖ ਰਾਜ ਕਾਇਮ ਕਰ ਕੇ ਦਿਖਾ ਦਿੱਤਾ। ਗੁਰੂ ਵਾਕ ਤੇ ਗੁਰੂ ਵਿਉਂਤ ਵਕਤ ਸਿਰ ਆ ਕੇ ਸਫਲ ਤੇ ਸੰਪੂਰਨ ਹੋਏ।

ਸੁਨਿ ਗੁਰੁ ਤੇ ਸੁਰ ਧਰਨੀ ਸਾਰੇ।
ਕਰਿ ਕਰਿ ਬੰਦਨ ਸਦਨ ਸਿਧਾਰੇ।
ਖਲ ਹਤਿ ਗ੍ਰਾਮ ਛਾਰ ਕਰਿ ਦੀਨਾ।
ਫਿਰੇ ਅਖੇਰ ਬ੍ਰਿੱਤ ਕੁਛ ਕੀਨਾ ॥੧੪॥
ਨਿਜ ਡੇਰੇ ਕੋ ਪੁਨ ਹਟਿ ਆਏ।
ਕਰਤਿ ਬਾਤਿ ਜਿਮ ਦੁਸ਼ਟ ਖਪਾਏ।
ਭਾਨਾ ਸਾਹਿਬ ਜਿਸ ਅਸਥਾਨ।
ਉਤਰੇ ਆਇ ਗੁਰੂ ਭਗਵਾਨ ॥੧੫॥
ਤਜਿ ਆਸਨ ਤਿਨ ਗੁਰੂ ਬਿਠਾਏ।
ਬੂਝੇ 'ਕਿਤ ਅਖੇਰ ਕਰਿ ਆਏ?'
ਬਿਧੀ ਚੰਦ ਤਬਿ ਸਰਬ ਉਚਾਰੇ।
'ਆਜ ਸ਼ਿਕਾਰ ਦੁਸ਼ਟ ਬਡ ਮਾਰੇ ॥੧੬॥
ਜਾਰਯੋ ਗ੍ਰਾਮ ਉਜਾਰ ਕਰਯੋ ਹੈ।
ਪਾਪ ਬਿਲੋਕਤਿ ਕੋਪ ਧਰਯੋ ਹੈ।'
ਸੁਨਿ ਭਾਨੇ ਜੁਤਿ ਨਰ ਸਮੁਦਾਏ।
'ਧੰਨ ਧੰਨ ਗੁਰ' ਸਭਿਨਿ ਅਲਾਏ ॥੧੭॥
'ਸ਼ਸਤ੍ਰ ਧਰਨਿ ਕੋ ਕਾਰਨ ਏਹੀ।
ਜਿਤ ਕਿਤ ਹਤਨ ਮਲੇਛਨਿ ਕੇਹੀ[1]।'
ਸੁਜਸੁ ਗੁਰੂ ਕੋ ਪਸਰਯੋ ਸਾਰੇ।
ਸੰਤ ਉਧਾਰਤਿ ਦੋਖੀ ਮਾਰੇ ॥੧੮॥
ਇਮ ਸਤਿਗੁਰੁ ਤਹਿਂ ਦਿਵਸ ਬਿਤਾਏ।
ਬ੍ਰਿਧ ਪ੍ਰਸੰਗ ਗੁਰ ਨਿਕਟਿ ਸੁਨਾਏ।
'ਸ਼੍ਰੀ ਕਰਤਾਰ ਪੁਰੇ ਸ਼੍ਰੀ ਨਾਨਕ।
ਜਗੇ ਭਾਗ ਇਹ ਗਏ ਅਚਾਨਕ ॥੧੯॥
ਭਏ ਨਿਹਾਲ ਬਡੋ ਪਦ ਪਾਏ।
ਸੰਗ ਉਧਾਰੇ ਸਿਖ ਸਮੁਦਾਏ।'

[1]ਮਲੇਛਾਂ ਦਾ ਹੀ ਨਾਸ਼ ਕਰਨਾ ਹੈ।

ਸੁਨਿ ਗੁਰ ਕਹ੍ਯੋ 'ਤਹਾਂ ਹਮ ਜਾਇਂ।
ਸ੍ਰੀ ਕਰਤਾਰ ਪੁਰਾ ਦਰਸਾਇਂ' ॥੨੦॥
ਇਮ ਕਹਿ ਸ੍ਰੀ ਗੁਰ ਕੀਨਿ ਪਯਾਨਾ।
ਅਪਨੇ ਸੰਗ ਲੀਨਿ ਤਬਿ ਭਾਨਾ।
ਬਿਧੀ ਚੰਦ ਆਦਿਕ ਭਟ ਜੇਈ।
ਨਾਥ ਸਾਥ ਪ੍ਰਸਥਾਨੇ ਤੇਈ ॥੨੧॥
ਐਰਾਵਤੀ ਉਲੰਘਿਤ ਗਏ।
ਸ੍ਰੀ ਕਰਤਾਰ ਪੁਰਾ ਦਰਸਏ।
ਜਹਿਂ ਸ੍ਰੀ ਨਾਨਕ ਕੋ ਅਸਥਾਨ।
ਹਯ ਤੇ ਉਤਰਿ ਨਮੋ ਤਿਹ ਠਾਨਿ ॥੨੨॥
ਕਰੀ ਪ੍ਰਕਰਮਾ ਫਿਰ ਕਰਿ ਚਾਰ।
ਪੰਚਾਂਮ੍ਰਿਤ ਕਰਿਵਾਇਸਿ ਤਯਾਰ।
ਸ੍ਰੀ ਨਾਨਕ ਸਿਮਰੇ ਅਰਦਾਸ।
ਕਰ੍ਯੋ ਬ੍ਰਤਾਵਨਿ ਸਭਿ ਕੇ ਪਾਸ ॥੨੩॥
ਸ੍ਰੀ ਅੰਗਦ ਕੋ ਗਾਦੀ ਦੀਨਿ।
ਤਿਸ ਥਲ ਜਾਇ ਦਰਸ ਕੋ ਕੀਨਿ।
ਬਾਰ ਬਾਰ ਕਰਿ ਬੰਦਨ ਥਿਰੇ।
ਤਿਹ ਕੇ ਨਰ ਪੁਨ ਬੂਝਨ ਕਰੇ ॥੨੪॥
'ਨਹੀਂ ਦੇਹੁਰਾ ਅਬਿ ਇਸ ਥਾਨ।'
ਸਕਲ ਭੇਵ ਤਬਿ ਕੀਨਿ ਬਖਾਨਿ।
'ਰਾਵੀ ਇਹਾਂ ਬੇਗ ਕਰਿ ਆਈ।
ਸੋ ਅਵਿਨੀ ਜਲ ਬਿਖੈ ਵਹਾਈ† ॥੨੫॥

†ਰਾਵੀ ਪਰ ਸਤਿਗੁਰ ਨਾਨਕ ਦੇਵ ਜੀ ਦਾ ਅਸਥਾਨ ਤਾਂ ਅਜੇ ਖੜਾ ਹੈ, ਪਰ ਇਸ ਦੇ ਪਾਸ ਨਗਰੀ ਨਹੀਂ ਹੈ, ਉਰਾਰ ਡੇਰਾ ਬਾਬਾ ਨਾਨਕ ਤੇ ਨਗਰੀ ਹੈ ਤੇ ਬੇਦੀਆਂ ਦਾ ਟਿਕਾਣਾ ਹੈ। ਗੁਰਦੁਆਰਾ ਜੋ ਪਾਰ ਹੁਣ ਤਕ ਮੌਜੂਦ ਹੈ, ਇਸ ਪਰ ਰਾਵੀ ਦਾ ਧਾਵਾ ਹੋਣ ਲੱਗਾ ਸੀ, ਸ਼ੁਰੂ ਦਸੰਬਰ ਸੰਨ ੧੯੧੯ ਤੋਂ ਚੀਫ ਖਾਲਸਾ ਦੀਵਾਨ ਨੇ ਆਪ ਤੇ ਸੰਗਤਾਂ ਨੂੰ ਪ੍ਰੇਰ ਕੇ ਬੰਨ੍ਹ ਬਨਾਵਣ ਦਾ ਕੰਮ ਅਰੰਭ ਕਰ ਦਿੱਤਾ। ਫਿਰ ਚੀਫ ਖਾਲਸਾ ਦੀਵਾਨ ਨੇ ਸਰਕਾਰ ਪਾਸੋਂ ਦੋ ਇੰਜੀਨੀਅਰਾਂ ਦੀ ਖਿਦਮਤ ਇਸ ਸ਼ੁਭ ਕਾਰਜ ਲਈ ਮੁਫ਼ਤ ਪ੍ਰਾਪਤ ਕੀਤੀ। ਤੇ ਉਧਰ ਮਹਾਰਾਜਾ ਸਾਹਿਬ ਪਟਿਆਲਾ ਨੂੰ ਪ੍ਰੇਰਿਆ ਜਿਨ੍ਹਾਂ ਨੇ ਆਪਣੇ ਵੱਡੇ ਇੰਜਨੀਅਰ ਨੂੰ ਲਗਾਇਆ ਅਰ ੧੦੧੬੦੦) ਦੀ ਭਾਰੀ ਰਕਮ ਬੰਨ੍ਹ ਪਰ ਖਰਚ ਕੀਤੀ। ਇਕੀ ਹਜ਼ਾਰ ਦੇ ਕਰੀਬ ਆਈ ਚੰਦੇ ਦੀ ਰਕਮ ਚੀਫ ਖਾਲਸਾ ਦੀਵਾਨ ਨੇ ਖਰਚ ਕੀਤੀ। ਇਸ ਤੋਂ ਮਗਰੋਂ ਮਹਾਰਾਜਾ ਸਾਹਿਬ ਵੱਲੋਂ ਜੋ ਰਕਮ ਲੱਗੀ ਉਸਦਾ ਪਤਾ ਨਹੀਂ ਹੈ। ਅੰਤ ਨੂੰ ਇਹ ਕਾਰਜ ਮਹਾਰਾਜਾ ਸਾਹਿਬ ਜੀ ਦੇ ਹੱਥੀਂ ਹੀ ਸਮਾਪਤੀ ਨੂੰ ਅੱਪੜਿਆ। ਹੁਣ ਰਾਵੀ ਇਸ ਬੰਨ੍ਹ ਦੇ ਕਾਰਨ ਗੁਰਦੁਆਰੇ ਵਲ ਨਹੀਂ ਆਉਂਦੀ।

ਪਾਰ ਸਥਾਨ ਜਾਇ ਅਬਿ ਕਰਜੋ।
ਗਰੂ ਕੋ ਬੰਸ ਤਹਾਂ ਹੀ ਥਿਰਜੋ।'
ਕਰਿ ਦਰਸ਼ਨ ਸੁਨਿ ਕੈ ਸਭਿ ਗਾਥਾ।

ਚਢੇ ਪ੍ਰਭੁ ਸੈਨਾ ਗਨ ਸਾਥਾ ॥੨੬॥
ਰਾਵੀ ਲਾਂਘਤਿ ਤਤਛਿਨ ਗਏ।
ਪਹੁੰਚਿ ਦੇਹੁਰਾ ਦਰਸ਼ਨ ਕਿਏ।
ਹਯ ਤੇ ਉਤਰਿ ਗਏ ਪ੍ਰਭੁ ਨੇਰੇ।
ਕਰਜੋ ਪ੍ਰਣਾਮ ਦਰਸ ਕੋ ਹੇਰੇ ॥੨੭॥
ਬਹੁਰ ਪ੍ਰਕਰਮਾਂ ਫਿਰਿ ਕਰਿ ਦੀਨਿ।
ਬੈਠਿ ਗਏ ਪੁਨ ਅੱਗ੍ਰ ਪ੍ਰਬੀਨ।
ਧਰਮ ਚੰਦ ਸ੍ਰੀ ਨਾਨਕ ਪੋਤਾ।
ਜਿਸ ਤੇ ਬੇਦਨਿ ਬੰਸ ਉਦੋਤਾ[1] ॥੨੮॥
ਤਿਹ ਸੁਧਿ ਭਈ ਗੁਰੁ ਚਲਿ ਆਏ।
ਸਭਿ ਕੁਟੰਬ ਜੁਤਿ ਆਨੰਦ ਪਾਏ।
ਦੋਇ ਪੁੱਤ੍ਰ ਕੋ ਲੈ ਕਰਿ ਸਾਥ।
ਆਇਸਿ ਤੁਰਤ ਜਹਾਂ ਗੁਰੁ ਨਾਥ ॥੨੯॥
ਤਿਨ ਕੋ ਮਾਨ ਰਾਖਿਬੇ ਹੇਤੁ।
ਖਰੇ ਭਏ ਸੋਢੀ ਕੁਲ ਕੇਤ।
ਸ੍ਰੀ ਨਾਨਕ ਮਹਿਮਾ ਬਡ ਜਾਨਿ।
ਪ੍ਰਥਮ ਬੰਦਨਾ ਸ੍ਰੀ ਗੁਰੁ ਠਾਨਿ ॥੩੦॥
ਸਾਦਰ ਬਹੁਰ ਬੈਠਿਬੋ ਕਰੇ।
ਕੁਸ਼ਲ ਪ੍ਰਸ਼ਨ ਕਰਿ ਆਨੰਦ ਭਰੇ।
ਬਹੁ ਪ੍ਰਸਾਦਿ ਸਤਿਗੁਰੁ ਮੰਗਵਾਯੋ।
ਸ੍ਰੀ ਨਾਨਕ ਕੋ ਅਰਪਿ ਬ੍ਰਤਾਯੋ ॥੩੧॥
ਏਕ ਸਹੱਸ੍ਰ ਰਜਤਪਨ ਲਯੋ।
ਅੱਗ੍ਰ ਦੇਹੁਰੇ ਕੇ ਧਰਿ ਦਯੋ।
ਕੰਚਨ ਕੇ ਕੰਕਨ ਮੰਗਵਾਇ।
ਕੋਸ਼ਪ[1] ਤਬਿ ਆਨੇ ਸਹਿਸਾਇ ॥੩੨॥
ਮਿਹਰਚੰਦ ਮਾਣਕ ਚੰਦ ਦੋਊ।
ਪਹਿਰਾਏ ਕਹਿ ਸਾਦਰ ਸੋਊ।
ਧਰਮਚੰਦ ਕਰਿਵਾਯਹੁ ਡੇਰਾ।
ਜਥਾ ਜੋਗ ਥਲ ਦੀਨਿ ਬਸੇਰਾ ॥੩੩॥
ਜਥਾ ਸ਼ਕਿਤ ਸੇਵਾ ਕਰਿਵਾਈ।
ਤਹਿਂ ਸ੍ਰੀ ਸਤਿਗੁਰੁ ਨਿਸਾ ਬਿਤਾਈ।
ਭਈ ਪ੍ਰਭਾਤਿ ਧਰਮ ਚੰਦ ਆਏ।

[1] ਬੇਦੀਆਂ ਦਾ ਵੰਸ਼ ਪ੍ਰਗਟ ਹੈ।

[1] ਖਜ਼ਾਨਚੀ ਨੇ।

ਗੁਰੂ ਪ੍ਰਥਮ ਕੇ ਚਲਿਤ ਸੁਨਾਏ ॥੩੪॥
ਬੂਝਨ ਕਰੇ 'ਸ਼੍ਰੀ ਚੰਦ ਜੇਈ।
ਕਿਸ ਸਥਾਨ ਤਪ ਤਾਪਤਿ ਤੇਈ।
ਚਲਹੁ ਸੰਗ ਤਿਨ ਦਰਸ਼ਨ ਕਰੀਯਹਿ।
ਪਰਮ ਬ੍ਰਿੱਧ ਪਦ ਪਰਸਨਿ ਧਰੀਯਹਿ'
॥੩੫॥
ਇਮ ਕਹਿ ਲਏ ਧਰਮ ਸਸਿ[1] ਸੰਗ।
ਗਮਨੇ ਸਤਿਗੁਰੁ ਚਢੇ ਤੁਰੰਗ।
ਸ਼੍ਰੀ ਨਾਨਕ ਕੇ ਰੁਚਿਰ ਬਿਲਾਸ।
ਮਗ ਮਹਿਂ ਕਰਤੇ ਜਾਤਿ ਪ੍ਰਕਾਸ਼ ॥੩੬॥
ਪਹੁੰਚੇ ਥਿਤ ਟਾਲ੍ਹੀ ਕੇ ਤਰੇ।
ਪਰਮ ਬ੍ਰਿੱਧ ਸ਼ੁਭ ਆਸਨ ਕਰੇ।
ਹਯ ਤੇ ਉਤਰਿ ਦੂਰ ਤੇ ਆਏ।
ਸ਼੍ਰੀ ਹਰਿਗੋਵਿੰਦ ਸਿਖ ਸਮੁਦਾਏ ॥੩੭॥
ਧਰਮ ਚੰਦ ਕੋ ਲੈ ਕਰਿ ਸਾਥ।
ਬੰਦਨ ਕਰੀ ਜੋਰਿ ਜੁਗ ਹਾਥ।
ਅਪਰ ਸਕਲ ਹੀ ਕਰਹਿਂ ਪ੍ਰਣਾਮ।
ਬੈਠੇ ਗੁਰੁ ਸੁਤ ਤਪ ਕੇ ਧਾਮ ॥੩੮॥
ਬੈਠੇ ਸਨਮੁਖ ਮੋਦ ਉਪਾਇ।
ਸਿਰੀਚੰਦ ਬੋਲੇ ਸਤਿਭਾਇ[1]।
'ਕਹੁ ਪੁਰਖਾ! ਹੈ ਕੁਸ਼ਲ ਤੁਮਾਰੇ?
ਕਰਜੋ ਜੰਗ ਗਨ ਦੁਸ਼ਟਨ ਮਾਰੇ?'
॥੩੯॥
ਸੁਨਿ ਸ਼੍ਰੀ ਹਰਿਗੋਵਿੰਦ ਉਚਾਰੀ।
'ਕੁਸ਼ਲ ਹਮਾਰੇ ਕ੍ਰਿਪਾ ਤੁਮਾਰੀ।
ਪਾਇ ਆਪ ਕੋ ਬਲਿ ਰਿਪੁ ਘਾਏ।
ਰਣ ਬਿਸਾਲ ਮਹਿਂ ਕਰੀ ਸਹਾਏ'
॥੪੦॥
ਇੱਤ੍ਯਾਦਿਕ ਕਰਿ ਬਾਕ ਬਿਲਾਸ।
ਕੇਤਿਕ ਕਾਲ ਬੈਠਿ ਕਰਿ ਪਾਸ।
ਬਹੁਰ ਬੰਦਿ ਕਰ ਆਇਸੁ ਲੀਨਿ।
ਉਠੇ ਗੁਰੂ ਪਗ ਬੰਦਨ ਕੀਨਿ† ॥੪੧॥

[1] ਧਰਮ ਚੰਦ।

[1] ਸਹਜ ਸੁਭਾਇ।

†ਸ਼੍ਰੀ ਚੰਦ, ਲਖਮੀ ਚੰਦ, ਧਰਮ ਚੰਦ ਆਦਿਕਾਂ ਦਾ ਸਤਿਕਾਰ ਸਾਰੇ ਗੁਰੂ ਜੀ ਮਾਨ ਰੱਖਣ ਵਾਸਤੇ ਕਰਦੇ ਰਹੇ ਹਨ, ਜੋ ਲੋਕ ਇਨ੍ਹਾਂ ਸਨਮਾਨਾਂ ਨੂੰ ਜੋ ਗੁਰ ਨਾਨਕ ਅੰਸ਼ ਹੋਣ ਕਰ ਕੇ ਗੁਰੂ ਸਾਹਿਬ ਕਰਦੇ ਰਹੇ, ਗੁਰੂ ਸਾਹਿਬਾਂ ਨੂੰ ਨੀਵਾਂ ਕਹਿਣ ਯਾ ਲਿਖਣ ਦੀ ਦੀਦਾ ਦਲੇਰੀ ਕਰਦੇ ਹਨ ਓਹ ਇਤਿਹਾਸ ਤੇ ਵਾਕਿਆਤ ਦੇ ਵਿਰੁੱਧ ਟੁਰਦੇ ਹਨ। ਕਵੀ ਜੀ ਨੇ ਇਥੇ ਸਪਸ਼ਟ ਦੱਸਿਆ ਹੈ 'ਤਿਨਕੇ ਮਾਨ ਰਾਖਬੇ ਹੇਤੁ।' ਫਿਰ ਦੇਖੋ ਧਰਮ ਚੰਦ ਨੇ ਸੇਵਾ ਕੀਤੀ ਹੈ 'ਜਥਾਸ਼ਕਤ ਸੇਵਾ ਕਰਿਵਾਈ।'

ਧਰਮਚੰਦ ਕੋ ਲੇ ਕਰਿ ਸਾਥ।
ਆਏ ਨਿਜ ਨਿਵੇਸ ਕਹੁ ਨਾਥ।
ਤੀਨ ਜਾਮਨੀ[1] ਬਸਿ ਕਰਿ ਸ੍ਵਾਮੀ।
ਪੁਨ ਤਯਾਰੀ ਕਰਿ ਅੰਤਰਜਾਮੀ ॥੪੨॥
ਬੰਦਨ ਕਰੀ ਦੇਹੁਰੇ ਜਾਇ।
ਚਤੁਰ ਪ੍ਰਕਰਮਾਂ ਦੇ ਗੁਰੁ ਥਾਇਂ।
ਧਰਮਚੰਦ ਸੋਂ ਮਿਲਿ ਕਰਿ ਚਢੇ।
ਸੰਗ ਸੁਭਟ ਗਨ ਮਨ ਮੁਦ ਬਢੇ ॥੪੩॥
ਤਤਛਿਨ ਆਇ ਬ੍ਰਿੱਧ ਕੇ ਗ੍ਰਾਮੂ।
ਡੇਰਾ ਕਰਤਿ ਭਏ ਸੁਖ ਧਾਮੂ।
ਦਿਨ ਪ੍ਰਤਿ ਕਰਤਿ ਬਿਲਾਸ ਨਵੀਨ।
ਸ਼੍ਰੀ ਹਰਿਗੋਵਿੰਦ ਬੀਰ ਪ੍ਰਬੀਨ ॥੪੪॥
ਕਬਿ ਕਬਿ ਚਢਹਿਂ ਅਖੇਰ ਬਿਹਾਰੈਂ।
ਬਨ ਕੇ ਦੁਸ਼ਟ ਜੀਵ ਗਨ ਮਾਰੈਂ।
ਭਾਨਾ ਰਹੈ ਸੰਗ ਜਹਿਂ ਜਾਵੈਂ।
ਸਤਿਗੁਰੁ ਸੇਵ ਪਰਮ ਸੁਖ ਪਾਵੈ ॥੪੫॥

[1]ਤਿੰਨ ਰਾਤਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ਼੍ਰੀ ਨਨਕ ਦੇਹੁਰੇ ਕੋ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

## ੫੬. [ਸ੍ਰੀ ਅੰਮ੍ਰਿਤਸਰ ਆਉਣਾ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਦੀਪਮਾਲ ਕੋ ਦਿਵਸ ਤਬਿ, ਆਇ ਸਮੀਪ ਪਛਾਨਿ।
ਸ੍ਰੀ ਅੰਮ੍ਰਿਤਸਰ ਦਰਸ ਕੋ, ਇੱਛਾ ਭਈ ਮਹਾਨ ॥੧॥

ਚੌਪਈ:

ਬਿਧੀ ਚੰਦ ਭਾਈ ਗੁਰਦਾਸ।
ਇੱਤਯਾਦਿਕ ਸਿਖ ਅਪਰ ਜਿ ਪਾਸ।
ਹਾਥ ਜੋਰਿ ਸਭਿਹੂੰਨਿ ਸੁਨਾਯੋ।
'ਸ੍ਰੀ ਗੁਰੁ! ਸੁਨਹੁ ਸਭਿਨਿ ਮਨ ਭਾਯੋ ॥੨॥
ਦਰਸ਼ਨ ਸਬੈ ਸੁਧਾਸਰ ਚਾਹਤਿ।
ਚਹੁਂ ਦਿਸ਼ਿ ਕੋ ਨਰ ਮੇਲ ਉਮਾਹਤਿ।
ਦੀਪਮਾਲ ਕਾ ਦਿਨ ਨਿਯਰਾਵਾ।
ਯਾਂ ਤੇ ਅਧਿਕ ਰਿਦਾ ਲਲਚਾਵਾ' ॥੩॥
ਸ੍ਰੀ ਹਰਿਗੋਵਿੰਦ ਸੁਨਿ ਕਰਿ ਬਾਨੀ।
'ਆਛੀ ਬਾਤ' ਕਹੀ ਤਬਿ ਮਾਨੀ।
'ਹੋਤਿ ਪ੍ਰਭਾਤਿ ਕਰਹਿਂ ਪ੍ਰਸਥਾਨਾ।
'ਸਭਿਨਿ ਭਯੋ ਮਨ ਅਨੰਦ ਮਹਾਨਾ ॥੪॥
ਇਮ ਕਹਿ ਦਿਨ ਅਰੁ ਨਿਸਾ ਬਿਤਾਈ।
ਭਈ ਪ੍ਰਾਤਿ ਤਯਾਰੀ ਕਰਿਵਾਈ।
ਭਾਨੇ ਕਹਯੋ 'ਸੁਨਹੁ ਪ੍ਰਭੁ ਨਾਥ!
ਮੈਂ ਅਬਿ ਚਲੌਂ ਆਪ ਕੇ ਸਾਥ ॥੫॥
ਇਹ ਉਪਦੇਸ਼ ਪਿਤਾ ਨੇ ਦੀਨਾ।
ਗੁਰ ਸੰਗਤਿ ਨਿਤ ਕਰਹੁ ਪ੍ਰਬੀਨਾ।
ਸੋ ਮੈਂ ਕਰੋਂ ਨ ਤਯਾਗੋਂ ਕਬੈ।
ਦਿਹੁ ਆਇਸੁ ਹੋਵੋਂ ਸੰਗ ਅਬੈ' ॥੬॥
ਸ੍ਰੀ ਗੁਰੁ ਤਿਸ ਕੋ ਧੀਰਜ ਦਯੋ।
'ਬ੍ਰਿਧ ਸਾਹਿਬ ਪ੍ਰਲੋਕ ਅਬਿ ਭਯੋ।

ਇਹਾਂ ਰਹਨਿ ਹੀ ਅਬਿ ਬਨਿ ਆਵੈ।
ਬਹੁਰੋ ਸੰਗ ਰਹਨਿ ਹੀ ਭਾਵੈ' ॥੭॥
ਇਮ ਕਹਿ ਹਯ ਆਰੂਢ ਸ੍ਵਾਮੀ।
ਭਏ ਸੁਧਾਸਰ ਮਾਰਗ ਗਾਮੀ।
ਦਿਵਸ ਢਰੇ ਲਗਿ ਪਹੁੰਚੇ ਜਾਇ।
ਚਮੂੰ ਸੰਗ ਆਈ ਸਮੁਦਾਇ ॥੮॥
ਇਕ ਸੇਵਕ ਕੋ ਅੱਗ੍ਰ ਪਠਾਯੋ।
ਪੰਚਾਂਮ੍ਰਿਤ ਰਾਸ[1] ਕਰਿਵਾਯੋ। [1]ਬਹੁਤਾ।
ਪ੍ਰਥਮ ਬੈਠਿ ਕਰਿ ਚਰਨ ਪਖਾਰੇ।
ਕਰਜੋ ਸ਼ਨਾਨ ਕੂਪ ਕੇ ਬਾਰੇ[1] ॥੯॥ [1]ਖੂਹ ਦੇ ਜਲ ਨਾਲ।
ਪੁਨਹ ਸੁਧਾਸਰ ਗਮਨੇ ਤੀਰ।
ਕਰਿ ਕੈ ਨਮੋ ਨਹਾਨੇ[1] ਧੀਰ। [1]ਇਸ਼ਨਾਨ ਕੀਤਾ।
ਤਖਤ ਅਕਾਲ ਭਈ ਅਰਦਾਸ।
ਸੰਗਿ ਸਮੂਹ ਸੁਭਟ ਅਰੁ ਦਾਸ ॥੧੦॥
ਪੌਰ ਦਰਸ਼ਨੀ ਪੁਨਿ ਚਲਿ ਗਏ।
ਹਾਥ ਜੋਰਿ ਕਰਿ ਨੰਮ੍ਰੀ ਭਏ।
ਫੇਰ ਪਹੁੰਚਿ ਦਰਬਾਰਿ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ ॥੧੧॥
ਚਤੁਰ ਪ੍ਰਕਰਮਾਂ ਦੇ ਕਰਿ ਬਰੇ।
ਨਮੋ ਕਰੀ ਅੰਤਰ ਗੁਰੁ ਥਿਰੇ।
ਪੰਚਾਂਮ੍ਰਿਤ ਸੁ ਤਹਾਂ ਬਰਤਾਏ।
ਬਹੁਰ ਅਕਾਲ ਤਖਤ ਕੋ ਆਏ ॥੧੨॥
ਬੈਠਿ ਬਿਸਾਲ ਲਗਾਇ ਦਿਵਾਨ।
ਪੁਰਿ ਜਨ ਸੁਨਿ ਸੁਨਿ ਦੇਖਹਿਂ ਆਨਿ।
ਅਰਪਿ ਅਰਪਿ ਕਰਿ ਗਨ ਉਪਹਾਰ।
ਬਾਰਿ ਬਾਰਿ ਪਿਖਿ ਕਰਿ ਬਲਿਹਾਰ ॥੧੩॥
ਬੰਦਨ ਕਰਹਿਂ ਅਨੰਦ ਬਿਲੰਦਹਿਂ।
ਅਵਿਲੋਕਹਿਂ ਸ਼੍ਰੀ ਹਰਿਗੋਬਿੰਦਹਿਂ।
'ਹਮਰੋ ਗੁਰੁ ਸ੍ਵਾਮੀ ਸੁਖ ਧਾਮ।
ਜਥਾ ਅਜੁੱਧਜਾ ਕੇ ਸ਼੍ਰੀ ਰਾਮ' ॥੧੪॥
ਨਿਸਾ ਭਈ ਮੰਦਿਰ ਮਹਿਂ ਆਏ।

ਖਾਨ ਪਾਨ ਕਰਿ ਸਭਿ ਸੁਪਤਾਏ।
ਭਈ ਪ੍ਰਭਾਤਿ ਪਠ੍ਯੋ ਇਕ ਦਾਸ।
ਕਹ੍ਯੋ 'ਜਾਹੁ ਪੈਂਦੇ ਖਾਂ ਪਾਸ ॥੧੫॥
ਆਨਹੁ ਹਮਰੇ ਨਿਕਟਿ ਬੁਲਾਇ।
ਦੀਪਮਾਲਿ ਤੇ ਪ੍ਰਥਮੇ ਆਇ।'
ਦੁਤਿਯੋ ਗੋਇੰਦਵਾਲ ਪਠਾਵਾ।
ਸਭਿ ਕੁਟੰਬ ਕੋ ਤਬਹਿ ਬੁਲਾਵਾ ॥੧੬॥
ਦੋਨਹੁਂ ਦਿਸ਼ਿ ਦੋਨਹੁਂ ਚਲਿ ਗਏ।
ਗੁਰੂ ਸੰਦੇਸਾ ਭਾਖਤਿ ਭਏ।
ਕਹਿ ਦਮੋਦਰੀ ਸੰਗ ਸੁਨਾਏ।
'ਸੁੰਦਰ ਕੋ ਲਿਹੁ ਸੰਗ ਬੁਲਾਏ ॥੧੭॥
ਚਲਹੁ ਸੁਧਾਸਰ ਕਰੇ ਬੁਲਾਵਨਿ।'
ਸੁਨਿ ਸਗਰੇ ਉਰ ਭੇ ਹਰਖਾਵਨਿ।
ਸਭਿ ਕੁਟੰਬ ਲੇ ਸੁੰਦਰ ਸੰਗ।
ਗਮਨੇ ਮਾਰਗ ਚਢੇ ਤੁਰੰਗ ॥੧੮॥
ਆਇ ਸੁਧਾਸਰ ਬਿਖੇ ਪ੍ਰਵੇਸ਼ੇ।
ਉਤਰੇ ਅਪਨੇ ਸਦਨ ਵਿਸ਼ੇਸ਼ੇ।
ਸੁੰਦਰ ਚਲਿ ਗੁਰ ਕੇ ਢਿਗ ਆਯੋ।
ਪਦ ਅਰਿਬਿੰਦਨਿ ਕੋ ਲਪਟਾਯੋ ॥੧੯॥
ਸਤਿਗੁਰੁ ਕੁਸ਼ਲ ਬੂਝਿ ਕਰਿ ਸਾਰੀ।
ਨਿਕਟਿ ਬਿਠਾਯੋ ਮ੍ਰਿਦੁਲ ਉਚਾਰੀ।
ਪੁਨ ਉਠਿ ਕਰਿ ਗੁਰੁ ਮੰਦਿਰ ਗਏ।
ਸਭਿ ਕੇ ਸੰਗ ਮਿਲੇ ਸੁਖ ਦਏ ॥੨੦॥
ਸ਼੍ਰੀ ਗੁਰੁਦਿੱਤੇ ਬੰਦਨ ਕੀਨਿ।
ਸੂਰਜਮਲ, ਅਣਿਰਾਇ ਪ੍ਰਬੀਨ।
ਅਟਲਰਾਇ ਥਿਤਿ ਕਰਿ ਕਰਿ ਨਮੋ।
ਪ੍ਰਿਯ ਸੁਤ ਚਤੁਰ ਪਿਖੇ ਤਿਹ ਸਮੋ ॥੨੧॥
ਤੇਗ ਬਹਾਦਰ ਅੰਕ ਉਠਾਇ।
ਪਿਖ੍ਯੋ ਪਿਤਾ ਵੀਰੋ ਤਬਿ ਆਇ[1]।

ਸੁਤਾ ਅੰਕ ਤੇ ਸੁਤ[1] ਕੋ ਲੀਨ।

[1]ਤਦੋਂ ਬੀਬੀ ਵੀਰੋ ਜੀ ਨੇ ਸ਼੍ਰੀ ਤੇਗ ਬਹਾਦਰ ਨੂੰ ਕੁਛੜ ਚੁਕਿਆ ਹੋਇਆ ਸੀ ਪਿਤਾ (ਸ਼੍ਰੀ ਹਰਿਗੋਵਿੰਦ ਜੀ ਦਾ) ਆ ਕੇ ਦਰਸ਼ਨ ਕੀਤਾ।

[1]ਪੁੱਤ੍ਰੀ ਦੀ ਗੋਦੀ ਵਿਚੋਂ ਪੁੱਤ੍ਰ (ਤੇਗ਼ ਬਹਾਦਰ ਜੀ)।

ਸ੍ਰੀ ਗੁਰੁ ਪ੍ਰਿਯ ਦੁਲਾਰ ਬਹੁ ਕੀਨਿ ॥੨੨॥
ਇਮ ਸਭਿਹਿਨਿ ਕੋ ਦਰਸ ਦਿਖਾਵਾ।
ਦੇਖਿ ਦੇਖਿ ਸਭਿ ਮੋਦ ਉਪਾਵਾ।
ਇਤਨੇ ਮਹਿਂ ਸੰਗਤਿ ਬਹੁ ਆਈ।
ਅਨਿਕ ਅਕੋਰ ਪਦਾਰਥ ਲਜਾਈ ॥੨੩॥
ਤਖਤ ਅਕਾਲ ਬਿਰਾਜੇ ਆਨਿ।
ਦਰਸਹਿਂ ਸਿਖ ਗਨ ਗੁਰੁ ਭਗਵਾਨ।
ਪੈਂਦੇਖਾਂਨ ਪਹੁੰਚਿ ਦਿਨ ਮੇਲੇ।
ਸੰਗ ਭਾਰਜਾ ਲਜਾਇ ਸੁਹੇਲੇ[1] ॥੨੪॥

[1]ਸੁਖੀ।

ਮਿਲਜੋ ਗੁਰੂ ਸਨ ਕਰਿ ਪਗ ਨਮੋ।
ਬੂਝਿ ਕੁਸ਼ਲ ਸਾਦਰ ਤਿਹ ਸਮੋਂ।
ਸਾਥ ਭਾਰਜਾ ਸੁਨਿ ਦੁਖ ਕਦਨਿ[1]।
ਕੌਲਾਂ ਕੋ ਦੀਨਸਿ ਤਿਹਿ ਸਦਨਿ ॥੨੫॥

[1]ਦੁਖ ਨਾਸ਼ਕ ਜੀ ਨੇ।

ਬਸਜੋ ਤਹਾਂ ਆਨੰਦ ਉਪਜਾਏ।
ਗੁਰੁ ਘਰ ਤੇ ਸਭਿ ਹੀ ਕੁਛ ਪਾਏ।
ਚਾਰਹੁੰ ਦਿਸ਼ਿ ਤੇ ਆਯੋ ਮੇਲਾ।
ਕਰਿ ਸ਼ਨਾਨ ਤੇ ਜਨਮ ਸੁਹੇਲਾ ॥੨੬॥
ਦਰਸ਼ਨ ਕਰਹਿਂ ਗੁਰੂ ਬਰ ਬੀਰ।
ਹੋਇ ਬਹੁਤ ਸੰਗਤਿ ਕੀ ਭੀਰ।
ਅਰਪਿ ਅਕੋਰਨਿ ਲਗਹਿਂ ਅੰਬਾਰਾ[1]।
ਬਸਤ੍ਰ ਬਿਭੂਖਨ ਹਯ ਹਥਿਆਰਾ[†] ॥੨੭॥

[1]ਅਰਪੀ ਹੋਈ ਭੇਟਾ ਦੇ ਢੇਰ ਲਗ ਜਾਂਦੇ ਹਨ।

[†]ਘੋੜੇ ਤੇ ਸ਼ਸਤ੍ਰ ਲੈ ਕੇ ਪ੍ਰਸੰਨ ਹੋਣ ਦਾ ਭਾਵ ਇਹ ਸੀ ਕਿ ਨਵੇਂ ਬੀਰ ਰਸੀ ਜੀਵਨ ਵਾਸਤੇ ਇਨ੍ਹਾਂ ਸ਼ੈਆਂ ਦੀ ਲੋੜ ਸੀ, ਦੂਸਰੇ ਸਿੱਖਾਂ ਵਿਚ ਸ਼ਸਤ੍ਰਾਂ ਦਾ ਪਿਆਰ ਵਧਦਾ ਤੇ ਬੀਰ ਰਸੀ ਜੀਵਨ ਦੀ ਜਾਗ ਲਗਦੀ ਤੇ ਵਧਦੀ ਮੌਲਦੀ ਸੀ।

ਧਨ ਅਨਗਨ ਆਨਹਿਂ ਗੁਰੁ ਆਗੇ।
ਅਰਪਿ ਅਰਪਿ ਸਗਰੇ ਸੁਖ ਮਾਂਗੇ।
ਸਤਿਗੁਰ ਖੁਸ਼ੀ ਸਭਿਨਿ ਪਰ ਧਰੀ।
ਸੰਗਤਿ ਸਕਲ ਬਿਸਰਜਨ[1] ਕਰੀ ॥੨੮॥

[1]ਵਿਦਾ।

ਪੁਨ ਗੁਰੁ ਸੁਖ ਜੁਤਿ ਦਿਵਸ ਬਿਤਾਏ।

ਪੈਂਦੇ ਖਾਂ ਨਿਤ ਨਿਕਟਿ ਰਹਾਏ।
ਬੂਝੵੋ ਗੁਰੂ 'ਤੁਰੰਗਮ ਜੋਈ।
ਤੋ ਹਿਤ ਪਠੵੋ ਕਹਹੁ ਕਸ ਸੋਈ?'
॥੨੯॥
ਹਾਥ ਜੋਰਿ ਕਰਿ ਖਾਨ ਬਖਾਨਾਂ।
'ਹਯ ਹਥਿਆਰ ਨੀਕ ਜੋ ਜਾਨਾ[1]।
ਕਰਹੁ ਮਿਹਰ ਸੋ ਮੋ ਕਹੁ ਦੈਹੋ।
ਇਕ ਹਯ ਕਹਾਂ ਸਕਲ ਸੁਖ ਪੈ ਹੋਂ
॥੩੦॥

[1]ਘੋੜਾ ਤੇ ਸ਼ਸਤ੍ਰ ਜੋ ਵੀ ਚੰਗਾ ਜਾਣਦੇ ਹੋ ਸੋ.....।

ਮਹਾਰਾਜ ! ਰਾਵਰ ਕੇ ਸੰਗ।
ਭਯੋ ਅਗਾਰੀ ਤੇ[1] ਬਡਿ ਜੰਗ।
ਨਹੀਂ ਦਾਸ ਕੋ ਨਿਕਟਿ ਬੁਲਾਯੋ।
ਪੂਰਬ ਸਮ ਮੈਂ ਕਾਮ ਨ ਆਯੋ' ॥੩੧॥

[1]ਅੱਗੇ ਨਾਲੋਂ।

ਸੁਨਿ ਗੁਰੁ ਕਹੵੋ 'ਕਾਜ ਕੁਛ ਥੋਰਾ।
ਚਹਤਿ ਹਕਾਰਨਿ ਨਹਿਂ ਮਨ ਮੋਰਾ।
ਤੁਰਕ ਸਹੱਸ੍ਰ ਪੰਚ ਦਸ ਆਏ।
ਔਚਕ ਨਿਕਟਿ ਜੰਗ ਕੋ ਧਾਏ[1] ॥੩੨॥

[1]ਅਚਾਨਕ ਹੀ (ਸੂਬਾ ਜੋ) ਨੇੜੇ ਹੀ ਸੀ ਜੰਗ ਨੂੰ ਆ ਗਿਆ।

ਪਿਖਿ ਕਰਿ ਸਿਖਿ ਤਿਨ ਪਰ ਇਮ ਗਏ।
ਖਗ ਪਰ ਬਾਜ ਛੁਧਿਤਿ ਜਿਮ ਭਏ।
ਸੁਭਟਨਿ ਇਮ ਪੁਰਸ਼ਾਰਥ ਕੀਨਿ।
ਕੇਹਰਿ ਹਤਹਿਂ ਹੇਰਿ ਗਜ ਪੀਨ ॥੩੩॥
ਸਿੱਖਨਿ ਫਤੇ ਲਈ ਬਹੁ ਮਾਰੇ।
ਏਕ ਸਹੱਸ੍ਰ ਬਚੇ ਭਜਿ ਹਾਰੇ।'
ਸੁਨਿ ਪੈਂਦੇ ਨਿਜ ਰਿਦੇ ਬਿਚਾਰੀ।
-ਪੂਰਨ ਪੁਰਖ ਗੁਰੂ ਬਲਿ ਭਾਰੀ ॥੩੪॥
ਮਮ ਗਰਬਨਿ ਉਰ ਭਾ ਸਭਿ ਕੂਰੇ[†]।

[†]ਪੈਂਦੇ ਖਾਂ ਦਾ ਐਉਂ ਗਰਬ ਦੂਰ ਕਰਨਾ ਭਾਰੀ ਰਾਜਨੀਤੀ ਸੀ ਉਹ ਰਾਜ ਕਰ ਰਹੀ ਕੌਮ ਦਾ ਦੀਨ ਭਾਈ ਸੀ ਤੇ ਗਰਬ ਵਿਚ ਆ ਗਿਆ ਸੀ, ਉਸੇ ਦਾ ਹੀ ਨਿਰਾ ਆਸਰਾ ਰੱਖਣਾ ਸਿੱਖਾਂ ਵਿਚ ਜੀਵਨ ਪੈਦਾ ਕਰਨ ਵਿਚ ਕਸਰ ਰੱਖਣ ਵਾਲੀ ਗੱਲ ਸੀ। ਉਸ ਨੂੰ ਹੁਣ ਨਿਸ਼ਚੇ ਹੋ ਗਿਆ ਕਿ ਗੁਰੂ ਜੀ ਬਲੀ ਤੇ ਉੱਚੇ ਹਨ ਅਰ ਮੇਰੀ ਮੁਥਾਜੀ ਬਿਨਾ ਕਾਮਯਾਬ ਹੁੰਦੇ ਹਨ। ਇਧਰ ਸਿੱਖਾਂ ਵਿੱਚ ਸ੍ਵੈਸਤਿਕਾਰ ਤੇ ਨਿਜ ਭਰੋਸਾ ਆ ਗਿਆ ਕਿ ਅਸੀਂ ਸਿਪਾਹੀ, ਜਥੇਦਾਰ, ਸੈਨਾਪਤ ਸਭ ਕੁਛ ਆਪ ਹੋ ਕੇ ਸਤਿਗੁਰਾਂ ਦੇ ਤਾਬੇ ਸਾਰੇ ਕੰਮ ਕਰ ਸਕਦੇ ਹਾਂ।

ਕਿਧੋਂ ਲਖੵੋ ਸੋ ਸਭਿ ਗੁਰੁ ਪੂਰੇ-।

ਇੱਤਯਾਦਿਕ ਲਖਿ ਕਰਿ ਪਛੁਤਾਏ।
'ਧੰਨ ਗੁਰੂ ਤੁਮ' ਮੁਖਹੁ ਅਲਾਏ ॥੩੫॥
'ਚਹਹੁ ਜਥਾ ਤਿਮ ਠਟਹੁ ਗੁਸਾਈਂ!
ਕਰਾਮਾਤ ਸਾਹਿਬ ਅਧਿਕਾਈ।'
ਇੱਤਯਾਦਿਕ ਕਬਿ ਛਿਰਹਿ ਪ੍ਰਸੰਗ।
ਜਿਮ ਜਿਮ ਠਾਨੇ ਪੁਰਬ ਜੰਗ ॥੩੬॥
ਬਿਨ ਹੰਕਾਰ ਭਯੋ ਤਬਿ ਪੈਂਦਾ।
ਗੁਰੁ ਨ ਗਰਬ ਰਹਨਿ ਦੇ ਕੈਂਦਾ।
ਕਿਤਿਕ ਮਾਸ ਜਬਿ ਏਵ ਬਿਤਾਏ।
ਸ਼੍ਰੀ ਅੰਮ੍ਰਿਤਸਰ ਸੁਖ ਬਹੁ ਪਾਏ ॥੩੭॥
ਪੈਂਦਖਾਨ ਕੇ ਕੰਨਜਾਂ ਭਈ।
ਗੁਰੁ ਢਿਗ ਆਨਿ ਤਬੈ ਸੁਧਿ ਦਈ।
ਸ਼੍ਰੀ ਹਰਿਗੋਵਿੰਦ ਧੀਰਜ ਦੀਨਾ।
'ਪਾਰਹੁ ਨਿਜ ਸੰਤਤਿ ਕੋ ਚੀਨਾ' ॥੩੮॥
ਸੁਨਿ ਕਰਿ ਸਦਨ ਆਪਨੇ ਗਯੋ।
ਸੁਤ ਸਮ ਜਾਨਿ ਮੋਦ ਮਨ ਲਯੋ।
ਪੀਛੇ ਹਸਤਿ ਗੁਰੂ ਜਬਿ ਹੇਰੇ।
ਬੋਲਯੋ ਜੇਠਾ ਹੋਇ ਅਗੇਰੇ ॥੩੯॥
'ਪੈਂਦੇਖਾਨ ਕੇ ਕੰਨਜਾਂ ਹੋਈ।
ਬਿਕਸਨਿ ਹੇਤੁ ਲਖਯੋ ਨਹਿਂ ਕੋਈ[1]।'
ਸੁਨਿ ਗੁਰੁ ਕਹਯੋ 'ਜੰਗ ਕੋ ਕਾਰਨ।
ਉਪਜੀ, ਬਨਹਿ ਤੁਰਕ ਗਨ ਮਾਰਨਿ[1]' ॥੪੦॥

[1]ਭਾਵ ਆਪ ਦੇ ਹੱਸਣ ਦਾ ਕਾਰਨ ਕੀ ਹੈ?

[1]ਭਾਵ ਤੁਰਕਾਂ ਦੇ ਘਰ ਧੀ ਜੰਮੀ ਹੈ ਤੇ ਜੰਗ ਦਾ ਕਾਰਣ ਹੋ ਕੇ ਤੁਰਕਾਂ ਦੇ ਮਰਨੇ ਦਾ ਕਾਰਣ ਬਣੇਗੀ, (ਇਸ ਅਸਚਰਜ ਤਵਿੱਖਤ ਤੋਂ ਹੱਸੇ ਸਾਂ)। ਇਹ ਗੱਲ ਅੱਗੇ ਜਾ ਕੇ ਰਾਸ ੮ ਦੇ ਅੰਸੂ ੭ ਤੋਂ ਅੱਗਲੇ ਅੰਸੂਆਂ ਵਿਚ ਖੁੱਲ੍ਹ ਜਾਂਦੀ ਹੈ)।

ਕੁਛਕ ਭੇਦ ਜੇਠਾ[1] ਸਮੁਝਾਯੋ।
ਸੁਨਿ ਸਤਿਗੁਰੁ ਤੇ ਉਰ ਬਿਰਸਾਯੋ।
ਇਸੀ ਪ੍ਰਕਾਰ ਬਰਖ ਕੁਛ ਬੀਤੇ।
ਸੁਧਾ ਸਰੋਵਰ ਬਹੁ ਸੁਖ ਲੀਤੇ ॥੪੧॥
ਸੰਗਤਿ ਸਿੱਖ ਅਨੇਕ ਉਧਾਰੈਂ।
ਸੱਤਿਨਾਮ ਦੇ ਕੁਮਤਿ ਬਿਦਾਰੈਂ।

[1]ਜੇਠੇ ਨੂੰ।

ਇਕ ਦਿਨ ਢਿਗ ਦਮੋਦਰੀ ਹੋਇ।
ਬੋਲੀ ਹਾਥ ਬੰਦਿ ਕਰਿ ਦੋਇ ॥੪੨॥
'ਪੌਤ੍ਰਾ ਨਿਜ ਘਰ ਬਖਸ਼ਨ ਕਰੀਅਹਿ।
ਕ੍ਰਿਪਾ ਦ੍ਰਿਸ਼ਟਿ ਇਹ ਮੋ ਪਰ ਧਰੀਅਹਿ।
ਹੇਰਨਿ ਕੋ ਚਿਤ ਚਾਵ ਘਨੇਰਾ।
ਕਰਹੁ ਮਨੋਰਥ ਪੂਰਨ ਮੇਰਾ' ॥੪੩॥
ਸੁਨਿ ਕਰੁਨਾ ਕਰਿ ਗਿਰਾ ਬਖਾਨੀ।
'ਹੁਇਂ ਪੌਤ੍ਰੇ ਜੁਗਿ ਲਿਹੁ ਮਨ ਜਾਨੀ।
ਗੁਰੂ ਪਿਤਾ ਕੋ[1] ਬਾਕ ਨ ਖ਼ਾਲੀ।
-ਵਧੀ ਵੇਲ ਬਹੁ ਪੀੜੀ ਚਾਲੀ- ॥੪੪॥
ਸ਼੍ਰੀ ਗੁਰੁਦਿੱਤੇ ਕੇ ਸੁਤ ਦੋਇ।
ਉਪਜਹਿਂ ਕੇਤਿਕ ਚਿਰ ਮਹਿਂ ਸੋਇ।
ਪੂਰਨ ਹੋਇਂ ਮਨੋਰਥ ਤੇਰੇ।
ਕਰਹੁ ਪ੍ਰਮੋਦ ਪੌਤ੍ਰ ਕੋ ਹੇਰੇ' ॥੪੫॥

[1]ਭਾਵ ਸ਼੍ਰੀ ਗੁਰ ਅਰਜਨ ਦੇਵ ਜੀ ਦਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸੁਧਾਸਰ ਆਗਵਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤਿ ਅੰਸੂ ॥੫੬॥

## ੫੭. [ਧੀਰਮਲ ਜਨਮ। ਬਾਬਾ ਅਟਲ ਖੇਡ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸ਼੍ਰੀ ਸਤਿਗੁਰੁ ਬਡ ਪੁੱਤ੍ਰ ਕੋ, ਨਿਕਟਿ ਬੁਲਾਇ ਬਿਠਾਇ।
ਹੋਯਹੁ ਤਰੁਨ ਬਿਸਾਲ ਬਲਿ, ਅਸ ਆਇਸੁ ਫੁਰਮਾਇ ॥੧॥

ਚੌਪਈ:

'ਸ਼੍ਰੀ ਕਰਤਾਰ ਪੁਰਾ ਨਿਜ ਥਾਨ।
ਹਮਰੇ ਪਿਤ ਕੋ ਰੁਚਿਤਿ ਮਹਾਨ।
ਭਾ ਚਿਰਕਾਲਿ ਨ ਗਮਨੇ ਤਹਾਂ।
ਪ੍ਰਜਾ ਬਸਤਿ ਹੈ ਅਪਨੀ ਜਹਾਂ ॥੨॥
ਤਹਾਂ ਸਮੀਪ ਸੰਗਤਾਂ ਬ੍ਰਿੰਦ।
ਦਿਵਸ ਪੁਰਬ ਕੇ ਚਹਤਿ ਬਿਲੰਦ।
ਦਰਸ਼ਨ ਕਰਨਿ ਉਪਾਇਨ ਦੈਬੇ।
ਰਿਦੇ ਕਾਮਨਾ ਬਾਂਛਤਿ ਲੈਬੇ ॥੩॥
ਤੁਮ ਸਭਾਰਜਾ[1] ਬਸੀਅਹਿ ਜਾਇ।
ਕਬਿ ਹਮ ਮਿਲਹਿਂ, ਕਬਹਿ ਤੁਮ ਆਇ।'
ਸ਼੍ਰੀ ਗੁਰਦਿੱਤੇ ਸੁਨਿ ਪਿਤ ਬਾਤਿ।
ਮਾਨੀ ਸਿਰ ਧਰਿ ਕਰਿ ਮੁਦ ਗਾਤਿ[1] ॥੪॥
ਮਾਤਾ ਕੋ ਬਿਧਿ ਸਕਲ ਸੁਨਾਈ।
ਕਹਿ ਦਾਸਨਿ ਤਜਾਰੀ ਕਰਿਵਾਈ।
ਪ੍ਰਥਮ ਬਿਮਾਤਨਿ ਕੋ[1] ਕਰਿ ਨਮੋ।
ਮਿਲਿ ਦਮੋਦਰੀ ਸੋਂ ਤਿਸ ਸਮੋ ॥੫॥
ਸਹਤ ਸਨੁਖਾ ਸੁਤ ਕੋ ਹੇਰੇ।
ਆਸ਼ਿਖ ਦੇਤਿ ਦਲਾਰ ਘਨੇਰੇ।
ਸੁਭ ਸਿੱਖਜਾ ਦੋਨਹੁ ਕਹੁ ਕਹੀ।
ਰਿਦੇ ਬਿਛੁਰਿਬੋ ਚਾਹਤਿ ਨਹੀਂ ॥੬॥
ਤਉ ਪਿਤਾ ਕੀ ਆਇਸੁ ਜਾਨਿ।
ਸ਼੍ਰੀ ਹਰਿਮੰਦਰ ਬੰਦਨ ਠਾਨਿ।
ਸ਼੍ਰੀ ਹਰਿਗੋਬਿੰਦ ਕੋ ਕਰਿ ਨਮੋ।

[1]ਸਹਿਤ ਇਸਤ੍ਰੀ ਦੇ।

[1]ਭਾਵ ਪ੍ਰਫੁੱਲਤ ਹੋ ਕੇ। ਭਾਵ ਬਹੁਤੀ ਖੁਸ਼ੀ ਤੋਂ ਹੈ ਕਿਉਂਕਿ ਬਹੁਤੀ ਖੁਸ਼ੀ ਵੇਲੇ ਸਰੀਰ ਪ੍ਰਫੁੱਲਤ ਹੁੰਦਾ ਹੈ।

[1]ਮਤ੍ਰੇਈਆਂ ਮਾਤਾਵਾਂ ਨੂੰ।

ਮਾਰਗ ਚਲਤਿ ਭਏ ਤਿਹ ਸਮੋਂ ॥੭॥
ਇਕ ਨਿਸ ਕੋ ਬਿਤਾਇ ਮਗ ਮਾਂਹੀ।
ਸ੍ਰੀ ਕਰਤਾਰ ਪੁਰਾ ਥਲ ਜਾਂਹੀ।
ਹੇਰਿ ਪ੍ਰਵੇਸ਼ੇ ਬਾਸੋ ਠਾਨਿ।
ਆਯੋ ਮੇਲ ਵਿਸੋਆ[1] ਜਾਨਿ ॥੮॥ — [1]ਵੈਸਾਖੀ।
ਦਿਵਸ ਵਿਸਾਖੀ ਕੇ ਤਹਿਂ ਜਾਇ।
ਬਹੁ ਸਿਖ ਸੰਗਤਿ ਭੇਟ ਚਢਾਇ।
ਜਿਮ ਗੁਰੁ ਕਹ੍ਯੋ ਮਾਨਿ ਪਿਤ ਬੈਨ।
ਬਸ੍ਯੋ ਸਦਾਰਾ ਕਰਿ ਤਹਿਂ ਐਨ[1] ॥੯॥ — [1]ਇਸਤ੍ਰੀ ਸਮੇਤ ਤਿੱਥੇ ਘਰ ਕਰ ਕੇ ਵੱਸਿਆ।
ਸੋਲਾ ਸਤ ਤਿਰਾਸੀਆ ਸਾਲ।
ਮਾਘ ਮਾਸ ਤ੍ਰੌਦਸਵੀਂ ਕਾਲ[1]। — [1]ਮਾਘ ਦੀ ੧੩ ਸੰ: ੧੬੮੩।
ਵਾਰ ਸ਼ਨਿਚਰ ਜਬਿ ਹੀ ਅਯੋ।
ਨੱਤੀ[1] ਤੇ ਪ੍ਰਸੂਤ ਸਿਸ ਭਯੋ ॥੧੦॥ — [1]ਬਾਬਾ ਗੁਰਦਿੱਤਾ ਜੀ ਦੀ ਇਸਤ੍ਰੀ।
ਸੁਨਿ ਸਭਿ ਮਹਿਂ ਬਡ ਆਨੰਦ ਹੋਵਾ।
ਦਰਬ ਦਾਨ ਦੇ ਮੰਗਲ ਜੋਵਾ।
ਸੁਨਿ ਸੁਨਿ ਗਨ ਮਾਂਗਨ ਕੋ ਆਏ।
ਸ੍ਰੀ ਗੁਰਦਿੱਤੇ ਉਰ ਹਰਖਾਏ ॥੧੧॥
ਜਥਾ ਜੋਗ ਧਨ ਗਨ ਬਰਤਾਯੋ।
ਸੁਧਿ ਹਿਤ ਸੇਵਕ ਤੁਰਤ ਪਠਾਯੋ।
ਆਦਿ ਸੁਧਾਸਰ ਸਤਿਗੁਰ ਪਾਸੀ।
ਪੌਤ੍ਰ ਜਨਮ ਕੀ ਬਾਤ ਪ੍ਰਕਾਸ਼ੀ ॥੧੨॥
ਸ੍ਰੀ ਹਰਿਗੋਵਿੰਦ ਮੰਗਲ ਕੀਨਾ।
ਜਾਚਕ ਗਨ ਕੋ ਧਨ ਬਹੁ ਦੀਨਾ।
ਸੁਨਿ ਦਮੋਦਰੀ ਅਨੰਦ ਕਰੰਤੀ।
ਹੋਤਿ ਵਧਾਈ ਦਰਬ ਦਿਵੰਤੀ ॥੧੩॥
ਜਥਾਜੋਗ ਭਾ ਮੰਗਲਚਾਰ।
ਹਰਖ ਪਾਇ ਸਗਰੋ ਪਰਵਾਰ।
ਸ੍ਰੀ ਸਤਿਗੁਰੁ ਢਿਗ ਸੰਗਤਿ ਆਵੈ।
ਪਾਇ ਕਾਮਨਾ ਭੇਟ ਚਢਾਵੈ ॥੧੪॥
ਦਿਵਸ ਪੁਰਬ ਕੇ ਆਵਹਿਂ ਮੇਲਾ।
ਚਹੁੰਦਿਸ਼ਿ ਕੇ ਨਰ ਹੋਹਿਂ ਸਕੇਲਾ।
ਚਾਰੋਂ ਸਾਹਿਬਜ਼ਾਦੇ ਪਾਸ।

ਖੇਲਹਿ ਬਿਰਧਹਿਂ ਮਹਦ ਪ੍ਰਕਾਸ਼ ॥੧੫॥
ਕੇਤਿਕ ਚਿਰ ਪਿਤ ਕੇ ਢਿਗ ਆਵੈਂ।
ਮਿਲਿ ਬਾਲਕ ਸੰਗ ਖੇਲ ਮਚਾਵੈਂ।
ਪੁਰਿ ਕੀ ਬੀਥਨਿ ਬਿਖੈ ਪਲਾਵੈਂ।
ਕੰਚਨ ਭੂਖਨ ਸ਼ਬਦ ਉਠਾਵੈਂ ॥੧੬॥
ਸੇਵਕ ਸੰਗ ਸੰਗ ਤਿਨ ਜਾਇ।
ਅਲਪ ਬੈਸ ਤੇ[1] ਰਖਿ ਚੁਕਸਾਇ। [1]ਛੋਟੀ ਆਯੂ ਦੇ ਕਾਰਣ।
ਬਨਕ[1] ਸਿੱਖ ਜੇ ਪੁਰਿ ਕੇ ਬਾਸੀ। [1]ਵਪਾਰੀ।
ਤਿਨ ਕੇ ਸਿਸ ਆਵੈਂ ਨਿਤ ਪਾਸੀ ॥੧੭॥
ਅਟਲਰਾਇ ਨਵ ਬਰਖਨਿ ਕੇਰੇ।
ਫਿਰਿ ਬੀਥਨਿ ਮਹਿਂ ਹਸਤਿ ਘਨੇਰੇ।
ਅਧਿਕ ਪ੍ਰਸੰਨ ਬਦਨ ਸੋ ਰਹੈਂ।
ਜਿਨ ਮਹਿਂ ਜੋਤਿ ਜਗਤ ਜਗ ਲਹੈ ॥੧੮॥
ਨਿਕਸਿ ਜਾਇ ਮੁਖ ਤੇ ਜਿਮ ਬਾਨੀ।
ਹੁਇ ਪ੍ਰਸੰਨ ਕੈ ਰਿਸ ਉਰ ਠਾਨੀ।
ਤਤਛਿਨ ਸਫਲ, ਸਿੱਖ ਪਤਿਆਵੈਂ[1]। [1]ਸਿੱਖਾਂ ਨੇ ਅਜ਼ਮਾ ਲਿਆ ਹੈ।
ਯਾਂ ਤੇ ਅਦਬ ਕਰਹਿਂ ਡਰ ਪਾਵੈਂ ॥੧੯॥
ਖੇਲਨਿ ਖਾਨ ਪਾਨ ਤੇ ਆਦਿ।
ਸਭਿ ਮਹਿਂ ਤਿਨਹੁਂ ਧਰਹਿਂ ਅਹਿਲਾਦ[1]। [1]ਤਿੰਨ੍ਹਾਂ ਨੂੰ ਪ੍ਰਸੰਨ ਰਖਦੇ ਹਨ।
ਨਹਿਂ ਪ੍ਰਤਿਕੂਲ ਕਰਹਿ ਕਬਿ ਕੋਈ।
ਤੇਜ ਸੁਭਾਵ ਜਾਨਿ ਕਰਿ ਸੋਈ ॥੨੦॥
ਸੁੰਦਰ ਬਸਤ੍ਰ ਬਿਭੂਖਨ ਧਰੈਂ।
ਖੇਲਨਿ ਮਹਿਂ ਚੰਚਲਤਾ ਕਰੈਂ।
ਜੋ ਸਿਖ ਚਹੈ ਕਾਮਨਾ ਕੋਊ।
ਅਟਲਰਾਇ ਸੰਗ ਬਿਚਰਤਿ ਸੋਊ ॥੨੧॥
ਜਥਾ ਕਹਹਿਂ, ਸੇਵਾ ਤਿਮ ਠਾਨਹਿ।
ਖਾਨ ਪਾਨ ਹਿਤ ਸ੍ਵਾਦਲ ਆਨਹਿ।
ਹਾਥ ਜੋਰਿ ਕੈ ਤਬਿ ਕਹਿਵਾਵੈ।
ਕਰਹਿਂ ਬਾਕ ਤਿਮ ਹੀ ਹੁਇ ਜਾਵੈ

॥੨੨॥
ਅਪਰ ਨਹੀਂ ਕੋ ਤੈਸੇ ਕਰਤਿ।
ਹੈ ਜਿ ਸ਼ਕਤਿ ਸੋ ਗੁਰੁ ਤੇ ਡਰਤਿ।
ਨਹਿਂ ਬਿਦਤਾਇਂ, ਗੋਪ ਕਰਿ ਰਾਖੀ।
ਗੁਰੁ ਅਨੁਸਾਰੀ ਉਰ ਅਭਿਲਾਖੀ[1] ॥੨੩॥
ਅਟਲਰਾਇ ਨਹਿਂ ਟਲਹਿਂ ਕਹਨਿ ਤੇ।
ਟਹਿਲ ਬਿਲੋਕਹਿਂ ਦੇਤਿ ਬਚਨ ਤੇ।
ਤਊ ਕਹੈਂ ਨਹਿਂ ਗੁਰੁ ਕਿਸ[†] ਭਾਂਤਿ।
ਜਾਨਹਿਂ ਅਜ਼ਮਤਿ ਜੁਤਿ ਮਮ ਤਾਤ ॥੨੪॥
ਮਨ ਉਦਾਰ ਹੈ, ਦਾਸਨਿ ਦੇਤਿ।
ਸੇਵਾ ਕਰਹਿਂ ਰਿਝਾਵਤਿ ਲੇਤਿ-।
ਨਹੀਂ ਵਾਸਤਵ ਆਛੀ ਜਾਨਹਿਂ।
-ਕਰਤਿ ਅਧਿਕ ਨਹਿਂ ਨਿਬਹਿ- ਪਛਾਨਹਿਂ[1] ॥੨੫॥
ਇਮ ਬਹੁ ਅਜ਼ਮਤਿ ਦਾਸਨਿ ਮਾਂਹਿ।
ਕਰਹਿਂ ਬਚਨ, ਸੋ ਨਿਫਲੈ ਨਾਂਹਿ।
ਸੰਗਤਿ ਦੇਸ਼ ਬਿਦੇਸ਼ਨਿ ਕੇਰੀ।
ਸਭਿ ਮਹਿਂ ਮਹਿਮਾ ਇਨਹੁਂ ਬਡੇਰੀ ॥੨੬॥
ਜਾਨਹਿਂ -ਮਹਾਂਜੋਤਿ[1] ਕੋ ਧਨੀ।
ਕਰਹਿਂ ਕਾਮਨਾ ਪੂਰਨ ਘਨੀ-।
ਗੁਰੁ ਤੇ ਪ੍ਰਿਥਕ ਦਰਸ ਕੋ ਕਰੈਂ।
ਬਸਤ੍ਰ ਬਿਭੂਖਨ ਭੇਟਾ ਧਰੈਂ ॥੨੭॥
ਖਨ ਪਾਨ ਕੀ ਵਸਤੂ ਆਛੇ।
ਦੇ ਕਰਿ ਲੇਤੇ ਬਰ ਜਿਮ ਬਾਂਛੇ।
ਕਬਿ ਗੁਰੁ ਏਕਲ ਕੋ ਸਮੁਝਾਵੈਂ।
'ਸਮੁਝਿ ਸਮੁਝਿ ਬਰਤਹੁ, ਸੁਖ ਪਾਵੈਂ' ॥੨੮॥
ਤਊ ਸੁਭਾਇ ਉਦਾਰ ਬਿਸਾਲਾ।
ਦੇਖਿ ਸਿੱਖ ਕੋ ਕਰਹਿਂ ਨਿਹਾਲਾ।

[1]ਗੁਰੂ ਜੀ ਨੇ ਅਨੁਸਾਰ ਰਿਦੇ ਦੀ ਇੱਛਾ ਕਰਦੇ ਹਨ (ਹੋਰ ਸਾਹਿਬਜ਼ਾਦੇ)।

[†]ਪਾ:-ਜਿਸ।

[1]ਪਛਾਣਦੇ ਹਨ (ਗੁਰੂ ਜੀ) ਕਿ (ਇਹ) ਬਹੁਤੀ (ਅਜ਼ਮਤ) ਕਰਦੇ ਹਨ, ਇਹ ਨਿਭਣੀ ਨਹੀਂ।

[1]ਭਾਵ ਆਤਮਕ ਤੇਜ।

ਸੁਕਚਹਿਂ ਅਲਪ[1] ਗੁਰੂ ਤੇ ਸੋਇ।
ਅਜ਼ਮਤਿ ਬਿਦਤਿ ਲਖੀ ਸਭਿ ਕੋਇ ॥੨੯॥
ਸੁਇਨੀ ਖੱਤ੍ਰੀ ਇਕ ਵਿਵਹਾਰੀ।
ਹੁਤੋ ਨਿਕੇਤ ਬਿਖੈ ਧਨ ਭਾਰੀ।
ਗੁਰਮੁਖ ਨਾਮ ਤਿਸੀ ਕੋ ਕਹੈਂ।
ਤਿਸ ਕੇ ਇਕ ਸੁੰਦਰ ਸੁਤ ਅਹੈ ॥੩੦॥
ਨਾਮ ਧਰਯੋ ਮੋਹਨ ਤਿਸ ਕੇਰੋ।
ਅਟਲਰਾਇ ਸਮ ਬੈਸ ਭਲੇਰੋ।
ਸੋ ਖੇਲਨਿ ਨਿਤਪ੍ਰਤਿ ਹੀ ਆਵੈ।
ਗੁਰੂ ਸੁਤਨਿ ਕੋ ਬਹੁ ਪਰਚਾਵੈ ॥੩੧॥
ਸਗਰੇ ਦਿਨ ਮਿਲਿ ਖੇਲਤਿ ਰਹੈ।
ਸੋਵਨਿ ਸਮੈਂ ਅਪਨਿ ਘਰ ਲਹੈ।
ਇਸੀ ਰੀਤਿ ਬਹੁ ਧਨੀਅਨਿ ਬਾਲ।
ਖੇਲਤਿ ਹੈਂ ਗਨ ਮਿਲਿ ਮਿਲਿ ਜਾਲ ॥੩੨॥
ਇਕ ਦਿਨ ਸਿਸ ਮੋਹਨ ਕੇ ਸਾਥਿ।
ਅਟਲਰਾਇ ਖੂੰਡੀ ਗਹਿ ਹਾਥ।
ਕਿੰਦਕ[1] ਸੰਗਹਿ ਖੇਲ ਮਚਾਈ।
ਬਦਹਿਂ ਸੀਡ[1] ਇਤ ਉਤ ਕੋ ਧਾਈ ॥੩੩॥
ਨਿਜ ਨਿਜ ਦਿਸ਼ਿ ਕੋ ਪੇਲਿ ਧਕੇਲੈਂ।
ਦੌਰਿ ਦੌਰਿ ਗਨ ਬਾਲਿਕ ਖੇਲੈਂ।
ਸੀਡ ਬੰਧ ਮੋਹਨ ਕੇ ਸਾਥਿ।
ਅਟਲਰਾਇ ਖੂੰਡੀ ਲੇ ਹਾਥ ॥੩੪॥
ਖੇਲਤਿ ਜੀਤਹਿਂ, ਕਬਹੂੰ ਹਾਰੈਂ।
ਬਹਿਸ[1] ਬਹਿਸ ਬਹੁ ਬਲ ਕੌ ਧਾਰੈਂ।
ਸੰਧਯਾ ਸਮੈਂ ਭਈ ਇਮ ਖੇਲਤਿ।
ਸੋਟਿਨਿ ਤੇ ਕਿੰਦਕ ਕੋ ਪੇਲਤਿ[1] ॥੩੫॥
ਭਯੋ ਅੰਧੇਰਾ ਸ਼੍ਰਮਤਿ ਬਿਸਾਲੇ।
ਤਜਯੋ ਖੇਲ ਘਰ ਨਿਜ ਨਿਜ ਚਾਲੇ।
ਅਟਲਰਾਇ ਮੋਹਨ ਸੋਂ ਕਹਯੋ।

[1]ਥੋੜਾ ਜਿਹਾ।

[1]ਗੇਂਦ।

[1]ਸ਼ਰਤ ਬੰਨ੍ਹਕੇ।

[1]ਝਗੜ ਝਗੜ ਕੇ, ਜ਼ਿਦ ਜ਼ਿਦ ਕੇ।

[1]ਰੇੜ੍ਹਦਿਆਂ।

'ਅਬਿ ਤੋ ਅਦਿਕ ਅੰਧੇਰੋ ਲਹ੍ਯੋ ॥੩੬॥
ਖੇਲਨਿ ਤੇ ਸਕਲੇ ਹਟਿ ਰਹੇ।
ਮੇਰੀ ਜੀਤ ਭਈ, ਸਭਿ ਲਹੇ।
ਧਰੀ ਸੀਡ ਪੀਛੈ ਮਮ ਸਾਥਿ[1]।
ਜੀਤ ਲੀਨ ਮੈਂ ਬਲਿ ਕਰਿ ਹਾਥ ॥੩੭॥
ਰਹੀ ਤੋਹਿ ਸਿਰ, ਅਬਿ ਘਰ ਚਾਲੇ।
ਰਾਖਹੁ ਯਾਦ, ਲੇਉਂ ਮੈਂ ਕਾਲੇ[1]।'
ਮੋਹਨ ਕਹ੍ਯੋ 'ਪ੍ਰਾਤ ਕੋ ਦੇਊਂ।
ਅਪਰ ਸੀਡ ਬਦਿ ਜੀਤਿ ਧਰੇਊਂ[1]' ॥੩੮॥
ਇਮ ਕਹਿ, ਆਪਹੁ ਅਪਨੇ ਧਾਮੂ।
ਜਾਇ ਕਰ੍ਯੋ ਬਾਲਨਿ ਬਿਸਰਾਮੂ।
ਦੈਵ ਜੋਗ ਤੇ ਐਸੇ ਭਯੋ।
ਸਰਪ ਨਿਕਸਿ ਮੋਹਨ ਡਸਿ ਲਯੋ ॥੩੯॥
ਕਰਤਿ ਰਹੇ ਜੇਤਿਕ ਉਪਚਾਰਾ।
ਬਾਲਿਕ ਮਰ੍ਯੋ ਹੋਤਿ ਭੁਨਸਾਰਾ।
ਮਾਤ ਪਿਤਾ ਕੇ ਨੰਦਨ ਏਕ।
ਕਰਤੇ ਭਏ ਬ੍ਰਿਲਾਪ ਅਨੇਕ ॥੪੦॥
'ਹੇ ਸੁਤ! ਕਿਤ ਹਮ ਛੋਰਿ ਸਿਧਾਰਾ।
ਤੁਵ ਬਿਨ ਕ੍ਯਾ ਹੁਇ ਹਾਲ ਹਮਾਰਾ?
ਦੇਖਤਿ ਰਹਤਿ ਬਦਨ ਸ਼ੁਭ ਤੇਰਾ।
ਉਦ੍ਯੋ ਪਾਪ ਫਲ ਆਨਿ ਬਡੇਰਾ' ॥੪੧॥
ਰੋਦਤਿ ਉਚੇ ਸ਼ਬਦ ਪੁਕਾਰਤਿ।
ਪੀਟਤਿ ਬਲ ਤੇ ਬਹੁ ਸ਼ੋਕਾਰਤਿ।
ਸੁਨਤਿ ਪਰੋਸੀ ਦੌਰਤਿ ਆਵੈਂ।
'ਹਾਇ ਹਾਇ' ਕਹਿ, ਸੋ ਬਿਲਲਾਵੈਂ ॥੪੨॥
'ਬਡਾ ਕਸ਼ਟ ਤੁਮ ਕੋ ਇਹ ਪਰ੍ਯੋ।
ਇਕ ਸੁਤ, ਡਸ੍ਯੋ ਸਰਪ ਤੇ ਮਰ੍ਯੋ।'
ਇਕ ਸੁਨਿ ਦੁਤੀਏ ਨਿਕਟਿ ਸੁਨਾਵੈ।

[1]ਪਿੱਛੇ ਮੇਰੇ ਨਾਲ ਤੂੰ ਸ਼ਰਤ ਲਾਈ ਸੀ।
[1]ਕਲ ਨੂੰ ਲਵਾਂਗਾ (ਬਾਜ਼ੀ)।
[1]ਹੋਰ ਸ਼ਰਤ ਬੰਨ੍ਹ ਕੇ ਜਿੱਤਾਂਗਾ।

ਜੋ ਜੋ ਸੁਨਹਿ ਸ਼ੋਕ ਬਿਰਧਾਵੈ ॥੪੩॥
ਧਨੀ ਸ਼ਾਹੁ ਕੋ ਇਕ ਸੁਤ ਜੋਇ।
ਮ੍ਰਿਤੂ ਅਚਾਨਕ ਤਾਂ ਕੀ ਹੋਇ।
ਰਾਮਦਾਸ ਪੁਰਿ ਮਹਿਂ ਬਿਰਤਾਂਤ।
ਜਹਿਂ ਕਹਿਂ ਭਯੋ ਸਕਲ ਬੱਖਜਾਤ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਧੀਰਮੱਲ ਜਨਮ ਅਰ ਅਟਲਰਾਇ ਖੇਲਨਿ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

## ੫੮. [ਸ੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਅਟੱਲਰਾਇ ਜਬਿ ਪ੍ਰਾਤਿ ਭੀ,
ਜਾਗੇ ਹੋਇ ਸੁਚੇਤ।
ਕਰਿ ਨਿਤ ਕੀ ਕਿਰਿਆ ਭਲੇ,
ਤਜਾਗਜੋ ਤਬਹਿ ਨਿਕੇਤ ॥੧॥

ਚੌਪਈ:

ਖੇਲਨਿ ਕੇ ਸਥਾਨ ਚਲਿ ਆਏ।
ਸੇਵਕ ਸਾਥ ਬਾਲ ਸਮੁਦਾਏ।
ਪਿਖਿ ਸਭਿ ਕੋ ਮਨ ਆਨੰਦ ਕੈ ਕੈ।
ਇਤ ਉਤ ਬਿਚਰਤਿ ਸੰਗੀ ਲੈ ਕੈ ॥੨॥
ਸੰਧਜਾ ਸਮੈਂ ਖੇਲ ਜੋ ਤਜਾਗੀ।
ਸੋ ਸਿਮਰੀ ਦੀਰਘ ਅਨੁਰਾਗੀ[1]।
'ਅਬਿ ਲੌ ਮੋਹਨ ਨਹਿਂ ਚਲਿ ਆਯੋ।
ਦਾਉ ਸੀਡ ਕੋ ਸੀਸ ਚਢਾਯੋ[1] ॥੩॥
ਦੈਬੇ ਹੇਤੁ ਟਰਜੋ[1], ਘਰ ਰਹਜੋ।'
ਇਮ ਲਖਿ ਨਿਜ ਸੇਵਕ ਸੋਂ ਕਹਜੋ।
'ਜਾਂਹਿ ਤਾਂਹਿ ਕੋ ਆਨਿ ਬੁਲਾਇ।
ਸਿਰ ਹੈ ਸੀਡ, ਨ ਅਬਿ ਲੌ ਆਇ'
॥੪॥
ਸੁਨਤਿ ਦਾਸ ਤਿਹ ਸਦਨ ਸਿਧਾਯਹੁ।
ਮਰਜੋ ਪਰਜੋ ਮੋਹਨ ਦਰਸਾਯਹੁ।
ਸਕਲ ਕੁਟੰਬ ਸਸ਼ੋਕ ਪੁਕਾਰਤਿ।
ਹਾਥ ਉਸਾਰਤਿ ਸਿਰ ਪਰ ਮਾਰਤਿ ॥੫॥
ਬਡੋ ਬ੍ਰਿਲਾਪ ਹੇਰਿ ਤਿਸ ਬੇਰੇ।
ਮਿਲਤਿ ਨਾਤਿ[1] ਨਰ ਨਾਰਿ ਘਨੇਰੇ।
ਅਟਲਰਾਇ ਕੇ ਨਿਕਟਿ ਸੁ ਆਯੋ।
'ਮੋਹਨ ਮਰਿਗਾ ਸਰਪ ਡਸਾਯੋ' ॥੬॥
ਸੁਨਜੋ ਅਚਾਨਕ ਮੋਹਨ ਮਰਨਾ।
ਅਟਲਰਾਇ ਨਹਿਂ ਕੀਨਸਿ ਜਰਨਾ।
ਸਭਿ ਲਰਕਨਿ ਕੇ ਹੋਇ ਸਮੇਤ।

[1]ਯਾਦ ਕੀਤੀ ਬੜੇ ਪਿਆਰ ਨਾਲ।

[1]ਭਾਵ, ਮੀਟੀ ਉਸ ਦੇ ਸਿਰ ਤੇ ਅਸੀਂ ਚਾੜ੍ਹੀ ਹੋਈ ਹੈ।

[1]ਟਾਲਾ ਕੀਤਾ ਸੁ।

[1]ਸ਼ਰੀਕ, ਸਾਕ।

ਗਏ ਧਾਇ ਤਿਸ ਬਨਕ[1] ਨਿਕੇਤ ॥੭॥
ਹੇਰਨਿ ਹੇਤ ਧਾਇ ਉਤਲਾਵਤਿ।
ਸੁਨਯੋ ਦੂਰ ਤੇ ਬਹੁ ਬਿਲਲਾਵਤਿ।
ਆਗੈ ਮਿਲ ਹੁਤੋ ਸਮੁਦਾਯਾ।
ਸਭਿਨਿ ਬਿਲੋਕਯੋ ਗੁਰ ਸੁਤ ਆਯਾ ॥੮॥
ਮੋਹਨ ਕੇ ਰੋਦਤਿ ਪਿਤ ਮਾਤ।
ਕਹਨਿ ਲਗੇ 'ਤੁਮ ਗੁਰੁ ਕੇ ਤਾਤ।
ਸਾਥੀ ਖੇਲਨਿ ਕੇਰ ਤੁਮਾਰਾ।
ਪਰਯੋ ਮਰਯੋ, ਡਸਿਗਾ ਅਹਿ ਕਾਰਾ[1] ॥੯॥
ਨਹਿਂ ਉਪਚਾਰ ਲਗਯੋ ਕਰਿ ਰਹੇ।
ਅਬਿ ਚਾਹਤਿ ਇਸ ਕੋ ਤਨ ਦਹੇ।
ਤੁਮ ਗੁਰੁ ਸੁਤ ਹੋ ਚਹਹੁ ਸੁ ਕਰਹੁ।
ਅਜ਼ਮਤਿ ਕੋ ਬਿਸਾਲ ਉਰ ਧਰਹੁ' ॥੧੦॥
ਮੋਹਨ ਮਾਤ ਪਿਤਾ ਜੇ ਅਹੇ।
ਸਕਲ ਨਰਨਿ ਜੁਤਿ ਬਿਨਤੀ ਕਹੇ।
ਤਬਿ ਸ੍ਰੀ ਅਟਲਰਾਇ ਪਿਖਿ ਕਹਯੋ।
'ਇਸ ਸਿਰ ਦਾਵ ਸੀਡ[1] ਕੋ ਰਹਯੋ' ॥੧੧॥
ਕਰ[1] ਖੂੰਡੀ ਕੋ ਚੰਚਲ ਕਰਤੇ।
ਮਰੇ ਬਾਲ ਕੋ ਬਦਨ ਨਿਹਰਿਤੇ।
'ਉਠਿ ਪਜਾਰੇ ! ਦਿਹੁ ਸੀਡ ਹਮਾਰੀ।
ਨਹੀਂ ਸਮੋ, ਕਿਮ ਸੁਪਤਯੋ ਭਾਰੀ?' ॥੧੨॥
ਇਮ ਕਹਿ ਖੂੰਡੀ ਸਿਸ ਗਰ ਪਾਈ।
ਕਰਿ ਬਾਹੁਨਿ ਬਲ ਦੀਨਿ ਉਠਾਈ।
ਬੈਠਯੋ ਮੋਹਨ ਆਂਖ ਉਘਾਰੀ।
ਬਿਕਸਤਿ ਉਠਯੋ ਹਰਖ ਨਰ ਨਾਰੀ ॥੧੩॥
'ਧੰਨ ਗੁਰੂ, ਗੁਰੁ ਨੰਦਨ ਧੰਨ।

[1]ਤਿਸ ਵਪਾਰੀ ਦੇ।

[1]ਕਾਲਾ ਸੱਪ।

[1]ਦਾਵ ਦੀ ਸ਼ਰਤ ਭਾਵ ਮੀਟੀ।

[1]ਰੱਥ ਦੀ।

ਦੇਤਿ ਪ੍ਰਾਨ ਲਗਿ' ਭਏ ਪ੍ਰਸੰਨ।
ਕੈ ਤੋ ਹੁਤੋ ਰੁਦਨ ਕੋ ਰੌਰਾ।
ਕੈ ਭਾ ਹਰਖ ਸ਼ੋਰ ਤਿਸ ਠੌਰਾ ॥੧੪॥
ਜਹਿਂ ਕਹਿਂ ਅਟਲਰਾਇ ਕੀ ਕੀਰਤਿ।
ਪੁਰਿ ਮਹਿਂ ਹੋਤਿ ਭਈ ਬਿਸਤੀਰਤਿ।
'ਧਨੀ ਪੁੱਤ੍ਰ ਕੋ ਮਰਜੋ ਜਿਵਾਯੋ।
ਕਰ ਖੂੰਡੀ ਕੋ ਛ੍ਵਾਇ ਉਠਾਯੋ' ॥੧੫॥
ਸਭਿ ਮਾਤਨਿ ਕੋ ਸੁਧਿ ਤਬਿ ਹੋਈ।
ਮੁਦਤਿ ਕਹਤਿ ਜਿਤ ਕਿਤ ਸਭਿ ਕੋਈ।
ਸ਼੍ਰੀ ਹਰਿਗੋਵਿੰਦ ਤਖਤ ਅਕਾਲਾ।
ਬੈਠੇ ਹੁਤੇ ਸਹਤ ਸਿਖ ਜਾਲਾ ॥੧੬॥
ਮੁਦਤਿ ਰਿਦੇ ਤੇ ਬਾਕ ਬਿਲਾਸ।
ਬਿਗਸਤਿ ਕਰਤਿ ਥਿਰੇ ਜੇ ਪਾਸ।
ਤਹਿਂ ਇਕ ਸਿਖ ਨੇ ਆਨਿ ਸੁਨਾਈ।
'ਅਟਲਰਾਇ ਬਡਿ ਕੀਰਤਿ ਪਾਈ ॥੧੭॥
ਗੁਰਮੁਖ ਖੱਤ੍ਰੀ ਕੋ ਸੁਤ ਏਕ।
ਮਿਲਿ ਖੇਲਤਿ ਸਿਸ ਅਪਰ ਅਨੇਕ।
ਰਾਤਿ ਬਿਖੇ ਡਸਿਗਾ ਅਹਿ ਕਾਰਾ।
ਮਰਜੋ ਤੁਰਤ ਨ ਲਗਜੋ ਉਪਚਾਰਾ ॥੧੮॥
ਅਟਲਰਾਇ ਤਿਸ ਸਦਨ ਸਿਧਾਰੇ।
ਸੰਗੀ ਪਰਜੋ ਸੁ ਮ੍ਰਿਤਕ ਨਿਹਾਰੇ।
ਖੂੰਡੀ ਹਾਥ ਸੁ ਛ੍ਵਾਇ ਉਠਾਯੋ।
-ਹਮ ਸੋਂ ਖੇਲਹੁ- ਭਾਖਿ ਜਿਆਯੋ[1]' ॥੧੯॥

[1]ਜਿਵਾ ਦਿੱਤਾ।

ਸ਼੍ਰੀ ਸਤਿਗੁਰੁ ਸੁਨਿ ਕੈ ਬਿਸਮਾਏ।
ਕਿਤਿਕ ਦੇਰ ਲੌ ਨਹੀਂ ਅਲਾਏ।
ਪੁਨ ਚਿਤ ਮਹਿਂ ਰਿਸ ਭਈ ਘਨੇਰੇ।
-ਇਹ ਕਜਾ ਕਰਜੋ ਨਿਕਟਿ ਹੀ ਮੇਰੇ ॥੨੦॥
ਦੁਸ਼ਟਨਿ ਰਾਜ ਤੇਜ ਅਬਿ ਅਹੈ।

ਸ਼ਾਹੁ ਕਿ ਸ਼ਾਹੁ ਪੁੱਤ੍ਰ[1] ਮ੍ਰਿਤੁ ਲਹੈ।
ਆਨਿ ਪਰਹਿਂ ਸੋ ਗਰੇ ਹਮਾਰੇ।
ਦੀਨ ਹੋਹਿਂ ਕੈ ਓਜ ਦਿਖਾਰੈਂ[1] ॥੨੧॥
ਹਮ ਤੇ ਚਹਹਿਂ ਜਿਯਾਵਹੁ ਸੋਈ[1]।
ਪ੍ਰਭੁ ਕੇ ਸੰਗ ਸ਼ਰੀਕੀ ਹੋਈ[1]।
ਪਰਮੇਸ਼ੁਰ ਕਰਮਨਿ ਫਲ ਦੇਯ।
ਹਮ ਜਿਵਾਇ ਕਰ ਤਾਂਹਿ ਮਿਟੇਯ ॥੨੨॥
ਇਹ ਤੌ ਬਾਤ ਨ ਨੀਕੀ ਅਹੈ।
ਮਰਹਿ ਜੁ ਫੇਰ ਜਿਯਨਿ ਕੋ ਲਹੈ।
ਹਮ ਨੇ ਨਹਿਂ ਕਰਿਈ ਇਹ ਕੈਸੇ[1]।
ਦੇਨੇ ਪ੍ਰਾਨ ਬਨਹਿਂ ਬਿਧਿ ਐਸੇ[1]-[†] ॥੨੩॥

[1]ਪਾਤਸ਼ਾਹ ਜਾਂ ਪਾਤਸ਼ਾਹ ਦਾ ਪੁੱਤ੍ਰ।

[1]ਨੀਵੇਂ ਹੋਕੇ ਯਾ ਬਲ ਦਿਖਾਕੇ।

[1]ਸਾਥੋਂ ਉਸ (ਮੋਏ ਹੋਏ) ਨੂੰ ਜਿਵਾਇਆ ਚਾਹੁਣਗੇ।

[1]ਮੁਰਦੇ ਜਿਵਾ ਦੇਣਾ) ਰੱਬ ਨਾਲ ਬ੍ਰਾਬਰੀ ਹੋਵੇਗੀ।

[1]ਅਸਾਂ ਤਾਂ ਇਹ ਕਿਸੇ ਤਰ੍ਹਾਂ ਨਹੀਂ ਕਰਨੀ। (ਅ) ਅਸਾਂ (ਕਦੇ) ਨਹੀਂ ਕੀਤੀ ਇਹ (ਅਟਲ ਰਾਇ) ਕਿਵੇਂ (ਕਰ ਰਿਹਾ ਹੈ)?

[1]ਇਸ ਤਰ੍ਹਾਂ ਤਾਂ ਪ੍ਰਾਨ ਦੇਣੇ ਪੈਂਦੇ ਹਨ।

[†]ਭਾਵ ਇਹ ਹੈ ਕਿ ਮੋਹਨ ਦਾ ਮਰਨਾ ਹੁਕਮ ਵਿਚ ਹੋਇਆ ਸੀ, ਉਸ ਵਿਚ ਅਟਲ ਰਾਇ ਜੀ ਨੇ ਦਖਲ ਦਿੱਤਾ ਹੈ, ਹੁਣ ਗੁਰੂ ਜੀ ਸੋਚਦੇ ਹਨ ਕਿ ਬਦਲੇ ਵਿਚ ਯਾ ਉਹ ਯਾ ਅਸੀਂ ਆਪਣੀ ਜਾਨ ਦੇਵੀਏ। ਸਤਿਗੁਰਾਂ ਨੇ ਮੋਹਨ ਦਾ ਜਿਵਾਉਣਾ ਰਜ਼ਾ ਦੀ ਅਨਕੂਲਤਾ ਵਿਚ ਅਨੁਭਵ ਨਹੀਂ ਕੀਤਾ, ਤੇ ਮੋਹਨ ਦੇ ਪਲਟੇ ਜਾਨ ਦੇਣੀ ਅਮਿੱਟ ਰਜ਼ਾ ਤੱਕੀ। ਤਾਂ ਹੀ ਅੰਕ ੩੦ ਵਿਚ ਫੁਰਮਾਇਆ ਹੈ ਕਿ ਯਾ ਤੂੰ ਰਹੁ ਯਾ ਅਸੀਂ। ਫੇਰ ਅੰਕ ੪੧ ਵਿਚ ਇਸਨੂੰ ਆਪ ਨੇ ਦੈਵਗਤੀ ਆਪ ਦੱਸਿਆ ਹੈ। ਏਸੇ ਆਤਮ ਅਸੂਲ ਪਰ ਸੱਤਵੇਂ ਸਤਿਗੁਰਾਂ ਵੇਲੇ ਵਾਕਿਆ ਹੋਇਆ ਹੈ। ਦੇਖੋ ਰਾ: ੧੦ ਅੰ: ੧੭। ਸਿਹਜ ਵਿਚ ਹਰਿਜਨ ਕਰਾਮਾਤ ਨਹੀਂ ਕਰਦੇ, ਆਪੂੰ ਜੋ ਹੋਵੇ ਸੋ ਪਿਆ ਹੋਵੇ। ਕਰਾਮਾਤ ਕਰਨ ਵੇਲੇ ਸੁਰਤ ਬੜੇ ਵੇਗ ਤੇ ਜ਼ੋਰ ਦੇ ਘਰ ਵਿਚ ਜਾਂਦੀ ਹੈ, ਉਸਨੂੰ ਫਾਰਸੀ ਵਿਚ ਕਹਿਰ ਯਾ ਗ਼ਜ਼ਬ ਦਾ ਮਕਾਨ ਕਹਿੰਦੇ ਹਨ।

ਇੱਤਯਾਦਿਕ ਬਹੁ ਗਟੀ ਬਿਚਾਰੈਂ।
ਅਟਲਰਾਇ ਸੁਤ ਪਰ ਰਿਸ ਧਾਰੈਂ।
ਧਰੀ ਮੌਨ ਮੁਖ ਭਨੈਂ ਨ ਬੈਨ।
ਕਿਸਿ ਕੀ ਦਿਸ਼ਾ ਨ ਕਰਤੇ ਨੈਨ ॥੨੪॥
ਬੈਠੇ ਰਹੇ ਰਿਦੇ ਰਿਸ ਛਾਈ।
ਮਨ ਮਹਿਂ ਗਿਨੈਂ -ਨ ਇਹ ਭਲਿਆਈ।
ਅਬਿ ਅਮੋਹ ਹੁਇ ਜੌਂ ਨ ਹਟਾਵੈਂ।
ਟਰਹਿਂ ਨ ਇਹ, ਪੁਨ ਅਪਰ ਜਿ ਆਵੈਂ ॥੨੫॥
ਦੁਹ ਲੋਕਨਿ ਕੋ ਵਧਹਿ ਕਲੇਸ਼।
ਭਲਿਆਈ ਕੋ ਨਾਂਹਿਨ ਲੇਸ਼-।
ਰਿਸ ਮਹਿਂ ਬੈਠੇ ਘਟਿਕਾ ਚਾਰੀ।

ਗੁਰੁ ਰੁਖ਼ ਲਖਿ ਨਹਿਂ ਕਿਨਹੁਂ ਉਚਾਰੀ ॥੨੬॥
ਖੇਲਤਿ ਅਟਲ ਰਾਇ ਤਬਿ ਆਏ।
ਕੰਚਨ ਕੇ ਭੂਖਨ ਤਨ ਪਾਏ।
ਖੂੰਡੀ ਕਰ ਮਹਿਂ ਧਾਰਨ ਕਰੀ।
ਧੂਲ ਅਧਿਕ ਉਡਿ ਜਿਸ ਤਨ ਪਰੀ ॥੨੭॥
ਇਸ ਬਿਧਿ ਆਗੈ ਨੰਦਨ ਜੋਵਾ।
ਬਿਨਾ ਸਨੇਹ ਕੋਪ ਉਰ ਹੋਵਾ।
ਨਮੋ ਕਰਤਿ ਕੋ ਬਾਕ ਬਖਾਨਾ।
'ਨਿਜ ਅਜ਼ਮਤਿ ਬਿਦਤਾਇ ਜਹਾਨਾ? ॥੨੮॥
ਜਰ ਨਹਿਂ ਸਕਹੁ ਓਜ ਨਿਜ ਅੰਤਰ?
ਕਰਹੁ ਦਿਖਾਵਨਿ ਲਾਇ ਨਿਰੰਤਰ?
ਕਰਾਮਾਤ ਕੋ ਕਹਿਰ ਕਹੰਤੇ।
ਸੋ ਤੈਂ ਕਰਤਿ, ਨ ਸਮੁਝਿ ਰਹੰਤੇ ॥੨੯॥
ਇਸ ਕਰਿਬੇ ਕੋ ਫਲ ਅਬਿ ਇਹੀ।
ਜੇ ਤੂੰ ਰਹੈਂ ਤ ਹਮ ਜਗ ਨਹੀਂ।
ਹਮ ਜੇ ਰਹੈਂ ਤ ਤੁਮ ਨਹਿਂ ਰਹੋ।
ਇਹੀ ਬਾਕ ਅਬਿ ਸਾਚੋ ਲਹੋ' ॥੩੦॥
ਸੁਨਿ ਸ਼੍ਰੀ ਅਟਲ ਰਾਇ ਗੁਰੁ ਬਚ ਕੋ।
ਮਾਨਜੋ ਰਿਦੈ, ਕਰਜੋ ਚਹਿਂ ਸਚੁ ਕੋ।
ਹਾਤ ਜੋਰਿ ਜਿਮ ਸਨਮੁਖ ਖਰੇ।
ਸਿਰ ਨਿਵਾਇ ਤਹਿਂ ਬੰਦਨ ਕਰੇ ॥੩੧॥
ਹਟਤਜੋਂ ਨਹੀਂ ਪੀਠ ਦਿਖਰਾਈ।
ਪਾਛਲ ਪਾਇਨਿ ਚਲਿ ਸਹਿਸਾਈ।
ਨਹੀਂ ਨਿਕੇਤ ਗਮਨਿ ਕੋ ਕੀਨਾ।
ਸੁਨਜੋ ਨ ਕਿਛੁ ਨਹਿਂ ਕਹਜੋ ਪ੍ਰਬੀਨਾ[1] ॥੩੨॥
ਧਰੇ ਮੌਨਿ ਕੌਲਾਂ ਕੇ ਤਾਲ।
ਪ੍ਰਾਪਤਿ ਭਏ ਜਾਇ ਤਤਕਾਲ।
ਤਹਿਂ ਸ਼ਨਾਨ ਕਰਿ ਜਪੁਜੀ ਪਾਠ।

[1]ਸਿਆਣੇ (ਅਟੱਲ ਰਾਇ ਜੀ) ਨੇ ਨਾ (ਕਿਸੇ ਨੂੰ) ਕੁਛ ਕਿਹਾ ਨਾ ਸੁਣਿਆਂ।

ਦਰਭ[1] ਡਸਾਇ ਸੁ ਆਸਨ ਠਾਠਿ[2] ॥੩੩॥
ਕਰ ਖੂੰਡੀ ਸਿਰ ਨੀਚੇ ਧਰਿ ਕੈ।
ਬਸਤ੍ਰ ਸਰੀਰ ਅਛਾਦਯੋ ਪਰਿ ਕੈ।
ਤਤਛਿਨ ਤਨ ਕੋ ਤਯਾਗਿ ਸਿਧਾਰੇ।
ਜਯੋਂ ਉਦਾਸ ਨਰ ਕਰ ਤ੍ਰਿਣ ਡਾਰੇ[1] ॥੩੪॥
ਤਜਿ ਸੁਖੇਨ ਤਨ ਬੈਕੁੰਠ ਗਏ।
ਜਹਿਂ ਮਦ ਕਾਮ ਕ੍ਰੋਧ ਨਹਿਂ ਭਏ।
ਉੱਤਮ ਪਦ ਮਹਿਂ ਜਾਇ ਸਮਾਏ।
ਜਿਸ ਕੋ ਜੋਗੀ ਜਨ ਨਿਤ ਧਯਾਏ ॥੩੫॥
ਦਾਸ ਰਹਯੋ ਦੇਖਤਿ ਤਿਸ ਥਾਨ।
ਨਾਂਹਿਨ ਜਾਨੀ ਤਯਾਗਤਿ ਪ੍ਰਾਨ।
ਜਬਿ ਮ੍ਰਿਤੁ ਭਯੋ ਦੇਖਿ ਬਿਸਮਾਯੋ।
ਦੌਰਤਿ ਗੁਰੂ ਸੋਂ ਜਾਇ ਬਤਾਯੋ ॥੩੬॥
'ਥਿਰੇ ਜਾਇ ਤਟ ਕੌਲਾਂ ਤਾਲ।
ਤਨ ਕੋ ਤਯਾਗਿ ਗਏ ਤਤਕਾਲ।'
ਸੁਨਿ ਸੁਧਿ ਉਠੇ ਗ਼ਰੀਬ ਨਿਵਾਜ।
ਚਲੇ ਤਹਾਂ ਸੰਗ ਸਿੱਖ ਸਮਾਜ ॥੩੭॥
ਗਈ ਸਦਨ ਸੁਧਿ ਸੁਨਿ ਕਰਿ ਮਾਤਾ।
ਸਭਿ ਰੋਦਤਿ ਛੋਰਤਿ ਜਲ ਤਾਤਾ[1]।
ਮਾਤ ਨਾਨਕੀ ਮਹਤ ਪੁਕਾਰੀ।
'ਕਹਾਂ ਕਰਯੋ, ਹੇ ਸੁਤ ਅਵਤਾਰੀ! ॥੩੮॥
ਮ੍ਰਿਤਕ ਜਿਵਾਵਨਿ ਸਮਰਥ ਤੇਰੀ।
ਪਿਤ ਬਚ ਕੇ ਕਿਤ ਗਾ ਇਸ ਬੇਰੀ?'
ਸਭਿ ਪਰਵਾਰ ਗੁਰੂ ਕੋ ਆਯੋ।
ਤਹਿਂ ਮਿਲਿ ਰੋਦਨਿ ਸ਼ਬਦ ਉਠਾਯੋ ॥੩੯॥
ਮਾਤਾ ਪਿਤਾ ਨਾਨਕੀ ਜੋਊ।
ਹਰੀਚੰਦ ਹਰਦੇਈ ਦੋਊ।
ਸੁਨਿ ਸੁਧਿ ਬਹੁ ਨਰ ਨਾਰਿ ਸਮੇਤਾ।

[1]ਦੱਭ। [2]ਠਾਟ = ਬਣਾਕੇ।

[1]ਹੱਥੋਂ ਤੀਲਾ ਸੁੱਟ ਦਿੰਦਾ ਹੈ।

[1]ਤੱਤਾ ਜਲ, ਭਾਵ ਅੱਥਰੂ।

ਹੇਰਯੋ ਅਵਿਨੀ ਪਰਯੋ ਅਚੇਤਾ ॥੪੦॥
ਸਕਲ ਕਰਹਿਂ ਬਿਰਲਾਪ ਘਨੇਰੇ।
ਗੁਰੂ ਦੇਤਿ ਧੀਰਜ ਤਿਸ ਬੇਰੇ।
'ਦੈਵ ਗਤੀ ਐਸੇ ਹੀ ਜਾਨੋ।
ਨਹਿਂ ਕਿਸ ਬਸਿ ਮਹਿਂ ਬਲੀ ਮਹਾਨੋ'
॥੪੧॥
ਚੰਦਨ ਕੇ ਬਹੁ ਭਾਰ ਮੰਗਾਏ।
ਕਰਤਿ ਭਏ ਸਸਕਾਰ ਤਿਥਾਏਂ।
ਭਨੇ ਬਚਨ ਤੇ ਜਿਨ ਤਨੁ ਤਜਾਗਾ।
ਦੀਨਿਸਿ ਬਰ, ਕਰਿ ਸੁਤ ਅਨੁਰਾਗਾ
॥੪੨॥
'ਰਾਮਦਾਸ ਪੁਰ ਬਸਹਿ ਬਡੇਰਾ।
ਸਗਰੇ ਮਾਨ ਕਰਹਿਂਗੇ ਤੇਰਾ।
ਇਕ ਹਰਿਮੰਦਰ ਕੀ ਹੁਇ ਪੂਜਾ।
ਪੁਨ ਪੂਜਹਿਂ ਤੇਰੋ ਥਲ ਦੂਜਾ ॥੪੩॥
ਸਭਿ ਨਰ ਨਾਰੀ ਮਾਨਹਿਂ ਤੋਹੀ।
ਦਰਸਹਿਂ ਪੂਰ ਕਾਮਾ ਹੋਹੀ।
ਮੰਦਰ ਕੰਚਨ ਕੇ ਹੁਇ ਸਨੈ।
ਸਭਿ ਤੇ ਊਚ ਅਧਿਕ ਹੀ ਬਨੈ ॥੪੪॥
ਜੀਵਤਿ ਇਤੇ ਨਹੀਂ ਬਿਦਤਾਵੈਂ।
ਜਿਤੋ ਜਗਤ ਮਹਿਂ ਤੂੰ ਪ੍ਰਗਟਾਵੈਂ।
ਇਸ ਪੁਰਿ ਕੋ ਸੂਬਾ ਬਡ ਹੋਯੋ†।

†ਹੁਣ ਤਕ ਬਾਬੇ ਅਟਲ ਜੀ ਦੇ ਦੇਹੁਰੇ ਨੂੰ ਲੋਕੀ ਸੂਬੇਦਾਰ ਆਖਦੇ ਹਨ, ਪੁਰਾਣੇ ਕਵੀ ਕਬਿਤਾਂ ਵਿਚ ਬੀ ਕਿਹਾ ਕਰਦੇ ਸਨ। ਕਈ ਗੀਤਾਂ ਵਿਚ ਆਪ ਨੂੰ ਰਾਮਦਾਸ ਪੁਰੇ ਦਾ ਕੋਤਵਾਲ ਬੀ ਦੱਸਿਆ ਹੈ।

ਤੋ ਸਮ ਨਹਿਂ ਪ੍ਰਤਾਪ ਕਿਸਿ ਜੋਯੋ'
॥੪੫॥
ਬਿਧੀਚੰਦ ਤਬਿ ਕਹਯੋ ਬਨਾਇ।
'ਥਾਨ ਇਕਾਂਕੀ ਇਹ ਲਖਿ ਪਾਇ।⚐

⚐ਕੌਲਸਰ ਦੇ ਪਰਲੇ ਕਿਨਾਰੇ ਕੁਛਕੁ ਪੂਰਬ ਦਿਸ਼ਾ ਵਲ ਇਹ ਦੇਹੁਰਾ ਹੁਣ ਤੱਕ ਹੈ। ਸ਼ਹਿਰ ਦਾ ਮਾਨੋਂ ਉੱਚਾ ਮੁਨਾਰਾ ਹੈ, ਜਿਸ ਪਰ ਪਹਿਲਾਂ ਦੀਪਕ ਜਗਦਾ ਸੀ, ਹੁਣ ਬਿਜਲੀ ਹੈ ਕਿ ਦੂਰੋਂ ਰਾਮਦਾਸਪੁਰ ਪਛਾਣਿਆਂ ਜਾਏ ਕਿ ਆ ਗਿਆ ਹੈ। ਇਸ ਦੇਹੁਰੇ ਦੇ ਗਿਰਦੇ ਸ਼ਹਿਰ ਦੇ ਸ਼ਵ ਦਾਹ ਹੁੰਦੇ ਰਹੇ ਹਨ, ਫਿਰ ਨਾਮੀ ਸਿੰਘਾਂ ਤੇ ਕਰਨੀ ਵਾਲਿਆਂ ਦੇ ਦੇਹੁਰੇ ਤੇ ਨਿਸ਼ਾਨ ਗਿਰਦੇ ਬਣੇ, ਤੇ ਕਿਸੇ ਕਿਸੇ ਕਰਨੀ ਵਾਲੇ ਦਾ ਦਾਹ ਇੱਥੇ ਹੁੰਦਾ, ਆਮ ਲੋਕ ਹੋਰ ਥਾਂ ਦਾਹ ਹੁੰਦੇ। ਫੇਰ ਅਮੀਰਾਂ ਤੇ ਪ੍ਰਸਿੱਧ ਪੁਰਖਾਂ ਨੇ ਇਹ ਹੱਕ ਬਣਾਇਆ, ਹੁਣ ਕੋਈ ਪੰਦਰਾਂ

ਬੀਸ ਬਰਸ ਤੋਂ ਇੱਥੇ ਦਾ ਦਾਹ ਕਰਨਾ ਬੰਦ ਹੈ। ਜੋ ਸਮਾਧਾਂ ਤੇ ਨਿਸ਼ਾਨ ਬੜੇ ਪੁਰਖਾਂ ਦੇ ਏਥੇ ਸਨ, ਸੋ ਮਈ ਸੰਨ ੧੯੨੩ ਈ: ਵਿਚ ਅਕਾਲੀ ਅੰਦੋਲਨ ਨੇ ਇਕ ਰਾਤ ਗਿਆ ਕੇ ਉਡਾ ਦਿੱਤੇ, ਪ੍ਰਕਰਮਾਂ ਵਿਚ ਬਾਬਾ ਬਘੇਲ ਸਿੰਘ ਤੇ ਨਵਾਬ ਕਪੂਰ ਸਿੰਘ ਜੀ ਦੀਆਂ ਸੰਗਮਰਮਰੀ ਸਮਾਧਾਂ ਸਨ ਸੋ ਬੀ ਗਈਆਂ। ਗੁਰੂ ਕੇ ਸਿੱਖ ਬਾਬੇ ਹਰੇ ਦਾ ਦੇਹੁਰਾ, ਮਹਾਰਾਜਾ ਦਲੀਪ ਸਿੰਘ ਦੇ ਵਿੱਦਯਾ ਦਾਤਾ ਭਾਈ ਅਜੀਤ ਸਿੰਘ ਜੀ ਦੀ ਸਮਾਧ, ਗਜਾਨੀ ਬਿਸ਼ਨ ਸਿੰਘ ਤੇ ਹੋਰ ਨਾਮੀ, ਤੇ ਰਹਿਣੀ ਬਹਿਣੀ ਦੇ ਅਣਗਿਣਤ ਸੂਰਮਿਆਂ ਦੇ ਨਿਸ਼ਾਨ ਉਡ ਗਏ। ਮੜ੍ਹੀਆਂ ਸਮਝਕੇ ਢਾਹੁਣ ਦੇ ਜੋਸ਼ ਵਿਚ ਕੌਮ ਵਿਚ ਜਾਨ ਭਰਨ ਵਾਲੇ ਮਹਾਂ ਪੁਰਖਾਂ ਦੇ ਇਤਿਹਾਸਕ ਸਬੂਤ ਤੇ ਨਿਸ਼ਾਨ ਬੀ ਗੁੰਮ ਕੀਤੇ ਗਏ। ਮੜ੍ਹੀਆਂ ਦੀ ਪੂਜਾ ਤਾਂ ਗੁਰ ਘਰ ਵਿਚ ਮਨ੍ਹੇ ਹੈ; ਪਰ ਦੇਹੁਰੇ ਤੇ ਸਮਾਧਾਂ ਤੇ ਨਿਸ਼ਾਨ ਕਾਇਮ ਰੱਖਣੇ ਯਾਦਗੀਰੀਆਂ ਹਨ ਤੇ ਕੌਮੀ ਇਤਿਹਾਸ ਦਾ ਇਕ ਪ੍ਰਤੱਖ ਹਿੱਸਾ ਤੇ ਸਬੂਤ ਹਨ। ਅਜੇ ਬੀ ਬਾਬਾ ਅਟੱਲ ਜੀ ਦੀ ਪ੍ਰਕਰਮਾਂ ਦੇ ਗਿਰਦੇ ਜੋ ਬੁੰਗਿਆਂ ਦੇ ਵਿਚ ਕੁਛ ਸਮਾਧਾਂ ਹਨ ਸੋ ਬਚੀਆਂ ਖਲੀਆਂ ਹਨ, ਚਾਹੀਦਾ ਇਹ ਹੈ ਕਿ 'ਵੈਸਟ ਮਿਨਸਟਰ ਐਬੇ' ਵਾਂਙੂ ਇਸ ਟਿਕਾਣੇ ਨੂੰ ਕੌਮੀ ਇਤਿਹਾਸ ਦਾ ਕੌਮ ਵਿਚ ਜਾਨ ਭਰਨ ਵਾਲਾ ਆਸ਼੍ਰਮ ਬਨਾਇਆ ਜਾਵੇ, ਪੂਜਾ ਮਨ੍ਹੇ ਰਹੇ।

ਨਹੀਂ ਨਿਕਟਿ ਕਿਹ ਅਪਰ ਸਥਾਨਾ।'
ਸੁਨਿ ਸ੍ਰੀ ਹਰਿਗੋਵਿੰਦ ਬਖਾਨਾ ॥੪੬॥
'ਦੁਰਲਭ ਹੋਇ, ਪਾਇ ਹੈ ਕੋਈ।
ਬ੍ਰਿੰਦ ਮ੍ਰਿਤਕ ਕੋ ਥਲ ਹੁਇ ਸੋਈ।
ਜੋ ਇਹ ਠਾਂ ਸ਼ਵ ਦਾਹਿ ਕਰਾਇ।
ਅਟਲਰਾਇ ਤਿਹ ਬਨਹਿਂ ਸਹਾਇ'
॥੪੭॥
ਇੱਤਯਾਦਿਕ ਬਰ ਕਹਿ ਕਰਿ ਬ੍ਰਿੰਦ।
ਸਭਿ ਧ੍ਰਿਤਿ ਦੇ ਸ਼੍ਰੀ ਹਰਿ ਗੋਬਿੰਦ।
ਮ੍ਰਿਤਕ ਕ੍ਰਿਯਾ ਕਰਿਵਾਇ ਜੁ ਸਬੈ।
ਸ਼ਬਦ ਰਬਾਬੀ ਗਾਯਹੁ ਤਬੈ ॥੪੮॥
ਸੋਰਹਿ ਸਤ ਪਚਾਸੀਆ ਜਾਨਿ।
ਬਦੀ ਅਸੌਜ ਸੁ ਦਸਮੀ ਮਾਨਿ।
ਅਟਲਰਾਇ ਨਿਜ ਸਦਨ ਪਯਾਨੇ।
ਅਬਿ ਲੈ ਮਹਿਮਾ ਥਾਨ ਮਹਾਨੇ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ੍ਰੀ ਅਟਲ ਰਾਇ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

## ੫੯. [ਸ਼ੋਕ ਨਵਿਰਤੀ, ਰਾਸ ਸਮਾਪਤਿ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਕਰਿ ਸ਼ਨਾਨ ਸਤਿਗੁਰ ਅਏ,
ਬੈਠੇ ਲਾਇ ਦਿਵਾਨ।
ਸੁਨਿ ਸੁਨਿ ਸੁਧਿ ਅਚਰਜ ਕਰਤਿ,
'ਕਜਾ ਹੁਇ ਗਈ ਮਹਾਨ' ॥੧॥

ਚੌਪਈ:

ਪੁਰਿ ਜਨ ਊਚ ਨੀਚ ਤਬਿ ਆਏ।
ਸਭਿ ਬੋਲਤਿ ਬਹੁ ਸ਼ੋਕ ਵਧਾਏ।
'ਮਹਾਂਰਾਜ! ਇਹ ਗਤਿ ਕਜਾ ਕਰੀ?
ਬਾਲ ਅਵਸਥਾ ਅਜੁਹੰ ਨ ਟਰੀ ॥੨॥
ਮਹਾਂ ਸ਼ਕਤਿ ਜੁਤਿ ਸਾਹਿਬਜ਼ਾਦੇ।
ਸਭਿ ਪੁਰਿ ਜਨਨਿ ਦੇਤਿ ਅਹਿਲਾਦੇ।
ਸਕਲ ਬਾਲ ਕੇ ਸੰਗ ਫਿਰੰਤੇ।
ਨਿਸ ਮਹਿ ਨੀਠਿ ਨੀਠਿ ਬਿਛੁਰੰਤੇ'
॥੩॥
ਇਤਜਾਦਿਕ ਬਚ ਕਹਤਿ ਸੁਨਾਵੈਂ।
ਗੁਰੂ ਸਭਿਨਿ ਕੋ ਸ਼ੁਭ ਸਮੁਝਾਵੈਂ।
ਦੈਵਗਤੀ ਕੁਛ ਲਖੀ ਨ ਜਾਈ।
ਜਿਸ ਕੇ ਬਸਿ ਤ੍ਰੈ ਲੋਕ ਸਦਾਈ ॥੪॥
ਬਾਲਕ ਤਰੁਨ ਬ੍ਰਿੱਧ ਨਹਿਂ ਜਾਨੈਂ।
ਬਲੀ ਨਿਬਲੀ ਏਕ ਸਮ ਮਾਨੈਂ।
ਸੋ ਕਿਮ ਮਿਟਹਿ ਦੈਵਗਤਿ ਨਜਾਰੀ।
ਰਾਗ ਦ੍ਵੈਖ ਨਹਿਂ ਕਿਹ ਸੋਂ ਧਾਰੀ ॥੫॥
ਤਿਸ ਕੋ ਜਾਨਿ ਸ਼ੋਕ ਕਜਾ ਧਰੀਅਹਿ।
ਬੁਧਿ ਅਰੁ ਬਲ ਕਰਿ ਜੇ ਨ ਪ੍ਰਹਰੀਅਹਿ।'
ਦੁਖੀ ਨਾਨਕੀ ਅਧਿਕ ਸਭਿਨਿ ਤੇ।
ਪਜਾਰੋ ਪਰਮ ਪੁੱਤ੍ਰ ਗੁਨ ਭਨਤੇ ॥੬॥
ਪ੍ਰਤਿਪਾਰਤਿ ਨਿਤ ਹੇਰਤਿ ਰਹੈ।
ਕਰਤਿ ਦੁਲਾਰ ਮੋਦ ਕੋ ਲਹੈ।
ਬਹੁ ਦੁਖ ਪਾਇ ਰੁਦਤਿ ਬਿਰਾਲਪਹਿ।

ਸਭਿ ਤ੍ਰਿਯ ਮਹਿਂ ਗੁਨਿ ਸਿਮਰਿ ਕਲਾਪਹਿ ॥੭॥
ਸਭਿ ਦਮੋਦਰੀ ਆਦਿਕ ਜੇਈ।
ਕਹਿ ਕਹਿ ਧੀਰ ਦੇਤਿ ਬਹੁ ਤੇਈ।
ਤਊ ਸਨੇਹ ਮਹਾਂ ਦੁਖਵੰਤੀ।
ਸੁਤ ਕੋ ਸਿਮਰਤਿ ਸ਼ੋਕ ਵਧੰਤੀ ॥੮॥
ਨਿਸ ਮਹਿਂ ਸਤਿਗੁਰੁ ਸੁਨਿ ਸੁਧਿ ਸਾਰੀ।
ਹਿਤ ਧੀਰਜ ਕੇ ਗਿਰਾ ਉਚਾਰੀ।
'ਹੇ ਸੁਮਤੇ! ਨਹਿਂ ਸੰਕਟ ਪਾਵਹੁ।
ਹੁਤੀ ਇਸੀ ਬਿਧਿ, ਨਹਿਂ ਪਛੁਤਾਵਹੁ ॥੯॥
ਜਥਾ ਪ੍ਰਤਾਪ ਜਿਯਤ ਕੋ ਹੋਤਿ।
ਤਿਸ ਤੇ ਅਬਹਿ ਬਿਸਾਲ ਉਦੋਤਿ।
ਅਟਲਰਾਇ ਹੈ ਅਟਲ ਸਦਾਈ।
ਦਿਨ ਪ੍ਰਤਿ ਵਧਹਿ ਅਧਿਕ ਬਡਿਆਈ' ॥੧੦॥
ਇੱਤਯਾਦਿਕ ਕਹਿ ਬਹੁ ਸਮੁਝਾਈ।
ਸਨਬੰਧਨਿ ਕੈ ਸੁਧਿ ਪਹੁੰਚਾਈ।
ਸਹਤ ਭਾਰਜਾ ਤੇਹਣ ਆਏ।
ਗੋਇੰਦਵਾਲ ਜਿਤੇ ਸਮੁਦਾਏ ॥੧੧॥
ਆਇ ਨਰਾਇਣ ਦਾਸ ਸਦਾਰਾ[1]।
ਤ੍ਰਿਯਾ ਸਹਤ ਮਿਲ ਆਯਹੁ ਦ੍ਵਾਰਾ।
ਲੇ ਰਾਮੋ ਸੰਗ ਸਾਈਂ ਦਾਸ।
ਰਾਮਾ ਆਇ ਭਾਰਜਾ ਪਾਸ ॥੧੨॥
ਜਿਤ ਕਿਤ ਤੇ ਸੁਨਿ ਸਭਿ ਚਲਿ ਆਏ।
ਸ਼੍ਰੀ ਗੁਰਦਿੱਤਾ ਜਬਿ ਸੁਧਿ ਪਾਏ।
ਸ਼ੋਕ ਕਰਤਿ ਚਾਲੇ ਸਹਿਸਾਏ[†]।
ਅੰਮ੍ਰਿਤਸਰ ਕੇ ਪੰਥ ਸਿਧਾਏ[†] ॥੧੩॥

[1]ਇਸਤ੍ਰੀ ਸਮੇਤ।

[†]ਇਹ ਦੋ ਤੁਕਾਂ ਤ੍ਰੈ ਲਿਖਤੀ ਨੁਸਖਿਆਂ ਵਿਚ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਣ ਹਨ। ਇਕ ਲਿਖਤੀ ਨੁਸਖੇ ਵਿਚ ਇਸ ਦੀ ਥਾਵੇਂ ਇਹ ਪਾਠ ਹੈ:-ਆਵਤਿ ਭਏ ਨ ਦੇਰ ਲਗਾਈ। ਸ਼੍ਰੀ ਗੁਰੁ ਪਾਦ ਕੰਜ ਸਿਰ ਨਯਾਈ।

[†]ਇਹ ਦੋ ਤੁਕਾਂ ਤ੍ਰੈ ਲਿਖਤੀ ਨੁਸਖਿਆਂ ਵਿਚ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਣ ਹਨ। ਇਕ ਲਿਖਤੀ ਨੁਸਖੇ ਵਿਚ ਇਸ ਦੀ ਥਾਵੇਂ ਇਹ ਪਾਠ ਹੈ:-ਆਵਤਿ ਭਏ ਨ ਦੇਰ ਲਗਾਈ। ਸ਼੍ਰੀ ਗੁਰੁ ਪਾਦ ਕੰਜ ਸਿਰ ਨਯਾਈ।

ਨੱਤੀ ਲਿਏ ਧੀਰਮਲ ਗੋਦ।
ਆਇ ਸੁਧਾਸਰ ਹੀਨ ਪ੍ਰਮੋਦ[1]। [1]ਉਦਾਸ।
ਗੁਰ ਘਰ ਮਹਿਂ ਭਾ ਰੁਦਨ ਬਿਸਾਲਾ।
ਪੀਟਤਿ ਮਿਲੀ ਜਾਲ ਹੀ ਬਾਲਾ† ॥੧੪॥

†ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ' ਇਹ ਸਤਿਗੁਰੂ ਦੀ ਮਹਿਮਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੱਸਦੇ ਹਨ, ਉਸ ਗੁਰੂ ਦੇ ਘਰ ਵਿਚ 'ਰੁਦਨ ਬਿਸਾਲਾ' ਤੇ 'ਪੀਟਤਿ ਬਾਲਾ' ਦੀ ਸੰਭਾਵਨਾ ਕਰਨੀ ਵਾਕਿਆ ਤੇ ਹੋਣ ਦੇ ਵਿਰੁੱਧ ਹੈ। ਸਤਿਗੁਰੂ ਜੈਸੇ ਮਹਾਂਬਲੀ ਤੇ ਉਨ੍ਹਾਂ ਦੇ ਤੀਰ ਸਮ ਕਾਰੀ ਉਪਦੇਸ਼ਾਂ ਦੇ ਹੁੰਦਿਆਂ ਗੁਰੂ ਘਰ ਕਦੋਂ 'ਪਿਟਣ ਤੇ ਰੋਣ' ਦਾ ਘਰ ਬਣ ਸਕਦਾ ਹੈ? ਓਥੇ ਸਦਾ ਸੁਖ ਹੈ ਤੇ ਸਦਾ ਰਜ਼ਾ ਉੱਤੇ ਸਿਰ ਸਿਜਦੇ ਵਿਚ ਹੈ। ਗੁਰੂ ਮਤਿ ਸਾਫ ਇਹ ਹੈ:-ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ। ਅੰਕ ੧੮ ਵਿਚ ਕਵੀ ਜੀ ਆਪ ਗੁਰ ਘਰ ਵਿਚ ਸ਼ੋਕ ਦੇ ਵਿਰੁੱਧ ਲਿਖਦੇ ਹਨ। ਅੰਕ ੨੧ ਤੇ ੨੨ ਵਿਚ ਗੁਰੂ ਘਰ ਦੀ ਮਿਰਜਾਦਾ ਦੱਸੀ ਨੇ, ਜਿਸ ਵਿਚ ਮ੍ਰਿਤਕ ਕ੍ਰਿਯਾ ਕੋਈ ਨਹੀਂ ਹੋਈ। ਇਸ ਤੋਂ ਸਮਝ ਲੈਣਾ ਚਾਹੀਏ ਕਿ ਸਤਿਗੁਰ ਦੇ ਘਰ ਵਿਚ ਕਦੇ ਬੀ ਗੁਰ ਰੀਤੀ ਦੇ ਸਿਵਾ ਕੁਛ ਨਹੀਂ ਸੀ ਹੁੰਦਾ। ਜਿਥੇ ਕਿਤੇ ਕਵੀ ਜੀ ਨੇ ਕੁਛ ਹੋਇਆ ਲਿਖਿਆ ਹੈ ਯਾਂ ਤਾਂ ਉਹ ਆਖੇਪ ਹੈ ਯਾ ਰਿਆਸਤ ਵਿਚ ਬ੍ਰਹਮਣੀ ਜ਼ੋਰ ਤੇ ਪ੍ਰਭਾਵ ਦੀ ਮਜਬੂਰੀ ਕਰਕੇ ਹੈ।

ਮ੍ਰਿਤੁ ਕਾਰਨ ਕੋ ਸੁਨਿ ਨਰ ਨਾਰੀ।
ਅਜ਼ਮਤਵੰਤ ਜਾਨਿ ਕਰਿ ਭਾਰੀ।
'ਮਹਾਂ ਵਲੀ ਹੋਵਤਿ ਜਗ ਮਾਂਹੀ।
ਕਰੀਯਹਿ ਕਹਾਂ ਜਿਯੋ ਸੋ ਨਾਂਹੀ' ॥੧੫॥
ਅਧਿਕ ਸ਼ੋਕ ਘਰ ਮਹਿਂ ਜਬਿ ਭਯੋ।
ਤਬਿ ਗੁਰਦਾਸ ਗੁਰੂ ਪਠ ਦਯੋ।
ਜਾਇ ਸਭਿਨਿ ਕੋ ਧੀਰਜ ਦੀਨਾ।
'ਨਹਿਂ ਰੁਦਨੁਹਂ ਕਰਿ ਬਦਨ ਮਲੀਨਾ ॥੧੬॥
ਜਗ ਖੇਤੀ ਇਹ ਪ੍ਰਭੁ ਕਰੀ ਹੈ।
ਕਾਚੀ ਗਦਰੀ[1] ਪਾਕ[2] ਖਰੀ ਹੈ। [1]ਡਡਰੀ। [2]ਪੱਕੀ। ਗੁਰਵਾਕ-ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥ [ਸਿਰੀਰਾਗ ਮ: ੫]
ਜਿਸ ਕੋ ਚਹੈ ਬਾਢ ਕਰਿ ਲੇਤਿ।
ਇਸ ਕੋ ਸ਼ੋਕ ਕਰਹਿ ਕਿਸ ਹੇਤੁ[1] ॥੧੭॥ [1]ਕਾਹਦੇ ਵਾਸਤੇ।
ਸਗਰੇ ਆਪੋ ਅਪਨੀ ਵਾਰੀ।
ਜਾਤਿ ਚਲੇ ਕੋ ਧੀਰ ਨ ਧਾਰੀ[1]। [1]ਭਾਵ ਕੋਈ ਨਹੀਂ ਅਟਕਦਾ।
ਗੁਰ ਕੇ ਘਰ ਮਹਿਂ ਸ਼ੋਕ ਬਿਸਾਲਾ।
ਚਹਿਯਤਿ ਨਹੀਂ, ਰਹੈ ਚਿਰਕਾਲਾ ॥੧੮॥
ਕਹਾਂ ਭਯੋ ਤਨ ਤਜਾਗਿ ਸਿਧਾਰੇ।

ਗੁਰ ਬਚ ਤੇ ਨਿਤ ਜਿਯਬੋ ਧਾਰੇ।
ਨਾਮ ਪ੍ਰਤਾਪ ਸੁਜਸੁ ਸਦ ਕਾਲਾ।
ਰਹਜੋ ਅਟਲ ਜਗ ਬਿਦਤਿ ਬਿਸਾਲਾ'
॥੧੯॥
ਮ੍ਰਿਦੁਲ ਬਾਕ ਕਹਿ ਕਹਿ ਗੁਰਦਾਸ।
ਧੀਰ ਧਰਾਈ ਸ਼ੋਕ ਬਿਨਾਸ਼ਿ।
ਦਿਵਸਿ ਤੇਰ੍ਹਵੀਂ ਕੋ ਤਬਿ ਆਯੋ।
ਪੰਚਾਂਮ੍ਰਿਤ ਬਹੁਤ ਕਰਿਵਾਯੋ ॥੨੦॥
ਭੋਗ ਗ੍ਰਿੰਥ ਸਾਹਿਬ ਕੋ ਪਾਇ।
ਬਹੁਰ ਰਬਾਬੀ ਚੌਂਕੀ ਗਾਇ।
ਪੋਸ਼ਿਸ਼ ਬਹੁ ਮੋਲੀ ਬਨਿਵਾਈ।
ਪੁੱਤ੍ਰ ਹੇਤੁ ਅਰਦਾਸ ਕਰਾਈ ॥੨੧॥
ਸਭਿ ਮਹਿਂ ਪੰਚਾਂਮ੍ਰਿਤ ਬਰਤਾਯੋ।
ਸ਼ੋਕ ਸਦਨ ਤੇ ਸਕਲ ਨਸਾਯੋ।
ਗੁਰ ਘਰ ਕੀ ਮਰਜਾਦਾ ਜੇਤੀ।
ਸਤਿਗੁਰੁ ਕਰਵਾਇਸਿ ਤਬਿ ਤੇਤੀ
॥੨੨॥
ਅਗਲੇ ਦਿਵਸ ਬਿਸਰਜਨ ਕਰੇ।
ਅਟਲਰਾਇ ਹਿਤ ਆਇ ਜੁ ਬਰੇ।
ਤ੍ਰਿਯ ਜੁਤਿ ਦਾਸ ਨਰਾਇਣ ਗਯੋ।
ਪੁਰਿ ਡੱਲੇ ਜਸ ਉਚਰਤਿ ਭਯੋ ॥੨੩॥
ਦ੍ਵਾਰਾ ਭਾਗਣ ਸਹਤ ਸਿਧਾਰਾ।
ਗੁਰੂ ਅਮਰ ਕੋ ਬੰਸ ਪਧਾਰਾ।
ਤੇਹਣ ਗਏ ਖਡੂਰ ਮਝਾਰੀ।
ਰਾਮਾ ਗਮਨਜੋ ਲੇ ਨਿਜ ਨਾਰੀ ॥੨੪॥
ਇਨ ਤੇ ਆਦਿ ਜੁ ਆਵਤਿ ਭਏ।
ਗੁਰ ਸੋਂ ਮਿਲਿ ਮਿਲਿ ਨਿਜ ਘਰ ਗਏ।
ਸਭਿ ਹੀ ਸੁਨਿ ਸੁਨਿ ਅਚਰਜ ਗਾਥਾ।
'ਸਿਸ ਜੀਵਾਯਸਿ ਅਜ਼ਮਤ ਸਾਥਾ
॥੨੫॥
ਪਿਤਾ ਰਿਸਜੋ ਜਬਿ ਹੇਰਨਿ ਕੀਨਾ।
ਅਪਨੌ ਤਨ ਤਬਿ ਤਜਾਗਨਿ ਕੀਨਾ।

ਮਹਾਂ ਪੁਰਖ ਪੂਰਨ ਅਸ ਕੋਈ।
ਬਾਲ ਬੈਸ ਅਸ ਅਜ਼ਮਤ ਹੋਈ' ॥੨੬॥
ਕਹਹਿਂ ਸੁਨਹਿਂ ਬਿਸਮਹਿਂ ਇਮ ਸਾਰੇ।
ਨਿਜ ਨਿਜ ਪੁਰਿ ਅਰੁ ਗ੍ਰਾਮ ਉਚਾਰੇ।
ਕੇਤਿਕ ਕਹੈਂ 'ਸਭਿਨਿ ਤੇ ਭਾਰੀ।
ਗਾਦੀ ਸ਼੍ਰੀ ਨਾਨਕ ਸੁਖਕਾਰੀ ॥੨੭॥
ਜਿਨ ਕੇ ਸਮ ਜਗ ਭਯੋ ਨ ਕੋਈ।
ਦਾਸ ਘਨੇ ਅਜ਼ਮਤਿ ਜੁਤਿ ਹੋਈ।
ਲਾਖਹੁਂ ਭਗਤਿ ਗਜਾਨ ਜੁਤਿ ਹ੍ਵੈ ਕੈ।
ਲਹਜੋ ਪਰਮ ਪਦ ਗੁਰੁਮਤਿ ਪੈ ਕੈ
॥੨੮॥
ਦਾਸ ਦਾਸ ਕੇ ਦਾਸ ਬਿਸਾਲੇ।
ਤਿਸ ਘਰ ਕੇ ਭੇ ਅਜ਼ਮਤਿ ਵਾਲੇ।
ਕਰਾਮਾਤ ਸਾਹਿਬ ਸੁਤ ਹੋਵਾ।
ਇਸ ਮਹਿਂ ਕਹਾ ਅਚਰਜ ਤੁਮ ਜੋਵਾ
॥੨੯॥
ਸ਼ਾਹ ਜਹਾਂ ਜਗ ਪਤਿ ਇਸ ਕਾਲਾ।
ਕਰਜੋ ਤਾਂਹਿ ਸੋਂ ਜੰਗ ਕਰਾਲਾ।
ਆਜ ਕੌਨ ਤਿਹ ਸੰਗ ਬਿਗਾਰੇ।
ਐਸੇ ਸ਼ਾਹੁ ਜਿਨਹੁਂ ਤੇ ਹਾਰੇ ॥੩੦॥
ਪੰਚ ਗੁਰੂ ਬਰਤੇ ਬਿਚ ਪੀਰੀ।
ਅਬਿ ਦ੍ਵੈ ਧਰਿ[1] -ਪੀਰੀ ਅਰੁ ਮੀਰੀ-।
ਅਜ਼ਮਤ ਜੁਤਿ ਕੋ ਪੀਰ ਨ ਅਰੈ।
ਕੋ ਅਸ ਮੀਰ ਜਿ ਤ੍ਰਾਸ ਨ ਧਰੈ ॥੩੧॥
ਤਿਸ ਘਰ ਕੋ ਬੰਦਨ ਹੀ ਬਨੈਂ।'
ਇਮ ਜਗ ਸਗਰੋ ਗੁਰੁ ਜਸ ਭਨੈ।
ਸ਼੍ਰੀ ਸਤਿਗੁਰੁ ਹਰਿਗੋਵਿੰਦ ਚੰਦ।
ਬੈਠੇ ਤਖਤ ਅਕਾਲ ਬਿਲੰਦ ॥੩੨॥
ਬਡੋ ਕੁਟੰਬ ਭਯੋ ਜਿਨ ਕੇਰ।
ਸੁਤ ਪੋਤ੍ਰਾ ਸਨਬੰਧ ਬਡੇਰ।
ਸਭਿ ਮਹਿਂ ਬਰਤਹਿਂ ਸਹਿਜ ਸੁਭਾਇ।
ਜਿਮ ਅਰਬਿੰਦ ਨ ਜਲ ਲਿਪਤਾਇ

[1]ਦੋਵੇਂ ਧਾਰ ਲਈਆਂ ਹਨ:-।

॥ ੩੩ ॥
ਹਰਖ ਸ਼ੋਕ ਉਪਜਹਿ ਬਹੁ ਬਾਰ[1]।
[1]ਬਹੁਤ ਵੇਰ।
ਮਿਟਹਿ ਸੁ ਕਿਮ ਜੁ ਵਧਜੋ ਪਰਵਾਰ।
ਦੁਖ ਸੁਖ ਸਦਾ ਸੰਗ ਹੀ ਰਹੈਂ।
ਕਬਿ ਪ੍ਰਿਯ ਕਬਿ ਅੱਪ੍ਰਿਯ[1] ਹੁਇ ਚਹੈਂ ॥ ੩੪ ॥
[1]ਦੁਖਦਾਈ।
ਇਸ ਤੇ ਹਰਖ ਸ਼ੋਕ ਉਪਜੰਤੇ।
ਰਾਗ ਦ੍ਵੈਖ ਕੋ ਬਹੁਰ ਬਧੰਤੇ।
ਤਿਨ ਤੇ ਉਪਜਹਿਂ ਬ੍ਰਿੰਦ ਬਿਕਾਰਾ।
ਫਸੇ ਸਕਲ ਹੀ ਜੀਵ ਸੰਸਾਰਾ ॥ ੩੫ ॥
ਸਭਿ ਕੋ ਮੂਲ ਲਖਹੁ ਤਨਹੰਤਾ।
ਪੁਨ ਮਮਤਾ ਇਸ ਤੇ ਉਪਜੰਤਾ।
ਇਤ ਤੇ[1] ਆਗੈ ਉਤਪਤਿ ਜਾਨਹੁ।
[1]ਇਸ ਤੋਂ।
ਰਾਗ ਦ੍ਵੈਖ ਆਦਿਕ ਜੇ ਮਾਨਹੁ ॥ ੩੬ ॥
ਸੋ ਹੰਤਾ ਮਮਤਾ ਬਡ ਦੋਈ।
ਗੁਰ ਕੈ ਤੀਨ ਕਾਲ ਨਹਿਂ ਹੋਈ।
ਜਹਿਂ ਕਾਰਨ ਕੋ ਲੇਸ਼ ਨ ਜਾਨਿ।
ਕਯੋਂ ਕਾਰਜ ਉਪਜਹਿਂ ਤਿਸ ਥਾਨ ॥ ੩੭ ॥
ਜਿਸ ਧਰਨੀ ਮਹਿਂ ਬੀਰਜ[1] ਬੋਵਹੁ।
[1]ਬੀਜ।
ਦਲ ਫਲ ਸਹਤ ਤਹਾਂ ਤਰੁ ਜੋਵਹੁ[1]।
[1]ਦੇਖੋਗੇ।
ਜਿਸ ਅਵਿਨੀ ਮਹਿਂ ਬੀਜ ਨ ਪਰਯੋ।
ਕਯੋਂ ਦਲ ਫਲ ਜੁਤਿ ਹੁਇ ਤੁਰ ਹਰਯੋ ॥ ੩੮ ॥
ਸਦਾ ਏਕ ਰਸ ਮਹਿਂ ਬ੍ਰਿਤਿ ਰਹੈ।
ਉਥਿਤਿ ਨ[1] ਕਬਹੁੰ, ਸਮਾਧੀ ਅਹੈ।
[1]ਉਥਾਨ ਨਹੀਂ ਹੁੰਦੀ।
ਨਿਸ ਦਿਨ ਜੋ ਬਿਚਰਹਿ ਬਹੁ ਬਾਰੀ[1]।
[1]ਬਹੁਤੇ ਜਲ (ਵਿਚ)।
ਪੋਸ਼ਿਸ਼ ਸ਼ੁਸ਼ਕ[1] ਰਾਖਿ ਕਰਿ ਸਾਰੀ ॥ ੩੯ ॥
[1]ਸੁੱਕੀ।
ਅੰਜਨ ਕੋਸ਼ਟ[1] ਬਸਿਬੋ ਹੁਵੈ।
[1]ਸੁਰਮੇ (ਕਾਲਖ) ਦੇ ਕੋਠੇ (ਵਿਚ)।
ਬਸਤ੍ਰ ਸ਼ਜਾਮਤਾ ਕਬਹੁੰ ਨ ਛੁਵੈ।
ਗ੍ਰਿਹਸਤ ਬਿਖੈ ਦਿਨ ਰੈਨ ਗੁਜ਼ਾਰਨਿ।

ਹਰਖ ਸ਼ੋਕ ਕੇ ਬਹੁ ਜਹਿਂ ਕਾਰਨਿ ॥੪੦॥
ਸੋ ਨਹਿਂ ਹੋਨਿ ਦੇਤਿ ਮਨ ਮਾਂਹੀ।
ਗੁਰੁ ਬਿਨ ਆਨਿ ਪਿਖੈ ਇਹ ਨਾਂਹੀ[1]।

[1]ਬਿਨਾਂ ਗੁਰੂ ਜੀ ਦੇ (ਕਿਸੇ) ਹੋਰ ਦੀ ਇਹ (ਦਸ਼ਾ) ਨਹੀਂ ਦਿੱਸਦੀ।

ਜਿਸ ਪਰ ਕ੍ਰਿਪਾ ਕਰਹਿਂ ਦੇਂ ਸੀਖਾ।
ਤਿਸ ਹੂੰ ਅਸ ਕੌਤਕ ਉਰ ਦੀਖਾ ॥੪੧॥
ਯਾਂ ਤੇ ਸਦਾ ਗੁਰੂ ਕੀ ਸ਼ਰਨੀ।
ਪਰੇ ਰਹੋ ਸ਼ਰਧਾ ਉਰ ਧਰਨੀ।
ਜਬਹਿ ਕ੍ਰਿਪਾਲ ਕ੍ਰਿਪਾ ਕਰਿ ਦੇਖਹਿਂ।
ਮਨ ਬਿਕਾਰ ਹਰਿ ਦੇਹਿ[1] ਅਸ਼ੇਖਹਿਂ ॥੪੨॥

[1]ਦੂਰ ਕਰ ਦੇਵਨਗੇ।

ਭਗਤਿ ਗਜਾਨ ਕੋ ਦੇਂ ਉਪਜਾਇ।
ਜਿਸ ਤੇ ਪਰਮ ਮੁਕਤਿ ਕੋ ਪਾਇ।
ਜਿਸ ਗੁਰ ਨੇ ਕਈ ਕੋਟ ਉਧਾਰੇ।
ਸੋ ਗੁਰਿ ਹੋਹਿਂ ਸਹਾਇ ਹਮਾਰੇ ॥੪੩॥

ਚੌਪਈ:

ਜੇ ਇਹ ਕਥਾ ਸੁਨੈ ਮਨਿ ਲਾਇ[†]।

[†]ਮਨ ਲਾਇ ਦਾ ਮਤਲਬ ਹੈ ਕਿ ਗੁਰੂ ਧਿਆਨ ਅੰਦਰ ਵਸਾਵੇ, ਗੁਰੂ ਦਾ ਹੁਕਮ ਤੇ ਨਾਮ ਕਮਾਵੇ, ਹਉਮੈਂ ਦਾ ਤਿਆਗ ਕਰੇ। ਅੰਕ ੪੩ ਤਕ ਇਹ ਸਾਰਾ ਉਪਦੇਸ਼ ਦਿੱਤਾ ਹੈ, ਕਥਾ ਸੁਣ ਕੇ ਗੁਰ ਪਿਆਰ ਵਿਚ ਪਵੇ ਤੇ ਇਹ ਕਮਾਈ ਕਰੋ, ਜੋ ਜ਼ਰੂਰ ਭਵਜਲ ਤਰੇ। ਕਵੀ ਜੀ ਅਗਲੀਆਂ ਛੀਆਂ ਤੁਕਾਂ ਵਿਚ ਇਹੋ ਹੀ ਕਹਿ ਰਹੇ ਹਨ।

ਜਨਮ ਮਰਨ ਸੰਕਟ ਮਿਟ ਜਾਇ।
ਜੋ ਗੁਰ ਦੇ ਉਪਦੇਸ਼ ਮਹਾਨ।
ਸੋਊ ਕਰਤਿ ਭਵ ਮਹਿਂ ਕੱਲਜਾਨ ॥੪੪॥
ਸੱਤਿਨਾਮ ਸਿਮਰਹਿ ਦਿਨ ਰੈਨ।
ਮਨ ਸ਼ਾਂਤੀ ਤਨ ਉਪਜਹਿ ਚੈਨ।
ਸਿੱਖੀ ਪਦ ਨਿਜ ਧਾਰਨ ਕੀਨਿ।
ਅਤਿਸ਼ੈ ਪਰਮ ਮੁਕਤਿ ਤਿਸ ਲੀਨਿ[†] ॥੪੫॥

[†]ਲਿਖਤੀ ਨੁਸਖਿਆਂ ਵਿਚ ੪੪, ੪੫ ਦੀਆਂ ਚੌਪਈਆਂ ਦੇਖਣ ਵਿਚ ਨਹੀਂ ਆਈਆਂ। ਓਥੇ ਰਾਸ ਅੰਕ ੪੩ ਤੇ ਸਮਾਪਤ ਹੋ ਜਾਂਦੀ ਹੈ। ਚੌਪਈ ਚਲ ਰਹੀ ਸੀ ਅੰਕ ੪੩ ਦੇ ਬਾਦ ਫੇਰ 'ਚੌਪਈ' ਲਿਖਣ ਦੀ ਲੋੜ ਨਹੀਂ ਸੀ। ਕਵਿਤਾ ਬੀ ਕਵੀ ਜੀ ਵਰਗੀ ਨਹੀਂ ਲਗਦੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ ਕਵਿ ਸੰਤੋਖ ਸਿੰਘ ਭਾਖਾਯਾਂ ਵਿਰਚਤਾਯਾਂ 'ਸ਼੍ਰੀ ਗੁਰੂ ਹਰਿਗੋਬਿੰਦ ਦੁਸ਼ਟ ਦਮਨ ਕਰਨ ਅਤੇ ਸ੍ਰੀ ਹਰਿਗੋਬਿੰਦ ਪੁਰਾ ਬਨਾਵਨ ਔ ਸ੍ਰੀ

ਅਟੱਲਰਾਇ ਕੀ ਚੜ੍ਹਾਈ ਔਰ ਸਿਖਾਂ ਕੋ ਉਪਦੇਸ਼ ਦੇਵਨ ਅਰ ਸੁਧਾਸਰ ਮੈ ਸ੍ਰੀ ਗੁਰ ਬਿਰਾਜਮਨ ਇਤਜਾਦਿਕ' ਪ੍ਰਸੰਗ ਬਰਨਨੰ ਨਾਮ ਏਕ ਊਨ ਸਸ਼ਟੀ ਅੰਸੂ† ॥ ੫੯ ॥

†ਇਤਿ ਤੋਂ ਅੰਸੂ ਤਕ ਸਾਰਾ ਪਾਠ ਲਿਖਤੀ ਨੁਸਖਿਆਂ ਵਿਖੇ ਹੂਬਹੂ ਦੇਖਣ ਵਿਚ ਨਹੀਂ ਆਇਆ, ਫਰਕ ਨਾਲ ਮਿਲਦਾ ਹੈ।

[ਛੇਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਸੱਤਵੀਂ Raas 7

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: www.ik13.com Email rarasahib@yahoo.com
Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਸੱਤਵੀਂ

## ਰਾਸਿ ਸੱਤਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਸੱਤਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਸੱਤਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | ੬੦ | ੬੧ |

# ਤਤਕਰਾ ਰਾਸਿ ਸੱਤਵੀਂ

## ਰਾਸਿ ਸੱਤਵੀਂ


੧ ਅੰਸੂ ੧. [ਮੰਗਲ। ਸੂਰਜ ਮੱਲ ਦੀ ਸਗਾਈ]

੧. ਇਸ਼੍ਰ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

੩. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰ ਦਾਸ ਜੀ ਦਾ-ਮੰਗਲ।

੬. ਇਸ਼੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

੧੩. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਾਨ ਜੀ ਦਾ-ਮੰਗਲ।

੧੪. ਗੁਰ ਸਿਖ, ਸੰਤ ਮੰਗਲ।

[ਮੰਗਲ ਸਮਾਪਤਿ ਤੇ ਕਥਾ ਦਾ ਆਰੰਭ]

੨ ੨. [ਭਾਈ ਗੁਰਦਾਸ ਨੇ ਘੋੜੇ ਖ਼੍ਰੀਦਣੇ]

੩ ੩. [ਭਾਈ ਗੁਰਦਾਸ ਕਾਂਸ਼ੀ ਵਿਖੇ]

੪ ੪. [ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ]

੫ ੫. [ਭਾਈ ਗੁਰਦਾਸ ਕਾਂਸ਼ੀਓਂ ਅੰਮ੍ਰਿਤਸਰ]

੬ ੬. [ਸ੍ਰੀ ਸੂਰਜ ਮੱਲ ਜੀ ਦਾ ਵਿਵਾਹ]

੭ ੭. [ਬਰਾਤ ਵਾਪਸ। ਸ਼੍ਰੀ ਤੇਗ ਬਹਾਦਰ ਜੀ ਦੀ ਸਗਾਈ]

੮ ੮. [ਵਾਪਸ ਆਏ। ਵਲੀਖਾਨ ਦਾ ਨਿਰਾਦਰ]

੯ ੯. [ਸਿਰੀ ਚੰਦ ਜੀ ਦਰਸ਼ਨ। ਬੁੱਢਣਸ਼ਾਹ]

੧੦ ੧੦. [ਵਡਾਲੀ ਸੂਰ ਮਾਰਿਆ]

੧੧ ੧੧. [ਸ਼ਿਕਾਰ। ਬਾਸਰਕੇ ਤੇ ਬੀੜ ਦਰਸ਼ਨ]

੧੨ ੧੨. [ਸ਼੍ਰੀ ਚੌਲ੍ਹਾ ਸਾਹਿਬ ਦਰਸ਼ਨ]

੧੩ ੧੩. [ਚੋਲ੍ਹਾ (ਭੈਣੀ) ਗ੍ਰਾਮ ਦੀ ਕਥਾ]

੧੪ ੧੪. [ਭਾਈ ਹੇਮਾ, ਭਾਈ ਗੁਰਦਾਸ ਪ੍ਰਲੋਕ ਗਮਨ]

੧੫ ੧੫. [ਮ੍ਰਿਤਕ ਗੁਰਮਰਯਾਦਾ। ਭਾਈ ਜੱਲਣ]

੧੬ ੧੬. [ਸ਼੍ਰੀ ਹਰਿਰਾਇ ਜਨਮ, ਮਾਲਵੇ ਵਲ ਟੁਰਨਾ]

੧੭ ੧੭. [ਡਰੋਲੀ ਸਾਈਂ ਦਾਸ ਦੇ ਘਰ]

| | |
|---|---|
| ੧੮ | ੧੮. [ਵੱਡੇ ਘਰ, ਭਾਈ ਸਾਦਾ ਸਾਧੂ] |
| ੧੯ | ੧੯. [ਭਾਈ ਸਾਧੂ ਰੂਪਾ] |
| ੨੦ | ੨੦. [ਭਾਈ ਸਾਧੂ ਰੂਪਾ] |
| ੨੧ | ੨੧. [ਮਾਤਾ ਦਮੋਦਰੀ ਗੁਰਪੁਰੀ ਪਯਾਨ] |
| ੨੨ | ੨੨. [ਰਾਮੋ, ਸਾਈਂ ਦਾਸ, ਨਰਾਇਣ ਦਾਸ ਤੇ ਦਯਾ ਕੌਰ ਪ੍ਰਲੋਕ ਪਯਾਨ] |
| ੨੩ | ੨੩. [ਡਰੋਲੀਓਂ ਭਾਈ ਰੂਪੇ ਪੁੱਜੇ] |
| ੨੪ | ੨੪. [ਜੋਧ ਸ਼ਾਹ] |
| ੨੫ | ੨੫. [ਬਖਤ ਮੱਲ ਤਾਰਾ ਚੰਦ। ਘੋੜੇ] |
| ੨੬ | ੨੬. [ਦਰਿਆਈ ਘੋੜੇ] |
| ੨੭ | ੨੭. [ਭਾਈ ਬਿਧੀ ਚੰਦ ਘਸਿਆਰੇ ਦੇ ਰੂਪ ਵਿੱਚ] |
| ੨੮ | ੨੮. [ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ] |
| ੨੯ | ੨੯. [ਕਸੇਰੇ ਨੇ ਹੋਰ ਭੇਤ ਲੈਣੇ] |
| ੩੦ | ੩੦. [ਸਾਥੀਆਂ ਨੂੰ ਕਸੇਰੇ ਵਲੋਂ ਜ਼ਿਆਫ਼ਤ] |
| ੩੧ | ੩੧. [ਇਕ ਘੋੜਾ] |
| ੩੨ | ੩੨. [ਘੋੜਾ ਉਦਾਸ] |
| ੩੩ | ੩੩. [ਦੂਜਾ ਘੋੜਾ। ਜੋਧ ਰਾਇ ਦੇ ਪਾਸ ਗਏ] |
| ੩੪ | ੩੪. [ਭਾਈ ਬਿਧੀ ਚੰਦ ਰਮਲੀ ਦੇ ਭੇਸ] |
| ੩੫ | ੩੫. [ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ] |
| ੩੬ | ੩੬. [ਦੂਜਾ ਘੋੜਾ ਲੈਕੇ ਟੁਰਨਾ] |
| ੩੭ | ੩੭. [ਗੁਰੂ ਜੀ ਦੇ ਹਜ਼ੂਰ] |
| ੩੮ | ੩੮. [ਯੁੱਧ ਦੀਆਂ ਤਿਆਰੀਆਂ] |
| ੩੯ | ੩੯. [ਕਾਂਗੜ ਪੁਰੋਂ ਕੂਚ] |
| ੪੦ | ੪੦. [ਜੰਗ ਦੀਆਂ ਤਿਆਰੀਆਂ] |
| ੪੧ | ੪੧. [ਲਲਾਬੇਗ ਦੀ ਚੜ੍ਹਾਈ] |
| ੪੨ | ੪੨. [ਸ਼ਾਹੀ ਫੌਜ ਮਾਲਵੇ ਪੁੱਜੀ] |
| ੪੩ | ੪੩. [ਹਸਨ ਖਾਂ ਦੂਤ] |
| ੪੪ | ੪੪. [ਜੰਗ ਸ਼ੁਰੂ] |
| ੪੫ | ੪੫. [ਯੁੱਧ-ਜਾਰੀ] |
| ੪੬ | ੪੬. [ਜੁੱਧ ਜਾਰੀ] |
| ੪੭ | ੪੭. [ਦਿਨ ਚੜ੍ਹੇ ਦਾ ਜੁੱਧ] |
| ੪੮ | ੪੮. [ਦਿਨ ਦਾ ਜੁੱਧ-ਜਾਰੀ] |
| ੪੯ | ੪੯. [ਕਾਬਲ ਬੇਗ ਬੱਧ] |
| ੫੦ | ੫੦. [ਕੰਬਰ ਬੇਗ ਬੱਧ] |
| ੫੧ | ੫੧. [ਕਾਸਮ ਬੇਗ ਬੱਧ] |

| | |
|---|---|
| ੫੨ | ੫੨. [ਭਾਈ ਜੇਠਾ, ਸ਼ਮਸ ਬੇਗ ਬੱਧ] |
| ੫੩ | ੫੩. [ਲਲਾ ਬੇਗ ਬੱਧ] |
| ੫੪ | ੫੪. [ਸਤਿਗੁਰੂ ਜੀ ਦੀ ਵਿਜੈ] |
| ੫੫ | ੫੫. [ਹਸਨ ਖਾਂ ਕਾਬਲ ਦਾ ਸੂਬਾ ਬਣਿਆ] |
| ੫੬ | ੫੬. [ਨਿਥਾਣੇ ਵਾਲਾ ਕਾਲੂ ਨਾਥ] |
| ੫੭ | ੫੭. [ਕਾਂਗੜ ਪੁਰ ਪ੍ਰਵੇਸ਼ ਅਜਗਤ ਮੁਕਤ] |
| ੫੮ | ੫੮. [ਕਾਂਗੜ ਪੁਰ ਡੇਰਾ] |
| ੫੯ | ੫੯. [ਕਾਂਗੜ ਪੁਰੋਂ ਕੂਚ। ਫਤੂਹੀ ਰਾਹਕ] |
| ੬੦ | ੬੦. [ਸ੍ਰੀ ਕਰਤਾਰ ਪੁਰ ਆਏ] |
| ੬੧ | ੬੧. [ਕਰਤਾਰ ਪੁਰ ਦਰਬਾਰ] |

# ਰਾਸ਼ਿ ਸੱਤਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਸਪਤਮਿ ਰਾਸਿ ਕਥਨੰ ॥

### ਅੰਸੂ ੧. [ਮੰਗਲ। ਸੂਰਜ ਮੱਲ ਦੀ ਸਗਾਈ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਦੋਹਰਾ:

ਮਾਯਾ ਸੋ† ਸਵਲ ਜੁ ਭਯੋ ਜਿਤਿ ਕਿਤਿ ਬਯਾਪਿ ਸਮਾਨ।
ਸਾਰ ਅਸਾਰ ਸੰਸਾਰ ਕਰਿ ਸਚਿਦਾਨੰਦ ਮਹਾਨ ॥੧॥

†ਇਕ ਪ੍ਰਾਚੀਨ ਨੁਸਖੇ ਵਿਚ ਪਾਠ 'ਸੌਂ' ਹੈ, ਤਦ ਅਰਥ ਬਣੇਗਾ:-ਮਾਯਾ ਨਾਲ ਜੋ ਸਫਲ ਹੋਇਆ ਹੈ।

ਮਾਯਾਸਵਲ = ਮਾਇਆ ਨਾਲ ਸ਼ਕਤੀ ਵਾਲਾ।

ਜਿਤਿ ਕਿਤਿ = ਜਹਾਂ ਕਹਾਂ, ਜਿੱਥੇ ਕਿੱਥੇ, ਸਾਰੇ ਹੀ।

ਸਾਰ ਅਸਾਰ = ਸੱਤ ਅਸੱਤ, ਆਤਮ ਜਗਤ। ਸਾਰ ਅਸਾਰ ਦੇ ਕਵੀ ਜੀ ਨੇ ਜੋ ਆਪ ਅਰਥ ਲਿਖੇ ਹਨ ਓਹ ਏਹ ਹਨ 'ਜਗਤ ਅਸਾਰ ਕੂਰ ਸਭਿ ਜਾਨਾ। ਸਾਚ ਆਤਮਾ ਸਾਰ ਪਛਾਨਾ' [ਰੁਤ ੬ ਅੰਸੂ ੩ ਅੰਕ ੩੦]

ਅਰਥ:

ਇਸ ਦੋਹੇ ਦਾ ਅਨਵਜ ਐਉਂ ਹੁੰਦਾ ਹੈ:-ਜਿਤ ਕਿਤ ਬਯਾਪ ਸਮਾਨ ਜੁ ਸੱਚਿਦਾਨੰਦ ਮਹਾਨ, ਸੋ ਮਾਯਾ ਸਵਲ ਭਯੋ (ਅਰ ਮਾਯਾ ਸਵਲ ਹੋਕੇ) ਸਾਰ ਅਸਾਰ ਸੰਸਾਰ ਕਰਿ। ਅਰਥ ਐਉਂ ਲਗੇਗਾ:-ਜੋ ਜਿਥੇ ਕਿਥੇ (ਸਮਾਨ =) ਇਕੋ ਜੇਹਾ ਵਿਆਪਕ ਸੱਚਿਦਾਨੰਦ ਮਹਾਨ ਹੈ ਉਸ ਨੇ ਮਾਯਾ (ਨਾਮਕ ਨਿਜ) ਸ਼ਕਤੀ ਸਹਿਤ ਹੋਕੇ (ਸਾਰ =) ਆਤਮਾ (ਅਰ ਅਸਾਰ =) ਪੰਜ ਭੌਤਕ ਜਗਤ ਨੂੰ ਰਚਿਆ ਹੈ।

ਭਾਵ:

ਆਤਮਾ ਵਿਚ 'ਅਸਤੀ ਭਾਂਤੀ ਪ੍ਰੇਯਤਾ' ਪਰਮਾਤਮਾਂ ਦੀ ਹੈ ਅਰ ਜਗਤ ਵਿਚ 'ਨਾਮ ਰੂਪਤਾ' ਮਾਯਾ ਦੀ ਹੈ। ਦੁਹਾਂ ਦੇ ਮਿਲਣ ਤੋਂ ਸੰਸਾਰ ਬਣਿਆਂ ਦੱਸ ਰਹੇ ਹਨ।

ਹੋਰ ਅਰਥ:

ਜਿਥੇ ਕਿਥੇ ਸਮਾਨ ਵਿਆਪਕ ਸੱਚਿਦਾਨੰਦ ਮਹਾਨ ਨੇ ਆਪਣੀ ਮਾਯਾ ਸ਼ਕਤੀ ਦਵਾਰਾ (ਸਾਰ ਅਸਾਰ ਸੰਸਾਰ =) ਸੱਤਿ ਅਸੱਤਿ ਤੋਂ ਵਿਲੱਖਣ (ਅਨਿਰਵਚਨੀਯ) ਜਗਤ ਉਤਪੰਨ ਕੀਤਾ ਹੈ। ਜੇ ਸਾਰ ਅਸਾਰ ਦੇ ਅਰਥ ਅੰਮ੍ਰਿਤ ਤੇ ਬਿਖ ਕਰੀਏ ਤਾਂ ਬਣਦਾ ਹੈ ਕਿ ਇਹ ਜਗਤ ਅੰਮ੍ਰਿਤ ਅਰ ਬਿਖ ਰੂਪ ਕੀਤਾ ਹੈ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਸਦਾ ਸਾਰਦਾ ਸਾਰ ਦਾ ਸਾਰਦ ਚੰਦ ਮਨਿੰਦ†। †ਪਾ:-ਸਰਦ ਚੰਦ ਮਾਨਿੰਦ।
ਪਾਰਦ ਬਰਨੀ ਪਾਰ ਦਾ ਬਿਘਨ ਬਿਨਾਸ਼ਨ† ਬ੍ਰਿੰਦ ॥੨॥

†ਪਾ:-ਬਿਸਾਲਨਿ = ਵਿਸ਼ੇਸ਼ ਕਰਕੇ+ਸੱਲਨ = ਨਾਸ਼ ਕਰਨ ਵਾਲੀ ਹੈ।

ਸਾਰਦਾ = ਸਰਸ੍ਵਤੀ।
ਸਾਰ ਦਾ = ਵਿੱਦਯਾ, ਵਿੱਗਯਾਨ ਆਦਿ ਦੇ ਤੱਤ੍ਵ ਦੀ ਦਾਤੀ।
[ਸਾਰ = ਭੇਤ, ਸੂਝ]
ਸਾਰਦ = [ਸਾਰ = ਅੰਮ੍ਰਿਤ। ਦ = ਦਾਤਾ] ਅੰਮ੍ਰਿਤ ਦਾ ਦਾਤਾ। ਚੰਦ ਨੂੰ ਫਲਾਂ ਬੂਟੀਆਂ ਵਿਚ ਅੰਮ੍ਰਿਤ ਦਾ ਦਾਤਾ ਮੰਨਿਆਂ ਹੈ।
(ਅ) ਸਰਦ ਰੁਤ ਦਾ। ਪਾਰਦ = ਪਾਰਾ।
ਬਰਨੀ = ਕਿਹਾ ਜਾਂਦਾ ਹੈ (ਅ) ਰੰਗ ਵਰਗੀ।
ਪਾਰ ਦਾ = [ਪਾਰ+ਦਾ।
ਪਾਰ = ਸੰਸ: 'ਪ੍ਰੀ' ਧਾਤੂ ਤੋਂ ਪਾਰ ਬਣਦਾ ਹੈ, ਅਰਥ ਹੈ ਭਰਪੂਰਤਾ, ਖੁਸ਼ੀ।
ਦਾ = ਦਾਤਾ]
ਜੋ (ਸਰੀਰ ਦੇ ਸੰਕਟ ਹਰਕੇ) ਖੁਸ਼ੀ ਦਾ ਦਾਤਾ ਹੈ। (ਅ) ਪਾਰ ਦੀ ਦਾਤੀ, ਸਰਸ੍ਵਤੀ ਜੋ ਵਿਦਯਾ ਵਿੱਗਯਾਨ ਆਦਿ ਦੇ ਉਰਾਰ ਪਾਰ (ਸੰਪੂਰਣਤਾ) ਦੀ ਦਾਤੀ ਹੈ।

ਅਰਥ:

ਚੰਦ੍ਰਮਾਂ ਜਿਵੇਂ (ਬੂਟੀਆਂ) ਨੂੰ ਅੰਮ੍ਰਿਤ ਦਾ ਦਾਤਾ ਹੈ (ਤਿਵੇਂ) ਸਾਰਦਾ ਸਦਾ (ਵਿੱਦਯਾ ਵਿੱਗਯਾਨ ਆਦਿ ਦੇ) ਤੱਤ੍ਵ ਦੀ ਦਾਤੀ ਹੈ। ਜਿਵੇਂ ਪਾਰਾ (ਸਰੀਰਕ ਸੰਕਟ ਕਰਕੇ) ਖੁਸ਼ੀ ਦਾ ਦਾਤਾ ਕਿਹਾ ਜਾਂਦਾ ਹੈ (ਤਿਵੇਂ ਸਰਸ੍ਵਤੀ ਸਾਹਿੱਤਯ ਦੇ) ਸਾਰੇ ਵਿਘਨਾਂ ਨੂੰ ਨਾਸ਼ ਕਰਕੇ (ਖੁਸ਼ੀ ਦੀ ਦਾਤੀ ਹੈ)।

ਹੋਰ ਅਰਥ:

ਸਰਸ੍ਵਤੀ ਸਦਾ ਸਾਰ ਦੀ ਦਾਤੀ ਹੈ। (ਤੇ ਸੁਭਾਵ ਉਸ ਦਾ) ਸਰਦ ਰਿਤੂ ਦੇ ਚੰਦ੍ਰਮਾਂ ਵਰਗਾ (ਸੀਤਲ) ਹੈ। ਉਹ ਪਾਰੇ ਦੇ ਰੰਗ ਵਰਗੀ (ਉੱਜਲ) ਹੈ। (ਵਿੱਦਯਾ ਵਿਗਯਾਨ ਦੇ ਉਰਾਰ) ਪਾਰ ਕੀ ਦਾਤੀ ਹੈ ਤੇ ਸਾਰੇ ਵਿਘਨਾਂ ਦੇ ਦੂਰ ਕਰਨੇ ਵਾਲੀ ਹੈ।

ਭਾਵ:

'ਪਾਰਦ ਬਰਨੀ' ਵਿਚ ਉਸ ਦੇ ਰੰਗ ਦੀ ਉੱਜਲਤਾ ਯਾ ਉਸ ਦੇ ਚਿਹਰੇ ਕਿ ਰੂਪ ਦੀ ਸੁੰਦਰਤਾ ਦਾ ਰੂਪਕ ਵਰਣਨ ਕਰ ਦਿੱਤਾ ਹੈ, ਇਸ ਕਰਕੇ 'ਸਾਰਦ ਚੰਦ ਮਾਨਿੰਦ' ਵਿਚ ਸੁਭਾਵ ਦੀ ਸੀਤਲਤਾ ਭਾਵ ਲੈਣਾ ਚਾਹੀਏ।

### ੩. ਇਸ਼੍ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਚਿੱਤ੍ਰਪਦਾ ਛੰਦ:

**ਪਾਰ ਪਰੇ ਜਗ ਸਾਗਰ ਤੇ, ਉਰ ਤੇ ਪਰਦਾ ਭਰਮ ਕੋ ਸਭਿ ਪਾਰਿ।**
**ਪਾਰਦ ਕੇ ਸਮ ਜੋ ਮਨ ਚੰਚਲ, ਤਾਂ ਮਹਿਂ ਮੂਲ ਬਿਕਾਰ ਉਪਾਰਿ।**
**ਪਾਰਨ ਪ੍ਰੇਮ ਕਰੋ ਗੁਰ ਨਾਨਕ, ਜੋ ਸ਼ਰਨਾਗਤ ਕੇ ਪ੍ਰਤਿਪਾਰਿ।**
**ਪਾਰਸ ਜਯੋਂ ਛੁਇ ਜਾਤਿ ਜਿਨੈ, ਸਮ ਲੋਹ ਜੁ ਕੰਚਨ ਹੋਇ ਅਪਾਰਿ ॥੩॥**

ਪਾਰ ਪਰੇ = ਪਾਰ ਹੋ ਗਏ। ਪਾਰਿ = ਪਾੜਕੇ।
ਜੋ ਮਨਚੰਚਲ = ਜੋ ਮਨ ਕਿ ਚੰਚਲ ਹਨ। (ਅ) ਜੋ ਚੰਚਲ ਮਨ ਵਾਲੇ ਹਨ। ਮੂਲ ਬਿਕਾਰ = ਅਸਲ ਵਿਕਾਰ। (ਅ) ਵਿਕਾਰਾਂ ਨੂੰ ਜੜ੍ਹਾਂ ਤੋਂ? (ੰ) ਵਿਕਾਰਾਂ ਦਾ ਮੂਲ।
ਪਾਰਨ = ਪਾਲਣਾ। ਸ਼ਰਨਾਗਤਿ = ਸ਼ਰਨ ਆਏ ਹੋਏ, ਦਾਸ, ਸਿੱਖ।
ਅਪਾਰ = ਪਾਰ ਨਾ ਪਾਇਆ ਜਾ ਸਕੇ ਜਿਨ੍ਹਾਂ ਦਾ।

ਅਰਥ:

੩. (ਸ੍ਰੀ ਸਤਿਗੁਰੂ) ਗੁਰੂ ਨਾਨਕ (ਦੇਵ ਜੀ) ਦੇ ਪ੍ਰੇਮ ਦੀ ਪਾਲਨਾ ਕਰੋ ਜੋ ਸ਼ਰਨਾਗਤਾਂ ਦੀ ਪ੍ਰਤਿਪਾਲਨਾ ਕਰਨ ਵਾਲੇ ਹਨ। ੨. (ਜਿਨ੍ਹਾਂ ਨੇ ਸ਼ਰਨਾਗਤਾਂ ਦੇ) ਪਾਰੇ ਵਤ ਚੰਚਲ ਮਨਾਂ ਵਿੱਚ, ਜੋ ਮੂਲ ਵਿਕਾਰ ਸਨ, ਤਿਨ੍ਹਾਂ ਨੂੰ ਜੜ੍ਹਾਂ ਤੋਂ ਪੁੱਟ ਸੁੱਟਿਆ।
੧. (ਐਸੇ ਸ਼ਰਨਾਗਤ) ਸੰਸਾਰ ਸਾਗਰ ਤੋਂ ਪਾਰ ਹੋ ਗਏ ਦਿਲ ਤੋਂ ਭਰਮ ਦਾ ਸਾਰਾ ਪਰਦਾ ਪਾੜਕੇ।
੪. ਪਾਰਸ (ਰੂਪ ਸ੍ਰੀ ਗੁਰੂ ਜੀ) ਜਿਨ੍ਹਾਂ ਨਾਲ ਛੁਹ ਜਾਂਦੇ ਹਨ ਉਹ (ਚਾਹੋ) ਲੋਹੇ ਵਰਗੇ ਹੋਣ, ਸੋਨੇ ਵਰਗੇ ਹੋ ਜਾਂਦੇ ਹਨ, (ਜਿਨ੍ਹਾਂ ਦੀ ਗਤੀ ਦਾ) ਪਾਰ ਨਹੀਂ ਪਾਇਆ ਜਾ ਸਕਦਾ।

### ੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਦੋਹਰਾ:

**ਬੰਦ ਨ ਪਰਹਿ ਸਬੰਧ ਹੁਇ† ਸ੍ਰੀ ਅੰਗਦ ਪਦ ਬੰਦਿ।**
**ਬੰਦਿ ਹਾਥ ਸ਼ਰਨੀ ਪਰੇ ਬਿਘਨ ਬਿਨਾਸ਼ਨ ਬ੍ਰਿੰਦ ॥੪॥**

†ਪਾ:-ਬੰਦਨ ਕਰੇ ਨਿਬੰਧ ਹੋਇ = (ਜਿਨ੍ਹਾਂ ਨੂੰ) ਨਮਸਕਾਰ ਕਰਕੇ ਬੰਧਨਾਂ ਤੋਂ ਰਹਿਤ ਹੋ ਜਾਈਦਾ ਹੈ।

ਅਰਥ:

ਮੈਂ (ਸ੍ਰੀ ਗੁਰੂ) ਅੰਗਦ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ ਕਿ (ਜਿਨ੍ਹਾਂ ਨਾਲ ਸਿੱਖੀ ਭਾਵਨਾ ਦਾ) ਸੰਬੰਧ ਹੋ ਜਾਣ ਤੇ (ਕੋਈ) ਬੰਦ (ਕੈਦ) ਨਹੀਂ ਪੈਂਦੀ, (ਹਾਂ) ਜੋ (ਬੀ) ਹੱਥ ਬੰਨ੍ਹ ਕੇ ਸ਼ਰਨ ਆ ਪਏ ਹਨ ਉਨ੍ਹਾਂ ਦੇ ਸਾਰੇ ਵਿਘਨ ਵਿਨਾਸ਼ ਹੋਏ ਹਨ।

### ੫. ਇਸ਼੍ਰ ਗੁਰੁ-ਸ੍ਰੀ ਗੁਰੂ ਅਮਰ ਦਾਸ ਜੀ ਦਾ-ਮੰਗਲ।

**ਪਰਮ ਬ੍ਰਿੱਧ ਸ੍ਰੀ ਅਮਰ ਜੀ ਪਰਮ ਉਦਾਰ ਸਦੀਵ।**
**ਪਰਮ ਬਖਸ਼ ਕਰਿ ਸੇਵਕਨਿ, ਪਰਮ ਉਧਾਰਕ ਥੀਵ ॥੫॥**

ਪਰਮ = ਵੱਡੀ। ਪਰਮ ਬ੍ਰਿੱਧ = ਵਡੀ ਬ੍ਰਿੱਧ (ਅਵਸਥਾ ਵਾਲੇ)।
ਪਰਮ = ਸੁੱਖੀ, ਉਤਕ੍ਰਿਸ਼੍ਰ ਪਰਮ = ਮੁਕਤੀ। ਪਰਮਗਤੀ ਤੋਂ ਮੁਰਾਦ ਹੈ।
ਪਰਮ = ਹੱਦ ਤੋਂ ਵਧੀਕ, ਭਾਵ ਬੇਅੰਤ ਲੋਕਾਂ ਨੂੰ।
ਉਧਾਰਕ = ਉਧਾਰਨ ਵਾਲੇ।

ਅਰਥ:

ਬਡੀ ਬਿਰਧ (ਅਵਸਥਾ ਵਾਲੇ) ਸ਼੍ਰੀ (ਗੁਰੂ) ਅਮਰ (ਦੇਵ ਜੀ) ਸਦੀਵ ਹੀ ਮੁਖੀ ਉਦਾਰ ਹਨ, (ਜਿਨ੍ਹਾਂ ਨੇ ਆਪਣੇ) ਸੇਵਕਾਂ ਨੂੰ ਪਰਮਗਤੀ ਬਖਸ਼ੀ (ਤੇ ਅਗੋਂ ਓਹ ਬਖਸ਼ਸ਼ਾਂ ਵਾਲੇ ਹੋਕੇ) ਅਨੇਕਾਂ ਦੇ ਉਧਾਰ ਕਰਤਾ ਹੋਏ ਹਨ।

### ੬. ਇਸ਼੍ਰ ਗੁਰੁ-ਸ੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

**ਰਾਮਦਾਸ ਸ਼੍ਰੀ ਸਤਿਗੁਰੂ, ਦਾਸਨ ਤ੍ਰਾਸ ਬਿਨਾਸ਼ਿ।**
**ਨਿਜ ਪਰ ਜਨ ਬਿੱਸ੍ਵਾਸ ਲਖਿ, ਬਖਸ਼ਤਿ ਹੈਂ ਸੁਖਰਾਸ ॥੬॥**

ਅਰਥ:

ਸ਼੍ਰੀ ਸਤਿਗੁਰੂ ਰਾਮਦਾਸ (ਜੀ ਆਪਣੇ) ਦਾਸਾਂ ਦਾ ਡਰ ਦੂਰ ਕਰਨਹਾਰ ਹਨ, ਆਪਣੇ ਉਪਰ ਦਾਸਾਂ ਦਾ ਭਰੋਸਾ ਜਾਣਕੇ (ਤਿਨ੍ਹਾਂ ਨੂੰ) ਸੁੱਖਾਂ ਦੇ ਪੁੰਜ ਬਖਸ਼ਦੇ ਹਨ।

### ੭. ਇਸ਼੍ਰ ਗੁਰੁ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

**ਭਾਰੀ ਉਪਕਾਰੀ ਸਦਾ, ਧ੍ਰਿਤ ਧਾਰੀ, ਗੁਨਖਾਨ।**
**ਸ਼੍ਰੀ ਅਰਜਨ ਪਦ ਪਦਮ ਕੋ, ਨਮੋ ਜੋਰਿ ਜੁਗ ਪਾਨ ॥੭॥**

ਅਰਥ:

ਸ਼੍ਰੀ (ਗੁਰੂ) ਅਰਜਨ (ਦੇਵ ਜੀ) ਸਦਾ ਹੀ ਭਾਰੇ ਉਪਕਾਰੀ ਹਨ, ਧੀਰਜ ਦੇ ਧਾਰਨ ਵਾਲੇ ਤੇ ਗੁਣਾਂ ਦੀ ਖਾਨ ਹਨ, (ਉਨ੍ਹਾਂ ਦੇ) ਚਰਨ ਕਵਲਾਂ ਨੂੰ ਦੋਵੇਂ ਹੱਥ ਜੋੜਕੇ (ਮੇਰੀ) ਨਮਸਕਾਰ ਹੈ।

ਭਾਵ:

ਇਥੇ ਜੋ ਨਮਸਕਾਰ ਆਈ ਹੈ ਇਹੋ ਭਾਵ ਪਿਛਲੇ ਤੇ ਅੱਗੇ ਆਉਣ ਵਾਲੇ ਸਾਰੇ ਅੰਗਾਂ ਵਿਚ ਲੈਣਾ ਚਾਹੀਏ।

### ੮. ਇਸ਼੍ਰ ਗੁਰੁ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

ਸ਼੍ਰੀ ਗੁਰੁ ਹਰਿ ਗੋਬਿੰਦ ਜੀ, ਚੰਦ ਮਨਿੰਦ ਬਲਿੰਦ।
ਦਾਸਨ ਕੁਮਦ ਅਨੰਦ ਦਾ, ਸ਼ੱਤ੍ਰੁ ਬ੍ਰਿੰਦ ਅਰਬਿੰਦ ॥੮॥

ਬਲਿੰਦ = ਬਿਲੰਦ = ਉੱਚੇ [ਫਾ. ਬੁਲੰਦ]

ਕੁਮਦ = ਕਮੀਆਂ, ਜੋ ਰਾਤ ਨੂੰ ਚੰਦ ਦੀ ਚਾਂਦਨੀ ਵਿਚ ਖਿੜਦੀਆਂ ਹਨ।

ਅਰਬਿੰਦ = ਕਵਲ, ਜੋ ਦਿਨੇ ਖਿੜਦੇ ਹਨ।

ਸ਼ਤ੍ਰੁ = ਮੁਰਝਾ ਦੇਣ ਵਾਲੇ [ਸੰਸ. ਪਦ ਸ਼ਤ੍ਰੁ ਬਣਦਾ ਹੈ ਸ਼ਦ੍ ਧਾਤੂ ਤੋਂ।

ਸ਼ਦ੍ = ਮੁਰਝਾ ਜਾਣਾ।] (ਅ) ਵੈਰੀ।

ਅਰਥ:

ਉੱਚੇ ਸ੍ਰੀ (ਸਤਿਗੁਰੂ) ਗੁਰੂ ਹਰਿਗੋਵਿੰਦ ਜੀ ਚੰਦ੍ਰਮਾਂ ਵਤ ਹਨ, ਦਾਸਾਂ (ਰੂਪੀ) ਕਾਮਿਆਂ ਨੂੰ ਅਨੰਦ ਦੇਣ ਵਾਲੇ ਹਨ (ਤੇ) ਸਾਰੇ (ਸ਼ੱਤ੍ਰੂਆਂ ਰੂਪੀ) ਕਵਲਾਂ ਨੂੰ ਮੁਰਝਾਵਨ ਵਾਲੇ ਹਨ।

### ੯. ਇਸ਼੍ਰ ਗੁਰੁ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

ਸ਼੍ਰੀ ਹਰਿ ਰਾਇ ਸੁ ਹਰਤਿ ਹੈਂ, ਦਾਸਨ ਕੇ ਦੁਖ ਜਾਲ।
ਹਰ ਇੱਛਾ ਕੋ ਦੇਤਿ ਹੈਂ, ਹਰਿ ਜਯੋਂ ਹੋਇ ਦਿਆਲ† ॥੯॥

†ਛਾਪੇ ਦੇ ਇਕ ਨੁਸਖੇ ਵਿਚ ਤੇ ਤ੍ਰੈ ਲਿਖਤੀ ਨੁਸਖਿਆਂ ਵਿਚ ਇਸ ਦੋਹਰੇ ਦੀ ਥਾਂ ਐਉਂ ਪਾਠਾਂਤ੍ਰ ਹਨ। ਇਕ ਛਾਪੇ ਦੇ ਵਿਖੇ:- ਉਤਪਤਿ ਪਾਲਨ ਲਯ ਕਰਤਿ ਸਤਿ ਚਿਤ ਅਨੰਦ ਸੁਭਾਇ। ਸੋ ਸਰੂਪ ਧਰਿ ਅਵਤਰੇ ਸ੍ਰੀ ਸਤਿਗੁਰ ਹਰਿ ਰਾਇ।

ਦੋ ਲਿਖਤੀਆਂ ਵਿਖੇ:- ਸ੍ਰੀ ਸਤਿਗੁਰ ਹਰਿ ਰਾਇ ਜੀ ਧਜਾਇ ਧਜਾਇ ਸੁਖ ਪਾਇ। ਕਰਹਿਂ ਸਦਾ ਕੱਲਯਾਣ ਕੋ ਜਹਿਂ ਕਹਿਂ ਹੋਇ ਸਹਾਇ। ਇਕ ਹੋਰ ਲਿਖਤੀ ਨੁਸਖੇ ਵਿਖੇ:-ਸ੍ਰੀ ਸਤਿਗੁਰ ਹਰਿ ਰਾਇ ਜੀ ਦੇਹੁ ਕੁਮੱਤਿ ਨਸਾਇ। ਨਿਜ ਦਾਸਨ ਪਰ ਕ੍ਰਿਪਾ ਕਰ ਲੇਹੁ ਸੁਮੱਤਿ ਉਪਾਇ।

ਹਰਤਿ ਹੈਂ = ਨਾਸ਼ ਕਰਦੇ ਹਨ।

ਹਰ = ਸਾਰੀਆਂ। (ਅ) ਨਾਸ਼, ਦੂਰ ਕਰਨਾ।

ਹਰਿ = ਪਰਮੇਸ਼੍ਵਰ, ਪਰਮਾਤਮਾ।

ਅਰਥ:

ਸ਼੍ਰੀ (ਗੁਰੂ) ਹਰਿ ਰਾਇ ਜੀ (ਆਪਣੇ) ਦਾਸਾਂ ਦੇ ਸਮੂਹ ਦੁਖਾਂ ਦਾ ਨਾਸ਼ ਕਰਦੇ ਹਨ (ਤੇ ਉਹਨਾਂ ਦੀਆਂ) ਸਾਰੀਆਂ ਕਾਮਨਾਂ ਨੂੰ ਪਰਮਾਤਮਾ ਵਤ ਦਿਆਲੂ ਹੋਕੇ (ਪੂਰੀਆਂ ਕਰ) ਦਿੰਦੇ ਹਨ। (ਅਥਵਾ ਇਛਿਆ ਨੂੰ ਹਰ ਦੇਂਦੇ ਹਨ, ਭਾਵ ਨਿਰਵਾਸ ਕਰਕੇ ਸਦਗਤੀ ਦੇਂਦੇ ਹਨ।)

### ੧੦. ਇਸ਼੍ਰ ਗੁਰੁ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਸ਼੍ਰੀ ਸਤਿਗੁਰੁ ਹਰਿ ਕ੍ਰਿਸ਼ਨ ਜੀ ! ਦਿਹੁ ਗੁਰਮਤਿ ਉਪਜਾਇ॥
ਉਰ ਬਿਕਾਰ ਕਉ ਪਰਿਹਰਹੁ, ਸੱਤਿਨਾਮ ਲਿਵਲਾਇ ॥੧੦॥

ਅਰਥ:

(ਹੇ) ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀਓ! ਗੁਰਮਤਿ ਉਪਜਾ ਦਿਓ ਤੇ (ਮੇਰੇ) ਹਿਰਦੇ ਵਿਚੋਂ ਵਿਕਾਰਾਂ ਦਾ ਨਾਸ਼ ਕਰ ਦਿਓ ਤੇ ਸੱਤਿਨਾਮ (ਵਿਖੇ ਮੇਰੀ) ਲਿਵ ਲਗਾ ਦਿਓ।

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

ਤੇਗ ਬਹਾਦਰ ਸ਼੍ਰੀ ਗੁਰੂ, ਪਰਮ ਬਹਾਦੁਰ ਧੀਰ।
ਸਾਦਰ ਪਰਉਪਕਾਰ ਹਿਤ, ਤ੍ਰਿਣ ਸਮ ਦੀਓ ਸਰੀਰ ॥੧੧॥

{ਸਾਦਰ = ਆਦਰ ਸਹਿਤ। ਸਤਿਕਾਰ ਵਾਲਾ, ਸਤਿਕਾਰ ਯੋਗ}।

ਅਰਥ:

ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਬਹਾਦੁਰ ਤੇ ਧੀਰਜੀ (ਹਨ, ਜਿਨ੍ਹਾਂ ਨੇ) ਪਰਉਪਕਾਰ ਵਾਸਤੇ (ਆਪਣੇ) ਆਦਰ ਯੋਗ ਸ਼ਰੀਰ ਨੂੰ (ਦਿੱਲੀ ਵਿਖੇ) ਤ੍ਰਿਣ ਵਤ ਦੇ ਦਿੱਤਾ।

ਭਾਵ:

ਕਵੀ ਜੀ ਨੇ ਏਥੇ ਆਦਰ ਯੋਗ ਸਰੀਰ ਨੂੰ ਤ੍ਰਿਣਵਤ ਦੇ ਦੇਣ ਵਿਚ ਕਟਾਖਯ ਦਿਖਾਇਆ ਹੈ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਕਬਿੱਤ:

ਆਦਿ ਤਿਮਰ ਲੰਗ ਤੇ ਅਨੇਕ ਪਾਤਿਸ਼ਾਹ
ਭਏ ਕੇਤੀ ਕੁਲਿ ਬੀਤਿ ਗਈ ਅਮਲ ਚਲਾਇ ਕੇ।
ਦੇਸ਼ ਤੇ ਬਿਦੇਸ਼ ਚਾਰੋਂ ਚੱਕ ਸਭਿ ਨਿਵੇਂ ਆਇ
ਕਹੂੰ ਨ ਮਵਾਸੀ ਭਟ ਦੀਏ ਬਿਚਲਾਇ ਕੇ।
ਅਨਗਨ ਸੈਨ, ਕੋਸ਼ ਦੀਰਘ, ਦੁਰਗ ਭਾਰੀ,
ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਇ ਕੇ।
ਸ੍ਰੀ ਗੁਬਿੰਦ ਸਿੰਘ ਕੇ ਸਰੂਪ ਪੰਥ ਖਾਲਿਸਾ ਕੌ
ਕੌਨ ਜਾਨੇ ਦੈਂਗੇ ਪਾਤਸ਼ਾਹਤ ਖਪਾਇਕੇ ॥੧੨॥

ਆਦਿ = ਪਹਿਲਾਂ। ਅਮਲ ਚਲਾਇਕੇ = ਪਾਤਸ਼ਾਹਤ ਕਰਕੇ।
ਹਕੂਮਤ ਕਰਦਿਆਂ। [ਅ. = ਹਕੂਮਤ, ਕੰਮ ਕਾਰ] ਮਵਾਸੀ = ਆਕੀ।
ਬਿਚਲਾਇਕੇ = ਚਲ ਵਿਚਲ ਕਰ ਦਿੱਤੇ। ਛੱਕੇ ਛੁਡਾ ਦਿੱਤੇ।

ਅਰਥ:

ਪਹਿਲਾਂ ਤਿਮਰ ਲੰਗ ਨੇ (ਫੇਰ ਓਸ ਦੀ ਕੁਲ ਦੇ) ਅਨੇਕਾਂ ਪਾਤਸ਼ਾਹ ਹੋਏ (ਤੇ) ਕਈ ਕੁਲਾਂ ਹਕੂਮਤ ਕਰਦਿਆਂ ਗੁਜ਼ਰ ਗਈਆਂ। ਦੇਸ਼ ਤੇ ਬਿਦੇਸ਼ ਚਾਰੇ ਚੱਕ ਸਭ ਆਕੇ ਨਿਵੇਂ, ਕਿਤੇ ਬੀ ਕੋਈ ਆਕੀ ਨਾਂ (ਰਿਹਾ, ਸਭ) ਸੂਰਮੇਂ ਵਿਚਲਾ ਦਿੱਤੇ। ਅਣਗਿਣਤ ਸੈਨਾਂ (ਤੇ) ਵਡੇ ਖਜ਼ਾਨੇ (ਪਾਸ ਸਨ,) ਭਾਰੀ ਕਿਲ੍ਹਿਆਂ (ਵਾਲੇ ਸਨ, ਉਨ੍ਹਾਂ ਦੇ) ਰਾਜ ਦੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਕੌਣ ਜਾਣਦਾ ਸੀ ਕਿ (ਐਡੀ) ਪਾਤਿਸ਼ਾਹੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅਤੇ ਉਨ੍ਹਾਂ) ਦੇ ਸਰੂਪ ਪੰਥ ਖਾਲਸਾ ਜੀ ਖਪਾ ਦੇਣਗੇ।

੧੩. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਜੀ ਦਾ-ਮੰਗਲ।

ਦੋਹਰਾ:

ਸਤਿਗੁਰ ਦਸ ਪਾਤਿਸ਼ਾਹ ਕੋ ਪਦ ਪੰਕਜ ਸੁਖਕੰਦ।

ਰਚੌਂ ਰਾਸਿ ਅਬਿ ਸਪਤਮੀ ਕਰ ਬੰਦਨ ਕੇ ਬੰਦ ॥੨੩॥

ਅਰਥ:

(ਸ੍ਰੀ) ਸਤਿਗੁਰੁ ਦਸਾਂ ਪਾਤਿਸ਼ਾਹਾਂ ਦੇ ਸੁਖ ਮੂਲ ਚਰਨਾਂ ਕਵਲਾਂ ਪਰ (ਦੋਵੇਂ) ਹੱਥ ਜੋੜ ਕੇ ਬੰਦਨ ਕਰਕੇ ਮੈਂ ਹੁਣ ਸਪਤਮੀ ਰਾਸ (ਗੁਰ ਪ੍ਰਤਾਪ ਸੂਰਜ ਗ੍ਰੰਥ ਦੀ) ਰਚਦਾ ਹਾਂ।

### ੧੪. ਗੁਰ ਸਿਖ, ਸੰਤ ਮੰਗਲ।

ਗੁਰ ਸਿਖ ਸੰਤਨ ਨਮੋ ਕਰਿ ਸਭਿ ਕੈ ਚਰਨ ਮਨਾਇ।
ਉਚਰੌਂ ਸਤਿਗੁਰ ਸੁਜਸ ਕੋ ਮਨ ਬਾਂਛਤਿ ਫਲ ਦਾਇ ॥੧੪॥

ਅਰਥ:

ਗੁਰੂ (ਜੀ ਦੇ) ਸਿੱਖਾਂ ਤੇ ਸੰਤਾਂ ਨੂੰ ਨਮਸਕਾਰ ਕਰ ਕੇ (ਤੇ) ਸਾਰਿਆਂ ਦੇ ਚਰਨ ਮਨਾਇਕੇ (ਸ੍ਰੀ) ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਉਚਰਦਾ ਹਾਂ (ਜੋ) ਮਨ ਇੱਛਤ ਫਲਾਂ ਦਾ ਦਾਤਾ ਹੈ।

[ਮੰਗਲ ਸਮਾਪਤਿ ਤੇ ਕਥਾ ਦਾ ਆਰੰਭ]

ਚੌਪਈ:

ਸ਼੍ਰੀ ਹਰਿਗੋਬਿੰਦ ਬੈਠਿ ਕ੍ਰਿਪਾਲੁ।
ਸਿਖ ਸੰਗਤਿ ਕੇ ਕਰਹਿਂ ਨਿਹਾਲ।
ਅਨਿਕ ਕਾਮਨਾ ਪਾਇ ਸਿਧਾਰੈਂ।
ਕੋ ਮੁਖ ਸੁੰਦਰ ਨਿਕਟਿ ਨਿਹਾਰੈਂ ॥੧੫॥
ਜਨਮ ਪਦਾਰਥ ਕਰਨਿ ਕ੍ਰਿਤਾਰਥ।
ਜਿਸਤੇ ਹੋਯ ਸਦਾ ਸ਼ੁਭ ਸ੍ਵਾਰਥ।
ਸਾਂਈਦਾਸ ਰਹਜੋ ਤਬਿ ਪਾਸ।
ਕਰਹਿਂ ਤਾਂਹਿ ਸੋਂ ਬਾਕ ਬਿਲਾਸ ॥੧੬॥
ਦੀਪਮਾਲ ਕੋ ਮੇਲਾ ਆਯੋ।
ਜਿਤ ਕਿਤ ਤੇ ਸਿਖ ਗਨ ਉਮਡਾਯੋ।
ਮੁੱਖਜ ਮਸੰਦ ਸੰਗਤੰ ਲਜਾਵੈਂ।
ਦਰਬ ਸੰਚਿ ਗਨ ਆਪ ਸੁਹਾਵੈਂ[1] ॥੧੭॥
ਅਟਲਰਾਇ ਕੀ ਸੁਧਿ ਕੋ ਪਾਏ।
ਯਾਂ ਤੇ ਚਲਿ ਆਏ ਸਮੁਦਾਏ।
ਦਰਬ ਸੰਚਿ ਗਨ ਅਪਰ ਬਿਸਾਲਾ।
ਪਹੁੰਚੇ ਸਕਲ ਆਇ ਤਿਸ ਕਾਲਾ
॥੧੮॥
ਪੂਰਬ ਸਤਿਗੁਰ ਕੇ ਢਿਗ ਜਾਵੈਂ।
ਅਟਲਰਾਇ ਕੇ ਹੇਤੁ ਬੁਲਾਵੈਂ।
ਪੁਨਹਿ ਉਪਾਇਨ ਕੋ ਅਰਪਾਵੈਂ।

[1]ਸ਼ੋਭਦੇ ਹਨ (ਮਸੰਦ)।

ਗੁਰ ਤੇ ਖੁਸ਼ੀ ਬੰਦਿ ਕਰ ਪਾਵੈਂ ॥੧੯॥
ਸ਼੍ਰੀ ਗੁਰ ਤਖਤ ਅਕਾਲ ਸੁਹਾਏ।
ਧਰਹਿਂ ਉਪਾਇਨ ਜੇ ਸਿਖ ਲ਼ਜਾਏ।
ਅਧਿਕ ਭੀਰ ਚਹੁਂ ਦਿਸ਼ਿ ਮਹਿਂ ਹੋਵੈ।
ਖਰੇ ਹਜ਼ਾਰਹੁਂ ਦਰਸ਼ਨ ਜੋਵੈਂ ॥੨੦॥
ਮਹਾਂ ਮਸੰਦ ਬ੍ਰਿੰਦ ਥਿਤਿ ਪਾਸ।
ਖਰੋ ਮੇਵਰੋ ਕਰਿ ਅਰਦਾਸ।
ਸੁਭਟਨਿ ਕੋ ਬਡ ਲਗ਼ੋ ਦਿਵਾਨ।
ਬੀਚ ਬਿਰਾਜਹਿਂ ਸ਼੍ਰੀ ਭਗਵਾਨ ॥੨੧॥
ਚਮਰ ਚਾਰੁ ਸਿਰ ਪਰ ਸ਼ੁਭ ਢੁਰੈ।
ਹੰਸਨ ਕੀ ਸਮਸਰਤਾ ਧਰੈ।
ਸ਼ਸਤ੍ਰ ਆਨਿ ਜੋ ਅਰਪਤਿ ਆਗੈ।
ਤਿਸਹਿ ਗਹੈਂ ਕਬਿ, ਹੇਰਨਿ ਲਾਗੈਂ ॥੨੨॥
ਬਿਧੀਚੰਦ ਜੇਠਾਦਿਕ ਔਰ।
ਪਰਵਾਰਤਿ[1] ਸੋਢੀ ਸਿਰਮੌਰ।
ਕਬਿ ਗੁਰਦਾਸ ਸੰਗ ਕਹਿਂ ਬੈਨ।
ਕਬਹੁਂ ਕਰਹਿਂ ਸੰਗਤਿ ਦਿਸ਼ਿ ਨੈਨ ॥੨੩॥
ਸ਼੍ਰੀ ਗੁਰਦਿੱਤਾ ਨਿਕਟਿ ਸੁਹਾਏ।
ਇਕ ਦਿਸ਼ਿ ਸੂਰਜ ਮਲ ਦੁਤਿ ਪਾਏ।
ਅਣੀਰਾਇ ਬੈਠੇ ਗੁਰ ਤੀਰ।
ਆਵਹਿ ਜਾਹਿ ਸੰਗਤਾਂ ਭੀਰ ॥੨੪॥
ਸ਼ਬਦ ਰਬਾਬੀ ਗਾਵਤਿ ਆਗੇ।
ਸੁਨਤਿ ਸਿੱਖ ਸਮੁਝਤਿ ਵਡਭਾਗੈ।
ਦਾਸ ਅੰਕ ਸ਼੍ਰੀ ਤੇਗ ਬਹਾਦਰ।
ਬੈਠੇ ਸਤਿਗੁਰ ਕੇ ਢਿਗ ਸਾਦਰ ॥੨੫॥
ਕਰਹਿ ਕਾਮਨਾ ਪੂਰਨ ਬ੍ਰਿੰਦ।
ਸਭਿ ਬਿਧਿ ਸਭਿਨਿ ਅਨੰਦ ਬਿਲੰਦ।
ਪ੍ਰੇਮਚੰਦ ਇਕ ਖੱਤ੍ਰੀ ਆਯੋ।
ਸਹਤ ਪੁੱਤ੍ਰ ਸਤਿਗੁਰ ਦਰਸਾਯੋ ॥੨੬॥
ਕੰਨਜਾ ਹੁਤੀ ਤਾਂਹਿ ਘਰ ਮਾਂਹੀ।

[1]ਚਾਰ ਚੁਫੇਰੇ ਹੁੰਦੇ ਹਨ।

ਬਰ ਖੋਜਤਿ ਕਿਤ ਪਾਯੋ ਨਾਂਹੀ।
ਤਿਸ ਪਿਖਿ ਕੈ ਅਭਿਲਾਖਾ ਧਰੀ।
ਚਹਤਿ ਸਗਾਈ ਗੁਰ ਸੁਤ[1] ਕਰੀ ॥੨੭॥ [1]ਗੁਰ ਪੁੱਤ੍ਰ (ਨਾਲ)।
ਹਾਥ ਜੋਰਿ ਹੁਇ ਖਰੋ ਅਗਾਰੀ।
ਗੁਰ ਸਨਮੁਖ ਥਿਤ ਗਿਰਾ ਉਚਾਰੀ।
'ਮਹਾਂਰਾਜ ! ਮੇਰੀ ਅਰਦਾਸ।
ਪੂਰਨ ਕਰਹੁ ਦੀਨ ਕੀ ਆਸ ॥੨੮॥
ਸ਼੍ਰੀ ਕਰਤਾਰਪੁਰੇ ਕੋ ਬਾਸੀ।
ਜਾਤਿ ਸਿਲੀ[1] ਜਗ ਬਿਖੈ ਪ੍ਰਕਾਸ਼ੀ। [1]ਖਤ੍ਰੀਆਂ ਦੀ ਇਕ ਜ਼ਾਤ ਹੈ।
ਨਵ ਬਰਖਨ ਕੀ ਕੰਨਜਾਂ ਮੇਰੀ।
ਚਹੌਂ ਕਰਨਿ ਸੂਰਜਮਲ ਚੇਰੀ ॥੨੯॥
ਇਹੀ ਕਾਮਨਾ ਪੂਰਨ ਕਰੀਅਹਿ।
ਦਾਸਨਿ ਦਾਸਨਿ ਦਾਸ ਬਿਚਰੀਅਹਿ।'
ਸਤਿਗੁਰ ਕੋ ਰੁਖ ਬਿਧੀਏ ਪਾਯੋ।
ਦੇ ਧੀਰਜ ਤਿਹ ਨਿਕਟਿ ਬਿਠਾਯੋ ॥੩੦॥
'ਜਿਮ ਚਾਹਹਿਂ ਕਰਿਬੋ ਤਿਮ ਠਾਨਿ।
ਗੁਰ ਘਰਿ ਅਹੈ ਨਿਮਾਨਨਿ ਮਾਨ।
ਦਰਬ ਆਦਿ ਇਹ ਪਿਖਹਿਂ ਨ ਕੋਈ।
ਚਹਹਿਂ ਸੁ ਕਰਹਿਂ ਪ੍ਰੇਮ ਜੁਤਿ ਹੋਈ' ॥੩੧॥
ਪ੍ਰੇਮ ਚੰਦ ਸੁਨਿ ਧੀਰਜ ਪਾਯੋ।
ਬੋਲਿ ਗਣਿਕ ਕੋ ਸਮੋ ਸੁਧਾਯੋ।
ਜੋਤਿਕ[†] ਰੀਤਿ ਸੁਦਾਰਨਿ ਕਰੀ[‡]। [†]ਪਾ:-ਜੇਤਿਕ।

[‡]ਪਿੱਛੇ ਕਈ ਥਾਂਈਂ ਦੱਸ ਆਏ ਹਾਂ ਕਿ ਜੋਤਿਸ਼ ਆਦਿ ਗੁਰੂ ਘਰ ਵਿਚ ਪ੍ਰਵਾਣ ਨਹੀਂ ਸਨ, ਜੋ ਕੁਛ ਸਿੱਖਾਂ ਵਿਚ ਤਦੋਂ ਵਰਤ ਰਿਹਾ ਸੀ ਉਸ ਪਰ ਭਾਈ ਗੁਰਦਾਸ ਜੀ ਦੀ ਉਗਾਹੀ ਇਸ ਪ੍ਰਕਾਰ ਹੈ:- ਗੁਰ ਸਿੱਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤਿ ਨ ਜੇਤਿਕ ਅਉ ਬੇਦ ਥਿਤ ਵਾਰ ਕਛੁ ਗ੍ਰਹ ਅਉ ਨਿਛੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ। ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ। ਸਿੱਖ ਸੰਤ ਬਾਲਿਕ ਸ੍ਰੀ ਗੁਰ ਪ੍ਰਤਿਪਾਲਿਕ ਹਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥ [ਭਾ:ਗੁ:

ਚੌਂਕੀ ਪਰ ਬਿਠਾਇ ਸ਼ੁਭ ਘਰੀ ॥੩੨॥
ਲਘੁ ਦੀਰਘ ਦੁੰਦਭਿ ਬਜਵਾਏ।
ਸੰਗ ਨਫੀਰਨਿ ਰਾਗ ਮਿਲਾਏ।
ਗੁਰ ਕੇ ਮਹਿਲ ਨਾਰਿ ਗਨ ਆਈ।

ਗੁਰ ਤ੍ਰਿਯ ਤਰੈ ਕੋ[1] ਦੇਤਿ ਬਧਾਈ ॥੩੩॥
[1]ਤਿੰਨਾਂ ਮਹਿਲਾਂ ਨੂੰ।

ਭਰਜੋ ਸਦਨ ਢੋਲਕ ਬਜਵਾਇ।
ਪਿਕ ਬੈਨੀ ਮਿਲਿ ਗੀਤਨਿ ਗਾਇ।
ਮੰਗਲ ਮਹਾਂ ਕਰਜੋ ਤਿਹ ਸਮੈਂ।
ਬੈਠੇ ਸਤਿਗੁਰ ਜਗ ਪਗ ਨਮੈ ॥੩੪॥
ਪ੍ਰੇਮਚੰਦ ਲਖਿ ਭਾਗ ਭਲੇਰੇ।
ਭਯੋ ਬਿਲੰਦ ਅਨੰਦ ਤਿਸ ਬੇਰੇ।
ਆਇ ਗੁਰੂ ਕੋ ਬੰਦਨ ਕੀਨਿ।
ਨਿਕਟਿ ਬਿਠਾਯੋ ਆਦਰ ਦੀਨ ॥੩੫॥
ਪਾਂਧੇ ਤਬਿ ਸਭਿ ਬਿਧਿ ਕਰਿਵਾਈ।
ਗ੍ਰਹ ਨਵ ਗਨਪਤਿ ਵਿਸ਼ਨੁ ਪੁਜਾਈ[†]।
[†]ਦੇਖੋ ਰਾਸਿ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ।

ਆਗਜਾ ਪਾਇ ਉਠਜੋ ਹਰਖਾਯੋ।
ਪ੍ਰੇਮ ਚੰਦ ਗੁਰ ਪ੍ਰਥਮ ਮਨਾਯੋ ॥੩੬॥
ਸੂਰਜਮਲ ਮੁਖ ਖਾਰਕ[1] ਦੀਨੋ।
[1]ਛੁਹਾਰਾ।

ਕੁੰਕਮ[1] ਤਿਲਕ ਭਾਲ ਮੈਂ ਕੀਨੋ।
[1]ਕੇਸਰ ਦਾ।

ਮੰਗਲ ਭਯੋ ਅਨੇਕ ਪ੍ਰਕਾਰੇ।
ਮੋਦਕ ਮੋਦਤਿ ਲੇ ਤਿਸ ਬਾਰੇ[1] ॥੩੭॥
[1]ਖੁਸ਼ੀ ਖੁਸ਼ੀ ਤਿਸ ਵੇਲੇ ਲੱਡੂ ਲੈ ਕੇ।

ਸਭਿਨਿ ਬਿਖੈ ਬਹੁਤੇ ਬਰਤਾਏ।
ਪਿਖਿ ਉਤਸਵ ਕੋ ਉਰ ਹਰਖਾਏ।
ਜਾਚਕ ਗਨ ਕੋ ਧਨ ਬਹੁ ਦੀਨ।
ਲੇ ਲੇ ਸਭਿਨਿ ਸੁਜਸੁ ਕੋ ਕੀਨਿ ॥੩੮॥
ਪ੍ਰੇਮਚੰਦ ਸਗਰੀ ਬਿਧਿ ਕਰਿ ਕੈ।
ਗਮਨਜੋ ਸਦਨ ਅਨੰਦ ਕੋ ਧਰਿ ਕੈ।
ਜਾਇ ਤਹਾਂ ਉਤਸਵ ਕੋ ਕੀਨਾ।
ਕਹਿ ਕੁਟੰਬ ਕੋ ਹਰਖ ਸੁ ਦੀਨਾ ॥੩੯॥
ਇਤ ਸਤਿਗੁਰੁ ਮੇਲਾ ਕਰਿ ਆਛੇ।
ਸਹਤ ਮਸੰਦ ਬਿਸਰਜਤਿ[1] ਪਾਛੇ।
[1]ਵਿਦਾ ਕੀਤਾ।

ਜਥਾ ਜੋਗ ਦੈ ਦੈ ਸਿਰਪਾਉ।
ਤਿਸੀ ਦੇਸ਼ ਭੇਜੇ ਕਰੁਨਾਉ[1] ॥੪੦॥
[1]ਕਰੁਨਾਉ = ਕ੍ਰਿਪਾ ਕਰ ਕੇ। [ਸੰਸ. ਕਰੁਣਾ] (ਅ) ਕਰਿ+ਨਾਉਂ = ਨਾਉਂ ਲੈ ਕੇ (ਮਸੰਦਾਂ ਦਾ) ਭਾਵ ਸਨਮਾਨ ਕਰ ਕੇ। (*) ਕਰਨਾਉ = ਕਾਰਦਾਰ, ਕਰਿੰਦੇ।

ਸਕਲ ਅਨੰਦ ਪਾਇ ਜਸੁ ਕਹੈਂ।
ਗਮਨੇ ਸਭਿ ਦੇਸ਼ਨਿ ਜਿਮ ਕਹੈਂ।
ਸੰਗਤਿ ਨਿਜ ਨਿਜ ਸਦਨ ਸਿਧਾਰੀ।
ਜਹਿਂ ਕਹਿਂ ਕੀਰਤਿ ਗੁਰੂ ਉਚਾਰੀ ॥੪੧॥
ਰਾਮੋ ਸਹਤ ਜੁ ਸਾਈਂ ਦਾਸ।
ਹਾਥ ਜੋਰਿ ਕੀਨਸਿ ਅਰਦਾਸ।
'ਦਿਹੁ ਰਜ਼ਾਇ ਕਰੁਨਾ ਕੋ ਠਾਨਿ।
ਰਹੇ ਦਿਵਸ ਬਹੁ, ਕਰਹਿਂ ਪਯਾਨ ॥੪੨॥
ਆਪ ਅਗਵਨ ਹੋਇ ਤਿਸ ਦੇਸ਼।
ਤਹਿਂ ਦਰਸ਼ਨ ਕੋ ਚਹਿਤਿ ਅਸ਼ੇਸ਼[1]।' — [1]ਸਾਰੇ।
ਤਬਿ ਸਤਿਗੁਰ ਨਿਜ ਸਾਰੀ[1] ਜਾਨਿ। — [1]ਸਾਲੀ।
ਮੁਖ ਮੁਸਕਾਵਿਤ ਕੀਨਿ ਬਖਾਨਿ ॥੪੩॥
'ਪ੍ਰਥਮ ਰਹੇ ਤੁਮ ਘਰ ਚਿਰ ਕਾਲ।
ਬਹੁਰ ਆਇ ਹਮ ਬਸਹਿਂ ਬਿਸਾਲ।
ਰਹਹੁ ਪ੍ਰਤੀਖਤਿ, ਨਿਸ਼ਚੇ ਐ ਹੈਂ।
ਤੁਮਰੋ ਪ੍ਰੇਮ ਰਹਨਿ ਨਹਿਂ ਦੈ ਹੈ' ॥੪੪॥
ਤ੍ਰੈ ਦਮੋਦਰੀ ਆਦਿਕ ਜੇਈ।
ਮਿਲਿ ਕਰਿ ਸਭਿਹਿ ਨਮਹਿਂ ਕਰਿ ਸੇਈ।
ਗਏ ਡਰੋਲੀ ਕੋ ਸੁਖ ਪਾਇ।
ਨਿਤ ਸਤਿਗੁਰ ਸਿਮਰਹਿਂ ਚਿਤ[†] ਪਾਇ ॥੪੫॥ — [†]ਪਾ:-ਸੁਖ।
ਸ਼੍ਰੀ ਗੁਰਦਿੱਤੇ ਪਿਤ ਰੁਖ ਜਾਨਿ।
ਆਇਸੁ ਪਾਇ ਤਿਆਰੀ ਠਾਨਿ।
ਨੱਤੀ ਧੀਰਮੱਲ ਲੇ ਗੋਦ।
ਸਭਿ ਸਾਸਨਿ ਸੰਗ ਮਿਲੀ ਪ੍ਰਮੋਦ ॥੪੬॥
ਨਮਸਕਾਰ ਕਰਿ ਸਜੰਦਨ ਚਰੀ।
ਸ਼੍ਰੀ ਕਰਤਾਰ ਪੁਰੇ ਮਗ ਪਰੀ।
ਸ਼੍ਰੀ ਗੁਰਦਿੱਤਾ ਪਹੁੰਚਯੋ ਜਾਇ।
ਬਸੇ ਤਹਾਂ ਹੀ ਸੁਖ ਉਪਜਾਇ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤ ਰਾਸੇ 'ਸੂਰਜ ਮਲ ਸਗਾਈ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਭਾਈ ਗੁਰਦਾਸ ਨੇ ਘੋੜੇ ਖ੍ਰੀਦਣੇ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਕੁਛਕ ਕਥਾ ਗੁਰਦਾਸ ਕੀ, ਸੁਨਹੁ ਸਕਲ ਗੁਰਦਾਸ[1] !
ਗੁਰ ਮਾਯਾ ਦੁਸ਼ਤਰ ਮਹਾਂ, ਕਰਿ ਲੀਜਹਿ ਨਿਰਜਾਸ[1] ॥੧॥

[1]ਹੇ ਗੁਰੂ ਜੀ ਦੇ ਸਿਖੋ !

[1]ਨਿਰਨੇ ਕਰ ਲਓ।

ਚੌਪਈ:

ਏਕ ਦਿਵਸ ਗੁਰ ਸਭਾ ਮਝਾਰੇ।
ਸਿਦਕੀ ਸਿਖ ਬੈਠੇ ਮਦ ਧਾਰੇ।
ਭਗਤੂ ਬਹਿਲੋ ਆਦਿਕ ਥਿਰੇ।
ਜੇਠਾ ਬਿਧੀਆ ਸ਼ੁਭ ਮਤਿ ਕਰੇ ॥੨॥
ਬੈਠਜੋ ਢਿਗ ਪ੍ਰਬੀਨ ਗੁਰਦਾਸ।
ਸਿੱਖੀ ਕੇ[1] ਹੁਇਂ ਬਾਕ ਬਿਲਾਸ।
ਕਹਤਿ ਭਏ 'ਗੁਰ ਕਰੁਨਾ ਧਰੈਂ।
ਮਾਯਾ ਤੇ ਸੁ ਬਚਾਵਨਿ ਕਰੈਂ ॥੩॥
ਮਨ ਠਹਿਰਾਵੈਂ ਚਰਨ ਮਝਾਰਾ।
ਸਹੈ ਕਸੌਟੀ ਸੋ ਸਿਖ ਭਾਰਾ।
ਗੁਰ ਕੇ ਚਰਿਤ ਨ ਜਾਹਿਂ ਬਿਚਾਰੇ[1]।
ਪਿਖਿ ਕਰਿ ਭਰਮਹਿਂ ਸਿੱਖ ਬਿਚਾਰੇ' ॥੪॥
ਸਭਿ ਮਹਿਂ ਤਬਿ ਬੋਲਜੋ ਗੁਰਦਾਸ।
'ਜੇ ਕਰਿ ਹੋਇ ਸਿੱਖ ਗੁਰ ਪਾਸ।
ਸਿੱਖੀ ਕੋ ਨਿਰਬਾਹਨਿ ਕਰੈ।
ਜਜੋਂ ਕਜੋਂ ਕਰਿ ਉਰ ਭਰਮ ਨ ਧਰੈ ॥੫॥
ਜੇ ਕਰਿ ਸਾਂਗ ਅਰੰਭੈਂ ਪਰਖਨਿ[1]।
ਧਾਰੈਂ ਰੂਪ ਬਿਪਰਜੈ ਕੁਛ ਤਨ[1]।
ਕਿਧੌਂ ਗਿਰਾ ਕਹਿਂ ਔਰ ਪ੍ਰਕਾਰੀ।
ਕੈ ਸੁਭਾਵ ਬਿੱਪ੍ਰੀਤਿ ਧਾਰੀ ॥੬॥
ਕਿਧੌਂ ਅਜੋਗ ਕਰਾਵਹਿਂ ਕੈਸੇ।
ਆਗੇ ਕਹੀ ਕਰੀ ਨਹਿਂ ਜੈਸੇ[1]।

[1]ਸਿੱਖੀ ਬਾਬਤ।

[1]ਭਾਵ ਬੁੱਧੀ ਨਾਲ ਸਮਝਣ ਲਗਿਆਂ ਕਈ ਵੇਰ ਸਮਝੇ ਨਹੀਂ ਪੈਂਦੇ।

[1]ਸਾਂਗ ਅਰੰਭ ਦੇਣ (ਗੁਰੂ ਜੀ) ਪਰਖਨ ਲਈ ਸਿਖਾਂ ਨੂੰ।

[1]ਸਰੀਰ ਦਾ।

[1]ਜਿਵੇਂ ਨਾ (ਕਿਸੇ) ਅੱਗੇ ਕਹੀ ਹੋਵੇ ਤੇ ਨਾ (ਕਿਸੇ) ਕੀਤੀ

ਹੋਵੇ।

ਸਿੱਖ ਸਿਦਕ ਅਪਨੋ ਦ੍ਰਿੜ ਰਾਖੈ।
ਸਹੈ ਕਸੌਟੀ ਮਨ ਕੋ ਗਾਖੈ[1]' ॥੭॥

[1]ਕਸੌਟੀ ਸਹਿਂਦੇ ਹਨ ਤੇ ਮਨ ਨੂੰ ਬੇਵਸਾ ਨਹੀਂ ਹੋਣ ਦੇਂਦੇ। (ਅ) ਕਸੌਟੀ ਸਹਿਣੀ ਤੇ ਮਨ ਨੂੰ ਪਰਖਣਾ।

ਅਪਨੀ ਕਵਿਤਾ ਬਿਖੈ ਬਨਾਈ।
ਸੋ ਤੁਕ ਪਠਿ ਕਰਿ ਸਭਿਨਿ ਸੁਨਾਈ।
'ਜੇ ਗੁਰ ਸਾਂਗ ਕਛੁ ਬਰਤਾਰੈ।
ਦਿਢ ਸਿਖ ਰਹੈ ਸਿਦਕ ਨਹਿਂ ਹਾਰੈ[†]' ॥੮॥

[†]ਜੇ ਗੁਰ ਸਾਂਗ ਵਰੱਤਦਾ ਸਿਖ ਸਿਦਕ ਨ ਹਾਰੇ। [ਭਾ: ਗੁ: ਵਾ: ੩੫-੨੦

ਸੁਣਿ ਸਿੱਖਨਿ ਪੁਨ ਭਨੀ ਸੁ ਬਾਨੀ।
'ਹੈ ਐਸੇ ਤੁਮ ਜਥਾ ਬਖਾਨੀ।
ਤਉ ਬਿਸਾਲ ਪ੍ਰਬਲ ਗੁਰ ਮਾਯਾ।
ਕੌਨ ਕੌਨ ਨਹਿ ਇਨਹਿਂ ਭ੍ਰਮਾਯਾ ॥੯॥
ਸਿਦਕ ਰਾਖਿਬੋ ਮੁਸ਼ਕਲ ਅਹੇ।
ਜਿਨਹੁਂ ਕਰੇ ਤਪ ਕਾਨਨ ਰਹੇ।
ਮੁਨਿ ਜਨ ਸੁਰ ਗੰਧ੍ਰਬ ਕੋ ਗਿਨੀਯਹਿ।
ਜਿਨਹੁਂ ਗਿਨੇ ਕੋ ਅੰਤ ਨ ਭਨੀਅਹਿ ॥੧੦॥
ਪ੍ਰਭੁ ਮਾਯਾ ਨੇ ਘਨੇ ਭ੍ਰਮਾਏ।
ਤਰੀ ਨ ਕਿਮ ਬਿਨ ਗੁਰੂ ਸਹਾਏ[1]।'

[1]ਗੁਰੂ ਜੀ ਦੀ ਸਹਾਇਤਾ ਬਿਨਾਂ ਕਿਵੇਂ ਬੀ (ਕਿਸੇ ਨੂੰ) ਨਹੀਂ ਤਰੀ।

ਸੁਨਿ ਕੈ ਪੁਨਿ ਗੁਰਦਾਸ ਬਖਾਨੀ।
ਕਰੀ ਹੁਤੀ ਜੋ ਅਪਨੀ ਬਾਨੀ ॥੧੧॥

ਦੋਹਰਾ:
'ਅੰਬਰ ਪਾਟੇ ਥਿੱਗਲੀ, ਲਾਇ ਕਰਹਿ ਕੁੜਿਆਰ[1]।
ਇੱਤਯਾਦਿਕ ਨਰ ਅਲਪ ਜੇ, ਦੇਤਿ ਸਿਦਕ ਕੋ ਟਾਰਿ ॥੧੨॥

[1]ਅਕਾਸ਼ ਪਾਟੇ ਨੂੰ ਟਾਕੀ ਝੂਠੇ ਲਾਇਆ ਕਰਦੇ ਹਨ।

ਚੌਪਈ:
ਨਰ ਸਿੱਖੀ ਮਹਿਂ ਗਾਢੋ ਜੋਇ।
ਗੁਰੂ ਸਿਦਕ ਮਨ ਰਾਖਿ ਪਰੋਇ।
ਜਜੋਂ ਕਜੋਂ ਕਰਿ ਮਤਿ ਕੋ ਥਿਰ ਗਹੈ।
ਹੁਇ ਗਾਢੋ ਹਲਿਬੋ ਨਹਿਂ ਲਹੈ' ॥੧੩॥

ਸੁਨਿ ਸਿੱਖਨਿ ਕੀ ਚਰਚਾ ਚਾਰੂ।
ਸ਼੍ਰੀ ਹਰਿਗੋਬਿੰਦ ਰਿਦੈ ਬਿਚਾਰੂ।
-ਅਪਰ ਸਰਬ ਗੁਰ ਆਸ਼੍ਰਾ ਚਹੈਂ[1]।

[1]ਹੋਰ ਸਿਖ ਸਾਰੇ ਗੁਰੂ ਦਾ ਆਧਾਰ ਚਾਹੁੰਦੇ ਹਨ। ਪਾਠਾਂਤ੍ਰ- 'ਆਸ਼ਾ' ਬੀ ਮਿਲਦਾ ਹੈ।

ਨਿਜ ਬਿਸਾਸ ਗੁਰਦਾਸਹਿ ਕਹੈ[1] ॥੧੪॥

[1]ਭਾਈ ਗੁਰਦਾਸ ਜੀ ਨਿਰਾ ਸਿੱਖ ਦਾ ਅਪਣਾ ਭਰੋਸਾ ਹੀ ਆਖਦੇ ਹਨ।

ਯਾਂ ਤੇ ਬੀਜ ਮਾਤ੍ਰ ਅਹੰਕਾਰ†।

†ਬੀਜ ਮਾਤ੍ਰ ਅਹੰਕਾਰ ਬੜੀ ਮੁਸ਼ਕਲ ਦੂਰ ਹੁੰਦਾ ਹੈ ਅਰ ਬੜੇ ਵਡਿਆਂ ਵਿੱਚ ਹੁੰਦਾ ਹੈ, ਇਸ ਨਾਲ ਭਾਈ ਗੁਰਦਾਸ ਨੂੰ ਸਾਧਾਰਣ ਹੰਕਾਰੀਆਂ ਵਾਂਙ ਨੀਵਾਂ ਸਮਝ ਲੈਣਾ ਭੁੱਲ ਹੋਵੇਗਾ। ਲੇਸ਼ਾਵਿੱਦਜਾ ਤੇ ਬੀਜ ਮਾਤ੍ਰ ਹੰਕਾਰ ਬਹੁਤ ਉੱਚੇ ਜਗਿਆਸੂਆਂ ਤੇ ਕਈ ਵੇਰ ਸੰਤਾਂ ਦੀ ਅੰਤਮ ਕਮਜ਼ੋਰੀ ਹੁੰਦੀ ਹੈ।

ਹੈ ਇਸ ਬਿਖੈ ਸੁ ਬੁਰੋ ਬਿਕਾਰ।
ਰਹਿਬੋ ਸਦਾ ਸਮੀਪ ਹਮਾਰੇ।
ਚਹੀਅਹਿ ਉਰ ਤੇ ਮੂਲ ਉਖਾਰੇ ॥੧੫॥
[1]ਇਮ ਹੰਕਾਰ ਬਿਨਾਸਜੋ ਜੇ ਨ।

[1]ਭਾਵ, ਸੁਤੇ ਸਤਿਸੰਗ ਵਿਚਾਰ ਆਦਿਕਾਂ ਨਾਲ ਇਸ ਤਰ੍ਹਾਂ ਆਪੇ ਜੇ ਇਹ ਹੰਕਾਰ ਇਨ੍ਹਾਂ ਦਾ ਨਹੀਂ ਨਾਸ਼ ਹੋਇਆ ਤਾਂ ਸਾਨੂੰ ਖਾਸ ਕੋਈ ਚੋਜ ਵਿਖਾਕੇ ਇਨ੍ਹਾਂ ਦਾ ਹੰਕਾਰ ਨਾਸ਼ ਕਰਨਾ ਚਾਹੀਦਾ ਹੈ।

ਤਉ ਹਮ ਕੋ ਚਹੀਅਤਿ ਹਤਿ ਦੇਨਿ।
ਦੇਹਿਂ ਕਸੌਟੀ, ਸਹੈ ਕਿ ਨਾਂਹੀ।
ਕਰਹਿਂ ਕ੍ਰਿਤੀ ਕੁਛ ਪਰਖਨ ਮਾਂਹੀ[1] ॥੧੬॥

[1]ਪਰਖਨ ਲਈ ਕੋਈ ਕੌਤਕ ਕਰੀਏ।

ਗਰਬਤਿ ਚਿਤ, 'ਮੈਂ ਸਿੱਖ ਬਿਸਾਲ।'
ਜਾਨਜੋ ਪਰੈ, ਪਰਖਿਬੇ ਕਾਲ[1]-।

[1]ਪਰਖਣੇ ਸਮੇਂ।

ਇਮ ਸਤਿਗੁਰ ਉਰ ਮੈਂ ਠਹਿਰਾਈ।
ਕਿਤਿਕ ਸਮੈਂ ਮੈਂ ਸਭਿਨਿ ਸੁਨਾਈ ॥੧੭॥
'ਕਹੂੰ ਤੁਰੰਗ ਜਿ ਹੋਹਿਂ ਬਿਕਾਊ।
ਚਾਹਤਿ ਲੀਏ ਆਇ ਮਨ ਭਾਊ।
ਹਿਤ ਅਪਨੇ ਭੀ ਹਮ ਅਸੁ ਲੈਬੇ।
ਅਰੁ ਜੋਧਾਨ ਕਿਤਿਕ ਹੈਂ ਦੈਬੇ ॥੧੮॥
ਸੁਨਿ ਸਤਿਗੁਰ ਤੇ ਸਿਖ ਸਮੁਦਾਇ।
'ਧੰਨੀ ਘੇਪ ਦੇਸ਼ ਬਹੁ ਪਾਇ।'
ਇੱਤਜਾਦਿਕ ਗਨ ਥਾਨ ਬਤਾਏ।

'ਆਨਹੁ ਖੋਜਿ ਖੋਜਿ ਜੋ ਜਾਏ' ॥੧੯॥
ਨਿਜ ਨਿਜ ਮਤਿ ਅਨੁਸਾਰ ਬਤਾਈ।
ਨਹੀਂ ਬਾਤ ਕੁਛ ਗੁਰ ਮਨ ਭਾਈ।
ਏਕ ਸੁਭਟ ਪਸ਼ਚਮ ਦਿਸ਼ਿ ਬਾਸੀ।
ਕਰ ਕੋ ਜੋਰਤਿ ਗਿਰਾ ਪ੍ਰਕਾਸ਼ੀ ॥੨੦॥
'ਜਸ ਤੁਰੰਗ ਚਾਹਹੁ ਗੁਰ ਪੂਰੇ।
ਤਸ ਕਾਬਲ ਮਹਿਂ ਪ੍ਰਾਪਤਿ ਰੂਰੇ।
ਰਾਵਰ ਕੇਰ ਅਰੂਢਨਿ ਜੋਗ।
ਆਨਹਿਂ, ਪਠਹੁ ਸੁਮਤਿ ਜੁਤਿ ਲੋਗ[1] ॥੨੧॥
ਜੋ ਆਛੇ ਪਰਖਹਿਂ ਗੁਨ ਅੰਗ।
ਹੋਵਹਿਂ ਚਪਲ ਸਬੇਗ ਤੁਰੰਗ।
ਬਡੀ ਬਡੀ ਕੀਮਤ ਕੇ ਅਹੈਂ।
ਦੇ ਧਨ ਕਰਿ ਪਸੰਦ ਕੋ ਲਹੈ' ॥੨੨॥
ਸ੍ਰੀ ਹਰਿ ਗੋਵਿੰਦ ਸੁਨਿ ਕਰਿ ਮਾਨੀ।
'ਨਿਸ਼ਚੈ ਤਹਾਂ ਤੁਰੰਗ ਗੁਨ ਖਾਨੀ।
ਜੋ ਕਿਕਾਨ ਬਡ ਕੀਮਤ ਕੇਰਾ।
ਸੋ ਪਸ਼ਚਮ ਦਿਸਿ ਕੋ ਹੀ ਹੇਰਾ' ॥੨੩॥
ਤਬਿ ਗੁਰਦਾਸ ਦਿਸ਼ਾ ਗੁਰ ਦੇਖਾ।
ਕਹਯੋ 'ਕਿ ਤੁਮ ਤੇ ਕੌਨ ਵਿਸੇਖਾ।
ਬ੍ਰਿੱਧ ਬੈਸ ਗੁਰ ਪਾਸ ਬਿਤਾਈ[1]।
ਸਕਲ ਭਾਂਤਿ ਕੀ ਸ਼ੁਭ ਮਤਿ ਪਾਈ ॥੨੪॥
ਉਭੈ[1] ਤੁਰੰਗਮ ਹੇਤੁ ਹਮਾਰੇ।
ਲਜਾਉ ਸਬੇਗ ਚਪਲ ਬਲ ਭਾਰੇ।
ਸੁਭਟਨ ਹੇਤੁ ਅਪਰ ਪਿਖਿ ਆਨਹੁ।
ਲੇਹੁ ਸੰਗ ਧਨ ਗਨ ਪ੍ਰਸਥਾਨਹੁ ॥੨੫॥
ਪ੍ਰਥਮ ਪੁਚਾਵਹੁ ਪਾਸ ਹਮਾਰੇ।
ਪਰਖਿ ਲੇਹਿਂਗੇ ਜਿਮ ਗੁਨ ਭਾਰੇ।
ਤੁਮ ਤਹਿਂ ਟਿਕਹੁ ਸਿੱਖ ਜਬਿ ਜਾਇ।
ਤਬਿ ਦੀਜਹਿ ਧਨ, ਮੋਲ ਬਤਾਇ[1]'

[1]ਸਿਆਣੇ ਆਦਮੀਆਂ ਨੂੰ।

[1]ਭਾਵ ਬਹੁਤੀ ਆਯੂ। (ਅ) ਵਡੇ ਸਤਿਗੁਰਾਂ ਪਾਸ ਆਯੂ ਬਿਤਾਈ।

[1]ਦੋ।

[1]ਜੇ ਮੁੱਲ ਉਨ੍ਹਾਂ ਨੂੰ ਕਿਹਾ ਹੋਵੇ ਸੋ ਤਦੋਂ ਦੇ ਦੇਣਾ।

॥੨੬॥
ਇਸ ਆਯਸੁ ਕੋ ਸੁਨਿ ਕਰਿ ਮਾਨੀ।
'ਮੈਂ ਜੈ ਹੌਂ, ਅਸੁ ਲਜਾਉਂ' ਬਖਾਨੀ।
ਤਬਿ ਬੇਸਰ[1] ਲਾਦੀ ਧਨ ਸਾਥ। — [1]ਖੱਚਰ।
ਦੇ ਪੰਚਾਸ ਹਜ਼ਾਰ ਸੁ ਨਾਥ ॥੨੭॥
ਨਰ ਕੇਤਿਕ ਤਿਹ ਸੰਗ ਪਠਾਏ।
ਹਿਤ ਤਕਰਾਈ ਧਨ ਸਮੁਦਾਏ।
ਕਰਿ ਗੁਰ ਬੰਦਨ ਪੰਥ ਪਧਾਰਾ।
ਨਿਸ ਬਿਸਰਾਮਹਿਂ ਸ਼੍ਰਮ ਨਿਰਵਾਰਾ
॥੨੮॥
ਦਿਵਸ ਪਯਾਨਹਿਂ ਪਸ਼ਚਮ ਓਰੇ।
ਬੂਝਤਿ ਜਾਤਿ 'ਹੋਹਿਂ ਕਿਤ ਘੋਰੇ?'
ਐਰਾਵਤੀ ਉਲੰਘਤਿ ਚਾਲਾ।
ਚੰਦ੍ਰਭਗਾ[1] ਤਰਿ ਗਯੋ ਬਿਸਾਲਾ ॥੨੯॥ — [1]ਚਨਾਬ।
ਪੁਨਹਿ ਬਿਦਸਤਾ[1] ਤੇ ਹੁਇ ਪਾਰਾ। — [1]ਜੇਹਲਮ।
ਚਲਤਿ ਸਿੰਧੁ[1] ਨਦ ਜਾਇ ਨਿਹਾਰਾ। — [1]ਅਟਕ।
ਤਜਿ ਪਸ਼ੌਰ ਕੋ ਆਗੇ ਗਯੋ।
ਕਾਬਲ ਜਾਇ ਬਿਲੋਕਤਿ ਭਯੋ ॥੩੦॥
ਡੇਰਾ ਕਰਿ ਘੋਰੇ ਪੁਨ ਬੂਝੇ।
ਨਰਨ ਬਤਾਏ ਜਿਹ ਬਿਧਿ ਸੂਝੇ[1]। — [1]ਜਿਵੇਂ ਜਿਵੇਂ ਲੋਕਾਂ ਨੂੰ ਸੋਝੀ ਸੀ ਸੋ ਦੱਸੀ।
ਅਗਲੇ ਦਿਵਸ ਜਾਇ ਕਰਿ ਹੇਰੇ।
ਘੋਰੇ ਚਪਲ ਸਬੇਗ ਬਡੇਰੇ ॥੩੧॥
ਦਰਬ ਮੋਲ ਪੰਚਾਸ ਹਜ਼ਾਰ।
ਪੁਨ ਕਰਿ ਲੀਨਿ ਏਵ ਤਕਰਾਰ[1]। — [1]ਇਕਰਾਰ, ਪੰਜਾਬੀ ਵਿਚ ਅਕਸਰ ਇਕਰਾਰ ਨੂੰ ਤਕਰਾਰ ਬੋਲਦੇ ਹਨ, ਫਾਰਸੀ ਵਿਚ ਤਕਰਾਰ ਦੇ ਅਰਥ ਝਗੜਾ ਹਨ।
'ਲੇ ਹਮ ਲੀਏ[†] ਦਰਬ ਤੁਵ ਦੈਹੈਂ। — [†]ਪਾ:-ਹਮ ਹੈਂ ਲੀਏ।
ਏਕ ਵੇਰ ਗੁਰ ਨਿਕਟਿ ਪਠੈ ਹੈਂ ॥੩੨॥
ਸੁਨਿ ਗੁਰ ਤੇ ਜਬਿ ਨਰ ਕੋ ਆਵੈ।
ਤਤਛਿਨ ਦਰਬ ਸਰਬ ਹੀ ਪਾਵੈਂ।'
ਸੁਨਤਿ ਸੁਦਾਗਰ ਬਾਕ ਬਖਾਨੇ।
'ਬਲੀ ਬਿਐਬ ਤੁਰੰਗ ਮਹਾਨੇ ॥੩੩॥

ਗੁਰ ਢਿਗ ਪਠਹੁ ਨ ਸੰਸਾ ਕੋਈ।
ਪੀਛੇ ਲੇਹਿਂ ਮੋਲ ਜੋ ਹੋਈ।'
ਕਰਿ ਤਕਰਾਰ ਕਿਕਾਨ ਪਠਾਏ।
ਮਗ ਕੋ ਉਲੰਘਿ ਸੁਧਾਸਰ ਆਏ ॥੩੪॥
ਸਤਿਗੁਰ ਪਿਖਿ ਕਰਿ ਉਰ ਹਰਖਾਏ।
ਚਢਿ ਕਰਿ ਫੇਰ ਧਵਾਇ ਫੰਧਾਏ।
ਖਾਸ ਤਬੇਲੇ ਸੋ ਬੰਧਵਾਏ।
ਪਠਯੋ ਸਿੱਖ ਤਿਸ ਦਿਸ਼ ਸਹਿਸਾਏ ॥੩੫॥
ਜਾਇ ਬਾਤ ਗੁਰਦਾਸ ਸੁਨਾਈ।
'ਘੋਰੇ ਸਤਿਗੁਰ ਲੀਏ ਬੰਧਾਈ।
ਬਹੁਤ ਪਸੰਦ ਅਏ ਮਨ ਭਾਏ।
-ਦੇਹੁ ਦਰਬ ਕੋ- ਭਾਖਿ ਪਠਾਏ' ॥੩੬॥
ਸੁਨਿ ਗੁਰਦਾਸ ਹਰਖ ਕੋ ਪਾਯੋ।
ਤਤਛਿਨ ਪਠਿ ਨਰ ਨਿਕਟਿ ਬੁਲਾਯੋ।
ਕਰਿ ਸਨਮਾਨ ਬਿਠਾਵਨਿ ਕੀਨਾ।
'ਲੇਹੁ ਮੋਲ ਗੁਰ ਨੇ ਕਹਿ ਦੀਨਾ' ॥੩੭॥
ਸੌਦਾਗਰ ਤੰਬੂ ਦਰ ਥਿਰਿਓ।
ਬਿਚ ਗੁਰਦਾਸ ਜਾਇ ਤਬਿ ਵਰਿਓ।
ਤਾਰੀ ਲਾਇ ਖੋਲਿ ਕਰਿ ਤਾਰੋ[1]। [1]ਕੁੰਜੀ ਲਾਕੇ ਜੰਦਰਾ ਖੋਲ੍ਹਕੇ।
ਦਰਬ ਨਿਕਾਸਨਿ ਕੋ ਕਰ ਡਾਰੋ ॥੩੮॥
ਭਈ ਠੀਕਰੀ ਜਿਤਿਕ ਰਜਤਪਨ।
ਵਹਿਰ ਨਿਕਾਰੀ ਪਿਖਿ ਬਿਸਮਯੋ ਮਨ।
ਪੰਚਹੁੰ ਖੱਚਰ ਪਰ ਦਸ ਭਾਰੇ[1]। [1]ਦਸੇ ਭਾਰ।
ਖੋਲਿ ਖੋਲਿ ਸੋ ਸਕਲ ਨਿਹਾਰੇ ॥੩੯॥
ਪਿਖੀ ਠੀਕਰੀ ਸਭਿ ਮਹਿਂ ਤੈਸੇ।
ਚਿੰਤਾ ਅਧਿਕ ਬਿਚਾਰਤਿ ਐਸੇ।
-ਇਹ ਕਯਾ ਕਾਰਨ ਲਖਯੋ ਨ ਜਾਈ?
ਕਿਧੌਂ ਗੁਰੂ ਨੈ ਇਹੈ ਪਠਾਈ ॥੪੦॥
ਕੈ ਕਾਰਨ ਕੁਛ ਹੋਯਹੁ ਔਰ।
ਕੈ ਇਹੁ ਦਰਬ ਲੀਨਿ ਕਿਨ ਚੋਰਿ[1]। [1]ਕਿਸੇ ਨੇ ਚੁਰਾ ਲਿਆ ਹੈ।

ਰਾਜ ਤੁਰਕ ਕੌ, ਗਹਹਿ ਉਜਾਗਰ।
ਹਟਹਿ ਨ, ਧਨ ਅਬਿ ਲੇਹਿ ਸੁਦਾਗਰ ॥੪੧॥
ਜੇ ਅਬਿ ਭਾਗ ਚਲੌਂ ਉਠਿ ਚੋਰੀ।
ਬਨਹਿ ਨ ਗਮਨ ਮਿਲਿਨ ਗੁਰ ਓਰੀ[1]-।
ਨਿਕਸ੍ਯੋ ਤਬਿ ਤੰਬੂ ਤੇ ਵਹਿਰ।
ਕਹ੍ਯੋ ਸੁਦਾਗਰ ਸੋਂ 'ਕੁਛ ਠਹਿਰ ॥੪੨॥
ਗਿਨਿ ਕਰਿ ਸਗਰੇ ਅਬਿ ਲੇ ਆਊਂ।
ਲਗਹਿ ਬਿਲਮ ਕੁਛ, ਸ਼ੀਘ੍ਰ ਗਿਨਾਊਂ[1]।'
ਅਪਰ ਥਾਨ ਢਿਗ ਤਾਂਹਿ ਬਿਠਾਯੋ।
ਆਪ ਬਹੁਰ ਤੰਬੂ ਪ੍ਰਵਿਸ਼ਾਯੋ ॥੪੩॥
ਦਰ ਕੋ ਪਿਖਤਿ ਸੁਦਾਗਰ ਥਿਰ੍ਯੋ।
ਲਖਹਿ -ਗਿਨਹਿ ਧਨ ਅੰਤਰ ਥਰ੍ਯੋ-।
ਅਪਰ ਉਪਾਵ ਨ ਕੁਛ ਬਨਿ ਆਯੋ।
ਤੰਬੂ ਪਾੜ ਪਿਛੈ ਨਿਕਸਾਯੋ ॥੪੪॥
ਇਕ ਦੁਇ ਮਜ਼ਲ ਬਡੇਰੀ ਕਰਿ ਕੈ।
-ਗੁਰ ਤਜਿ ਕਾਂਸ਼ੀ ਚਲੌਂ- ਬਿਚਰਿ ਕੈ।
ਤਨ ਸੰਤਨ ਕੋ ਭੇਖ ਬਨਾਵਾ।
ਕੋਇ ਨ ਕਰੈ ਚਿਨਾਰੀ ਪਾਵਾ[1] ॥੪੫॥
ਕੇਤਿਕ ਦਿਨ ਮਹਿਂ ਪ੍ਰਵਿਸ਼੍ਯੋ ਆਇ।
ਕਾਂਸ਼ੀ ਮਹਿਂ ਸਹਿ ਚਿੰਤ ਬਸਾਇ।
ਤਹਾਂ[1] ਸੁਦਾਗਰ ਦਰ ਕੋ ਹੇਰਤਿ।
ਬਿਤ੍ਯੋ ਸਮਾਂ ਬਹੁ, ਪੁਨ ਸੋ ਟੇਰਤਿ ॥੪੬॥
'ਅੰਤਰ ਤੇ ਅਵਾਜ਼ ਨਹਿਂ ਆਈ।
ਬੈਠ੍ਯੋ ਡੇਢਕ ਜਾਮ ਬਿਤਾਈ।'
ਉਠਿ ਕਰਿ ਅੰਤਰ ਹੇਰਨਿ ਕਰ੍ਯੋ।
ਸੋ ਨਹਿਂ, ਦਰਬ ਖੁਲ੍ਯੋ ਤਹਿਂ ਪਰ੍ਯੋ ॥੪੭॥
ਜੋ ਗੁਰਦਾਸ ਸੰਗ ਨਰ ਅਹੈਂ।

[1]ਗੁਰਾਂ ਦੀ ਤਰਫ ਜਾਣਾਂ (ਤੇ ਜਾਕੇ) ਮਿਲਨਾ ਨਹੀਂ ਬਣਦਾ।

[1]ਗਿਣਾਂਗਾ ਛੇਤੀ ਪਰ ਕੁਛ ਦੇਰੀ ਲਗੇਗੀ।

[1]ਪਛਾਣ ਨ ਸਕੇ।

[1]ਭਾਵ ਕਾਬਲ ਵਿਚ।

ਤਿਨਹਿ ਬੁਲਾਇ ਦਿਖਾਇ ਸੁ ਕਹੈ।
'ਪਰਜੋ ਦਰਬ, ਨਹਿਂ ਦੇਵਨਹਾਰਾ।
ਕਜੋਂ ਤਜਿ ਭਾਜਜੋ? ਕਹਾਂ ਬਿਚਾਰਾ[1]?' [1]ਕੀ ਵਿਚਾਰਿਆ ਹੈਸੁ?
॥੪੮॥
ਸਗਰੇ ਨਿਕਟਿ ਖਰੇ ਤਬਿ ਕੀਨੇ।
ਹਯ ਕੋ ਮੋਲ ਸੁ ਧਨ ਗਨ ਲੀਨੇ।
ਬਾਕੀ ਸੌਂਪ ਦਿਏ ਤਿਨ ਪਾਸ।
'ਕਿਤ ਗੁਰਦਾਸ?' ਕਹਤਿ ਸਭਿ ਦਾਸ
॥੪੯॥
ਸਰਬ ਸਮਾਜ ਸੰਭਾਰਨ ਕੀਨਾ।
ਦਾਸਨ ਗੁਰ ਦਿਸ਼ਿ ਕੋ ਮਗ ਲੀਨਾ।
'ਜਾਨਜੋ ਪਰੈ ਨਹੀਂ, ਕਜਾ ਹੋਵਾ?
ਧਨ ਧਰਿ ਗਯੋ ਆਪ ਨਹਿਂ ਜੋਵਾ'
॥੫੦॥
ਆਇ ਮਿਲੇ ਸਤਿਗੁਰ ਕੇ ਪਾਸ।
ਸਰਬ ਬਾਰਤਾ ਕਰੀ ਪ੍ਰਕਾਸ਼।
'ਨਹਿਂ ਜਾਨਜੋ ਕਿਤ ਗਾ ਗੁਰਦਾਸ।
ਤਜਿ ਕਰਿ ਤੰਬੂ ਮਹਿਂ ਧਨ ਰਾਸ'
॥੫੧॥
ਸਤਿਗੁਰ ਤਬਿ ਜਾਨੀ ਨਿਜ ਮਾਯਾ।
-ਗਯੋ ਭਾਜਿ ਸੋ ਰਿਦਾ ਭ੍ਰਮਾਯਾ।
ਭਈ ਠੀਕਰੀ ਜਿਤਿਕ ਰਜਤਪਨ।
ਭਾਜਜੋ ਦੇਖਤਿ ਹੁਇ ਅਧੀਰ ਮਨ-
॥੫੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਭਾਈ ਗੁਰਦਾਸ ਕਾਂਸ਼ੀ ਵਿਖੇ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਨਿਕਸਜੋ ਡੇਰਾ ਤਜਾਗ ਕਰਿ,
ਹਿਮ ਰਿਤੁ ਬੀ ਤਿਸ ਕਾਲ।
ਚਲਤਿ ਪੰਥ ਨਿਤ ਚਰਨ ਕਰਿ,
ਸ਼੍ਰਮ ਕੋ ਲਹਤਿ ਬਿਸਾਲ ॥੧॥

ਚੌਪਈ:

ਅਧਿਕ ਬਸਤ੍ਰ ਬਿਨ ਸੀਤ ਨ ਜਾਵੈ।ਹੁਤੋ ਜੁ
ਢਿਗ, ਤਿਹ ਕੌਨ ਉਠਾਵੈ।
ਕਿਤ ਭੋਜਨ ਪ੍ਰਾਪਤਿ, ਕਿਤ ਨਾਂਹੀ।
ਨਿਤਪ੍ਰਤਿ ਗਮਨਤਿ ਮਾਰਗ ਮਾਂਹੀ ॥੨॥
ਮਹਾਂ ਖੇਦ ਤੇ ਦੁਰਬਲ ਹੋਯੋ।
ਨਹਿਂ ਆਗੈ ਅਸ ਸੰਕਟ ਜੋਯੋ।
ਪਾਇਨਿ ਪਰੇ ਫਾਲਰੇ[1] ਘਨੇ। [1]ਛਾਲੇ।
ਚਲਤਿ ਪੰਥ ਨਿਤ ਸ਼੍ਰਮ ਕੇ ਸਨੇ ॥੩॥
ਨੀਠ ਨੀਠ ਕਰਿ ਪ੍ਰਾਪਤਿ ਹੋਵਾ।
ਕਿਤਿਕ ਦਿਵਸ ਮਹਿਂ ਸ਼ਿਵਪੁਰਿ[1] ਜੋਵਾ। [1]ਕਾਂਸ਼ੀ।
ਕਿਸ ਥਲ ਜਾਇ ਕੀਨਿ ਬਿਸਰਾਮੂ।
ਤਹਿਂ ਗੁਰ ਸੰਗਤਿ ਕੇ ਬਹੁ ਧਾਮੂ ॥੪॥
ਜੋ ਸਿਖ ਦਰਸ਼ਨ ਕੇ ਹਿਤ ਆਏ।
ਤਿਨਹੁਂ ਪਛਾਨ ਲੀਨਿ ਹਰਖਾਏ।
ਸਭਿਨਿ ਜੋਰਿ ਕਰ ਸੇਵਾ ਠਾਨੀ।
ਚਰਨ ਪਖਾਰੇ ਤਾਤੇ ਪਾਨੀ[1] ॥੫॥ [1]ਗਰਮ ਜਲ ਨਾਲ।
ਚਾਂਪਤਿ ਹੈਂ ਚਿਤ ਚੌਂਪ ਕਰੰਤੇ।
ਸ੍ਵਾਦਲ ਭੋਜਨ ਕਰਿ ਅਚਵੰਤੇ।
ਜੋ ਤਬਿ ਹੁਤੇ ਪੁਰੀ ਮਹਿਪਾਲਾ।
ਸਿੱਖ ਗੁਰੂ ਕੋ ਪ੍ਰੀਤ ਬਿਸਾਲਾ ॥੬॥
ਸੁਨਿ ਮਹਿਮਾ ਇਸ ਕੀ ਬੁਲਵਾਯੋ।
ਕਹਿ ਊਚਾਸਨਿ ਪਰ ਬੈਠਾਯੋ।
ਬੂਝਤਿ ਭਯੋ ਗੁਰੂ ਕੀ ਗਾਥਾ।
ਤਬਿ ਗੁਰਦਾਸ ਭਨੀ ਨ੍ਰਿਪ ਸਾਥਾ ॥੭॥

'ਸਤਿਗੁਰ ਥਿਰੇ ਸੁਧਾਸਰ ਰਾਜੈਂ।
ਜਪੇ ਨਾਮ, ਦਰਸ਼ਨ[1], ਦੁਖ ਭਾਜੈਂ।' [1]ਦਰਸ਼ਨ (ਕਰਿਆਂ)।
ਨਿਜ ਬਾਨੀ ਮਹਿਂ ਗੁਰ ਜਸ ਗਾਯੋ।
ਕਹਿ ਬਹੁ ਬਿਧਿ ਮਹਿਪਾਲ ਸੁਨਾਯੋ ॥੮॥
ਸੁਨਿ ਹਰਖੜੋ ਸ਼ੁਭ ਥਾਨ ਉਤਾਰਾ।
ਪੁਨ ਗੁਰ ਸਿੱਖਨਿ ਨ੍ਰਿਪਹਿ ਉਚਾਰਾ।
'ਰਾਮਦਾਸ ਗੁਰ ਅਰਜਨ ਪਾਸ।
ਰਹਤਿ ਭਯੋ ਪੂਰਬ ਗੁਰਦਾਸ ॥੯॥
ਅਬਿ ਸ਼੍ਰੀ ਹਰਿਗੋਵਿੰਦ ਬਹੁ ਸੇਵਾ।
ਮਹਿਮਾ ਇਸ ਕੀ ਸਮ ਗੁਰਦੇਵਾ।
ਗੁਰੂ ਸਮੀਪੀ ਇਹ ਚਿਰਕਾਲੂ।
ਕਰਿਵਾਏ ਕਹਿ ਸਿੱਖ ਨਿਹਾਲੂ' ॥੧੦॥
ਇੱਤਜਾਦਿਕ ਮਹਿਮਾ ਸੁਨਿ ਭਾਰੀ।
ਪਗ ਪਾਹੁਲ ਲੈਬੇ ਇਛ ਧਾਰੀ।
ਪੰਚਾਂਮ੍ਰਿੱਤ ਘਨੋ ਕਰਿਵਾਇ।
ਨਿਕਟਿ ਲੀਨਿ ਗੁਰਦਾਸ ਬੁਲਾਇ ॥੧੧॥
ਹਾਥ ਜੋਰਿ ਕਹਿ 'ਪਾਹੁਲ ਦੈ ਹੋ।
ਮੋ ਕਹੁ ਸਿੱਖ ਸਕਲ ਬਿਧਿ ਕੈ ਹੋ[1]।' [1]ਸਾਰੀ ਵਿਧੀ ਨਾਲ ਕਰੋ।
ਪਗ ਪਾਹਲੁ ਦੇ ਤਬਿ ਗੁਰਦਾਸ।
ਭਯੋ ਮਹਾਨ ਭਾਉ ਨ੍ਰਿਪ ਪਾਸ ॥੧੨॥
ਜਬਿ ਨ੍ਰਿਪ ਭਯੋ ਸਿੱਖ ਇਸ ਕੇਰਾ।
ਪੁਰਿ ਮਹਿਂ ਜਸੁ ਪ੍ਰਗਟਾਯੁ ਬਡੇਰਾ।
ਅਪਰ ਲੋਕ ਸਿਖ ਭਏ ਸੁ ਆਇ।
ਨਿਤਪ੍ਰਤਿ ਬਨਹਿਂ ਮਨੁਜ[1] ਸਮੁਦਾਇ ॥੧੩॥ [1]ਮਨੁਖ (ਸਿਖ) ਬਣਦੇ ਹਨ।
ਦੇਖਾ ਦੇਖੀ ਭਏ ਹਜ਼ਾਰੋਂ।
ਗੁਰ ਕੋ ਸੁਜਸੁ ਬਿਥਾਰਿ ਉਚਾਰੋ।
ਨਿਤ ਮਹਿਪਾਲਕ ਨਿਕਟਿ ਬੁਲਾਵੈ।
ਗੁਰਬਾਨੀ ਇਸ ਪਾਸ ਪਢਾਵੈ ॥੧੪॥
ਅਰਥ ਸਮੇਤ ਸੁਨਹਿ ਮਨ ਲਾਈ।

ਸਭਿ ਕੋ ਮਨ ਮਹਿਂ ਮੋਦ ਉਪਾਈ।
ਅਧਿਕ ਚਤੁਰ ਮ੍ਰਿਦੁ ਬਾਕਨ ਕਹੈ।
ਸੁਨਿ ਸਗਰੇ ਗੁਰ ਪ੍ਰੀਤੀ ਲਹੈਂ ॥੧੫॥
ਨ੍ਰਿਪ ਕੇ ਨਿਕਟਿ ਕਥਾ ਨਿਤ ਕਰੈ।
ਸਭਿ ਸੰਗਤਿ ਸੁਨਿਬੇ ਹਿਤ ਜੁਰੈ।
ਬਹੁ ਕੀਰਤਿ ਬਿਸਤੀਰਤਿ ਕੀਨਿ।
ਫਿਰਹਿਂ ਸੰਗ ਗਨ ਲਖ੍ਯੋ ਪ੍ਰਬੀਨ ॥੧੬॥
ਭੂਪਤ ਕੋ ਗੁਰ[†] ਜਬਿ ਹ੍ਵੈ ਗਯੋ।

[†]ਇੱਥੇ ਗੁਰੁ ਦਾ ਭਾਵ ਮੁਰਸ਼ਦ ਹੈ, ਸਤਿਗੁਰੂ ਨਹੀਂ, ਇਹ ਗੱਲ ਸਿੱਧ ਹੋ ਜਾਊ ਜਦੋਂ ਭਾਈ ਜੀ ਸਭ ਨੂੰ ਸਤਿਗੁਰਾਂ ਦੇ ਚਰਨੀਂ ਲਾਉਣਗੇ।

ਸਕਲ ਨਗਰ ਸਨਮਾਨਤਿ ਭਯੋ।
ਇਕ ਦਿਨ ਦਿਜ ਪੰਡਿਤ ਸੰਨ੍ਯਾਸੀ।
ਸਭਿ ਮਿਲਿ ਕਰਿ ਆਏ ਇਸ ਪਾਸੀ ॥੧੭॥
ਨ੍ਰਿਪ ਕੋ ਗੁਰੁ ਲਖ੍ਯੋ ਲਲਚਾਏ[1]।

[1]ਭਾਵ ਚਰਚਾ ਕਰਨ ਦੀ ਇੱਛਾ ਹੋਈ।

ਨਿਜ ਮਤ ਲਗਾਵਨਿ ਹੇਤੁ ਅਲਾਏ।
'ਇਹ ਸ਼ਿਵਪੁਰਿ ਜਿਸ ਮਹਿਂ ਤੁਮ ਬਾਸਾ।
ਯਾਂ ਤੇ ਬਨਹੁ ਰੁੱਦ੍ਰ ਕੋ ਦਾਸਾ ॥੧੮॥
ਬੈਠੇ ਕਰਹੁ ਸਦਾ ਸ਼ਿਵ ਧ੍ਯਾਨ।
ਕਹ੍ਯਾ ਗੁਰ ਤੇ ਅਬਿ ਲੇਹੁ ਸੁਜਾਨ!'
ਤਬਿ ਗੁਰਦਾਸ ਕਹ੍ਯੋ 'ਸੁਨਿ ਲੀਜੈ।
ਜੋ ਪਤਿਬ੍ਰਤਾ ਧਰਮ ਦਿਖਰੀਜੈ[1] ॥੧੯॥

[1]ਜੋ ਪਤਿਬ੍ਰਤਾ ਧਰਮ ਵਾਲੀ ਦਿੱਸ ਪਵੇ।

ਪਰ ਪਤਿ[1] ਰਮਹਿ ਨਿੰਦ ਜਗ ਗਾਵਹਿ।

[1](ਉਹ ਜੋ) ਪਰਾਇਆ ਪਤੀ।

ਆਗੈ ਨਰਕ ਸਜ਼ਾਇਨਿ ਪਾਵਹਿ।
ਇਮ ਗੁਰ[†] ਤ੍ਯਾਗ ਜਪਹਿ ਜੇ ਔਰ।

[†]ਏਥੇ ਗੁਰੂ ਪਦ ਦਾ ਅਰਥ ਗੁਰੂ ਗਾਦੀ ਤੇ ਇਸਥਿਤ 'ਗੁਰ-ਅਵਤਾਰ' ਹੈ।

ਹਲਤਿ ਪਲਤਿ ਮਹਿਂ ਲਹਹਿ ਨ ਠੌਰ ॥੨੦॥
ਜੇ ਗੁਰ ਦਯਾ ਤਾਂ ਸਭਿ ਕੀ ਦਯਾ।
ਜੇ ਗੁਰ ਰਿਸਹਿ ਤ ਸਭਿ ਰਿਸ ਕਿਯਾ।'
ਇਸ ਪਰ ਏਕ ਸਵੱਯਾ ਗਾਯੋ।
ਸਭਿ ਬਿੱਪ੍ਰਨ ਕੋ ਤਬਹਿ ਸੁਨਾਯੋ ॥੨੧॥
ਸ੍ਵੈਯਾ:

†ਮਾਤ ਬਿਓਗ ਪਰੈ ਬਛਰਾ

ਅਨ ਗਾਯ ਧਰੈ ਥਨ[1] ਲਾਤ ਲਗਾਵੈ।

[1]ਹੋਰ ਗਾਂ ਦੇ ਥਣ ਨੂੰ ਫੜੇ ਤਾਂ।

†ਦੋ ਲਿਖਤੀ ਨੁਸਖਿਆਂ ਵਿੱਚ ਇਥੇ ਭਾਈ ਗੁਰਦਾਸ ਜੀ ਦਾ ਅਸਲ ਕਬਿੱਤ ਵੀ ਦਿੱਤਾ ਹੋਇਆ ਹੈ, ਜਿਸਦਾ ਪਾਠ ਇਉਂ ਹੈ:-

ਕਬਿੱਤ: ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਥਨ ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ। ਜੈਸੇ ਮਾਨਸਰ ਤਿਆਗਿ ਹੰਸ ਆਨਸਰ ਜਾਤ ਖਾਤ ਨ ਮੁਕਤਾਫਲ ਭੁਗਤ ਜੁਗਾਤ ਕੀ । ਜੈਸੇ ਰਾਜਦੁਆਰ ਤਜਿ ਆਨ ਦੁਆਰ ਜਾਤ ਜਨ ਹੋਤ ਮਾਨੁ ਭੰਗੁ ਮਹਿਮਾ ਨ ਕਾਹੂ ਬਾਤ ਕੀ । ਤੈਸੇ ਗੁਰਸਿਖ ਆਨ ਦੇਵ ਕੀ ਸਰਨ ਜਾਹਿ, ਰਹਿਓ ਨ ਪਰਤ ਰਾਖਿ ਸਕਤ ਨ ਪਾਤ ਕੀ ॥੪੪੧॥

ਹੰਸ ਜੁ ਤਯਾਗ ਕੈ ਮਾਨ ਸਰੋਵਰ

ਖੋਜਤਿ ਪੋਖਰ ਚੋਗ ਨ ਪਾਵੈ[1]।

[1]ਛਪੜਾਂ ਨੂੰ ਖੋਜੇ ਤਾਂ (ਮੋਤੀਆਂ ਦੀ) ਚੋਗ ਨਹੀਂ ਪਾਉਂਦਾ।

ਚੱਕ੍ਰਪਤੀ ਨਿਜ ਭੂਪਤਿ ਤਯਾਗ ਕੈ

ਔਰ ਪੈ ਜਾਇ ਕੈ ਦਾਸ ਲਜਾਵੈ।

ਤੈਸੇ ਗੁਰੂ ਸਿਖ ਸੇਵ ਕਰੈ ਜਗ

ਔਰ ਸੁ ਦੇਵ, ਨ ਪਾਪ ਬਚਾਵੈ[1]' ॥੨੨॥

[1]ਤਿਵੇਂ ਗੁਰੂ ਦਾ ਸਿਖ ਜਗ ਵਿਚ ਹੋਰ ਦੇਵਤੇ ਦੀ ਸੇਵਾ ਕਰੇ (ਤਾਂ ਉਹ ਦੇਵਤਾ ਉਸ ਨੂੰ) ਪਾਪਾਂ ਤੋਂ ਨਹੀਂ ਬਚਾ ਸਕਦਾ।

ਦੋਹਰਾ:

ਇੱਤਯਾਦਿਕ ਉੱਤਰ ਦੀਏ,

ਦਿਜਨਿ ਮਾਨ ਕਰਿ ਭੰਗ।

ਇਕ ਸਤਿਗੁਰ ਕੋ ਆਸ਼ਰਾ,

ਨਿਸ਼ਚੈ ਕੀਨਿ ਅਭੰਗ ॥੨੩॥

ਚੌਪਈ:

ਜੁਗਲ ਜੋਰਿ ਕਰ ਦਿਜਹਿ ਬਖਾਨੀ[1]।

[1]ਬ੍ਰਾਹਮਣਾਂ ਨੇ ਕਿਹਾ।

'ਸੰਸੈ ਏਕ ਹਰਹੁ ਗੁਨ ਖਾਨੀ!

ਸ਼੍ਰੀ ਗੁਰਦਾਸ ਬਿਮਲ ਮਤਿ ਮਾਨੀ[1]!

[1]ਨਿਰਮਲ ਮਤੀ ਵਾਲੇ ਮਾਨਯੋਗ।

ਤੱਤ੍ਵ ਗਯਾਨ ਮਯ ਬੋਧ ਪ੍ਰਮਾਨੀ[1]! ॥੨੪॥

[1](ਤੁਸਾਡਾ) ਬੋਧ ਤਤ੍ਵਗਿਆਨ ਵਾਲਾ ਮੰਨਣੇ ਯੋਗ ਹੈ, ਭਾਵ ਤੁਸੀਂ ਤਤਵੇਤਾ ਹੋ ਅਸੀਂ ਇਹ ਮੰਨਦੇ ਹਾਂ।

ਦੋਹਰਾ:

ਗੋਵਿੰਦਾਦਿਕ ਰਾਮ ਇਤਿ,

ਬਰਨੇ ਸਿੰਮ੍ਰਿਤਿ ਪੁਰਾਨ[1]।

[1]ਰਾਮ ਗੋਬਿੰਦਾਦਿਕ (ਜੋ ਸਾਰੇ) ਨਾਮੁ ਸਿੰਮ੍ਰਤੀ ਪੁਰਾਨਾਂ ਵਿਚ ਕਥਨ ਕੀਤੇ ਹਨ।

ਭਿੰਨ ਨਾਮ ਤ੍ਰਿਪਤਾ ਤਨੁਯ, ਕਿਮ ਭਾਖਯੋ ਭਗਵਾਨ[1]? ॥੨੫॥

[1](ਇਨ੍ਹਾਂ ਨਾਮਾਂ ਤੋਂ) ਵੱਖਰਾ ਨਾਮ ਪ੍ਰਮਾਤਮਾਂ ਦਾ ਤ੍ਰਿਪਤਾ ਜੀ ਦੇ ਪੁੱਤ੍ਰ (ਸ਼੍ਰੀ ਗੁਰੂ ਨਾਨਕ ਦੇਵ ਜੀ) ਨੇ ਕਿਉਂ ਕਹਿਆ ਹੈ?

ਚੌਪਈ:

ਵਾਹਿਗੁਰੁ ਗੁਹਯਾਰਥ ਬਖਾਨਹੁ[1]।

[1]ਗੁੱਝੇ ਅਰਥ ਕਥਨ ਕਰੋ।

| | |
|---|---|
| ਨਿਗਮਾਗਮ ਕੀ ਸਾਖ ਪ੍ਰਮਾਨਹੁ[1]। | [1]ਵੇਦਾਂ ਸ਼ਾਸਤ੍ਰਾਂ ਦੀ ਉਗਾਹੀ ਦੇਕੇ ਸਿੱਧ ਕਰੋ। |
| ਕਿਧੌਂ ਕਾਲ ਸਤਿ ਵਾ ਕੁਛ ਔਰ[1]। | [1]ਜਾਂ (ਸਤਿਕਾਲ =) ਸਤਿਜੁਗ ਦੇ ਸਮੇਂ (ਇਹ ਪਦ ਹੈ ਸੀ,) ਯਾ ਕੋਈ ਹੋਰ (ਪ੍ਰਮਾਣ ਹੈ)। (ਅ) (ਕਾਲ =) ਸਮੇਂ (ਕਰਕੇ ਇਸ ਨੂੰ ਸਤ =) ਸ੍ਰੇਸ਼ਟ (ਮੰਨਿਆਂ ਹੈ) ਭਾਵ ਕਲਜੁਗ ਦਾ ਸਮਾਂ ਹੋਣ ਕਰਕੇ 'ਓਂ' ਨੂੰ ਛੱਡ ਕੇ ਇਹ ਨਵਾਂ ਪਦ ਰਚਿਆ ਹੈ। |
| ਬਿਬਿਧਿ ਭਾਂਤਿ ਬਰਨੇ ਮੁਨਿ ਔਰ[1] ॥੨੬॥ | [1]ਹੋਰਨਾਂ ਮੁਨੀਆਂ ਨੇ ਕਈ ਤਰ੍ਹਾਂ ਦੇ (ਪਰਮੇਸ਼ਰ ਦੇ ਨਾਮ) ਕਥਨ ਕੀਤੇ ਹਨ। |
| ਦੁਤਿਯ ਬੇਦ ਬਾਹਯ ਤੁਮ ਗ੍ਰੰਥ[1]। | [1]ਦੂਜੇ ਬੇਦ ਤੋਂ ਬਾਹਰ ਹੈ ਤੁਹਾਡਾ (ਗੁਰ) ਗ੍ਰੰਥ ਜੀ। |
| ਤਾਸ ਪੂਜ, ਭਾਖਤਿ ਇਤਿ ਪੰਥ[1]। | [1]ਤਿਸਦੇ ਪੂਜਣ ਵਾਲਿਆਂ ਨੂੰ ਐਉਂ ਪੰਥ ਆਖਦੇ ਹੋ (ਇਸ਼ਾਰਾ ਹੈ ਕਿ ਵੇਦੋਂ ਬਾਹਰਿਆਂ ਨੂੰ ਪੰਥ ਕਹਿੰਦੇ ਹੋ ਤਾਂ ਤੇ ਵੇਦ ਵਾਲੇ ਕੁਪੰਥੀ ਹੋਏ)। |
| ਪੁਸ਼ਟ ਬਚਨ ਜਿਮ ਤੁਮ ਅਬਿ ਭਾਖੋ[1]। | [1]ਜਿਸ ਤਰ੍ਹਾਂ ਦੇ ਪੁਸ਼ਟੀ ਕਾਰਕ ਬਚਨ ਤੁਸੀਂ ਕਹੋਗੇ। |
| ਸੋ ਸਭਿ ਵਿਪ੍ਰ ਬ੍ਰਿੰਦ ਰੁਚਿ ਰਾਖੋ[1] ॥੨੭॥ | [1]ਓਹ ਸਭ (ਬਚਨ) ਬ੍ਰਾਹਮਣ ਸਾਰੇ ਰੁਚਿ ਨਾਲ (ਚਿੱਤ ਵਿਚ) ਧਾਰਨ ਕਰਨਗੇ। |
| ਤ੍ਰਿਤਿਯ ਸੁਧਾਸਰ ਤੀਰਥ ਰਾਜੂ। | |
| ਕਵਨ ਪੁਰਾਨ ਪ੍ਰਮਾਨ ਸਮਾਜੂ[1]? | [1]ਕਿਸ ਪੁਰਾਣ ਵਿਚ ਉਸ ਦੇ ਪ੍ਰਮਾਣ ਦਾ ਸਾਮਾਨ ਹੈ, (ਅ) ਕੀਰਤੀ ਦਾ ਪ੍ਰਮਾਣ ਹੈ [ਸੰਸ. ਸਮਾਗਜਾ = ਕੀਰਤੀ] |
| ਇਹ ਸੰਸੈ ਹਮਰੇ ਉਰ ਮਾਂਹੀ। | |
| ਤੁਮ ਸਮਾਨ ਸੰਸੈ ਹਰਿ ਨਾਂਹੀ[1]' ॥੨੮॥ | [1]ਤੁਹਾਡੇ ਵਰਗਾ ਸੰਸੇ ਨਾਸ਼ਕ (ਹੋਰ) ਕੋਈ ਨਹੀਂ। |
| ਅਸ ਸੁਨਿ, ਬਚਨ ਕੀਨ ਮਹਾਂ ਗਜਾਤਾ। | |
| ਸ੍ਰੀ ਗੁਰਦਾਸ ਅਵਨਿ ਬੱਖਜਾਤਾ[1]। | [1]ਐਸਾ ਸੁਣ ਕੇ ਪ੍ਰਥਵੀ ਤੇ ਗੁਰਦਾਸ (ਨਾਮ) ਕਰਕੇ ਪ੍ਰਸਿੱਧ ਮਹਾਂ ਗਿਆਨੀ ਨੇ ਬਚਨ ਕੀਤਾ। |
| "ਵਾਹਿ ਅਰਥ ਬਿਸਮਯ ਪਦ ਗਾਵਾ। | |
| ਨੇਤਿ ਨੇਤਿ ਜਿਹ ਬੇਦ ਬਤਾਵਾ[1] ॥੨੯॥ | [1]ਵਾਹ ਪਦ (ਦਾ ਅਰਥ ਉਹ) ਅਸਚਰਜ ਰੂਪ ਹੈ ਜਿਸ ਨੂੰ ਵੇਦ ਨੇ ਨੇਤਿ ਨੇਤਿ ਕਿਹਾ ਹੈ, ਭਾਵ ਪਾਰਬ੍ਰਹਮ ਪੂਰਨ ਬ੍ਰਹਮ। |
| [1]ਜਿਹ ਅਨਜਾਨ ਦਿਪੈ ਭਵ ਨਾਨਾ। | [1]ਜਿਸਦੇ ਨਾ ਜਾਣਨ ਤੇ ਸੰਸਾਰ ਨਾਨਾ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ, ਤੇ ਜਿਸ ਦੇ ਜਾਣਨ ਨਾਲ ਮੁਕਤ ਹੋ ਜਾਂਦਾ ਹੈ। ਅਥਵਾ ਉਹ ਨਾਨੱਤਵ ਦਾ ਅਗਿਆਨ ਨਾਸ਼ ਹੋ ਜਾਂਦਾ ਹੈ। |
| ਹੋਤਿ ਨ੍ਰਿਬਾਨ ਜਾਂਹਿ ਕੇ ਜਾਨਾ। | |
| ਅੱਖਰ, ਅਕਹਿ, ਅਗਾਧ, ਅਪਾਰ[1]। | [1]ਉਹ ਵਿਸਮਯ ਰੂਪ) ਕਦੇ ਨਾਸ਼ ਨਾ ਹੋਣ ਵਾਲਾ ਹੈ, ਕਥਨੀ ਤੋਂ ਪਰੇ ਹੈ, (ਸੋਚ ਦੀ ਪਹੁੰਚ ਤੋਂ) ਡੂੰਘਾ ਹੈ ਤੇ ਬੇਹੱਦ ਹੈ। |
| ਸਹਸਾਨਨ[1] ਜਿਹ ਲਹੈ ਨ ਪਾਰ ॥੩੦॥ | [1]ਸ਼ੇਸ਼ਨਾਗ। |
| ਅਸੁਰ, ਸੁਰਾ, ਤ੍ਰਿਣ, ਬਿਧਿ, | [1]ਦੈਂਤ, ਦੇਵਤੇ, ਸੁਖਮ ਜੀਵ, ਬ੍ਰਹਮਾ, ਮੁਨੀ ਸਾਰੇ। |

ਮੁਨਿਬ੍ਰਿੰਦ[1]।

ਭਨਤਿ ਪਰਾਵਰ ਪਰਮਾਨੰਦ[1]। — [1]ਜਿਸ ਨੂੰ ਪਰਮ ਆਨੰਦ ਸਰੂਪ ਤੇ ਪਰਾਵਰ ਕਹਿੰਦੇ ਹਨ। [ਸੰਸ. ਪਰਾਵਰ = ਜਿਸ ਤੋਂ ਸਭ ਵੱਡੇ ਉਰੇ ਹਨ]

ਮਨ, ਬੁਧਿ, ਚਿੱਤ, ਗਿਰਾ, ਲਹਿਂ ਨਾਹੀ[1]। — [1]ਅੰਤ ਨਹੀਂ ਪਾ ਸਕਦੇ।

ਅਨੁਭਵ ਲਖਿ[1], ਬੋਧਕ ਵਸ ਮਾਂਹੀ[2] ॥ ੩੧ ॥ — [1]ਗਿਆਨ ਕਰਕੇ ਜਾਣਿਆਂ ਜਾਂਦਾ ਹੈ। [2]ਤੱਤਵੇਤਿਆਂ ਦੇ ਰਿਦੇ (ਵਿਚ) ਵਸਦਾ ਹੈ। (ਅ) ਬੋਧ ਕਰਾਉਣ ਵਾਲਾ ਹੈ ਤੇ ਹਿਰਦੇ ਵਿਚ ਵੱਸਦਾ ਹੈ।

ਦੁਤਿਯ ਪਦਾਰਥ -ਗੁਰ- ਇਤਿ ਨਾਮਾ[1]। — [1]ਦੂਸਰੇ ਪਦ 'ਗੁਰੁ' ਦਾ ਅਰਥ ਹੈ (ਉਸਦਾ) ਨਾਮ ਜਿਸ ਨੂੰ ਸ੍ਰੁਤੀ ਸਿਮ੍ਰਤੀ ਨੇ ਪਰਮਾਤਮਾਂ ਕਿਹਾ ਹੈ। [ਯਥਾ, 'ਅਜ ਸੱਚਿਦਾਨੰਦ ਪਰ ਧਾਮ' ਤੁਲੱਸੀ] [ਸੰਸ. ਪਰ = ਪਰੇ, ਧਾਮ = ਸਰੀਰ। ਪਰ = ਸੰਪੂਰਨ, ਧਾਮ = ਪ੍ਰਕਾਸ਼ ਸਰੂਪ]

ਸ੍ਰੁਤਿ ਸਿੰਮ੍ਰਿਤਿ ਭਾਖਯੋ ਪਰ ਧਾਮਾ।

ਜਾ ਸਮ ਅਵਰ ਨ ਜਗ ਮਹਿਂ ਕੋਊ।

ਸੋ ਗੁਰਦੇਵ ਸਮਰਥ ਪ੍ਰਭੁ† ਓਊ[1] ॥ ੩੨ ॥ — [1]ਓਹੀ। †ਪਾ:-ਸਭਿ।

ਜਿਹ ਪਾਏ ਕ੍ਰਿਤ ਕ੍ਰਿਤ[1] ਰਿਖਿ, ਜੋਗੀ। — [1]ਜਿਸ ਨੂੰ ਪ੍ਰਾਪਤ ਕਰਕੇ ਨਿਹਾਲ ਹੁੰਦੇ ਹਨ।

ਬਹੁਰ ਨ ਹੋਇ ਭਰਮ ਭਵ ਭੋਗੀ[1]। — [1]ਭੋਗੀ ਹੋ ਕੇ ਫਿਰ (ਓਹ) ਸੰਸਾਰ ਵਿਚ ਭ੍ਰਮਦੇ ਨਹੀਂ। (ਅ) (ਜਿਸਨੂੰ ਪਾਕੇ) ਫੇਰ ਭਰਮ ਨਹੀਂ ਹੁੰਦਾ (ਤੇ ਭਰਮ ਨਾ ਹੋਣੇ ਕਰਕੇ) ਜਨਮ (ਮਰਨ ਨਹੀਂ) ਭੋਗਣਾ ਪੈਂਦਾ।

-ਗੋ- ਇਤਿ ਅੰਧਕਾਰ ਸ਼ਿਵ ਭਾਖਾ[1]। — [1]ਹੁਣ ਅੱਖਰੀ ਅਰਥ ਕਰਦੇ ਹਨ:- 'ਗੋ' ਇਤਨੇ (ਪਦ ਦਾ ਅਰਥ) 'ਅੰਧਕਾਰ, ਸ਼ਿਵ ਨੇ ਕਿਹਾ ਹੈ।

-ਰੰ- ਚੈਤੰਨਯ ਵੇਦ ਮਤਿ ਸ਼ਾਖਾ[1] ॥ ੩੩ ॥ — [1]ਵੇਦ ਦੀਆਂ ਸ਼ਾਖਾਂ ਦਾ ਮਤ ਹੈ ਕਿ 'ਰ' (ਦਾ ਅਰਥ) ਹੈ 'ਚੇਤਨ।'

ਵਿੱਦ੍ਯਾ ਮੂਲ ਜੋਗ ਅਵਸਾਨੀ[1]। — [1]ਉਹ ਚੇਤਨ) ਗਿਆਨ ਦਾ ਮੂਲ ਤੇ ਯੋਗ ਦਾ ਅੰਤ (= ਅਵਧੀ) ਹੈ।

ਜਾਂਹਿ ਸਮਾਵਤਿ ਮੁਨਿਵਰ ਗ੍ਯਾਨੀ[1]। — [1]ਜਿਸ (ਵਿਚ) ਸਮਾਂਵਦੇ ਹਨ ਸ੍ਰੇਸ਼ਟ ਮੁਨਿ ਤੇ ਗਿਆਨੀ।

ਸ਼ੁੰਨਵਾਦ ਸ਼ੁੰਨਹਿ ਜਿਹ ਗਾਵਹਿਂ[1]। — [1]ਸ਼ੁਨਵਾਦੀ ਜਿਸ ਨੂੰ ਸ਼ੁੰਨ੍ਯ ਕਹਿੰਦੇ ਹਨ। (ਅਕਸਰ ਸ਼ੁਨਵਾਦੀ ਤੋਂ ਮੁਰਾਦ 'ਬੋਧ ਮਤਿ' ਹੋਇਆ ਕਰਦੀ ਹੈ)।

ਬ੍ਰਹਮ ਵਾਦ ਜਿਹ ਬ੍ਰਹਮ ਬਤਾਵਹਿਂ ॥ ੩੪ ॥

ਕਾਲਮਤੀ ਜਿਹ ਕਾਲ ਪ੍ਰਮਾਨਾ[1]। — [1]ਕਾਲ ਮਤ ਵਾਲਿਆਂ ਨੇ (ਜੋ ਕਾਲ ਨੂੰ ਮੂਲ ਕਾਰਣ ਮੰਨਦੇ ਹਨ) ਜਿਸ ਨੂੰ ਕਾਲ ਮੰਨਿਆਂ ਹੈ।

ਨਾਨਾ ਮਤ ਠਾਨਯੋ ਮਤ ਨਾਨਾ[1]। — [1]ਨਾਨਾ ਮਤਾਂ ਵਾਲਿਆਂ ਨੇ ਕਈ ਤਰ੍ਹਾਂ ਨਾਲ ਜਿਸ ਨੂੰ (ਮੂਲ ਯਾ ਪਰਮਾਦ) ਸਿੱਧ ਕੀਤਾ ਹੈ।

ਸਗੁਣ† ਜਾਂਹਿ ਨਾਰਾਯਨ ਕਹਿਹੀਂ[1]। — [1]ਸਗੁਣ (ਦੀ ਉਪਾਸਨਾ ਕਰਨ ਵਾਲੇ) ਜਿਸਨੂੰ ਨਾਰਾਇਣ ਕਹਿੰਦੇ ਹਨ। †ਪਾ:-ਸਭਿ ਗੁਣ।

ਕਰਮ ਬ੍ਰਿੰਦ ਕਰਿ ਜਾਂ ਪਦ ਲਹਿਹੀਂ[1] ॥੩੫॥

[1]ਭਾਵ, ਕਰਮ ਕਾਂਡ ਨਾਲ ਜਿਸਦੀ ਪ੍ਰਾਪਤੀ ਮੰਨਦੇ ਹਨ।

ਲੱਖ ਰੂਪ ਵਾਚਾਰਥ ਜਾਸ ਕਹਿ[1]।

[1]ਜਿਸਨੂੰ ਵਾਚਜ ਅਰਥਾਂ ਦਾ ਲੱਖ ਰੂਪ ਆਖਦੇ ਹਨ।

ਅਵਰ ਨ ਪਾਵਨ ਰਹਤਿ ਜਾਸ ਲਹਿ[1]।

[1]ਜਿਸਨੂੰ (ਲਹਿ =) ਲਖਕੇ (ਫੇਰ) ਹੋਰ ਕੁਛ ਪ੍ਰਾਪਤੀ ਯੋਗ ਨਹੀਂ ਰਹਿੰਦਾ।

ਤਤ੍ਵਮਸੀ ਵੇਦਾਰਥ ਪ੍ਰਮਾਨਤਿ[1]।

[1]ਵੇਦ ਦੇ 'ਤੱਤਤ੍ਵੰਅਸਿ' (ਵਾਕ) ਦਾ (ਲੱਖ) ਅਰਥ ਜਿਸ ਨੂੰ (ਪ੍ਰਮਾਨਤਿ =) ਮੰਨਿਆਂ ਹੈ।

ਵਾਹਿਗੁਰੂ ਸੋ ਸ਼੍ਰੀ ਗੁਰ ਠਾਨਤਿ[1] ॥੩੬॥

[1]ਸ਼੍ਰੀ ਗੁਰੂ ਜੀ ਉਸ ਨੂੰ ਵਾਹਿਗੁਰੂ (ਠਾਨਤਿ =) ਕਹਿੰਦੇ ਹਨ। ਸਾਰੀ ਚੌਪਈ ਦਾ ਭਾਵ ਇਉਂ ਹੈ। 'ਵਾਚਜ ਅਰਥ' ਤੋਂ ਮੁਰਾਦ ਹੈ ਪਦ ਯਾ ਵਾਕਯ ਦੇ ਸੰਕੇਤੀ ਅਰਥ। 'ਲਖ੍ਯ ਅਰਥ' ਤੋਂ ਮੁਰਾਦ ਹੈ ਜੋ ਲੱਛਣਾਂ ਤੋਂ ਸਿੱਧ ਹੋਵੇ ਯਾ ਸਮਝ ਵਿਚ ਆਵੇ। (ਦੇਖੋ ਰੁਤ ਪੰਜਵੀਂ ਅੰਸੂ ੪੮) ਯਥਾ 'ਤੱਤ ਤ੍ਵੰ ਅਸੀ' ਦੇ ਸਿੱਧੇ ਅਰਥ ਹਨ, 'ਓਹ ਤੂੰ ਹੈਂ' ਇਸਦੇ ਵਾਚਜ ਅਰਥ ਨਾਲ ਜੀਵ ਈਸ਼੍ਵਰ ਦੀ ਏਕਤਾ ਨਹੀਂ ਬਣਦੀ, ਕਿਉਂਕਿ ਜੀਵ ਅਲਪੱਗ, ਪਰਛਿੰਨ ਤੇ ਅਵਿੱਦਯਾ ਉਪਾਧੀ ਸਹਿਤ ਹੈ, ਤੇ ਈਸ਼੍ਵਰ ਸਰਬੱਗ ਵ੍ਯਾਪਕ ਤੇ ਮਾਯਾ ਉਪਾਧੀ ਸਹਿਤ ਹੈ, ਪਰ 'ਸਤਿ ਚਿਤ ਅਨੰਦਤਾ' ਜਿਵੇਂ ਜੀਵ ਵਿਚ ਹੈ ਤਿਵੇਂ ਈਸ਼੍ਵਰ ਵਿਚ ਹੈ। ਸੋ ਇਸ 'ਲਖ੍ਯ ਅਰਥ' ਨਾਲ 'ਤਤ ਤ੍ਵੰ ਅਸੀ' ਦਾ ਭਾਵ ਸਿੱਧ ਹੋ ਗਿਆ। ਤਿਵੇਂ ਕਵਿ ਜੀ ਦੀ ਮੁਰਾਦ ਇਥੇ ਇਹ ਹੈ ਕਿ ਲਖ੍ਯ ਅਰਥ ਕਰਕੇ 'ਤਤਤ੍ਵੰ ਅਸੀ' ਤੇ 'ਵਾਹਿਗੁਰੂ' ਦਾ ਇਕੋ ਭਾਵ ਹੈ। 'ਤਤਤ੍ਵੰਅਸੀ' ਦਾ ਵਾਚਜ ਅਰਥ ਹੈ 'ਮਾਯਾ ਸਬਲ ਬ੍ਰਹਮ ਤੇ ਜੀਵ', ਇਸ ਦਾ ਲੱਖ੍ਯਾਰਥ ਹੈ 'ਸ਼ੁਧ ਬ੍ਰਹਮ।' ਵਾਹਿਗੁਰੂ ਪਦ ਦਾ ਇਕੋ ਅਰਥ ਹੈ, 'ਸ਼ੁਧ ਬ੍ਰਹਮ।' ਸੋ 'ਤਤਤ੍ਵੰਅਸੀ' ਦਾ ਲੱਖ੍ਯ ਅਰਥ ਵਾਹਿਗੁਰੂ ਦੇ ਅਰਥਾਂ ਨਾਲ ਮਿਲ ਗਿਆ।

ਨਾਂ ਅਨਿਕੈ ਮਨ ਬ੍ਰਹਮ ਪਛਾਨਤਿ[1]।

[1]ਜਿਸ ਵਾਹਿਗੁਰੂ ਪਦ ਦੇ ਅਭਿਪ੍ਰਾਯ ਵਿਚ) ਅਨੇਕਤਾ ਨਹੀਂ, (ਤੇ ਜਿਸ ਅਭਿਪ੍ਰਾਯ ਵਿਚ) ਮਨ ਬ੍ਰਹਮ ਦੀ ਪਛਾਣ ਕਰ ਲੈਂਦਾ ਹੈ।

ਇਕ ਦਸ ਰੁੱਦ੍ਰ ਦਸੋਹਰਿ ਜਾਨਤਿ[1]।

[1]ਜੋ ਯਾਰਾਂ ਰੁਦ੍ਰਾਂ ਤੇ ਹਰਿ ਦੇ ਦਸ (ਅਵਤਾਰਾਂ ਨੂੰ) ਇਕੋ (ਦਾ ਖੇਲ) ਜਣਾਉਂਦਾ ਹੈ।

ਨਵ ਬਿਧਿ ਪ੍ਰਣਵ ਵਿੱਸ੍ਵ ਕ੍ਰਿਤ ਕਾਰਨ[1]।

[1]ਜੋ ਸ੍ਰਿਸ਼ਟੀ ਦੇ ਕਾਰਨ ਨਵਾਂ ਅਵਸਥਾਂ ਵਾਲੇ ਓਅੰਕਾਰ ਨੂੰ (ਇਕੋ ਅਪਣੇ ਰੂਪ ਵਿਚ ਦੱਸਦਾ ਹੈ)।

ਚਤਰ ਵਰਗ ਦਾ ਭਵ ਜਨ ਤਾਰਨ[1] ॥੩੭॥

[1]ਸੋ ਵਾਹਿਗੁਰੂ ਮੰਤ੍ਰ) ਜਨਾਂ ਨੂੰ ਸੰਸਾਰ ਤੋਂ ਤਾਰਨੇ ਲਈ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਦਾਤਾ ਹੈ।

ਸੁਰਤਰੁ ਸਮਰਨ ਕੋ† ਸੁਖ ਦਾਤਾ[1]।

[1]ਸਿਮਰਣ ਵਾਲਿਆਂ ਨੂੰ ਕਲਪ ਬ੍ਰਿੱਛ ਵਾਂਙੂ (ਸਾਰੇ) ਸੁੱਖਾਂ ਦਾ ਦਾਤਾ ਹੈ। †ਪਾ:-ਹੈ।

ਚਿੰਤਾਮਣਿ ਚਿੰਤਤਿ ਹਰਿ ਗਜਾਤਾ[1]।

[1]ਚਿੰਤਨ ਕਰਨ ਵਾਲਿਆਂ ਨੂੰ ਹਰਿ ਗਿਆਨ ਰੂਪੀ ਚਿੰਤਾਮਣੀ ਦਾ ਦਾਤਾ ਹੈ।

ਵਾਸੁਦੇਵ ਸਤਿਜੁਗ ਮਣਿ ਨਾਮ[1]।

[1]ਸਤਿਜੁਗ ਵਿਚ ਸ਼੍ਰੋਮਣੀ ਨਾਮ (ਹਰੀ ਦਾ) ਵਾਸਦੇਵ ਸੀ।

ਹਰਿ ਹਰਿ ਤ੍ਰੇਤਾ ਫਲਦ ਅਕਾਮ[1] ॥੩੮॥

[1]ਤ੍ਰੇਤਾ ਵਿਚ ਹਰੀ ਦਾ (ਨਾਮ) 'ਹਰਿ' ਨਿਸ਼ਕਾਮ ਫਲ ਦਾਤਾ ਸੀ।

ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ[1]।

[1]ਦ੍ਵਾਪਰ ਵਿਚ ਗੋਬਿੰਦ (ਨਾਮ) ਤੇਜ ਤੇ ਫਤੇ (ਦਾ ਦਾਤਾ ਹੈ ਸੀ)।

ਕਲਿ ਕੇਵਲ ਰਾਕਾਰ ਅਖੰਡ[1]।

[1]ਕਲਿਜੁਗ ਵਿਚ ਨਿਰਾ ਰਾਰਾ (ਰਾਮ) ਅਵਿਛਿੰਨ (ਮੁਕਤੀ ਦਾ ਦਾਤਾ ਹੈ ਸੀ)।

ਵੇਦ ਚਤਰ ਜੁਗ ਜਿਹ ਨਿਸਤਾਰੇ[1]।

[1]ਜਿਸਨੇ ਚਹੁੰਆਂ ਜੁਗਾਂ ਵਿਚ ਗਿਆਨ ਦੇ ਕੇ ਨਿਸਤਾਰਾ ਕੀਤਾ ਹੈ (ਅ) ਜਿਸ ਨੇ ਚਹੁੰਆਂ ਜੁਗਾਂ ਵਿਚ ਵੇਦਾਂ ਦਾ ਨਿਸਤਾਰਾ ਕੀਤਾ ਹੈ।

ਵਾਹਿਗੁਰੂ ਅਵਲੰਬ ਹਮਾਰੇ[1] ॥੩੯॥

[1]ਉਹ ਵਾਹਿਗੁਰੂ ਸਾਡਾ ਆਸ਼੍ਰਾ ਹੈ।

ਥਾਵਰ ਜੰਗਮ[1] ਤਨ ਤ੍ਰਿਨ ਮਾਂਹੀ।

[1]ਜੜ੍ਹ ਚੇਤਨ।

ਸੂਤ੍ਰਾਤਮਕ ਇਸ ਬਿਨ ਕੋ ਨਾਂਹੀ[1]।

[1]ਸੂਤ੍ਰ ਸਮਾਨ (ਸਾਰਿਆਂ ਵਿਚ ਰਮਿਆਂ ਹੋਇਆ) ਇਸ ਬਿਨਾਂ ਕੋਈ ਨਹੀਂ।

ਅਰਥ ਔਰ ਪਰਮਾਰਥ ਖਾਨੀ[1]।

[1]ਅਰਥ ਤੇ ਪਰਮਾਰਥ ਦੀ ਖਾਣ (ਮੂਲ)।

ਵਾਹਿਗੁਰੂ ਸਾਰਰਥ[†] ਪ੍ਰਮਾਨੀ[1] ॥੪੦॥

[1]ਵਾਹਿਗੁਰੂ ਦਾ ਸਾਰ ਅਰਥ (ਅਰਥ ਦਾ ਤੱਤ੍ਵ ਭਾਵ) ਇਉਂ ਪ੍ਰਮਾਣੀਕ ਹੈ ਅਥਵਾ ਮੰਨ ਲਓ। [†]ਪਾ:-ਸ੍ਵਾਰਥ।

ਸਾਦਰ ਜਿਹ[1] ਸੇਵਜੋ, ਮਹਿਦੇਵਾ[2]!

[1]ਜਿਸ ਨੇ। [2]ਹੇ ਬ੍ਰਹਮਣੋ।

ਸਫਲ ਭਈ ਤਿਹ ਜਨ ਕ੍ਰਿਤ ਸੇਵਾ[1]।

[1]ਘਾਲ ਤੇ ਸੇਵਾ। (ਅ) ਕੀਤੀ ਹੋਈ ਸੇਵਾ।

ਇਨ ਤਜਿ ਜੇ ਅਨ ਆਸ਼ੇ ਲਹਿਹੀਂ[1]।

[1]ਇਨ੍ਹਾਂ (ਚਹੁੰ ਅੱਖਰਾਂ ਵਾਹਿਗੁਰੂ) ਨੂੰ ਤਿਆਗਕੇ ਜਿਨ੍ਹਾਂ ਨੇ ਹੋਰਨਾਂ ਦੇ ਆਸ਼ੇ ਲਏ ਹਨ।

ਤੇ ਜਨ ਸੁਧਾ ਛਾਡ ਖਲ[1] ਗਹਿਹੀਂ ॥੪੧॥

[1]ਫੋਕ।

ਚਤਰ ਵੀਜ ਚਹੁ ਜੁਗ ਕੇ ਕਾਢੇ[1]।

[1]ਚਾਰੇ (ਅੱਖਰ) ਚਾਰੇ ਜੁਗਾਂ ਦੇ (ਮੰਤਰਾਂ ਦੇ) ਬੀਜ ਵਧਦਾ ਹੈ।

ਵੀਜ ਪ੍ਰਤਾਪ ਜੁਗਨ ਬਲ ਬਾਢੇ[1]।

[1]ਚਾਰ) ਜੁਗਾਂ ਦੇ ਮੰਤ੍ਰਾਂ ਦਾ ਬੀਜ ਹੋਣ ਤੇ ਪ੍ਰਤਾਪ ਕਰਕੇ ਇਸ ਦਾ ਬਲ ਵੱਧ ਹੈ। (ਅ) ਚਹੁੰ ਜੁਗਾਂ ਦਾ ਬੀਜ ਰੂਪ ਹੋਣ ਦਾ ਇਹ ਪ੍ਰਤਾਪ ਹੈ ਕਿ (ਜਪਣ ਵਾਲਿਆਂ ਦਾ) ਬਲ ਵੱਧਦਾ ਹੈ।

ਚੌਰ ਪਦਾਰਥ ਵੀਜ ਮਹੀ[†] ਪੁਨ[1]।

[1]ਫਿਰ ਚਹੁੰ ਪਦਾਰਥਾਂ (ਦੀ ਪ੍ਰਾਪਤੀ ਦਾ ਏਹ) ਬੀਜ (ਕਾਰਣ ਹਨ ਚਾਰ ਅੱਖਰ) ਪ੍ਰਿਥਵੀ ਉੱਤੇ। [†]ਪਾ:-ਯਹੀ।

ਪ੍ਰਣਵ ਆਦਿ ਪ੍ਰਗਟੇ ਹੈ ਧਰ ਧਨ[1†] ॥੪੨॥

[1]ਪਰਮੇਸ਼ਰ ਤੇ ਧਰਤੀ ਦਾ ਧਨ ਆਦਿ ਇਸੇ ਤੋਂ ਪ੍ਰਗਟ ਹੁੰਦਾ ਹੈ। [ਸੰਸ. ਪ੍ਰਣਵ = ਪਰਮੇਸ਼ਰ] ਭਾਵ ਇਹ ਕਿ ਪਰਮੇਸ਼ਰ ਤੇ ਧਰਤੀ ਦੇ ਸਾਰੇ ਧਨ ਇਸੇ 'ਵਾਹਿਗੁਰੂ' ਦੇ ਜਪ ਤੋਂ ਲੱਭਦੇ ਹਨ। [ਵਿਸ਼ੇਸ਼ ਲਈ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰ: ਅਧ੍ਯਾ: ੧ ਅੰਕ ੬੮] (ਅ) ਧਰ ਧਨ = ਪ੍ਰਿਥਵੀ ਦਾ ਧਨ, ਭਾਵ ਬ੍ਰਿੱਛ। ਪ੍ਰਣਵ = ਬ੍ਰਹਮ। ਭਾਵ ਇਨ੍ਹਾਂ ਬੀਜ ਰੂਪ ਚੌਹਾਂ ਅਖਰਾਂ ਤੋਂ ਹੀ ਬ੍ਰਹਮ ਰੂਪੀ ਬ੍ਰਿੱਛ ਪ੍ਰਗਟਦਾ ਹੈ ਅਰਥਾਤ ਵਾਹਿਗੁਰੂ ਨਾਮ ਤੋਂ ਨਾਮੀ ਦੀ ਪ੍ਰਾਪਤੀ ਹੁੰਦੀ ਹੈ। (*) ਆਦਿ ਵਿਚ ਧਰਤੀ ਉਤੇ ਓਅੰਕਾਰ ਬੀ (ਵਾਹਿਗੁਰੂ ਤੋਂ ਹੀ) ਪ੍ਰਗਟਿਆਂ ਤੇ ਧੰਨਤਾ (ਜੋਗ ਹੋਇਆ) [ਸੰਸ. ਪ੍ਰਣਵ = ਓਂ]। [†]ਪਾ:-ਤਨ। ਅਰਥ ਬਣੂ:-ਆਦਿ (ਨਾਮ) ਪ੍ਰਣਵ (ਵਾਹਿਗੁਰੂ ਤੋਂ ਹੀ) ਰੂਪਧਾਰੀ ਹੋ ਕੇ ਪ੍ਰਗਟਿਆ ਸੀ।

ਵਿਸ੍ਵ ਪਦਾਰਥ ਅਮਰ ਤੇਤੀਸਾ[1]।

[1]ਸੰਸਾਰ ਦੇ ਪਦਾਰਥ ਤੇ ੩੩ (ਕ੍ਰੋੜ) ਦੇਵਤਾ।

ਚਤੁਰਾਖਰ ਵਿਸ[†] ਵਿਸਵੇਵੀਸਾ[1]।

[1]ਨਿਸ਼ਚੇ ਕਰ ਕੇ ਚਾਰ ਅੱਖਰਾਂ ਦੇ ਵਿਚ ਹੀ ਹੈਨ [ਸੰਸ. ਵਿਸ਼ = ਵੜਨਾ, ਵਿਚ ਹੋਣਾ, ਵਸਣਾ]। [†]ਪਾ:-ਵਸ।

ਯਥੰ ਚਿੰਤਤਿ ਰੁਚਿ ਅਵਗਾਹਾ[1]।

[1]ਜਿਸ ਜਿਸ (ਪਦਾਰਥ ਦੀ) ਰੁਚੀ ਹੋਵੇ ਉਸ ਨੂੰ ਨਿਮਗਨ ਹੋ ਕੇ ਚਿੰਤਨ ਕਰੇ।

ਤੰਤੰ ਲਹਤਿ ਭਗਤ ਇਨ ਮਾਂਹਾ[1] ॥੪੩॥

[1]ਭਗਤ ਤਿਸ ਤਿਸ ਨੂੰ ਇਨ੍ਹਾਂ (ਅਖਰਾਂ) ਵਿਚੋਂ ਹੀ ਪ੍ਰਾਪਤ ਕਰ ਲੈਂਦਾ ਹੈ।

ਵਰਨ ਨ ਸਾਕੋਂ ਵਰਨ ਪ੍ਰਤਾਪੂ[1]।
ਜਾਨਹਿ ਹੈਂ ਜਿਹ ਜਾਪ ਸੁ ਜਾਪੂ[1]।

[1](ਇਨ੍ਹਾਂ) ਅੱਖਰਾਂ ਦਾ ਪ੍ਰਤਾਪ।

[1]ਭਾਵ, ਜਪਣੇ ਵਾਲੇ ਇਨ੍ਹਾਂ ਅੱਖਰਾਂ ਦੇ ਜਾਪ ਦੇ ਮਹਾਤਮ ਨੂੰ ਜਾਣਦੇ ਹਨ।

ਸਰਬ ਸਾਰ ਸ੍ਰੀ ਗੁਰ ਪ੍ਰਗਟਾਯੋ।
ਜੇ ਵੇਦਨ ਗੁਹਯਾਰਥ ਗਾਯੋ" ॥੪੪॥
ਵਿੱਪ੍ਰੋਵਾਚ:
ਦੋਹਰਾ:
'ਚਤੁਰਾਖਰ ਇਹ ਸਾਰ ਸੁਠ
ਪ੍ਰਭੁ ਤੇ ਸੁਨਜੋ ਪ੍ਰਤਾਪ।
ਤਾਸ ਸਤੋਤ੍ਰ ਬਖਾਨੀਏ
ਜਾਪ ਕਰਹਿਂ ਰੁਚਿ ਜਾਪ' ॥੪੫॥

ਸ੍ਰੀ ਗੁਰਦਾਸੋ ਵਾਚ ॥
ਅਥ ਵਾਹਿਗੁਰੂ ਸੋਤ੍ਰ ॥

ਸੂਚਨਾਂ: ਹੇਠਲੇ ਛਿਆਂ ਸ਼ਲੋਕਾਂ ਦੇ ਪਾਠ ਮੂਲ ਵਿਚ ਜੋ ਅਸਾਂ ਨੇ ਰੱਖੇ ਹਨ ਸੋ ਓਹ ਹਨ ਜੋ ਕਈ ਨੁਸਖਿਆਂ ਦੇ ਮੁਕਾਬਲਾ ਕਰਨੇ ਤੇ ਢੁਕੇ ਹਨ, ਅਤੇ ਜੋ ਵਜਾਕਰਨ ਤੇ ਪਿੰਗਲ ਦੇ ਨੇੜੇ ਤੋਂ ਨੇੜੇ ਦੀ ਦਰੁਸਤੀ ਵਿਚ ਹਨ। ਪਰ ਇਨ੍ਹਾਂ ਵਿਚ ਅਨੁਸ਼ਟਪ ਛੰਦ ਦੀ ਚਾਲ ਕਰਕੇ ਅਥਵਾ ਵਜਾਕਰਣ ਦੇ ਕਾਇਦਿਆਂ ਕਰ ਕੇ ਅਜੇ ਬੀ ਕੁਛ ਕੁਛ ਅਸ਼ੁੱਧੀਆਂ ਪ੍ਰਤੀਤ ਦੇਂਦੀਆਂ ਹਨ ਜੋ ਗੁਰਮੁਖੀ ਲਿਖਾਰੀਆਂ ਦੇ ਸੰਸਕ੍ਰਿਤ ਨਾ ਜਾਣਨ ਕਰਕੇ ਅਰ ਹੋਰ ਕਾਰਨਾਂ ਕਰਕੇ ਪਈਆਂ ਹੋਣ ਤਾਂ ਅਚਰਜ ਨਹੀਂ। ਅਸਲੀ ਨੁਸਖਾ ਕਵੀ ਜੀ ਦਾ ਲਿਖਤ ਮਿਲਦਾ ਨਹੀਂ, ਇਸ ਕਰਕੇ ਰਚਨਾਂ ਦਾ ਵਿਚਾਰ ਕਰਕੇ ਜੋ ਨੇੜੇ ਤੋਂ ਨੇੜੇ ਦੇ ਸ਼ੁੱਧ ਪਾਠ ਜਾਪਦੇ ਹਨ ਅਸੀਂ ਹੇਠਾਂ ਟੂਕਾਂ ਵਿਚ ਦਿੱਤੇ ਹਨ ਅਸਲ ਸੁਧਾਈ ਤਦੇ ਹੀ ਹੋ ਸਕਦੀ ਹੈ ਜਦੋਂ ਕਦੇ ਅਸਲੀ ਨੁਸਖਾ ਮਿਲ ਜਾਏ ਤਾਂ।

ਅਨੁਸ਼੍ਰੁਪ ਛੰਦ: ਵਿਸ਼੍ਵੇਸ਼ੰ, ਵਿਸ਼੍ਵ ਮਿਤਯੁਕ੍ਤੰ,
ਸੰਪੁਟੇ ਵਿਸ਼੍ਵ ਭੂਖਣੰ।
ਵਿਸ਼੍ਵ ਬੋਧੰ, ਸ੍ਵਯੰ ਬ੍ਰਹਮ,
ਤੰ[†] ਪ੍ਰਣਵਾਦੀ ਨਮਾਮਿਹੰ[‡] ॥੧॥

[†]ਅਨੁਸ਼੍ਰੁਪ ਛੰਦ ਦੀ ਚਾਲ ਮੂਜਬ 'ਤੰ', ਪਦ ਇਥੇ ਨਹੀਂ ਚਾਹੀਦਾ, ਤੇ ਸ਼ੁਧਪਾਠ ਬਨੇਗਾ 'ਪ੍ਰਣਵਾਦੀ ਨਮਾਮਿ ਤੰ', ਕਿਉਂਕਿ ਇਸ ਤਰ੍ਹਾਂ ਪੰਜਵਾਂ ਲਘੁ ਤੇ ਛੀਵਾਂ ਗੁਰੁ ਹੋਵੇਗਾ। ਤੇ ਚੌਥਾ ਪਾਦ ਹੋਣ ਕਰਕੇ ਸੱਤਵਾਂ ਬੀ ਲਘੁ ਰਹੇਗਾ ਅਤੇ ਅਰਥ ਕਰਨ ਵਿਚ ਬੀ ਕੁਝ ਫਰਕ ਨਹੀਂ ਪਵੇਗਾ। [‡]ਇਸ ਦਾ ਸੰਸਕ੍ਰਿਤ ਪਾਠ ਐਉਂ ਲਿਖਿਆ ਜਾਣਾ ਠੀਕ ਹੈ: ਨਮਾਮਜਹਮੑ।

ਵਿਸ਼੍ਵੇਸ਼ੰ = ਜੋ ਵਿਸ਼੍ਵ (= ਸੰਸਾਰ) ਦਾ ਈਸ਼੍ਵਰ ਹੈ।
ਵਿਸ਼੍ਵ ਮਿਤਯੁਕ੍ਤੰ = ਵਿਸ਼੍ਵੰ+ਇਤਿ+ਉਕ੍ਤੰ = ਜੋ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ।
ਸੰਪੁਟੇ ਵਿਸ਼੍ਵ ਭੂਸ਼ਣੰ = ਜੋ ਸੰਸਾਰ ਰੂਪੀ ਡੱਬੇ ਦਾ ਭੂਖਣ ਹੈ। ਜੀਕੁਰ ਗਹਿਣਾ ਡੱਬੇ ਦੀ ਸ਼ੋਭਾ ਹੈ ਤਿਵੇਂ ਵਚਿੱਤ੍ਰ ਜਗਤ ਵਿਚ ਪਰਮੇਸ਼ਰ ਗਹਿਣੇ ਵਤ ਸ਼ੋਭਾਦਾਇਕ ਤੇ ਵਜਾਪਕ ਹੈ।

ਵਿਸ਼੍ਵ ਬੋਧੰ = ਸੰਸਾਰ ਦਾ ਜਿਸ ਨੂੰ ਗਿਆਨ ਹੈ।
ਸ੍ਵਯੰ ਬ੍ਰਹਮ = ਜੋ ਅਪਣੇ ਆਪ ਤੋਂ ਆਪ ਹੈ। ਉਹ ਪਰਮਾਤਮਾ ਜਿਸ ਦਾ ਕਾਰਣ ਕੋਈ ਨਹੀਂ।
ਤੰ = ਤਿਸਨੂੰ, ਉਸ ਨੂੰ।
ਪ੍ਰਣਵਾਦੀ = ਓਅੰਕਾਰ ਦਾ ਬੀ ਜੋ ਆਦਿ ਹੈ (ਸੋ ਵਾਹਿਗੁਰੂ)।
ਨਮਾਮਹਿੰ = ਨਮਾਮਜਹਮ੍ = ਮੇਰੀ ਨਮਸਕਾਰ ਹੈ।

ਅਰਥ:

(ਵਾਹਿਗੁਰੂ ਮੰਤ੍ਰ ਜਿਸ ਦਾ ਲਖਾਯਕ ਹੈ ਸੋ) ਸੰਸਾਰ ਦਾ ਈਸ਼ਰ ਹੈ, ਉਹ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ ਤੇ ਸੰਸਾਰ ਰੂਪੀ ਡੱਬੇ ਦਾ (ਉਹ) ਭੂਸ਼ਣ ਰੂਪ ਹੈ, (ਫਿਰ ਜਿਸਨੂੰ) ਸੰਸਾਰ ਦਾ (ਸਾਰਾ) ਗਿਆਨ ਹੈ ਤੇ (ਉਹ) ਆਪਣੇ ਆਪ ਤੋਂ ਆਪ ਹੀ ਹੈ (ਹਾਂ) ਉਸ ਨੂੰ (ਜੋ) ਓਅੰਕਾਰ ਦੀ ਵੀ ਆਦਿ ਹੈ ਮੇਰੀ ਨਮਸਕਾਰ ਹੈ।

### ਵਰ੍ਣਾਵਰ੍ਣ ਵਿਹੀਨਾਯ† ਵੇਦ ਸਾਰ ਪ੍ਰਵਰ੍ਤੁਕ:

†ਵਿਹੀਨਾਯ ਦੀ ਜਗਾ ਦਰੁਸਤ ਪਾਠ ਚਾਹੀਦਾ ਹੈ:- 'ਵਿਹੀਨਾਖ਼ਯੰ', ਵਯਾਕਰਣ ਅਨੁਸਾਰ 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ। 'ਵਿਹੀਨਾਖ਼ਯੰ' ਦਾ ਅਰਥ ਹੋਊ = (ਵਰਣ ਅਵਰਣ ਤੋਂ) ਵਿਹੀਨ ਜਿਸ ਨੂੰ ਆਖੀਦਾ ਹੈ।

### ਵਿਸ਼੍ਵ ਵਰ੍ਗ† ਮਹੀਧੀਸ਼ੰ‡ ਵਕਾਰੰ†† ਤੰ ਨਮਾਮਹਿੰ ॥੨॥

†ਪਾਠਾਂਤ੍ਰ-ਵਿਸ਼੍ਵੰਭਰ = ਸੰਸਾਰ ਨੂੰ ਭਰਨ ਵਾਲਾ। ‡ਮਹੀਧੀਸੰ ਦੀ ਸੰਧਿ ਅਸ਼ੁਧ ਹੈ, ਇਸ ਲਈ ਸ਼ੁੱਧ ਪਾਠ ਹੋਵੇਗਾ = (ਮਹਾਂ+ਅਧੀਸ਼ੰ) ਮਹਾਂਧੀਸ਼ੰ, ਫਿਰ 'ਵਿਸ਼੍ਵਵਰ੍ਗ ਮਹਾਧੀਸ਼ੰ' ਦਾ ਅਰਥ ਐਉਂ ਲੱਗੇਗਾ = ਸਮੂਹ ਸੰਸਾਰ ਦਾ ਮਹਾਨ ਮਾਲਿਕ।

††ਵਾਸੁਦੇਵ ਦਾ ਅਰਥ 'ਬ੍ਰਹਮ ਯਾ ਪਰਮਾਤਮਾ' ਮੰਨਕੇ ਉਸ ਦੇ ਪਹਿਲੇ ਅੱਖਰ ਨੂੰ ਉਸ ਦਾ ਬੀਜ ਰੂਪ ਕਹਿ ਆਏ ਹਨ ਤਾਂ ਤੇ 'ਵਵੇ' ਦੇ ਅਰਥ ਬੀ 'ਬ੍ਰਹਮ' ਮੰਨਕੇ ਨਮਸਕਾਰ ਕਰ ਰਹੇ ਹਨ, ਇਸੇ ਤਰ੍ਹਾਂ ਅਗਲੇ ਸਲੋਕਾਂ ਵਿਚ ਹ. ਗ. ਰ. ਅੱਖਰਾਂ ਨੂੰ ਬੀ ਬ੍ਰਹਮ ਲਖਾਯਕ ਦੱਸਕੇ ਨਮਸਕਾਰਾਂ ਕਰਨਗੇ।

ਵਰ੍ਣਾਵਰ੍ਣ ਵਿਹੀਨਾਯ = ਵਰਣਾਂ ਅਵਰਣਾਂ ਤੋਂ ਬਿਨਾਂ। [ਵਰਣ = ਬ੍ਰਹਮਣ, ਖੱਤ੍ਰੀ, ਵੈਸ਼ ਤੇ ਸ਼ੂਦ੍ਰ। ਅਵਰ੍ਣ = ਨੀਵੀਆਂ ਜਾਤੀਆਂ ਜੋ ਵਰਣਾਂ ਵਿਚ ਨਾਂ ਹੋਣ। ਵਿਹੀਨਾਯ = ਬਿਨਾਂ] (ਅ) ਕਿਸੇ ਰੰਗ ਬੇਰੰਗ ਤੋਂ ਰਹਿਤ। [ਵਰਣ = ਰੰਗ] (:) ਕਥਨ ਤੇ ਅਕਥਨ ਤੋਂ ਰਹਿਤ।
ਵੇਦ ਸਾਰ ਪ੍ਰਵਰ੍ਤੁਕ: = ਵੇਦਾਂ (ਯਾ ਤੱਤ੍ਵ ਗਿਆਨ) ਦੇ ਸਾਰ ਦੀ ਪ੍ਰਵਿਰਤੀ ਕਰਨ ਵਾਲਾ।
ਵਿਸ਼੍ਵਵਰ੍ਗ ਮਹੀਧੀਸ਼ੰ = ਸਮੂਹ ਸੰਸਾਰ ਤੇ ਪ੍ਰਿਥਵੀ ਦਾ ਪਤੀ।
(ਅ) ਸੰਸਾਰ ਨੂੰ (ਚਾਰੇ) ਪਦਾਰਥਾਂ (ਦਾ ਦਾਤਾ) ਤੇ ਪ੍ਰਿਥਵੀ ਦਾ ਪਤੀ।
(:) ਵਰਗ ਦਾ ਅਰਥ ਮੁਕਤੀਆਂ ਬੀ ਕਰਦੇ ਹਨ।
ਵਕਾਰੰ ਤੰ = ਤਿਸ 'ਵੱਵੇ' ਅੱਖਰ ਨੂੰ।

ਅਰਥ:

ਵਰਣ ਅਵਰਣ ਤੋਂ ਰਹਿਤ ਤੇ ਵੇਦ ਸਾਰ ਦਾ ਪ੍ਰੀਵਰਤਕ ਹੈ (ਜੋ, ਫਿਰ ਉਹ) ਸੰਸਾਰ ਨੂੰ (ਚਾਰੇ) ਪਦਾਰਥ (ਬਖਸ਼ਣ ਵਾਲਾ) ਪ੍ਰਿਥਵੀ ਪਤਿ ਹੈ, ਤਿਸ (ਦੇ ਲਖ ਯਕ) 'ਵੱਵੇ' ਅੱਖਰ ਨੂੰ ਮੇਰੀ ਨਮਸਕਾਰ ਹੈ।

### ਹਰੀ ਹਰਾਦਿ ਸ੍ਵਯੰ ਬ੍ਰਹਮ੍ ਹੰਸ ਬੋਧ ਪ੍ਰਕਾਸ਼ਤੰ†।

†ਪ੍ਰਕਾਸ਼ਕੰ ਸ਼ੁੱਧ ਪਾਠ ਹੈ, ਅਰਥ ਹੋਊ 'ਪ੍ਰਕਾਸ਼ ਕਰਨ ਵਾਲਾ।'

### ਹਸਖ਼ਮਲ ਵਰਯ ਵੀਜੰ ਹਕਾਰੰ ਤੰ ਨਮਾਮਿਹੰ ॥੩॥

ਹਰੀ = ਵਿਸ਼ਨੂੰ। ਹਰਾਦਿ = ਹਰ+ਆਦਿ = ਸ਼ਿਵ ਤੇ ਬ੍ਰਹਮਾਂ।

(ਅ) ਹਰ = ਸ਼ਿਵ, ਆਦਿ = ਮੁੱਢ, ਮੂਲ। ਅਥਵਾ ਆਦਿਕ।
ਸ੍ਵਯੰ ਬ੍ਰਹਮ = ਉਹ ਜੋ ਅਪਣੇ ਆਪ ਤੋਂ ਹੈ ਸੋ ਬ੍ਰਹਮ। ਅਕਾਰਣ ਬ੍ਰਹਮ।
ਹੰਸ = ਉੱਜਲ। ਬੋਧ ਪ੍ਰਕਾਸ਼ਤੰ = ਜੋ ਗਿਆਨ ਪ੍ਰਕਾਸ਼ ਕਰਦਾ ਹੈ।
(ਅ) ਹੰਸ ਬੋਧ ਪ੍ਰਕਾਸ਼ਤੰ = ਬ੍ਰਹਮਾਂ ਨੂੰ ਗੵਾਨ ਪ੍ਰਕਾਸ਼ਣ ਵਾਲਾ।
ਹਮਖਮਲ†-[ਹ = ਪ੍ਰਗਟ ਹੀ। ਸ = ਸੁਤੇ। ਖ = ਅਕਾਸ਼ ਵਤ ਪੂਰਣ।

† 'ਹਸਖਮਲ ਵਰਯ' ਦੀ ਥਾਵੇਂ ਸ਼ੁਧ ਪਾਠ ਚਾਹੀਦਾ ਹੈ- 'ਹਸਤਾਮਲਕ ਵਦ' = ਹੱਥ ਉੱਤੇ ਧਰੇ ਆਉਲੇ ਵਾਂਗੂ, ਫਿਰ 'ਹਸ੍ਤਾਮਲਕ ਵਦ ਵੀਜੰ ਹਕਾਰੰ ਤੰ ਨਮਾਮਜਹਮ' ਦਾ ਅਰਥ ਬਣੂ = ਜੋ ਹੱਥ ਤੇ ਧਰੇ ਆਉਲੇ ਵਾਂਗੂੰ (ਪ੍ਰਤੱਖ) ਬੀਜ ਰੂਪ ਹੈ ਉਸ (ਦੇ ਲਖਾਯਕ) ਹਾਹੇ ਨੂੰ ਮੇਰੀ ਨਮਸਕਾਰ ਹੈ।

ਮ = ਮਾਯਾ। ਲ = ਲਯਤਾ] ਜੋ ਸੁਤੇ ਅਕਾਸ਼ ਵਤ ਪੂਰਣ ਹੈ। ਤੇ ਮਾਯਾ ਜਿਸ ਵਿਚ ਲਯ ਹੈ (ਅ) ਜਾਪਦਾ ਹੈ ਕਿ ਅਸਲ ਪਦ ਹਸ੍ਤਾਮਲਕ ਸੀ, ਉਸ ਦੇ ਅਰਥ ਹਨ:- 'ਹੱਥ ਤੇ ਧਰੇ ਅਉਲੇ ਵਾਂਙੂ ਸਾਫ ਦਿੱਸਦਾ, ਭਾਵ ਪ੍ਰਤੱਖ। ਵਰਯ = ਸ੍ਰੇਸ਼ਟ।
ਵੀਜੰ = ਮੂਲ ਨੂੰ, ਕਾਰਣ (ਰੂਪ) ਨੂੰ। ਬੀਜ ਨੂੰ। ਹਕਾਰੰ = 'ਹਾਹਾ' ਅੱਖਰ ਨੂੰ।

ਅਰਥ:

ਮੈਂ ਉਸ ਸ੍ਰੇਸ਼ਟ ਕਾਰਣ (ਰੂਪ ਦੇ ਲਖਾਯਕ) 'ਹਾਹੇ' ਅੱਖਰ ਨੂੰ ਨਮਸਕਾਰ ਕਰਦਾ ਹਾਂ (ਜੋ) ਸ੍ਵਯੰ ਬ੍ਰਹਮ ਹੈ ਤੇ ਵਿਸ਼ਨੂੰ, ਸ਼ਿਵ, ਬ੍ਰਹਮਾ ਨੂੰ ਉੱਜਲ ਗਿਆਨ ਪ੍ਰਕਾਸ਼ ਕਰਨੇ ਵਾਲਾ ਹੈ, ਤੇ ਸੁਤੇ ਅਕਾਸ਼ ਵਤ ਪੂਰਣ ਪ੍ਰਗਟ ਹੈ (ਤੇ ਫਿਰ) ਮਾਯਾ ਜਿਸ ਵਿਚ ਲਯ ਹੈ।

ਹੋਰ ਅਰਥ:

(ਹਰੀ =) ਵਿਸ਼ਨੂੰ (ਤੇ ਹਰ =) ਸ਼ਿਵ ਦੀ (ਬੀ ਜੋ) ਆਦਿ ਹੈ, (ਤੇ) ਅਕਾਰਣ ਬ੍ਰਹਮ ਹੈ, ਬ੍ਰਹਮਾਂ ਨੂੰ ਬੀ ਜੋ ਗੵਾਨ ਪ੍ਰਕਾਸ਼ਣ ਵਾਲਾ ਹੈ, (ਜਿਸਦਾ) ਪ੍ਰਤੱਖ† ਵੀਜ ਰੂਪ (ਹਾਹਾ ਅੱਖਰ ਹੈ) ਉਸ ਹਾਹੇ ਨੂੰ ਮੇਰੀ ਨਮਸਕਾਰ ਹੈ।

†ਇਹ ਅਰਥ ਮੂਲ ਪਾਠ ਨੂੰ 'ਹਸ੍ਤਾਮਲਕ ਵਦ' ਮੰਨਕੇ ਲੱਗਦਾ ਹੈ। ਤ੍ਰਾਂਤ੍ਰਿਕਾਂ ਦੇ ਬੀਜ ਮੰਤ੍ਰ ਹ੍ਰੀ, ਸ੍ਰੀ, ਲ੍ਰੀ ਆਦਿ ਹਨ। ਉਧਰ ਇਸ਼ਾਰਾ ਮਤੇ ਹੋਵੇ ਪਰ ਤਾਂਤ੍ਰਿਕ ਮਤਿ ਨੂੰ ਕਵੀ ਜੀ ਮੰਨਦੇ ਨਹੀਂ।

**ਗੵਾਨਾਰ੍ਕੰ ਗਿਰਾਧੀਸ਼ੰ ਗੋਤੀਤੰ† ਸ੍ਵੱਛ ਸਾਖਿਣੰ।**

†ਸ਼ੁੱਧ ਪਾਠ ਚਾਹੀਏ 'ਗੋऽਤੀਤੰ।'

**ਗਮਨਾਗਮਜ† ਵਿਹੀਨਾਯ‡ ਤੰ ਗਕਾਰੰ ਨਮਾਮਿਹੰ ॥੪॥**

† 'ਗਮਜਾਗਮਜ' ਸ਼ੁਧ ਪਾਠ ਹੋਵੇਗਾ, ਛੰਦ ਦੀ ਚਾਲ ਮੂਜਬ। ਲਿਖਤੀ ਨੁਸਖਿਆਂ ਵਿਚ ਕਿਤੇ ਪਾਠਾਂਤ੍ਰ 'ਗਗਨਾਗਮਜ' ਬੀ ਹੈ ਜੋ ਠੀਕ ਨਹੀਂ। ‡ਵਿਹੀਨਾਖ਼ੰ' ਸ਼ੁੱਧ ਪਾਠ ਹੈ, 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ।

ਗੵਾਨਾਰ੍ਕੰ = ਜੋ ਗੵਾਨ ਦਾ ਸੂਰਜ ਹੈ [ਗੵਾਨ+ਅਰ੍ਕ = ਸੂਰਜ]
ਗਿਰਾਧੀਸ਼ੰ = ਬਾਣੀ ਦਾ ਪਤੀ। (ਅ) ਸਰਸ੍ਵਤੀ ਦਾ ਪਤੀ।
ਗੋਤੀਤੰ = ਬਾਣੀ ਤੋਂ ਅਤੀਤ, ਅਕੱਥਨੀਯ। [ਸੰਸ. ਗੋ = ਬਾਣੀ। ਅਤੀਤ = ਰਹਤ]
(ਅ) ਇੰਦ੍ਰੀਆਂ ਤੋਂ ਅਤੀਤ [ਗੋ = ਇੰਦ੍ਰੀਆਂ]
ਸ੍ਵੱਛ = ਪਵਿੱਤ੍ਰ ਸਾਖਿਣੰ = ਸਾਖੀ ਰੂਪ, ਸਾਰੇ ਜਗਤ ਦਾ ਜਾਣਨਹਾਰ।
ਸਭ ਦਾ ਦੇਖਣਹਾਰਾ ਪਰ ਅਸੰਗ।
ਗਮਨਾਗਮਜਵਿਹੀਨਾਯ = [ਗਮਨ+ਆਗਮਨ+ਵਿਹੀਨਾਯ] ਆਉਣ ਜਾਣ (= ਜੰਮਣ ਮਰਨ) ਤੋਂ ਰਹਿਤ। ਗਕਾਰੰ = 'ਗੱਗੇ' ਅੱਖਰ ਨੂੰ।

ਅਰਥ:

(ਜੋ) ਗਜਾਨ ਦਾ ਸੂਰਜ ਬਾਣੀ ਦਾ ਪਤੀ, ਇੰਦ੍ਰੀਆਂ ਤੋਂ ਅਤੀਤ, ਪਵਿੱਤ੍ਰ ਸਾਖੀ ਰੂਪ ਤੇ ਜੰਮਣ ਮਰਣ ਤੋਂ ਰਹਿਤ ਹੈ ਉਸ (ਦੇ ਲਖਾਯਕ) 'ਗੱਗੇ' ਅੱਖਰ ਨੂੰ ਮੈਂ ਨਮਸ਼ਕਾਰ ਕਰਦਾ ਹਾਂ।

**ਰਾਮ ਵੀਜ†, ਸੁਰੇਸ਼੍ਵਰੰ, ਦੇਵ ਦੈਤ੍ਯਾਭਿਬੰਦਤਿੰ।**

†ਸ਼ੁਧ 'ਵੀਜੰ' ਪਾਠ ਹੈ। 'ਰਾਮ ਵੀਜੰ' ਦਾ ਐਉਂ ਬੀ ਅਰਥ ਕਰਦੇ ਹਨ:-ਪਦ 'ਰਾਮ' ਦਾ ਜੋ 'ਵੀਜ' ਰੂਪ ਹੈ, ਭਾਵ 'ਰਾਰਾ' ਅੱਖਰ।

**ਸਰ੍ਵਾਸ਼੍ਰਯੰ, ਸਰ੍ਵ ਮਿਤੀ† ਸ਼ਕ੍ਤੀ, ਤੰ ਰਕਾਰੰ ਨਮਾਮਿਹੰ ॥੫॥**

† 'ਮਿਤੀ' ਪਾਠ ਏਥੇ ਨਹੀਂ ਚਾਹੀਦਾ, ਇਸ ਨਾਲ ਛੰਦ ਦੀ ਗੇਣਤੀ ਦੇ ਦੋ ਅੱਖਰ ਵਧ ਜਾਂਦੇ ਹਨ।

ਰਾਮ = ਰਮਿਆ ਹੋਇਆ, ਕ੍ਰੀੜਾ ਕਰਨ ਵਾਲਾ। ਵਾਹਿਗੁਰੂ।

ਵੀਜੰ = ਕਾਰਣ ਨੂੰ। ਮੂਲ ਨੂੰ।

ਸੁਰੇਸ਼੍ਵਰੰ = ਸੁਰ+ਈਸ਼ਰੰ। ਦੇਵਤਿਆਂ ਦੇ ਬੀ ਈਸ਼ਰ ਨੂੰ, ਪਰਮਾਤਮਾਂ ਨੂੰ।

ਦੇਵ ਦੈਤ੍ਯਾਭਿਬੰਦਿਤੰ = ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ।

ਸਰਵ੍ਾਸ਼੍ਰਯ = ਸਰਬ ਦਾ ਜੋ ਆਸ਼ਰਾ ਹੈ।

ਸਰਵ੍ ਮਿਤੀ ਸ਼ਕ੍ਤੀ = ਜੋ ਸਰਬ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ।

(ਅ) ਜੇ ਪਾਠ ਕੇਵਲ-ਸਰਵ੍ ਸ਼ਕ੍ਤੀ-ਹੋਵੇ ਤਾਂ ਅਰਥ ਲਗੇਗਾ-ਜਿਸ ਵਿਚ ਸਭ ਸ਼ਕਤੀਆਂ ਹਨ। (ੲ) 'ਸਰਵ੍ਮਿਤੀ' ਦਾ ਪਦ ਛੇਦ 'ਸਰਵੰ ਇਤਿ' ਕਰੀਏ ਤਾਂ 'ਸਰਬ ਦੀ ਸਮਾਪਤੀ ਦਾ ਅਸਥਾਨ' ਅਰਥ ਹੋਸੀ। ਯਾ, ਇਤੀ = ਇਸ ਪ੍ਰਕਾਰ ਦੀ।

ਤੰ ਰਕਾਰੰ = ਉਸ 'ਰਾਰੇ' ਅੱਖਰ ਨੂੰ।

ਅਰਥ:

(ਜੋ ਸਰਬ ਵਿਖੇ) ਰਮਿਆ ਹੋਇਆ (ਸਰਵ ਦਾ) ਕਾਰਣ ਹੈ, ਦੇਵਤਿਆਂ ਦਾ ਬੀ ਈਸ਼ਰ ਹੈ, ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ (ਤੇ ਜੋ) ਸਰਬ ਦਾ ਆਸਰਾ ਹੈ, ਸਭ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ ਉਸ (ਦੇ ਲਖਾਯਕ) 'ਰਾਰੇ' ਅੱਖਰ ਨੂੰ ਮੇਰੀ ਨਮਸਕਾਰ ਹੈ।

**ਇਤ੍ਵੇਵ ਮਹਾਂ ਵਰ੍ਣੰ, ਭਾਵਨਾਯ ਮਹੁਰ੍ਮੁਹੁ:।**

**ਚਤੁਰ੍ ਵਰ੍ਗ ਫਲੰ ਦਾਸ਼੍ਯ† ਸਿੱਧੀ ਏਵ‡ ਨ ਸੰਸ਼ਯ: ॥੬॥**

† 'ਤਸ੍ਯ' ਪਾਠ ਹੋਵੇ ਤਾਂ ਵਧੇਰੇ ਸ੍ਰੇਸ਼ਟ ਹੈ। ਦਾਸ਼੍ਯ ਦਾ ਅਰਥ ਦਾਤਾ ਬੀ ਹੋ ਸਕਦਾ ਹੈ। ‡ਸ਼ੁੱਧ ਪਾਠ ਚਾਹੀਏ 'ਸਿਦਿਧਰੇਵ।' ਫਿਰ ਇਸ ਦੂਜੀ ਤੁਕ ਦਾ ਅਰਥ ਬਣੇਗਾ-ਉਸ ਨੂੰ ਚਾਰੇ ਪਦਾਰਥਾਂ ਦੀ ਸਿੱਧੀ ਹੁੰਦੀ ਹੈ (ਪ੍ਰਾਪਤ), ਇਸ ਵਿਚ ਸੰਸਾ ਨਹੀਂ ਹੈ।

ਇਤ੍ਵੇਵ = ਐਸੇ, ਇਸ ਤਰ੍ਹਾਂ ਦੇ। ਮਹਾਂ ਵਰ੍ਣੰ = ਮਹਾਨ ਅੱਖਰ।

ਭਾਵਨਾਯ = ਸ਼ਰਧਾ ਕਰਕੇ, ਭਾਵਨਾਂ ਨਾਲ। ਮੁਹੁਰ੍ਮੁਹੁ = ਬਾਰ ਬਾਰ।

ਚਤੁਰ੍ ਵਰਗ = ਚਾਰੇ ਪਦਾਰਥ-ਧਰਮ, ਅਰਥ, ਕਾਮ, ਮੋਖ।

(ਅ) ਚਾਰੇ ਮੁਕਤੀਆਂ-ਸਾਲੋਕ, ਸਾਰੂਪ, ਸਾਮੀਪ, ਸਾਯੁਜ...।

ਫਲੰ = ਫਲ ਦਾਤਾ। ਦਾਸ਼੍ਯ = ਦਾਸਾਂ, ਸੇਵਕਾਂ ਨੂੰ। (ਅ) ਦਾਤਾ।

ਏਵ ਨ ਸ਼ੰਸ਼ਯ: = ਇਸ ਵਿਚ (ਕੋਈ) ਸੰਸਾ ਨਹੀਂ। ਭਾਵ ਜ਼ਰੂਰ ਹੀ।

ਅਰਥ:

(ਏਹ ਚਾਰੇ ਅੱਖਰ) ਐਸੇ ਮਹਾਂ ਵਰਣ ਹਨ (ਕਿ ਜੇਹੜੇ) ਦਾਸ ਸ਼ਰਧਾ ਧਾਰਕੇ (ਇਨ੍ਹਾਂ ਨੂੰ) ਬਾਰ ਬਾਰ (ਜਪਦੇ ਹਨ ਉਹਨਾਂ ਨੂੰ) ਚਾਰੇ ਪਦਾਰਥ ਤੇ ਸਿੱਧੀਆਂ ਦੇ ਫਲ ਦਾਤਾ ਹਨ ਏਸ ਵਿਚ ਕੋਈ ਸੰਸਾ ਨਹੀਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

'ਮੰਤ੍ਰਰਾਜ[1]' ਸੰਛੇਪ ਕਰਿ, ਕਹਜੋ ਜਥਾ ਮਤਿ ਸਾਰ।

[1]ਸ਼ਿਰੋਮਣੀ ਮੰਤਰ (ਵਾਹਿਗੁਰੂ)।

ਜਿਹ ਸਮੁਝੇ ਨਿਜ ਰੂਪ ਲਹਿ, ਹੋਤਿ ਸਿੰਧੁ ਭਵ ਪਾਰ[1] ॥੧॥

[1]ਸੰਸਾਰ ਸਾਗਰ ਤੋਂ ਪਾਰ।

ਚੌਪਈ:

ਸੁਨਹੁ ਦੁਤਿਯ[1], ਸ਼੍ਰੀ ਗ੍ਰਿੰਥ ਜੁ ਬਾਣੀ।

[1]ਦੂਜੇ (ਪ੍ਰਸ਼ਨ ਦਾ ਉੱਤਰ) ਸੁਣੋ।

ਰਤਨਾਕਰ[1], ਅਨਗਨ ਗੁਨ ਖਾਣੀ।

[1]ਰਤਨਾਂ ਦੀ ਖਾਣ।

ਸ਼੍ਰੀ ਗੁਰ ਇਹ ਨਮਿਤ ਅਵਤਾਰਾ।
ਸ਼੍ਰੀ ਕੇਸ਼ਵ[1] ਨਿਸ਼ਚੇ ਵਪੁ ਧਾਰਾ ॥੨॥

[1]ਪਰਮੇਸ਼ੁਰ ਨੇ।

ਨਿਰਖਜੋ ਕਲਿ ਜਨੁ ਆਯੁ ਸੁ ਥੋਰੀ[1]।

[1]ਦੇਖਿਆ ਕਿ ਕਲਜੁਗ ਦੇ ਜੀਵਾਂ ਦੀ ਉਮਰਾ ਥੋੜੀ ਹੈ।

ਜੋਗ, ਜੱਗ, ਜਪ ਬਨੈ ਨ ਭੋਰੀ[1]।

[1]ਰੰਚਕ ਮਾਤ੍ਰ ਨਹੀਂ ਹੋ ਸਕਦੇ।

ਪੂਰਬ[1] ਧਰਮ ਸਥਾਪਨ ਹੇਤੂ।

[1]ਪਹਿਲਾਂ ਤੋਂ ਹੀ।

ਤਨ ਧਾਰਤਿ ਪ੍ਰਭੁ ਕ੍ਰਿਪਾ ਨਿਕੇਤੂ ॥੩॥
ਤਾਂ ਤੇ ਜਿਹ ਬਿਧਿ ਜਗ ਕੱਲਜਾਨਾ।
ਹੋਤਿ, ਵਹੀ ਬਿਧਿ ਕ੍ਰਿਤ ਭਗਵਾਨਾ।
ਅਵਰ ਸਾਧਨਾ ਬਨੈ ਨ ਕੋਈ।
ਗਿਰੀਵਾਨ ਵਾਚਾ ਅਤਿ ਗੋਈ[1] ॥੪॥

[1]ਵਿਦ੍ਵਾਨਾਂ ਨੇ (ਸੰਸਕ੍ਰਿਤ) ਬੋਲੀ ਬਹੁਤ ਲੁਕਾ ਕੇ (ਯਾ ਗੁਹਯ ਕਰਕੇ) ਰੱਖੀ ਹੈ, ਭਾਵ ਹਰ ਕਿਸੇ ਨੂੰ ਪੜ੍ਹਾਉਂਦੇ ਨਹੀਂ ਹਨ।

ਪਢਤਿ ਪਢਤਿ ਹ੍ਵੈ ਆਯੁ ਬਿਤੀਤਾ[1]।

[1]ਜੇ ਕਿਸੇ ਨੂੰ ਪੜ੍ਹਾਉਣ ਬੀ ਤਾਂ) ਪੜ੍ਹਦਿਆਂ ਪੜ੍ਹਦਿਆਂ ਉਮਰਾ ਲੰਘ ਜਾਂਦੀ ਹੈ।

ਹ੍ਵੈ ਕਬਿ ਧਜਾਨ ਧੇਯ ਬਿਪਰੀਤਾ[1]†।

[1]ਫੇਰ ਇਹ ਗੱਲ) ਕਦੋਂ ਸਿਰੇ ਚੜ੍ਹੇ ਕਿ ਧਿਆਨ ਤੇ ਧੇਯ ਉਲਟ ਜਾਵੇ ਭਾਵ ਜਗਤ ਸਾਡਾ ਧੇਯ ਹੈ ਤੇ ਧਜਾਨ ਉਸ ਵਲ ਹੈ, ਹੁਣ ਇਹ ਉਲਟੇ ਤਾਂ ਧੇਯ ਵਾਹਿਗੁਰੂ ਹੋਵੇ ਤੇ ਧਜਾਨ ਉਸ ਵਿਚ ਲੀਨ ਹੋਵੇ, ਭਾਵ ਪੜ੍ਹਨ ਤੋਂ ਮਗਰੋਂ ਅਮਲ ਕਰਕੇ ਸੰਸਾਰਾਕਾਰ ਤੋਂ ਈਸ਼੍ਵਰਾਕਾਰ ਹੋਣ ਦਾ ਸਮਾਂ ਕਦੋਂ ਆਊ, ਉਮਰ ਤਾਂ ਲੰਘ ਗਈ ਪੜ੍ਹਦਿਆਂ। †ਪਾ:-ਬ੍ਰਿਤਰੀਤਾ = ਸੰਸਾਰ ਦੇ ਪਦਾਰਥਾਂ ਦੇ ਧਿਆਨ ਵਲੋਂ ਬ੍ਰਿਤੀ ਖਾਲੀ ਨਹੀਂ ਹੁੰਦੀ। (ਅ) ਸੰਸਾਰ ਵਲੋਂ ਖਾਲੀ ਹੋ ਕੇ ਕਦੇ ਵੀ ਧੇਯ (ਬ੍ਰਹਮ) ਵਲ ਬ੍ਰਿਤੀ ਨਹੀਂ ਲਗਦੀ।

ਪਰਉਪਕਾਰ ਹੇਤੁ ਗੁਰ ਸ੍ਵਾਮੀ।
ਸੁਲਭ ਗਿਰਾ ਬਰਨੀ ਗੁਨ ਗਾਮੀ[1] ॥੫॥

[1]ਸੌਖੀ ਬਾਣੀ (ਵਾਹਿਗੁਰੂ ਦੇ) ਗੁਣਾਂ ਨੂੰ ਗਾਇਨ ਵਾਲੀ ਵਰਣਨ ਕੀਤੀ। [ਸੰਸ. ਗੁਣ+ਹਿੰਦੀ, ਗਾਮ = ਗਾਉਣਾ] (ਅ) ਗੁਣਾਂ ਦੇ ਆਸ਼੍ਰਯ (ਸਤਿਗੁਰੂ) ਨੇ ਸੌਖੀ ਬਾਣੀ ਕਹੀ ਹੈ। [ਗਾਮ = ਪਿੰਡ, ਭਾਵ ਆਸ਼੍ਰਯ]

ਨਾਮੀ ਨਾਮ ਏਕ ਦਿਖਰਾਵਾ।

ਸ਼ਬਦ ਸੁਰਤਿ ਮਾਰਗ ਇਮ ਗਾਵਾ[1]।

[1]ਸ਼ਬਦ ਅਤੇ ਸੁਰਤ ਦਾ ਰਾਹ ਇਕੁਰ ਕਥਨ ਕੀਤਾ ਹੈ, (ਅੱਗੇ ਹੁਣ ਇਹ ਰਸਤਾ ਦੱਸਦੇ ਹਨ:-)।

-ਸੱਤਿ ਅਸੱਤਿ ਦੋਊ ਪਦ ਜੋਰੇ[1]।

[1]ਇਕੱਠੇ ਹੋ ਰਹੇ ਸੀ।

ਸੱਤਿ ਸੱਤਿ ਕਰਿ ਅਸਤਿ ਬਿਛੋਰੇ[1] ॥੬॥

[1]ਸਤਿ ਨੂੰ ਸਤਿ (ਸਿੱਧ) ਕੀਤਾ ਤੇ ਅਸੱਤਿ ਨੂੰ (ਸੱਤ ਤੋਂ) ਵੱਖ ਕਰ ਦਿਖਾਇਆ।

[1]ਸੱਤਿ ਆਤਮਾ, ਅਸਤਿ ਅਵਿੱਦਜਾ।

[1]'ਆਤਮਾ' ਸੱਤਿ ਹੈ ਤੇ 'ਅਵਿੱਦਜਾ' ਅਸੱਤਿ ਹੈ (ਇਸ, ਡਾਢੇ ਗੁੱਝੇ (ਭੇਤ) ਨੂੰ ਸ਼ਬਦਾਂ ਵਿਚ ਪ੍ਰਗਟ ਕਰ ਦਿੱਤਾ ਹੈ, [ਪ੍ਰਾਕ੍ਰਿਤ: ਸੱਦ = ਸ਼ਬਦ। ਸੱਦ ਤੋਂ ਸਦਜਾ] (ਅ) ਪ੍ਰਗਟਜੋ ਸੱਦਜ: = ਤੁਰਤ ਪ੍ਰਗਟ ਕਰ ਦਿੱਤਾ ਹੈ ਸੰ: ਸਦਜ: = ਤੁਰਤ]

ਮਹਾਂ ਗੁਢ ਕਰਿ ਪ੍ਰਗਟਜੋ ਸਦਜਾ[ਪ]।

ਸਤਜ ਅਸਤਜ ਭੇਦ ਲਖਿ ਪਾਵਾ।

ਨਾਮ ਉਚਾਰਣ ਰੀਤਿ ਬਤਾਵਾ[1] ॥੭॥

[1]ਅਵਿੱਦਜਾ ਜੋ ਅਸੱਤਿ ਦੱਸੀ ਸੀ ਉਸ ਦੇ ਦੂਰ ਕਰਨੇ ਦਾ ਉਪਾਉ) ਨਾਮ ਉਚਰਾਣ ਦੀ ਰੀਤੀ ਦੱਸੀ।

[1]ਨਾਮ ਅਰੂਪ ਅਰੂਪ ਸੁਆਮੀ।

[1]ਸੁਆਮੀ (ਵਾਹਿਗੁਰੂ) ਰੂਪ ਰਹਿਤ ਹੈ ਅਤੇ ਉਸ ਦਾ ਨਾਮ ਬੀ ਅਰੂਪ ਹੈ, ਨਾਮ ਵਿਚ ਬ੍ਰਿਤਿ (ਲਗਾਇਆਂ) ਉਸਦੇ ਸਰੂਪ ਨੂੰ ਪ੍ਰਾਪਤ ਹੋ ਜਾਏਗੀ। ਭਾਵ ਇਹ ਹੈ ਕਿ ਜੋ ਬ੍ਰਿਤੀ ਨਾਮ ਵਿਚ ਲੱਗ ਰਹੀ ਹੈ ਸੋ ਸੰਸਾਰ ਤੋਂ ਉਠ ਈਸ਼੍ਵਰ ਵਿਚ ਲਗ ਰਹੀ ਹੈ, ਉਹ ਇਕਾਗ੍ਰ ਹੋ ਰਹੀ ਹੈ, ਜੋ ਏਕਾਗ੍ਰ ਹੋ ਰਹੀ ਹੈ ਉਹ ਉਸੇ ਅਭਿਆਸ ਨਾਲ ਨਿਰੁੱਧ ਹੋ ਜਾਏਗੀ। ਬ੍ਰਿਤੀ ਦੇ ਨਿਰੁੱਧ ਹੋ ਗਿਆਂ ਜਿਸ ਦੇ ਸਿਮਰਨ ਵਿਚ ਲੱਗੀ ਹੋਈ ਸੀ, ਉਸ ਦੇ ਸਰੂਪ ਦੀ ਪ੍ਰਾਪਤੀ ਹੋ ਜਾਏਗੀ। ਜੇ ਬ੍ਰਿਤੀ ਕੇਵਲ ਆਪਣੇ ਨਿਰੋਧ ਦਾ ਅਭਿਆਸ ਕਰਦੀ ਤਾਂ ਉਹ ਕੇਵਲ ਆਪਣੇ ਆਪ ਨੂੰ ਅੱਪੜਦੀ ਪਰ ਜਿਸ ਨੇ (ਨਾਮ ਦੁਆਰਾ) ਈਸ਼ਰ ਵਿਚ ਆਪੇ ਨੂੰ ਲਾਇਆ ਹੈ ਉਸ ਦਾ ਆਪਾ ਈਸ਼੍ਵਰ ਨੂੰ ਜਾ ਮਿਲਿਆ, ਇਹ ਮੁਰਾਦ ਹੈ 'ਤਦ ਵਪੁ ਗਾਮੀ' ਦੀ। ਅਰਥਾਤ ਨਾਮ ਦੇ ਭਾਵ 'ਈਸ਼੍ਵਰ ਦੇ ਸ੍ਵਰੂਪ' ਵਿਚ ਪਹੁੰਚਣ ਵਾਲੀ ਯਥਾਰਥ ਅਵਸਥਾ ਵਿਚ ਪਹੁੰਚ ਹੋ ਗਈ।

ਨਾਮ ਬ੍ਰਿੱਤਿ ਤੇ ਤਦ ਵਪੁ ਗਾਮੀ[1]।

[1]ਅਮਰ ਹੋ ਕੇ ਇਸਥਤਿ ਹੋ ਜਾਂਦਾ ਹੈ।

ਸੁਲਭ ਸਗਲ ਪ੍ਰਗਟਾਈ ਗੁਰ ਬਰ।

ਜਾਂ ਤੇ ਹੋਇ ਅਮਰ ਥਿਰ ਇਹੁ ਨਰ ॥੮॥

ਬੇਦ ਹੂੰ ਕਹਾ ਤ੍ਰਿਕਾਂਡ ਬਿਧਾਨਾ।

ਕਠਨ ਕਰਮ ਉਪਾਸਨ ਗਜਾਨਾ[1]।

[1]ਵੇਦ ਨੇ (ਈਸ਼੍ਵਰ ਪ੍ਰਾਪਤੀ ਦਾ) ਤ੍ਰੀਕਾ ਤ੍ਰੈ ਕਾਂਡਾਂ-ਕਰਮ, ਉਪਾਸ਼ਨਾ ਤੇ ਗਜਾਨ-ਵਿਚ ਕਠਨ ਕਰ ਕੇ ਦੱਸਿਆ ਹੈ।

ਮਹਾਂ ਜਤਨ ਸਾਧਕ ਇਹੁ ਸਾਧਨ[1]।

[1]ਮਹਾਂ ਜਤਨ ਕਰ ਜਗਿਆਸੂ ਇਨ੍ਹਾਂ ਦੀ ਸਾਧਨਾਂ ਕਰ ਸਕਦਾ ਹੈ।

ਕਲਿ ਕੁਲ ਜਨ ਕੇ ਭਰਮਨਿ ਬਾਧ ਨ[1] ॥੯॥

[1]ਕਲਜੁਗ ਵਿਖੇ ਸਮੂਹ ਪੁਰਖਾਂ ਦੇ ਭਰਮਾਂ ਨੂੰ ਨਾਸ਼ ਨਹੀਂ ਕਰਦਾ।

ਦੋਹਰਾ:

ਸ਼ਾਸਤ੍ਰ ਵੇਦ ਕੇ ਅਰਥ ਫਲ, ਜਦਪਿ ਵਿਚਾਰੈ ਧਾਰਿ[1]।

[1]ਸ਼ਾਸਤ੍ਰ ਵੇਦ ਦੇ ਅਰਥ ਨੂੰ ਜਦ ਵਿਚਾਰੇ ਤੇ ਧਾਰਨ ਕਰੇ (ਤਦ ਫਲ ਮਿਲਦਾ ਹੈ)।

ਸ਼੍ਰੀ ਗੁਰ ਗ੍ਰਿੰਥ ਵਿਲੋਕਤੇ, ਦੇਤਿ ਵੇਗ ਫਲ

[1]ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਾਲ ਹੀ ਤੁਰਤ ਚਾਰੋਂ

ਚਾਰ[1] ॥੧੦॥

ਫਲ ਦੇਂਦੇ ਹਨ।

ਅੜਿੱਲ:

ਨਿਤ ਪ੍ਰਤਿ ਰੁਚਿ ਉਰ ਧਾਰਿ, ਦਰਸ ਗੁਰ[1] ਕੀਜੀਐ।

[1]ਜੋ ਗੁਰੁ (ਗ੍ਰੰਥ ਜੀ ਦਾ) ਦਰਸ਼ਨ ਕਰੀਏ।

ਨਿਖਲ ਜਨਮ ਤਮ ਪਾਪ, ਖਿਨਕ ਹਰਿ ਦੀਜੀਐ।

ਕੋਟ ਜੱਗ ਫਲ ਦਾਨ, ਸੁਨਤਿ ਰਵ ਭਾਵਨੀ[1]।

[1]ਕ੍ਰੋੜ ਜੱਗ ਤੇ ਦਾਨ ਦਾ ਫਲ ਹੁੰਦਾ ਹੈ ਗੁਰਬਾਣੀ ਸ਼ਰਧਾ ਨਾਲ ਸੁਣਨ ਨਾਲ। [ਰਵ = ਬਾਣੀ]

ਹੋ! ਹੋਤਿ ਮੋਖਿ ਅਧਿਕਾਰ, ਪ੍ਰਣਤਿ ਦੁਤਿ ਦਾਮਨੀ[1] ॥੧੧॥

[1]ਗੁਰੁ ਗ੍ਰੰਥ ਜੀ ਨੂੰ) ਨਮਸਕਾਰ ਕਰਨੇ ਤੇ ਦੁਤੀ ਬਿਜਲੀਵਤ ਪ੍ਰਕਾਸ਼ ਹੁੰਦੀ ਹੈ ਤੇ (ਜੀਵ) ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ [ਸੰ. ਪ੍ਰਣਤਿ = ਨਮਸਕਾਰ] (ਅ) ਪ੍ਰਣਤ = ਸ਼ਰਨਾਗਤਿ (ਜਨਾਂ ਨੂੰ) ਸ਼ੋਭਦਾਤੀ ਹੈ।

ਸਾਦਰ ਸੋੜ ਸੰਭਾਰਤਿ, ਯਤਿ ਮਤਿ ਮਾਨਵੀ[†]।

[†]ਪਾ:-ਸਾਦਰ ਖੋੜਸ ਭਾਂਤਿ ਅਰਚਿਤ ਮਤਿ ਮਾਨਵੀ।

ਜਨਮ ਮਰਨ ਕਟਿ ਦੋਖ, ਪਾਪ ਜਿਵ ਜਾਨਵੀ[1]।

[1]ਆਦਰ ਨਾਲ ਥੋਹੜਾ ਭੀ ਗੁਰਬਾਣੀ ਨੂੰ ਸੰਭਾਲਦੇ ਹਨ ਜੇਹੜੇ ਸ੍ਰੇਸ਼ਟ ਬੁੱਧੀ ਵਾਲੇ ਉਨ੍ਹਾਂ ਦੇ ਜਨਮ ਮਰਨ ਦੇ ਦੁੱਖ ਕੱਟੇ ਜਾਂਦੇ ਹਨ, ਜਿਵੇਂ ਗੰਗਾ (ਪਾਪ ਕਟਦੀ ਹੈ)। [ਸੋੜ = ਥੋੜਾ] (ਅ) ਜਿਹੜੇ ਸ੍ਰੇਸ਼ਟ ਬੁਧੀ ਵਾਲੇ ਆਦਰ ਨਾਲ ੧੬ ਤਰ੍ਹਾਂ ਦੀ ਸੇਵਾ ਕਰਦੇ ਹਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ)... [ਸੋੜ+ਸੰਭਾਰ = ਖੋੜਸ+ਸੰਭਾਰ = ੧੬ ਤਰ੍ਹਾਂ ਦੀ ਸੇਵਾ:-੧. ਜਿਸ ਥਾਂ ਪ੍ਰਕਾਸ਼ ਕਰਨਾ ਹੈ, ਉਸਨੂੰ ਜਲ ਨਾਲ ਧੋਣ ਆਦਿਕ ਨਾਲ ਸਫਾ ਕਰਨਾ। ੨. ਚੰਦੋਆਂ ਤਾਣਨਾ। ੩. ਵਿਛਾਈ ਕਰਨੀ ਤੇ ਮੰਜੀ ਸਾਹਿਬ ਸਜਾਉਣੀ। ੪. ਆਵਾਹਨ = ਗ੍ਰਿਹ ਵਿਖੇ ਸੱਦਣਾ ਯਾ ਲਿਆਉਣਾ। ੫. ਅਦਬ ਨਾਲ ਪ੍ਰਕਾਸ਼ ਕਰਨਾ। ੬. ਬਸਤ੍ਰ ਪਹਿਰਾਣੇ ਯਾ ਰੁਮਾਲ ਚਾੜ੍ਹਨੇ। ੭. ਚੌਰ ਕਰਨਾ। ੮. ਸਿਹਰੇ ਚੜ੍ਹਾਨੇ ਫੁੱਲ ਭੇਟ ਕਰਨੇ। ੯. ਕੀਰਤਨ ਕਰਨਾ। ੧੦. ਪ੍ਰਸਾਦਿ ਭੇਟ ਕਰਨਾ। ੧੧. ਧੂਪ ਧੁਖਾਉਣੀ। ੧੨. ਖੁਸ਼ਬੂ ਛਿੜਕਣੀ। ੧੩. ਰੌਸ਼ਨੀ ਕਰਨੀ। ੧੪. ਪਰਿਕ੍ਰਮਾ ਕਰਨੀ। ੧੫. ਮੱਥਾ ਟੇਕਣਾ। ੧੬. ਸੰਤੋਖ ਕੇ ਅਸਵਾਰਾ ਕਰਨਾ। ਸੰਸਕ੍ਰਿਤ ਵਿਚ ਖੋੜਸ਼ੋਪਚਾਰ, ੧੭. ਪ੍ਰਕਾਰ ਦਾ ਪੂਜਨ ਹੈ ਜੋ ਸਾਡੇ ਖੋੜਸ ਸੰਭਾਰ ਤੋਂ ਭਿੰਨ ਹੈ।

ਬ੍ਰਹਮਾਦਿਕ ਸੁਰ ਬ੍ਰਿੰਦ, ਤਾਂਹਿ[1] ਉਸਤਤਿ ਰਰੈਂ।

[1]ਭਾਵ ਗੁਰਬਾਣੀ ਦੀ।

ਹੋ! ਨਿਜ ਕਰ ਪੁਸ਼ਪਹਿ ਵਿਸ਼ਨੁ[†], ਗ੍ਰਿੰਥ ਪੁਰ ਲੈ ਧਰੇ ॥੧੨॥

[†]ਪਾ:-ਪੱਤ੍ਰ।

ਮਹਿ ਤੀਰਥ, ਦਿਗ, ਈਸ਼; ਸ਼ੇਸ਼, ਸਾਰਦ ਰਰੈਂ[1]।

[1]ਧਰਤੀ ਵਿਖੇ ਤੀਰਥ, ਦਿਸ਼ਾਪਾਲ, ਈਸ਼ਰ, ਸ਼ੇਸ਼ਨਾਗ, ਤੇ ਸਰਸ੍ਵਤੀ (ਆਦਿ ਸਾਰੇ) ਕਰਦੇ ਹਨ (ਮਹਿਮਾਂ ਗੁਰੂ ਗ੍ਰੰਥ ਸਾਹਿਬ ਦੀ)।

ਸ੍ਰੀ ਬਚਨਾਂਮ੍ਰਿਤ ਸਰ, ਵਰਗ ਅਘੁ ਸਭਿ ਟਰੈਂ[1]।

[1]ਸ੍ਰੀ ਗੁਰੂ ਜੀ ਦੇ ਸਾਰ ਰੂਪ ਤੇ ਅੰਮ੍ਰਿਤ ਵਾਂਙ ਬਚਨਾਂ ਦੇ ਅੱਖਰ ਸਾਰੇ ਪਾਪਾਂ ਨੂੰ ਦੂਰ ਕਰਦੇ ਹਨ। [ਸੰਸ. ਵਰਗ = ਸਮੂਹ। ਇਕ ਥਾਉਂ ਬੋਲੇ ਜਾਣ ਵਾਲੇ ਅੱਖਰ, ਪ੍ਰਕਰਣ, ਅਧ੍ਯਾਯ]

ਮੋਖਾਰੋਹਣ ਪ੍ਰਗਟ, ਗਿਰਾ ਅਘ ਖੰਡਣੀ[1]।

[1]ਗੁਰ) ਬਾਣੀ ਮੁਕਤੀ ਵਿੱਚ ਉੱਨਤ ਕਰਨ ਵਾਲੀ ਤੇ ਪਾਪ ਖੰਡਨ ਵਾਲੀ ਪ੍ਰਤੱਖ ਹੈ [ਸੰਸ. ਸੋਕਸ਼+ਆਰੋਹਣ = ਚੜ੍ਹਨਾ]

ਹੋ ! ਦੋਖ, ਦਰਿੱਦ੍ਰ, ਸੰਤਾਪ; ਪਾਪ ਬਲ ਦੰਡਣੀ[1] ॥੧੩॥

[1]ਪਾਪਾਂ ਦੇ ਬਲ ਨੂੰ ਦੰਡ ਦੇਣ ਵਾਲੀ।

ਜਾਸ ਸਦਨ ਗੁਰ ਗ੍ਰਿੰਥ, ਗਿਰਾ ਆਲਾਪ ਹੀਂ[1]।

[1]ਬਾਣੀ ਦਾ ਉਚਾਰਨ ਹੁੰਦਾ ਹੈ।

ਪੁਨ ਪੁਨ ਸ੍ਰੀ ਗੁਰ ਗਜਾਨ, ਧਜਾਨ ਜਪ ਜਾਪ ਹੀਂ[1]।

[1]ਉਥੇ) ਬਾਰ ਬਾਰ ਗੁਰੂ ਦਾ ਗਿਆਨ ਤੇ ਧਿਆਨ ਤੇ ਜਪ ਦਾ ਜਪਣਾਂ (ਆ ਨਿਵਾਸ ਕਰਦੇ) ਹਨ।

ਸੋ ਵੈਕੁੰਠ† ਪ੍ਰਤਾਪ, ਤਹਾਂ ਛਿਨ ਨਾ ਟਰੈ[1]।

[1]ਓਥੇ ਵੈਕੁੰਠ ਦਾ ਪ੍ਰਤਾਪ ਹੋ ਜਾਏਗਾ ਤੇ ਛਿਨ ਭਰ ਨਹੀਂ ਹਟੇਗਾ। †ਪਾ:-ਦ੍ਵੈ ਕੰਠ = ਕੰਠ ਕੀਤਿਆਂ ਦਿੰਦੀ ਹੈ।

ਹੋ ! ਸਭਿ ਸੰਪਦ ਰਿਧਿ ਸਿੱਧਿ, ਰਮਾ ਨਿਜ ਘਰ ਕਰੈ[1] ॥੧੪॥

[1]ਓਥੇ) ਲੱਛਮੀ ਆਪਣਾ ਘਰ ਕਰਦੀ ਹੈ।

ਤਾਂ ਤੇ ਤਜਹੁ ਅਸਾਰ, ਜਾਨਿ ਮਤਿ ਮੰਦਨੀ[1]।

[1]ਇਸ ਕਰਕੇ (ਹੋਰ ਬਾਣੀਆਂ) ਅਸਾਰ ਤੇ ਬੁੱਧੀ ਨੂੰ ਮੰਦ ਕਰਨ ਵਾਲੀਆਂ ਜਾਣ ਕੇ ਛੱਡ ਦਿਓ।

ਇਹ ਸਰਵੋਤਮ ਸਾਰ, ਭਰਮ ਭਵ ਕੰਦਨੀ[1]।

[1]ਭਰਮ ਰੂਪ ਸੰਸਾਰ ਦੇ ਕੱਟਣ ਵਾਲੀ ਹੈ, ਇਹ (ਗੁਰਬਾਣੀ)।

ਕਲਮਖ ਕਲਿ ਕੁਲ ਹਾਰ, ਅਵਾਰ ਬਿਲਾਸਨੀ[1]।

[1]ਕਲਜੁਗ ਦੇ ਸਮੂਹ ਪਾਪਾਂ ਦੇ ਨਾਸ਼ ਕਰਨ ਵਾਲੀ ਹੈ, ਬਿਨਾ ਦੇਰੀ ਦੇ ਅਨੰਦਦਾਤੀ ਹੈ।

ਹੋ ! ਅਲਪ ਕਹਜੋ ਬਹੁ ਜਾਨਿ, ਗ੍ਰਿੰਥ ਸੁਖ ਵਾਸਨੀ[1] ॥੧੫॥

[1]ਇਹ ਥੋੜਾ ਕਹਿਆ ਹੈ ਬਹੁਤਾ (ਫਲ) ਜਾਣੋ, (ਸ੍ਰੀ ਗੁਰੂ) ਗ੍ਰੰਥ ਦੀ ਬਾਣੀ ਸੁਖ ਰੂਪ ਸੁਗੰਧੀ ਵਾਲੀ ਹੈ, ਅਥਵਾ ਸੁਖਾਂ ਦਾ ਨਿਵਾਸ ਸਥਾਨ ਹੈ।

ਸੋਰਠਾ:

ਸ੍ਰੀ ਗੁਰ ਗ੍ਰਿੰਥ ਮਹਾਨ, ਪ੍ਰਗਟ ਬੋਧ ਬਪੁ[1] ਮਾਨੀਏ।

[1]ਗਿਆਨ ਦਾ ਸਰੂਪ।

ਸ੍ਰੀ ਗੁਰ ਕਹਜੋ ਬਖਾਨ, -ਮਮ ਸਰੂਪ ਭਵ ਸੇਤ ਇਹ[1]- ॥੧੬॥

[1]ਬਾਣੀ ਮੇਰਾ ਸਰੂਪ ਹੈ ਤੇ ਭਵ ਸਾਗਰ ਦਾ ਪੁਲ ਹੈ।

ਸ੍ਵੈਯਾ:

†ਤੀਰਥ ਰਾਜ ਬਿਚਾਰ ਮਹੀ ਮਣਿ[1],

[1]ਤੀਰਥ ਰਾਜ ਭਾਵ ਸ੍ਰੀ ਅੰਮ੍ਰਿਤਸਰ ਧਰਤੀ ਉਪਰ ਸ਼ਿਰੋਮਣ ਵਿਚਾਰੋ। †ਵਾਹਿਗੁਰੂ ਮੰਤ੍ਰ ਤੇ ਗੁਰਬਾਣੀ ਦਾ ਵਿਸ਼ਯ ਕਹਿ ਚੁੱਕੇ ਹਨ, ਹੁਣ ਹਰਿਮੰਦਰ ਬਾਬਤ ਕਹਿਣ ਲੱਗੇ ਹਨ।

ਆਦਿ ਕਥਾ ਸੁਨਿ ਵਿਪ੍ਰ ਮਹਾਨਾ !

[1]ਦੇਵ ਸੁਰਾਸੁਰ ਖੀਰ ਮਥਜੋ,

[1]ਪ੍ਰਕਾਸ਼ ਰੂਪ ਦੇਵਤੇ ਤੇ ਦੈਂਤਾਂ ਨੇ ਸਮੁੰਦਰ ਰਿੜਕਿਆ, ਚੌਦਾਂ (ਰਤਨ) ਕੱਢ ਦਿੱਤੇ ਨਾਨਾ ਤਰ੍ਹਾਂ ਦੇ। (ਅ) ਦੇਵ ਸੁਰਾਸੁਰ = ਅਜਾਨ ਦੇਵ ਤੇ ਕਰਮ ਦੇਵ ਨੇ।

ਚਤੁਰਾਦਸ਼ ਕਾਢਿ ਦੀਏ ਵਿਧ ਨਾਨਾ[੧੩]।
ਰੌਰ ਪਰੀ ਸੁਰ ਦੈਤਨਿ ਮੱਧ,
ਅਲੀ ਨਿਜ ਆਪਨੋ ਆਪਨ ਮਾਨਾ[1]।

[1]ਅਪਣੇ ਆਪ ਨੂੰ ਆਪ ਸਮਰਥ ਮੰਨਿਆ। [ਸੰਸ. ਅਲਿ = ਲਾਇਕ ਹੋਣਾ]

ਮੋਹਨ ਮੋਹਨਿ ਮੋਹ ਲੀਏ ਸਭਿ
ਮੋਹਿ ਬਿਦਾਰ ਤਬੈ ਸੁਖਜਾਨਾ[1] ॥੧੭॥

[1]ਪਰਮੇਸ਼੍ਵਰ ਨੇ ਮੋਹਣੀ ਅਵਤਾਰ ਧਾਰ ਸਾਰੇ ਮੋਹਿਤ ਕਰ ਕੇ (ਰਤਨ) ਲੈ ਲਏ ਤੇ (ਰਤਨਾਂ ਦੇ) ਮੋਹ ਦੇ ਤਿਆਗ ਵਿਚ (ਸਭ ਨੇ) ਸੁਖ ਜਾਣਿਆਂ।

ਦੇਇ ਵਿਭਾਗ[1] ਸੁਧਾ ਸਭਿ ਕੋ
ਪ੍ਰਭੁ ਖੇਲ ਦਿਖਾਯ ਦਿਆਲ ਮੁਰਾਰੀ।
ਪੂਰਬ ਰੂਪ ਬਨਾਯ ਕੈ ਸੁੰਦਰ
ਸ਼੍ਰੀ ਮਣਿ ਮੰਦਿਰ ਕੀ ਰੁਚਿ ਧਾਰੀ[1]।

[1]ਛਾਂਦੇ।

[1]ਸ਼ਿਰੋਮਣੀ ਮੰਦਰ (ਦੇ ਰਚਨ) ਦੀ ਰੁਚੀ ਕੀਤੀ। (ਅ) ਸ਼੍ਰੀ = ਸੁਲਖੀ, ਮਣੀ = ਕੌਸ਼ਤਭ ਮਣੀ। ਚੌਦਾਂ ਰਤਨਾਂ ਵਿਚੋਂ ਏਹ ਦੋਵੇਂ ਭੀ ਨਿਕਲੀਆਂ ਸਨ, ਤੇ ਇਹ ਵਿਸ਼ਨੂੰ ਜੀ ਨੇ ਹੀ ਲਈਆਂ ਸਨ। ਭਾਵ ਇਹ ਹੈ ਕਿ ਲਛਮੀ ਲੈ ਕੇ ਤੇ ਮਣੀ ਪਾਕੇ ਹੁਣ ਮੰਦਰ ਜਾਣ ਦੀ ਰੁਚੀ ਕੀਤੀ।

ਤਾਂਹੀ ਸਮੈਂ ਰਿਖ ਮਾਧਵੀ ਦ੍ਵੈ ਕਰ
ਜੋਰਿ ਬਿਨੈ ਪ੍ਰਭੁ ਸਾਥ ਉਚਾਰੀ।
-ਪਾਤ੍ਰ ਸੁਧਾ[1] ਬਖ਼ਸ਼ੋ ਮੁਝ ਕੋ
ਤਿਹ ਆਸਰ[†] ਜਾਇ ਕਰੌਂ ਤਪ ਭਾਰੀ- ॥੧੮॥

[1]ਭਾਂਡਾ ਅੰਮ੍ਰਿਤ ਦਾ।

[†]ਪਾ:-ਆਸ਼੍ਰਿਤ।

ਸ੍ਵੈਯਾ:
ਆਇਸੁ ਦੀਨਿਸਿ ਸਾਰੰਗ ਪਾਨਿ
-ਤਪੋ ਬਨ ਏਕ ਭਯੋ ਸਮ ਯਾ ਨਾ[1]।
ਜਾਇ ਕਰੋ ਤਪ ਉੱਗ੍ਰ ਮਹਾਂ
ਤਿਲ ਤੇ ਮਣਿ ਹੋਤਿ ਸੁ ਸਿੱਧ ਮਕਾਨਾ[1]।

[1]ਓਸ ਤਪੋਬਨ ਵਰਗਾ ਹੋਰ ਕੋਈ ਨਹੀਂ।

[1]ਭਾਵ, ਥੋੜਾ ਕੀਤਿਆਂ ਬਹੁਤ ਫਲ ਹੁੰਦਾ ਹੈ, ਉਹ ਸਿੱਧਿ ਭੂਮੀ ਹੈ।

ਦੇਸ਼ ਪੰਚਾਲ[1] ਰਸਾਲ ਸਨਾਤਨ
ਤੀਰਥ ਰਾਜ ਸੁਧਾਸਰ ਜਾਨਾ-।
ਤੌ ਸੁਨਿ ਮਾਧਵੀ ਪਾਦ ਗਹੇ
-ਕਰੁਣਾਨਿਧਿ! ਨਾਮ ਪੁਰਾ ਨ ਬਖਾਨਾ[1] ॥੧੯॥

[1]ਪੰਜਾਬ।

[1]ਹੇ ਕਰੁਣਾਨਿਧ! (ਇਸ ਤੀਰਥ ਦਾ) ਨਾਮ ਅੱਗੇ (ਕਿਸੇ ਨੇ) ਨਹੀਂ ਕਿਹਾ, ਤੇ ਮੈਂ ਡਿੱਠਾ ਨਹੀਂ। (ਅ) ਪੁਰਾਤਨ (ਆਪਦਾ) ਨਾਮ ਕਰੁਣਾਨਿਧ ਕਹਿਆ ਹੈ।

ਹੌਂ ਨਿਰਖਯੋ ਨਹਿਂ ਅੰਮ੍ਰਿਤ ਤੀਰਥ
ਦੇਹੁ ਦਿਖਾਇ ਦਿਆਲ ਮੁਰਾਰੀ-।

ਭਗਤਿ ਅਧੀਨ ਪ੍ਰਬੀਨ ਚਲੇ
ਜਨ ਦੀਨ ਪੈ ਧਾਰਿ ਮਯਾ[1] ਬਨਵਾਰੀ।

[1]ਕ੍ਰਿਪਾ ਧਾਰ ਕੇ।

ਬਾਹਨ, ਬਾਮ, ਬਿਸਾਰ ਸਭਾ ਸੁਰ,
ਬਾਰਜ ਲੋਚਨ[1] ਸ਼੍ਰੀ ਗਿਰਧਾਰੀ।

[1]ਸਵਾਰੀ (ਗਰੜ), ਇਸਤ੍ਰੀ (ਲੱਛਮੀ) ਤੇ ਦੇਵਤਿਆਂ ਦੀ ਸਭਾ (ਤ੍ਰੈਏ) ਛੱਡਕੇ ਕਵਲਨੈਨ (ਟੁਰ ਪਏ)।

ਦੇਖਿ ਸਭੈ ਸੁਰ ਬ੍ਰਿੰਦ ਯਹੈ ਬਿਧਿ,
ਰੌਰ ਪਰੀ -ਚਲਿਯੋ ਛਬਿ ਭਾਰੀ[1]- ॥੨੦॥

[1]ਭਾਰੀ ਛਬਿ ਵਾਲੇ (ਵਿਸ਼ਨੂੰ) ਚਲੇ।

ਚੌਪਈ:

ਸੁਰ ਆਸੁਰ ਸੰਗ ਆਏ ਸ਼੍ਰੀ ਬਰ[1]।
ਸੁਧਾਸਰੋਵਰ ਦੇਖਤਿ ਭੇ ਸੁਰ।
ਸ਼੍ਰੀ ਪਤਿ ਸ਼੍ਰੀ ਹਰਿਮੰਦਰ ਰਾਜੈ।
ਰਮਾ[1] ਸਹਤ ਸਿੰਘਾਸਨ ਛਾਜੈ† ॥੨੧॥

[1]ਭਾਵ ਵਿਸ਼ਨੂੰ ਦੇ ਨਾਲ।

[1]ਲੱਛਮੀ। †ਦੇਖੋ ਅਗੇ ਅੰਕ ੨੬ ਦੀ ਹੇਠਲੀ ਟੂਕ।

ਪੂਰਬ ਮੁਖ ਹਰਿ ਗਿਰਾ ਉਚਾਰੀ[1]।
-ਸੁਨਿ ਮਾਧਵ ਰਿਖਿ ਬ੍ਰਹਮਾ ਚਾਰੀ!
ਇਹ ਸਨਮੁਖ ਦੁਖ ਭੰਜਨ ਮਾਈ†।
ਤ੍ਰਿਬਿਧਿ ਤਾਪ ਹਰਨੀ ਸੁਖਦਾਈ ॥੨੨॥

[1]ਪੂਰਬ ਦਿਸ਼ਾ ਵੱਲ ਮੂੰਹ ਕਰਕੇ ਵਿਸ਼ਨੂੰ ਨੇ ਬਾਣੀ ਕਹੀ।

†ਦੁਖ ਭੰਜਨੀ ਨਾਮ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਖਿਆ ਸੀ, ਦੇਖੋ ਇਸੇ ਰਾਸ ਦਾ ਅੰਸੂ ੧੧ ਅੰਕ ੮।

ਮੱਧ ਮਹਾਂ ਤੀਰਥ[1], ਮੁਨਿ ਰਾਜਾ!
ਗੋਪ ਪਦਾਰਥ ਮਮ ਉਪਰਾਜਾ[1]।
ਧਨੁਸ਼ ਧਨੁਸ਼ ਪ੍ਰਤਿ ਸੁਰ ਬੈਠਾਰੇ।
ਅਭਿ ਅੰਤਰ ਤਿਨ ਕੇ ਅਨੁਸਾਰੇ[1] ॥੧੩॥

[1]ਵਿਚਾਲੇ ਮਹਾਨ ਤੀਰਥ ਹੈ।

[1]ਗੁੱਝ ਪਦਾਰਥ ਮੇਰਾ ਉਤਪਤ ਕੀਤਾ ਹੋਇਆ ਹੈ।

[1]ਹਿਰਦੇ ਵਿਚ (ਜੁ ਸੰਕਲਪ ਹੈ) ਤਿਸਦੇ ਅਨੁਸਾਰ ਦੇਵਤੇ ਬਿਠਾਏ (ਅ) ਤਿੰਨਾਂ (ਦੇਵਤਿਆਂ ਦੇ ਅਨੁਸਾਰ (ਅਭ ਅੰਤਰ =) ਜਲ ਦੇ ਅੰਦਰ ਬਿਠਾਏ। ਭਾਵ ਜੀਕਣ ਕਿਨਾਰੇ ਤੇ ਧਨੁਸ਼ ਪ੍ਰਮਾਣ ਫਰਕ ਨਾਲ ਬੈਠੇ ਸਨ ਤੈਸੇ ਹੀ ਜਲ ਵਿਚ ਓਨੀ ਓਨੀ ਵਿੱਥ ਤੇ ਟਿਕਾਏ। ਤੱਕੋ ਇਸੇ ਅੰਸੂ ਦਾ ਛੰ: ੩੮ ਜਿਥੇ ਸਭ ਦੇਵ ਅੰਮ੍ਰਿਤ ਮਯ ਹੋ ਜਾਂਦੇ ਹਨ।

ਜਲ ਮਹਿਂ[1] ਬਸਹਿਂ ਆਠ ਸਠ ਤੀਰਥ।
ਇਨ ਮਹਿਂ ਧਰਹੁ ਸੁਧਾਸਰ ਸਮਰਥ[1]।

[1]ਭਾਵ ਇਥੋਂ ਦੇ ਜਲ ਵਿਚ।

[1]ਇਨ੍ਹਾਂ ਵਿਚ ਧਰੋ ਸਮਰੱਥ (ਅੰਮ੍ਰਿਤ) ਨੂੰ ਜੋ ਇਹ ਸੁਧਾਸਰ (ਕਹਿਲਾਵੇ)। (ਅ) ਇਨ੍ਹਾਂ ਵਿਚ ਧਰੋ ਸੁਧਾ (ਕਿਉਂਕਿ ਇਹ) ਸਮਰੱਥ ਸਰੋਵਰ ਹੈ।

ਇਨ ਢਿਗ ਬੈਠਿ ਕਰਹੁ ਤਪ ਭਾਰੀ।
ਇਹ ਮਮ ਸਦਨ ਸਨਾਤਨ ਚਾਰੀ ॥੨੪॥

ਸਭਿ ਤੇ ਗੋਪ ਤੋਹਿ ਪ੍ਰਗਟਾਯੋ-।
ਯਾ ਤੀਰਥ ਫਲ ਸ਼੍ਰੀ ਮੁਖ ਗਾਯੋ।
-ਧਰਮ ਅਰਥ ਕਾਮੁ ਅਰ ਮੋਖੂ।
ਮਨ ਬਚ ਕ੍ਰਮ ਅਘ ਕਲਿ ਹਰਿ ਦੋਖੂ[1] ॥੨੫॥

[1]ਕਲਜੁਗ (ਦੇ ਜੀਵਾਂ ਦੇ) ਮਨ, ਬਾਣੀ, ਸਰੀਰ ਦੇ ਪਾਪਾਂ ਤੇ ਦੋਖਾਂ ਨੂੰ ਦੂਰ ਕਰਨ ਵਾਲਾ ਹੈ।

ਜਬਿ ਜਬਿ ਹੋ ਵੈਕੁੰਠ ਉਦਾਸਾ।
ਤਬਿ ਹੌਂ ਆਇ ਸੁ ਕਰੌਂ ਨਿਵਾਸਾ।
ਇਹ ਤੀਰਥ ਮਮ ਦੇਹਿ ਸਰੂਪਾ।
ਗੰਗਾਦਿਕ ਪਦ ਜਲ ਮੁਨਿ ਭੂਪਾ[1]† ॥੨੬॥

[1]ਹੇ ਮੁਨੀਰਾਜ (ਗੰਗਾ ਆਦਿਕ) ਦਾ ਨੀਰ (ਮੇਰੇ) ਪੈਰਾਂ ਦਾ ਜਲ ਹੈ। †ਕਵਿ ਜੀ ਨੇ ਪੌਰਾਣਿਕ ਢੰਗ ਵਿਚ ਸੁਧਾ ਸਰੋਵਰ ਦੀ ਮਹਿਮਾ ਕਹੀ ਹੈ, ਕਿਉਂਕਿ ਆਪ ਇਸੇ ਤ੍ਰੀਕੇ ਦੇ ਜਾਣੂ ਸੇ। ਅਸਲ ਵਿਚ ਇਹ ਤੀਰਥ ਰਾਜ ਵਿਸ਼ਨੂੰ ਜੀ ਦੇ ਬੀ ਪੂਜਯ ਸ਼੍ਰੀ ਅਕਾਲ ਪੁਰਖ ਜੀ ਨਮਿੱਤ ਸਾਜਿਆ ਗਿਆ ਸੀ, ਦੇਖੋ ਰਾਸ ੨ ਅੰਸੂ ੩੦ ਅੰਕ ੭ ਦੀ ਹੇਠਲੀ ਟੂਕ।

ਬੀਜ ਰੂਪ ਤੀਰਥ ਮਹਿ ਰਾਜੂ[1]।

[1]ਭਾਵ ਇਹ ਤੀਰਥ ਰਾਜ ਪ੍ਰਿਥਵੀ ਦੇ ਸਾਰੇ ਤੀਰਥਾਂ ਦਾ ਬੀਜ ਰੂਪ ਹੈ।

ਅੰਮ੍ਰਿਤਸਰ ਥਲ ਸਜਜੋ ਸਮਾਜੂ[1]।

[1]ਸਮਿੱਗ੍ਰੀ (ਸਹਿਤ)।

ਜੇ ਨਰ ਸਹਜ ਦਰਸ ਹਿਤ ਆਵੈਂ।
ਚਤੁਰ ਪਦਾਰਥ ਸਹਜ ਹੀ ਪਾਵੈਂ ॥੨੭॥
ਜੇ ਪੁਨ ਤਿਨ ਕੇ ਦਰਸ਼ਨ ਕੈ ਹੈਂ।
ਤੇ ਵਿਦੇਹ ਹੁਇ ਮਮ ਪੁਰ ਜੈ ਹੈਂ।
ਕੋਨ ਈਸਾਨ ਨਿਰਖ ਬ੍ਰਿਖਕੇਤੂ[1]।

[1]ਈਸ਼ਾਨ ਕੋਨ (ਉੱਤਰ ਪੂਰਬ ਦੇ ਵਿਚਕਾਰ) ਦੇਖੋ ਸ਼ਿਵਜੀ ਹੈ।

ਦੱਖਣ ਦਿਸਹਿ ਭੁਤ ਗ੍ਰਿਹ ਹੇਤੂ[1] ॥੨੮॥

[1]ਜੀਵਾਂ ਨੂੰ ਗ੍ਰਸਣਵਾਲੇ (ਧਰਮਰਾਜ) ਵਾਸਤੇ ਹੈ, ਅਥਵਾ ਉਸ ਨੇ ਹਿਤ ਕਰ (ਲਈ) ਹੈ।

ਵਰਨ, ਕੁਮੇਰ, ਇੰਦ੍ਰ, ਦਿਸ਼ ਰਾਜਾ[1]।

[1]ਦਿਸ਼ਾ ਦੇ ਰਾਜਾ।

ਨਿਜ ਅਸਥਲ[1], ਸਭਿ ਸਜੇ ਸਮਾਜਾ।

[1]ਆਪੋ ਆਪਣੇ ਥਾਂ।

ਬ੍ਰਹਮਾਦਿਕ ਸੇਵਹਿਂ ਮਨ ਲਾਈ।
ਮਮ ਰੁਚਿ ਲਖਿ ਖਟਪਦ ਜਿਮ ਛਾਈ[1]- ॥੨੯॥

[1]ਭੌਰਿਆਂ ਵਾਂਙ ਛਾ ਰਹੇ ਹਨ।

ਇਮ ਕਹਿ ਪ੍ਰਭੁ ਸਭਿ ਦੇਵ ਬੁਲਾਏ।
ਬਿਨਤੀ ਕਰਤਿ ਸਭੈ ਤਬਿ ਆਏ।
ਖੋੜਸ ਬਿਧਿ ਯਯਮਾਨਤਿ ਭਏ[1]।

[1]ਸੋਲਾਂ ਤਰ੍ਹਾਂ ਪੂਜਾ ਕਰਨ ਲਗ ਪਏ।

ਤੀਰਥ ਦੇਹਿ ਧਾਰਿ ਸਭਿ ਅਏ ॥੩੦॥

ਸਿੰਧ, ਸੁਮੇਰੁ, ਗਗਨ, ਅਪ[1] ਪਵਨਾ।

[1]ਜਲ।

ਹਰਖਤਿ ਆਏ ਧਰਨੀ ਦਵਨਾ[1]।

[1]ਧਰਤੀ ਤੇ ਅਗਨੀ। (ਅ) ਧਰਤੀ ਨੂੰ ਦਬਾਨ ਵਾਲੇ ਭਾਵ ਦਿਗਪਾਲ।

ਪੱਤ੍ਰ ਚਢੇ ਪਰਸੂਨ ਬ੍ਰਖਾਵੈਂ[1]।

[1]ਬਿਬਾਨਾਂ ਤੇ (ਦੇਵਤੇ) ਚੜ੍ਹੇ ਫੁੱਲ ਬਰਸਾਉਂਦੇ ਹਨ। [ਪਤ੍ਰ = ਕੋਈ ਅਸਵਾਰੀ]

-ਜਯਤਿ ਜਯਤਿ ਜਯ ਜਯ- ਧੁਨਿ ਗਾਵੈਂ ॥ ੩੧ ॥

ਬਰਨ, ਕੁਬੇਰ; ਸੇਸ, ਸਸਿ, ਸੂਰਾ[1]।

[1]ਸ਼ੇਸ਼ਨਾਗ, ਚੰਦਰਮਾਂ, ਸੂਰਜ।

ਖਟ ਮੁਖ[1] ਆਦਿਕ ਚੜ੍ਹੇ ਮਯੂਰਾ[2]।

[1]ਸ਼ਿਵਜੀ ਦਾ ਪੁੱਤ੍ਰ-ਸ਼ਾਮਕਾਰਤਕ। [2]ਮੋਰ ਉਪਰ।

ਖੇਚਾਰੀ[1], ਪਾਤਾਲਾ, ਮਹੀਚਰੁ[2]।

[1]ਆਕਾਸ਼ ਚਾਰੀ। [2]ਪ੍ਰਿਥਵੀ ਤੇ ਵਿਚਰਨ ਵਾਲੇ।

ਗੁਪਤ ਪ੍ਰਗਟ ਸਭਿ ਆਏ ਸੁਰ ਬਰ ॥ ੩੨ ॥

ਸ੍ਰੁਤਿ ਸਿੰਮ੍ਰਿਤਿ ਨਿਗਮਾ[1] ਤਨ ਧਾਰੇ।

[1]ਵੇਦਾਂ ਨੇ।

ਸਨਮੁਖ ਠਾਂਢੇ ਦੇਵ ਮੁਰਾਰੇ।
ਸਭਿ ਮਿਲ ਦ੍ਵੈ ਕਰ ਜੋਰਿ ਅਲਾਯੋ।
-ਆਇਸੁ ਕਰਹੁ ਭਗਤ ਸੁਖਦਾਯੋ! - ॥ ੩੩ ॥

ਤਬਿ ਬੋਲੇ ਸ਼੍ਰੀ ਕਰੁਨਾ ਸੀਵ[1]।

[1]ਮੇਹਰ ਦੀ ਹੱਦ।

-ਇਹਾਂ ਬਸਹੁ ਤੁਮ ਸਭੈ ਸਦੀਵ।
ਬਿਸ਼ਨੁ† ਕਲਪਤਰੁ ਤੀਰਥ ਰਾਜੂ[1]।

[1]ਵਾਹਿਗੁਰੂ ਦਾ ਕਲਪ ਬ੍ਰਿੱਛ ਰੂਪ ਇਹ ਤੀਰਥ ਰਾਜਾ ਹੈ। †ਪਾਠ-ਵਿਸ਼੍ਨੁ-ਸ਼ੁੱਧ ਜਾਪਦਾ ਹੈ।

ਸਾਦਰ ਮੱਜਹੁ ਦੇਵ ਸਮਾਜੂ! ॥ ੩੪ ॥
ਬ੍ਯਾਸ ਭਵਿੱਖਤ ਕਥਾ ਬਖਾਨੀ।
ਅਸ ਸੁਰ ਵਰਗ[1]† ਸੁ ਸਤਿ ਕਰਿ ਮਾਨੀ-।

[1]ਸਾਰੇ ਦੇਵਤਿਆਂ ਨੇ। †ਪਾ:-ਅਸੁਰ ਵਰਗ।

ਤਬਿ ਬੋਲੇ ਬਿਬਾਨਗਤਿ[1] ਸਾਰੇ।

[1]ਬਿਬਾਣਾਂ ਨੂੰ ਪ੍ਰਾਪਤਿ (ਯਾ ਬਿਬਾਨਾਂ ਦੀ ਚਾਲ ਵਾਲੇ ਯਾ ਬਿਬਾਨਾਂ ਤੇ ਚੜ੍ਹਕੇ ਚਲਣ ਵਾਲੇ) ਭਾਵ ਦੇਵਤੇ।

-ਮੱਜਨ ਮੰਤ੍ਰ ਸੁ ਕੌਨ ਉਚਾਰੇਂ? - ॥ ੩੫ ॥

ਤਬਿ ਕਮਲੇਸ਼[1] ਹਰਖ ਹ੍ਵੈ ਦਯਾਲਾ।

[1]ਵਿਸ਼ਨੂੰ।

ਕਹਯੋ, -ਸੁਨਹੁ ਸਭਿ ਭੂ ਸੁਰ ਸਾਲਾ[1]!

[1]ਭਾਈ ਗੁਰਦਾਸ ਜੀ ਕਹਿੰਦੇ ਹਨ) ਤਦੋਂ ਕਮਲੇਸ਼ ਨੇ ਖੁਸ਼ ਤੇ ਦਿਆਲ ਹੋ ਕੇ (ਉਹ ਮੰਤ੍ਰ) ਆਖਿਆ, (ਸੋ ਮੰਤ੍ਰ) ਹੇ ਸਾਰੇ ਸ੍ਰੇਸ਼ਟ ਭੂਸੁਰੋ (= ਬ੍ਰਾਹਮਣੋਂ) ਸੁਣੋ। [ਸਾਲ = ਸਾਰ = ਸ੍ਰੇਸ਼ਟ] (ਅ) ਸੁਣੋ, ਹੇ ਸਾਰੇ ਸ੍ਰੇਸ਼ਟ ਦੇਵਤਿਓ (ਜੋ) ਪ੍ਰਿਥਵੀ ਤੇ ਆਏ ਹੋਏ ਹੋ!

ਯੱਸ਼ਜ ਉਚਾਰ ਉਦਕ ਭੁਕਵਾਰੀ[1]।
ਤੀਰਥ ਰਾਜ ਦੇਤਿ ਫਲਚਾਰੀ ॥੩੬॥

[1]ਜਿਸ ਨੂੰ ਉਚਾਰੇ ਜਲ ਦੇ ਲੈਣ ਵੇਲੇ।

ਅਥ ਮੰਤ੍ਰ ॥

ਓਂ ਅਮ੍ਰਿਤੋਦਭਵਾਯ[1] †ਅਮ੍ਰਿਤਰੂਪਾਯ[2] ਤੀਰਥਰਾਜਾਯ ਨਮੋਨਮਃ[3]।

[1]ਓਂ = ਵਾਹਿਗੁਰੂ। ਅੰਮ੍ਰਿਤੋਦਭਵਾਯ = ਅੰਮ੍ਰਿਤ ਤੋਂ ਉਤਪੰਨ ਹੋਣ ਵਾਲਾ। [2]ਜੋ ਅੰਮ੍ਰਿਤ ਦਾ ਰੂਪ ਹੈ। [3]ਐਸਾ ਜੋ ਤੀਰਥ ਰਾਜ ਹੈ ਤਿਸ ਨੂੰ ਨਮਸਕਾਰ ਹੈ, ਨਮਸਕਾਰ ਹੈ।
†ਪਾ:-ਓਅੰ ਮ੍ਰਿਤੋਦਭਵੰ।

ਚੌਪਈ:

ਅੰਮ੍ਰਿਤ ਕਲਾ ਮੰਤ੍ਰ ਇਹੁ ਕਹੀਏ[1]†।
ਮਹਾਂ ਗੋਪ ਵਡ ਭਾਗਨਿ ਲਹੀਏ-।
ਇਹ ਸੁਨਿ ਮੱਜਨ ਕਰਨੇ ਲਾਗੇ।
ਸਰਬ ਦੇਵ ਤੀਰਥ ਜਸੁ ਪਾਗੇ ॥੩੭॥

[1]ਸ਼ਕਤੀ ਵਾਲਾ ਅੰਮ੍ਰਿਤ ਦਾ ਇਹ ਮੰਤ੍ਰ ਕਹੀਦਾ ਹੈ।। †:- ਅੰਮ੍ਰਿਤ ਕਾਲ ਅੰਮ੍ਰਿਤ ਇਹੁ ਕਹੀਏ।

ਕਮਲਾਦਿਕ, ਬਿਧਿ, ਸ਼ਿਵ, ਸੰਗਬਾਮਾ[1]।

[1]ਸਮੇਤ ਇਸਤ੍ਰੀਆਂ ਦੇ।

ਸਭਿ ਅੰਮ੍ਰਤ ਮਯ ਭਏ ਸੁਧਾ ਮਾ[1]।

[1]ਅੰਮ੍ਰਤ ਦਾ ਰੂਪ ਹੋ ਗਏ ਅੰਮ੍ਰਤ ਵਿਚ (ਅ) ਸੁ ਧਾਮਾ = ਉਸ ਥਾਂ ਵਿਚ।

ਨਿਰਖ ਮਾਧਵੀ ਬਿਸਮੈਂ ਭਯੋ।
ਕਹ੍ਯੋ -ਭੂਰ ਅਮਰਾ ਕਿਤ ਗਯੋ[1]? - ॥੩੮॥

[1]ਸਾਰੇ ਦੇਵਤੇ ਕਿਧਰ ਗਏ?

ਸ਼੍ਰੀ ਪ੍ਰਭੁ ਬਹੁਰ ਸਮੋਧਨ ਕੀਨਾ[1]।
-ਯੇ ਤੀਰਥਮਯ ਭਏ ਪ੍ਰਬੀਨਾ-।

[1]ਸਮਝਾਉਣਾ ਕੀਤਾ।

ਤਬਿ ਫਿਰ ਮੁਨਿ ਪੁਟ ਅੰਜੁਲ ਜੋਰੇ[1]।
-ਕਹੋ ਭਵਿੱਖਤ ਕਥਾ ਬਹੋਰੇ ॥੩੯॥
ਜਿਮ ਕਰਿਹੋ ਜੁਗ ਆਗਲ ਮਾਂਹੀ।
ਸੋ ਬਰਨਹੁ ਪ੍ਰਭੁ ਸਭਿ ਮੋ ਪਾਹੀ-।
ਤਬਿ ਤ੍ਰਿਲੋਕਪਤਿ ਬਚਨ ਬਖਾਨੇ।
ਉਨ ਉਪਕਾਰ ਹੇਤੁ ਮਨ ਮਾਨੇ[1] ॥੪੦॥

[1]ਦੋਵੇਂ ਹੱਥ ਜੋੜੇ ਡੋਨੇ ਵਾਂਙ।

[1]ਉਹਨਾਂ ਭਾਵ ਤ੍ਰਿਲੋਕ ਪਤੀ ਦੇ ਉਪਕਾਰ ਦੇ ਹਿਤ ਵਿਚ ਮਨ ਮੰਨਿਆ।

-ਤ੍ਰੇਤਾ ਮਾਂਹਿ ਹੋਹਿਂ ਹਮ ਰਾਮਾ।
ਲਵ ਕੁਸ਼ ਸਹਤ ਆਇਂ ਇਸ ਧਾਮਾ।
ਸੁਰ ਸਮੂਹ ਸੁ† ਮੱਜਨ ਕਰਿ ਹੈਂ।
ਤੀਰਥਰਾਜ ਪੂਜ ਪਰਚੁਰਿ ਹੈਂ[1] ॥੪੧॥

†ਪਾ:-ਜੁ।

[1]ਫੈਲਾਵਾਂਗੇ।

ਜੱਗ ਕਰਹਿੰਗੇ ਪਸ਼ਚਮ ਅੰਗਾ[1]।
ਤੀਨ ਲੋਕ ਸੈਨਾ ਸਭਿ ਸੰਗਾ।

[1]ਪੱਛਮ ਦੀ ਤਰਫ।

ਤਬਿ ਮਮ ਸੁਵਨ ਜਾਨਿ ਮਮ ਪਜਾਰਾ[1]।

[1]ਮੇਰੇ ਪੁੱਤ੍ਰ ਮੇਰਾ ਪਿਆਰਾ (ਤੀਰਥ) ਜਾਣਕੇ।

ਬਾਂਧੈਗੇ ਦ੍ਵੈ ਪੁਰਿ ਅਗਾਰਾ[1] ॥੪੨॥

[1]ਏਸ ਤੋਂ ਜ਼ਰਾ) ਅਗੇਰੇ ਦੋ ਸ਼ਹਿਰ ਬੰਨ੍ਹਣਗੇ। ਭਾਵ ਲਾਹੌਰ ਤੇ ਕਸੂਰ ਬੰਨ੍ਹਣਗੇ।

ਬਹੁਤ ਭਾਂਤਿ ਲੀਲਾ ਤਬਿ ਕੈ ਹੈਂ।
ਸਿੰਧੁ ਛੇਤ੍ਰ[1] ਕੋ ਮਾਨ ਸੁ ਦੈ ਹੈਂ।

[1]ਸਿੰਧੁ ਛੇਤ੍ਰ [ਸਿੰਧੁਜਕਸ਼ੇਤ੍ਰ]-ਸਿੰਧੁਜ = ਸਮੁੰਦਰ ਤੋਂ ਉਪਜਿਆ ਭਾਵ ਅੰਮ੍ਰਿਤ+ਕਸ਼ੇਤ੍ਰ = ਟਿਕਾਣਾ। ਅੰਮ੍ਰਿਤ ਟਿਕਾਇਆ ਗਿਆ ਹੋਵੇ ਜਿਸ ਟਿਕਾਣੇ, ਭਾਵ ਅੰਮ੍ਰਿਤਸਰ। (ਅ) ਪੰਜਾਬ [ਸਿੰਧੁ ਛੇਤ੍ਰ = ਸਿੰਧ ਨਦੀ ਜਿਸ ਧਰਤੀ ਵਿਚ ਵਹੇ]

ਦ੍ਵਾਪੁਰ ਕ੍ਰਿਸ਼ਨ ਜਦੁਨਿ ਮੈਂ ਹੋਹੀਂ[1][†]।

[1]ਜਾਦਵਾਂ ਵਿਖੇ ਮੈਂ ਕ੍ਰਿਸ਼ਨ ਹੋਵਾਂਗਾ। [†]ਪਾ:-ਦ੍ਵਾਪਰ ਯਾਦਵੰਸ਼ ਹਮ ਹੋਹੀਂ।

ਤ੍ਰਿਭਵਣ ਮਾਂਹਿ ਫਿਰੈ ਮਮ ਦੋਹੀ[1] ॥੪੩॥

[1]ਦੁਹਾਈ।

ਸਭਿ ਲੀਲਾ ਕਰਿ ਫਿਰ ਅਵਸਾਨ[1]।

[1]ਅੰਤ ਨੂੰ।

ਸੁਧਾ ਸਰੋਵਰ ਕ੍ਰਿਸ਼ਨ ਸਮਾਨ[1]।

[1]ਕ੍ਰਿਸ਼ਨ ਰੂਪ ਹੋਕੇ ਸਮਾਵਾਂਗਾ।

ਫਿਰ ਕਲਜੁਗ ਸ਼੍ਰੀ ਚੰਦਹਿ ਤਾਤ[1]।

[1]ਸ਼੍ਰੀ ਚੰਦ ਜੀ ਦੇ ਪਿਤਾ ਗੁਰ ਨਾਨਕ ਜੀ।

ਮਮ ਸਰੂਪ ਛਿਤਿ ਅਤਿ ਵੱਖਜਾਤ ॥੪੪॥
ਦਸ ਔ ਚਤੁਰਦਸ਼ਾ[1] ਵਪੁ ਧਰਿ ਕੈ।

[1]ਭਾਵ ੨੪ ਅਵਤਾਰਾਂ ਦਾ।

ਸਿੰਧੁ ਛੇਤ੍ਰ ਜਸੁ ਮਹਾਂ ਪ੍ਰਚੁਰਿ ਕੈ[1]।

[1]ਬਹੁਤ ਜਸ ਫੈਲਾ ਕੇ।

ਵਡਪਰਤਾਪ ਕਰੋਂ ਇਹ ਧਾਮੰ[1]।

[1]ਇਸ ਅਸਥਾਨ ਦਾ।

ਤੀਨ ਲੋਕ ਮਣਿ ਅੰਮ੍ਰਿਤ ਨਾਮੰ[1] ॥੪੫॥

[1]ਤਿੰਨਾਂ ਲੋਕਾਂ ਵਿਚ ਸ਼ਿਰੋਮਣਿ ਅੰਮ੍ਰਿਤ ਸਰੋਵਰ ਨਾਮ (ਪ੍ਰਸਿੱਧ ਹੋ ਜਾਵੇਗਾ)।

ਜੁਗ ਜੁਗ ਸੁਧਾ ਸਰੋਵਰ ਸੇਵ।
ਆਇ ਨਿਵਾਸ ਕਰੋਂ ਸੰਗ ਦੇਵ-।
ਇਮ ਸੁਨਿ ਸੁਨਿ ਮਾਧਵਿ ਹਰਖਾਨੋ।
ਸੁਧਾ ਪਾਤ੍ਰ ਹਰਿ ਚਰਨ ਸਮਾਨੋ ॥੪੬॥
ਪਾਤ੍ਰ ਸੰਗ ਮੁਨਿ ਸਜੀ ਸਮਾਧਾ।
ਆਪ ਸਥਾਪਨ ਕੀਯੋ ਅਗਾਧਾ।
ਕਰਿ ਅਸਥਾਪਨ ਚਲੇ ਮੁਰਾਰੀ।
ਤਬਿ ਮਾਧਵ ਰਿਖਿ ਗਿਰਾ ਉਚਾਰੀ ॥੪੭॥
-ਮੁਹਿ ਕਬਿ ਬਹੁਰ ਦਰਸ ਪ੍ਰਭੁ ਦੈ ਹੌ?
ਭਵ ਮੋਚਨ ਪਦ ਕੀ ਅਬਿ ਜੈ ਹੋ[1]-।

[1]ਸੰਸਾਰ ਦੇ ਛੁਡਾਵਣ ਵਾਲੇ ਚਰਨਾਂ ਦੀ ਜੈਜੈ ਕਾਰ ਹੋਵੇ।

ਕਹਯੋ ਤ੍ਰਿਲੋਕੇਸ਼ੁਰ ਰੁਚਿ ਬਾਨੀ।

| | |
|---|---|
| -ਕਲਜੁਗ ਵਪੁ ਹੈ ਸਾਰੰਗ ਪਾਨੀ[1] ॥੪੮॥ | [1]ਪਰਮੇਸ਼੍ਵਰ ਦਾ। |
| ਜੁਗ ਔ ਬਾਣ ਧਰੈ ਅਵਤਾਰਾ[1]। | [1]ਕਾਮ ਦੇਵ ਦੇ) ਬਾਣਾਂ ਦੇ ਦੂਣੇ (੫×੨ = ੧੦) ਭਾਵ ਦਸ ਅਵਤਾਰ ਜਦ ਧਾਰਾਂਗਾ। |
| ਤਬਿ ਤੁਮ ਕੋ ਦੈ ਹੌਂ ਦਰਸਾਰਾ[1]-। | [1]ਦਰਸ਼ਨ। |
| ਇਮ ਕਹਿ ਦ੍ਰਿਸ਼ਟਿ ਅਗੋਚਰ ਭਏ[1]। | [1]ਲੋਪ ਹੋ ਗਏ। |
| ਸ਼੍ਰੀ ਬਿਨ[1] ਏਕਲ ਹੀ ਗ੍ਰਿਹ ਗਏ' ॥੪੯॥ | [1]ਲੱਖਮੀ ਤੋਂ ਬਿਨਾਂ। |
| ਇਹ ਅੱਖਜਾਨ[1] ਸੁਨਜੋ ਕਾਂਸ਼ੀਸ਼[2]। | [1]ਸਾਖੀ, ਕਥਾ। [2]ਕਾਂਸ਼ੀ ਦੇ ਈਸ਼ਰੀ ਭਾਵ ਬ੍ਰਾਹਮਣਾਂ ਨੇ। (ਅ) ਕਾਂਸ਼ੀ (ਦੇ ਬ੍ਰਾਹਮਨਾਂ ਤੇ) ਰਾਜੇ ਨੇ। |
| ਕ੍ਰਿੱਤ ਕ੍ਰਿਤ ਭਏ ਚਰਨ ਧਰਿ ਸੀਸ। | |
| 'ਧੰਨ ਧੰਨ' ਕਹਿ ਭਾਗ ਸਰਾਹਾ। | |
| 'ਗੋਪ ਕਥਾ ਬਰਨੀ ਮੁਨਿ ਨਾਹਾ[1] ॥੫੦॥ | [1]ਈਸ਼੍ਵਰ ਦੀ। (ਅ) ਮਾਧਵ ਦੀ। |
| ਜਯ ਗੁਰਦਾਸ ਵਿਮਲ ਮਤਿ ਗਜਾਨੀ! | |
| ਅਬਿ ਹਮਰੇ ਮਨ ਨਿਸ਼ਚੈ ਠਾਨੀ। | |
| ਤੁਮ ਤੇ ਸੰਸ਼ਯ ਗਯੋ ਹਮਾਰਾ। | |
| ਬਿਬਿਧਿ ਬੇਦ ਬਿਧਿ ਕੀਓ ਉਚਾਰਾ[1]†' ॥੫੧॥ | [1]ਨਾਨਾਂ ਤਰ੍ਹਾਂ ਨਾਲ ਵੇਦ ਦੀ ਵਿਧੀ ਦਾ ਉਚਾਰ ਕੀਤਾ ਹੈ। †ਅੰਸੂ ਤੀਜੇ ਦੇ ਅੰਕ ੨੩ ਤੋਂ ਲੈ ਕੇ ਇਸ ਅੰਸੂ ਦੇ ਅੰਕ ੫੧ ਤੱਕ ਦਾ ਪਾਠ ਦੋ ਲਿਖਤੀ ਨੁਸਖਿਆਂ ਵਿਚ ਨਹੀਂ ਹੈ, ਪਰ ੧੯੧੯ ਬਿ: ਦੇ ਲਿਖੇ ਪੁਰਾਤਨ ਲਿਖਤੀ ਨੁਸਖੇ ਵਿੱਚ ਹੈ। |
| ਸਭਿ ਬੰਦਨ ਕਰਿ ਸਦਨ ਸਿਧਾਰੇ। | |
| ਭੀ[1] ਮਹਿਮਾ ਗੁਰਦਾਸ ਉਦਾਰੇ। | [1]ਹੋਈ। |
| ਇਕ ਤੌਂ ਨ੍ਰਿਪ ਕੋ ਗੁਰ ਬਨਿ ਗਯੋ। | |
| ਅਰੁ ਨਰ ਕੋ ਗਨ ਸਿੱਖਜ ਸੁ ਭਯੋ ॥੫੨॥ | |
| ਸਰਬ ਪੁਰੀ ਜਸ ਇਸ ਕੋ ਕਰੈ। | |
| ਬੰਦਹਿ ਚਰਨ ਅੱਗ੍ਰ ਨਰ ਪਰੈਂ। | |
| 'ਗੁਰੂ ਗੁਰੂ' ਸਭਿ ਨਾਮ ਉਚਾਰੈਂ। | |
| ਮਨ ਭਾਵਤਿ ਧਰਿ ਭੇਟ ਅਗਾਰੈਂ ॥੫੩॥ | |
| ਸਭਿ ਬਿਧਿ ਸੇਵਾ ਨ੍ਰਿਪ ਕਰਿਵਾਵੈ। | |
| ਗੁਰੂ ਸ਼ਬਦ ਕੇ ਅਰਥ ਸੁਨਾਵੈ। | |
| ਮਹਿਮਾਂ ਭਈ ਮਹਾਂ ਤੇ ਮਹਾਂ। | |
| ਤਊ ਗੁਰੂ ਦਿਸ਼ਿ ਤੇ ਦੁਖ ਲਹਾ ॥੫੪॥ | |

ਬੀਤਜੋ ਚਿਰ ਦਰਸ਼ਨ ਤੇ ਹੀਨ।
ਤਰਫਤਿ ਚਿਤ ਜਿਮ ਜਲ ਬਿਨ ਮੀਨ।
ਸੁਖਦ ਵਸਤੁ ਬਹੁ ਮੋਲੀ ਆਵੈ।
ਗੁਰੂ ਬਿਰਹਿ ਕਰਿ ਨਹਿਂ ਉਰ ਭਾਵੈ ॥੫੫॥
ਜਿਮ ਚਾਤ੍ਰਿਕ ਇਕ ਬੂੰਦ ਚਹੰਤਾ।
ਆਦਿ ਸਿੰਧੁ ਨਦਿ ਨੀਰ ਤਜੰਤਾ[1]।
ਜਥਾ ਕੰਤ ਕੇ ਬ੍ਰਿਹੁ ਕਰਿ ਤਰਨੀ[1]।
ਦੁਖਦ ਹੋਤਿ ਜੇ ਸੁਖਦਾ ਬਰਨੀ[1] ॥੫੬॥
ਨੀਰ ਨੈਨ ਚਿਤ ਚੈਨ ਨ ਕੈਸੇ।
ਦਰਬ ਕ੍ਰਿਪਨ ਕੋ ਬਿਨਸਤਿ ਜੈਸੇ।
ਦੁਰਜੋ ਲਹੈ ਸੰਕਟ ਉਰ ਭਾਰੇ।
ਤਬਿ ਮਨ ਕਰਿ ਸਤਿਗੁਰੂ ਚਿਤਾਰੇ ॥੫੭॥
'ਹੇ ਗੁਰ ਅੰਤਰਜਾਮੀ ਸ੍ਵਾਮੀ!
ਬਖਸ਼ਤਿ ਸਦਾ ਸੇਵਕਨਿ ਖਾਮੀ[1]।
ਦੀਨ ਦਯਾਲ ਗ਼ਰੀਬ ਨਿਵਾਜਾ!
ਨਾਮ ਕਹੈਂ ਇਮ ਰੰਕ ਕਿ ਰਾਜਾ ॥੫੮॥
ਸਿਮਰਨ ਕਰਹੁ ਹਕਾਰਹੁ ਮੋਹੀ।
ਨਹੀਂ ਆਪ ਤੇ ਆਵਨਿ ਹੋਹੀ।
ਨਹੀਂ ਦਾਸ ਕੇ ਬਸਿ ਕਿਸ ਭਾਂਤੀ।
ਆਪ ਅਹੋ ਸਮਰੱਥ ਬੱਖਜਾਤੀ ॥੫੯॥
ਜਿਮ ਚਾਹਹੁ ਤਿਮ ਰਚਹੁ ਗੁਸਾਈਂ।
ਬਿਗਰੇ ਸੁਧਰਹਿਂ ਸੁਧਿ ਬਿਗਰਾਹੀਂ[1]।'
ਇਮਿ ਬਿਨਤੀ ਕਰਿ ਕਵਿਤ ਬਨਾਏ।
ਗੁਰੂ ਧਜਾਨ ਕਰਿ ਦੇਤਿ ਸੁਨਾਏ ॥੬੦॥

ਕਬਿੱਤ:

'ਗਾਇ ਸੁਤ[1] ਜੈਸੇ ਮਿਲਿ ਮਾਤ ਮਨ ਚਾਹਿ ਐਸੁ
ਕੂਦ ਬਿਲਲਾਯ, ਗਰ ਬੰਧਨ ਬਸਾਇ ਨਾ[1]।
ਜੈਸਿ ਤੋ ਬਿਗਾਰ ਨਿਜ ਧਾਮ ਕੋ ਪਧਾਰ

[1]ਸਮੁੰਦਰ ਦਰਿਆ ਆਦਿ ਦਾ ਪਾਣੀ ਤਜ ਦਿੰਦਾ ਹੈ।
[1]ਇਸਤ੍ਰੀ ਨੂੰ।
[1]ਜੋ (ਵਸਤੂ) ਸੁਖਦਾਈ ਕਹੀਦੀ ਹੈ।
[1]ਕਚਿਆਈ।
[1]ਜੇ) ਸੁਧਰੇ ਹੋਏ ਵਿਗੜ ਜਾਣ (ਤਾਂ ਉਨ੍ਹਾਂ) ਵਿਗੜਿਆਂ (ਨੂੰ ਫੇਰ) ਸੁਧ ਕਰ ਦਿੰਦੇ ਹੋ।
[1]ਵੱਛਾ।
[1]ਪਰ ਗਲ ਵਿਚ ਰੱਸੀ ਵੱਸ ਚੱਲਣ ਨਹੀਂ ਦਿੰਦੀ।

ਚਾਹੈ,
ਜਾਨ ਪਰਾਧੀਨ[1] ਚਿੰਤ ਚਿਤਵਤਿ ਜਾਇ ਨਾ।
ਜੈਸੇ ਬਿਰਹਨੀ ਪਤਿ ਸੰਗ ਕੋ ਸਨੇਹ ਚਾਹੇ,
ਦੇਖਿ ਕੁਲ ਅੰਕ ਲਾਜ[1] ਸੰਗਮ[2] ਸੁ ਪਾਇ ਨਾ।
ਤੈਸਿ ਹੌਂ ਸ਼ਰੰਨ ਗੁਰ ਚਰਨਨ ਚਾਹ ਸਦਾ
ਆਇਸੁ ਬਿਦੇਸ ਬਸਿ[1] ਅਤਿ ਬਿਲਲਾਇ ਨਾ† ॥੬੧॥

[1]ਪਰਾਏ ਦੇ ਅਧੀਨ।

[1]ਕੁਲ ਲੱਜਜਾ ਦਾ ਅੰਕੁਸ। [2]ਮਿਲਾਪ।

[1]ਆਗਿਆ ਦੇ ਵੱਸ ਵਿਦੇਸ਼ ਵਿਚ।

†ਭਾਈ ਗੁਰਦਾਸ ਜੀ ਦਾ ਆਪਣਾ ਕਬਿੱਤ ਜਿਸ ਨੂੰ ਉਪਰ ਕਵੀ ਜੀ ਨੇ ਆਪਣੇ ਲਫਜ਼ਾਂ ਵਿੱਚ ਦਿੱਤਾ ਹੈ ਇਹ ਹੈ:- ਜੈਸੇ ਬਛੁਰਾ ਬਿਲਲਾਤ ਮਾਤ ਮਿਲਬੇ ਕਉ, ਬੰਧਨ ਕੈ ਬਸਿ ਕਛੁ ਬਸੁ ਨ ਬਸਾਤ ਹੈ। ਜੈਸੇ ਤਉ ਬਿਗਾਰੀ ਚਾਹੈ ਭਵਨ ਗਵਨ ਕੀਓ, ਪਰ ਬਸਿ ਪਰੇ ਚਿਤਵਤ ਹੀ ਬਿਹਾਤ ਹੈ। ਜੈਸੇ ਬਿਰਹਨੀ ਪ੍ਰਿਅ ਸੰਗਮ ਸਨੇਹੁ ਚਾਹੇ, ਲਾਜ ਕੁਲ ਅੰਕਸ ਕੈ ਦੁਰਬਲ ਗਾਤ ਹੈ। ਤੈਸੇ ਗੁਰ ਚਰਨ ਸਰਨਿ ਸੁਖ ਚਾਹੈ ਸਿਖੁ, ਆਗਿਆ ਬਧ ਰਹਤ ਬਿਦੇਸ ਅਕੁਲਾਤ ਹੈ ॥੫੨੦॥

ਸ੍ਵੈਯਾ:
ਮੀਨ ਸਦਾ ਜਿਮ ਚਾਹਤਿ ਨੀਰ ਕੋ
ਚਾਤ੍ਰਿਕ ਬੂੰਦ ਸਦਾ ਮਨ ਚਾਹੈ।
ਨੀਰਜ ਚਾਹਿ ਸਦਾ ਰਵਿ ਕੀ
ਪੁਨ ਔ ਨਲਿਨੀ ਸਸਿ[1] ਦੇਖਿ ਉਮਾਹੈ।
ਅੱਗ੍ਰਜ ਤਾੜਿਤਿ ਹੈ ਸਭਿ ਹੀ
ਵਹੁ ਪ੍ਰੀਤ ਨ ਤਯਾਗ ਸਦਾ ਰੁਚਿ ਆਹੈ।
ਤੈਸਿ ਪ੍ਰਭੂ ਮਮ ਪ੍ਰੀਤ ਰਿਦੈ
ਤੁਮ ਤਾੜਤਿ ਹੋ ਜਨ ਪ੍ਰੀਤਿ ਵਧਾ ਹੈ†' ॥੬੨॥

[1]ਕਵੀਆਂ ਚੰਦ੍ਰਮਾਂ ਨੂੰ।

†ਇਸਦਾ ਪਾਠ ਭਾ: ਗੁ: ਜੀ ਦੇ ਸ੍ਵੈਯਾਂ ਵਿੱਚੋਂ ਨਹੀਂ ਲੱਭਾ ਕਵੀ ਜੀ ਨੇ ਉਨ੍ਹਾਂ ਦਾ ਚਿੱਤ ਭਾਵ ਅੰਕਿਤ ਕੀਤਾ ਹੈ।

ਚੌਪਈ:
ਇੱਤਯਾਦਿਕ ਬਨਾਇ ਕਰਿ ਬਾਨੀ।
ਪੁਨਹਿ ਸੁਨਾਵੈ ਬਨਿ ਗੁਰ ਧਯਾਨੀ।
'ਭੂਲ ਪਰਜੋ ਮੈਂ ਆਇ ਬਿਦੇਸ਼ਾ।
ਚਰਨ ਕਮਲ ਚਿਤ ਚਾਹਿ ਬਿਸ਼ੇਸ਼ਾ ॥੬੩॥
ਕਰਹੁ ਕ੍ਰਿਪਾ ਨਿਜ ਦਰਸ ਦਿਖਾਵਹੁ।
ਬਖ਼ਸ਼ਹੁ ਮੋਹਿ ਜਿ ਅਵਗੁਨ ਪਾਵਹੁ।'
ਹੁਇ ਇਕਾਂਤ ਇਵ ਬਿਨਤੀ ਕਰੈ।

ਧ੍ਯਾਨ ਰਿਦੈ ਨਿਸ ਬਾਸੁਰ ਧਰੈ ॥੬੪॥
ਸਭਿ ਸਤਿਗੁਰ ਨੇ ਤਿਸ ਕੀ ਜਾਨੀ।
-ਹਤ੍ਯੋ ਗਰਬ ਅਬਿ ਭਾ ਨਿਰਮਾਨੀ-।
ਇਕ ਦਿਨ ਬੈਠੇ ਬੀਚ ਦਿਵਾਨ।
ਸਭਿਨਿ ਸੁਨਾਵਤਿ ਕੀਨਿ ਬਖਾਨ ॥੬੫॥
'ਕਿਸ ਕਾਰਨ ਤੇ ਗਾ ਗੁਰਦਾਸ?
ਹਯ ਖਰੀਦ ਨਹਿਂ ਪਹੁੰਚ੍ਯੋ ਪਾਸ।
ਕਹਾਂ ਗਯੋ, ਕੋ ਸੁਧਿ ਨਹਿ ਆਈ?
ਕੋ ਬਿਗਾਰ ਹੋਯੋ ਕਿਸ ਥਾਈਂ? ॥੬੬॥
ਗੁਰ ਘਰ ਸਗਰੀ ਬੈਸ ਬਿਤਾਈ।
ਸੁਮਤਿ ਪ੍ਰਬੀਨ ਹੁਤੋ ਬਹੁ ਭਾਈ।
ਬਿਨਾਂ ਮਿਲੇ ਕ੍ਯੋਂ ਆਨ ਪਧਾਰਾ।
ਹਮ ਨਹਿਂ ਕਿਸ ਪ੍ਰਤਿ ਕਛੂ ਉਚਾਰਾ ॥੬੭॥
ਕਿਤ ਸੁਧਿ ਕਿਸ ਨੇ ਸੁਨੀ ਸੁਨਾਵਹੁ।
ਕ੍ਯੋਂ ਗਮਨ੍ਯੋਂ? ਥਿਰ ਕਹਾਂ? ਬਤਾਵਹੁ।'
ਬਿਧੀ ਚੰਦ ਜੇਠਾਦਿਕ ਪਾਸ।
ਬੋਲੇ ਹਾਥ ਜੋਰਿ ਅਰਦਾਸ ॥੬੮॥
'ਭੂਤ ਭਵਿੱਖਤ ਅਰੁ ਬ੍ਰਤਮਾਨ।
ਰਾਵਰਿ ਉਰ ਗ੍ਯਾਤਾ ਸਭਿ ਥਾਨ।
ਜਾਨਹੁ ਆਪ ਗਯੋ ਕਿਸ ਹੇਤੁ।
ਕਹਾਂ ਜਾਇ ਬਸਿ ਕਰੇ ਨਿਕੇਤ' ॥੬੯॥
ਸੁਨਿ ਸਤਿਗੁਰ ਤਬਿ ਤੁਸ਼ਨਿ ਭਏ।
ਅਗਲੇ ਦਿਵਸ ਸਭਾ ਥਿਰ ਥਏ।
ਪ੍ਰੇਮ ਵਧਹਿ ਗੁਰਦਾਸਹਿ ਜ੍ਯੋਂ ਜ੍ਯੋਂ।
ਗੁਰ ਚਿਤ ਖਿਚਤਿ ਹੋਤਿ ਹੈ ਤ੍ਯੋਂ ਤ੍ਯੋਂ ॥੭੦॥
ਬਿਨਾਂ ਪਠੇ ਨਰ ਉਰ ਅਕੁਲਾਏ।
ਬਸੀ ਪ੍ਰੇਮ ਕੇ ਸਹਿਜ ਸੁਭਾਏ।
ਬਿਲਮ੍ਯੋ ਜਾਇ ਨਹੀਂ[1] ਕਿਸ[†] ਕਾਲ।
ਭਈ ਪ੍ਰੇਮ ਕੀ ਖੈਂਚ ਬਿਸਾਲ ॥੭੧॥

[1]ਹੋਰ) ਅਟਕਿਆ ਨਹੀਂ ਜਾਂਦਾ। [†]ਪਾ:-ਜਿਸ।

ਚਹਤਿ ਟਰ੍ਯੋ ਕੇਤਿਕ ਦਿਨ ਔਰ।
ਤਊ ਨ ਟਰ੍ਯੋ ਜਾਤਿ ਸੁਖ ਠੌਰ[1]।
ਪਠਨਿ ਹੇਤੁ ਮਾਨਵ ਤਤਕਾਲ।
ਕੀਨਸਿ ਤਯਾਰੀ ਗੁਰੂ ਕ੍ਰਿਪਾਲ ॥੭੨॥

[1]ਸੁਖ ਦੀ ਥਾਂ ਭਾਵ ਗੁਰੂ ਜੀ ਤੋਂ ਰਿਹਾ ਨਹੀਂ ਜਾਂਦਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਭਾਈ ਗੁਰਦਾਸ ਜੀ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਭਾਈ ਗੁਰਦਾਸ ਕਾਂਸ਼ੀਓਂ ਅੰਮ੍ਰਿਤਸਰ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਪ੍ਰੇਮ ਮਹਾਂ ਗੁਰਦਾਸ ਕੋ[1], ਖੈਂਚ ਲੀਨਿ ਗੁਰ ਚੀਤ।
ਕਰਜੋ ਤਯਾਰ ਤਬਿ ਮੇਵਰੋ, ਪੁਨ ਪਰਖਨ ਕੀ ਰੀਤਿ ॥੧॥

[1]ਭਾਈ ਗੁਰਦਾਸ ਜੀ ਦੇ ਪ੍ਰੇਮ ਨੇ।

ਚੌਪਈ:

ਲਿਖਜੋ ਹੁਕਮ ਨਾਵਾਂ ਤਬਿ ਐਸੇ।
ਬਰਨਨ ਕਰੌਂ ਸੁਨਾਵੌਂ ਤੈਸੇ।
'ਕਾਸ਼ੀ ਈਸ਼ ਗੁਰੂ ਸਿਖ! ਸੁਨੀਅਹਿ[1]।
ਤੁਵ ਢਿਗ ਚੋਰ ਗੁਰੂ ਕੋ ਜਨੀਅਹਿ ॥੨॥

[1]ਹੇ ਗੁਰੂ ਦੇ ਸਿੱਖ ਕਾਂਸ਼ੀ ਦੇ ਰਾਜਾ! ਸੁਣੋ।

ਬਾਸ ਕਰਹਿ ਕਾਂਸ਼ੀ ਮੈਂ ਹੋਇ[†]।
ਖੋਜਹੁ ਦਿਹੁ ਮੁਸ਼ਕਾਂ ਬੰਧਿ ਸੋਇ।
ਨਾਮ ਅਹੈ ਤਿਸ ਕੋ ਗੁਰਦਾਸ।
ਕਰਿ ਕੈ ਕੈਦ ਪਠਹੁ ਹਮ ਪਾਸ ॥੩॥

[†]ਪਾ:-ਸੋਇ।

ਤਬਿ ਹੁਇ ਗੁਰ ਕੀ ਖੁਸ਼ੀ ਬਿਸਾਲਾ।
ਖੋਜਹੁ ਚੋਰ ਪਠਹੁ ਤਤਕਾਲਾ।'
ਲਿਯੇ ਹੁਕਮ ਨਾਵਾਂ ਤਬਿ ਗਯੋ।
ਕਾਂਸ਼ੀ ਪੁਰਿ ਮਹਿਂ ਪ੍ਰਾਪਤਿ ਭਯੋ ॥੪॥
ਸਭਾ ਬਿਖੈ ਜਹਿਂ ਹੁਤੋ ਮਹੀਪ।
ਤਿਹ ਠਾਂ ਪਹੁੰਚਤਿ ਭਯੋ ਸਮੀਪ।
ਦਿਯੋ ਹੁਕਮ ਨਾਮਾ ਨ੍ਰਿਪ ਚੀਨਾ।
ਕਰਿ ਸਨਮਾਨ ਸੀਸ ਧਰਿ ਲੀਨਾ ॥੫॥
ਪਠਿ ਕਰਿ ਸਕਲ ਜਾਨਿ ਅਹਿਵਾਲ।
ਬੂਝੀ ਸਭਾ ਸਰਬ ਤਿਸ ਕਾਲ।
'ਗੁਰ ਕੀ ਵਸਤੁ ਕੌਨ ਲੈ ਆਵਾ?
ਪੁਰੀ ਬਿਖੈ ਹੁਇ ਹੈ ਕਿਸ ਥਾਵਾ[1]' ॥੬॥

[1]ਪੁਰੀ ਦੇ ਕਿਸੇ ਥਾਂ ਵਿਚ ਹੋਵੇਗਾ।

ਸਭਿ ਨੇ ਭਨਜੋ 'ਨ ਅਸ ਕੋ ਆਯੋ।
ਜੇ ਆਯੋ ਲਿਹੁ ਨਗਰ ਖੁਜਾਯੋ।'
ਤਬਿ ਰਾਜੇ ਡਿੰਡਮ[1] ਤਹਿਂ ਫੇਰਾ।
'ਕਿਹ ਥਲ ਗੁਰੂ ਚੋਰ ਕਿਨ ਹੇਰਾ?'

[1]ਡੌਂਡੀ, ਢੰਡੋਰਾ।

॥੭॥
ਫਿਰਜੋ ਨਗਰ ਸਾਰੇ ਕਹਿ ਪਾਯੋ[1]।

[1]ਸਾਰੇ ਨਗਰ ਵਿਚ (ਢੰਡੋਰਾ) ਕਹਿੰਦਾ ਫਿਰਿਆ (ਤੇ ਲੋਕਾਂ ਨੇ ਸੁਣ) ਪਾਇਆ।

ਪੁਨ ਗੁਰਦਾਸ ਸਭਾ ਚਲਿ ਆਯੋ।
ਉਚਾਸਨ ਪਰ ਬੈਠਿ ਉਚਾਰੇ।
ਸਤਿਗੁਰ ਸ਼ਬਦ ਕਰਤਿ ਨਿਰਧਾਰੇ ॥੮॥
ਭੋਗ ਪਰਜੋ ਨ੍ਰਿਪ ਭਨਜੋ ਪ੍ਰਸੰਗ।
'ਗੁਰ ਕੀ ਬਾਤ ਕਹੌਂ ਤੁਮ ਸੰਗ।
ਲਿਏ ਹੁਕਮਨਾਮਾ ਨਰ ਆਯੋ।
ਪਠਜੋ ਪ੍ਰਾਤਿ ਇਮ ਗੁਰ ਫੁਰਮਾਯੋ ॥੯॥
-ਚੋਰ ਹਮਾਰੇ ਇਕ ਤੁਮ ਪਾਸ।
ਆਇ ਬਸਜੋ ਆਖਯ ਗੁਰਦਾਸ।
ਤਿਸ ਕੀ ਮੁਸ਼ਕਾਂ ਬੰਧਿ ਪਠਾਵਹੁ।
ਕਾਰਜ ਕਰਹੁ ਖੁਸ਼ੀ ਗੁਰ ਪਾਵਹੁ- ॥੧੦॥
ਹਮ ਨੇ ਸਗਰੋ ਪੁਰਿ ਖੁਜਵਾਯੋ।
ਕਿਸੀ ਸਥਾਨ ਨਹੀਂ ਸੋ ਪਾਯੋ।'
ਸੁਨਿ ਗੁਰਦਾਸ ਸੁ ਚਿੱਤ ਬਿਚਾਰੀ।
ਮਹਿਪਾਲਕ ਕੇ ਸੰਗ ਉਚਾਰੀ ॥੧੧॥
'ਇਹ ਤੋ ਬਾਤ ਲਿਖੀ ਸਭਿ ਮੇਰੀ।
ਸਭਿ ਅਵਗੁਨ ਨਿਜ ਲੀਨੇ ਹੇਰੀ।
ਮੈਂ ਗੁਰ ਤੇ ਤਸਕਰਤਾ ਕਰਿ ਕੈ।
ਆਯੋ ਭਾਗਿ ਬਿਮੁਖਤਾ ਧਰਿ ਕੈ ॥੧੨॥
ਬਡੋ ਅਹੈ ਮੇਰੋ ਅਪਰਾਧੁ।
ਜਿਸ ਕੋ ਨਹੀਂ ਸਕਹਿ ਕਰਿ ਸਾਧੁ[1]।

[1]ਜਿਸ ਅਪਰਾਧ ਨੂੰ ਕੋਈ ਸਾਧੂ (ਪੁਰਸ਼) ਨਹੀਂ ਕਰ ਸਕਦਾ।

ਤਉ ਦਜਾਲ ਨਿਜ ਬਿਰਦ ਸੰਭਾਰਾ।
ਬਖ਼ਸ਼ਨ ਹਿਤ ਕਰ ਨਿਕਟਿ ਹਕਾਰਾ' ॥੧੩॥
ਨ੍ਰਿਪ ਸੁਨਿ ਬਿਸਮਜੋ 'ਕਹਾਂ ਕਹਤਿ ਹੋ?
ਇਤੋ ਦੋਸ਼ ਕਿਮ ਅਪਨਿ ਲਹਤਿ ਹੋ।
ਲਿਖੀ ਕਿ -ਮੁਸ਼ਕੈਂ ਬੰਧਿ ਪਠਾਵੋ।
ਪੁਰਿ ਮਹਿਂ ਬਸਹਿ ਤਹਾਂ ਖੁਜਵਾਵੋ-

॥੧੪॥
ਕਹਾਂ ਕਰਯੋ ਤੁਮ ਗੁਰ ਅਪਰਾਧੁ[1]? — [1]ਆਪ ਨੇ ਗੁਰੂ ਜੀ ਦਾ ਕੀ ਅਪਰਾਧ ਕੀਤਾ ਹੈ? ਭਾਵ ਕੋਈ ਨਹੀਂ ਕੀਤਾ ਕਿਉਂਕਿ.......।
ਮਹਾਂ ਪ੍ਰਬੀਨ, ਸੁਮਤਿ ਸੁਖ ਸਾਧੁ[1]। — [1](ਆਪ ਤਾਂ) ਬੜੇ ਪ੍ਰਬੀਨ, ਸ੍ਰੇਸ਼ਟ ਮਤ ਵਾਲੇ, ਸੁਖ ਰੂਪ ਤੇ ਸਾਧੂ ਹੋ।
ਇਹ ਕੋ ਅਪਰ ਲਿਖਯੋ[1], ਪੁਰਿ ਮਹੀਆ। — [1]ਕਿਸੇ ਹੋਰ (ਲਈ) ਲਿਖਿਆ ਹੋਣਾ ਹੈ।
ਸਨੈ ਸਨੈ ਖੋਜਹਿਂ ਜਹਿਂ ਕਹੀਆ[1] ॥੧੫॥ — [1]ਸ਼ਹਰ ਵਿੱਚ ਹੌਲੇ ਹੌਲੇ ਖੋਜਾਂਗੇ ਜਿੱਥੇ ਕਿਥੇ।
ਇਹਾਂ ਹੋਇ ਤੌ ਪਠਹਿਂ ਬਨਾਈ।
ਨਾਂਹਿ ਤ ਲਿਖਹਿਂ -ਨ ਕੋ ਇਸ ਥਾਈਂ-।'
ਸੁਨਿ ਗੁਰਦਾਸ ਨ੍ਰਿਪਤ ਸੋਂ ਗਾਯੋ।
'ਕਹਾਂ ਮੇਵਰਾ ਜੋ ਚਲਿ ਆਯੋ?' ॥੧੬॥
ਤਬਿ ਭੂਪਤਿ ਨਿਜ ਨਿਕਟਿ ਹਕਾਰਾ।
ਕਰਿ ਚਿਨਾਰਿ ਗੁਰਦਾਸ ਹਕਾਰਾ।
ਕਰੀ ਮੇਵਰੇ ਨੇ ਤਬਿ ਬੰਦਨ।
ਕੁਸ਼ਲ ਪ੍ਰਸ਼ਨ ਤੇ ਹੁਇ ਅਭਿਨੰਦਨ[1] ॥੧੭॥ — [1]ਆਨੰਦ, ਪ੍ਰਸੰਨ।
ਮਿਲੇ ਪਰਸਪਰ ਹਰਖਤਿ ਹੋਏ।
ਨੇਹ ਸਨੇ ਬਹੁ ਸਭਿਹਿਨਿ ਜੋਏ।
ਪੁਨ ਭੂਪਤਿ ਕੋ ਸਭਿ ਸਮੁਝਾਯੋ।
'ਸਤਿਗੁਰ ਪਰਖਨਿ ਬਜੋਂਤ ਬਨਾਯੋ ॥੧੮॥
ਪ੍ਰਥਮ ਠੀਕਰੀ ਧਨ ਕੀ ਕੀਨਿ।
ਮੈਂ ਤਬਿ ਭਰਮਯੋ ਸਕਯੋ ਨ ਚੀਨਿ।
ਗੁਰ ਕੇ ਚਰਿਤ ਅਗੰਮ, ਨ ਜਨਿਯਤਿ।
ਸਿੱਖ ਸੰਭਾਰ ਸਕਹਿਂ ਨਹਿਂ ਭਨਿਯਤਿ[1] ॥੧੯॥ — [1]ਸਿੱਖ ਨਾ ਸੰਭਾਲ ਸਕਦੇ ਹਨ (ਤੇ ਨਾ) ਕਹਿ ਸਕਦੇ ਹਨ।
ਮੁਸ਼ਕਾਂ ਬਾਂਧਨ ਰਿਸ ਕਰਿ ਕਹਿਬੋ।
ਇਸ ਮਹਿਂ ਤਿਮ ਪਰਖਨਿ ਬਿਧਿ ਲਹਿਬੋ।
ਅਬਿ ਮੈਂ ਨਹਿਂ ਭਰਮਨ ਕੋ ਧਰਿਹੂੰ[1]। — [1]ਭਾਵ ਹੁਣ ਮੈਂ ਨਹੀਂ ਭਰਮਾਂਗਾ।
ਲਿਖਯੋ ਜਥਾ ਸੋਈ ਬਿਧਿ ਕਰਿਹੂੰ ॥੨੦॥
ਤਿਮ ਤਸਕਰ ਹੁਇ ਦਰਸੋਂ ਜਾਇ[1]। — [1]ਜਾ ਦਰਸ਼ਨ ਕਰਾਂਗਾ।
ਚੋਰੀ ਕਰੀ ਜੁ ਲਿਹੁ ਬਖ਼ਸ਼ਾਇ।

ਤੁਮ ਗੁਰ ਹੁਕਮ ਨ ਫੇਰਨਿ ਕਰੀਏ।
ਦਿਹੁ ਮੁਸ਼ਕਾਂ ਬੰਧਿ ਆਗੇ ਧਰੀਏ'
॥੨੧॥
ਨ੍ਰਿਪ ਜੁਤਿ ਸਭਾ ਸਭੀ ਬਿਸਮਾਈ।
ਅਗਮ ਗੁਰੂ ਰਤਿ ਕੋ ਲਖਿ ਪਾਈ।
ਕਹਿ ਬਹੁ ਬਾਰ ਭੁਜਾ ਬੰਧਵਾਈ।
ਚਲਿਬੇ ਤਯਾਰ ਭਯੋ ਸਹਿਸਾਈ ॥੨੨॥
ਤਬਿ ਨ੍ਰਿਪ ਭਨੱਯੋ 'ਮੋਹਿ ਲਿਹੁ ਸਾਥ।
ਦਰਸ ਕਰਾਵਹੁ ਸ਼੍ਰੀ ਗੁਰ ਨਾਥ।'
ਧੀਰਜ ਦਈ ਤਿਨਹਿ ਗੁਰਦਾਸ।
'ਪੁਨ ਆਗਵਨ ਕਰਹੁ ਗੁਰ ਪਾਸ
॥੨੩॥
ਮੋਹਿ ਸੰਗ ਨਹਿਂ ਬਨਹਿ ਚਲਨਿ ਕੋ।
'ਤਬਿ ਸਭਿ ਇਸ ਕੋ ਸਿੱਖਜ ਮਿਲਨਿ ਕੋ।
ਭਏ ਹਜ਼ਾਰਹੁਂ ਮਿਲਿ ਇਕ ਥਾਂਈ[1]।

[1]ਤਦ ਇਸ (ਭਾਈ ਗੁਰਦਾਸ ਜੀ ਦੇ) ਮਿਲਨ ਲਈ ਸਾਰੇ ਸਿਖ ਹਜ਼ਾਰਾਂ ਇਕੱਠੇ ਹੋਏ।

ਕਹਿ ਧੀਰਜ ਕੋ ਦੀਨਿ ਬਨਾਈ ॥੨੪॥
ਸੰਗ ਚਲਨਿ ਕੋ ਸੰਗਤਿ ਭਈ।
ਕਹਿ ਬਹੁ ਬਾਰ ਹਟਾਇ ਸੁ ਦਈ।
ਤਊ ਸਾਤ ਸੈ ਸਿਖ ਭੇ ਸਾਥ।
ਬਿਸਮਤਿ ਭਨਹਿਂ 'ਪਿਖਹਿਂ ਗੁਰਨਾਥ[1]'
॥੨੫॥

[1]ਦਰਸਨ ਕਰਾਂਗੇ ਨਾਥ ਗੁਰ (ਜੀ ਦੇ)।

ਮੁਸ਼ਕਨ ਕੋ ਬੰਧਵਾਇ ਪਯਾਨਾ।
ਹਟੱਯੋ ਨ੍ਰਿਪਤਿ ਪੁਨ ਬੰਦਨ ਠਾਨਾ।
ਅਪਰ ਸਭਿਨਿ ਬੂਝੱਯੋ ਸਭਿ ਰੀਤਿ।
ਪਿਖਿ ਕੌਤਕ ਬਿਸਮਾਵਤਿ ਚੀਤ ॥੨੬॥
ਪੰਚ ਕੋਸ ਲਗਿ ਨ੍ਰਿਪ ਜੁਤਿ ਆਏ।
ਪੁਨ ਬਹੁ ਬਾਰੀ ਕਹੱਯੋ ਹਟਾਏ।
ਏਕ ਮਜਲ ਸਭਿ ਚਲਿ ਕਰਿ ਆਏ।
ਨੰਮ੍ਰਿ ਮੇਵਰੋ ਬਾਕ ਅਲਾਏ ॥੨੭॥
'ਧੰਨ ਧੰਨ ਤੁਮ ਸਿਖ ਸਿਰਮੌਰ।
ਨਹਿਂ ਸਮਾਨ ਦੂਸਰ ਕਿਸ ਠੌਰ।

ਹੁਕਮ ਗੁਰੂ ਕੋ ਸਗਰੋ ਮਾਨਾ।
ਸਭਿ ਬਿਧਿ ਬਡਿਆਈ ਨਿਜ ਹਾਨਾ ॥੨੮॥
ਸਭਿ ਮਗ ਮਹਿਂ ਨਹਿਂ ਇਮ ਪੁਜਿ ਆਵੈ।
ਭੁਜਾ ਖੁਲ੍ਹਾਇ ਚਲਯੋ ਤਬਿ ਜਾਵੈ।
ਜਿਸ ਦਿਨ ਚਲੋ ਸੁਧਾਸਰ ਥਾਇਂ।
ਇਸ ਪ੍ਰਕਾਰ ਕੀ ਲਿਹੁ ਬੰਧਵਾਇ' ॥੨੯॥
ਇਮ ਕਹਿ ਚਰਨ ਪਕਰ ਕਰਿ ਰਹਯੋ।
ਤਬਿ ਗੁਰਦਾਸ ਸਭਿਨਿ ਮਹਿਂ ਕਹਯੋ।
'ਚੋਰ ਉਚਿਤ ਚਹੀਯਤਿ ਇਮ ਕਰੀ।
ਜੇ ਤੁਮ ਅਬਿ ਔਰੇ ਮਤਿ ਧਰੀ ॥੩੦॥
ਗੁਰੂ ਨਿਕਟਿ ਤੇ ਚਲਿ ਕਰਿ ਆਯੋ।
ਚਹਹੁ ਸੁ ਕਰਹੁ ਦੇਹੁ ਖੁਲਿਵਾਯੋ।'
ਸਭਿ ਮਾਰਗ ਕੋ ਉਲੰਘਤਿ ਆਏ।
ਜਬਹਿ ਸੁਧਾਸਰ ਕੇ ਨਿਯਰਾਏ ॥੩੧॥
ਤਿਮ ਹੀ ਭੁਜ ਮੁਸ਼ਕਾਂ ਬੰਧਵਾਈ।
ਆਗੈ ਭਯੋ ਪਾਛ ਸਮੁਦਾਈ।
ਸਤਿਗੁਰੁ ਤਖਤ ਅਕਾਲ ਸੁਹਾਏ।
ਸਿਰ ਪਰ ਚਮਰ ਢੁਰਹਿ ਛਬਿ ਪਾਏ ॥੩੨॥
ਸਿੱਖ ਸੁਭਟ ਚਹੁਂ ਦਿਸ਼ਿ ਪਰਵਾਰੇ।
ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਨਿਜ ਸੰਗਤਿ ਕੇ ਜੁਤਿ ਸਮੁਦਾਈ।
ਪਹੁਂਚਤਿ ਭਏ ਪ੍ਰਭੂ ਅਗਵਾਈ ॥੩੩॥
ਹਾਥ ਜੋਰਿ ਧਰਨੀ ਪਰ ਪਰੇ।
ਭਾਉ ਸਮੇਤ ਡੰਡਵਤ ਕਰੇ।
ਖਰੋ ਭਯੋ ਸਨਮੁਖ ਹੁਇ ਗੁਰ ਕੇ।
ਪਿਖਤਿ ਮਨੋਰਥ ਪੂਰਨ ਉਰ ਕੇ ॥੩੪॥
ਸ੍ਰੀ ਹਰਿਗੋਵਿੰਦ ਰਿਦੇ ਪ੍ਰਮੋਦ।
ਗੁਰ ਅਰੁ ਸਿੱਖਨਿ ਹੋਤਿ ਬਿਨੋਦ[1]।

[1]ਭਾਵ ਗੁਰੂ ਕੇ ਸਿਖਾਂ ਨਾਲ (ਕਈ ਵੇਰ ਕੋਈ ਮੱਤ ਦੇਣ ਲਈ) ਬਿਲਾਸ ਵੀ ਹੁੰਦੇ ਹਨ।

ਚਿਤ ਪ੍ਰਸੰਨ ਬਾਹਿਰ ਰਿਸ ਧਰੈਂ।
ਕਹੈਂ ਕਠੋਰ ਤਾੜਨਾ ਕਰੈਂ- ॥੩੫॥
'ਕਰੇ ਖਰੀਦਨਿ ਭਲੇ ਤੁਰੰਗ।
ਤੁਰਤ ਪਹੂਚਜੋ ਲੇ ਕਰਿ ਸੰਗ।
ਬੇਸਰ[1] ਲਾਦਿ ਦਰਬ ਲੇ ਗਯੋ। [1]ਖੱਚਰ।
ਤਜਿ ਸੂਨੋ[1] ਸਭਿ ਭਾਜਤਿ ਭਯੋ ॥੩੬॥ [1]ਸੁੰਞੀ।
ਗੁਰ ਘਰ ਕੋ ਨੁਕਸਾਨ ਨ ਜਾਨਾ।
ਬਾਸ ਬਿਦੇਸ਼ ਜਾਇ ਕਰਿ ਠਾਨਾ।
ਤੁਹੀ ਸਿੱਖ ਸਿਦਕੀ ਬਡ ਜੋਵਾ।
ਪਰਜੋ ਕਾਜ ਗੁਰ ਕੋ, ਅਸ ਹੋਵਾ ॥੩੭॥
ਕਜੋਂ ਅਬਿ ਉੱਤਰ ਦੇਤਿ ਨ ਕੋਈ।
ਇਮ ਚਲਿ ਗਯੋ ਕਹਾਂ ਗਤਿ ਹੋਈ?'
ਸੁਨਿ ਭਾਈ ਗੁਰਦਾਸ ਬਿਚਾਰੇ।
ਦੇਇ ਸਵੈਯੇ ਤਬਹਿ ਉਚਾਰੇ ॥੩੮॥

ਸ੍ਵੈਯਾ:
'ਬੂੰਦ ਔ ਰੇਤ ਗੁਮਾਨ ਕਰੈ ਮਨ,
ਸ਼ੋਭ ਨ ਸਿੰਧੁ ਰਵੀ ਸਮੁਹਾਵੈ[1]। [1]ਸਾਹਮਣੇ।
ਪੰਖ ਔ ਧੂਮ[1] ਉਡੈ ਨਭ ਕੋ ਪਿਖਿ [1]ਪੰਛੀ ਤੇ ਧੂੰਆਂ।
ਤਾਂਹਿ ਅਗਾਧ ਰਿਦੈ ਸੁਕਚਾਵੈ।
ਗੂਲਰ ਜੰਤ[1] ਉਡੰਤਿ ਕਹੋ ਕਿਮ [1]ਗੂਲਰ ਦੇ ਫਲ ਵਿੱਚ ਜੋ ਜੀਵ ਹੁੰਦਾ ਹੈ।
ਪੇਖਿ ਬ੍ਰਹਮੰਡ ਪ੍ਰਚੰਡ ਲਜਾਵੈ।
ਤੂੰ ਕਰਤਾ ਹਮ ਜੰਤੁ[1] ਕਿਏ ਤੁਮ, [1]ਜੀਵ।
ਤੋ ਪਹਿ ਬੋਲਨ ਕਜੋਂ ਬਨਿਆਵੈ[†] ॥੩੯॥

[†]ਦੋ ਲਿਖਤੀ ਨੁਸਖਿਆਂ ਵਿਚ ਇਨ੍ਹਾਂ ਦੋ ਸਵੈਯਾਂ ਤੋਂ ਪਹਿਲੇ ਦੋ ਸਵੈਯੇ ਹੋਰ ਵੀ ਲਿਖੇ ਹਨ ਜੋ ਭਾਈ ਗੁਰਦਾਸ ਜੀ ਦੀ ਆਪਣੀ ਰਚਨਾ ਹੈ ਤੇ ਉਪਰਲੇ ਸਵੈਯੇ ਕਵੀ ਜੀ ਆਪ ਉਨ੍ਹਾਂ ਹੀ ਦੋਹਾਂ ਛੰਦਾਂ ਨੂੰ ਆਪਣੇ ਲਫਜ਼ਾਂ ਵਿੱਚ ਦੇ ਰਹੇ ਹਨ:- ਜਉ ਗਰਬੈ ਬਹੁ ਬੂੰਦ ਚਿਤੰਤਰ, ਸਨਮੁਖ ਸਿੰਧੁ ਸ਼ੋਭ ਨਹੀਂ ਪਾਵੈ। ਜਉ ਬਹੁ ਉਡੇ ਖਗ ਧਾਰਿ ਮਹਾਂ ਬਲ ਪੇਖ ਅਕਾਸ਼ ਰਿਦੇ ਸੁਕਚਾਵੈ। ਜਿਉਂ ਬ੍ਰਹਮੰਡ ਪ੍ਰਚੰਡ ਬਿਲੋਕਤਿ ਗੂਲਰ ਜੰਤ ਉਡੰਤ ਲਜਾਵੈ। ਤੂੰ ਕਰਤਾ ਹਮ ਕੀਏ ਤਿਹਾਰੇ ਜੀ ਤੋ ਪਹਿ ਬੋਲਨ ਕਿਉਂ ਬਨਿਆਵੈ ॥੫੨੭॥ ਤੋ ਸੋ ਨ ਨਾਥ ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ। ਮੋ ਸੋ ਨ ਦੀਨ ਦਇਆਲੁ ਨ ਤੋ ਸਰ, ਮੋ ਸੋ ਅਗਜਾਨਿ ਨ ਤੋ ਸੋ ਬਿਚਾਰੀ। ਮੋ ਸੋ ਪਤਿਤ ਨ ਪਾਵਨ ਤੋ ਸਰ, ਮੋ ਸੋ ਬਿਕਾਰੀ ਨ ਤੋ ਮੋ ਉਪਕਾਰੀ। ਮੋਰੇ ਹੈਂ ਅਵਗੁਨ, ਤੂੰ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ ॥੫੨੮॥

ਭਿਖਾਰਿ ਅਨਾਥ ਨਹੀਂ ਹਮਰੇ ਸਮ,
ਤੋ ਸਮ ਨਾਥ ਨ ਔਰ ਦਤਾਰੀ।
ਦੀਨ ਅੱਗਜਾਨ ਕਹੀਂ ਨਹਿਂ ਮੋ ਸਰ,

ਤੋ ਸਰ ਦਜਾਲ ਨ ਆਨ ਬਿਚਾਰੀ।
ਮੋ ਸਮ ਪਾਪਿ ਬਿਕਾਰਿ ਨਹੀਂ ਜਗ,
ਤੋ ਸਮ ਪਾਵਨ ਔ ਉਪਕਾਰੀ।
ਔਗੁਨ ਸਿੰਧ ਹੌਂ, ਤੂੰ ਗੁਨ ਸਾਗਰ,
ਜਾਤਿ ਅਧੋ ਪ੍ਰਭੁ! ਓਟ ਤੁਮਾਰੀ*'
॥੪੦॥

ਚੌਪਈ:

ਇਮ ਕਹਿ ਆਗੇ ਹੁਇ ਲਲਚਾਯੋ।
ਪਹੁੰਚਯੋ ਨਿਕਟਿ ਚਰਨ ਲਪਟਾਯੋ।
ਨਿਰਹੰਕਾਰ ਬਿਕਾਰ ਬਿਹੀਨਾ।
ਸ਼ੁੱਧ ਭਯੋ ਸ਼੍ਰੀ ਸਤਿਗੁਰੁ ਚੀਨਾ ॥੪੧॥
ਮੁਖ ਤੇ ਬਿਕਸਿ ਪਰੇ ਫੁਰਮਾਯੋ।
'ਧੰਨ ਤੋਹਿ ਗੁਰ ਸਿਦਕ ਕਮਾਯੋ।
ਉਠਹੁ ਚਰਨ ਕੋ ਕੀਜਹਿ ਤਜਾਗੀ[1]। [1]ਛਡੋ।
ਤੂੰ ਮਮ ਪਜਾਰੇ! ਅਤਿ ਅਨੁਰਾਗੀ
॥੪੨॥
ਕਹਜੋ -ਸਿੱਖ ਹੁਇ ਸਿਦਕ ਨ ਹਾਰੇ-।
ਇਸ ਤੁਕ ਪਰ ਭਾ[1] ਲੇਹੁ ਬਿਚਾਰੇ। [1]ਇਹ ਪ੍ਰਸੰਗ) ਹੋਇਆ।
ਕਸੇ ਕਸੌਟੀ ਮੈਂ ਇਸ ਵਾਰੀ।
ਸਿੱਖਜ ਨ ਆਨ ਸਮਾਨ ਤੁਮਾਰੀ'
॥੪੩॥
ਇਮ ਕਹਿ ਬਿਕਸਤਿ ਗੁਰੂ ਕ੍ਰਿਪਾਲਾ।
ਨਿਜ ਕਰ ਤੇ ਖੋਲੇ ਤਿਸ ਕਾਲਾ।
ਮੁਸ਼ਕੈਂ ਛੋਰੀ ਨਿਕਟਿ ਬਿਠਾਯਹੁ।
ਸਰਬ ਸਭਾ ਗੁਰ ਚਰਿਤ ਲਖਾਯੋ ॥੪੪॥
'ਧੰਨ ਗੁਰੂ ਗੁਰ ਕੇ ਸਿਖ ਧੰਨ।
ਅਗਮਗਤੀ, ਕੋ ਲਖਹਿ ਨ ਅੰਨ।'
ਪਠੀ ਭੇਟ ਕਾਂਸ਼ੀਸ਼[1] ਬਿਸਾਲਾ। [1]ਕਾਂਸ਼ੀ ਦੇ ਰਾਜੇ ਨੇ।
ਅਪਰ ਸਪਤ ਸੈ ਸਿਖ ਤਿਸ ਕਾਲਾ
॥੪੫॥
ਅਰਪਨ ਕਰੀ ਗੁਰੂ ਕੇ ਆਗੇ।
ਪਿਖੇ ਸੁਸ਼ੀਲ ਸਕਲ ਅਨੁਰਾਗੇ।

ਸ੍ਰੀ ਹਰਿਗੋਵਿੰਦ ਹੋਰਿ ਅਲਾਯੋ।
ਏਕਲ ਗਜੇ ਸੁ ਸਾਤ ਸੈ ਲਜਾਯੋ ॥੪੬॥
ਧੰਨ ਪੁਨਹਿ ਗੁਰਸਿਖ ਉਪਕਾਰੀ।
ਜਹਿਂ ਜੈ ਹੈਂ ਤਹਿਂ ਕਰਹਿਂ ਉਧਾਰੀ।
ਪਰ ਦੁਖ ਦੇਖਿ ਨ ਸਕਹਿਂ, ਕ੍ਰਿਪਾਲੂ।
ਦੇਤੇ ਗੁਰੁਮਤਿ ਅਨੰਦ ਬਿਸਾਲੂ' ॥੪੭॥
ਤਬਿ ਭਾਈ ਤੁਕ ਫੇਰ ਬਨਾਈ।
ਅਪਰ ਰੀਤਿ ਤੇ ਉਚਰਿ ਸੁਨਾਈ।
-†ਬਿਖ ਦੈ ਮਾਤ, ਕੌਨ ਸਿਸ[1] ਰੱਖੈ? — [1]ਬਾਲ ਨੂੰ।

†ਭਾਈ ਗੁਰਦਾਸ ਜੀ ਦੀ ਅਸਲ ਪਉੜੀ ਐਉਂ ਹੈ:- ਜੇ ਮਾਂ ਪੁੱਤੇ ਵਿਸ ਦੇਇ ਤਿਸ ਤੇ ਕਉਣ ਪਿਆਰਾ। ਜੇ ਘਰ ਭੰਨੈ ਪਾਹਰੂ ਕਉਣ ਰੱਖਣ ਹਾਰਾ। ਬੇੜੀ ਡੋਬੈ ਪਾਤਣੀ ਕੌਣ ਪਾਰ ਉਤਾਰਾ। ਆਗੂ ਲੈ ਉੱਝੜ ਪਵੈ ਕਿਸ ਕਰੇ ਪੁਕਾਰਾ॥ ਜੇ ਕਰਿ ਖੇਤੇ ਖਾਇ ਵਾੜ ਕੋ ਲਹੇ ਨ ਸਾਰਾ॥ ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿੱਖ ਵਿਚਾਰਾ ॥੨੨॥ (ਭਾ: ਗੁ: ਵਾ: ੩

ਚੋਰਹਿ ਪਹਿਰੂ, ਕੋ ਤਿਸ ਲੱਖੈ[1] ॥੪੮॥ — [1]ਚੋਰੀ ਕਰੇ ਪਹਿਰੇਦਾਰ ਤਾਂ ਉਸ ਨੂੰ ਕੌਣ ਜਾਣ ਸਕਦਾ ਹੈ।
ਬੋਰਤਿ ਕਰੀਆ[1], ਕੋ ਤਬਿ ਤਾਰੈ। — [1]ਮਲਾਹ ਡੋਬਣ ਵਾਲਾ ਹੋਵੇ ਤਾਂ।
ਹਤਹਿ ਭੂਪ, ਕਿਸ ਪਾਸ ਪੁਕਾਰੈ।
ਜੇ ਗੁਰ ਸਾਂਗ, ਕਛੁ ਬਰਤਾਰੈ।
ਸਿਖ ਆਗੇ ਤਬਿ ਕਹਾਂ ਬਿਚਾਰੈ†' ॥੪੯॥ — †ਪਾ:-ਭਰਮੈ ਸਿਖ ਕਿਆ ਹਾਥ ਬਿਚਾਰੈ।
ਇੱਤਜਾਦਿਕ ਬਹੁ ਸਿਫਤ ਸੁਨਾਈ।
ਨਿਜ ਲਘੁਤਾ ਕਰਿ ਗੁਰੁ ਬਡਾਈ।
ਸੁਨਿ ਸਤਿਗੁਰੁ ਗਹਿ ਬਾਂਹ ਉਠਾਯੋ।
ਅਪਨੇ ਅੰਗ ਸੰਗ ਤਬਿ ਲਾਯੋ ॥੫੦॥
ਸਭਿਨਿ ਬਿਖੈ ਬਡ ਮਾਨ ਬਧਾਯੋ।
'ਧੰਨ ਧੰਨ' ਨਿਜ ਮੁਖ ਫੁਰਮਾਯੋ।
ਆਗੇ ਤੇ ਦਸ ਗੁਨ ਬਹੁ ਮਾਨ।
ਕਰਿ ਕੈ ਰਾਖਯੋ ਗੁਰ ਭਗਵਾਨ ॥੫੧॥
ਸਭਿਨਿ ਬਿਖੈ ਭਾਈ ਜਸ ਭਯੋ।
ਦੇਸ਼ ਬਦੇਸ਼ਨਿ ਮਹਿਂ ਸੁਨਿ ਲਯੋ।
ਗੁਰ ਘਰ ਮਹਿਂ ਗੁਰਦਾਸ ਵਡੇਰਾ।
ਗੁਰ ਸਿਖ ਮਾਨਤਿ ਭਏ ਘਨੇਰਾ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਸ੍ਰੀ ਸੂਰਜ ਮੱਲ ਜੀ ਦਾ ਵਿਵਾਹ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਬਸਹਿ ਬਾਸ[1] ਕਰਤਾਰਪੁਰਿ, ਸੂਰਜਮਲ ਸਸੁਰਾਰ[2]।
ਗੁਰਦਿੱਤੇ ਢਿਗ ਗਯੋ ਤਬਿ, ਬਜਾਹੁ ਬਜੋਂਤ ਸੁ ਬਿਚਾਰਿ ॥੧॥

[1]ਘਰ (ਬਣਾਕੇ)। [2]ਦਾ) ਸਹੁਰਾ।

ਚੌਪਈ:

'ਮੋ ਚਿਤ ਮਹਿਂ ਅਬਿ ਦੇਵਹੁ ਬਜਾਹੂ।
ਆਯੋ ਬੂਝਨਿ ਤੁਮਰੇ ਪਾਹੂ।'
ਸੁਨਿ ਸ਼੍ਰੀ ਗੁਰਦਿੱਤੇ ਪੁਨ ਕਹਯੋ।
ਭਲੇ ਮਨੋਰਥ ਤੌਂ ਉਰ ਲਹਯੋ ॥੨॥
ਸਾਹੇ ਕੋ ਨਿਕਸਾਇ ਪਠਾਵਹੁ++।
ਗੁਰ ਹਰਖਹਿਂ, ਅਬਿ ਨਹਿਂ ਬਿਲਮਾਵਹੁ।'
ਸੁਨਿ ਸਲਾਹ ਨਿਜ ਮੰਦਰ ਆਯੋ।
ਬੈਠਿ ਬਿੱਪ੍ਰ ਕੇ ਨਿਕਟਿ ਬੁਲਾਯੋ ॥੩॥
'ਮਮ ਪੁੱਤ੍ਰੀ ਕੋ ਸੋਧਹੁ ਸਾਹਾ†।
ਲਿਖਿ ਭੇਜਹਿਂ ਪੁਨ ਸਤਿਗੁਰ ਪਾਹਾ।'
ਸੁਨਿ ਦਿਜ ਪੱਤ੍ਰੀ ਦੇਖਿ ਬਿਚਾਰਯੋ।
ਮਾਸ ਵਿਸਾਖ ਬਿਖੈ ਨਿਰਧਾਰਯੋ ॥੪॥
ਸਤਾਈਸਵੀ ਲਿਖਿ ਦੀ ਪਾਤੀ।
ਦਿਜਬਰ ਕਰਯੋ ਤਯਾਰ ਭਲਿ ਭਾਂਤੀ।
ਸ਼੍ਰੀ ਗੁਰਦਿੱਤੇ ਤਬਿ ਕਹਿ ਭੇਜਾ।
'ਹਮ ਹੈਂ ਤਯਾਰ ਸੰਗ ਦਿਜ ਲੇ ਜਾ[1]' ॥੫॥

†ਦੇਖੋ ਰਾਸ ੪ ਅੰਸੂ ਅੰਕ ੨੪ ਦੀ ਹੇਠਲੀ ਟੂਕ।

[1]ਨਾਲ ਬ੍ਰਹਮਣ ਨੂੰ ਲੈ ਜਾਵਾਂਗੇ।

ਇਕ ਦਿਨ ਪੁਰਿ ਬਿਤਾਇ ਕਰਿ ਚਾਲੇ।
ਦਿਜ ਸਾਹਾ ਲੇ ਕਰਿ ਨਿਜ ਨਾਲੇ।
ਆਨਿ ਸੁਧਾਸਰ ਪੁਰੀ ਪ੍ਰਵੇਸ਼ੇ।
ਮਿਲੇ ਤਬਹਿ ਪਰਿਵਾਰ ਅਸ਼ੇਸ਼ੇ ॥੬॥
ਕਰਿ ਡੇਰਾ ਕਰ ਚਰਨ ਪਖਾਰੇ।
ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਸ਼੍ਰੀ ਗੁਰਦਿੱਤਾ ਲੇ ਦਿਜ ਸਾਥ।

ਮਿਲੇ ਜਾਇ ਨਿਜ ਪਿਤ ਜਗਨਾਥ ॥੭॥
ਕਰਿ ਬੰਦਨ ਬੈਠ੍ਯੋ ਤਬਿ ਪਾਸ।
ਪੁੱਤ੍ਰ ਬਿਲੋਕਿ ਪ੍ਰਮੋਦ[1] ਪ੍ਰਕਾਸ਼। [1]ਅਨੰਦ।
ਧਰਿ ਸਨੇਹ ਸਿਰਪਰ ਕਰ ਫੇਰਾ।
ਕੁਸ਼ਲ ਬੂਝਿ ਪ੍ਰਿਯ[1] ਬਰ ਮੁਖਹੇਰਾ ॥੮॥ [1]ਪਿਆਰੇ ਦਾ।
ਦਿਜ ਸਨਮੁਖ ਬੈਠ੍ਯੋ ਤਬਿ ਆਨਿ।
ਕਰੀ ਬਜਾਹੁ ਕੀ ਬਾਤ ਬਖਾਨ[1]। [1]ਗੁਰਦਿੱਤਾ ਜੀ ਨੇ) ਆਖੀ।
'ਬਿੱਪ੍ਰ ਪਠਾਯੋ ਸਾਹਾ ਦੈ ਕੈ।
ਅਪਰ ਸਕਲ ਤਜਾਰੀ ਨਿਜ ਕੈ ਕੈ ॥੯॥
ਫਾਗਣ ਬੀਸ ਦਿਵਸ ਅਬਿ ਗਯੋ।
ਬਜਾਹ ਵਿਸਾਖ ਮਾਸ ਕੋ ਦਯੋ।'
ਸੁਨਿ ਸਤਿਗੁਰੂ ਸਰਾਹਨ ਕੀਨਾ।
'ਆਛੀ ਬਾਤ ਭਈ ਤਿਨ ਦੀਨਾ[1]' ॥੧੦॥ [1]ਭਾਵ ਸੂਰਜ ਮਲ ਦੇ ਸਹੁਰੇ ਨੇ ਵਿਆਹ ਦੇ ਦਿੱਤਾ।
ਕਹਿ ਦਿਜ ਕੋ ਸ਼ੁਭ ਸਦਨ ਉਤਾਰਾ।
ਸੁਧਿ ਜਬਿ ਭਈ ਸਕਲ ਪਰਵਾਰਾ।
ਜੇ ਮੰਗਲ ਕੇ ਸਗੁਨ ਬਿਸਾਲੇ।
ਕਰੇ ਪ੍ਰਮੋਦ ਬਿਨੋਦਨ ਜਾਲੇ[1] ॥੧੧॥ [1]ਅਨੰਦ ਦੇ ਸਮੂਹ ਬਿਲਾਸ।
ਨੇਤੀ ਮਿਲ ਤ੍ਰੈ ਸਾਸਨ ਸਾਥ।
ਕਰ ਬੰਦਤਿ ਪਗ ਟੇਕ੍ਯੋ ਮਾਥ।
ਮਨਹੁਂ ਅਨੰਦ ਕੇ ਉਦਧਿ ਮਝਾਰੂ।
ਮਿਲੇ ਮੀਨ ਸਮ ਸਭਿ ਪਰਵਾਰੂ ॥੧੨॥
ਬਜੇ ਸਦਨ ਦਰ ਪਰ ਸ਼ਦਿਯਾਨੇ[1]। [1]ਖੁਸ਼ੀ ਦੇ ਵਾਜੇ।
ਲਘੁ ਦੀਰਘ ਦੁੰਦਭਿ ਧੁਨਿ ਠਾਨੇ।
ਢੋਲ ਨਫੀਰੀ ਝੰਝ ਬਜਾਵੈਂ।
ਹੋਤਿ ਕੁਲਾਹਲ ਜਨ ਬਹੁ ਆਵੈਂ ॥੧੩॥
ਤਿਸ ਨਿਸ ਮਹਿਂ ਉਤਸਵ ਅਤਿ ਕੀਨਾ।
ਤੀਨ ਦਿਵਸ ਦਿਜ ਰਾਖਿ ਪ੍ਰਬੀਨਾ।
ਬਹੁਰ ਬਿਦਾ ਹੁਇ ਪੁਰਿ ਕਰਤਾਰਾ।
ਜਾਇ ਬਿੱਪ੍ਰ ਸੁਧਿ ਕਰੀ ਉਚਾਰਾ ॥੧੪॥
ਪ੍ਰੇਮ ਚੰਦ ਸੁਨਿ ਕਰਿ ਹਰਖਾਯੋ।
ਸੰਚੈ ਸਕਲ ਸਮਾਜ ਕਰਾਯੋ।

ਤ੍ਰਿਣ ਅਰੁ ਅੰਨ ਘ੍ਰਿੱਤ ਮਿਸ਼ਟਾਨ।
ਦੁਗਨ ਖਰਚ ਤੇ ਕਰੇ ਮਹਾਨ ॥੧੫॥
ਇਸੀ ਰੀਤਿ ਦਿਨ ਕਿਤਿਕ ਬਿਤਾਏ।
ਮੇਲ ਬਸੋਏ ਕੋ ਨਿਯਰਾਏ।
ਸਭਿਨਿ ਸਥਾਨ ਸੰਬੰਧੀ ਜੇਤੇ।
ਪਠਿ ਨਰ ਕਰੇ ਹਕਾਰਨਿ ਤੇਤੇ ॥੧੬॥
ਜਹਿਂ ਕਹਿਂ ਬਜਾਹਿ ਸੁਨਤਿ ਹਰਖਾਏ।
'ਭਲੀ ਭਈ ਐਸੇ ਦਿਨ ਆਏ।
ਆਛੀ ਰਿਤੁ ਬਹੁ ਤਪਤ ਨ ਸੀਤ।
ਉਤਸਵ ਸ਼ਾਦੀ ਕੀ[1] ਸਭਿ ਰੀਤ' ॥੧੭॥ [1]ਵਿਆਹ ਦੇ ਉਤਸਵ ਦੀ।
ਪੁਨ ਬਡ ਹੋਇ ਸੁਧਾਸਰ ਮੇਲਾ।
ਸਿੱਖ ਮਸੰਦਨ ਬਨਹਿਂ ਸਕੇਲਾ।
ਯਾਂ ਤੇ ਬਹੁ ਅਨੰਦ ਕਰਿ ਮੇਲੀ।
ਆਵਹਿਂ ਘਰ ਕੇ ਕਾਰਜ ਪੇਲੀ[1] ॥੧੮॥ [1]ਛੱਡਕੇ।
ਬ੍ਰਿੰਦ ਮਨੁਜ ਕੋ ਲੈ ਲੈ ਸਾਥ।
ਆਨਿ ਬਿਲੋਕੇ ਸ਼੍ਰੀ ਗੁਰਨਾਥ।
ਦਾਤੂ ਕੇ ਸੁਤ ਸਹਤ ਕੁਟੰਬ।
ਆਇ ਮਿਲੇ ਗੁਰ, ਹੀਨ ਬਿਲੰਬ[1] ॥੧੯॥ [1]ਛੇਤੀ।
ਗੋਇੰਦਵਾਲ ਬਿਸਾਲ ਉਤਾਲੇ[1]। [1]ਛੇਤੀ ਕਰ ਕੇ।
ਸਭਿ ਪਰਵਾਰ ਹੋਇ ਨਰ ਜਾਲੇ।
ਸੁਧਾ ਸਰੋਵਰ ਕੋ ਚਲਿ ਆਏ।
ਜਥਾਜੋਗ ਮਿਲਿ ਗੁਰ ਹਰਖਾਏ ॥੨੦॥
ਡੱਲੇ, ਡਾਰੋਲੀ, ਮੰਡਿਆਲੀ।
ਆਏ ਸੰਗਤਿ ਸੰਗ ਬਿਸਾਲੀ।
ਮਉ, ਮੱਲੇ ਅਰੁ ਨਗਰ ਵਟਾਲੇ।
ਆਇ ਮਿਲੇ ਜੁਤਿ ਮਾਨਵ ਜਾਲੇ ॥੨੧॥
ਬ੍ਰਿਧ ਕੋ ਸੁਤ ਭਾਨਾ ਤਬਿ ਆਯੋ।
ਸੰਗ ਪੁੱਤ੍ਰ ਪੌਤ੍ਰਨ ਕੋ ਲਯਾਯੋ।
ਹਰੀਚੰਦ ਨਿਤ ਪਾਸ, ਅਵਾਸਾ।
ਰਾਮਦਾਸ ਪੁਰਿ ਮਹਿਂ ਸੁਖਰਾਸਾ ॥੨੨॥
ਸਤਿਗੁਰ ਮਹਿਲ ਗਯੋ ਭਰਿ ਸਬੈ।

ਆਈ ਸਭਿ ਥਲ ਤੇ ਤ੍ਰਿਯਾ ਤਬੈ।
ਅਪਰ ਸਦਨ ਗਨ ਹੁਤੇ ਚਿਨਾਏ।
ਕਹਿ, ਸਭਿਹਿਨਿ ਕੋ ਸਿਵਰ ਕਰਾਏ ॥੨੩॥
ਜਥਾ ਜੋਗ ਮਿਲਿ ਸਭਿ ਹਰਖਾਏ।
ਸੁਧਾਸਰੋਵਰ ਮੱਜ ਨਹਾਏ[1]।

[1]ਪਹਿਲੋਂ ਖੂਹ ਦੇ ਜਲ ਨਾਲ) ਨ੍ਹਾ ਕੇ ਸੁਧਾ ਸਰੋਵਰ ਵਿਚ ਇਸ਼ਨਾਨ ਕੀਤਾ।

ਅਸਨ ਬਨਤਿ ਹੈਂ ਬਿਬਿਧ ਪ੍ਰਕਾਰੇ।
ਸ੍ਵਾਦਲ ਖਟ ਰਸ ਖਾਇ ਅਹਾਰੇ ॥੨੪॥
ਦੋਨਹੁਂ ਸਮੈ ਅਚਵਿ ਤ੍ਰਿਪਤਾਵੈਂ।
ਅਨਗਨ ਸੰਗਤਿ ਮੇਲਾ ਆਵੈ।
ਦਿਵਸ ਨਿਸਾ ਨਰ ਮਿਲਿ ਸਮੁਦਾਈ।
ਕਰਹਿਂ ਦੇਗ ਕੁਛ ਗਨੀ ਨ ਜਾਈ ॥੨੫॥
ਇਕ ਤੋ ਬਜਾਹ ਮੇਲ ਅਰੁ ਮੇਲਾ।
ਸੁਨ ਜਹਿਂ ਕਹਿਂ ਤੇ ਬਹੁਤ ਸਕੇਲਾ।
ਨਿਤ ਪ੍ਰਤਿ ਸਤਿਗੁਰ ਲਾਇਂ ਦਿਵਾਨ।
ਸੁਭਟ ਹਜ਼ਾਰਹੁਂ ਬੈਠਹਿਂ ਆਨਿ ॥੨੬॥
ਜੋ ਸਨਬੰਧੀ ਸਭਿ ਤਬਿ ਆਵੈਂ।
ਸੰਗਤਿ ਅਨਗਨ ਭੇਟ ਚੜ੍ਹਾਵੈ।
ਅਧਿਕ ਭੀਰ ਗੁਰ ਕੋ ਚਹੁਂਫੇਰੇ।
ਸਾਹਿਬਜ਼ਾਦੇ ਚਾਰਹੁਂ ਨੇਰੇ ॥੨੭॥
ਇਮ ਨਿਤ ਮੰਗਲ ਹੋਤਿ ਨਵੀਨਾ।
ਨਿਕਟਿ ਬਜਾਹ ਕੋ ਬਾਸੁਰ ਚੀਨਾ।
ਸ਼੍ਰੀ ਹਰਿਗੋਵਿੰਦ ਹੁਕਮ ਬਖਾਨਾ।
'ਸਜਹੁ ਬਰਾਤਿ ਤਜਾਰ ਬਿਧਿ ਨਾਨਾ' ॥੨੮॥
ਸੁਨਿ ਆਇਸੁ ਸਭਿ ਕੇ ਚਿਤ ਚਾਊ।
ਬਸਨ ਬਿਭੂਖਨ ਦੇਹੁ ਸਜਾਊ।
ਸਜਿ ਸਜਿ ਸੁੰਦਰ ਬਾਹਨ ਨਾਨਾ।
ਭਏ ਅਰੂਢਨ ਤਜਾਰ ਸੁਜਾਨਾ ॥੨੯॥
ਪ੍ਰਥਮ ਬ੍ਰਿੰਦ ਕਰਿ ਲੇ ਪਕਵਾਨਾ।
ਸ਼੍ਰੀ ਹਰਿ ਗੋਵਿੰਦ ਪਰਮ ਸੁਜਾਨਾ।

ਤਖਤ ਅਕਾਲ ਅਰਪਿ ਕਰਿ ਭਲੇ।
ਸ਼੍ਰੀ ਹਰਿਮੰਦਰ ਕੀ ਦਿਸ਼ਿ ਚਲੇ ॥੩੦॥
ਬਸਤ੍ਰ ਬਿਭੂਖਨ ਸ਼ਸਤ੍ਰ ਸੁ ਅੰਗ।
ਸ਼੍ਰੀ ਗੁਰਦਿੱਤਾ ਸ਼ੋਭਤਿ ਸੰਗ।
ਸੂਰਜਮਲ ਕੋ ਆਗੇ ਕੀਨਿ।
ਬਾਂਮ ਭਾਗ[1] ਅਣਿਰਾਇ ਪ੍ਰਬੀਨ ॥੩੧॥
ਦਿਸ਼ ਦਾਹਨ ਸ਼੍ਰੀ ਤੇਗ ਬਹਾਦਰ।
ਦਾਸ ਗੋਦ ਮਹਿਂ ਲੀਨੇ ਸਾਦਰ।
ਧੀਰਮੱਲ ਕੋ ਤਥਾ ਉਚਾਏ।
ਸੰਗ ਮਸਾਹਿਬ ਸਿਖ ਸਮੁਦਾਏ ॥੩੨॥
ਜਾਇ ਥਿਰੇ ਦਰਬਾਰ ਅਗਾਰੀ।
ਕਰ ਬੰਦਨ ਪ੍ਰਦੱਛਨਾ ਧਾਰੀ।
ਅੰਤਰ ਪ੍ਰਵਿਸ਼ਿ ਜੋਰਿ ਕਰ ਖਰੇ।
ਤਬਿ ਅਰਦਾਸ ਮੇਵਰੋ ਕਰੇ ॥੩੩॥
'ਸੁਤ ਪੌਤ੍ਰੇ ਜੁਤਿ ਸਭਿ ਪਰਵਾਰੈ।
ਸ਼੍ਰੀ ਗੁਰ ਰਾਮਦਾਸ ਸੁਖ ਧਾਰੈਂ।'
ਮਸਤਕ ਟੇਕ ਸੁ ਨਿਕਸੇ ਬਾਹਰ।
ਜਿਨ ਕੋ ਸਭਿ ਜਗ ਮੈਂ ਜਸੁ ਜ਼ਾਹਰ ॥੩੪॥
ਚਢੇ ਪਾਲਕੀ ਮਹਿਂ ਗੁਨਖਾਨੀ।
ਬਾਦਤ ਕੀ ਧੁਨਿ ਊਚ ਉਠਾਨੀ।
ਦੀਰਘ ਦੈਂ ਦੈਂ[1] ਬਜੈਂ ਦਮਾਮੇ।
ਢੋਲ ਪਟੇ ਕੀ ਧੁਨਿ ਮਿਲ ਤਾਂ ਮੈਂ ॥੩੫॥
ਡਫ ਮੁਰਲੀ ਬਹੁ ਬਜਹਿਂ ਨਫੀਰਾ।
ਚਢਨ ਸਮੈਂ ਹੋਈ ਬਡ ਭੀਰਾ।
ਲੌਕਿਕ ਬੈਦਿਕ ਰੀਤਿ ਘਨੇਰੀ।
ਨਰ ਤ੍ਰਿਯਨ ਕੀਨਸਿ ਤਿਸ ਬੇਰੀ[†] ॥੩੬॥
ਸਭਿ ਬਰਾਤਿ ਕੋ ਭਲੇ ਚਢਾਇ।
ਗਾਵਤਿ ਮੁਰੀ ਸਦਨ ਸਮੁਦਾਇ।
ਸੂਰਜ ਮਲ ਕੋ ਆਗੈ ਕਰਿਕੈ।
ਗਮਨੇ ਸਕਲ ਹਰਖ ਉਰ ਭਰਿ ਕੈ

[1]ਖੱਬੇ ਪਾਸੇ।

[1]ਦੈ ਦੈਂ ਸ਼ਬਦ ਕਰ ਕੇ।

[†]ਦੇਖੋ ਰਾਸ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।

॥੩੭॥
ਉਲੰਘੇ ਸਲਿਤਾ ਆਇ ਬਿਪਾਸਾ।
ਡੇਰਾ ਕਰਯੋ ਤਾਂਹਿ ਤਟ ਪਾਸਾ।
ਜਥਾਜੋਗ ਸੇਵਾ ਸਭਿ ਕੇਰੀ।
ਕਰੀ ਮਸੰਦਨ ਮਿਲਿ ਬਹੁਤੇਰੀ ॥੩੮॥
ਨਿਸਾ ਬਿਤਾਇ ਚੜੇ ਮਗ ਚਾਲੇ।
ਸੁਨਿ ਸੁਨਿ ਜਾਚਕ ਆਇ ਬਿਸਾਲੇ।
ਲੇਤਿ ਦਰਬ, ਕੋ ਹਟਯੋ ਨ ਖਾਲੀ।
ਕਹਯੋ ਗੁਰੂ 'ਸਭਿ ਦੇਹੁ ਸੰਭਾਲੀ'
॥੩੯॥
ਡੇਢ ਜਾਮ ਦਿਨ ਬੀਤਤਿ ਆਏ।
ਸ਼੍ਰੀ ਕਰਤਾਰ ਪੁਰਾ ਜਿਸ ਥਾਏ।
ਸ਼ਕਰ ਗੰਗ ਉਦਪਾਨ ਜੁ ਪਾਵਨ[1]।
ਸ਼੍ਰੀ ਅਰਜਨ ਸ਼ੁਭ ਕਰਯੋ ਲਗਾਵਨ
॥੪੦॥
ਸਹਤ ਬਰਾਤ ਉਤਰ ਤਹਿਂ ਪਰੇ।
ਸ਼੍ਰੀ ਗੁਰਦੇਵ ਤਰੋਵਰੁ ਤਰੇ।
ਸਮ ਸੂਰਜ ਕੇ ਬਿਜਨਾ ਹੋਤਿ।
ਚਮਰ ਢੁਰਹਿ ਛਬਿ ਕਰਹਿ ਉਦੋਤਿ
॥੪੧॥
ਜੋ ਜੋ ਮੰਗਤ ਜਨ ਚਲਿ ਆਵੈ।
ਤਤਛਿਨ ਲੈ ਲੈ ਦਰਬ ਸਿਧਾਵੈ।
ਡੇਢ ਜਾਮ ਲੌ ਸਭਿ ਬਿਸਰਾਮੇ।
ਬਸਨ ਬਿਭੂਖਨ ਤਨ ਅਭਿਰਾਮੇ ॥੪੨॥
ਪ੍ਰੇਮਚੰਦ ਨਰ ਪਠਿ ਅਗਵਾਏ।
ਸਨਮਾਨੇ ਸਤਿਗੁਰ ਸਤ ਭਾਏ[1]†।
'ਮਹਾਂਰਾਜ! ਅਬਿ ਅੰਤਰ ਚਾਲੋ।
ਨਿਜ ਮੰਦਿਰ ਬਿਸਰਾਮ ਸੰਭਾਲੋ'
॥੪੩॥
ਸੁਨਯੋ ਸਭਿਨਿ 'ਅਬਿ ਅੰਤਰ ਚਾਲੇ।'
ਬਹੁ ਬਾਦਿਤ ਧੁਨਿ ਊਚ ਉਠਾਲੇ।
ਚਢੇ ਛੈਲ ਹਯ ਚਪਲ ਚਲਾਵੈਂ।

[1]ਸ਼ਕਰ ਗੰਗ (ਨਾਮ ਦਾ) ਪਵਿੱਤ੍ਰ ਖੂਹ।

[1]ਸਚੇ ਪਿਆਰ ਨਾਲ। †ਪਾ:-ਸਭਿ ਭਾਏ।

ਕੋ ਸਜੰਦਨ ਪਰ ਚਢੇ ਸਿਧਾਵੈਂ ॥੪੪॥
ਕੇਤਿਕ ਗਜ ਅਰੂਢ ਕਰਿ ਚਲੇ।
ਧਨ ਬਰਖਾਵਤਿ ਜਨੁ ਘਨ ਭਲੇ।
ਬਹੁਤ ਬਰਣ ਕੇ ਗਹੇ ਨਿਸ਼ਾਨ।
ਆਗੈ ਗਮਨਹਿਂ ਸ਼ਭਤਿ ਮਹਾਨ ॥੪੫॥
ਗਰੀ ਗਰੀ ਮਹਿਂ ਧਨ ਬਰਖਾਯੋ।
ਪਰਿ ਜਨ ਦੇਖਤਿ ਅਨੰਦ ਵਧਾਯੋ।
ਅਪਨੇ ਮੰਦਿਰ ਉਤਰੇ ਜਾਈ।
ਲੈ ਲੈ ਭੇਟ ਮਿਲੇ ਸਮੁਦਾਈ ॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸੂਰਜ ਮਲ ਬਿਆਹ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਬਰਾਤ ਵਾਪਸ। ਸ਼੍ਰੀ ਤੇਗ ਬਹਾਦਰ ਜੀ ਦੀ ਸਗਾਈ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਮਹਾਂ ਕੁਲਾਹਲ ਪੁਰਿ ਬਿਖੈ,
ਹੋਤਿ ਭਯੋ ਆਨੰਦ।
ਜਿਨ ਜਿਨ ਤਿਸ ਛਿਨ ਗੁਰ ਪਿਖੇ,
ਤਿਨ ਫਲ ਪੁੰਨ ਬਿਲੰਦ ॥੧॥

ਚੌਪਈ:

ਪ੍ਰੇਮ ਚੰਦ ਤਬਿ ਪਠੀ ਬਟੇਰੀ[1]।

[1]ਵਿਆਹ ਤੋਂ ਪਹਿਲਾਂ ਜਾਵੀਆਂ ਨੂੰ ਜੋ ਰਸਦ ਘੱਲੀ ਜਾਵੇ। ਕਈ ਥਾਂ ਇਸੇ ਤਰ੍ਹਾਂ ਦੀ ਰਸਦ ਨੂੰ 'ਹਲੂਫਾ' ਕਹਿੰਦੇ ਹਨ, ਕਿਤੇ 'ਕੁਆਰੀ ਰੋਟੀ' ਬੀ ਕਹਿੰਦੇ ਹਨ।

ਸਭਿਨਿ ਬਿਲੋਕਤਿ ਖੁਸ਼ੀ ਘਨੇਰੀ।
ਹਿਤ ਮਿਲਨੀ ਕੇ ਬਹੁਰ ਬੁਲਾਏ।
ਹੁਇ ਤਿਆਰ ਚਾਲੇ ਸਮੁਦਾਏ ॥੨॥
ਸੂਰਜ ਮਲ ਬੜਵਾ ਪਰ ਆਛੇ।
ਤੇਗ ਬਹਾਦਰ ਸ਼ੋਭਤਿ ਪਾਛੇ।
ਤਬਿ ਆਤਸ਼ਬਾਜ਼ੀ ਚਲਿਵਾਈ।
ਦੇਖਤਿ ਲੋਕ ਮਿਲੇ ਸਮੁਦਾਈ ॥੩॥
ਕੇਤਿਕ ਚਰਖੀ[1] ਅਧਿਕ ਭ੍ਰਮਾਵੈਂ।

[1]ਆਤਸ਼ਬਾਜ਼ੀ ਦੀ ਚਰਖੀ।

ਕੋ ਸਜ਼ੋਰ ਉਡਿ ਗਗਨ ਸਿਧਾਵੈਂ।
ਅਧਿਕ ਕੁਲਾਹਲ ਸੁਨਹਿ ਬਿਲੋਕਤਿ।
ਮਹਾਂ ਪ੍ਰਕਾਸ਼ ਮਤਾਬੀ ਮੋਕਤਿ[1][†] ॥੪॥

[1]ਕੱਢਦੀ ਹੈ। [†]ਪਾ:-ਹੋਵਤਿ।

ਪ੍ਰੇਮ ਚੰਦ ਲੇ ਬਹੁਤ ਉਪਾਇਨ।
ਆਨਿ ਪਰਜੋ ਸਤਿਗੁਰ ਕੇ ਪਾਇਨ।
ਤਿਹ ਉਠਾਇ ਕਰਿ ਕੰਠ ਲਗਾਯੋ।
ਜਗਤ ਰੀਤਿ ਮਹਿਂ ਗੁਰ ਮਨ ਭਾਯੋ ॥੫॥
ਭਯੋ ਨਿਹਾਲ ਅੰਗ ਕੋ ਲਾਗਾ।
ਪ੍ਰੇਮ ਚੰਦ ਉਰ ਅਤਿ ਅਨੁਰਾਗਾ।
ਪ੍ਰਥਮ ਜਨਮ ਗਨ ਪੁੰਨ ਸਕੇਲਾ।
ਤਿਨਹੁ ਦੀਨਿ ਫਲ, ਗੁਰ ਮੇਲਾ ॥੬॥
ਲੇ ਦੂਲਹੁ ਕਉ ਦ੍ਵਾਰ ਸਿਧਾਰੇ।
ਬੈਦਿਕ ਲੌਕਿਕ ਕਰਿ ਬਿਵਹਾਰੇ[†]।

[†]ਕਿਤਨੀ ਥਾਈਂ ਕਵੀ ਜੀ ਆਪ ਕਹਿ ਆਏ ਹਨ ਕਿ ਬੈਦਿਕ ਲੌਕਿਕ ਰੀਤੀ ਗੁਰਾਂ ਨੇ ਨਹੀਂ ਕੀਤੀ। ਜੇ ਬੈਦਿਕ ਲੌਕਿਕ ਰੀਤਾਂ ਨਾ ਛੱਡ ਦੇਂਦੇ ਤਾਂ ਹਿੰਦੂ ਤਰੁਕਾਂ ਦੇ ਬਖੇੜੇ ਸ਼ਕੈਤਾਂ ਤੇ ਪੰਚਮ ਗੁਰੂ ਜੀ ਦੇ ਸਾਕੇ ਕਿਉਂ ਵਰਤਦੇ। ਜਿਨ੍ਹਾਂ ਦੇ

ਨੇਤਰਾਂ ਸਾਹਮਣੇ ਏਹ ਰਸਮਾਂ ਹੋਈਆਂ ਹਨ ਉਹ ਭਾ: ਗੁਰਦਾਸ ਜੀ ਲਿਖਦੇ ਹਨ:- 'ਪੁਛਤ ਨਾ ਜੋਤਿਕ ਨਾਂ ਬੇਦ ਥਿਤ ਵਾਰ ਕਛੁ:।' ਤੇ ਆਪ ਪੰਚਮ ਸਤਿਗੁਰੁ ਜੀ ਫਰਮਾਉਂਦੇ ਹਨ 'ਦੁਤੀਆ ਤਿਆਗੀ ਲੋਗਾ ਰੀਤਿ' ॥ [ਆਸਾ ਮ:੫

ਪੁਨ ਨਿਕੇਤ ਅਪਨੇ ਚਲਿ ਆਏ।
ਕੌਤਕ ਹੋਤਿ ਅਨੇਕ ਸਿਧਾਏ ॥੭॥
ਬਹੁਰੋ ਭੋਜਨ ਹੇਤੁ ਬੁਲਾਏ।
ਦਿਪਹਿਂ ਮਤਾਬੀ ਅਰੁ ਫੁਲਵਾਏ।
ਜਾਰਤਿ ਝਾਰਨ ਬ੍ਰਿੰਦ ਮਸਾਲੈਂ[1]।
ਬਾਦਤ ਬਾਜਤਿ ਨਾਦ ਉਠਾਲੇਂ ॥੮॥
ਸਨੈ ਸਨੈ ਚਾਲਤਿ ਪਗ ਡਾਰਤਿ।
ਲੋਕ ਹਜ਼ਾਰਹੁਂ ਦਰਸ ਨਿਹਾਰਤਿ।
ਪ੍ਰੇਮ ਚੰਦ ਕੇ ਸਦਨ ਪ੍ਰਵੇਸ਼ੇ।
ਲੇ ਕਰਿ ਸੰਗ ਬਰਾਤ ਅਸ਼ੇਸ਼ੇ ॥੯॥
ਚੰਦਨ ਚੌਂਕੀ ਕੋ ਡਸਵਾਇ।
ਊਪਰ ਸੇਤ ਬਸਤ੍ਰ ਕੋ ਪਾਇ।
ਤਿਸ ਪਰ ਸਾਦਰ ਗੁਰੂ ਬਿਠਾਏ।
ਅਪਰ ਪੰਕਤੀ ਅਨਿਕ ਲਗਾਏ ॥੧੦॥
ਬਿਚ ਸ਼ੋਭਤਿ ਸ਼੍ਰੀ ਹਰਿਗੋਵਿੰਦ।
ਉਡ ਬ੍ਰਿੰਦਨ ਮਹਿਂ ਚੰਦ ਮਨਿੰਦ।
ਸੂਪਕਾਰ ਤਤਛਿਨ ਚਲਿ ਆਏ।
ਪਰੁਸਨ ਲਾਗਿ ਅਸਨ ਸਮੁਦਾਏ ॥੧੧॥
ਦੂਸਰ ਚੌਂਕੀ ਪਰ ਧਰਿ ਥਾਰ।
ਗੁਰ ਆਗੈ ਖਟ ਰਸਨਿ ਅਹਾਰ।
ਹੁਤੇ ਚਤੁਰ ਤਤਛਿਨ ਸਭ ਆਗੇ।
ਭੋਜਨ ਧਰਜੋ, ਖਾਨ ਗਨ ਲਾਗੇ ॥੧੨॥
ਸ਼੍ਰੀ ਕਰਤਾਰਪੁਰੇ ਕੀ ਨਾਰੀ।
ਚਢਿ ਕੋਠਨਿ ਪਰ ਉਮਡੀ ਸਾਰੀ।
ਪ੍ਰਥਮ ਦਰਸ ਕਰਿ ਦ੍ਵੈ ਕਰ ਜੋਰੇ।
ਬੰਦਨ ਕਰੀ ਸਭਿਨਿ ਗੁਰ ਓਰੇ ॥੧੩॥
ਮਨ ਮੈਂ ਭਯੋ ਅਨੰਦ ਘਨੇਰਾ।
ਗਾਵਨ ਲਗੀ ਸਕਲ ਤਿਸ ਬੇਰਾ।
ਹੁਤੀ ਅਨੁਚਿਤ ਗੁਰੂ ਕੋ ਗਾਰੀ।
ਤਊ ਭਈ ਉਤਸਵ ਬਸਿ ਸਾਰੀ[1]†

[1]ਬਹੁਤੇ ਝਾੜ ਤੇ ਮਸ਼ਾਲਾਂ ਬਾਲਦੇ ਹਨ।

॥੧੪॥

[1]ਸਾਰੀਆਂ (ਇਸਤ੍ਰੀਆਂ ਉਤਸਵ ਦੇ) ਉਤਸਾਹ ਵਸ ਹੋਈਆਂ। †ਇਹ ਅਸੰਭਵ ਹੈ ਕਿ ਨਾਮ ਲੈ ਕੇ ਗੁਰਮੁਖ ਹੋਈਆਂ ਇਸਤ੍ਰੀਆਂ ਜਿਨ੍ਹਾਂ ਬਾਬਤ ਪੰਚਮ ਸਤਿਗੁਰੂ ਜੀ ਨੇ ਸਾਖ ਭਰੀ ਹੈ "ਗੁਰ ਬਾਣੀ ਸਖੀ ਅਨੰਦ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥ " ਇਕ ਗੁਰਮੁਖ ਦੇ ਘਰ ਨਾਮ ਦਾਤੇ ਸਤਿਗੁਰੂ ਨੂੰ ਕਦੇ ਬੇਅਦਬੀ ਦੇ ਵਾਕ ਹਾਸੇ ਨਾਲ ਵੀ ਕਹਿ ਸਕਣ। ਇਹ ਰਾਜ ਘਰਾਂ ਦੇ ਵਰਤਾਰੇ ਕਵੀ ਜੀ ਦੱਸ ਰਹੇ ਹਨ, ਜੋ ਕਿ ਉਨ੍ਹਾਂ ਦੇ ਸਾਹਮਣੇ ਵਰਤ ਰਹੇ ਸਨ। ਗੁਰ ਘਰ ਦੇ ਏਹ ਵਰਤਾਰੇ ਨਹੀਂ ਸਨ।

ਲੈ ਲੈ ਨਾਮ ਗਾਇਂ ਗਨ ਗੀਤਾ।
ਸੁਨਿ ਬਰਾਤ ਹਰਖਤਿ ਸਭਿ ਚੀਤਾ।
ਮੁਸਕਾਵਤਿ ਭੋਜਨ ਕੋ ਖਾਤੇ।
ਤਜੋਂ ਤਜੋਂ ਮਦ ਰਿਦੈ ਅਧਿਕਾਤੇ ॥੧੫॥
ਤ੍ਰਿਪਤ ਹੋਇ ਕਰਿ ਪਾਨ ਪਖਾਰੇ।
ਉਠੇ ਜੂਠ ਮਹਿਂ ਧਨ ਗਨ ਡਾਰੇ।
ਬਾਜੇ ਬਜਤਿ ਸਦਨ ਕਹੁ ਆਏ।
ਪੁਨ ਲਾਵਨ ਕੈ ਹੇਤੁ ਬੁਲਾਏ ॥੧੬॥
ਗਮਨੇ ਦੂਲਹੁ ਕਰਜੋ ਅਗਾਰੀ।
ਪਹੁੰਚੇ ਬੇਦੀ ਜਹਾ ਸੁਧਾਰੀ।
ਸੂਰਜਮਲ ਬਿਠਾਈ ਕਰਿ ਖਾਰੇ।
ਪੂਜੇ ਗਣਪਤ ਜੁਤਿ ਗ੍ਰੈਹ ਸਾਰੇ† ॥੧੭॥

†ਦੇਖੋ ਰਾਸ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ। ਆਪਿ ਕਵੀ ਜੀ ਗਣਪਤ ਆਦਿ ਨਾ ਪੂਜਣਾਂ ਅਨਿੰਨ ਗੁਰ ਸਿੱਖੀ ਦਾ ਚਿੰਨ ਦੱਸ ਆਏ ਹਨ।

ਤਬਿ ਕੰਨਜਾ ਤਹਿਂ ਆਨਿ ਬਿਠਾਈ।
ਅਭਿਖੇਕਨ ਕਰਿ ਅਗਨਿ ਜਰਾਈ।
ਕਰਿ ਸਭਿ ਰੀਤਿ ਲਏ ਪੁਨ ਫੇਰੇ।
ਦੁਹਿਦਿਸ਼ਿ ਦੇ ਧਨ ਲਾਗ ਘਨੇਰੇ[1] ॥੧੮॥

[1]ਲਾਗ ਦਾ ਧਨ ਬਹੁਤੇ (ਲਾਗੀਆਂ ਨੂੰ) ਦਿੱਤਾ।

ਪੁਨਿ ਨਿਜ ਸਦਨ ਆਨਿ ਸੁਖ ਪਾਏ।
ਪੌਢੇ ਸ੍ਰੀ ਸਤਿਗੁਰ ਸੁਪਤਾਏ।
ਭਈ ਪ੍ਰਭਾਤਿ ਬਜਤਿ ਬਹੁ ਬਾਜੇ।
ਸੌਚ ਸ਼ਨਾਨ ਬਸਤ੍ਰ ਤਨ ਸਾਜੇ ॥੧੯॥
ਸੂਰਜ ਮਲ ਸ੍ਰੀ ਤੇਗਬਹਾਦਰ।
ਸੇਵਹਿਂ ਦਾਸ ਬ੍ਰਿੰਦ ਢਿਗ ਸਾਦਰ।
ਭਾਟ ਕਲਾਵਤ ਢਾਢੀ ਆਇ।
ਧਨ ਕੋ ਪਾਇ ਮਹਾਂ ਜਸੁ ਗਾਇ ॥੨੦॥
ਬਹੁ ਬਾਲਿਕ ਹੈਂ ਜਿਨ ਕੇ ਸੰਗ।

ਸੂਰਜਮਲ ਸੁੰਦਰ ਸਰਬੰਗ[1]। — [1]ਸਰਬ ਅੰਗਾਂ ਵਿਖੇ।
ਬਯ ਲਘੁ ਮਹਿਂ ਸ਼੍ਰੀ ਤੇਗ ਬਹਾਦਰ।
ਪਠੇ ਬੁਲਾਇ ਸਦਨ ਮਹਿਂ ਸਾਦਰ ॥੨੧॥
ਪ੍ਰੇਮ ਚੰਦ ਕੀ ਸੁੰਦਰ ਦਾਰਾ।
ਪਿਖਿ ਜਮਾਤ[1] ਆਨੰਦ ਉਦਾਰਾ। — [1]ਜਵਾਈ ਨੂੰ ਵੇਖਕੇ।
ਗਨ ਇਸਤ੍ਰੀ ਮਹਿਂ ਤਿਹ ਬੈਠਾਏ।
ਸ੍ਵਾਦਲ ਮਧੁਰ ਅਹਾਰ ਕਰਾਏ ॥੨੨॥
ਲਾਲਚੰਦ ਇਕ ਖੱਤ੍ਰੀ ਤਹਾਂ।
ਤਿਸੀ ਮੇਲ ਮਹਿਂ ਮੇਲੀ ਅਹਾ।
ਬਿਸ਼ਨ ਕੁਇਰ ਤਿਹ ਸੁੰਦਰ ਦਾਰਾ।
ਰੂਪਵਤੀ ਜਿਹ ਭਾਗ ਉਦਾਰਾ ॥੨੩॥
ਗਨ ਤ੍ਰੀਯਨ ਮਹਿਂ ਬੈਠੀ ਤਹਾਂ।
ਤਿਨ ਸ਼੍ਰੀ ਤੇਗਬਹਾਦਰ ਲਹਾ।
ਬੂਝੇ ਕਿਤ ਸਬੰਧ ਨਹਿਂ ਭਯੋ।
ਸੁਨਤਿ ਪ੍ਰਮੁਦਤਿ ਬਿਚਾਰਨ ਕਯੋ ॥੨੪॥
ਗਮਨੀ ਪਤਿ ਕੇ ਢਿਗ ਤਤਕਾਲਾ।
ਅਪਨ ਮਨੋਰਥ ਕਹਜੋ ਸੁ ਢਾਲਾ[1]। — [1]ਚੰਗੀ ਤਰ੍ਹਾਂ ਨਾਲ।
'ਹੇ ਗੁਜਰੀ ਪਿਤ ! ਸੁਨਹੁ ਅਨੰਦ।
ਸ਼੍ਰੀ ਗੁਰ ਕੇ ਸਮ ਕੌਨ ਬਿਲੰਦ? ॥੨੫॥
ਜਿਨ ਕੇ ਭਾਗ ਉਦੈ ਜਗ ਥਿਏ।
ਸੇ ਸਨਬੰਧੀ ਗੁਰ ਕੇ ਭਏ।
ਪੰਚ ਬਰਖ ਕੀ ਸੁਤਾ ਹਮਾਰੇ।
ਗੁਰ ਕੇ ਸੁਤ ਹੈਂ ਜੁਗਲ[1] ਕੁਆਰੇ ॥੨੬॥ — [1]ਦੋ।
ਇਨ ਤੇ ਆਛੋ ਥਾਨ ਨ ਕੋਊ।
ਜਹਾਂ ਦੇਹਿਂ ਤਨੁਜਾ ਨਿਜ ਜੋਊ।'
ਲਾਲਚੰਦ ਨੇ ਸੁਨਿ ਸਨਮਾਨੀ।
'ਇਹ ਤੈਂ ਨੀਕੀ ਬਾਤ ਬਖਾਨੀ ॥੨੭॥
ਇਸ ਕਾਰਜ ਮੈਂ ਬਿਲਮ ਨ ਕੀਜੈ।
ਦਿਜ ਕੌ ਆਜ ਤਹਾਂ ਪਠਿ ਦੀਜੈ।'
ਦੰਪਤਿ ਕਹਿ ਇਮ ਆਪਸ ਮਹੀਆ।

ਬਿੱਪ੍ਰ ਬੁਲਾਇ ਪਠਜੋ ਤਬਿ ਤਹੀਆਂ
॥੨੮॥
ਜਹਿਂ ਸਤਿਗੁਰੂ ਦਿਵਾਨ ਲਗਾਏ।
ਨਰ ਬ੍ਰਿੰਦਨ ਮਹਿਂ ਮਹਾਂ ਸੁਹਾਏ।
ਮੁਖ ਪ੍ਰਸੰਨ ਜਨੁ ਕਮਲ ਪ੍ਰਫੂਲਾ।
ਦੇਤਿ ਅਨੰਦ ਸਭਿ ਮੰਗਲ ਮਲਾ ॥੨੯॥
ਬਿੱਪ੍ਰ ਅਸ਼ੀਰਬਾਦ ਕੌ ਦੀਨਾ।
ਤਬਿ ਗੁਰਦਾਸ ਪ੍ਰਿਥਕ ਕਰਿ ਲੀਨਾ।
ਸਕਲ ਬਾਰਤਾ ਕਹਿ ਸਮੁਝਾਈ।
'ਗੁਰ ਸੁਤ ਹਿਤ ਮੈਂ ਆਨਿ ਸਗਾਈ'
॥੩੦॥
ਸੁਨਿ ਗੁਰ ਢਿਗ ਗਮਨਜੋ ਤਬਿ ਭਾਈ।
ਕਹੀ ਬਾਰਤਾ ਬਿੱਪ੍ਰ ਬਤਾਈ।
ਕਰਿ ਸਨਮਾਨ ਬਿਠਾਯਹੁ ਪਾਸ।
ਅਣੀਰਾਇ ਢਿਗ ਪਠਿ ਗੁਰਦਾਸ
॥੩੧॥
'ਬੂਝਹੁ ਆਸ਼ੈ ਕਰਿ ਨਿਰਜਾਸੂ[1]।
ਮਾਨਹਿ ਪ੍ਰਥਮ, ਬਜਾਹ ਹੁਇ ਤਾਸੂ[1]।
ਪੁਨ ਸ਼੍ਰੀ ਤੇਗ ਬਹਾਦਰ ਕਰੈਂ।
ਜਿਮ ਜਗ ਰੀਤਿ ਤਥਾ ਅਨੁਸਰੈ'
॥੩੨॥
ਸੁਨਿ ਗੁਰ ਬਚ ਗਮਨਜ ਗੁਰਦਾਸ।
ਬੈਠ ਅਣੀਰਾਇ ਕੇ ਪਾਸ।
ਜਿਸ ਕੈ ਹਰਖ ਸੋਗ ਨਹਿਂ ਕੋਊ।
ਹਾਨ ਰੁ ਲਾਭ ਸਮਾਨੈ ਦੋਊ ॥੩੩॥
ਉਸਤਤਿ ਨਿੰਦਾ ਮਾਨ ਅਮਾਨਾ।
ਸ਼ੱਤ੍ਰੁ ਮਿੱਤ੍ਰ ਨਿਤ ਲਖਹਿ ਸਮਾਨਾ।
ਬਿਖ ਅੰਮ੍ਰਿਤ ਅਰੁ ਮਾਟੀ ਹੇਮ।
ਸਮ ਜਾਨਹਿ, ਬ੍ਰਿਤਿ ਆਤਮ ਛੇਮ[1]
॥੩੪॥
ਬੈਠਜੋ ਨਿਕਟਿ ਜਾਇ ਗੁਰਦਾਸ।
ਕਹੀ ਸਗਾਈ ਕਰਿਬੇ ਤਾਸ।

[1]ਨਿਰਣਾ।

[1]ਭਾਵ ਅਣੀਰਾਇ ਦਾ।

[1]ਬ੍ਰਿਤੀ ਆਤਮ ਆਨੰਦ (ਵਿਚ) ਹੈ। (ਅ) ਬ੍ਰਿਤੀ ਸੁਖ ਰੂਪ ਆਤਮਾ (ਵਿਚ ਟਿਕ ਰਹੀ ਹੈ)।

ਸਮ ਉਨਮੱਤ[1] ਸੁਨਤਿ ਬਚ ਬੋਲਾ।
ਬ੍ਰਹਮ ਗਜ੍ਯਾਨ ਮਹਿਂ ਸਦਾ ਅਡੋਲਾ ॥੩੫॥

[1]ਮਸਤਾਂ ਵਾਂਗ।

'ਕਹਾਂ ਨਾਮ ਤੁਮ ਕਹਉ ਸਗਾਈ[1]?
ਕੋ ਕਾਰਜ ਸੁਧਰਹਿ ਕਰਿਵਾਈ?'
ਕਹਿ ਸਮੁਝਾਯੋ 'ਰੀਤਿ ਜਗਤ ਕੀ।
ਸਭਿ ਉਤਪੱਤੀ ਅਹੈ ਗ੍ਰਿਹਸਤ ਕੀ ॥੩੬॥

[1]ਸਗਾਈ ਕਿਸ ਦਾ ਨਾਮ ਤੁਸੀਂ ਕਹਿੰਦੇ ਹੋ?

ਜਬਹਿ ਬਯਾਹ ਤਬਿ ਹੁਇ ਘਰਵਾਰੋ।
ਆਗੈ ਬੰਸ ਵਧਹਿ ਪਰਵਾਰੋ।'
ਸੁਨਤਿ ਬਖਾਨਯੋ 'ਮੋਹਿ ਨ ਬਾਛੇ[1]।
ਬਿਨਾ ਗ੍ਰਿਹਸਤ ਤੇ ਹਮ ਇਮਿ ਆਛੇ ॥੩੭॥

[1]ਮੈਨੂੰ ਨਹੀਂ ਚਾਹ।

ਹਰਖ ਸ਼ੋਕ ਕੋ ਮੂਲ ਬਿਸਾਲਾ।
ਜਾਲ ਫਸਾਵਨ ਕੋ ਜੰਜਾਲਾ[1]।
ਅਬਿ ਇਕ ਰਸ ਮਹਿਂ ਬ੍ਰਿਤਿ ਨਿਤ ਝੂਲਤਿ।
ਸਰਬ ਜਗਤ ਸਮਤਾ ਨਹਿਂ ਭੂਲਤਿ' ॥੩੮॥

[1](ਗ੍ਰਿਹਸਤ ਰੂਪੀ) ਜੰਜਾਲ (ਜੀਵ ਨੂੰ) ਫਸਾਉਣ ਦਾ (ਮਾਨੋ) ਜਾਲ ਹੈ।

ਸੁਨਿ ਗੁਰਦਾਸ ਕਰੀ ਤਬਿ ਨਮੋ।
ਗੁਰ ਕੋ ਨਿਕਟਿ ਕਹਯੋ ਤਿਹ ਸਮੋਂ।
ਸ਼੍ਰੀ ਹਰਿ ਗੋਬਿੰਦ ਤਬਹਿ ਬਖਾਨਾ।
'ਸਦਾ ਮਸਤ ਹੀ ਸੋ ਪਹਿਚਾਨਾ ॥੩੯॥
ਅਬਿ ਸ਼੍ਰੀ ਤੇਗ ਬਹਾਦਰ ਧੀਰ।
ਬਾਲ ਆਰਬਲ ਦਿਪਤਿ ਸਰੀਰ।
ਤਿਸ ਮਸਤਕ ਨਿਕਸਾਵਹੁ ਟੀਕਾ।
ਕਰੋ ਸੁਧਾਵਨਿ ਸਮੋ ਸੁ ਨੀਕਾ' ॥੪੦॥
ਤਬਿ ਗੁਰਦਾਸ ਜਾਇ ਕਰਿ ਕਹਯੋ।
ਜਹਿਂ ਸ਼੍ਰੀ ਤੇਗ ਬਹਾਦਰ ਲਹਯੋ।
'ਗੁਰੂ ਹੁਕਮ ਕਰਿਵਾਉ ਸਗਾਈ।
ਹੇਤੁ ਤੁਮਾਰੇ ਸੋ ਚਲਿ ਆਈ' ॥੪੧॥

ਸੁਨਤਿ ਕਹ੍ਯੋ 'ਆਇਸੁ ਗੁਰ ਕੇਰੀ।
ਸਭਿ ਸੁਭਦਾ[1] ਕੋ ਸਕਹਿ ਨ ਫੇਰੀ।
ਮਾਨਹਿਂ ਸਦਾ ਸੀਸ ਧਰਿ ਹਮ ਹੀ।
ਦੇਤਿ ਦਾਤ ਜੋ ਹੋਤਿ ਨ ਕਮ ਹੀ' ॥੪੨॥

[1]ਸ਼ੁਭਤਾ ਦੀ ਦਾਤੀ।

ਤਬਿ ਭਾਈ ਨੇ ਗਣਕ[1] ਬੁਲਾਯੋ।
ਲੇ ਸਤਿਗੁਰ ਕੇ ਨਿਕਟਿ ਬਿਠਾਯੋ।
ਸੋਧਿ ਮਹੂਰਤ ਭਲੇ ਸੁਨਾਯੋ†।

[1]ਜੋਤਸ਼ੀ।

†ਇਹਨਾਂ ਤੁਕਾਂ ਵਿਚ ਦੱਸਿਆ ਹੈ ਕਿ ਭਾਈ ਗੁਰਦਾਸ ਜੀ ਨੇ ਗਣਕ (ਜੋਤਸ਼ੀ) ਨੂੰ ਸੱਦ ਕੇ ਗੁਰੂ ਜੀ ਪਾਸ ਭੇਜਿਆ ਤੇ ਮਹੂਰਤ ਸੁਧਾਇਆ ਗਿਆ। ਭਾਈ ਗੁਰਦਾਸ ਜੀ ਸਿੱਖਾਂ ਦੇ ਨਿਸ਼ਚੇ ਨੂੰ ਨਿਰੂਪਨ ਕਰਦੇ ਹੋਏ ਲਿਖਦੇ ਹਨ ਕਿ:- ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤ ਨ ਜੋਤਕ ਔ ਬੇਦ ਥਿਤ ਵਾਰ ਕਛੂ ਗ੍ਰਿਹ ਔ ਨਿਛੱਤ੍ਰ ਕੀ ਨ ਸ਼ੰਕਾ ਉਰ ਧਾਰੀ ਹੈ। ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ। ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਪਾਲਕ ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥ ਅਜਿਹੇ ਦ੍ਰਿੜ ਨਿਸ਼ਚੇ ਵਾਲੇ ਤੇ ਆਦਰਸ਼ੀ ਸਿੱਖ ਭਾਈ ਗੁਰਦਾਸ ਜੀ ਬਾਬਤ ਇਹ ਕਹਿਣਾ ਕਿ ਉਹਨਾਂ ਜੋਤਸ਼ੀ ਨੂੰ ਸੱਦਿਆ ਤੇ ਗੁਰੂ ਜੀ ਨੇ ਸਾਹਾ ਸੁਧਾਇਆ, ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ, ਹੋ ਸਕਦਾ ਹੈ ਕਿ ਏਹ ਤੁਕਾਂ ਆਖੇਪਕ ਹੋਣ।

ਆਨ ਬਿੱਪ੍ਰ ਕੋ ਤਬਹਿ ਦਿਖਾਯੋ ॥੪੩॥
ਸ਼੍ਰੀ ਹਰਿ ਗੋਵਿੰਦ ਕੇ ਢਿਗ ਸਾਦਰ।
ਆਨਿ ਬਿਠਾਏ ਤੇਗਬਹਾਦਰ।
ਦਿਜ ਨੇ ਦੇਖਿ ਆਨੰਦ ਕੋ ਧਾਰਾ।
ਮੁਖ ਪੰਕਜ ਮਹਿਂ ਦੀਨ ਛੁਹਾਰਾ ॥੪੪॥
ਉਤਸਵ ਮਹਿਂ ਅਤਿ ਉਤਸਵ ਹੋਵਾ।
ਸਭਿ ਬਰਾਤ ਮਿਲਿ ਆਨੰਦ ਜੋਵਾ।
ਬਾਜ ਉਠੇ ਦੁੰਦਭਿ ਸ਼ਦਿਯਾਨੇ।
ਕੌਤਕ ਹੋਤਿ ਅਨੇਕ ਮਹਾਨੇ ॥੪੫॥
ਅਧਿਕ ਦਾਨ ਸਤਿਗੁਰ ਤਬਿ ਦੀਨਾ।
ਮਿਲੇ ਬ੍ਰਿੰਦ ਜਾਚਕ ਧਨ ਲੀਨਾ।
ਸਭਿਨਿ ਬਿਖੈ ਛਾਯੋ ਆਨੰਦ।
ਦਸ ਹੂੰ ਦਿਸ਼ਿ ਜਸੁ ਭਯੋ ਬਿਲੰਦ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸੂਰਜ ਮੱਲ ਬਜਾਹੁ ਸ੍ਰੀ ਤੇਗ ਬਹਾਦਰ ਸਗਾਈ ਕਰਨ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਵਾਪਸ ਆਏ। ਵਲੀਖਾਨ ਦਾ ਨਿਰਾਦਰ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਤੀਨ ਦਿਵਸ ਜਸੁ ਕੇ ਰਚਿਤ[1], ਰਹੇ ਨਗਰ ਕਰਤਾਰ।
ਪ੍ਰੇਮਚੰਦ ਚਿਤ ਪ੍ਰੇਮ ਬਹੁ, ਸੇਵੇ ਬਿਬਿਧ ਪ੍ਰਕਾਰ ॥੧॥

[1]ਜਸ ਦੀ ਰਚਨਾ ਰਚਦੇ ਭਾਵ ਵਿਆਹ ਕਾਰਜ ਜਸ ਵਾਲੇ ਢੰਗ ਨਾਲ ਕਰਦੇ ਰਹੇ (ਅ) (ਵਿਆਹ) ਰਚਦੇ ਤੇ ਜਸ ਖੱਟਦੇ।

ਚੌਪਈ:

ਕਰਨ ਬਿਸਰਜਨ ਹੇਤ ਹਕਾਰੇ।
ਬਾਦਿਤ ਬਜਤਿ ਆਇ ਤਿਸ ਦ੍ਵਾਰੇ।
ਯਥਾ ਸ਼ਕਤਿ ਦਾਇਜ ਧਰਿ ਦੀਨਿ।
ਹਾਥ ਜੋਰਿ ਪੁਨ ਕਹ੍ਯੋ ਪ੍ਰਬੀਨ ॥੨॥
'ਮੋ ਤੇ ਸਰ੍ਯੋ ਨਹੀਂ ਕੁਛ ਕਾਜਾ।
ਰਾਖੀ ਲਾਜ ਗ਼ਰੀਬ ਨਿਵਾਜਾ।
ਇਕ ਦਾਸੀ ਮੈਂ ਦੁਹਿਤਾ ਦਈ।
ਕੇਤਿਕ ਕੌਤਕ ਕਰਨੇ ਹਾਰੇ।
ਰਚਹਿਂ ਤਮਾਸ਼ਾ ਬਿਬਿਧਿ ਪ੍ਰਕਾਰੇ।
ਬਾਦਿਤ ਅਪਰ ਨਗਰ ਕੇ ਆਏ।

ਡਫ, ਢੋਲਾਦਿਕ ਬਹੁਤ ਬਜਾਏ ॥੭॥
ਅਧਿਕ ਮੁਦਿਤਿ ਚਿਤ ਹ੍ਵੈ ਨਰ ਨਾਰੀ।
ਦਰਸਹਿਂ ਸਤਿਗੁਰ ਹ੍ਵੈਂ ਬਲਿਹਾਰੀ।
ਮਹਾਂ ਕਲਾਹਲ ਸਭਿ ਮਹਿਂ ਹੋਵਾ।
ਸੁਨੈ ਪ੍ਰਸੰਗ ਸੁ ਅਚਰਜ ਜੋਵਾ ॥੮॥
ਪੰਚਾਂਮ੍ਰਿਤ ਆਯੋ ਸਮੁਦਾਇ।
ਪੰਕਤਿ ਕਰਿ ਕਰਿ ਦਿਯੋ ਬਿਠਾਇ।
ਦੂਰ ਦੂਰ ਲਾਗੀ ਗਨ ਪਾਂਤੀ।
ਗੁਰ ਪ੍ਰਤਾਪ ਬੈਠੇ ਚਿਤ ਸ਼ਾਂਤੀ ॥੯॥
ਬਹੁ ਬਰਤਾਵੈ ਤਬੈ ਲਗਾਏ।
ਦਿਯੋ ਇਤੋ ਜਿਹ ਅਚਿ ਤ੍ਰਿਪਤਾਏ।
ਚਾਰ ਘਟੀ ਲਗਿ ਇਤਿਕ ਬ੍ਰਤਾਯੋ।
ਲੇ ਜਿਨ ਅਚਜੋ ਰਹਜੋ ਤ੍ਰਿਪਤਾਯੋ† ॥੧੦॥

†ਇਥੇ ਹੇਠ ਲਿਖੀਆਂ ਦੋ ਹੋਰ ਤੁਕਾਂ ਛਾਪੇ ਦੇ ਨੁਸਖਿਆਂ ਵਿਚ ਮਿਲਦੀਆਂ ਹਨ:-ਅਤਿ ਅਨੰਦ ਮਨ ਸਭਿ ਕੋ ਹੋਵਾ। ਨਰ ਨਾਰਿਨ ਬਾਲਿਕ ਸਭਿ ਖੋਵਾ।

ਮਿਲੇ ਹਜ਼ਾਰਨ ਕੇ ਸਮੁਦਾਏ।
ਨਹਿਂ ਨਿਖੁਟਜੋ ਸਗਰੋ ਤ੍ਰਿਪਤਾਏ।
ਲੀਨਿ ਤਿਹਾਵਲ ਸਦਨ ਸਿਧਾਏ।
ਗੁਰ ਜਸੁ ਪੁਰਿ ਪੁਰਿ ਘਰ ਘਰ ਛਾਏ ॥੧੧॥
ਜੋਧ ਸੁ ਜੋਧਾ ਗਨ ਢਿਗ ਬੈਸੇ[1]।
ਬਿਧੀਏ ਕਹਜੋ ਗੁਰੂ ਸੰਗ ਐਸੇ।
'ਮਹਾਂਰਾਜ! ਅਬਿ ਦੇਰ ਨ ਕੋਈ।
ਸ਼ਾਹੁ ਜਹਾਂ ਕੇ ਰਿਸ ਅਤਿ ਹੋਈ ॥੧੨॥
ਆਪ ਚਢਹਿ ਤੁਰਨ ਹੀ ਆਵਹਿ।
ਕੈ ਗਾਢੋ ਉਮਰਾਵ ਚਢਾਵਹਿ।
ਆਇ ਲਰਹਿ ਲਸ਼ਕਰ ਅਬਿ ਭਾਰਾ।
ਇਮ ਜਾਨਹੁ ਜਿਮ ਮੋਹਿ ਨਿਹਾਰਾ[1] ॥੧੩॥
ਪਹੁੰਚੇ ਹੀ ਸ਼ੱਤ੍ਰੂ ਗਨ ਲਖੋ।
ਬਨਿ ਸੁਚੇਤ ਨਹਿਂ ਆਲਸ ਰਖੋ।
ਡਾਰੇ ਰਹੈਂ ਤੁਰੰਗਮ ਜ਼ੀਨ।
ਸਕਲ ਤੁਫੰਗਨਿ ਤਜਾਰੀ ਕੀਨਿ'

[1]ਜੋਧ ਰਾਇ ਜੀ ਸਾਰੇ ਸੂਰਮਿਆਂ ਸਮੇਤ ਪਾਸ ਬੈਠੇ ਸਨ।

[1]ਜਿਵੇਂ ਮੈਨੂੰ (ਛੇਤੀ ਆਏ ਨੂੰ) ਤਕ ਰਹੇ ਹੋ (ਇਵੇਂ ਮੈਨਾ ਆਈ) ਜਾਣੋ।

॥੧੪॥
ਸੁਨਿ ਗਨ ਤੁਰਕਨ ਕੋ ਆਗਵਨੁ।
ਜਗ੍ਯੋ ਬੀਰ ਰਸ ਉਰ ਅਰਿਦਵਨੁ[1]।
ਬੂਝ੍ਯੋ ਤਬੈ ਜੋਧ ਕੇ ਸੰਗ।
'ਇਹਾਂ ਕਰਹੁ ਤੁਮ ਕਿਸ ਬਿਧਿ ਜੰਗ?
॥੧੫॥
ਅਪਨੇ ਹੋਹਿਂ ਅਲਪ ਭਟ ਨਾਲ।
ਸ਼ੱਤ੍ਰੂ ਬ੍ਰਿੰਦ ਚਢਿ ਆਏ ਬਿਸਾਲ।
ਕਠਨ ਦੁਰਗ ਮਹਿਂ ਹੋਇ ਪ੍ਰਵੇਸ਼ੁ।
ਕੈ ਜੰਗਲ ਥਲ ਪਿਖਹੁ ਵਿਸ਼ੇਸ਼ੁ ॥੧੬॥
ਕਿਧੌਂ ਮਰੂ ਥਲ ਹੈ ਇਤ ਕੋਇ।
ਕਿਸ ਬਿਧਿ ਰਹਹੁ ਮਵਾਸੇ ਹੋਇ?'
ਜੋਧ ਕਹ੍ਯੋ ਕਰ ਜੋਰਿ ਬਹੋਰ।
'ਮਹਾਰਾਜ! ਹੁਇ ਸੰਘਰ ਘੋਰ ॥੧੭॥
ਅਹੈ[1] ਦਿਲੇਸ਼ੁਰ ਕੀ ਬਹੁ ਸੈਨਾ।
ਰਾਜ ਜਗਤ ਕੋ, ਗਿਨਤੀ ਹੈ ਨਾ।
ਟਰਹੁ ਆਪ ਕਿਮ ਸਰਬਰ ਹੋਵਹੁ[1]।
ਤੋਪ ਜੰਬੂਰਨ ਕੋ ਗਨ ਜੋਵਹੁ ॥੧੮॥
ਜੰਗਲ ਬਿਖੈ ਪ੍ਰਵੇਸ਼ਹੁ ਦੂਰ।
ਤਾਲ ਬਿਲੋਕਹੁ ਜਹਿਂ ਜਲ ਰੂਰ।
ਤਿਸ ਕੇ ਤੀਰ ਰਾਖੀਅਹਿ ਡੇਰਾ।
ਭੇਜਹਿ ਲਸ਼ਕਰ ਸ਼ਾਹੁ ਘਨੇਰਾ ॥੧੯॥
ਖੋਜਿ ਖੋਜਿ ਕਰਿ ਇਤ ਉਤ ਥਾਨ।
ਹਟਿ ਜੈ ਹੈ ਹੁਇ ਕਰਿ ਵੈਰਾਨ।
ਜੰਗਲ ਵਿਖੈ ਸੁ ਪ੍ਰਵਿਸ਼ੈ ਨਾਂਹੀ।
ਜਲ ਕੇ ਥਲ ਭੇਵ ਨ ਤਿਨ ਪਾਹੀ[1]
॥੨੦॥
ਲਵਪੁਰਿ ਕੈ ਦਿੱਲੀ ਚਲਿ ਜਾਇ।
ਬਹੁਰ ਪ੍ਰਵੇਸ਼ਹੁ[†] ਇਸ ਥਲ ਆਇ।
ਬਿਬਿਧ ਬਿਲਾਸ ਕਰਹੁ ਹਰਖਾਵਹੁ।
ਸਿਖ ਸੰਗਤ ਕੋ ਸੁਖ ਉਪਜਾਵਹੁ ॥੨੧॥
ਇਸ ਪ੍ਰਕਾਰ ਕੋ ਮਤਿ ਹੈ ਏਕ।

[1]ਭਾਵ ਸ਼੍ਰੀ ਗੁਰੂ ਹਰਿਗੋਵਿੰਦ ਜੀ ਦੇ ਰਿਦੇ ਵਿਚ।
[1]ਦਿਲੀਪਤ।
[1]ਆਪ ਟਲ ਜਾਓ ਕਿਵੇਂ ਬਰੱਬਰ ਹੋ ਸਕੋਗੇ।
[1]ਜਲ ਦੇ ਥਾਂ ਉਨ੍ਹਾਂ ਨੂੰ ਪਤਾ ਨਹੀਂ ਹੈ।
[†]ਪਾ:-ਬਿਰਾਜਹੁ।

ਬਿਨ ਬਿਖਾਦ[1], ਹੇ ਜਲਧਿ ਬਿਬੇਕ!'
ਸ੍ਰੀ ਹਰਿ ਗੋਬਿੰਦ ਸੁਮਤਿ ਨਿਧਾਨ।
ਸੁਨਤਿ ਜੋਧ ਤੇ ਕੀਨਿ ਬਖਾਨਿ ॥੨੨॥
'ਇਤ ਮਤਿ ਨਹੀਂ ਪਸੰਦ ਹਮਾਰੇ।
ਹੋਹਿ ਨ ਜੰਗ, ਨ ਸ਼ੱਤ੍ਰ ਮਾਰੇ।
ਸ਼ਾਹੁ ਸਹਿਤ ਗਨ ਤੁਰਕ ਬਖਾਨੈਂ।
-ਲਰਹਿ ਨ ਅਬਿ ਉਰ ਮਹਿਂ ਡਰ ਮਾਨੈ-
॥੨੩॥
ਪਲਟਾ ਲੇਨਿ ਤੁਰੰਗਮ ਕੇਰਾ।
ਤੌ ਰਣ ਚਹੀਅਤਿ ਕਰਨਿ ਬਡੇਰਾ।
ਸ਼ਸਤ੍ਰ ਤੁਰੰਗਮ ਸੈਨਾ ਰਾਖਨ।
ਹੋਤਿ ਸਫਲ ਸੰਘਰ ਕੇ ਕਾਂਖਨ[1] ॥੨੪॥
ਤੁਰਕਨਿ ਸਾਥ ਲਰਨ ਗੁਨ ਘਨੇ।
ਮਰੇ ਦੇਵ ਪੁਰਿ ਬਾਸਾ ਬਨੇ।
ਅਨਿਕ ਪ੍ਰਕਾਰਨਿ ਕੇ ਸੁਖ ਪਾਇ।
ਜਨਮ ਜਨਮ ਕਸ਼ਟ ਮਿਟਾਇ ॥੨੫॥
ਜੀਵਤਿ ਜਸੁ ਥੀਵਤਿ ਜਗ ਮਾਂਹੀ।
ਸੁਖ ਭੋਗਤਿ ਹੁਇ ਬਿਘਨ ਬਿਨਾ ਹੀ।
ਲੋਕ ਜਿ ਦੋਨਹੁ ਹਲਤਿ ਪਲੰਤੇ।
ਸੁਭਟਨਿ ਕੀ ਭੁਜ ਸੋਂ ਲਟਕੰਤੇ ॥੨੬॥
ਹਮ ਛੱਤ੍ਰੀ ਕਿਮ ਛੋਰਹਿਂ ਰਨ ਕੋ।
ਅਬਹਿ ਮਨੋਰਥ ਹੋਯਸਿ ਮਨ ਕੋ।
ਦੇਖਹੁ ਜਬਹਿ ਪੜਹਿ ਸੰਗ੍ਰਾਮੂ।
ਸ਼ੱਤ੍ਰ ਪਠਾਵੌਂ ਜਮ ਕੇ ਧਾਮੂ ॥੨੭॥
ਭਯੋ ਯੁੱਧ ਜੁਗ ਸਮੈਂ[1] ਹਮਾਰਾ।
ਅਬਿ ਬਿਸਾਲ ਹੀ ਪਰਹਿ ਅਖਾਰਾ।
ਸ਼ਸਤ੍ਰ ਸਮੇਤ ਬਡੇ ਉਮਰਾਵਾ।
ਮਾਰਹਿਂ ਪੁਨ ਦਫਨਹਿਂ ਰਣ ਥਾਵ
॥੨੮॥
ਊਪਰ ਬੈਠਕ ਬਨਹਿ ਹਮਾਰੀ।
ਬੈਠਹਿਂ ਬੋਲਹਿਂ ਸਾਥ ਤੁਮਾਰੀ।
ਲਰਿਬੇ ਹੇਤੁ ਬਤਾਵਹੁ ਥਾਨ।

[1]ਬਿਨਾ ਝਗੜੇ ਤੋਂ ਇਕ ਮਤਾ ਇਹ ਹੈ।

[1]ਜੁੱਧ ਦੇ ਚਾਹਿਆਂ।

[1]ਦੋ ਵਾਰੀ (ਅੱਗੇ) ਹੋ ਚੁੱਕਾ ਹੈ।

ਜਹਾਂ ਪਰਹਿ ਤੁਰਕਨ ਘਮਸਾਨ ॥੨੯॥
ਰਣ ਤਜਿਬੋ ਮੁਹਿ ਨਹਿਂ ਮਨ ਭਾਵੈ।
ਅਹੈ ਉਚਿਤ ਲਰਿਬੇ ਜਸੁ ਪਾਵੈਂ।'
ਜੋਧਰਾਇ ਲਖਿ ਸਤਿਗੁਰੁ ਆਸ਼ੈ।
ਹਰਖਤਿ ਮੁਖ ਤੇ ਬਾਕ ਪ੍ਰਕਾਸ਼ੈ ॥੩੦॥
'ਧੰਨ ਗੁਰੂ! ਸਭਿ ਕੁਛ ਤੁਮ ਹਾਥ।
ਚਹਹੁ ਸੁ ਕਰਹੁ ਬਾਕ ਕੇ ਸਾਥ।
ਲਰਿਬੇ ਤੇ ਕਿਉਂ ਹੋਇ ਨ ਸੱਕਈ[1]?
ਮਰਹਿਂ ਸ਼ੱਤ੍ਰੁ ਰਿਸ ਕਰਿ ਜੋ ਤੱਕਈ ॥੩੧॥
ਇਹਾਂ ਲਰਨ ਕੋ ਘਾਤ ਸੁਨੀਜੈ।
ਭਰਜੋ ਤਾਲ ਜਲ ਜਹਾਂ ਲਖੀਜੈ।
ਚਹੁੰ ਦਿਸ਼ਿ ਮਹਿਂ ਉਜਾਰ ਹੁਇ ਭਾਰੀ।
ਖੋਜ਼ਜੋ ਪਾਇ ਨਹੀਂ ਕਿਤ ਬਾਰੀ ॥੩੨॥
ਸੋ ਸਰੁਵਰੁ ਘੇਰਹੁ ਚਹੁੰ ਓਰ।
ਪਾਇ ਨ ਹਲਹਿਂ ਪਰੇ ਬਡ ਜੋਰਿ।
ਕਿਤਿਕ ਕਾਲ ਜਬਿ ਜੁੱਧ ਪ੍ਰਕਾਸ਼ੇ।
ਰਿਪੁ ਗਨ ਕੋ ਬਹੁ ਲਾਗਹਿ ਪਜਾਸੇ ॥੩੩॥
ਕੇਤਿਕ ਮਰਹਿ ਸ਼ਸਤ੍ਰ ਕੇ ਮਾਰੇ।
ਕਿਤਿਕ ਚਹਤਿ ਜਲ ਕੋ ਤਿਸ ਬਾਰੇ।
ਖੋਜਜੋ ਪਾਇਂ ਨਹੀਂ ਜਿਸ ਕਾਲਾ।
ਤਬਿ ਭਾਜਹਿਂ ਧਰਿ ਤ੍ਰਾਸ ਬਿਸਾਲਾ ॥੩੪॥
ਬਹੁਰ ਨ ਜਾਨਿ ਦੇਹਿਂ ਸੁਖ ਸੇਤੀ।
ਕਟਹਿਂ ਖੜਗ ਸੋਂ ਜਯੋਂ ਪਕਿ ਖੇਤੀ।
ਲੂਟ ਲੇਹਿਂਗੇ ਸ਼ਸਤ੍ਰ ਤੁਰੰਗ।
ਰਾਖਹਿਂ ਮਾਰਿ ਸ਼ੱਤ੍ਰ ਗਨ ਜੰਗ' ॥੩੫॥
ਕਹੇ ਬਚਨ ਉਤਸਾਹਿ ਸਮੇਤ।
ਸੁਨਿ ਪ੍ਰਸੰਨ ਭੇ ਕ੍ਰਿਪਾ ਨਿਕੇਤ।
'ਸੁਨਹੁ ਜੋਧ! ਐਸੋ ਅਬਿ ਥਾਨੇ।
ਕਰਹੁ ਬਤਾਵਨ ਤੂੰ ਸਭਿ ਜਾਨੇ ॥੩੬॥

[1] ਕਿਉਂ ਨਾ ਹੋ ਸਕੇਗਾ।

ਗਾਹਯੋ ਜੰਗਲ ਦੇਸ਼ ਘਨੇਰਾ।
ਬਿਖਮ ਸੁਗਮ ਥਲ ਤੈਂ ਸਭਿ ਹੇਰਾ।'
ਜੋਧਰਾਇ ਮਨ ਮੈਂ ਕਰਿ ਗਿਨਤੀ।
ਸਭਿ ਥਲ ਕੀ ਲਖਿ, ਭਾਖਤਿ ਬਿਨਤੀ ॥੩੭॥
'ਸੁਨਹੁ ਪ੍ਰਭੂ! ਮੈਂ ਜਾਨਯੋ ਥਾਨ।
ਜਹਾਂ ਕਰਹੁ ਤੁਮ ਜੰਗ ਮਹਾਨ।
ਹਤਹਿਂ ਤੁਰਕ ਅਰੁ ਰਹਹਿਂ ਸੁਖਾਰੇ।
ਭਾਜਹਿਂ ਰਿਪੁ ਕਰਿ ਪ੍ਰਾਨਨਿ ਪਜਾਰੇ ॥੩੮॥
ਪੰਚ ਰੁ ਚਾਰ ਕੋਸ ਇਸ ਥਲ ਤੇ।
ਭਰਯੋ ਸਰੋਵਰ ਸੁੰਦਰ ਜਲ ਤੇ।
ਤਿਸ ਕੇ ਗਿਰਦ ਕਰਹੁ ਚਲਿ ਡੇਰਾ।
ਹਮ ਤੇ ਦੱਖਨ ਦਿਸ਼ਿ ਮਹਿਂ ਹੇਰਾ ॥੩੯॥
ਚਾਰਕਿ ਪੰਚ ਕੋਸ ਇਕ ਗ੍ਰਾਮ।
ਜਿਹ ਕੌ ਕਹੈਂ ਨਿਥਾਣਾ ਨਾਮ।
ਹਮ ਨਹਿਂ ਤਜਾਗਹਿਂਗੇ ਜਲ ਸੋਇ।
ਸ਼ੱਤ੍ਰੁ ਪਲਾਇੰ ਤਿਖਾਤੁਰ ਹੋਇ' ॥੪੦॥
ਸੁਨਤਿ ਜੋਧ ਤੇ ਸਤਿਗੁਰ ਮਾਨੀ।
'ਇਹੁ ਤੈਂ ਆਛੀ ਬਾਤ ਬਖਾਨੀ।
ਅਬਿ ਤੌ ਪਰੀ ਸੰਝ ਲਖਿ ਲੀਜੈ।
ਪ੍ਰਾਤਿ ਹੋਇ ਪ੍ਰਸਥਾਨੋ ਕੀਜੈ ॥੪੧॥
ਆਵਹਿ ਸ਼ਾਹੁ ਕਿ ਲਸ਼ਕਰ ਭਾਰੋ।
ਹੱਥਜਾਰਨ ਕੋ ਪਕਰਿ ਸੰਘਾਰੋ।'
ਮਸਲਤ ਜਬਿ ਨੀਕੇ ਕਰਿ ਲੀਨਿ।
ਬਹੁ ਬਾਰੂਦ ਅਨਾਵਨਿ ਕੀਨਿ[1] ॥੪੨॥

[1]ਸੰਗ ਵਣਾ ਕੀਤਾ।

ਮਣ ਹਜ਼ਾਰ ਸਿੱਕਾ ਮੰਗਵਾਯੋ।
ਬ੍ਰਿੰਦ ਸੁਨਾਰਨਿ ਤੇ ਢਲਿਵਾਯੋ।
ਦੀਨਿ ਸੁਭਟਨਿ ਕੋ ਮਨ ਭਾਵਤਿ।
ਡਾਰਤਿ ਗੋਰੀ ਤੁਪਕ ਚਲਾਵਤਿ ॥੪੩॥
ਜਿਸ ਢਿਗ ਧਨੁਖ, ਤੀਰ ਕੋ ਛੋਰਤਿ।
ਨਿਜ ਵਿੱਦਜਾ ਕਰਿ ਅਰਿ ਉਰ ਫੋਰਤਿ।

ਤਿਨ ਕੋ ਤਰਕਸ਼[1] ਬਖ਼ਸ਼ਨ ਕਰੇ।
ਤੀਛਨ ਤੀਛਨ ਸਰ ਗਨ ਭਰੇ ॥੪੪॥
ਕੇਤਿਕ ਕੋ ਤੋਮਰ ਖਰ ਦਏ।
ਸਰਬ ਲੋਹ[1] ਕੀ ਸ਼ਕਤੀ[2] ਲਏ।
ਸੈਫ, ਸਰੋਹੀ, ਤੇਗ਼ੇ ਚੌਰੇ।
ਖੰਡੇ, ਖੜਗ ਦੁਧਾਰੇ ਗੌਰੇ[1] ॥੪੫॥
ਹੁਤੇ ਤਬੇਲੇ ਖਰੇ ਤੁਰੰਗ।
ਬਖ਼ਸ਼ਿ ਦਿਏ ਤਿਸ ਛਿਨ ਹਿਤ ਜੰਗ।
ਕਰਾਬੀਨ[1] ਬਹੁ ਤੁਪਕ ਤਮਾਂਚੇ[2]।
ਜਿਸ ਕੇ ਲਗਤਿ ਨ ਸ਼ੱਤ੍ਰੂ ਬਾਚੇ ॥੪੬॥
ਕੋਸ਼ ਬਿਖੈ ਤੇ ਸਭਿ ਮੰਗਵਾਏ।
ਬਖ਼ਸ਼ ਦਏ ਸੁਭਟਨਿ ਸਮੁਦਾਏ।
ਲੇ ਰਜ਼ਾਇ ਘਰ ਜੋਧ ਸਿਧਾਰਾ।
ਤਿਨ ਭੀ ਤਯਾਰ ਕਰਯੋ ਦਲ ਸਾਰਾ ॥੪੭॥
ਕੇਤਿਕ ਚਾਕਰ, ਕੇਤਿਕ ਭਾਈ।
ਸਰਬ ਬਟੋਰਿ ਕਰੇ ਸਮੁਦਾਈ।
ਸੁਭਟ ਹਜ਼ਾਰ ਏਕ ਤਿਹ ਸੰਗ।
ਤਿਨ ਭੀ ਬਖ਼ਸ਼ੇ ਸ਼ਸਤ੍ਰ ਤੁਰੰਗ ॥੪੮॥
ਸਾਵਧਾਨ ਲਰਿਬੇ ਹਿਤ ਕਰੇ।
ਗੋਰੀ ਬਹੁ ਬਰੂਦ ਲੈ ਭਰੇ।
ਸਰਬ ਜਾਮਨੀ ਮਹਿਂ ਕਰਿ ਤਯਾਰੀ।
ਭਈ ਸੁਚੇਤ ਬਾਹਿਨੀ ਸਾਰੀ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਜੰਗ ਤਯਾਰੀ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

[1]ਭੱਥੇ।

[1]ਫੌਲਾਦ। [2]ਬਰਛੀ।

[1]ਭਾਰੇ।

[1]ਛੋਟੀ ਬੰਦੂਕ [ਫ਼੍ਰਾਂਸੀਸੀ, Carbine]। [2]ਉਸ ਸਮੇਂ ਦਾ ਪਸਤੌਲ।

## ੩੯. [ਕਾਂਗੜ ਪੁਰੋਂ ਕੂਚ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਸੁਨਿਆਰੇ ਆਦਿਕ ਸਕਲ, ਨਿਸ ਮਹਿਂ
ਕਰੀ ਸੁ ਕਾਰ।
ਖਾਨ ਪਾਨ ਕਰਿ ਸਤਿਗੁਰੂ, ਪੌਢੇ
ਨਿੰਦ੍ਰਾਧਾਰਿ ॥੧॥

ਚੌਪਈ:

ਜਾਮ ਜਾਮਨੀ ਸਤਿਗੁਰ ਜਾਗੇ।
ਸੌਚ ਸ਼ਨਾਨ ਕਰਨਿ ਅਨੁਰਾਗੇ।
ਕਹਿ ਕਰਿ ਦੁੰਦਭਿ ਕੋ ਬਜਵਾਯੋ।
ਮਹਾਂ ਧੁਨੀ ਜਨੁ ਘਨੁ[1] ਗਰਜਾਯੋ ॥੨॥ [1]ਬੱਦਲ।
ਸੁਨਤਿ ਜੋਧ ਪੁਰਿ ਮਹਿਂ ਤਬਿ ਜਾਗਾ।
ਸੌਚ ਸ਼ਨਾਨ ਕਰਨ ਕਹੁ ਲਾਗਾ।
ਦੋਨਹੁਂ ਧੁਜਨੀ[1] ਕੇ ਭਟ ਭਾਰੇ। [1]ਸੈਨਾ।
ਜਾਗ੍ਰਤਿ ਕੀਨਿ ਸੁਚੇਤਾ[1] ਸਾਰੇ ॥੩॥ [1]ਸੌਚ ਸ਼ਨਾਨ।
ਸ਼ਸਤ੍ਰ ਬਸਤ੍ਰ ਪਹਿਰੇ ਨਿਜ ਅੰਗਾ।
ਡਾਰੇ ਸੁੰਦਰ ਜ਼ੀਨ ਤੁਰੰਗਾ।
ਸੁਭਟ ਸਕਲ ਉਤਸਾਹੁ ਸਮੇਤ।
ਚਾਹਤਿ ਬਿਜੈ ਕਰਯੋ ਰਣ ਖੇਤ ॥੪॥
ਸ਼੍ਰੀ ਹਰਿਗੋਬਿੰਦ ਚੰਦ ਅਨੰਦੇ।
ਹਿਤ ਰਣ ਕੇ ਉਤਸਾਹਿ ਬਿਲੰਦੇ।
ਬਸਤ੍ਰ ਨਵੀਨ ਸਰਬ ਹੀ ਪਾਏ।
ਦੀਰਘ ਜਾਮਾ ਗਰਹਿ ਸੁਹਾਏ ॥੫॥
ਸੁੰਦਰ ਸੇਤ ਬਡੀ ਦਸਤਾਰ।
ਜ਼ਰੀਦਾਰ ਜੁਗ ਛੋਰ[1] ਉਦਾਰ। [1]ਦੋਵੇਂ ਪੱਲੇ।
ਪੇਚ ਅਨੂਠੇ[1] ਕਰਿ ਕਰਿ ਲਾਏ। [1]ਅਚਰਜ।
ਊਪਰ ਬਾਂਧੀ ਜਿਗਾ ਸੁਹਾਏ ॥੬॥
ਜਰੇ ਜਵਾਹਰ ਜਾਗਤਿ ਜੋਤਿ।
ਦੀਪਤਿ ਦਿਪਤਿ ਸੁ ਦੀਪਤਿ ਹੋਤਿ[1]। [1]ਦੀਵੇ (ਜਿਵੇਂ) ਪ੍ਰਕਾਸ਼ਦੇ ਹਨ (ਤਿਵੇਂ) ਸੋ ਪ੍ਰਕਾਸ਼ਦੇ ਹਨ।
ਤੀਖਨ ਖੰਡਾ ਖਰੋ ਦੁਧਾਰਾ।
ਲੇਕਰ ਬਿਖੇ ਗਰੇ ਮਹਿ ਡਾਰਾ ॥੭॥

ਤਰਕਸ਼ ਖਰ ਖਪਰੇ ਭਰਿਵਾਯੋ।
ਊਪਰ ਹੀਰਨ ਤੇ ਦਿਪਤਾਯੋ।
ਗਰ ਮਹਿਂ ਡਾਰਿ ਸੁ ਬਾਂਧਜੋ ਕਟ ਸੋਂ।
ਕਸਿ ਕਟਿ[1] ਬਹੁ ਸੂਖਮ ਦਿਢ ਪਟ ਸੋਂ ॥੮॥ [1]ਲੱਕ ਕਸਿਆ।
ਜਮਧਰ ਤਿਸ ਮਹਿਂ ਕਰੀ ਸਜਾਵਨ।
ਧਨੁਖ ਕਠੋਰ ਲੀਨਿ ਮਨ ਭਾਵਨ।
ਭਏ ਅਰੂਢਨਿ ਕੋ ਜਬਿ ਤਜਾਰੀ।
ਜੋਧ ਪਠਜੋ ਨਰ ਬਿਨੈ ਉਚਾਰੀ ॥੯॥
'ਪ੍ਰਭੁ ਜੀ ! ਮੋ ਕਹੁ ਲੇ ਕਰਿ ਸੰਗ।
ਆਪ ਅਰੋਹੋ ਤੇਜ ਤੁਰੰਗ।'
ਸ਼ਸਤ੍ਰ ਬਸਤ੍ਰ ਬੈਸੇ ਗੁਰ ਪਹਿਰੇ।
ਜੋਧ ਪ੍ਰਤੀਖਤਿ ਹੈਂ ਕੁਛ ਠਹਿਰੇ ॥੧੦॥
ਸਿਖ ਕੀ ਤਨੁਜਾ ਸੁਨਜੋ ਪ੍ਰਸੰਗ।
'ਤੁਰਕਨ ਸੰਗ ਪਰਹਿ ਗੁਰ ਜੰਗ।'
ਜੋਧ ਆਪਨੋ ਪਤਿ ਸਮੁਝਾਯੋ।
'ਭਲੀ ਕਰੀ ਤੁਮ, ਮਮ ਮਨ ਭਾਯੋ ॥੧੧॥
ਸਰਬ ਕਲਾ ਸਮਰਥ ਗੁਰ ਪੂਰਾ।
ਕਰਮ ਕਰਤਿ ਮਾਨਵ ਸਮ ਰੂਰਾ।
ਕਬਹੁੰ ਨ ਹੁਜਹਿ ਇਨ ਪ੍ਰਤਿਕੂਲ।
ਹਾਥ ਜੋਰਿ ਰਹੀਅਹਿ ਅਨਕੂਲ ॥੧੨॥
ਨਹਿਂ ਸੰਗ੍ਰਾਮ ਬਿਖੈ ਡਰ ਕੋਈ।
ਲਸ਼ਕਰ ਤੁਰਕ ਜਿ ਦਸ ਗੁਨ ਹੋਈ।
ਨਰ ਬਪੁਰੇ ਇਹ ਕਹਾਂ ਅਗਾਰੀ।
ਸੁਰਪਤਿ ਲਰਹਿ ਜਿ ਲੇ ਸੁਰ ਝਾਰੀ[1] ॥੧੩॥ [1]ਸਾਰੇ ਦੇਵਤੇ ਲੈ ਕੇ ਜੇ ਇੰਦ੍ਰ ਬੀ ਲੜੇ।
ਸ਼੍ਰੀ ਹਰਿਗੋਬਿੰਦ ਸਭਿਨਿ ਪਲਾਵਹਿਂ।
ਸ਼ੱਤ੍ਰੂ ਹਤਹਿਂ ਜੀਤ ਕੋ ਪਾਵਹਿਂ।
ਨਹੀਂ ਸ਼ਾਹੁ ਤੇ ਕੀਜਹਿ ਤ੍ਰਾਸ।
ਗੁਰੁ ਸਹਾਇ, ਤੌ ਸਦਾ ਬਿਲਾਸ[1] ॥੧੪॥ [1]ਤਾਂ ਸਦਾ ਅਨੰਦ ਹੈ।
ਸਨਮੁਖ ਹਤਹੁ ਸ਼ੱਤ੍ਰ ਰਣ ਬਿਖੈ।

ਹੁਇ ਪ੍ਰਸੰਨ ਜਿਸ ਤੇ ਗੁਰੁ ਪਿਖੈਂ।
ਨਿਜ ਕੁਲ ਓਰ ਨਿਹਾਰਨਿ ਕਰੀਅਹਿ।
ਸੁਜਸੁ ਜਗਤ ਜ਼ਾਹਰ ਬਿਸਤਰੀਅਹਿ'
॥੧੫॥
ਨਿਜ ਤ੍ਰਿਯ ਤੇ ਸੁਨਿ ਜੋਧ ਉਚਾਰੀ।
'ਮਮ ਉਰ ਉਪਜੀ ਸ਼ਰਧਾ ਭਾਰੀ।
ਗੁਰ ਕੇ ਸੰਗ ਨ ਤਜੋਂ ਕਦਾਈਂ।
ਇਨ ਪਦ ਤਰ[1] ਦਿਉਂ ਪ੍ਰਾਨ ਗਵਾਈ
॥੧੬॥
ਦੋਨਹੁ ਲੋਕ ਭਲਾ ਜੋ ਕਰਿਹੀਂ[1]।
ਮੂਰਖ ਇਨ ਕੀ ਸ਼ਰਨ ਪ੍ਰਹਰਿਹੀਂ।
ਜਜੋਂ ਜਜੋਂ ਰਣ ਮਹਿਂ ਆਇਸੁ ਦੈ ਹੈਂ।
ਜਹਾਂ ਪਠਹਿਂ, ਜਿਹ ਸੰਗ ਲਰੈ ਹੈਂ ॥੧੭॥
ਤਹਿਂ ਘਾਲੌਂ ਘਮਸਾਨ ਘਨੇਰਾ।
ਸੁਨੀਅਹਿ ਇਹਾਂ ਜਥਾ ਬਲ ਮੇਰਾ।'
ਇਮ ਦੰਪਤਿ ਕਹਿ ਆਪਸ ਮਾਂਹੀ।
ਸ਼ਸਤ੍ਰ ਬਸਤ੍ਰ ਪਹਿਰੇ ਤਨ ਤਾਂਹੀ ॥੧੮॥
ਚਢਿ ਤੁਰੰਗ ਪਰ ਤਬਿ ਚਲਿ ਆਯੋ।
ਗੁਰ ਪਗ ਪੰਕਜ ਸੀਸ ਨਿਵਾਯੋ।
ਭ੍ਰਾਤ ਸਲੇਮ ਸ਼ਾਹੁ ਕੋ ਆਨਾ।
ਦੋਨਹੁ ਜੋਧਾ ਬਲੀ ਮਹਾਨਾ ॥੧੯॥
ਸਾਦਰ ਸਤਿਗੁਰ ਪਾਸ ਬਿਠਾਏ।
ਏਕ ਹਜ਼ਾਰ ਸੈਨ ਸੰਗ ਲਜਾਏ।
ਜੋਧ ਰਾਇ ਕਹਿ 'ਸੁਨਿ ਗੁਰ ਪੂਰੇ!
ਅਬਿ ਅਰੂਢਿਬੋ ਬਨਹਿਂ ਜ਼ਰੂਰੇ' ॥੨੦॥
ਸ੍ਰੀ ਹਰਿਗੋਬਿੰਦ ਗਿਰਾ ਉਚਾਰੀ।
'ਹਮ ਬੈਠੇ ਬਨਿ ਕਰਿ ਅਬਿ ਤਯਾਰੀ।
ਪਹਿਲੇ ਪਹਿਰ ਦਿਵਸ ਕੇ ਡੇਰਾ।
ਗਮਨਹਿਂ, ਕਰਹਿਂ ਤਾਲ ਜਲ ਘੇਰਾ'
॥੨੧॥
ਨਾਮ 'ਜਾਨ ਭਾਈ' ਹਯ ਮੇਲਾ[1]।
ਧਰਿ ਦੂਸਰ ਕੋ ਨਾਮ 'ਸੁਹੇਲਾ।'

[1]ਇਨ੍ਹਾਂ ਦੇ ਚਰਨਾਂ ਦੇ ਹੇਠ।

[1]ਦੋਹਾਂ ਲੋਕਾਂ ਵਿਚ (ਜੋ ਗੁਰੂ ਸਾਹਿਬ) ਭਲਾ ਕਰਦੇ ਹਨ।

[1](ਇਕ) ਘੋੜੇ ਦਾ ਨਾਮ 'ਜਾਨ ਭਾਈ' ਰਖਿਆ ਸੀ।

ਜਬਰ ਜਵਾਹਰ ਜ਼ੀਨ ਜਰਾਊ।
ਦੋਨਹੁਂ ਪਰ ਸ਼ੋਭਤਿ ਦੁਤਿ ਦਾਊ[1] ॥੨੨॥
ਕਹ੍ਯੋ 'ਜਾਨ ਭਾਈ' ਮੰਗਵਾਯੋ।
ਸ਼੍ਰਮਤਿ ਸੁਹੇਲਾ ਲਖਿ ਨ ਅਨਾਯੋ[1]।
'ਕੋਤਲ ਚਲਹਿ ਸੰਗ ਡੁਰਿਆਯੋ[1]।'
ਸੁਨਿ ਗੁਰ ਹੁਕਮ ਤੁਰਤ ਲੇ ਆਯੋ ॥੨੩॥
ਜੋਧਾਰਾਇ ਕੋ ਕਰ ਗੁਰ ਗਹ੍ਯੋ।
ਆਗੇ ਹੋਇ ਤੁਰੰਗਮ ਲਹ੍ਯੋ।
ਕਰਹਿ ਸਰਾਹਿਨ ਤਬਿ ਆਰੋਹੇ।
ਮਨਹੁਂ ਬਿਸ਼ਨੁ ਖਗਪਤਿ[1] ਪਰ ਸੋਹੇ ॥੨੪॥
ਕਹ੍ਯੋ, ਰਾਇ ਤਬਿ ਨਿਜ ਹਯ ਚਢ੍ਯੋ।
ਉਰ ਉਤਸਾਹੁ ਸਭਿਨਿ ਕੇ ਬਢ੍ਯੋ।
ਪਰੀ ਚੋਬ ਧੌਂਸਾ ਧੁੰਕਾਰਾ।
ਸੁਨਤਿ ਅਰੂਢ੍ਯੋ ਤਬਿ ਦਲ ਸਾਰਾ ॥੨੫॥
ਤੀਨ ਹਜ਼ਾਰ ਚਮੂੰ ਗੁਰ ਕੇਰੀ।
ਕਾਂਗੜ ਪਤਿ ਹਜ਼ਾਰ ਤਿਸ ਬੇਰੀ।
ਚਤਰ ਸਹੰਸ੍ਰ ਸੰਗ ਚਢਿ ਚਾਲੀ।
ਲਰਿਬੇ ਹਿਤ ਚਿਤ ਚੌਂਪ ਬਿਸਾਲੀ ॥੨੬॥
ਮਾਰਗ ਗਮਨੇ ਗੁਰੂ ਅਗਾਰੀ।
ਜੋਧ ਬਰਾਬਰ ਕਰ੍ਯੋ ਹਕਾਰੀ।
ਚਲੇ ਸਰਾਹਤਿ ਚਪਲ ਤੁਰੰਗ।
ਅਰੁ ਲਜਾਵਨ ਕੋ ਕਹਤਿ ਪ੍ਰਸੰਗ ॥੨੭॥
'ਬਿਖਮ ਸਥਾਨ ਸ਼ਾਹੁ ਕੇ ਤੀਰ।
ਰਹਹਿ ਸੁਭਾਇਕ ਬਹੁ ਭਟ ਭੀਰ।
ਬਲ ਬੁਧਿ ਤੇ ਬਡ ਕਰੀ ਦਲੇਰੀ।

[1]ਸੋਭਾ ਦੇਣ ਵਾਲੀਆਂ (ਕਾਠੀਆਂ)।

[1]ਨਹੀਂ ਮੰਗਵਾਇਆ।

[1]ਵਾਗ ਫੜ ਕੇ ਨਾਲ ਖਾਲੀ ਤੁਰਿਆ ਚੱਲੇ [ਫਾ. ਕੋਤਲ = ਸਜਾਵਟ ਲਈ ਖਾਲੀ ਚਲਦਾ ਘੋੜਾ। ਤੁਰਕੀ ਵਿਚ ਕੋਤਲ = ਖਾਸ ਸਵਾਰੀ ਦੇ ਘੋੜੇ ਨੂੰ ਕਹਿੰਦੇ ਹਨ। ਕਸ਼ਮੀਰੀ ਵਿਚ ਕੋਤਲ ਨਾਮ ਕਬੂਤਰ ਦਾ ਹੈ। ਜਿਸ ਘੋੜੇ ਦੀ ਧੌਣ ਕਬੂਤਰ ਵਰਗੀ ਹੋਵੇ]

[1]ਗਰੁੜ।

ਬਨਯੋ ਘਸੇਰਾ ਸੇਵ ਘਨੇਰੀ ॥੨੮॥
ਹਯ ਗੁਨ ਬਡੇ ਸ਼ਾਹੁ ਕੋ ਪਜਾਰੇ।
ਪ੍ਰਥਮ ਕਰੇ ਸੇਵਕ ਮਤਿਵਾਰੇ[1]।
ਆਨਯੋ ਘੋਰਾ ਪ੍ਰਥਮ ਕੁਦਾਇ।
ਸਭਿ ਕੇ ਬਦਨ ਕਲੰਕ ਲਗਾਇ ॥੨੯॥
ਜੋਧਰਾਇ ਤੁਮ ਕਰਹੁ ਬਿਚਾਰਾ।
ਜਯੋਂ ਜਯੋਂ ਪੂਰਬ ਤੁਰੰਗ ਨਿਕਾਰਾ।
ਗਯੋ ਬਹੁਰ ਇਹੁ ਲਯਾਇ ਸੁਹੇਲਾ।
ਪਹੁੰਚਨਿ ਭੀ ਢਿਗ ਹੁਤੋ ਦੁਹੇਲਾ ॥੩੦॥
ਬੇਸ ਬਨਾਯੋ ਹਿੰਦੁਸਤਾਨੀ।
ਨਹਿਂ ਪਰਖਨ ਤੇ ਇਹੁ ਬਿਧਿ ਠਾਨੀ।
ਖੋਜੀ ਬਨਿ ਕੀਨੋ ਸੰਬਾਦਿ।
ਸਭਿ ਕੇ ਸੰਗ[†] ਸ਼ਾਹੁ ਤੇ ਆਦਿ ॥੩੧॥
ਕਹਯੋ ਰਜਤਪਣ ਲਾਖਹੁਂ ਦੈਨਿ।
ਹਮਰੇ ਹਿਤ ਕਰਿ ਚਹੇ ਨ ਲੇਨਿ।
ਕੂਰ ਪਦਾਰਥ ਸਗਰੇ ਜਾਨੇ।
ਸਿੱਖੀ ਰਖੀ ਸਾਚ ਕੋ ਮਾਨੇ[1] ॥੩੨॥
ਤਹਿਂ ਦੇਖਹੁ ਬੁਧਿ ਬਲ ਇਸ ਕੇਰਾ।
ਤਿਨ ਤੇ ਜ਼ੀਨ ਪਵਾਯਹੁ ਫੇਰਾ।
ਕੁਲਫ ਲਗਾਇ ਕੈਦ ਸਭਿ ਕਰੇ।
ਹਯ ਲਯਾਯਹੁ ਮੂਰਖ ਸਭਿ ਛਰੇ ॥੩੩॥
ਇਸ ਬਿਧਿ ਕੀ ਬੁਧਿ ਬਿਧੀਏ ਮਾਂਹਿ।
ਅਪਰ ਕਿਸੀ ਕੇ ਲਖੀਯਤਿ ਨਾਂਹਿ।'
ਸੁਨਤਿ ਜੋਧ ਕਹਿ 'ਕ੍ਰਿਪਾ ਤੁਮਾਰੀ।
ਸੁਮਤਿਵੰਤ ਮਹਿਂ ਉੱਤਮ ਭਾਰੀ ॥੩੪॥
ਭਯੋ ਨ ਹ੍ਵੈ ਹੈ ਕਬਿ ਅਸ ਦੰਭਾ।
ਦੇਖਤਿ ਸੁਨਤੇ ਹੋਤਿ ਅਚੰਭਾ।'
ਇੱਤਯਾਦਿਕ ਗਮਨਤਿ ਕਰਿ ਬਾਤੀ।
ਨਿਸ ਬਿਤੀਤ ਪ੍ਰਗਟੀ ਪੁਨ ਪ੍ਰਾਤੀ ॥੩੫॥
ਤੇਜ -ਜਾਨ ਭਾਈ- ਕਰਿ ਛੇਰਾ[1]।
ਗਿਨ ਗਿਨ ਚਰਨ ਧਰਹਿ ਤਿਸ ਬੇਰਾ।

[1]ਸ਼ਰਾਬ ਵਿਚ ਮਸਤ।

[†]ਪਾ:-ਤੇ ਅੱਗੂ।

[1]ਸਿਖੀ ਨੂੰ ਸੱਚੀ ਮੰਨਕੇ ਧਾਰੀ ਰੱਖਿਆ।

[1]ਛੇੜਕੇ ਤੇਜ਼ ਕੀਤਾ।

ਲਘੁ ਛਾਲਨਿ ਤੇ ਸੋਹਿਤ ਬਾਜੀ[1]। — [1]ਘੋੜਾ।
ਜਨੁ ਉੱਤਮ ਨਟ ਕੀਨਸਿ ਬਾਜ਼ੀ[1] ॥੩੬॥ — [1]ਬਾਜ਼ੀਗਰ ਦੀ) ਖੇਡ।
ਸੁੰਮ ਆਗਲੇ ਛੁਵਤਿ ਸੁ ਛਾਤੀ[1]। — [1]ਅਗਲੇ ਸੁੰਮ ਛਾਤੀ ਨੂੰ ਛੁਹਾਕੇ।
ਕਰਤਿ ਕੁੰਡਲੀ ਜੁਗ ਇਕ ਭਾਂਤੀ[1]। — [1]ਇਕੱਠੇ) ਦੋਹਾਂ ਪੈਰਾਂ (ਨਾਲ) ਇਕੇ ਤਰ੍ਹਾਂ ਕੁੰਡਲੀ ਪਾਉਂਦਾ ਹੈ।
ਛਿਤ ਛੁਹਾਇ ਪਾਛਲ ਪਗ ਜਾਨੂ[1]। — [1]ਪਿਛਲੇ ਪੈਰ ਗੋਡਿਆਂ ਤਕ ਪ੍ਰਿਥਵੀ ਨੂੰ ਛੁਹਾਕੇ।
ਉਠਿ ਉਠਿ ਪਰਤਿ ਸੁ਼ਭਤਿ ਬਲਵਾਨੂ ॥੩੭॥
ਚਪਲਤਿ ਚਲਤਿ, ਕਹਾਂ ਮ੍ਰਿਗਛੌਨਾ[1]। — [1]ਹਰਨ ਦਾ ਬੱਚਾ ਵੀ ਕਿੱਥੇ (ਚਲ ਸਕਦਾ ਹੈ)।
ਧਾਇ ਪਿਛਾਰੀ ਡਾਰਤਿ ਪੌਨਾ[1]। — [1]ਪੌਣ ਨੂੰ ਪਿੱਛੇ ਸੁੱਟਦਾ ਹੈ (ਜਦ) ਦੌੜਦਾ ਹੈ।
ਇਕ ਦੁਇ ਛਾਰ ਕਰਾਇ ਬਡੇਰੀ।
ਧੀਰ ਦੇਤਿ ਰੋਕਯੋ ਤਿਸ ਬੇਰੀ ॥੩੮॥
ਚੰਚਲਿ ਚਲਤਿ ਚਾਲ ਚਤੁਰਾਈ।
ਚਾਰੁ ਬਿਲੋਚਨ ਚਤੁਰ ਨਚਾਈ[1]। — [1]ਚਹੁੰਆਂ (ਪਾਸਿਆਂ ਵਲ) ਨਚਾਉਂਦਾ ਹੈ ਸੁਹਣੇ ਨੈਣ।
ਚਿਤਵਤਿ ਚਾਹਿ ਚਕਤਿ ਚਿਤ ਸਾਰੇ[1]। — [1]ਸਾਰੇ ਚਾਹ ਕੇ ਦੇਖਦੇ ਹਨ ਤੇ ਦੇਖਕੇ ਹੈਰਾਨ ਹੋ ਜਾਂਦੇ ਹਨ।
ਹਰਖਤਿ ਕਹਿਂ 'ਬਿਧਿ[1] ਆਪ ਸੁਧਾਰੇ' ॥੩੯॥ — [1]ਬਿਧਾਤਾ ਨੇ।
ਅਪਰ ਕਹਾਂ ਲਗਿ ਕਰਵ ਬਡਾਈ।
ਤੁਰੰਗਨ ਕੇ ਗੁਨ ਗਨ ਇਕ ਥਾਈਂ।
ਕਾਂਗੜ ਤੇ ਦੱਖਣ ਦਿਸ਼ਿ ਗਏ।
ਮਹਾਂ ਉਜਾੜ ਬਿਲੋਕਤਿ ਭਏ ॥੪੦॥
ਭਰਯੋ ਬਿਮਲ ਜਲ ਤਾਲ ਨਿਹਾਰਾ।
ਜੋਧਰਾਇ ਗੁਰ ਸੰਗ ਉਚਾਰਾ।
'ਮਹਾਰਾਜ! ਇਹੁ ਥਾਨ ਮਹਾਨਾ।
ਲਰਿਬੇ ਹਿਤ ਹਮ ਪਰਖਨਿ ਠਾਨਾ ॥੪੧॥
ਦੂਰ ਦੂਰ ਲਗਿ ਬਡੀ ਉਜਾਰੀ।
ਖੋਜਯੋ ਪਾਇ ਨਹੀਂ ਕਿਤ ਬਾਰੀ[1]। — [1]ਜਲ।
ਹਮ ਆਗੇ ਬਹੁ ਬਾਰ ਨਿਹਾਰਾ।
ਖੇਲਤਿ ਪਹੁੰਚੇ ਅਧਿਕ ਸ਼ਿਕਾਰਾ ॥੪੨॥
ਰਹੇ ਬਿਚਾਰਤਿ -ਕਬਿ ਇਸ ਥਾਂਈ।

ਰਿਪੁ ਆਵਹਿਂ ਜਬਿ ਕਰਹਿਂ ਲਰਾਈ-।
ਚਹਤਿ ਹੁਤੇ ਸੋਈ ਬਿਧਿ ਹੋਈ।
ਹਤਹਿਂ ਸ਼ੱਤ੍ਰੁ ਚਲਿ ਪਹੁੰਚੈ ਕੋਈ' ॥੪੩॥
ਪਿਖਿ ਸਥਾਨ ਗੁਰ ਹਰਖ ਨ ਥੋਰਾ।
'ਸਾਧ ਸਾਧ, ਆਛੇ ਥਲ ਟੋਰਾ।'
ਇਹ ਕਹਿ ਉਤਰ ਪਰੇ ਸਰ ਤੀਰ।
ਨੈਨ ਨਿਹਾਰਜੋ ਨਿਰਮਲ ਨੀਰ ॥੪੪॥
ਕੀਨੋ ਸੈਨਾ ਸਿਵਰ ਪ੍ਰਮੋਦ।
ਭਰੇ ਤਾਲ ਕੇ ਚਾਰਹੁਂ ਕੋਦ[1]। [1]ਚਾਰੋਂ ਪਾਸੇ।
ਸਾਵਧਾਨ ਹ੍ਵੈ ਕੈ ਬਰ ਬੀਰ।
ਖਰ ਆਯੁਧ ਕੀ[1] ਜਹਿ ਕਹਿਂ ਭੀਰ ॥੪੫॥ [1]ਤਿੱਖੇ ਸ਼ਸਤ੍ਰਾਂ ਦੀ।
ਤਾਲ ਤੀਰ ਥਲ ਭਲ ਅਵਿਲੋਕਾ।
ਗੁਰੁ ਤੰਬੂ ਲਗਿ ਚੋਬ ਸੁ ਦੋ ਕਾ[1]। [1]ਦੋ ਚੋਬਾ ਤੰਬੂ।
ਬਿਚ ਸੁੰਦਰ ਪਰਯੰਕ ਡਸਾਏ।
ਆਸਤਰਨ ਕਰਿ ਬੈਠਿ ਸੁਹਾਏ ॥੪੬॥
ਦਿਸ਼ਾ ਦੂਸਰੀ ਹੇਰਿ ਸਥਾਨ।
ਲਗਜੋ ਰਾਇ ਤੰਬੁ ਦੁਤਿਵਾਨ।
ਨਿਜ ਨਿਜ ਸ਼ੁਭਟਨ ਬ੍ਰਿੰਦ ਲਗਾਏ।
ਹਿਤ ਬਿੱਸ੍ਰਾਮ ਖਰੇ ਸਮੁਦਾਏ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਕਾਂਗੜ ਤੇ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਏਕ ਊਨ ਚਤਵਾਰਿੰਸਤੀ ਅੰਸੂ ॥੩੯॥

## ੪੦. [ਜੰਗ ਦੀਆਂ ਤਿਆਰੀਆਂ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਤਿਸੀ ਤਾਲ ਕੇ ਦੁਇ ਦਿਸ,
ਲਹਿਰਾ ਔਰੁ ਮਰ੍ਹਾਜ[1]। [1]ਦੋ ਪਿੰਡਾਂ ਦੇ ਨਾਮ ਹਨ।
ਪਹੁੰਚੇ ਸ਼੍ਰੀ ਹਰਿਰਾਇ ਜਬਿ,
ਗ੍ਰਾਮ ਬਸਾਏ ਸਾਜ[1] ॥੧॥ [1]ਸਜਾਕੇ।

ਚੌਪਈ:

ਦੁਇ ਦੁਇ ਕੋਸ ਦੋਇ ਦਿਸ਼ ਗ੍ਰਾਮੂ।
ਲਹਿਰਾ ਅਰੁ ਮਰ੍ਹਾਜ ਜਿਸ ਨਾਮੂ।
ਸ਼੍ਰੀ ਸਤਿਗੁਰ ਹਰਿਰਾਇ ਬਸਾਏ।
ਅੱਗ੍ਰ ਕਥਾ ਇਹ ਦੇਉਂ ਸੁਨਾਏ ॥੨॥
ਸ਼੍ਰੀ ਹਰਿ ਗੋਵਿੰਦ ਪਹੁੰਚੇ ਜਾਇ।
ਹੁਤੀ ਉਜਾਰ ਤਹਾਂ ਸਮੁਦਾਇ।
ਨਹੀਂ ਗ੍ਰਾਮ ਨੇਰੇ, ਨਹਿਂ ਪਾਨੀ।
ਭਏ ਮਵਾਸ ਮਹਾਂ ਗੁਨਖਾਨੀ ॥੩॥
ਸਭਿ ਸੁਭਟਨਿ ਕੋ ਦੀਨਿ ਸੁਨਾਈ।
'ਰਹਹੁ ਸੁਚੇਤ ਕਰਹੁ ਤਕਰਾਈ।
ਰਿਪੁ ਗਨ ਪਹੁੰਚੇ ਹੀ ਅਬਿ ਜਾਨੋਂ।
ਦ੍ਵੈ ਗੁਲਕਾ ਭਰਿ[1] ਹਤਹੁ ਨਿਸ਼ਾਨੋ ॥੪॥ [1]ਦੋ ਦੋ ਗੋਲੀਆਂ ਭਰਕੇ।
ਗੁਰ ਪ੍ਰਤਾਪ ਤੇ ਜਵ ਰਿਪੁ ਬਨੈ[1]। [1]ਵੈਰੀ ਜੜ ਹੋ ਜਾਣਗੇ।
ਆਇਂ ਸਮੂਹ ਸੁਗਮ ਹੀ ਹਨੈਂ।
ਜਿਮ ਹਯ ਲਜਾਇ ਲਗਾਇ ਕਲੰਕ[1]। [1]ਵੈਰੀ ਨੂੰ) ਕਲੰਕ ਲਾ ਕੇ।
ਤਿਮ ਲਿਹੁ ਬਿਜੈ ਸੰਘਾਰਿ ਨਿਸ਼ੰਕ'
॥੫॥
ਸੁਨਿ ਉਤਸਾਹ ਭਟਨ ਕੋ ਹੋਵਾ।
ਅਧਿਕ ਬੀਰ ਰਸ ਰਿਦੈ ਪਰੋਵਾ।
ਜ਼ੀਨ ਸਮੇਤ ਖਰੇ ਹਯ ਰਾਖੇ।
ਆਪ ਸਨੱਧਬੱਧ ਰਿਪੁ ਕਾਂਖੇ[1] ॥੬॥ [1]ਵੈਰੀ ਨੂੰ ਉਡੀਕਦੇ ਹਨ।
ਇਮ ਸਤਿਗੁਰ ਤਹਿਂ ਕੀਨਸਿ ਡੇਰਾ।
ਅਬਿ ਪ੍ਰਸੰਗ ਸੁਨਿ ਤੁਰਕਨਿ ਕੇਰਾ।
ਜਬਿ ਬਿਧੀਏ ਹਯ ਕੀਨਿ ਕੁਦਾਵਨ।

ਦੁਰਗ ਦਿਵਾਰ ਨਦੀ ਤਰਿ ਜਾਵਨ ॥੭॥
ਸ਼ਾਹ ਸਰਬ ਹੀ ਚਰਿਤ ਨਿਹਾਰੇ।
ਹਾਕ ਪੁਕਾਰ ਪੁਕਾਰ ਉਚਾਰੇ[1]।
'ਕਹਾਂ ਭਈ ਤੁਮ ਮਾਰ ਖੁਦਾਇ।
ਪ੍ਰਿਯ ਤੁਰੰਗ ਲੇ ਚਲ੍ਯੋ ਧਵਾਇ ॥੮॥
ਤੁਮ ਸਭਿਹਿਨਿ ਕੀ ਅਸਿ ਮਤਿ ਮਾਰੀ।
ਨਹਿਂ ਤਸਕਰ ਕੀ ਕੀਨਿ ਚਿਨਾਰੀ।'
ਜਹਾਂ ਪਾਹਰੂ ਅਰ ਨਰ ਕੋਈ।
ਸੁਨਹਿ ਸ਼ਾਹੁ ਬਾਨੀ ਦੁਖ ਭੋਈ[1] ॥੯॥
ਉਤਰਹਿ ਤਰੇ ਬਹੁਰਿ ਚਢਿ ਜਾਇ।
ਨਹਿਂ ਨਿਕਸਨਿ ਕੋ ਪਾਵਹਿ ਥਾਇਂ।
ਸਭਿ ਪੌਰਨ ਕੋ ਕੁਲਫ ਲਗਾਏ।
ਇਤ ਉਤ ਬਿਚਰਹਿ ਬਸ ਨ ਬਸਾਏ ॥੧੦॥
ਜਥਾ ਬਿਹੰਗ ਪਿੰਜਰੇ ਕੋਇ।
ਛੇਰੀਂ ਭਰਮੈ ਮੁਕਤਿ ਨ ਹੋਇ[1]।
ਉਚੇ ਚਢਹਿ ਪੁਕਾਰਤਿ ਭਾਖੇ।
ਕ੍ਰਿਖੀ ਮਨੋ ਜਿਮ ਬੋਲਤਿ ਰਾਖੇ[1] ॥੧੧॥
ਮਨਹੁਂ ਗਿਰਨ ਕੇ ਸਿਖਰ ਪਹਾਰੀ।
ਉਤਰ੍ਯੋ ਜਾਇ ਨ ਕਰਤਿ ਪੁਕਾਰੀ।
ਸ਼ਾਹੁ ਜਹਾਂ ਹੁਇ ਕੋਪ ਬਿਸਾਲੇ।
ਦੰਤਨਿ ਪੀਸਤਿ ਵਸ ਨਹਿਂ ਚਾਲੇ ॥੧੨॥
ਮਰਦਤਿ ਹਾਥਨ ਕੋ ਦੁਖ ਭਰੇ।
ਲੇ ਲੇ ਨਾਮ ਪੁਕਾਰਨ ਕਰੇ।
ਉਚੇ ਬੋਲਤਿ ਲੋਕ ਸੁਨਾਵੈਂ।
'ਹਜ਼ਰਤ ਜੀ! ਕੁਛ ਵਸ ਨ ਵਸਾਵੈ ॥੧੩॥
ਕਰਹਿਂ ਉਖੇਰਨਿ ਅਬਹਿ ਕਿਵਾਰ।
ਨਿਕਸਹਿਂ ਵਹਿਰ ਸਰੈ ਨਹਿਂ ਕਾਰ।
ਹਯ ਗੁਲਬਾਗ, ਗਹੈ ਤਿਸ ਕੌਨ।
ਜੋ ਪਾਛੈ ਹੀ ਛੋਰਤਿ ਪੌਨ' ॥੧੪॥

[1]ਪੁਕਾਰ ਪੁਕਾਰ ਕੇ ਹਾਕਾਂ ਮਾਰਨ ਲੱਗਾ।

[1]ਦੁੱਖ ਨਾਲ ਮਿਲੀ।

[1]ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਅਰਥ ਹੈ:-(ਜਿਵੇਂ ਪਿੰਜਰੇ ਪਿਆ ਪੰਛੀ ਪਿੰਜਰੇ ਦੇ) ਛੇਕਾਂ ਵਿਚ (ਸਿਰ ਦੇ ਦੇ) ਫਿਰਦਾ ਹੈ, ਉਹ ਛੁੱਟ ਨਹੀਂ ਸਕਦਾ।

[1]ਖੇਤੀ ਦਾ ਰਾਖਾ।

ਜ਼ੋਰ ਦਰੋਗੇ ਕਰਿ ਕਰਿ ਬਾਹੂੰ।
ਕਰਜੋ ਕਿਵਰ ਉਖਾਰਨ ਤਾਹੂੰ।
ਨਿਕਸਜੋ ਵਹਿਰ ਸ਼ਾਹੁ ਦਿਸ਼ਿ ਗਯੋ।
ਸੰਮਨ ਬੁਰਜ ਕੁਲਫ ਤਹਿਂ ਦਯੋ ॥੧੫॥
ਲੇ ਕੁਠਾਰ ਕਹੁ ਤੋਰਜੋ ਤਾਰਾ।
ਅੰਤਰਿ ਪਹੁੰਚਜੋ ਸ਼ਾਹੁ ਨਿਹਾਰਾ।
ਮਹਾਂ ਦੁਖਤਿ ਬਜਾਕੁਲ ਹੁਇ ਰਹਜੋ।
ਦੇਖਿ ਦਰੋਗੇ ਕੋ ਤਬਿ ਕਹਜੋ ॥੧੬॥
'ਕਹਾਂ ਭਯੋ ਅਚਰਜ, ਮਤਿ ਮੰਦਹੁ !
ਦੰਭ[1] ਨ ਜਾਨਜੋ ਮਿਲਿ ਨਰ ਬ੍ਰਿੰਦਹੁ !
ਬਿਨ ਤਾਰੀ ਤਾਰੇ[1] ਤੁਰਵਾਵਹੁ।
ਜਹਿਂ ਕਹਿਂ ਅਧਿਕ ਮਸਾਲ ਜਲਾਵਹੁ ॥੧੭॥
ਸੋਂਧੇ ਮਾਨਵ ਕਿਤਿਕ ਹਕਾਰੇ।
ਜਾਰਿ ਮਸਾਲੈਂ ਤੋਰਤਿ ਤਾਰੇ।
ਕਹੂੰ ਸ਼ੀਘ੍ਰਤਾ ਅਧਿਕ ਕਰੰਤੇ।
ਆਗ ਲਗਾਇ ਕਿਵਾਰ ਜਲੰਤੇ ॥੧੮॥
ਕਹੂੰ ਕੁਠਾਰਨਿ ਸੋਂ ਕਰਿ ਕਾਟੈਂ।
ਡਰਤਿ ਸਰਬ ਹੀ, ਹਜ਼ਰਤ ਡਾਂਟੈ।
ਕਹੂੰ ਕੰਧ ਕੋ ਕਰਹਿਂ ਬਿਦਾਰਨ।
ਫਸੇ ਜੁ ਨਰ ਸੋ ਕਰੇ ਨਿਕਾਰਨ ॥੧੯॥
ਹੁਤੇ ਕੈਦ ਜਨੁ ਕਰੇ ਖਲਾਸੀ।
ਕੋ ਚਲਿ ਜਾਤਿ ਸ਼ਾਹੁ ਕੇ ਪਾਸੀ।
ਭਯੋ ਨਗਰ ਮਹਿਂ ਏਕ ਅਚੰਭਾ।
ਪਿਖਜੋ ਨ ਅਸ ਕਬਿ ਕੌਤਕ ਦੰਭਾ ॥੨੦॥
ਜਾਗ ਪਰੇ ਸਗਰੇ ਨਰ ਨਾਰੀ।
ਠੌਰ ਠੌਰ ਰੌਰਾ ਪਰਿ ਭਾਰੀ।
'ਕਹਾਂ ਭਯੋ?' ਬੂਝਤਿ ਕੋ ਖਰੇ।
ਕੋ ਕੋ ਲਖੈਂ, ਬਤਾਵਨ ਕਰੇ ॥੨੧॥
ਹੁਤੇ ਸਮੀਪੀ ਸੋ ਚਲਿ ਗਏ।
ਸ਼ਾਹੁ ਜਹਾਂ ਕੋ ਬੂਝਤਿ ਭਏ।

[1]ਬਨਾਉਟ।

[1]ਕੁੰਜੀਆਂ ਤੋਂ ਬਿਨਾਂ (ਜੋ) ਜੰਦਰੇ ਹਨ।

'ਕਹਹੁ ਉਪਾਇ ਕੌਨ ਬਨਿ ਆਵੈ?
ਲੇ ਅਬਿ ਗਯੋ ਨ ਕਰਜੋ ਜਾਵੈ ॥੨੨॥
ਗ੍ਰਾਮ ਨਾਮ ਅਰੁ ਜੋ ਗੁਰ ਬਲੀ।
ਕਹਿ ਇਹੁ ਗਯੋ ਲਖਹੁ ਬਹੁ ਭਲੀ[1]।
[1](ਇਹ) ਵੀ ਬੜੀ ਚੰਗੀ ਗੱਲ ਜਾਣੋ।
ਅੰਧਕਾਰ ਫੈਲਜੋ ਨਿਸ ਮਹਾਂ।
ਅਬਿ ਹਯ ਤਸਕਰ ਪ੍ਰਾਪਤਿ ਕਹਾਂ'
॥੨੩॥
ਸੁਨਤਿ ਸ਼ਾਹੁ ਬਹੁ ਰਿਸ ਕਰਿ ਕਹਜੋ?
'ਕਿਨਹੁਂ ਸੁਮਤਿ ਕਰਿ ਚੋਰ ਨ ਲਹਜੋ।
ਕੇਤਿਕ ਦਿਵਸ ਅਗਾਰੀ ਰਹਜੋ।
ਅਬਿ ਲੇ ਗਯੋ ਰਿਦਾ ਮਮ ਦਹਜੋ ॥੨੪॥
ਸਰਬ ਲੋਕ ਕਰਿ ਕੈ ਮਤਿ ਮੰਦੇ।
ਲੇ ਗਮਨਜੋ ਮਮ ਤੁਰੰਗ ਬਿਲੰਦੇ।
ਅਬਿ ਤੇ ਹੋਤਿ ਉਪਾਵ ਨ ਕੋਈ।
ਗਯੋ ਸੁ ਗਯੋ ਨ ਪ੍ਰਾਪਤਿ ਹੋਈ ॥੨੫॥
ਹੋਤਿ ਪ੍ਰਾਤ ਕੇ ਚਢਤਿ ਸਿਧਾਰੌਂ।
ਕੈ ਗੁਰ ਗਹੌਂ ਕਿ ਰਣ ਕਰਿ ਮਾਰੌਂ।
ਮੁਝ ਤੇ ਤ੍ਰਾਸ ਨਹੀਂ ਕਬਿ ਕਰੈ।
ਲਰਨ ਹੇਤੁ ਸਭਿ ਥਲ ਅਰਿ ਪਰੈ ॥੨੬॥
ਅਬਿ ਕੇ ਲਸ਼ਕਰ ਲੇ ਕਰਿ ਭਾਰਾ।
ਗਹੌਂ ਕਿ ਮਾਰੌਂ, ਬਨੌਂ ਸੁਖਾਰਾ।'
ਇੱਤਜਾਦਿਕ ਬਕਬਾਦ ਕਰੰਤਾ।
ਰਿਸ ਅਗਨੀ ਤੇ ਮਨਹੁ ਜਰੰਤਾ ॥੨੭॥
ਸਭਿ ਲੋਕਨਿ ਕੋ ਕਹਜੋ 'ਸਿਧਾਵੋ[1]।
[1]ਜਾਓ।
ਪ੍ਰਾਤਿ ਹੋਤਿ ਤਜਾਰੀ ਕਰਿਵਾਵੋ।'
ਇਮ ਸੁਨਿ ਗਮਨੇ ਸਭਿ ਨਿਜ ਧਾਮੂ।
ਪਰੇ ਸੁਪਤਿ ਹ੍ਵੈ ਕੀਨਿ ਅਰਾਮੂ ॥੨੮॥
ਭਈ ਪ੍ਰਭਾਤਿ ਸ਼ਾਹੁ ਰਹਿ ਜਾਗਾ[1]।
[1]ਸਵੇਰ ਹੋਈ (ਤਕ) ਸ਼ਾਹ ਜਾਗਦਾ ਰਹਿਆ।
ਪਲਕ ਬਿਲੋਚਨ ਕੈ ਨਹਿਂ ਲਾਗਾ[1]।
[1]ਨੇਤ੍ਰਾਂ ਦੀ ਪਲਕ ਨਾ ਲੱਗੀ।
ਨਿਤ ਨਵੀਨ ਸੌ ਪਾਲਨਿ[1] ਜਾਮਾ।
[1]ਸੌ ਪੱਲਿਆਂ ਦਾ।
ਪਹਿਰਤਿ ਸੂਖਮ ਅਤਿ ਅਭਿਰਾਮਾ
॥੨੯॥

ਸੰਧਜਾ ਲਗਿ ਸੋ ਫਟਿ ਕਰਿ ਜਾਇ।
ਅਗਲੇ ਪ੍ਰਾਤਿ ਨਵੋਂ ਪੁਨ ਪਾਇ।
ਆਮਖਾਸ[1] ਮਹਿਂ ਚਲਿ ਕਰਿ ਆਯੋ।
ਬੈਠਤਿ ਗਨ ਉਮਰਾਵ ਬੁਲਾਯੋ ॥੩੦॥

[1]ਮੁਰਾਦ ਹੈ ਉਸ ਦੀਵਾਨ ਤੋਂ ਜਿੱਥੇ ਸਭ ਅਹਿਲਕਾਰ ਵੱਡੇ ਛੋਟੇ ਤੇ ਦੂਸਰੇ ਲੋਕ ਆ ਸਕਦੇ ਹਨ।

ਸੁਨਿ ਆਇਸੁ ਕੋ ਸਭਿ ਚਲਿ ਆਏ।
ਬਡੇ ਬਡੇ ਜਾਮੇ ਗਰ ਪਾਏ।
ਹੁਤੇ ਦਿਵਾਨ ਮੁਸਾਹਿਬ ਜੇਈ।
ਮਹਾਂ ਸੁਭਟ ਕਹਿਲਾਵਤਿ ਕੇਈ ॥੩੧॥
ਹੁਤੇ ਸਲਾਹੀ ਬਾਕ ਪ੍ਰਬੀਨ[1]।

[1]ਸਲਾਹ ਦੇਣ ਵਿਚ ਜੋ ਚਤੁਰ ਸਨ।

ਤਸਲੀਮਾਤ ਆਨਿ ਗਨ ਕੀਨਿ[1]।

[1]ਸਾਰਿਆਂ ਨੇ ਆਕੇ ਸਲਾਮ ਕੀਤੀ।

ਬਸਤ੍ਰ ਬਿਭੂਖਨ ਪਹਿਰੇ ਤਨ ਮੈਂ।
ਜਰਤਿ ਜਵਾਹਰ ਜ਼ਾਹਰ ਗਨ ਮੈਂ[1] ॥੩੨॥

[1]ਸਾਰੇ (ਗਹਿਣਿਆਂ) ਵਿਚ ਜਵਾਹਰ ਜੜੇ ਹਨ।

ਸਤਿਗੁਰ ਸਿਖ ਵਜ਼ੀਰ ਖਾਂ ਆਯੋ।
ਸੁਮਤਿਵੰਤਿ ਬਡ ਸਿਦਕ ਕਮਾਯੋ।
ਲਗੀ ਕਚਹਿਰੀ ਚਾਰਹੁ ਕੋਦ।
ਬੈਠਜੋ ਹਜ਼ਰਤ ਹੀਨ ਪ੍ਰਮੋਦ[1] ॥੩੩॥

[1]ਨਾਖੁਸ਼, ਉਦਾਸ।

ਅਤਰਨਿ ਕੀ ਛੂਟੀ ਮਹਿਕਾਰ।
ਚਹੁ ਦਿਸ਼ਿ ਧਰੀ ਆਨਿ ਗੁਲਜ਼ਾਰ[1]।

[1]ਭਾਵ ਗੁਲਦਸਤੇ।

ਚਾਮੀਕਰ[1] ਤੇ ਚਿੱਤ੍ਰਤਿ ਥਾਨ।

[1]ਸੋਨਾ।

ਤਿਸ ਹੇਰੇ ਉਰ ਹਰਖ ਮਹਾਨ ॥੩੪॥
ਕਹਜੋ ਸ਼ਾਹੁ 'ਸਭਿ[†] ਸੁਮਤਿ ਪ੍ਰਬੀਨ !

[†]ਪਾ:-ਸੁਨਿ।

ਕਿਨਹੁਂ ਨ ਕਪਟ ਪਰਖਿਬੋ ਕੀਨਿ ?
ਇਕ ਹਯ ਲੀਨਿ ਬਨਜੋ ਘਸਿਆਰੋ।
ਕੈਫ ਪਿਲਾਇ ਕਰੇ ਮਤਵਾਰੋ ॥੩੫॥
ਸੋ ਤੋ ਗਯੋ ਅਚਾਨਕ ਜਾਨਹੁ।
ਦੂਸਰ ਕੋ ਬਡ ਅਚਰਜ ਮਾਨਹੁ।
ਜ਼ੀਨ ਪਾਇ ਹਮ ਆਪਹੁਂ ਦੀਨੋ।
ਮਹਿ ਕਿਮ ਹੂੰ ਕਿਨ ਪਰਖਨਿ ਕੀਨੋ ॥੩੬॥
ਹੇਰਹੁ ਤਸਕਰ ਕੇਰ ਦਿਲੇਰੀ।

ਬਿਨ ਡਰ ਲੇ ਗਮਨਜੋ ਜੁਗ ਬੇਰੀ[1]।
ਸੁਨਜੋ ਨ, ਹਮ ਨੇ ਆਂਖ ਨਿਹਾਰਾ।
ਕੀਨਿ ਕਪਟ ਹਮ ਸਭਿਨਿ ਮਝਾਰਾ ॥੩੭॥

[1]ਦੋਨੋਂ ਵੈਰੀ।

ਬੋਲਤਿ ਬਾਤ ਕਰਤਿ ਲੇ ਗਯੋ।
ਹਮਹੁੰ ਕੈਦ ਸਮ ਠਾਨਤਿ ਭਯੋ।
ਚਢਿ ਤੁਰੰਗ ਪਰ ਸਗਲ ਬਤਾਏ[1]।
-ਹਰਿਗੋਬਿੰਦ ਗੁਰ ਹਯ ਨਿਕਰਾਏ[1]- ॥੩੮॥

[1]ਸਾਰੀ (ਗੱਲ ਉਸ ਨੇ) ਦੱਸੀ।

[1]ਘੋੜੇ ਕਢਵਾਏ।

ਜੰਗਲ ਬਿਖੇ ਗ੍ਰਾਮ ਕੋ ਰੂਪਾ।
ਤਹਿਂ ਲੇ ਪਹੁੰਚੇ ਤੁਰੰਗ ਅਨੂਪਾ।
ਅਬਿ ਨਹਿਂ ਬਿਲਮ ਸੁਹਾਵਤਿ ਮੋਹੀ।
ਤਯਾਰੀ ਕਰਹੁ ਸ਼ੀਘ੍ਰ ਜਿਮ ਹੋਹੀ ॥੩੯॥
ਜ਼ੀਨ ਜਵਾਹਰ ਜ਼ਾਹਰ ਜਰੇ।
ਪ੍ਰਿਯ ਹਯ ਸਹਿਤ ਨਿਕਾਰਨਿ ਕਰੇ।
ਜਬਿ ਲੌ ਗੁਰ ਕੋ ਗਹੌਂ ਕਿ ਮਾਰੌਂ।
ਤਬਿ ਲੌ ਨਿੰਦ੍ਰਾ ਨਹਿਂ ਸੁਖ ਧਾਰੌਂ ॥੪੦॥
ਕਹਹੁ ਅਰੂਢਹਿ ਲਸ਼ਕਰ ਸਾਰਾ।
ਜਬਰ ਜੰਜੈਲ, ਜੰਮੂਰਨ ਵਾਰਾ।
ਦਿਹੁ ਸਭਿ ਕੋ ਬਾਰੂਦ ਰੁ ਗੋਰੀ।
ਤੋਪ ਸਮੂਹ ਚਲਹਿ ਗੁਰ ਓਰੀ' ॥੪੧॥
ਜਹਿਂ ਕਹਿਂ ਕਹਿਤਿ ਫਿਰੈਂ ਹਲਕਾਰੇ।
'ਸਾਮਾ ਜੰਗ[1] ਲੇਹੁ ਕਰਿ ਤਯਾਰੇ।'
ਨਿਜ ਨਿਜ ਦਲ ਮੈਂ ਸਭਿਹਿਨਿ ਦੀਨਿ।
ਗੋਰੀ ਅਰੁ ਬਾਰੂਦ ਮਹੀਨ ॥੪੨॥

[1]ਜੰਗ ਦਾ ਸਾਮਾਨ।

ਚਢਨਿ ਹੇਤੁ ਹਜ਼ਰਤ ਅਸਵਾਰੀ।
ਸੁਨਿ ਆਇਸੁ ਤਤਛਿਨ ਕਰਿ ਤਯਾਰੀ।
ਇਤ ਉਤ ਦੌਰੇ ਮਾਨਵ ਫਿਰੈਂ।
ਰਣ ਕੀ ਸਭਿ ਬਿਧਿ ਤਯਾਰੀ ਕਰੈਂ ॥੪੩॥
ਹਲਾਚਾਲ ਲਵਪੁਰਿ ਮਹਿਂ ਹੋਈ।
'ਭਯੋ ਅਚੰਭਾ' ਭਾਖਤਿ ਕੋਈ।

'ਪ੍ਰਥਮ ਹਯਨਿ ਕੀ ਸੋ ਬਿਧਿ ਭਈ।
ਸ਼ਾਹੁ ਚਢਨਿ ਤਜਾਰੀ ਅਬਿ ਲਈ
॥੪੪॥
ਨਹਿਂ ਸੁਧ ਕਿਸ ਕੋ ਕਯਾ ਹੁਇ ਜਾਇ।
ਦੁਹਿ ਦਿਸ਼ ਭੇਰ ਪਰਹਿ ਸਮੁਦਾਇ।
ਉਤ ਸ਼੍ਰੀ ਨਾਨਕ ਕੋ ਘਰ ਭਾਰੀ।
ਜਿਨ ਕੀ ਅਜ਼ਮਤ ਕਿਹ ਨ ਸਹਾਰੀ
॥੪੫॥
ਇਤ ਸਭਿ ਦੇਸ਼ਨਿ ਕੋ ਬਡ ਮਾਲਿਕ।
ਕਈ ਲਾਖ ਲਸ਼ਕਰ ਜਿਸ ਤਾਲਿਕ[1]।
ਜਹਾਂਗੀਰ ਤੌਂ ਰਾਖਯੋ ਰੰਗ।
ਇਹ ਬਿਗਰਯੋ ਸ਼੍ਰੀ ਸਤਿਗੁਰ ਸੰਗ
॥੪੬॥
ਨਹੀਂ ਆਦਿ ਤੇ ਕਿਮ ਬਨਿ ਆਈ।
ਰਖੀ ਨ ਗੁਰ ਘਰ ਕੀ ਬਡਿਆਈ।
ਛੀਨ ਲੀਨਿ ਹਯ ਪੂਰਬ ਸ਼ਾਹੂ।
ਤਬਿ ਤੇ ਭਾ ਬਿਰੋਧ ਇਨ ਮਾਂਹੂ ॥੪੭॥
ਸ਼੍ਰੀ ਹਰਿਗੋਵਿੰਦ ਚਾਰੁ ਛਬੀਲਾ।
ਪੀਰ ਮੀਰ ਬਡ ਬੀਰੁ ਹਠੀਲਾ।
ਬਾਜ ਰੁ ਬਾਜੀ[1] ਲੀਨਿ ਸੁ ਛੀਨਿ।
ਨਿਜ ਤੁਰੰਗ ਕੇ ਪਲਟਾ ਕੀਨਿ' ॥੪੮॥
ਪੁਰਿ ਮਹਿਂ ਨਰ ਨਾਰੀ ਸਭਿ ਕਹੈਂ।
'ਲਰਹਿਂ ਮਹਾਂ ਜੁਗ[1]' ਸਗਲੇ ਲਹੈਂ।
ਇਮ ਤਜਾਰੀ ਸਾਰੀ ਕਰਿ ਭਾਰੀ।
ਚਹਤਿ ਸ਼ਾਹੁ ਚਢਿਬੇ ਰਿਸ ਧਾਰੀ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼ਾਹ ਤਜਾਰੀ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

[1]ਤਅੱਲਕ ਵਿਚ, ਭਾਵ ਅਧੀਨ।

[1]ਬਾਜ਼ ਅਤੇ ਘੋੜਾ।

[1]ਭਾਵ ਦੋਹਾਂ ਦਾ ਭਿਆਨਕ ਜੰਗ ਹੋਵੇਗਾ।

## ੪੧. [ਲਲਾਬੇਗ ਦੀ ਚੜ੍ਹਾਈ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਤਬਿ ਵਜ਼ੀਰ ਖਾਂ ਦੇਖਿ ਕਰਿ,
ਤਜਾਰੀ ਹਜ਼ਰਤ ਕੀਨਿ।
ਕਿੰਚਬੇਗ† ਕਹਿ ਆਦਿ ਕੁਛ,
ਨਿਜ ਮਸਲਤ ਮਹਿਂ ਲੀਨਿ[1] ॥੧॥

†ਪਾ:-ਕਿਲਚਬੇਗ।

[1]ਕਿੰਚਬੇਗ ਨੂੰ ਪਹਿਲੋਂ ਕੁਝ ਕਹਿਕੇ ਆਪਣੀ ਸਲਾਹ ਵਿਚ ਲੈ ਲਿਆ।

ਚੌਪਈ:

'ਕਜੋਂ ਨ ਬਿਚਾਰਹੁ ਜਿਤਿਕ ਨਜੀਕੀ?
ਤਜਾਰੀ ਨਹੀਂ ਸ਼ਾਹੁ ਕੀ ਨੀਕੀ।
ਹਮ ਇਸ ਕੇ ਹੈਂ ਸਭਿ ਸੁਖਦਾਈ।
ਕਜੋਂ ਨ ਕਹਹੁ ਇਸ ਰਖਹੁ ਹਟਾਈ ॥੨॥
ਸ਼੍ਰੀ ਨਾਨਕ ਘਰ ਅਜ਼ਮਤ ਭਾਰੀ।
ਤਿਨ ਸੋਂ ਕਰੇ ਜੰਗ, ਹੁਇ ਹਾਰੀ।'
ਕਰਿ ਸੰਗੀ ਸਭਿ ਸ਼ਾਹੁ ਸਲਾਹੀ[1]।
ਕਹੀ ਮਿਟਹਿ ਜਿਸ ਤੇ ਕਿਮ ਨਾਂਹੀ[1] ॥੩॥

[1]ਸਾਰੇ ਸ਼ਾਹ ਦੇ ਸਲਾਹਕਾਰ ਸੰਗੀ ਕਰ ਲਏ।

[1]ਜਿਸ ਤਰ੍ਹਾਂ ਕਿ ਕਹੀ (ਗੱਲ) ਕਿਵੇਂ ਬੀ ਨਾ ਮਿਟੇ। ਭਾਵ ਐਸੇ ਤ੍ਰੀਕੇ ਨਾਲ ਸਮਝਕੇ ਬਾਦਸ਼ਾਹ ਨੂੰ ਕਹਿਣ ਕਿ ਉਹ ਮੰਨ ਲਵੇ।

ਹਾਥਨਿ ਜੋਰਿ ਗੁਜ਼ਾਰਤਿ ਅਰਜ਼ੀ।
'ਕਰੀ ਹਜ਼ੂਰ ਜਾਨਿ ਕੀ ਮਰਜ਼ੀ।
ਸੋ ਆਛੀ ਨਹਿ ਸਭਿਨਿ ਬਿਚਾਰੀ।
ਤੁਮਰੋ ਚਢਨਿ ਅਹੈ ਅਤਿ ਭਾਰੀ ॥੪॥
ਬ੍ਰਿੰਦ ਬਲਾਇਤ ਲਿਖਜੋ ਸਿਧਾਰੇ।
ਸਗਰੇ ਤੁਮਰੇ ਕਰਮ ਬਿਚਾਰੇਂ।
ਗੁਰ ਢਿਗ ਅਲਪ ਬਾਹਨੀ ਰਹੈ।
ਤੁਮ ਕੋ ਮਾਲਿਕ ਮੁਲਖਨਿ ਕਹੈਂ ॥੫॥
ਹੋਹਿ ਬਰੋਬਰ ਤੌ ਬਨਿ ਆਵੈ।
ਨਾਂਹਿ ਤ ਲਰਿਬੋ ਸੈਨ ਪਠਾਵੈ।
ਜੇ ਅਜ਼ਮਤ ਕਰਿ ਗੁਰੂ ਭਜਾਵੈ।
ਹਜੌ[1] ਆਪ ਕੀ ਜਗਤ ਅਲਾਵੈ ॥੬॥
ਦੁਰਗ ਸਮੀਪ ਨ ਗੁਰ ਕੇ ਕੋਈ।

[1]ਨਿੰਦਿਆਂ [ਫਾ. ਹਜੋ]

ਜਿਸ ਹਿਤ ਬਡੇ ਜਤਨ ਕੋ ਜੋਈ।'
ਕਿੰਚਬੇਗ* ਤਬਿ ਗਿਰਾ ਬਖਾਨੀ।
'ਕਹਤਿ ਵਜ਼ੀਰ ਖਾਨ ਹਿਤ ਠਾਨੀ ॥੭॥
ਹਮ ਸਭਿ ਰਾਵਰ ਕੇ ਸੁਖਦਾਈ।
ਬਿਗਰਤਿ ਕਾਰ ਸਹੀ ਨਹਿਂ ਜਾਈ।
ਰਿਸ ਕਰਿ ਆਪ ਚਢਨਿ ਕੋ ਚਹੈਂ।
ਲਖਹਿਂ ਅਨੁਚਿਤੀ ਕਜੋਂ ਨਹਿਂ ਕਹੈਂ'
॥੮॥
ਸ਼ਾਹੁ ਸਮੀਪੀ ਅਪਰ ਜਿ ਸਾਰੇ।
ਬਾਕ ਵਜ਼ੀਰ ਖਾਨ ਸਤਿਕਾਰੇ।
'ਰਾਵਰ ਚਢਹੁ ਬਿਚਾਰਨ ਕਰਿ ਕੈ।
ਲਾਇਕ ਅਨਲਾਇਕ ਉਰਿ ਧਰਿ ਕੈ
॥੯॥
ਤਨ ਤੁਮਾਰੇ ਕੀ ਹਮ ਸੁਖ ਚਹੈਂ।
ਉਤ ਅਜ਼ਮਤ ਜੁਤਿ ਗੁਰ ਘਰ ਲਹੈਂ।'
ਬਾਕ ਵਜ਼ੀਰ ਖਾਨ ਪੁਨ ਕਹਜੋ।
'ਲਸ਼ਕਰ ਪਠਹੁ ਜਿਤਿਕ ਚਿਤ ਚਹਜੋ
॥੧੦॥
ਬਹੁਤ ਤੋਪਨ ਕੋ ਨਹੀਂ ਪਠਾਵਹੁ।
ਥੋਰੀ ਪਠਹੁ ਸੰਗ ਭਟ ਲਾਵਹੁ।
ਨੰਗੀ ਤੇਗ ਰਖਾਵਹੁ ਬੀਰਾ।
ਆਨਿ ਉਠਾਵਹਿ ਜੋ ਬਰ ਬੀਰਾ[1] ॥੧੧॥

[1]ਨੰਗੀ ਤੇਗ (ਉਤੇ) ਬੀੜਾ (ਪਾਨ ਦਾ) ਰਖਵਾਓ, ਜੋ ਬੀਰ ਹੈ ਆਕੇ ਚੁੱਕੇ। ਭਾਵ ਜੋ ਮਰਨ ਮਾਰਨ ਨੂੰ ਤਿਆਰ ਹੋਵੇ। [ਇਕ ਪੁਰਾਣੀ ਰਸਮ ਹੁੰਦੀ ਸੀ ਕਿ ਪਾਨ ਦਾ ਬੀੜਾ ਸਭਾ ਵਿਚ ਰੱਖਕੇ ਕਹਿਣਾ ਕਿ ਜੋ ਕੰਮ ਸਿਰੇ ਚਾੜ੍ਹਨ ਦਾ ਜ਼ਿੰਮਾ ਲਵੇ ਮੋਰਚਾ ਲਵੇ। ਜੋ ਬੀੜਾ ਚਾ ਲੈਂਦਾ ਸੀ ਸੋ ਮਾਰਨ ਮਰਨ ਤਕ ਜਾਂਦਾ ਸੀ]

ਸੋ ਚਢਿ ਜਾਇ ਗੁਰੂ ਕੇ ਊਪਰ।
ਲਰਹਿ ਮਰਹਿ ਕਟਿ ਕਰਿ ਰਣ ਭੂ ਪਰ।
ਪੀਛੇ ਲਖਹੁ ਕਰਹੁ ਜਿਮ ਲਾਇਕ।
ਤੁਮ ਹੋ ਸਰਬ ਜਗਤ ਕੇ ਨਾਇਕ'
॥੧੨॥
ਸ਼ਾਹੁ ਜਹਾਂ ਸੁਨਿ ਕਰਿ ਇਨ ਬਾਨੀ।

ਆਛੀ ਜਾਨਿ ਲੀਨਿ ਮਨ ਮਾਨੀ।
ਸੈਨਾਪਤਿ ਉਮਰਾਵ ਬੁਲਾਏ।
ਪਹੁੰਚੇ ਸੁਨਤਿ ਹੁਕਮ ਸਮੁਦਾਏ ॥੧੩॥
ਸਭਾ ਬਿਸਾਲ ਗਈ ਭਰਿ ਸਾਰੀ।
ਗਨ ਉਮਰਾਵ ਬਡੇ ਹੰਕਾਰੀ।
ਤਬਹਿ ਸ਼ਾਹੁ ਤਰਵਾਰ ਨਿਕਾਰੀ।
ਧਰ ਬੀਰੇ[1] ਕੇ ਸਹਤ ਅਗਾਰੀ ॥੧੪॥
ਖਰੋ ਅਰਜ਼ ਬੇਗੀ[1] ਤਿਸ ਥਾਨੈ।
ਨਾਮ ਸਲਾਬਤ ਖਾਨ ਬਖਾਨੈ।
ਸਭਿਨਿ ਸੁਨਾਵਤਿ ਐਸੇ ਕਹ੍ਯੋ।
'ਗੁਰ ਅਰਿ ਹਜ਼ਰਤ ਜੀਤਨਿ ਚਹ੍ਯੋ ॥੧੫॥
ਗਹਿ ਆਨਹੁ ਕੈ ਰਣਿ ਕਰਿ ਮਾਰਹੁ।
ਤਿਨ ਤੇ ਅਧਿਕ ਜਿ ਓਜ ਨਿਹਾਰਹੁ।
ਨਗਨ ਤੇਗ ਸੋ ਲੇਹੁ ਉਠਾਈ।
ਪਾਨਨਿ ਬੀਰਾ ਮੁਖ ਚਰਬਾਈ' ॥੧੬॥
ਗੁਰ ਪ੍ਰਤਾਪ ਕੋ ਜਾਨਤਿ ਜੇਈ।
ਠਾਂਢੇ ਧਾਰਿ ਤੁਸ਼ਨੀ ਤੇਈ।
ਪ੍ਰਥਮ ਜੁੱਧ ਮਹਿਂ ਬਲ ਧਰਿ ਮਾਰੇ।
ਜਿਨਹੁਂ ਸੁਨ੍ਯੋ ਸੋ ਨਹਿਂਨ ਉਠਾਰੇ ॥੧੭॥
ਲਲਾ ਬੇਗ ਕਾਬਲ ਠਕੁਰਾਈ[1]।
ਸੋ ਗਰਬਤਿ ਚਿਤ ਲੀਨਿ ਉਠਾਈ।
ਗਹਿ ਤਰਵਾਰ ਮਜਾਨ ਕੋ ਕੀਨਾ।
ਪਾਨਨਿ ਬੀਰਾ ਚਰਬ ਸੁ ਲੀਨਾ ॥੧੮॥
ਪ੍ਰਥਮ ਜੁ ਹਯ ਕਾਬਲ ਤੇ ਲ੍ਯਾਯੋ।
ਮਗ ਮਹਿਂ ਸਿਖ ਕਰਿ ਜਤਨ ਛੁਪਾਯੋ।
ਆਵਤਿ ਇਸਨੇ ਹੀ ਲਖਿ ਲੀਨਿ।
ਲਿਖਿ ਕਰਿ ਹਜ਼ਰਤ ਕੇ ਸੁਧ ਦੀਨਿ ॥੧੯॥
ਕਰੀ ਅਵੱਗਯਾ ਸ਼੍ਰੀ ਗੁਰ ਕੇਰੀ।
ਹਤਨਿ ਹੇਤੁ ਇਸ ਕੀ ਮਤਿ ਪ੍ਰੇਰੀ।
ਲਖੀ ਸ਼ਾਹੁ ਤਰਵਾਰ ਉਠਾਈ।

[1]ਪਾਨ ਦੀ ਗਿਲੌਰੀ।

[1]ਭਾਵ ਅਰਜ਼ ਕਰਨ ਵਾਲਾ।

[1]ਕਾਬਲ ਪਰ ਹੁਕਮ ਕਰਨ ਵਾਲਾ ਸੀ।

ਦੀਨੋ ਸਿਰੇਪਾਉ ਬਡਿਆਈ ॥੨੦॥
ਕੰਚਨ ਲਿਪਤਿ ਜਰੇ ਬਿਚ ਹੀਰੇ।
ਦਈ ਤੁਫੰਗ ਕਹੇ ਬਚ ਧੀਰੇ।
ਬਹੁ ਮੋਲਾ ਇਕ ਦਿਯੋ ਤੁਰੰਗ।
ਕੰਚਨ ਕਟਕ[1] ਜਵਾਹਰ ਸੰਗ ॥੨੧॥ [1]ਸੋਨੇ ਦੇ ਕੜੇ।
ਕਲਗ਼ੀ ਜਿਗਾ ਬਖਸ਼ਿ ਕਰਿ ਦੀਨਿ।
ਹਿਤ ਸੰਘਰ ਕੇ ਹਰਖਤਿ ਕੀਨਿ।
ਕਹਜੋ ਸ਼ਾਹੁ 'ਲੀਜੈ ਦਲ ਭਾਰੇ।
ਜਾਨਿ ਨ ਦੀਜੈ ਬਿਨ ਅਰਿ ਮਾਰੇ ॥੨੨॥
ਜੇ ਗੁਰੁ ਗਹਜੋ ਜਾਇ ਤੌ ਆਛੋ।
ਪੁਨ ਮਾਰਨ ਕੇ ਨਾਂਹਿਨ ਬਾਂਛੋ।
ਚਹੁੰ ਓਰ ਤੇ ਲੀਜੈ ਘੇਰ।
ਗਹਿ ਲੀਜੈ ਮਿਲਿ ਕੈ ਇਕ ਬੇਰ ॥੨੩॥
ਜੋ ਆਨੈਂ[1] ਮਨਸਬ ਲਿਹੁ ਦੂਨਾ। [1]ਜੋ (ਫੜ) ਲਿਆਵੇਂ ਤਾਂ।
ਅਬਿ ਤੇ ਕਰਿ ਹੌਂ ਮਾਨ ਚਊਨਾ।
ਭਾਜ ਨ ਜਾਇ ਕਹੂੰ ਲੇ ਘੋਰੇ।
ਪਰਹੁ ਅਚਾਨਕ ਰਣ ਕਰਿ ਘੋਰੇ' ॥੨੪॥
ਸੁਨਿ ਕਰਿ ਬੋਲਤਿ ਭਾ ਬਡ ਮਾਨੀ।
'ਕਹਾਂ ਗੁਰੂ ਹੈ ਮਮ ਅਗਵਾਨੀ।
ਏਕ ਬਾਰ ਭੀ ਹੇਰਨਿ ਪਾਵੌਂ।
ਗਹਿ ਲੈਹੌਂ ਜੀਵਤਿ, ਨਤੁ ਘਾਵੌਂ' ॥੨੫॥
ਲਲਾਬੇਗ ਕੋ ਭ੍ਰਾਤ ਖਰਜੋ ਹੈ।
ਹਜ਼ਰਤ ਕੀ ਤਬਿ ਦ੍ਰਿਸ਼ਟਿ ਪਰਜੋ ਹੈ।
ਕੰਬਰ ਬੇਗ ਨਾਮ ਤਿਹ ਲੀਨਾ।
ਦਾਨ ਮਾਨ ਦੇ ਕਰਿ ਸੰਗ ਕੀਨਾ ॥੨੬॥
ਦੋਇ ਪੁੱਤ੍ਰ ਸੋ ਨਿਕਟਿ ਖਰੇ ਹੈਂ।
ਤਿਨ ਕੋ ਭੀ ਪਿਖਿ ਸੰਗ ਕਰੇ ਹੈਂ।
'ਕਾਸਮ ਬੇਗ ਸ਼ੰਮਸਾ ਬੇਗ!
ਤੁਮ ਭੀ[†] ਗਮਹੁ ਸੰਗ ਕਰਿ ਬੇਗ[1]' ॥੨੭॥ [1]ਛੇਤੀ। [†]ਪਾ:-ਹੀ।

ਬੇਗਲਲਾ ਭਗਨੀ ਕੋ ਨੰਦ।
ਸਭਿ ਤੇ ਜਿਸ ਕੋ ਦੇਹਿ ਬਿਲੰਦ।
ਬਕਰਾ ਇਕ ਹਲਾਲ ਕਰਿ ਖਾਵੈ।
ਕਿਤਿਕ ਅੰਨ ਜੁਤਿ ਤਬਿ ਤ੍ਰਿਪਤਾਵੈ ॥੨੮॥
ਲਘੁ ਘਟਕਾ ਸਮ[1] ਸਿਰ ਜਿਸ ਕੇਰਾ।
ਸਭਿ ਮਹਿਂ ਗਿਨੀਅਤਿ ਓਜ ਬਡੇਰਾ।
ਗਹੇ ਰਜਤਪਣ ਹਰਫ ਮਿਟਾਵੈ।
ਸਿਪਰ ਚੀਰ ਕਰਿ ਦੋਇ ਬਨਾਵੈ ॥੨੯॥
ਇੱਤਜਾਦਿਕ ਬਡ ਬਲ ਜਿਸ ਮਾਂਹੀ।
ਹਜ਼ਰਤ ਕਹਯੋ ਹੇਰਿ ਕਰਿ ਤਾਂਹੀ।
'ਤੂੰ ਮਾਤੁਲ ਕੇ ਸੰਗ ਸਿਧਾਰੋ।
ਡੀਲ ਦਰਾਜ਼, ਗੁਰੂ ਗਹਿ ਮਾਰੋ' ॥੩੦॥
ਅਧਿਕ ਕਠੋਰ ਕਮਾਨ ਮੰਗਾਈ।
ਜੁਗ ਤਰਕਸ਼ ਤੀਰਨਿ ਭਰਿਵਾਈ।
ਬਸਤ੍ਰ ਬਿਭੂਖਨ ਜੁਤਿ ਬਹੁ ਦੀਨਿ।
ਮਾਨੋ ਬਡੋ ਹਜ਼ਰਤ ਨੇ ਕੀਨਿ ॥੩੧॥
ਪੰਚਹੁੰ ਬੀਰਨ ਕੋ ਸਨਮਾਨਾ।
ਲਸ਼ਕਰ ਦੀਨੋ ਸੰਗ ਮਹਾਨਾ।
ਸੁਭਟ ਸਹੰਸ੍ਰ ਪੰਚ ਅਰੁ ਤੀਸ।
ਕਰੇ ਸੰਗ ਕਹਿ ਤੁਰਕਨ ਈਸ਼[1] ॥੩੨॥
ਲੇ ਬਡਿਆਈ ਨਿਕਸਯੋ ਬਾਹਿਰ।
ਲਾਖਹੁੰ ਨਰ ਮੈਂ ਹੋਯਸਿ ਜ਼ਾਹਰ।
'ਲਲਾਬੇਗ ਸ਼੍ਰੀ ਗੁਰ ਪਰ ਚਢਿਓ।
ਬਡੋ ਬਿਰੋਧ ਸ਼ਾਹੁ ਸੰਗ ਬਢਿਓ' ॥੩੩॥
ਨਿਜ ਲਸ਼ਕਰ ਮੈਂ ਦਿਯੋ ਨਗਾਰਾ।
ਸੁਨਿ ਕਰਿ ਤਜਾਰ ਹੋਇ ਦਲ ਸਾਰਾ।
ਸਭਿਹਿਨਿ ਜ਼ੀਨ ਤੁਰੰਗਮ ਡਾਰੇ।
ਬਸਤ੍ਰ ਸ਼ਸਤ੍ਰ ਤੁਰਨ ਹੀ ਧਾਰੇ ॥੩੪॥
ਪੁਨ ਹਜ਼ਰਤ ਨਰ ਭਲੋ ਪਠਾਯੋ।
'ਲਲਾਬੇਗ ਨੀਕੇ ਸਮੁਝਾਯੋ।
-ਮਗ ਮਹਿਂ ਬਿਲਮ ਨ ਕਰੀਅਹਿ ਕੈਸੇ।

[1]ਛੋਟੇ ਘੜੇ ਜਿੱਡਾ।

[1]ਸ਼ਾਹਜਹਾਂ ਨੇ।

ਗਮਨਹੁ ਤੁਰਨ ਪਹੁੰਚੋ ਜੈਸੇ ॥੩੫॥
ਤ੍ਰਾਸ ਪਾਇ ਕਰਿ ਜਾਇ ਪਲਾਇ।
ਪਿਖਿ ਲਸ਼ਕਰ ਬਹੁ ਨਹਿਂ ਠਹਿਰਾਇ।
ਪ੍ਰਵਿਸ਼ਹਿ ਦੀਰਘ ਜੰਗਲ ਜਬੈ।
ਮੁਸ਼ਕਲ ਹੋਇ ਖੋਜਨੋ ਤਬੈ ॥੩੬॥
ਨਹਿਂ ਜਹਿਂ ਜਲ ਤਹਿਂ ਦਲ ਨਹਿਂ ਜਾਇ।
ਬਨਹਿ ਮਵਾਸ ਕਹੂੰ ਸਰ ਪਾਇ[1]।
ਜੇ ਨਹਿਂ ਭਾਜਹਿ ਬਨੈ ਦਲੇਰ।
ਤੁਮਰੇ ਪਹੁੰਚਨਿ ਮਹਿਂ ਹੁਇ ਦੇਰ ॥੩੭॥
ਸੈਨਾ ਲੇਹਿ ਸਕੇਲ ਬਿਲਾਸਾ।
ਸਿਖ ਅਪਨੇ ਕੈ ਧਨ ਦੇ ਜਾਲਾ।
ਬਿਲਮ ਲਗਨ ਮਹਿਂ ਇਹੁ ਜੁਗ ਦੋਸ਼-।
ਨਿਫਲ ਹੋਇ ਤਬਿ ਹਜ਼ਰਤ ਰੋਸ ॥੩੮॥
ਤੋ ਕਹੁ ਭੀ ਆਛੀ ਇਹੁ ਨਾਂਹੀ।
ਗਹਿ ਸ਼ਮਸ਼ੇਰ ਸਭਾ ਕੇ ਮਾਂਹੀ।
ਰਹਿ ਆਵਹਿ ਤੁਝ ਕੋ ਇਹੁ ਭਲੀ।
ਗਮਨਹੁ ਹਤਹੁ ਕਿ ਗਹੁ ਗੁਰ ਬਲੀ'
॥੩੯॥
ਲਲਾਬੇਗ ਤਬਿ ਕਹਜੋ ਸੁਨਾਇ।
'ਜਿਹਿਂ ਲਗਿ ਚਲਜੋ ਜਾਨਿ ਤਹਿਂ ਜਾਇ।
ਸ਼ਾਹੁ ਰਿਦੈ ਕਹੁ ਧੀਰਜ ਦੀਜੈ।
ਦੁਸ਼ਮਨ ਅਲਪ ਜਾਨ ਜੀਅ ਲੀਜੈ
॥੪੦॥
ਅਧਿਕ ਜਤਨ ਕਜੋਂ ਠਾਨਤਿ ਐਸੇ।
ਲਖਹੁ ਸ਼ੱਤ੍ਰ ਮਾਰਜੋ ਹੁਇ ਜੈਸੇ।
ਇਤੀ ਚਮੂੰ ਗਨ ਮੈਂ ਲੇ ਸੰਗ।
ਦੁਰਗ ਮਵਾਸੇ ਕਰਿ ਹੌਂ ਭੰਗ ॥੪੧॥
ਲਾਖਹੁਂ ਸੈਨਾ ਕੋ ਹਨਿ ਡਾਰੌਂ।
ਥਿਰੌਂ ਜੰਗ ਮੈਂ ਨਾਹਿਨ ਹਾਰੌਂ।
ਆਗੇ ਕਰੀ ਅਨੇਕ ਲਰਾਈ।
ਮਾਰਤਿ ਮਰਤੇ ਅਵਧ ਬਿਤਾਈ ॥੪੨॥
ਰਹਹਿ ਜੰਗ ਮਹਿਂ ਜੀਤ ਹਮਾਰੀ।

[1]ਕਿਤੇ (ਕੋਈ) ਤਲਾਬ ਲੱਭ ਕੇ।

ਪਰਖਨਿ ਕੀਨਸਿ ਕੇਤਿਕ ਬਾਰੀ।
ਕਹਹੁ ਸ਼ਾਹੁ ਸੋਂ -ਮੈਂ ਅਬਿ ਜਾਊਂ।
ਨਹਿਂ ਮਾਰਗ ਮਹਿਂ ਬਿਲਮ ਲਗਾਊਂ-'
॥੪੩॥
ਸੁਨਿ ਸੋ ਗਯੋ ਕਹ੍ਯੋ ਸਭਿ ਜਾਇ।
'ਨਿਸ਼ਚੇ ਜਾਨ੍ਯੋ ਗੁਰ ਗਹਿ ਲ੍ਯਾਇ।
ਕੈ ਸ਼ਸਤ੍ਰਨਿ ਸੋਂ ਮਾਰ੍ਯੋ ਜਾਇ।
ਹਯ ਨਿਕਸਾਵਨ ਤਬਿ ਫਲ ਪਾਇ'
॥੪੪॥
ਸਭਾ ਬਿਖੈ ਬਹੁ ਬਾਰਿ ਉਚਾਰਾ।
'ਅਸ ਤਸਕਰ ਨਹਿਂ ਸੁਨ੍ਯੋ ਨਿਹਾਰਾ।
ਕਰਿ ਬਿਸਾਲ ਛਲ ਠਗ ਕਰਿ ਗਯੋ।
ਅਧਿਕ ਅਚੰਭਾ ਚਿਤ ਮਹਿਂ ਕਿਯੋ'
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਲਲਾ ਬੇਗ ਆਰੂਢਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

## ੪੨. [ਸ਼ਾਹੀ ਫੌਜ ਮਾਲਵੇ ਪੁੱਜੀ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਬਜੇ ਨਗਾਰੇ ਕੂਚ ਕੇ,
ਕਰਿ ਸਮਾਜ ਸਭਿ ਜੰਗ।
ਲਲਾਬੇਗ ਭਟ ਚਢਿ ਚਲ੍ਯੋ,
ਅਤਿ ਗਰਬਤਿ ਦਲ ਸੰਗ ॥੧॥

ਚੌਪਈ:

ਚਲੇ ਤੁਰਕ ਜਿਨ ਜਾਤਿ ਅਨੇਕ[1]।
ਈਸੁਬਜ਼ਈ[1] ਬਡੋ ਦਲ ਏਕ।
ਦਾਓਜ਼ਈ[1] ਰੁਹੇਲੇ ਘਨੇ।
ਮਹਾਂ ਸੁਭਟ ਸੰਜੋਇਨ ਸਨੇ ॥੨॥
ਕਾਬਲ ਕੇ ਗਿਲਜੇ ਜਿਨ ਕਹੈਂ।
ਡੀਲ ਦਰਾਜ਼ ਜਿਨਹੁ ਕੇ ਅਹੈਂ।
ਆਮਿਖ ਸਭਿ ਪਸੂਅਨਿ ਕੇ ਭੱਖਜਤਿ।
ਇਕ ਸ਼ੂਕਰ ਤੇ ਰੱਖਜਾ ਰੱਖਜਤਿ[1] ॥੩॥
ਪਸੁਨਿ ਸਮਾਨ ਬ੍ਰਿਤੀ ਜਿਨ ਚੀਨੇ।
ਬਹੁ ਨਿਰਦਈ ਮਹਾਂ ਮਤਿ ਹੀਨੇ।
ਹਫਸ ਵਲਾਇਤ[1] ਕੇ ਤਨ ਕਾਰੇ।
ਮਹਾਂ ਮਲੇਛ ਮਹਾਂ ਬਲਵਾਰੇ ॥੪॥
ਮੋਟੇ ਨਾਕ ਓਠ ਜਿਨ ਕੇਰੇ।
ਕਹ੍ਯੋ ਨ ਸਮੁਝਹਿਂ ਮੰਦ ਬਡੇਰੇ।
ਕੇਤਿਕ ਬਰਣ ਦੇਹ ਕੇ ਭੂਰੇ।
ਪੁਰਿ ਕਸ਼ਮੀਰ ਆਦਿ ਬਸਿ ਭੂਰੇ[1] ॥੫॥
ਕਾਚੋ ਮਾਸ ਖਾਹਿਂ ਸੁਖ ਕਰੈਂ।
ਪਸ਼ਤੋ ਬੋਲਤਿ ਸਮੁਝਿ ਨ ਪਰੈ।
ਤੁਰਕੀ ਤਰੇ ਤੁਰੰਗਮ ਤੋਰੈਂ[1]।
ਗਮਨਹਿ ਬਡ ਮਗ, ਥਕਤਿ ਨ ਥੋਰੈ ॥੬॥
ਟੰਮਕ ਬਾਂਧੇ[1] ਸਭਿਨਿ ਅਗੇਰੇ।
ਹੇਲਾ ਕਰਤਿ ਬਜਾਇਂ ਬਡੇਰੇ।
ਬਾਜੇ ਅਨਿਕ ਬਜਾਵਤਿ ਚਲੇ।

[1]ਅਨੇਕ ਜਾਤੀਆਂ ਦੇ।
[1]ਯੂਸਫਜ਼ਾਈ ਤੋਂ ਮੁਰਾਦ ਹੈ ਮਰਦਾਨ ਦੇ ਇਲਾਕੇ ਦੇ।
[1]ਦਾਉਦਜ਼ਈ।
[1]ਭਾਵ ਸੂਰ ਨਹੀਂ ਖਾਂਦੇ।
[1]ਹਬਸ਼, ਐਬੇਸੀਨੀਆਂ।
[1]ਕਸ਼ਮੀਰੋਂ ਪਰੇ ਯਾਗਸਤਾਨੀ ਲੋਕਾਂ ਤੋਂ ਮੁਰਾਦ ਹੈ।
[1]ਤੁਰਕੀ ਘੋੜੇ ਹੇਠ ਤੁਰਦੇ ਹਨ।
[1]ਛੋਟੀਆਂ ਭੇਰੀਆਂ ਬੰਨ੍ਹੀਆਂ (ਘੋੜਿਆਂ ਤੇ)।

ਤੂਰ, ਤੁਰਮ, ਰਣਸਿੰਙੇ ਭਲੇ ॥੭॥
ਬਡੇ ਦਮਾਮੇ ਚੋਬ ਲਗੰਤੀ।
ਲੇਹਾ ਦੇਹਿ[1] ਸੈਨ ਗਮਨੰਤੀ। [1]ਮਾਰੋ ਮਾਰ ਕਰਦੀ, ਛੇਤੀ ਛੇਤੀ।
ਚਲੇ ਤੁਰਕ ਮਤਿਮੰਦ ਗਵਾਰੇ[†]। [†]ਇਹ ਦੋ ਤੁਕਾਂ ਇਕ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਹਨ ਕਈ ਲਿਖਤੀ ਨੁਸਖਿਆਂ ਵਿਚ ਨਹੀਂ ਹਨ।
ਹਾਨ ਲਾਭ ਨਹੀਂ ਕਛੁ ਬਿਚਾਰੇ* ॥੮॥
ਭਏ ਕੁਸ਼ਗੁਨ ਅਗਨਿ ਮਿਲਿ ਆਗੇ।
ਈਂਧਨ ਭਾਰ ਸਮੁਖ ਦ੍ਰਿਗ ਲਾਗੇ।
ਮੁਰਦਾ ਦਾਹ ਦੇਨਿ ਲੇ ਚਲੇ।
ਇਨ ਕੇ ਚਢਤਿ ਅਗਾਰੀ ਮਿਲੇ ॥੯॥
ਛੂਟੇ ਬਾਰ[1] ਨਾਰਿ ਰੁਦਨਾਵੈਂ। [1]ਖੁੱਲੇ ਵਾਲ।
ਸ਼ਿਵਾ ਬਮਤਿ ਬੰਨੀ ਕੂਕਾਵੈਂ[1]। [1]ਗਿਦੜੀਆਂ ਬੋਲਦੀਆਂ ਕਿ ਅੱਗ ਉਗਲਦੀਆਂ ਹਨ।
ਬੋਲਿ ਉਠੇ ਚਹੁੰ ਦਿਸ਼ਿ ਖਰ[1] ਘੋਰ। [1]ਖੋਤੇ।
ਲਖਤਿ ਨ ਮੰਦ ਜਾਹਿਂ ਗੁਰ ਓਰ ॥੧੦॥
ਕਹੂੰ ਚਾਲ ਕਹੂੰ ਪੋਈਆ ਪਾਏ।
ਕਰਤਿ ਸ਼ੀਘ੍ਰਤਾ ਹਯ ਗਮਨਾਏ।
ਉਡੀ ਧੂਲ ਰਵਿ[1] ਬੀਚ ਸਮਾਯੋ। [1]ਸੂਰਜ।
ਮਗ ਮਹਿਂ ਪੁਰਿ ਗ੍ਰਾਮਨਿ ਕੋ ਛਾਯੋ ॥੧੧॥
ਹਿਮ ਰਿਤੁ ਹੁਤੀ ਪਰਹਿ ਬਹੁ ਪਾਰਾ।
ਚਲ੍ਯੋ ਜਾਇ ਲਸ਼ਕਰ ਖਲ ਭਾਰਾ।
ਸਗਰੇ ਦਿਵਸ ਗਮਨਤੇ ਆਏ।
ਰਾਤਿ ਪਰੀ ਤੇ ਨਹਿਂ ਠਹਿਰਾਏ ॥੧੨॥
ਆਗੇ ਪਾਛੈ ਕੋ ਸਮ ਚਾਲੇ[1]। [1]ਬਰਾਬਰ ਹੋਕੇ।
ਪੀ ਪੀ ਕੈਫ[1] ਭਏ ਮਤਵਾਲੇ। [1]ਸ਼ਰਾਬ।
ਮਾਰ ਬਕਾਰਾ ਕਰਤਿ ਸੁਨਾਵੈਂ।
'ਕਹਾਂ ਗੁਰੂ ਹਮ ਜੰਗ ਮਚਾਵੈਂ ॥੧੩॥
ਹਮ ਤੇ ਆਗੇ ਭਾਗ ਨ ਜਾਇ।
ਹਾਸਲ ਕਰਹਿ ਮੁਰਾਦ ਖ਼ੁਦਾਇ।
ਹਜ਼ਰਤ ਕੇ ਹਯ ਦੇ ਕਰਿ ਮਿਲੇ।
ਇਹ ਭੀ ਹਮ ਕੋ ਨਾਂਹਿਨ ਭਲੇ ॥੧੪॥
ਬਜਹਿ ਲੋਹਿ ਸੋਂ ਲੋਹ ਕਰਾਰਾ।

ਮਾਰਨ ਮਰਿਬੇ ਮਚਹਿ ਅਖਾਰਾ।
ਮਨ ਭਾਵਤਿ ਹਮ ਤਬਿ ਕਰਿ ਲੈ ਹੈਂ।
ਮਾਰਹਿਂ ਗੁਰੂ ਕਿਧੌਂ ਪਕਰੈ ਹੈਂ' ॥੧੫॥
ਸਤੁਦ੍ਰਵ ਮਿਲੀ ਬਿਪਾਸਾ ਦੋਊ।
ਆਵਤਿ ਭਈ ਅਗਾਰੀ ਦੋਊ।
ਗਨ ਤਰਨੀ[1] ਬਹੁ ਘਾਟਨਿ ਕੇਰੀ। [1]ਬੇੜੀਆਂ।
ਗਹਿ ਮੰਗਵਾਇ ਬਟੋਰਿ ਘਨੇਰੀ ॥੧੬॥
ਲਗੀ ਰਾਤਿ ਕੋ ਹੋਵਨਿ ਪਾਰ।
ਮੁਗ਼ਲ ਪਠਾਨ ਸੁ ਕਈ ਹਜ਼ਾਰਾ।
ਸਿਖ ਕੀ ਸੁਤਾ ਜੋਧ ਕੀ ਦਾਰਾ[1]। [1]ਇਸਤ੍ਰੀ ਨੇ।
ਤਿਨ ਦਲ ਕੋ ਆਗਵਨ ਬਿਚਾਰਾ ॥੧੭॥
ਧਰਜੋ ਹੁਤੋ ਧਰਨੀ ਪਰ ਥਾਰ[1]। [1]ਥਾਲ।
ਤਿਸ ਮਹਿਂ ਮੁਕਤਾ ਚਾਰੁ ਸੁ ਡਾਰਿ।
ਧਰ ਕਰਿ ਨਾਥ ਸੁਧਾਰਤਿ ਸੋਇ[1]। [1]ਉਸ (ਥਾਲ ਵਿਚ) ਨੱਥ ਧਰਕੇ ਠੀਕ ਕਰ ਰਹੀ ਸੀ।
ਮੰਦ ਮੰਦ ਸੋ ਥਰਕਨ[1] ਹੋਇ ॥੧੮॥ [1]ਧਰਤੀ ਇਥੋਂ ਤਾਈਂ ਹੌਲੀ ਹੌਲੀ ਹਿਲਦੀ ਹੈ।
ਹੁਤੀ ਚਤਰ ਪੁਨ ਪਰਖਤਿ ਮੋਤੀ।
-ਕਜੋਂ ਨਹਿਂ ਇਨ ਕੀ ਥਿਰਤਾ ਹੋਤੀ? -।
ਬਾਰ ਬਾਰ ਸੋ ਨੀਕੇ ਦੇਖਿ।
ਜਾਨਜੋ -ਲਸ਼ਕਰ ਆਇ ਵਿਸ਼ੇਖ ॥੧੯॥
ਧਰਾ ਇਿਹਾਂ ਲਗਿ ਹਾਲਤਿ ਮੰਦ[1]। [1]ਧਰਤੀ ਇਥੋਂ ਤਾਈਂ ਹੌਲੀ ਹੌਲੀ ਹਿਲਦੀ ਹੈ।
ਪਰਤੇ ਸੁੰਮ ਤੁਰੰਗਮ ਬ੍ਰਿੰਦ-।
ਤਤਛਿਨ ਨੀਕੇ ਨਿਰਨੇ ਕੀਨਿ।
ਸੁਧਿ ਹਿਤ ਨਰ ਪਠਾਇ ਕਰਿ ਦੀਨਿ ॥੨੦॥
ਪ੍ਰਥਮ ਸੁ ਰਾਇ ਜੋਧ ਢਿਗ ਆਯੋ।
ਘਰ ਕੋ ਕਹਜੋ ਸੰਦੇਸ਼ ਸੁਨਾਯੋ।
ਜਿਮ ਪਰਖਜੋ ਸੋ ਰੀਤਿ ਬਤਾਈ।
'ਦੇਰਿ ਨ ਲਖਹੁ ਸੈਨ ਬਡ ਆਈ' ॥੨੧॥
ਤਿਸ ਲੇ ਜੋਧ ਆਪਨੇ ਸਾਥ।
ਪਹੁੰਚਜੋ ਜਹਿਂ ਬੈਠੇ ਗੁਰ ਨਾਥ।
ਸਿੱਖ ਮਸੰਦ ਬ੍ਰਿੰਦ ਬਰ ਬੀਰ।

ਬੈਠੇ ਸ੍ਰੀ ਹਰਿ ਗੋਵਿੰਦ ਤੀਰ ॥੨੨॥
ਭਾਈ ਭਗਤੂ ਬਹਿਲੋ ਦੋਇ।
ਇਹੁ ਬੈਠੇ ਸਤਿਗੁਰ ਢਿਗ ਹੋਇ।
ਜਬਿ ਕੇ ਜੰਗਲ ਕੋ ਗੁਰ ਆਏ।
ਤਬਿ ਕੇ ਸੰਗ ਰਹਤਿ ਸੁਖ ਪਾਏ ॥੨੩॥
ਦਰਸ਼ਨ ਲਾਭ ਲੇਤਿ ਹੈਂ ਲੋਚਨ।
ਬੀਚ ਬਿਰਾਜਹਿਂ ਕਸ਼ਟ ਬਿਮੋਚਨ।
ਬੈਠਜੋ ਜੋਧ ਗੁਰੂ ਸਨਮਾਨਾ।
'ਲਸ਼ਕਰ ਆਯੋ ਪ੍ਰਭੂ ! ਮਹਾਨਾ ॥੨੪॥
ਇਹ ਨਰ ਸੁਧਿ ਲੇ ਕਰਿ ਅਬਿ ਆਵਾ।
ਪਰਖਨਿ ਸਿੱਖ ਸੁਤਾ ਜਿਮ ਪਾਵਾ।
ਥਰਕਤਿ ਥਿਰਾ[1] ਇਹਾਂ ਲਗਿ ਜਾਨੋਂ। — [1]ਧਰਤੀ।
ਯਾਂ ਤੇ ਜਾਨੀ ਸੈਨ ਮਹਾਨੋ ॥੨੫॥
ਬਿਲਮ ਨਹੀਂ ਅਬਿ ਆਵਨ ਮਾਂਹੀ।
ਪਰਹਿ ਜੰਗ ਘਮਸਾਨ ਮਹਾਂ ਹੀ।'
ਸੁਨਿ ਸ੍ਰੀ ਹਰਿ ਗੋਵਿੰਦ ਕਹਿਂ ਐਸੇ।
'ਹਮ ਭੀ ਤਜਾਰ ਅਗਾਰੀ ਬੈਸੇ ॥੨੬॥
ਜਾਫਤ[1] ਦੇਨਿ ਹੇਤੁ ਸਵਧਾਨਾ। — [1]ਜ਼ਜਾਫਤ, ਖਾਣਾ।
ਸਮੁਖ ਸਿਪਰ ਇਹ ਪਾਤਰ[1] ਨਾਨਾ। — [1]ਭਾਂਡੇ ਹਨ।
ਗੋਰੀ ਗਨ ਜਨੁ ਸ਼ੱਕਰ ਪਾਰੇ।
ਖਪਰੇ ਮਨਹੁੰ ਜਲੇਬ ਉਤਾਰੇ ॥੨੭॥
ਚੱਕ੍ਰ ਬੱਕ੍ਰ[1] ਘੇਵਰ[2] ਗਨ ਦੈ ਹੈਂ। — [1]ਟੇਢੇ ਚੱਕਰ। [2]ਇਕ ਮਠਿਆਈ ਦਾ ਨਾਮ ਹੈ।
ਬਡੇ ਸੁਹਾਰ[1] ਕ੍ਰਿਪਾਨ ਖੁਐ ਹੈਂ।' — [1]ਇਕ ਪ੍ਰਕਾਰ ਦਾ ਮੋਣ ਵਾਲਾ ਤੇ ਸਲੂਣਾ ਪਕਵਾਨ ਜੋ ਮੈਦੇ ਦਾ ਬਣਦਾ ਹੈ ਤੇ ਤ੍ਰਿਕੋਣਾ ਹੁੰਦਾ ਹੈ। [ਹਿੰਦੀ. ਸੁਹਾਲ। ਹਿੰਦੀ ਵਿਚ 'ਸੁਹਾਰੀ' ਸਾਦੀ ਪੂਰੀ ਨੂੰ ਬੀ ਕਹਿੰਦੇ ਹਨ]
ਕਹਿ ਬਿਧੀਆ 'ਜਬਿ ਹੀ ਹਯ ਲਜਾਯੋ।
ਤਬਿ ਕੇ ਤਜਾਰ ਚਹਤਿ ਹੈਂ ਧਾਯੋ[1] ॥੨੮॥ — [1]ਧਾਵਾ ਕਰਨਾ।
ਨਹਿਂ ਬਿਲਮਹਿਂ ਰਿਪੁ ਆਵਨ ਮਾਂਹੀ।
ਆਵਹਿ ਸ਼ਾਹੁ ਕਿ ਲਸ਼ਕਰ ਤਾਂਹੀ।
ਮਗ ਮਹਿਂ? ਨਹਿਂ ਸੁਧਿ, ਹੈਂ ਅਬਿ ਕਹਾਂ?
ਬਿਨਾ ਬਿਲਮ ਪਹੁੰਚੈਂਗੇ ਇਹਾਂ' ॥੨੯॥

ਸ੍ਰੀ ਹਰਿ ਗੋਵਿੰਦ ਦ੍ਰਿਸ਼ਟਿ ਚਲਾਏ।
ਬਹਿਲੋ ਕੋ ਬੂਝਤਿ ਬਿਕਸਾਏ।
'ਭੂਤ ਪ੍ਰੇਤ ਚਾਰੋਂ ਦਿਸ਼ਿ ਕੇਰੇ।
ਸ੍ਰੀ ਗੁਰ ਬਸੀ ਕਰੇ ਸਭਿ ਤੇਰੇ ॥੩੦॥
ਤਿਨ ਤੇ ਸੁਧ ਮੰਗਵਾਇ ਸੁਨਾਵਹੁ।
ਜਹਿਂ ਲਸ਼ਕਰਿ, ਅਬਿ ਤਹਾਂ[1] ਬਤਾਵਹੁ।' [1]ਭਾਵ ਉਹ ਥਾਂ।
ਸੁਨਿ ਬਹਿਲੋ ਇਕ ਪ੍ਰੇਤ ਧਵਾਯੋ।
ਮਨ ਸਮ ਬੇਗ ਕਰਤਿ[1] ਸੁਧਿ ਲਯਾਯੋ ॥੩੧॥ [1]ਮਨ ਵਤ ਛੇਤੀ ਕਰਕੇ।
ਬਾਤਨਿ ਕਰਤਿ ਤਹਾਂ ਤਬਿ ਕਹਯੋ।
'ਪ੍ਰਭੁ ਜੀ! ਸਲਿਤਾ ਤਟ ਅਬਿ ਲਹਯੋ।
ਸਾਰੇ ਦਿਵਸ ਚਲੇ ਹੀ ਆਏ।
ਨਿਸਾ ਪਰੀ ਬਹੁ ਤਹਾਂ ਥਿਰਾਏ ॥੩੨॥
ਕੇਤਿਕ ਪਾਰ, ਉਰਾਰ ਕਿਤੇਕ।
ਕੇਤਿਕ ਨੌਕਾ ਚਢੇ ਅਨੇਕ।
ਥਕਤਿ ਥਿਰੇ, ਕੋ ਸੁਪਤਿ ਪਰੇ ਹੈਂ।
ਕੋ ਸ਼ਰਾਬ ਕਰਿ ਪਾਨ ਗਿਰੇ ਹੈਂ ॥੩੩॥
ਕਿਤਿਕ ਮਿਲੇ ਬਹੁ ਪਾਵਕ[1] ਜਾਰੀ। [1]ਅਗਨੀ।
ਲਗਯੋ ਸੀਤ ਬਹੁ ਕੰਪਾ ਧਾਰੀ।
ਕਰ ਪਗ ਸੁੰਨ ਭਏ ਜਿਨ ਕੇਰੇ।
ਸਲਿਤਾ ਤਟ ਕਰਿ[1] ਸੀਤ ਘਨੇਰੇ' ॥੩੪॥ [1]ਨਦੀ ਦਾ ਕੰਢਾ ਹੋਣ ਕਰਕੇ।
ਸੁਨਿ ਭਾਈ ਬਹਿਲੋ ਤੇ ਬੈਨ।
'ਪਰੀ ਨਦੀ ਤਟ ਸਗਰੀ ਸੈਨ।'
ਜੋਧ ਆਦਿ ਸਭਿ ਅਚਰਜ ਮਾਨਯੋ।
ਸ੍ਰੀ ਹਰਿਗੋਬਿੰਦ ਬਹੁਰ ਬਖਾਨਯੋ ॥੩੫॥
'ਅਬਿ ਤੂੰ ਪ੍ਰੇਮ ਪਠਾਵਹੁ ਕੋਈ।
ਮਿਲਯੋ ਰਹੈ ਤਿਸ ਲਸ਼ਕਰ ਸੋਈ।
ਜਬਿ ਹੁਇ ਕੂਚ ਬਤਾਵਹਿ ਆਇ।
ਬਨਿ ਸਵਧਾਨ ਰਹੈ ਸਮੁਦਾਇ' ॥੩੬॥
ਡੇਢ ਕੁ ਜਾਮ ਜਾਮਨੀ ਗਈ।
ਇਹ ਬਾਤੈਂ ਸਤਿਗੁਰ ਸਭਿ ਕਈ।

ਕਰਿ ਨਿਸ਼ਚੈ ਪੁਨ ਪੌਢਿ ਪ੍ਰਯੰਕ।
ਸੁਖ ਸੋਂ ਸੁਪਤੇ ਬਿਨਾ ਅਤੰਕ[1] ॥੩੭॥ [1]ਬੇ ਡਰ ਹੋਕੇ।
ਨਿਜ ਨਿਜ ਡੇਰੇ ਸਭਿ ਚਲਿ ਗਏ।
ਅਰਧ ਸੁਭਟ ਸਵਧਾਨੀ ਕਏ।
ਅਰਧ ਸੁਪਤਿ ਭੇ ਨਿੰਦ੍ਰਾ ਪਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ ॥੩੮॥
ਸੌਚ ਸ਼ਨਾਨ ਆਦਿ ਸਭਿ ਕੀਨਿ।
ਸੁਨਿ ਕਰਿ ਆਸਾਵਾਰ ਪ੍ਰਬੀਨ।
ਬੈਠੇ ਹੁਤੇ ਸਕਲ ਚਲਿ ਆਇ।
ਸੁਭਟ ਮਸੰਦ ਸਿੱਖ ਸਮੁਦਾਇ ॥੩੯॥
ਗੁਰ ਕੇ ਕਹੇ ਭੂਤਨੀ ਪਹਿਲੋਂ।
ਪਠੀ ਨਿਸਾ ਮਹਿਂ ਸੁਧ ਹਿਤ ਬਹਿਲੋ।
'ਜਬਿ ਲਸ਼ਕਰ ਕੋ ਹੋਵਹਿ ਕੂਚ।
ਤਬਿ ਸੁਧਿ ਦਿਹੁ ਇਤ ਆਇ ਪਹੂਚਿ'
॥੪੦॥
ਸੋ ਤੁਰਕਨ ਕੇ ਦਲ ਮਹਿਂ ਗਈ।
ਸੁਧ ਹਿਤ ਬੀਚ ਪ੍ਰਵੇਸ਼ਤਿ ਭਈ।
ਤਹਾਂ ਹੁਤੋ ਇਕ ਪਠਤਿ ਮੁਲਾਨਾ।
ਭੂਤਨ ਬਿੱਦਯਾ ਬਿਖੈ ਮਹਾਨਾ ॥੪੧॥
ਲਖੀ ਭੂਤਨੀ ਕੀ ਗਤਿ ਤਾਂਹੂ।
ਸੁਧਿ ਹਿਤ ਪਹੁੰਚੀ ਲਸ਼ਕਰ ਮਾਂਹੂ।
ਮੰਤ੍ਰਨ ਸੰਗ ਪਕਰਿ ਸੋ ਲਈ।
ਭੂਤਨ ਸੌਂਪਿ ਕੈਦ ਕਰਿ ਦਈ ॥੪੨॥
ਬਹਿਲੋ ਕੋ ਸੁਧਿ ਭਈ ਨ ਆਇ।
ਨਿਸ਼ਚੈ ਧਰਯੋ ਕਿ -ਇਹੁ ਸੁਧ ਲਯਾਇ-।
ਸ਼੍ਰੀ ਗੁਰ ਢਿਗ ਬੈਠਯੋ ਤਬਿ ਜਾਈ।
ਚਹੁੰ ਦਿਸ਼ ਮਹਿਂ ਥਿਰ ਨਰ ਸਮੁਦਾਈ
॥੪੩॥
ਸਾਦਰ ਨਿਕਟਿ ਬਿਠਾਯੋ ਜਬੈ।
ਮੁਸਕਾਵਤਿ ਬੋਲੇ ਗੁਰ ਤਬੈ।
'ਕਹੁ ਭਾਈ! ਸੁਧ ਲਸ਼ਕਰ ਕੇਰੀ।
ਕੂਚ ਕਿ ਹੈ ਮੁਕਾਮ[1] ਇਸ ਬੇਰੀ?' [1]ਲਸ਼ਕਰ ਨੇ) ਕੂਚ ਕਰ ਦਿੱਤਾ ਹੈ ਜਾਂ ਨਹੀਂ।

॥੪੪॥
ਕਹਤਿ ਭਯੋ ਦੋਨਹੁ ਕਰ ਜੋਰੇ।
'ਤੁਰਕ ਜਿ ਕੂਚ ਕਰਹਿਂ ਇਤਿ ਓਰੇ।
ਤਤਛਿਨ ਹੀ ਸੁਧ ਮੋ ਢਿਗ ਆਇ।
ਸਭਿ ਰਾਵਰ ਕੋ ਦੇਉਂ ਸੁਨਾਇ' ॥੪੫॥
ਅੰਤਰਜਾਮੀ ਗੁਰੂ ਬਖਾਨਾ।
'ਭਯੋ ਕੂਚ ਲਸ਼ਕਰ ਪ੍ਰਸਥਾਨਾ।
ਤਹਾਂ ਭੂਤਨੀ ਤੋਹਿ ਪਠਾਈ।
ਗਹੀ ਮੁਲਾਨੇ ਤਿਨ ਸੁਧ ਪਾਈ ॥੪੬॥
ਤਿਸ ਕੋ ਅਬਿ ਤਜਿ ਦਿਹੁ ਭਰਵਾਸਾ।
ਸੋ ਨਹਿਂ ਛੂਟਹਿ ਕਰਸਿ ਬਿਨਾਸਾ[1]।'
ਸੁਨਿ ਗੁਰ ਬਚਨ ਸਕਲ ਬਿਸਮਾਏ।
ਤਬਿ ਬਹਿਲੋ ਬਹੁ ਭੂਤ ਪਠਾਏ ॥੪੭॥
ਤਿਨ ਤਤਛਿਨ ਸੁਧ ਆਨਿ ਸੁਨਾਈ।
'ਗਹੀ ਭੂਤਨੀ[1], ਸੈਨ ਸੁ ਆਈ।'
ਸਭਿਨਿ ਸੁਨਜੋ ਮਨ ਮੈਂ ਸੁਖ ਪਾਏ।
'ਧੰਨ ਧੰਨ ਸਤਿਗੁਰੂ' ਅਲਾਏ[†] ॥੪੮॥

[1]ਕਰੇਗਾ ਨਾਸ਼ (ਉਸਦਾ)।

[1]ਭੂਤਨੀ ਫੜੀ ਗਈ ਹੈ, ਤੇ।

[†]ਭੂਤ ਵਿੱਦਜਾ ਨਾਲੋਂ ਗੁਰੂ ਗਜਾਤ ਦੀ ਵਡਿਆਈ ਦਰਸਾਈ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਲਸ਼ਕਰ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥੪੨॥

## ੪੩. [ਹਸਨ ਖਾਂ ਦੂਤ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸਲਿਤਾ ਉਤਰੇ ਜਾਮਨੀ, ਸਗਲੇ ਮੁਸ਼ਕਲ ਹੋਇ[1]।
ਖਾਨ ਪਾਨ ਪ੍ਰਾਪਤਿ ਕਿਸੁ, ਰਹੇ ਛੂਛ ਹੀ ਕੋਇ ॥੧॥

[1]ਸਾਰੇ ਔਖੇ ਹੋਕੇ।

ਚੌਪਈ:

ਜੁਗ ਤ੍ਰੈ ਜਾਮ ਕੀਨਿ ਬਿਸਰਾਮੇ।
ਬਜੇ ਕੂਚ ਕੇ ਦੀਹ ਦਮਾਮੇ।
ਮਹਾਂ ਸੀਤ ਮਹਿਂ ਮੁਸ਼ਕਲ ਹੋਏ।
ਸੁੰਨ ਚਰਨ ਅਰੁ ਕਰ ਸਭਿ ਕੋਏ ॥੨॥
ਅਗਨੀ ਜਾਰਿ ਜਾਰਿ ਠਰ ਖੋਵੈਂ।
ਡਾਰਿ ਜ਼ੀਨ ਹਯ ਤਯਾਰੀ ਹੋਵੈਂ।
ਪ੍ਰਾਤਿ ਹੋਤਿ ਹੀ ਸੈਨਾਂ ਚਾਲੀ।
ਬਸਤ੍ਰ ਸ਼ਸਤ੍ਰ ਸਭਿ ਲੀਨਿ ਸੰਭਾਲੀ ॥੩॥
ਉਦੈ ਭਯੋ ਸੂਰਜ ਭਗਵਾਨ।
ਸੀਤ ਬਿਨਾਸ਼੍ਯੋ ਮਗ ਪ੍ਰਸਥਾਨ।
ਲਲਾਬੇਗ ਜਬਿ ਪੁਰਿ ਤੇ ਧਾਯੋ।
ਭੇਤ ਹੇਤੁ ਇਕ ਦੂਤ ਪਠਾਯੋ ॥੪॥
'ਡੇਰਾ ਕਹਾਂ ਸੈਨ ਹੈ ਕੇਤੀ?
ਬਿਚ ਪ੍ਰਵੇਸ਼ ਹੁਇ ਹੇਰਹੁ ਤੇਤੀ।
ਕਬਿ ਹਮ ਲਰਹਿਂ ਸੁ ਪਰਖਹੁ ਕਾਲ[1]।
ਇਸ ਕਾਰਨ ਆਗੇ ਤੂੰ ਚਾਲਿ' ॥੫॥

[1]ਸੋ ਸਮਾਂ ਦੇਖੀਂ।

ਹਯ ਕੌ ਤਯਾਗਿ ਗ੍ਰਾਮ ਕਿਸ ਮਾਂਹੀ।
ਬੇਖ ਆਪਨੋ ਰਾਖ੍ਯੋ ਨਾਂਹੀ।
ਸੇਵਕ ਏਕ ਸੰਗ ਜਿਹ ਲੀਨੋ।
ਗੁਰ ਦਲ ਮਹਿ ਪ੍ਰਵੇਸ਼ ਕੋ ਕੀਨੋ ॥੬॥
ਸੰਧ੍ਯਾ ਸਮੈ ਪਿਖਿਨਿ ਹਿਤ ਫਿਰ੍ਯੋ।
ਦਲ ਗਨ ਨੀਰ ਤਾਲ[1] ਕੋ ਘਿਰ੍ਯੋ।
ਫਿਰਤਿ ਫਿਰਤਿ ਸੈਨਾ ਕੇ ਮਾਂਹੀ।
ਗਮਨ੍ਯੋ ਰਾਇ ਚਮੂੰ ਕੇ ਮਾਂਹੀ ॥੭॥

[1]ਜਲ ਦਾ ਤਲਾ।

ਤਿਨਹੂੰ ਪਰਖ੍ਯੋ ਮਨੁਖ ਬਿਰਾਨਾ।
ਗਹਿ ਬੂਝ੍ਯੋ ਨਹਿਂ ਜਾਇ ਬਖਾਨਾ।
ਤਤਛਿਨ ਤਿਸਕੀ ਪਾਗ ਉਤਾਰੀ।
ਮੁਸ਼ਕੈਂ ਬਾਂਧਿ ਕਰੀ ਬਹੁ ਮਾਰੀ ॥੮॥
ਦਈ ਕਸ਼ਟ ਤੇ ਭੂਰ ਦੁਹਾਈ।
'ਸ਼੍ਰੀ ਸਤਿਗੁਰ ਮੁਹਿ ਲੇਹੁ ਛੁਟਾਈ।'
ਪਰ੍ਯੋ ਸ਼ੋਰ ਸਗਰੇ ਨਰ ਧਾਏ।
ਗਹ੍ਯੋ ਤਾੜ ਕਰਿ ਗੁਰ ਢਿਗ ਲ੍ਯਾਏ ॥੯॥
ਸ਼੍ਰੀ ਹਰਿ ਗੋਵਿੰਦ ਸੁਨਤਿ ਦੁਹਾਈ।
ਪਠਿ ਬਿਧੀਆ ਮੁਸ਼ਕੈਂ ਖੁਲਿਵਾਈ।
ਸੰਗ ਆਨਿ ਥਿਰ ਕਰ੍ਯੋ ਹਜੂਰੇ।
ਹੇਰਤਿ ਬੋਲੇ ਸਤਿਗੁਰ ਪੂਰੇ ॥੧੦॥
'ਕੌ ਹੈਂ ਤੂੰ? ਕਿਤ ਤੇ ਚਲਿ ਆਯੋ?
ਕਹਹੁ ਸਾਚ, ਨਤੁ ਦੇਂ ਮਰਿਵਾਯੋ।'
ਡਰਤਿ ਮਾਰ ਤੇ ਸਾਚ ਬਖਾਨਾ।
'ਪ੍ਰਭੁ ਜੀ! ਤਜਹੁ ਕਿ ਕਰ ਦਿਹੁ ਹਾਨਾ ॥੧੧॥
ਕਹੌਂ ਸਾਚ ਮੈਂ ਆਪ ਅਗਾਰੀ।
ਲਲਾਬੇਗ ਕਾਬਲ ਪਤਿ ਭਾਰੀ।
ਭੇਤ ਹੇਤੁ ਹੇ ਕ੍ਰਿਪਾ ਨਿਕੇਤ!
ਪਠ੍ਯੋ ਮੋਹਿ ਬਡ ਸ਼ੀਘ੍ਰ ਸਮੇਤ ॥੧੨॥
ਦਲ ਪ੍ਰਵੇਸ਼ ਮੈਂ ਸਕਲ ਨਿਹਾਰਾ।
ਭਟਨ ਪਛਾਨਿ ਲੀਨਿ ਬਹੁ ਮਾਰਾ।
ਸ਼੍ਰੀ ਗੁਰ ਤੁਮ ਪੀਰਨ ਕੇ ਪੀਰ।
ਦੁਹ ਲੋਕਨ ਕੇ ਮੀਰਨ ਮੀਰ' ॥੧੩॥
ਸ਼੍ਰੀ ਹਰਿ ਗੋਵਿੰਦ ਬੂਝਨ ਠਾਨਾ।
'ਕਹਾਂ ਸੈਨ ਤੁਰਕਾਨ ਮਹਾਨਾ?
ਕੇਤਿਕ ਗਿਨਤੀ ਮਹਿਂ ਚਢਿ ਧਾਈ।
ਕਬਿ ਇਤ ਪਹੁੰਚਤਿ ਹੇਤੁ ਲਰਾਈ!' ॥੧੪॥
ਸੁਨਤਿ ਹਸਨਖਾਂ ਦੂਤ ਬਖਾਨਾ।

'ਕਾਬਲ ਕੇ ਉਮਰਾਵ ਮਹਾਨਾ।
ਲਸ਼ਕਰ ਪੰਚ ਰੁ ਤੀਸ ਹਜ਼ਾਰ।
ਤੁਰਕੀ ਘੋਰੇ ਪਰ ਅਸਵਾਰ ॥੧੫॥
ਕਹ੍ਯੋ ਸ਼ਾਹੁ -ਮਗ ਨਹਿਂ ਬਿਲਮਾਵਹੁ।
ਲਰਹੁ ਸ਼ੀਘ੍ਰ, ਗੁਰ ਨਿਕਟਿ ਪਠਾਵਹੁ[1]-। [1]ਗੁਰ ਨੂੰ (ਸਾਡੇ) ਪਾਸ ਭੇਜੋ (ਫੜਕੇ)।
ਨਹੀਂ ਦੇਰ ਅਬਿ ਆਵਨ ਮਾਂਹੀ।
ਪਹੁੰਚੀ ਲਖਹੁ ਚਮੂੰ ਨਿਜ ਪਾਹੀ ॥੧੬॥
ਮੈਂ ਪਿਖਿ ਪਰਖਨ ਕੀਨਿ ਬਿਚਾਰ[1]। [1]ਤੁਹਾਡੇ ਪਾਸ ਜੋ ਸੌ (ਜੁਆਨ) ਹੈ ਤੇ ਓਹ (ਓਧਰੋਂ) ਹਜ਼ਾਰ ਆ ਰਿਹਾ ਹੈ ਤਾਂ ਤੁਹਾਡੇ (ਉਹਨਾਂ ਨੂੰ) ਮਾਰ ਲੈਣਗੇ ਜਾਣ ਨਹੀਂ ਦੇਣਗੇ।
ਤੁਮਰੇ ਸਤ, ਸੋ ਆਇਂ ਹਜ਼ਾਰ।
ਮਾਰ ਲੇਹਿਂਗੇ ਦੇਹਿਂ ਨ ਜਾਨੇ[੪]।
ਇਮ ਤੁਰਕਾਨਾ ਕਰਿ ਹੋ ਹਾਨੇ[1] ॥੧੭॥ [1]ਤੁਸੀਂ ਮਾਰੋਗੇ ਤੁਰਕਾਂ ਨੂੰ।
ਸਵਾਧਾਨ ਰਾਵਰ ਕੀ ਸੈਨ।
ਬਿਸਰਾਮੀ, ਇਨ ਕੇ ਸ਼੍ਰਮ ਹੈ ਨਾ[1]। [1]ਇਹ ਤਰੋਤਾਜ਼ਾ ਹਨ ਕੋਈ ਥਕਾਨ ਨਹੀਂ ਪਿਆ ਨੇ।
ਚਾਹਿਤ ਹੈਂ ਸੰਗ੍ਰਾਮ ਸੁ ਠਾਂਢੇ।
ਬਹੁ ਅਨੰਦਤਾ ਜਿਨ ਮਹਿਂ ਬਾਢੇ' ॥੧੮॥
ਸੁਨਿ ਪ੍ਰਸੰਨ ਸਤਿਗੁਰ ਹੁਇ ਆਯੋ।
ਢਿਗ ਤੇ ਪਾਗ ਦਿਵਾਇ ਪਠਾਯੋ।
ਕਹ੍ਯੋ 'ਦੇਹੁ ਸੁਧਿ ਤਿਨ ਕਹੁ ਜਾਈ।'
ਛੁਟ੍ਯੋ ਹਸਨ ਖਾਂ ਗਮਨ੍ਯੋ ਧਾਈ ॥੧੯॥
ਲਲਾਬੇਗ ਕੋ ਮਿਲ੍ਯੋ ਅਗਾਰੀ।
ਆਵਤਿ ਲਿਏ ਜੁ ਲਸ਼ਕਰ ਭਾਰੀ।
ਕਰ੍ਯੋ ਸਲਾਮ ਖਰੋ ਤਬਿ ਭਯੋ।
'ਕਹੁ ਸੁਧ ਜਿਸ ਕਾਰਨ ਤੂੰ ਗਯੋ ॥੨੦॥
ਕਿਤਿਕ ਸੈਨ ਸੋ ਗੁਰ ਹੈ ਕਹਾਂ?
ਭਾਜਿ ਕਿ ਨਹਿਂ ਪਿਖਿ ਲਸ਼ਕਰ ਮਹਾਂ[1]? [1]ਬਹੁਤੇ ਲਸ਼ਕਰ ਨੂੰ ਦੇਖ ਕੇ ਭੇਜਿਆ ਹੈ ਕਿ ਨਹੀਂ।
ਲਰਨ ਹੇਤੁ ਗਾਢੋ ਭੀ ਦੇਖਾ?
ਭਾਖਹੁ ਭੇਤ ਜੁ ਕੀਨਿ ਪਰੇਖਾ' ॥੨੧॥
ਸੁਨਤਿ ਹਸਨ ਖਾਂ ਭੇਵ ਬਤਾਯੋ।
ਡੇਰਾ ਗੁਰ ਉਜਾਰ ਮਹਿਂ ਪਾਯੋ।

ਜਲ ਕੇ ਤਾਲ ਚੁਗਿਰਦੇ ਘੇਰਾ।
ਲਰਨ ਹੇਤੁ ਉਤਸਾਹ ਘਨੇਰਾ ॥੨੨॥
ਕਰਹਿਂ ਉਡੀਕਨਿ ਭਟ ਬਲਵਾਨਾ।
ਤੁਰੰਗ ਜ਼ੀਨ ਧਰਿ ਆਯੁਧ ਨਾਨਾ।
ਤਿਨ ਕੈ ਕਹਾਂ ਪਲਾਵਨ ਬਾਤ।
ਚਾਹਤਿ ਹੈਂ ਸਭਿ ਲਸ਼ਕਰ ਘਾਤ ॥੨੩॥
ਮੋਹਿ ਰਿਦੇ ਮਹਿਂ ਐਸੀ ਆਵੈ।
ਸੌ ਭਟ, ਤੁਮ ਹਜ਼ਾਰ ਕੋ ਘਾਵੈ।
ਗੁਰੂ ਬਿਲੰਦ ਬਲੀ ਸਮ ਸ਼ੇਰ।
ਕਰਹਿ ਪ੍ਰਤੀਖਨਿ ਗਹਿ ਸ਼ਮਸ਼ੇਰ ॥੨੪॥
ਮ੍ਰਿਗਨਿ ਮਨਿੰਦ ਬ੍ਰਿੰਦ ਤੁਵ ਸੈਨਾ।
ਤੁਮ ਮਹਿਂ ਤਿਨ ਕੀ ਸਮਤਾ ਹੈ ਨਾ।
ਦਲ ਹੈ ਅਲਪ ਤਊ ਸਮ ਬਾਜ਼[1]। [1]ਬਾਜ਼ ਵਾਂਙ ਹੈ।
ਕਾਕ ਬਟੇਰਾ ਤੋਹਿ ਸਮਾਜ[1] ॥੨੫॥ [1]ਭਾਵ ਤੇਰਾ ਲਸ਼ਕਰ।
ਚਾਰ ਹਜ਼ਾਰ ਭਟਨਿ ਕੇ ਟੋਲ।
ਚਾਰਹੁੰ ਕਰ ਸ਼ੇਰ ਸਮ ਬੋਲ। '
ਸੁਨਿ ਕਰਿ ਬਾਕ ਦੂਤ ਕੇ ਸਾਚੇ।
ਤੁਰਕ ਤੁਰਕਪਤਿ ਸਭਿ ਰਿਸ ਰਾਚੇ ॥੨੬॥
'ਇਹੁ ਕਜਾ ਮੂਰਖ ਕਰਤਿ ਬਖਾਨ।
ਬਡ ਜੋਧਾ ਹੌਂ ਬਿਦਤਿ ਜਹਾਨ।
ਕਈ ਜੰਗ ਮੈਂ ਰਿਪੁ ਗਨ ਹਤੇ।
ਕਰਿ ਪੁਰਸ਼ਾਰਥ ਲੀਨਸਿ ਫਤੇ' ॥੨੭॥
ਪਾਨ ਬਾਰਨੀ ਕੋ ਕਰਿ ਰਹਯੋ[1]। [1]ਸ਼ਰਾਬ ਪੀਤੀ ਹੋਈ ਸੀ।
ਸੁਨਤਿ ਦੂਤ ਤੇ ਰਿਸ ਕਰਿ ਕਹਯੋ।
'ਇਹ ਕੁਛ ਗੁਰ ਤੇ ਲੈ ਕਰਿ ਆਯੋ।
ਕਹਿ ਕਰਿ ਚਾਹਤਿ ਹਮੈਂ ਡਰਾਯੋ ॥੨੮॥
ਦੁਸ਼ਮਨ ਕੋ ਪੱਖੀ ਇਹ ਜਾਨਾ।
ਤਿਸ ਕੀ ਜੀਤ, ਹਮਹਿਂ ਚਹਿ ਹਾਨਾ।
ਪਨਹੀ ਮਾਰਹੁ ਦੇਹੁ ਨਿਕਾਸੀ।
ਬਹੁਰ ਨ ਕਹੈ ਆਨਿ ਕੋ ਪਾਸੀ ॥੨੯॥

ਗੁਰ ਤਰੀਫ, ਕਰਿ ਨਿੰਦ ਹਮਾਰੀ।
ਕਹਾਂ ਮਤੀ ਇਨ ਮੂਢ ਬਿਚਾਰੀ।'
ਇਮ ਕਹਿ ਮਾਰਤਿ ਖੇਦਿ ਖਦੇਰਾ[1]।
ਜਾਨਿ ਅਨਾਦਰ ਬਹੁ ਨਿਜ ਕੇਰਾ ॥੩੦॥

[1]ਮਾਰਿਆ ਤੇ ਖੇਦ ਦੇ ਕੇ ਨਸਾ ਦਿੱਤਾ [ਹਿੰਦੀ. ਖਦੇਰਨਾ = ਪਰੇ ਹਟਾਉਣਾ, ਨਸਾ ਦੇਣਾ]

-ਗੁਰੂ ਪੀਰ ਕੇ ਨਿਕਟਿ ਸਿਧਾਊਂ।
ਮਨ ਬਾਂਛਤਿ ਤਿਨ ਤੇ ਬਰਪਾਊਂ-।
ਸੁਮਤਿਵੰਤ ਇਮ ਰਿਦੈ ਬਿਚਾਰਾ।
ਸ਼ੀਘ੍ਰ ਗੁਰੂ ਕੇ ਨਿਕਟਿ ਸਿਧਾਰਾ ॥੩੧॥
ਕਹਿ ਨਿਜ ਨਾਮ ਬੂਝ ਕਰਿ ਕਹਯੋ।
ਸੀਸ ਨਿਵਾਇ ਸਮੁਖ ਗੁਰ ਭਯੋ।
'ਆਨਿ ਪਰਯੋ ਮੈਂ ਰਾਵਰਿ ਸ਼ਰਨੀ।
ਜਾਇ ਪ੍ਰਸੰਸਾ ਤਿਨ ਢਿਗ ਬਰਨੀ ॥੩੨॥
ਸਹਿ ਨ ਸਕੇ ਮਤਿਮੰਦ ਗੁਮਾਨੀ।
ਮਾਰਯੋ ਮੋਹਿ ਕਟਕ[1] ਕਹਿ ਬਾਨੀ।
ਰਾਖਹੁ ਲਾਜ ਪੀਰ ਜੀ! ਮੋਰੀ।
ਨਹੀਂ ਅਲੰਬ ਰਹਯੋ ਅਬਿ ਹੋਰੀ' ॥੩੩॥

[1]ਕੌੜੀ।

ਕ੍ਰਿਪਾ ਨਿਧਾਨ ਕ੍ਰਿਪਾ ਸੁਨਿ ਕਰੀ।
-ਹਮ ਹਿਤ- ਲਖਯੋ -ਮਾਰ ਇਸ ਪਰੀ[1]-।
ਮ੍ਰਿਦੁਲ ਬਾਕ ਕਹਿ ਦੀਨਸਿ ਧੀਰ।
'ਪਿਖਹੁ ਜੰਗ ਰਹਿ ਕਰਿ ਹਮ ਤੀਰ' ॥੩੪॥

[1]ਜਾਣਿਆਂ ਕਿ ਸਾਡੇ ਕਰਕੇ ਇਸ ਨੂੰ ਮਾਰ ਪਈ ਹੈ।

ਜੋਧ ਨਿਕਟਿ ਬੈਠੇ ਤਬਿ ਭਾਖਯੋ।
'ਨੀਕੀ ਨਹੀਂ, ਨਿਕਟਿ ਇਸ ਰਾਖਯੋ।
ਛਲ ਕੋ ਕਰਤਿ ਰਹੈ ਦਲ ਬੀਚ।
ਦੇਖਿ ਭੇਤ ਕਹਿ ਤੁਰਕਨਿ ਨੀਚ' ॥੩੫॥
ਬਿਗਸਤਿ ਕਹਯੋ ਗੁਰੂ 'ਸੁਨਿ ਜੋਧ!
ਹਮ ਜਸੁ ਸੁਨਿ ਹੁਇ ਤੁਰਕ ਸਕ੍ਰੋਧ।

ਆਨਿ ਪਰੈ ਕੋ ਸ਼ਰਨ ਜਦਾਈ।
ਨਹਿਂ ਤਜਾਗਨਿ ਮੈਂ ਕਰੌਂ ਕਦਾਈ
॥੩੬॥
ਇਹਾਂ ਨ ਰੱਛਜਾ ਕਰਿ ਦਿਖਰਾਵੌਂ।
ਤੌ ਜਮ ਤੇ ਮੈਂ ਕਹਾਂ ਬਚਾਵੌਂ।
ਐਸੋ ਬਿਰਦ ਜਾਨੀਐ ਮੋਹਿ।
ਸੋ ਸਭਿ ਸਾਚ ਸੁਨਾਵੌਂ ਤੋਹਿ ॥੩੭॥
ਬਿਨ ਅਲੰਬ ਹੁਇ ਦੀਨ, ਲਚਾਰੀ।
ਕਹੈ ਜੁ -ਮੈਂ ਅਬਿ ਸ਼ਰਨ ਤੁਮਾਰੀ-।
ਤਿਸ ਕੀ ਰੱਛਜਾ ਉਰ ਅਭਿਲਾਖੌਂ।
ਕਜਾ ਨਰ ਬਪੁਰਾ, ਜਮ ਤੇ ਰਾਖੌਂ ॥੩੮॥
ਲੇਯ ਭੇਤ ਤੌ ਕਜਾ ਹੁਇ ਮੇਰਾ।
ਹਤੌ ਛਿਨਕ ਮਹਿਂ ਦਲ ਰਿਪੁ ਕੇਰਾ।
ਦੇਉਂ ਮਾਲਕੀ ਕਾਬਲ ਸਾਰੀ।
ਇਹ ਉਮਰਾਵ ਕਰੌਂ ਤਿਨ ਮਾਰੀ ॥੩੯॥
ਮਨਸਬ ਸ਼ਾਹੁ ਸਮੀਪ ਦਿਵਾਊਂ।
ਇਸ ਤੇ ਕਾਬਲ ਰਾਜ ਕਰਾਊਂ।'
ਬਿਸਮੇ ਸਭਿ ਸੁਨਿ ਕੈ ਬਚ ਐਸਾ।
-ਇਹੁ ਤੌ ਭਯੋ ਬਿਭੀਖਨ ਜੈਸਾ ॥੪੦॥
ਆਨਿ ਮਿਲਜੋ ਸਲਿਤਾਪਤਿ[1] ਉਰੇ।
ਲੰਕਾਪਤਿ ਸ਼੍ਰੀ ਰਘੁਬਰ ਕਰੇ-।
ਸੁਨਿ ਕਰਿ ਜੋਧ ਬੰਦਨਾ ਕੀਨਿ।
ਰਾਮਚੰਦ ਇਹੁ ਰੂਪ ਸੁ ਚੀਨ ॥੪੧॥
ਸਭਿ ਮਹਿਂ ਭਯੋ ਬਿਦਤਿ ਬਿਰਤਾਂਤ।
ਸ਼੍ਰੀ ਸਤਿਗੁਰ ਕੀਨੋ ਜਿਸ ਭਾਂਤਿ।
'ਧੰਨ ਧੰਨ' ਸਭਿ ਬਦਨ ਉਚਾਰੇ।
ਦੀਨ ਦਜਾਲ ਕੋ ਬਿਰਦ ਬਿਚਾਰੇ ॥੪੨॥
ਅਰਧ ਰਾਤਿ ਹੋਈ ਤਬਿ ਆਇ।
ਕਹਤਿ ਹਸਨ ਖਾਂ 'ਰਿਪੁ ਸਮੁਦਾਇ।
ਪਹੁੰਚੇ ਜਾਨਹੁ ਰਖੀਅਹਿ ਤਜਾਰੀ।
ਬੀਚ ਤੁਫੰਗ ਦੁਗੋਰਨਿ ਡਾਰੀ' ॥੪੩॥
ਸਭਿ ਦਲ ਮਹਿਂ ਨਰ ਸਤਿਗੁਰ ਫੇਰਾ।

[1]ਸਮੁੰਦਰ ਤੋਂ।

'ਸੁਭਟ ਸੁਚੇਤ ਬਨਹੁ ਇਸ ਬੇਰਾ।'
ਸੌਂ ਸਉਰ ਕੋ ਪਠਜੋ ਅਗਾਰੀ।
'ਆਇ ਤੁਰਕ ਤਹਿਂ ਦਿਹੁ ਸੁਧਿ ਸਾਰੀ'
॥੪੪॥
ਗੁਰ ਦਲ ਮਹਿਂ ਅੰਗੀਠੇ ਲਾਗੇ।
ਜਿਨਹੁਂ ਨਿਕਟਿ ਤੇ ਪਾਲੇ ਭਾਗੇ।
ਸ਼ਸਤ੍ਰਨਿ ਜੁਤਿ ਸਿਮਰਤਿ ਜਗਦੀਸ਼[1]।
ਮਿਲ ਥਿਤਿ ਕਿਤ ਦਸ, ਪੰਦ੍ਰਾਂ, ਬੀਸ
॥੪੫॥

[1]ਸ਼ਸਤ੍ਰਾਂ ਸਹਿਤ ਪਰਮੇਸ਼ੁਰ ਨੂੰ ਯਾਦ ਕਰਦੇ ਹਨ।

ਸਭਿ ਸੁਭਟਨਿ ਕੇ ਤਨ ਬਿਨ ਪਾਲੇ[1]।
ਹਤਨ ਰਿਪੁਨਿ ਸਵਧਾਨ ਬਿਸਾਲੇ।

[1]ਨਿੱਘੇ।

ਨਿਸ ਮਹਿਂ ਤੁਰਕ ਚਢੇ ਸਭਿ ਆਏ।
ਜੜ ਸਮ ਸੀਤ ਕਰੇ ਨਰ ਪਾਏ[1] ॥੪੬॥

[1]ਪਾਲੇ ਨੇ (ਹੱਥ) ਪੈਰ ਠਾਰ ਕੇ ਜੜ੍ਹ ਵਾਂਙ ਕਰ ਦਿੱਤੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਦੂਤ' ਪ੍ਰਸੰਗ ਬਰਨਨੇ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

## ੪੪. [ਜੰਗ ਸ਼ੁਰੂ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਜਾਮ ਦਿਵਸ ਕੇ ਚਢੇ ਤੇ,
ਲਵਪੁਰਿ ਤੇ ਪ੍ਰਸਥਾਨ।
ਤੀਨ ਜਾਮ ਮਾਰਗ ਚਲੇ,
ਪੁਨ ਨਿਸ ਕੀਨਿ ਪਯਾਨ ॥੧॥

ਚੌਪਈ:

ਕੁਛ ਬਿੱਸ੍ਰਾਮ ਕੀਨਿ ਸ਼੍ਰਮ ਹੋਏ[1]।
ਦੋ ਇਕ ਜਾਮ ਨੀਠਿ ਹੀ ਸੋਏ[1]†।
ਬਹੁਰ ਚਢੇ ਦਿਨ ਸਗਰੇ ਚਾਲੇ।
ਚਾਰ ਜਾਮ ਮਹਿਂ ਪੰਥ ਬਿਸਾਲੇ ॥੨॥
ਬਹੁਰ ਨਿਸਾ ਦੂਸਰਿ ਹੁਇ ਆਈ।
ਕਿਸ ਕਿਸ ਖਾਨੋ ਕੀਨਿ ਬਨਾਈ।
ਦਾਨਾ ਦੀਨਸਿ ਕਿਨਹੁਂ ਨਿਹਾਰੀ।
ਤਊ ਸ਼੍ਰਮਤਿ ਬਡ ਤੇ ਮਗ ਭਾਰੀ ॥੩॥
ਰੂਪਾ ਗ੍ਰਾਮ ਉਲੰਘਿ ਕਰਿ ਆਏ।
ਬਹੁ ਗ੍ਰਾਮਨ ਕੇ ਆਗੂ ਲਜਾਏ।
ਕਹੈਂ ਕਿ 'ਜਿਸ ਥਲ ਗੁਰ ਕੋ ਡੇਰਾ।
ਹਮਹਿਂ ਦਿਖਾਇ ਦੇਹੁ ਇਕ ਬੇਰਾ' ॥੪॥
ਗ੍ਰਾਮਨਿ ਕੇ ਨਰ ਕੋ ਬਹੁ ਤਾਰੈਂ[1]।
ਡਰਿ ਕਰਿ ਆਗੂ ਅੱਗ੍ਰ ਪਧਾਰੈ।
ਤ੍ਰੌਦਸ ਜਾਮ ਸੁ ਚਲਤਿ ਬਿਤਾਏ।
ਚੌਦਸਮੇਂ ਮਹਿਂ ਗੁਰ ਨਿਯਰਾਏ ॥੫॥
ਮਹਾਂ ਸ਼੍ਰਮਤਿ ਅਰੁ ਛੁਧਤਿ ਬਿਸਾਲੇ।
ਠਰੇ ਚਰਨ ਕਰ ਲਾਗਤਿ ਪਾਲੇ[1]।
ਤੀਨਹੁਂ ਕਾਰਨ ਤੇ ਤੁਰਕਾਨਾ।
ਬਜਾਕੁਲ ਬਹੁ, ਕਿਮ ਹੁਇਂ ਸਵਧਾਨਾ ॥੬॥
ਲਲਾਬੇਗ ਯੁਤ ਸਭਿ ਸਰਦਾਰਾ।
ਨਹਿਂ ਲਸ਼ਕਰ ਕੋ ਹਾਲ ਬਿਚਾਰਾ।

[1]ਥੱਕਿਆਂ ਹੋਇਆਂ ਨੇ ਕੁਛਕ ਅਰਾਮ ਕੀਤਾ।

[1]ਦੋ ਇਕ ਪਹਿਰ ਮਸਾਂ ਹੀ ਸੁੱਤੇ ਸਨ। †ਪਾ:-ਦੋ ਇਕ ਜਾਮਨੀ ਰਹੀ ਸੋਇ। ਪੁਨਾ:-ਜਾਮਨੀ ਠਾਈ ਮੋਇ। ਪੁਨਾ:-ਕੀਨ ਨਿਸ ਸੋਏ।

[1]ਤਾੜਦੇ ਹਨ।

[1]ਹੱਥ ਪੈਰ ਪਾਲਾ ਲਗ ਕੇ ਠਰ ਗਏ।

ਆਪ ਧਰੀ ਤਨ ਪਰ ਪੁਸਤੀਨ[1]।
ਤਜਾਰਿ ਕਰਾਇ ਖਾਨ ਕਰਿ ਲੀਨਿ[1] ॥੭॥

[1]ਵਾਲਾਂ ਸਣੇ ਚਮੜੇ ਦਾ ਚੋਗੇ ਵਰਗਾ ਗਲ ਦਾ ਪਹਿਰਾਵਾ।
[1]ਭਾਵ ਖਾਣਾਂ ਖਾ ਲਿਆ।

ਅਪਰ ਸੁਭਟ ਜਿਨ ਲਰਿਬੋ ਆਗੇ[1]।
ਤੀਨਹੁ ਕਾਰਨ ਤਿਨ ਤਨ ਲਾਗੇ[1]।
ਕਹਿ ਬਹੁ ਰਹੇ ਨ ਕਿਨਹੂੰ ਮਾਨੀ।
ਕਰੈਂ ਸ਼ੀਘ੍ਰਤਾ ਸ਼ਾਹੁ ਬਖਾਨੀ[1] ॥੮॥

[1]ਜਿਨ੍ਹਾਂ ਅੱਗੇ (ਹੋਕੇ) ਲੜਨਾ ਸੀ।
[1]ਥਕਾਨ ਭੁੱਖ ਤੇ ਪਾਲਾ) ਤਿੰਨੇ ਤਿਨ੍ਹਾਂ ਦੇ ਸਰੀਰ ਨੂੰ ਲੱਗੇ ਹੋਏ ਸਨ।
[1]ਸ਼ਾਹ ਦੇ ਕਹੇ ਅਨੁਸਾਰ ਛੇਤੀ ਕਰਦੇ ਹਨ।

ਪਰਮ ਦੁਖੀ ਕਰਿ ਲਸ਼ਕਰ ਲਜਾਏ।
ਸੋ ਅਸਵਾਰਨਿ ਕੇ ਨਿਯਰਾਏ।
ਜਤੋਂ ਆਵਤਿ ਥੇ ਬਾਗ ਉਠਾਏ।
ਤਜਾਰ ਤੁਫੰਗਨਿ ਸ਼ਲਖ ਚਲਾਏ ॥੯॥
ਕੜਾ ਕਾੜ ਜਬਿ ਇਕਠੀ ਛੋਰੀ।
ਗਿਰੇ ਕਿਤਿਕ ਰਿਪੁ ਲਾਗਤਿ ਗੋਰੀ।
ਆਵਤਿ ਲਸ਼ਕਰ ਕੋ ਮੁਖ ਤੋਰਾ।
ਦਿਖਤਿ ਨ ਜਾਮਨਿ ਕੋ ਤਮ ਘੋਰਾ ॥੧੦॥
ਲਲਾਬੇਗ ਜਾਨਜੋ ਗੁਰ ਇਹਾਂ।
ਝਾਰ ਮਤਾਬੀ ਜਾਰੇ ਮਹਾਂ।
ਅਨਿਕ ਮਸਾਲ ਜਲਾਵਨ ਕੀਨੇ।
ਭਯੋ ਪ੍ਰਕਾਸ਼ ਦਿਸ਼ਿਨਿ ਤਮ ਹੀਨੇ[1] ॥੧੧॥

[1]ਭਾਵ ਹਰ ਪਾਸੇ ਚਾਨਣਾ ਹੋ ਗਿਆ।

ਇਮ ਕਹਿ ਸਤਿਗੁਰ ਜੋਧ ਚਢਾਯੋ।
ਸੰਗੀ ਜਾਤੀ ਮਲਕ ਮਿਲਾਯੋ।
'ਪਰੇ ਹਾਥ ਇਮ ਰਿਪੁ ਮਤਿ ਮੋਟੇ[1]।
ਜਿਮ ਪ੍ਰਾਪਤਿ ਮੈਦਾਨ ਸੁ ਹੋਟੇ[1] ॥੧੨॥

[1]ਮਤ ਦੇ ਮੋਟੇ ਸ਼ੱਤ੍ਰੂ ਇਸ ਤਰ੍ਹਾਂ ਹੱਥ ਆਏ।
[1]ਜਿਵੇਂ ਹਾਰੇ ਹੋਏ ਮੈਦਾਨ ਵਿਚ ਮਿਲਦੇ ਹਨ।

ਛੁਧਤਿ ਸ਼੍ਰਮਤਿ, ਬਹੁ ਨੀਂਦ ਦਬਾਏ।
ਪਾਰਾ[1] ਪਰੇ ਠਰੇ ਕਰ ਪਾਏ[2]।
ਜਾਹੁ ਬਾਜ਼ ਸਮ ਬੇਦ ਬਡੇਰੇ।
ਹਤਹੁ ਤੁਰਕੁ ਜਨੁ ਲਵੇ ਬਟੇਰੇ[1] ॥੧੩॥

[1]ਪਾਲਾ। [2]ਹੱਥ ਪੈਰ।
[1]ਲਵੇ ਤੇ ਬਟੇਰੇ [ਸੰਸ. ਲਵ। ਲਵਾ ਇਕ ਨਿੱਕਾ ਪੰਛੀ ਹੈ ਜਿਸ ਨੂੰ ਕੋਈ ਬਟੇਰੇ ਤੇ ਕੋਈ ਤਿੱਤਰ ਦੀ ਕਿਸਮ ਦਾ ਮੰਨਦੇ ਹਨ, ਇਹ ਬਟੇਰੇ ਤੋਂ ਬੀ ਸੁਹਲ ਹੁੰਦਾ ਹੈ, ਇਸ ਕਰਕੇ ਪੰਜਾਬੀ ਵਿਚ 'ਲਵਾ' ਸੁਹਲ ਨੂੰ ਬੀ ਕਹਿੰਦੇ ਹਨ]

ਸਤਿਗੁਰ ਦੀਨਿ ਬਿਜੈ ਸੁਖੈਨ।
ਬਜਾਕੁਲ ਜੇਨਿ ਕੇਨਿ ਅਰਿ ਸੈਨ।’
ਬ੍ਰਿੰਦ ਮਸਾਲੈਂ ਜੋਧ ਅਗਾਰੀ।
ਗੁਰ ਕੋ ਹੁਕਮ ਪਾਇ ਕਰਿ ਜਾਰੀ ॥੧੪॥
ਗੁਰ ਨਗਾਰਚੀ ਕੋ ਕਹਿ ਨਾਮਾ।
‘ਦੈਰੇ ਦੈਰੇ ਦੀਹ ਦਮਾਮਾ[1]।’

[1]ਦੈਰੇ ਦੈਰੇ ਵੱਡਾ ਦਮਾਮਾ ਵਜਾਓ। ਦਮਾਮੇ ਵੱਜਣ ਦੀ ਆਵਾਜ਼ ਨੂੰ ‘ਦੈਰੇ’ ਕਰਕੇ ਦਸਿਆ ਹੈ।

ਇਮ ਤੁਫੰਗ ਅਰੁ ਚਲਹਿਂ ਕ੍ਰਿਪਾਨਾਂ।
ਸ਼੍ਰੋਣਤਿ ਅਵਨੀ ਬਹੈ ਮਹਾਨਾ ॥੧੫॥
ਦੁਹਰਿ ਚੋਬ ਧੌਂਸਾ ਧੁੰਕਾਰੇ।’
ਵਧ੍ਯੋ ਬੀਰ ਰਸ ਭਟ ਲਲਕਾਰੇ।
ਚਢ੍ਯੋ ਜੋਧ ਚਲਿ ਆਗੇ ਗਯੋ।
ਦੁਹਿ ਦਿਸ਼ਿ ਮਾਰੂ ਬਾਜਤਿ ਭਯੋ ॥੧੬॥

ਭੁਯੰਗ ਪ੍ਰਯਾਤ ਛੰਦ:

ਦਮਾਮੇ ਬਜੇ ਬ੍ਰਿੰਦ ਭੇਰੀ ਭੁੰਕਾਰੇ[1]।
ਤੁਫੰਗਾਨਿ ਗੋਰੀ ਕਸੇ ਫੇਰ ਮਾਰੇ।
ਕਰੇ ਤੇਜ ਘੋਰੇ ਅਗਾਰੀ ਧਵਾਏ।
ਕਿਨੂੰ ਤੀਨ ਮਾਰੇ ਸੁ ਨੇਜ਼ੇ ਭ੍ਰਮਾਏ ॥੧੭॥

[1]ਭੇਰੀਆਂ ਵੱਜੀਆਂ।

ਭਏ ਨੇਰ ਸ਼ੱਤ੍ਰੂ ਤਕੈਂ ਤਾਂਹਿ ਮਾਰੈਂ।
ਲਗੈਂ ਅੰਗ ਜਾਂਕੇ ਗਿਰੈਂ, ਨ ਸੰਭਾਰੈਂ।
ਭਯੋ ਭੇੜ ਭਾਰੋ ਨ੍ਰਿਭੈ ਬੀਰ ਬਾਂਕੇ।
ਸਹਾਈ ਗੁਰੂ ਜਾਨਿ ਦੌਰੇ ਚਲਾਕੇ[1] ॥੧੮॥

[1]ਚਾਲਾਕੀ ਨਾਲ।

ਉਡੀ ਧੂਲ ਗੈਨੰ[1] ਦੁਰੇ ਬ੍ਰਿੰਦ ਤਾਰੇ।

[1]ਆਕਾਸ਼ ਵਿਚ।

ਮਸਾਲੈਂ ਕਰੀ ਮੰਦ[1], ਭੇ ਅੰਧਕਾਰੇ[2]।

[1](ਧੂੜ ਨੇ) ਮਸਾਲਾਂ ਦੀ ਲੋ ਮੰਦ ਕਰ ਦਿੱਤੀ। [2]ਹਨੇਰਾ ਹੋ ਗਿਆ।

ਪਲੀਤੇ ਧੁਖੇ ਪੁੰਜ ਤੋੜੇ ਲਗਾਏ।
ਮਨੋ ਰੈਣ ਭਾਦੋਂ ਖਦਯੋਤੰ ਦਿਖਾਏ[1] ॥੧੯॥

[1]ਮਾਨੋਂ ਭਾਦ੍ਰੋਂ ਦੀ ਰਾਤ ਨੂੰ ਟਿਟਾਣੇ ਦਿੱਸਦੇ ਹਨ।

ਮਹਾਂ ਨਾਦ ਹੋਯੋ ਸੁ ਬਾਜ਼ੀ ਹਿਰੇਖਾ।
ਬਕੈਂ ‘ਮਾਰ ਲੀਜੈ’ ਸਕੋਪੰ[1] ਵਿਸ਼ੇਖਾ।

[1]ਸਹਿਤ ਕ੍ਰੋਧ ਦੇ।

‘ਨਹੀਂ ਜਾਨਿ ਦੀਜੈ ਗਹੋ ਕਾਟਿ ਡਾਰੋ।
ਚਲੋ ਸਾਮੁਹੇ ਬੀਰ ਸ਼ੰਕਾ ਨਿਵਾਰੋ’

॥੨੦॥
ਬਜੈਂ ਬ੍ਰਿੰਦ ਬਾਜੇ ਹਕਾਹਾਕ ਬੋਲੈਂ।
ਭਿੜੇ ਭੇੜ ਭਾਰੇ ਕਿਤੇ ਬੰਧਿ ਟੋਲੈਂ।
ਤੁਫੰਗਾਨਿ ਕੀ ਮਾਰ ਮਾਰੀ ਬਿਸਾਲਾ।
ਗਜੰ ਕੇ ਠਨੰਕੇ ਉਠੈਂ ਠੋਕ ਜਾਲਾ[1] ॥੨੧॥

[1]ਗਜਾਂ ਦੇ ਠੋਕਣ ਨਾਲ ਠਣਕਾਰੇ ਉੱਠਦੇ ਹਨ ਬਹੁਤੇ।

ਪਰੈਂ ਪੌਰ ਘੋਰੇ ਧਰਾ, ਨਾਦ ਠਾਨੈਂ।
ਮਚਜੋ ਜੰਗ ਭੀਮੰ ਰਿਪੂ ਪ੍ਰਾਨ ਹਾਨੈਂ।
ਚਲਾਵੈਂ, ਕਸੈਂ ਫੇਰ ਬਾਰੂਦ ਡਾਲੈਂ।
ਕਿਤੈ ਏਕ ਗੋਰੀ ਦੁਗੋਰੀਨ ਘਾਲੈਂ ॥੨੨॥
ਕਲਾ ਪੈ ਜੜੇ ਮੋੜ ਤੋੜੇ ਭਖੰਤੇ।
ਧਰੈਂ ਹਾਥ ਪੈ ਤਾਕਿ ਸ਼ੱਤ੍ਰੂ ਡਭੰਤੇ[1]।

[1]ਵੈਰੀ ਨੂੰ ਤੱਕ ਕੇ (ਤੋੜੇ) ਡੰਭਦੇ ਹਨ।

ਪਲੀਤਾ ਭਖੈਂ ਬ੍ਰਿੰਦ ਜ੍ਵਾਲਾ ਉਗਾਲੈਂ[1]।

[1]ਸਮੂਹ ਬੰਦੂਕਾਂ ਵਿਖੇ ਪਲੀਤੇ ਭਖਦੇ ਹਨ।

ਚਲੈਂ ਸ਼ੂੰਕ ਗੋਰੀ ਤੜਾਕੇ ਉਠਾਲੈਂ ॥੨੩॥
ਲਗੈਂ ਅੰਗ ਭੰਗੈਂ ਤੁਰੰਗਾਨਿ ਡਾਲੈਂ[1]।

[1]ਘੋੜਿਆਂ ਦੇ ਅੰਗ ਭੰਗ (ਕਰਕੇ) ਡੇਗ ਦਿੰਦੇ ਹਨ।

ਕਿਤੇ ਸੂਰ ਘਾਏ ਹਲਾਚਾਲ ਘਾਲੈਂ।
ਕਿਤੇ ਘਾਇ ਘੂੰਮੇ ਗਿਰੈਂ ਬੀਰ ਭੂਮੈ।
ਕਿਤੇ ਖਾਇ ਗੋਰੀ ਖਰੇ ਧੀਰ ਝੂੰਮੈ ॥੨੪॥

ਸੈਯਾ:

ਯੌਂ ਜਬਿ ਮਾਰ ਮਚੀ ਸੁ ਘਨੀ
ਤਬਿ ਬੇਗਲਲਾ ਸੁਧਿ ਜਾਨਿ ਲਰਾਈ।
ਕੰਬਰਬੇਗ ਸਮੀਪ ਪਿਖ੍ਯੋ
ਬਡ ਬੀਰ ਬਲੀ ਤਿਹ ਸੰਗ ਸੁਨਾਈ।
'ਭ੍ਰਾਤ! ਸੁਨੋ ਘਮਸਾਨ ਘਨੋਂ
ਰਣ ਹੋਇ ਰਹ੍ਯੋ ਸਭਿ ਕੋ ਅਗਵਾਈ।
ਪਾਨ ਸ਼ਰਾਬ ਕਰੋ ਕੁਛ ਥੋਰਈ,
ਤੋ ਸਿਰ ਪਾਗ[†], ਕਰੋ ਅਬਿ ਧਾਈ[1]' ॥੨੫॥

[1]ਤੇਰੇ ਸਿਰ ਪੱਗ (ਇੱਜ਼ਤ ਦੀ) ਹੈ, (ਇਸ ਲਈ ਅਗਾਹਾਂ ਨੂੰ) ਹੁਣ ਧਾਈ ਕਰੋ। [†]ਪਾ:-ਭਾਰ।

ਆਇਸੁ ਭ੍ਰਾਤ ਬਡੇ ਕੀ ਸੁਨੀ
ਤਬਿ ਕੰਬਰ ਬੇਗ ਨੇ ਬਾਕ ਕਹ੍ਯੋ।
'ਕਜਾ ਗੁਰ ਸੈਨ ਡਰੋ ਜਿਸ ਤੇ
ਅਬਿ ਮਾਰਿ ਸਭੈ ਨਿਸ ਅੰਤ ਲਹ੍ਯੋ[1]।

[1]ਸਾਰੀ ਰਾਤ ਮੁਕਦੀ ਤਕ ਸਭ ਨੂੰ ਮਾਰ ਲਵਾਂਗੇ।

ਆਪ ਖੁਦਾਇ ਨੇ ਬਾਂਧਿ ਦਯੋ[1],
ਬਿਨ ਤ੍ਰਾਸ ਧਰੇ ਇਸ ਥਾਨ ਰਹਯੋ।
ਸ਼ਾਹੁ ਤੁਰੰਗਨਿ ਲੈ ਅਬਿ ਦੋਨਹੁ,
ਜਾਇ ਮਿਲੈਂ, ਗੁਰ ਲੇਹਿਂ ਗਹਯੋ ॥੨੬॥

[1]ਬੰਨ੍ਹ ਦਿਤੇ ਹਨ (ਸ੍ਰੀ ਗੁਰੂ ਜੀ)।

ਸ਼ਾਹੁ ਕਰੈ ਬਖਸ਼ੀਸ਼ ਮਹਾਂ
ਜਸੁ ਫੈਲਿ ਪਰੈ ਸਗਲੇ ਤੁਰਕਾਨਾ।
ਚਾਰ ਹਜ਼ਾਰ ਹੀ ਸੈਨ ਸੁਨੀ
ਹਮਰੇ ਢਿਗ ਹੇਰਹੁ ਪੁੰਜ ਮਹਾਨਾ।
ਆਟੇ ਮੈਂ ਲੌਨ ਸਮਾਨ ਮਿਲਾਵਹੁ
ਕੌਨ ਥਿਰੈ ਲਰਿਬੇ ਅਗਵਾਨਾ?
ਏਕ ਗੁਰੂ ਸਿਖ, ਹੈਂ ਹਮਰੇ ਦਸ,
ਕੋ ਬਲਵਾਨ ਜੁ ਹੋਇ ਨ ਹਾਨਾ[1]?' ॥੨੭॥

[1]ਗੁਰੂ ਜੀ ਪਾਸ ਜੇ ਇਕ ਸਿੱਖ (ਹੈ ਤਾਂ) ਸਾਡੇ (ਪਾਸ) ਦਸ (ਸੂਰਮੇ) ਹਨ, ਕਿਹੜਾ ਬਲੀ ਹੈ ਜੋ (ਇਕ ਦਸਾਂ ਦੇ ਹੱਥੋਂ) ਨਾ ਮਰੇਗਾ।

ਪਾਨ ਸ਼ਰਾਬ ਕਰੈਂ ਬਹੁਤੀ,
ਪਿਖਿ ਬੇਗਲਲਾ ਰਣ ਫੇਰ ਉਚਾਰੀ।
'ਜੋਰ ਪਰਯੋ ਬਹੁ ਘੋਰ, ਸੁਨੈ ਰਵ[1],
ਤੂੰ ਪ੍ਰਸਥਾਨਹੁ ਠੌਰ ਅਗਾਰੀ।
ਸਾਤ ਹਜ਼ਾਰ ਸਊਰ[1] ਜਿ ਸੂਰ,
ਕਰੋ ਅਪਨੇ ਸੰਗ ਮੈਂ ਬਲ ਭਾਰੀ।
ਆਗੇ ਹੋ ਰੋਕੇ ਜਾਇ ਬਿਲੋਕਹੁ
ਰੌਰ ਮਹਾਂ, ਕਿਮ ਹੋਤਿ ਪੁਕਾਰੀ' ॥੨੮॥

[1](ਇਹ) ਅਵਾਜ਼ ਸੁਣੀਂਦੀ ਹੈ।

[1]ਸਵਾਰ।

ਭ੍ਰਾਤ ਕੀ ਆਇਸੁ ਮਾਨਿ ਚਲਯੋ
ਬਹੁ ਪਾਨਿਸੁਰਾ ਕਰਿ[1] ਬੀਰ ਹੰਕਾਰੀ।
ਕੰਬਰਬੇਗ ਨੇ ਬੇਗ ਕਰਯੋ
ਉਦਬੇਗ, ਸੁ ਬੇਗਲਲਾ ਨ ਸਹਾਰੀ[1]।

[1]ਸ਼ਰਾਬ ਪੀਕੇ।

[1]ਛੇਤੀ ਕੀਤਾ (ਉਦ੍ਵੇਗ =) ਅੱਗੇ ਜਾਣਾ, ਲਲਾਬੇਗ ਦੀ (ਬਾਣੀ) ਨ ਸਹਾਰੀ।

ਦੀਹ ਦਮਾਮੇ ਸਮੂਹ ਬਜੇ,
ਦਲ ਸਤ ਹਜ਼ਾਰ ਚਲੇ ਬਲ ਭਾਰੀ।
ਹੇਲਾ ਪੁਕਾਰਤਿ ਗੋਰਿਨਿ ਮਾਰਤਿ
ਤੋਮਰ ਧਾਰਤਿ ਆਇ ਅਗਾਰੀ ॥੨੯॥
ਸ੍ਰੀ ਹਰਿਗੋਬਿੰਦ ਧੀਰ ਬਲੀ ਬਰ
'ਬੀਰ ਸਮੀਰ' ਕੇ ਸੰਗ ਬਖਾਨਾ[1]।

[1]ਹਵਾ ਦੇ ਬੀਰ ਨੂੰ ਕਿਹਾ।

'ਆਇ ਸਹਾਇਕ ਹੋਇ ਅਬੈ,
ਲਗਿ ਸੈਲ ਹਿਮਾਲਹਿ ਸੀਤ ਮਹਾਨਾ।
ਸ਼ੱਤ੍ਰਨਿ ਕੇ ਤਨ ਸੀਤ ਕਰੋ
ਜਿਨ ਤੇ ਬਨੈ ਕੁਛ, ਹ੍ਵੈ ਠਰਵਾਨਾ[1]। [1]ਠੰਢ ਨਾਲ) ਠਰ ਜਾਣ।
ਕੰਪ ਉਠੈਂ ਸਭਿ ਕੇਰ ਸਰੀਰ
ਅਧੀਰਜ ਬੀਰਜ[1] ਕੋ ਕਰਿ ਹਾਨਾ' [1]ਬਲ।
॥ ੩੦ ॥
ਆਇਸੁ ਪਾਇ ਚਲ੍ਯੋ[1] ਹਰਖਾਇ, [1]ਭਾਵ ਹਵਾ ਦਾ ਬੀਰ ਗਿਆ।
ਲਗ੍ਯੋ ਹਿਮ ਸੈਲ ਕੇ ਜਾਇ ਸਥਾਨਾ।
ਸੀਤ ਕੋ ਲ੍ਯਾਇ ਬਹ੍ਯੋ ਇਤ ਆਇ,
ਜਹਾਂ ਰਣ ਥਾਇਂ, ਲਰੈਂ ਤੁਰਕਾਨਾ।
ਲਗ੍ਯੋ ਸਰੀਰਨਿ, ਧੀਰ ਤਜੀ,
ਠਰਿ ਭੂਰ ਭਯੋ, ਬਡ ਸੀਤ ਕੋ ਮਾਨਾ।
ਹਾਥ ਕੀ ਆਂਗੁਰੀ ਨਾਂਹਿ ਖੁਲੈਂ,
ਮੁਖ ਦੰਤ ਬਜੈਂ[1] ਬਲ ਹੀਨ ਅਜਾਨਾ [1]ਦੰਦ ਵਜਣ ਲਗ ਗਏ।
॥ ੩੧ ॥
ਚੀਰ ਤੇ ਛਾਦ[1] ਸਰੀਰਨ ਕੋ [1]ਕਪੜਿਆਂ ਨਾਲ ਢਕਕੇ।
ਜੁਗ ਹਾਥਨਿ ਦੇਤ ਹੈਂ ਕਾਂਖ ਮਝਾਰਾ[1]। [1]ਵੱਖੀਆਂ (ਕੱਛਾਂ) ਵਿਚ।
ਕੌਨ ਤੁਫੰਗ ਚਲਾਇ ਸਕੈ,
ਛੁਟਿ ਬਾਗ ਗਈ, ਨ ਕਿਕਾਨ ਸੰਭਾਰਾ।
ਕੰਪਤਿ ਹੈਂ ਤਨ ਹੋਤਿ ਨਹੀਂ ਕੁਛ
'ਆਇ ਭਿਰੇ[1]' ਮੁਖ ਬੋਲ ਉਚਾਰਾ। [1]ਆ ਭਿੜੇ ਹਨ।
ਕੰਬਰ ਬੇਗ ਭਯੋ ਰਣ ਸੰਮੁਖ
ਹੋਇ ਤੁਫੰਗਨਿ ਕੇ ਕੜਕਾਰਾ ॥ ੩੨ ॥
ਸਾਤ ਹਜ਼ਾਰ ਕੀ ਭੀਰ ਅਈ ਜਬਿ,
ਜੋਧ ਨੇ ਜੋਰ ਪਰ੍ਯੋ ਤਬਿ ਜਾਨਾ।
ਸ਼ਾਹੁ ਸਲੇਮ ਸੁ ਭ੍ਰਾਤ ਹੁਤੋ
ਬਲਵਾਨ ਕਿ ਸਾਥ ਸੁ ਬਾਕ ਬਖਾਨਾ।
'ਮਾਰਿ ਤੁਫੰਗਨ ਭੰਗ ਕਰੋ
ਇਹ ਆਵਤਿ ਅੱਗ੍ਰ ਬਧ੍ਯੋ, ਤੁਰਕਾਨਾ।
ਪੰਚ ਸੈ ਲੇਹੁ ਪਵੰਗਮ ਸੰਗ
ਉਠਾਇ ਕੈ ਬਾਗ ਕਰੋ ਘਮਸਾਨਾ'

॥ ੩੩ ॥
ਜੋਧ ਸੁ ਭ੍ਰਾਤ ਕੀ ਆਇਸੁ ਕੋ
ਸੁਨਿ ਸ਼ਾਹੁ ਸਲੇਮ ਚਲ੍ਯੋ ਉਤਸਾਹੂ।
ਤੀਰ ਤੁਫੰਗਨਿ ਕੋ ਛੁਰਿਵਾਯਹੁ
ਏਕ ਹੀ ਬਾਰ ਪਰੇ ਬਿਧਿ ਯਾਂਹੂ।
ਜਯੋਂ ਦਲ ਟੀਡਨਿ ਕੋ[1] ਲਖਿ ਕੈ,
ਹਿਤ ਮਾਰਨ ਧਾਇ ਬਿਹੰਗਮ[1] ਤਾਂਹੂ
॥ ੩੪ ॥
ਸਾਤ ਹਜ਼ਾਰਨ ਊਪਰ ਪਾਂਚ ਸੈ
ਦੌਰ ਗਏ ਇਮ ਮਾਰਨ ਕੋ।
ਹੋਤਿ ਛੁਧਾਤੁਰ ਕੇਹਰਿ ਜਯੋਂ
ਮ੍ਰਿਗ ਕੋ ਸੁਨਿ ਨਾਦ ਨਿਹਾਰਨ ਕੋ।
ਹਾਥ ਉਠਾਇ ਸਕੈ ਨ ਰਿਪੂ,
ਠਰਿ[1] ਸੁੰਨ ਭਏ ਹਿਤ ਹਾਰਨ ਕੋ[2]।
ਹ੍ਵੈ ਨ ਤੁਫੰਗ ਸੰਭਾਰਨ ਕੋ
ਤਬਿ ਕੌਨ ਗਹੈ ਤਰਵਾਰਨ ਕੋ ॥ ੩੫ ॥
ਆਧ ਹਜ਼ਾਰ ਤੁਫੰਗ ਛੁਟੀ
ਰਿਪੁ ਚਾਰ ਸੈ ਮਾਰਿ ਕੈ ਭੂਮਿ ਗਿਰਾਏ।
ਫੂਟ ਗਏ ਗਨ ਤੁੰਡ ਰੁ ਮੁੰਡ
ਪ੍ਰਚੰਡ ਹੀ ਘਾਉ ਲਗੇ ਸਮੁਦਾਇ।
ਬ੍ਰਿੰਦ ਪਠਾਨ ਗਿਰੇ ਮੁਗ਼ਲੇ,
ਹੱਥਜਾਰ ਨ ਹੋਇ ਸਕੈ[1], ਪਛੁਤਾਏ।
'ਹਾਇ' ਕਰਾਹਤਿ[1], ਕੋ ਹਤਿ ਭੇ,
ਕੁਛ ਜੀਵਤਿ ਪਾਇ ਦੁਰੇ ਹਯ ਧਾਏ[1]'
॥ ੩੬ ॥
ਅੰਗਨਿ ਭੰਗ ਤੁਰੰਗ ਭਏ
ਬਿਚ ਜੰਗ ਭਿਰੇ ਭਟ ਸੰਗ ਗਿਰਾਏ।
ਬੀਚ ਮਸ਼ਾਲਚੀ ਨਾਸ਼ ਕਰੇ,
ਅੰਧਕਾਰ ਮਹਾਂ ਅਰੁ ਧੂਲ ਉਡਾਏ।
ਪੂਰਨ ਸ਼੍ਰੋਣ ਬਿਲੋਚਨ ਭੇ,
ਤਨ ਖੇਹ ਜਮੀਂ, ਅਤਿਸ਼ੈ ਅਕੁਲਾਏ[1]।

[1]ਟਿਡੀ ਦੇ ਦਲ ਨੂੰ।

[1]ਮੁਰਾਦ ਤਿਲੀਅਰ ਤੋਂ ਹੈ। ਤਿਲੀਅਰ ਮਕੜੀ ਨੂੰ ਕਟ ਸਿਟਦਾ ਹੈ।

[1]ਠਰੇ ਹੋਏ (ਵੈਰੀ)। [2]ਹਾਰਨੇ ਲਈ।

[1]ਹਥਿਆਰਾਂ ਦਾ (ਵਾਰ) ਨਾ ਹੋ ਸਕਿਆ (ਉਹਨਾਂ ਤੋਂ)।

[1]ਹਾਇ ਹਾਇ ਕਹਿਕੇ ਕੁਰਲਾਂਵਦੇ ਹਨ।

[1]ਜੇ ਕੁਛ ਜੀਂਵਦੇ ਸਨ (ਉਹ ਮੌਕਾ) ਪਾ ਘੋੜੇ ਭਜਾਕੇ ਲੁਕ ਗਏ।

[1]ਕੰਨ ਤੇ ਨੇਤ੍ਰ (ਧੂੜ ਨਾਲ) ਭਰ ਗਏ, ਸਰੀਰ ਤੇ ਖੇਹ ਜਮ ਗਈ, ਬੜੇ ਹੀ ਵਿਆਕੁਲ ਹੋਏ।

ਘੋਰੇ ਮਰੇ ਅਟਕੈਂ ਚਲਤੇ
ਤਿਨ ਊਪਰ ਔਰ ਗਿਰੈਂ ਜੁ ਧਵਾਏ[1] ॥੩੭॥

[1]ਜੋ ਦੌੜੇ ਆਉਂਦੇ ਸਨ।

ਦੋਹਰਾ:
ਸ਼ਸਤ੍ਰ ਭਏ ਨਹਿਂ[1] ਸ਼ੱਤ੍ਰ ਤੇ, ਸ਼ਾਹਸਲੇਮ ਸੁ ਜਾਨਿ।
ਖੈਂਚਿ ਕ੍ਰਿਪਾਨੈਂ ਮਿਲਿ ਗਏ, ਮਾਰਿ ਮਾਰਿ ਕਰਿ ਜ੍ਵਾਨ ॥੩੮॥

[1]ਭਾਵ ਸ਼ਸਤ੍ਰ ਨਾ ਚੱਲ ਸਕੇ।

ਤੁਰਤ ਆਪ ਹੀ ਮੁਰਿ ਪਰੇ, ਰੌਰਾ ਤੁਰਕਨਿ ਪਾਇ।
ਕਟਨਿ ਲਗੇ ਤਬਿ ਆਪ ਮਹਿਂ[1], ਕਛੂ ਨ ਜਾਨਯੋ ਜਾਇ ॥੩੯॥

[1]ਭਾਵ ਤੁਰਕ।

ਸ੍ਵੈਯਾ:
ਪੂਤ ਪਿਤਾ ਕੇ ਹਤੈ ਸਿਰ ਮੈਂ
ਪਿਤ ਮਾਰਤਿ ਪੂਤ ਕੋ ਨਾਂਹਿਨ ਜਾਨੈ।
ਭ੍ਰਾਤ ਸੋਂ ਭ੍ਰਾਤ ਗਿਰਯੋ ਕਟਿ ਕੈ
ਤਿਮ ਨਾਂਹਿ ਚਚਾ ਕੋ ਭਤੀਜ ਪਛਾਨੈ।
ਮੀਤ ਸੋਂ ਮੀਤ ਕ੍ਰਿਪਾਨ ਬਹੀ,
ਮਤਿ ਹੋਤਿ ਭਈ ਹਤਿ, ਆਪ ਹੀ ਹਾਨੈਂ[1]।
ਮਾਰਿ ਮਰੇ ਸੁ ਹਜ਼ਾਰ ਹੀ ਸ਼ੱਤ੍ਰਨਿ
ਥੋਰ ਹੀ ਕਾਲ ਬਿਖੈ ਤੁਰਕਾਨੈ ॥੪੦॥

[1]ਆਪਣਿਆਂ ਨੂੰ) ਆਪ ਹੀ ਨਾਸ਼ ਕਰਦੇ ਹਨ।

ਦੋਹਰਾ:
ਸਪਤ ਸਹੱਸ੍ਰਨਿ ਕੇ ਬਿਖੈ, ਪਰੀ ਰੌਰ ਇਸ ਭਾਇ।
-ਕਿਤ ਹਮਰੋ ਦਲ, ਕਿਤ ਗੁਰੂ-, ਨਹਿਂ ਕਿਛੁ ਜਾਨਯੋ ਜਾਇ ॥੪੧॥
-ਕਿਤ ਗਮਨੇ, ਕਿਤ ਤੇ ਹਟੇ-, ਰਹਯੋ ਨ ਕੁਛ ਮਨ ਗਜਾਨ।
ਇਕ ਤਮ, ਪੁਨ ਹਿਮ, ਰਜੁ[1] ਅਧਿਕ, ਪਰੇ ਪ੍ਰਾਨ ਕਰਿ ਹਾਨਿ ॥੪੨॥

[1]ਧੂੜ।

ਇਤ ਉਤ ਕੋ ਕਿਤ ਟਰਿ ਗਯੋ ਦੈਵ ਜੋਗ ਤੇ ਕੋਇ।

ਬਚਜੋ ਰਹਜੋ, ਬਾਕੀ ਸਕਲ ਪਰੇ ਮ੍ਰਿਤਕ
ਰਣ ਹੋਇ ॥੪੩॥
ਪੂਰਨ ਪੁਰਖਨਿ ਤੇ ਕਹਹੁ ਪੂਰਾ ਉਤਰੈ
ਕੌਨ।
ਗੁਰੁ ਸੰਤਨਿ ਸੋਂ ਅਰਹਿ ਸੋ ਮੰਦ ਭਾਗ ਹ੍ਵੈਂ
ਜੌਨ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਜੁੱਧ ਪ੍ਰਸੰਗ' ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥੪੪॥

## ੪੫. [ਯੁੱਧ-ਜਾਰੀ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਆਪਸ ਮਹਿਂ ਭਿਰ ਜਾਂਹਿ ਜੇ, ਤਬਹਿ ਕਰਹਿਂ ਹੱਥਯਾਰ[1]।
ਨਤੁ ਪਾਰੇ ਮਾਰੇ ਸਰਬ[1], ਪਰੇ ਹਜ਼ਾਰ ਸੁਮਾਰ ॥੧॥

[1]ਜਦੋਂ ਆਪੋ ਵਿਚੀਂ ਭਿੜ ਜਾਂਦੇ ਹਨ ਤਦੋਂ ਹਥਿਆਰਾਂ ਨਾਲ (ਗੁਰੂ ਜੀ ਦੇ ਯੋਧੇ ਵੈਰੀ ਪਰ ਮਾਰ) ਕਰਦੇ ਹਨ।

[1]ਨਹੀਂ ਤਾਂ (= ਜੇ ਨਾ ਭਿੜਨ ਤਾਂ) ਪਾਲਾ ਵੈਰੀ ਨੂੰ ਮਾਰ ਰਿਹਾ ਹੈ।

ਸੈਯਾ:

ਹੇਰਿ ਅਫਾਤ[1] ਪਰੀ ਕਹੁ ਦੀਰਘ,
ਕੰਬਰ ਬੇਗ ਹਟਯੋ ਪਿਛਵਾਈ।
ਫੇਰਿ ਮਸਾਲ ਬਿਸਾਲ ਜਲਾਇ,
ਕਰਾਲ ਪਿਖਯੋ ਦਲ ਕੋ ਸਮੁਦਾਈ।
ਬੀਰਨਿ ਪੈ ਬਹੁ ਬੀਰ ਪਰੇ,
ਗਨ ਘੋਰਨਿ ਪੈ ਮਰਿ ਘੋਰੇ ਇਥਾਈਂ।
-ਕੈਸੇ ਭਏ ਮ੍ਰਿਤੁ ਏ ਸਗਰੇ?-
ਬਹੁ ਸੋਚਤਿ ਹੈ ਚਿਤ ਮੈਂ ਦੁਖ ਪਾਈ ॥੨॥

[1]ਆਫ਼ਤ, ਬਲਾ।

ਘਾਉ ਭਕਾਭਕ ਬੋਲਤਿ ਹੈਂ
ਬਹੁ ਸ਼੍ਰੋਣਤਿ ਭੂਤਲ ਬੀਚ† ਬਹਯੋ।
ਬਾਂਹੁ ਕਟੀ, ਕਿਹ ਜੰਘ ਕਟੀ,
ਕਿਹ ਗ੍ਰੀਵ ਕਟੀ, ਧਰ ਹੋਇ ਰਹਯੋ[1]।

†ਪਾ:-ਬੀਰ।

[1]ਕਿਸੇ ਦੀ ਗਰਦਨ ਕਟੀ ਗਈ (ਗੱਲ ਕੀ) ਸੱਥਰ ਹੋਇਆ ਪਿਆ ਹੈ (ਅ) ਗ੍ਰੀਵ ਕਟੀ ਜਾਣ ਤੇ ਧੜ ਹੀ ਬਣ ਰਿਹਾ ਹੈ।

ਕੋ ਗੁਲਕਾਂ ਲਗਿ ਪ੍ਰਾਨ ਦਏ
ਤਰਫੰਤਿ ਕਿਤੇ ਮੁਖ 'ਹਾਇ' ਕਹਯੋ।
ਉਂਧੇ[1] ਪਰੇ, ਇਕ ਸੀਧੇ ਪਰੇ,
ਇਕ ਟੇਢੇ ਪਰੇ, ਬਡ ਘਾਵ ਲਹਯੋ ॥੩॥

[1]ਮੂਧੇ।

ਕੰਬਰਬੇਗ ਪਠਯੋ ਨਰ ਕੋ,
ਜਹਿਂ ਬੇਗਲਲਾ, ਸੁਧਿ ਜਾਇ ਸੁਨਾਈ।
'ਏਕ ਤੌ ਸੀਤ ਤੇ ਅੰਗ ਗਏ ਠਰਿ,
ਦੂਸਰੇ ਹ੍ਵੈ ਤਮ ਕੋ ਸਮੁਦਾਈ।
ਆਪਸ ਮੈਂ ਕਟਿ ਸੈਨ ਮਰੀ,
ਨ ਸਰਯੋ ਕੁਛ, ਸ਼ੱਤ੍ਰ ਖਰੇ ਸਮੁਹਾਈ।

ਜੋ ਪਹੁੰਚਯੋ ਦਲ ਅੱਗ੍ਰ ਪਠਾਵਹੁ[1],

[1]ਜੋ (ਆਪਣੀ) ਫੌਜ (ਹੁਣ) ਪਹੁੰਚੀ ਹੈ ਉਸ ਨੂੰ ਮੁਹਰੇ ਘੱਲੋ। (ਅ) ਜੋ ਅੱਗੇ ਦਲ ਪਹੁੰਚਿਆ ਸੀ (ਮਾਰਿਆ ਗਿਆ, ਹੁਣ ਹੋਰ) ਘੱਲੇ।

ਸੰਮੁਖ ਹੋਇ ਕਰੈ ਜੁ ਲਰਾਈ' ॥੪॥
ਯੌਂ ਸੁਨਿ ਸ਼੍ਰੋਨ[1] ਰਹਯੋ ਬਿਸਮਾਇ,

[1]ਕੰਨੀ।

-ਮਰਯੋ ਦਲ ਬਾਦ, ਸਰਯੋ ਨਹਿਂ ਕਾਜੁ-।
ਬੇਗਲਲਾ ਪੁਨ ਆਇਸੁ ਦੀ
'ਸਵਧਾਨ ਕੋ ਹੋਇ ਸਮੂਹ ਸਮਾਜੂ।
ਆਪਸ ਕੀ ਕਰਿ ਲੇਹੁ ਪਛਾਨ,
ਮਹਾਂਨ ਹਨੋ ਗੁਰ, ਜਾਇ ਨ ਭਾਜੂ[1]।

[1]ਭੱਜ ਨਾ ਜਾਏ।

ਰਾਤਿ ਕੀ ਘਾਤ ਭਲੀ ਹਮ ਕੋ,
ਦਿਨ ਮੈਂ ਨ ਥਿਰੈ, ਗਹਿ ਲੀਜਹਿ ਆਜੂ ॥੫॥
ਦ੍ਵੈ ਸਰਦਾਰ ਪਠਾਨਨਿ ਕੇ
ਦਲ ਆਠ ਹਜ਼ਾਰ ਅਹੈਂ ਜਿਨ ਸੰਗਾ।
ਆਇਸੁ ਦੀਨਸਿ ਸੀਖ ਸਿਖਾਇ,
ਚਲੇ ਰਣ ਕੋ ਚਿਤ ਚਾਵ ਉਮੰਗਾ।
ਭੀਖਨ ਖਾਨ ਬਡੋ ਬਲਵਾਨ
ਸੰਜੋਇ ਕੋ ਧਾਰਿ ਰਹਯੋ ਸਰਬੰਗਾ।
ਦੂਸਰ ਨਾਮ ਕਹੈਂ ਗੁਲਖਾਂ[1],

[1]ਗੁਲਖ਼ਾਨ।

ਜਿਨ ਆਗੇ ਕਰੇ ਬਹੁ ਬਾਰ ਹੀ ਜੰਗਾ ॥੬॥
ਸਾਤ ਹਜ਼ਾਰਨਿ ਕੋ ਮਰਿਵਾਇ ਕੈ
ਆਠ ਹਜ਼ਾਰ ਕਰੇ ਪੁਨ ਆਗੇ।
ਚੋਬ ਦਮਾਮਨਿ ਬ੍ਰਿੰਦ ਪਰੈ,
ਬਡ ਰੌਰ ਕਰੈਂ ਰਸ ਬੀਰ ਮੈਂ ਪਾਗੇ।
ਬੀਰ ਕਹਾਂ ਬਲ ਠਾਨਿ ਭਿਰੈਂ
ਤਿਨ ਤੀਨਹੁੰ ਕਾਰਨ[1] ਜੇ ਤਨ ਲਾਗੇ।

[1]ਭੁੱਖ, ਥਕੇਵਾਂ ਤੇ ਪਾਲਾ।

ਕਾਲ ਕੇ ਪ੍ਰੇਰੇ ਕਹਾਂ ਬਸ ਚਾਲਹਿ
ਹ੍ਵੈ ਨ ਸੰਭਾਲਨ ਜਾਤਿ ਹੈਂ ਭਾਗੇ[1] ॥੭॥

[1]ਸੈਨਾ ਦੀ) ਸੰਭਾਲ ਨਹੀਂ ਹੁੰਦੀ ਭੱਜੇ ਜਾਂਦੇ ਹਨ।

ਜਾਨਿ ਬਡੋ ਦਲ ਆਇ ਗਯੋ
ਤਬਿ ਜੋਧ ਪਰੇਰਿ ਤੁਰੰਗ ਅਗਾਰੀ।
ਸ਼ਾਹੁ ਸਲੇਮ ਸੋਂ ਆਨਿ ਮਿਲਯੋ

ਸੁਖ ਬੂਝ ਤਿਨੈ ਸੁਖ ਸਾਰ[1] ਉਚਾਰੀ।
'ਜਜੋਂ ਕਟ ਆਪਸ ਮੈਂ ਮਰਿਗੇ
ਹਮ ਦੂਰ ਖਰੇ ਸਭਿ ਰੀਤਿ ਨਿਹਾਰੀ।
ਆਪ ਹੀ ਤੇ ਬਿਨ ਮਾਰੇ ਮਰੇ,
ਗੁਰ ਪੂਰਨ ਕੋ ਸੁ ਪ੍ਰਤਾਪ ਹੈ ਭਾਰੀ'
॥੮॥

[1]ਸੁੱਖ ਦੀ ਖਬਰ।

ਜੰਬੁਕ[1] ਆਮਿਖ ਖਾਹਿਂ ਘਨੇ,
ਬਹੁ ਘਾਵ ਸਨੇ ਭਟ ਸੰਗ ਗਿਰੇ।
ਜੋਗਨਿ ਸ਼੍ਰੋਣਤ ਪੀਵਤਿ ਹੈਂ,
ਪੁਨ ਲੇਤਿ ਡਕਾਰ ਅਨੰਦ ਭਰੇ।
ਭੂਤ ਮਹਾਂ ਗਨ ਪ੍ਰੇਤ ਪੁਕਾਰਤਿ,
ਨਾਚਤਿ ਹਾਥ ਕਪਾਲ[1] ਧਰੇ।
ਆਂਤ੍ਰ ਨਿਕਾਰਿ ਗਰੇ ਮਹਿਂ ਡਾਰਤਿ
ਗਾਵਤਿ ਤਾਲ ਬਜਾਇ ਖਰੇ ॥੯॥

[1]ਗਿਦੜ।

[1]ਖੋਪਰੀਆਂ।

ਆਠ ਹਜ਼ਾਰ ਪਰਜੋ ਦਲ ਆਇ
ਉਠਾਇ ਸਕੈਂ ਨ ਤੁਫੰਗਨਿ ਕੋ।
ਸੀਤ ਤੇ ਹੋਇ ਰਹੈਂ ਜੜ ਕੇ ਸਮ,
ਪ੍ਰੇਰਤਿ ਅੱਗ੍ਰ ਤੁਰੰਗਨ ਕੋ।
ਤਾਪਤਿ ਪਾਵਕ ਕੋ ਭਟ ਜੋਧ ਕੇ,
ਹੋਤਿ ਨਹੀਂ ਠਰ ਅੰਗਨਿ ਕੋ।
ਹ੍ਵੈ ਸਵਧਾਨ ਧਰੇ ਸਭਿ ਆਯੁਧ
ਆਵਤਿ ਸ਼ੱਤ੍ਰੁਨਿ ਭੰਗਨ ਕੋ ॥੧੦॥
ਤਜਾਰ ਤੁਫੰਗ ਹਜ਼ਾਰ ਹੁਤੀ
ਇਕ ਬਾਰ ਚਲੀ ਅਰਿ ਮਾਰਨ ਕੋ।
ਸੰਮੁਖ ਰੌਰ ਕੇ ਛੋਰਿ ਦਈ
ਤੁਰਕਾਂਨਿ ਲਗੀ ਤਨ ਗਾਰਨ ਕੋ[1]।
ਫੇਰ ਬਰੂਦ ਬੰਦੂਕਨਿ ਪਾਇ
ਕਸੀ ਗੁਲਕਾਂਨਿ ਪ੍ਰਹਾਰਨਿ ਕੋ।
ਸ਼ੀਘ੍ਰ ਚਲਾਇ ਦਈ ਰਣ ਦਾਰੁਨ
ਮਾਰਨ ਆਠ ਹਜ਼ਾਰਨਿ ਕੋ ॥੧੧॥

[1]ਗਾਲਣੇ ਨੂੰ।

ਤੁਰਨਤਾ ਇਮ ਧਾਰਿ ਮਹਾਂ,
ਕਹਿ ਜੋਧ ਨੇ[1] ਮਾਰ ਬਡੀ ਕਰਿਵਾਈ।

[1]ਰਾਇ ਜੋਧ ਨੇ ਕਹਿ ਕਹਿ (ਕੇ ਸੂਰਮਿਆਂ ਨੂੰ)।

ਚਾਰ ਕਰੇ ਇਮ ਵਾਰ ਬੰਦੂਕਨਿ
ਏਕ ਹੀ ਬਾਰ ਨ ਸ਼ੱਤ੍ਰੁ ਚਲਾਈ[1]।

[1](ਇੰਨੇ ਚਿਰ ਵਿਚ) ਸ਼ੱਤ੍ਰੂ ਨੇ ਇਕ ਵਾਰ ਬੀ ਨਾ ਬੰਦੂਕ ਚਲਾਈ।

ਭੂਮ ਧੜਾਧੜ ਗੇਰਤਿ ਸੂਰ
ਤੜਾਤੜ ਯੌਂ ਗੁਲਕਾਨ ਮਚਾਈ।
ਛੂਛ ਤੁਰੰਗ ਫਿਰੈਂ ਹਿਹਨਾਵਤਿ
ਕੇਤਿਕ ਮ੍ਰਿੱਤੁ ਭਏ ਲਗਿ ਘਾਈ[1] ॥੧੨॥

[1]ਜ਼ਖਮ ਲੱਗਕੇ।

ਰਸਾਵਲ ਛੰਦ:

ਗੁਰੂ ਸੂਰ ਦੌਰੇ।
ਕਰੇ ਸ਼ੱਤ੍ਰੂ ਬੌਰੇ।
ਕਛੂ ਨਾਂਹਿ ਸੁਝੈ।
ਲਗੈਂ ਸ਼ਸਤ੍ਰ ਜੁਝੈਂ ॥੧੩॥
ਥਕੇ ਪੰਥ ਮਾਂਹੀ।
ਭਈ ਨੀਂਦ ਨਾਂਹੀ।
ਕਿਤੇ ਭੂਖ ਭਾਰੇ।
ਛੁਧਾ ਨਾ ਨਿਵਾਰੇ ॥੧੪॥
ਪਰੈ ਭੂਰ ਪਾਰਾ।
ਨ ਜਾਈ ਸੰਭਾਰਾ।
ਗੁਰੂ ਕੀ ਰਜ਼ਾਏ।
ਸਮੀਰੰ ਚਲਾਏ ॥੧੫॥
ਮਹਾਂ ਸੀਤ ਬਯਾਪੇ।
ਬਡੇ ਸ਼ੱਤ੍ਰੂ ਕਾਂਪੇ।
ਜੁਟੇ ਦੰਤ ਬੋਲੈਂ।
ਮਸੇਂ[1] ਹਾਥ ਖੋਲੈਂ ॥੧੬॥

[1]ਮਸਾਂ ਹੀ।

ਕਿਤੀ ਦੇਰ ਲਾਗੇ।
ਤੁਫੰਗਨਿ ਤਯਾਗੇ[1]।

[1]ਬੰਦੂਕਾਂ ਚਲਾਉਂਦੀਆਂ।

ਕਰਯੋ ਜੋਧ ਹੱਲਾ।
ਨਹੀਂ ਜਾਇ ਝੱਲਾ ॥੧੭॥
ਲਖੇ ਸ਼ੱਤ੍ਰੂ ਹਾਰੇ।
ਮਿਲੇ ਬੀਰ ਭਾਰੇ।
ਕਰੇ ਖੱਗ ਨੰਗੇ।
ਜਿਨੈਂ ਬਾਢ[1] ਚੰਗੇ ॥੧੮॥

[1]ਧਾਰਾਂ।

ਪਰਜੋ ਭੂਰ ਰੌਰਾ।
ਸੁਨਜੋ ਦੂਰ ਠੌਰਾ।
ਗੁਰੂ ਜਾਨਿ ਲੀਨੋ।
ਰਣੰ ਭੂਰ ਕੀਨੋ[1] ॥੧੯॥

[1]ਬੜਾ ਯੁੱਧਾ ਕੀਤਾ ਹੈ।

ਪਠੇ ਔਰ ਸੂਰੰ।
ਹਜ਼ਾਰੈਂ ਸਊਰੰ।
ਰਣੰ ਰੰਗ ਰਾਤੇ।
ਚਲੇ ਬੀਰ ਮਾਤੇ ॥੨੦॥
ਜਹਾਂ ਜੋਧ ਜੋਧਾ।
ਰੁਪਜੋ ਧਾਰਿ ਕ੍ਰੋਧਾ।
ਤਹਾਂ ਜਾਇ ਬੋਲੇ।
ਬਡੇ ਬੰਧਿ ਟੋਲੇ ॥੨੧॥
ਤਪੇ ਬੰਨ੍ਹਿ ਜਾਰੀ[1]।

[1]ਅੱਗ ਬਾਲਕੇ ਸੇਕੀ।

ਨਹੀਂ ਸੀਤ ਭਾਰੀ।
ਚਲਾਏ ਤੁਫੰਗਾ।
ਲਗੈਂ ਸ਼ੱਤ੍ਰੁ ਅੰਗਾ ॥੨੨॥
ਕਸੈਂ ਫੇਰ ਮਾਰੈਂ।
ਨ ਬੈਰੀ ਸੰਭਾਰੈਂ।
ਨਹੀ ਹਾਥ ਜਾਲੈਂ।
ਟਿਕੇ ਜਾਇ ਘਾਲੈਂ[1] ॥੨੩॥

[1]ਵੈਰੀ ਦੇ) ਹੱਥ ਨਹੀਂ ਹਿਲਦੇ (ਮਾਨੋ) ਖੜੋਤਿਆਂ ਨੂੰ ਜਾ ਮਾਰਦੇ ਹਨ (ਗੁਰੂ ਦੇ ਜੋਧੇ)।

ਕਬੈ ਏਕ ਗੋਰੀ।
ਹਤੈਂ ਜੋਧ ਓਰੀ।
ਨਹੀਂ ਓਜ ਹੋਵੈਂ।
ਬ੍ਰਿਥਾ ਪ੍ਰਾਨ ਖੋਵੈਂ ॥੨੪॥
ਪਲਾਯੋ ਨ ਜਾਵੈ।
ਨਹੀਂ ਪੰਥ ਪਾਵੈਂ।
ਭਏ ਦੁੱਖਿ ਕੇਈ।
ਨਹੀਂ ਧੀਰ ਲੇਈ ॥੨੫॥

ਦੋਹਰਾ:

ਦ੍ਵੈ ਹਜ਼ਾਰ ਗੁਰ ਸੈਨ ਤਬਿ, ਹੇਰਿ ਸੁਗਮ ਹੀ ਜੰਗ।
ਖੜਗ ਨਿਕਾਸੇ ਮਜਾਨ ਤੇ, ਤੁਰਕਨਿ ਹਤੈਂ

ਨਿਸ਼ੰਗ ॥੨੬॥

ਰਸਾਵਲ ਛੰਦ:

ਕ੍ਰਿਪਾਨੈਂ ਚਲਾਈ।
ਸੁ ਲੋਹੂ ਚਖਾਈ।
ਕਟੈਂ ਸ਼ੱਤ੍ਰੁ ਅੰਗਾ।
ਭਈ ਲਾਲ ਰੰਗਾ ॥੨੭॥
ਪਲਾਵੈਂ ਤੁਰੰਗਾ।
ਮਿਲੈਂ ਸ਼ੱਤ੍ਰੁ ਸੰਗਾ।
ਪਿਖੈਂ ਸੋ ਸੰਭਾਰੈਂ[1]। [1]ਦੇਖਕੇ (ਸੋ ਤੁਰਕ) ਸੰਭਾਲਦੇ ਹਨ।
ਨਹੀਂ ਓਜ ਧਾਰੈਂ ॥੨੮॥
ਠਰੇ ਹਾਥ ਭਾਰੇ।
ਨ ਜਾਹੀਂ ਉਭਾਰੇ।
ਕਹਾਂ ਵਾਰ ਓਟੈਂ[1]? [1]ਵਾਰ ਦਾ ਬਚਾਉ ਕਿਥੋਂ ਕਰਨ?
ਕਰੈ ਕੌਨ ਚੋਟੈਂ[1]? ॥੨੯॥ [1]ਤੇ ਚੋਟ ਕੌਣ ਕਰੇ?
ਮਰੈਂ ਮੂਢ ਮਾਰੇ।
ਕ੍ਰਿਪਾਨੰ ਪ੍ਰਹਾਰੇ।
ਕਿਨੂੰ ਤੀਰ ਛੋਰੇ।
ਰਿਦੈ ਸ਼ੱਤ੍ਰੁ ਫੋਰੇ ॥੩੦॥
ਕਿਨੂੰ ਫੇਰਿ ਨੇਜ਼ਾ।
ਪਰੋਯੋ ਕਰੇਜਾ।
ਹਲਾਹਾਲ ਮਾਚੀ।
ਲਹੂ ਧੂਲ ਰਾਚੀ ॥੩੧॥
ਗਿਰੇ ਅੰਗ ਭੰਗੇ।
ਸਮੂਹੰ ਤੁਰੰਗੇ।
ਕਿਤੇ 'ਹਾਇ' ਬੋਲੈਂ।
ਕਿਤੇ ਛੂਛ ਡੋਲੈਂ ॥੩੨॥

ਦੋਹਰਾ:

ਇਕ ਇਕ ਗੁਰ ਕੇ ਸੁਰਮੇਂ, ਪੰਚ ਕਿ ਸਪਤ ਸੰਘਾਰਿ।
ਕਰੇ ਨਿਬੇਰਨ ਤੁਰਕ ਗਨ, ਜਿਮ ਖਾਤੀ ਬਢਿ ਦਾਰ[1] ॥੩॥ [1]ਜਿਵੇਂ ਤ੍ਰਿਖਾਣ ਵੱਢਦਾ (ਕੱਟਦਾ) ਹੈ ਲਕੜੀਆਂ ਨੂੰ।

ਰਸਾਵਲ ਛੰਦ:

ਪਰੀ ਬ੍ਰਿੰਦ ਲੋਥੈਂ।
ਫਿਰੈਂ ਬਾਜ ਪੋਥੈਂ[1]।

[1]ਫਿਰਦੇ ਹਨ (ਪੋਥ =) ਬਹੁਤ ਘੋੜੇ ਭਾਵ ਘੋੜੇ ਨਿਤਾੜਦੇ ਫਿਰਦੇ ਹਨ ਲੋਥਾਂ ਨੂੰ, ਜਿਨ੍ਹਾਂ ਤੋਂ ਬਹੁਤ ਲਹੂ ਚਲਦਾ ਹੈ। (ਅ) ਫਿਰਦੇ ਹਨ ਤੀਰਾਂ ਨਾਲ ਪ੍ਰੋਤੇ ਘੋੜੇ ਜਿਨ੍ਹਾਂ ਦਾ ਵਗਦਾ ਹੈ ਬਹੁਤ ਲਹੂ।

ਲਹੂ ਦੀਹ ਚਾਲਾ।
ਭਯਾਨੈਂ ਬਿਸਾਲਾ ॥੩੪॥
ਮਰੇ ਪੁੰਜ ਘੋਰੇ[1]।

[1]ਘੋੜੇ।

ਤਮੰ ਮੋਟ ਘੋਰੇ[1]।

[1]ਹਨੇਰਾ ਡੂੰਘਾ ਤੇ ਬਹੁਤਾ ਸੀ।

ਦਿਖੈ ਹੈ ਨ ਆਗੇ[1]।

[1]ਅੱਗੇ ਦਿੱਸਦਾ ਕੁਝ ਨਹੀਂ।

ਲਖੈਂ ਅੰਗ ਲਾਗੇ[1] ॥੩੫॥

[1]ਜਦ ਆਣ ਸ਼ਸਤ੍ਰ) ਅੰਗਾਂ ਨੂੰ ਵਜਦਾ ਹੈ (ਤਦ ਹੀ ਉਨ੍ਹਾਂ ਨੂੰ) ਪਤਾ ਲਗਦਾ ਹੈ।

ਚਲੈ ਬੇਗ ਜੋਈ।
ਗਿਰੈ ਲਾਗ ਸੋਈ[1]।

[1]ਉਹ (ਸ਼ਸਤ੍ਰ) ਲਗਕੇ ਗਿਰਦਾ ਹੈ।

ਕਿਤੇ ਘਾਇ ਖਾਏ।
ਕਹੈਂ 'ਹਾਇ ਹਾਏ' ॥੩੬॥
ਚਹੈਂ ਕੋਇ ਭਾਗੇ।
ਨ ਸੂਝੈ ਸੁ ਆਗੇ।
ਬਿਸਾਲੈ ਉਜਾਰਾ।
ਨ ਪੰਥੈ ਨਿਹਾਰਾ ॥੩੭॥
ਕਹਾਂ ਭਾਗ ਜਾਵੈਂ।
ਨਹੀ ਭੇਵ ਪਾਵੈਂ।
ਸੁ ਹੋਏ ਲਚਾਰਾ।
ਖਰੇ ਖਾਇੰ ਮਾਰਾ ॥੩੮॥
ਨ ਹਾਥੈ ਉਠਾਵੈਂ।
ਨ ਗੋਰੀ ਚਲਾਵੈਂ।
ਬਹੀ ਬਾਯੁ ਸੀਰੀ[1]।

[1]ਠੰਢੀ।

ਮਹਾਂ ਸੀਤ ਗੀਰੀ[1] ॥੩੯॥

[1]ਬਹੁਤ ਪਾਲਾ (ਗੀਰੀ = ਗਿਰਿਆ =) ਪਿਆ।

ਲਗੀ ਦੇਹਿ ਮਾਂਹੀ।
ਸਹੀ ਜਾਇ ਨਾਂਹੀ।
ਪੁਕਾਰੈਂ ਕਹੰਤੇ।
'ਕਰਾਮਾਤ ਵੰਤੇ ॥੪੦॥
ਗੁਰੂ ਪੌਨ ਪ੍ਰੇਰੀ।

ਕਬੈ ਯੌਂ ਨ ਹੇਰੀ।
ਸਭੈ ਸੁੰਨ ਕੀਨੇ।
ਭਏ ਓਜ ਹੀਨੇ ॥੪੧॥
ਕਹੋ ਕੌਨ ਬੀਰਾ।
ਸਹਾਰੈ ਸਮੀਰਾ।
ਲਰੈ ਫੇਰ ਜੁੱਧੰ।
ਕਰੈ ਸ਼ਸਤ੍ਰ ਸੁੱਧੰ ॥੪੨॥
ਕਰਜੋ ਕ੍ਰੋਧ ਪਾਰੇ[1]। — [1]ਪਾਲੇ ਨੇ।
ਸਭੀ ਆਨਿ ਮਾਰੇ।'
ਸੁਨੈ ਕੌਨ ਬਾਨੀ।
ਪਰੀ ਧੂਮ ਧਾਨੀ ॥੪੩॥

ਦੋਹਰਾ:

ਪੰਛੀ ਪਿਖਹਿਂ ਸੁਕਾਬ[1] ਕੋ, ਛੋਰਹਿਂ ਤਿਹ ਪਾਛੇ।
ਝਪਟਤਿ ਹੈ ਕਰਿ ਬੇਗ ਕੋ, ਦਿਖਰਾਵਤਿ ਆਛੇ।
ਸਨੇ ਸਨੇ ਮਗ ਮਹਿਂ ਚਲਤਿ, ਇਮ ਕਰਤਿ ਬਿਲਾਸੈ।
ਖੇਲਤਿ ਭਏ ਸ਼ਿਕਾਰ ਕੋ, ਅਵਿਲੋਕ ਤਮਾਸ਼ੇ ॥੪॥
ਜਥਾ ਕ੍ਰਮ[1] ਮਗ ਉਲੰਘਤੇ, ਸਲਿਤਾ ਤਟ

[1]ਇਕ ਨਿੱਕਾ ਪੰਛੀ [ਸੰਸ. ਲਵ:]

[1]ਸੁਰਖਾਬ।

[1]ਹੌਲੀ ਹੌਲੀ।

ਆਏ।
ਕਰਨਿ ਬਾਹਨੀ ਪਾਰ ਸਭਿ, ਕੇਵਟ[1] ਸਮੁਦਾਏ।
ਤਰਨੀ ਕੀਨਿ ਇਕੱਤ੍ਰ ਬਹੁ, ਆਵਹਿ ਇਕ ਜਾਈ।
ਸੁਭਟਨਿ ਸਹਿਤ ਪਵੰਗਮਨਿ, ਦੇ ਪਾਰ ਲੰਘਾਈ ॥੫॥
ਹੋਤਿ ਕੁਲਾਹਲ ਘਾਟ ਪਰ, ਭਰਿ ਪੂਰ ਚਲਾਵੈਂ[1]।
ਜਾਇ ਉਤਾਰਤਿ ਪਾਰ ਤਟ, ਪੁਨ ਤੂਰਨ ਲਜਾਵੈਂ।
ਇਸ ਬਿਧਿ ਕੇਤਿਕ ਕਾਲ ਮਹਿਂ, ਸਭਿ ਪਾਰ ਲੰਘਾਏ।
ਸ਼੍ਰੀ ਹਰਿਗੋਵਿੰਦ ਹੇਤੁ ਪੁਨ, ਤਰਨੀ ਸ਼ੁਭ ਲਜਾਏ ॥੬॥
ਹੁਤੀ ਨਵੀਨੀ ਦੀਰਘਾ, ਬਹੁ ਰੰਗ ਲਗਾਏ।
ਤੁਰਕੇਸ਼ੁਰ ਕੇ ਹੇਤੁ ਜੇ, ਆਛੀ ਬਨਿਵਾਏ।
ਉਰ ਪ੍ਰਸੰਨ ਗੁਰ ਕੋ ਕਰਨ, ਤਟ ਪਰ ਥਿਰ ਕਾਰੀ।
ਹਾਥਿ ਜੋਰਿ ਕੇਵਟ ਤਬਹਿ, ਇਮ ਬਿਨੈ ਉਚਾਰੀ ॥੭॥
'ਮਹਾਰਾਜ! ਸਭਿ ਬਾਹਨੀ, ਹਮ ਪਾਰ ਲੰਘਾਈ।
ਰਾਵਰ ਕੇਰ ਚਢਾਵਨੇ, ਇਹੁ ਤਰਨੀ ਆਈ।
ਦਿਨ ਸਾਰੇ ਮਹਿਂ ਪਾਰ ਕਰਿ, ਅਬਿ ਆਪ ਚਢੀਜੈ।
ਸਲਿਤਾ ਸਤਦ੍ਰਵ ਦੀਰਘਾ, ਚਢਿ ਪਾਰ ਕਰੀਜੈ' ॥੮॥
ਸੁਨਿ ਕੇਵਟ ਕੀ ਬਿਨੈ ਕੋ, ਉਠਿ ਚਲੇ ਕ੍ਰਿਪਾਲਾ।
ਸੈਲ ਕਰਾਵਤਿ ਨੀਰ ਕੀ, ਲੇ ਚਲੇ

[1]ਮਲਾਹ।

[1]ਪੂਰ ਨੂੰ ਭਰਕੇ।

ਬਿਸਾਲਾ।
ਉਰ ਪ੍ਰਸੰਨ ਸਤਿਗੁਰ ਕਰੇ, ਗਨ ਦਰਬ ਦਿਵਾਏ।
ਲੀਨਿ ਰਜਤਪਨ ਪੰਚ ਸੈ, ਕੇਵਟ ਹਰਖਾਏ ॥੯॥
ਉਤਰੇ ਪਾਰ ਕਰਾਰ[1] ਪਰ, ਸਤਦ੍ਰਵ ਜਲ ਹੇਰੇ।
ਸਕਲ ਬਾਹਨੀ ਰੁਚਿਰ ਥਲ, ਕੀਨਸਿ ਜਹਿਂ ਡੇਰੇ।
ਖਾਨ ਪਾਨ ਸਤਿਗੁਰ ਕਰੇ, ਤਹਿਂ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਸੌਚ ਕੋ, ਮੱਜੇ ਗੋਸਾਈਂ ॥੧੦॥
ਬਸਤ੍ਰ ਸ਼ਸਤ੍ਰ ਕੋ ਪਹਿਰ ਕੈ, ਆਰੂੜ੍ਹਿ ਤੁਰੰਗਾ।
ਗਮਨ ਕੀਨਿ ਸਤਿਗੁਰੁ ਪ੍ਰਭੂ, ਜਿਨ ਕੋ ਜਸੁ ਗੰਗਾ[1]।
ਜਥਾ ਕਰਮ ਮਗ ਕੋ ਉਲੰਘ, ਪਹੁੰਚੇ ਤਬਿ ਜਾਈ।
ਸ਼੍ਰੀ ਕਰਤਾਰ ਪੁਰਾ ਜਹਾਂ, ਗੁਰ ਰਚਜੋ ਬਨਾਈ ॥੧੧॥
ਸਰਬ ਜਹਾਂ ਪਰਵਾਰ ਹੈ, ਗੁਰ ਕੋ ਹਿਤਕਾਰੀ।
ਰਿਦੈ ਪ੍ਰਤੀਖਤਿ ਰਹਤਿ ਹੈ, ਕਬਿ ਦਰਸ ਨਿਹਾਰੀ।
ਬਨਿਤਾ, ਨੁਖਾ, ਸਪੁੱਤ੍ਰ ਬਸਿ, ਅਰੁ ਪੌਤ੍ਰ ਅਛੇਰੇ।
ਕਬਿ ਕਰਿਹੈਂ ਆਗਵਨ ਕੋ, ਇਮ ਚਹਿਤ ਘਨੇਰੇ ॥੧੨॥
ਗੁਰੂ ਦੂਰ ਪੁਰਿ ਤੇ ਹੁਤੇ, ਧੌਂਸਾ ਧੁੰਕਾਰੇ।
ਨਰਨ ਸੁਨੀ ਧੁਨਿ ਕਾਨ ਮਹਿਂ, ਚਿਤ ਕੀਨਿ ਬਿਚਾਰੇ।

[1]ਕਿਨਾਰੇ।

[1]ਭਾਵ ਉੱਜਲ।

ਨਿਸ਼ਚੈ ਕਰਿ ਆਗਵਨ ਗੁਰ, ਬਡਿ ਆਨੰਦ ਰਾਚੇ।
ਮਨੋ ਮੋਰ ਘਨਘੋਰ ਤੇ, ਕਰਿ ਸ਼ੋਰ ਉਬਾਚੇ[1] ॥੧੩॥
ਇਤ ਉਤ ਦੌਰਤਿ ਨਰ ਫਿਰਹਿਂ, ਕੋ ਕਾਂਹਿ ਸੁਨਾਵਹਿ।
ਕਰਤਿ ਕੁਲਾਹਲ ਆਪ ਮਹਿਂ, 'ਸ਼੍ਰੀ ਸਤਿਗੁਰ ਆਵਹਿਂ।'
ਸਗਰੇ ਪੁਰਿ ਮਹਿਂ ਸੁਧ ਭਈ, ਸਭਿ ਤਜਾਗਜੋ ਕਾਜਾ।
ਤਤਪਰ ਇਕ ਗੁਰ ਦੇਖਿਬੇ, ਰੱਯਤ ਨਿਜ ਰਾਜਾ[1] ॥੧੪॥
ਸ਼੍ਰੀ ਗੁਰਦਿੱਤਾ ਹਯ ਚਢਜੋ, ਸੂਰਜ ਮਲ ਸੰਗਾ।
ਤੇਗ ਬਹਾਦਰ ਤੁਰਤ ਚਢਿ, ਮੰਗਵਾਇ ਤੁਰੰਗਾ।
ਅਪਰ ਲੋਕ ਬਹੁ ਚਢਿ ਚਲੇ, ਹੁਇ ਇਨ ਕੇ ਸਾਥਾ।
ਲੇ ਪ੍ਰਮਾਦਿ ਮਨ ਭਾਵਤੇ, ਅਵਿਲੋਕਨ ਨਾਥਾ ॥੧੫॥
ਆਇ ਅਗਾਊ ਗੁਰ ਮਿਲੇ, ਪਗ ਪੰਕਜ ਬੰਦੇ।
ਸ਼੍ਰੀ ਹਰਿਗੋਵਿੰਦ ਚੰਦ ਪਿਖਿ, ਆਨੰਦ ਬਿਲੰਦੇ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ, ਆਗੇ ਪੁਨ ਚਾਲੇ।
ਨਿਕਸੇ ਪੁਰਿ ਤੇ ਬ੍ਰਿੰਦ ਨਰ, ਗਮਨੇ ਪਗ ਨਾਲੇ[1] ॥੧੬॥
ਸੋ ਆਗੇ ਆਵਤਿ ਮਿਲੇ, ਦੇ ਭੇਟ ਅਗੇਰੇ।
ਚਰਨ ਸਰੋਜਨ ਪਰਸਤੇ, ਧਰਿ ਮੋਦ ਘਨੇਰੇ।
ਸਭਿ ਸੋਂ ਸਤਿਗੁਰ ਬੋਲ ਕਰਿ, ਪ੍ਰਿਯ ਬਾਕ

[1]ਭਾਵ ਮੋਰ ਵਾਂਙੂੰ ਸ਼ਹਿਰ ਦੇ ਲੋਕ ਆਪੋ ਵਿਚ ਬੋਲ ਉਠੇ 'ਗੁਰੂ ਆਏ।'

[1]ਜਿਵੇਂ ਰਈਅਤ ਆਪਣੇ ਰਾਜਾ ਨੂੰ (ਦੇਖਦੀ ਹੈ)।

[1]ਪੈਦਲ।

ਬਿਸਾਲੇ।
ਚਲੇ ਅਗਾਰੀ ਕੋ ਪ੍ਰਭੂ, ਬਡ ਸ਼ੋਭਾ ਨਾਲੇ ॥੧੭॥
ਸੈਨਾ ਸਭਿ ਪਸ਼ਚਾਤ ਕਰਿ, ਏਕਲ ਹੁਇ ਆਗੇ।
ਧਰਿ ਧਰਿ ਪਹੁੰਚਹਿਂ ਪ੍ਰੇਮ ਜੋ, ਪਗ ਪੰਕਜ ਲਾਗੇ।
ਆਇ ਪ੍ਰਵੇਸ਼ੇ ਪੁਰੀ ਦਰ, ਜਨੁ ਉਦਯੋ ਸੁ ਚੰਦੂ।
ਨਿਜ ਦਰ ਦਰ ਦਾਰਾ ਖਰੀ, ਲੇ ਮਾਲ ਬਿਲੰਦੁ[1] ॥੧੮॥
ਪਹਿਰਾਵਤਿ ਗੁਰ ਕੇ ਗਰੇ, ਗਨ ਪੁਸ਼ਪ ਵਸਾਵੈਂ।
ਬਾਰ ਬਾਰ ਕਰਿ ਆਰਤੀ, ਸਨਮੁਖ ਦਰਸਾਵੈਂ।
ਬਲਿਹਾਰੀ ਹੁਇ ਪ੍ਰੇਮ ਸੋਂ, ਗੁਰ[†] ਮੂਰਤ ਹੇਰੈਂ।
ਸੁਨੀ ਲਰਾਈ ਤੁਰਕ ਗਨ, ਕਰਿ ਫਤੇ ਘਨੇਰੈ ॥੧੯॥
ਸਾਦਰ ਸਭਿਨਿ ਬਿਲੋਕਤੇ, ਬੋਲਤਿ ਕਿਹ ਸਾਥਾ।
ਸਨੇ ਸਨੇ ਪੁਰਿ ਕੋ ਚਲਤਿ, ਹਰਖਤਿ ਗੁਰ ਨਾਥਾ।
ਦੇਤਿ ਮੋਦ ਕੋ ਪੁਰਿ ਜਨਨਿ, ਬੂਝਤਿ ਸੁਖ ਸ਼ਾਂਤੀ।
ਇਮ ਪ੍ਰਾਪਤਿ ਅਪਨੇ ਮਹਲ, ਪਹੁੰਚੇ ਰਿਪੁ ਘਾਤੀ ॥੨੦॥
ਸ੍ਰੀ ਗ੍ਰਿੰਥ ਸਾਹਿਬ ਜਹਾਂ, ਤਹਿਂ ਪੂਰਬ ਆਏ।
ਧਰਿ ਪ੍ਰਸਾਦਿ ਦਰਸ਼ਨ ਕਰਯੋ, ਨਿਜ ਸੀਸ ਨਿਵਾਏ।
ਸੁਨੇ ਸ਼ਬਦ ਤਬਿ ਪੰਚ ਤਹਿਂ, ਥਿਰ ਕੇਤਿਕ

[1] ਮਾਲਾ ਵੰਡੀਆਂ।

[†] ਪਾ:-ਪ੍ਰਿਯ।

ਕਾਲਾ।
ਪੁਰਿ ਜਨ ਬੈਠੇ ਸਗਲ ਗਨ, ਪਿਖਿ ਅਨੰਦ ਬਿਸਾਲਾ ॥੨੧॥
ਹਾਥ ਜੋਰਿ ਬੂਝਨ ਕਰੇ, 'ਰਣ ਭਯੋ ਘਨੇਰਾ।
ਰਹੀ ਸ਼੍ਰੇਯ ਤਨੁ ਆਪ ਕੇ, ਪ੍ਰਭੁ ਜੀ! ਤਿਸ ਬੇਰਾ।'
ਬਿਧੀਚੰਦ ਤਬਿ ਸਭਿ ਕਹੀ, ਜਿਮ ਤੁਰਕ ਖਪਾਏ।
'ਸ਼ਲਭਾ[1]† ਸਮ ਅਨਗਿਨਤ ਹੀ, ਰਿਪੁ ਚਢਿ ਕਰਿ ਧਾਏ ॥੨੨॥
ਸ੍ਰੀ ਨਾਨਕ ਕੀ ਕ੍ਰਿਪਾ ਤੇ, ਜਾਨੇ ਕੁਛ ਨਾਂਹੀ।
ਸੁਗਮ ਹਤੇ ਰਿਪੁ ਪ੍ਰਬਲ ਜੇ, ਰਾਖੇ ਰਣ ਮਾਂਹੀ।
ਫਤੇ ਗੁਰੂ ਕੀ ਬਡ ਭਈ, ਜਗ ਮਹਿਂ ਬਿਦਤਾਈ।
ਕੋ ਨ ਅਰਹਿ, ਅਰਿ ਗਨ ਮਰਹਿਂ ਥਿਰਹਿਂ ਨ† ਸਮੁਹਾਈ ॥੨੩॥
ਭਾ ਅਚਰਜ ਸੁਨਿ ਸਭਿਨਿ ਕੇ, ਕੰਪਯੋ ਤਬਿ ਸ਼ਾਹੂ।
-ਮੇਰੋ ਤਖਤ ਨ ਛੀਨ ਲੇ-, ਤ੍ਰਾਸਯੋ ਮਨ ਮਾਂਹੂ।
ਕਾਬਲ ਬਲਖ ਬੁਖਾਰ ਲੌਂ, ਬਡ ਧਾਂਕ ਉਠਾਈ।
ਪਤਿਸ਼ਾਹਿਤਿ ਗਰਦਸ਼ ਕਰੀ[1], ਗੁਰ ਧੂਮ ਮਚਾਈ ॥੨੪॥
ਜਹਿਂ ਕਹਿਂ ਕੇ ਸੂਬੇ ਡਰੇ, -ਗੁਰ ਨਹਿਂ ਇਤ ਆਵਹਿਂ-।
ਦਬਕੇ ਚਾਰਹੁਂ ਚੱਕ ਮਹਿਂ, ਨਹਿਂ ਕੋ ਗਰਬਾਵਹਿ।
ਨਿਜ ਨਿਜ ਸਵਧਾਨੀ ਕਰੇ, ਕੋ ਚਹਤਿ

[1]ਟਿੱਡੀ, ਮੱਕੜੀ। [ਸੰਸ. ਸ਼ਲਭ]। †ਪਾ:-ਸ਼੍ਰਘਾ।

†ਪਾ:-ਸੁ।

[1]ਪਾਤਸ਼ਾਹੀ ਨੂੰ ਹਿੱਲਾ ਦਿੱਤਾ ਹੈ।

ਪਲਾਈ।'
ਇੱਤਯਾਦਿਕ ਸਭਿ ਬਾਰਤਾ, ਸੁਨਿ ਮੋਦ ਉਪਾਇ ॥੨੫॥
ਪੁਰਿ ਜਨ ਸੁਨਿ ਕਰਿ ਬਚ ਭਨਯੋ, 'ਇਨ ਸਮ ਨਹਿਂ ਦੂਜਾ।
ਜਿਨ ਕੀ ਦੇਵ ਅਦੇਵ ਮਿਲਿ, ਠਾਨਤਿ ਪਗ ਪੂਜਾ।
ਬੰਦਨੀਯ ਇਹ ਸਭਿਨਿ ਕੋ, ਗੁਰ ਨਾਨਕ ਗਾਦੀ।
ਸਕਲ ਜਗਤ ਜਿਨ ਕੋ ਨਿਮਹਿਂ, ਹਾਰੇ ਸਭਿ ਬਾਦੀ' ॥੨੬॥
ਕੇਤਿਕ ਘਟਿਕਾ ਦਿਨ ਰਹਯੋ, ਤਬਿ ਉਠੇ ਕ੍ਰਿਪਾਲਾ।
ਪੁਰਿ ਜਨ ਕਰੇ ਬਿਸਰਜਨਾ, ਪ੍ਰਿਯ ਭਾਖਿਬਿ ਸਾਲਾ।
ਸੁੰਦਰ ਮੰਦਰ ਅੰਦਰੇ, ਗੁਰ ਪਾਇ ਪ੍ਰਵੇਸ਼ੇ।
ਮਰਵਾਹੀ ਅਰੁ ਨਾਨਕੀ, ਉਰ ਅਨੰਦ ਵਿਸ਼ੇਸ਼ੇ ॥੨੭॥
ਪਗ ਪੰਕਜ ਗੁਰੁ ਕੇ ਲਗੀ, ਮੂਰਤਿ ਪ੍ਰਿਯ ਹੇਰੀ।
ਲੈ ਕਰਿ ਸ਼੍ਰੀ ਹਰਿਰਾਇ ਕੋ, ਆਈ ਤਬਿ ਚੇਰੀ।
ਧੀਰਮੱਲ ਕੇ ਸਹਿਤ ਹੀ, ਗੁਰ ਚਰਨੀਂ ਲਾਏ।
ਨੁਖਾ ਦੌਨਹੁੰ ਆਇ ਕਰਿ, ਨਿਜ ਸੀਸ ਨਿਵਾਏ ॥੨੮॥
ਕਰਿ ਕਰਿ ਸਗਰੀ ਬੰਦਨਾ, ਪਹੁੰਚੀ ਨਿਜ ਥਾਨੇ।
ਬਰ ਪ੍ਰਯੰਕ ਪਰ ਗੁਰ ਥਿਰੇ, ਸੁਭ ਬਾਕ ਬਖਾਨੇ।
ਲਏ ਗੋਦ ਹਰਿਰਾਇ ਕੋ, ਦੈ ਮੋਦ ਦੁਲਾਰੈਂ।
ਧੀਰਮੱਲ ਬੈਠਯੋ ਨਿਕਟਿ, ਤਿਸ ਓਰ

ਨਿਹਾਰੈਂ ॥੨੯॥
ਸ਼੍ਰੀ ਗੁਰਦਿੱਤਾ ਢਿਗ ਥਿਰਜੋ, ਕਰਿ ਲੋਚਨ ਨੀਚੇ।
ਸੂਰਜਮਲ ਦਿਸ਼ਿ ਦੇਖਿ ਗੁਰ, ਅੰਮ੍ਰਿਤ ਜਨੁ ਸੀਚੇ।
ਤੇਗ ਬਹਾਦਰ ਦਹਿਨ ਦਿਸ਼ਿ, ਇਕ ਰਸ ਬ੍ਰਿਤਿ ਜਾਂਹੀ।
ਸਨਮਾਨਤਿ ਸਿਰ ਹਾਥ ਧਰਿ, ਬਾਨੀ ਮ੍ਰਿਦੁ ਪ੍ਰਾਹੀ ॥੩੦॥
ਅਣੀਰਾਇ ਸਨਮੁਖ ਥਿਰਜੋ, ਪਿਤ ਰੂਪ ਦਿਖੰਤੇ।
ਕ੍ਰਿਪਾ ਦ੍ਰਿਸ਼ਟਿ ਪਰਵਾਰ ਪਰ, ਸ਼੍ਰੀ ਗੁਰੂ ਕਰੰਤੇ।
ਦਾਸ ਰੁ ਦਾਸੀ ਸਭਿਨਿ ਹੀ, ਠਾਂਢੀ ਕਰ ਜੋਰੇ।
ਦੇਖ ਅਨੰਦਤਿ ਉਰ ਕਰੇ, ਰਸ ਪ੍ਰੇਮ ਸੁ ਬੋਰੇ[1] ॥੩੧॥
ਪਰਿਵਾਰਤਿ ਪਰਵਾਰ ਤੇ, ਦ੍ਵੈ ਘਰੀ ਬਿਤਾਈ।
ਸ਼੍ਰੀ ਗੁਰਦਿੱਤੇ ਦਿਸ਼ਿ ਪਿਖਜੋ, ਮ੍ਰਿਦੁ ਗਿਰਾ ਸੁਨਾਈ।
'ਬ੍ਰਿੰਦ ਮਸੰਦ ਬੁਲਾਇ ਢਿਗ, ਬਾਹਿਰ ਥਿਰ ਹੂਜੈ।
ਤ੍ਰਿਣ ਦਾਣਾ, ਖਾਣਾ ਭਲੇ, ਜਿਮ ਸਭਿ ਕੋ ਪੂਜੈ[1] ॥੩੨॥
ਕਰਹੁ ਦਿਵਾਵਨ ਧੀਰ ਸੋਂ, ਨਰ ਖਰੇ ਕਰੀਜੈ।
ਜਥਾ ਜੋਗ ਸਭਿ ਸੈਨ ਕੀ, ਨੀਕੇ ਸੁਧ ਲੀਜੈ।'
ਸੂਰਜਮਲ ਅਣਿਰਾਇ ਤਬਿ, ਉਠਿ ਬਾਹਿਰ ਆਇ।
ਧੀਰਮੱਲ ਹਰਿਰਾਇ ਜੀ, ਤਿਨ ਸੰਗ

[1]ਪ੍ਰੇਮ ਰਸ ਵਿਚ ਡੁੱਬੇ ਹੋਏ।

[1]ਪਹੁੰਚੇ।

ਸਿਧਾਏ ॥੩੩॥
ਤੇਗ ਬਹਾਦਰ ਪੁਨ ਉਠੇ, ਸਭਿ ਮਿਲਿ ਕੈ ਸੰਗਾ।
ਪਿਖ੍ਯੋ 'ਜਾਨਭਾਈ' ਭਲੇ, ਬਡ ਬੇਗ ਤੁਰੰਗਾ।
ਸੁੰਦਰ ਹੇਰਿ ਪ੍ਰਮੋਦ ਤੇ, ਕਰ ਫੇਰਤਿ ਅੰਗਾ।
ਮਨਹੁਂ ਚਿਤਰੇ ਲਿਖਿ ਕਰੀ, ਮੂਰਤ ਸਰਬੰਗਾ† ॥੩੪॥

†ਇਥੋਂ ਅੱਗੇ ਇਕ ਛਾਪੇ ਦੇ ਨੁਸਖੇ ਵਿਚ ਹੇਠਲੀਆਂ ਦੋ ਤੁਕਾਂ ਵਾਧੂ ਹਨ ਬਾਕੀ ਲਿਖਤੀ ਨੁਸਖਿਆਂ ਵਿਚ ਇਹ ਨਹੀਂ ਮਿਲੀਆਂ-ਚੰਦ ਮਨਿੰਦ ਪ੍ਰਕਾਸ਼ ਹੈ ਬਚ ਕਰਤੇ ਧੀਰਾ। ਭਗਤਿ ਗ੍ਯਾਨ ਵੈਰਾਗ ਮੈਂ ਹੈਂ ਗਹਿਰ ਗੰਭੀਰਾ।

ਇਮ ਉਤਸਵ ਪੁਰਿ ਮਹਿਂ ਮਹਾਂ, ਪਰਵਾਰ ਮਝਾਰਾ।
ਦੀਪ ਮਾਲਿਕਾ ਬਹੁ ਕਰੀ, ਘਰ ਗਰੀ ਬਜਾਰਾ।
ਅਤਿ ਅਨੰਦ ਸਭਿ ਮੈਂ ਭਯੋ, ਜਿਮ ਰਾਵਣ ਮਾਰਾ।
ਰਾਮਚੰਦ ਪੁਰਿ ਆਪਨੇ, ਮਿਲਿ ਕਰਿ ਪਰਵਾਰਾ ॥੩੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼੍ਰੀ ਕਰਤਾਰ ਪੁਰ ਆਵਨ' ਪ੍ਰਸੰਗ ਬਰਨਨੰ ਨਾਮ ਸਸ਼ਟੀ ਅੰਸੂ ॥੬੦॥

## ੬੧. [ਕਰਤਾਰ ਪੁਰ ਦਰਬਾਰ]

੬੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਨਿਜ ਘਰ ਪੈਂਦੇ ਖਾਨ ਸੁਨਿ,
ਆਯੋ ਕਰਤਿ ਉਤਾਲ।
ਬਿਧੀਚੰਦ ਕੋ ਮਿਲਤਿ ਭਾ,
ਕਰਿ ਸਲਾਮ ਤਤਕਾਲ ॥੧॥

ਨਿਸ਼ਾਨੀ ਛੰਦ:

ਸਤਿ ਗੁਰ ਕੀ ਸੁਧ ਬੂਝਿ ਤਬਿ, ਮੰਦਰ ਨਿਜ ਮਾਂਹੀ।
ਬੈਠਿ ਨਿਕਟ ਕਰਿ ਬਾਰਤਾ, 'ਕਿਮ ਭੀ ਰਨ ਮਾਂਹੀ?'
ਬਿਧੀਏ ਸਕਲ ਬਖਾਨ ਤਬਿ, ਜਿਮ ਭਾ ਘਮਸਾਨਾ।
'ਤੁਰਕਾਨੀ ਬਹੁ ਬਾਹਿਨੀ, ਧਰਿ ਆਯੁਧ ਨਾਨਾ ॥੨॥
ਆਇ ਪਰੀ ਅਧ ਜਾਮਨੀ, ਗਨ ਛੁਟੀ ਤੁਫੰਗਾ।
ਪਹੁੰਚੇ ਸਤਿਗੁਰ ਸੂਰਮੇ, ਕਰਿ ਤੇਜ਼ ਤੁਰੰਗਾ।
ਲਰਤਿ ਭਏ ਮਿਲਿ ਆਪ ਮਹਿਂ, ਤੋਮਰ ਤਰਵਾਰੈਂ।
ਨਹਿਂ ਤੁਰਕਨਿ ਤੇ ਕਛੁ ਸਰੀ, ਇਹ ਸਮੁਖ ਪ੍ਰਹਾਰੈਂ ॥੩॥
ਨਿਸ ਮਹਿਂ ਮਰੇ ਸਹੱਸ੍ਰ ਬਹੁ, ਪੁਨ ਭਯੋ ਪ੍ਰਕਾਸ਼ਾ।
ਚਢੇ ਆਪ ਹਯ ਪਰ ਗੁਰੂ, ਹਿਤ ਰਿਪੁਨਿ ਬਿਨਾਸ਼ਾ।
ਬਲੀ ਕਾਬਲੀ ਬੇਗ ਭਟ, ਉਮਰਾਵ ਮਹਾਨਾ।
ਦੁੰਦ ਜੁੱਧ ਕੀਨੋ ਮਹਾਂ, ਗਹਿ ਹਾਥ ਕ੍ਰਿਪਾਨਾ ॥੪॥

ਸਤਿਗੁਰ ਖੜਗ ਪ੍ਰਹਾਰਿ ਕੈ, ਰਾਖਜੋ ਬਿਚ
ਖੇਤਾ।
ਲਲਾਬੇਗ ਸਭਿ ਚਮੂੰ ਮੁਖਿ[1], ਆਯੋ ਰਣ
ਹੇਤਾ।
ਅਰਜੋ ਪ੍ਰਥਮ ਜੇਠਾ ਤਹਾਂ, ਬਹੁ ਕਰਿ
ਹੱਥਜਾਰਾ।
ਘਿਰਜੋ ਤੁਰਕ ਗਨ ਮਹਿਂ ਬਲੀ, ਬਹੁਤਿਨਿ
ਮਿਲਿ ਮਾਰਾ ॥੫॥
ਪੁਨ ਗੁਰ ਗਮਨੇ ਸਮੁਖ ਤਿਹ, ਸੰਘਰ ਬਡ
ਠਾਨਾ।
ਲਲਾਬੇਗ ਅਰੁ ਗੁਰੂ ਕੇ, ਹੋਏ ਹਯ ਹਾਨਾ।
ਸੋ ਭੀ ਲੀਨੋ ਮਾਰਿ ਕਰਿ, ਸਭਿ ਚਮੂੰ
ਪ੍ਰਹਾਰੀ।
ਭਈ ਪਰਾਜੈ ਤੁਰਕ ਇਮ, ਗੁਰ ਜੈ ਕਰਿ
ਭਾਰੀ ॥੬॥
ਜਾਤੀ ਮਲਕ ਜਿ ਆਦਿ ਭਟ, ਗਨ ਸ਼ਸਤ੍ਰ
ਪ੍ਰਹਾਰੇ।'
ਸੁਨਿ ਪੈਂਦੇ ਖਾਂ ਕਹਤਿ ਭਾ, 'ਕਜਾ ਕਰੋਂ
ਉਚਾਰੇ।
ਮੈਂ ਹੋਤੋ ਜੇ ਰਣ ਬਿਖੈ, ਬਲ ਕਰਤਿ
ਘਨੇਰੇ।
ਗੁਰ ਕੋ ਜਾਨਿ ਨ ਦੇਤਿ ਕਬਿ, ਹਯ ਹਤਜੋ
ਅਗੇਰੇ[1] ॥੭॥
ਕਜੋਂ ਜੇਠਾ ਰਣ ਹੋਇ ਹਤਿ, ਮੈਂ ਬਨਤਿ
ਸਹਾਈ।
ਸਮਾਂ ਨ ਆਵੈ ਹਾਥ ਕਬਿ, ਕਜਾ ਕਹੌਂ
ਸੁਨਾਈ।
ਬਲ ਮੇਰੋ ਜਗ ਬਿਦਤ ਹੈ, ਜਿਹ ਨਾਮ
ਸੁਨੰਤੇ।
ਭਾਜਤਿ ਸ਼ੱਤ੍ਰੁ ਬ੍ਰਿੰਦ ਤਿਤ, ਨਹਿਂ ਠਹਿਰ
ਸਕੇਤੇ ॥੮॥
ਤੀਰਨ ਸੋਂ ਬੇਧਤਿ ਘਨੇਂ, ਗਹਿ ਫੇਰ

[1]ਸਾਰੀ ਸੈਨਾ ਦਾ ਮੁਖੀਆ।

[1]ਅਗੇ (ਗਿਆਂ) ਘੋੜਾ ਮਾਰਿਆ ਗਿਆ।

ਕ੍ਰਿਪਾਨਾ।
ਸੰਘਾਰਤਿ ਹੀ ਕਰਤਿ ਮੈਂ, ਗੁਰ ਅੱਗ੍ਰ ਮਦਾਨਾ।
ਨਿਕਟਿ ਨ ਹੋਨੇ ਦੇਤ ਰਿਪੁ, ਘਾਲਤਿ ਘਮਸਾਨਾ।
ਕਸੋਂ ਜੇਠਾ, ਹਯ ਮਰਤਿ ਰਣ, ਕਸਾ ਕਰੌਂ ਬਖਾਨਾ' ॥੯॥
ਬਿਧੀਆ ਸੁਨਿ ਕੈ ਕਹਤਿ ਭਾ, 'ਕਹਿ ਜਿਮ, ਹੈ ਤੈਸੇ।
ਪਰ ਗੁਰ ਕੀ ਮਰਜ਼ੀ ਕਹਾਂ, ਲਖਿ ਸਕਿਯ ਨ ਕੈਸੇ।'
ਇਮ ਨਿਸ ਮੈਂ ਕਰਿ ਬਾਰਤਾ, ਮਿਲਿ ਕੈ ਸਭਿ ਸੰਗਾ।
ਜਾਤੀ ਮਲਕ ਜਿ ਆਦਿ ਹੈਂ, ਸੁਖ ਬੂਝਤਿ ਅੰਗਾ ॥੧੦॥
ਖਾਨ ਪਾਨ ਕਰਿ ਜਥਾ ਸੁਖ, ਸਭਿ ਨਿਸ ਬਿਸਰਾਮੇ।
ਅਨੰਦ ਕਰਤਿ ਘਰ ਘਰ ਬਿਖੈ, ਲੇ ਸਤਿਗੁਰ ਨਾਮੇ।
ਰਹੀ ਜਾਮ ਜਬਿ ਜਾਮਨੀ, ਜਗ ਗੁਰ ਤਬਿ ਜਾਗੇ।
ਸੌਚ ਸ਼ਨਾਨੀ ਬੈਠਿ ਪੁਨ, ਧ੍ਯਾਨ ਸੁ ਰਸ ਪਾਗੇ ॥੧੧॥
ਆਸਾਵਾਰ ਸੁ ਰਾਗਿ ਧੁਨਿ, ਗਾਵਤਿ ਸੁਨਿਯਤੇ।
ਜਹਾਂ ਕਹਾਂ ਗੁਰ ਗਿਰਾ ਸਿਖ, ਧਰਿ ਪ੍ਰੇਮ ਪਠੰਤੇ।
ਲਘੁ ਦੁੰਦਭਿ ਨੌਬਤ ਬਜਤਿ, ਅਨੰਦ ਉਪਜੰਤੀ।
ਸੰਗ ਨਫੀਰੀ ਗੁਰ ਸਬਦਿ, ਗਾਵਤਿ ਸੁਖਵੰਤੀ[1] ॥੧੨॥
ਬਰਖਾ ਸੁਧਾ ਮਨਿੰਦ ਹੈ, ਧੁਨਿ ਸ਼੍ਰੀ

[1]ਨਾਲ ਸੁਖਾਉਂਦੀ ਨਫੀਰੀ ਗੁਰ ਸ਼ਬਦ ਗਾ ਰਹੀ ਹੈ।

ਗੁਰਬਾਨੀ।
ਉਠੇ ਅਨੰਦਤਿ ਸੁਨਤਿ ਸਭਿ,
'ਸਤਿਨਾਮ' ਬਖਾਨੀ।
ਇਮ ਪ੍ਰਭਾਤਿ ਮੰਗਲ ਸਹਤ, ਸ਼ੁਭ ਭਯੋ
ਪ੍ਰਕਾਸ਼ਾ।
ਭਾਟ ਨਕੀਬ ਉਚਾਰਤੇ, ਗੁਰ ਕੋ ਜਸੁ ਰਾਸਾ
॥੧੩॥
'ਪਾਤਸ਼ਾਹੁ ਸਾਚਾ ਜਗਤ, ਹੁਇ ਅੰਤ
ਸਹਾਈ।
ਸੋਢੀ ਬੰਸ ਸਮੁੰਦ੍ਰ ਮਹਿਂ, ਬਿਦਤੀ
ਨਿਸਰਾਈ[1]।
ਦੇਗ਼ ਤੇਗ਼ ਪੂਰੋ ਧਨੀ, ਬਡ ਡੀਲ
ਬਿਸਾਲਾ।
ਫਤੇ ਕਰਤਿ ਅਨਗਨ ਰਿਪੁਨਿ, ਰਣ
ਕਰਮ ਕਰਾਲਾ ॥੧੪॥
ਪੀਰੀ ਅਰੁ ਮੀਰੀ ਮਹਾਂ, ਦੋਨੋ ਨਿਤ ਧਾਰੀ।
ਧਰਤਾ ਦੋਨੋ ਖੜਗ ਕੋ, ਦੋਨਹੁ ਭੁਜ ਭਾਰੀ।
ਰੱਖਜਕ ਦੋਨੋ ਲੋਕ ਕੋ, ਦਾਸਨ ਸੁਖ ਦੇਤਾ।
ਮੁਗਲਸਖਾਂ ਕੇ ਪ੍ਰਾਨ ਹਨਿ, ਰਾਖ੍ਯੋ ਰਣ
ਖੇਤਾ ॥੧੫॥
ਸਤਿਗੁਰ ਪਿਤ ਕੋ ਰਿਪੁ ਮਹਾਂ, ਚੰਦੂ ਗਹਿ
ਮਾਰਾ।
ਅਬੁਦੁਲਖਾਂ ਸੁਤ ਸਖਾ ਜੁਤਿ[1], ਕਰਿ ਜੰਗ
ਪ੍ਰਹਾਰਾ।
ਬਲੀ ਕਾਬਲੀ ਬੇਗ ਕੋ, ਸੰਘਾਰਕ ਬੀਰੰ।
ਲਲਾਬੇਗ ਬਡਿ ਚਮੂੰ ਜੁਤਿ, ਮਾਰ੍ਯੋ ਧਰਿ
ਧੀਰੰ ॥੧੬॥
ਪੀਰ ਧਾਂਕ ਚਹੁ ਦਿਸ਼ਨਿ ਮਹਿਂ, ਕੰਪੇ ਗਨ
ਰਾਜੇ।
ਸੁਨਿ ਪ੍ਰਤਾਪ ਭਾਜਨਿ ਚਹਤਿ, ਸਭਿ
ਤਜਹਿ ਸਮਾਜੇ।
ਦਿੱਲੀ ਲਵਪੁਰਿ ਆਦਿ ਗਢ, ਤ੍ਰਾਸਤਿ

[1]ਚੰਦ੍ਰਮਾਂ ਵਤ।

[1]ਪੁੱਤ੍ਰ ਮਿੱਤ੍ਰਾਂ ਸਮੇਤ।

ਧਰਿ ਲਾਜੇ।
ਬਾਜੇ ਬਾਜੇ ਦਿਨ ਬਿਖੈ, ਖੋਲਤਿ ਦਰਵਾਜੇ[1] ॥੧੭॥
ਸ਼ਾਹੁ ਜਹਾਂ ਭੈ ਧਾਰਿ ਕਰਿ, ਰਣ ਤੇ ਚਿਤ ਟਾਰਾ।
ਜਗ ਮਹਿਂ ਨਹਿਂ ਕੋ ਅਰਿ ਸਕਹਿ, ਪਰਤਾਪ ਉਦਾਰਾ।
ਕਰਾਮਾਤ ਕਾਮਲ ਬਲੀ, ਸਭਿ ਮਾਨਹਿਂ ਆਨਾ।
ਸਕਲ ਸੁਰਾਸਰ ਸਿਰ ਧਰਹਿਂ, ਜਿਮ ਕਰਹਿਂ ਬਖਾਨਾ' ॥੧੮॥
ਜਸੁ ਕਰਤਾ[1] ਇੱਤਜਾਦਿ ਗੁਨ, ਉਠਿ ਪ੍ਰਾਤਿ ਸੁਨਾਵੈਂ।
ਸੰਖ ਸ਼ਬਦ ਚਹੁੰ ਓਰ ਤੇ, ਪੁਰਿ ਬਿਖੈ ਉਠਾਵੈਂ।
ਬਸਤ੍ਰ ਸ਼ਸਤ੍ਰ ਤਨ ਪਹਿਰ ਕਰਿ, ਗੁਰ ਬਾਹਿਰ ਆਏ।
ਬਰਣ ਬਰਣ ਕੋ ਫਰਸ਼ ਤਬਿ, ਦੀਰਘ ਡਸਵਾਏ ॥੧੯॥
ਬਰ ਗਾਦੀ ਉਪਧਾਨ ਜਤਿ, ਬੰਦਨ ਕਰਿ ਬੈਸੇ।
ਚਮਰ ਚਲਾਚਲ ਢਰਤਿ ਹੈ, ਦੁਤਿ ਹੰਸਨ ਜੈਸੇ।
ਸੁਭਟ ਮਸੰਦ ਬਿਲੰਦ ਜੇ, ਚਲਿ ਕਰਿ ਤਬਿ ਆਏ।
ਮੁਦਤਿ ਹੋਤਿ ਪੁਰਿ ਜਨ ਸਰਬ, ਉਰ ਦਰਸ਼ਨ ਚਾਏ ॥੨੦॥
ਆਇ ਸਭਾ ਪੂਰਨ ਭਈ, ਲੋਚਨ ਅਰਬਿੰਦਾ।
ਬੰਦਤਿ ਬਿਕਸਤਿ ਦੇਖਤੇ, ਰਵਿ ਹਰਿ ਗੋਵਿੰਦਾ।
ਪੈਂਦੇ ਖਾਂ ਆਯੋ ਤਬਹਿ, ਜੁਤਿ ਸਿਪਰ

[1]ਕਿਸੇ ਕਿਸੇ ਦਿਨ ਹੀ (ਕਿਲ੍ਹਿਆਂ ਦੇ) ਦਰਵਾਜ਼ੇ ਖੋਲ੍ਹਦੇ ਹਨ। [ਅ਼. ਬਾਅਜ਼]

[1]ਜਸ ਕਰਨ ਵਾਲੇ (ਨਕੀਬ ਆਦਿ)।

ਕ੍ਰਿਪਾਨਾ।
ਪਗ ਪੰਕਜ ਪਰ ਸਿਰ ਧਰਜੋ, ਪਿਖਿ ਆਨੰਦ ਠਾਨਾ ॥੨੧॥
ਕੁਸ਼ਲ ਪ੍ਰਸ਼ਨ ਸਤਿਗੁਰ ਕਰਜੋ, ਕਰ ਜੋਰਿ ਬਖਾਨਾ[1]।
'ਮੈਂ ਰਾਵਰ ਕੀ ਕ੍ਰਿਪਾ ਤੇ, ਸਦ ਹੀ ਸੁਖਸਾਨਾ[1]।
ਸੰਘਰ ਭਯੋ ਬਿਲੰਦ ਹੀ, ਨਹਿਂ ਮੋਹਿ ਬੁਲਾਵਾ।
ਨਹਿਂ ਆਯੋ ਤਬਿ ਕਾਜ ਤਹਿਂ, ਨਿਸ਼ਫਲਤਾ ਪਾਵਾ' ॥੨੨॥
ਸੁਨਿ ਸਤਿਗੁਰ ਧੀਰਜ ਦਈ, 'ਪੁਨ ਜੰਗ ਮਚੈਗੋ।
ਤਸਾਂ ਕਾਮ ਤੂੰ ਆਇ ਹੈਂ, ਰਜ ਸ਼੍ਰੋਣ ਰਚੈਗੋ।
[1] 'ਤੁਸ਼ਨਿ ਹੋਯੋ ਖਾਨ ਤਬਿ, ਨਹਿਂ ਬੋਲ ਸਕੰਤਾ।
ਸਭਾ ਭਰੀ ਉਡਗਨ ਮਨਹੁਂ, ਗੁਰ ਚੰਦ ਸੁਭੰਤਾ ॥੨੩॥
ਸੁਨਿ ਸੁਨਿ ਗੁਰ ਆਗਮਨਿ ਕੋ, ਢਿਗ ਢਿਗ ਪੁਰਿ ਗ੍ਰਾਮੂ।
ਉਤਲਾਵਤਿ ਪਹੁੰਚਤਿ ਪਿਖਜੋ, ਦਰਸ਼ਨ ਅਭਿਰਾਮੂ।
ਅਰਪਹਿਂ ਅਨਿਕ ਅਕੋਰ ਕੋ, ਗਨ ਬੰਦਨ ਠਾਨੈਂ।
ਪੁਰਿਯਤਿ ਹੈਂ ਗਨ ਕਾਮਨਾ, ਸੁਖ ਹੋਇ ਮਹਾਨੈ ॥੨੪॥
ਕ੍ਰਿਪਾ ਦ੍ਰਿਸ਼ਟਿ ਸਭਿ ਪਰ ਕਰਹਿਂ, ਹੁਇ ਧਨੀ ਕਿ ਰੰਕਾ।
ਮਨਹੁ ਚਕੋਰਨਿ ਅਨੰਦ ਦੇ, ਰਿਤੁ ਸਰਦ ਮਯੰਕਾ।
ਹਯ ਲਜਾਵਨਿ ਕੀ ਬਾਰਤਾ, ਪੁਰਿ ਜਨਨ

[1]ਪੈਂਦੇ ਨੇ ਹੱਥ ਜੋੜਕੇ ਦੱਸੀ।
[1]ਸਦਾ ਹੀ ਸੁਖ ਨਾਲ ਹਾਂ।
[1]ਧੂੜੀ ਵਿਚ ਲਹੂ ਰਚੇਗਾ।

ਸੁਨਾਈ।
ਬਿਧੀਚੰਦ ਕੇ ਗੁਨ ਕਥੇ, ਸੁਨਿ ਸਭਿ ਬਿਸਮਾਈ ॥੨੫॥
ਬਹੁ ਨਰ ਪਿਖਹਿਂ ਤੁਰੰਗ ਕੋ, ਗੁਨ ਗਨ ਜਿਸ ਭਾਖੇ।
'ਉਚਿਤ ਹੁਤੋ ਸਤਿਗੁਰੂ ਕੇ, ਆਯੋ ਅਭਿਲਾਖੇ।'
ਚਾਰਹੁਂ ਪੁੱਤ੍ਰ ਸਮੇਤ ਗੁਰੁ, ਅਸ ਉਪਜਾ ਪਾਈ।
ਮੂਰਤਿ ਜਨੁ ਬੇਦਨਿ[1] ਧੀਰ, ਬਿਧਿ ਨਿਕਟਿ[2] ਸੁਹਾਈ ॥੨੬॥
ਜਾਮ ਦਿਵਸ ਕੇ ਚਢੇ ਲਗਿ, ਬਿਚ ਸਭਾ ਥਿਰੇ ਹੈਂ।
ਜਥਾ ਮਨੋਰਥ ਜਿਨ ਧਰੇ, ਤਿਮ ਪੂਰਨ ਕਰੈ ਹੈਂ।
ਅਤਿ ਅਨੰਦ ਉਤਸਵ ਕਰਯੋ, ਪੰਚਾਂਮ੍ਰਿਤ ਆਏ।
ਹੋਤਿ ਭਈ ਅਰਦਾਸ ਤਬਿ, ਸਭਿ ਮਹਿਂ ਬਰਤਾਏ ॥੨੭॥
ਬਹੁਰ ਉਠੇ ਅੰਤਰ ਗਏ, ਸਭਿ ਪੁੱਤ੍ਰ ਸਮੇਤਾ।
ਬੈਠੇ ਬਡੇ ਪ੍ਰਯੰਕ ਪਰ, ਜੋ ਰੁਚਿਰ ਨਿਕੇਤਾ।
ਆਇ ਮ੍ਰਵਾਹੀ ਨਾਨਕੀ, ਸੇਵਾ ਮਹਿਂ ਲਾਗੀ।
ਦਾਸੀ ਦਈ ਹਟਾਇ ਸਭਿ, ਅਤਿਸ਼ੈ ਅਨੁਰਾਗੀ ॥੨੮॥
ਥਾਲ ਪਰੋਸਯੋ ਆਪ ਹੀ, ਬਿਧਿ ਬਿਬਿਧਿ ਅਹਾਰਾ।
ਚੰਦਨ ਚੌਂਕੀ ਪਰ ਧਰਯੋ, ਚਤੁਰਈ ਸੁਧਾਰਾ[1]।
ਚਾਮੀਕਰ ਕੇ ਪਾਤ੍ਰ ਸਭਿ, ਸ਼ੋਭਤਿ ਧਰਿ ਆਗੇ।

[1]ਵੇਦਾਂ ਨੇ। [2]ਬ੍ਰਹਮਾਂ ਦੇ ਪਾਸ।

[1]ਸਿਆਣਪ ਨਾਲ ਸੁਧਾਰ ਕੇ।

ਖਸ਼ਟ ਰਸਨਿ ਕੇ ਅਸਨ ਸੁਭ, ਗੁਰ ਅਚਵਨਿ ਲਾਗੇ ॥੨੯॥
ਤ੍ਰਿਪਤਿ ਭਏ ਜਲ ਪਾਨ ਕਰਿ, ਪੁਨ ਪਾਨ ਪਖਾਰੇ।
ਤਿਮ ਹੀ ਚਾਰਹੁੰ ਪੁੱਤ੍ਰ ਤਹਿਂ, ਅਚਿ ਲੀਨਿ ਅਹਾਰੇ।
ਮਰਵਾਹੀ ਅਰੁ ਨਾਨਕੀ, ਲੇ ਕੰਚਨ ਥਾਰਾ।
ਅਚ ਕਰਿ ਸੀਤ ਪ੍ਰਸ਼ਾਦਿ ਕੋ, ਉਰ ਆਨੰਦ ਧਾਰਾ ॥੩੦॥
ਪੁਨ ਸ਼੍ਰੀ ਹਰਿਗੋਵਿੰਦ ਗੁਰ, ਥਿਰ ਹੋਇ ਪ੍ਰਯੰਕਾ।
ਪੌਢਿ ਗਏ ਬਿੱਸ੍ਰਾਮ ਹਿਤ, ਜਿਨ ਜਸੁ ਅਕਲੰਕਾ।
ਭਈ ਸਪਤਮੀ ਰਾਸਿ ਅਬਿ, ਪੂਰਨ ਇਸ ਥਾਨਾ।
ਕਵਿ† ਸੰਤੋਖ ਸਿੰਘ ਬੰਦਨਾ, ਧਰ ਕਰਿ ਉਰ ਧ੍ਯਾਨਾ ॥੩੧॥

†ਪਾ:-ਕਰਿ।

ਦੋਹਰਾ:
†ਤੀਰ ਬਿਪਾਸਾ ਕੇ ਨਿਕਟਿ, ਸ਼੍ਰੀ ਬਰ ਪੁਰਿ ਕਰਤਾਰ।
ਤਹਾਂ ਬਿਰਾਜੈਂ ਸਤਿਗੁਰੂ, ਸੋਢਿ ਬੰਸ ਅਵਿਤਾਰ ॥੩੨॥
ਜਾਂਮ ਰਹੀ ਜਬਿ ਜਾਮਨੀ, ਕੀਨਸਿ ਸੌਚ ਸ਼ਨਾਨ।
ਨਿਜਾਨੰਦ ਸ਼੍ਰੀ ਸਤਿਗੁਰੂ, ਹ੍ਵੈ ਹੈਂ ਅੰਤਰ ਧ੍ਯਾਨ ॥੩੩॥

†ਅੰਕ ੩੧ ਤੋਂ ੩੫ ਤਕ ਦਾ ਪਾਠ ਆਮ ਲਿਖਤੀ ਨੁਸਖਿਆਂ ਵਿਚ ਨਹੀਂ ਮਿਲਦਾ।

ਚੌਪਈ:
ਜੋ ਇਹ ਕਥਾ ਸੁਨੈ ਧਰਿ ਧ੍ਯਾਨ।
ਗੁਰ ਸਿੱਖੀ ਪ੍ਰਾਪਤਿ ਹ੍ਵੈ ਨਾਮ।
ਬਾਨੀ ਪਢੈ ਪ੍ਰੀਤਿ ਮਨ ਲਾਇ।
ਸ਼੍ਰੀ ਨਾਨਕ ਜੀ ਸਦਾ ਸਹਾਇ ॥੩੪॥
ਪੂਰਨ ਹੋਯੋ ਕਥਾ ਪ੍ਰਸੰਗ।

ਸਤਿਗੁਰ ਕੋ ਜਸੁ ਬਢ੍ਯੋ ਉਤੰਗ।
ਕਵਿ ਸੰਤੋਖ ਸਿੰਘ ਕੀਨਿ ਉਚਾਰ।
ਬਾਰ ਬਾਰ ਜਾਵੈ ਬਲਿਹਾਰ ॥੩੫॥

†ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਸ੍ਰੀ ਸਤਿਗੁਰ ਖਸਟਮ ਪਾਤਸ਼ਾਹ ਸ੍ਰੀ ਹਰਿਗੋਵਿੰਦ ਜੀ ਭਾਈ ਬਿਧੀ ਚੰਦ ਨੂੰ ਭੇਜ ਕਰ ਤੁਰਕੇਸਰ ਕੇ ਜੰਗ ਹਯ ਮੰਗਵਾਵਨ ਪੁਨਾ ਲਲਾਬੇਗ ਦਾ ਜੁੱਧ ਭਾਈ ਰੂਪੇ ਹੋਵਾ ਸ੍ਰੀ ਸਤਿਗੁਰੂ ਜੀ ਕੀ ਜੀਤ ਭਈ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਯਾਂ ਨਾਮ ਏਕਸ਼ਸ਼ਟੀ ਅੰਸੂ ॥੬੧॥

†੧੯੧੯ ਦੇ ਪੁਰਾਣੇ ਲਿ: ਨੁਸਖੇ ਵਿਚ ਪਾਠ ਐਉ ਹੈ:- 'ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਸ੍ਰੀ ਸਤਿਗੁਰ ਬਿਲਾਸ ਬਰਨਨੰ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਾਮ ਏਕ ਸ਼ਸ਼ਟੀ ਅੰਸੂ॥੬੧॥ ਸਪਤਮ ਰਾਸ ਸੰਪੂਰਨੰ ਮਸਤ ਸੁਭ ਮਸਤ॥ ' ਅਕਸਰ ਲਿਖਤੀ ਨੁਸਖਿਆਂ ਦਾ ਪਾਠ ਇਹੋ ਹੈ। ਛਾਪੇ ਵਚ ਕਿਸੇ ਹੋਰ ਵਲੋਂ ਮਗਰੋਂ ਵਾਧਾ ਹੋਇਆ ਜਾਪਦਾ ਹੈ।

[ਸੱਤਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਅੱਠਵੀਂ Raas 8

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: www.ik13.com Email rarasahib@yahoo.com
Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਅੱਠਵੀਂ

## ਰਾਸਿ ਅੱਠਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।<br>
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ<br>
ਬਲਜਿੰਦਰ ਸਿੰਘ

੧ ਜਨਵਰੀ ੨੦੦੫ — ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਅੱਠਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਅੱਠਵੀਂ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬ ੩੭ ੩੮ ੩੯ ੪੦ ੪੧
੪੨ ੪੩ ੪੪ ੪੫ ੪੬ ੪੭ ੪੮ ੪੯ ੫੦ ੫੧
੫੨ ੫੩ ੫੪ ੫੫ ੫੬ ੫੭ ੫੮ ੫੯ ੬੦

# ਤਤਕਰਾ ਰਾਸਿ ਅੱਠਵੀਂ

## ਰਾਸਿ ਅੱਠਵੀਂ


੧ ਅੰਸੂ ੧. [ਮੰਗਲ। ਬਿਧੀ ਚੰਦ ਦੀ ਆਦਿ ਕਥਾ]
੧. ਇਸ਼੍ਰ ਦੇਵ-ਅਕਾਲ ਪੁਰਖ ਦਾ-ਮੰਗਲ।
੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।
੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।
੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।
੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।
੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।
੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।
੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਜੀ-ਮੰਗਲ।
੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।
੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।
੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।
੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।
** [ਮੰਗਲ ਸਮਾਪਤਿ ਤੇ ਕਥਾ ਦਾ ਆਰੰਭ]
੨ ੨. [ਬਿਧੀ ਚੰਦ ਦੀ ਆਦਿ ਕਥਾ ਅਪਨੀ ਜ਼ੁਬਾਨੀ]
੩ ੩. [ਬਿਧੀ ਚੰਦ]
੪ ੪. [ਬਿਧੀਚੰਦ। ਬਾਲੂ ਹਸਨਾ। ਪੈਂਦੇ ਦੇ ਘਰ ਪੁੱਤ੍ਰ ਹੋਣਾ]
੫ ੫. [ਪੈਂਦੇ ਦਾ ਘਰ ਜਵਾਈ। ਸ਼੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ]
੬ ੬. [ਸ਼੍ਰੀ ਤੇਗ ਬਹਾਦੁਰ ਵਜਾਹ]
੭ ੭. [ਸਿੱਖਾਂ ਦੀਆਂ ਉਪਹਾਰਾਂ]
੮ ੮. [ਪੈਂਦੇ ਖਾਂ ਬਖਸ਼ਿਸ਼ਾਂ]
੯ ੯. [ਪੈਂਦੇ ਖਾਨ ਤੇ ਉਸ ਦਾ ਜਵਾਈ। ਬਾਜ਼]
੧੦ ੧੦. [ਪੈਂਦਾ ਗੁਰੂ ਜੀ ਦੇ ਹਜ਼ੂਰ]
੧੧ ੧੧. [ਪੈਂਦੇ ਖਾਨ ਦੀ ਬੇਮੁਖਤਾ]
੧੨ ੧੨. [ਕੁਤਬ ਖਾਂ ਨਾਲ ਸਲਾਹ]
੧੩ ੧੩. [ਫਰਿਆਦ ਪੁਚਾਈ]
੧੪ ੧੪. [ਕਾਲੇ ਖਾਂ ਨੇ ਬੀੜਾ ਚੁੱਕਿਆ]
੧੫ ੧੫. [ਲਸ਼ਕਰ ਦੀ ਚੜ੍ਹਾਈ]
੧੬ ੧੬. [ਅਨੰਤੇ ਦਾ ਸ੍ਰਾਪ ਬਿਧੀ ਚੰਦ ਨੇ ਬਖਸ਼ਵਾਇਆ। ਤਸਵੀਰ ਚਿੱਤ੍ਰੀ। ਖੋਜਾ ਅਨਵਰ]
੧੭ ੧੭. [ਖੋਜਾ ਅਨਵਰ ਦੂਤ]

| | |
|---|---|
| ੧੮ | ੧੮. [ਖੋਜੇ ਅਨਵਰ ਨੂੰ ਹਾਰ] |
| ੧੯ | ੧੯. [ਲਸ਼ਕਰ ਚੜ੍ਹ ਆਇਆ] |
| ੨੦ | ੨੦. [ਜੰਗ ਆਰੰਭ] |
| ੨੧ | ੨੧. [ਰਾਤ ਦਾ ਜੰਗ] |
| ੨੨ | ੨੨. [ਦਿਨ ਦਾ ਜੰਗ] |
| ੨੩ | ੨੩. [ਖੋਜਾ ਅਨਵਰ ਬੱਧ] |
| ੨੪ | ੨੪. [ਜੰਗ ਜਾਰੀ] |
| ੨੫ | ੨੫. [ਜੰਗ-ਜਾਰੀ] |
| ੨੬ | ੨੬. [ਭਾਈ ਲੱਖੂ ਬੁੱਧ] |
| ੨੭ | ੨੭. [ਪੈਂਦੇਖਾਨ ਦਾ ਅੰਤ ਤੇ ਉਧਾਰ] |
| ੨੮ | ੨੮. [ਅਸਮਾਨ ਖਾਨ ਬੱਧ] |
| ੨੯ | ੨੯. [ਮਿਹਰਾਂ ਤੇ ਕੁਤਬ ਖਾਂ ਬੱਧ] |
| ੩੦ | ੩੦. [ਜੰਗ-ਜਾਰੀ] |
| ੩੧ | ੩੧. [ਕਾਲੇ ਖਾਂ ਬੱਧ] |
| ੩੨ | ੩੨. [ਵਿਜੈ। ਕੀਰਤ ਪੁਰ ਵੱਲ ਤਿਆਰੀ] |
| ੩੩ | ੩੩. [ਕੀਰਤ ਪੁਰ ਪਹੁੰਚੇ। ਬੁੱਢਣ ਸ਼ਾਹ] |
| ੩੪ | ੩੪. [ਬੁੱਢਣ ਸ਼ਾਹ ਪ੍ਰਲੋਕ। ਸ਼ਾਹ ਨੂੰ ਹਾਰ ਦੀ ਖ਼ਬਰ] |
| ੩੫ | ੩੫. [ਦੇਉ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ] |
| ੩੬ | ੩੬. [ਸ੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ] |
| ੩੭ | ੩੭. [ਸ੍ਰੀ ਬਾਬਾ ਗੁਰਦਿੱਤਾ ਜੀ ਦਾ ਸਮਾਉਣਾ] |
| ੩੮ | ੩੮. [ਬਾਬਾ ਗੁਰਦਿੱਤਾ ਪ੍ਰਲੋਕ ਗਮਨ] |
| ੩੯ | ੩੯. [ਧੀਰ ਮੱਲ ਕਠੋਰਤਾ] |
| ੪੦ | ੪੦. [ਰਾਇ ਜੋਧ ਆਦਿ ਸਿੱਖਾਂ ਦਾ ਆਉਣਾ] |
| ੪੧ | ੪੧. [ਸ੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ] |
| ੪੨ | ੪੨. [ਕੀਰਤ ਪੁਰ ਦੀਪ ਮਾਲਾ] |
| ੪੩ | ੪੩. [ਸ੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ] |
| ੪੪ | ੪੪. [ਬਿਧੀ ਚੰਦ ਸੁੰਦਰਸ਼ਾਹ ਪ੍ਰਲੋਕ] |
| ੪੫ | ੪੫. [ਸ੍ਰੀ ਹਰਿਰਾਇ ਜੀ ਦੇ ਜਾਮੇ ਨਾਲ ਫੁੱਲ ਟੁੱਟਾ] |
| ੪੬ | ੪੬. [ਮਾਤਾ ਨਾਨਕੀ ਤੇ ਮਰਵਾਹੀ] |
| ੪੭ | ੪੭. [ਸ੍ਰੀ ਅਨੰਦ ਜੀ ਦੇ ਦਰਸ਼ਨ] |
| ੪੮ | ੪੮. [ਬਾਬਕ ਰਬਾਬੀ ਪ੍ਰਲੋਕ ਗਮਨ] |
| ੪੯ | ੪੯. [ਜਾਤੀ ਮਲਕ ਪ੍ਰਤਿ ਉਪਦੇਸ਼] |
| ੫੦ | ੫੦. [ਜਾਤੀ ਮਲਕ ਪ੍ਰਲੋਕ ਗਮਨ। ਸੰਗਤ ਆਉਣੀ] |
| ੫੧ | ੫੧. [ਧੀਰਮਲ ਦਾ ਅਭਿਮਾਨ] |

| | |
|---|---|
| ੫੨ | ੫੨. [ਹੋਲੀ ਖੇਲਨਾ] |
| ੫੩ | ੫੩. [ਸ਼੍ਰੀ ਹਰਿਰਾਇ ਜੀ ਨੂੰ ਗੁਰਿਆਈ] |
| ੫੪ | ੫੪. [ਸ਼੍ਰੀ ਸੂਰਜ ਮਲ ਤੇ ਮਾਤਾ ਮਰਵਾਹੀ] |
| ੫੫ | ੫੫. [ਮਾਤਾ ਨਾਨਕੀ ਜੀ ਦੀ ਬੇਨਤੀ] |
| ੫੬ | ੫੬. [ਸ਼੍ਰੀ ਹਰਿਰਾਇ ਜੀ ਨੂੰ ਵਰ] |
| ੫੭ | ੫੭. [ਸ਼੍ਰੀ ਗੁਰੂ ਹਰਿਗੋਵਿੰਦ ਸੱਚ ਖੰਡ ਗਮਨ] |
| ੫੮ | ੫੮. [ਸਚ ਖੰਡ ਪ੍ਰਵੇਸ਼] |
| ੫੯ | ੫੯. [ਸਤਿਗੁਰੂ ਜੀ ਦੇ ਸ਼ਰੀਰ ਦਾ ਸਸਕਾਰ] |
| ੬੦ | ੬੦. [ਭਾਈ ਭਗਤੂ। ਭਾਈ ਫੇਰੂ] |

# ਰਾਸ਼ਿ ਅਠਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ਼੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਅਸ਼ਟਮਿ ਰਾਸਿ ਕਥਨੰ ॥

### ਅੰਸੂ ੧. [ਮੰਗਲ। ਬਿਧੀ ਚੰਦ ਦੀ ਆਦਿ ਕਥਾ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਅਕਾਲ ਪੁਰਖ ਦਾ-ਮੰਗਲ।

ਦੋਹਰਾ:

ਜਿਸਿ ਬਿਨ ਜਾਨੇ ਬ੍ਰਿੰਦ ਦੁਖ, ਜਾਨੇ ਅਨੰਦ ਬਿਲੰਦ।
ਪਾਰਬ੍ਰਹਮ ਪਰਮਾਤਮਾ ਬੰਦੌਂ ਜੁਗ ਕਰ ਬੰਦਿ ॥੧॥

ਬਿਨ ਜਾਨੈ = ਬਿਨਾ ਜਾਣੇ, ਨਾਂ ਜਾਣਨ ਕਰਕੇ।
ਬਿਲੰਦ = ਵੱਡਾ, ਬਹੁਤ, ਉੱਚਾ।

ਅਰਥ:

ਜਿਸਨੂੰ ਨਾਂ ਜਾਣਨ ਕਰਕੇ ਸਾਰੇ ਦੁੱਖ (ਵਾਪਰਦੇ ਹਨ, ਪਰ ਜਿਸ ਦੇ) ਜਾਣਿਆਂ ਉੱਚਾ ਅਨੰਦ (ਪ੍ਰਾਪਤ) ਹੁੰਦਾ ਹੈ, (ਉਸ) ਪਾਰਬ੍ਰਹਮ ਪਰਮਾਤਮਾਂ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ।

ਭਾਵ:

ਇਥੇ ਨਾਂ ਜਾਣਨਾ ਤੇ ਜਾਣਨਾ ਦਾ ਅਰਥ ਉਹ ਜਾਣਨਾ ਨਹੀਂ ਹੈ ਜੋ ਮਨ ਨੂੰ ਪ੍ਰਾਪਤ ਹੁੰਦਾ ਹੈ। ਜੋ ਇਸ ਗਿਆਨ ਦਾ ਵਿਸ਼ਾ ਹੋਵੇਗਾ ਸੋ ਹੱਦ ਵਾਲਾ ਹੋਵੇਗਾ; ਦੇਸ਼, ਕਾਲ ਨਮਿੱਤ ਵਾਲਾ ਹੋਵੇਗਾ; ਆਦਿ ਅੰਤ ਵਾਲਾ ਹੋਵੇਗਾ। ਇਸ ਗਿਆਨ ਦੇ ਗਿਆਨੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਪੜ੍ਹਿਆ' ਤਾਂ ਆਖਦੇ ਹਨ ਪਰ ਗਿਆਨੀ ਨਹੀਂ ਆਖਦੇ। ਵਾਚਜ ਗਿਆਨੀ ਨੂੰ ਇਹ 'ਉੱਚਾ ਸੁਖ' ਪ੍ਰਾਪਤ ਨਹੀਂ ਹੁੰਦਾ, ਜੋ ਮਨ ਬੁੱਧਿ ਦੇ ਟਿਕ ਜਾਣ 'ਸਿਧ' ਯਾ 'ਸੁਧ' ਦ੍ਵਾਰਾ ਅਨੁਭਵ ਵਿਚ ਜਾਕੇ, ਆਪੇ ਦੇ ਰਸ ਵਿਚ ਰਸੀਆ ਹੋਕੇ ਪ੍ਰਾਪਤ ਹੁੰਦਾ ਹੈ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਕਬਿੱਤ:

ਚੰਦ੍ਰਮਾਂ ਬਦਨ ਵਾਰੀ, ਉੱਜਲ ਰਦਨਵਾਰੀ,
ਬਿਘਨ ਕਦਨ ਵਾਰੀ, ਦਾਤੀ ਹੈ ਸ਼ਰਨ ਕੀ।
ਚੰਪਕ ਬਰਨ ਵਾਰੀ, ਕਵਿਤਾ ਬਰਨ ਵਾਰੀ,
ਸੁਸ਼ਟ ਬਰਨ ਵਾਰੀ, ਉਰ ਮੇਂ ਧਰਨਿ ਕੀ।
ਕੁੰਡਲ ਕਰਨਿ ਵਾਰੀ, ਸੁਮਤਿ ਕਰਨਿ ਵਾਰੀ,
ਕੁਮਲ ਕਰਨਿ ਵਾਰੀ, ਗਤੀ ਹੈ ਕਰਿਨਿ ਕੀ।
ਲੋਚਨ ਹਰਨ ਵਾਰੀ, ਦਰਨਿ ਅਰਿਨਿ ਵਾਰੀ,
ਦੋਸ਼ਨਿ ਹਰਿਨਿ ਵਾਰੀ, ਮਹਿਮਾ ਚਰਨ ਕੀ ॥੨॥

ਦੋਹਰਾ:

**ਭਵਾ, ਭੈ ਹਰਾ, ਭਵ ਭਰੀ, ਬਲੀ ਬਾਹੁ ਸਮ ਸ਼ੇਰ।**
**ਹਾਥ ਜੋਰਿ ਮਮ ਬੰਦਨਾ, ਬਰ ਕਰਿ ਹਾ ਸ਼ਮਸ਼ੇਰ ॥੩॥**

ਬਦਨ ਵਾਰੀ = ਮੁੱਖ ਵਾਲੀ। ਕਦਨ ਵਾਰੀ = ਕੱਟਣ ਵਾਲੀ।
ਬਰਨ ਵਾਲੀ = ਰੰਗ ਵਾਲੀ। ਬਰਨ ਵਾਰੀ = ਵਰਣਨ ਕਰਨ ਵਾਲੀ।
ਸੁਸ਼ਟ ਬਰਨ ਵਾਰੀ = ਸ੍ਰੇਸ਼ਟ ਗੁਣ ਦੇਣ ਵਾਲੀ। (ਅ) ਸ਼ੁਭ ਕੀਰਤੀ ਦੇਣ ਵਾਲੀ।
(ੲ) ਸ਼ੁਭ ਵਰ ਦੇਣ ਵਾਲੀ। [ਸੁਸ਼ਟ = ਸ੍ਰੇਸ਼ਟ, ਸ਼ੁਭ। ਬਰਨ = ਗੁਣ, ਕੀਰਤੀ, ਵਰ। ਬਰ ਦਾ ਬਹੁ ਬਚਨ, ਬਰਨ। ਵਾਰੀ = ਵਾਲੀ, ਦਾਤੀ]
ਕਰਣ ਵਾਰੀ = ਕੰਨਾ ਵਾਲੀ। ਕਰਨਿ ਵਾਰੀ = ਹੱਥਾਂ ਵਾਲੀ।
ਕਰਿਨਿ ਕੀ = ਹਥਣੀ ਦੀ, ਹਸਤਨੀ ਜੇਹੀ, ਹਾਥਣੀ ਵਾਂਙ।
ਲੋਚਨ ਹਰਨਿ ਵਾਰੀ = ਹਰਨ ਵਰਗੇ ਨੇਤ੍ਰਾਂ ਵਾਲੀ।
ਦਰਿਨ ਅਰਿਨਿ ਵਾਰੀ = ਵੈਰੀਆਂ ਨੂੰ ਦਲ ਸੁੱਟਣ ਵਾਲੀ।
ਦੋਸ਼ਨਿ ਹਰਿਨ ਵਾਰੀ ਮਹਿਮਾ ਚਰਨ ਕੀ = ਜਿਸ ਦੇ ਚਰਨਾ ਦੀ ਮਹਿਮਾਂ ਦੋਸ਼ਾਂ ਨੂੰ ਦੂਰ ਕਰਨ ਵਾਲੀ ਹੈ।
ਭਵਾ = ਭਵਾਨੀ। ਭਵ ਭਰੀ = ਪ੍ਰਤਾਪ ਦਾਤੀ, ਪ੍ਰਤਾਪ ਵਾਲੀ।
[ਭਵ = ਪ੍ਰਤਾਪ+ਭਰੀ = ਦਾਤੀ, ਵਾਲੀ] (ਅ) ਸੰਸਾਰ ਨੂੰ ਪਾਲਣ ਵਾਲੀ।
ਸਮ ਸ਼ੇਰ = ਸ਼ੇਰ ਵਤ। ਬਰਿ ਕਰਿ ਹਾਂ ਸ਼ਮਸ਼ੇਰ = ਬਲ ਨਾਲ ਤਲਵਾਰ ਮਾਰਨ ਵਾਲੀ।
(ਅ) ਸ਼ੇਰ ਵਤ ਬਲੀਆਂ ਨੂੰ ਨਾਸ਼ ਕਰਨ ਵਾਲੀ। ਜੇ ਇਹ ਅਰਥ ਕਰਾਂਗੇ ਤਾਂ 'ਬਲੀ ਬਾਹੁ ਸ਼ਮਸ਼ੇਰ' ਦਾ ਅਰਥ ਕਰਾਂਗੇ = ਬਾਹਾਂ ਦੇ ਬਲ ਨਾਲ ਤਲਵਾਰ ਚਲਾਉਣ ਵਾਲੀ।

ਅਰਥ:

ਚੰਦ੍ਰਮਾਂ (ਵਰਗੇ) ਮੁੱਖ ਵਾਲੀ, ਚਿੱਟੇ ਦੰਦਾਂ ਵਾਲੀ, ਬਿਘਨਾਂ ਨੂੰ ਨਾਸ਼ ਕਰਨ ਵਾਲੀ (ਤੇ ਵਿੱਦਿਆ ਦੇ ਲੋੜਵੰਦਾਂ ਨੂੰ) ਸ਼ਰਨ ਦੇਣ ਵਾਲੀ ਹੈ; ਚੰਬੇ (ਵਰਗੇ ਚਿੱਟੇ) ਰੰਗ ਵਾਲੀ; ਕਵਿਤਾ ਕਥਨ ਕਰਨ ਵਾਲੀ (ਤੇ ਇਸ) ਸ੍ਰੇਸ਼ਟ ਗੁਣ ਨੂੰ ਦਿਲ ਵਿਚ ਧਾਰਨ ਕਰਾ ਦੇਣ ਵਾਲੀ; ਕੰਨਾਂ ਵਿਖੇ ਕੁੰਡਲਾਂ ਵਾਲੀ, ਚੰਗੀ ਬੁਧਿ ਦੇਣ ਵਾਲੀ, ਹੱਥਾਂ ਵਿਚ ਕਮਲ (ਧਾਰਨ ਕਰਨ) ਵਾਲੀ, (ਜਿਸ ਦੀ) ਚਾਲ ਹਾਥਣੀ ਵਾਂਗ (ਗੰਭੀਰ ਹੈ)। ਹਰਨ ਵਰਗੇ ਨੇਤ੍ਰਾਂ ਵਾਲੀ, ਵੈਰੀਆਂ ਨੂੰ ਦਲ ਸੁੱਟਣ ਵਾਲੀ (ਅਤੇ ਜਿਸਦੇ) ਚਰਨਾਂ ਦੀ ਮਹਿਮਾਂ (ਕਾਵਯ ਦੇ) ਦੋਸ਼ਾਂ ਨੂੰ ਨਾਸ਼ ਕਰਨ ਵਾਲੀ ਹੈ, (ਅਤੇ) ਭੈ ਹਰਨ ਵਾਲੀ, ਪ੍ਰਤਾਪ ਦਾਤੀ (ਜਿਸ ਦੀਆਂ) ਬਾਹਾਂ ਸ਼ੇਰ ਵਤ ਬਲੀ ਹਨ ਤੇ ਜੋ ਬਲ ਨਾਲ ਤਲਵਾਰ ਚਲਾਉਣ ਵਾਲੀ ਹੈ (ਐਸੀ) ਭਵਾਨੀ (ਨੂੰ) ਦੋਵੇਂ ਹੱਥ ਜੋੜ ਕੇ ਮੇਰੀ ਬੰਦਨਾ ਹੈ।

ਭਾਵ:

ਕਬਿੱਤ ਵਿਚ ਸਾਰੇ ਵਿਸ਼ੇਖਣ ਆਏ ਹਨ, ਵਿਸ਼ੇਸ਼ਯਪਦ 'ਭਵਾ' ਤੇ ਕ੍ਰਿਯਾਪਦ 'ਬੰਦਨਾ' ਅਰਥਾਤ 'ਨਮਸਕਾਰ ਹੋਵੇ', ਦੋਹੇ ਵਿਚ ਆਏ ਹਨ, ਇਸ ਕਰਕੇ ਕਬਿੱਤ ਤੇ ਦੋਹੇ ਦਾ ਅਰਥ ਇਕੱਠਾ ਕੀਤਿਆਂ ਹੀ ਖੁੱਲ੍ਹਦਾ ਹੈ।
ਕਵਿ ਜੀ ਨੇ ਕਬਿੱਤ ਵਿਚ ਮ੍ਰਿਦੁਲ ਗੁਣ ਕਥਨ ਕੀਤੇ ਹਨ ਤੇ ਦੋਹੇ ਵਿਚ ਬੀਰ ਰਸੀ ਗੁਣ ਕਹੇ ਹਨ। ਆਪ ਬੀਰ ਰਸੀ ਪੰਥ ਦੇ ਕਵਿ ਹੋਣ ਕਰਕੇ ਆਪਣੀ (Muse) ਸ਼ਾਰਦਾ ਵਿਚ 'ਕਾਵਯ ਤੇ ਬੀਰਤਾ' ਦੇ ਦੋਵੇਂ ਗੁਣ ਦਰਸਾਉਂਦੇ ਹਨ। ਵਿਸ਼ੇਸ਼ ਵਿਚਾਰ ਲਈ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੨।

### ੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

**ਸਰਬੋਤਮ ਜਨ ਸਰਬਦਾ, ਸਰਬੋਪਰਿ ਜਸੁ ਚਾਰੁ।**
**ਜਗ ਗੁਰ ਸ਼੍ਰੀ ਨਾਨਕ ਨਮੋ, ਧਰਨੀ ਪਰ ਸਿਰ ਧਾਰਿ ॥੪॥**

ਸਰਬੋਤਮ = ਸਭਨਾਂ ਤੋਂ ਉੱਤਮ। ਜਿਨ੍ਹਾਂ ਦੇ ਤੁੱਲ ਕੋਈ ਨਾ ਹੋਵੇ।
ਸਰਬ ਦਾ = ਸਭ ਕੁਛ ਦੇ ਦਾਤੇ। ਭਾਵ ਕਾਮਨਾ ਧਾਰਕੇ ਸਿਮਰਨ ਵਾਲਿਆਂ ਦੀਆਂ ਕਾਮਨਾਂ ਪੂਰਨ ਕਰਨ ਵਾਲੇ ਤੇ ਨਿਹਕਾਮ ਭਗਤਾਂ ਨੂੰ ਮੋਖ ਦੇ ਦਾਤੇ ਹਨ।
ਸਰਬੋਪਰਿ = ਸਾਰਿਆਂ ਤੋਂ ਉੱਪਰ, ਭਾਵ ਸਭਨਾਂ ਨਾਲੋਂ ਉੱਚਾ।
ਚਾਰੁ = ਸੁੰਦਰ, ਉੱਜਲ। ਧਰਨੀ = ਧਰਤੀ, ਪ੍ਰਿਥਵੀ।
ਧਾਰਿ = ਧਰਕੇ, ਰੱਖ ਕੇ।

ਅਰਥ:

ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਧਰਤੀ ਤੇ ਸਿਰ ਧਰ ਕੇ ਨਮਸਕਾਰ ਕਰਦਾ ਹਾਂ ਜੋ ਸਭ ਤੋਂ ਉੱਤਮ ਹਨ, ਦਾਸਾਂ ਨੂੰ ਸਾਰੇ (ਪਦਾਰਥਾਂ ਦੇ) ਦਾਤੇ ਹਨ, ਅਤੇ (ਜਿਨ੍ਹਾਂ ਦਾ) ਉੱਜਲ ਜਸ ਸਾਰਿਆਂ (ਦੇ ਜਸ) ਨਾਲੋਂ ਉੱਚਾ ਹੋਕੇ (ਪਸਰ ਰਿਹਾ ਹੈ)।

ਭਾਵ:

ਆਪਣੇ ਇਸ਼ਟ ਦੇਵ ਨੂੰ ਕਵੀ ਜੀ ਸਭ ਤੋਂ ਉੱਤਮ ਕਹਿੰਦੇ ਹਨ, ਤੇ ਉਨ੍ਹਾਂ ਦੇ ਜਸ ਨੂੰ ਸਾਰਿਆਂ ਤੋਂ ਉੱਪਰ ਭਾਵ ਸਾਰੀਆਂ ਕੀਰਤੀਆਂ ਵਾਲੀਆਂ ਮਹਾਨ ਵਜਕਤੀਆਂ ਤੋਂ ਉੱਪਰ (ਉੱਚਾ) ਕਹਿ ਰਹੇ ਹਨ। ਪਿਛਲੇ ਛੰਦ ਵਿਚ ਕਥੀ ਭਵਾਨੀ ਭੀ ਇਸ 'ਸਰਬ' ਪਦ ਵਿਚ ਆ ਗਈ ਹੈ, ਅਰਥਾਤ ਭਵਾਨੀ ਤੋਂ ਬੀ ਗੁਰੂ ਜੀ ਉੱਤਮ ਹਨ, ਅਰ ਉਸਦੇ ਜਸ ਨਾਲੋਂ ਆਪਦਾ ਜਸ ਬਹੁਤ ਉਚਾ ਹੈ, ਇਹ ਭਾਵ ਇਸ ਛੰਦ ਵਿਚੋਂ ਸਪਸ਼ਟ ਨਿਕਲ ਰਿਹਾ ਹੈ।

### ੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

**ਸ਼੍ਰੀ ਅੰਗਦ ਰਵਿ ਗਜਾਨ ਕੇ, ਤਿਮਰ ਬਿਕਾਰ ਬਿਨਾਸ਼।**
**ਪਦ ਅਰਵਿੰਦਨਿ ਬੰਦਨਾ, ਕੀਜਹਿ ਸੁਮਤਿ ਪ੍ਰਕਾਸ਼ ॥੫॥**

ਅਰਥ:

ਹੇ ਵਿਕਾਰਾਂ (ਰੂਪੀ) ਅੰਧੇਰੇ ਦੇ ਨਾਸ਼ ਕਰਨੇ ਵਾਲੇ ਗਜਾਨ (ਰੂਪੀ) ਸੂਰਜ ਸ਼੍ਰੀ (ਗੁਰੂ) ਅੰਗਦ (ਜੀਓ! ਆਪ ਜੀ ਦੇ ਪਵਿੱਤ੍ਰ) ਚਰਨਾਂ ਕਵਲਾਂ ਉਪਰ ਨਮਸਕਾਰ (ਕਰਕੇ ਬੇਨਤੀ ਕਰਦਾ ਹਾਂ ਕਿ ਆਪ ਮੇਰੇ ਹਿਰਦੇ ਵਿਖੇ) ਸ਼੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰ ਦਿਓ।

ਭਾਵ:

ਪਿਛੇ ਅੰਕ ੨ ਵਿਚ ਭਵਾਨੀ ਨੂੰ 'ਸੁਮਤਿ ਕਰਨ ਵਾਰੀ' ਕਹਿ ਆਏ ਹਨ, ਏਥੇ ਫੇਰ ਅਪਣੇ ਇਸ਼ਟ ਦੇਵ ਤੋਂ 'ਕੀਜਹਿ ਸੁਮਤਿ ਪ੍ਰਕਾਸ਼' ਦੀ ਯਾਚਨਾ ਕਰ ਰਹੇ ਹਨ, ਜਿਸ ਤੋਂ ਸਪੱਸ਼ਟ ਹੈ ਕਿ ਸੁਮਤਿ ਦਾ ਦਾਤਾ ਆਪਣੇ ਦਾਤੇ ਨੂੰ ਮੰਨ ਰਹੇ ਤੇ ਝੇਲ ਉਨ੍ਹਾਂ ਅੱਗੇ ਅੱਡ ਰਹੇ ਹਨ, ਭਵਾਨੀ ਦਾ ਮੰਗਲ ਕਵੀ ਕੁਲ ਦੀ ਮਿਰਯਾਦਾ ਮਾਤ੍ਰ ਕਰਦੇ ਹਨ।

### ੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

**ਸ਼੍ਰੀ ਸਤਿਗੁਰ ਬਰ ਅਮਰ ਜੀ, ਭਗਤਿ ਗਜਾਨ ਦੇ ਦਾਨ।**
**ਜ਼ਾਹਰ ਕਰੇ ਜਹਾਨ ਜਨ, ਨਮਸਕਾਰ ਤਿਨਿ ਠਾਨਿ ॥੬॥**

ਬਰ = ਸ਼੍ਰੇਸ਼ਟ (ਅ) ਵਰਾਂ ਦੇ ਦਾਤੇ।ਜਨ = ਦਾਸ, ਜਨ। ਇਸ਼ਾਰਾ ਹੈ ਬਾਈ ਮੰਜੀਆਂ, ਪੀੜ੍ਹੇ ਤੇ ਪੰਘੂੜਿਆਂ ਅਰਥਾਤ ਬਖਸ਼ਿਸ਼ਾਂ ਵਾਲਿਆਂ ਵੱਲ।

ਨਮਸਕਾਰ ਤਿਨ ਠਾਨਿ = ਤਿਨ੍ਹਾਂ ਨੂੰ ਨਮਸਕਾਰ ਕਰ, (ਅ) ਤਿਨ੍ਹਾਂ ਨੂੰ ਮੇਰੀ ਨਮਸਕਾਰ ਹੋਵੇ।

ਅਰਥ:

ਸ਼੍ਰੀ ਸਤਿਗੁਰ ਅਮਰਦਾਸ ਜੀ ਜੋ ਸ੍ਰੇਸ਼ਟ (ਹਨ ਤੇ ਜਿਨ੍ਹਾਂ ਨੇ ਆਪਣੇ) ਦਾਸਾਂ ਨੂੰ ਭਗਤੀ ਤੇ ਗਯਾਨ ਦਾ ਦਾਨ ਦੇ ਕੇ ਜਗਤ ਵਿਖੇ ਪ੍ਰਸਿੱਧ ਕਰ ਦਿੱਤਾ ਤਿਨ੍ਹਾਂ ਨੂੰ (ਹੇ ਮਨ ਤੂੰ) ਨਮਸਕਾਰ ਕਰ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਸੂਰਜ ਸੋਢੀ ਬੰਸ ਕੇ, ਬਿਦਤਿ ਸਕਲ ਜਗ ਜੋਇ।
ਨਮੋ ਚਰਨ ਪਰਿ ਨਿਤ ਕਰੌਂ, ਰਾਮਦਾਸ ਗੁਰ ਸੋਇ ॥੭॥

ਅਰਥ:

ਸੂਰਜ ਬੰਸ ਤੇ ਸੋਢੀ (ਕੁਲ ਵਿਚੋਂ) ਜੋ ਸ਼੍ਰੀ ਗੁਰੂ ਰਾਮਦਾਸ ਜੀ ਸਾਰੇ ਜਗਤ ਵਿਚ (ਸੂਰਜ ਸਮਾਨ) ਵਿੱਦਤ ਹੈਨ, ਉਹਨਾਂ ਹੀ ਦੇ ਚਰਨਾਂ ਪਰ ਮੈਂ ਸਦਾ ਨਮਸਕਾਰ ਕਰਦਾ ਹਾਂ।

ਹੋਰ ਅਰਥ:

੧. ਸੋਢੀ ਬੰਸ ਦੇ ਸੂਰਜ ਜੋ (ਸਚਮੁਚ ਸੂਰਜ ਵਤ) ਸਾਰੇ ਜਗਤ ਵਿਚ ਵਿਦਤ ਹਨ, ਉਨ੍ਹਾਂ ਗੁਰੂ ਰਾਮਦਾਸ ਜੀ ਦੇ ਚਰਨਾਂ ਪਰ ਨਿਤ ਨਮਸਕਾਰ ਕਰਦਾ ਹਾਂ।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਅਜਰ ਜਰਨਿ, ਧੀਰਜਿ ਧਰਨਿ, ਤਾਰਨ ਜਨਨਿ ਜਹਾਜ†।
ਨਮੋ ਚਰਨ ਅਰਵਿੰਦ ਕਉ, ਸ਼੍ਰੀ ਅਰਜਨ ਸੁਖ ਸਾਜ‡ ॥੮॥

†ਪਾ:-ਤਾਰਨ ਜਨ ਨਿਜ ਹਾਥ। ‡ਪਾ:-ਸੁਖ ਸਾਥ।

ਅਜਰ ਜਰਨਿ = ਅਜਰ ਵਸਤੂ-ਅਮਿੱਤ ਆਤਮ ਬਲ-ਨੂੰ ਜਰ ਲੈਣ ਵਾਲੇ।
(ਅ) ਨਾ ਸਹੇ ਜਾ ਸੱਕਣ ਵਾਲੇ (ਖੇਦਾਂ ਨੂੰ) ਸਹਾਰ ਲੈਣ ਵਾਲੇ। ਜਨਨਿ = ਦਾਸਾਂ ਦੇ।
ਸੁਖਸਾਜ = ਸੁਖਾਂ ਨੂੰ ਸਾਜਣ ਵਾਲੇ।

ਅਰਥ:

ਅਮਿਤ ਆਤਮ ਬਲ ਨੂੰ ਜਰ ਲੈਣ ਵਾਲੇ, ਧੀਰਜ ਦੇ ਧਾਰਨ ਵਾਲੇ (ਆਪਣੇ) ਦਾਸਾਂ ਨੂੰ (ਭਵਸਾਗਰ ਤੋਂ) ਤਾਰਣ ਲਈ ਜੋ ਜਹਾਜ਼ (ਤੁੱਲ) ਹਨ, (ਐਸੇ) ਸੁਖਾਂ ਦੇ ਸਾਜਣ ਵਾਲੇ ਸ਼੍ਰੀ (ਸਤਿਗੁਰੂ) ਅਰਜਨ ਦੇਵ ਜੀ ਦੇ ਚਰਨਾਂ ਕਵਲਾਂ ਪਰ ਨਮਸਕਾਰ ਹੋਵੇ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਜੀ-ਮੰਗਲ।

ਸ੍ਰੇਸ਼ਟ ਆਯੁਧ ਧਰਨਿ ਮਹਿਂ, ਤੁਰਕਨਿ ਹਰਿਨਿ ਸਮਾਜ।
ਬੰਦਨ ਠਾਨੌਂ ਬੰਦਿ ਕਰਿ, ਹਰਿਗੁਬਿੰਦ ਮਹਾਂਰਾਜ ॥੯॥

ਅਰਥ:

(ਸ਼੍ਰੀ) ਗੁਰੂ ਹਰਿਗੋਬਿੰਦ ਜੀ ਮਹਾਰਾਜ, ਜੋ ਸ਼ਸਤ੍ਰ ਧਾਰਨ ਵਿਖੇ (ਸਭ ਤੋਂ) ਸ੍ਰੇਸ਼ਟ ਹਨ (ਤੇ) ਤੁਰਕਾਂ ਦੇ ਸਮਾਜ ਨੂੰ ਨਾਸ਼ ਕਰਨ ਵਾਲੇ ਹਨ (ਤਿਨ੍ਹਾਂ ਨੂੰ ਦੋਵੇਂ) ਹੱਥ ਜੋੜ ਕੇ ਨਮਸਕਾਰ ਕਰਦਾ ਹਾਂ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

ਦਾਤਾ ਭੋਗ ਰੁ ਮੋਖ ਕੇ, ਦਾਸਨਿ ਸਦਾ ਸਹਾਇ।
ਨਮੋ ਨਮੋ ਪਗ ਕਮਲ ਕੋ, ਸ਼੍ਰੀ ਸਤਿਗੁਰੁ ਹਰਿਰਾਇ ॥੧੦॥

ਨਮੋ ਨਮੋ = ਨਮਸਕਾਰ ਹੋਵੇ, ਨਮਸਕਾਰ ਹੋਵੇ, ਭਾਵ ਬਾਰ ਬਾਰ ਨਮਸਕਾਰ ਹੋਵੇ

ਅਰਥ:

ਸ਼੍ਰੀ ਸਤਿਗੁਰੂ ਹਰਿ ਰਾਇ ਜੀ ਜੋ ਭੋਗ ਤੇ ਮੋਖ ਦੇ ਦਾਤਾ ਹਨ ਤੇ ਦਾਸਾਂ ਦੇ ਸਦਾ ਹੀ ਸਹਾਇਕ ਹਨ (ਤਿਨ੍ਹਾਂ ਦੇ) ਚਰਨਾਂ ਕਵਲਾਂ ਤੇ ਬਾਰ ਬਾਰ ਨਮਸਕਾਰ ਹੋਵੇ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਬਾਲ ਅਵਸਥਾ ਗਜ਼ਾਨ ਘਨ, ਨਾਸ਼ਕ ਬਿਘਨ ਬਿਸਾਲ।
ਚਰਨ ਸਰੋਜਨਿ ਕੋ ਨਮੋ, ਸ਼੍ਰੀ ਹਰਿ ਕ੍ਰਿਸ਼ਨ ਕ੍ਰਿਪਾਲ ॥੧੧॥

ਗਿਆਨ ਘਨ = ਇਕ ਰਸ ਗਿਆਨ, ਅਵਿਰਲ ਗਿਆਨ। ਪੂਰਨ ਗਜ਼ਾਨ।
(ਅ) ਗਜ਼ਾਨ ਦੇ ਬੱਦਲ, ਗਜ਼ਾਨ ਦਾਤਾ। ਸਰੋਜਨਿ = ਕਵਲਾਂ।

ਅਰਥ:

ਕ੍ਰਿਪਾਲੂ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਜੋ ਬਾਲ ਅਵਸਥਾ ਵਿਖੇ ਹੀ ਪੂਰਨ ਗਜ਼ਾਨ (ਦੇ ਮਾਲਿਕ ਹਨ) ਤੇ ਸਾਰੇ ਬਿਘਨਾਂ ਦੇ ਨਾਸ਼ ਕਰਤਾ ਹਨ, (ਉਨ੍ਹਾਂ ਦੇ) ਚਰਨਾਂ ਕਵਲਾਂ ਨੂੰ ਮੈਂ ਨਮਸਕਾਰ ਕਰਦਾ ਹਾਂ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਤੇਗ ਬਹਾਦਰ ਸਤਿਗੁਰੂ, ਹਾਦਰ ਜਹਿਂ ਸਿਮਰੰਤਿ।
ਪਗ ਪੰਕਜ ਪਰਣਾਮ ਲਿਹੁ, ਪਰਮ ਰੂਪ ਭਗਵੰਤ ॥੧੨॥

ਅਰਥ:

(ਹੇ ਸ਼੍ਰੀ) ਸਤਿਗੁਰੂ ਤੇਗ ਬਹਾਦਰ ਜੀਓ! ਜਿੱਥੇ (ਆਪ ਜੀ ਦੇ ਸੇਵਕ ਆਪ ਜੀ ਨੂੰ) ਸਿਮਰਦੇ ਹਨ (ਆਪ) ਹਾਜ਼ਰ ਹੁੰਦੇ ਹੋ। ਹੇ ਪਰਮ ਭਗਵੰਤ ਰੂਪ ਜੀਓ। (ਆਪਣੇ) ਚਰਨਾਂ ਕਵਲਾਂ ਤੇ (ਮੇਰੀ) ਨਮਸਕਾਰ ਸ੍ਵੀਕਾਰ ਕਰੋ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਹਿੰਦੁ ਧਰਮ ਕੇ ਆਸਰਾ, ਤੁਰਕਨਿ ਤੇਜ ਬਿਨਾਸ਼।
ਸ਼੍ਰੀ ਗੁਰ ਗੋਵਿੰਦ ਸਿੰਘ ਜੀ! ਨਮੋ ਚਰਨ ਕੇ ਪਾਸਿ ॥੧੩॥

ਅਰਥ:

ਹੇ ਸ਼੍ਰੀ ਗੁਰੂ ਗੋਵਿੰਦ ਸਿੰਘ ਜੀਓ! ਹਿੰਦੂ ਧਰਮ ਦੇ ਆਸਰਾ ਤੇ ਤੁਰਕਾਂ ਦੇ ਤੇਜ ਦੇ ਨਾਸ਼ ਕਰਨ ਵਾਲੇ! (ਆਪਦੇ) ਚਰਨਾਂ (ਕਵਲਾਂ) ਦੇ ਉੱਤੇ ਮੇਰੀ ਨਮਸਕਾਰ ਹੈ।

[ਮੰਗਲ ਸਮਾਪਤਿ ਤੇ ਕਥਾ ਦਾ ਆਰੰਭ]

ਨਿਸ਼ਾਨੀ ਛੰਦ:

ਰਾਮਕੁਇਰ ਭਾਈ ਕਥਾ, ਬਰਨੰਤਿ ਸੁਨਾਵੈ।
ਸੁਨਹਿ ਸਿੰਘ ਚਿਤ ਚੌਂਪ ਸੋਂ, ਮਨ ਮੋਦ ਉਪਾਵੈਂ।
ਤ੍ਰਿਪਤਿ ਨ ਹੁਇਂ ਚਿਤ ਰੁਚਿ ਬਧਹਿ, ਬੂਝਤਿ ਪੁਨ ਔਰੰ।
ਸ੍ਰੀ ਹਰਿਗੋਵਿੰਦ ਕੀ ਕਥਾ, ਸੁਰਨਿ ਸਿਰਮੌਰੰ ॥੧੪॥
ਅਸਨ ਅਚਵਿ ਮੰਦਿਰ ਥਿਰੇ, ਸਤਿਗੁਰ ਜਿਸ ਕਾਲਾ।
ਮਰਵਾਹੀ ਅਰੁ ਨਾਨਕੀ, ਢਿਗ ਸੇਵ ਬਿਸਾਲਾ।
ਬੂਝਤਿ ਭੀ ਰਣ ਬਾਰਤਾ, 'ਕਿਮ ਬਧਜੋ ਬਖੇਰਾ?
ਜਿਸ ਤੇ ਲਸ਼ਕਰ ਸ਼ਾਹੁ ਕੋ, ਚੜ੍ਹਿ ਆਇ ਬਡੇਰਾ' ॥੧੫॥
ਸੁਨਿ ਗੁਰ ਉਚਰਿ ਪ੍ਰਸੰਗ ਸਭਿ, ਤਿਨ ਕੇ ਸਮੁਝਾਵਾ।
'ਬਿਧੀਚੰਦ ਬੁਧਿਵਾਨ ਬਡ, ਹਯ ਤਹਿਂ ਤੇ ਲਜਾਵਾ।
ਸ਼ਾਹਜਹਾਂ ਕੇ ਪ੍ਰਿਯ ਹੁਤੇ, ਰਹਿ ਬਨਿ ਕਰਿ ਘਾਸੀ।
ਘਾਤ ਲਾਇ ਸੇਵਾ ਕਰਤਿ, ਕੇਤਿਕ ਦਿਨ ਪਾਸੀ ॥੧੬॥
ਦੁਰਗ ਦਿਵਾਰ ਫੰਦਾਇ ਕਰਿ, ਲੇ ਆਇ ਤੁਰੰਗਾ।
ਪੁਨ ਦੂਸਰ ਕੇ ਹਿਤ ਗਯੋ, ਬਹੁ ਚਤੁਰ ਨਿਸ਼ੰਗਾ।
ਖੋਜੀ ਬਨਿ ਸਭਿ ਦੇਖਿਤੇ, ਦੀਵਾਰ ਫੰਦਾਯੋ।

ਇਮ ਦੋਨੋ ਹਯ ਗਏ ਲਖਿ, ਚਿਤ ਸ਼ਾਹੁ ਰਿਸਾਯੋ ॥੧੭॥
ਲਸ਼ਕਰ ਭੇਜ੍ਯੋ ਅਧਿਕ ਹੀ, ਬਡ ਭਈ ਲਰਾਈ।
ਤੁਰਕਾਨਾ ਬਹੁ ਖਪਿ ਗਯੋ, ਹ੍ਵੈ ਕੈ ਸਮੁਹਾਈ।'
ਸੁਨਿ ਬਿਸਮਾਨੀ ਨਾਨਕੀ, 'ਅਸ ਚੋਰ ਬਿਸਾਲਾ।
ਸੁਨ੍ਯੋ ਬਿਲੋਕ੍ਯੋ ਕਬਿ ਨਹੀਂ, ਕਿਯ ਕਰਮ ਕਰਾਲਾ ॥੧੮॥
ਸ਼ਾਹੁ ਹਯਨਿ ਨਰ ਗਨ ਪਿਖਤਿ, ਰਾਖੇ ਸਵਧਾਨਾ।
ਸਭਿ ਕੋ ਛਲ ਕਰਿ ਪੁਰੀ ਤੇ, ਲੇ ਆਇ ਕਿਕਾਨਾ।
ਲੋਕ ਹਜ਼ਾਰਹੁੰ ਬੀਚ ਤੇ, ਕਾਰਜ ਕਰਿ ਆਵਾ।
ਕਰਿ ਚੋਰੀ ਪੁਨ ਢਿਗ ਗਯੋ, ਨਾਹਿੰਨ ਡਰਪਾਵਾ' ॥੧੯॥
ਸੁਨਿ ਕਰਿ ਸ੍ਰੀ ਸਤਿਗੁਰ ਕਹ੍ਯੋ, 'ਬਲ ਬੁੱਧਿ ਬਡੇਰਾ।
ਤਿਸ ਕੇ ਸਮ ਕੋ ਜਗਤ ਮਹਿਂ, ਹਮ ਦੂਤੀ ਨ ਹੇਰਾ।
ਚੋਰੀ ਕਰਿਬੇ ਚਾਤੁਰੀ, ਐਸੀ ਉਪਜਾਵੈ।
ਸੁਨਿਬੇ ਦੇਖਨਹਾਰ ਨਰ, ਸਭਿ ਕੋ ਬਿਸਮਾਵੈ ॥੨੦॥
ਕਰੀ ਪ੍ਰਥਮ ਭੀ ਬਹੁਤ ਹੈ, ਹਿਤ ਪਰ ਉਪਕਾਰਾ।
ਸਿੱਖ ਬਨ੍ਯੋ ਬਡ ਗੁਰਨਿ ਕੋ, ਰਣ ਸੂਰ ਉਦਾਰਾ[1]।'
ਕਹਤਿ ਨਾਨਕੀ 'ਹੇ ਪ੍ਰਭੋ! ਤਿਸੁ ਲੇਹੁ ਬੁਲਾਈ।
ਕਿਮ ਕੀਨਸਿ ਦੁਸ਼ਕਰਮ ਕੋ, ਤਿਮ ਦੇਹਿ

[1]ਭਾਵ ਤਦ ਤੋਂ ਸੂਰਮਾ ਹੋ ਗਿਆ ਚੋਰ ਨਹੀਂ ਰਿਹਾ।

ਸੁਨਾਈ' ॥੨੧॥
ਪਠ੍ਯੋ ਦਾਸ ਸ਼੍ਰੀ ਸਤਿਗੁਰੂ, ਨਿਜ ਨਿਕਟਿ ਬੁਲਾਯੋ।
ਆਇ ਕਰੀ ਤਬਿ ਬੰਦਨਾ, ਨਿਜ ਸੀਸ ਨਿਵਾਯੋ।
ਗੁਰ ਮਹਿਲਾ ਕੋ ਮਾਤ ਕਹਿ, ਮਸਤਕ ਕੋ ਟੇਕਾ।
ਆਗਜਾ ਲੇ ਬੈਠ੍ਯੋ ਜਬਹਿ, ਕਹਿ ਜਲਧਿ ਬਿਬੇਕਾ ॥੨੨॥
'ਕਹਹੁ ਆਪਨੇ ਕਰਮ ਕੋ, ਜਿਮ ਪੂਰਬ ਆਯੋ।
ਕਿਮ ਚੋਰੀ ਦੁਸ਼ਕਰ ਕਰੀ, ਧਨ ਕੋ ਹਰਿ ਲ੍ਯਾਯੋ?
ਕਹੁ ਪ੍ਰਸੰਗ ਸਭਿ ਛੋਰ ਤੇ, ਇਹ ਸੁਨਿਬੋ ਚਾਹੈਂ।'
ਬਿਧੀਚੰਦ ਤਬਿ ਜੋਰਿ ਕਰ, ਉਚਰ੍ਯੋ ਗੁਰ ਪਾਹੈ ॥੨੩॥
'ਪੂਰਬ ਤਸਕਰ ਕਰਮ ਕੋ, ਮੈਂ ਕਰਤਿ ਘਨੇਰੇ।
ਮਹਿਖੀ ਸੁੰਦਰ ਬ੍ਰਿੰਦ ਕੋ, ਚੋਰੀ ਇਕ ਬੇਰੇ।
ਲੇ ਨਿਕਸ੍ਯੋ ਤੂਰਨ ਕਰਤਿ, ਨਿਜ ਘਰ ਕੋ ਚਾਲਾ।
ਸੁਧ ਹੋਈ ਪੁਨ ਗ੍ਰਾਮ ਕੇ, ਨਿਕਸੇ ਨਰਿ ਜਾਲਾ ॥੨੪॥
ਖੋਜ ਪਾਇ ਮਹਿਖੀਨਿ ਕੋ, ਪਰਿ ਪਾਛ ਪੁਕਾਰਾ[1]।
ਆਗੇ ਮੈਂ ਉਤਲਾਵਤੋ, ਬਹੁ ਦੂਰ ਸਿਧਾਰਾ।
ਚੋਲ੍ਹੇ ਗ੍ਰਾਮ ਸਮੀਪ ਜਬਿ, ਪਹੁੰਚ੍ਯੋ ਉਤਲਾਏ।
ਆਇ ਸੁ ਮਿਲੀ ਗੁਹਾਰ[1] ਤਬਿ, ਇਮ ਕਰ੍ਯੋ ਉਪਾਏ ॥੨੫॥
ਹੁਤੋ ਤਾਲ ਜਲ ਕੋ ਭਰ੍ਯੋ, ਸਭਿ ਮਹਿਖ

[1]ਮੇਰੇ) ਪਿਛੇ ਪੁਕਾਰ ਪੈ ਗਈ।

[1]ਵਾਹਰ।

ਪ੍ਰਵੇਸ਼ੀ।
ਅਦਲੀ ਗੁਰ ਕੋ ਸਿੱਖ ਤਹਿਂ, ਜਿਹ ਸੁਮਤਿ ਵਿਸ਼ੇਸ਼ੀ।
ਜਾਇ ਚਰਨ ਪਰ ਮੈਂ ਪਰਜੋ, ਸਭਿ ਬਿਨੈ ਸੁਨਾਈ।
-ਰੱਛਯਾ ਕੀਜੈ ਰਿਪੁਨਿ ਤੇ, ਤੁਮ ਬਨਹੁ ਸਹਾਈ ॥੨੬॥
ਬਹੁਰ ਕਰਹੁ ਸਿਖ ਆਪਨੋ, ਦੀਜਹਿ ਉਪਦੇਸ਼ਾ।
ਉਪਕਾਰੀ ਤੁਮ ਸੰਤ ਹੋ, ਚਿਤ ਸ਼ਾਂਤਿ ਵਿਸ਼ੇਸ਼ਾ-।
ਅਦਲੀ ਸੁਨਿ ਬਿਨਤੀ ਤਬਹਿ, ਬਹੁ ਭਏ ਕ੍ਰਿਪਾਲਾ।
ਕੀਨਿ ਬਤਾਵਨ ਸ਼ੁਭ ਮਤੀ, ਮਮ ਭਾਗ ਬਿਸਾਲਾ ॥੨੭॥
-ਸਿਮਰਹੁ ਸ਼੍ਰੀ ਅਰਜਨ ਗੁਰੂ, ਰਾਖਹਿ ਤੁਵ ਲਾਜਾ।
ਬਹੁਰ ਬਨਹੁ ਸਿਖ ਜਾਇ ਕਰਿ, ਤਜਿ ਕੈ ਅਸ ਕਾਜਾ-।
ਸੁਨਿ ਤਿਸ ਕੇ ਉਪਦੇਸ਼ ਕੋ, ਮੈਂ ਧਾਰਨ ਕੀਨਾ।
ਕਰੇ ਅਰਾਧਨ ਸਤਿਗੁਰੂ, ਪਰਿ ਸ਼ਰਨੀ ਦੀਨਾ ॥੨੮॥
-ਬਨਹੁ ਸਹਾਇਕ ਦਾਸ ਲਖਿ, ਤੁਮ ਅੰਤਰਜਾਮੀ।
ਪੁਨ ਮੈਂ ਰਹੌਂ ਸਮੀਪ ਹੀ, ਕਰਿ ਕੈ ਨਿਜ ਸ੍ਵਾਮੀ-।
ਉਰ ਮਹਿਂ ਧਯਾਨ ਸੁ ਧਾਰਿ ਕੈ, ਥਿਰ ਭਾ ਤਿਸ ਥਾਨਾ।
ਤਬਿ ਲੌ ਆਇ ਗੁਹਾਰ[1] ਗਨ, ਲੇ ਖੋਜ ਮਹਾਨਾ ॥੨੯॥
ਸਰ ਲਗਿ ਖੋਜ ਨਿਹਾਰਤੇ[1], ਨਹਿਂ ਆਗੇ

[1]ਵਾਹਰ ਆ ਗਈ।

[1]ਛਪੜ ਤਕ ਖੋਜ ਦੇਖਿਆ।

ਚਾਲਾ।
ਇਤ ਉਤ ਖੋਜਤਿ ਫਿਰਤਿ ਭੇ, ਸੇ ਮਾਨਵ ਜਾਲਾ।
ਅਦਲੀ ਸਿੱਖ ਬਿਲੋਕਿ ਕੈ, ਤਿਨ ਸਾਥ ਬਖਾਨਾ।
-ਕਹਾ ਖੋਜਤਿ ਤੁਮ ਫਿਰਤਿ ਬਹੁ? ਕੁਛ ਸਕੇ ਨ ਜਾਨਾ[1]- ॥੩੦॥
ਕਹਤਿ ਭਏ -ਮਹਿਖੀਨਿ ਕੋ, ਇਕ ਤਸਕਰ ਲਜਾਯੋ।
ਖੋਜ ਇਹਾਂ ਲਗਿ ਆਇ ਕੈ, ਨਹਿਂ ਅੱਗ੍ਰ ਚਲਾਯੋ।
ਖੋਜਹਿ ਹੈਂ ਤਿਸ ਖੋਜ ਕੋ, ਜੇਕਰਿ ਤੁਮ ਹੇਰਾ।
ਕਰਹੁ ਬਤਾਵਨ ਸੰਤ ਜੀ! ਕਿਤ ਗਯੋ ਅਗੇਰਾ- ॥੩੧॥
ਸੁਨਿ ਅਦਲੀ ਉੱਤਰ ਦੀਯੋ, -ਮਹਿਖੀ ਸਰ ਮਾਂਹੀ[1]।
ਇਨ ਬਿਨ ਅਪਰ ਨ ਮੈਂ ਪਿਖੀ, ਕੋ ਗਮਨਜੋ ਨਾਂਹੀ[1]-।
ਸੁਨਿ ਬੋਲੇ -ਦੇਖੀ ਭਲੀ ਇਹ ਨਹੀਂ ਹਮਾਰੀ।
ਕਪਲ[1] ਬਰਨ ਕੀ ਇਹੁ ਸਕਲ, ਹਮਰੀ ਸਭ ਕਾਰੀ[2]- ॥੩੨॥
ਇਮ ਕਹਿ ਇਤ ਉਤ ਬਹੁ ਫਿਰੇ, ਕਛੁ ਜਾਇ ਨ ਜਾਨੀ।
ਸ਼੍ਰਮਤਿ ਭਏ ਸਗਰੇ ਹਟੇ, ਨਹਿਂ ਸਕੇ ਪਛਾਨੀ।
ਗ੍ਰਿਹ ਕੋ ਗਈ ਗੁਹਾਰ ਜਬਿ, ਮਿਲਿ ਅਦਲੀ ਸੰਗਾ।
ਕਹਜੋ -ਪਿਖਹੁ ਗੁਰ ਕੀ ਕਲਾ, ਜਿਨ ਸੁਜਸੁ ਉਤੰਗਾ ॥੩੩॥
ਹੋਹਿਂ ਸਹਾਇਕ ਸਿਮਰਤੇ, ਦੁਹਿ ਲੋਕਨਿ

[1]ਕੁਛ ਜਾਣ ਨਹੀਂ ਸਕੀਦਾ।

[1]ਮਹੀਆਂ ਇਸ ਛੱਪੜ ਵਿਚ ਹੈਨ।

[1]ਇਨ੍ਹਾਂ (ਮਹੀਆਂ) ਤੋਂ ਬਿਨਾਂ ਨਾ ਕੋਈ ਦੇਖੀ ਹੈ ਨਾਂ ਅਗੇ ਲੰਘੀ ਹੈ।

[1]ਭੂਰੇ। [2]ਕਾਲੀ।

ਮਾਂਹੀ।
ਅਸ ਪ੍ਰਭੁ ਕੋ ਜੇ ਤਜਤਿ ਹੈਂ, ਤਿਨ ਕੈ ਬੁਧਿ ਨਾਂਹੀ।
ਜਯੋਂ ਕਯੋਂ ਰਾਖਹਿਂ ਦਾਸ ਪਤਿ, ਸਭਿ ਬਿਘਨ ਮਿਟਾਵੈਂ।
ਇਹ ਬਡਿਆਈ ਗੁਰੂ ਕੀ, ਗੁਰ ਸਿੱਖਨਿ ਭਾਵੈ ॥੩੪॥
ਸਭਿ ਕਾਰੀ ਮਹਿਖੀਨਿ ਕੋ, ਔਰੈ ਕਰਿ ਰੰਗਾ।
ਸਿਮਰੇ ਕਰੀ ਸਹਾਇਤਾ, ਬਹੁ ਤੂਰਨ ਸੰਗਾ।
ਤਸਕਰ ਕੀ ਕ੍ਰਿਤਿ ਤਯਾਗਿ ਕੈ, ਸ਼ਰਨੀ ਪਰਿ ਜਾਈ।
ਪ੍ਰਾਪਤਿ ਹੁਇ ਕਲਯਾਨ ਕੋ, ਤੁਵ ਭਾਗ ਭਲਾਈ- ॥੩੫॥
ਤਬਿ ਮੈਂ ਸੁਨਿ ਉਪਦੇਸ਼ ਕੋ, ਸਰ ਮਹਿਖ ਨਿਕਾਰੀ।
ਧਰਮਸਾਲ ਸਿਖ ਸੰਤ ਕੋ, ਦੀਨੀ ਤਬਿ ਸਾਰੀ[1] [†]।
ਬਿਨੈ ਬਖਾਨੀ ਦੀਨ ਹ੍ਵੈ ਅਦਲੀ ਸੰਗ ਲੀਨਾ।
ਸੁਧਾ ਸਰੋਵਰ ਦੀ ਦਸ਼ਾ ਪ੍ਰਸਥਾਨੋ ਕੀਨਾ' ॥੩੬॥

[1]ਭਾਵ ਇਹ ਕਿ ਉਹ ਗ੍ਰੰਥੀ ਸਾਈਆਂ ਨੂੰ ਪੁਚਾ ਦੇਵੇ ਕਿਉਂਕਿ ਅਗਲੀ ਤੁਕ ਵਿਚ ਆਪ ਅੰਮ੍ਰਿਤਸਰ ਨੂੰ ਟੁਰ ਪਏ ਦੱਸੇ ਹਨ। [†]ਅਦਲੀ ਨੇ ਬਿਧੀਚੰਦ ਦੀ ਰੱਖਿਆ ਤਾਂ ਕਰ ਦਿੱਤੀ, ਪਰ ਮਹੀਆਂ ਸਾਈਂ ਪਛਾਣ ਨ ਸਕੇ, ਇਹ ਅਦਲੀ ਨੇ ਸਤਿਗੁਰ ਜੀ ਦੀ ਕਲਾ ਬੀ ਵਿਖਾ ਦਿੱਤੀ ਪਰ ਫੇਰ ਮਹੀਆਂ ਸਾਈਆਂ ਨੂੰ ਭੇਜ ਦਿੱਤੀਆਂ, ਕਿਉਂਕਿ ਗੁਰਬਾਣੀ ਤੇ ਗੁਰੂ ਜੀ ਦੇ ਵਰਤਾਉ ਦੱਸ ਰਹੇ ਹਨ ਕਿ ਓਹ ਐਸਾ ਮਾਲ ਅੰਗੀਕਾਰ ਨਹੀਂ ਸਨ ਕਰਦੇ, ਦੇਖੋ ਅਗਲੇ ਅੰਸੂ ਦੇ ਅੰਕ ੭ ਦੀ ਹੇਠਲੀ ਟੂਕ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਿਧੀਆ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਬਿਧੀ ਚੰਦ ਦੀ ਆਦਿ ਕਥਾ ਅਪਨੀ ਜ਼ੁਬਾਨੀ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

'ਲੇ ਕਰਿ ਅਦਲੀ ਸੰਗ ਮੈਂ,
ਗੁਰ ਮਹਿਮਾ ਉਰ ਧਾਰਿ।
ਅਮੀਤਾਲ[1] ਪਹੁੰਚਤਿ ਭਏ,
ਜਾਗੇ ਭਾਗ ਉਦਾਰ ॥੧॥

[1]ਅੰਮ੍ਰਿਤਸਰ।

ਨਿਸ਼ਾਨੀ ਛੰਦ:

ਆਗੇ ਸ਼੍ਰੀ ਅਰਜਨ ਗੁਰੂ, ਬਿਚ ਸਭਾ ਸੁਹਾਏ।
ਜਨੁ ਬ੍ਰਹਮਾ ਸੁਰ ਬ੍ਰਿੰਦ ਮਹਿਂ, ਉਪਦੇਸ਼ ਅਲਾਏ।
ਧਰੀ ਉਪਾਇਨਿ ਅੱਗ੍ਰ ਕੁਛ, ਗਹਿ ਪਦ ਅਰਬਿੰਦਾ।
ਢਿਗ ਬੈਠਯੋ ਕਰ ਜੋਰਿ ਕੈ, ਪਿਖਿ ਦਰਸ ਬਿਲੰਦਾ ॥੨॥
ਅਦਲੀ ਨੇ ਸਭਿ ਬਾਰਤਾ, ਗੁਰ ਨਿਕਟਿ ਸੁਨਾਈ।
-ਆਯੋ ਅਬਿ ਸਿਖ ਹੋਨ ਕੋ, ਰਾਵਰਿ ਸ਼ਰਨਾਈ।
ਰੱਖਯਕ ਦੀਰਘ ਜਾਨਿ ਕਰਿ, ਜੁਗ ਲੋਕ ਮਝਾਰਾ[1]।
ਰਹਯੋ ਚਹੈ ਢਿਗ ਆਪ ਕੇ, ਲਖਿ ਮੋਖ ਉਦਾਰਾ[1]- ॥੩॥
ਸੁਨਿ ਬਿਨਤੀ ਗੁਰ ਦਯਾ ਨਿਧਿ, ਬਹੁ ਭਏ ਪ੍ਰਸੰਨੰ।
ਚਰਨਾਂਮ੍ਰਿਤ ਮੋ ਕੋਹੁ ਦਿਯੋ, ਕਰਿ ਸਿੱਖ ਅਨੰਨੰ।
ਉਪਦੇਸ਼ਯੋ ਸਤਿਨਾਮ ਕੋ, ਸਿਮਰਨ ਦਿਨ ਰੈਨਾ[1]।
ਕਰਿ ਲੀਨੋ ਮੁਝ ਆਪਨੋ, ਕਰੁਨਾ ਰਸ ਨੈਨਾ[1] ॥੪॥

[1]ਦੋਹਾਂ ਲੋਕਾਂ ਵਿਚ (ਆਪ ਜੀ ਨੂੰ) ਰੱਖਯਕ ਜਾਣਕੇ।

[1]ਆਪ ਜੀ ਨੂੰ) ਮੁਕਤੀ ਦਾਤਾ ਲਖਕੇ।

[1]ਸਤਿਨਾਮ ਦਾ ਦਿਨ ਰਾਤ ਦਾ ਸਿਮਰਨ (ਭਾਵ ਲਗਾਤਾਰੀ ਸਿਮਰਨ) ਉਪਦੇਸ਼ਿਆ (ਮੈਨੂੰ)।

[1]ਕ੍ਰਿਪਾ ਰਸ ਦੇ ਨੇਤ੍ਰਾਂ (ਵਾਲੇ ਸਤਿਗੁਰ ਜੀ ਨੇ)।

-ਚੋਰੀ ਤਜਾਗਹੁ ਅਬਹਿ ਤੇ, ਆਛੇ ਮਗ ਚਾਲੋ।
ਗੁਰੂ ਗਿਰਾ[1] ਪਠੀਐ ਸੁਨਹੁ, ਪ੍ਰਭੁ ਰਿਦੇ ਸਮਾਲੋ-।
ਸੁਨਿ ਗੁਰ ਤੇ ਮੈਂ ਤਬਿ ਕਹਜੋ -ਮੁਹਿ ਪਰਜੋ ਸੁਭਾਉ।
ਛੁਟਹਿ ਨ ਚੋਰੀ ਚਹਤਿ ਚਿਤ, ਇਹ ਸਾਚ ਅਲਾਊਂ- ॥੫॥
ਸੁਨਿ ਪ੍ਰਸੰਨ ਬਿਕਸੇ ਬਦਨ, ਪੁਨ ਬਾਕ ਬਖਾਨਾ।
-ਜੇ ਚੋਰੀ ਤੇ ਹਟਤਿ ਨਹਿਂ, ਇਮ ਕਰਹੁ ਸੁਜਾਨਾ।
ਰੰਕ ਹੋਇ ਦੁਖ ਅਸਨ ਜਿਹ, ਕੁਛ ਹਾਥ ਨ ਆਵੈ[1]।
ਤਿਸ ਹਿਤ ਕਰਿ ਉਪਕਾਰ ਕੋ, ਅਚਿ ਕਰਿ ਤ੍ਰਿਪਤਾਵੈ ॥੬॥
ਅਧਿਕ ਧਨੀ ਕੋ ਤਨਕ ਧਨ[1], ਲੇ ਆਵਹੁ ਦੀਜੈ।
ਜੇ ਤਜਾਗੀ ਨਹਿਂ ਜਾਇ ਕਬਿ, ਤੌ ਇਸ ਬਿਧਿ ਕੀਜੈ[†]-।

[1]ਗੁਰਬਾਣੀ।

[1]ਕੁਛ ਨਾ ਪ੍ਰਾਪਤ ਹੁੰਦਾ ਹੋਵੇ।

[1](ਕਿਸੇ) ਮਹਾਨ ਧਨੀ ਦਾ ਥੋੜਾ ਜਿਹਾ ਧਨ।

[†]ਇਹ ਉਪਦੇਸ਼ ਸਤਿਗੁਰਾਂ ਦਾ ਤ੍ਰੈਕਾਲ ਨਹੀਂ ਹੋ ਸਕਦਾ। ਜਿਨ੍ਹਾਂ ਦੀ ਗੁਰਬਾਣੀ ਇਹ ਕਹਿ ਰਹੀ ਹੈ:-ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ' ॥ ਓਹ ਕਦੇ ਕਿਸੇ ਹਾਲ ਵਿਚ ਕਿਸੇ ਕਾਰਜ ਲਈ ਚੋਰੀ ਦਾ ਉਪਦੇਸ਼ ਨਹੀਂ ਦੇ ਸਕਦੇ। ਪਿਛੇ ਕਵੀ ਜੀ ਆਪ ਦੱਸ ਆਏ ਹਨ ਕਿ ਅਦਲੀ ਸਿਖ ਨੂੰ ਮਿਲਨ ਤੋਂ ਪਹਿਲਾਂ ਬਿਧੀ ਚੰਦ ਚੋਰੀ ਕਰਦਾ ਸੀ, ਗੁਰੂ ਜੀ ਦੀ ਸ਼ਰਨ ਆਉਣ ਦੇ ਦਿਨ ਤੋਂ ਉਸ ਨੇ ਚੋਰੀ ਛੱਡ ਦਿੱਤੀ। ਇਸ ਕਰਕੇ ਇਸ ਤੋਂ ਅਗਲੇ ਪ੍ਰਸੰਗ ਬਿਧੀ ਚੰਦ ਦੇ ਸਿਖ ਬਣਨ ਤੋਂ ਪਹਿਲੇ ਦੇ ਕਾਰਨਾਮੇ ਹਨ, ਤੇ ਮਾਤਾ ਜੀ ਵਾਲੇ ਪ੍ਰਸੰਗ ਨੂੰ ਮੂਲੋਂ ਸਹੀ ਨਹੀਂ ਮੰਨਣਾ ਚਾਹੀਦਾ। ਫਿਰ ਦੇਖੋ ਕਵਿ ਜੀ ਆਪ ਬੀ ਪਿਛਲੇ ਅੰਸੂ ਦੇ ਅੰਕ ੨੭ ਵਿਚ ਲਿਖ ਆਏ ਹਨ ਕਿ ਸੰਤ ਅਦਲੀ ਨੇ ਕਿਹਾ ਕਿ 'ਬਹੁਰ ਬਨਹੁ ਸਿਖ ਜਾਇ ਕੈ ਤਜਿ ਕੈ ਅਸ ਕਾਜਾ' ਤੇ ਬਿਧੀ ਚੰਦ ਨੇ ਕਿਹਾ 'ਸੁਨ ਤਿਸ ਕੇ ਉਪਦੇਸ਼ ਕੋ ਮੈਂ ਧਾਰਨ ਕੀਨਾ।' ਸੋ ਚੋਰੀ ਤਾਂ ਬਿਧੀ ਚੰਦ ਛੱਡ ਚੁੱਕਾ ਸੀ ਤੇ ਸੰਤ ਛੁਡਵਾ ਚੁਕੇ ਸਨ, ਫੇਰ 'ਚੋਰੀ ਮੈਥੋਂ ਨਹੀਂ ਛੁਟਦੀ' ਇੱਥੇ ਆਕੇ ਕਹਿਣਾ ਵਦਜੋਵਜਾਘਾਤ ਹੈ, ਯਾ ਮਗਰਲਾ ਪ੍ਰਸੰਗ ਸਾਰਾ ਅਖੇਪਕ ਹੈ।

ਸਿੱਟਾ ਇਹ ਕਿ ਸਤਿਗੁਰ ਚੋਰੀ ਮਨ੍ਹਾਂ ਕਰਦੇ ਹਨ, ਅਦਲੀ ਇਸੇ ਮਤਲਬ ਲਈ ਗੁਰਾਂ ਪਾਸ ਲੈ ਗਿਆ, ਸਤਿਗੁਰਾਂ ਚੋਰੀ ਮਨ੍ਹਾਂ ਕੀਤੀ ਤੇ ਮੱਥੇ ਦਾ ਲੇਖ ਯਾ ਸਿਰ ਦੀ ਬੀਮਾਰੀ ਆਤਮ ਬਲ ਨਾਲ ਵੱਲ ਕਰ ਦਿੱਤੀ, ਉਹ ਭਜਨ ਬੰਦਗੀ ਵਿਚ ਲਗ ਗਿਆ, ਫਿਰ ਉਸ ਪਰ ਚੋਰੀ ਦੀ ਸੰਭਾਵਨਾ ਕਰਨੀ ਉਚਿਤ ਨਹੀਂ, ਜੋ ਵਾਕਿਆ ਫਿਰ ਆਵੇ ਤਾਂ ਉਹ ਉਸਦੀ ਪਹਿਲੀ ਜ਼ਿੰਦਗੀ ਦਾ ਕੋਈ ਕਾਰਾ ਹੈ, ਜਿਸ ਨੂੰ ਅੱਗੇ ਪਿਛੇ ਲਿਖ ਦਿੱਤਾ ਗਿਆ ਹੈ ਯਾ ਕਿਸੇ ਕਹਾਣੀ ਨੂੰ ਕਿਸੇ ਪ੍ਰੇਮੀ ਨੇ ਆਖੇਪ ਕੀਤਾ ਹੈ, ਦੇਖੋ ਅੰਸੂ ੩ ਅੰਕ ੩ ਦੀ ਹੇਠਲੀ ਟੂਕ। ਜੋ ਘੋੜਿਆਂ ਦਾ ਮਾਮਲਾ ਰਾਸ ੭ ਅੰਸੂ ੨੬ ਤੋਂ ੩੩ ਵਿਚ ਆ ਚੁੱਕਾ ਹੈ, ਉਸਦਾ ਕਾਰਨ ਰਾਸ ੭ ਅੰਸੂ ੨੬ ਦੀ ਹੇਠਲੀ ਟੂਕ ਵਿਚ ਵਰਣਨ ਕਰ ਆਏ ਹਾਂ।

ਸੁਨਿ ਸਤਿਗੁਰ ਉਪਦੇਸ਼ ਕੋ, ਮੈਂ ਧਾਰਨ

ਕੀਨਾ।
ਕੇਤਿਕ ਦਿਨ ਨਿਕਟੀ ਰਹਜੋ, ਸੇਵਾ ਚਿਤ ਦੀਨਾ ॥੭॥
ਪੁਨ ਅਦਲੀ ਕੇ ਸੰਗ ਮੈਂ ਕਰਿ ਚੌਂਪ ਬਿਸਾਲੀ।
ਗਮਨਜੋ ਅਪਨੇ ਨਾਨਕੇ, ਗ੍ਰਾਮ ਜੁ ਸਿਰਹਾਲੀ।
ਜਬਿ ਕਬਿ ਰੁਚਿ ਉਪਜੈ, ਰਿਦੈ ਗਮਨੌਂ ਹਿਤ ਚੋਰੀ।
ਰੰਕਨਿ ਕੋ ਪਿਖਿ ਦੇਤਿ ਭਾ, ਉਰ ਗੁਰ ਪਗ ਡੋਰੀ[1] ॥੮॥
ਇਕ ਦਿਨ ਮੈਂ ਬੈਠਜੋ ਹੁਤੋ, ਆਈ ਦਿਜ ਨਾਰੀ।
ਕਹਤਿ ਭਈ ਨਿਜ ਬਾਰਤਾ, ਚਿਤ ਅਧਿਕ ਦੁਖਾਰੀ।
-ਸੁਨਹੁ ਗੁਰੂ ਸਿਖ! ਮੈਂ ਸੁਨਜੋ, ਤੁਮਰੋ ਜਸੁ ਆਛੋ।
ਦੀਨਨਿ ਪਰ ਉਪਕਾਰ ਕੋ, ਖਰਿਬੇ ਨਿਤ ਬਾਂਛੋ ॥੯॥
ਦਾਰਿਦ ਹਮਰੇ ਸਦਨ ਬਹੁ, ਨਹਿਂ ਪਾਇੰ ਅਹਾਰਾ।
ਬਸਨ ਆਦਿ ਤੇ ਥੁਰ ਗਏ, ਅਤਿ ਮੰਦ ਗੁਜ਼ਾਰਾ।
ਸੁਤਾ ਕੁਮਾਰੀ ਉਚਿਤ ਬਰੁ, ਦੇਖੇ ਦੁਖ ਪਾਵੈਂ।
ਹੋਤਿ ਅਹਾਰ ਨ ਪ੍ਰਾਪਤੀ, ਦੂਸਰ ਦਿਨ ਖਾਵੈਂ ॥੧੦॥
ਨਿਸ ਦਿਨ ਚਿੰਤਾ ਮਹਿ ਬਿਤਹਿ, ਹੋਤਿ ਨ ਉਪਚਾਰਾ।
ਜਿਸ ਤੇ ਬਜਾਹੋਂ ਸੁਤਾ ਨਿਜ, ਦੇ ਤਿਨਹਿ ਅਹਾਰਾ-।
ਸੁਨਿ ਬੂਝੀ -ਕਹੁ ਸਾਚ ਅਬਿ, ਕੇਤਿਕ

[1]ਰਿਦੇ ਦੀ ਡੋਰ ਗੁਰੂ ਦੇ ਚਰਨਾਂ ਵਿਚ (ਲਗੀ ਰਹਿੰਦੀ ਸੀ)।

ਧਨ ਲੈ ਕੇ।
ਕਾਰਜ ਕੋ ਪੂਰਾ ਕਰਹਿਂ, ਸਭਿ ਕੋ ਹਰਖੈ ਕੈ? ॥੧੧॥
ਸਰਬ ਸੁ ਬਜਾਹ ਸਮਾਜ ਕੋ, ਕਰਿ ਪੂਰਨ ਆਛੇ।
ਕਿਤਿਕ ਦਰਬ ਤੇ ਹੋਹਿਗੋ? ਕਹੁ ਚਿਤ ਕੀ ਬਾਂਛੇ-।
ਦਿਜ ਬਨਿਤਾ ਬੋਲੀ ਤਬਹਿ -ਪੰਜ ਸੈ ਧਨ ਪਾਊਂ।
ਮਹਾਂ ਫਰਾਗ਼ਤ ਸਾਥ[1] ਮੈਂ, ਨਿਜ ਸੁਤਾ ਉਠਾਊਂ- ॥੧੨॥
ਸੁਨਿ ਮੈਂ ਤਿਸ ਕੋ ਤਬਿ, ਕਹਜੋ -ਧਨ ਦੇਵੌਂ ਤੋਹੀ।
ਦਿਨ ਪੰਚਕ ਮਹਿਂ ਆਇ ਪੁਨ, ਮਿਲੀਅਹਿ ਇਤ ਮੋਹੀ-।
ਹਰਖਤਿ ਅਪਨੇ ਘਰ ਗਈ, ਮੈਂ ਜਤਨ ਬਿਚਾਰਾ।
ਜਹਾਂਗੀਰ ਕੀ ਬੇਗਮਾ, ਸੁਨਿ ਪੰਥ ਮਝਾਰਾ ॥੧੩॥
ਪੱਤਣ ਚੰਬੇ ਦੂਣ† ਕੋ, ਡੇਰਾ ਤਹਿਂ ਘਾਲਾ।
ਸੁਨਿ ਕਰਿ ਮੈਂ ਨਿਸ਼ਚੇ ਭਲੇ, ਤਿਨ ਕੀ ਦਿਸ਼ਿ ਚਾਲਾ।
ਪਹੁੰਚਜੋ ਦੇਖਜੋ ਜਾਇ ਤਬਿ, ਸੰਗ ਮਾਨਵ ਜਾਲਾ।
ਲਾਇ ਘਾਤ ਨੀਕੇ ਰਹਜੋ, ਨਿਸ ਤਿਮਰ ਬਿਸਾਲਾ ॥੧੪॥
ਅਰਧ ਰਾਤਿ ਤਬਿ ਹੂੰ ਭਈ, ਮਿਲਿ ਪਹਿਰੂ ਮਾਂਹੀ†।
ਜਹਿਂ ਪ੍ਰਯੰਕ ਬੇਗਮ ਹੁਤੋ, ਪਹੁੰਚਜੋ ਤਿਸ ਪਾਹੀ।
ਬਿਚ ਤੰਬੂ ਕੇ ਸੁਪਤ ਸਭਿ, ਦਾਸੀ ਗਨ ਜੇਈ।

[1]ਬੜੀ ਖਲ੍ਹ ਨਾਲ। [ਅ਼. ਫ਼ਰਾਗ਼ਤ]

†ਪਾ:-ਚੰਬੇਦੂਲ।

†ਪਹਿਰੇਦਾਰਾਂ ਵਿਚ ਓਪਰਾ ਆਦਮੀ ਕੀਕੂੰ ਰਲ ਗਿਆ, ਇਸ ਤੋਂ ਬੀ ਇਹ ਵਾਰਤਾ ਮੰਨਣੇ ਜੋਗ ਨਹੀਂ।

ਧਨ ਕੇ ਧਰੇ ਸੰਦੂਖ ਗਨ, ਦੇਖੇ ਦਿਢ ਤੇਈ ॥੧੫॥
ਬੈਠ੍ਯੋ ਤਿਨ ਕੇ ਬੀਚ ਮੈਂ, ਕਰਿ ਕੈ ਬਲ ਹਾਥਾ।
ਤੋਰ੍ਯੋ ਤਾਰੋ ਏਕ ਕੋ, ਪੁਰ ਜੋ ਧਨ ਸਾਥਾ।
ਥਾਤੀ ਜਿਸ ਮਹਿਂ ਬਹੁਤ ਹੈਂ, ਇਕ ਤਬਹਿ ਨਿਕਾਸੀ।
ਹੁਤੋ ਪੰਚ ਸੈ ਜਿਸ ਬਿਖੈ, ਸੋ ਲੇਕਰਿ ਪਾਸੀ ॥੧੬॥
ਸੰਪਟ[1] ਜ਼ੇਵਰ ਕੇ ਭਰੇ, ਸਭਿ ਤਜਾਗਨਿ ਕੀਨੇ।
ਖੋਲ੍ਹਿ ਖੋਲ੍ਹਿ ਧਰਿ ਕੈ ਤਹਾਂ, ਨਹਿਂ ਕਰ ਮੈਂ ਲੀਨੇ।
ਇਕ ਥਾਤੀ ਲੇ ਨਿਕਸਿਓ, ਸਤਿਗੁਰ ਸਿਮਰੰਤਾ।
ਸਭਿ ਕੀ ਦ੍ਰਿਸ਼ਟਿ ਬਚਾਇ ਕੈ, ਆਯੋ ਉਤਲੰਤਾ ॥੧੭॥
ਦਿਜ ਨਾਰੀ ਕੋ ਦੀਨਿ ਤਬਿ, ਤਨੁਜਾ ਨਿਜ ਬਜਾਹੀ।
ਇਮ ਕੀਨਸਿ ਉਪਕਾਰ ਕੋ, ਮੈਂ ਲੀਨਸਿ ਨਾਂਹੀ।
ਬਹੁਰ ਸੁਨਹੁ ਜਬਿ ਪ੍ਰਾਤ ਭੀ, ਬੇਗਮ ਤਬਿ ਜਾਗੀ।
ਸੰਪੁਟ ਜ਼ਵਰ ਖੁਲ੍ਹੇ ਗਨ, ਤਿਨ ਹੇਰਨਿ ਲਾਗੀ ॥੧੮॥
ਦਾਸੀ ਬ੍ਰਿੰਦ ਜਗਾਇ ਕਰਿ, ਪਾਯਹੁ ਬਡ ਰੌਰਾ।
ਸਰਬ ਸੰਭਾਰਨ ਕਰਤਿ ਭੀ, ਇਤ ਉਤ ਧਨ ਟੋਰਾ।
-ਤਸਕਰ ਇਕ ਥਾਤੀ ਲਈ, ਔਰੇ ਸਭਿ ਛੋਰਾ।
ਇਹ ਕੈਸੇ ਕਾਰਨ ਭਯੋ, ਬਹੁ ਤਜਿ ਲੇ

[1]ਡੱਬੇ।

ਦੋਹਰਾ- ॥੧੯॥
ਜਹਾਂਗੀਰ ਢਿਗ ਜਾਇ ਕਰਿ, ਕਹਿ ਗਾਥ ਸੁਨਾਈ।
-ਜੇਵਰ ਲਾਖਹੁਂ ਕੇ ਤਜੇ, ਤਸਕਰ ਇਕ ਆਈ।
ਦਰਬ ਪੰਚਸੈ ਲੈ ਗਯੋ, ਕੁਛ ਜਾਇ ਨ ਜਾਨਾ।
ਬਿਸਮਤ ਮਤਿ ਸਗਰੇ ਭਏ- ਰਿਸ ਸ਼ਾਹੁ ਮਹਾਨਾ ॥੨੦॥
ਨਿਕਟਿ ਨਿਕਟਿ ਕੇ ਗ੍ਰਾਮ ਜੇ, ਸਭਿ ਪਕਰਿ ਮੰਗਾਏ।
ਦਈ ਸਜਾਇ ਅਨੇਕ ਬਿਧਿ, ਦਿਹੁ ਚੋਰ ਦਿਖਾਏ।
ਨਾਂਹਿ ਤ ਫਾਂਸੀ ਡਾਰਿ ਕੈ, ਸਭਿ ਕਰੌਂ ਬਿਨਾਸ਼ਾ।
ਸਕਲ ਗ੍ਰਾਮ ਕੋ ਖੋਜਿ ਕਰਿ, ਆਨਹੁ ਤਿਸ ਪਾਸਾ[1]- ॥੨੧॥
ਗ੍ਰਾਮ ਸ੍ਰਿਹਾਲੀ ਕੇ ਗਏ, ਤਿਨ ਬਾਕ ਬਖਾਨਾ।
-ਬਿਧੀਆ ਹਮਰੋ ਦੋਹਿਤਾ, ਅਤਿਸ਼ੈ ਬੁਧਿਵਾਨਾ।
ਉਪਕਾਰੀ ਸੋ ਕਰੈਗੋ, ਤੁਮਰੋ ਦੁਖ ਹਾਨਾ।
ਗਮਨਹੁ ਬੂਝਹਿਂ ਤਾਹਿ ਕੋ- ਕਹਿ ਕੀਨ ਪਯਾਨਾ ॥੨੨॥
ਕਹਯੋ, ਜੋਰ ਕਰ[1] ਜਬਿ ਮਿਲਯੋ -ਇਹੁ ਕਰਿ ਉਪਕਾਰਾ।
ਬੰਧਨ ਮਹਿਂ ਨਰ ਕੈਦ ਹੈਂ, ਮਾਰੇਂ ਬਹੁ ਬਾਰਾ-।
ਬਹੁਤਨਿ ਕੀ ਸੁਨਿ ਦੀਨਤਾ, ਮੈਂ ਰਿਦੈ ਬਿਚਾਰੇ।
-ਇਕ ਮੇਰੇ ਉਪਚਾਰ ਤੇ ਹੋਵਤਿ ਸੁਖ ਸਾਰੇ- ॥੨੩॥

[1]ਤਿਸ (ਚੋਰ) ਨੂੰ ਮੇਰੇ ਪਾਸ ਲੈ ਆਓ।

[1]ਹਥ ਜੋੜਕੇ।

ਗਯੋ ਸੰਗ ਤਿਨ ਕੇ ਤਬੈ, ਨਹਿਂ ਭੈ ਉਰ ਧਾਰਾ।
ਗੁਰੂ ਭਰੋਸਾ ਮੋਹਿ ਕੋ ਹ੍ਵੈ, ਬਾਂਕ ਨ ਬਾਰਾ[1]।
ਜਹਾਂਗੀਰ ਜਹਿਂ ਥਿਰ ਹੁਤੋ, ਤਹਿਂ ਲੌ ਪਹੁੰਚਾਯੋ।
ਮੇਰੀ ਦਿਸ਼ਾ ਬਿਲੋਕਿ ਕੈ, ਇਮ ਸ਼ਾਹੁ ਅਲਾਯੋ ॥੨੪॥
-ਤੂੰ ਤਸਕਰ ਹੈਂ ਦਰਬ ਕੋ-, ਮੈਂ ਸੁਨਤਿ ਬਖਾਨਾ।
-ਕਹਜੋ ਆਪ ਕੋ ਸਾਚ ਹੈ, ਹੌਂ ਹੀ ਹਰਿਆਨਾ-।
ਸ਼ਾਹੁ ਭਨਤਿ -ਕਿਸ ਹੇਤੁ ਤੇ, ਧਨ ਲੀਨਸਿ ਥੋਰਾ।
ਹੀਰੇ ਮੁਕਤਾ ਦਿਪਤਿ ਗਨ, ਕੰਚਨ ਮਹਿਂ ਬੋਰਾ ॥੨੫॥
ਸੋ ਤਜਾਗੇ ਤਹਿਂ ਹੀ ਪਰੇ, ਸਭਿ ਖੋਲ੍ਹਿ ਨਿਹਾਰੇ।
ਕਹਹੁ ਸਾਚ ਇਸ ਬਾਤ ਕੋ, ਨਤੁ ਦੈ ਹੈਂ ਮਾਰੇ-।
ਬਿਨਾ ਤ੍ਰਾਸ ਤਬਿ ਮੈਂ ਕਹੀ, -ਸ਼੍ਰੀ ਅਰਜਨ ਨਾਥਾ।
ਸੋ ਮੇਰੇ ਸਤਿਗੁਰ ਅਹੈਂ, ਮਾਥੇ ਪਰ ਹਾਥਾ ॥੨੬॥
ਤਿਨ ਕਹਜੋ ਉਪਕਾਰ ਹਿਤ, ਚੋਰੀ ਬੀ ਠਾਨੋ।
ਸੋ ਸੀਖਜਾ ਮੈਂ ਧਾਰਿ ਉਰ, ਬਰਤੌਂ ਹਿਤ ਜਾਨੌਂ[1]।
ਦਿਜ ਤਨੁਜਾ ਕੁਆਰੀ ਹੁਤੀ, ਦੇਖਜੋ ਘਰ ਦੀਨਾ।
ਕਰੀ ਜਾਚਨਾ ਆਨਿ ਢਿਗ, ਸਭਿ ਵਸਤੁ ਬਿਹੀਨਾ ॥੨੭॥
ਦਰਬ ਪੰਚ ਮੈ ਬਜਾਹ ਕੇ, ਹਿਤ ਖਰਚ

[1]ਵਾਲ ਨਾ ਵਿੰਗਾ।

[1]ਭਲਾ ਜਾਣਕੇ।

ਬਖਾਨਾ।
ਤਿਸ ਹਿਤ ਮੈਂ ਗਮਨਜੋ ਹੁਤੋ, ਕਿਯ ਕਾਜ ਮਹਾਨਾ।
ਅੰਗੀਕਾਰ ਨ ਕੁਛ ਕਰੌਂ, ਨਹਿਂ ਲਾਲਚ ਮੇਰੇ।
ਜਿਤਿਕ ਚਹਿਯ ਉਪਕਾਰ ਹਿਤ, ਲਜਾਯਹੁ ਬਿਨ ਦੇਰੇ- ॥੨੮॥
ਸ਼੍ਰੀ ਅਰਜਨ ਕੋ ਨਾਮ ਸੁਨਿ, ਸਿਰ ਸ਼ਾਹੁ ਨਿਵਾਯੋ।
ਦਿਯੇ ਛੋਰਿ ਮਾਨਵ ਸਕਲ ਲੇ, ਕਰਿ ਮੈਂ ਆਯੋ।
ਇੱਤਜਾਦਿਕ ਬਹੁ ਬਾਰ ਮੈਂ, ਹਿਤ ਪਰਉਪਕਾਰਾ।
ਆਨਜੋ ਦਰਬ ਚੁਰਾਇ ਕਰਿ, ਨਹਿਂ ਅੰਗੀਕਾਰਾ' ॥੨੯॥
ਸੁਨਿ ਬਿਸਮਾਨੀ ਨਾਨਕੀ, ਉਰ ਬਿਖੈ ਬਿਚਾਰੀ।
-ਕਰੈ ਕਿ ਨਹਿਂ ਇਹ ਮੋਹਿ ਹਿਤ-, ਪਰਖਨਿ ਬਿਧਿ ਧਾਰੀ।
ਸ਼੍ਰੀ ਸਤਿਗੁਰ ਕੇ ਸੁਨਤਿ ਹੀ, ਮੁਖ ਹਸਤਿ ਬਖਾਨੀ।
'ਬਿਧੀਚੰਦ! ਗੁਰ ਸਿੱਖ ਤੂੰ, ਮਤਿ ਚਤੁਰ ਮਹਾਨੀ ॥੩੦॥
ਘਨੇ ਕਰੇ ਉਪਕਾਰ ਤੈਂ, ਅਰੁ ਗੁਰ ਕੇ ਕਾਜਾ।
ਅਤਿਸ਼ੈ ਚਾਤੁਰਤਾ ਧਰੇ, ਆਨੇ ਜੁਗ ਬਾਜਾ[1]।
ਕਰੇ ਰਿਝਾਵਨ ਸਕਲ ਬਿਧਿ, ਦੇ ਖੁਸ਼ੀ ਬਿਸਾਲਾ।
ਅਬਿ ਮੇਰੋ ਭੀ ਕਾਜ ਕਰਿ, ਨਿਤ ਰਹਹੁ ਸੁਖਾਲਾ' ॥੩੧॥
ਕਰ ਜੋਰਤਿ ਬਿਧੀਏ ਕਹਜੋ, ਮੈਂ ਧੰਨ

[1]ਘੋੜੇ।

ਮਹਾਨਾ।
ਜਿਸ ਤੇ ਮਾਤ ਪ੍ਰਸੰਨ ਹੁਇ, ਨਿਜ ਕਾਜ ਬਖਾਨਾ[1]।
ਮਿੱਥਜਾ ਤਨ ਤੁਮ ਹਿਤ ਲਗਹਿ, ਨਹਿਂ ਆਛੋ ਔਰੀ।
ਕਰੌਂ ਆਪ ਕੋ ਕਾਰ ਮੈਂ, ਕਸ ਬਿਖਮ ਸੁ ਠੌਰੀ[1] ॥੩੨॥
ਸੁਨਿ ਸ਼ਰਧਾ ਕੇ ਬਾਕ ਕੋ, ਤਬਿ ਮਾਤ ਬਖਾਨਾ।
'ਜਹਾਂਗੀਰ ਕੀ ਬੇਗਮਾਂ, ਅਬਿ[†] ਹੁਇਂ ਜਿਸ ਥਾਨਾ।
ਜ਼ੇਵਰ ਜੇ ਵਰ ਤਿਨਹੁ ਕੇ, ਮਮ ਹਿਤ ਦਿਹੁ ਆਨੀ।
ਹੀਰੇ ਮੁਕਤਾ ਜਿਨਹੁ ਮਹਿਂ, ਲਗਿ ਮੋਲ ਮਹਾਨੀ' ॥੩੩॥
ਸੁਨਿ ਬਿਧੀਏ ਬੰਦਨ ਕਰੀ, 'ਮੈਂ ਲਜਾਵੋਂ ਜਾਈ।
ਗੁਰ ਆਇਸੁ ਤੇ ਗਮਨ ਕਿਯ, ਉਰ ਹਰਖ ਉਪਾਈ।
ਦਈ ਆਸ਼ਿਖਾ ਨਾਨਕੀ 'ਸੁਖ ਤੋਹਿ ਸ਼ਰੀਰੰ।
ਨਹਿਂ ਸੰਕਟ ਕਬਿਹੂੰ ਬਨਹਿ, ਗੁਰ ਸਿਖ ਬਡ ਬੀਰੰ' ॥੩੪॥

[1]ਆਖੋ।

[1]ਕੈਸੀ ਹੀ ਔਖੀ ਥਾਂ ਹੋਵੇ।

। [†]'ਅਬ' ਤਾਂ ਸ਼ਾਹ ਜਹਾਂ ਪਾਤਸ਼ਾਹ ਹੈ। ਜਹਾਂਗੀਰ ਮਰ ਚੁੱਕਾ ਹੈ। ਸੋ ਕਥਾ ਅਖੇਪਕ ਜਾਪਦੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਿਧੀ ਚੰਦ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਬਿਧੀ ਚੰਦ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਲੇ ਕਰਿ ਆਸ਼ਿਖ ਮਾਤ ਤੇ, ਗੁਰ ਰਜਾਇ
ਕੋ ਪਾਇ।
ਲਵਪੁਰਿ ਕੇ ਸਨਮੁਖ ਚਲਯੋ, ਸ਼੍ਰੀ ਨਾਨਕ
ਕੋ ਧਜਾਇ ॥੧॥

ਨਿਸ਼ਾਨੀ ਛੰਦ:

ਗਮਨਯੋ ਮਾਰਗ ਕਾਜ ਹਿਤ, ਤਟ ਆਇ
ਬਿਪਾਸਾ।
ਹੁਤੇ ਘਾਟ ਪਰਲੋਕ ਤਹਿਂ, ਬੂਝਯੋ ਤਿਨ
ਪਾਸਾ।
'ਗੋਇੰਦਵਾਲ ਸਮੀਪ ਇਹੁ, ਡੇਰਾ ਕਿਨ
ਘਾਲਾ?
ਲਾਗਤਿ ਹੈਂ ਤੰਹੂ ਅਬਹਿ, ਜਿਹ ਸ਼ੋਭ
ਬਿਸਾਲਾ ॥੨॥
ਕਰਯੋ ਬਤਾਵਨ ਤਿਨਹੁ ਤਬ, 'ਹਜ਼ਰਤ'†
ਕੀ ਦਾਰਾ।

†'ਹਜ਼ਰਤ' ਏਥੇ ਵਕਤ ਦੇ ਪਾਤਸ਼ਾਹ ਲਈ ਵਰਤਿਆ ਜਾਪਦਾ ਹੈ, ਜੋ ਸ਼ਾਹਜਹਾਂ ਹੈ। ਪਿਛੇ ਮਾਤਾ ਜੀ ਕਹਿੰਦੇ ਹਨ ਚੋਰੀ ਜਹਾਂਗੀਰ ਦੀ ਬੇਗਮਾਂ ਦੀ ਕਰਕੇ ਲਿਆ (ਦੇਖੋ ਪਿਛਲਾ ਅੰਕ ੩੩), ਸੋ ਜੇ ਜਹਾਂਗੀਰ ਦੀ ਬੇਗਮਾਂ ਦੀ ਕੀਤੀ ਤੇ 'ਹਜ਼ਰਤ' ਤਦੋਂ ਓਹ ਸੀ ਤਾਂ ਪੁਰਾਣਾ ਕਿੱਸਾ ਸਾਬਤ ਹੋ ਗਿਆ। ਜੇ ਵਰਤਮਾਨ ਦੀ ਕਹਾਣੀ ਹੈ ਕਿ 'ਮਾਤਾ ਨਾਨਕੀ ਦੇ ਕਹੇ ਹੁਣ ਚੋਰੀ ਕਰਨ ਗਿਆ' ਤਾਂ ਉਹ ਆਪੇ ਝੂਠੀ ਸਾਬਤ ਹੋ ਗਈ। ਆਖੇਪ ਕਰਨ ਵਾਲੇ ਦਾ ਹਾਫਜ਼ਾ ਖ਼ਰਾਬ ਹੈ ਜੋ ਝੂਠੇ ਦਾ ਹੋਇਆ ਹੀ ਕਰਦਾ ਹੈ, ਸੋ ਸ਼ਾਹਜਹਾਂ ਦੀ ਦਾਰਾ ਤੇ ਜਹਾਂਗੀਰ ਦੀ ਬੇਗਮ ਦਾ ਵੇਰਵਾ ਬੀ ਭੁੱਲ ਗਿਆ ਹੈ। ਇਹ ਸਾਖੀ ਮਹਿਮਾ ਪ੍ਰਕਾਸ਼ ਵਿਚ ਬੀ ਨਹੀਂ ਹੈ।

ਬੇਗਮਾਤ ਆਗਵਨ ਭਾ, ਤਿਹ ਸਿਵਰ
ਉਤਾਰਾ।
ਅਬਿ ਲੌਂ ਨਹਿਂ ਪ੍ਰਾਪਤ ਭਈ, ਆਵਤਿ ਹੈਂ
ਪਾਛੇ।
ਤਯਾਰੀ ਪੁਰਬ ਹੀ ਕਰਤਿ, ਥਲ ਸੋਧਤਿ
ਆਛੇ[1]' ॥੩॥
ਸੁਨਿ ਹਰਖਯੋ ਪਰਖਯੋ ਤਬਹਿ, -ਕਾਰਜ
ਬਨਿ ਆਵੈ।
ਬੇਗਮ ਪੁਰ ਤੇ ਵਹਿਰ ਹੀ, ਨੀਕੀ ਬਿਧਿ
ਪਾਵੈਂ-।

[1]ਸਾਫ ਕਰਦੇ ਹਾਂ।

ਰਹਜੋ ਤਹਾਂ ਕਰਿ ਘਾਤ ਕੋ, ਦਿਨ ਟਾਰਨ
ਕੀਨਾ।
ਰਵਿ ਅਸਤਜੋ ਫੈਲਜੋ ਤਿਮਰ, ਨਿਸ ਚੰਦ
ਬਹੀਨਾ ॥੪॥
ਦੇਖਤਿ ਦਾਵ ਬਿਚਾਰਤੋ, ਬੇਗਮ ਢਿਗ
ਜਾਨੇ[1]।
ਖਰੇ ਪਾਹਰੂ ਚਹੁੰ ਦਿਸ਼ਿਨਿ, ਬਨ ਕਰਿ
ਸਵਧਾਨੇ।
ਨਹਿ ਪ੍ਰਵੇਸ਼ ਵਿਚ ਹੁਇ ਸਕਹਿ, ਅਵਕਾਸ਼
ਨ ਪਾਵੈ।
ਆਪਸ ਮਹਿਂ ਬੋਲਤਿ ਰਹੇ, ਇਕ ਦੁਤਿਯ
ਜਗਾਵੈ ॥੫॥
ਤ੍ਰਾਸ ਪਾਇ ਤਸਕਰਨਿ ਕੋ, ਗਹਿ ਸਿਪਰ
ਕ੍ਰਿਪਾਨਾ।
ਖਰੇ ਰਹੇ ਚਹੁੰਦਿਸ਼ਿ ਭਟ, ਨਹਿਂ ਆਲਸ
ਠਾਨਾ।
ਰਹਜੋ ਤਕਾਵਤਿ ਦਾਵ ਕੋ, ਅਵਿਕਾਸ਼
ਨਿਹਾਰੈ।
ਬੇਗਮ ਲਗਿ ਪਹੁੰਚਜੋ ਨ ਕਿਮ, ਬਿਧਿ
ਅਧਿਕ ਬਿਚਾਰੈ ॥੬॥
ਤੀਨ ਪਹਿਰ ਬੀਤੀ ਨਿਸਾ, ਸਭਿ ਜਾਗ
ਪਰੇ ਹੈਂ।
ਚਲਨਿ ਪੰਥ ਬਿਨ ਘਾਮ ਤੇ, ਹੁਇ ਤਜਾਰ
ਖਰੇ ਹੈਂ।
ਬੇਗਮ ਜਾਗੀ ਤਿਸੀ ਛਿਨ, ਕੀਨਸਿ ਨਿਜ
ਤਜਾਰੀ।
ਹਥਨੀ ਤੁੰਗ ਬਿਲੰਦ ਇਕ, ਤਿਸ ਪਰ
ਅੰਬਾਰੀ ॥੭॥
ਕੰਚਨ ਕੀ ਦਮਕਤਿ ਮਹਦ, ਨਗ ਜਰੇ
ਬਿਸਾਲੇ।
ਜ਼ਰੀ[1] ਸਤਾਰਨ ਤੇ ਅਧਿਕ, ਸੁੰਦਰ ਸ਼ੁਭ
ਢਾਲੇ।

[1]ਜਾਣ ਦਾ।

[1]ਤਿੱਲਾ ਆਦਿ (ਜ਼ਰੀ)।

ਬੇਗਮ ਹੇਤੁ ਅਰੂਢਨੇ, ਸੋ[1] ਨਿਕਟਿ ਮੰਗਾਈ।
ਸੰਪੁਟ ਮਹਿਂ ਜ਼ੇਵਰ ਧਰੇ, ਦਿਨ ਮਹਿਂ ਤਨ ਪਾਈ ॥੮॥
ਹਾਲਤਿ ਚਾਲਤਿ ਪੰਥ ਮਹਿਂ, ਯਾ ਤੇ ਸੁ ਉਤਾਰੇ।
ਹੀਰੇ ਮੁਕਤਾ ਗੁੱਛ ਬਡ, ਜਿਨ ਮੋਲ ਉਦਾਰੇ।
ਸੰਪੁਟ ਹੁਤੋ ਬਿਸਾਲ ਹੀ, ਕੰਕਨ ਕੋ ਚਾਰੂ।
ਭਰ ਕਰਿ ਦਾਸੀ ਹਾਥ ਦੇ, ਬੇਗਮ ਅਸਵਾਰੂ[1] ॥੯॥
ਚਢਿ ਹਥਨੀ ਪਰ ਸੋ ਲਿਯੋ, ਊਰੂ ਤਰ ਰਾਖਾ।
ਬਿਧੀਚੰਦ ਮਿਲਿ ਨਰਨਿ ਮੈਂ, ਪਿਖਿ ਧਰਿ ਅਭਿਲਾਖਾ।
ਸਭਿ ਇਕੱਤ੍ਰ ਜ਼ੇਵਰ ਲਖੇ, ਹਰਖ੍ਯੋ ਬੁਧਿਵਾਨਾ।
-ਲੈਹੌਂ ਸੰਪੁਟ ਪੰਥ ਮੈਂ-, ਦਿਢ ਚਿਤਵਨ ਠਾਨਾ ॥੧੦॥
ਕਿਤਿਕ ਅਗਾਰੀ ਚਲਿ ਪਰੇ, ਮਗ ਮਹਿਂ ਨਰ ਲਾਰਾ[1]।
ਹੁਇ ਨਿਚਿੰਤ ਗਵਨੇ ਸਕਲ, ਉਰ ਤ੍ਰਾਸ ਬਿਸਾਰਾ।
ਬਿਧੀ ਚੰਦ ਕਰਿ ਦ੍ਰਿਸ਼ਟਿ ਮਹਿਂ, ਬੇਗਮ ਅਸਵਾਰੀ।
ਚਲ੍ਯੋ ਸੰਗ ਚਾਹਤਿ ਲਿਯੋ, ਜ਼ੇਵਰ ਮੁਲ ਭਾਰੀ ॥੧੧॥
ਮੂਤ੍ਰ ਤਜਨਿ ਹਿਤ ਟਿਕ ਗਯੋ, ਜੋ ਹਥਨੀ ਪਾਛੇ।
ਦਾਵ ਜਾਨਿ ਅਵਕਾਸ਼ ਲਹਿ, ਅਬਿ ਲੇਵੌਂ ਆਛੈ।
ਤਿਹ ਸਮ ਬਨ ਹੋਯੋ ਨਿਕਟਿ, ਬੋਲਤਿ

[1]ਭਾਵ ਹਥਨੀ।

[1]ਅਸਵਾਰ ਹੋਈ।

[1]ਕਤਾਰ, ਵਹੀਰ।

ਤਿਸ ਜੈਸੇ।
ਲਾਸ[1] ਗਹੀ ਦਿਢ ਹਾਥ ਮੈਂ, ਜੋਹਨ ਕਰਿ[2] ਤੈਸੇ ॥੧੨॥
ਭੁਜ ਬਲ ਤੇ ਆਰੂਢ ਕਰਿ, ਅੰਤਰ ਕਰ ਘਾਲਾ[1]।
ਲਗਜੋ ਜਾਇ ਸੰਪੁਟ ਜਹਾਂ, ਗਹਿ ਖੈਂਚਿ ਨਿਕਾਲਾ।
ਬਿਸਮਤਿ ਬੇਗਮ ਬੋਲਤੀ, 'ਕੋ ਹੈਂ, ਤੂੰ ਕੋ ਹੈਂ?
ਲੇਵਤ ਹੀ ਉਤਰਜੋ ਤਰੇ, ਕਰਿ ਛਾਰ ਉਚੋਹੈਂ[1] ॥੧੩॥
'ਚੋਰ ਚੋਰ' ਕੂਕੀ ਤਬਹਿ, ਦੌਰੇ ਨਰ ਆਏ।
ਹਥਨੀ ਕੇ ਚਹੁ ਦਿਸ਼ਿ ਫਿਰੇ, ਨਹਿਂ ਕੁਛ ਦਰਸਾਏ।
ਬਿਧੀ ਚੰਦ ਕਰਿ ਸ਼ੀਘ੍ਰਤਾ, ਤਜਿ ਮਗ ਤਤਕਾਲਾ।
ਸੰਪੁਟ ਦਿਢ ਸੰਭਾਰਿ ਕਰਿ, ਪਾਛੈ ਹਟਿ ਚਾਲਾ ॥੧੪॥
ਦੂਰ ਫਰਕ ਕੋ ਪਾਇ ਕਰਿ, ਪ੍ਰਾਤੀ ਹੁਇ ਆਈ।
ਉਲੰਘਿ ਬਿਪਾਸਾ ਨਦੀ ਕੋ, ਸਭਿ ਚਿੰਤ ਗਵਾਈ।
ਤਮ ਮਹਿਂ ਨਰ ਇਤ ਉਤ ਫਿਰੇ, ਮਗ ਨੇਰੇ ਨੇਰੇ।
ਨਹਿਂ ਪਾਯੋ ਤਸਕਰ ਗਯੋ[1], ਬਿਸਮਾਇੰ ਘਨੇਰੇ ॥੧੫॥
ਬੇਗਮ ਭਈ ਹਿਰਾਨ ਮਨ, 'ਅਸ ਚੋਰ ਨ ਹੇਰਾ।
ਤੁਮ ਸਭਿ ਮਹਿਂ ਤੇ ਲੇ ਗਯੋ, ਹਠ ਧਾਰਿ ਬਡੇਰਾ।'
ਸ਼੍ਰੀ ਸਤਿਗੁਰ ਗੁਨ ਗਾਵਤੋ, ਆਨੰਦ ਉਪਜਾਵੈ।

[1]ਮੋਟਾ ਰੱਸਾ। [2]ਜੋਹ ਕਰਕੇ।

[1]ਅੰਬਾਰੀ) ਦੇ ਅੰਦਰ ਹੱਥ ਪਾਇਆ।

[1]ਉੱਚੀ ਛਾਲ।

[1]ਚੋਰ ਨਾ ਪਾਯਾ ਗਿਆ।

ਬਿਧੀ ਚੰਦ ਕਰਤਾਰ ਪੁਰਿ, ਮਾਰਗ ਕੋ ਆਵੈ ॥੧੬॥
ਸੁਖ ਸੋਂ ਪਹੁੰਚਜੋ ਆਇ ਕਰਿ, ਪੁਰਿ ਵਿਖੈ ਪ੍ਰਵੇਸ਼ਾ।
ਗਯੋ ਮਹਿਲ ਜਹਿਂ ਨਾਨਕੀ, ਆਨੰਦ ਵਿਸ਼ੇਖਾ।
ਸੁੰਦਰ ਸੰਪੁਟ ਹੇਮ ਕੋ, ਧਰਿ ਦੀਨਿ ਅਗਾਰੀ।
ਹਾਥ ਜੋਰਿ ਕਰਿ ਬੰਦਨਾ, ਸਭਿ ਗਿਰਾ ਉਚਾਰੀ ॥੧੭॥
'ਮਾਤਾ! ਕਰੀ ਸਹਾਇਤਾ, ਇਹ ਭੂਖਨ ਆਨੇ।
ਬੇਗਮ ਡੇਰਾ ਨਿਕਟਿ ਹੀ, ਮਿਲਿ ਗਯੋ ਮਹਾਨੇ।
ਸਿੱਖਨਿ ਕੇ ਕਾਰਜ ਪੁਰਹੁ, ਜਹਿਂ ਕਹਾਂ ਸਹਾਈ।
ਰਾਖਹੁ ਮੇਰੀ ਲਾਜ ਨਿਤ, ਇਹ ਕਹਾਂ ਬਡਾਈ' ॥੧੮॥
ਬਿਸਮਤਿ ਚਿਤ ਹ੍ਵੈ ਨਾਨਕੀ, ਆਨੰਦ ਉਪਜਾਯੋ।
'ਚੋਰੀ ਮੈਂ ਅਤਿਸ਼ੈ ਚਤੁਰ, ਤੂਰਨ ਹੀ ਲਜਾਯੋ।'
ਦਾਸੀ ਸੰਗ ਬਖਾਨਿ ਕੈ, ਸੰਪੁਟ ਖੁਲ੍ਹਿਵਾਯੋ।
ਭਰਜੋ ਜਵਾਹਰ ਬ੍ਰਿੰਦ ਤੇ, ਜਗਮਗ ਝਮਕਾਯੋ ॥੧੯॥
ਮੁਕਤਾ ਗਨ ਕਰਨਾ ਭਰਨ[1], ਬਡ ਆਬ ਸੁ ਢਾਰੇ[2]।
ਸੀਸ ਫੂਲ[1] ਹੀਰੇ ਜਰੇ, ਜਿਨ ਮੋਲ ਉਦਾਰੇ।
ਬੇਸਰ[1], ਗਰ ਭੂਖਨ ਭਲੇ, ਅਰੁ ਹਾਥਨਿ ਕੇਰੇ।
ਦੇਖਤਿ ਦੇਤਿ ਪ੍ਰਮੋਦ ਕੋ, ਦੁਤਿਵੰਤ ਬਡੇਰੇ ॥੨੦॥

[1]ਕੰਨਾਂ ਦੇ ਗਹਿਣੇ। [2]ਸੁਡੌਲ ਤੇ ਸੁਹਣੀ ਆਬ ਵਾਲੇ। ਪਾ:-ਨਰ = ਨਾਰੀ।

[1]ਚੌਕ।

[1]ਨੱਥ।

ਉਰ ਪ੍ਰਸੰਨ ਬਹੁ ਨਾਨਕੀ, ਬਰ ਸੁੰਦਰ ਦੀਨੇ।
'ਗੁਰ ਜਸੁ ਕੇ ਸੰਗ ਜਸੁ ਰਹੈ, ਜਗ ਮਹਿਂ ਸੁਖ ਲੀਨੇ।
ਸੱਤਿਨਾਮ ਮਨਿ ਮਹਿਂ ਬਸਹਿ, ਸਿੱਖੀ ਬਡ ਧਾਰੋ।
ਜਨਮ ਮਰਨ ਬੰਧਨਿ ਛੁਟਹਿਂ, ਗੁਰਿ ਤੋਹਿ ਉਧਾਰੋ ॥੨੧॥
ਤੋਹਿ ਨਾਮ ਕੋ ਉਚਰ ਕਰਿ, ਰਿਪੁ ਤੇ ਜੈ ਪਾਵੈਂ।
ਪੁਰਸ਼ਾਰਥ ਗੁਰ ਹਿਤ ਕਰੇ, ਸਭਿ ਬਿਘਨ ਮਿਟਾਵੈਂ।
ਪਰਉਪਕਾਰੀ ਬਹੁ ਰਹਜੋ, ਬਿਦਤਹਿਂ ਜਗ ਮਾਂਹੀ।
ਦੁਖ ਬਿਹੀਨ ਤਨ ਤੁਵ ਰਹੈ, ਸਭਿ ਕਰੈਂ ਸਰਾਹੀ' ॥੨੨॥
ਬਾਰ ਬਾਰ ਇਮ ਨਾਨਕੀ, ਆਸ਼ਿਖ ਬਹੁ ਦੀਨੇ।
ਆਗਜਾ ਲੇ ਕਰਿ ਮਾਤ ਤੇ, ਉਠਿ ਬੰਦਨ ਕੀਨੇ।
ਸ਼੍ਰੀ ਹਰਿ ਗੋਵਿੰਦ ਕੋ ਦਰਸ, ਪੁਨ ਜਾਇ ਨਿਹਾਰਾ।
ਪਗ ਪੰਕਜ ਪਰ ਸੀਸ ਧਰਿ, ਪਰਸੰਗ ਉਚਾਰਾ ॥੨੩॥
ਮੁਸਕਾਨੇ ਗੁਨ ਖਾਨਿ ਸੁਨਿ, ਸਨਮਾਨ ਬਿਠਾਯੋ।
'ਤੁਵ ਸਮਤਾ ਨਹਿਂ ਕਿਸੂ ਮਹਿਂ,' ਜਸੁ ਭਾਖਿ ਸੁਨਾਯੋ।
ਬਿਧੀ ਚੰਦ ਕੇ ਕਰਮ ਅਸੁ, ਸੁਨਿ ਪਿਖਿ ਬਿਸਮਾਵੈ।
ਜਹਾਂ ਨ ਪਹੁੰਚਜੋ ਜਾਇ ਕਿਸ, ਤਤਛਿਨ ਤਹਿਂ ਜਾਵੈ ॥੨੪॥

ਜਬਿ ਸਤਿਗੁਰ ਮੰਦਿਰ ਗਏ, ਸੁਠ ਪਲੰਘ ਸੁਹਾਏ।
ਸਕਲ ਬਿਭੂਖਨ ਨਾਨਕੀ, ਤਬਿ ਆਨਿ ਦਿਖਾਏ।
'ਬਿਖਮ ਥਾਨ ਤੇ ਆਨ ਕਰਿ, ਇਹ ਅਰਪਨ ਕੀਨੇ।
ਬੁਧਿ ਬਲ ਮੈਂ ਅਤਿ ਚਤੁਰ ਹੈ, ਸਮ ਅਪਰ ਨ ਚੀਨੇ' ॥੨੫॥
ਸੁਨਿ ਕਰਿ ਸ੍ਰੀ ਸਤਿਗੁਰ ਕਹਯੋ, 'ਇਸ ਕਰਮ ਬਿਸਾਲੇ।
ਹਯ ਲਜਾਵਨ ਅਚਰਜ ਕਰਯੋ, ਬਿਚ ਮਾਨਵ ਜਾਲੇ।
ਨਹਿਂ ਆਵਤਿ ਕਹਿਬੇ ਬਿਖੈ[1], ਕਯਾ ਕਹੈਂ ਸੁਨਾਈ।'
ਇੱਤਯਾਦਿਕ ਬਹੁ ਭਾਂਤਿ ਕੀ, ਕਰਿ ਦਾਸ ਬਡਾਈ ॥੨੬॥
ਦੇਖਿ ਬਿਭੂਖਨ ਨਾਨਕੀ, ਨਹਿਂ ਪਹਿਰਨ ਚਾਹੇ।
ਅਪਨੇ ਉਚਿਤ ਨ ਚੀਨਿ ਕੈ, ਕਹਿ ਭਰਤਾ ਪਾਹੇ।
ਪੈਂਦੇ ਖਾਂ ਕੀ ਭਾਰਜਾ, ਕਹਿ ਨਿਕਟਿ ਬੁਲਾਈ।
ਬਹੁ ਮੋਲੇ ਤਤਛਿਨ ਦਿਏ, ਲੈ ਕਰਿ ਹਰਿਖਾਈ ॥੨੭॥
ਪੁਨ ਬਾਬਕ ਕੀ ਨਾਰਿ ਕੋ, ਬਖਸ਼ੇ ਤਤਕਾਲਾ†।

[1](ਇਸ ਦੇ ਕਰਮ) ਕਹਿਣ ਵਿਚ ਨਹੀਂ ਆਂਵਦੇ।

†ਇਥੇ ਇਹ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਮਾਤਾ ਜੀ ਨੇ ਚੋਰੀ ਦਾ ਮਾਲ ਅੰਗੀਕਾਰ ਕਰਨਾ ਉਚਿੱਤ ਨਹੀਂ ਜਾਤਾ, ਜਿਸ ਦਾ ਭਾਵ ਇਹ ਹੈ ਕਿ ਚੋਰੀ ਪ੍ਰਯੋਜਨ ਨਹੀਂ ਬਿਧੀ ਚੰਦ ਦੀ ਚਤੁਰਤਾ ਦੀ ਅਜ਼ਮਾਇਸ਼ ਸੀ। ਪਰ ਅਸਲ ਗੱਲ ਇਹ ਹੈ ਕਿ ਪ੍ਰਸੰਗ ਅਣਹੋਏ ਹਨ। ਇਹ ਸਾਖੀ ਮਹਿ: ਪ੍ਰ: ਵਿਚ ਬੀ ਨਹੀਂ ਹੈ ਤੇ ਕਹਾਣੀ ਬੀ ਅਟਪਟੀ ਹੈ। ਜਿਵੇਂ ਬੀਰਬਲ ਦੀ ਚਤੁਰਤਾ ਸ਼ੇਖ ਚਿਲੀ ਦੀ ਮਸਖਰੀ ਤੇ ਸੁਥਰੇ ਜੀ ਦੇ ਜ਼ਿੰਦਾ ਦਿਲੀ ਦੇ ਕਿੱਸੇ ਕਹਾਣੀਆਂ ਕਛੁ ਚਤਰ ਲੋਕ ਹਰ ਸਮੇਂ ਨਵੇਂ ਘੜ ਲੈਂਦੇ ਹਨ, ਤਿਵੇਂ ਇਹ ਬਿਧੀ ਚੰਦ ਦੇ ਨਾਉਂ ਤੇ ਕਿਸੇ ਚਤਰ ਦੀ ਘੜੀ ਘਾੜਤ ਮਾਤ੍ਰ ਹੈ। ਕਹਾਣੀ ਠੱਪਣ ਵਾਲੇ ਨੂੰ ਜਹਾਂਗੀਰ ਤੇ ਸ਼ਾਹਜਹਾਂ ਦਾ ਬੀ ਫਰਕ ਚੇਤੇ ਨਹੀਂ।

ਜਬਰ ਜਵਾਹਰ ਜਰੇ ਜਿਨ, ਬਰ ਦਿਪਹਿਂ ਉਜਾਲਾ।

ਲੇ ਕਰਿ ਸੁਜਸੁ ਬਖਾਨਤੀ, ਉਰ ਮੋਦ ਉਪਾਏ।
ਲਾਖਹੁਂ ਕੀਮਤ ਜਿਨਹੁਂ ਕੀ, ਨਿਜ ਤਨ ਪਹਿਰਾਏ ॥੨੮॥
ਇਸ ਪ੍ਰਕਾਰ ਕਰਤਾਰਪੁਰਿ, ਕੇਤਿਕ ਦਿਨ ਟਾਰੇ।
ਸੁਨਿ ਸੁਨਿ ਆਵੈਂ ਸੰਗਤਾਂ, ਚਹੁਂ ਦਿਸ਼ਿਨਿ ਨਿਹਾਰੇ।
ਮਨੋ ਕਾਮਨਾ ਪਾਇ ਕਰਿ, ਗਨ ਭੇਟ ਚੜ੍ਹਾਵੈਂ।
ਦੇਸ਼ ਬਿਦੇਸ਼ਨ ਸਿੱਖ ਬਹੁ, ਪੁਰਬਨਿ ਦਰਸਾਵੈਂ ॥੨੯॥
ਸਭਿ ਦਿਸ਼ਿ ਬਿਖੈ ਮਸੰਦ ਗਨ, ਆਨਹਿਂ ਗੁਰ ਕਾਰਾ।
ਲਾਖਹੁਂ ਧਨ ਕੌ ਅਰਪਤੇ, ਸਤਿਗੁਰ ਦਰਬਾਰਾ।
ਤਿਮ ਹੀ ਖਰਚ ਬਿਸਾਲ ਹ੍ਵੈ, ਗੁਰ ਦੇਗ ਚਲਾਵੇਂ।
ਸੁਭਟਨਿ ਕੋ ਦੇ ਚਾਕਰੀ, ਸਿਰੁਪਾਉ ਦਿਵਾਵੈਂ ॥੩੦॥

ਦੋਹਰਾ:

ਇਸ ਬਿਧਿ ਗੁਰ ਘਰ ਕੇ ਖਰਚ, ਨਿਤਪ੍ਰਤਿ ਹੋਤਿ ਬਿਸਾਲ।
ਤਿਮ ਹੀ ਆਵਤਿ ਦਰਬ ਬਹੁ, ਪੂਰਹਿਂ ਗੁਰੂ ਕ੍ਰਿਪਾਲ ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਿਧੀ ਚੰਦ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਬਿਧੀਚੰਦ। ਬਾਲੂ ਹਸਨਾ। ਪੈਂਦੇ ਦੇ ਘਰ ਪੁੱਤ੍ਰ ਹੋਣਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸਹਿਜ ਸੁਭਾਇਕ ਸਤਿਗੁਰੂ, ਗਏ ਮਹਿਲ ਕੇ ਮਾਂਹਿ।
ਬਿਧੀਚੰਦ ਕੋ ਸੰਗ ਲੇ, ਬੈਠੇ ਤਹਾਂ ਸੁਹਾਹਿੰ ॥੧॥

ਚੌਪਈ:

ਤਬਹਿ ਨਾਨਕੀ ਅਰੁ ਮਰਵਾਹੀ।
ਬੈਠੀ ਆਇ ਬੰਦਿ ਕਰ ਪਾਹੀ।
ਮੁਸਕਾਵਤਿ ਬੂਝਤਿ ਗੁਰ ਸੰਗਾ।
'ਬਿਧੀਚੰਦ ਤੁਮਰੋ ਸਿਖ ਚੰਗਾ ॥੨॥
ਭਾ ਅਵਤਾਰ ਆਪ ਕੋ ਭਾਰਾ।
ਕਲਿ ਮਹਿਂ ਕੁਟਿਲ ਕਰੇ ਨਿਸਤਾਰਾ।
ਬਨਜੋ ਸਿੱਖ ਰਾਵਰ ਕੋ ਆਇ।
ਤਊ ਸੁਭਾਵ ਨ ਪਲਟਜੋ ਜਾਇ ॥੩॥
ਚੋਰੀ ਕਰਤਿ ਹੇਤੁ ਉਪਕਾਰੇ।
ਗੁਰ ਕੇ ਕਾਰਜ ਅਨਿਕ ਸੁਧਾਰੇ।'
'ਬਿਧੀਚੰਦ ਭਾਈ! ਹਿਤ ਧਰੇ।
ਅਪਰ ਕਰਮ ਜੋ ਕਿਛ ਤੈਂ ਕਰੈ ॥੪॥
ਕਰਹੁ ਸੁਨਾਵਨਿ ਹਮ ਕੋ ਸੋਇ।
ਜਿਨ ਸੁਨਿਬੇ ਮਨ ਅਚਰਜ ਹੋਇ।
ਤੋਹਿ ਸਮਾਨ ਸੁਨਜੋ ਨਹਿਂ ਕਾਨਾ।
ਕਿਮ ਦੇਖਨਿ ਮਹਿਂ ਆਵਹਿ ਜਾਨਾ[1]† ॥੫॥

[1]'ਤੇਰੇ ਜਿਹਾ (ਕੋਈ ਹੋਰ) ਕੰਨੀਂ ਨਹੀਂ ਸੁਣਿਆਂ, ਦੇਖਣ ਤੇ ਜਾਣਨ ਵਿਚ ਕੀਕੂੰ ਆ ਸਕੇ। †ਪਾ:-ਨਹਿ ਦੇਖਨ ਨਹਿ ਆਇਸ ਜਾਨਾ। ਪੁਨਾ: ਕਿਮ ਦੇਖਨ ਨਹਿ ਆਵਹਿ ਜਾਨਾ।

ਤੁਝ ਸਮ ਇਕ ਤੁਝ ਹੀ ਕਉ ਜਾਨਾ।
ਅਪਰ ਕਰਜੋ ਸੋ ਕਰਹੁ ਬਖਾਨਾ।'
ਸੁਨਿ ਬਿਧੀਏ ਕਰ ਜੋਰਿ ਸੁਨਾਯੋ।
'ਸੁਨਹੁ ਮਾਤ! ਇਕ ਕਰਮ ਕਮਾਯੋ ॥੬॥
ਸ਼੍ਰੀ ਅਰਜਨ ਮੁਝ ਸੰਗ ਉਚਾਰਾ।
-ਤੁਵ ਸਿਰ ਚੋਰੀ ਲੇਖ ਉਦਾਰਾ।

ਜੇ ਅਬਿ ਚਹਹੁ[1] ਕਰਹੁ ਉਪਕਾਰਾ।
ਪਰ ਧਨ ਆਪ ਨ ਲਿਹੁ ਕਰ ਧਾਰਾ[1]- ॥੭॥
ਇਮ ਸੁਨਿ ਮੈਂ ਇਕ ਕੇ ਘਰ ਗਯੋ।
ਤਿਨ ਕੇ ਬਹੁ ਦਾਰਿਦ ਪਿਖਿ ਭਯੋ।
ਦੰਪਤਿ ਬੈਠੇ ਬਹੁ ਮੁਰਝਾਏ।
ਏਕ ਸਮੈ ਦਿਨ ਨਹਿਂ ਤ੍ਰਿਪਤਾਏ[1] ॥੮॥
ਇਕ ਕੰਨਜਾਂ ਤਿਨ ਕੇ ਘਰ ਮਾਂਹੀ।
ਬਰ ਪ੍ਰਾਪਤਿ ਧਨ ਬਿਨ ਨਹਿਂ ਬਜਾਹੀ।
ਨਿਤ ਚਿੰਤਾ ਮਹਿਂ ਰਹੈਂ ਬਿਸੂਰਤਿ।
ਰਹੈਂ ਸਥਿਰ ਜਿਮ[†] ਪਾਹਨਿ ਮੂਰਤਿ ॥੯॥
ਤਿਨ ਕੋ ਦੇਖਿ ਦਜਾ ਮੁਹਿ ਆਈ।
-ਮੈਂ ਦੈਹੌਂ ਧਨੁ- ਗਿਰਾ ਸੁਨਾਈ।
-ਜਿਸਤੇ ਕੰਨਜਾਂ ਕੋ ਹੁਇ ਬਜਾਹੁ।
ਅਰੁ ਬੈਠੇ ਭੋਜਨ ਲਿਹੁ ਖਾਹੁ- ॥੧੦॥
ਤਿਸ ਪੁਰਿ ਮਹਿਂ ਇਕ ਘਰ ਚਲਿ ਗਯੋ।
ਬ੍ਰਿੰਦ ਮੇਲ ਤਹਿਂ ਦੇਖਤਿ ਭਯੋ।
ਮਿਲਜੋ ਨਰਨ ਮਹਿਂ ਅੰਤਰ ਬਰਜੋ।
ਹੁਤੋ ਬਜਾਹੁ ਸਭਿ ਦੇਖਨਿ ਕਰਜੋ ॥੧੧॥
ਤਬਿ ਬਰਾਤ ਅੰਤਰ ਬੁਲਵਾਈ।
ਹਿਤ ਭੋਜਨ ਕਰਿ ਪਾਂਤਿ ਬਿਠਾਈ।
ਤਹਿਂ ਮੈਂ ਭਯੋ ਪਰੋਸਨ ਵਾਰਾ।
ਭਰਜੋ ਟੋਕਰਾ ਲਜਾਉਂ ਅਹਾਰਾ ॥੧੨॥
ਤਬਿ ਮੈਂ ਲੈ ਪਕਵਾਨ ਘਨੇਰਾ।
ਗਯੋ ਨਿਕਸਿ ਕਰਿ ਕਿਨਹੁਂ ਨ ਹੇਰਾ।
ਤਿਨ ਛੁਧਿਤਨਿ ਕੋ ਦੀਨਸਿ ਆਨਿ।
ਲੇ ਹਰਿਖਾਇ ਸੁ ਕੀਨਸਿ ਖਾਨ ॥੧੩॥
ਅਪਰ ਵਸਤੁ ਕੁਛ ਹਾਥ ਨ ਆਈ।
ਜਾਇ ਅਪਰ ਘਰ ਸੰਨ੍ਹ ਲਗਾਈ।
ਅੰਤਰ ਬਰਜੋ ਚੁਬਾਰੇ ਚਰਜੋ।
ਬੈਠਜੋ ਬਨੀਆ ਤਹਾਂ ਨਿਹਰਜੋ ॥੧੪॥

[1]ਚੋਰੀ ਕਰਨੀ) ਚਾਹਵੇਂ ਤਾਂ।
[1]ਪਰਾਏ ਧਨ ਨੂੰ ਆਪ ਹੱਥ ਨਾਂ ਲਾਈਂ ਅਥਵਾ ਧਾਰਨ ਨਾ ਕਰੀਂ।
[1]ਦਿਨ ਵਿਚ ਇਕ ਵੇਲੇ ਬੀ ਨਹੀਂ ਸੀ ਰਜ ਖਾਂਦੇ।
[†]ਪਾ:-ਜਨੁ।

[1]ਰੁਜਨਾਵੇ ਲੇਖੇ ਕੀ ਬਿਧੀ।
ਰਹਜੋ ਜੋਰਿ ਹੋਵਤਿ ਨਹਿਂ ਸਿਧੀ[2]।
ਤੀਨ ਜਾਮ ਜਾਮਨਿ ਬਿਤ ਗਈ।
ਗਿਨਤਿ ਮੰਦ ਮਤਿ ਤਜਾਗਿ ਨ ਦਈ ॥੧੫॥
ਜਾਗਤਿ ਇਸਤ੍ਰੀ ਬਜਾਕੁਲ ਹੋਈ।
ਦੂਧ ਕਟੋਰਾ ਭਰਿ ਕਰਿ ਸੋਈ।
ਢਿਗ ਹੁਇ ਕਹਿ ਸਮੁਝਾਵਨ ਕਾਜ।
-ਖਾਇ ਨ ਪੀਓ ਤੈਂ ਕਿਛ ਆਜ ॥੧੬॥
ਜੇ ਅਬਿ ਤੁਝ ਤੇ ਜਾਇ ਨ ਦੇਖਾ[1]।
ਤਜਾਗਿ ਦੇਹੁ ਪੁਨ ਕੀਜਹਿ ਲੇਖਾ-।
ਸੁਨਤਿ ਬਾਕ ਕੋ ਰਿਸ ਤੇ ਰਾਚਾ।
ਨਿਜ ਇਸਤ੍ਰੀ ਕੋ ਹਤਸਿ ਤਮਾਚਾ ॥੧੭॥
ਭਈ ਕ੍ਰੋਧ ਧਰ ਗੇਰਿ ਕਟੋਰਾ।
ਦੂਧ ਬਿਥਾਰਜੋ ਪਤਿ ਕੀ ਓਰਾ।
ਕਹਜੋ -ਸ਼ੂਮ ਤੂੰ ਭਯੋ ਮਹਾਨੇ।
ਦੇਵ ਪਿਤਰ ਕਿਸਹੂੰ ਨਹਿਂ ਮਾਨੇ ॥੧੮॥
ਇਕ ਦਮਰੀ ਪਰ ਰਾਤਿ ਗੁਜਾਰੀ।
ਸਮੁਝਾਯੋ ਤੇ ਰਿਸ ਕਰਿ ਮਾਰੀ-।
ਇਮ ਕਹਿ ਰੁਦਤਿ ਹੋਇ ਦੁਖਿਆਰੀ।
ਸੁਪਤੀ ਜਾਇ ਨੀਂਦ ਲੇ ਭਾਰੀ ॥੧੯॥
ਭਈ ਕਲਹ, ਬਨੀਏ ਦੁਖ ਪਾਯਹੁ।
ਤਜੀ ਵਹੀ ਤਿਹ ਠਾਂ ਸੁਪਤਾਯਹੁ।
ਜਬਿ ਦੋਨੋ ਕਹੁ ਸੁਧਿ ਨਹਿਂ ਰਹੀ।
ਦੁਰਜੋ ਏਕ ਥਲ ਮੈਂ ਸਭਿ ਲਹੀ ॥੨੦॥
ਜਾਇ ਚੁਬਾਰੇ ਮਹਿਂ ਬਰਿ ਗਯੋ।
ਧਰਜੋ ਸੰਦੂਖ ਨਿਹਾਰਤਿ ਭਯੋ।
ਕਰਿ ਬਲ ਕੋ ਬਹੁ ਤੋਰਜੋ ਤਾਰਾ।
ਤਾਕੀ ਖੋਲਿ ਬੀਚ ਕਰ ਡਾਰਾ ॥੨੧॥
ਥੈਲੀ ਧਨ ਕੀ ਲਾਗਸਿ ਹਾਥ।
ਲੈ ਕਰਿ ਮੈਂ ਤੁਰਨਤਾ ਸਾਥ।

[1]ਰੋਜ਼ਨਾਮਚੇ (ਦੀ ਵਹੀ) ਦੇ ਲੇਖੇ ਦੀ ਬਾਕੀ ਮੇਲ ਰਹਿਆ, ਪਰ ਸਿੱਧ ਨ ਹੋਈ, ਭਾਵ ਵਿਧ ਮਿਲਦੀ ਨਹੀਂ ਸੀ।

[1](ਹਿਸਾਬ) ਦੇਖਿਆ ਨਹੀਂ ਜਾਂਦਾ।

ਨਿਕਸੵੋ ਵਹਿਰ ਗਯੋ ਘਰ ਤਿਨ ਕੇ।
ਦੀਰਘ ਦਾਰਿਦ ਹੁਤੋ ਸੁ ਜਿਨ ਕੇ ॥੨੨॥
ਸੁਪਤਿ ਪਰੇ ਦੰਪਤਿ ਕੋ ਦੇਖਿ।
ਕਰੇ ਜਗਾਵਨ ਦੁਖੀ ਪਰੇਖਿ।
ਸਰਬ ਦਰਬ ਕੋ ਦੇ ਕਰਿ ਆਯੋ।
ਸ਼੍ਰੀ ਅਰਜਨ ਕੋ ਆਨਿ ਸੁਨਾਯੋ ॥੨੩॥
ਗੁਰ ਪ੍ਰਸੰਨ ਮਨ, ਸਿਰ ਕਰ ਧਰਜੋ।
ਕਹਜੋ -ਲੇਖ ਚਰੀ ਅਬਿ ਟਰਜੋ[1]।

[1]ਚੋਰੀ ਦਾ ਲੇਖ ਮੇਟ ਦੇਣਾ ਤਾਂ ਗੁਰੂ ਜੀ ਦਾ ਬਿਰਦ ਹੈ, ਪਰਉਪਕਾਰ ਲਈ ਬੀ ਚੋਰੀ ਦੀ ਛੁਟ ਮਿਲਨੀ ਸੰਭਵ ਨਹੀਂ ਕਿਉਂਕਿ ਗੁਰੂ ਸਿਖਜ਼ਾ ਇਸ ਦੇ ਉਲਟ ਹੈ।

ਗੁਰ ਘਰ ਕੇ ਬਹੁ ਕਾਜ ਸੁਧਾਰਹਿਂ।
ਆਪ ਤਰੈਂ ਅਵਰਨ ਕੋ ਤਾਰਹਿਂ- ॥੨੪॥
ਇਮ ਸਤਿਗੁਰ ਕੋ ਬਰ ਹੈ ਮੋਹੀ।
ਬਡੇ ਭਾਗ ਕਰਿ ਮਿਲਿਬੋ ਹੋਹੀ।
ਕਰੀ ਕ੍ਰਿਪਾ ਗਨ ਪਾਪ ਨਿਵਾਰੇ।
ਅਪਨੇ ਚਰਨ ਲਾਇ ਨਿਸਤਾਰੇ' ॥੨੫॥
ਸੁਨਿ ਗੁਰ ਪਤਨੀ ਅਚਰਜ ਲਹਜੋ।
'ਸਾਧ ਸਾਧ' ਬਿਧੀਏ ਕਹੁ ਕਹਜੋ।
ਕਿਤਿਕ ਕਾਲ ਬੈਠਜੋ ਦਰਸਾਯੋ।
ਪੁਨ ਉਠਿ ਕਰਿ ਨਿਜ ਥਲ ਚਲਿ ਆਯੋ ॥੨੬॥
ਖਾਨ ਪਾਨ ਕਰਿ ਨਿਸਾ ਬਿਤਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸ਼ੋਚ ਸ਼ਨਾਨ ਠਾਨਿ ਗੁਰ ਪੂਰੇ।
ਬੈਠਹਿਂ ਪੁਨ ਦਿਵਾਨ ਗਨ ਸੂਰੇ ॥੨੭॥
ਇਕ ਬਾਲੂ ਸਿਖ ਸੇਵਾ ਲਾਗਜੋ।
ਪ੍ਰੇਮ ਪਾਇ ਪੰਕਜ ਕੇ ਪਾਗਜੋ।
ਜਬਿ ਗੁਰ ਚਢਿ ਕਰਿ ਕਿਤਹੁਂ ਸਿਧਾਵੈਂ।
ਅੱਗ੍ਰ ਤੁਰੰਗਮ ਦੌਰਜੋ ਜਾਵੈ ॥੨੮॥
ਖੇਦ ਨ ਮਾਨਹਿ ਦੂਰ ਸਿਧਾਰੈ।
ਜਾਇ ਤਹਾਂ ਗੁਰ ਜਹਾਂ ਪਧਾਰੈਂ।
ਸ਼੍ਰੀ ਹਰਿਗੋਵਿੰਦ ਕੋ ਮੁਖ ਹੇਰਹਿ।

ਹਸਹਿ ਅਧਿਕ ਹੁਇ ਖੁਸ਼ੀ ਘਨੇਰਹਿ
॥੨੯॥
ਬੈਠਤਿ ਚਲਤਿ ਸਮੁਖ ਜਬਿ ਹੋਇ।
ਹਸਨਿ ਬਦਨ ਤੇ ਹਰਖਤਿ ਸੋਇ।
ਧਰਜੋ ਨਾਮ ਤਬਿ ਗੁਰ ਨਿਜ ਰਸਨਾ।
'ਭਯੋ ਆਜ ਤੇ ਬਾਲੂ ਹਸਨਾ' ॥੩੦॥
ਤਿਸ ਦਿਨ ਤੇ ਤਿਸ ਕੇ ਗੁਰ ਕਹੋ[1]।
'ਅਬਿ ਗੁਰਦਿੱਤੇ ਕੇ ਸੰਗ ਰਹੋ।'
ਮਾਨਜੋ ਬਾਕ ਪ੍ਰੇਮ ਮਨ ਰੰਗ।
ਰਹਨਿ ਲਗਜੋ ਗੁਰ ਨੰਦਨ ਸੰਗ ॥੩੧॥
ਚਢੈ ਵਹਿਰ ਤਬਿ ਆਗੈ ਧਾਵਹਿ।
ਜਹਿਂ ਪੁਹੰਚਹਿ ਚਲਿ ਤਹਾਂ ਸਿਧਾਵੈ।
ਇਕ ਦਿਨ ਸ਼੍ਰੀ ਗੁਰਦਿੱਤਾ ਗਏ।
ਬਨ ਅਖੇਰ ਕੋ ਖੇਲਤਿ ਭਏ ॥੩੨॥
ਨਿਕਸਜੋ ਸ਼ੂਕਰ ਚਲਜੋ ਪਲਾਈ।
ਗੁਰ ਸੁਤ ਦੇਖਿ ਤੁਰੰਗ ਧਵਾਈ।
ਗਏ ਦੂਰ ਲੌਂ ਸਭਿ ਹਟਿ ਰਹੇ।
ਪਹੁੰਚਜੋ ਗਯੋ ਨ ਸ਼੍ਰਮ ਕੋ ਲਹੇ ॥੩੩॥
ਇਕ ਬਾਲੂ ਹਸਨਾ ਤਹਿਂ ਗਯੋ।
ਸਤਿਗੁਰ ਨੰਦ ਬਿਲੋਕਤਿ ਭਯੋ।
ਅਧਿਕ ਜਾਨਿ ਸੇਵਾ, ਹਰਖਾਏ।
ਟੋਪੀ ਬਖਸ਼ਿ ਦਈ ਤਿਸ ਥਾਏਂ ॥੩੪॥
ਲੇਕਰਿ ਸਿੱਧ ਸ਼ਕਤਿ ਕੋ ਪਾਈ।
ਭਯੋ ਗਜਾਨ ਮਨੁ ਆਨੰਦ ਪਾਈ।
ਹਤਜੋ ਕੋਲ ਸੋ ਆਨਿ ਉਠਾਏ।
ਪੁਰਿ ਕਰਤਾਰ ਬਿਖੈ ਚਲਿ ਆਏ ॥੩੫॥
ਸਕਲ ਪ੍ਰਸੰਗ ਸੁਨਾਯੋ ਗੁਰ ਕੋ।
'ਬਖਸ਼ਿਸ਼ ਕਰੀ ਪ੍ਰੇਮ ਪਿਖਿ ਉਰ ਕੋ।'
ਸ਼੍ਰੀ ਹਰਿਗੋਵਿੰਦ ਭਏ ਪ੍ਰਸੰਨ।
ਸਭਿਨਿ ਸੁਨਾਇ ਬਖਾਨਿ ਬਦੰਨ ॥੩੬॥
'ਅਬਿ ਤੇਰੀ ਪੂਰੀ ਭਈ ਸੇਵਾ।
ਕਰੇ ਰਿਝਾਵਨਿ ਬਹੁ ਗੁਰਦੇਵਾ।

[1]ਗੁਰੂ ਜੀ ਨੇ ਕਹਿਆ।

ਬੈਠਹੰ ਭਜਨ ਕਰਹੁ ਪ੍ਰਭੁ ਕੇਰਾ।
ਜਨਮ ਮਰਨ ਕਾਟਜੋ ਅਬਿ ਤੇਰਾ'
॥੩੭॥
ਲੇ ਗੁਰ ਖੁਸ਼ੀ ਦ੍ਵਾਰ ਥਿਰ ਰਹਜੋ।
ਰਾਤਿ ਦਿਵਸ ਹਰਿ ਸਿਮਰਨ ਲਹਜੋ।
ਇਮ ਸ਼੍ਰੀ ਹਰਿਗੋਵਿੰਦ ਕ੍ਰਿਪਾਲਾ।
ਕਰੇ ਉਧਾਰਨ ਸਿੱਖ ਬਿਸਾਲਾ ॥੩੮॥
ਬੈਠੇ ਹੁਤੇ ਦਿਵਾਨ ਮਝਾਰੀ।
ਪੈਂਦੇ ਖਾਨ ਆਯੋ ਬਲ ਭਾਰੀ।
ਹਾਥ ਜੋਰਿ ਹਰਖਤਿ ਹੁਇ ਕਹੇ।
'ਸੁਤ ਜਨਮਜੋ ਤੁਮ ਕਰੁਨਾ ਲਹੇ[1] ॥੩੯॥ [1]ਭਾਵ ਆਪ ਦੀ ਬਖਸ਼ਿਸ਼ ਨਾਲ।
ਨਿਜ ਰਸਨਾ ਤੇ ਨਾਮ ਬਖਾਨੋ।
ਜੀਵਨ ਰਹੇ ਦਾਸ ਨਿਜ ਜਾਨੋ।'
ਕ੍ਰਿਪਾ ਠਾਨਿ ਗੁਰ ਕੀਨਿ ਬਖਾਨ।
'ਪੈਂਦੇ ਖਾਂ ਕੋ ਸੈਦੇ ਖਾਨ ॥੪੦॥
ਤਵ ਸੁਤ ਕੋ ਸੁਤ ਜੋ ਉਪਜੈਹੈ।
ਹਮ ਤੇ ਪਲਟਾ ਸੋ ਪੁਨ ਪੈ ਹੈ।'
ਸੁਨਿ ਬਿਸਮਜੋ ਕਹਿ ਪੈਂਦੇਖਾਨ।
'ਕਹਾਂ ਬਾਕ ਇਹ ਕੀਨਿ ਬਖਾਨ?'
॥੪੧॥
ਤਬਿ ਗੁਰ ਭਨਜੋ 'ਨੇਤਿ[1] ਹੈ ਐਸੇ। [1]ਹੋਣਹਾਰ।
ਜਿਸਹਿ ਨ ਮੇਟਿ ਸਕਹਿ ਕੋ ਕੈਸੇ।
ਜਬਿ ਹੁਇ ਹੈ ਤਬਿ ਜਾਨਜੋ ਜਾਇ।'
ਸੁਨਿ ਦਿਵਾਨ ਸਗਰੋ ਬਿਸਮਾਇ ॥੪੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਿਧੀਚੰਦ ਬਾਲੂ ਹਸਨਾ ਪੈਂਦੇ ਖਾਨ ਨੰਦ' ਪ੍ਰਸੰਗ ਬਰਨਨੰ ਨਾਮ ਚਤਰਥੋ ਅੰਸੂ ॥੪॥

## ੫. [ਪੈਂਦੇ ਦਾ ਘਰ ਜਵਾਈ। ਸ਼੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਤਨੁਜਾ ਪੈਂਦੇ ਖਾਨ ਕੀ, ਬਰ ਕੇ ਉਚਿਤ ਪਛਾਨ।
ਛੋਟੇ ਮੀਰ ਸੁ ਗ੍ਰਾਮ ਮਹਿਂ, ਬਾਸਹਿ ਏਕ ਪਠਾਨ ॥੧॥

ਹਾਕਲ ਛੰਦ:

ਤਿਹ ਨਾਮ ਖਾਨ ਅਸਮਾਨਾ।
ਬਯ ਖੋੜਸ ਬਰਖਨਿ ਜਾਨਾ।
ਸੋ ਪਦਰ[1] ਸਮੇਤ ਬਸੰਤਾ। — [1]ਪਿਤਾ।
ਢਿਗ ਸ਼ਾਹੁ ਚਾਕਰੀ ਵੰਤਾ ॥੨॥
ਸਨਮਾਨ ਸਮੇਤ ਮਹਾਨਾ।
ਧਨ ਸ਼ਾਹੁ ਦੇਤਿ ਭਟ ਜਾਨਾ।
ਨਿਜ ਸਮਤਾ[1] ਭਲੇ ਪਛਾਨੀ। — [1]ਬਰਾਬਰੀ।
ਕੁਲ, ਧਨ, ਬਯ ਸੁੰਦਰ ਮਾਨੀ ॥੩॥
ਤਬਿ ਪੈਂਦੇ ਖਾਨ ਕਰਿ ਨਾਤਾ।
ਦੇ ਸੁਤਾ ਸੁ ਕੀਨਿ ਜਮਾਤਾ।
ਤਤਕਾਲ ਨਿਕਾਹੁ ਕਰਾਯੋ।
ਘਰ ਅਪਨੇ ਤਿਸੈ ਬਸਾਯੋ ॥੪॥
ਸੁਤ ਉਪਜਜੋ ਬਾਰਿਕ ਸੋਈ[1]। — [1]ਪੈਂਦੇ ਦੇ ਘਰ ਜੋ) ਪੁੱਤ੍ਰ ਹੋਇਆ ਉਹ ਅਜੇ ਬਾਲਕ ਸੀ (ਇਸ ਵਾਸਤੇ)।
ਤਨੁਜਾਪਤਿ ਸੁਤ ਸਮ ਜੋਈ[1]। — [1]ਜਵਾਈ ਨੂੰ ਪੁੱਤਰ ਵਾਂਗ ਦੇਖਦਾ ਸੀ (ਪੈਂਦਾ)।
ਤਿਸ ਦੇਖਿ ਰਹੈ ਸੁਖ ਪਾਈ।
ਕਰਿ ਰਾਖਜੋ ਸਦਨ ਜਵਾਈ[1] ॥੫॥ — [1]ਘਰ ਜਵਾਈ ਬਣਾ ਰਖਿਆ।
ਲੇ ਗੁਰ ਤੇ ਵਸਤੁ ਮਹਾਨਾ।
ਸਭਿ ਦੇਤਿ ਤਾਂਹਿ ਸੁਖ ਮਾਨਾ।
ਤਿਮ ਪੈਂਦੇ ਖਾਨ ਕੀ ਦਾਰਾ।
ਬਹੁ ਕਰਤਿ ਰਹਤਿ ਨਿਤ ਪਜਾਰਾ ॥੬॥
ਕਰਿ ਭੋਜਨ ਸ੍ਵਾਦਲ ਨਾਨਾ।
ਅਚਿਵਾਇ ਆਪਨੇ ਪਾਨਾ।
ਇਮ ਬੀਤਜੋ ਕੇਤਿਕ ਕਾਲਾ।
ਮਿਲਿ ਭੋਗਹਿ ਅਨੰਦ ਬਿਸਾਲਾ ॥੭॥

ਸ਼੍ਰੀ ਗੁਰੂ ਬਿਲਾਸ ਧਰੰਤੇ।
ਚਢਿ ਜਾਤਿ ਅਖੇਰ ਕਰੰਤੇ।
ਗਨ ਜੀਵਨ ਜਗਤ ਉਧਾਰੈਂ।
ਬਿਚਰੰਤੇ ਵਹਿਰ ਪ੍ਰਹਾਰੈਂ[1] ॥ ੮ ॥

[1]ਬਾਹਰ ਵਿਚਰਦੇ ਜੀਵਾਂ ਨੂੰ ਮਾਰਦੇ ਹਨ ਭਾਵ ਸ਼ਿਕਾਰ ਤੋਂ ਹੈ।

ਬਹੁ ਸਿੱਖਨਿ ਦੇ ਉਪਦੇਸ਼ਾ।
ਕਿਹ ਕਾਟਤਿ ਜਗਤ ਕਲੇਸ਼ਾ।
ਬਡ ਤ੍ਰਿਪਤਿ ਭਏ ਰਿਪੁ ਮਾਰੇ।
ਜਸ ਦਸ ਦਿਸ਼ਿ ਅਧਿਕ ਬਿਥਾਰੇ ॥ ੯ ॥
'ਬਡ ਮੁਗ਼ਲ ਮਾਰ ਗੁਰ ਸੂਰਾ।
ਨਿਜ ਦਾਸ ਕਾਮਨਾ ਪੂਰਾ।
ਪਰਵਿਰਤ ਪੰਥ ਮਹਿਂ ਤੈਸੇ।
ਨਿਰਬਿਰਤ ਬਿਖੈ ਰਹਿਂ ਜੈਸੇ[1] ॥ ੧੦ ॥

[1]ਪਰਵਿਰਤੀ ਮਾਰਗ ਵਿਚ ਤਿਵੇਂ ਰਹਿੰਦੇ ਹਨ ਜਿਵੇਂ ਨਿਵਿਰਤੀ ਵਿਚ ਰਹਿੰਦੇ ਹਨ। ਭਾਵ ਦੋਹੀਂ ਪਾਸੀ ਪੂਰਨ ਹਨ। ਰਾਜ ਤੇ ਜੋਗ ਦੋਹਾਂ ਵਿਚ ਪੂਰਨ ਪਦ ਤੇ ਹਨ।

ਸ਼੍ਰੀ ਨਾਨਕ ਅੰਗਦ ਚੰਦੰ।
ਸ਼੍ਰੀ ਅਮਰਦਾਸ ਸੁਖਕੰਦੰ।
ਗੁਰ ਰਾਮਦਾਸ ਗੁਨ ਖਾਨੀ।
ਸ਼੍ਰੀ ਅਰਜਨ ਜਿਮ ਬ੍ਰਹਮ ਗਯਾਨੀ ॥ ੧੧ ॥
ਤਿਮ ਸ਼੍ਰੀ ਹਰਿਗੋਵਿੰਦ ਬੀਰਾ।
ਉਰ ਨਿਸ਼ਚਾ ਤਥਾ ਗਹੀਰਾ।
ਜਿਮ ਪੰਚਹੁ ਸ਼ਾਂਤਿ ਸਰੂਪੰ।
ਤਿਮ ਖਸ਼ਟਮ ਭਏ ਅਨੂਪੰ ॥ ੧੨ ॥
[1]ਪਰਵਿਰਤਿ ਰਾਖਿਬੋ ਦਲ ਕੋ।
ਭਟ ਕਰਨਿ ਬਟੋਰਨ ਬਲ ਕੋ।
ਤੁਰਕੇਸ਼ੁਰ ਸੋਂ ਬਡ ਝੇਰਾ।
ਨਿਤ ਕਰਨ ਉਖੇਰ ਬਿਖੇਰਾ ॥ ੧੩ ॥
ਰਿਪੁ ਹਿਤ ਸੰਗ੍ਰਾਮ ਮਚਾਏ।
ਪੁਰਸ਼ਾਰਥ ਕਰੇ ਕਰਾਏ।
[1]ਪਰ ਨਿਸ਼ਚਾ ਗਯਾਨ ਮਹਾਨਾ।
ਸਭਿਹਿਨਿ ਕੈ ਏਕ ਸਮਾਨਾ' ॥ ੧੪ ॥
ਇਮ ਕੇਤਿਕ ਸਮਾ ਬਿਤਾਯੋ।

[1]ਅਗੇ ਪਰਵਿਰਤੀ ਦੇ ਕੰਮ ਦੱਸਦੇ ਹਨ:-।

[1]ਅਗੇ ਨਵਰਿਤੀ ਦੀ ਬ੍ਰਿਤਿ ਦੱਸਦੇ ਹਨ:-

ਸ਼ੁਭ ਮਾਘ ਮਾਸ ਤਬਿ ਆਯੋ।
ਪਿਖਿ ਲਾਲਚੰਦ ਮਨ ਆਨੀ।
ਨਿਜ ਦਾਰਾ ਸੰਗ ਬਖਾਨੀ ॥੧੫॥
'ਨਿਜ ਤਨੁਜਾ ਗੁਜਰੀ ਕੇਰਾ।
ਹੈ ਬਜਾਹਨਿ ਸਮਾ ਅਛੇਰਾ।
ਕਰਿ ਦੀਜੈ ਉਰ ਅਭਿਲਾਖਾ।'
ਸੁਨਿ ਬਿਸ਼ਨੁ ਕੁਇਰ ਬਚ ਭਾਖਾ ॥੧੬॥
'ਇਹ ਤੋਹਿ ਮਨੋਰਥ ਆਛਾ।
ਮਮ ਉਰ ਮਹਿਂ ਦੀਰਘ ਬਾਂਛਾ।
ਕਰਿ ਦੇਹੁ ਬਿਲੰਬ ਨ ਕੀਜੈ।
ਲਿਖਿ ਸਾਹਾ ਗੁਰ ਕੋ ਦੀਜੈ' ॥੧੭॥
ਕਰਿ ਮਸਲਤ ਬਿੱਪ੍ਰ ਬੁਲਾਯੋ।
ਕਹਿ ਸਾਹਾ ਤਬਹਿ ਸੁਧਾਯੋ†।

†ਪਿੱਛੇ ਕਈ ਵੇਰ ਲਿਖ ਆਏ ਹਾਂ ਕਿ ਇਹ ਗੁਰੂ ਘਰ ਦੀ ਮਿਰਯਾਦਾ ਨਹੀਂ; ਦੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

'ਜਬਿ ਫਲਗਣ ਨੌਮੀ ਆਵੈ।
ਤਬਿ ਬਜਾਹ ਰਚਹੁ ਸੁਖ ਪਾਵੈ' ॥੧੮॥
ਲਿਖਿ ਕਾਗਦ ਬਿੱਪ੍ਰ ਪਠਾਯੋ।
ਚਲਿ ਸਤਿਗੁਰ ਕੇ ਢਿਗ ਆਯੋ।
ਕਹਿ ਆਸ਼ਿਖ ਬੈਠਿ ਸੁਨਾਵਾ।
'ਮੈਂ ਸਾਹਾ ਲੈ ਕਰਿ ਆਵਾ' ॥੧੯॥
ਕਹਿ ਪਾਤੀ ਤਬਹਿ ਪਠਾਈ।
ਸੁਨਿ ਮੰਦਿਰ ਸੁਧਿ ਪਹੁੰਚਾਈ।
ਤਿਨ ਰੀਤਿ ਕਰੀ ਕੁਲ ਜੇਤੀ।
ਉਤਸਾਹੁ ਬਿਸਾਲ ਸਮੇਤੀ ॥੨੦॥
ਮਿਲਿ ਗਾਵਤਿ ਗੀਤ ਰਸਾਲੇ।
ਉਪਜਾਵਤਿ ਅਨੰਦ ਬਿਸਾਲੇ।
ਦਿਜ ਸੇਵ ਕਰਾਇ ਰਖਾਯੋ।
ਪੁਨ ਦੀਨਿ ਬਿਦਾਇ ਪਠਾਯੋ ॥੨੧॥
ਜਬਿ ਬਜਾਹ ਦਿਵਸ ਨਿਯਰਾਏ।
ਸਨਬੰਧੀ ਸਕਲ ਬੁਲਾਏ।
ਪਕਵਾਨ ਭੇਜ ਸਭਿ ਥਾਨੇ।
ਉਤਸਾਹ ਕੀਨਿ ਹਰਖਾਨੇ ॥੨੨॥

ਸੁਤ ਬਨਿਤਾ ਕੇ ਜੁਤਿ ਦਾਤੂ।
ਗੁਰ ਅਮਰ ਬੰਸ ਹਰਖਾਤੂ।
ਗੁਰ ਸਸੁਰ ਆਇ ਹਰਿਚੰਦੂ।
ਲਖਿ ਦੋਹਿਤ ਬਜਾਹ ਅਨੰਦੂ ॥੨੩॥
ਧਨ ਬਨਿਤਾ ਲੇ ਪਰਿਵਾਰਾ।
ਚਲਿ ਆਏ ਪੁਰਿ ਕਰਤਾਰਾ।
ਸਰ ਸੁਧਾ ਛੋਰਿ ਨਰ ਔਰੀ।
ਹਰਿਚੰਦ ਸੰਗ ਤਿਸ ਠੌਰੀ ॥੨੪॥
ਸਭਿ ਦਰਸ਼ਨ ਗੁਰ ਕੇ ਆਏ।
ਸੁਤ ਬਜਾਹ ਸੁਨਤਿ ਮੁਦ ਪਾਏ।
ਯੁਤ ਭਾਗਨ ਆਯੋ ਦ੍ਵਾਰਾ।
ਲੇ ਰਾਮਾ ਅਪਨੀ ਦਾਰਾ ॥੨੫॥
ਸੁਨਿ ਜੋਧ ਰਾਇ ਨਰ ਗਨ ਕੋ।
ਸ਼ੁਭ ਵਸਤੁ ਗੁਰੂ ਅਰਪਨ ਕੋ।
ਤ੍ਰਿਯ ਬ੍ਰਿੰਦ ਲਏ ਪਟਰਾਨੀ।
ਚਲਿ ਆਈ ਅਨੰਦ ਮਹਾਨੀ ॥੨੬॥
ਸੁਨਿ ਸਾਧੂ ਰੂਪਾ ਆਯੋ।
ਪਰਿਵਾਰ ਸੰਗ ਸਭਿ ਲਜਾਯੋ।
ਇੱਤਜਾਦਿਕ ਜਿਨ ਸੁਧ ਪਾਈ।
ਸਭਿ ਪਹੁੰਚੇ ਬਿਲਮ ਭੁਲਾਈ ॥੨੭॥
ਸੁਤ ਸਾਧੂ ਧਰਮਾ ਲੀਨੇ।
ਗੁਰ ਮਿਲਿਬੇ ਮਗ ਪਗ ਦੀਨੇ।
ਰਥ ਚਢਿ ਕਰਿ ਬੀਰੋ ਆਈ।
ਗੁਰ ਸੁਤਾ ਮਿਲਨਿ ਲਲਚਾਈ ॥੨੮॥
ਸਭਿ ਆਨਿ ਗੁਰੂ ਪਦ ਬੰਦੇ।
ਮਿਲਿ ਭੱਲੇ ਤ੍ਰੇਹਣ ਬ੍ਰਿੰਦੇ।
ਗੁਰ ਜਥਾ ਜੋਗ ਸਨਮਾਨੇ।
ਸੁਧ ਲੀਨਸਿ ਖਾਨੁ ਰੁ ਪਾਨੇ ॥੨੯॥
ਸਨਬੰਧੀ ਅਰੁ ਪਰਵਾਰਾ।
ਮਿਲਿ ਜਥਾ ਜੋਗ ਮੁਦ ਧਾਰਾ।
ਸ਼ੁਭ ਨਾਨਕੀ ਰੁ ਮਰਵਾਹੀ।
ਕਹਿ ਗਿਰਾ ਮ੍ਰਿਦੁਲ ਸਭਿ ਪਾਂਹੀ ॥੩੦॥

ਤ੍ਰਿਯ ਜਿਤ ਕਿਤ ਜੇਤਿਕ ਆਈ।
ਕਰਿ ਮੰਗਲ ਦੇਤਿ ਬਧਾਈ।
ਮਿਲ ਗਾਵਤਿ ਸੁੰਦਰ ਗੀਤਾ।
ਜੇ ਅਨੰਦ ਬਧਾਵਤਿ ਚੀਤਾ ॥੩੧॥
ਗੁਰ ਘਰ ਕੋ ਦੇਖਿ ਸਮਾਜਾ।
ਜਿਸ ਦੇਸ਼ਨ ਪਤਿ ਮਹਾਰਾਜਾ।
ਸਨਬੰਧੀ ਸਰਬ ਸਰਾਹੈਂ।
'ਇਨ ਉਦਯੋ ਪ੍ਰਤਾਪ ਮਹਾਂ ਹੈ ॥੩੨॥
ਰਣ ਕਰਤੇ ਸ਼ਾਹੁ ਹਰਾਯੋ।
ਪਦ ਪਾਛੈ ਨਹੀਂ ਹਟਾਯੋ।
ਅਸ ਅਪਰ ਨ ਜਗ ਮੈਂ ਕੋਈ।
ਇਨ ਸੰਗ ਜੰਗ ਚਹਿ ਜੋਈ ॥੩੩॥
ਗੁਰ ਘਰ ਮਹਿਂ ਪੂਰਬ ਪੀਰੀ।
ਅਬਿ ਇਨਹੁ ਦੁਤੀ ਲੇ ਮੀਰੀ।
ਪਰਤਾਪ ਸੁਜਸੁ ਜਗ ਛਾਯੋ।
ਸਮ ਰਾਜਨਿ ਐਸ਼੍ਵਰਜ ਪਾਯੋ' ॥੩੪॥
ਇੱਤਯਾਦਿਕ ਮਿਲਿ ਮਿਲਿ ਭਾਖੈਂ।
ਰਣ ਗਾਥ ਬੂਝਿ ਅਭਿਲਾਖੈਂ।
ਨਿਤ ਗੁਰ ਢਿਗ ਸਭਾ ਬਿਸਾਲਾ।
ਸਭਿ ਬੈਠਤਿ ਆਨੰਦ ਨਾਲਾ ॥੩੫॥
ਨਿਤ ਸ੍ਵਾਦਲ ਹੋਤਿ ਅਹਾਰਾ।
ਖਟ ਰਸ ਕੇ ਅਨਿਕ ਪ੍ਰਕਾਰਾ।
ਬਹੁ ਰਾਗ ਰੰਗ ਨਿਤ ਹੋਵੈਂ।
ਨਿਜ ਧੰਨ ਮਾਨਿ ਮਿਲਿ ਜੋਵੈਂ[1] ॥੩੬॥ [1]ਦਰਸ਼ਨ ਕਰਦੇ ਹਨ।
ਗਨ ਮੰਗਤ ਜਨ ਸੁਨਿ ਆਵੈਂ।
ਧਨ ਧਾਨ ਬਸਨ ਬਹੁ ਪਾਵੈਂ।
ਜਸ ਗਾਵਤਿ ਬਿਬਿਧ ਪ੍ਰਕਾਰੇ।
'ਜੈ ਸਤਿਗੁਰ' ਕਰਤਿ ਉਚਾਰੇਂ ॥੩੭॥
ਦਿਨ ਇਸ ਬਿਧਿ ਕੇਤਿਕ ਬੀਤੇ।
ਸਭਿ ਕਰਤਿ ਬਯਾਹ ਕੀ ਰੀਤੇ।
ਧੁਨਿ ਊਚੀ ਬਾਜਤਿ ਬਾਜੇ।
ਸ਼ਰਨਾਇ ਮ੍ਰਿਦੰਗਨਿ ਸਾਜੇ[1] ॥੩੮॥ [1]ਸਾਜ਼।

ਗਨ ਢੋਲਕ ਢੋਲ ਬਜਾਵੈਂ।
ਬਡ ਦੁੰਦਭਿ ਨਾਦ ਉਠਾਵੈਂ।
ਡਫ ਮੁਰਲੀ ਝਾਂਝ ਬਿਸਾਲਾ।
ਮਿਲਿ ਪਟਹਿ ਨਫੀਰੀ ਜਾਲਾ ॥੩੯॥
ਨਿਤ ਨੌਬਤ ਦ੍ਵਾਰ ਅਗਾਰੀ।
ਸਭਿ ਕਰਹਿਂ ਕੁਲਾਹਲ ਭਾਰੀ।
ਕਿਤ ਹੋਵਤਿ ਬਿਬਿਧਿ ਤਮਾਸ਼ੇ।
ਸੁਰ ਲੋਕ ਮਨਿੰਦ ਬਿਲਾਸੇ ॥੪੦॥
ਕਿਤ ਨਟ ਗਨ ਕਰਤਿ ਅਖਾਰੇ।
ਮਿਲਿ ਨਰ ਸਮੁਦਾਇ ਨਿਹਾਰੇਂ।
ਦਿਨ ਬੀਤਤਿ ਜਾਨਹਿਂ ਨਾਂਹੀ।
ਬਹੁ ਸੁੰਦਰ ਮੰਗਲ ਮਾਂਹੀ ॥੪੧॥
ਸ਼੍ਰੀ ਤੇਗ ਬਹਾਦਰ ਸੋਹੇ।
ਨਰ ਨਾਰਿ ਰੂਪ ਪਿਖਿ ਮੋਹੇ।
ਸਮ ਪਿਤ ਕੇ ਦੀਰਘ ਡੀਲੰ।
ਮੁਖ ਮੰਡਲ ਚੰਦ ਸੁਸ਼ੀਲੰ ॥੪੨॥
ਭੁਜ ਲਾਂਬੀ ਆਯੁਤ ਛਾਤੀ।
ਬਿਸਤਿਰਤਿ ਆਂਖ ਕੁਛ ਰਾਤੀ[1]। — [1]ਲਾਲ।
ਜੁਗ ਕੰਧ ਉਤੰਗ ਸੁਹਾਏ।
ਗਤਿ ਮੰਦ ਮੰਦ ਛਬਿ ਪਾਏ ॥੪੩॥
ਉਦਬਰਤਨ[1] ਮਲਿਬੇ ਹੇਤਾ। — [1]ਵੱਟਣਾ।
ਮਿਲਿ ਨਾਰਿ ਸੁਹਾਗ ਸਮੇਤਾ।
ਮੁਖ ਗਾਵਤਿ ਮਰਦਨ ਕੀਨਾ।
ਸਭਿ ਤਨ ਕੌ ਗਹਿ ਭੁਜ ਪੀਨਾ ॥੪੪॥
ਇਸ਼ਨਾਨੇ ਸੌਰਭ ਸੰਗਾ[1]। — [1]ਸੁਗੰਧੀਆਂ ਨਾਲ।
ਸ਼ੁਭ ਸ਼ੋਭਤਿ ਭੇ ਸ਼ੁਭ ਅੰਗਾ।
ਬਹੁ ਸੂਖਮ ਚੀਰ ਜਿ ਚਾਰੂ।
ਕਰਿ ਪੋਸ਼ਿਸ਼ ਪੀਤ ਉਦਾਰੂ ॥੪੫॥
ਤਨ ਪਹਿਰਤਿ ਦੁਤੀ[1] ਬਧਾਈ। — [1]ਸੁੰਦ੍ਰਤਾ।
[1]ਜਨੁ ਸਿਮਟਿ ਛਟਾ ਇਕ ਥਾਈਂ। — [1]ਚੰਦ੍ਰਮਾਂ ਵਰਗੇ ਮੁਖੜੇ ਨੂੰ (ਮਾਨੋਂ) ਬਿਜਲੀਆਂ ਨੇ ਇਕ ਥਾਂ ਇਕੱਠੀਆਂ ਹੋਕੇ ਵਿਚ ਲੈ ਲਿਆ ਹੈ।
ਮੁਖ ਚੰਦ ਬੀਚ ਮੈਂ ਲੀਨਾ[2]।

ਜਗ ਨਯਨਿ ਕਮਲ ਰਸ ਲੀਨਾ[1] ॥੪੬॥
ਕਰ ਕੰਙਣਾ ਬੰਧਨ ਕੀਨਾ।
ਬਹੁ ਦਾਨ ਦਿਜਨਿ ਕੋ ਦੀਨਾ।
ਮਿਲਿ ਗਾਵਤਿ ਕੋਕਿਲ ਬੈਨੀ।
ਬਡ ਤੀਛਨ ਪੰਕਜ ਨੈਨੀ ॥੪੭॥
ਕਟ ਕੇਹਰਿ ਬਰ, ਗਜਗੌਨੀ।
ਧਰ ਬਸਨ ਬਿਭੂਖਨ ਲੌਨੀ[1]।
ਸਭਿ ਤੇਗ ਬਹਾਦਰ ਸੰਗਾ।
ਚਲਿ ਗਾਵਤਿ ਅਨੰਦ ਉਮੰਗਾ ॥੪੮॥
ਗਨ ਮਿਲੀ ਬਰਾਤ ਸੁਹਾਈ।
ਦੁਤਿ ਬਸਨ ਬਿਭੂਖਨ ਛਾਈ।
ਨਿਜ ਪੁਰਿ ਮਹਿਂ ਕਰਨ ਢੁਕਾਊਂ।
ਨਹਿਂ ਬਾਹਿਨ ਲੀਨਸਿ ਕਾਊ ॥੪੯॥
ਗੁਰ ਚਲੇ ਰੂਪ ਅਭਿਰਾਮੂ।
ਜਹਿਂ ਲਾਲਚੰਦ ਕੋ ਧਾਮੂ।
ਧਰਿ ਜੋਧ ਹਾਥ ਪਰ ਹਾਥਾ।
ਸਭਿ ਭੱਲੇ ਤ੍ਰੇਹਣ ਸਾਥਾ ॥੫੦॥
ਸਿਖ ਸੰਗਤਿ ਮਿਲਿ ਸਮੁਦਾਏ।
ਬਰਬੀਰ ਸੰਗ ਛਬਿ ਪਾਏ।
ਧਰਿ ਸਿਪਰ ਖੜਗ ਨਿਜ ਅੰਗਾ।
ਜੇ ਅਹੈਂ ਬਹਾਦੁਰ ਜੰਗਾ ॥੫੧॥
ਗਨ ਮੇਲ ਅਪਰ ਸਭਿ ਚਾਲੇ।
ਚਹੁੰਦਿਸ਼ਿ ਮਹਿਂ ਭੀਰ ਬਿਸਾਲੇ।
ਪੁਰਿ ਬਿਖੈ ਗਰੀ ਜਿ ਬਜ਼ਾਰਾ।
ਗਨ ਮਾਨਵ ਸਭਿਨਿ ਮਝਾਰਾ ॥੫੨॥
ਧਰਿ ਭੂਖਨ ਬਸਤ੍ਰ ਨਵੀਨੇ।
ਬਨਿ ਛੈਲ ਫਿਰਤਿ ਰਸ ਲੀਨੇ।
ਗਨ ਬਾਦਤ ਬਜੇ ਬਿਸਾਲੇ।
ਸਭਿ ਆਗੇ ਦੂਲਹੁ ਚਾਲੇ ॥੫੩॥
ਸਿਰ ਸ਼ੇਖਰ[1] ਸੁੰਦਰ ਸੋਭੇ।
ਨਰ ਨਾਰਿ ਪਿਖਤਿ ਮਨ ਲੋਭੇ।
ਇਮ ਗਮਨੇ ਕਰਨ ਢੁਕਾਉ।

[1]ਰਸ ਵਿਚ ਲੀਨ ਹਨ।

[1]ਸੁੰਦਰ।

[1]ਮੁਕਟ, ਸਿਰ ਤੇ ਪਹਿਨਣੇ ਦਾ ਸੇਹਰਾ ਸੰ: ਸ਼ੇਖਰ।

ਬਰਖਾਵਤਿ ਬਿਤ[1] ਚਿਤ ਚਾਉ ॥੫੪॥ [1]ਧਨ।
ਤਬਿ ਲਾਲ ਚੰਦ ਹੁਇ ਆਗੇ।
ਕਰਿ ਮਿਲਨੀ ਪ੍ਰੇਮ ਸੁ ਪਾਗੇ।
ਕਰਿ ਅੱਗ੍ਰ ਬਿਲੰਦ ਅਕੋਰੰ।
ਤਹਿਂ ਖਰੋ ਹੁਇ ਕਰ ਜੋਰੰ ॥੫੫॥
ਪਗ ਪੰਕਜ ਕੋ ਲਪਟਾਯੋ।
ਗੁਰ ਗਹਿ ਕਰਿ ਹਾਥ ਉਠਾਯੋ।
ਮਿਲਿ ਅੰਕ ਗਯੋ ਨਿਜ ਧਾਮਾ।
ਕਰਿ ਤਜਾਰ ਭਲੇ ਸਭਿ ਸਾਮਾ[1] ॥੫੬॥ [1]ਸਾਮਾਨ।
ਸ਼੍ਰੀ ਤੇਗ ਬਹਾਦਰ ਭਾਏ।
ਸੁਸਰਾਲ ਦ੍ਵਾਰ ਲਗਿ ਆਏ।
ਕੁਲ ਰੀਤਿ ਕਰੀ ਨਰ ਨਾਰੀ।
ਬਹੁ ਗਾਵਤਿ ਦੇ ਕਰਿ ਗਾਰੀ[†] ॥੫੭॥ [†]ਦੇਖੋ ਰਾਸ ੪ ਅੰਸੂ ੪ ਅੰਕ ੫ ਦੀ ਹੇਠਲੀ ਟੂਕ।
ਪੁਨ ਹਟਿ ਕਰਿ ਡੇਰਾ ਕੀਨਾ।
ਪੁਰਿ ਅਧਿਕ ਕੁਲਾਹਲ ਚੀਨਾ।
ਸਭਿ ਟਿਕੀ ਬਰਾਤ ਅਨੰਦੇ।
ਗਨ ਮੰਗਲ ਪਿਖਿ ਹਰਖੰਦੇ ॥੫੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਤੇਗ ਬਹਾਦਰ ਬਜਾਹ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਸ਼੍ਰੀ ਤੇਗ ਬਹਾਦੁਰ ਵਜਾਹ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਜੁਗ ਘਟਿਕਾ ਨਿਸ ਕੇ ਬਿਤੇ,
ਭੋਜਨ ਹੇਤੁ ਬੁਲਾਇ।
ਸ਼੍ਰੀ ਗੁਰ ਹਰਿ ਗੋਬਿੰਦ ਜੀ,
ਚਲੇ ਸੰਗ ਸਮੁਦਾਇ ॥੧॥

ਹਾਕਲ ਛੰਦ:

ਸ਼੍ਰੀ ਤੇਗ ਬਹਾਦਰ ਦੂਲੋ।
ਸਭਿ ਆਗੇ ਗੁਰ ਅਨਕੂਲੋ[1]।
ਘਰ ਲਾਲਚੰਦ ਕੇ ਚਾਲੇ।
ਗਨ ਬਾਦਤ ਧੁਨੀ ਉਠਾਲੇ ॥੨॥
ਤਬਿ ਆਤਸ਼ਬਾਜ਼ੀ ਛੋਰੇ।
ਚਢਿ ਜਾਤਿ ਗਗਨ ਕੀ ਓਰੇ।
ਬਹੁ ਝਾਰ ਮਤਾਬੀ ਬਾਰੀ।
ਜਨੁ ਫੂਲ ਰਹੀ ਫੁਲਵਾਰੀ ॥੩॥
ਕੋ ਛੂਟਤਿ ਸ਼ਬਦ ਉਠਾਲੈਂ।
ਕੋ ਚਰਖੀ ਭ੍ਰਮਤਿ ਬਿਸਾਲੈਂ।
ਬਡ ਕਰਤਿ ਜੋਰ ਬਿਧਿ ਨਾਨਾ।
ਇਮ ਅਧਿਕ ਤਮਾਸ਼ੇ ਠਾਨਾ ॥੪॥
ਨਰ ਨਾਰਿ ਬਿਲੋਕਿ ਅਨੰਦੈ।
ਜਿਹ ਕਿਹ ਠਾਂ ਭੀਰ ਬਿਲੰਦੈ।
ਚਲਿ ਸਨੈ ਸਨੈ ਗੁਰ ਧੀਰਾ।
ਅਵਿਲੋਕਤਿ ਚਲਤਿ ਪ੍ਰਬੀਰਾ[1] ॥੫॥
ਘਰ ਲਾਲਚੰਦ ਕੇ ਜਾਈ।
ਗਨ ਪੰਕਤਿ ਕਰਿ ਬੈਠਾਈ।
ਬਰ ਚੰਦਨ ਚੌਂਕੀ ਚਾਰੂ।
ਰੁਚਿਰਾਸਨ ਤਿਸ ਪਰ ਡਾਰੂ ॥੬॥
ਸਨਮਾਨ ਗੁਰੂ ਬੈਠਾਏ।
ਕਰ ਧੋਵਨਿ ਕੋ ਜਲ ਲਯਾਏ।
ਪੁਨ ਥਾਰ ਸੁ ਧਰੇ ਅਗਾਰੀ।
ਪਕਵਾਨ ਅਨੇਕ ਪ੍ਰਕਾਰੀ ॥੭॥

[1]ਗੁਰੂ ਜੀ (ਦੀ) ਆਗਿਆਨੁਸਾਰ।

[1]ਸ਼੍ਰੇਸ਼ਟ ਸੂਰਮੇ [ਸੰਸ: ਪ੍ਰਵੀਰ = ਸ਼੍ਰੇਸ਼ਟ। ਬੀਰ, ਜੋਧਾ। ਮਹਾਨ ਪੁਰਖ]

ਬਹੁ ਸੁੰਦਰ ਦਏ ਅਹਾਰਾ।
ਸਭਿ ਅਚਹਿਂ ਸ੍ਵਾਦ ਲੇ ਭਾਰਾ।
ਮਨ ਭਾਵਤਿ ਅਚਿ ਤ੍ਰਿਪਤਾਏ।
ਪੁਨ ਪਾਨ ਪਖਾਰਿ ਸਬਾਏ ॥੮॥
ਧਨ ਡਾਰਿ ਜੁਠ ਮਹਿਂ ਆਏ।
ਨਿਜ ਡੇਰੇ ਬਿਖੈ ਸੁਹਾਏ।
ਨਿਸ ਭੂਢ ਜਾਮ ਜਬਿ ਬੀਤੀ।
ਹਿਤ ਲਾਵਾਂ ਦੇਨਿ ਸਪ੍ਰੀਤੀ ॥੯॥
ਨਰ ਪਠਿ ਕਰਿ ਗੁਰੂ ਬੁਲਾਏ।
ਲਖਿ ਸਮਾ ਤੁਰਤ ਚਲਿ ਆਏ।
ਸ਼੍ਰੀ ਤੇਗ ਬਹਾਦਰ ਬੈਸੇ।
ਜਹਿਂ ਬੇਦੀ ਸੁੰਦਰ ਹੈਸੇ ॥੧੦॥
ਗਣਪਤਿ ਸੁਰ ਪੂਜਨ ਕੀਨੇ†।

†ਦੇਖੋ ਰਾਸ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ।

ਤਿਹ ਜਥਾ ਜੋਗ ਧਨ ਦੀਨੇ।
ਸ਼੍ਰੀ ਗੁਜਰੀ ਕੋ ਲੇ ਆਏ।
ਦਿਸ਼ ਬਾਮ ਬਿਖੈ ਬੈਠਾਏ ॥੧੧॥
ਕਰਿ ਪੂਜਾ ਅਗਨਿ ਪ੍ਰਕਾਸ਼ੀ।
ਬਿਚ ਹਵੀ[1] ਪਾਇ ਬਹੁ ਭਾਸੀ[2]।

[1]ਘਿਉ। [2]ਪ੍ਰਕਾਸ਼ੀ।

ਦਿਜ ਬਚ ਤੇ ਫਿਰ ਕਰਿ ਫੇਰੇ।
ਸਭਿ ਲਾਗ ਦਿਯੋ ਤਿਸ ਬੇਰੇ ॥੧੨॥
ਕਰਿ ਰੀਤਿ ਜਥੋਚਿਤ ਸਾਰੀ।
ਚਲਿ ਆਏ ਡੇਰ ਮਝਾਰੀ।
ਤਬਿ ਸੰਮਤ ਸੋਰਹਿ ਸੈਯਾ।
ਬਿਤ ਅਪਰ ਉਨਾਨਵ ਭੈਯਾ[1]† ॥੧੩॥

[1]ਤਦੋਂ ਸੰਮਤ ੧੬੯੯ ਹੈ ਸੀ। †ਖਾਲਸਾ ਤਵਾਰੀਖ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਵਾਹ ਦਾ ਸੰਮਤ ੧੬੯੬ ਬਿਕ੍ਰਮੀ ਦਿੱਤਾ ਹੈ।

ਪੁਨ ਸੁਪਤਿ ਭਏ ਸੁਖ ਪਾਏ।
ਉਠਿ ਪ੍ਰਾਤੀ ਸਕਲ ਨਹਾਏ।
ਗੁਰ ਸ਼ਬਦ ਪਾਠ ਬਡ ਹੋਤਾ।
ਸੁਨਿ ਰਾਗ ਅਨੇਕ ਉਦੋਤਾ ॥੧੪॥
ਬਹੁ ਗਾਇਂ ਰਬਾਬੀ ਨੀਕੇ।
ਜਿਸ ਤੇ ਸੁਖ ਹੋਵਤਿ ਜੀ ਕੇ।
ਪੁਨ ਸਭਾ ਲਗੀ ਗੁਰ ਪਾਸੀ।

ਸਭਿ ਆਏ ਅਨੰਦ ਪ੍ਰਕਾਸ਼ੀ ॥੧੫॥
ਜਿਤ ਕਿਤ ਤੇ ਜਾਚਕ ਆਏ।
ਜਸ ਗਾਵਤਿ ਧਨ ਕੋ ਪਾਏ।
ਸ਼੍ਰੀ ਸਤਿਗੁਰ ਹਰਿਗੋਵਿੰਦੰ।
ਛਬਿ ਪਾਵਤਿ ਭਏ ਬਿਲੰਦੰ ॥੧੬॥
ਸੁਤ ਚਾਰਹੁ ਬੇਦ ਸਮਾਨਾ।
ਬਿਚ ਬ੍ਰਹਮਾ ਗਜਾਨ ਮਹਾਨਾ†।
ਸੁਰਰਾਜ[1] ਮਨਹੁ ਸੁਰ ਮਾਂਹੀ।
ਸਿਰ ਚਮਰ ਬਿਸਾਲ ਢਰਾਹੀਂ ॥੧੭॥
ਕੋ ਕੋ ਬਡ ਕਹੌਂ ਸਮਾਜਾ।
ਬਿਚ ਸਭਾ ਸੁਭਹਿ ਮਹਾਰਾਜਾ।
ਹਿਤ ਭੋਜਨ ਬਹੁਰ ਬੁਲਾਏ।
ਮਗ ਪਰਤਿ ਪਾਵੜੇ ਆਏ[1] ॥੧੮॥
ਕਰਿ ਪੰਕਤਿ ਥਿਤ ਸਮੁਦਾਈ।
ਗੁਰ ਚੌਂਕੀ ਪਰ ਦੁਤਿ ਪਾਈ।
ਬਰ ਨੁਗਦੀ, ਮੋਦਕ ਬ੍ਰਿੰਦਾ।
ਧਰਿ ਅੱਗ੍ਰ ਜਲੇਬ ਬਿਲੰਦਾ ॥੧੯॥
ਇੱਤਜਾਦਿ ਪਰੋਸਿ ਅਹਾਰਾ।
ਬਡ ਹੋਤਿ ਭਈ ਜਿਵਨਾਰਾ[1]।
ਤਬਿ ਗਾਵਤਿ ਨਾਗਰਿ ਨਾਰੀ।
ਲੇ ਨਾਮ ਗੁਰੂ ਦੇ ਗਾਰੀ† ॥੨੦॥
ਤਜੋਂ ਹੋਤਿ ਅਨੰਦ ਬਿਲੰਦਾ।
ਅਚਿ ਲੀਨਿ ਜਥਾ ਰੁਚਿ ਬ੍ਰਿੰਦਾ।
ਦੇ ਲਾਗ ਭਲੇ ਚਲਿ ਆਏ।
ਇਮ ਬਾਸੁਰ ਤੀਨ ਬਿਤਾਏ ॥੨੧॥
ਤਬਿ ਲਾਲਚੰਦ ਦੇ ਦਾਜਾ।
ਬਹੁ ਭੂਖਨ ਬਸਤ੍ਰ ਸਮਾਜਾ।
ਧਰਿ ਜਥਾ ਸ਼ਕਤਿ ਕਰ ਜੋਰੇ।
'ਨਹਿਂ ਸਰਜੋ ਕਛੁ ਢਿਗ ਮੋਰੇ ॥੨੨॥
ਇਕ ਤਨੁਜਾ ਮੈਂ ਹਿਤ ਸੇਵਾ।

†ਪਾ:-ਸਭਿ ਦੇ ਗਜਾਨਾ।

[1]ਇੰਦਰ।

[1]ਰਾਹ ਵਿਚ ਪਾਵੜੇ ਪੈਂਦੇ ਭਾਵ ਕਪੜੇ ਵਿਛੀਂਦੇ ਆਏ। [ਹਿੰ:. ਪਾਵੜਾ = ਰਸਤੇ ਵਿਚ ਵਿਛਾਇਆ ਜਾਣ ਵਾਲਾ ਕਪੜਾ, ਪਾਯੰਦਾਜ਼]

[1]ਜ਼ਿਆਫਤ। (ਅ) ਰਸੋਈ। [ਸੰਸ: ਜੇਮਨ = ਖਾਣਾ] [ਹਿੰ: ਜੇਵਨਾਰ]

†ਦੇਖੋ ਇਸੇ ਰਾਸ ਦੇ ਅੰਸੂ ੫ ਅੰਕ ੫੭ ਦੀ ਹੇਠਲੀ ਟੂਕ।

ਅਰਪੰਨ ਕੀਨਿ ਗੁਰ ਦੇਵਾ!'
ਲੇ ਬਿਸ਼ਨੁ ਕੁਇਰ ਸੰਗ ਦਾਰਾ।
ਹੁਇ ਦੀਨ ਸੁ ਬਾਕ ਉਚਾਰਾ ॥੨੩॥
ਸੁਨਿ ਸਤਿਗੁਰ ਭਏ ਕ੍ਰਿਪਾਲਾ।
'ਤੁਮ ਦੀਨੋ ਸਕਲ ਬਿਸਾਲਾ।
ਜਿਨ ਤਨੁਜਾ ਅਰਪਨ ਕੀਨੰ।
ਕਜ਼ਾ ਪਾਛੇ ਤਿਨ ਰਖਿ ਲੀਨੰ' ॥੨੪॥
ਸੁਨਿ ਲਾਲਚੰਦ ਪਦ ਬੰਦੇ।
ਪੁਨ ਡੋਰਾ ਲਜਾਇ ਬਿਲੰਦੇ।
ਤਹਿਂ ਗੁਜਰੀ ਸੁਤਾ ਬਿਠਾਈ।
ਪਤਿ ਸੇਵਨ ਸੀਖ ਸਿਖਾਈ ॥੨੫॥
ਸਭਿ ਕਰੇ ਬਿਸਰਜਨ ਚਾਲੇ।
ਧਨ ਬਰਖਾ ਕੀਨਿ ਬਿਸਾਲੇ।
ਨਿਜ ਘਰ ਲੌ ਆਵਤਿ ਸਾਰੇ।
ਧਨ ਡਾਰਤਿ ਗਰੀ ਬਜ਼ਾਰੇ ॥੨੬॥
ਗਨ ਬਾਜ ਬਜਾਵਤਿ ਊਚੇ।
ਗੁਰ ਮੰਦਿਰ ਆਨਿ ਪਹੂਚੇ।
ਮਿਲਿ ਆਗੇ ਨਾਗਰ ਨਾਰੀ।
ਬਹੁ ਗਾਇ ਗੀਤ ਮੁਦ ਭਾਰੀ ॥੨੭॥
ਸਭਿ ਬਿਖੈ ਨਾਨਕੀ ਆਵੈ।
ਸੁਤ ਬਧੂ ਪਿਖਿਨਿ ਲਲਚਾਵੈ।
ਜਬਿ ਪਹੁੰਚੇ ਪੌਰ ਅਗਾਰੀ।
ਸਿਰ ਵਾਰ ਵਾਰਿ ਤਿਸ ਬਾਰੀ[1] ॥੨੮॥ [1]ਸਿਰ ਤੋਂ ਜਲ ਤਿਸ ਵੇਲੇ ਵਾਰਿਆ।
ਕਰਿ ਪੀਵਨ ਆਨੰਦ ਧਾਰੇ।
ਹੁਇ ਸੁਤ ਊਪਰ ਬਲਿਹਾਰੇ।
ਕੁਲ ਰੀਤਿ ਕਰੀ ਮਨ ਭਾਈ।
ਲੇ ਅੰਤਰ ਮਹਿਲ ਸਿਧਾਈ ॥੨੯॥
ਧਨੁ ਥਾਤੀ[1] ਦੇ ਕਰਿ ਝੋਰੀ। [1]ਥੈਲੀ।
ਪਿਖਿ ਨੁਖਾ ਬਦਨ ਕੀ ਓਰੀ।
ਸ਼ੁਭ ਥਾਨ ਬਿਠਾਵਨ ਕੀਨੀ।
ਤ੍ਰਿਯ ਹੇਰਤਿ ਬਧੂ ਨਵੀਨੀ ॥੩੦॥
ਦੇ ਦਰਬ[1] ਸਰਬ ਹੀ ਹੇਰੈਂ। [1]ਨੇਂਹ ਨੂੰ) ਧਨ ਦੇ ਕੇ।

ਮੁਖ ਕਰਤਿ ਸਰਾਹ ਘਨੇਰੈਂ।
ਕਹਿ 'ਤੇਗ ਬਹਾਦਰ ਜੋਰੀ।
ਬਿਧ[1] ਰਚੀ ਰੁਚਿਰ ਰੁਚਿ ਬੇਰੀ[2] ॥੩੧॥
ਕਰਿ ਕੰਙਣਾ ਤਬਿ ਛੁਰਵਾਯੋ।
ਇਮ ਬਜਾਹ ਪ੍ਰਸੰਗ ਬਨਾਯੋ।
ਨਹਿਂ ਬਰਨਨ ਕੀਨਿ ਬਿਸਾਲਾ।
ਇਸ ਪਢੇ ਸੁਫਲ ਸੁਖ ਜਾਲਾ ॥੩੨॥
ਸਭਿ ਮੇਲ ਕਿਤਿਕ ਦਿਨ ਪਾਛੇ।
ਹੁਇ ਹਰਖ ਰਹਿਨ ਹੀ ਬਾਂਛੇ।
ਬਹੁ ਗ੍ਰਾਮ ਪੁਰਿਨਿ ਤੇ ਆਏ।
ਸਨਬੰਧੀ ਪ੍ਰੇਮਿ ਸਬਾਏ ॥੩੩॥
ਚਿਰਕਾਲ ਬਿਤੇ ਭਾ ਮੇਲਾ।
ਪੁਨ ਬਜਾਹ ਉਛਾਲ ਸੁਹੇਲਾ।
ਇਸ ਕਾਰਨ ਤੇ ਸੁਖ ਭਾਰੀ।
ਨਹਿਂ ਸਿਮਰਹਿਂ ਸਦਨ ਪਿਛਾਰੀ ॥੩੪॥
ਬਹੁ ਬਾਸੁਰ ਜਬਹਿ ਬਿਤਾਏ।
ਲਖਿ -ਗਮਨ ਅਬਹਿ ਬਨ ਆਏ-।
ਧਨ ਬਸਨ ਬਿਭੂਖਨਿ ਦੀਨੇ।
ਕਰਿ ਪ੍ਰੇਮ ਬਿਸਰਜਨ ਕੀਨੇ ॥੩੫॥
ਸਭਿ ਤ੍ਰੇਹਣ ਭੱਲੇ ਚਾਲੇ।
ਕਹਿ ਬਾਕ ਪ੍ਰੇਮ ਕੇ ਨਾਲੇ।
ਪੁਨ ਹਰੀ ਚੰਦ ਅਰੁ ਰਾਮਾ।
ਚਢਿ ਬਹਿਲਨਿ ਗਮਨੇ ਧਾਮਾ ॥੩੬॥
ਹਰਿਗੋਵਿੰਦ ਜਸੁ ਉਚਰੰਤੇ।
ਪ੍ਰਸਥਾਨੋ ਪੰਥ ਕਰੰਤੇ।
ਨਿਜ ਤ੍ਰਿਯ ਯੁਤਿ ਗਮਨਜੋ ਦ੍ਵਾਰਾ।
ਕਰਿ ਜਥਾ ਜੋਗ ਬਿਵਹਾਰਾ ॥੩੭॥
ਸੁਤ ਸਾਧੂ ਧਰਮਾ ਲੈ ਕੇ।
ਸਤਿਗੁਰ ਕੋ ਬੰਦਨ ਕੈ ਕੈ।
ਮਿਲਿ ਬੀਰੋ ਗੁਰ ਪਿਤ ਸੰਗਾ।
ਦੁਹ ਮਾਤਨਿ ਮਿਲੀ ਉਮੰਗਾ ॥੩੮॥
ਧਨ ਬਸਨ ਬਿਭੂਖਨ ਲੀਨੇ।

[1]ਬਿਧਾਤਾ ਨੇ। [2]ਸੁੰਦਰਤਾ ਵਿਚ ਡੁਬੀ ਹੋਈ।

ਮਿਲਿ ਭ੍ਰਾਤਨਿ ਸੋਂ ਹਿਤ ਕੀਨੇ।
ਨਿਜ ਸਦਨ ਗਈ ਸੁਖ ਪਾਏ।
ਪਰਿਵਾਰ ਹੇਰਿ ਸਮੁਦਾਏ ॥੩੯॥
ਤਬਿ ਰਾਇ ਜੋਧ ਗੁਰ ਪਾਸਾ।
ਕਰ ਬੰਦਿ ਕਰੀ ਅਰਦਾਸਾ।
ਨਿਜ ਸੁਤ ਕੋ ਪਾਇਨਿ ਪਾਵਾ।
ਜਿਸ ਫੱਤਾ ਨਾਮ ਰਖਾਵਾ ॥੪੦॥
ਪੁਨ ਭ੍ਰਾਤਾ ਸ਼ਾਹਿ ਸਲੇਮੂ।
ਕਰ ਬੰਦਨ ਚਾਹਤਿ ਛੇਮੂ।
ਤ੍ਰਿਯ ਸਿੱਖ ਸੁਤਾ ਚਲਿ ਆਈ।
ਪਗ ਕਰਜੋ ਪ੍ਰਣਾਮ ਗੁਸਾਈਂ ॥੪੧॥
ਸਭਿ ਊਪਰ ਖੁਸ਼ੀ ਬਿਸਾਲਾ।
ਗੁਰ ਕਰਤਿ ਭਏ ਤਿਸ ਕਾਲਾ।
ਹੁਇ ਬਿਦਾ ਪੰਥ ਪ੍ਰਸਥਾਨੇ।
ਗੁਰ ਜਸੁ ਕੋ ਕਰਤਿ ਬਖਾਨੇ ॥੪੨॥
ਪੁਨ ਸਾਧੂ ਰੂਪਾ ਆਯੋ।
ਪਗ ਪੰਕਜ ਸੀਸ ਨਿਵਾਯੋ।
ਕਰਿ ਬਿਨਤੀ ਸਦਨ ਪਯਾਨੇ।
ਗੁਰ ਖੁਸ਼ੀ ਕੀਨਿ ਹਿਤ ਠਾਨੇ ॥੪੩॥
ਇੱਤਜਾਦਿਕ ਮੇਲ ਜਿ ਸਾਰਾ।
ਮਿਲਿ ਨਿਜ ਨਿਜ ਸਦਨ ਸਿਧਾਰਾ।
ਗੁਰ ਕੀਰਤਿ ਭਾਖਤਿ ਜਾਤੇ।
ਸਤਿਨਾਮ ਸਿਮਰਿ ਸੁਖ ਰਾਤੇ[1] ॥੪੪॥ [1]ਸੁਖਦਾਈ।
ਪੁਨ ਸਤਿਗੁਰ ਸਮਾ ਬਿਤਾਯੋ।
ਕਰਤਾਰ ਪੁਰੇ ਸੁਖ ਪਾਯੋ।
ਜਬਿ ਦਿਵਸ ਪੁਰਬ ਕੋ ਆਵੈ।
ਸਿਖ ਸੰਗਤਿ ਮਿਲਿ ਬਹੁ ਜਾਵੈ ॥੪੫॥
ਦਿਨ ਦੀਪਮਾਲ ਬੈਸਾਖੀ।
ਸਭਿ ਆਵਤਿ ਦਰਸ਼ਨ ਕਾਂਖੀ।
ਗਨ ਅਰਪਹਿਂ ਵਸਤੁਨਿ ਆਨੈਂ।
ਪਗ ਪੰਕਜ ਬੰਦਨ ਠਾਨੈਂ ॥੪੬॥
ਬਹੁ ਦਰਬ ਬਿਭੂਖਨ ਨਾਨਾ।

ਪਟ ਅਦਭੁਤ ਮੋਲ ਮਹਾਨਾ।
ਗਨ ਸ਼ਸਤ੍ਰ ਅਨੇਕ ਪ੍ਰਕਾਰੀ।
ਹਯ ਆਨਹਿਂ ਦੇਂ ਧਨ ਭਾਰੀ ॥੪੭॥
ਮਨ ਕਰਤਿ ਕਾਮਨਾ ਪਾਵੈਂ।
ਸਿਖ ਦੂਰ ਦੂਰ ਤੇ ਆਵੈਂ।
ਜਹਿਂ ਸਤਿਗੁਰ ਨਿਜ ਸਿਖ ਜੋਵਹਿਂ।
ਸਭਿ ਥਾਨ ਸਹਾਇਕ ਹੋਵਹਿਂ ॥੪੮॥
ਕੋ ਦਸਵੰਧ ਦੇਵੈ ਆਈ।
ਕੋ ਅਰਪ ਮਨੌਤ ਬਨਾਈ।
ਕਰਿ ਚਾਉ ਪ੍ਰਥਮ ਕੋ ਆਵੈ।
ਕੋ ਪ੍ਰੇਮੀ ਦਰਸ਼ਨ ਪਾਵੈ ॥੪੯॥
ਸੁਤ ਆਦਿ ਕਾਮਨਾ ਪਾਵੈ।
ਕੋ ਭਗਤਿ ਗਜਾਨ ਲਿਵ ਲਾਵੈ।
ਇਸ ਲੋਕ ਲਹੈ ਸੁਖ ਕੋਈ।
ਪਰਲੋਕ ਚਹੈ ਗਤਿ ਹੋਈ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਜਾਹ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਸਿੱਖਾਂ ਦੀਆਂ ਉਪਹਾਰਾਂ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:
ਬੀਤ ਗਏ ਖਟ ਮਾਸ ਇਮ, ਬਾਸੇ ਪੁਰਿ ਕਰਤਾਰ।
ਦੀਪਮਾਲ ਮੇਲਾ ਮਿਲ੍ਯੋ, ਗਨ ਨਰ ਨਹੀਂ ਸ਼ੁਮਾਰ ॥੧॥
ਦੂਰ ਦੂਰ ਤੇ ਭੂਰ ਸਿਖ, ਪੂਰਿ ਕਾਮਨਾ ਹੇਤੁ[1]।
ਆਇ ਹਜ਼ੂਰ ਨਿਹਾਰਤੇ, ਸ਼ਰਧਾ ਪ੍ਰੇਮ ਸਮੇਤ ॥੨॥

[1]ਕਾਮਨਾ ਪੂਰਨ ਕਰਨ ਲਈ।

ਚੌਪਈ:
ਇਸ ਪ੍ਰਕਾਰ ਗੁਰ ਦਿਵਸ ਬਿਤਾਏ।
ਦੁਸ਼ਟਨਿ ਹਨਿ ਗੁਰ ਸੰਤ ਸਹਾਏ।
ਬਡੀ ਭੀਰ ਨਿਤ ਪੁਰਿ ਕਰਤਾਰਾ।
ਆਇਂ ਜਾਇਂ ਨਰ ਨਹੀਂ ਸ਼ੁਮਾਰਾ ॥੩॥
ਬਡ ਪੂਰਬ ਤੇ[1] ਸੰਗਤਿ ਆਵੈ।
ਤਹਿਂ ਤੇ ਵਸਤੁ ਅਜਾਇਬ ਲ੍ਯਾਵੈ।
ਜੇ ਸਲਿਤਾਪਤਿ ਟਾਪੂ ਵਾਸੀ।
ਆਇਂ ਜਤਨ ਕਰਿ ਸਤਿਗੁਰ ਪਾਸੀ ॥੪॥

[1]ਪੂਰਬ ਦਿਸ਼ਾ ਤੋਂ।

ਤਿਮ ਹੀ ਦੱਛਨ ਕੇ ਸਮੁਦਾਈ।
ਦਰਸਹਿਂ ਬੰਦਹਿਂ ਕਰਹਿਂ ਬਡਾਈ।
ਤਿਤ ਦਿਸ਼ਿ ਅੰਗ[1] ਬੰਗ[2] ਤੇ ਆਦੀ।
ਪਾਇ ਕਾਮਨਾ ਹੁਇਂ ਅਹਿਲਾਦੀ ॥੫॥

[1]ਭਾਗਲ ਪੁਰ ਦਾ ਇਲਾਕਾ ਤੇ ਉੜੀਸਾ ਬੀ ਵਿਚ ਗਿਣਦੇ ਹਨ। [2]ਬੰਗਾਲ।

ਪਸ਼ਚਮ ਦਿਸ਼ਾ ਵਲਾਇਤ ਜੇਤੀ।
ਤੁਰਕ ਹਿੰਦੁ ਗਨ ਪ੍ਰੇਮ ਸਮੇਤੀ।
ਲੇ ਕਰਿ ਸ਼ਸਤ੍ਰ ਤੁਰੰਗਨਿ ਆਵੈਂ।
ਦਰਸ਼ਨ ਕਰਤਿ ਕਾਮਨਾ ਪਾਵੈਂ ॥੬॥
ਉੱਤਰ ਦਿਸ਼ ਕੇ ਸਿੱਖ ਮਹਾਨੈ।
ਵਸਤੁ ਦਰਬੁ ਸਤਿਗੁਰ ਢਿਗ ਆਨੈਂ।
ਸ੍ਰੀ ਨਾਨਕ ਫਿਰਿ ਕਰਿ ਸਭਿ ਅਵਿਨੀ।

ਬਿਸਤਾਰਨ ਕਰਿ ਸਿੱਖੀ ਰਵਨੀ ॥੭॥
ਜਹਿਂ ਤੇ ਆਵਨਿ ਸਮਰਥ ਹੋਈ।
ਦਰਸ਼ਨ ਹੇਤੁ ਆਇ ਸਭਿ ਕੋਈ।
ਜਹਿਂ ਤੇ ਪਹੁੰਚਯੋ ਜਾਇ ਨ ਇਹਾਂ।
ਕਰਹਿਂ ਤਿਹਾਵਲ ਹੁਇੰ ਜਹਿਂ ਕਹਾਂ ॥੮॥
ਹੁਇ ਇਕ ਥਾਇੰ ਅਰਾਧਹਿਂ ਗੁਰ ਕੋ।
ਕਰਿ ਅਰਦਾਸ ਭਾਵਨਾ ਪੁਰ ਕੋ[1]।
ਬਰਨੈਂ ਗੁਰ ਪ੍ਰਤਾਪ ਕਹਿਂ ਤੀਕਾ[1]।
ਜਹਿਂ ਕਹਿਂ ਬਿਦਤਿ ਜਗਤ ਰਹਿਂ ਨੀਕਾ ॥੯॥
ਦਿਵਸ ਵਿਸੋਏ[1] ਕੋ ਤਬਿ ਆਯੋ।
ਫਲ ਦਰਸ਼ਨ ਕੋ ਹੁਇ ਅਧਿਕਾਯੋ।
ਚਹੁੰਦਿਸ਼ਿ ਤੇ ਸੰਗਤ ਸਮੁਦਾਈ।
ਲੇ ਕਰਿ ਵਸਤੁ ਅਜਾਇਬ ਆਈ ॥੧੦॥
ਧਰਿ ਧਰਿ ਪ੍ਰੇਮ ਅਧਿਕ ਚਿਤ ਚਾਊ।
ਛੇਮ ਲੇਨਿ ਚਾਹਤਿ ਅਧਿਕਾਊ।
ਜਿਸ ਦਿਨ ਮਾਧਵ[1] ਕੀ ਸੰਕ੍ਰਾਂਤ।
ਪੁਰਿ ਕਰਤਾਰ ਬਿਖੈ ਬਹੁ ਭਾਂਤਿ ॥੧੧॥
ਸੰਗਤਿ ਕੇ ਡੇਰੇ ਗਨ ਛਾਏ।
ਪੁਰਿ ਕੇ ਚਹੁੰਦਿਸ਼ਿ ਪਿਖਿ ਪਿਖਿ ਛਾਏ।
ਅਰੁ ਜਲ ਕੋ ਸੁਖ ਜਹਾਂ ਨਿਹਾਰਾ।
ਮਿਲਿ ਮਿਲ ਨਰ ਗਨ ਡੇਰੇ ਡਾਰਾ ॥੧੨॥
ਅਧਿਕ ਭੀਰ ਪੁਰਿ ਕੇ ਚਹੁ ਫੇਰੇ।
ਬੀਚ ਨ ਮੇਵ ਸਕਹਿਂ ਬਹੁ ਡੇਰੇ।
ਜਿਤ ਕਿਤ ਧੁਨਿ ਹੋਵਤਿ ਗੁਰ ਬਾਨੀ।
ਗੁਰ ਜੈਕਾਰਾ ਕਰਹਿਂ ਬਖਾਨੀ ॥੧੩॥
ਦਰਸ਼ਨ ਦੇਨਿ ਹੇਤੁ ਗੁਰ ਪੂਰੇ।
ਦੀਨਿਸਿ ਹੁਕਮ 'ਫਰਸ਼ ਹੁਇ ਰੂਰੇ।

[1]ਪੂਰਨ (ਹੋਣ ਲਈ)।

[1]ਕਿਥੋਂ ਤਕ।

[1]ਵਿਸਾਖੀ ਦਾ।

[1]ਵੈਸਾਖ [ਸੰਸ: ਮਾਧਵ = ਵੈਸਾਖ ਦਾ ਮਹੀਨਾ। ਬਸੰਤ ਦੀ ਰੁਤ]

ਸਭਾ ਲਗਨ ਕੀ ਕਰੀਯਹਿ ਤਜਾਰੀ।'
ਸੁਨਤਿ ਦਾਸ ਕਰਿ ਆਨੰਦ ਭਾਰੀ ॥੧੪॥
ਬਰਣ ਬਰਣ ਕੇ ਫਰਸ਼ ਬਨਾਏ।
ਬਡੇ ਥਾਨ ਥਿਤ ਜਹਿਂ ਸਮੁਦਾਏ।
ਚਹੁੰਦਿਸ਼ਿ ਮਹਿਂ ਝਾਲਰ ਲਗ ਜ਼ਰੀ।
ਹੀਰੇ ਮੁਕਤਨਿ ਸੋਂ ਬਹੁ ਜਰੀ[1] ॥੧੫॥
ਅਸ ਗਾਦੀ ਗੁਰ ਕੇਰ ਡਸਾਈ।
ਬਹੁਤ ਦਰਬ ਲਗਿ ਰੁਚਿਰ ਬਨਾਈ।
ਤਿਸ ਪਰ ਰਾਖੇ ਬਡ ਉਪਧਾਨੋ।
ਬਸਤ੍ਰ ਅਜਾਇਬ ਲਗਜੋ ਮਹਾਨੋ ॥੧੬॥
ਰੇਸ਼ਨ ਡੋਰਨਿ ਗੁੰਫੇ ਜ਼ਰੀ।
ਜਿਨਹੁ ਲਗੀ ਮੁਕਤਾਹਲ ਲਰੀ[1]।
ਬਡੀ ਭੋਰ ਤੇ ਗੁਰੂ ਸ਼ਨਾਨੇ।
ਸੂਖਮ ਬਸਤ੍ਰ ਬਿਸਦ ਪਹਿਰਾਨੇ ॥੧੭॥
ਖੜਗ ਬਿਸਾਲ ਗਰੇ ਮਹਿਂ ਪਾਯੋ।
ਸਿਪਰ ਸਹਿਤ ਸਤਿਗੁਰੂ ਸੁਹਾਯੋ।
ਮੰਦ ਮੰਦ ਪਦ ਧਰਿ ਗੁਰ ਮੰਦਰ।
ਜਨੁ ਅਰਬਿੰਦ ਮ੍ਰਿਦੁਲ ਬਹੁ ਸੁੰਦਰ ॥੧੮॥
ਕ੍ਰਿਪਾ ਕਟਾਖ ਬਿਲੋਕਤਿ ਆਏ।
ਪੀਛੇ ਬੀਰ ਦਾਸ ਸਮੁਦਾਏ।
ਪਹੁੰਚਿ ਕਰੀ ਗਾਦੀ ਕੋ ਬੰਦਨ।
ਊਪਰ ਬੈਠੇ ਦੋਸ਼ ਨਿਕੰਦਨ ॥੧੯॥
ਚਮਰਦਾਰ ਲੇ ਚਵਰ ਖਲੋਵਾ।
ਹੰਸ ਮਨਿੰਦ ਢੁਰਾਵਤਿ ਹੋਵਾ।
ਸਭਾ ਬਿਸਾਲ ਲਗੀ ਚਹੁ ਫੇਰੇ।
ਲਾਜਤਿ ਜਾਂਹਿ ਸੁਧਰਮਾ[1] ਹੇਰੇ ॥੨੦॥
ਭਯੋ ਮੇਵਰੋ ਖਰੋ ਅਗਾਰੀ।
ਸਿੱਖਨਿ ਕੀ ਅਰਦਾਸ ਉਚਾਰੀ।
ਚਾਰਹੁੰ ਪੁਤ੍ਰ ਸਹਾਵਤਿ ਪਾਸ।
ਜਗ ਪੌਤ੍ਰੇ ਦੁਤਿ ਰਹੀ ਪ੍ਰਕਾਸ਼ ॥੨੧॥

[1]ਜੜੀ ਹੋਈ।

[1]ਮੋਤੀਆਂ ਦੀਆਂ ਲੜੀਆਂ।

[1]ਇੰਦਰ ਸਭਾ, ਭਾਵ ਦੇਵਤਿਆਂ ਦੇ ਸਮਾਜ ਤੋਂ ਹੈ।

ਭਾਟ ਨਕੀਬ ਕਹੈਂ ਜਸੁ ਠਾਂਢੇ।
ਕੰਚਨ ਛਰੀ ਦਾਰ ਛਬਿ ਬਾਢੇ।
ਹੁਕਮ ਭਯੋ 'ਸੰਗਤਿ ਸਭਿ ਆਵੈ।
ਮਨੋ ਕਾਮਨਾ ਚਾਹਤਿ ਪਾਵੈ ॥੨੨॥
ਸਨਮੁਖ ਸ਼ਬਦ ਰਬਾਬੀ ਗਾਵੈਂ।
ਸੁਨਹਿਂ ਪ੍ਰੇਮ ਤੇ ਸੁਖ ਉਪਜਾਵੈਂ।'
ਹੁਇ ਹੁਇ ਤਯਾਰ ਸਿੱਖ ਗਨ ਆਏ।
ਨਿਜ ਨਿਜ ਰੁਚਿਰ ਅਕੋਰਨਿ ਲਯਾਏ ॥੨੩॥
ਸਤਿਗੁਰ ਕੇ ਦਰਸ਼ਨ ਕੋ ਕਰੈਂ।
ਬੰਦਹਿਂ ਭੇਟ ਅਗਾਰੀ ਧਰੈਂ।
ਮੁੱਖਿ ਜਿ ਸਿੱਖ ਬੈਠਿ ਥਿਰ ਹੋਵੈਂ।
ਖਰੇ ਹਜ਼ਾਰਹੁਂ ਦਰਸ਼ਨ ਜੋਵੈਂ ॥੨੪॥
ਤ੍ਰਿਪਤਹਿਂ ਨਹਿਂ, ਮਨ ਰਹੈਂ ਲੁਭਾਈ।
ਜਨੁ ਅਰਬਿੰਦ ਮਲਿੰਦ ਭ੍ਰਮਾਈ।
ਹੋਤਿ ਅਨੇਕਨ ਕੀ ਅਰਦਾਸ।
'ਸ਼੍ਰੀ ਗੁਰ! ਸਿਖ ਕਾਰਜ ਹੁਇ ਰਾਸ' ॥੨੫॥
ਵਸਤੁਨਿ ਕੇ ਲਾਗੇ ਅੰਬਾਰੂ।
ਧਨ ਗਨ ਬਸਨ ਬਿਭੂਖਨ ਚਾਰੂ।
ਹਯ ਹੱਥਯਾਰ ਆਇ ਸਮੁਦਾਏ।
ਖ਼ੁਸ਼ੀ ਕਰਹਿਂ ਗੁਰ ਸਭਿ ਦਰਸਾਏ ॥੨੬॥
ਇਕ ਸਿਖ ਹੁਤੋ ਸੁਦਾਗਰ ਭਾਰੀ।
ਬਸਹਿ ਬਦਖ਼ਸ਼ਾਂ ਨਗਰ ਮਝਾਰੀ।
ਦੇਸ਼ ਬਿਦੇਸ਼ਨਿ ਮਹਿਂ ਬਿਵਹਾਰੂ।
ਜਿਸ ਕੋ ਹੋਵਤਿ ਦਰਬ ਉਦਾਰੂ ॥੨੭॥
ਤਿਸ ਨੇ ਧਨ ਦਸਵੰਧ ਨਿਕਾਰਾ।
ਅਰੁ ਮਨੌਤ ਕੋ ਸੰਚਯੋ ਸਾਰਾ।
ਵਸਤੁ ਅਜਾਇਬ ਸੁੰਦਰ ਦੇਖਿ।
ਕਰੀ ਖਰੀਦਨ ਮੋਲ ਵਿਸ਼ੇਖ ॥੨੮॥
ਦੇ ਧਨ ਲਾਖ ਤੁਰੰਗਮ ਲੀਨੋ।

ਬਹੁ ਚੰਚਲ ਗੁਨ ਬ੍ਰਿੰਦ ਪ੍ਰਬੀਨੋ।
ਇਕ ਪੁਸ਼ਾਕ ਬਨਿਵਾਇ ਬਿਸਾਲਾ।
ਸੂਖਮ ਅਧਿਕ ਅਜਾਬ[1] ਉਜਾਲਾ ॥੨੯॥ [1]ਅਸਚਰਜ।
ਤਿਸ ਪਰ ਮੋਲ ਖਰਚ ਬਡ ਕੀਨੋ।
ਚੀਰਾ ਚਾਰੁ ਦਰਬ ਦੈ ਲੀਨੋ।
ਬਾਜ ਸੁਪੈਦ ਹੰਸ ਕੀ ਨਿਆਈ।
ਕਿਸੂ ਦੇਸ ਤੇ ਲੀਨਿ ਮੰਗਾਈ ॥੩੦॥
ਮੁਖ ਮਾਂਗੀ ਕੀਮਤਿ ਤਿਸ ਦੀਨਿ।
ਸਤਿਗੁਰ ਖੁਸ਼ੀ ਹੇਤੁ ਸੋ ਲੀਨਿ।
ਖੰਡਾ ਏਕ ਬਿਲੰਦ ਦੁਧਾਰਾ।
ਘਰਯੋ ਪੁਲਾਦੀ ਲੋਹ ਕਰਾਰਾ ॥੩੧॥
ਕਲ਼ਗੀ ਏਕ ਜਰਾਵਨ ਜਰੀ।
ਜ਼ਾਹਰ ਅਜਬ ਜਵਾਹਰ ਖਰੀ।
ਸਿਪਰ ਅਧਿਕ ਸੁੰਦਰ ਲੇ ਆਇਵ।
ਸ਼੍ਰੀ ਸਤਿਗੁਰ ਲਾਇਕ ਲਖਿ ਪਾਇਵ ॥੩੨॥
ਏ ਸਭਿ ਵਸਤੂ ਬਹੁਤ ਉਜਾਗਰ।
ਲੇ ਪਹੁੰਚਯੋ ਗੁਰ ਢਿਗ ਸੌਦਾਗਰ।
ਧਰਿ ਹਜ਼ੂਰ ਪਗ ਬੰਦਨ ਕਰੀ।
ਦਰਸ਼ਨ ਕਰਤਿ ਨਿਮੇਖ ਨ ਪਰੀ[1] ॥੩੩॥ [1]ਅੱਖ ਨ ਝਮਕੀ।
ਰਹਯੋ ਜੋਰਿ ਕਰ ਪ੍ਰੇਮ ਬਿਸਾਲਾ।
ਖੁਸ਼ੀ ਦ੍ਰਿਸ਼ਟਿ ਕਰਿ ਪਿਖਯੋ ਕ੍ਰਿਪਾਲਾ।
ਬੂਝਯੋ 'ਕੌਨ ਦੇਸ਼ ਤੇ ਆਵਾ?
ਕੌਨ ਕਾਮਨਾ ਪੂਰਨ ਪਾਵਾ? ॥੩੪॥
ਬੋਲਯੋ ਬਿਨੈ ਸਨੀ ਬਰ ਬਾਨੀ।
'ਤੁਮ ਜਾਨਹੁ ਸਭਿ, ਨਾਂਹਿਨ ਛਾਨੀ।
ਤਊ ਬੂਝਿਬੇ ਹਿਤ ਕਰਿ ਕਹੌਂ।
ਮੁਲਖ ਬਦਖ਼ਸ਼ਾਂ ਕੇ ਤਹਿਂ ਰਹੌਂ ॥੩੫॥
ਦੇਸ਼ ਬਿਦੇਸ਼ਨਿ ਮਹਿਂ ਬਿਵਹਾਰਾ।
ਚਲਹਿ ਖੇਪ[1] ਭਰਿ ਵਸਤੁ ਹਜ਼ਾਰਾ। [1]ਵਪਾਰ।

ਬਹੁਤ ਲਾਭ ਮੁਝ ਆਵਤਿ ਰਹ੍ਯੋ।
ਤਿਹ ਦਸਵੰਧ ਜਿਤਿਕ ਮਨ ਲਹ੍ਯੋ
॥੩੬॥
ਸੋ ਮੈਂ ਸੰਚਤਿ ਰਹ੍ਯੋ ਘਨੇਰੇ।
ਅਰੁ ਜਬਿ ਕਾਜ ਅਟਕ ਕਛੁ ਮੇਰੇ।
ਮਾਨਤਿ ਰਹ੍ਯੋ ਮਨੌਤ ਮਹਾਨੀ।
ਤਹਿਂ ਸਹਾਇਤਾ ਰਾਵਰ ਠਾਨੀ ॥੩੭॥
ਸੋ ਮੈਂ ਤਿਹ ਸੋਂ ਰਹ੍ਯੋ ਮਿਲਾਵਤਿ।
ਸੰਚ੍ਯੋ ਦਰਬ ਭਯੋ ਮਨ ਭਾਵਤਿ।
ਉਰ ਮਹਿਂ ਇਹੀ ਮਨੋਰਥ ਧਾਰੇ।
-ਜਬਿ ਚਲਿ ਗੁਰ ਕੋ ਦਰਸ ਨਿਹਾਰੇਂ
॥੩੮॥
ਦੈ ਹੈਂ ਆਪ ਹਦੂਰ ਸਿਧਾਇ-।
ਚਿਰੰਕਾਲ ਇਮ ਗਯੋ ਬਿਤਾਇ।
ਇਕ ਫਕੀਰ ਤੁਮਰੇ ਢਿਗ ਰਹ੍ਯੋ।
ਰਾਵਰ ਕੋ ਸੁਭਾਉ ਸਭਿ ਲਹ੍ਯੋ ॥੩੯॥
-ਆਯੁਧ ਧਰਨ ਕਰਨ ਸੰਗ੍ਰਾਮੂ।
ਚਢਨ ਤੁਰੰਗਨਿ ਪਰ ਅਭਿਰਾਮੂ।
ਖੇਲਨਿ ਬਹੁ ਅਖੇਰ ਮਨ ਭਾਵੈਂ।
ਮਹਾਰਾਜ ਸਮ ਸੌਜ ਬਨਾਵੈਂ ॥੪੦॥
ਹਯ ਆਯੁਧ ਜੋ ਸਿੱਖ ਲਿਆਵੈ।
ਕਰਿ ਅਰਪਨ ਸਤਿਗੁਰੂ ਰਿਝਾਵੈ।
ਅੰਗ ਸੰਗ ਸੋ ਲੇਹਿਂ ਲਗਾਏ।
ਖੁਸ਼ੀ ਕਰਹਿਂ ਸਿਖ ਪਰ ਸੁਖਦਾਏ-
॥੪੧॥
ਮੈਂ ਸੁਨਿ ਕਰਿ ਤਬਿ ਰਚੇ ਉਪਾਇ।
ਆਛੀ ਵਸਤੁ ਖਰੀਦੀ ਜਾਇ।
ਬਹੁਤ ਮੋਲ ਦੇ ਲ੍ਯਾਇ ਤੁਰੰਗਾ।
ਅਤਿ ਚੰਚਲ ਸੁੰਦਰ ਸਰਬੰਗਾ ॥੪੨॥
ਸਿਪਰ ਖੜਗ ਬਡ ਕੀਮਤ ਕੇਰੇ।
ਕਲਗ਼ੀ ਕੋ ਦੇ ਮੋਲ ਬਡੇਰੇ।
ਦੁਰਲਭ ਬਾਜ ਸੇਤ[1] ਇਹੁ ਆਨਾ।

[1]ਚਿੱਟਾ।

ਪੋਸ਼ਿਸ਼ ਹਿਤ ਧਨ ਖਰਚਿ ਮਹਾਨਾ
॥ ੪੩ ॥
ਵਸਤੁਨਿ ਪਰ ਕੇਤਿਕ ਬਿਤ ਲਾਗਾ।
ਬਚਯੋ ਜਿਤਿਕ ਸੋ ਰਾਵਰ ਆਗਾ[1]। [1]ਆਪ ਦੇ ਹਜ਼ੂਰ ਹਾਜ਼ਰ ਹੈ।
ਅਧਿਕ ਭਾਰ ਤੇ ਲੇ ਦੀਨਾਰ[1]। [1]ਭਾਵ ਮੁਹਰਾਂ।
ਅਰਪਨ ਕੀਨਿ ਗੁਰੂ ਦਰਬਾਰ ॥ ੪੪ ॥
ਅਪਨੀ ਵਸਤੁ ਸੰਭਾਰਨਿ ਕੀਜੈ।
ਲ੍ਯਾਯੋ ਬਡੇ ਜਤਨ ਸੋਂ, ਲੀਜੈ।
ਦਾਸਨ ਕੀ ਰਾਖਤਿ ਹੋ ਲਾਜ।
ਬਿਰਦ ਬਿਸਾਲ ਗਰੀਬ ਨਿਵਾਜ' ॥ ੪੫ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸਿੱਖ ਵਸਤੂ ਲਿਆਵਨਿ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

## ੮. [ਪੈਂਦੇ ਖਾਂ ਬਖਸ਼ਿਸ਼ਾਂ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਸੁਨਿ ਸੌਦਾਗਰ ਬਾਕ ਕੋ, ਸ਼ਰਧਾ ਲਖਿ
ਅਧਿਕਾਇ।
ਸਤਿਗੁਰ ਭਏ ਪ੍ਰਸੰਨ ਤਬਿ, ਕਹਤਿ ਭਏ
ਇਸ ਭਾਇ ॥੧॥

ਚੌਪਈ:

'ਅਪਨੋ ਜਨਮ ਕ੍ਰਿਤਾਰਥ ਕੀਨਾ।
ਸਭਿ ਕੁਲ ਕੋ ਸੰਕਟ ਕਰਿ ਛੀਨਾ।
ਇਤੀ ਦੂਰ ਤੇ ਵਸਤੁ ਲਿਆਵਾ।
ਬਹੁ ਧਨ ਖਰਚਜੋ ਪ੍ਰੇਮ ਬਧਾਵਾ ॥੨॥
ਗੁਰ ਹਿਤ ਨਿਤ ਦਸੌਂਧ ਕੋ ਰਾਖਾ।
ਦਰਸ਼ਨ ਗੁਰ ਸ਼ਰਧਾ ਉਰ ਕਾਂਖਾ।
ਹਮ ਪ੍ਰਸੰਨ ਬਰ ਜਾਚਨ ਕੀਜੈ।
ਅਪਨੀ ਆਸ਼ਾ ਪੂਰਿ ਲਈਜੈ' ॥੩॥
ਹਾਥ ਜੋਰਿ ਤਬਿ ਕਹਜੋ ਸੁਦਾਗਰ।
'ਪ੍ਰੇਮ ਪਰਖਿਬੇ ਨਾਗਰ ਆਗਰ[1]। [1]ਸ੍ਰੇਸ਼ਟ ਚਤੁਰ ਹੈ।
ਦਰਸ਼ਨ ਕਰੇ ਤ੍ਰਿਪਤਿ ਚਿਤ ਹੋਵਾ।
ਕ੍ਰਿਪਾ ਦ੍ਰਿਸ਼ਟਿ ਤੇ ਮੋ ਕਉ ਜੋਵਾ ॥੪॥
ਸਭਿ ਬਿਧਿ ਤੇ ਮੁਝ ਕਰਜੋ ਨਿਹਾਲੂ।
ਬਰ ਦੀਜੈ ਨਿਜ ਪ੍ਰੇਮ ਬਿਸਾਲੂ।
ਸਿਪਰ ਖੜਗ ਅਰੁ ਕਟ ਸੋਂ ਭਾਥਾ।
ਲਏ ਸਨੱਧ ਗਹੇ ਧਨੁ ਹਾਥਾ ॥੫॥
ਇਹ ਸਰੂਪ ਉਰ ਬਸਹੁ ਤੁਹਾਰਾ।
ਜਥਾ ਚਲਹਿ ਨਹਿਂ ਮੇਰੁ ਉਦਾਰਾ।
ਨਿਸ ਦਿਨ ਜਿਹਵਾ ਨਾਮ ਮੁਕੰਦ।
ਰਟਤਿ ਰਹੌਂ ਸ਼੍ਰੀ ਹਰਿ ਗੋਵਿੰਦ ॥੬॥
ਇਹੁ ਬਰ ਮੋ ਕਉ ਦੀਜਹਿ ਸ੍ਵਾਮੀ।
ਕ੍ਰਿਪਾ ਕਰਹੁ ਗੁਰ ਅੰਤਰਜਾਮੀ।
ਜਬਿ ਲੌ ਹੁਇ ਨ ਆਪ ਸੋਂ ਮੇਲ[1]। [1]ਭਾਵ ਆਪ ਦੇ ਸਰੂਪ ਵਿਚ ਲੀਨ ਨਾ ਹੋਵਾਂ।
ਕਰਮਨਿ ਬਸਿ ਜੂਨਨ ਮਹਿਂ ਖੇਲ[1] ॥੭॥ [1]ਕਰਮਾਂ ਦੇ ਵਸ ਹੋਕੇ ਜੂਨ ਵਿਚ ਖੇਡਦਾ ਰਹਾਂ।

ਜਹਿਂ ਜਹਿਂ ਜਨਮ ਧਰੌਂ ਮੈਂ ਜਾਈ।
ਰਹੌਂ ਸਿੱਖ ਤਬਿ ਲੌ ਗੁਨ ਗਾਈ।'
ਭਏ ਪ੍ਰਸੰਨ ਬਖਾਨਜੋ ਬੈਨ।
'ਤੇਰੋ ਜਨਮ ਅਪਰ ਅਬਿ ਹੈ ਨ ॥੮॥
-ਉਰ ਮਹਿਂ ਬਸੌ ਮਾਂਗਿ ਬਰ ਲੀਨੋ।
ਭਯੋ ਕਰਮ ਕੇ ਬੰਧ ਬਿਹੀਨੋ।
ਪੂਰਨ ਹੋਇ ਕਾਮਨਾ ਤੇਰੀ।
ਮਿਟੀ ਸਕਲ ਭਵਜਲ ਕੀ ਫੇਰੀ' ॥੯॥
ਕਿਤਿਕ ਸਮੈ ਥਿਰ ਦਰਸ਼ਨ ਹੇਰੇ।
ਪੁਨ ਆਇਸੁ ਲੇ ਗਮਨਜੋ ਡੇਰੇ।
ਅਰਪੀ ਵਸਤੁ ਸਕਲ ਗੁਰ ਦੇਖੀ।
ਪ੍ਰਥਮ ਤੁਰੰਗਮ ਚਪਲ ਵਿਸ਼ੇਖੀ ॥੧੦॥
ਕਰ ਪਰ ਬਾਜ ਬਿਠਾਇ ਨਿਹਾਰਾ।
ਅਧਿਕ ਗੁਨਨ ਮਹਿਂ ਦੁਲਭ ਉਦਾਰਾ।
ਸ਼੍ਰੀ ਗੁਰਦਿੱਤੇ ਕਹਜੋ ਸੁਨਾਈ।
'ਦੂਰ ਕਹੂੰ ਤੇ ਅਸ ਕਰ ਆਈ'[1] ॥੧੧॥
ਅਪਰ ਨ ਕਹੂੰ ਦੇਖਿਬੇ ਆਵੈ।
ਬਡੋ ਅਹੈ ਗੁਨ ਬਿਸਦ ਸੁਹਾਵੈ।'
ਸੁਨਿ ਸਤਿਗੁਰ, ਸੁਤ ਚਿਤ ਕੀ ਜਾਨੀ।
-ਅਹੈ ਅਜਾਇਬ ਦੁਲਬ ਬਖਾਨੀ- ॥੧੨॥
'ਇਹ ਤੁਮ ਲੇਹੁ ਅਖੇਰ ਕਰੀਜੈ।
ਪਰਖਹੁ ਸੰਗ ਬਿਹੰਗ ਛੁਰੀਜੈ।
ਹੋਤ ਪ੍ਰਾਤਿ ਕੇ ਵਹਿਰ ਸਿਧਾਰਹੁ।
ਕਿਮ ਖਗ ਪਕਰੈ ਤਹਾਂ ਨਿਹਾਰਹੁ' ॥੧੩॥
ਪੈਂਦੇ ਖਾਨ ਦਿਸ਼ਾ ਪੁਨ ਹੇਰਾ।
ਘੋਰਾ ਬਖਸ਼ਜੋ ਮੋਲ ਬਡੇਰਾ।
ਪੋਸ਼ਿਸ਼ ਚੀਰ ਚਾਰੁ ਅਰੁ ਚੀਰਾ।
ਦੇ ਕਰਿ ਭਾਖਜੋ 'ਪਹਿਰੁ ਸਰੀਰਾ' ॥੧੪॥
ਪੁਨ ਖੰਡਾ ਲੇ ਹਾਥ ਨਿਹਾਰਾ।
ਪਰਖਜੋ ਆਛੋ ਲੋਹ ਕਰਾਰਾ।

[1]ਐਸੀ (ਵਸਤੂ) ਹੱਥ ਆਂਵਦੀ ਹੈ।

ਮਾਨ ਬਾਕ ਪੈਂਦੇ ਖਾਂ ਬੀਰ।
ਸਭਿ ਪੁਸ਼ਾਕ ਕੋ ਪਹਿਰਿ ਸ਼ਰੀਰ ॥੧੫॥
ਕਰੀ ਸਲਾਮ ਦੇਖਿ ਮੁਸਕਾਏ।
'ਇਹੁ ਖੰਡਾ ਲਿਹੁ ਅੰਗ ਲਗਾਏ।'
ਸ਼ੋਭਾ ਦੂਨ ਚਊਨੀ ਹੋਈ।
ਪੋਸ਼ਿਸ਼ ਅਧਿਕ ਦਰਬ ਲਗਿ ਜੋਈ ॥੧੬॥
ਭਏ ਪ੍ਰਸੰਨ ਬਹੁਰ ਸਮੁਝਾਵਹਿਂ।
'ਜਬਿ ਤੂੰ ਹਮਰੇ ਢਿਗ ਚਲਿ ਆਵਹਿਂ।
ਇਹ ਪੋਸ਼ਿਸ਼ ਤਨ ਪਹਿਰ ਸੁ ਆਵਹੁ।
ਖੜਗ ਸਿਪਰ ਤਬਿ ਅੰਗ ਸਜਾਵਹੁ ॥੧੭॥
ਅਬਿ ਤੂੰ ਚਢਿ ਤੁਰੰਗ ਕਹੁ ਫੇਰਿ।
ਕਰਹੁ ਦਿਖਾਵਨਿ ਚਪਲ ਬਡੇਰ।'
ਸੁਨਿ ਪੈਂਦਾ ਹਰਖ੍ਯੋ ਉਰ ਮਾਂਹੀ।
ਸਿਪਰ ਖੜਗ ਧਰ ਕਰਿ ਕਟ ਤਾਂਹੀ ॥੧੮॥
-ਮੁਝ ਕੋ ਜਾਨਹਿਂ ਬਡ ਬਲਵਾਨਾ।
ਰਣ ਮਹਿਂ ਬੀਰ ਕਰਹਿ ਘਮਸਾਨਾ।
ਇਸ ਕਾਰਨ ਤੇ ਸਤਿਗੁਰ ਦੇਤਿ।
ਮੋ ਸਮਤਾ ਕੋ ਦੁਤਿਯ ਨ ਲੇਤਿ- ॥੧੯॥
ਇੱਤਯਾਦਿਕ ਚਿਤ ਬਿਖੈ ਬਿਚਾਰਤਿ।
ਬਖਸ਼ਿਸ਼ ਲੇਤਿ ਗਰਬ ਕੋ ਧਾਰਤਿ।
ਉਠਿ ਹਯ ਪਰ ਆਰੂਢਨ ਭਯੋ।
ਜਿਸ ਹਿਤ ਦਰਬ ਲਾਖ ਗਿਨਿ ਦਿਯੋ ॥੨੦॥
ਮੰਦ ਮੰਦ ਚਢਿ ਪ੍ਰਥਮ ਚਲਾਯੋ।
ਫਿਰ ਫੇਰੇ ਪੁਨ ਪੋਈਏ ਪਾਯੋ।
ਤ੍ਰਿਤਿਯ ਬਾਰ ਘੋਰਾ ਜਬਿ ਛੇਰਾ।
ਦੌਰ੍ਯੋ ਅਸੁ[1], ਕਰਿ ਬੇਗ ਬਡੇਰਾ ॥੨੧॥
ਪੌਨ ਗੌਨ ਕੋ ਪਾਵਤਿ ਪਾਛੈ।
ਬਪੁਰੇ ਹਰਨ ਕਿ ਸਮਤਾ ਬਾਂਛੈ[1]।

[1]ਘੋੜਾ।

[1]ਵਿਚਾਰੇ ਹਰਨਾਂ ਨੇ ਕੀ ਬਰਾਬਰੀ ਦੀ ਇੱਛਾ ਕਰਨੀ ਹੈ।

ਠੌਰ ਅਦ੍ਰਿਸ਼ਟਿ ਬਿਖੈ ਚਲਿ ਜਾਨੇ[1]।
[1]ਇਤਨਾਂ ਤੇਜ਼ ਦੌੜਦਾ ਹੈ ਕਿ ਝੱਟ ਅਦ੍ਰਿਸ਼ਟ =) ਅੱਖਾਂ ਤੋਂ ਉਹਲੇ ਥਾਂ ਵਿਚ ਚਲਾ ਜਾਂਦਾ ਹੈ।

ਮਨ ਕੋ ਮਨਹੁਂ ਸਿਖਾਵਨ ਠਾਨੇ[1] ॥੨੨॥
[1]ਮਾਨੋਂ ਮਨ ਨੂੰ ਬੀ ਇਹ (ਤੇਜ਼ੀ) ਸਿਖਾਉਂਦਾ ਹੈ।

ਨੈਨ ਨਾਗਰੀ ਕੇਰ ਸਰੀਖੇ[1]।
[1]ਨੈਣ ਇਸਤ੍ਰੀ ਦੇ (ਨੈਣਾਂ) ਵਰਗੇ ਹਨ।

ਪਲਟਨ ਮਨੋ ਇਸੀ ਤੇ ਸੀਖੇ[1]।
[1]ਪਰ ਮਲੂਮ ਇਹ ਹੁੰਦਾ ਹੈ ਕਿ ਇਸਤ੍ਰੀ ਦੇ ਨੈਣਾਂ ਨੇ) ਪਲਟਨਾ ਇਨ੍ਹਾਂ ਕੋਲੋਂ ਮਾਨੋ ਸਿੱਖਿਆ ਹੈ।

ਉਠੀ ਖੁਰਨ ਤੇ ਰਜ ਪਿਖਿਯੰਤਿ।
ਗਯੋ ਫੁਰਤਿ ਤੇ[1] ਹਯ ਨ ਦਿਖੰਤਿ ॥੨੩॥
[1]ਕਾਹਲੀ ਨਾਲ ਗਿਆ।

ਹੇਰਤਿ ਸਭਿ ਕੇ ਮਨ ਬਿਸਮਾਨੇ।
'ਤੁਰੰਗ ਬਿਕੀਮਤਿ' ਕਰਤਿ ਬਖਾਨੇ।
ਸਤਿਗੁਰ ਦੇਖਤਿ ਬਾਕ ਅਲਾਯੋ।
'ਵਾਉ ਵਰੋਲਾ ਹੁਇ ਜਨੁ ਧਾਯੋ' ॥੨੪॥
ਇਮ ਗੁਰ ਕੋ ਕਹਿਬੋ ਸੁਨਿ ਸਾਰੇ।
ਵਾਉ ਵਰੋਲਾ ਨਾਮ ਉਚਾਰੇ।
ਚੌਥੀ ਬੇਰ ਤੁਰੰਗ ਫੰਦਾਯੋ।
ਨਟ ਜਿਮ ਗਿਨ ਗਿਨ ਪਾਵ ਟਿਕਾਯੋ ॥੨੫॥

ਛਾਤੀ ਛੁਵਤਿ ਹੈਂ ਪਗ ਭੌਨ[1]।
[1]ਭਉਂਕੇ ਪੈਰ ਛਾਤੀ ਨੂੰ ਛੁਹਦੇ ਹਨ।

ਕਰਤਿ ਕੁੰਡਲੀ ਸੁੰਦਰ ਦੌਨ[1]।
[1]ਦੋਵੇਂ (ਅਗਲੇ ਪੈਰ) ਸੁਹਣੀ ਕੁੰਡਲੀ ਕਰਦੇ ਹਨ।

ਛੁਇ ਛੁਇ ਪਾਛਲ ਜਾਨੁ ਅਵਨੀ[1]।
[1]ਪਿਛਲੇ ਗੋਡੇ ਧਰਤੀ ਨੂੰ ਛੁਹ ਛੁਹ ਜਾਂਦੇ ਹਨ।

ਉਠਿ ਉਠਿ ਪਰਤਿ ਕਰਤਿ ਗਤਿ ਰਵਨੀ[1] ॥੨੬॥
[1]ਸੁਹਣੀ ਚਾਲ।

ਬਹੁਰੋ ਲਾਂਬੀ ਛਾਰ ਕਰਾਇ।
ਜਾਇ ਸੁ ਚਾਰਹੁਂ ਚਰਨ ਉਠਾਇ।
ਇਮ ਸਭਿ ਗੁਨ ਚੰਚਲ ਚਤੁਰਾਈ।
ਬਲ ਅਰੁ ਬੇਗ ਸਹਤ ਦਿਖਰਾਈ ॥੨੭॥
ਗੁਰ ਸਮੀਪ ਤਬਿ ਆਨਿ ਖਰੋਵਾ।
ਦੇਖਤਿ ਸਭਿ ਕੇ ਆਨੰਦ ਹੋਵਾ।
ਗੁਰ ਪ੍ਰਸੰਨ ਹੁਇ ਕਹ੍ਯੋ ਸੁਨਾਇ।
'ਸ਼੍ਰੀ ਗੁਰਦਿੱਤਾ ਪ੍ਰਾਤਿ ਸਿਧਾਇ ॥੨੮॥
ਹਿਤ ਅਖੇਰ ਕੇ ਸੰਗ ਚਢੀਜੈ।

ਬਾਜ਼ ਬਿਹੰਗਨਿ ਪਰ ਪਰਖੀਜੈ।
ਅਬਿ ਤੂੰ ਸਦਨ ਜਾਹੁ ਸੁਖ ਪਾਏ।
ਭੋਰ ਅਰੂਢਹੁ ਸੰਗ ਸਿਧਾਏ' ॥੨੯॥
ਪੈਂਦੇਖਾਨ ਕੀਨਸਿ ਪੁਨ ਨਮੋ।
ਹਰਖਤਿ ਗਮਨ ਕਰਜੋ ਤਿਹ ਸਮੋ।
ਗੁਰੁ ਕ੍ਰਿਪਾ ਲਹਿ[1] ਗਰਬ ਵਧਾਯੋ। — [1]ਸ਼੍ਰੀ ਗੁਰ ਜੀ ਦੀ ਕ੍ਰਿਪਾ ਦੇਖਕੇ।
-ਮੋ ਸਮ ਜਗ ਮਹਿਂ ਅਪਰ ਨ ਜਾਯੋ
॥੩੦॥
ਚਹੁਂ ਦਿਸ਼ਿ ਮਹਿਂ ਜੋ ਵਸਤੁ ਅਜਾਇਬ।
ਸੋ ਆਵਹਿ ਹਿਤ ਸਤਿਗੁਰ ਸਾਹਿਬ।
ਨਿਜ ਹਿਤ ਅੰਗੀਕਾਰ ਨ ਕਰੈਂ।
ਅਪਰ ਕਿਸੂ ਪਰ ਨਜ਼ਰ ਨ ਧਰੈਂ ॥੩੧॥
ਸੁਤ ਆਦਿਕ ਸਭਿਹਿਨਿ ਕਹੁ ਤਜਾਗਿ।
ਮੋ ਪਰ ਕਰਹਿਂ ਅਧਿਕ ਅਨੁਰਾਗ।
ਬਲੀ ਸੂਰਮਾ ਡੀਲ ਬਿਲੰਦ।
ਮੁਝ ਕੋ ਜਾਨਹਿਂ ਧਰਹਿਂ ਅਨੰਦ ॥੩੨॥
ਜੋ ਸਿਖ ਲਜਾਵਤਿ ਵਸਤੁਨਿ ਆਛੇ।
ਸੋ ਮੁਝ ਕੋ ਦੇਵਤਿ ਬਿਨ ਬਾਂਛੇ।
ਅਪਰ ਨ ਮੁਝ ਸਮਾਨ ਕੋ ਹੇਰੈਂ।
ਰਣ ਕੋ ਧਰੈਂ ਭਰੋਸ ਬਡੇਰੈਂ ॥੩॥
'ਬਿਜੈ ਇਸੀ ਤੇ ਹਮ ਕਬਿ ਪਾਵਹਿਂ।'
ਇਮ ਜਾਨਤਿ ਸ਼ੁਭ ਵਸਤੁ ਦਿਵਾਵਹਿਂ-।
ਇੱਤਜਾਦਿਕ ਅਹੰਕਾਰ ਕਰੰਤਾ।
ਖਾਨ ਜਾਤਿ ਖਾਨਹਿ ਹਰਖੰਤਾ[1]- ॥੩੪॥ — [1]ਪੈਂਦੇ) ਖਾਨ ਘਰ ਜਾਂਦਾ ਹੋਇਆ ਖੁਸ਼ ਹੋ ਰਿਹਾ ਹੈ।
ਜਿਹ ਹੰਕਾਰ ਲੰਕਪਤਿ ਮਾਰਾ।
ਕੁਲ ਕੈਰਵ ਕੋ ਸਕਲ ਸੰਘਾਰਾ।
ਹਰਣਾਖ਼ਸ਼ ਹਿਰਨਾਛ ਨ ਰਹੇ।
ਮਰਜੋ ਸ੍ਵਾਸਬੀਰਜ[1] ਜਿਸੁ ਲਹੇ[2] ॥੩੫॥ — [1]ਇਕ ਦੈਂਤ ਜਿਸਦੇ ਸੁਆਸਾਂ ਤੋਂ ਰਾਕਸ਼ ਪੈਦਾ ਹੁੰਦੇ ਸਨ। [2]ਜਿਸ (ਹੰਕਾਰ ਨੂੰ) ਲੈ ਕੇ।
ਰਕਤਬੀਜ[1] ਅਰੁ ਸੁੰਭ[2] ਨਿਸ਼ੁੰਭ[੬]। — [1]ਇਸ ਦੀ ਲਹੂ ਦੀ ਬੂੰਦ ਤੋਂ ਰਾਕਸ਼ ਉਪਜਦੇ ਸਨ। [2]ਦੋ ਰਾਕਸ਼ ਭਿਰਾ ਜੋ ਦੁਰਗਾ ਨੇ ਮਾਰੇ ਸਨ।
ਕੁੰਭਕਾਨ[1] ਅਰੁ ਕੁੰਭ[2] ਨਿਕੁੰਭ[3] । — [1]ਇਹ ਰਾਵਣ ਦਾ ਭਰਾ ਸੀ ਤੇ ਰਾਮਚੰਦਰ ਜੀ ਨੇ ਮਾਰਿਆ ਸੀ। [2]ਦੈਂਤ ਕੁੰਭ ਨੂੰ ਦੁਰਗਾ ਨੇ ਮਾਰਿਆ ਸੀ। [3]ਦੈਤ ਨਿਕੁੰਭ ਜੋ ਸਤ ਪੁਰ ਦਾ ਰਾਜਾ ਸੀ ਸ਼੍ਰੀ ਕ੍ਰਿਸ਼ਨ ਹਥੋਂ

ਮਰਿਆ ਸੀ। ਇਕ ਨਿਕੁੰਭ ਕੁੰਭਕਰਣ ਦਾ ਪੁੱਤ੍ਰ ਸੀ ਜੋ ਹਨੂਮਾਨ ਦੇ ਹਥੋਂ ਮਰਿਆ।

ਕੇਤਿਕ ਇਸ ਥਲ ਕਰਹਿਂ ਪ੍ਰਕਾਸ਼ੇ।
ਮਹਾਂ ਬਲੀ ਹੰਕਾਰ ਬਿਨਾਸ਼ੇ ॥੩੬॥
ਕਹਾਂ ਬਾਪਰੋ ਪੈਂਦੇ ਖਾਨ।
ਕਰਜੋ ਚਾਹਤਿ ਅਪਨੇ ਹਤਿ ਪ੍ਰਾਨ।
ਭਾਵੀ ਨੇ ਤੈਸੇ ਮਨ ਫੇਰਾ।
ਲੈ ਵਸਤੁ ਵਧਿ ਗਰਬ ਘਨੇਰਾ ॥੩੭॥
ਨਿਜ ਵਡਿਆਈ ਅਧਿਕ ਬਿਚਾਰਤਿ।
ਫਿਰ ਨਿਜ ਗ੍ਰਾਮ ਗਯੋ ਹੰਕਾਰਤਿ।
ਚਢਜੋ ਆਇ ਆਗੇ ਦਾਮਾਦ।
ਖਾਂ ਅਸਮਾਨ ਦੇਖਿ ਅਹਿਲਾਦ ॥੩੮॥
ਬੂਝਜੋ 'ਇਹੁ ਤੁਰੰਗ ਕਬਿ ਪਾਯੋ?
ਪੋਸ਼ਿਸ਼ ਨਈ ਪਹਿਰਿ ਕਿਤ ਆਯੋ?'
ਪ੍ਰਿਯ ਦਮਾਦ ਕੋ ਸਕਲ ਸੁਨਾਈ।
'ਇਹੁ ਸਭਿ ਵਸਤੁ ਗੁਰੂ ਤੇ ਪਾਈ ॥੩੯॥
ਦੂਰ ਦੇਸ਼ ਤੇ ਇਕ ਸਿਖ ਲਜਾਯੋ।
ਲਾਖਹੁੰ ਦਰਬ ਖਰਚਿ ਕਰਿ ਪਾਯੋ।
ਛੋਰਦਾਰ ਚੀਰਾ ਬਰ ਚੀਰ।
ਗੁਰ ਹਜ਼ੂਰ ਪਹਿਰਾਇ ਸਰੀਰ ॥੪੦॥
ਕਰਿ ਬਖਸ਼ਿਸ਼ ਕੋ ਹੁਕਮ ਪ੍ਰਕਾਸ਼ਾ।
-ਪਹਿਰਹੁ ਤਬਹਿ ਆਇ ਹਮ ਪਾਸਾ-।'
ਸੁਨਿ ਅਸਮਾਨ ਖਾਨ ਕਹਿ ਬੈਨ।
'ਇਹੁ ਸਭਿ ਤੁਮਰੀ ਲਾਇਕ ਹੈ ਨ ॥੪੧॥
ਤੁਮ ਹੋ ਬਡੇ ਛੋਟ ਮੁਹਿ ਜਾਨਹੁ।
ਦਿਹੁ ਤੁਰੰਗ ਮੈਂ ਫੇਰਨਿ ਠਾਨਹੁਂ।
ਪੋਸ਼ਿਸ਼ ਦੀਜਹਿ ਹੋਤਿ ਸਕਾਰੇ।
ਉਚਿਤ ਬਾਤ ਕੋ ਲੇਹੁ ਬਿਚਾਰੇ ॥੪੨॥
ਪੈਂਦੇ ਕਹਜੋ 'ਨ ਇਮ ਬਨਿ ਆਵੈ।
ਜਬਿ ਜਾਨਹਿਂ ਗੁਰ ਅਧਿਕ ਰਿਸਾਵੈਂ।
ਬਾਲਪਨੇ ਕੀ ਬਾਤ ਨ ਕੀਜੈ।

ਘਰ ਕੀ ਵਸਤੁ ਅਪਰ ਪਿਖਿ ਲੀਜੈ'
॥੪੩॥
ਇਮ ਦਮਾਦ ਸੋਂ ਕਹਿ ਰਿਸ ਸੰਗਾ।
ਗਮਨਜੋ ਅੱਗ੍ਰ ਕੁਦਾਇ ਤੁਰੰਗਾ।
ਫਿਰਜੋ ਗ੍ਰਾਮ ਕੇ ਗਿਰਦ ਦਿਖਾਵਤਿ।
ਸਭਿ ਗਰੀਅਨਿ ਕੇ ਬਿਖੈ ਫੰਦਾਵਤਿ
॥੪੪॥
ਨਿਜ ਉੱਤਮਤਾ ਕਰਹਿ ਜਨਾਵਨ।
ਸਭਿ ਖਾਨਨਿ ਕੋ ਫੇਰ ਦਿਖਾਵਨਿ।
ਜੋ ਮਿਲਿ ਜਾਇ ਬਾਤ ਤਿਸ ਕਹੈ।
'ਨਿਜ ਬਲ ਗੁਨ ਤੇ ਇਮ ਹਮ ਲਹੈਂ?'
॥੪੫॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

## ੯. [ਪੈਂਦੇ ਖਾਨ ਤੇ ਉਸ ਦਾ ਜਵਾਈ। ਬਾਜ਼]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਅਸਮਾਂ ਖਾਂ ਚਿਤ ਚਟਪਟੀ, ਵਸਤੁ ਸੁਸਰ ਕੀ[1] ਦੇਖਿ।
-ਲੈਹੌਂ ਕਹਿ ਨਿਜ ਸਾਸ ਕੋ, ਕੈ ਗ੍ਰਿਹ ਤਜੌਂ ਅਸ਼ੇਖ ॥੧॥

[1]ਸਹੁਰੇ ਦੀ।

ਸ੍ਵੈਯਾ ਛੰਦ:

ਬਨੌਂ ਫਕੀਰ ਨਿਕਸਿ ਕਰਿ ਬਾਹਰ
ਮਿਲੌਂ ਨ ਤਿਨ ਕੀ ਤਨੁਜਾ ਸੰਗ।
ਮੋਹਿ ਉਚਿਤ ਹੈ ਸੁੰਦਰ ਪੋਸ਼ਿਸ਼
ਚੀਰਾ ਛੋਰਦਾਰ ਸਜਿ ਸੰਗ।
ਖਾਨ ਮਹਾਨ ਆਰਬਲ ਹੋਏ
ਤਊ ਬਾਂਕਪਨ† ਰਿਦੇ ਉਮੰਗ[1]।

[1]ਖਾਨ ਵਡੀ ਆਯੂ ਦਾ ਹੋਇਆ ਹੈ ਤਾਂ ਬੀ ਰਿਦੇ ਵਿਚ ਬਾਂਕੇਪਨ ਦੀ ਉਮੰਗ ਹੈ। †ਪਾ:-ਬਾਲਪਨ।

ਮੁਝ ਸਮ ਸੁਤ ਕੋ ਦੇਤਿ ਨ ਹਿਤ ਕਰਿ
ਅਨਲਾਇਕ ਨਹਿਂ ਸਹੌਂ ਪ੍ਰਸੰਗ[1]- ॥੨॥

[1]ਅਯੋਗ ਗੱਲ ਮੈਂ ਨਹੀਂ ਸਹਾਰ ਸਕਦਾ।

ਏਵ ਬਿਚਾਰਤਿ ਗਮਨਜੋ ਗ੍ਰਿਹ ਕੋ
ਬੈਠਿ ਸਾਸ ਢਿਗ ਦ੍ਰਿਗ ਚਲ ਨੀਰ।
ਮੁਰਝਾਨੋ ਮੁਖ, ਪਿਖਿ ਕਰਿ ਬੋਲੀ
'ਕਿਮ ਤੂੰ ਦੁਖ ਤੇ ਦਿਖਤਿ ਅਧੀਰ?'
ਸੁਨਿ ਕਰਿ ਕਹਜੋ 'ਕੀਨਿ ਅਪਮਾਨਾ
ਮੈਂ ਜਾਚੇ ਦੇ ਖਾਨ ਨ ਚੀਰ।
ਗੁਰੂ ਨਿਕਟਿ ਤੇ ਲਜਾਯੋ ਹਯ ਕੋ
ਮੁਹਿ ਅਰੁਢਿਬੇ ਦਿਯੋ ਨ ਬੀਰ ॥੩॥
ਤੈਂ ਦਿਵਾਇ ਤੌ ਕੁਸ਼ਲ ਅਹੈ ਮਮ
ਨਾਂਹਿ ਤ ਮਰਿ ਹੌਂ ਦੇਰਿ ਨ ਲਾਇ।
ਹਮ ਪਠਾਨ ਕੇ ਪੂਤ ਸਹੈਂ ਨਹਿਂ
ਜੇ ਪ੍ਰਤਿਕੂਲੀ ਬਾਤ ਬਨਾਇ[1]।

[1]ਜੇ (ਕੋਈ ਸਾਡੀ ਮਨਸ਼ਾ ਦੇ) ਉਲਟ ਗੱਲ ਕਰੇ।

ਸੁਤ ਸਮ ਮੋ ਕਹੁ ਪਜਾਰ ਕਰਹੁ ਨਿਤ
ਯਾਂ ਤੇ ਛਲ ਕੋ ਜਾਨਜੋ ਜਾਇ।
ਪੋਸ਼ਿਸ਼ ਤੁਰੰਗ ਦੇਹੁ ਤਬਿ ਜੀਵਨ
ਇਹੁ ਸਾਚੀ ਮੈਂ ਦੇਹੁ ਸੁਨਾਇ' ॥੪॥

ਸੁਨਤਿ ਸਾਸ ਨੇ ਦੀਨਿ ਦਿਲਾਸਾ
'ਹੇ ਸੁਤ ! ਸ੍ਵਾਸ ਨ ਲੇਹੁ ਬਿਸਾਲ[1]।
ਹਮਰੀ ਵਸਤੁ ਸਕਲ ਕੋ ਮਾਲਿਕ
ਤੌਂ ਹਿਤ ਕਰਿ ਸੰਚਤਿ ਧਨ ਮਾਲ।
ਖਾਨਹਿ ਆਇ ਖਾਨ ਲੈ ਦੈਹੌਂ[1],
ਕਹਾਂ ਬਸਤ੍ਰ ਅਰੁ ਤੁਰੰਗ ਕਮਾਲ[1]।'

[1]ਭਾਵ ਡੁਸਕਾਰੇ ਨਾਂ ਭਰ।

[1]ਘਰ (ਪੈਂਦੇ) ਖਾਂ ਆ ਜਾਵੇ ਮੈਂ ਲੈ ਦੇਵਾਂਗੀ।

[1]ਕਮਾਲ ਦੇ (ਭਾਵ ਵਧੀਆ) ਕਪੜੇ ਤੇ ਘੋੜਾ ਕੀ ਚੀਜ਼ ਹਨ।

ਇਮ ਕਹਿ ਨੇਤ੍ਰ ਪੌਂਛਿ, ਦੇ ਧੀਰਜ
ਕਰਤੀ ਪਜਾਰ ਪ੍ਰੀਤਿ ਕੇ ਨਾਲ ॥੫॥
ਇਤਨੇ ਮਹਿਂ ਪੈਂਦਾ ਗ੍ਰਿਹ ਆਯੋ
ਹਰਖਤਿ ਬਦਨ ਕਮਲ ਸਮ ਕੀਨਿ।
ਬੈਠਜੋ ਪਲੰਘ ਧਰਜੋ ਖਰ ਖੰਡਾ
ਸਿਪਰ ਸਹਿਤ ਬਪੁ ਗਰਮੀ ਚੀਨ।
ਬਸਤ੍ਰ ਉਤਾਰਿ ਧਰੇ ਸਭਿ ਤਤਛਿਨ
ਦਾਰਾ ਅੱਗ੍ਰ ਬਨਹਿ ਨਿਤ ਦੀਨਿ।
ਪ੍ਰਬਲ ਆਇ ਤਬਿ ਕੰਤ ਸਮੀਪੀ
ਪੋਸ਼ਿਸ਼ ਪਿਖਤਿ ਅਨੰਦ ਕੋ ਲੀਨਿ ॥੬॥
ਕਹਤਿ ਭਈ 'ਇਹ ਗੁਰ ਕੀ ਬਖਸ਼ਿਸ਼
ਜਾਚਤਿ ਚਹਿਤਿ ਖਾਨ ਅਸਮਾਨ।
ਰੁਦਤਿ ਕ੍ਰੋਧ ਤੇ ਹਠ ਬਹੁ ਧਾਰਸਿ
ਕਹੈ ਕਿ ਖਾਨ ਕੀਨਿ ਅਪਮਾਨ।
ਤੁਝ ਕੋ ਉਚਿਤ ਨਹੀਂ ਇਮ ਕਰਿਬੋ
ਅਨਖਵਾਨ ਹੈ ਪੂਤ ਪਠਾਨ।
ਸੁਤਾ ਛੋਰਿ ਕਰਿ ਗਮਨ ਜਾਇ ਕਿਤ
ਤੌਂ ਮੁਸ਼ਕਲ ਤਵ ਬਨਹਿ ਮਹਾਨ' ॥੭॥
[1] 'ਗੁਰ ਬਖਸ਼ਿਸ਼ ਦੇ, ਮੁਝ ਸੋਂ ਭਾਖਜੋ
-ਪੋਸ਼ਿਸ਼ ਇਹੀ ਪਹਿਰ ਨਿਤ ਆਇ।
ਹਯ ਪਰ ਚਢਹੁ ਅਖੇਰ ਕਰਹੁ ਜਬਿ
ਯਾਂ ਤੇ ਅਬਿ ਨ ਦਿਯੋ ਕੁਛ ਜਾਇ-।
ਕੇਤਿਕ ਦਿਨ ਮਹਿਂ ਕਰਿ ਪ੍ਰਸੰਨ ਗੁਰ
ਆਇਸੁ ਲੇ ਸਭਿ ਦੇਹੁਂ ਬਨਾਇ।
ਬਾਲਿਕ ਮੂਢ ਨ ਜਾਨਹਿ ਬੁਧਿ ਕੋ

[1]ਪੈਂਦੇ ਖਾਂ ਬੋਲਿਆ।

ਇਕ ਹਠ ਕੋ ਮਨ ਮਹਿਂ ਉਪਜਾਇ
॥੮॥
ਜਿਸ ਗੁਰ ਤੇ ਨਿਤ ਵਸਤੁ ਅਮੋਲਕ
ਕਿਮ ਤਿਨ ਕੋ ਕਹਿਬੋ ਨਹਿਂ ਮਾਨਿ।'
ਕਹੇ ਭਾਰਜਾ 'ਕਜਾ ਮੁਖ ਭਾਖਤਿ
ਨਹਿਂ ਦਮਾਦ ਕੀ ਕਰਹਿਂ ਪਛਾਨ।
ਬਨਹਿਂ ਫਕੀਰ, ਜਾਇ ਮਰਿ ਕੈਧੌਂ,
ਤੌ ਸ਼ੋਭਾ ਬਡ ਪਾਇਂ ਜਹਾਨ।
ਸੁਤਾ ਤਰੁਨ ਪਿਖਿ, ਹੋਇ ਮਰਨ ਤਬਿ,
ਕਹਾਂ ਰਹੈਗੀ ਤੌ ਕੁਲ ਕਾਨ' ॥੯॥
ਇਮ ਕਹਿ ਝਿਰਕਯੋ ਖਾਨ 'ਕਰਹੁ ਬੁਧਿ[1]'

[1]ਇਉਂ ਕਹਿਕੇ (ਪੈਂਦੇ) ਖਾਨ ਨੂੰ ਝਿੜਕਿਆ 'ਅਕਲ ਕਰ।'

ਬਸਤ੍ਰ ਸਿਰਾਨੇ ਲਿਏ ਉਚਾਇ[1]।

[1]ਤੇ ਸਿਰਹਾਣਿਓਂ ਕੱਪੜੇ ਉਠਾ ਲਏ (ਤੇ ਕਿਹਾ):-

'ਨਿਤ ਗੁਰ ਢਿਗ ਤੇ ਬਖਸ਼ਿਸ਼ ਪਾਵਤਿ
ਕਹਾਂ ਏਸ ਬਿਨ ਜੀਓ ਨ ਜਾਇ।'
'ਪਾਵਤਿ ਹਾਥ[1], ਕਹਾਂ ਤੂੰ ਕਰਤੀ?

[1]ਪੈਂਦੇ ਕਹਿੰਦਾ ਹੈ:-ਹੱਥ ਪਾਂਵਦੀ ਹੈਂ (ਪੁਸ਼ਾਕ ਨੂੰ)।

ਰੋਜ਼ੀ ਖਾਨ ਬਿਗਾਰਤਿ ਕਾਇ।'
ਕਰ ਤੇ ਤਜਹਿ ਨ ਪੈਂਦਾ ਪੋਸ਼ਿਸ਼,
ਛੀਨਤਿ ਦਾਰਾ ਮੁਖ ਮੁਸਕਾਇ ॥੧੦॥
ਝਟਕਿ ਹਾਥ ਪਟ ਝਟਪਟ ਛੀਨੇ[1]

[1]ਹੱਥ ਨਾਲ ਝਟਕਾ ਦੇ ਕੇ ਕੱਪੜੇ ਝੱਟ ਪਟ ਖੋਹ ਲਏ।

ਇਸਤ੍ਰੀ ਜਿਤ[1] ਤੇ ਕਹਯੋ ਨ ਜਾਇ।

[1]ਇਸਤ੍ਰੀ ਦੇ ਅਧੀਨ ਹੋਏ (ਪੈਂਦੇ) ਤੋਂ।

ਜੇ ਨਹਿਂ ਕਟਹਿਂ ਸੁਭਟ ਕੇ ਠਟ[†] ਤੇ,

[†]ਪਾ:-ਫਟ।

ਲੋਹਾ ਸਹੈਂ ਨਹੀਂ ਤਜਿ ਥਾਇਂ[1]।

[1]ਸੂਰਮਿਆਂ ਦੇ ਇਕੱਠ ਤੋਂ ਜੋ ਕੱਟੇ ਨਹੀਂ ਜਾਂਦੇ ਤੇ ਜੋ (ਲੋਹਾ =) ਸ਼ਸਤ੍ਰ ਸਹਾਰਦੇ ਪਰ ਥਾਉਂ ਤੋਂ ਨਹੀਂ ਚੱਲਦੇ।

ਸੇ ਨਰ ਅਬਲਾ ਮ੍ਰਿਦੁਲ ਜੀਤ ਕਰਿ
ਬਸੀ ਬਨਾਇ ਲੇਤਿ ਸਤਿ ਭਾਇ[1][†]।

[1]ਉਨ੍ਹਾਂ ਨਰਾਂ ਨੂੰ ਨਰਮ ਇਸਤ੍ਰੀਆਂ ਜਿੱਤ ਕੇ ਸਹਿਜੇ ਹੀ ਵਸ ਕਰ ਲੈਂਦੀਆਂ ਹਨ। [†]ਪਾ:-ਸਭ ਭਾਇ।

ਨੀਚ ਗ੍ਰੀਵ ਗੁਰ ਦਿਸ਼ਿ ਤੇ ਚਿੰਤਤਿ
-ਮਿਲੋਂ ਜਬੈ ਕਜਾ ਕਹੌਂ ਤਦਾਇ-
॥੧੧॥
ਬੈਠਯੋ ਰਹਯੋ ਬਿਸੂਰਤਿ ਮੂਰਖ
ਕਿਸ ਪ੍ਰਕਾਰ ਨਹਿਂ ਬਨਯੋ ਉਪਾਇ।
ਖਾਂ ਅਸਮਾਨ ਸਾਸ ਤੇ ਲੇ ਕਰਿ

ਹੇਰਤਿ ਰਹਯੋ ਰਿਦੈ ਹਰਖਾਇ।
ਨਹਿਨ ਬਿਲੋਕੇ ਬਸਤ੍ਰ ਕਬਹੁਂ ਅਸ
ਕਹਾਂ ਪਹਿਰਿਬੇ ਮਹਿਂ ਤਿਸ ਆਇ।
ਚੀਰਾ ਛੋਰਦਾਰ ਸਿਰ ਬੰਧਯੋ
ਪੋਸ਼ਿਸ਼ ਪਹਿਰੀ ਅੰਗ ਸਜਾਇ ॥੧੨॥
ਖੜਗ ਸਿਪਰ ਕੋ ਤਨ ਲਗਾਇ ਕਰਿ
ਵਹਿਰ ਫਿਰਯੋ ਸਭਿ ਗ੍ਰਾਮ ਦਿਖਾਇ।
ਪੈਂਦਾ ਬਹੁਤ ਬਿਸੂਰਤਿ ਬਿਸਮਯੋ
ਪਿਯੋ ਨ ਪਾਨੀ ਭੋਜ ਨ ਖਾਇ।
ਪਰਯੋ ਨਿਸਾ ਮਹਿਂ ਚਿੰਤਾ ਕੇ ਬਸਿ
ਨਹੀਂ ਬਿਲੋਚਨ ਨਿੰਦ੍ਰਾ ਪਾਇ।
ਜਾਗਤਿ ਹੀ ਪ੍ਰਭਾਤਿ ਹੁਇ ਆਈ
ਰੋਗਾਤੁਰ ਸਮਿ ਪੈਂਢ ਰਹਾਇ ॥੧੩॥
ਪ੍ਰਾਤਿ ਜਾਨਿ ਅਸਮਾਨ ਖਾਨ ਤਬਿ
ਕਰਿ ਸ਼ਨਾਨ ਪੋਸ਼ਿਸ਼ ਪਹਿਰੰਤਿ।
ਚੀਰਾ ਛੋਰਦਾਰ ਸਿਰ ਸਜਿ ਕੈ
ਜ਼ਰੀਦਾਰ ਪਾਛੇ ਲਰਕੰਤਿ।
ਖੰਡਾ ਸਿਪਰ ਲਗਾਇ ਅੰਗ ਸੋਂ
ਦਿਖਿ ਸ਼ੋਭਾ ਤਨ ਮਨ ਹਰਖੰਤਿ।
ਪੈਂਦਖਾਨ ਕੇ ਬਿਨਾ ਬੂਝਿਬੇ
ਹਯ ਪਰ ਜ਼ੀਨ ਪਾਇ ਦੁਤਿਵੰਤਿ ॥੧੪॥
ਕਰਿ ਚਿਤ ਚੌਂਪ ਅਰੋਹ ਭਯੋ ਹਯ
ਵਹਿਰ ਅਖੇਰ ਕਰਨਿ ਕੋਚਾਲਿ।
ਮੁਦਤਿ ਫੰਦਾਵਤਿ ਕਬਹੁਂ ਭਜਾਵਤਿ
ਜਿਸ ਮਹਿਂ ਗੁਨ ਚਪਲਾਦਿ ਬਿਸਾਲ।
ਬਨ ਮਹਿਂ ਗਯੋ ਫਿਰਯੋ ਇਤ ਉਤ ਕੋ
ਖੋਜਤਿ ਮ੍ਰਿਗਨਿ ਬਿਹੰਗਨ ਜਾਲ।
ਬਹੁ ਫਿਰ ਕਰਿ ਗ੍ਰਾਮ ਬਾਗ ਢਿਗ
ਤਿਸ ਮਹਿਂ ਬੈਠਯੋ ਆਇ ਸੁਖਾਲ ॥੧੫॥
ਸ਼੍ਰੀ ਗੁਰਦਿੱਤਾ ਪਿਤਾ ਬਚਨ ਤੇ
ਪ੍ਰਾਤਿ ਭਏ ਤਜਾਰੀ ਨਿਜ ਕੀਨਿ।
ਸੁੰਦਰ ਹਯ ਪਰ ਜ਼ੀਨ ਪੁਵਾਇਵ

ਮੀਰ ਸ਼ਿਕਾਰ ਹਕਾਰਿ ਸੁ ਲੀਨਿ।
ਅਪਰ ਸੁਭਟ ਕਛੁ ਸੰਗ ਚਢਾਇਵ
ਪੈਂਦੇ ਖਾਂ ਆਇਵ ਨਹਿਂ, ਚੀਨਿ।
ਕਰਤਿ ਪ੍ਰਤੀਖਨਿ ਬਹੁਰ ਅਰੂਢੇ
ਲੇ ਕਰਿ ਸਾਥ ਸੁ ਬਾਜ਼ ਨਵੀਨ ॥੧੬॥
ਗਮਨੇ ਜਬਿ ਉਦਿਆਨ ਪਹੁਚੇ
ਬਾਜ਼ ਬਿਹੰਗਨਿ ਪਰ ਛੁਟਿਵਾਇ।
ਗਹੇ ਕਿਤਿਕ, ਤਿਸ ਤਾਮੋ[1] ਦੇ ਪੁਨ
ਅਧਿਕ ਸ਼ਿਕਾਰ ਕੀਨਿ ਮਨ ਭਾਇ।
ਕਰਹਿਂ ਸਰਾਹਨ 'ਬਾਜ਼ ਅਮੋਲਕ
ਇਸ ਕੇ ਸਮ ਨਹਿਂ ਪਿਖ੍ਯੋ ਕਦਾਇ।
ਝਟਪਟਿ ਖਗ ਕੋ ਜਾਨਿ ਨ ਦੇਤੋ'
ਭੱਖ੍ਯਤਿ ਮਾਸ ਭਯੋ ਤ੍ਰਿਪਤਾਇ ॥੧੭॥
ਗਯੋ ਅਘਾਇ ਨ ਤਜਾਗਯੋ ਸੋ ਪੁਨ
ਸ਼੍ਰੀ ਗੁਰਦਿੱਤੇ ਹਟਿਬੋ ਕੀਨਿ।
ਦਿਨ ਕੁਛ ਚਢ੍ਯੋ ਘਾਮ ਭਾ ਤੀਛਨ
ਸ਼੍ਰੀ ਕਰਤਾਰ ਪੁਰੇ ਮਗ ਲੀਨ।
ਪੈਂਦੇ ਖਾਨ ਕੇ ਗ੍ਰਾਮ ਬਰੋਬਰ
ਹੁਤੀ ਝੀਲ ਤਹਿਂ ਆਇ ਸੁ ਚੀਨ।
ਨਿਕਸਿ ਸੁਕਾਬ[1] ਚਲ੍ਯੋ ਉਡ ਨਭ ਕੋ
ਸਭਿਨਿ ਬਿਲੋਕ੍ਯੋ ਤਿਤ ਦ੍ਰਿਗ ਦੀਨ ॥੧੮॥
ਸ਼੍ਰੀ ਗੁਰਦਿੱਤੇ ਹੁਕਮ ਕਰ੍ਯੋ ਤਬਿ
'ਤਜਹੁ ਬਾਜ਼ ਇਸ ਲੇਹੁ ਗਹਾਇ।'
ਮੀਰ ਸ਼ਿਕਾਰ ਹਟਤਿ ਬਹੁਤੇਰਾ
'ਅਬਿ ਇਹੁ ਗਹਹਿ ਨ, ਰਹਿ ਤ੍ਰਿਪਤਾਇ।'
ਤਉ ਛੁਟਾਇਵ, ਗਯੋ ਗਗਨ ਕੋ,
ਨਹਿਂ ਸੁਕਾਬ ਕੋ ਪਾਛੈ ਧਾਇ।
ਜਹਿਂ ਅਸਮਾਨ ਖਾਨ ਥੋ ਉਤਰ੍ਯੋ
ਤਿਸੀ ਬਾਗ ਮਹਿਂ ਪ੍ਰਵਿਸ਼੍ਯੋ ਜਾਇ ॥੧੯॥

[1]ਤਾਮਾ, ਮਾਸ ਦਾ ਟੁਕੜਾ। [ਅ: ਤੁਅ਼ਮਾ = ਖ਼ੁਰਾਕ]

[1]ਸੁਰਖਾਬ।

ਹੁਤੇ ਬਿਹੰਗ ਉਡੇ ਤਹਿ ਸਭਿ ਹੀ
ਦੇਖਤਿ ਭਯੋ ਖਾਨ ਅਸਮਾਨ।
ਬੈਠ੍ਯੋ ਬਾਜ਼ ਸਫੈਦ ਕਿਸਮ ਕੋ
ਪਕਰਨ ਕੇ ਹਿਤ ਜਤਨ ਸੁ ਠਾਂਨਿ।
ਜਯੋਂ ਕਯੋਂ ਕਰਿ ਕੈ ਪਕਰ ਲੀਨਿ ਤਿਸ
'ਦਿਯੋ ਖ਼ੁਦਾਇ ਆਪ ਮੁਝ ਆਨਿ।'
ਆਇ ਪਿਛਾਰੀ ਦੇਖਹਿ ਕੋਇ ਨ
ਯਾਂ ਤੇ ਕੀਨਸਿ ਸ਼ੀਘ੍ਰ ਪਯਾਨ ॥੨੦॥
ਨੀਕੇ ਤਿੰਹ ਛਿਪਾਇ ਕਰਿ ਗਮਨ੍ਯੋ
ਬਿਨਾ ਪਿਖ ਘਰ ਪ੍ਰਵਿਸ਼੍ਯੋ ਜਾਇ।
ਨਿਕਟਿ ਸਾਸ ਕੇ ਤਬਹਿ ਸੁਨਾਇਵ
'ਮੋ ਕਹੁ ਦੀਨਸਿ ਬਾਜ਼ ਖ਼ੁਦਾਇ।
ਬਿਨਾਂ ਜਤਨ ਤੇ ਬੈਠ੍ਯੋ ਪ੍ਰਾਪਤਿ
ਬਡ ਕੀਮਤ ਕੋ ਸੇਤ ਸੁਹਾਇ।'
ਕਹਨਿ ਲਗੀ 'ਸੁਤ ! ਕਰਹੁ ਛੁਪਾਵਨ
ਜਿਸ ਤੇ ਪਿਖਹਿ ਨ ਕੋ ਝਗਰਾਇ'
॥੨੧॥

ਦੋਹਰਾ:

ਸੁਨਤਿ ਬਾਜ਼ ਕੀ ਬਾਤ ਕੋ,
ਉਠਿ ਤਬਿ ਪੈਂਦੇ ਖਾਨ।
ਦੇਖਨਿ ਲਗ੍ਯੋ ਪਛਾਨ ਲਿਯ,
-ਇਹੁ ਗੁਰ ਕੋ ਬਲਵਾਨ- ॥੨੨॥

ਸੈਯਾ ਛੰਦ:

'ਲੇ ਕਰਿ ਬਾਜ਼ ਜਾਉਂ ਮੈਂ ਗੁਰ ਢਿਗ
ਸਭਿ ਅਪਰਾਧ ਛਿਮਾ ਕਰਿਵਾਇ।
ਪੋਸ਼ਿਸ਼ ਪਹਿਰਿ ਅਰੂਢਨਿ ਹਯ ਪਰ
ਕਰ੍ਯੋ ਹਕਾਰਨ ਗਯੋ ਨ ਕਾਇ[1]।

ਇਸ ਕੋ ਪਿਖਿ ਪ੍ਰਸੰਨ ਪੁਨ ਹੋਵੈਂ
ਅਪਨੋ ਜਾਨੈਂ ਹਿਤ ਉਪਜਾਇੰ।
ਰੋਜ਼ੀ ਬਨੀ ਰਹੈ ਸੁਖ ਪਾਵਹਿ
ਜਿਨ ਤੇ ਸਭਿ ਸਮਾਜ ਨਿਤ ਪਾਇੰ'
॥੨੩॥

[1]ਪੋਸ਼ਾਕ ਪਹਿਰਕੇ ਤੇ ਘੋੜੇ ਤੇ ਸਵਾਰ ਹੋ ਕੇ (ਜੋ ਸ੍ਰੀ ਗੁਰੂ ਜੀ ਨੇ) ਸੱਦਣਾ ਕੀਤਾ ਸੀ ਮੈਂ ਕੋਈ ਨਹੀਂ ਗਿਆ।

ਸੁਨਤਿ ਖਾਨ ਅਸਮਾਨ ਬਖਾਨੀ
'ਕਹਾਂ ਖਾਨ ਜੀ ! ਖੋਯਹੁ ਦੀਨ।
ਹਿੰਦੂ ਗੁਰ ਕੋ ਸੇਵਕ ਬਨਿ ਕੈ
ਟੁਕਰਾ ਖਾਹਿਂ ਇਮਾਨ ਬਿਹੀਨ।
ਅਪਰ ਥਾਨ ਕਯਾ ਨਹੀਂ ਜੀਵਕਾ
ਸਕਲ ਖ਼ਾਨ ਕਯਾ ਰੋਜ਼ੀ ਹੀਨ।
ਇਤੋ ਤ੍ਰਾਸ ਧਰਿ, ਕਹਤਿ ਬਾਜ਼ ਦਿਹ,
ਚਹੈ ਖਤਾ ਬਖਸ਼ਾਵਨ ਕੀਨਿ ॥੨੪॥
ਜੇ ਗੁਰ ਕੋ ਸੁਧ ਹੋਇ ਬਾਜ਼ ਕੀ
ਪਠੈ ਸੈਨ ਮੈਂ ਕਰਿਹੌਂ ਜੰਗ।
ਜੇ ਬਲ ਅਧਿਕ ਮੋਹਿ ਪਰ ਘਾਲਹਿ,
ਜਾਇ ਮਿਲੌਂ ਹਜ਼ਰਤ ਕੇ ਸੰਗ।
ਪ੍ਰਥਮ ਚੁਰਾਯੋ ਬਾਜ਼ ਸ਼ਾਹੁ ਕੋ
ਇਸ ਤੇ ਭਲੋ ਸੇਤ ਤਨ ਰੰਗ।
ਸੋ ਪਲਟੋ ਮੈਂ ਦੇਉਂ ਜਾਇ ਕਰਿ
ਹੁਇ ਪ੍ਰਸੰਨ ਮੋ ਪਰ ਸਰਬੰਗ ॥੨੫॥
ਤੁਮ ਸਮ ਨਹੀਂ ਦੀਨਤਾ ਕਰਿਹੌਂ
ਐਂਠਦਾਰ[1] ਮੈਂ ਪੂਤ ਪਠਾਨ।
ਰਣ ਕਰਿ ਮਰਨਿ ਸਹੌਂ ਸਭਿ ਤਨ ਪਰ
ਦੇਨੋ ਬਾਜ਼ ਨ ਕਬਿਹੂੰ ਮਾਨਿ।
ਵਸਤੁ ਅਜਾਇਬ ਪਾਇ ਅਚਾਨਕ
ਦਈ ਖ਼ੁਦਾਇ ਰਿਦੈ ਇਮੁ ਜਾਨਿ।
ਕੌਨ ਮਰਦ ਅਸ ਗੀਦੀ ਕਾਰਜ
ਕਰਿ ਹੈ ਧਰਹਿ ਜੁ ਕੁਲ ਕੀ ਕਾਨ'
॥੨੬॥
ਸੁਨਿ ਪੈਂਦਾ ਬਹੁ ਦੁਖੀ ਹੋਇ ਮਨ
ਚਿੰਤਾ ਬਸਿ ਨਹਿਂ ਕਰਹਿ ਬਖਾਨਿ।
ਬਸਿ ਨ ਬਸਾਇ ਮਹਾਂ ਪਛੁਤਾਵਹਿ
-ਭਯੋ- ਲਖਹਿ -ਉਤਪਾਤ ਮਹਾਨ-।
ਮੀਰ ਸ਼ਿਕਾਰ ਇਤਨ ਮਹਿਂ ਪਹੁੰਚੇ
ਖੋਜਤਿ ਬਾਜ਼ ਉਤਾਇਲ ਠਾਨਿ।
ਬਾਗ਼ ਬਿਖੈ ਫਿਰ ਸਭਿ ਦਿਸ਼ਿ ਪਿਖਿ ਕਰਿ

[1] ਆਕੜ ਵਾਲਾ। ਅਣਖ ਵਾਲਾ।

ਨਹਿ ਪ੍ਰਾਪਤਿ ਮਨ ਭਏ ਹਿਰਾਨ ॥੨੭॥
ਪੁਨ ਪੈਂਦੇ ਕੇ ਗਏ ਸਦਨ ਦਰ,
ਕਰਿ ਗੁਹਾਰ ਕੋ ਲੀਨਿ ਬੁਲਾਇ।
ਨਿਕਸਤਿ ਵਹਿਰ ਨਾਰਿ ਸਿਖਰਾਇਵ,
ਦੇਖਹੁ ਕਿਸਹੁੰ ਨ ਦੇਹੁ ਸੁਨਾਇ।
ਚਹੈ ਦਮਾਦ ਜਿਯਨਿ ਕੋ ਜੇ ਚਿਤ
ਮੁਕਰ ਜਾਹੁ ਕਹੁ -ਇਤਹੁੰ ਨ ਆਇ-।
ਨਾਂਹਿ ਤ ਮਰਨ ਅਰੰਭ ਰਹ੍ਯੋ ਇਹੁ,
ਸੁਨਿ ਲੀਨਸਿ ਤੁਮ ਜਿਤਿਕ ਅਲਾਇ'
॥੨੮॥
ਮੀਰ ਸ਼ਿਕਾਰਨ ਸੋਂ ਮਿਲਿ ਬੋਲ੍ਯੋ
'ਇਤ ਦਿਸ਼ ਤੌਂ ਹਮ ਲਖ੍ਯੋ ਨ ਕੋਇ।'
ਕਹਿ ਕਰਿ ਗ੍ਰਾਮ ਸੁ ਡਿੰਡਮ ਫੇਰਾ
'ਗੁਰ ਕੋ ਬਾਜ਼ ਪਿਖ੍ਯੋ ਕਿਤ ਹੋਇ।
ਪੈਂਦੇ ਖਾਨ ਅਬਿ ਤਾਂਹਿ ਮੰਗਾਵਤਿ
ਨਹੀਂ ਦੁਰਾਵਨ ਕੀਜਹਿ ਸੋਇ।'
ਇਮ ਕਹਿ ਕਰਿ ਘਰ ਘਰ ਨਰ ਬਿਚਰੇ
ਕੌਨ ਕਹੈ 'ਤੁ ਨਿਜ ਘਰ ਜੋਇ' ॥੨੯॥
ਦੋਇ ਘਰੀ ਲਗਿ ਕਰਿ ਖੁਜਵਾਵਨ
ਆਇਵ ਤਬਹਿ ਖਾਨ ਅਸਮਾਨ।
'ਖੋਜ੍ਯੋ ਸਭਿ ਥਲ ਬਾਜ਼ ਨ ਪਾਯੋ,
ਕਰੋ ਨਿਹਾਰਨ ਆਨ ਜਿ ਥਾਨ।'
ਨਿਮਕ ਹਰਾਮ ਹੋਇ ਕਰਿ ਮਰਨੋ
ਪ੍ਰੇਰੇ ਕਾਲ ਸੁ ਕਰਤਿ ਬਖਾਨ।
ਮੀਰ ਸ਼ਿਕਾਰ ਸੁਨਤਿ ਬਿਸਮਾਨੇ
'ਭਯੋ ਗ੍ਰਾਮ ਮਹਿਂ ਕਪਟ ਮਹਾਨ' ॥੩੦॥
ਦੋਹਰਾ:
ਕਹਤਿ[1] 'ਬਿਲੋਕਤਿ ਹਮ ਰਹੇ, ਆਇ ਬਾਜ ਇਸ ਥਾਨ[2]।
ਨੀਕੇ ਖੋਜਹੁ ਲ੍ਯਾਈਏ[1], ਸ਼੍ਰੀ ਗੁਰ ਬਾਜ ਮਹਾਨ' ॥੩੧॥
ਇਮ ਕਹਿ ਕਰਿ ਗਮਨੇ ਤੁਰਤ, ਮੀਰ

[1]ਮੀਰ ਸ਼ਿਕਾਰ) ਕਹਿਣ ਲਗੇ। [2]ਇਸੇ ਥਾਂ ਬਾਜ਼ ਆਇਆ ਹੈ।

[1]ਹੇ ਖਾਨ ਜੀ!) ਚੰਗੀ ਤਰ੍ਹਾਂ ਖੋਜ ਕੇ ਲਿਆਓ।

ਸ਼ਿਕਾਰ ਹਿਰਾਨ।
ਸ਼੍ਰੀ ਗੁਰਦਿੱਤੇ ਦਿਸ਼ਿ ਗਏ, ਕਹਿਨ 'ਬਾਜ਼ ਘਰ ਖਾਨ[1]' ॥੩੨॥

[1]ਖਾਨ ਦੇ ਘਰ ਹੀ ਬਾਜ਼ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਾਜ਼' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

## ੧੦. [ਪੈਂਦਾ ਗੁਰੂ ਜੀ ਦੇ ਹਜ਼ੂਰ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਧਾਏ ਮੀਰ ਸ਼ਿਕਾਰ ਤਬਿ, ਸ੍ਰੀ ਗੁਰਦਿੱਤੇ
ਪਾਸ।
ਖਾਨਨਿ ਸਦਨ ਦੁਰਾਇ ਲਿਯ, ਬਾਜ਼
ਬਿਸਦ ਬਿਨ ਤ੍ਰਾਸ ॥੧॥

ਸ੍ਵੈਯਾ ਛੰਦ:

ਫੇਰਜੋ ਡਿੰਡਮ ਬਿਦਤ ਜਨਾਵਹਿ[1],
ਬਾਜ ਭਲੋ ਪਿਖਿ ਲਾਲਚ ਕੀਨਿ।
ਨਹੀਂ ਗ੍ਰਾਮ ਤੇ ਵਹਿਰ ਉਡਜੋ ਕਿਤ,
ਰਹੇ ਬਿਲੋਕਤਿ ਹਮ ਦ੍ਰਿਗ ਦੀਨਿ।
ਕਪਟ ਕਰਤਿ ਮਨ, ਰਾਖਨ ਕੇ ਹਿਤ
ਤਿਨ ਕੀ ਗਤਿ ਨੀਕੇ ਲਖਿ ਲੀਨਿ।'
ਗੁਰ ਸੁਤ ਸੁਨਤਿ ਬਿਚਾਰਨ ਕਰਿ ਕੈ
ਚਲੇ ਪਿਤਾ ਕੇ ਨਿਕਟਿ ਪ੍ਰਬੀਨ ॥੨॥
ਬਦਨ ਖਿੰਨ ਕੁਛ ਚਿੰਤਾ ਕੇ ਬਸਿ,
ਗਏ ਉਤਾਇਲ ਸਤਿਗੁਰ ਤੀਰ।
ਕਰਿ ਬੰਦਨ ਬੈਠੇ, ਅਵਲੋਕੇ,
ਬੂਝਤਿ ਭਏ ਪੁੱਤ੍ਰ ਕੋ ਧੀਰ।
'ਗਏ ਅਖੇਰ ਬਾਜ ਕਸ ਦੇਖਜੋ?
ਖਗ ਪਰ ਚੋਟ ਕਰੀ ਕਿਮ ਬੀਰ?
ਝਪਟਤਿ ਬਿਹੰਗ ਕਿ ਨਹਿਂ ਉਡ ਕਰਿ ਕੈ,
ਜਾਇ ਕਿ ਨਹੀਂ ਦੂਰ ਤੇ ਨੀਰ[1]' ॥੩॥
ਗੁਰ ਸੁਤ ਸਕਲ ਪ੍ਰਸੰਗ ਸੁਨਾਯੋ
'ਗਏ ਵਹਿਰ ਪਿਖਿ ਬ੍ਰਿੰਦ ਬਿਹੰਗ।
ਜਿਸ ਪਰ ਮੀਰ ਸ਼ਿਕਾਰਨਿ ਛੋਰਜੋ
ਤਿਸ ਕੋ ਤਤਛਿਨ ਬਲ ਕੇ ਸੰਗ।
ਲਿਯੋ ਦਬਾਇ, ਜਾਨ ਨਹਿਂ ਦੀਨਸਿ,
ਉਕਸ ਨ ਪਾਯੋ ਕੋ ਖਗ ਅੰਗ।
ਤਾਮੋ ਖਾਤਿ ਰਹਜੋ, ਤਬਿ ਤ੍ਰਿਪਤਜੋ,
ਹਟੇ ਹੇਰਿ ਕਰਿ ਤਿਸ ਕੋ ਢੰਗ ॥੪॥
ਛੋਟੇ ਮੀਰ ਨਿਕਟਿ ਜਬਿ ਆਏ

[1]ਢੰਡੋਰਾ ਫੇਰ ਕੇ ਪ੍ਰਗਟ ਜਣਾਇਆ ਹੈ।

[1]ਨੇੜੇ।

ਇਕ ਸੁਕਾਬ ਨਿਕਸਜੋ ਦ੍ਰਿਸ਼ਟਾਇ।
ਤਿਸ ਪਰ ਬਾਜ਼ ਛੋਰਿ ਕਰਿ ਦੀਨਸਿ
ਕਰੀ ਨ ਚੋਟ ਰਹਜੋ ਤ੍ਰਿਪਤਾਇ।
ਉਡਿ ਕਰਿ ਗ੍ਰਾਮ ਮਝਾਰ ਪ੍ਰਵੇਸ਼ਜੋ
ਮੀਰ ਸ਼ਿਕਾਰ ਗਏ ਤਬਿ ਧਾਇ।
ਸਦਨ ਛੁਪਾਯੋ ਕਿਸ ਪਠਾਨ ਪਿਖਿ,
ਖੋਜਿ ਰਹੇ ਤਹਿਂ ਹਾਥ ਨ ਆਇ ॥੫॥
ਜਿਮ ਮਨ ਭਾਇ ਕਰੋ ਪ੍ਰਭੁ ਜੀ ! ਅਬਿ,
ਬਿਨ ਪੈਂਦੇ ਘਰ ਅਪਰ ਨ ਸੋਇ।'
ਅੰਤਰਜਾਮੀ ਘਟ ਘਟ ਸ੍ਵਾਮੀ
ਖਾਮੀ[1] ਕਰੀ ਲਈ ਸਭਿ ਜੋਇ।
ਹੋਨਹਾਨ ਕੋ ਲਖਿ ਮੁਸਕਾਏ
-ਤੁਰਕ ਇਮਾਨ ਬਿਹੀਨ ਸੁ ਹੋਇ-।
ਤੁਸ਼ਨਿ ਕਰੀ ਛਿਮਾ ਉਰ ਧਾਰੀ
ਮਹਾਂ ਗੰਭੀਰ ਧੀਰ ਮਨ ਭੋਇ ॥੬॥
ਮੇਲਾ ਅਧਿਕ ਸੰਗਤਾਂ ਦਰਸਤਿ
ਮਨ ਬਾਂਛਤਿ ਗੁਰ ਤੇ ਬਰ ਪਾਇ।
ਤ੍ਰਿਪਤ ਨ ਹੋਤਿ, ਬਿਲੋਕਤਿ ਦ੍ਰਿਗ ਭਰਿ,
ਬੈਠਤਿ ਨਿਕਟਿ ਮੋਦ ਉਪਜਾਇ।
ਸੁਨਹਿ ਬਾਕ ਸਨਮੁਖ ਇਕ ਥਿਰ ਹ੍ਵੈ
ਕਰਹਿ ਪ੍ਰੇਮ ਉਰ ਰੂਪ ਬਸਾਇ।
ਜਪਹਿ ਨਾਮ ਸਿੱਖੀ ਬਡਿ ਸ਼ਰਧਾ,
ਚਾਹਤਿ ਇਕ ਪਰਲੋਕ ਸਹਾਇ ॥੭॥
ਇਮ ਮੇਲਾ ਬਡ ਪੰਚ ਦਿਵਸ ਲੌ
ਰਹਜੋ ਹਜ਼ੂਰ ਸਮੇਤ ਅਨੰਦ।
ਮੁੱਖਜ ਸਿੱਖ ਜਿਨ ਕੇ ਸੰਗ ਸੰਗਤਿ
ਤਿਸੀ ਦੇਸ਼ ਕੋ ਮਹਾਂ ਮਸੰਦ।
ਦੇ ਦੇ ਸਿਰੋਪਾਉ ਸਭਿਹਿਨਿ ਕੋ
ਕਰੇ ਬਿਸਰਜਨ ਜਥਾ ਬਿਲੰਦ।
ਸਨੇ ਸਨੇ ਗਮਨੇ ਇਮ ਸਗਰੇ
ਬਰਨਤਿ ਸਤਿਗੁਰ ਕੇ ਗੁਨ ਬ੍ਰਿੰਦ ॥੮॥
'ਡੀਲ ਬਿਸਾਲ, ਸੁਭਾਉ ਕ੍ਰਿਪਾਲੁ,

[1]ਕਚਿਆਈ, ਖੋਟ।

ਉਪਕਾਰੀ ਸਤਿਗੁਰ ਬਰ ਬੀਰ।
ਦਾਤਾ ਮਹਿਦ ਨਿਹਾਲ ਕਰਤਿ ਜਨ,
ਰਿਪੁ ਤੁਰਕਨਿ ਗਨ ਹਰਤਾ ਧੀਰ।
ਜਹਿਂ ਕਹਿਂ ਦਾਸਨਿ ਬਨਹਿਂ ਸਹਾਇਕ
ਜੇ ਸਿਮਰਤਿ ਉਰ ਪਰਤੇ ਭੀਰ[1]।
ਧਨੁਖ ਤੀਰ ਧਰਿ ਹਰਿ ਅਰਿ ਤੀਰਹਿਂ[1]
ਪੀਰਨ ਪੀਰ ਸੁ ਮੀਰਨ ਮੀਰ' ॥੯॥
ਇੱਤਯਾਦਿਕ ਗੁਨ ਬਰਨਤਿ ਜਾਤੇ
ਦੇਸ਼ ਬਿਦੇਸ਼ਨ ਮਹਿਂ ਬਿਦਤਾਇ।
ਅਦਭੁਤ ਕਰਮ ਜਿਨਹੁ ਕੇ ਦਿਖੀਯਤਿ,
ਅਨਗਨ ਸੈਨਾ ਦੀਨਿ ਖਪਾਇ।
ਸਮਸਰ ਪੁਜਯੋ ਨ ਮੁਲਖਨਿ ਮਾਲਿਕ[1]
ਅਪਰ ਕੌਨ ਅਰ ਸਕਹਿ ਅਗਾਇ।
ਸ਼੍ਰੀ ਹਰਿਗੋਵਿੰਦ ਚੰਦ ਬੰਦਨਾ
ਕਰਹਿਂ ਸੁਰਾਸਰ ਜਿਨ ਕੇ ਆਇ ॥੧੦॥
ਪੰਚ ਦਿਵਸ ਅਸ ਬੀਤ ਗਏ ਜਬਿ
ਸਤਿਗੁਰ ਬੈਠੇ ਸਭਾ ਲਗਾਇ।
ਪੈਂਦਖਾਨ ਕੋ ਸਿਮਰਨ ਕੀਨਸਿ
-ਕਿਸ ਕਾਰਨ ਤੇ ਇਤ ਨਹਿਂ ਆਇ?
ਪੋਸ਼ਿਸ਼ ਬਰ ਤੁਰੰਗ ਕੋ ਲੈ ਕਰਿ
ਫੇਰ ਨਹੀਂ ਨਿਜ ਬਦਨ ਦਿਖਾਇ।
ਉਰ ਹੰਕਾਰ ਕਿ ਹਯ ਤੇ ਗਿਰ ਗਾ,
ਲਗੀ ਚੋਟ, ਕੈ ਰਹਯੋ ਲਜਾਇ- ॥੧੧॥
ਕਾਰਨ ਘਨੇ ਬਿਚਾਰ ਕਰੇ ਇਮ,
ਤਬਿ ਸਤਿਗੁਰੂ ਪਠਾਯੋ ਦਾਸ।
'ਸੁਧ ਸਗਰੀ ਨੀਕੇ ਅਬਿ ਲੀਜਹਿ,
ਗਮਨਹੁ ਪੈਂਦਖਾਨ ਕੇ ਪਾਸ।
ਹਮ ਦਿਸ਼ਿ ਤੇ ਤਿਸ ਜਾਇ ਹਕਾਰਹੁ
ਆਨਹੁ ਸੰਗ ਹੋਇ ਨਿਰਜਾਸ[1]।'

[1]ਭੀੜਪਈ ਤੇ ਚਿੱਤੋਂ ਜੋ ਸਿਮਰਦੇ ਹਨ।

[1]ਧਨੁਖ ਤੀਰ ਧਾਰਨ ਕਰਕੇ ਵੈਰੀ ਦੇ ਤੀਰ ਖਸ ਲੈਣ ਵਾਲੇ। (ਅ) ਧਨੁਖ ਤੀਰ ਧਾਰਕੇ ਵੈਰੀਆਂ ਨੂੰ ਮਾਰਕੇ ਸਿੱਧਿਆਂ ਕਰਨ ਵਾਲੇ [ਪੰ: ਤੀਰ ਕਰਨਾ = ਸਿਧਿਆਂ ਕਰਨਾ]

[1]ਭਾਵ ਸ਼ਾਹਜਹਾਂ।

[1]ਨਿਰਣਯ ਹੋ ਜਾਵੇ (ਕਿ ਕੀਹ ਕਾਰਨ ਹੈ)। (ਅ) ਪਤਾ ਕਰਕੇ।

ਸੁਨਤਿ ਗਯੋ ਤਬਿ ਪਹੁੰਚਿ ਬਿਲੋਕਯੋ
ਮਲਿਨ ਬਸਨ[1] ਜੁਤਿ ਹੁਤੋ ਉਦਾਸ ॥੧੨॥ [1]ਮੈਲੇ ਕੱਪੜੇ।
'ਸੁਨਹੁ ਖਾਨ ਜੀ! ਗੁਰੂ ਹਕਾਰਤਿ,
ਕਹਯੋ -ਸੰਗ ਅਪਨੇ ਤੂੰ ਲਯਾਇ-।'
ਮੂਢ ਕੁਭਾਗੀ ਪ੍ਰੇਰਯੋ ਕਾਲ ਸੁ
ਜਿਮ ਬੈਠਯੋ ਤਿਮ ਉਠਯੋ ਸਿਧਾਇ।
ਨੀਕੇ ਬਸਤ੍ਰ ਸ਼ਸਤ੍ਰ ਨਹਿਂ ਪਹਿਰੇ,
ਹੋਨਹਾਰ ਨੇ ਤਥਾ ਕਰਾਇ।
ਨਹਿਂ ਤੁਰੰਗ ਪਰ ਚਢਿ ਕਰਿ ਗਮਨਯੋ
ਮਹਾਂ ਬਿਸੂਰਤਿ ਆਇਵ ਪਾਂਇ[1] ॥੧੩॥ [1]ਪੈਦਲ।
ਸ਼੍ਰੀ ਸਤਿਗੁਰ ਕੋ ਬੰਦਨ ਕਰਿ ਕੈ
ਸਨਮੁਖ ਬੈਠਯੋ ਮਤਿ ਬਿਚਲਾਇ।
ਦੇਖਿ ਨ ਸਕਹਿ ਸਮੁਖ ਮਨ ਖੋਟਾ,
ਅੰਤਰਜਾਮੀ ਸਭਿ ਲਖਿ ਪਾਇ।
ਸ਼੍ਰੀ ਮੁਖ ਬੂਝਯੋ 'ਪੋਸ਼ਿਸ਼ ਚੀਰਾ
ਪਹਿਰ ਭਲੇ ਤਨ ਕਯੋਂ ਨਹਿਂ ਆਇ?
ਖੜਗ ਸਿਪਰ ਜੁਤਿ ਚਢਯੋ ਤੁਰੰਗ ਨ
ਕਿਮ ਆਯੋ ਅਸ ਹੁਕਮ ਮਿਟਾਇ? ॥੧੪॥
ਮਲਿਨ ਬੇਸ ਅਰੁ ਮਲਿਨ ਬਦਨ ਬਨਿ,
ਕਿਮ ਸਚਿੰਤ ਉਰ, ਬਿਨਾ ਹੁਲਾਸ।
ਪੰਚ ਦਿਵਸ ਬਖਸ਼ਿਸ਼ ਕੋ ਲੇ ਕਰਿ
ਕਯੋਂ ਨ ਅਨੰਦਤਿ ਵਹਿਰ ਪ੍ਰਕਾਸ਼[†]। [†]ਪਾ:-ਕਯੋਂ ਨ ਅਨੰਦ ਤੁਵ ਰਿਦੈ ਪ੍ਰਕਾਸ਼।
ਕੋ ਕਾਰਜ ਕਿਮ ਬਿਗਰਯੋ ਤੁਵ ਪ੍ਰਿਯ?
ਸਕਲ ਸਾਚ ਕਹੀਯਹਿ ਹਮ ਪਾਸ।
ਮਿੱਥਯਾ ਤੇ[1] ਸੁਧਰਤਿ ਹੁਇ ਨਾਂਹੀ[2], [1]ਝੂਠ ਬੋਲਣ ਤੇ। [2]ਸੌਰੇਗੀ ਨਹੀਂ (ਗਲ)।
ਸਾਚ ਕਹੇ ਸੁਖ ਸਾਸ ਗਿਰਾਸ' ॥੧੫॥
ਪ੍ਰੇਰਯੋ ਭਾਵੀ ਕੂਰ ਕਹਤਿ ਭਾ,
ਗੁਰ ਪ੍ਰਤਾਪ ਜੱਦਪਿ ਕੁਛ ਜਾਨਿ।
'ਦਾਸ ਆਪ ਕੋ ਗਯੋ ਹਕਾਰਨ
ਬੈਠਯੋ ਜਥਾ ਹੁਤੋ ਨਿਜ ਥਾਨ।

ਤਥਾ ਵਹਿਰ ਤੇ ਇਤਿ ਚਲਿ ਆਯੋ
ਨਹੀਂ ਬਸਤ੍ਰ ਸੋ ਪਹਿਰਨ ਠਾਨਿ।
ਪੁਨ ਦਰਸੌਂ ਤਨ ਪੋਸ਼ਿਸ਼ ਸੋ ਧਰਿ
ਕੋਇ ਨ ਬਿਗਰਯੋ ਕਾਜ ਮਹਾਨ ॥੧੬॥
ਪਾਨ ਬਦਨ ਨਹਿੰ ਪਾਨ ਪਖਾਰੇ[1]
ਇਸ ਕਾਰਨ ਤੇ ਮਨ ਅਲਸਾਇ।
ਸਿਮਰਨ ਤੁਰਨ ਰਾਵਰ ਕੋ ਲਖਿ
ਉਠਿ ਗਮਨਯੋ ਇਤ ਸਹਿਜ ਸੁਭਾਇ।'
ਸਤਿਗੁਰ ਕਹਯੋ 'ਬਾਜ ਉਡਿ ਪਹੁੰਚਯੋ
ਤੋਹਿ ਗ੍ਰਾਮ ਮਹਿਂ ਲਿਯੋ ਦੁਰਾਇ।
ਮੀਰ ਸ਼ਿਕਾਰ ਕਹੈ -ਹਮ ਹੇਰਤਿ
ਰਹਯੋ ਤਹਾਂ ਨ ਗਯੋ ਅਗੁਵਾਇ-'
॥੧੭॥

[1]ਹੱਥ ਮੂੰਹ ਪਾਣੀ ਨਾਲ ਨਹੀਂ ਧੋਤੇ।

ਪੈਂਦੇ ਕਹਯੋ 'ਹੁਤੋ ਮੈਂ ਸ਼ਾਮਲ
ਆਏ ਖੋਜਤਿ ਮੀਰ ਸ਼ਿਕਾਰ।
ਤਬਿ ਡਿੰਡਮ ਕਹਿ ਗ੍ਰਾਮ ਦਿਵਾਯੋ
ਲਈ ਸਤਰ ਲੌਂ ਸਭਿ ਕੀ ਸਾਰ[1]।

[1]ਭਾਵ ਪਰਦੇ ਵਾਲੇ (ਇਸਤ੍ਰੀਆਂ ਦੇ ਰਹਿਣ ਵਾਲੇ) ਥਾਂ ਤੱਕ ਸਭ ਦੀ ਤਲਾਸ਼ੀ ਲਈ ਹੈ।

ਨਿਕਸਯੋ ਨਹੀਂ, ਕਹਾਂ ਬਸਿ ਮੇਰੋ,
ਗਯੋ ਕਹੂੰ ਉਡਿ, ਨਹੀਂ ਨਿਹਾਰ।
ਤ੍ਰਿਪਤੇ ਬਾਜ਼, ਸ੍ਵਾਨ, ਅਰੁ ਨਾਊ[1]
-ਜਾਹਿਰ ਅਹੈ- ਕਰੈਂ ਨਹਿਂ ਕਾਰ
॥੧੮॥

[1]ਬਾਜ ਤੇ ਕੁੱਤੇ ਨਾਈ ਰੱਜੇ ਹੋਏ ਕੰਮ ਨਹੀਂ ਕਰਦੇ।

ਗਯੋ ਦੂਰ ਉਡ, ਬੂਝੇ ਬਹੁ ਨਰ,
ਨਹੀਂ ਖੋਜ ਪਾਯਹੁ ਕਿਸ ਥਾਨ।
ਬੀਚ ਗ੍ਰਾਮ ਕੇ ਬਾਜ ਨ ਲੋਪਯੋ[1]
ਤੁਮ ਢਿਗ ਕੀਨਸਿ ਕੂਰ ਬਖਾਨ।
ਨਹਿਂ ਜੇ ਹੁਤੋ, ਸਦਨ ਹੈ ਤੁਮਰੋ,
ਕੋ ਅਸ ਕਰਹਿ ਕਪਟ ਕੋ ਠਾਨਿ।
ਗਯੋ ਬਿਪਨ[1] ਕਿਸ, ਕਯੋਂ ਅਬਿ ਪ੍ਰਾਪਤ[2]
ਬਾਜ਼ ਸੁਪੈਦ ਸੁ ਬੇਗ ਮਹਾਨ' ॥੧੯॥
ਪੁਨ ਸਤਿਗੁਰ ਕੁਛ ਨਿਠੁਰ ਗਿਰਾ ਜੁਤਿ

[1]ਕਿਸੇ) ਲੁਕਾਇਆ ਨਹੀਂ।

[1]ਬਨ ਵਿਚ। [2]ਹੁਣ ਕਿਵੇਂ ਲੱਭੇ।

ਸਮੁਝਾਵਤਿ ਹਿਤ ਕੀ ਤਿਹ ਬਾਤ।
'ਕਰਿ ਬਿਚਾਰ ਕੋ ਸਾਚ ਉਚਾਰਹੁ,
ਗੁਨ ਅਪਰਾਧ ਛਿਮਾ ਤੇ ਸ਼ਾਤ[1]।
ਲੇਹੁ ਸਦਨ ਸੁਧ, ਬੁਧਿ ਤੇ ਸਿਧ ਕਰਿ,
ਬਿਬਧ ਬਿਧਿਨ ਕੇ ਛਲ ਕਰਿ ਘਾਤ[1]।
ਜੇ ਉਰ ਲਖਹੁ, ਭਾਖਿ ਦਿਹੁ ਸਭਿ ਮਹਿਂ,
ਬਹੁਰ ਨ ਦੋਸ਼ ਰਹੈ ਤੁਮ ਗਾਤ' ॥੨੦॥
ਸੁਨਿ ਮੂਰਖ ਕੁਛ ਸਹਿਤ ਬੱਕ੍ਰਤਾ[1]
ਕਹਿਤ, 'ਨ ਹਮ ਹੇਰਯੋ ਕਿਤ ਨੈਨ।
ਕਹੇ ਕਿਸੂ ਕੇ ਦੋਸ਼ ਅਰੋਪਹੁ
ਤਿਸ ਪਰ ਕਿਸ ਕੋ ਕਿਮ ਬਸ ਹੈ ਨ।
ਵਸਤੁ ਆਪ ਕੀ ਕਰਹਿਂ ਦੁਰਾਵਨ,
ਉਚਿਤ ਨ ਹਮ ਕੋ, ਹੁਇ ਦੁਖ ਦੈਨ[1]।
ਗਯੋ ਅਪਰ ਥਲ ਉਡਿ ਕਰਿ ਪੰਖੀ
ਤ੍ਰਾਸਤਿ ਮੀਰ ਸ਼ਿਕਾਰ ਕਹੈ ਨ' ॥੨੧॥
ਕਾਰਨ ਕੂਰਾ ਕਰਨਿ ਨੀਕ ਬਿਧਿ[1]
ਤ੍ਰਿਤੀ ਵੇਰ ਸਤਿਗੁਰੂ ਕਹੰਤਿ।
'ਸਮੁਝਿ ਸੁਮਤਿ ਕੋ, ਕਪਟ ਤਜਾਗਿ ਚਿਤ,
ਸਾਚੀ ਬਾਤ ਕਹਹੁ ਹਿਤਵੰਤਿ।
ਪਿਖਯੋ ਬਾਜ ਤੌ ਕਰਹੁ ਬਤਾਵਨਿ,
ਰਹਯੋ ਗ੍ਰਾਮ ਮਹਿਂ ਸਕਲ ਭਨੰਤਿ।
ਗੁਰ ਘਰ ਕੋ ਸੇਵਕ ਤੂੰ ਆਛੇ
ਬਾਂਛਹੁ ਭਲੋ, ਨ ਬਨ ਛਲਵੰਤਿ' ॥੨੨॥
ਨਿਮਕ ਹਰਾਮੀ ਸੁਨਿ ਕੈ ਰਿਸ ਧਰਿ
ਬਦਨ ਬਿਲੋਚਨ ਕੀਨਸਿ ਲਾਲ।
'ਤੁਹਮਤ ਦੇਤਿ ਤੁਫਾਨ ਬਕੇ ਤੇ[1],
ਉਰ ਬਿਚਾਰ ਕਰਿ ਕਯੋਂ ਨ ਬਿਸਾਲ।
ਭਲੇ ਨਰਨ ਕੀ ਪਤਿ ਮਹਿਂ ਰਖ਼ਨਾ
ਡਾਲਤਿ ਹੋ[1], ਨਹਿਂ ਕਰਹੁ ਸੰਭਾਲ।
ਅਹੈ ਜੀਵਕਾ ਸਹਿ ਹੌਂ ਯਾਂ ਤੇ,

[1]ਅਪਰਾਧ ਖਿਮਾਰੂਪੀ ਗੁਣ ਤੋਂ ਸ਼ਾਂਤ ਹੋ ਜਾਂਦਾ ਹੈ।

[1]ਕਈ ਤਰ੍ਹਾਂ ਦੇ ਛਲ (ਜੋ ਕਰਦਾ ਹੈਂ ਇਨ੍ਹਾਂ ਦਾ) ਘਾਤ ਕਰ ਕੇ ਭਾਵ ਛਲ ਦੂਰ ਕਰ ਕੇ।

[1]ਵਿੰਗੇਪਨ ਨਾਲ।

[1]ਦੁਖਦਾਈ।

[1]ਚੰਗੀ ਤਰ੍ਹਾਂ ਝੂਠਾ ਕਰਨ ਲਈ।

[1]ਮੀਰ ਸ਼ਿਕਾਰ ਦੇ) ਤੁਫਾਨ (ਝੂਠ) ਕਹਿਣ ਤੇ ਮੈਨੂੰ ਤੁਹਮਤ ਦਿੰਦੇ ਹੋ।

[1]ਭਲੇ ਪੁਰਸ਼ਾਂ ਦੀ ਅਬਰੋ ਵਿਚ ਫ਼ਰਕ ਪਾਉਂਦੇ ਹੋ [ਫਾ: ਰਖਨਾ = ਐਬ, ਨੁਕਸ, ਫਰਕ]

ਨਾਹਿੰ ਤ ਕੌਨ ਕਹੈ ਇਸ ਢਾਲ?'
॥੨੩॥
ਮੰਦਮਤੀ ਕੋ ਹਠ ਬਡ ਜਾਨਜੋ
ਮਤਿ ਬਿੱਪ੍ਰੀਤ ਕਰੀ ਢਿਗ ਕਾਲ[1]। [1]ਮੌਤ ਨੇੜੇ ਆਈ ਨੇ।
ਭਯੋ ਪਾਪ ਰਤਿ[1], ਸਮੁਝਤਿ ਨਹਿਂ ਚਿਤ, [1]ਪਾਪਾਂ ਨਾਲ ਪਿਆਰ ਕਰਨ ਵਾਲਾ।
ਬੈਠਿ ਰਹਜੋ ਕਰਿ, ਕ੍ਰੋਧ ਬਿਸਾਲ।
ਬਿਧੀਚੰਦ ਕੋ ਨਿਕਟਿ ਹਕਾਰਜੋ
ਕਹਜੋ ਕਾਨ ਮਹਿਂ[1] 'ਅਬਿ ਤੂੰ ਚਾਲ। [1]ਕੰਨ ਵਿਚ (ਸਤਿਗੁਰਾਂ) ਨੇ ਕਿਹਾ।
ਸਮਾ ਦੁਪਹਿਰੇ ਕੋ ਸਮ ਜਾਮਨਿ[1] [1]ਰਾਤ ਵਾਂਙ ਹੈ, ਕਿਉਂਕਿ ਹੁਨਾਲ ਦੀ ਦੁਪਹਿਰ ਨੂੰ ਸਭ ਲੋਕੀਂ ਸੌਂ ਜਾਂਦੇ ਹਨ।
ਗਮਨਹੁ, ਆਨਹੁ ਬਾਜ ਉਤਾਲ[1]' [1]ਮੁਰਾਦ ਗੁਪਤ ਤਲਾਸ਼ੀ ਲੈਣ ਤੋਂ ਹੈ।
॥੨੪॥
ਸੁਨਤਿ ਪਯਾਨੋ[1] ਬੀਰ ਤੀਰ ਸਮ [1]ਭਾਵ ਬਿਧੀ ਚੰਦ ਗਿਆ।
ਸ਼੍ਰੀ ਸਤਿਗੁਰੂ ਪਗ ਕਮਲ ਮਨਾਇ।
ਛੋਟੇ ਮੀਰ ਗ੍ਰਾਮ ਮਹਿਂ ਪਹੁਂਚਜੋ
ਬਦਨ ਅਛਾਦਜੋ ਬਸਨ ਬਨਾਇ।
ਨਿਜ ਨਿਜ ਸਦਨ ਪ੍ਰਵੇਸ਼ੇ ਸਗਰੇ
ਸੁਪਤਿ ਪਰੇ, ਕੋ ਬੈਠਿ ਰਹਾਇ।
ਪੈਂਦ ਖਾਨ ਕੇ ਘਰ ਮਹਿਂ ਬਰ ਕਰਿ
ਪਿਖਜੋ ਨ ਮਾਨੁਖ ਇਤ ਉਤ ਜਾਇ
॥੨੫॥
ਪ੍ਰਿਥਕ ਚੁਬਾਰਾ ਸਭਿ ਕੇ ਅੰਤਰਿ[1] [1]ਸਾਰੇ (ਘਰ) ਦੇ ਅੰਦਰ ਵੱਖਰਾ ਚੌਬਾਰਾ ਸੀ।
ਸੁਪਤਜੋ ਤਹਾਂ ਖਾਨ ਅਸਮਾਨ।
ਬਖਸ਼ਿਸ਼ ਗੁਰ ਕੀ ਬਾਜ ਸਹਿਤ ਤਿਸ,
ਆਡੇ ਪਰ ਬਿਠਾਇ ਸੁਖ ਮਾਨਿ।
ਪਰਜੋ ਨਿਚਿੰਤ ਨਹੀਂ ਸੁਧ ਤਨ ਕੀ,
ਆਵਤਿ ਜਾਤ ਬਾਇ ਮੁਖ ਪ੍ਰਾਨ[1]। [1]ਟੱਡੇ ਹੋਏ ਮੂੰਹ ਤੋਂ ਸਵਾਸ ਆਉਂਦੇ ਜਾਂਦੇ ਹਨ।
ਬਿਧੀ ਚੰਦ ਢਿਗ ਜਾਇ ਪ੍ਰਵੇਸ਼ਜੋ
ਪਿਖਿ ਸਭਿ ਵਸਤੂ ਆਨੰਦ ਠਾਨਿ
॥੨੬॥
ਧਰੇ ਕਿਲਕ ਪਰ[1] ਬਸਤ੍ਰ ਉਤਾਰੇ, [1]ਕਿੱਲੀ ਤੇ।
ਚੀਰਾ ਬੰਧਜੋ ਹੁਤੋ ਸੋ ਲੀਨਿ।

ਖੜਗ ਸਿਪਰ ਜੁਗ ਧਰੀ ਸਿਰ੍ਹਾਨੇ
ਤਤਛਿਨ ਹਾਥ ਉਠਾਵਨਿ ਕੀਨਿ।
ਆਡੇ ਪਰ ਤੇ ਬਾਜ਼ ਗਹ੍ਯੋ ਤਬਿ,
ਨਿਕਸ੍ਯੋ ਸ਼ੀਘ੍ਰ ਬਿਸਾਲ ਪ੍ਰਬੀਨ।
ਕਿਸੂ ਨ ਦੇਖ੍ਯੋ ਅਦਭੁਤ ਕਰਮਾ,
ਆਯੋ ਪੁਰਿ ਕਰਤਾਰ ਸੁ ਲੀਨਿ[1] ॥੨੭॥ [1]ਲੈ ਕੇ।
ਅਨਤ ਥਾਨ ਧਰਿ ਗਮਨ੍ਯੋ ਗੁਰ ਢਿਗ
'ਤੁਮ ਪ੍ਰਤਾਪ ਤੇ ਸਭਿ ਕਿਛੁ ਲ੍ਯਾਇ।
ਪੋਸ਼ਿਸ਼ ਬਾਜ਼ ਸਮੇਤ, ਸਿਪਰ, ਅਸਿ,
ਧਰੀ ਆਨਿ ਕਰਿ ਆਨਸ ਥਾਇ[1]।' [1]ਹੋਰ ਥਾਵੇਂ।
ਸ਼੍ਰਵਨ ਲਾਗਿ ਕਰਿ ਮੰਦ ਮੰਦ ਸੁਰ,
ਕਰ੍ਯੋ ਕਾਜ ਸੋ ਦਯੋ ਸੁਨਾਇ।
ਪੈਂਦਾ ਬੈਠ੍ਯੋ ਰਹ੍ਯੋ ਤਹਾਂ ਹੀ
ਅਪਰ ਖ੍ਯਾਲ ਗੁਰ ਸਮਾਂ ਬਿਤਾਇ
॥੨੮॥
ਬਹੁਰ ਖਾਨ ਦਿਸ਼ਿ ਕਰੇ ਬਿਲੋਚਨ
ਸ਼੍ਰੀ ਮੁਖ ਤੇ ਫੁਰਮਾਵਨ ਕੀਨਿ।
'ਅਜਹੁੰ ਸਮੁਝਿ ਕੁਛ ਬਿਗਰ੍ਯੋ ਨਾਹਿਨ
ਦੀਜਹਿ ਬਾਜ਼ ਤੋਹਿ ਜੇ ਲੀਨਿ।
ਲੈਬੇ ਹੇਤੁ ਕਰਹਿਂ ਜੇ ਲਾਲਚ
ਤਉ ਦੇਹਿਂ ਤੁਝ ਚਿਤ ਲਿਹੁ ਚੀਨ।
ਹਮ ਕੋ ਦਿਹੁ ਦਿਖਾਇ ਇਕ ਬਾਰੀ,
ਬਹੁਰ ਲੇਹੁ ਤੁਮ, ਕੂਰ ਕਹੀਂ ਨ[1] ॥੨੯॥ [1](ਪਰ) ਝੂਠ ਨਾ ਬੋਲੋ।
ਨਾਹਕ ਜਨਮ ਬਾਦ ਕ੍ਯੋਂ ਖੋਵਤਿ
ਸਾਚੋ ਬਨੋ ਭੋਗਿ ਸੁਖ ਬ੍ਰਿੰਦ।'
ਸੁਨਤਿ ਕਹਤਿ ਭਾ, ਲਖਹਿ ਪ੍ਰਤਾਪ ਨ,
ਭਾਵੀ ਪ੍ਰਬਲ ਕਰ੍ਯੋ ਮਤਿ ਮੰਦ।
'ਸ਼੍ਰੀ ਸਤਿਗੁਰ ! ਤੁਮ ਕੂਰ ਕਹਤਿ ਹੋ
ਔਚਕ ਤੁਹਮਤ ਦੇਤਿ ਬਿਲੰਦ।
ਜੇ ਉਰ ਨਿਸ਼ਚੇ ਕਰਤਿ ਨਹੀਂ ਪ੍ਰਭੁ !
ਰਾਵਰਿ ਪਦ ਅਰਬਿੰਦ ਸੁਗੰਦ' ॥੩੦॥
ਕਰਿ ਕੈ ਚਰਨ ਦਿਸ਼ਾ ਨਿਜ ਕਰ ਕੋ

ਤੀਨ ਬੇਰ ਕਰਿ ਸਪਥ[1] ਸੁਨਾਇ।
ਭਾਵੀ ਬਸਿ ਹੁਇ ਭਾਖਤਿ ਮਿੱਥ੍ਯਾ
ਗੁਰ ਪ੍ਰਤਾਪ ਦੀਨਸਿ ਬਿਸਰਾਇ।
ਅੰਤਰਜਾਮੀ ਸਮਰਥ ਸ੍ਰੀ ਪ੍ਰਭੁ
ਤਿਨ ਕੋ ਸਭਿ ਨਰ ਸਮ ਲਖਿ ਪਾਇ।
ਕੂਰ ਸਪਥ ਕਰਿ ਸਾਚ ਬਨ੍ਯੋ ਚਹਿ
'ਮੈਂ ਨਹਿਂ ਪਿਖੀ ਬਾਜ਼ ਕੀ ਛਾਇ' ॥੩੧॥

[1]ਸੁਗੰਦ। ਸਹੁੰ।

ਦੋਹਰਾ:
ਗੁਰ ਕੋ ਡਰ ਉਰ ਤੁਰਕ ਤਜਿ, ਕੂਰ ਆਨ[1]
ਕੋ ਜਾਨਿ।
ਸ੍ਰੀ ਹਰਿਗੋਵਿੰਦ ਚੰਦ ਤਬਿ, ਕੀਨਸਿ ਕ੍ਰੋਧ
ਮਹਾਨ ॥੩੨॥

[1](ਉਸ ਦੀ) ਸਹੁੰ ਨੂੰ ਝੂਠੀ ਜਾਣਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਪੈਂਦੇ ਖਾਨ ਕੋ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਪੈਂਦੇ ਖਾਨ ਦੀ ਬੇਮੁਖਤਾ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:
ਕੂਰ ਆਨ[2] ਕੋ ਜਾਨਿ ਮਨ,
ਸ਼੍ਰੀ ਗੁਰ ਕੀਨਿ ਬਖਾਨ।
'ਬਿਧੀਚੰਦ ਸਭਿ ਆਨਿ ਕਰਿ,
ਦਿਹੁ ਦਿਖਾਇ ਲੇ ਮਾਨ' ॥੧॥
ਸੈਯਾ ਛੰਦ:
ਸੁਨਿ ਆਇਸੁ ਕੋ ਤਤਛਿਨ ਉਠਿ ਕਰਿ
ਬਾਜ਼, ਪੁਸ਼ਾਕ, ਖੜਗ ਲੇ ਆਇ।
ਸਭਾ ਬੀਚ ਸਭਿਹੂੰਨਿ ਅਗਾਰੀ
ਧਰਿ ਕਰਿ ਤਿਹ ਥਲ ਦੀਏ ਦਿਖਾਇ।
ਕ੍ਰੋਧ ਕਰਤਿ ਹੀ ਸਤਿਗੁਰ ਬੋਲੇ
'ਕਹੁ ਪਾਪੀ! ਇਹੁ ਕਹਿਂ ਤੇ ਲਜਾਇ?
ਬਾਰ ਬਾਰ ਸਮੁਝਾਇ ਰਹੇ ਤੁਝ,
ਰੇ ਮਤਿਮੰਦ! ਨ ਮਿੱਥਯਾ ਗਾਇ[1] ॥੨॥ [1]ਝੂਠ ਨਾ ਬੋਲ।
ਕਹਯੋ ਨ ਮਾਨਯੋ ਮੂਰਖ! ਤੈਂ ਕੁਛ,
ਕੂਰ ਕਹਤਿ ਭਾ ਬਡ ਹਠ ਧਾਰਿ।'
ਲਾਜ ਬਿਲੋਚਨ ਬੋਲ ਨ ਸਾਕਹਿ,
ਨੀਚੀ ਗ੍ਰੀਵ ਸਚਿੰਤ ਬਿਚਾਰ।
ਪੁਨ ਗੁਰ ਕਹਯੋ 'ਕਹੈਂ ਕਯੋਂ ਨਾਂਹੀ,
ਧਿਕ ਤੋ ਕਹੁ, ਨਹਿਂ ਸਾਚ ਉਚਾਰਿ।
ਨਿਮਕ ਹਰਾਮੀ ਸੂਰਤ ਬਨਿ ਕੈ
ਬੈਠਿ ਰਹਯੋ ਕਯਾ ਕੀਨਿ ਗਵਾਰ' ॥੩॥
ਬੈਨ ਬਾਨ ਤੇ ਬਿਧਯੋ ਅਧਿਕ ਹੀ,
ਝੂਠਾ ਭਯੋ, ਸਹਯੋ ਨਹਿਂ ਜਾਇ।
ਸਭਾ ਬਿਖੈ ਰਿਸ ਧਰਿ ਕੈ ਬੋਲਯੋ
'ਨਾਹਕ ਤੁਹਮਤ ਮੋਹਿ ਲਗਾਇ।
ਬਾਜ਼ ਸਦਨ ਮਹਿਂ ਰਾਖਨ ਕੀਨਸਿ
ਕਹਯੋ ਫੇਰ ਕਿਨ ਲੀਨਿ ਛਿਪਾਇ।
ਅਬਿ ਨਿਕਾਸ ਲੇ ਆਇ ਸਭਾ ਮਹਿਂ,
ਬਿਧੀਚੰਦ ਇਹੁ ਕਪਟ ਬਨਾਇ' ॥੪॥
ਝੂਠਾ ਭਯੋ ਬਿਦਤ ਹੀ ਮੂਰਖ

ਤਊ ਨ ਹਠ ਤਜਿ ਬੋਲਤਿ ਬੈਨ।
ਦੇਖਿ ਕੁਮਤਿ ਕੋ ਸ਼੍ਰੀ ਹਰਿਗੋਵਿੰਦ
ਰਿਸ ਤੇ ਰਕਤ ਭਏ ਜੁਗ ਨੈਨ।
ਤਊ ਛਿਮਾ ਨਿਜ ਬਿਰਦ ਬਿਚਾਰਤਿ ਕਹਜੋ
'ਮੰਦ ਇਹ ਕਲਮਲ ਐਨ[1]।
ਅਜਹੁੰ ਨ ਸਮੁਝਤਿ, ਸਾਚ ਬਨਹਿ ਜੜ੍ਹ[1],
ਭਏ ਕੁਭਾਗ ਜੀਵਬੋ ਹੈ ਨ[1] ॥੫॥

[1]ਇਹ ਮੰਦਾ ਤੇ ਪਾਪਾਂ ਦਾ ਘਰ ਹੈ।
[1]ਸੱਚਾ ਬਣਦਾ ਹੈ ਮੂਰਖ।
[1]ਜੀਵਨਾ ਨਹੀਂ ਹੋਵੇਗਾ (ਇਸ ਦਾ)।

ਦੋਹਰਾ:
ਸ਼੍ਰੀ ਨਾਨਕ ਮਸਨੰਦ ਪਰ, ਕੂਰੀ ਸਪਥ ਕਰੰਤਿ।
ਨਹੀਂ ਉਚਿਤ ਹਮਰੇ ਰਹਜੋ, ਅਜਹੁੰ ਕੂਰ ਉਚਰੰਤਿ ॥੬॥
ਲਾਤ ਮੁਸ਼ਟ ਕਬਜ਼ਾਨ ਕੀ[1], ਕਰੀਅਹਿ ਮਾਰ ਨਿਕਾਰ।
ਉਠਹੁ ਸੁਭਟ ਗਹੀਯਹਿ ਤੁਰਤ, ਗੀਦੀ ਤਰਕ ਗਵਾਰ' ॥੭॥

[1]ਤਲਵਾਰਾਂ ਦੀਆਂ) ਮੁਠਾਂ ਦੀ।

ਸੈ੍ਯਾ ਛੰਦ:
ਸੁਨਿ ਗੁਰ ਆਇਸੁ ਉਠੇ ਸੁਭਟ ਗਨ
ਕਹੇ ਕੁਬਾਕਨਿ ਲਾਤ ਪ੍ਰਹਾਰ।
'ਗੁਰੂ ਸਭਾ ਤੇ ਨਿਕਸਹੁ ਬਾਹਰ'
ਕਿਨਹੁ ਚਪੇਟ ਬਦਨ ਪਰ ਮਾਰਿ।
ਮੁਸ਼ਟਨਿ ਮਾਰ, ਹਤਹਿ ਕੋ ਕਬਜ਼ੇ,
ਰਿਸ ਤੇ ਪਗੀਆ ਦੀਨਿ ਉਤਾਰਿ।
ਦੇਤਿ ਧਕੇਲਾ ਚਾਲਤਿ ਮੇਲਾ†,
ਉਠਜੋ ਧਕੇਲਤਿ ਫੇਰ ਨਿਹਾਰ[1] ॥੮॥

†ਪਾ:-ਚਾਲ ਭਿ ਮੇਲਾ = ਚਲ ਕੇ ਮਿਲਦੇ ਹਨ।
[1]ਧੱਕਾ ਦੇਂਦੇ ਹਨ, ਮਿਲਕੇ ਚਲਦੇ ਹਨ ਫੇਰ ਉਠਿਆ ਦੇਖਕੇ ਧੱਕਾ ਦੇਂਦੇ ਹਨ।

ਲੇ ਕਰਿ ਜਾਤਿ ਮਾਰ ਬਹੁ ਕਰਤੇ
ਤਊ ਗਰਬ ਤੇ ਗਿਰਾ ਸੁਨਾਇ।
'ਸ਼੍ਰੀ ਗੁਰ ! ਮੋਹਿ ਸੰਗ ਜਿਮ ਕੀਨੀ
ਇਸ ਕੋ ਫਲ ਤੁਮ ਲੈ ਹੋ ਪਾਇ।
ਸ਼ਾਹਜਹਾਂ ਸੋਂ ਮਿਲਿ ਕੈ ਸਭਿ ਕਹਿ,
ਸ਼ੀਘ੍ਰ ਬਾਹਨੀ ਬ੍ਰਿੰਦ ਚਢਾਇ।
ਆਨਿ ਗਹੌਂ ਤੁਮ ਕੋ ਨਿਜ ਬਲ ਤੇ

†ਸੂਰਮਿਆਂ ਦੇ ਹੱਥੋਂ ਜਿਤਨੀ ਮਾਰ ਏਥੇ ਵਰਣਨ ਹੋਈ ਹੈ, ਉਸ ਨਾਲ ਸਿਰ, ਬੁਲ੍ਹ, ਮੂੰਹ ਦਾ ਸੁੱਜ ਜਾਣਾ, ਲਹੂ ਸਿੰਮ ਪੈਣਾਂ, ਨੀਲ ਪੈ ਜਾਣੇ, ਇਹ ਮਾਮੂਲੀ ਬਾਤ ਹੈ; ਪਰ ਖੋਜਾ ਤਾਂ ਮੂੰਹ ਹੱਥ ਧੋਕੇ ਇਸ ਹੱਤਕ ਨੂੰ ਲੁਕਾ ਕੇ ਆਪਣੀ ਸੈਨਾ ਵਿਚ ਜਾ ਰਿਹਾ ਹੈ। ਇਥੋਂ ਹੀ ਜਾਣ ਪੈਂਦਾ ਹੈ ਕਿ ਮਾਰ ਕੁੱਟ ਕੋਈ ਬੜੀ ਹੀ ਮਾਮੂਲੀ ਹੋਈ ਹੈ, ਸੋ ਬੀ ਆਦਿ ਗੁਰੂ ਜੀ ਦੀ ਬੇਅਦਬੀ ਕਰਨ ਕਰਕੇ। ਆਪਣੀ ਹੱਤਕ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬੜੀ ਸਹਨਸੀਲਤਾ ਨਾਲ ਸਹਾਰੀ ਹੈ। ਤਵਾ: ਖਾ: ਵਿਚ ਲਿਖਿਆ ਹੈ, ਅਨਵਰ ਬੇਗ ਤਿੰਨ ਬਾਜ਼ੀਆਂ ਹਾਰਕੇ ਅਪਣੀ ਹਾਰ ਸਮਝਕੇ ਗਿਆ ਤੇ ਜਾਕੇ ਸੂਬੇ ਨੂੰ ਸਮਝਾਇਆ ਕਿ ਗੁਰੂ ਜੀ ਨਾਲ ਜੰਗ ਨਾ ਕਰੋ, ਪਰ ਪੈਂਦੇ ਖਾਂ ਨੇ ਉਸ ਨੂੰ ਗੁਰੂ ਦਾ ਪੱਖੀ ਸਮਝਿਆ। ਗੁਰੂ ਕੀ ਨਿੰਦਾ ਤੇ ਮਾਰ ਦਾ ਜ਼ਿਕਰ ਨਹੀਂ ਹੈ। ਤਵਾ: ਖਾ: ਵਿਚ ਇਹ ਬੀ ਲਿਖਤ ਹੈ ਕਿ ਇਸ ਗਲ ਦੇ ਮਗਰੋਂ ਸੂਬੇ ਨੇ ਧੀਰ ਮਲ ਵਲ ਜਸੂਸ ਘੱਲ ਕੇ ਉਸ ਨੂੰ ਗੁਰੂ ਜੀ ਤੋਂ ਨਖੇੜਿਆ ਤੇ ਆਪਣਾ ਪੱਖੀ ਤੇ ਸੂੰਹੀਆਂ ਬਣਾਇਆ ਹੈ, ਪਰ ਸਤਿਗੁਰੂ ਜੀ ਨੂੰ ਇਹ ਸਾਰਾ ਪਤਾ ਲੱਗ ਚੁੱਕਾ ਸੀ।

ਮੌਨ ਧਰੇ ਗਮਨਜੋ ਸਹਿਸਾਇ।
ਤੁਰੰਗ ਅਰੂੜ੍ਹ ਸੰਗ ਲੇ ਦਾਸ।
ਗਯੋ ਜਲੰਧਰ ਨਗਰ ਜਹਾਂ ਸੁ[1] ॥੩੮॥ — [1]ਜਿਥੇ ਹੈ।
ਚਿਤ ਮਹਿਂ ਚਿਤਵਤਿ -ਮਮ ਗਤਿ† ਐਸੀ। — †ਪਾ:-ਮਗ ਮਹਿਂ।
ਲਖ ਨਹਿਂ ਸਕਹਿਂ, ਇਹਾਂ ਬਿਧਿ ਕੈਸੀ[1]। — [1]ਇਥੇ (ਮੇਰਾ) ਕੀ ਹਾਲ (ਹੋਇਆ ਹੈ)।
ਮੋ ਕਹੁ ਤਿਮ ਕਰਨੀ ਬਨਿ ਆਵੈ।
ਹਤੌਂ ਗੁਰੂ ਤਬਿ ਪਲਟਾ ਪਾਵੈਂ ॥੩੯॥
ਨਿਸਾ ਪਰੀ ਅਬਿ ਹਇ ਅੰਧਕਾਰੇ।
ਆਇ ਨ ਜਾਇ ਕੋ ਇਸ ਬਾਰੇ।
ਅਸ ਬੁਧਿ ਬਲ ਤੇ ਕਰੌਂ ਉਪਾਇ।
ਕਾਲੇਖਾਨ ਸੁਨਤਿ ਚਢਿ ਜਾਇ ॥੪੦॥
ਪਰਹਿ ਜਾਮਨੀ ਬਿਖੈ ਲਰਾਈ।
ਹਮਲਾ ਕਰੇ ਗੁਰੂ ਲੇ ਘਾਈ।
ਪੁਰਿ ਕਰਤਾਰ ਲੂਟ ਸਭਿ ਲੈ ਹੈਂ।
ਗੁਰੂ ਬਾਹਨੀ ਸਭਿ ਹਨਿ ਦੈ ਹੈਂ ॥੪੧॥
ਮ੍ਰਿਤਕ ਹਜ਼ਾਰਹੁ ਹ੍ਵੈ ਘਮਸਾਨ।
ਕੈ ਗੁਰ ਭਾਜਹਿ ਡਰ ਉਰ ਮਾਨਿ।
ਰਖਨਾ ਪਰਜੋ ਆਬਰੂ ਮੇਰੀ।
ਨਹਿਂ ਬਿਦਤਹਿ-, ਇਮ ਗਿਨ ਕਰਿ ਹੇਰੀ[1] ॥੪੨॥ — [1]ਇਉਂ ਵਿਚਾਰ ਕੇ ਦੇਖਿਆ।
ਸੰਧਜਾ ਸਮੈਂ ਸੁ ਉਤਰਜੋ ਜਾਇ।
ਅਪਰ ਬਸਤ੍ਰ ਤਨ ਪਰ ਬਦਲਾਇ।
ਕਾਲੇਖਾਨ ਪਾਸ ਚਲਿ ਗਯੋ।
ਕਰਿ ਸਲਾਮ ਕੋ ਬੈਠਤਿ ਭਯੋ ॥੪੩॥

ਪੈਂਦੇਖਾਨ ਕੁਸ਼ਾਮਦ ਕਾਰਨ।
ਬਾਤ ਮ੍ਰਿਦੁਲ ਢਿਗ[1] ਕਰਤਿ ਉਚਾਰਨ।
ਸੇਵਾ ਹੇਤੁ ਕੁਤਬ ਖਾਂ ਬੈਸਾ।
ਦੇਤਿ ਹੁਕਮ ਕਰਿ ਕਾਰਜ ਤੈਸਾ ॥੪੪॥

[1]ਕੋਲ (ਬੈਠਾ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਚੌਂਪਰ ਖੇਲ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋ ਅੰਸੂ ॥੧੮॥

## ੧੯. [ਲਸ਼ਕਰ ਚੜ੍ਹ ਆਇਆ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਅਨਵਰਖਾਨ ਵਿਚਾਰਿ ਕੈ, ਚਤੁਰਾਈ ਉਪਜਾਇ।
ਕਹ੍ਯੋ 'ਗਯੋ ਗੁਰ ਕੇ ਨਿਕਟਿ, ਭੇਤ ਪਾਇ ਸੁਧ ਲਜਾਇ ॥੧॥

ਚੌਪਈ:

ਅਬਿ ਲੌ ਸੁਧ ਗੁਰ ਕੋ ਨਹਿਂ ਹੋਈ।
ਕੀਨਸਿ ਨਹੀਂ ਸੁਚੇਤੀ[1] ਕੋਈ।
ਲਰਹੁ ਜਾਮਨੀ ਮਹਿਂ ਕਰਿ ਹੇਲਾ।
ਕਰਿ ਲੈਹੋ ਸਭਿ ਕਾਜ ਸੁਹੇਲਾ ॥੨॥
ਕੁਛ ਥੋਰੀ ਸੀ ਚਮੂੰ ਨਿਹਾਰੀ।
ਪਰਹੁ ਬਿਖ਼ਬਰ ਕੀਜਹਿ ਮਾਰੀ।
ਕਾਜ ਸੁਗਮ ਹੀ ਜੇ ਬਨਿ ਜਾਇ।
ਦਾਨਸ਼ਵੰਦ ਨ ਬਿਲਮ ਲਗਾਇ ॥੩॥
ਤੁਮ ਸਮਰਥ ਹੋ ਅਧਿਕ ਜਦਾਪੀ।
ਸ਼ੱਤ੍ਰੁ ਨ ਗਿਨੀਅਹਿ ਅਲਪ ਕਦਾਪੀ।
ਕਨਕਾ ਪਾਵਕ[1] ਸੁਗਮ ਬੁਝੱਯਤਿ।
ਬਨ ਲਗਿ ਬਧਹਿ[1] ਨ ਕਿਮਹੁਂ ਮਿਟੱਯਤਿ† ॥੪॥
ਪ੍ਰਾਤਿ ਹੋਤਿ ਲੌ ਲਰਹੁ ਨ ਜਾਈ[1]।
ਬਨਹਿ ਸੁਚੇਤ ਲੇਹਿ ਸੁਧ ਪਾਈ।
ਦੀਰਘ ਲਰਹਿ ਕਿ ਜਾਵਹਿ ਭਾਜਿ।
ਬਡੇ ਜਤਨ ਤੇ ਬਨਿ ਹੈ ਕਾਜ' ॥੫॥
ਸੁਨਿ ਪੈਂਦੇ ਖਾਂ ਭਲੇ ਸਰਾਹਾ।
'ਇਮ ਹੀ ਬਨਹਿ, ਹਨਹਿਂ ਰਣ ਮਾਂਹਾ।
ਕਾਰਜ ਹੋਇ, ਸੁ ਕਰਿ ਹੀ ਲਿਹਿ।
ਮ੍ਰਿਗ ਜਿਮ ਸਿੰਘ ਜਾਨ ਨਹਿਂ ਦੇਹਿ ॥੬॥
ਫਤੇ ਕਰਹੁ ਲਹਿ ਸੁਜਸੁ ਬਡਾਈ।
ਹਜ਼ਰਤ ਨਿਕਟਿ ਚਲਹੁ ਹਰਖਾਈ।
ਸਭਿ ਕੇ ਮਨਸਬ ਹੋਇਂ ਸਵਾਏ।

[1]ਤਕੜਾਈ।

[1]ਤੀਲੇ ਨੂੰ ਲਗੀ ਅੱਗ (ਅ) ਅੱਗ ਦਾ ਕਿਣਕਾ।

[1]ਬਨ ਤਕ (ਅੱਗ) ਵਧ ਜਾਵੇ ਤਾਂ। †ਪਾ:-ਜਗੇ ਬਿਲੰਦ ਨ ਬੁਝੇ ਲਖੱਜਤਿ।

[1]ਜਾ ਕੇ ਜੇ ਨਾ ਲੜੋਗੇ।

ਹਯ ਸਮੇਤ ਗੁਰ ਦੇਹੁ ਪੁਚਾਏ' ॥੭॥
ਕਾਲੇਖਾਨ ਕਹ੍ਯੋ ਤਿਸ ਬੇਰੀ।
'ਕਹਾਂ ਕੁਤਬ ਖਾਂ! ਮਸਲਤ ਤੇਰੀ?
ਜੰਗ ਜਾਮਨੀ ਕੈ ਦਿਨ ਕੇਰਾ।
ਗਹ੍ਯੋ ਜਾਇ ਜਿਮ ਗੁਰੂ ਬਡੇਰਾ ॥੮॥
ਅਸ ਨ ਹੋਇ ਜਯੋਂ ਪ੍ਰਥਮ ਲਰਾਈ।
ਲਲਾ ਸੁ ਕੰਬਰ ਦਲ ਸਮੁਦਾਈ।
ਸੋਵਤਿ ਅਬਿ ਲੌ ਪਾਇਂ ਪਸਾਰੇ।
ਕਾਰਜ ਸਰ੍ਯੋ ਨ, ਰਣ ਮੈਂ ਹਾਰੇ ॥੯॥
ਯਾਂ ਤੇ ਮ੍ਰਿਗ ਮਾਰਨ ਕੇ ਕਾਜਾ।
ਹਤਨਿ† ਸਿੰਘ ਕੋ ਕਰਹਿ ਸਮਾਜਾ। †ਪਾ:-ਹਰਣ।
ਇਮ ਕਹਵਤਿ ਲੋਕਨਿ ਤੇ ਸੁਨੀ।
ਪਰਖਨ ਕੀਨਿ ਬਾਤ ਹੈ ਘਨੀ' ॥੧੦॥
ਕਹ੍ਯੋ ਕੁਤਬ ਖਾਂ 'ਨਿਸ਼ਚੇ ਐਸੇ।
ਆਪ ਕਰੀ ਫੁਰਮਾਵਨ ਜੈਸੇ।
ਤਊ ਦੇਖੀਏ ਭਲੇ ਬਿਚਾਰੋ।
ਗੁਰੂ ਸੂਰਮਾ ਹਤੇ ਹਜ਼ਾਰੋਂ ॥੧੧॥
ਏਕਾ ਏਕੀ ਗਹ੍ਯੋ ਨ ਜਾਇ।
ਖੜਗ ਪ੍ਰਹਾਰਹਿ ਸੁਭਟ ਗਿਰਾਇ।
ਹਰਿ ਗੋਬਿੰਦ ਬਿਨਾਂ ਸਵਧਾਨੀ[1]। [1]ਸਾਵਧਾਨੀ ਤੋਂ ਬਿਨਾਂ ਹਨ ਭਾਵ ਤਿਆਰ ਨਹੀਂ ਹਨ।
ਇਹੁ ਨੀਕੀ ਸਭਿ ਕੇ ਮਨ ਭਾਨੀ ॥੧੨॥
ਪਾਛਲ ਰਾਤਿ ਪਰੋ ਕਰਿ ਹੇਲਾ।
ਕਰੋ ਚਮੂੰ ਹਤਿ ਰੇਲ ਰੁ ਪੇਲਾ।
ਪੈਂਦਾ ਸਨਮੁਖ ਤਿਨ ਕੇ ਜੈ ਹੈ।
ਬਲ ਬਿਸਾਲ ਤੇ ਗਹਿ ਗੁਰ ਲੈ ਹੈ ॥੧੩॥
ਅਲਪ ਬਾਹਿਨੀ ਮਾਰਨ ਕਹਾ[1]। [1]ਥੋੜ੍ਹੀ ਫੌਜ ਦਾ (ਸਾਡੇ ਅੱਗੇ) ਮਾਰਨਾ ਕੀ ਹੈ।
ਹਤਹਿਂ ਤੁਰਤ ਹਮ ਲਸ਼ਕਰ ਮਹਾਂ।'
ਇਮ ਠਾਨਤਿ ਮਸਲਤ ਜਿਸ ਕਾਲ।
ਚਹਤਿ ਚਢਨ ਕਹੁ ਬੀਰ ਬਿਸਾਲ ॥੧੪॥
ਤਬਿ ਲੌ ਧੀਰਮਲ ਕੀ ਪਾਤੀ।
ਪਹੁੰਚੀ ਤਿਨ ਢਿਗ ਕੁਮਤਿ ਕੁਬਾਤੀ[1]। [1]ਖੋਟੀ ਮਤਿ (ਨਾਲ ਲਿਖੀ) ਖੋਟੀਆਂ ਗਲਾਂ ਵਾਲੀ

(ਪਤ੍ਰਿਕਾ)।

ਅਪਨਾ ਆਪਨ ਬਚਾਵਨ ਕਾਰਨ†।

†ਇਕ ਲਿਖਤੀ ਨੁਸਖੇ ਵਿਖੇ ਇਹ ਦੋਨੋਂ ਤੁਕਾਂ ਨਹੀਂ ਹਨ ਤੇ ਚਉਪਈ ਦੇ ਦੋ ਹੀ ਚਰਨ ਹਨ। ਇਕ ਛਾਪੇ ਦੇ ਨੁਸਖੇ ਵਿਖੇ ਇਨ੍ਹਾਂ ਦੀ ਥਾਵੇਂ ਇਹ ਪਾਠ ਹੈ:-ਚਲਿ ਕਰਿ ਦੂਤ ਗਏ ਤਿਹਠਾਂ ਹੀ। ਪੈਂਦਖਾਨ ਜਹਿ ਸਭਿ ਸਮੁਦਾਈ।

ਪਿਤ ਗੁਰ ਤਜਾਗ ਤੁਰਕ ਅਨੁਸਾਰਨ ॥੧੫॥
ਖੋਲਿ ਪਠੀ ਸਭਿ ਮਹਿਂ ਬੱਖਜਾਤ।
'ਲਿਖਤੁਮ ਧੀਰਮਲ ਨਿਜ ਬਾਤ।
ਪੈਂਦਖਾਨ ! ਮੈਂ ਪੱਖੀ ਤੇਰਾ।
ਨਹਿਂ ਅਪਮਾਨ ਸਹੈ ਮਨ ਮੇਰਾ ॥੧੬॥
ਅਬਿ ਤੂੰ ਆਉ ਬਿਲੰਬ ਨ ਧਾਰੋ।
ਸ਼ਾਹੁ ਸੰਗ ਕਰਿ ਮੇਲ ਹਮਾਰੋ।
ਮੈਂ ਨ ਬਿਰੋਧ ਕਮਾਵਨ ਕਰੋਂ।
ਹਜ਼ਰਤ ਕੇ ਹਮੇਸ਼ ਅਨੁਸਾਰੋਂ' ॥੧੭॥
ਸੁਨਿ ਸਭਿ ਕੇ ਮਨ ਹਰਖਤਿ ਹੋਏ।
ਪਰਜੋ ਭੇਦ[1] ਘਰ ਮੈਂ ਇਮ ਜੋਏ।

[1]ਫੁੱਟ।

''ਉੱਤਰ ਲਿਖਹੁ -ਦੇਤਿ ਸੁਧ ਰਹੋ।

[1]ਤੁਰਕਾਂ ਆਪਸ ਵਿਚ ਸਲਾਹ ਕਰਕੇ ਕਹਿਆ।

ਜਿਮ ਹੁਇ ਫਤੇ ਹਮਾਰੀ ਕਹੋ-' ॥੧੮॥
ਤੁਰਕਨ ਤੇ ਲਿਖਾਇ ਕਰਿ ਲਜਾਯੋ।
ਧੀਰ ਮੱਲ ਕੇ ਨਿਕਟਿ ਪੁਚਾਯੋ।
ਸਭਿ ਲਸ਼ਕਰ ਤਜਾਰੀ ਤਬਿ ਕੀਨਿ।
ਜਹਿਂ ਕਹਿਂ ਤੇ ਹਕਾਰਿ ਨਰ ਲੀਨਿ ॥੧੯॥
ਨਹੀਂ ਜੰਗ ਕੀ ਬਾਤ ਸੁਨਾਵੈਂ।
ਕਹੈਂ 'ਸੁ ਰੋਪੜ ਕੋ ਚਲਿ ਜਾਵੈਂ।
ਕਾਲੇਖ਼ਾਨ ਨਜਾਜ਼ ਤਿਹ ਦੇਨੀ[1]।

[1]ਭੇਟਾ ਚੜ੍ਹਾਉਣੀ ਹੈ।

ਨਿਜ ਮੁਰਾਦ ਹਾਸਨ ਕਰਿ ਲੇਨੀ ॥੨੦॥
ਪੀਰ ਸਖਾਲਤ† ਵਲੀ ਬਿਸਾਲਾ।

†ਪਾ:-ਸਖਾਵਤ।

ਲਸ਼ਕਰ ਸਹਿਤ ਤਹਾਂ ਕੋ ਚਾਲਾ।'
ਲਵਪੁਰਿ ਤੇ ਜਬਿ ਕੇ ਇਤ ਚਾਲੇ।
ਭੇਤ ਨ ਦੇਤਿ ਕਹਤਿ ਇਸ ਢਾਲੇ ॥੨੧॥
ਜੇਤਿਕ ਦੁਆਬੇ ਬਿਖੇ ਪਠਾਨ।

ਕਰੇ ਇਕੱਤ੍ਰ ਹਕਾਰਨ ਠਾਨਿ।
ਅਧਿਕ ਬਾਹਿਨੀ ਕਰੀ ਬਟੋਰ।
ਕਿਤਿਕ ਆਇ ਮਿਲਿ ਲੂਟਨ ਲੋਰ[1] ॥੨੨॥
ਕਾਲੇ ਖਾਂ ਸਭਿ ਕੋ ਸਨਮਾਨੈ।
ਖਾਨ ਪਾਨ ਦੇ ਮ੍ਰਿਦੁਲ ਬਖਾਨੈ।
ਲਸ਼ਕਰ ਬਡੋ ਦੇਖਿ ਕਰ ਫੂਲਾ।
ਜੰਗ ਕਰਨਿ ਕੋ ਚਿਤ ਅਨਕੂਲਾ ॥੨੩॥
ਚਢ੍ਯੋ ਨਿਸਾ ਮਹਿਂ ਬਜੇ ਨਿਸ਼ਾਨ।
ਤਤਛਿਨ ਪਾਏ ਜ਼ੀਨ ਕਿਕਾਨ।
ਗੁਲਕਾਂ ਗਨ ਬਰੂਦ ਬਰਤਾਈ।
ਪੁਰਿ ਤੇ ਵਹਿਰ ਨਿਕਸਿ ਥਿਰ ਥਾਈਂ ॥੨੪॥

[1] ਚਾਹ ਕਰਕੇ।

ਅਰਧ ਲਾਖ ਅਰੁ ਦੋਇ ਹਜ਼ਾਰ[1]।
ਕਾਲੇਖਾਨ ਸਾਥ ਅਸਵਾਰ।

[1] ਬਵੰਜਾ ਹਜ਼ਾਰ।

ਸੈਨਾ ਸਹੱਸ੍ਰ ਇਕਾਦਸ਼ ਆਨਿ[1]।
ਕੁਤਬਖਾਨ ਕੇ ਸੰਗ ਪਯਾਨ ॥੨੫॥
ਸਭਿ ਦੁਆਬੇ ਤੇ ਕਰੀ ਬਟੋਰਿ।

[1] ਗਿਆਰਾਂ ਹਜ਼ਾਰ ਹੋਰ।

ਚਮੂੰ ਸਹੱਸ੍ਰ ਦੋਇ ਦਸ ਔਰ[1]।
ਸਗਰੀ ਭਈ ਪਞ੍ਹੱਤ੍ਰ ਹਜ਼ਾਰ।
ਅਪਰ ਸੈਂਕਰੇ ਮਿਲਿ ਅਸਵਾਰ ॥੨੬॥
ਮਿਲੇ ਆਨਿ ਜਿਤ ਕਿਤ ਤੇ ਤੁਰਕ।
ਪ੍ਰੇਰੇ ਕਾਲ ਹੋਨਿ ਕੋ ਗ਼ਰਕ।

[1] ਬਾਰਾਂ ਹਜ਼ਾਰ ਹੋਰ।

ਕਿਤਿਕ ਊਨ ਭਾ ਲਸ਼ਕਰ ਲਾਖ[1]।
ਲੇ ਕਰਿ ਸਾਥ ਜੰਗ ਅਭਿਲਾਖ ॥੨੭॥
ਨਿਜ ਨਿਜ ਮਿਸਲਨਿ ਬਜੇ ਨਗਾਰੇ।
ਨਿਕਸੇ ਨਗਰ ਹੋਇ ਸਭਿ ਤਜਾਰੇ।
ਪੀਵਤਿ ਮਿਲਿ ਸ਼ਰਾਬ ਮਤਵਾਰੇ।
ਬਾਕ ਅਟਪਟੇ ਕਰਤਿ ਉਚਾਰੇ ॥੨੮॥
ਸਾਗਰ ਮਨਹੁ ਉਛਲ ਕਰਿ ਚਾਲਾ।
ਗਮਨ੍ਯੋ ਲਸ਼ਕਰ ਏਵ ਬਿਸਾਲਾ।
ਉਡੀ ਧੂਲ ਛਾਦ੍ਯੋ ਅਸਮਾਨਾ।

[1] ਲਖ ਤੋਂ ਕੁਛਕੁ ਘਟ।

ਕਰਨਿ ਨੈਨ ਮਹਿਂ ਪਰਹਿ ਮਹਾਨਾ[1] ॥੨੯॥ [1]ਕੰਨਾਂ ਤੇ ਨੇਤ੍ਰਾਂ ਵਿਚ ਬਹੁਤ (ਧੂੜ) ਪੈਂਦੀ ਹੈ।
ਉਡਗਨ ਚੰਦ ਨ ਪਰਹਿ ਦਿਖਾਈ।
ਮਨਹੁਂ ਘਟਾ ਚਹੁਂਦਿਸ਼ਿ ਘਿਰ ਆਈ।
ਚਲ੍ਯੋ ਸ਼ਲਭ ਦਲ[1] ਬ੍ਰਿੰਦ ਮਨਿੰਦ। [1]ਟਿੱਡੀ ਦਲ।
ਸਿੰਧੁ ਅਹੈਂ ਸ਼੍ਰੀ ਹਰਿਗੋਬਿੰਦ ॥੩੦॥
ਬੂਡਿ ਬੂਡਿ[1] ਸਗਰੇ ਮਰਿ ਜੈ ਹੈਂ। [1]ਡੁੱਬ ਡੁੱਬ ਕੇ।
ਥਿਰ ਹੋਵਨਿ ਕੋ ਥਾਂਵ ਨ ਪੈਹੈਂ।
ਲਸ਼ਕਰ ਸੰਗ ਲਏ ਇਮ ਸਾਰਾ।
ਕਾਲੇਖਾਂ ਗਮਨ੍ਯੋ ਮੁਦ ਧਾਰਾ ॥੩੧॥
ਭਏ ਕੁਸ਼ਗਨ ਸੁ ਮਰਨ ਜਨਾਵੈਂ।
ਬਾਮ ਬਿਲੋਚਨ ਸਭਿ ਫੁਰਕਾਵੈਂ।
ਸ਼ਿਵਾ ਅਸ਼ਿਵਾ[1] ਸਮੁਖ ਕੋ ਧਾਵੈਂ। [1]ਅਸ਼ੁਭ ਗਿੱਦੜੀਆਂ।
ਮੁਖ ਤੇ ਅਗਨੀ ਬਮਤਿ ਦਿਖਾਵੈਂ ॥੩੨॥
ਉਲਕਾਪਾਤ ਹੋਤਿ ਬਹੁਤੇਰੇ।
ਬੋਲਤਿ ਹੈਂ ਉਲੂਕ ਚਹੁਂਫੇਰੇ।
ਮਰ੍ਯੋ ਹੁਤੋ ਕੋ ਨਗਰ ਮਝਾਰੀ।
ਰੁਦਨਿ ਸੁਨਾਵਤਿ ਹੈਂ ਬਹੁ ਨਾਰੀ ॥੩੩॥
ਪੈਂਦਾ ਕੁਤਬਖਾਨ ਬਲਵਾਨਾ।
ਲੀਨੇ ਸੰਗ ਖਾਨ ਅਸਮਾਨਾ।
ਮਸਲਤ ਕਰਤਿ ਲਰਨ ਕੀ, ਚਾਲੇ।
ਹੋਹਿ ਕਾਜ ਦਲ ਭਇਓ ਬਿਸਾਲੇ ॥੩੪॥
ਮਾਰਗ ਅਰਧ ਗਏ ਚਲਿ ਜਬੈ।
ਮਿਲ੍ਯੋ ਮਲਕ ਦਾਤਾਰ ਸੁ ਤਬੈ।
ਕੁਛਕ ਸੈਨ ਹੈ ਜਿਸ ਕੇ ਸੰਗ।
ਕੁਤਬਖਾਨ ਕੋ ਭ੍ਰਾਤ ਸੁ ਅੰਗ ॥੩੫॥
ਕਰਿ ਸਲਾਮ ਕੋ ਬੂਝਤਿ ਖਰ੍ਯੋ।
'ਕਿਤ ਕੋ ਸਭਿਨਿ ਪਯਾਨਾ ਕਰ੍ਯੋ?'
ਕਾਲੇਖਾਂ ਬੋਲ੍ਯੋ ਗਰਬਾਇ।
'ਕੇਹਰਿ ਬਲੀ ਰਹੈ ਇਸ ਥਾਇਂ ॥੩੬॥
ਬਹੁਤ ਜੀਵ ਸੰਘਾਰਨਿ ਕਰੇ।
ਕੋ ਬਲ ਧਾਰਿ ਨ ਆਗੇ ਅਰੇ।

ਤਿਸ ਕੇ ਹਿਤ ਸ਼ਿਕਾਰ ਕੋ ਚਾਲੇ।
ਅਬਿ ਸੰਘਾਰਹਿਂ ਖੋਜਿ ਬਿਸਾਲੇ' ॥੩੭॥
ਇਮ ਕਹਿ ਸੁਨਿ ਕਰਿ ਹਰਖ ਕਰੰਤੇ।
ਚਲਤਿ ਅਗਾਰੀ ਚੌਂਪ ਧਰੰਤੇ।
ਛੋਟੇ ਮੀਰ ਗ੍ਰਾਮ ਲੌਂ ਗਏ।
ਜਾਇ ਸੁ ਲਸ਼ਕਰ ਇਕ ਥਲ ਭਏ ॥੩੮॥
ਭਰਜੋ ਧੂਰ ਤੇ ਸੋ ਤਬਿ ਗ੍ਰਾਮ।
ਲੂਟ ਪਰੀ ਢਹਿਗੇ ਸਭਿ ਧਾਮ।
ਨਿਸਾ ਬਿਖੈ ਨਹਿਂ ਜਾਹਿਂ ਪਛਾਨੇ।
ਮਿਲਜੋ ਗਰਦ ਮੈਂ ਭਾ ਸਭਿ ਹਾਨੇ ॥੩੯॥
ਗੁਰ ਕੋ ਬਾਕ ਸਾਚ ਸੋ ਭਯੋ।
ਉਤਰੇ ਜਬਹਿ ਉਚਰਿ ਜੋ ਦਯੋ[1]।

[1]ਜਦੋਂ ਉਤਰੇ ਸਨ (ਇਸ ਪਿੰਡ ਦੇ ਬਾਹਰ ਤਦੋਂ) ਜੋ ਵਾਕ ਉਚਾਰ ਦਿਤਾ ਸੀ।

ਪੈਂਦੇਖਾਨ, ਖਾਨ ਅਸਮਾਨ।
ਮਿਲਿ ਕਰਿ ਕੁਤਬਖਾਨ ਇਕ ਥਾਨ ॥੪੦॥
ਅਨਵਰਖਾਨ, ਮਲਕ ਦਾਤਾਰ।
ਮਿਲਿ ਮਸਲਤ ਕੋ ਕਰਤਿ ਉਚਾਰ।
'ਬਿਨਾਂ ਸ਼ਬਦ ਤੇ ਅਬਿ ਚਲਿ ਪਰੀਯਹਿ।
ਸਕਲ ਅਚਾਨਕ ਪ੍ਰਾਨਨਿ ਹਰੀਅਹਿ' ॥੪੧॥
ਪੈਂਦਾ ਕਹੈ 'ਜਾਉ ਮੈਂ ਤਹਾਂ।
ਗੁਰ ਕੋ ਪੌਰ ਨਿਕਸਿਬੇ ਜਹਾਂ।
ਨਿਕਸਤਿ ਅੰਕ ਭਰੌਂ ਬਸਿ ਕਰੌਂ।
ਜੀਵਤਿ ਗਹੌਂ, ਮਹਾਂ ਬਲ ਧਰੌਂ ॥੪੨॥
ਪੁਰਿ ਕੇ ਲੂਟ ਲੇਹੁ ਸਭਿ ਐਨ।
ਹਤਹੁ ਤੁਰਤ ਗੁਰ ਕੀ ਲਘੁ ਸੈਨ।
ਕਾਰਜ ਸੁਗਮ ਭਲੇ ਬਨਿ ਜਾਇ।
ਇਹੀ ਰੀਤਿ ਹਮਰੇ ਮਨ ਭਾਇ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਲਸ਼ਕਰ ਚਢਿ ਆਵਨ' ਪ੍ਰਸੰਗ ਬਰਨਨੰ ਨਾਮ ਏਕ ਉਨਬਿੰਸਤੀ ਅੰਸੂ ॥੧੯॥

## ੨੦. [ਜੰਗ ਆਰੰਭ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸਤਿਗੁਰ ਹਰਿਗੋਵਿੰਦ ਜੀ, ਬਡੇ ਬਹਾਦੁਰ ਧੀਰ।
ਮਾਰ ਨਿਕਾਸਜੋ ਖਾਨ ਕੋ, ਲਖਿ ਨਿੰਦਕ ਬੇਪੀਰ ॥੧॥

ਪਾਧੜੀ ਛੰਦ:

ਕਰਿ ਖਾਨ ਪਾਨ ਸਵਧਾਨ ਬੀਰ।
ਕਰਤਾਰ ਪੁਰੇ ਚਹੁੰ ਦਿਸ਼ਨਿ ਭੀਰ।
'ਹੁਇ ਸਨਧ ਬੱਧ ਭਟ ਅਰਧ ਜੋਇ।
ਬਿਸਰਾਮ ਹੇਤੁ ਲਿਹੁ ਅਰਧ ਸੋਇ ॥੨॥
ਤੁਰਕਾਨ ਸੈਨ ਤੇ ਬਨਿ ਸੁਚੇਤ।
ਸੁਨਿ ਸ਼ਬਦ ਉਠਹੁ ਸਭਿ ਜੰਗ ਹੇਤੁ।
ਗੁਲਕਾਂ ਬਰੂਦ ਲੀਜਹਿ ਸੰਭਾਲ।'
ਸੁਨਿ ਸੁਭਟ ਗੁਰੂ ਕੇ ਬਲਿ ਬਿਸਾਲ ॥੩॥
ਗੁਰ ਹੁਕਮ ਪਾਇ ਹ੍ਵੈ ਕੈ ਸੁਚੇਤ।
ਗਰਜੇ ਬਿਲੰਦ ਬਡ† ਜੰਗ ਹੇਤੁ।
ਗਹਿ ਸਿਪਰ ਖੜਗ ਕਟ ਕਸਨਿ ਕੀਨਿ।
ਨਿਜ ਨਿਜ ਤੁਰੰਗ ਪਰ ਪਾਇ ਜ਼ੀਨ ॥੪॥
ਹੁਇ ਸਨਧਬੱਧ ਫਿਰਤੇ ਚੁਫੇਰੇ।
ਤੁਰਕਾਨ ਹਾਨਿ ਰਣ ਚਹਿਂ ਬਡੇਰੇ।
ਜਬਿ ਸਵਾ ਜਾਮ ਰਹਿ ਗੀ ਸੁ ਰਾਤਿ।
ਗੁਰ ਗਿਰਾ[1] ਪਢਤਿ ਸਿਖ ਫਿਰਤ ਜਾਤਿ[2] ॥੫॥
ਧੁਨਿ ਉਠਤਿ ਉਚ ਸੁਨਿਯੰਤਿ ਦੂਰ।
ਕਰਤਾਰ ਪੁਰੇ ਚਹੁ ਗਿਰਦ ਭੂਰ।
ਜਬਿ ਸੁਨੀ ਆਨਿ ਤੁਰਕਾਨ ਕਾਨ[1]।
ਉਰ ਭਏ ਸ਼ੁੱਧ ਕਰਿ ਕਪਟ ਹਾਨਿ ॥੬॥
ਤਬਿ ਕਾਲੇਖਾਂ ਬੋਲਜੋ ਸੁਨਾਇ।

†ਪਾ:-ਸਭਿ।

[1]ਗੁਰਬਾਣੀ। [2]ਤੁਰਦੇ ਫਿਰਦੇ।

[1]ਤੁਰਕਾਂ ਨੇ ਸੁਣੀ (ਬਾਣੀ ਦੀ ਧੁਨਿ)।

'ਅਬਿ ਭਯੋ ਨੇਰ ਜਾਨਜੋ ਸੁ ਜਾਇ।
ਸਮ ਕਾਤੁਰ ਦੁੰਦਭਿ ਨਹਿਂ ਬਜਾਇ[1]।
ਇਹੁ ਅਨੁਚਿਤ ਗਤਿ, ਨਹਿਂ ਮੁਹਿ ਸੁਹਾਇ ॥੭॥
ਤਜਿ ਦੇਹੁ ਕਪਟ, ਭਾ ਜੰਗ ਭੇਰ।
ਧੌਂਸਨਿ ਬਜਾਇ ਅਬਿ ਕਰਹੁ ਨੇਰ।'
ਕਹਿ ਕੁਤਬਖਾਨ ਅਰੁ ਪੈਂਦਖਾਨ।
'ਇਹੁ ਆਪ ਜਿ ਮਰਜ਼ੀ ਦਿਹੁ ਨਿਸ਼ਾਨ ॥੮॥
ਅਬਿ ਕਰਹੁ ਨ ਬਿਲਮ ਬਿਹਾਇ ਕਾਲ।
ਇਕ ਬਾਰ ਪਰਹੁ ਹਮਲਾ ਬਿਸਾਲ।
ਪੁਰਿ ਮਹਿਂ ਪ੍ਰਵੇਸ਼ ਹੁਇ ਕਰਹੁ ਮਾਰ।
ਨਹਿਂ ਅਰਨ ਦੇਹੁ ਸੈਨਾ ਅਗਾਰ' ॥੯॥
ਜਬਿ ਕਰਜੋ ਹੁਕਮ ਦੁੰਦਭਿ ਬਜਾਇ।
ਤਬਿ ਦਈ ਚੋਬ ਦੁਹਰੀ ਲਗਾਇ।
ਧੁਨਿ ਪਰੀ ਕਾਨ ਜੋਧਾਨਿ ਆਇ।
ਸਵਧਾਨ ਹੁਤੇ ਚਹੁੰ ਦਿਸ਼ਿ ਫਿਰਾਇ ॥੧੦॥
ਦਿਜ ਮਲਕਜਾਤਿ ਤਿਨ ਮਹਿਂ ਫਿਰੰਤਿ।
'ਹੂਜਹਿ ਤਯਾਰ' ਸਭਿ ਕੋ ਕਹੰਤਿ।
'ਸੁਧ ਕਰੋ ਗੁਰੂ ਢਿਗ, ਜਾਇ ਧਾਇ।
ਸਵਧਾਨ ਬਨਹੁ ਹਿਤ ਲਰਨ ਆਇ ॥੧੧॥
ਹਯ ਕੋ ਭਜਾਇ ਪਹੁੰਚਯੋ ਤੁਰੰਤ।
ਉਤਰਜੋ ਸੁ ਪੌਰ ਅੰਤਰਿ ਬਰੰਤਿ।
ਗੁਰ ਅੱਗ੍ਰ ਸੌਚ ਕਰਿ ਕੈ ਸ਼ਨਾਨ।
ਥਿਰ ਰੂਪ ਸੱਚਿਦਾਨੰਦ ਧਯਾਨ ॥੧੨॥
ਤਬਿ ਗਯੋ ਬਿੱਪ੍ਰ ਕੀਨਸਿ ਬਖਾਨ।
'ਦਲ ਤੁਰਕ ਆਇ ਪਹੁੰਚਯੋ ਮਹਾਨ।
ਜਿਮ ਹੋਇ ਹੁਕਮ ਕੀਜਹਿ ਉਪਾਇ।
ਚਢਿ ਚਲਹਿ ਬੀਰ, ਜਿਸ ਲੇਹੁ ਨਾਇ' ॥੧੩॥

[1]ਕਾਇਰਾਂ ਵਾਂਗ (ਜੋ ਅਸੀਂ) ਧੌਂਸੇ ਨਹੀਂ ਵਜਾਉਂਦੇ।

ਸੁਧਿ ਭਾਖਿ ਬਿੱਪ੍ਰ, ਰਹਿ ਠਾਂਢਿ ਤੀਰ।
ਸ਼੍ਰੀ ਹਰਿਗੁਵਿੰਦ ਸੁਨਿ ਬੀਰ ਧੀਰ।
ਜਪ ਕੀਨਿ ਪਾਠ ਚਿਤ ਏਕ ਹੋਇ।
ਪ੍ਰਭੁ ਸਰਬ ਕਲਾ ਸਮਰੱਥ ਸੋਇ ॥੧੪॥
ਪਠਿ ਅੰਤ ਕੀਨਿ ਸਿਰ ਕੋ ਨਿਵਾਇ।
ਤਬਿ ਸੁਨਿ ਤੁਫੰਗਨ ਧੁਨਿ ਉਠਾਇ।
ਸਵਧਾਨ ਬੀਰ ਜੇ ਅੱਗ੍ਰ ਠਾਂਢਿ[1]। [1]ਖਲੋਤੇ ਸੀ।
ਰਣ ਭਯੋ ਪ੍ਰਥਮ, ਤਹਿਂ ਰੋਸ ਬਾਢ[1] ॥੧੫॥ [1]ਓਥੇ ਵਧੇ ਹੋਏ ਰੋਸ ਨਾਲ।
ਜਿਮ ਭਾਠ ਬਿਖੈ ਭੁਜਿਯੰਤਿ ਧਾਨ।
ਸੁਨਿਯੰਤਿ ਤਥਾ ਬਹੁ ਸ਼ਬਦ ਕਾਨ।
ਤਬਿ ਭਨਯੋ[1] ਬਿੱਪ੍ਰ ਸੋਂ 'ਛਿੱਪ੍ਰ ਜਾਇ। [1]ਗੁਰੂ ਜੀ ਨੇ) ਕਿਹਾ।
ਲੱਖੂ ਸੁ ਬੀਰ ਦੀਜੈ ਚਢਾਇ' ॥੧੬॥
ਜਬਿ ਹਤੀ ਸਾਂਗ ਰਣ ਪ੍ਰਥਮ ਮਾਂਹਿ।
ਕਿਯ ਸੈਨਪਤੀ ਲਖਿ ਸੁਭਟ ਤਾਂਹਿ।
ਗੁਰ ਕਹਯੋ 'ਪੰਚ ਸੈ ਸੈਨ ਸੰਗ।
ਤੁਰਕਾਂਨ ਹਾਨ ਹਿਤ ਰਚਹਿ ਜੰਗ ॥੧੭॥
ਭਟ ਮਿਹਰ ਚੰਦ, ਅਮੀਆਂ ਸੁ ਦੋਇ।
ਦਲ ਸੰਗ ਚਾਰ ਸੈ ਲੇਹਿਂ ਸੋਇ।
ਤਿਸ ਕੀ ਸਹਾਇ ਮਹਿਂ ਸਾਵਧਾਨ।
ਦੁਹੁ ਦਿਸ਼ਾ ਰਹਹਿਂ ਰਿਪੁ ਕਰਹਿਂ ਹਾਨ ॥੧੮॥
ਨੌਂ ਸੈ ਸਊਰ[1] ਹੈਂ ਸ਼ੇਖ ਜੋਇ। [1]ਸਵਾਰ।
ਪੁਰਿ ਕਰਹਿ ਰੱਛ ਚਹੁੰਦਿਸ਼ਿਨਿ ਸੋਇ।'
ਭਟ ਹੁਤੇ ਅਸ਼ਟ ਦਸ ਸੈ[1] ਤੁਰੰਗ। [1]੧੮੦੦।
ਜੋ ਬਚੇ ਕਰਤਿ ਜੰਗਲ ਸੁ ਜੰਗ ॥੧੯॥
ਸਿਖ ਹੁਤੇ ਬਹੁਤ ਦੇਸ਼ਾਨਿ ਆਇ।
ਸਭਿ ਹੁਇ ਸੁਚੇਤ ਸਤਿਗੁਰ ਅਲਾਇ।
ਦਿਜ ਮਲਕ ਜਾਤਿ ਸੁਨਿ ਹੁਕਮ ਧਾਇ।
ਲੱਖੂ ਪ੍ਰਚੰਡ ਦੀਨਸਿ ਚਢਾਇ ॥੨੦॥
ਪਸ਼ਚਾਤ ਸੈਨਪਤਿ ਜੁਗ ਸੁਚੇਤ।

ਸੁਨਿ ਹੁਕਮ ਚਢੇ ਬਡ ਜੰਗ ਹੇਤੁ।
ਬਹੁ ਭਯੋ ਕੁਲਾਹਲ ਸਗਲ ਥਾਨ।
ਚਲਿ ਜ੍ਵਾਲਾ ਬਮਣੀ[1] ਸ਼ਬਦ ਠਾਨਿ ॥੨੧॥

[1]ਬੰਦੂਕਾਂ।

ਸੂਰਨਿ ਅਨੰਦ, ਕਾਤੁਰ ਡਰੰਤਿ।
ਗੁਰ ਕੇ ਨਿਸ਼ਾਨ ਊਚੇ ਬਜੰਤਿ।
ਤਬਿ ਸ਼੍ਰੀ ਗੁਰਦਿੱਤਾ ਨਿਕਟਿ ਆਇ।
ਹੁਇ ਸਨਧਬੱਧ ਰਿਪੁ ਲਰਨਿ ਚਾਇ ॥੨੨॥

ਪਿਤ ਕੀ ਨਿਦੇਸ਼ ਚਾਹਤਿ ਬਿਸਾਲ।
ਕਰ ਧਰਯੋ ਧਨੁਖ ਨਿਸ਼ਠੁਰ[1] ਕਰਾਲ।

[1]ਕਰੜਾ।

ਮਿਲਿ ਸੁਭਟਨ ਮਹਿਂ ਪੂਰਬ ਕਹੰਤਿ[1]।

[1]ਕਹਿੰਦਾ ਹੁੰਦਾ ਸੀ।

[1]'ਰਨ ਸਮੈ ਨ ਪਿਤ ਕੇ ਢਿਗ ਰਹੰਤਿ ॥੨੩॥

[1]ਜੰਗ ਸਮੇਂ ਮੈਂ ਪਿਤਾ ਜੀ ਪਾਸ (ਕਦੇ) ਨਹੀਂ ਹੋਇਆ, ਚਿਤ ਚਾਉ ਨਾਲ (ਪਾਸ ਹੋਣਾ) ਚਾਹੁੰਦਾ ਰਹਿੰਦਾ ਹੈ।

ਚਿਤ ਚਹਤਿ ਰਹਤਿ ਲਹਿ ਮੁਦਤਵਾਨ੯-।
ਲਖਿ ਪੁੱਤ੍ਰ ਕਾਮਨਾ ਗੁਰ ਬਖਾਨਿ।
'ਜਬਿ ਲਗਿ ਸੁ ਨਿਸਾ ਰਹਿ ਅੰਧਕਾਰ।
ਪਰ ਅਪਰ ਨਰਨਿ ਨਹਿਂ ਪਰਿ ਚਿਨਾਰ ॥੨੪॥

ਤਬਿ ਲਗੇ ਨਗਰ ਮਹਿਂ ਰਹੁ ਫਿਰੰਤਿ।
ਸਵਧਾਨ ਸਭਿਨਿ ਜੋਧਾ ਕਰੰਤਿ।
ਹੁਇ ਪ੍ਰਾਤਿ, ਲਰਹਿਂ ਤਬਿ ਖੇਤ ਮਾਂਹਿ।
ਗਨ ਤੁਰਕ ਆਇਂ, ਹਤਿ ਪ੍ਰਾਨ ਤਾਂਹਿ' ॥੨੫॥

ਇਮ ਪਿਤਾ ਬਾਕ ਕੋ ਸੀਸ ਧਾਰਿ।
ਹਯ ਚਢ੍ਯੋ ਫਿਰਤਿ ਸੂਰਨਿ ਮਝਾਰ।
ਜਿਤ ਗੋਲ[1] ਤੁਰਕ ਕੋ ਆਇ ਜ਼ੋਰ।

[1]ਝੁੰਡ।

ਤਿਤ ਜਾਤਿ ਸੂਰਮੇ ਦੌਰਿ ਦੌਰਿ ॥੨੬॥
ਤਜਿ ਤੁਪਕ ਤੁੰਡ ਕੋ ਤੋਰਿ ਤੋਰਿ।
ਕਰਿ ਘੋਰ ਜੰਗ, ਦੈਂ ਮੋਰਿ ਮੋਰਿ।
ਤੀਖਨ ਖ਼ਤੰਗ ਤਬਿ ਛੋਰਿ ਛੋਰਿ।
ਸ਼ੱਤ੍ਰੁਨਿ ਸਰੀਰ ਗਨ ਫੋਰਿ ਫੋਰਿ ॥੨੭॥

ਗਨ ਤੁਰਕ ਜਿ ਹੇਲਾ ਘਾਲਿ ਘਾਲਿ।
ਹਯ ਸੂਰ ਮਾਰਿ ਛਿਤ ਡਾਲਿ ਡਾਲਿ।
ਘਮਸਾਨ ਘਨੋ ਕਰਿ ਬਾਰਿ ਬਾਰਿ।
ਜੇ ਪਰਹਿਂ ਆਇ ਤਿਨ ਮਾਰਿ ਮਾਰਿ† ॥੨੮॥ †ਪਾ:-ਬਾਰ ਝਾਰ।

ਪ੍ਰਮਾਣਕਾ ਛੰਦ:

ਤੁਫੰਗ ਛੋਰਿ ਛੋਰਿ ਕੈ।
ਖਤੰਗ ਚਾਂਪ[1] ਜੋਰਿ ਕੈ। [1]ਤੀਰ ਧਨੁਖ ਵਿਚ।
ਪ੍ਰਹਾਰਿ ਸ਼ੱਤ੍ਰੁ ਗੇਰਤੇ।
ਪਰੇ ਬਿਹਾਲ ਟੇਰਤੇ ॥੨੯॥
ਤੁਰੰਗ ਅੰਗ ਭੰਗ ਹ੍ਵੈ।
ਗਿਰੰਤਿ ਸੂਰ ਸੰਗ ਹ੍ਵੈ[1]। [1]ਘੋੜਿਆਂ ਦੇ) ਨਾਲ ਹੀ ਡਿਗਦੇ........।
ਤਜੰਤਿ ਫੇਰ ਧਾਇ ਹੈਂ।
ਪਰੰਤਿ ਏਕ ਆਇ[1] ਹੈਂ ॥੩੦॥ [1]ਇਕ (ਹੋਰ) ਆਕੇ ਪੈਂਦੇ ਹਨ।
ਕੁਲਾਹਲੰ ਹਲਾ ਹਲੀ।
ਬਲੀਨ ਮੈਂ ਚਲਾਚਲੀ।
ਸੁ ਜ਼ੋਰ ਪਾਇ ਆਵਤੇ।
ਥਿਰੰਤਿ ਲਾਗਿ ਘਾਵ ਤੇ[1] ॥੩੧॥ [1]ਘਾਉ ਲਗਣ ਨਾਲ ਅਟਕਦੇ। (ਅ) (ਜੋ) ਠਹਿਰਦੇ ਉਨ੍ਹਾਂ ਨੂੰ ਜ਼ਖਮ ਲਗਦੇ।
ਨ ਤੀਰ[1] ਹੋਨਿ ਪਾਵਤੇ। [1]ਨੇੜੇ।
ਸੁ ਚਾਰ ਓਰ ਧਾਵਤੇ।
ਪਰੰਤਿ ਹੂਹ ਦੇਯ ਕੈ।
ਮੁਰੰਤਿ ਘਾਵ ਖੇਯ ਕੈ[1] ॥੩੨॥ [1]ਮੁੜਦੇ ਹਨ ਜ਼ਖ਼ਮ ਖਾ ਕੇ।
ਬਿਲੰਦ ਕੋਪ ਧਾਰਿ ਹੀਂ।
ਉਚਾਰਿ 'ਮਾਰਿ ਮਾਰਿ' ਹੀ।
ਲਗੈਂ ਤੁਫੰਗ ਤੀਰ ਹੀ।
ਗਿਰੰਤਿ ਧੀਰ ਬੀਰ ਹੀ ॥੩੩॥
ਪਰੇ ਤੁਰੰਗ ਸੂਰਮਾ।
ਮਿਲੰਤਿ ਜਾਤਿ ਧੂਰ ਮਾ[1]। [1]ਮਿੱਟੀ ਵਿਚ।
ਦਿਖੰਤਿ ਨਾ ਅਧੇਰ ਮੈਂ।
ਧਵਾਇ ਜੇ ਦਰੇਰ ਮੈਂ[1] ॥੩੪॥ [1]ਘੋੜਿਆਂ ਦੇ) ਦੌੜਾਵਣ ਵਿਚ ਦਲੇ ਜਾਂਦੇ ਹਨ।
ਗਿਰੰਤਿ ਤਾਂਹਿ ਊਪਰੇ।

ਬਿਨਾ ਹਤੇ ਸੁ ਭੂ ਪਰੇ।
ਦਰੰਤਿ ਪਾਇ ਸੰਗ ਤੇ।
ਪਲਾਇ ਕੈ ਤੁਰੰਗ ਤੇ ॥੩੫॥
ਤੁਫੰਗ ਕੇ ਤੜਾਕ ਹ੍ਵੈਂ।
ਖਤੰਗ ਕੇ ਸੜਾਕ ਹ੍ਵੈਂ।
ਮਚਯੋ ਘਮੰਡ ਘੋਰ ਹੀ।
ਮਰੈਂ, ਨ ਤੁੰਡ ਮੋਰਿ ਹੀ ॥੩੬॥
ਕਿਤੇਕ ਤ੍ਰਾਸ ਪਾਇ ਕੈ।
ਨ ਹੋਤਿ ਸਾਮੁਹਾਇਕੈ।
ਟਰੰਤਿ ਆਨ ਥਾਨ ਕੋ।
ਪ੍ਰਹਾਨ ਕੈ ਗੁਮਾਨ ਕੋ[1] ॥੩੭॥
ਬਜੇ ਜੁਝਾਊ ਬਾਦਿਤਾ।
ਉਤੰਗ ਜੰਗ ਨਾਦਤਾ[1]।
ਪ੍ਰਚਾਰ[1] ਬੀਰ ਆਵਤੇ।
ਮਰੈਂ ਤੁਫੰਗ ਘਾਵ ਤੇ ॥੩੮॥
ਬਿਲੰਬ ਨਾ ਲਗੰਤਿ ਹੈ।
ਚਟਾਪਟੀ ਜੁਝੰਤਿ ਹੈਂ।
ਬਿਸਾਲ ਸ਼ੋਰ ਮਾਚਿਓ।
ਲਹੂ ਸੁ ਧੂਲਿ ਰਾਚਿਓ ॥੩੯॥

[1]ਗੁਮਾਨ ਦਰ ਕਰਾਕੇ।

[1]ਸ਼ੋਰ ਹੋਇਆ।

[1]ਵੰਗਾਰ ਕੇ।

ਦੋਹਰਾ:

ਇਸ ਪ੍ਰਕਾਰ ਸੰਘਰ ਮਚਯੋ, ਤਿਮਰ ਜਾਮਨੀ ਮਾਂਹਿ।
ਧੁਖਹਿਂ ਪਲੀਤੇ ਬ੍ਰਿੰਦ ਹੀ, ਉਠਹਿਂ ਸ਼ਬਦ ਬਡ ਜਾਂਹਿ ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੰਗ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਰਾਤ ਦਾ ਜੰਗ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਲਿਏ ਬਾਹਨੀ ਲਰਤਿ ਭਾ,
ਲੱਖੁ ਬੀਰ ਬਿਸਾਲ।
ਜਿਤ ਦਿਸ਼ ਆਵਹਿ ਟੋਲ ਰਿਪੁ,
ਹਨਹਿ ਤੁਫੰਗ ਕਰਾਲ ॥੧॥

ਭੁਜੰਤ ਪ੍ਰਯਾਤ ਛੰਦ:

ਨਹੀਂ ਨੇਕ ਢੂਕੇ ਕੁਪਯੋ ਖਾਨ ਕਾਲਾ।
ਸੁ ਉਚੇ ਉਚਾਰਯੋ ਕਠੋਰੰ ਬਿਸਾਲਾ।
'ਕਹਾਂ ਤ੍ਰਾਸ ਧਾਰਯੋ ਖਰੇ ਦੇਰ ਲਾਵੋ?
ਕਰੋ ਕਯੋਂ ਨ ਹੇਲਾ ਸੁ ਆਪਾ ਬਚਾਵੋ
॥੨॥
ਗੁਰੂ ਸੈਨ ਥੋਰੀ ਜਥਾ ਲੌਨ ਆਟਾ।
ਪਰੋ ਏਕ ਬਾਰੀ ਅਸੀ[1] ਕਾਢਿ ਕਾਟਾ। [1]ਤਲਵਾਰਾਂ।
ਚਢੈ ਸੂਰ ਜੌ ਲੌਂ[1], ਫਤੇ ਲਹੁ ਪਾਈ।' [1]ਜਦੋਂ ਨੂੰ ਸੂਰਜ ਚੜ੍ਹਨਾ ਹੈ।
ਜਬੈ ਕ੍ਰੋਧ ਕੈ ਖਾਨ, ਬਾਨੀ ਸੁਨਾਈ ॥੩॥
ਹੁਤੇ ਬੀਰ ਸੈਨਾਪਤੀ ਓਜ ਧਾਰੇ।
ਚਮੂੰ ਸੋਂ ਕਹਯੋ ਕ੍ਰੂਰ ਠਾਂਢੇ ਨਿਹਾਰੇ।
'ਚਲੋ ਕਯੋਂ ਨ ਆਗੇ ਕਰਹੁ ਪ੍ਰਾਨ ਪਯਾਰੇ।
ਪਰਯੋ ਸ਼ਾਹ ਕੋ ਕਾਜ ਕੀਜੈ ਸੁਧਾਰੇ ॥੪॥
ਸੁਨੀ ਖਾਨ ਕਾਨੰ ਜੁ ਬੀਸੈ ਹਜ਼ਾਰਾ।
ਦਲੰ ਚਾਲਿ ਆਗੇ ਚਹਯੋ ਜੰਗ ਭਾਰਾ।
ਹਕੰ ਹਾਕ ਬਾਜੀ[1], ਤੁਰੰਗੰ ਧਵਾਏ। [1]ਘੋੜੇ ਹਿੱਕਣ ਦੀ ਵਾਜ (ਅ) ਹਾਕ ਤੇ ਹਾਕ।
ਕਰੈਂ ਤਯਾਰ ਹਾਥੈਂ ਤੁਫੰਗੈਂ ਉਠਾਏ ॥੫॥
ਹਲਾ ਹਾਲ ਬੋਲੈਂ ਧਕਾਧੱਕ ਹੋਏ।
ਅੰਧੇਰਾ ਮਹਾਂ ਧੂਰ ਦੀਖੇ ਨ ਕੋਏ।
ਗਿਰੇ ਬੀਰ ਕੇਤੇ ਮਰੇ ਸੋ ਅਟੰਕੇ।
ਪਰੇ ਊਪਰੇ ਨਾ ਉਠੇ ਹ੍ਵੈ ਅਤੰਕੇ[1] ॥੬॥ [1]ਡਰ ਕਰਕੇ।
ਸੰਭਾਰੈਂ ਕਿਤੇ ਹਾਥ ਡਾਰੀ ਤੁਫੰਗੈਂ।
ਕਿਤੇ ਛੂਟਿ ਕੈ ਛੂਛ ਦੌਰੇ ਤੁਰੰਗੈ।
ਬਿਨਾ ਮਾਰ ਕੀਨੇ ਮਰੇ ਸ਼ੱਤ੍ਰ ਕੇਤੇ।

ਤਰੇ ਊਪਰੇ ਹੋਤਿ ਭੈ ਕੇ ਸਮੇਤੇ ॥੭॥
ਸਹੰਸ੍ਰੈ ਜੁ ਬੀਸੰ ਢੁਕੇ ਵਾਇ[1] ਧੌਂਸੇ। — [1]ਵਜਾਕੇ।
ਇਤੇ ਬੀਰ ਲੱਖੁ ਲਿਏ ਸੰਗ ਨੌ ਸੈ।
ਭਯੈ ਠਾਂਢਿ ਆਗੇ ਤੁਫੰਗੈ ਚਲਾਈ।
ਦੜਾ ਦਾੜ ਗੇਰੇ ਲਗੀ ਬੇਗ ਜਾਈ ॥੮॥
ਜਿਤੀ ਛੋਰਿ ਗੋਰੀ ਸਭੀ ਲਾਗਿ ਬੀਰੰ।
ਨਹੀਂ ਛੂਛ ਕੋਈ ਗਈ ਹੋਇ ਤੀਰੰ[1]। — [1]ਕੋਲ ਦੀ ਹੋਕੇ।
ਇਕੰਵਾਰ ਮੈਂ ਸੂਰ ਨੌਂ ਸੈ ਗਿਰਾਏ।
ਪੁੰਨੰ ਪਾਇ ਬਾਰੂਦ ਤਜਾਰੀ ਕਰਾਏ ॥੯॥
ਛਣੰਕਾਰ ਹੋਵੈਂ ਗਜੰ ਕੇਰ ਭਾਰੇ।
ਦੁ ਗੋਰੀ ਸੁ ਪਾਵੈਂ ਠੁਕੈਂ ਛਿੱਪ੍ਰ ਡਾਰੇ।
ਪਲੀਤਾਨਿ ਬਾਰੂਦ ਮੇਲੈਂ ਜਮਾਵੈਂ।
ਕਲਾ ਪੈ ਜੜੈਂ ਮੋੜ ਤੋੜੇ ਟਿਕਾਵੈਂ ॥੧੦॥
ਧਰੈ ਹਾਥ ਪੈ, ਸਾਮੁਹੇ ਸ਼ੱਤ੍ਰ ਬ੍ਰਿੰਦਾ।
ਚਲਾਵੈਂ, ਲਗੈਂ ਜਾਇ ਜੋਧੇ ਨਿਕੰਦਾ।
ਪ੍ਰਕਾਸ਼ੈਂ ਪਲੀਤੇ, ਸ਼ੁਭੈਂ ਜੰਗ ਥਾਨੇ।
ਅੰਧੇਰੀ ਨਿਸਾ ਮਹਿ ਸਮੂਹੰ ਟਨਾਨੇ ॥੧੧॥
ਮਨੋ ਬਾਰਿਧਾਰੀ ਗਿਰੈ ਗਾਜ ਭਾਰੀ[1]। — [1]ਮਾਨੋਂ ਬੱਦਲਾਂ ਵਿਚੋਂ ਭਾਰੀ ਬਿਜਲੀ ਗਿਰਦੀ ਹੈ। [ਸੰਸ: ਵਾਰਿਧਰ = ਬਦਲ]
ਇਮੰ ਹੋਤਿ ਨਾਦੰ ਤੁਫੰਗੈਂ ਛੁਟਾਰੀ।
ਦੁਹੂੰ ਓਰ ਧੌਂਸਾਨਿ ਧੁੰਕਾਰ ਗਾਢਾ।
ਮਨੋ ਮੇਘ ਗਾਜੋ ਮਹਾਂ ਨਾਦ ਬਾਢਾ ॥੧੨॥
ਪਰੈਂ ਬ੍ਰਿੰਦ ਗੋਰੀ, ਵੁਠੇ ਖੇਤ ਓਰੇ[1]। — [1]ਮਾਨੋ) ਖੇਤ ਤੇ ਗੜੇ ਵੱਸਦੇ ਹਨ।
ਕ੍ਰਿਖੀ ਬੀਰ ਬੰਕੇ ਸੁ ਥੋਰੇ ਨ ਤੋਰੇ[1]। — [1]ਖੇਤੀ (ਰੂਪ) ਬਾਂਕੇ ਸੂਰਮੇ ਥੋੜੇ ਨਹੀਂ (ਬਹੁਤੇ) ਤੋੜੇ।
ਤੁਫੰਗਨ ਦੂਜੇ ਪ੍ਰਹਾਰਜੋ ਸੁ ਵਾਰਾ।
ਗਿਰੇ ਸੂਰ ਗੋਰੇ ਭਯੋ ਤ੍ਰਾਸ ਭਾਰਾ ॥੧੩॥
ਜੁਆਲਾ ਬਮੰਤੀ ਤਬੈ ਦ੍ਰਿਸ਼ਟਿ ਆਵੈ।
ਅੰਧੇਰਾ ਸੁ ਦੂਰੰ ਨ ਦੇਖੰਨ ਪਾਵੈ।
ਸੁ ਹੋਏ ਬਿਹਾਲੰ ਮਹਾਂ ਮਾਰ ਮਾਚੀ।
ਹਯੰ ਸੂਰ ਕੇ ਸ਼ੋਣ ਸੋਂ ਭੂਮਿ ਰਾਚੀ ॥੧੪॥
ਇਸੀ ਰੀਤਿ ਮਾਰੇ ਘਮੰਸਾਨ ਮੇਲਾ।

ਗੁਰੂ ਬੀਰ ਮੋਰੇ ਜਬੈ ਘਾਲਿ ਹੇਲਾ[1]।
[1]ਗੁਰੂ (ਜੀ ਦੇ) ਸੂਰਮਿਆਂ ਨੇ ਜਦੋਂ ਹੱਲਾ ਕਰਕੇ (ਵੈਰੀ ਦੇ ਸੂਰਮਿਆਂ ਦੇ ਮੂੰਹ) ਮੋੜ ਦਿੱਤੇ।

ਫੂਟੈਂ ਤੁੰਡ ਆਗੈ ਮਿਟੇ ਜਾਹਿਂ ਪਾਛੈ[1]।
[1]ਪਿਛੇ ਹਟਦੇ ਜਾਣ (ਕਿਉਂਕਿ) ਅੱਗੋਂ (ਗੁਰੂ ਜੀ ਦੇ ਸੂਰਮੇ ਵੈਰੀ ਦੇ) ਮੂੰਹ ਭੰਨੀ ਜਾਂਦੇ ਹਨ।

ਨਹੀਂ ਫੇਰ ਆਵੰਨ ਕੋ ਚੀਤ ਬਾਂਛੈ ॥੧੫॥
ਦਿਸ਼ਾ ਦੂਸਰੀ ਕੋ ਪੁਰੰ ਕੇਰ[1] ਜਾਵੈਂ।
[1]ਨਗਰ ਦੀ ਦੂਜੀ ਤਰਫ ਨੂੰ।

ਤਹਾਂ ਔਰ ਬੀਰੰ ਤੁਫੰਗੈਂ ਚਲਾਵੈਂ।
ਨਹੀਂ ਹੋਨਿ ਦੇਂ ਨੇਰ, ਹੇਲਾ ਜੁ ਘਾਲੈਂ।
ਕਰੈਂ ਮਾਰ ਗੋਰੀ ਤਤੰਕਾਲ ਡਾਲੈਂ ॥੧੬॥
ਫਿਰੈਂ ਆਲਬਾਲੇ[1], ਚਲੈਂ ਚੁੰਗ ਹੋਏ।
[1]ਚੁਫੇਰੇ।

ਜਿਤੇ ਜ਼ੋਰ ਘਾਲੈਂ ਸਕੈਂ ਨ ਖਰੋਏ।
ਪਰੈ ਮਾਰ ਗੋਰੀਨ ਕੀ ਏਕ ਬਾਰਾ।
ਸਹਾਰੈ ਨ ਸ਼ੱਤ੍ਰ ਗਿਰੈਂ ਹ੍ਵੈ ਸੁਮਾਰਾ[1] ॥੧੭॥
[1]ਜ਼ਖਮੀ ਹੋ ਹੋ ਕੇ।

ਕਿਤੈ ਪ੍ਰਾਨ ਹਾਨੇ ਕਿਤੈ ਭਾਜ ਜੈ ਹੈਂ।
ਕਿਤੇ ਦੇਖਿ† ਕੈ ਮੂਰਛਾ ਤੇ ਗਿਰੈ ਹੈਂ।
†ਪਾ:-ਤ੍ਰਾਸ।

ਪਰੈਂ ਭੂਮ ਔਂਧੇ[1] ਬਹੈਂ ਸ਼੍ਰੋਣ ਅੰਗਾ।
[1]ਮੂਧੇ।

ਭਏ ਅੰਧ ਜੈਸੇ ਬਡੀ ਧੂਲ ਸੰਗਾ ॥੧੮॥
ਚਢੀ ਸ੍ਵਾਸ ਸੋਂ ਸੀਸ ਸੋਂ ਨਾਸਕਾਂ ਮੈਂ।
ਗਏ ਕਾਨ ਪੂਰੇ ਤਥਾ ਬਾਹਿਕਾ ਮੈਂ[1]।
[1]ਤਿਵੇਂ ਹੀ (ਘੋੜਿਆਂ ਦੇ) ਹੱਕਣ ਵਾਲਿਆਂ ਦੇ.

ਧਕਾ ਧੱਕ ਹੋਈ ਧਵਾਏ ਤੁਰੰਗਾ।
ਗਿਰੇ ਖੇਤ ਜੋਧਾ ਮਲੇ[1] ਪਾਇ ਸੰਗਾ ॥੧੯॥
[1]ਮਨੇ ਗਏ।

ਦੋਹਰਾ:

ਅਰੇ ਅਧਿਕ ਗੁਰ ਸੂਰਮੇ,
ਮਰੇ ਤੁਰਕ ਗਨ ਜਾਨਿ।
ਕੁਤਬਖਾਨ ਸੋਂ ਰਿਸੁ ਕਹ੍ਯੋ,
ਨਿਸ਼ਠੁਰ ਕਾਲੇਖਾਨ ॥੨੦॥
'ਦ੍ਵੈ ਘਟਿਕਾ ਮੈਂ ਫਜਰ ਹ੍ਵੈ,
ਸਰ੍ਯੋ ਨ ਕਾਰਜ ਕੋਇ।
ਪੁਰਿ ਸਮੀਪਤਾ ਨਹਿਂ ਭਈ,
ਕਹਾਂ ਮਾਰਿ ਲੁਟਿ ਹੋਇ' ॥੨੧॥

ਪਾਧੜੀ ਛੰਦ:

ਸੁਨਿ ਕੁਤਬਖਾਨ ਧਾਰੰਤਿ ਧੀਰ।
'ਤੁਮ ਧੂਰ ਅਧਿਕ ਤੇ ਕਸ਼ਟ ਬੀਰ।
ਲਰ ਸਕੇ ਨ ਪ੍ਰਾਕ੍ਰਮ ਕੁਛ ਦਿਖਾਇ।
ਨਹਿਂ ਸ਼ੱਤ੍ਰੂ ਅੱਗ੍ਰ ਜਾਨਜੋ ਸੁ ਜਾਇ ॥੨੨॥
ਜਬਿ ਕਰਹਿਂ ਹੇਲ ਹਯ ਮੇਲਿ ਪੇਲਿ[1]।
ਭਿਰ ਪਰਹਿਂ ਆਪ ਲਾਗਿਤ ਧਕੇਲ।
ਗਿਰ ਮਰੈਂ ਬ੍ਰਿੰਦ ਉਠਨੇ ਨ ਪਾਇਂ।
ਦਰੜੰਤਿ ਜਾਤਿ ਊਪਰ ਧਵਾਇ ॥੨੩॥
ਬਹੁ ਲਰੇ ਬੀਰ, ਨਹਿਂ ਸਰਹਿ ਕਾਰ।
ਅਬਿ ਹੋਇ ਫਜਰ ਤਬਿ ਲੇਹੁ ਮਾਰ।
ਲਸ਼ਕਰ ਨ ਬਾਦ ਦੀਜੈ ਮਰਾਇ।
ਪੁਰਿ ਸਨੈ ਸਨੈ ਲੈਹੈਂ ਛੁਰਾਇ' ॥੨੪॥
ਢਿਗ ਪੈਂਦ ਖਾਨ ਕਹਿ 'ਨੀਕ ਬਾਤ।
ਸਵਧਾਨਿ ਕਰਹੁ ਅਬਿ ਹੋਹਿ ਪ੍ਰਾਤ।
ਮੈਂ ਮਿਲੌਂ ਸੰਗ ਹੇਲਾ ਕਰਾਇ।
ਇਕ ਬਾਰ ਗਹੌਂ ਗੁਰ ਨਿਕਟਿ ਜਾਇ' ॥੨੫॥
ਇੱਤਯਾਦਿ ਖਰੇ ਸਭਿ ਕਹਤਿ ਬੈਨ।
ਬਡ ਜੰਗ ਹੋਤਿ ਚਹਿਂ ਪਿਖਿਨਿ ਨੈਨ।
ਕਿਮ ਅਰੇ ਬੀਰ ਥੋਰੇ ਅਗਾਇ।
ਬਿਸਮਾਇ ਰਿਦੈ ਲਸ਼ਕਰ ਲਰਾਇ ॥੨੬॥
ਬਹੁ ਨਮਸਕਾਰਨੀ[1] ਛੋਰਿ ਛੋਰਿ।
ਸੁਭਟਨਿ ਸਰੀਰ ਕੋ ਫੋਰਿ ਫੋਰਿ।
ਕਰਿ ਪ੍ਰਾਨ ਹਾਨਿ ਛਿਤ ਡਾਲਿ ਡਾਲਿ।
ਗਨ ਲੋਥ ਪੋਥ ਹਯ ਘਾਲਿ ਘਾਲਿ ॥੨੭॥
ਬਹੁ ਤੁਰਕ ਤੁਰੰਗ ਅੰਬਾਰ ਲਾਗ।
ਰਣਖੇਤ ਪਰੇ ਤਨ ਤਯਾਗਿ ਤਯਾਗਿ।
ਇਕ ਮੁਖ ਕਰਾਹਤੇ[1] 'ਹਾਇ ਹਾਇ।'
ਦੁਖ ਮਹਾਂ, ਘਾਵ ਗਨ ਖਾਇ ਖਾਇ

[1]ਘੋੜ ਮੇਲ ਕੇ ਵਧਕੇ ਜਦੋਂ ਹੱਲਾ ਕਰਦੇ ਹਾਂ।

[1]ਬੰਦੂਕਾਂ।

[1]ਦੁਖੀ ਹੋਕੇ ਬੋਲਦੇ ਹਨ।

॥੨੮॥
ਗੁਰ ਸੂਰ ਥੋਰਹੂੰ ਲਾਗਿ ਘਾਇ।
ਪ੍ਰਭੁ ਮਹਾਰਾਜ ਹੋਵਤਿ ਸਹਾਇ।
ਤੁਰਕਨਿ ਹਜ਼ਾਰ ਹੂੰ ਪ੍ਰਾਨ ਹਾਨਿ।
ਮਿਲਿ ਧੂਰ ਪਰੇ ਸੁਪਤੇ ਮਹਾਨ ॥੨੯॥
ਬਹੁ ਭਯੋ ਪੰਕ ਸ਼੍ਰੋਣਤਿ ਚਾਲਿ।
ਇਮ ਲਰਤਿ ਮਰਤਿ ਰਣ ਘਾਲਿ ਘਾਲਿ।
ਬਿਤਿ ਗਈ ਜਾਮਨੀ ਤਮ ਸਮੇਤ।
ਨਭ ਚਢ੍ਯੋ ਦਿਨੇਸ਼ ਪ੍ਰਕਾਸ਼ ਹੇਤੁ[1] ॥੩੦॥

[1]ਆਕਾਸ਼ ਵਿਚ ਸੂਰਜ ਚੜ੍ਹਿਆ ਚਾਨਣੇ ਵਾਸਤੇ।

ਤਬਿ ਲਗੇ ਦਿਖਟ ਭਟ ਆਪ ਮਾਂਹਿ।
ਤਕ ਤੀਰ ਤੁਫੰਗਨਿ ਹਤਹਿ ਤਾਂਹਿ।
ਤੋਮਰ ਬਿਲੰਦ ਊਚੇ ਉਭਾਰਿ।
ਕਿਨ ਕਰਾਚੋਲ ਲੀਨੇ ਨਿਕਾਰਿ ॥੩੧॥
ਜੁਟ ਪਰੇ ਕਾਟਿਬੇ ਸੁਭਟ ਅੰਗ।
ਖੰਡੇ ਪ੍ਰਚੰਡ ਦੁਇ ਧਾਰ ਸੰਗ।
ਬਹਿ ਚਲ੍ਯੋ ਸ਼੍ਰੋਣ ਤੇ ਬਸਤ੍ਰ ਲਾਲ।
ਜਨੁ ਕੁਸਮਤ ਕਿਸੰਕ ਤਰੁ[1] ਬਿਸਾਲ ॥੩੨॥

[1]ਕੇਸੂ ਦੇ ਫੁਲਾਂ ਦੇ ਬ੍ਰਿੱਛ ਫੁੱਲੇ ਹਨ ਮਾਨੋ।

ਕੈ ਰੰਗ ਪਤੰਗੀ[1] ਪਾਇ ਪਾਇ।

[1]ਲਾਲ ਰੰਗ [ਸੰਸ: ਪਤ੍ਰਾਂਗ। ਹਿੰਦੀ, ਪਤੰਗ = ਵਕਮ, ਲਾਲ ਚੰਦਨ]

ਭਟ ਫਾਗ[1] ਖੇਲਤੇ ਧਾਇ ਧਾਇ।

[1]ਹੋਲੀ।

ਕਹਿਂ 'ਮਾਰ' ਗੀਤ ਜਨੁ ਗਾਇ ਗਾਇ।
ਮਿਲਿ ਜਾਹਿਂ ਬੀਰ ਚਿਤ ਚਾਇ ਚਾਇ ॥੩੩॥
ਹੁਇ ਜੂਥ ਜੰਬੁਕਨਿ[1] ਕਰਿ ਪੁਕਾਰ।

[1]ਗਿੱਦੜਾਂ ਦੇ ਟੋਲੇ।

ਉਰ ਅਨੰਦ ਅਧਿਕ ਆਮਿਖ ਅਹਾਰ।
ਬਹੁ ਫਿਰਤਿ ਜੋਗਨੀ ਸ਼੍ਰੋਣ ਪਾਨ।
ਭਰਿ ਭਰਿ ਕਪਾਲ[1] ਤ੍ਰਿਪਤੈਂ ਮਹਾਨ ॥੩੪॥

[1]ਖੋਪਰੀਆਂ।

ਨਿਜ ਉਦਰ ਪੂਰਿ ਲੇਤੀ ਡਕਾਰ।
ਗਾਵੰਤਿ ਗੀਤ ਪਾਵਤਿ ਧਮਾਰ[1]।

[1]ਨਾਚ।

ਗਨ ਕਾਕ ਕੰਕ ਕੂਕੈਂ ਕਰਾਲ।
ਬਹੁ ਮਿਲੀ ਗ੍ਰਿੱਝ ਭੱਖਹਿਂ ਬਿਸਾਲ
॥੩੫॥
ਬਡ ਭਯੋ ਭੀਮ ਰਣ ਖੇਤ ਹੇਰਿ।
ਨਰ ਤੁਰੰਗ ਮਰੇ ਧਰ ਪਰ ਘਨੇਰ।
ਦਾਰੁਨ ਮਹਾਨ ਕੂਕਰ ਸ਼੍ਰਿੰਗਾਲ।
ਮਿਲਿ ਮਾਸ ਅਹਾਰੀ ਬਿਹੰਗ ਜਾਲ
॥੩੬॥
ਕਹਕਹ ਹਸੰਤਿ[1] ਕਾਲੀ ਕਰਾਲ। [1]ਖਿੜ ਖਿੜ ਹਸਦੀ ਹੈ।
ਕਰ ਰਕਤ ਖਪਰ[1] ਲਟਕੰਤਿ ਬਾਲ। [1]ਹੱਥਾਂ (ਵਿਚ) ਲਹੂ ਦਾ ਖੱਪਰ।
ਪੋਅੰਤਿ ਮੁੰਡ ਮਾਲਾ ਬਿਸਾਲ[1]। [1]ਪ੍ਰੋਂਵਦੀ ਹੈ (ਕਟੇ ਹੋਏ) ਸਿਰਾਂ ਦੀ ਲੰਮੀ ਮਾਲਾ।
ਬਹੁ ਨਚਹਿਂ ਜੋਗਨੀ ਬਜਹਿ ਤਾਲ[1] [1]ਤਾਲੀਆਂ।
॥੩੭॥
ਛੁਟਕੰਤਿ ਤੁਪਕ ਫਟਕੰਤਿ ਦੇਹਿ।
ਲਟਕੰਤਿ ਗਿਰਤਿ ਮਿਲਯੰਤਿ ਖੇਹ।
ਕਰਤਾਰ ਪੁਰਾ ਦੀਪਕ ਮਨਿੰਦ।
ਜਨੁ ਤੁਰਕ ਪਤੰਗ ਸੁ ਪਰਤਿ ਬ੍ਰਿੰਦ
॥੩੮॥
ਬਿਨ ਬਿਲਮ ਮਰੇ ਲਾਗੇ ਸੁ ਢੇਰ।
ਜਿਤ ਕਿਤ ਦਿਖੰਤਿ ਪੁਰਿ ਕੈ ਚੁਫੇਰ।
ਤਬਿ ਕਾਲੇ ਖਾਂ ਉਮਰਾਵ ਜੋਇ।
ਲਸ਼ਕਰ ਸੁ ਮਰਜੋ ਬਹੁ ਨੈਨ ਜੋਇ
॥੩੯॥
-ਇਹ ਭਯੋ ਕਹਾਂ- ਮਨ ਮੈਂ ਹਿਰਾਨ।
-ਨਹਿਂ ਲਗਜੋ ਕਾਲ[1] ਭਟ ਨਾਸ਼ ਪ੍ਰਾਨ। [1]ਸਮਾਂ।
ਰਹਿ ਸ਼ੇਖ ਅਰਧ, ਜਾਨੇ ਸੁ ਜਾਇਂ-।
ਮਨ ਪਾਇ ਤ੍ਰਾਸ, ਮੁਖ ਨਹਿਂ ਅਲਾਇ
॥੪੦॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਨਿਸ ਜੰਗ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ॥੨੧॥

## ੨੨. [ਦਿਨ ਦਾ ਜੰਗ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਭਈ ਪ੍ਰਭਾਤਿ ਬਿਲੋਕਿ ਕੈ ਲਸ਼ਕਰ ਹਤਿ ਭਾ ਬ੍ਰਿੰਦ।
ਕੁਤਬ, ਪੈਂਦ, ਅਨਵਰ ਅਪਰ ਲਖਿ ਕੈ ਬਲੀ ਬਿਲੰਦ ॥੧॥

ਰਸਾਵਲ ਛੰਦ:

[1]ਰਿਸਜੋ ਖਾਨ ਕਾਲਾ। ਇਨੋ ਤਾਤਕਾਲਾ।
ਕਹਜੋ ਕੋਪ ਸੰਗਾ[੪]। 'ਨ ਕੋਟੰ ਉਤੰਗਾ ॥੨॥

ਨਹੀਂ ਦੀਹ[1] ਖਾਈ। ਲਰੇ ਦੂਰ ਆਈ।
ਮਰੇ ਬੀਰ ਆਧੇ। ਨਹੀਂ ਸ਼ੱਤ੍ਰੁ ਸਾਧੇ ॥੩॥

ਕਹਾਂ ਬਾਤ ਹੋਈ। ਕਰੋ ਕਜੋਂ ਨ ਢੋਈ?
ਪਰੈ ਬ੍ਰਿੰਦ ਹੇਲਾ। ਰਿਪੂ ਰੇਲਿ ਪੇਲਾ ॥੪॥

ਜਿਤੀ ਦੇਰ ਧਾਰੋ। ਤਿਤੋ ਹ੍ਵੈ ਬਿਗਾਰੋ।
ਚਹੂੰ ਓਰ ਘੇਰਾ। ਕਰੋ ਏਕ ਬੇਰਾ ॥੫॥

ਦੋਹਰਾ:

ਕੁਤਬਖਾਨ! ਪੂਰਬ ਦਿਸਾ, ਦਸ ਹਜ਼ਾਰ ਲੈ ਸੈਨ।
ਪੁਰਿ ਕੇ ਸਨਮੁਖ ਹੇਲ ਕਰਿ, ਮਾਰਿ ਕਰਹੁ ਬਿਨ ਚੈਨ ॥੬॥

ਅਨਵਰ ਅਰੁ ਅਸਮਾਨ ਖਾਂ! ਦੱਖਣ ਦਿਸ਼ਿ ਕੀ ਓਰ।
ਪੁਰਿ ਕੈ ਨਿਕਟਿ ਪਹੁਚਿ ਕੈ, ਕਰੀਐ ਸੰਘਰ ਘੋਰ ॥੭॥

ਸੋਰਠਾ:

ਦਸ ਹਜ਼ਾਰ ਲਿਹੁ ਸੰਗ, ਜਬਿ ਹੇਲਾ ਸਗਰੇ ਕਰਹਿਂ।
ਕਰਾਚੋਲ ਕੇ ਜੰਗ, ਲਰਤਿ ਲਰਤਿ ਪੁਰਿ ਮਹਿਂ ਬਰਹਿਂ ॥੮॥

ਮੈਂ ਪਸ਼ਚਮ ਦਿਸ਼ਿ ਠਾਂਢਿ, ਇਤਿ ਤੇ ਕਰੌਂ ਪ੍ਰਵੇਸ਼ ਕੋ।

[1]ਕਾਲੇ ਖਾਨ ਨੇ) ਤਤਕਾਲ ਇਨ੍ਹਾਂ (ਕੁਤਬ ਖਾਂ ਪੈਂਦਾ ਅਨਵਰ ਆਦਿਕਾਂ) ਨੂੰ ਗੁੱਸੇ ਨਾਲ ਕਿਹਾ।

[1]ਡੂੰਘੀ।

ਹਤਹਿ ਖੜਗ ਕੋ ਕਾਢਿ, ਅਰਹਿ ਜੁ ਆਇ ਅਸ਼ੇਸ਼ ਕੋ[1] ॥੯॥

[1]ਸਾਰਿਆਂ ਨੂੰ।

ਪੈਂਦਖਾਨ ਬਲਵਾਨ, ਉੱਤਰ ਦਿਸ਼ਿ ਲਰਿ ਕੈ ਪਰਹਿ[1]।

[1]ਉਤਰ ਦਿਸ਼ਾ ਵਲੋਂ ਪੈਕੇ ਲੜੇ।

ਲਿਹੁ ਬਿਚਲਾਇ ਮਹਾਨ, ਮਾਰਿ ਮਾਰਿ ਕਰਿ ਕੈ ਬਰਹਿਂ[1]' ॥੧੦॥

[1]ਵੜੀਏ (ਨਗਰ ਵਿਚ)।

ਇਮ ਮਸਲਤ ਕੋ ਧਾਰਿ, ਲੈ ਲੈ ਦਸਂ ਹਜ਼ਾਰ ਦਲ।
ਚਾਰ ਓਰ ਹੁਇ ਚਾਰ, ਭਨਤਿ ਪਰਸਪਰ ਅਪਨ ਬਲ ॥੧੧॥

ਰਸਾਵਲ ਛੰਦ:

ਬਜਾਏ ਨਗਾਰੇ। ਚਲੇ ਚੌਂਪ ਧਾਰੇ।
ਜੁਦੀ ਸੈਨ ਕੀਨੀ। ਨਿਜਂ ਸੰਗ ਲੀਨੀ ॥੧੨॥
ਸੁਰਾ[1] ਪਾਨ ਕੀਨੇ। ਰਣਂ ਰੰਗ ਭੀਨੇ।
ਬਡੇ ਚੁੰਗ[1] ਹੋਏ। ਚਹੈਂ ਸ਼ੱਤ੍ਰੁ ਢੋਏ ॥੧੩॥

[1]ਸ਼ਰਾਬ।
[1]ਟੋਲੇ।

ਬਕੈਂ ਬੀਰ ਬੰਕੇ। ਬਿਸਾਲੇ ਨਿਸ਼ੰਕੇ।
'ਗੁਰੂ ਥਾਨ ਕੌਨੇ? ਪਿਖੋ ਕਰੋਂ ਨ ਤੌਨੇ ॥੧੪॥
ਬਲੀ ਜੋ ਕਹਾਵੈ। ਨਹੀਂ ਦਾਵ ਖਾਵੈ।
ਗਹੋ ਕਰੋਂ ਨ ਜੈ ਕੈ। ਕਿਧੌਂ ਮਾਰਿ ਧੈ ਕੈ' ॥੧੫॥
ਇਮਂ ਊਚ ਭਾਖੈਂ। ਬਿਸਾਲਾ ਭਿਲਾਖੈ[1]।

[1]ਬਹੁਤ ਚਾਹੁੰਦੇ ਹਨ।

ਭਏ ਚਾਰ ਓਰਂ। ਕਰਜੋ ਜੰਗ ਘੋਰਂ ॥੧੬॥
ਤੁਫੰਗੈਂ ਚਲਾਈ। ਤੁਰੰਗੈਂ ਧਵਾਈ।
ਮਹਾ ਨਾਦ ਹੋਵਾ। ਬਿਧੀਚੰਦ ਜੋਵਾ ॥੧੭॥
ਚਹੂੰ ਓਰਾ ਹੇਰਾ। ਜਥਾ ਪਾਇ ਘੇਰਾ।
ਸਭੀ ਭੇਤ ਜਾਨਾ। ਜਥਾ ਸ਼ੱਤ੍ਰੁ ਠਾਨਾ ॥੨੮॥
ਪੁਰੀ ਕੇ ਚੁਫੇਰੇ। ਫਿਰਜੋ ਬੀਰ ਹੇਰੇ।
ਜਥਾ ਚਾਰ ਥਾਈਂ। ਰਿਪੂ ਸੈਨ ਆਈ

॥੧੯॥
ਗੁਰੂ ਪਾਸ ਜੈ ਕੈ। ਸੁਨਾਈ ਸਬੈ ਕੈ।
'ਬੰਧੇ ਚਾਰ ਗੋਲੰ[1]। ਬਕੈਂ ਊਚ ਬੋਲੰ
॥੨੦॥
ਚਹੈਂ ਬੀਚ ਆਏ। ਬਡੋ ਜ਼ੋਰ ਪਾਏ।
ਸੁ ਕੀਜੈ ਉਪਾਈ। ਰਿਪੂ ਲੇਹੁ ਘਾਈ'
॥੨੧॥
ਸੁਨੀ ਬਾਤ ਸਾਰੀ। ਗੁਰੂ ਯੌਂ ਉਚਾਰੀ।
'ਜਿਤੀ ਸੈਨ ਭਾਰੀ। ਕਰੌ ਥਾਉਂ ਚਾਰੀ[1]
॥੨੨॥
ਦੋਹਰਾ:
ਪੂਰਬ ਦਿਸ਼ਿ ਜਾਤੀ ਮਲਕ, ਲੇ ਦਲ ਸੰਗ ਸਮੁਹਾਇ।
ਮਿਹਰਚੰਦ ਅਮੀਆਂ ਦੁਤੀ, ਦੱਖਣ ਦਿਸ਼ ਕੌ ਜਾਇ ॥੨੩॥
ਲੱਖੂ ਪਸ਼ਚਮੁ ਦਿਸ਼ਿ ਲਰੈ, ਲੈ ਸੈਨਾ ਸਵਧਾਨ।
ਰਹਹਿ ਪੀਨ[†] ਕਰਿ[1] ਪੁਰਿ ਨਿਕਟਿ, ਹਨਹਿ ਤੁਫੰਗ ਮਹਾਨ ॥੨੪॥
ਬਿਧੀਚੰਦ! ਸੰਗ ਚਮੂੰ ਕੇ, ਉੱਤਰ ਦਿਸ਼ਾ ਪਧਾਰਿ।
ਵਧਹੁ ਅੱਗ੍ਰ ਨਹਿਂ ਅਧਿਕ ਤੁਮ,
ਢਿਗ ਰਿਪੁ ਪਹੁੰਚਹਿ ਮਾਰ[1]' ॥੨੫॥
ਰਸਾਵਲ ਛੰਦ:
ਗੁਰੂ ਬੈਨ ਸ਼੍ਰੋਨੇ[1]। ਲਏ ਮਾਨਿ ਤੌਨੇ[2]।
ਕਰੀ ਸੰਗ ਸੈਨਾ। ਚਲੇ ਬੀਰ ਭੈ ਨਾ
॥੨੬॥
ਜਹਾਂ ਖਾਨ ਕਾਲਾ। ਬਡੋ ਹੇਲ ਘਾਲਾ।
ਗਯੋ ਬੀਰ ਲੱਖੂ। ਮਹਾਂ ਓਜ ਰੱਖੂ ॥੨੭॥
ਤੁਫੰਗੈਂ ਚਲਾਈ। ਕਿ ਨੇਜੇ ਭ੍ਰਮਾਈ।
ਬਡੇ ਬਾਨ ਮਾਰੇ। ਸੁ ਲੋਹਾ ਕਰਾਰੇ
॥੨੮॥

[1]ਟੋਲੇ।

[1]ਚਾਰ ਥਾਵਾਂ ਤੇ।

[1]ਤਕੜਾਈ ਕਰਕੇ ਰਹੇ। [†]ਪਾ:-ਪੀਠ।

[1]ਤਦੋਂ) ਮਾਰੋ।

[1]ਸੁਣੇਂ। [2]ਤਿਨ੍ਹਾਂ (ਸਾਰਿਆਂ) ਨੇ।

ਕਿਤੇ ਸਾਂਗ ਮਾਰੈਂ। ਕ੍ਰਿਪਾਨੈਂ ਪ੍ਰਹਾਰੈਂ।
ਤੁਰੰਗਾਨ ਮੇਲਾ। ਲਿਯੋ ਝਾਲਿ ਹੇਲਾ ॥੨੯॥
ਖਰੇ ਥੰਭ ਜੈਸੇ। ਹਲੇ ਸੋ ਨ ਕੈਸੇ।
ਅਰੇ ਹੋਇ ਸੌਹੈਂ[1]। ਕਰੀ ਬੰਕ ਭੌਹੈਂ ॥੩੦॥

[1]ਸਾਹਮਣੇ।

ਦੜਾ ਦਾੜ ਗੇਰੈਂ। ਤੁਰੰਗੈਂ ਘਨੇਰੈਂ।
ਉਥੱਲੈ ਪਥੱਲੈਂ। ਨਹੀਂ ਪਾਇ ਹੱਲੈਂ ॥੩੧॥
ਮਹਾਂ ਸ਼ਸਤ੍ਰ ਖਾਏ। ਰਿਪੂ ਬ੍ਰਿੰਦ ਘਾਏ।
ਭਯੋ ਜੰਗ ਭਾਰੀ। ਪਰੀ ਭੂਰ ਮਾਰੀ ॥੩੨॥
ਚਲੇ ਖੱਗ ਖੰਡੇ। ਦੁਧਾਰੇ ਪ੍ਰਚੰਡੇ।
ਕਰੇ ਖੰਡ ਖੰਡੇ। ਘਨੇ ਹੀ ਘੁਮੰਡੇ[1] ॥੩॥

[1]ਬੜੇ ਹੰਕਾਰ ਵਾਲੇ।

ਭਏ ਰੁੰਡ[1] ਮੁੰਡੇ[2]†। ਕਿਨੂ ਜੰਗ ਛੰਡੇ[3]।

[1]ਸਿਰ ਬਿਨਾਂ ਧੜ। [2]ਧੜ ਬਿਨਾਂ ਸਿਰ। [3]ਬਹੁਤਿਆਂ ਨੂੰ ਜੁੱਧ ਨੇ ਛੱਡ ਦਿੱਤਾ ਹੈ। (ਅ) (ਮਾਨੋਂ) ਕਿਸੇ ਨੇ (ਜੰਗ =) ਜੰਗਲ ਛਾਂਗ ਦਿੱਤੇ ਹਨ। (ਃ) ਕਈਆਂ ਨੇ ਜੰਗ ਛੱਡ ਦਿੱਤਾ [ਛੰਡਾ = ਛੱਡ ਦਿੱਤਾ। ਦੇਖੋ ਅੰਸੂ ੨੪ ਦਾ ਅੰਕ ੧੯] (ਸ) ਪਰ ਜਾਪਦਾ ਹੈ ਕਿ ਪਾਠ 'ਜੰਗ' ਨਹੀਂ 'ਜੰਘ' ਸੀ, ਅਰਥ:-ਕਈਆਂ ਦੀਆਂ ਲੱਤਾਂ ਕੱਟੀਆਂ ਗਈਆਂ।
†ਪਾ:-ਤੁੰਡ ਪੰਡੇ।

ਕਟੀ ਗ੍ਰੀਵ ਬਾਹੂ। ਪਰੇ ਭੁਮਿ ਮਾਂਹੂ ॥੩੪॥
ਕਿਸੂ ਸੀਸ ਕਾਟਾ। ਕਿਨੂ ਕੋਇ ਡਾਟਾ[1]।
ਰਿਪੂ ਨੇਰ ਹੋਏ। ਸੁ ਨੇਜ਼ ਪਰੋਏ ॥੩੫॥

[1]ਕੋਈ ਕਿਸੇ ਨੂੰ ਡਾਂਟਦਾ ਹੈ।

ਤੁਫੰਗਾਨਿ ਛੋਰੀ। ਕਿਸੂ ਮਾਰਿ ਗੋਰੀ।
ਕਿ ਸਾਗੰ ਪ੍ਰਹਾਰੀ। ਭਜੇ ਭੀਰੁ[1] ਭਾਰੀ ॥੩੬॥

[1]ਕਾਇਰ। (ਅ) ਭੀੜ।

ਮਹਾਂ ਲੋਹ ਮਾਚਾ। ਲਹੂ ਧੂਲ ਰਾਚਾ।
ਕਿਸੂ ਤੁੰਡ ਖੰਡਾ। ਕਿ ਸੀਸੰ ਬਿਹੰਡਾ[1] ॥੩੭॥

[1]ਕੱਟਿਆ ਗਿਆ।

ਹਥਾਵੱਥ ਹੋਏ। ਰਿਪੂ ਕੀਨਿ ਢੋਏ।
ਚਲੈਂ ਤੀਰ ਤੀਖੇ। ਜੁ ਸਰਪੰ ਸਰੀਖੇ ॥੩੮॥

ਭਯੋ ਭੂਰ ਨਾਦੰ। ਕਰੈਂ ਸੂਰ ਬਾਦੰ।
ਗੁਰੂ ਤਯਾਰ ਹੋਏ। ਮਹਾਂ ਜੰਗ ਜੋਏ
॥ ੩੯ ॥
ਧਰੇ ਜੁੱਧ ਚੀਰੰ। ਸੁਭੰਤੇ ਸ਼ਰੀਰੰ।
ਬਡੋ ਖੱਗ ਭਾਰਾ। ਗਰੇ ਬੀਚ ਧਾਰਾ
॥ ੪੦ ॥
ਲਈ ਢਾਲ ਚੌਰੀ। ਹੁਤੀ ਭਾਰ ਗੌਰੀ[1]।
ਲਗਾਈ ਪਿਛਾਰੇ। ਮਹਾਂ ਸ਼ੋਭ ਧਾਰੇ
॥ ੪੧ ॥
ਸੁਭੈ ਭੂਰ ਭਾਥਾ। ਭਰਯੋ ਬਾਨ ਸਾਥਾ।
ਲਗਯੋ ਹੇਮ ਜਾਂਹੀ। ਦਿਪੈਂ ਹੀਰ ਮਾਂਹੀ
॥ ੪੨ ॥
ਸੁ ਮੋਤੀਨਿ ਗੁੱਛੇ। ਭਲੇ ਗੋਲ ਸੁਛੇ[1]।
ਸਜਯੋ ਅੰਗ ਸੰਗਾ। ਗਹਯੋ ਚਾਂਪ ਚੰਗਾ
॥ ੪੩ ॥
ਕਠੋਰੈਂ ਬਿਸਾਲਾ। ਮਹਾਂ ਭਾਰ ਵਾਲਾ।
ਹਯੰ 'ਜਾਨ ਭਾਈ।' ਸੁ ਲੀਨੋ ਮੰਗਾਈ
॥ ੪੪ ॥
ਬਡੋ ਰੌਰ ਹੋਵਾ। ਚਹੂੰ ਓਰ ਜੋਵਾ।
ਮਚਯੋ ਜੰਗ ਭਾਰਾ। ਸੁ ਲੋਹਾ ਕਰਾਰਾ
॥ ੪੫ ॥
ਗੁਰੂ ਕੋਟ ਤੀਰੰ[1]। ਖਰੇ ਸੰਧਿ[2] ਤੀਰੰ।
ਮਹਾਂ ਸ਼ੱਤ੍ਰੁ ਹੇਰੇ। ਲਰੰਤੇ ਘਨੇਰੇ ॥ ੪੬ ॥
ਤਿਨ੍ਹੋਂ ਤਾਕਿ ਮਾਰਾ। ਚਲਯੋ ਸ਼ੂਕ ਮਾਰਾ[1]।
ਡਸੇ ਸ਼ੱਤ੍ਰੁ ਜਾਈ। ਜੁ ਆਯੋ ਲਗਾਈ
॥ ੪੭ ॥
ਬਿਧਯੋ[1] ਏਕ ਦੋਊ। ਤ੍ਰਿਤੀ ਚੌਥ ਸੋਊ।
ਜੁਊ ਆਇ ਆਗੇ। ਗਯੋ ਬੀਧ, ਲਾਗੇ
॥ ੪੮ ॥
ਪਰਯੋ ਪਾਰ ਜਾਈ। ਰਿਪੂਨਾ ਅਗਾਈ[1]†।
ਮਰੇ ਬੀਰ ਘੋਰਾ। ਇਕੰ ਬਾਨ ਛੋਰਾ
॥ ੪੯ ॥

[1]ਬਹੁਤੀ ਭਾਰੀ।

[1]ਸੁੱਛ, ਸ਼ੁੱਧ।

[1]ਕੋਟ ਦੇ ਪਾਸ। [2]ਜੋੜ ਕੇ।

[1]ਸੱਪ (ਵਾਂਙ)।

[1]ਵਿੰਨ੍ਹਿਆਂ।

[1]ਵੈਰੀਆਂ ਤੋਂ ਅੱਗੇ (ਜਾ ਪਿਆ)। †ਪਾ:-ਅਘਾਈ।

ਜਥਾ ਪੌਨ ਕੇਲੇ। ਗਿਰਾਵੈ ਧਕੇਲੇ।
ਤਥਾ ਏਕ ਬਾਰੀ। ਗਿਰੇ ਸ਼ੱਤ੍ਰ ਝਾਰੀ[1] ॥੫੦॥
ਪੁਨੰ ਔਰ ਜੋਰਾ। ਧਨੁ ਐਂਚਿ ਘੋਰਾ[1]।
ਲਗ੍ਯੋ ਕਾਨ[1] ਪਾਨਾ। ਕਰੇ ਤਾਨ ਤਾਨਾ[2] ॥੫੧॥
ਤਜ੍ਯੋ, ਨਾਦ ਹੋਵਾ। ਰਿਪੂ ਚੈ ਪਰੋਵਾ।
ਨਹੀਂ ਜਾਇ ਜਾਨਾ। ਪਰੈ ਪਾਰ ਬਾਨਾ ॥੫੨॥
ਇਸੀ ਰੀਤਿ ਛੋਰੇ। ਫਿਰੇ ਚਾਰ ਓਰੇ।
ਜਹਾਂ ਜ਼ੋਰ ਘਾਲੈਂ। ਤਹਾਂ ਛਿੱਪ੍ਰ ਚਾਲੈਂ ॥੫੩॥
ਹਤੈਂ ਤੀਰ ਤੀਖੇ। ਜੁ ਸਰਪੰ ਸਰੀਖੇ।
ਮਰੈਂ ਸੂਰ ਘੋਰੇ। ਪੁਰੰ ਚਾਰ ਓਰੇ ॥੫੪॥
ਬਡਾ ਹੇਲ ਮੇਲਾ[1]। ਚਹੈਂ ਰੇਲਿ ਪੇਲਾ।
ਪਰੈ ਮਾਰ ਆਗੇ[1]। ਗਿਰੈਂ ਸ਼ਸਤ੍ਰ ਲਾਗੇ ॥੫੫॥
ਪਿਛੈ ਪਾਇ ਘਾਲੈਂ। ਨਹੀਂ ਅੱਗ੍ਰ ਚਾਲੈਂ।
ਡਰੈਂ -ਹੇਰਿ ਮਾਰੈਂ-। ਨਹੀਂ ਧੀਰ ਧਾਰੈਂ ॥੫੬॥
ਤੁਫੰਗਨਿ ਗੋਰੀ। ਲਗੈ ਅੰਗ ਫੋਰੀ।
ਪਰੈਂ ਝੂਮ ਘੁਮੈ[1]। ਮਿਲੈਂ ਧੂਲਿ ਭੂ ਮੈਂ ॥੫੭॥
ਨਹੀਂ ਅੱਗ੍ਰ ਆਵੈਂ। ਮਹਾਂ ਤ੍ਰਾਸ ਪਾਵੈਂ।
ਗੁਰੂ ਬਾਨ ਲਾਗੈਂ। ਤਬੈ ਪ੍ਰਾਨ ਤਜਾਗੈਂ ॥੫੮॥
ਚਹੂੰ ਓਰ ਮਾਰੇ। ਸੁ ਲਾਗੇ ਅੰਬਾਰੇਂ।
ਤੁਰੰਗੰ ਕਿ ਬੀਰਾ। ਪਰੇ ਹੈ ਬਿਖੀਰਾ[1] ॥੫੯॥
ਪਰੈਂ ਦੌਰ ਕੈ ਕੈ। ਫਿਰੈਂ ਮਾਰ ਖੈ ਕੈ।
ਤਬੈ ਖਾਨ ਕਾਲਾ। ਹਿਰਾਨੰ ਬਿਸਾਲਾ ॥੬੦॥

[1]ਬਹੁਤੇ।

[1]ਭਿਆਨਕ।

[1]ਹੱਥ ਕੰਨ ਨੂੰ ਜਾ ਲੱਗਾ। [2](ਐਡਾ) ਬਲ ਨਾਲ ਖਿੱਚਿਆ।

[1](ਤੁਰਕਾਂ ਨੇ) ਵੱਡਾ ਹੱਲਾ ਕੀਤਾ।

[1]ਅਗੋਂ ਮਾਰ ਪੈਂਦੀ ਹੈ।

[1]ਝੂੰਮ ਕੇ ਘੇਰਨੀ ਖਾ ਕੇ ਡਿਗ ਪੈਂਦੇ ਹਨ।

[1]ਖਿੰਡੇ ਹੋਏ ਹਨ [ਹਿੰ: ਬਿਖੇਰਨਾ = ਖਿੰਡਾਉਣਾ]

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੰਗ' ਪ੍ਰਸੰਗ ਬਰਨਨੰ ਨਾਮ ਦੋਇ ਬਿੰਸਤੀ ਅੰਸੂ ॥੨੨॥

## ੨੩. [ਖੋਜਾ ਅਨਵਰ ਬੱਧ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਇਮ ਚਹੁੰ ਦਿਸ਼ਿ ਮੈਂ ਗੋਲ ਦਲ, ਸੰਗ ਲਿਏ ਸਰਦਾਰ।
ਚਹਤਿ ਬਰਨ† ਕੋ ਜ਼ੋਰ ਤੇ, ਸਭਿ ਸ੍ਰੀ ਪੁਰਿ ਕਰਤਾਰ ॥੧॥

†ਪਾ:-ਹਤਨਿ।

ਤੋਮਰ ਛੰਦ:

ਗਹਿ ਤੀਰ ਤੋਮਰ ਫੇਰ।
ਤੁਰਕਾਨ ਕੋ ਹਤਿ ਗੇਰ।
ਮਿਹਰਾ ਮਹਾਂ ਬਰ ਬੀਰ।
ਅਮਿਯਾਂ ਸਹਾਇਕ ਧੀਰ ॥੨॥
ਗੁਰ ਕੋ ਪ੍ਰਤਾਪ ਬਿਸਾਲ।
ਕਰਿ ਜੰਗ ਕੋਪ ਕਰਾਲ।
ਅਸਮਾਨ ਖਾਨ ਮਹਾਨ।
ਜਹਿਂ ਠਾਂਢਿ ਮਾਰਤਿ ਬਾਨ ॥੩॥
ਜਿਹ ਸੰਗ ਦੂਤ[1] ਸਹਾਇ।
ਜਿਨ ਮਾਰ ਪੂਰਬ ਖਾਇ।
ਬਿਨ ਲਾਜ ਮੂਰਖ ਪੇਰ।
ਗੁਰ ਸੋਂ ਚਹੈ ਭਟ ਭੇਰ[1] ॥੪॥
ਦਿਸ਼ ਦੌਨ ਮੈਂ ਸਰਦਾਰ।
ਬਹੁ ਕੋਪ ਤੇ ਭਟ ਚਾਰ।
ਗਨ ਸੈਨ ਲੈ ਕਰਿ ਸੰਗ।
ਪਗ ਰੋਪਿ ਕੈ ਕਿਯ ਜੰਗ ॥੫॥
ਦਿਸ਼ਿ ਦੱਖਨੀ ਘਮਸਾਨ।
ਬਹੁ ਕੀਨਿ ਹਾ[1] ਭਟ ਪ੍ਰਾਨ।
ਗੁਲਕਾਨ ਕੋ ਬਰਖਾਇ।
ਕਰਕਾ[1] ਮਨੋ ਘਨ ਪਾਇ ॥੬॥
ਸਿਰ ਫੁਟਿ ਹਾਂਡਨਿ ਜੈਸ[1]।
ਉਰ ਫੋਰਿ ਮਾਰਤਿ ਹੈਸ[1]।
ਤੁਰਕਾਨਿ ਹੇਲ ਸੁ ਘਾਲਿ।
ਕਰ ਐਂਚਿ ਕੈ ਕਰਵਾਲ[1] ॥੭॥

[1]ਭਾਵ ਅਨਵਰ ਖਾਂ।
[1]ਮੁਕਾਬਲਾ।
[1]ਨਾਸ਼।
[1]ਗੜੇ।
[1]ਹਾਂਡੀਆ ਵਤ।
[1]ਮਾਰਦੇ ਹਨ।
[1]ਤਲਵਾਰਾਂ।

ਗੁਰ ਸੈਨ ਪੈ ਚਲਿ ਆਇ।
ਮਿਲਿ ਗੇ ਤਬੈ ਸਮੁਦਾਇ।
ਮੁਖ 'ਮਾਰਿ ਮਾਰਿ' ਉਚਾਰਿ।
ਗਹਿ ਤੋਮਰੈਂ ਤਰਵਾਰ ॥੮॥
ਮਿਹਰਾ ਰੁਪਜੋ ਧਰਿ ਧੀਰ।
ਧਨੁ ਐਂਚਿ ਮਾਰਤਿ ਤੀਰ।
ਸੁਭਟਾਨਿ ਕੋ ਲਲਕਾਰਿ।
ਤੁਪਕਾਨਿ ਗੋਰਿਨਿ ਮਾਰਿ ॥੯॥
ਖਰ ਖਾਂਗ ਮਾਰਿ ਧਸਾਇ।
ਤਰਵਾਰ ਤੇ ਕਰਿ ਘਾਇ।
ਗਨ ਤੁੰਡ ਮੁੰਡ ਬਿਹੰਡ[1]।
ਕਰਿ ਖੰਡ ਖੰਡ ਘਮੰਡਿ ॥੧੦॥
ਜੁਟਿ ਆਪ ਮੈਂ ਤਿਸ ਬਾਰ।
ਇਕਸਾਰ ਹੋਵਤਿ ਮਾਰਿ।
ਕਟਿ ਅੰਗ ਸ਼੍ਰੋਣਤ ਭੀਜ।
ਰਣ ਖੇਤ ਮੈਂ ਜਨੁ ਬੀਜ[1] ॥੧੧॥

ਬਹੁ ਬੀਰ ਘਾਇਵ ਹੋਇ।
ਮਰਿ ਭੂਮ ਪੈਂ ਪਰਿ ਕੋਇ।
ਅਸਮਾਨ ਖਾਨ ਖਤੰਗ।
ਗੁਰ ਬੀਰ ਬੇਧਤਿ ਅੰਗ ॥੧੨॥
ਕਿਹ ਸੀਸ ਪੈ ਤਰਵਾਰ।
ਕਿਹ ਕੰਧ ਕੋ ਕਟਿ ਡਾਰਿ।
ਮੁਖ ਛੇਦ ਕੀਨਸਿ ਕਾਹਿ।
ਕਟਿ ਜੰਘ ਕੋ ਚਲਿ ਨਾਂਹਿ[1] ॥੧੩॥

ਦਿਸ਼ ਦੱਖਣੀ ਬਡ ਸ਼ੋਰ।
ਤੁਰਕਾਨ ਦੀਨਸਿ ਜ਼ੋਰ।
ਗੁਰ ਤੀਰ ਧਾਇ ਸੁਨਾਇ।
'ਢਿਗ ਆਇ ਗੇ ਸਮੁਦਾਇ' ॥੧੪॥
ਬਿਧੀਆ ਹੁਤੋ ਤਬਿ ਤੀਰ।
ਤਿਹ ਸੰਗ ਬੋਲਤਿ ਧੀਰ[1]।

[1]ਨਾਸ਼ ਕੀਤੇ।

[1]ਜੰਗ (ਰੂਪ) ਖੇਤ ਵਿਚ ਕੱਟੇ ਹੋਏ ਅੰਗ ਲਹੂ ਨਾਲ ਲਿਬੜੇ ਮਾਨੋਂ ਬੀਜ (ਖਿਲਰੇ ਹਨ)। (ਅ) ਮਾਨੋਂ ਬਿਜਲੀ ਪਈ ਹੈ।

[1]ਕਿਸੇ ਦੀ ਜੰਘ ਕੱਟੀ ਗਈ ਹੈ (ਤੇ ਉਸ ਤੋਂ) ਚਲਿਆ ਨਹੀਂ ਜਾਂਦਾ।

[1]ਭਾਵ ਸ਼੍ਰੀ ਗੁਰੂ ਜੀ।

'ਉਤ ਜਾਹੁ ਬੀਰ ! ਸ਼ਿਤਾਬ।
ਦਲ ਸ਼ੱਤ੍ਰੁ ਲੀਜਹਿ ਦਾਬ ॥੧੫॥
ਹਤਿ ਆਯੁਧਾਨਿ ਹਟਾਇ[1]। [1]ਸ਼ਸਤ੍ਰ ਮਾਰਕੇ ਹਟਾਓ।
ਦਿਹੁ ਕਾਟ ਜੋ ਸਮੁਹਾਇ।'
ਸੁਨਿ ਬਾਕ ਕੋ ਹਰਿਖਾਇ।
ਤਤਕਾਲ ਬਾਜ ਧਵਾਇ ॥੧੬॥
ਅਮਿਯਾਂ ਘਿਰਯੋ ਜਹਿਂ ਬੀਰ।
ਰੁਪ ਮਾਰਿਤੋ ਗਨ ਤੀਰ।
ਮਿਹਰਾ ਸਹਾਇ ਕਰੰਤਿ।
ਲਲਕਾਰ ਕਾਟਿ ਗਿਰੰਤਿ ॥੧੭॥
ਬਿਧੀਆ ਗਯੋ ਜਿਮ ਸ਼ੇਰ।
ਨਿਜ ਬੀਰ ਦੇਤਿ ਦਲੇਰ[1]। [1]ਦਲੇਰੀ।
'ਗੁਰ ਓਜ ਕੋ ਉਰ ਧਾਰਿ।
ਤੁਰਕਾਨਿ ਕੋ ਲਿਹੁ ਮਾਰਿ' ॥੧੮॥
ਤਜਿ ਤੀਰ ਆਪ ਕਰਾਲ।
ਬਹੁ ਬੇਧਿ ਕੈ ਰਿਪੁ ਸਾਲ[1]। [1]ਦੁਖ ਦਿੰਦਾ ਹੈ (ਤੀਰ) ਵੈਰੀਆਂ ਨੂੰ।
ਪਗ ਰੋਪਿ ਕੈ ਅਗਵਾਇ।
ਸਮ ਥੰਭ ਕੇ ਥਿਰ ਥਾਇਂ ॥੧੯॥
ਤੁਰਕਾਨ ਆਇ ਜਿ ਹੇਲ।
ਸਭਿ ਮਾਰਿ ਕੈ ਤਿਹ ਝੇਲਿ।
ਤਿਨ ਮੋਰਿ ਪਾਛਲ ਪਾਇ।
ਰੁਪਿ ਕੈ ਰਹਯੋ ਅਗੁਵਾਇ ॥੨੦॥

ਪਾਧੜੀ ਛੰਦ:

ਤਬਿ ਅਨਵਰਖਾਨ ਬਿਲੋਕਿ ਸੈਨ।
ਕਿਮ ਸੁਭਟ ਹਟਤਿ ਰਣ ਲਰਤਿ ਹੈ ਨ।
ਕੋ ਅਰਯੋ ਆਇ ਨਹਿਂ ਜਾਨਿ ਦੇਤਿ।
ਗਮਨਯੋ ਅਗਾਇ ਬਿਚ ਜੰਗ ਖੇਤ ॥੨੧॥
ਲੈ ਬੀਰ ਕਿਤਿਕ ਕਰਿ ਰੇਲ ਪੇਲ।
ਬਿਚ ਬਰਯੋ ਆਇ ਬਕਿ[1] 'ਹੇਲ ਹੇਲ।' [1]ਕਹਿ ਕੇ।
ਪਿਖਿ ਬਿਧੀਚੰਦ ਲਲਕਾਰ ਤਾਂਹਿ।
ਮਿਲਿ ਪਰੇ ਬੀਰ ਤਬਿ ਆਪ ਮਾਂਹਿ

॥੨੨॥
ਕੀਨਸਿ ਚਿਨਾਰਿ ਤਬਿ ਖਾਨ ਦੇਖਿ।
-ਗੁਰਸਿੱਖ ਅਧਿਕ ਰਹਿ ਢਿਗ ਵਿਸ਼ੇਖ-।
'ਇਹ ਕਾਰਦਾਰ ਸ਼੍ਰੀ ਹਰਿਗੁਵਿੰਦ।
ਲਿਹੁ ਮਾਰਿ ਮਿਲਹੁ ਚਹੁੰ ਓਰ ਬ੍ਰਿੰਦ'
॥੨੩॥
ਅਸਮਾਨ ਖਾਨ ਕੋ ਸੰਗ ਲੀਨਿ।
ਚਹੁੰ ਓਰ ਓਰੜੇ ਜ਼ੋਰ ਦੀਨਿ।
ਬਡ ਪਰਯੋ ਰੌਰ ਛੂਟਹਿਂ ਤੁਫੰਗ।
ਇਤਿ ਗੁਰੂ ਸਿੱਖ ਮਿਲਿ ਏਕ ਸੰਗ
॥੨੪॥
ਹੱਥਜਾਰ ਹਾਥ ਲੈ ਸਾਵਧਾਨ।
ਤਬਿ ਬਿਧੀਚੰਦ ਕੋਪਯੋ ਮਹਾਨ।
ਧਨੁ ਐਂਚਿ ਐਂਚਿ ਤਜਾਗੰਤਿ ਤੀਰ।
ਤੁਰਕਾਨਿ ਤਾਕਿ ਬੇਧਤਿ ਸਰੀਰ ॥੨੫॥
ਜਿਸ ਲਗਹਿਂ, ਨਹੀਂ ਜਾਚੰਤਿ ਨੀਰ।
ਪਰਿ ਪਾਰ ਸ਼ੁਸ਼ਕ[1] ਗੇਰੰਤਿ ਬੀਰ।

[1]ਸੁਕਾ ਪਾਰ ਪੈ ਜਾਂਦਾ ਹੈ। (ਲਹੂ ਵਿਚ ਭਿਜਦਾ ਨਹੀਂ ਭਾਵ ਅਤੀ ਤਿਖਾ ਜਾਂਦਾ ਹੈ)।

ਤਬਿ ਅਰਯੋ ਆਇ ਅਨਵਰ ਪਠਾਨ।
ਬਹੁ ਕੋਪ ਸੰਗ ਕੀਨਸਿ ਬਖਾਨ ॥੨੬॥
'ਤ੍ਰਿਸਕਾਰ ਕੀਨਿ ਬਹੁ ਮਾਰ ਮੋਹਿ।
ਬਿਚ ਸਭਾ ਆਬਰੂ ਖੋਇ ਤੋਹਿ।
ਅਬਿ ਲੇਹੁਂ ਸੁ ਪਲਟਾ ਕਰਿ ਵਿਨਾਸ਼।
ਤਜਿ ਦੇਹੁ ਸਰਬ ਜੀਵੰਨਿ ਆਸ ॥੨੭॥
ਤਵ ਮਾਰ, ਗੁਰੂ ਕੋ ਗਹਹਿਂ ਜਾਇ।
ਤਬਿ ਰਹੈ ਮੋਹਿ ਪਤਿ, ਪੁਰਿ ਲੁਟਾਇ।
ਨਹਿਂ ਸ਼ਾਹੁ ਤ੍ਰਾਸ ਕੋ ਤਨਕ ਕੀਨਿ।
ਲਸ਼ਕਰ ਤਮਾਮ ਢਿਗ ਨਾਂਹਿ ਚੀਨ
॥੨੮॥
ਨਹਿਂ ਕਰਨ ਉਚਿਤ ਕਰਿ ਮੋਹਿ ਸੰਗ[1]।

[1]ਮੇਰੇ ਨਾਲ ਉਹ ਕੀਤੀ ਸਾਈ ਜੋ ਕਰਨੀ ਉਚਿਤ ਨਹੀਂ ਸੀ।

ਅਬਿ ਲੇਹੁ ਸੁ ਪਲਟਾ ਬੀਚ ਜੰਗ।'
ਸੁਨਿ ਬਿਧੀਚੰਦ ਕੀਨਸਿ ਬਖਾਨਿ।

'ਬਲਵਾਨ ਕੇਹਰੀ ਗੁਰ ਮਹਾਨ ॥੨੯॥
ਸਮ ਤੋਹਿ ਮ੍ਰਿਗ ਮਾਰੇ ਅਨੇਕ।
ਜਿਨ ਕੋ ਗਿਨੰਤਿ ਨਹਿਂ ਹੁਇ ਬਿਬੇਕ[1]।
ਅਰ ਬਡੇ ਮਸਤ ਬਲ ਜੁਤਿ ਮਤੰਗ।
ਸੋ ਲਲਾਬੇਗ ਕੰਬਰ ਜਿ ਅੰਗ ॥੩੦॥
ਹਤਿ ਮੁਗ਼ਲਸਖਾਂ, ਅਬਦੁਲ ਪਠਾਨ।
ਪਰਿ ਕੈ ਨਿਚਿੰਤ ਸੁਪਤੇ ਮਹਾਨ।
ਜੇ ਸੁਪਤਿ ਸਿੰਘ ਕੋ ਮ੍ਰਿਗ ਜਗਾਹਿ[†]।
ਤੌ ਜੀਵਨ ਤਿਸ ਕੋ ਹੋਤਿ ਨਾਂਹਿਂ[*] ॥੩੧॥
ਅਬਿ ਕਰਹੁ ਜਗਾਵਨ ਤੁਮਹੁ ਆਇ।
ਬਲਧਾਰ ਆਜ ਦੇਂ ਸਭਿ ਖਪਾਇ।
ਨਹਿਂ ਤਜਹਿਂ, ਕਰਹੁ ਕੇਤਿਕ ਉਪਾਇ।
ਜੇ ਜਿਯਨਿ ਚਾਹਿ, ਅਬਿ ਤੇ ਪਲਾਇ' ॥੩੨॥
ਸੁਨਿ ਅਨਵਰ ਮਨ ਰਿਸ ਅਧਿਕ ਧਾਰਿ।
ਧਨੁ ਐਂਚਿ ਤਾਕਿ ਕਰਿ ਸਰ ਪ੍ਰਹਾਰ।
ਲਗਿ ਜੀਨ ਮਾਂਹਿ ਅਟਕ੍ਯੋ ਮਝਾਰ।
ਤਬਿ ਬਿਧੀਚੰਦ ਹਯ ਕੋ ਸੰਭਾਰਿ ॥੩੩॥
ਇਤਿ ਉਤ ਧਵਾਇ ਚੌਗਿਰਦ ਫੇਰ।
ਗੁਨ[1] ਮਹਿਂ ਅਰੋਪਿ ਖਪਰਾ ਬਡੇਰ।
ਧਨੁ ਤਾਨ ਕਾਨ ਲਗਿ ਰਿਸ ਮਹਾਨ।
ਰਿਪੁ ਤਾਕਿ ਲੱਛ[1] ਛੋਡ੍ਯੋ ਸੁ ਬਾਨ ॥੩੪॥
ਸਮ ਸਰਪ ਸ਼ੰਕ ਚਾਲ੍ਯੋ ਬਿਸਾਲ।
ਬਡ ਬੇਗ ਸਹਿਤ ਲਗਿ ਸ਼ੱਤ੍ਰੁ ਭਾਲ[1]।
ਪੰਖਨਿ ਸਮੇਤ ਧਸਿ ਹੋਇ ਪਾਰ।
ਕੁਛ ਰਹ੍ਯੋ ਦਿਖਤਿ ਬਾਗਰ ਅਕਾਰ[1] ॥੩੫॥
ਜੁਗ ਭੌਂਹ ਬੀਚ ਸੋ ਅਸੁ ਸੁਹਾਇ।
ਜਨੁ ਤਿਲਕ ਲਾਲ ਸੁੰਦਰ ਲਗਾਇ।

[1]ਭਾਵ ਜੋ ਗਿਣੇ ਨਹੀਂ ਜਾਂਦੇ।

[†]ਛਾਪੇ ਦੇ ਨੁਸਖੇ ਵਿਚ ਇਹ ਦੋਵੇਂ ਤੁਕਾਂ ਨਹੀਂ ਹਨ, ਇਕ ਹੋਰ ਥਾਂ ਇਨ੍ਹਾਂ ਦੀ ਥਾਵੇਂ ਇਹ ਪਾਠ ਬੀ ਹੈ:-ਨਿਜ ਪ੍ਰਾਨ ਹਾਨ ਚਾਹਤਿ ਗਵਾਰ! ਬਿਨ ਹੋਤਿ ਚਹੈਂ ਗੁਰ ਸੋਂ ਜੁ ਰਾਰ ॥ ੩੧ ॥

[1]ਚਿੱਲੇ।

[1]ਨਿਸ਼ਾਨਾ।

[1]ਮੱਥੇ ਵਿਚ।

[1]ਬਾਗੜ ਦੀ ਸ਼ਕਲ [ਪੰਜਾ: ਬਾਗੜ, ਤੀਰ ਦਾ ਪਿਛਲਾ ਹਿੱਸਾ]

ਕਿਹ ਜਤਨ ਸੰਗ ਕੈ ਗੁਲ ਅਨਾਰ।
ਬਹੁ ਸਜਹਿ, ਭਾਲ ਰਾਖ੍ਯੋ ਸੁਧਾਰਿ[1] ॥੩੬॥
[1]ਜਨੁ ਬੈਠਿ ਨਿੱਡਜ ਮਹਿਂ ਸਿਰ ਨਿਕਾਰਿ।
ਇਹੁ ਬਤਸ ਸਾਰਕਾ ਮੁਖ ਪਸਾਰਿ।
ਜਨੁ ਬਿਧੀਚੰਦ ਕੋ ਕ੍ਰੋਧ ਲਾਲ[1]।
ਥਿਰ ਭਯੋ ਜਾਇ ਤਕਿ ਸ਼ੱਤ੍ਰੁ ਭਾਲ[†] ॥੩੭॥
ਗਿਰ ਪਰ੍ਯੋ ਭੂਮਿ ਪਰ ਝੂੰਮ ਸੋਇ।
ਲਗਿ ਬਾਯੁ ਬੇਗ ਜ੍ਯੋਂ ਬ੍ਰਿਛ ਕੋਇ।
ਪਿਖਿ ਤੁਰਕ ਤ੍ਰਾਸ ਕੋ ਪਾਇ ਭੂਰ।
ਤਜਿ ਚਲੇ ਜੰਗ ਪਿਖਿ ਸ਼ੋਰ ਸੂਰ ॥੩੮॥
ਗੁਰ ਸੈਨ ਅਧਿਕ ਹਮਲਾ ਸੁ ਘਾਲਿ।
ਪੁਨ ਪਰੇ ਰਿਪੁਨਿ ਪਰ ਬਰ ਕਰਾਲ।
ਅਸਿ ਕੌ ਨਿਕਾਸਿ ਚਮਕਾਇ ਹਾਥ।
ਕਰਿ ਤਛਾ ਮੁੱਛ ਬਡ ਬੇਗ ਸਾਥ ॥੩੯॥
ਭਾਜਤਿ ਕਟੰਤਿ ਨਹਿਂ ਟਿਕਤਿ ਪਾਇ।
ਅਸਮਾਨਖਾਨ ਬਹੁ ਕਰਿ ਉਪਾਇ।
ਜਬਿ ਲਖ੍ਯੋ ਕਿ ਮੇਰੋ ਹੁਇ ਬਿਨਾਸ਼।
ਤਜਿ ਸਾਮੁਹਾਇ[1] ਟਰਿ ਹੋਇ ਪਾਸ[2] ॥੪੦॥
ਗੁਰ ਸੈਨਾ ਸਭਿ ਕੇ ਪਗ ਜਮਾਇ।
ਭਟ ਕਰੇ ਠਾਂਢਿ ਰਣ, ਲੇਤਿ ਨਾਇ[1]।
ਤਬਿ ਬਿਧੀਚੰਦ ਇਮ ਜੀਤ ਪਾਇ।
ਗੁਰ ਖਰੇ ਲਰਤਿ ਚਲਿ ਨਿਕਟਿ ਆਇ ॥੪੧॥
ਸਭਿ ਕਹੀ ਗਾਥ ਅਨਵਰ ਪਠਾਨ[1]।
'ਰਣ ਲਰਤੋ ਪਲਟੇ ਹਿਤ ਮਹਾਨ।
ਪਹੁੰਚਾਇ ਭਿਸ਼ਤ ਨਿਜ ਦਲ ਟਿਕਾਇ।
ਤੁਪਕਾਨਿ ਤਜਾਗ ਤੁਰਕਾਨਿ ਘਾਇ ॥੪੨॥

[1]ਯਾ ਕਿਸੇ ਜਤਨ ਨਾਲ ਅਨਾਰ ਦਾ ਫੁੱਲ ਕਿਸੇ ਨੇ ਟਿਕਾਕੇ ਰੱਖਿਆ ਹੈ ਜੋ ਸਜ ਰਿਹਾ ਹੈ ਮੱਥੇ ਤੇ।

[1]ਇਹ ਮਾਨੋਂ ਆਲ੍ਹਣੇ ਵਿਚ ਬੈਠਕੇ ਮੈਨਾ ਦੇ ਬੱਚੇ ਨੇ ਸਿਰ ਕੱਢ ਕੇ ਮੂੰਹ ਪਸਾਰਿਆ ਹੈ।

[1]ਲਾਲ ਗੁੱਸਾ।

[†]ਕਵਿਤਾ ਦਾ ਕਮਾਲ ਹੈ।

[1]ਸਾਮ੍ਹਣਿਓਂ। [2]ਲਾਂਭੇ ਨੂੰ ਟਲ ਗਿਆ।

[1]ਨਾਂ ਲੈ ਕੇ ਸੂਰਮੇ ਖੜੇ ਕੀਤੇ।

[1]ਅਨਵਰ ਪਠਾਣ ਦੀ।

ਬਹੁ ਲਰਤਿ ਸੁਭਟ ਘਮਸਾਨ ਘਾਲਿ।
ਇਮ ਦਿਸ਼ਾ ਦੱਖਣੀ ਰਣ ਕਰਾਲ।
ਗੁਰ ਫਤੇ ਭਈ ਦੁੰਦਭਿ ਬਜੰਤਿ।
ਸਭਿ ਕਹਤਿ ਸ਼ਬਦ ਜੈਕਾਰਵੰਤਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਖੋਜਾ ਅਨਵਰ ਬੱਧ' ਬਰਨਨੰ ਨਾਮ ਤ੍ਰੈ ਬਿੰਸਤੀ ਅੰਸੂ ॥੨੩॥

## ੨੪. [ਜੰਗ ਜਾਰੀ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਸ੍ਰੀ ਸਤਿਗੁਰ ਜੋਧਾ ਬਲੀ, ਛੋਰਤਿ ਤੀਛਲ ਬਾਨ।
ਕਰਹਿ ਏਕ ਤੇ ਨਾਸ਼ ਗਨ, ਗਿਰਹਿਂ ਤੁਰਕ ਤਜਿ ਪ੍ਰਾਨ ॥੧॥

ਮਧੁਭਾਰ ਛੰਦ:

ਲਰਿਤੇ ਸੁ ਬੀਰ। ਬਿਧਿਤੇ ਸਰੀਰ।
ਹੁਇ ਅੱਗ੍ਰ ਧੀਰ। ਪ੍ਰਵਿਸ਼ੰਤਿ ਤੀਰ ॥੨॥
ਤੁਪਕੈਂ ਤੜਾਕ। ਗੁਲਕਾਂ ਸੜਾਕ।
ਲਗਿ ਅੰਗ ਫੋਰ। ਉਕਸੈਂ ਨ ਥੋਰ[1] ॥੩॥

[1]ਥੋੜਾ ਬੀ ਨਹੀਂ ਉਕਸਦੇ।

ਗਿਰਤੇ ਬਿਹਾਲ। ਬਹਿ ਸ਼੍ਰੋਣ ਲਾਲ।
ਛੁਟਕੇ ਤੁਰੰਗ। ਅਸਵਾਰ ਭੰਗ ॥੪॥
ਗੁਰ ਕ੍ਰੋਧ ਧਾਰਿ। ਬਹੁ ਬਾਨ ਮਾਰਿ।
ਟਿਕਨੇ ਨ ਦੇਤਿ। ਬਡ ਜੰਗ ਖੇਤ ॥੫॥
ਉਤ ਪੈਂਦਖਾਨ। ਮੁਚਕੰਤਿ ਬਾਨ।
ਲਗਿ ਕਾਹੁ ਨਾਂਹਿ। ਨਿਫਲੇ ਸੁ ਜਾਹਿਂ ॥੬॥
ਬਿਸਮੈ ਬਿਸਾਲ। -ਕਿਤ ਜਾਹਿਂ ਜਾਲ[1]-।

[1]ਸਾਰੇ (ਤੀਰ) ਕਿਥੇ ਜਾਂਦੇ ਹਨ।

ਗੁਰ ਬੀਰ ਬ੍ਰਿੰਦ। ਥਿਰਤੇ ਬਿਲੰਦ ॥੭॥
ਨਹਿ ਘਾਵ ਖਾਹਿਂ। ਤਿਮ ਹੀ ਦਿਖਾਹਿਂ।
ਤੁਰਕਾਨ ਨਾਸ਼। ਦਿਖਤੇ ਚੁਪਾਸ ॥੮॥
ਰਦ[1] ਪੀਸ ਪੀਸ। ਦਲ ਬ੍ਰਿੰਦ ਈਸ਼[2]।

[1]ਦੰਦ। [2]ਪਾਤਸ਼ਾਹ ਦਾ।

ਸੁਭਟਾਨਿ ਪ੍ਰੇਰਿ। ਹੁਇ ਕੈ ਦਲੇਰ ॥੯॥
ਜਬਿ ਹੋਤਿ ਮਾਰ। ਗਿਰਤੇ ਸੁਮਾਰ[1]।

[1]ਜ਼ਖਮੀ ਹੋਕੇ।

ਠਟਕੰਤਿ ਹੇਰਿ। ਨਹਿਂ ਹ੍ਵੈਂ ਅਗੇਰ ॥੧੦॥
ਦਿਸ਼ਿ ਪ੍ਰਾਚਿ[1] ਮਾਂਹਿ। ਕੁਤਬਾ ਲਰਾਹਿ।

[1]ਪੂਰਬ।

ਜਿਸ ਅੱਗ੍ਰ ਬਿੱਪ੍ਰ[1]। ਸਰ ਛੋਰਿ ਛਿੱਪ੍ਰ ॥੧੧॥

[1]ਜਾਤੀ ਮਲਕ।

ਚਹਿ ਬੀਚ ਜਾਨਿ। ਪੁਰਿ ਕੇ ਸਥਾਨ।

ਜਬਿ ਹੇਲ ਘਾਲਿ। ਤਜਿ ਸ਼ੱਤ੍ਰੁ ਜਾਲ ॥੧੨॥

ਦੋਹਰਾ:

ਥਿਤ ਹ੍ਵੈ ਜਾਤੀ ਮਲਕ ਦਿਜ, ਮਾਰਤਿ ਕਸਿ ਕਸਿ ਬਾਨ।
ਸੱਯਦ ਮੁਗ਼ਲ ਪਠਾਨ ਗਨ, ਗਿਰਹਿਂ ਪ੍ਰਾਨ ਕਰਿ ਹਾਨ ॥੧੩॥

ਰਸਾਵਲ ਛੰਦ:

ਗੁਰੂ ਸੂਰ ਬੰਕੇ। ਸੁ ਹ੍ਵੈ ਕੈ ਨਿਸ਼ੰਕੇ।
ਕਬੈ ਸ਼ਸਤ੍ਰ ਲਾਗੈਂ। ਕੁਊ ਪ੍ਰਾਨ ਤਜਾਗੈਂ ॥੧੪॥
ਨਹੀਂ ਤ੍ਰਾਸ ਮਾਨੈਂ। ਮਿਲੈਂ ਸ਼ੱਤ੍ਰੁ ਹਾਨੈਂ।
ਸਭੀ ਬੀਚ ਬਿੱਪ੍ਰੂੰ। ਤਜੈ ਤੀਰ ਛਿੱਪ੍ਰੂੰ ॥੧੫॥
ਪਰਜੋ ਆਨਿ ਹੇਲਾ। ਮਹਾਂ ਸ਼ੋਰ ਮੇਲਾ।
ਤੁਫੰਗਾਨਿ ਨਾਦੰ। ਬਕੈਂ ਬੀਰ ਬਾਦੰ ॥੧੬॥
ਰੁਪੈਂ ਢਾਲ ਹਾਥੇ। ਦੁਤੀ[1] ਖੱਗ ਸਾਥੇ।
ਸਰੋਹੀ ਸੁ ਖੰਡੇ। ਦੁਧਾਰੇ ਪ੍ਰਚੰਡੇ ॥੧੭॥
ਕਟਾਕੱਟ ਕਾਟੈਂ[1]। ਮਨੋ ਮਾਸ ਬਾਟੈਂ।
ਭਏ ਖੰਡ ਖੰਡਾ। ਪਰੇ ਭੂਮਿ ਮੰਡਾ ॥੧੮॥
ਕਿਸੂ ਕਾਟਿ ਤੁੰਡਾ। ਪਿਖੇ ਭੀਰੁ ਪੰਡਾ[1]।
ਚਲੇ ਜੰਗ ਛੰਡਾ[1]। ਨਚੈ ਨੰਗ ਖੰਡਾ ॥੧੯॥
ਫਟੇ ਬਸਤ੍ਰ ਝੰਡਾ। ਭਯੋ ਬੰਸ ਖੰਡਾ[1]।
ਬਡੋ ਜੁੱਧ ਮੰਡਾ। ਪਰੀ ਮਾਰ ਚੰਡਾ ॥੨੦॥

ਦੋਹਰਾ:

ਕੁਤਬਖਾਨ ਜਾਤੀ ਮਲਕ, ਲਰਤਿ ਕਰਤਿ ਘਮਸਾਨ।
ਦੁਹੂੰ ਦਿਸ਼ਿਨਿ ਕੇ ਸੂਰਮਾ, ਲਗਿ ਅਯੁਧ ਹਤਿ ਪ੍ਰਾਨ ॥੨੧॥

[1]ਦੂਜੇ (ਹੱਥ) ਨਾਲ।

[1]ਦਬਾ ਸੱਟ ਕੱਟਦੇ ਹਨ। (ਅ) ਲਕ ਨੂੰ ਕੱਟਦੇ ਹਨ ਕਟਾ (= ਵਾਰ) ਨਾਲ।

[1]ਕਾਇਰਾਂ ਦੇ (ਮੁੱਖ) ਪੀਲੇ।

[1]ਛੱਡਕੇ [ਛੰਡ = ਛੱਡਕੇ]

[1]ਵਾਂਸ (ਝੰਡੇ ਦਾ) ਟੁੱਟ ਗਿਆ।

ਸੈਯਾ:

ਯੌਂ ਚਹੁੰ ਓਰ ਤੇ ਮਾਰ ਮਚੀ
ਤੁਰਕਾਨਿ ਕੇ ਢੇਰ ਲਗੇ ਮਰਿ ਕੈ।
ਸ੍ਰੀ ਹਰਿਗੋਬਿੰਦ ਤੀਰਨਿ ਤੇ
ਬਹੁ ਬੀਰ ਸਰੀਰ ਪਰੇ ਥਰਕੈਂ[1]। [1]ਕੰਬਦੇ ਹਨ।
ਬੇਧਤਿ ਪਾਰ ਪਰੈਂ ਅਸੁ ਕੈ
ਨਰ ਨਾ ਅਟਕੈਂ ਖਪਰੇ ਬਰਿ ਕੈ।
ਬੇਧਨ ਕੋ ਕਰਿ ਕੈ ਸਰਕੈਂ
ਪਿਖਿ ਕਾਤੁਰ ਹੀ ਧਰਕੈਂ ਡਰਿ ਕੈ[1] ॥੨੨॥ [1]ਵਿੰਨ੍ਹਕੇ (ਅੱਗੇ ਤੀਰ) ਸਰਕਦੇ ਹਨ (ਜਿਸ ਨੂੰ) ਵੇਖਕੇ ਡਰ ਨਾਲ ਕਾਇਰਾਂ ਦੇ ਹਿਰਦੇ ਧੜਕਦੇ ਹਨ।
ਸ੍ਰੀ ਹਰਿਗੋਵਿੰਦ ਬੀਰ ਬਹਾਦੁਰ
ਪੰਨਗ ਕੇ ਸਮ ਬਾਨ ਚਲਾਵੈਂ।
ਬ੍ਰਿੰਦ ਪ੍ਰਹਾਰਤਿ ਸ਼ੱਤ੍ਰੁਨਿ ਡਾਰਤਿ,
ਛੂਛ ਨਿਖੰਗ ਹ੍ਵੈ ਔਰ ਮੰਗਾਵੈਂ।
ਲਾਘਵਤਾ ਕਰਿ ਛੋਰਤਿ ਹੈਂ
ਇਕਸਾਰ ਹੀ ਸਾਰ[1]† ਮਹਾਂ ਬਰਖਾਵੈਂ। [1]ਮਾਨੋਂ) ਲਗਾਤਾਰ ਲੋਹੇ (ਦਾ ਮੀਂਹ)। †ਪਾ:-ਮਾਰ।
ਏਕ ਕੋ ਬੇਧਤਿ ਦ੍ਵੈ ਪੁਨ ਤੀਨਹੁ,
ਚਾਰ ਕਿ ਪੰਚ, ਛਠੋਂ ਸੁ ਗਿਰਾਵੈਂ ॥੨੩॥
ਜਾਂਹਿ ਸਥਾਨ ਲੌ ਸ਼ੱਤ੍ਰ ਖਰੇ ਹੁਇੰ
ਸੂਰ ਬਲੀ ਕਿ ਸਮੂਹ ਤਰੰਗਾ।
ਜਾਇ ਤਹਾਂ ਤਕ ਬੇਧਤਿ ਤੀਰ
ਗਿਰੈਂ ਤਤਕਾਲ ਫੁਟੈਂ† ਜਿਨ ਅੰਗਾ। †ਪਾ:-ਛੂਹੈਂ।
ਮੋਟ ਬਡੋ ਅਰੁ ਦੀਰਘ ਦਾਰੁਣ
ਆਯੁਤ ਹੈਂ ਖਪਰੇ ਸੁਖਤੰਗਾ†। †ਪਾ:-ਖਰ ਹੈਂ ਸੁ ਖਤੰਗਾ।
ਤੀਖਣ ਲੋਹ ਪੁਲਾਦ ਕਰੇ
ਤਨ ਪਾਰ ਪਰੇ ਕਰਿ ਪ੍ਰਾਨਨਿ ਭੰਗਾ ॥੨੪॥
ਧਾਂਕ ਪਰੀ ਦਲ ਜੀਵਤਿ ਮੈਂ
'ਨਰ ਕੌਨ ਬਲੀ ਅਸ ਬਾਨ ਪ੍ਰਹਾਰੈ।
ਕੌਨ ਕੁਦੰਡ ਕਠੋਰ ਖਿਚੈ
ਇਸ ਲਾਇਕ ਨਾ ਜਗ ਬੀਚ ਨਿਹਾਰੈ।
ਬੇਧਤਿ ਬੀਸ ਕੇ ਲੌ ਚਲਿ ਜਾਤਿ,

ਪਰੈਂ ਤਜਿ ਪ੍ਰਾਨਨ ਲੋਕ ਹਜ਼ਾਰੈਂ।'
ਤੀਰ ਕੋ ਘਾਵ ਸਰੀਰ ਬਿਲੋਕਿ
ਅਧੀਰਜ ਬੀਰ ਹ੍ਵੈ ਭੀਰੁ ਪਧਾਰੈਂ ॥੨੫॥
ਸੂਕਤਿ ਜਾਤਿ ਸਬੇਗ ਸਪੰਖਨ
ਜਯੋਂ ਚਲਿ ਘਾਵਤਿ ਤੋਪ ਕੋ ਗੋਰਾ।
ਓਟ ਬਚੈ ਨਹਿਂ ਕੋਟ ਉਪਾਵ ਤੇ[1],
ਲੋਟਤਿ ਭੂਮ ਪਰੈ ਤਨੁ ਘੋਰਾ।
ਪਾਨ[1] ਨ ਹਾਲਤਿ, ਪਾਨ[2] ਨ ਜਾਚਤਿ,
ਤੂਰਨ ਪ੍ਰਾਨਨਿ ਦੇਤਿ ਹੈ ਛੋਰਾ।
ਜਾਂਘ ਕਟੈ ਕਿ ਭੁਜਾ ਕਟਿ ਜਾਤਿ,
ਫੁਟੈ ਸਿਰ ਭਾਲ ਕਿ ਦੈਂ ਉਰ ਫੋਰਾ ॥੨੬॥
ਜਾਂ ਦਿਸ਼ਿ ਦੇਖਤਿ ਤੀਰ ਸੁ ਆਵਤਿ
ਧਾਵਤਿ ਤਾਂ ਦਿਸ਼ਿ ਤੇ ਟਰਿ ਕੈ।
ਘਾਵਤਿ ਪ੍ਰਾਨ ਗਵਾਵਤਿ ਨਾਹਕ
ਨਾ ਸਮੁਹਾਵਤਿ ਹੈਂ[1] ਅਰਿ ਕੈ।
ਕਾਹਿਂ ਨ ਭਾਵਤਿ ਹੈ ਲਰਿਬੈ,
ਪਛੁਤਾਵਤਿ 'ਕਯੋਂ ਗਮਨੇ ਚਰਿ ਕੈ[1]।'
ਕੋ ਸਮਝਾਵਤਿ ਦੂਸਰ ਕੋ,
ਇਤ ਕਯੋਂ ਚਲਿ ਆਵਤਿ ਨ ਡਰਿ ਕੈ[1]' ॥੨੭॥
ਛੋਰਿ ਤੁਫੰਗ ਹਜ਼ਾਰਨਿ ਕੋ,
ਗੁਲਕਾਂ ਘਰ ਓਰਨਿ ਜਯੋਂ ਬਰਖਾਵੈਂ।
ਫੇਰ ਬਰੂਦ ਉਤਾਇਲ ਡਾਲਤਿ,
ਕੋ ਗਜ ਕਾਢਤਿ ਠੋਕ ਉਠਾਵੈਂ।
ਪਾਇ ਦੁਗੋਰਨਿ ਕੋ ਗੁਰ ਸੂਰ
ਪਲੀਤਨਿ ਕੋ ਕਰਿ ਜੋਰ ਮਿਲਾਵੈਂ।
ਪਾਵਕ ਡਾਂਭਿ[1] ਉਠਾਵਤਿ ਨਾਦ
ਤੜਾਭੜ ਯੌਂ ਇਕ ਬਾਰ ਚਲਾਵੈਂ ॥੨੮॥
ਕ੍ਰੋਧ ਕਰੈਂ ਚਹੂੰ ਓਰਨ ਤੇ
ਮਿਲਿ ਹੇਤ ਕੋ ਘਾਲਤਿ ਸ਼ੋਰ ਮਚਾਏ।
ਬ੍ਰਿੰਦ ਤੁਫੰਗ ਖਤੰਗਨ ਕੋ

[1]ਕ੍ਰੋੜਾਂ ਜਤਨ ਕਰ ਕਿਸੇ ਆਸਰੇ ਤੇ ਨਹੀਂ ਬਚਦਾ।
[1]ਹੱਥ। [2]ਪਾਣੀ।
[1]ਸਾਮ੍ਹਣੇ ਨਹੀਂ ਹੁੰਦੇ।
[1]ਕਿਉਂ ਚੜ੍ਹ ਆਏ।
[1]ਡਰ ਕੇ ਇਧਰ ਕਿਉਂ ਨਹੀਂ ਆ ਜਾਂਦਾ? (ਅ) ਕਿਉਂ ਚਲੇ ਆਉਂਦੇ ਹੋ ਡਰਦੇ ਨਹੀਂ ਹੋ?
[1]ਅੱਗ ਲਾਕੇ।

ਹਿਤ ਬੇਧਤਿ ਅੰਗ ਤੁਰੰਗ ਧਵਾਏ।
ਤੋਮਰ ਤੁੰਗ[1] ਭ੍ਰਮਾਇ ਪ੍ਰਹਾਰਤਿ,
ਯੌਂ ਤੁਰਕਾਨਿ ਪਰੇ ਤਹਿਂ ਆਏ।
ਰੈਨ ਮੈਂ ਦੌਂ ਲਗਿ ਕਾਨਨ ਕੌਂ[1]
ਤਿਹ ਦੇਖਿ ਪਤੰਗ ਮਰੈਂ ਜਨੁ ਆਏ
॥੨੯॥
ਕਾਲੇਖਾਂ ਪ੍ਰੇਰਤਿ ਟੇਰਤਿ ਹੈ
ਪੁਰਿ ਘੇਰਤਿ ਹੇਰਿਤ ਮਾਰ ਮਚਾਈ।
ਆਗੇ ਤੁਫੰਗਨਿ ਤਜਾਰ ਕਰੀ,
ਜਬਿ ਨੇਰ ਪਰੈ, ਗੁਰ ਸੂਰ ਚਲਾਈਂ।
ਪੈਂਦ ਪਠਾਨ ਪਰੈ ਦਿਸ਼ਿ ਦੂਸਰ,
ਤੀਸਰ ਪਾਸ ਮੈਂ ਤਾਂਹਿ ਜਮਾਈ[1]।
ਓਰੜਿ ਯੌਂ ਚਹੂੰ ਓਰਨ ਤੇ ਕਰਿ
ਜ਼ੋਰ ਕੇ ਸ਼ੋਰ ਲਰੈਂ ਸਮੁਹਾਈ ॥੩੦॥
ਜਿਤ ਜ਼ੋਰ ਪਰੈ ਭਟ ਘੋਰ ਮਹਾਂ
ਤਿਤ ਓਰ ਬਿਧੀਸਸਿ[1] ਜਾਇ ਪ੍ਰਹਾਰੈ।
ਗੁਰੂ ਸ੍ਰੀ ਹਰਿਗੋਵਿੰਦ ਆਪ ਕਿਧੌਂ
ਤਜਿ ਬਾਨ ਕਠੋਰ ਕੋ ਸ਼ੱਤ੍ਰ ਨਿਵਾਰੈਂ।
ਪਿਖਿ ਈਛਨ ਤੇ ਰਣ ਭੀਛਨ ਕੋ
ਬਹੁ ਤੀਛਨ ਐਂਚਤਿ ਕਾਨ ਲੌਂ ਮਾਰੈਂ।
ਕਰਿ ਭੰਗ ਤੁਰੰਗਨਿ ਸੂਰਨਿ ਅੰਗਨਿ
ਜੰਗ ਮੈਂ ਰੰਗ ਸੁਰੰਗ ਪਸਾਰੈ[1] ॥੩੧॥
ਨਾਦ ਤੁਫੰਗਨ ਹੋਤਿ ਘਨੋ
ਨਭ ਧੂਮ ਮਹਾਂ ਪਸਰਜੋ ਦ੍ਰਿਸ਼ਟਾਵੈ।
ਮਾਨਹੁ ਸ਼ਜਾਮ ਘਟਾ ਘਨ ਕੀ
ਗਨ ਗੋਰਨਿ ਓਰਨ ਜਜੋਂ ਬਰਖਾਵੈਂ।
ਪਾਵਕ ਹੋਤਿ ਬਰੂਦ ਭਖੇ[1],
ਤੜਿਤਾ ਸਮ ਦੀਖ ਮਹਾਂ ਚਮਕਾਵੈਂ।
ਧੂਰ ਤੇ ਪੂਰਨ ਹੋਇ ਰਹਜੋ ਪੁਰਿ,
ਤੂਰਨ ਸੂਰਨਿ ਹੂਰ ਲਿਜਾਵੈਂ ॥੩੨॥
ਚਾਵੰਡ[1] ਚੀਕਤਿ ਮਾਸ ਅਚੈਂ,
ਬਹੁ ਬਾਇਸੁ ਕੰਕ ਅਘਾਵਤਿ ਹੈਂ।

[1]ਉੱਚੀ।
[1]ਬਨ ਨੂੰ ਅੱਗ ਲੱਗਿਆਂ।
[1]ਉਸ ਦਾ ਜਵਾਈ।
[1]ਬਿਧੀਚੰਦ।
[1]ਜੰਗ ਵਿਚ ਰੰਗ ਹੀ ਰੰਗ ਫੈਲਾ ਦਿੰਦੇ ਹਨ।
[1]ਬਰੂਦ ਦੇ ਭਖਿਆਂ।
[1]ਬਿੱਲਾਂ।

ਕੂਕਰ ਜੰਬੁਕ ਕੂਕਤਿ ਹੈਂ
ਗਨ ਆਮਿਖ ਐਂਚਤਿ ਖਾਵਤਿ ਹੈਂ।
ਸ਼੍ਰੋਣਤ ਪੀਵਤਿ ਆਨੰਦ ਥੀਵਤਿ
ਜੋਗਨੀ ਨਾਚਤਿ ਗਾਵਤਿ ਹੈਂ।
ਦੁੰਦਭਿ, ਢੋਲ, ਪਟੇ ਤੁਰਰੀ ਗਨ
ਨਾਦ ਉਠਾਇ ਬਜਾਵਤਿ ਹੈਂ ॥੩੩॥
ਪੁਰਿ ਆਵਨਿ ਕੋ ਰੁਕਿ ਪੰਥ ਗਯੋ
ਬਡ ਢੇਰ ਲਗਜੋ ਮ੍ਰਿਤੁ ਘੋਰਨ ਕੋ।
ਗਨ ਸੂਰਨਿ ਤੇ ਤਨ ਬੀਚ ਪਰੇ,
ਬਹਿ ਸ਼੍ਰੋਣ ਚਲਜੋ ਦੁਹੂੰ ਓਰਨ ਕੋ।
ਜਨੁ ਗੇਰੂ ਕੇ ਸੈਲ ਸ੍ਰਵੈਂ ਬਹੁ ਥਾਨਨ[1]†,
ਹੋਤਿ ਨਦੀ ਲਘੁ ਬੋਰਨ ਕੋ[1]।
ਜਨੁ ਦੂਸਰ ਕੋਟ ਰਚਜੋ ਲਰਿਬੇ ਹਿਤ
ਓਟ ਕਰੇ ਰਿਪੁ ਮੋਰਨਿ ਕੋ ॥੩੪॥
ਭੈਰਵ[1] ਥਾਨ ਭਯੋ ਚਹੁੰ ਓਰਨ
ਆਮਿਖ ਹਾਡ ਕਿ ਸ਼੍ਰੋਣਤ ਚਾਲਾ।
ਹਾਥ ਕਟੇ, ਕਿਤ ਮੁੰਡ ਪਰਜੋ ਕਟਿ,
ਜਾਂਘ ਕਟੀ, ਗਨ ਰੁੰਡ ਕਰਾਲਾ।
ਆਇ ਸਕੈਂ ਨ ਉਲੰਘ ਕੈ ਤਾਂਹਿ
ਗਿਰੈਂ ਹਯ ਹੇਰਿ ਕਿ ਤ੍ਰਾਸ ਬਿਸਾਲਾ।
ਛੋਰਿ ਤੁਫੰਗਨਿ ਅੰਗਨ ਭੰਗਤਿ
ਰੰਗ ਸੁਰੰਗ ਬਨੈਂ ਤਤਕਾਲਾ ॥੩੫॥
ਸੂਰ ਤੁਰੰਗ ਸਰੀਰ ਪਰੇ ਮ੍ਰਿਤ,
ਸੈਲ ਮਨਿੰਦ ਪਰਜੋ ਦ੍ਰਿਸ਼ਟਾਵੈਂ।
ਮੁੰਡ ਕਟੇ ਜਨੁ ਪਾਥਰ ਕੇ ਗਨ,
ਜਾਂਘ ਭੁਜਾ ਕਟਿ ਕਾਠ ਲਖਾਵੈਂ।
ਸ਼੍ਰੋਣਤ ਤੇ ਝਰਨੇ ਸੁ ਝਰੈਂ,
ਮਿਝ ਬ੍ਰਿੰਦ ਪਰੀ ਜਨੁ ਫੇਨ[1] ਉਠਾਵੈ।
ਲਾਂਗੁਲ ਗ੍ਰੀਵਨ ਕੇਸ ਪਵੰਗਮ[1]
ਬ੍ਰਿੰਦ ਖਰੇ ਤ੍ਰਿਨ ਸੋ ਮਨ ਭਾਵੈਂ ॥੩੬॥
ਹੇਰ ਹਿਰਾਨ ਭਏ ਤੁਰਕਾਂਨ

[1]ਮਾਨੋ ਬਹੁਤੀਆਂ ਥਾਵਾਂ ਤੋਂ ਗੇਰੂ ਦਾ ਪਰਬਤ ਸਿੰਮ ਰਿਹਾ ਹੈ। †ਪਾ:-ਬਾਰਨ ਜਲ।
[1]ਡੋਬਣ ਨੂੰ।
[1]ਭਯਾਨਕ।
[1]ਝੱਗ।
[1]ਘੋੜਿਆਂ ਦੀਆਂ ਪੂਛਾਂ ਤੇ ਗਲੇ ਦੇ ਵਾਲ।

-ਕਹਾਂ ਇਨ ਕੀ ਅਬਿ ਕਯਾਮਤ[1] ਆਈ।
ਹੋਇ ਪਰੇ ਮ੍ਰਿਤੁ, ਕੌਨ ਹਤੇ ਇਹ
ਸ਼ੱਤ੍ਰੁਨ ਥੋਰਨਿ ਤੇ ਸਮੁਦਾਈ।
ਜੰਗ ਕਰਯੋ ਮਿਲ ਕਾਲ[1] ਬਿਸਾਲ,
ਲਖੀ ਇਹ ਜਾਇ, ਹਨੇ ਤਿਨ[1] ਆਈ-।
ਮੂਢ ਭਏ ਪਚਿ, ਮੌਨ ਧਰੀ ਮੁਖ,
ਸੋਚਤਿ ਹੈਂ, ਕੁਛ ਜਾਨੀ ਨ ਜਾਈ
॥੩੭॥

[1]ਪਰਲੋ।
[1]ਕਾਲ ਨੇ ਬਹਾਨੇ ਨਾਲ।
[1]ਭਾਵ ਕਾਲ ਨੇ ਮਾਰੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੰਗ ਪ੍ਰਸੰਗ' ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

## ੨੫. [ਜੰਗ-ਜਾਰੀ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਅਧਿਕ ਗਈ ਮਰਿ ਸੈਨ ਜਬਿ, ਰਹੀ ਅਲਪ ਸੀ ਆਇ।
ਕਰਿਬੇ ਹੇਲ ਸਮ੍ਰੱਥ ਨਹਿਂ, ਭੇ ਘਾਇਲ ਸਮੁਦਾਇ ॥੧॥

ਰਸਾਵਲ ਛੰਦ:

ਰਹੇ ਦੂਰ ਠਾਂਢੇ। ਮਹਾਂ ਚਿੰਤ ਬਾਢੇ।
ਨਹੀਂ ਨੇਰ ਆਵੈਂ। ਖਰੇ ਦੂਰ ਥਾਵੈਂ ॥੨॥
ਤਬੈ ਖਾਨ ਕਾਲੇ। ਬਿਚਾਰਜੋ ਬਿਸਾਲੇ।
-ਰਹੀ ਸੈਨ ਥੋਰੀ। ਥਿਰੀ ਚਾਰ ਓਰੀ ॥੩॥
ਨਹੀਂ ਜੰਗ ਠਾਨੈਂ। ਰਿਦੈ ਤ੍ਰਾਸ ਮਾਨੈਂ।
ਕਰੈ ਕ੍ਵੈ ਨ ਹੇਲਾ[†]। ਭਯੋ ਜਾਨ ਮੇਲਾ[1] ॥੪॥

[1]ਮਾਨੋਂ ਮੇਲਾ ਲਗਾ ਹੋਇਆ ਹੈ। (ਮੇਲੇ ਵਿਚ ਲੋਕੀ ਨਿਰ ਸਾਹਸ ਵਿਹਲੇ ਖੜੇ ਹੁੰਦੇ ਹਨ ਕਿਵੇਂ ਏਹ ਖੜੇ ਹਨ) (ਅ) ਭਾਵ (ਸਭ ਨੂੰ) ਜਿੰਦਾਂ ਦੀ ਪੈ ਰਹੀ ਹੈ। [†]ਪਾ:-ਕਰੇ ਹ੍ਵੈ ਨ ਹੇਲਾ।

ਨਹੀਂ ਓਜ ਧਾਰੈਂ। ਨ ਆਗੈ ਪਧਾਰੈਂ[†]।
ਚਮੂੰ ਲਜੋਂ ਬਟੋਰੀ[1]। ਲਰੇਂ ਏਕ ਓਰੀ ॥੫॥

[†]ਪਾ:-ਮਤੋ ਯੌਂ ਬਿਚਾਰੇ।
[1]ਇਕੱਠੀ ਕਰ ਲਵਾਂ।

ਕਰੌਂ ਜੋਰ ਸਾਰੋ। ਅਰੈ, ਤਾਂਹਿ ਮਾਰੌਂ।
ਚਲੈ ਸ਼ੱਤ੍ਰ ਸੌਹੈਂ। ਰਿਸੇ ਬੰਦ ਭੌਹੈਂ ॥੬॥
ਗੁਰੂ ਕੋ ਪਲਾਵੈਂ। ਅਰੈ ਤੇ ਗਹਾਵੈਂ।
ਬੰਗਾਰੈਂ ਸੁ ਪੈਂਦਾ[1]। ਨਹੀਂ ਤ੍ਰਾਸ ਕੈਂਦਾ ॥੭॥

[1]ਪੈਂਦੇ ਖਾਂ ਨੂੰ ਵੰਗਾਰਾਂ (ਅ) ਪੈਂਦਾ (ਗੁਰੂ ਜੀ ਨੂੰ) ਵੰਗਾਰੇ।

ਬਿਲੋਕੈਂ ਤਮਾਸ਼ਾ। ਲਰੈਂ ਮੋਹਿ ਪਾਸਾ-।
ਰਿਦੈ ਏਵ ਧਾਰੀ। ਚਮੂੰ ਸੋ ਹਕਾਰੀ ॥੮॥
ਕਹਜੋ ਜਾਇ ਸਾਰੇ। 'ਸਭੈ ਹੀ ਹਕਾਰੇ।
ਕਹੇ ਬਾਕ ਕਾਲੇ। ਮਿਲੌ ਆਨਿ ਜਾਲੇ[1]' ॥੯॥

[1]ਸਾਰੇ।

ਦੋਹਰਾ:

ਸੁਨਿ ਸੁਨਿ ਕੈ ਬਚ ਸ਼੍ਰੌਨ ਮਹਿਂ[†], ਸਨੈ ਸਨੈ

[†]ਪਾ:-ਸੁਨਿ ਸੁਨਿ ਸੁਰਨ ਸ਼੍ਰੋਨ ਸਭਿ।

ਸਮੁਦਾਇ।
ਗਮਨੇ ਕਾਲੇਖਾਂ ਨਿਕਟਿ, ਹਤਹਿਂ ਤੁਪਕ ਪਿਛਵਾਇ ॥੧੦॥

ਪਾਧੜੀ ਛੰਦ:

ਅਸਮਾਨ ਖਾਨ ਪਹੁੰਚਯੋ ਸੁ ਧਾਇ।
ਜੋ ਬਚੀ ਬਾਹਨੀ ਸੰਗ ਲਾਇ[1]। [1]ਲੈ ਕੇ।
ਦੁੰਦਭਿ ਬਜੰਤਿ ਹਾਰੇ ਤੁਰੰਗ।
ਕੋ ਭਿਗੇ ਅੰਗ ਸ਼੍ਰੋਣਤ ਸੁ ਰੰਗ ॥੧੧॥
ਉਤਸਾਹ ਹੀਨ, ਜੈ[1] ਤੇ ਨਿਰਾਸ। [1]ਫਤੇ।
ਮੁਖ ਮਲਿਨ ਬੀਰ, ਉਰ ਭੂਰ ਤ੍ਰਾਸ।
ਸੁਨਿ ਕੁਤਬਖਾਨ ਦਿਸ਼ਿ ਅਪਨਿ ਛੋਰ।
ਚਲਿ ਫਿਰਜੋ, ਥਿਰੇ ਸਭਿ ਜਾਂਹਿ ਓਰ[1] ॥੧੨॥ [1]ਖੜੇ ਸੀ ਸਾਰੇ ਜਿਸ ਪਾਸੇ।
ਜੇ ਬਚੇ ਲਰਤਿ ਸਭਿ ਲੀਨਿ ਸੰਗ।
ਦੁੰਦਭਿ ਬਜਾਇ ਨਾਦਤਿ[†] ਉਤੰਗ। [†]ਪਾ:-ਨਚਿਤ।
ਜਿਮ ਗਿਰ ਬਿਸਾਲ ਹੜ੍ਹ ਰੋਕਿ ਲੀਨਿ।
ਟੱਕਰ ਸੁ ਖਾਇ ਹਟਿਬੋ ਸੁ ਕੀਨਿ ॥੧੩॥
ਤਿਮ ਜਾਤਿ ਸੈਨ ਬਡ ਘਾਇ ਖਾਇ।
ਸੁਨ ਪੈਂਦਖਾਨ ਬੀਰਨਿ ਬੁਲਾਇਂ।
ਨਿਜ ਦਿਸ਼ਾ ਛੋਰਿ ਗਮਨਜੋ ਸੁ ਬੀਰ।
ਉਮਰਾਵ ਜੁ ਕਾਲੇਖਾਨ ਤੀਰ ॥੧੪॥
ਜਿਮ ਚਹੁੰ ਓਰ ਤੇ ਸਿਮਟਿ ਨੀਰ[1]। [1]ਇਕੱਠਾ ਹੋਇਆ ਪਾਣੀ।
ਇਕ ਥਾਨ ਹੋਤਿ ਸਰੁਵਰੁ ਗਹੀਰ[1]। [1]ਡੂੰਘੇ ਤਲਾਉ ਵਿਚ।
ਤਿਮ ਭਈ ਸੈਨ ਇਕਠੀ ਬਿਸਾਲ।
ਮਸਲਤਿ ਕਰੰਤਿ ਮਿਲਿ ਬੀਰ ਜਾਲ ॥੧੫॥
'ਜਿਮ ਭਏ ਪ੍ਰਥਮ ਰਣ, ਹਾਰ ਪਾਇ।
ਤਿਸ ਰੀਤਿ ਹੋਇ, ਜਾਨੀ ਸੁ ਜਾਇ।
ਅਬਿ ਲਰਹੁ ਏਕ ਥਲ ਜ਼ੋਰ ਘਾਲ।
ਤਜਿ ਚਹੁੰ ਓਰ ਘੇਰਾ ਕਰਾਲ ॥੧੬॥
ਗੁਰ ਪਕਰ ਲੇਹੁ ਸਭਿ ਕਾਜ ਸਿੱਧ।

ਜਿਸ ਤੇ ਸੁ ਕਰਹਿ ਸੁਨ ਸ਼ਾਹੁ ਬ੍ਰਿੱਧ[1]।
ਅਬਿ ਪੈਂਦੇਖਾਨ ! ਸਵਧਾਨ ਹੋਇ।
ਤੁਮ ਕਰਹੁ ਕਾਜ ਕਹਿ ਪ੍ਰਥਮ ਜੋਇ ॥੧੭॥
ਸਿਰੁਪਾਉ ਦੇਹਿ ਹਜ਼ਰਤ ਬਿਸਾਲ।
ਬਡ ਬਨਹਿ ਜੀਵਕਾ ਲਿਹੁ ਸੰਭਾਲਿ।
ਨਤੁ ਮਰਨ ਨੀਕ ਮਨ ਲੇਹੁ ਜਾਨ।'
ਸੁਨਿ ਕਾਨ ਬਾਕ, ਕਹਿ ਕੁਤਬਖਾਨ ॥੧੮॥
'ਇਮ ਕਰਨਿ ਉਚਿਤ ਇਸ ਥਲ ਸੰਭਾਰ[1]।
ਗਹਿ ਲੇਹੁ ਗੁਰੂ ਅਬਿ ਬਿਨ ਅਵਾਰ।
ਦੁਹੁੰ ਦਿਸ਼ਿਨਿ ਸੈਨ ਜੁੱਝੈਂ ਜੁਝਾਰ।
ਇਮ ਲਰਨ ਬਿਖੈ ਨਹਿਂ ਪਾਇਂ ਹਾਰ ॥੧੯॥
ਕਹਿਂ ਲਾਗਿ ਲਰਹੁ, ਸਭਿ ਘਾਤ ਹੋਇ।
ਸਭਿ ਬਾਦ ਜਾਹਿ[1], ਪਕਰਹੁ ਨ ਕੋਇ।
ਸੁਨਿ ਪੈਂਦਖਾਨ ਬੋਲਯੋ ਗ਼ਰੂਰ।
'ਮੈਂ ਰਹ੍ਯੋ ਪਿਖਤਿ ਗੁਰ ਰਹਹਿ ਦੂਰ ॥੨੦॥
ਅਬਿ ਜ਼ੋਰ† ਪਾਇ ਪਹੁੰਚੌਂ ਨਜ਼ੀਕ।
ਤੁਮ ਦਿਖਹੁ ਖਰੇ ਗਹਿ ਲੇਹੁਂ ਠੀਕ।
ਨਿਜ ਸੈਨ ਬਿਖੈ ਆਨਹੁਂ ਉਠਾਇ।
ਭਟ ਅਪਰ ਜਿ ਪਹੁੰਚਹਿਂ ਨਿਕਟਿ ਧਾਇ ॥੨੧॥
ਤਿਨ ਲੇਹੁ ਰੋਕਿ ਤੁਮ ਹੇਲ ਘਾਲ।
ਤਬਿ ਤੁਰਤ ਸਿੱਧ ਕਾਰਜ ਬਿਸਾਲ।'
ਅਸਮਾਨਖਾਨ ਸੁਨਿ ਕਰਿ ਬਖਾਨ।
'ਮੈਂ ਹਨੌਂ ਬਾਨ ਤਕਿ ਤਾਨ ਤਾਨ ॥੨੨॥
ਨਹਿਂ ਕਰਹੁ ਬਿਲਮ ਗੁਰ ਮਾਨ ਹਾਰ[1]।
ਨਹਿਂ ਲਰ੍ਯੋ ਦੂਰ ਐ ਕੈ ਜੁਝਾਰ[1]।'
ਇਮ ਕਰ੍ਯੋ ਮੰਤ੍ਰ ਮਿਲਿ ਮੂਢ ਖਾਨ।

[1]ਸ਼ਾਹੁ ਵੱਡਾ ਕਰ ਦੇਵੇ ਭਾਵ ਉੱਚਾ ਰੁਤਬਾ ਦੇ ਦੇਵੇ।

[1]ਏਥੇ ਸੰਭਾਲਕੇ (ਕੰਮ) ਕਰਨਾ ਠੀਕ ਹੈ। (ਅ) (ਮੌਕਾ) ਸੰਭਾਲੋ।

[1]ਬਿਅਰਥ ਜਾਣਗੇ (ਜਤਨ)।

†ਪਾ:-ਨੇਰ।

[1]ਗੁਰੂ ਹਾਰ ਮੰਨ ਜਾਏਗਾ।

[1]ਗੁਰੂ) ਸੂਰਮਾਂ ਦੂਰ ਰਿਹਾ ਹੈ ਆ ਕੇ ਲੜਿਆ ਨਹੀਂ।

ਪ੍ਰੇਰੰਤਿ ਕਾਲ, ਢਿਗ ਮ੍ਰਿੱਤੁ ਜਾਨਿ ॥੨੩॥
ਇਕਠੇ ਸਮੂਹ ਦੁੰਦਭਿ ਬਜਾਇ।
ਘੇਰਾ ਜੁ ਕੀਨਿ ਤਜਾਗਜੋ ਤਦਾਇ।
ਇਤਿ ਸ਼੍ਰੀ ਗੁਰਦਿੱਤਾ ਧਨੁ ਸੰਭਾਰਿ।
ਤਜਾਗੰਤਿ ਤੀਰ ਰਿਪੁ ਮਾਰਿ ਮਾਰਿ ॥੨੪॥
ਜਿਤ ਪਰਹਿ ਜਾਇ ਘਮਸਾਨ ਮੇਲਿ।
ਗੇਰਤਿ ਤੁਰੰਗ ਹਤਿ ਸੁਭਟ ਗੇਲਿ[1]।
ਸਰ ਹੋਹਿਂ ਪਾਰ ਬਲ ਧਾਰਿ ਮਾਰਿ।
ਤੁਰਕਾਨਿ ਬ੍ਰਿੰਦ ਇਮ ਡਾਰਿ ਡਾਰਿ ॥੨੫॥
ਹਯ ਕੋ ਕੁਦਾਇ ਚਹੁ ਗਿਰਦ ਫੇਰ।
ਪੁਰਿ ਰੱਛ ਕੀਨਿ ਸਭਿ ਹੇਰਿ ਹੇਰਿ।
ਜਹਿਂ ਤੁਰਕ ਜ਼ੋਰ ਘਾਲੰਤਿ ਆਇ।
ਸੁਨਿ ਸ਼ੋਰ ਜਾਤਿ ਉਤਲੰਤਿ ਧਾਇ ॥੨੬॥
ਜਬਿ ਪਿਖਹਿਂ ਬੀਰ, ਗੁਰ ਪੁੱਤ ਆਇ।
ਵਧਿ ਅਧਿਕ ਹਤਹਿਂ ਲਖਿ ਕਰਿ ਸਹਾਇ।
ਤੁਰਕਨਿ ਪਲਾਇ ਮਾਰੰਤਿ ਪਾਛ।
ਕਰਿ ਤ੍ਰਾਸ ਬਹੁਰ ਨਹਿਂ ਜੰਗ ਬਾਂਛ ॥੨੭॥
ਕੇਤਿਕ ਨਿਖੰਗ ਛੂਛੇ ਕਰੰਤਿ।
ਸਰ ਖਰ ਮੰਗਾਇ ਪੁਨ ਲੇ ਭਰੰਤਿ।
ਨਹਿਂ ਨਿਫਲ ਤੀਰ ਤਜਾਗੰਤਿ ਕੋਇ।
ਹਯ ਭਟਨਿ ਅੰਗ ਲਗਿ ਪਰਤਿ ਸੋਇ ॥੨੮॥
ਪੁਨ ਸੂਰਜ ਮਲ ਧਨੁ ਕੋ ਸੰਭਾਰਿ।
ਕਰਿ ਚੌਂਪ ਸੁ ਛੋਰਤਿ ਸਰ ਪ੍ਰਹਾਰ।
ਸ਼੍ਰੀ ਤੇਗ ਬਹਾਦੁਰ ਫਿਰਤਿ ਮਾਂਹਿ[1]।
ਬਰਜੰਤਿ ਬਹੁਤ, ਘਰ ਹਟਤਿ ਨਾਂਹਿ ॥੨੯॥

[1]ਡੇਗਦਾ ਹੈ ਮਾਰਕੇ ਸੂਰਮੇ ਤੇ ਘੋੜਿਆਂ ਨੂੰ ਗੋਲੀ (ਵਾਂਙੂ)।

[1](ਜੰਗ) ਵਿਚ।

ਨਿਜ ਨਿਜ ਤੁਰੰਗ ਫਿਰਤੇ ਧਵਾਇ।
ਪੁਰਿ ਮਹਿਂ ਸਹਾਇ ਇਤ ਉਤਹਿ ਜਾਇ।
ਸੂਰਨਿ ਦਲੇਰ ਕਰਤੇ ਬਡੇਰ।
ਕਹਿ ਤੁਪਕ ਚਲਾਵਹਿਂ ਦੇਤਿ ਗੇਰਿ ॥ ੩੦ ॥
ਗੁਰ ਮਹਿਲ ਅਟਾਰੀ ਜਹਿਂ ਉਤੰਗ।
ਤਹਿਂ ਚਢੀ ਨਾਨਕੀ ਪਿਖਹਿ ਜੰਗ।
ਨਿਜ ਨੁਖਾ ਸਹਿਤ ਸੁਨਿ ਅਧਿਕ ਰੌਰ।
ਨਰ ਮ੍ਰਿਤਕ ਹਯਨਿ ਲਖਿ ਠੌਰ ਠੌਰ ॥ ੩੧ ॥
ਚਢਿ ਕਰਿ ਮਰਵਾਹੀ ਊਚ ਥਾਨ।
ਤੁਰਕਾਨਿ ਸੈਨ ਦੇਖਤਿ ਮਹਾਨ।
ਪਰਵਾਰ ਗੁਰਨਿ ਚਢਿ ਚਢਿ ਨਿਹਾਰ।
ਕੜਕਾਰ ਤੁਫੰਗਨਿ ਬਾਰ ਬਾਰ ॥ ੩੨ ॥
ਗੁਰ ਦਿਸ਼ਾ ਦਿਖਹਿਂ ਜਹਿਂ ਕਰਤਿ ਜੰਗ।
'ਗੁਰੂ ਨਾਨਕ ਬਨਹਿਂ ਸਹਾਇ ਅੰਗ।'
ਸਿਮਰੰਤਿ ਨਾਮ ਡਰ ਧਾਰਿ ਧਾਰਿ।
ਤੁਰਕਾਨਿ ਫੌਜ ਬਹੁਤੀ ਨਿਹਾਰਿ ॥ ੩੩ ॥
ਪੱਤ੍ਰਨਿ ਸਨੇਹ ਉਰ ਅਧਿਕ ਆਇ।
ਚਿਤ ਚਹਿਂ ਹਟਾਇਬੇ ਨਰ ਪਠਾਇ†।

†ਕਾਵ੍ਯ ਦੇ ਨੁਕਤੇ ਤੋਂ ਇਸਤ੍ਰੀ ਦੇ ਮਨ ਦੀ ਦਵਤਾ ਤੇ ਪੁੱਤ੍ਰ ਸਨੇਹ ਦਰਸਾਇਆ ਹੈ, ਤੇ ਇਹ ਤਸਵੀਰ ਦੀ ਭੂਮੀ (Back ground) ਵਾਂਙੂ ਦਿਖਾਕੇ ਗੁਰੂ ਕੇ ਸਪੁੱਤ੍ਰਾਂ ਦੀ ਨਿਰਭੈਤਾ ਤੇ ਸੂਰਬੀਤਾ ਦਰਸਾਈ ਹੈ। ਪਰ ਅਟਾਰੀ ਚੜ੍ਹਕੇ ਜੁੱਧ ਵੇਖਣਾ ਮਾਤਾਵਾਂ ਦੇ ਅੰਦਰ ਬੀਰ ਰਸ ਦਾ ਸੂਚਕ ਹੈ।

ਮਾਨਹਿਂ ਨ ਸੋਇ ਨਹਿਂ ਮੁਰਤਿ ਬੀਰ।
'ਹਮ ਸ਼ਸਤ੍ਰ ਧਰਤਿ ਛੱਤ੍ਰੀ ਸਧੀਰ ॥ ੩੪ ॥
ਰਣ ਤਜਾਗਿ ਦੇਨਿ ਇਹੁ ਧਰਮ ਨਾਂਹਿ।
ਗਨ ਰਿਪੁਨਿ ਹਨਹਿਂ ਹਮ ਜੰਗ ਮਾਂਹਿ।
ਗੁਰ ਪਿਤਾ ਜਥਾ ਹੱਥਯਾਰ ਧਾਰਿ।
ਤੁਰਕਾਨਿ ਸੈਨ ਅਨਗਨ ਸੰਘਾਰਿ ॥ ੩੫ ॥
ਹਮ ਹਤਹਿਂ ਤਥਾ, ਨਹਿਂ ਹਟਹਿਂ ਜੰਗ।'
ਇਮ ਭਾਖਿ ਪ੍ਰਹਾਰਤਿ ਸਰ[1] ਨਿਸ਼ੰਗ।

[1]ਤੀਰ।

ਜਬਿ ਲਖੇ ਤੁਰਕ ਸਮੁਦਾਇ ਧਾਇ।
ਇਕ ਥਲ ਸੁ ਭਏ ਸਭਿ ਸਿਮਟਿ ਆਇ[1] ॥੩੬॥
ਸਤਿਗੁਰ ਸਮੇਤ ਬਿਧੀਆ ਸੁ ਧੀਰ।
ਅਰੁ ਬਿੱਪ੍ਰ ਮਲਕ ਜਾਤੀ ਸੁ ਬੀਰ।
ਇੱਤ੍ਯਾਦਿ ਸੁਭਟ ਸਮੁਦਾਇ ਆਇ।
ਸਿਤ ਬਸਤ੍ਰ ਛੀਟ ਸ਼੍ਰੋਣਤ ਲਗਾਇ ॥੩੭॥
ਰਿਪੁ ਸਮੁਖ ਬਾਂਧਿ ਕਰਿ ਟੋਲ ਬ੍ਰਿੰਦ।
ਹੁਇ ਖਰੇ ਗੁਰੂ ਸ਼੍ਰੀ ਹਰਿਗੁਬਿੰਦ।
ਤੀਰਨ ਮੰਗਾਇ ਭਰਿ ਕਰਿ ਨਿਖੰਗ।
ਜਨੁ ਗਨ ਬਟੋਰ ਪ੍ਰਵਿਸ਼ੇ ਭੁਜੰਗ[1] ॥੩੮॥
ਗੁਲਕਾਨਿ ਬਹੁਤ ਬਾਰੂਦ ਦੀਨਿ।
ਮਨ ਭਾਇ ਜਿਤੀ ਸੁਭਟਾਨਿ ਲੀਨਿ।
ਜਲਪਾਨ ਕੀਨਿ ਸਵਧਾਨ ਹੋਇ।
ਤੁਰਕਾਨਿ ਅੱਗ੍ਰ ਰਣ ਮੈਂ ਖਲੋਇ ॥੩੯॥
ਦੁਹਿਂ ਦਿਸ਼ਨਿ ਸੂਰ ਗਨ ਦੂਰ ਦੂਰ।
ਦੁੰਦਭਿ ਬਜੰਤਿ ਧੁਨਿ ਊਚ ਭੂਰ।
ਹ੍ਵੈ ਕੈ ਸੁਚੇਤ ਪੁਨ ਲਰਨ ਚਾਹਿ।
ਸਰਦਾਰ ਪਹੁੰਚਿਬੇ ਹਿਤ ਉਮਾਹਿ ॥੪੦॥

ਦੋਹਰਾ:
ਇਸ ਪ੍ਰਕਾਰ ਥਿਰ ਬਾਂਧਿ ਕੈ[1], ਦੁਹਿ ਦਿਸ਼ਿ ਤੇ ਸਵਧਾਨ।
ਲਰਨ ਮਰਨ ਅਰਿ ਸੋਂ ਅਰਨ, ਛੁਟਹਿਂ ਤੁਫੰਗ ਮਹਾਨ ॥੪੧॥
ਚਢ੍ਯੋ ਜਾਮ ਦਿਨ ਲਰਤਿ ਤਬਿ, ਤੁਰਕ ਸ਼੍ਰਮਤਿ ਬਹੁ ਹੋਇ।
ਬਿਤੇ ਸਵਾ ਦੋ ਪਹਿਰ ਜਿਨ, ਕਰਤੇ ਜੰਗ ਖਰੋਇ ॥੪੨॥
ਸਵਾ ਜਾਮ ਨਿਸ ਰਹੇ ਤੇ, ਪਰ੍ਯੋ ਜੰਗ ਘਮਸਾਨ।

[1]ਇਕੱਠੇ ਹੋ ਗਏ।
[1]ਸੱਪ।
[1]ਪਰ੍ਹੇ ਬੰਨ੍ਹ ਕੇ।

ਦਿਵਸ ਜਾਮ ਇਕ ਚਢੇ ਲਗਿ, ਤੁਰਕਨਿ
ਕੀ ਗਨ ਹਾਨਿ[1] ॥੪੩॥
ਪੰਥ ਚਲਤਿ ਕਛੁ ਸ਼੍ਰਮਤਿ ਭੇ, ਬਹੁਰੋ ਜੰਗ
ਬਿਸਾਲ।
ਪੁਨ ਸਤਿਗੁਰ ਸਮਰੱਥ ਬਡ, ਨਾਸ ਕੀਨਿ
ਰਿਪੁ ਜਾਲ ॥੪੪॥

[1]ਬਹੁਤ ਨੁਕਸਾਨ ਹੋਇਆ ਤੁਰਕਾਂ ਦਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੰਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਭਾਈ ਲੱਖੂ ਬੁੱਧ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਪਰੇ ਬੰਧਿ[1] ਦਲ ਦੋ ਖਰੇ, ਛੁਟੈਂ ਤੁਫੰਗ ਰੁ ਤੀਰ।
ਜੋਧਾ ਵਧਹਿਂ ਪ੍ਰਹਾਰ ਕਰਿ, ਪੁਨ ਨਿਜ ਥਿਰ[1] ਹ੍ਵੈਂ ਤੀਰ ॥੧॥

[1]ਪਰ੍ਹੇ ਬੰਨ੍ਹ ਕੇ, ਭਾਵ ਟੋਲੇ ਬੰਨ੍ਹ ਕੇ।

[1]ਪਰ੍ਹਾ, ਮਿਸਲ।

ਪਾਧੜੀ ਛੰਦ:

ਤਬਿ ਕੁਤਬ ਖਾਨ ਪ੍ਰੇਰਜੋ ਤੁਰੰਗ।
ਗਹਿ ਧਨੁਖ ਐਂਚਿ ਬਡ ਓਜ ਸੰਗ।
ਖਰ ਸਰ ਨਿਕਾਰਿ ਗੁਨ ਮਹਿਂ ਅਰੋਪਿ[1]।
ਸਭਿ ਕੌ ਦਿਖਾਇ ਰਣ ਕੀਨਿ ਚੌਂਪ ॥੨॥

[1]ਚਿੱਲੇ ਵਿਚ ਸੰਧਕੇ।

ਤਕਿ ਤਾਨ ਕਾਨ ਲਗਿ ਬਾਨ ਛੋਰਿ।
ਬੇਧਿਤਿ ਸੁ ਬੇਗ ਭਟ ਗੁਰਨਿ ਓਰ[1]।
ਬਜਿਯੰਤਿ ਰਾਗ ਮਾਰੂ ਨਿਸ਼ਾਨ।
ਦਿਖਯੰਤਿ ਬੀਰ ਜੁਝਤਿ ਮਹਾਨ ॥੩॥

[1]ਗੁਰੂ ਜੀ ਵਲ ਦੇ ਸੂਰਮਿਆਂ ਨੂੰ।

ਬਿਚ ਬਾਹਿਨੀ ਸੁ ਗੁਰ ਸਥਿਤ ਹੋਇ।
ਅਵਿਲੋਕ ਜੰਗ ਜਿਮ ਲਰਤਿ ਦੋਇ।
ਦੁਹਿ ਦਿਸ਼ਨਿ ਦੀਹ ਦੁੰਦਭਿ ਬਜੰਤਿ।
ਉਤ ਖਾਨ ਸੁ ਕਾਲਾ ਰਨ ਦਿਖੰਤਿ ॥੪॥
ਗੁਰ ਸੁਭਟ ਬਲੀ ਲੱਖੂ ਸੁ ਨਾਮ।
ਹਯ ਕੋ ਫੰਦਾਇ ਕਰਿ ਜੰਗ ਧਾਮ।
ਪਹੁੰਚਜੋ ਸਮੀਪ ਜਹਿਂ ਕੁਤਬਖਾਨ।
ਭਰਿ ਬਾਨ ਪ੍ਰਹਾਰਹਿ ਤਾਨ ਤਾਨ[1] ॥੫॥

[1]ਕੱਸ ਕੱਸ ਕੇ।

ਤਿਹ ਨਿਕਟਿ ਔਰ ਉਮਰਾਵ ਬੀਰ।
ਹੁਇ ਅੱਗ੍ਰ ਚਾਂਪ ਐਂਚਤਿ ਸਧੀਰ।
ਗੁਰੁ ਸੁਭਟ ਵਧਹਿਂ ਜਬਿ ਸਮੁਖ ਆਇ।
ਤਕਿ ਤਾਨ ਬਾਨ ਕੋ ਕਰਤਿ ਘਾਇ ॥੬॥
ਤਨ ਦਿਪਹਿ ਬਿਭੂਖਨ ਹੇਮ ਜਾਂਹਿ।
ਜਰ ਜਬਰ ਜਵਾਹਰਿ ਜ਼ੇਬ ਮਾਂਹਿ।
ਤਿਸ ਕੇ ਸਮੀਪ ਲੱਖੂ ਸਿਧਾਇ।

ਖਰ ਸਰ ਨਿਕਾਰਿ ਮਨ ਮੈਂ ਰਿਸਾਇ ॥੭॥
ਭਰਿ ਬਾਨ ਕਾਨ ਲਗਿ ਤਾਨਿ ਭੂਰ।
ਤਜਾਗਜੋ ਸਬੇਗ ਰਿਪੁ ਪੈ ਗ਼ਰੂਰ।
ਲਗਿ ਰਿਦਾ ਫੋਰ ਪਰਿ ਪਾਰਿ ਜਾਇ।
ਉਥਲਾਇ ਦੀਨਿ ਹਯ ਤੇ ਗਿਰਾਇ ॥੮॥
ਉਮਰਾਵ ਸਕਲ ਤਬਿ ਦੇਖਿ ਤਾਂਹਿ।
ਲਲਕਾਰ ਬੰਗਾਰਜੋ ਜੰਗ ਮਾਂਹਿ।
ਪਿਖਿ ਕੁਤਬਖਾਨ, ਸਨਬੰਧਿ ਜਾਂਹਿ।
ਢਿਗ ਹੁਤੋ, ਕ੍ਰੋਧ ਕਿਯ ਅਲਪ ਨਾਂਹਿ ॥੯॥
ਲੱਖੁ ਸਮੀਪ ਪ੍ਰੇਰਜੋ ਤੁਰੰਗ।
'ਕਿਤ ਚਲਜੋ ਮਾਰਿ? ਥਿਰ ਹੋਇ ਜੰਗ।
ਪਲਟਾ ਸੁ ਦੇਹ, ਲੈ ਕੇ ਨ ਜਾਇ।'
ਤਬਿ ਤੀਰ ਪ੍ਰਹਾਰਜੋ ਹਯਿ ਮਾਂਹਿ ॥੧੦॥
ਲਗਿ ਬਾਮ ਕੰਧ ਮੈਂ ਦਿਖਤਿ ਪਾਰ।
ਤਨ ਘਾਇ ਖਾਇ ਹ੍ਵੈ ਕੈ ਸੁਮਾਰ[1]। [1]ਜ਼ਖਮੀ ਹੋਕੇ ਬੀ।
ਰਿਸ ਖੜਗ ਨਿਕਾਸਜੋ ਦੁਹਨਿ ਹਾਥ।
ਪ੍ਰੇਰਜੋ ਤੁਰੰਗ ਬਡ ਬੇਗ ਸਾਥ ॥੧੧॥
ਤਬਿ ਕੁਤਬ ਖ਼ਾਨ ਰਹਿ ਗੋ ਸੁ ਦੂਰ।
ਬਿਚ ਪਰਜੋ ਆਇ ਭਟ ਇਕ ਸਊਰ।
ਲਿਯ ਰੋਕਿ ਅੱਗ੍ਰ ਭਾ ਸਮੁਖ ਬੀਰ।
ਨਹਿੰ ਦਿਯੋ ਜਾਨਿ, ਤਬਿ ਕੁਤਬ ਤੀਰ[1] ॥੧੨॥ [1]ਨੇੜੇ।
ਅਤਿ ਹੁਤੋ ਕ੍ਰੋਧ ਦਿਯ ਨਹਿੰ ਸੰਭਾਰ[1]। [1]ਸੰਭਾਲ ਨਾ ਹੋਣ ਦਿੱਤੀ।
ਸੋ ਖੜਗ ਤਾਂਹਿ ਪਰ ਤਮਰ ਝਾਰਿ[1]। [1]ਗੁੱਸੇ ਨਾਲ ਝਾੜੀ।
ਕਟਿ ਮੁੰਡ ਗ੍ਰੀਵ ਤੇ ਆਇ ਭੂਮ।
ਪੁਨ ਗਿਰਜੋ ਤੁਰੰਗ ਤੇ ਰੁੰਡ ਝੂਮਿ ॥੧੩॥
ਜਹਿਂ ਕੁਤਬ ਹੁਤੋ ਤਿਤ ਕੋ ਸਿਧਾਇ।
ਤਿਹ ਚਹਤਿ ਹਤਨ ਭੌਂਹਨਿ ਚਢਾਇ।
ਸਭਿ ਸੈਨ ਬਿਲੋਕਤਿ, ਦੋਇ ਮਾਰ[1]। [1]ਇਸ ਨੇ) ਦੋ ਮਾਰੇ ਹਨ।

ਆਵਤਿ ਸੁ ਬੇਗ ਕੁਤਬਾ ਨਿਹਾਰਿ
॥੧੪॥
ਜਿਹ ਖੜਗ ਹਾਥ ਦਾਰੁਨ[1] ਬਿਸਾਲ। [1]ਭਯਾਨਕ।
ਸਭਿ ਰਹ੍ਯੋ ਭੀਜ ਬਹੁ ਸ਼੍ਰੋਣ ਨਾਲ।
ਮੋਢੇ ਖਤੰਗ ਬੀਧ੍ਯੋ ਦਿਖੰਤਿ।
ਨਹਿਂ ਟਰਤਿ ਬੀਰ ਸਨਮੁਖ ਅਵੰਤਿ
॥੧੫॥
ਪੁਨ ਐਂਚਿ ਬਾਨ ਖਰ ਕੁਤਬਖਾਨ।
ਧਨੁ ਤਾਨ ਕਾਨ ਲਗਿ ਹੋਤਿ ਹਾਨ[1]। [1]ਛੱਡਣ ਲੱਗਾ।
ਛੁਟਿ ਲਗ੍ਯੋ ਜਾਇ ਹਯ ਕੇ ਬਿਸਾਲ।
ਗਿਰ ਪਰ੍ਯੋ ਤਬਹਿ ਨਹਿਂ ਅੱਗ੍ਰ ਚਾਲਿ
॥੧੬॥
ਲੱਖੁ ਸੁ ਬੀਰ ਉਤਰ੍ਯੋ ਤੁਰੰਤ।
ਕਹਿ 'ਰਹੋ ਠਾਂਢ ਤੋ ਕੌ ਹਨੰਤਿ।'
ਪਗ ਸੰਗ ਬੇਗ ਕਰਿ ਸਮੁਖ ਜਾਇ।
ਪੁਨ ਬ੍ਰਿੰਦ ਤੁਰਕ ਘੇਰ੍ਯੋ ਸੁ ਆਇ
॥੧੭॥
ਕੋ ਹਤਹਿ ਤੁਪਕ, ਕੋ ਬਾਨ ਮਾਰਿ।
ਸਭਿ ਤੇ ਬਚਾਇ ਮਾਰੰਤਿ ਛਾਰ[1]। [1]ਛਾਲ ਮਾਰਦਾ ਹੈ।
ਕੇਤਿਕ ਤੁਰੰਗ ਕੇ ਬਦਨ ਕਾਟਿ।
ਇਤਿ ਉਤ ਫਿਰੰਤਿ ਕਿਹ ਭਟਨਿ ਡਾਟਿ
॥੧੮॥
ਚਿਤ ਚਹਤਿ, ਕੁਤਬ ਕੇ ਪਾਸ ਜਾਨਿ।
ਬਹੁ ਪਹੁੰਚਿ ਬੀਰ, ਰੋਕ੍ਯੋ ਮਹਾਨ।
ਬਚ ਆਪ, ਖੜਗ ਕੇ ਘਾਇ ਘਾਲ।
ਹਤਿ, ਕਰੇ ਤੁਰਕ ਕੇਤਿਕ ਬਿਹਾਲ
॥੧੯॥
ਉਮਰਾਵ ਕਹਤਿ 'ਇਕ ਬੀਰ ਏਹੁ।
ਕ੍ਯੋਂ ਡਰਤਿ ਜਾਤਿ, ਸੰਘਾਰ ਲੇਹੁ।'
ਤਬਿ ਕੁਤਬਖਾਨ ਰਿਸ ਕੈ ਬਿਸਾਲ।
ਪ੍ਰੇਰ੍ਯੋ ਤੁਰੰਗ ਸਰ ਕੋ ਨਿਕਾਲਿ ॥੨੦॥
ਤਕਿ ਭਾਲ, ਘਾਵ ਕੋ ਘਾਲਿ ਦੀਨ[1]। [1]ਜ਼ਖਮ ਕਰ ਦਿੱਤਾ ਹੈ।

ਬਿਧ ਗਜੋ ਤੁਰਤ, ਛਿਨ ਗਿਰਨ ਕੀਨਿ।
ਢਿਗ ਢੁਕਿ ਮਲੇਛ, ਮੁਰਛਾ ਨਿਹਾਰਿ।
ਸਿਰ ਦਿਯੋ ਕਾਟ ਅਸਿ ਕਰਿ ਪ੍ਰਹਾਰ ॥੨੧॥
ਲੱਖੂ ਸੁ ਬੀਰ ਇਮ ਮਰਨ ਕੀਨਿ।
ਬਹੁ ਤੁਰਕ ਜੰਗ ਕਰਿ ਪ੍ਰਾਨ ਹੀਨ।
ਪਿਖਿ ਸੁਰ ਹੂਰ ਤਤਛਿਨ ਉਠਾਇ।
ਨਿਜ ਤਨ ਦਿਖਾਇ ਲੀਨਸਿ ਚਢਾਇ ॥੨੨॥
ਤਬਿ ਕੁਤਬ ਖਾਨ ਜਸੁ ਲੀਨਿ ਪਾਇ।
'ਖਰ ਸਰ ਪ੍ਰਹਾਰ ਰਿਪੁ ਇਨਹੁ ਘਾਇ।'
ਇਮ ਲਗੇ ਲਰਨ ਦੁਹਿਦਿਸ਼ਿ ਸੁਭੱਟ।
ਤਰਵਾਰ, ਤੀਰ, ਤੁਪਕਨਿ ਦਬੱਟ[1] ॥੨੩॥ [1]ਬੰਦੂਕਾਂ ਨਾਲ ਦਬਾਕੇ।

ਦੋਹਰਾ:

ਪੈਂਦਖਾਨ ਕੀ ਦਿਸ਼ਾ ਤਬਿ, ਦੇਖਜੋ ਕਾਲੇਖਾਨ।
'ਅਬਿ ਤੇ ਆਛੋ ਕੋ ਸਮੌਂ, ਗਹੋ ਗੁਰੂ ਬਲ ਠਾਨਿ' ॥੨੪॥

ਰਸਾਵਲ ਛੰਦ:

ਸੁਨੀ ਪੈਂਦਖਾਨਾ। ਮਹਾਂ ਕੋਪ ਠਾਨਾ।
'ਅਬੈ ਜਾਉਂ, ਹੇਰੋ[1]। ਜਥਾ ਓਜ ਮੇਰੋ ॥੨੫॥ [1]ਦੇਖੋ।
ਗਹੌਂ ਏਕ ਬਾਰੀ। ਹਯੰ ਤੇ ਉਤਾਰੀ।
ਸੁ ਲਜਾਵੌਂ ਉਠਾਈ। ਨ ਦੇਰੰ ਲਗਾਈ ॥੨੬॥
ਪਿਖੀਜੈ ਤਮਾਸ਼ਾ। ਬਲੰ ਮੇ ਬਿਸਾਸਾ[1]। [1]ਮੇਰੇ ਬਲ ਤੇ ਭਰੋਸਾ ਕਰੋ।
ਨਹੀਂ ਸੰਸ[1] ਕੀਜੈ। ਕਹੇ ਪੈ ਪਤੀਜੈ' ॥੨੭॥ [1]ਸੰਸਾ।
ਤਬੈ ਖਾਨਕਾਲੇ। ਸਰਾਹਜੋ ਬਿਸਾਲੇ।
'ਜਥਾ ਸ਼ਾਹੁ ਪਾਸੀ। ਗਿਰਾ ਤੈਂ ਪ੍ਰਕਾਸ਼ੀ ॥੨੮॥

-ਗਹੌਂ ਸ੍ਰੀ ਗੁਰੁ ਮੈਂ। ਬਚੈ ਨਾਂਹਿ ਭੁਮੈਂ-।
ਕਰੋ ਬਾਤ ਪੂਰੀ। ਚਲੋ ਲੇ ਹਜ਼ੂਰੀ[1]' ॥੨੯॥

[1]ਬਾਦਸ਼ਾਹ ਪਾਸ।

ਭਨੈ ਫੇਰ ਪੈਂਦਾ। 'ਨਹੀਂ ਤ੍ਰਾਸ ਕੈਂਦਾ[1]।
ਜਬੈ ਜਾਉ ਆਗੈਂ। ਗੁਰੂ ਜੰਗ ਲਾਗੈ ॥੩੦॥

[1]ਕਿਸੇ ਦਾ।

ਲਿਜੈ ਰੋਕਿ ਔਰੀ। ਭਰੋਂ ਜਾਇ ਕੌਰੀ[1]।
ਦਿਖਾਵੌਂ ਤਮਾਸ਼ਾ[†]। ਜੁ ਬਾਕੰ ਪ੍ਰਕਾਸ਼ਾ[*] ॥੩੧॥

[1]ਜੱਫੀ।

[†]ਕਈ ਲਿਖਤੀ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ। ਇਕ ਲਿਖਤੀ ਨੁਸਖੇ ਵਿਚ ਇਨ੍ਹਾਂ ਦੀ ਥਾਵੇਂ ਪਾਠ ਇਉਂ ਹੈ:-ਅਮੰ ਤੇ ਉਤਾਰੋਂ। ਸਭੈ ਸੋ ਨਿਹਾਰੋ।

ਕਰੌਂ ਓਜ ਐਸੇ। ਬਸੀ ਹੋਇ ਜੈਸੇ।
ਨਹੀਂ ਆਨ ਆਵੈ। ਗੁਰੂ ਨ ਛੁਡਾਵੈ[1] ॥੩੨॥

[1]ਭਾਵ ਕਿਸੇ ਹੋਰ ਸਿੱਖ ਨੂੰ ਗੁਰੂ ਛੁਡਾਉਣ ਲਈ ਨੇੜੇ ਨਾ ਆਉਣ ਦੇਣਾ।

ਬਨੋ ਸਾਵਧਾਨਾ। ਦ੍ਰਿੜ੍ਹੋ ਜੰਗ ਥਾਨਾ।'
ਸੁਨੀ ਖਾਨ ਕਾਲੇ। ਜੁ ਬੀਰੰ ਬਿਸਾਲੇ ॥੩੩॥

ਲਏ ਬੀਨ ਬੀਨੰ[1]। ਜੁਦੇ ਬ੍ਰਿੰਦ ਕੀਨੰ।
ਸਭੀ ਕੋ ਸੁਨਾਈ। 'ਅਬੈ ਪੈਂਦ ਜਾਈ ॥੩੪॥

[1]ਚੁਣ ਚੁਣ ਕੇ।

ਬਨੀਜੈ ਸਹਾਈ। ਰਹੋ ਘਾਤ ਲਾਈ।
ਗੁਰੂ ਬੀਰ ਜੇਤੇ। ਰਖੋ ਰੋਕਿ ਤੇਤੇ ॥੩੫॥
ਪਹੂੰਚੈਂ ਨ ਜਾਈ। ਨ ਲੇਵੈਂ ਛੁਟਾਈ।'
ਸੁਨੇ ਬੈਨ ਕਾਂਨਾ। ਭਏ ਸਾਵਧਾਨਾ ॥੩੬॥

ਤੁਫੰਗੈਂ ਕਿ ਚਾਂਪੂ। ਗਹੇ ਧਾਰਿ ਦਾਪੂ[1]।
'ਰਖੈਂ ਰੋਕਿ ਸਾਰੇ। ਲਰੈਂ ਦੇਹਿਂ ਮਾਰੇ' ॥੩੭॥

[1]ਹੰਕਾਰ ਨਾਲ।

ਦੋਹਰਾ:
ਸਭਿ ਮੈਂ ਤਬਿ ਅਸਮਾਨਖਾਂ, ਲਖ੍ਯੋ ਬਹਾਦੁਰ ਭੂਰ।
ਕਰ੍ਯੋ ਮੁੱਖ੍ਯ[1] ਤਿਨ ਕੇ ਬਿਖੈ, ਪੂਰਨ ਸੂਰ ਗ਼ਰੂਰ ॥੩੮॥

[1]ਮੁਖੀਆ।

ਬੰਧਿ ਟੋਲ ਇਕ ਥਲ ਭਏ, ਬੀਨੇ ਭਟ ਜੇ

ਜਾਲ।
ਇਕ ਦਿਸ਼ ਪੈਂਦਾ ਪਿਥਕ ਹ੍ਵੈ, ਪ੍ਰੇਰਨ ਕੀਨਸਿ ਕਾਲ ॥੩੯॥
ਨਿਮਕ ਹਰਾਮੀ ਤੁਰਕ ਬਨ, ਮਰਿ ਹੈ ਅਪਯਸ਼ ਪਾਇ।
ਲਖਿ ਕਰਿ ਦੀਰਘ ਬਲ ਅਪਨਿ, ਰਹਯੋ ਮੂਢ ਗਰਬਾਇ ॥੪੦॥
ਸ਼੍ਰੀ ਸਤਿਗੁਰ ਸਭਿ ਜਾਨਿ ਕੈ, ਚਪਲ ਕੁਦਾਇ ਤੁਰਗੰ।
ਭਏ ਪ੍ਰਿਥਕ ਬਲ ਕਰਨਿ ਕੋ, ਭਟੇ ਬਰਜੇ ਨਿਜ ਸੰਗ ॥੪੧॥
'ਰਹਹੁ ਸਥਿਰ ਰਣ ਸਮੁਖ ਹ੍ਵੈ, ਹਤਹੁ ਤੁਫੰਗ ਕਰਾਲ।'
ਬਿਧੀਚੰਦ ਭਟ ਬ੍ਰਿੰਦ ਜੁਤਿ, ਠਾਂਢੇ ਕੀਨਿ ਬਿਸਾਲ ॥੪੨॥
'ਹਮਲਾ ਕਰਿ ਤੁਰਕ ਨ ਪਰੈਂ[1], ਦੇਖਹੁ ਬਨਿ ਸਵਧਾਨ।
ਇਤ ਹਮ ਢਿਗ ਜੋ ਆਇ ਹੈ, ਕਰਹਿਂ ਸ਼ੱਤ੍ਰੁ ਕੋ ਹਾਨ' ॥੪੩॥
ਸੁਨਿ ਆਇਸੁ ਸਗਰੇ ਥਿਰੇ, ਤੀਰ ਤੁਫੰਗ ਪ੍ਰਹਾਰ।
ਵਧਹਿ ਅੱਗ੍ਰ ਤਿਸ ਕੋ ਹਤਹਿਂ, ਆਪ ਵਧਹਿਂ ਅਰਿ ਮਾਰਿ ॥੪੪॥
ਸ਼੍ਰੀ ਗੁਰਦਿੱਤਾ ਧਨੁ ਗਹੇ, ਸਰ ਖਰ ਕੋ ਬਰਖਾਇ।
ਸ਼ੱਤ੍ਰੁਨਿ ਕੇ ਸਨਮੁਖ ਥਿਰਯੋ, ਰਣ ਮਹਿਂ ਗਨ ਉਥਲਾਇ ॥੪੫॥
ਤੁੰਦ ਤੁਰੰਗ ਬਿਲੰਦ ਕਰਿ, ਅਰਿ ਕੈ ਅੰਗ ਪਰੋਇ।
ਲਰਹਿਂ ਮਰਹਿਂ ਭਟ ਭਵ ਤਰਹਿਂ, ਸਗਰੇ ਕਲਮਲ ਖੋਇ ॥੪੬॥
ਪੈਂਦਖਾਨ ਅਰੁ ਗੁਰੂ ਕੋ, ਸੁਨੋ ਜੰਗ ਜਿਮ

[1]ਤੁਰਕ ਨਾ ਪੈਣ।

ਕੀਨਿ।
ਦੁਹਿਦਿਸ਼ਿ ਭਟ ਦੇਖਤਿ ਰਹੇ, ਜਾਨੇ ਜੁਗ
ਬਲ ਪੀਨ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਲੱਖੂ ਬੱਧੂ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

## ੨੭. [ਪੈਂਦੇਖਾਨ ਦਾ ਅੰਤ ਤੇ ਉਧਾਰ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਖਰੇ ਗੁਰੂ ਏਕਲ ਪਿਖੇ, ਚਿਤ ਕੀ ਚੌਪ ਬਧਾਇ।
ਪੈਂਦਖਾਨ ਹਯ ਚਪਲ ਕੋ, ਪ੍ਰੇਰਜੋ ਚਲਜੋ ਫੰਦਾਇ ॥੧॥

ਰਸਾਵਲ ਛੰਦ:

ਪਿਖੈਂ ਸੈਨ ਦੋਊ। ਲਖੈਂ -ਜੰਗ ਹੋਊ-।
ਲਗੈਂ ਡੰਕ ਘਾਊ। ਸੁ ਬਾਜੈਂ ਜੁਝਾਊ[1] ॥੨॥

[1]ਜੰਗੀ ਵਾਜੇ ਵਜਦੇ ਹਨ।

ਵਰੋਲਾ ਤੁਰੰਗੰ[1]। ਬਡੇ ਬੇਗ ਸੰਗੰ।
ਹੁਤੋ ਕੋਟ ਛੋਟਾ। ਭਟੰ ਕੀਨਿ ਓਟਾ ॥੩॥

[1]ਵਰੋਲਾ ਨਾਮ ਵਾਲਾ (ਪੈਂਦੇ ਦੇ ਹੇਠਲਾ ਗੁਰੂ ਜੀ ਦਾ ਬਖਸ਼ਿਆ) ਘੋੜਾ।

ਤਹਾਂ ਭੀਚ ਠਾਂਢੇ। ਗੁਰੂ ਕੋਪ ਗਾਢੇ।
ਪਿਖੈ ਪੈਂਦਖਾਨਾ। ਕੁਦਾਯੋ ਕਿਕਾਨਾ ॥੪॥
ਪਰਜੋ ਪਾਰ ਜਾਏ। ਨਹੀਂ ਪੈਰ ਛ੍ਵਾਏ।
ਪਿਖੰਤੇ ਹਿਰਾਨਾ। ਬਡੋ ਓਜ ਠਾਨਾ ॥੫॥
ਭਯੋ ਲਾਖ ਮੋਲਾ। ਸੁ ਨਾਮੰ ਵਰੋਲਾ।
ਚਲਾਕੀ ਦਿਖਾਈ। ਗੁਰੂ ਤੀਰ ਜਾਈ ॥੬॥
ਲਿਯੋ ਖੈਂਚਿ ਖੰਡਾ। ਤ੍ਰਿਖੀ ਧਾਰ ਚੰਡਾ।
ਹਟੇ ਔਰ ਹੇਰੇ। ਨਹੀਂ ਹੋਤਿ ਨੇਰੇ ॥੭॥
ਸਭੈ ਚੌਂਪ ਸੰਗਾ। ਦਿਖੈਂ ਦ੍ਵੰਦ ਜੰਗਾ।
ਭਯੋ ਪੈਂਦ ਨੇਰੇ। ਕਹਜੋ ਬਾਕ ਟੇਰੇ ॥੮॥
'ਗੁਰੂ ਜੀ ! ਸੰਭਾਰੋ। ਜਥਾ ਓਜ ਧਾਰੋ।
ਕਰੋ ਨਾਂਹਿ ਟਾਰਾ। ਚਿਤੋ ਮੋਹਿ ਮਾਰਾ[1] ॥੯॥

[1]ਯਾਦ ਕਰੋ (ਜੋ ਤੁਸਾਂ) ਮੈਨੂੰ ਮਾਰਿਆ ਸੀ।

ਦੋਹਰਾ:

ਸੋ ਪਲਟੇ ਕੋ ਸਮੋ ਅਬਿ, ਲੈ ਹੌਂ, ਪਕਰੌਂ ਤੋਹਿ।
ਸ਼ਾਹਜਹਾਂ ਕੇ ਨਿਕਟਿ ਲੈ, ਤਿਹਠਾਂ ਛੋਰਨਿ

ਹੋਹਿ ॥੧੦॥
ਜੌਂ ਜੀਵਨ ਚਹੁ ਆਪਨਾ, ਚਲੀਅਹਿ ਆਗੈ ਹੋਇ।
ਹਜ਼ਰਤ ਸੰਗ ਮਿਲਾਇ ਕਰਿ, ਖਤਾ ਬਖਸ਼ਿ ਹੈ ਸੋਇ ॥੧੧॥

ਰਸਾਵਲ ਛੰਦ:

ਨਹੀਂ ਤੋ ਸੰਭਾਰੋ। ਜਿਤੇ ਓਜ ਧਾਰੋ।
ਕਰੋ ਵਾਰ ਖੰਡਾ। ਬਨੈ ਦੋਇ ਖੰਡਾ[1]† ॥੧੨॥
ਗੁਰੂ ਕੋਪ ਧਾਰੇ। ਸੁ ਵਾਕੰ ਉਚਾਰੇ।
'ਜੁ ਗੀਦੀ ਸੁ ਤ੍ਰਾਸੈ। ਤਕੈ ਸ਼ਾਹਿ ਪਾਸੈ ॥੧੩॥
ਹਮੈਂ ਜੰਗ ਭਾਵੈ। ਰਿਪੂ ਬ੍ਰਿੰਦ ਘਾਵੈਂ।
ਨਹੀਂ ਮੇਲ ਠਾਨੈਂ। ਹਨੈਂ ਆਯੁਧਾਨੈਂ[1] ॥੧੪॥
ਕਰੈਂ ਤੋਰ ਹਾਨਾ। ਲਿਜੈ ਸਾਚ ਜਾਨਾ।
ਅਬੈ ਪ੍ਰਾਨ ਧਾਰੈਂ। ਨ ਧਾਮੰ ਸਿਧਾਰੈਂ[1] ॥੧੫॥
ਪਰਜੋ ਕਾਲ ਤੁੰਡਾ[1]। ਬਨੈਂ ਰੁੰਡ ਮੁੰਡਾ।
ਤਊ ਬਾਤ ਜੈਸੇ। ਸੁਨੋ ਕਾਨ ਤੈਸੇ ॥੧੬॥
-ਨਹੀਂ ਵਾਰ ਕੀਨੋ-। ਰਹੈ ਚਿੱਤ ਭੀਨੋ।
-ਭਯੋ ਓਜ ਬਾਦੰ-। ਝੁਰੈਂ ਧਾਰਿ ਯਾਦੰ[1] ॥੧੭॥

ਤੋਟਕ ਛੰਦ:

ਇਸ ਤੇ ਹਮ ਤੋਹਿ ਸੁਨਾਵਤਿ ਹੈਂ।
ਬਲ ਆਪਨ ਕੋ ਗਰਬਾਵਤਿ ਹੈਂ[1]।
ਤੁਰਕਾਨਿ ਬਿਖੈ ਬਹੁ ਬਾਰ ਕਹੋ।
-ਬਲ ਮੋਹਿ ਬਡੋ ਗੁਰੁ ਜਾਇ ਗਹੋਂ- ॥੧੮॥
ਇਸ ਤੇ ਅਬਿ ਪੂਰਬ ਵਾਰ ਕਰੋ[1]।
ਬਲ ਔ ਬੁਧਿ ਜੋ ਬਪੁ ਬੀਚ ਧਰੋ।
ਚਿਤ ਹੌਸ[1] ਨ ਰਾਖਹੁ ਆਪਨ ਕੀ[2]।

[1]ਤੁਸਾਡਾ ਖੰਡਾ ਦੋ ਟੁਕੜੇ ਹੋ ਜਾਏਗਾ। †ਪਾ:-ਬਨਹਿ ਤੋਹਿ ਮੰਡਾ।

[1]ਸ਼ਸਤ੍ਰ ਮਾਰਾਂਗਾ।

[1]ਘਰ ਨੂੰ ਨਾ ਜਾਏਂਗਾ (ਤੂੰ)।

[1]ਕਾਲ ਦੇ ਮੂੰਹ ਵਿਚ (ਤੂੰ) ਪਿਆ ਹੈਂ।

[1]ਯਾਦ ਕਰਕੇ ਝੁਰੇਂਗਾ।

[1]ਤੂੰ ਗਰਬਦਾ ਹੈਂ।

[1]ਤੂੰ ਵਾਰ ਕਰ।

[1]ਚਾਹ ਜੇ ਪੂਰੀ ਨ ਹੋ ਸਕੇ [ਫ਼ਾ: ਹਵਸ = ਆਰਜ਼ੂ, ਇਛਾ]। [2]ਆਪਣੇ (ਬਲ ਦੀ)।

ਕਰਿ ਲੇਹੁ ਬਿਧੀ ਸਭਿ ਪਾਪਨਿ ਕੀ' ॥੧੯॥
ਸੁਨਿ ਖ਼ਾਨ ਬਿਚਾਰਤਿ ਮੂਢ ਬਲੀ।
-ਅਬਿ ਛੋਰ ਤੁਰੰਗਮ, ਘਾਤ ਭਲੀ।
ਫਿਰਿ ਪਾਇਨ ਸੋਂ[1] ਨਿਜ ਵਾਰ ਕਰੌਂ।
ਹੁਇ ਤੀਰ, ਕਿਧੌਂ ਕਰ ਮਾਂਹਿ ਧਰੌਂ[1] ॥੨੦॥

[1]ਪੈਰਾਂ ਨਾਲ ਫਿਰਕੇ।
[1]ਯਾਂ ਨੇੜੇ ਹੋਕੇ ਫੜ ਲਵਾਂ।

ਬਸ ਕੋ ਕਰਿ ਲੈ ਨਿਜ ਸੈਨ ਬਰੌਂ।
ਚਿਰਕਾਲ ਇਹਾਂ ਅਬਿ ਮੈਂ ਨ ਥਿਰੌਂ।
ਸਭਿ ਸੈਨ ਰਹੀ ਰੁਕਿ ਮੂਰਨ ਤੇ।
ਸ਼ੁਭ ਕਾਜ ਬਨੈ ਤਬਿ ਤੂਰਨ ਤੇ ॥੨੧॥
[1]ਹਯ ਉਪਰ ਮੋ ਬਲ ਲਾਗ ਨਹੀਂ।
ਮਿਲਿ ਦੋਇ ਤੁਰੰਗ ਲਰੰਤਿ ਸਹੀ-।

[1]ਦੋਵੇਂ ਘੋੜਿਆਂ ਉਤੇ (ਹੋਣ ਫੇਰ) ਮਿਲਕੇ ਲੜਾਈ ਠੀਕ ਹੁੰਦੀ ਹੈ, (ਪਰ ਜੋ ਮੈਂ ਚਾਹੁੰਦਾ ਹਾਂ ਉਹ) ਮੇਰਾ ਜ਼ੋਰ ਘੋੜੇ ਚੜ੍ਹਿਆਂ ਨਹੀਂ ਪੈ ਸਕਦਾ।

ਚਿਤ ਬੀਚ ਬਿਚਾਰ ਸ਼ਿਤਾਬ ਕਰੀ।
ਬਲਵਾਨ ਤਜਯੋ ਹਯ ਤਾਂਹਿ ਘਰੀ ॥੨੨॥
ਬਲ ਤੇ ਪਕਰਯੋ ਖਗ ਵਾਰ ਕਰਯੋ।
ਨਿਜ ਹਾਥ ਉਭਾਰਤਿ ਨੇਰ ਧਰਯੋ।
ਗੁਰ ਪੀਨ ਉਰੁ ਤਕਿ ਮਾਰਤਿ ਭਾ।
ਢਿਗ ਹੋਇ ਸੁ ਬਾਹੁ ਪਸਾਰਤਿ ਭਾ ॥੨੩॥
ਹਰਿਗੋਵਿੰਦ ਦੇਖਤਿ ਧੀਰ ਧਰੀ।
ਪਗ ਸਾਥ ਸ਼ਿਤਾਬ ਰਕਾਬ ਕਰੀ।
ਦਹ ਸੇਰ ਸੁ ਤੋਲ ਬਿਖੇ ਜੁਗ ਤੇ[1]।
ਬਲ ਦੀਰਘ ਸੰਗ ਤਹਾਂ ਲਗਤੇ ॥੨੪॥

[1]ਦੋਵੇਂ (ਰਕਾਬਾਂ) ਦਸ ਸੇਰ ਤੋਲ ਵਿਚ ਸਨ।

ਦੋਹਰਾ:
ਹੁਤੀ ਭਰਤ[1] ਕੀ ਪੀਨ ਬਡ, ਖੜਗ ਲਗਯੋ ਤਿਹ ਸੰਗ।
ਸਰਯੋ ਨ ਕਾਰਜ ਕੁਛ ਤਬੈ, ਨਿਫਲਯੋ ਵਾਰ ਕੁਢੰਗ ॥੨੫॥

[1]ਕਾਂਸੀ ਨਾਮੇ ਧਾਤ ਦੀ ਇਕ ਕਿਸਮ।

ਪਾਧੜੀ ਛੰਦ:

ਪੁਨ ਪੈਂਦਖਾਨ ਕੁਪਿ ਕੈ ਪ੍ਰਚੰਡ।
ਖੰਡਾ ਉਭਾਰਿ ਬਲ ਬਾਂਹੁ ਦੰਡ।
ਕਰਿ ਤੁਰਕ ਫੁਰਤ ਕੁਦਜੋ ਉਤੰਗ।
ਚਿਤ ਚਹਿ ਪ੍ਰਹਾਰ ਪ੍ਰਭੁ ਕੇ ਸੁ ਅੰਗ ॥੨੬॥
ਸ੍ਰੀ ਹਰਿਗੋਬਿੰਦ ਅਤਿ ਸ਼ੀਘ੍ਰ ਕਾਰ।
ਢਾਲਾ ਬਿਲੰਦ ਕਰ ਲੀਨਿ ਧਾਰਿ।
ਰਿਪੁ ਖੜਗ ਆਵਤੋ ਨਿਕਟਿ ਦੇਖਿ।
ਤਿਹ ਸੰਗ ਰੋਕ ਕਰਿ ਬਲ ਵਿਸ਼ੇਖ਼ ॥੨੭॥
ਕਰਿ ਨਿਫਲ ਸ਼ੱਤ੍ਰੁ ਕੋ ਵਾਰ ਫੇਰ।
ਧਰਿ ਧੀਰ ਖਰੇ ਤਿਸ ਕੇ ਅਗੇਰ।
ਤਬਿ ਪੈਂਦਖਾਨ ਚਿਤ ਚਿੰਤਪਾਇ।
-ਨਹਿਂ ਸਰਜੋ ਕਾਜ ਸਭਿ ਬਾਦ ਜਾਇ- ॥੨੮॥
ਪੁਨ ਛਿੱਪ੍ਰ ਉਛਲ ਇਤ ਉਤ ਤਕਾਇ।
ਖਰ ਖੜਗ ਪ੍ਰਹਾਰਨ ਕਰਤਿ ਦਾਇ।
ਹੁਇ ਦਿਸ਼ਾ ਦੂਸਰੀ ਰਿਸ ਬਿਸਾਲ।
ਕਰ ਕੋ ਉਭਾਰਿ ਮਾਰਜੋ ਕਰਾਲ ॥੨੯॥
ਗੁਰ ਬੀਰ ਬਹਾਦੁਰ ਧੀਰ ਸਾਥ।
ਕਰਿ ਛਿੱਪ੍ਰ ਤਾਂਹਿ ਦਿਸ਼ਿ ਕੀਨਿ ਹਾਥ।
ਬਡ ਸਿਪਰ ਸਵਾਸਿਰ ਫੂਲ ਜੋਇ।
ਤਿਹ ਲਾਗਜੋ ਖੜਗ ਬਲ ਅਧਿਕ ਸੋਇ ॥੩੦॥
ਖੰਡਾ ਦੁਖੰਡ ਟੂਟਜੋ ਪ੍ਰਚੰਡ।
ਰਹਿ ਹਾਥ ਮੁਸ਼ਟ ਬਡ ਬਾਂਹੁ ਦੰਡ।
ਸ੍ਰੀ ਹਰਿਗੁਬਿੰਦ ਅਵਿਲੋਕ ਤਾਂਹਿ।
ਅਬਿ ਹਤਨ ਹੇਤੁ ਕਿਯ ਵਾਰ ਨਾਂਹਿ[1] ॥੩੧॥
ਹ੍ਵੈਗੋ ਲਚਾਰ[1], ਨਿਜ ਚਿਤ ਵਿਚਾਰ।
ਬਲ ਬਾਂਹੁ ਕਰਨਿ ਗੁਰ ਸੋਂ ਜੁਝਾਰ।
ਦਿਸ ਬਾਮ ਜਾਇ ਤਬਿ ਪੈਂਦਖਾਨ।

[1]ਹੁਣ ਮਾਰਨ ਲਈ ਵਾਰ ਨ ਕੀਤਾ।

[1]ਬੇਵਸ।

ਗੁਰ ਕੋ ਤੁਰੰਗ ਗਹਿ ਡਾਰਿ ਪਾਨ[1] ॥੩੨॥
[1]ਹੱਥ ਪਾਇਆ।

ਜਹਿਂ ਹੁਤੋ ਤੰਗ[1] ਇਕ ਹਾਥ ਪਾਇ।
[1]ਤੰਗ ਕਾਠੀ ਨੂੰ ਕੱਸਣ ਵਾਲੀ ਪੇਟੀ।

ਪੁਨ ਦੁਤਿਯ ਹਾਥ ਊਪਰ ਉਠਾਇ।
ਭਰ ਕਰਿ ਸੁ ਕੌਰ ਜੁਗ ਕਰਨ ਮਾਂਹਿ।
ਬਲ ਤੇ ਉਠਾਇ ਗੇਰੰਨਿ ਚਾਹਿ ॥੩੩॥

ਸਮਰਥ ਉਚਾਇ ਸਾਕਹਿ ਸੁਮੇਰੁ[1]।
[1]ਜੋ (ਕੋਈ) ਸਮਰਥ (ਪੁਰਖ) ਸੁਮੇਰੁ ਨੂੰ ਬੀ ਚੁਕ ਸਕਦਾ ਹੋਵੇ।

ਤਿਸਤੇ ਨ ਉਠਹਿਂ ਗੁਰ ਗੁਰ ਬਡੇਰ[1]।
[1]ਪਰ) ਉਸ ਤੋਂ ਬੀ ਸਤਿਗੁਰੂ ਜੀ (ਜੋ ਸਭ ਤੋਂ) ਵਡੇ ਤੇ ਭਾਰੇ ਹਨ ਨਹੀਂ ਚੁੱਕੇ ਜਾ ਸਕਦੇ।

ਬਲ ਅਧਿਕ ਕਰਤਿ ਭਰਿ ਕੌਰਿ ਮਾਂਹਿ।
ਟਿਕ ਰਹੇ ਤੁਰੰਗ ਹਾਲਜੋ ਸੁ ਨਾਹਿ ॥੩੪॥

ਸ੍ਰੀ ਹਰਿਗੋਬਿੰਦ ਪਕਰੰਤਿ ਜਾਨਿ[1]।
[1]ਪਕੜਿਆ ਜਾਣਕੇ (ਘੋੜੇ ਦਾ ਤੰਗ)।

ਹਯ ਕੇ ਛੁਟਾਨ ਹਿਤ ਜਤਨ ਠਾਨਿ।
ਦੋਨਹੁ ਰਕਾਬ ਮਾਰੀ ਸੁ ਜੋਰਿ।
ਚੰਚਲ ਤੁਰੰਗ ਕਿਯ ਚਲਨਿ ਜ਼ੋਰ ॥੩੫॥

ਹਲਿਬੇ ਨ ਦੀਨਿ ਬਲ ਖਾਨ ਠਾਨਿ[1]।
[1]ਖਾਨ ਨੇ ਬਲ ਕਰਕੇ।

ਰਾਖਯੋ ਟਿਕਾਇ ਚਹੁ ਚਰਨ ਥਾਨ।
ਬਲ ਮੈਂ ਬਿਸਾਲ ਗੁਰ ਕੋ ਕਿਕਾਨ।
ਤ੍ਰਿਪਤਾਇ ਤਿਹਾਵਲ ਕਰਤਿ ਖਾਨ ॥੩੬॥

ਜੋ ਸਰਬ ਅੰਗ ਤਨ ਕਰਿ ਬਿਸਾਲ।

ਸ਼ਾਰਤ ਕਰੰਤਿ ਚਲਿ ਛਾਰ ਚਾਲ[1]।
[1]ਜੋ ਇਸ਼ਾਰੇ (ਮਾਤ੍ਰ) ਕਰਨ ਨਾਲ ਛੌੜ ਦਲ ਪੈਂਦਾ ਹੁੰਦਾ ਸੀ, ਛੌੜ = ਘੋੜੇ ਦੀ ਇਕ ਤੇਜ਼ ਚਾਲ ਹੈ।

ਗੁਰ ਬਾਗ ਸੰਗ ਅਲਪੈਂ ਜਨਾਇਂ।
ਜਿਮ ਚਹਤਿ ਕਰਤ ਚਲਿਬੋ ਕਿ ਧਾਇ ॥੩੭॥

ਸੋ ਖਾਂ ਰਕਾਬ ਥਿਰ ਭਾ ਸਥਾਨ।
ਅਸ ਅਧਿਕ ਬਲੀ ਭਟ ਪੈਂਦਖਾਨ।
ਗੁਰ ਲਖਯੋ ਤੁਰੰਗ ਨਹਿ ਚਲਨ ਦੀਨਿ।
ਕਰ ਜੋਰ ਪਾਇ ਬਸ ਅਪਨ ਕੀਨਿ ॥੩੮॥

ਖਰ ਖੜਗ ਪ੍ਰਹਾਰ ਸੁ ਲਗਹਿ ਨਾਂਹਿ।
ਦਿਸ਼ ਬਾਮ ਬਿਖੈ ਅਤਿ ਨਿਕਟਿ ਆਹਿ।
ਚਿਤਵੰਤਿ ਗੁਰੂ ਰਿਪੁ ਹਤਨ ਹੇਤੁ।
ਕੋ ਕਰਹਿਂ ਜਤਨ ਰਹਿ ਜੰਗ ਖੇਤ ॥ ੩੯ ॥

ਤਤਕਾਲ ਗਰੁਵ[1] ਢਾਲਾ ਸੰਭਾਲਿ।
ਕਰਿ ਕੋ ਉਠਾਇ ਕਰਿ ਬਲ ਬਿਸਾਲ।
ਸਿਰ ਪੈਂਦਖਾਨ ਕੇ ਹਤਨ ਕੀਨਿ।
ਨਹਿਂ ਸਕਿ ਸਹਾਰ, ਕਰ ਛੋਰ ਦੀਨਿ[1] ॥ ੪੦ ॥

[1]ਭਾਰੀ।
[1]ਹੱਥ ਛੱਡ ਦਿੱਤੇ।

ਥਿਰ ਭਯੋ ਕੁਛਕ ਬਹੁ ਘੁਮਿ ਘੁਮਿ।
ਗਿਰ ਪਰਯੋ ਭੂਮ ਬਹੁ ਝੁਮਿ ਝੁਮਿ।
ਜਾਨੂਨ ਭਾਰ[1] ਹ੍ਵੈ ਕੈ ਬਿਹਾਲ।
ਛਿਤ ਪਰ ਸੁ ਪਰਯੋ ਮੁਰਛਾ ਬਿਸਾਲ ॥ ੪੧ ॥

[1]ਗੋਡਿਆਂ ਭਾਰ।

ਤਨ ਸ੍ਵੇਦ ਸਹਿਤ ਸ਼੍ਰੀ ਗੁਰ ਨਿਹਾਰਿ।
ਸੁਧ ਬਿਨਾਂ ਭਯੋ ਨਹਿਂ ਕੀਨ ਵਾਰ[1]।
ਤਤਕਾਲ ਤੁਰੰਗਮ ਛੋਰਿ ਦੀਨਿ।
ਤਰ ਉਤਰਿ ਗੁਰੂ ਰਣ ਧਰਮ ਚੀਨ ॥ ੪੨ ॥

[1]ਗੁਰੂ ਜੀ ਨੇ ਪੈਂਦੇ ਨੂੰ ਮੁੜ੍ਹਕੇ ਵਿਚ ਨ੍ਹਾਤਾ ਤੇ ਬੇਸੁਧ ਦੇਖਕੇ ਵਾਰ ਨਹੀਂ ਕੀਤਾ। (ਕਿਤਨੀ ਭਾਰੀ ਸੂਰਮਗਤੀ ਹੈ ਤੇ ਵਿਸ਼ਾਲ ਚਿਤੀ ਹੈ)।

ਜਬਿ ਛੁਟੀ ਮੂਰਛਾ ਸੁਧ ਸਰੀਰ[1]।
ਦੁਹਿ ਦਿਸ਼ਨਿ ਸੈਨ ਕੇ ਪਿਖਤਿ ਬੀਰ।
ਗੁਰ ਕੇਰ ਸੁ ਅੰਤਹਿਪੁਰ[1] ਬਿਸਾਲ।
ਚਢਿ ਤੁੰਗ ਅਟਾਰਨਿ ਤਾਤਕਾਲ ॥ ੪੩ ॥

[1]ਸਰੀਰ ਦੀ ਸੁਧ ਆਈ।
[1]ਮਹਿਲ।

ਅਵਲੋਕਿ ਝਰੋਖਨਿ ਮਹਿਂ ਸੁ ਤ੍ਰਾਸ।
ਸ਼੍ਰੀ ਗੁਰ ਮਨਾਇ ਧਰਿ ਕਰਿ ਬਿਸਾਸ[1]।
'ਸ਼੍ਰੀ ਨਾਨਕ ਆਦਿ ਹੋਵਹੁ ਸਹਾਇ।
ਸਮੁਦਾਇ ਤੁਰਕ ਤੇ ਲਿਹੁ ਬਚਾਇ' ॥ ੪੪ ॥

[1]ਭਰੋਸਾ ਧਰਕੇ।

ਤਿਮ ਅਪਰ ਨਗਰ ਕੀ ਬਾਲ ਜਾਲ[1]।
ਬਨਕਨਿ ਸਮੇਤ ਪਿਖਿ ਤਾਤਕਾਲ।

[1]ਸਮੂਹ ਇਸਤ੍ਰੀਆਂ।

ਅਤਿ ਤ੍ਰਾਸ ਪਾਇ ਥਰਹਰ ਕਰੰਤਿ।
ਭਗਵੰਤ ਅਰਾਧਤਿ ਜਗਤਕੰਤ ॥੪੫॥
'ਪ੍ਰਭੁ ਮਹਾਰਾਜ ਰਾਖਹੁ ਸੁ ਲਾਜ।
ਤੁਰਕਾਨ ਹਾਨਿ, ਕੈ ਜਾਹਿਂ ਭਾਜ।'
ਸਭਿਹੁਨਿ ਰਿਦੈ ਕੀ ਗੁਰ ਪਛਾਨਿ।
ਭਾ ਤਪਤ ਤੇਜ ਬਿਦਤਜੋ ਮਹਾਨ ॥੪੬॥
ਤੁਰਕਾਨਿ ਹਾਨ ਕੋ ਜਤਨ ਕੀਨਿ।
ਤਬਿ ਖਰੋ ਭਯੋ ਪੈਂਦਾ ਸੁ ਚੀਨ।
ਬੋਲੇ ਬੰਗਾਰ 'ਸੁਨ ਰੇ ਪਠਾਨ!
ਮਮ ਵਾਰ ਦੇਹੁ ਬਨਿ ਸਾਵਧਾਨ ॥੪੭॥
ਕਰਿ ਲੀਨ ਤੀਨ, ਤੈਂ ਬਲ ਲਗਾਇ।'
ਤਬਿ ਪੈਂਦਖਾਨ ਬੋਲਜੋ ਰਿਸਾਇ।
'ਕਜਾ ਕਰੋ ਵਾਰ? ਗਹਿ ਲੇਉਂ ਅੰਗ[1]।

[1]'ਤੁਸੀਂ ਕੀਹ ਵਾਰ ਕਰੋਗੇ। ਹੁਣ ਮੈਂ ਫੜ ਲੈਣਾਂ ਹੈ ਜੱਫੀ ਵਿਚ ਅਥਵਾ ਸਰੀਰ ਨੂੰ। [ਸੰਸ: ਅੰਕ = ਅੰਗ, ਸਰੀਰ, ਜੱਫੀ]

ਅਬਿ ਤੇ ਨ ਛੁਟਹੁ ਗਹਿ ਹੌਂ ਕੁਢੰਗ ॥੪੮॥
ਲੈ ਹੌਂ ਉਠਾਇ ਬਸ ਕਰਿ ਮਹਾਨ।
ਕਰਿ ਲਿਜੈ ਓਜ ਦੈ ਹੌਂ ਨ ਜਾਨ।
ਨਹਿਂ ਗਹਜੋ ਗਯੋ ਛੁਟਿ ਗਾ ਸੁਖੈਨ।'
ਸੁਨਿ ਗੁਰੂ ਕੋਪ ਤੇ ਲਾਲ ਨੈਨ ॥੪੯॥
ਪਹੁੰਚੇ ਸਮੀਪ ਇਤਿ ਉਤ ਫਿਰੰਤਿ।
ਕਰਿ ਸਿਪਰ ਖਾਨ ਆਗੇ ਕੰਰਤਿ[1]।

[1]ਹਥ ਦੀ ਢਾਲ ਖਾਨ ਨੇ ਅੱਗੇ ਕੀਤੀ।

ਗੁਰ ਚਹਤਿ ਏਕ ਹੀ ਵਾਰ ਸੰਗ।
ਚੀਰਹਿਂ ਸਰੀਰ ਕਰਿ ਪਰਾਨ ਭੰਗ ॥੫੦॥
ਤਬਿ ਪੈਂਦਖਾਨ ਚਿਤ ਚਾਹਿ ਧਾਰਿ।
-ਗੁਰ ਗਹੌਂ ਅਬਹਿ ਕੌਰੀ ਮਝਾਰ।
ਲੇ ਚਲੌਂ ਵਹਿਰ ਨਹਿਂ ਕੋ ਛੁਰਾਇ।
ਦਲ ਖਰੇ ਮਹਦ ਸਭਿ ਧਾਇ ਆਇਂ- ॥੫੧॥
ਇਵ ਚਿਤਵਿ[1] ਰੋਕਿਬੇ ਢਾਲ ਤਜਾਗਿ।

[1]ਜੋ ਢਾਲ ਵਾਰ ਰੋਕਣ ਲਈ (ਅੱਗੇ ਕੀਤੀ ਹੋਈ ਸੀ) ਛੱਡ ਦਿੱਤੀ ਤੇ ਫੁਰਤੀ ਕਰਕੇ ਗੁਰੂ ਜੀ ਨੂੰ ਫੜਨ ਲੱਗਾ।

ਕਰਿ ਫੁਰਤਿ ਤੁਰਤ ਗੁਰ ਗਹਿਨ ਲਾਗ[3]।
ਅਵਕਾਸ਼ ਪਾਇ ਸ੍ਰੀ ਹਰਿਗੋਬਿੰਦ।
ਖਰ ਖਗ ਪ੍ਰਚੰਡ ਤੜਿਤਾ[1] ਮਨਿੰਦ [1]ਬਿਜਲੀ।
॥੫੨॥
ਬਲ ਤੇ ਉਭਾਰਿ ਸ਼ੱਤ੍ਰੂ ਸਰੀਰ।
ਕੀਨੋ ਪ੍ਰਹਾਰ ਦੀਨੋ ਸੁ ਚੀਰ।
ਕਲਵੱਤ੍ਰ ਮਨੋ ਲੈ ਕੈ ਤ੍ਰਖਾਨ।
ਜਿਮ ਕਰਤਿ ਦੋਇ ਕਾਸ਼ਟ ਮਹਾਨ
॥੫੩॥
ਜਿਮ ਸਬੁਨੀਗਰ ਲੈ ਲੋਹ ਤਾਰ[1]। [1]ਜਿਵੇਂ ਸਾਬੂਣਗਰ ਲੋਹੇ ਦੀ ਤਾਰ ਲੈ ਕੇ।
ਸਾਬੁਨ ਦੁਖੰਡ ਕਰਿ ਬਿਨ ਅਵਾਰ।
ਜਬਿ ਗਿਰਨ ਲਾਗ ਕਹਿਂ ਗੁਰ ਉਦਾਰ।
'ਤੁਵ ਤੁਰਕ ਜਨਮ, ਕਲਮਾ ਉਚਾਰ'
॥੫੪॥
ਦੋਹਰਾ:
ਗਿਰਨ ਲਗ੍ਯੋ ਪੈਂਦਾ ਕਹੈ, 'ਸ਼੍ਰੀ ਗੁਰੁ ! ਤੁਵ ਤਰਵਾਰ।
ਭਈ ਰੂਪ ਕਲਮਾ ਅਬਹਿ, ਕਰੀਯਹਿ ਮੋਹਿ ਉਧਾਰ' ॥੫੫॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਪੈਂਦਖਾਨ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਅਸਮਾਨ ਖਾਨ ਬੱਧ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਪੈਂਦਖਾਨ ਜਬਿ ਦੀਨ ਹ੍ਵੈ,
ਕੀਨਸਿ ਬਾਕ ਬਖਾਨ।
'ਸ਼੍ਰੀ ਗੁਰ ਤੁਮਰੇ ਹਾਥ ਕੀ,
ਮਿਸਰੀ[1] ਕਲਮਾ ਜਾਨ' ॥੧॥

[1]ਤਲਵਾਰ। ਮਿਸਰ ਇੱਕ ਦੇਸ਼ ਹੈ, ਮਿਸਰੀ = ਜਮਾਈ ਖੰਡ, ਤਲਵਾਰ ਤੇ ਕਲਮ ਤ੍ਰੈਏ ਮਿਸਰ ਨਾਲ ਸਬੰਧਤ ਹੋਣ ਕਰਕੇ ਮਿਸਰੀ ਕਹਿਲਾਉਂਦੀਆਂ ਹਨ। ਮਿਸਰ ਅਰਬੀ ਪਦ ਹੈ। ਤੇਰੇ ਹੱਥ ਦੀ ਮਿਸਰੀ (= ਤਲਵਾਰ) ਨੂੰ ਮੈਂ ਕਲਮਾਂ ਜਾਣਿਆਂ ਹੈ, ਇਸ ਵਿਚ ਧੁਨੀ ਇਹ ਹੈ, ਕਲਮਾ ਸਾਰੇ ਦੁਖਾਂ ਦਾ ਨਾਸ਼ਕ ਮੁਸਲਮਾਨਾਂ ਵਿਚ ਜਿਵੇਂ ਮੰਨੀਦਾ ਹੈ, ਤਿਵੇਂ ਮਿਸਰੀ ਹਕੀਮਾਂ ਨੇ ਸਾਰੇ ਰੋਗਾਂ ਨੂੰ ਸ਼ਾਂਤ ਕਾਰਕ ਮੰਨੀ ਹੈ, ਸੋ ਮੈਂ ਤੇਰੀ ਤਲਵਾਰ ਨੂੰ ਦੁਖਨਾਸ਼ਕ ਤੇ ਮਿੱਠੀ ਕਰਕੇ ਮੰਨਿਆਂ ਹੈ। ਭਾਵ ਆਪਦੇ ਹੱਥੋਂ ਮਰਨਾ ਹੀ ਮੇਰਾ ਉਧਾਰ ਹੈ, ਕਲਮੇਂ ਨੇ ਮੇਰਾ ਕੁਛ ਨਹੀਂ ਸਾਰਨਾ।

ਚੌਪਈ:

ਸੁਨਤਿ ਸਨੇਹ ਰਿਦੈ ਹੁਇ ਆਯੋ।
ਪਤਿਪਾਰਜੋ† ਪੁਰਬ, ਅਪਨਾਯੋ। †ਪਾ:-ਬਪੁ ਧਾਰਜੋ।
ਨਿਜ ਕਰ ਗ੍ਰਾਸ ਪਾਇ ਮੁਖ ਮਾਂਹੀ।
ਉੱਤਮ ਵਸਤੁ ਦੇਤਿ ਨਿਤ ਜਾਂਹੀ ॥੨॥
ਭਾਂਤਿ ਭਾਂਤਿ ਪੋਸ਼ਿਸ਼ ਪਹਿਰਾਇ।
ਭਾਂਤਿ ਭਾਂਤਿ ਕੇ ਅਸਨ ਅਚਾਇ।
ਪੁਨਹਿ ਬਿਲੋਕਿ ਜਿਸਹਿ ਹਰਖਾਵੈਂ।
ਦਾਨ ਮਾਨ ਦੇ ਨਿਤ ਤ੍ਰਿਪਤਾਵੈਂ ॥੩॥
ਤਿਸ ਕੀ ਦਸ਼ਾ ਦੇਖਿ ਦਖਵਾਰੀ।
ਕਮਲ ਬਿਲੋਚਨਿ ਤੇ ਤਜਿ ਵਾਰੀ[1]। [1]ਜਲ।
ਬਦਨ ਸ੍ਵੇਦ ਜਿਸ ਕੇ ਬਹੁ ਹੋਵਾ।
ਤਰਫਤਿ ਪਰਜੋ ਘਾਮ[1] ਮਹਿਂ ਜੋਵਾ ॥੪॥ [1]ਧੁੱਪੇ।
ਸਿਪਰ ਸਾਥ ਕੀਨਸਿ ਤਬਿ ਛਾਯਾ।
ਹੋਤ ਬਦਨ ਪਰ ਘਾਮ[2] ਮਿਟਾਯਾ।
ਦੇਖਤਿ ਖਰੇ ਅਸ਼੍ਰ ਦ੍ਰਿਗ ਝਰੈਂ।
ਪੈਂਦਖਾਨ ਕੇ ਮੁਖ ਪਰ ਪਰੈਂ ॥੫॥
ਜਿਸ ਕਾਸ਼ਟ ਕੋ ਪਾਰ ਬਧਾਵੈ[1]। [1]ਜਿਵੇਂ ਕਾਠ ਨੂੰ ਪਾਲ ਕੇ ਵਧਾਂਵਦਾ ਹੈ (ਜਲ)।
ਅਪਨਿ ਜਾਨਿ ਤਿਹ ਜਲ ਨ ਡੁਬਾਵੈ।
ਤਰਫਤਿ ਪਰਜੋ ਛਿਨਕ ਮੈਂ ਮਰਜੋ।
ਸਤਿਗੁਰ ਨੇਹੁ ਅਧਿਕ ਉਰ ਕਰਜੋ† ॥੬॥ †ਦੇਖੋ ਅਗਲੀ ਟੂਕ।

-ਤਜਾਗਹਿਂ ਸ਼ਸਤ੍ਰ- ਮਨੋਰਥ ਧਾਰਾ।
-ਹਤੇ ਹਮਹੁ ਨਰ ਤੁਰਕ ਹਜ਼ਾਰਾ।
ਪ੍ਰਤਿਪਾਰਜੋ ਨਿਜ ਕਰ ਤੇ ਘਾਯੋ-।
ਇੱਤਜਾਦਿਕ ਸਭਿ ਦੋਸ਼ ਉਪਾਯੋ† ॥੭॥

†ਇਥੇ ਮਹਾਂਬੀਰ, ਮਹਾਂ ਜੋਧਾ, ਰਣ ਤੱਤੇ ਵਿਚ ਬੀਰ ਰਸ, ਰੌਦ੍ਰ ਰਸ ਤੇ ਬੀਭਤਸ ਰਸ ਦੇ ਚੁਫੇਰੇ ਛਾ ਰਹੇ ਪ੍ਰਭਾਵ ਵਿਚੋਂ ਕਿਸੇ ਕਮਾਲ ਦੀ ਅੰਦਰਲੀ ਸੁੰਦਰਤਾ ਨਾਲ ਇਕਦਮ ਕਰੁਣਾਰਸ ਵਿੱਚ ਚਲੇ ਗਏ ਹਨ। ਮਾਮੂਲੀ ਆਦਮੀ ਨੂੰ ਇਸ ਵੇਲੇ ਪਿਆਰ ਦੇ ਵਲਵਲੇ ਤੇ ਸਤੋਗੁਣੀ ਭਾਵ ਕਦੇ ਨ ਉਪਜਦੇ, ਉਸਦਾ ਹਿਰਦਾ ਰੌਦ੍ਰ ਰਸੀ ਰੰਗ ਵਿਚ ਕਰੜਾ ਪੱਥਰ ਹੋ ਰਿਹਾ ਹੁੰਦਾ, ਪਰ ਇਥੇ ਦੈਵੀ ਅਸਲਾ ਹੈ ਪਿਆਰ ਆਪ ਦਾ ਸਰੂਪ ਹੈ, ਗੁਰ ਅਵਤਾਰ ਹਨ, ਆਤਮ ਉਧਾਰ ਕਰਨਾ ਆਪ ਦਾ ਪਹਿਲਾ ਫਰਜ਼ ਹੈ, ਇਸ ਕਰਕੇ ਇਸ ਵੇਲੇ ਕਮਾਲ ਦੀ ਇਨਸਾਨੀਅਤ ਤੇ ਕਮਾਲ ਦੀ ਅਲੂਹੀਅਤ ਵੇਗ ਵਿਚ ਆਈ ਹੈ। ਪਹਿਲਾਂ ਡਿਗਦੇ ਪੈਂਦੇ ਨੂੰ ਕਹਿੰਦੇ ਹਨ, 'ਪੜ੍ਹ ਕਲਮਾਂ।' ਉਸ ਬੀ ਸਤਿਸੰਗ ਕੀਤਾ ਹੋਯਾ ਸੀ, ਮੌਤ ਆਈ ਦੇ ਭੈ ਹੇਠਾਂ ਆਪਣੇ ਕੁਸੰਗ ਦੇ ਅਸਰ ਤੋਂ ਨਿਕਲਕੇ ਕਹਿੰਦਾ ਹੈ, ਕਿ ਆਪ ਦੀ ਤਲਵਾਰ ਕਲਮਾ ਹੋ ਗਈ ਹੈ। ਅਰਥਾਤ ਉਹ ਮੁੜ ਜੱਗਜਾਸਾ ਭਾਵ ਵਿਚ ਆ ਗਿਆ ਹੈ, ਤੇ ਆਪਣੇ ਅੰਦਰੋਂ ਪਿਆਰ ਦਾ ਉਬਾਲ ਖਾਧਾ ਹੈ ਸੁ। ਇਧਰ ਗੁਰੂ ਜੀ ਮਿਹਰ ਕਰਨੀ ਚਾਹੁੰਦੇ ਹਨ। ਮਨ ਦ੍ਰਵੇ ਤਾਂ ਹੀ ਦੂਸਰੇ ਦੇ ਮਨ ਨੂੰ ਉਬਾਰ ਸਕਦਾ ਹੈ। ਸੋ ਅੰਦਰੋਂ ਦ੍ਰਵ ਕੇ ਗੁਰੂ ਜੀ ਨੇ ਪਿਆਰ ਕੀਤਾ ਹੈ, ਉਸ ਦੀ ਰੂਹ ਨੂੰ ਆਪਣੀ ਰੂਹ ਦੇ ਜੱਫੇ ਵਿਚ ਲਿਆ ਹੈ, ਨੈਣਾਂ ਤੋਂ ਪਿਆਰ ਅੱਥਰ ਕੇਰੇ ਹਨ, ਹੱਥ ਨਾਲ ਢਾਲ ਦੀ ਛਾਂ ਕੀਤੀ ਹੈ। ਇਉਂ ਪਿਆਰ ਨਾਲ ਉਸ ਦਾ ਪਾਰ ਉਤਾਰਾ ਕਰ ਦਿੱਤਾ ਹੈ। ਲੜਨਾ ਫਰਜ਼ ਸੂਰਮਗਤੀ ਦਾ ਸੀ, ਮਰਨ ਲਗੇ ਮਿੱਤ੍ਰ ਤੇ ਵੈਰੀ ਦੀ ਕਲਿਆਨ ਕਰਨੀ ਫਰਜ਼ ਪੈਗੰਬਰੀ ਦਾ ਸੀ। ਕਿਸ ਤਰ੍ਹਾਂ ਦੋਇ ਨਿਬਾਹੇ ਹਨ। ਸ਼ੰਕਾ ਉਪਜਦੀ ਹੈ ਕਿ 'ਅਸਾਂ ਹੱਥੀਂ ਪਾਲਿਆ ਸੀ, ਆਦਿਕ ਆਪਣੇ ਤੇ ਜੋ ਦੋਸ਼ ਅਰੋਪੇ ਹਨ, ਇਹ ਕਮਜ਼ੋਰੀ ਹੈ', ਪਰ ਅਸਲ ਵਿਚ ਇਹੋ ਸ਼ਹਜ਼ੋਰੀ ਹੀ, ਜੇ ਇਸ ਵੇਲੇ ਪੈਂਦਖਾਨ ਦੀ ਨਿਮਕ ਹਰਾਮੀ, ਪਲ ਪੋਸ, ਖਾ ਪੀ, ਕਮਾਲ ਦੇ ਪਿਆਰ ਲੈ ਕੇ ਜੁੱਧ ਰਚਾਉਣੇ ਤੇ ਕਤਲ ਕਰਨ ਦੇ ਲਈ ਮੈਦਾਨ ਮੰਡਣੇ ਯਾਦ ਕਰਦੇ ਤਾਂ ਆਪਣੇ ਅੰਦਰ ਉਪਜ ਰਹੇ ਪਿਆਰ ਤੇ ਦਇਆ ਦੇ ਭਾਵ ਬੰਦ ਹੋ ਜਾਂਦੇ। ਆਪ ਚਾਹੁੰਦੇ ਹਨ ਮਿਹਰ ਦੇ ਘਰ ਵਿਚ ਆਉਣਾ ਤੇ ਉਸ ਦੀ ਕਲਿਆਣ ਕਰਨੀ। 'ਅਵਗੁਣ ਕੀਤੇ ਹਰਿ ਨ ਚਿਤਾਰੇ' ਦੇ ਅਸੂਲ ਮੁਜਬ ਮਨ ਨੂੰ ਉਸ ਦੇ ਅਪਰਾਧ ਵਲ ਨਹੀਂ ਜਾਣ ਦਿੱਤਾ, ਸਦਾ ਅਦੋਸ਼ ਗੁਰੂ ਜੀ ਓਹ ਖਿਆਲ ਆਪਣੇ ਅੰਦਰ ਚਿਤਵਦੇ ਹਨ ਕਿ ਜਿਨ੍ਹਾਂ ਨਾਲ ਮਨ ਵੱਧ ਤੋਂ ਵੱਧ ਦ੍ਰਵੇ ਤੇ ਤ੍ਰੁੱਠ ਕੇ ਮਿਹਰ ਕਰ ਦੇਵੇ, ਇਉਂ ਆਪਣੇ ਬਿਰਦ ਦੀ ਆਨ ਨੂੰ ਪਾਲ ਰਹੇ ਹਨ। ਇਹ ਉਹਨਾਂ ਦੀ ਮਹਾਨ ਸ਼ਹਜ਼ੋਰੀ ਹੈ। ਜੇ ਪੈਂਦੇ ਦਾ ਵਾਰ ਚਲ ਜਾਂਦਾ ਤਾਂ ਗੁਰੂ ਜੀ ਨੂੰ ਕਦੇ ਛਡਦਾ? ਐਸੈ ਖ਼ੂਨ ਦੇ ਪਿਆਸੇ ਨੂੰ ਉਸ ਦੇ ਅੰਤ ਸਮੇਂ ਤਾਰਨ ਦਾ ਫਿਕਰ ਕਰਨਾ ਤੇ ਅਧਿਕ ਸਨੇਹ ਵਿਚ ਆਕੇ ਤਾਰ ਦੇਣਾ ਰੂਹਾਨੀ ਬਲ ਦਾ ਕਮਾਲ ਤੇ ਆਤਮ ਦ੍ਰਵਣਤਾ ਦੀ ਆਦਰਸ਼ਕ ਉਚਿਆਈ ਹੈ।
ਅੱਗੇ ਚੱਲਕੇ ਅਸਮਾਨ ਖਾਨ ਦੇ ਮਰਨ ਤੇ ਬਾਬਾ ਗੁਰਦਿੱਤਾ ਜੀ ਬੀ ਦ੍ਰਵਦੇ ਹਨ, ਇਹ ਬੀ ਉਨ੍ਹਾਂ ਦੇ ਜੀਉਂਦੇ ਜਾਗਦੇ ਅੰਦਰਲੇ ਦੇ ਆਤਮ ਬਲ ਤੇ ਪਿਆਰ ਦੇ ਸਬੂਤ ਹਨ, ਕਮਜ਼ੋਰੀ ਨਹੀਂ। ਜੋ ਰੂਹਾਨੀਅਤ ਵਿਚ ਜਾਗ ਨਹੀਂ ਰਹੇ ਉਹਨਾਂ ਦੇ ਦਿਲ ਮੈਦਾਨ ਜੰਗ ਵਿਚ ਕਠੋਰ, ਦਇਆਹੀਨ ਤੇ ਪੱਥਰ ਹੁੰਦੇ ਹਨ।

ਤਜਿ ਅਬਿ ਦੇਤਿ ਤਊ ਕਠਨਾਈ।
ਲਰਨ ਹੇਤੁ ਸੈਨਾ ਸਮੁਹਾਈ।
ਸਕਲ ਕਹੈਂ -ਤ੍ਰਾਸਤਿ ਤਜਿ ਦਏ-।
ਇਮ ਬਿਚਾਰ ਨਹਿਂ ਤਜਾਗਤਿ ਭਏ[1] [1]ਨਾਂ ਤਿਆਗੇ ਸ਼ਸਤ੍ਰ।
॥੮॥
ਜਬਿ ਪੈਂਦਾ ਗੁਰ ਕੀ ਦਿਸ਼ਿ ਧਾਯੋ।
ਖਾਂ ਅਸਮਾਨ ਸੰਗ ਹੀ ਆਯੋ।
ਸ਼੍ਰੀ ਗੁਰਦਿੱਤੇ ਤਿਹ ਅਟਕਾਯੋ।
'ਕਹਾਂ ਜਾਤਿ? ਇਤ ਰਹਹੁ!' ਅਲਾਯੋ

॥ ੯ ॥
ਤਾਨਿ ਧਨੁਖ ਕੋ ਤੀਰ ਪ੍ਰਹਾਰਾ।
ਖਾਂ ਅਸਮਾਨ ਇਨਹੁਂ ਪਰ ਮਾਰਾ।
ਦੋਨਹੁਂ ਸੁਭਟ ਅਰੇ ਰਨ ਮਾਂਹੀ।
ਧਰਿ ਉਰ ਤ੍ਰਾਸ ਮਿਟੇ ਕਿਮ ਨਾਂਹੀ[1] ॥ ੧੦ ॥

[1]ਡਰ ਕੇ (ਦੋਵੇਂ) ਪਿਛੇ ਨਹੀਂ ਹਟੇ।

ਫੇਰਹਿਂ ਤੁਰੰਗ ਪ੍ਰਹਾਰਹਿਂ ਤੀਰ।
ਕਬਹੁਂ ਦੂਰ ਕਬਿ ਹੋਵਹਿਂ ਨੀਰ[1]।
ਧਨੁ ਬਿੱਦਜਾ[1] ਅਪਨੀ ਦਿਖਰਾਵੈਂ।
ਕਰਿ ਤੁਰਨਤਾ ਤੀਰ ਚਲਾਵੈਂ ॥ ੧੧ ॥

[1]ਨੇੜੇ।

[1]ਤੀਰ ਅੰਦਾਜ਼ੀ।

ਲਗਯੋ ਨ ਕੋਊ ਇਤਿ ਉਤ ਟਰੈਂ।
ਨਿਜ ਨਿਜ ਅੰਗ ਬਚਾਵਨ ਕਰੈਂ।
ਖਾਂ ਅਸਮਾਨ ਕ੍ਰੋਧ ਤਬਿ ਕੀਨਾ।
ਤੀਛਨ ਅਹਿ ਸਮ ਭੀਛਨ ਲੀਨਾ ॥ ੧੨ ॥
ਜੋੜਿ ਜ਼ੇਹ ਮਹਿਂ ਜ਼ੋਰ ਸਮੇਤ।
ਛੋਰਯੋ ਬਾਨ ਹਾਨਿ ਕੇ ਹੇਤੁ।
ਲਗਯੋ[1] ਜ਼ੀਨ ਮੈਂ ਜਾਇ ਮਹਾਨ।
ਨਿਫਲਯੋ ਵਾਰ ਖਾਨ ਅਸਮਾਨ ॥ ੧੩ ॥

[1]ਮਾਰਨ ਲਈ।

ਸ੍ਰੀ ਗੁਰਦਿੱਤਾ ਕ੍ਰੋਧਤਿ ਜੁੱਧ।
ਲਿਯੋ ਬਾਨ ਖਪਰਾ ਇਕ ਸੁੱਧ[1]।
ਤਾਨਿ ਕਾਨ ਲਗ ਤਾਨ ਮਹਾਨਾ[1]।
ਛੁਟਯੋ ਸ ਬੇਗ ਜੁ ਸਰਪ ਸਮਾਨਾ ॥ ੧੪ ॥

[1]ਤਿੱਖਾ।

[1]ਬੜੇ ਜ਼ੋਰ ਨਾਲ ਕੰਨ ਤੱਕ ਤਾਣ (ਖਿੱਚ) ਕੇ।

ਲਗਯੋ ਖਾਨ ਕੇ ਭਾਲ ਬਿਸਾਲਾ।
ਜਨੁ ਨਿਧਿ ਦੇਖਤਿ ਪਹੁਂਚਯੋ ਬਜਾਲਾ[1]।

[1]ਮਾਨੋਂ ਸੱਪ ਖਜ਼ਾਨਾ ਵੇਖਕੇ ਪੁੱਜਾ ਹੈ। (ਕਮਾਲ ਦੀ ਕਵਿਤਾ ਹੈ)।

ਸਿਰ ਕੋ ਫੋਰਿ ਪਾਰ ਤਬਿ ਪਰਯੋ।
ਖਾਂ ਅਸਮਾਨ ਤੁਰੰਗ ਤੇ ਗਿਰਯੋ ॥ ੧੫ ॥
ਪਰਯੋ ਨਿਕਟਿ ਬਾਬਾ ਚਲਿ ਗਯੋ।
ਜਾਨਿ ਸਖਾ ਸਮ ਤਬਿ ਰੁਦਨਯੋ।
ਬਿਧੀ ਚੰਦ ਪਿਖਿ ਕੈ ਤਤਕਾਲਾ।
ਹਯ ਕੋ ਪ੍ਰੇਰਤਿ ਪਹੁੰਚਿ ਉਤਾਲਾ ॥ ੧੬ ॥
'ਤੁਰਕ ਤੀਰ ! ਤੁਮ ਠਾਂਢੇ ਕਹਾਂ ?

ਦੇਖਹੁ ਲਸ਼ਕਰ ਉਮਡਯੋ ਮਹਾਂ।
ਬਨਹੁ ਸੁਚੇਤ ਲਰਨ ਕੇ ਹੇਤ।
ਕੈ ਅਬਿ ਪਹੁੰਚਹੁ ਜਾਇ ਨਿਕੇਤ' ॥੧੭॥
ਸੁਨਿ ਕਰਿ ਸ਼੍ਰੀ ਗੁਰਦਿੱਤਾ ਕਹੈ।
'ਹਮ ਸੋਂ ਨਿਤ ਖੇਲਤਿ ਇਹ ਰਹੈ।
ਬੈਸ ਬਰੋਬਰ ਧਰਤਿ ਸਨੇਹੂ।
ਮਿਲਵਤਿ ਬਿਹਸਤਿ ਨਿਤਪ੍ਰਤਿ ਏਹੂ
॥੧੮॥
ਬੋਲਤਿ ਵਹਿਰ ਅਰੂਢ ਸਿਧਾਰਤਿ।
ਮਿਲਿ ਹਮ ਸੋਂ ਬਨ ਮ੍ਰਿਗਨ ਸੰਘਾਰਿਤ।
ਅਬਿ ਨਹਿਂ ਉਠਤਿ ਨ ਬੋਲਤਿ ਕੈਸੇ।
ਹਮ ਢਿਗ ਖਰੇ ਦੇਖਿ ਕਰਿ ਐਸੇ' ॥੧੯॥
ਬਿਧੀਚੰਦ ਕਹਿ 'ਇਹ ਮਰਿ ਗਯੋ।
ਤੁਮਰੇ ਕਰ ਤੇ ਸ਼ੁਭ ਪਦ ਲਹਯੋ।
ਜੀਵਤਿ ਇਹਾਂ ਕ੍ਰਿਪਾ ਬਹੁ ਧਾਰਹੁ।
ਭਯੋ ਮ੍ਰਿਤਕ ਭਵ ਤੇ ਅਬਿ ਤਾਰਹੁ'
॥੨੦॥
ਸੁਨਿ ਕਰਿ ਸ਼੍ਰੀ ਗੁਰ ਸੁਤ ਬਿਸਮਾਯੋ।
-ਸ਼ਸਤ੍ਰ ਧਰਨ ਕੋ ਇਹੁ ਫਲ ਪਾਯੋ।
ਰਨ ਕੇ ਲਰਨ ਤਨਕ ਨਹਿਂ ਦਯਾ[1]। — [1]ਕ੍ਰਿਪਾ।
ਹੁਤੋ ਸਖਾ ਸਮ ਹਮ ਹਤਿ ਦਯਾ[1]- — [1]ਮਾਰ ਦਿੱਤਾ।
॥੨੧॥
ਏਵ ਬਿਸੂਰਤਿ ਗੁਰ ਢਿਗ ਆਯੋ।
ਦੇਖਤਿ ਮ੍ਰਿਤਕ ਬਦਨ ਕੁਮਲਾਯੋ।
ਹੇਰਿ ਪੁੱਤ੍ਰ ਕੀ ਦਸ਼ਾ ਕ੍ਰਿਪਾਲੂ।
ਸਤਿਗੁਰ ਧੀਰਜ ਦਈ ਬਿਸਾਲੂ ॥੨੨॥
ਸੰਗ ਸੁਭਟ ਦੇ ਕਹਿ ਤਬਿ ਦੋਇ।
ਘਰ ਅੰਤਰ ਪਹੁੰਚਾਏ ਸੋਇ।
ਕਰਿ ਚਿਤ ਸ਼ਾਂਤਿ ਬੈਠਿ ਕਰਿ ਰਹੇ।
ਭਏ ਤੂਸ਼ਨੀ ਸੁਨੇ ਨ ਕਹੇ ॥੨੩॥
ਜਬਿ ਦੋਨਹੁ ਖਾਂ ਸਸੁਰ ਜਵਾਈ।
ਸੰਘਰ ਘਨੇ ਘੋਰ ਮਹਿਂ ਘਾਈ[1]। — [1]ਮਾਰੇ ਗਏ।

ਕੁਤਬਖਾਨ ਅਰੁ ਕਾਲੇ ਖਾਨ।
ਤਜਾਗੀ ਆਸਾ ਬਿਜੈ ਮਹਾਨ ॥੨੪॥
-ਲਸ਼ਕਰ ਜਿਸ ਕੇ ਸੰਗ ਚਢਾਯੋ।
ਹੁਕਮ ਸ਼ਾਹੁ ਕਰਿ ਹਮਹਿਂ ਪਠਾਯੋ।
ਸੋ ਬਾਜ਼ੀ ਸਭਿ ਹੋਈ ਨਾਸ਼।
ਗੁਰ ਪਕਰਨ ਕੋ ਛੁਟਜੋ ਬਿਸਾਸ-
॥੧੫॥
ਕਾਲੇਖਾਨ ਬਖਾਨਤਿ ਖਰੋ।
'ਕਹੋ ਕੁਤਬਖਾਂ ਅਬਿ ਕਜਾ ਕਰੋਂ?
ਪੈਂਦੇਖਾਨ ਜੰਗ ਮਰਿਵਾਇ।
ਗੁਰੂ ਮਵਾਸ ਰਹਹਿ ਇਸ ਥਾਇਂ ॥੨੬॥
ਹਟਿ ਕਰਿ ਲਵਪੁਰਿ ਓਰ ਸਿਧਾਰੈਂ।
ਕਿਮ ਹਜ਼ਰਤ ਕੋ ਬਦਨ ਦਿਖਾਰੈਂ?
-ਗੁਰ ਕੋ ਗਹਹਿਂ ਕਿ ਮਾਰਹਿਂ ਜੰਗ-।
ਇਮ ਕਹਿ ਚਢੇ ਸ਼ਾਹੁ ਕੇ ਸੰਗ ॥੨੭॥
ਦੋਨਹੁਂ ਮਹਿਂ ਇਕ ਭੀ ਨਹਿਂ ਬਨੀ।
ਹਸਹਿ ਕਚਹਿਰੀ ਹਮ ਕੋ ਘਨੀ।
ਲਾਖਹੁਂ ਧਨ ਕੇ ਦੈ ਸਿਰੁਪਾਉ।
ਬਡਿਆਏ ਦੇਖਤਿ ਉਮਰਾਉ[1] ॥੨੮॥
ਕਹਾਂ ਉਪਾਇ ਕਰਹਿਂ, ਕਹਿ ਦੇਹੁ[1]?
ਨਾਤੁਰ ਮਰਨ ਮੁੰਡ ਪਰ ਲੇਹੁ।
ਲਸ਼ਕਰ ਲਰਤਿ ਗਯੋ ਮਰਿ ਘਨੋ।
ਕਬਿਹੁਂ ਜਨਨੀ ਜਨੇ ਨ ਮਨੋ' ॥੨੯॥
ਕੁਤਬਖਾਨ ਸੁਨਿ ਕੀਨਿ ਬਖਾਨਿ।
'ਲੇਹੁ ਬਿਚਾਰ ਆਪ ਬੁਧਿਵਾਨ।
ਗਹਹੁ ਗੁਰੂ ਕੈ ਲੀਜੈ ਮਾਰਿ।
ਇਸ ਬਨ ਮਸਲਤ ਅਪਰ ਨ ਸਾਰ
॥੩੦॥
ਲਰਿਬੇ ਬਿਨਾ ਉਪਾਇ ਨ ਔਰ।
ਮਾਰਹੁ ਕੈ ਮਰੀਅਹਿ ਇਸ ਠੌਰ।
ਸਭਿ ਲਸ਼ਕਰ ਕੋ ਕਰਿ ਇਕ ਥਾਇਂ।
ਸਮੁਖ ਚਲਹਿਂ ਦੁੰਦਭਿ ਬਜਵਾਇ ॥੩੧॥

[1]ਉਮਰਾਵਾ ਦੇ ਦੇਖਦਿਆਂ।
[1]ਕਹਿ ਦਿਓ ਕੀ ਉਪਾਉ ਕਰੀਏ।

ਮਾਰੇ ਗਏ ਗਿਰੇ ਸੋ ਖੇਤ†।
ਜੀਵਤਿ ਪਹੁੰਚਹੁ ਹੋਹੁ ਸੁਚੇਤ।
ਕੈ ਲਿਹੁ ਮਾਰਿ ਕਿ ਘੇਰਹੁ ਗਹੋ।
ਇਸ ਕਾਰਜ ਮਹਿਂ ਬਿਲਮ ਨ ਲਹੋ ॥੩੨॥
ਸਵਾਜਾਮ ਨਿਸ ਤੇ ਰਣ ਲਰੇ।
ਬਾਸਰ ਡੇਢ ਜਾਮ ਅਬਿ ਚਰੇ।
ਭਏ ਥਕਤਿ ਸਭਿ ਹਯਨਿ ਸਮੇਤ।
ਅਬਿ ਕਰਿ ਹੇਲ ਜੀਤੀਐ ਖੇਤ' ॥੩੩॥
ਇਮ ਸੁਨਿ ਕੈ ਤਬਿ ਕਾਲੇ ਖਾਨਾ।
'ਬਜਹਿ ਜੁਝਾਊ' ਹੁਕਮ ਬਖਾਨਾ।
ਨਰ ਪਠਿ ਸਭਿ ਭਟ ਲਿਏ ਬਟੋਰ।
ਬੰਧਯੋ ਟੋਲ ਭਨਯੋ ਤਿਨ ਓਰ[1] ॥੩੪॥
'ਜੋ ਅਬਿ ਪ੍ਰਾਨਨਿ ਪਜਾਰੇ ਕਰੈ।
ਸੁਤ ਬਨਿਤਾ ਘਰ ਪ੍ਰੀਤੀ ਧਰੈ।
ਸੋ ਹਟਿ ਜਾਹੁ ਸ਼ਸਤ੍ਰ ਕੋ ਤਯਾਗਹੁ।
ਅਪਰ ਜੀਵਕਾ ਕਰਿਬੇ ਲਾਗਹੁ ॥੩੫॥
ਜਿਸ ਨੇ ਕਰਨ ਹੋਇ ਬਡ ਜੰਗ।
ਸੋ ਬਨਿ ਸੁਭਟ ਚਲੌਂ ਹਮ ਸੰਗ।
ਜੀਤ ਲੇਹੁ ਧਨ ਗਨ ਕੋ ਪਾਵਹੁ।
ਭੋਗਹੁ ਸੁਖ ਜਗ ਜਸੁ ਸੁ ਬਢਾਵਹੁ ॥੩੬॥
ਮਰਹੁ ਜੁੱਧ ਮਹਿਂ ਭਿਸ਼ਤ ਸਿਧਾਰਹੁ।
ਦੁਹ ਲੋਕਨਿ ਮਹਿਂ ਸੁਖ ਨਿਰਧਾਰਹੁ।
ਡਰਹਿ ਜੁ ਮਰਿਬੇ, ਸੋ ਹਟਿ ਰਹੈ।
ਮਿਹਨਤ ਕਰਹਿ ਮਜੂਰੀ ਲਹੈ ॥੩੭॥
ਮੁਗ਼ਲ ਪਠਾਨ ਕਿ ਸੱਯਦ ਨੰਦ[1]।
ਤੁਮ ਸਭਿਹਿਨਿ ਕੇ ਬੰਸ ਬਿਲੰਦ।
ਸ਼ਾਹੁ ਚਾਕਰੀ ਕਰਤਿ ਹਮੇਸ਼।
ਰਹੇ ਭੋਗਤੇ ਅਨੰਦ ਵਿਸ਼ੇਸ਼ ॥੩੮॥
ਅਬਿ ਇਹ ਹਜ਼ਰਤ ਕੋ ਲਖਿ ਕਾਜ।
ਦੁਤੀਯੇ ਕਰਹੁ ਬੰਸ ਕੀ ਲਾਜ।

†ਪਾ:-ਮਰੇ ਜਾਹਿਂ ਰਹੇ ਸੋ ਖੇਤ।

[1]ਉਹਨਾਂ ਨੂੰ ਆਖਿਆਂ:-।

[1]ਦੇ ਪੁੱਤ੍ਰ ਹੋ।

ਕਰਿ ਉਤਸਾਹੁ ਪਰਹੁ ਇਕ ਬਾਰੀ।
ਗਹਹੁ ਕਿ ਗੁਰ ਕਹੁ ਲੀਜਹਿ ਮਾਰੀ'
॥ ੩੯ ॥
ਸੁਨਿ ਜੋਧ ਹ੍ਵੈ ਕੈ ਸਵਧਾਨ।
ਕਹਯੋ 'ਦੇਖੀਏ ਅਬਿ ਘਮਸਾਨ।
ਰਣ ਮਰਿ ਰਹੈਂ ਕਿ ਮਾਰਿਹ ਦੌਰਿ।
ਕੈ ਗਹਿ ਆਨੈ ਗੁਰ ਇਸ ਠੌਰ' ॥ ੪੦ ॥
ਇਮ ਲਸ਼ਕਰ ਕਰਿ ਉਤ ਉਤਸਾਹੁ।
ਪ੍ਰੇਰੇ ਕਾਲ ਮਰਣ ਰਣ ਮਾਂਹੂ।
ਸਭਿ ਉਮਰਾਵਨਿ ਕੇਰ ਸਮੇਤ।
ਉਮਡੇ ਅੱਗ੍ਰ ਬੀਚ ਬਡ ਖੇਤ ॥ ੪੧ ॥
ਹੇਲਾ ਕਰਿਬੇ ਮਸਲਤ ਕਰੀ।
ਸਤਿਗੁਰ ਜਾਨਯੋ ਪਹੁੰਚੇ ਅਰੀ।
ਤੀਰਨਿ ਸੰਗ ਨਿਖੰਗ ਭਰਯੋ ਹੈ।
ਸਾਵਧਾਨ ਦਲ ਅਪਨਿ ਕਰਯੋ ਹੈ ॥ ੪੨ ॥
'ਪ੍ਰਿਥਮ ਹਤਯੋ ਲਸ਼ਕਰ ਅਰਿ[1] ਘਨੋ।
ਬਚਯੋ, ਹੇਲ ਇਕ ਤੇ[1] ਅਬਿ ਹਨੋ।
ਮਰਹਿ ਸੁਰਗ ਮਹਿ ਪਹੁੰਚਹਿ ਜਾਇ।
ਜੀਵਤਿ ਸੁਖ ਭੋਗਹਿਂ ਧਨ ਆਇ'
॥ ੪੩ ॥
ਇਮ ਕਹਿ ਇਕ ਥਲ ਸਭਿਨਿ ਬਟੋਰੇ।
ਕਰੇ ਸੁਚੇਤ ਰਿਪੁਨਿ ਕੀ ਓਰੇ।
ਕਹਿ ਕਰਿ ਸਭਿ ਦੁੰਦਭਿ ਬਜਵਾਏ।
ਭਏ ਸਕਲ ਤੁਰਕਨਿ ਸਮੁਹਾਏ ॥ ੪੪ ॥

[1]ਵੈਰ ਦਾ।
[1]ਇਕ ਹੱਲੇ ਨਾਲ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਅਸਮਾਨ ਖਾਨ ਬੱਧ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥ ੨੮ ॥

## ੨੯. [ਮਿਹਰਾਂ ਤੇ ਕੁਤਬ ਖਾਂ ਬੱਧ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਬਿਧੀਚੰਦ ਸੋਂ ਗੁਰ ਕਹ੍ਯੋ,
'ਲੇਹੁ ਸੰਗ ਅਸਵਾਰ।
ਪਰਹੁ ਬਰੋਬਰ ਤੇ ਅਬਹਿ,
ਲੀਜੈ ਤੁਰਕ ਸੰਘਾਰਿ' ॥੧॥

ਰਸਾਵਲ ਛੰਦ:

ਕਰੇ ਸਾਵਧਾਨਾ। ਸਭੈ ਮੇਲ ਠਾਨਾ।
ਇਤੇ ਮਾਂਹਿ ਆਏ[1]। ਮਹਾਂ ਸ਼ੋਰ ਪਾਏ ॥੨॥ — [1]ਆਏ (ਤੁਰਕ)।
ਤੁਫੰਗਾਨਿ ਛੋਰੀ[1]। ਚਲੀ ਬ੍ਰਿੰਦ ਗੋਰੀ। — [1]ਸਿਖਾਂ ਨੇ)।
ਬਡੋ ਹੇਲ ਘਾਲਾ। ਬਮੈਂ ਪੁੰਜ ਜ੍ਵਾਲਾ[1] ॥੩॥ — [1]ਬੜੀ ਅੱਗ ਨਿਕਲੀ ਭਾਵ ਬੰਦੂਕਾਂ ਚਲੀਆਂ।
ਮਨ ਮੇਘ ਔਨਾ[1]। ਉਡਾਯੋ ਸੁ ਪੌਨਾ। — [1]ਮਾਨੋਂ ਆਉਂਦੇ ਬੱਦਲ ਨੂੰ।
ਬਰੂਦੰ ਪ੍ਰਕਾਸ਼ੈ। ਛਟਾ ਜੈਸ ਭਾਸੈ ॥੪॥
ਕੜੰਕਾਰ ਉੱਠੈਂ। ਮਨੋ ਜ਼ੋਰ ਵੁੱਠੈਂ[1]। — [1]ਜ਼ੋਰ ਨਾਲ ਬਰਖਾ ਹੋ ਰਹੀ ਹੈ।
ਕ੍ਰਿਖੀ ਬੀਰ ਕੁੱਠੇ[1]। ਪਰੇ ਭੂਮਿ ਲੁੱਠੇ[2] ॥੫॥ — [1]ਸੂਰਮਿਆਂ ਰੂਪ ਖੇਤੀ ਕੋਹੀ ਗਈ। [2]ਲੁਛਦੇ ਹਨ।
ਪਰੀ ਮਾਰ ਗੋਰੀ। ਕਸੌਂ ਪੁੰਜ ਛੋਰੀ।
ਧਵਾਵੈਂ ਤੁਰੰਗੰ। ਚਲਾਵੈਂ ਤੁਫੰਗੰ ॥੬॥
ਭਯੋ ਸੂਰ ਮੇਲਾ। ਮਨੋ ਫਾਗ ਖੇਲਾ।
ਪਤੰਗੀ[1] ਸੁਰੰਗਾ। ਭਏ ਸ਼੍ਰੋਣ ਸੰਗਾ ॥੭॥ — [1]ਲਾਲ ਵਕਮ ਦੀ ਲਕੜੀ ਦਾ ਰੰਗ।
ਪਰੇ ਏਕ ਬਾਰੀ। ਬਕੈਂ ਮਾਰ ਮਾਰੀ।
ਹਲਾਹੂਲ ਰੇਲੇ। ਪਰੀ ਨ ਪਿਛੇਲੇ[1] ॥੮॥ — [1]ਪਿਛੇ (ਸੈਨਾ) ਨ ਪਈ।
ਗਿਰੇ ਬੀਰ ਮਾਨੀ। ਬਡੇ ਸ਼ਸਤ੍ਰ ਪਾਨੀ।
ਭਯੋ ਅੰਧਕਾਰਾ। ਵਧੀ ਧੂੰਮ ਧਾਰਾ ॥੯॥
ਉਡੀ ਧੂਲ ਛਾਈ। ਦਿਨੇਸ਼ੰ ਛਪਾਈ[1]। — [1]ਸੂਰਜ ਨੂੰ ਛੁਪਾ ਲਿਆ।
ਬਜੇ ਰਾਗ ਮਾਰੂ। ਸੁ ਜੂਝੈਂ ਜੁਝਾਰੂ[1] ॥੧੦॥ — [1]ਸੂਰਮੇ।
ਦਿਸ਼ਾ ਦੌਨ ਸੂਰੰ। ਰਿਦੇ ਕ੍ਰੋਧ ਪੂਰੰ।
ਕਰੇ ਲਾਲ ਨੈਨਾ। ਬਕੈਂ ਬਕ ਬੈਨਾ ॥੧੧॥

'ਗੁਰੂ ਬੀਰ ਗਾਢੋ[1]। ਕਹਾਂ ਆਪ ਠਾਢੋ?
[1]ਗੁਰੂ ਬੜਾ ਸੂਰਮਾ ਹੈ।
ਚਲੋ ਤਾਂਹਿ ਤੀਰੰ। ਦਿਖੈਂ ਕੈਸ ਧੀਰੰ[1] ॥੧੨॥
[1]ਦੇਖੀਏ ਕੈਸਾ ਧੀਰਜਵਾਨ ਹੈ।
ਗਹੋ ਮੇਲ ਕੈ ਕੈ[1]। ਕਿਧੌਂ ਪ੍ਰਾਨ ਘੈ ਕੈ।
[1]ਕੱਠੇ ਹੋਕੇ।
ਕਰੋ ਜੀਤ ਭਾਰੀ। ਨ ਕੀਜੈ ਅਵਾਰੀ' ॥੧੩॥
ਕਹੈਂ ਸ਼ੱਤ੍ਰੁ ਖੋਟੇ। ਜਬੈ ਲੌ ਨ ਹੋਟੇ[1]।
[1]ਜਦ ਤਕ (ਅੱਗੋਂ) ਨਾ ਮੋੜੇ।
ਵਧੇ ਅੱਗ੍ਰ ਆਏ। ਤੁਰੰਗੰ ਧਵਾਏ ॥੧੪॥

ਦੋਹਰਾ:
ਮਾਰ ਮਾਰ ਇਵ ਕਰਤਿ ਰਿਪੁ, ਜਬਿ ਘਾਲਜੋ ਘਮਸਾਨ।
ਓਰੜ ਆਏ[1] ਤੁਰਕ ਗਨ, ਸਕਲ ਮੇਲ ਕੋ ਠਾਨਿ ॥੧੫॥
[1]ਟੁੱਟਕੇ ਆਏ।

ਸ੍ਵੈਯਾ:
ਸ਼੍ਰੀ ਹਰਿਗੋਵਿੰਦ ਕੇ ਗਨ ਬੀਰ
ਸਹਾਰ ਸਕੈਂ[1] ਨ ਜਬੈ ਰਿਪੁ ਆਏ।
[1]ਭਾਵ, ਦੁਸ਼ਮਨ ਦਾ ਅੱਗੇ ਵਧੀ ਆਉਣਾ, ਇਹ ਗੱਲ ਨ ਸਹਾਰ ਸਕੇ।
ਚੁੰਗ ਕੋ ਬਾਂਧਿ[1] ਨਿਸੰਗ ਗਏ ਵਧਿ
[1]ਤੁਮਲ ਬੰਨ੍ਹ ਕੇ।
ਆਗੇ ਤੁਫੰਗ ਸਮੂਹ ਚਲਾਏ।
ਜੋ ਗੁਲਕਾਂ ਛੁਟਿ ਸ਼ੂੰਕ ਗਈ
ਤੁਰਕਾਨਿ ਕੇ ਅੰਗ ਸਭੀ ਲਗਿ ਜਾਏ।
ਭੂਮ ਦੜਾਦੜ ਦੀਖਤਿ ਯੌ ਦਲ,
ਬ੍ਰਿੱਛ ਹਲੇ ਫਲ, ਸੂਰ ਗਿਰਾਏ[1] ॥੧੬॥
[1]ਬ੍ਰਿੱਛ ਦੇ ਹਿਲਾਇਆਂ ਜਿਵੇਂ ਫਲ ਡਿੱਗਦੇ ਹਨ ਤਿਉਂ ਸੂਰਮੇ ਗਿਰਾਏ।
ਤੁਰਨ ਬ੍ਰਿੰਦ ਬਰੂਦ ਕੋ ਡਾਲਤਿ,
ਐਂਚਿ ਨਿਕਾਲਤਿ ਹੈਂ ਗਜ ਸੂਰੇ।
ਦ੍ਵੈ ਗੁਲਕਾਨਿ ਕੋ ਠੋਕਤਿ ਹੈਂ,
ਹਿਤ ਰੋਕਨ ਕੇ ਰਿਸ ਮੈਂ ਉਰ ਪੂਰੇ।
ਹਾਥ ਰਵਾਂ ਕਰਿ[1] ਛੋਰਤਿ ਸੰਮੁਖ
[1]ਹੱਥ ਨੂੰ ਰਵਾਂ ਕਰਕੇ, ਸੇਧ ਕੇ, ਸ਼ਿਸ਼ਤ ਬੰਨ੍ਹ ਕੇ।
ਮਾਰਤਿ ਗੇਰਿਤ ਨੇਰ ਕਿ ਦੂਰੇ।
ਭੰਗ ਕੋ ਖਾਇ ਮਲੰਗ ਪਰੇ ਜਨੁ
ਯੌ ਰਣ ਖੇਤ ਪਰੇ ਭਟ ਰੂਰੇ ॥੧੭॥
ਜੋ ਮਰਿਗੇ ਸੁ ਪਰੇ ਧਰ ਪੈ ਭਟ

ਜੀਵਤਿ ਆਨਿ ਮਿਲੇ ਇਕ ਬਾਰੀ।
ਦੋਨਹੁਂ ਬੀਰ ਲਏ ਦਲ ਕੋ
'ਅਮਿਯਾਂ, ਮਿਹਰਾ' ਹੱਥਜਾਰਨਿ ਧਾਰੀ।
ਛੋਰਿ ਦਈ ਇਕਬਾਰ ਤੁਫੰਗਨਿ
ਫੇਰ ਨਿਕਾਰਿ ਜੁਟੇ ਤਰਵਾਰੀ।
ਯੌਂ ਚਮਕੀ, ਜਨੁ ਬ੍ਰਿੰਦ ਛਟਾ
ਘਨ ਮੈਂ ਦਮਕੈ, ਥਹਿਰੈਂ ਕਰਿ ਸਾਰੀ[1] ॥੧੮॥

[1]'ਇਉਂ) ਹੱਥਾਂ ਵਿਚ ਸਾਰਿਆਂ ਦੇ (ਤਲਵਾਰਾਂ) ਲਿਸ਼ਕ ਰਹੀਆਂ ਹਨ।

ਕਾਟਤਿ ਆਪਸ ਮੈਂ ਭਟ ਅੰਗ
ਨਿਸੰਗ ਭਏ ਮਨ ਜੰਗ ਮਝਾਰੀ।
ਮੋਢਨਿ ਕੋ, ਕਟਿ ਕੋ ਕਟ ਦੇਤਿ[1],
ਕਿਨੂ ਅਸਿ ਤੁੰਡ ਕਿ ਮੁੰਡ ਪੈ ਝਾਰੀ[1]।

[1]ਕੋਈ ਮੋਢਿਆਂ ਨੂੰ ਕੋਈ ਲੱਕ ਨੂੰ ਕੱਟ ਦਿੰਦਾ ਹੈ।

[1]ਕਿਸੇ ਨੇ ਤਲਵਾਰ (ਕਿਸੇ ਵੈਰੀ ਦੇ) ਮੂੰਹ ਤੇ ਅਥਵਾ ਸਿਰ ਤੇ ਝਾੜ ਦਿੱਤੀ।

ਹਾਥ ਕਟੇ, ਕਿਹ ਗ੍ਰੀਵ ਕਟੀ
ਕਿਸ ਜਾਂਘ ਕਟੀ, ਬਡ ਤੁਰਨ ਧਾਰੀ।
ਰੰਗ ਲਈ ਅਸਿ ਸ਼੍ਰੋਨਤ ਸੋਂ,
ਮ੍ਰਿਤੁ ਚਾਬਤਿ ਪਾਨ ਜਸੋਂ ਜੀਭ ਨਿਕਾਰੀ[1] ॥੧੯॥

[1]ਮੌਤ ਨੇ (ਮਾਨੋਂ) ਪਾਨ ਚਬਦਿਆਂ ਜੀਭ ਕੱਢੀ ਹੈ।

ਮਾਨਹੁ ਬਜਾਹ ਸਮਾਜ ਬਨੇ
ਜਨ ਪ੍ਰੀਤਿ ਕਰੇ ਜੁਗ ਓਰ ਢਰੇ।
ਸੂਰਨਿ ਕੇ ਪਿਖਿ ਨੂਰਨਿ ਕੋ
ਕਰਿ ਤੂਰਨ ਹੂਰਨਿ ਆਨਿ ਬਰੇ।
ਬਾਦਤਿ ਬਾਜਤਿ 'ਮਾਰ' ਉਚਾਰਤਿ,
ਗਾਵਤਿ ਗੀਤ ਜੁ ਮੋਦ ਭਰੇ।
ਹੋਤਿ ਮਹਾਂ ਉਤਸਾਹੁ ਮਿਲੇ
ਪਟ ਰੰਗਤਿ ਰੰਗ ਸੁਰੰਗ ਖਰੇ[1] ॥੨੦॥

[1]ਲਹੂ ਦੇ) ਰੰਗ ਨਾਲ ਰੰਗੇ ਹੋਏ ਚੰਗੇ ਰੰਗ ਦੇ ਹੋ ਗਏ।

ਤੁਰਕਾਨਿ ਸਮੂਹ ਜਿ ਆਨਿ ਪਰੇ
ਤਿਨ ਬੀਚ ਘਿਰਯੋ ਮਿਹਰਾ ਅਰਿ ਕੈ।
ਚਖ ਲਾਲ ਕਰੇ ਮੁਖ ਓਠਨਿ ਚਾਬਤਿ
ਭੌਂਹ ਚਢੀ ਅਰਿ ਸੋਂ ਲਰਿ ਕੈ।
ਕਰ ਫੇਰਤਿ ਧੋਪ[1] ਚਹੂੰ ਦਿਸ਼ਿ ਮੈਂ,
ਭਟ ਢੁਕਤਿ ਨੇਰ ਗਿਰੈਂ ਮਰਿ ਕੈ।

[1]ਤਲਵਾਰ [ਸੰਕ: ਧੂਰ੍ਵਾ]

ਹਯ ਘਾਤ ਭਯੋ ਤਬਿ, ਪਾਇਨ ਸੋਂ
ਉਛਲਤਿ ਪ੍ਰਾਹਰਤਿ ਸੋ ਫਿਰਿ ਕੈ ॥੨੧॥
ਮਾਰਿ ਸਮੂਹਨਿ ਸ਼ੱਤ੍ਰਨਿ ਕੋ,
ਸਹਿ ਘਾਵ ਅਨੇਕ ਭਯੋ ਡਕਰੇ[1]। [1]ਟੋਟੇ ਟੋਟੇ ਹੋ ਗਿਆ।
ਭੂਮਿ ਪਰਜੋ, ਨ ਤਊ ਰਣ ਛੋਰਤਿ,
ਅੰਗਨ ਸੋਂ ਉਛਰੈ ਅਕਰੇ[1]। [1]ਆਕੜ ਕੇ।
ਹੇਰਿ ਤਬੈ ਅਮਿਯਾਂ ਮਨ ਕ੍ਰੋਧਤਿ
ਪੁੰਜ ਰਿਪੂ ਸਮੁਖੈ ਟਕਰੇ[1]। [1]ਜਾ ਟੱਕਰਿਆ।
ਘਾਲਤਿ ਭਾ ਘਮਸਾਨ ਘਨੋ
ਕਰਿ ਸੰਘਰ ਘੋਰ ਅਸੀ[1] ਪਕਰੇ ॥੨੨॥ [1]ਤਲਵਾਰ।
ਆਨਿ ਪਰੇ ਤੁਰਕਾਨਿ ਬਲੀ
ਤਿਨ ਹਾਨਤਿ ਘਾਵ, ਘਨੇ ਘਰ ਘਾਲਤਿ[1]। [1]ਕਈ ਘਰ ਨਾਸ਼ ਕਰਦਾ ਹੈ, ਭਾਵ ਸੂਰਮਿਆਂ ਨੂੰ ਮਾਰਦਾ ਹੈ, ਜਿਨ੍ਹਾਂ ਦੇ ਮਰਨ ਨਾਲ ਘਰਾਣੇ ਉਜੜਦੇ ਹਨ।
ਫੇਰ ਤੁਰੰਗ ਨਚਾਵਤਿ ਘਾਵਤਿ,
ਆਪਨਿ ਦੇਹੁ ਅਛੇਹਨਿ ਝਾਲਤਿ[1]। [1]ਆਪਣੀ ਦੇਹ ਤੇ ਲਗਾਤਾਰ (ਸ਼ਸਤ੍ਰ) ਝੱਲਦਾ ਹੈ।
ਅੰਗ ਤਛਾਮੁਛ ਤੂਰਨਤਾ ਕਰਿ
ਆਇ ਅਰੇ ਰਿਪੁ ਕਾਟਤਿ ਡਾਲਤਿ।
ਹੋਤਿ ਸ਼ਹੀਦ ਭਯੋ ਰਣ ਮੈਂ,
ਰਿਝ ਦੇਵ ਬਧੂ ਤਿਹ ਜੁੱਧ ਨਿਹਾਲਤਿ ॥੨੪॥

ਦੋਹਰਾ:
ਕੁਛ ਦਲ ਸੋਂ ਦ੍ਵੈ ਦਲਪਤੀ, ਜੁਝੇ ਜੰਗ ਮਝਾਰ।
ਸਨਮੁਖ ਜੇ ਤੁਰਕਾਨਿ ਕੋ, ਤਰਵਾਰਨਿ ਸੋਂ ਮਾਰ ॥੨੪॥

ਸ੍ਵੈਯਾ:
ਸ੍ਰੀ ਹਰਿਗੋਵਿੰਦ ਬੀਰ ਬਹਾਦੁਰ
ਯੌਂ ਘਮਸਾਨ ਘਨੋ ਜਬਿ ਹੇਰੇ।
ਤੀਰ ਨਿਕਾਰਤਿ ਚਾਂਪ ਮੈਂ ਧਾਰਤਿ
ਤਾਨ ਪ੍ਰਹਾਰਤਿ ਹੈਂ ਤਿਸ ਬੇਰੇ।
ਬ੍ਰਿੰਦ ਜਹਾਂ ਰਿਪੁ ਮਾਰਤਿ ਹੈਂ
ਤਹਿਂ ਬੀਧਤਿ ਜਾਤਿ ਹੈਂ ਘੋਰ ਘਨੇਰੇ।
ਬ੍ਰਿੰਦ ਤੁਰੰਗਨਿ ਕੈ ਭਟ ਅੰਗਨਿ

ਪਾਰ ਪਰੇ ਅਵਨੀ ਪਰ ਗੇਰੇ ॥੨੫॥
ਏਕ ਪ੍ਰਹਾਰ[1] ਅਨੇਕ ਸੰਘਾਰਤਿ
ਯੌਂ ਸਰ ਮਾਰਤਿ ਸ਼ੱਤ੍ਰੁ ਨਿਬੇਰੇ।
ਸੂਰਨਿ ਕੋ ਅਰੁ ਘੋਰਨਿ ਕੋ
ਲਗਿ ਘਾਵ ਮਰੇ ਜੁ ਲਗੇ ਤਿਨ ਢੇਰੇ[1]।
ਏਕ ਕਰਾਹਤਿ ਚਾਹਤਿ ਹੈਂ ਜਲ
ਏਕ ਦਲੇ ਹਯ ਪਾਇਨ ਕੇਰੇ।
ਔਂਧੇ ਪਰੇ, ਇਕ ਦਾਬੇ ਤਰੇ,
ਇਕ ਹਾਂਕ ਹਕਾਰਿਤ ਦੀਰਘਿ ਟੇਰੇ[1] ॥੨੬॥
ਯੌਂ ਖਪਰੇ ਗੁਰ ਕੇਰ ਚਲੇ,
ਭਟ ਮਾਰਿ ਕੈ ਪਾਰ ਪਰੇ ਗਨ ਤੇ।
ਸ਼੍ਰੀ ਕਰਤਾਰ ਪੁਰੇ ਢਿਗ ਕੋ
ਨਹਿਂ ਆਵਨ ਦੀਨਿ ਰਿਸੇ ਮਨ ਤੇ।
ਰੋਕ ਲਿਏ ਜਿਮ ਹੋਤਿ ਨਦੀ ਵਧ,
ਸੈਲ ਅਰੈ, ਠਹਿਰੈ ਤਿਨ ਤੇ।
ਘਾਵ ਲਗੇ ਗਿਰਤੇ ਪਰਤੇ,
ਉਰ ਤੇ ਧ੍ਰਿਤ ਕੌ ਹਰਤੇ ਤਨ ਤੇ ॥੨੭॥
ਖਾਂ ਕੁਤਬੇ ਤਬਿ ਕ੍ਰੋਧ ਕਰਯੋ
ਪਿਖਿ ਪ੍ਰੇਰ ਤੁਰੰਗ ਭਯੋ ਸਮੁਹਾਈ।
ਸ਼੍ਰੀ ਗੁਰ ਹੈਂ ਜਿਸ ਥਾਂਨ ਥਿਰੇ,
ਬਹੁ ਬਾਨ ਪ੍ਰਾਹਤਿ ਸੂਰਨਿ ਘਾਈ।
ਆਨ ਅਰਯੋ ਲਲਕਾਰ ਪਰਯੋ
ਉਚਰਯੋ 'ਅਬਿ ਠਾਂਢ ਰਹੋ ਅਗੁਵਾਈ।'
ਯੌਂ ਕਹਿ ਤੀਰ ਨਿਕਾਰਤਿ ਬੀਰ
ਅਧੀਰਜ ਚਾਂਪ ਕੋ ਐਂਚਿ ਚਲਾਈ ॥੨੮॥
ਤਾਂਹਿ ਬਚਾਈ ਗੁਰੂ ਕਰਿ ਤੂਰਨ
ਤੀਰ ਨਿਖਗ ਤੇ ਭੀਮ ਨਿਕਾਰਾ।
ਜਯੋਂ ਹਯ ਪ੍ਰੇਰਿਤ ਅੱਗ੍ਰ ਕੁਦਾਵਤਿ
ਸੰਧਿ ਕੁਦੰਡ ਮੈਂ ਐਂਚਤਿ ਮਾਰਾ[1]।
ਲਾਗਿ ਗਯੋ ਉਰ ਮੈਂ[1] ਪ੍ਰਵਿਸ਼ਯੋ,

[1]ਇਕ ਨੂੰ ਮਾਰ ਕੇ।
[1]ਢੇਰ ਲਗ ਗਏ।
[1]ਹਾਕਾਂ ਮਾਰਦੇ ਹਨ ਉੱਚੀ ਉੱਚੀ ਬੋਲਕੇ।
[1]ਧਨੁਖ ਵਿਚ ਜੋੜ ਕੇ ਖਿੱਚ ਕੇ ਮਾਰਿਆ ਕਿ।
[1]ਘੋੜੇ ਦੀ) ਛਾਤੀ ਵਿਚ।

ਬਰਮੀ ਜਿਮ ਮਾਰ[1] ਬਰਜੋ, ਤਿਮ ਮਾਰਾ[2]।
ਬੇਗ ਤੇ ਬੀਧਿ ਤੁਰੰਗਮ ਕੋ
ਤਤਕਾਲ ਪਿਛਾਰੀ ਦਿਸ਼ਾ ਪਰਿ ਪਾਰਾ[1] ॥੨੯॥

[1]ਸੱਪ। [ਫਾ: ਮਾਰ। [2]ਐਸਾ ਮਾਰਿਆ।
[1]ਪਾਰ ਪੈ ਗਿਆ।

ਜਯੋਂ, ਜਲ ਬੇਗ ਤੇ ਕੂਲ ਗਿਰੈ,
ਤਿਮ ਕਾਜ ਪਰਯੋ[1], ਕੁਤਬੇ ਤਬਿ ਛੋਰਾ।
ਸੰਮੁਖ ਸ੍ਰੀ ਹਰਿਗੋਵਿੰਦ ਕੇ
ਤਬਿ ਧਾਇ ਪਰਯੋ ਗਹਿ ਕੈ ਖਗ ਘੋਰਾ।
ਆਨਿ ਪ੍ਰਹਾਰ ਕਰਯੋ ਹਯ ਕੇ
ਮੁਖ ਲੀਨਿ ਬਚਾਇ ਲਗਯੋ ਕੁਛ ਥੋਰਾ।
ਆਪ ਗੁਰੂ ਤਬਿ ਐਂਚਿ ਕੇ ਮਯਾਨ ਤੇ
ਬੇਗ ਸਮੇਤ ਚਲਾਇ ਸੁ ਜ਼ੋਰਾ ॥੩੦॥

[1]ਤਿਵੇਂ ਘੋੜਾ ਡਿਗ ਪਿਆ।

ਘਾਵ ਕੇ ਦਾਵ ਬਚਾਵਨ ਕਾਰਨ
ਕੀਨਿ ਅਨੇਕ ਪੈ ਨਾਂਹਿ ਬਚਯੋ[1]।
ਗ੍ਰੀਵ ਪੈ ਲਾਗ ਗਯੋ ਖਗ ਭੀਖਨ,
ਤੀਖਨ ਧਾਰ ਬਿਸਾਲ, ਤਚਯੋ[1]।
ਦੂਰ ਕਰਯੋ ਸਿਰ ਕੋ ਤਤਕਾਲ,
ਰਹਯੋ ਧਰ ਪੈ ਧਰ ਭੀਖ ਨਚਯੋ[1]।
ਫੇਰ ਗਿਰਯੋ ਕਟਿ ਜਯੋਂ ਕਦਲੀ[1],
ਬਰਿ ਸ਼੍ਰੋਣਤ ਧੂਲ ਕੇ ਸੰਗ ਰਚਯੋ ॥੩੧॥

[1]ਭਾਵ ਕੁਤਬਦੀਨ ਨਾ ਬਚਿਆ।
[1]ਤਿੱਖੀ ਤਲਵਾਰ ਗਿਚੀ ਤੇ ਲਗ ਗਈ, ਬਹੁਤ ਤਿੱਖੀ ਧਾਰ ਨਾਲ ਕੱਟ ਦਿੱਤਾ। [ਸੰ: ਤਕਸ਼ਣੰ = ਰੰਦਾ ਕਰਨਾ। ਹਿੰਦੀ, ਤਚਣਾ = ਤਪਨਾ। ਪੰਜਾ: ਤੱਛਣਾ = ਕੱਟਣਾਂ]
[1]ਧੜ ਧਰਤੀ ਤੇ ਨੱਚਦਾ ਰਹਿ ਗਿਆ। (ਜਦ ਸੂਰਮੇ ਵਿਚ ਜੋਸ਼ ਅਤਯੰਤ ਹੋਵੇ ਤਾਂ ਸਿਰ ਕੱਟਣੇ ਪਰ ਧੜ ਇਕ ਦਮ ਨਹੀਂ ਡਿਗਦਾ, ਪਰ ਦੋ ਚਾਰ ਕਦਮ ਉਸੇ ਦੋਸ਼ ਵਿਚ ਨੱਚਣ ਵਾਂਙੂ ਤੱਪ੍ਰ ਤ੍ਰੱਪ ਕੇ ਡਿਗਦਾ ਹੈ)।
[1]ਕਟੇ ਹੋਏ ਕੇਲੇ ਵਾਂਙੂ (ਧੈਂ ਕਰਕੇ)।

ਖਾਂ ਕੁਤਬਾਂ ਜਬਿ ਮਾਰਿ ਲਯੋ
ਤਿਸ ਤੀਰ ਕੇ ਬੀਰ ਪਰੇ ਅਰਿਰਾਈ।
ਬ੍ਰਿੰਦ ਬਿਲੋਕਿ ਤਬੈ ਬਿਧੀਆ ਭਟ
ਸੰਗ ਲਿਏ ਬਹੁ ਮਾਰ ਮਚਾਈ।
ਪਾਵਕ ਮਾਂਹਿ ਪਤੰਗ ਪਰੈਂ ਜਿਮ,
ਧਾਵਤਿ ਆਨਿ ਪਰੇ ਸਮੁਦਾਈ।
ਤੀਰ ਤੁਫੰਗਨਿ ਤੋਮਰ ਤੇ
ਤਰਵਾਰਨਿ ਤੇ ਖਰ ਸਾਂਗ ਧਸਾਈ ॥੩੨॥

ਮੇਲ ਤਿਹੇਲ, ਧਕੇਲਤਿ ਪੇਲ,
ਮਨੋ ਮਿਲਿ ਖੇਲਿਤ ਬਾਲਕ ਬ੍ਰਿੰਦਾ।
ਚੀਰ ਸਰੀਰ ਲਹੂ ਸੰਗ ਭੀਜਤਿ
ਲੈ ਕਰਿ ਆਯੁਧ ਸ਼ੱਤ੍ਰੁ ਨਿਕੰਦਾ।
ਜੰਬੁਕ, ਜੋਗਨਿ, ਬਾਇਸਿ ਕੂਕਰ
ਭਾ ਮਨਿ ਭਾਇ ਬਿਲੰਦ ਅਨੰਦਾ[1]।
ਆਮਿਖ ਖਾਇ ਅਘਾਇ ਰਹੇ
ਗਨ ਸ਼੍ਰੋਣਤ ਪੀਵਤਿ ਹੋਤਿ ਸੁਛੰਦਾ
॥੩੩॥
ਕੌ ਲਗਿ ਮੈਂ ਬਰਨੌਂ ਬਹੁ ਭਾਂਤਨਿ
ਜਯੋਂ ਤੁਰਕਾਨਿ ਕੋ ਮਾਰਿ ਨਿਬੇਰਾ।
ਭੂਮ ਦੜਾਦੜ ਬੀਰ ਗਿਰੈਂ,
ਤਜਿ ਪ੍ਰਾਨ ਪਰੈਂ ਨ ਉਠੈ ਗਨ ਫੇਰਾ।
ਦਾਰੁਨ ਥਾਨ ਭਯੋ ਚਹੁੰ ਓਰਨ,
ਹੇਰਤਿ ਭੀਰ ਕੋ ਤ੍ਰਾਸ ਘਨੇਰਾ।
ਖੰਡਨਿ ਤੁੰਡਨਿ[1] ਮੁੰਡਨਿ ਕੋ,
ਭਟ ਝੁੰਡਨਿ ਰੁੰਡਨ ਕਾਟਿ† ਸੁ ਗੇਰਾ
॥੩੪॥

ਦੋਹਰਾ:
ਮਰੇ ਗੁਰੂ ਕੇ ਭਟ ਘਨੇ, ਹਨੇ ਤੁਰਕ ਸਮੁਦਾਇ।
ਅਵਨੀ ਲਗੇ ਅੰਬਾਰ ਬਹੁ, ਹੇਰਤਿ ਹੀ ਹਰਿਰਾਇ[1] ॥੩੫॥
ਕਾਲੇਖਾਂ ਕੁਛ ਭਟਨਿ ਸੋਂ, ਰਹਯੋ ਸ਼ੇਸ਼ ਤਿਸ ਬਾਰ।
ਜੀਤ ਆਸ ਕੋ ਛੋਰਿ ਕੈ, ਮਾਰਨ ਮਰਨੋ ਧਾਰਿ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਕੁਤਬਖਾਨ ਬੱਧ' ਪ੍ਰਸੰਗ ਬਰਨਨੰ ਨਾਮ ਊਨਤ੍ਰਿੰਸਤੀ ਅੰਸੂ ॥੨੯॥

[1]ਮਨ ਭਾਂਵਦੀ ਗਲ ਹੋਣ ਕਰਕੇ ਬੜੇ ਅਨੰਦ ਹੋ ਰਹੇ ਹਨ।

[1]ਤੋੜਕੇ ਮੂੰਹ।

†ਪਾ:-ਚੰਡ।

[1]ਦਹਿਲ ਜਾਂਦਾ ਹੈ ਦਿਲ।

## ੩੦. [ਜੰਗ-ਜਾਰੀ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਸੂਰ ਹਜ਼ਾਰਕ ਬਚੇ ਜਬਿ, ਕਾਲੇਖਾਂਨ ਬਿਚਾਰਿ।
-ਲਰੋਂ ਆਪ ਗੁਰੁ ਸੰਗ ਮੈਂ, ਮਰੌਂ ਕਿ ਲੈਹੋਂ ਮਾਰਿ- ॥੧॥

ਭੁਜੰਗ ਪ੍ਰਯਾਤ ਛੰਦ:

ਬਚੇ ਬੀਰ ਜੇਤੇ ਭਏ ਏਕ ਥਾਈਂ।
ਰਿਦੇ ਧੀਰ ਖੋਈ ਪਿਖੇ ਤੇ ਲਰਾਈ।
ਨਹੀਂ ਦੇਰ ਲਾਗੀ ਇਤੀ ਸੈਨ ਜੁਝੀ।
ਹਨੀ ਆਨਿ ਕੌਨੈ ਨਹੀਂ ਜਾਇ ਬੂਝੀ[1] ॥੨॥

[1]ਕਿਸ ਨੇ ਆਕੇ ਮਾਰ ਦਿੱਤੀ ਹੈ ਸਮਝ ਨਹੀਂ ਆਉਂਦੀ।

ਉਡੈਂ ਗ੍ਰਿੱਧ ਬ੍ਰਿੰਧੰ, ਰੜੈਂ[1] ਕੰਕ ਬੰਕੰ।
ਭਖੈਂ ਮਾਸ ਗੋਮਾਯ ਦੇਖੇ ਅਤੰਕੰ[1]।
ਸਿਵਾ ਉਚ ਟੇਰੈਂ ਮਿਲੈਂ ਸ੍ਵਾਨ ਭੌਂਕੈਂ।
ਕਿਤੇ ਘਾਇ ਖਾਏ ਸੁਨੈਂ ਨਾਦ, ਚੌਂਕੈਂ[1] ॥੩॥

[1]ਬੋਲਦੇ ਹਨ।

[1]ਜਿਨ੍ਹਾਂ ਨੂੰ ਦੇਖਕੇ ਡਰ ਆਉਂਦਾ ਹੈ।

[1]ਕਿਤਨੇ ਜ਼ਖਮ ਖਾਧੇ ਹੋਏ (ਪਏ ਹਨ ਤੇ ਗਿੱਦੜੀਆਂ ਕੁਤਿਆਂ ਦੀ) ਆਵਾਜ਼ ਸੁਣਕੇ ਤ੍ਰਬ੍ਰਕਦੇ ਹਨ, (ਅ) ਕਿਤਨੇ (ਸੂਰਮੇ ਜੋ ਕੁਛ) ਜਖਮੀ ਹਨ ਉਹ ਆਵਾਜ਼ਾਂ ਸੁਣ ਕੇ ਤ੍ਰਬ੍ਰਕ ਰਹੇ ਹਨ, ਉਨ੍ਹਾਂ ਦੇ......।

ਮੁਖੰ ਭੇ ਮਲੀਨੰ ਨਹੀਂ ਜੰਗ ਚਾਹੈਂ[1]।
-ਲਰੈ ਜੋ ਅਬੈ ਜੀਵਤੋ ਕੌਨ ਜਾਹੈ-।
ਤਊ ਖਾਨ ਕਾਲੇ ਦਿਸ਼ਾ ਕੋ ਬਿਲੋਕੈਂ।
ਲਰੈ ਨਾਂਹਿ ਕੈਸੇ, ਕਹੋ ਕੌਨ ਰੋਕੈ[1] ॥੪॥

[1]ਮੂੰਹ ਮੈਲੇ ਹਨ ਤੇ ਲੜਨਾ ਨਹੀਂ ਚਾਹੁੰਦੇ।

[1]ਕਹੋ ਕੌਣ ਰੋਕੇ (ਕਾਲੇ ਖਾਂ ਨੂੰ) ਕਿ ਹੁਣ ਕਿਸੇ ਤਰ੍ਹਾਂ ਲੜੇ ਨਾ।

ਗੁਰੂ ਬੀਰ ਜੇਤੇ ਬਚੇ ਪ੍ਰਾਨ ਸੰਗਾ।
ਕਰੈਂ ਓਤਸਾਹੰ ਸੁ ਹ੍ਵੈ ਕੈ ਨਿਸੰਗਾ।
ਕਹੈਂ ਉਚ ਟੇਰੈਂ 'ਹਨੇ ਸ਼ੱਤ੍ਰ ਸਾਰੇ।'
ਬਜੈਂ ਜੀਤ ਲੈ ਕੈ ਗੁਰੁ ਕੇ ਨਗਾਰੇ ॥੫॥
'ਮਹਾਂ ਮੂਢ ਸ਼ਾਹੂ, ਪਠੈ ਸੈਨ ਜੋਊ।
ਜਗੰ ਈਸ਼ ਸੰਗੰ ਚਹੈ ਪੂਰ ਹੋਊ।
ਜਿਨ੍ਹੋ ਕੇ ਅਗਾਰੀ ਬਨੈਂ ਹਾਥ ਜੋਰੇ।
ਤਿਨ੍ਹੋ ਸਾਥ ਲੋਹਾ ਕਰੈ ਧਾਰਿ ਜ਼ੋਰੇ ॥੬॥
ਚਮੂੰ ਬ੍ਰਿੰਦ ਭੇਜੀ ਗਈ ਬਾਰ ਮਾਰੀ।

ਤਊ ਮੁਢ ਨਾਹੀਂ ਕਰਜੋ ਭਾਉ ਭਾਰੀ।'
ਕਹੈ ਆਪ ਮੈਂ ਬੀਰ ਬੰਕੇ ਜੁਝਾਰੇ।
ਤੁਫੰਗਾਨਿ ਤੀਰਾਨਿ ਕੋ ਹਾਥ ਧਾਰੇ ॥੭॥
ਉਤੈ ਖਾਨ ਕਾਲੇ ਕਰਜੋ ਚੀਤ ਗਾਢਾ।
-ਗੁਰੂ ਸਾਥ ਜੁਝੌਂ- ਰਿਦੈ ਚਾਵ ਬਾਢਾ।
-ਅਬੈ ਜੰਗ ਤਜਾਗੌਂ ਚਲੌਂ ਮੈਂ ਪਲਾਈ।
ਨਹੀਂ ਬਾਤ ਆਛੀ, ਰਹੌਂ ਕੌਨ ਥਾਈਂ ॥੮॥
ਲਜੈ ਬੰਸ ਖਾਨਾਂਨਿ ਨਿੰਦਾ ਉਚਾਰੈਂ[1]।
ਮਰੌਂ ਹੋਇ ਗੀਦੀ, ਸਭੈ ਹੀ ਧਿਕਾਰੈਂ।
ਜਸੰ ਹੀਨ ਹ੍ਵੈ ਕੈ ਸੁਖੰ ਹੀਨ ਜੀਵੌਂ।
ਪਰੌਂ ਦੋਜ਼ਕੰ ਮੈਂ ਜਬੈ ਮ੍ਰਿੱਤੁ ਥੀਵੌਂ ॥੯॥
ਸਦਾ ਕੌਨ ਜੀਵੈ, ਮਰੈ ਬੰਸ ਬੀਤੇ।
ਭਲੇ ਜੀਵ ਸੇਈ ਜਸੰ ਜਾਂਹਿ ਲੀਤੇ-।
ਇਸੀ ਭਾਂਤਿ ਭੂਰੀ ਰਿਦੈ ਚਿੰਤ ਕੈ ਕੈ।
ਭਯੋ ਸਾਮੁਖੰ ਸੂਰਤਾ ਚੀਤ ਲੈ ਕੈ ॥੧੦॥
ਜਿਤੇ ਬੀਰ ਬਾਚੇ ਸਮੀਪੰ ਹਕਾਰੇ।
ਬਡੀ ਧੀਰ ਦੈ ਕੈ ਲਏ ਸੰਗ ਸਾਰੇ।
'ਗੁਰੂ ਕੌ ਗਹੋ ਬ੍ਰਿੰਦ ਹ੍ਵੈ ਕੈ ਨਜੀਕੰ।
ਗਹਜੋ ਜੇ ਨ ਜਾਈ ਹਤੋ ਤੌ ਭਿ ਨੀਕੰ[1] ॥੧੧॥
ਇਹੀ ਕਾਜ ਪੂਰੋ ਜਬੈ ਹੋਇ ਜਾਵੈ।
ਚਲੈਂ ਸ਼ਾਹੁ ਕੇ ਤੀਰ, ਸਾਰੀ ਸੁਨਾਵੈਂ।
ਲਹੈਂ ਮੌਜ ਭਾਰੀ ਧਨੰ, ਚੀਰ, ਘੋਰੇ।
ਗਜੰ, ਪਾਲਕੀ ਆਦਿ ਸ਼ੋਭਾ ਨ ਥੋਰੇ ॥੧੨॥
ਸੁਖੰ ਭੋਗਿ ਸਾਰੇ ਘਰੋ ਬੈਠਿ ਫੇਰੀ।
ਕਰੋ ਕਾਜ ਕੋ ਓਜ ਤੇ ਏਕ ਬੇਰੀ।
ਪੁਨੰ ਬੈਸ ਸਾਰੀ ਜਸੰ ਭੂਰ ਪਾਵੋ।
ਸ਼ਰਾਬਾਨਿ ਪੀਵੋ ਕਬਾਬਾਨਿ ਖਾਵੋ[1]' ॥੧੩॥
ਇਮੰ ਭਾਖਿ ਕੈ ਸੰਗ ਲੀਨੇ ਜੁਝਾਰੇ।

[1]ਮੈਨੂੰ) ਸ਼ਰਮਿੰਦਾ ਕਰੇਗਾ ਪਠਾਣਾਂ ਦਾ ਵੰਸ਼ ਤੇ (ਮੇਰੀ) ਨਿੰਦਾ ਕਰਨਗੇ।

[1]ਤਾਂ ਭੀ ਚੰਗੀ (ਗਲ) ਹੈ।

[1]ਸ਼ਰਾਬਾਂ ਪੀਓ ਤੇ ਕਬਾਬਾਂ ਨੂੰ ਖਾਓ।

ਨਵਾਲਾਨਿ ਪਜਾਲਾਨਿ ਮੇਲੀ ਉਦਾਰੇ[1]। — [1]ਪਿਆਲੇ ਤੇ ਨਵਾਲੇ ਦੇ (ਇਕੱਠੇ ਖਾਣ ਤੇ ਸ਼ਰਾਬ ਪੀਣ ਦੇ) ਬੜੇ ਮੇਲੀ।

ਸਵਾਧਾਨ ਹ੍ਵੈ ਕੈ ਕਰੈਂ ਸ਼ਸਤ੍ਰ ਤਯਾਰੀ।
ਤੁਫੰਗਾਨਿ ਤੀਰਾਨਿ ਸਾਂਗੈਂ ਸੰਭਾਰੀ ॥੧੪॥
ਲਏ ਦੀਹ ਨੇਜੇ, ਕਰਾਚੋਲ[1], ਭਾਲੇ। — [1]ਤਲਵਾਰਾਂ।
ਬਿਸਾਲੇ ਜੁ ਢਾਲੇ ਉਛਾਲੇ ਉਤਾਲੇ।
ਕਸੈਂ ਦੋਇ ਗੋਰੀ, ਪਲੀਤਾ ਮਿਲਾਵੈਂ।
ਧਰੈਂ ਮੋੜਿ ਤੋੜਾ ਕਲਾ ਪੈ ਟਿਕਾਵੈਂ ॥੧੫॥
ਲਏ ਬਾਨ ਪੈਨੇ[1] ਜਿਨੋ ਚਾਂਪ ਧਾਰੇ। — [1]ਤਿੱਖੇ।
ਹਯੰ ਪ੍ਰੇਰਿ ਕੈ ਧਾਇ ਚਾਲੇ ਅਗਾਰੇ।
ਹਲਾਹੂਲ ਹੋਈ ਪਰਯੋ ਰੌਰ ਭਾਰੇ।
ਗੁਰੂ ਬੀਰ ਬੰਕੇ ਖਰੇ, ਧੀਰ ਧਾਰੇ ॥੧੬॥
ਗੁਰੂ ਓਜ ਕੇ ਆਸਰੇ ਮੋਦ ਧਾਰੇ।
ਕਹੈਂ[1] 'ਆਇਂ ਆਗੈ ਤਬੈ ਲੇਹਿਂ ਮਾਰੇ।' — [1](ਗੁਰੂ ਕੇ ਸੂਰਮੇ) ਕਹਿੰਦੇ ਹਨ।
ਤੁਫੰਗਾਨ ਬਾਰੂਦ ਗੋਰੀ ਮਿਲਾਏ।
ਧਨੂਬਾਨ ਕੋ ਸੰਧਿ[1] ਚਾਹੈਂ ਚਲਾਏ ॥੧੭॥ — [1]ਜੋੜ ਕੇ।
'ਜਬੈ ਨੇਰ ਢੁਕੇ ਮਿਲੈਂ ਤੁੰਡ ਦੌਨਾ।
ਤਬੈ ਏਕ ਬਾਰੀ ਹਨੋ ਜੌਨ ਕੌਨਾ।
ਦੜਾਦਾੜ ਗੇਰੋ ਕ੍ਰਿਪਾਨੈ ਸੰਭਾਰੋ।
ਤਛਾਮੁੱਛ ਕਾਟੋ ਜਥਾ ਕਾਠ ਆਰੋ[1]' ॥੧੮॥ — [1]ਕਾਠ ਨੂੰ ਆਰਾ।
ਫਿਰੈਂ ਦੇਤਿ ਬਾਰਦ ਗੋਰੀ ਖਤੰਗਾ।
ਦਏ ਦੀਹ ਨੇਜ਼ੇ 'ਹਨੋ ਸ਼ੱਤ੍ਰੂ ਅੰਗਾ।'
ਗੁਰੂ ਬੀਚ ਠਾਂਢੇ ਬਿਧੀਚੰਦ ਤੀਰੰ[1]। — [1]ਪਾਸ।
ਖਰੋ ਬਿੱਪ੍ਰ ਜਾਤੀ ਧਨੂ ਸੰਧਿ ਤੀਰੰ ॥੧੯॥
ਕਰੇ ਨੈਨ ਸੌਹੇਂ, ਪਿਖੈਂ ਸ਼ੱਤ੍ਰੂ ਆਵੈਂ।
-ਹਨੈ ਏਕ ਬਾਰੀ ਨਹੀਂ ਪਾਛ ਜਾਵੈਂ।
ਲਈ ਮਾਰਿ ਸੈਨਾ, ਰਹੀ ਸ਼ੇਸ਼ ਥੋਰੀ।
ਲਖੀ ਜਾਇ ਭਾਜੈ ਅਬੈ ਸ਼ਾਹੁ ਓਰੀ- ॥੨੦॥

ਦਿਸ਼ਾ ਦੌਨ ਐਸੇ ਭਏ ਤਜਾਰ ਜੁੱਧੰ।
ਤਬੈ ਖਾਨਕਾਲਾ ਰਿਦੇ ਭੂਰ ਕ੍ਰੁਧੰ।
ਬਡੇ ਮੋਲ ਕੇਰਾ ਤੁਰੰਗੰ ਚਲਾਯੋ।
ਦਲੰ ਹੇਲ ਘਾਲਜੋ ਹਲਾਹੂਲ ਘਾਯੋ ॥੨੧॥
ਕਰਜੋ ਰੌਰ ਊਦੇ, ਮਹਾਂ ਸ਼ੋਰ ਮਾਚਜੋ।
ਚਲਾਚਾਲ ਬੀਰੰ, ਰਿਦੈ ਰੋਸ ਰਾਚਜੋ।
ਪਰੇ ਹੂਹ ਦੈ ਕੇ ਜਬੈ ਨੇਰ ਆਏ।
ਪਲੀਤੇ ਉਘਾੜੇ ਸੁ ਤੋੜੇ ਧੁਖਾਏ ॥੨੨॥
ਚਲੇ ਆਇੰ ਸੀਧੇ ਢੁਕੈਂ ਢੋਇ ਕੀਨੀ[1]।
ਦੁਹੂੰ ਓਰ ਗੋਰੀ ਤਕੀ[1] ਛੋਰਿ ਦੀਨੀ।
ਮਲੇਛਾਨਿ ਕੋ ਵਾਰ ਕੰਧੈ ਮਝਾਰਾ।
ਗੁਰੂ ਬੀਰ ਬਾਚੇ ਨ ਬੰਕੋ ਸੁ ਬਾਰਾ[1] ॥੨੩॥
ਇਨੋਂ ਜੋ ਪ੍ਰਹਾਰੀ ਲਗੀ ਜਾਇ ਸਾਰੀ।
ਗਿਰੇ ਜੰਗ ਮੈਂ ਅੰਗ ਭੰਗੇ ਸੁ ਮਾਰੀ।
ਫੁਟਜੋ ਸੀਸ ਤੁੰਡੰ, ਟੁਟੀ ਜੰਘ ਬਾਂਹੂ।
ਬਿਧੇ ਕੰਧ ਛਾਤੀ ਕਿਸੂ ਪੇਟ ਮਾਂਹੂ ॥੨੪॥
ਹਯੰ ਸੰਗ ਕੇਤੇ ਗਿਰੇ ਜੁੱਧ ਮਾਂਹੀ।
ਮਰੇ ਤਾਤਕਾਲੰ ਉਠੇ ਫੇਰ ਨਾਂਹੀ।
ਗੁਰੂ ਬਾਨ ਸੰਧੈਂ ਧਨੁ ਐਂਚਿ ਮਾਰੈਂ।
ਜਿਤੇ ਹੋਤਿ ਆਗੇ ਸੁ ਪਾਰੰ ਪਧਾਰੈਂ ॥੨੫॥
ਭਿੜਜੋ ਭੇੜ ਗਾਢੋ, ਦੜਾਦਾੜ ਡਾਰੇ।
ਬਚੋ ਬੀਰ ਜੇਤੇ ਸੁ ਆਏ ਅਗਾਰੇ।
ਹੁਤੋ ਖਾਨ ਕਾਲਾ ਹੰਕਾਰੀ ਬਿਸਾਲਾ।
ਗੁਰੂ ਤੀਰ ਢੂਕਜੋ ਸੁ ਕ੍ਰੋਧੰ ਕਰਾਲਾ ॥੨੬॥

**ਅੰਮ੍ਰਿਤ ਧੁਨਿ ਛੰਦ:**

ਸ੍ਰੀ ਹਰਿਗੋਬਿੰਦ ਬਦਨ ਕੋ
ਦੇਖਿ ਬੁੱਧਿ ਬਿਧ[1]† ਸੁੱਧ[2]।

[1]ਢੁਕ ਢੁਕਾ ਕੀਤੀ, ਭਾਵ ਅਗੇ ਵਧੇ।
[1]ਤੱਕ ਕੇ।
[1]ਵਾਲ ਬੀ ਵਿੰਗਾ ਨਾ ਹੋਇਆ।
[1]ਚੰਦ੍ਰਮਾਂ। ਬਿਧ ਬਦਨ ਕੌ = ਚੰਦ੍ਰਮਾਂ ਰੂਪੀ ਮੁਖ ਨੂੰ [ਸੰਸ: ਬਿਧੁ = ਚੰਦ]। [2]ਬੁੱਧਿ ਸੁੱਧ = ਸੁੱਧ ਬੁੱਧੀ ਵਾਲਾ।

†ਪਾ:-ਬ੍ਰਿੰਧ।

ਤੁਰਕਨਿ ਸੰਗ ਬਿਰੁੱਧ ਕੈ[1]
ਬਿਧੀ ਚੰਦ ਧਰਿ ਕ੍ਰੁੱਧ।

[1]ਵਿਰੋਧ ਕਰ ਕੇ। ਵਿਰੁੱਧ ਡਟਕੇ। ਮੁਕਾਬਲੇ ਤੇ ਆਕੇ।

ਬਿਧੀ ਚੰਦ† ਧਰ ਕ੍ਰੁੱਧਧ[1],

[1]ਧਰਿ ਕ੍ਰੁੱਧਧ = ਵਿਸ਼ਨੂੰ ਸਮਾਨ ਇਖਲਾਕੀ ਗੁੱਸੇ ਵਿਚ ਕੋਪਵਾਨ ਹੋਕੇ। [ਧਰ = ਵਿਸ਼ਨੂੰ (ਸਮਾਨ)। ਕ੍ਰੋਧ ਕੋਪਵਾਨ। ਧ = ਧਰਮ, ਇਖਲਾਕ] (ਅ) ਗੁੱਸਾ ਧਾਰ ਕੇ। †ਛਾਪੇ ਵਿਚ ਇਹ 'ਬਿਧੀ ਚੰਦ'ਨਹੀਂ ਹੈ, ਲਿਖਤੀਆਂ ਵਿਚ ਹੈ, ਪਰ ਛੰਦ ਦੀ ਚਾਲ ਚਾਹੁੰਦੀ ਹੈ ਕਿ ਪਾਠ ਬਿਧਿ ਏਥੇ ਹੋਵੇ, ਜਿਸਦਾ ਪ੍ਰਯਾਯ ਬਿਧੀ ਚੰਦ ਹੈ। ਐਉਂ:-ਬਿਧਿ ਧਰਿ ਕ੍ਰੁੱਧਧ।

ਧਨੁ[1] ਕਰਿ ਉਧਧਿ[2], ਧਰਿ[3] ਸਰ ਸੰਧਧ[4]†।

[1]ਧਨੁੱਖ। [2]ਉੱਗ੍ਰਯ। ਉਲਾਰਕੇ। ਉਚਾ ਕਰਕੇ [ਸੰਸ: ਉਦ੍ਯਤ]। [3]ਰੱਖ ਕੇ, ਧਰਕੇ। [4]ਸੰਨ੍ਹਿਆ, ਜੋੜਿਆ। †ਪਾ:-ਧਰ ਸੁ ਸੰਧ ਧਧ।

ਧਰ[1] ਮਨ ਬੁੱਧਧ[2], ਧਿਰ ਜਿਸ ਮੱਧਧ[3]†,

[1]ਧਰਮ। [2]ਗਜਾਨ ਧਾਰਨੇ ਵਾਲਾ, ਗਜਾਨੀ [ਬੋਧ+ਧ]। [3]ਜਿਸ ਦਾ ਹਿਰਦਾ ਧਾਰਨ ਵਾਲਾ ਹੈ ਧੀਰਜ [ਧਿਰ = ਧੀਰਜ। ਮੱਧ = ਹਿਰਦਾ। ਧ = ਧਾਰਨੇ ਵਾਲਾ]। †ਪਾ:-ਧਰ ਮਨ ਬੁੱਧਧ ਧਰਜ ਸਮਧਧ (ਅ) ਧਿਰਜ ਸਮੱਧਧ।

ਧਿਰ[1] ਅਰਿ ਮੱਧਧ[2]।

[1]ਧੜੇ ਵਾਲਾ। ਧੜੇ ਦਾ ਪੱਕਾ। ਪ੍ਰਾਕ੍ਰਮੀ। [2]ਮਿੱਧ ਦੇਣਾ, ਦਲ ਸੁੱਟਣਾ।

ਧਰਾ[1] ਸੁ ਜੁੱਧਧ[2], ਧਰ ਸੁਰ ਸੁੱਧਧ[3],

[1]ਧਾਰਿਆ, ਕੀਤਾ। [2]ਯੁੱਧ ਧਰਮ [ਜੁੱਧ = ਜੰਗ+ਧ = ਧਰਮ] (ਅ) ਜੁੱਧ ਭੂਮੀ ਵਿਚ (ਅੱਗੇ ਵਧਿਆ)। [3]ਧਰ ਸੁਰ ਨਾਂ ਰਹੀ' ਯਾ 'ਧਿਰ ਸੁਰ ਨਾਂ ਰਹੀ' ਪੰਜਾਬੀ ਮੁਹਾਵਰਾਂ ਹੈ ਕਿਸੇ ਸ਼ੈ ਦੇ ਅੰਦਾਜ਼ਾ ਨਾ ਰਹਿਣ ਦੀ ਭਾਵ ਬਹੁੱਲਤਾ। ਧਰ ਸੁਰ ਸੁੱਧਧ = (ਬਿਧੀ ਚੰਦ ਨੂੰ ਵੈਰੀ ਦੀ) ਬਹੁੱਲਤਾ ਦੀ ਸੁਧ ਹੈ। ਸੁੱਧਧ = ਸੰਪੂਰਨ ਸੁੱਧ ਹੈ [ਸੁੱਧ = ਖਬਰ। ਧ = ਸੰਪਤੀ, ਪੂਰਣਤਾ] (ਅ) ਸੁਧ ਸ੍ਵਰ ਧਾਰ ਕੇ = ਉੱਚੀ ਬੋਲ ਕੇ, ਲਲਕਾਰ ਕੇ। (*) ਪਾ:-ਧਰਿ ਸਰ ਸੁਧਧਿ = ਸ਼ੁਧ ਤੀਰ ਧਾਰ ਕੇ।

ਧਰਿ[1] ਰਿਪੁ ਬ੍ਰਿੰਧਧ[2]†।

[1]ਧਰ ਲੈਣਾ। ਅੱਗੇ ਲਾ ਲੈਣਾ। ਮਾਰਨਾ, ਵਿੰਨ੍ਹਣਾ। [2]ਵਡੇ ਵਡੇ, ਸਿਰਕਰਦੇ।। †:-ਬਿਧਧ = ਵਿੰਨ੍ਹਦਾ ਹੈ।

ਧਸਕਤਿ ਜੋਧਧ, ਧਰਕਤਿ ਬੋਧਧ[1]

[1]ਬੋਧ = ਧੀਰਜ। ਧ = ਧਾਰਨ ਵਾਲੇ = ਧੀਰਜ ਧਾਰਨ ਵਾਲੇ ਭਾਵ ਹਠੀਲੇ (ਅ) ਲਲਕਾਰਦਾ ਹੈ।

ਧਿਧਕਧ[1] ਕ੍ਰੁੱਧਧ ਧਮਕਤਿ[2]† ॥੨੭॥

[1]ਧਿਧਕਧ = ਧਿਧਕਤਿ = ਧਕੇਲਦਾ ਹੈ। [2]ਧਮਕਾਉਂਦਾ ਹੈ। †ਛੰਦ ਦੀ ਚਾਲ ਮੂਜਬ ਇਹ ਪਦ ਇਥੇ ਵਾਧੂ ਹੈ। 'ਧਿਧਕਧ ਕ੍ਰੁੱਧਧ' ਦੀ ਥਾਵੇਂ 'ਧਮਕਤ ਕ੍ਰੁੱਧਧ' ਸੁੱਧ ਪਾਠ ਜਾਪਦਾ ਹੈ।
ਪਾ:-ਧਕ ਧਕ ਰੁੱਧਤਿ ਧਮਕਤਿ-ਬੀ ਹੈ।

ਅਰਥ:
(ਸਾਹਿਬ) ਸ੍ਰੀ (ਗੁਰੂ) ਹਰਿਗੋਵਿੰਦ (ਜੀ ਦੇ) ਮੁਖ (ਰੂਪੀ) ਚੰਦ੍ਰਮਾਂ ਨੂੰ ਸ਼ੁੱਧ ਬੁੱਧੀ ਵਾਲਾ (ਭਾਈ) ਬਿਧੀ ਚੰਦ ਵੇਖ ਕੇ ਤੁਰਕ ਦੇ ਮੁਕਾਬਲੇ ਤੇ ਆ ਕੇ ਕ੍ਰੋਧਵਾਨ ਹੋਇਆ। (ਹਾਂ ਉਸ) ਬਿਧੀ ਚੰਦ ਨੇ ਵਿਸ਼ਨੂੰ ਸਮਾਨ

(ਇਖ਼ਲਾਕੀ) ਗੁੱਸੇ ਵਿਚ ਕੋਪਵਾਨ ਹੋਕੇ ਧਨੁਖ ਉੱਚਾ ਕੀਤਾ (ਤੇ ਚਿੱਲੇ ਦੇ ਵਿਚ) ਤੀਰ ਧਰਕੇ ਸੰਨ੍ਹਿਆਂ। (ਕਿਉਂਕਿ ਬਿਧੀ ਚੰਦ ਦਾ) ਮਨ ਧਰਮ ਦਾ ਗਿਆਨੀ ਹੈ, (ਹਾਂ) ਜਿਸ ਦਾ ਹਿਰਦਾ ਧਰਨ ਵਾਲਾ ਹੈ ਤੇ ਧੀਰਜ ਨੂੰ, (ਤੇ ਜੋ) ਵੈਰੀ ਨੂੰ ਦਲ ਸਿੱਟਣੇ ਦਾ ਪ੍ਰਾਕ੍ਰਮੀ ਹੈ, (ਉਸ ਨੇ) ਜੁੱਧ ਧਰਮ ਨੂੰ ਧਾਰਨ ਕੀਤਾ, ਭਾਵ ਜੁੱਧ ਵਿਚ ਉੱਮਲ ਪਿਆ (ਪਰ ਉਸ ਨੂੰ ਵੈਰੀ ਦੀ) ਬਹੁੱਲਤਾ ਦੀ ਬੀ ਪੂਰੀ ਸੁਧ ਹੈ (ਇਸ ਲਈ ਉਸ ਨੇ ਚੁਣ ਚੁਣ ਕੇ) ਵੈਰੀ ਦੇ ਸਿਰਕਰਦੇ ਵਿੰਨ੍ਹ ਸਿਟੇ। (ਅਤੇ ਹੱਲਾ ਕਰਕੇ) ਜੋਧਿਆਂ ਵਿਚ ਧਸਦਾ ਜਾਂਦਾ ਹੈ, ਹਠੀਲੇ (ਸੂਰਮਿਆਂ ਦੇ ਦਿਲ) ਧੜਕਾਉਂਦਾ, ਕ੍ਰੋਧਵਾਨ (ਵੈਰੀਆਂ ਨੂੰ) ਧਕੇਲਦਾ ਤੇ ਧਮਕਾਉਂਦਾ (ਜਾ ਰਿਹਾ) ਹੈ।

ਚਾਚਰੀ ਛੰਦ:

ਤੁਫੰਗੈਂ। ਉਤੰਗੈਂ। ਉਠਾਈ। ਚਲਾਈ
॥੨੮॥
ਕਮਾਨੈਂ। ਸੁ ਤਾਨੈਂ। ਪ੍ਰਹਾਰੈਂ। ਸੰਘਾਰੈਂ
॥੨੯॥
ਜੁਝਾਰੈਂ। ਪ੍ਰਚਾਰੈ[1]। ਉਭਾਰੈਂ। ਦੁਧਾਰੈਂ
॥੩੦॥
ਪ੍ਰਚੰਡੇ। ਉਮੰਡੇ[1]। ਘਮੰਡੇ। ਸੁ ਖੰਡੇ[2]
॥੩੧॥
ਮਹਾਨੇ। ਪ੍ਰਹਾਨੇ[1]। ਭਯਾਨੇ। ਪਲਾਨੇ[2]
॥੩੨॥

[1]ਵੰਗਾਰਦੇ ਹਨ।

[1]ਤ੍ਰਿੱਖੇ (ਸੂਰੇ) ਉਮਡ ਆਏ। [2]ਹੰਕਾਰੀਆਂ ਨੂੰ ਮਾਰਨ (ਲਗੇ)।

[1]ਬੜੇ ਹੀ ਮਾਰੇ। [2]ਜੋ ਡਰੇ ਸੋ ਦੌੜ ਗਏ।

ਸਾਬਾਸ ਛੰਦ:

ਚਲਤਿ ਖਤੰਗਹਿ। ਭਟ ਤਨੁ ਭੰਗਹਿ।
ਬਰਨ ਸੁਰੰਗਹਿ। ਗਿਰਤਿ ਤੁਰੰਗਹਿ
॥੩੩॥
ਗਹਿਤਿ ਕ੍ਰਿਪਾਨਹਿ। ਖਿਚ ਕਰਿ ਮਜਾਨਹਿ।
ਬਲ ਕਰਿ ਬਾਹਤਿ। ਰਨ ਫਿਰ ਗਾਹਤਿ
॥੩੪॥
ਹਤਿ ਹਤਿ ਗੋਰਨਿ[1]। ਮਰਿ ਜੁਗ ਓਰਨਿ[2]।
ਧਰ ਪਰ ਡਾਰਤਿ। ਫਿਰ ਫਿਰ ਮਾਰਿਤ
॥੩੫॥
ਸਤਿਗੁਰ ਹੇਰਤਿ। ਹਯ ਨਿਜ ਪ੍ਰੇਰਤਿ।
ਕਰਖਤਿ ਚਾਂਪਹਿ[1]। ਕਰਿ ਬਲ ਆਪਹਿ
॥੩੬॥
ਤੁਰਕ ਨਿਬੇਰਤਿ। ਗਿਰਿ ਗਿਰ ਟੇਰਤਿ।
ਪਰਤਿ ਕਰਾਹਤਿ। ਜਲ ਕਹੁ ਚਾਹਤਿ

[1]ਗੋਲੀਆਂ। [2]ਮਾਰਦੇ ਹਨ ਦੋਹਾਂ ਪਾਸਿਆਂ (ਦਿਆਂ) ਨੂੰ।

[1]ਖਿੱਚਦੇ ਹਨ ਧਨੁਖ ਨੂੰ।

॥੩੭॥
ਨਭ ਮਹਿਂ ਹੂਰਨਿ। ਪਿਖਿ ਬਰ ਸੂਰਨਿ।
ਚਖ ਜਿਨ ਚੰਚਲ। ਨਚਤਿ ਦ੍ਰਿਗੰਚਲ[1]
[1]ਪਲਕਾਂ।
॥੩੮॥
ਸੁਭਤਿ ਸੁ ਅੰਜਨ[1]। ਕਰਿ ਮਨ ਰੰਜਨ।
[1]ਸੁਰਮਾਂ।
ਨਚਤਿ ਸੁ ਖੰਜਨ[1]। ਕਰ ਜਨੁ ਕੰਜਨ[2]
[1]ਮਮੋਲੇ ਵਰਗੇ (ਨੇਤ੍ਰ)। [2]ਹੱਥ ਮਾਨੋਂ ਕਵਲ ਹਨ।
॥੩੯॥
ਭਟ ਬਰ ਟੋਲਤਿ[1]। ਚਰਬ ਤਮੋਲਤ[2]।
[1]ਸੂਰਮੇਂ ਵਰਾਂ ਨੂੰ ਟੋਲਦੀਆਂ ਹਨ। [2]ਚਬਦੀਆਂ ਹਨ ਪਾਨ।
ਹਸਿ ਹਸਿ ਬੋਲਤਿ। ਹਰਖਤਿ ਡੋਲਤਿ
॥੪੦॥
ਕਰਤਿ ਬਧਾਇਨਿ[1]। ਬਹੁ ਚਿਤ ਚਾਇਨ।
[1]ਵਧਾਈਆਂ ਦਿੰਦੀਆਂ ਹਨ।
ਕਰ ਮਹਿਂਦੀ ਜੁਤਿ। ਬਰ ਨਹੁਂ ਦੀ ਕ੍ਰਿਤ[1]
[1]ਨਹੁੰਆਂ ਦੀ ਬਨਾਟਵ ਯਾ ਸ਼ੋਭਾ ਬੀੜ ਸੁਹਣੀ ਹੈ।
॥੪੧॥
ਦੋਹਰਾ:
ਇਸ ਪ੍ਰਕਾਰ ਜੁਗ ਸੈਨ ਕੋ, ਰਣ ਮਾਚਯੋ ਘਮਸਾਨ।
ਨਿਬਰਿ ਗਏ ਬਹੁ ਸੂਰਮਾ, ਆਪਸ ਮੈਂ ਲਰਿ ਹਾਨ ॥੪੨॥
ਨਰ ਤੁਰੰਗ ਗਨ ਮ੍ਰਿਤਕ ਕੇ, ਲਾਗੇ ਬਡ ਅੰਬਾਰ।
ਭੀਖਨ ਭਯੋ ਸਥਾਨ ਸਭਿ, ਲਾਲ ਰੰਗ ਕੋ ਧਾਰਿ ॥੪੩॥
ਆਮਿਖ ਆਂਤ੍ਰਨਿ ਮਿੱਝ ਕੋ, ਸ਼੍ਰੋਣਤ ਕੇਰ ਪ੍ਰਵਾਹ।
ਭਈ ਅਧਿਕ ਦੁਰਗੰਧਤਾ, ਗਨ ਹਾਂਡਨਿ ਜੁਤਿ ਤਾਂਹਿ ॥੪੪॥
ਐਂਚਤ ਮਾਸ ਗੁਮਾਇ ਗਨ, ਲਰਿ ਆਪਸ ਮਹਿਂ ਸ੍ਵਾਨ।
ਚਾਟਤਿ ਸ਼੍ਰੋਣਤ ਮੀਝ ਕੋ, ਤ੍ਰਿਪਤ ਹੋਤਿ ਕਰਿ ਖਾਨ ॥੪੫॥
ਕੰਕ ਬੰਕ ਬੋਲਤਿ ਉਡਤਿ, ਕਾਕ ਖਾਹਿਂ ਬਹੁ ਟਾਰਿ।

ਗ੍ਰਿੱਧ ਬ੍ਰਿੱਧ ਭਰਮਹਿਂ ਟਿਕਹਿਂ, ਮਾਨਵ ਹਯਨਿ ਉਧੇਰ[1] ॥੪੬॥
ਕਹੌਂ ਕਹਾਂ ਲਗਿ ਜੰਗ ਕੋ, ਲਰਤਿ ਬਾਹਿਨੀ ਦੋਇ।
ਮ੍ਰਿਤਕ ਭਏ ਕੁਛ ਬਚ ਰਹੇ, ਨਰ ਗਿਨਤੀ ਕੇ ਜੋਇ ॥੪੭॥
ਕਾਲੇ ਖਾਂ ਅਰੁ ਗੁਰੂ ਕੋ ਭਯੋ, ਸਮੁਖ ਜਿਮ ਜੁੱਧ।
ਸੁਨਹੁ ਸੰਤ! ਮਨ ਦੈ ਸਭੈ, ਕਰਿਕੈ ਸੁੱਧਿ ਸੁ ਬੁੱਧਿ ॥੪੮॥

[1]ਉਧੇੜ ਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੰਗ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਕਾਲੇ ਖਾਂ ਬੱਧ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਲਗੀ ਸੈਨ ਸੋਂ ਸੈਨ ਤਬਿ,
ਹੱਥਜਾਰਨ ਕਹੁ ਮਾਰਿ।
ਕਾਲੇਖਾਂ ਸਨਮੁਖ ਜਯੋ,
ਨਹਿਂ ਸਤਿਗੁਰੂ ਨਿਹਾਰ ॥੧॥

ਚੌਪਈ:

ਚੰਚਲ ਕਰਤਿ ਤੁਰੰਗ ਨਚਾਯੋ।
ਸ਼੍ਰੀ ਹਰਿਗੋਵਿੰਦ ਸਨਮੁਖ ਆਯੋ।
ਪਹੁੰਚਜੋ ਨਿਕਟਿ ਧਨੁਖ ਸੰਭਾਰਤਿ।
ਖਰ ਖਪਰਾ ਗੁਨ ਮਹਿਂ ਸੰਚਾਰਿਤ[1] ॥੨॥ [1]ਚਿੱਲੇ ਵਿਚ ਜੋੜਦਾ ਹੈ।
ਗੁਰਨਿ ਬੰਗਾਰਤਿ ਬਾਕ ਉਚਾਰੇ।
'ਪ੍ਰਿਥਮ ਤੁਮਹੁ ਬਹੁ ਖਾਨ ਸੰਘਾਰੇ।
ਜੇ ਤੀਰਨ ਕੋ ਅਧਿਕ ਚਲਾਵਤਿ।
ਸਭਿ ਮਹਿਂ ਬਡ ਬਲਵਾਨ ਕਹਾਵਤਿ
॥੩॥
ਅਬਿ ਮੈਂ ਚਲਿ ਆਯੋ ਤੁਮ ਓਰਾ।
ਕਾਲੇਖਾਨ ਨਾਮ ਲਖਿ ਮੋਰਾ।
ਤੁਮ ਕੋ ਪਕਰਨਿ ਸ਼ਾਹੁ ਪਠਾਯੋ।
ਬਹੁ ਲਸ਼ਕਰ ਲੇ ਚਢਿ ਮੈਂ ਆਯੋ ॥੪॥
ਕੈ ਸਭਿ ਕੋ ਪਲਟਾ ਰਣ ਲੈ ਹੌਂ।
ਨਾਂਹਿ ਤ ਪ੍ਰਾਨ ਆਪਨੇ ਦੈ ਹੌਂ।
ਸਾਵਧਾਨ ਹੁਇ ਸਹੁ ਮਮ ਬਾਨਾ।
ਹਤੋਂ ਮਹਾਂ ਤੀਖਨ ਹਿਤ ਹਾਨਾ' ॥੫॥
ਸ਼੍ਰੀ ਹਰਿਗੋਵਿੰਦ ਸੁਨਿ ਮੁਸਕਾਏ।
'ਜਿਸ ਮਗ ਪੂਰਬ ਤੁਰਕ ਪਠਾਏ।
ਸੋ ਅਬਿ ਬੰਦ ਨਹੀਂ ਕੁਛ ਭਯੋ।
ਸਭਿਨਿ ਆਇ ਭਟ ਰਣ ਕਰਿ ਲਯੋ
॥੬॥
ਨਾਸਹਿ ਸ਼ਾਹੁ ਬਾਹਿਨੀ ਸਾਰੀ।
ਹਮ ਠਾਂਢੇ ਅਬਿ ਤੋਹਿ ਅਗਾਰੀ।
ਜਸੁ ਬਿੱਦਜਾ ਤੀਰਨਿ ਕੀ ਪਾਈ।

ਸੋ ਅਬਿ ਕਰਹੁ ਦੇਹੁ ਦਿਖਰਾਈ ॥੭॥
ਪੂਰਬ ਸਹੈਂ ਵਾਰ ਸਰ ਤੋਰਾ।
ਪੀਛੇ ਕਰਹੁ ਬਿਲੋਕਨ ਮੋਰਾ[1]।' — [1]ਫੇਰ ਮੇਰਾ ਤੀਰ (ਚਲਦਾ) ਤੁਸੀ ਵੇਖੋ।
ਇਮ ਸੁਨਿਤੇ ਸ਼੍ਰੁਤਿ ਲਉ ਧਨੁ ਤਾਨਾ[1]। — [1]ਕੰਨਾਂ ਤੱਕ ਧਨੁੱਖ ਖਿਚਿਆ।
ਬਲ ਤੇ ਤਜਾਗਜੋ ਤੀਖਨ ਬਾਨਾ ॥੮॥
ਛੋਰਤਿ ਬੋਲਜੋ ਕਾਲੇਖਾਨਾ।
'ਲੇਹੁ ਪਤਾ ਜਿਮ ਵਿੱਦਜਾਵਾਨਾ।
ਮਾਰਾ ਹੀ ਜਾਨਹੁਂ ਧਰ[1] ਗਿਰਜੋ।' — [1]ਧਰਤੀ ਤੇ।
ਆਵਤਿ ਸਰ ਸਤਿਗੁਰੂ ਨਿਹਰਜੋ ॥੯॥
ਮਸਤਕ ਛੁਵਤਿ ਸੁ ਗਯੋ ਅਗਾਰੇ।
ਖਰ ਖਪਰਾ ਕੁਛ ਮਾਸ ਉਤਾਰੇ।
ਬੂੰਦ ਰਕਤ ਕੀ ਨਿਕਸੀ ਲਾਲ।
ਮਨਹੁਂ ਤਿਲਕ ਜੈ ਕੋ ਲਗਿ ਭਾਲ[1] ॥੧੦॥ — [1]ਮਾਨੋਂ ਮੱਥੇ ਤੇ ਜੈ ਦਾ ਤਿਲਕ ਲੱਗ ਗਿਆ ਹੈ (ਕੈਸੀ ਉਪਮਾ ਕਮਾਲ ਦੀ ਦਿੱਤੀ ਹੈ ਕਾਮਲ ਕਵੀ ਨੇ)।
ਰਿਦੈ ਕ੍ਰੋਧ ਤਬਿ ਦੂਨ ਚਊਨਾ।
ਕਰਜੋ ਨਿਕਾਸਨ ਸਰ ਖਰ ਤੂਨਾ[1]। — [1]ਭੱਥੇ ਵਿਚੋਂ [ਸੰਸ: ਤੂਣ = ਭੱਥਾ]
ਤੂਰਨ ਪੂਰਿ[1] ਕਾਨ ਲਗਿ ਮਾਰਾ। — [1]ਖਿੱਚ ਕੇ।
ਪਿਖਿ ਸਰੂਪ ਕੋ ਡਰ ਬਹੁ ਧਾਰਾ ॥੧੧॥
ਤਾਨਤਿ ਧਨੁ ਕੋ ਟਰਿ ਕਰਿ ਚਾਲਾ।
ਪ੍ਰੇਰਤਿ ਬਾਜੀ[1] ਬਹੁ ਬਲਵਾਲਾ। — [1]ਘੋੜਾ ਫੇਰ ਲਿਆ।
ਛੁਟਜੋ ਤੀਰ ਗੁਰ ਕਰ ਤੇ ਐਸੇ।
ਬਿਖਧਰ[1] ਰਿਸ ਧਰਿ ਉਡਿਗਾ ਜੈਸੇ ॥੧੨॥ — [1]ਸੱਪ।
ਤੁਰਕ ਗਯੋ ਬਚਿ, ਤੁਰੰਗ ਸੰਘਾਰਜੋ।
ਲਗਜੋ ਉਦਰ ਮਹਿਂ ਪਾਰ ਪਧਾਰਜੋ ॥੧੩॥
ਕਾਲੇਖਾਨ ਉਤਰ ਕਰਿ ਖਰਜੋ।
ਅਪਨਾ ਆਪ ਸੰਭਾਰਨ ਕਰਜੋ।
ਕਹਤਿ ਭਯੋ 'ਅਬਿ ਹੋਤਿ ਅਨੀਤੀ।
ਜੇ ਤੁਮ ਕਰਹੁ ਜੰਗ ਕੀ ਰੀਤੀ ॥੧੪॥
ਖਰੋ ਧਰਾ ਪਰ ਮੈਂ ਹਯ ਬਿਨਾ।
ਤੁਮ ਚਢਿ ਰਹੇ ਬੇਗ ਜਿਸ ਘਨਾ[1]। — [1]ਬੜੇ ਵੇਗ ਵਾਲੇ (ਘੋੜੇ) ਤੇ।

ਜੇ ਕਰਿ ਸਮ ਹੁਇ ਰਣ ਕੋ ਕਰਹੁ।
ਤਜਹੁ ਤੁਰੰਗ ਚਰਣ ਪਰ ਥਿਰਹੁ ॥੧੫॥
ਤੌ ਮੈਂ ਕਰੌਂ ਖੜਗ ਸੰਗ੍ਰਾਮਾ।
ਤਕਿ ਬਹੁ ਦਾਵ ਦਹਿਨ ਅਰੁ ਬਾਮਾ[1]। [1]ਸਜਿਓ ਖੱਬਿਓਂ।
ਜੋ ਨਹਿਂ ਮਾਨਹੁ ਚਹੁ ਸੰਘਾਰਾ।
ਤੌ ਕਰਿ ਲੇਹੁ ਆਪਨੋ ਵਾਰਾ ॥੧੬॥
ਜਥਾ ਪ੍ਰਥਮ ਭਾ ਤੀਰਨਿ ਸੰਗ।
ਤਥਾ ਖੜਗ ਕੋ ਚਹੀਯਹਿ ਜੰਗ।
ਹੋਇ ਬਰਾਬਰ ਹੇਰਹੁ ਵਾਰ।
ਅਪਨੋ ਕੀਜੈ ਬਲ ਸੰਭਾਰਿ' ॥੧੭॥
ਸੁਨਿ ਸਤਿਗੁਰ ਕਾਲੇਖਾਂ ਬੈਨ।
ਤਜਯੋ ਤੁਰੰਗ ਜਿਨਹੁ ਕੁਛ ਭੈ ਨ।
ਕਹਯੋ 'ਤੋਹਿ ਚਿਤ ਹੌਸ ਨ ਰਹੈ[1]। [1]ਹਵਸ ਨ ਰਹਿ ਜਾਏ।
ਲਰਹਿਂ ਤਥਾ ਜਿਮ ਅਬਿ ਤੂੰ ਚਹੈਂ ॥੧੮॥
ਖੜਗ ਸਿਪਰ ਦੋਨਹੁਂ ਕਰ ਧਾਰੀ।
ਭਏ ਸਮੁਖ ਦੋਨਹੁਂ ਭਟ ਭਾਰੀ।
ਦ੍ਵੈ ਦਲ ਕੇ ਦੋਨਹੁਂ ਸਰਦਾਰ।
ਦੋਨਹੁਂ ਕੈ ਉਤਸਾਹ ਉਦਾਰ ॥੧੯॥
ਦੋਨਹੁਂ ਬੀਰ ਬੀਰ ਰਸ ਢਰੇ।
ਦੋਨਹੁਂ ਦਾਵ[†] ਜੰਗ ਕੋ ਕਰੇਂ। [†]ਪਾ: ਚਾਵ।
ਦੋਨਹੁਂ ਕੇ ਆਨਨ ਪਰ ਲਾਲੀ।
ਦੋਨਹੁਂ ਵਿੱਦਯਾਵਾਨ ਬਿਸਾਲੀ ॥੨੦॥
ਦੋਨਹੁਂ ਜੀਤਨ ਕੇ ਅਭਿਲਾਖੀ।
ਦੋਨਹੁਂ ਕੋ ਦਲ ਦੇਖਤਿ ਆਂਖੀ।
ਦੋਨਹੁਂ ਇਤ ਉਤ ਬਿਚਰਨ ਲਾਗੇ।
ਦੋਨਹੁਂ ਬਾਮ ਦਾਇਂ ਹੁਇਂ ਆਗੇ ॥੨੧॥
ਦੋਨਹੁਂ ਪਟੇਬਾਜ਼ ਕੀ[1] ਵਿੱਦਯਾ। [1]ਗੱਤਕੇ ਦੀ।
ਕਰਿ ਕਰਿ ਦੋਨਹੁਂ ਚਾਹਤਿ ਵਿਦਯਾ[1]। [1]ਕੱਟਿਆਂ।
ਦੋਨਹੁਂ ਚਰਨ ਚਲਾਕੀ ਕਰੈਂ।
ਵਾਰ ਰੋਕ ਦੋਨਹੁਂ ਢਿਗ ਅਰੈਂ ॥੨੨॥
ਸਿਪਰ ਸਿਪਰ ਸੋਂ ਦੋਨਹੁਂ ਭੇਰ।

ਕਰ[1] ਦੋਨਹਂ ਚਮਕਤਿ ਸ਼ਮਸ਼ੇਰ।' — [1]ਹੱਥ ਵਿਚ ਦੋਹਾਂ ਦੇ

ਜੁਟੇ ਬੀਰ ਦੋਨਹੁਂ ਸਮ ਸ਼ੇਰ[1]। — [1]ਤਲਵਾਰਾਂ।

ਜਨੁ ਦੋਨਹੁਂ ਬਲਿ ਬ੍ਰਿਖਭ ਬਡੇਰ[1] ॥੨੩॥ — [1]ਬੜੇ ਬਲੀ ਬੈਲ ਹਨ ਮਾਨੋਂ।

ਸਿੰਗ ਖੜਗ ਤੇ[1] ਦੋਨਹੁਂ ਅਰੇ†। — [1]ਤਲਵਾਰਾਂ ਰੂਪੀ ਸਿੰਘਾਂ ਨਾਲ।

†ਦੋ ਸੂਰਮਗਤੀ ਵਿਚ ਤੁਲਵੇਂ ਸੂਰਮਿਆਂ ਦਾ ਰੂਪਕ ਬੰਨ੍ਹ ਰਹੇ ਹਨ, ਨਜ਼ੂਨੋਪਮਾਂ ਦਾ ਦੂਸ਼ਨ ਵਿਚ ਪੈਂਦਾ ਜਾਪਦਾ ਹੈ, ਪਰ ਕਵੀ ਜੀ ਦਾ ਖਿਆਲ ਇੱਧਰ ਜਾ ਰਿਹਾ ਹੈ ਕਿ ਵੈਰੀ ਸਰੀਰਕ ਸੂਰਮਗਤੀ ਵਿਚ ਕਿਵੇਂ ਕੰਮ ਨਹੀ ਸੀ। ਗੋਇਆ ਉਸ ਪਰ ਫਤਹ ਪਾਉਣੀ ਇਕ ਭਾਰੀ ਬੀਰਤਾ ਦਾ ਕੰਮ ਸੀ, ਇਹ ਧੂਨੀ ਵਿਚ ਵਡਿਆਈ ਦਾ ਭਾਵ ਰੱਖਿਆ ਜਾਪਦਾ ਹੈ। ਇਸ ਵੇਲੇ ਕਵੀ ਜੀ ਆਪ ਦੇ ਬਲ ਤੇ ਜੋਸ਼ ਨੂੰ ਮਾਨੁਖੀ ਕਮਾਲ ਦੇ ਨੁਕਤੇ ਤੋਂ ਦੱਸ ਰਹੇ ਸਨ; ਤੇ ਉਪਮਾ ਦੇਣ ਵਿਚ ਬੀਚਾਰ ਪਸ਼ੂਆਂ ਦੀ ਬੀ ਦੇ ਰਹੇ ਹਨ, ਪਰ ਉਹਨਾ ਦੇ ਅੜਨ ਤੇ ਭਿੜਨ ਦੇ ਇਕ ਇਕ ਅੰਗ ਨੂੰ ਲੈ ਰਹੇ ਹਨ ਤਾਂ ਤੇ ਦੂਸ਼ਨ ਪਿਆ ਨਹੀਂ ਸਮਝਣਾ ਚਾਹੀਏ।

ਮਨਹੁ ਮਸਤ ਦ੍ਵੈ ਕੁੰਜਰ[1] ਭਿਰੇ। — [1]ਹਾਥੀ।

ਭੁਜਦੰਡਨ ਹੈਂ ਸੁੰਡਾ ਜਿਨ ਕੇ[1]। — [1]ਭੁਜਦੰਡ ਜਿਨ੍ਹਾਂ ਦੇ (ਮਾਨੋਂ) ਸੁੰਡਾਂ ਹਨ।

ਤੀਛਨ ਦਸਨ ਅਸਿਨਿ[1] ਬਡ ਜਿਨ ਕੇ ॥੨੪॥ — [1]ਤਲਵਾਰਾਂ ਰੂਪ ਤਿੱਖੇ ਦੰਦ ਹਨ।

ਕਾਲੇਖਾਂ ਉਛਰਜੋ ਬਲ ਧਾਰੇ।

ਖੜਗ ਉਭਾਰਿ ਗੁਰੂ[1] ਲਲਕਾਰੇ। — [1]ਗੁਰੂ ਜੀ ਨੂੰ।

'ਰਹੁ ਠਾਢੋ ਮਾਰਜੋ ਅਬਿ ਜਾਨਿ।

ਨਹਿਂ ਜੈ ਹੈਂ ਅਬਿ ਲੈ ਕਰਿ ਪ੍ਰਾਨ' ॥੨੫॥

ਸਤਿਗੁਰ ਅਧਿਕ ਸ਼ੀਘ੍ਰਤਾ ਧਾਰੀ।

ਕਰਤਿ ਚਲਾਕੀ ਸਿਪਰ ਅਗਾਰੀ।

ਰੋਕਿ ਵਾਰ ਨਿਜ ਖੜਗ ਪ੍ਰਹਾਰਾ।

ਕਾਲੇਖਾਨ ਤਬੈ ਬਲ ਧਾਰਾ ॥੨੬॥

ਲਿਯੋ ਖੜਗ ਪਰ ਖੜਗ ਜੁ ਮਾਰਾ[1]। — [1]ਤਲਵਾਰ ਤੇ ਤਲਵਾਰ ਦੀ ਮਾਰ ਜੋ ਲਈ ਤਾਂ......।

ਨਿਕਸਤਿ ਭਈ ਬ੍ਰਿੰਦ ਚਿਨਗਾਰਾ।

ਮਾਨਹੁ ਚਮਕੰਤਿ ਰੈਨ ਟਨਾਨੇ।

ਟੂਟੇ ਨ ਦੋਨਹੁ ਬਚੇ ਮਹਾਨੇ ॥੨੭॥

ਗਯੋ ਫਰਕ ਕਰਿ[1] ਕਾਲੇਖਾਨ। — [1]ਵਿੱਥ ਕਰ ਗਿਆ।

ਭਯੋ ਨਿਫਲ ਦ੍ਵੈ ਵਾਰ ਕ੍ਰਿਪਾਨ।

ਥਕਤਿ ਨ ਦੋਨਹੁ ਜੋਧਾ ਭਾਰੀ।

ਪੁਨ ਅਭਿਲਾਖਤਿ ਕਰਨਿ ਪ੍ਰਹਾਰੀ ॥੨੮॥

ਲਾਇ ਘਾਤ ਪੁਨ ਢੁਕਜੋ ਨੇਰ।

ਦੋਨਹੁਂ ਕੀਨਿ ਭੀਮ ਭਟ ਭੇਰ[1]। — [1]ਦੋਹਾਂ ਸੂਰਮਿਆਂ ਨੇ ਕੀਤਾ (ਫੇਰ) ਭਿਆਨਕ ਭੇੜ (ਮੁਕਾਬਲਾ)।

ਅੰਤਹਿਪੁਰ ਹੇਰਤਿ ਹੈ[1] ਸਾਰਾ।
ਤ੍ਰਾਸ ਤੁਰਕ ਬ੍ਰਿੰਦਨਿ ਤੇ ਧਾਰਾ ॥੨੯॥
ਗੁਰੂ ਬੀਰ ਅਰੁ ਤੁਰਕ ਜਿ ਬਾਚੇ[1]।
ਰਣ ਹੇਰਤ ਸੰਸੈ ਚਿਤ ਰਾਚੇ।
ਅਰਜੋ ਤੁਰਕ ਨਹਿਂ ਮਾਰਜੋ ਗਯੋ।
ਘਾਤ ਖੜਗ ਕੋ ਫਿਰਿ ਫਿਰਿ ਕਿਯੋ ॥੩੦॥
ਬਿਧੀਚੰਦ ਆਦਿਕ ਬਡ ਜੋਧਾ।
ਪਿਖਹਿਂ ਤੁਰਕ ਉਰ ਬਾਢਹਿ ਕ੍ਰੋਧਾ।
ਸਭਿ ਕੇ ਮਨ ਕੀ ਸਤਿਗੁਰ ਜਾਨੀ।
ਚਾਹਤਿ ਭਏ ਕਰਨਿ ਰਿਪੁ ਹਾਨੀ ॥੩੧॥
ਆਇ ਪਰਜੋ ਕਰਿ ਖੜਗ ਪ੍ਰਹਾਰ।
ਕਾਲੇਖਾਨ ਮਹਾਂ ਬਲ ਧਾਰਿ।
ਸ੍ਰੀ ਹਰਿਗੋਬਿੰਦ ਢਾਲ ਸੰਭਾਲਿ।
ਰੋਕਿ ਵਾਰ ਕੋ ਮਾਰੀ ਭਾਲ[1] ॥੩੨॥
[1]ਬਲ ਤੇ ਹਨੀ, ਗਿਰਨ ਲਗਿ ਪਾਛੇ।
ਕਰਾਚੋਲ ਬਾਹਜੋ ਤਬਿ ਆਛੇ[1]।
ਬਿਹਬਲ ਤੇ ਨ ਬਚਾਯੋ ਗਯੋ।
ਲਗਜੋ ਸੀਸ ਚੀਰਤਿ ਬਪ[1] ਭਯੋ ॥੩੩॥
ਏਕੈ ਆਂਖ ਏਕ ਹੀ ਸ਼੍ਰੌਨ।
ਇਕ ਕਰ, ਇਕ ਪਗ, ਖੰਡ ਸੁ ਦੌਨ[1]।
ਅਰਧੋ ਅਰਧ ਸੁ ਚੀਰਨ ਕਰਤੀ।
ਪੁਨ ਤਰਵਾਰ ਬਰੀ ਕੁਛ ਧਰਤੀ ॥੩੪॥
ਹੁਇ ਜੁਗ ਖੰਡ[1] ਪਰੇ ਤਰਫੰਤੇ।
ਗਯੋ ਭਿਸ਼ਤ ਕੋ ਭਾ ਸੁਖਵੰਤੇ।
ਦੇਖਤਿ ਜੈ ਜੈ ਬਾਕ ਉਚਾਰਾ।
ਬਜਜੋ ਫਤੇ ਕੋ ਅਧਿਕ ਨਗਾਰਾ ॥੩੫॥
ਬਚੇ ਤੁਰਕ ਕੁਛ ਚਲੇ ਪਲਾਈ।
ਭੂਪ ਬਿਨਾ ਕੋ ਕਰੈ ਲਰਾਈ।
ਤਜਿ ਰਣਖੇਤ ਨਿਕੇਤ ਸਿਧਾਰੇ।
ਦਈ ਸਭਿਨਿ ਕੀ ਸੁਧ 'ਰਣ ਮਾਰੇ'

[1]ਘਰ ਦੀਆਂ ਬੀਬੀਆਂ ਬੀ ਤੱਕ ਰਹੀਆਂ ਹਨ।

[1]ਗੁਰੂ ਜੀ ਦੇ ਜੋਧੇ ਤੇ ਤੁਰਕ ਜੋ ਬਚ ਰਹੇ ਸਨ, (ਸਾਰੇ)।

[1]ਵਾਰ ਨੂੰ ਢਾਲ ਤੇ ਰੋਕ ਕੇ (ਬੜੀ ਫੁਰਤੀ ਨਾਲ) ਢਾਲ (ਉਸ ਦੇ) ਮੱਥੇ ਤੇ ਕੱਢ ਮਾਰੀ।

[1]ਜ਼ੋਰ ਨਾਲ ਮਾਰੀ ਕਿ ਪਿਛੋਂ ਡਿੱਗਣ ਲੱਗਾ।

[1]ਤਦ ਤਲਵਾਰ ਚੰਗੀ ਤਰ੍ਹਾਂ ਮਾਰੀ।

[1]ਸਰੀਰ।

[1]ਦੋ ਟੁਕੜੇ ਹੋ ਗਿਆ।

[1]ਦੋ ਟੋਟੇ (ਵੱਖ) ਹੋ ਕੇ।

॥ ੩੬ ॥
ਜਹਿਂ ਕਹਿਂ ਬਿਧਵਾ ਗਨ ਤੁਰਕਾਨੀ।
ਸਿਰ ਮੁਖ ਪੀਟਤਿ ਦੁਖੀ ਮਹਾਨੀ।
ਉਤ ਕਾਬਲ ਅਰੁ ਦਿੱਲੀ ਦੇਸ਼।
ਚਾਕਰ ਗ੍ਰਾਮਨਿ ਨਗਰ ਅਸ਼ੇਸ਼ ॥ ੩੭ ॥
ਸ਼ੋਕ ਬਾਸ ਕਰਿ[1] ਬਿਚ ਤੁਰਕਾਨੇ। — [1]ਸ਼ੋਕ ਨੇ ਵਾਸਾ ਕੀਤਾ।
ਭ੍ਰਾਤ ਪਿਤਾਦਿ ਬੰਧੁ ਜਿਨ ਹਾਨੇ[1]। — [1]ਜਿਨ੍ਹਾਂ ਦੇ ਮਾਰੇ ਗਏ।
ਕਿਸ ਕੋ ਪੁੱਤ੍ਰ, ਭਤੀਜਾ ਕਾਂਹੂ।
ਭਏ ਸੰਘਾਰਣ ਸੰਘਰ ਮਾਂਹੂ ॥ ੩੮ ॥
ਗੁਰੂ ਬੀਰਤਾ ਜ਼ਾਹਰ ਭਾਰੀ।
ਬਚਜੋ ਕੌਨ ਜੋ ਗਯੋ ਅਗਾਰੀ।
ਜਹਾਂ ਕਹਾਂ ਤੁਰਕਨ ਕੇ ਓਕ[1]। — [1]ਤੁਰਕਾਂ ਦੇ ਘਰ ਸਨ।
ਕੀਨ ਅਖਾਰੋ ਕੰਜਰ ਸ਼ੋਕ[1] ॥ ੩੯ ॥ — [1]ਸ਼ੋਕ ਰੂਪੀ ਕੰਜਰ ਨੇ (ਤੁਰਕਾਂ ਦੇ ਘਰ ਨੂੰ) ਅਖਾੜਾ ਬਣਾ ਲਿਆ, ਭਾਵ ਸ਼ੋਕ ਓਥੇ ਨੱਚਣ ਲੱਗ ਪਿਆ। ਉਸ ਦਾ ਰੂਪ ਅੱਗੇ ਦੱਸਦੇ ਹਨ ਕਿ:-।
ਨਾਇਣ ਦੇਤਿ ਤਲੀਮਨ ਨਾਚਤਿ[1]। — [1]ਨਾਇਣ ਜੋ ਤਾਲੀਮ ਦੇ ਰਹੀ ਹੈ, ਸੋ (ਸ਼ੋਕ ਦਾ) ਨਾਚ ਪੈ ਰਿਹਾ ਹੈ। (ਨਾਇਣ ਇਕ ਟਪਾ ਅੱਗੇ ਬੋਲਦੀ ਹੈ, ਤੇ ਪਿੱਟਣ ਵਾਲੀਆਂ ਉਸੇ ਸੁਰ ਲੈ ਤਾਰ ਤੇ ਮਗਰ ਪਿਟਦੀਆਂ ਤੇ ਬੋਲਦੀਆਂ ਹਨ। ਇਹ ਨਾਇਣ ਦੀ ਤਾਲੀਮ ਦੇਣੀ ਹੈ। ਭਾਵ ਅਲਾਹਣੀਆਂ ਦੇਣੀਆਂ)।
'ਹੈ ਹੈ ਓਹ' ਗਾਇਬੋ ਮਾਚਤਿ[1]। — [1]'ਹੈ ਹੈ, ਓਹ ਓਹ', (ਯਾ 'ਹਾਇਓ ਹਾਇਓ' ਆਦਿ ਪਦ ਜੋ ਪਿੱਟਣ ਵਾਲੀਆਂ ਦੇ ਉਠਦੇ ਹਨ), ਸੋ ਗਾਉਣ (ਦੀ ਸੁਰ) ਉਠ ਰਹੀ ਹੈ।
ਸਿਰ ਮੁਖ ਕੋ ਪੀਟਤਿ ਇਕਬਾਰੀ।
ਉਠਹਿਂ ਤਾਲ ਜਨੁ ਮਿਲ ਮਿਲ ਭਾਰੀ ॥ ੪੦ ॥
ਇਸ ਬਿਧਿ ਕੀ ਗਤਿ ਲਹਿ ਤੁਰਕਾਨਾ।
ਭਨਹਿਂ ਸਿਆਨੇ 'ਭਾ ਬਹੁ ਹਾਨਾ।
ਚਾਰ ਜੰਗ ਮੈਂ ਦਿਯੋ ਖਪਾਈ।
ਸੱਯਦ ਮੁਗ਼ਲ ਖ਼ਾਨ ਸਮੁਦਾਇ ॥ ੪੧ ॥
ਅਬਿ ਭੀ ਪਠਹਿ ਸ਼ਾਹੁ ਜੇ ਲਸ਼ਕਰ।
ਸਰਬ ਨਿਬੇਰਹਿਂ ਰਨ ਕੋ ਕਰਿ ਕਰਿ।
ਨਹੀਂ ਚਾਕਰੀ ਜੋ ਅਬਿ ਕਰਿਹੈਂ।
ਪ੍ਰਾਨ ਸਹਿਤ ਸੋ ਤੁਰਕ ਉਬਰਿਹੈਂ ॥ ੪੨ ॥

ਨਾਂਹਿ ਤ ਦੈ ਹੈਂ ਗੁਰੂ ਖਪਾਇ।
ਸ਼ਾਹਿ ਕ੍ਰੋਧ ਕਰਿ ਤਹਾਂ ਪਠਾਇ।'
ਇਸ ਤੇ ਆਦਿ ਅਨਿਕ ਬਿਧਿ ਬਾਤੀ।
ਕਰਹਿਂ ਤੁਰਕ ਮਿਲਿ, ਸੰਕਟ ਛਾਤੀ ॥੪੩॥

ਸਤਿਗੁਰ ਕਾਲੇਖਾਂ ਜਬਿ ਹਯੋ[1]।
ਚਤੁਰ ਘਟੀ ਦਿਨ ਤਬਿ ਰਹਿ ਗਯੋ।
ਚਹੁੰ ਦਿਸ਼ਿ ਪੁਰਿ ਕੇ ਦਾਰੁਨ ਥਾਨ।
ਧੁਕਿ ਧੁਕਿ ਉਠਿਬੇ ਲਗੇ ਮਸਾਨ[1] ॥੪੪॥

[1]ਮਾਰਿਆ।

[1]ਉੱਛਲ ਉੱਛਲ ਕੇ ਲਗੇ ਮਸਾਣ ਉਠਣ। ਇਹ ਮੁਹਾਵਰਾ ਹੈ, ਮਸਾਨ ਉਠਣਾ = ਭਾਵ ਹੈ ਕਿ ਮੁਰਦੇ ਉੱਛਲ ਉੱਛਲ ਕੇ ਉੱਠਣ ਲਗੇ। ਖਿਆਲ ਹੈ ਮਸਾਣਾਂ ਦੇ ਬੈਤਾਲ ਇਹ ਖੇਡਾਂ ਮੁਰਦਾ ਲੋਥਾਂ ਨਾਲ ਕਰਦੇ ਹਨ। ਅਸਲ ਵਿਚ ਕਈ ਵੇਰ ਭਾਰੀ ਯੁੱਧ ਵਿਚ ਮਰੇ ਪਏ ਲੱਗਣ ਵਾਲੇ ਮੁਰਦੇ ਜੀਉਂਦੇ ਹੁੰਦੇ ਹਨ, ਤੇ ਪ੍ਰਾਣਾਂਤ ਹੋਣ ਵੇਲੇ ਛੇਕੜਲੀ ਤੜਫਨ ਲੈ ਕੇ ਉੱਛਲ ਕੇ ਕੁਛ ਕਰਤੱਬ ਬੀ ਕਰਦੇ ਡਿਗ ਕੇ ਸ਼ਾਂਤ ਹੋ ਜਾਂਦੇ ਹਨ।

ਜੰਬੁਕ ਬੋਲਤਿ ਤ੍ਰਾਸ ਉਪਾਵੈਂ।
ਮਾਸ ਖਾਇ ਖਗ[1] ਬ੍ਰਿੰਦ ਭ੍ਰਮਾਵੈਂ।
ਕੁਛਕ ਊਨ ਲਛ[1] ਤੁਰਕ ਸੰਘਾਰੇ।
ਗੁਰ ਕੇ ਬੀਰ ਸਾਤ ਸੈ ਮਾਰੇ ॥੪੫॥

[1]ਮਾਸਾਹਾਰੀ ਪੰਛੀ।

[1]ਲੱਖ ਤੋਂ ਕੁਝ ਘਟ।

ਪੁਨ ਸਤਿਗੁਰੁ ਕੀਨਸਿ ਬਿਸਰਾਮ।
ਜਿਯਤਿ ਸੁਭਟ ਸਭਿ ਲਹਯੋ ਅਰਾਮ।
ਕਮਰਕਸਾ ਤਿਮ ਹੀ ਸਵਧਾਨਾ।
ਸ਼੍ਰਮਤਿ ਜਿ ਪਾਂਚ ਜਾਮ ਰਣਠਾਨਾ[1] ॥੪੬॥

[1]ਚਾਰੋ ਪੰਜ ਪਹਿਰ ਦੇ ਰਣ ਵਿਚ ਜੁਟੇ ਰਹਿਣ ਦਾ ਥਕਾਨ ਹੈ, ਪਰ ਆਪ ਕਮਰ ਕੱਸੇ (ਉਸੀ ਤਰ੍ਹਾਂ) ਸਾਵਧਾਨ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਕਾਲੇਖਾਨ ਬੱਧ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਵਿਜੈ। ਕੀਰਤ ਪੁਰ ਵੱਲ ਤਿਆਰੀ]

ੜ੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਚਹੁੰਦਿਸ਼ਿ ਪੁਰਿ ਕਰਤਾਰ ਕੇ, ਜੋਧਾ ਬ੍ਰਿੰਦ ਤੁਰੰਗ।
ਪਰੇ ਹਜ਼ਾਰਹੁਂ ਮ੍ਰਿਤਕ ਭੇ, ਭੀਮ ਥਾਨ ਤਿਨ ਸੰਗ ॥੧॥

ਚੌਪਈ:

ਬਿਧੀ ਚੰਦ ਸੋਂ ਸ਼੍ਰੀ ਮੁਖ ਕਹ੍ਯੋ।
'ਲੱਖੂ ਆਦਿ ਪ੍ਰਲੋਕ ਜਿ ਲਹ੍ਯੋ।
ਪਠਹੁ ਦਾਸ ਤਿਨ ਲੋਥਨਿ ਲੇਯ।
ਰਚਹਿਂ ਚਿਤਾ ਸਭਿ ਦਾਹ ਕਰੇਯ' ॥੨॥
ਸੁਨਿ ਆਗ੍ਯਾ ਬਹੁ ਦਾਸ ਪਠਾਏ।
ਅਮੀਚੰਦ ਮਿਹਰਾਦਿਕ ਲ੍ਯਾਏ।
ਕਾਸ਼ਟ ਸੰਚਿ ਦਾਹਿ ਸਭਿ ਕਰੇ।
ਲ੍ਯਾਇ ਉਠਾਇ ਜਿ ਘਾਇਲ ਪਰੇ ॥੩॥
ਇਤਨੇ ਬਿਖੈ ਨਿਸਾ ਹੁਇ ਆਈ।
ਸਜ਼ਾਲ[1] ਪੁਕਾਰ ਕੀਨਿ ਚਹੁ ਘਾਈ। [1]ਗਿੱਦੜਾਂ ਨੇ।
ਕੂਕਰ ਬੋਲਤਿ ਭੱਖਜਤਿ ਮਾਸ।
ਘਾਇਲ ਤੁਰਕ ਕਰਾਹਤਿ ਰਾਸ[1] ॥੪॥ [1]ਕੁਰਲਾਂਵਦੇ ਹਨ ਬਹੁਤੇ।
ਪੁਰਿ ਮਹਿਂ ਜਹਿਂ ਕਹਿਂ ਨਰ ਮਿਲਿ ਬੈਸੇ।
ਬਿਤੀ ਜਥਾ ਬਾਤਨ ਕਰਿ ਤੈਸੇ।
'ਅਸ ਸੰਘਰ ਨਹਿਂ ਭਯੋ ਕਦਾਈ।
ਪੰਚ ਪਹਿਰ ਮਹਿਂ ਦਲ ਸਮੁਦਾਈ ॥੫॥
ਦੋਨਹੁਂ ਦਿਸ਼ਿ ਤੇ ਲਰਿ ਲਰਿ ਮਰੇ।
ਸਤਿਗੁਰ ਬਿਨਾਂ ਕੌਨ ਅਸ ਕਰੇ।
ਕਈ ਮਾਸ ਲੌ ਮਾਸ ਰਹੇ ਹੈ[1]। [1]ਰਹੇਗਾ।
ਅਸਥੀ ਬ੍ਰਿੰਦ ਪਰੇ ਦ੍ਰਿਸ਼ਟੈ ਹੈਂ' ॥੬॥
ਮਨ ਸਤਿਗੁਰ ਕੈ ਭਈ ਗਿਲਾਨ।
-ਬਹੁ ਬਦਬੋਇ ਪ੍ਰਾਤਿ ਲੌ ਠਾਨਿ[1]। [1]ਸਵੇਰ ਤੱਕ ਹੋ ਜਾਏਗੀ।
ਰਹ੍ਯੋ ਨ ਜਾਇ ਨਗਰ ਕੇ ਮਾਂਹੀ।
ਕੁਛ ਉਪਾਇ ਇਸ ਕੋ ਹੁਇ ਨਾਹੀ-

॥੭॥
ਇਕ ਤੌ ਇਹੁ ਕਾਰਨ ਮਨ ਜਾਨਾ।
ਦੁਤੀਏ ਬੁੱਢਣ ਸ਼ਾਹੁ ਪਛਾਨਾ।
-ਅੰਤ ਸਮਾਂ ਪਹੁੰਚਯੋ ਤਿਸ ਆਈ।
ਦਰਸ਼ਨ ਚਾਹਿਤਿ ਬੈਸ ਬਿਤਾਈ- ॥੮॥
ਤਿਸ ਕੀ ਆਸਾ ਪੂਰਨ ਹੇਤੁ।
ਚਢਨ ਚਹਯੋ ਗੁਰੁ ਕ੍ਰਿਪਾ ਨਿਕੇਤ।
-ਤ੍ਰਿਤੀਏ ਜੇਤਿਕ ਗ੍ਰਾਮ ਸਮੀਪ।
ਹੁਤੇ ਹਜ਼ਾਰਹੁੰ ਥਾਨ ਮਹੀਪ ॥੯॥
ਲਰਤਿ ਜੰਗ ਮਹਿਂ ਸੋ ਸਭਿ ਮਾਰੇ।
ਸਨਬੰਧੀ ਤਿਨ ਕੇਰ ਪਿਛਾਰੇ।
ਰਚਹਿਂ ਦ੍ਵੈਸ਼ ਬਲ ਛਲ ਕੇ ਸੰਗ।
ਮਰੇ ਬ੍ਰਿੰਦ ਤੇ ਹੁਇ ਮਨ ਭੰਗ[1]- ॥੧੦॥

[1]ਕਿਉਂਕਿ ਉਨ੍ਹਾਂ ਦੇ) ਬਹੁਤੇ (ਸੰਬੰਧੀਆਂ) ਦੇ ਮਰਨ ਕਰਕੇ (ਉਨ੍ਹਾਂ ਦੇ) ਮਨ ਉਦਾਸ ਹੋਏ ਹੋਏ ਹਨ।

ਇੱਤਯਾਦਿਕ ਕਾਰਨ ਕੁਛ ਔਰ।
ਚਿਤਵਤਿ ਭੇ ਸੋਢੀ ਸਿਰਮੌਰ।
ਬਿਧੀਚੰਦ ਕੋ ਨਿਕਟਿ ਹਕਾਰਾ।
ਕਹਤਿ ਭਏ 'ਹਮ ਕੀਨਿਸਿ ਤਯਾਰਾ ॥੧੧॥
ਕੀਰਤਪੁਰਿ ਮਹਿਂ ਪਹੁੰਚਹਿਂ ਜਾਈ।
ਜਾਹੁ ਸਦਨ ਤੁੰ ਬਿਲਮ ਬਿਹਾਈ।
ਸਯੰਦਨ ਡੋਰੇ ਤਯਾਰਿ ਕਰੀਜੈ।
ਬਹਿਲਨਿ ਵਸਤੁ ਸਕਟ† ਭਰਿ ਲੀਜੈ ॥੧੨॥

†ਪਾ:-ਸਭਿਨਿ।

ਕਰਹੁ ਨ ਲਾਲਚ, ਪ੍ਰਿਯ ਵਥੁ ਲੀਜੈ।
ਅਪਰ ਸਰਬ ਹੀ ਤਯਾਗਿਨਿ ਕੀਜੈ।
ਵਹਿਰ ਗੰਗ ਸਰ ਪਰ ਹਮ ਖਰੇ।
ਤੋਹਿ ਪ੍ਰਤੀਖਹਿਂ ਥਿਰਤਾ ਕਰੇ ॥੧੩॥
ਜਥਾ ਜੋਗ ਦੀਜਹਿ ਅਸੁਵਾਰੀਂ।
ਆਨਹੁੰ ਸੰਗ ਸਰਬ ਕਰਿ ਤਯਾਰੀ।'
ਬਿਧੀਚੰਦ ਸੁਨਿ ਗਮਨਯੋ ਤੂਰਨ।
ਕਰਯੋ ਸੁਨਾਇ ਹੁਕਮ ਗੁਰੂ ਪੂਰਨ ॥੧੪॥

ਦੋਹਰਾ:
ਸੁਨਿ ਮਰਵਾਹੀਂ ਨਾਨਕੀ, ਘਰ ਕੀ ਵਸਤੁ ਸੰਭਾਰਿ।
ਬਿਧੀਚੰਦ ਕੇ ਹਾਥ ਕਰਿ, ਲਾਦੀ ਸਕਟ ਮਝਾਰ ॥੧੫॥

ਚੌਪਈ:
ਖੇਮਕੁਇਰ ਸੂਰਜ ਮਲ ਦਾਰਾ।
ਨੁਖਾ ਗੁਜਰੀ ਦੁਤੀ ਉਦਾਰਾ।
ਸ਼ੀਘ੍ਰ ਚਢਾਇ ਰੁਚਿਰ ਜੁਗ ਡੋਰੇ।
ਨਿਕਸੀ ਵਹਿਰ ਗੰਗਸਰ ਓਰੇ ॥੧੬॥
ਦ੍ਵੈ ਖਾਸੇ ਇਕ ਪਰ ਮਰਵਾਹੀ।
ਚਢੀ ਨਾਨਕੀ ਦੂਸਰ ਮਾਂਹੀ।
ਸ੍ਰੀ ਗੁਰਦਿੱਤਾ ਸਨੰਦਨ ਚਰੇ।
ਸ਼੍ਰੀ ਹਰਿਰਾਇ ਨਿਕਟਿ ਥਿਰ ਕਰੇ ॥੧੭॥
ਬਿਧੀਚੰਦ ਸਿੱਖ ਆਦਿਕ ਨਾਰੀ।
ਸਕਲ ਭਈ ਬਹਿਲਨਿ ਅਸੁਵਾਰੀ।
ਸ਼੍ਰੀ ਗੁਰ ਤੇਗ ਬਹਾਦਰ ਚੰਦ।
ਅਣੀਰਾਇ ਹਯ ਚਢੇ ਬਿਲੰਦ ॥੧੮॥
ਬਾਬਕ ਗੁਰੂ ਰਬਾਬੀ ਦਾਰਾ[1]।
ਤੁਰਤ ਬਹਿਲ ਪਰ ਹ੍ਵੈ ਅਸਵਾਰਾ।
ਬਿਧੀ ਚੰਦ ਕੋ ਨੰਦਨ ਸਜਾਨੋ।
ਲਾਲਚੰਦ ਚਢਿ ਕੀਨਿ ਪਯਾਨੋ ॥੧੯॥
ਜਾਤੀ ਮਲਕ ਕੁਟੰਬ ਸਮੇਤਾ।
ਗਮਨ ਕੀਨਿ ਸਭਿ ਤਜੇ ਨਿਕੇਤਾ।
ਜੇ ਰਣ ਮਰੇ ਸੁ ਗੁਰ ਪੁਰਿ ਗਏ।
ਘਾਇਲ ਹੁਤੇ ਕਸ਼ਟ ਜਿਨ ਥਿਏ[1] ॥੨੦॥
ਸ਼੍ਰੀ ਹਰਿਗੋਬਿੰਦ ਨਿਕਟਿ ਹਕਾਰੇ।
ਸਭਿ ਸੋਂ ਕਰੁਣਾ ਦ੍ਰਿਸ਼ਟਿ ਨਿਹਾਰੇ।
ਪੀੜਾ ਹਰੀ ਸਕਲ ਕੀ ਜਬੈ।
ਚਢਿ ਕਰਿ ਤਯਾਰ ਹੋਤਿ ਭੇ ਤਬੈ ॥੨੧॥

[1]ਗੁਰੂ ਜੀ ਰਬਾਬੀ ਬਾਬਕ ਤੇ ਉਸ ਦੀ ਇਸਤ੍ਰੀ।

[1]ਜੇਹੜੇ ਜ਼ਖਮੀਂ ਹੋਣ ਕਰਕੇ ਪੀੜਤਿ ਸਨ।

ਜਹਿਂ ਸਤਿਗੁਰ ਸਭਿ ਦਲ ਜੁਤਿ ਖਰੇ।
ਤਜਾਰ ਹੋਇ ਤਹਿਂ ਆਵਨਿ ਕਰੇ।
ਗੁਰ ਘਰ ਕੇ ਸਮਾਜ ਬਡ ਭਾਰੇ।
ਧਰੇ ਤਹਾਂ ਹੀ ਸਰਬ ਸੰਭਾਰੇ ॥੨੨॥
ਲੇ ਸਭਿਹਿਨਿ ਕੋ ਸੰਗ ਲਵਾਯੋ।
ਬਿਧੀਚੰਦ ਗੁਰ ਕੇ ਢਿਗ ਆਯੋ।
ਹਾਥ ਜੋਰਿ ਸਭਿ ਗਾਥ ਬੁਝਾਈ।
'ਪ੍ਰਭੁ ਜੀ! ਚਲਿ ਆਏ ਸਮੁਦਾਈ ॥੨੩॥
ਜੇਤਿਕ ਸਕਟਨਿ ਪਰ ਲਦਿ ਗਯੋ।
ਤਿਤਿਕ ਸਮਾਜ ਸੰਗ ਕਰਿ ਲਯੋ।
ਧੀਰ ਮੱਲ ਕੋ ਕਹਯੋ ਘਨੇਰੇ।
ਸੋ ਨਹਿਂ ਆਇਵ ਰਾਵਰਿ ਨੇਰੇ ॥੨੪॥
ਕਹਤਿ ਸੁ -ਤਜੌਂ ਨ ਪੁਰਿ ਕਰਤਾਰ-।
ਰਹਯੋ ਸਮਾਜ ਸੁ ਲਯੋ ਸੰਭਾਰਿ।
ਨਹਿਂ ਚਾਹਤਿ ਚਿਤ ਸੰਗ ਤੁਮਾਰਾ।
ਬੱਕ੍ਰ ਬਾਕ ਪ੍ਰਤਿਕੂਲ ਉਚਾਰਾ ॥੨੫॥
ਨਿਜ ਮਾਤਾ ਕੋ ਰਾਖਯੋ ਪਾਸ।
ਕਹਿ ਬਹੁ ਬਿਧਿ ਕੀ ਪ੍ਰੀਤਿ ਅਵਾਸ[1]।
-ਬਡਨਿ ਹਮਾਰੇ ਨਗਰ ਬਸਾਯੋ।
ਮਿਲ ਤੁਰਕਨਿ ਸੋਂ ਰਹੈਂ ਇਥਾਯੋ[1] ॥੨੬॥
ਹਮ ਨਹਿਂ ਤਿਨ ਸੋਂ ਵੈਰ ਕਮਾਵੈਂ।
ਤੁਰਕਨਿ ਕੇ ਅਨੁਸਾਰਿ ਬਿਤਾਵੈਂ-।
ਸ਼੍ਰੀ ਗੁਰੂ ਗ੍ਰਿੰਥ ਰਾਖਿ ਕਰਿ ਲੀਨੋ।
ਗੁਪਤ ਛੁਪਾਵਨਿ ਕਿਤ ਹੂੰ ਕੀਨੋ ॥੨੭॥
ਖੋਜਿ ਰਹੇ ਸੋ ਹਾਥ ਨ ਆਯੋ।
ਤਾਰੇ[1] ਕਠਨ ਕੋਠਰੇ ਲਾਯੋ।
ਕਹੈ ਸੁ -ਮੈਂ ਇਹ ਰਾਖਨਿ ਕਰੌਂ।
ਇਸ ਕੀ ਆਸ ਏਕ ਮਨ ਧਰੌਂ ॥੨੮॥
ਜਿਸ ਤੇ ਚਲੈ ਮੋਰ ਗੁਜ਼ਰਾਨਾ।
ਖਾਨ ਪਾਨ ਕੋ ਖਰਚ ਮਹਾਨਾ-।

[1]ਘਰ (ਵਿਚ ਰਹਿਣ) ਦੀ ਬਹੁਤ ਤਰ੍ਹਾਂ ਦੀ ਪ੍ਰੀਤ ਕਹਿਕੇ।

[1]ਤੁਰਕਾਂ ਨਾਲ ਮਿਲਕੇ ਇਥੇ ਰਹਾਂਗੇ।

[1]ਜੰਦਰਾਂ।

ਜੋਰ ਪਾਇ ਕਰਿ ਹੋਇ ਬਖੇਰਾ।
ਕਹਹੁ ਤ ਲੇ ਆਵਹਿਂ ਇਸ ਬੇਰਾ' ॥੨੯॥
ਸ਼੍ਰੀ ਹਰਿਗੋਵਿੰਦ ਲਖੀ ਖੁਟਾਈ।
-ਅੱਗ੍ਰ ਤੁਰਕ ਢਿਗ ਪੱਤ੍ਰ ਪਠਾਈ।
ਬਹੁਰ ਭਵਿੱਖਤਿ ਕਰਿ[1] ਅਪਰਾਧੂ।
ਜਥਾ ਸੁ ਪ੍ਰਿਥੀਆ ਪ੍ਰਥਮ ਅਸਾਧੂ[1] ॥੩੦॥
ਅਬਿ ਸਜ਼ਾਇ ਜੇ ਕਛੂ ਦਿਵਾਵੈਂ।
ਨੀਕੀ ਨਹੀਂ ਕਿਸੁ ਮਨ ਭਾਵੈ।
ਹੋਇ ਅਧਿਕ ਹੀ ਅਵਗੁਨਿਆਰੋ[1]।
ਤਊ ਅੰਕ ਕੋ ਅਹੈ ਹਮਾਰੋ[1]- ॥੩੧॥
ਇੱਤਜਾਦਿਕ ਬਹੁ ਰਿਦੈ ਉਚਾਰੀ।
ਸ਼੍ਰੀ ਹਰਿਗੋਵਿੰਦ ਗਿਰਾ ਉਚਾਰੀ।
'ਕੁਛ ਨਹਿ ਕਰਹੁ, ਚਹਹਿ ਸੋ ਕਰਹਿ।
ਗੁਰ ਘਰ ਸੋਂ ਇਹੁ ਮੇਲ ਨ ਧਰਹਿ ॥੩੨॥
ਪ੍ਰਥਮ ਪ੍ਰਿਥਕ ਪ੍ਰਿਥੀਆ ਜਿਮ ਭਯੋ।
ਤਿਮ ਇਹ ਰਹੈ ਅਪਰ ਮਗ ਲਯੋ।'
ਸੁਨਿ ਬਿਧੀਏ ਕਰ ਜੋਰਿ ਅਲਾਯੋ।
'ਤੁਮ ਆਇਸੁ ਲੇ ਗ੍ਰਿੰਥ ਲਿਖਾਯੋ ॥੩੩॥
ਨਹੀਂ ਸੰਪੂਰਨ ਅਬਿ ਲੌ ਭਯੋ।
ਰਾਗ ਬਿਲਾਵਲ ਲੌ ਲਿਖਿ ਲਯੋ।
ਆਧੋ ਰਹੈ ਸੁ ਜਾਨੀ ਪਰੈ।
ਦੈਬੋ ਏਹੁ ਨਹੀਂ ਕਿਸ ਕਰੈ[1]' ॥੩੪॥
ਸ਼੍ਰੀ ਹਰਿਗੋਵਿੰਦ ਬਹੁਰ ਉਚਾਰੋ।
'ਗੁਰੂ ਗ੍ਰਿੰਥ ਲਿਖਯਹਿ ਜਗ ਸਾਰੇ।
ਪੁਰਿ ਪੁਰਿ ਗ੍ਰਾਮਨ ਘਰ ਘਰ ਹੋਇ।
ਪਠਹਿ ਸੁਨਹਿ ਜਹਿਂ ਕਹਿਂ ਸਭਿ ਕੋਇ ॥੩੫॥
ਬਹੁਰ ਸਮੋਂ ਐਸੋ ਹੁਇ ਜਾਇ।
ਜਗਤ ਰਾਜ ਹਮ ਸਿੱਖ ਕਮਾਇਂ।

[1]ਅੱਗੇ ਨੂੰ ਭੀ ਕਰੇਗਾ ਅਪਰਾਧ।
[1]ਪ੍ਰਿਥੀ ਵਾਂਙ (ਇਹ) ਪਹਿਲੇ ਤਾਂ ਦ੍ਵੈਖੀ ਹੈ ਯਾ ਅਸਾਧਜ ਹੈ।
[1]ਉਹ ਕਿੱਡਾ ਹੀ) ਬਹੁਤਾ ਔਗੁਣੀ (ਕਿਉਂ ਨਾ) ਹੋਵੇ।
[1]ਫਿਰ ਬੀ ਓੜਕ ਨੂੰ ਸਾਡਾ ਹੀ ਹੈ।
[1]ਇਹ ਭਾਵ ਧੀਰਮਲ ਕਿਸੇ ਨੂੰ ਦੇਵੇਗਾ ਨਹੀਂ।

ਦੇਸ਼ ਬਿਦੇਸ਼ਨ ਬਧਹਿ ਪ੍ਰਤਾਪ।
ਵਾਹਿਗੁਰੂ ਕਹੁ ਜਾਪਹਿਂ ਜਾਪ ॥੩੬॥
ਇਸ ਤੇ ਆਦਿ ਜਿ ਗੁਰੁ ਘਰ ਦ੍ਰੋਹੀ।
ਸਭਿ ਅਨੁਸਾਰਿ ਤਿਨਹੁਂ ਕੇ ਹੋਹੀਂ।
ਇਹ ਭੀ ਗ੍ਰਿੰਥ ਜ਼ੋਰ ਕੇ ਪਾਇ।
ਲੈਂ ਹੌਂ ਅਪਨੇ ਨਿਕਟਿ ਮੰਗਾਇ ॥੩੭॥
ਤਿਨ ਸਿੱਖਨਿ ਕੇ ਹੋਇ ਅਧੀਨ।
ਕਰਹਿ ਜੀਵਕਾ ਅਪਨੀ ਪੀਨ।'
ਇਮ ਕਹਿ ਸਤਿਗੁਰ ਤਜਾਰੀ ਕੀਨਿ।
ਬੀਤੀ ਜਾਮ ਜਾਮਨੀ ਤੀਨ ॥੩੮॥
ਜਹਿਂ ਕਹਿਂ ਪੁਰਿ ਮਹਿਂ ਜਰਹਿਂ ਮਸਾਲ।
ਆਇਂ ਜਾਇਂ ਬਹੁ ਵਸਤੁ ਸਮਾਲਿ[1]।
ਗੁਰ ਜਹਿਂ ਖਰੇ ਤਹਾਂ ਲਗਿ ਸਾਰੇ।
ਝਾਰ ਮਤਾਬੀ ਦਿਪਹਿਂ ਉਦਾਰੇ ॥੩੯॥
ਤਿਮਰ ਬਿਨਾਸੇ ਭਯੋ ਪ੍ਰਕਾਸ਼।
ਜਨੁ ਦਿਨਮਣਿ[1] ਹੀ ਚਢ੍ਯੋ ਅਕਾਸ਼।
ਸਰਬ ਆਨਿ ਜਬਿ ਇਕਠੇ ਭਏ।
ਕਹਿ ਕਹਿ ਭਲ ਸੰਭਾਰਨਿ ਕਿਏ ॥੪੦॥
ਸਗਰੋ ਗੁਰ ਕੁਟੰਬ ਚਲਿ ਆਇ।
ਸੰਗ ਸਿੱਖ ਸੈਨਾ ਸਮੁਦਾਇ।
ਪ੍ਰਿਥਕ ਪ੍ਰਿਥਕ ਸਭਿ ਬੂਝ ਨ ਕੀਨੇ।
ਪੁਨ ਪ੍ਰਸਥਾਨ ਹੇਤ ਚਿਤ ਦੀਨੇ ॥੪੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਸਤਿਗੁਰ ਤਜਾਰੀ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

[1]ਵਸਤਾਂ ਦੀ ਸੰਭਾਲ ਵਾਸਤੇ ਬਹੁਤੇ (ਆਦਮੀ)..........।

[1]ਸੂਰਜ।

## ੩੩. [ਕੀਰਤ ਪੁਰ ਪਹੁੰਚੇ। ਬੁੱਢਣ ਸ਼ਾਹ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਝਾਰ ਮਤਾਬੀ ਬਹੁ ਜਰੇ, ਸੰਗ ਮਸਾਲ ਅਨੇਕ।
ਡੇਰੇ ਸਜੰਦਨ ਸੰਗ ਕੁਛ, ਕੀਨਸਿ ਜਲਧਿ ਬਿਬੇਕ[1] ॥੧॥

[1]ਭਾਵ ਗੁਰੂ ਜੀ ਨੇ।

ਚੌਪਈ:

ਪਿਤਾ ਸਥਾਨ ਗੰਗ ਸਰ ਜਾਨਿ।
ਕਰਿ ਬੰਦਨ ਕੀਨਸਿ ਪ੍ਰਸਥਾਨ।
ਆਗੇ ਚਲੈਂ ਮਸਾਲੈਂ ਬ੍ਰਿੰਦ।
ਕਰਜੋ ਪਜਾਨ ਸ਼੍ਰੀ ਹਰਿਗੋਵਿੰਦ ॥੨॥
ਸਨੇ ਸਨੇ ਗਮਨੇ ਮਗ ਜਾਂਹੀ।
ਬਜਹਿਂ ਨਗਾਰੇ ਬਹੁ ਧੁਨਿ ਤਾਂਹੀ।
ਸੈਨ ਸਕਲ ਕੋ ਆਇਸੁ ਦੀਨਿ।
ਸ਼੍ਰੀ ਗੁਰਦਿੱਤੇ ਕੇ ਸੰਗ ਕੀਨਿ ॥੩॥
'ਸਭਿ ਕੁਟੰਬ ਕੇ ਸੰਗ ਰਹੀਜੈ।
ਸਾਵਧਾਨ ਹ੍ਵੈ ਕੈ ਗਮਨੀਜੈ।'
ਕਿਤਿਕ ਸਉਰ ਸੰਗ ਨਿਜ ਲੀਨੇ।
ਤਜਿ ਮਗ ਬਾਮ ਪਯਾਨਾ ਕੀਨੇ[1] ॥੪॥

[1]ਖੱਬੇ ਪਾਸੇ ਦਾ ਰਾਹ ਛੱਡ ਕੇ ਟੁਰੇ। ਭਾਵ ਟੱਬਰ ਨੂੰ ਨਿਖੇੜ ਕੇ ਖੱਬੇ ਪਾਸਿਓਂ ਤੋਰਿਆ ਤੇ ਆਪ ਸੱਜੇ ਰਸਤੇ ਟੁਰੇ ਕਿ ਜੋ ਕੋਈ ਮੁੱਠ ਭੇੜ ਹੋਵੇ ਤਾਂ ਸਾਡੇ ਨਾਲ ਹੋਵੇ। (ਦੇਖੋ ਅੰਕ ੬)।

ਜਾਮ ਜਾਮਨੀ ਭਈ ਬਿਤੀਤ।
ਪ੍ਰਾਤ ਹੇਰਿ ਸਭਿ ਕੇ ਮੁਦ ਚੀਤ।
ਅੰਤਹਿਪੁਰਿ ਸੋਂ[1] ਚਮੂੰ ਬਡੇਰੀ।
ਗਮਨ ਕਰਤਿ ਰਜ ਉਠਤਿ ਘਨੇਰੀ ॥੫॥

[1]ਮਹਿਲਾਂ ਨਾਲ।

ਸੂਧੇ ਪੰਥ ਚਲੇ ਸਭਿ ਜਾਈਂ।
ਗ੍ਰਾਮ ਨਗਰ ਉਲੰਘਤਿ ਸਮੁਦਾਈ।
ਦਿਸ਼ਾ ਦਾਹਿਨੀ ਸਤਿਗੁਰ ਜਾਤੇ।
ਕਰਤਿ ਜੁੱਧ ਕੀ ਬਹੁ ਬਿਧਿ ਬਾਤੇਂ ॥੬॥
ਬਿਧੀਚੰਦ ਤੇ ਆਦਿ ਜਿ ਸੰਗ।

ਕਹਤਿ ਭਯੋ ਪ੍ਰਭੁ ਦੀਰਘ ਜੰਗ।
ਜਾਮ ਦਿਵਸ ਜਬਿ ਹੀ ਚਢਿ ਆਯੋ।
ਛਾਯਾ ਸਹਿਤ ਕੂਪ ਦਰਸਾਯੋ ॥੭॥
ਉਤਰੇ ਹੇਰਜੋ ਰੰਮ[1] ਸਥਾਨ।
ਸੀਤਲ ਨੀਰ ਕਰਤਿ ਭੇ ਪਾਨ।
ਕਿਤਿਕ ਸਮੈ ਬੈਠੇ ਸੁਖ ਪਾਯੋ।
ਬਿਧੀਚੰਦ ਸੋਂ ਬਾਕ ਸੁਨਾਯੋ ॥੮॥
'ਸਾਹਿਬਜ਼ਾਦੇ ਚਮੂੰ ਅਸ਼ੇਖ।
ਕਿਤਿਕ ਦੂਰ ਪਾਛੇ? ਲਿਹੁ ਦੇਖਿ।
ਹਮ ਤੇ, ਜਬਿ ਆਗੇ ਹੁਇ ਜਾਇਂ।
ਤਬਿ ਪ੍ਰਸਥਾਨ ਕਰਹਿਂ ਇਸ ਥਾਇਂ[1]' ॥੯॥
ਬਿਧੀਆ ਚਢਿ ਕਰਿ ਤੁੰਗ ਸਥਾਨ।
ਦੇਖਤਿ ਲਗਜੋ, ਸੁਨਹਿ ਧੁਨਿ ਕਾਨ।
ਕਿਤਿਕ ਦੂਰ ਆਗੇ ਚਲਿ ਗਏ।
ਬਜਤਿ ਨਿਸ਼ਾਨ ਤਬਹਿ ਸੁਨਿ ਲਏ ॥੧੦॥
ਸਵਾਜਾਮ ਦਿਨ ਚਢਜੋ ਨਿਹਾਰਾ।
ਉਤਰ ਪਰਜੋ ਸਭਿ ਗੁਰ ਪਰਿਵਾਰਾ।
ਕਹਿ ਕਰਿ ਦੀਰਘ ਫਰਸ਼ ਕਰਾਯੋ।
ਗੁਰ ਸੁਤ ਬੈਠਿ ਦਿਵਾਨ ਲਗਾਯੋ ॥੧੧॥
ਬਾਬਕ ਸ਼ਬਦ ਗਾਵਨੇ ਲਾਗਜੋ।
ਸੁਨਿ ਪ੍ਰਭੁ ਮਹਿਮਾ ਮਨ ਅਨੁਰਾਗਜੋ।
ਬਿਧੀ ਚੰਦ ਤੇ ਸੁਨਿ ਗੁਰੁ ਕਾਨ।
'ਆਗੇ ਗਏ ਸਕਲ ਕਰਿ ਪਜਾਨ' ॥੧੨॥
ਚਢੇ ਤੁਰੰਗ ਅਗਾਰੀ ਚਲੇ।
ਤਿਸ ਥਲ ਕੀ ਮਹਿਮਾ ਕਹਿ ਭਲੇ।
ਪਹੁੰਚੇ ਸਤਿਗੁਰ ਤਿਸੀ ਸਥਾਨ।
ਦੇਖਜੋ ਆਗੇ ਲਗਜੋ ਦਿਵਾਨ ॥੧੩॥
ਗਾਵਤਿ ਸ਼ਬਦ ਸੁਨਤਿ ਸੁਤ ਸਾਰੇ।
ਰਿਦੈ ਅਨੰਦ ਬਿਲੰਦੈ ਧਾਰੇ।
ਸਭਿਹਿਨਿ ਹੇਰੇ ਸਤਿਗੁਰ ਆਏ।

[1]ਸੁਹਣਾ।
[1]ਇੱਥੋਂ।

ਖਰੇ ਭਏ ਸਨਮਾਨ ਬਿਠਾਏ ॥੧੪॥
ਸਕਟਾਦਿਕ ਨਰ ਜਿਤਿਕ ਪਿਛਾਰੀ।
ਸਭਿਨਿ ਹੇਤੁ ਇਸਥਿਰਤਾ ਧਾਰੀ।
ਚਰਨ ਕਮਲ ਕੋ[1] ਲਖਿ ਕਰਿ ਬੇਲਾ।
ਸ਼ਬਦ ਭੋਗ ਤਬਿ ਪਾਇ ਸੁਹੇਲਾ[1] ॥੧੫॥
ਸਕਲ ਤੁਰੰਗਨਿ ਦਈ ਨਿਹਾਰੀ।
ਮਾਰਗ ਸ਼੍ਰਮ ਸਗਰੋ ਨਿਰਵਾਰੀ।
ਸਾਵਧਾਨ ਬਨਿ ਤੁਰਨ ਸਾਰੇ।
ਸਤਿਗੁਰ ਹੋਤਿ ਭਏ ਅਸਵਾਰੇ ॥੧੬॥
ਗਮਨਤਿ ਪੰਥ ਉਲੰਘ੍ਯੋ ਸਾਰਾ।
ਤਬਿ ਸਤੁਦ੍ਰਵ ਕੇ ਕੂਲ ਨਿਹਾਰਾ।
ਸਨੇ ਸਨੇ ਉਤਰੇ ਸਭਿ ਪਾਰਾ।
ਸਮੁਖ ਨਿਕਟਿ ਜਬਿ ਪਿਖੇ ਪਹਾਰਾ ॥੧੭॥
ਹੇਤੁ ਜਨਾਵਨ ਸੀਸ ਨਿਵਾਯੋ।
ਦੇਖਤਿ ਬਿਧੀਏ ਬਾਕ ਅਲਾਯੋ।
'ਕਿਸ ਕੋ ਇਹਾਂ ਬੰਦਨਾ ਕੀਨਿ?
ਕਰਹੁ ਬਤਾਵਨ ਪ੍ਰਭੁ ਪ੍ਰਬੀਨ!' ॥੧੮॥
ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨਾ।
'ਜਾਨਹੁ ਬਹੁ ਕਾਰਨ ਇਸਥਾਨਾ।
ਰਿਖਿ ਬਸਿਸ਼ਟ ਤਪ ਕੀਨਿ ਘਨੇਰੇ।
ਸ਼ਤ[1] ਸੁਤ ਮ੍ਰਿਤਕ ਸੁਨੇ ਜਿਸ ਬੇਰੇ ॥੧੯॥
ਬੂਡਨ ਲਗਜੋ ਨਦੀ ਇਸ ਮਾਂਹੀ।
ਤਪ ਕੇ ਤੇਜ ਡੁਬਾਯੋ ਨਾਂਹੀ।
ਸੌ ਪ੍ਰਵਾਹ ਅਪਨੇ ਕਰਿ ਲੀਨੇ।
ਸਭਿ ਥਲ ਮਹਿ ਲਘੁ ਜਲ ਕਰਿ ਦੀਨੇ ॥੨੦॥
ਪੁਨਹਿ ਪਾਂਸ[1] ਨਿਜ ਗਰ ਮੈਂ ਡਾਰੀ।
ਗਿਰਜੋ ਅਪਰ[†] ਸਲਿਤਾ ਕੇ ਬਾਰੀ।
ਤਿਸ ਨੇ ਪਾਂਸ ਕਟੀ ਰਿਖਿ ਜੋਵਾ।

[1]ਡੇੜ੍ਹ ਵਜੇ ਤੋਂ ਪਿਛੋਂ ਦੀ ਚਰਨ ਕਵਲ ਦੀ ਚੌਂਕੀ ਦਾ। (ਚੌਂਕੀਆਂ ਦੇ ਵੇਰਵੇ ਲਈ ਦੇਖੋ ਪੰਨਾ ੨੬੮੨)।
[1]ਸੁਖਦਾਈ।
[1]ਸੌ।
[1]ਫਾਹੀ।
[†]ਪਾ:-ਅਲਪ।

ਨਾਮ ਬਿਪਾਸਾ ਤਬਿ ਤੇ ਹੋਵਾ ॥੨੧॥
ਬਹੁਰ ਸੁਨਹੁ ਦੇਵੀ ਕੋ ਥਾਨ†।
ਜਗਤ ਈਸ਼ਰੀ ਅਸੁਰਨਿ ਹਾਨ।
ਦਸਮ ਰੂਪ ਧਰਿ ਜਬਿ ਹਮ ਰਹੈਂ।
ਅਨਿਕ ਬਿਲਾਸ ਕਰਤਿ ਸੁਖ ਲਹੈਂ ॥੨੨॥
ਅਬਿ ਤੇ ਭੀ ਰਣ ਕਰਹਿਂ ਬਡੇਰੇ[1]।
ਸ਼ੱਤ੍ਰ ਬਿਨਾਸ ਹੋਹਿਂ ਬਹੁਤੇਰੇ।
ਸਿਰਜਹਿਂ ਪੰਥ ਬੈਠਿ ਹਮ ਇਹਾਂ।
ਜਿਸ ਕੋ ਤੇਜ ਵਧਹਿ ਜਗ ਮਹਾਂ ॥੨੩॥
ਤੁਰਕਨ ਕੋ ਕਰਿ ਕੈ ਸੰਘਾਰ।
ਕਰਹਿਂ ਰਾਜ ਬਡ ਧਰਾ ਸੰਭਾਰਿ।'
ਇੱਤਜਾਦਿਕ ਬਹੁ ਗਾਥ ਸੁਨਾਈ।
ਮਾਰਗ ਚਲਤਿ ਗੁਰੂ ਸਮੁਦਾਈ ॥੨੪॥
ਤਬਿ ਲੌ ਦੋਇ ਘਟੀ ਦਿਨ ਰਹਜੋ।
ਦੋਇ ਕੋਸ ਕੀਰਤਪੁਰਿ ਲਹਜੋ।
ਤਹਾਂ ਪਿਸ਼ਾਬ ਕਰਨਿ ਕੇ ਹੇਤੁ।
ਉਤਰ ਪਰੇ ਪ੍ਰਭੁ ਕ੍ਰਿਪਾ ਨਿਕੇਤ ॥੨੫॥
ਬਿਧੀਚੰਦ ਨੇ ਪਕਰਜੋ ਘੋਰਾ।
ਕਰਤਿ ਭਯੋ ਰੁਖ਼ ਸੋ[1] ਜਲ ਓਰਾ।
ਲੇ ਤਿਨ ਆਗੇ ਪਾਨ ਕਰਾਵਾ।
ਨਿਰਮਲ ਨੀਰ ਅਚਜੋ ਮਨ ਭਾਵਾ ॥੨੬॥
ਕਰਤਿ ਪਾਨ ਕੋ ਹਯ ਗਿਰ ਪਰਜੋ।
ਹੇਰਤਿ ਖਰੇ ਤੁਰਤ ਈ ਮਰਜੋ।
ਰਣ ਮਹਿਂ ਲਗੇ ਘਾਵ ਗਨ ਭਾਰੇ।
ਗੁਰ ਪਹੁੰਚਾਵਨ ਹੇਤੁ ਜਿਵਾਰੇ[1] ॥੨੭॥
ਬਡੇ ਭਾਗ ਸੁਰ ਪੁਰਿ ਕੋ ਗਯੋ।
ਨਾਮ ਜਾਨ ਭਾਈ ਜਿਸ ਭਯੋ।
[1]ਲੋਹ ਸਵਾ ਮਣ ਜਾਹਿਂ ਸਰੀਰ।

†ਆਪ ਦੇ ਸਮੇਂ ਸਿੱਖਾਂ ਵਿਚ ਦੇਵੀ ਦਾ ਤ੍ਰਿਸਕਾਰ ਦਬਿਸਤਾਨ ਮਜ਼ਾਹਬ ਵਿਚ ਲਿਖਿਆ ਹੈ। ਗੁਰੂ ਜੀ ਆਪ ਕੀਕੂੰ ਨਮਸਕਾਰ ਕਰ ਸਕਦੇ ਸਨ।

[1]ਹੁਣ ਨਾਲੋਂ ਬੀ ਬਹੁਤੇ ਰਣ ਕਰਾਂਗੇ।

[1]ਉਹ (ਘੋੜਾ)।

[1]ਜ਼ਿੰਦਾ ਰਿਹਾ ਸੀ।

[1]ਸਵਾ ਮਣ ਲੋਹਾ (ਗੁਰੂ ਕੇ ਸੰਜੋਅ ਤੇ ਸ਼ਸਤ੍ਰਾਂ ਦਾ ਜਿਸ ਤੇ ਸੀ ਅਤੇ) ਜੰਗ ਕਰਦਿਆਂ ਜਿਸ ਦਾ ਸਰੀਰ ਬਹੁਤਾ

ਵਿੰਨ੍ਹਿਆਂ ਗਿਆ ਸੀ। (ਅ) ਸਵਾ ਮਣ ਲੋਹੇ (ਸ਼ਸਤ੍ਰਾਂ) ਨਾਲ ਜ਼ਖਮੀ ਹੋਇਆ ਸੀ।

ਕਰਤਿ ਜੰਗ ਬੇਧਯੋ ਬਹੁ² ਬੀਰ ॥੨੮॥
ਅਵਰ ਤੁਰੰਗ ਗੁਰੂ ਚਢਿ ਚਲੇ।
ਤਿਸ ਹਯ ਕੇ ਗੁਨ ਬਰਨਤਿ ਭਲੇ।
ਕੀਰਤਪੁਰਿ ਤਬਹੀ ਨਿਯਰਾਯੋ।
ਪ੍ਰਵਿਸ਼ੇ ਪਿਖਿ ਕਹਿ 'ਭਲੇ ਵਸਾਯੋ'¹ ॥੨੯॥

¹ਪ੍ਰਵੇਸ਼ ਕੀਤਾ ਦੇਖ ਕੇ ਕਹਿਆ:-ਭਲੇ ਵਸਾਇਆ ਹੈ।

ਬੁੱਢਨ ਸ਼ਾਹੁ ਨਿਕਟਿ ਚਲਿ ਗਏ।
ਬੈਠਯੋ ਜਹਾਂ ਸਮਾਧੀ ਕਏ।
ਸਿਮਰਤ ਸ਼੍ਰੀ ਹਰਿਗੋਵਿੰਦ ਰੂਪ।
'ਦਿਹੁ ਦਰਸ਼ਨ ਅਬਿ ਆਨਿ ਅਨੂਪ' ॥੩੦॥
ਕਹਯੋ 'ਆਇ ਮੈਂ ਹਰਿਗੋਵਿੰਦ।
ਖੋਲਿ ਬਿਲੋਕਹੁ ਚਖ ਅਰਬਿੰਦ।
ਦੇਹੁ ਦਰਸ ਨਿਜ ਬਾਕ ਸੁਨਾਇ।'
ਜਬਿ ਇਹੁ ਕਾਨ ਪਰੀ ਧੁਨਿ ਜਾਇ ॥੩੧॥
ਅਧਿਕ ਅਨੰਦ ਤੇ ਨੈਨ ਉਘਾਰੇ।
ਪਰਯੋ ਚਰਨ ਜਸੁ ਰੁਚਿਰ ਉਚਾਰੇ।
'ਨਮੋ ਨਮੋ ਤੁਮ ਕੋ ਜਗ ਸ੍ਵਾਮੀ!
ਨਮੋ ਨਮੋ ਪ੍ਰਭੁ ਅੰਤਰਜਾਮੀ! ॥੩੨॥
ਨਮੋ ਨਮੋ ਗਨ ਤੁਰਕਨਿ ਹਰਤਾ!
ਨਮੋ ਨਮੋ ਉੱਜਲ ਜਸੁ ਕਰਤਾ।
ਸੱਚਿਦਾਨੰਦ ਸਰੂਪ ਤੁਮਾਰਾ।
ਮੱਛ ਕੱਛ ਬਾਵਨ ਤਨ ਧਾਰਾ† ॥੩੩॥

†ਇਹ ਮਹਿਮਾ ਕੋਈ ਪੌਰਾਣਕ ਪੰਡਿਤ ਹੀ ਕਰ ਸਕਦਾ ਹੈ, ਇਕ ਮੁਸਲਮਾਨ ਸੂਫੀ ਫ਼ਕੀਰ, ਜੋ ਗੁਰੂ ਨਾਨਕ ਦਾ ਬਖਸ਼ਿਆ, ਨਾਮ ਦੀ ਧਾਰਨਾ ਵਿਚ ਵਾਹਿਗੁਰੂ ਦੇ ਪ੍ਰੇਮ ਵਿਚ ਹੈ, ਆਪਣੇ ਸਤਿਗੁਰੂ ਨੂੰ ਮੱਛੀ, ਕੱਛੂ, ਆਦਿ ਦੀ ਉਪਮਾਂ ਕਦ ਦੇ ਸਕਦਾ ਹੈ, ਚਾਹੇ ਉਹਨਾਂ ਨੂੰ ਅਵਤਾਰ ਕਰਕੇ ਹੀ ਕਹਿ ਰਿਹਾ ਹੋਵੇ। ਉਸ ਦੇ ਸੰਸਕਾਰਾਂ ਵਿਚ ਪੌਰਾਣਕ ਵਿਦਿਆ ਹੀ ਨਹੀਂ ਹੈ। ਉਥੇ ਤਾਂ ਤੌਰੇਤ, ਜਬੂਰ, ਕੁਰਾਨ ਦੇ ਸੰਸਕਾਰ ਹਨ, ਓਹ ਜੇ ਕੁਛ ਐਸੀ ਮਹਿਮਾ ਦੇਵੇ ਤਾਂ ਆਪਣੇ ਸੰਸਕਾਰਾਂ ਦੀ ਆਪਣੇ ਜੁਆਨੀ ਦੇ ਸਿੱਖੇ ਮਤ ਦੀ ਦੇ ਸਕਦਾ ਹੈ, ਮੁਹੰਮਦ ਕਹੇ ਯਾ ਮੂਸਾ, ਈਸਾ, ਇਬਰਾਹੀਮ ਕਹੇ ਤਾਂ ਭਾਵੇਂ ਢੁਕ ਪਵੇ। ਇਹ ਅਢੁਕਵੀਂ ਉਪਮਾ ਯਾ ਰਿਆਸਤ ਦੇ ਬ੍ਰਾਹਮਣੀ ਦਬਾਉ ਦਾ ਫਲ ਹੈ ਯਾ ਆਖੇਪਕ ਹੈ।

ਸੂਕਰ ਸ਼੍ਰੀ ਨਰਸਿੰਘ ਬਨੇ ਹੋਂ।
ਰਾਮਚੰਦ ਸ਼੍ਰੀ ਕ੍ਰਿਸ਼ਨ ਭਨੇ ਹੋ।

ਸ੍ਰੀ ਨਾਨਕ ਸ੍ਰੀ ਅੰਗਦ ਅਮਰ।
ਰਾਮ ਗੁਰੂ ਅਰਜਨ, ਰਚਿ ਸਮਰ[1]! ॥੩੪॥
ਛਟਮ ਰੂਪ ਧਰਿ ਦਰਸ਼ਨ ਦੀਨਾ।
ਮਮ ਕੱਲਜਾਨ ਸਕਲ ਬਿਧਿ ਕੀਨਾ।
ਘਾਵ ਸ਼੍ਰੋਣ ਜੁਤਿ ਅਧਿਕ ਸੁਹਾਏ।
ਹਤਿ ਰਾਵਨ ਜਨੁ ਰਘੁਬਰ ਆਏ' ॥੩੫॥
ਕਹਿ ਜਸੁ ਬਹੁ ਬਿਧਿ ਪਗ ਪਰ ਪਰਜੋ।
ਗੁਰ ਗਹਿ ਭੁਜ ਗਰ ਲਾਵਨਿ ਕਰਜੋ।
ਸਕਲ ਆਸ ਪੂਰਨ ਤਬਿ ਭਈ।
ਸਭਿ ਗਜਾਤਾ ਉਰ ਮਹਿਂ ਬਿਦਤਈ ॥੩੬॥
ਸ੍ਰੀ ਗੁਰਦਿੱਤਾ ਤਬਿ ਚਲਿ ਆਯੋ।
ਨਮੋ ਪਰਸਪਰ ਕਰਿ ਸੁਖ ਪਾਯੋ।
ਸਤਿਗੁਰ ਭਨਜੋ 'ਜਾਇਂ ਹਮ ਡੇਰੇ।
ਇਹ ਅਬਿ ਬੈਠਹਿਂਗੇ ਢਿਗ ਤੇਰੇ' ॥੩੭॥
ਇਮ ਕਹਿ ਗਮਨ ਕੀਨਿ ਤਤਕਾਲਾ।
ਜਾਤੀ ਮਲਕ ਬਿੱਪ੍ਰ ਲੇ ਨਾਲਾ।
ਉਤਰਿ ਸੈਲ ਤੇ ਸਦਨ ਪ੍ਰਵੇਸ਼ੇ।
ਦਰਸ਼ਨ ਦੀਨਿ ਕੁਟੰਬ ਅਸ਼ੇਸ਼ੇ[1] ॥੩੮॥
ਕਟ ਕਸਿ ਤ੍ਰੌਦਸ਼ ਜਾਮ ਬਿਤਾਏ।
ਸ਼ਸਤ੍ਰ ਬਸਤ੍ਰ ਸਭਿ ਅੰਗ ਲਗਾਏ[1]।
ਦੋਇ ਘਰੀ ਊਪਰ ਬਿਤ ਜਬੈ।
ਕਮਰ ਕਸਾ ਖੋਲਜੋ ਗੁਰ ਤਬੈ ॥੩੯॥
ਸ਼ਸਤ੍ਰ ਬਸਤ੍ਰ ਸਭਿ ਧਰੇ ਉਤਾਰੀ।
ਕੀਨਿ ਸ਼ਨਾਨ ਲੀਨਿ ਬਹੁ ਬਾਰੀ।
ਤੀਰ ਆਦਿ ਕੇ ਘਾਵ ਬਿਸਾਲਾ।
ਲਗੇ ਬਹੱਤਰ ਜਬਿ ਰਣ ਘਾਲਾ ॥੪੦॥
ਕਮਰਕਸਾ ਖੋਲਤਿ ਗਨ ਗਿਨੇ।
ਸੁਨਿ ਸਭਿ ਬਿਸਮੇ ਸੇਵਕ ਭਨੇ।

[1]ਹੇ ਯੁੱਧ ਦੇ ਰਚਨਹਾਰ!

[1]ਸਾਰੇ ਕੁਟੰਬ ਨੂੰ।

[1]ਕਮਰਕਸੇ ਕੀਤੇ ਰਿਹਾਂ ਤੇ ਸ਼ਸਤਰ ਧਾਰੇ ਰਿਹਾਂ ੧੩ ਪਹਿਰ ਬੀਤ ਗਏ ਸਨ।

ਚਤੁਰ ਘਟੀ ਜਬਿ ਜਾਮਨਿ ਗਈ।
ਕਰਿ ਭੋਜਨ ਦ੍ਰਿਗ ਨਿੰਦ੍ਰਾ ਲਈ ॥੪੧॥
ਅਪਰ ਸਰਬ ਹੀ ਕਰਿ ਕਰਿ ਖਾਨ।
ਸੁਪਤਿ ਭਏ ਕਰਿ ਚਿੰਤਾ ਹਾਨਿ।
ਉਤ ਬੁੱਢਣ ਢਿਗ ਬਾਬਾ[1†] ਥਿਰੇ।
ਭਗਤਿ ਗਜਾਨ ਕੀ ਚਰਚਾ ਕਰੇ ॥੪੨॥
ਸਤਿਗੁਰ ਕੇ ਗੁਨ ਬਰਨਤਿ ਰਹੇ।
ਜਿਨ ਕੋ ਸੁਨਿ ਸਿਖ ਦੁਰਮਤਿ ਦਹੇ।
ਸ਼੍ਰੀ ਗੁਰਦਿੱਤੇ ਸੰਗ ਉਚਾਰਾ।
'ਜਿਸ ਛਿਨ ਛੂਟੇ ਸਰੀਰ ਤੁਮਾਰਾ ॥੪੩॥
ਕਰੁਨਾ ਕਰਿ ਇਤ ਹੀ ਥਲ ਆਇ।
ਬਨਹਿ ਦੇਹੁਰਾ ਸਭਿ ਸੁਖਦਾਇ।
ਪ੍ਰਾਨ ਅੰਤ ਕੋ ਸਮਾ ਪਹੂਚਾ।
ਪਾਯੋ ਗੁਰੁ ਦਰਸ਼ਨ ਚਿਤ ਰੂਚਾ' ॥੪੪॥
ਕਹਤਿ ਸੁਨਤਿ ਇਸ ਭਾਂਤਿ ਸੁ ਬਾਨੀ।
ਤੀਨ ਜਾਮ ਤਬਿ ਨਿਸਾ ਬਿਹਾਨੀ।
ਗੁਰੂ ਅਰਾਧਨ ਕੇ ਹ੍ਵੈ ਤਤਪਰ।
ਮਹਾਂ ਤਾਪਸੀ ਬੈਸ ਬਡੀ ਧਰਿ ॥੪੫॥

[1]ਬਾਬਾ ਗੁਰਦਿੱਤਾ ਸੀ। †ਪਾ:-ਦੋਨੋਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਕਰਤਾਰ ਪੁਰ ਆਗਵਨ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

## ੩੪. [ਬੁੱਢਣ ਸ਼ਾਹ ਪ੍ਰਲੋਕ। ਸ਼ਾਹ ਨੂੰ ਹਾਰ ਦੀ ਖ਼ਬਰ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਸ਼੍ਰੀ ਗੁਰ ਹਰਿਗਵਿੰਦ ਜੀ,
ਕੀਨੋ ਸੌਚ ਸ਼ਨਾਨ।
ਪੁਹੰਚੇ ਬੁੱਢਣਸ਼ਾਹੁ ਢਿਗ,
ਭਗਤ ਆਪਨੋ ਜਾਨਿ ॥੧॥

ਚੌਪਈ:

ਦੇਖਤਿ ਬੰਦੇ ਪਦ ਅਰਿਬੰਦਾ।
'ਧੰਨ ਧੰਨ ਤੁਮ ਕੋ ਸੁਖ ਕੰਦਾ!
ਅੰਤ ਸਮੇਂ ਮੁਝ ਦਰਸ਼ਨ ਦੀਨ।
ਕਰਜੋ ਕ੍ਰਿਤਾਰਥ ਸੰਕਟ ਹੀਨ' ॥੨॥
ਸੁਨਿ ਕਰਿ ਸਤਿਗੁਰ ਬਾਕ ਉਚਾਰਾ।
'ਜੀਵਨ ਕੋ ਚਿਤ ਚਹਿ ਜਿ ਤੁਮਾਰਾ†।

†ਖਿਆਲ ਹੈ ਕਿ ਫਕੀਰ ਦਸਮੇ ਗੁਰੂ ਜੀ ਦੇ ਸਮੇਂ ਤਕ ਰਿਹਾ ਹੈ।

ਪਿਖਹੁ ਅਪਰ ਕੁਛ ਜਗਤ ਤਮਾਸ਼ਾ।
ਕਰਹੁ ਅਪਨੀ ਪੂਰਨ ਆਸਾ' ॥੩॥
ਹਾਥ ਜੋਰ ਤਿਬਿ ਸਕਲ ਸੁਨਾਈ।
'ਬਰਖ ਪੰਚ ਸੈ ਬੈਸ ਬਿਤਾਈ।
ਐਸੋ ਸਮਾਂ ਨ ਪ੍ਰਾਪਤ ਫੇਰੀ।
ਭਏ ਦ੍ਰਿਸ਼ਟਿ ਗੋਚਰ ਤੁਮ ਮੇਰੀ ॥੪॥
ਮਹਾਂ ਤਾਪਸੀ ਜੋਗੀ ਘਨੇ।
ਤਜਿ ਸੁਖ ਜਗ, ਬੈਰਾਗੀ ਬਨੇ।
ਅੰਤ ਸਮੇਂ ਜਹਿਂ ਦਰਸ ਤੁਮਾਰਾ।
ਚਾਹਤਿ, ਨਹਿਂ ਪ੍ਰਾਪਤਿ ਤਿਸ ਬਾਰਾ[1] ॥੫॥

[1]ਚਾਹੁੰਦੇ ਹਨ ਪਰ ਪ੍ਰਾਪਤ ਨਹੀਂ ਹੁੰਦਾ ਉਸ (ਅੰਤ) ਵੇਲੇ।

ਨੇਤਿ ਨੇਤਿ ਜਿਸ ਬੇਦ ਪੁਕਾਰੇ।
ਸ਼ੇਖ ਸਾਰਦਾ ਪਾਇਂ ਨ ਪਾਰੇ[1]।

[1]ਅੰਤ ਨਹੀਂ ਪਾ ਸਕਦੇ।

ਸੋ ਤੁਮ ਨਿਕਟਿ, ਭਾਗ ਬਡ ਮੇਰੇ।'
ਇਮ ਕਹਿ ਬੰਦਨ ਕਰਿ ਤਿਸ ਬੇਰੇ ॥੬॥
ਅਵਨੀ ਤਲ ਮਹਿਂ ਪੌਢਨ ਕੀਨਿ।
ਭੌਤਕ† ਤਨ[1] ਤਤਛਿਨ ਤਜਿ ਦੀਨ।

[1]ਪੰਜ ਭੂਤਕ ਸਰੀਰ। †ਪਾ:-ਕੌਤਕ।

ਜਿਮ ਗਜ ਫੂਲ ਮਾਲ ਕੋ ਡਾਰੇ।

ਬਿਨ ਸੰਕਟ ਤਿਮ ਤਜਜੋ ਸੁਖਾਰੇ ॥੭॥
ਸਤਿਗੁਰ ਬਿਖੈ ਲੀਨ ਹੁਇ ਗਯੋ।
ਪੁਨ ਬਾਬਕ ਤਹਿਂ ਪਹੁੰਚਤਿ ਭਯੋ।
ਆਸਾਵਾਰ ਗਾਇਬੋ ਕੀਨਿ।
ਪਾਰਬ੍ਰਹਮ ਸਿਫਤੀ ਸੁਖ ਚੀਨਿ ॥੮॥
ਭਈ ਪ੍ਰਭਾਤਿ ਕਬਰ ਖਨਵਾਇ।
ਆਛੀ ਬਿਧਿ ਤਿਸ ਕੋ ਦਫਨਾਇ।
ਬਿਧੀਆ ਸ਼੍ਰੀ ਗੁਰਦਿੱਤਾ ਸਾਥ।
ਸਭਿਹਿਨਿ ਸੰਗ ਲਏ ਤਬਿ ਨਾਥ ॥੯॥
ਕੀਰਤਪੁਰਿ ਨਿਕੇਤ ਕੋ ਆਏ।
ਅਨਿਕ ਪ੍ਰਕਾਰਨਿ ਬਾਕ ਸੁਨਾਏ।
ਬਸ ਕਰਿ ਬਹੁਤੇ ਦਿਵਸ ਗੁਜ਼ਾਰੇ।
ਸਿਖ ਹਜ਼ਾਰਹੁੰ ਜਗ ਨਿਸਤਾਰੇ ॥੧੦॥
ਧੀਰਮੱਲ ਰਹਿ ਪੁਰਿ ਕਰਤਾਰਾ।
ਸਭਿ ਗੁਰੁ ਕੋ ਸੁ ਸਮਾਜ ਸੰਭਾਰਾ।
ਡਰ ਧਰਿ ਤੁਰਕੇਸ਼ੁਰ ਕੋ ਮਨ ਮੈਂ।
ਪਾਤੀ ਲਿਖਤਿ ਭਯੋ ਤਿਸ ਛਿਨਿ ਮੈਂ ॥੧੧॥
'ਹਮ ਹਮੇਸ਼ ਹਜ਼ਰਤ ਅਨੁਸਾਰੀ।
ਜਥਾ ਅਪਰ ਖ਼ਲਕਤ ਹੈ ਸਾਰੀ।'
ਪਠਜੋ ਦੂਤ ਲਵਪੁਰਿ ਕੋ ਧਾਯੋ।
ਆਗੈ ਸਕਲ ਸ਼ਾਹੁ ਸੁਨਿ ਪਾਯੋ ॥੧੨॥
ਜੇ ਕਾਤੁਰ ਭਾਜੇ ਧਰਿ ਤ੍ਰਾਸ।
ਕਹਜੋ ਜਾਇ ਕਾਲੇ ਖਾਂ ਨਾਸ।
'ਕੁਤਬਾ, ਪੈਂਦਖਾਨ, ਅਸਮਾਨ।
ਅਨਵਰ ਸਹਿਤ ਚਮੂੰ ਸਭਿ ਹਾਨਿ' ॥੧੩॥
ਸੁਨਤਿ ਸ਼ਾਹਿ ਦਹਿਲਜੋ[1], ਬਿਸਮਾਨਜੋ।
ਖਾਂ ਵਜ਼ੀਰ ਕੇ ਸੰਗ ਬਖਾਨਜੋ।
'ਹੋਤਿ ਅਚੰਭਾ ਮਮ ਉਰ ਮਾਂਹੀ।
ਕਾਰਜ ਸਰਜੋ ਨ ਕੁਛੁ ਦਲ ਪਾਂਹੀ ॥੧੪॥
ਕੁਛਕ ਊਨ ਇਕ ਲੱਛ ਪਠਾਏ।

[1]ਕੰਬਿਆ।

ਸੋ ਗੁਰ ਰਣ ਕਰਿ ਛਿਤ ਸੁਪਤਾਏ।
ਦਲ ਕੇ ਬਲ ਕੋ ਕਰਿ ਹੰਕਾਰ।
ਗਏ ਜੰਗ ਸੋ ਪਾਇਸੁ ਹਾਰ' ॥੧੫॥
ਸੁਨਿ ਕਰਿ ਖਾਂ ਵਜ਼ੀਰ ਤਬਿ ਬੋਲਾ।
'ਹਜ਼ਰਤ ਜੀ ਰਾਵਰਿ ਚਿਤ ਡੋਲਾ।
ਹੁਤੇ ਸ਼ਾਹੁ ਜਿਮ ਬਡੇ ਤੁਮਾਰੇ।
ਸੇਵਤਿ ਗੁਰੁ ਪਗ ਸਿਜਦਾ ਧਾਰੇ ॥੧੬॥
ਕਰਿ ਪ੍ਰਸੰਨ ਬਰ ਸਭਿ ਨੇ ਪਾਏ।
ਸਕਲ ਸਮਾਜ ਲਏ ਮਨ ਭਾਏ।
ਸ਼੍ਰੀ ਨਾਨਕ ਸੰਗ ਬਾਬਰ ਮੇਲਾ।
ਰਾਜ ਤੇਜ ਬਰ ਲੀਨਿ ਸੁਹੇਲਾ ॥੧੭॥
ਸ਼ਾਹੁ ਹਮਾਉਂ ਜਬਹਿ ਨਿਕਾਸਾ।
ਪਹੁੰਚਯੋ ਸ਼੍ਰੀ ਅੰਗਦ ਕੇ ਪਾਸਾ।
ਤਿਨ ਕੇ ਬਰ ਲੇ ਕਰਿ ਪਤਿਸ਼ਾਹੀ।
ਕਰਯੋ ਰਾਜ ਬਡ ਅਵਿਨੀ ਮਾਂਹੀ ॥੧੮॥
ਸੁਮਤਿਵੰਤਿ ਬਡ ਅਕਬਰ ਭਏ।
ਸ਼੍ਰੀ ਗੁਰ ਅਮਰ ਅਰਾਧਨਿ ਕਿਏ।
ਗੜ੍ਹ ਚਿਤੌੜ ਤਿਨ ਬਚ ਤੇ ਟੂਟਯੋ[†]।

[†]ਬਾਵਲੀ ਦਾ ਕੜ ਟੁੱਟਣ ਤੇ ਚਤੌੜ ਫਤੇ ਹੋਣ ਦੇ ਸੰਮਤ ਇਕ ਨਹੀਂ ਹਨ ਤਾਂ ਤੇ ਇਹ ਰਵਾਯਤ ਠੀਕ ਨਹੀਂ ਜਾਪਦੀ। (ਦੇਖੋ ਪੰਨਾ ੧੬੨੩ ਦੀ ਟੂਕ[+])।

ਦ੍ਵਾਦਸ਼ ਬਰਖਨਿ ਜੋ ਨਹਿਂ ਛੂਟਯੋ ॥੧੯॥
ਮਿਲਿ ਕਰਿ ਭੇਟ ਪਰਗਣਾ ਕੀਨਿ।
ਤਿਨ ਪ੍ਰਸੰਨਤਾ ਤੇ ਸੁਖ ਲੀਨ।
ਪੁਨ ਸ਼੍ਰੀ ਅਰਜਨ ਹਰਿ ਗੋਵਿੰਦ।
ਮਿਲ੍ਯੋ ਪਦਰ[1] ਤੁਵ ਦ੍ਵੈ ਕਰ ਬੰਦਿ[†] ॥੨੦॥

[1]ਪਿਤਾ। [†]ਜਹਾਂਗੀਰ ਨੇ ਗੁਰੂ ਅਰਜਨ ਜੀ ਦੇ ਕਤਲ ਦਾ ਹੁਕਮ ਆਪ ਦਿਤਾ ਸੀ, ਪਰ ਪਿੱਛੋਂ ਚੰਦੂ ਹਵਾਲੇ ਕਰਕੇ ਇਹ ਮਾਨੋਂ ਇਕਰਾਰ ਕੀਤਾ ਕਿ ਉਹ ਹੁਕਮ ਗ਼ਲਤ ਸੀ, ਤੇ ਉਸ ਦਾ ਕਾਰਨ ਇਹ ਚੰਦੂ ਸੀ, ਫਿਰ ਗੁਰੂ ਜੀ ਨਾਲ ਮੇਲ ਰੱਖਦਾ ਰਿਹਾ।

ਸਾਢਸਤੀ ਆਦਿਕ ਦੁਖ ਭਾਰੇ।
ਗੁਰ ਪ੍ਰਸੰਨ ਕਰਿ ਸਕਲ ਨਿਵਾਰੇ।
ਜਬਿ ਕੀ ਤੁਮ ਪਤਿਸ਼ਾਹਿਤ ਪਾਈ।
ਅਨਿਕ ਬਾਰ ਹੀ ਰਾਰ ਮਚਾਈ ॥੨੧॥
ਬਹੁ ਨੁਕਸਾਨ ਤੁਮਾਰਾ ਭਯੋ।

ਲਾਖਹੁੰ ਲਸ਼ਕਰ ਤਹਿਂ ਖਪਿ ਗਯੋ।
ਮੈਂ ਬਹੁ ਬਾਰਿ ਅਰਜ਼ ਕਰਿ ਰਹ੍ਯੋ।
ਭੇਤ ਨ ਕਛੂ ਆਪ ਨੇ ਲਹ੍ਯੋ ॥੨੨॥
ਅਪਰ ਨਰਨ ਸਮ ਜਾਨਤਿ ਉਰ ਮੈਂ।
ਲਾਖਹੁੰ ਹਤਹਿਂ ਜੁ ਏਕ ਬਚਨ ਮੈਂ।
ਜਿਨ ਸੋਂ ਕਰ ਜੋਰੇ ਬਨਿ ਆਵੈ।
ਤਿਨ ਸੌਂ ਜੰਗ ਕਹਾਂ ਮਨ ਭਾਵੈ ॥੨੩॥
ਮੁਗਲਸਖਾਂ ਪੁਨ ਅਬਦੁਲ ਖਾਨ।
ਲਲਾ ਸੁ ਕੰਬਰ, ਸੈਨ ਮਹਾਨ।
ਬਨਿ ਪੈਂਦਾ ਅਬਿ ਨਿਮਕ ਹਰਾਮੀ।
ਤੁਮਰੋ ਲਸ਼ਕਰ ਕਰਿ ਅਨੁਗਾਮੀ ॥੨੪॥
ਮਰ੍ਯੋ ਜਾਇ ਕੁਛ ਸਰੀ ਨ ਕਾਰਾ।
ਜੇ ਗੁਰ ਸੰਗ ਲਰੈ ਜਗ ਸਾਰਾ।
ਤਊ ਨ ਜੀਤ ਸਕੈ ਮਰਿ ਰਹੈ।
ਕਹਾਂ ਬਾਤ ਤੁਮ ਲਸ਼ਕਰ ਅਹੈ' ॥੨੫॥
ਇੱਤਜਾਦਿਕ ਜਬਿ ਕਰਤੇ ਬਾਤੀ।
ਤਬਿ ਲੌ ਧੀਰ ਮੱਲ ਕੀ ਪਾਤੀ।
ਦਈ ਦੂਤ ਨੈ ਆਗੈ ਧਰਿ ਕੈ।
ਖਾਂ ਵਜ਼ੀਰ ਸਗਰੀ ਪਠਿ ਕਰਿ ਕੈ ॥੨੬॥
ਬਿਸਮੈ ਭਯੋ -ਕਹਾਂ ਇਨ ਕੀਨਿ।
ਗੁਰ ਪੌਤ੍ਰਾ ਇਮ ਭਯੋ ਅਧੀਨ।
ਨਹੀਂ ਸ਼ਾਹੁ ਕੋ ਬਨਹਿ ਸੁਨਾਵਨਿ।
ਸੁਨਿ ਪੁਨ ਕਰਹਿ ਨ ਜੰਗ ਮਚਾਵਨ- ॥੨੭॥
ਕਹ੍ਯੋ ਸ਼ਾਹੁ ਸੋਂ 'ਖਤ ਮਹਿਂ ਲਿਖੇ[1]।
-ਮਰ੍ਯੋ ਤੁਰੰਗ ਦੁਤਿਯ ਰਣ ਬਿਖੈ।
ਪੌਨ ਭਰੇ ਖਲੜੇ ਇਹ ਸ੍ਵਾਸ।
ਇਨ ਕੇ ਜੀਵਨ ਕਹਾਂ ਬਿਸਾਸ ॥੨੮॥
ਇਸ ਤੇ ਭੀ ਤੁਮ ਰੋਸ ਨਿਵਾਰੋ।
ਨਿੰਮ੍ਰਿ ਹੋਇ ਅਬਿ ਬੰਦਨ ਧਾਰੋ।
ਜਥਾ ਬਡੇਰੇ ਮਾਨਤਿ ਰਹੇ।
ਤਥਾ ਆਪ ਕੋ ਲਾਇਕ ਅਹੈ ॥੨੯॥

[1]ਖਤ ਵਿਚ ਇਹ ਲਿਖਿਆ ਹੈ।

ਕਿਸੀ ਵਸਤੁ ਕੀ ਕਮੀ ਨ ਤੁਮ ਕੋ।
ਬਨਹੁ ਸਰਲ, ਤਜਾਗਹੁ ਗੁਰ ਗਮ ਕੋ[1]।
ਬਹੁਰ ਕੁਟਿਲਤਾ[1] ਧਾਰਹੁ ਨਾਂਹੀ।
ਸੁਖ ਭੋਗਹੁ ਅਪਨੇ ਘਰ ਮਾਂਹੀ' ॥੩੦॥
ਸੁਨਿ ਉਪਦੇਸ਼ ਸ਼ਾਹੁ ਮਨ ਫਿਰਯੋ।
ਨਿਜ ਕ੍ਰਿਤ ਲਖਿ ਪਛੁਤਾਵਨ ਕਰਯੋ।
-ਬ੍ਰਿਥਾ[1] ਆਪਨੀ ਸੈਨ ਮਰਾਈ।
ਜਿਸ ਤੇ ਕਾਰਜ ਸਰਯੋ ਨ ਰਾਈ- ॥੩੧॥
ਹਾਥ ਜੋਰਿ ਗੁਰ ਦਿਸ਼ਿ ਮੁਖ ਕਰਿ ਕੈ।
ਸਿਜਦਾ ਕੀਨਿ ਧਰਨਿ ਸਿਰ ਧਰਿ ਕੈ।
'ਅਬਿ ਮੈਂ ਦ੍ਰੋਹ ਨ ਤੁਮ ਸੰਗ ਕਰੌਂ।
ਜਬਿ ਲਗਿ ਪ੍ਰਾਨ ਦੇਹਿ ਮੈਂ ਧਰੌਂ ॥੩੨॥
ਪਾਛਲ ਬਾਤ ਛਿਮਾ ਸਭਿ ਕਰੀਅਹਿ।
ਮੋ ਪਰ ਨਹੀਂ ਕੋਪ ਕੋ ਧਰੀਅਹਿ।'
ਖਾਂ ਵਜ਼ੀਰ ਪਾਤੀ ਲਿਖਿ ਦੀਨਿ।
ਧੀਰਮੱਲ ਪਹਿ ਭੇਜਨ ਕੀਨਿ ॥੩੩॥
'ਗੁਰ ਘਰ ਸੋਂ ਨਹਿਂ ਸ਼ਾਹੁ ਬਿਗਾਰਹਿ।
ਬੰਦਨ ਕਰੀ, ਭਯੋ ਅਨੁਸਾਰਹਿ।'
ਲੇ ਕਰਿ ਹਲਕਾਰਾ ਢਿਗ ਆਯੋ।
ਪਠਿ ਕਰਿ ਧੀਰ ਮੱਲ ਹਰਖਾਯੋ ॥੩੪॥
ਸ਼ਾਹ ਦਿਸ਼ਾ ਇਸ ਬਿਧਿ ਭੀ ਬਾਤੀ।
ਅਬਿ ਗੁਰ ਕਥਾ ਸੁਨਹੁ ਅਵਦਾਤੀ।
ਕੀਰਤਪੁਰਿ ਕੋ ਅਧਿਕ ਵਸਾਯੋ।
ਸਿਖ ਸੰਤਨਿ ਕੋ ਅਨੰਦ ਉਪਾਯੋ ॥੩੫॥
ਕਬਹੁੰ ਜਾਇ ਗੁਰ ਕਰਹਿਂ ਅਖੇਰੈਂ।
ਹੁਇ ਬਿਹੰਗ ਮ੍ਰਿਗ ਮੁਕਤਿ ਘਨੇਰੈਂ।
ਬਹੁ ਸੰਗਤਿ ਦਰਸ਼ਨ ਕੋ ਆਵੈ।
ਧਨੀ ਮਸੰਦ ਦਰਬ ਬਹੁ ਲਜਾਵੈਂ ॥੩੬॥
ਚਾਰਹੁੰ ਦਿਸ਼ਿ ਤੇ ਗੁਰ ਕੀ ਕਾਰ।
ਨਿਤਪ੍ਰਤਿ ਆਵਹਿ ਦਰਬ ਉਦਾਰ।
ਰਾਤ ਦਿਵਸ ਹੁਇ ਦੀਰਘ ਦੇਗ਼।

[1]ਗੁਰੂ ਵਲੋਂ ਫਿਕਰ ਛਡ ਦਿਓ।
[1]ਵਿੰਗਾ ਵਰਤਾਉ।
[1]ਵਿਅਰਥ।

ਤਜਯੋ ਜੰਗ, ਰਹਿ ਬਿਨ ਉਦਵੇਗ[1] ॥੩੭॥
ਮੇਲਾ ਲਗਯੋ ਰਹੈ ਦਰਬਾਰ।
ਦਰਸ਼ਨ ਦੇਖੇ ਅਨੰਦ ਉਦਾਰ।
ਕਥਾ ਕੀਰਤਨ ਦਿਨ ਪ੍ਰਤਿ ਹੋਇ।
ਸੁਨਿ ਸੁਨਿ ਮਨ ਨਿਰਮਲ ਸਭਿ ਕੋਇ ॥੩੮॥
ਇਕ ਦਿਨ ਬੈਠੇ ਸਭਾ ਲਗਾਏ।
ਦੂਰ ਦੇਸ਼ ਤੇ ਦ੍ਵੈ ਸਿੱਖ ਆਏ।
ਤਿਹ ਕੀ ਸੰਗਤ ਲਿਖਿ ਅਰਦਾਸ।
ਪਹੁੰਚਾਈ ਸਤਿਗੁਰ ਕੇ ਪਾਸ ॥੩੯॥
ਕਰਿ ਬੰਦਨ ਧਰਿ ਦੀਨਿ ਅਗਾਰੀ।
ਖੋਲਿ ਸੁ ਪਠੀ ਹਕੀਕਤ ਸਾਰੀ।
'ਸ਼੍ਰੀ ਸਤਿਗੁਰ ! ਤੁਮ ਹੋ ਬਸਿ ਪ੍ਰੇਮ।
ਪਹੁੰਚਹੁੰ ਸਿੱਖਨਿ ਢਿਗ ਦਿਹੁ ਛੇਮ ॥੪੦॥
ਇਹੁ ਸਭਿ ਦੇਸ਼ ਦਾਸ ਗੁਰ ਕੇਰਾ।
ਚਾਹਤਿ ਹੈ ਇਤਿ ਦਰਸ਼ਨ ਹੇਰਾ।
ਅਪਨੋ ਘਰ ਪਾਵਨ ਕੋ ਕਰੈਂ।
ਰਾਵਰ ਕੇ ਪਾਵਨ[1] ਜਬਿ ਪਰੈਂ' ॥੪੧॥
ਸੁਨਿ ਸਤਿਗੁਰ ਸ਼੍ਰੀ ਮੁਖ ਮੁਸਕਾਏ।
-ਦੇਸ਼ ਦੂਰ ਬਹੁ ਕਿਤ ਕੋ ਜਾਏ-।
ਬਿਧੀਚੰਦ ਕੀ ਦਿਸ਼ਾ ਨਿਹਾਰਾ।
ਹਿਤ ਭੇਜਨਿ ਕੇ ਬਾਕ ਉਚਾਰਾ ॥੪੨॥
'ਤੋਹਿ ਮੋਹਿ ਮੈਂ ਭੇਦ ਨ ਕੋਈ[†]।
ਪਹੁੰਚਹੁ ਤਹਾਂ ਸਿਦਕ ਲਿਹੁ ਜੋਈ।
ਸਭਿ ਸੰਗਤ ਕੋ ਦਰਸ਼ਨ ਦੀਜੈ।
ਗੁਰ ਕੀ ਕਾਰ ਸੰਭਾਰਿ ਸੁ ਲੀਜੈ' ॥੪੩॥
ਸੁਨਿ ਆਇਸੁ ਕੋ ਬਿਲਮ ਨ ਕਰੀ।
ਚਲਨ ਹੇਤੁ ਮਨਸਾ ਉਰ ਧੀਰ।
ਚਰਨ ਕਮਲ ਕੋ ਬੰਦਨ ਕਰਿ ਕੈ।
ਗਮਨਯੋ ਬਿਧੀਚੰਦ ਹਿਤ ਧਰਿ ਕੈ

[1](ਜੰਗ ਦਾ) ਉੱਦਮ, ਜੋਸ਼।

[1]ਚਰਨ।

[†]ਵਿਸ਼ੇਸ਼ ਲਈ ਦੇਖੋ ਅੱਗੇ ਅੰਸੂ ੪੪ ਅੰ: ੨੦।

॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼ਾਹੁ' ਪ੍ਰਸੰਗ ਬਰਨਨੰ ਨਾਮ ਚਤਰ ਤ੍ਰਿੰਸਤੀ ਅੰਸੂ ॥ ੩੪ ॥

## ੩੫. [ਦੇਉ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਅਜ਼ਮਤ ਦੇ ਸ਼੍ਰੀ ਸਤਿਗੁਰੂ, ਬਿਧੀਆ ਦਿਯੋ
ਪਠਾਇ।
ਸੱਤਿਨਾਮ ਸ਼੍ਰੀ ਮੰਤ੍ਰ ਜਪਿ, ਪਹੁੰਚਯੋ ਮਗ
ਸਹਿਸਾਇ ॥੧॥

ਚੌਪਈ:

ਪੂਰਬ ਦੱਖਣ ਸੰਧਿ ਜਿ ਅਹੈ[1]।
ਅਗਨ ਕੋਨ ਮਹਿੰਸੇ ਨਰ ਰਹੈਂ।
ਤਿਤ ਕੋ ਅਜ਼ਮਤ ਕੋ ਕਰਿ ਜ਼ੋਰ।
ਜਾਇ ਪਹੁੰਚਤਿ ਭਾ ਇਕ ਠੌਰ ॥੨॥
ਦੇਉ ਨਗਰ[1] ਇਕ ਤਹਾਂ ਬਸੰਤਾ।
ਸੁੰਦਰ ਸ਼ਾਹ ਫਕੀਰ ਰਹੰਤਾ।
ਤਹਾਂ ਸ਼ੁਸ਼ਕ ਤਰ ਹੇਰਨਿ ਕਰਯੋ।
ਬੈਠਿ ਬਿਧੀਚੰਦ ਆਨੰਦ ਧਰਯੋ ॥੩॥
ਹਰਯੋ ਹੋਤਿ ਭਾ ਸੋ ਤਤਕਾਲਾ।
ਪੁਰਿ ਜਨ ਪੇਖਿ ਅਚੰਭ ਬਿਸਾਲਾ।
ਆਇ ਸਭਿਨਿ ਸੇਵਾ ਬਡ ਕੀਨਿ।
ਦੇਖਹਿਂ ਜਨੁ ਮਹਾਤਮਾ ਚੀਨ ॥੪॥
ਸੁੰਦਰ ਸ਼ਾਹੁ ਬਸਹਿ ਤਹਿਂ ਕਾਨਨ[1]।
ਸੁਨਤਿ ਭਯੋ ਮਹਿਮਾ ਇਹੁ ਕਾਨਨ[1]।
-ਮਹਾਂਪੁਰਖ ਇਕ ਆਵਨ ਕਰਯੋ।
ਬੈਠਤਿ ਸੁਸ਼ਕ ਬ੍ਰਿੱਛ ਭਾ ਹਰਯੋ- ॥੫॥
ਬਿਸਮਤ ਹੁਇ ਹੇਰਨ ਕਹੁ ਚਾਹਾ।
ਕੇਹਰਿ ਏਕ ਹਕਾਰਯੋ ਪਾਹਾ[1]।
ਹੁਇ ਅਰੂਢ ਬਿਧੀਏ ਢਿਗ ਆਯੋ।
ਅਪਨਿ ਸ਼ੇਰ ਤੇ ਚਹਤਿ ਡਰਾਯੋ ॥੬॥
ਹੁਤੀ ਨਰਨਿ ਕੀ ਭੀਰ ਵਡੇਰੇ।
ਕੇਹਰਿ ਭੀਮ ਆਵਤੇ ਹੇਰੇ।
ਭਾਜੇ ਲੋਕ ਜਾਇ ਪੁਰਿ ਬਰੇ।
ਬਿਧੀਚੰਦ ਇਕ ਥਿਰਤਾ ਧਰੇ ॥੭॥

[1]ਪੂਰਬ ਤੇ ਦੱਖਣ ਦੀ ਸੰਧੀ ਜੋ ਹੈ।

[1]ਨਾਮ ਹੈ ਨਗਰ ਦਾ ਜੋ ਯੂ. ਪੀ. ਵਿਚ ਹੈ।

[1]ਬਨ ਵਿਚ।

[1]ਕੰਨੀਂ।

[1]ਕੋਲ।

ਸੁੰਦਰ ਸ਼ਾਹ ਨਿਕਟਿ ਜਬਿ ਆਯੋ।
ਨਿਜ ਕੇਹਰਿ ਤੇ ਚਹਤਿ ਗਹਾਯੋ।
ਤਬਿ ਬਿਧੀਏ ਚਖ ਤਾੜਿ[1] ਬਿਲੋਕਾ।
ਆਵਤਿ ਚਲ੍ਯੋ ਤੁਰਤ ਹੀ ਰੋਕਾ ॥੮॥
ਭਯੋ ਸਥੰਭ ਸਿਲਾ ਸਮ ਸ਼ੇਰ।
ਚਰਨ ਬਦਨ ਹਾਲਤਿ ਨਹਿਂ ਫੇਰ।
ਨਿਜ ਅਜ਼ਮਤ ਕੋ ਸੁੰਦਰ ਸ਼ਾਹੂ।
ਲਾਇ ਰਹ੍ਯੋ ਜੇਤਿਕ ਸੀ ਪਾਹੂ ॥੯॥
ਗਰਬ ਸਰਬ ਨਿਜ ਉਰ ਕੋ ਹਰ੍ਯੋ।
ਬਡੋ ਆਪਨੇ ਤੇ ਲਖਿ ਪਰ੍ਯੋ।
ਜਾਇ ਬੰਦਨਾ ਕੀਨਿ ਅਗਾਰੀ।
'ਮਹਾਂ ਪੁਰਖ ਤੁਮ ਹੋ ਤਪਿ ਭਾਰੀ ॥੧੦॥
ਛਿਮਹੁ ਅਵੱਗਜਾ ਹਮ ਤੇ ਭਈ।
ਕੇਹਰਿ ਕੋ ਅਬਿ ਦਿਹੁ ਮੁਕਤਈ[1]।'
ਤਬਿ ਬਿਧੀਆ ਕਹਿ ਜਤਨ ਗਹੀਰ[1]।
ਸੱਤਿਨਾਮ ਕਹਿ ਛਿਰਕਹੁ ਨੀਰ' ॥੧੧॥
ਸੁੰਦਰ ਸ਼ਾਹੁ ਕਰ੍ਯੋ ਜਬਿ ਕਹ੍ਯੋ।
ਪ੍ਰਾਨ ਅੰਤ ਕੇਹਰਿ ਤਬਿ ਲਹ੍ਯੋ।
ਅਪਰ ਦੇਹਿ ਸੁੰਦਰ ਹੁਇ ਗਈ।
ਬਿਧੀਚੰਦ ਕੋ ਬੰਦਨ ਕਈ ॥੧੨॥
ਦੇਖਤਿ ਬਿਸਮ੍ਯੋ ਸੁੰਦਰ ਸ਼ਾਹੂ।
'ਕੋ ਹੈਂ ਤੂੰ ਕਹੁ ਸਚੁ ਹਮ ਪਾਹੂ।'
ਸੁਨਤਿ ਆਪਨੀ[1] ਕਥਾ ਸੁਨਾਈ।
'ਮੋ ਕਹੁ ਜਾਨਹੁ ਕਿੰਨਰ ਰਾਈ[1] ॥੧੩॥
ਦੇਵ ਸਭਾ ਮਹਿਂ ਬੈਠੋ ਹੁਯੋ।
ਦਰਬਾਸ਼ਾ ਤਹਿਂ ਆਵਨ ਕਿਯੋ।
ਮੋ ਕੋ ਉਲੰਘਿ ਅਗਾਰੀ ਜਾਇ।
ਬੈਠ੍ਯੋ ਰਿਖਿਬਰ ਸਹਿਜ ਸੁਭਾਇ ॥੧੪॥
ਮਮ ਊਪਰ ਕੋ ਉਲੰਘ੍ਯੋ ਜਬੈ।
ਰਿਸ ਕੇ ਕ੍ਰੂਰ ਦ੍ਰਿਸ਼ਟਿ ਮੈਂ ਤਬੈ।
ਦੁਰਬਾਸ਼ੇ ਜਬਿ ਮੋ ਕਹੁ ਹੇਰਾ।
ਕ੍ਰੂਰ ਬਿਲੋਚਨ ਬਦਨ ਬਡੇਰਾ ॥੧੫॥

[1]ਨੇਤ੍ਰਾਂ ਨਾਲ ਤਾੜ ਕੇ।
[1]ਮੁਕਤੀ।
[1]ਭਾਰੀ।
[1]ਭਾਵ ਸ਼ੇਰ ਨੇ ਆਪਣੀ।
[1]ਗੰਧਰਬਾਂ ਦਾ ਰਾਜਾ।

ਤਪ ਨਿਧਿ ਕ੍ਰੋਧੀ[1] ਸ੍ਰਾਪ ਬਖਾਨਾ।
-ਮੁਝ ਦਿਸ਼ਿ ਦੇਖਤਿ ਸ਼ੇਰ ਸਮਾਨਾ।
ਧਰਹੁ ਜੂਨਿ ਅਵਨੀ ਤਲ ਜਾਇ-।
ਸੁਨਿ ਮੈਂ ਬੂਝਯੋ ਬਹੁ ਡਰ ਪਾਇ ॥੧੬॥
-ਸ੍ਰਾਪ ਅੰਤ ਕਬਿ ਹੋਵੈ ਮੇਰਾ-।
ਕ੍ਰਿਪਾ ਕਰਤਿ ਬੋਲ੍ਯੋ ਤਿਸ ਬੇਰਾ।
-ਸ਼੍ਰੀ ਗੁਰ ਨਾਨਕ ਕਲਿ ਅਵਤਾਰੇ।
ਸੋ ਜਬਿ ਖਸ਼ਟਮ ਬਪੁ ਕੋ ਧਾਰੇਂ ॥੧੭॥
ਤਿਸ ਕੋ ਸਿਖ ਗਜਾਨੀ ਇਕ ਦੇਖਿ[1]।
ਤਬਿ ਮੁਕਤਹਿਗੋ ਸ੍ਰਾਪ ਵਿਸ਼ੇਖ-।
ਸੋ ਇਹੁ ਮਿਲ੍ਯੋ ਜੂਨ ਛੁਟਿ ਮੇਰੀ।
ਮੈਂ ਅਬਿ ਗਮਨੋਂ ਦਰਸ਼ਨ ਹੇਰੀ ॥੧੮॥
ਭਾਗ ਧੰਨ ਤੂੰ ਅਪਨੇ ਜਾਨਿ।
ਪੂਰਿ ਕਾਮਨਾ ਹੋਇ ਮਹਾਨ।'
ਇਮ ਕਹਿ ਨਭ ਕੀ ਓਰ ਸਿਧਾਯੋ।
ਸੁੰਦਰ ਸ਼ਾਹੁ ਸੁਨਤਿ ਬਿਸਮਾਯੋ ॥੧੯॥
ਕਰਿ ਬਿਨਤੀ ਤਜਿ ਗਿਨਤੀ ਆਨਿ।
ਰਾਖ੍ਯੋ ਅਪਨੇ ਨਿਕਟਿ ਸੁਜਾਨ।
ਅਨਿਕ ਭਾਂਤਿ ਕੀ ਸੇਵਾ ਕਰੀ।
ਸੁਨਤਿ ਬਚਨ ਦੁਬਿਧਾ ਸਭਿ ਹਰੀ ॥੨੦॥
ਤੀਨ ਦਿਵਸ ਬਸਿ ਬਿਧੀਆ ਚਾਲਾ।
ਹਿਤ ਰਾਖਨ ਕਹਿ ਬਨੈ ਬਿਸਾਲਾ।
'ਤੁਮ ਮੋਰੇ ਗੁਰ[1] ਦੀਨਸਿ ਗਜਾਨਾ।
ਫਲ ਪ੍ਰਾਪਤਿ ਤਪ ਕਿਯ ਜੁ ਮਹਾਨਾ ॥੨੧॥
ਰਹ੍ਯੋ ਨ ਜਾਇ ਤੁਮਾਰੇ ਬਿਨਾ।
ਤਨ ਤਜਿਬੋ ਤੁਮ ਢਿਗ, ਚਹਿ ਘਨਾ[1]।'
ਬਿਧੀਚੰਦ ਸੁਨਿ ਧੀਰਜ ਦੀਨਿ।
'ਮਮ ਤੁਮ ਬੈਸ ਏਕ ਸਮ ਚੀਨ ॥੨੨॥
ਮਾਸ ਰੁ ਬਾਸਰੁ ਘਟਿਕਾ ਸੋਇ[1]।

[1]ਭਾਵ ਦੁਰਬਾਸ਼ਾ ਨੇ।

[1]ਦੇਖੇਗਾ (ਤੈਂ ਵੱਲ)।

[1]ਭਾਵ ਮੁਰਸ਼ਦ ਅਰਥਾਤ ਗੁਰਮੁਖ ਤੋਂ ਹੈ, ਬਿਧੀਏ ਵਿਚ ਗੁਰੂ ਜੀ ਦੀ ਕਲਾ ਵਰਤ ਰਹੀ ਹੈ, ਪਿੱਛੇ ਲਿਖ ਆਏ ਹਨ।

[1]ਬਹੁਤਾ ਚਾਹੁੰਦਾ ਹਾਂ।

[1]ਮਹੀਨਾ ਦਿਨ ਤੇ ਘੜੀ ਉਹੋ (ਹੋਵੇਗੀ ਜਦੋਂ.......)।

ਮੋਰ ਤੋਰ ਤਨ ਤਜਾਗਨਿ ਹੋਇ।'
ਸੁਨਤਿ ਅਨੰਦ ਭਾ ਸੁੰਦਰ ਸ਼ਾਹੂ।
'ਕਰਹੁ ਕ੍ਰਿਪਾ ਤਬਿ ਹੋਵਹੁ ਪਾਹੂ ॥੨੩॥
ਦੋਨਹੁਂ ਤਨ ਤਜਾਗਹਿਂ ਇਕ ਕਾਲ।
ਗਮਨਹੁ ਲੇ ਪ੍ਰਲੋਕ ਨਿਜ ਨਾਲ।
ਦਾਸ ਜਾਨਿ ਨਿਜ ਬਿਰਦ ਸੰਭਾਰਹੁ।
ਆਪ ਤਰਹੁ ਅਰੁ ਮੋ ਕਹੁ ਤਾਰਹੁ' ॥੨੪॥
ਸੁਨਿ ਬਿਨਤੀ ਬਿਧੀਆ ਸੁ ਪ੍ਰਸੰਨ।
'ਤਵ ਸੰਕਲਪ ਹੋਇ ਨਹਿਂ ਅੰਨ।
ਜਬਹਿ ਸਮਾਂ ਤਨ ਤਜਿਬੇ ਹੋਇ।
ਤੁਝ ਢਿਗ ਪਹੁੰਚੌਂ ਲਖਿ† ਮੈਂ ਸੋਇ ॥੨੫॥

†ਪਾ:-ਪਲ।

ਇਹਾਂ ਆਨਿ ਮੈਂ ਤਜਾਗਹੁਂ ਪ੍ਰਾਨ।
ਬੈਠਹੁ ਆਪ ਧਰਹੁ ਗੁਰ ਧਜਾਨ।'
ਸੁਨਿ ਅਨੰਦ ਬਹੁ ਸੁੰਦਰ ਸ਼ਾਹੂ।
ਬੰਦਤਿ ਬਿਧੀਚੰਦ ਪਦ ਪਾਹੂ ॥੨੬॥
'ਅਬਿ ਮੈਂ ਕਾਜ ਗੁਰੂ ਕੇ ਜਾਵੌਂ।
ਤਨ ਕੇ ਅੰਤ ਸਮੈ ਪੁਨ ਆਵੌਂ।'
ਇਮ ਕਹਿ ਗਯੋ ਦੇਸ਼ ਤਿਸ ਮਾਂਹੀ।
ਗੁਰ ਸੰਗਤਿ ਪੱਤ੍ਰੀ ਪਠਿ ਜਾਂਹੀ ॥੨੭॥
ਸਾਗਰ ਟਾਪੂ ਮਹਿਂ ਅਭਿਰਾਮ।
ਪੁਰਿ ਮੈਨਾਕ[1] ਤਾਂਹਿ ਕੋ ਨਾਮ।

[1]ਇਕ ਪਹਾੜ ਜੋ ਦੱਖਣੀ ਹਿੰਦੂ ਤੇ ਲੰਕਾ ਦੇ ਵਿਚਕਾਰ ਸਾਗਰ ਵਿਚ ਜਾ ਟਿਕਿਆ ਲਿਖਿਆ ਹੈ, ਹੋ ਸਕਦਾ ਹੈ ਕਿ ਸ਼ਿਵਨਾਭ ਦੇ ਦੇਸ਼ ਤੋਂ ਭਾਵ ਹੋਵੇ, ਕਿਉਂਕਿ ਓਥੇ ਸਿੱਖੀ ਸੀ। ਅੰਕ ੩੬ ਵਿਚ ਬਿਧੀਚੰਦ ਜਹਾਜ਼ ਚੜ੍ਹਕੇ ਉਰਾਰ ਆਉਂਦਾ ਹੈ।

ਦਿਯੋ ਹੁਕਮਨਾਮਾ ਗੁਰ ਕੇਰਾ।
-ਇਹੁ ਸਿਖ ਪਿਖਹੁ ਰੂਪ ਜਿਮ ਮੋਰਾ- ॥੨੮॥
ਸੁਨਤਿ ਅਨੰਦ ਭਏ ਸਿਖ ਸਾਰੇ।
ਦੇਤਿ ਉਪਾਇਨ ਬੰਦਨ ਧਾਰੇ।
ਸ਼੍ਰੀ ਗੁਰ ਹਰਿਗੋਵਿੰਦ ਮਨਿੰਦ।

ਬਿਧੀਚੰਦ ਕੋ ਮਾਨਹਿਂ ਬ੍ਰਿੰਦ ॥੨੯॥
ਬਸਨ ਬਿਭੂਖਨ ਜਰੇ ਜਵਾਹਰ।
ਜਬਰ ਅਜਾਇਬ ਜ਼ੇਬ ਸੁ ਜ਼ਾਹਰ।
ਭਾਂਤਿ ਭਾਂਤਿ ਕੇ ਭੋਜਨ ਭਾਵਤਿ।
ਪ੍ਰੇਮੁ ਭਾਉ ਤੇ ਭਲੇ ਅਚਾਵਤਿ ॥੩੦॥
ਰੈਣ ਦਿਵਸ ਆਇਸੁ ਮਹਿਂ ਰਹੈਂ।
ਬਾਂਛਤਿ ਰਿਦੈ ਮਨੋਰਥ ਲਹੈਂ।
ਗੁਰਬਾਨੀ ਪਢਿ ਅਰਥ ਸਮੇਤ।
ਬਿਧੀਚੰਦ ਉਪਦੇਸ਼ ਸੁ ਦੇਤਿ ॥੩੧॥
'ਗੁਰ ਮਹਿਮਾ ਸਿਮਰਤਿ ਸਤਿਨਾਮੂ।
ਹਉਮੈ ਤਜਾਗਨਿ ਮਨ ਬਿਸਰਾਮੂ।
ਦਯਾ ਖਿਮਾ ਸੁਚ ਸੰਜਮ ਧੀਰਜ†। †ਪਾ:-ਧੀਰ।
ਧਰਮ ਪਰਾਇਨ[1] ਸਾਚੁ ਸੁ ਬੀਰਜ[2]† ॥੩੨॥ [1]ਆਸਰੇ। [2]ਬਲਵਾਨ। †ਪਾ:-ਸਦਗੁਨ ਬੀਰ।
ਗੁਰਸਿੱਖੀ ਨਿਰਮਲ ਸੰਤੋਸ਼।
ਸਦਾ ਗੁਰੂ ਕੇ ਰਹੈ ਭਰੋਸ।'
ਇੱਤਜਾਦਿਕ ਗੁਨ ਸਕਲ ਬਤਾਏ।
ਮਨ ਬਿਕਾਰ ਦੁਬਿਧਾਦਿ ਹਟਾਏ ॥੩੩॥
ਗੁਰਮਤਿ ਸਿੱਖਨਿ ਮਹਿਂ ਉਪਜਾਈ।
ਦੁਰਮਤਿ ਮਤਸਰ ਆਦਿ ਮਿਟਾਈ।
ਕਰਿ ਕਰਿ ਬਿਨੈ ਮਾਸ ਇਕ ਰਾਖਾ।
ਅਸਨ ਅਚਾਇ ਮ੍ਰਿਦੁਲ ਬਹੁ ਭਾਖਾ ॥੩੪॥
ਗਮਨ ਹੇਤੁ ਬਹੁ ਬਾਰ ਉਚਰਜੋ।
ਸੰਗਤਿ ਤਬਹਿ ਬਿਸਰਜਨ ਕਰਜੋ।
ਅਰਪੇ ਹਯ ਜਿਨ ਕੀਮਤ ਭਾਰੇ।
ਸੰਗ ਦਾਸ ਦੀਨਸਿ ਰਖਵਾਰੇ ॥੩੫॥
ਬਹੁ ਸਮਾਜ ਲੈ ਚਢਜੋ ਜਹਾਜੂ।
ਆਯਹੁ ਉਤਰਿ, ਕਰੇ[1] ਗੁਰ ਕਾਜੂ। [1]ਕਰਕੇ।
ਕੀਰਤਪੁਰਿ ਮਹਿਂ ਆਨਿ ਪ੍ਰਵੇਸ਼ਾ।
ਅੱਗ੍ਰ ਉਪਾਇਨ ਕੀਨਿ ਅਸ਼ੇਸ਼ਾ ॥੩੬॥
ਪਰਜੋ ਚਰਨ ਪਰ ਬੰਦਨ ਠਾਨੀ।

ਮੁਖ ਮੁਸਕਾਇ ਦੇਖਿ ਕਹਿ ਬਾਨੀ।
'ਜਨਮ ਧੰਨ ਜਗ ਭਯੋ ਤੁਹਾਰਾ।
ਰਹਯੋ ਸੁਧਾਰਤਿ ਗੁਰ ਘਰ ਕਾਰਾ'
॥੩੭॥
ਬਿਧੀ ਚੰਦ ਆਨੰਦ ਬਿਲੰਦੇ।
ਪਰਸਿ ਪਦਾਰਬਿੰਦ ਕਰ ਬੰਦੇ।
'ਇਹੁ ਸਭਿ ਰਾਵਰ ਕੀ ਬਹੁ ਕਰੁਨਾ।
ਦਾਸ ਦੀਨ ਨੇ ਕਯਾ ਹੈ ਕਰਨਾ' ॥੩੮॥
ਬਸਨ ਬਿਭੂਖਨ ਧਨ ਗਨ ਲਯਾਯੋ।
ਸ੍ਰੀ ਸਤਿਗੁਰ ਕੇ ਅੱਗ੍ਰ ਟਿਕਾਯੋ।
ਘੋਰੇ ਚਪਲ ਸਕਲ ਦਰਸਾਇਵ।
ਅਰਪੇ ਪਗ ਪੰਕਜ ਲਪਟਾਇਵ ॥੩੯॥
ਗਹਿ ਭੁਜ ਪ੍ਰਭੁ ਨਿਜ ਕੰਠ ਲਗਾਯੋ।
ਬ੍ਰਹਮਗਯਾਨ ਮਨ ਬਿਖੈ ਟਿਕਾਯੋ।
ਅਧਿਕ ਪ੍ਰਸੰਨ ਹੋਇ ਢਿਗ ਰਾਖੈਂ।
ਨਿਜ ਮਨ ਬਾਤ ਤਾਂਹਿ ਸੋ ਭਾਖੈਂ ॥੪੦॥
ਇਸ ਪ੍ਰਕਾਰ ਦਿਨ ਗੁਰੂ ਬਿਤਾਵੈਂ।
ਗੁਰਸਿੱਖੀ ਮਗ ਬਹੁ ਬਿਦਤਾਵੈਂ।
ਤੀਰ ਸਤੱਦ੍ਰਵ ਜਾਇ ਨਿਹਾਰੈਂ।
ਜਲ ਨਿਰਮਲ ਕੀ ਸਿਫਤਿ ਉਚਾਰੇਂ
॥੪੧॥
ਪਾਵਸ ਰਿਤੁ ਜਗ ਮਹਿਂ ਪ੍ਰਗਟਾਈ।
ਚਹੁੰਦਿਸ਼ਿ ਸਘਨ ਘਟਾ ਘੁਰਿ† ਆਈ। †ਪਾ:-ਘਿਰ।
ਬਰਣ ਬਰਣ ਕੇ ਜਲਧਰ ਬਰਖਹਿਂ।
ਮਿਟੀ ਤਪਤ ਜੰਤੂ[1] ਜਨ ਹਰਖਹਿਂ [1]ਜੀਵ।
॥੪੨॥
ਨੀਰ ਨਵੀਨ ਨਦੀ ਮਹਿਂ ਚਲੈ।
ਕੂਲਨਿ ਕੋ ਢਾਹਿਤ, ਜਨੁ ਗਿਲੈ[1]। [1]ਕਿਨਾਰਿਆਂ ਨੂੰ ਢਾਹੁੰਦਾ ਮਾਨੋ ਨਿਗਲੀ ਜਾਂਦਾ ਹੈ।
ਤ੍ਰਿਣ ਕਾਸ਼ਟ ਸੰਚਯ ਬਹੁ ਬਹੈਂ।
ਜਲ ਜੰਤੂ ਉਛਲਤਿ ਸੁਖ ਲਹੈਂ ॥੪੩॥
ਘਨਘੋਰਨ ਤੇ ਮੋਰਨ ਸ਼ੋਰ।
ਸੁਨੀਅਤਿ ਕੀਰਤਪੁਰਿ ਚਹੁਂ ਓਰ।

ਬਿਨਾ ਧੂਲ ਤੇ ਸੈਲ ਬਿਸਾਲੇ।
ਖਰੇ ਤਰੋਵਰ ਫਲਤਿ ਰਸਾਲੇ[1] ॥੪੪॥ [1]ਅੰਬ ਫਲੇ ਹੋਏ।
ਭਾਂਤਿ ਭਾਂਤਿ ਕੀ ਸ਼ੋਭਾ ਹੋਤਿ।
ਸਤਿਗੁਰੁ ਹੇਰਤਿ ਅਨੰਦ ਉਦੋਤ।
ਹਰਿਆਵਲ ਹੋਈ ਸਭਿ ਰਵਨੀ[1]। [1]ਸੁੰਦਰ।
ਇੰਦ੍ਰ ਬਧੂ[1] ਜੁਤਿ ਦੇਖਤਿ ਅਵਨੀ ॥੪੫॥ [1]ਚੀਚ ਵਹੁਟੀਆਂ।
ਸਾਵਣ ਅਰੁ ਭਾਦ੍ਰੋ ਜੁਗ ਮਾਸ।
ਕੀਰਤਪੁਰਿ ਮੈਂ ਕਰਹਿਂ ਬਿਲਾਸ।
ਸ਼ਬਦ ਕੀਰਤਨ ਹੋਇ ਸਦਾਈ।
ਸੁਨਿ ਸੁਨਿ ਸਿੱਖਨਿ ਗੁਰਮਤਿ ਭਾਈ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਿਧੀ ਚੰਦ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਸ਼੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਪਾਵਸ ਬਰਖਾ ਅਧਿਕ ਹ੍ਵੈ, ਸਰਿਤਾ ਸੈਲਨ ਸੈਲ[1]।
ਸ਼੍ਰੀ ਹਰਿਗੋਵਿੰਦ ਬਹੁ ਕਰੈਂ, ਨੀਚੇ ਉਚੇ ਗੈਲ ॥੧॥

[1]ਪਹਾੜਾਂ ਦੀ ਸੈਰ।

ਚੌਪਈ:

ਪਾਵਸ ਇਸੀ ਪ੍ਰਕਾਰ ਬਿਤਾਈ।
ਸਰਦ ਸੁੰਦਰੀ ਰਿਤੁ ਪੁਨ ਆਈ।
ਭਏ ਸੇਤ ਘਨ ਜਲ ਕੋ ਛੋਰਿ।
ਬਿਮਲ ਅਕਾਸ਼ ਭਯੋ ਚਹੁੰ ਓਰ ॥੨॥
ਕਬਿ ਕਬਿ ਸ਼੍ਰੀ ਗੁਰਦਿੱਤਾ ਚਰ੍ਹੈਂ[1]।
ਵਹਿਰ ਅਖੇਰ ਬ੍ਰਿਤਿ ਕੋ ਕਰੈਂ।
ਬਾਂਛਤਿ ਲੇਤਿ ਸੰਗ ਅਸਵਾਰ।
ਬਿਚਰਹਿਂ ਜਹਿਂ ਕਹਿਂ ਬਿਪਨ ਮਝਾਰ ॥੩॥

[1]ਚੜ੍ਹਦੇ ਹਨ।

ਸ਼੍ਰੀ ਹਰਿਗੋਵਿੰਦ ਥਿਰਤਾ ਗਹੀ।
ਬਹੁਰ ਵਹਿਰ ਬਹੁ ਗਮਨਹਿਂ ਨਹੀਂ।
ਕਰਨਿ ਅਖੇਰ ਅਰੂਢਨ ਬਾਜ[1]।
ਤਜਜੋ ਰਾਖਬੋ ਸ੍ਵਾਨ ਰੁ ਬਾਜ਼ ॥੪॥

[1]ਘੋੜੇ ਤੇ।

ਜੁਗਮ ਸਮੈ[1] ਸ਼ੁਭ ਸਭਾ ਲਗਾਵੈਂ।
ਸ਼ਬਦ ਰਬਾਬੀ ਸੁੰਦਰ ਗਾਵੈਂ।
ਸਿਖ ਸੰਗਤਿ ਚਹੁੰਦਿਸ਼ਿ ਤੇ ਆਇ।
ਲ੍ਯਾਇ ਉਪਾਇਨ ਕੋ ਸਮੁਦਾਇ ॥੫॥
ਅਰਪਹਿਂ, ਦਰਸ ਕਰਹਿਂ ਬਡ ਭਾਗੇ।
ਚਰਨ ਸਪਰਸ਼ਹਿਂ ਪ੍ਰੇਮ ਸੁ ਪਾਗੇ।
ਸੁਨਹਿਂ ਬਚਨ ਸਿਮਰਹਿਂ ਸਤਿਨਾਮੁ।
ਪਾਇ ਸ਼੍ਰੇਯ ਕੋ ਗਮਨਹਿਂ ਧਾਮੁ ॥੬॥
'ਮਹਾਂ ਜੰਗ ਹੋਯਹੁ ਬਹੁ ਅਰੇ।
ਕਾਬਲ ਆਦਿਕ ਕੇ ਨਰ ਮਰੇ।
ਉਤ ਦਿੱਲੀ ਆਦਿਕ ਪੁਰਿ ਬਾਸੀ।

[1]ਦੋਨੋਂ ਵੇਲੇ।

ਲਰੇ ਗੁਰੂ ਸੰਗ ਭਏ ਬਿਨਾਸ਼ੀ ॥੭॥
ਗੁਰੂ ਸੂਰਤਾ ਬਿਦਤ ਜਹਾਂਨ।
ਬਡ ਬਹਾਦੁਰ' ਕਰਹਿਂ ਬਖਾਨ।
'ਅਲਪ ਚਮੂੰ ਜਿਨ ਕੇ ਰਹਿ ਪਾਸੀ।
ਲਾਖਹੁਂ ਸ਼ੱਤ੍ਰਨਿ ਕਰੇ ਬਿਨਾਸੀ ॥੮॥
ਸਿਰ ਪੀਰਨ ਕੇ ਪੀਰ ਬਿਸਾਲਾ।
ਬਡ ਮੀਰਨ ਕੇ ਮੀਰ ਸੁ ਚਾਲਾ[1]।
ਸ਼ਾਹੁਜਹਾਂ ਜਿਨ ਸੋਂ ਲਰਿ ਹਾਰੇ।
ਅਪਰ ਬਾਪੁਰੇ ਕਹਾਂ ਬਿਚਾਰੇ ॥੯॥
ਚਾਰ ਬਾਰ ਕਰਿ ਰਾਰ ਖਪਾਏ।
ਜੀਵਤਿ ਕੋ ਨਹਿਂ ਸਦਨ ਪਠਾਏ।'
ਬਿਦਤਜੋ ਜਗਤ ਬਿਲੰਦ ਪ੍ਰਸੰਗ।
ਮਰੇ ਹਜ਼ਾਰਹੁਂ ਜੋਧਾ ਜੰਗ ॥੧੦॥
ਦੇਸ਼ ਬਿਦੇਸ਼ਨਿ ਬਿਧਵਾ ਤੁਰਕਨਿ।
ਰੁਦਤਿ ਘਨੀ ਸਿਰ ਛਾਤੀ ਹਨਿ ਹਨਿ[1]।
ਲਰੇ ਗੁਰੂ ਸੋਂ, ਪੀਰ ਜੁ ਪੀਰ[†]।
ਕਰਾਮਾਤ ਕਾਮਲ ਬਡ ਮੀਰ ॥੧੧॥
ਅਰਜੋ ਸੁ ਮਾਰਜੋ, ਬਚਜੋ ਪਲਾਯੋ[1]।
ਹਜ਼ਰਤ ਲਸ਼ਕਰ ਬ੍ਰਿੰਦ ਮਰਾਯੋ।
ਸਭਿ ਦੇਸ਼ਨਿ ਮਹਿਂ ਮੁਗ਼ਲ ਪਠਾਨ।
ਸੱਯਦ ਆਦਿ ਸੰਬੰਧੀ ਜਾਨਿ ॥੧੨॥
ਮਿਲਿ ਮਿਲਿ ਸਿਫਤ ਘਨੀ ਕੋ ਠਾਨਤਿ।
'ਬਡੇ ਬਹਾਦੁਰ' ਬਹੁਤ ਬਖਾਨਤਿ।
ਅਲਪ ਚਮੂੰ ਜੁਤਿ ਰਹਿਤ ਹਮੇਸ਼ਾ।
ਲਾਖਹੁਂ ਆਵਤਿ ਹਤਹਿਂ ਅਸ਼ੇਸ਼ਾ ॥੧੩॥
ਕਿਸ ਕੋ ਸੁਤ ਰੋਵਤਿ ਬਿਲਲਾਵੈ।
ਕੋ ਭ੍ਰਾਤਾ ਸਿਮਰਤਿ ਦੁਖ ਪਾਵੈ।
ਚਚਾ ਭਤੀਜਾ ਕਿਤਿਕ ਪੁਕਾਰੈਂ।
ਕਿਸ ਕੋ ਪਿਤ ਸੁਤ ਗੁਨਨਿ[1] ਉਚਾਰੈਂ ॥੧੪॥
ਦੇਸ਼ ਬਿਦੇਸ਼ ਤੁਰਕ ਤੁਰਕਾਣੀ।

[1]ਸੁਹਣੀ ਰੀਤੀ ਵਾਲੇ।

[1]ਛਾਤੀ ਪਿੱਟ ਪਿੱਟ ਕੇ।

[†]ਪਾ:-ਜੋ ਜਗ ਪੀਰ। ਪੁਨਾ:-ਹਨੇ ਬਿਪੀਰ। ਪੁਨਾ:-ਲਖਾ ਗੁਰੂ ਕੋ ਪੀਰਨ ਪੀਰ।

[1]ਜੋ ਨੱਸ ਗਿਆ ਸੋ ਬਚਿਆ।

[1]ਗੁਣਾਂ ਨੂੰ।

ਕੋ ਆਵਤਿ ਕੋ ਜਾਤਿ ਮੁਕਾਣੀ।
ਜਿਤ ਕਿਤ ਗ੍ਰਾਮ ਨਗਰ ਸਮੁਦਾਯਾ।
ਸੁਨਤਿ ਸ਼ਬਦ ਗੁਨ ਰੁਦਨ ਉਠਾਯਾ ॥੧੫॥
ਮਿਲਿ ਮਿਲਿ ਪੀਟਤਿ ਸਿਰ ਸੁਖ ਛਾਤੀ।
ਲੇਹਿਂ ਨਾਮ ਗੁਨ ਕਰਿ ਬੱਖਜਾਤੀ।
ਇਮ ਜਗ ਮਹਿਂ ਬਡ ਮਾਚਜੋ ਸ਼ੋਰ।
ਭਨਹਿਂ ਬੀਰਤਾ ਸਤਿਗੁਰ ਜ਼ੋਰ[1] ॥੧੬॥
ਸੁਨਿ ਸੁਨਿ ਸਿਖ ਸੰਗਤਿ ਹਰਖਾਵੈਂ।
ਦੇਸ਼ ਬਿਦੇਸ਼ਨਿ ਤੇ ਚਲਿ ਆਵੈਂ।
ਮਗ ਮਹਿਂ ਸੁਨਤਿ ਆਇ ਬਿਰਤਾਂਤ।
ਜਹਿਂ ਕਹਿਂ ਮਿਲਹਿਂ ਕਰਹਿਂ ਨਰ ਬਾਤ ॥੧੭॥
ਏਕ ਦਿਵਸ ਬਾਬਾ ਗੁਰਦਿੱਤਾ।
ਚਢੇ ਅਖੇਰ ਕਰਨਿ ਦੇ ਚਿੱਤਾ।
ਕੇਤਕਿ ਸਾਥ ਚਲੇ ਅਸਵਾਰ।
ਚਪਲ ਤੁਰੰਗਮ ਜ਼ੀਨਨਿ ਡਾਰਿ ॥੧੮॥
ਸੰਗ ਤੁਫੰਗ ਲਈ ਕਸਿ ਗੋਰੀ।
ਉਠਿ ਪ੍ਰਭਾਤਿ ਗਮਨੇ ਬਨ ਓਰੀ।
ਖੋਜਤਿ ਫਿਰਤ ਸਮੇ ਗਨ ਸੂਕਰ।
ਮ੍ਰਿਗਨ ਅਨੇਕਨ, ਲੇ ਸੰਗ ਕੂਕਰ ॥੧੯॥
ਗਿਰ ਕੀ ਜਰਨ† ਬਿਖੈ ਬਿਚਰੰਤੇ।
ਊਚ ਨੀਚ ਥਲ ਚਢਿ ਉਤਰੰਤੇ।
ਫਿਰੇ ਬਹੁਤ ਹੀ ਖੋਜਤਿ ਝਾਰਨ।
ਸਥਲ ਬਿਖਮ ਸਮ[1] ਕਰਹਿਂ ਨਿਹਾਰਨ ॥੨੦॥
ਗੁਰ ਸੁਤ ਬਿਚਰਤਿ ਭੇ ਬਨ ਮਾਂਹੀ।
ਪ੍ਰਾਪਤਿ ਕਿਤਹੁ ਅਖੇਰਾ ਨਾਂਹੀ।
ਦਿਵਸ ਚਢਯੋ ਬਡ ਘਾਮ ਉਪੰਨਾ।
ਬਿਚਰਤਿ ਰਹੇ ਨ ਕੋ ਮ੍ਰਿਗ ਹੰਨਾ ॥੨੧॥
ਦੂਰ ਦੂਰ ਲੌਂ ਫਿਰੇ ਸਊਰ।

[1]ਸਤਿਗੁਰਾਂ ਦਾ ਬਲ।

†ਪਾ:-ਬੂਹਨ = ਖੱਡਾਂ।

[1]ਠਂਢੇ ਭਾਵ ਉੱਚੇ ਨੀਵੇਂ ਤੇ ਪੱਧਰੇ ਥਾਂ।

ਖੋਜਤਿ ਗਿਰਨਿ ਦਰੀ[1] ਥਲ ਭੂਰ।
ਧੇਨੁ ਚਰਤਿ ਹੁਤੀ ਇਕ ਬਲ ਮੈਂ।
ਸੰਘਨੇ ਪਾਤ ਸਮੂਹ ਬ੍ਰਿਛਨਿ ਮੈਂ ॥੨੨॥
ਇਕ ਅਸਵਾਰ ਫਿਰਤ ਨੇ ਹੇਰੀ।
ਜਾਨੀ ਗਈ ਨ ਦੂਰ ਬਡੇਰੀ।
ਉਰ ਮਹਿਂ ਲਖ੍ਯੋ ਸੁ ਪਾੜ੍ਹਾ ਮਹਾਂ।
ਸ਼੍ਰਿੰਗਨਿ ਸਹਿਤ ਚਰਤਿ ਹੈ ਇਹਾਂ ॥੨੩॥
ਬ੍ਯਾਕੁਲ ਹੁਤੋ ਘਾਮ ਤੇ ਸੋਇ।
ਬਿਚਰਤਿ ਅਧਿਕ ਥਕਤਿ ਪੁਨ ਹੋਇ।
ਇਨ ਕਾਰਨ ਤੇ ਨਹਿਨ ਪਛਾਨੀ।
ਦੇਖਤਿ ਸ਼੍ਰਿੰਗ ਮਿਰਗ ਲਿਯ ਜਾਨੀ ॥੨੪॥
ਨਹਿਂ ਤਿਸ ਕੇ ਚਲਿ ਪਹੁੰਚ੍ਯੋ ਨੇਰ।
-ਭਾਜ ਨ ਜਾਇ ਮੋਹਿ ਕੌ ਹੇਰਿ-।
ਥਿਰ੍ਯੋ ਦੂਰ ਤੇ ਤੁਪਕ ਚਲਾਈ।
ਲਾਗੀ ਸੀਸ ਬਿਖੈ ਤਬਿ ਜਾਈ ॥੨੫॥
ਤਤਛਿਨ ਧੇਨੁ ਗਿਰੀ ਉਥਲਾਇ।
ਪ੍ਰਾਨ ਨਾਸ਼ ਹੋਏ ਲਗਿ ਘਾਇ[1]।
ਤੁਰੰਗ ਧਵਾਇ ਜਾਇ ਕਰਿ ਹੇਰੀ।
ਮਰੀ ਗਊ ਉਥਲੀ ਤਿਸ ਬੇਰੀ ॥੨੬॥
ਮਹਾਂ ਪਾਪ ਤੇ ਪਾਯੋ ਤ੍ਰਾਸ।
-ਮੁਝ ਕਰ ਤੇ ਭਾ ਧੇਨੁ ਬਿਨਾਸਿ।
ਇਤਨੇ ਮਹਿਂ ਗਊਅਨਿ ਚਰਵਾਰਾ।
ਆਇ ਬਿਲੋਕ੍ਯੋ ਪਾਤਕ ਭਾਰਾ ॥੨੭॥
ਤਿਸ ਭਟ ਸੰਗ ਲਰਨ ਬਹੁ ਲਗ੍ਯੋ।
ਊਚ ਪੁਕਾਰ ਕਰੀ ਰਿਸ ਪਗ੍ਯੋ।
ਸ਼ੋਰ ਉਠਾਇ ਜ਼ੋਰ ਕੋ ਜਬੈ।
ਕਿਤਿਕ ਪਹਾਰੀ[1] ਮਿਲਿਗੇ ਤਬੈ ॥੨੮॥
ਗਹਿ ਸੋ ਲਿਯੋ ਕਰਹਿਂ ਬਲ ਭਾਰੀ।
ਅਨਿਕ ਪ੍ਰਕਾਰ ਨਿਕਾਰਹਿਂ ਗਾਰੀ।
'ਧੇਨੁ ਲੇਹਿਂ, ਤੌ ਛੋਰਨ ਕਰੈਂ।

[1]ਕੰਦਰਾ।

[1]ਜ਼ਖਮ ਲੱਗਕੇ।

[1]ਪਹਾੜੀਏ।

ਨਾਂਹਿ ਤ ਬੰਧਹਿ ਘਰ ਮਹਿ ਧਰੈਂ ॥੨੯॥
ਪਰਜੋ ਰੌਰ ਪੁਨ ਔਰ ਸਊਰ।
ਸੁਨਿ ਸੁਨਿ ਆਇ ਨਿਕਟਿ ਜੇ ਦੂਰ।
ਸ਼੍ਰੀ ਗੁਰਦਿਤੇ ਜਬਿ ਸੁਧਿ ਪਾਈ।
ਗਏ ਤੁਰਤ ਤਹਿਂ ਤੁਰੰਗ ਧਵਾਈ ॥੩੦॥
ਪਾਤਕ ਘੋਰ ਬਿਲੋਕਜੋ ਜਾਇ।
ਅਧਿਕ ਕੋਹੀਆਂ[1] ਸ਼ੋਰ ਮਚਾਇ।
ਹਯ ਕੇ ਸਹਿਤ ਸੁਭਟ ਕੋ ਗਹਜੋ।
ਬਹੁ ਝਿਰਕਤਿ ਅਪਰਾਧੀ ਲਹਜੋ ॥੩੧॥
ਮ੍ਰਿਦੁਲ ਬਾਕ ਗੁਰ ਪੁੱਤ੍ਰ ਸੁਨਾਯੋ।
'ਬਿਨ ਜਾਨੇ ਬਡ ਦੋਸ਼ ਕਮਾਯੋ।
ਸਭਿ ਤਜਿ ਦੇਹੁ[1], ਲਰੇ ਕਜਾ ਹੋਇ।
ਮ੍ਰਿਤਕ ਭਈ ਅਬਿ ਜਿਯੈ ਨ ਕੋਇ' ॥੩੨॥
ਸੁਨਤਿ ਪਹਾਰੀ ਬਾਕ ਉਚਾਰੇ।
'ਤੁਮ ਗੁਰ ਸੁਤ ਅਜ਼ਮਤ ਕੋ ਧਾਰੇ।
ਗਊ ਮਰੀ ਕੋ ਦੇਹੁ ਜਿਵਾਇ।
ਨਿਜ ਚਾਕਰ ਕੋ ਲੇਹੁ ਛੁਡਾਇ ॥੩੩॥
ਜੇ ਬਲ ਕਰੋ ਪੁਕਾਰੂ ਜੈ ਹੈਂ।
ਨਿਜ ਰਾਜੇ ਕੇ ਨਿਕਟਿ ਕਹੈ ਹੈਂ।
ਵਧਹਿ ਫਸਾਦ ਬਿਸਾਲ ਅਗਾਰੀ।
ਇਹੁ ਪਾਤਕ ਨਹਿਂ ਸਕਹਿਂ ਸਹਾਰੀ' ॥੩੪॥
ਕਠਨ ਬਾਤ ਗੁਰ ਪੁੱਤ੍ਰ ਬਿਚਾਰੇ।
-ਮਰੀ ਗਊ ਜੇ ਅਬੈ ਜਿਵਾਰੈਂ।
ਇਹ ਬੀ ਬਾਤ ਨ ਆਛੀ ਹੋਇ।
ਪਿਤਾ ਰਿਸੈ ਹੈਂ ਸੁਨੈਂ ਜਿ ਸੋਇ ॥੩੫॥
'ਕਸ਼ਟ ਅਨੇਕ ਦੇਹਿ ਪਰ ਝਾਲੈਂ।
ਅਜ਼ਮਤ ਨਹੀਂ ਜਨਾਇਂ ਬਿਸਾਲੈਂ।'
ਇਹੁ ਮਤ ਹੈ ਗੁਰ ਘਰ ਕੋ ਸਦਾ।
ਜਰਹਿਂ ਅਜਰ, ਬਿਦਤਾਇਂ ਨ ਕਦਾ

[1]ਪਹਾੜੀਆਂ ਨੇ।

[1]ਤੁਸੀਂ) ਸਾਰੇ ਛੱਡ ਦਿਓ (ਇਸਨੂੰ)।

॥੩੬॥
ਕਰਾਮਤ ਨਹਿਂ ਆਪ ਲਗਾਵੈਂ।
ਜੋ ਲਗਾਇ ਤਿਸ ਦੇਖਿ ਰਿਸਾਵੈਂ।
ਜੇ ਅਬਿ ਗਊ ਨ ਜੀਵਤਿ ਇਹਾਂ।
ਇਕ ਤੌਂ ਪਾਪ ਹੋਤਿ ਹੈ ਮਹਾਂ ॥੩੭॥
ਦੁਤੀਏ ਜੈ ਹੈਂ ਕਰੈਂ ਪੁਕਾਰ।
ਅਪਜਸ ਬਿਥਰੈਗੋ ਸੰਸਾਰ।
ਇਸ ਕੋ ਨਾਮ ਨ ਲੈ ਹੈ ਕੋਈ।
ਹਮਰੀ ਦਿਸ਼ਾ ਅਰੋਪਹਿ ਸੋਈ ॥੩੮॥
ਰਣ ਤੇ ਸ਼ਾਂਤਿ ਬ੍ਰਿਤੀ ਅਬਿ ਭਏ।
ਸੁਨਹਿਂ ਬਿਖੇਰਾ ਤੌਂ ਰਿਸ ਲਏ-।
ਠਾਂਢੇ ਭਏ ਕਰੇ ਥਿਰ ਲੋਚਨ।
ਅਨਿਕ ਭਾਂਤਿ ਕੀ ਸੋਚਤਿ ਸੋਚਨ
॥੩੯॥
-ਕਰਹਿਂ ਕਹਾਂ ਅਸਮੰਜਸ[1] ਬਨੇ।
ਦੋਨਹੁ ਬਿਧੀ ਕਹਿਰ ਹੁਇ ਘਨੇ[1]।
ਸੁਰਭੀ ਮਰੀ ਪਾਪ ਹੈ ਭਾਰਾ।
ਕਰਾਮਾਤ ਦੈਂ, ਦੋਸ਼ ਉਦਾਰਾ- ॥੪੦॥
ਥਿਰੇ ਰਹੇ ਤਹਿਂ ਕੇਤਿਕ ਕਾਲਾ।
ਰਿਦੈ ਬਿਚਾਰਨ ਕਰਹਿਂ ਬਿਸਾਲਾ।
ਝਗਰਤਿ ਖਰੇ ਸੰਬੂਹ ਪਹਾਰੀ।
ਅਪਨੇ ਪਰ ਕੇ ਭੇ ਨਰ ਝਾਰੀ[1] ॥੪੧॥

[1]ਅਣਬਣ।

[1]ਦੋਹਾਂ ਤਰ੍ਹਾਂ ਨਾਲ ਭਾਰੀ ਕਹਿਰ ਹੈ।

[1]ਆਪਣੇ ਨਰ ਤੇ ਪਰਾਏ (ਪਹਾੜੀਏ ਰਲਕੇ) ਬਹੁਤ ਇਕੱਠ ਹੋ ਗਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਗੁਰਦਿੱਤਾ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਸ਼੍ਰੀ ਬਾਬਾ ਗੁਰਦਿੱਤਾ ਜੀ ਦਾ ਸਮਾਉਣਾ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਸ਼੍ਰੀ ਗੁਰਦਿੱਤੇ ਸੰਗ ਮਹਿਂ,
ਸੁਭਟ ਹੁਤੇ ਤਿਸ ਥਾਨ।
ਹਾਥ ਜੋਰਿ ਬੋਲੇ ਸਕਲੇ,
'ਗੁਰ ਸੁਤ ਸੁਨਹੁ ਸੁਜਾਨ! ॥੧॥

ਚੌਪਈ:

ਮਰੀ ਗਊ ਤੇ ਦੋਸ਼ ਘਨੇਰੇ।
ਜੇ ਜੀਵਹਿ ਹੁਇ ਕੁਸ਼ਲ ਬਡੇਰੇ।
ਜਯੋਂ ਕਯੋਂ ਕਰਿ ਦੀਜਹਿ ਇਸ ਪ੍ਰਾਨ।
ਸਭਿ ਦਿਸ਼ਿ ਤੇ ਕਲਹਾ ਹੁਇ ਹਾਨ ॥੨॥
ਪਾਤਕ ਮਿਟਹਿ ਪੁੰਨ ਅਧਿਕਾਈ।
ਪਸਰਹਿ ਕੀਰਤਿ ਬਿਮਲ ਸਦਾਈ।
ਨਰ ਆਦਿਕ ਜੇ ਅਪਰ ਜਿਵਾਵਨ।
ਸੁਨਿ ਸਤਿਗੁਰ ਤਬਿ ਹੋਇਂ ਰਿਸਾਵਨ
॥੩॥
ਇਸ ਤੇ ਪੁੰਨ ਅਧਿਕ ਕੋ ਜਾਨਿ।
ਸ਼੍ਰੀ ਪ੍ਰਭੁ ਨਹੀਂ ਕੋਪ ਕੋ ਠਾਨਿ।'
ਇੱਤਯਾਦਿਕ ਸਭਿਹੂੰਨਿ ਸੁਨਾਯੋ।
ਗੁਰ ਸੁਤ ਸੁਨਤਿ ਰਿਦੇ ਹੁਇ ਆਯੋ
॥੪॥
-ਅਬਿ ਤੌ ਆਛੀ ਅਹੈ ਜਿਵਾਵਨ।
ਸਹਿਤ ਪੁੰਨ ਅਰੁ ਰਾਰ ਮਿਟਾਵਨ।
ਪਿਤਾ ਕੋਪ ਕੋ ਲੇਹਿਂ ਸਹਾਰਿ।
ਜਥਾ ਕਹੇਂ ਸੋ ਕਰਿ ਹੈਂ ਕਾਰ- ॥੫॥
ਇਮ ਉਰ ਲਯਾਇ ਤੁਰੰਗਮ ਛੋਰਿ।
ਉਤਰਿ ਗਏ ਮ੍ਰਿਤੁ ਧੇਨੁ ਓਰ।
ਨੀਮ ਤਰੋਵਰ ਕੀ ਨਵਲਾ ਸੀ[1]।
ਹਾਥ ਗਹੀ ਪਹੁੰਚੇ ਗੋ ਪਾਸੀ ॥੬॥
ਛਰੀ ਲਗਾਇ ਗਊ ਕੋ ਗਾਂਤ।
ਸ਼੍ਰੀ ਮੁਖ ਤੇ ਬੋਲੇ ਇਸ ਭਾਂਤਿ।
'ਉਠਹੁ ਮਾਤ! ਅਬਿ ਨਿੰਦ੍ਰਾ ਤਯਾਗਹੁ।

[1]ਨਿੰਮ ਬ੍ਰਿੱਛ ਦੀ ਨਵੀਂ ਨਵੀਂ ਛਟੀ।

ਪੂਰਬ ਸਮ ਚਰਿਬੇ ਤ੍ਰਿਣ ਲਾਗਹੁ' ॥੭॥
ਸੁਭਟ ਸਕਲ ਅਰੁ ਖਰੇ ਪਹਾਰੀ।
ਮਰੀ ਧੇਨੁ ਸੋ ਕਰਤਿ ਨਿਹਾਰੀ।
ਗੁਰੂ ਪੁੱਤ੍ਰ ਜਬਿ ਬਾਕ ਬਖਾਨੇ।
ਤਤਛਿਨ ਉਠੀ ਸੁ ਪ੍ਰਥਮ ਸਮਾਨੇ ॥੮॥
ਤ੍ਰਿਣਨਿ ਹਰਿਤ ਕੇ ਚਰਨੇ ਲਾਗੀ।
ਦੇਖਿ ਸਭਿਨਿ ਬੁਧਿ ਬਿਸਮੈ ਪਾਗੀ।
ਹਰਖਤਿ ਹੋਏ ਹਾਂਕ[1] ਸੰਭਾਰੀ।
ਲੈ ਗਮਨੇ ਜਹਿਂ ਸੁਰਭੀ ਸਾਰੀ[1] ॥੯॥
ਕਰਿ ਬੰਦਨ ਕੋ ਸੁਜਸੁ ਉਚਾਰਤਿ।
ਗਏ ਗੁਰੂ ਮਹਿਮਾ ਉਰ ਧਾਰਤਿ।
ਗੁਰ ਸੁਤ ਚਢੇ ਤੁਰੰਗਮ ਚਲੇ।
ਸੁਭਟ ਸੰਗ ਗਮਨੇ ਸਭਿ ਮਿਲੇ ॥੧੦॥
ਬਿਸਮਤਿ ਮਤਿ ਕੀਰਤਪੁਰਿ ਆਏ।
ਉਤਰਿ ਤੁਰੰਗ, ਸਥਾਨ ਲਗਾਏ।
ਦਿਨ ਮੱਧਜਾਨ[1] ਭਯੋ ਤਿਹ ਕਾਲਾ।
ਭੋਜਨ ਕਰਿ ਮਨ ਭਾਇ ਬਿਸਾਲਾ ॥੧੧॥
ਟਿਕੇ ਸਥਾਨ ਅਪਨਿ ਸਭਿ ਜਾਈ।
ਸਤਿਗੁਰ ਸੁਨਜੋ ਅਸਨ ਅਬਿ ਖਾਈ।
ਗਯੋ ਜੁ ਸੰਗ ਸੁ ਬੀਰ ਬੁਲਾਯੋ।
ਨਿਕਟਿ ਆਇ ਪਿਖਿ ਬਾਕ ਅਲਾਯੋ ॥੧੨॥
'ਆਜ ਕਹਾਂ ਤੁਮ ਸਮਾਂ ਬਿਤਾਯੋ?
ਬਿਚਰਤਿ ਵਹਿਰ ਅਸਨ ਅਬਿ ਖਾਯੋ।
ਸਗਰੀ ਸਾਚੀ ਦੇਹੁ ਬਤਾਇ।
ਕੂਰ ਕਹੈਂ ਤੌ ਦੋਸ਼ ਲਗਾਇ' ॥੧੩॥
ਸੁਨਤਿ ਸੁਭਟ ਕੰਪਜੋ ਸਭਿ ਗਾਤ।
ਲਗਜੋ ਬਤਾਵਨ ਸਾਚੀ ਬਾਤ।
-ਕਹੌਂ ਕੂਰ, ਤੌ ਜਾਨੈਂ ਸਾਰੀ।
ਮੁਝ ਪ੍ਰਤਿ ਦੈ ਹੈਂ ਸ੍ਰਾਪ ਉਚਾਰੀ- ॥੧੪॥
'ਅਚਰਜ ਆਜ, ਗਊ ਮਰਿ ਗਈ।
ਜਾਨੇ ਬਿਨਾ ਮਾਰਿ ਭਟ ਦਈ।

[1]ਹੱਕ ਕੇ।
[1]ਜਿਥੇ ਹੋਰ ਸਾਰੀਆਂ ਗਊਆਂ ਸਨ।
[1]ਦੁਪਹਿਰਾ।

ਆਇ ਕੋਹੀਆਂ[1] ਸ਼ੋਰ ਮਚਾਯੋ। — [1]ਪਹਾੜੀਆਂ ਨੇ।
ਸ਼੍ਰੀ ਗੁਰਦਿੱਤਾ ਸੁਨਿ ਤਬਿ ਆਯੋ ॥੧੫॥
ਮਹਾਂ ਦੋਸ਼, ਗੋ ਘਾਤ ਪਛਾਨਾ।
ਭਨੇ ਸਭਿਨਿ ਕੇ ਦੀਨਸਿ ਪ੍ਰਾਨਾ[1]। — [1]ਪ੍ਰਾਨ ਦਾਨ ਦੇ ਦਿੱਤਾ।
ਝਗਰਾ ਪਰਜੋ ਰਹਜੋ ਤਿਸ ਥਾਨ।
ਯਾਂ ਤੇ ਆਯੋ ਦਿਨ ਮੱਧਜਾਨ' ॥੧੬॥
ਸ਼੍ਰੀ ਸਤਿਗੁਰ ਸੁਨਿ ਧਰ ਕਰਿ ਮੌਨ।
ਰਿਸ ਉਰ ਕੀਨਿ, ਨ ਜਾਨੀ ਕੌਨ[1]। — [1]ਕਿਸੇ ਨੇ ਨਾ ਜਾਣੀ।
ਚਾਰ ਘਟੀ ਸੁਨਿ ਫੇਰ ਬਿਤਾਈ।
ਡੇਢ ਜਾਮ ਦਿਨ ਰਹਜੋ ਤਦਾਈ ॥੧੭॥
ਜਾਨਿ ਸੁਚੇਤ ਹੋਨ ਕੋ ਕਾਲ।
ਆਇ ਸਮੀਪ ਸਪੁੱਤ੍ਰ ਬਿਸਾਲ।
ਕਰਿ ਬੰਦਨ ਕੋ ਖਰੇ ਅਗਾਰੀ।
ਤੌਰ ਪਿਤਾ ਕੀ ਅਪਰ ਨਿਹਾਰੀ ॥੧੮॥
ਠਟਤਿ ਰਹੇ ਥਿਰਤਾ ਧਰਿ ਅੰਗ।
ਨੈਨ ਕਮਲ ਸ਼ੰਕਤਿ[1], ਚਿਤ ਭੰਗ। — [1]ਸ਼ਰਮਦੇ ਹਨ।
ਸੁਤ ਬਿਸਾਲ ਪਰ ਕੋਪ ਬਿਸਾਲ।
ਸਤਿਗੁਰ ਬਦਨ ਦ੍ਰਿਗਨਿ ਕਰਿ ਲਾਲ ॥੧੯॥
ਬੋਲੇ 'ਕਰਨਿ ਲਗੇ ਅਬਿ ਨੀਕੀ[1]। — [1]ਹੁਣ ਚੰਗੀ (ਗਲ) ਕਰਨ ਲੱਗੇ ਹੋ।
ਹਰਿ ਗੁਰ ਸੰਤਨਿ ਲਗੇ ਜੁ ਫੀਕੀ।
ਜਿਸ ਕ੍ਰਿਤ ਕੋ ਸੁਜਨ ਨ ਸਨਮਾਨੈਂ।
ਸੁਮਤਿਵੰਤ ਸੋ ਕਬਹੁੰ ਨ ਠਾਨੈ ॥੨੦॥
ਆਨਿ ਪਰੇ ਸਭਿ ਸਹੈਂ ਸਰੀਰ।
ਨਹੀਂ ਛੋਰਤੇ ਧਾਰਤਿ ਧੀਰ।
ਸੀਸ ਦੇਹਿੰ ਪਰ ਨਹੀਂ ਜਨਾਵੈਂ।
ਪ੍ਰਭੁ ਦਰਗਾਹ ਸੁ ਆਦਰ ਪਾਵੈਂ ॥੨੧॥
ਅਟਲਰਾਇ ਯਾਂ ਤੇ ਤਜਿ ਪ੍ਰਾਨਾ।
ਤੂੰ ਅਬਿ ਲੌ ਸਮੁਝਜੋ ਨ ਸਯਾਨਾ।
ਇਮ ਤੌ ਕਰਨਿ ਸਦਾ ਨਹਿ ਆਛੀ।
ਪੁਨ ਹਮ ਅਛਤ ਕਹਾਂ ਚਿਤ ਬਾਂਛੀ[1]? ॥੨੨॥ — [1]ਫਿਰ ਸਾਡੇ ਹੁੰਦਿਆਂ (ਇਸ ਤਰ੍ਹਾਂ ਦੀ ਕਰਨੀ) ਕਿਉਂ ਚਿਤ ਵਿਚ ਚਾਹੀ ਜੇ?

ਚਹਤਿ ਗੁਰਨ ਤੇ ਅਧਿਕ ਬਡਾਈ।
ਅਜਰ ਨ ਜਰਹੁ ਜਹਾਨ ਜਣਾਈ[1]।

[1]ਜਗਤ ਨੂੰ ਜਣਾਵਦੇ ਹੋ।

ਕਰਿ ਅਜ਼ਮਤ ਦੇ ਸੁਰਭੀ ਪ੍ਰਾਨਾ।
ਗ਼ਨੀ ਗਰੀਬ ਸੁਨਹਿਂ ਜਬਿ ਕਾਨਾ ॥੨੩॥
ਮ੍ਰਿਤਕ ਭਏ ਕੋ ਹਮ ਢਿਗ ਲ਼ਜਾਵਹਿਂ।
ਕਰਹਿਂ ਜਾਚਨਾ ਜਥਾ ਜਿਵਾਵਹਿਂ[1]।

[1]ਜਾਂਚਣਾ ਕਰਨਗੇ ਕਿ ਓਸੇ (ਗਾਂ ਦੀ) ਤਰ੍ਹਾਂ ਅਸੀਂ ਜਿਵਾ ਦੇਵੀਏ।

ਸ਼ਾਹੁ ਆਦਿ ਸਭਿਹਿਨਿ ਜਗ ਮਰਨਾ।
ਨਦੀ ਪ੍ਰਵਾਹਿ ਜਥਾ ਇਹੁ ਥਿਰ ਨਾ ॥੨੪॥
ਕੌਨ ਕੌਨ ਕੋ ਹਮ ਜੀਵਾਵੈਂ।
ਕਿਸ ਕੀ ਬਯ ਦੇ ਕਿਸਹਿ ਉਠਾਵੈਂ?
ਇਸ ਕੋ ਭੀ ਕੁਛ ਜਤਨ ਬਿਚਾਰਾ?
ਲਿਯੋ ਬਿਚਾਰ ਤ ਕਰੋ ਉਚਾਰਾ ॥੨੫॥
ਜੇ ਇਮ ਕਰਨੀ ਹੀ ਮਨ ਭਾਵੈ।
ਹਮਰੇ ਅਛਤ ਹਟਯੋ ਨਹਿਂ ਜਾਵੈ।
ਤੌ ਇਕ ਮਜਾਨ ਜੁਗਮ ਸ਼ਮਸੇਰ[1]।

[1]ਦੋ ਤਲਵਾਰਾਂ।

ਮੇਯ ਨ ਸਕਹਿਂ ਸਮੁਝਿ ਲਿਹੁ ਹੇਰਿ ॥੨੬॥
ਜੇ ਤੁਮ ਰਹਹੁ ਤ ਹਮ ਤਜਿ ਪ੍ਰਾਨਾ।
ਹਮ ਜਿ ਰਹੈਂ ਤੁਮ ਕਰਹੁ ਪਯਾਨਾ।
ਇਸ ਬਿਧਿ ਕਰੇ ਬਿਨਾ ਨਹਿਂ ਬਨੈ।
ਇਕ ਰਾਖਹਿ ਇਕ ਤਜਾਗਹਿ ਤਨੈ' ॥੨੭॥
ਸ਼੍ਰੀ ਗੁਰਦਿੱਤੇ ਦ੍ਵੈ ਕਰ ਬੰਦਿ।
ਹੁਤੋ ਨ ਹਰਖ ਨ ਸ਼ੋਕ ਬਿਲੰਦ।
ਇਕ ਰਸ ਬ੍ਰਿਤੀ ਜਿਨਹੁਂ ਕੀ ਅਹੈ।
ਬ੍ਰਹਮ ਗਜਾਨ ਦ੍ਰਿੜ੍ਹਤਾ ਚਿਤ ਰਹੈ ॥੨੮॥
-ਸ਼੍ਰੀ ਸਤਿਗੁਰੁ ਪਿਤਾ ਸਮਰੱਥ।
ਭੰਜਨ ਘੜਨ ਸਕਲ ਜਿਨ ਹੱਥ।
ਬਚਨ ਅਮੋਰ ਜਿਨਹੁਂ ਕੇ ਸਦਾ।

ਬ੍ਰਹਮ ਅਸਤ੍ਰ[1] ਜਿਮ ਮਿਟਹਿਂ ਨ ਕਦਾ ॥੨੯॥

[1]ਮੰਤ੍ਰ ਪੜ੍ਹਕੇ ਚਲਾਇਆ ਜਾਣ ਵਾਲਾ ਅਸਤ੍ਰ ਜੋ ਖਾਲੀ ਨਹੀਂ ਜਾਂਦਾ [ਸੰਸ: ਬ੍ਰਹਮਾਸਤ੍ਰ]

ਬਿਨ ਸੰਸੈ ਮਾਨਜੋ ਹੀ ਬਨੈ।
ਇਸ ਮਹਿਂ ਭਲੋ ਆਪਨੋ ਜਨੈ-।
ਇਮ ਬਿਚਾਰ ਕਰਿ ਠਾਨੀ ਨਮੋ।
ਤੀਨ ਪ੍ਰਕਰਮਾ ਦੇ ਤਿਹ ਮਮੋਂ ॥੩੦॥
ਧਰੇ ਮੌਨ ਕੋ ਕੀਨਸਿ ਪਜਾਨ†।

†ਬਾਬਾ ਗੁਰਦਿੱਤਾ ਜੀ ਬੜੇ ਕਰਨੀ ਵਾਲੇ ਮਹਾਂ ਪੁਰਖ ਨਾਮ ਰਸੀਏ ਤੇ ਸਫਲ ਗਜਾਨੀ ਸਨ ਪਰੰਤੂ ਗੁਰੂ ਪਦ ਤੇ ਆਰੂੜ੍ਹਤ ਨਹੀਂ ਸਨ, ਇਸ ਕਰਕੇ ਰੱਬੀ ਰਜ਼ਾ ਦੀ ਸੂਖਮਗਤੀ ਜੋ ਗੁਰੂ ਜੀ ਦੇ ਅਨੁਭਵ ਵਿਚ ਆਉਂਦੀ ਹੈ, ਉਹ ਬਾਬਾ ਜੀ ਦੇ ਅਨੁਭਵ ਵਿੱਚ ਗਊ ਜਿਵਾਉਣ ਵੇਲੇ ਨਹੀਂ ਆਈ। ਗੁਰੂ ਜੀ ਬੀ ਆਪਣੇ ਪਿਆਰੇ ਪੁੱਤ੍ਰ ਤੋਂ ਕਦੇ ਇਹ ਵਿਯੋਗ ਨਾ ਸਹਾਰਦੇ, ਪਰ ਉਨ੍ਹਾਂ ਨੂੰ ਅੰਤਰ ਆਤਮੇ ਪਤਾ ਲੱਗ ਗਿਆ ਸੀ ਕਿ ਇਹ ਰਜ਼ਾ ਵਿੱਚ ਦਖਲ ਦਿੱਤਾ ਜਾ ਚੁੱਕਾ ਹੈ, ਜੋ ਬੇਅਦਬੀ ਤੇ ਹੁਕਮ ਉਲੰਘਨ ਹੈ, ਇਸ ਕਰਕੇ ਆਪ ਦਾ ਹੁਕਮ ਸਰੀਰ ਦੇ ਬਦਲੇ ਸਰੀਰ ਦੇਣਾ ਸੀ, ਜਿਸ ਨੂੰ ਪਰਮ ਲਾਇਕ ਪੁੱਤ੍ਰ-ਸਪੁੱਤ੍ਰਾਂ ਦੇ ਸਿਰਤਾਜ ਸਪੁੱਤ੍ਰ-ਨੇ ਪੂਰਨ ਖੁਸ਼ੀ ਨਾਲ ਪ੍ਰਵਾਨ ਕੀਤਾ ਹੈ। ਧੰਨ ਹਨ ਐਸੇ ਸਪੂਤ ਪਿਤਾ-ਪ੍ਰੇਮ ਤੇ ਆਗਿਆ ਪਾਲਨ ਦੇ ਰੌਸ਼ਨ ਮੁਨਾਰੇ। ਦੂਸਰੇ ਗੁਰੂ ਜੀ ਜਗਤ ਦੀਆਂ ਮੁਸ਼ਕਲਾਂ ਨੂੰ ਧੀਰਜ ਤੇ ਬੁੱਧੀ ਨਾਲ ਆਮ ਮਨੁੱਖਾਂ ਵਾਂਗ ਨਜਿੱਠਣਾ ਸਿਖਾਲ ਰਹੇ ਸੇ।

ਛਰੀ ਧਰੀ ਕਰ ਖਰੀ ਮਹਾਨ[1]।

[1]ਅਤਿ ਸੁਹਣੀ ਛਟੀ ਹੱਥ ਫੜ ਲਈ।

ਕਿਹ ਸੋਂ ਮਿਲੇ ਨ ਬੋਲਨ ਕੀਨਿ।
ਚਲਨਿ ਪ੍ਰਲੋਕ ਬਿਖੇ ਚਿਤ ਦੀਨਿ ॥੩੧॥
ਜੋ ਜਗ ਮਿਲਹਿ ਚਲੇ ਜਿਹ ਸਮੋ[1]।

[1]ਜਿਸ ਸਮੇਂ ਚਲੇ ਜੋ ਰਾਹ ਵਿੱਚ ਮਿਲਿਆ।

ਹਾਥ ਜੋਰਿ ਨਰ ਠਾਨਤਿ ਨਮੋ।
ਕਿਸ ਕੀ ਦਿਸ਼ਿ ਨ ਬਿਲੋਚਨ ਲਾਏ।
ਜਾਹਿਂ ਏਕ ਰਸ ਸਹਿਜ ਸੁਭਾਏ ॥੩੨॥
ਦੇਖਿ ਦੇਖਿ ਬਿਸਮੈ ਸਭਿ ਕੋਈ।
ਬ੍ਰਿਤਿ ਉਦਾਸ ਸਭਿਹਿਨਿ ਤੇ ਹੋਈ।
ਕੀਰਤਪੁਰਿ ਤੇ ਵਹਿਰ ਪਯਾਨੇ।
ਅਲਪ ਸੈਲ ਪਰ ਚਢਿਬੋ ਠਾਨੇ ॥੩੩॥
ਜਾਇ ਇਕਾਕੀ, ਦਾਸ ਨ ਸੰਗ।
ਸਨੇ ਸਨੇ ਚਲਿ ਚਢੇ ਉਤੰਗ।
ਬੁੱਢਨ ਸ਼ਾਹੁ ਸਥਾਨ ਨਿਹਾਰਾ।
ਤਿਸ ਤੇ ਕੁਛਕ ਅੰਤਰਾ ਧਾਰਾ[1] ॥੩੪॥

[1]ਕੁਝ ਵਿੱਥ ਰੱਖਕੇ।

ਛਰੀ ਧਰਾ ਪਰ ਧਰੀ ਗਡਾਈ।
ਅਵਲੋਕਤਿ ਭੇ ਸੁੰਦਰ ਥਾਈਂ।
ਉਰ ਕੁਟੰਬ ਕੋ ਰਾਗ[1] ਨ ਠਾਨਾ।

[1]ਪ੍ਰੇਮ।

ਨੌਕਾ ਮੇਲ ਸਕਲ ਜਗ ਜਾਨਾਂ ॥੩੫॥
ਅਤਿ ਸਪੁੱਤ੍ਰ[1] ਜੋ ਹੈ ਹਰਿਰਾਇ।
ਮਿਲਨਿ ਹੇਤੁ ਨਹਿਂ ਕਿਛੁ ਮਨ ਲਜਾਇ।
ਸੁਤ ਸਮ ਅਪਰ ਪ੍ਰੇਮ ਕਿਸ ਮਾਂਹੂ।
ਜਿਸ ਕੋ ਸਿਮਰ ਮਿਲਹਿਂ ਕਰਿ ਪਾਹੂ[1] ॥੩੬॥
ਆਸਤਰਨ ਕੋ ਅਪਨੇ ਹਾਥ।
ਸੁੰਦਰ ਕਰਜੋ ਕੁਸ਼ਾ ਕੇ ਸਾਥ।
ਤਬਿ ਤਨ ਪਰ ਤੇ ਬਸਤ੍ਰ ਉਤਾਰਾ।
ਕਰਿ ਦੂਹਰ ਸਿਹਜਾ ਤ੍ਰਿਣ ਡਾਰਾ ॥੩੭॥
ਬ੍ਰਿਤਿ ਸੰਕੋਚ ਬੈਠਿ ਤਬਿ ਗਏ।
ਨਿਜ ਸਰੂਪ ਮਹਿਂ ਥਿਰਤਾ ਲਏ।
ਮੂੰਦਿ ਬਿਲੋਚਨ ਪੌਢੇ ਫੇਰ।
ਦੁਤੀ ਬਸਤ੍ਰ ਲੇ ਮੁਖ ਪਰ ਗੇਰ ॥੩੮॥
ਜੋਗ ਸ਼ਕਤਿ ਕਰਿ ਖੈਂਚੇ ਪ੍ਰਾਨ।
ਸਭਿ ਤਨ ਤੇ ਸਵਧਾਨੀ ਠਾਨਿ।
ਤਾਤਕਾਲ ਤਨ ਛੋਰਿ ਸਿਧਾਰੇ।
ਜਿਮ ਪੰਨਗ ਕੰਚੁਰੀ ਨਿਜ ਡਾਰੇ[1] ॥੩੯॥
ਗਏ ਸੁਖੈਨ ਤਜੀ ਤਬਿ[†] ਕਾਯਾਂ।
ਹਰਖ ਸੋਗ ਨਹਿਂ ਭਯੋ ਕਦਾਯਾ।
ਨਈ ਬੈਸ ਮਹਿਂ ਤਨ ਤਰੁਨਾਈ।
ਜਿਮ ਜੋਗੀ ਮਾਯਾ ਤਜਿ ਜਾਈ ॥੪੦॥

[1] ਸੁਪੁਤਾਂ ਵਿਚੋਂ ਬੀ ਅਤੀ ਸਪੁਤ। (ਅ) ਅਤਿ (ਪਿਆਰੇ) ਪੁੱਤ੍ਰ।

[1] ਜਿਸਨੂੰ ਯਾਦ ਕਰਕੇ ਪਾਸ (ਬੁਲਾ) ਕੇ ਮਿਲਦੇ ਹੁੰਦੇ ਸਨ।

[1] ਜਿਵੇਂ ਸੱਪ ਆਪਣੀ ਕੁੰਜ ਲਾਹ ਸੁਟਦਾ ਹੈ।

[†] ਪਾ:-ਸਭ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮਰਾਸੇ 'ਸ਼੍ਰੀ ਬਾਬਾ ਗੁਰਦਿੱਤਾ ਸਮਾਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੩੮. [ਬਾਬਾ ਗੁਰਦਿੱਤਾ ਪ੍ਰਲੋਕ ਗਮਨ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਲਹਿ ਸੁਧ ਤੂਰਨ ਸੁਰ ਸਰਬ, ਚਢੇ ਬਿਮਾਨ
ਪਯਾਨ।
ਗੁਰੁ ਸੁਤ ਕੇ ਤਨ ਤਜਨ ਤੇ, ਆਏ ਮੰਗਲ
ਠਾਨਿ ॥੧॥

ਚੌਪਈ:

ਜੈ ਜੈ ਮੁਖ ਤੇ ਸ਼ਬਦ ਉਚਾਰੇ।
ਕੁਸਮਾਂਜੁਲ ਕੋ ਭਰਿ ਭਰਿ ਡਾਰੇ।
ਅਨਿਕ ਅਪਸਰਾ ਹਰਖਤਿ ਨਾਚਹਿਂ।
ਗਾਵਹਿ ਗੀਤ ਮਧੁਰ ਸੁਰ ਰਾਚਹਿਂ ॥੨॥
ਸਭਿਨਿ ਸੁਰਨਿ ਅਭਿਬੰਦਨ ਕੀਨਿ।
ਕਹ੍ਯੋ 'ਕਰਹੁ ਪ੍ਰਸਥਾਨ ਪ੍ਰਬੀਨ !'
ਸਭਿ ਦੇਵਨ ਕੋ ਬਡ ਉਤਸਾਹੂ।
ਸ਼ੁਭ ਆਗਵਨ ਜਾਨਿ ਕੈ ਪਾਹੂ ॥੩॥
ਖਸ਼ਟਮ ਗੁਰ ਕੋ ਸੁਭਟ ਸਪੂਤ।
ਸਪਤਮ ਗੁਰ ਕੋ ਪਿਤ ਮਤਿ ਪੂਤ[1]। [1]ਪਵਿੱਤ੍ਰ ਬੁੱਧੀ ਵਾਲੇ।
'ਧੰਨਜ ਧੰਨਜ' ਕਹਿ ਕਰਿ ਲੇ ਗਏ।
ਸਾਜਿ ਆਰਤੀ ਦਰਸੰਤਿ ਭਏ ॥੪॥
ਸਭਿ ਸੁਰ ਗਮਨੇ ਜਾਇਂ ਪਿਛਾਰੀ।
ਗੁਰ ਸੁਤ ਦਿਪਹਿ ਬਿਮਾਨ ਅਗਾਰੀ।
ਤੇਜ ਸਹਤਿ ਸੂਰਜ ਜਨੁ ਜਾਈ।
ਗੀਰਬਾਨ[1] ਉਡਗਨ ਸਮੁਦਾਈ ॥੫॥ [1]ਦੇਵਤੇ। [ਸੰਸ: ਗੀਰ੍ਵਾਣ]
ਜਹਿਂ ਜਹਿਂ ਸ਼ਕਤਿ ਸੁਰਨਿ ਕੀ ਜਾਵਨਿ।
ਤਹਿਂ ਲੌ ਸਭਿਹਿਨਿ ਕੀਨਿ ਪੁਚਾਵਨ।
ਕਰਿ ਕਰਿ ਬੰਦਨ ਹਟੇ ਪਿਛਾਰੀ।
ਗੁਰ ਸੁਤ ਗਮਨ੍ਯੋ ਜਾਤਿ ਅਗਾਰੀ ॥੬॥
ਸਭਿ ਸੁਰ ਪੁਰਿ ਕੋ ਹੇਰਤਿ ਜਾਇਂ।
ਅਤਿ ਅਨੰਦ ਕੋ ਰਿਦੇ ਸਮਾਇਂ।
ਪੁਨ ਗੁਰ ਪੁਰਿ ਲੌ ਪਹੁੰਚ੍ਯੋ ਜਾਈ।
ਮਿਲੇ ਸਭਿਨਿ ਸੋਂ ਬੰਦਨ ਗਾਈ ॥੭॥
ਅੱਚੁਤ ਪਦ ਮਹਿਂ ਜਾਇ ਬਿਰਾਜੇ।

ਜਿਨ ਕੇ ਨਾਮ ਲੇਤਿ ਅਘ ਭਾਜੇਂ।
ਇਤ ਕੀਰਤਪੁਰਿ ਮਹਿਂ ਜੇ ਦਾਸ।
ਸੇਵਾ ਹੇਤੁ ਰਹਤਿ ਨਿਤ ਪਾਸ ॥ ੮॥
ਲਗੇ ਬਿਲੋਕਨਿ ਦ੍ਰਿਸ਼ਟਿ ਨ ਆਵੈਂ।
ਇਤ ਉਤ ਖੋਜਤਿ ਕਹੂੰ ਨ ਪਾਵੈਂ।
ਬੂਝਤਿ ਬਿਚਰਤਿ ਜਹਿਂ ਕਹਿਂ ਜਾਇ।
ਜਿਨਹੁ ਪਿਖੇ ਤਿਨ ਦੀਨਿ ਬਤਾਇ ॥ ੯॥
ਪੁਰਿ ਤੇ ਵਹਿਰ ਗਏ ਗਿਰ ਓਰ।
ਏਕਾਕੀ ਸਭਿ ਸੰਗੀ ਛੋਰਿ।
ਸੁਨਤਿ ਦਾਸ ਹਿਤ ਸੇਵਾ ਧਾਏ।
ਹਮਹੁ ਪ੍ਰਤੀਖਤਿ ਹ੍ਵੈਂ ਕਿਤ ਥਾਏਂ[1] ॥ ੧੦॥

[1]ਕਿਸੇ ਥਾਂ ਸਾਨੂੰ ਉਡੀਕਦੇ ਹੋਣਗੇ।

ਉਤਹੂੰ ਗਏ ਸੁ ਬੂਝਤਿ ਦਾਸ[1]।
ਚਢੇ ਉਤੰਗ ਥਾਨ ਤਿਸ ਪਾਸ।
ਜਾਇ ਬਿਲੋਕੇ ਪੌਢਨ ਕਰੇ।
'ਕਹਾਂ ਕੀਨਿ ਅਵਨੀ ਪਰ ਪਰੇ? ॥ ੧੧॥
ਸਦਨ ਪ੍ਰਯੰਕ ਛੋਰਿ ਕਰਿ ਆਏ।
ਹਮ ਕਿਸਹੂੰ ਕੋ ਸੰਗ ਨ ਲਜਾਏ।'
ਕਰਿ ਤੂਰਨਤਾ ਨਿਕਟਿ ਸੁ ਜਾਇ।
ਲਗੇ ਬਿਲੋਕਨ ਸ੍ਵਾਸ ਨ ਆਇ ॥ ੧੨॥
ਬਿਸਮੇ ਬਹੁਰੋ ਹਾਥ ਲਗਾਯੋ।
ਚਰਨ ਪਲੋਟਤਿ ਚਹਤਿ ਜਗਾਯੋ।
ਨਿਸ਼ਚੈ ਭਈ ਜਬੈ ਉਰ ਮਾਂਹੀ।
ਧਾਇ ਆਇ ਇਕ ਸਤਿਗੁਰ ਪਾਹੀ ॥ ੧੩॥
ਊਚੀ ਕੂਕ ਨਿਕਟਿ ਹੁਇ ਮਾਰੀ।
ਨਿਕਸੀ ਨੈਨਨ ਤੇ ਜਲ ਧਾਰੀ।
ਬੂਝਨ ਕੀਨਿ 'ਕਹਾਂ ਤੁਝ ਭਯੋ?
ਕਯੋਂ ਰੋਦਨ ਤੁਮ ਐਸੋ ਕਿਯੋ?' ॥ ੧੪॥
ਸੁਨਿ ਗੁਰ ਤੇ ਬੋਲਯੋ ਤਬਿ ਦਾਸ।
'ਪੁੱਤ੍ਰ ਆਪ ਕੋ ਬਡ ਗੁਨ ਰਾਸ।
ਉਚੇ ਥਲ ਪਰ ਕੁਸ਼ਾ ਡਸਾਈ।

[1]ਦਾਸ ਪੁਛਦੇ ਪੁਛਦੇ ਉਧਰ ਗਏ।

ਪੌਢੇ ਪ੍ਰਾਨ ਨਹੀਂ ਬਿਚ ਪਾਈ' ॥੧੫॥
ਸੁਨਿ ਕਰਿ ਸਭਿ ਤੇ ਅੰਤਰਜਾਮੀ।
ਉਠੇ ਤੁਰਤ ਸੇਵਕ ਅਨੁਗਾਮੀ।
'ਚਲਹੁ ਕੌਨ ਥਲ ਮੈਂ ਮ੍ਰਿਤੁ ਹੋਏ?'
ਇਮ ਸਤਿਗੁਰ ਗਮਨੇ ਸਭਿ ਜੋਏ ॥੧੬॥
ਅੰਤਰ ਪੁਰਿ ਗੁਰ ਕੇ ਸੁਧਿ ਗਾਈ।
ਸੁਨਤਿ ਬਾਤ ਸਗਰੀ ਰੁਦਨਈ।
ਪਰਯੋ ਰੌਰ ਕੀਰਤਪੁਰਿ ਮਾਂਹੀ।
ਸੁਨਿ ਸੁਨਿ ਸ਼ੋਕ ਵਧਯੋ ਲਘ ਨਾਂਹੀ ॥੧੭॥
ਬਿਧੀਚੰਦ ਆਦਿਕ ਨਰ ਬ੍ਰਿੰਦ।
ਸੰਗ ਲਏ ਸ਼੍ਰੀ ਹਰਿਗੋਵਿੰਦ।
ਉਤਲਾਵਤਿ ਪਹੁਚੇ ਤਿਸ ਥਾਨ।
ਪਿਖਯੋ ਪੁੱਤ੍ਰ ਪੌਢਯੋ ਬਿਨ ਪ੍ਰਾਨ ॥੧੮॥
ਨਰ ਅਪਰਨ ਸਮ ਸ਼ੋਕ ਉਪਾਯੋ।
'ਕਹੁ ਨੰਦਨ ਕਿਮ ਕਹਾਂ ਸਿਧਾਯੋ?
ਸੁਭਟ ਸਿਖ ਹੈਂ ਸੰਗ ਜਿਤੇਕ।
ਰੋਦਤਿ ਕਰਤਿ ਪੁਕਾਰ ਅਨੇਕ ॥੧੯॥
ਤਰੁਨ ਬੈਸ ਮਹਿਂ ਕਾਲ ਨ ਕਾਲ[1]।
ਰਾਵਰ ਕਹਾਂ ਗਏ ਕਰਿ ਖਯਾਲ[†]।'

[1]ਮੌਤ ਦਾ ਸਮਾਂ ਨਹੀਂ ਸੀ।

[†]ਇਹ ਕਵੀ ਜੀ ਮਨੁੱਖ ਨਾਟ ਦਿਖਾਉਣ ਦੀ ਕਾਵਯ ਰਚਨਾ ਦੀ ਪੂਰਤੀ ਕਰਦੇ ਹਨ। ਪ੍ਰੇਮ ਸਤਿਗੁਰਾਂ ਦਾ ਅਤੁੱਲ ਹੈ ਸਪੁੱਤ੍ਰ ਨਾਲ, ਬਿਰਹਾ ਬੀ ਹੈ, ਪਰ ਵਾਹਿਗੁਰ ਦੇ ਹੁਕਮ ਵਿਚ ਭਾਣਾ ਵਰਤਿਆ ਹੈ, 'ਨਾ ਕੁਛ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ' ॥ ਪ੍ਰੇਮ ਬੀ ਹੈ ਤੇ ਗਿਆਨ ਬੀ। ਤਾਂ ਤੇ ਸਤਿਗੁਰੁ ਜੀ ਨੂੰ ਸ਼ੋਕਾਧੀਨ ਸਮਝਣਾ ਠੀਕ ਨਹੀਂ।

ਸਨਿ ਕੀਰਤ ਪੁਰਿ ਕੇ ਨਰ ਨਾਰੀ।
ਧਾਇ ਪਹੁੰਚੇ ਕਾਜ ਬਿਸਾਰੀ ॥੨੦॥
ਸਭਿ ਰੋਦਤਿ ਅਰੁ ਬੰਦਨ ਕਰੈਂ।
ਗੁਰ ਸਿਮਰਹਿ ਸ਼ੋਕ ਸੁ ਚਿਤ ਧਰੈਂ।
ਆਇ ਨਾਨਕੀ ਅਰੁ ਮਰਵਾਹੀ।
ਮੁਖ ਕੋ ਦੇਖਿ ਦੇਖਿ ਬਿਲਲਾਹੀਂ ॥੨੧॥
'ਅਹੋ ਪੁੱਤ੍ਰ ਜੋਧਾ! ਸਭਿ ਲਾਇਕ!
ਗੁਰ ਸੁਤ ਜੇਸ਼ਟ ਗਨ ਸੁਖਦਾਇਕ।

ਬਦਨ ਪ੍ਰਸੰਨ ਸਦੀਵ ਬਿਲੋਕੈਂ।
ਕਾਰਨ ਕਵਨ ਗਵਨ ਪਰਲੋਕੈਂ?'
॥੨੨॥
ਸ੍ਰੀ ਹਰਿ ਰਾਇ ਪਿਤਾ ਕੋ ਦੇਖਿ।
ਅਰੁ ਰੋਦਤਿ ਪਰਿਵਾਰ ਵਿਸ਼ੇਖ।
ਅਲਪ ਬੈਸ ਮਹਿਂ ਮੁਖ ਮੁਰਝਾਯੋ।
ਕਹੈਂ ਬੰਦਨ ਕੁਛ ਬਾਕ ਨ ਆਯੋ ॥੨੩॥
ਕਮਲ ਬਿਲੋਚਨ ਤੇ ਜਲ ਡਾਰਾ।
ਮਨੋ ਸ਼ੋਕ ਕੇ ਛੁਟਜੋ ਫੁਹਾਰਾ।
ਸਤਿਗੁਰ ਬੈਠੇ ਲਾਇ ਦਿਵਾਨ।
ਸਿੱਖ ਸੁਭਟ ਢਿਗ ਰੁਦਤਿ ਮਹਾਨ
॥੨੪॥
ਹਿਤ ਸਸਕਾਰਨ ਸੌਜ ਮੰਗਾਈ।
ਚੰਦਨ ਭਾਰ ਲਜਾਇ ਸਮੁਦਾਈ।
ਤਿਲ, ਜਵ, ਘ੍ਰਿੱਤ ਆਦਿ ਸਭਿ ਆਨੈਂ।
ਕਰਤਿ ਕਾਰ ਸਭਿ ਰੋਦਨ ਠਾਨੈਂ ॥੨੫॥
ਛਰੀ ਖਰੀ ਗੁਰ ਖਰੀ ਨਿਹਾਰੀ।
'ਰਹਨਿ ਦੇਹੁ ਇਹ ਤਰੁ ਹੁਇ ਭਾਰੀ।'
ਕਹਿ ਕਰਿ ਚੰਦਨ ਚਿਖ ਬਨਵਾਇ।
ਕ੍ਰਿਯਾ† ਹੇਤੁ ਥਿਰ ਸ੍ਰੀ ਹਰਿਰਾਇ
॥੨੬॥
ਦੇਖਤਿ ਕਹਿ ਸ਼ਨਾਨ ਕਰਵਾਇਵ।
ਨਏ ਬਸਤ੍ਰ ਤਨ ਮਹਿਂ ਪਹਿਰਾਇਵ।
ਬਹੁਰ ਚਿਖਾ ਪਰ ਦੇਹਿ ਧਰਾਈ।
ਪਾਵਕ ਸ੍ਰੀ ਹਰਿਰਾਇ ਲਗਾਈ ॥੨੭॥
ਬਿਧਿ ਸਮੇਤ ਸਸਕਾਰਨ ਕੀਨੇ।
ਸਭਿਨਿ ਬਿਲੋਚਨ ਜਲ ਭਰਿ ਲੀਨੇ।
ਕਹਿ ਕਰਿ ਬਹੁ ਕਰਾਹ ਕਰਿਵਾਯੋ।
ਨਰ ਕੋ ਗਨ ਉਠਾਇ ਕਰਿ ਲਜਾਯੋ
॥੨੮॥
ਸਭਿਨਿ ਬਾਪਕਾ ਕੀਨਿ ਸ਼ਨਾਨ।
ਪੁਨ ਬੈਠੇ ਗੁਰ ਲਗਜੋ ਦਿਵਾਨ।

†ਦੇਖੋ ਅੱਗੇ ਅੰਕ ੩੫ ਦੀ ਹੇਠਲੀ ਟੂਕ।

ਪੰਚਾਂਮ੍ਰਿਤ ਸੁ ਦਯੋ ਬਰਤਾਇ।
ਸਭਿ ਸੁਨਾਇ ਸ਼੍ਰੀ ਬਦਨ ਅਲਾਇ ॥੨੯॥
'ਧਰਹਿ ਕਾਮਨਾ ਜੋ ਸਿਖ ਆਵੈ।
ਕਰਹਿ ਤਿਹਾਵਲ ਇਤ ਅਰਪਾਵੈ।
ਸ਼ਰਧਾ ਸਹਿਤ ਦਰਸ ਕੋ ਪਾਇ।
ਮਨ ਬਾਂਛਤਿ ਪੁਰਵਹਿ ਸਮੁਦਾਇ ॥੩੦॥
ਨੀਮ ਤਰੋਵਰ ਹੋਇ ਬਿਲੰਦ।
ਸ਼੍ਰੀ ਗੁਰਦਿੱਤੇ ਦਰਸ ਮਨਿੰਦ।
ਕਰਹਿ ਬੰਦਨਾ ਦੇਖਹਿ ਨੈਨ।
ਸਕਲ ਕਾਮਨਾ ਪ੍ਰਾਪਤਿ ਐਨ ॥੩੧॥
ਨਿਤਪ੍ਰਤਿ ਇਹਾਂ ਤਿਹਾਵਲ ਆਇ।
ਤ੍ਰਿਪਤਹਿਂ ਸਿਖ ਸੰਗਤਿ ਸਭਿ ਖਾਇ।
ਦੇਸ਼ ਬਿਦੇਸ਼ੀ ਜੋ ਚਲਿ ਆਵੈ।
ਇਸ ਥਲ ਤੇ ਸੁ ਤਿਹਾਵਲ ਖਾਵੈ ॥੩੨॥
ਪੁੰਨ ਸਥਾਨ ਮਹਾਨ ਬਨੈ ਹੈ।
ਦਰਸ਼ਨ ਤੇ ਕਲਮਲ ਬਿਨਸੈ ਹੈਂ।
ਸੇਵੇ ਉਰ ਨਿਰਮਲ ਬਨ ਜਾਇ।
ਭਗਤਿ ਗਜਾਨ ਗੁਰ ਸਿੱਖੀ ਪਾਇ ॥੩੩॥
ਬਰਖਾ ਮਹਾਂ ਅੰਧੇਰੀ ਜੋਇ।
ਤਉ ਤਿਹਾਵਲ ਇਸ ਥਲ ਹੋਇ।'
ਇੱਤਜਾਦਿਕ ਮਹਿਮਾ ਕਹਿ ਥਾਨ।
ਉਠਤਿ ਭਏ ਸ਼੍ਰੀ ਗੁਰ ਭਗਵਾਨ ॥੩੪॥
ਅਸ਼ਟ ਘਾਟ ਸੱਤਰਾ ਸੈ ਸੰਮਤ[1]।
ਅੱਸੁ ਮਾਸ ਸੁਦੀ ਦਸਮੀ ਥਿਤ।
ਕਰਿ ਸਭਿ ਕ੍ਰਿਯਾ[†] ਗੁਰੂ ਚਲਿ ਆਏ।
ਸ਼੍ਰੀ ਗੁਰਦਿੱਤਾ ਜੋਤਿ ਸਮਾਏ ॥੩੫॥
ਗੁਰ ਕੀ ਗਤਿ ਕਿਛੁ ਜਾਇ ਨ ਜਾਨੀ।

[1]ਭਾਵ ੧੬੯੨ ਸੰਮਤ।

[†]ਕ੍ਰਿਯਾ ਇੱਥੇ ਸਾਰੀ ਵਰਣਨ ਹੋ ਗਈ ਹੈ, ਕੜਾਹ ਪ੍ਰਸਾਦ ਦਾ ਵਰਤਾਉਣਾ ਤੇ ਸਸਕਾਰ ਕਰਨਾ, ਪ੍ਰੰਤੂ, ਕ੍ਰਿਯਾ ਕਰਨੇ ਦੀ ਵਿਧੀ ਕੋਈ ਨਹੀਂ ਆਈ, ਸੋ ਕ੍ਰਿਯਾ ਪਦ ਦਾ ਅਰਥ 'ਪ੍ਰੇਤ ਕ੍ਰਿਯਾ' ਏਥੇ ਨਹੀਂ ਲੈਣਾ ਚਾਹੀਏ।

ਬਿਸਮਤ ਮਤਿ ਸਭਿ ਤੂਸ਼ਨਿ ਠਾਨੀ।
ਪੀਛੇ ਆਇ ਚਲੀ ਗਨ ਨਾਰੀ।
ਆਦਿ ਨਾਨਕੀ ਪੁਰਿ ਜੁ ਮਝਾਰੀ ॥੩੬॥
ਅਧਿਕ ਬ੍ਰਿਲਾਪ ਕਰਤਿ ਸੋ ਆਵੈਂ।
ਸਿਮਰਿ ਸਿਮਰਿ ਗੁਨ ਕੂਕ ਸੁਨਾਵੈਂ।
ਹੋਤਿ ਸ਼ਬਦ ਬਡ ਕਰਤਿ ਪੁਕਾਰਾ।
'ਤਰੁਨ ਬੈਸ ਪਰਲੋਕ ਸਿਧਾਰਾ ॥੩੭॥
ਧੀਰਮੱਲ ਨਿਜ ਮਾਤ ਸਮੇਤ।
ਅੰਤ ਦਰਸ ਨਹਿਂ ਆਇ ਨਿਕੇਤ[1]।
ਬਿਛੁਰੇ ਰਹੈਂ ਸੁ ਜਾਨੀ ਪਰੈ।
ਨਹੀਂ ਮੇਲ ਹਮ ਸੋਂ ਕਬਿ ਧਰੈ' ॥੩੮॥
ਇੱਤਜਾਦਿਕ ਬੋਲਤਿ ਚਲਿਆਈ।
ਵਧਜੋ ਸ਼ੋਕ ਸਭਿ ਕੇ ਸਮੁਦਾਈ।
'ਗੁਰਸੁਤ ਲਾਇਕ ਮਰਜੋ ਅਚਾਨਕ।
ਕਹਾਂ ਭਯੋ, ਜਾਨੈਂ ਸ੍ਰੀ ਨਾਨਕ' ॥੩੯॥
ਸਦਨ ਪ੍ਰਵੇਸ਼ੇ ਸਗਰੇ ਆਇ।
ਆਦਿ ਨਾਨਕੀ ਮਨ ਦੁਖ ਪਾਇ।
ਤ੍ਰਿਯ ਤੇ ਪੂਰਨ ਭੇ ਘਰ ਸਾਰੇ।
'ਗੁਜ਼ਰਜੋ ਅਚਰਜ' ਰੁਦਤਿ ਪੁਕਾਰੇ ॥੪੦॥

[1]ਘਰ ਆ ਕੇ ਨਾ ਕੀਤਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ੍ਰੀ ਗੁਰਦਿੱਤਾ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ॥੩੮॥

## ੩੯. [ਧੀਰ ਮੱਲ ਕਠੋਰਤਾ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਕੀਰਤ ਪੁਰਿ ਕੀ ਨਾਰਿ ਸਭਿ, ਮਿਲੀ
ਆਨਿ ਸਮੁਦਾਇ।
ਮਿਲਿ ਮਿਲਿ ਰੋਦਤਿ ਸ਼ਬਦ ਕੋ, ਊਚੇ ਰੌਰ
ਉਠਾਇ ॥੧॥

ਚੌਪਈ:

ਪੁਰਿ ਜਨ ਸਗਰੇ ਗੁਰ ਢਿਗ ਆਏ।
ਬੈਠੇ ਸਭਾ ਬਿਲੰਦ ਲਗਾਏ।
'ਅਚਰਜ ਭਯੋ ਅਚਾਨਕ ਏਹ।
ਨਹਿ ਜਾਨੀ ਇਮ ਤਨ ਤਜਿ ਦੇਹਿਂ ॥੨॥
ਤਰੁਨ ਬੈਸ ਬਹੁ ਮ੍ਰਿਦੁਲ ਸੁਭਾਉ।
ਸੁਖਦ ਸਭਿਨਿ ਦੁਖਦਾਯ ਨ ਕਾਉ।
ਸਾਦਰ ਪੁਰਿ ਮਹਿਂ ਲੋਕ ਬਸਾਏ।
ਬੂਝਤਿ ਕੁਸ਼ਲ ਸਦਾ ਅਪਨਾਏ ॥੩॥
ਉਰ ਉਦਾਰ ਜਾਚਹਿ ਜਿਮ ਕੋਈ।
ਹਟਿ ਕਰਿ ਛੂਛ ਨ ਗਮਨਜੋ ਸੋਈ।
ਨਹਿ ਬਿਕਾਰ ਮਨ, ਸ਼ਾਂਤਿ ਸਰੂਪ।
ਮਹਾਂ ਸੁਸ਼ੀਲ ਪ੍ਰਸੰਨ ਅਨੂਪ ॥੪॥
ਸ਼੍ਰੀ ਕਰਤਾਰਪੁਰੇ ਰਣ ਠਾਨਤਿ।
ਅੱਗ੍ਰ ਸਭਿਨਿ ਤੇ ਹੁਇ ਰਿਪੁ ਹਾਨਤਿ।
ਜੋਧਾ ਅਧਿਕ ਬਾਨ ਬਡ ਮਾਰੇ।
ਅਰੇ ਅਗਾਰੀ ਸੋ ਨਰ ਹਾਰੇ' ॥੫॥
ਇੱਤਜਾਦਿਕ ਗੁਨ ਭਨਹਿ ਸੁਨਾਵਹਿਂ।
ਸ਼੍ਰੀ ਸਤਿਗੁਰ ਦੇ ਧੀਰ ਬਤਾਵਹਿਂ।
'ਹੁਕਮ ਸੱਤਿ ਪਰਮੇਸ਼ਰ ਕੇਰਾ।
ਕੌਨ ਸਮ੍ਰੱਥ ਦੇਇ ਤਿਸ ਫੇਰਾ[1] ॥੬॥ [1]ਮੋੜ।
ਸਭਿਹਿਨਿ ਕੇ ਸਿਰ ਭਾਵੀ ਬਲੀ।
ਸਿਰ ਧਾਰਤਿ ਨਿਤ ਬੁਰੀ ਕਿ ਭਲੀ।
ਭਾਣਾ ਮਾਨਹਿਂ ਹਰਖਤਿ ਰਹੈਂ।
ਨਹੀਂ ਤਰਕ ਪ੍ਰਭੁ ਕੀ ਦਿਸ਼ਿ ਕਹੈਂ ॥੭॥
ਇਹੁ ਸੰਤਨ ਕੇ ਮਤਿ ਬੀਚਾਰ।

ਗ੍ਰਹਣ ਕਰਜੋ ਨੀਕੇ ਨਿਰਧਾਰ।'
ਇੱਤਜਾਦਿਕ ਕਹਿ ਬਾਕ ਗੁਸਾਈਂ।
ਸਭਿ ਕੋ ਧਰਿ ਦੀਨਿ ਹਿਤਵਾਈ[1] ॥੮॥

[1]ਪ੍ਰੇਮ ਕਰਕੇ।

ਪੁਨ ਅੰਤਹਿਪੁਰ ਦਾਸ ਪਠਾਏ।
ਊਚੇ ਰੋਦਤਿ ਸਕਲ ਹਟਾਏ।
'ਮਾਨਹੁ ਹਿਤ ਕਰਿ ਪ੍ਰਭੁ ਕਾ ਭਾਣਾ।
ਜਿਸ ਅਧੀਨ ਸਭਿ ਆਵਣ ਜਾਣਾ' ॥੯॥
ਪੁਨ ਸਗਰੇ ਸਨਬੰਧਨ ਪਾਸ।
ਸੁਧ ਭੇਜੀ ਤੂਰਨ ਗਨ ਦਾਸ।
ਧੀਰਮੱਲ ਢਿਗ ਪ੍ਰਥਮ ਪਠਾਯੋ।
ਬ੍ਰਿਧ ਸਾਹਿਬ ਕੇ ਸਦਨ ਪੁਚਾਯੋ ॥੧੦॥
ਰਾਇ ਜੋਧ ਰੂਪੇ ਢਿਗ ਗਯੋ।
ਆਦਿ ਵਟਾਲੇ ਕਹਿ ਕਰਿ ਦਯੋ।
ਸ਼੍ਰੀ ਕਰਤਾਰ ਪੁਰੇ ਮਹਿਂ ਜਾਇ।
ਧੀਰਮੱਲ ਕੋ ਕਹੀ ਸੁਨਾਇ ॥੧੧॥
'ਸ਼੍ਰੀ ਗੁਰਦਿੱਤਾ ਜੋਤਿ ਸਮਾਯੋ।
ਸਤਿਗੁਰ ਤੁਮ ਕੋ ਬੋਲਿ ਪਠਾਯੋ।
ਜੇਸ਼ਟ ਪੁੱਤ੍ਰ[1] ਚਲਹੁ ਤਤਕਾਲ।
ਤੁਮ ਕੋ ਉਚਿਤ ਕ੍ਰਿਯਾ ਸੁਭ ਢਾਲ[1]† ॥੧੨॥

[1]ਤੁਸੀਂ (ਬਾਬਾ ਗੁਰਦਿੱਤਾ ਜੀ ਦੇ) ਵੱਡੇ ਪੁੱਤ੍ਰ ਹੋ।
[1]ਕ੍ਰਿਯਾ ਕਰਨੀ ਸੁਹਣੀ ਤਰ੍ਹਾਂ। †ਇਥੇ ਬੀ ਕ੍ਰਿਯਾ ਦੇ ਨਾਲ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਹੀ ਜ਼ਿਕਰ ਆਇਆ ਹੈ।

ਲੇ ਕਰਿ ਚਲਹੁ ਗ੍ਰਿੰਥ ਨਿਜ ਸਾਥ*।
ਪਾਠ ਕਰਾਵਨ ਚਾਹਤਿ ਨਾਥ।
ਬਿਲਮ ਨ ਧਰਹੁ ਗੁਰੂ ਫੁਰਮਾਯੋ।'
ਇਮ ਸੇਵਕ ਸਭਿ ਹੁਕਮ ਸੁਨਾਯੋ ॥੧੩॥
ਧੀਰਮੱਲ ਤਬਿ ਰਿਦੈ ਬਿਚਾਰੀ।
-ਪਿਤ ਪਹੁੰਚਜੋ ਪਰਲੋਕ ਮਝਾਰੀ-।
'ਕੋ ਕਾਰਨ ਭਾ?' ਬੂਝਜੋ ਦਾਸ[1]।
'ਸੰਕਟ ਕੌਨ ਭਯੋ ਤਨ ਤਾਸ ॥੧੪॥

[1]ਦਾਸ ਤੋਂ।

ਕਹਾਂ ਅਚਾਨਕ ਤਜਜੋ ਸਰੀਰ?
ਭਈ ਕੌਨ ਐਸੀ ਤਨ ਪੀਰ।'
ਤਬਿ ਪ੍ਰਸੰਗ ਸਭਿ ਦਾਸ ਸੁਨਾਯੋ।
'ਧੇਨੁ ਜਿਵਾਇ ਸਦਨ ਕੋ ਆਯੋ ॥੧੫॥

ਸੁਨੇ ਭਨੇ ਕੁਛ ਗੁਰ ਸੋਂ ਬੈਨ।
ਤਤਛਿਨ ਗਮਨਜੋ ਤਜਿ ਕਰਿ ਐਨ।
ਅਲਪ ਸੈਲ ਪਰ ਚਢਿ ਕਰਿ ਥਿਰੇ।
ਆਸਤਰਨ ਕੁਸ਼ ਕੇ ਪਰ ਪਰੇ ॥੧੬॥
ਤਨ ਕੋ ਤਜਾਗਿ ਗਏ ਪਰਲੋਕ।
ਸੁਨਤਿ ਸਭਿਨਿ ਕੇ ਉਪਜਜੋ ਸ਼ੋਕ।'
ਧੀਰਮਲ ਤਬਿ ਸੁਨਤਿ ਬਖਾਨੀ।
'ਗੁਰ ਕੀ ਗਤਿ ਮੈਂ ਪੂਰਬ ਜਾਨੀ ॥੧੭॥
ਸੁਤ ਪੌਤ੍ਰਨਿ ਕੋ ਮੋਹ ਨ ਲੇਸ਼।
ਜਜੋਂ ਮਨ ਭਾਵਤਿ ਕਰਤਿ ਅਸ਼ੇਸ਼।
ਅਟਲਰਾਇ ਕੋ ਕਿਮ ਤਨ ਤਜਾਗਾ।
ਨਹਿਂ ਅਨੁਰਾਗ[1] ਬਿਲੰਬ ਨ ਲਾਗਾ ॥੧੮॥
ਮੋ ਸੋਂ ਰਹੈਂ ਸਦਾ ਰੁਖ਼ ਫੇਰੇ।
ਨਿਜ ਬੁਧਿ ਬਲ ਤੇ ਭਲ ਬਿਧਿ ਹੇਰੇ[1]।
ਰਹੌਂ ਸੰਗ ਤੌਂ ਨਹਿਂ ਕੱਲਜਾਨ।
ਯਾਂ ਤੇ ਤਜਾਗਿ ਰਹਜੋ ਇਸ ਥਾਨ ॥੧੯॥
ਪਿਤਾ ਹਮਾਰੇ ਜੰਗ ਮਝਾਰ।
ਹਤਿ ਸ਼ੱਤ੍ਰਨਿ ਨਿਤ ਰਹਿ ਅਨੁਸਾਰਿ।
ਅਵਗੁਨ ਕੌਨ ਹੁਤੇ ਤਿਨ ਮਾਂਹੀ।
ਜਗ ਮੈਂ ਜਿੱਯਨਿ ਦਿਯੋ ਜੋ ਨਾਂਹੀ ॥੨੦॥
ਧੇਨੁ ਜਿਵਾਇ ਪੁੰਨ ਕੋ ਠਾਨਾ।
ਤਿਨਹੁੰ ਜਾਨਿ ਤਜਵਾਇਵ ਪ੍ਰਾਨਾ[†]।
ਮੈਂ ਅਬਿ ਜਾਉਂ ਕਹਾਂ ਇਹ ਜੋਗ।
ਕਹਾਂ ਕਹੈਂਗੇ ਪਿਖਿ ਸਭਿ ਲੋਗ ॥੨੧॥
ਜਿਨਹੁੰ ਬਾਕ ਕਹਿ ਮਮ ਪਿਤ ਹਤਜੋ।
ਮੋ ਸੰਗ ਕਹਾਂ ਭਲੋ ਅਬਿ ਚਿਤਜੋ।
ਲਰਤਿ ਸ਼ਾਹੁ ਸੋਂ ਸਕਲ ਬਿਗਾਰਾ।
ਲਾਖਹੁੰ ਲਸ਼ਕਰ ਤੁਰਕਨਿ ਮਾਰਾ ॥੨੨॥
ਸ੍ਰੀ ਕਰਤਾਰਪੁਰਾ ਧਨ ਧਾਮ।
ਤਜਿ ਗਮਨੇ ਬਹੁ ਕਰਿ ਸੰਗ੍ਰਾਮ।
ਉਰ ਬਿਚਾਰ ਅਪਨੀ ਬੁਧਿ ਭਲੇ।

[1]ਪ੍ਰੇਮ।

[1]ਦੇਖਿਆ ਹੈ (ਮੈਂ)।

[†]ਪਾ:-ਤਿਨਹੁ ਜਾਇ ਤਰਜਾ ਤਜ ਪ੍ਰਾਨਾ।

ਲਿਖਿ ਮੈਂ ਪਠਯੋ ਸ਼ਾਹੁ ਜਿਮ ਮਿਲੇ[1] ॥੨੩॥
ਹੇਤਿ ਉਪਾਧਿ[1] ਅਨੇਕ ਪ੍ਰਕਾਰਾ।
ਕਰੀ ਸੰਧਿ[1] ਸਭਿ ਕਾਜ ਸਵਾਰਾ।
ਨਤੁ ਪੁਰਿ ਬਡਿਨਿ ਬਸਾਇਵ ਜੇਤੋ।
ਤੁਰਕੇਸ਼ੁਰ ਅਪਨਾਇ ਸੁ ਲੇਤੋ ॥੨੪॥
ਸਭਿ ਧਨ ਧਾਮ ਨਗਰ ਕੋ ਰਾਖਾ।
ਨਿਜ ਬੁਧਿ ਬਲ ਤੇ ਮੈਂ ਕਰਿ ਕਾਂਖਾ।
ਅਬਿ ਮੈਂ ਜਾਉਂ ਬਿਗਰ ਸਭਿ ਜਾਵੈ।
ਗੁਰ ਢਿਗ ਤੇ ਕੁਛ ਹਾਥ ਨ ਆਵੈ ॥੨੫॥
ਕੋ ਜਾਨੈ ਕਿਸ ਦੈ ਹੈਂ ਗਾਦੀ।
ਲੈ ਹੈ ਕੌਨ ਕਰਹਿ ਮੁਦ[1] ਸ਼ਾਦੀ।
ਯਾਂ ਤੇ ਮੈਂ ਨਹਿਂ ਜੈਬੇ ਜੋਗ।
ਬਰਜਹਿਂ ਮੋਹਿ ਮੁਸਾਹਿਬ ਲੋਗ' ॥੨੬॥
ਸੁਨਤਿ ਦਾਸ ਤਿਸ ਮਾਤਾ ਪਾਸ।
ਗਯੋ ਤਬੈ ਜਹਿਂ ਬੀਚ ਅਵਾਸ।
ਸਰਬ ਪ੍ਰਸੰਗ ਸੁਨਾਵਨਿ ਕਰਯੋ।
ਧੀਰਮਲ ਕੋ ਕਹਯੋ ਉਚਰਯੋ ॥੨੭॥
ਨੇਤੀ[1] ਸੁਨਤਿ ਦਹਲ ਉਰ ਭਯੋ।
ਰਿਦੈ ਬਿਖਾਦ ਬਹੁਤ ਉਪਜਯੋ।
ਬੈਠਿ ਭੂਮ ਪਰ ਰੋਦਨ ਠਾਨਾ।
ਪਤਿ ਹਤਿ ਤੇ ਕਿਯ ਸ਼ੋਕ ਮਹਾਨਾ ॥੨੮॥
ਸੁਨਿ ਪੁਰਿ ਤ੍ਰਿਯ ਪਹੁੰਚੀ ਸਮੁਦਾਈ।
ਮਿਲਿ ਮਿਲਿ ਰੋਦਨ ਸ਼ਬਦ ਉਠਾਈ।
ਸਗਰੇ ਮਨਾਵ ਤਬਿ ਬਿਸਮਾਏ।
ਧੀਰਮੱਲ ਕੇ ਨਿਕਟ ਸਿਧਾਏ ॥੨੯॥
ਚਤਰ ਘਟੀ ਲਗਿ ਮਿਲਿ ਮਿਲਿ ਗਏ।
ਗੁਰ ਸੁਤ ਗੁਨ ਗਨ ਸਿਮਰਤਿ ਭਏ।
ਜਬਹਿ ਇਕਾਕੀ ਨਿਸ ਮਹਿਂ ਹੋਵਾ।
ਨੇਤੀ ਜਾਇ ਪੁੱਤ੍ਰ ਕੋ ਜੋਵਾ ॥੩੦॥
ਤਿਹ ਸਮੁਝਾਵਨ ਕੋ ਤਬਿ ਕਹਯੋ।

[1]ਮੈਨੂੰ) ਮਿਲਾਪ ਹੋਵੇ।
[1]ਉਪੱਦ੍ਰਵ।
[1]ਮੇਲ।
[1]ਅਨੰਦ।
[1]ਧੀਰਮਲ ਜੀ ਦੀ ਮਾਤਾ।

'ਸੁਨਹੁ ਪੁੱਤ੍ਰ ਕਜਾ ਚਿਤ ਮੈਂ ਚਹ੍ਯੋ।
ਚਲਿਬੋ ਕੀਰਤਪੁਰਿ ਬਨਿ ਆਵੈ।
ਇਹਾਂ ਰਹਨ ਅਬਿ ਕਜੋਂ ਤੁਮ ਭਾਵੈ ॥੩੧॥
ਸੁਤ ਜੇਸ਼ਟ ਤੇ ਹੋਤਿ ਬਿਧਾਨ[1]। [1]ਰੀਤੀ।
ਬਹੁਰ ਪਾਗ ਲੈਬੋ ਮਨ ਜਾਨਿ।
ਨਿਕਟਿ ਪਿਤਾਮੇ ਕੇ ਚਲਿ ਲੀਜੈ।
ਇਮ ਨੀਕੋ ਨਿਜ ਰਿਦੈ ਲਖੀਜੈ ॥੩੨॥
ਨਾਂਹਿ ਤ ਪਾਗ ਨ ਪਾਵੈਂ ਹਾਥ।
ਨਿਰਨੇ ਕਰਿ ਹੇਰਹੁ ਮਤਿ ਸਾਥ।
ਬਡੇ ਪੁੱਤ੍ਰ ਕੋ ਸਭਿ ਅਧਿਕਾਰ।
ਗੁਰਤਾ ਆਦਿਕ ਲਖਹੁ ਉਦਾਰ ॥੩੩॥
ਸਭਿ ਤੇ ਛੂਛੇ ਹੀ ਰਹਿ ਜੈ ਹੈਂ।
ਪੁਨ ਸੰਗਤਿ ਤੇ ਕਿਮ ਪੁਜਵੈ ਹੈਂ।'
ਸੁਨਤਿ ਧੀਰਮੱਲ ਗਿਰਾ ਬਖਾਨੀ।
'ਮੈਂ ਤੋ ਉਰ ਨਿਰਨੈ ਕਰਿ ਜਾਨੀ ॥੩੪॥
ਗੁਰ ਤੇ ਕਛੂ ਹਾਥ ਨਹਿਂ ਐ ਹੈ।
ਮੋ ਪਰ ਤਰਕਨ ਅਨਿਕ ਉਠੈ ਹੈਂ।
ਤਹਾਂ ਗਏ ਤੇ ਗ੍ਰਿੰਥ ਮੰਗਾਇ।
ਤਬਿ ਹਮ ਛੂਛੇ ਹੀ ਰਹਿ ਜਾਇਂ ॥੩੫॥
ਗ੍ਰਿੰਥ ਨਿਕਟਿ ਤੇ ਗੁਰ ਮੈਂ ਅਹੌਂ।
ਸਭਿ ਸੰਗਤਿ ਤੇ ਪੂਜਾ ਲਹੌਂ।
ਕਿਯੋ[†] ਗੁਰੂ ਕੋ ਗੁਰ ਨਹਿਂ ਬਨੌਂ। [†]ਪਾ:-ਕੀਓ।
ਤਿਨ ਢਿਗ ਜਾਉਂ ਨ ਮੈਂ, ਸਚ ਭਨੌਂ ॥੩੬॥
ਤੁਵ ਚਿਤ ਮੈ ਜੇ ਪਹੁੰਚਨਿ ਤਹਾਂ।
ਗਮਨਹੁ ਪ੍ਰਾਤੀ, ਮੈਂ ਥਿਰ ਇਹਾਂ।
ਕਰਨਿ ਉਚਿਤ ਅਰੁ ਕਹਿਬੇ ਜੋਗ।
ਕਰਹੁ ਜਾਇ ਨੀਕੇ ਜਿਮ ਹੋਗ' ॥੩੭॥
ਇਮ ਤਯਾਰ ਹੋਈ ਤਬਿ ਨੇਤੀ[3]।
ਬਡ ਨੰਦਨ ਕੀ ਮਸਲਤ ਸੇਤੀ[1]। [1]ਸਲਾਹ ਨਾਲ।
ਉਠਿ ਪ੍ਰਭਾਤਿ ਸਯੰਦਨ ਜੁਰਿਵਾਯੋ।

ਕਰ ਤੁਰਨ ਬਿਚ ਪੰਥ ਚਲਾਯੋ ॥੩੮॥
ਸਗਰੋ ਮਗ ਉਲੰਘਿ ਸੋ ਗੋਈ।
ਕੀਰਤ ਪੁਰੇ ਪ੍ਰਵੇਸ਼ਿਤਿ ਭਈ।
ਅਧਿਕ ਸ਼ੋਕ ਤੇ ਰੁਦਤਿ ਪੁਕਾਰਤਿ।
ਗੁਰ ਘਰ ਮੈਂ ਪ੍ਰਾਪਤਿ[1] ਦੁਖਿਆਰਤਿ ॥੩੯॥ [1]ਪਹੁੰਚੀ।
ਜੁਗ ਸਾਸਨ ਸੋਂ ਮਿਲਿ ਕਰਿ ਰੋਈ।
'ਅੰਤ ਸਮੈਂ ਪਤਿ ਨਹਿਂ ਅਵਿਲੋਈ।'
ਕਿਤਿਕ ਦੇਰ ਮਹਿਂ ਧੀਰਜ ਧਾਰੀ।
ਧੀਰਮੱਲ ਕੀ ਗਾਥ ਉਚਾਰੀ ॥੪੦॥
ਜਿਮ ਜਿਮ ਕਹਯੋ ਨ ਆਵਨ ਕੀਨਿ[1]। [1]ਜਿਵੇਂ (ਧੀਰਮਲ ਨੂੰ ਮਾਂ ਨੇ) ਕਿਹਾ ਸੀ ਤੇ ਨਹੀਂ ਆਵਣਾ ਕੀਤਾ।
ਦਾਸੀ ਕੋ ਸੁਨਾਇ ਸਭਿ ਦੀਨਿ।
ਸੋ ਚਲਿ ਗਈ ਗੁਰੂ ਕੇ ਤੀਰ।
ਧੀਰ ਮੱਲ ਕੀ ਭਨੀ ਅਧੀਰ[1] ॥੪੧॥ [1]ਅਧੀਰਤਾਈ।
ਸੁਨਿ ਸਤਿਗੁਰੂ ਤੂਸ਼ਨ ਹੀ ਰਹੇ।
ਕੁਟਿਲ ਮਹਾਂ ਪ੍ਰਿਥੀਆ ਸਮ ਲਹੇ[1]। [1]ਜਾਣਿਆਂ।
ਗੁਰ ਸੁਤ ਕੀ ਜੁ ਕ੍ਰਿਆ ਸਮੁਦਾਈ।
ਸਾਦਰ ਸ਼੍ਰੀ ਹਰਿਰਾਇ ਕਰਾਈ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਧੀਰਮੱਲ' ਪ੍ਰਸੰਗ ਬਰਨਨੰ ਨਾਮ ਏਕ ਉਨ ਚਤਵਾਰਿੰਸਤੀ ਅੰਸੂ ॥੩੯॥

## ੪੦. [ਰਾਇ ਜੋਧ ਆਦਿ ਸਿੱਖਾਂ ਦਾ ਆਉਣਾ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਅਪਰ ਜਹਾਂ ਕਹਿਂ ਸੁਧ ਗਈ, ਸੁਨਿ ਸੁਨਿ ਸਭਿ ਬਿਸਮਾਇਂ।
ਭਏ ਤਜਾਰ ਆਗਵਨ ਹਿਤ, ਸਨਬੰਧੀ ਸਮੁਦਾਇ ॥੧॥
ਬਸਹਿ ਗ੍ਰਾਮ ਰਮਦਾਸ ਕੇ, ਬ੍ਰਿੱਧ ਕੋ ਪੁੱਤ੍ਰ ਸੁਭਾਗ।
ਸੁਨਿ ਤਜਾਰੀ ਤੁਰਨ ਕਰੀ, ਗੁਰ ਦਿਸ਼ਿ ਆਵਨ ਲਾਗ ॥੨॥

ਚੌਪਈ:

ਚਲੵੋ ਵਟਾਲੇ ਕੇ ਮਗ ਆਯੋ।
ਰਾਮੈ ਸੰਗ ਮਿਲੵੋ ਸਭਿ ਗਾਯੋ।
ਕਰਤਿ ਸ਼ੋਕ ਸੋ ਭੀ ਹੁਇ ਤਜਾਰ।
ਗਮਨ ਕੀਨਿ ਪਿਖਿ ਭਈ ਸਕਾਰ ॥੩॥
ਸ਼੍ਰੀ ਕੀਰਤਿਪੁਰਿ ਪਹੁੰਚੇ ਆਈ।
ਸਤਿਗੁਰ ਸੋਂ ਮਿਲਿ ਗ੍ਰੀਵ ਨਿਵਾਈ।
ਰਾਮੇ ਸਹਿਤ ਬੈਠਿ ਤਬਿ ਗਏ।
ਬਾਤ ਕਰਤਿ ਗੁਰ ਸੁਤ ਕੀ ਭਏ ॥੪॥
ਹਰੀਚੰਦ, ਭਾਗਣ ਅਰੁ ਦੂਾਰਾ।
ਇਹ ਸਭਿ ਗੇ ਪਰਲੋਕ ਮਝਾਰਾ।
ਸਾਹਿਬਜ਼ਾਦੇ ਭੱਲੇ ਤੇਹਣ।
ਸੁਨਤਿ ਸ਼ੋਕ ਕੀਨਸਿ ਜੁਤਿ ਗੇਹਣ[1] ॥੫॥
ਮਿਲਿ ਆਪਸ ਮਹਿਂ ਦੋਨਹੁਂ ਚਲੇ।
ਸਨੇ ਸਨੇ ਮਗ ਉਲੰਘਤਿ ਭਲੇ।
ਪੂਰਬ ਪਹੁੰਚੇ ਪੁਰਿ ਕਰਤਾਰਾ।
ਨਿਸਾ ਪਰੀ ਲਖਿ ਕੀਨਿ ਉਤਾਰਾ ॥੬॥
ਧੀਰ ਮੱਲ ਸੋਂ ਮੇਲਾ ਭਯੋ।
ਅਪਨਿ ਪ੍ਰਸੰਗ ਸਗਲ ਕਹਿ ਦਿਯੋ।
'ਮੈਂ ਨਹਿਂ ਗਯੋ ਤਿਨਹੁ ਕੇ ਪਾਹੀ।
ਸ਼ਾਹੁ ਸੰਗ ਮਿਲਿ ਰਹੁਂ ਪੁਰਿ ਮਾਂਹੀ ॥੭॥

[1] ਇਸਤ੍ਰੀਆਂ ਸਮੇਤ।

ਮਿਲੇ ਸੁਨੈ ਬਿਗਰਹਿ[1] ਤਤਕਾਲਾ।
ਸਕਲ ਖਸੋਟਹਿ, ਧਨ, ਪੁਰਿ, ਸ਼ਾਲਾ[1]।
ਜਹਾਂ ਜਾਨ ਤੇ ਹੁਇ ਉਤਪਾਤ।
ਕਯੋਂ ਕਰਿ ਸਕਹਿ ਸੁਮਤਿ ਸੋ ਬਾਤ ॥੮॥
ਉਚਿਤ ਨ ਤੁਮ ਕੋ ਭੀ ਤਹਿਂ ਜਾਨਾ।
ਸੁਨਹਿ ਸ਼ਾਹੁ ਰਿਸ ਧਰਹਿ ਮਹਾਨਾ।
ਮੁਸ਼ਕਲ ਬਨੈਂ ਰਹਨਿ ਘਰ ਮਾਹੀ।
ਮੁਲਖ ਮਾਲਕੀ ਤੁਰਕਨਿ ਪਾਹੀ' ॥੯॥
ਸੁੰਦਰ, ਪਰਮਾਨੰਦ ਤਬਿ ਕਹਯੋ।
'ਹਮ ਤੇ ਸੁਨਯੋ ਸ਼ਾਹੁ ਹਟਿ ਰਹਯੋ।
ਸ੍ਰੀ ਨਾਨਕ ਕੀ ਗਾਦੀ ਜਾਨੀ।
ਬਾਰ ਬਾਰ ਤਬਿ ਬੰਦਨ ਠਾਨੀ ॥੧੦॥
ਕਹਯੋ ਬਿਦਤ -ਅਬਿ ਤੇ ਗੁਰ ਸੰਗ।
ਬਿਗਰੌਂ ਕਬੀ ਨ† ਕਰਿ ਹੌਂ ਜੰਗ-।'
ਸੁਨਤਿ ਧੀਰਮੱਲ ਤਬਹਿ ਬਤਾਯੋ।
'ਮੈਂ ਲਿਖਿ ਕਰਿ ਤਹਿਂ ਪੱਤ੍ਰ ਪਠਾਯੋ ॥੧੧॥
ਸੰਧਿ ਕਰਨਿ ਕੋ ਆਸ਼ੈ ਜਿਸ ਮਹਿਂ।
ਸੁਨਿ ਹਜ਼ਰਤ ਹਰਖਯੋ, ਉਰ ਰਿਸ ਮਹਿਂ।
ਤਉ ਲੋਕ ਜੇ ਅਹੈਂ ਨਰੇਸ਼।
ਰਹੀਐ ਇਨ ਤੇ ਡਰਤਿ ਹਮੇਸ਼ ॥੧੨॥
ਕਿਤਹੂੰ ਕੀ ਰਿਸ ਕਹੂੰ ਨਿਕਾਰੈਂ।
ਯਾਂ ਤੇ ਰਹਨਿ ਬਨੈ ਅਨੁਸਾਰੈ।'
ਸੁੰਦਰ ਕਹਯੋ 'ਨ ਹਮ ਤੇ ਬਨੈ।
ਇਤਿਕ ਗ਼ਮੀ ਮੈਂ ਮਿਲੈਂ ਨ ਭਨੈਂ[1] ॥੧੩॥
ਵਧੇ ਬਖੇਰੇ ਮਿਲਤੇ ਰਹੇ।
ਹਮਹਿਂ ਕਬਹਿ ਨਹਿਂ ਕਿਛੁ ਕਿਨ ਕਹੇ।
ਆਪ ਗੁਰੂ ਲਰਿ ਕਰਿ ਬਹੁ ਬੇਰੇ।
ਬਸੇ ਬਿਚਰਤੇ ਲਵਪੁਰਿ ਨੇਰੇ ॥੧੪॥

[1]ਸ਼੍ਰੀ ਗੁਰੂ ਜੀ ਨਾਲ ਮੈਂ) ਮਿਲਿਆ ਹਾਂ, ਇਹ ਸੁਣ ਕੇ (ਬਾਦਸ਼ਾਹ) ਨਾਲ ਵਿਗੜੂ।

[1]ਘਰ।

†ਪਾ:-ਕਛੁ ਨ।

[1]ਨਾ ਮਿਲੀਏ ਨਾ ਪਰਚਾਉਣੀ ਕਰੀਏ।

ਕਲਪਹਿਂ ਤ੍ਰਾਸ ਜਿਤਿਕ ਤੂੰ ਅਬੈ[1]।

ਸੁਨ੍ਯੋ ਨ ਦੇਖ੍ਯੋ ਪੂਰਬ ਕਬੈ।
ਹਮ ਤੌਂ ਹੋਤਿ ਪ੍ਰਭਾਤਿ ਜ਼ਰੂਰ।
ਪਹੁੰਚਹਿਂ ਤੂਰਨ ਜਾਇ ਹਜ਼ੂਰ' ॥੧੫॥
ਸੁਨਿ ਸੁੰਦਰ, ਤੇ ਤੂਸ਼ਨਿ ਹੋਯੋ।
ਗਾਢੋ ਭਾਵ ਗੁਰੂ ਮਹਿਂ ਜੋਯੋ।
ਸਰਬ ਭਾਂਤਿ ਸੇਵਾ ਕਰਿਵਾਈ।
ਨਿਸ ਮਹਿਂ ਰਚੀ ਅਪਰ ਚਤੁਰਾਈ ॥੧੬॥
ਦਾਤੂ ਸੁਤ ਕੋ ਨਜਾਰੋ ਕਰਿ ਕੈ।
ਸਮੁਝਾਯੋ ਬਹੁ ਰੀਤਿ ਉਚਰਿ ਕੈ।
ਕਰਿ ਲੀਨੋ ਅਪਨੇ ਅਨੁਸਾਰਿ।
ਸੁੰਦਰ, ਪਰਮਾਨੰਦ ਤੇ ਪਾਰਿ[1] ॥੧੭॥
ਰਾਖ੍ਯੋ ਅਪਨੇ ਸਦਨ ਟਿਕਾਇ।
ਨਹਿਂ ਕੀਰਤਪੁਰਿ ਕੋ ਤਬਿ ਆਇ।
ਸ਼੍ਰੀ ਗੁਰ ਅਮਰ ਅੰਸ ਚਲਿ ਆਏ।
ਮਿਲੇ ਪਰਸਪਰ ਸੀਸ ਨਿਵਾਏ ॥੧੮॥
ਰਾਇ ਜੋਧ ਸੁਤ ਭ੍ਰਾਤ ਸਮੇਤ।
ਸੰਗ ਭਾਰਜਾ ਚਲਿਬੇ ਹੇਤੁ।
ਹੋਇ ਤਜਾਰ ਤਤਛਿਨ ਚਢਿ ਆਯੋ।
ਰੂਪਾ ਨਿਕਟਿ ਬੁਲਾਇ ਮੰਗਾਯੋ[†] ॥੧੯॥
ਭਾ ਪ੍ਰਲੋਕ ਸੱਧੂ ਸਿਖ ਕੇਰਾ।
ਜੀਤ੍ਯੋ ਜਨਮ, ਨ ਭਵਜਲ ਫੇਰਾ।
ਕ੍ਰਮ ਕ੍ਰਮ ਪੰਥ ਉਲੰਘਨ ਕੀਨੋ।
ਡੇਰਾ ਵਹਿਰ ਆਨਿ ਕਰਿ ਦੀਨੋ ॥੨੦॥
ਸੁਭਟ ਸੈਂਕਰੇ ਸੰਗ ਸੁਹਾਏ।
ਬ੍ਰਿੰਦ ਸਭਾਸਦ ਕਰਿ ਇਕ ਥਾਏਂ।
ਜਹਿਂ ਬੈਠ ਜਗਦੀਸ਼ ਗੁਸਾਈਂ।
ਧਰਤਿ ਸ਼ੋਕ ਨ੍ਰਿਪ ਨਰ ਸਮੁਦਾਈ ॥੨੧॥
ਪਹੁੰਚੇ ਜਾਇ ਗੁਰੂ ਕੇ ਤੀਰ।
ਲਗ੍ਯੋ ਦਿਵਾਨ ਅੱਗ੍ਰ ਨਰ ਭੀਰ।

[1]ਜਿਤਨਾ ਕੁ ਡਰ ਤੂੰ ਹੁਣ (ਐਵੇਂ) ਕਲਪਨ ਕਰ ਰਿਹਾ ਹੈਂ।

[1]ਸੁੰਦਰ ਤੇ ਪਰਮਾ ਨੰਦ ਤੋਂ ਪਾੜ ਕੇ।

[†]ਪਾ:-ਮਿਲ੍ਯੋ।

ਫਰਸ਼ ਦਰਾਜ਼ ਭਯੋ ਅਵਿਲੋਕਾ[1]। [1]ਡਿੱਠਾ ਕਿ ਫਰਸ਼ ਵਡਾ ਵਿਛਿਆ ਹੋਇਆ ਹੈ।
ਦਿਸ਼ਿ ਦੋਨਹੁੰ ਮੈਂ ਭਾ ਵਧਿ ਸ਼ੋਕਾ ॥੨੨॥
ਚਰਨ ਸਰੋਜ ਗੁਰੁ ਕੇ ਬੰਦੇ।
ਬੈਠਾਰੇ ਸਨਮਾਨ ਬਿਲੰਦੇ।
ਜੋਧਰਾਇ ਕਰ ਜੋਰਿ ਬਖਾਨਾ।
'ਸ਼੍ਰੀ ਗੁਰਦਿੱਤਾ ਪਰਮ ਸੁਜਾਨਾ ॥੨੩॥
ਕਾਰਨ ਕੌਨ ਭਯੋ ਦੁਖਿਯਾਰਾ?
ਜਿਸ ਤੇ ਪਹੁੰਚੇ ਸੁਰਗ ਮਝਾਰਾ।
ਕਹਾਂ ਅਚਾਨਕ ਅਸ ਗਤਿ ਹੋਈ?
ਪੂਰਬ ਸੁਨੀ ਨਹੀਂ ਹਮ ਕੋਈ ॥੨੪॥
ਭਾਨਾ ਆਦਿ ਸੁਨਨਿ ਸਭਿ ਬੈਸੇ।
ਸ਼੍ਰੀ ਹਰਿਗੋਵਿੰਦ ਉਚਰਯੋ ਐਸੇ।
'ਜੇ ਮ੍ਰਿਤੁ ਕੇ ਕਾਰਨ ਹੈਂ ਨਾਨਾ।
ਸੋ ਸਭਿ ਜਾਨਹੁੰ, ਕੀਨਿ ਬਹਾਨਾ ॥੨੫॥
ਜਿਮ ਪੂਰਬ ਹੁਇ ਲਿਖਤਿ ਲਿਲਾਰਾ।
ਤਿਸ ਅਨੁਸਾਰ ਰਹਤਿ ਜਗੁ ਸਾਰਾ।
ਜਿਯਬੋ ਜੇਤਿਕ ਬਰਖ ਮਹੀਨਾ।
ਦਿਵਸ ਪਹਿਰ ਘਟਿਕਾ ਲਗਿ ਚੀਨਾ ॥੨੬॥
ਜੇਤਿਕ ਸ੍ਵਾਸ ਲੇਨਿ ਹੈਂ ਲਿਖੇ।
ਤੇਤਿਕ ਲੇਤਿ, ਜਿਯਤਿ ਤਿਨ ਬਿਖੈ।
ਬਹੁਰ ਨ ਹੋਵੈ ਅਲਪ ਉਦਾਰਾ[1]। [1]ਘਟ ਵਧ ਨਹੀਂ ਹੋ ਸਕਦਾ।
ਕਰਨੈਹਾਰ ਨ ਭੂਲਨ ਹਾਰਾ ॥੨੭॥
ਸੋ ਛਿਨ ਟਪਹਿ ਨ ਕਰਹਿ ਉਪਾਯਾ।
ਕਰਹਿ ਭਰਮ ਤੇ ਮੋਹਤਿ ਮਾਯਾ।
ਯਾਂ ਤੇ ਲਖਹੁ ਨ ਕਾਰਨ ਕੋਈ।
ਜੋ ਬਿਧਿ ਕਰਤਿ[1] ਸਹਹਿ ਸਿਰ ਸੋਈ ॥੨੮॥ [1]ਜੋ ਬਿਧਾਤਾ ਕਰੇ।
ਕ੍ਰਿਤ ਪਰਮੇਸ਼ੁਰ ਕੀ ਸਭਿ ਜਾਨੈਂ[1]। [1]ਪਰਮੇਸ਼ੁਰ ਦੀ ਸਾਰੀ ਕ੍ਰਿਤ ਭਾਵ ਸੁਖ ਦੁਖ ਜਾਣੇ।
ਕਰਹਿ ਅਪਰ, ਇਹ ਮੂਰਖ ਮਾਨੈਂ[1]। [1]ਮੂਰਖ ਇਹ ਮੰਨਦੇ ਹਨ (ਕਿ ਸੁਖ ਦੁਖ) ਕੋਈ ਹੋਰ ਦੇ ਰਿਹਾ ਹੈ।
ਦੁਖ ਸੁਖ ਦੇਨਹਾਰ ਕਰਤਾਰਾ।

ਅਪਰ ਨਹੀਂ ਕੋ ਜਗਤ ਮਝਾਰਾ ॥੨੯॥
ਹਤਨ ਜਿਵਾਵਨ ਅਪਰੈ ਕੌਨ[1]?
ਸਕਲ ਸੰਤ ਜਾਨਤਿ ਹੈਂ ਤੌਨ[1]।
ਜਿਮ ਕੇਹਰਿ ਕੋ ਲਾਠੀ ਹਾਨਹਿਂ।
ਹਤਨਹਾਰ ਪਰ ਦ੍ਰਿਸ਼ਟੀ ਠਾਨਹਿਂ[1] ॥੩੦॥
ਜੇ ਕੂਕਰ ਕੋ ਮਾਰਤਿ ਕੋਈ।
ਦੋਸ਼ ਲਸ਼ਟਕਾ ਜਾਨਤਿ ਸੋਈ।
ਮੁਖ ਪਸਾਰ ਤਿਸ ਕੋ[1] ਗਹਿ ਲੇਤਿ।
ਹਤਨਹਾਰ ਕੋ ਤਜਾਗ ਸੁ ਦੇਤਿ ॥੩੧॥
ਸ੍ਵਾਨ ਦ੍ਰਿਸ਼ਟਿ ਇਹੁ ਮਨਮੁਖ ਧਾਰੈ[†]।
ਕਲਪਹਿ ਨਰਨ ਬਿਖੈ, -ਇਹ ਮਾਰੈ[1]।
ਇਹੁ ਮੁਝ ਕੌ ਦੇਵਤਿ ਸੁਖ ਆਛੈ।
ਇਹੁ ਨਰ ਦੁਖਦ ਮੋਹਿ- ਇਮ ਬਾਂਛੈ ॥੩੨॥
ਸ਼ੇਰ ਦ੍ਰਿਸ਼ਟਿ ਗੁਰਮੁਖ ਨਿਤ ਧਾਰੈਂ।
ਸੁਖਦ ਦੁਖਦ ਜਾਨਹਿ ਕਰਤਾਰੈ।
ਰਾਗ ਦ੍ਵੈਖ ਇਸ ਤੇ ਨਹਿਂ ਹੋਤਿ।
ਲਖਹਿਂ ਪ੍ਰਮੇਸ਼ੁਰ ਸ਼ਾਂਤਿ ਉਦੋਤਿ ॥੩੩॥
ਸ੍ਵਾਨ ਦ੍ਰਿਸ਼ਟਿ ਮਹਿਂ ਅਨਿਕ ਬਿਕਾਰ।
ਜਿਨ ਤੇ ਪੁਨ ਪੁਨ ਪਰਹਿ ਸੰਸਾਰ।
ਰਾਇ ਜੋਧ! ਤੁਮ ਸਮਝਹੁ ਐਸੇ।
ਸ਼੍ਰੀ ਗੁਰਦਿੱਤੇ ਕੀ ਬਿਧਿ ਤੈਸੇ ॥੩੪॥
ਜਿਮ ਪ੍ਰਭੁ ਚਹੈ ਹੋਇ ਤਿਮ ਸਾਚੀ।
ਕ੍ਰਿਯਾ ਅਪਰ ਕੀ ਜਾਨਹ ਕਾਚੀ।'
ਸੁਨਤਿ ਜੋਧ ਬੋਲਜੋ ਦ੍ਰਿਗ ਬਾਰੀ।
'ਸ਼੍ਰੀ ਪ੍ਰਭੁ ਜੀ! ਇਹੁ ਸਾਚ ਉਚਾਰੀ ॥੩੫॥
ਕ੍ਰਿਪਾ ਆਪ ਕੀ ਜਿਸ ਪਰ ਹੋਇ।
ਇਸ ਮਾਰਗ ਕੋ ਬੂਝੈ ਸੋਇ।'
ਸੁਨਤਿ ਸਭਾ ਸਭਿ ਆਂਸੂ ਗੇਰਤਿ।
ਗੁਰ ਸੁਤ ਸਿਮਰਤਿ ਧਰਨੀ ਹੇਰਤਿ

[1]ਮਾਰਨ ਜਿਵਾਵਣ ਵਾਲਾ ਹੋਰ ਕੌਣ ਹੈ।
[1]ਤਿਸ ਨੂੰ।
[1]ਸ਼ੇਰ (ਤਾਂ) ਮਾਰਨ ਵਾਲੇ ਨੂੰ ਤਾੜਦਾ ਹੈ (ਪਰ)।
[1]ਭਾਵ ਸੋਟੀ ਨੂੰ।
[†]ਕੈਸਾ ਉੱਤਮ ਦਿਸ਼ਟਾਂਤ ਹੈ।
[1]ਪੁਰਸ਼ਾਂ ਵਿਚ ਕਲਪਦਾ ਹੈ, ਕਿ ਇਹ ਮੈਨੂੰ ਮਾਰਦੇ ਹਨ।

॥੩੬॥
ਸਭਿ ਕੇ ਮਨ ਮੈਂ ਸ਼ੋਕ ਬਿਸਾਲਾ।
ਰਹੇ ਮੌਨ ਕਰਿ ਕੇਤਿਕ ਕਾਲਾ।
ਜੁਗ ਘਟਿਕਾ ਮਹਿਂ ਗੁਰੂ ਉਚਾਰਾ।
'ਅਬਿ ਬਿਸਰਾਮ ਲੇਹੁ ਸੁਖ ਧਾਰਾ'
॥੩੭॥
ਜਥਾ ਜੋਗ ਸੇਵਾ ਕੇ ਹੇਤੁ।
ਕਹਿ ਗੁਰ ਕਰੇ ਮਸੰਦ ਸੁਚੇਤ।
ਤ੍ਰਿਣ ਦਾਨਾ ਹਯ[1] ਹੇਤੁ ਨਿਹਾਰੀ।
ਖਰੇ ਹੋਇ ਲੀਨੀ ਸੁਧ ਸਾਰੀ ॥੩੮॥
ਸਭਿ ਡੇਰੇ ਹਿਤ ਦੇਗ[1] ਪੁਚਾਈ।
ਕੀਨੋ ਖਾਨ ਪਾਨ ਸਮੁਦਾਈ।
ਬ੍ਰਿੰਦ ਮਸੰਦ ਹੁਤੇ ਜੇ ਦੇਸ਼।
ਲੇ ਲੇ ਸੰਗਤਿ ਆਇ ਅਸ਼ੇਸ਼ ॥੩੯॥
ਗੁਰ ਸੁਤ ਕੀ ਸੁਧ ਜਹਿਂ ਜਹਿਂ ਗਈ।
ਸੁਨਿ ਸੁਨਿ ਤੂਰਨ ਆਵਤਿ ਭਈ।
ਗੁਰੂ ਸੁਤਾ ਵੀਰੋ ਚਲਿ ਆਈ।
ਰੋਵਤਿ ਊਚੇ ਕਹਿ ਕਹਿ 'ਭਾਈ[†]'
॥੪੦॥
ਜੋਧ ਰਾਇ ਕੀ ਰੋਦਤਿ ਦਾਰਾ।
ਤ੍ਰਿਯ ਗਨ ਸ਼ਬਦ ਭਰਯੋ ਪੁਰਿ ਸਾਰਾ।
ਜਨੁ ਕਰੁਨਾਰਸ ਕਟਕ ਬਟੋਰਾ।
ਘਾਲਯੋ ਡੇਰਾ ਸ਼ੋਰ ਨ ਥੋਰਾ ॥੪੧॥
ਸਤਿਗੁਰ ਦੇ ਦੇ ਧੀਰ ਹਟਾਈ।
ਹਿਤ ਬਰਜਨ ਦਾਸੀ ਸੁ ਪਠਾਈ।
ਤਊ ਅਧਿਕ ਪ੍ਰਿਯ ਸਭਹਿਨਿ ਕੇਰਾ।
ਰੁਦਤਿ ਸਰਬ ਹੀ ਸ਼ੋਕ ਘਨੇਰਾ ॥੪੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜੋਧਰਾਇ ਆਗਵਨ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

[1]ਘੋੜਿਆਂ।

[1]ਰਸਦ।

[†]ਗੁਰੂ ਘਰ ਦੇ ਵਰੋਸਾਏ ਸਨਬੰਧੀਆਂ ਨੇ ਜਗਤ ਵਾਂਙੂ ਕਾਹਨੂੰ ਰੋਣਾ ਸੀ। ਕਵੀ ਜੀ ਦਾ ਭਾਵ ਬਾਬਾ ਜੀ ਨਾਲ ਸਾਰਿਆਂ ਦੇ ਪ੍ਰੇਮ ਦੀ ਅਧਿਕਤਾ ਦਰਸਾਉਣ ਤੋਂ ਹੈ।

## ੪੧. [ਸ਼੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਨਰ ਨਾਰੀ ਨਿਤ ਪ੍ਰਤਿ ਨਏ,
ਕੀਰਤਪੁਰਿ ਮਹਿਂ ਆਇਂ।
ਸਨਬੰਧੀ ਸਿਖ ਸੰਗਤਾਂ,
ਰੋਦਤਿ ਸ਼ੋਕ ਬਧਾਇ* ॥੧॥

ਚੌਪਈ:

ਅਲਪ ਬੈਸ ਮਹਿਂ ਸ਼੍ਰੀ ਹਰਿਰਾਇ।
ਕ੍ਰਿਯਾ ਪਿਤਾ ਹਿਤ ਕਰਹਿਂ ਬਨਾਇ†।

†ਇਥੇ ਕ੍ਰਿਯਾ ਦਾ ਭਾਵ ਸ਼ਾਇਦ ਪ੍ਰੇਤ ਕ੍ਰਿਯਾ ਹੋਵੇ, ਪਰ ਪਹਿਲੇ ਦਿਨ ਜ਼ਿਕਰ ਕੋਈ ਨਹੀਂ ਆਇਆ, ਪਿਛੇ ਗੁਰ ਘਰ ਵਿਚ ਵੈਦਕ ਲੌਕਿਕ ਰੀਤੀ ਬੰਦ ਹੋ ਚੁੱਕੀ ਹੈ, ਫਿਰ ਇਹ ਕਹਿਣਾ ਦਰੁਸਤ ਨਹੀਂ। ਦੂਸਰੇ ਫੁਲ ਗੰਗਾ ਭੇਜਣੇ ਠੀਕ ਨਹੀਂ ਜਾਪਦੇ, ਫੁੱਲ ਕੀਰਤ ਪੁਰ ਹੀ ਪਾਏ ਗਏ ਸਤਲੁਜ ਵਿਚ। ਤਦ ਤੋਂ ਹੀ ਇਹ ਰਿਵਾਜ ਸਿੱਖਾਂ ਵਿਚ ਜਾਰੀ ਰਿਹਾ ਹੈ ਕਿ ਫੁਲ ਏਥੇ ਜਾਕੇ ਪਾਉਂਦੇ ਰਹੇ ਹਨ। ਅੱਜ ਤਕ ਬੀ ਅਨੇਕਾਂ ਸਿਖ ਲੈ ਕੇ ਜਾਂਦੇ ਹਨ, ਤੇ ਕਹਿੰਦੇ ਸੁਣੀਦੇ ਹਨ, ਪਤਾਲ ਪੁਰੀ ਕੀਰਤਪੁਰ ਫੁਲ ਲੈ ਕੇ ਚੱਲੇ ਹਾਂ।

ਬੀਨ ਪੁਸ਼ਪ ਸੁਰਸਰਿ ਪਹੁਚਾਏ+।
ਅਪਰ ਜਥੋਚਿਤ ਬਿਧੀ ਕਰਾਏ ॥੨॥
ਦਿਵਸ ਤੀਨ ਦਸ ਜਬਹਿ ਬਿਤਾਏ।
ਭਯੋ ਸਮਾਜ ਮਨੁਜ ਸਮੁਦਾਏ[1]।
ਜਹਿਂ ਲੌ ਪਹੁੰਚਿ ਆਇਬੇ ਕੇਰੀ[1]।
ਮਿਲੀ ਸੰਗਤੈਂ ਆਨਿ ਘਨੇਰੀ ॥੩॥
ਜੋਧਰਾਇ ਅਰੁ ਸਾਹਿਬ ਭਾਨਾ।
ਸ਼੍ਰੀ ਹਰਿਗੋਵਿੰਦ ਸੰਗ ਬਖਾਨਾ।
'ਸ਼੍ਰੀ ਗੁਰਦਿੱਤੇ ਕੇ ਜੁਗ ਨੰਦ।
ਧੀਰਮਲ ਹੈ ਬੈਸ ਬਿਲੰਦ ॥੪॥
ਸੋ ਨਹਿਂ ਚਲਿ ਕੀਰਤਿ ਪੁਰਿ ਆਵਾ।
ਤੁਟਯੋ ਸਭਿਨਿ ਤੇ, ਕਜਾ ਲਖਿ ਪਾਵਾ।
ਪਿਤ ਪਰਲੋਕ ਭਯੋ ਅਸ ਸਮਾਂ।
ਆਇ ਨ ਪਹੁੰਚਯੋ ਕੀਨਿ ਨ ਗ਼ਮਾਂ ॥੫॥
ਦੇਨੀ ਬਨੈ ਅਬੈ ਦਸਤਾਰ।
ਕੋ ਰਾਵਰ ਨੇ ਕੀਨਿਸ ਢਾਰ[1]।
ਪੁਰਿ ਕਰਤਾਰ ਦੇਨਿ ਕੋ ਜਾਇਂ।
ਅਪਰ ਨਹੀਂ ਕੋ ਬਨੈ ਉਪਾਇ ॥੬॥
ਤਿਸ ਤੇ ਸ਼੍ਰੀ ਹਰਿਰਾਇ ਛੁਟੇਰੇ।

[1]ਬਹੁਤੇ ਪੁਰਸ਼ਾਂ ਦਾ ਇਕੱਠ ਹੋਇਆ।
[1]ਜਿੱਥੋਂ ਤੱਕ ਆਉਣ ਦੀ ਪਹੁੰਚ ਸੀ।
[1]ਰੀਤੀ।

ਧੀਰ ਸ਼ੀਲ ਗੁਨ ਬਿਖੈ ਬਡੇਰੇ।
ਅਸਮੰਜਸ ਲਖਿਯਤਿ ਸ਼੍ਰੀ ਗੁਰ ਜੀ!
ਤਊ ਹਮਾਰੀ ਸੁਨੀਅਹਿ ਅਰਜ਼ੀ ॥੭॥
ਅਰੁ ਹਮ ਲਖ੍ਯੋ ਚਹੈਂ ਤੁਵ ਮਰਜ਼ੀ।
ਲਘੁ ਪਰ ਹੀ ਪ੍ਰਸੰਨ ਹੈਂ ਹਰਿ ਜੀ![1]।
ਦੇਨੀ ਬਨੈ ਇਨ੍ਹੈ ਦਸਤਾਰ।
ਬਡਿਆਈ ਕੇ ਉਚਿਤ ਉਦਾਰ ॥੮॥
ਮੁਖ ਪ੍ਰਸੰਨ ਰਹਿ ਬਿਕਸ੍ਯੋ ਸਦਾ।
ਧੀਰਜ ਸਹਿਤ ਗਹੀਰ ਸੁ ਰਿਦਾ।
ਸਭਿ ਸੋਂ ਬੋਲਤਿ ਮ੍ਰਿਦੁਲ ਸੁਭਾਊ।
ਮਤਸਰ ਆਦਿ ਕੁਤਰਕ ਨ ਕਾਊ' ॥੯॥
ਸੁਨਿ ਸਤਿਗੁਰ ਦੋਨੋਂ ਸਮੁਝਾਏ।
'ਬਡ ਬਡਿਆਈ ਉਚਿਤ ਸੁਹਾਏ।
ਸਭਿ ਕੁਟੰਬ ਤੇ ਇਨ ਕੇ ਭਾਗ।
ਜਾਨੇ ਪਰੈਂ ਬਡੇ ਅਬਿ ਜਾਗਿ[1] ॥੧੦॥
ਬਡੇ ਗੁਰਨਿ ਸੰਗ ਪ੍ਰਿਥੀਆ ਦ੍ਵੈਸ਼ੀ।
ਨਹਿਂ ਸੁਧਰ੍ਯੋ ਬਯ ਬਿਤੀ ਅਸ਼ੇਸ਼ੀ।
ਤਥਾ ਧੀਰਮੱਲ ਮਤਸਰ ਧਰਿ ਧਰਿ।
ਹੋਹਿ ਅਧੀਰਜ ਹੇਰਹਿ ਜਰਿ ਜਰਿ ॥੧੧॥
ਤਿਸੀ ਮਨਿੰਦ ਖੋਟ ਬਹੁ ਬੋਵੈ।
ਗੁਰ ਘਰ ਤੇ ਨਜ਼ਾਰੋ ਤਿਮ ਹੋਵੈ।
ਸ਼੍ਰੀ ਪਰਮੇਸ਼ੁਰ ਇਮ ਹੀ ਭਾਵੈ।
ਸਭਿ ਮਹਿਂ ਹਰੀਰਾਇ ਬਡਿਆਵੈ ॥੧੨॥
ਨਹੀਂ ਅਪਰ ਕੇ ਹੈ ਕੁਛ ਹਾਥ।
ਕਰਹਿ ਕਰਾਵਹਿ ਸ਼੍ਰੀ ਜਗਨਾਥ।
ਆਜ ਲਗਹਿ ਸਗਰੋ ਦਰਬਾਰਾ।
ਬੈਠਾਰਹੁ ਇਨ ਸਭਾ ਮਝਾਰਾ ॥੧੩॥
ਦਿਹੁ ਦਸਤਾਰ ਬੰਧਾਵਨਿ ਕੀਜੈ।
ਬਡਿਆਵਹੁ ਸਭਿ ਮਹਿਂ ਦਿਖਰੀਜੈ।'
ਸੁੰਦਰ ਪਰਮਾਨੰਦ ਤਬਿ ਆਏ।

[1]ਭਾਵ ਆਪ ਜੀ।

[1]ਜਾਗੇ ਹਨ ਭਾਗ।

ਸਾਦਰ ਅਪਨੇ ਨਿਕਟਿ ਬਿਠਾਏ ॥੧੪॥
ਬੂਝੇ 'ਦਾਤੂ ਸੁਤ ਨਹਿਂ ਆਯੋ?
ਕਹਾਂ ਕਾਜ ਜਿਸ ਮਹਿਂ ਬਿਰਮਾਯੋ।'
ਸੁਨਿ ਗੁਰ ਤੇ ਸਭਿ ਬਿਖੈ ਬਤਾਵਾ।
ਧੀਰਮੱਲ ਜਿਮ ਚਹਤਿ ਹਟਾਵਾ ॥੧੫॥
'ਹਮ ਨੇ ਕਪਟ ਜਾਨਿ ਤਿਹ ਲੀਨਿ[1]।
ਕਹਜੋ ਬਹੁਤਿ ਨਹਿਂ ਮਾਨਜੋ, ਚੀਨ[1]।
ਨਿਸ ਮਹਿਂ ਦਾਤੂ ਸੁਤ ਸਮੁਝਾਯੋ।
ਚਤੁਰਾਈ ਛਲ ਸਾਥ ਹਟਾਯੋ ॥੧੬॥
ਨਿਕਟਿ ਆਪਨੇ ਰਾਖਜੋ ਤਾਂਹਿ।
-ਮੁਝ ਤੇ ਬਿਨ ਕਿਹ ਕੇ ਢਿਗ ਜਾਂਹਿ।
ਬਡੋ ਪੁੱਤ੍ਰ ਮੈਂ ਉਚਿਤ ਬਡਾਈ।
ਨਿਕਟਿ ਗ੍ਰਿੰਥ ਤੇ ਲਈ ਗੁਰਾਈ ॥੧੭॥
ਅਹੈਂ ਪਿਤਾਮਾ ਕੇਤਿਕ ਦਿਨ ਕੇ[1]।
ਮੈਂ ਪੁਜਵਾਵੌਂ ਪੁਨ ਗੁਰ ਬਨਿ ਕੇ।
ਕੌਨ ਹਟਾਇ ਸਕੈ ਗੁਰਿਆਈ।
ਗ੍ਰਿੰਥ ਪ੍ਰਤਾਪ ਸਾਥ ਮੈਂ ਪਾਈ- ॥੧੮॥
ਇੱਤਜਾਦਿਕ ਬਾਕਨਿ ਕੋ ਕਹੈ।
ਗਰਬ ਬਿਸਾਲ ਰਿਦੈ ਜਿਸ ਅਹੈ।'
ਸੁਨਿ ਭਾਨਾ ਸਾਹਿਬ ਤੇ ਆਦਿ।
ਕਪਟ ਜਾਨਿ ਤਿਸ ਭੇ ਬਿਸਮਾਦ ॥੧੯॥
'ਦੇਖਹੁ ਕਹਾਂ ਦ੍ਵੈਸ਼ ਉਪਜਾਯੋ।
ਮਨਮਤਿ ਤੇ ਨਿਜ ਗੁਰੂ ਬਨਾਯੋ।'
ਇਮ ਸੁਨਿ ਕੇ ਨਿਸ਼ਚੈ ਸਭਿ ਧਾਰਾ।
'ਸ਼੍ਰੀ ਹਰਿਰਾਇ ਦੇਹਿਂ ਦਸਤਾਰਾ ॥੨੦॥
ਅੰਤਰ ਵਹਿਰ ਪ੍ਰਗਟ ਤਬਿ ਭਈ।
'ਬਡਿਆਈ ਲਘੁ ਸੁਤ ਕਹੁ ਦਈ।'
ਜਾਮ ਦਿਵਸ ਚਢਿਬੇ ਲਗਿ ਮਸਲਤ।
ਇਮ ਕਹਿ ਉਠੇ ਸੁਨਤਿ ਭੇ ਹਰਖਤਿ ॥੨੧॥
ਖਾਨ ਪਾਨ ਸਭਿਹਿਨਿ ਤਬਿ ਕੀਨਿ।

[1]ਅਸੀਂ ਉਸ ਦਾ ਕਪਟ ਜਾਣ ਲਿਆ ਸੀ।

[1]ਬੜਾ ਕਿਹਾ ਪਰ ਉਹ ਨਾਂ ਮੰਨਿਆ, ਮਾਲੂਮ ਹੁੰਦਾ ਹੈ ਕਿ........।

[1]ਭਾਵ ਦਾਦਾ ਜੀ ਦੀ ਉਮਰ ਥੋੜੀ ਬਾਕੀ ਹੈ।

ਬਰਤਹਿ ਦੇਗ ਰਾਤ ਦਿਨ ਦੀਨ[1]।
ਢਰੇ ਦੁਪਹਿਰੇ ਠਾਨਤਿ ਤਯਾਰੀ।
ਸੁਧ ਮਸੰਦ ਲਹਿ ਸੰਗਤਿ ਸਾਰੀ ॥੨੨॥
ਫਰਸ਼ ਬਿਸਾਲ ਹੇਤੁ ਛਿਰਕਾਇਵ।
ਸਭਾ ਸਥਾਨ ਸੁੱਧ ਕਰਿਵਾਇਵ।
ਜਾਜਮ[1] ਅਰੁ ਸ਼ਤਿਰੰਜੀ ਸੰਗ।
ਅਵਨੀ ਤਲ ਛਾਦਯੋ ਬਹੁ ਰੰਗ ॥੨੩॥
ਜਾਮ ਦਿਵਸ ਜਬਿ ਰਹਯੋ ਨਿਹਾਰੇ।
ਸ੍ਰੀ ਹਰਿਗੋਵਿੰਦ ਤਹਾਂ ਸਿਧਾਰੇ।
ਸ਼ੋਭਤਿ ਪੌਤ੍ਰ ਸਾਥ ਹਰਿਰਾਇ।
ਹਾਥ ਗਹੇ ਮ੍ਰਿਦੁ ਪਹੁੰਚੇ ਜਾਇ ॥੨੪॥
ਅਤਿ ਸੁੰਦਰ ਮਸਨੰਦ ਡਸਾਈ।
ਤਿਸ ਪਰ ਥਿਰੇ ਜਾਇ ਗੋਸਾਈਂ।
ਚਮਰ ਦਾਰ ਲੇ ਚਮਰ ਢੁਰਾਏ।
ਪਠੇ ਮੇਵਰੇ ਸਕਲ ਬੁਲਾਏ ॥੨੫॥
ਸੁਭਟ ਪੰਚ ਸੈ ਲੇ ਕਰਿ ਸੰਗ।
ਆਇਵ ਜੋਧਰਾਇ ਮੁਦ ਅੰਗ।
ਪ੍ਰਥਮ ਸਭਿਨਿ ਤੇ ਪਹੁਚਯੋ ਭਾਨਾ।
ਸਕਲ ਸਬੰਧਨਿ ਆਵਨ ਠਾਨਾ ॥੨੬॥
ਰੂਪਾ ਆਇ ਚਰਨ ਗੁਰ ਲਾਗਾ।
ਪਰਮਾਨੰਦ ਸੁੰਦਰ ਬਡ ਭਾਗਾ।
ਜੇਤਿਕ ਪਹੁੰਚੇ ਨਿਕਟਿ ਮਸੰਦ।
ਲੇ ਲੇ ਸੰਗ ਸੰਗਤਾਂ ਬ੍ਰਿੰਦ ॥੨੭॥
ਲਗਯੋ ਦਿਵਾਨ ਮਹਾਨ ਸਥਾਨਾ।
ਖਰੇ ਜਿ ਕੰਚਨ ਦੰਡਨ ਪਾਨਾ।
ਭਾਟ ਨਕੀਬ ਗਾਵਤੇ ਜਸੁ ਕੋ।
ਸਭਿਨਿ ਪ੍ਰੇਮ ਤੇ ਪਾਇ ਦਰਸ ਕੋ ॥੨੮॥
ਭਾਨਾ ਅਧਿਕ ਪ੍ਰੇਮ ਰਸ ਪਾਗਯਾ।
ਉਠਤਿ ਭਯੋ ਲੇ ਪ੍ਰਭੁ ਕੀ ਆਗਯਾ।
ਸ੍ਰੀ ਹਰਿਰਾਇ ਸੀਸ ਦਸਤਾਰ।
ਕਰੀ ਬੰਧਾਵਨ ਹਾਥ ਉਭਾਰਿ ॥੨੯॥
ਸਤਿਗੁਰ ਨਿਜ ਕਰ ਸੰਗ ਸੁਧਾਰਤਿ।

[1]ਗਰੀਬਾਂ ਨੂੰ।

[1]ਠੇਕਿਆ ਬਸਤਰ ਫਰਸ਼ ਤੇ ਵਿਛਾਵਣ ਦਾ। [ਤੁ: ਜਾਜ਼ਮ]

ਨਭ ਮਹਿਂ ਜੈ ਜੈ ਕਾਰ ਉਚਾਰਤਿ†।
ਸ਼੍ਰੀ ਗੁਰ ਅਮਰਦਾਸ ਕੀ ਅੰਸੁ।
ਦਈ ਪਾਗ ਸੁੰਦਰ ਅਵਿਤੰਸ਼ ॥੩੦॥
ਪੁਨਹਿ ਮਸੰਦਨਿ ਅਰਪੀ ਸਭਿਹੂੰ।
ਜੋਧਰਾਇ ਭਾ ਦੇਵਤਿ ਤਬਿਹੂੰ।
ਸਨਬੰਧੀ ਅਰੁ ਸੰਗਤਿ ਕੇਰ।
ਅਰਪਤਿ ਸਗਰੇ ਲਾਗਯੋ ਢੇਰ ॥੩੧॥
ਬਾਜਨਿ ਲਗੇ ਪੌਰ ਸ਼ਦਿਆਨੇ[1]।
ਸੁਜਸੁ ਕਬਿੱਤਨ ਭਾਟ ਬਖਾਨੇ।
ਸ਼ੋਕ ਨਸਾਇ ਕੀਨਿ ਉਤਸ਼ਾਹੂ।
ਆਨੰਦ ਭਾ ਸਭਿ ਕੇ ਉਰ ਮਾਂਹੂ ॥੩੨॥
ਸ਼੍ਰੀ ਹਰਿਰਾਇ ਹਾਥ ਤੇ ਦਾਨ।
ਮੰਗਤਿ ਜਨਿਨਿ ਦਿਵਾਇਂ ਮਹਾਨ।
ਬਾਦਿਤ ਸਗਲ ਬਜਾਵਨ ਹਾਰੇ।
ਲੇ ਬਖਸ਼ੀਸ਼ ਅਸੀਸ ਉਚਾਰੇ ॥੩੩॥
ਹਯਨਿ ਆਦਿਕਨਿ ਦਾਸ[1] ਬਿਸਾਲੇ।
ਬਸਤ੍ਰ ਬਿਭੂਖਨ ਲੇ ਧਨ ਜਾਲੇ।
ਸਗਰੇ ਸ਼੍ਰੀ ਹਰਿਰਾਇ ਸਰਾਹੈਂ।
'ਗੁਰੂ ਪੌਤ੍ਰ ਇਹੁ ਭਾਗ ਮਹਾਂ ਹੈਂ' ॥੩੪॥
ਅਦਭੁਤ ਸ਼ੋਭਾ ਪਾਇ ਰਹੇ ਹੈਂ।
ਗੁਰਤਾ ਪਦ ਜਨੁ ਆਜ ਲਹੇ ਹੈਂ।
ਔਚਕ ਸਭਿਨਿ ਰਿਦੈ ਫੁਰਿ ਆਈ।
-ਜਾਨੀ ਪਰੈ ਪਾਇ ਗੁਰਿਆਈ-
॥੩੫॥
ਇਮ ਮੰਗਲ ਕਰਿ ਸ਼ੋਕ ਨਸਾਵਾ।
ਅੰਤਰ ਵਹਿਰ ਪ੍ਰਮੋਦ ਵਧਾਵਾ।
ਦੇਤਿ ਅਸੀਸਾਂ ਸ਼੍ਰੀ ਹਰਿਰਾਇ।
ਧੀਰ ਮੱਲ ਕੀ ਨਿੰਦ ਅਲਾਇ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਹਰਿਰਾਇ ਪਿਤਾ ਪਾਗ ਬੰਧਾਵਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

†ਪਾ:-ਸੂਧਾਰਤਿ।

[1]ਖੁਸ਼ੀ ਦੇ ਵਾਜੇ।

[1]ਘੋੜਿਆਂ ਦੇ ਦਾਸ ਆਦਿਕ।

## ੪੨. [ਕੀਰਤ ਪੁਰ ਦੀਪ ਮਾਲਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਕੇਤਿਕ
ਦਿਵਸ ਬਿਤਾਇ।
ਸਭਾ ਲਗਾਇ ਬਿਰਾਜ ਹੀ, ਗਾਵਹਿਂ ਸ਼ਬਦ
ਸੁਨਾਇ ॥੧॥

ਚੌਪਈ:

ਕੇਤਿਕ ਸੰਗਤਿ ਲਿਏ ਮਸੰਦ।
ਕਰਿ ਕਰਿ ਬੰਦਨ ਜੁਗ ਕਰ ਬੰਦਿ।
ਹੁਕਮ ਪਾਇ ਨਿਜ ਸਦਨ ਸਿਧਾਰੇ।
ਜਹਾਂ ਕਹਾਂ ਗੁਰ ਸੁਜਸੁ ਉਚਾਰੇ ॥੨॥
ਕੇਤਿਕ ਸਤਿਗੁਰ ਕੇ ਢਿਗ ਰਹੇ।
ਦੀਪਮਾਲਾ ਕੋ ਮੇਲਾ ਲਹੇ।
-ਥੋਰੇ ਦਿਵਸ ਅਹੈਂ ਤਿਸ ਮਾਂਹਿ।
ਸੋ ਕਰਿ ਕੈ ਨਿਜ ਘਰ ਕੋ ਜਾਂਹਿ- ॥੩॥
ਕਬਿ ਕਬਿ ਸਤਿਗੁਰ ਚਢਹਿਂ ਤੁਰੰਗ।
ਦੇਖਹਿਂ ਸਤੁਦ੍ਰਵ ਤੀਰ ਤਰੰਗ।
ਮੰਦ ਮੰਦ ਹਯ ਪੰਥ ਚਲਾਵੈਂ।
ਕੂਲਹਿ ਕੂਲ[1] ਬਿਲੋਕਤਿ ਜਾਵੈਂ ॥੪॥
ਨੇਤ੍ਰ ਤੁੰਗ ਕੇ[1] ਸੈਲਨਿ ਤਰੇ।
ਸੈਲ ਕਰਤਿ ਸੁੰਦਰ ਥਲ ਫਿਰੇ।
ਅਲਪ ਉਤੰਗਨਿ[1] ਥਲ ਕੋ ਹੇਰਹਿਂ।
ਕਬਿਹੁਂ ਕੰਦਰਾ ਮਹਿਂ ਹਯ ਪ੍ਰੇਰਹਿਂ ॥੫॥
ਕਹਿ ਭਾਨੇ ਕਹੁ ਸੰਗ ਚਢਾਵੈਂ।
ਚਢਹਿ ਜੋਧ ਆਨੰਦ ਉਪਜਾਵੈਂ।
ਕਿਤ ਬੈਸਹਿਂ ਥਲ ਨੀਕੋ ਜਾਨਿ।
ਲਗਹਿ ਸਭਿਨਿ ਕੋ ਤਹਾਂ ਦਿਵਾਨ ॥੬॥
ਬਿਧੀਚੰਦ ਬਹੁ ਕਾਰ ਸਭਾਰੀ।
ਗੁਰੂ ਸਦਨ ਕੀ ਠਾਨਹਿ ਸਾਰੀ[1]।
ਦਿਨਪ੍ਰਤਿ ਦੇਗ ਹੋਹਿ ਅਧਿਕਾਈ।
ਸਿਖ ਸੰਗਤਿ ਅਚਵਹਿਂ ਸਮੁਦਾਈ ॥੭॥

[1]ਕੰਢੇ ਕੰਢੇ।
[1]ਜਿਸ ਨੂੰ ਹੁਣ ਨੈਣਾਂ ਦੇਵੀ ਦੀ ਟਿੱਲਾ ਕਹਿੰਦੇ ਹਨ।
[1]ਉੱਚੇ ਨੀਵੇਂ।
[1]ਸਾਰੀ (ਕਾਰ) ਕਰਦਾ ਹੈ।

ਆਵਹਿਂ ਜਾਹਿਂ ਸਮੂਹ ਹਮੇਸ਼।
ਤ੍ਰਿਪਤਹਿਂ ਭੋਜਨ ਦੇਗ ਅਸ਼ੇਸ਼।
ਨਾਨਾ ਭਾਂਤਿ ਬਨਹਿ ਰਸ ਸ੍ਵਾਦ।
ਮਿਲਹਿਂ ਸੰਤ ਸਿਖ ਭਨਿ ਸੰਬਾਦ ॥੮॥
ਸਤਿਗੁਰ ਸਭਾ ਲਗਾਵਹਿਂ ਜਬਿ ਹੂੰ।
ਦਰਸਹਿਂ ਲਘੁ ਦੀਰਘ ਮਿਲਿ ਸਭਿਹੂੰ।
ਹਾਥ ਜੋਰਿ ਗੁਰ ਮੁਖ ਤੇ ਬੈਨ।
ਸੁਨਹਿਂ ਭਗਤਿ ਆਤਮ ਰਸ ਐਨ ॥੯॥
ਗੁਰਮਤਿ ਕੋ ਪ੍ਰਾਪਤਿ ਗਨ ਹੋਇਂ।
ਮਨ ਬਾਂਛਤਿ ਪੂਰਹਿਂ ਸਭਿ ਕੋਇ।
ਦੀਪਮਾਲ ਦਿਨ ਨੇਰੇ ਜਾਨਿ।
ਮੇਲਾ ਆਵਨਿ ਲਗ੍ਯੋ ਮਹਾਨ ॥੧੦॥
ਸਫਲ ਜਨਮ ਨਿਜ ਕਰਿਬੇ ਹੇਤੁ।
ਲਈ ਉਪਾਇਨ ਤਜੇ ਨਿਕੇਤ।
ਬਹੁ ਦਿਨ ਕੀ ਸੰਚੀ ਗੁਰ ਕਾਰ।
ਕੇਤਿਕ ਲੇ ਪਹੁੰਚੇ ਦਰਬਾਰ ॥੧੧॥
ਗਾਵਤਿ ਸੁਨਤਿ ਸਿੱਖ ਗੁਰਬਾਨੀ।
ਮਗ ਮਹਿਂ ਚਲਤਿ ਬਿਕਾਰਨ ਹਾਨੀ।
ਚਹੁੰਦਿਸ਼ਿ ਤੇ ਉਮਡੇ ਨਰ ਨਾਰੀ।
ਚਲਿ ਪਹੁੰਚੇ ਕਾਬਲ ਕੰਧਾਰੀ ॥੧੨॥
ਖੁਰਾਸਾਨ ਅਰੁ ਬਲਖ ਬੁਖਾਰਾ।
ਧੰਨੀ ਘੇਪ ਪਿਸ਼ੌਰ ਉਦਾਰਾ।
ਪੁਰਿ ਮੁਲਤਾਨ ਆਦਿ ਕਸ਼ਮੀਰ।
ਸਭਿ ਦੇਸ਼ਨਿ ਤੇ ਆਇ ਬਹੀਰ ॥੧੩॥
ਠੱਠਾ ਭੱਖਰ ਪੁਰਿ ਗੁਜਰਾਤ।
ਦੱਖਣ ਪੂਰਬ ਜਸੁ ਅਵਦਾਤ[1]।
ਕਹਿਂ ਲਗਿ ਗਿਨੀਅਹਿ ਦੇਸ਼ ਬਿਦੇਸ਼।
ਸੰਗਤਿ ਪਹੁੰਚੀ ਆਇ ਵਿਸ਼ੇਸ਼ ॥੧੪॥
ਦੀਪਮਾਲ ਕੋ ਦਿਨ ਜਬਿ ਆਯੋ।
ਕਹਿ ਸਤਿਗੁਰ ਬਡ ਫਰਸ਼ ਕਰਾਯੋ।
ਨਿਕਸਿ ਵਹਿਰ ਗੁਰ ਸਭਾ ਲਗਾਈ।
ਚਵਰ ਢਰਤਿ ਚਾਰੂ ਚਪਲਾਈ ॥੧੫॥

[1]ਉੱਜਲ।

ਭ੍ਰਾਤ ਸਮੇਤ ਜੋਧ ਅਵਨੀਪ।
ਬੈਠਯੋ ਬੰਦਨ ਠਾਨ ਸਮੀਪ।
ਕੰਚਨ ਦੰਡਧਾਰ[1] ਤਹਿਂ ਖਰੇ।
ਭਾਟ ਨਕੀਬ ਗੁਰੂ ਜਸੁ ਕਰੇ ॥੧੬॥
ਸਗਲ ਦੇਸ਼ ਤੇ ਸੰਗਤਿ ਆਈ।
ਅਨਿਕ ਉਪਾਇਨ ਅਦਭੁਤ ਲਜਾਈ।
ਖਰੋ ਮੇਵਰੋ ਹਿਤ ਅਰਦਾਸ।
ਲੇਤਿ ਅਕੋਰਨ ਅਰਪਤਿ ਪਾਸ ॥੧੭॥
ਦਰਬ ਬਿਭੂਖਨ ਬਸਤ੍ਰ ਅਜਾਇਬ।
ਉਚਿਤ ਪਹਿਰਬੇ ਸਤਿਗੁਰ ਸਾਹਿਬ।
ਭੇਟਨ ਕੇ ਅੰਬਾਰ ਅਗਾਰੀ।
ਲਗੇ ਸਕਲ ਵਸਤੂ ਮੁਲ ਭਾਰੀ ॥੧੮॥
ਸੁੰਦਰ ਪਰਮਾਨੰਦ ਢਿਗ ਹੇਰੇ।
ਚਿਤਵਤਿ ਵਧਯੋ ਪ੍ਰਤਾਪ ਵਧੇਰੇ।
ਪੀਰੀ ਮੀਰੀ ਜੁਗਲ ਬਿਸਾਲਾ।
ਬਰਤੀ ਭਲੇ, ਰਿਪੁਨਿ ਘਰ ਘਾਲਾ ॥੧੯॥
ਸ਼੍ਰੀ ਅਰਜਨ ਸੁਤ ਜੋਧਾ ਬਲੀ।
ਜਗ ਬਿਸਤੀਰਤਿ ਕੀਰਤਿ ਭਲੀ।
ਇਮ ਸਾਹਿਬਜ਼ਾਦੇ ਚਹੁੰ ਘਰ ਕੇ।
ਕਰਹਿਂ ਬਿਚਾਰਨਿ ਗੁਨ ਸਤਿਗੁਰ ਕੇ ॥੨੦॥
ਚਹੁੰ ਦਿਸ਼ਿ ਮਹਿਂ ਦਰਸਹਿਂ ਨਰ ਨਾਰੀ।
ਕਰ ਜੋਰਤਿ ਅਰੁ ਬੰਦਨ ਧਾਰੀ।
ਮਨੋ ਕਾਮਨਾ ਸਭਿਹਿਨਿ ਕੇਰੀ।
ਅੰਤਰਜਾਮੀ ਪੁਰਹਿਂ ਘਨੇਰੀ ॥੨੧॥
ਸੁਤ ਬਿਤ ਆਦਿ ਚਾਹ ਜੇ ਆਏ।
ਕਰਿ ਬੰਦਨ ਪਾਏ ਸਮੁਦਾਏ।
ਇਮ ਪ੍ਰਬਿਰਤ ਕੋ ਪੂਰਹਿਂ ਕਾਮ[1]।
ਅਹੈਂ ਸੰਤ ਜਿਨ ਚਿਤ ਨਿਸ਼ਕਾਮ ॥੨੨॥
ਸਿੱਖੀ ਬਖਸ਼ਹਿਂ ਭਗਤਿ ਉਪਾਵੈਂ।
ਆਤਮ ਗਜਾਨ ਸੁਰਸ ਕੋ ਪਾਵੈਂ।

[1]ਚੋਬਦਾਰ।

[1]ਪ੍ਰਵਿਰਤੀ ਦੇ ਕੰਮ ਪੂਰੇ ਕਰਦੇ ਹਨ।

ਸਭਾ ਮਝਾਰ ਹਜ਼ਾਰਹੁੰ ਥਿਰੇ।
ਚਹੁੰ ਦਿਸ਼ਿ ਮਹਿਂ ਸਮੂਹ ਨਰ ਖਰੇ ॥੨੩॥
ਪਿਖਹਿਂ ਸਰੂਪ ਹੋਹਿਂ ਬਲਿਹਾਰੀ।
ਦੀਰਘ ਦਰਸ਼ਨ ਦੁਖਨ ਬਿਦਾਰੀ[1]। [1]ਦੁਖਾਂ ਦੇ ਦੂਰ ਕਰਤਾ।
ਮੁੱਖਜ ਮਸੰਦ ਕਿਧੌਂ ਸਿਖ ਆਏ।
ਗੁਰ ਸੁਤ ਹਿਤ ਕੀ[1] ਬਾਤ ਚਲਾਏ ॥੨੪॥ [1]ਗੁਰੁ-ਪੱਤ੍ਰ ਦੇ ਹਿਤ ਦੀ।
ਅਰਪਹਿਂ ਹਾਥ ਜੋਰਿ ਦਸਤਾਰ।
ਊਪਰ ਧਰਿ ਧਰਿ ਦਰਬ ਉਦਾਰ।
ਸਤਿਗੁਰ ਨਿਕਟਿ ਬਿਠਾਇਵ ਪੋਤਾ।
ਆਤਮ ਗਜਾਨ ਮਹਾਨ ਜਿ ਪੋਤਾ[1] ॥੨੫॥ [1]ਜਹਾਜ਼।
ਬਹੁ ਆਦਰ ਤੇ ਕਰਹਿਂ ਸਨੇਹੁ।
ਜਾਨਹਿਂ ਹਮ ਪਾਛੈ ਗੁਰ ਏਹੁ।
ਅਜਰ ਜਰਨ ਆਦਿਕ ਗੁਨ ਭਾਰੇ।
ਜਿਨ ਮਹਿਂ ਲਖੀਯਤ ਹੈਂ ਸ਼ੁਭ ਸਾਰੇ ॥੨੬॥
ਨਿਕਟਿ ਸੁਹਾਵਤਿ ਹੇਰਤਿ ਬ੍ਰਿੰਦ।
ਬੈਸ ਅਲਪ ਮੁਖ ਸੁੰਦਰ ਚੰਦ।
ਗੁਰਮੁਖ ਸਿਖ ਅਨੁਮਾਨ ਕਰੰਤੇ।
ਗੁਰਤਾ ਉਚਿਤ ਬਿਦਤ ਗੁਨਵੰਤੇ ॥੨੭॥
ਜਾਨੀ ਪਰਹਿ ਗੁਰੁ ਤੇ ਪਾਛੇ।
ਤਖਤ ਬਿਰਾਜਹਿਂਗੇ ਦੁਤਿ ਆਛੇ।
ਕਹਿਂ ਲਗਿ ਕਹੌਂ ਮੇਲ ਕੀ ਬਾਤ।
ਦਰਸਹਿਂ ਕਰਹਿਂ ਸੁਜਸੁ ਅਵਦਾਤ ॥੨੮॥
ਮਨਭਾਵਤਿ ਕੀਰਤਿਪੁਰਿ ਰਹੈਂ।
ਬਹੁਰ ਗਮਨ ਨਿਜ ਘਰ ਕੋ ਚਹੈਂ।
ਗੁਰ ਤੇ ਹੋਇ ਬਿਸਰਜਨਿ ਭਲੇ।
ਨਿਜ ਨਿਜ ਦੇਸ਼ ਬ੍ਰਿੰਦ ਸਿਖ ਚਲੇ ॥੨੯॥

ਜਾਨਿ ਜੋਧ ਕੋ ਪ੍ਰੇਮ ਬਿਸਾਲਾ।
ਰਾਖ੍ਯੋ ਅਪਨੇ ਨਿਕਟਿ ਕ੍ਰਿਪਾਲਾ।
ਤਿਮ ਭਾਈ ਰੂਪਾ ਢਿਗ ਰਹ੍ਯੋ।
ਦਰਸ਼ਨ ਕੋ ਅਨੰਦ ਨਿਤ ਲਹ੍ਯੋ ॥੩੦॥
ਭਾਨੇ ਕੋ ਕਰਿ ਮ੍ਰਿਦੁਲ ਦਿਲਾਸਾ।
ਰਾਖਤਿ ਭਏ ਗੁਰੂ ਨਿਜ ਪਾਸਾ।
ਅਪਰ ਸਿੱਖ ਪ੍ਰੇਮੀ ਬਹੁ ਰਹੇ।
ਜਿਨਹੁਂ ਪਰਮਪਦ ਬਾਂਛਤਿ ਅਹੇ ॥੩੧॥
ਗੁਰ ਸੰਗਤਿ ਤੇ ਹਤਿ ਅੱਗ੍ਯਾਨ।
ਸਿੱਖੀ ਉਪਜੈ ਰਿਦੈ ਮਹਾਨ।
ਅਨਿਕ ਬਿਕਾਰਨ ਕੋ ਪਰਹਰਿ ਕੈ।
ਰਿਦੈ ਮੁਕਰ ਕਹੁ[1] ਨਿਰਮਲ ਕਰਿ ਕੈ ॥੩੨॥
ਅਪਨ ਸਰੂਪ ਜਾਨਿ ਕਰਿ ਲੇਤਿ।
ਮਨ ਕੋ ਰੋਕਤਿ ਹੋਇ ਸੁਚੇਤ।
ਬਿਧਿ ਪ੍ਰਪੰਚ ਕੋ[1] ਕੂਰਾ ਜਾਨਹਿਂ।
ਯਾਂ ਤੇ ਰਾਗ ਦ੍ਵੈਖ ਜੁਗ ਹਾਨਹਿਂ ॥੩੩॥
ਇਹ ਦੋਨਹੁਂ ਜਬਿ ਮਨ ਤੇ ਹਨੇ।
ਮਤਸਰ ਆਦਿ ਕੌਨ ਤਬਿ ਜਨੇ।
ਸਤਿ, ਸੰਤੋਖ, ਸ਼ਾਂਤਿ ਜਬਿ ਨਿਪਜੈਂ।
ਸੁਗਮ ਗ੍ਯਾਨ ਕੋ ਰਸ ਉਰ ਉਪਜੈ ॥੩੪॥
ਸਿੱਧ ਅਸ਼ਟਦਸ਼ ਔਚਕ ਆਇ।
ਥਿਰੈਂ ਅਗਾਰੀ ਮਨ ਬਿਰਮਾਇ।
ਨਿਜ ਨਿਜ ਸ਼ਕਤਿ ਜਨਾਵਹਿ ਸੋਇ।
ਜਿਮ ਚਾਹਹਿਂ ਸੋ ਤਤਛਿਨ ਹੋਇ ॥੩੫॥
ਨਭ ਕੋ ਚਢਨ, ਪਤਾਲ ਸਿਧਾਵਨ।
ਮੇਰੁ ਮਨਿੰਦ ਸਰੀਰ ਬਨਾਵਨਿ।
ਅਣੁ ਤੇ ਅਣੁ[1] ਤਤ ਛਿਨ ਬਨਿ ਜਾਵਨਿ।
ਗੁਪਤਹਿਂ ਬਿਦਤਹਿਂ ਜਿਮ ਮਨ ਭਾਵਨ ॥੩੬॥
ਤਿਨ ਕੋ ਗੁਰ ਸਿਖ ਨਹਿਂ ਸਨਮਾਨਹਿਂ।

[1]ਰਿਦੈ ਰੂਪ ਸ਼ੀਸ਼ੇ ਨੂੰ।
[1]ਬਿਧਾਤਾ ਦੇ ਸੰਸਾਰ ਨੂੰ।
[1]ਭਾਵ ਛੋਟੇ ਤੋਂ ਛੋਟਾ।

ਅੰਤਰ ਬ੍ਰਿਤੀ ਮਹਾਂ ਸੁਖ ਠਾਨਹਿਂ।
ਨਿਸ ਦਿਨ ਠਾਢੀ ਰਹਤਿ ਅਗਾਰੀ।
ਅਸ ਗੁਰਮਤਿ ਅਤਿ ਚਿਤ ਹਿਤਕਾਰੀ
॥੩੭॥
ਰਹੈਂ ਸਿੱਖ ਗੁਰ ਢਿਗ ਬਡ ਭਾਗੇ।
ਪਗ ਪੰਕਜ ਕੇ ਪ੍ਰੇਮਹਿਂ ਪਾਗੇ।
ਸੱਤਿਨਾਮ ਜਾਚਹਿਂ ਕਰਿ ਅਰਜ਼ੀ।
ਅਜਰ ਜਰਨ ਬਰਤਹਿਂ ਗੁਰ ਮਰਜ਼ੀ
॥੩੮॥
ਐਸੇ ਸਿੱਖ ਰਹੈਂ ਗੁਰ ਪਾਸ।
ਅਪਰ ਮੇਲ ਸਭਿ ਗਯੋ ਅਵਾਸ।
ਪਾਇ ਕਾਮਨਾ ਸੁਜਸੁ ਉਚਾਰੈਂ।
ਦੇਸ਼ ਬਿਦੇਸ਼ਨਿ ਮਹਿਂ ਬਿਸਤਾਰੈਂ ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਦੀਪਮਾਲਾ ਮੇਲਾ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥੪੨॥

## ੪੩. [ਸ਼੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਥਿਰਹਿਂ ਗੁਰੂ ਸਭਿ ਸਭਾ ਮਹਿਂ, ਸ਼ਬਦ ਸੁਨਹਿਂ ਬਿਚ ਰਾਗ।
ਜਿਨ ਤੇ ਮਨ ਪਾਵਨ ਬਨੈਂ, ਉਪਜੈ ਪ੍ਰਭੁ ਅਨੁਰਾਗ ॥੧॥

ਚੌਪਈ:

ਭਗਤਿ, ਗਜਾਨ, ਬੈਰਾਗ, ਬਿਬੇਕ।
ਨਿਗੁਨ ਸਗੁਨ ਕੀ ਆਤਮ ਟੇਕ[1]।
ਇੱਤਜਾਦਿਕ ਚਰਚਾ ਸੰਗ ਭਾਨੇ।
ਸੁਨਤਿ ਜੋਧ ਸਤਿਗੁਰੂ ਬਖਾਨੇ ॥੨॥
ਰੂਪੇ ਆਦਿ ਸਿੱਖ ਬਹੁ ਸੁਨੈਂ।
ਗੁਰ ਉਪਦੇਸ਼ ਰਿਦੈ ਪੁਨ ਗੁਨੈਂ।
ਸਤਿਸੰਗਤਿ ਕੀ ਪੰਗਤਿ ਹੋਤਿ।
ਬ੍ਰਹਮਗਜਾਨ ਕੋ ਰਿਦੈ ਉਦੋਤਿ ॥੩॥
ਮੁਕਤਿ ਉਚਿਤ ਨਰ ਭਏ ਅਨੇਕ।
ਗੁਰ ਪ੍ਰਤਾਪ ਤੇ ਪਾਇ ਬਿਬੇਕ।
ਬਿਤੀ ਸਰਦ[1], ਹਿਮ ਰਿਤੁ[2] ਪੁਨ ਆਈ।
ਪਾਰਾ ਪਰਹਿ ਜਗਤ ਅਧਿਕਾਈ ॥੪॥
ਕੀਰਤਪੁਰਿ ਹੀ ਸਤਿਗੁਰ ਬਾਸੇ।
ਭਏ ਸ਼ਾਂਤਿ ਚਿਤ ਸੁਜਸੁ ਪ੍ਰਕਾਸ਼ੇ।
ਸ਼ੱਤ੍ਰੁ ਤੁਰਕ ਲਾਖਹੁਂ ਰਣ ਮਾਰੇ।
ਅਰੇ ਆਇ ਸਗਰੇ ਸੋ ਹਾਰੇ ॥੫॥
ਸ਼੍ਰੀ ਹਰਿਰਾਇ ਸੰਗ ਬਹੁ ਨੇਹੂ।
ਮ੍ਰਿਦੁਲ ਬਾਕ ਤੇ ਕਰਤਿ ਅਛੇਹੂ।
ਨਿਸ ਦਿਨ ਨਿਜ ਸਮੀਪ ਹੀ ਰਾਖੈਂ।
ਪ੍ਰਿਥਕ ਹੋਨ ਕੋ ਕਬਹੁਂ ਨ ਕਾਂਖੈਂ ॥੬॥
ਸਦਨ ਥਿਰਹਿਂ ਤੌ ਬੈਠਹਿਂ ਤੀਰ।
ਜੇ ਕਰਿ ਚਢਹਿਂ ਕਬਹਿ ਗੁਰ ਧੀਰ।
ਹਯ ਚਢਾਇ ਕਰਿ ਸੰਗ ਲਿਜਾਵੈਂ।
ਸਿਵਕਾ ਚਢੈਂ ਤ ਸਾਥ ਚਢਾਵੈਂ ॥੭॥

[1]ਨਿਰਗੁਣ ਤੇ ਸਰਗੁਣ ਦਾ ਮੂਲ ਇਕ ਆਤਮਾਂ ਹੈ।

[1]ਸਰਦ ਰਿਤੁ = ਅੱਸੂ ਕੱਤਕ ਦੇ ਮਹੀਨੇ। [2]ਹਿਮ ਰਿਤੁ = ਮੱਘਰ ਪੋਹ।

ਸਤੁਦ੍ਰਵ ਕੂਲ ਸੈਲ ਕੋ ਜਾਇਂ।
ਕੈ ਸੈਲਨਿ ਕੇ ਸ਼ਿਖਰ ਸਿਧਾਇਂ।
ਹੇਰਤਿ ਕਬਹੁਂ ਕੰਦਰਾ ਬਿਚਰਤਿ।
ਸ੍ਰੀ ਹਰਿਰਾਇ ਸੰਗ ਰਹਿਂ ਜਿਤ ਕਿਤ ॥੮॥
ਸੁੰਦਰ ਬਸਤ ਅਨਿਕ ਪਹਿਰਾਵੈਂ।
ਭਾਂਤਿ ਭਾਂਤਿ ਭੂਖਨਿ ਬਨਿਵਾਵੈਂ।
ਪਹਿਰਾਵੈਂ ਕਰਿ ਪ੍ਰੇਮ ਘਨੇਰੇ।
ਸ਼ੋਭਤਿ ਸ੍ਰੀ ਹਰਿਰਾਇ ਬਡੇਰੇ ॥੯॥
ਸੂਰਜ ਮਲ ਬੈਠਹਿਂ ਬਹੁ ਪਾਸ।
ਨਾਂਹਿ ਤ ਅਪਨੇ ਬਸੈਂ ਅਵਾਸ।
ਕਬਿ ਕਬਿ ਆਵਹਿਂ ਤੇਗ ਬਹਾਦਰ।
ਕਰਹਿਂ ਸਭਿਨਿ ਤੇ ਇਨ ਬਹੁ ਆਦਰ ॥੧੦॥
ਨਹਿਂ ਬੋਲਹਿਂ ਬਹੁ ਧਾਰਹਿਂ ਮੌਨ।
ਜਗ ਬਿਵਹਾਰ ਨ ਜਾਨਹਿਂ ਕੌਨ।
ਅੰਤਰ ਬ੍ਰਿਤੀ ਮਸਤ ਕੀ ਨਜਾਈਂ।
ਸਭਿ ਜਾਨਹਿਂ, -ਇਹ[1] ਲਖਹਿ ਨ ਕਾਈ- ॥੧੧॥
ਸ੍ਰੀ ਹਰਿਗੋਵਿੰਦ ਹੋਇ ਇਕੰਤ।
ਕਿਧੌਂ ਬਹੁਤ ਨਰ ਮਹਿਂ ਭਗਵੰਤ।
ਬਾਸਰ ਬੀਸ ਪਚੀਸਨਿ ਬਿਖੈ।
ਜਬਿ ਚਿਤ ਹੁਇ -ਪਿਤ ਦਰਸ਼ਨ ਪਿਖੈਂ[1]- ॥੧੨॥
ਸਨੈ ਸਨੈ ਚਲਿ ਪਾਇਨਿ ਧਰਤਿ[1]।
ਲਾਜ ਸਹਿਤ ਦ੍ਰਿਗ ਨੀਚੇ ਕਰਤਿ।
ਗੁਰ ਪਗ ਪੰਕਜ ਬੰਦਹਿਂ ਜਾਇ।
ਹਾਥ ਜੋਰ ਕਰਿ ਗ੍ਰੀਵ ਨਿਵਾਇ ॥੧੩॥
ਪੁੱਤ੍ਰ ਸਧੀਰਜ ਪਿਖਿ ਗੰਭੀਰ।
ਸਾਦਰ ਬੋਲਿ ਬਿਠਾਵਹਿਂ ਤੀਰ।
ਕਬਿਹੂੰ ਜ਼ਾਨੁ ਲੇਤਿ ਉਚਾਇ।
'ਬੈਠਹੁ ਨਿਕਟਿ' ਸਥਾਨ ਬਤਾਇ ॥੧੪॥

[1]ਭਾਵ ਸ੍ਰੀ ਤੇਗ ਬਹਾਦਰ ਜੀ।

[1]'ਪਿਤਾ ਜੀ ਦੇ ਦਰਸ਼ਨ ਕਰਾਂ' (ਤਦ)......।

[1]ਚਰਨ ਧਰਦੇ।

ਕਬਿਹੁੰ ਗਹਿ ਕਰਿ ਭੁਜਾ ਬਿਠਾਵੈਂ।
ਸਨਮਾਨਹਿਂ ਸੁਤ ਕੋ ਦਰਸਾਵੈਂ।
ਪਿਖਹਿ ਨਾਨਕੀ ਕਬਿ ਘਰ ਮਾਂਹੀ।
ਆਦਰ ਦੇਤਿ ਬਿਠਾਵੈਂ ਤਾਂਹੀ ॥੧੫॥
ਰਿਦੈ ਬਿਚਾਰੈ -ਇਹ ਸੁਤ ਮੇਰੋ।
ਲਖਹਿ ਨ ਜਗ ਬਿਵਹਾਰ ਬਡੇਰੋ।
ਕਿਹ ਸੋਂ ਪਜਾਰ ਨ ਬੈਠਹਿ ਬੋਲਹਿ।
ਨਹੀਂ ਚਤਰ ਮਤ ਏਕਲ ਡੋਲਹਿ ॥੧੬॥
ਘਰ ਮਹਿਂ ਬੈਠਿ ਇਕਾਂਕੀ ਰਹੈ।
ਕਿਹ ਮਸੰਦ ਸੋਂ ਮੇਲ ਨ ਲਹੈ।
ਪੱਖ ਪਾਤ ਕਾਹੂੰ ਸੰਗ ਨਾਂਹੀ।
ਲੈਬੋ ਦੈਬੋ ਕਰੈ ਨ ਕਾਂਹੀ ॥੧੭॥
ਸ਼੍ਰੀ ਗੁਰਦਿੱਤਾ ਜਾਨਹਿ ਸਾਰਾ।
ਸਭਿ ਘਰ ਕੋ ਬਿਵਹਾਰ ਸੰਭਾਰਾ।
ਤਿਸ ਕੋ ਭੀ ਆਦਰ ਨਹਿਂ ਏਤੋ।
ਮਮ ਲਘੁ ਸੁਤ ਕੋ ਠਾਨਤਿ ਜੇਤੋ ॥੧੮॥
ਸੋ ਪਰਲੋਕ ਗਏ ਅਬਿ ਪਾਛੈ।
ਸੂਰਜਮਲ ਜਾਨਤਿ ਮਤਿ ਆਛੈ।
ਘਰ ਕੀ ਕਾਰ ਕਰਤਿ ਸਭਿ ਭਾਵਤਿ।
ਅਪਨਿ ਪਿਤਾ ਕੋ ਭਲੇ ਰਿਝਾਵਤਿ ॥੧੯॥
ਅਣੀਰਾਇ ਕੀ ਬਾਤ ਕਹਾਂ ਹੈ।
ਜਨਮਤਿ ਹੀ ਜੋ ਮਸਤ ਮਹਾਂ ਹੈ।
ਗੁਰੂ ਪ੍ਰਸੰਨ ਪੌਤ੍ਰ ਪਰ ਰਹੈਂ।
ਨਿਸਦਿਨ ਪ੍ਰੀਤਿ ਸਹਿਤ ਹੀ ਲਹੈਂ ॥੨੦॥
ਮਮ ਸੁਤ ਕੋ ਆਦਰ ਕਯੋਂ ਕਰੈਂ।
ਇਹ ਕੁਛ ਭੇਦ ਨ ਜਾਨਯੋ ਪਰੈ-।
ਰਿਦੈ ਬਿਚਾਰਤਿ ਦਿਨਨਿ ਬਿਤੰਤਿ।
-ਬੁਝਹੁਂ ਕਬਹਿ? ਕੰਤ ਭਗਵੰਤ- ॥੨੧॥
ਇਕ ਬਾਸਰ ਸਤਿਗੁਰ ਘਰ ਮਾਂਹੀ।

ਬੈਠੀ ਹੁਤੀ ਨਾਨਕੀ ਪਾਹੀ।
ਤੇਗ ਬਹਾਦਰ ਤਬਿ ਚਲਿ ਆਏ।
ਪਿਤ ਗੁਰ ਦਰਸਨ ਕਰਨਿ ਲਲਚਾਏ
॥੨੨॥
ਸਾਦਰ ਨਿਕਟਿ ਬਿਠਾਵਨ ਕੀਨਿ।
ਬੰਦਨ ਕਰਤਿ ਗਹੀ ਭੁਜ ਪੀਨ।
ਬੈਠੇ ਤਰੇ ਬਿਲੋਚਨ ਕਰੇ।
ਪਿਤਾ ਨਿਕਟਿ ਨਹਿਂ ਊਚ ਨਿਹਰੇਂ
॥੨੩॥
ਲਖਿ ਅਵਕਾਸ਼[1] ਇਕਾਂਕੀ ਕੰਤ। [1]ਇਕਾਂਤ।
ਕਹਤਿ ਨਾਨਕੀ 'ਸੁਨਿ ਭਗਵੰਤ!
ਸਭਿ ਤੇ ਲਘੁ ਨੰਦਨ ਇਹੁ ਮੇਰੋ।
ਜਿਸ ਕੋ ਸੂਧ ਸੁਭਾਵ ਬਡੇਰੋ ॥੨੪॥
ਪੁੱਤ੍ਰ ਆਪ ਕੇ ਅਪਰ ਬਡੇਰੇ।
ਚਿਤ ਜਾਨਤਿ ਬਿਵਹਾਰ ਘਨੇਰੇ।
ਘਰ ਕੇ ਕਾਰ ਸੰਭਾਰਨ ਕਰੇ।
ਲੇਰਿ ਰੁ ਦੇਨਿ ਜਥੋਚਿਤ ਧਰੇ ॥੨੫॥
ਸਰਬ ਪ੍ਰਕਾਰਨਿ ਚਹਤਿ ਬਡਾਈ।
ਮਿਲਹਿਂ ਮਸੰਦ ਜਿਨਹੁਂ ਸਮੁਦਾਈ।
ਇਹ ਮਮ ਸੁਤ ਨਹਿਂ ਜਾਨਤਿ ਕੋਈ।
ਰਹਤਿ ਇਕਾਂਕੀ ਤੂਸ਼ਨਿ ਹੋਈ ॥੨੬॥
ਤੁਮ ਸਨਮਾਨਹੁ ਸਭਿ ਤੇ ਘਨੋ।
ਕਾਰਨ ਕਹਾਂ ਸੁਮਤਿ ਲਖਿ ਮਨੋ[1]। [1]ਕੀ ਕਾਰਨ ਹੈ? (ਕੀਹ ਆਪ ਜੀ ਨੇ ਇਸ ਦੀ ਕੋਈ) ਸੁਮਤੀ ਮਨ ਵਿਚ ਲਿਖੀ ਹੈ। (ਅ) (ਆਪ ਦੀ) ਸੁਮਤੀ ਨੂੰ ਮੈਂ ਮਨ ਵਿਚ ਸਮਝਣਾ ਚਾਹੁੰਦੀ ਹਾਂ।
ਮੁਝ ਮਨ ਸੰਸੈ ਹੋਤਿ ਸਦਾਈ।
ਰਹੀ ਬਿਚਾਰ ਨ ਜਾਨਜੋ ਜਾਈ ॥੨੭॥
ਕ੍ਰਿਪਾ ਕਰਹੁ ਅਬਿ ਸਾਚ ਬਤਾਵਹੁ।
ਕਿਮ ਸਨਮਾਨਹੁ ਭੇਵ ਬੁਝਾਵਹੁ।'
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ।
ਸੁਤ ਕੀ ਦਿਸ਼ਾ ਬਿਲੋਚਨ ਲਾਏ ॥੨੮॥
ਪਿਖਿ ਸ਼੍ਰੀ ਹਰਿਗੋਵਿੰਦ ਬਖਾਨਾ।
'ਕਹਾਂ ਭੋਲੀਏ! ਭੇਵ ਪਛਾਨਾ।

ਅਜਰ ਜਰਨ ਉਰ ਧੀਰ ਧੁਰੰਧਰ[1]।
ਇਸ ਮਨਿੰਦ ਨ ਅਪਰ ਜਗ ਅੰਦਰ ॥੨੯॥
ਇਕ ਤੌ ਇਹ ਗਨ ਮਾਨਨ ਠੌਰ[1]।
ਸੁਨਹੁ ਦੂਸਰੋ ਕਾਰਨ ਔਰ।
ਇਸ ਕੋ ਪੁੱਤ੍ਰ ਹੋਹਿ ਬਲਵੰਡ।
ਤੇਜ਼ ਪ੍ਰਚੰਡ ਝੁੰਡ ਖਲ ਖੰਡ[1] ॥੩੦॥
ਰੁੰਡ ਮੁੰਡ ਬਡ ਸ਼ੱਤ੍ਰ ਬਿਹੰਡ[1]।
ਘਾਲਹਿ ਸੰਘਰ ਘੋਰ ਘਮੰਡ।
ਜਗਤ ਗੁਰੂ ਸ਼੍ਰੀ ਨਾਨਕ ਕੇਰਾ।
ਨਾਮ ਕਰਹਿ ਉੱਜਲ ਬਹੁਤੇਰਾ ॥੩੧॥
ਮਹਾਂ ਪੁਰਖ ਬਡ ਤੇਜ ਅਮੰਦ।
ਦੇਗ ਤੇਗ ਕੋ ਧਨੀ ਬਿਲੰਦ।
ਗੁਰਨਿ ਪ੍ਰਤਾਪ ਬਿਸਾਲ ਵਧਾਵਹਿ।
ਚਹੁੰਕੁੰਟਨਿ ਪਰ ਛਾਯਾ ਛਾਵਹਿ ॥੩੨॥
ਤਿਨ ਕੇ ਜਨਮ ਹੋਨਿ ਕਰਿ ਘਰ ਮੈਂ।
ਮਾਨਨੀਯ ਇਹ ਸਭਿ ਸੁਰ ਨਰ ਮੈਂ।
ਇਸ ਕਾਰਨ ਕਰਿ ਬਡੋ ਸਭਿਨਿ ਤੇ।
ਕਰਿ ਆਦਰ ਮ੍ਰਿਦੁ ਕੋ ਹਮ ਭਨਤੇ' ॥੩੩॥
ਸੁਨਤਿ ਅਨੰਦ ਨਾਨਕੀ ਹੋਈ।
ਬੰਦਨ ਕੀਨ ਬੰਦਿ ਕਰ ਦੋਈ।
-ਸੁਤ ਕੇ ਸੁਤ[1] ਗੁਨ ਨਿਧ ਹੁਇ- ਸੁਨਜੋ।
-ਬਨਹਿ ਸਾਚ ਇਨ ਕੋ, ਜਿਮ ਭਨਜੋ ॥੩੪॥
ਅਤਿ ਪ੍ਰਤਾਪ ਜੁਤਿ ਬਲੀ ਬਿਸਾਲਾ।
ਸਕਲ ਦਿਸ਼ਾ ਮਹਿਂ ਕਰਹਿ ਉਜਾਲਾ।
ਅਧਿਕ ਬਿਭੂਤਿ ਮੋਹਿ ਘਰ ਆਵਹਿ।
ਪੌਤ੍ਰਾ ਸਭਿ ਸਮਾਜ ਬਿਰਧਾਵਹਿ- ॥੩੫॥
ਜਬਿ ਤੇ ਸੁਧਿ ਸਤਿਗੁਰੂ ਸੁਨਾਈ।

[1]ਅਜਰ ਨੂੰ ਜਰਨ ਵਾਲੇ ਹਿਰਦੇ ਦੇ ਧੀਰ ਤੇ (ਸਾਰੇ ਸ਼ੁਭ ਗੁਣਾਂ ਦੇ) ਧਾਰਨ ਕਰਨ ਵਾਲੇਂ। [ਸੰਸ: ਧੁਰੰਧਰ = ਭਾਰ ਚਾਣ ਵਾਲਾ+ਸ਼ੁਭ ਗੁਣਾਂ ਦਾ ਧਾਰਨ ਵਾਲਾ]

[1]ਇਕ ਤਾਂ ਇਸ ਗੁਣ ਕਰਕੇ ਸਤਿਕਾਰ ਜੋਗ ਹਨ।

[1]ਸਮੂਹ ਦੁਸ਼ਟਾਂ ਦਾ ਨਾਸ਼ਕ।

[1]ਨਾਸ਼ ਕਰੇਗਾ।

[1]ਪੋਤ੍ਰਾ।

ਭਈ ਪ੍ਰਫੁੱਲਿਤਿ ਅੰਗ ਨ ਮਾਈ।
ਰਹੀ ਪ੍ਰਤੀਖਤਿ ਭਈ ਅਨੰਦ।
ਹੋਹਿ ਪੌਤ੍ਰ ਕਬਿ ਬਾਂਹਿ ਬਿਲੰਦ[1] ॥੩੬॥ [1]ਮਹਾਂ ਬਲੀ।
ਜਬਿ ਜਨਮੈਂ ਦਸਮੇ ਪਤਿਸ਼ਾਹੂ।
ਦੇਖਿ ਅਨੰਦਤਿ ਬਹੁ ਮਨ ਮਾਂਹੂ।
ਪਤਿ ਕੋ ਬਚ ਸਿਮਰਤ ਹੀ ਰਹੀ।
ਜਯੋਂ ਜਯੋਂ ਵਧਿ ਪ੍ਰਤਾਪ ਭਾ ਮਹੀ[1] [1]ਧਰਤੀ ਤੇ।
॥੩੭॥
ਸ਼੍ਰੀ ਗੁਰ ਤੇਗ ਬਹਾਦਰ ਤਬੈ।
ਦ੍ਵੈ ਘਟਕਾ ਬੈਠੇ ਸੁਨਿ ਸਬੈ।
ਬੰਦਨ ਕਰਿ ਨਿਜ ਥਾਨ ਪਧਾਰੇ।
ਪੌਢਿ ਕੀਨਿ ਬਿਸਰਾਮ ਸੁਖਾਰੇ[†] ॥੩੮॥

[†]ਇਥੇ ਆਕੇ ਬਿਨਾਂ ਪ੍ਰਸੰਗ ਆਦਿ ਅੰਤ ਮਿਲਾਏ ਦੇ ਗੁਰੂ ਹਰਿਰਾਇ ਜੀ ਦੇ ਸੱਤਾਂ ਵਿਆਹਾਂ ਦਾ ਇਕ ਅਮੇਲਵਾਂ ਅੰਸੂ ਇੱਕ ਨੁਸਖੇ ਵਿਚ ਦੇਖਣ ਵਿਚ ਆਇਆ ਹੈ। ਪੁਰਾਤਨ ਲਿਖਤੀ ਤੇ ਛਾਪੇ ਦੇ ਅਤੇ ੧੯੧੮ ਦੇ ਨੁਸਖੇ ਵਿਚ ਇਹ ਪ੍ਰਸੰਗ ਨਹੀਂ ਆਇਆ। ਉੱਪਰ ਦੱਸੇ ਲਿਖਤੀ ਨੁਸਖੇ ਵਿਚ; ਜੋ ਬਹੁਤ ਮਗਰੋਂ ਦਾ ਹੈ, ਮਗਲਰੇ ਸਫਿਆਂ ਦੇ ਅੰਗਾਂ ਚੋਂ ਵਿਲੱਖਣ ਡਾਢੀ ਸਿਥਲ ਕਵਿਤਾ ਵਿਚ ਦੋ ਪਤਰੇ ਮਗਰੋਂ ਲਿਖ ਕੇ ਪਾਏ ਹੋਏ ਹਨ, ਜੋ ਸਪਸ਼ਟ ਆਖੇਪਕ ਹਨ। ਇਨ੍ਹਾਂ ਸਫਿਆਂ ਤੇ ਅੰਗ ਬੀ ਨਹੀਂ ਦਿਤੇ। ਪੁਸਤਕ ਦੇ ਆਪਣੇ ਅੰਗ ੫੫੭ ਤੋਂ ਬਾਦ ਦੇ ਪੱਤਰੇ ਆਖੇਪਕ ਬਿਨ ਅੰਗੇ ਆਕੇ ਫਿਰ ਅਸਲੀ ਲਿਖਤ ਵਿਚ ੪੪੮ ਪਤ੍ਰਾਂਗ ਸ਼ੁਰੂ ਹੋ ਜਾਂਦਾ ਹੈ। ਫਿਰ ਇਕ ਪੱਤਰਾ ਕੱਟ ਕੇ ਵਿਚ ਜੋੜਿਆ ਹੈ। ਰੱਤੀ ਭਰ ਸੰਸਾ ਉਸ ਦੇ ਆਖੇਪਕ ਹੋਣ ਦਾ ਨਹੀਂ ਰਹਿੰਦਾ, ਕਿਸੇ ਐਸੇ ਨੁਸਖੇ ਵਿਚ ਕੋਈ ਪਾਠਕ ਦੇਖਕੇ ਧੋਖਾ ਨਾ ਖਾਏ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਤੇਗ ਬਹਾਦਰ' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

## ੪੪. [ਬਿਧੀ ਚੰਦ ਸੁੰਦਰਸ਼ਾਹ ਪ੍ਰਲੋਕ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:
ਰਾਇ ਜੋਧ ਰਾਮਾ ਰਹਜੋ, ਧਰਮਾ ਸਤਿਗੁਰ
ਤੀਰ।
ਸਾਹਿਬ ਭਾਨਾ ਤਤਬਿਤਾ, ਅਪਰ ਕਿਤਿਕ
ਸਿਖ ਭੀਰ ॥੧॥
ਚੌਪਈ:
ਪਰਮਾਨੰਦ ਅਰੁ ਸੁੰਦਰ ਰਹਜੋ।
ਗੁਰ ਸਮੀਪਤਾ ਕੋ ਸੁਖ ਲਹਜੋ।
ਬਾਕ ਬਿਲਾਸ ਅਨਿਕ ਬਿਧਿ ਹੋਤਿ।
ਭਗਤਿ ਗਜਾਨ ਕੋ ਅਨੰਦ ਉਦੋਤ ॥੨॥
ਨਾਨਾ ਪ੍ਰਸ਼ਨ ਗੁਰੂ ਸੰਗ ਕਰੈਂ।
ਸੁਨਹਿ ਭਲੇ ਉਰ ਅਨੰਦ ਧਰੈਂ।
ਬਿਧੀ ਚੰਦ ਗੁਰ ਸੇਵ ਕਮਾਵੈ।
ਸੁਭਟ ਤੁਰੰਗਨਿ ਕੀ ਸੁਧ ਪਾਵੈ ॥੩॥
ਲੇਨਿ ਦੇਨਿ ਕੋ ਬਡ ਬਿਵਹਾਰ।
ਚਲਹਿ ਦੇਗ ਅਨਤੋਟ ਅਹਾਰ।
ਗੁਰ ਕੇ ਅੰਤਹਿਪੁਰ ਪਹੁੰਚਾਵਨ।
ਬਸਤ੍ਰ ਬਿਭੂਖਨ ਜੋ ਮਨ ਭਾਵਨ ॥੪॥
ਗੁਰ ਮਰਜ਼ੀ ਕੋ ਲਖਿ ਇਕ ਬੇਰ।
ਤਿਸੀ ਰੀਤਿ ਬਰਤਹਿਂ ਨਿਤ ਹੇਰਿ।
ਲਾਲਚੰਦ ਨਿਜ ਨੰਦਨ ਭਾਯੋ।
ਨਿਸ ਦਿਨ ਗੁਰ ਸੇਵਾ ਮਹਿਂ ਲਾਯੋ ॥੫॥
ਜਨਮ ਮਰਨ ਨਿਤ ਭਵਜਲ ਫੇਰਾ।
ਸਿੱਖੀ ਮਗ ਚਲਿ ਸਕਲ ਨਿਬੇਰਾ।
ਰਣ ਕੋ ਕਰਤਿ ਰਿਪੁਨਿ ਕਹੁ ਜੇਤਾ[1]।
ਆਨੰਦ ਲਹਜੋ ਮਹਾਂ ਤਤਬੇਤਾ ॥੬॥
ਚਿਰੰਕਾਲ ਗੁਰ ਭਗਤਿ ਕਮਾਈ।
ਦਰਸ਼ਨ ਠਾਨਤਿ ਬੈਸ ਬਿਤਾਈ।
ਸ਼੍ਰੀ ਮੁਖਬਾਕ ਸੁਨਤਿ ਸੁਖੁ ਮਾਨਿ।
ਕਰੇ ਕ੍ਰਿਤਾਰਥ ਦ੍ਰਿਗ ਅਰੁ ਕਾਨ ॥੭॥
ਸਫਲ ਸੀਸ ਪਦ ਬੰਦਨ ਧਰਤਿ।

[1]ਜਿੱਤਕੇ।

ਤਿਮ ਹਾਥਨਿ ਤੇ ਸੇਵਾ ਕਰਤਿ।
ਗੁਰ ਕਾਰਜ ਮਹਿਂ ਇਤ ਉਤ ਚਲੇ।
ਕੀਨਸਿ ਚਰਨ ਕ੍ਰਿਤਾਰਥ ਭਲੇ ॥੮॥
ਸੇਵਤਿ ਸਗਰੀ ਬੈਸ ਬਿਤਾਈ।
ਧੰਨ ਜਨਮ ਕਰਿ ਕੈ ਗਤਿ ਪਾਈ।
ਭਯੋ ਬ੍ਰਿੱਧ ਗੁਰ ਦਰਸ ਨਿਹਾਰਤਿ।
ਸਰਬ ਪ੍ਰਕਾਰ ਸ਼ਕਤਿ ਕੋ ਧਾਰਤਿ ॥੯॥
ਅੰਤ੍ਰਜਾਮਤਾ ਆਦਿਕ ਭਈ।
ਗੁਰ ਕ੍ਰਿਪਾਲ ਤੇ ਗਤਿ ਮਤਿ ਲਈ[1]। [1]ਮੋਖ ਦੀ ਰੀਤੀ।
ਸਗਲ ਆਰਬਲ ਬਿਤੀ ਪਛਾਨੀ।
ਅੰਤ ਗਤੀ ਅਪਨੀ ਮਨ ਜਾਨੀ ॥੧੦॥
ਸੁੰਦਰ ਸ਼ਾਹੁ ਸੰਗ ਤਕਰਾਰ[1]। [1]ਇਕਰਾਰ।
ਪਹੁੰਚਨਿ ਤਿਸ ਕੇ ਨਿਕਟਿ ਪਧਾਰਿ।
ਚਿਤ ਮੈਂ ਸਮੁਝਿ ਗੁਰ ਢਿਗ ਆਇਵ।
ਹਾਥ ਜੋਰ ਕਰਿ ਬਿਨੈ ਅਲਾਇਵ ॥੧੧॥
ਲਾਲਚੰਦ ਚੰਦ ਕੋ ਪਾਸ ਬਿਠਾਇ।
'ਸਭਿ ਕਿਛੁ ਆਪ ਲਖਹੁ ਸੁਖਦਾਇ।
ਤਊ ਬੂਝਿਬੇ ਹੇਤੁ ਗੁਸਾਈਂ!
ਕਹੌਂ, ਬੈਸ ਮਮ ਸਕਲ ਬਿਤਾਈ ॥੧੨॥
ਅੰਤ ਸਮਾ ਪਹੁੰਚਯੋ ਅਬਿ ਆਇ।
ਤਜੌਂ ਦੇਹਿ ਤੁਮਰੇ ਗੁਨ ਗਾਇ।
ਇਸ ਮਹਿਂ ਏਕ ਹੇਤੁ ਹੈ ਔਰ।
ਸੁੰਦਰ ਸ਼ਾਹੁ ਬਸਹਿ ਜਿਸ ਠੌਰ ॥੧੩॥
ਹੁਕਮ ਆਪ ਕੋ ਲੇ ਤਹਿਂ ਜਾਊਂ।
ਤਹਿਂ ਤਨ ਤਜਿ ਪਰਲੋਕ ਸਿਧਾਊਂ।
ਕਰਿ ਆਯੋ ਤਿਹ ਸੋਂ ਤਕਰਾਰ।
-ਮਿਲ ਦੋਨਹੁ ਇਕ ਥਲ ਨਿਰਧਾਰ ॥੧੪॥
ਏਕ ਸਮੈ ਤਜਿ ਦੋਨਹੁ ਦੇਹਿ।
ਗਮਨਹਿ ਸ੍ਰੀ ਸਤਿਗੁਰ ਕੇ ਗ੍ਰੇਹ-।
ਸੋ ਅਬਿ ਚਹੌਂ ਕਰਯੋ ਮੈਂ ਸਾਚਾ।
ਪਹੁੰਚਨਿ ਮਹਿਂ ਤਹਿਂ ਚਿਤ ਹਿਤ ਰਾਚਾ'

॥੧੫॥
ਸ਼੍ਰੀ ਹਰਿਗੋਵਿੰਦ ਸੁਨਿ ਮੁਸਕਾਏ।
'ਨਿਜ ਤਜਾਰੀ ਕਰਿ ਹਮ ਢਿਗ ਆਏ।
ਕਹਜੋ ਬਾਕ ਸੋ ਸਾਚ ਕਰੀਜੈ।
ਸੁੰਦਰ ਸ਼ਾਹੁ ਮਿਲਹੁ ਸੰਗ ਲੀਜੈ ॥੧੬॥
ਇਕਠੇ ਹੁਇ ਗੁਰ ਸਦਨ ਸਿਧਾਰੋ।
ਮ੍ਰਿਖਾ[1] ਜਗਤ ਕੋ ਮੇਲ ਬਿਚਾਰੋ।'
ਬਿਧੀ ਚੰਦ ਬੰਦਤਿ ਕਰ ਬੰਦਿ।
ਲਾਲਚੰਦ ਦੇਖਜੋ ਢਿਗ ਨੰਦ ॥੧੭॥
ਸੋ ਸਤਿਗੁਰ ਕੇ ਪਾਇਨਿ ਪਾਯੋ।
ਸੇਵ ਕਰਨਿ ਨਿਸ਼ਕਪਟ ਸਿਖਾਯੋ।
'ਭੁਗਤਿ ਮੁਕਤਿ ਦੋਨਹੁਂ ਗੁਰ ਪਾਸ।
ਨਹਿਂ ਤਜਾਗਹੁ ਨਿਤ ਰਹੋ ਅਵਾਸ
॥੧੮॥
ਜੋ ਆਇਸੁ ਦੇਂ ਤੂਰਨ ਕਰੀਅਹਿ।
ਗੁਰ ਕਾਰਜ ਕੋ ਬਿਲਮ ਨ ਧਰੀਅਹਿ।'
ਸ਼੍ਰੀ ਹਰਿਗੋਵਿੰਦ ਗਹਿ ਕਰਿ ਬਾਂਹੂ।
ਦਈ ਧੀਰ 'ਤੁਮ ਸਮ ਇਸ ਚਾਹੂ ॥੧੯॥
ਤੋਰ ਮੋਰ ਮਹਿਂ ਭੇਦ ਨ ਕੋਈ।
ਗੁਰ ਸਿਖ ਨਾਮ ਰਹੇ ਅਬਿ ਦੋਈ।
ਰੂਪ ਏਕ ਮੇਰੇ ਸੰਗ ਭਯੋ।
ਗੁਰ ਘਰ ਕਾਜ ਬਹੁਤ ਤੈਂ ਕਿਯੋ ॥੨੦॥
ਆਗੇ ਲਾਲਚੰਦ ਅਬਿ ਸੇਵਹਿ।
ਹਮ ਪਾਛੇ ਗੁਰਤਾ ਜੋ ਲੇਵਹਿ।
ਸਦਾ ਸਾਂਝ ਤੇਰੀ ਪੁਸ਼ਤੈਨੀ[1]।
ਨਿਬਹੈ ਗੁਰ ਘਰ ਸੰਗ ਸੁਖੈਨੀ' ॥੨੧॥
ਇੱਤਜਾਦਿਕ ਕਹਿ ਕਰਜੋ ਬਿਸਰਜਨ।
ਬਾਰ ਬਾਰ ਹੇਰਤਿ ਕਰਿ ਅਰਜ਼ਨ।
ਚਰਨ ਸਰੋਜ ਨਮੋ ਕਰਿ ਚਲਜੋ।
ਕਮਲ ਬਿਲੋਚਨ ਤੇ ਜਲ ਢਲਜੋ ॥੨੨॥
ਸਾਹਿਬ ਭਾਨੇ ਆਦਿ ਘਨੇਰੇ।
ਜੋਧਰਾਇ ਸੋਂ ਮਿਲਿ ਤਿਸ ਬੇਰੇ।

[1]ਮਿਥਿਆ [ਸੰਸ: ਮ੍ਰਿਖਾ]

[1]ਪੀੜ੍ਹੀਆਂ ਦੀ ਸਾਂਝ।

ਲੇ ਕਰਿ ਖੁਸ਼ੀ ਸਭਿਨਿ ਤੇ ਚਾਲਾ।
ਰੋਗ ਨ, ਸੋਗ ਨ, ਬਜੋਗ ਨ, ਰਾਲਾ†[1] ॥੨੩॥
ਸ਼੍ਰੀ ਹਰਿਗੋਵਿੰਦ ਮੂਰਤਿ ਸੁੰਦਰ।
ਕਰੀ ਟਿਕਾਵਨਿ ਤਬਿ ਉਰ ਅੰਦਰ।
ਪ੍ਰੇਮ ਮਹਾਤਮ ਸ਼੍ਰੀ ਗੁਰ ਕੇਰਾ।
ਭਏ ਗਜਾਨ ਭੀ[1] ਰਹਜੋ ਬਡੇਰਾ ॥੨੪॥
ਗਯੋ ਤੁਰਤ ਹੀ ਤੌਨੈ ਦੇਸ਼।
ਜਹਿਂ ਸਿਖ ਸੁੰਦਰ ਸ਼ਾਹੁ ਵਿਸ਼ੇਸ਼।
ਜਿਮ ਜੋਗੀਸ਼ਰ ਲਾਇ ਸਮਾਧਿ।
ਬਿਧੀਚੰਦ ਕੋ ਰਹਜੋ ਅਰਾਧਿ ॥੨੫॥
ਸਿਮਰਨ ਸੱਤਿਨਾਮ ਮੁਖ ਅੰਤਰ।
ਗੁਰੂ ਪਰਾਇਨ[1] ਬੈਠਿ ਨਿਰੰਤਰ।
ਕਹਜੋ ਜਾਇ 'ਉਠੀਅਹਿ ਮਮ ਪਜਾਰੇ !
ਚਲਿ ਆਯੋ ਇਤ ਹੇਤੁ ਤੁਹਾਰੇ ॥੨੬॥
ਜੋ ਤਕਰਾਰ ਤੋਹਿ ਸੰਗ ਕੀਨੋਂ।
ਪਹੁੰਚਜੋ ਆਨਿ ਸਮਾ ਸੋ ਚੀਨੋਂ।'
ਜਬਹਿ ਸ਼੍ਰੋਨ ਮਹਿਂ ਸ਼ਬਦ ਪ੍ਰਵੇਸ਼ਾ।
ਛਭਜੋ ਰਿਦਾ ਜਿਹ ਸ਼ਾਂਤਿ ਵਿਸ਼ੇਸ਼ਾ ॥੨੭॥
ਕਮਲ ਬਿਲੋਚਨ ਖੋਲਿ ਵਿਲੋਕਾ।
ਆਗੇ ਖਰੋ ਗੁਰੂ†, ਹਤਿ ਸ਼ੋਕਾ[1]।
ਪਗ ਪੰਕਜ ਪਰ ਸੀਸ ਨਿਵਾਯੋ।
ਧੂਲ ਲੀਨਿ ਮੁਖ ਚਖ ਪਰ ਲਾਯੋ ॥੨੮॥
'ਧੰਨ ਭਾਗ ਮੈਂ ਭਯੋ ਕ੍ਰਿਤਾਰਥ।
ਪਹੁੰਚਿ ਦੂਰ ਤੇ ਕਰਜੋ ਸਕਾਰਥ।
ਰਹਜੋ ਪ੍ਰਤੀਖਤਿ ਤੁਮ ਆਗਵਨੁ।
ਥਿਰਜੋ ਧਜਾਨ ਧਰਿ ਮੈਂ ਇਕ ਭਵਨੁ ॥੨੯॥
ਬਚਨ ਸੰਭਾਰ ਆਪ ਹੋ† ਆਏ।
ਅੰਤ ਸਮੈ ਨਿਜ ਸਾਥ ਮਿਲਾਏ।'

[1]ਕਿਣਕਾ ਭਰ ਬੀ। (ਅ) ਰਲਿਆ। †ਪਾ:-ਬਜੋਗ ਨਿਰਾਲਾ = ਵਿਜੋਗ ਤੋਂ ਵੱਖ ਹੈ।

[1]ਗਿਆਨ ਦੇ ਹੋਇਆਂ ਭੀ।

[1]ਗੁਰੂ ਆਸਰੇ।

[1]ਸ਼ੋਕ ਦੂਰ ਕਰਨ ਵਾਲਾ। †ਦੇਖੋ ਇਸੇ ਰਾਸਿ ਦੇ ਅੰਸੂ ੩੫ ਅੰਕ ਦੇ 'ਗੁਰ' ਪਦ ਦਾ ਪ੍ਰਯਾਂਯ।

†ਪਾ:-ਕੋ।

ਬੈਠਯੋ ਬਿਧੀਚੰਦ ਤਬਿ ਭਾਖਾ।
'ਪੂਰਨ ਕੀਨਿ ਤੋਹਿ ਅਬਿ ਕਾਂਖਾ ॥੩੦॥
ਭੌਤਕ ਤਨੁ ਅੰਤ ਇਸ[1] ਹੇਰਾ।
ਮ੍ਰਿਤੁ ਸਮਾ ਮੇਰਾ ਅਰੁ ਤੇਰਾ।
ਇਸੀ ਹੇਤੁ ਮੈਂ ਤੂਰਨ ਆਵਾ।
ਚਾਹਤਿ ਤੋ ਕਹੁ ਸੰਗ ਰਲਾਵਾ ॥੩੧॥
ਸ਼੍ਰੀ ਨਾਨਕ ਕੋ ਲੇ ਕਰਿ ਨਾਮੂ।
ਰਿਦੈ ਧਰਹੁ ਮੂਰਿਤ ਅਭਿਰਾਮੂ।
ਤਨ ਕਹੁ ਤਜਾਗਹੁ ਚਲਹੁ ਸੁਖੈਨ।
ਪਹੁੰਚਹੁ ਸਾਦਰ ਸਤਿਗੁਰੁ ਐਨ ॥੩੨॥
ਏਕ ਜਾਮ ਅਬਿ ਬੈਸ ਹਮਾਰੀ।
ਤੈਸੇ ਜਾਨਹੁ ਰਹੀ ਤੁਮਾਰੀ।
ਉਠਹੁ ਸ਼ਨਾਨ ਠਾਨਿ ਕੁਛ ਡਾਸਹੁ।
ਬਿਨਾ ਤ੍ਰਾਸ ਗੁਰ ਆਸ ਹੁਲਾਸਹੁ[1]' ॥੩੩॥
ਸੁਨਿ ਅਨੰਦ ਕਰਿ ਸੁੰਦਰਸ਼ਾਹੂ।
ਵਧੀ ਚੌਂਪ, ਚਲਿਬੇ ਗੁਰ ਪਾਹੂ।
ਉਠਿ ਦੋਨੋ ਤਬਿ ਨਿਰਮਲ ਪਾਨੀ।
ਕਰਿ ਸ਼ਨਾਨ ਪਾਵਨਤਾ[1] ਠਾਨੀ ॥੩੪॥
ਕੁਸ਼ ਕੇ ਆਸਤਰਨ ਜੁਗ ਕੀਨੇ।
ਕੁਛਕ ਫਰਕ ਸੋਂ ਦੌਨ ਅਸੀਨੇ।
ਸ਼੍ਰੀ ਹਰਿਗੋਵਿੰਦ ਸੁਜਸੁ ਉਚਾਰਾ।
'ਨਿਜ ਦਾਸਨਿ ਪਰ ਦਜਾਲੁ ਉਦਾਰਾ ॥੩੫॥
ਲੋਕ ਪ੍ਰਲੋਕ ਸਹਾਇਕ ਭਾਰੇ।
ਸੇਵਕ ਅਪਨਿ ਹਜ਼ਾਰਹੁੰ ਤਾਰੇ।'
ਬਚਨ ਬਿਲਾਸ ਏਵ ਕੁਛ ਕਰੇ।
ਪੁਨ ਦ੍ਰਿਗ ਮੂੰਦਿ ਧਜਾਨ ਕੋ ਧਰੇ ॥੩੬॥
ਨਿਜ ਨਿਜ ਬਦਨ ਛਾਦਿ ਪੁਨ ਲੀਨੇ।
ਆਸਤਰਨ ਪਰ ਪੌਢਨ ਕੀਨੇ।
ਤਜ ਸੁਖੇਨ ਪ੍ਰਾਨ ਪੁਨ ਦੌਨ।
ਮੰਗਲ ਭਯੋ ਦੇਵਤਨਿ ਭੌਨ ॥੩੭॥

[1]ਇਸ ਪੰਜਾਂ ਭੂਤਾਂ ਦੇ ਸਰੀਰ ਦਾ ਅੰਤ।
[1]ਗੁਰੂ ਜੀ ਦੀ ਆਸ ਤੇ ਅਨੰਦ ਕਰੋ।
[1]ਪਵਿਤ੍ਰਤਾ।

ਹਿਤ ਆਦਰ ਕੇ ਆਗੇ ਆਇ।
ਦੋਨਹੁ ਲੀਨਿ ਬਿਮਾਨ ਚਢਾਇ।
ਜੈ ਜੈ ਸ਼ਬਦ ਉਚਾਰਤਿ ਭਏ।
ਸਤਿਗੁਰ ਪੁਰਿ ਕੋ ਤਤਛਿਨ ਗਏ ॥੩੮॥
ਤਪਤ ਸੂਰਨ ਸਮ[1] ਤਨ ਕੌ ਬਰਨ।
ਦਿੱਬ ਬਸਨ ਧਾਰੇ ਆਭਰਨ[1]।
ਜਾਇ ਗੁਰੂ ਪੁਰਿ ਇਸਥਿਤ ਭਏ।
ਬੰਦਨ ਆਦਿ ਜਥੋਚਿਤ ਕਿਏ ॥੩੯॥
ਇਸ ਪ੍ਰਕਾਰ ਗੁਰ ਕੋ ਸਿਖ ਭਾਰੀ।
ਕਾਂਯਾਂ ਤਯਾਗਨਿ ਕੀਨਿ ਸੁਖਾਰੀ।
ਦੇਉ ਗ੍ਰਾਮ ਤੇ ਤਬਿ ਨਰ ਆਏ।
ਦੋਨਹੁੰ ਬਿਨਾ ਪ੍ਰਾਨ ਦਰਸਾਏ ॥੪੦॥
ਦਫਨ ਕਰਯੋ ਤਿਨ ਸੁੰਦਰ ਸ਼ਾਹੂ।
ਪੂਜਨ ਹੇਤੁ ਥਾਨ ਕਰਿ ਤਾਂਹੂ।
ਤੈਸੇ ਬਿਧੀਚੰਦ ਕੋ ਦਾਹਾ।
ਅਬਿ ਲੌ ਮਾਨਹਿੰ, ਬਾਂਛਤਿ ਪਾਹਾ[†] ॥੪੧॥

[1]ਤਪਾਏ ਹੋਏ ਸੋਨੇ ਵਰਗਾ।
[1]ਰੂਹਾਨੀ ਕੱਪੜੇ ਦੇ ਗਹਿਣੇ।
[†]ਇਕ ਸਮਾਧ ਦੇਉ ਨਗਰ ਤੇ ਇਕ ਸੁਰ ਸਿੰਘ ਪਿੰਡ ਬੀ ਸੁਣੀਂਦੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੈ 'ਬਿਧੀਚੰਦ ਤਨ ਤਜਨ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿਸੰਤੀ ਅੰਸੂ ॥੪੪॥

## ੪੫. [ਸ਼੍ਰੀ ਹਰਿਰਾਇ ਜੀ ਦੇ ਜਾਮੇ ਨਾਲ ਫੁੱਲ ਟੁੱਟਾ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਸ਼੍ਰੀ ਹੋਰਿਗੋਵਿੰਦ ਚੰਦ ਜੀ, ਬਿਰਹ ਬਿਧੀਚੰਦ ਪਾਇ।
ਬਹੁ ਉਦਾਸ ਉਰ ਮਹਿਂ ਰਹੈਂ, ਭੇਵ ਨ ਕਛੁ ਜਨਾਇਂ ॥੧॥

ਚੌਪਈ:

ਲਾਲ ਚੰਦ ਕੋ ਰਾਖਹਿਂ ਪਾਸਾ।
ਬਹੁ ਭਾਂਤਨਿ ਤੇ ਦੇਤਿ ਦਿਲਾਸਾ।
ਬਿਧੀਚੰਦ ਪਾਛੇ ਦਸਤਾਰ।
ਬੰਧਿਵਾਈ ਮ੍ਰਿਦੁ ਬਾਕ ਉਚਾਰਿ ॥੨॥
ਤਿਸ ਬਿਧਿ ਹੀ ਦੀਨਸਿ ਬਡਿਆਈ।
ਲੇ ਹਰਖਜੋ, ਗੁਰ ਸੇਵ ਕਮਾਈ।
ਕਰਨ ਕਾਰ ਪਰ ਤਿਸਹੀ ਲਾਯਹੁ।
ਬਡੇ ਮਸੰਦਨਿ ਸੰਗ ਮਿਲਾਯਹੁ ॥੩॥
ਏਕ ਦਿਵਸ ਸ਼੍ਰੀ ਹਰਿਗੋਵਿੰਦ।
ਪਹੁਂਚ ਉਪਬਨ ਪਿਖਿਨਿ ਬਿਲੰਦ।
ਖਰੇ ਜਹਾਂ ਬਹੁ ਤਰੁਵਰੁ ਜਾਤੀ।
ਚੰਪਕ, ਰਾਇ ਬੇਲ ਬਹੁ ਭਾਂਤੀ ॥੪॥
ਆਰੂ, ਆਮਰੂਦ, ਤਰੁ ਅੰਬ।
ਨਿੰਬੂ ਕਦਲੀ[1] ਖਰੇ ਕਦੰਬ[2]।

[1]ਕੇਲੇ। [2]ਇਕ ਬ੍ਰਿੱਛ ਜਿਸਨੂੰ ਗੋਲ ਗੋਲ ਖੇਨੂੰ ਵਰਗੇ ਫੁਲ ਪੈਂਦੇ ਹਨ।

ਦਾਰਮ[1], ਸੇਉ, ਫਾਰਸੇ[2], ਖਿਰਨੀ[3]।

[1]ਅਨਾਰ। [2]ਫਾਲਸਾ। [3]ਨਿਮੋਲੀ ਦੀ ਸ਼ਕਲ ਦੇ ਮਿੱਠੇ ਫਲ ਵਾਲਾ ਇੱਕ ਬ੍ਰਿੱਛ।

ਫੂਲਨ ਡਾਰੀ ਬਹੁ ਬਿਧਿ ਬਰਨੀ ॥੫॥
ਕਠਲ[1], ਬਠਲ[2], ਨੌਰੰਗੀ ਸੁੰਦਰ।

[1]ਕਟਹਰ ਯਾ ਕਠਲ। [2]ਢੇਉ।

ਇੱਤਯਾਦਿਕ ਤਰੁ ਉਪਬਨ ਅੰਦਰ।
ਰਾਇ ਜੋਧ ਅਰੁ ਭਾਨਾ ਸੰਗ।
ਵਹਿਰ ਉਤਰਿ ਤਜਿ ਦਏ ਤੁਰੰਗ ॥੬॥
ਅੰਤਰ ਬਰੇ ਤਰੋਵਰ ਹੇਰਹਿਂ।
ਪੁਸ਼ਪ ਪੁਸ਼ਪ ਪਰ ਦ੍ਰਿਸ਼ਟੀ ਪ੍ਰੇਰਹਿਂ।
ਕਰੈਂ ਸਰਾਹਨਿ 'ਇਹ ਬਰ ਬਿਕਸਜੋ।

| | |
|---|---|
| ਇਸ ਕੋ ਟੌਰ[1] ਉਚੇਰੇ ਨਿਕਸਜੋ ॥੭॥ | [1]ਸਿੱਟਾ। |
| ਇਸ ਕੋ ਸੁੰਦਰ ਬਰਨ ਬਿਸਾਲਾ। | |
| ਇਹ ਆਛੋ ਸੋਹੇ ਵਿਚ ਮਾਲਾ। | |
| ਚਾਰ ਪਾਂਖੁਰੀ ਇਸ ਕੀ ਸੋਹਤਿ। | |
| ਆਕ੍ਰਿਤ[1] ਮਹਾਂ ਬਨੀ ਮਨ ਮੋਹਤਿ' ॥੮॥ | [1]ਸ਼ੋਭਾ। |
| ਸ੍ਰੀ ਹਰਿਰਾਇ ਸੁ ਕਛੁਕ ਪਿਛੇਰੇ। | |
| ਹੁਤੇ ਤੁਰੰਗ ਪੰਥ ਕੇ ਨੇਰੇ[1]। | [1]ਰਾਹ ਦੇ ਨੇੜੇ ਘੋੜੇ ਸਨ। |
| ਰੁਕਜੋ ਪੌਰ[1] ਉਪਬਨ ਕੋ ਤਬੈ। | [1]ਤਿਨ੍ਹਾਂ ਘੋੜਿਆਂ ਨਾਲ) ਦਰਵਾਜ਼ਾ ਰੁਕਿਆ ਹੋਇਆ ਸੀ। |
| ਕਹਿ ਕਰ ਕੀਨੇ ਬਰਜਨ ਸਬੈ ॥੯॥ | |
| ਸਗਰੇ[1] ਮਗ ਤ ਦੂਰ ਹਟਾਏ। | [1]ਸਾਰੇ (ਘੋੜੇ)। |
| ਤਬੈ ਪ੍ਰਵੇਸ਼ਨ ਕੌ ਚਲਿ ਆਏ। | |
| [1]ਅਲਪ ਬੈਸ ਮਹਿਂ ਲਖਿ ਕਰਿ ਸਾਰੇ। | [1]ਸਾਰਿਆਂ ਨੇ (ਹਰਿਰਾਇ ਜੀ ਨੂੰ) ਛੋਟੀ ਉਮਰਾ ਦੇ ਜਾਣ ਕੇ ਘੋੜੇ ਪਰੇ ਕਰ ਦਿੱਤੇ ਜੋ ਆਪੋ ਵਿਚ ਲੜ ਨਾ ਪੈਣ। (ਅ) ਸਾਰੇ ਘੋੜੇ ਨਾ ਲੜ ਪੈਣ....। |
| ਲਰਹਿਂ ਨ ਹਯ ਇਤ ਉਤਹਿ ਨਿਵਾਰੇ[4] ॥੧੦॥ | |
| ਰੱਛਕ ਦਾਸ ਜਿਨਹੁ ਕੇ ਸੰਗ। | |
| ਹੁਤੇ ਅਰੋਹਨ ਬਲੀ ਤੁਰੰਗ। | |
| ਯਾਂ ਤੇ ਸਭਿ ਕਹੁ ਦਏ ਹਟਾਇ। | |
| ਉਤਰੇ ਆਪ ਤਬਹਿ ਹਰਿਰਾਇ ॥੧੧॥ | |
| ਸ਼ਤਪਾਲਨ ਕੋ[1] ਸੂਖਮ ਜਾਮਾ। | [1]ਸੌ ਪੱਲਿਆਂ ਦਾ। |
| ਨਿਤ ਪ੍ਰਤਿ ਪਹਿਰਹਿਂ ਬਹੁ ਅਭਿਰਾਮਾ। | |
| ਸੁੰਦਰ ਪਰਜੋ ਸਿਕੰਧ ਦੁਕੂਲ[1]। | [1]ਦੁਪੱਟਾ। |
| ਮਨਹੁਂ ਮ੍ਰਿਦੁਲਤਾ ਕੋ ਤਨ ਮੂਲ ॥੧੨॥ | |
| ਮਿਲੈਂ ਪਿਤਾਮਾ ਕੇ ਸੰਗ ਜਾਈ। | |
| ਯਾਂ ਤੇ ਚਾਲ ਚਲਤਿ ਚਪਲਾਈ[1]। | [1]ਕਾਹਲੀ ਵਾਲੀ। |
| ਬਾਯੂ ਬੇਗ ਚਲਨ ਤੇ ਪਰਸਜੋ। | |
| ਸ਼ਤ ਪਾਲਨ ਜਾਮੇ ਕੋ ਸਰਸਜੋ[1] ॥੧੩॥ | [1]ਸੌਂ ਪੱਲਿਆਂ ਦਾ ਜਾਮਾ ਫੈਲਿਆ। |
| ਪਸਰਜੋ ਘਨੋ ਛਿੱਪ੍ਰ ਚਲਿ ਜਾਹੀਂ। | |
| ਸੁੰਦਰ ਫੂਲ ਹੁਤੋ ਮਗ ਮਾਂਹੀ। | |
| ਸੋ ਜਾਮੇ ਲਗਿ ਅਟਕਤਿ ਟੂਟਾ। | |
| ਐਂਚਨ ਕਰੇ ਸ਼ਾਖ ਤੇ ਛੂਟਾ ॥੧੪॥ | |

ਟੂਟਯੋ ਪੁਸ਼ਪ ਰਹਯੋ ਤਹਿਂ ਪਰਯੋ।
ਸ਼੍ਰੀ ਹਰਿਰਾਇ ਬੇਗ ਤਿਮ ਧਰਯੋ।
ਮਿਲਿਨਿ ਪਿਤਾਮੇ ਕੋ ਚਿਤ ਚਾਹੀ।
ਕਹਾਂ ਰਹੇ, ਜਬਿ ਲਗਿ ਕਹਿਂ ਨਾਂਹੀ[1] ॥੧੫॥
ਸੰਗ ਦਾਸ ਤਿਮ ਗਮਨਤਿ ਗਏ।
ਸਤਿਗੁਰ ਨਿਕਟਿ ਪਹੂਚਤਿ ਭਏ।
ਸਨੇ ਸਨੇ ਫਿਰ ਉਪਬਨ ਸੈਲ।
ਸ਼੍ਰੀ ਹਰਿਗੋਬਿੰਦ ਸਿਖ ਬਹੁ ਗੈਲ[1] ॥੧੬॥
ਸੁੰਦਰ ਰਵਸ਼[1]† ਸਥੰਡਲ[2] ਘਨੇ।
ਹਾਥ ਪ੍ਰਬੀਨਨਿ ਕੇ ਲਗਿ ਬਨੇ।
ਤਿਨ ਪਰ ਚਲੇ ਜਾਂਹਿ ਸਭਿ ਆਗੇ।
ਗਮਨਹਿਂ ਭੀਰ ਲਾਰ[1] ਕੋ ਲਾਗੇ ॥੧੭॥
ਪਿਖਯੋ ਤਰੋਵਰ ਸੁੰਦਰ ਛਾਯਾ।
ਬੈਠਨ ਹੇਤੁ ਰਿਦਾ ਬਿਰਮਾਯਾ।
ਹੁਤੀ ਸਘਨ[1] ਬਹੁ ਤਿਸ ਕੇ ਤਰੇ।
ਫਰਸ਼ ਕਰਾਇ ਬੈਠਿਬੇ ਕਰੇ ॥੧੮॥
ਅਨਿਕ ਭਾਂਤਿ ਕੀ ਬਾਤਨਿ ਕਰਤੇ।
ਤ੍ਰਿਣ ਸਬਜ਼ੀ ਚਹੁੰ ਓਰ ਨਿਹਰਿਤੇ।
ਕਿਤਿਕ ਸਮੈ ਮਹਿਂ ਉਠਿ ਕਰਿ ਚਾਲੇ।
ਸ਼੍ਰੀ ਹਰਿਰਾਇ ਨਿਕਟਿ ਹੈਂ ਨਾਲੇ ॥੧੯॥
ਸਨੈ ਸਨੈ ਜਿਮ ਆਗੇ ਗਏ।
ਤਿਸ ਪ੍ਰਕਾਰ ਹਟਿ ਆਵਤਿ ਭਏ।
ਟੂਟਯੋ ਪਰਯੋ ਪੁਸ਼ਪ ਜਿਸ ਥਾਈਂ।
ਤਹਾਂ ਪਹੁੰਚਤਿ ਭੇ ਜਗ ਸਾਈਂ ॥੨੦॥
ਪ੍ਰਥਮ ਗਏ ਦੇਖਯੋ ਬਿਧਿ ਭਲੇ।
ਹੁਤੋ ਸਰਾਹਯੋ ਸੁੰਦਰ ਖਿਲੇ।
ਜਬਹਿ ਬਿਲੋਕਯੋ ਟੂਟੋ ਪਰਯੋ।
ਸਤਿਗੁਰ ਬਾਕ ਉਚਾਰਨ ਕਰਯੋ ॥੨੧॥
'ਸ਼ਾਖਾ ਲਗਯੋ ਹੁਤੋ ਹਮ ਹੇਰਾ।
ਅਬਿ ਇਹ ਕਿਹ ਤੋਰਯੋ ਛਿਤ ਗੇਰਾ?
ਉਪਮਾ ਮੁਖ ਪ੍ਰਸੰਨ ਕੀ ਪਾਵਤਿ।

[1]ਜਦ ਤਕ (ਸ਼੍ਰੀ ਗੁਰ ਹਰਿ ਗੋਵਿੰਦ ਸਾਹਿਬ ਜੀ) ਇਹ ਨਾ ਕਹਣ ਕਿ ਸ਼੍ਰੀ ਹਰਿਰਾਇ ਜੀ!) ਕਿੱਥੇ ਰਹੇ।

[1]ਪਿੱਛੇ।

[1]ਬਾਗ਼ ਦੀਆਂ ਸੜਕਾਂ। [2]ਬੜੇ। †ਪਾ:-ਰੌਂਸ।

[1]ਕਤਾਰ।

[1]ਸੰਘਣੀ ਛਾਂ।

ਖਿਰੀ ਪਾਂਖਰੀ ਹੁਤੋ ਸੁਹਾਵਤਿ ॥੨੨॥
ਸ਼ਾਖਾ ਸਹਿਤ ਤਰੋਵਰ ਅਵਨੀ।
ਨਿਜ ਛਬਿ ਤੇ ਦਿਖਰਾਵਤਿ ਰਵਨੀ[1]।
ਅਬਿ ਛਿਨ ਛਿਨ ਪ੍ਰਤਿ ਇਹ ਕਮਲਾਵਤਿ।
ਸ਼ੋਕ ਸਹਿਤ ਮੁਖ ਸਮਤਾ[1] ਪਾਵਤਿ ॥੨੩॥
ਕਾਰਜ ਕਹਾਂ ਸਰਯੋ ਇਸ ਤੋਰੇ।
ਧਨਰੀ ਪਰਯੋ ਭਈ ਦੁਤਿ ਹੋਰੇ।'
ਇਮ ਸਤਿਗੁਰ ਕਹਿ ਬਹੁ ਤਿਸ ਬੇਰੇ।
ਬੂਝਨ ਹੇਤੁ ਨਰਨ ਮਮ ਹੇਰੇ ॥੨੪॥
ਹੁਤੇ ਸੰਗ ਸੋ ਕਿਨਹੁਂ ਨ ਜਾਨਾ।
ਟੂਟਨ ਕਾਰਨ ਨਹੀਂ ਬਖਾਨਾ।
ਜਬਿ ਸਭਿਹਿਨਿ ਮੁਖ ਤੁਸ਼ਨਿ ਠਾਨੇ।
ਸ਼੍ਰੀ ਹਰਿਰਾਇ, ਦਾਸ ਤਿਨ ਜਾਨੇ[1] ॥੨੫॥
ਹਾਥ ਜੋਰਿ ਸਭਿ ਹੇਤੁ ਸੁਨਾਏ।
'ਸ਼੍ਰੀ ਹਰਿਰਾਇ ਚਲਤਿ ਉਤਲਾਏ।
ਦੀਰਘ ਜਾਮਾ ਅਟਕਯੋ ਯਾ ਸੋਂ।
ਪਰਯੋ ਟੂਟ ਧਰ ਤੁਰਨਤਾ ਸੋਂ' ॥੨੬॥
ਸੁਨਿ ਸ਼੍ਰੀ ਮੁਖ ਤੇ ਸੁਮਤਿ ਬਤਾਵੈਂ।
'ਜੋ ਦੀਰਘ ਜਾਮਾ ਗਰ ਪਾਵੈਂ।
ਕਯੋਂ ਨ ਸੰਕੋਚਿ ਸੰਭਾਰਿ ਚਲੰਤੇ?
ਜਿਹ ਪਸਰਤਿ ਗਨ ਬਿਘਨ ਪਰੰਤੇ†' ॥੨੭॥
ਸੁਨੀ ਪਿਤਾਮੇ ਕੀ ਇਮ ਬਾਨੀ।
ਸ਼੍ਰੀ ਹਰਿਰਾਇ ਬੰਦਨਾ ਠਾਨੀ।
ਤੁਰਤ ਸੰਕੋਚਯੋ ਜਾਮਾ ਗਰ ਕੋ।
ਕਰਯੋ ਸੰਵਾਰਨ ਪਾਇ ਸੁ ਕਰ ਕੋ[1]

[1]ਸੁੰਦਰ, ਸੁੰਦਰਤਾ।

[1]ਸ਼ੋਕ ਵਾਲੇ ਮੁਖ ਦੀ ਸਦਰਸ਼ਤਾ।

[1]ਉਸ ਦਾਸ ਨੂੰ ਪਤਾ ਸੀ।

†ਨਾਲੇ ਮਹਾਨ ਜੋਧਾ ਹਨ, ਨਾਲੇ ਅਵਤਾਰ ਹਨ, ਨਾਲੇ ਕਮਾਲ ਦੇ ਇਨਸਾਨ ਹਨ। ਫੁਲ ਦੇ ਟੁੱਟਣ ਤੇ ਦ੍ਰਵ ਜਾਣਾ ਕੇਡੀ ਨਰਮ ਦਿਲੀ ਤੇ ਵਿਸਮਾਦੀ ਦ੍ਰਵਣਤਾ ਹੈ, ਫਿਰ ਫੁੱਲ ਟੁੱਟੇ ਦਾ ਪਰਥਾਇ ਲੈ ਕੇ ਪਿਆਰੇ ਨੂੰ ਸਮਝਾਇਆ ਹੈ ਕਿ ਤੁਹਾਨੂੰ ਰੱਬ ਨੇ ਗੁਰੂ ਬਣਾਉਣ ਲਈ ਘੱਲਿਆ ਹੈ, ਤੁਸਾਂ ਨੇ ਆਪਣੀ ਜ਼ਿੰਮੇਵਾਰੀ ਦਾ ਨਿਰਬਾਹ ਬੜੀ ਹੁਸ਼ਿਆਰੀ ਨਾਲ ਕਰਨਾ ਹੈ।

[1]ਹੱਥ ਪਾਕੇ।

॥੨੮॥
ਤਬਿ ਤੇ ਮਾਨਜੋ ਬਚਨ ਭਲੇ ਹੈਂ।
ਜਬਿ ਲੌ ਜਿਏ ਨ ਛੋਰਿ ਚਲੇ ਹੈਂ।
ਸ਼ਤਪਾਲਨ ਕੋ ਜਾਮਾਂ ਪਾਵਾਂ।
ਚਲਨ ਸਮੈਂ ਕਰ ਤੇ ਸੁਕਚਾਵੈਂ ॥੨੯॥
ਸੀਖ ਪਿਤਾਮੇ ਕੀ ਨ ਬਿਸਾਰੀ।
ਸ਼੍ਰੀ ਹਰਿਰਾਇ ਪ੍ਰਤੱਗਜਾ ਧਾਰੀ।
ਜਿਮ ਸ਼੍ਰੀ ਨਾਨਕ ਸੇਵਤਿ ਰਹੇ।
ਗੁਰ ਅੰਗਦ ਬਡ ਰੁਜ ਦੁਖ[†] ਸਹੇ ॥੩੦॥
ਸਰਬ ਰੀਤਿ ਕਰਿ ਸਮਰਥ ਭਏ।
ਰੁਜ ਤਨ ਕੋ ਨ ਮਿਟਾਵਨਿ ਕਿਏ।
ਤਿਮ ਸ਼੍ਰੀ ਅਮਰਦਾਸ ਤਿਨ ਆਗੇ।
ਦੁਸ਼ਕ੍ਰਿਤ[1] ਸੇਵਾ ਮਹਿਂ ਨਿਤ ਲਾਗੇ ॥੩੧॥
ਏਕ ਸਮੈਂ ਗਹਿ ਤਿਨ ਕੀ ਬਾਹੂੰ।
ਸ਼੍ਰੀ ਅੰਗਦ ਗਮਨੇ ਮਗ ਮਾਂਹੂੰ।
ਸਹਿਜ ਸੁਭਾਇਕ ਬਾਕ ਕਹੰਤੇ।
ਅਪਨਿ ਬਰੋਬਰ ਲਿਯੇ ਚਲੰਤੇ ॥੩੨॥
ਦੁਤੀ ਬਾਂਹੁ ਲਟਕਤਿ ਅਰ ਹਾਲਤਿ।
ਜਬਿ ਮਗ ਬਿਖੇ ਚਰਨ ਕੋ ਡਾਲਤਿ।
ਏਕ ਬਾਰ ਭੁਜ ਅਧਿਕ ਹਿਲਾਈ।
ਗੁਰ ਅੰਗਦ ਤੇ ਭੀ ਅਗੁਵਾਈ ॥੩੩॥
ਦੇਖਤਿ ਦਹਿਲਜੋ ਰਿਦਾ ਘਨੇਰਾ।
-ਭਈ ਅਵੱਗਜਾ ਇਹੁ ਕਰ ਮੋਰਾ।
ਗੁਰ ਆਗੇ ਹੋਯੋ ਬਡ ਹਾਲਾ[1]।
ਉਚਿਤ ਪਿਛਾਰੀ ਰਹਿਬੇ ਵਾਲਾ ॥੩੪॥
ਅਬਿ ਇਸ ਕੋ ਤਜਾਗਨਿ ਬਨਿ ਆਵੈ।
ਛੇਦਨ ਕਰਿ ਗੇਰਨ ਹੀ ਭਾਵੈ-।
ਸ਼੍ਰੀ ਅੰਗਦ ਦਿਸ਼ਿ ਬਹੁਰ ਬਿਚਾਰੇਂ।
-ਉੱਗ੍ਰ ਕਰਮ ਪਿਖਿ ਕੋਪ ਨ ਧਾਰੇਂ ॥੩੫॥

[†]ਦੇਖੋ ਰਾਸਿ ੧ ਅੰਸੂ ੧੬ ਅੰਕ ੧੯ ਦੀ ਹੇਠਲੀ ਟੂਕ।

[1]ਔਖੀ।

[1]ਬਹੁਤਾ ਹਿੱਲਕੇ।

ਯਾਂ ਤੇ ਨਹਿਂ ਛੇਦਨ ਸ਼ੁਭ ਰੀਤੇ।
ਤਜਾਗਨ ਕਰੌਂ ਬਾਂਹਿ ਨਿਜ ਜੀਤੇ।
ਤਜੌਂ ਅਪਨਪੌ ਇਸ ਤੇ ਅਬੈ।
ਕਾਰ ਨ ਕਰੌਂ ਇਸੀ ਤੇ ਕਬੈ ॥੩੬॥
ਨਹਿਂ ਅਬਿ ਪੋਖਨ ਕਬਿਹੂੰ ਕਰੌਂ।
ਬਨਹਿ ਸੁਕਾਵਨ ਇਮ ਪਰਹਰੌਂ-।
ਅਸ ਬਿਚਾਰ ਕਰਿ ਛਾਤੀ ਲਾਇ।
ਨਿਸ ਦਿਨ ਰਾਖੀ ਤਹਾਂ ਟਿਕਾਇ
॥੩੭॥
ਬਿਨ ਹਾਲੇ ਇਕ ਥਲ ਜਬਿ ਰਹੀ।
ਸ਼ੁਸ਼ਕ ਭਈ ਪੁਨ ਪੋਖੀ ਨਹੀਂ।
ਇੱਤਜਾਦਿਕ ਪ੍ਰਣ ਗੁਰ ਘਰ ਕੇਰੇ।
ਨਹੀਂ ਨੇਮ ਕਰਿ ਗਿਰੇ ਪਿਛੇਰੇ ॥੩੮॥
ਤਿਮ ਹੀ ਪ੍ਰਣ ਧਾਰਜੋ ਹਰਿਰਾਇ।
ਸੀਖ ਪਿਤਾਮੇ ਤੇ ਜਬਿ ਪਾਇ।
ਸ਼ਤਪਾਲਨ ਹੀ ਪਹਿਰਹਿਂ ਜਾਮਾ।
ਸੂਖਮ ਬਸਤ੍ਰ ਸਜਹਿ ਅਭਿਰਾਮਾ
॥੩੯॥
ਚਲਿਬੇ ਸਮੈਂ ਨ ਕਰ ਤੇ ਛੋਰੈਂ।
ਕਰ ਧਰਿ ਸੁਕਚਾਵਤਿ ਚਹੁ ਓਰੈਂ†।
ਇਮ ਸ਼੍ਰੀ ਹਰਿਗੋਵਿੰਦ ਸੁਨਾਇ।
ਅਪਨ ਸਥਾਨ ਬਿਰਾਜੇ ਆਇ ॥੪੦॥
ਖਾਨ ਪਾਨ ਕਰਿ ਕੈ ਬਿਸਰਾਮੇ।
ਸੇਵਾ ਕਰਹਿ ਸਿੱਖ ਸ਼ੁਭ ਕਾਮੇ।
ਕੇਤਿਕ ਦਿਨ ਇਮ ਭਏ ਬਿਤਾਇ।
ਕਰਹਿ ਉਧਾਰਨ ਜਨ ਸਮੁਦਾਇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਜੇ 'ਸ਼੍ਰੀ ਹਰਿਰਾਇ' ਪ੍ਰਸੰਗ ਬਰਨੰਨ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

†ਸਿੱਖਿਆ ਦੇ ਸਦਾ ਤਾਜ਼ਾ ਰੱਖਣ ਦਾ ਪ੍ਰਣ ਹੈ।

## ੪੬. [ਮਾਤਾ ਨਾਨਕੀ ਤੇ ਮਰਵਾਹੀ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਅਲਪ ਬੈਸ ਮਹਿਂ ਸੁਮਤਿ ਕਰਿ, ਪ੍ਰਣ ਠਾਨਜੋ ਹਰਿਰਾਇ।
ਬਾਕ ਪਿਤਾਮੇ ਕੇ ਸੁਨੇ, ਰਾਖੇ ਰਿਦੇ ਟਿਕਾਇ ॥੧॥

ਚੌਪਈ:

ਸ਼੍ਰੀ ਹਰਿਗੋਵਿੰਦ ਪੌਤ੍ਰ ਨਿਹਾਰਾ।
ਬਚਨ ਆਪਨੇ ਕੇ ਅਨੁਸਾਰਾ।
ਜਬਿ ਕਬਿ ਦੇਖਹਿਂ ਕਰ ਸੋਂ ਜਾਮਾ।
ਗਮਨਤਿ ਸੰਕੋਚਤਿ ਅਭਿਰਾਮਾ ॥੨॥
ਦੀਰਘ ਛੋਰ ਨ[1] ਕਬਿਹੂੰ ਚਾਲੇ।
ਪਹਿਰਹਿਂ ਸੂਖਮ ਜਿਹ ਸੋਂ ਪਾਲੇ।
ਗੁਰ ਪ੍ਰਸੰਨਤਾ ਕਰਿਬੇ ਲਾਗੇ।
ਨਿਕਟਿ ਬਿਠਾਵਹਿਂ ਉਰ ਅਨੁਰਾਗੇ ॥੩॥
ਦਿਨ ਪ੍ਰਤਿ ਅਧਿਕ ਹੋਤਿ ਰੁਖ਼ ਜਾਵੈ।
ਮ੍ਰਿਦਲ ਬਾਕ ਕਹਿ ਅਨੰਦ ਉਪਾਵੈਂ।
ਸਿਖ ਸੰਗਤਿ ਸਭਿਹਿਨਿ ਲਖਿ ਲੀਨਸਿ।
-ਪੌਤ੍ਰੇ ਪਰ ਕਰੁਨਾ ਮਨ ਭੀਨਸਿ- ॥੪॥
ਸੂਰਜਮਲ ਪਿਤ ਆਸ਼ੈ ਚੀਨਾ।
-ਸ਼੍ਰੀ ਹਰਿਰਾਇ ਚਹੈਂ ਗੁਰ ਕੀਨਾ-।
ਨਿਜ ਜਨਨੀ ਸੰਗ ਗਾਥ ਬੁਝਾਈ।
'ਦਈ ਚਹਿਤਿ ਪੌਤ੍ਰੇ ਬਡਿਆਈ' ॥੫॥
ਤਥਾ ਨਾਨਕੀ ਸੁਧਿ ਸੁਨਿ ਪਾਈ।
ਮਰਵਾਹੀ ਜੁਤਿ ਚਿਤ ਦੁਚਿਤਾਈ[1]।
ਕਰਹਿ ਬਿਚਾਰ[1] ਕਹਾਂ ਇਹੁ ਭਾਵੈ।
ਸੁਤ ਤਜਿ ਪੌਤ੍ਰਹਿ ਕੋ ਬਡਿਆਵੈਂ ॥੬॥
ਗੁਨ ਗਨ ਸਹਿਤ ਸਦਾ ਅਨੁਸਾਰੀ।
ਪਿਤਾ ਅੱਗ੍ਰ ਕਛ ਨਹਿਂ ਹੰਕਾਰੀ।
ਪ੍ਰਥਮ ਗੁਰਨਿ ਨਿਜ ਪੁੱਤ੍ਰ ਨ ਦੀਨਿ।

[1]ਖੁਲਾ ਛੱਡ ਕੇ ਨਾ।

[1]ਚਿੰਤਾ ਹੋਈ।

[1]ਮਾਤਾ ਨਾਨਕੀ ਵਿਚਾਰ ਕਰਦੀ ਹੈ।

ਨਹਿ ਅਪਨੇ ਅਨੁਸਾਰੀ ਚੀਨਿ ॥੭॥
ਸਿਰੀਚੰਦ ਅਰੁ ਲਖਮੀਦਾਸ।
ਪਿਤ ਸੇਵਾ ਨਹਿਂ ਕੀਨਿ ਹੁਲਾਸ।
ਤਿਮ ਹੀ ਦਾਸੂ ਦਾਤੂ ਸੁਨੇ।
ਪਿਤ ਅਨੁਸਾਰੀ ਨਾਂਹਿ ਨ ਬਨੇ ॥੮॥
ਮੋਹਨ ਅਪਰ ਮੋਹਰੀ ਦੋਇ।
ਤਿਸ ਬਿਧ ਹੀ ਤਿਨ ਕੀ ਗਤਿ ਜੋਇ।
'ਸਭਿ ਤੇ ਊਚੌ ਪਿਤਾ ਹਮਾਰੋ[1]।

[1](ਸ੍ਰੀ ਮੋਹਨ ਤੇ ਸ੍ਰੀ ਮੋਹਰੀ ਜੀ ਨੂੰ ਇਹ ਹੰਕਾਰ ਹੋਇਆ ਕਿ) ਸਾਡਾ ਪਿਤਾ ਸਭ ਤੋਂ ਉੱਚਾ ਹੈ।

ਜਗ ਜਾਚਕ, ਗੁਰ ਏਕ ਦਤਾਰੋ ॥੯॥
ਹਮ ਉੱਤਮ ਸਭਿ ਤੇ ਬਡਿ ਭਾਗੇ।'
ਇਮ ਹੰਕਾਰ ਨ ਸੇਵਾ ਲਾਗੇ।
'ਲੋਕਨਿ ਮਹਿਂ ਬਹੁ ਰਹੈ ਬਡਾਈ।'
ਯਾਂ ਤੇ ਗੁਰੂ ਗਿਰਾ ਨ ਕਮਾਈ ॥੧੦॥
ਮਮ ਸੁਤ ਤੇਗ ਬਹਾਦਰ ਨੀਕੋ।
ਪਿਤ ਆਗਯਾ ਮਹਿਂ ਉੱਜਲ ਜੀ ਕੋ[1]।

[1]ਚਿਤਦਾ ਉੱਜਲ।

ਰਹਿ ਮਰਜੀ, ਨਹਿਂ ਅਰਜੀ ਕਹੈ[1]।

[1](ਗੁਰ) ਮਰਜ਼ੀ ਅਨੁਸਾਰ ਰਹਿੰਦਾ ਹੈ, ਬੇਨਤੀ (ਤੱਕ) ਨਹੀਂ ਕਰਦਾ।

ਗੁਰ ਕੋ ਕਰਜੋ ਪਿਖਤਿ ਮੁਦ ਲਹੈ ॥੧੧॥
ਅਪਰ ਬਿਕਾਰ ਆਦਿ ਹੰਕਾਰ।
ਇਨ ਕੇ ਲੇਸ਼ ਨ ਰਿਦੈ ਮਝਾਰ।
ਆਪ ਸਰਾਹਤਿ ਭੇ ਬਹੁ ਬਾਰੀ।
'ਹੁਇ ਬਿਸਾਲ ਇਹੁ ਧੀਰਜ ਧਾਰੀ' ॥੧੨॥
ਬਹੁਰ ਬਚਨ ਸ਼ੁਭ ਕਹਜੋ ਸੁਨਾਈ।
'ਇਸ ਕੇ ਸੁਤ ਹ੍ਵੈ ਗੁਨ ਸਮੁਦਾਈ।'
ਰਿਦੈ ਕਹਾਂ ਅਬਿ ਕੰਤ ਬਿਚਾਰਾ।
ਚਹੈਂ ਦੈਨ ਪਦ, ਪੌਤ੍ਰ ਉਦਾਰਾ- ॥੧੩॥
ਇੱਤਯਾਦਿਕ ਤਰਕਤਿ ਉਰ ਮਾਂਹੀ।
ਤਿਮ ਚਿਤਵਤਿ ਚਿਤ ਨਿਤ ਮਰਵਾਹੀ।
ਸੂਰਜਮਲ ਕੋ ਦੇਖਿ ਬਿਚਾਰੈ।
-ਇਹੁ ਗੁਰ ਸੁਤ ਸਭਿ ਕਾਜ ਸੰਭਾਰੈ ॥੧੪॥

ਪਿਤ ਆਇਸੁ ਮਹਿਂ ਬਰਤਨ ਹਾਰਾ।
ਦੇਸ਼ਨਿ ਦੇਸ਼ ਮਸੰਦ ਉਦਾਰਾ।
ਲੈਬੋ ਦੇਬੋ ਕਾਜ ਬਿਸਾਲੇ।
ਸਗਰੇ ਕਰਤਿ ਸੁਮਤਿ ਕੇ ਨਾਲੇ ॥੧੫॥
ਦੇਗ਼ ਖਰਚ ਆਦਿਕ ਗੁਰ ਘਰ ਕੇ।
ਸਕਲ ਚਲਾਵਤਿ ਹੈ ਬੁਧਿ ਕਰਿ ਕੇ।
ਜਗ ਗੁਰ ਇਸ ਕੀ ਦਿਸ਼ਿ ਨਹਿਂ ਦੇਖਾ।
ਚਹੈਂ ਪੌਤ੍ਰ ਕੋ ਕਰਜੋ ਵਿਸ਼ੇਖਾ- ॥੧੬॥
ਇੱਤਯਾਦਿਕ ਗੁਰ ਘਰਨੀ ਦੌਨ।
ਚਿਤਵਹਿਂ ਗੁਰਤਾ ਨਿਜ ਨਿਜ ਭੌਨ।
ਸਮੈਂ ਪਾਇ ਸ਼੍ਰੀ ਹਰਿ ਗੋਵਿੰਦ।
ਅੰਤਹਿ ਪੁਰ ਮਹਿਂ ਆਇ ਅਨੰਦ ॥੧੭॥
ਨਿਜ ਸੁਤ ਹੇਤੁ ਕਹਹਿ ਮਰਵਾਹੀ।
'ਉਚਿਤ ਬਾਤ ਕੀਜਹਿ ਚਿਤ ਚਾਹੀ।
ਸੂਰਜ ਮਲ ਬਡਿਆਈ ਜੋਗ।
ਬਡੋ ਪੁੱਤ੍ਰ ਇਹੁ ਸੁਮਤਿ ਸੰਜੋਗ[1] ॥੧੮॥
ਸ਼੍ਰੀ ਗੁਰਦਿੱਤਾ ਹੁਤੋ ਬਡੇਰੋ।
ਗੁਰਤਾ ਉਚਿਤ ਸਭਿਨਿ ਸ਼ੁਭ ਹੇਰੋ।
ਪ੍ਰਾਨ ਅੰਤ ਔਚਕ ਤਿਨ ਹੋਵਾ।
ਦੀਰਘ ਅਚਰਜ ਨਰ ਗਨ ਜੋਵਾ ॥੧੯॥
ਅਬਿ ਸੂਰਜਮਲ ਸੁਮਤਿ ਬਿਲੰਦ।
ਅਹੈ ਆਪ ਕੋ ਦੀਰਘ ਨੰਦ।
ਤਿਸ ਕੇ ਹੋਤਿ ਅਪਰ ਨਹਿਂ ਲਾਇਕ।
ਬਨਹੁ ਆਪ ਬਡਿਆਈ ਦਾਯਕ ॥੨੦॥
ਜੇਸ਼ਟ ਪੌਤ੍ਰ ਗ੍ਰਿੰਥ ਲੇ ਰਾਖਾ।
-ਮੈਂ ਹੌਂ ਗੁਰੁ- ਸੰਗਤਿ ਮਹਿਂ ਭਾਖਾ।
ਕਪਟ ਆਪ ਤੇ ਕਰ ਤਹਿਂ ਰਹਜੋ।
ਤੁਮ ਅਧੀਨ ਹ੍ਵੈ ਨਹਿਂ ਪਦ ਲਹਜੋ ॥੨੧॥
ਅੰਸ਼ ਗੁਰੂ ਅੰਗਦ ਕੀ ਜੋਇ।
ਆਵਤਿ ਹੁਤੇ ਆਪ ਢਿਗ ਸੋਇ।
ਕਰਿ ਸਨਮਾਨ ਕਪਟ ਕੋ ਧਾਰਿ।
ਕਰਜੋ ਸਥਾਪਨ ਤਿਹ ਸੋਂ ਪਜਾਰਿ

[1]ਸੁਮਤਿ ਵਾਲਾ।

॥੨੨॥
ਰਾਵਰਿ ਢਿਗ ਨਹਿਂ ਆਵਨ ਦੀਨਿ।
ਰਾਖ੍ਯੋ ਅਪਨੇ ਨਿਕਟਿ ਪ੍ਰਬੀਨ।
ਸੰਗਤਿ ਮਹਿਂ ਕਹਿਵਾਵਨ ਕਾਰਨ[1]।
-ਧੀਰਮੱਲ ਗੁਰ- ਕਰਹਿ ਉਚਾਰਨ ॥੨੩॥
ਇੱਤ੍ਯਾਦਿਕ ਛਲ ਬਲ ਬਹੁ ਧਰੈ।
ਸੰਗਤਿ ਤੇ ਪੂਜਵਾਵਨ ਕਰੈ।
ਪਾਸ ਗ੍ਰਿੰਥ ਤੇ ਜਾਨੀ ਪਰਿ ਹੈ।
ਬਹੁ ਧਨ ਪੂਜਾ ਕੋ ਤਹਿਂ ਚਰਿ ਹੈ ॥੨੪॥
ਇਮ ਆਪਨ ਕਰਿ ਲੀਨਿ ਗੁਜ਼ਾਰਾ।
ਤੁਮਰੇ ਅਛਤ ਰਹ੍ਯੋ ਹੁਇ ਨ੍ਯਾਰਾ।
ਪੌਤ੍ਰਾ ਅਲਪ ਅਹੈ ਹਰਿ ਰਾਇ।
ਲਘੁ ਬਯ, ਸਮਰਥ ਬਿਨਾ ਲਖਾਇ ॥੨੫॥
ਸੋ ਤੁਮ ਪਾਸ ਰਹ੍ਯੋ ਹਿਤ ਧਰਿ ਕੈ।
ਨਿਜ ਭ੍ਰਾਤਾ ਕੋ ਸੰਗ ਪ੍ਰਹਰਿ ਕੈ।
ਨਿਸ ਦਿਨ ਸੰਗਤਿ ਰਾਵਰ ਕੇਰੀ।
ਕਰਤਿ ਰਹਤਿ ਸ਼ੁਭਿ ਰੁਖ਼ ਕੋ ਹੇਰੀ ॥੨੬॥
ਤਿਸ ਪਰ ਆਪ ਪ੍ਰਸੰਨਤਾ ਧਾਰਤਿ।
ਹੇਰਤਿ ਸਗਰੇ ਲੋਕ ਉਚਾਰਤਿ।
-ਗੁਰਤਾ ਗਾਦੀ ਦੇਹਿਂ ਬਿਠਾਇ।
ਸਭਿ ਤੇ ਹਰੀਰਾਇ ਬਡਿਆਇ- ॥੨੭॥
ਸੁਨਿ ਸੁਨਿ ਚਿਤ ਮੈਂ ਹ੍ਵੈ ਦੁਚਿਤਾਈ[1]।
ਮਮ ਸੁਤ ਸਭਿ ਲਾਇਕ ਬਨਿ ਆਈ[1]।
ਗਾਦੀ ਉਚਿਤ ਲੇਨਿ ਕੇ ਏਹ।
ਸੁਤ ਤਜਿ ਕਿਮ ਪੌਤ੍ਰੇ ਕੋ ਦੇਹਿ ॥੨੮॥
ਮੁਝ ਮਨ ਸੰਸੈ ਹੋਤਿ ਬਿਸਾਲਾ।
ਯਾਂ ਤੇ ਬੂਝਤਿ ਹੌਂ ਇਸ ਕਾਲਾ।'
ਇੱਤ੍ਯਾਦਿਕਿ ਮਰਵਾਹੀ ਬੈਨ।

[1]ਕਹਿਵਾਵਨ ਲਈ (ਦਾਰੂ ਸੁਤ ਜੀ ਪਾਸੋਂ)।

[1]ਚਿੰਤਾ ਹੁੰਦੀ ਹੈ।

[1]ਸਭ ਤਰ੍ਹਾਂ ਲਾਇਕ ਮੇਰੇ ਪੁੱਤ੍ਰ ਨੂੰ (ਗੁਰਤਾ) ਬਣ ਆਂਵਦੀ ਹੈ।

ਸੁਨਿ ਸਤਿਗੁਰ ਉਰ ਕਰੁਨਾ ਐਨ ॥੨੯॥
ਕਹਜੋ 'ਨ ਚਿੰਤਾ ਕੀਜੈ ਕੋਈ।
ਗੁਰੂ ਸੁਤਨਿ ਕੋ ਕਮੀ ਨ ਹੋਈ।
ਸਭਿ ਜਗ ਸਿਖ ਸੰਗਤਿ ਸੁਖ ਪਾਵਹਿ[1]।
ਗੁਰ ਕੀ ਕਾਰ ਇਨਹੁ ਅਰਪਾਵਹਿ ॥੩੦॥
ਅਰੁ ਜੋ ਚਾਹਤਿ ਅਧਿਕ ਬਡਾਈ।
ਪੂਰਬ ਕੀ ਹੁਇ ਜਾਂਹਿ ਕਮਾਈ[1]।
ਉਚਿਤ ਜੁ ਸ਼੍ਰੀ ਨਾਨਕ ਮਸਨੰਦ।
ਸੋ ਬੈਠਹਿਗੋ ਭਾਗ ਬਿਲੰਦ ॥੩੧॥
ਇਹੁ ਕਿਸਹੂੰ ਕੇ ਕਰ ਮਹਿਂ ਨਾਂਹੀ।
ਕਰੇ ਜਤਨ ਨਹਿਂ ਪ੍ਰਾਪਤਿ ਪਾਹੀ।
ਪੁੱਤ੍ਰ ਆਦਿ ਸਨਬੰਧੀ ਸਾਰੇ।
ਹੋਇਂ ਸਖਾ ਸੇਵਕ ਉਰ ਪਜਾਰੇ ॥੩੨॥
ਅਜਰ ਜਰਨ ਕੋ ਪਾਵੈ ਸੋਈ।
ਪ੍ਰਭੁ ਕੀ ਕ੍ਰਿਪਾ ਜਾਸ ਪਰ ਹੋਈ[1]।
ਛਲ ਬਲ ਆਦਿ ਸੁਮਤਿ ਬਹੁ ਕਰਨੀ।
ਜਤਨ ਅਨੇਕਨਿ ਬਹੁ ਬਿਧਿ ਬਰਨੀ ॥੩੩॥
ਇਹ ਕਿਸਹੂੰ ਕੇ ਹਾਥ ਨ ਆਵੈ।
ਕਰਹਿ ਖੋਟ ਜੋ ਤਸ ਫਲ ਪਾਵੈ।'
ਇਮ ਕਹਿ ਕੈ ਪਤਿਬ੍ਰਤਾ ਸੁ ਦਾਰਾ।
ਸਮੁਝਾਈ ਮ੍ਰਿਦੁ ਬਾਕ ਉਚਾਰਾ ॥੩੪॥
ਤਊ ਇਕਮਨਾ ਭਈ ਨ ਸੋਈ।
ਸੁਤ ਦਿਸ਼ਿ ਤੇ ਚਿੰਤਾ ਚਿਤ ਪੋਈ।
-ਪੌਤ੍ਰੇ ਸਕਲ ਵਸਤੁ ਕੋ ਲੇਤਿ।
ਸੁਤ ਬੈਠੇ ਕਹੁ ਕਜੋਂ ਨਹਿਂ ਦੇਤਿ- ॥੩੫॥
ਜਬਿ ਕਬਿ ਗੁਰ ਦਰਸ਼ਨ ਕੋ ਪਾਇ।
ਇਸ ਪ੍ਰਸੰਗ ਕੋ ਦੇਤਿ ਚਲਾਇ।

[1]ਸੁਖ ਪਾਵੇਗੀ (ਸਾਹਿਬ ਜ਼ਾਦਿਆਂ ਪਾਸੋਂ)।

[1]ਜਿਸ ਦੀ ਕਮਾਈ ਪੂਰਬਲੀ ਹੋਵੇ।

[1]ਇਹ ਭੇਤ ਸਤਿਗੁਰ ਨੇ ਦੱਸਿਆ ਹੈ ਕਿ ਗੁਰਤਾ ਦੇਣੀ ਸਾਡੇ ਵੱਸ ਬੀ ਨਹੀਂ, ਜਿਸ ਪਰ ਰੱਬ ਦੀ ਮਿਹਰ ਹੈ ਉਸ ਨੂੰ ਅਸੀਂ ਦਿਆਂਗੇ।

'ਮਨ ਮੇਰੋ ਨਹਿਂ ਥਿਰਤਾ ਪਾਵੈ।
ਤਜਹਿਂ ਪੁੱਤ੍ਰ ਪੌਤ੍ਰਾ ਬਡਿ ਆਵੈਂ' ॥੩੬॥
ਮ੍ਰਿਦੁ ਬਾਕਨਿ ਕਹਿ ਦੇਂ ਗੁਰ ਧੀਰ।
'ਸਕਲ ਵਸਤੁ ਹੈ ਤੁਮਰੇ ਤੀਰ।
ਤੁਵ ਸੁਤ ਕੋ ਨ ਕਮੀ ਕਿਸ ਰੀਤਿ।
ਨਿਸ਼ਚੇ ਧਰਹੁ ਆਪਨੇ ਚੀਤ ॥੩੭॥
ਹੋ ਸੁਮਤੇ ਨਹਿਂ ਸੰਸੈ ਧਰੀਅਹਿ।
ਗੁਰ ਸੁਤ ਸਭਿ ਕੇ ਪੂਜ ਬਿਚਰੀਅਹਿ।
ਮਾਨਹਿਂਗੇ ਸਿਖ ਸੰਗਤਿ ਸਾਰੇ।
ਅਰਪਹਿਂਗੇ ਸ਼ੁਭ ਵਸਤੁ ਉਦਾਰੇ' ॥੩੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਮਾਤ ਮਰਵਾਹੀ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥੪੬॥

## ੪੭. [ਸ਼੍ਰੀ ਅਨੰਦ ਜੀ ਦੇ ਦਰਸ਼ਨ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਸ਼੍ਰੀ ਸਤਿਗੁਰ ਜੋਧਾ ਬਲੀ, ਬਸਿ ਭਗਤਨਿ ਕੇ ਨੀਤ।
ਇਕ ਦਿਨ ਬੈਠੇ ਸਭਾ ਮਹਿਂ, ਦਰਸਹਿਂ ਸਿਖ ਮੁਦ ਚੀਤ ॥੧॥

ਚੌਪਈ:

ਕਿਨਹੂ ਖਬਰ ਆਇ ਤਬਿ ਦੀਨਿ।
'ਗੋਇੰਦਵਾਲ ਬਾਸ ਜਿਨ ਕੀਨਿ।
ਭੱਲਜਨ ਕੀ ਕੁਲ ਭਗਤਿ ਬਿਸਾਲਾ।
ਸਿੱਖੀ ਕੋ ਪ੍ਰਕਾਸ਼ ਸਭਿ ਕਾਲਾ ॥੨॥
ਸ਼੍ਰੀ ਗੁਰ ਅਮਰਦਾਸ ਕੀ ਅੰਸ।
ਸੁਤ ਪੌਤ੍ਰ ਨਾਤੀ[1] ਬਡ ਬੰਸ।
ਮੋਹਨ ਅਪਰ ਮੋਹਰੀ ਜੇਈ।
ਭਾ ਪਰਲੋਕ ਦੇਹਿ ਤਜਿ ਸੇਈ ॥੩॥
ਸੰਤ ਮਨੋਹਰ ਦਾਸ ਬਿਸਾਲਾ।
ਸੋ ਭੀ ਪਹੁੰਚਤਿ ਭਾ ਹਰਿਸ਼ਾਲਾ[1]।'
ਸੁਨਿਕੈ ਸ਼੍ਰੀ ਗੁਰ ਹਰਿਗੋਵਿੰਦ।
'ਹਰਿ ਪੁਰਿ[1] ਜਾਇ ਬਸੇ ਇਹ ਬ੍ਰਿੰਦ' ॥੪॥
ਅਪਰ ਨਰਨ ਸਮ ਸ਼ੋਕ ਕਰਜੋ ਹੈ[1]।
ਰੁਚਿਰ ਬਿਲੋਚਨ ਨੀਰ ਭਰਜੋ ਹੈ।
ਪੌਂਛਤਿ ਹੈਂ ਰੁਮਾਲ ਕੇ ਸਾਥ।
ਵਹਿਰ ਦ੍ਵਾਰ ਤੇ ਨਿਕਸੇ ਨਾਥ ॥੫॥
ਬੈਠੇ ਅਪਰ ਨਰਨ ਸਮ ਸੋਇ।
ਸੁਨਿ ਸੁਨਿ ਆਇ ਗਏ ਸਭਿ ਕੋਇ।
ਥਿਰਿ ਸਭਿ ਮਹਿਂ ਤਬਿ ਗੁਰੂ ਅਗਾਧ।
ਧਰੇ ਮੌਨਤਾ ਲਗੀ ਸਮਾਧਿ ॥੬॥
ਦੁਇ ਘਟਿਕਾ ਆਸਨ ਥਿਰ ਰਹੇ।
ਲੋਚਨ ਮੁੰਦ ਨ ਤਨ ਸੁਧ ਅਹੇ।
ਰਹੇ ਅਡੋਲ ਅੰਗ ਤਿਸ ਕਾਲ।

[1]ਪੁਤ੍ਰ, ਪੌਤ੍ਰੇ ਤੇ ਦੋਹਤੇ।

[1]ਸੱਚ ਖੰਡ।

[1]ਸਚ ਖੰਡ।

[1]ਇਹ ਸ਼ੋਕ ਨਹੀਂ ਹੈ, ਪਰ ਇਕ ਉੱਚੇ ਦਰਜੇ ਦੀ ਦਵਣਤਾ ਹੈ; ਜੋ ਅਗਲੇ ਪ੍ਰਸੰਗ ਤੋਂ ਵਿਦਤ ਹੋ ਜਾਂਦੀ ਹੈ।

ਪੁਨ ਖੋਲੇ ਦ੍ਰਿਗ ਰੁਚਿਰ ਬਿਸਾਲ ॥੭॥
'ਵਾਹੁ! ਵਾਹੁ!' ਮੁਖ ਤੇ ਤਬਿ ਕਹਜੋ।
'ਦਾਸ ਮਨੋਹਰ[1] ਬਡ ਪਦ ਲਹਜੋ।'
ਬੂਝਨ ਕੋ ਸਭਿਹੁੰਨਿ ਸੁਨਾਯੋ[1]।
'ਕੌਨ ਕਰਮ ਤਪ ਫਲ ਤਿਨ ਪਾਯੋ?' ॥੮॥
ਕਸ਼ਮੀਰੀ ਇੱਕ ਸਿੱਖਜ ਬਿਸਾਲਾ।
ਗੁਰ ਢਿਗ ਰਹੈ ਸੁ ਨਾਮ ਕਮਾਲਾ।
ਤਿਨ ਕਰ ਜੋਰਿ ਕਹਜੋ 'ਸੁਨਿ ਸ੍ਵਾਮੀ!
ਸਭਿ ਕਿਛ ਜਾਨਹੁਂ ਅੰਤਰਜਾਮੀ ॥੯॥
ਤਊ ਦਾਸ ਕੇ ਗੁਨ ਬਿਦਤਾਵਨ।
ਬੂਝਤਿ ਹੋ, ਮੈਂ ਕਰੌਂ ਸੁਨਾਵਨਿ।
ਸ੍ਰੀ ਗੁਰੁ ਅਰਜਨ ਕੋ ਲੇ ਗੋਦ।
ਰਹਜੋ ਖਿਲਾਵਤ ਪਾਇ ਪ੍ਰਮੋਦ ॥੧੦॥
ਇਕ ਤੋ ਇਹੁ ਸ਼ੁਭ ਕਰਮ ਮਹਾਨਾ।
ਅਪਰ ਸੁਨਹੁ ਜੇਤਿਸ ਕ੍ਰਿਤ ਠਾਨਾ।
ਗੁਰੂ ਅਮਰ ਜੀ ਸੇਵਨ ਕਰੇ।
ਪੂਰਨਮਾਸ਼ੀ ਮੇਲਾ ਭਰੇ ॥੧੧॥
ਤਬਹਿ ਪ੍ਰੀਤ ਧਰਿ ਕਰਹਿ ਅਹਾਰਾ।
ਅਨਿਕ ਪ੍ਰਕਾਰਨ ਕੈ ਕਰਿ ਤਜਾਰਾ।
ਸ੍ਰੀ ਗੁਰ ਅਮਰ ਕੇਰ ਸੰਤਾਨ।
ਤਿਨਿਹਿ ਅਚਾਵਹਿ ਕਰਿ ਕਰਿ ਮਾਨ ॥੧੨॥
ਮਨ ਭਾਵਤਿ ਦੇ ਮੋਦ ਪ੍ਰਬੀਨ।
ਪੁਨ ਪਹਿਰਾਵਹਿ ਬਸਤ੍ਰ ਨਵੀਨ।
ਤਿਨ ਕੋ ਸੇਵਹਿ ਅਨਿਕ ਪ੍ਰਕਾਰੇ।
ਕਰਹਿ ਕੀਰਤਨ ਜਾਏ ਚੁਬਾਰੇ ॥੧੩॥
ਕਬਹਿ ਬਾਵਲੀ ਬੈਠਹਿ ਆਇ।
ਆਸਾਵਾਰ ਸ਼ਬਦ ਜੁਤਿ ਗਾਇ।
ਗੁਰੂ ਅਮਰ ਸੰਤਤਿ ਕੇ ਪਾਸ।
ਕਰਿ ਗੁਰ ਭਗਤਿ, ਮਨੋਹਰਦਾਸ ॥੧੪॥
ਇਨ ਸ਼ੁਭ ਕਰਮਨਿ ਕੋ ਫਲ ਹੋਵਾ।

[1]ਮਨੋਹਰ ਦਾਸ ਨੇ।

[1]ਸ਼੍ਰੀ ਗੁਰੂ ਜੀ) ਪੁੱਛਣ ਲਈ ਸਭ ਨੂੰ ਸੁਣਾ ਕੇ (ਬੋਲੇ)।

ਲਹਯੋ ਮਹਾਂ ਪਦ, ਜੋ ਤੁਮ ਜੋਵਾ[1]।
ਕਹੇ ਆਪ ਕੇ ਹਮ ਨੇ ਜਾਨ੍ਯੋ।
ਇਸ ਪ੍ਰਕਾਰ ਤਪ ਤਿਸ ਨੇ ਠਾਨ੍ਯੋ' ॥੧੫॥
ਇਮ ਸੁਨਿਕੈ ਸ਼੍ਰੀ ਹਰਿਗੋਵਿੰਦ।
ਬੋਲੇ ਬਾਕ ਸੁਨਾਵਤਿ ਬ੍ਰਿੰਦ।
'ਸ਼੍ਰੀ ਗੁਰ ਅਮਰਦਾਸ ਸੰਤਾਨ।
ਹਮ ਨਹਿਂ ਸੇਵੇ ਕਬਿ ਨਿਜ ਪਾਨ ॥੧੬॥
ਕਰ ਸੋਂ† ਟਹਿਲ ਨ ਹਮ ਤੇ ਹੋਈ।
ਦੇਤਿ ਮਹਾਂ ਪਦਵੀ ਕੋ ਜੋਈ।
ਜਬਿ ਤੇ ਤੁਰਕਨਿ ਕੀਨਿ ਬਖੇਰਾ।
ਤਬਿ ਤੇ ਗੋਇੰਦਵਾਲ ਨ ਹੇਰਾ ॥੧੭॥
ਸ਼੍ਰੀ ਗੁਰ ਅਮਰਦਾਸ ਸੰਤਾਨ।
ਕਿਮ ਹਮ ਸੇਵਾ ਕਰਹਿਂ ਮਹਾਨ।
ਤਿਸ ਪੁਰਿ ਹਮ ਤੇ ਜਾਇ ਨ ਜਾਈ।
ਚਿਰੰਕਾਲ ਭਾ ਖ਼ਬਰ ਨ ਪਾਈ ॥੧੮॥
ਹਮ ਕੋ ਰਹੇ ਜੁ ਬਿਘਨ ਬਿਸਾਲਾ।
ਤੁਰਕਨਿ ਸੰਗ ਜੰਗ ਸਭਿ ਕਾਲਾ।'
ਭਾਈ ਗੜ੍ਹੀਆ ਸੰਤ ਪ੍ਰਬੀਨ।
ਤਿਸ ਕੀ ਦਿਸ਼ਾ ਬਿਲੋਕਨ ਕੀਨਿ ॥੧੯॥
ਕਹ੍ਯੋ ਤਾਂਹਿ ਸੋ 'ਤੁਮ ਅਬਿ ਜਾਵਹੁ।
ਕਹਿ ਅਨੰਦ ਕੋ ਇਹ ਠਾਂ ਲ੍ਯਾਵਹੁ।
ਸਿਵਕਾ ਲੇ ਕਰਿ ਸੰਗ ਸਿਧਾਵਹੁ।
ਗੋਇੰਦਵਾਲ ਜਾਇ ਦਰਸਾਵਹੁ† ॥੨੦॥
ਇਮ ਅਨੰਦ ਕੇ[1] ਸੰਗ ਬਖਾਨਉ।
-ਕਰਹੁ ਕ੍ਰਿਪਾ ਬਿਘਨੈ ਗਨ ਹਾਨਉ।
ਦਰਸ਼ਨ ਦੀਜੈ ਬਿਰਦ ਸੰਭਾਰਹੁ।
ਆਵਹੁ ਇਹ ਠਾਂ ਬਿਲਮ ਬਿਸਾਰਹੁ-' ॥੨੧॥
ਲਿਖੀ ਪੱਤ੍ਰਿਕਾ ਦੀਨਸਿ ਹਾਥ।

[1]ਦੇਖਿਆ ਹੈ (ਧਿਆਨ) ਧਾਰ ਕੇ।

†ਪਾ:-ਰਹੀ ਸੁ।

†ਸਾਰੀ ਚੌਪਈ ਦਾ ਪਾਠਾਂਤ੍ਰ ਇਉਂ ਬੀ ਹੈ: ਕਹ੍ਯੋ ਤਾਂਹਿ ਸੋਂ 'ਤੁਮ ਅਬ ਜਾਵਹੁ। ਗੋਇੰਦਵਾਲ ਜਾਇ ਦਰਸਾਵਹੁ। ਹਮ ਦਿਸ ਤੇ ਕਹੀਐ ਕੁਸ਼ਲਾਤੀ। ਤੁਮ ਕੋ ਬਾਂਛਤ ਹੈਂ ਦਿਨ ਰਾਤੀ' ॥ ੨੦ ॥

[1]ਬਾਬੇ ਮੋਹਰੀ ਜੀ ਦੇ ਸਪੁੱਤ੍ਰ।

ਗਮਨਜੋ ਲੀਨਿ ਪਾਲਕੀ ਸਾਥ।
ਸਨੈ ਸਨੈ ਪਰਿ ਗੋਇੰਦਵਾਲ।
ਮਿਲਜੋ ਆਇ ਗੜ੍ਹੀਆ ਤਿਸ ਕਾਲ ॥੨੨॥
ਪਦ ਅਰਬਿੰਦ ਅਨੰਦ ਕੇ ਬੰਦੇ।
ਦਈ ਪੱਤ੍ਰਿਕਾ ਪਠੀ ਬਿਲੰਦੇ।
ਲਿਖੀ ਪ੍ਰੇਮ ਕਰਿ ਬਾਂਚੀ ਜਬੈ।
ਮਗਨ ਅਨੰਦ ਅਨੰਦ[1] ਸੁ ਤਬੈ ॥੨੩॥
ਗੁਰੁ ਲੀਲਾ ਕੇ ਚਲਿਤ ਬਿਚਾਰੇ।
-[1]ਆਪਨ ਪੌ ਦੁਰਾਇ ਬਿਵਹਾਰੇ।
ਅਪਰ ਨਰਨ ਕੇ ਕਰਹਿਂ ਸਮਾਨ[4]।
ਕਰਤਾ ਹਰਤਾ ਸਰਬ ਜਹਾਨ ॥੨੪॥
ਜਿਸ ਕੀ ਮਾਯਾ ਮਹਾਂ ਅਪਾਰ।
ਜਿਸ ਕੋ ਕਬਿ ਕਿਨ ਲਹਜੋ ਨ ਪਾਰ।
ਤਿਨ ਕੋ ਅਬਿ ਦਰਸ਼ਨ ਮੈਂ ਪਾਊਂ।
ਧੰਨਜ ਜਨਮ ਅਪਨੋ ਕਰਿ ਆਊਂ- ॥੨੫॥
ਲੇ ਅਪਨੇ ਸੰਗ ਮਾਨਵ ਬ੍ਰਿੰਦ।
ਭਯੋ ਤਜਾਰ ਚਲਿਬੇ ਆਨੰਦ।
ਚਢੇ ਪਾਲਕੀ ਆਵਤਿ ਭਏ।
ਗੜ੍ਹੀਆ ਅਪਰ ਲੋਕ ਸੰਗ ਲਏ ॥੨੬॥
ਪਹੁੰਚੇ ਨਿਕਟਿ ਜਬਹਿ ਸੁਧ ਲਏ।
ਸ੍ਰੀ ਗੁਰ ਹਰਿਗੁਬਿੰਦ ਤਬਿ ਗਏ।
ਮਿਲੇ ਜਾਇ ਕਰਿ ਦੂਰਿ ਅਗਾਰੇ।
ਤੂਸ਼ਨ ਧਰੇ ਹਟਾਇ ਕਹਾਰੇ ॥੨੭॥
ਅਪਨ ਕੰਧ ਸਿਵਕਾ ਸੁ ਉਠਾਈ।
ਤਿਸੀ ਰੀਤਿ ਚਾਲੇ ਅਗਵਾਈ।
ਮਾਨ ਬਢਾਵਨਿ ਹੇਤੁ ਕ੍ਰਿਪਾਲਾ।
ਧਰੇ ਕੰਧ ਪਰ ਮਗ ਮਹਿਂ ਚਾਲਾ ॥੨੮॥
ਜਾਨਜੋ ਜਬੈ ਅਨੰਦ ਜੀ ਐਸੇ[1]।
-ਭਏ ਸੂਤ[1] ਅਰਜਨ ਕੇ ਜੈਸੇ।

[1]ਸ੍ਰੀ ਅਨੰਦ ਜੀ ਖੁਸ਼ੀ ਵਿਚ।

[1]ਆਪਣੇ ਆਪ ਨੂੰ ਲੁਕਾ ਕੇ ਦੂਸਰੇ ਮਨੁੱਖਾਂ ਵਾਂਙੂੰ ਵਿਹਾਰ ਕਰਦੇ ਹਨ।

[1]ਕਿ ਗੁਰੂ ਜੀ ਪਾਲਕੀ ਨੂੰ ਮੋਢਾ ਦੇ ਰਹੇ ਹਨ)।

[1]ਰਥਵਾਹੀ।

ਨਿੰਮ੍ਰੀ ਹੋਨਿ ਹੇਰਿ ਗਤਿ ਮਨ ਕੀ[1]।
ਇਮ ਹੀ ਰੀਤਿ ਪੁਰਾਤਨ ਇਨ ਕੀ- ॥੨੯॥

[1]ਮਨ ਦੇ ਨੀਵੇਂ ਹੋਣ ਦੀ ਦਸ਼ਾ ਦੇਖੀ।

ਤਬਿ ਹੀ ਕੂਦ ਪਾਲਕੀ ਤਜਾਗੀ।
ਮਿਲੇ ਪਰਸਪਰ ਅਤਿ ਅਨੁਰਾਗੀ।
'ਜਗ ਕੇ ਨਰਨ[1] ਬੰਚਨਾ ਕਰਿ ਹੋ।
ਅਤਿ ਪ੍ਰਤਾਪ ਧਰਿ ਸਭਿ ਤੇ ਦੁਰਹੋ[1]†' ॥੩੦॥

[1](ਅਸਾਂ) ਸੰਸਾਰੀ ਜੀਵਾਂ ਨੂੰ।

[1]ਲੁਕਦੇ ਹੋ। †ਇੱਥੇ ਗੁਰੂ ਜੀ ਦੇ 'ਗੁਰੂ ਅਮਰ ਪ੍ਰੇਮ' ਦਾ ਕਮਾਲ ਹੈ, ਉਧਰ ਅਨੰਦ ਜੀ ਗੁਰ ਜੀ ਨੂੰ ਗੋਬਿੰਦ ਰੂਪ ਮੰਨ ਰਹੇ ਹਨ ਤੇ ਜਦ ਹੀ ਪਤਾ ਲਗਦਾ ਹੈ ਪਾਲਕੀ ਤੋਂ ਛਾਲ ਮਾਰਦੇ ਹਨ, ਕੈਸਾ ਅਦਬ ਹੈ, ਕੈਸਾ ਪਿਆਰ ਹੈ। ਗੁਰੂ ਜੀ ਦੇ ਕੌਤਕ ਬੀ ਕਮਾਲ ਦੇ ਹਨ।

ਇਮ ਉਚਰਤਿ ਗ੍ਰਿਹ ਮਹੁਂ ਲੇ ਆਏ।
ਰੁਚਿਰ ਪ੍ਰੰਯਕ ਬਿਛਾਵਨਿ ਛਾਏ।
ਕਰਿ ਪੂਜਾ ਸਨਮਾਨ ਬਿਠਾਏ।
ਮ੍ਰਿਦੁਲ ਮਧੁਰ ਮੁਖ ਬਾਕ ਅਲਾਏ ॥੩੧॥
'ਬ੍ਰਿਹਾ ਤੁਮਾਰੋ ਭਾ ਚਿਰਕਾਲਾ।
ਨਹੀਂ ਮਿਲੇ ਮਨ ਪ੍ਰੇਮ ਬਿਸਾਲਾ।
ਤਬਿ ਕੇ ਸੇਵਾ ਤੇ ਰਹਿ ਗਏ।
ਕਬਹੁਂ ਭਈ ਨਹਿਂ, ਕਾਂਖਾ ਕਿਏ ॥੩੨॥
ਜਬਿ ਕੇ ਬਿਛੁਰੇ ਸੁਖ ਨਹਿਂ ਪਾਇਵ।
ਬਾਦ ਦੁੰਦ ਨਿਤ ਤੁਰਕ ਉਠਾਇਵ।
ਹਮ ਕੋ ਆਪ ਜਾਨਤੇ ਕੈਸੇ?
ਕਰੁਨਾ ਕਰਹੁ ਬਤਾਵਹੁ ਤੈਸੇ' ॥੩੩॥
ਸੁਨਤਿ ਅਨੰਦ, ਅਨੰਦ ਬਿਸਾਲੇ।
ਪ੍ਰੇਮ ਮਗਨ ਹ੍ਵੈ ਕਹਤਿ ਉਤਾਲੇ।
'ਸ਼੍ਰੀ ਗੁਰ ਨਾਨਕ ਅੰਗਦ ਰੂਪ।
ਤ੍ਰਿਤੀਏ ਸ਼੍ਰੀ ਗੁਰ ਅਮਰ ਅਨੂਪ ॥੩੪॥
ਸਤਿਗੁਰ ਰਾਮਦਾਸ ਸ਼੍ਰੀ ਅਰਜਨ।
ਹਰਿਗੁਬਿੰਦ ਖਸ਼ਟਮ ਤੁਮ ਤਿਨ ਤਨ[1]।
ਪਾਰਬ੍ਰਹਮ ਕੀ ਜੋਤਿ ਗਹੀਲਾ[1]।
ਧਰਿ ਮਾਯਾ ਤਨ[1] ਠਾਨਤਿ ਲੀਲਾ ॥੩੫॥

[1]ਉਨ੍ਹਾਂ ਦੇ ਸਰੂਪ।

[1]ਗ੍ਰਹਣ ਕਰਤਾ, ਧਾਰਣ ਵਾਲਾ।

[1]ਸਰੀਰ ਧਾਰਕੇ ਮਾਇਆ ਦ੍ਵਾਰੇ (ਅ) ਮਾਯਾ ਦ੍ਵਾਰੇ ਸਰੀਰ ਨੂੰ ਧਾਰ ਕੇ।

ਕਰਹੁ ਚਰਿੱਤ੍ਰ ਬਚਿੱਤ੍ਰ ਉਦਾਰੇ।
ਨਰ ਹੇਰਤਿ ਭਰਮਤਿ ਹੈਂ ਸਾਰੇ।
ਜਿਮ ਨਟ ਬਾਜ਼ੀ ਪਾਇ ਦਿਖਾਵੈ।
ਅਚਰਜ ਕੋ ਦਿਖਾਇ ਭਰਮਾਵੈ ॥੩੬॥
ਪੁਨ ਤਿਹ ਸੇਵਕ ਨਿਕਟ ਜਮੂਰਾ[1]।
ਸੋ ਨਹਿਂ ਭਰਮਹਿ ਜਾਨਹਿ ਕੂਰਾ।
ਤਜੋਂ ਨਿਜ ਦਾਸਨਿ ਕਰੁਨਾ ਧਰੋ।
ਸੋ ਜਾਨੈਂ ਜੈਸੀ ਬਿਧਿ ਕਰੋ ॥੩੭॥
ਹਮ ਜਾਨਹਿ ਮਾਯਾ ਤੇ ਪਰੈ[1]।
ਤੁਮ ਅਲੰਬ ਹੁਇ ਜਗ ਕੋ ਕਰੈ[1]।
ਨਿਰਬਿਕਾਰ, ਗੁਨਹੀਨ[1], ਅਲੇਪ।
ਤੁਮਰੇ ਮਹਿਂ ਵਿਸਤਾਰ ਸੰਛੇਪ[1] ॥੩੮॥
ਸਭਿ ਮਹਿਂ ਬ੍ਯਾਪਕ ਸਭਿ ਤੇ ਨ੍ਯਾਰੇ।
ਸਾਖੀ ਰੂਪ ਬਸਹਿ ਜਗ ਸਾਰੇ।
ਕਰਤਾ ਭਰਤਾ ਹਰਤਾ ਏਕ।
ਬਿਧ ਪ੍ਰਪੰਚ ਕੇ[1], ਜਲਧਿ ਬਿਬੇਕ! ॥੩੯॥
ਤੁਮ ਬਿਨ ਅਪਰ ਨ ਦੂਸਰ ਮਾਨੈਂ।
ਸਭਿ ਕੋ ਜਾਨੋ[1] ਇਮ ਹਮ ਜਾਨੈ।
ਅਦਭੁਤ ਕਹ੍ਯੋ ਨ ਜਾਇ ਚਰਿੱਤ੍ਰ।
ਕਹਨਿ ਸੁਨਨ ਤੇ ਹੋਇ ਪਵਿੱਤ੍ਰ' ॥੪੦॥
ਇਮ ਅਨੰਦ ਤੇ ਸੁਨਿ ਕਰਿ ਕਾਨੇ।
ਸ਼੍ਰੀ ਗੁਰ ਹਰਿਗੋਬਿੰਦ ਮੁਸਕਾਨੇ।
'ਤੁਮ ਅਨੰਦ ਹੋ, ਲਹ੍ਯੋ ਅਨੰਦ।
ਸੁਜਸੁ ਬਿਲੰਦ ਸੰਪੂਰਨ ਚੰਦ' ॥੪੧॥
ਪੁਨ ਸਭਿ ਸੰਗਤਿ ਮਹਿਂ ਨਰ ਫੇਰਾ।
'ਸਭਿ ਅਕੋਰ ਆਨਹੁ ਇਸ ਬੇਰਾ।
ਸ਼੍ਰੀ ਅਨੰਦ ਕੀ ਪੂਜ ਚਢਾਵਹੁ।
ਫਲ ਅਨੰਦ ਹੀ ਜਿਸ ਤੇ ਪਾਵਹੁ' ॥੪੨॥
ਸੁਨਿ ਗੁਰ ਆਗ੍ਯਾ ਕੋ ਸਭਿ ਆਏ।
ਅਨਿਕ ਉਪਾਇਨ ਕੋ ਅਰਪਾਏ।
ਮਾਯਾ ਬ੍ਰਿੰਦ ਚਢੀ ਕੋ ਹੇਰਿ।

[1]ਮਦਾਰੀ ਦੇ ਨਾਲ ਰਹਿਣ ਵਾਲਾ ਛੋਟਾ ਮੁੰਡਾ।
[1]ਮਾਇਆ ਤੋਂ ਪਰੇ ਹੋ (ਤੁਸੀਂ)।
[1]ਆਪ ਦੇ ਆਸਰੇ ਹੋਕੇ (ਮਾਇਆ) ਜਗਤ ਨੂੰ ਰਚਦੀ ਹੈ।
[1]ਰਜ, ਤਮ, ਸਤਗੁਣ ਤੋਂ ਰਹਿਤ।
[1]ਜਗਤ ਦਾ) ਸੰਖੇਪ ਤੇ ਵਿਸਤਾਰ ਆਪ ਵਿਚ ਹੀ ਹੈ।
[1]ਵਿਧਾਤਾ ਦੇ ਰਚੇ ਪ੍ਰਪੰਚ (ਸੰਸਾਰ) ਦੇ।
[1]ਜਾਨਣ ਵਾਲੇ ਹੋ।

ਕਹ੍ਯੋ ਅਨੰਦ ਭਗਤ ਜੀ ਫੇਰ ॥੪੩॥
'ਯਹਿ ਪੂਜਾ ਸਭਿ ਤੁਮਹਿਂ ਸੁਹਾਤਿ।
ਜਗੁ ਗੁਰ ਸਮਰਥ ਹੋ ਸਭਿ ਭਾਂਤਿ।
ਰੂਪ ਦਰਿੱਦ੍ਰ[1] ਹਮਹਿ ਦਿਖ ਪਰੈ।
ਨਹਿਂ ਕਬਹੂੰ ਕਰ ਛੁਵਨਿ ਕਰੈਂ' ॥੪੪॥
ਸੁਨਿ ਗੁਰ ਭਨ੍ਯੋ 'ਅਬਹਿ ਇਹੁ ਲੀਜੈ।
ਨਿਜ ਕਰ ਤੇ ਕਿਸਹੂੰ ਬਖ਼ਸ਼ੀਜੈ।'
ਤਬਿ ਅਨੰਦ ਨਹਿਂ ਬਾਕ ਹਟਾਯੋ।
ਮਾਨ ਸਿੰਘ ਕੋ ਨਿਕਟ ਬੁਲਾਯੋ ॥੪੫॥
ਧਨ ਦੇ ਕਰਿ ਸਮੁਝਾਇ ਸੁਨਾਯਹੁ।
'ਹੇ ਸੁਤ! ਬਿਤ ਲਿਹੁ ਭੋਗ ਭੁਗਾਯਹੁ।
ਸੁਖ ਪਾਵਹੁ ਤੁਮ ਲੇਖ ਸੁ ਮਾਥੇ।
ਮਨ ਭਾਵਤਿ ਭੋਗਹੁ ਧਨ ਸਾਥੇ' ॥੪੬॥
ਕੇਤਿਕ ਦਿਨ ਰਾਖੇ ਪੁਨ ਪਾਸ।
ਭਾਂਤਿ ਭਾਂਤਿ ਕੇ ਬਾਕ ਪ੍ਰਕਾਸ਼।
ਸੁਨਿ† ਕਹਿ, ਬਿਦਾ ਭਏ ਜੁ ਅਨੰਦ।
ਕਰੇ ਪਰਸਪਰ ਮਹਦ ਅਨੰਦ ॥੪੭॥
ਹਿਤ ਅਸਵਾਰੀ ਸਿਵਕਾ ਦੀਨਿ।
ਪੁਨ ਭਾਈ ਗੜ੍ਹੀਆ ਸੰਗ ਕੀਨਿ।
ਗੋਇੰਦਵਾਲ ਜਾਇ ਪਹੁੰਚਾਏ।
ਸਭਿ ਸੋਂ ਮਿਲਿ ਗੁਰ ਸੁਜਸੁ ਅਲਾਏ ॥੪੮॥
ਅਬਿ ਲਗਿ ਧਰੀ ਪਾਲਕੀ ਸੋਈ†।
ਹੇਰਿ ਨਮੋ ਠਾਨਹਿ ਸਭਿ ਕੋਈ।
ਸ਼੍ਰੀ ਗੁਰ ਹਰਿਗੋਵਿੰਦ ਜੀ ਦੀਨਿ।
ਗੋਇੰਦਵਾਲ ਧਰੀ ਦੁਤਿ ਭੀਨ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ਼੍ਰੀ ਅਨੰਦ ਜੀ ਕੋ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

[1](ਇਹ ਮਾਇਆ) ਦਲਿਦ੍ਰ ਦਾ ਰੂਪ।

†ਪਾ:-ਪੁਨਿ।

†ਜਿਸ ਪਾਲਕੀ ਦੇ ਹੁਣ ਗੋਇੰਦਵਾਲ ਦਰਸ਼ਨ ਹੁੰਦੇ ਹਨ ਉਹ ਪੋਥੀਆਂ ਵਾਲੀ ਦਸੀਦੀ ਹੈ, ਜਿਸ ਪਰ ਪੰਚਮ ਗੁਰੂ ਜੀ ਬਾਬਾ ਮੋਹਨ ਤੋਂ ਪੋਥੀਆਂ ਲਿਆਏ ਸਨ। ਅਨੰਦ ਜੀ ਵਾਲੀ ਪਾਲਕੀ ਦਾ ਹੁਣ ਥਹੁ ਨਹੀਂ।

## ੪੮. [ਬਾਬਕ ਰਬਾਬੀ ਪ੍ਰਲੋਕ ਗਮਨ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਸ੍ਰੀ ਹਰਿਗੋਵਿੰਦ ਸਤਿਗੁਰੂ, ਇਸ ਬਿਧਿ ਸਮੈਂ ਬਿਤਾਇ।
ਸਿਖ ਸੰਗਤਿ ਆਵਹਿ ਅਨਿਕ, ਮਨ ਬਾਂਛਤਿ ਕੋ ਪਾਇ ॥੧॥

ਚੌਪਈ:

ਬਾਬਕ ਹੁਤੋ ਅਗਾਰੀ ਗਾਵੈ।
ਸਦਾ ਕੀਰਤਨ ਕਰਤਿ ਸੁਨਾਵੈ।
ਭਾਂਤਿ ਭਾਂਤਿ ਕੇ ਰਾਗਨਿ ਸਾਥ।
ਕਰਹਿ ਰਿਝਾਵਨ ਸਤਿਗੁਰ ਨਾਥ ॥੨॥
ਅੰਤ ਸਮਾਂ ਪਹੁੰਚਯੋ ਤਬਿ ਆਈ।
ਜਾਨਿ ਲਈ ਤਬਿ ਮ੍ਰਿਤੁ ਨਿਯਰਾਈ।
ਸ਼੍ਰੀ ਹਰਿਗੋਵਿੰਦ ਢਿਗ ਚਲਿ ਆਯੋ।
ਪ੍ਰਾਨ ਅੰਤ ਬਿਰਤੰਤ ਸੁਨਾਯੋ ॥੩॥
'ਕਰਹੁ ਖੁਸ਼ੀ ਸਤਿਗੁਰੂ ਬਿਸਾਲਾ!
ਗਮਨੌਂ ਮੈਂ ਪਰਲੋਕ ਸੁਖਾਲਾ।
ਅਪਨਿ ਸਮੀਪੀ ਸਦਾ ਰਖੀਜੈ।
ਇਹੀ ਆਸ ਮਮ ਰਿਦੈ ਪੁਰੀਜੈ ॥੪॥
ਸ਼੍ਰੀ ਨਾਨਕ ਜੀ ਢਿਗ ਮਰਦਾਨਾ।
ਸਦਾ ਰਾਗ ਕੋ ਕਰਤਿ ਸੁਜਾਨਾ।
ਇਸ ਜਗ ਮਹਿਂ ਭਾ ਬਡ ਬੱਖਜਾਤ[1]। — [1]ਪ੍ਰਸਿੱਧ।
ਪਾਯੋ ਸੁਜਸੁ ਬਡੋ ਅਵਿਦਾਤ[1] ॥੫॥ — [1]ਉੱਜਲ।
ਜਿਮ ਬਾਵਨ ਕੋ ਲੇ ਕਰਿ ਸੰਗ।
ਹਾਥ ਲਸ਼ਟਕਾ ਵਧੀ ਉਤੰਗ[1]। — [1]ਜਿਥੋਂ ਬਾਵਨ ਦੀ ਸੰਗਤ ਲੈਕੇ (ਉਸ ਦੇ) ਹੱਥ ਦੀ ਮੋਟੀ ਉੱਚੀ ਵੱਧੀ ਸੀ।
ਤਿਮ ਰਾਵਰਿ ਕੀ ਸੰਗਤਿ ਪਾਇ।
ਹਮ ਆਦਿਕ ਜਗ ਮਹਿਂ ਬਿਦਤਾਇ ॥੬॥
ਭਲੇ ਭਾਗ ਤੇ ਭਏ[†] ਭਲੇਰੇ। — [†]ਪਾ:-ਫਲੇ।
ਸਦਾ ਗੁਰੂ ਕੇ ਦਰਸ਼ਨ ਹੇਰੇ।'
ਸੁਨਿ ਸ਼੍ਰੀ ਹਰਿਗੋਵਿੰਦ ਬਖਾਨਾ।

'ਕਰਜੋ ਪ੍ਰਮੇਸੁਰ ਆਵਨ ਜਾਨਾ ॥੭॥
ਨਿਜ ਨਿਜ ਸਮੈਂ ਪਯਾਨਹਿਂ ਸਾਰੇ।
ਅਪਨੀ ਵਾਰੀ ਧੀਰ ਨ ਧਾਰੇ।
ਆਵਨ ਧੰਨ ਅਹੈ ਤਿਨ ਕੇਰਾ।
ਸਿਮਰਜੋ ਸੱਤਿਨਾਮ ਸਭਿ ਬੇਰਾ ॥੮॥
ਸਤਿਗੁਰ ਕੀ ਸੇਵਾ ਮਹਿਂ ਲਾਗੇ।
ਕੀਰਤ ਕਰਹਿਂ ਸੁਨਹਿਂ ਬਡਭਾਗੇ।
ਇਸ ਕੇ ਸਮ ਅਪਰ ਨ ਕਲਿ ਕਾਲ।
ਹਰਤਾ ਪਾਤਕ, ਬਿਘਨ ਬਿਸਾਲ ॥੯॥
ਕਲਮਲ ਮਲ[1] ਮਨ ਪਟ ਕੋ ਲਾਗੀ। — [1]ਪਾਪਾਂ ਦੀ ਮੈਲ।
ਬਿਸ਼ਿਯਨ ਕੀ ਕਾਰਖ ਸੋਂ ਪਾਗੀ।
ਚਹੈਂ ਨਿਵਾਰਨ ਇਸ ਕੌ ਜੇਈ।
ਸਤਿਸੰਗਤਿ ਮਹਿਂ ਮਿਲਿ ਕਰਿ ਤੇਈ ॥੧੦॥
ਸੱਤਿਨਾਮ ਜਲ ਕੋ ਤਹਿਂ ਲੇਯ।
ਧੋਵਨ ਕਿਰਤਨ ਭਲੇ ਕਰੇਯ[1]। — [1](ਓਹ) ਕੀਰਤਨ ਕਰਕੇ (ਇਸ ਮੈਲ ਨੂੰ ਚੰਗੀ ਤਰ੍ਹਾਂ ਧੋਣ)।
ਉੱਜਲ ਮਨ ਕੋ ਕਰਹਿਂ ਸੁਜਾਨ।
ਚਢਹਿ ਰੰਗ ਗੂਢੋ ਤਤਗਜਾਨ ॥੧੧॥
ਕਬਹੁੰ ਨ ਉਤਰੈ ਸਦਾ ਨਵੀਨ।
ਇਸ ਬਿਧਿ ਕੀ ਬੁਧਿ ਅਧਿਕ ਪ੍ਰਬੀਨ।
ਯਾਂ ਤੇ ਬਾਬਕ ਤੂੰ ਚਿਤ ਜਾਨਹੁ।
ਅੰਤ ਸਮੇਂ ਲੌ ਨਾਮ ਬਖਾਨਹੁ ॥੧੨॥
ਰਹਜੋ ਕਰਤਿ ਕਿਰਤਨ ਕੋ ਨੀਤ।
ਅਹੈ ਭਲੇ ਤੁਵ ਨਿਰਮਲ ਚੀਤ।
ਪਿਤਾ ਤੋਹਿ ਆਛੀ ਗਤਿ ਪਾਈ।
ਤਿਮ ਹੀ ਤੁਮ ਕੋ ਹੁਇ ਸੁਖਦਾਈ' ॥੧੩॥
ਇਮ ਸੁਨਿ ਕੈ ਗੁਰ ਪਦ ਅਰਬਿੰਦ।
ਕਰੇ ਸਪਰਸ਼ਨ ਪੁੰਨ ਬਿਲੰਦ।
'ਲੋਕ ਪ੍ਰਲੋਕ ਸਹਾਇਕ ਅਹੋ।
ਨਹੀਂ ਅਪਰ ਕੋ ਹਮ ਨੇ ਲਹੋ' ॥੧੪॥
ਨਿਜ ਸੁਤ ਕੋ ਪਾਯੋ ਸ਼ਰਣਾਈ।

'ਪ੍ਰਤਿਪਾਰਹੁ ਮਮ ਸਮ ਇਸ ਤਾਂਈ।
ਹਮ ਰਾਵਰਿ ਕੇ ਅਹੈਂ ਸਦੀਵੇ।
ਪੁਸ਼ਤਨ ਲਗੌਂ ਰਬਾਬੀ ਥੀਵੇ' ॥੧੫॥
ਸੁਨਿ ਸਤਿਗੁਰ ਪਨ ਧੀਰਜ ਦੀਨਿ।
'ਹੋਇ ਇਸੀ ਬਿਧਿ' ਕਹਿਬੋ ਕੀਨਿ।
'ਰਹੈ ਰਬਾਬੀ ਨੰਦਨ ਤੇਰੋ।
ਲਹੈ ਰਾਗ ਕੋ ਭੇਵ ਬਡੇਰੋ ॥੧੬॥
ਹਮ ਪਾਛੈ ਗੁਰ ਘਰ ਮਹਿਂ ਰਹੈ।
ਖਾਨ ਪਾਨ ਤਮ ਸਮ ਹੀ ਲਹੈ।
ਇਹ ਭੀ ਚਿੰਤ ਨ ਚਿਤ ਮਹਿਂ ਕਰੀਏ।
ਅੰਤ ਸਮਾਂ ਸਤਿਨਾਮ ਸਿਮਰੀਏ ॥੧੭॥
ਥਿਰ ਚਿਤ ਹ੍ਵੈ ਕੈ ਸਦਨ ਪਧਾਰੋ।
ਪੌਢਹੁ, ਬਸਨ ਬਦਨ ਪਰ ਧਾਰੋ।
ਤਜਾਗਨਿ ਕਰਹੁ ਸੁਖੈਨ ਸਰੀਰ।
ਪੁੱਤ੍ਰ ਬਿਠਾਇ ਆਪਨੇ ਤੀਰ' ॥੧੮॥
ਸੁਨਿ ਆਇਸੁ ਸਤਿਗੁਰ ਤੇ ਚਲਜੋ।
ਜਾਤੀ ਮਲਕ ਸੰਗ ਪੁਨ ਮਿਲਜੋ।
ਮ੍ਰਿਦੁਲ ਬਾਕ ਕਹਿ 'ਪੈਰੀ ਪਾਣਾ।
ਮੈਂ ਅਬਿ ਅਪਨੋ ਕਰੌਂ ਪਯਾਣਾ ॥੧੯॥
ਹੁਤੇ ਹਮਾਰੇ ਭਾਗ ਬਿਲੰਦ।
ਜਿਸ ਤੇ ਦ੍ਰਿਗ ਸ਼੍ਰੀ ਹਰਿ ਗੋਬਿੰਦ।'
ਜਾਤੀ ਮਲਕ ਕਹਜੋ 'ਤੁਵ ਧੰਨ।
ਅੰਤ ਸਮੈ ਕਰਿ ਗੁਰੂ ਪ੍ਰਸੰਨ ॥੨੦॥
ਚਲਜੋ ਚਹੈਂ ਪਰਲੋਕ ਮਝਾਰਾ।
ਜਹਿਂ ਕੋ ਗਮਨ ਸਭਿਨਿ ਸਿਰ ਧਾਰਾ।
ਮੈਂ ਤਨ ਤਜਾਗੋਂ ਦੇਰਿ ਨ ਕੋਈ।
ਕੇਤਿਕ ਦਿਵਸਨਿ ਆਯੁ ਹੋਈ' ॥੨੧॥
ਪੁਨ ਬਾਬਕ ਸਤਿਸੰਗਤਿ ਸਾਰੀ।
ਮਿਲਿ ਮਿਲਿ ਭਲੇ ਬੰਦਨਾ ਧਾਰੀ।
ਲੇ ਸਭਿਹਿਨਿ ਤੇ ਖੁਸ਼ੀ ਬਿਸਾਲਾ।
ਲੇ ਸੁਤ ਸੰਗ ਸਦਨ ਕੋ ਚਾਲਾ ॥੨੨॥
ਆਇ ਭਾਰਜਾ ਬਹੁ ਸਮੁਝਾਈ।

'ਹਮਰੇ ਸਿਰ ਪਰ ਨਿਤ ਗੁਰ ਸਾਂਈ।
ਕਿਸੀ ਬਾਤ ਕੋ ਨਾਂਹਿ ਅੰਦੇਸ਼ਾ।
ਦੁਹ ਲੋਕਨ ਕੇ ਕਟੇ ਕਲੇਸ਼ਾ' ॥੨੩॥
ਦੋਇ ਜਾਮ ਨਿਜ ਧਾਮ ਬਿਤਾਏ।
ਪੁਨ ਮੁਖ ਕੀ ਦੁਤਿ ਕਛੁ ਕੁਮਲਾਏ।
ਜਾਨਜੋ ਪ੍ਰਾਨ ਅੰਤ ਅਬਿ ਹ੍ਵੈ ਹੈ।
ਸੱਤਿਨਾਮ ਮਿਸਰਤਿ ਗੁਨ ਗੈਹੈ ॥੨੪॥
ਪਰਜੋ, ਬਦਨ ਪਰ ਬਸਨ ਸੁ ਪਾਯੋ।
ਤਤਛਿਨ ਤਨ ਕੋ ਛੋਰਿ ਸਿਧਾਯੋ।
ਅਪਰ ਜਿ ਹੁਤੇ ਡੂਮ ਕੀ ਜਾਤਿ।
ਸਕਲ ਬੁਲਾਏ ਕਹਿ ਮ੍ਰਿਦੁ ਬਾਤ ॥੨੫॥
ਸੈਨਾ ਮਹਿਂ ਜੇ ਤੁਰਕ ਹਕਾਰੇ।
ਸਭਿ ਚਲਿ ਆਏ ਬਾਬਕ ਦ੍ਵਾਰੇ।
ਕ੍ਰਿਯਾ† ਮ੍ਰਿਤਕ ਕੀ ਜੇਤਿਕ ਹੋਇ।

†ਇਥੇ ਕਵਿ ਜੀ 'ਕ੍ਰਿਯਾ' ਪਦ ਮੁਸਲਮਾਨਾਂ ਦੇ ਸੰਸਕਾਰ ਦੇ ਵਰਤ ਰਹੇ ਹਨ, ਤਿਵੇਂ ਸਿੱਖੀ ਸੰਸਕਾਰ ਤੇ ਬੀ ਵਰਤ ਲੈਂਦੇ ਹਨ।

ਤਾ ਕੇ ਸੁਤ ਕਰਿਵਾਈ ਸੋਇ ॥੨੬॥
ਊਪਰ ਪਾਯੋ ਰੁਚਿਰ ਦੁਸ਼ਾਲਾ।
ਲੇ ਨਿਕਸੇ ਬਾਹਿਰ ਤਤਕਾਲਾ।
ਕਬਰ ਖਨਾਇ ਧਰਜੋ ਤਿਸ ਮਾਂਹੀ।
ਦਫਨਾਯਹੁ† ਜਸੁ ਭਾਖਹਿਂ ਤਾਂਹੀ ॥੨੭॥

†ਮਰਦਾਨਾ ਸਸਕਾਰਿਆ ਸੀ। ਬਾਬਕ ਬੀ ਇਸ ਰਸਤੇ ਗਿਆ ਜਾਣੋ। ਬਾਬਕ ਸਤਿਗੁਰੂ ਵਿਚ ਪੂਰਣ ਵਿਸ਼ਵਾਸੀ ਸੀ, 'ਲੋਕ ਪ੍ਰਲੋਕ ਦਾ ਸਹਾਈ ਗੁਰ ਹੈ' ਪਿੱਛੇ ਕਹਿ ਚੁਕਾ ਹੈ ਤਾਂ ਤੇ ਉਹ ਸਿੱਖ ਹੈ, ਇਸਦੀ ਕਬਰ ਦਾ ਨਿਸ਼ਾਨ ਕੀਰਤਪੁਰ ਵਿਚ ਕਿਤੇ ਨਹੀਂ।

ਗੁਰ ਪ੍ਰਸੰਨ ਕਰਿ ਅੰਤ ਸਮੇਂ ਇਹ।
ਸ਼ੁਭ ਗਤਿ ਪਾਈ ਸੰਸੇ ਕੋ ਨਹਿਂ।
ਇਸ ਪ੍ਰਕਾਰ ਕਰਿ ਤਾਂਹਿ ਚਲਾਨਾ।
ਪੀਛੇ ਕ੍ਰਿਯਾ ਕਰੀ ਕੁਲ, ਨਾਂਨਾ ॥੨੮॥
ਕੇਤਿਕ ਦਿਵਸ ਬਿਤੇ ਜਬਿ ਮਰੇ।
ਤਿਸ ਕੇ ਪੁੱਤ੍ਰਨਿ ਸਭਿ ਬਿਧਿ ਕਰੇ।
ਤਬਿ ਸਤਿਗੁਰੁ ਆਛੋ ਦਿਨ ਜਾਨਿ।
ਬਿਨਾ ਕੀਰਤਨ ਰਹਤਿ ਦਿਵਾਨ ॥੨੯॥
ਧਨ ਦਸਤਾਰ ਬਿਸਾਲ ਦੁਸ਼ਾਲਾ।

ਦੇ ਕਰਿ ਬਿੱਪ੍ਰ ਹਾਥ ਤਬਿ ਘਾਲਾ।
ਚਤੁਰ ਸੁਤਨਿ ਕੋ ਦੇ ਕਰਿ ਧੀਰ।
'ਇਹ ਸਭਿ ਬਿਨਸਨ ਹਾਰ ਸਰੀਰ
॥ ੩੦ ॥
ਅਬਿ ਇਹੁ ਸਿਰੋਪਾਉ ਗੁਰ ਦੀਨਾ।
ਸਿਰ ਪਰ ਬੰਧਹੁ ਪਾਗ ਨਵੀਨਾ।
ਸ਼ੋਕ ਤਜਹੁ ਅਰੁ ਭਜਹੁ ਸੁ ਨਾਮ।
ਗੁਰ ਕੋ ਸੇਵ ਬਸਹੁ ਨਿਜ ਧਾਮ ॥ ੩੧ ॥
ਊਪਰ ਸੁੰਦਰ ਲੇਹੁ ਦੁਸ਼ਾਲਾ।
ਕਰਹੁ ਕੀਰਤਨ ਸਭਾ ਬਿਸਾਲਾ।'
ਸੁਨਿ ਕੈ ਬਾਕ ਦੇਖਿ ਗੁਰ ਦਯਾ।
ਮਨ ਤੇ ਸ਼ੋਕ ਸਭਿਨਿ ਤਜਿ ਦਯਾ
॥ ੩੨ ॥
ਸਿਰ ਪਰ ਬਾਂਧੀ ਪਾਗ ਬਨਾਇ।
ਆਛੇ ਬਸਤ੍ਰ ਪਹਿਰਿ ਹਰਿਖਾਇ।
ਲੇ ਕਰਿ ਸਾਜ ਪਿਤਾ ਸਮ ਗਏ।
ਸਭਾ ਬਿਖੈ ਗੁਰ ਦਰਸ਼ਨ ਲਿਏ ॥ ੩੩ ॥
ਖਰੇ ਹੋਇ ਕੈ ਕਰੀ ਕਲ੍ਯਾਨ।
'ਗੁਰ ਸਾਹਿਬ ਸੋਢੀ ਸੁਲਤਾਨ।
ਸ਼੍ਰੀ ਗੁਰ ਰਾਮਦਾਸ ਕੋ ਪੋਤਾ।
ਦੀਨ ਦੁਨੀ ਥੰਭਿ ਭਾਰ ਖਲੋਤਾ ॥ ੩੪ ॥
ਸ਼੍ਰੀ ਅਰਜਨ ਸੁਤ ਜੋਧਾ ਬਲੀ।
ਤੁਰਕ ਮਾਰ ਕਰਿ ਕੀਰਤਿ ਭਲੀ।
ਪੀਰੀ ਮੀਰੀ ਕੋ ਬਡ ਥੰਭਾ।
ਪਿਖਿ ਪ੍ਰਾਕ੍ਰਮ ਸਭਿ ਜਗਤ ਅਚੰਭਾ
॥ ੩੫ ॥
ਮੁਗਲਸਖਾਨ ਜੰਗ ਕਰਿ ਮਾਰਯੋ।
ਅਬਦੁਲ ਖਾਂ ਜੁਤਿ ਚਮੂ ਸੰਘਾਰਯੋ।
ਲਲਾਬੇਗ ਸਹਿ ਕੰਬਰ ਘਾਤੀ।
ਸ਼ਾਹੁ ਜਹਾਂ ਕੀ ਦਾਹਿਸਿ ਛਾਤੀ[1] ॥ ੩੬ ॥ [1]ਸਾੜ ਦਿਤੀ।
ਲੂਣਹਰਾਮੀ ਪੈਂਦਾ ਘਾਯੋ।
ਪ੍ਰਤਿਪਾਲਕ ਸੋ ਲਰਿਬੇ ਆਯੋ।

ਅਰਜੋ ਨ ਸ਼ੱਤ੍ਰੂ ਸਕਲ ਹੀ ਮਾਰੇ।
ਮੌਨ ਸ਼ਾਹੁ ਭਾ ਮਾਨੀ[1] ਹਾਰੇ ॥੩੭॥
ਕੋ ਕੋ ਗੁਨ ਰਾਵਰ ਕੇ ਕਹੈਂ।
ਸ਼ੇਸ਼ ਸਾਰਦਾ ਅੰਤ ਨ ਲਹੈਂ।'
ਗੁਰ ਜਸੁ ਕਹਿ ਬੈਠੇ ਦਰਬਾਰ।
ਲਗੇ ਕੀਰਤਨ ਕਰਨਿ ਉਦਾਰ ॥੩੮॥
ਭਾਂਤਿ ਭਾਂਤਿ ਕੇ ਰਾਗਨਿ ਗਾਇ।
ਸਭਾ ਸਹਿਤ ਗੁਰੁ ਲਏ ਰਿਝਾਇ।
ਕਰੀ ਮੌਜ[1] ਤਿਨ ਕੌ ਤਤਕਾਲਾ।
ਰਿਦੈ ਅਨੰਦਤਿ ਭਏ ਬਿਸਾਲਾ ॥੩੯॥
ਇਸੀ ਭਾਂਤਿ ਨਿਜ ਪਿਤ ਕੀ ਨਜਾਈ।
ਲਗੇ ਕੀਰਤਨ ਕਰਨਿ ਬਨਾਈ।
ਨਿਤ ਆਵਹਿਂ ਗੁਰ ਕੇ ਦਰਬਾਰ।
ਚੌਂਕੀ ਕਰਤੇ ਸੰਝ ਸਕਾਰ ॥੪੦॥

[1]ਤੇ ਹੰਕਾਰੀ।

[1]ਬਖਸ਼ਿਸ਼।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਬਾਬਕ ਪ੍ਰਲੋਕ ਗਮਨ' ਪ੍ਰਿਸੰਗ ਬਰਨਨੰ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥੪੮॥

## ੪੯. [ਜਾਤੀ ਮਲਕ ਪ੍ਰਤਿ ਉਪਦੇਸ਼]

੪੮<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ,
ਸਮਾ ਬਿਤਾਵਨ ਕੀਨਿ।
ਨੰਮ੍ਰੀ ਸ਼੍ਰੀ ਹਰਿਰਾਇ ਪਿਖਿ,
ਕਰਹਿਂ ਸਨੇਹ ਨਵੀਨ ॥੧॥

ਚੌਪਈ:

ਅਪਨਿ ਸਮਾਂ ਤਨ ਤਜਨ ਪਛਾਨਾ।
ਬੀਤਤਿ ਬਾਸਰ ਹੁਇ ਨਿਯਰਾਨਾ[1]। — [1]ਆਯੂ ਦੇ) ਦਿਨ ਬੀਤ ਰਹੇ ਤੇ ਨੇੜੇ ਹੁੰਦਾ ਜਾਂਦਾ (ਤਨ ਤਜਨ ਦਾ ਸਮਾਂ) ਪਛਾਣਿਆਂ।
ਗੁਰਤਾ ਦਈ ਚਹੈਂ ਨਿਜ ਪੋਤੇ।
ਲਖਿ ਕਰਿ ਧੀਰ ਆਦਿ ਗੁਨ ਪੋਤੇ[1] ॥੨॥ — [1]ਗੁਣਾਂ ਦੇ ਜਹਾਜ।
ਦਿਨ ਪ੍ਰਤਿ ਦਾਨ ਦੇਤਿ ਦਿਜ ਦੀਨ।
ਦਰਬ ਜਵਾਹਿਰ ਕੀਮਤਿ ਪੀਨ[1]। — [1]ਭਾਰੀ ਮੁੱਲ ਦੇ।
ਬਰਨ ਬਰਨ ਕੇ ਬਸਤ੍ਰ ਨਵੀਨ।
ਬਲੀ ਤੁਰੰਗ ਪਾਇ ਕਰਿ ਜ਼ੀਨ ॥੩॥
ਗੁਰ ਕਰ ਤੇ ਪੂਰਬ ਖਰ ਧਾਰਾ।
ਕਰਵਾਰਨ ਕੀ ਬਹੀ ਉਦਾਰਾ[1]। — [1]ਗੁਰੂ ਜੀ ਦੇ ਹੱਥੋਂ (ਜਿਵੇਂ) ਪਹਿਲੇ ਤਿਖੀਆਂ ਤਲਵਾਰਾਂ ਦੀ ਧਾਰਾ ਬਹੁਤੀ ਹੀ ਵਹੀ ਸੀ।
ਜਿਸਹਿ ਪਾਇ ਕਾਇਰ ਬਹਿ ਗਏ[1]। — [1]ਰੁੜ੍ਹ ਗਏ।
ਤਰ ਕਰਿ ਸੂਰ[1] ਸੁਰਗ ਕੋ ਗਏ† ॥੪॥ — [1]ਸੂਰਮੇ (ਉਸ ਧਾਰਾ ਨੂੰ) ਤਰਕੇ। †ਕਵਿਤਾ ਦਾ ਕਮਾਲ ਹੈ।
ਤਥਾ ਦਾਨ ਧਾਰਾ ਗੁਰ ਕਰ ਕੀ।
ਨਿਸਦਿਨ ਚਲੀ ਜਾਤਿ ਇਕਸਰ ਕੀ[1]। — [1]ਇਕ ਸਾਰ, ਭਾਵ ਲਗਾਤਾਰ।
ਦੀਨਨਿ ਕੋ ਦਾਰਿਦ[1] ਬਹਿ ਗਯੋ*। — [1]ਕੰਗਾਲਤਾ।
ਦਸਹੂੰ ਦਿਸ਼ਿ ਜਸੁ ਤੇ ਭਰਿ ਗਯੋ ॥੫॥
ਅਧਿਕ ਦਾਰਿਦੀ ਜੇ ਚਲਿ ਆਵੈਂ।
ਪਹਿਰ ਬਿਭੂਖਨ ਤੁਰੰਗ ਨਚਾਵੈਂ।
ਜਬਿ ਅਪਨੇ ਘਰਿ ਪਹੁੰਚਹਿਂ ਜਾਇ।
ਸਨਬੰਧੀ ਜੇ ਹੈਂ ਸਮੁਦਾਇ ॥੬॥
ਤਿਨ ਤੇ ਤੁਰਤ ਨ ਹੋਇ ਚਿਨਾਰੀ।
ਦੇਖਿ ਬੇਸ਼ ਕੋ ਦੇਹਿਂ ਬਿਸਾਰੀ।

ਕੇਤਿਕ ਸੈਨ ਬਨਾਇ ਸਿਧਾਵੈਂ।
ਬਡੇ ਮੋਲ ਪਟ ਤੁਰੰਗ ਲਿਜਾਵੈਂ ॥੭॥
ਤਿਨਹੁਂ ਹੇਰ ਕਰਿ ਜੇ ਲਘੁ ਗ੍ਰਾਮ।
ਭਾਜਹਿਂ ਤਜਾਗ ਭਰੇ ਧਨੁ ਧਾਮੁ।
ਤਿਨ ਸੋਂ ਊਚੇ ਕਹੈਂ ਸੁਨਾਇ।
'ਹਮ ਕੋ ਦੇਖਤਿ ਨਹੀਂ ਪਲਾਇ ॥੮॥
ਸ਼੍ਰੀ ਹਰਿਗੋਵਿੰਦ ਜੋਧਾ ਭਾਰੀ।
ਹਮ ਤਿਸ ਕੇ ਚਲ ਜਾਹਿਂ ਭਿਖਾਰੀ।'
ਜੋ ਜਿਸ ਸਮੈਂ ਆਇ ਜਸੁ ਕਹੈ।
ਦਰਬ ਤੁਰੰਗ ਬਸਨ ਕੋ ਲਹੈ ॥੯॥
ਅਵਦੁਲ ਨੱਥਾ ਰਣ ਕੀ ਵਾਰ†।

†ਅਬਦੁਲ ਨੱਥਾ ਢਾਢੀ ਨੇ ਗੁਰੂ ਜੀ ਦੇ ਜੁੱਧਾਂ ਦੀ ਵਾਰ ਬਨਾਈ। ਕਵਿ ਜੀ ਨੇ, ਜਾਪਦਾ ਹੈ ਕਿ ਚਹੁੰ ਜੁੱਧ ਦਾ ਮਸਾਲਾ ਉਸ ਵਾਰ ਤੋਂ ਬੀ ਘੱਲਿਆ ਹੈ। ਇਹ ਸ਼ੈ ਖੋਜ ਤਲਬ ਹੈ।

ਕਰੀ ਬਨਾਵਨਿ ਸਕਲ ਸੁਧਾਰਿ।
ਜਿਮ ਸੰਘਰ ਘਾਲਜੋ ਘਮਸਾਨ।
ਮਾਰੇ ਸੱਯਦ ਮੁਗ਼ਲ ਪਠਾਨ ॥੧੦॥
ਫਤੇ ਲਈ ਹਤਿ ਕਰਿ ਤੁਰਕਾਨਾ।
ਹਨੇ ਡੰਕ ਰਣਜੀਤ ਨਿਸ਼ਾਨਾ[1]।

[1]ਰਣ ਦੀ ਜਿੱਤ ਦੇ ਡੰਕੇ ਤੇ ਨਿਸ਼ਾਨ ਵਜਾਕੇ। ਨਾਮ 'ਰਣਜੀਤ ਨਗਾਰਾ' ਦਸਮ ਪਾਤਸ਼ਾਹ ਜੀ ਦੇ ਡੰਕੇ ਦਾ ਸੀ।

ਗੁਰ ਆਗੇ ਥਿਰ ਹੋਇ ਸੁਨਾਈ।
ਸੁਨਿ ਕਰ ਦਾਨ ਦੀਨ ਸਮੁਦਾਈ ॥੧੧॥
ਗਜ ਤੁਰੰਗ ਊਪਰ ਸ਼ੁਭ ਜ਼ੀਨ।
ਕੰਚਨ ਕੰਕਨ ਜਟਤਿ ਨਵੀਨ।
ਸੁੰਦਰ ਬਸਤ੍ਰ ਬਰਨ ਬਹੁ ਕੇਰੇ।
ਦਿਯੋ ਸੰਗ ਬਹੁ† ਦਰਬ ਘਨੇਰੇ ॥੧੨॥

†ਪਾ:-ਤੀਨ।

ਫੁਰਮਾਯਹੁ 'ਸਿਖ ਸੰਗਤਿ ਮਾਂਹੀ।
ਕਰਹੁ ਸੁਨਾਵਨਿ ਮੁਦ ਉਪਜਾਈ।
ਤੁਮ ਕੋ ਦੈ ਹੈਂ ਦਰਬ ਘਨੇਰਾ।
ਸੁਨਹਿ ਪੰਥ ਚਾਲਹਿ ਜਗੁ ਮੇਰਾ[1]' ॥੧੩॥

[1](ਉਹ) ਪੰਥ ਜੋ ਮੇਰਾ ਜਗ ਵਿਚ ਚੱਲੇਗਾ ਸੁਣੇਗਾ।

ਇਸ ਤੇ ਆਦਿ ਦਾਨ ਬਿਧਿ ਨਾਨਾ।
ਕਰਹਿਂ ਨਿਤਾ ਪ੍ਰਤਿ ਗੁਰੂ ਮਹਾਨਾ।

ਦੂਰ ਦੇਸ਼ ਤੇ ਜਾਚਕ ਆਵੈਂ।
ਸੁਨਿ ਸੁਨਿ ਜਸੁ ਨਿਜ ਘਰ ਤੇ ਧਾਵੈਂ ॥੧੪॥
ਲੇਤਿ ਦਾਨ ਕੋ ਜਸੁ ਉਪਜਾਇ।
ਦੇਤਿ ਅਸੀਸਨਿ ਸ਼੍ਰੀ ਗੁਰ ਰਾਇ।
ਇਕ ਦਿਨ ਬੈਠੇ ਸਭਾ ਮਝਾਰੀ।
ਜਾਤੀ ਮਲਕ ਬਿੱਪ੍ਰ ਗੁਨ ਭਾਰੀ ॥੧੫॥
ਸਤਿਗੁਰ ਘਰ ਕੋ ਪ੍ਰੋਹਤ ਅਹੈ।
ਆਯੁਧਧਾਰੀ ਹ੍ਵੈ ਢਿਗ ਰਹੈ।
ਰਣ ਮਹਿਂ ਕੀਨੇ ਪ੍ਰਾਕ੍ਰਮ ਭਾਰੇ।
ਸ਼ੱਤ੍ਰੂ ਤੁਰਕ ਅਨੇਕ ਸੰਘਾਰੇ ॥੧੬॥
ਪੂਰਬ ਗੁਰ ਢਿਗ ਸਿੰਘਾ ਨਾਮ।
ਸੋ ਭੀ ਲਰਤ ਰਹ੍ਯੋ ਰਣ ਧਾਮ।
ਤਿਸ ਪੀਛੈ ਇਹੁ ਭਾ ਸਵਧਾਨ।
ਚਢਹਿ ਤੁਰੰਗ ਬੀਰ ਬਲਵਾਨ ॥੧੭॥
ਦਯਾ ਰਾਮ ਉਪਜ੍ਯੋ ਇਸ ਨੰਦ।
ਦਸਮ ਗੁਰੂ ਢਿਗ ਰਹੈ ਅਨੰਦ।
ਰਣ ਕੋ ਕਰਹਿ ਕਥਾ ਤਬਿ ਆਵੈ।
ਸ਼ੱਤ੍ਰੂ ਪਹਾਰੀ ਲਰ ਕਰਿ ਘਾਵੈ ॥੧੮॥
ਜਾਤੀ ਮਲਕ ਜਾਨਿ ਨਿਜ ਅੰਤ।
ਗਯੋ ਜਹਾਂ ਬੈਠੇ ਭਗਵੰਤ।
ਹਾਥ ਜੋਰਿ ਕਰਿ ਅਪਨਿ ਪ੍ਰਸੰਗ।
ਭਨ੍ਯੋ ਸਕਲ ਹੀ ਗੁਰ ਕੇ ਸੰਗ ॥੧੯॥
'ਕਰਹੁ ਖੁਸ਼ੀ ਮੋ ਪਰ ਇਸ ਕਾਲ।
ਪ੍ਰਾਨ ਅੰਤ ਹੁਇਂ ਚਹਤਿ ਉਤਾਲ।
ਪ੍ਰੋਹਤ ਮੈਂ ਹੌਂ ਰਾਵਰ ਕੇਰਾ।
ਚਹੌਂ ਦਾਨ 'ਬ੍ਰਹਮ ਗ੍ਯਾਨ' ਬਡੇਰਾ ॥੨੦॥
ਜਿਸ ਤੇ ਬਹੁਰ ਜਨਮ ਨਹਿਂ ਧਾਰੌਂ।
ਕਰਮਫਾਸ ਸਗਰੀ ਨਿਰਵਾਰੌਂ।
ਅਸ ਸਰੂਪ ਮੁਹਿ ਦਿਹੁ ਸਮੁਝਾਈ।
ਜਿਸ ਹਿਤ ਜੋਗੀ ਕਰਤਿ ਉਪਾਈ

॥੨੧॥
ਮਨ ਬਿਸਰਾਮ ਪਾਇ ਨਹਿਂ ਧਾਵੈ।
ਨਿਜ ਅਨੰਦ ਕੇ ਬਿਖੈ ਸਮਾਵੈ।'
ਇਮ ਸੁਨਿ ਕੈ ਪ੍ਰੋਹਤ ਕੋ ਆਸ਼ੈ।
ਸ਼੍ਰੀ ਮੁਖ ਤੇ ਗੁਰ ਬਾਕ ਪ੍ਰਕਾਸ਼ੈਂ ॥੨੨॥
'ਜਾਤੀ ਮਲਕ ! ਧੰਨ ਤੁਮ ਅਹੋ।
ਤਨ ਹੰਤਾ ਕੌ ਤਜਾਗਨ ਚਹੇ।
ਦੁਬਿਧਾ ਮਹਿਂ ਮਨ ਬਿਗਰਜੋ ਸਦਾ।
ਇਕਤਾ ਮਹਿਂ ਪ੍ਰਾਪਤਿ ਨਹਿਂ ਕਦਾ ॥੨੩॥
ਨਿਜ ਸਰੂਪ 'ਤਨ ਕੋ' ਨਹਿਂ ਜਾਨਿ।
ਜਨ ਮਤਿ ਅਰੁ ਇਹ ਬਿਨਸਨਵਾਨ।
ਬਾਲਕ ਤਰੁਨ ਬ੍ਰਿੱਧ ਹੁਇ ਜਾਇ।
ਅਹੈ ਪ੍ਰਣਾਮੀ[1] ਏਵ ਉਪਾਇ[2] ॥੨੪॥

[1]ਘਟਣ ਵਧਣ ਵਾਲਾ। ਬਦਲਣ ਵਾਲਾ [ਸੰਸ: ਪਰਿਣਾਮ]। [2]ਇਉਂ ਉਤਪਤੀ (ਤੇ ਵਿਨਾਸ਼) ਵਾਲਾ ਹੈ।

ਤਵ ਸਰੂਪ ਮਹਿਂ ਇਹੁ ਸਭਿ ਨਾਂਹਿ।
ਸਦਾ ਏਕ ਰਸ ਜਾਨਹੁ ਤਾਂਹਿ।
ਤਨ ਤੇ ਸੂਖਮ ਅਹੈਂ ਰਿਖੀਕੀ[1]।
ਤਿਨ ਕੀ ਗਤਿ ਜਾਨਹੁ ਬਿਧਿ ਨੀਕੀ ॥੨੫॥

[1]ਇੰਦ੍ਰੀਆਂ।

ਇਹ ਭੀ ਨਹਿਂ ਸਰੂਪ ਨਿਜ ਜਾਨਹੁ।
ਇਕ ਤੋਂ ਪ੍ਰਿਥਕ ਪ੍ਰਿਥਕ ਇਨ ਮਾਨਹੁ।
ਸਭਿ ਕੋ ਇਕ ਸੁਭਾਵ ਨਹਿਂ ਅਹੈ।
ਦੇਖਹਿਂ, ਸੁਨਹਿਂ, ਗੰਧ, ਰਸੁ ਲਹੈਂ ॥੨੬॥
ਤੁਵ ਸਰੂਪ ਮਹਿਂ ਇਹੁ ਕੁਛ ਨਾਂਹੀ।
ਇਨ ਤੇ ਪਰੈ ਲਖਹੁ ਉਰ ਮਾਂਹੀ।
ਜੋ ਸੰਕਲਪ ਵਿਕਲਪ ਉਠਾਵੈ।
ਦੌਰਤਿ ਜਾਤਿ ਤੁਰਤ ਹਟਿ ਆਵੈ ॥੨੭॥
ਇਰੁ ਰਿਖੀਕ ਤੇ ਸੂਖਮ ਮਨ ਹੈ।
ਸ਼ੁੱਧ ਅਸ਼ੁੱਧ ਹੋਤਿ, ਬੁਧਿ ਭਨਿ ਹੈ[1]।

[1]ਕਦੇ ਮੈਲਾ ਤੇ ਕਦੇ ਸਾਫ ਹੁੰਦਾ (ਹਾਲਤਾਂ ਬਦਲਦਾ) ਰਹਿੰਦਾ ਹੈ, ਕਹਿੰਦੇ ਹਨ ਬੁਧੀਵਾਨ।

ਮਨ ਤੇ ਥੂਲ ਪ੍ਰਾਨ ਜੇ ਅਹੈਂ।

ਸੇ ਭੀ ਆਵਨ ਜਾਨੋ ਲਹੈਂ ॥੨੮॥
ਖਟ ਬਿਕਾਰ ਇਹ ਤੀਨਹੁ ਮਾਨੀ[1]।

[1]ਤਿੰਨਾਂ, ਭਾਵ ਸਰੀਰ, ਪ੍ਰਾਣ ਤੇ ਮਨ ਵਿਚ ਛੇ ਵਿਕਾਰ ਮੰਨੇ ਹਨ।

'ਜਨਮ ਮਰਨ' ਤਨ ਮਹਿਂ ਹੁਇਂ ਜਾਨੀ[1]।

[1]ਜਾਣੋ।

'ਛੁਧਾ, ਪਿਪਾਸਾ' ਪ੍ਰਾਣ ਧਰੰਤੇ।
'ਹਰਖ, ਸ਼ੋਕ' ਮਨ ਕੋ ਲਖਿਯੰਤੇ ॥੨੯॥
ਇਨ ਤੇ ਭੀ ਸੂਖਮ ਤਵ ਰੂਪ।
ਖਸ਼ਟ ਬਿਕਾਰਨਿ ਪ੍ਰਿਥਕ ਅਨੂਪ[1]।

[1]ਛੇ ਵਿਕਾਰਾਂ (ਜਨਮ ਮਰਨ, ਛੁਧਾ ਪਿਪਾਸਾ, ਹਰਖ ਸ਼ੋਕ) ਤੋਂ ਵੱਖਰਾ ਅਨੂਪਮ ਹੈ।

ਸਦਾ ਅਚਲ ਨਹਿਂ ਆਵਤਿ ਜਾਇ।
ਮਨ ਆਦਿਕ ਪ੍ਰੇਰਕ ਸਮੁਦਾਇ ॥੩੦॥
ਮਨ ਕੀ ਗਤਾਗਤੀ ਜੋ ਲਖੈ।
ਸਭਿ ਤੇ ਨਜਾਰੋ ਸਭਿ ਕੇ ਬਿਖੈ।
ਜਾਨਨੀਯ ਜੋ ਬੁਧਿ ਤੇ ਅਹੈ।
ਬਿਸ਼ੈ ਰਿਖੀਕਨਿ ਕੋ ਨਹਿਂ ਲਹੈ ॥੩੧॥
ਸਭਿ ਤੇ ਨਿਕਟਿ ਸਭਿਨਿ ਤੇ ਦੂਰ।
ਸਚਿਦਾਨੰਦ ਰਹਜੋ ਭਰਪੂਰ।
ਜਿਸ ਅਲੰਬ ਕੋ ਲਹਿ ਸਮੁਦਾਇ।
ਜੜ੍ਹ ਸਭਿ ਜੇ ਚੇਤਨ ਹੁਇ ਜਾਇਂ ॥੩੨॥
ਸੋ ਸਰੂਪ ਤੂੰ ਅਪਨੋ ਜਾਨਿ।
ਨਿਰਬਿਕਾਰ ਅਬਿਨਾਸ਼ੀ ਮਾਨ।
ਆਤਮ ਸੋਂ ਸਬੰਧ ਬੁਧਿ ਪਾਇ।
ਨਹੀਂ ਵਾਸਤਵ, ਕਲਪਤਿ ਗਾਇ[1] ॥੩੩॥

[1]ਆਤਮਾ ਨਾਲ ਬੁੱਧੀ ਦਾ ਸੰਬੰਧ ਹੋ ਜਾਂਦਾ ਹੈ, (ਉਹ ਸੰਬੰਧ) ਵਾਸਤਵ ਨਹੀਂ ਕਲਪਤ ਹੈ।

ਬੁਧਿ ਸੋਂ ਮਨ ਸਬੰਧ ਹੁਇ ਜਾਵੈ[1]।

[1]ਬੁਧੀ ਨਾਲ ਮਨ ਦਾ ਸਬੰਧ ਹੋ ਜਾਂਦਾ ਹੈ।

ਮਨ ਸੋਂ ਇੰਦ੍ਰੀ ਤਿਮ ਹੀ ਪਾਵੈ।
ਇੰਦ੍ਰੈ ਸੰਗ ਪਦਾਰਥ ਹੋਇ[1]।

[1]ਇੰਦ੍ਰੀਆਂ ਦਾ ਸੰਗ ਪਦਾਰਥਾਂ ਨਾਲ ਹੋ ਜਾਂਦਾ ਹੈ।

ਜਾਨਜੋ ਪਰੈ ਜਗਤ ਹੈ ਜੋਇ ॥੩੪॥
ਇੰਦ੍ਰੈ ਤੇ ਮਨ ਲੇਹੁ ਹਟਾਇ।
ਉਰ ਅੰਤਰ ਹੀ ਰਾਖ ਟਿਕਾਇ[†]।

[†]ਇਸ ਇਸ਼ਾਰੇ ਨੂੰ ਵਾਚਜ ਗਜਾਨੀ ਭੁੱਲਕੇ ਮਨ ਮੰਡਲ ਵਿਚ ਬੈਠੇ ਇੰਦ੍ਰੈ ਅਧੀਨ ਹੋਏ ਗਜਾਨ ਦੇ ਦਾਵੇ ਕਰਦੇ ਰਹਿੰਦੇ ਹਨ। ਇੰਦ੍ਰਿਆਂ ਤੋਂ ਮਨ ਨੂੰ ਖਿੱਚ ਲੈਣ ਤੇ ਅੰਦਰ ਟਿਕਾ ਲੈਣਾ ਤੇ ਹਿੱਲਣ ਨਾ ਦਣਾ, ਇਹ ਨਾਮ ਜਪੇ ਬਿਨਾਂ ਅਰ ਮੁੱਦਤਾਂ ਅੱਭਜਾਸ ਵਿਚ ਲਗੇ ਬਿਨਾਂ ਹੋ ਨਹੀਂ ਸਕਦਾ। ਇਹ ਘਾਲ ਹੈ ਤੇ ਜਿਨ੍ਹਾਂ ਦੇ ਇਥੇ ਐਸੇ ਪ੍ਰਸੰਗ ਆਉਂਦੇ ਹਨ ਓਹ ਮੁੱਦਤਾਂ ਤੋਂ ਨਾਮ ਦੇ ਅੱਭਜਾਸੀ ਸਨ।

ਮਿਟਹਿ ਜਗਤ, ਆਤਮ ਸੋਂ ਮਿਲੈ।
ਬਿਰਤਾ ਲਹੈ ਬਹੁਰ ਨਹਿं ਚਲੈ' ॥੩੫॥
ਇਮ ਸ਼੍ਰੀ ਹਰਿਗੋਬਿੰਦ ਬਖਾਨਾ।
ਦਿਜ ਉਰ ਅੰਤਰ ਕੀਨਸਿ ਧਜਾਨਾ।
ਗੁਰੂ ਕ੍ਰਿਪਾ ਤੇ ਖੁਲ੍ਹੇ ਕਪਾਟ।
ਰਾਗ ਦ੍ਵੈਸ਼ ਕੋ ਨਾਸਜੋ ਠਾਟ† ॥੩੬॥

†ਫਿਰ ਦੂਸਰਾ ਭੇਤ ਇਹ ਹੈ ਕਿ ਮਿਹਰ (ਯਾ ਪ੍ਰਸਾਦਿ) ਕੋਈ ਵਸਤੂ ਹੈ, ਜਿਸ ਨਾਲ ਨਿਰੀ ਅਕਲ ਨਹੀਂ ਸਾਨ ਚੜ੍ਹੀ, ਪਰ 'ਖੁਲ੍ਹੇ ਕਪਾਟ' ਪਰਦੇ ਖੁਲ੍ਹ ਗਏ ਤੇ ਰਾਗ ਦ੍ਵੈਖ ਜੋ ਮਨ ਨੂੰ ਇੰਦ੍ਰਿਆਂ ਨਾਲ ਸੰਬੰਧਤ ਕਰਦੇ ਰਹਿੰਦੇ ਹਨ, ਓਹ ਨਾਸ਼ ਹੋਏ। ਹਉਮੈਂ ਨੂੰ ਜਿਧਰੋਂ ਸੁਖ ਮਿਲਦਾ ਹੈ, ਉਧਰ ਨੂੰ ਉਲਰਦੀ ਹੈ, ਜਿੱਧਰੋਂ ਦੁਖ ਮਿਲੇ ਉਧਰੋਂ ਨਫਰਤ ਕਰਦੀ ਹੈ, ਇਹ ਕਥਨ ਮਾਤ੍ਰ ਨਾਲ ਨਹੀਂ ਹਟਦੀ ਪਰੰਤੂ ਦ੍ਰਿੜ ਨਾਮ ਅਭਜਾਸ ਤੇ ਈਸ਼੍ਵਰ ਪ੍ਰਸਾਦਿ ਨਾਲ।

ਦੁਬਿਧਾ ਕੀ ਸਾਂਕਰ[1] ਛੁਟਿ ਗਈ।
ਬ੍ਰਿਤੀ, ਸਰੂਪ ਬਿਖੈ ਥਿਰ ਭਈ।
ਅਪਨਿ ਰਿਦੈ ਮਹਿਂ ਅਚਰਜ ਜਾਨਾ।
ਪ੍ਰਾਪਤਿ ਰਸ ਭਾ ਅਨੰਦ ਮਹਾਨਾ ॥੩੭॥
ਨੇਤ੍ਰ ਮੂੰਦ ਕਰਿ ਕੇਤਿਕ ਕਾਲ।
ਲਖਜੋ ਰਿਦੈ ਮਹਿਂ ਅਦਭੁਤ ਖਜਾਲ।
ਬਹੁਰ ਗੁਰੂ ਬੈਠੇ ਢਿਗ ਹੇਰੇ।
ਬੰਦਨ ਕਰਿ ਗੁਨ ਜਾਨਿ ਬਡੇਰੇ ॥੩੮॥
ਮਹਿਮਾ ਕਹੀ 'ਨ ਤੁਮ ਸਮ ਆਨ।
ਕੋ ਉਪਮਾ ਸੈਂ ਕਰੌਂ ਬਖਾਨ।
ਅਪਨੌ ਜਾਨਿ ਗਜਾਨ ਮੁਝ ਦੀਨਿ।
ਜਿਸ ਕੋ ਜੋਗੀ ਸਕਹਿਂ ਨ ਚੀਨ' ॥੩੯॥

[1]ਸੰਗਲੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਜਾਤੀ ਮਲਕ' ਪ੍ਰਸ਼ੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਜਾਤੀ ਮਲਕ ਪ੍ਰਲੋਕ ਗਮਨ। ਸੰਗਤ ਆਉਣੀ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:
ਇਸ ਬਿਧਿ ਪ੍ਰਾਪਤਿ ਗਜ੍ਯਾਨ ਕੇ,
ਅੰਤ ਸਮਾਂ ਢਿਗ ਚੀਨਿ।
ਗਮਨਜੋ ਸ਼੍ਰੀ ਗੁਰ ਕੇ ਨਿਕਟਿ,
ਦਯਾਰਾਮ ਸੰਗ ਲੀਨਿ ॥੧॥
ਚੌਪਈ:
'ਸ਼੍ਰੀ ਪ੍ਰਭੁ ! ਮੈਂ ਅਬਿ ਤਜੌਂ ਸਰੀਰ।
ਦਯਾਰਾਮ ਸੁਤ ਤੁਮਰੇ ਤੀਰ।
ਗਹਿ ਭੁਜ ਕੋ ਰਾਖਹੁ ਨਿਜ ਪਾਸ।
ਅਲਪ ਬੈਸ ਇਸ ਕੀ, ਸੁਖਰਾਸ ! ॥੨॥
ਇਕ ਅਲੰਬ ਰਾਵਰ ਕੋ ਅਹੈ।
ਨਹੀਂ ਅਪਰ ਕੋ ਜਾਚਨ ਲਹੈ[1]।'
ਸਤਿਗੁਰ ਕਹ੍ਯੋ 'ਹੋਹਿ ਬਡਭਾਗਾ।
ਰਹੈ ਸਦਾ ਗੁਰ ਘਰ ਸੰਗ ਲਾਗਾ ॥੩॥
ਦਸਮ ਗੁਰੂ ਹੋਵੈਂ ਜਿਸ ਕਾਲਾ।
ਦੇਗ਼ ਤੇਗ਼ ਕੇ ਧਨੀ ਬਿਸਾਲਾ।
ਮਚਹਿ ਘੋਰ ਸੰਘਰ ਭਟ ਲਰੈਂ।
ਤਬਿ ਇਹ ਸ਼ਸਤ੍ਰ ਜੁਧ ਮਹਿਂ ਕਰੈ ॥੪॥
ਤਿਨ ਕੇ ਸੰਗ ਸਦਾ ਸੁਖ ਪਾਵੈ।
ਜਸ ਬਿਦਤਹਿ ਜਗ ਮਹਿਂ ਨਰ ਗਾਵੈ।'
ਜਾਤੀ ਮਲਕ ਸੁਨਤਿ ਹਰਖਾਯੋ।
ਕਰਿ ਬੰਦਨ ਕੋ ਸਦਨ ਸਿਧਾਯੋ ॥੫॥
ਕਰਿ ਸ਼ਨਾਨ ਪਾਵਨ ਹੁਇ ਗਯੋ।
ਕੁਸ਼ ਪਰ ਪੌਢਿ ਪ੍ਰਾਨ ਤਜਿ ਦਯੋ।
ਸੁਨਿ ਸਤਿਗੁਰ ਬਹੁ ਮਨੁਜ ਪਠਾਏ।
ਦਾਹਨ ਕੋ ਚੰਦਨ ਸਮੁਦਾਏ ॥੬॥
ਜਵ, ਤਿਲ, ਘ੍ਰਿਤ ਆਦਿਕ ਸਭਿ ਲ੍ਯਾਇ।
ਰਚੀ ਚਿਤਾ ਪਿਖਿ ਪਾਵਨ ਥਾਇਂ।
ਦਯਾ ਰਾਮ ਸਭਿ ਕੀਨਿ ਬਿਧਾਨ।
ਕਰ੍ਯੋ ਭਸਮ ਤਨ ਪਿਤਾ ਸੁ ਠਾਨਿ[1]

[1]ਹੋਰ ਦੀ ਜਾਚਨਾ ਨਾ ਦੇਖੇ।

[1]ਪਿਤਾ ਦਾ ਤਨ ਦਾਹ ਕੀਤਾ, ਸੋਹਣੇ ਥਾਂ। [ਸੁ+ਠਾਨ =

॥੭॥ ਥਾਉਂ]

ਗੁਰਪੁਰਿ ਕੋ ਪਹੁੰਚਯੋ ਸੁਖ ਪਾਇ।
ਗੁਰ ਕੀ ਮਹਿਮਾ ਅਲਖ ਲਖਾਇ।
ਜਥਾ ਜੋਗ ਜੋ ਕ੍ਰਿਯਾ ਪਿਛਾਰੀ।
ਕ੍ਰਮ ਕ੍ਰਮ ਤੇ ਤਿਸ ਨੰਦ ਸੁਧਾਰੀ ॥੮॥
ਦਿਨ ਤ੍ਰੌਦਸ ਜਬਿ ਹੀ ਬਿਤਿ ਗਏ।
ਭੋਜਨ ਦਿਜਨਿ ਬ੍ਰਿੰਦ ਕੋ ਦਏ।
ਜਾਤੀ ਮਲਕ ਹੇਤੁ ਵਬੁ ਆਨ।
ਸੇਜਾਦਿਕ ਦੀਨੀ ਕਰਿ ਦਾਨ[1] ॥੯॥

[1]ਦਯਾ ਰਾਮ ਨੇ) ਦਾਨ ਦਿੱਤੀਆਂ। ਪਰੰਤੂ ਇਹ ਸਿੱਖ ਹੋ ਚੁਕੇ ਸੇ, ਆਸ ਨਹੀਂ ਪੈਂਦੀ ਕਿ ਜਾਤੀ ਮਲਕ ਬ੍ਰਹਮ ਗਜਾਨੀ ਦੀ ਪ੍ਰੇਤ ਕ੍ਰਿਯਾ ਕੀਤੀ ਗਈ ਹੋਵੇ। ਅੰਕ ੮ ਵਿਚ ਕਵੀ ਜੀ ਉਸ ਨੂੰ 'ਗੁਰ ਪੁਰਿ ਕੋ ਪਹੁੰਚਯੋ ਸੁਖ ਪਾਇ' ਦਸ ਰਹੇ ਹਨ, ਸਦਗਤੀ ਨੂੰ ਤਾਂ ਅੱਪੜ ਗਿਆ, ਹੁਣ ਪ੍ਰੇਤ ਕ੍ਰਿਆ ਕਰਨ ਦੇ ਅਰਥ ਇਹ ਹਨ ਕਿ ਗੁਰਪੁਰ ਤੋਂ ਮੁੜ ਪ੍ਰੇਤ ਮੰਡਲ ਵਿੱਚ ਲਿਆ ਕੇ ਕ੍ਰਿਯਾ ਨਾਲ ਫੇਰ ਸਦਗਤ ਨੂੰ ਟੋਰਨਾ। ਐਸਾ ਕਰਨਾ ਅਵੱਗਜਾ ਹੈ, ਪਿਆਰ ਨਹੀਂ।

ਤਬਿ ਸਤਿਗੁਰ ਭੇਜੀ ਦਸਤਾਰ।
ਪਠਯੋ ਦੁਸ਼ਾਲਾ ਮੋਲ ਉਦਾਰ।
ਅਧਿਕ ਦਰਬ ਤਿਹ ਸੰਗ ਪਠਾਯੋ।
ਦਯਾ ਰਾਮ ਕੋ ਬਹੁ ਹਰਿਖਾਯੋ ॥੧੦॥
ਸ਼ੋਕ ਦੂਰ ਕਰਿ ਆਵਨ ਲਾਗਯੋ।
ਸਤਿਗੁਰ ਨਿਕਟਿ ਰਹੈ ਰਸੁ ਪਾਗਯੋ।
ਪੁਨ ਕੇਤਿਕ ਦਿਨ ਭਏ ਬਿਤੀਤ।
ਨਿਜ ਤਨ ਤਜਨ ਬਿਚਾਰਤਿ ਚੀਤ
॥੧੧॥
-ਗੁਰਤਾ ਗਾਦੀ ਸ੍ਰੀ ਹਰਿਰਾਇ-।
ਚਹੈਂ -ਕਿਤਿਕ ਦਿਨ ਆਗੇ ਪਾਇ।
ਜਿਸ ਤੇ ਕੋ ਨਹਿੰ ਕਰਹਿ ਬਿਖੇਰਾ-।
ਅਲਪ ਬੈਸ ਪੌਤ੍ਰਾ ਨਿਜ ਹੇਰਾ ॥੧੨॥
-ਇਕ ਤੌ ਧੀਰਮਲ ਬਡ ਖੋਟਾ।
ਨਹਿੰ ਤ੍ਰਿਸਕਾਰਹਿ ਲਖਿ ਕਰਿ ਛੋਟਾ।
ਜਿਮ ਦਾਤੂ ਸੁਤ ਲਿਯ ਪਖ ਧਾਰੇ।
ਤਥਾ ਮਸੰਦ ਨ ਲੇਹਿ ਬਿਗਾਰੇ ॥੧੩॥
ਸਿਖ ਸੰਗਤਿ ਸਭਿ ਦੇਸ਼ ਬੁਲਾਇ।
ਸਭਿਹਿਨਿ ਮੈਂ ਬਿਠਾਇ ਹਰਿਰਾਇ।
ਗੁਰਤਾ ਗਾਦੀ ਦੇਨੀ ਕਰੈਂ-।

ਇਮ ਬਿਚਾਰ ਸ਼੍ਰੀ ਸਤਿਗੁਰ ਧਰੈਂ ॥੧੪॥
ਦਿਯੋ ਹੁਕਮ ਜੇ ਨਿਕਟਿ ਲਿਖਾਰੀ।
'ਹੈਂ ਮਸੰਦ ਗਨ ਦੇਸ਼ ਮਝਾਰੀ।
ਲਿਖਹੁ ਹੁਕਮ ਨਾਮੇ -ਸਭਿ ਆਵੈਂ।
ਸੰਗ ਸੰਗਤਾਂ ਅਪਨੇ ਲਜਾਵੈਂ-' ॥੧੫॥
ਸੁਨਿ ਆਗਜਾ ਕਹੁ ਦੇਸ਼ ਬਿਦੇਸ਼।
ਲਿਖਿ ਲਿਖ ਭੇਜੇ ਚਾਰ[1] ਅਸ਼ੇਸ਼।
ਹੁਤੇ ਦੂਰ ਸੇ ਪ੍ਰਥਮ ਬੁਲਾਏ।
ਧਨੀ ਮਸੰਦ ਬਿਲੰਦ ਸਬਾਏ ॥੧੬॥
ਜਾਇ ਹੁਕਮਨਾਮੇ ਜਬਿ ਦਏ।
ਪਠਿ ਮਸੰਦ ਸਭਿ ਤਜਾਰੀ ਕਏ।
ਲੇ ਕਰਿ ਸੰਗ ਸੰਗਤਾਂ ਬ੍ਰਿੰਦ।
ਅਰ ਲੇ ਗੁਰ ਕੀ ਕਾਰ ਬਿਲੰਦ ॥੧੭॥
ਕ੍ਰਮ ਕਰਿ ਪੰਥ ਉਲੰਘਤਿ ਆਏ।
ਕੀਰਤ ਪੁਰਿ ਗੁਰ ਜਹਾਂ ਸੁਹਾਏ।
ਬ੍ਰਿੰਦ ਅਕੋਰਨਿ ਅਰਪੈਂ ਆਗੇ।
ਨੰਮ੍ਰੀ ਹੋਇ ਚਰਨ ਗੁਰ ਲਾਗੇ ॥੧੮॥
ਬਲਖ ਬੁਖਾਰਾ ਆਦਿਕ ਪੁਰਿ ਗਨ।
ਪਸ਼ਚਮ ਦਿਸ਼ਿ ਤੇ ਪਹੁੰਚੇ ਨਰ ਗਨ।
ਸੰਗ ਮਸੰਦ ਲਏ ਮੁਲਤਾਨੀ।
ਸਿਖ ਗਨ ਅਨਿਕ ਉਪਾਇਨ ਆਨੀ ॥੧੯॥
ਦੱਖਣ ਦਿਸ਼ਿ ਤੇ ਆਦਿ ਉਜੈਨ।
ਚਲਿ ਪਹੁੰਚੇ ਗੁਰ ਦਰਸ਼ਨ ਲੈਨ।
ਅੰਗ[1] ਬੰਗ[2] ਆਦਿਕ ਜੇ ਦੇਸ਼।
ਕੌਨ ਗਨਹਿ ਪਹੁਚੇ ਸੁ ਅਸ਼ੇਸ਼ ॥੨੦॥
ਵਸਤੁ ਅਨੂਠੀ[1] ਮੋਲ ਬਡੇਰੀ।
ਦੁਰਲਭ ਲੇ ਆਏ ਤਿਸ ਬੇਰੀ।
ਅਨਿਕ ਪ੍ਰਕਾਰਨ ਬਸਤ੍ਰ ਅਜਾਇਬ।
ਅਰਪਹਿਂ ਦਰਸ ਕਰਹਿਂ ਗੁਰ ਸਾਹਿਬ ॥੨੧॥

[1]ਦੂਤ।

[1]ਭਾਗਲ ਪੁਰ ਦੇ ਆਸ ਪਾਸ ਦਾ ਦੇਸ਼। ਵੇਦਜਨਾਥ ਤੋਂ ਉੜੀਸਾ ਤਕ। [2]ਬੰਗਾਲਾ।

[1]ਅਨੋਖੀ।

ਤਿਮ ਪੂਰਬ ਕੇ ਚਲਿ ਕਰਿ ਆਏ।
ਢਾਕਾ ਆਦਿ ਦੇਸ਼ ਸਮੁਦਾਏ।
ਪੁਰਿ ਪਟਣੇ ਆਦਿਕ ਸਿਖ ਜੇਈ।
ਲਏ ਉਪਾਇਨ ਪਹੁਂਚੇ ਤੇਈ ॥੨੨॥
ਤਿਮ ਪਰਬਤ ਬਾਸੀ ਚਲਿ ਆਏ।
ਸਤਿਗੁਰ ਹਰਿ ਗੁਬਿੰਦ ਦਰਸਾਏ।
ਕੀਰਤਿ ਪੁਰਿ ਕੇ ਚਹੁ ਦਿਸ਼ ਡੇਰੇ।
ਆਨਿ ਸੰਗਤਾਂ ਕੀਨਿ ਘਨੇਰੇ ॥੨੩॥
ਬੇਦੀ, ਤ੍ਰੇਹਣ, ਭੱਲੇ ਜੇਈ।
ਅਨੁਸਾਰੀ ਗੁਰ ਪਹੁਂਚੇ ਤੇਈ।
ਜੰਗਲ[1] ਦੇਸ਼ ਸੰਗਤਾਂ ਸੰਗ।
ਭਗਤੂ ਗਯੋ ਰਿਦੈ ਗੁਰ ਰੰਗ ॥੨੪॥
ਤਿਮ ਭਾਈ ਬਹਿਲੋ ਚਲਿ ਆਯੋ।
ਸੰਗ ਅਨੇਕ ਗੁਰੂ ਸਿਖ ਲ੍ਯਾਯੋ।
ਇੱਤ੍ਯਾਦਿਕ ਜੇ ਗ੍ਯਾਨੀ ਭਏ।
ਗੁਰ ਤੇ ਮੰਜੀ ਪਦ ਕੋ ਲਏ ॥੨੫॥
ਸੋ ਸਭਿ ਆਏ ਗੁਰ ਕੇ ਦ੍ਵਾਰੇ।
ਭਈ ਭੀਰ ਬਹੁ ਪੁਰਿ ਪਰਵਾਰੇ[1]।
ਦਰਸ਼ਨ ਕਰਹਿਂ ਅਕੋਰ ਚਢਾਵੈਂ।
ਮਨ ਬਾਂਛਤਿ ਸਿਖ ਸੰਗਤਿ ਪਾਵੈਂ ॥੨੬॥
ਮੱਦ੍ਰ ਦੇਸ਼ ਲਵਪੁਰਿ ਤੇ ਆਦਿ।
ਸਿਖ ਆਏ ਦੇਖੇ ਅਹਿਲਾਦ।
ਪ੍ਰਥਮ ਗੁਰਨਿ ਤੇ ਮੰਜੀ ਲਹੇ।
ਪੰਚਹੁ ਤੇ[1], ਜੀਵਤਿ ਜੇ ਰਹੇ ॥੨੭॥
ਸੋ ਸਭਿ ਆਏ ਚਿਤਵਤਿ ਐਸੇ।
-ਗੁਰ ਨੈ ਕਰੇ ਏਕਠੇ ਕੈਸੇ-?
ਕਿਨਹੂੰ ਕਯੋਂਹੁ[1] ਨ ਜਾਨੀ ਬਾਤ।
ਸੁਨਿ ਸੁਨਿ ਹੁਕਮ ਪਹੁੰਚਿ ਅਵਦਾਤ ॥੨੮॥
ਦੇਸ਼ ਦੁਆਬਾ ਪੁਨਹਿਂ ਪੁਆਧ[1]।
ਪੁਰਿ ਗ੍ਰਾਮਨਿ ਤੇ ਸੁਨਿ ਸਿਖ ਸਾਧ।

[1]ਮਾਲਵਾ।

[1]ਆਲੇ ਦੁਆਲੇ।

[1]ਪੰਜਾਂ ਗੁਰੂ ਸਾਹਿਬਾਂ ਤੋਂ।

[1]ਕਿਸੇ ਨੇ ਕਿਸੇ ਤਰ੍ਹਾਂ ਬੀ।

[1]ਖਰੜ, ਸਮਰਾਲਾ, ਸਿਰਹੰਦ ਆਦਿ ਦਾ ਇਲਾਕਾ। (ਅ) ਪਰਬਤਾਂ ਦੀ ਤਰਾਈ ਦਾ ਦੇਸ਼।

ਆਨ ਪਹੁੰਚੇ ਸਤਿਗੁਰ ਪੁਰਿ ਮੈਂ।
ਪੁਰਵਹਿਂ ਕਰਹਿਂ ਕਾਮਨਾ ਉਰ ਮੈਂ ॥੨੯॥
ਪੁਨ ਸਤਿਗੁਰ ਦਾਸੀ ਸਮੁਝਾਈ।
ਪਠੀ[1] ਨੁਖਾ ਢਿਗ ਸਗਲ ਸੁਨਾਈ।
'ਧੀਰਮੱਲ ਨਿਜ ਸੁਤ ਕੋ ਆਨਹੁ।
ਮਿਲਹਿ ਸਭਿਨਿ ਸੋਂ ਹੁਕਮ ਬਖਾਨਹੁ' ॥੩੦॥
ਸੁਨਿ ਗਮਨੀ ਤਬਿ ਪੁਰਿ ਕਰਤਾਰ।
ਸੁਤ ਸੋਂ, ਜਾਇ ਮਿਲੀ ਹਿਤ ਧਾਰਿ।
ਧੀਰਮੱਲ ਕੋ ਬਹੁ ਸਮੁਝਾਯੋ।
'ਅਬਿ ਗਮਨਹੁ ਤੁਝ ਗੁਰੂ ਬੁਲਾਯੋ ॥੩੧॥
ਸ਼੍ਰੀ ਹਰਿ ਰਾਇ ਅਨੁਜ ਹੈ ਤੇਰੋ।
ਤਿਸ ਪਰ ਗੁਰ ਕੋ ਰੁਖ਼ ਬਹੁਤੇਰੋ।
ਲਖੀ ਜਾਇ ਅਰੁ ਬਿਦਤੀ ਬਾਤ।
ਤਿਸ ਕੋ ਗੁਰਤਾ ਦੇਂ ਅਵਦਾਤ ॥੩੨॥
ਤੂੰ ਜੇ ਨਿਕਟਿ ਰਹੈਂ ਅਨੁਸਾਰੀ।
ਜੇਸ਼ਟ ਭ੍ਰਾਤ ਮਹਾਂ ਮਤਿ ਧਾਰੀ।
ਉਚਿਤ ਅਹੈਂ ਗਾਦੀ ਪਰ ਬੈਠਨਿ।
ਸਿਖ ਸੰਗਤਿ ਸਭਿ ਕੀਨਿ ਇਕੈਠਨਿ ॥੩੩॥
ਪ੍ਰਿਥਕ ਰਹਨਿ ਤੁਝ ਕਯੋਂ ਬਨਿ ਆਵੈ।
ਗੁਰ ਤੇ ਗੁਰਤਾ ਕਯੋਂ ਨਹਿਂ ਪਾਵੈਂ?'
ਇੱਤਯਾਦਿਕ ਸਮੁਝਾਇ ਘਨੇਰਾ।
ਧੀਰਮੱਲ ਸੁਨਿ ਕਰਿ ਤਿਸ ਬੇਰਾ ॥੩੪॥
'ਮੋ ਢਿਗ ਅਹੈ ਗ੍ਰਿੰਥ ਬਡਿਆਈ।
ਤਿਸੀ ਜ਼ੋਰ ਲਯੋਂ ਗੁਰਤਾ ਪਾਈ।
ਅਹੈ ਬਡਿਨ ਕੀ ਬਡੀ ਨਿਸ਼ਾਨੀ।
ਸਿਖ ਸੰਗਤਿ ਅਸ, ਕੋ ਨਹਿਂ ਮਾਨੀ[1]? ॥੩੫॥
ਰਹਯੋ ਪ੍ਰਥਮ ਹੀ ਪ੍ਰਿਥਕ ਇਸੀ ਤੇ[1]।

[1]ਭੇਜੀ।

[1]ਜੋ ਨਹੀਂ ਮੰਨੇਗਾ।

[1]ਇਸੇ ਵਾਸਤੇ।

ਲੇ ਨ ਸਕੇ ਕੋ ਗ੍ਰਿੰਥ ਜਿਸੀ ਤੇ।
ਤੁਰਕੇਸ਼ੁਰ ਸੋਂ ਮਮ ਬਨਿ ਆਈ।
ਪੁਰਿ ਰਾਖੌਂ ਅਸਵਾਰ ਚਢਾਈ[1] ॥੩੬॥
ਦੇਉਂ ਨੌਕਰੀ ਬਿਗਰੈ ਨਾਂਹੀ[1]।
ਸੁਖ ਸੋਂ ਬਸੌਂ ਸਦਾ ਪੁਰਿ ਮਾਂਹੀ।'
ਇਮ ਸੁਨਿ ਪੁਨ ਨੇਤੀ ਸਮੁਝਾਯੋ।
'ਤੂੰ ਬੁਧਿਵਾਨ ਕਰਹਿਂ ਮਨ ਭਾਯੋ ॥੩੭॥
ਤਊ ਬਿਚਾਰ ਹੇਰਿ ਮਨ ਮਾਂਹੀ।
ਬਿਗਰਹਿ ਕਹਾਂ ਗਏ ਗੁਰ ਪਾਹੀ।
ਗ੍ਰਿੰਥ ਨ ਛੀਨਹਿਂ ਤ੍ਰਾਸ ਜਿ ਧਰਿਹੋ।
ਨਹਿਂ ਨਿਜ ਸੰਗ ਲਿਜਾਵਨ ਕਰਿਹੋ ॥੩੮॥
ਜੇ ਗੁਰ ਕ੍ਰਿਪਾ ਤੋਹਿ ਪਰ ਧਾਰਹਿਂ।
ਗੁਰਤਾ ਗਾਦੀ ਪਰ ਬੈਠਾਰਹਿਂ।
ਬਨਹਿ ਬਾਤ ਤੌ ਸਭਿ ਬਿਧਿ ਤੇਰੀ।
ਜਿਤ ਕਿਤ ਪੂਜਾ ਹੋਇ ਘਨੇਰੀ ॥੩੯॥
ਜੇ ਤੁਵ ਅਨੁਜ ਪਾਇ ਬਡਿਆਈ।
ਤਊ ਭਲੀ ਜਾਨਹੁ ਮਨ ਭਾਈ[1]।
ਤੋਹਿ ਚਚੇ ਜੇ ਗੁਰੁਤਾ ਪਾਵਹਿਂ।
ਰਿਸਹਿਂ ਗੁਰੂ ਤੌ ਦੁਹਿ ਨ ਬਿਠਾਵਹਿਂ[1] ॥੪੦॥
ਯਾਂ ਤੇ ਸਮੁਝਿ ਚਲੌ ਗੁਰ ਪਾਸ।
ਅਪਨਾ ਭਲਾ ਕਰੋ ਨਿਰਜਾਸ।
ਅਨਗਨ ਸੰਗਤਿ ਤਹਿਂ ਚਲਿਆਈ।
ਨਿਕਟਿ ਪਿਤਾਮੇ ਲੇਹੁ ਪੁਜਾਈ ॥੪੧॥
ਫੇਰ ਨ ਫੇਰਿ ਸਕੈਗੋ ਕੋਊ।
ਅਬਿ ਜੇ ਹੋਰਿ ਲੇਹਿਂਗੇ ਜੋਊ।
ਗਾਦੀ ਦੇਹਿਂ ਕਿਧੌਂ ਨਹਿਂ ਦੇਹਿਂ।
ਨਿਜ ਪੁਜਵਾਵਨ ਬੈਠਿ ਕਰੇਹਿਂ' ॥੪੨॥
ਇਮ ਸੁਨਿ ਕਰਿ ਹੋਯਹੁ ਤਬਿ ਤਯਾਰ।
ਭਈ ਸਕਾਰ ਭਯੋ ਅਸਵਾਰ।

[1]ਪੁਰ ਵਿਚ (ਬਾਦਸ਼ਾਹੀ ਘੋੜ ਚੜ੍ਹੇ) ਅਸਵਾਰ ਰੱਖਾਂਗਾ।

[1]ਤਨਖਾਹ ਦਿਆਂਗਾ ਜੇ ਅਸਵਾਰ ਵਿਗੜਨ ਨਾਂ। (ਅ) ਸ਼ਾਹ ਨਾਲ ਨਾ ਵਿਗੜੇ।

[1]ਤਾਂ ਬੀ ਭਲੀ ਤੇ ਮਨ ਭਾਂਵਦੀ ਜਾਣੋ।

[1]ਦੋਹਾਂ ਨੂੰ ਨਹੀਂ ਬਿਠਾਵਣਗੇ।

ਤੂਰਨ ਮਗ ਚਲਿ ਆਇ ਪਹੂੰਚਾ।
ਜਹਾਂ ਬਿਰਾਜਹਿ ਸਤਿਗੁਰ ਊਚਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸੰਗਤ ਮਸੰਦ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

## ੫੧. [ਧੀਰਮਲ ਦਾ ਅਭਿਮਾਨ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

ਸ਼੍ਰੀ ਹਰਿਗੋਵਿੰਦ ਨਿਕਟਿ ਹ੍ਵੈ,
ਧੀਰ ਮੱਲ ਕਰ ਬੰਦਿ।
ਬੰਦਨ ਕਰਿ ਅਰਬਿੰਦ ਪਦ,
ਬੈਠ੍ਯੋ ਮਾਨ ਬਿਲੰਦ[1] ॥੧॥

[1]ਬੜੇ ਹੰਕਾਰ ਨਾਲ।

ਚੌਪਈ:

ਸਤਿਗੁਰ ਕਹ੍ਯੋ 'ਕੁਸ਼ਲ ਸੋਂ ਅਹੈਂ?
ਪੁਰਿ ਕਰਤਾਰ ਰਹਨਿ ਸ਼ੁਭ ਚਹੈਂ?'
ਹਾਥ ਜੋਰਿ ਕਰ ਗਿਰਾ ਬਖਾਨੀ।
'ਤੁਮਰੇ ਪੁਰਿ ਕੀ ਰੱਛਾ ਠਾਨੀ ॥੨॥
ਕਰਿ ਕੈ ਸੰਧਿ ਸ਼ਾਹੁ ਕੈ ਸੰਗ।
ਰਿਸ ਨਿਵਾਰ ਕਰਿ ਰਾਖ੍ਯੋ ਰੰਗ।'
ਸੁਨਤਿ ਕਪਟ ਕੀ ਬਾਤ ਬਡੇਰੀ।
'ਆਛੋ ਕਰ੍ਯੋ[†]' ਕਹ੍ਯੋ ਤਿਸ ਬੇਰੀ ॥੩॥

[†]ਇਹ 'ਆਛੋ' ਵਯੰਗ ਨਾਲ ਕਿਹਾ ਹੈ।

ਡੇਰਾ ਕਰਿ ਤਬਿ ਨਿਸਾ ਬਿਤਾਈ।
ਹੁਤੋ ਫਾਗ[1] ਹੋਰੀ ਨਿਯਰਾਈ।
ਨੇਰੇ ਪੁਰਿ ਗ੍ਰਾਮਨ ਕੋ ਮੇਲਾ।
ਆਯੋ ਦਰਸ਼ਨ ਕਰਨਿ ਸੁਹੇਲਾ ॥੪॥

[1]ਫਗਣ।

ਗੁਰ ਕੀ ਕਾਰ ਕਿਤਿਕ ਲੇ ਆਏ।
ਢਿਗ ਢਿਗ ਕੋ ਮੇਲਾ ਸਮੁਦਾਏ।
ਖੇਲਤਿ ਫਾਗ[1] ਸੰਗਤਾਂ ਸਾਰੀ।
ਰੰਗ, ਗੁਲਾਲ, ਅੰਬੀਰਨਿ[1] ਡਾਰੀ ॥੫॥

[1]ਹੋਲੀ।

[1]ਰੰਗ = ਘੋਲਿਆ ਹੋਇਆ ਰੰਗ। ਗੁਲਾਲ = ਸੰਘਾੜੇ, ਚਾਵਲ ਆਦਿ ਦੇ ਆਟੇ ਨਾਲ ਰੰਗਿਆ ਧੂੜਾ। ਅੰਬੀਰ=ਖੁਸ਼ਬੂਦਾਰ ਧੂੜਾ। ਕਿਤੇ ਗੁਲਾਲ ਨੂੰ ਬੀ ਕਹਿ ਲੈਂਦੇ ਹਨ, ਪਰ ਇਹ ਅਸਲ ਵਿਚ ਘਸਾਏ ਹੋਏ ਚੰਦਨ ਦਾ ਧੂੜਾ ਗੁਲਾਲ ਤੇ ਕਸਤੂਰੀ ਨਾਲ ਬਣਿਆ ਹੋਇਆ ਹੁੰਦਾ ਹੈ। [ਅ਼. ਅ਼ਬੀਰ]

ਗਾਵਹਿਂ ਸ਼ਬਦ ਅਨੰਦ ਬਿਲੰਦੈ।
ਸਤਿਗੁਰ ਕੋ ਸਥਾਨ ਦਰ ਬੰਦੈ[1]।
ਸ਼੍ਰੀ ਹਰਿਗੋਵਿੰਦ ਆਗਯਾ ਦੀਨਿ।
'ਪੂਰਨਮਾਸ਼ੀ ਮਹਿਂ ਦਿਨ ਤੀਨ ॥੬॥
ਤਿਸ ਦਿਨ ਹ੍ਵੈ ਹੈ ਦਰਸ ਹਮਾਰਾ।

[1]ਸਤਿਗੁਰ ਦੇ ਸਥਾਨ ਦਾ ਦਰ ਬੰਦ ਸੀ (ਕਿਉਂਕਿ)।

ਇਤਨੈ ਕਰਹੁ ਮੰਗਲਾ ਚਾਰਾ।
ਏਕਮ ਦੂਜ ਰਹੈ ਪੁਨ ਮੇਲਾ।
ਸਦਨ ਜਾਇੰ ਸਭਿ ਫੇਰ ਸੁਹੇਲਾ[1]" ॥੭॥ [1]ਸੁਖੀ।
ਨਿਕਟਿ ਦੂਰ ਕੇ ਨਰ ਸਭਿ ਰੋਕੇ।
ਸੁਨਤਿ ਮੁਦਤਿ ਗੁਰ ਚਹਤਿ ਬਿਲੋਕੇ[1]। [1]ਸੁਣਕੇ (ਹੁਕਮ) ਖੁਸ਼ ਹੋਏ (ਪਰ) ਗੁਰ ਦਰਸ਼ਨ ਨੂੰ ਲੋਚਦੇ ਰਹੇ।
ਸੰਗਤਿ ਬਿਖੈ ਮੇਵਰੋ ਸਾਰੇ।
ਹੁਕਮ ਗੁਰੂ ਕੋ ਊਚ ਉਚਾਰੇ ॥੮॥
ਧੀਰਮੱਲ ਸੁਨਿ ਕੈ ਚਿਤਵੰਤਾ।
-ਰੁਖ਼ ਨਹਿਂ ਕਰਹਿਂ ਗੁਰੂ ਭਗਵੰਤਾ।
ਕਿਸੂ ਪੁੱਤ੍ਰ ਕੋ ਗੁਰਤਾ ਦੈ ਹੈਂ।
ਕੈ ਮਮ ਅਨੁਜ[1] ਮਹਾਂ ਪਦ ਪੈ ਹੈ ॥੯॥ [1]ਛੋਟਾ ਭਰਾ।
ਕਹੇ ਮਾਤ ਕੇ ਮੈਂ ਚਲਿ ਆਯੋ।
ਸੰਗਤਿ ਬਿਖੈ ਅਨਾਦਰ ਪਾਯੋ।
ਪੂਜਾ ਅਲਪ ਹੋਇ ਹੈ ਮੇਰੀ।
ਐਸੀ ਰੀਤਿ ਲੇਹਿਂ ਜਬਿ ਹੇਰੀ ॥੧੦॥
ਗੁਰਤਾ ਦੇਹਿਂ ਤ ਮਮ ਰਹਿ ਆਵੈ।
ਦੇਨੀ ਮੋਹੁ ਕਉ ਬਨਿ ਆਵੈ।
ਬਡੇ ਪੁੱਤ੍ਰ ਕੋ ਪੁੱਤ੍ਰ ਬਡੇਰੋ।
ਬਿਦਤ ਬਾਤ ਸਭ ਲਖਹਿਂ ਘਨੇਰੋ ॥੧੧॥
ਤਉ ਰਚੌਂ ਮੈਂ ਕੁਛ ਚਤੁਰਾਈ।
ਜਿਸ ਤੇ ਸੰਗਤਿ ਲਖਹਿ ਬਡਾਈ।
ਪ੍ਰਥਮ ਪਿਤਾਮੇ ਤੇ ਪੁਜਵਾਵੌਂ[1]। [1]ਪਿਤਾਮੇ (ਸ੍ਰੀ ਹਰਿਗੁਬਿੰਦ ਜੀ ਦੇ ਦੀਵਾਨ ਵਿਚ ਆਵਣ) ਤੋਂ ਪਹਿਲਾਂ ਮੈਂ (ਆਪ ਨੂੰ) ਪੁਜਵਾਵਾਂ।
ਥਿਰਿ ਮੰਜੀ ਪਰ ਹੁਇ ਦਿਖਰਾਵੌਂ ॥੧੨॥
ਗੁਰੂ ਅਛਤ ਜੇ ਲੇਉਂ ਅਕੋਰ।
ਪਿਖਿ ਕਰਿ ਸਿਖ ਬੰਦਹਿਂ ਕਰਿ ਜੋਰਿ।
ਸਦਾ ਰਹੈਂਗੇ ਪੁਨ ਅਨੁਸਾਰੀ।
ਪੂਜਾ ਕਰਹਿਂ ਸਦੀਵ ਹਮਾਰੀ† ॥੧੩॥

†ਪ੍ਰਿਥੀਏ ਤੇ ਧੀਰਮਲ ਆਦਿ ਨੂੰ ਗੁਰਤਾ 'ਪੂਜਾ ਕਰਵਾਉਣ ਵਾਲੀ ਸ਼ੈ' ਹੀ ਦਿੱਸਦੀ ਸੀ, ਉਨ੍ਹਾਂ ਨੂੰ ਇਸ ਪਦ ਦਾ ਵਾਹਿਗੁਰੂ ਦਰੋਂ ਮਿਲਣਾ, ਗੁਰੂ ਦਾ ਵਾਹਿਗੁਰੂ ਨਾਲ ਅਭੇਦ ਵਰਤਣਾ, ਬਾਹਰ ਸ੍ਰਿਸ਼ਟੀ ਨੂੰ ਵਾਹਿਗੁਰੂ ਜੀ ਦੀ ਲਿਵ ਦਾਨ ਕਰਨੀ, ਵਿੱਛੁੜੇ ਮੇਲਣੇ, ਉਨ੍ਹਾਂ ਦੇ ਦੁੱਖਾਂ ਸੁੱਖਾਂ ਵਿਚ ਆਤਮ ਮਿਹਰਾਂ ਨਾਲ ਬਹੁੜਨਾ, ਦੁਖ ਸੁਖ ਆਪਣੇ ਤੇ ਝੱਲਣੇ, ਇਹ ਪਹਿਲੂ ਸਮਝ ਨਹੀਂ ਸਨ ਪੈਂਦੇ। ਸੰਗਤ ਤੁਰਕਾਂ ਦੇ ਹਥੋਂ ਤਬਾਹ ਨਾ ਹੋ ਜਾਏ, ਇਸ ਨਮਿੱਤ ਛੇਵੇਂ

ਸਤਿਗੁਰਾਂ ਨੇ ਸਾਰੀ ਉਮਰਾ ਜੰਗ ਦੇ ਖੇਦ ਸਹਾਰੇ ਤੇ ਬੀਰ ਰਸ ਨੂੰ ਸੁਰਜੀਤ ਕਰਕੇ ਸ਼ਾਂਤ ਰਸ ਦੇ ਪਹਿਰੇ ਤੇ ਖੜਾ ਕੀਤਾ ਤੇ ਸੰਗਤ ਵਿਚ ਉੱਚਾਪਨ, ਅਣਖ ਤੇ ਨਿਰਭੈਤਾ ਦਾ ਸੂਰਜ ਉਦਯ ਕੀਤਾ ਪਰ ਧੀਰਮੱਲ ਨੇ ਇਸ ਦਾ ਇਲਾਜ ਪਾਤਸ਼ਾਹ ਦੀ ਦਬੇਲਗੀ ਮੰਨ ਲੈਣੀ ਸੋਚ ਲਿਆ ਸੀ, ਇਹ ਬਾਤ ਗੁਰੂ ਆਸ਼ਯ ਦੇ ਵਿਰੁੱਧ ਸੀ।

ਗੁਰ ਨਿਕਸੈਂਗੋ ਪਰਸੋਂ ਬਾਹਿਰ।
ਮੈਂ ਹੁਇ ਪ੍ਰਾਤਿ ਥਿਰੌਂ ਬਿਚ ਜ਼ਾਹਿਰ।
ਬ੍ਰਿੰਦ ਉਪਾਇਨ ਆਨੀ ਸਭੈ।
ਹੇਰਿ ਹੇਰਿ ਅਰਪਹਿੰਗੇ ਤਬੈ ॥੧੪॥
ਗੁਰ ਸਮ ਬਨ ਕੈ ਦੇਉਂ ਦਿਖਾਈ।
ਜਿਸ ਤੇ ਮਾਨਤਿ ਰਹੈਂ ਸਦਾਈ-।
ਸੰਗ ਮਸੰਦਨਿ[1] ਮਸਲਤ ਕੀਨਿ।
ਤਿਨਹੁ ਸਰਾਹਜੋ 'ਤੂੰ ਮਤਿ ਪੀਨ[1]' ॥੧੫॥
ਸਦਾ ਸੰਗ ਤਿਸ ਕੇ ਸੋ ਰਹੈਂ।
ਗੁਰ ਬਿਗਰਹਿਂ ਤਿਮ ਹੀ ਨਿਤ ਕਹੈਂ[1]।
'ਲਾਖਹੁੰ ਸੰਗਤਿ ਅਬਿ ਚਲਿ ਆਈ।
ਦੇਸ਼ਨਿ ਕੇ ਮਸੰਦ ਸਮੁਦਾਈ ॥੧੬॥
ਅਬਿ ਕੈ ਦੇਖੈਂ ਤੋਹਿ ਪ੍ਰਤਾਪੂ।
ਪੁਨਹਿ ਭੇਟ ਲੇ ਪਹੁੰਚਹਿਂ ਆਪੂ।'
ਨਿਸ ਮੈਂ ਇਮ ਨਿਸ਼ਚੈ ਕਰਿ ਸੋਏ।
ਜਾਗੇ ਸਕਲ ਪ੍ਰਾਤਿ ਕੇ ਹੋਏ ॥੧੭॥
ਮੁੱਠਾ ਚਮਰ[1] ਸੇਵਕਨਿ ਦੀਨਿ।
ਬਡੋ ਪਖੰਡ ਰਚਨ ਤਬਿ ਕੀਨਿ।
ਬੀਚ ਬਜ਼ਾਰ ਫਰਸ਼ ਕਰਿਵਾਯੋ।
ਰੰਗ ਅਨੇਕ ਬਿਸਾਲ ਸੁਹਾਯੋ ॥੧੮॥
ਪਹਿਰਜੋ ਆਪ ਗਰੇ ਤਬਿ ਜਾਮਾ।
ਬਹੁ ਸੂਖਮ ਦੀਰਘ ਅਭਿਰਾਮਾ।
ਕੰਚਨ ਦੰਡ ਚਮਰ ਸਿਰ ਫੇਰੈ।
ਭੂਖਨ ਪਹਿਰੇ ਦਿਪਤਿ ਘਨੇਰੈ ॥੧੯॥
ਜਿਗਾ ਆਦਿ ਤੇ ਸ਼ੋਭਾ ਪਾਏ।
ਗਯੋ ਆਪ ਜਹਿਂ ਫਰਸ਼ ਕਰਾਏ।
ਦੀਰਘ ਸੁੰਦਰ ਡਸਿ ਮਸਨੰਦ।
ਧਰਜੋ ਏਕ ਉਪਧਾਨੁ ਬਿਲੰਦ ॥੨੦॥

[1]ਭਾਵ ਆਪਣੇ ਪੱਖੀ ਦੋ ਇਕ) ਮਸੰਦਾਂ ਨਾਲ।

[1]ਤੂੰ ਬੜਾ ਬੁਧੀਵਾਨ ਹੈਂ।

[1]ਗੁਰੂ ਜੀ ਨਾਲ ਜਿਵੇਂ ਵਿਗਾੜ ਹੋਵੇ ਤਿਵੇਂ ਹੀ ਨਿੱਤ (ਮਸੰਦ ਸਲਾਹ) ਦੇਂਦੇ ਰਹਿੰਦੇ ਸਨ।

[1]ਚੌਰ।

ਤਿਸ ਪਰ ਬੈਠ੍ਯੋ ਮੋਦ ਉਪਾਇ।
ਚਹੁੰਦਿਸ਼ਿ ਦਾਸ ਥਿਰੇ ਸਮੁਦਾਇ।
'ਸ਼੍ਰੀ ਸਤਿਗੁਰ ਤੁਮ ਅੰਤਰਜਾਮੀ।'
ਕਰਹਿਂ ਕੁਸ਼ਾਮਤ ਕਹਿ ਕਹਿ 'ਸ੍ਵਾਮੀ' ॥੨੧॥
ਸਿਰ ਊਪਰ ਚੰਦੋਆ ਬਨ੍ਯੋ।
ਰੇਸ਼ਮ ਡੋਰੈਂ ਚਹੁੰ ਦਿਸ਼ ਤਨ੍ਯੋ।
ਬਿਚਰਤਿ ਇਤ ਉਤ ਸਿਖ ਸਮੁਦਾਏ।
ਕਰ੍ਯੋ ਬਿਲੋਕਨਿ ਮੇਲ ਜੁ ਆਏ ॥੨੨॥
ਸਿੱਖਜ ਓਪਰੇ ਅਰੁ ਅਨੁਜਾਨੇ।
'ਗੁਰ ਗੁਰ' ਕਰਤਿ ਬੰਦਨਾ ਠਾਨੇ।
ਨਿਜ ਨਿਜ ਡੇਰੇ ਮਹਿਂ ਤਬਿ ਜਾਇ।
ਕਿਤਿਕ ਉਪਾਇਨ ਲਜਾਏ ਧਾਇ ॥੨੩॥
ਖਰੋ ਮੇਵਰੋ ਭਯੋ ਅਗਾਰੀ।
ਲੈ ਧਨ ਕੌ ਅਰਦਾਸ ਉਚਾਰੀ।
ਇਕ ਕੋ ਦਿਖਿ ਦੂਸਰ ਲੈ ਆਯੋ।
ਅਰਪਹਿਂ ਗੁਰ ਕੇ ਸਮ ਲਖਿ ਪਾਯੋ ॥੨੪॥
ਦੇਖਾ ਦੇਖੀ ਬਹੁ ਸਿਖ ਆਏ।
ਅਰਪਨ ਕਰ੍ਯੋ ਦਰਬ ਸਮੁਦਾਏ।
ਚਹੁੰਦਿਸ਼ਿ ਮਹਿਂ ਬਹੁ ਨਰ ਪਰਵਾਰੇ।
ਇਕ ਆਵੈਂ ਇਕ ਜਾਹਿਂ ਸਿਧਾਰੇ ॥੨੫॥
ਸਵਾ ਜਾਮ ਦਿਨ ਜਬਿ ਲੌ ਚਰ੍ਯੋ।
ਬੈਠ੍ਯੋ ਆਪ ਪੁਜਾਵਨਿ ਕਰ੍ਯੋ।
ਸੰਗ ਮਸੰਦ ਜਿ ਦਰਬ ਸੰਭਾਰੈਂ।
ਮਹਿਮਾ ਸਿੱਖਜਨਿ ਮਹਿਂ ਬਿਸਤਾਰੈਂ ॥੨੬॥
'ਸਤਿਗੁਰ ਦੇਹਿਂ ਇਸੈ ਗੁਰਿਆਈ।
ਬਹੁ ਸਨਮਾਨਤਿ ਲੀਨਿ ਬੁਲਾਈ।
ਬਡੇ ਪੁੱਤ੍ਰ ਕੋ ਪੁੱਤ੍ਰ ਬਡੇਰੋ।

ਗੁਨ ਗਨ ਸਹਿਤ ਉਚਿਤ ਇਹੁ ਹੇਰੋ
॥੨੭॥
ਪੂਜਨੀਯ ਸਭਿ ਜਗ ਕੋ ਜਾਨਯੋ।
ਜਿਨ ਪਾਛੈ ਯਾਂ ਤੇ ਗੁਰ ਠਾਨਯੋ।'
ਸੁਨਿ ਸਿਖ ਜੇ ਅਨਜਾਨ ਮਹਾਨੇ।
ਅਰਪਹਿਂ ਧਨ ਕੋ ਬੰਦਨ ਠਾਨੇ ॥੨੮॥
ਸਵਾ ਜਾਮ ਥਿਰ ਹ੍ਵੈ ਪੁਨ ਗਯੋ।
ਖਾਨ ਪਾਨ ਸਭਿ ਠਾਨਤਿ ਭਯੋ।
ਕਰਿ ਬਿਸਰਾਮ ਦੁਪਹਿਰਾ ਢਰਯੋ।
ਨਿਕਟਿ ਗੁਰੂ ਕਿਨ ਜਾਇ ਉਚਰਯੋ
॥੨੯॥
'ਧੀਰਮਲ ਮੰਜੀ ਕੋ ਲਾਇ।
ਗੁਰਿਆਈ ਕੋ ਤੌਰ ਬਨਾਇ।
ਬੈਠਿ ਪ੍ਰਾਤਿ ਤੇ ਬੀਚ ਬਜ਼ਾਰ।
ਪੁਜਵਾਯੋ, ਧਨ ਚਢ੍ਯੋ ਉਦਾਰ ॥੩੦॥
ਸਿੱਖ ਸੈਂਕਰੇ ਥਿਰ ਭੇ ਪਾਸ।
ਲੇਹਿਂ ਉਪਾਇਨ ਕਰਿ ਅਰਦਾਸ।
ਸਵਾ ਜਾਮ ਲਗਿ ਮੇਲਾ ਰਹ੍ਯੋ।
-ਇਹ ਗੁਰ ਹੁਇ- ਸਭਿਹਿਨਿ ਮਹਿਂ
ਕਹ੍ਯੋ ॥੩੧॥
ਸਜਾਨੇ ਸਿੱਖ ਮਸੰਦ ਜਿ ਸਜਾਨੇ।
ਸੋ ਨਹਿਂ ਗਏ ਹਾਸ ਕੋ ਠਾਨੇ।
-ਤੀਨਹੁ ਪੁੱਤ੍ਰ ਸੁ ਪੌਤ੍ਰ ਦੋਇ।
ਜਿਸ ਗੁਰ ਥਾਪਹਿਂ ਸੋ ਗੁਰ ਹੋਇ ॥੩੨॥
ਬਿਨ ਥਾਪਹਿਂ ਹਮ ਮਾਨੈਂ ਨਾਂਹੀ-।
ਨਹਿਂ ਪਹੁਚੇ ਇਮ ਲਖਿ ਮਨ ਮਾਂਹੀ।'
ਸੁਨਿ ਸਤਿਗੁਰ ਕੈ ਹੋਯੋ ਛੋਭ।
ਜਾਨਯੋ ਧੀਰਮੱਲ ਬਡ ਲੋਭ ॥੩੩॥
-ਬੇ ਮਿਰਜਾਦ ਕਰਤਿ ਇਹੁ ਰਹ੍ਯੋ।
ਸ਼੍ਰੀ ਗੁਰ ਗ੍ਰਿੰਥ ਕਪਟ ਕਰਿ ਲਹ੍ਯੋ।
ਅਬਹਿ ਹਕਾਰ੍ਯੋ ਕਾਰਨ ਔਰ।
ਬਨ ਗੁਰ ਬੈਠ੍ਯੋ ਹੈ ਇਸ ਠੌਰ- ॥੩੪॥

ਨਿਕਟਿ ਦਾਸ ਕੋ ਕਹ੍ਯੋ ਸੁਨਾਇ।
'ਅਬਿ ਕੇ ਜੇ ਬੈਠਹਿ ਕਿਸ ਥਾਇਂ।
ਕਰਹੁ ਨਿਰਾਦਰ ਦੇਹੁ ਉਠਾਇ।
ਪੁਰਿ ਤੇ ਵਹਿਰ ਕਰਹੁ ਸਹਿਸਾਇ' ॥੩੫॥
ਇਮ ਦਾਸਨਿ ਸੋਂ ਹੁਕਮ ਬਖਾਨਾ।
ਰਹ੍ਯੋ ਜਾਮ ਦਿਨ ਭੇ ਸਵਧਾਨਾ।
ਧੀਰਮੱਲ ਪ੍ਰਾਤੀ ਜਿਮ ਬੈਸਾ।
ਸਜਿ ਤਨ ਬੇਸ ਬਨਾਯਹੁ ਤੈਸਾ ॥੩੬॥
ਤਿਸੀ ਥਾਨ ਪਰ ਬੈਠ੍ਯੋ ਆਨਿ।
ਬਡ ਮਸਨੰਦ ਡਸਾਵਨਿ ਥਾਨ।
ਨਿਜ ਪਰ ਚਮਰ ਫਿਰਾਵਨ ਕਰਿਹੀ।
ਲੋਭ ਦਰਬ ਕੋ ਦੀਰਘ ਧਰਿਹੀ ॥੩੭॥
ਰਿਦੈ ਪ੍ਰਮੋਦਤਿ -ਮੈਂ ਗੁਰ ਬਨ੍ਯੋ।
ਸਭਿ ਸੰਗਤਿ ਮਹਿਂ ਜੇ ਅਬਿ ਮਨ੍ਯੋ[1]। [1]ਮੰਨਿਆਂ ਗਿਆ।
ਬਹੁਰ ਨ ਮੇਰੀ ਪੂਜਾ ਜਾਇ।
ਚਹੁੰਦਿਸ਼ਿ ਕੇ ਸਿਖ ਪਿਖਿ ਸਮੁਦਾਇ- ॥੩੮॥
ਇਸ ਤੇ ਆਦਿਕ ਰਿਦੈ ਬਿਚਾਰਤਿ।
ਅਨਿਕ ਬਿਧਿਨਿ ਕੇ ਦੰਭ ਪਸਾਰਤਿ।
ਇਤਨੇ ਮਹਿਂ ਸਤਿਗੁਰ ਕੇ ਦਾਸ।
ਬੈਠ੍ਯੋ ਸੁਨਿ ਪਹੁੰਚੇ ਤਿਸ ਪਾਸ ॥੩੯॥
ਸੰਗ ਮਸੰਦ ਅਪਰ ਨਰ ਜੇਈ।
ਦਈ ਗਾਰ ਅਰੁ ਮਾਰੇ ਤੇਈ।
ਕੇਤਿਕ ਕੀ ਪਗੀਆ ਗਿਰ ਪਰੀ।
ਕਿਤਿਕ ਪਲਾਇ ਗਏ ਤਿਸ ਘਰੀ ॥੪੦॥
ਛੀਨ ਚਮਰ ਸੋ ਦਯੋ ਬਗਾਇ।
ਦੂਰ ਕਰ੍ਯੋ ਉਪਧਾਨੁ ਉਠਾਇ।
ਤਰਜਿ ਤਰਜਿ[1] ਬਹੁ ਬਰਜਨ ਕਰੇ। [1]ਤਾੜ ਤਾੜ ਕੇ।
ਮਾਰ ਕਿਤਿਕ ਜਨ ਕੇ ਕਰ ਧਰੇ[1] ॥੪੧॥ [1]ਹੱਥ ਨਾਲ ਫੜਕੇ ਕਈ ਜਨ ਮਾਰੇ।
'ਸਤਿਗੁਰ ਅਛਤ, ਆਪ ਬਨ ਬੈਠੇ[1]। [1]ਆਪ ਬਣ ਬੈਠੇ ਹੋ।

ਠਗਹੁ ਸਿੱਖ ਹਿਤ ਦਰਬ ਇਕੈਠੇ।
ਬਹੁਰ ਜਿ ਬੈਠਹੁ ਕਰਹੁ ਪਖੰਡ।
ਮੁਸ਼ਕੈਂ ਬਾਂਧਿ ਦੇਹਿਂ ਬਹੁ ਦੰਡ ॥੪੨॥
ਹੁਕਮ ਗੁਰੂ ਕੋ ਮਿਟਿ ਹੈ ਨਾਂਹੀ।
ਸੰਕਟ ਸਹਹੁ ਕੈਦ ਕੇ ਮਾਂਹੀ।'
ਇੱਤਜਾਦਿਕ ਬਹੁ ਕਰਿ ਅਪਮਾਨਾ।
[1]ਧੀਰਮਲ ਸੋਂ ਬਹੁਰ ਬਖਾਨਾ ॥੪੩॥

[1]ਪਹਿਲਾ ਸਲੂਕ ਧੀਰਮਲ ਦੇ ਮੁਖੀਆਂ ਮਸੰਦਾਂ ਆਦਿਕਾਂ ਨਾਲ ਹੋਇਆ ਹੈ।

'ਜੇ ਨਿਜ ਭਲਾ ਚਹੋ ਚਢਿ ਜਾਵਹੁ।
ਨਤੁ ਅਪਮਾਨ ਕਸ਼ਟ ਕੋ ਪਾਵਹੁ।
ਹੁਕਮ ਗੁਰੂ ਕੋ -ਥਿਰ ਨਹਿਂ ਰਹੀਯਹਿ।
ਅਬਿ ਹੀ ਉਠਿ ਮਾਰਗ ਕੌ ਲਹੀਯਹਿ-'
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਧੀਰਮਲ ਕੋ ਅਪਮਾਨ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਹੋਲੀ ਖੇਲਨਾ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

ਅਧਿਕ ਨਿਰਾਦਰ ਪਾਇ ਕੈ,
ਧੀਰਮੱਲ ਦੁਖ ਹੀਯ।
ਸਭਿ ਸੰਗਤਿ ਮੈਂ ਬਿਦਤ ਭੇ,
ਬੇਮ੍ਰਿਯਾਦ ਜਿਮ ਕੀਯ ॥੧॥

ਚੌਪਈ:

ਸੁਨਿ ਕਰਿ ਸੰਗਤਿ ਮਹਿਂ ਸਿੱਖ ਸਜਾਨੇ।
'ਪ੍ਰਿਥੀਏ ਸਮ ਕੈ ਕਪਟ ਮਹਾਨੇ।
ਅਪਨੋ ਜਾਨਿ ਛਿਮਾ ਗੁਰ ਧਰੈਂ।
ਇਹੁ ਤਿਨ ਤੇ ਕੁਛ ਤ੍ਰਾਸ ਨ ਕਰੈ ॥੨॥
ਪਾਤੀ ਲਿਖਤਿ ਰਿਪੁਨਿ ਸੋਂ ਰਹਜੋ।
ਗੁਰ ਪ੍ਰਤਾਪ ਕੋ ਨੈਕ ਨ ਲਹਜੋ।
ਬਹੁਰ ਸੰਗ ਨਹਿਂ ਆਵਨਿ ਕੀਨਾ।
ਗ੍ਰੰਥ ਦੁਰਾਇ ਸਦਨ ਮਹਿਂ ਲੀਨਾ ॥੩॥
ਤਊ ਨ ਸਤਿਗੁਰ ਰਿਸ ਉਰ ਭਏ।
ਅਪਨੋ ਜਾਨਿ ਛਿਮਾ ਕਰਿ ਗਏ।
ਅਬਿ ਕਜੋਂ ਹੂੰ ਕਰਿ ਨਿਕਟਿ ਹਕਾਰਾ।
ਨਿਸ਼ਡਰ† ਹ੍ਵੈ ਪਖੰਡ ਇਹ ਧਾਰਾ ॥੪॥ †ਪਾ:-ਨਿਡਰ।
ਕੋ ਜਾਨੇ ਗੁਰ ਕਹਾਂ ਰਜਾਇ।
ਕਹਾਂ ਕਰਹਿ ਨਹਿ ਜਾਨੀ ਜਾਇ।'
ਇੱਤਜਾਦਿਕ ਸਭਿ ਬਿਖੈ ਬ੍ਰਿਤੰਤ।
ਕਹੈਂ ਸੁਨੈ, ਬਹੁ ਸਿੱਖ ਮਿਲੰਤਿ ॥੫॥
ਧੀਰਮੱਲ ਇਮ ਲਖਿ ਅਪਮਾਨਾ।
ਚਿੰਤਾ ਸਲਿਤਾ ਬਹਜੋ ਮਹਾਨਾ।
ਨਹਿਂ ਅੰਤਰ ਪੁਨ ਪ੍ਰਵਿਸ਼ਜੋ ਆਇ।
ਵਹਿਰ ਜਾਇ ਹਯ ਲੀਨਿ ਮੰਗਾਇ ॥੬॥
ਚਢਿ ਏਕਲ ਹੀ ਤੁਰਤ ਪਯਾਨਾ।
ਖਰੋ ਜਾਇ ਕੋਸਕ[1] ਇਕ ਥਾਨਾ। [1]ਇਕ ਕੋਸ ਤੇ।
ਸਰਬ ਸਮਾਜ ਹਕਾਰਨ ਕੀਨਿ।
ਪਛੁਤਾਵਤਿ ਤਹਿਂ ਮੇਲ ਸੁ ਲੀਨਿ ॥੭॥
ਦੁਖੀ ਹੋਇ ਭਾ ਸਲਿਤਾ ਪਾਰ।

ਗਿਨਤੀ ਅਨਗਨ ਮਨਹਿ ਮਝਾਰ।
-ਮੈਂ ਜਨਨੀ ਭਾਖੇ ਚਲਿ ਆਯੋ।
ਜਿਸ ਤੇ ਮਹਾਂ ਅਨਾਦਰ ਪਾਯੋ ॥ ੮ ॥
ਪੂਰਬ, ਕੇ ਜਾਨਤਿ, ਕੋ ਨਾਹੀ[1]। [1]ਪਹਿਲੋਂ ਤਾਂ ਕੋਈ ਜਾਣਦਾ ਸੀ ਤੇ ਕੋਈ ਨਹੀਂ।
ਭਯੋ ਕੁਜਸੁ ਅਬਿ ਸਭਿ ਦਿਸ਼ ਮਾਂਹੀ।
ਦੂਰ ਦੂਰ ਕੇ ਹੁਤੇ ਮਸੰਦ।
ਸੰਗ ਸੰਗਤਾਂ ਜਿਨ ਕੇ ਬ੍ਰਿੰਦ ॥ ੯ ॥
ਭਾ ਤ੍ਰਿਸਕਾਰ ਸਕਲ ਨੇ ਜਾਨਾ।
ਬਿਗਰਿ ਗਯੋ ਮਮ ਕਾਜ ਮਹਾਨਾ।
ਜਿਸ ਤੇ ਪੂਜਾ ਹੋਇ ਨ ਮੇਰੀ।
ਦਿਯੋ ਨਿਕਾਰਿ ਕਹੈਂ ਇਸ ਬੇਰੀ[1]- ॥ ੧੦ ॥ [1](ਲੋਕੀ) ਕਿਹਾ ਕਰਨਗੇ ਕਿ 'ਉਸ ਵੇਲੇ (ਸਤਿਗੁਰਾਂ ਨੇ) ਕੱਢ ਦਿਤਾ ਸੀ।'
ਇੱਤਯਾਦਿਕ ਤਿਸ ਕੋ ਪਛੁਤਾਵਾ।
ਕਹੋਂ ਕਹਾਂ ਲਗਿ ਜੋ ਦੁਖ ਪਾਵਾ।
ਰਿਦੈ ਬਿਸੂਰਤ ਪੁਰਿ ਕਰਤਾਰ।
ਬਹਜੋ ਜਾਇ ਬਹੁ ਚਿੰਤ ਮਝਾਰ ॥ ੧੧ ॥
ਕੀਰਤਪੁਰਿ ਮਹਿਂ ਲਾਖਹੁੰ ਦਾਸ।
ਸੰਗ ਮਸੰਦ ਸੰਗਤਾਂ ਰਾਸ।
ਧੀਰਮਲ ਕੋ ਕਪਟ ਕੁਢਾਲੀ।
ਸਭਿ ਮਹਿਂ ਬਿਦਤੀ ਕਿਯ ਜੁ ਕੁਚਾਲੀ[†] ॥ ੧੨ ॥ [†]ਪਾ:-ਕਜਾ ਕਿਯ ਚਾਲੀ।
ਤੀਨਹੁੰ ਸਤਿਗੁਰੁ ਕੇ ਸੁਤ ਧੀਰ।
ਗੁਨ ਗਨ ਸਹਿਤ ਸੁ ਲਾਇਕ ਬੀਰ।
ਸਭਿ ਸ਼੍ਰੀ ਗੁਰ ਕੀ ਦਿਸ਼ਾ ਨਿਹਾਰੈਂ।
ਸੇਵਾ ਬਿਖੈ ਨੰਮ੍ਰਤਾ ਧਾਰੈਂ ॥ ੧੩ ॥
'ਦੇਖਹਿਂ ਗੁਰੁ ਕਹਾਂ ਕ੍ਰਿਤ ਕਰੈਂ।
ਰਿਦੈ ਪ੍ਰਤੀਖਤਿ ਸੰਸੈ ਧਰੈਂ।
'ਸਤਿਗੁਰ ਕੋ ਰੁਖ਼ ਜਾਨਜੋ ਪਰੈ।
ਲਘੁ ਪੌਤ੍ਰੇ ਪਰ ਕਰੁਨਾ ਢਰੈਂ ॥ ੧੪ ॥
ਇਹ ਬਡ ਢੀਠ ਆਪ ਗੁਰ ਬਨਜੋ।
ਬਹੁਰ, ਨਿਕਟਿ ਕੁਛ ਨਾਂਹਿ ਨ ਗਿਨਜੋ[1]। [1]ਫਿਰ ਨਹੀਂ ਸੋਚਿਆ (ਧੀਰ ਮਲ ਨੇ) ਕਿ (ਮੇਰੇ) ਪਾਸ ਤਾਂ ਕੁਛ ਹੈ ਨਹੀਂ, ਭਾਵ 'ਗੁਰੂ ਸ਼ਕਤੀ' ਤੋਂ ਖਾਲੀ ਹਾਂ।

ਪ੍ਰਿਥੀਏ ਸਮ ਅਬਿ ਭਯੋ ਨਿਰਾਲਾ।
ਰਹਜੋ ਨ ਮੇਲ ਗੁਰੂ ਘਰ ਨਾਲਾ ॥੧੫॥
ਜਾਨੀ ਪਰੈ ਬਿਗਾਰ ਉਠੈ ਹੈ।
ਗੁਰ ਸੰਗ ਦ੍ਵੈਤ ਅਧਿਕ ਉਪਜੈ ਹੈ।
ਤੁਰਕਨ ਸੋਂ ਮੇਲੀ ਬਹੁ ਬਨਜੋ।
ਪਦ ਊਚੋ ਸੁ ਮਨੋਰਥ ਹਨਜੋ[1]" ॥੧੬॥

[1]ਦੂਰ ਹੋਇਆ।

ਇੱਤਜਾਦਿਕ ਬਹੁ ਆਪਸ ਮਾਂਹੀ।
ਸਿੱਖ ਮਸੰਦ ਕਹੈਂ 'ਧਿਕ ਤਾਂਹੀ।'
ਇਮ ਦਿਨ ਦੋਨਹੁ ਬਹੁਰ ਬਿਤਾਏ।
ਖੇਲਤਿ ਹੋਰੀ ਮਿਲਿ ਹੁਲਸਾਏ ॥੧੭॥
ਗਾਵੈਂ ਸ਼ਬਦ ਮੋਦ ਚਹੁ ਕੋਦ।
ਬਰਸਤਿ ਰੰਗ, ਗੁਲਾਲ ਪਯੋਦ[1]।

[1]ਬੱਦਲ ਵਤ ਬਰਸਦੇ ਹਨ।

ਫਾਗ ਦਜੋਸ ਕੋ ਕੀਨਸਿ ਤਯਾਰੀ।
ਨਿਕਸਨ ਕੀਨਿ ਵਹਿਰ ਗੁਰ ਭਾਰੀ ॥੧੮॥
ਫਰਸ਼ ਬਿਸਾਲ ਕਰਾਯਹੁ ਚਾਰੂ।
ਸੁਭਟ ਮਿਲੇ ਸਭਿ ਆਯੁਧ ਧਾਰੂ।
ਪੁਨ ਸੁੰਦਰ ਮਸਨੰਦ ਬਿਲੰਦ।
ਕਰੀ ਡਸਾਵਨ ਰੰਗ ਅਮੰਦ[1] ॥੧੯॥

[1]ਸੁਹਣੇ ਰੰਗ ਵਾਲੀ।

ਪੁਨ ਉਪਧਾਨੁ ਮਹਾਨੋ ਆਨਾ।
ਗਿਰਦਾ ਬਸਤ੍ਰ ਬਰਣ ਬਰ ਨਾਨਾ[1]।

[1]ਸਿਰਹਾਣੇ ਦੇ ਆਲੇ ਦੁਆਲੇ ਦਾ ਬਸਤ੍ਰ (ਭਾਵ ਗਿਲਾਫ) ਸ੍ਰੇਸ਼ਟ ਤੇ ਨਾਨਾ ਰੰਗਾਂ ਦਾ।

ਸਭਾ ਬਿਸਾਲ ਰਾਖਿ ਮੈਦਾਨਾ[1]।

[1]ਸਭਾ ਵਡੀ ਹੈ, ਵਿਚ ਮੈਦਾਨ ਰੱਖਿਆ।

ਫੂਲਨ ਮਾਲਾ ਰਚਤਿ ਸੁਜਾਨਾ ॥੨੦॥
ਪੋਸ਼ਿਸ਼ ਬਿਸਦ ਮਹਿਦ ਬਪੁ ਪਾਈ[1]।

[1]ਅਤੀ ਉੱਜਲ ਸਰੀਰ ਤੇ ਪਾ ਕੇ।

ਨਿਕਸੇ ਚਾਚਰ ਹੇਤੁ[1] ਗੁਸਾਈਂ।

[1]ਹੋਲੀ ਵਾਸਤੇ।

ਕੰਚਨ ਦੰਡ ਧਰੇ ਜਿਨ ਹਾਥ।
ਦਿਸ ਦਾਂਏਂ ਆਗੇ ਕੁਛ, ਨਾਥ[1] ॥੨੧॥

[1]ਭਾਵ ਸ੍ਰੀ ਗੁਰੂ ਜੀ ਦੇ ਸਜੀ ਤਰਫ ਤੇ ਅਗੇ (ਚੋਬਦਾਰ) ਹਨ ਜਿਨ੍ਹਾਂ ਦੇ ਹੱਥ ਵਿਚ ਸੋਨੇ ਦੇ ਡੰਡੇ ਫੜੇ ਹਨ।

ਸੁੰਦਰ ਚਮਰ ਢੁਰਾਵਤਿ ਪਾਛੇ।
ਗਹਜੋ ਹਾਥ ਭਾਨੇ ਕਹੁ ਆਛੇ।
ਮੰਦ ਮੰਦ ਮੁਸਕਾਵਤਿ ਆਏ।
ਕਮਲ ਬਿਲੋਚਨ ਕੋ ਬਿਕਸਾਏ ॥੨੨॥

ਸਵਾ ਗਿਲਸ਼ਤ[1] ਸਭਿਨਿ ਤੇ ਊਚੇ।
ਬੋਲਤਿ ਦਿਪਤ ਦਸਨ ਦੁਤਿ ਸੂਚੇ।
ਭੁਜਦੰਡਨਿ ਜਨੁ ਸੁੰਡ ਪ੍ਰਚੰਡੇ।
ਜਿਨ ਤੇ ਖੰਡ ਖੰਡ ਰਿਪੁ ਦੰਡੇ ॥੨੩॥
ਮੁਕਤਾ ਮਾਲ ਬਿਸਾਲ ਸੁਹਾਈ।
ਬੀਚ ਬੈਡੂਰਜ[1] ਬਹੁ ਛਬਿ ਪਾਈ।
ਆਯੁਧ ਬਿਨਾ ਆਇ ਥਿਰ ਭਏ।
ਚਹੁੰਦਿਸ਼ਿ ਤੇ ਨੰਮ੍ਰੀ ਥਿਰ ਥਿਏ ॥੨੪॥
ਸੁਨਿ ਸੁਨਿ ਸੁਧਿ ਸਿਖ ਬ੍ਰਿੰਦ ਮਸੰਦ।
ਆਏ ਧਰੇ ਅਕੋਰ ਬਿਲੰਦ।
ਅਨਿਕ ਸੰਗਤਾਂ ਦੇਸ਼ਨਿ ਦੇਸ਼।
ਬਹੁ ਮੋਲੀ ਲੇ ਵਸਤੁ ਅਸ਼ੇਸ਼ ॥੨੫॥
ਅਰਨ ਬਰਣ ਅਰੁ ਪੀਤ ਬਿਸਾਲੇ।
ਕੇਤਿਕ ਪਿਚਕਾਰੀ ਜੁਤਿ ਚਾਲੇ।
ਅਲਤਾ ਬ੍ਰਿੰਦ ਗੁਲਾਲ ਅੰਬੀਰ।
ਲੇ ਕਰਿ ਪਹੁੰਚਤਿ ਭੇ ਸਿਖ ਤੀਰ ॥੨੬॥
ਪ੍ਰਥਮੈ ਚਰਨ ਸਰੋਜਨ ਬੰਦਹਿਂ।
ਆਗੇ ਧਰਹਿਂ ਅਕੋਰ ਬਿਲੰਦਹਿਂ।
ਉਡਤਿ ਗੁਲਾਲ ਘਟਾ ਜਨੁ ਹੋਈ।
ਰੰਗ, ਬੂੰਦ ਬਰਖਤਿ ਹੈ ਸੋਈ ॥੨੭॥
ਜਨੁ ਸੰਧਜਾ ਮਿਲਿਬੇ ਕਹੁ ਆਈ।
ਹਰਿ ਗੋਬਿੰਦ ਮੁਖ, ਚੰਦ ਸੁਹਾਈ।
ਮਿਲਜੋ ਗੁਲਾਬ ਗੁਲਾਲ ਉਡੰਤਾ।
ਖੇਲਤਿ ਹੋਰੀ ਸ਼੍ਰੀ ਜਗਕੰਤਾ ॥੨੮॥
ਛੁਟਤਿ ਅੰਬਰੀਨ ਮੂਠ ਬਡੇਰੀ।
ਦੁਹਿਂ ਦਿਸ਼ਿ ਹ੍ਵੈ ਕਰਿ ਹੇਲੋ[1] ਗੇਰੀ।
ਹੋਲੀ ਖੇਲ ਛੁਟਤਿ ਪਿਚਕਾਰੀ।
ਭਰਿ ਭਰਿ ਮੂਠ ਸਾਮਹੇ ਡਾਰੀ ॥੨੯॥
ਬ੍ਰਿੰਦ ਮਸੰਦ ਸੰਗਤਾਂ ਸੰਗ।
ਖੇਲਤਿ ਫਾਗ ਡਾਰਿ ਬਹੁ ਰੰਗ।
ਦੇਖਤਿ ਸਭਿ ਮਨ ਮੁਦਤਿ ਬਿਸਾਲਾ।
ਪਰਜੋ ਬਦਨ ਪਰ ਜਮਜੋ ਗੁਲਾਲਾ

[1]ਸਵਾ ਗਿੱਠ।

[1]ਲਸਨੀਆਂ ਨੇ [ਸੰਸ: ਵੈਦੂਰਯ] ਦੇਖੋ ਸਫਾ ੩੧੬੩, ਪ੍ਰਯਾਯ ਅੰਕ ੭।

[1]ਹੱਲਾ ਕਰਕੇ, ਪੁਕਾਰਕੇ।

॥੩੦॥
ਸਭਿ ਕੇ ਬਰਣ ਲਾਲ ਹੁਇ ਗਏ।
ਚਿੱਤ੍ਰਤਿ ਬਸਤ੍ਰ ਬਿਚੱਤ੍ਰਤਿ ਭਏ।
ਇਮ ਸਤਿਗੁਰ ਬਹੁ ਕਰੇ ਬਿਲਾਸਾ।
ਸਿੱਖ ਮਸੰਦ ਮਿਲੇ ਗਨ ਦਾਸਾ ॥੩੧॥
ਰਿਦੇ ਮੁਦਿਤਿ ਸਭਿ ਕੇ ਹੁਇ ਰਹੇ।
ਕੁਸ਼ਲ ਪ੍ਰਸ਼ਨ ਸਭਿਹਿਨਿ ਸੋਂ ਕਹੇ।
ਬ੍ਰਿੰਦ ਮਸੰਦ ਜਿ ਸਿਖ ਪਰਧਾਨੇ।
ਕਰ ਜੋਰਤਿ ਨਿਜ ਸ਼੍ਰੇਯ ਬਖਾਨੇ ॥੩੨॥
ਮਹਾਂ ਦਿਵਾਨ ਲਗਜੋ ਦੁਤਿ ਪਾਵਤਿ।
ਸ਼ਬਦ ਰਬਾਬੀ ਸੁੰਦਰ ਗਾਵਤਿ।
ਗੁਰ ਸਿੱਖਨ ਕੋ ਮੇਲ ਸੁਹੇਲਾ।
ਦੁਹਿ ਲੋਕਨ ਕੋ ਜਹਿਂ ਮੁਦ ਮੇਲਾ ॥੩੩॥
ਦਰਸ਼ਨ ਦੇਖਿ ਦੇਖਿ ਬਲਿਹਾਰੀ।
ਅਧਿਕ ਪ੍ਰੇਮ ਤੇ ਸੁਖਦ ਉਦਾਰੀ[1]। [1]ਬੜੇ ਸੁਖੀ।
ਸਵਾ ਪਹਿਰ ਸਤਿਗੁਰ ਤਹਿਂ ਥਿਰੇ।
ਦਾਸ ਅਨੇਕ ਉਧਾਰਨਿ ਕਰੇ ॥੩੪॥
ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰ ਡਾਰਤਿ।
ਬਹੁਰ ਉਠਨਿ ਕੀ ਇੱਛਾ ਧਾਰਤਿ।
ਪੂਰ ਕਾਮਨਾ ਕਰਿ ਸਭਿ ਕੇਰੀ।
ਅੰਤਰ ਸਦਨ ਗਏ ਤਿਸ ਬੇਰੀ ॥੩੫॥
ਕਰਿ ਸ਼ਨਾਨ ਪੋਸ਼ਿਸ਼ ਲੇ ਔਰ।
ਬੈਠਤਿ ਭੇ ਸੋਢੀ ਸਿਰਮੌਰ।
ਖਾਨ ਪਾਨ ਕਰਿ ਨਿਸਾ ਬਿਤਾਈ।
ਜਾਮ ਰਹੀ ਜਾਗੇ ਗੋਸਾਈਂ ॥੩੬॥
ਏਕ ਦਿਵਸ ਪੁਨ ਅਵਰ ਬਿਤਾਯੋ।
ਤਿਥੀ ਦੂਜ ਕੋ ਸਮਿਯੈ ਆਯੋ[†]। [†]ਪਾ:-ਸਮਾ ਜੁ।
'ਬੀਚ ਬਜ਼ਾਰ ਸਥੰਡਲ[1] ਊਚੇ। [1]ਥੜੇ।
ਰਚਹੁ ਫਰਸ਼ ਦੀਰਘ, ਨਰ ਮੁਚੇ ॥੩੭॥
ਤਨਹੁ ਚਾਨਣੀ ਚਾਰਹੁਂ ਕੌਨ।
ਤਰੇ ਚੰਦੋਵਾ ਬਾਂਧਹੁ ਤੌਨ।
ਸਰਬ ਸਮਾਜ ਸੁ ਚਾਰੁ ਨਵੀਨ।

ਤਯਾਰੀ ਕਰਹੁ ਬਿਲਮ ਤੇ ਹੀਨ' ॥੩੮॥
ਇਸ ਪ੍ਰਕਾਰ ਦਾਸਨਿ ਕੇ ਸਾਥ।
ਹੁਕਮ ਬਖਾਨਯੋ ਜਗ ਗੁਰ ਨਾਥ।
'ਕਰਹੁ ਸੁਨਾਵਨਿ ਸਭਿ ਕੇ ਡੇਰੇ।
ਆਇ ਸੰਪੂਰਨ ਸਭਾ ਸ ਹੇਰੇਂ ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਹੋਲੀ ਖੇਲਨਿ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

## ੫੩. [ਸ਼੍ਰੀ ਹਰਿਰਾਇ ਜੀ ਨੂੰ ਗੁਰਿਆਈ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:
ਸੁਨਿ ਕੈ ਫਿਰਜੋ ਨਕੀਬ ਤਬਿ, ਸਿਖ
ਸੰਗਤ ਕੇ ਮਾਂਹਿ।
ਰਾਇਜੋਧ ਕੌ ਸੁਧ ਦਈ, ਅਪਰ ਸਭਿਨਿ
ਕੇ ਪਾਹਿ ॥੧॥
ਚੌਪਈ:
'ਆਜ ਲਗਹਿ ਗੁਰ ਕੋ ਦਰਬਾਰ।
ਸਗਰੇ ਆਵਹੁ ਸਭਾ ਮਝਾਰ।
ਰਾਉ ਰੰਕ ਸੰਗਤਿ ਕੇ ਸਾਰੇ।
ਆਇ ਲਹੈਂ ਦਰਸ਼ਨ ਸੁਖ ਸਾਰੇ' ॥੨॥
ਕੀਰਤਪੁਰਿ ਕੇ ਚਹੁੰਦਿਸ਼ਿ ਡੇਰੇ।
ਗਨ ਮਸੰਦ ਜੁਤਿ ਸਿੱਖਨਿ ਕੇਰੇ।
ਸਭਿਹਿਨਿ ਕੋ ਸੁਧ ਕਹੀ ਪੁਕਾਰ।
'ਸੁਨਿ ਪਹੁੰਚਹੁ ਗੁਰ ਕੇ ਦਰਬਾਰ' ॥੩॥
ਬੀਚ ਬਜ਼ਾਰ ਸਥੰਡਲ ਚਾਰੁ।
ਊਪਰ ਫਰਸ਼ ਭਯੋ ਦਿਸ਼ਿ ਚਾਰੁ।
ਸੇਤੁ ਚਾਂਦਨੀ ਕਰੀ ਲਗਾਵਨਿ।
ਤਨਜੋ ਬਿਤਾਨ ਮਹਾਨ ਸੁਹਾਵਨ ॥੪॥
ਝਾਲਰ ਜ਼ਰੀ ਝਲਕਤੀ ਝੂਲਤਿ।
ਕੁਸਮ ਜ਼ਰੀ ਕੇ ਜਥਾ ਪ੍ਰਫੂਲਤਿ।
ਰੇਸ਼ਮ ਡੋਰਨ ਤੇ ਬਹੁ ਤਨਜੋ।
ਬਹੁਤ ਮੋਲ ਕੋ ਸੁੰਦਰ ਬਨਜੋ ॥੫॥
ਦਿਪਿਤ ਅਮੰਦ[1] ਦੀਹ ਮਸਨੰਦ[2]।
ਧਰਿ ਊਪਰ ਉਪਧਾਨੁ ਬਿਲੰਦ।
ਲਗਜੋ ਮੋਲ ਬਹੁ ਸ਼ੋਭਤਿ ਆਛੇ।
ਕਾਰੀਗਰਨਿ ਕੀਨਿ ਮਨ ਬਾਂਛੇ ॥੬॥
ਭਯੋ ਤਯਾਰ ਸੁਧ ਜਬੈ ਸੁਨਾਈ।
ਉਠਿ ਪ੍ਰਭੁ ਗਮਨ ਕਰਜੋ ਤਿਸ ਥਾਈਂ।
ਸ਼੍ਰੀ ਹਰਿਰਾਇ ਸੰਗ ਨਿਜ ਲੀਨਿ।
ਮ੍ਰਿਦੁਲ ਸਰੂਪ ਸੁ ਬੈਸ ਨਵੀਨ ॥੭॥
ਸੂਰਜ ਮਲ, ਸ਼੍ਰੀ ਤੇਗ ਬਹਾਦਰ।

[1]ਸੁਹਣੀ। [2]ਮਸਨਦ, ਰੱਦੀ [ਅ: ਮਸਨਦ]

ਕਰੇ ਹਕਾਰਨ ਤਿਹ ਠਾਂ ਸਾਦਰ।
ਅਣੀਰਾਇ ਜੁਤਿ ਸਭਿ ਚਲਿ ਆਏ।
ਨਿਜ ਨਿਜ ਦਾਸ ਸੰਗ ਸਮੁਦਾਏ ॥੮॥
ਭਾਨਾ ਸਾਹਿਬ ਬ੍ਰਿਧ ਕੀ ਅੰਸ਼।
ਜੋ ਹੋਏ ਸਿੱਖੀ ਅਵਿਤੰਸ਼[1]।
ਲੇ ਕਰਿ ਸਾਥ ਨਾਥ ਤਹਿਂ ਗਏ।
ਬੰਦਿਤ ਗਾਦੀ ਬੈਠਤਿ ਭਏ ॥੯॥
ਚਮਰ ਚਾਰੁ ਚੰਚਲ ਚਤੁਰਾਈ।
ਢੋਰਿਤ ਹੰਸਨਿ ਸਮਤਾ ਪਾਈ।
ਸੂਰਜਮੁਖੀ[1] ਲੀਨਿ ਨਿਜ ਖਰੇ।
ਜਨੁ ਸੂਰਜ ਦੂਸਰ ਬਿਧਿ ਕਰੇ ॥੧੦॥
ਰਾਇਜੋਧ ਤਬਿ ਚਲਿ ਕਰਿ ਆਯਹੁ।
ਸੁਭਟ ਸਮੂਹਨਿ ਕੋ ਸੰਗ ਲਯਾਯੋ।
ਚਰਨ ਸਰੋਜਨਿ ਕੋ ਕਰਿ ਨਮੋ।
ਨਿਕਟਿ ਹੋਇ ਬੈਠਯੋ ਤਿਹ ਸਮੋ ॥੧੧॥
ਗੁਰ ਘਰ ਕੋ ਜੋਧਾ ਗਨ ਭਾਰੇ।
ਸਭਿ ਚਲਿ ਆਏ ਆਯੁਧ ਧਾਰੇ।
ਜੋ ਜਿਸ ਦੇਸ਼ ਮਸੰਦ ਬਿਲੰਦ।
ਸੰਗ ਸੰਗਤਾਂ ਲੈ ਕਰਿ ਬ੍ਰਿੰਦ ॥੧੨॥
ਪਹੁੰਚਤਿ ਭੇ ਸਭਿ ਸਭਾ ਮਝਾਰੇ।
ਕਰਿ ਕਰਿ ਨਮੋ ਸੁ ਦਰਸ਼ ਨਿਹਾਰੇ।
ਪੁਰਿ ਕੇ ਪੰਚ ਜਿ ਨਰ ਪਰਧਾਨ।
ਸਰਬ ਹਕਾਰੇ ਕਰਿ ਸਨਮਾਨ ॥੧੩॥
ਸੁੰਦਰ ਪਰਮਾਨੰਦ ਅਨੰਦਤਿ।
ਬੈਠੇ ਆਇ ਗੁਰੂ ਕੋ ਬੰਦਤਿ।
ਚੋਬਦਾਰ ਲੇ ਕੰਚਨ ਆਸੇ[1]।
ਖਰੇ ਭਏ ਗਨ ਅੱਗ੍ਰਯ ਪਾਸੇ[1] ॥੧੪॥
ਚਹੁੰਦਿਸ਼ਿ ਮਹਿਂ ਦਿਵਾਨ ਭਰਿ ਗਯੋ।
ਸਭਿ ਸਮਾਜ ਤਹਿਂ ਆਵਤਿ ਭਯੋ।
ਸ਼ਬਦ ਰਬਾਬੀ ਇਕ ਦਿਸ਼ਿ ਗਾਵੈਂ।
ਚਾਰਨ[1], ਭਾਟ ਕਬਿੱਤ ਸੁਨਾਵੈਂ ॥੧੫॥
ਤੀਨਹੁਂ ਪੁੱਤ੍ਰ ਬਿਠਾਏ ਤੀਰ।

[1]ਸਿਖੀ (ਵਿਚ) ਸ਼ਿਰੋਮਣ।
[1]ਪੱਖਾ।
[1]ਸੋਨੇ ਦੇ ਡੰਡੇ, ਚੋਬਾਂ।
[1]ਅਗਲੇ ਪਾਸੇ।
[1]ਬੰਸਾਵਲੀ ਉਚਾਰਨ ਵਾਲੇ।

ਸ੍ਰੀ ਗੁਰ ਹਰਿਗੁਵਿੰਦ ਬਰ ਬੀਰ।
ਪੈਸੇ ਪੰਚ ਨਾਲਿਯਰ ਏਕ।
ਕਹਿ ਮੰਗਵਾਯੋ ਜਲਧਿ ਬਿਬੇਕ ॥੧੬॥
ਸਾਹਿਬ ਭਾਨੇ ਸਭਿ ਬਿਧਿ ਜਾਨੀ।
ਪਠਜੋ ਦਾਸ ਤਜਾਰੀ ਨਿਜ ਠਾਨੀ।
ਕੇਸਰ ਚੰਦਨ ਕੋ ਘਸਵਾਇ।
ਕਲਗੀ ਜਿਗਾ ਲਈ ਮੰਗਵਾਇ ॥੧੭॥
ਸ੍ਰੀ ਹਰਿਗੋਵਿੰਦ ਦੇਖਿ ਬਖਾਨਾ।
'ਉਠਹੁ ਪ੍ਰਥਮ ਅਬਿ ਸਾਹਿਬ ਭਾਨਾ!'
ਇਮ ਕਹਿ ਆਪ ਉਠੇ ਗੁਰ ਪੂਰੇ।
ਪੌਤ੍ਰ ਬਿਲੋਕਤਿ ਸ੍ਰੀ ਮੁਖ ਰੂਰੇ ॥੧੮॥
ਤੀਨ ਪ੍ਰਦਛਨਾ ਫਿਰ ਕਰਿ ਦੀਨਿ।
ਪੈਸੇ ਪੰਚ ਨਾਲਿਯਰ ਲੀਨਿ।
ਖਰੇ ਹੋਇ ਧਰਿ ਭੇਟ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ ॥੧੯॥
ਪੁਨ ਸਾਹਿਬ ਭਾਨੇ ਕਿਯ ਟੀਕਾ।
ਕੀਨਸਿ ਕੁਲ ਸੋਢੀ ਮਹਿਂ ਨੀਕਾ[1]।

[1]ਸ੍ਰੇਸ਼ਟ ਕੀਤਾ (ਤਿਲਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ)।

ਪੁਨ ਸਭਿ ਸੋਂ ਗੁਰ ਕਹੀ ਸੁਨਾਇ।
'ਮਮ ਸਮ ਅਬਿ ਜਾਨਹੁ ਹਰਿਰਾਇ' ॥੨੦॥
ਸਗਲ ਮਸੰਦਨਿ ਪਿਖਿ ਸੁਨਿ ਬੈਨ।
ਅਦਭੁਤ ਰਸ ਤੇ[†] ਫੁੱਲਜਤਿ ਨੈਨ।

[†]ਪਾ:-ਅਦਭੁਤ ਦਰਸਤਿ।

'ਦੇਹਿ ਅੰਤ ਗੁਰ ਕੋ ਪਹਿਚਾਨਜੋ।
ਜਿਸ ਤੇ ਤਖਤ ਦੇਨਿ ਕੌ ਠਾਨਜੋ ॥੨੧॥
ਪਰਮੇਸੁਰ ਕੀ ਅਚਰਜ ਬਾਤ।
ਦੇਖਹੁ ਕਹਾਂ ਭਈ ਬੱਖਜਾਤ।
ਗੁਰਤਾ ਉਚਿਤੈ ਸ੍ਰੀ ਗੁਰਦਿੱਤਾ।
ਪ੍ਰਥਮ ਪ੍ਰਲੋਕ ਪੰਥ ਕੋ ਲਿੱਤਾ ॥੨੨॥
ਬਡ ਪੌਤ੍ਰੇ ਕੀਨਸਿ ਕ੍ਰਿਤ ਖੋਟੇ।
ਮਾਲਿਕ ਤਖਤ[1], ਸਭਿਨਿ ਤੇ ਛੋਟੇ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਨੌਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਨੌਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

੫੨ ੫੩ ੫੪ ੫੫ ੫੬ ੫੭ ੫੮ ੫੯ ੬੦

# ਤਤਕਰਾ ਰਾਸਿ ਨੌਵੀਂ

## ਰਾਸਿ ਨੌਵੀਂ


੧ ਅੰਸੂ ੧. [ਮੰਗਲ। ਸ੍ਰੀ ਹਰਿਰਾਇ ਨਿੱਤ ਕਰਮ]

੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

੫. ਇਸ਼੍ਟ ਗਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

੧੧. ਇਸ਼੍ਟ ਗੁਰੂ-ਸ਼੍ਰੀ ਗੁਰ ਤੇਗ ਬਹਾਦਰ ਜੀ ਦਾ-ਮੰਗਲ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

੧੩. ਸਮਸਤ ਗੁਰ ਮੰਗਲ।

** [ਕਥਾ ਆਰੰਭ]

੨ ੨. [ਪਾਤਸ਼ਾਹੀ ਲੋੜ। ਹਰੀੜ]

੩ ੩. [ਬ੍ਰਿੱਧਾਂ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ]

੪ ੪. [ਅਜਗਰ ਮੁਕਤ]

੫ ੫. [ਭਾਈ ਗੋਂਦੇ ਦਾ ਧ੍ਯਾਨ ਮਗਨ ਚਰਨੀਂ ਲਿਵਲੀਨ ਹੋਣਾ]

੬ ੬. [ਸਿੱਖਾਂ ਨੂੰ ਉਪਦੇਸ਼]

੭ ੭. [ਰਾਜੇ ਹਾਥੀ ਮੰਗਣ ਆਏ]

੮ ੮. [ਭਗਤ ਭਗਵਾਨ]

੯ ੯. [ਸ਼ਾਹਜਹਾਂ ਬੀਮਾਰ ਤੇ ਸ਼ਾਹਜ਼ਾਦੇ ਆਕੀ]

੧੦ ੧੦. [ਸੁਜ਼ਅ ਮੁਹੰਮਦ ਤੇ ਚੜ੍ਹਾਈ]

੧੧ ੧੧. [ਮੁਰਾਦਬਖਸ਼ ਨਾਲ ਜੰਗ]

੧੨ ੧੨. [ਦਾਰਾਸ਼ਕੋਹ ਤੇ ਔਰੰਗਜ਼ੇਬ]

੧੩ ੧੩. [ਸ਼ਾਹਜਹਾਂ ਨਜ਼ਰਬੰਦ। ਦਾਰਾ ਨੱਸਿਆ]

੧੪ ੧੪. [ਦਾਰੇ ਦਾ ਸ਼ੌਕ ਨਾਮਾ]

੧੫ ੧੫. [ਗੁਰੂ ਜੀ ਗੋਂਦਵਾਲ ਤੇ ਖਡੂਰ ਆਏ]

੧੬ ੧੬. [ਦਾਰਾ ਤੇ ਗੁਰੂ ਜੀ ਦਾ ਮੇਲ]

੧੭ ੧੭. [ਦਾਰਾਸ਼ਕੋਹ ਨੂੰ ਉਪਦੇਸ਼]

੧੮ ੧੮. [ਦਾਰਾ ਵਿਦਾ, ਨੁਰੰਗੇ ਨਾਲ ਜੰਗ]

| | |
|---|---|
| ੧੯ | ੧੯. [ਦਾਰਾਸ਼ਕੋਹ ਤਕੀਏ ਵਿਚ ਕੈਦ] |
| ੨੦ | ੨੦. [ਦਾਰਾਸ਼ਕੋਹ ਕਤਲ] |
| ੨੧ | ੨੧. [ਸਰਮਦ] |
| ੨੨ | ੨੨. [ਸਰਮੱਦ] |
| ੨੩ | ੨੩. [ਸਰਮਦ ਕਤਲ] |
| ੨੪ | ੨੪. [ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫੀ ਫਕੀਰਾਂ ਨਾਲ ਸਲੂਕ] |
| ੨੫ | ੨੫. [ਬੇਨਵਾ] |
| ੨੬ | ੨੬. [ਮਥੁਰਾ] |
| ੨੭ | ੨੭. [ਜੈਪੁਰ] |
| ੨੮ | ੨੮. [ਪੁਸ਼ਕਰ] |
| ੨੯ | ੨੯. [ਪੁਸ਼ਕਰ] |
| ੩੦ | ੩੦. [ਅਜਮੇਰ] |
| ੩੧ | ੩੧. [ਕਾਂਸ਼ੀ] |
| ੩੨ | ੩੨. [ਕਾਂਸ਼ੀ। ਹਿੰਦੂਆਂ ਦੀ ਗਿਰਾਵਟ] |
| ੩੩ | ੩੩. [ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ] |
| ੩੪ | ੩੪. [ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ] |
| ੩੫ | ੩੫. [ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਯਾ] |
| ੩੬ | ੩੬. [ਦਿੱਲੀ ਜਾਣ ਹਿਤ ਵਿਚਾਰ] |
| ੩੭ | ੩੭. [ਸ਼੍ਰੀ ਰਾਮਰਾਇ ਦਿੱਲੀ ਪੁੱਜੇ] |
| ੩੮ | ੩੮. [ਸ਼੍ਰੀ ਰਾਮ ਰਾਇ ਨੇ ਮੋਇਆ ਬੱਕਰਾ ਜਿਵਾਯਾ] |
| ੩੯ | ੩੯. [ਜ਼ਹਿਰੀਲੀ ਪੋਸ਼ਾਕ ਪਹਿਨੀ। ਖਾਣੇ ਤੋਂ ਫੁੱਲ ਬਣਾਏ] |
| ੪੦ | ੪੦. [ਖੂਹ ਤੇ ਬੈਠਣਾ। ਮੱਕੇ ਤੋਂ ਫਲ] |
| ੪੧ | ੪੧. [ਹਿਤੂ ਬੇਗਮ। ਪਦਮਨੀ] |
| ੪੨ | ੪੨. [ਦੋ ਚੰਦ ਦਿਖਾਏ। ਤੋਸ਼ੇਖਾਨੇ ਦੀ ਗਿਣਤੀ] |
| ੪੩ | ੪੩. [ਸ਼ੇਰ ਸ਼ਿਕਾਰ। ਬਾਜ਼ ਦਾ ਪੂਰਬ ਜਨਮ] |
| ੪੪ | ੪੪. [ਕਲਪ ਬ੍ਰਿਛ ਦੇ ਫਲ। ਕੇਸ ਕਾਲੇ ਕੀਤੇ। ਜਮਨਾ ਪਰ ਟੁਰੇ] |
| ੪੫ | ੪੫. [ਗੜੇ ਬੰਦ ਕੀਤੇ। ਮਸਤ ਹਾਥੀ ਤੇ ਚੜੇ] |
| ੪੬ | ੪੬. [ਨਿੰਦਕ ਦੀ ਜ਼ਬਾਨ ਬੰਦ। ਦਿਨੇ ਤਾਰੇ। ਬਾਜ਼ੀ ਜਿੱਤੀ] |
| ੪੭ | ੪੭. [ਮਰੀ ਹਟਾਈ। ਬਦਲਾਂ ਦੀ ਛਾਂ ਕੀਤੀ] |
| ੪੮ | ੪੮. [ਪ੍ਰਸੂਤ ਪੀੜਾ ਹਰੀ। ਉਜ਼ਬਕ ਢਹਾਇਆ] |
| ੪੯ | ੪੯. [ਅਲਾਦੀਨ ਦੀ ਮੌਤ ਦੱਸੀ। ਸੁਪਨਾ ਸੁਣਾਯਾ। ਬੇੜੀ ਜੋੜੀ। ਲੋਕਾਂਜਨ] |
| ੫੦ | ੫੦. [ਗਊ ਜਿਵਾਈ। ਤਸਬੀ ਕਾ ਚੋਰ। ਮੋਤੀ ਦਿਤਾ] |
| ੫੧ | ੫੧. [ਖਾਧਾ ਹੋਇਆ ਦੱਸਿਆ। ਖਟ ਰੁਤਾਂ ਦੇ ਮੇਵੇ ਇਕੱਠੇ। ਅੱਗ ਦੇ |

ਬਾਗ]
ਪ੨ ਪ੨. [ਸਮੀਰ ਚਲਾਈ। ਸਮਾਧੀ। ਦਰਯਾਈ ਘੋੜਾ]
ਪ੩ ਪ੩. [ਭੂਮ ਉੱਚੀ ਕੀਤੀ। ਸੁਜਨੀ ਹੇਠੋਂ ਪੱਤਰੇ ਕੱਢੇ]
ਪ੪ ਪ੪. [ਬੂਹਿਆਂ ਦੇ ਜੰਦਰੇ ਖੁਹਲੇ। ਸ਼ਰਾਬ ਮਾਸ]
ਪਪ ਪਪ. [ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ]
ਪ੬ ਪ੬. [ਰਾਮਰਾਇ ਜੀ ਦੀ ਸਖਾਵਤ। ਸਾਹਨ ਸਾਹ]
ਪ੭ ਪ੭. [ਮਿੱਟੀ ਮੁਸਲਮਾਨ ਕੀ]
ਪ੮ ਪ੮. [ਸ਼੍ਰੀ ਗੁਰੂ ਹਰਿਰਾਇ ਜੀ ਨੇ ਪੁੱਤ੍ਰ ਤਿਆਗਣਾ]
ਪ੯ ਪ੯. [ਦੋਵੇਂ ਪੁੱਤ੍ਰ ਕਿਵੇਂ ਪਰਖੇ ਸਨ?]
੬੦ ੬੦. [ਰਾਮਰਾਇ ਲਾਹੌਰ ਨੂੰ]

# ਰਾਸਿ ਨੌਵੀਂ ਚੱਲੀ

ੴ ਸਤਿਗੁਰ ਪ੍ਰਸਾਦਿ† ॥

†ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਪਹਿਲੇ ਅਧ੍ਯਾਯ ਦੇ ਪਹਿਲੇ ਦੋਹਰੇ ਵਿਚ ਇਨ੍ਹਾਂ ਦੋਹਾਂ ਮੰਗਲਾਂ ਨੂੰ ਕਵਿਤਾ ਰੂਪ ਵਿਚ ਦਰਸਾਇਆ ਸੀ ਏਥੇ ਕਵਿ ਜੀ ਨੇ ਦੋਵੇਂ ਇਕੱਠੇ ਅਸਲ ਰੂਪ ਵਿਚ ਦਿੱਤੇ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਨਵਮਿ ਰਾਸਿ ਲਿਖ੍ਯਤੇ ॥

### ਅੰਸੂ ੧. [ਮੰਗਲ। ਸ੍ਰੀ ਹਰਿਰਾਇ ਨਿੱਤ ਕਰਮ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਸ੍ਵੈਯਾ:

ਸ੍ਰੀ ਪੁਰਸ਼ੋਤਮ ਪੂਰਨ ਹੈ, ਪਰਮਾਤਮ ਪਾਲਕ, ਲੇਪ ਨ ਮਾਯਾ।
ਸ੍ਰੀ ਪਰਮੇਸ਼ੁਰ, ਮਾਧਵ, ਪਾਵਨ, ਪੋਖਕ, ਪ੍ਰੇਰਕ, ਪਾਰ ਨ ਪਾਯਾ।
ਜੈ ਕਰਿਤਾ ਜਗਦੀਸ਼, ਜਜੇ ਜਗ ਜੀਵਨ, ਜੋਨਿ ਬਿਨਾ, ਜਸ ਛਾਯਾ।
ਸ੍ਰੀ ਪਤਿ, ਜੋਤਿ ਸਰੂਪ ਅਨੂਪਮ, ਭੂਪਨ ਭੂਪ, ਨਮੋ ਹਰਿਰਾਯਾ ॥੧॥

ਪੁਰਸ਼ੋਤਮ = ਸਭ ਤੋਂ ਉੱਤਮ ਪੁਰਖ, ਅਕਾਲ ਪੁਰਖ (ਦੇਖੋ ਸ੍ਰੀ ਗੁਰ ਨਾ: ਪ੍ਰ: ਪੂਰ: ਅਧ੍ਯ: ੧ ਅੰਕ ੪)
ਮਾਧਵ = ਮਾਇਆ ਦਾ ਪਤੀ, ਵਾਹਿਗੁਰੂ। [ਮਾ = ਮਾਇਆ। ਧਵ = ਪਤੀ]
ਪਾਵਨ = ਪਵਿੱਤ੍ਰ।
ਪੋਖਕ = ਖਾਣ ਪੀਣ ਆਦਿ ਦੇ ਸਾਰੇ ਪਦਾਰਥਾਂ ਦਾ ਦਾਤਾ, ਪਾਲਿਕ। ਪੋਸਣ ਵਾਲਾ।
ਪਾਰ = ਅੰਤ। ਜਜੇ = ਪੂਜੇ, ਪੂਜਦਾ ਹੈ।
ਜੋਨਿ = ਜਨਮ ਧਾਰਨਾ, ਗਰਭ ਵਿਚ ਪੈਣਾ। (ਅ) ਜੀਵਣਾ ਮਰਨਾ।
ਸ੍ਰੀਪਤਿ = ਸ਼ੋਭਾ ਦਾ ਪਤੀ, ਪਰਮਾਤਮਾ, ਵਾਹਿਗੁਰੂ।
ਹਰਿਰਾਯਾ = (ਸਾਰੇ ਪਾਪਾਂ ਨੂੰ) ਹਰਿ ਲੈਣ ਵਾਲਾ, ਪ੍ਰਕਾਸ਼ ਸਰੂਪ। (ਅ) ਹਰੀ ਰੂਪ ਰਾਜਾ। ਪ੍ਰਸੰਗ ਸ੍ਰੀ ਗੁਰੂ ਹਰਿ ਰਾਇ ਜੀ ਦਾ ਚਲ ਰਿਹਾ ਹੈ, ਵਾਹਿਗੁਰੂ ਦਾ ਨਾਮ ਬੀ 'ਹਰਿ-ਰਾਯਾ' ਲਿਆਏ ਹਨ, ਇਹ ਕਟਾਖ੍ਯ ਹੈ।

ਅਰਥ:

ਸ੍ਰੀ ਅਕਾਲ ਪੁਰਖ (ਸਾਰੇ) ਪੂਰਨ ਹੈ (ਉਹੀ ਜੀਵਾਂ ਦਾ) ਪਾਲਣ ਹਾਰ ਪਰਮਾਤਮਾ ਹੈ, (ਫਿਰ ਉਹ) ਮਾਇਆ ਕਰਕੇ ਲਿਪਾਇਮਾਨ ਨਹੀਂ। ਉਹੀ ਧਰਮ ਈਸ਼੍ਵਰ ਹੈ, ਮਾਇਆ ਦਾ ਪਤੀ ਹੈ, ਪਵਿੱਤ੍ਰ ਹੈ (ਫਿਰ) ਪੋਖਕ ਤੇ ਪ੍ਰੇਰਕ ਹੈ (ਜਿਸ ਦਾ) ਅੰਤ ਕਿਸੇ ਨਹੀਂ ਲਿਆ। (ਤਿਸ) ਜਗਤ ਦੇ ਈਸ਼੍ਵਰ ਦੀ ਜੈ ਹੋਵੇ (ਜੋ ਸਾਰੇ ਸੰਸਾਰ ਦਾ) ਕਰਤਾ ਹੈ, (ਜਿਸ ਨੂੰ ਸਾਰਾ) ਜਗਤ ਪੂਜਦਾ ਹੈ, (ਉਹੀ ਜਗਤ ਦਾ) ਜੀਵਨ ਹੈ, (ਅਤੇ ਉਹ) ਜਨਮ ਮਰਨ ਤੋਂ ਰਹਿਤ ਹੈ (ਅਤੇ ਉਸ ਦਾ) ਜਸ (ਸਾਰੇ ਜਗਤ ਵਿਚ) ਫੈਲਿਆ ਹੋਇਆ ਹੈ, (ਉਹ ਸਰਬ) ਸ਼ੋਭਾ ਦਾ ਸ੍ਵਾਮੀ ਹੈ, ਸਰੂਪ ਉਸ ਦਾ ਅਨੁਪਮ ਪ੍ਰਕਾਸ਼ ਹੈ, ਰਾਜਿਆਂ ਦਾ ਮਹਾਰਾਜ ਹੈ (ਐਸੇ) ਪ੍ਰਕਾਸ਼ ਸਰੂਪ ਹਰੀ (ਨੂੰ ਮੇਰੀ) ਨਮਸਕਾਰ ਹੋਵੇ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਸ੍ਰੀ ਮੁਖ ਪੰਕਜ ਕੀ ਸਮ ਹੈ, ਜਗ ਬ੍ਯਾਪਕ ਹੋਇ ਬਨੀ ਗਨ† ਬਾਨੀ। †ਪਾ:-ਗੁਨਿ।

ਨੌ ਨਿਧਿ ਦਾ ਸਿਧਿ ਦਾ ਸ਼ੁਧਿ ਦੇਤਿ, ਨਿਕੇਤ ਕ੍ਰਿਪਾ, ਸੁਖ ਹੇਤੁ ਮਹਾਨੀ।
ਦੇਵਨ ਕੇ ਗਨ ਮਾਨਤਿ ਹੈਂ, ਜਸੁ ਠਾਨਤਿ ਹੈਂ, ਬਰਦਾਇਕ ਜਾਨੀ।
ਸਾਰਸੁਤੀ ! ਕਰ ਬੇਣਵਤੀ ! ਮੁਝ ਦੇਹੁ ਮਤੀ, ਪਦ ਬੰਦਨ ਠਾਨੀ ॥੨॥

ਗਨ = ਸਾਰੇ। ਸ਼ੁੱਧਿ = ਉੱਜਲਤਾ।
ਨਿਕੇਤ ਕ੍ਰਿਪਾ = ਕ੍ਰਿਪਾ ਦਾ ਘਰ। ਸੁਖ ਹੇਤ = ਸੁਖਾਂ ਦਾ ਕਾਰਣ।
ਕਰ ਬੇਣਵਤੀ = ਜਿਸ ਦੇ ਹੱਥ ਵਿਖੇ ਵੀਣਾ ਹੈ।

ਅਰਥ:

(ਜਿਸ ਦਾ) ਸ਼ੋਭਾ ਵਾਲਾ ਮੁੱਖ ਕਵਲ ਵਰਗਾ ਹੈ, (ਅਤੇ ਜੋ) ਬਾਣੀ ਰੂਪ ਹੋਕੇ ਸਾਰੇ ਜਗਤ ਵਿਖੇ ਵਿਆਪਕ ਹੋ ਰਹੀ ਹੈ। ਨੌ ਨਿਧੀਆਂ (ਅਠਾਰਾਂ) ਸਿਧੀਆਂ (ਤੇ) ਉੱਜਲਤਾ ਦੀ ਦਾਤੀ ਹੈ, ਕ੍ਰਿਪਾ ਦਾ ਘਰ ਤੇ ਸੁਖਾਂ ਦਾ ਮਹਾਨ ਕਾਰਨ ਹੈ। (ਜਿਸ ਨੂੰ) ਦੇਵਤਿਆਂ ਦੇ ਪੁੰਜ ਵਰ ਦਾਤੀ ਜਾਣ ਕੇ ਮੰਨਦੇ ਹਨ ਤੇ ਜਸ ਕਰਦੇ ਹਨ। (ਹੇ) ਸਰਸ੍ਵਤੀ ! ਹੱਥਾਂ ਵਿਖੇ ਵੀਣਾ ਧਾਰਨ ਵਾਲੀ ! ਮੈਨੂੰ (ਸ੍ਰੇਸ਼ਟ) ਮਤਿ ਦੇਹੁ (ਮੈਂ ਤੇਰੇ) ਚਰਨਾਂ ਤੇ ਬੰਦਨਾ ਕਰਦਾ ਹਾਂ।

### ੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਦੋਹਰਾ:

ਪਾਰ ਬ੍ਰਹਮ, ਕਰਤਾ ਪੁਰਖ, ਸ਼੍ਰੀ ਨਾਨਕ ਅਵਤਾਰ।
ਦਾਸ ਬ੍ਰਿੰਦ ਅਨੰਦ ਦੇ ਤਿਨ ਪਦ ਬੰਧਨ ਧਾਰਿ ॥੩॥

ਅਰਥ:

ਸ੍ਰੀ (ਗੁਰੂ) ਨਾਨਕ ਦੇਵ ਜੀ ਪਾਰਬ੍ਰਹਮ ਕਰਤਾ ਪੁਰਖ (ਵਾਹਿਗੁਰੂ ਦੇ) ਅਵਤਾਰ (ਹਨ ਅਤੇ) ਸਮੂਹ ਦਾਸਾਂ ਨੂੰ ਅਨੰਦ ਦੇ ਦਾਤੇ ਹਨ ਤਿਨ੍ਹਾਂ ਦੇ ਚਰਨਾਂ ਕਵਲਾਂ ਤੇ (ਮੈਂ) ਨਮਸਕਾਰ ਕਰਦਾ ਹਾਂ।

### ੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਸ਼੍ਰੀ ਅੰਗਦ ਦੂਸਰ ਗੁਰੂ, ਦਰਸ਼ਨ ਤੇ ਸੁਖ ਦੇਤਿ।
ਚਨਰ ਸਰੋਜਨਿ ਬੰਦਨਾਂ, ਆਨੰਦ ਕ੍ਰਿਪਾ ਨਿਕੇਤ ॥੪॥

ਅਰਥ:

ਦੂਸਰੇ (ਪਾਤਿਸ਼ਾਹ) ਸ੍ਰੀ ਗੁਰੂ ਅਗੰਦ ਦੇਵ ਜੀ ਦੇ ਚਰਨਾਂ ਕਵਲਾਂ ਤੇ (ਮੈਂ) ਨਮਸਕਾਰ ਕਰਦਾ ਹਾਂ (ਜੋ) ਦਰਸ਼ਨ ਕਰਨ ਨਾਲ ਹੀ ਸੁਖ ਦੇ ਦਿੰਦੇ ਹਨ, ਤੇ (ਜੋ) ਅਨੰਦ ਤੇ ਕ੍ਰਿਪਾ ਦੇ ਘਰ ਹਨ।

### ੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਅਧਿਕ ਬ੍ਰਿਧ ਸੇਵਨ ਲਗੇ, ਅਧਿਕ ਬ੍ਰਿੱਧ ਕਰਿ ਸੇਵ॥
ਬੰਦੌਂ ਜੇ ਬ੍ਰਿਧ ਅਧਿਕ ਹ੍ਵੈ, ਭਏ ਜਗਤ ਗੁਰਦੇਵ ॥੫॥

ਅਧਿਕ ਬ੍ਰਿੱਧ = ਵੱਡੀ ਆਯੂ ਵਿਖੇ। ਬ੍ਰਿੱਧ = ਵੱਡੀ, ਬਹੁਤੀ, ਵੱਧ ਤੋਂ ਵੱਧ।
ਬ੍ਰਿੱਧ = ਵਧੀਆ; ਉਤਕ੍ਰਿਸ਼ਟ।

ਅਰਥ:

(ਸ਼੍ਰੀ ਗੁਰ ਅਮਰਦਾਸ ਜੀ) ਬਹੁਤ ਬ੍ਰਿੱਧ (ਆਯੂ ਵਿਖੇ ਗੁਰੂ ਅੰਗਦ ਦੇਵ ਜੀ ਦੀ) ਸੇਵਾ ਕਰਨ ਲਗੇ (ਤੇ ਫਿਰ) ਵੱਧ ਤੋਂ ਵੱਧ ਸੇਵਾ ਕੀਤੀ (ਤਿਸ ਸਤਿਗੁਰੂ ਜੀ ਨੂੰ ਮੈਂ) ਨਮਸਕਾਰ ਕਰਦਾ ਹਾਂ ਜੋ ਜਗਤ ਦੇ ਬਹੁਤ ਹੀ ਉਤਕ੍ਰਿਸ਼ਟ ਗੁਰੂ ਹੋਏ ਹਨ।

ਹੋਰ ਅਰਥ:

੨. (ਜੋ ਫਿਰ) ਬਹੁਤ ਬ੍ਰਿੱਧ ਅਵਸਥਾ ਵਿਖੇ ਜਗਤ ਗੁਰਦੇਵ ਬਣੇ (ਭਾਵ ਗੁਰਿਆਈ ਪਾਈ)।

੬. ਇਸ੍ਰ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

**ਰਾਮ ਰਾਮ ਇਕ ਨਾਮ ਹੈ, ਭਏ ਬਿਸ਼ੇਸ਼ਨ ਦੋਇ।**
**ਰਾਜਾ ਭਗਤਿ ਸਰੂਪ ਤੇ, ਚੰਦ ਦਾਸ ਲਖਿ ਸੋਇ ॥੬॥**

ਅਰਥ:

(ਸ਼੍ਰੀ ਗੁਰੂ ਰਾਮਦਾਸ ਜੀ ਤੇ ਰਾਮਚੰਦ ਜੀ ਦੋਹਾਂ ਦੇ ਨਾਮ ਵਿਖੇ) 'ਰਾਮ' 'ਰਾਮ' (ਤਾਂ) ਇਕੋ ਨਾਮ ਹੈ (ਅੱਗੇ ਇਸ 'ਰਾਮ' ਨਾਮ ਨਾਲ) ਦੋ ਵਿਸ਼ੇਸ਼ਨ (ਉਨ੍ਹਾਂ ਦੇ ਅਪਣੇ ਸਰੂਪ ਤੋਂ) ਪਏ ਹਨ। ਰਾਜਾ ਸਰੂਪ ਹੋਣ ਤੇ (ਉਨ੍ਹਾਂ ਦੇ 'ਨਾਮ' ਦੇ ਪਿੱਛੇ ਰਜੋਗੁਣੀ ਵਿਸ਼ੇਸ਼ਣ) ਚੰਦ (ਤੇ ਗੁਰੂ ਜੀ ਦੇ) ਭਗਤ (ਸਰੂਪ) (ਹੋਣ ਤੇ ਸਤੋਗੁਣੀ ਵਿਸ਼ੇਸ਼ਣ) ਦਾਸ (ਪਦ ਲੱਗਾ), ਇਹ ਜਾਣ ਲਓ।

ਭਾਵ:

ਸ਼੍ਰੀ ਗੁਰੂ ਰਾਮਦਾਸ ਜੀ ਤੇ ਸ਼੍ਰੀ ਰਾਮ ਚੰਦ ਜੀ ਵਿਚ 'ਰਾਮ' ਪਦ ਤਾਂ ਇਕੋ ਹੈ; ਸ੍ਰੀ ਰਾਮ ਚੰਦ ਜੀ ਨੇ ਨਾਮ ਨਾਲ ਚੰਦ ਇਸ ਕਰਕੇ ਲਗਾ ਕਿ ਉਹ ਰਾਜਾ ਸਨ। ਰਾਜਾ ਦਾ ਬੀ ਅਰਥ ਹੈ ਪ੍ਰਕਾਸ਼ ਤੇ ਚੰਦ ਬੀ ਪ੍ਰਕਾਸ਼ ਦਿੰਦਾ ਹੈ, ਸੋ ਰਾਜਾ ਸਰੂਪ ਧਾਰਨ ਕਰਕੇ ਉਸ ਭਾਵ ਦਾ ਵਿਸ਼ੇਖਣ ਲੱਗਾ। ਗੁਰੂ ਰਾਮਦਾਸ ਜੀ ਭਗਤੀ ਦਾ ਸਰੂਪ ਸੇ, ਇਸ ਕਰਕੇ ਉਨ੍ਹਾਂ ਨਾਲ ਦਾਸ ਪਦ ਲੱਗਾ। ਦਾਸ ਦਾ ਧਾਤੂ ਅਰਥ ਹੈ = ਦੇਣਾ†, ਸੋ ਉਹ ਜੀਅਦਾਨ ਦੇ ਦਾਤੇ ਸਨ, ਇਸ ਕਰਕੇ 'ਦਾਸ' ਵਿਸੇਸ਼ਣ ਨਾਲ ਭੂਖਤਿ ਹੋਏ।

†ਸੰਸਕ੍ਰਿਤ ਧਾਤੂ ਹੈ दाशृ ਦਾਸ਼੍ਰੀ = ਦੇਣਾ; ਅਤੇ, दास् ਦਾਸ੍ = ਦੇਣਾ, ਇਸ ਤੋਂ ਦਾਸ ਦਾ ਅਰਥ ਜਿਸਨੂੰ ਦਿੱਤਾ ਜਾਵੇ ਤਾਂ ਕਰਦੇ ਹੀ ਹਨ, ਜੋ ਦਾਨ ਕਰੇ ਉਹ, ਬੀ ਲਗਦੇ ਹਨ। ਮੋ: ਮੋ: ਵਿਲੀ: ਕੋਸ਼ ਵਿਚ ਦਾਸ ਪਦ ਦਾ ਅਰਥ ਐਉਂ ਬੀ ਲਾਇਆ ਹੈ:-ਉਹ ਜਿਸ ਅਗੇ ਤੁਹਾਫੇ ਪੇਸ਼ ਕੀਤੇ ਜਾਣ; ਭਾਵ ਜਿਸਨੂੰ ਸੇਵਕਾਂ ਦੀਆਂ ਭੇਟਾ ਸ੍ਵੀਕਾਰ ਕਰਨ ਦਾ ਅਧਿਕਾਰ ਹੋਵੇ।

੭. ਇਸ੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

**ਤਾਂਹਿ ਬਾਨ ਬਾਨੀ ਇਨਹੁੰ, ਛੇਦਤਿ ਲੱਛ ਬਿਕਾਰ।**
**ਨਾਮ ਦੋਇ ਇਕ ਰੂਪ ਜਿਨ, ਸ਼੍ਰੀ ਅਰਜੁਨ ਸੁਖਕਾਰ ॥੭॥**

ਬਾਨ = ਤੀਰ। ਬਾਨ = ਬਾਣੀ।

ਨਾਮ ਦੋਇ ਇਕ ਰੂਪ = ਸ਼ਬਦ ਬ੍ਰਿਤੀ ਦੇ ਅਸੂਲਾਂ ਮੂਜਬ ਇਥੇ ਪਹਿਲਾਂ ਤੀਸ੍ਰਾ ਤੇ ਦੂਸਰਾ ਚੌਥਾ ਪਦ ਲੱਗਣਗੇ, ਯਥਾ:-ਨਾਮ ਇਕ ਦੋਇ ਰੂਪ। ਨਾਮ ਦੋਇ ਤੇ ਇਕ ਰੂਪ ਜੋੜਨਾਂ ਗਲਤੀ ਹੋਵੇਗੀ, ਕਿਉਂਕਿ ਨਾਮ ਤਾਂ ਦੋ ਨਹੀਂ ਹਨ, ਇਕੋ ਹੈ, ਰੂਪ ਦੋ ਪ੍ਰਤੱਖ ਹਨ, ਗੁਰੂ ਅਰਜਨ ਜੀ ਅਵਤਾਰ ਹਨ, ਤੇ ਪਾਂਡਵ ਅਰਜਨ ਜੀਵ ਹੈ, ਸ਼੍ਰੀ ਕ੍ਰਿਸ਼ਨ ਜੀ ਦਾ ਸ਼ਿਸ਼ ਹੈ।

ਅਰਥ:

ਉਸ ਦੇ (ਤਾਂ) ਤੀਰ ਤੇ ਇਨ੍ਹਾਂ ਦੀ ਬਾਣੀ (ਦੋਵੇਂ ਅਮੋਘ ਹਨ, ਉਸ ਦੇ ਤੀਰ) ਨਿਸ਼ਾਨੇ ਨੂੰ ਵਿੰਨ੍ਹ ਸਿਟਦੇ ਸਨ। (ਇਨ੍ਹਾਂ ਦੀ ਬਾਣੀ) ਵਿਕਾਰਾਂ ਨੂੰ (ਵਿੰਨ੍ਹ ਸਿੱਟਦੀ ਹੈ) ਨਾਮ ਤਾਂ (ਦੋਹਾਂ ਦਾ- 'ਅਰਜਨ') ਇਕੋ ਹੈ ਪਰ ਵਜੂਦ ਦੋ ਹਨ (ਉਹ ਤੀਰ ਮਾਰਕੇ ਜਾਨ ਲੈਂਦੇ ਸਨ, ਇਹ) ਸ਼੍ਰੀ ਅਰਜਨ ਜੀ (ਬਾਣੀ ਨਾਲ ਵਿਕਾਰਾਂ ਨੂੰ ਛੇਦ ਕੇ) ਸੁਖਾਂ ਦਾ ਦਾਨ ਕਰਦੇ ਹਨ।

ਭਾਵ:

ਪਾਂਡਵਾਂ ਵਿਚੋਂ ਅਰਜੁਨ ਜੀ ਅਮੋਘ ਬਾਣਾਂ ਦੇ ਚਲਾਉਣੇ ਵਿਚ ਬੜੇ ਪ੍ਰਸਿੱਧ ਸਨ ਤੇ ਗੁਰੂ ਪੰਚਮ ਜੀ ਦਾ ਪਵਿੱਤ੍ਰ ਨਾਮ ਭੀ ਅਰਜੁਨ ਹੈ ਇਸ ਕਰਕੇ ਕਹਿੰਦੇ ਹਨ ਨਾਮ ਤਾਂ ਇਕੋ ਹੈ ਪਰ ਰੂਪ ਦੋ ਹਨ। ਪਹਿਲੇ ਅਰਜੁਨ ਜੀ ਇਕ ਸ੍ਰੇਸ਼ਟ ਪੁਰਖ ਹਨ, ਸ਼੍ਰੀ ਕ੍ਰਿਸ਼ਨ ਜੀ ਦੇ ਸ਼ਿਸ਼ ਹਨ। ਪਰੰਤੂ ਗੁਰੂ ਅਰਜੁਨ ਜੀ

ਈਸ਼੍ਵਰ ਕੋਟੀ ਹਨ, ਕਾਰਕ ਹਨ, ਗੁਰ ਅਵਤਾਰ ਹਨ, ਇਸ ਕਰਕੇ ਇਹ ਅਮੋਘ ਬਾਣੀ ਨਾਲ ਵਿਕਾਰਾਂ ਨੂੰ ਨਾਸ਼ ਕਰਕੇ ਜੀਅਦਾਨ ਦਿੰਦੇ ਹਨ।

ਕਈ ਦਾਨ ਇਸ ਦੋਹੇ ਨੂੰ ਪਿਛਲੇ ਦੋਹੇ ਨਾਲ ਲਾਉਂਦੇ ਹਨ ਕਿ ਰਾਮਚੰਦ੍ਰ ਜੀ ਤਾਂ ਅਮੋਘ ਬਾਣ ਮਾਰਦੇ ਹਨ, ਪਰ ਗੁਰੂ ਰਾਮਦਾਸ ਜੀ ਬਾਣੀ ਅਮੋਘ ਆਖਦੇ ਹਨ। ਪਰੰਤੂ ਇਸ ਨੂੰ ਪਿਛਲੇ ਦੋਹੇ ਨਾਲ ਲਾਉਣਾ ਠੀਕ ਨਹੀਂ, ਕਿਉਂਕਿ ਸ਼੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ ਮੁੱਕ ਚੁੱਕਾ ਹੈ ਤੇ ਅੱਗੇ ਸ਼੍ਰੀ ਗੁਰੂ ਅਰਜਨ ਜੀ ਦਾ ਮੰਗਲ ਆਉਂਦਾ ਨਹੀਂ ਤੇ ਇਸ ਵਿਚ ਪਦ ਸ਼੍ਰੀ ਅਰਜਨ ਬੀ ਪਿਆ ਹੈ ਤਾਂ ਤੇ ਇਹ ਮੰਗਲ ਪੰਚਮ ਪਾਤਸ਼ਾਹ ਜੀ ਦਾ ਹੈ। ਇਸ ਅਰਥ ਨੂੰ ਢੁਕਾਉਣ ਲਈ ਇੱਥੇ ਫਿਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ ਰਾਮਦਾਸ ਜੀ ਦਾ ਰੂਪ ਮੰਨਕੇ ਅਰਥ ਨੂੰ ਮਰੋੜਨਾ ਪੈਂਦਾ ਹੈ, ਪਰ ਇਹ ਖਿੱਚ ਹੈ ਤੇ ਇਕ ਹੋਰ ਗੱਲ ਇਸ ਅਰਥ ਨੂੰ ਸਪੱਸ਼ਟ ਖੰਡਨ ਕਰ ਦੇਂਦੀ ਹੈ। ਉਹ ਇਹ ਕਿ ਪਾਂਡਵ ਅਰਜਨ ਜੀ ਤਾਂ ਨਿਰੇ ਤੀਰ ਚਲਾਉਣ ਵਾਲੇ ਸਨ ਤੇ ਆਪਣੇ ਬਚਨਾਂ ਨਾਲ ਵਿਕਾਰ ਨਾਸ਼ ਕਰਨ ਵਾਲੇ ਸ਼ਬਦ ਦੇ ਦਾਤੇ ਤੇ ਕਾਰਕ ਨਹੀਂ ਸਨ, ਪਰ ਸ਼੍ਰੀ ਰਾਮਚੰਦ੍ਰ ਜੀ ਤਾਂ ਤੀਰ ਅੰਦਾਜ਼ ਬੀ ਸਨ ਤੇ ਗੁਰਮੁਖ ਬੀ ਸਨ; ਤੇ ਉਪਦੇਸ਼ ਦੇਂਦੇ ਸਨ, ਸੋ ਇਕ ਵਿਚ ਨਿਰਾ ਬਾਣਾਂ ਦਾ ਗੁਣ ਤੇ ਇਕ ਵਿਚ ਨਿਰਾ ਬਾਣੀ ਦਾ ਗੁਣ ਇਹ ਪਦ ਸਫਲ ਨਹੀਂ ਹੋ ਸਕਣਗੇ। ਜੇ 'ਤਾਂਹਿ' ਦੇ ਅਰਥ 'ਰਾਮਚੰਦ' ਕਹੀਏ ਤਾਂ 'ਗੁਰ ਅਰਜਨ ਸੁਖਕਾਰ' ਦੇ ਮੁਕਾਬਲੇ ਤੇ ਸ੍ਰੀ ਰਾਮ ਜੀ ਵਿਚ 'ਦੁਖਕਾਰ' ਹੋਣ ਦੀ ਸੰਭਾਵਨਾ ਕਰਨੀ ਪਵੇਗੀ।

ਇਕ ਹੋਰ ਸ਼ੰਕਾ ਹੋ ਸਕਦੀ ਹੈ ਕਿ 'ਗੁਰੂ ਅਰਜਨ ਜੀ' ਤਾਂ ਅਵਤਾਰ ਸਨ ਤੇ 'ਪਾਂਡਵ ਅਰਜਨ' ਅਵਤਾਰ ਨਹੀਂ ਸੀ, ਉਸ ਨਾਲ ਉਪਮਾ ਦੇਣੀ ਨਜੂਨੋਪਮਾ ਹੋ ਜਾਊ। ਉੱਤਰ ਇਹ ਹੈ ਕਿ ਕਵਿ ਜੀ ਏਥੇ ਸਦਰਸ਼ਤਾ ਨਹੀਂ ਦਿਖਾ ਰਹੇ, ਸਗੋਂ ਵਿਸ਼ੇਸ਼ਤਾ ਦੱਸ ਰਹੇ ਹਨ, ਤੇ ਨਾਮ ਦੀ ਸਦਰਸ਼ਤਾ ਕਰਕੇ ਟਾਕਰਾ ਕਰਦੇ ਹਨ, ਪਰ ਸਰੂਪ ਦੀ ਭਿੰਨਤਾ ਆਪ ਸਪਸ਼ਟ ਦੱਸ ਕੇ ਵਿਸੇਸ਼ਤਾ ਦਰਸਾ ਰਹੇ ਹਨ। ਅਗਲੇ ਦੋਹੇ ਵਿਚ ਬੀ 'ਸਜੀਵ ਤੇ ਜੀਅ ਦਾਨ ਦਾਤੇ ਅਵਤਾਰ' ਦਾ 'ਜੜ੍ਹ ਅਗਨੀ' ਨਾਲ ਮੁਕਾਬਲਾ ਕਰਕੇ ਵਿਸੇਸ਼ਤਾ ਦੱਸ ਰਹੇ ਹਨ, ਤਿਵੇਂ ਏਥੇ ਬੀ ਵਿਸ਼ੇਸ਼ਤਾ ਦਾ ਭਾਵ ਪ੍ਰਧਾਨ ਹੈ।

### ੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

**ਮਹਾਬੀਰ, ਅਗਨੀ ਮਨਹੁੰ, ਅਹਿ ਬਨ, ਜਾਰਤਿ ਬ੍ਰਿੰਦ।**
**ਜੋਤਿ ਨਾਮ ਤੇ ਏਕ ਹੈ, ਤਨ ਜੁਗ ਹਰਿਗੋਬਿੰਦ ॥੮॥**

ਮਹਾਂਬੀਰ = ਵਿਸ਼ੇਖਣ ਹੈ ਪਦ ਹਰਿ ਗੋਵਿੰਦ ਦਾ ਜੋ ਅੰਤ ਵਿਚ ਪਿਆ ਹੈ। ਹਰਿ ਪਦ ਦਾ ਅਰਥ ਬੀ ਅਗਨੀ ਹੈ ਤੇ ਗੋਬਿੰਦ ਪਦ ਦਾ ਅਰਥ ਵੀ ਅਗਨੀ ਐਉਂ ਬਣ ਜਾਂਦਾ ਹੈ ਕਿ ਗੋਬਿੰਦ ਪਦ ਵਿਸ਼੍ਣੁ ਦਾ ਬੀ ਵਾਚਕ ਹੈ ਤੇ ਵਿਸ਼੍ਣੁ ਦਾ ਇਕ ਅਰਥ ਅਗਨੀ ਬੀ ਹੈ। ਸੋ ਕਵਿ ਜੀ ਹਰਿ ਗੋਵਿੰਦ ਪਦ ਵਿਚ ਅਗਨੀ ਵਾਂਙੂ ਆਤਮ ਜਯੋਤੀ ਦੀ ਸੰਭਾਵਨਾ ਕਰਕੇ ਉਨ੍ਹਾਂ ਨੂੰ 'ਜਯੋਤੀ' ਰੂਪ ਤੱਕ ਕੇ ਅਗਨੀ ਦੀ ਜੋਤ ਨਾਲ ਟਾਕਰਾ ਕਰਕੇ ਵਿਸੇਸ਼ਤਾ ਦੱਸਦੇ ਹਨ।

ਮਨਹੁੰ = ਮਾਨੋਂ, ਮਾਨਿੰਦ, ਇਕ ਸਮ।

ਅਰਿ = ਵੈਰੀ, ਅਰਿ ਦਾ ਵਿਸ਼ੇਸ਼ਣ ਪਿਆ ਹੈ 'ਬ੍ਰਿੰਦ' ਪਦ। (ਅ) ਕੋਸ਼ਕਾਰਾਂ ਨੇ ਕਾਮ ਕ੍ਰੋਧ; ਲੋਭ, ਮੋਹ ਆਦਿ ਨੂੰ ਬੀ ਅਰਿ ਲਿਖਿਆ ਹੈ।

ਜੋਤਿ = [ਜਯੋਤਿ] ਅਗਨੀ, ਪ੍ਰਕਾਸ਼ (ਅ) ਆਤਮ ਪ੍ਰਕਾਸ਼।

ਜੁਗ = ਦੋ, ਭਾਵ ਅੱਡ ਅੱਡ।

ਅਰਥ:

ਮਹਾਂਬੀਰ (ਸ਼੍ਰੀ ਗੁਰ) ਹਰਿਗੋਬਿੰਦ ਜੀ ਤੇ ਅਗਨੀ ਮਾਨੋ (= ਇਕ ਸਮ ਹਨ); (ਕਿਉਂਕਿ ਗੁਰੂ ਜੀ) ਵੈਰੀਆਂ ਦੇ ਸਮੂਹ ਨੂੰ (ਤੇ ਅਗਨੀ ਬਨ ਨੂੰ ਸਾੜਦੇ ਹਨ (ਦੋਹਾਂ ਦਾ) 'ਜੋਤਿ' ਨਾਮ ਤਾਂ ਇਕ ਹੈ, ਪਰ ਸਰੂਪ ਦੋ ਹਨ।

ਭਾਵ:

ਹਰਿਗੋਬਿੰਦ ਦਾ ਅਰਥ ਅਗਨੀ ਹੋਣ ਕਰਕੇ, ਅਗਨੀ ਪਦ ਨਾਲ ਨਾਮ ਤੁੱਲਤਾ ਹੋਈ। ਉਹ 'ਚਾਨਣੇ' ਦੀ ਜੋਤ ਤੇ ਉਹ ਆਤਮ ਜੋਤਿ ਹੋਣ ਕਰਕੇ 'ਜੋਤਿ' ਪਦ ਵਿਚ ਤੁੱਲਤਾ ਹੋਈ ਤੇ ਦੁਹਾਂ ਦਾ ਕਾਰਜ ਬੀ ਸਾੜਨਾ ਹੈ, ਸੋ ਬੀ ਤੁੱਲ ਹੋਇਆ, ਪਰ ਉਹ ਬਿਨਾਂ ਵਿਵੇਕ ਸਭ ਕੁਛ ਸਾੜਦੀ ਹੈ, ਉਹ ਕੇਵਲ ਸ਼ੱਤ੍ਰੂਆਂ ਨੂੰ ਨਾਸ਼ ਕਰਦੇ ਹਨ, ਉਹ ਬੀ ਇਸ ਲਈ ਕਿ ਸ਼ੱਤ੍ਰੂ ਸੰਤ ਜਨਾਂ ਨੂੰ ਦੁਖ ਦੇਂਦੇ ਹਨ ਸੋ ਉਨ੍ਹਾਂ ਦਾ ਨਾਸ਼ ਕਰਨਾ ਭਲੀ ਸ੍ਰਿਸ਼ਟੀ ਨੂੰ ਸੁਖ ਦੇਣਾ ਤੇ ਜੀਵਨ ਦੇਣਾ ਹੈ, ਇਸ ਦਾ ਕਾਰਣ ਦੱਸ ਕੇ ਕਵਿ ਜੀ ਵਿਸ਼ੇਸ਼ਤਾ ਵੱਲ ਇਸ਼ਾਰਾ ਕਰਦੇ ਹਨ ਕਿ ਦੋਹਾਂ ਲਈ 'ਜਜੋਤ' ਪਦ ਵਰਤਿਆ ਜਾਂਦਾ ਹੈ, ਪਰ ਸਰੂਪਾਂ ਵਿਚ ਫਰਕ ਹੈ, ਅਗਨੀ ਦਾ ਵਜੂਦ ਤੱਤਾਂ ਤੋਂ ਬਨਿਆਂ ਹੈ: ਕਾਰਬਨ ਆਕਸੀਜਨ ਆਦਿ ਦੇ ਮੇਲ ਤੋਂ, ਤੇ ਜੜ੍ਹ ਹੈ। ਸਤਿਗੁਰੂ ਜੀ ਦੀ ਜਜੋਤਿ ਰੂਹ ਹੈ, ਆਤਮ ਸਰੂਪ ਹੈ, ਚੇਤਨ ਹੈ, ਸੁਖਦਾਈ ਹੈ ਤੇ ਪੂਰਨ ਹੈ।

### ੯. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

**ਹਰੀ ਰਾਇ ਸਭਿ ਸੁਰਨਿ ਕੋ, ਸੋ ਸਰੂਪ ਹਰੀਰਾਇ।**
**ਜਗ ਗੁਰਤਾ ਇਹੁ ਅਧਿਕਤਾ, ਬੰਦੌਂ ਪੰਕਜ ਪਾਇ ॥ ੯ ॥**

ਹਰੀ = ਵਿਸ਼ਨੂ। ਰਾਇ = ਰਾਜਾ।
ਸੋ = ਉਹੋ, ਉਵੇਂ।
(ਅ) ਉਹੀ ਸਰੂਪ ਹਨ ਹਰੀਰਾਇ = ਸ਼੍ਰੀ ਗੁਰੂ ਹਰਿਰਾਇ ਜੀ।

ਅਰਥ:

ਵਿਸ਼ਣੂ ਸਾਰੇ ਦੇਵਤਿਆਂ ਦਾ ਰਾਜਾ ਹੈ, (ਤਿਵੇਂ ਸ਼੍ਰੀ ਹਰਿਗੋਬਿੰਦ ਜੀ ਬੀ (ਦੇਵਤਿਆਂ ਦੇ ਰਾਜਾ) ਸਰੂਪ ਹਨ, (ਪ੍ਰੰਤੂ) ਵਾਧਾ ਇਹ ਹੈ (ਕਿ ਆਪ ਦੇਵਤਿਆਂ ਦੇ ਰਾਜਾ ਹੋਣ ਦੇ ਨਾਲ) ਸਾਰੇ ਜਗਤ ਦੀ ਗੁਰਿਆਈ (ਦੀ ਪਦਵੀ ਪਰ ਬੀ ਹਨ, ਇਸ ਕਰਕੇ) ਮੈਂ (ਗੁਰੂ ਜੀ ਦੇ) ਚਰਨਾਂ ਕਵਲਾਂ ਪਰ ਨਮਸਕਾਰ ਕਰਦਾ ਹਾਂ।

ਹੋਰ ਅਰਥ:

ਹਰਿ ਦਾ ਅਰਥ ਇੰਦ੍ਰ ਬੀ ਹੈ, ਇੰਦ੍ਰ ਨਿਰਾ ਸੁਰ ਲੋਕ ਦਾ ਰਾਜਾ ਹੈ, ਗੁਪਤਾਂ ਦਾ ਰਾਜਾ, ਪਰ ਗੁਰੂ ਜੀ ਜਗਤ ਗੁਰੂ ਬੀ ਹਨ, ਗੁਪਤ ਪ੍ਰਗਟ ਸਾਰੇ ਸੰਸਾਰ ਦੇ ਗੁਰੂ ਹਨ, ਗੁਪਤਾਂ ਦਾ 'ਰਾਜਾ ਸਰੂਪ' ਹੋਣਾ ਤਾਂ ਤੁਲਤਾ ਹੈ ਤੇ ਇਸ ਦੇ ਨਾਲ ਜਗਤ ਗੁਰੂ ਹੋਣਾ ਵਿਸ਼ੇਸ਼ਤਾ ਹੈ।

ਸੂਚਨਾ:

ਖਿਆਲ ਰਹੇ ਕਿ ਹਰ ਦੋਹੇ ਵਿਚ ਕਵਿ ਜੀ ਸਤਿਗੁਰਾਂ ਦੀ ਵਿਸ਼ੇਸਤਾ ਦਰਸਾਉਂਦੇ ਚਲੇ ਆ ਰਹੇ ਹਨ।

### ੧੦. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

**ਨਾਮ ਏਕ ਅਰੁ ਜੋਤਿ ਇਕੁ, ਇਸ ਤੇ ਪਰਹਿ ਪਛਾਨ।**
**ਕਹੈ ਨਾਮ ਇਕ ਬਾਰ ਦ੍ਵੈ ਗੁਰ, ਹਰਿ ਕ੍ਰਿਸ਼ਨ ਸੁਜਾਨ ॥੧੦॥**

ਪਰਹਿ ਪਛਾਨ = ਪਰੇ ਦੀ ਪਛਾਣ। (ਅ) ਪਛਾਣ ਪੈਂਦੀ ਹੈ।
ਗੁਰ = ਇਕ ਪਦ ਨੂੰ ਉਸੇ ਨਾਲ ਗੁਣਿਆਂ ਜੋ ਬਣੇ ਉਹ 'ਗੁਰ', ਵਰਗ,
ਮੁਰੱਬਾ। ਜਿਵੇਂ, ਨੌਂ ਨਾਏਂ ਇਕਾਸੀ। ੯×੯ = ੮੧। ਸੋ ਇਕਾਸੀ

ਨੌਂ ਦਾ ਗੁਰ ਯਾ ਮੁਰੱਬਾ ਹੈ।

ਹਰਿ ਕ੍ਰਿਸ਼ਨ = 'ਕ੍ਰਿਸ਼ਨ×ਕ੍ਰਿਸ਼ਨ।' ਹਰਿ = ਬੀ ਕ੍ਰਿਸ਼ਨ ਦਾ ਇਕ ਨਾਮ ਹੈ।

ਕ੍ਰਿਸ਼ਨ = ਬੀ ਕ੍ਰਿਸ਼ਨ ਦਾ ਹੀ ਨਾਮ ਹੈ।

ਹਰਿ ਕ੍ਰਿਸ਼ਨ = ਅੱਠਵੇਂ ਸਤਿਗੁਰੂ ਜੀ ਜੋ (ਹਰਿ×ਕ੍ਰਿਸ਼ਨ), ਕ੍ਰਿਸ਼ਨ ਪਦ ਦਾ ਹੀ ਵਰਗ (ਮੁਰੱਬਾ) ਹੋਣ ਕਰਕੇ ਕੀਮਤ ਵਿਚ ਅਧਿਕ ਹੋ ਗਿਆ।

ਅਰਥ:

(ਚਾਹੋ ਅੱਠਵੇਂ ਗੁਰੂ ਜੀ ਦਾ ਤੇ ਦ੍ਵਾਪਰ ਦੇ ਅਵਤਾਰ ਜੀ ਦਾ) ਨਾਮ ਬੀ ਇਕ ਹੈ ਤੇ ਜੋਤਿ ਬੀ ਇਕੋ (ਦਿਸਦੀ ਹੈ ਪਰ) ਸੁਜਾਨ (ਪੁਰਖਾਂ) ਨੂੰ ਇਸ ਤੋਂ ਪਰੇ (ਇਕ ਹੋਰ) ਸਮਝ (ਬੀ ਪੈਂਦੀ ਹੈ ਕਿ) ਇਕੋ ਨਾਮ ਨੂੰ ਦੋ ਬਾਰ ਕਿਹਾਂ (ਉਹੇ) ਗੁਰੂ (ਮੁਰੱਬਾ) ਹੋ ਜਾਂਦਾ ਹੈ (ਜਿਵੇਂ) ਹਰਿਕ੍ਰਿਸ਼ਨ (ਪਦ ਹੈ)।

ਹੋਰ ਅਰਥ:

ਇਕ ਵਾਰੀ ਉਹੋ ਨਾਮ-ਹਰਿਕ੍ਰਿਸ਼ਨ-ਕਿਹਾਂ ਦੋ ਵਾਰ ਹੋ ਕੇ (ਗੁਰ =) ਵੱਡਾ ਹੋ ਜਾਂਦਾ ਹੈ।

ਭਾਵ:

'ਹਰਿ' ਪਦ ਦਾ ਅਰਥ ਕ੍ਰਿਸ਼ਨ ਹੈ, ਕ੍ਰਿਸ਼ਨ ਨਾਮ ਦ੍ਵਾਪਰ ਦੇ ਅਵਤਾਰ ਦਾ ਹੈ, ਤੇ ਅੱਠਵੇਂ ਗੁਰਾਂ ਦਾ ਨਾਮ ਬੀ ਹਰਿਕ੍ਰਿਸ਼ਨ ਹੀ ਹੈ, ਇਸ ਕਰਕੇ ਆਮ ਲੋਕ ਨਾਮ ਦੀ ਸਦਰਸ਼ਤਾ ਵਲ ਵੇਖਦੇ ਹਨ। ਫਿਰ ਉਹ ਬੀ ਅਵਤਾਰ ਹਨ, ਆਪ ਬੀ ਅਵਤਾਰ ਹਨ, ਤੇ ਵਰਤ ਰਹੇ ਜੁਗ ਦੇ ਅਵਤਾਰ ਹਨ, ਇਸ ਤੋਂ ਬੀ ਅਵਤਾਰ ਪਨੇ ਦੀ ਸਦਰਸ਼ਤਾ ਲਈ ਜਾਂਦੀ ਹੈ, ਪਰ ਕਵੀ ਜੀ ਦੱਸਦੇ ਹਨ ਕਿ ਸੁਜਾਨ ਪੁਰਖਾਂ ਨੂੰ ਇਸ ਵਿਚ ਬੀ ਗੁਰੂ ਜੀ ਦੀ ਅਧਿਕਤਾ ਦਿੱਸਦੀ ਹੈ। ਗਣਤ ਵਿੱਦਿਆ ਵਿਚ ਜੋ ਇਕੋ ਰਕਮ ਨੂੰ ਦੋ ਵਾਰ ਲਿਖ ਕੇ ਗੁਣ ਲਈਏ ਤਾਂ ਉਸ ਦੀ ਕੀਮਤ ਇਕ ਵੇਰ ਨਾਲੋਂ ਵਰਗ ਯਾ ਮੁਰੱਬਾ ਹੋ ਜਾਂਦੀ ਹੈ, ਜਿਵੇਂ ੪×੪ = ੧੬ ਹੋ ਜਾਂਦੇ ਹਨ। ਤਿਵੇਂ ਕ੍ਰਿਸ਼ਨ×ਕ੍ਰਿਸ਼ਨ = ਕ੍ਰਿਸ਼ਨ$^2$ ਹੋ ਗਿਆ। ਭਾਵ ਜਿਤਨੀ ਕੀਮਤ ਕ੍ਰਿਸ਼ਨ ਪਦ ਦੀ ਹੈ, ਉਹੋ ਹਰੀ ਕ੍ਰਿਸ਼ਨ ਵਿਚ ਆਪਣਾ ਵਰਗ ਯਾ ਮੁਰੱਬਾ ਹੋ ਗਈ ਹੈ, ਗੁਰ ਪਦ ਤੋਂ ਏਥੇ ਇਹ ਭਾਵ ਹੈ। ਮੰਨ ਲਓ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੀ ਗੌਰਵਤਾ ਅੰਕਾਂ ਵਿਚ ਦਿਖਾਈਏ ਤਾਂ ੮੧ ਹੈ, ਹੁਣ ਦ੍ਵਾਪਰ ਦੇ ਅਵਤਾਰ ਦੀ ਗੌਰਵਤਾ ਇਸ ਦਾ ਵਰਗ ਮੂਲ[†] ਹੋਵੇਗੀ, ਅਰਥਾਤ ੯। ਜੇ ਕ੍ਰਿਸ਼ਨ ਪਦ ਦੀ ਗੌਰਵਤਾ ੯ ਦੀ ਹੈ ਤਾਂ ਹਰਿਕ੍ਰਿਸ਼ਨ ਪਦ ਦੀ ਹੋਈ ੯×੯ = ੮੧। ਇਸ ਵਿਚ ਬੀ ਕਵਿ ਜੀ ਕਿਸ ਪਰਾਗੋਲਭਤਾ ਨਾਲ ਵਿਸ਼ੇਸ਼ਤਾ ਵਿਖਾ ਰਹੇ ਹਨ। ਮੁਰਾਦ ਕਵਿ ਜੀ ਦੀ ਵਾਧੇ ਵਿਚ ਇਹ ਹੈ ਕਿ ਸ੍ਰੀ ਕ੍ਰਿਸ਼ਨ ਜੀ ਨਿਰੇ ਅਵਤਾਰ ਹਨ, ਪਰ ਹਰਿਕ੍ਰਿਸ਼ਨ ਜੀ 'ਗੁਰ ਅਵਤਾਰ' ਹਨ। ਦਸ ਪਾਤਸ਼ਾਹੀਆਂ ਦੇ ਗੁਰੂ ਪਦ ਦਾ ਗੁਰੂ ਅਕਾਲ ਪੁਰਖ ਹੈ, ਪਰ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੇ ਗੁਰੂ ਮਨੁੱਖਾਂ ਵਿਚੋਂ ਸਨ।

[†]Square root.

### ੧੧. ਇਸ਼੍ਟ ਗੁਰੂ-ਸ੍ਰੀ ਗੁਰ ਤੇਗ ਬਹਾਦਰ ਜੀ ਦਾ-ਮੰਗਲ।

ਤੇਗ ਬਹਾਦਰ ਸਤਿਗੁਰੂ, ਸਾਦਰ ਸਿਮਰੇ ਜੋਇ।

ਹਾਦਰ ਦੇਰ ਬਿਹੀਨ ਹੁਇੰ, ਬੰਦੋਂ ਤਿਨ ਪਦ ਦੋਇ ॥੧੧॥

ਅਰਥ:

(ਸ੍ਰੀ) ਸਤਿਗੁਰੂ ਤੇਗ ਬਹਾਦਰ ਜੀ ਨੂੰ ਜੋ ਆਦਰ ਨਾਲ ਯਾਦ ਕਰੇ(ਉਸ ਪਾਸ ਆਪ) ਬਿਨਾਂ ਦੇਰ ਦੇ ਹਾਜ਼ਰ ਹੋ ਜਾਂਦੇ ਹਨ, ਉਨ੍ਹਾਂ ਦੇ ਦੋਹਾਂ ਚਰਨਾਂ ਪੁਰ ਮੈਂ ਨਮਸਕਾਰ ਕਰਦਾ ਹਾਂ।

### ੧੨. ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਨਾਮ ਪਿਤਾਮੋ ਕੋ ਲਿਯੋ, ਹਰਿ ਪਦ ਮ੍ਰਿਗਪਤਿ ਜਾਨਿ।

ਆਗਲ ਪਦ ਪਾਛੇ ਕਹੇ, ਗੋਬਿੰਦ ਸਿੰਘ ਬਖਾਨਿ ॥੧੨॥

ਪਿਤਾਮਾ = ਦਾਦਾ ਜੀ, ਗੁਰੂ ਹਰਿ ਗੋਬਿੰਦ ਜੀ।

ਮ੍ਰਿਗਪਤਿ = ਸ਼ੇਰ, ਸਿੰਘ। ਹਰਿ ਪਦ ਮ੍ਰਿਗਪਤਿ ਜਾਨਿ = (ਲਫਜ਼) 'ਹਰਿ' ਦਾ ਅਰਥ 'ਸ਼ੇਰ' ਯਾ 'ਸਿੰਘ' ਜਾਣੀਦਾ ਹੈ। ਪ੍ਰਸਿੱਧ ਹੈ।

ਬਖਾਨਿ = ਵਰਣਨ ਹੁੰਦਾ ਹੈ। ਉਚਾਰਨ ਹੋ ਜਾਂਦਾ ਹੈ।

ਅਰਥ:

(ਸ੍ਰੀ ਗੁਰੂ ਗੋਬਿੰਦ ਜੀ ਦੇ) ਪਿਤਾਮੇ (ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਨਾਮ) ਲਿਆਂ ਹੀ (ਪਦ) ਗੋਬਿੰਦ ਸਿੰਘ ਉਚਾਰਨ ਹੋ ਜਾਂਦਾ ਹੈ (ਐਉਂ ਕਿ) ਪਹਿਲਾ ਪਦ 'ਹਰਿ' ਪਿਛੋਂ ਕਹਿ ਦੇਈਏ (ਕਿਉਂਕਿ) ਪਦ 'ਹਰਿ' ਦਾ ਅਰਥ 'ਸਿੰਘ' ਪਦ ਹੀ ਪ੍ਰਸਿੱਧ ਹੈ।

ਭਾਵ:

'ਹਰਿ ਗੋਬਿੰਦ' ਪਦ ਨੂੰ ਉਲਟਾਈਏ ਤਾਂ 'ਗੋਬਿੰਦ ਹਰਿ' ਬਣਦਾ ਹੈ। 'ਹਰਿ' ਦਾ ਅਰਥ ਹੈ 'ਸਿੰਘ' ਸੋ 'ਗੋਬਿੰਦ ਹਰਿ' 'ਗੋਬਿੰਦ ਸਿੰਘ' ਹੋ ਗਿਆ। ਇਥੇ ਕਵਿ ਜੀ ਸਦਰਸ਼ਤਾ ਵਿਖਾ ਰਹੇ ਹਨ, ਕਿਉਂਕਿ ਸਿੱਖੀ ਦਾ ਅਸੂਲ ਦਸਾਂ ਸਤਿਗੁਰਾਂ ਨੂੰ ਇਕ ਰੂਪ ਮੰਨਣੇ ਦਾ ਹੈ। ਸਦਰਸ਼ਤਾ ਤਾਂ ਕਵਿ ਜੀ ਨੇ ਅੱਖਰਾਂ ਵਿਚ ਦਰਸਾਈ ਪਰ ਕਟਾਖਜ ਕਵਿ ਦਾ ਦੋਹਾਂ ਸਤਿਗੁਰਾਂ ਦੇ ਬੀਰਰਸੀ ਜੀਵਨ ਤੇ ਰੂਹਾਨੀ ਜੀਵਨ ਦੀ ਏਕਤਾ ਦਰਸਾਉਣ ਤੋਂ ਹੈ ਜੋ ਮੰਨੀ ਪ੍ਰਮੰਨੀ ਗੱਲ ਹੈ।

੧੩. ਸਮਸਤ ਗੁਰ ਮੰਗਲ।

ਨਵਮੀ ਬਰਨੌਂ ਰਾਸਿ ਅਬਿ, ਸਭਿ ਸਤਿਗੁਰੂ ਮਨਾਇ।

ਬੀਸਹੁੰ ਪਦ ਅਰਬਿੰਦ ਕੋ, ਬਾਰ ਬਾਰ ਸਿਰ ਨਜਾਇ ॥੧੩॥

ਬੀਸਹੁੰ = ਸ਼੍ਰੇਸ਼ਟ†। (ਅ) ੨੦। ਕਵਿ ਜੀ ਨੇ ਇਹ ਪਦ ਸ਼ਲੇਖ ਵਰਤਿਆ ਹੈ। ਮੁਰਾਦ ਉਨ੍ਹਾਂ ਦੀ ਹੈ ਸ਼੍ਰੇਸ਼ਟ ਚਰਨ ਕਵਲਾਂ ਤੋਂ ਪਰ ਪਦ ਐਸਾ ਵਰਤਿਆ ਹੈ ਕਿ ਜਿਸ ਦੇ ਅਰਥ ਗੇਣਤੀ ਵਿਚ ੨੦ ਹਨ ਤੇ ਜੋ ਸਾਰਥਕ ਹੈ ਕਿ ਦਸਾਂ ਸਤਿਗੁਰਾਂ ਦੇ ਪਵਿੱਤਰ ਚਰਣ ਕਵਲ ਗੇਣਤੀ ਵਿਚ ਬੀਸ ਹਨ। ਫਿਰ ਬੀਸ ਪਦ ਮੁਹਾਵਰੇ ਵਿਚ ਬਿਸ੍ਵੇ‡ ਨਾਲ ਵਰਤੀਂਦਾ ਹੈ। ਇਸ ਵਰਤਾਉ ਤੋਂ ਇਸ ਵਿਚ 'ਸੰਪੂਰਨ' ਦੇ ਅਰਥ ਦੀ ਸੰਭਾਵਨਾ ਹੈ, ਭਾਵ ਹੈ ਕਿ ਸੰਪੂਰਨ ਸਤਿਗੁਰਾਂ ਦੇ ਚਰਨਾਂ ਨੂੰ।

†ਕਈ ਹਿੰਦੀ ਕਵੀਆਂ ਨੇ ਬੀ 'ਬੀਸ' ਪਦ-ਸ੍ਰੇਸ਼ਟ; ਅੱਛਾ, ਉੱਤਮ ਅਰਥਾਂ ਵਿਚ ਵਰਤਿਆ ਹੈ। ਯਥਾ:-ਤਾਂਕੀ ਜਨੁ ਮਹਿਮਾ ਕਰੀ, ਬੀਸ ਰਾਜ ਤੇ ਬੀਸ। [ਦੇਵ ਸ੍ਵਾਮੀ। ‡ਜਿਵੇਂ ਗੁਰਵਾਕ ਹੈ 'ਬੀਸ ਬਿਸਵੇ ਗੁਰ ਕਾ ਮਨ ਮਾਨੈ।'

ਅਰਥ:

ਸਾਰੇ ਸਤਿਗੁਰਾਂ ਨੂੰ ਮਨਾਕੇ (ਉਨ੍ਹਾਂ ਦੇ) ਸ੍ਰੇਸ਼ਟ ਚਰਨਾਂ ਕਵਲਾਂ ਤੇ ਬਾਰ ਬਾਰ ਸਿਰ ਨਿਵਾਕੇ (ਭਾਵ ਬੰਦਨਾ ਕਰਕੇ) ਹੁਣ ਮੈਂ (ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ) ਨੌਮੀ ਰਾਸ ਕਥਨ ਕਰਦਾ ਹਾਂ।

[ਕਥਾ ਆਰੰਭ]

ਦੋਹਰਾ:

ਕਥਾ ਗੁਰੂ ਹਰਿਰਾਇ ਕੀ, ਸੁਨਿ ਸ਼੍ਰੋਤਾ!
ਸਵਧਾਨ।
ਪਾਵਨ ਪੁੰਨ ਉਪਾਵਨੀ, ਗਨ ਪਾਪਨ ਕੀ
ਹਾਨ ॥੧੪॥
ਸ਼੍ਰੀ ਸਤਿਗੁਰ ਹਰਿਰਾਇ ਜੀ, ਬੈਠੇ ਤਖਤ
ਸੁਹਾਇਂ।

ਪਦ ਸਾਚੇ ਪਾਤਿਸ਼ਾਹ ਕੋ, ਤਿਨ ਹੀ ਕੋ
ਬਨਿਆਇ ॥੧੫॥

ਸ੍ਵੈਯਾ:

ਜਾਮਨਿ ਜਾਮ ਰਹੇ ਜਬਿ, ਜਾਗਤਿ,
ਸ਼ੌਚ ਕਰੈਂ ਪੁਨ ਨੀਰ ਸ਼ਨਾਨੈਂ।
ਗਾਗਰ ਏਕ ਸੌ ਏਕ ਕੇ ਸੰਗ
ਮਲੈਂ ਨਿਜ ਅੰਕ ਕੋ, ਸੇਵਕ ਆਨੈ।
ਆਸਨ ਪੈ ਥਿਰ ਹੋਇ ਅਗਾਧ
ਬਿਲੋਚਨ ਮੂੰਦਿ ਸਮਾਧਿ ਕੋ ਠਾਨੈਂ।
ਆਨੰਦ ਰੂਪ ਅਨੂਪ ਬਿਖੈ
ਨਿਜ ਬ੍ਰਿੱਤਿ ਟਿਕਾਇ ਥਿਰੈਂ ਇਕ ਥਾਨੈਂ
॥੧੬॥

ਬੈਠੇ ਅਡੋਲ ਰਹੈਂ ਗੁਰ ਪੂਰਨ
ਆਤਮ ਬ੍ਰਹਮ ਸਮਾਧਿ ਲਗਾਏ।
ਬਾਹਰ ਗਾਇਕ[1] ਗਾਵਤਿ ਹੈਂ
ਸਤਿਨਾਮ ਮਹਾਤਮ ਕੋ ਸੁਖਦਾਏ।
ਬਾਦਤ ਬਾਜਤਿ ਤਾਲ ਮਿਲਾਵਤਿ
ਪ੍ਰੇਮ ਵਧੇ ਸੁਨਿਬੇ ਚਿਤ ਲਾਏ।
ਸੇਵਕ ਬੈਠਿ ਸੁਨੈਂ ਸਮੁਦਾਇ ਸੁ
ਵਾਹਿਗੁਰੂ ਮੁਖ ਜਾਪੁ ਅਲਾਏਂ ॥੧੭॥

[1]ਗੁੱਯੇ, ਰਬਾਬੀ।

ਅੰਮ੍ਰਿਤ ਵੇਲ ਤੇ ਹੋਤਿ ਪ੍ਰਭਾਤਿ
ਸਮਾਧਿ ਛੁਟੈ ਦ੍ਰਿਗ ਕੋ ਬਿਕਸਾਏਂ।
ਚੰਦਨ ਕੁੰਕਮ ਸੌਂ ਘਨਸਾਰ[1]
ਮਿਲਾਇ ਘਸਾਇ ਕੈ ਸੇਵਕ ਲਜਾਏਂ।
ਭਾਲ ਪੈ ਸੁੰਦਰ ਟੀਕੋ ਲਗਾਇ
ਮਹਾਂ ਦੁਤਿ ਪਾਇ ਮਨੋ ਜਲਜਾਏ[1]।
ਸੁੰਦਰ ਸੂਖਮ ਚੀਰ ਸ਼ਰੀਰ
ਤਬੈ ਪਹਿਰੈਂ ਗੁਰ ਅੰਗ ਸਜਾਏਂ ॥੧੮॥

[1]ਕਪੂਰ।

[1]ਮਨੋ+ਜਲਜਾਏ = ਮਾਨੋ ਕਵਲ ਹੈ। (ਅ) ਮਨੋਜ+ਲਜਾਏ = ਕਾਮ ਵੀ ਸ਼ਰਮਾਏ।

ਕਬਿੱਤ:

ਏਕ ਸਤ ਏਕ ਪਾਟ ਜਾਮੇ ਕੋ ਬਨਾਇ
ਠਾਟ[1]
ਸੂਖਮ ਅਧਿਕ ਅੰਗ ਸੁੰਦਰ ਸਜਾਵਈਂ।

[1]ਜਾਮੇ ਦੀ ਬਨਾਵਟ ੧੦੧ ਕਲੀਆਂ ਵਾਲੀ ਸੀ।

ਪਾਗ ਪਰ ਜਿਗਾ ਲਗੇ ਜਬਰ ਜਵਾਹਰ ਸੋਂ,
ਸ਼ੋਭੈ ਮੁਖ ਮੰਡਲ ਤੇ ਕੁੰਡਲ ਡੁਲਾਵਈ†।
ਕੰਚਨ ਕੇ ਕੰਕਨ ਜਰਾਊ ਜ਼ੇਬ ਜਾਗ ਰਹੀ,
ਫੂਲਮਾਲ ਕੰਠ ਮੈਂ ਬਿਸਾਲ ਛਬਿ ਪਾਵਈ।
ਅਤਰ ਸੁਗੰਧਿ ਲਾਇ ਦੀਨਨਿ ਕੋ ਬੰਧੁ ਪੁਨ
ਚੋਆ ਅਰੁ ਚੰਦਨ ਤੇ ਅੰਗ ਮਹਿਕਾਵਈਂ
॥੧੯॥
ਉੱਠਿਕੈ ਚਲਤਿ ਜਬਿ ਜਾਮੇ ਕੋ ਸਮੇਟੇ ਤਬਿ,
ਬਾਕ ਜੋ ਪਿਤਾਮੇ ਕਹ੍ਯੋ ਫੂਲ ਟੁਟ ਜਾਨਿ ਤੇ।
ਉਮਰ ਪ੍ਰਯੰਤ ਸੋਊ ਨੇਮ ਕੋ ਨਿਬਾਹ੍ਯੋ ਆਪ,
ਛੋਰਿ ਕਰਿ ਚੀਰ ਨਹੀਂ ਕਬਿਹੁ ਪਜਾਨਤੇ।
ਹੋਤਿ ਹੀ ਪ੍ਰਭਾਤਿ ਆਇ ਬੈਠਤਿ ਦਿਵਾਨ ਵਿਖੈ,
ਬਾਜਤਿ ਰਬਾਬ ਸੋ ਮ੍ਰਿਦੰਗ ਧੁਨਿ ਠਾਨਿਤੇ।
ਸੁਨੈਂ ਮੌਨ ਠਾਨਿਤੇ, ਮਹਾਨ ਸੁਖ ਮਾਨਿਤੇ,
ਕਸ਼ਟ ਗਨ ਹਾਨਿਤੇ, ਸੁ ਉਧਰੈਂ ਜਹਾਨ ਤੇ[1]
॥੨੦॥
ਗੁਰੂ ਕੇ ਦਰਸ ਹੇਤੁ ਆਇ ਤਿਹ ਸਮੈ ਸਿਖ,
ਦੇਖਿਬੇ ਤੇ[1] ਭਗਤਿ ਅੰਕੂਰ ਹੋਇ ਆਵਈ।
ਪ੍ਰੇਮ ਸੋਂ ਪ੍ਰਤੀਤ ਕਰਿ ਦਰਸੈਂ ਹਜ਼ੂਰ ਕੋਊ
ਤਾਤਕਾਲ ਫਲ ਮਨ ਬਾਂਛਤਿ ਕੋ ਪਾਵਈ।
ਬੈਠੇ ਰਹੈਂ ਕੇਤੇ ਕਾਲ ਸ਼੍ਰੀ ਗੁਰੂ ਕ੍ਰਿਪਾਲ ਮਹਾਂ,
ਸੰਗਤਿ ਨਿਹਾਲ ਕਰੈਂ ਦਰਸ ਦਿਖਾਵਈਂ।
ਦਾਸ ਉਰ ਭਾਵਈਂ ਅਨੰਦ ਉਪਜਾਵਈਂ,
ਬਦਨ ਬਿਕਸਾਵਈਂ ਸੁ ਛਬਿ ਤੇ ਸੁਹਾਵਈਂ
॥੨੧॥
ਚਰਨ ਕਮਲ† ਸੰਗ ਆਰਤੀ ਕੋ ਗਾਵੈਂ

†ਦੇਖੋ ਰਾਸ ੪ ਅੰਸੂ ੪੫ ਅੰਕ ੨੭ ਦੀ ਹੇਠਲੀ ਟੂਕ।

[1]ਸਾਰੇ ਕਸ਼ਟ ਦੂਰ ਕਰਦੇ ਤੇ ਜਗਤ ਤੋਂ ਉਧਾਰਦੇ।

[1]ਗੁਰੂ ਜੀ ਦੇ ਦਰਸ਼ਨ ਤੋਂ।

†ਦੇਖੋ ਰਾਸ ੫ ਅੰਸੂ ੪੩ ਅੰਕ ੩੫ ਪੰਨਾ ੨੬੯੨ ਦੀ

ਜਬਿ,
ਕੀਰਤਨ ਭੋਗ ਤੇ ਕਰਿਤ ਅਰਦਾਸ ਕੋ।
ਸੂਪਕਾਰ ਆਇ ਕੈ ਅਗਾਰੀ ਥਿਰ ਹੋਇ ਪੁਨ
'ਦੇਗ ਭਈ ਤਯਾਰ' ਕਰੈ ਬਾਕਨਿ ਪ੍ਰਕਾਸ਼ ਕੋ।
ਆਇਸੁ ਲੇ ਗੁਰੂ ਹਰਿਰਾਇ ਕੀ ਸਿਧਾਵੈ ਫੇਰ,
ਆਨਤਿ ਹਕਾਰਿ ਸਿਖ ਸੰਗਤਿ ਸੇ ਦਾਸ ਕੋ।
ਲੰਗਰ ਮੈਂ ਜਾਇ ਸਮੁਦਾਇ ਕੋ ਮਿਲਾਇ ਕਰਿ
ਭੋਜਨ ਕੋ ਖਾਇ ਤ੍ਰਿਪਤਾਇੰ ਸਾਦ ਰਾਸ ਕੋ[1] ॥੨੨॥

ਹੇਠਲੀ ਟੂਕ।

[1]ਬਹੁਤੇ ਸ੍ਵਾਦਲ (ਅਹਾਰ) ਨੂੰ ਖਾਕੇ। (ਅ) ਸਾਰਿਆਂ ਨੂੰ ਸ੍ਵਾਦੀਕ ਭੋਜਨ ਖਿਲਾਕੇ ਤ੍ਰਿਪਤਾਉਂਦੇ ਹਨ।

ਜੈਸੇ ਉਡ ਮੰਡਲ ਮੈਂ ਚੰਦ੍ਰਮਾ ਬਿਰਾਜੈ ਬਹੁ
ਤੈਸੇ ਦੁਤਿ ਹੋਤਿ ਗਨ ਸੰਗਤਾਂ ਪ੍ਰਵਾਰ ਤੇ।
ਚੌਂਕੇ ਕੀ ਮ੍ਰਿਜਾਦ ਸੰਗ, ਅਸਨ ਪੁਨੀਤ ਬਨੈ,
ਸ੍ਵਾਦਲ ਬਿਸਾਲ ਹੋਇ ਅਨਿਕ ਪ੍ਰਕਾਰ ਤੇ†।

†ਇਸ ਦਾ ਮਤਲਬ ਚੌਂਕੇ ਦੇ ਭਰਮ ਦਾ ਨਹੀਂ, ਪਰ ਚੌਂਕੇ ਦੀ ਸਫਾਈ ਤੋਂ ਹੈ। ਉੱਥੇ ਪਕੀ ਸ਼ੈ ਉੱਗ੍ਰਥੇ ਹੀ ਗਰਮ ਖਾਧਿਆਂ ਅਨੇਕਾਂ ਰੋਗਾਂ ਤੋਂ ਬਚਾਉ ਹੁੰਦਾ ਹੈ, ਅੱਜ ਕਲ ਜੋ ਪਛਮੀ ਤ੍ਰੀਕਿਆਂ ਦੀ ਰੀਸ ਤੇ ਖਾਣ ਪਾਣ ਦੇ ਤ੍ਰੀਕੇ ਚਲੇ ਹਨ ਇਨ੍ਹਾਂ ਵਿਚ ਮੱਖੀਆਂ ਦੇ ਸਪਰਸ਼ ਨਾਲ ਤੇ ਕਈ ਮੈਲੇ ਹੱਥਾਂ ਵਾਲੇ ਰੋਗ ਗ੍ਰਸਤ ਲੋਕਾਂ ਦੀ ਛੋਹਾ ਛੋਹੀ ਨਾਲ ਡਾਕਟਰ ਲੋਕ ਬੀ ਭਿਆਨਕ ਬੀਮਾਰੀਆਂ ਦਾ ਫੈਲਨਾ ਦੱਸ ਰਹੇ ਹਨ। ਕਵਿ ਜੀ ਬੀ 'ਅਸਨ ਪੁਨੀਤ ਬਨੈ' ਲਿਖਦੇ ਹਨ।

ਆਮਿਖ ਨ ਪਰੈ ਦੇਗ, ਸਗਰੇ ਬਰਜ ਦੀਨਿ
'ਭਖੈ ਨਹਿਂ ਕੋਊ' ਗੁਰ ਆਇਸੁ ਕੋ ਧਾਰਤੇ†।

†ਹੁਣ ਤਕ ਇਹੋ ਰਿਵਾਜ ਹੈ ਕਿ ਦੇਗ ਵਿਚ ਮਹਾਂ ਪ੍ਰਸ਼ਾਦ ਰਿੰਨ੍ਹਣੇ ਦੀ ਆਗਯਾ ਨਹੀਂ। ਨਮੂਨੇ ਲਈ ਹਜ਼ੂਰ ਸਾਹਿਬ ਜਾਕੇ ਦਰਸ਼ਨ ਕਰੋ। ਛਕਣ ਵਾਲੇ ਅਲੱਗ ਬਣਾ ਲੈਂਦੇ ਹਨ, ਲੰਗਰ ਵਿਚ ਮਹਾਂ ਪ੍ਰਸ਼ਾਦ ਨਹੀਂ ਬਣਦਾ। ਕਾਰਨ ਭ੍ਰਮ ਨਹੀਂ, ਪਰ ਇਹ ਕਿ ਗੁਰੂ ਕਾ ਲੰਗਰ ਹਰ ਮਤ ਹਰ ਪ੍ਰਾਣੀ ਵਾਸਤੇ ਹੈ, ਜੋ ਮਾਸ ਨਹੀਂ ਖਾਂਦੇ ਓਹ ਫਿਰ ਲੰਗਰੋਂ ਵਾਂਜੇ ਜਾਂਦੇ ਹਨ। ਇਹ ਕਾਰਨ ਰਹਿਤ ਨਾਮੇ ਵਿਚ ਦਿੱਤਾ ਹੈ।

ਬਾਬੇ ਗੁਰਦਿੱਤੇ ਤਨ ਤਯਾਗ ਕੀਨਿ ਜਬਿ ਹੀ ਤੇ
ਨੇਮ ਧਾਰਿ ਤਬਿ ਤੇ ਰਹੈਂ ਸੁ ਐਸੀ ਢਾਰ ਤੇ

॥੨੩॥

ਦੋਹਰਾ:

ਬ੍ਰਹ੍ਮਚਰਜ ਕੀ ਜੁਗਤਿ ਮਹਿਂ, ਰਹੈਂ
ਬਿਸਾਲ ਕ੍ਰਿਪਾਲੁ।
ਅਚਿ ਅਹਾਰ ਕਰਿ ਦੇਗ਼ ਤੇ, ਪ੍ਰਿਥਕ ਹੋਇਂ
ਤਿਸ ਕਾਲ ॥੨੪॥

ਸ੍ਵੈਯਾ:

ਪੌਢਿ ਰਹੈਂ ਸ਼ੁਭ ਸੇਜ ਪੈ ਫੇਰ
ਕਰੈਂ ਸੁਖ ਸੈਨ ਗੁਰੂ ਹਰਿਰਾਏ।
ਫੇਰ ਢਰੇ ਦਿਨ ਊਠਤਿ ਹੈਂ ਤਬਿ,
ਆਯੁਧ ਲੇਤਿ ਸਮੀਪ ਮੰਗਾਏ।
ਕੰਚਨ ਮੂਠ ਦਿਪੈ ਸ਼ਮਸ਼ੇਰ
ਗਰੇ ਪਹਿਰੈਂ ਸਮ ਸ਼ੇਰ ਸੁਹਾਏ।
ਹੀਰੇ ਸਮੂਹ ਜਰੇ ਮੁਕਤਾ,
ਭਰਿ ਤੀਰਨਿ ਸੰਗ ਨਿਖੰਗ ਲਗਾਏ
॥੨੫॥
ਹਾਥ ਸਰਾਸਨ ਧਾਰਿ ਕਠੋਰ,
ਕਸੇ ਕਟਿ ਕੋ ਘਰ ਪੌਰ ਮੈਂ ਆਵੈਂ।
ਚੰਚਲ ਅੰਗ ਤੁਰੰਗ ਅਰੂਢਤਿ
ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।
ਕਾਨਨ ਕੇ ਪਸੁ ਬ੍ਰਿੰਦ ਬਿਹੰਗਮ
ਆਇਸੁ ਦੀਨਿ ਨਹੀਂ ਤਿਨ ਘਾਵੈਂ।
ਦੇ ਕਰਿ ਖੇਦ[1] ਗਹੈਂ ਗਨ ਜੀਵਤਿ,
ਲ੍ਯਾਵਤਿ ਪਾਲਨ ਕੋ ਕਰ ਲਾਵੈਂ ॥੨੬॥
ਸੰਗ ਚਢੈਂ ਭਟ ਆਯੁਧ ਕੋ ਧਰਿ,
ਬ੍ਰਿੰਦ ਚਮੂ ਮਹਿਂ ਰਾਜਤਿ ਹੈਂ।
ਬੋਲਤਿ ਅੱਗ੍ਰ ਨਕੀਬ ਚਲੈਂ
ਬਡਿ ਧੁਕਤਿ ਦੁੰਦਭਿ ਬਾਜਤਿ ਹੈਂ।
ਕਾਨਨ ਤੇ ਗਹਿ ਜੀਵਨ ਕੋ
ਗ੍ਰਿਹ ਲ੍ਯਾਇ ਤਿਨੈ ਸੁਖ ਸਾਜਤਿ ਹੈਂ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ,
ਝੰਖਾਰਨਿ[1] ਬ੍ਰਿੰਦ ਜਿ ਭਾਜਤਿ ਹੈਂ ॥੨੭॥

[1]ਮੁਰਾਦ ਹੈ ਘੇਰ ਕੇ ਤੇ ਰੋਕ ਕੇ।

[1]ਬਾਰਾਸਿੰਗਾ।

ਸੂਰ[1] ਤੁਰੰਗ ਭਜਾਵਤਿ ਹੈਂ
ਪਸੁ ਬ੍ਰਿੰਦ ਹਰਾਵਤਿ ਧਾਇ ਗਹੈਂ।
ਆਨਤਿ ਹੈਂ ਗ੍ਰਿਹ ਮੈਂ[1] ਪ੍ਰਤਿਪਾਲਤਿ
ਖਾਨ ਕੋ ਦੇਤਿ ਜਿਤੋ ਜਿ ਚਹੈਂ।
ਏਕਠੇ ਹੋਇ ਹਜ਼ਾਰਨਿ ਲਾਖਨਿ
ਭੀਰ ਮਹਾਂ ਜਿਸ ਥਾਨ ਰਹੈ।
ਆਪ ਗਹੈਂ ਕਿਤਨੇ ਕ ਤਹਾਂ
ਬਲਵਾਨ ਕਿਕਾਨ ਪਲਾਇ ਲਹੈਂ ॥੨੮॥
ਕਾਨਨ ਤੇ ਪੁਨ ਆਇ ਬਿਰਾਜਤਿ
ਕੇਤਿਕ ਕਾਲ ਕਥਾ ਕਰਿਵਾਵੈਂ।
ਸੰਗਤਿ ਸੰਗਮ ਮੈਂ ਬਹੁ ਸ਼ੋਭਤਿ
ਆਇ ਰਬਾਬੀ ਸੁ ਰਾਗਨਿ ਗਾਵੈਂ।
ਚੌਰ ਢੁਰੈਂ ਜੁਗ ਓਰ ਤੇ ਊਪਰ,
ਸਾਧ ਔ ਸਿੱਧ ਅਨੇਕ ਹੀ ਆਵੈਂ।
ਮਾਨਹੁਂ ਅੰਮ੍ਰਿਤ ਕੋ ਬਰਖੈਂ
ਹਰਖੈਂ ਗੁਰਵਾਕ ਸੁਨੈ, ਮਨ ਭਾਵੈਂ ॥੨੯॥
ਦੇਸ਼ ਬਿਦੇਸ਼ਨਿ ਤੇ ਮਿਲਿ ਸੰਗਤਿ
ਬ੍ਰਿੰਦ ਉਪਾਇਨ ਲ੍ਯਾਵਤਿ ਹੈਂ।
ਆਨਿ ਪਿਖੈਂ ਸੁਖ ਖਾਨ ਮਹਾਨ ਕੋ
ਪ੍ਰੇਮ ਕਰੇ ਅਰਪਾਵਤਿ ਹੈਂ।
ਮੇਵਰੋ ਹੋਹਿ ਖਰੋ ਤਬਿ ਅੱਗ੍ਰ
ਕਰੈ ਅਰਦਾਸ ਸੁਨਾਵਤਿ ਹੈਂ।
ਲੋਚਨ ਜਯੋਂ ਦਲ ਪੰਕਜ ਕੇ
ਸਭਿ ਹੂੰ ਪਰ ਦ੍ਰਿਸ਼ਟਿ ਚਲਾਵਤਿ ਹੈਂ ॥੩੦॥

ਕਬਿੱਤ:

ਬ੍ਰਿਤਿ ਹੈ ਅਚਲ ਚਿੱਤ, ਨਿੱਤ ਸੋ ਸਿੰਘਾਸਨ ਹੈ[1]
ਸੱਤਿਨਾਮ ਛੱਤ੍ਰ ਝੁਲੈ ਸਹਿਜ ਸੁਭਾਇ ਸੋਂ।
ਬ੍ਰਹਮ ਗਜਾਨ ਸੀਸ ਪੈ ਮੁਕਟ ਸੁ ਬਿਰਾਜ ਰਹਜੋ,

[1]ਸੂਰਮੇ।
[1]ਸੰਗਤ ਦੇ ਸਮਾਗਮ ਵਿਚ।
[1]ਚਿਤ ਦੀ ਬ੍ਰਿਤੀ ਜੋ ਅਚਲ ਹੈ ਇਹ ਨਿਤ ਸਿੰਘਾਸਨ ਹੈ।

ਸੁਜਸੁ ਪ੍ਰਮੇਸੁਰ ਕੋ ਚਵਰ ਢੁਰਾਇ ਸੋ।
ਆਗਜ਼ਾ ਹੈ ਭਗਤਿ ਫਿਰੈ ਸਗਰੇ ਜਗਤ ਬੀਚ[1],
ਅਗਤਿਨਿ ਗਤਿ ਦੇਨਿ ਪਰਮ ਪਸਾਇ ਸੋਂ[1]।
ਸਾਰੇ ਸਦਗੁਨ ਸੰਗ ਬਾਹਿਨੀ[1] ਬਿਸਾਲ ਬਲਿ
ਮਹਾਰਾਜ ਰਾਜ ਰਾਜੈਂ ਗੁਰੁ ਹਰਿਰਾਇ ਸੋ ॥੩੧॥

[1]ਸਾਰੇ ਸੰਸਾਰ ਵਿਚ ਜੋ ਭਗਤੀ (ਫੈਲ ਰਹੀ ਹੈ ਇਹ) ਆਗਿਆ ਫਿਰ ਰਹੀ ਹੈ।
[1]ਨਿਗਤਿਆਂ ਨੂੰ ਰਾਤ ਦੇਣੀ ਮਹਾਨ ਬਖਸ਼ੀਸ਼ ਹੈ।
[1]ਫੌਜ।

ਸ੍ਰੈਯਾ:
ਸਾਰਬਿਭੌਮ[1] ਯਥਾ ਪਹਿਰੈ ਨਵ
ਪੋਸ਼ਿਸ਼ ਕੋ ਕਰਿ ਤਯਾਗ ਪੁਰਾਨੀ।
ਤਯੋਂ ਪ੍ਰਭੁ ਸਾਤਮ[1] ਰੂਪ ਧਰ੍ਯੋ
ਇਕ ਜੋਤਿ ਮਹਾਂ, ਸਗਰੇ ਜਗ ਜਾਨੀ।
ਸੇਵਕ ਕੋਟਿ ਨਿਹਾਲ ਕਰੇ
ਗਿਨਤੀ ਕਛੁ ਨਾਂਹਿ, ਨਹੀਂ ਇਹ ਛਾਨੀ[1]।
ਸ਼੍ਰੀ ਹਰਿਰਾਇ ਸਹਾਇ ਸਦਾ
ਜਮ ਤੇ ਛੁਟਕਾਇ ਸੁ ਦੇਂ ਨਿਰਬਾਨੀ[1] ॥੩੨॥

[1]ਚੱਕ੍ਰਵਰਤੀ ਰਾਜਾ।
[1]ਸੱਤਵਾਂ।
[1]ਛੁਪੀ ਹੋਈ ਨਹੀਂ।
[1]ਮੁਕਤੀ।

ਜਯੋਂ ਇਕ ਰਾਸ ਕੋ ਸੂਰਜ ਭੋਗਿ ਕੈ
ਸਯੰਦਨ ਤਯਾਗ ਲਹੈ ਥਿਤਿ ਆਦੀ।
ਔਰ ਅਰੂਢਿ ਕੈ ਭੂਰ ਅੰਧੇਰ ਕੋ
ਦੂਰ ਕਰੈ ਹੁਇ ਜੀਵਨ ਸ਼ਾਦੀ[†]।

[†]ਭਾਵ, ਸੂਰਜ ਹਰ ਮਹੀਨੇ ਰਾਸ ਵਟਾਉਂਦਾ ਹੈ, ਤੇ ਥਿਤਾਂ ਦਾ ਹਿਸਾਬ ਪਹਿਲੀ ਤੋਂ ਮੁੜ ਸ਼ੁਰੂ ਹੋ ਜਾਂਦਾ ਹੈ। ਪਰ ਸੂਰਜ ਉਹੋ ਰਹਿੰਦਾ ਤੇ ਹਨੇਰੇ ਦੂਰ ਕਰਨ ਦਾ ਉਹੋ ਕੰਮ ਕਰਦਾ ਹੈ। ਤਿਵੇਂ ਗੁਰੂ ਜਯੋਤੀ ਇਕੋ ਹੈ, ਉਸ ਦਾ ਕੰਮ 'ਅਗਯਾਨ ਦੂਰ ਕਰਨਾ' ਉਹੋ ਹੈ, ਪਰ ਹਰ ਗੁਰੂ ਸਾਹਿਬ ਦਾ ਗੁਰੂ ਜੀਵਨ ਨਵੇਂ ਸਿਰੇ ਅਰੰਭ ਹੁੰਦਾ ਹੈ। ਇਹ ਲਖਾਇਕ ਗੁਰਾਂ ਦੇ ਵਖ ਵਖ ਹੋਣ ਦਾ ਨਹੀਂ, ਪਰ ਇਹ ਕਿ ਗੁਰੂ ਜਯੋਤੀ ਇਕੋ ਹੈ ਕੇਵਲ ਜਾਮਾ ਪਲਟਦਾ ਹੈ, ਤੇ ਕੰਮ ਵੀ ਇੱਕੋ ਹੈ।

ਤਯੋਂ ਗੁਰ ਸਾਤਵੇਂ ਬੈਠਿ ਸ਼ੁਭਯੋ,
ਦੁਤਿ ਦੇਵਨ ਕੋ ਗੁਰਤਾ ਬਰ ਗਾਦੀ।
ਸ਼੍ਰੀ ਸਤਿਨਾਮ ਪ੍ਰਕਾਸ਼ ਧਰੈ
ਸੁਖ ਗਯਾਨ ਕੋ ਦੇ, ਜਗ ਕੀਨਿ ਅਬਾਦੀ ॥੩੩॥
ਸੰਗਤਿ ਕੋ ਉਪਦੇਸ਼ਤਿ ਹੈਂ

'ਸਤਿਨਾਮ ਭਜੋ, ਭਗਤੀ ਉਰਧਾਰੋ।
ਮਾਂਨੁਖ ਦੇਹਿ ਦੁਲੰਭ ਲਹੋ
ਬਿਸ਼ਿਆਨਿ ਬਿਖੈ ਇਸ ਕੋ ਨਹਿਂ ਹਾਰੋ।
ਕੂਰ ਪਦਾਰਥ ਜਾਨਿ ਅਕਾਰਥ,
ਸ੍ਵਾਰਥ ਆਪਨੋ ਨੀਕ ਬਿਚਾਰੋ।
ਗਜਾਨ ਕੋ ਪਾਇ, ਨਿਧਾਨ ਲਹੋ ਜਗ,
ਆਪ ਤਰੋ ਪਿਤਰਾਨਿ ਕੋ ਤਾਰੋ' ॥੩੪॥

ਦੋਹਰਾ:

ਸੁਨਹਿ ਮਾਨਿ ਉਪਦੇਸ਼ ਜੋ, ਚਲਹਿ ਗੁਰੂ ਅਨੁਸਾਰ।
ਸਦਾ ਸਹਾਇਕ ਤਿਸੀ ਕੇ, ਗਨ ਬੰਧਨ ਦੇਂ ਟਾਰਿ ॥੩੫॥
ਦਰਸ਼ਨ ਕਰਿਬੇ ਅਘ ਮਿਟੈਂ, ਉਰ ਉੱਜਲ ਹੁਇ ਜਾਇ।
ਬਚਨ ਸੁਨਹਿ ਲਹਿ ਗਜਾਨ ਕੋ, ਧੰਨ ਗੁਰੂ ਹਰਿਰਾਇ ॥੩੬॥
ਪ੍ਰੇਮ ਭਗਤਿ ਬੈਰਾਗ ਦ੍ਰਿੜ, ਕਰਨਿ ਜੋਗ ਬ੍ਰਹਮ ਗਜਾਨ।
ਬਰਤਾਵਤਿ ਹੈਂ ਜਗਤ ਮਹਿਂ, ਸਤਿਗੁਰ ਕ੍ਰਿਪਾ ਨਿਧਾਨ ॥੩੭॥
ਬਡੇ ਭਾਗ ਜਿਨ ਕੇ ਹੁਤੇ, ਸ਼ਰਨ ਪਰੇ ਗੁਰ ਚਰਨ।
ਕੋਟਿ ਜਨਮ ਭਰਮਤਿ ਹੁਤੇ, ਮਿਟੇ ਜਨਮ ਤਿਨ ਮਰਨ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ੍ਰੀ ਹਰਿਰਾਇ ਨਿੱਤ ਕਰਮ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਪਾਤਸ਼ਾਹੀ ਲੋੜ। ਹਰੀੜ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਨਿਸ਼ਾਨੀ ਛੰਦ:

ਸ਼ੋਭਾ ਸ੍ਰੀ ਸਤਿਗੁਰੂ ਕੀ, ਜਗ ਭੀ ਬਿਸਤਾਰੇ।
ਸਰਬ ਸਿੱਧਿ ਨੌ ਨਿੱਧਿ ਜੇ, ਠਾਢੀ ਰਹਿੰ ਦ੍ਵਾਰੇ।
ਹਿੰਦੂ ਤੁਰਕ ਤਰੀਫ ਕਰਿ, ਮਿਲਿ ਕੈ ਹਰਖਾਵੈਂ।
ਰਿਦੇ ਕਰਹਿ ਜਿਮ ਕਾਮਨਾ, ਸੋ ਤੂਰਨ ਪਾਵੈਂ ॥੧॥
ਸਤਿਗੁਰ ਦਾਤਾ ਨਾਮ ਕਾ, ਉਪਦੇਸ਼ ਦ੍ਰਿੜੰਤਾ।
ਆਨਿ ਆਨਿ ਦਰਸ਼ਹਿਂ ਬਹੁਤ, ਜੋ ਚਹਿਂ ਸੁ ਲਭੰਤਾ[1]।
ਸ਼ਾਹੁਜਹਾਂ ਦਿੱਲੀ ਬਿਖੈ, ਬਡ ਰਾਜ ਕਮਾਵੈ।
ਤਿਸ ਕੇ ਨਿਕਟਿ ਤਰੀਫ ਗੁਰ, ਕਹਿ ਬਹੁਤ ਸੁਨਾਵੈਂ ॥੨॥
ਚਾਰ ਪੁੱਤ੍ਰ ਤਿਸ ਕੇ ਭਏ, ਬਡ ਦਾਰ ਸ਼ਕੋਹਾ।
ਵਲੀਅਹਿਦ[1] ਕੀਨੋ ਤਿਸੈ, ਬਹੁ ਠਾਨਸਿ ਮੋਹਾ।
ਸੁਜਾ ਮੁਹੰਮਦ ਦੂਸਰੋ, ਹੈ ਤ੍ਰਿਥੀ ਨੁਰੰਗਾ।
ਚੌਥੇ ਹੁਤੋ ਮੁਰਾਦ ਬਖਸ਼, ਰਾਖੇ ਨਿਜ ਸੰਗਾ ॥੩॥
ਦਾਰ ਸ਼ਕੋਹ ਬਿਸਾਲ ਸੋਂ, ਕਰਿ ਕੈ ਉਰ ਦ੍ਰੋਹਾ।
ਨੌਰੰਗ ਨੇ ਤਿਹ ਬੁਰਾ ਕਿਯ, ਮਨ ਧਾਰਜੋ ਕ੍ਰੋਹਾ।
ਸ਼ੇਰ ਮੁੱਛ ਕਤਰਾਇ ਕੈ, ਚਾਵਰ ਮਹਿ ਪਾਈ।
ਕਹਿ ਕੈ ਤਿਸ ਕੇ ਦਾਸ ਕੋ, ਕਰਿ ਦਗ਼ਾ

[1]ਜੋ ਚਾਹੁੰਦੇ ਹਨ ਸੋ ਮਿਲਦਾ ਹੈ।

[1]ਤਖਤ ਦਾ ਹਕਦਾਰ, ਯੁਵਰਾਜ।

ਖੁਲਾਈ ॥੪॥
ਭਯੋ ਬਡੋ ਬੀਮਾਰ ਤਬਿ, ਹੋਇ ਨ ਉਪਚਾਰੇ[1]।
ਹੁਤੇ ਨਜੂਮਿ ਹਕੀਮ ਜੇ, ਕਰਿ ਕਰਿ ਸਭਿ ਹਾਰੇ।
ਦਿਨ ਪ੍ਰਤਿ ਦੁਰਬਲ ਹੋਤਿ ਸੋ, ਨਹਿਂ ਮਿਟਹਿ ਬਿਮਾਰੀ।
ਸ਼ਾਹਜਹਾਂ ਚਿੰਤਾ ਮਹਾਂ, ਉਰ ਪ੍ਰੀਤਿ ਉਚਾਰੀ ॥੫॥
ਗਨ ਹਕੀਮ ਪਤਿਸ਼ਾਹੁ ਕੇ, ਨਹਿਂ ਚਲਜੋ ਉਪਾਈ।
ਤਬਿ ਸਭਿਹੂੰਨਿ ਬਿਚਾਰਿ ਕੇ, ਇਮ ਗਿਰਾ ਅਲਾਈ।
'ਹਰੜ ਆਇ ਬਡਿ ਤੋਲ ਕੀ, ਚੌਦੈਂ ਸਿਰਸਾਹੀ।
ਇਕ ਮਾਸੇ ਕੋ ਲੌਂਗ ਹੁਇ, ਅਨਵਾਵਹੁ ਪਾਹੀ ॥੬॥
ਇਸ ਅੰਤਰ ਮੁਛ ਸ਼ੇਰ ਕੀ, ਬਾਹਰ ਨਿਕਸੈ ਹੈ।
ਤਬਹਿ ਬਿਮਾਰੀ ਜਾਇ ਹੈ, ਜਬਿ ਤਿਸ ਕੋ ਖੈ ਹੈ।'
ਜੇ ਹਕੀਮ ਹਿਕਮਤਿ ਮਹਤ[1], ਸੋ ਸਕਲ ਕਹੰਤੇ।
ਸ਼ਾਹਜਹਾਂ ਸੁਨਿ ਕੈ ਪਠੈ, ਨਿਜ ਦਾਸ ਤੁਰੰਤੇ ॥੭॥
ਜਹਾਂ ਜਹਾਂ ਇਹ ਉਪਜਤੀ, ਤਹਿਂ ਲਗਿ ਨਰ ਧਾਏ।
ਲੌਂਗ ਹਰੜ ਏਤੀ ਬਡੀ, ਸੋ ਕਹੂੰ ਨ ਪਾਏ।
ਬਹੁਤ ਵਿਲਾਇਤ ਮੈਂ ਫਿਰੇ, ਪਰਬਤ ਬਨ ਹੇਰੇ।
ਕਰਹਿਂ ਵਪਾਰ ਜਹਾਜ ਕੇ, ਜੇ ਫਿਰਤਿ ਘਨੇਰੇ ॥੮॥

[1]ਇਲਾਜ।

[1]ਬੜੇ।

ਅਵਨੀ ਮੰਡਲ ਮਹਿਂ ਫਿਰੇ, ਕਿਤ ਹਾਥ ਨ ਆਈ।
ਸ਼ਾਹਜਹਾਂ ਕੋ ਹੋਤਿ ਨਿਤ, ਅਤਿਸ਼ੈ ਦੁਚਿਤਾਈ।
ਹੋਤਿ ਵਜ਼ੀਰ ਜੁ ਸ਼ਾਹ ਕੋ, ਗੁਰ ਸਿੱਖਨ ਪਾਸੇ[1]।
'ਕਰਾਮਾਤ ਸਾਹਿਬ ਗੁਰੂ' ਸੁਨਿ ਭਯੋ ਹੁਲਾਸੇ ॥੯॥

[1]ਬਾਦਸ਼ਾਹ ਦਾ ਜੋ ਵਜ਼ੀਰ ਸੀ (ਉਸ ਨੇ) ਗੁਰ ਸਿੱਖਾਂ ਪਾਸੋਂ।

[1] 'ਸ਼੍ਰੀ ਗੁਰ ਹਰਿਗੋਬਿੰਦ ਜੀ, ਤਿਨ ਸੰਗ ਲਰਾਈ।
ਕਰਤਿ ਰਹਜੋ ਬਹੁ ਸ਼ਾਹ ਜੋ, ਕਯੋਂਹੁ ਨ ਬਨਿਆਈ।
ਸੋ ਤਨ ਤਜਿ ਬੈਕੁੰਠ ਗੇ, ਅਬਿ ਤਿਨ ਕੋ ਪੋਤਾ।
ਗੁਰਤਾ ਗਾਦੀ ਪਰ ਟਿਕਜੋ, ਬਡ ਅਜ਼ਮਤਿ ਪੋਤਾ[1] ॥੧੦॥

[1]ਸਿੱਖ ਕਹਿੰਦੇ ਹਨ ਵਜ਼ੀਰ ਨੂੰ:-

[1]ਕਰਾਮਾਤ ਦੇ ਜਹਾਜ਼।

ਅਸ ਅਨਮੋਲੀ ਵਸਤੁ ਬਡ, ਤਿਨ ਤੇ ਕਰ ਆਵੈ।
ਸੇਵਕ ਹੁਇ ਜਾਚਨ ਕਰੇ, ਕਹਿ ਬਿਨੈ ਪਠਾਵੈ।'
ਇਮ ਵਜ਼ੀਰ ਨੇ ਸੁਨਜੋ ਜਬਿ, ਨਿਸ਼ਚੈ ਉਰ ਕੀਨਾ।
-ਠੀਕ ਬਾਤ ਨੀਕੀ ਅਹੈ, ਪੈ ਹੈ ਦੁਖ ਹੀਨਾ[1]- ॥੧੧॥

[1]ਹਰੜ ਆਦਿਕ) ਪਾਵਾਂਗੇ ਤਾਂ ਦੁਖ ਦੂਰ ਹੋ ਜਾਏਗਾ।

ਤਬਿ ਵਜ਼ੀਰ ਢਿਗ ਸ਼ਾਹ ਕੇ ਹ੍ਵੈ ਅਰਜ਼ ਸੁਨਾਈ।
'ਸ਼੍ਰੀ ਗੁਰ ਹਰਿਗੋਬਿੰਦ ਕੀ, ਬੈਠਜੋ ਅਬਿ ਥਾਈਂ।
ਪੋਤਾ ਸ਼੍ਰੀ ਹਰਿਰਾਇ ਜੀ, ਬਡ ਅਜ਼ਮਤ ਵੰਤਾ।
ਸ਼੍ਰੀ ਗੁਰ ਘਰ ਨਿਰਵੈਰ ਹੈ, ਦੀਨਨਿ ਦੁਖ ਹੰਤਾ ॥੧੨॥

ਤਿਨ ਕੇ ਢਿਗ ਇਹੁ ਵਸਤੁ ਹੈ, ਜਾਚਹੁ ਤਿਨ ਪਾਹੀ।
ਬਿਨਤੀ ਜੁਤਿ ਲਿਖਿ ਭੇਜੀਏ, ਤਜਿ ਰਿਸ ਉਰ ਮਾਂਹੀ।'
ਸ਼ਾਹੁਜਹਾਂ ਹਰਖ਼ਜੋ ਸੁਨਤਿ, ਲਿਖਿ ਅਰਜ਼ ਪਠਾਈ।
'ਹਮ ਪਰ ਤੁਮਰੇ ਬਡੇ ਨਿਤ, ਬਹੁ ਕਰਤਿ ਭਲਾਈ ॥੧੩॥
ਸ੍ਰੀ ਨਾਨਕ ਬਾਬਰ ਮਿਲੇ, ਬਖਸ਼ੀ ਬਡਿਆਈ।
ਅੰਗਦ ਗੁਰੂ ਹੁਮਾਉ ਸੋਂ, ਮੈਂ ਸੁਨੀ ਭਲਾਈ।
ਅਕਬਰ ਸ੍ਰੀ ਗੁਰ ਅਮਰ ਸੋਂ, ਮਿਲਿ ਕਾਰਜ ਸਾਰੇ।
ਜਹਾਂਗੀਰ ਅਰਜਨ ਗੁਰੂ, ਮਿਲਿ ਬਚਨ ਉਚਾਰੇ ॥੧੪॥
ਸ੍ਰੀ ਗੁਰ ਹਰਿਗੋਬਿੰਦ ਸੋਂ, ਮਮ ਬਾਦ[1] ਭਯੋ ਹੈ।
ਲੋਕਨਿ ਪਰਿ ਕੈ ਬੀਚ ਕੋ, ਬਹੁ ਬੀਚ ਕਿਯੋ ਹੈ[1]।
ਤਊ ਨ ਮੈਂ ਓਰਕ ਕਰਯੋ, ਬਡਿ ਬੈਰ ਪਰਯੋ ਹੈ[1]।
ਅਬਿ ਮੇਰੋ ਕਾਰਜ ਇਹੀ, ਬਡ ਆਨਿ ਪਰਯੋ ਹੈ ॥੧੫॥
ਸੁਤ ਮੇਰੋ ਬੀਮਾਰ ਹੈ, ਤੁਮ ਢਿਗ ਉਪਚਾਰੇ।
ਦੁਲਭ ਵਸਤੁ ਖੋਜੀ ਘਨੀ, ਨਹਿਂ ਪਾਇ ਉਦਾਰੇ।'
ਇੱਤਜਾਦਿਕ ਲਿਖਿ ਕਰਿ ਪਠੀ, ਭੇਜਯੋ ਉਮਰਾਊ।
ਤੁਰਨ ਪੰਥ ਉਲੰਘਿ ਕੈ, ਕੀਰਤਪੁਰਿ ਥਾਊਂ ॥੧੬॥

[1]ਝਗੜਾ।

[1]ਬਹੁਤ ਫਰਕ ਪਾ ਦਿਤਾ।

[1]ਭਾਵੇਂ) ਬਹੁਤਾ ਵੈਰ ਪੈ ਗਿਆ ਸੀ ਤਦ ਬੀ ਮੈਂ ਵੈਰ ਦਾ ਓੜਕ ਨਹੀਂ ਸੀ ਕੀਤਾ।

ਆਇ ਕਰਜੋ ਡੇਰਾ ਤਬਹਿ, ਨਿਸ ਪੁਰੀ ਬਿਤਾਈ।
ਦਿਨ ਅਗਲੇ ਲਾਗੀ ਸਭਾ, ਗੁਰ ਬੀਚ ਸੁਹਾਈ।
ਆਇ ਕਰੀ ਪਦ ਬੰਦਨਾ, ਦੀਨਸਿ ਪਰਵਾਨਾ।
ਕਰਜੋ ਸੁਨਾਵਨਿ ਸਕਲ ਪਠਿ, ਗੁਰ ਕੇ ਅਗਵਾਨਾ ॥੧੭॥
'ਹਰੜ ਏਕ ਬਡ ਤੋਲ ਕੀ, ਚੌਦਹਿ ਸਿਰਸਾਹੀ[1]।
ਇਕ ਸਾਮੇ ਕੋ ਲੌਂਗ ਹੁਇ, ਸੋ ਸੁਨਿ ਤੁਮ ਪਾਹੀ।
ਇਕ ਗਜ ਮੋਤੀ[1] ਭੇਜੀਏ, ਤਿਹ ਦੇਖਨਿ ਚਾਹੂ।'
ਅਪਰ ਭਨੀ ਬਿਨਤੀ ਬਹੁਤ, ਸੁਨਿ ਗੁਰ ਸੁਤਿ ਮਾਂਹੂ ॥੧੮॥
ਸੁਨਿ ਕੈ ਸ੍ਰੀ ਹਰਿਰਾਇ ਤਬਿ, ਥੋਰੇ ਮੁਸਕਾਏ।
ਚਮਕਤਿ ਹੈਂ ਸੁੰਦਰ ਦਸਨ, ਕੇਤਿਕ ਦਰਸਾਏ[1]।
ਬੋਲੇ ਸਭਿਨਿ ਸੁਨਾਇ ਕੈ, 'ਤੁਰਕੇਸ਼ੁਰ ਭਾਰੋ।
ਇਮ ਜੇ ਪ੍ਰੀਤਿ ਪ੍ਰਤੀਤਿ ਹੈ, ਤਿਸ ਰਿਦੈ ਮਝਾਰੋ ॥੧੯॥
ਉਚਿਤ ਦੇਨਿ ਵਸਤੂ ਦੁਲਭ, ਪੁਨ ਸੁਤ ਬੀਮਾਰੀ।
ਹੁਇ ਲਚਾਰ ਜਾਚਨ ਕਰੀ, ਸ਼ਰਧਾ ਉਰ ਧਾਰੀ।
ਦਾਰ ਸ਼ਕੋਹ ਸੁ ਭਲੋ ਹੈ, ਪਰਮੇਸ਼ੁਰੁ ਪਜਾਰੇ।
ਸੰਤ ਸੰਗ ਅਭਿਲਾਖਤੋ, ਪਰਹਰਿਹ ਬਿਕਾਰੋ' ॥੨੦॥
ਏਤੇ ਕਾਰਣ ਜਾਨਿ ਕੈ, ਤੀਨੋ ਮੰਗਵਾਏ।

[1]ਸਿਰਸਾਹੀ ਦੇ ਤੋਲੇ (ਕੱਚੀ ਛਟਾਂਕ) ਦੇ ਬਰਾਬਰ ਹੁੰਦੀ ਹੈ।

[1]ਵਡਾ ਮੋਤੀ। ਹਾਥੀ ਦਾ ਮੋਤੀ। [ਸੰ: ਗਜਮੁਕ੍ਤਾ = ਇਕ ਮੋਤੀ ਜੋ ਹਾਥੀ ਦੇ ਸਿਰੋਂ ਨਿਕਲਦਾ ਮੰਨਦੇ ਆਏ ਹਨ]

[1]ਕਈ ਕੁ (ਦੰਦ) ਦਿਸਦੇ ਹਨ।

ਕੋਸ਼ਪ ਕੋ ਆਗਜਾ ਕਰੀ, 'ਆਨਹੁ ਇਸ ਥਾਏਂ।
ਸਗਰੀ ਸਭਾ ਦਿਖਾਈਏ, ਤੋਲਹੁ ਪੁਨ ਦੀਜੈ।
ਸ਼ਾਹਜਹਾਂ ਪਤਿਸ਼ਾਹ ਕੋ, ਕਾਰਜ ਇਹੁ ਕੀਜੈ' ॥੨੧॥
ਜਾਇ ਨਿਕਾਸੀ ਕੋਸ਼ਪਤਿ, ਆਨੀ ਗੁਰ ਪਾਹੀ।
ਪੂਰਬ ਤੋਲੀ ਹਰੜ ਤਬਿ, ਚੌਦਹ ਸਿਰਸਾਹੀ।
ਪੂਰਨ ਮਾਸੇ ਕੋ ਭਯੋ, ਸੋ ਲੌਂਗ ਬਿਸਾਲਾ।
ਮਨਹੁ ਪ੍ਰਥਮ ਹੀ ਤੋਲਿ ਕੈ, ਲਾਗੇ ਤਰੁ ਡਾਲਾ[1] ॥੨੨॥
ਗਜ ਮੋਤੀ ਦਿਪਤਹਿ ਬਡੋ, ਨਹਿਂ ਆਨ ਸਮਾਨਾ।
ਬੂਝਨਿ ਹਿਤ ਸਭਿ ਸਭਾ ਨੇ, ਇਮ ਬਾਕ ਬਖਾਨਾ।
'ਸ੍ਰੀ ਗੁਰੂ ਜੀ ! ਗੁਨ ਇਨਹੁ ਕੇ, ਕਹਿ ਬਾਕ ਸੁਨਾਵਹੁ।
ਵਸਤੁ ਅਮੋਲਕ ਅਦਭੁਤੰ, ਸਭਿ ਬੀਚ ਬਤਾਵੋ' ॥੨੩॥
ਸ੍ਰੀ ਸਤਿਗੁਰ ਗੁਨ ਤਿਨਹੁ ਕੇ, ਬਿਚ ਸਭਾ ਬਖਾਨੇ।
'ਉਦਰ ਰੋਗ ਜੇਤਿਕ ਅਹੈਂ, ਨਰ ਕੀ ਛੁਧ ਹਾਨੇ।
ਪਚਹਿਂ ਨਹੀ ਨਿਸ਼ਠੁਰ ਵਸਤੁ, ਦੁਖ ਦੇਤਿ ਘਨੇਰਾ।
ਦਿਵਸ ਮਾਸ ਕੈ ਬਰਸ ਕੋ, ਰੁਜ ਟਿਕਯੋ ਬਡੇਰਾ ॥੨੪॥
ਸੋ ਰੋਗੀ ਲੇ ਹਾਥ ਮਹੁ, ਲਾਗਹਿ ਅਤਿਸਾਰਾ[1]।
ਸਰਬ ਉਦਰ ਤੇ ਝਰ ਪਰਹਿ, ਕੁਛ ਹੋਇ ਨ

[1]ਬ੍ਰਿਛ ਦੀਆਂ ਟਾਹਣੀਆਂ ਨੂੰ ਲਗੇ ਸਨ (ਹਰੜ ਤੇ ਲੌਂਗ)।

[1]ਦਸਤ।

[1]ਕੁਛ ਦੇਰ ਨਾ ਲਗੇ।

ਬਾਰਾ[1]।
ਜਬਿ ਲਗਿ ਅੰਤਰ ਕਸਰ ਹੈ, ਤਬਿ ਲਗਿ ਕਰ ਧਾਰੈ।
ਹੁਇ ਅਰੋਗ ਜਾਗਹਿ ਛੁਧਾ, ਸੰਕਟ ਨਿਰਵਾਰੈ ॥੨੫॥
ਤਜਹਿ ਹਾਥ ਤੇ, ਤਿਹ ਸਮੈ ਅਤਿਸਾਰ ਮਿਟੰਤੇ।
ਜਬਹਿ ਧਨੰਤਰ ਨਿਕਸਿਓ, ਜਲ ਨਿਧੀ ਮਥੋਤੇ[1]।

[1]ਸਮੁੰਦ੍ਰ ਰਿੜਕਦਿਆਂ।

ਇਸੀ ਜਾਤਿ ਕੀ ਹਰੜ ਕਰ, ਆਨੀ ਨਿਜ ਸਾਥਾ।
ਅਪਰ ਜਲਉਕਾ ਰੁਧਰਪਾ[1], ਗਹਿ ਦੂਸਰ ਹਾਥਾ ॥੨੬॥

[1]ਜੋਕ ਲਹੂ ਪੀਣੀ।

ਜਗ ਮਹਿਂ ਰੋਗ ਅਨੇਕ ਜੇ, ਹੈਂ ਮੂਲ ਸਿ ਜੋਈ।
ਉਦਰ ਰੁਧਿਰ ਤੇ ਉਪਜਤੇ, ਤਿਨ ਕੇ ਹਿਤ ਸੋਈ।
ਰੁਜ ਕੀ ਜਰ ਦ੍ਵੈ ਹਰਨ ਕੋ, ਦੋਨਹੁ ਉਪਚਾਰਾ।
ਲਜਾਇ ਜਗਤ ਮਹਿਂ ਬਿਦਤ ਕਿਯ, ਬੁਧਿ ਬੈਦ ਉਦਾਰਾ ॥੨੭॥
ਬਾਇ ਸੀਤ ਕੇ ਮਿਲਤਿ ਹੀ, ਹੋਵਤਿ ਸੰਪਾਤਾ[1]।

[1]ਸੰਨਿਪਾਤ = ਕਫ, ਵਾਤ, ਪਿਤ ਦਾ ਇਕੱਠਾ ਵਿਗਾੜ 'ਸੰਨਿਪਾਤ' ਹੈ। ਸਰਸਾਮ।

ਇਸ ਤੇ ਆਦਿਕ ਰੁਜ ਅਪਰ, ਉਪਜਹਿਂ ਉਤਪਾਤਾ।
ਗਹੇ ਲੌਂਗ ਇਸ ਕਰ ਜਬੈ[1], ਸਭਿ ਹੂੰ ਮਿਟਿ ਜਾਵੈਂ।

[1]ਇਸ ਲੌਂਗ ਨੂੰ ਹੱਥ ਵਿਚ ਜਦੋਂ ਫੜੇ।

ਸੀਤ ਬਾਇ ਕੇ ਦੁਖ ਕਿਤੇ, ਸਗਰੇ ਬਿਨਸਾਵੈਂ[†] ॥੨੮॥

[†]ਇਹ ਵੈਦ ਲੋਕਾਂ ਦੇ ਵਾਕ ਹਨ ਜੋ ਲੋਕਾਂ ਵਿਚ ਆਮ ਪ੍ਰਸਿੱਧ ਹਨ, ਇਨ੍ਹਾਂ ਨੂੰ ਸਮਝਣਾ ਚਾਹੀਏ ਸ਼੍ਰੀ ਮੁਖਵਾਕ ਨਹੀਂ ਸਮਝਣਾ ਚਾਹੀਏ।

ਤੀਸਰ ਗਜਮੁਕਤਾ ਮਹਾਂ, ਇਸ ਕੇ ਸਮ ਆਨਾ।
ਨਹੀਂ ਕਹੀਂ ਇਸ ਦੇਸ ਮਹਿਂ, ਦੁਤਿ ਦਮਕ

ਮਹਾਨਾ।
ਰੁਚਿਰ ਗੁਲਾਈ ਇਸ ਬਨੀ, ਲੋਲਕ[1] ਮਹਿਂ ਪਾਵੈਂ।
ਸ਼ੋਭਾ ਭੂਖਨ ਕੀ ਕਰਹਿ, ਤਨ ਬਿਖੈ ਸੁਹਾਵੈ ॥੨੯॥
ਤੀਨਹੁਂ ਦੁਰਲਭ ਵਸਤੁ ਹੈਂ, ਨਹਿਂ ਪ੍ਰਾਪਤਿ ਸ਼ਾਹੂ।
ਅਪਰ ਕਹਾਂ ਤੇ ਲੇਇ ਇਨ, ਖੋਜਹੁ ਕਿਤ ਜਾਹੂ।
ਸ੍ਰੀ ਨਾਨਕ ਕੋ ਘਰ ਮਹਾਂ, ਜਹਿਂ ਕਮੀ ਨ ਕਾਹੂ।
ਕਰਹਿ ਜੁ ਪ੍ਰੀਤਿ ਪ੍ਰਤੀਤ ਪਰ, ਇੱਛਤ ਲੇ ਪਾਹੂ' ॥੩੦॥
ਇਮ ਕਹਿ ਗੁਨ ਉਮਰਾਵ ਕੋ, ਤਤਛਿਨ ਤ੍ਰੈ ਦੀਨੀ।
ਮਹਿਮਾ ਸਤਿਗੁਰ ਕੀ ਸਭਿਨਿ, ਪੀਨੀ[1] ਅਤਿ ਚੀਨੀ।
ਹ੍ਵੈ ਪ੍ਰਸੰਨ ਗਮਨਜੋ ਤਬਹਿ, ਦਿੱਲੀ ਮਹਿ ਆਯੋ।
ਸ਼ਾਹਜਹਾਂ ਕੋ ਤਬਿ ਦਈ, ਦੇਖਤਿ ਹਰਖਾਯੋ ॥੩੧॥
ਦੁਰਲਭ ਪਾਇ ਪਦਾਰਥਨਿ, ਢਿਗ ਦਾਰਸ਼ਕੋਹਾ।
ਜਾਨਜੋ -ਅਬਿ ਇਹ ਜੀਵਿ ਹੈ, ਰੁਜ ਨਾਸ਼ਨ ਹੋਹਾ-।
ਇਕ ਤੌ ਪੁੱਤ੍ਰ ਸਨੇਹ ਤੇ, ਪੁਨ ਦੁਰਲਭ ਪਾਏ।
ਸ਼ਾਹਜਹਾਂ ਕੇ ਮੋਦ ਬਡਿ, ਕਛੁ ਕਹਜੋ ਨ ਜਾਏ ॥੩੨॥
ਮਨ ਮਹਿਂ ਲਗਜੋ ਬਿਚਾਰਨੇ, ਕਹਿ ਸਭਿਨਿ ਸੁਨਾਵੈ।
'ਮੁਝ ਕੋ ਬਡ ਅਫਸੋਸ ਹੈ, ਕੁਛ ਕਹਜੋ ਨ

[1]ਨੱਥ, ਬੁਲਾਕ, ਵਾਲੀ ਆਦਿ ਲਟਕਣ ਵਾਲਾ ਗਹਿਣਾ [ਸੰਸ. ਲੋਲ = ਹਿਲਣਾ। ਫਾ: ਲੋਲੂ = ਮੋਤੀ]

[1]ਭਾਰੀ।

ਜਾਵੈ।
ਅਵਨੀ ਮੰਡਲ ਕੋ ਪਤੀ, ਮਮ ਆਗਜ਼ਾ ਸਾਰੇ।
ਕਿਤ ਤੇ ਨਹਿਂ ਪ੍ਰਾਪਤਿ ਭਈ, ਖੋਜਤਿ ਨਰ ਹਾਰੇ ॥੩੩॥
ਕਾਦਰ ਬੇਪਰਵਾਹ ਬਡ, ਹਿੰਦੂ ਘਰਿ ਸੋਈ।
ਜਾਚੇ ਮੁਝ ਪ੍ਰਾਪਤਿ ਭਈ, ਨਤੁ ਪਾਇ ਨ ਕੋਈ।'
ਇਮ ਕਹਿ ਹਿਰਸ ਬਿਸਾਲ ਕਰਿ[1], ਲੇ ਦੀਰਘ ਸ੍ਵਾਸਾ।
ਤੂਸ਼ਨਿ ਕਰੇ ਬਿਸੂਰਤੋ, ਜਨੁ ਚਿੰਤਾ ਗ੍ਰਾਸਾ ॥੩੪॥
ਗਜ਼ਾਨੀ ਦਾਰਸ਼ਕੋਹ ਨੇ, ਲਖਿ ਹਿਰਸ ਮਹਾਨਾ।
ਕਹਜੋ ਪਿਦਰ ਸੋਂ 'ਦੂਰ ਕਰਿ, ਅਫਸੋਸ ਜੁ ਠਾਨਾ।
ਰਬ ਕੀ ਜ਼ਾਤਿ ਫਕੀਰ ਸੋ, ਬੇਖ਼ਾਹਸ਼ ਭਾਰੇ।
ਕਰਾਮਾਤ ਜ਼ਾਹਰ ਜਿਨਹੁ, ਜਗ ਬਿਦਤੀ ਸਾਰੇ ॥੩੫॥
ਸ਼੍ਰੀ ਗੁਰ ਨਾਨਕਸ਼ਾਹ ਕੋ, ਘਰ ਮਹਦ ਮਹਾਨਾ।
ਲਾਖਹੁਂ ਅਜ਼ਮਤਿ ਜੁਤਿ ਕਰੇ, ਦੇ ਗਜ਼ਾਨ ਨਿਧਾਨਾ।
ਕਾਮਲ ਆਪ ਖੁਦਾਇ ਕੈ[1], ਨਹਿਂ ਸੰਸਾ ਕੀਜੈ।
ਕਰਨ ਜੋਗ ਹੈ ਬੰਦਗੀ, ਹਿਰਸੀ ਨ ਬਨੀਜੈ ॥੩੬॥
ਤੁਮ ਭੀ ਸਭਿ ਬਿਧਿ ਤੇ ਤਿਨਹੁਂ, ਜਾਨਤਿ ਬਡਿਆਈ।
ਹਮਰੇ ਬਡਿਅਨਿ ਸੰਗ ਮਿਲਿ, ਬਹੁ ਕਰੀ ਭਲਾਈ।'

[1]ਬਹੁਤ ਲਾਲਚ ਕਰ।

[1](ਗੁਰੂ ਜੀ) ਆਪ ਕਾਮਲ ਹਨ ਅਥਵਾ ਖੁਦਾ ਹੀ ਹਨ।

ਸੁਨਿ ਕੈ ਸੁਤ ਤੇ ਸ਼ਾਹੁ ਨੇ, ਪੁਨ ਬਾਕ ਬਖਾਨਾ।
'ਜਿਨ ਕੇ ਹਿਰਸ ਨ ਹੀਯਰੇ, ਸੇ ਅਹੈਂ ਮਹਾਨਾ ॥੩੭॥
ਜਿਨ ਪਰ ਫਜ਼ਲ[1] ਅਲਾਹ ਕੋ, ਦੇ ਸਿਦਕ ਸਬੂਰੀ। [1]ਮਿਹਰ।
ਹਿਰਸ ਬਖੀਲੀ ਤਿਸ ਰਿਦੈ, ਕਰਿ ਦੈ ਸਭਿ ਦੂਰੀ।
ਦੁਨੀਆਂ ਹਿਰਸ ਹਵਾਇ[1] ਹੈ, ਨਹਿਂ ਮਿਟਹਿ ਕਦਾਈਂ। [1]ਲਾਲਚ ਤੇ ਕਾਮਨਾ।
ਪ੍ਰੀਤਿ ਪ੍ਰਤੀਤ ਖੁਦਾਇ ਕੀ, ਸੇ ਪਾਕ[1] ਸਦਾਈ ॥੩੮॥ [1]ਪਵਿੱਤ੍ਰ।
ਜਾਨੋਂ ਨੀਕੀ ਰੀਤਿ ਸੋਂ[1], ਗੁਰ ਕੀ ਬਡਿਆਈ। [1]ਚੰਗੀ ਤਰ੍ਹਾਂ ਨਾਲ।
ਤਊ ਹਿਰਸ ਹੰਕਾਰ ਤੇ, ਹੁਇ ਹੈ ਦੁਖਦਾਈ।
ਅਬਿ ਨ ਕਰੌਂ ਕਬਿ ਮੈਂ ਰਿਦੈ, ਉਤਰੌਂ ਨਹਿਂ ਪੂਰਾ।
ਮੈਂ ਮਾਨੁਖ ਅੱਗਜਾਨ ਜੁਤਿ, ਸੋ ਅਲਹ ਜ਼ਹੂਰਾ[1]' ॥੩੯॥ [1]ਪ੍ਰਮੇਸ਼ੁਰ ਦਾ ਸਰੂਪ।
ਅਦਲਮਤੀ[1] ਉਰ ਧਾਰਿ ਕੈ, ਤਬਿ ਹਿਰਸ ਮਿਟਾਈ। [1]ਨਜ਼ਾਇ ਵਾਲੀ ਬੁੱਧੀ।
ਲੇ ਸ਼੍ਰੀ ਨਾਨਕ ਨਾਮ ਕੋ, ਨਿਜ ਗ੍ਰੀਵ ਨਿਵਾਈ।
ਤਬਿ ਹਕੀਮ ਹਿਕਮਤਿ[1] ਮਹਦ, ਨਿਜ ਨਿਕਟਿ ਹਕਾਰੇ। [1]ਇਲਾਜ।
ਲੌਂਗ ਹਰੜ ਦੀਨਸਿ ਦੋਊ, ਅਚਰਜ ਪਿਖਿ ਧਾਰੇ ॥੪੦॥
ਬਹੁ ਤਰੀਫ ਸਭਿ ਨੇ ਕਰੀ, 'ਦੁਰਲਭ ਬਹੁ ਪਾਈ।'
ਹਿਕਮਤਿ ਦਾਰਸ਼ਕੋਹ ਕੀ, ਤਬਿਹੂੰ ਕਰਿਵਾਈ।

ਭਯੋ ਅਰੁਜਿ[1] ਤਤਕਾਲ ਹੀ, ਕਰਿ ਖੁਸ਼ੀ ਬਿਸਾਲਾ।
ਮੰਗਲ ਨਾਨਾ ਬਿਧਿਨ ਕੇ, ਉਪਜੇ ਦਰਹਾਲਾ[1] ॥੪੧॥

[1]ਤੰਦਰੁਸਤ।

[1]ਛੇਤੀ।

ਚੌਪਈ:

'ਸਤਿਗੁਰ ਕੇ ਘਰ ਕੋ ਧਨ ਧੰਨ।'
ਸ਼ਾਹੁ ਆਦਿ ਸਭਿ ਕਹੈਂ ਪ੍ਰਸੰਨ।
ਰਾਜ ਜੋਗ ਜੋ ਕਰਤਿ ਹਮੇਸ਼ਾ।
ਸਗਰੇ ਜਗ ਮਹਿਂ ਵਿਦਤ ਵਿਸ਼ੇਸ਼ਾ ॥੪੨॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਹਰੜ ਲੌਂਗ ਸ਼ਾਹ ਕੋ ਦੀਨ' ਪ੍ਰਸੰਗ ਬਰਨਨੰ ਨਾਮੁ ਦੁਤੀਓ ਅੰਸੂ ॥੨॥

## ੩. [ਬ੍ਰਿੱਧਾਂ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਸ੍ਵੈਯਾ ਛੰਦ:

ਇਮ ਸ਼੍ਰੀ ਸਤਿਗੁਰ ਮਹਿਦ ਪ੍ਰਤਾਪੰ
ਜਗਤ ਬਿਖੈ ਹੋਵਤਿ ਬਿਸਤਾਰ।
ਆਵਹਿ ਦੇਸ਼ ਬਿਦੇਸ਼ਨਿ ਸੰਗਤਿ
ਦਰਸ਼ਨ ਕਰਿ ਅਰਪਹਿ ਉਪਹਾਰ।
ਮਨ ਬਾਂਛਤਿ ਸਿਖ ਪਾਵਤਿ ਹੈਂ ਫਲ
ਖਰੇ ਅੱਗ੍ਰ ਅਰਦਾਸ ਉਚਾਰਿ।
ਕੀਰਤਪੁਰਿ ਮਹਿਂ ਭੀਰ ਹੋਤਿ ਨਿਤ
ਅਰਜ਼ ਗੁਜ਼ਾਰਹਿਂ ਮਿਲੇ ਹਜ਼ਾਰ ॥੧॥
ਇਕ ਬਿਰਧਾ ਸ਼ਰਧਾ ਸਤਿਗੁਰ ਕੀ
ਪ੍ਰੇਮਾ ਭਗਤਿ ਰਿਦੈ ਲਿਵਲਾਇ।
ਧਰਹਿ ਧਜਾਨ ਨਿਸ ਦਿਨ ਗੁਰ ਮੂਰਤਿ
ਚਿਤ ਮਹਿਂ ਚਿਤਵਤਿ ਬਲ ਬਲਿ ਜਾਇ।
ਘਰ ਤੇ ਨਿਰਧਨ ਅਸਨ ਨ ਪਾਵਹਿ
ਚਹਹਿ -ਕਰਵਿ ਗੁਰ ਸੇਵ ਬਨਾਇ।
ਮਮ ਕਰ ਤੇ ਕਿਸ ਬਿਧਿ ਬਨਿ ਆਵਹਿ
ਤਬਹਿ ਸਫਲਤਾ ਮੈਂ ਨਿਜ ਪਾਇ- ॥੨॥
ਇਕ ਦਿਨ ਧਰਮ ਕਿਰਤਿ ਕੁਛ ਕਰਿ ਕੇ
ਟਕਾ ਏਕ ਮਿਹਨਤਿ ਕੋ ਲੀਨਿ।
ਅਸਨ ਸਮਿੱਗ੍ਰੀ ਕਰੀ ਖਰੀਦਨ
ਨਿਜ ਗ੍ਰਿਹ ਆਇ ਲੀਪਬੋ ਕੀਨਿ।
ਅਪਨੇ ਬਸਤ੍ਰ ਪਖਾਰਨਿ ਕਰਿ ਕੈ
ਜਲ ਮੱਜਨ ਤੇ ਹ੍ਵੈ ਮਲ ਹੀਨ।
ਸਭਿ ਬਿਧਿ ਸੁਚਿ ਤੇ ਇਕਠੀ ਕਰਿ ਕੈ
ਰਿਦੇ ਪ੍ਰੇਮ ਪਰਵਾਹ ਪ੍ਰਬੀਨ ॥੩॥
ਦੋਇ ਰੋਟਿਕਾ ਕਰੀ ਪਕਾਵਨ
ਘ੍ਰਿਤ ਅਰੁ ਸਿਤਾ ਊਪਰੇ ਪਾਇ।
ਨੀਕੀ ਬਿਧਿ ਸੋਂ ਕਰਿ ਤਿਆਰ ਤਿਹ
ਬਾਸਨ ਮਹਿਂ ਧਰਿ ਕਰਿ ਹਿਤ ਲਾਇ।
ਛਾਦਿ ਰੁਮਾਲ ਸਾਥ ਕਰ ਧਰਿ ਕੈ

ਨਿਕਸੀ ਘਰ ਤੇ ਵਹਿਰ ਸਿਧਾਇ।
-ਕਿਮ ਪਹੁੰਚੌਂ ਮੈਂ ਨਿਕਟਿ ਗੁਰੂ ਕੇ-
ਮਨ ਮਹਿਂ ਗਿਨਤੀ ਕੋ ਉਪਜਾਇ ॥੪॥
-ਕਿਮਿ ਮੇਰੇ ਕਰ ਤੇ ਲੈ ਅਚਵਹਿਂ
ਲੋਕ ਹਜ਼ਾਰਨ ਕੀ ਜਹਿਂ ਭੀਰ।
ਚਿਰੰਕਾਲ ਕੀ ਮੇਰੀ ਚਿਤਵਨ
ਸੇਵੌਂ ਸਤਿਗੁਰ ਕੇ ਹੁਇ ਤੀਰ।
ਅੰਤਰਜਾਮੀ ਪੁਰਹਿਂ ਕਾਮਨਾ
ਜਥਾ ਭੀਲਨੀ ਕੀ ਰਘੁਬੀਰ।
ਪ੍ਰੇਮ ਪਰਖਨਾ[1] ਹੈ ਗੁਰ ਹਰਿ ਕੇ,
ਤੰਦੁਲ ਲਏ ਸੁਦਾਮੇ ਚੀਰ[1]- ॥੫॥
ਇਮ ਗਿਨਤੀ ਬਿਨਤੀ ਕੀ ਠਾਨਤਿ
ਸਤਿਗੁਰ ਨੇ ਜਾਨੀ ਸਭਿ ਬਾਤ।
ਭਏ ਅਰੂਢਿ ਅਖੇਰ ਕਰਜੋ ਮਿਸਿ,
ਤੂਰਨ ਤੇ ਤਿਸ ਮਾਰਗ ਜਾਤਿ।
ਚਢੇ ਸੰਗ ਅਸਵਾਰ ਸੈਂਕਰੇ
ਆਯੁਧ ਗਹੇ ਆਇਂ ਪਸ਼ਚਾਤ।
ਚੰਚਲ ਕਰਤਿ ਤੁਰੰਗ ਕੁਦਾਵਤਿ
ਅਤਿ ਸ਼ੋਭਾ ਧਾਰਤਿ ਅਵਿਦਾਤ ॥੬॥
ਤਜਾਗ ਸੁ ਪੰਥ ਖਰੀ ਹੁਇ ਇਕ ਥਲ,
ਮਨ ਤੇ ਚਰਨ ਬੰਦਨਾ ਕੀਨਿ।
-ਜਾਤਿ ਵਹਿਰ, ਕਿਮਿ ਅਚਵਹਿਂ ਮੁਝ ਤੇ
ਭਈ ਬਿਫਲ ਸੇਵਾ- ਉਰ ਚੀਨ।
ਹੁਇ ਬਲਿਹਾਰ ਸਰੂਪ ਬਿਲੋਕਤਿ
ਸੰਮਤ ਬੀਸਕ ਬੈਸ ਨਵੀਨ[1]।
ਬਿਰਧਾ ਸਿਖਨੀ ਸ਼ਰਧਾ ਅਧਿਕਤਿ
ਖਰੀ ਭਾਉ ਤੇ ਭੋਜਨ ਲੀਨਿ ॥੭॥
ਗਨ ਅਸਵਾਰ ਭਜਾਵਤਿ ਆਵਤਿ
ਮਗ ਕੀ ਧੂਰਿ ਉਠੀ ਤਿਸ ਬਾਰਿ।
ਕਹਿ ਸਤਿਗੁਰ ਨੇ ਸਗਲ ਟਿਕਾਏ
'ਰਹਹੁ ਅਟਕ ਨਹਿਂ ਆਉ ਅਗਾਰਿ।'
ਫੇਰਿ ਤੁਰੰਗ, ਨਿਕਟਿ ਤਿਸ ਗਮਨੇ

[1]ਪਛਾਣ।
[1]ਸੁਦਾਮੇ ਦੇ ਪੱਲਿਓਂ।
[1]ਬੀਸ ਕੁ ਬਰਸਾਂ ਦੀ ਚੜ੍ਹਦੀ ਉਮਰਾ।

ਅੰਤਰਜਾਮੀ ਕਰਯੋ ਉਚਾਰ।
'ਹਮ ਕੋ ਛੁਧਾ ਭਈ ਦਿਹੁ ਮਾਈ !
ਤਯਾਰ ਅਹਾਰ ਜੁ ਤੈਂ ਕਰ ਧਾਰਿ ॥੮॥
ਪੁਨ ਅਖੇਰ ਕੋ ਬਾਹਰ ਗਮਨੈਂ
ਤਹਾਂ ਛੁਧਤਿ ਹੁਇ ਲਗਹਿ ਬਿਲੰਬ।'
ਸੁਨਿ ਕੈ ਹਰਖੀ ਸੁਧਾ ਸੁ ਬਰਖੀ,
ਪਰਖੀ ਪਰੀਤਿ, ਨਹੀਂ ਲੇ ਅੰਬ[1]। — [1]ਪਾਣੀ।
ਹਾਥ ਪਖਾਰਨਿ ਬਿਨ ਲਿਯ ਭੋਜਨ,
ਅਚਵਤਿ ਸਤਿਗੁਰ ਸਿੱਖਯ ਅਲੰਬ[1]। — [1]ਸਿੱਖਾਂ ਦੇ ਆਸਰਾ ਗੁਰੂ ਜੀ।
'ਬਡੋ ਸ੍ਵਾਦ ਇਸ ਮਹਿਂ' ਕਹਿ ਖਾਵਤਿ
ਕਰਹਿ ਬਿਲੋਕਨ ਸੈਨ ਕਦੰਬ[1] ॥੯॥ — [1]ਸਾਰੀ।
ਬਿਰਧਾ, ਅਚਵਤਿ ਗੁਰ ਕੋ ਪਿਖਿ ਕਰਿ,
ਬਿਨਤੀ ਕਰਤਿ ਅਨੇਕ ਪ੍ਰਕਾਰ।
'ਮੈਂ ਅਨਾਥ ਦਾਸੀ ਪ੍ਰਭੁ ਤੇਰੀ
ਮਮ ਸ਼ਰਧਾ ਰਾਖੀ ਇਸ ਬਾਰ।
ਕਰਮਾ ਬਾਈ[1] ਕਰੀ ਖੀਚਰੀ — [1]ਇਕ ਭਗਤਣੀ ਦਾ ਨਾਮ ਹੈ ਜੋ ਰੋਜ਼ ਖਿਚੜੀ ਰਿੰਨ੍ਹ ਕੇ ਖੁਲਾਇਆ ਕਰਦੀ ਸੀ, ਜਿਸ ਦਾ ਪ੍ਰਸੰਗ ਭਗਤਮਾਲ ਵਿਚ ਹੈ।
ਜਿਮ ਅਚਵੀ ਤੁਮ ਰੂਪ ਮੁਰਾਰਿ।
ਕਰਤਿ ਰਹੀ ਮੈਂ ਜਤਨ ਦੋਇ ਦਿਨ
ਤੁਮ ਹਿਤ ਆਨਯੋ ਤਯਾਰ ਅਹਾਰ ॥੧੦॥
ਪੂਰਨ ਪ੍ਰੇਮ ਕਰਯੋ ਕਰਿ ਕਰੁਨਾ
ਦੀਨਿ ਬੰਧੁ ਯਾਂ ਤੇ ਤੁਮ ਨਾਇ।
ਨਹਿਂ ਅਭਿਮਾਨੀ ਕੇ ਤੁਮ ਗਮਨਹੁ,
ਗਏ ਬਿਦਰ ਘਰ ਭੋਜਨ ਖਾਇ।
ਨਿਜ ਦਾਸਨ ਕੀ ਪੁਰਹੁ ਭਾਵਨਾ
ਯਾਂ ਤੇ ਵਤਸਲ ਭਗਤ ਕਹਾਇ[1]। — [1]ਭਗਤ ਵਛਲ ਕਹਾਉਂਦੇ ਹੋ।
ਦੀਨ ਦਯਾਲ ਕੀ ਬਾਨ ਤੁਮਾਰੀ
ਹੈ ਨਿਸ਼ਚੈ ਮੇਰੋ ਇਸਿ ਭਾਇ' ॥੧੧॥
ਘ੍ਰਿੱਤ ਸਿਤਾ ਜੁਤਿ ਦੋਨਿ ਰੋਟਿਕਾ
ਮਹਾਂ ਛੁਧਤਿ ਜਿਮ ਕੀਨਸਿ ਖਾਨ।
ਤ੍ਰਿਪਤ ਹੋਇ ਇਮ, ਦੇ ਕਰਿ ਬਰ ਕੋ

ਸਤਿਗੁਰ ਆਗੈ ਕੀਨਿ ਪਯਾਨ।
ਸਿਖ ਸੇਵਕ ਸਭਿ ਸੂਰ ਸੰਗ ਕੇ
ਦੇਖਿ ਦੇਖਿ ਭੇ ਬਿਸਮ ਮਹਾਨ ॥੧੨॥
ਸ਼ੰਕਮਾਨ ਮਨ ਹ੍ਵੈ ਕਰਿ ਸਗਰੇ
ਮਿਲਿ ਕਰ ਜੋਰਿ ਕਰੀ ਅਰਦਾਸ।
'ਸ਼੍ਰੀ ਸਤਿਗੁਰ ਇਸ ਬਿਰਧਾ ਢਿਗ ਤੇ
ਲੇ ਅਹਾਰ ਕੀਨੇ ਮੁਖ ਗ੍ਰਾਸ।
ਜਲ ਸੋਂ ਹਾਥ ਨ ਕਰੇ ਪਖਾਰਨਿ
ਕਰੀ ਨ ਚੁਰੀ ਨੀਰ ਨਹਿਂ ਪਾਸ।
ਚਢੇ ਤੁਰੰਗ ਪਰ ਕੀਨਸਿ ਅਚਵਨ
ਇਹੁ ਕਜਾ ਕਾਰਨ ਕਰਹੁ ਪ੍ਰਕਾਸ਼ ॥੧੩॥
ਨਵਤਨ[1] ਜੁਗਤਿ ਆਪਨੇ ਕੀਨਸਿ
ਨਹਿਂ ਪੂਰਬ ਹੋਈ ਇਹ ਰੀਤਿ।
ਸੁਚਿ ਸੋਂ ਕਰਤਿ ਅਹਾਰ ਆਪ ਤੁਮ
ਅੰਤਰ ਚੌਂਕੇ ਪਰਮ ਪੁਨੀਤਿ।
ਸਭਿ ਕੋ ਮਨ ਸ਼ੰਕਤਿ, ਹੇ ਪ੍ਰਭੁ ਜੀ !
ਕਰਹਿਂ ਬਿਚਾਰਨਿ ਬਿਸਮਤਿ ਚੀਤਿ।'
ਸੁਨਿ ਸਭਿ ਤੇ ਸਤਿਗੁਰ ਮੁਸਕਾਨੇ
ਨਹੀਂ ਬਖਾਨੇ ਬਚਨ ਬਿਨੀਤਿ[1] ॥੧੪॥
ਕਛੂ ਨ ਉੱਤਰ ਕਿਸ ਕੋ ਦੀਨਸਿ
ਗਏ ਖੇਲਿਬੇ ਵਹਿਰ ਸ਼ਿਕਾਰ।
ਪਕਰਜੋ ਮਿਰਗ ਹਰਾਇ ਦੂਰ ਲਗਿ
ਦਾਸਨ ਦਯੋ ਰਜੁ ਗਰ ਡਾਰਿ।
ਪੁਨ ਹਟਿ ਕਰਿ ਨਿਜ ਗ੍ਰਿਹ ਕੋ ਆਏ
ਸੈਨ ਸਮੂਹ ਤੁਰੰਗ ਅਸਵਾਰ।
ਮੰਗਲ ਭਏ ਅਨੰਦ ਬਿਲੰਦੈ
ਬੈਠੇ ਸਤਿਗੁਰ ਸਭਾ ਮਝਾਰ ॥੧੫॥
ਭਈ ਜਾਮਨੀ ਨਿਜ ਨਿਜ ਡੇਰਨਿ
ਸਿਖ ਸੇਵਕ ਸਭਿ ਕੀਨਿ ਬਿਚਾਰ।
-ਸਮੇਂ ਸ਼ਿਕਾਰ ਚਢਨਿ ਕੇ ਸਤਿਗੁਰ
ਹੋਇ ਛੁਧਤਿ ਕੋ ਚਹਤਿ ਅਹਾਰ।

[1]ਨਵੀਂ।

[1]ਬੇਨਤੀ ਸੁਣਕੇ (ਕੋਈ) ਬਚਨ ਨਾਂ ਕਹੇ, ਭਾਵ ਚੁੱਪ ਰਹੇ।

ਸੁਚ ਸੰਜਮ ਬਿਨ ਅਚਵਨ ਕੀਨਸਿ
ਲੇ ਬਿਰਧਾ ਤੇ ਨਿਜ ਕਰ ਧਾਰਿ-।
ਇਮ ਚਿਤਵਨ ਕਰਿ ਅਗਲੇ ਦਿਨ ਮਹਿਂ
ਸਿੱਖਜਨਿ ਕਰਜੋ ਅਸਨ ਕੋ ਤਜਾਰ
॥ ੧੬ ॥
ਚਢੇ ਅਖੇਰ ਪੰਥ ਮੈਂ ਗਮਨੇ
ਤਬਿ ਸੇਵਕ ਹ੍ਵੈ ਕਰਿ ਅਗਵਾਇ।
ਕਰਿ ਧਰਿ ਅਸਨ ਬਿਨੈ ਬਹੁ ਠਾਨੀ,
'ਪ੍ਰਭੁ ਜੀ ! ਲੀਜੈ ਭੋਜਨ ਖਾਇ।
ਹੋਹਿ ਆਪ ਕੋ ਛੁਧਾ ਸਮੈਂ ਇਸ
ਯਾਂ ਤੇ ਹਮ ਆਨਜੋ ਕਰਿ ਭਾਇ[1]।
ਮਧੁਰ ਸਲਵਨ ਅਨੇਕ ਪ੍ਰਕਾਰਨਿ
ਰੁਚਿ ਸੋਂ ਅਚਹੁ ਹੋਹੁ ਤ੍ਰਿਪਤਾਇ' ॥ ੧੭ ॥
ਸੁਨਿ ਸਤਿਗੁਰ ਹਰਿਰਾਇ ਬਖਾਨਜੋ
'ਬੇ ਮਿਰਜਾਦ ਬਨਾਇ ਅਹਾਰ।
ਚਢੇ ਜਾਤਿ ਅਬਿ ਘੋਰੇ ਊਪਰ
ਕੌਨ ਸਮੋ ਤੁਮ ਕਰਜੋ ਬਿਚਾਰ।
ਸੁਚ ਤੇ ਹੋਇ ਪੁਨੀਤ ਅਸਨ ਜਬਿ
ਉਚਿਤ ਅਚਨ ਕੋ ਤਬਿ ਨਿਰਧਾਰ।
ਅਬਿ ਕੈਸੇ ਇਹ ਖਾਇ ਤ੍ਰਿਪਤਿ ਹ੍ਵੈਂ
ਮਾਰਗ ਮੈਂ ਗਮਨਤਿ ਇਸ ਬਾਰ' ॥ ੧੮ ॥
ਹਾਥ ਜੋਰਿ ਸਿਖ ਸੰਗਤਿ ਸਗਰੇ
ਸ਼ੰਕਤਿ ਪ੍ਰਥਮ ਕੀਨਿ ਅਰਦਾਸ।
'ਬਿਰਧਾ ਤੇ ਤੁਮ ਲੀਨਸਿ ਭੋਜਨ
ਤਬਿ ਤੌ ਨਹੀਂ ਹੁਤੋ ਜਲ ਪਾਸ।
ਚਢੇ ਤੁਰੰਗ ਮਹਾਂ ਰੁਚਿ ਤੇ ਅਚਿ,
ਕਰੀ ਨ ਚੁਰੀ, ਹੇਰਿ ਹਮ ਤਾਸ।
ਜਾਨੀ ਛੁਧਾ ਹੋਇ ਹੈ ਇਸ ਛਿਨ,
ਕਰਜੋ ਤਜਾਰ ਉਰ ਧਾਰਿ ਹੁਲਾਸ ॥ ੧੯ ॥
ਸੋ ਕਿਮ ਅਚਜੋ, ਰੁਚਜੋ ਚਿਤ ਉਚਿਤੈ,
ਇਹ ਕਜੋਂ ਨਹਿਂ ਅਚਵਹੁ ਹਿਤ ਧਾਰਿ?
ਇਹ ਸ਼ੰਕਾ ਹੈ ਸਭਿ ਕੇ ਮਨ ਮਹਿਂ,

[1]ਪ੍ਰੇਮ ਨਾਲ।

ਉੱਤਰ ਦੀਜਹਿ ਕਰਹੁ ਉਚਾਰਿ।
ਹਮਰੇ ਚਿਤ ਸ਼ਾਂਤੀ ਹੁਇ ਤਬਿ ਹੀ,
ਨਾਂਹਿ ਤ ਕੁਛ ਕੁਛ ਕਰਹਿਂ ਬਿਚਾਰ।
ਜਾਨਹੁ ਦਾਸ, ਪ੍ਰਕਾਸ਼ਹੁ ਆਸ਼ਯ,
ਸਭਿ ਕੇ ਹਿਰਦੇ ਹੁਇ ਨਿਰਧਾਰ' ॥੨੦॥
ਸ਼੍ਰੀ ਹਰਿਰਾਇ ਭਨਜੋ 'ਸੁਨਿ ਸਿੱਖਹੁ !
ਬਿਰਧਾ ਕਰਜੋ ਪੁਨੀਤ ਅਹਾਰ।
ਮਨ ਸੁਧ ਭਗਤਿ ਭਾਇ ਸੰਜੁਗਤੈ
ਨਿੰਮ੍ਰਿਭੂਤ[1] ਉਰ ਪ੍ਰੀਤੀ ਧਾਰਿ। [1]ਨੀਵਿਆਂ ਹੋਕੇ।
ਕਰਿ ਮਿਹਨਤਿ ਨਿਜ ਕਰ ਤੇ ਹਿਤ ਕਰਿ
ਸਗਰੇ ਦਿਵਸ ਵਿਖੈ ਸ਼ੁਭ ਕਾਰ।
ਤਿਸ ਤੇ ਅੰਨ ਮੋਲ ਕਰਿ ਆਨਜੋ
ਅਤਿ ਪਵਿੱਤ੍ਰ ਹੁਇ ਸਭਿ ਕਰਿ ਕਾਰਿ ॥੨੧॥
ਨਹਿਂ ਖੈਬੇ ਕਹੁ ਲਾਲਚ ਹਮਰੇ
ਹੇਰੌਂ ਪ੍ਰੇਮ ਜਹਾਂ ਅਧਿਕਾਇ।
ਪ੍ਰੇਮ ਭਗਤਿ ਤੇ ਸ੍ਵਾਦ ਹੋਹਿ ਮੁਝ
ਅਚੌਂ ਪਹੁੰਚਿ ਕੈ ਹੁਇ ਜਿਸ ਥਾਇਂ।
ਲਾਜ ਨ ਆਇ ਅਕਰਨ[1] ਕਰੌਂ ਤਹਿਂ, [1]ਨਾਂ ਕਰਨੇ ਯੋਗ।
ਧਰੌਂ ਪ੍ਰੀਤਿ ਕੇ ਬਸਿ ਸਤਿ ਭਾਇ[1]। [1]ਸੱਚਾ ਪਿਆਰ।
ਇਹੀ ਸਨਾਤਨ[1] ਧਰਮ ਸੁਭਾਇਕ [1]ਆਦੀ। ਮੁੱਢਾਂ ਦਾ।
ਸਗਲ ਜੁਗਨਿ ਮਹਿਂ ਕਰਤੋ ਆਇ ॥੨੨॥
ਤ੍ਰੇਤੇ ਜੁਗ ਮਹਿਂ ਤਿਸ ਕੇ[1] ਆਸ਼੍ਰਮ [1]ਭਾਵ ਭੀਲਨੀ ਦੇ।
ਪਹੁੰਚਜੋ ਬਦਰੀ ਫਲ[1] ਕੋ ਖਾਨ। [1]ਬੇਰੀ ਦੇ ਫਲ = ਬੇਰ।
ਜਾਤਿ ਭੀਲਨੀ ਪੁਨ ਤ੍ਰਿਯ ਕੋ ਤਨੁ
ਮਹਾਂ ਸ੍ਵਾਦਿ ਤੇ ਮੈਂ ਸੁਖ ਠਾਨਿ।
ਪ੍ਰੇਮੀ ਕੈ ਮਿਰਜਾਦ ਨਹੀਂ ਕੋ,
ਕਰਨ ਅਕਰਨੋ ਨਹਿਂ ਪਹਿਚਾਨਿ।
ਬੇਦ ਰੀਤਿ[1] ਅਰ ਲੋਕਿਕ ਤਜਿ ਕੈ [1]ਭਾਵ ਸ਼ਾਸਤ੍ਰਾਂ ਵਿਚ ਲਿਖੀ ਹੋਈ।
ਬਰਤਹੁਂ ਮੈਂ ਅਰੁ ਪ੍ਰੇਮੀ ਜਾਨਿ ॥੨੩॥

ਪ੍ਰੀਤਿ ਪ੍ਰਤੀਤ[1] ਮੋਹਿ ਕੋ ਪਜਾਰੀ,
ਕ੍ਰਿਆ ਪ੍ਰੇਮ ਕੀ ਨਜਾਰੀ ਸਾਰ।
ਪ੍ਰੇਮ ਸ੍ਵਾਦ ਤੇ ਪ੍ਰੀਤਮ ਤ੍ਰਿਪਤੈ
ਅਪਰ ਸ੍ਵਾਦ ਸਭਿ ਦੇਤਿ ਨਿਵਾਰ।
ਧੰਨਾ ਜਾਟ ਛਾਛ ਤਿਨ ਪਜਾਈ,
ਨਾਮਦੇਵ ਕੋ ਦੂਧ ਸੁ ਧਾਰਿ[1]।
ਦੁਰਜੋਧਨ ਆਦਿਕ ਹੰਕਾਰੀ,
ਤਜਾਗ ਸਭਿਨਿ, ਗੇ ਬਿਦਰ ਅਗਾਰ' ॥੨੪॥
ਪ੍ਰੇਮ ਕਹਾਨੀ ਗੁਰੂ ਬਖਾਨੀ,
ਸਿੱਖਨਿ[†] ਮਾਨੀ ਮਹਿਮਾ ਤਾਂਹਿ।
ਸੁਨਿ ਸਗਰੇ ਪਗ ਪੰਕਜ ਬੰਦਹਿਂ
'ਤੁਮਰੇ ਚਲਿਤ ਲਖੇ ਨਹਿਂ ਜਾਹਿਂ।
ਖੇਲ ਆਪ ਕੇ ਅਚਰਜ ਦੀਰਘ,
ਦੇਖਤਿ ਸੁਨਤਿ ਸਕਲ ਬਿਸਮਾਹਿਂ।'
'ਸ਼੍ਰੀ ਨਾਨਕ ਤਜਿ ਉੱਤਮ ਜਾਤਿਨਿ
ਜਾਇ ਬਸੇ ਲਾਲੋ ਘਰ ਮਾਂਹਿ' ॥੨੫॥
ਸੁਨਿ ਸਤਿਗੁਰ ਤੇ ਸੰਗਤਿ ਸਗਰੀ
ਪਗੇ ਪ੍ਰੇਮ ਰਸ ਗੁਰ ਕੇ ਸੋਇ।
ਪ੍ਰੇਮ ਭਗਤ ਕਰ ਜੋਰਤਿ ਜਾਚਤਿ
'ਕ੍ਰਿਪਾ ਕਰਹੁ ਸ਼ੁਭ ਮਗ ਦਿਹੁ ਜੋਇ।
ਹਲਤਿ ਪਲਤਿ ਅਵਿਲੰਬ ਆਪ ਕੇ
ਰੱਛਹੁ ਸਦਾ ਸਹਾਇਕ ਹੋਇ।
ਲਾਜ ਬਿਰਦ ਕੀ ਸਦਾ ਸੰਭਾਰਹੁ
ਸਿੱਖਜ ਨਾਮ ਭਾਖਹਿਂ ਸਭਿ ਕੋਇ' ॥੨੬॥
ਸੁਨਿ ਗੁਰ ਕ੍ਰਿਪਾ ਕਰੀ ਮਗ ਗਮਨੇ
ਗਏ ਅਖੇਰ ਮਹਾਂ ਬਨ ਮਾਂਹਿ।
ਨਿਕਸਜੋ ਮ੍ਰਿਗ ਸੁ ਕ੍ਰਿਸ਼ਨ ਪੀਠ ਜਿਸ[1]
ਸ੍ਰਿੰਗ ਬਿਸਾਲ ਬਧੇ ਸਿਰ ਜਾਂਹਿ।
ਅਪਰਨ ਕੋ ਤਜਿ ਤਿਸ ਕੇ ਪੀਛੇ
ਕਰਜੋ ਪਲਾਵਨ ਜਵ ਤੇ ਵਾਹਿ[1]।

[1]ਪ੍ਰੇਮ ਤੇ ਸਿਦਕ।

[1]ਧਾਰਨ ਕੀਤਾ, ਪੀਤਾ।

[†]ਪਾ:-ਬਿਪ੍ਰਨ। ਪੁਨਾ:-ਨ੍ਰਿਖਨ = ਦੇਖਣ ਵਾਲਿਆਂ ਨੇ।

[1]ਭਾਵ ਹੀਰਾ ਮ੍ਰਿਗ।

[1]ਤੇਜ ਚਾਲ ਨਾਲ ਘੋੜਾ।

ਕੂਦਤਿ, ਕਰਤਿ ਚੌਂਕਰੀ[1] ਚੱਕ੍ਰਿਤ,
ਸ਼੍ਰੀ ਹਰਿਰਾਇ ਰਹੇ ਹਰਖਾਹਿ ॥੨੭॥
ਤੁਰੰਗ ਧਵਾਇ ਗਏ ਪਸ਼ਚਾਤੀ
ਅਧਿਕ ਦੂਰ ਲਗਿ ਲੀਨਿ ਹਰਾਇ।
ਹੋਇ ਬਰੋਬਰ ਗਹਿ ਬਿਖਾਨਕ[1]
ਰਾਖਯੋ ਤਿਸ ਹੀ ਥਲ ਅਟਕਾਇ।
ਆਇ ਸੇਵਕਨਿ ਰੱਜੁ ਪਾਈ
ਗ੍ਰਿਹ ਕੋ ਹਟੇ ਗੁਰੂ ਹਰਿਰਾਇ।
ਅਪਰ ਸਮੇਂ ਗਹਿ ਕੇਤਿਕ ਆਨੇ
ਬਨ ਪਸੁ ਗਨ ਮਹਿਂ ਦਿਯੇ ਮਿਲਾਇ ॥੨੮॥

[1]ਚੌਕੜੀ ਭਰਦਾ ਹੈ।

[1]ਸਿੰਗਾਂ ਨੂੰ ਫੜਕੇ।

ਦੋਹਰਾ:
ਖਾਨ ਪਾਨ ਸਭਿਹੂੰਨਿ ਕੀ, ਨਿਤ ਸੁਧ ਸਤਿਗੁਰ ਲੇਤਿ।
ਕਿਤਿਕ ਕਾਲ ਦੇਖਹਿਂ ਤਿਨਹਿਂ, ਬਿਗਸਹਿਂ ਕ੍ਰਿਪਾ ਨਿਕੇਤ ॥੨੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਪ੍ਰੇਮ ਕੋ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਅਜਗਰ ਮੁਕਤ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਇਕ ਦਿਨ ਬੈਠੇ ਸਭਾ ਮਹਿਂ,
ਸ਼੍ਰੀ ਸਤਿਗੁਰ ਹਰਿਰਾਇ।
ਸੰਗਤਿ ਦਰਸ਼ਨ ਕੋ ਕਰਹਿ,
ਮਨ ਬਾਂਛਤਿ ਫਲ ਪਾਇ ॥੧॥

ਸੈਯਾ ਛੰਦ:

ਦੇਸ਼ ਬਿਦੇਸ਼ ਬਿਸ਼ੇਸ਼ ਸੰਗਤਾਂ
ਦਰਸ ਅਸ਼ੇਸ਼ ਕਰਤਿ ਹੈਂ ਆਇ।
ਜਹਿਂ ਕਹਿਂ ਸੁਜਸੁ ਬਿਸਦ ਜਗ ਪੂਰਨ
ਮਨਹੁਂ ਚਾਂਦਨੀ ਬਡਿ ਦਿਪਤਾਇ।
ਕਰਾਮਾਤ ਸਾਹਿਬ ਉਪਕਾਰੀ
ਜਥਾ ਬਚਨ ਕਹਿਂ ਤਿਮ ਹੁਇ ਜਾਇ।
ਰਿਸਿ ਪ੍ਰਸੰਨਤਾ ਸਫਲ ਤੁਰਤ ਜਿਨ
ਦੇਂ ਬਰ ਸ੍ਰਾਪ ਨਹੀਂ ਨਿਫਲਾਇ ॥੨॥
ਚੌਰ ਢੁਰਤਿ ਦੁਹੁਂਦਿਸ਼ਿ ਛਬਿ ਪਾਵਤਿ
ਚੋਆ ਅਤਰ ਗੰਧ ਮਹਿਕਾਰ।
ਇਕ ਸੌ ਇਕ[1] ਪਟ ਜਾਮਾ ਗਰ ਮਹਿਂ
ਅੰਗ ਬਿਭੂਖਨ ਭੂਖਤਿ ਚਾਰੁ।
ਕਰਹਿਂ ਸਿੱਖ ਅਰਦਾਸ ਅਗੇਰੇ
ਕ੍ਰਿਪਾ ਭਰੇ ਦ੍ਰਿਗ ਲੇਤਿ ਨਿਹਾਰ।
ਆਯੁਧ ਗਹੇ ਸਥਿਤ ਗਨ ਯੋਧਾ
ਚਹੁਂ ਕੋਦਿ ਗੁਰ ਕੇ ਪਰਵਾਰ ॥੩॥
ਇਕ ਸਿਖ ਹਾਥ ਜੋਰਿ ਕਰਿ ਬੋਲਯੋ
'ਸ਼੍ਰੀ ਸਤਿਗੁਰ ਤੁਮ ਨਾਥਿ ਅਨਾਥ।
ਕਿਵ ਸੇਵਾ ਰਾਵਰ ਕੀ ਕਰਿ ਹੈ
ਜੇ ਨਿਰਧਨ ਸਿਖ ਪਾਇ ਨ ਆਥਿ[1]?
ਹੋਇ ਦਾਰਿਦੀ ਕਰੇ ਜਤਨ ਭੀ
ਤਊ ਨ ਪ੍ਰਾਪਤਿ ਕਿਤ ਧਨ ਹਾਥਿ।
ਸੋ ਕਜਾ ਕਰੈ ਪ੍ਰਸੰਨ ਕਰਨਿ ਕੋ
ਜਿਸ ਤੇ ਹੋਵੈ ਜਨਮ ਸਕਾਥ?' ॥੪॥
ਸ਼੍ਰੀ ਹਰਿਰਾਇ ਸਭਾ ਮਹਿਂ ਬੋਲੇ

[1]੧੦੧ ਕਲੀਆਂ ਦਾ।

[1]ਮਾਇਆ।

ਮੋ ਸੋ ਪ੍ਰੇਮ ਕਰਤਿ ਸਿਖ ਦਾਸ।
ਸੋ ਮੁਝ ਕੋ ਪ੍ਰਿਯ ਨਿਸ ਦਿਨ ਸਿਮਰੈ
ਜਿਨ ਕੇ ਉਰ ਮੈਂ ਸ਼ਬਦ ਪ੍ਰਕਾਸ਼।
ਅੰਨ ਦਰਬ ਧਰਿ ਸ਼ਰਧਾ ਅਰਪਹਿ
ਤਿਨ ਕੇ ਦਾਰਿਦ ਹੋਤਿ ਬਿਨਾਸ਼।
ਇਸ ਪਰ ਇਕ ਇਤਿਹਾਸ ਸੁਨੀਜਹਿ
ਭਯੋ ਜਥਾ ਉਰ ਧਾਰਹੁ ਤਾਸ ॥੫॥
-ਇਕ ਪੁਰਿ ਮਹਿਂ ਸਿਖ ਬਸਹਿ ਸੁ
ਨਿਰਧਨ
ਅੰਨ ਦਰਬ ਘਰ ਮਹਿਂ ਕੁਛ ਨਾਂਹਿ।
ਨੀਠ ਨੀਠ ਕਰਿ ਉਦਰ ਪੂਰਨਾ,
ਦਾਰਿਦ ਕੋ ਦੁਖ ਸਦਾ ਸਹਾਹਿ।
ਚਿਰਾ ਚਿਰੀ ਜੋਗ ਤਿਸ ਗ੍ਰਿਹ ਰਹਿ
ਪ੍ਰਥਮ ਜਨਮ ਸਿਖ ਸਿਖਨੀ ਆਹਿ।
ਸਹਿਤ ਗਯਾਨ ਕੇ ਗੁਰੁ ਮਹਾਤਮ[1]
ਕਿਸੂ ਕਰਮ ਤੇ ਖਗ ਤਨ ਵਾਹਿ[1] ॥੬॥
ਨਿਰਧਨ ਅਪਦਾ ਤਿਸ ਕੇ ਦੇਖਤਿ
ਅਤਿ ਚਿੰਤਾ ਚਿਤ ਮਹਿਂ ਬਿਲਖਾਇਂ[1]।
ਰਿਦੇ ਬਿਚਾਰਤਿ ਬਿਪਤਾ ਹਰਿਬੇ
ਚਿਰਾ ਚਿਰੀ ਤਬਿ ਕੀਨਿ ਸਹਾਇ।
ਤਿਸ ਗ੍ਰਿਹ ਤੇ ਲੈ ਅੰਨ ਚੁੰਚ ਭਰ
ਗੁਰ ਅਹਾਰ ਮੈਂ ਆਨਿ ਮਿਲਾਇਂ।
ਕਿਤਿਕ ਦਿਵਸ ਮਹਿਂ ਭਈ ਸੰਪਦਾ
ਧਨ ਅਰੁ ਅੰਨ ਭਯੋ ਸਮੁਦਾਇ ॥੭॥
ਕਰਿ ਮਿਹਨਤ ਕੋ ਆਨਿ ਮਜੂਰੀ
ਤਿਸ ਤੇ ਅੰਨ ਲਜਾਇ ਗ੍ਰਿਹ ਮਾਂਹਿ।
ਸੁਸ਼ਕ ਕਰਨ ਕੋ ਪਾਇ ਅਜਰ[1] ਮਹਿਂ,
ਕੂਟਹਿ ਪੀਸਹਿ, ਪੁਨ ਸੋ ਖਾਹਿ।
ਤਹਿਂ ਤੇ ਚੁੰਚ ਬਿਖੈ ਕੁਛ ਲੇ ਕਰਿ
ਮਮ ਸੰਗਤਿ ਕੇ ਲੰਗਰ ਪਾਹਿ।
ਸਿੱਖਜਨਿ ਜੁਤਿ ਮੈਂ ਭੋਜਨ ਕਰਿਹੌਂ
ਯਾਂ ਤੇ ਭਯੋ ਪੁੰਨ ਅਧਿਕਾਹਿ ॥੮॥

[1]ਗੁਰੂ ਜੀ ਦੇ ਪ੍ਰਤਾਪ ਨਾਲ ਗਿਆਨ ਸਮੇਤ ਸੇ।
[1]ਕਿਸੇ ਕਰਮ ਕਰਕੇ ਉਨ੍ਹਾਂ ਪੰਛੀ ਤਨ (ਪਾਇਆ) ਸੀ।
[1]ਦੁਖੀ ਹੁੰਦੇ ਸਨ।
[1]ਵੇਹੜੇ।

ਇਹ ਉਪਕਾਰ ਭਯੋ ਦਿਨ ਕੇਤਿਕ
ਭੀ ਸੰਪਦਾ ਤਿਸ ਗ੍ਰਿਹ ਆਇ।
ਬਹੁ ਧਨ ਅੰਨ ਭਏ ਤੇ ਤਿਸ ਨੇ
ਛਪਰੀ ਤੋਰਿ ਆਪਨੀ ਥਾਇਂ।
ਸੁੰਦਰ ਘਰ ਚਿਨਾਇ ਕਰਿ ਕੀਨਸਿ
ਬਸਹਿ ਤਹਾਂ ਆਨੰਦ ਉਪਜਾਇ।
ਚਿਰੀ ਚਿਰਾ ਤਬਿ ਅਪਰ ਥਾਨ ਮਹਿਂ
ਕੀਨਿ ਆਲੁਨਾ ਬ੍ਰਿੱਛ ਬਸਾਇ ॥ ੯ ॥
ਤਬਿ ਹੀ ਤੇ ਸੰਪਦ ਤਿਸ ਗ੍ਰਿਹ ਕੀ
ਸਨੈ ਸਨੈ ਹੋਈ ਬਿਨਸਾਇ।
ਲੰਗਰ ਅੰਸ਼ ਪਰਨ ਤੇ ਹਟਿ ਗੀ
ਤਿਸ ਕੋ ਫਲ ਕੈਸੇ ਪੁਨ ਪਾਇਂ।
ਭਯੋ ਅਧੀਨ ਦਾਰਿਦੀ ਹ੍ਵੈ ਕਰਿ
ਆਇ ਪਰ੍ਯੋ ਹਮਰੀ ਸ਼ਰਨਾਇ।
-ਹੇ ਪ੍ਰਭੁ ! ਤੁਮ ਬਿਨ ਕੋਇ ਨ ਰੱਖਜਕ
ਕਰਹੁ ਕ੍ਰਿਪਾ ਅਬਿ ਬਨਹੁ ਸਹਾਇ
॥ ੧੦ ॥
ਸਿੱਖ ਤੁਮਾਰੇ ਨਾਮ ਜਗਤ ਕਹਿਂ
ਇਸ ਕੀ ਲਾਜ ਆਪ ਕੋ ਹੋਇ।
ਦਾਰਿਦ ਤੇ ਸੰਪਤਿ ਬਡ ਬਿਰਧੀ
ਅਬਹਿ ਬਿਨਾਸ਼ਵਾਨ ਬਨਿ ਸੋਇ[1]।
ਅਪਦਾ ਆਨਿ ਪਰੀ ਨਿਰਵਾਰਹੁ
ਅਸ ਸਮਰਥ ਜੁਤਿ ਅਪਰ ਨ ਕੋਇ।
ਜਥਾ ਚਹਹੁ ਤੁਮ ਤਥਾ ਰਚਹੁ ਪ੍ਰਭੁ !
ਰਾਖਹੁ ਕਿਸੇ, ਕਿਸੇ ਦਿਹੁ ਖੋਇ-
॥ ੧੧ ॥
ਬਿਨਤੀ ਸੁਨਿ ਹਮ ਨੇ ਸਮੁਝਾਯਹੁ
ਹੋਨਿ ਸੰਪਦਾ ਕਾਰਨ ਜੋਇ।
-ਗੁਰ ਕੀ ਦੇਗ ਅੰਸ ਤਵ ਘਰ ਤੇ
ਲਜਾਵਤਿ ਚਿਰਾ ਚਿਰੀ ਜੇ ਦੋਇ।
ਸਤਿਸੰਗਿਤ ਅਚਵਨ ਤੇ ਜਾਨਹੁ
ਤੋਹਿ ਸੰਪਦਾ ਪ੍ਰਾਪਤਿ ਸੋਇ।

[1]ਭਾਵ ਹੁਣ ਉਹ ਨਾਸ਼ ਹੋ ਗਈ ਹੈ।

ਛਪਰੀ ਤੋਰਿ ਗਏ ਸੇ ਅਨਤੈ[1]
[1]ਛੱਪਰੀ ਤੋੜਨ ਨਾਲ ਹੋਰ ਥਾਂ ਉਹ ਚਲੇ ਗਏ।

ਨਹਿਂ ਅਬਿ ਕੁਨਕਾ[1] ਆਵਨ ਹੋਇ ॥੧੨॥
[1](ਅੰਨ ਦਾ) ਕਿਣਕਾ।

ਜਿਸ ਕੇ ਚਾਹ ਸੰਪਦਾ ਹੋਵਹਿ[1]
[1]ਜਿਸ ਨੂੰ ਚਾਹ ਹੋਵੇ (ਕਿ ਮੇਰੇ ਘਰ) ਦੌਲਤ (ਬਹੁਤੀ) ਹੋਵੇ ਉਹ.....।

ਸਤਿ ਸੰਗਤਿ ਭੋਜਨ ਅਚਵਾਇ।
ਜਥਾ ਸ਼ਕਤਿ ਥੋਰੇ ਮਹਿਂ ਥੋਰੋ,
ਦੇ ਕਰਿ ਸੇਵਹਿ ਪ੍ਰੇਮ ਉਪਾਇ।
ਤਿਸ ਕੇ ਜਾਇਂ ਸਹਾਇ ਕਰੋਂ ਮੈਂ
ਦਾਰਿਦ ਦੁਖਦਾ[1] ਸਭਿ ਬਿਨਸਾਇ।
[1]ਦੁਖਦਾਈ ਦਰਿੱਦ੍ਰ।

ਸੋ ਤੂੰ ਕਰਿ ਅਬਿ, ਅੰਨ ਔਰ ਧਨ
ਹੋਇ ਅਧਿਕ, ਸੁਖ ਕੋ ਲਿਹੁ ਪਾਇ- ॥੧੩॥
ਯਾਂ ਤੇ ਕਿਰਤ ਧਰਮ ਕੀ ਕਰਿ ਕੈ
ਨਿਜ ਅਹਾਰ ਤੇ ਅੰਸ ਚੁਥਾਇ।
ਜੋ ਹੁਇ ਰੰਕ ਸੁ ਅਰਪੈ ਗੁਰ ਹਿਤ,
ਦਿਨ ਪ੍ਰਤਿ ਸੰਪਦ ਗ੍ਰਿਹ ਬਿਰਧਾਇ।
ਹੈ ਸਰੂਪ ਮੇਰੋ ਸਤਿ ਸੰਗਤਿ
ਸੋ ਅਚਵਹਿ ਮੁਝ ਕੋ ਪਹੁੰਚਾਇ[†]।

[†]ਇਥੋਂ ਜਾਪਦਾ ਹੈ ਕਿ ਇਕ ਆਤਮ ਨਿਯਮ ਇਕ ਦ੍ਰਿਸ਼ਟਾਂਤ (Parable) ਵਿਚ ਨਿਰੂਪਣ ਹੋ ਰਿਹਾ ਹੈ ਕਿ ਸਤਿਸੰਗ ਮੇਰਾ ਰੂਪ ਹੈ, ਸਤਿਸੰਗ ਤੋਂ ਮੁਰਾਦ ਨਾਮ ਦੇ ਪ੍ਰੇਮੀ ਗੁਰ ਸਿੱਖ ਯਾ ਗੁਰ ਸਿੱਖਾਂ ਦਾ ਸਮੂਹ ਹੈ। ਉਨ੍ਹਾਂ ਨੂੰ ਪ੍ਰੇਮ ਨਾਲ ਖੁਲਾਉਣ ਨਾਲ ਬਰਕਤ ਪੈਂਦੀ ਹੈ। ਬਹੁਤੇ ਥੋੜੇ ਦਾ ਖਿਆਲ ਨਹੀਂ। ਪ੍ਰੇਮ ਨਾਲ ਦੇਵੇ ਤੇ ਯਥਾ ਸ਼ਕਤਿ ਦੇਵੇ, ਤੇ ਦੇਵੇ ਨਾਮ ਰਸੀਆਂ ਤੇ ਬਾਣੀ ਪ੍ਰੇਮੀਆਂ ਗੁਰਸਿੱਖਾਂ ਨੂੰ।

ਹਲਤਿ ਪਲਤਿ ਸੁਧਰਹਿ ਤਿਸ ਸਿਖ ਕੇ
ਕਰਿ ਭੋਜਨ ਕੋ ਸਿਖ ਅਚਵਾਇ' ॥੧੪॥
ਸਭਾ ਬਿਖੈ ਗੁਰ ਸਭਿਨਿ ਸੁਨਾਈ
'ਕਰਹੁ ਸਦਾ ਇਸ ਬਿਧਿ ਕੀ ਕਾਰ।
ਜੋ ਮੁਝ ਅਰਪਹਿ ਸ਼ਰਧਾ ਉਰ ਧਰਿ,
ਹੋਇ ਸਹੰਸ ਗੁਨਾ ਬਿਸਥਾਰ।
ਥੋਰੋ ਬਹੁਤ ਬਿਚਾਰ ਨ ਕਾਈ
ਜਥਾ ਸ਼ਕਤਿ ਅਰੁ ਪ੍ਰੇਮ ਮਝਾਰ*।
ਇਸ ਮਹਿਂ ਭਲੋ ਆਪਨੋ ਜਾਨੈ
ਤਿਹ ਪ੍ਰਾਪਤਿ ਜਿਹ ਭਾਗ ਉਦਾਰ'

॥੧੫॥
ਸੁਨਿ ਕੈ ਸਭਾ ਧਰੀ ਉਰ ਸ਼ਰਧਾ
'ਧੰਨ ਧੰਨ ਸਤਿਗੁਰ ਹਰਿਰਾਇ।'
ਜੇ ਕਰਿ ਅਰਪਹਿ ਅਲਪ ਭਾਉ ਜੁਤਿ
ਤਿਸ ਕੋ ਦੇਤਿ ਸਮ੍ਰਿੱਧ[1] ਬਨਾਇ।

[1]ਬਹੁਤ ਧਨਵਾਨ, ਐਸ਼੍ਵਰਜ ਵਾਲਾ, ਸਾਮਾਨਾਂ ਦੌਲਤਾਂ ਵਾਲਾ, ਰਾਜੀ ਤੇ ਰੱਜਕੇ ਖਾਣ ਵਾਲਾ।

ਜਥਾ ਸ਼ਕਤਿ ਤਬਿ ਗੁਰ ਕੇ ਲੰਗਰ
ਲਯਾਵਤਿ ਹੈਂ ਬਹੁ ਚਿਤ ਕਰਿ ਚਾਇ।
ਥੋਰੇ ਦੇਨਿ, ਲੇਨਿ ਅਤਿ ਬਹੁਤੋ
ਅਸ ਬਿਵਹਾਰ ਤਜਯੋ ਕਿਮ ਜਾਇ[†]
॥੧੬॥

[†]ਦੋ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਹੇਠ ਲਿਖੀ ਟੂਕ ਇਸ ਛੰਦ ਵਿਚ ਵਾਧੂ ਹੈ:-ਹਲਤਿ ਪਲਤਿ ਗੁਤ ਸਦਾ ਸਹਾਇਕ ਅਪਦਾ ਸੰਕਟ ਸਕਲ ਨਸਾਇ ॥

ਬਹੁ ਪ੍ਰਸੰਨਤਾ ਸੰਗਤਿ ਮਾਂਹੀ
ਅਪਨੇ ਭਾਗ ਬਡੇ ਸਭਿ ਜਾਨਿ।
ਲੋਚਨ ਗੋਚਰ ਤੀਨ ਲੋਕ ਪਤਿ
ਪੁਨ ਸਿੱਛਯਾ ਸ਼ੁਭ ਕਰਹਿਂ ਬਖਾਨ।
ਸੇਵਕ ਲਖਹਿਂ ਕ੍ਰਿਪਾਨਿਧਿ ਹਮ ਕੋ,
ਹੁਇ ਪ੍ਰਸੰਨ ਉਪਦੇਸ਼ਤਿ ਦਾਨ।
ਦਰਸਹਿਂ ਚਰਨ ਸਪਰਸਹਿਂ ਹਰਖਹਿਂ
ਪਰਖਹਿਂ ਅਪਨੀ ਲਬਧਿ ਮਹਾਨ[1]
॥੧੭॥

[1]ਸ੍ਰੇਸ਼ਟ ਪਰਾਲਬਧ।

ਪੁਨ ਅਗਲੇ ਦਿਨ ਸਤਿਗੁਰ ਪੂਰਨ
ਬਸਤ੍ਰ ਸ਼ਸਤ੍ਰ ਨਿਜ ਦੇਹਿ ਸਜਾਇ।
ਅੰਗ ਬਿਭੂਖਨ ਭੂਖਤਿ ਸੁੰਦਰ
ਕਮਲ ਪੱਤ੍ਰ ਲੋਚਨ ਬਿਕਸਾਇ।
ਭੁਜ ਪਲੰਬ ਕਰ ਧਰਯੋ ਸਰਾਸਨ[1]
ਬਹੁਰ ਕੰਧ ਧਰਿ ਲੀਨਿ ਟਿਕਾਇ।
ਮੁਕਤਾ ਹੀਰਨਿ ਜਰਯੋ ਜਰਾਉ
ਤੀਖਨ ਤੀਰ ਨਿਖੰਗ ਸਹਾਇ ॥੧੮॥

[1]ਧਨੁਖ।

ਕਟਿ ਸ਼ਮਸ਼ੇਰ ਮੁਸ਼ਟ ਜਿਸ ਹਾਟਕ[1],
ਰੇਸ਼ਮ ਜ਼ਰੀ ਗਾਤਰਾ ਪਾਇ।
ਆਇਸੁ ਕਰਿ ਕੈ ਅਸ੍ਵ ਮੰਗਾਇਵ
ਧਰਤਿ ਚਪਲਤਾ ਜੁਤਿ ਛਿਤਿ ਪਾਇ।

[1]ਸੋਨੇ ਦੀ।

ਹੀਰੇ ਜਰੇ ਅੱਗ੍ਰ ਮਹਿਂ ਜਿਸ ਕੇ
ਸੁੰਦਰ ਜ਼ੀਨ ਜ਼ਰੀ ਦਿਪਤਾਇ।
ਭਏ ਅਰੂਢ ਗੂਢ ਗਨ ਜਿਨ ਕੇ
ਗਹੀ ਬਾਗ ਗਮਨੇ ਅਗੁਵਾਇ ॥੧੯॥
ਕਹਿ ਮੁਖ ਸ਼ਬਦ ਤੇਜ ਅਸੁ ਕੀਨਸਿ,
ਪਦ ਲਘੁਤਾ ਤੇ ਕੁਦਿਤਿ[1] ਬਿਸਾਲ।

[1]ਨਿਕੇ ਨਿਕੇ ਕਦਮ ਪੁੱਟ ਪੁੱਟ ਕੇ ਕੁੱਦਦਾ ਜਾਂਦਾ ਹੈ। (ਅ) ਫੁਰਤੀ ਨਾਲ ਕੁੱਦਦਾ ਹੈ।

ਜਨੁ ਘਨ ਸੁਨਿ ਸੁਨਿ ਮਨ ਗਨਿ ਮੁਦ ਕਰਿ
ਗ੍ਰੀਵ ਮੋਰਿ ਕਰਿ ਮੋਰ ਉਤਾਲ[1]।

ਪੁਨ ਮੈਂ ਅਪਰ ਥਾਨ ਚਲਿ ਜੈ ਹੌਂ।
ਬੁਤ ਤੀਰਥ ਸਗਰੇ ਮਿਟਵੈ ਹੌਂ।
ਸਭ ਜਗ ਕਰੌਂ ਏਕ ਤੁਰਕਾਨਾ।

ਧਰਮ ਹਿੰਦਾਨਿ ਕਰੌਂ ਸਭਿ ਹਾਨਾ'
॥੩੭॥
ਇਮ ਕਹਿ ਨੌਰੰਗ ਸਭਿ ਸੋਂ ਬਾਨਿ[1]†। [1]ਬਾਣੀ। †ਪਾ:-ਥਾਨ।
ਕਰੀ ਤਗੀਦ ਸ਼ੀਘ੍ਰਤਾਵਾਨ[1]। [1]ਕਾਹਲੀ ਵਾਲੀ।
'ਅਪਨੇ ਅਪਨੇ ਲਾਇ ਮਜੂਰ।
ਨਿਜ ਨਿਜ ਦਿਸ਼ਿ ਤੇ ਕੀਜਹਿ ਪੂਰ'
॥੩੮॥
ਇਮ ਸੁਨਿ ਕੈ ਨਰ ਸਭਿਨਿ ਬੁਲਾਏ।
ਦੇ ਦੇ ਦਰਬ ਕਾਰ ਤਿਸ ਲਾਏ।
ਪਰਹਿੰ[1] ਟੋਕਰੀ, ਪੂਰਨ ਕਰਹਿੰ। [1]ਤਲਾ ਵਿਚ) ਪੈਂਦੀਆਂ ਹਨ।
ਇਤ ਉਤ ਕਰਤਿ ਸ਼ੀਘ੍ਰਤਾ ਫਿਰਹਿ
॥੩੯॥
ਹੁਕਮ ਸ਼ਾਹ ਕੋ 'ਕਰਨਿ ਸ਼ਿਤਾਬੀ।
ਕਰਹੁ ਤਾਲ ਸਕਲੋ ਬਿਨ ਆਬੀ[1]।' [1]ਪਾਣੀ ਬਿਨਾ।
ਨਿਜ ਨਿਜ ਦਿਸ਼ਿ ਸੂਬ ਹੁਇ ਖਰੇ।
ਕਾਰ ਕਰਾਵਹਿ ਤੂਰਨ ਕਰੇ ॥੪੦॥
ਅਪਨਿ ਅਧਿਖਤਾ ਕੋ ਦਿਖਰਾਇ।
ਚਹੈਂ ਪ੍ਰਸੰਨਤਾ ਸ਼ਾਹੁ ਉਪਾਇ।
ਲਗੇ ਮਜੂਰ ਹਜ਼ਾਰਹੁ ਕਾਰ।
ਕਰਤਿ ਸ਼ੀਘ੍ਰਤਾ ਮ੍ਰਿਤਕਾ ਡਾਰਿ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਤੁਰਕ ਪੁਸ਼ਕਰ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅਸੂੰ ॥੨੮॥

## ੨੯. [ਪੁਸ਼ਕਰ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਪੁਸ਼ਕਰ ਕੇ ਪੂਰਨ ਬਿਖੈ ਸਭਿ ਮਿਲਿ
ਕੀਨਿ ਉਪਾਇ।
ਲਗੇ ਮਜੁਰ ਸਹੰਸ੍ਰ ਹੀ ਪੂਰਹਿਂ ਰੌਰ ਮਚਾਇ
॥੧॥

ਚੌਪਈ:

ਇਕ ਪਾਟੈਂ, ਇਕ ਮ੍ਰਿਤਕਾ ਆਨੈ।
ਇਕ ਉਠਾਇ, ਇਕ ਸ਼ੀਘ੍ਰ ਪਯਾਨੈਂ।
ਇਕ ਲੇ ਛਟੀ ਕਹਨਿ ਪਰ ਖਰੇ।
ਇਕ ਧਨ ਦੇਹਿਂ ਕਹੈਂ ਲਿਹੁ ਭਰੇ ॥੨॥
ਤੀਰਥ ਤੀਰ ਖਰੇ ਇਕ ਹੇਰੈਂ।
ਸ਼ਾਹੁ ਸੁਨਾਇ ਸ਼ੀਘ੍ਰ ਇਕ ਪ੍ਰੇਰੈਂ।
ਜਲ ਮਹਿਂ ਪਰੈ ਮ੍ਰਿੱਤਕਾ ਗਰੈ[1]।
[1]ਗਲ ਜਾਂਦੀ ਹੈ।
ਉਛਲਹਿ ਅਧਿਕ, ਫਨ[1] ਬਹੁ ਕਰੇ ॥੩॥
[1]ਝੱਗ।
ਚਹੁੰ ਓਰ ਪੁਸ਼ਕਰ ਕੇ ਭੀਰ।
ਲਾਖਹੁੰ ਲੋਕ ਬਿਲੋਕਤਿ ਤੀਰ।
ਤ੍ਰਿਣ ਕਾਸ਼ਟ ਕੋ ਲਜਾਵਤ ਧਾਏ।
ਪਾਇ ਪਾਇ ਪੂਰਤਿ ਸਮੁਦਾਏ ॥੪॥
ਧਰੇ ਮ੍ਰਿੱਤਕਾ ਲੈ ਹੁਇ ਜਾਇ
ਤ੍ਰਿਣ ਕਾਸ਼ਟ ਕੋ ਆਨਹਿਂ ਪਾਇ[1]।
[1]ਲਿਆ ਪਾਉਂਦੇ ਹਨ।
ਮਹਾਂ ਕੁਲਾਹਲ ਭਯੋ ਨਰਨਿ ਮਹਿਂ।
ਜਿਤ ਕਿਤ ਪੂਰਹਿਂ, ਪੂਰ ਨ ਹ੍ਵੈ ਰਹਿ[1]
॥੫॥
[1]ਭਰਦੇ ਹਨ (ਤਲਾ) ਪਰ ਭਰਦਾ ਨਹੀਂ।
ਲਾਖਹੁੰ ਦਰਬ ਖਰਚ ਕਰਿਵਾਇਵ।
ਦੇਤਿ ਮਜੂਰੀ ਸਭਿਨਿ ਬੁਲਾਇਵ।
ਸੁਨਿ ਸੁਨਿ ਗ੍ਰਾਮ ਨਗਰ ਮਹਿਂ ਸਾਰੇ।
ਧਾਇ ਧਾਇ ਪਹੁਚਹਿਂ ਬਲਵਾਰੇ ॥੬॥
ਅਧਿਕ ਮਜੂਰੀ ਪਾਵਨਿ ਕਰਿਹੀਂ।
ਸ਼ਾਹਿ ਕੋਸ਼ ਤੇ ਦਰਬ ਨਿਕਰਿਹੀਂ।
ਦਿਨ ਪ੍ਰਤਿ ਸੰਧਯਾ ਕਉ ਸਭਿ ਲੇਤਿ।

ਬਹੁ ਨਰ ਬੈਠਹਿਂ ਗਿਨ ਗਿਨ ਦੇਤਿ ॥੭॥
ਕੇਤਿਕ ਦਿਵਸ ਬਿਤੀਤ ਗਏ ਹੈਂ।
ਰਿਦੈ ਕੌਤੂਹਲ ਸਭਿਨਿ ਭਏ ਹੈਂ।
ਅਨਿਕ ਉਪਾਵ ਕਰਤਿ ਹੀ ਹਾਰੇ।
ਤ੍ਰਿਣ ਮ੍ਰਿਤਕਾ ਕਾਸ਼ਟ ਗਨ ਡਾਰੇ ॥੮॥
ਕਹਾਂ ਪਰਹਿਂ ਖਪ ਜਾਹਿਂ ਕਿਥਾਈਂ।
ਕਿਧੋ ਉਠਾਵਹਿ[1] ਕੋ ਲੇ ਜਾਈ। [1]ਉਠਾਕੇ।
ਇਸ ਪ੍ਰਕਾਰ ਕਰਿ ਹੈਂ ਅਨੁਮਾਨੇ।
ਖਰਚ ਸੰਬੂਹ ਦਰਬ ਕੋ ਜਾਨੇਂ ॥੯॥
ਤਊ ਕਰਤਿ ਹਠ ਮੂਢ ਕੁਪੱਤੇ।
ਕਰਹਿਂ ਜਤਨ ਪ੍ਰੇਰੇ ਚਵਗੇਤੇ[1]। [1]ਨੁਰੰਗੇ ਦੇ ਪ੍ਰੇਰੇ ਹੋਏ।
ਲਾਖਹੁਂ ਨਰ ਅਕੁਲਾਇ ਰਹੇ ਹੈਂ।
'ਭਰਹੁ ਭਰਹੁ' ਮੁਖ ਬਾਕ ਕਹੇ ਹੈਂ ॥੧੦॥
ਫਿਰਹਿਂ ਜਤਨ ਕਰਤੇ ਚਹੁਂ ਓਰ।
ਆਵਹਿ ਜਾਹਿਂ ਉਠਾਵਹਿਂ ਸ਼ੋਰ।
ਕਿਤਿਕ ਦਿਵਸ ਗੁਜ਼ਰੇ ਇਮ ਜਬੈ।
ਇਕ ਦੁਇ ਥਲ ਊਚੇ ਦਿਖਿ ਤਬੈ ॥੧੧॥
ਹਰਖ ਭਰਯੋ ਨੌਰੰਗ ਉਰ ਮਾਂਹਿ।
ਕਹਯੋ ਅਪਨਿ ਲੋਕਨਿ ਕੇ ਪਾਹਿ।
'ਸ਼ਮਿਯਾਨੇ ਤੰਬੂ ਮਮ ਡੇਰਾ।
ਦਿਹੁ ਲਗਾਇ ਨਹਿਂ ਕੀਜਹਿ ਦੇਰਾ ॥੧੨॥
ਕਰੌਂ ਸੈਨ ਕੋ ਰੈਨ ਮਝਾਰ।
ਪੁਰਵੌਂ ਪੈਜ ਅਪਨਿ ਇਸ ਬਾਰ[1]। [1]ਆਪਣਾ ਪ੍ਰਣ ਇਸ ਵਾਰੀ ਪੂਰਾ ਕਰ ਲਵਾਂ।
ਬਹੁਰ ਕੂਚ ਕਰਿ ਹੈਂ ਹਮ ਕਾਲੀ।
ਪੁਰਵਾਵਹੁ ਇਹੁ ਤਾਲ ਉਤਾਲੀ' ॥੧੩॥
ਸੁਨਿ ਫਰਾਸ਼[1] ਨੇ ਲਾਯਹੁ ਡੇਰਾ। [1]ਫਰਸ਼ ਕਰਨ ਵਾਲੇ ਨੇ।
ਜਰੀਦੋਜ਼[1] ਸੁਠ ਮਖਮਲ ਕੇਰਾ। [1]ਜ਼ਰੀਦਾਰ।
ਸੁੰਦਰ ਲਗੀ ਕਨਾਤ ਬਨਾਤੀ।
ਤਾਨਿ ਬਿਤਾਨ[1] ਰੰਗ ਬਹੁ ਭਾਂਤੀ ॥੧੪॥ [1]ਚੰਦੋਆ।
ਰੇਸ਼ਮ ਕੀ ਦੀਰਘ ਗਨ ਡੋਰੈਂ।
ਗੁੰਫੇ ਜ਼ਰੀਦਾਰ ਚਹੁਂ ਓਰੈਂ।

ਊਪਰ ਕੰਚਨ ਕਲਸ ਬਨਾਏ।
ਚਮਤਕਾਰ ਚਹੁੰਦਿਸ਼ਿ ਛਬਿ ਛਾਏ ॥੧੫॥
ਚਾਰ ਘਟੀ ਜਬਿ ਦਿਵਸਿ ਲਹ੍ਯੋ ਹੈ।
ਨੌਰੰਗ ਬਾਦੀ ਜਾਇ ਰਹ੍ਯੋ ਹੈ।
ਅਪਰ ਸਮਾਜ ਸਮੀਪੀ ਕੇਰੇ।
ਲੇ ਕਰਿ ਸਕਲ ਧਰੇ ਵਿਚ ਡੇਰੇ ॥੧੬॥
ਫਰਸ਼ ਅਨੇਕ ਰੀਤਿ ਕੇ ਕਰੇ।
ਕੰਚਨ ਰਜਤ ਸੁ ਬਾਸਨ ਧਰੇ।
ਭਈ ਸੰਝ ਖਾਨੇ ਕਹੁ ਖਾਇ।
ਪਰ੍ਯੋ ਮੰਦਮਤਿ ਚੌਂਪ ਬਢਾਇ ॥੧੭॥
ਸੁਖ ਸੋਂ ਸੁਪਤ੍ਯੋ ਨਿਸ ਕੋ ਪਾਇ।
ਗਾਢੋ ਅੰਧਕਾਰ ਜਗ ਛਾਇ।
ਨਿਜ ਨਿਜ ਸਿਵਰ ਪਰੇ ਸਭਿ ਕੋਈ।
ਹਿੰਦੂ ਮਿਲੇ ਭਜਹਿਂ ਪ੍ਰਭੁ ਸੋਈ ॥੧੮॥
ਅਰਧ ਜਾਮਨੀ ਜਬਹਿ ਬਿਤਾਈ।
ਉਮਡ੍ਯੋ ਜਲ ਪਸਰ੍ਯੋ ਸਭਿ ਥਾਈਂ।
ਏਕ ਬਾਰ ਹੀ ਬਾਰ[1] ਉਛਾਲਾ[†]।
ਲੇਨਿ ਨ ਦੀਨਸਿ ਕਿਸਹਿ ਸੰਭਾਲਾ ॥੧੯॥

[1]ਪਾਣੀ। [†]ਪਾ:-ਜਲ ਚਢ੍ਯੋ ਉਛਾਲਾ।

ਪੂਰਬ ਨੌਰੰਗ ਸੁਪਤ੍ਯੋ ਜਹਾਂ।
ਪਸਰ ਗਯੋ[1] ਇਕਬਾਰਹਿ ਤਹਾਂ।
ਗਿਲਮ ਗਲੀਚੇ ਫਰਸ਼ ਬਿਸਾਲਾ।
ਸਭਿ ਪਰ ਜਲ ਪ੍ਰਵਾਹ ਤੇ ਚਾਲਾ ॥੨੦॥

[1](ਜਲ) ਪਸਰ ਗਿਆ।

ਜਾਗਤਿ ਨਰ ਨੇ ਨੀਰ ਨਿਹਾਰਾ।
ਸ਼ਾਹ ਸੰਗ ਧੁਨਿ ਊਚ ਪੁਕਾਰਾ।
'ਜਲ ਬਹੁ ਚਢ੍ਯੋ ਜਾਇ ਚਲਿ ਆਵਤਿ।
ਕਰਹੁ ਸੰਭਾਲ ਉਠਹੁ ਉਤਲਾਵਤ' ॥੨੧॥
ਸੁਨਤੇ ਤੁਰਤ ਮਤੰਗ ਅਰੂਢਾ।
ਭਾਗ ਚਲ੍ਯੋ ਬਿਹਬਲ ਮਤਿ ਮੂਢਾ।
ਸਰਬ ਸਮਾਜ ਬੂਡ ਕਰਿ ਗਯੋ।

ਨਹੀਂ ਸੰਭਾਰਨਿ ਕਿਨ ਹੂੰ ਕਿਯੋ ॥੨੨॥
ਧਰੇ ਤ੍ਰਾਸ ਕੋ ਭਾਗਤਿ ਬੀਬੀ[1]। — [1]ਭਾਵ ਬੇਗਮ।
ਨਹਿਂ ਸੁਧ ਰਹੀ ਬੰਧਿਬੇ ਨੀਬੀ[1]। — [1]ਨਾਲਾ ਬੰਨ੍ਹਣ ਦੀ [ਸੰਸ. ਨੀਵਿ]
ਦਾਸੀ ਖਾਸੀ[1] ਚਲੀ ਪਲਾਇ। — [1]ਖਾਸ ਦਾਸੀ। (ਅ) ਬਹੁਤੀਆਂ ਦਾਸੀਆਂ [ਪੰ: ਖਾਸੀ = ਬਹੁਤੀ]
ਅਨਿਕ ਮਸਾਲੈਂ ਲਈ ਜਰਾਇ ॥੨੩॥
ਬ੍ਰਿੰਦ ਮਤਾਬੀ ਆਗ ਲਗਾਈ।
ਭਯੋ ਪ੍ਰਕਾਸ਼ ਦਿਵਸ ਕੀ ਨਜਾਈਂ।
ਹੇਰਿ ਹੇਰਿ ਥਲ ਊਚੇ ਗਏ।
ਨਿੰਮ੍ਰਿ ਸਥਲ ਪਰ ਪੁਲਤੈ ਭਏ[1] ॥੨੪॥ — [1]ਨੀਵੇਂ ਥਾਂ ਸਾਰੇ ਭਰ ਗਏ (ਪਾਣੀ ਨਾਲ) [ਸੰਸ. ਪਰਿਪਲ੍ਰਤ। (ਅ) ਦੇਖਦੇ ਹਨ ਕਿ ਜੋ ਥਾਂ ਉੱਚੇ ਹੋ ਗਏ ਸਨ (ਮਿੱਟੀ ਪਾਉਣ ਨਾਲ) ਉਹ ਥਲ ਨੀਵੇਂ ਪੈਕੇ ਚਿੱਕੜ ਹੋ ਗਏ ਹਨ [ਸੰਸ. ਪੁਲਿਨ = ਉਹ ਚਿੱਕੜ ਵਾਲਾ ਥਾਂ ਜੋ ਨਦੀ ਦੇ ਕਿਨਾਰੇ ਨਵੇਂ ਪਾਣੀ ਪੈਣ, ਯਾ ਚੜ੍ਹੇ ਪਾਣੀ ਦੇ ਹੱਟਣ ਨਾਲ ਦਲਦਲ ਜਿਹਾ ਹੋ ਜਾਂਦਾ ਹੈ]
ਹਾਥੀ ਪਰ ਹੌਦਾ ਨਹਿਂ ਪਰੇ।
ਬਹੇ ਜਾਹਿਂ ਕਿਨਹੂੰ ਨਹਿਂ ਧਰੇ।
ਜ਼ੀਨ ਤੁਰੰਗਨਿ ਕੇ ਬਹਿ ਚਾਲੇ।
ਸ਼ਸਤ੍ਰ ਬਸਤ੍ਰ ਕਿਨਹੂੰ ਨ ਸੰਭਾਲੇ ॥੨੫॥
ਕੂਕ ਪੁਕਾਰਤਿ ਮਾਚਜੋ ਰੌਰਾ।
ਖਰੇ ਹੋਇਂ ਨਹਿਂ ਨਿਜ ਨਿਜ ਠੌਰਾ।
ਪੁਸ਼ਕਰ ਤੀਰਥ ਰਿਸ ਬਹੁ ਕੀਨਿਸਿ।
ਸਭਿ ਲਸ਼ਕਰ ਕਉ ਸੰਕਟ ਦੀਨਸਿ ॥੨੬॥
ਐਸੋ ਨੀਰ ਉਛਾਰਜੋ ਨਿਜ ਤੇ।
ਬਜਾਕੁਲ ਭਏ ਤੁਰਕ ਗਨ ਭਜਤੇ।
ਨਿੰਮ੍ਰਿ ਸਥਲ ਤੇ ਬੂਡੇ ਘਨੇ।
ਸਹਿਤ ਸਮਾਜ ਨ ਨਿਕਸਨਿ ਬਨੇ ॥੨੭॥
ਅੰਨ ਲਵਨ ਮਿਸ਼ਟਾਨ ਮਹਾਨ।
ਇੱਤਜਾਦਿਕ ਸੌਜਨਿ ਕਰਿ ਹਾਨਿ।
ਕਹਿਂ ਲੌ ਗਨੌਂ ਸਮਾਜ ਬਿਸਾਲਾ।
ਸ਼ਾਹੁ ਸੈਨ ਕੋ ਬਹਿ ਕਰਿ ਚਾਲਾ ॥੨੮॥
ਬਡ ਅਪਦਾ ਤੁਰਕਨਿ ਪਰ ਆਈ।

ਪੁਸ਼ਕਰ ਨੇ ਕੀਨਸਿ ਬਿਕੁਲਾਈ।
ਤੀਰਥ ਮਾਂਹਿ ਮਹਾਤਮ ਮਹਾਂ।
ਮਹਾਂ ਪ੍ਰਤਾਪਵੰਤ ਅਘ ਦਹਾ ॥੨੯॥
ਪੂਰਬ ਸਤਿਜੁਗ ਕੇਰ ਮਝਾਰ।
ਕਮਲਾਸਨ ਸ਼ੁਭ ਰਚਜੋ ਉਦਾਰ।
ਤੀਨ ਲੋਕ ਮਹਿਂ ਬਿਦਤ ਸੁਜਸੁ ਹੈ।
ਜਿਹ ਸ਼ਨਾਨ ਤੇ ਕਲਮਲ ਨਸਿ ਹੈਂ ॥੩੦॥
ਤੁਰਕ ਅਵੱਗਜਾ ਕੀਨਸਿ ਭਾਰੀ।
ਦਿਯਂ ਦੰਡ ਨਹਿਂ ਸਕਜੋ ਸਹਾਰੀ।
ਬਹੁ ਬਿਹਾਲ ਲਸ਼ਕਰ ਕਉ ਹੇਰਾ।
ਹਾਹਾਕਾਰ ਸੁਨਜੋ ਤਿਸ ਬੇਰਾ ॥੩੧॥
-ਸਹਤ ਸਮਾਜ ਨਾਸ਼ ਕਹੁ ਪਾਵੈਂ।
ਜਲ ਤੇ ਨਹੀਂ ਬਚਹਿਂ, ਕਿਤ ਜਾਵੈਂ-।
ਇਮ ਨੌਰੰਗ ਚਿਤਵਤ ਚਿਤ ਮਾਂਹੀ।
-ਕੋ ਉਪਚਾਰ ਬਨੈ ਅਬਿ ਨਾਂਹੀ ॥੩੨॥
ਦਿਵਸ ਨਹੀਂ, ਮੁਸ਼ਕਲ ਅਬਿ ਯਾਂ ਤੇ।
ਸੁਧ ਨ ਸੰਭਾਰਿ ਸਕਹਿਂ ਨਰ ਜਾਤੇ।
ਕਿਮ ਦਲ ਸੰਕਟ ਸਕਲ ਬਿਦਾਰਉ।
ਕਿਤ ਮਜੂਰ ਲਾਵਉਂ[1] ਜਲ ਟਾਰਉਂ ॥੩੩॥
ਕਿਤ ਤੇ ਉਛਰਜੋ ਪਸਰਜੋ ਜਾਈ।
ਸੋ ਥਲ ਨਿਸ ਮਹਿਂ ਲਖਜੋ ਨ ਜਾਈ।
ਅਪਰ ਉਪਾਇ ਨ ਹੁਇ ਇਸ ਕਾਲਾ-।
ਖਰੋ ਤੁਰਕ ਪਤਿ ਚਿੰਤ ਬਿਸਾਲਾ ॥੩੪॥
ਲਖਜੋ ਮਹਾਤਮ ਤੀਰਥ ਕੇਰਾ।
-ਜਲ ਉਛਾਲਿ ਡੋਬਤਿ ਮਮ ਡੇਰਾ।
ਕਰਨੀ ਬਿਨੈ ਅਬਹਿ ਬਨਿ ਆਵੈ।
ਹੁਇ ਪ੍ਰਸੰਨ ਦਲ ਮੋਰ ਬਚਾਵੈ ॥੩੫॥
ਅਜ਼ਮਤਵਾਨ ਮਹਾਨ ਸੁਜਾਨਾ-।
ਭਯੋ ਦੀਨ ਜੋਰਤਿ ਜੁਗ ਪਾਨਾ।
'ਛਿਮਹੁ ਅਵੱਗਜਾ ਮੈਂ ਨਹਿਂ ਜਾਨਜੋ।

[1]ਕਿਸ ਪਾਸੋਂ ਮਜਰ ਲਾਕੇ।

ਮਹਾਂ ਸ਼ਕਤਿ ਕੇ ਸਹਤਿ ਪਛਾਨਜੋ ॥੩੬॥
ਸਭਿ ਤੀਰਥ ਮੈਂ ਤੁਵ ਬਡਿਆਈ।
ਬਿਦਤ ਮਹਦ ਅਬਿ ਹੋਹਿ ਸਵਾਈ।
ਜਿਤੋ ਬਿਗਾਰ ਆਨਿ ਮੈਂ ਕਰਜੋ।
ਗਨ ਮੰਦਿਰ ਕੋ ਮੂਲ ਉਖਰਜੋ ॥੩੭॥
ਸੋ ਰਚਨਾ ਅਬਿ ਫੇਰ ਬਨਾਵਉਂ।
ਮ੍ਰਿਤਕਾ ਗੇਰੀ ਸੋ ਕਢਿਵਾਵਉਂ।
ਤਵ ਨਮਿਤ ਕਰਿ ਭੋਜਨ ਦੇਵੌਂ।
ਜੀਵਤਿ ਰਹੌਂ ਸੁ ਤਾਵਦ ਸੇਵੌਂ' ॥੩੮॥
ਭਯੋ ਦੀਨ ਇੱਤਜਾਦਿਕ ਕਹਿ ਕਹਿ।
ਗਜ ਤੇ ਉਤਰਿ ਨਮੋ ਕਿਯ ਮਹਿ ਮਹਿਂ[1]।
ਪੁਨ ਪੁਸ਼ਕਰ ਜਲ ਥੋਰੇ ਕੀਨਸਿ।
ਸਿਮਟਜੋ ਭਯੋ ਆਇ ਬਿਚ ਲੀਨਸਿ ॥੩੯॥
ਹੜ੍ਹ ਕੇ ਜਲ ਸਮ ਉਤਰਿ ਗਯੋ ਹੈ।
ਪੁਨ ਲਸ਼ਕਰ ਟਿਕ ਸਥਲ ਭਯੋ ਹੈ।
ਭੀਗੇ ਗਹਿ ਗਹਿ ਬਸਤ੍ਰ ਨਿਚੋਰਤਿ।
ਇਤ ਉਤ ਫਿਰ ਫਿਰ ਸ਼ਸਤ੍ਰਨਿ ਟੋਰਤਿ ॥੪੦॥
ਕਹੌਂ ਕਹਾਂ ਲਗਿ ਸੰਕਟ ਦਲ ਕੋ।
ਟਿਕੇ ਸਕਲ ਪਿਖਿ ਨਿਜ ਨਿਜ ਥਲ ਕੋ।
ਬਡੇ ਕਸ਼ਟ ਸੋਂ ਨਿਸਾ ਬਿਤਾਈ।
ਜਾਗਤਿ ਹੀ ਪ੍ਰਭਾਤਿ ਹੁਇ ਆਈ ॥੪੧॥
ਸਕਲ ਦਰੋਗ਼ੇ ਸ਼ਾਹੁ ਹਕਾਰੇ।
ਤੂਰਨ ਤਿਨ ਪ੍ਰਤਿ ਹੁਕਮ ਉਚਾਰੇ।
'ਆਗੇ ਤੇ ਦਿਹੁ ਦੁਗਨਿ ਮਜੂਰੀ।
ਨਿਕਸਾਵਹੁ ਮ੍ਰਿਤਕਾ ਕਰਿ ਦੂਰੀ ॥੪੨॥
ਮੰਦਿਰ ਬਿਸਦ ਬਿਲੰਦ ਬਿਦਾਰਜੋ।
ਜਿਸ ਪ੍ਰਕਾਰ ਸੋਂ ਪ੍ਰਥਮ ਨਿਹਾਰਜੋ।
ਉਸਰਾਵਹੁ ਤਸ ਬਿਧਿ ਕਰਿ ਤਜਾਰੀ।

[1]ਧਰਤੀ ਤੇ।

ਅਪਰ ਚਿਨਾਵਹੁ ਬਿਲਮ ਬਿਸਾਰੀ'
॥੪੩॥
ਇਮ ਕਹਿ ਤਹਿਂ ਕੇ ਬਿੱਪ੍ਰ ਬੁਲਾਏ।
ਦਿਯੋ ਦਾਨ ਭੋਜਨ ਅਚਵਾਏ।
ਕਾਰ ਕਾਰ ਪਰ ਕਰਿ ਨਰ ਖਰੇ[1]। [1]ਅੱਡ ਅੱਡ) ਕੰਮਾਂ ਕਾਜਾਂ ਤੇ ਆਦਮੀ ਖੜੇ ਕਰਕੇ।
ਸੌਂਪਿ ਕਹਜੋ 'ਤੂਰਨ ਲਿਹੁ ਕਰੇ ॥੪੪॥
ਰਚਨਾ ਤੈਸੀ ਦਿਹੁ ਬਨਵਾਇ।
ਬ੍ਰਿੰਦ ਮਜੂਰਨਿ ਅਬਿ ਲਗਵਾਇ।
ਪੁਸ਼ਕਰ ਮੈਂ ਅਜ਼ਮਤ ਯੁਤਿ ਜਾਨਾ।
ਇਸ ਮਹਿਂ ਨਹਿਂ ਪਖੰਡ ਕਛੁ ਛਾਨਾ[1]' [1]ਕੁਛ ਪਖੰਡ ਲੁਕਿਆ ਨਹੀਂ।
॥੪੫॥
ਇਮ ਕਹਿ ਸ਼ਾਹ ਕਰੀ ਅਸਵਾਰੀ।
ਗਮਨਜੋ ਮਾਰਗ ਬਿਲਮ ਬਿਸਾਰੀ।
ਜਹਿਂ ਅਜਮੇਰ ਸਮੀਪ ਸਥਾਨਾ।
ਤਹਾਂ ਜਾਇ ਉਤਰਜੋ ਦਲ ਨਾਨਾ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਪੁਸ਼ਕਰ' ਪ੍ਰਸੰਗ ਬਰਨਨੰ ਨਾਮ ਊਨਤ੍ਰਿਸੰਤੀ ਅੰਸੂ ॥੨੯॥

## ੩੦. [ਅਜਮੇਰ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਆਜ ਲਗੌਂ ਪੁਸ਼ਕਰ ਬਿਖੈ,
ਇਸ ਪ੍ਰਸੰਗ ਕੇ ਚਿੰਨ੍ਹ।
ਪ੍ਰਗਟ ਮਹਾਤਮ ਜਗਤ ਮਹਿਂ,
ਕਰਜੋ ਤੁਰਕਪਤਿ ਛਿੰਨ[1][†] ॥੧॥

[1]ਰੌਲਾ, ਲੱਜਿਤ।

[†]ਇਸਤੋਂ ਪਤਾ ਲੱਗਾ ਕਿ ਕਵੀ ਜੀ ਨੇ ਇਹ ਪ੍ਰਸੰਗ ਆਪ ਪੁਸ਼ਕਰ ਜਾਕੇ ਸੁਣਿਆਂ ਤੇ ਰਵਾਯਤ ਵਰਣਨ ਕਰਨ ਵਾਲਿਆਂ ਦੇ ਦੱਸੇ ਨਿਸ਼ਾਨ ਦੇਖੇ। ਇਸ ਵਿਚ ਸ਼ੱਕ ਨਹੀਂ ਕਿ ਪੁਸ਼ਕਰ ਨੂੰ ਪੂਰ ਦੇਣ ਦੀ ਮੂਰਖਤਾ ਔਰੰਗਜ਼ੇਬ ਨੇ ਕੀਤੀ ਹੋਵੇ। ਉਹ ਅਤਿ ਦਾ ਤਅੱਸਬੀ ਤੇ ਤੰਗ ਦਿਲ ਸੀ। ਪੁਸ਼ਕਰ ਇੱਕ ਕੁਦਰਤੀ ਅਥਾਹ ਜਲ ਦੀ ਝੀਲ ਹੈ, ਉਸਦਾ ਪੂਰਿਆ ਜਾਣਾ ਕੋਈ ਮਖੌਲ ਨਹੀਂ। ਉਸਦੇ ਉਥੇ ਹੁੰਦਿਆਂ, ਬਰਖਾ ਲਹਿਕੇ ਲਾਗੇ ਦੇ ਪਹਾੜਾਂ ਦਾ ਜਲ ਹੜ੍ਹ ਬੰਨ੍ਹਕੇ ਆ ਜਾਣਾਂ, ਪਾਣੀ ਮਿੱਟੀ ਦਾ ਬੈਠ ਜਾਕੇ ਪੁਲਿਨ ਬਨ ਜਾਣਾਂ, ਸਾਰੀਆਂ ਗੱਲਾਂ ਹੋ ਸਕਦੀਆਂ ਹਨ। ਔਰਗਜ਼ੇਬ ਨੇ ਆਪਣੇ ਵਕਤ ਇਤਿਹਾਸ ਲਿਖਣੇ ਦੀ ਬੀ ਰੋਕ ਕੀਤੀ ਸੀ, ਇਸ ਕਰਕੇ ਸ਼ਾਇਦ ਮੁਸਲਮਾਨ ਮੁਅੱਰਖਾਂ ਦੇ ਲੇਖ ਵਿੱਚ ਇਹ ਗੱਲ ਨਾ ਆਈ ਹੋਵੇ, ਤੇ ਜਿੱਥੇ ਹੋਣੀ ਹੋਈ ਹੈ, ਉਥੇ ਰਵਾਯਤਾਂ ਕੁਛ ਵਧ ਘਟਕੇ ਕੁਛ ਸੱਚੇ ਵਾਕਿਆਂ ਤੇ ਨਿਰਭਰ ਤੇ ਜਾਰੀ ਹੋਵੇਗੀ, ਰਵਾਯਤਾਂ ਇਸ ਤਰ੍ਹਾਂ ਹੀ ਹੁੰਦੀਆਂ ਹਨ। ਪਰ ਔਰੰਗਜ਼ੇਬ ਵਰਗੇ ਕੱਟਰ ਨੂੰ ਇਹ ਨਿਸ਼ਚਾ ਆ ਜਾਣਾਂ ਕਿ ਤੀਰਥ ਨੇ ਕੋਪ ਕੀਤਾ ਹੈ ਤੇ ਇਮਾਨ ਲੈ ਆਵੇ ਅਨਹੋਣੀ ਬਾਤ ਹੈ, ਉਹ ਤਾਂ ਅੰਦਰੋਂ ਦੀਨਦਾਰ ਮੁਸਲਮਾਨ ਭੀ ਨਹੀਂ ਸੀ, ਸ਼ਰ੍ਹਾ ਤੇ ਦੀਨ ਤਾਂ ਉਸਨੇ ਪਰਦੇ ਬਨਾਏ ਹੋਏ ਸਨ ਆਪਣੀ ਚਾਲਬਾਜ਼ੀ ਨੂੰ ਢੱਕਣ ਲਈ ਤੇ ਮੁਸਲਮਾਨਾਂ ਨੂੰ ਖੁਸ਼ ਕਰਕੇ ਆਪਣੀ ਰਾਜਸੀ (ਪੁਲੀਟੀਕਲ) ਤਾਕਤ ਨੂੰ ਸੰਘਠਣ ਕਰਨ ਲਈ। ਉਸਨੇ ਸ਼ਰਈ ਮੁਸਲਮਾਨ ਹੋਣ ਦਾ ਤਾਂ ਇਕ ਜਾਮਾ ਪਾਇਆ ਹੋਇਆ ਸੀ। ਹਿੰਦੂਆਂ ਦੀ ਨਿਰਬਲਤਾ ਦਾ ਜਾਣੂੰ ਸੀ ਤੇ ਜਬਰੀ ਦੀਨ ਵਿਚ ਲੈ ਆਉਣ ਨਾਲ ਉਹ ਆਪਣੀ ਇਸਲਾਮੀ ਰਾਜਸੀ ਤਾਕਤ ਦਾ ਵਾਧਾ ਸਮਝਦਾ ਸੀ। ਕਵਿ ਜੀ ਨੇ ਬੀ ਪਾਂਡਿਆਂ ਦੇ ਕਹੇ ਨੂੰ ਸੋਚ ਮੰਨ ਕੇ ਲਿਖ ਦਿੱਤਾ ਹੈ, ਆਪ ਵਿਸ਼ੇਸ਼ ਖੋਜ ਨਹੀਂ ਕਰ ਸਕੇ।

ਚੌਪਈ:

ਡੇਰੋ ਜਾਇ ਕਰਜੋ ਅਜਮੇਰ[†]।
ਉਤਰਜੋ ਲਸ਼ਕਰ ਜਾਇ ਬਡੇਰ।
ਏਕ ਜਾਮਨੀ ਕਰਿ ਕੈ ਬਾਸਾ।
ਮਾਰਤੰਡ ਜਬਿ ਭਯੋ ਪ੍ਰਕਾਸ਼ਾ ॥੨॥

[†]ਇਥੇ ਚਿਸ਼ਤੀ ਫਕੀਰਾਂ ਦਾ ਭਾਰੀ ਡੇਰਾ ਹੈ।

ਸਕਲ ਮੁਜਾਵਰ ਤਬਹਿ ਹਕਾਰੇ।
ਹਿਤ ਬੂਝਨਿ ਇਮ ਬਾਕ ਉਚਾਰੇ।
'ਤੁਮ ਨੇ ਕਯਾ ਇਹ ਦੰਭ ਕਮਾਯੋ?
ਕਰਿ ਬੰਚਕਤਾ[1] ਧਨ ਉਪਜਾਯੋ ॥੩॥

[1]ਠੱਗੀ।

ਮੋਰ ਕਮਾਨ ਚਢੀ ਨਹਿਂ ਕੈਸੇ[1]?

[1]ਮੇਰੀ ਕਮਾਨ ਕਿਉਂ ਨਾ ਚੜ੍ਹਾਈ (ਕਮਾਨ ਦਾ ਵੇਰਵਾ ਇਸੇ ਅੰਸੂ ਵਿਚ ਅੱਗੇ ਆਵੇਗਾ)।

ਦਾਹ ਸ਼ਕੋਹੁ ਕੇਰਿ ਕਿਯ ਜੈਸੇ[1]।

[1]ਦੀ ਜਿਵੇਂ (ਚੜ੍ਹਨੀ) ਕੀਤੀ ਸੀ।

ਸ਼ਾਹਿਜਹਾਂ ਕੇ ਸਾਥ ਬਖਾਨੀ।
-ਤਵ ਬੁਡ ਸੁਤ ਕੀ ਚਢੀ ਕਮਾਨੀ-
॥੪॥

ਭਯੋ ਪ੍ਰਸੰਨ ਜਿ ਤਿਸ ਪਰ ਖ੍ਵਾਜਾ[1]। — [1]ਖ੍ਵਾਜੇ ਦੀ ਖਾਨਕਾਹ ਹੈ ਇਹ ਮੰਦਰ।
ਮਿਸ ਕਮਾਨ ਕੇ ਬਿਦਤ ਨਿਵਾਜਾ[1]। — [1]ਕਮਾਨ ਦੇ ਬਹਾਨੇ ਜੋ ਪ੍ਰਗਟ ਵਡਿਆਇਆ ਸੀ (ਦਾਰਾਸ਼ਕੋਹ ਨੂੰ)।
ਤੌ ਪਤਿਸ਼ਾਹਿਤ ਕਸੋਂ ਨਹਿਂ ਪਾਈ[1]। — [1]ਭਾਵ (ਦਾਰਾ ਸ਼ਕੋਹ ਨੇ)।
ਭ੍ਰਮਤਿ ਮਰਯੋ ਕਿਛ ਹਾਥ ਨ ਆਈ ॥੫॥
ਤਖਤ ਬੈਠਿਬੋ ਮੋਹਿ ਨ ਅਯੋ।
ਨਹੀਂ ਨਿਵਾਜਯੋ ਸਭਿ ਨੇ ਲਹਯੋ[1]। — [1]ਤੁਹਾਡੇ ਹਿਸਾਬ ਤਾਂ) ਮੇਰੇ (ਭਾਗ ਵਿਚ) ਨਹੀਂ ਸੀ ਆਇਆ ਤਖਤ ਤੇ ਬੈਠਣਾਂ, (ਕਿਉਂਕਿ ਤੁਸਾਂ ਮੈਨੂੰ) ਨਹੀਂ ਸੀ ਨਿਵਾਜਿਆ, (ਇਹ) ਸਭ ਨੇ ਡਿੱਠਾ ਹੈ (ਪਰ ਦੱਸੋ ਕਿ ਕਿਉਂ)।
ਅਬਿ ਮੈਂ ਸਭਿ ਪਤਿਸ਼ਾਹਿਤ ਪਾਈ।
ਇਹ ਕਸਾ ਭਯੋ ਦੇਹੁ ਬਤਲਾਈ? ॥੬॥
ਯਾਂ ਤੇ ਮੈਂ ਜਾਨਤਿ ਹੌਂ ਐਸੇ।
ਤੁਮ ਹੀ ਕਰਹੁ ਦੰਭ ਕਿਛ ਕੈਸੇ।
ਕੈ ਤੁਮ ਦੀਜੈ ਸਾਚ ਬਤਾਇ।
ਨਾਂਹਿ ਤੇ ਮੈਂ ਦੇਖਵ ਪਤੀਆਇ' ॥੭॥
ਸਕਲ ਮੁਜਾਵਰ ਇਕਠੇ ਭਏ।
ਨਹਿਂ ਨੌਰੰਗ ਕੋ ਉੱਤਰ ਦਏ।
ਕਹੈਂ ਕਿ 'ਅਸ ਖੁਦਾਇ ਕੀ ਮਰਜ਼ੀ।
ਬਖ਼ਸ਼ਹਿ ਜਿਸਹਿ ਸੁਨਹਿ ਤਿਸ ਅਰਜ਼ੀ ॥੮॥
ਇਸੀ ਭਾਂਤਿ ਮੈਂ ਹਮਰੋ ਚਾਰਾ।
ਕਹਾਂ ਚਲਹਿ, ਚਿਤ ਲੇਹੁ ਬਿਚਾਰਾ।'
ਸਮੁਝਯੋ ਨੌਰੰਗ -ਬੋਲਹਿਂ ਪਾਜ[1]। — [1]ਝੂਠ।
ਹੈ ਇਨ ਦੰਭ ਲੇਨਿ ਧਨ ਕਾਜ- ॥੯॥
ਬੇਲਦਾਰ ਗਨ[1] ਲੀਏ ਬੁਲਾਇ। — [1]ਬਹੁਤੇ ਪੁੱਟਣ ਵਾਲੇ।
ਕਹਯੋ 'ਸਥਾਨ ਉਖਾਰਹੁ ਜਾਇ।'
ਇਕ ਦੁਇ ਸੰਗ ਕਰੇ ਉਮਰਾਵ।
'ਪਿਖਹੁ ਜਾਇ ਕਸਾ ਬਿਧਿ ਤਿਸ ਥਾਂਵ' ॥੧੦॥
ਹੁਕਮ ਪਾਇ ਨੌਰੰਗ ਕੇ ਗਏ।
ਥਲ ਅੰਤਰਿ ਕੋ ਖੋਦਤਿ ਭਏ।

ਹੁਤੋ ਪਾਜ ਕਛੁ ਤਨਕ ਉਖਾਰਾ।
ਤਤਛਿਨ ਤਹਿਂ ਪੋਲਾੜ ਨਿਹਾਰਾ ॥੧੧॥
ਖਨਨਿ ਲਗੇ ਜਬਿ ਤਿਸਹਿ ਅਗਾਰੀ।
ਦੀਰਘ ਸਭਿਹਿਨਿ ਸੁਰੰਗ ਨਿਹਾਰੀ।
ਤਿਸ ਕੋ ਪਾਟਤਿ ਜਬਿ ਕਿਛੁ ਗਏ।
ਘਰ ਮਜਾਵਰਨਿ ਕੋ ਜਹਿਂ ਥਿਏ ॥੧੨॥
ਤਿਨ ਮਹਿਂ ਗਈ ਸੁਰੰਗ ਅਗਾਰੇ।
ਛਪਜੋ ਜੁ ਪਰਦੋ ਕਰਜੋ ਉਘਾਰੇ।
ਕਹੂੰ ਮਹਿੰਮ ਚੜਹਿ ਜਬਿ ਸ਼ਾਹੂ।
ਕੈ ਪਤਿਸ਼ਾਹਿਤ ਦੈਨੀ ਕਾਂਹੂ ॥੧੩॥
ਇੱਤਜਾਦਿਕ ਜੇ ਕਾਜ ਮਹਾਨ।
ਦਿੱਲੀ ਪਤ ਆਵਤਿ ਇਸ ਥਾਨ।
ਕਰ ਜੋਰਹਿ ਬਡ ਦਰਬ ਚਢਾਇ।
ਜਿਸ ਕਾਰਜ ਮੈਂ ਸੰਸੈ ਪਾਇ ॥੧੪॥
ਤਿਸ ਹਿਤ ਅੰਤਰ ਧਰਹਿ ਕਮਾਨ।
'ਕਰਹਿਂ ਕਿ ਨਹੀਂ' ਸੰਕਲਪਹਿ ਠਾਨਿ।
ਸੁੰਦਰ ਮੰਦਿਰ ਅੰਦਰ ਧਰਹਿ।
ਪੁਨਹਿ ਕਪਾਟ ਅਸੰਜਤਿ ਕਰਹਿਂ[1] ॥੧੫॥

[1]ਤਖਤੇ ਬੰਦ ਕਰ ਦੇਣ।

ਪੁਨ ਗਾਢੇ ਦੇਂ ਕੁਲਫ ਲਗਾਇ।
ਦਰ ਪਰ ਪਹਿਰੂ ਰਹਿਂ ਸਮੁਦਾਇ।
ਨਿਜ ਘਰ ਤੇ ਸੁਰੰਗ ਕੇ ਰਾਹੂ।
ਜਾਇ ਮੁਜਾਵਰ ਮੰਦਿਰ ਮਾਹੂ ॥੧੬॥
ਅੰਦਰ ਦੇਹਿ ਕਮਾਨ ਚੜਾਇ।
ਇਸ ਬਿਧਿ ਰਾਖੀ ਬਣਤ ਬਨਾਇ।
ਕਰਹਿ ਮੰਨਤਾ ਸ਼ਾਹਿ ਘਨੇਰ।
ਅਪਰਨਿ ਕੀ ਕਜਾ ਗਿਨਤੀ ਫੇਰ ॥੧੭॥
ਇਮ ਅਜ਼ਮਤ ਕੋ ਤਹਾਂ ਜਨਾਵੈਂ।
ਸਿਦਕ ਸਹਿਤ ਪਿਖਿ ਦਰਬ ਚੜ੍ਹਾਵੈਂ।
ਜਬਿ ਸੁਰੰਗ ਘਰ ਪ੍ਰਵਿਸ਼ੀ ਜਾਇ।
ਬਹੁ ਦਿਨ ਕੀ ਜਿਮ ਬਨਤ ਬਨਾਇ ॥੧੮॥

ਪਰਦਾ ਜ਼ਾਹਰ ਹੋਇ ਸੁ ਗਯੋ।
ਜਿਸ ਤੇ ਬਹੁ ਲੋਕਨਿ ਛਲ ਲਯੋ।
ਚੜ੍ਹੇ ਕਮਾਨ ਸਕਲ ਬਿਸਮਾਵੈਂ।
ਜਾਨਿ -ਖੁਆਜੋ ਆਨਿ ਚਢਾਵੈ- ॥੧੯॥
ਸਿਦਕ ਸਹਿਤ ਦਿੱਲੀਪਤਿ ਆਇ।
ਹਾਰ ਜੀਤ ਇਸ ਤੇ ਪਤੀਆਇ।
ਇਮ ਸ਼ਾਹਨਿ ਕੇ ਸਦਿਕ ਨਿਹਾਰੇ।
ਹਿੰਦੂ ਤੁਰਕ ਪੂਜ ਹੈਂ ਸਾਰੇ ॥੨੦॥
ਸੋ ਪਰਦਾ ਨੌਰੰਗ ਉਘਾਰਾ।
ਬਿਨ ਅਜ਼ਮਤ ਕਿਮ ਨਹਿਂ ਪਤਿਆਰਾ।
ਇਸ ਆਗੈ ਨਹਿਂ ਅਟਕੈ ਦੰਭਾ।
ਤਿਸ ਮਾਨੈ ਜੋ ਕਰੈ ਅਚੰਭਾ ॥੨੧॥
ਸੁਨਤਿ ਸ਼ਾਹਿ ਉਰ ਹਰਖ ਬਢਾਇ।
ਸਭਿ ਮੈਂ ਬੋਲਯੋ 'ਕਜਾ ਛਲ ਲਾਇ।
ਚਾਤੁਰ ਮੂਰਖ ਕਿਨਹੁਂ ਨ ਜਾਨੀ।
ਰਾਉ ਰੰਕ ਗਨ ਸਭਿਹਿਨਿ ਮਾਨੀ ॥੨੨॥
ਮਹਦ ਪਖੰਡ ਕਰਤਿ ਇਹ ਰਹੇ।
ਮਰਨ ਇਨਹੁਂ ਕਹੁ ਕਿਨਹੁਂ ਨ ਲਹੇ।
ਕਰਯੋ ਬਿਲੋਕਨਿ ਨੀਕੇ ਆਜੂ।
ਚਿਰੰਕਾਲ ਕੋ ਉਘਰਯੋ ਪਾਜੂ' ॥੨੩॥
ਨਿਕਟਿ ਮੁਜਾਵਰ ਲੀਏ ਬੁਲਾਇ।
ਧਰੇ ਤ੍ਰਾਸ ਆਏ ਸਮੁਦਾਇ।
ਕਰੇ ਕ੍ਰੋਧ ਨੌਰੰਗ ਤਬਿ ਬੋਲਾ।
ਸੁਨਤਿ ਤਿਨਹੁਂ ਕੇ ਅੰਤਰ ਰੌਲਾ ॥੨੪॥
'ਇਹ ਕਜਾ ਕੀਨਸਿ ਤੁਮ ਬਡ ਦੰਭਾ?
ਸਭਿਨਿ ਦਿਖਾਵਤਿ ਰਹੇ ਅਚੰਭਾ।
ਛਲਿ ਕਰਿ ਦਰਬ ਹਰਯੋ ਸਭਿ ਕੇਰਾ।
ਕੋਇ ਨ ਜਾਨਿ ਸਕਯੋ ਕਿਸ ਬੇਰਾ ॥੨੫॥
ਬਹੁਤ ਖ਼ਤਾ ਤੁਮ ਨੇ ਨਿਤ ਕਰੀ।
ਕਿਤੀ ਪੁਸ਼ਤ ਕੀ ਦੌਲਤ ਹਰੀ।

ਬਡੇ ਤੁਮਾਰੇ ਕਰਤਿ ਸੁ ਰਹੇ।
ਸ਼ਾਹੁ ਅਚਰਿਤ ਨ ਕਿਨਹੂੰ ਲਹੇ[1] ॥੨੬॥

[1]ਕਿਸੇ ਪਾਤਸ਼ਾਹ ਨੇ (ਇਸ) ਕੌਤਕ ਨੂੰ ਨਾ ਜਾਣਿਆਂ [ਸੰਸ. ਅਚਰਿਤ = ਅਨੋਖਾ, ਕੌਤਕ]

ਪ੍ਰਾਨ ਹਾਨਿ ਕੋ ਦੰਡ ਬਿਸਾਲਾ।
ਤੁਮ ਕੋ ਚਹਿਯਤਿ ਹੈ ਇਸ ਕਾਲਾ।'
ਇਸ ਪ੍ਰਕਾਰ ਕਹਿ ਕਰਿ ਬਹੁ ਬਾਰੇ।
ਕੂਰੇ ਕਰੇ ਮੁਜਾਵਰ ਸਾਰੇ ॥੨੭॥
ਸਦਨ ਸਮਾਜ ਖੋਸ ਕਰਿ ਸਾਰੋ।
ਅਪਰ ਲੀਨਿ ਧਨ ਕਰਿ ਕਰਿ ਮਾਰੋ।
ਦੇ ਕਰਿ ਦੰਡ ਛੋਰਿ ਸਭਿ ਦੀਨੇ।
ਪੁਨ ਆਗੇ ਕਹੁ ਬਰਜਨਿ ਕੀਨੇ ॥੨੮॥
'ਤਜਾਗਿ ਦੇਹੁ ਇਹ ਕਪਟ ਕਮਾਵਨਿ।
ਇਮ ਕੋ ਅਰਪਹਿ ਕਰਹਿ ਸੁ ਖਾਵਨਿ।
ਜੇ ਇਸ ਬਿਧਿ ਸੋਂ ਕਰਹੁ ਕਮਾਈ।
ਮੈਂ ਸੁਨਿ ਲੇਹੁਂ ਦੇਹੁਂ ਮਰਿਵਾਈ' ॥੨੯॥
ਇਸ ਪ੍ਰਕਾਰ ਕਹਿ ਦੀਨਸਿ ਤ੍ਰਾਸੁ।
ਕੂਰ ਡਰੇ ਨ ਉਕਾਸਹਿਂ ਸ੍ਵਾਸੁ[1]।

[1]ਸਾਹ ਨਾ ਕਢਿਆ।

ਛੁਟਿ ਕਰਿ ਸਦਨ ਆਪਨੇ ਗਏ।
ਦੁਰੇ ਨ ਬਦਨ ਦਿਖਾਵਤਿ ਭਏ ॥੩੦॥
ਕਰਿ ਕੈ ਇਮ ਨੌਰੰਗ ਅਜਮੇਰ।
ਚਢ੍ਯੋ ਹਰਖ ਕਰਿ ਰਿਦੈ ਬਡੇਰ।
ਸੁਨਹਿ ਕਹੂੰ ਜਬਿ ਠਾਕੁਰ ਦ੍ਵਾਰੇ।
ਦੇਤਿ ਹੁਕਮ ਤਹਿਂ ਢਾਹਿ ਬਿਦਾਰੇ ॥੩੧॥
ਪ੍ਰਤਿਮਾ ਅੰਗ ਭੰਗ ਕਰਿਵਾਵੈ।
ਤਹਿਂ ਤੇ ਲੇ ਕਰਿ ਦੂਰ ਗਿਰਾਵੈ।
ਤ੍ਰਾਸ ਦੇਹਿ ਜਹਿਂ ਪਿਖਹਿ ਪੁਜਾਰੀ।
ਝਿਰਕਹਿ ਦੰਡਹਿ ਕਰਿ ਕਰਿ ਮਾਰੀ ॥੩੨॥
ਜਹਿਂ ਕਹਿਂ ਲਿਖਤ ਭਯੋ ਪਰਵਾਨੇ।
ਜੇ ਸੂਬੇ ਉਮਰਾਵ ਮਹਾਨੇ।
ਆਮਿਲ ਮੁਲਖਨਿ[1] ਕੇ ਜਿਸ ਥਾਈਂ।
ਸਭਿਹਿਨਿ ਕਹੁ ਸੁਧ ਦੀਨਿ ਸੁਨਾਈ

[1]ਮੁਲਖਾਂ ਦੇ ਹਾਕਮ।

॥੩੩॥
'ਬੁਤ ਪ੍ਰਸਤੀ ਕਿਤ ਹੋਨਿ ਨ ਪਾਵੈ।
ਮੰਦਿਰ ਭਗਨਹੁ ਕੋ ਨ ਚਿਨਾਵੈ।
ਤੁਰਕ ਜੁ ਬਨਹਿ ਲੋਭ ਕਰਿ ਕੋਈ।
ਲੇਹੁ ਬਨਾਇ ਵਸਤੁ ਦਿਹੁ ਸੋਈ' ॥੩੪॥
ਸਭਿ ਦੇਸ਼ਨਿ ਪਹੁੰਚੇ ਪਰਵਾਨੇ।
ਸਨਮਾਨਤਿ ਸਿਰ ਪਰ ਧਰਿ ਮਾਨੇ।
ਸਕਲ ਦੇਸ਼ ਮਹਿਂ ਹਿੰਦੂ ਤ੍ਰਾਸੇ।
ਗਹੈਂ ਓਜ ਤੇ' ਧਰਮ ਬਿਨਾਸੇਂ ॥੩੫॥ 'ਫੜਕੇ ਬਲ ਨਾਲ।
ਠਾਕੁਰ ਦ੍ਵਾਰੇ ਭਗਨ ਕਰੰਤੇ।
ਪ੍ਰਤਿਮਾ ਫੇਰਹਿਂ ਕਿਤਹੁਂ ਗਿਰੰਤੇ।
ਨਹਿਂ ਬਸਿ ਚਲਹਿ ਰਹਹਿਂ ਪਛੁਤਾਈ।
ਮੋਨ ਧਰਹਿਂ ਘਰਿ ਮਹਿਂ ਪ੍ਰਵਿਸ਼ਾਈ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਕਾਂਸ਼ੀ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਗਾਵੇ ਬਡੇ ਜੁ ਸ਼ਰ੍ਹਾ ਮਹਿਂ,
ਮਾਨੀ ਮੂਢ ਗਵਾਰ।
ਨੌਰੰਗ ਕੋ ਸਿਖਰਾਵਹੀਂ,
ਕਰਿ ਨਿਜ ਦੀਨ ਹੰਕਾਰ[1] ॥੧॥

[1]ਆਪਣੇ ਦੀਨ ਦਾ ਹੰਕਾਰ ਕਰਕੇ।

ਚੌਪਈ:

'ਕਿਨਹੁਂ ਨ ਇਨ ਕੇ ਪਾਜ ਉਘਾਰੇ।
ਬਿਨ ਜਾਨੇ ਦੇਤੇ ਧਨ ਸਾਰੇ।
ਮਤਿ ਖੁਦਾਇ ਤੁਮਰੇ ਅਸ ਪਾਈ।
ਜਿਸ ਤੇ ਛਾਨੀ[1] ਬਾਤ ਨ ਕਾਈ ॥੨॥

[1]ਛੁਪੀ।

ਬੁਤ ਪ੍ਰਸਤੀ ਪਰ ਹੋਯਹੁ ਦੰਡ।
ਜਹਿਂ ਕਹਿਂ ਰਾਵਰਿ ਹੁਕਮ ਪ੍ਰਚੰਡ।
ਭਯੋ ਤ੍ਰਾਸ ਹਿੰਦਵਾਨ ਬਿਸਾਲੇ।
ਆਇ ਸ਼ਰ੍ਹਾ ਮਹਿਂ ਬਨੈਂ ਸੁਖਾਲੇ ॥੩॥
ਸੁਜਸੁ ਬਿਲੰਦ ਆਪ ਕਹੁ ਹੋਵਾ।
ਤੇਜ ਪ੍ਰਚੰਡ ਸਭਿਨਿ ਥਲ ਜੋਵਾ।
ਸੁਖ ਪਾਵੈਂ ਜੇ ਤੁਰਕ ਬਨੈਂਗੇ।
ਬਿਨਾ ਬਨੇ ਬਹੁ ਬ੍ਰਿਥਾ ਬਹੈਂਗੇ ॥੪॥
ਇਸ ਮਕਾਨ ਹਿੰਦੁਨਿ ਕੋ ਭਾਰੋ।
ਕਾਸ਼ੀ ਨਾਮ ਮਹਿਦ ਬਿਸਤਾਰੋ।
ਖਰੇ ਸੈਂਕਰੇ ਠਾਕੁਰ ਦ੍ਵਾਰੇ।
ਬੁਤ ਪ੍ਰਸਤੀ ਨਰ ਕਰਤਿ ਅਪਾਰੇ ॥੫॥
ਆਪ ਚਲਹੁਂ ਤਹਿਂ ਪਿਖਹੁ ਪਖੰਡ।
ਮੇਟਹੁ ਦੀਜੈ ਦੰਡ ਪ੍ਰਚੰਡ।
ਤਹਿਂ ਹਿੰਦੁਨਿ ਕੋ ਧਰਮ ਬਿਨਾਸ਼ਹੁ।
ਚਲਨਿ ਸ਼ਰ੍ਹਾ ਮਹਿਂ ਬਿਖੈ ਪ੍ਰਕਾਸ਼ਹੁ ॥੬॥
ਸੋ ਮਕਾਨ ਜੇ ਦੇਹੁ ਬਿਗਾਰ।
ਬਨਹਿਂ ਤੁਰਕ ਸਭਿ ਦਿਸ਼ਿ ਤੇ ਹਾਰਿ।'
ਸੁਨਤਿ ਸ਼ਾਹੁ ਮਨ ਮੋਦ ਉਪਾਵਾ।
ਤਹਾਂ ਚਲਨਿ ਕਹੁ ਕਰਜੋ ਉਪਾਵਾ ॥੭॥
ਗਜ ਬਾਜੀ ਪੈਦਲ ਸੰਗ ਘਨੇ।

ਲਸ਼ਕਰ ਚਲ੍ਯੋ ਦੀਹ, ਕੋ[1] ਗਨੇ। — [1]ਕੌਣ।
ਕ੍ਰਮ ਕ੍ਰਮ ਮਾਰਗ ਉਲੰਘ੍ਯੋ ਸਾਰੋ।
ਕਾਸ਼ੀ ਪਹੁੰਚ੍ਯੋ ਸਿਵਰ ਉਤਾਰੋ[1] ॥੮॥ — [1]ਉਤਰਿਆ।
ਸੁਨਿ ਸੁਨਿ ਹਿੰਦੁਨਿ ਕੋ ਸਮੁਦਾਯਾ।
ਮਹਾਂ ਤ੍ਰਾਸ ਧਰਿ ਧਰਿ ਬਿਕੁਲਾਯਾ।
ਦੁਰਿ ਦੁਰਿ ਜਾਹਿਂ ਸਦਨ ਸਭਿ ਅਪਨੇ।
-ਹੇ ਪ੍ਰਭੁ! ਇਸੈ ਦਿਖਾਉ ਨ ਸੁਪਨੇ- ॥੯॥
ਘਰ ਤੁਰਕਨਿ ਕੇ ਹੋਤਿ ਬਧਾਈ।
ਮਿਲਿ ਮਿਲਿ ਕਰਹਿਂ 'ਦੀਨ ਬਿਰਧਾਈ।
ਨੌਰੰਗ ਸ਼ਾਹਿ ਸ਼ਰ੍ਹਾ ਮਹਿਂ ਗਾਢੋ।
ਜਿਸ ਤੇ ਤੁਰਕਾਨਾ ਬਹੁ ਬਾਢੋ ॥੧੦॥
ਏਕ ਨਿਸਾ ਕਰਿ ਕੈ ਬਿਸਰਾਮੂ।
ਪ੍ਰਵਿਸ਼੍ਯੋ ਅੰਤਰ ਪੁਰਿ ਅਭਿਰਾਮੂ।
ਥਾਨ ਥਾਨ ਜਹਿਂ ਪੁੰਜ ਸ਼ਿਵਾਲੇ।
ਬਾਜੈਂ ਘੰਟੇ ਸੰਖ ਬਿਸਾਲੇ ॥੧੧॥
ਕਰਹਿਂ ਆਰਤੀ ਕੇਰ ਉਤਾਰਨਿ।
ਪੁਸ਼ਪ ਪੁੱਤ੍ਰ ਪੂਜਾ ਬਿਸਥਾਰਨਿ।
ਗਾਇਂ ਬਿਸ਼ਨਪਦ ਬਾਦਿਕ ਬਾਜਹਿਂ।
ਗਨ ਮੰਦਿਰ ਉਤਸਾਹਨਿ ਸਾਜਹਿਂ ॥੧੨॥
ਕੇਤਿਕ ਥਾਨ ਪੁਰਾਨਨਿ ਬਾਚਹਿਂ।
ਸੁਨਿ ਸੁਨਿ ਨਰ ਉਰ ਸ਼ਰਧਾ ਰਾਚਹਿਂ।
ਬੇਦ ਘੋਖਿ ਪਾਵਨ ਕਹੁ ਕਰਿਹੀਂ[1]। — [1]ਪਵਿੱਤ੍ਰ ਬੇਦ ਧੁਨੀ ਨੂੰ ਕਰਦੇ ਹਨ।
ਹਾਥਨਿ ਕੇ ਬਹੁ ਭਾਵ ਉਸਰਹੀਂ ॥੧੩॥
ਦਿਜ ਬਾਹਜ ਬਹੁ ਬੈਸ ਸ਼ੂਦ੍ਰਗਨ।
ਹਿੰਦੁ ਧਰਮ ਸਭਿ ਕਰਹਿਂ ਭਲੇ ਮਨ[1]। — [1]ਭਲੀ ਤਰ੍ਹਾਂ ਮੰਨਣਾ।
ਬਿੱਸ੍ਵਨਾਥ[1] ਸਰਬੋਤਮ ਜਹਾਂ। — [1]ਇਕ ਵਡੇ ਮੰਦਰ ਦਾ ਨਾਮ ਹੈ।
ਪੂਜਾ ਅਧਿਕ ਹੇਤਿ ਹੈ ਤਹਾਂ ॥੧੪॥
ਲੋਕ ਹਜ਼ਾਰਹੁ ਆਇਂ ਪ੍ਰਭਾਤੀ।
ਬੰਦਤਿ ਪੂਜਹਿ ਹੈਂ ਬਹੁ ਭਾਂਤੀ।
ਬਿੱਲ ਪੱਤ੍ਰ ਅਰੁ ਅਰਕ ਦਲਨਿ[1] ਤੇ। — [1]ਅੱਕ ਦੇ ਪੱਤੇ।

ਕਨਕ ਪੱਤ੍ਰ[1] ਬਹੁ ਫੂਲ ਫਲਨਿ ਤੇ ॥੧੫॥
ਸ੍ਰੀ ਗੰਗਾ ਜਲ ਅਤਿਸ਼ੈ ਪਾਵਨ।
ਭਰਿ ਭਰਿ ਲੋਟੇ ਕਰਹਿਂ ਸੁ ਪਾਵਨਿ।
ਦੇਵਹਿਂ[†] ਧੂਪ ਪ੍ਰਕਰਮਾ ਕਰਿ ਕਰਿ।
ਅਜ ਸਮ ਬੋਲਹਿਂ ਮੁਖ ਪਰ ਕਰ ਧਰਿ ॥੧੬॥
[1]ਸਭਿ ਮੰਦਿਰ ਕੋ ਸ਼ੁਭ ਸਿਰ ਮੋਰ।
ਜਿਹ ਠਾਂ ਤੁੰਗ ਲਿੰਗ ਸਿਰ ਮੌਰ[1]।
ਪ੍ਰਥਮ ਨੁਰੰਗਾ ਤਹਿਂ ਚਲਿ ਗਯੋ।
ਬ੍ਰਿੰਦ ਨਰਨਿ ਕਹੁ ਦੇਖਤਿ ਭਯੋ ॥੧੭॥
ਤਬਿ ਸੋ ਲਿੰਗ ਉਖਰ ਕਰਿ ਉਛਰਜੋ।
ਗਜਾਨ ਕੂਪ ਮੈਂ ਤੂਰਨ ਪਰਜੋ[†]।
ਤੁਰਕ ਦੁਸ਼ਟ ਕੇ ਜਾਨੇ ਕਰਿ ਕੈ।
ਲਖਿ ਤਪ ਤੇਜ ਰਹਜੋ ਨਹਿਂ ਥਿਰ ਕੈ ॥੧੮॥
ਜਿਮ ਰਾਵਣ ਤੇ ਟਰਿ ਕਰਿ ਰਹੇ।
ਬ੍ਰਹਮਾ ਬਿਸ਼ਨੁ ਆਦਿ ਜੇ ਅਹੈ।
ਜਬਹਿ ਸਮੋਂ ਤਿਸ ਨਾਸ਼ਨਿ ਹੋਵਾ।
ਰਾਮਚੰਦ ਤਨ ਧਰਿ ਸੋ ਖੋਵਾ ॥੧੯॥
ਤਿਮ ਮਲੇਛ ਨੌਰੰਗ ਕੇ ਗਏ।
ਬਿੱਸ੍ਵਨਾਥ[2] ਥਲ ਤਜਾਗਤਿ ਭਏ।
ਅਪਰ ਜਿ ਪ੍ਰਤਿਮਾ ਸਗਲ ਬਿਦਾਰੀ।
ਅੰਗ ਭੰਗ ਕਰਿ ਕਿਤ ਕਿਤ ਡਾਰੀ ॥੨੦॥
ਜਹਿਂ ਭੈਰਵ ਕੋ ਹੁਤੋ ਸਥਾਨੇ।
ਲਠ ਠਾਂਢੀ ਗਾਢੀ ਜਨ ਮਾਨੇ[1]।
ਦੁਸ਼ਟਨਿ ਭਨਜੋ ਨੁਰੰਗੇ ਸੰਗ।
'ਇਹ ਕਜਾ ਪਾਥਰ ਖਰੋ ਉਤੰਗ?'

[1]ਧਤੂਰੇ ਦੇ ਪੱਤ੍ਰ।

[†]ਪਾ:-ਧੁਖਵਹਿਂ। ਪੁਨਾ-ਖੇਵਹਿਂ।

[1]ਮੂੰਹ ਤੇ ਹੱਥ ਰੱਖ ਕੇ ਬੱਕਰੇ ਵਾਂਙੂ ਬੋਲਦੇ ਹਨ। ਸ਼ੈਵੀ ਸ਼ਿਵ ਮੰਦਰ ਵਿਚ ਇਕੁਰ ਕਰਨਾ ਪੁੰਨ ਸਮਝਦੇ ਹਨ।

[1]ਵੱਡਾ ਸ਼ਿਰੋਮਣੀ ਲਿੰਗ।

[†]ਸ਼ੈਵੀ ਅੱਜ ਤੱਕ ਇਵੇਂ ਹੀ ਕਹਿੰਦੇ ਹਨ, ਉਨ੍ਹਾਂ ਦੀ ਕਥਨੀ ਸੁਣ ਕੇ ਕਵਿ ਜੀ ਅੰਕਿਤ ਕਰ ਰਹੇ ਹਨ। ਹੋ ਸਕਦਾ ਹੈ ਕਿ ਔਰੰਗਜ਼ੇਬ ਆਉਂਦਾ ਸੁਣਕੇ ਉਪਾਸਕਾਂ ਨੇ ਨਿਰਾਦਰੀ ਤੋਂ ਡਰਦੇ ਸ਼ਿਵਲਿੰਗ ਆਪ ਚੁੱਕ ਕੇ ਚੁੱਪ ਚਾਪ ਖੂਹ ਵਿਚ ਸੁੱਟ ਦਿੱਤਾ ਹੋਵੇ।

[1]ਲੋਕ ਮੰਨਦੇ ਸਨ (ਜਿਸ ਨੂੰ)।

॥੨੧॥
'ਲਠ ਭੈਰਵ ਕੀ' ਸਕਲ ਬਖਾਨੇ।
'ਹਿੰਦੂ ਦੇਤਿ ਦਰਬ ਬਹੁ ਮਾਨੇ।
ਆਪ ਕਰਹੁ ਅਵਿਲੋਕਨਿ ਠੌਰ।
ਉਚਿਤ ਭਗਨਿ ਕੇ ਲਖਿ, ਦਿਹੁ ਫੋਰਿ'
॥੨੨॥
ਸੁਨਿ ਤੁਰਕੇਸ਼ ਗਯੋ ਤਿਸ ਥਾਨ।
ਲਠ ਅਵਿਲੋਕੀ ਖਰੀ ਮਹਾਨ।
ਊਚੀ ਅਧਿਕ ਸੁ ਗਾਢੀ ਠਾਢੀ।
ਬਹੁਤ ਮਹਾਤਮ ਮਹਿੰਮਾ ਬਾਢੀ ॥੨੩॥
ਜਰ ਨਹਿਂ ਸਕ੍ਯੋ ਜਰ੍ਯੋ ਮਤਿ ਮੰਦ।
ਤਤਛਿਨ ਦੀਨਸਿ ਹੁਕਮ ਬਿਲੰਦ।
'ਖੰਡ ਖੰਡ ਇਸਕੇ ਕਰਿਵਾਵਹੁ।
ਫੋਰਿ ਫੋਰਿ ਕਰਿ ਅਵਨਿ ਮਿਲਾਵਹੁ
॥੨੪॥
ਜਰ[1] ਖਨਵਾਵਹੁ ਜਹਿਂ ਲਗਿ ਅਹੈ। [1]ਜੜ੍ਹ।
ਕਰਹੁ ਉਖਾਰਨਿ ਫੇਰ ਨ ਰਹੈ।'
ਇਮ ਭਨਿ ਨੌਰੰਗ ਪੁਨ ਬੀਚਾਰੋ।
ਕਹ੍ਯੋ 'ਤੋਪ ਸੰਗ ਗੋਰੇ ਮਾਰੇ ॥੨੫॥
ਟੂਟ ਪਰੈ ਜਬਿ ਅਵਨੀ ਮਾਹਿ।
ਪੁਨ ਖਨਵਾਹਿਂ ਜਹਾਂ ਲਗਿ ਜਾਹਿ।'
ਹੁਕਮ ਸੁਨਤਿ ਤੂਰਨ ਤੁਰਕਾਨਾ।
ਗਏ ਧਾਇ ਕਰਿ ਹਰਖ ਮਹਾਨਾ ॥੨੬॥
ਦੀਰਘ ਤੋਪ ਤਹਾਂ ਲੈ ਆਏ।
ਸਹਿਤ ਸਮਾਜ ਸ਼ਾਹੁ ਜਿਸ ਥਾਏ।
ਬਹੁ ਬਰੂਦ ਕੀ ਭਰਿ ਭਰਿ ਥੈਲੀ।
ਗਜ ਸੋਂ ਠੋਕਿ ਤੋਪ ਮਹਿਂ ਮੇਲੀ ॥੨੭॥
ਅਧਿਕ ਭਾਰਿ ਅਯਮਯ ਬਡ ਗੋਰਾ[1]। [1]ਲੋਹੇ ਦਾ ਵੱਡਾ ਗੋਲਾ।
ਭਰ੍ਯੋ ਤਯਾਰ ਕਰਿ ਲਠ ਮੁਖ ਓਰਾ।
ਲਈ ਜ੍ਵਲਤਿ ਜੁਤਿ ਅਗਨਿ ਮਤਾਬੀ[1]। [1]ਅਗਨੀ ਨਾਲ ਜਗਦੀ ਹੋਈ ਮਤਾਬੀ।
ਭਰ੍ਯੋ ਪਲੀਤਾ ਮਿਲਤਿ ਸ਼ਿਤਾਬੀ
॥੨੮॥

ਛੁਟੀ ਗਰਜ ਜਨੁ ਗਾਜ[1] ਪਰੀ ਹੈ।
ਧਰਕਤਿ ਉਰ ਜਿਸ ਸ਼੍ਰਵਨ ਕਰੀ ਹੈ।
ਇਕ ਗੋਰਾ ਜਬਿ ਲਠ ਕੋ ਮਾਰਾ।
ਦੂਸਰ ਕਰਜੋ ਤਜਾਰ ਬਡ ਭਾਰਾ ॥੨੯॥
ਨਰ ਸੰਘੱਟ ਅਧਿਕ ਤਿਸ ਠੌਰ।
ਪਿਖਹਿਂ ਖਰੇ ਇਕ ਨਿਕਸਜੋ ਭੌਰ[1]।
ਸ਼ਾਹ ਸਮਾਜ ਸਾਥ ਜਹਿਂ ਠਾਢੇ।
ਕਰਹਿ ਬਿਲੋਕਨਿ ਦੁਸ਼ਟ ਜੁ ਗਾਢੇ ॥੩੦॥
ਗੁੰਜਾਰਤਿ ਕਰਿ ਬੇਗ ਬਿਸਾਲਾ।
ਗਯੋ ਨੁਰੰਗੇ ਨਿਕਟਿ ਕਰਾਲਾ।
ਲਠ ਤੇ ਨਿਕਸਿ ਉਡਤਿ ਭਾ ਐਸੇ।
ਛੂਟਹਿ ਬਾਨ ਧਨੁਖ ਤੇ ਜੈਸੇ ॥੩੧॥
ਤੁਰਕੇਸ਼ੁਰ ਕੇ ਸਨਮੁਖ ਗਯੋ।
ਲਗਜੋ ਬਦਨ ਪਰ ਬਾਢਨਿ ਕਯੋ[1]।
ਬੁਰਕ ਭਰਜੋ ਤਿਸ ਆਮਿਖ ਕੇਰਾ।
ਜਿਸ ਤੇ ਉਪਜਜੋ ਕਸ਼ਟ ਬਡੇਰਾ ॥੩੨॥
ਬਲ ਤੇ ਹਤਜੋ ਹਾਥ ਤਿਸ ਤਾਂਈ।
ਲਗਨਿ ਨ ਪਾਯੋ ਉਡਜੋ ਪਲਾਈ।
ਮੁਖ ਸਗਰੇ ਪਰ ਸੋਜ ਬਢੀ ਹੈ।
ਬਸ ਨ ਬਸਾਵੈ ਬ੍ਰਿਥਾ[1] ਬਢੀ ਹੈ ॥੩੩॥
ਇਤਨੇ ਮਹਿਂ ਦੂਸਰ ਬਡ ਗੋਰਾ।
ਛੁਟ ਕਰਿ ਗਯੋ ਸੁ ਲਠ ਕੀ ਓਰਾ।
ਲਗੇ ਸ਼ਬਦ ਭਾ ਅਤਿਸ਼ੈ ਗਾਜਾ।
ਜਿਸ ਤੇ ਧਰਕਜੋ ਦਿੱਲੀ ਰਾਜਾ ॥੩੪॥
ਤਬਿ ਤਿਸ ਲਠ ਸੇ ਨਿਕਸੇ ਭੌਰ।
ਠੌਰ ਠੌਰ ਦੌਰਤਿ ਕਰਿ ਰੌਰ।
ਬਾਢਹਿਂ ਨਰਨ ਤੰਦੱਯੇ ਫਿਰੈਂ[1]।
ਸੂਜਹਿ ਮੁਖ ਬਹੁ ਸੰਕਟ ਭਰੈਂ ॥੩੫॥
ਕੁਛ ਉਪਚਾਰ ਸਕਹਿ ਨਹਿਂ ਹੋਇ।
ਦੌਰੇ ਫਿਰੇ ਤ੍ਰਿਸਤਿ ਸਭਿ ਕੋਇ।
ਭਿਰੜ[1] ਤੰਦੱਯੇ[2] ਬ੍ਰਿੰਦ ਫਿਰੰਤੇ।

[1]ਬਿਜਲੀ।
[1]ਕਾਲਾ ਡੇਹਮੂ।
[1]ਵੱਢਣਾ ਕੀਤਾ।
[1]ਪੀੜਾ।
[1]ਲਾਲ ਡੇਹਮੂ ਲੋਕਾਂ ਨੂੰ ਵੱਢਦੇ ਫਿਰਦੇ ਹਨ [ਪੁ: ਦਤੈਯਾ]
[1]ਪੀਲੇ ਡੇਹਮੂ। [2]ਲਾਲ ਡੇਹਮੂ।

ਲਸ਼ਕਰ ਪਰ ਦੌਰੇ ਮੁਖ ਹੰਤੇ[1] ॥੩੬॥
ਜਹਾਂ ਕਹਾਂ ਉਡ ਕਰਿ ਡਸਿ ਲੇਤਿ।
ਸੁਜੇ ਮੁਖ ਬਹੁ ਅੰਗ ਸਮੇਤ।
ਕਰਹਿਂ ਤੁਰਕਪਤਿ ਕੀ ਰਖਵਾਰੀ।
ਬਸਤ੍ਰਨਿ ਸਾਥ ਪ੍ਰਹਾਰਹਿਂ ਟਾਰੀ ॥੩੭॥
ਦਾਸ ਸੈਂਕਰੇ ਹਾਥ ਭ੍ਰਮਾਵੈਂ।
ਮਾਰਹਿਂ ਦੌਰਹਿਂ ਰੌਰ ਮਚਾਵੈਂ।
ਕੇਤਿਕ ਕੀ ਪਗੀਆਂ ਗਿਰ ਪਰੀ।
ਸ਼ਸਤ੍ਰ ਬਸਤ੍ਰ ਕੀ ਸੁਧ ਨ ਸੰਭਰੀ ॥੩੮॥
ਲਸ਼ਕਰ ਕੇ ਨਰ ਰੌਰਾ ਕਰਜੋ।
'ਦਲ ਤੰਦੱਯਨਿ ਆਇ ਸੁ ਪਰਜੋ।
ਅਜ਼ਮਤ ਲਠ ਕੀ ਲਖੀ ਮਹਾਨਾ।
ਕੁਛੁਕ ਤ੍ਰਾਸ ਤੁਰਕੇਸ਼ੁਰ ਮਾਨਾ ॥੩੯॥
ਬਿਸਮਜੋ ਸ਼ਾਹੁ ਸਮੇਤ ਸਮਾਜਾ।
-ਕਿਤ ਤੇ ਭੇ ਉਤਪਤਿ ਇਹ ਆਜਾ।
ਜਿਤ ਕਿਤ ਫਿਰਿਤ ਅਸੰਖ ਨਿਹਾਰੇ-।
ਬਿਸਮਤਿ ਚਿਤ ਹੁਇ ਸ਼ਾਹੁ ਉਚਾਰੇ ॥੪੦॥
'ਕਰਹੁ ਕਬੂਲ ਜੁ ਨਜਾਜ਼ ਘਨੇਰੀ।
ਅਜ਼ਮਤ ਕੇ ਸਮੇਤ ਲਿਹੁ ਹੇਰੀ[1]।
ਕਰਹੁ ਅਵੱਗਜਾ ਨਹਿਂ ਇਮ ਫੇਰੀ।
ਬਾਂਟਿ ਸ਼ੀਰਨੀ ਦੇਹੁ ਬਡੇਰੀ ॥੪੧॥
ਛਿਮਾ ਕਰਾਵਹੁ ਹਾਥਨਿ ਜੋਰਿ।
ਨਹਿਂ ਕਰਨੋ ਕਿਸ ਹੂੰ ਬਿਧਿ ਜੋਰ।'
ਤਤਛਿਨ ਸੀਸ ਨਿਵਾਯੋ ਸਭਿ ਹੂੰ।
ਨਿੰਮ੍ਰਿ ਨੁਰੰਗਾ ਹੋਯਹੁ ਜਬਿਹੂੰ[†] ॥੪੨॥

[1]ਡੰਗ ਮਾਰਦੇ।

[1]ਦੇਖ ਲਿਆ ਹੈ (ਮੈਂ)।

[†]ਇਹ ਬੀ ਗਾਲਬਨ ਕਵੀ ਜੀ ਨੇ ਬਨਾਰਸ ਜਾਕੇ ਉਪਾਸਕਾਂ ਤੋਂ ਰਵਾਯਤ ਸੁਣੀ ਹੈ। ਵਿਸ਼੍ਵਨਾਥ ਦਾ ਮੰਦਰ ਢਾਹ ਕੇ ਮਸਜਦ ਬਣਾਈ ਸੀ, ਜੋ ਹੁਣ ਤੱਕ ਖੜੀ ਹੈ। ਇਹ ਗੱਲ ਦੂਸਰੇ ਇਤਿਹਾਸਕਾਰਾਂ ਨੇ ਬੀ ਲਿਖੀ ਹੈ। ਦੇਖੋ ਇਸੇ ਰਾਸ ਦੇ ਅੰਸੂ ੨੬ ਅੰਕ ੩੮ ਦੀ ਹੇਠਲੀ ਟੂਕ। ਤੇ ਇਸ ਮਸਜਦ ਦੀ ਪਿੱਠ ਪਿਛੇ ਸਮੇਂ ਪਏ ਤੇ ਹਿੰਦੂਆਂ ਨੇ ਫਿਰ ਨਵਾਂ ਮੰਦਰ ਬਣਵਾ ਲਿਆ ਹੋਯਾ ਹੈ। ਔਰੰਗਜ਼ੇਬ ਦੀ ਜਬਰੀ ਹਟਾਈ ਹੋਈ ਬੁਤਪ੍ਰਸਤੀ ਫੇਰ ਜਾਰੀ ਹੈ ਕਿਉਂਕਿ ਔਰੰਗਜ਼ੇਬ ਦਿਲਾਂ ਵਿਚੋਂ ਬੁਤਪ੍ਰਸਤੀ ਨਹੀਂ ਸੀ ਕੱਢ ਸਕਿਆ। ਸੋ ਸੁਹਣੇ ਬੁਤ ਜਿਨ੍ਹਾਂ ਪਰ ਕੌਸਲ ਵਾਲਿਆਂ ਹੁਨਰ ਦਿਖਾਏ ਹੋਏ ਸਨ ਟੁੱਟ ਫੁੱਟ ਤਬਾਹ ਹੋ ਗਏ ਤੇ ਸ਼ਿਲਪ ਵਿਦਿਆ ਗਿਰ ਜਾਣ ਕਰਕੇ ਬੁਤਪ੍ਰਸਤਾਂ ਜੋ ਫੇਰ ਬੁਤ ਬਣਾਏ ਉਹ ਖੂਬਸੂਰਤ ਤੇ ਹੁਨਰ ਵਾਲੇ ਨਹੀਂ ਬਣੇ। ਸੋ ਸਿਵਾ ਹੁਨਰ ਤਬਾਹ ਕਰਨ ਦੇ ਔਰੰਗਜ਼ੇਬ ਆਪਣੇ ਇੰਦੀਏ ਵਿਚ ਬੁਰੀ ਤਰ੍ਹਾਂ ਨਾ-ਕਾਮਯਾਬ ਰਿਹਾ ਹੈ। ਪੁਰਾਣੀ ਇਮਾਰਤ ਵਿਚ ਭੂੰਡਾਂ ਦਾ ਘਰ ਹੋਵੇ ਤੇ ਟੁੱਟਣ ਤੇ ਨਿਕਲਨੇ ਅਚਰਜ ਨਹੀਂ, ਪਰ ਸੱਚ ਮੁੱਚ

ਕਰਾਮਾਤ ਮੰਦਰਾਂ ਨੇ ਜੇ ਕੋਈ ਦੱਸੀ ਹੁੰਦੀ ਤਾਂ ਢਹਿੰਦੇ ਨਾਂ। ਹਿੰਦੂਆਂ ਹੱਥ ਜੋੜ, ਮੁਹਰਾਂ ਥਾਲ ਦੇ ਸੁੰਦਰੀਆਂ ਭੇਟ ਦੇਕੇ ਸਮਾਂ ਬਿਤਾਇਆ ਸੀਂ। ਹਾਂ ਕਿਸੇ ਹਿੰਦੂ ਨੇ ਇਸ ਮੰਦਰ ਦੇ ਢਹਿਕੇ ਮਸੀਤ ਬਣਨੇ ਪਰ ਇਕ ਸ਼ੇਅਰ ਤਦੋਂ ਰਿਹਾ ਸੀ:- 'ਬਬੀਂ ਕਰਾਮਤੇ ਬੁਤਖਾਨਾਏ ਮਰਾ ਐ ਸ਼ੇਖ! ਕਿ ਚੂੰ ਖ਼ਰਾਬ ਸ਼ਵਦ ਖਾਨਾਏ ਖ਼ੁਦਾ ਗਰਦਦ।' ਜਿਸ ਦਾ ਭਾਵ ਇਹ ਹੈ, ਕਿ ਐ ਸ਼ਾਹ! ਦੇਖ ਮੇਰੇ ਬੁਤਖਾਨੇ ਦੀ ਕਰਾਮਾਤ ਕਿ ਜਦੋਂ ਖਰਾਬ ਹੋ ਗਿਆ (ਢੈ ਗਿਆ) ਤਾਂ (ਤੇਰੇ) ਰੱਬ ਦਾ ਘਰ ਬਣ ਗਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਕਾਸ਼ੀ ਕੋ' ਪ੍ਰਸੰਗ ਬਰਨਨੰ ਨਾਮ ਏਕਤ੍ਰਿੰਸਤੀ ਅੰਸੂ ॥੩੧॥

## ੩੨. [ਕਾਂਸ਼ੀ। ਹਿੰਦੂਆਂ ਦੀ ਗਿਰਾਵਟ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਸਭਿ ਲਸ਼ਕਰ ਕਰ ਜੋਰਿ ਕੈ, ਸਭਿ ਹੂੰ
ਸੀਸ ਨਿਵਾਇ।
ਭੋਰ ਭਿਰੜ ਤਤਕਾਲ ਹੀ, ਗਏ ਅਕਾਸ਼
ਬਿਲਾਇ ॥੧॥

ਚੌਪਈ:

ਨਜਾਜ਼ ਸ਼ੀਰਨੀ ਸਭਿਨਿ ਚਢਾਏ।
ਅਜ਼ਮਤ ਕਹੁ ਦੇਖਤਿ ਪਤੀਆਏ।
ਕਹਿਨਿ ਲਗੇ ਤਾਰੀਫ ਬਡੇਰੀ।
ਮਹਿਮਾ ਅਬਿ ਲਾਖਹੁ ਨਰ ਹੇਰੀ ॥੨॥
ਭੌਰ, ਭਿਰੜ, ਤੰਦੱਯਾ ਘਨੇ।
ਸਭਿ ਕੇ ਡਸਜੋ ਡੰਗ ਦੁਖ ਸਨੇ।
ਲਸ਼ਕਰ ਮਹਿਂ ਪਾਯੋ ਬਡ ਰੌਰਾ।
ਫਿਰਤਿ ਉਡਤਿ ਜੇਤਿਕ ਦਲ ਠੌਰਾ
॥੩॥
ਜਬਿ ਕੀ ਨਜਾਜ਼ ਸ਼ੀਰਣੀ ਦਈ।
ਤਬਿ ਕੀ ਇਨਹੁਂ ਮੰਦ ਗਤਿ ਲਈ।
ਸਨੇ ਸਨੇ ਗਮਨੇ, ਨਹਿਂ ਪਾਏ।
ਜਾਨੀ ਜਾਇ ਨ ਗੇ ਕਿਸ ਥਾਏ ॥੪॥
ਕਿਤ ਤੇ ਨਿਕਸੇ? ਲਠ ਨਹਿਂ ਪੋਲੀ।
ਮਨਹੁਂ ਕਿਨਹੁਂ ਇਨ ਥੈਲੀ ਖੋਲੀ।
ਏਕਹਿ ਬਾਰ ਨਰਨਿ ਪਰ ਪਰੇ।
ਮਨਹੁਂ ਤੀਰ ਕਿਨ ਛੋਰਨਿ ਕਰੇ ॥੫॥
ਇੱਤਜਾਦਿਕ ਅਨੇਕ ਕਹਿਂ ਬਾਤ।
ਲਠ ਕੀ ਅਜ਼ਮਤ ਭੀ ਬੱਖਜਾਤ।
ਕੀਨਸਿ ਕੂਚ ਨੁਰੰਗੇ ਡੇਰਾ।
ਨਿਜ ਰਜਧਾਨੀ ਕਉ ਕਿਯ ਫੇਰਾ ॥੬॥
ਦ੍ਵੈ ਗੋਰੇ ਲਾਗੇ ਲਠ ਬੀਚ।
ਰਹੇ ਚਿਨ੍ਹ ਪਿਖਿ ਊਚ ਰੁ ਨੀਚ।
ਚਿਰੰਕਾਲ ਪੁੰਨ ਪੀਛੇ ਰਹੀ।
ਖਾਂਡ[†] ਪਰੇ ਦ੍ਵੈ ਸਭਿ ਹੂੰ ਲਹੀ[1] ॥੭॥

[1]ਖੋੜਾਂ ਦੋ ਪੈ ਗਈਆਂ ਸਭਨਾਂ ਨੇ ਦੇਖੀਆਂ। [†]ਪਾ:-ਪਾੜ।

ਪੁਨਹਿ ਅਠਾਰਹਿ ਸੈ ਅਰੁ ਸਾਠ[1]।
ਭਯੋ ਬਿਘਨ ਤਿਸ ਭੈਰਵ ਲਾਠ।
ਹਿੰਦਵਾਇਨ ਅਰੁ ਬਹੁ ਤੁਰਕਾਨਾ।
ਬਧ੍ਯੋ ਪਰਸਪਰ ਬਾਦ ਮਹਾਨਾ ॥ ੮ ॥

[1]ਸੰਮਤ ੧੮੬੦।

ਕਾਂਸ਼ੀ ਪੁਰੀ ਸਪਰਧਾ ਬਾਢੀ।
ਦੁਹਿ ਦਿਸ਼ਿ ਤੇ ਰਿਸ ਉਪਜੀ ਗਾਢੀ।
ਹਿੰਦੂ ਮਿਲਿ ਸੰਬੂਹ ਬਲ ਭਾਰਾ।
ਦਾਹ੍ਯੋ ਜਹਿਂ ਅਮਾਮ ਕੋ ਬਾਰਾ[1] ॥ ੯ ॥

[1]ਅਮਾਮ ਵਾੜਾ, ਸ਼ਈਆ ਮੁਸਲਮਾਨਾਂ ਦਾ ਧਾਰਮਿਕ ਟਿਕਾਣਾ।

ਚਹੁੰਦਿਸ਼ਿ ਤੇ ਪਾਵਕ ਜ੍ਵਲਤਾਈ।
ਹਨ੍ਯੋ ਤੁਰਕ ਤਬਿ ਅਰ੍ਯੋ ਜੁ ਆਈ।
ਪਿਖਿ ਇਕਠੋ ਹੁਇ ਕਰਿ ਤੁਰਕਾਨਾ।
ਸ਼ਸਤ੍ਰ ਸੰਭਾਰਿ ਭਏ ਸਵਧਾਨਾ ॥ ੧੦ ॥
ਕਈ ਹਜ਼ਾਰ ਮਿਲੇ ਹਿਤ ਜੁੱਧ।
ਮਾਰਹਿਂ ਮਰਹਿਂ ਬਢ੍ਯੋ ਅਤਿ ਕ੍ਰੁੱਧ।
ਲਠ ਭੈਰਵ ਕੀ ਚਹੁੰਦਿਸ਼ਿ ਘੇਰੀ।
ਭਏ ਸੁਚੇਤ ਤੁਰਕ ਤਿਸ ਬੇਰੀ ॥ ੧੧ ॥
ਈਂਧਨ ਬਹੁ ਸਕੇਲ ਕਰਿ ਲੀਨਸਿ।
ਚਹੁ ਦਿਸ਼ਿ ਲਠ ਕੇ ਸਭਿ ਧਰਿ ਦੀਨਸਿ।
ਲੇ ਕਰਿ ਅਗਨੀ ਦਈ ਜਲਾਇ।
ਏਕਹਿ ਬਾਰ ਦਾਰ[1] ਸਮੁਦਾਇ ॥ ੧੨ ॥

[1]ਲਕੜੀ।

ਭਸਮ ਦਈ ਕਰਿ ਸਗਰੀ ਲਾਠ।
ਜਹਿਂ ਕਹਿਂ ਤੇ ਬਹੁ ਪਾਯੋ ਕਾਠ।
ਭਈ ਭਸਮ ਸਮ, ਤਿਸ ਤੇ ਪਾਛੇ।
ਨੌਰੰਗ ਕਥਾ ਸੁਨਹੁ ਪੁਨ ਆਛੇ ॥ ੧੩ ॥
ਦਿੱਲੀ ਬਿਖੈ ਸੁ ਆਇ ਪ੍ਰਵੇਸ਼ਾ।
ਹਿੰਦੁ ਧਰਮ ਸੋਂ ਹਠੀ ਵਿਸ਼ੇਸ਼ਾ।
ਚਿਤਵਤਿ ਨਿਤ ਉਪਾਇ ਚਿਤ ਮਾਂਹੀ।
ਤੁਰਕ ਜਗਤ ਸਭਿ ਜਿਮ ਹੁਇ ਜਾਹੀ ॥ ੧੪ ॥
ਤਿਸ ਪ੍ਰਕਾਰ ਹੀ ਜਤਨ ਬਨਾਵਹਿ।
ਦੇਸ਼ ਬਿਦੇਸ਼ਨਿ ਹੁਕਮ ਪਠਾਵਹਿ।
ਬਾਰਬਧੂ ਹਿੰਦਵਾਇਨਿ ਜੇਤੀ।

ਬੀਚ ਬਜ਼ਾਰਨਿ ਬਰਜੀ ਤੇਤੀ ॥੧੫॥
ਕਰੀ ਪਠਾਵਨਿ ਸਭਿ ਤੁਰਕਾਨੀ।
ਇਮ ਬਿਚਾਰ ਉਰ ਮੈਂ ਬਿਧਿ ਠਾਨੀ।
-ਹਿੰਦਨੀ ਬੇਸ਼ਜ਼ਾ ਨਹਿਂ ਜਬਿ ਹੋਇ।
ਰਮਹਿਂ ਤੁਰਕਨੀ ਹਿੰਦੂ ਜੋਇ ॥੧੬॥
ਤਤਛਿਨ ਅਪਨੋ ਧਰਮ ਨਸਾਵੈਂ।
ਤੁਰਕ ਮਤੋ ਇਮ ਬਧਤੋ ਜਾਵੈ।
ਕਾਮ ਕੇਲ ਕਰਿਬੇ ਤੇ ਪਾਛੇ।
ਪੁਨ ਕੈਸੇ ਹਿੰਦੂ ਰਹਿਂ ਆਛੇ- ॥੧੭॥
ਰਜਕ[1], ਕੁਜਰੇ[2] ਪਾਨੀਹਾਰ[3]।
ਸਗਰੇ ਤੁਰਕ ਕਰੇ ਤਿਸ ਬਾਰ।
ਇੱਤਜ਼ਾਦਿਕ ਕ੍ਰਿਤ ਠਾਨਹਿਂ ਜੇਈ।
ਹਿੰਦੂ ਕਰੇ ਹਟਾਵਨਿ ਸੇਈ ॥੧੮॥
ਸਗਲੇ ਥਲ ਮਹਿਂ ਤੁਰਕ ਬਿਠਾਏ।
ਇਮ ਸਭਿ ਸਨੇ ਸਨੇ ਮਿਲਿ ਜਾਏਂ।
ਲਿਖਿ ਲਿਖਿ ਪਠਤਿ ਭਏ ਪਰਵਾਨੇ।
ਜਹਿਂ ਕਹਿਂ ਸੂਬਨਿ ਕੇਰ ਟਿਕਾਨੇ ॥੧੯॥
ਪੁਰੀ ਸਰੂੰਦ ਲਹੌਰ ਪਠਾਏ।
ਕਾਸ਼ਮੀਰ ਕੋ ਪੁਨਹਿਂ ਪਠਾਏ।
ਪੁਰਿ ਮੁਲਤਾਨ ਪਠਾਵਨਿ ਕਰੇ।
ਸੁਨਿ ਸੁਨਿ ਹਿੰਦੁ ਤ੍ਰਾਸ ਉਰ ਭਰੇ ॥੨੦॥
ਲਿਖਿ ਪੂਰਬ ਕੋ ਪੁਨਹਿਂ ਪਠਾਏ।
ਕੇਤਿਕ ਗਿਨੀਅਹਿ ਪੁਰਿ ਸਮੁਦਾਏ।
ਜਿਸ ਜਿਸ ਥਲ ਤੁਰਕਨਿ ਕਹੁ ਰਾਜ।
ਤਹਿਂ ਤਹਿਂ ਕਰਜੋ ਤਿਸੀ ਬਿਧਿ ਕਾਜ ॥੨੧॥
ਹਿੰਦੁਨੀ ਬਾਰਬਧੂ ਸਭਿ ਬਰਜੀ।
ਤੁਰਕਨਿ ਕਰੀ ਸ਼ਾਹਿ ਲਖਿ ਮਰਜ਼ੀ।
ਅਪਰ ਕਾਰਖਾਨੇ ਸਭਿ ਜੇਈ।
ਜਹਿਂ ਕਹਿਂ ਤੁਰਕਨਿ ਸਾਂਭੇ ਤੇਈ ॥੨੨॥
ਝਗਰਤਿ ਰਿਸ ਕਰਿ ਸੰਗ ਜਿ ਭ੍ਰਾਤ।
ਜੇ ਸਭਿ ਤੇ ਲਘੁ ਪਰਿ ਜੋ ਜਾਤ[1]।

[1]ਧੋਬੀ। [2]ਰਾਈਂ, ਕੂੰਜੜੇ। [3]ਮਹਿਰੇ।

[1]ਭਾਵ ਜੇ ਦੋ ਭਰਾ ਆਪੋ ਵਿਚ ਗੁੱਸੇ ਹੋ ਕੇ ਝਗੜ ਪੈਣ ਤਾਂ ਜੋ ਰੌਲਾ ਪੈ ਜਾਵੇ ਭਾਵ ਹਾਰ ਜਾਵੇ।

ਸੋ ਤਤਕਾਲ ਤੁਰਕ ਮਤ ਧਰੈ।
ਕਲਮਾ ਪਠਹਿ ਸ਼ਰ੍ਹਾ ਮਹਿਂ ਪਰੈ ॥੨੩॥
ਸਭਿ ਤੇ ਜੀਤਹਿ ਝਗਰਾ ਸੋਇ।
ਹਾਰਹਿ ਹਿੰਦੂ ਰਹੈ ਜਿ ਕੋਈ।
ਦਰਬ ਲੋਭ ਤੇ ਕੇਤਿਕ ਬਨਿ ਹੈਂ।
ਕੋ ਬਜਾਹਨਿ ਕੇ ਝਗਰੇ ਮਨ ਹੈਂ[1] ॥੨੪॥

[1]ਵਿਵਾਹ ਦੇ ਝਗੜੇ ਕਰ (ਤੁਰਕ ਮਤ ਨੂੰ) ਮੰਨਦੇ ਹਨ।

ਇਸੀ ਰੀਤਿ ਬਹੁ ਦੇਸ਼ਨਿ ਬੀਚ।
ਹਿੰਦੂ ਧਾਰਹਿਂ ਮਤੋ ਜੁ ਨੀਚ।
ਲੋਭ ਪਦਾਰਥ ਕੋ ਉਰ ਧਰਿ ਕੈ।
ਮੁਸਲਮਾਨ ਹੁਇਂ ਕਲਮਾ ਪੜ੍ਹਿ ਕੈ ॥੨੫॥
ਸ਼ਾਸਤ੍ਰਨਿ ਤੇ ਸੁ ਜੀਵਕਾ ਹਟੀ।
ਪਠਨਿ ਸੁਨਨਿ ਤੇ ਸਭਿ ਮਤਿ ਨਟੀ।
ਪਢੈਂ ਪਾਰਸੀ ਹਿੰਦੂ ਜੋਇ।
ਅਧਿਕ ਜੀਵਕਾ ਪ੍ਰਾਪਤਿ ਹੋਇ ॥੨੬॥
ਇਮ ਬਿਧਿ ਲਖਿ ਕੈ ਹਿੰਦੁ ਧਨੀ।
ਲਗੇ ਪਾਰਸੀ ਪਢਿਬੇ ਘਨੀ।
'ਸਲਾਮਾਲੈਕਮ[†]' ਮੁਖਹੁਂ ਅਲਾਵੈਂ[‡] ।
ਬੈਠ ਮਸੀਤੇ ਸਬਕ ਪਕਾਵੈਂ[†] ॥੨੭॥

[†]ਪਾ:-ਸਾਲਾਮਾਲੇਕ। [‡]ਪਾ:-ਪਢਾਵੈਂ।

[†]ਦੋ ਲਿਖਤੀ ਨੁਸਖਿਆਂ ਵਿੱਚ ਇਸ ਚੌਪਈ ਦੀਆਂ ਇਹ ਦੋ ਤੁਕਾਂ ਨਹੀਂ ਹਨ। ਚੌਪਈ ਦੇ ਕੇਵਲ ਦੋ ਚਰਨ ਹੀ ਹਨ, ਤੇ ਇਕ ਹੋਰ ਲਿਖਤੀ ਨੁਸਖੇ ਵਿੱਚ ਇਨ੍ਹਾਂ ਤੁਕਾਂ ਦੀ ਥਾਵੇਂ ਇਹ ਪਾਠ ਹੈ:- ਧਰਮ ਖੀਨ ਦਿਨ ਦਿਨ ਪ੍ਰਤਿ ਹੋਇ। ਤੁਰਕ ਮੁਦਿਤ ਯਾ ਬਿਧਿ ਅਵਿਲੋਇ।

ਰਾਮ ਰਾਮ ਅਰੁ ਬੰਦਨ ਕਰਨੀ।
ਸਭਿਨਿ ਪਰਸਪਰ ਕੀਨਸਿ ਹਰਨੀ[1]।

[1]ਛੱਡ ਦਿੱਤੀ।

ਮਿਲਤਿ ਸਲਾਮ ਕਰੈ ਸਭਿ ਕੋਇ।
ਸ਼ਾਸਤਰ ਬਿੱਦਯਾ ਨਿੰਦਯਾ ਸੋਇ ॥੨੮॥
ਕਹੈਂ 'ਡਕੌਤੀ ਪਢਨੋ ਏਹੁ[1]।

[1]ਸ਼ਾਸਤ੍ਰ ਵਿਦਿਆ ਦਾ) ਪੜ੍ਹਨਾ ਡਕੌਤੀ ਹੈ, ਭਾਵ ਨੀਵਾਂ ਕੰਮ ਹੈ। ਡਕੌਂਤ ਇਕ ਜਾਤ ਹੈ, ਜੋ ਨਿਜ ਨੂੰ ਬ੍ਰਾਹਮਣ ਕਹਿੰਦੇ ਹਨ। ਇਹ ਛਾਯਾ ਪਾਤ੍ਰ, ਸਿਰ ਵਾਰਨੇ, ਛਨਿਛਰ ਪੂਜਾ ਆਦਿ ਦਾ ਧਾਨ ਲੈਂਦੇ ਹਨ, ਇਸ ਕਰਕੇ ਨੀਵੇਂ ਸਮਝੇ ਜਾਂਦੇ ਹਨ।

ਹੇ ਸੁਤ ! ਕਯਾ ਇਸ ਪਠਿ ਕਰਿ ਲੇਹੁ।'
ਨਿਜ ਸਿਸ ਤੁਰਕ ਸਮੀਪ ਬਿਠਾਵੈਂ।

ਕਹੈਂ 'ਪਠਹੁ ਇਸ ਤੇ ਧਨ ਪਾਵੈ' ॥੨੯॥
ਕਹੈਂ ਸਲਾਮਾ ਲੇਕਮ ਘਨੀ।
ਭੰਗਨ ਕਰੀ ਮ੍ਰਿਯਾਦਾ ਘਨੀ।
ਤੁਰਕਨਿ ਸੋਂ ਮਿਲਿ ਦਰਬ ਉਪਾਵੈਂ।
ਬਿੱਪ੍ਰਨਿ ਅਪਨੋ ਧਰਮ ਨ ਭਾਵੈ ॥੩੦॥
ਛੱਤ੍ਰੀ ਪਠਹਿਂ ਪਾਰਸੀ ਇਲਮ।
ਤਜ਼ਾਗਤਿ ਧਰਨ ਨ ਲਾਵੈਂ ਬਿਲਮ।
ਧਨੀ ਹੋਇ ਪੁਨ ਗਰਬਹਿਂ ਘਨੇ।
ਬਿਨਾਂ ਇਲਮ ਲਖਿ ਹਸਿ ਹਸਿ ਭਨੇ ॥੩੧॥
ਇਕ ਕੋ ਦੇਖਤਿ ਦੁਤੀਯੋ ਪਢੈ।
ਤੁਰਕ ਤਰੀਫੈਂ ਤਉ[1] ਧਨ ਬਢੈ। — [1]ਜੇ ਤੁਰਕਾਂ ਦੀ ਉਸਤਤ ਕਰਨ, ਤਾਂ।
ਧਰਮਾਧਰਮ ਨ ਕਛੂ ਬਿਚਾਰਹਿਂ।
ਲੋਭੀ ਭਏ ਦਰਬ ਅਨੁਸਾਰਹਿਂ ॥੩੨॥
ਏਕ ਬਾਰ ਜਗ ਬਿਗਰਯੋ ਧਰਮ।
ਭਰਮ ਭਰਮ ਹੁਇਂ ਤੁਰਕ ਬਿਸ਼ਰਮ[1]। — [1]ਧਰਮ ਤੋਂ) ਡੋਲ ਡੋਲ ਕੇ ਬੇਸ਼ਰਮ (ਹਿੰਦੂ) ਤੁਰਕ ਹੋ ਜਾਂਦੇ ਹਨ।
ਬੈਸ ਸ਼ੂਦ੍ਰ ਕੀ ਕਯਾ ਹੈ ਗਿਨਤੀ।
ਤੁਰਕਨਿ ਆਗੇ ਕਰਹਿਂ ਸੁ ਬਿਨਤੀ ॥੩੩॥
ਦਿਜ ਬਾਹਜ ਅਰੁ ਬੈਸ ਮਹਾਨੇ।
ਪੋਸ਼ਿਸ਼ ਤੁਰਕਨਿ ਕੀ ਤਨ ਠਾਨੇ।
ਤੰਬੇ ਤੇਰ ਪਾਇ ਕਰਿ ਜਾਇਂ।
ਇੱਤਯਾਦਿਕ ਬਿੱਪ੍ਰੈ ਸਮੁਦਾਇ[1] ॥੩੪॥ — [1]ਸਾਰੇ ਉਲਟੇ ਹੋ ਗਏ।
ਤੁਰਕਨਿ ਮੈਂ ਬੈਠੈਂ ਰਲਿ ਮਿਲਿ ਕੈ।
ਮੁਖ ਪਰ ਲਗੈ ਸ੍ਵਾਸ ਤਿਨ ਚਲਿ ਕੈ।
ਗੰਦੇਧੂਮ[1] ਨਿਕਾਸਹਿਂ ਆਨਨ। — [1]ਤਮਾਕੂ ਦਾ ਧੂਆਂ।
ਛਾਇ ਹਿੰਦੂ ਕੇ ਮੁਖ ਚਖ ਕਾਨਨਿ[1] ॥੩੫॥ — [1]ਮੂੰਹ ਅੱਖਾਂ ਤੇ ਕੰਨਾਂ ਵਿਚ।
ਬੈਠੇ ਰਹੈਂ ਅਨੰਦ ਕੋ ਮਾਨਿ।
ਮੂਢ ਸਕੁਚਿ ਨਹਿਂ ਕਰੈਂ ਗਿਲਾਨ।
ਬਸਤ੍ਰ ਬਸਤ੍ਰ ਸੋਂ ਭਲੇ ਮਿਲਾਇ।

ਅਤਿਸ਼ੈ ਨਿਕਟਿ ਬੈਠਿ ਮੁਦ ਪਾਇੰ
॥ ੩੬ ॥
ਮੀਆਂ ਆਦਿਕ ਤੁਰਕ ਬਡਾਈ।
ਲੇ ਲੇ ਹਿੰਦੂ ਉਰ ਗਰਬਾਈਂ।
ਅਪਨੋਂ ਧਰਮ ਨ ਕਛੂ ਬਿਚਾਰਹਿਂ।
ਮਿਲਿ ਮਿਲਿ ਧਨ ਕੀ ਲਾਲਸ ਧਾਰਹਿ
॥ ੩੭ ॥
ਜਿਮ ਰਾਵਨ ਗਨ ਧਰਮ ਹਟਾਏ।
ਤਪਸੀ ਆਦਿਕ ਅਧਿਕ ਦੁਖਾਏ।
ਤਿਮ ਨੌਰੰਗ ਬਾਦੀ ਚਵਗੱਤਾ[1]।
ਨਾਨਾ ਭਾਂਤਿਨਿ ਕੀਨਿ ਕੁਮੱਤਾ[1] ॥ ੩੮ ॥
ਹਿੰਦੂ ਧਰਮ ਬਿਗਾਰਯੋ ਜਗ ਮਹਿਂ[†]।
ਤੁਰਕ ਸ਼ਰ੍ਹਾ ਬਿਰਧਾਵਨਿ ਕਉ ਚਹਿ[†]।
ਦੇਸ਼ ਬਿਦੇਸ਼ਨਿ ਰਾਜ ਬਿਸ਼ੇਸ਼ਹਿ।
ਔਰੰਗ ਦੁਸ਼ਟ ਸੁ ਕਰਤਿ ਅਸ਼ੇਸ਼ਹਿ
॥ ੩੯ ॥
ਪੂਰਬ ਤਪ ਕੇ ਬਲ ਕੋ ਪਾਇ।
ਜਗ ਮਹਿਂ ਬਹੁਤਨਿ ਕੋ ਦੁਖਦਾਇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ।
ਹਿੰਦੂ ਅਨਿਕ ਧਰਮ ਗੇ ਹਾਰ ॥ ੪੦ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

[1]ਮੁਗ਼ਲ ਜਾਤੀ।
[1]ਖੋਟੀ ਮਤੀ।
[†]ਪਾ:-ਜਗ ਮੈਂ।
[†]ਪਾ:-ਮਗ ਮੈਂ।

## ੩੩. [ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਹਿੰਦੁਨਿ ਸੰਗ ਬਦ ਬਰ[1] ਭਯੋ,
ਇਮ ਨੁਰੰਗ ਤੁਰਕੇਸ਼।
ਤੁਰਕਨਿ ਮਿਲਿ ਕਰਿ ਏਕ ਹੁਇ,
ਰਚਹਿਂ ਉਪਾਇ ਬਿਸ਼ੇਸ਼ ॥੧॥

[1]ਬਹੁਤ ਬੁਰਾ।

ਚੌਪਈ:

ਭੂਮਿ ਭੌਨ ਕੇ ਧਨ ਕੇ ਝਗਰੇ।
ਸਾਕ ਕਰਨਿ ਆਦਿਕ ਜੇ ਸਗਰੇ।
ਹਿੰਦੁ ਹੋਇ ਤੁਰਕ ਬਨ ਜਾਇ।
ਤਿਸ ਕੋ ਸਭਿ ਤੇ ਦੇਹਿਂ ਜਿਤਾਇ ॥੨॥
ਕਿਧੌਂ ਛੁਧਾਤੁਰ ਹਿੰਦੂ ਹੋਇ।
ਕੈ ਦਾਰਿੱਦ੍ਰੀ ਧਨ ਚਹਿ ਕੋਇ।
ਤਿਸ ਤੇ ਆਦਿ ਅਨੇਕ ਪ੍ਰਕਾਰੇ।
ਜਿਮ ਕਿਮ ਤੁਰਕ ਬਨਾਇ ਬਿਗਾਰੇਂ ॥੩॥
ਚਹਹਿਂ ਸੁ ਦੇਹਿਂ, ਦੀਨ ਮਹਿਂ ਆਵੈ[1]।
ਪੁਨਹਿ ਜੀਵਕਾ ਤਾਂਹਿ ਬਨਾਵੈਂ।
ਸਭਿ ਦੇਸ਼ਨਿ ਮਹਿਂ ਅਸ ਗਤਿ ਹੋਈ।
ਰਾਖਾ ਦੁਤਿਯ ਨ ਦੀਸਤਿ ਕੋਈ ॥੪॥

[1]ਜੋ ਚਾਹੁਣ ਸੋ ਦੇਂਦੇ ਹਨ (ਇਸ ਤਰ੍ਹਾਂ) ਦੀਨ ਵਿਚ ਆਂਵਦੇ ਹਨ।

ਜਹਿਂ ਜਹਿਂ ਦ੍ਰਿੜ੍ਹਤਾ ਹਿੰਦੁਨਿ ਕੇਰੀ।
ਤਹਿਂ ਤਹਿਂ ਜ਼ੋਰ ਪਾਇ ਕਰਿ ਜ਼ੇਰੀ[1]।
ਜਿਸ ਨੇ ਅਜ਼ਮਤ ਕਿਛੁ ਦਿਖਰਾਈ।
ਤਿਸ ਤੇ ਹਟਕ ਰਹਯੋ ਪਛੁਤਾਈ ॥੫॥
ਬਨਯੋ ਨ ਤੁਰਕ, ਕਰਯੋ ਹਠ ਜਾਂਹੀ।
ਅਰੁ ਅਜ਼ਮਤ ਦੀਨਸਿ ਕਿਮ ਨਾਂਹੀ।
ਤਤਛਿਨ ਤਿਸੈ ਗਹੈ ਸੰਘਾਰੈ।
ਅਰੁ ਤਿਸ ਕੋ ਪੱਖੀ ਗਹਿ ਮਾਰੈ ॥੬॥
ਮਹਾਂ ਕ੍ਰੂਰ ਕਰਮਾ ਮਤਿ ਮੰਦ।
ਕਾਜ਼ੀ ਮੁੱਲਾਂ ਮੂੜ੍ਹ ਬਿਲੰਦ।
ਜਿਮ ਹਿੰਦੁਨਿ ਪਰ ਹੁਇ ਕਠਨਾਈ।

[1]ਨੀਵੇਂ ਕੀਤੇ।

ਤਿਮ ਨੁਰੰਗ ਕੋ ਦੇਤਿ ਸਿਖਾਈ ॥੭॥
ਪੂਰਬ ਸੋ ਗੁਰ ਘਰ ਕੇ ਦ੍ਰੋਹੀ।
ਕਹਤਿ ਸੁ[1] ਮੰਦ ਬਾਤ ਜਿਮ ਹੋਹੀ।
ਸ਼ਾਹੁਜਹਾਂ ਬਿਗਰਯੋ ਜਬਿ ਹੀ ਤੇ।
ਠਾਨਤਿ ਅਧਿਕ ਦ੍ਵੈਖ ਤਬਿ ਹੀ ਤੇ ॥੮॥
ਕਹਿ ਕਹਿ ਕੂਰੇ ਕ੍ਰੋਧ ਉਪਾਵੈਂ।
ਸਤਿਗੁਰ ਘਰ ਸੋਂ ਬੈਰ ਬਧਾਵੈਂ।
'ਸੁਨਹੁ ਸ਼ਾਹੁ ! ਹਿੰਦੁਨਿ ਗੁਰ ਏਕ।
ਜਿਸ ਕੋ ਮਾਨਹਿਂ ਦੇਸ਼ ਅਨੇਕ ॥੯॥
ਕਰਾਮਾਤ ਕੇ ਧਨੀ ਕਹਾਵੈਂ।
ਜੋ ਜਿਮ ਚਾਹੈਂ ਤਿਮ ਦਿਖਰਾਵੈਂ।
ਜਹਾਂਗੀਰ ਸ਼ਾਹੁ ਜੁ ਤੁਵ ਦਾਦਾ।
ਤਿਨਹੁੰ ਹਕਾਰੇ ਹਿਤ ਅਹਿਲਾਦਾ ॥੧੦॥
ਗ੍ਵਾਲੀਏਰ ਕੇ ਦੁਰਗ ਮਝਾਰੇ।
ਕਿਤਿਕ ਦਿਵਸ ਸੋ ਤਹਾਂ ਬਿਠਾਰੇ।
ਰਹਯੋ ਤਹਾਂ ਸਾਧਯੋ ਚਾਲੀਸਾ।
ਕਰਯੋ ਕਾਜ ਜਿਮ ਚਹਯੋ ਮਹੀਸ਼ਾ ॥੧੧॥
ਤਿਸ ਪਸ਼ਚਾਤ ਸਾਥ ਬਹੁ ਰਹੇ।
ਜਹਿਂ ਲਗਿ ਸ਼ਾਹ ਜੀਅਨਿ ਜਗ ਲਹੇ।
ਸ਼ਾਹਜਹਾਂ ਹੋਯੋ ਤਿਸ ਪਾਛੇ।
ਰਹੇ ਸੰਗ ਕੁਛ ਦਿਨ ਬਿਧਿ ਆਛੇ ॥੧੨॥
ਬਿਗਰ ਪਰਯੋ ਤਬਿ ਸ਼ਾਹੁ ਰਿਸਾਯੋ।
ਲਸ਼ਕਰ ਤਿਸ ਪਸ਼ਚਾਤ ਚਢਾਯੋ।
ਤਿਨ ਕੋ ਸ਼੍ਰੀ ਅੰਮ੍ਰਿਤਸਰ ਥਾਨ।
ਚਢਿ ਤੁਰਨ ਤਹਿਂ ਕੀਨ ਪਯਾਨ ॥੧੩॥
ਬਡੋ ਜੰਗ ਐਸੇ ਤਹਿਂ ਭਯੋ।
ਲਸ਼ਕਰ ਬ੍ਰਿੰਦ ਲਰਤਿ ਹੀ ਛਯੋ[1]।
ਗਨ ਸੁਭਟਨਿ ਅਰੁ ਹਯਨਿ ਖਪਾਯੋ।
ਜਿਯਤਿ ਰਹਯੋ ਦਲ ਤ੍ਰਸਤਿ ਭਜਾਯੋ ॥੧੪॥
ਸ਼ਾਹਿਜਹਾਂ ਸੁਨਿ ਰਿਸਯੋ ਬਿਸਾਲਾ।
ਪਠਨਿ ਲਗਯ ਲਸ਼ਕਰ ਜਿਸ ਕਾਲਾ।

[1]ਭਾਵ ਕਾਜ਼ੀ ਆਦਿ ਕਹਿੰਦੇ ਹਨ।

[1]ਨਾਸ਼ ਹੋ ਗਿਆ।

ਛੋਰਿ ਸੁਧਾਸਰ ਕੋ ਤਬਿ ਗਏ।
ਜੰਗਲ ਦੇਸ਼ ਪ੍ਰਵੇਸ਼ਤਿ ਭਏ ॥੧੫॥
ਪੁਨ ਤਹਿਂ ਜਾਇ ਤੁਰੰਗ ਕਢਿਵਾਏ।
ਦਰਿਆਉਨਿ ਤਰਿ ਗੁਨ ਸਮੁਦਾਏ[1]।

[1]ਦਰੀਆਵਾਂ ਦੇ ਤੈਰਨ (ਆਦੀ) ਬਹੁਤੇ ਗੁਣਾਂ ਵਾਲੇ (ਘੋੜੇ)।

ਲੱਲਾ ਕੰਬਰ ਸੂਬੇ ਦੋਇ।
ਕਰੇ ਪਠਾਵਨਿ ਰਿਸ ਮੈਂ ਹੋਇ ॥੧੬॥
ਜੰਗਲ ਦੇਸ਼ ਜੰਗ ਕਰਿ ਭਾਰੋ।
ਦੋਨਹੁਂ ਕੋ ਦਲ ਜੁਤਿ ਸੰਘਾਰੋ।
ਪੁਨ ਕਰਤਾਰ ਪੁਰੇ ਮਹਿਂ ਲਰਿਓ।
ਤਹਿਂ ਭੀ ਲਸ਼ਕਰ ਲਰ ਬਹੁ ਮਰਿਓ ॥੧੭॥
ਅਬਿ ਗਾਦੀ ਪਰ ਤਿਸ ਕੋ ਪੋਤਾ।
ਦੀਰਘ ਕਰਾਮਾਤ ਕੌ ਪੋਤਾ[1]।

[1]ਜਹਾਜ਼।

ਦਾਰਸ਼ਕੋਹ ਮਿਲਯੋ ਤਿਸ ਜਾਈ।
ਅਪਨਿ ਹਕੀਕਤਿ ਸਕਲ ਸੁਨਾਈ ॥੧੮॥
ਦੇਤਿ ਰਹਯੋ ਤਿਸ ਕੋ ਉਪਦੇਸ਼।
-ਕਰਿ ਭ੍ਰਾਤਾ ਸੋ ਜੁਧ ਵਿਸ਼ੇਸ਼।
ਹਮ ਸੰਗੀ ਤੁਵ ਲਰਬੇ ਮਾਂਹਿ।
ਸੇਵਕ ਸੈਨ ਸਕਲਹਿਂ ਪਾਹਿ ॥੧੯॥
ਅਪਰ ਭੂਪ ਲੇਂ ਸੰਗ ਮਿਲਾਇ।
ਜਯੋਂ ਤਯੋਂ ਤੁਝ ਕੋ ਕਰੈਂ ਸੁ ਰਾਇ[1]।

[1]ਰਾਜਾ।

ਪਤਿਸ਼ਾਹਿਤ ਕੋ ਮਾਲਿਕ ਅਹੈਂ।
ਤੇਰੋ ਸਾਥ ਸਦਾ ਨਿਰਬਹੈਂ[†]- ॥੨੦॥

[†]ਦੇਖੋ ਇਸੇ ਰਾਸ ਦੇ ਅੰਸੂ ੧੮ ਅੰਕ ੧੬ ਦੀ ਹੇਠਲੀ ਟੂਕ।

ਅਸ ਮਸਲਤ ਬਹੁਤੀ ਸਿਖਲਾਈ।
ਚਹਤਿ ਭਯੋ ਤੁਮ ਸੰਗ ਲਰਾਈ।
ਦਾਰਸ਼ਕੋਹੁ ਸਾਥ ਕਰਿ ਪਜਾਰਾ।
ਬੈਰ ਠਾਨਿ ਚਹਿ ਤੁਮਹਿਂ ਬਿਗਾਰਾ ॥੨੧॥
ਤੁਮਰੇ ਭਯੋ ਖੁਦਾਇ ਸਹਾਈ।
ਪਤਿਸ਼ਾਹਿਤ ਸਭਿ ਜਗ ਕੀ ਪਾਈ।

ਅਬਿ ਸੋ ਦੇਸ਼ ਤੁਮਾਰੇ ਰਹੇ।
ਭਲੋ ਆਪ ਕੋ ਜੋ ਨਹਿਂ ਚਹੇ ॥੨੨॥
ਕਰਾਮਾਤ ਕੋ ਧਨੀ ਕਹਾਵੈ।
ਹਿੰਦੂ ਭੇਟ ਅਸੰਖ ਚਢਾਵੈਂ।
ਸਭਿਹਿਨਿ ਕੋ ਦੇ ਨਿਜ ਉਪਦੇਸ਼।
ਸੇਵਕ ਕੀਨਸਿ ਦੇਸ਼ ਅਸ਼ੇਸ਼ ॥੨੩॥
ਅਬਿ ਤਿਸ ਕੋ ਨਿਜ ਨਿਕਟਿ ਹਕਾਰੋ।
ਕਰਾਮਾਤ ਕੋ ਲੇਨਿ ਉਚਾਰੋ।
ਜੋ ਕੁਛ ਕਹੋ ਸੁ ਦੇ ਦਿਖਰਾਇ।
ਹਰਖ ਉਪਾਵਹੁ ਅਚਰਜ ਪਾਇ ॥੨੪॥
ਨਾਂਹਿ ਤ ਸ਼ਰ੍ਹਾ ਬਿਖੈ ਲੈ ਆਵਹੁ।
ਬੰਛਤਿ ਰਿਦੈ ਮਨੋਰਥ ਪਾਵਹੁ।
ਹਿੰਦੁਨਿ ਕੇ ਅਲੰਬ ਬਡ ਭਾਰੇ।
ਇਸ ਬਿਨ ਸੇ ਹੁਇਂ ਤੁਰਕ ਸੁਖਾਰੇ[1] ॥੨੫॥

[1]ਇਸ (ਗੁਰੂ ਜੀ ਤੋਂ) ਬਿਨਾਂ (ਸ =) ਉਹ (= ਹਿੰਦੂ) ਤੁਰਕ ਛੇਤੀ ਹੋ ਜਾਣਗੇ। (ਅ) ਇਸ (ਅਲੰਬ) ਦੇ ਟੁੱਟਿਆਂ ਸੌਖੇ ਤੁਰਕ ਹੋ ਜਾਣਗੇ।

ਲਾਖਹੁਂ ਇਨ ਕੇ ਕਹੇ ਮਝਾਰ।
ਜਿਮ ਇਹ ਕਹਿਤ ਕਰਤਿ ਤਿਮ ਕਾਰ।
ਦੀਨ ਲੇਨਿ ਕਹੁ ਇਹ ਉਪਦੇਸ਼ਹਿਂ।
ਆਇਂ ਸ਼ਰ੍ਹਾ ਮਹਿਂ ਹਿੰਦੁ ਅਸ਼ੇਸ਼ਹਿਂ ॥੨੬॥
ਅਪਨਿ ਆਪ ਕੋ ਗੁਰੂ ਕਹਾਵੈਂ।
ਸਭਿਹਿਨਿ ਤੇ ਨਿਜ ਚਰਨ ਪੁਜਾਵੈਂ।
ਰਾਹੁ ਸ਼ਰ੍ਹਾ ਇਹੁ ਮਾਨਹਿਂ ਜਬੈ।
ਬਿਨਾਂ ਕਹੇ ਤੁਰਕ ਸੁ ਹੁਇਂ ਸਬੈ ॥੨੭॥
ਦੋ ਮਹਿਂ ਭਲੀ ਬਾਤ ਇਕ ਹੋਇ।
ਅਜ਼ਮਤ ਕਹੇ ਦੇਹਿਂਗੇ ਸੋਇ।
ਕਿਤੀ ਬਿਧਿਨਿ ਅਨਬਨ ਬਨਿਵਾਵਹੁ[1]।

[1]ਕਿਤਨੀਆਂ ਅਣ ਬਣ ਰੀਤੀਆਂ (ਇਨਾਂ ਪਾਸੋਂ ਬਨਵਾਵੋ)।

ਅਦਭੁਤ ਦੇਖਹੁ ਉਰ ਹਰਖਾਵਹੁ ॥੨੮॥
ਨਾਂਹਿ ਤ ਅਲਪ ਜਤਨ ਤੇ ਸਾਰੇ।
ਹਿੰਦੂ ਤੁਰਕ ਬਨਹਿਂ ਇਕ ਬਾਰੇ।
ਇਸ ਤੇ ਨੀਕੀ ਬਾਤ ਨ ਔਰ।

ਪਠਹੁ ਹਕਾਰਨਿ[1] ਹੈਂ ਜਿਸ ਠੌਰ ॥੨੯॥
[1]ਬੁਲਾ ਭੇਜੋ।
ਵਸਤੁ ਜੁ ਅਪਨੇ ਹਾਥ ਨ ਆਵੈ।
ਤਿਹ ਕਹਿ ਦੇਵਹੁ ਤੁਰਤ ਮੰਗਾਵੈ।
ਜਬਿ ਕੁਛ ਸੁਧ ਕਿਸ ਬਿਧਿ ਤੇ ਲੀਨੀ।
ਤਬਿ ਤੁਮ ਕਹੋ, ਕਰਹਿਂ ਸੋ ਦੀਨੀ[1]' ॥੩੦॥
[1]ਸੋ ਕਰ ਦੇਣਗੇ।
ਇਮ ਕਾਜ਼ੀ ਮੁੱਲਾਂ ਉਲਮਾਉ[1]।
[1]ਆਲਮ ਫਾਜ਼ਲ।
ਕਹਿ ਕਹਿ ਬਹੁ ਬਿਧਿ ਬਾਕ ਪ੍ਰਭਾਉ[1]।
[1]ਪ੍ਰਭਾਵ (ਅਸਰ) ਵਾਲੇ ਵਾਕ।
ਭਲੇ ਪ੍ਰਬੋਧੈਂ ਲਾਭ ਦਿਖਾਵਹਿਂ।
'ਫਲਹਿ ਮਨੋਰਥ ਤੋਹਿ ਜਨਾਵਹਿਂ[1] ॥੩੧॥
[1]ਤੈਨੂੰ (ਉਹ ਗੱਲ) ਦੱਸਦੇ ਹਾਂ(ਅਸੀਂ ਕਿ) ਜਿਸ ਨਾਲ ਤੇਰਾ ਮਨੋਰਥ ਸਿੱਧ ਹੋ ਜਾਵੇ।
ਅਜ਼ਮਤ ਸੋਂ ਹੋਵਹਿਂ ਭਰਪੂਰ।
ਕਿਧੌਂ ਪੁਰਖ ਸਾਹਿਬ ਸ਼ਾਹੂਰ[1]।
[1]ਅਕਲਮੰਦ [ਅ:. ਸਾਹਿਬ ਸ਼ਊਰ]
ਕਿਧੋਂ ਇਲਮ ਕੋ ਹੈ ਉਲਮਾਉ।
ਕੈ ਖ਼ੁਦਾਇ ਕੋ ਸੁਮਗ ਜਨਾਉ ॥੩੨॥
ਸ਼ਾਹ ਆਪ ਤੁਮ ਦਾਨਸ਼ਵੰਦ।
ਸਭਿ ਕੋ ਸਮਝਹੁ ਮਗਜ਼ ਬਿਲੰਦ।
ਤਉ ਹਮੈਂ ਕਹਿਬੋ ਇਮ ਬਨੈ।
ਜਿਸ ਤੇ ਪ੍ਰਾਪਤਿ ਹੁਇ ਹਿਤ ਸਨੈ ॥੩੩॥
ਇਕ ਤੌ ਪਾਛਲ ਬੈਰ ਸੰਭਾਰਹੁ।
ਅਜ਼ਮਤ ਬਹੁਤ ਪ੍ਰਕਾਰ ਨਿਹਾਰਹੁ।
ਜੇ ਨ ਹੋਇ ਤੌ ਮੁਸ਼ਕਲ ਕਰੋ[1]।
[1]ਔਖਿਆਂ ਕਰੇ (ਉਨ੍ਹਾਂ ਨੂੰ)।
ਤਿਨ ਕੋ ਧਰਮ ਜ਼ੋਰ ਤੇ ਹਰਹੁ' ॥੩੪॥
ਸੁਨਤਿ ਸ਼ਾਹੁ ਕੇ ਮਨ ਮੈਂ ਭਾਈ।
ਮਿਲਿ ਮੂਢਨਿ ਜੋ ਬਾਤ ਬਤਾਈ।
-ਰਾਜ ਤੇਜ ਮੇਰੋ ਹੁਇ ਹਾਨੀ- ॥
ਮੂਰਖ ਨੇ ਇਹ ਬਾਤ ਨ ਜਾਨੀ ॥੩੫॥
-ਸਾਹਿਬ ਕਰਾਮਾਤ ਜੇ ਨਰ ਹੈਂ।
ਚਿਤ ਬਾਂਛਨਿ ਕੋ ਤਤਛਿਨ ਕਰਿ ਹੈਂ।
ਤਿਨ ਸੋਂ ਬਨਹਿ ਬੇਨਤੀ ਕਰਨੀ।
ਹਲਤ ਪਲਤ ਸੁਖਦਾ ਇਮ ਬਰਨੀਂ-

॥੩੬॥
ਪਤਿਸ਼ਾਹਿਤ ਪ੍ਰਾਪਤਿ ਤੇ ਗਰਬ।
ਨਿਜ ਕੋ ਬਡੋ ਲਖਹਿ ਲਘੁ ਸਰਬ।
-ਮੋਹਿ ਸਮਾਨ ਨ ਜਗ ਮਹਿਂ ਆਨ।
ਬਲ ਜੁਤਿ ਦਾਨਸ਼ਵੰਦ ਮਹਾਨ- ॥੩੭॥
ਪਦਰ ਜਿ ਦਾਦਾ ਤਿਨ ਲਘੁ ਜਾਨੇ।
ਅਪਰਨਿ ਕੀ ਕਜਾ ਬਾਤ ਬਖਾਨੇ।
-ਮੁਝ ਸਮ ਅਕਲ ਨ ਤਿਨ ਮੈਂ ਹੋਈ।
ਕਰਿ ਨ ਸਕਹਿਂ, ਮੈਂ ਕਰਿ ਹੌਂ ਜੋਈ-
॥੩੮॥
ਇਮ ਲਖਿ ਕਰਿ ਅਫਰਜੋ ਹੰਕਾਰੀ।
ਸਭਿਨਿ ਸੰਗ ਬਿਗਰਜੋ ਬੁਧਿਹਾਰੀ।
ਜਿਨ ਕੇ ਏਕ ਬਾਕ ਤੇ ਹੋਵੈ।
ਏਤੋ ਬਨਜੋ ਕਹਤਿ ਹੀ ਖੋਵੈ' ॥੩੯॥

'ਜਿਨਾਂ ਦੇ ਇਕ ਬਚਨ ਦੇ ਕਹਿਣ ਨਾਲ (ਜੋ ਕਹਿਣ) ਹੋ ਜਾਇਗਾ (ਅਰ) ਇਤਨਾਂ ਬਣਿਆਂ (ਸਮਾਜ) ਕਹਿੰਦੇ ਸਾਰ ਖੁੱਸ ਜਾਵੇਗਾ।

ਤੁੱਛ ਪਦਾਰਥ ਜਗ ਕੇ ਪਾਇ।
ਤਿਨ ਸੋਂ ਅਰਨਿ ਚਹਜੋ ਚਿਤ ਚਾਇ।
ਕਜਾ ਪ੍ਰਾਪਤ ਫਲ ਹ੍ਵੈ, ਨਹਿਂ ਜਾਨਜੋ।
ਸਕਲ ਹਾਨ ਲਹਿ, ਇਮ ਨ ਪਛਾਨਜੋ
॥੪੦॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

## ੩੪. [ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਮਿਲਿ ਸੂਬੇ ਉਮਰਾਵ ਜੇ,
ਬਹੁਰ ਮੁਲਾਨੇ ਬ੍ਰਿੰਦ।
ਨੌਰੰਗ ਕੋ ਸਮੁਝਾਵਹੀਂ,
ਗੁਰ ਦਿਸ਼ਿ ਦ੍ਰੋਹਿ ਬਿਲੰਦ ॥੧॥

ਚੌਪਈ:

'ਦਾਰਸ਼ਕੋਹ ਸਹਾਇਕ ਭਏ।
ਮਿਲੇ ਪਰਸਪਰ ਪ੍ਰੀਤੀ ਕਿਏ।
ਜਿਮ ਭ੍ਰਾਤਾ ਭਾ ਸ਼ੱਤ੍ਰ ਹਮਾਰੋ।
ਤਥਾ ਗੁਰ ਹਰਿਰਾਇ ਬਿਚਾਰੋ' ॥੨॥
ਸੁਨਿ ਔਰੰਗ ਉਰ ਬਿਖੈ ਰਿਸਾਯੋ।
ਮਕਰ ਫਰੇਬਨਿ ਕੋ[1] ਲਿਖਵਾਯੋ।
ਕੇਤਿਕ ਉਪਾਲੰਭ ਇਸ ਭਾਏ।
'ਘਰ ਸ਼੍ਰੀ ਨਾਨਕ ਫਕਰ ਸਦਾਏ ॥੩॥
ਸਭਿ ਕੋ ਦੇਖੈਂ ਏਕ ਸਮਾਨੇ।
ਮਿੱਤ੍ਰ ਸ਼ੱਤ੍ਰ ਕਿਸਹੂੰ ਨਹਿਂ ਜਾਨੇ।
ਦਾਰਾ ਕੀ ਤੁਮ ਕਰੀ ਹਿਮਾਇਤ।
ਸਲਤਨ ਦੀਨਸਿ ਦੇਸ਼ ਵਲਾਇਤ ॥੪॥
ਸੋ ਮੈਂ ਪਕਰਿ ਦਿਯੋ ਮਰਿਵਾਇ।
ਕਵਨ ਤੁਮਾਰੀ ਭਈ ਸਹਾਇ।
ਭਈ ਸੁ ਭਈ ਬੀਤ ਸਭਿ ਗਈ।
ਅਬਿ ਮਨ ਕਰਹੁ ਸਫਾਈ ਨਈ ॥੫॥
ਹਮ ਸੋਂ ਮਿਲਹੁ ਆਨਿ ਅਬਿ ਆਪ।
ਸਥਿਰ ਤਖਤ ਪਰ ਸਹਿਤ ਪ੍ਰਤਾਪ।
ਮਿਲਿਬੇ ਕੀ ਬਹੁ ਮੁਝ ਕੋ ਲਾਲਸ।
ਤੁਮ ਭੀ ਆਵਹੁ ਕਰਹੁ ਨ ਆਲਸ' ॥੬॥
ਲਿਖ੍ਯੋ ਸ਼ੌਕਨਾਮਾ ਇਸ ਰੀਤਿ।
ਅਤਿ ਮਤਿਮੰਦ ਕਪਟ ਧਰਿ ਚੀਤ।
ਸਨੇ ਸਨੇ ਸਤਿਗੁਰ ਢਿਗ ਆਯੋ।
ਪਠਿ ਕਰਿ ਸਗਲ ਪ੍ਰਸੰਗ ਸੁਨਾਯੋ ॥੭॥
ਸ਼੍ਰੀ ਅੰਤਰਜਾਮੀ ਸਭਿ ਜਾਨੀ।

[1]ਮਕਰ ਤੇ ਫਰੇਬ (ਦੀ ਚਿੱਠੀ)।

-ਕਪਟਮਤੀ ਤੁਰਕੇਸ਼ੁਰ ਠਾਨੀ-।
ਤਿਸ ਮੂਰਖਤਾ ਲਖਿ ਬਿਗਸਾਏ।
-ਸੰਤਨਿ ਸੋਂ ਇਹ ਦ੍ਰੋਹ ਕਮਾਏ- ॥੮॥
ਤਬਿ ਜਬਾਬ ਖਤ ਕੋ ਲਿਖਵਾਯਹੁ।
'ਹਮੇ ਜੁ ਮਿਲਨੇ ਹੇਤੁ ਬੁਲਾਯਹੁ।
ਤੋ ਸੰਗ ਨਹਿਂ ਕੁਛ ਕਾਮ ਹਮਾਰਾ।
ਨਹੀਂ ਦੇਸ਼ ਕੋ ਰਾਜ ਉਦਾਰਾ ॥੯॥
ਤੇਰੇ ਦਾਮ ਨਹੀਂ ਹਮ ਦੇਨੇ।
ਅਰੁ ਨਹਿਂ ਖਾਹਿਸ਼ ਤੁਮ ਤੇ ਲੇਨੇ।
ਪੀਰ ਮੁਰੀਦੀ ਨਾਂਹਿਨ ਕੋਈ।
ਕੌਨ ਹੇਤੁ ਕਰਿ ਮਿਲਿਬੋ ਹੋਈ ॥੧੦॥
ਅਰੁ ਜੇ ਦਾਰਸ਼ਕੋਹ ਪ੍ਰਸੰਗ।
ਸਲਤਨ ਦੇਨਿ ਲਿਖ੍ਯੋ ਹਮ ਸੰਗ।
ਅਟਲ ਸੁ ਛੱਤ੍ਰ ਤਖਤ ਤਿਸ ਦੀਨੋ।
ਸਦਾ ਦੀਨ ਕੋ ਦੁਖੀ ਨ ਲੀਨੋ[1] ॥੧੧॥

[1]ਉਸ ਨੇ ਇਸ ਦੁਨੀਆਂ ਦਾ) ਦੁਖਦਾਈ। (ਰਾਜ) ਨਹੀਂ ਲਿਆ।

ਦਾਨਸ਼ਵੰਦ ਦੁਨੀ ਲਖਿ ਫਾਨੀ[1]।
ਤਜਾਗੀ, ਲੈਬੇ ਕਹੁ ਨਹਿਂ ਮਾਨੀ।
ਕਰਹਿ ਦੀਨ ਕੀ ਸਦ ਪਤਿਸ਼ਾਹੀ।
ਅਚਲ ਬਿਸਾਲ ਚਲੈ ਕਬਿ ਨਾਂਹੀ ॥੧੨॥

[1]ਨਾਸ਼ਮਾਨ।

ਜਿਸ ਪਰ ਮਿਹਰ ਰੱਬ ਕੀ ਹੋਇ।
ਦਾਰਸ਼ਕੋਹ ਮਨਿੰਦੈ ਸੋਇ।
ਪਤਿਸ਼ਾਹਿਤ ਹਮ ਤੇ ਨਹਿਂ ਲੀਨੀ।
ਲਈ ਦੀਨ ਕੀ ਸਲਤਨ ਪੀਨੀ[1] ॥੧੩॥

[1]ਭਾਰੀ ਰਾਜ।

ਜੇ ਦਿਲ ਸ਼ੁਭੈ[1] ਤੁਮਾਰੇ ਲਹੈ।

[1]ਸ਼ੱਕ।

ਦਾਰਾ ਸਲਤਨ ਨਹੀਂ ਕਿ ਐਹੈ[1]।

[1]ਦਾਰਾ ਦੀ ਪਾਤਸ਼ਾਹੀ ਹੈ ਕਿ ਨਹੀਂ।

ਤੌ ਤੁਝ ਖ੍ਵਾਬ ਬੀਚ ਦਿਖਰਾਵੈ।
ਤਿਸ ਕੋ ਨਿਸ਼ਚਾ ਰਿਦੈ ਟਿਕਾਵੈਂ ॥੧੪॥
ਜਬਿ ਸੁਪਤਹੁ ਤੁਮ ਐਸੇ ਕਰਨਾ।
ਦਾਰਸ਼ਕੋਹ ਧ੍ਯਾਨ ਉਰ ਧਰਨਾ।
ਕਰਹੁ ਸੈਨ ਹ੍ਵੈ ਖ੍ਵਾਬ ਤੁਮਾਰੇ[1]।

[1]ਤੈਨੂੰ ਸੁਪਨਾ ਆਵੇਗਾ।

ਭਲੋ ਬੁਰੋ ਸਭਿ ਲੇਹੁ ਨਿਹਾਰੇ ॥੧੫॥
ਕਰਹੁ ਕਪਟ ਘਟ ਦੇਹੁ ਮਿਟਾਇ[1]।
ਜਾਨਹੁ ਸਭਿ ਕੋ ਏਕ ਖੁਦਾਇ।'
ਇੱਤਜਾਦਿਕ ਲਿਖਿ ਗੁਰੂ ਪਠਾਯੋ।
ਕਾਸਦ[1] ਲੇ ਅਵਰੰਗ ਪਹਿ ਆਯੋ ॥੧੬॥
ਲੇ ਕਰਿ ਪਠਜੋ ਤਬੈ ਬਦਸ਼ਾਹੁ।
ਦਾਰਾ ਕੀ ਜਿਸ ਬਿਖੈ ਸਲਾਹੁ।
ਜਰਜੋ ਰਿਦੈ ਰਿਸ ਕਰਤਿ ਬਡੇਰੀ।
ਬਸ[†] ਕਛੁ ਚਲਹਿਂ ਨਹੀਂ ਤਿਸ ਬੇਰੀ ॥੧੭॥
-ਅਬਿ ਭੀ ਮੁਝ ਕੋ ਕਛੁ ਨ ਜਾਨਾ।
ਸਕਲ ਜਗਤ ਕੋ ਭਾ ਸੁਲਤਾਨਾ।
ਲਿਖੀ ਸਿਫਤ ਦਾਰਾ ਕੀ ਫੇਰ।
ਸ਼ਰ੍ਹਾ ਵਹਿਰ ਲਖਿ ਮਾਰਜੋ ਗੇਰਿ[1]- ॥੧੮॥
ਇਮ ਗਿਨਤੀ ਮਨ ਗਿਨਤਿ ਬਿਸਾਲਾ।
ਨਿਸਾ ਭਈ ਭਾ ਸੁਪਤਨਿ ਕਾਲਾ।
ਦਾਰਾ ਕੋ ਚਿਤਵਤਿ ਰਿਸ ਧਰੇ।
ਰਚਿਰ ਪ੍ਰਯੰਕ ਪੌਢਿਬੋ ਕਰੇ ॥੧੯॥
ਭਯੋ ਨੀਂਦ ਬਸਿ ਸੁਪਨੋ ਆਯੋ।
ਦਾਰਸ਼ਕੋਹ ਨੂਰ ਦਰਸਾਯੋ।
ਬੈਠਜੋ ਤਖਤ ਛੱਤ੍ਰ ਸਿਰ ਢੁਰੇ।
ਮਹਾਂ ਜਲੂਸ[1] ਚਹੂੰ ਦਿਸ਼ਿ ਕਰੇ ॥੨੦॥
ਹੂਰਾਂ ਅਨਿਕ ਸਰੋਦਨਿ[1] ਗਾਵੈਂ।
ਅਨਿਕ ਭਾਵ ਕਰਿ ਤਾਨ ਰਿਝਾਵੈਂ।
ਢੁਰਤਿ ਚਮਰ ਚਹੁੰ ਦਿਸ਼ਿ ਚਲ ਚਾਲਾ[1]।
ਚਮਤਕਾਰ ਹ੍ਵੈ ਰਹਜੋ ਉਜਾਲਾ ॥੨੧॥
ਦਾਸ ਅਨੇਕ ਖਰੇ ਕਰ ਜੋਰੇ।
ਆਇਸੁ ਦੇਤਿ, ਕਰਤਿ ਸੋ ਦੌਰੇ।
ਫੂਲ ਅਜਾਇਬ ਕੀ ਗਰ ਮਾਲਾ।
ਚਹੁੰਦਿਸ਼ਿ ਬਿਥਰੀ ਸ਼ੋਭ ਬਿਸਾਲਾ ॥੨੨॥

[1]ਜੋ ਕਪਟ ਕਰਦੇ ਹੋ ਸੋ ਦਿਲੋਂ ਮਿਟਾ ਦਿਓ।
[1]ਹਲਕਾਰਾ।
[†]ਪਾ:-ਤਬ।
[1]ਮਾਰ ਸੁੱਟਿਆਂ ਦਾਰਾ ਨੂੰ।
[1]ਦਰਬਾਰ [ਅ: ਜਲੂਸ = ਤਖਤ ਸ਼ਾਹੀ ਪਰ ਬੈਠਣਾ]
[1]ਰਾਗ।
[1]ਚੰਚਲ।

ਚੋਆ ਚਾਰੁ ਅਤਰ ਖੁਸ਼ਬੋਇ।
ਮਹਿਕਤਿ ਚਹੁੰਦਿਸ਼ਿ ਆਨੰਦ ਹੋਇ।
ਕੰਚਨ ਕੋ ਮੰਦਰ ਮਨਿ ਖਚੇ।
ਜਿਸ ਮਹਿਂ ਖਗ ਮ੍ਰਿਗ ਸੁੰਦਰ ਰਚੇ ॥੨੩॥
ਨੌਬਤ ਨਾਦ ਹੋਤਿ ਮੁਦਕਾਰੀ।
ਬੀਨਾ ਬਜਹਿਂ ਅਨੇਕ ਪ੍ਰਕਾਰੀ।
ਚਹੁੰਦਿਸ਼ਿ ਸੁਜਸੁ ਕਰਤਿ ਬਹੁ ਖਰੇ।
ਦਾਰਸ਼ਕੋਹੁ ਹੁਕਮ ਕੋ ਕਰੇ ॥੨੪॥
ਬਹੁਤ ਬਾਹਨੀ ਭਟ ਬਰਿਆਰੇ[1]।
ਵਾਹਨ ਅਨਿਕ ਪ੍ਰਕਾਰ ਸ਼ਿੰਗਾਰੇ।
ਤਨਜੋ ਬਿਤਾਨ ਦੇਖਿ ਮਨਮੋਹਤਿ।
ਸਰਬ ਸਮਾਜ ਸ਼ੋਭ ਤੇ[1] ਸੋਹਿਤ ॥੨੫॥
ਆਪਨੋ ਪੌ ਪੁਨ ਪਿਖਿ ਬਿਕਰਾਲਾ।
ਬੇਸ ਮਲੀਨ ਰੂਪ ਚੰਡਾਲਾ।
ਭਰਜੋ ਟੋਕਰਾ ਬਿਸ਼ਟਾ ਸਾਥ।
ਰਹਜੋ ਉਠਾਇ ਆਪਨੇ ਮਾਥ ॥੨੬॥
ਊਪਰ ਸੋਂ ਬਰਖਾ ਜਲ ਪਰੈ।
ਚਖ ਮੁਖ ਪਰ ਸੋ ਬਿਸ਼ਟਾ ਢਰੈ।
ਦ੍ਵੈ ਇਸ ਕੀ ਦਿਸ਼ਿ ਦੌਰਤਿ ਆਏ।
ਮਾਰਿ ਲਸ਼ਟਕਾ ਦਯੋ ਹਟਾਏ ॥੨੭॥
ਹਟਜੋ ਤਹਾਂ ਤੇ ਤਿਨ ਕੋ ਮਾਰਜੋ।
ਫਿਸਲਤਿ ਮੰਦ ਮੰਦ ਪਦ ਧਾਰਜੋ।
ਪੁਨ ਸੋ ਮਾਰਤਿ ਕਰਤਿ ਪਲਾਇਨਿ।
ਦੀਨ ਨਿਬਲ ਤੇ ਭਾਜਜੋ ਜਾਇ ਨ ॥੨੮॥
ਭੇਸ ਭਯਾਨਕ ਭੈ ਧਰਿ ਭਾਰੀ।
ਭਾਜਤਿ ਗਮਨਜੋਂ ਗਿਰਜੋ ਅਗਾਰੀ।
ਤਬਿਹੀ ਖੁਲੇ ਬਿਲੋਚਨ ਜਾਗਾ।
ਸ਼੍ਰੀ ਗੁਰ ਕੇ ਬਚ ਸਿਮਰਨਿ ਲਾਗਾ ॥੨੯॥
-ਲਿਖ ਜੋ ਪਠਜੋ, ਸੁ ਮੁਝ ਸੋਂ ਹੁਯੋ-।

[1]ਬਲਵਾਨ।

[1]ਸ਼ੋਭਾ ਨਾਲ।

ਬਹੁਤ ਬਿਸੂਰਤਿ ਸੰਕਟ ਭਯੋ।
ਦਾਰਾ ਕੋ ਜਲੂਸ[2] ਬਡ ਦੇਖਾ।
ਉਰ ਅਫਸੋਸਤਿ ਕ੍ਰੋਧ ਵਿਸ਼ੇਖਾ ॥੩੦॥
-ਇਹ ਕਜ਼ਾ ਭਯੋ ਨ ਜਾਨ੍ਯੋ ਗਯੋ।
ਸਿਹਰ[1] ਕਿਧੋਂ ਹਿੰਦੁਨਿ ਗੁਰ ਕਿਯੋ-।
ਦੁਬਿਧਾ ਚਿਤ ਮਹਿਂ ਭਾ ਮਨ ਭੰਗ।
ਕਹਿ ਨ ਸਕਹਿ ਪ੍ਰਸੰਗ ਕਿਹ ਸੰਗ ॥੩੧॥

[1]ਜਾਦੂ।

ਬਹੁਤ ਬਿਚਾਰਤਿ ਕ੍ਰੋਧ ਬਧਾਇ।
ਸਮਝ੍ਯੋ ਨਹਿਂ ਮੂਰਖ ਇਸ ਭਾਇ[1]।

[1]ਇਸ ਦਾ (ਅਸਲੀ) ਭਾਵ।

-ਸ਼੍ਰੀ ਹਰਿਰਾਇ ਸੰਗ ਕਰਿ ਦ੍ਵੈਸ਼।
ਤਿਨਹੁ ਕੀਨਿ ਇਹ ਸਿਰਰ[1]† ਵਿਸ਼ੇਸ਼ ॥੩੨॥

[1]ਮੈਂ ਦ੍ਵੈਸ਼ ਕੀਤਾ ਹੈ, ਉਨ੍ਹਾਂ ਨੇ ਤਾਂ ਇਹ ਗੁੱਝੀ ਗੱਲ ਕਰ (ਵਿਖਾਈ ਹੈ) [ਅ: ਸੱਰ = ਗੁੱਝੀ ਗੱਲ]। †ਸ਼ੁਧ ਪਾਠ 'ਸਿਹਰ' ਹੋਸੀ।

ਮੋਹਿ ਦਸ਼ਾ ਕੈਸੀ ਦਿਖਰਾਈ।
ਦਾਰਾ ਕੋ ਪਾਤਿਸ਼ਾਹੁ ਬਨਾਈ।
ਪਠੌਂ ਸੈਨ ਗਹਿਵਾਇ ਮੰਗਾਵਉਂ।
ਮੈਂ ਅਪਨੀ ਅਬਿ ਸ਼ਕਤਿ ਦਿਖਾਵਉਂ- ॥੩੩॥
ਇਮ ਨਿਸ਼ਚੈ ਕਰਿ ਮੂਰਖਮਾਨੀ।
ਕੀਨਿ ਬਾਹਨੀ ਤਯਾਰ ਮਹਾਨੀ।
ਇਕ ਉਮਰਾਵ ਪਠ੍ਯੋ ਕਹਿ ਐਸੇ।
'ਗੁਰ ਕਉ ਲ੍ਯਾਵਹੁ ਜੈਸੇ ਕੈਸੇ ॥੩੪॥
ਜੇ ਕਰਿ ਜੰਗ ਕਰੈ ਅਰ ਪਰੈ।
ਸਨਮੁਖ ਲੋਹ ਤੁਮਹੁਂ ਸੋਂ ਕਰੈ।
ਤੂਰਨ ਲਿਖਹੁ ਮੋਹਿ ਦਿਸ਼ਿ ਫੇਰਿ।
ਬਹੁ ਲਸ਼ਕਰ ਭੇਜਉਂ ਬਿਨ ਦੇਰਿ ॥੩੫॥
ਕਰਹੁ ਸੰਘਾਰਨਿ ਕੈ ਗਹਿ ਲ੍ਯਾਵਹੁ।
ਨਹਿਂ ਮਾਰਗ ਮਹਿਂ ਬਿਲਮ ਲਗਾਵਹੁ।'
ਜੰਗ ਸਮਿੱਗ੍ਰੀ ਲੇ ਕਰਿ ਸਭੈ।
ਤੋਪ ਤੁਪਕ ਸਮੁਦਾਇਨਿ ਤਬੈ ॥੩੬॥
ਗਮਨ੍ਯੋ ਦਿੱਲੀ ਤੇ ਕਰਿ ਕੂਚ।
ਏਕ ਮਜਲ ਉਮਰਾਵ ਪਹੂਚਿ।

ਭਈ ਜਾਮਨੀ ਕੀਨਸਿ ਡੇਰਾ।
ਖਾਨ ਪਾਨ ਕਰਿ ਸੁਪਤਿ ਬਸੇਰਾ ॥੩੭॥
ਕੁਛ ਕਾਚੋ ਆਮਿਖ ਰਹਿ ਗਯੋ।
ਭੱਖਨਿ ਕੀਨਿ ਸੁਪਤਿ ਸੋ ਭਯੋ।
ਬਿਨਾਂ ਹਾਜ਼ਮੇ, ਹੈਜ਼ਾ ਹ੍ਵੈ ਕੈ।
ਸੋ ਮਰਿ ਗਯੋ ਤਹਾਂ ਦੁਖ ਪੈ ਕੈ ॥੩੮॥
ਪ੍ਰਾਤਿ ਭਈ ਤਿਸ ਕੋ ਦਫਨਾਯੋ।
ਲਿਖਿ ਅਵਰੰਗ ਕੇ ਨਿਕਟਿ ਪਠਾਯੋ।
ਤਹਿਂ ਤੇ ਸੋ ਲਸ਼ਕਰ ਹਟਿ ਗਯੋ।
ਮਹਾਂ ਸ਼ੋਕ ਤਿਨ ਹੂੰ ਮੈਂ ਭਯੋ ॥੩੯॥
ਕੇਤਕਿ ਦਿਨ ਬਿਤਾਇ ਕਰਿ ਫੇਰ।
ਨਹਿ ਮੁਰਾਦ[1] ਕੋ ਪ੍ਰਾਪਤਿ ਹੇਰਿ।
ਅਪਰ ਕੀਨਿ ਤਜਾਰੀ ਉਮਰਾਵ।
ਦੇ ਕਰਿ ਲਸ਼ਕਰ ਜੰਗ ਬਨਾਵ ॥੪੦॥
ਸ਼ਾਹੁ ਨਿਕਟਿ ਤ ਰੁਖ਼ਸਤ ਹੋਇ।
ਗਮਨਜੋ ਮਗ ਆਵਨਿ ਕੋ ਸੋਇ।
ਕਿਤਿਕ ਮਜਲ ਜਬਿ ਚਲਿ ਕਰਿ ਆਯੋ।
ਤੋਪ ਜੰਬੂਰ ਜੰਜੈਲਨਿ ਲਜਾਯੋ ॥੪੧॥
ਤਿਸ ਕੇ ਭਯੋ ਰੋਗ ਇਸ ਭਾਂਤੀ।
ਜਲਿਬੇ ਲਗੀ ਅਚਾਨਕ ਛਾਤੀ।
ਅਸਵਾਰੀ ਪਰ ਚਢਜੋ ਨ ਜਾਇ।
ਜਜੋਂ ਹਾਲਹਿ ਤਜੋਂ ਹਾਡ ਫੁਟਾਇਂ ॥੪੨॥
ਕੇਤਿਕ ਦਿਨ ਮਗ ਮਹਿਂ ਪਰਿ ਰਹਜੋ।
ਨੀਠ ਨੀਠ ਦਿੱਲੀ ਮਗ ਲਹਜੋ।
ਸੁਨਿ ਅਵਰੰਗ ਰਿਸਹਿ ਅਕੁਲਾਇ।
-ਤਹਿਂ ਲੌ ਪਹੁੰਚਿ ਨ ਕੋਈ ਪਾਇ-
॥੪੩॥
ਪੁਨ ਕੇਤਿਕ ਦਿਨ ਬੀਤੇ ਜਬੈ।
ਸ਼੍ਰੀ ਹਰਿਰਾਇ ਸਿਮਰਿ ਕਰਿ ਤਬੈ।
ਤ੍ਰਿਤੀਯੋ ਪੁਨ ਉਮਰਾਵ ਚਢਾਯੋ।
ਹੁਇ ਰੁਖ਼ਸਦ ਮਾਰਗ ਗਮਨਾਯੋ ॥੪੪॥
ਸੋ ਭੀ ਕੁਛ ਦੁਖ ਤੇ ਮਰਿ ਗਯੋ।

[1]ਮਨੋਰਥ। [ਅ: ਮੁਰਾਦ = ਇਰਾਦਾ ਕੀਤਾ ਗਿਆ]

ਕਈ ਬਾਰ ਇਮ ਭੇਜਤਿ ਭਯੋ।
ਆਧੋ ਪੰਥ ਨ ਉਲੰਘ੍ਯੋ ਕੋਈ।
ਹੋਤਿ ਬਿਘਨ ਪੀਛੇ ਹਟਿ ਸੋਈ ॥੪੫॥
ਸੰਗਤਿ ਦਿੱਲੀ ਤੇ ਚਲਿ ਆਈ।
ਬੰਦਨ ਕਰਿ ਅਕੋਰ ਅਰਪਾਈ।
ਸੋ ਕਰ ਜੋਰਤਿ ਕਰਿ ਅਰਦਾਸ।
'ਸ਼੍ਰੀ ਗੁਰੁ ਜੀ! ਸਭਿ ਬਿਘਨ ਬਿਨਾਸ਼ ॥੪੬॥
ਸ਼ਾਹੁ ਸੈਨ ਬਹੁ ਬਾਰ ਪਠਾਈ।
ਭਏ ਬਿਘਨ ਤਮ ਲਗਿ ਨਹਿਂ ਆਈ।'
ਸੁਨਿ ਕਰਿ ਸ਼੍ਰੀ ਹਰਿਰਾਇ ਬਖਾਨਾ।
'ਗੁਰੂ ਪਿਤਾਮੇ ਪ੍ਰਭੁ ਮਹਾਨਾ ॥੪੭॥
ਤਿਨ ਕੋ ਕਹ੍ਯੋ ਬਾਕ ਫੁਰਿ ਹੋਤਾ।
-ਜੇ ਤੁਮ ਕੋ ਕੋ ਬਿਘਨ ਉਦੋਤਾ।
ਸੋ ਤਤਕਾਲ ਹਟਹਿ ਦੁਖ ਪਾਵਹਿ।
ਅਗਨਿ ਨਿਕਟਿ ਓਰਾ ਗਰ ਜਾਵਹਿ[1] ॥੪੮॥
ਤੁਮਰੇ ਨਿਕਟਿ ਨ ਆਵੈ ਕੋਈ।
ਉੱਦਮ ਕਰਤਿ ਬਿਨਾਸ਼ਨਿ ਹੋਈ-।
ਤਿਨ ਕੋ ਬਾਕ ਸਹਾਇਕ ਸਦਾ।
ਦੁਸ਼ਟ ਬਿਨਾਸ਼ਕ ਹੈ ਜਦ ਕਦਾ' ॥੪੯॥
ਕਹ੍ਯੋ ਸਭਾ ਮਹਿਂ ਸ਼੍ਰੀ ਹਰਿਰਾਇ।
ਸੁਨਿ ਸਿਖ ਭਾਖਹਿਂ 'ਤੁਮ ਸੁਖ ਭਾਇ।
ਹੋਇਂ ਬਿਨਾਸ਼ਨ ਸ਼ੱਤ੍ਰੂ ਤੁਮਾਰੇ।
ਕੋ ਸਮਰਥ ਜੋ ਸਕਹਿ ਨਿਹਾਰੇ[1]' ॥੫੦॥
ਉਤਹਿ ਸ਼ਾਹ ਕੋ ਕਹੰਤਿ ਮੁਲਾਨੇ।
'ਲਿਖਹੁ ਸਾਮਤਾ ਸਾਥ ਮਹਾਨੇ।
ਜਿਸ ਤੇ ਪ੍ਰੀਤ ਸੁ ਜਾਨੀ ਜਾਇ।
ਚਹਹੁ ਸੁ ਕਰਹੁ ਜਬਹਿ ਇਤ ਆਇ ॥੫੧॥
ਨਿਸ਼ਠੁਰ ਹਰਫ ਨ ਲਿਖੀਅਹਿ ਕੋਈ।
ਕਰਿ ਸਨਮਾਨ ਹਕਾਰਹੁ ਸੋਈ।

[1]ਗੜੇ (ਵਾਂਙੂ) ਗੱਲ ਜਾਂਦਾ ਹੈ।

[1]ਤੱਕ ਸਕੇ।

ਏਕ ਬਾਰ ਲਿਹੁ ਨਿਕਟਿ ਬੁਲਾਇ।
ਪੁਨ ਬਰਤਉ ਜੈਸੇ ਚਿਤ ਆਇ' ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਨ ਰਾਸੇ 'ਨੌਰੰਗ ਕੋ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਯਾ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਸੁਨਯੋ ਸਕਲ ਤਿਨ ਕੋ[1†] ਕਹਯੋ,
ਨੌਰੰਗ ਸਹਿਤ ਪ੍ਰਮਾਦ[1]।
ਤਿਨ ਕੀ ਅਕਲ ਸਰਾਹਿ ਕੈ,
ਰਿਦੈ ਮਹਿਦ ਅਹਿਲਾਦ ॥੧॥

ਚੌਪਈ:

ਤਤਛਿਨ ਲਿਖਵਾਇਵ ਪਰਵਾਨਾ।
'ਰਾਮ ਦਾਸ ਕੇ ਤੁਮ ਬਡ ਥਾਨਾ।
ਮਾਨਹਿਂ ਜੁਗ ਸਗਰੇ ਗੁਰ ਲਹੈਂ।
-ਅਜ਼ਮਤ ਧਨੀ- ਲੋਕ ਸਭਿ ਕਹੈਂ ॥੨॥
ਆਵਤ ਰਹੇ ਹਮੇਸ਼ ਹਮਾਰੇ।
ਮਿਲੇ ਬੋਲਨੋਂ[†] ਭਲੀ ਪ੍ਰਕਾਰੇ।
ਮਿਹਰਬਾਨਗੀ ਅਬਿ ਭੀ ਕਰੀਅਹਿ।
ਦਰਸ਼ਨ ਦਿਹੁ ਸੰਸੈ ਸਭਿ ਹਰੀਅਹਿ ॥੩॥
ਮੋ ਕਹੁ ਅਜ਼ਮਤ ਆਇ ਦਿਖਾਵਹੁ।
ਮਗ ਖੁਦਾਇ ਕੇ ਬਾਕ ਸੁਨਾਵਹੁ।'
ਇੱਤਯਾਦਿਕ ਲਿਖਿ ਕਰਿ ਪਰਵਾਨਾ।
ਬਿਨੈ ਸਹਿਤ ਅਰੁ ਨਿਜ ਬਲਨਾਨਾ ॥੪॥
ਦੇ ਕਰਿ ਦੂਤ ਪਠਯੋ ਤਤਕਾਲਾ।
'ਦੇਰ ਨ ਕਰਹੁ ਲਯਾਉ ਦਰਹਾਲਾ[1]।'
ਦਿੱਲੀ ਪੁਰਿ ਤੇ ਕੀਨਿ ਪਯਾਨਾ।
ਸਤਿਗੁਰ ਕੋ ਘਰ ਜਿਸ ਪੁਰਿ ਜਾਨਾ ॥੫॥
ਤੂਰਨ ਗਮਨਯੋ ਮਾਰਗ ਸਾਰਾ।
ਕ੍ਰਮ ਕ੍ਰਮ ਉਲੰਘਿ ਗਯੋ ਹਿਤ ਧਾਰਾ।
ਰੋਪਰ ਪੁਰਿ ਤੇ ਚਲਿ ਅਗਵਾਇ।
ਕੀਰਤਪੁਰਿ ਪਹੁਚਯੋ ਤਬਿ ਜਾਇ ॥੬॥
ਤਹਾਂ ਪਹੁਚਿ ਤਿਨ ਕੀਨਸਿ ਡੇਰਾ।
ਸ਼੍ਰੀ ਸਤਿਗੁਰ ਜਹਿਂ ਕਰਤਿ ਬਸੇਰਾ।

[1]ਭਾਵ ਸ਼ਰਈ ਕਾਜ਼ੀ ਆਦਿਕਾਂ ਦਾ। [†]ਪਾ:-ਸੁਨਯੋ ਸ਼ਰੀਅਤ ਕੋ।

[1]ਭ੍ਰਮਚਿਤੀ ਨਾਲ।

[†]ਪਾ:-ਮਿਲਬੋ ਕੋ ਸਦ।

[1]ਛੇਤੀ।

ਦ੍ਵੈ ਸਹੰਸ੍ਰ ਦ੍ਵੈ ਸਹਸ[1] ਤਰੰਗ। — [1]੨੨੦੦।
ਉਤਰਜੋ ਪਰਜੋ ਰਹਿਤ ਨਿਤ ਸੰਗ ॥੭॥
ਵਾਹਨ ਪੁਸ਼ਟ ਖਰੇ ਬਹੁ ਮੇਲੇ।
ਥਾਨ ਸੁਹਾਵਤਿ ਸੁਨੀਅਤਿ ਬੋਲੇ।
ਰੰਗ ਰੰਗ ਕੇ ਸੁੰਦਰ ਘੋਰੇ।
ਬਹੁ ਕੂਦਤਿ ਚੰਚਲ ਤਨ ਜੋਰੇ[1] ॥੮॥ — [1]ਬਲ ਵਾਲੇ।
ਸੁਭਟ ਅਲੰਕ੍ਰਿਤ ਦਰਬ ਸਮੇਤਾ[1]। — [1]ਸਭ) ਸਾਮਾਨਾਂ ਨਾਲ ਸੁਰਮੇਂ ਭੂਸ਼ਤ ਹਨ।
ਸੂਖਮ ਬਸਤ੍ਰ, ਸ਼ਸਤ੍ਰ ਸੋਂ ਹੇਤਾ।
ਮਚੇ ਜੁੱਧ ਮੁਖ ਮੋਰਹਿ ਨਾਂਹੀ।
ਐਸੋ ਦਲ ਉਤਰਜੋ ਪੁਰਿ ਮਾਂਹੀ ॥੯॥
ਕਿਤਿਕ ਸਿੱਖ ਸੇਵਕ ਸੰਗ ਰਹੈਂ।
ਦਰਸਹਿਂ ਗੁਰੂ ਚਾਕਰੀ ਲਹੈਂ।
ਕਿਤਿਕ ਲੇਹਿਂ ਧਨ ਨੌਕਰ ਰਾਖੇ।
ਮਹਾਂ ਸੂਰ ਨਿਤ ਰਨ ਅਭਿਲਾਖੇਂ ॥੧੦॥
ਪੁਰੀ ਸੁਹਾਵਨ ਹੇਰੀ ਦੂਤ।
ਲਸ਼ਕਰ ਪਰਜੋ ਬਨਜੋ ਸ਼ੁਭ ਸੂਤ[1]। — [1]ਸੁਹਣੀ ਮਿਰਯਾਦਾ।
ਸ੍ਰੀ ਹਰਿਰਾਇ ਗੁਰੂ ਸੁਖਕਾਰੀ।
ਜਾਨੀ ਸਭਿ ਸੁਧ ਰਿਦੇ ਮਝਾਰੀ ॥੧੧॥
ਕਹਿ ਕਰਿ ਸੁੰਦਰ ਸਭਾ ਲਗਾਏ।
ਗਿਲਮ ਗਲੀਚਾ ਪਟ ਬਿਛਵਾਏ।
ਚੋਬਦਾਰ ਬਹੁ ਖਰੇ ਢਲੈਤ[1]। — [1]ਸੂਰਮੇਂ।
ਕੰਚਨ ਦੰਡ ਕਰਨਿ ਮਹਿਂ ਲੈਤ[1] ॥੧੨॥ — [1]ਹੱਥਾਂ ਵਿਚ ਲਏ ਹੋਏ।
ਚਾਰੁ ਚੰਦੋਵਾ ਚਿੱਤ੍ਰਤਿ ਜ਼ਰੀ[1]। — [1]ਜ਼ਰੀ ਨਾਲ ਚਿੱਤਰਿਆ ਹੋਇਆ।
ਨਗ ਬਿਚ ਜੜਤੀ ਮੁਕਤਨਿ ਲਰੀ।
ਰੇਸ਼ਮ ਕੀ ਡੋਰੈਂ ਸੁਠ ਤਾਨੀ।
ਝਾਲਰ ਜ਼ਰੀ ਝੁਲਤਿ ਛਬਿ ਖਾਨੀ ॥੧੩॥
ਸਤਿਗੁਰ ਮੰਦ ਮੰਦ ਚਲਿ ਆਏ।
ਬੈਠਿ ਸਿੰਘਾਸਨ ਮਾਂਹਿ ਸੁਹਾਏ।
ਮਨੋ ਸ਼ਾਂਤਿ ਰਸ ਧਰਜੋ ਸਰੀਰਾ।
ਗਜਾਨ ਵਿਰਾਗ ਭਰੇ ਉਰ ਧੀਰਾ ॥੧੪॥
ਚਮਰ ਚਾਰੁ ਢੋਰਤਿ ਦਿਸ਼ਿ ਚਾਰੀ।
ਬਿਜਨਾ[1] ਚਮਕਤਿ ਰਵਿ ਅਨੁਹਾਰੀ। — [1]ਪੱਖਾ।

ਅਨਿਕ ਮਸੰਦ ਮੇਵੜੇ ਆਏ।
ਬਡੇ ਧਨਾਢ ਬਸਤ੍ਰ ਸੁਭ ਪਾਏ ॥੧੫॥
ਜੇ ਨੌਕਰ ਜੋਧਾ ਸਵਧਾਨਾ।
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਸਭਾ ਬਿਖੈ ਚਲਿ ਕੈ ਸਭਿ ਆਏ।
ਪੰਗਤਿ ਲਾਇ ਬੈਠਿ ਸਮੁਦਾਏ ॥੧੬॥
ਗਨ ਦੇਸ਼ਨਿ ਕੀ ਸੰਗਤਿ ਜੋਈ।
ਦਰਸ਼ਨ ਹਿਤ ਉਤਰੀ ਪੁਰਿ ਸੋਈ।
ਸਭਿ ਲੇ ਕਰਿ ਗੁਰ† ਭੇਟ ਬਿਸਾਲਾ। †ਪਾ:-ਪੁਨ। ਪੁਰ।
ਸਭਾ ਬਿਖੇ ਪਹੁੰਚੀ ਤਤਕਾਲਾ ॥੧੭॥
ਦਰਸ਼ਨ ਪਿਖਤਿ ਹੋਹਿ ਅਰਦਾਸ।
ਬੰਦਹਿੰ ਚਹੁੰਦਿਸ਼ਿ ਤੇ ਸੁਖਰਾਸ।
ਕੇਤਿਕ ਘਟਿਕਾ ਜਬਹਿ ਬਿਤਾਈ।
ਪਠਿ ਜਨ, ਲੀਨਸਿ ਦੂਤ ਬੁਲਾਈ ॥੧੮॥
ਆਇ ਪ੍ਰਵੇਸ਼ਜੋ ਸਭਾ ਅਨੰਦਤਿ।
ਚਹੁੰਦਿਸ਼ਿ ਮਹਿਂ ਪੂਜਤਿ ਬਰ ਬੰਦਤਿ[1]। [1]ਸ੍ਰੇਸ਼ਟ ਨਮਸਕਾਰਾਂ ਕਰਦੇ ਹਨ।
ਹੇਰਤਿ ਨੰਮ੍ਰਿ ਭਯੋ ਕਰ ਜੋਰੇ।
ਬੈਠਜੋ ਜਹਾਂ ਬਤਾਇਵ ਠੌਰੇ ॥੧੯॥
ਪੁਨ ਆਗੇ ਧਰਿ ਕਰਿ ਪਰਵਾਨਾ।
ਨੌਰੰਗ ਕੋ ਬਿਰਤਾਂਤ ਬਖਾਨਾ।
'ਯਾਦ ਕਰਜੋ ਤੁਮ ਕੋ ਪਤਿਸ਼ਾਹੂ।
ਮੋ ਕਹੁ ਪਠਜੋ ਛਿੱਪ੍ਰ ਨਿਜ ਪਾਹੂ[1] ॥੨੦॥ [1]ਪਾਤਸ਼ਾਹ ਨੇ) ਆਪਣੇ ਪਾਸੋਂ।
ਬਨਹਿ ਆਪ ਕੋ ਚਲਿਬੋ ਤੂਰਨ।
ਦਿਹੁ ਦਰਸ਼ਨ ਤਿਹ, ਗੁਨ ਗਨ ਪੂਰਨ!
ਅਜ਼ਮਤ ਜ਼ਾਹਰ ਜਾਇ ਦਿਖਾਵਹੁ।
ਕਰਹੁ ਸ਼ਕਤਿ ਨਿਜ ਓਰ ਝੁਕਾਵਹੁ† ॥੨੧॥ †ਪਾ:-ਓਜ ਲਖਾਵਹੁ। ਓਜ ਝੁਕਾਵਹੁ।
ਕਰਾਮਾਤ ਚਾਹਤਿ ਹੈ ਦੇਖਾ।
ਨਿਤ ਅਭਿਲਾਖਾ ਵਧੀ ਵਿਸ਼ੇਖਾ।
ਬਿਨ ਦੇਖੇ ਸੋਂ ਕਜੋਂਹੂੰ ਨ ਟਰੈ।
ਬਿਦਤਿ ਹਠੀ ਅਤਿ ਹਠ ਕੋ ਧਰੈ'

॥੨੨॥
ਗੁਰ ਪ੍ਰਤਾਪ ਪਿਖਿ ਮਤਿ ਬਿਰਮਾਈ।
ਭਨੇ ਦੂਤ ਬਚ ਮਾਧੁਰਤਾਈ।
ਸੁਨਿ ਸਤਿਗੁਰ ਡੇਰਾ ਕਰਵਾਇਵ।
ਖਾਨ ਪਾਨ ਸਨਮਾਨ ਦਿਵਾਇਵ ॥੨੩॥
ਕਿਤਿਕ ਦੇਰ ਗੁਰ ਦਰਸ਼ਨ ਦੀਨਸਿ।
ਪੂਰ ਕਾਮਨਾ ਸੰਗਤਿ ਕੀਨਸਿ।
ਪੁਨ ਅੰਤਹਿਪੁਰ ਕੋ ਗੁਰ ਗਏ।
ਸੋ ਸਰਵਰੀ[1] ਬਿਤਾਵਤਿ ਭਏ ॥੨੪॥ [1]ਰਾਤ।
ਹੋਤਿ ਭੋਰ ਪੁਨ ਸਭਾ ਲਗਾਈ।
ਸਰਬ ਹਕਾਰਨਿ ਕਰੇ ਤਦਾਈ।
ਮੁੱਖਜ ਸਭਿਨਿ ਮਹਿਂ ਬੇਦੀ ਆਏ।
ਤੇਹਣ ਕੁਲ ਭੱਲੇ ਬੁਲਵਾਏ ॥੨੫॥
ਸੋਢੀ ਬੀਰ ਬਿਸਾਲ ਹਕਾਰੇ।
ਆਇ ਸਕਲ ਸਤਿਗੁਰ ਪਰਵਾਰੇ।
ਪਰਮ ਜੋਤਿ ਸੂਰਜ ਉਜੀਆਰਾ।
ਰਹਜੋ ਪ੍ਰਕਾਸ਼ ਸਮੂਹ ਮਝਾਰਾ[1] ॥੨੬॥ [1]ਇਥੋਂ ਤਾਈਂ ਸਤਿਗੁਰਾਂ ਨੂੰ ਸੂਰਜ ਦਾ ਰੂਪਕ ਦਿੱਤਾ ਹੈ ਤੇ ਅੱਗੋ ਚੰਦ ਦਾ।
ਮੋਹ ਤਪਤ ਅਤਿਸ਼ੈ ਜਰ ਖੋਵਾ[1]। [1]ਮੋਹ ਰੂਪੀ ਤਪਸ਼ ਦੀ ਜੜ੍ਹ ਦੂਰ ਕੀਤੀ।
ਗਜਾਨ ਕਲਾ ਤੇ ਪੂਰਨ ਹੋਵਾ।
ਕੀਰਤਿ ਬਿਮਲ ਚੰਦ੍ਰਿਕਾ ਚਾਰੂ।
ਅਸ ਰਾਂਕਾਪਤਿ[1] ਸ਼ੁਭਤਿ ਉਦਾਰੂ ॥੨੭॥ [1]ਪੂੰਨਿਆਂ ਦਾ ਚੰਦ।
ਅਜ਼ਮਤ ਸਹਿਤ ਸਭਾਸਦ ਸਾਰੇ।
ਚਹੁੰਦਿਸ਼ਿ ਮਹਿਂ ਉਡਗਨ ਪਰਵਾਰੇ।
ਅੰਮ੍ਰਿਤ ਬਾਕ ਅਬਿੱਦਜਾ ਮ੍ਰਿਤੁ ਤੇ[1]। [1]ਅਵਿਦਜਾ ਰੂਪ ਮੌਤ ਤੋਂ।
ਕਰਹਿਂ ਉਬਾਰਨਿ ਸਿੱਖ ਕੋ ਹਿਤ ਤੇ ॥੨੮॥
ਦੇਵਰਾਜ[1] ਦੇਵਨ ਮਹਿਂ ਜੈਸੇ। [1]ਇੰਦ੍ਰ।
ਹੋਤਿ ਸੁਭਾਇਮਾਨ ਗੁਰ ਐਸੇ।
ਸਭਿਹਿਨਿ ਮਹਿਂ ਗੁਰ ਬਾਕ ਬਖਾਨਾ।
'ਤੁਮ ਸਗਰੇ ਪੂਜਨਿ ਅਸਥਾਨਾ ॥੨੯॥

ਬਡੇ ਗੁਰਨਿ ਕੇ ਬੰਸ ਬਿਸਾਲੇ।
ਬਿਦਤ ਸਰੋਵਰ ਮਹਦ ਉਜਾਲੇ[1]।

[1]ਵਡੇ ਗੁਰਾਂ ਦੀ ਵੰਸ਼ ਸਰੋਵਰ ਵਾਂਙ ਵਿਸ਼ਾਲ ਹੈ ਤੇ ਪ੍ਰਕਾਸ਼ ਵਾਂਙੂ ਬਹੁਤ ਪ੍ਰਗਟ ਹੈ।

ਬਿਮਲ ਕਮਲ ਤਿਨ ਮਹਿਂ ਤੁਮ ਭਏ।
ਸ਼ੌਰਭ[1] ਸੁਜਸੁ ਸਹਿਤ ਦੁਤਿਮਏ ॥੩੦॥

[1]ਸੁਗੰਧਿ।

ਅਜ਼ਮਤ ਮਹਿਂ ਪੂਰਨ ਸਭਿ ਭਾਂਤੀ।
ਹਤਹੁ ਬਿਘਨ ਜਿਮ ਸੂਰਜ ਰਾਤੀ[1]।

[1]ਰਾਤ ਨੂੰ (ਦੂਰ ਕਰਦਾ ਹੈ)।

ਦਿੱਲੀਪਤਿ ਨੌਰੰਗ ਤੁਰਕੇਸ਼।
ਤੁਰਕ ਦੀਨ ਮਹਿਂ ਹਠੀ ਵਿਸ਼ੇਸ਼ ॥੩੧॥
ਗੁਰ ਘਰ ਕੀ ਮਹਿਮਾ ਤਿਨ ਸੁਨੀ।
ਸਭਿ ਜਗ ਬਿਦਤ ਅਨੇਕਨਿ ਭਨੀ।
ਕਰਾਮਾਤ ਚਾਹਤਿ ਹੈ ਦੇਖਾ।
ਪਠਜੋ ਦੂਤ ਅਭਿਲਾਖ ਵਿਸ਼ੇਖਾ ॥੩੨॥
ਗੁਰ ਘਰ ਕੀ ਜੋ ਰਾਖਹਿ ਲਾਜ।
ਪਰ ਉਪਕਾਰ ਹੇਤ ਇਹ ਕਾਜ।
ਸ਼ਕਤਿਵੰਤ ਉਰ ਧੀਰਜਧਾਰੀ।
ਸੁਗੁਨ ਸਹਿਤ[1] ਹੁਇ ਸਭਾ ਮਝਾਰੀ† ॥੩੩॥

[1]ਸ੍ਰੇਸ਼ਟ ਗੁਣਾਂ ਸਹਿਤ। †ਪਾ:-ਹਮਾਰੀ।

ਜਾਨਿ ਹੇਤੁ ਤੁਰਕੇਸ਼ਰ ਪਾਹੂ।
ਸਭਿ ਮਹਿਂ ਕਰਹਿ ਜੁ ਅਤਿ ਉਤਸਾਹੂ।
ਸਰਬ ਰੀਤਿ ਅਜ਼ਮਤ ਦਿਖਰਾਵੈ।
ਬਧਜੋ ਦੁਸ਼ਟ ਕੋ ਦਰਪ[1] ਦਬਾਵੈ ॥੩੪॥

[1]ਹੰਕਾਰ।

ਸੋ ਅਬਿ ਤਜਾਰ ਹੋਇ ਤਹਿਂ ਜਾਨੇ[1]।'

[1]ਓਥੇ ਜਾਣ ਲਈ।

ਸਭਾ ਬਿਖੈ ਇਮ ਬਾਕ ਬਖਾਨੇ।
ਸੁਨਜੋ ਸਭਿਨਿ ਪੁਨ ਰਿਦੈ ਬਿਚਾਰਾ।
-ਨੌਰੰਗ ਹਠੀ ਮਹਦ ਕੁਰਿਆਰਾ ॥੩੫॥
ਅਜ਼ਮਤ ਜੁਤਿ ਕਿਤਨੇ ਮਰਿਵਾਏ।
ਲਖਿ ਪੂਰਬ ਤਪ ਨਹੀਂ ਰਿਸਾਏ।
ਹਠ ਕਰਿ ਦੇਤਿ ਭਏ ਤਿਸ ਪ੍ਰਾਨ।
ਅਸ ਬਦਬਰ[1] ਹੈ ਬਿਦਤ ਜਹਾਨ ॥੩੬॥

[1]ਐਸਾ ਬਹੁਤ ਭੈੜਾ।

ਕਾਂਸ਼ੀ ਮਥੁਰਾ ਆਦਿਕ ਸਾਰੇ।
ਤੀਰਥ ਹਿੰਦੁਨਿ ਕੇਰ ਬਿਗਾਰੇ।

ਸਭਿ ਜਗ ਤੁਰਕ ਬਨਾਵਨਿ ਚਾਹਤਿ।
ਧਰਮ ਬਿਸਾਲ ਕਾਲ ਜਿਮ ਦਾਹਤਿ[1] ॥੩੭॥

[1]ਸ੍ਰੇਸ਼ਟ ਧਰਮ ਨੂੰ ਕਾਲ ਵਾਂਙ ਸਾੜਦਾ ਹੈ।

ਸਭਿ ਤੁਰਕਨਿ ਕੀ ਸਭਾ ਮਝਾਰ।
ਬਡੇ ਬਡੇ ਜਹਿਂ ਗੁਨੀ ਹਜ਼ਾਰ।
ਇਲਮ ਏਕ ਤੇ ਏਕ ਮਹਾਨੇ[1]।

[1]ਇਲਮ ਵਿਚ ਇਕ ਤੋਂ ਇਕ ਚੜ੍ਹਦਾ।

ਬਹਸ ਪਰਸਪਰ ਗਨ ਬੁਧਿਵਾਨੇ[1] ॥੩੮॥

[1]ਤੇ ਸਮੂਹ ਬੁਧੀਵਾਨ ਪਰਸਪਰ ਬਹਿਸਾਂ ਕਰਨ ਵਾਲੇ।

ਕੇਤਿਕ ਪੀਰ ਅਜ਼ਮਤੀ ਭਾਰੀ[1]।

[1]ਭਾਵ ਉਨ੍ਹਾਂ ਫਕੀਰਾਂ ਤੋਂ ਹੈ ਜੋ ਫਕੀਰੀ ਵਿਚ ਅਜ਼ਮਤ ਤਾਂ ਰੱਖਦੇ ਹਨ, ਪਰ ਨਿਰਭੈਤਾ ਪਦ ਵਿਚ ਨਹੀਂ ਅੱਪੜੇ ਹੋਏ।

ਨੌਰੰਗ ਕੇ ਨਿਤ ਰਹਿਂ ਅਨੁਸਾਰੀ।
ਅਪਰ ਅਨੇਕ ਭਾਂਤਿ ਕੀ ਬਾਤੀ।
ਜਹਾਂ ਹੋਤਿ ਹੈ ਬਾਸਰ ਰਾਤੀ- ॥੩੯॥
ਅਸ ਬਿਚਾਰ ਕਰਿ ਤੂਸ਼ਨਿ ਹੋਏ।
ਨੰਮ੍ਰਿ ਨਾਰ ਕਰਿ[1] ਊਚ ਨ ਜੋਏ।

[1]ਨੀਵੀਂ ਪੌਣ ਕਰਕੇ।

ਕਿਤਿਕ ਦੇਰ ਲੌ ਰਹਿ ਕੈ ਮੌਨ।
ਤਕਹਿਂ ਪਰਸਪਰ, ਭਾਖਹਿ ਕੌਨ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਹਰਿਰਾਇ ਹਕਾਰਨ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿਸਤੀ ਅੰਸੂ ॥੩੫॥

## ੩੬. [ਦਿੱਲੀ ਜਾਣ ਹਿਤ ਵਿਚਾਰ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਸਭਿ ਹੀ ਸਭਾ ਬਿਚਾਰਿ ਕੈ,
ਬੋਲੇ ਮੁੱਖਜ ਜਿਤੇਕ।
'ਨੌਰੰਗ ਢਿਗ ਜਾਨੋ ਕਠਨ,
ਅਵਗੁਨ ਗਿਨੈਂ ਕਿਤੇਕ ॥੧॥
ਚੌਪਈ:
ਪ੍ਰਾਨ ਹਾਨ ਲੌ ਜਹਿਂ ਕਠਨਾਈ।
ਹਿੰਦੁ ਧਰਮ ਦ੍ਰੋਹੀ ਬਿਦਤਾਈ।
ਕਿਸ ਕੀ ਜਹਿਂ ਸਹਾਇਤਾ ਨਾਂਹੀ।
ਦੁਸ਼ਮਨ ਸਮ ਪੱਯਤਿ ਪੁਰਿ ਮਾਂਹੀ[1] ॥੨॥ [1]ਭਾਵ ਦਿੱਲੀ ਵਿਚ।
ਨਹੀਂ ਉਬਾਰ ਸਕੈ ਜਹਿਂ ਕੋਈ।
ਅਪਨਿ ਪੱਖਜ ਕੀ ਬਾਤ ਨ ਹੋਈ।
ਤਹਿਂ ਪੁਹੁਂਚਨਿ ਕੋ ਅਤਿ ਉਤਸਾਹੂ।
ਨਾਹਿਨ ਲਖੀਅਤਿ ਹਮ ਸਭਿ ਮਾਂਹੂ
॥੩॥
ਉਚਿਤ ਜਾਨਿ ਕੇ ਹੋ ਅਬਿ ਆਪੂ।
ਸਭਿ ਤੇ ਅਤਿ ਬਿਸਾਲ ਪਰਤਾਪੂ।
ਐਸੋ ਜਗ ਮਹਿਂ ਦਿਖਤਿ ਨ ਦੂਜੇ।
ਤੁਮਰੀ ਸਮਸਰਤਾ ਕਹੁ ਪੂਜੇ ॥੪॥
ਜਿਨ ਕੋ ਨਾਮ ਸਿਮਰਿਬੋ ਕਰਿਬੇ।
ਬਿਘਨ ਅਨੇਕਨਿ ਤਤਛਿਨ ਹਰਿਬੇ।
ਸੋ ਤੁਮ ਆਪ ਜਹਾਂ ਚਲਿ ਜਾਵਹੁ।
ਕਾਜ ਸੰਪੂਰਨ ਸਗਲ ਬਨਾਵਹੁ ॥੫॥
ਦੁਸ਼ਟ ਦਰਪ ਕਹੁ ਦਮਨਹੁ ਜਾਇ[1]। [1]ਜਾਕੇ ਹੰਕਾਰ ਨੂੰ ਨਾਸ਼ ਕਰੋ।
ਰਾਵਰਿ ਵਾਕ ਨ ਨਿਸ਼ਫਲ ਗਾਇ।
ਤੁਰਕੇਸ਼ੁਰ ਦ੍ਰੋਹੀ ਮਦ ਮੱਤਾ।
ਦੀਰਘ ਹੰਕਾਰੀ ਚੌਗੱਤਾ ॥੬॥
ਇਸ ਤੇ ਬਿਨਾ ਥਾਨ ਜੋ ਆਨ।
ਜਹਿਂ ਪਠਵਹੁ ਤਹਿ ਕਰੈਂ ਪਯਾਨ।
ਬੁਧਿ ਬਲ ਤੇ ਕੈ ਅਜ਼ਮਤਿ ਕਰਿ ਕੈ।
ਕਾਰਜ ਆਨਹਿਂ ਸਕਲ ਸੁਧਰਿ ਕੈ ॥੭॥

ਰਾਵਰਿ ਸਰਬ ਭਾਂਤਿ ਸਮਰੱਥ।
ਜਿਸ ਕੇ ਸੀਸ ਧਰਹੁ ਨਿਜ ਹੱਥ।
ਸੋ ਸਭਿ ਕਿਛੁ ਕਰਿ ਸਕੈ ਜੁ ਚਹੈ।
ਤਿਸ ਕੇ ਆਗੇ ਅਰਜੋ ਨ ਰਹੈ ॥੮॥
ਤ੍ਰਾਸ ਦੇਹਿ ਸੁਰਪਤਿ ਸੁਰ ਭੌਨ[1]।
ਤਿਸ ਆਗੇ ਇਹ ਬਪੁਰਾ ਕੌਨ।
ਪਹੁੰਚਨਿ ਤਹਾਂ ਜੋਗਤਾ ਰਾਵਰਿ।
ਅਪਰ ਸੁਨਤਿ ਹੀ ਹੋਤਿ ਡਰਾਉਰ[1] ॥੯॥
ਸਰਬ ਸਭਾ ਕੇ ਸੁਨਿ ਕਰਿ ਬੈਨ।
ਸ੍ਰੀ ਹਰਿਰਾਇ ਜਿਨਹੁਂ ਕਿਤ ਭੈ ਨ।
ਸ੍ਰੀ ਮੁਖ ਬਾਕ ਸਧੀਰ ਬਖਾਨਜੋ।
'ਹਮ ਨੈ ਪ੍ਰਨ ਪੂਰਬ ਹੀ ਠਾਨਜੋ ॥੧੦॥
ਨਹਿਂ ਮਲੇਛ ਕਹੁ ਦਰਸ਼ਨ ਦੇਨਾ।
ਨਹਿਂ ਕਬਿ ਤੁਰਕ ਪਤੀ ਕੋ ਲੇਨਾ।
ਯਾਂ ਤੇ ਹਮਰੋ ਹੋਇ ਨ ਜਾਨੋ।
ਮਿਲਹਿਂ ਨ ਬੋਲਹਿਂ ਨਿਸ਼ਚੈ ਜਾਨੋ ॥੧੧॥
ਇਸੀ ਧਰਮ ਕੋ ਕਰੈਂ ਨਿਬਾਹਨਿ।
ਹਮ ਤਿਸ ਕੇ ਅਨੁਸਾਰੀ ਨਾਂਹਿਨ।
ਇਕ ਤੋ ਜਨਮ ਤੁਰਕ ਘਰ ਪਾਯੋ[1]।
ਦੁਤੀਏ ਜਗ ਸੋਂ ਦ੍ਰੋਹ ਮਚਾਯੋ[1] ॥੧੨॥
ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ।
ਚਤੁਰਥ ਸੰਤ ਕਰੇ ਦੁਖਿਆਰੇ।
ਪੰਚਮ ਬ੍ਰਹਮਗਜਾਨ ਜਿਸ ਹੋਵਾ।
ਤਿਸ ਕੋ ਹਤਿ ਪੁਨ ਸੁਖ ਸੋਂ ਸੋਵਾ ॥੧੩॥
ਸਰਮਦ ਨਾਮ ਕਹੈਂ ਜਿਸ ਕੇਰਾ।
ਸਰਬ ਸ਼ਕਤਿ ਮੈਂ ਪ੍ਰਭੁ[1] ਬਡੇਰਾ।
ਇੱਤਜਾਦਿਕ ਗਨ ਪਾਪਨਿ ਪੁਸ਼ਟ।

[1]ਦੇਵ ਲੋਕ ਵਿਚ (ਓਹ) ਇੰਦ੍ਰ ਨੂੰ ਵੀ ਤ੍ਰਾਸ ਦੇ ਸਕਦਾ ਹੈ।

[1]ਡਰਨ ਵਾਲੇ ਹੁੰਦੇ ਹਨ। (ਅ) ਦਿਲ ਵਿਚ ਹੌਲ ਉਠਦਾ ਹੈ।

[1]ਔਰੰਗੇ) ਨੇ ਇਕ ਤਾਂ ਜਨਮ ਤੁਰਕ ਘਰ ਪਾਇਆ ਹੈ।

[1]ਦੂਜੇ ਜਗਤ ਦ੍ਰੋਹੀ ਹੋਇਆ ਹੈ। ਭਾਵ ਇਹ ਹੈ ਕਿ ਜੇ ਦੀਨਦਾਰ ਹੁੰਦਾ ਤਾਂ ਉਸ ਦੇ ਤੁਰਕ ਜਨਮ ਦੀ ਅਸੀਂ ਪ੍ਰਵਾਹ ਨਾ ਕਰਦੇ। ਦਰਸ਼ਨ ਦੇਣਾ ਤੇ ਲੈਣਾ ਮਲੇਛ ਦਾ-ਇਹ ਨਫਰਤ ਨਹੀਂ, ਭਾਵ ਹੈ ਕਿ ਮਲੇਛਾਂ ਦੇ ਨਾਲ ਵਰਤਾਉ ਨਹੀਂ ਰੱਖਣਾ, ਇਸ ਲਈ ਕਿ ਉਹ ਪਾਪ ਕਰਦੇ ਹਨ। ਸ਼ਰਨਾਗਤ ਸਾਰੇ ਮੁਸਲਮਾਨਾਂ ਨੂੰ ਆਪ ਮਿਲਦੇ ਰਹੇ ਹਨ।

[1]ਸਮਰੱਥ।

ਕੌਨ ਸੰਤ ਮਿਲਿ ਹੈ ਇਸ ਦੁਸ਼ਟ ॥੧੪॥
ਕਿਸ ਤੇ ਬਖਸ਼ਨ ਜੋਗ ਨ ਏਹੀ।
ਅਧਮ ਅਘੀ ਅਤਿ ਦੁਰਮਤਿ ਤੇਹੀ।
ਪੱਖ ਬਾਦ ਮੈਂ ਹਠੀ ਕੁਪੱਤਾ।
ਕੁਲ ਦੂਖਕ[1] ਉਪਜਯੋ ਚਵਗੱਤਾ ॥੧੫॥

[1]ਕੁਲ ਦੂਸ਼ਤ ਕਰਨ ਵਾਲਾ।

ਇਤ ਤੇ ਗਯੋ ਨ ਕੋ ਤਿਸ ਤੀਰ।
ਕਰਹਿ ਕ੍ਰੋਧ ਤਬਿ ਮੂਢ ਅਧੀਰ।
ਲਰਨ ਹੇਤੁ ਨਿਜ ਸੈਨ ਪਠਾਵੈ।
ਬਲ ਦਿਖਾਇ ਆਪਨਿ ਗਰਬਾਵੈ ॥੧੬॥
ਕਰੈਂ ਜੰਗ ਤਿਹ ਸੰਗ ਨਿਸੰਗੈ।
ਤੋਮਰ ਤੀਰਨਿ ਤਬਰ ਤੁਫੰਗੈ।
ਤੋਰਿ ਮੋਰਿ ਮੁਖ ਲਸ਼ਕਰ ਕੇਰਾ।
ਜੰਗਲ ਦੇਸ਼ ਕਰਹਿਂ ਚਲਿ ਡੇਰਾ ॥੧੭॥
ਰਹੈਂ ਤਹਾਂ ਸਭਿ ਸੁਖ ਕੋ ਪਾਵੈਂ।
ਜਿਸ ਥਲ ਇਨ ਕੋ ਬਸ ਨ ਬਸਾਵੈ।'
ਸੁਨਤਿ ਸਭਾਸਦ ਸ਼ੁਭ ਮਤਿ ਸਾਰੇ।
ਸ਼੍ਰੀ ਗੁਰ ਸੋਂ ਪੁਨ ਬਚਨ ਉਚਾਰੇ ॥੧੯॥
'ਆਪ ਕਰੈਂ ਸੋਈ ਸ਼ੁਭ ਸਨੈ[1]।

[1]ਸ੍ਰੇਸ਼ਟਤਾ ਸਹਿਤ ਹੈ।

ਹੁਇ ਜੁ ਅਮੰਗਲ ਮੰਗਲ ਬਨੈ।
ਤਦਪਿ ਹਮਾਰੇ ਮਨ ਇਮ ਆਵੈ।
ਰਾਖਹੁ ਸੁਤ[1] ਇਹੀ ਬਨਿ ਆਵੈ ॥੧੯॥

[1]ਭਾਵ ਵਿਗੜੇ ਨਾ ਪਾਤਸ਼ਾਹ ਨਾਲ।

ਕੀਰਤਿਪੁਰਿ ਮਹਿਂ ਰਾਜਹਿ ਡੇਰਾ।
ਪਿਤਾ ਪਿਤਾਮੈ ਜਹਾਂ ਬਸੇਰਾ।
ਸ਼੍ਰੀ ਹਰਿਗੋਬਿੰਦ ਤਜਯੋ ਸ਼ਰੀਰ।
ਸ਼੍ਰੀ ਬਾਬਾ ਗੁਰਦਿੱਤਾ ਧੀਰ ॥੧੦॥
ਇਸੀ ਸਥਾਨ ਬਿਖੈ ਸਸਕਾਰੇ।
ਆਪ ਬਸਹੁ ਸਭਿ ਰੀਤਿ ਸੁਖਾਰੇ।
ਸਤੁਦ੍ਰਵ ਕੂਲ ਰੁਚਿਰ ਇਹ ਦੇਸ਼।
ਨਿਕਟਿ ਖਰੇ ਗਨ ਸੈਲ ਵਿਸ਼ੇਸ਼ ॥੨੧॥
ਤ੍ਰਿਣ ਸੁੰਦਰ ਸਭਿ ਵਾਹਨ ਕਾਰਨ।
ਫਲ ਦਲ ਫੂਲ ਬਾਰ ਬਿਸਤਾਰਨ।
ਕਿਮ ਤਜਾਗਨਿ ਇਹ ਚਹਹੁ ਗੁਸਾਈਂ।

ਬਹੁ ਨੁਕਸਾਨ ਜਿ ਬਧਹਿ ਲਰਾਈ ॥੨੨॥
ਯਾਂ ਤੇ ਹਮ ਸਭਿਹਿਨਿ ਕੀ ਮਰਜ਼ੀ।
ਸਿਖ, ਸੇਵਕ, ਸੁਭਟਨਿ ਕੀ ਅਰਜ਼ੀ।
ਰਾਖਹੁ ਸੁਤ, ਨ ਤਜਾਗਹੁ ਦੇਸ਼।
ਸਭਿ ਕਿਛੁ ਤੁਮਰੇ ਹਾਥ ਵਿਸ਼ੇਸ਼ ॥੨੩॥
ਜਥਾ ਰਿਦੈ ਰੁਚਿ ਤਥਾ ਕਰੰਤੇ।
ਤੁਮ ਸਭਿਹਿਨ ਸਿਰਮੌਰ ਮਹੰਤੇ[1]।'
ਇਮ ਪਰਬਿਰਤ ਰਹਜੋ ਬਿਰਤਾਂਤ।
ਆਯੋ ਰਾਮਰਾਇ ਬਡ ਤਾਤ ॥੨੪॥
ਸਹਿਜ ਸੁਭਾਇਕ ਬੈਠੋ ਆਇ।
ਚਹੁੰਦਿਸ਼ਿ ਦੇਖਤਿ ਦ੍ਰਿਸ਼ਟਿ ਚਲਾਇ।
ਕਹਤਿ ਭਯੋ 'ਕਜਾ ਹੁਇ ਅਹਿਲਾਦੇ?
ਆਨਿ ਮਿਲੇ ਸਭਿ ਸਾਹਿਬਜ਼ਾਦੇ ॥੨੫॥
ਬੇਦੀ ਤੇਹਣ ਭੱਲੇ ਬੰਸ।
ਸੋਢੀ ਇਕਠੇ ਭੇ ਜਨੁ ਹੰਸ।
ਕਰਨੋ ਹੈ ਅਸ ਕਾਰਜ ਕੌਨ?
ਸਕਲ ਮਿਲੇ ਕਹਿ ਕੇ ਇਕ ਭੌਨ[1]?' ॥੨੬॥
ਸੁਨਿ ਕੈ ਇਕ ਬੇਦੀ ਨੇ ਕਹਜੋ।
'ਨੌਰੰਗ ਬਾਦੀ ਅਤਿ ਤਪ ਰਹਜੋ।
ਕਰਾਮਾਤ ਹੇਰਨਿ ਕੇ ਕਾਰਨ।
ਪੁਰਿ ਦਿੱਲੀ ਮਹਿਂ ਕਰਹਿ ਹਕਾਰਨਿ ॥੨੭॥
ਦ੍ਰੋਹੀ ਸਭਿ ਹਿੰਦੁਨਿ ਕੋ ਜੋਇ।
ਅਪਨੋ ਦੀਨ ਬਧਾਵਹਿ ਸੋਇ।
ਕਰਹਿ ਸਭਿਨਿ ਸੋਂ ਤਰਕ ਘਨੇਰੇ।
ਮੁੱਲਾਂ ਕਾਜ਼ੀ ਗਨ ਜਿਸ ਹੇਰੇ ॥੨੮॥
ਕਰਹਿਂ ਦਲੀਲ ਅਨੇਕ ਪ੍ਰਕਾਰ।
ਸਭਾ ਸਕਲ ਦੁਸ਼ਟਨਿ ਇਕਸਾਰ।
ਕੋ ਅਜ਼ਮਤ ਅਬਿ ਜਾਇ ਦਿਖਾਵੈ।
ਅਪਨਿ ਸ਼ਕਤਿ ਤੇ ਤਾਂਹਿ ਦਬਾਵੈ

[1]ਪੂਜਨੀਕ।

[1]ਸਭਨਾਂ ਨੂੰ ਸੱਦ ਕੇ ਇਕ ਘਰ ਕੱਠੇ ਹੋਏ ਹੋ।

॥੨੯॥
ਜੀਤੈ ਸਭਾ, ਕਰਾਵੈ ਮੌਨ।
ਤਿਸੇ ਬਿਚਾਰਤਿ, -ਹੋਇ ਸੁ ਕੌਨ-?'
ਸੁਨਿ ਸ਼੍ਰੀ ਰਾਮਰਾਇ ਤਬਿ ਕਹ੍ਯੋ।
'ਕ੍ਯੋਂ ਨ ਜਾਹੁ ਜੈਬੋ ਜਹਿਂ ਲਹ੍ਯੋ[1]? ॥੩੦॥
ਬਿਨਾ ਗਏ ਜਹਿਂ ਬਨਿ ਨਹਿਂ ਆਵੈ।
ਤਹਾ ਬਿਚਾਰਹੁ ਚਲਨਿ ਸੁ ਭਾਵੈ।
ਕਹਾ ਸਜਾਨਪ ਹੋਵਹਿ ਇਸ ਮਾਂਹੀ।
ਜਤ੍ਯੋਂ ਕ੍ਯੋਂ ਕਰੇ ਮਿਟਹਿ ਜੋ ਨਾਂਹੀ' ॥੩੧॥
ਸੁਨਿ ਕਰਿ ਸਕਲ ਅਕਲ ਕੇ ਬੈਨ।
ਬੋਲਤਿ ਭਏ ਚਪਲ ਕਰਿ ਨੈਨ।
'ਇਸ ਪ੍ਰਕਾਰ ਜੋ ਧੀਰ ਤੁਮਾਰੋ।
ਕ੍ਯੋਂ ਨਹਿਂ ਨੌਰੰਗ ਨਿਕਟਿ ਸਿਧਾਰੋ? ॥੩੨॥
ਦਮਨਹੁ ਦੁਸ਼ਟ ਦਰਪ ਕਉ ਜਾਇ।
ਸਭਿ ਕੇ ਤੁਮ ਹੀ ਬਨਹੁ ਸਹਾਇ।
ਅਪਰ ਬਿਚਾਰਨਿ ਕ੍ਯੋਂ ਅਬਿ ਕਰੈਂ।
ਜੇ ਇਹ ਕਾਰਜ ਤੁਮ ਤੇ ਸਰੈ ॥੩੩॥
ਸਤਿਗੁਰ ਕੇ ਤੁਮ ਪੁੱਤ੍ਰ ਬਡੇਰੇ।
ਸਰਬ ਭਾਂਤਿ ਕੇ ਲਾਇਕ ਹੇਰੇ।
ਇਹ ਕੁਛ ਬਾਤ ਨਈ ਨਹਿਂ ਜਾਨੋ।
ਤੁਮ ਸਮ ਕਰਤਿ, ਰਹਤਿ ਨਹਿਂ ਛਾਨੋ' ॥੩੪॥
ਪਿਤਾ ਆਦਿ ਪੁਨ ਸਭਾ ਜਿ ਸਾਰੀ।
ਮਰਜ਼ੀ ਮਿਲੀ ਸੁ ਏਕ ਬਿਚਾਰੀ।
-ਮੁਝ ਕੋ ਹੀ ਚਾਹਤਿ ਹੈਂ ਭੇਜਾ।
ਦਮਨ ਕਰਨ ਤੁਰਕੇਸ਼ੁਰ ਤੇਜਾ- ॥੩੫॥
ਇਮ ਲਖਿ ਰਾਮਰਾਇ ਨੇ ਕਹ੍ਯੋ।
'ਜੇ ਕਰਿ ਸਭਿਹਿਨਿ ਇਹ ਮਤ ਚਹ੍ਯੋ।
ਤਹਾਂ ਜਾਇ ਜੋ ਕਰਿਵ ਦਿਖਾਵਨਿ।

[1]'ਜਿਥੇ ਜਾਣਾ (ਬਣਦਾ) ਸਮਝਿਆ ਹੈ ਕਿਉਂ ਨਹੀਂ ਜਾਂਦੇ?

ਕਰਾਮਾਤ ਸੋ ਦਿਹਿੰ ਮਨ ਪਾਵਨ[1]† ॥੩੬॥

[1]ਮੇਰੇ ਮਨ ਵਿਚ ਪਾ ਦੇਣਾ।

†ਮਹਿਮਾਂ ਪ੍ਰਕਾਸ਼ ਗ੍ਰੰਥ ਵਿਚ, ਗੁਰੂ ਜੀ ਦਾ ਸਾਹਿਬਜ਼ਾਦਿਆਂ ਤੇ ਮੁਖੀ ਸਿੱਖਾਂ ਨੂੰ ਸੱਦਣ, ਕਰਾਮਾਤਾਂ ਵਿਖਾਣ ਲਈ ਔਰੰਗਜ਼ੇਬ ਪਾਸ ਜਾਣ, ਗੁਰ ਅੰਸ਼ ਤੇ ਗੁਰਸਿੱਖਾਂ ਦੇ ਡਰਨ, ਗੁਰੂ ਜੀ ਅੱਗੇ ਜਾਣ ਦੀ ਬੇਨਤੀ ਕਰਨ ਤੋਂ ਸਤਿਗੁਰ ਜੀ ਦੇ ਇਹ ਕਹਿਣ ਕਿ ਉਹ ਤੁਰਕ ਜਨਮ ਹੈ ਉਹਦੇ ਮੱਥੇ ਅਸਾਂ ਨਹੀਂ ਲੱਗਣਾ ਆਦਿਕ ਗੱਲਾਂ, ਨਹੀਂ ਲਿਖੀਆਂ। ਮਹਿਮਾਂ ਪ੍ਰਕਾਸ਼ ਵਿਚ ਲਿਖਿਆ ਹੈ ਕਿ ਔਰੰਗਜ਼ੇਬ ਦੇ ਇਸੇ 'ਸਦਾ ਪੱਤ੍ਰ' ਦੇ ਆਵਣ ਤੇ ਸਤਿਗੁਰ ਜੀ ਨੇ ਰਾਮਰਾਏ ਨੂੰ ਸੱਦ ਕੇ ਔਰੰਗਜ਼ੇਬ ਪਾਸ ਭੇਜਿਆ, ਤੇ ਕਿਹਾ ਕਿ ਉਥੇ ਜਾਕੇ ਜੋ ਪੁਛੇ ਨਿਡਰ ਹੋ ਸੱਚੀ ਗਲ ਕਹਿਣੀ ਤੇ ਕਰਾਮਾਤ ਨਹੀਂ ਵਿਖਾਣੀ ਜਿਹਾ ਕਿ:
"ਸੁਨੋ ਪੁੱਤਰ ਮੈਂ ਬਚਨ ਜੋ ਕਹੌਂ। ਤੁਮਰੇ ਸੰਗ ਸਦਾ ਮੈਂ ਰਹੌਂ। ਦਿੱਲੀਪਤ ਸੋਂ ਜਾਇ ਤੁਮ ਮਿਲੋ। ਕੁਛ ਸ਼ੰਕ ਭੈ ਨਹੀਂ ਮਨ ਮੋਂ ਗਿਲੋ ॥੪॥ ਤੁਮਾਰਾ ਬਚਨ ਸੁਫਲ ਸਭ ਹੋਏ। ਤੁਮ ਸਮਾਨ ਬਲੀ ਨਹੀਂ ਕੋਏ। ਜੋ ਪੂਛੇ ਸੋ ਸਤ ਕਹਿ ਦੀਜੈ। ਕਛੁ ਕਰਾਮਾਤ ਪ੍ਰਗਟ ਨਹੀਂ ਕੀਜੈ" ॥੫॥

ਸਤਿਗੁਰ ਪਿਤਾ ਪ੍ਰਸੀਦਨਿ ਹੋਇ।
ਪਠਿਬ ਉਚਿਤ ਕਰਹਿਂ[1] ਮੁਹਿ ਸੋਇ।
ਤੌਂ ਮੈਂ ਤੁਮ ਸਭਿ ਕੀ ਲੇ ਆਇਸੁ।
ਕਰੌਂ ਕਾਜ ਤਿਹ ਨਿਕਟਿ ਸਿਧਾਇਸਿ ॥੩੭॥

[1]ਭੇਜਣ ਜੋਗਾ ਕਰ ਦੇਣ।

ਤੁਮ ਸਭਿ ਹੀ ਲਿਹੁ ਰਿਦੇ ਬਿਚਾਰ।
ਤਹਾਂ ਅਹੈ ਅਜ਼ਮਤ ਕੀ ਕਾਰ।
ਧਰਮ ਦ੍ਰੋਹ ਤੁਰਕਨਿ ਮਹਿਂ ਜਾਨੋ[1]।
ਤਹਾਂ ਜਾਇ ਕਛੁ ਰਹਨਿ ਨ ਛਾਨੋ[1] ॥੩੮॥

[1]ਧਰਮ ਦੇ ਵੈਰੀ ਤੁਰਕਾਂ ਵਿਚ ਜਾਣਾ ਹੈ।

[1]ਤਿੱਥੇ ਜਾਕੇ ਰਹਿਣਾ ਕੁਛ ਛੁਪਿਆ ਨਹੀਂ (ਕਿ ਕੈਸਾ ਕਠਨ ਹੈ)।

ਕਹੈ ਤੁਰਕ ਪਤਿ ਜੈਸੀ ਬਾਤ।
ਤਸ ਦਿਖਾਵਨੋ ਚਹਿ ਬੱਖਜਾਤ।
ਤੋ ਬਨਿ ਆਇ ਤਾਂਹਿ ਕੇ ਸੰਗ।
ਨਾਂਹਿ ਤ ਹੁਇ ਤਿਹ ਸੋਂ ਬਦਰੰਗ[1]' ॥੩੯॥

[1]ਬੇਰਸੀ।

ਸੁਨਿ ਸ਼੍ਰੀ ਰਾਮਰਾਇ ਜੋ ਕਹ੍ਯੋ।
ਸਭਿਨਿ ਸਰਾਹ੍ਯੋ ਲਾਇਕ ਲਹ੍ਯੋ।
'ਉਚਿਤ ਬਾਰਤਾ ਕਹੀ ਬਨਾਇ।
ਅਜ਼ਮਤ ਬਿਨਾ ਜਾਇ ਕਿਸ ਭਾਇ' ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸ਼੍ਰੀ ਰਾਮਰਾਇ ਕੋ ਪਠਨ ਤਜਾਰੀ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਸ਼੍ਰੀ ਰਾਮਰਾਇ ਦਿੱਲੀ ਪੁੱਜੇ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਸੁਨਤਿ ਪ੍ਰਸੀਦੇ ਪਿਤਾ ਗੁਰੂ,
ਅਰੁ ਕਾਰਜ ਕੋ ਕਾਲ[1]।
[1](ਦਿੱਲੀ ਜਾਣੇ ਰੂਪ) ਕਾਰਜ ਦਾ ਸਮਾਂ (ਦੇਖਕੇ)।
ਕਹਜੋ 'ਲੇਹੁ ਅਜ਼ਮਤ ਮਹਾਂ,
ਜੋ ਨ ਸਕਹਿ ਕੋ ਟਾਲ ॥੧॥

ਚੌਪਈ:

ਤਵ ਰਸਨਾ ਪਰ ਕਰਿ ਹੈਂ ਬਾਸਾ।
ਜੋ ਤਿਸ ਤੇ ਹੁਇ ਬਾਕ ਪ੍ਰਕਾਸ਼ਾ।
ਕਬਹੁੰ ਅੰਨਥਾ ਹੋਇ ਸੁ ਨਾਂਹੀ।
ਸਫਲਹਿ ਤਤਛਿਨ ਬਾਦ[1] ਨ ਜਾਹੀ ॥੨॥
[1]ਵਿਅਰਥ।
ਅਥਿਰਾ ਹੋਇਂ ਥਿਰਾ ਜਸ ਕਹੈਂ[1]।
[1]ਟਿਕੇ ਹੋਏ ਚੰਚਲ ਹੋ ਜਾਣਗੇ ਜਿਵੇਂ (ਤੂੰ) ਕਹੇਂਗਾ।
ਲਹੈਂ ਅਚਰਤਾ ਜੇ ਚਰ ਅਹੈਂ[1]।
[1]ਜੋ ਵਿਚਰਨੇ ਵਾਲੇ ਹਨ ਓਹ ਜੜ੍ਹ ਰੂਪ ਹੋ ਜਾਣਗੇ।
ਜੋ ਨਿਤ ਭਰਜੋ ਰਹੈ, ਨਹਿਂ ਰਿਤੈ[1]।
[1]ਖਾਲੀ ਨਹੀਂ ਹੁੰਦਾ।
ਸੋ ਰਿਤ ਜਾਇ, ਨੈਕ ਜੋ ਚਿਤੈਂ[1] ॥੩॥
[1]ਖਾਲੀ ਹੋ ਜਾਏਗਾ (ਤੇਰੇ) ਜ਼ਰਾ ਭਰ ਦੇਖਣ ਨਾਲ।
ਮ੍ਰਿਗ ਤ੍ਰਿਸ਼ਨਾ ਜਹਿਂ ਰੇਤ ਅਨੀਰ[1]।
[1]ਜਲ ਨਹੀਂ ਹੈ।
ਤਹਿਂ ਕਰਿਂ ਦਹਿਂ ਜਲਧਿ[1] ਗੰਭੀਰ।
[1]ਸਮੁੰਦਰ।
ਸ਼੍ਰੀ ਨਾਨਕ ਸਤਿਗੁਰ ਸਮਰੱਥ।
ਇੱਤਜਾਦਿਕ ਸਭਿ ਤਿਨ ਕੇ ਹੱਥ ॥੪॥
ਸਭਿ ਸ਼ਕਤਿਨਿ ਕੀ ਸ਼ਕਤਿ ਸਰੂਪ।
ਜਿਨ ਕੇ ਅਚਰਜ ਚਲਿਤ ਅਨੂਪ।
ਸਭਿ ਬ੍ਰਹਮੰਡ ਤਿਨ ਕੇ ਅਨੁਸਾਰੀ।
ਆਇਸੁ ਜਹਿਂ ਕਹਿਂ ਟਰਹਿ ਨ ਟਾਰੀ ॥੫॥
ਸੋ ਤਵ ਬਚਨ[1] ਤੇਜ ਪ੍ਰਵਿਸ਼ਾਯੋ।
[1]ਤੇਰੇ ਬਚਨਾਂ ਵਿਚ।
ਕਰਹੁ ਨਿਸ਼ੰਕ ਜਥਾ ਮਨ ਭਾਯੋ।
ਕੋ ਕਿਸ ਕਾਰਨ ਕਰਹੁ ਉਚਾਰਨਿ।
ਉਚਿਤਾ ਨੁਚਿਤ ਉਚਾਵਚ ਟਾਰਨਿ[1] ॥੬॥
[1]ਉਚਿਤ ਅਨੁਚਿਤ, (ਕਿਸੇ ਨੂੰ) ਉੱਚਿਆ ਕਰਨ ਵਾਲਾ, (ਕਿਸੇ ਨੂੰ ਟਾਰਨ =) ਨੀਵਿਆਂ ਕਰਨ ਵਾਲਾ। (ਅ) ਯੋਗ, ਅਯੋਗ, ਤੇ (ਉਚ+ਅਉਚ-) ਉਚਾ ਨੀਵਾਂ (ਕਰਨ ਵਾਲਾ ਯਾ, ਟਾਰਨਿ =) ਇਸਦੇ ਉਲਟ ਕਰਨ ਵਾਲਾ।

ਜਿਸ ਛਿਨ ਜਿਸ ਬਿਧਿ ਕਰਹੁ ਉਬਾਚੀ।
ਤਤਛਿਨ ਸਕਲ ਭਾਂਤਿ ਹੁਇ ਸਾਚੀ।'
ਅਸ ਮਹਿਮਾ ਕਹਿ ਸੁਤਹਿ ਸੁਨਾਈ।
ਉਰ ਉਤਸਾਹ ਕਰਨਿ ਅਧਿਕਾਈ ॥੭॥
ਪੁਨ ਦਿਢਤਾ ਹਿਤ ਬਾਕ ਬਖਾਨੇ।
'ਨੌਰੰਗ ਅਤਿ ਬਾਦੀ ਜਗ ਜਾਨੇ।
ਗੁਰ ਘਰ ਸੋਂ ਮਤਸਰੀ ਬਿਸਾਲਾ।
ਕਿਸ ਪ੍ਰਸੰਗ ਤੇ ਜੇ ਕਿਸ ਕਾਲਾ ॥੮॥
ਕਰਹਿ ਤਰਕ ਮਨ ਕੁਟਿਲ ਕੁਟੇਵ[1]।
ਨਿਜ ਮਤ ਕੋ ਕਰਿ ਕੈ ਅਹੰਮੇਵ।
ਅਸਮੰਜਸ ਸੁਨਿ ਕੈ ਨਿਜ ਕਾਨ।
ਰਾਖਨਿ ਹੇਤਿ ਤੁਰਕਪਤਿ ਮਾਨ[1] ॥੯॥
ਤਿਸ ਅਨੁਸਾਰ ਹੋਇ ਨਹਿਂ ਕਹੈਂ।
ਗੁਰ ਕੀ ਲਘੁਤਾ ਜਿਸ ਮਹਿਂ ਲਹੈਂ।
ਤਬਿ ਤੁਮ ਧੀਰਜ ਧਰਿ ਉਰ ਆਛੇ।
ਕਹਜੋ ਜਥਾਰਥ, ਹੁਇ ਹਿਤ ਪਾਛੇ[1] ॥੧੦॥
ਤਵ ਰਸਨਾ ਤੇ ਨਿਕਸੇ ਜੈਸੇ।
ਤੈਸੇ ਹੋਇ ਮਿਟੈ ਨਹਿਂ ਕੈਸੇ।
ਭਨਹੁ ਨਿਸੰਗ ਰਾਖਿ ਗੁਰ ਧਜਾਨਾ।
ਜਸੁ ਪ੍ਰਾਪਤ[†] ਹੁਇ ਹੈ ਬਿਧਿ ਨਾਨਾ ॥੧੧॥
ਅਪਨੇ ਬਲ ਭਰੋਸ ਜਿਸ ਨਾਂਹੀ[1]।
ਕਰਨਿ ਕੁਸ਼ਾਮਤ ਕਾਰਜ ਤਾਂਹੀ[1]।
ਸਤਿਗੁਰ ਸ਼ਕਤੀ ਪਰ ਬਿਸ਼੍ਵਾਸ।
ਸੋ ਨਿਸ਼ੰਗ ਰਹਿ ਸਭਿਹਿਨਿ ਪਾਸ ॥੧੨॥
ਊਨੋ ਸ਼ੰਕਮਾਨ ਹੁਇ ਜਾਤੋ[1]।
ਪੂਰਨ ਨਹਿਂ ਡੋਲਤਿ ਕਿਸ ਭਾਂਤੋ।
ਬਖਸ਼ਜੋ ਤੁਹਿ ਅਨੁਟਟ ਭੰਡਾਰ।
ਖਰਚਨਿ ਕਰਹੁ ਨ ਸ਼ੰਕ ਬਿਚਾਰ ॥੧੩॥
ਤੀਨ ਲੋਕ ਮਹਿ ਆਇਸੁ ਜਿਮ ਕਹਿ।

[1]ਮਨ ਦਾ ਟੇਢਾ ਤੇ ਖੋਟੇ ਸੁਭਾਵ ਵਾਲਾ।
[1]ਨੁਰੰਗੇ ਦਾ ਮਾਨ।
[1]ਸੱਚੀ ਗੱਲ ਕਹਿਓ। ਪਿਛੋਂ ਭਲਾ ਹੋਵੇਗਾ।
[†]ਪਾ:-ਪ੍ਰਤਾਪ।
[1]ਜਿਸ ਨੂੰ ਆਪਣੀ (ਸ਼ਕਤੀ ਰੂਪ) ਬਲ ਦਾ ਭਰੋਸਾ ਨਹੀਂ।
[1]ਕੁਸ਼ਾਮਤ ਕਰਨੀ ਉਸ ਦਾ ਕੰਮ ਹੈ, (ਤੇ ਜਿਸ ਨੂੰ)........।
[1]ਜੋ ਊਣਾ ਹੈ ਸੋ ਤਾਂ ਸ਼ੰਕਾ ਵਾਲਾ ਹੋ ਜਾਂਦਾ ਹੈ।

ਸੁਰ ਨਰ ਨਾਗ ਸੁਨਤਿ ਹੀ ਹਿਤ ਲਹਿਂ।
ਤਤਛਿਨ ਕਰਹਿਂ ਤਿਸੀ ਬਿਧਿ ਸਾਰੇ।
ਤੋਹਿ ਬਾਕ ਨਹਿਂ ਕੋ ਹਟਕਾਰੇ' ॥੧੪॥
ਸੁਨਿ ਸ਼੍ਰੀ ਰਾਮਰਾਇ ਸੁ ਪ੍ਰਸੰਨ।
ਕਹਿ 'ਸ਼੍ਰੀ ਨਾਨਕ ਜੀ ਧੰਨ ਧੰਨ।
ਤੀਨ ਲੋਕ ਮਹਿਂ ਮਹਿਦ ਪ੍ਰਤਾਪ।
ਚਹੈਂ ਸੁ ਕਰੈਂ ਉਥਾਪਨਿ ਥਾਪ' ॥੧੫॥
ਸ਼੍ਰੀ ਹਰਿਰਾਇ ਪਿਤਾ ਕੇ ਆਗੇ।
ਬੰਦਨ ਕੀਨਿ ਚਰਨ ਅਨੁਰਾਗੇ।
ਸਕਲ ਭਾਂਤਿ ਕੀ ਕੀਨਸਿ ਤਯਾਰੀ।
ਸ਼ਿਵਕਾ ਰਥ ਸੁੰਦਰ ਅਸਵਾਰੀ ॥੧੬॥
ਨਖਸ਼ਿਖ ਸਗਲ ਸ਼ਿੰਗਾਰਨਿ ਕਰੇ।
ਚੌਕਸ ਚਪਲ ਚਾਰੁ ਅਸੁ ਖਰੇ।
ਨਿਸ ਮਹਿਂ ਤਯਾਰੀ ਸਭਿ ਕਰਿ ਰਾਖੀ।
ਹੋਤਿ ਪ੍ਰਭਾਤਿ ਗਮਨ ਕੇ ਕਾਂਖੀ ॥੧੭॥
ਭਾਈ ਬਹਿਲੋ ਕੇ ਗੁਰਦਾਸ[1]।

[1]ਭਾਈ ਬਹਿਲੋ ਕਾ ਗੁਰਦਾਸ। ਇਹ ਭਾਈ ਗੁਰਦਾਸ ਭਾਈ ਬਹਿਲੋ ਜੀ ਦਾ ਪੜਪੋਤ੍ਰਾ ਸੀ। [ਦੇਖੋ ਐਨ ੧ ਅੰਸੂ ੨]

ਅਰੁ ਦੂਸਰ ਤਾਰਾ ਪਿਖਿ ਪਾਸ।
ਸ਼੍ਰੀ ਹਰਿਰਾਇ ਸੰਗ ਇਹ ਕਰੇ।
ਸਭਿ ਬਿਧਿ ਸਮਝਾਏ ਢਿਗ ਖਰੇ ॥੧੮॥
ਹਿਤ ਸੇਵਾ ਕੇ ਸੇਵਕ ਆਨ।
ਕਰੇ ਸਾਥ ਸਤਿਗੁਰੂ ਸੁਜਾਨ।
ਪੌਰ ਬਿਖੈ ਸਯੰਦਨ ਸ਼ੁਭ ਕਰੀ।
ਜਗਮਗ ਚਹੁੰਦਿਸ਼ਿ ਚਮਕਤਿ ਜ਼ਰੀ ॥੧੯॥
ਨਹਿਂ ਤੁਰੰਗ ਤਿਸ ਜੋਰਨਿ ਕਰੇ।
ਪਾਵਹਿਂ ਜ਼ੀਨ ਤਿਨਹੁਂ ਪਰ ਖਰੇ[1]।

[1]ਉਸ (ਰਥ) ਨੂੰ ਘੋੜੇ (ਅਜੇ) ਨਹੀਂ ਜੋੜੇ ਸਨ, ਘੋੜਿਆਂ ਤੇ ਕਾਠੀਆਂ ਪਾ ਰਹੇ ਸਨ।

ਰਾਮਰਾਇ ਇਤਨੇ ਮਹਿਂ ਅਯੋ।
ਸੁੰਦਰ ਸਯੰਦਨ ਪਰ ਚਢਿ ਗਯੋ ॥੨੦॥
ਸ਼੍ਰੀ ਹਰਿਰਾਇ ਆਪ ਪੁਨ ਆਏ।
ਲੋਕ ਹਜ਼ਾਰਹੁਂ ਭੇ ਤਿਸ ਥਾਏਂ।

ਚਢਿ ਕਰਿ ਚਲਹਿਂ ਹੇਰਨੇ ਕਾਜਾ।
ਆਇ ਜੁਰਸੋ ਬਹੁ ਨਰਨਿ ਸਮਾਜਾ ॥੨੧॥
ਬਿਨ ਤੁਰੰਗ ਰਥ ਪਰ ਅਸਵਾਰੇ।
ਮੁਖ ਤੇ ਬੋਲਸੋ 'ਚਲਹੁ ਅਗਾਰ।'
ਤਤ ਛਿਨ ਸ਼ਬਦ ਗੰਭੀਰ ਉਠਾਇ।
ਸ੍ਯੰਦਨ ਮਗ ਗਮਨੀ ਸਹਿਸਾਇ ॥੨੨॥
ਕਿਤੀ ਦੂਰ ਲਗਿ ਫੇਰ ਮੁਰਸੋ ਹੈ।
ਲਖਿ ਅਚਰਜ ਉਰ ਹਰਖ ਭਰਸੋ ਹੈ।
ਅਪਰ ਲੋਕ ਹੇਰਤਿ ਬਿਸਮਾਏ।
'ਧੰਨ ਧੰਨ ਸਤਿਗੁਰੂ' ਅਲਾਏ ॥੨੩॥
ਬਿਨ ਤੁਰੰਗ ਰਥ ਫਿਰ ਕਰਿ ਆਈ।
ਸ਼੍ਰੀ ਹਰਿਰਾਇ ਹੁਤੇ ਜਿਸ ਥਾਈਂ।
ਸਿਖ ਸੇਵਕ ਕੀ ਭੀਰ ਖਰੀ ਹੈ।
ਸ਼ਕਤਿ ਦਿਖਾਇਵ ਬੁੱਧਿ ਹਰੀ ਹੈ ॥੨੪॥
ਦੇਖਤਿ ਸ਼੍ਰੀ ਸਤਿਗੁਰੂ ਅਲਾਈ।
ਅਜ਼ਮਤ ਕੋ ਆਗੈ ਬਹੁ ਥਾਂਈਂ।
ਲਗਸੋ ਖਰਚਬੇ ਚਲਤਸੋ ਘਰ ਤੇ।
ਨਿਕਸਸੋ ਨਾਂਹਿਨ ਅਬਿ ਲੌ ਪੁਰਿਤੇ ॥੨੫॥
ਧੀਰਜ ਧਰਹੁ ਥਾਨ ਜਿਸ ਚਾਹੋ।
ਤਹਿਂ ਅਜ਼ਮਤ ਕੋ ਕਰਿ ਦਿਖਰਾਹੋ[1]।
ਅਬਿ ਤੇ ਇਸ ਕੋ ਕਾਜ ਨ ਕੋਈ।
ਦੌਰਾਈ ਬਿਨ ਅਸੁ[1] ਰਥ ਜੋਈ' ॥੨੬॥
ਸੁਨਿ ਸ਼੍ਰੀ ਰਾਮਰਾਇ ਨੇ ਕਹਸੋ।
'ਮੈਂ ਪਤਿਆਵਨਿ ਕੋ ਇਸ ਚਹਸੋ।
ਅਬਿ ਮੇਰਾ ਨਿਸ਼ਚਾ ਟਿਕ ਗਇਊ।
ਅਪਨੇ ਉਪਰ ਭਰੋਸਾ ਭਇਊ ॥੨੭॥
ਜੋ ਮੈਂ ਕਹੌਂ ਹੋਇ ਸਭਿ ਸਾਚੀ।
ਨਿਫਲ ਨ ਜਾਵਹਿ ਕਰੌਂ ਉਬਾਚੀ।'

[1]ਜਿਸ ਥਾਂ ਲੋੜ ਹੋਵੇਗੀ ਉਥੇ ਕਰਾਮਾਤ (ਪ੍ਰਗਟ) ਕਰ ਦਿਖਾਵਣੀ।

[1]ਘੋੜਿਆਂ ਤੋਂ ਬਿਨਾ।

ਬਹੁਰੋ ਰਥ ਸੋਂ ਜੁਰੇ ਤੁਰੰਗ।
ਕੋਤਲ ਅਪਰ ਪਾਲਕੀ ਸੰਗ ॥੨੮॥
ਚਮਰ ਚਾਰੁ ਢੋਰਤਿ ਦੇਤਿ ਦੁਤਿ।
ਮਨਹੁੰ ਮਰਾਲ ਉਡਾਰੀ ਲੇਤਿ।
ਸਕਲ ਮਾਤ ਕਹੁ ਬੰਦਨ ਕਰੀ।
ਹੇਰਤਿ ਸੁਤ ਪ੍ਰੇਮਾਤੁਰ ਖਰੀ ॥੨੯॥
ਪੁਨ ਸਤਿਗੁਰ ਜਹਿਂ ਸ਼੍ਰੀ ਹਰਿਰਾਇ।
ਨਮੋ ਕਰੀ ਯੁਤਿ ਪ੍ਰੇਮ ਸੁ ਪਾਇ[1]।

[1]ਚਰਨਾਂ ਤੇ।

ਅਪਰ ਬੰਦਿਬੇ ਉਚਿਤ ਨਿਹਾਰੇ।
ਕ੍ਰਮ ਤੇ[1] ਚਰਨ ਬੰਦ ਕਰਿ ਸਾਰੇ ॥੩੦॥

[1]ਵਾਰੀ ਵਾਰੀ।

ਕਰਤਿ ਭਯੋ ਉਤਸਾਹ ਚਲਨਿ ਕੋ।
ਸਜਲ ਕਰਤਿ ਲੋਚਨ ਪਲਕਨਿ ਕੋ।
ਕੀਰਤਪੁਰਿ ਤੇ ਹੋਇ ਅਰੂਢਿ।
ਮਾਰਗ ਗਮਨਜੋ ਆਗੈ[†] ਗੂਢ[1] ॥੩੧॥

[1]ਅੱਗੇ ਨੂੰ, ਡੂੰਘੇ (ਭਾਵਾਂ ਵਾਲਾ) ਭਾਵ ਰਾਮਰਾਇ। [†]ਹੋ ਸਕਦਾ ਹੈ ਕਿ ਅਸਲ ਪਾਠ-ਆਸ਼ੈ-ਹੋਵੇ, ਕਿਉਂਕਿ 'ਗੂਢ ਆਸ਼ੇ ਵਾਲਾ' ਮੁਹਾਵਰਾ ਹੈ। ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ।

ਦਿੱਲੀਪੁਰਿ ਕੇ ਸਨਮੁਖ ਗਵਨਾ।
ਸਰਬ ਸਰੀਰ ਰੂਪ ਜਿਸ ਰਵਨਾ[1]।

[1]ਸੁੰਦਰ।

ਡੇਰਾ ਪ੍ਰਥਮ ਸੁ ਰੋਪਰ ਕਰਜੋ।
ਖਾਨ ਪਾਨ ਨਿੰਦ੍ਰਾ ਰਸ ਢਰਜੋ ॥੩੨॥
ਭਈ ਪ੍ਰਭਾਤਿ ਕੂਚ ਕਰਿ ਚਲੇ।
ਬਾਹਨ ਨਰ ਸੇਵਕ ਸੰਗ ਭਲੇ।
ਇਸੀ ਪ੍ਰਕਾਰ ਨਿਸਾ ਜਬਿ ਹੋਇ।
ਕਰਹਿ ਸਿਵਰ ਸੁਖ ਸੋ ਰਹਿ ਸੋਇ ॥੩੩॥
ਕੇਤਿਕ ਦਿਨ ਮੈਂ ਕ੍ਰਮ ਕ੍ਰਮ ਕਰਿ ਕੈ।
ਮਾਰਗ ਉਲੰਘੇ ਦੇਸ਼ ਨਿਹਰਿ ਕੈ।
ਗ੍ਰਾਮ ਨਗਰ ਜੇਤਿਕ ਮਗ ਆਏ।
ਦੇਖਤਿ ਚਲੇ ਜਾਤਿ ਅਗੁਵਾਏ ॥੩੪॥
ਹਾਸ ਬਿਲਾਸ ਅਨੰਦਤਿ ਹੋਏ।
ਦਿਨ ਗਮਨੇ ਨਿਸ ਸੁਖ ਸੋਂ ਸੋਏ।
ਨੌਰੰਗ ਦੂਤ ਸੰਗ ਨਿਜ ਲੀਏ।

ਦਿੱਲੀ ਨਗਰ ਪ੍ਰਵੇਸ਼ਨਿ ਕੀਏ ॥੩੫॥
ਤਤਛਿਨ ਦੂਤ ਅਗਾਊ ਗਯੋ।
ਸੁਧ ਆਵਨਿ ਕੀ ਦੇਤਿ ਸੁ ਭਯੋ।
'ਜੋ ਸਤਿਗੁਰ ਗਾਦੀ ਪਰ ਬੈਸੇ।
ਇਤਿ ਕੋ ਸੋ ਨਹਿਂ ਆਵਤਿ ਕੈਸੇ ॥੩੬॥
ਪੁੱਤ੍ਰ ਆਪਨੋ ਪਠਿਬੋ ਕਰਜੋ।
ਮੋ ਸੰਗ ਐਸੋ ਬਾਕ ਉਚਰਜੋ।
-ਅਜ਼ਮਤਿ ਸ਼ਾਹੁ ਚਹੈ ਜੋ ਲਈ।
ਸੋ ਹਮਨੇ ਨਿਜ ਸੁਤ ਕੋ ਦਈ ॥੩੭॥
ਦੇਖਜੋ ਚਹੈ ਸੁ ਸਕਲ ਦਿਖੈ ਹੈ।
ਇਸ ਕੋ ਕਹਜੋ ਨਿਫਲ ਨਹਿਂ ਹ੍ਵੈ ਹੈ।
ਅਪਰ ਸ਼ਾਹ ਕੋ ਕਾਜ ਨ ਕੋਈ।
ਮਿਲਨਿ ਹਮਾਰੋ ਜਿਸ ਤੇ ਹੋਈ ॥੩੮॥
ਸ਼ਾਹਿ ਜੁ ਬਾਂਛਤਿ, ਹਮ ਨੇ ਭੇਜਾ।
ਬਿਨ ਸੰਸੈ ਨਿਜ ਸੰਗ ਸੁ ਲੇ ਜਾ-।
ਤਿਨ ਕੋ ਪੁੱਤ੍ਰ ਸੰਗ ਮਮ ਆਯੋ।
ਨਰ ਬਾਹਨ ਕਹੁ ਬਹੁ ਸਮੁਦਾਯੋ' ॥੩੯॥
ਸੁਨਿ ਨੌਰੰਗ ਨੇ ਰਿਦੇ ਬਿਚਾਰੀ।
-ਜੋ ਹਮ ਬਾਂਛਤਿ ਰਿਦੇ ਮਝਾਰੀ।
ਸੋ ਦਿਖਰਾਵਨ ਕੋ ਚਲਿ ਆਯੋ।
ਪਿਤਾ ਪੁੱਤ੍ਰ ਮਹਿਂ ਭੇਦ ਨ ਪਾਯੋ ॥੪੦॥
ਜੇ ਕਰਿ ਇਸ ਤੇ ਕਾਜ ਨ ਸਰੈ।
ਬਹੁਰ ਹਕਾਰਨਿ ਤਿਸ ਕਹੁ ਕਰੈਂ।
ਅਰਜੋ ਨ ਰਹੈ ਆਇ ਬਿਨ ਦੇਰਿ।
ਜਿਨਹੁ ਪਠਜੋ ਸੁਤਿ ਸ਼ਕਤਿ ਬਡੇਰ-
॥੪੧॥
ਇਮ ਬਿਚਾਰਿ ਕੈ ਮਨੁਜ ਪਠਾਏ।
ਸੁਭ ਸਥਾਨ ਡੇਰਾ ਕਰਿਵਾਏ।
ਅਪਰ ਸੇਵ ਕਹੁ[1] ਹੁਕਮ ਬਖਾਨਜੋ।
'ਬਾਂਛਤਿ ਵਸਤੁ ਦੇਹੁ ਮਹਾਨਜੋ' ॥੪੨॥

[1]ਸੇਵਾ ਵਾਸਤੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਰਾਮਰਾਇ ਦਿੱਲੀ ਪ੍ਰਵੇਸ਼ ਬਰਨਨੰ 'ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਸ੍ਰੀ ਰਾਮ ਰਾਇ ਨੇ ਮੋਇਆ ਬੱਕਰਾ ਜਿਵਾਯਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਦਿੱਲੀ ਪੁਰਿ ਪਰਵੇਸ਼ ਕੈ, ਨੰਦਨ ਸ਼੍ਰੀ ਹਰਿਰਾਇ।
ਕਰਜੋ ਸਿਵਰ ਸੁਭ ਰੀਤਿ ਸੋਂ, ਰਹਿ ਮਜਨੂੰ[1] ਜਿਸ ਥਾਇਂ ॥੧॥

ਚੌਪਈ:

ਤੁਰਕੇਸੁਰ ਬਹੁ ਰਿਦੇ ਬਿਚਾਰੇ।
ਅਪਨਿ ਸਲਾਹੀ ਸਕਲ ਹਕਾਰੇ।
'ਅਜ਼ਮਤ ਦੇਨਹਾਰ ਅਬਿ ਆਯੋ।
ਆਪ ਨਹੀਂ, ਨਿਜ ਪੁੱਤ੍ਰ ਪਠਾਯੋ ॥੨॥
ਹਮ ਸੋਂ ਬਿਨਾ ਮਿਲੇ ਇਕ ਵਾਰੀ।
ਕਰਾਮਾਤ ਕੁਛ ਦੇਹਿ ਦਿਖਾਰੀ।
ਹੁਇ ਅਤਿ ਕਠਨ ਜੁ ਬਨ ਨਹਿਂ ਆਵੈ।
ਦਿਹੁ ਸਲਾਹ ਅਤਿ ਹੀਨਤਿ[1] ਪਾਵੈ ॥੩॥
ਕਜਾ ਕਹਿ ਪਠਹਿਂ, ਕਹਾਂ ਕਰਿਵਾਇਂ?
ਜਿਸ ਮਹਿਂ ਕਿਮ ਨਹਿਂ ਚਲਹਿ ਉਪਾਇ।
ਮਿਲਿਬੇ ਤੇ ਪੂਰਬ ਪਤਿਆਵੈਂ।
ਲਖਹਿਂ ਉਚਿਤ ਤਬਿ ਨਿਕਟਿ ਬੁਲਾਵੈਂ' ॥੪॥
ਸੁਨਿ ਕਾਜ਼ੀ ਮੁੱਲਾਂ ਹਰਖਾਏ।
ਸ਼ਾਹ ਸਰਾਹਹਿਂ ਬਾਕ ਸੁਨਾਏ।
'ਦਾਨਸ਼ਵੰਦ ਬਿਲੰਦ ਸਭਿਨਿ ਮੈਂ।
ਕਹਿ ਪਠਵਹੁ ਜਿਮ ਰੁਚਿ ਹੁਇ ਮਨ ਮੈਂ ॥੫॥
ਅਸ਼ਟਿ ਸਿਧਿ ਹੋਵਤਿ ਜਿਨ ਮਾਂਹੀ।
ਲਘੁ ਦੀਰਘ ਆਦਿਕ ਬਨ ਜਾਹੀਂ।
ਅਪਰ ਅਨੇਕ ਪ੍ਰਕਾਰਨਿ ਬਾਤ।
ਸੋ ਕਰਿ ਲੇਤਿ ਜਗਤ ਬੱਖਜਾਤ ॥੬॥
ਅਚਰਜ ਕੋ ਦਿਖਾਇ ਬਿਧਿ ਨਾਨਾ।
ਜੋ ਬੁਧਿ ਬਲ ਤੇ ਸਕੈ ਨ ਜਾਨਾ।
ਸਭਿ ਤੇ ਉਲੰਘਿ ਏਕ ਰੈ ਬਾਤ।

[1]ਭਾਵ ਮਜਨੂੰ ਦੇ ਟਿੱਲੇ, ਗੁਰਦੁਆਰਾ ਹੈ ਜਮਨਾ ਕਿਨਾਰੇ। ਜਿਥੇ ਆਦਿ ਤੋਂ ਛੇਵੇਂ ਪਾਤਸ਼ਾਹ ਟਿਕੇ ਸਨ।

[1]ਹੀਣਤਾ।

ਮ੍ਰਿਤਕ ਜਿਵਾਵਨਿ ਕੀ ਬੱਖਸਾਤ ॥੭॥
ਇਸ ਮਹਿਂ ਏਕ ਕਰਹੁ ਚਤੁਰਾਈ।
ਜਿਸ ਪ੍ਰਕਾਰ ਹਮ ਕਹੈਂ ਬੁਝਾਈ।
ਹੋਹਿ ਮ੍ਰਿਤਕ ਕੋ ਦੇਹਿ ਜੁ ਪਰਜੋ।
ਤਿਸਹਿ ਜਿਵਾਇ ਦੇਤਿ ਕਰਿ ਖਰਜੋ[1] ॥੮॥
ਜੇ ਕਰਿ ਦੇਹ ਜਾਇ ਦਫਨਾਈ।
ਕਿਧੌਂ ਕੋਇ ਕਿਸ ਬਿਧਿ ਲੇ ਖਾਈ[1]।
ਕਿਧੌਂ ਅਗਨਿ ਕੇ ਬੀਚ ਜਰਾਵੈਂ।
ਦਿਖਜੋ ਨ ਅਬਿ ਲੌ ਤਾਂਹਿ ਜਿਵਾਵੈ ॥੯॥

[1]ਖੜਾ ਕਰ ਦਿੰਦੇ ਹਨ।

[1]ਕਿਸੇ ਤਰ੍ਹਾਂ ਕਿਸੇ (ਜੀਵ) ਨੇ ਖਾ ਲਈ ਹੋਵੇ।

ਅਗੋਂ ਰਾਮਰਾਇ ਜੀ ਦੀਆਂ ਕਰਾਮਾਤਾਂ ਟੁਰਨੀਆਂ ਹਨ, ਲੋਕਾਂ ਵਿੱਚ ਬੀ ਅਜ ਤੀਕ ੭੨ ਪ੍ਰਸਿੱਧ ਹਨ। ਕਵੀ ਜੀ ਨੇ ਕਿਥੋਂ ਲਈਆਂ ਤੇ ਕਰਾਮਾਤ ਕੀ ਵਸਤੂ ਹੈ, ਇਸਦਾ ਵਿਚਾਰ ਪਹਿਲੀ ਜਿਲਦ 'ਪ੍ਰਸਤਾਵਨਾ' ਵਿੱਚ ਹੈ। ਸਤਿਗੁਰ ਹਰਿਰਾਇ ਜੀ ਨੇ ਇਹ ਤਾਕਤ ਰਾਮਰਾਇ ਜੀ ਨੂੰ ਐਭੀ ਨਿਭੀ ਵੇਲੇ ਤੇ ਗੁਰ ਘਰ ਦੇ ਅਸੂਲਾਂ ਮੁਜਬ ਵਰਤਣ ਲਈ ਦਿੱਤੀ ਸੀ ਤੇ ਉਨ੍ਹਾਂ ਨੇ ਸਾਰੇ ਹਾਲ ਸੁਣਕੇ ਕੀਹ ਆਖਿਆ, ਇਸ ਲਈ ਦੇਖੋ ਸਤਿਗੁਰ ਜੀ ਦੇ ਵਾਕ ਇਸੇ ਰਾਸ ਦੇ ਅੰਸੂ ੫੮ ਅੰ: ੮ ਤੋਂ ਅੱਗੇ। ਰਾਮਰਾਇ ਜੀ ਕਰਾਮਾਤਾਂ ਦਿਖਾ ਸੱਕਦੇ ਸਨ ਕਿ ਨਹੀਂ? ਇਸ ਪਰ ਪੱਛਮੀ ਰੌਸ਼ਨੀ ਦੇ ਆਉਣ ਨਾਲ ਸਭ ਲੋਕ ਕਰਾਮਾਤ ਤੋਂ ਸਿਰ ਫੇਰਦੇ ਹਨ, ਤੇ ੪੦ ਵਰ੍ਹੇ ਹੋਏ ਹਨ ਕਿ ਆਰੀਆਂ ਸਮਾਜੀਆਂ ਦੇ ਖੰਡਨ ਰੌ ਨੇ ਹਰੇਕ ਨੂੰ ਕਰਾਮਾਤ ਤੋਂ ਡਰਾ ਦਿੱਤਾ ਸੀ। ਪਰ ਹੁਣ ਅਨੇਕਾਂ ਗੱਲਾਂ ਜੋ ਤਦੋਂ ਅਨਹੋਣੀਆਂ ਕਹਿੰਦੇ ਸਨ, ਉਸੇ ਪੱਛਮੀ ਰੌਸ਼ਨੀ ਨੇ ਮੰਨਣੀਆਂ ਅਰੰਭ ਦਿੱਤੀਆਂ ਹਨ। ਮੈਸਮਰੇਜ਼ਿਮ, ਟੈਲੀ ਪੇਥੀ, ਦੂਸਰੇ ਆਦਮੀ ਦੇ ਖਿਆਲ ਵਾਚ ਲੈਣੇ, ਆਦਿ ਬਾਤਾਂ ਸਹੀ ਹੋ ਰਹੀਆ ਹਨ। ਰੂਹਾਂ ਦੇ ਮੇਲ ਜੋਲ(ਸਪਿਰਚੁਲਿਜ਼ਮ)ਹਜ਼ਾਰਾਂ ਨਹੀਂ ਲੱਖਾਂ ਕ੍ਰੋੜਾਂ ਆਦਮੀ ਯੂਰਪ ਅਮਰੀਕਾ ਵਿੱਚ ਮੰਨ ਰਹੇ ਹਨ, ਅਰ ਬੜੇ ਮਾਦਾ ਪ੍ਰਸਤ ਤੇ ਸਾਇੰਸ ਵੇਤਾ ਕਾਇਲ ਹੋ ਰਹੇ ਹਨ, ਇਸ ਕਰਕੇ ਅਨੇਕਾਂ ਕਰਾਮਾਤਾਂ ਰਾਮਰਾਇ ਜੀ ਦੀਆਂ ਜੋ ਉਨ੍ਹਾਂ ਨੇ ਉੱਚੇ ਆਤਮ ਬਲ ਨਾਲ ਦੱਸੀਆਂ, ਅੱਜਕਲ੍ਹ ਇਨ੍ਹਾਂ ਤ੍ਰੀਕਿਆਂ ਨਾਲ ਸਿੱਧ ਹੋ ਸਕਦੀਆਂ ਹਨ। ਮਹਿਮਾ ਪ੍ਰਕਾਸ਼ ਵਿੱਚ ਕਰਾਮਾਤਾਂ ਥੋੜ੍ਹੀਆਂ ਲਿਖੀਆਂ ਹਨ। ਵਿੱਦਿਆ ਵਿਗਜਾਨ ਮੁਜਬ 'ਸਿਧਿ' ਜਨਮ ਤੋਂ ਪ੍ਰਾਪਤ ਬੀ ਹੁੰਦੀ ਹੈ, ਤੇ ਯੱਗ ਕਰਕੇ ਸੰਯਮ ਨਾਲ ਬੀ ਪ੍ਰਾਪਤ ਕਰ ਸਕੀਦੀ ਹੈ।

ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ।

ਯਾਂ ਤੇ ਛਲ ਕੀਜੈ ਇਸ ਭਾਂਤੀ।
ਦਿਹੁ ਬਕਰਾ ਜ਼ਾਫਤ ਕਹਿ ਬਾਤੀ।
ਅਪਰ ਵਸਤੁ ਸਗਰੀ ਪਹੁੰਚਾਵਹੁ।
ਸਨਮਾਨਹੁ ਸਭਿ ਬਿਧਿ ਹਰਖਾਵਹੁ ॥੧੦॥
ਰਾਤ੍ਰਿ ਬਿਖੈ ਤਿਸ ਆਮਿਖ ਖਾਇ।
ਨਹਿਂ ਸਰੀਰ ਅਜ ਕੋ ਪੁਨ ਪਾਇ।
ਹੋਤਿ ਪ੍ਰਾਤਿ ਕੇ ਸੋ ਮੰਗਵਾਵਉ।
ਸ਼ਹਿਜਾਦੇ ਕੋ ਨਾਮ ਸੁਨਾਵਉ[1] ॥੧੧॥

[1]ਭਾਵ ਇਹ ਕਿ ਇਹ ਬੱਕਰਾ ਪਾਤਸ਼ਾਹ ਦੇ ਸ਼ਹਿਜ਼ਾਦੇ ਦਾ ਸੀ, ਹੁਣ ਉਹ ਮੰਗਦਾ ਹੈ, ਗਲਤੀ ਨਾਲ ਤੁਹਾਨੂੰ ਘਲ ਬੈਠੇ ਸਾਂ।

ਇਮ ਛਲ ਤੇ ਬਾਂਛਤਿ ਕੋ ਪਾਵਉ।
ਨਹਿਂ ਜੀਵੈ ਤਬਿ ਸ਼ਰ੍ਹਾ ਮਨਾਵਉ।
ਕਰਾਮਾਤ ਅਤਿ ਹੋਇ ਬਡੇਰੀ।
ਤਬਿ ਬਚਿ ਹੈ ਨਤੁ ਪਰੈ ਕੁਫੇਰੀ' ॥੧੨॥
ਇਮ ਸਲਾਹ ਜਬਿ ਦੀਨਿ ਸਲਾਹੀ।
ਨੀਕੀ ਮਾਨਿ ਸ਼ਾਹੁ ਮਨ ਮਾਂਹੀ।
ਚਿਤਵੈ ਚਿਤ -ਅਜ ਕਜੋਂਹੁ ਨ ਜੀਵੈ।
ਤਬਿ ਹਮਰੇ ਮਤ ਮੈਂ ਸੋ ਥੀਵੈ- ॥੧੩॥
ਸਭਿ ਵਸਤੂ ਪਹੁੰਚਾਵਨਿ ਕੀਨਸਿ।
ਖਾਨ ਪਾਨ ਸਭਿ ਬਿਧਿ ਕੇ ਦੀਨਸਿ।
ਸ਼ਾਹੁ ਆਪਨੋ ਅਜ ਮੰਗਵਾਯੋ।
ਮਹਾਂ ਪੁਸ਼ਟ ਬਹੁ ਸੁਸ਼ਟ[1] ਸੁਹਾਯੋ ॥੧੪॥

[1]ਸ੍ਰੇਸ਼ਟ।

ਹਿਤ ਖਾਵਨਿ ਕੇ ਸੋ ਤਹਿਂ ਭੇਜਾ।
ਕਹਜੋ 'ਸਕਲ ਵਸਤੂ ਸੰਗ ਲੇ ਜਾ।'
ਜਹਿਂ ਸ਼੍ਰੀ ਰਾਮਰਾਇ ਕਿਯ ਡੇਰਾ।
ਤਹਿਂ ਪਹੁੰਚੇ ਲੇ ਕਰਿ ਸਭਿ ਹੇਰਾ ॥੧੫॥
ਸ਼ਾਹੁ ਦਿਸ਼ਾ ਤੇ ਕਹਿ ਕਰਿ ਦੀਨਸਿ।
'ਜ਼ਾਫਤ ਪਠੀ ਮਾਨ ਤੁਮ ਕੀਨਸਿ।
ਸਰਬ ਸੌਜ ਇਹੁ ਲੇਹੁ ਸੰਭਾਰੀ।
ਲੀਜੈ ਅਜ ਕਰਿ ਲੇਹੁ ਅਹਾਰੀ' ॥੧੬॥
ਸ਼ਾਹੁ ਪਠਜੋ ਸਭਿ ਦੇ ਕਰਿ ਗਏ।

ਮਤਿ[1] ਸ੍ਰੀ ਰਾਮਰਾਇ ਲਖਿ ਲਏ।
ਅਪਨਿ ਨਰਨਿ ਸੋਂ ਕਹਿਬੋ ਕੀਨਿ।
'ਹਿਤ ਅਹਾਰ ਕੇ ਬਡ ਅਜ ਦੀਨਿ ॥੧੭॥
ਇਸ ਕੋ ਆਮਿਖ ਕਰਹੁ ਰਸੋਈ।
ਖਾਲ ਅਸਥਿ[1] ਨਹਿਂ ਦੀਜਹਿ ਖੋਈ।
ਜਬਿ ਮਾਰਹੁ[†] ਇਕ ਟੰਗਰੀ ਲੇਹੁ।
ਬਡ ਕਾਜ਼ੀ ਕੇ ਘਰ ਪਠਿ ਦੇਹੁ' ॥੧੮॥
ਸੁਨਿ ਸੇਵਕ ਤਸ ਕੀਨਸਿ ਕਾਰ।
ਕੁੱਠਯੋ ਅਜ ਕੋ ਹੇਤੁ ਅਹਾਰ।
ਲੇ ਕਾਜੀ ਕੇ ਘਰ ਮਹਿਂ ਗਏ।
'ਰਾਮਰਾਇ ਕੇ ਆਵਤਿ ਭਏ ॥੧੯॥
ਤਿਨ ਢਿਗ ਜ਼ਾਫਤ ਭੇਜੀ ਸ਼ਾਹੂ।
ਇਹੁ ਆਮਿਖ ਪਠਯੋ ਤੁਮ ਪਾਹੂ।
ਅਪਰ ਕੁਸ਼ਲ ਕੋ ਬੂਝਨਿ ਕਹ੍ਯੋ।
ਰਾਵਰਿ ਸਾਥ ਮਿਲਨਿ ਕਹੁ ਚਹ੍ਯੋ' ॥੨੦॥
ਸੁਨਿ ਕਾਜ਼ੀ ਜਿਸ ਮਨ ਅਹੰਕਾਰੇ।
ਲੇ ਕਰਿ ਆਮਿਖ ਰਿਦੇ ਬਿਚਾਰੇ।
-ਕਰਨਿ ਕੁਸ਼ਾਮਦ ਪਾਸ ਹਮਾਰੇ।
ਪਠ੍ਯੋ ਮਾਸ ਹਿਤ ਕਰਨਿ ਅਹਾਰੇ ॥੨੧॥
ਸ਼ਾਹੁ ਨਿਕਟਿ ਨੀਕੀ ਕਹਿ ਬਾਤ।
ਜਾਨਤਿ ਹੈ ਇਹ ਨਿਤ ਢਿਗ ਜਾਤਿ-।
ਇਮ ਚਿਤਵਤਿ ਆਮਿਖ ਪਕਵਾਯੋ।
ਅਪਨੇ ਖਾਨੇ ਸੋਂ ਕਰਿ ਖਾਯੋ ॥੨੨॥
ਇਤਿ ਸ੍ਰੀ ਰਾਮਰਾਇ ਤਿਮ ਕਰ੍ਯੋ।
ਅਸਥਿ ਖਾਲ ਇਕ ਥਲ ਕਰਿ ਧਰ੍ਯੋ।
ਅਪਰ ਮਾਸ ਖਾਯੋ ਬਰਤਾਇ।
ਖਾਨ ਪਾਨ ਕਰਿ ਸਹਜਿ ਸੁਭਾਇ

[1]ਬੁੱਧੀ ਵਿੱਚ (ਅ) (ਉਨ੍ਹਾਂ ਦਾ) ਮਤਾ।

[1]ਖੱਲ ਤੇ ਹੱਡੀਆਂ।

[†]ਪਾ:-ਕੁੱਠਹੁ = ਮਾਰੋ। ਕੁੱਠਾ ਪਦ ਮੁਸਲਮਾਨੀ ਤ੍ਰੀਕੇ ਨਾਲ ਮਾਰਨ ਵਾਸਤੇ ਰੂੜ੍ਹੀ ਦਸਮੇਂ ਪਾਤਸ਼ਾਹ ਦੇ ਸਮੇਂ ਹੋਇਆ ਹੈ। ਪਹਿਲਾਂ ਇਸਦੇ ਸਾਧਾਰਣ ਅਰਥ ਸਨ = ਮਾਰਨਾ।

॥੨੩॥
ਜਾਮਨਿ ਬਿਖੈ ਪੌਢ ਕਰਿ ਸੋਏ।
ਭਈ ਪ੍ਰਾਤਿ ਪੁਨ ਜਾਗ੍ਰਨਿ ਹੋਏ।
ਕਰਿ ਸ਼ਨਾਨ ਪਢਿ ਕਰਿ ਗੁਰਬਾਨੀ।
ਬੈਠਿ ਰਹੇ ਸੁਖ ਸੋਂ ਤਿਸ ਥਾਨੀ ॥੨੪॥
ਉਤ ਨੌਰੰਗੇ ਸਭਾ ਲਗਾਈ।
ਕਾਜ਼ੀ ਮੁੱਲਾਂ ਗੇ ਸਮੁਦਾਈ।
ਕਰਜੋ ਜ਼ਿਕਰ 'ਅਜ ਤਹਾਂ ਪਠਾਯੋ।
ਜੀਵਤਿ ਹੈ ਕਿ ਕਾਟ ਕਰਿ ਖਾਯੋ?'
॥੨੫॥
ਭੇਜਜੋ ਨਰ ਸੁਧ ਲੈਬੇ ਕਾਰਨ।
ਜਾਇ ਸੁ ਕੀਨਸਿ ਨੀਕ ਨਿਹਾਰਨਿ।
ਜਾਨਜੋ ਸੁਨਜੋ 'ਰੈਨ ਮੈਂ ਖਾਯੋ।'
ਆਇ ਤੁਰਤ ਨੌਰੰਗ ਸੁਨਾਯੋ ॥੨੬॥
ਸ਼ਾਹੁ ਕਹਜੋ 'ਬਾਂਛਤਿ ਚਿਤ ਹੋਈ।
ਅਬਿ ਜਾਚਹੁ ਅਜ ਪਠਿ ਨਰ ਕੋਈ।
ਸ਼ਹਿਜ਼ਾਦੇ ਕੋ ਖੇਲਨ ਵਾਰੇ।
ਭੋਰੇ[1] ਪਠਜੋ ਸਮੀਪ ਤੁਮਾਰੇ ॥੨੭॥ [1]ਭੁਲੇਖੇ ਵਿੱਚ।
ਅਬਿ ਖੇਲਨਿ ਕੇ ਹਿਤ ਸੋ ਚਾਹੈ।
ਜਿਦ ਕਰਿ ਰੁਦਤਿ ਅਮੁਦਤਿ[1] ਮਹਾਂ ਹੈ।' [1]ਉਦਾਸ।
ਇਮ ਸਮੁਝਾਇ ਪਠਜੋ ਨਿਜ ਨਰ ਕੋ।
'ਕਹਿਤੇ[1] ਕੁਛੁਕ ਜਨਾਵਹੁ ਡਰ ਕੋ' [1]ਗੱਲ ਕਹਿੰਦਿਆਂ।
॥੨੮॥
ਬਾਕ ਚਾਲ[1] ਸੁਨਿ ਤੂਰਨ ਆਯੋ। [1]ਦੂਤ।
ਢਿਗ ਥਿਤ ਹ੍ਵੈ ਕਰਿ ਕ੍ਰੂਰ ਸੁਨਾਯੋ।
'ਸ਼ਹਿਜ਼ਾਦੇ ਕੋ ਅਜ ਸੋ ਦਈਏ।
ਤਿਸ ਕੋ ਪਲਟੋ ਔਰੇ ਲਈਏ ॥੨੯॥
ਰਾਤਿ ਭੁਲਾਵੇ ਮੈਂ ਦੇ ਗਯੋ।
ਅਬਿ ਤਿਸ ਕੀ ਸੁਧਿ ਪਾਵਤ ਭਯੋ।
ਸ਼ਹਿਜ਼ਾਦੇ ਬਡ ਧੂਮ ਉਠਾਈ।
ਪਚ ਹਾਰੇ ਪਰਚਜੋ ਨ ਰਹਾਈ[1] ॥੩੦॥ [1]ਪਰਚਿਆਂ ਨਹੀਂ ਰਹਿੰਦਾ।
ਸੁਨਤਿ ਸ਼ਾਹੁ ਕੋ ਰਿਸ ਹੁਇ ਆਈ।

ਝਿਰਕੇ ਲੋਕ ਤ੍ਰਾਸ ਉਪਜਾਈ।
ਤੁਮ ਲਗਿ ਖਫਗੀ[1] ਜਾਨੀ ਜਾਇ।
ਦੀਜੈ ਅਜ ਸਗਰੀ† ਮਿਟਿ ਜਾਇ ॥੩੧॥
ਸੁਨਿ ਸ੍ਰੀ ਰਾਮਰਾਇ ਬਚ ਕਹ੍ਯੋ।
'ਸੋ ਅਜ ਕੁਠ੍ਯੋ ਜਿਯਤਿ ਨਹਿਂ ਰਹ੍ਯੋ।
ਤਿਸ ਕੇ ਪਲਟੇ ਦੇਂ ਹਮ ਔਰ।
ਨਹਿਂ ਅਬਿ ਪੱਯਤਿ ਸੋ ਕਿਤ ਠੌਰ ॥੩੨॥
ਅਪਰ ਖੇਲ ਸ਼ਹਿਜ਼ਾਦੇ ਲਾਵਹ।
ਤਿਸ ਤੇ ਸੁੰਦਰ ਅਜ ਦਿਖਰਾਵਹੁ।
ਪਰਚ ਜਾਇਗੋ ਜਯੋਂ ਕਯੋਂ ਕਰੇ।
ਸੋ ਕਿਮ ਹਾਥ ਆਇ ਜੋ ਮਰੇ' ॥੩੩॥
ਸ਼ਾਹੁ ਪਾਸ ਪੁਨ ਜਾਇ ਸੁਨਾਈ।
'ਸੋ ਤੌ ਮਰ੍ਯੋ ਲੀਨਿ ਨਿਸ ਖਾਈ।
ਕੈਸੇ ਹਾਥ ਆਇ ਮ੍ਰਿਤੁ ਹੋਯੋ।
ਨਹਿਂ ਉਪਾਇ ਦੈਬੇ ਕਉ ਜੋਯੋ' ॥੩੪॥
ਪੁਨਹਿ ਸ਼ਾਹੁ ਨੇ ਪਠ੍ਯੋ ਰਿਸਾਈ।
'ਜਯੋਂ ਕਯੋਂ ਅਜ ਦਿਹੁ ਆਜ ਪਠਾਈ।
ਨਾਂਹਿ ਤ ਸ਼ਹਿਜ਼ਾਦੇ ਕੋ ਖਯਾਲ।
ਰਹੇ ਟਲਾਇ ਨ ਟਲੈ ਬਿਸਾਲ' ॥੩੫॥
ਸ੍ਰੀ ਹਰਿਰਾਇ ਪੁੱਤ੍ਰ ਢਿਗ[1] ਫੇਰ।
ਗਏ ਤੁਰਕ ਤਾਗੀਦ ਬਡੇਰ।
ਕਹ੍ਯੋ ਸ਼ਾਹੁ ਕੋ ਸਕਲ ਸੁਨਾਯੋ।
'-ਜਯੋਂ ਕਯੋਂ ਅਜ ਦਿਹੁ- ਪੁਨ ਫੁਰਮਾਯੋ' ॥੩੬॥
ਰਾਮਰਾਇ ਮਨ ਮੈਂ ਸਭਿ ਜਾਨੀ।
'ਜਿਸ ਹਿਤ ਮੈਂ ਆਯੋ ਇਸ ਥਾਨੀ।
ਬਿਨਾਂ ਮਿਲੇ ਚਾਹੈ ਤੁਰਕੇਸ਼।
ਅਚਰਜ ਕਰਿ ਦਿਖਰਾਉਂ ਵਿਸ਼ੇਸ਼ ॥੩੭॥
ਅਸਥੀ ਖਾਲ ਵਿਖੇ ਸਭਿ ਪਾਏ।

[1]ਗੁੱਸਾ।
†ਪਾ:-ਖਫਗੀ।
[1]ਭਾਵ ਰਾਮਰਾਇ ਕੋਲ।

ਵਾਹਿਗੁਰੂ ਕਹਿ ਜਲ ਛਿਰਕਾਏ।
ਉਠ੍ਯੋ ਜੀਵ ਅਜ ਸੋ ਤਤਕਾਲਾ।
ਇਤ ਉਤ ਬਿਚਰਤਿ ਬੁਲਤਿ ਬਿਹਾਲਾ[1] [1]ਬਿਹਾਲ (ਦੁਖੀ ਹੋਕੇ)।
॥੩੮॥
ਤੀਨ ਚਰਨ ਜਿਸ ਕੇ ਤਹਿਂ ਫਿਰਿ ਹੀ।
ਭੇ ਬਿਸਮੇ ਸਭਿ ਲੋਕ ਨਿਹਰਿਹੀ।
ਸ਼ਾਹੁ ਨਰਨਿ ਕੇ ਸਾਥ ਸੁਨਾਯੋ।
'ਏਕ ਚਰਨ ਕਾਜ਼ੀ ਇਸ ਖਾਯੋ ॥੩੯॥
ਕਹੋ ਸ਼ਾਹੁ ਸੋਂ ਲੇ ਕਰਿ ਜਾਹੁ।
-ਹਮ ਨੇ ਭੇਜ ਦੀਨਿ ਤੁਮ ਪਾਹੁ।
ਚੌਥੋ ਚਰਨ ਜਿ ਚਹਹੁ ਬਨਾਵਹੁ।
ਢਿਗ ਕਾਜ਼ੀ ਤਿਸ ਤੇ ਬਨਿਵਾਵਹੁ
॥੪੦॥
ਜਿਤਨਕ ਹਮ ਨੇ ਕਹ੍ਯੋ ਅਹਾਰਾ।
ਤਿਤੋ ਬਨਾਇ ਦੀਨਿ ਤਸ ਸਾਰਾ।
ਜਿਤੋ ਨਹੀਂ ਅਬਿ ਬਨ੍ਯੋ ਨਿਹਰ੍ਯੋ।
ਸੋ ਸਭਿ ਕਾਜ਼ੀ ਖਾਵਨਿ ਕਰ੍ਯੋ-' ॥੪੧॥
ਇਮ ਅਚਰਜ ਪਿਖਿ ਕਰਿ ਲੇ ਆਏ।
ਜਹਾਂ ਸ਼ਾਹੁ ਅਰੁ ਨਰ ਸਮੁਦਾਏ।
ਹੇਰਿ ਹੇਰਿ ਅਦਭੁਤ ਬਿਸਮਾਏ।
ਅਤਿ ਕੌਤਕ, ਗਤਿ ਲਖੀ ਨ ਜਾਏ
॥੪੨॥
'ਤੀਨ ਚਰਨ ਕਿਮ ਰਹੇ?' ਬਤਾਯੋ।
'ਏਕ ਚਰਨ ਇਨ ਕਾਜ਼ੀ ਖਾਯੋ।
ਤਿਨਹਿ ਕਹ੍ਯੋ -ਤਿਸ ਤੇ ਲਗਵਾਵਹੁ।
ਨਿਜ ਅਜ ਕੋ ਸਾਬਤ ਬਨਵਾਵਹੁ-'
॥੪੩॥
ਸੁਨਿ ਨੌਰੰਗ ਕਾਜ਼ੀ ਦਿਸ਼ਿ ਹੇਰਾ।
ਮੁਸਕਾਵਤਿ ਕੁਛ ਕਹਿ ਤਿਸ ਬੇਰਾ।
'ਦੇਖ੍ਯੋ ਹਿੰਦੁਨਿ ਕੋ ਗੁਰ ਸਾਚਾ।
ਕਰ੍ਯੋ ਕਾਜ ਤੁਮ ਛਲ ਸੋਂ ਰਾਚਾ ॥੪੪॥
ਤਿਸ ਨੇ ਛਲ ਕਰਿ ਤੋਹਿ ਦਬਾਵਾ।

ਅਬਹਿ ਬਨਾਵਹੁ ਜਸ ਤੁਮ ਖਾਵਾ।
ਦੇਖੈਂ ਜਿਮ ਬੈਠੇ ਸਮੁਦਾਈ।
ਨਾਂਹਿ ਤ ਸਭਿ ਮੈਂ ਲਾਜ ਗਵਾਈ ॥੪੫॥
ਪਸਰਹਿ ਜਹਿਂ ਕਹਿਂ ਇਹੀ ਬ੍ਰਿਤਾਂਤ।
ਜਿਸ ਮਹਿਂ ਤੁਮ ਕੂਰੇ ਸਭਿ ਭਾਂਤਿ।
ਪੂਰਬ ਛਲ ਕਰਿ ਅਜ ਦਿਲਵਾਯੋ।
ਏਕ ਚਰਨ ਲੇ ਤਿਸ ਕੋ ਖਾਯੋ ॥੪੬॥
ਗੁਰੁ ਨੇ ਸੋ ਜ਼ਿੰਦਾ ਕਰਿ ਦਿਯੋ।
ਤੁਰਕਨਿ ਤੇ ਪਗ ਏਕ ਨ ਭਯੋ।'
ਇੱਤਯਾਦਿਕ ਬਹੁ ਸ਼ਾਹੁ ਬਖਾਨਾ।
ਕਾਜ਼ੀ ਲੱਜਿਤਿ ਮੂਢ ਮਹਾਨਾ ॥੪੭॥
ਨਿੰਮ੍ਰਿ ਨਾਰ ਕਰਿ[1] ਬਾਕ ਨਾ ਆਵਾ।
ਅਚਰਜ ਸਭਾ ਸ਼ਾਹੁ ਬਿਸਮਾਵਾ।
ਅਜ਼ਮਤ ਮਹਾਂ ਜਾਨਿ ਭੇ ਮੌਨ।
ਤਰਕ ਸਕਹਿ ਸਤਿਗੁਰ ਕੋ ਕੌਨ ॥੪੮॥

[1]ਨੀਵੀਂ ਧੌਣ ਕਰ ਲਈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਅਜਕੋ ਜਿਵਾਵਨ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਜ਼ਹਿਰੀਲੀ ਪੋਸ਼ਾਕ ਪਹਿਨੀ। ਖਾਣੇ ਤੋਂ ਫੁੱਲ ਬਣਾਏ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਲੱਜਿਤਿ ਕਾਜ਼ੀ ਸਭਾ ਮਹਿਂ,
ਰਹਜੋ ਬਦਨ ਨਿਹੁਰਾਇ[1]।
ਹਰਖ ਭਯੋ ਨੌਰੰਗ ਮਹਾਂ,
ਮਿਲਿਬੇ ਚਹਿ ਅਧਿਕਾਇ ॥੧॥

ਚੌਪਈ:

ਮਤਿ ਬਿਸਮਤ ਨੇ ਬਾਕ ਬਖਾਨਾ।
'ਅਜ਼ਮਤਿ ਇਨ ਮਹਿਂ ਮਹਿਦ ਮਹਾਨਾ।
ਪੁਨ ਪਰਖਨਿ ਹਿਤ ਠਾਨਿ ਉਪਾਉ।
ਅਜ਼ਮਤਿ ਜਿਯੈ ਨਾਂਹਿ ਤੁ ਮਰਿ ਜਾਉ[1]' ॥੨॥
ਪੋਸ਼ਿਸ਼ ਸੂਖਮ ਬਸਤ੍ਰ ਬਨਾਏ।
ਤਿਨ ਮਹਿਂ ਜ਼ਹਿਰ ਬਿਸਾਲ ਲਗਾਏ।
ਛੁਵਤਿ ਅੰਗ ਕੋ ਹਾਨਹਿਂ ਪ੍ਰਾਨਾ।
ਜਜੋਂ ਬਿਸੀਅਰ ਡਸ ਜਾਇ ਮਹਾਨਾ ॥੩॥
ਸਗਰੇ ਬਸਤ੍ਰਨਿ ਬਿਖੈ ਰਚਾਈ।
ਮਨੁਖ ਸਮੀਪੀ ਹਾਥ ਪਠਾਈ।
'ਆਪ ਬੈਠਿ ਪਹਿਰਾਵਉ ਸਾਰੀ।
ਕੇਤਿਕ ਚਿਰ ਤਹਿਂ ਲੇਹੁ ਨਿਹਾਰੀ' ॥੪॥
ਲੈ ਗਮਨਜੋ, ਗੁਰ ਸੁਤ ਢਿਗ ਆਇਵ।
ਪੋਸ਼ਿਸ਼ ਆਗੇ ਧਰੀ ਬਨਾਇਵ।
'ਬਹੁਤ ਪ੍ਰਸੰਨ ਸ਼ਾਹੁ ਹੁਇ ਰਹਜੋ।
ਤੁਮ ਸੋਂ ਬਚਨ ਬੰਦਗੀ ਕਹਜੋ ॥੫॥
ਹੇਤੁ ਪਹਿਰਬੇ ਪੋਸ਼ਿਸ਼ ਨੀਕੀ।
ਪਠੀ ਮੋਹਿ ਕਰ ਸ਼ਰਧਾ ਜੀ ਕੀ[1]।
ਮਹਾਂ ਪ੍ਰੇਮ ਕਰਿ ਬਾਕ ਉਚਰੋ।
-ਆਪ ਬੈਠਿ ਪਹਿਰਾਵਨਿ ਕਰੋ- ॥੬॥
ਅਬਹਿ ਸਫਲ ਹੁਇ ਪਠਵਨਿ ਸ਼ਾਹੂ।
ਪਹਿਰਨਿ ਕਰਹੁ ਅਪਨਿ ਤਨ ਮਾਂਹੂ।'

[1]ਨਿਵਾਕੇ।

[1]ਜੇ ਇਸ ਵਿਚ ਕਰਾਮਾਤ ਹੋਵੇਗੀ ਤਾਂ ਜੀਵੇਗਾ, ਨਹੀਂ ਤਾਂ ਮਰ ਜਾਇਗਾ।

[1]ਭੇਜੀ ਹੈ ਮੇਰੇ ਹੱਥੀਂ ਚਿਤ ਦੀ ਸ਼ਰਧਾ ਨਾਲ।

ਸਤਿਗੁਰ ਸੁਤ ਨੇ ਲਖੀ ਖੁਟਾਈ।
ਤਊ ਚਹਤਿ ਅਜ਼ਮਤ ਦਿਖਰਾਈ ॥੭॥
ਲੇ ਕਰਿ ਸਗਰੀ ਪਹਿਰਿ ਸ਼ਰੀਰ।
ਬੈਠਿ ਰਹੇ ਤੈਸੇ ਧਰਿ ਧੀਰ।
ਜਿਨ ਕੇ ਦੇਖਤਿ ਬਿਖ ਬਿਨਸਾਇ।
ਤਿਨ ਕੋ ਸਕ† ਕਿਮ ਕਸ਼ਟ ਉਪਾਇ ॥੮॥ †ਪਾ:-ਸਕਹਿ।
ਕੇਤਿਕ ਚਿਰ ਸੋ ਬੈਠਯੋ ਰਹਯੋ।
ਬਿਸਮਯੋ ਦੇਖਤਿ ਕਛੂ ਨ ਕਹਯੋ।
ਏਕ ਪਹਿਰ ਬੀਤਾਵਨਿ ਕਰੇ।
ਪੁਨ ਉਠਿ ਗਮਨਯੋ ਸ਼ਰਧਾ ਧਰੇ ॥੯॥
ਆਲਮਗੀਰ[1] ਸੰਗ ਸਭਿ ਭਾਖੀ। [1]ਔਰੰਗਜ਼ੇਬ ਦਾ ਖਿਤਾਬ ਸੀ।
'ਮੈਂ ਪਹਿਰਾਇ ਦਿਖਤਿ ਰਹਿ ਆਂਖੀ[1]। [1]ਅੱਖਾਂ ਨਾਲ ਦੇਖਦਿਆਂ।
ਜਿਮ ਪ੍ਰਸੰਨ ਮੁਖ ਪਹਿਰਨਿ ਕਰੀ।
ਤਿਸੀ ਪ੍ਰਕਾਰ ਅਬਹਿ ਦੁਤਿ ਧਰੀ ॥੧੦॥
ਏਕ ਜਾਮ ਬੀਤੇ ਮੈਂ ਆਯੋ।
ਨਿਜ ਸੁਭਾਉ ਬੋਲਤਿ ਬਿਕਸਾਯੋ।
ਜਿਸ ਕੇ ਅੰਗ ਪਹਿਰਿਬੇ ਕਰੇ।
ਦ੍ਵੈ ਘਟਿਕਾ ਨ ਪ੍ਰਾਨ ਕੋ ਧਰੇ ॥੧੧॥
[1]ਸੋ ਤਿਨ ਨਹਿਂ ਜਾਨੀ ਪਹਿਰਾਇ। [1]ਪਹਿਨ ਕੇ ਉਨ੍ਹਾਂ ਜਾਣਿਆਂ ਬੀ ਨਹੀਂ (ਕਿ ਪਹਿਨੀ ਹੈ ਕਿ ਨਹੀਂ), ਭਾਵ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ ਓਹ ਸਹਿਜ ਸੁਭਾਵ ਖਿੜੇ ਬੈਠੇ ਰਹੇ।
ਬੈਠੇ ਬਿਕਸੇ ਸਹਿਜ ਸੁਭਾਇ[3]।'
ਸੁਨਿ ਨੌਰੰਗ ਬਿਸਮੈ ਹੁਇ ਗਯੋ।
ਸਜਾਨੇ ਤੁਰਕ ਬੁਲਾਵਤਿ ਭਯੋ ॥੧੨॥
ਫਾਜ਼ਲ[1] ਗਨ ਉਲਮਾਉ ਮਹਾਨੇ। [1]ਵਿਦ੍ਵਾਨ।
ਸ਼ਰ੍ਹਾ ਬਿਖੇ ਗਾਢੇ ਜਿ ਮੁਲਾਨੇ।
ਨਿਕਟਿ ਬਿਠਾਇ ਸਕਲ ਸਮਝਾਏ।
'ਇਹੁ ਗੁਰ ਹਿੰਦੁਨਿ ਸਿਹਰ[1] ਕਮਾਏ ॥੧੩॥ [1]ਜਾਦੂ।
ਅਬਿ ਕੈਸੇ ਇਸ ਕੋ ਹਮ ਕਹੈਂ।
ਸਕਲ ਬਾਤ ਤੇ ਊਪਰ ਰਹੈ।

ਜਿਮ ਨਹਿਂ ਸਿਹਰ ਹੋਇ ਕੁਛ ਐਸੇ।
ਬਾਤ ਬਨਾਇ ਕਹਹੁ ਸਭਿ ਤੈਸੇ' ॥੧੪॥
ਤਬਿ ਫਾਜ਼ਲ ਉਲਮਾਉ ਬਖਾਨਾ।
'ਹਮ ਤੇ ਸੁਨੀਏ ਸ਼ਾਹੁ ਮਹਾਨਾ!
ਪ੍ਰਥਮ ਭਯੋ ਸ਼੍ਰੀ ਨਾਨਕ ਚੰਦ।
ਬਿਚਰਜੋ ਦੇਸ਼ ਬਿਦੇਸ਼ ਬਿਲੰਦ ॥੧੫॥
ਕਰਜੋ ਸਿਹਰ ਮੱਕੇ ਮਹਿਂ ਜਾਇ।
ਸਕਲ ਮੁਜਾਵਰ ਉਰ ਬਿਸਮਾਇ।
ਜੇ ਹਜ਼ਰਤ ਨਿਜ ਦੀਨ ਬਧਾਵਹੁ।
ਚਹਤਿ ਸ਼ਰ੍ਹਾ ਮੈਂ ਹਿੰਦ ਚਲਾਵਹੁ ॥੧੬॥
ਤੌਂ ਸੁਨਿ ਲੀਜੈ ਬਾਤ ਹਮਾਰੀ।
ਇਸ ਕੋ ਆਨਹੁ ਸ਼ਰ੍ਹਾ ਮਝਾਰੀ।
ਹਿੰਦੂ ਸਭਿ ਇਨ ਕੇ ਸਿਖ ਅਹੈਂ।
ਮਾਨਹਿਂ ਪੁਨ, ਜੈਸੇ ਤੁਮ ਕਹੈਂ[1] ॥੧੭॥

[1]ਜਿਵੇਂ ਤੁਸੀਂ ਕਹੋਗੇ ਮੰਨਣਗੇ (ਹਿੰਦੂ, ਇਨ੍ਹਾਂ ਦੇ ਸ਼ਰ੍ਹਾ ਵਿਚ ਆ ਜਾਣ) ਮਗਰੋਂ।

ਜੋ ਘਰ ਹੈ ਗੁਰੁ ਨਾਨਕ ਕੇਰਾ।
ਹੋਤਾ ਆਯਹੁ ਸਿਹਰ ਘਨੇਰਾ।
ਜਹਾਂ ਜਾਤਿ ਇਹ ਤਹਾਂ ਦਿਖਾਵੈਂ।
ਹਿੰਦੁਨਿ ਕੋ ਤੁਰਨਿ ਭਰਮਾਵੈਂ ॥੧੮॥
ਸਿਹਰ ਜ਼ੋਰ ਤੇ ਮਨ ਬਿਚਲਾਯੋ।
ਦੇਸ਼ ਬਿਦੇਸ਼ਨਿ ਜਸੁ ਬਿਦਤਾਯੋ।
ਇਨ ਕੇ ਸਿਖ ਹਿੰਦੂ ਮਤਿ ਕਾਚੇ।
ਸਿਹਰ ਦੇਖਿ ਕਰਿ ਕਿਮ ਨਹਿਂ ਬਾਚੇ[1] ॥੧੯॥

[1]ਇਨ੍ਹਾਂ ਉਪਰ ਭਰੋਸਾ ਕਰਨੋਂ) ਕਿਵੇਂ ਨਹੀਂ ਬਚ ਸਕਦੇ।

ਅਬਿ ਅਪਨੋ ਖਾਨਾ ਕਰਿਵਾਵਹੁ।
ਦੇ ਕਰਿ ਕਿਸ ਕੇ ਹਾਥ ਪਠਾਵਹੁ।
ਕਿਸੂ ਜਤਨ ਤੇ ਤਿਸੇ ਖੁਲਾਵਹੁ।
ਅਪਨੇ ਦੀਨ ਬਿਖੈ ਕਰਿ ਲਜਾਵਹੁ ॥੨੦॥
ਅਜ਼ਮਤਿ ਸਿਹਰ ਜਿਤਿਕ ਇਨ ਕੇਰਾ।
ਸਭਿ ਮਿਟਿ ਜਾਇ ਨ ਲਾਗਹਿ ਦੇਰਾ।'
ਸੁਨਤਿ ਸ਼ਾਹੁ ਤੈਸੇ ਕਰਿਵਾਯਹੁ।
ਖਾਨਾ ਅਪਨਾ ਤਜਾਰ ਕਰਾਯਹੁ ॥੨੧॥

ਨਿਕਟਿ ਦਰੋਗ਼ਾ ਲੀਨਿ ਹਕਾਰਿ।
ਤਿਹ ਸਮੁਝਾਯਹੁ ਕੀਨਿ ਉਚਾਰ।
'ਸਿਫਤਿ ਸਮੇਤ ਕਹਹੁ ਤਿਸ ਜਾਇ।
ਖਾਨੋ ਅਪਨੋ ਦੇਹੁ ਖੁਲਾਇ ॥੨੨॥
-ਸ਼੍ਰੀ ਨਾਨਕ ਘਰ ਮਹਿਂ ਇਹ ਬਾਤਿ।
ਹੈ ਆਛੀ ਸਭਿ ਮਹਿਂ ਬੱਖਯਾਤ।
ਹਿੰਦੂ ਤੁਰਕ ਜਾਤਿ ਇਕ ਜਾਨੇ।
ਇਕ ਖ਼ੁਦਾਇ ਕੀ ਸ੍ਰਿਸ਼ਟਿ ਪਛਾਨੇ ॥੨੩॥
ਭਾ ਹਜ਼ਰਤ ਕੇ ਸਿਦਕ ਮਹਾਨਾ।
ਕਰਿ ਬਹੁ ਸ੍ਵਾਦ ਪਠਜੋ ਇਹ ਖਾਨਾ।
ਹਜ਼ਰਤ ਕਹਿਂ ਬਹੁ ਸਿਫਤ ਤੁਮਾਰੀ।
ਫਕਰ ਖੁਦਾਇ ਪਾਕ ਬਿਧਿ ਸਾਰੀ-' ॥੨੪॥
ਇੱਤਜਾਦਿਕ ਤਿਸ ਬਹੁ ਸਿਖਲਾਵਾ।
ਪਠਜੋ ਦਰੋਗ਼ਾ ਕਪਟ ਬਨਾਵਾ।
ਗਯੋ ਸੰਗ ਲੇ ਖਾਨਾ ਸੋਇ।
ਪਹੁੰਚਜੋ ਗੁਰ ਸੁਤ ਕੇ ਢਿਗ ਹੋਇ ॥੨੫॥
ਬੈਠਿ ਸਮੀਪ ਕਹਿਨਿ ਲਗਿ ਤੈਸੇ।
ਕੁਮਤਿ ਸ਼ਾਹੁ ਸਿਖਰਾਈ ਜੈਸੇ।
'ਹਜ਼ਰਤ ਕਰੀ ਬੰਦਗੀ ਤੁਮ ਕੋ।
ਸਿਦਕ ਠਾਨਿ ਕਰਿ ਭੇਜਜੋ ਹਮ ਕੋ ॥੨੬॥
ਹਿੰਦੂ ਤੁਰਕ ਸਮਾਨ ਤੁਮਾਰੇ।
ਪਾਕ ਅਲਹੁ ਕੇ ਲਖਨੇ ਵਾਰੇ।
ਸਭਿ ਮਹਿਂ ਜਾਨਹੁਂ ਏਕ ਖੁਦਾਇ।
ਭੇਦ ਨਹੀਂ ਕਬਿ ਤੁਮਹਿਂ ਲਖਾਇ[1] ॥੨੭॥
ਬਡੇ ਸ਼ੌਕ ਤੇ ਖਾਨਾ ਕਰਜੋ।
ਜ਼ਾਫਤ ਕੋ ਤਨ ਮਨ ਅਨੁਸਰਜੋ।
ਤੁਮ ਕੋ ਉਚਿਤ ਮਾਨ ਕੋ ਰਾਖਨਿ।

[1]ਤੁਸੀਂ ਨਹੀਂ ਜਾਣਦੇ।

ਕਰਹੁ ਤਥਾ ਹਜ਼ਰਤ ਕੋ ਭਾਖਨਿ[1] ॥੨੮॥
ਸੁਨਿ ਕਰਿ ਗੁਰ ਸੁਭ ਬਡੀ ਖੁਟਾਈ।
-ਜਿਦ ਕਰਿ ਮੂਰਖ ਕਰਤਿ ਢਿਠਾਈ-।
ਕਰਜੋ ਬਚਨ 'ਬਾਸਨ ਕਰਿ ਉਰੇ।
ਕਹਾਂ ਪਠਜੋ ਸ਼ਰਧਾ ਉਰ ਧਰੇ' ॥੨੯॥
ਤਬੈ ਦਰੋਗ਼ੇ ਧਰਜੋ ਅਗਾਰੀ।
'ਢਾਂਪਨ ਖੋਲਹੁ' ਗਿਰਾ ਉਚਾਰੀ।
ਸੁਨਿ ਆਗਜਾ ਕੋ ਤਿਨ ਤਤਕਾਲਾ।
ਬਾਸਨ ਧਰ ਖੋਲਜੋ ਦਰਹਾਲਾ ॥੩੦॥
ਰਾਇਬੇਲ ਚੰਬੇਲੀ ਕਲੀ।
ਲਪਟੈਂ ਛੁਟਤਿ ਜਿਨਹੁਂ ਤੇ ਭਲੀ।
ਉੱਜਲ ਬਰਨ ਖਿਰਜੋ ਕੋ ਫੂਲ।
ਸੁਖਦ ਬਿਲੋਚਨ ਕੇ ਅਨਕੂਲ ॥੩੧॥
ਕਰੇ ਬਿਲੋਕਨਿ ਬਾਸਨ ਮਾਂਹੀ।
ਬਿਸਮੈ ਭਯੋ ਲਖੀ ਕੁਛ ਨਾਂਹੀ।
ਸੁੰਦਰ ਮਹਾਂ ਸੁਫੈਦ ਨਿਹਾਰੇ।
ਜਨੁ ਬੂਟਨਿ ਤੇ ਅਬਹਿ ਉਤਾਰੇ ॥੩੨॥
ਕਹਜੋ ਗੁਰੂ ਨੰਦਨ ਤਿਹ ਸਮੈਂ।
'ਹਜ਼ਰਤ ਪਠੇ ਪੁਸ਼ਪ ਇਹ ਹਮੈਂ?
ਬਾਸਨ ਭਰਜੋ ਗਰੇ ਲਗਿ ਸਾਰੋ।
ਕੋ ਕਲਿਕਾ[1] ਕੋ ਖਿਰਜੋ[2] ਨਿਹਾਰੋ ॥੩੩॥
ਲੇ ਗਮਨਹੁ ਹਜ਼ਰਤ ਕੇ ਪਾਸ।
ਹਮ ਦਿਸ਼ਿ ਤੇ ਕੁਸਮ ਪ੍ਰਕਾਸ਼।'
ਗਯੋ ਦਰੋਗ਼ਾ ਅਚਰਜ ਹੋਇ।
ਬਾਸਨ ਤਥਾ ਢਾਂਪ ਕਰਿ ਸੋਇ ॥੩੪॥
ਗਨ ਉਲਮਾਉਨਿ ਬ੍ਰਿੰਦ ਮੁਲਾਨੇ।
ਬੀਚ ਸਭਾ ਉਮਰਾਉ ਮਹਾਂਨੇ।
ਬੈਠਜੋ ਅਵਰੰਗ ਲੇ ਤਹਿਂ ਗਯੋ।
ਢਾਂਪਨ ਖੋਲਿ ਦਿਖਾਵਤਿ ਭਯੋ ॥੩੫॥
'ਇਹ ਕਜਾ ਆਨਜੋ ਤਹਿਂ ਤੇ ਜਾਇ।

[1]ਬਾਦਸ਼ਾਹ ਦਾ ਕਹਿਣਾਂ ਤਿਵੇਂ (ਮਾਨ ਸਹਿਤ ਮੰਨਣਾ) ਕਰੋ।

[1]ਕੋਈ (ਅਜੇ) ਕਲੀ ਹੈ। [2]ਕੋਈ ਖਿੜੀ ਹੈ।

ਖਾਨਾ ਰਹਜੋ, ਕਿ ਦਿਯੋ ਖੁਲਾਇ।'
ਸੁਨਤਿ ਦਰੋਗੇ ਅਰਜ਼ ਬਖਾਨੀ।
'ਤਿਨ ਕੀ ਗਤਿ ਕੁਛ ਜਾਇ ਨ ਜਾਨੀ ॥੩੬॥
ਕਹਜੋ ਆਪ ਕੋ ਸਕਲ ਸੁਨਾਯੋ।
ਤਬਿ ਬਾਸਨ ਕੋ ਨਿਕਟਿ ਰਖਾਯੋ।
ਢਾਂਪਨ ਮੁਝ ਸੋਂ ਕਹਿ ਉਤਰਾਯੋ।
ਦੇਖਿ ਆਪ, ਨਹਿਂ ਹਾਥ ਛੁਹਾਯੋ[1] ॥੩੭॥
ਤਤਛਿਨ ਕਲਿਕਾ ਕੁਸਮ[1] ਨਿਹਾਰੇ।
ਸੁੰਦਰ ਉੱਜਲ ਪੂਰਨ ਸਾਰੇ।
ਮੁਝ ਸੋਂ ਕਹਜੋ ਸੁ -ਲੇਹੁ ਉਠਾਇ।
ਹਮ ਦਿਸ਼ਿ ਤੇ ਹਜ਼ਰਤ ਦਿਹੁ ਜਾਇ- ॥੩੮॥
ਅਸ ਅਚਰਜ ਕੁਛ ਕਰਿ ਦਿਖਰਾਯੋ।
ਨਹਿਂ ਮੇਰੀ ਮਤਿ ਮੈਂ ਕੁਛ ਆਯੋ।
ਖਾਨਾ ਆਮਿਖ ਕੋ ਵਿਚ ਜੇਤਾ।
ਕਲਿਕਾ ਕੁਸਮ ਕਰਜੋ ਭਰਿ ਤੇਤਾ ॥੩੯॥
ਛਿਨ ਮਹਿਂ ਦੇਖਤਿ ਮੋਹਿ ਅਗਾਰੀ।
ਅਜ਼ਮਤ ਕਿਧੌਂ ਸਿਹਰ ਇਹ ਭਾਰੀ।'
ਸੁਨਿ ਔਰੰਗ ਸਭਿ ਸਭਾ ਸਮੇਤ।
ਭਏ ਅਚੰਭੇ ਲਖਜੋ ਨ ਭੇਤ ॥੪੦॥
ਬਾਦੀ ਮਹਾਂ ਮੁਲਾਨੇ ਮੰਦ।
ਕਹਨਿ ਲਗੇ 'ਇਹ ਸਿਹਰ ਬਿਲੰਦ।
ਸ਼੍ਰੀ ਨਾਨਕ ਕੇ ਘਰ ਮੈਂ ਸਦਾ।
ਠਾਨਤਿ ਰਹੇ ਸਿਹਰ ਜਦ ਕਦਾ ॥੪੧॥
ਜੇ ਅਬਿ ਖਾਤਿ ਹਮਾਰੇ ਖਾਨਾ।
ਅਜ਼ਮਤ ਸਿਹਰ ਹੋਤਿ ਸਭਿ ਹਾਨਾ।
ਖਾਯੋ ਨਹੀਂ, ਕੀਨਿ ਚਤੁਰਾਈ।
ਬਚਜੋ ਕਹਜੋ ਨਿਜ ਧਰਮ ਰਖਾਈ' ॥੪੨॥

[1]'ਮੈਂ ਆਪ ਦੇਖਿਆ ਹੈ (ਉਨ੍ਹਾਂ ਨੇ) ਹੱਥ ਨਹੀਂ ਲਾਇਆ। (ਅ) ਆਪ ਡਿੱਠਾ ਨੇ ਹੱਥ ਨਹੀਂ ਲਾਇਆ।

[1]ਕਲੀਆਂ ਤੇ ਫੁੱਲ।

ਸੁਨਿ ਨੌਰੰਗ ਕਹਿ 'ਕਜਾ ਅਬਿ ਕਰੈਂ।
ਆਵਤਿ ਨਹਿਂ ਫਰੇਬ ਕੇ ਤਰੈ।
ਸਿਹਰ ਕਿ ਅਜ਼ਮਤਿ ਬਿਖੈ ਕਮਾਲ।
ਰਹਤਿ ਕਰਤਿ ਬਿਨ ਬਿਲਮ ਉਤਾਲ ॥੪੩॥
ਰੁਕਜੋ ਨਹੀਂ, ਠਾਨੈਂ ਬਿਧਿ ਕੌਨ।
ਅਬਿ ਕਿਸ ਬਿਧਿ ਬਰਤੈਂ ਸੰਗ ਤੌਨ।'
ਮਹਾਂ ਮੂਢ ਹਠ ਧਾਰੀ ਸਰਾ[1]।
ਨੰਮ੍ਰਿ ਨ ਹੋਤਿ ਅਜਬ ਅਸ ਕਰਾ ॥੪੪॥

[1]ਸਰਕੰਡਾਂ, ਜੋ ਖੜਾ ਰਹਿੰਦਾ ਹੈ, ਹਵਾ ਆਵੇ ਤਾਂ ਰਤਾ ਨਿਉਂਕੇ ਫੇਰ ਸਿੱਧਾ ਹੋ ਖੜੋਂਦਾ ਹੈ। (ਅ) ਸ਼ਰ੍ਹਾ ਤੇ ਹਠ ਦਾ ਧਾਰਨ ਕਰਨ ਵਾਲਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤਵਾਰਿੰਸਤੀ ਅੰਸੂ ॥੩੯॥

## ੪੦. [ਖੂਹ ਤੇ ਬੈਠਣਾ। ਮੱਕੇ ਤੋਂ ਫਲ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਪੁਨ ਨੌਰੰਗ ਵਿਚ ਸਭਾ ਕੇ, ਬੋਲ੍ਯੋ ਬਿਸਮੈ ਹੋਇ।
'ਅਦਭੁਤ ਗਤਿ ਕੋ ਕਰਤਿ ਹੈ, ਜਾਨੀ ਜਾਇ ਨ ਕੋਇ ॥੧॥

ਚੌਪਈ:

ਜਸ ਜਸ ਕਪਟ ਹਮਹੁ ਨੇ ਠਾਨਾ।
ਕਰਾਮਾਤ ਤੇ ਸਭਿ ਕਿਛੁ ਜਾਨਾ।
ਤਤਛਿਨ ਸੁਗਮ ਕਰੇ ਦਿਖਰਾਈ।
ਅਬਿ ਤਿਸ ਕੋ ਲੇਂ ਨਿਕਟਿ ਬੁਲਾਈ ॥੨॥
ਕਰਿ ਸਨਮਾਨ ਸਮੀਪ ਬਿਠਾਵੈਂ।
ਹਿਤ ਸੋਂ ਬਾਕਨਿ ਕਹੈਂ ਕਹਾਵੈਂ।
ਠਾਨਹੁ ਪਰਖਨਿ ਅਪਰ ਉਪਾਈ।
ਕਰਾਮਾਤ ਕੀ ਪੂਰਨਤਾਈ ॥੩॥
ਮਿਲਤਜੋਂ ਭੀ ਇਸ ਕੋ ਪਤੀਆਵੈਂ।
ਨਿਕਟਿ ਆਪਨੇ ਪਿਖਿ ਬਿਸਮਾਵੈਂ।
ਕਰਿਹੰ ਕੌਨ ਬਿਧਿ ਜੋ ਬਤਲਾਵੌਂ।
ਜਿਸ ਅਸਮੰਜਸ ਹੋਇ[1], ਜਨਾਵੌਂ ॥੪॥

[1]ਜਿਸ ਵਿਚ (ਰਾਮਰਾਇ ਨੂੰ) ਕਠਨਾਈ ਯਾ ਘਬਰਾਹਟ ਪਵੇ।

ਸੁਨਿ ਮੁੱਲਾਂ ਬੋਲ੍ਯੋ ਤਿਸ ਕਾਲਾ।
'ਇਕ ਉਪਾਉ ਮੈਂ ਕਹੌਂ ਸੁਖਾਲਾ।
ਕੈ ਤੋ ਅਜ਼ਮਤ ਲਿਹੁ ਪਤੀਆਇ।
ਨਾਂਹਿ ਤ ਮਰਿਹੈ ਸੋ ਗਿਰ ਜਾਇ ॥੫॥
ਸੁੰਦਰ ਕੂਪ ਨਿਕਟਿ ਚਲਿ ਜਈਐ।
ਬੈਠਿ ਆਪ ਤਹਿਂ ਸਭਾ ਲਗਈਐ।
ਚਹੁੰਦਿਸ਼ਿ ਬੈਠੇ ਨਰ ਸਮੁਦਾਯਾ।
ਇਕ ਸਮ ਫਰਸ਼ ਦੇਹਿਂ ਥਲ ਛਾਯਾ[1] ॥੬॥

[1]ਥਾਂ ਨੂੰ ਢਕ ਦੇਈਏ।

ਅਲਖ ਕੂਪ ਕੋ ਥਲ ਕਰਿ ਦੇਹਿਂ[1]।

[1]ਭਾਵ ਖੂਹ ਦਾ ਲਖਿਆ ਜਾ ਸਕੇ, ਥਲ ਪਿਆ ਮਲੂਮ ਹੋਵੇ।

ਜਿਸ ਬਿਧਿ ਆਇ ਸੋ ਨ ਲਖਿ ਲੇਹਿਂ[1]।
ਸੁੰਦਰ ਚਾਦਰ ਬਿਸਦ ਬਿਸਾਲ।
ਛਾਦਹੁ ਸਭਿ ਦਿਸ਼ਿ ਤੇ ਤਿਸ ਨਾਲ ॥੭॥
ਆਵਤਿ ਤਹਾਂ ਦੇਹੁ ਬੈਠਾਇ।
ਬਿਨ ਅਜ਼ਮਤ ਗਿਰਿ ਕੈ ਮਰਿ ਜਾਇ।
ਸ਼ਕਤਿ ਹੋਇ ਤਬਿ ਬੈਠ੍ਯੋ ਰਹੈ।
ਤਿਸ ਕੋ ਕੁਛ ਅਚਰਜ ਨਹਿਂ ਅਹੈ' ॥੮॥
ਮਹਿਦ ਅਧਰਮੀ ਮੂਢ ਮੁਲਾਨੇ।
ਇਮ ਸਲਾਹ ਦੀਨਸਿ ਛਲ ਸਾਨੇ।
ਸ਼ਾਹੁ ਕਹੀ 'ਇਹੁ ਨੀਕ ਬਖਾਨੀ।
ਦੋਊ ਬਿਧਿ ਮੈਂ ਜਾਇ ਸੁ ਜਾਨੀ[1]' ॥੯॥

ਮਹਾਂ ਕ੍ਰੂਰ ਨੌਰੰਗ ਦੁਰਮਤੀ।
ਹੇਤੁ ਪਰਖਿਬੇ ਪੁਨ ਅਜ਼ਮਤੀ।
ਨਿਕਟਿ ਕੂਪ ਕੇ ਸਭਾ ਲਗਾਈ।
ਇਕ ਸਮ ਫਰਸ਼ ਕੀਨਿ ਚਹੁੰਘਾਈ ॥੧੦॥
ਛਾਦ੍ਯੋ ਕੂਪ ਕਰੇ ਚਤੁਰਾਈ।
ਊਪਰ ਚੌਂਕੀ ਮਸੇਂ ਟਿਕਾਈ।
ਚਰਨ ਧਰੈ ਜਬਿ ਊਪਰ ਆਇ।
ਇਕ ਹੀ ਬਾਰ ਤਰੈ ਗਿਰ ਜਾਇ ॥੧੧॥
ਸ਼ੇਖ ਮੁਲਾਨੇ ਕਾਜ਼ੀ ਘਨੇ।
ਅਕਲ ਬਤਾਵਹਿਂ ਜੋ ਕੁਛ ਸਨੇ[1]।
ਉਰ ਨੌਰੰਗ ਕੇ ਹਰਖ ਉਪਾਵਤਿ।
ਸਨਮਾਨਤਿ ਹਸਿ ਮੁਖ ਦਿਖਰਾਵਤਿ ॥੧੨॥
ਬਨਿ ਬਨਿ ਬੈਠਹਿਂ ਸਭਾ ਮਝਾਰੇ।
ਕੌਤਕ ਦੇਖਨਿ ਚਹਤਿ ਉਦਾਰੇ।
ਠਾਂਢੇ ਸੂਬੇ ਅਰੁ ਉਮਰਾਵ।
ਸ਼ਰ੍ਹਾ ਬੀਚ ਜੇ ਦਿਢ ਉਲਮਾਵ ॥੧੩॥
ਪਠ੍ਯੋ ਬਲਾਵਨਿ ਕੋ ਨਿਜ ਦੂਤ।
ਆਯੋ ਜਹਿਂ ਬੈਠ੍ਯੋ ਗੁਰ ਪੂਤ।
ਹਾਥ ਜੋਰਿ ਕੈ ਕਹ੍ਯੋ ਸੁਨਾਈ।

[1]ਇਸ ਤਰ੍ਹਾਂ ਨਾਲ ਕਿ ਓਹ ਆਵੇ ਤੇ ਪਰਖ ਨਾ ਸਕੇ।

[1]ਭਾਵ ਡੁਬਿਆਂ ਇਹ ਕਿ ਅਜ਼ਮਤੀ ਨਹੀਂ ਸੀ, ਬੈਠੇ ਰਿਹਾਂ ਅਜ਼ਮਤੀ ਹੈ।

[1](ਪਾਤਸ਼ਾਹ) ਸੁਣਦਾ ਹੈ।

'ਸਿਮਰਜੋ ਸ਼ਾਹੁ ਤੁਮਾਰੇ ਤਾਈਂ ॥੧੪॥
ਚਲਹੁ ਆਪ ਦਰਸ਼ਨ ਕਹੁ ਦੋਹੋ।
ਸਭਾ ਸਹਿਤ ਤੁਮ ਤਿਸ ਪਿਖਿ ਲੇਹੋ।'
ਸੁਨਿ ਸ਼੍ਰੀ ਰਾਮਰਾਇ ਹੁਇ ਤਜਾਰੀ।
ਗਮਨਿ ਕੀਨਿ ਅਜ਼ਮਤ ਜਤਿ ਭਾਰੀ ॥੧੫॥
ਜੇ ਗੁਰਦਾਸ ਆਦਿ ਸਿਖ ਸਾਥ।
ਗਏ ਸੰਗ ਜਹਿਂ ਦਿੱਲੀ ਨਾਥ।
ਸਨਮਾਨਤਿ ਅੰਤਰ ਪ੍ਰਵਿਸ਼ਾਏ।
ਦੌਰਿ ਦੌਰਿ ਨਰ ਪਿਖਿ ਬਿਸਮਾਏ ॥੧੬॥
ਪਸਰਜੋ ਸੁਜਸੁ ਸਕਲ ਪੁਰਿ ਮਾਂਹੀ।
ਦੇਖਿ ਦੇਖਿ ਕਹਿਂ ਨਮੋ ਸਰਾਹੀਂ।
ਇਸ ਬਿਧਿ ਪਹੁੰਚੇ ਸਭਾ ਪ੍ਰਵੇਸ਼ੇ।
ਸੁੰਦਰ ਬਦਨ ਸਰੂਪ ਵਿਸ਼ੇਸ਼ੇ ॥੧੭॥
ਤਬਿ ਇਕ ਨਰ ਤਿਹ ਹੋਇ ਅਗਾਊ।
ਲੇ ਚੌਂਕੀ ਦਿਸ਼ਿ ਕੋ ਪਹੁੰਚਾਊ।
[1]ਤਹਾਂ ਮੋਮ ਦਿਲ ਜੇਤਿਕ ਅਹੇ।
-ਗਿਰਹਿ ਕੂਪ ਮੈਂ- ਤ੍ਰਾਸਤਿ ਲਹੇ[1] ॥੧੮॥
ਲਖਿ ਸ਼੍ਰੀ ਰਾਮਰਾਇ ਖੁਟਿਆਇ।
-ਤੁਰਕ ਸਭਾ ਹਿੰਦੁਨਿ ਦੁਖਦਾਈ।
ਮੂਰਖ ਅਜ਼ਮਤ ਕੋ ਪਤਿਆਵਤਿ।
ਨਹਿਂ ਪਰਲੋਕ ਭੇਵ ਕੋ ਪਾਵਤਿ ॥੧੯॥
'ਵਾਹਿਗੁਰੂ' ਕਹਿ ਚਰਨ ਉਠਾਵਾ।
ਤਿਸ ਚੌਂਕੀ ਪਰ ਤੁਰਤ ਟਿਕਾਵਾ।
ਦੋਨਹੁਂ ਪਗ ਧਰਿ ਨਿਸ਼ਚਲ ਬੈਸਾ।
ਮਨਹੁਂ ਅਵਿਨਿ ਪਰ ਟਿਕਿਗਾ ਤੈਸਾ ॥੨੦॥
ਦੇਖਤਿ ਹੀ ਨੌਰੰਗ ਬਿਸਮਾਵਾ।
ਅਨਾਲੰਬ ਲਖਿ[1] ਸੀਸ ਝੁਕਾਵਾ।
'ਰਾਮਦਾਸ ਕੇ ਆਵਹੁ ਭਲੇ।
ਆਛੀ ਬਾਤ ਕਰੀ ਤੁਮ ਮਿਲੇ' ॥੨੧॥

[1]ਜਿੰਨੇ ਕੁ ਨਰਮ ਦਿਲ ਸਨ, ਸੋ ਡਰੇ ਕਿ ਖੂਹ ਵਿਚ ਦੇ ਪਵੇਗਾ (ਰਾਮਰਾਇ)।

[1]ਆਸਰੇ ਬਿਨਾ (ਬੈਠਾ) ਵੇਖਕੇ।

ਕੁਸ਼ਲ ਪਰਸਪਰ ਬੂਝਨਿ ਕੀਨਿ।
ਗੁਰ ਸਪੂਤ ਪਿਖਿ ਪ੍ਰੇਮ ਨਵੀਨ।
ਅਤਿ ਪ੍ਰਸੰਨ ਨਵਰੰਗ ਤਬਿ ਭਯੋ।
ਨਿਕਟਿ ਰਾਖਬੇ ਕੋ ਮਤਿ ਠਯੋ ॥੨੨॥
-ਸ਼ਕਤਿਵੰਤ ਇਹੁ ਲਖੇ ਮਹਾਨੇ।
ਅਪਰ ਨ ਜਾਨੌਂ ਇਨਹੁ ਸਮਾਨੇ।
ਮੋਹਿ ਕਾਜ ਮਹਿਂ ਆਵਹਿ ਤਹਾਂ।
ਪਹੁੰਚ ਨ ਕਿਸ ਕੀ ਬਿਖਮ ਜੁ ਮਹਾਂ ॥੨੬॥
ਜਿਮ ਉਰ ਚਹੌਂ ਲਹੌਂ ਮੈਂ ਤਥਾ।
ਰਾਖਹੁਂ ਇਨ ਕੋ ਹਰਖਹਿਂ ਜਥਾ।
ਪੁਰਖ ਨ ਐਸੋ ਕਿਹ ਥਲ ਪਾਵੈ।
ਅਜ਼ਮਤ ਸੋਂ ਜਿਮ ਚਹੈ ਬਨਾਵੈ ॥੨੪॥
ਨਿਸ ਮਹਿਂ ਅਜ ਭੱਖਜਨਿ ਕਰਿ ਲੀਨਾ।
ਪ੍ਰਾਤਿ ਹੋਤਿ ਜੀਵਾਵਨਿ ਕੀਨਾ।
ਅਬਹਿ ਕੂਪ ਪਰ ਬੈਠਜੋ ਐਸੇ।
ਨਿਸ਼ਚਲ ਭਯੋ ਪ੍ਰਿਥੀ ਪਰ ਜੈਸੇ- ॥੨੫॥
ਚਤੁਰ ਘਟੀ ਬੈਠਜੋ ਤਹਿਂ ਰਹਜੋ।
ਜੋ ਬੂਝਜੋ ਸੋ ਉੱਤਰ ਕਹਜੋ।
ਦ੍ਵੈਖੀ ਜਰ ਬਰ ਹੋਏ ਛਾਰ।
ਨਹਿਂ ਹਰਖੇ ਮਤਿਮੰਦ ਗਵਾਰ ॥੨੬॥
ਸਭਾ ਜੀਤ ਅਜ਼ਮਤ ਕੇ ਸਾਥ।
ਬਿਸਮਾਵਨਿ ਕਰਿ ਦਿੱਲੀਨਾਥ।
ਸਹਿਜ ਸੁਭਾਇਕ ਉਠਿ ਕਰਿ ਆਏ।
ਆਨਿ ਆਪਨੇ ਥਾਨ ਸੁਹਾਏ ॥੨੭॥
ਤਿਸ ਦਿਨੁ ਤੇ ਕਰਿ ਰੋਜ਼[1] ਬਡੇਰੇ।
ਬਹੁ ਧਨ ਨਿਤ ਪਹੁੰਚਾਵਤਿ ਡੇਰੇ।
ਪੁਰਿ ਸਗਰੇ ਮਹਿਂ ਕੀਰਤਿ ਮਹਾਂ।
ਬਾਤੈਂ ਕਰਤਿ ਮਿਲੇ ਜਹਿਂ ਕਹਾਂ ॥੨੮॥
'ਗੁਰ ਸੁਤ ਆਯੋ ਸ਼ਾਹੁ ਬੁਲਾਵਾ।
ਅਜ ਭੱਖਜਨਿ ਕਰਿ ਪੁਨ ਜੀਵਾਵਾ।
ਪੁਨਹਿ ਕੂਪ ਪਰ ਚਾਦਰ ਡਾਰੇ।

[1]ਰਜ਼ੀਨਾ।

ਤਿਸ ਪਰ ਬੈਠੇ ਰਹੇ ਸੁਖਾਰੇ' ॥੨੯॥
ਦਰਸ਼ਨ ਕਹੁ ਆਵਤਿ ਸਭਿ ਕੋਈ।
ਧਰਹਿਂ ਉਪਾਇਨ ਨਿੰਮ੍ਰਿ ਸੁਹੋਈ।
ਸੁਨਿ ਸੁਨਿ ਨਰ ਪਹੁੰਚਹਿਂ ਉਤਲਾਵਤਿ।
ਸਤਿਗੁਰ ਸੁਤ ਕੋ ਦਰਸ਼ਨ ਪਾਵਤਿ ॥੩੦॥
ਬਸਤ੍ਰ ਦਰਬ ਭੂਖਨ ਧਨ ਘਨੋ।
ਆਇ ਆਇ ਅਰਪਹਿਂ ਹਿਤ ਸਨੋ।
ਪਸਰਜੋ ਸੁਜਸੁ ਸਕਲ ਪੁਰਿ ਬੀਚ।
ਦਰਸ਼ਨ ਕਰਹਿਂ ਊਚ ਅਰੁ ਨੀਚ ॥੩੧॥
ਬਡੀ ਭੀਰ ਹੁਇ ਲੋਕਨਿ ਕੇਰੀ।
ਬੰਦਨ ਕਰਹਿਂ ਚਾਹ ਸੋਂ ਹੇਰੀ।
ਇਸ ਪ੍ਰਕਾਰ ਰਹਿਬੇ ਪੁਰਿ ਲਾਗੇ।
ਸਿਖ ਸੰਗਤਿ ਦਰਸਹਿਂ ਅਨੁਰਾਗੇ ॥੩੨॥
ਨੌਰੰਗ ਸ਼ਾਹਿ ਜਬੈ ਬੁਲਵਾਵੈ।
ਬੈਠਿ ਪਾਲਕੀ ਅੰਤਰ ਆਵੈਂ।
ਹਰਖਤਿ ਕਰੈਂ ਪਰਸਪਰ ਬਾਤ।
ਕਿਤਿਕ ਦੇਰ ਟਿਕਿ ਡੇਰੇ ਜਾਤਿ ॥੩੩॥
ਏਕ ਦਿਵਸ ਅੰਤਰ ਚਲਿ ਗਯੋ।
ਬਚਨ ਬਿਲਾਸ ਅਧਿਕ ਹੀ ਭਯੋ।
ਤਿਹ ਛਿਨ 'ਇਕ ਮੱਕੇ ਤੇ ਹਾਜੀ।
ਆਯੋ ਪੁਰਿ' ਸੁਧ ਦੀਨਸਿ ਕਾਜ਼ੀ[1] ॥੩੪॥
ਸੋ ਅਪਨੋ ਤਬਿ ਨਿਕਟਿ ਬੁਲਾਵਾ।
ਤਹਿਂ ਕੇ ਫਲ ਕੁਛ ਲੇ ਕਰਿ ਆਵਾ।
ਬੂਝਿ ਤਹਾਂ ਕੀ ਸੁਧ ਸਭਿ ਆਛੇ।
ਫਲਨਿ[†] ਸਰਾਹਤਿ ਭਾ ਹਿਤ ਬਾਂਛੇ ॥੩੫॥
ਤਬਿ ਸ਼੍ਰੀ ਰਾਮਰਾਇ ਸੋਂ ਕਹਜੋ।
'ਇਨ ਫਲ ਸਮ ਨ ਅਪਰ ਫਲ ਲਹਜੋ।
ਤੁਮ ਭੀ ਪਹੁੰਚਿ ਸਕਹੁ ਕੈ ਨਾਂਹੀ।

[1]ਕਾਜ਼ੀ ਨੇ ਖਬਰ ਦਿੱਤੀ।

[†]ਮਹਿਮਾਂ ਪ੍ਰਕਾਸ਼ ਵਿਚ ਇੱਥੇ ਬੇਰ ਫਲ ਲਿਖਿਆ ਹੈ।

ਬਿਨਾ ਪਹੁੰਚਿ ਅਸ ਫਲ ਕਿਮ ਖਾਹੀ?
॥੩੬॥
ਪੈਕੰਬਰ ਕੀ ਅਜ਼ਮਤ ਤਹਾਂ।
ਹਿੰਦੂ ਪਹੁੰਚਿ ਸਕਹਿ ਨਹਿਂ ਜਹਾਂ।
ਫਲ ਮਧੁਰੈ ਜਿਨ ਸ੍ਵਾਦ ਬਿਸਾਲੇ।
ਅਪਰ ਨ ਮਹਿਂ ਮਹਿਂ[1] ਬਹੁ ਹਮ ਭਾਲੇ [1]ਧਰਤੀ ਵਿਚ।
॥੩੭॥
ਜੇ ਕਰਿ ਤਹਾਂ ਰਸੀਦ ਤੁਮਾਰੀ।
ਨਹਿਂ ਅਟਕਹੁ ਕਿਸ ਤੇ ਬਲ ਭਾਰੀ[1]। [1]ਭਾਰੀ ਬਲ ਕਰਕੇ।
ਤੌ ਤੁਮ ਤਰਿ ਕੇ ਫਲ ਮੰਗਵਾਵਹੁ।
ਕਰਹਿ ਪ੍ਰਤੀਤ ਅਬਹਿ ਦਿਖਰਾਵਹੁ
॥੩੮॥
ਪੈਕੰਬਰ ਜੇ ਮਾਨਹਿਂ ਆਨ[1]। [1]ਜੈ ਪੈਕੰਬਰ ਤੁਹਾਡੀ ਆਨ ਨੂੰ ਮੰਨਦਾ ਹੈ ਤਾਂ।
ਤੌ ਪ੍ਰਾਪਤਿ ਹੁਇਂ ਤੁਮਰੇ ਪਾਨ।'
ਬੋਲਜੋ ਸਤਿਗੁਰ ਸੁਤ 'ਸੁਨਿ ਬਾਤ।
ਸ਼੍ਰੀ ਨਾਨਕ ਭੇ ਜਗ ਬੱਖਜਾਤ ॥੩੯॥
ਦੁਇ ਸੇਵਕ ਅਪਨੇ ਸੰਗ ਲੀਨਿ।
ਮੱਕੇ ਸਥਲ ਪਹੁੰਚਿਬੋ ਕੀਨਿ।
ਕਰਾਮਾਤ ਜੋ ਤਹਾਂ ਦਿਖਾਈ।
ਸੋ ਸਗਰੇ ਜਗ ਮਹਿਂ ਬਿਦਤਾਈ ॥੪੦॥
ਤਿਸ ਤੇ ਭੀ ਬਹੁ ਬਿਖਮ ਸਥਲ ਕੋ।
ਅਵਗਾਹੇ ਸਭਿ ਕਰਿ ਨਿਜ ਬਲ ਕੋ।
ਹਮ ਭੀ ਦਾਸ ਅਹੈਂ ਤਿਨ ਕੇਰੇ।
ਕਹਹੁ, ਮੰਗਾਇ ਦੇਹਿਂ ਬਿਨ ਦੇਰੇ'
॥੪੧॥
ਇਮ ਕਹਿਤਜੋ ਨੌਰੰਗ ਕੇ ਸਾਥ।
ਵਹਿਰ ਨਿਕਾਸੇ ਪਟ ਤੇ ਹਾਥ।
ਫਲ ਮੱਕੇ ਕੇ ਤਬਿ ਦਿਖਰਾਏ।
'ਲੇਵਹੁ ਮਧੁਰ ਸ੍ਵਾਦ ਸੋਂ ਖਾਏ' ॥੪੨॥
ਬਿਸਮਜੋ ਸ਼ਾਹ ਹਾਥ ਨਿਜ ਲੀਨੇ।
ਪ੍ਰਥਮ ਜੁ ਫਲ ਸੁ ਮਿਲਾਵਨਿ ਕੀਨੇ।
-ਏਹ ਤੋ ਤੁਰਤ ਸੁ ਤੋਰੇ ਅਹੈਂ।

ਸੋ ਸੂਕੇ ਬਹੁ ਦਿਨ ਕੇ ਲਹੈਂ ॥੪੩॥
ਬਰਨ ਅਕਾਰ ਸ੍ਵਾਦ ਸਮ ਸਾਰੋ।
ਹੇਰਿ ਹੇਰਿ ਉਰ ਅਚਰਜ ਧਾਰੋਂ।
ਬਿਲਮ ਨ ਲਗੀ ਕਰਤਿ ਹੀ ਬਾਤ[1]।
ਫਲ ਆਨੇ ਦੀਖਤਿ ਬੱਖਜਾਤ- ॥੪੪॥
ਜਿਨ ਜਿਨ ਪਿਖੇ ਸਭਿਨਿ ਮਤਿ ਹਾਰੀ।
ਸ਼ਰਧਾ ਧਰਹਿਂ ਅਜ਼ਮਤੀ ਭਾਰੀ।
ਦ੍ਵੈਖਕ[1] ਲੱਜਾ ਕਉ ਬਹੁ ਪਾਵੈਂ।
ਦੁਖ ਪਾਵਤਿ ਕਛੁ ਬਸ ਨ ਬਸਾਵੈ ॥੪੫॥
ਇਸ ਪ੍ਰਕਾਰ ਅਜ਼ਮਤ ਦਿਖਰਾਏ।
ਪੁਨ ਡੇਰੇ ਮਹਿਂ ਆਨਿ ਸੁਹਾਏ।
ਬਿਸਮਤ ਪੁਰਿ ਕੇ ਨਰ ਸੁਨਿ ਸੁਨਿ ਕੈ।
ਸ਼ਰਧਾਲੂ ਹੁਇਂ ਬਡ ਗੁਨ ਗੁਨਿ ਕੈ ॥੪੬॥

[1]ਗੱਲ ਕਰਦਿਆਂ ਹੀ।

[1]ਦ੍ਵੈਖ ਕਰਨ ਵਾਲੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਕੂਪ ਪਰ ਬੈਠਿਬੋ, ਫ਼ਲ ਮੱਕੇ ਕੇ ਲਿਆਵਨ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

## ੪੧. [ਹਿਤੂ ਬੇਗਮ। ਪਦਮਨੀ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਇਮ ਨੌਰੰਗ ਉਰ ਹਰਖ ਕੈ,
ਉੱਤਮ ਵਸਤੁ ਵਿਸ਼ਾਲ।
ਨਿਤਪ੍ਰਤਿ ਭੇਜਤਿ ਰਹਤਿ ਹੈ,
ਸਨਮਾਨਤਿ ਸਭਿ ਕਾਲ ॥੧॥

ਚੌਪਈ:

ਦੇਸ਼ ਬਿਦੇਸ਼ਨਿ ਵਸਤੂ ਆਵੈਂ।
ਸਤਿਗੁਰ ਸੁਤ ਕੇ ਨਿਕਟਿ ਪਠਾਵੈ।
ਜ਼ਰਦਾਲੂ[1] ਨਸ਼ਪਾਤੀ ਸੇਵ। [1]ਇੱਕ ਪ੍ਰਕਾਰ ਦਾ ਫਲ ਅਲੂਚੇ ਦੀ ਭਾਂਤੀ ਦਾ।
ਮੇਵਾ ਪਠਹਿ ਕਰਹਿ ਬਹੁ ਸੇਵ ॥੨॥
ਭਾਂਤਿ ਭਾਂਤਿ ਭੇ ਦਾਰਮ[1] ਘਨੇ। [1]ਅਨਾਰ।
ਖਾਰਕ[1], ਖੋਪੇ, ਜਾਹਿਂ ਨ ਗਨੇ। [1]ਛੁਹਾਰੇ। ਖਜੂਰਾਂ।
ਦਿੱਲੀ ਮਹਿਂ ਉਪਬਨ ਤੇ[1] ਆਵੈਂ। [1]ਹੋਰ ਫਲ ਜੋ) ਦਿੱਲੀ ਦੇ ਬਾਗਾਂ ਤੋਂ।
ਫਲ ਦਲ ਫੂਲ ਅਨੇਕ ਪਠਾਵੈ ॥੩॥
ਬਹੁਤ ਮੋਲ ਕੇ ਬਸਤ੍ਰ ਸੁਹਾਵੈਂ।
ਅਪਰਨਿ ਕੋ ਦੁਰਲਭ, ਨਹਿਂ ਪਾਵੈ[1]। [1]ਨਹੀਂ ਪਾ ਸਕਦੇ।
ਬਰਨ ਬਰਨ ਕੇ ਸੁੰਦਰ ਦੀਖਹਿਂ।
ਭੇਜਤਿ ਪਹਿਰਨਿ ਆਪ ਸਰੀਖਹਿਂ[1] ॥੪॥ [1]ਆਪਣੇ ਵਰਗੇ।
ਦਰਬ ਅਧਿਕ ਰੋਜ਼ਨਿ ਕੋ[1] ਆਵੈ। [1]ਰਜ਼ੀਨੇ ਦਾ।
ਦਿਨਪ੍ਰਤਿ ਅਤਿ ਸਨਮਾਨ ਬ੍ਰਿਧਾਵੈ।
ਬਿਸਮੈ ਬੁਧਿ ਤੇ ਬਹੁਤ ਬਿਚਾਰੈ।
ਨਿਸ ਬਾਸੁਰ ਮਨ ਮਾਂਹਿ ਸੰਭਾਰੈ ॥੫॥
ਕਬਹਿ ਕਚਹਿਰੀ ਸਮੈ ਬੁਲਾਵੈ।
ਕਬਿ ਏਕਲ ਹੀ ਸੁਨੈ ਸੁਨਾਵੈ।
ਇਕ ਦਿਨ ਬੈਠਿ ਪਾਲਕੀ ਆਵਾ।
ਮਹਾਂ ਪ੍ਰੇਮ ਤੇ ਪਾਸ ਬਹਾਵਾ ॥੬॥
ਕਹਤਿ ਭਯੋ 'ਗਤਿ ਗੁਪਤ ਬਤਾਵਹੁ।
ਮੁਝ ਮਨ ਮਹਿਂ ਜਿਮ ਹੋਹਿ, ਸੁਨਾਵਹੁ।
ਕਿਸ ਬੇਗਮ ਸੰਗ ਹੈ ਮਮ ਪਜਾਰੂ।

ਰਮੋ ਹੋਹਿ ਖੁਸ਼ ਰੂਪ ਉਦਾਰੂ[†] ॥੭॥

[†]ਮਹਿਮਾ ਪ੍ਰਕਾਸ਼ ਗ੍ਰੰਥ ਦੀ, ਸਾਖੀ ੧੯੨, ੧੯੩ ਵਿਖੇ ਕੇਵਲ ਹੇਠ ਲਿਖੀਆਂ ਕਰਾਮਾਤਾਂ ਦਾ ਜ਼ਿਕਰ ਹੈ:- ੧. ਵਿਰੁਲੇ ਬਸਤ੍ਰ ਪਹਿਰਨੇ। ੨. ਖੂਹ ਉਪਰ ਬੈਠਣਾ। ੩. ਖਾਣੇ ਦੇ ਫੁੱਲ ਬਣਾਏ। ੪. ਖਾਧਾ ਹੋਇਆ ਬਕਰਾ ਜਿਵਾਯਾ ਫਿਰ 'ਮਿੱਟੀ ਮੁਸਲਮਾਨ' ਵਾਲੇ ਵਾਕਾਂ ਸਬੰਧੀ ਸਾਖੀ ਆਕੇ ੫. ਮੱਕੇ ਤੋਂ ਬੇਰ ਮੰਗਵਾਉਣੇ, ੬. ਗੜੇ ਹਟਾਉਣੇ, ਇਨ੍ਹਾਂ ਕਰਾਮਾਤਾਂ ਦਾ ਹਾਲ ਹੈ। ਬਾਕੀ ਦੀਆਂ ਕਵੀ ਜੀ ਨੇ ਕਿੱਥੋਂ ਲਈਆਂ ਸੋ ਹਾਲ 'ਪ੍ਰਸਤਾਵਨਾ' ਵਿਚ ਹੈ।

ਤਿਸ ਕੋ ਨਾਮ ਮੋਹਿ ਕਹਿ ਦੀਜੈ।
ਬੈਸ ਬਰਨ ਕੇ ਪਤੇ ਕਹੀਜੈ।
ਜਿਸ ਢਿਗ ਸਗਰੀ ਨਿਸਾ ਬਿਤਾਵੋਂ।
ਦਿਨ ਮਹਿਂ ਮਨ ਸਿਮਰੌਂ[1] ਸੁਖ ਪਾਵੋਂ ॥੮॥

[1]ਮਨ ਵਿਚ ਯਾਦ ਕਰਕੇ (ਜਿਸ ਬੇਗਮ ਨੂੰ)।

ਸਭਿ ਬੇਗਮ ਤੇ ਅਧਿਕ ਸਨੇਹ।
ਸੋ ਬਤਾਇ ਦੀਜੈ ਮਮ ਗ੍ਰੇਹ[1]।

[1]ਮੇਰੇ ਘਰ ਵਿਚੋਂ।

ਪ੍ਰਥਮ ਕੀਨਿ ਅਜ਼ਮਤ ਤੁਮ ਜੋਈ।
ਅੰਤ੍ਰਜਾਮਤਾ ਤਿਸੈ ਨ ਹੋਈ[1] ॥੯॥

[1]ਅੰਤ੍ਰਜਾਮਤਾ ਦੀ (ਤਸੱਲੀ) ਤਿਸ ਤੋਂ ਮੇਰੀ ਨਹੀਂ ਹੋਈ।

ਜਬਿ ਇਹੁ ਕਰਹੁ ਬਤਾਵਨ ਸ੍ਵਾਮੀ[†]।

[†]ਪਾ:-ਕਾਮੀ।

ਤਬਿ ਜਾਨੌਂ ਗੁਰ ਅਤੰਰਜਾਮੀ।'
ਸ੍ਰੀ ਸਤਿਗੁਰ ਨੰਦਨ ਸੁਨਿ ਕਾਨ।
ਤਤਛਿਨ ਕੀਨਸਿ ਬਾਕ ਬਖਾਨ ॥੧੦॥
ਤਿਸ ਬੇਗਮ ਕੋ ਨਾਮ ਬਤਾਵਾ।
ਬਰਨ ਸਰੂਪ ਪੁਨਹਿ ਬਿਦਤਾਵਾ।
ਤਿਨ ਸੋਂ ਰਮਨ ਕੀਨਿ ਜਿਸ ਭਾਂਤੀ।
ਸਕਲ ਬਤਾਇ ਦੀਨਿ ਜਿਮ ਬਾਤੀ[1] ॥੧੧॥

[1]ਜਿਵੇਂ ਗਲਾਂ ਕੀਤੀਆਂ।

ਕਿਤਿਕ ਨਿਸਾ ਕੇ ਪਤੇ ਬਤਾਏ।
ਬੋਲਨਿ ਮਿਲਿਨੋ ਸਭਿ ਬਿਦਤਾਏ।
ਸੁਨਤਿ ਅਚੰਭੈ ਨੌਰੰਗ ਹੋਵਾ।
-ਕਹੀ ਸਾਚ, ਜਿਮ ਢਿਗ ਥਿਤ ਜੋਵਾ ॥੧੨॥
ਹੁਤੀ ਲਾਲਸਾ ਬੀਤਜੋ ਸਮੋ[1]।

[1](ਕੁਛ) ਸਮਾਂ ਬੀਤਿਆ ਹੈ ਕਿ ਮੇਰੇ ਚਿਤ ਵਿਚ ਚਾਹ ਸੀ।

ਸੰਗਲ ਦੀਪ ਪਦਮਨੀ ਰਮੋਂ-।
ਰਿਦੇ ਮਨੋਰਥ ਕੀਨਸਿ ਤਬੈ।
-ਇਨ ਤੇ ਪ੍ਰਾਪਤਿ ਬਾਂਛਤਿ ਸਬੈ ॥੧੩॥
ਇਕ ਤੌ ਅਜ਼ਮਤ ਹੁਇ ਪਤਿਆਵਨਿ।

ਦੁਤੀਏ ਕਰੋਂ ਕਾਮਨੀ ਪਾਵਨਿ-।
ਇਮ ਬਿਚਾਰ ਕਰਿ ਪੁਨਹਿ ਬਖਾਨਾ।
'ਸ਼ਕਤਿ ਜਿ ਤੁਮਰੀਂ ਸਭਿ ਹੀ ਥਾਨਾ ॥ ੧੪ ॥
ਬੀਚ ਸੰਗਲਾਦੀਪ ਬਿਦਤ ਹੈ।
ਹੋਤਿ ਪਦਮਨੀ, ਕਰਤਿ ਮੁਦਤਿ ਹੈ।
ਸੁੰਦਰ ਮ੍ਰਿਦੁਲ ਅੰਗ ਦੁਤਿ ਗੌਰ।
ਜਿਨ ਪਰ ਪੁੰਜ ਗੁੰਜਾਰਤਿ ਭੌਰ ॥ ੧੫ ॥
ਬਹੁਤ ਦਿਵਸ ਕੀ ਲਾਲਸ ਮੇਰੇ।
ਪੂਰਵੌਂ ਉਰ, ਲੇਵੌਂ ਤਿਸ ਹੇਰੇ।
ਸਿੰਧੁ ਪਾਰ ਜੇ ਸ਼ਕਤਿ ਤੁਮਾਰੀ।
ਸੋ ਮੰਗਵਾਇ ਲੇਹੁ ਇਕ ਬਾਰੀ' ॥ ੧੬ ॥
ਸੁਨਿ ਸ਼੍ਰੀ ਰਾਮਰਾਇ ਤਿਸ ਕਾਲ।
ਕਹਜੋ ਸ਼ਾਹੁ ਸੋਂ ਬਾਕ ਰਸਾਲ।
'ਹਮ ਮੰਗਵਾਇ ਦੇਹਿਂ ਸੋ ਕਾਮਨਿ।
ਤੁਝ ਸੰਗ ਰਹੈ ਏਕ ਹੀ ਜਾਮਨਿ[1]' ॥ ੧੭ ॥ [1]ਰਾਤਿ।
ਇਮ ਕਹਿ ਕੇ ਸੰਗ ਦਿੱਲੀ ਪਾਲ।
ਮੰਗਵਾਈ ਪਦਮਨੀ ਬਿਸਾਲ।
ਨਭ ਤੇ ਪਰੀ[1] ਪਰੀ ਸਮ ਆਇ। [1]ਉਤਰ ਪਈ।
ਫੂਲਨਿ ਕੇ ਸ਼ਿੰਗਾਰ ਸੁਹਾਇ ॥ ੧੮ ॥
ਅਤਿ ਬਿਸਤਰਤਿ ਬਿਲੋਚਨ ਚੰਚਲ।
ਤੀਛਨ ਅਧਿਕ ਕਟਾਛ ਦ੍ਰਿਗੰਚਲ[1]। [1]ਪਲਕਾਂ ਦੇ।
ਮੰਦਮੰਦ ਮੁਸਕਾਵਤਿ ਹੇਰਤਿ।
ਚੌਕਾ ਚਾਰੁ[1] ਮਦਨ ਜਨੁ ਪ੍ਰੇਰਤਿ[2] ॥ ੧੯ ॥ [1]ਸੁਹਣੇ (ਅਗਲੇ ਦੰਦਾਂ ਦਾ) ਚੌਕਾ। [2]ਕਾਮ ਨੂੰ ਮਾਨੋ ਪ੍ਰੇਰਦਾ ਹੈ।
ਮੱਧਜ ਦੇਸ਼ ਸੂਖਮ[1], ਕੁਚ ਊਚੇ। [1]ਲੱਕ ਪਤਲਾ।
ਸੁੰਦਰ ਮੁਖ ਜੋਗਿਨਿ[1] ਚਿਤ ਰੂਚੇ। [1]ਜੋਗੀਆਂ ਦੇ।
ਪਦਮ ਸੁਬਾਸ ਬਿਖੇਰਤਿ ਸਾਰੇ[1]। [1]ਕਵਲ ਦੀ ਖੁਸ਼ਬੋ ਖਿੰਡਾ ਰਹੀ ਹੈ।
ਮੁਕਰ ਕਪੋਲ[1], ਕੇਸ ਅਹਿ ਕਾਰੇ[2] ॥ ੨੦ ॥ [1]ਸ਼ੀਸ਼ੇ ਵਰਗੇ ਕਪੋਲ (ਗੱਲਾਂ)। [2]ਕਾਲੇ ਸੱਪ ਵਰਗੇ ਕੇਸ਼।
ਅਪਰ ਕਹਾਂ ਲਗਿ ਸੁੰਦਰਤਾਈ।
ਬਰਨਨ ਕਰੌਂ ਰੂਪ ਅਧਿਕਾਈ।

ਸ਼ਾਹੁ ਬਿਲੋਕਤਿ ਹੀ ਹਰਖਾਵਾ†।

†ਇਨ੍ਹਾਂ ਤੁਕਾਂ ਤੋਂ ਪਤਾ ਲਗਦਾ ਹੈ ਕਿ ਸ਼ਾਹ ਨੂੰ ਪਦਮਨੀ ਰੂਪ ਦੇ ਦਰਸ਼ਨ ਮਾਤ੍ਰ ਕਰਾਏ ਹਨ। ਰਾਸ ੧੦ ਅੰਸੂ ੩੧, ਅੰਕ ੧੪ ਵਿਚ ਸ਼੍ਰੀ ਰਾਮਰਾਇ ਜੀ ਆਪ ਇਸ ਕਰਾਮਾਤ ਨੂੰ ਗੁਰੂ ਸਾਹਿਬ ਜੀ ਦੀ ਨਾਤਾਜ਼ਗੀ ਦਾ ਇਕ ਸਬਬ ਦੱਸ ਰਹੇ ਹਨ। ਭਾਵ ਇਹ ਕਿ ਗੁਰੂ ਸਾਹਿਬ ਨੇ ਐਸੀਆਂ ਕਰਾਮਾਤਾਂ ਨਾਵਾਜਬ ਕਰਾਰ ਦਿੱਤੀਆਂ ਸਨ ਵਿਸੇਸ਼ ਲਈ ਵੇਖੇ 'ਪ੍ਰਸਤਾਵਨਾ।'

ਮਹਦ ਅਚੰਭੋ ਚਿਤ ਮਹਿਂ ਛਾਵਾ ॥੨੧॥
ਮਨ ਮਹਿਂ ਜਾਨਯੋ -ਇਨ ਸਮ ਦੂਜਾ।
ਨਹਿ ਜਗ ਮਹਿਂ ਜਿਸ ਕੀ ਹੁਇ ਪੂਜਾ।
ਸੁਨਤਿ ਹੁਤੋ ਹਿੰਦੁਨਿ ਗੁਰ ਅਹੈ।
ਅਬਿ ਪਰਖੇ ਜਿਨ ਤੇ ਸਭਿ ਲਹੈ-
॥੨੨॥
ਬਹੁਤ ਪ੍ਰਸੰਨ ਸ਼ਾਹੁ ਮਨ ਭਯੋ।
ਅਤਿ ਸਨਮਾਨਤਿ ਸੰਸੈ ਛਯੋ[1]। [1]ਸੰਸਾ ਨਾਸ਼ ਹੋ ਗਿਆ।
ਉਠਿ ਸ਼੍ਰੀ ਰਾਮਰਾਇ ਗੇ ਡੇਰੇ।
ਅਜ਼ਮਤਿ ਦੇਤਿ ਨ ਲਾਵਤਿ ਦੇਰੇ ॥੨੩॥
ਤਜੋਂ ਤਜੋਂ ਸੁਜਸੁ ਹੋਇ ਅਧਿਕਾਈ।
ਜਹਿਂ ਤਹਿਂ ਨਰ ਮਿਲ ਕਰਤਿ ਬਡਾਈ।
'ਅਤਿ ਅਚਰਜ ਕੀ ਬਾਤ ਕਰੰਤਾ।
ਜੋ ਨ ਹੋਇ ਤਿਹ ਰਚੈ† ਤੁਰੰਤਾ ॥੨੪॥ †ਦੇਖੋ ਇਸੇ ਨਿਸ਼ਾਨ ਦੀ ਉਪਰ ਵਾਲੀ ਟੂਕ।'
ਸ਼੍ਰੀ ਸਤਿਗੁਰ ਹਰਿਰਾਇ ਸੁਜਾਨਾ।
ਸੌਂਪਯੋ ਸੁਤਹਿ ਅਤੋਟ ਖਜ਼ਾਨਾ।
ਖਰਚਨ ਮਹਿਂ ਸੁਕਚਤਿ ਨਹਿਂ ਕੈਸੇ।
ਭੂਪ ਉਦਾਰ ਦੇਤਿ ਧਨ ਜੈਸੇ ॥੨੫॥
ਹੋਇ ਕਠਨ ਤੇ ਕਠਨ ਬਿਲੰਦ।
ਤੁਰਤ ਦੇਤਿ ਕਰਿ ਸ਼੍ਰੀ ਗੁਰ ਨੰਦ।'
ਦ੍ਵੈਸ਼ੀ ਮੁੱਲਾਂ ਗਨ ਉਲਮਾਉ।
ਕਾਜ਼ੀ ਦੁਖਹਿਂ ਬਿਲੋਕਿ ਪ੍ਰਭਾਉ ॥੨੬॥
ਮਿਲਿ ਮਸਲਤ ਕੀਨਸਿ ਦੁਖ ਪਾਏ।
'ਇਸ ਨੇ ਤਉ ਸਭਿ ਤੁਰਕ ਹਰਾਏ।
ਪਾਤਿਸ਼ਾਹੁ ਕੋ ਰੁਖ਼ ਤਿਹ ਸੰਗ।
ਪਠਹਿ ਦਰਬ ਕੋ ਲਹੈ ਉਤੰਗ[1] ॥੨੭॥ [1]ਉੱਚਾ ਜਾਣ ਕੇ ਧਨ ਭੇਜਦਾ ਹੈ।
ਅਪਰ ਵਸਤੁ ਨਿਤ ਅਧਿਕ ਪਠਾਵੈ।
ਬੋਲਹਿ ਹਿਤ ਕਰਿ ਰੋਜ਼ ਬੁਲਾਵੈ।

ਬਾਦ ਕਰਹੁ ਤਿਹ ਸਾਥ ਬਿਸਾਲਾ।
ਦੇਹੁ ਪਰਾਜੈ ਮਿਲਿ ਇਕ ਕਾਲਾ ॥੨੮॥
ਸਭਾ ਬਿਖੈ ਤੁਸ਼ਨਿ ਕਰਿਵਾਵੈਂ।
ਤਬਿ ਜਾਨੈ ਜਬਿ ਇਲਮ ਦਿਖਾਵੈਂ।
ਸਭਿ ਜਗ ਕੋ ਹਮ ਜੀਤਨਵਾਰੇ।
ਅਰਹਿ ਬਾਦ ਕਰਿ ਸੋ ਤਬਿ ਹਾਰੇ ॥੨੯॥
ਦਾਨਸ਼ਵੰਦ ਅਹੈਂ ਹਮ ਏਤੇ।
ਸਕਲ ਜਗਤ ਮੈਂ ਹੋਹਿਂ ਨ ਤੇਤੇ।
ਹਮ ਹੋਵਤਿ ਹਿੰਦੂ ਅਰ ਰਹੈ।
ਇਲਮ ਪਠੇ ਕਹੁ ਬਹੁ ਧਿਕ ਅਹੈ' ॥੩੦॥
ਇਮ ਪਛੁਤਾਵਤਿ ਹੈਂ ਮਿਲਿ ਕਰਿ ਕੈ।
ਮੂਰਖ ਚਹੈਂ ਜੀਤਬੋ ਅਰਿ ਕੈ।
ਮਿਲਹਿਂ ਬਿਚਾਰਹਿਂ ਤਰਕ ਅਨੇਕ।
ਕਜਾ ਬਪੁਰੇ ਉਰ ਹੀਨ ਬਿਬੇਕ ॥੩੧॥
ਸੁਨਹਿ ਗੁਰੂ ਨਾਨਕ ਕੀ ਬਾਨੀ।
ਤਿਸਹਿ ਬਿਚਾਰਹਿਂ ਤਰਕ ਮਹਾਨੀ।
'ਹਮਰੇ ਮਤਿ ਬਿਰੋਧ ਇਕ ਥਾਨੇ।
ਲੱਖ ਪਤਾਲ ਅਕਾਸ਼ ਬਖਾਨੇ ॥੩੨॥
ਇਸ ਮਹਿਂ ਸ਼ਾਹੁ ਭਿ ਹਠ ਕਰਿ ਰਹੈ।
ਅਪਨਿ ਪੱਖਜ ਹਾਨੀ ਨਹਿਂ ਸਹੈ।
ਯਾਂ ਤੇ ਅਬਿ ਕੈ ਜਬਿ ਚਲਿ ਆਵੈ।
ਬੈਠਹਿ ਸ਼ਾਹੁ ਨਿਕਟਿ ਹਰਖਾਵੈ ॥੩੩॥
ਇਸ ਪਰ ਕਰਹੁ ਦਲੀਲ ਬਿਲੰਦ।
ਸਭਿ ਸੁਚੇਤ ਹ੍ਵੈ ਏਕ ਮਨਿੰਦ।
ਜਿਸ ਮਤਿ ਮੰਡਹਿ ਸੋ ਸਭਿ ਖੰਡਹੁ।
ਜੋ ਖੰਡਹਿ ਤਿਹ ਨੀਕੇ ਮੰਡਹੁ' ॥੩੪॥
ਇਮ ਮਸਲਤ ਮੂਢਨਿ ਮਿਲਿ ਕਰੀ।
ਪਰ ਹਿਤ ਤੇ ਜਿਨ ਮਤਿ ਜਰ ਬਰੀ[1]।
ਸਭਾ ਜਾਮਨੀ ਮਹਿਂ ਕਬਿ ਹੋਇ।
ਕਬਿ ਦਿਨ ਬਿਖੈ ਬੁਲਾਵਹਿ ਸੋਇ

[1]ਸੜ ਬਲ ਗਈ ਹੋਈ ਸੀ।

॥੩੫॥
ਏਕ ਬਾਰ ਨਿਸ ਜਬਿ ਹੁਇ ਆਈ।
ਸ਼ਾਹੁ ਬੈਠਿ ਤਬਿ ਸਭਾ ਲਗਾਈ।
ਕਾਜ਼ੀ ਮੁੱਲਾਂ ਗਨ ਚਲਿ ਆਏ।
ਬੰਦਹਿਂ ਸ਼ਾਹ ਮਿਲਤਿ ਹਰਖਾਏ ॥੩੬॥
ਤਿਸ ਛਿਨ ਪਠਜੋ ਹਕਾਰਨਿ ਸ਼ਾਹੂ।
'ਲਜਾਵਹੁ ਗੁਰ ਸੁਤ ਕੋ ਮਮ ਪਾਹੂ।'
ਜਾਇ ਨਮੋ ਤਿਸ ਨਰ ਨੇ ਕਰੀ।
ਹਾਥ ਜੋਰਿ ਪੁਨ ਬਿਨੈ ਉਚਰੀ ॥੩੭॥
'ਸ਼ਾਹੁ ਆਪ ਕੋ ਸਿਮਰਨਿ ਕਰਜੋ।
ਬਡ ਦਿਵਾਨ ਉਮਰਾਵਾਨ ਭਰਜੋ।'
ਸੁਨਿ ਸ਼੍ਰੀ ਰਾਮਰਾਇ ਕਰਿ ਤਜਾਗੇ।
ਚਢਜੋ ਮਾਘ੍ਰ ਸ਼ਿਵਕਾ ਅਸਵਾਰੀ ॥੩੮॥
ਚਮਰ ਚਾਰੁ ਢੋਰਤਿ ਸਗ ਆਵੇ।
ਮਿਲਹਿ ਪੰਥ ਕੋ ਸਾਸ ਨਿਵਾਵੇ।
ਚੌਬਦਾਰ ਅਰੁ ਸੰਗ ਢਲੈਤ[1]। [1]ਸੂਰਮੇ।
ਗਨ ਤੁਰਕਨਿ ਕੋ ਕਰਤਾ ਜੈਤ[1] ॥੩੯॥ [1]ਜਿੱਤਣ ਵਾਲਾ।
ਆਇ ਦੁਰਗ ਕੇ ਬਿਖੇ ਪ੍ਰਵੇਸ਼ਾ।
ਸਭਾ ਸ਼ਾਹਿ ਕੀ ਜਹਾਂ ਵਿਸ਼ੇਸ਼ਾ।
ਸੁੰਦਰ ਚੌਂਕੀ ਰਖੀ ਡਸਾਇ।
ਉੱਜਲ ਸੁਜਨੀ[1] ਤੇ ਸਭਿ ਛਾਇ ॥੪੦॥ [1]ਵਿਛਾਵਣਾ।
ਜਾਇ ਸਭਾ ਚੌਂਕੀ ਪਰ ਬੈਸੇ।
ਤਾਰਾ ਗਨ ਮਹਿਂ ਹੁਇ ਸਸਿ[1] ਜੈਸੇ। [1]ਚੰਦ।
ਦ੍ਵੈਖਕ ਦੇਖਤਿ ਹੈਂ ਅਕੁਲਾਏ।
ਸ਼ਾਹੁ ਕਰਤਿ ਸਨਮਾਨ ਬਿਠਾਏ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਚੱਤ੍ਰਾਰਿੰਸਤੀ ਅੰਸੂ ॥੪੧॥

## ੪੨. [ਦੋ ਚੰਦ ਦਿਖਾਏ। ਤੋਸ਼ੇਖਾਨੇ ਦੀ ਗਿਣਤੀ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਟਿਕਿ ਬੈਠੇ ਜਬਿ ਸਭਾ ਮਹਿਂ, ਸ਼੍ਰੀ ਹਰਿਰਾਇ ਤਨੁਜ[1]।

[1]ਦੇ) ਪੁੱਤ੍ਰ।

ਇਲਮ ਹੰਕਾਰੀ ਪਰਸਪਰ, ਕਰਤੇ ਭਏ ਰਮੂਜ[1] ॥੧॥

[1]ਰਮਜ਼ਾਂ, ਇਸ਼ਾਰੇ।

ਪੈਕੰਬਰ ਅਰੁ ਔਲੀਏ, ਗੌਂਸ ਕੁਤਬ ਗਨ ਪੀਰ[1]।

[1]ਫਕੀਰਾਂ ਦੇ ਦਰਜਿਆਂ ਦੇ ਨਾਮ ਹਨ।

ਪ੍ਰਥਮ ਪ੍ਰਸੰਗ ਪ੍ਰਬਿਰਤ ਕਰਿ, ਦਾਨਸ਼ਵੰਦ ਸਧੀਰ ॥੨॥

ਚੌਪਈ:

ਬਚਨ ਰੁਚਿਰ ਰਚਿ ਕੈ ਚਾਤੁਰਤਾ।  
ਕਲਾ ਅਕਲ ਤੇ ਕਰਿ ਮਾਧੁਰਤਾ।  
ਸ਼ਾਹਿ ਸੁਨਾਇ ਪ੍ਰਸੰਨ ਕਰਤਿ ਹੈਂ।  
ਉਚਿਤਾ ਅਪਨੇ ਦੀਨ ਧਰਤਿ ਹੈਂ ॥੩॥  
ਚਤੁਰਨਿ ਕੇਤਿਕ ਕਰੇ ਪ੍ਰਸੰਗੁ।  
ਪੈਕੰਬਰ ਕਰਿ ਸਤੁਤਿ ਉਤੰਗੁ[1]।

[1]ਬਹੁਤੀ ਉਸਤਤ ਕਰਕੇ।

ਪੁਨਹਿ ਸਰਾਹਨਿ ਲਗਿ ਤਿਨ ਬਾਨੀ।  
ਜਿਸ ਬਿਧਿ ਊਚਾ ਵਚਨ ਵਖਾਨੀ ॥੪॥  
ਪੁਨ ਸ਼੍ਰੀ ਨਾਨਕ ਨਾਮ ਬਖਾਨਾ।  
ਛੇਰਿ ਪ੍ਰਸੰਗ ਤਿਨਹੁ ਕੇ ਨਾਨਾ।  
ਬਹੁਰ ਸੁ ਬਾਨੀ ਕੇਰ ਬ੍ਰਿਤੰਤਾ।  
ਜਿਸ ਮਹਿਂ ਪ੍ਰਭੁ ਕੋ ਕਹ੍ਯੋ ਬਿਅੰਤਾ ॥੫॥  
'ਲਾਖ ਪਤਾਲ ਲਾਖ ਆਕਾਸ਼।  
ਇਕ ਬਾਨੀ ਮਹਿਂ ਕਹ੍ਯੋ ਪ੍ਰਕਾਸ਼।  
ਇਸ ਕੋ ਸੁਨਿ ਸੰਸੈ ਮੁਝ ਹੋਵਾ।  
ਰਹ੍ਯੋ ਬਿਚਾਰਿਨ ਕਯੋਂ ਹੂੰ ਖੋਵਾ ॥੬॥  
ਹਮਰੇ ਮਤਿ ਮਹਿਂ ਸਪਤ ਬਖਾਨੇ।  
ਸੋ ਭੀ ਨੀਕੋ ਜਾਇ ਨ ਜਾਨੈ।  
ਇਕ ਅਕਾਸ਼ ਤੇ ਪਰੈ ਅਕਾਸ਼।  
ਤਹਿਂ ਕੋ ਸੂਰਜ ਚੰਦ ਪ੍ਰਕਾਸ਼ਾ ॥੭॥

ਕਯੋਂ ਨ ਇਹਾਂ ਤੇ ਸੋ ਦਿਖ ਪਰੈ।
ਕੇਤੋ ਬੀਚ ਰਚਯੋ ਇਤ ਪਰੈ[1]। [1]ਇਸਤੋਂ ਪਰੇ ਕਿਤਨਾਂ ਫਰਕ ਕੀਤਾ ਹੈ।
ਜੇ ਤੁਮ ਕਹੋ ਦੂਰ ਬਹੁ ਅਹੈ।
ਇਸ ਥਲ ਤੇ ਦ੍ਰਿਸ਼ਟੀ ਨਹਿਂ ਲਹੈ ॥ ੮ ॥
ਜੇਤੇ ਨਭ ਤੇਤੇ ਸਸਿ ਸੂਰ।
ਇਹ ਤੋ ਕਹੀਅਤਿ ਰੀਤਿ ਅਕੂਰ[1]। [1]ਸੱਚੀ।
ਤੌ ਤੁਮ ਸ਼ਕਤਿਵੰਤ[1] ਦਿਖਰਾਵਹੁ। [1]ਸ਼ਕਤੀ ਵਾਲੇ ਹੋ।
ਪਰ ਅਕਾਸ਼ ਕੇ ਸਸਿ ਨਿਯਰਾਵਹੁ[1] ॥ ੯ ॥ [1]ਪਰਲੇ ਅਕਾਸ਼ ਹੀ ਦਾ ਚੰਦ ਨੇੜੇ ਕਰੋ।
ਉਗਯੋ ਆਜ ਸਸਿ ਪੂਰਨਮਾਸ਼ੀ।
ਇਹ ਸਮ ਦੂਜੋ ਹੋਇ ਪ੍ਰਕਾਸ਼ੀ।
ਸਭਾ ਬਿਲੋਕਹਿ ਅਚਰਜ ਰਾਚੀ।
ਤੌ ਜਾਨਹਿਂ ਬਾਨੀ ਗੁਰ ਸਾਚੀ' ॥ ੧੦ ॥
ਸੁਨਿ ਸ਼੍ਰੀ ਰਾਮਰਾਇ ਜੀ ਕਹਯੋ।
'ਇਸ ਮਹਿਂ ਕਯਾ ਸੰਸੈ ਤੁਮ ਲਹਯੋ।
ਸ਼੍ਰੀ ਸਤਿਗੁਰ ਸਭਿ ਸਾਚ ਬਖਾਨੀ।
ਜਿਤੀ ਪਹੁਂਚ ਨੀਕੇ ਕਰਿ ਜਾਨੀ ॥ ੧੧ ॥
ਜਬਿ ਸਾਹਿਬ ਪਹੁਂਚੇ ਬਗ਼ਦਾਦ।
ਤਹਿਂ ਕੇ ਪੀਰ ਕੀਨਿ ਬਹੁ ਬਾਦ।
ਇਸ ਤੁਕ ਕੋ ਮਾਨਹਿਂ ਨਹਿਂ ਕੈਸੇ।
ਜਾਨਹਿਂ ਤਬੈ, ਪਿਖੈਂ ਚਖ ਤੈਸੇ ॥ ੧੨ ॥
ਸੁਨਿ ਸ਼੍ਰੀ ਸਤਿਗੁਰ ਤਿਸੈ ਦਿਖਾਏ।
ਗਹਯੋ ਹਾਥ ਕਹਿ ਨੈਨ ਮੁੰਦਾਏ।
ਹਾਰਿ ਗਯੋ ਦੇਖਤਿ ਅਨਗਨ ਕੋ।
ਸੰਸੈ ਸ਼ਕਲ ਬਿਨਾਸਯੋ ਮਨ ਕੋ ॥ ੧੩ ॥
ਜੇ ਤੁਮ ਭਰਮ ਕਰਤਿ ਹੋ ਕੂਰ।
ਹਮ ਕਰਿ ਦੈ ਹੈਂ ਸਗਰੋ ਦੂਰ।
ਅਬਿ ਦੂਸਰ ਸਸਿ ਆਇ ਪ੍ਰਕਾਸ਼ੈ।
ਸਭਿ ਕੇ ਸੰਸੇ ਤੁਰਤ ਬਿਨਾਸ਼ੈਂ' ॥ ੧੪ ॥
ਇਤਨੇ ਮਹਿਂ ਸਭਿ ਕੋ ਦ੍ਰਿਸ਼ਟਾਯੋ।
ਨਭ ਮਹਿਂ ਦੂਸਰ ਸਸਿ ਪ੍ਰਗਟਾਯੋ।
ਜਗ ਦੇਖਤਿ ਸਗਰੇ ਬਿਸਮਾਏ।

ਭਾ ਅਚਰਜ ਗਤਿ ਲਖੀ ਨ ਜਾਏ ॥੧੫॥
ਕਬਿ ਅਕਾਸ਼ ਮੈਂ ਭਯੋ ਨ ਐਸੇ।
ਦੇਖ੍ਯੋ ਨਹੀਂ ਸੁਨ੍ਯੋ ਨਹਿਂ ਕੈਸੇ।
ਪੁਸਤਕ ਅਨਿਕ ਕਿਤਾਬ ਮਝਾਰੇ।
ਪਠ੍ਯੋ ਨ ਕਿਨ, ਭਾ ਅਚਰਜ ਭਾਰੇ- ॥੧੬॥
ਊਚੇ ਚਢਿ ਚਢਿ ਪੁਰਿ ਮਹਿਂ ਦੇਖਹਿਂ।
ਕਹਹਿਂ ਪਰਸਪਰ ਬਿਸਮ ਬਿਸੇਖਹਿਂ।
ਸਭਾ ਸਰਬ ਹੇਰਤਿ ਬਿਸਮਾਈ।
ਬਿਗਸਤਿ ਸ਼ਾਹੁ ਸੁ ਦ੍ਰਿਸ਼ਟਿ ਲਗਾਈ ॥੧੭॥
ਸਭਿ ਕੇ ਮਨ ਅਚਰਜ ਨਹਿਂ ਥੋਰਾ।
ਇਸ ਪਰ ਚਲਹਿ ਕਹਹੁ ਕਿਸ ਜ਼ੋਰਾ।
ਦ੍ਵੈਸ਼ੀ ਮੁੱਲਾਂ ਅਰੁ ਉਲਮਾਉ।
ਜਰਿ ਜਰਿ ਜਾਹਿਂ ਬਿਲੋਕਿ ਪ੍ਰਭਾਉ ॥੧੮॥
ਸਸਿ ਦੁਸਰ ਪਿਖਿ ਬਦਨ ਨਿਵਾਯੋ।
ਹਿਤ ਕਹਿਬੇ ਨਹਿਂ ਊਚ ਉਠਾਯੋ।
ਕਹਾ ਬਪੁਰੇ ਅਬਿ ਬਾਕ ਬਖਾਨੈਂ।
ਅਜ਼ਮਤ ਪਰ ਬਲ ਚਲਹਿ ਨ ਜਾਨੈਂ ॥੧੯॥
ਦਿਢ ਇਰਖਾ, ਗੁਰ ਬਾਕ ਜਿਨਹੁਂ ਕੇ।
ਪਰਹਿਂ ਨ ਚਰਨ[1], ਕੁਭਾਗ ਤਿਨਹੁਂ ਕੇ।

[1]ਗੁਰੂ ਵਾਕ ਨਾਲ ਜਿਨ੍ਹਾਂ ਦੀ ਪੱਕੀ ਈਰਖਾ ਹੈ, ਉਨ੍ਹਾਂ ਦੇ ਕੁਭਾਗ ਹਨ ਜੋ ਚਰਨੀ ਨਹੀਂ ਪੈਂਦੇ। (ਅ) ਚਰਨੀ ਨਹੀਂ ਪੈਂਦੇ (ਰਾਮ ਰਾਇ ਜੀ ਦੀ) ਜਿਨ੍ਹਾਂ ਵਿਚ ਗੁਰਵਾਕ (ਦੀ ਸਿੱਧੀ ਹੈ)।

ਇਸ ਪ੍ਰਕਾਰ ਸਸਿ ਦੁਤੀ ਦਿਖਾਯੋ।
ਨਭ ਮਹਿਂ ਅਧਿਕ ਪ੍ਰਕਾਸ਼ ਕਰਾਯੋ ॥੨੦॥
ਸਤਿਗੁਰ ਬਾਕ ਜਾਹਿਂ ਬਲ ਭਾਰੀ[1]।
ਕੋ ਟਿਕ ਸਕਿ ਹੈ ਤਾਂਹਿ ਅਗਾਰੀ।
'ਧੰਨ ਧੰਨ' ਕਹਿ ਸਤੁਤਿ ਸੁਨਾਵੈਂ।
'ਤੁਮ ਸਮਤਾ ਕੋ ਅਪਰ ਨ ਪਾਵੈ' ॥੨੧॥

[1]ਜਿਸ ਵਿਚ 'ਗੁਰੂ ਵਾਕ' ਕਰਕੇ ਬਲ ਹੈ।

ਸਭਾ ਉਠੀ ਸਭਿ ਅਪਨੇ ਡੇਰੇ।
ਚਿਤਵਤ ਗਮਨੇ ਬਿਸਮ ਬਡੇਰੇ।
ਤਬਿ ਸ਼੍ਰੀ ਰਾਮਰਾਇ ਚਲਿ ਆਏ।
ਸਭਿ ਕੇ ਊਪਰ ਜਸੁ ਜਿਨ ਛਾਏ ॥੨੨॥
ਸ਼ਾਹੁ ਮਹਾਂ ਅਚਰਜ ਕਉ ਧਾਰੇ।
ਪੌਢਜੋ ਪਲੰਘ ਬਿਸਾਲ ਬਿਚਾਰੇ।
-ਗੁਰ ਕੇ ਘਰ ਸਮ ਦੂਸਰ ਨਾਂਹੀ।
ਅਸ ਅਜ਼ਮਤ ਨਹਿਂ ਕਿਸ ਕੇ ਮਾਂਹੀ ॥੨੩॥
ਨਭ ਮਹਿਂ ਗਮਨ ਸ਼ਕਤਿ ਨਹਿਂ ਕਿਸ ਮਹਿਂ।
ਇਹ ਤੌਂ ਕਹਾਂ[1] ਰਚਹਿ ਸਸਿ ਤਿਸ ਮਹਿਂ-।
ਸੁਪਤੇ ਪੁਨ ਪ੍ਰਭਾਤਿ ਹੁਇ ਆਈ।
ਜਾਗੇ ਸਭਿ ਕਹਿਂ ਗੁਰ ਵਡਿਆਈ ॥੨੪॥
ਪੁਨਿ ਕੇਤਿਕ ਦਿਨ ਬੀਤ ਗਏ ਹੈਂ।
ਸ਼ਾਹੁ ਹਕਾਰਹਿ, ਜਾਤਿ ਭਏ ਹੈਂ।
ਬਚਨ ਬਿਲਾਸ ਹੋਤਿ ਨਿਤ ਰਹੈਂ।
ਜਥਾ ਪ੍ਰਸ਼ਨ ਹੁਇ, ਉੱਤਰ ਕਹੈਂ ॥੨੫॥
ਇਕ ਦਿਨ ਨੌਰੰਗ ਬਾਕ ਬਖਾਨਾ।
'ਹਮਰੇ ਜੇਤਿਕ ਤੋਸ਼ੇਖਾਨਾ।
ਕੰਚਨ ਰੂਪੇ ਕੇ ਪਣ[1] ਜੇਤੇ।
ਮੁਝ ਸੋਂ ਕਰਹੁ ਬਤਾਵਨਿ ਤੇਤੇ ॥੨੬॥
ਮੁਕਤਾ ਹੀਰੇ ਨੀਲਮ ਸਬਜ਼ੇ।
ਕਰਹੁ ਜਨਾਵਨਿ ਭਾਖ਼ੇ ਸਭਿ ਜੇ।
ਮੋਹਿ ਬਡਨ ਅਰੁ ਮੇਰੋ ਕਰਜੋ।
ਦੇਹੁ ਬਤਾਇ ਸਥਲ ਜਿਤ ਧਰਜੋ ॥੨੭॥
ਜੇਤਿਕ ਗਿਨਤੀ ਮੈਂ, ਸਭਿ ਕਹੋ।
ਦਰਬ ਜਵਾਹਰ ਸਰਬ ਜਿ ਲਹੋ।'
ਸੁਨਿ ਸ਼੍ਰੀ ਰਾਮਰਾਇ ਲੇ ਸਾਥ।
ਚਲੇ ਤਹਾਂ ਲੇ ਦਿੱਲੀ ਨਾਥ ॥੨੮॥

[1]ਇਹ (ਸ਼ਕਤੀ) ਤਾਂ ਕਿਥੇ (ਜੇ)......।

[1]ਸੋਨੇ ਤੇ ਚਾਂਦੀ ਦੇ ਸਿੱਕੇ। [ਕੰਚਨਪਣ-ਮੁਹਰਾਂ। (ਰੁਪਾ+ਪਣ, ਯਾ) ਰਜਤ ਪਣ = ਰੁਪੱਯੇ]

ਜਿਸ ਥਲ ਮਹਿਂ ਜੇਤਿਕ ਦਬਵਾਯੋ।
ਤਹਾਂ ਖਰੇ ਹੁਇ ਸਕਲ ਬਤਾਯੋ।
ਜਿਤੇ ਰਜਤਪਨ ਗਣ ਦੀਨਾਰੇ।
ਪ੍ਰਿਥਕ ਪ੍ਰਿਥਕ ਥਲ ਸਹਿਤ ਉਚਾਰੇ ॥੨੯॥
ਜਹਿਂ ਜਹਿਂ ਦਰਬ ਸੰਚ ਕਰਿ ਧਰਜੋ।
ਤਹਿਂ ਤਹਿਂ ਫਿਰਜੋ, ਬਤਾਵਨਿ ਕਰਜੋ।
ਸੁਨਿ ਸੁਨਿ ਨੌਰੰਗ ਅਚਰਜ ਹੋਵਾ।
-ਦਿਯ ਬਤਾਇ, ਜਿਮ ਗਾਢਤਿ ਜੋਵਾ[1] ॥੩੦॥
ਇਸ ਤੇ ਦੁਰਤਿ ਨ ਕੋਈ ਬਾਤ।
ਆਂਖਨਿ ਦੇਖੀ ਜਿਮ ਬੱਖਜਾਤ।
ਕਿਸ ਬਿਧਿ ਕੌਨ ਅਰੈ ਤਿਹ ਸੰਗ।
ਕਰਾਮਾਤ ਤੇ ਅਧਿਕ ਉਤੰਗ ॥੩੧॥
ਕਿਸੀ ਭਾਂਤਿ ਕੀ ਹੁਇ ਕਠਿਨਾਈ।
ਇਸ ਕੇ ਆਗੇ ਅਟਕ ਨ ਜਾਈ।
ਮੁਰਦਾ ਇਕ ਜ਼ਿੰਦਾ ਕਰਿ ਦੀਨਿ।
ਚੰਦ ਦੋਇ ਦਿਖਲਾਵਨਿ ਕੀਨਿ ॥੩੨॥
ਅਬਿ ਅਵਨੀ ਮਹਿਂ ਛਪੀ ਜਿ ਬਾਤ।
ਕਰੀ ਬਤਾਵਨਿ ਜਿਮ ਬੱਖਜਾਤ।
ਕਈ ਬਾਰ ਪਤੀਆਵਨਿ ਕੀਨਿ।
ਬਿਲਮ ਬਿਹੀਨ ਸਕਲ ਕਰਿ ਦੀਨਿ- ॥੩੩॥
ਰਿਦੇ ਬਿਚਾਰਤਿ ਬਹੁ ਇਮ ਸ਼ਾਹੁ।
ਆਏ ਬਹੁਰ ਸਭਾ ਕੇ ਮਾਂਹੁ।
ਅਚਰਜ ਸਹਿਤ ਸਭਿਨਿ ਮਹਿਂ ਕਹਜੋ।
'ਗੁਪਤ ਬਿਦਤ ਇਨ ਮਨ ਮਹਿਂ ਲਹਜੋ ॥੩੪॥
ਸਕਲ ਬਤਾਯੋ ਤੋਸ਼ੇਖਾਨਾ।
ਜੇਤਿਕ ਦਰਬ ਜਵਾਹਰ ਖਾਨਾ।
ਜਹਿਂ ਜਹਿਂ ਗਾਡਜੋ ਗੁਪਤ ਸਥਾਨਾ।
ਤਹਿਂ ਤਹਿਂ ਪਹੁੰਚਜੋ ਕੀਨਿ ਬਖਾਨਾ'

[1]ਜਿਵੇਂ ਦਬਦਿਆਂ ਵੇਖਿਆ ਹੁੰਦਾ ਹੈ।

॥ ੩੫ ॥
ਬਹੁਤ ਤਰੀਫ ਸ਼ਾਹੁ ਨੇ ਕਰੀ।
ਹੇਰਤਿ ਸੁਨਤਿ ਸਭਿਨਿ ਮਤਿ ਹਰੀ।
ਸਭਾ ਉਠੀ ਨਿਜ ਡੇਰਨਿ ਆਏ।
ਸੁਜਸੁ ਨਵੋਂ ਨਿਤ ਸਭਿ ਪਰ ਛਾਏ
॥ ੩੬ ॥
ਸਿੱਖ ਅਨੇਕ ਆਨਿ ਕਰਿ ਹੋਵੈਂ।
ਸਤਿਗੁਰ ਮਹਿਮਾ ਕੋ ਅਤਿ ਜੋਵੈਂ।
ਅਰਪਹਿਂ ਮਹਾਂ ਉਪਾਇਨ ਆਨਹਿਂ।
ਪਾਇਨਿ ਪਦਮ ਪਖਾਰਤਿ ਪਾਨਹਿ[1]

[1]ਹੱਥਾਂ ਨਾਲ। (ਅ) ਪਾਣੀ ਨਾਲ। (ੑ) ਪੀਂਦੇ ਹਨ।

॥ ੩੭ ॥
ਇਮ ਚਰਨਾਂਮ੍ਰਿਤ ਲੇਹਿਂ ਅਨੇਕ।
ਨਿਤਪ੍ਰਤਿ ਹੋਵਹਿਂ ਸਿੱਖ ਕਿਤੇਕ।
ਵਸਤੁ ਹਜ਼ਾਰਹੁਂ ਲੇ ਅਰਪਾਵਹਿਂ।
ਚਹੁਂਦਿਸ਼ਿ ਭੀਰ ਭਰੈ ਦਰਸਾਵਹਿਂ
॥ ੩੮ ॥
ਅਧਿਕ ਸਮਾਜ ਭਯੋ ਬਡ ਡੇਰਾ।
ਲੰਗਰ ਬਰਤਹਿ ਹੋਤਿ ਬਡੇਰਾ।
ਕਵਿ ਸੰਤੋਖ ਸਿੰਘ ਕੀਰਤਿ ਗੁਰ ਕੀ।
ਮਨਹੁ ਮਾਲਤੀ ਭੀ ਘਰ ਘਰ ਕੀ ॥ ੩੯ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥ ੪੨ ॥

## ੪੩. [ਸ਼ੇਰ ਸ਼ਿਕਾਰ। ਬਾਜ਼ ਦਾ ਪੂਰਬ ਜਨਮ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਇਕ ਦਿਨ ਚਢ੍ਯੋ ਸ਼ਿਕਾਰ ਕੌ, ਨੌਰੰਗ
ਦੁਸ਼ਟ ਬਿਸਾਲ।
ਪਠ੍ਯੋ ਹਕਾਰਨਿ ਦੂਤ ਕੋ, 'ਲ੍ਯਾਉ ਤੁਰਤ
ਇਸ ਕਾਲ' ॥੧॥

ਚੌਪਈ:

ਸ਼ੀਘ੍ਰ ਗਯੋ ਚਲਿ ਗੁਰ ਸੁਤ ਡੇਰੇ।
ਹਾਥ ਜੋਰਿ ਹੁਇ ਖਰੋ ਅਗੇਰੇ।
ਕਹ੍ਯੋ 'ਸ਼ਾਹੁ ਅਬਿ ਚਢ੍ਯੋ ਸ਼ਿਕਾਰਾ।
ਵਹਿਰ ਠਾਢਿ ਹੁਇ ਤੁਮਹਿ ਹਕਾਰਾ
॥੨॥
ਦੇਰ ਨ ਕਰਹੁ ਚਲਹੁ ਦਰਹਾਲਾ।
ਖਰੋ ਸ਼ਾਹੁ ਚਾਹੈ ਤੁਮ ਨਾਲਾ।'
ਤਬਿ ਤੁਰੰਗ ਪਰ ਹ੍ਵੈ ਅਸਵਾਰ।
ਗਮਨੇ ਪੰਥ ਸ਼ੀਘ੍ਰਤਾ ਧਾਰਿ ॥੩॥
ਜਾਤਿ ਅਖੇਰ ਹੇਤੁ ਜਿਤ ਸ਼ਾਹੂ।
ਪਹੁੰਚ੍ਯੋ ਸਤਿਗੁਰ ਸੁਤ ਤਿਤ ਰਾਹੂ।
ਖਰੋ ਭਯੋ ਨੌਰੰਗ ਨੇ ਹੇਰਾ।
ਦੀਨਸਿ ਏਕ ਮਤੰਗ ਉਚੇਰਾ ॥੪॥
ਹੁਇ ਆਰੂਢ ਚਲੇ ਸਮੁਦਾਯਾ।
ਸ਼ਾਹ ਅਖੇਰ ਪ੍ਰਸੰਗ ਚਲਾਯਾ।
'ਕੋ ਬਨ ਕੋ ਮ੍ਰਿਗ ਮਾਰਹਿਂ ਆਜ?
ਕੋ ਹਮ ਆਗੈ ਜੈ ਹਹਿ ਭਾਜ? ॥੫॥
ਕਿਤਨੇ ਹਮ ਲ੍ਯਾਵੈਂ ਕਰਿ ਘਾਤ?
ਸੋ ਸਗਰੀ ਬਤਲਾਵਹੁ ਬਾਤ।'
ਸੁਨਿ ਸ਼੍ਰੀ ਰਾਮਰਾਇ ਬਚ ਕਹ੍ਯੋ।
'ਕੁਛ ਨ ਹਾਥ ਆਵ ਜੋ ਚਹ੍ਯੋ ॥੬॥
ਏਕ ਸ਼ੇਰ ਨਿਕਸੈ ਬਲ ਭਾਰਾ।
ਕਰਹੁ ਜਤਨ ਤਿਸ ਕੇ ਹਿਤ ਸਾਰਾ।
ਤਊ ਨ ਮਾਰ ਖਾਇ ਤੁਮ ਪਾਸ।
ਆਵਹੁ ਛੂਛੇ ਹਟੇ ਨਿਰਾਸ' ॥੭॥

ਸੁਨਤਿ ਸ਼ਾਹੁ ਨੇ ਸਭਿਨਿ ਸੁਨਾਯੋ।
'ਜੇ ਕਰਿ ਆਜ ਕੇਹਰੀ ਆਯੋ।
ਸਭਿ ਤੁਮ ਸੁਨਤਿ ਹੋਹੁ ਸਵਧਾਨ।
ਜਤੋਂ ਕਤੋ ਕਰਹੁ ਪ੍ਰਾਨ ਤਿਹ ਹਾਨ ॥ ੮ ॥
ਦਿਉਂ ਬਖਸ਼ੀਸ਼ ਅਧਿਕ ਕਰ ਤਾਂਹੀ।
ਕਰਹੁ ਜਤਨ ਜਿਮ ਭਾਜਹਿ ਨਾਂਹੀ।
ਚਹੁੰਦਿਸ਼ਿ ਤੇ ਘੇਰਹੁ ਬਰਿਆਈ।
ਤੀਰ ਤੁਪਕ ਤਰਵਾਰ ਚਲਾਈ ॥ ੯ ॥
ਤੁੰਗ ਤੁੰਗ[1] ਜੇ ਮਹਦ ਮਤੰਗ।
ਕਰਹੁ ਬਰੋਬਰ ਜਾਇ ਨ ਭੰਗ[1]।
ਦਿਢ ਹ੍ਵੈ ਰੋਕਹੁ ਮਿਲਿ ਕਰਿ ਆਗਾ[1]।
ਹਤਹੁ ਸ਼ਸਤ੍ਰ ਜਿਮ ਜਾਇ ਨ ਭਾਗਾ' ॥ ੧੦ ॥
ਇੱਤਜਾਦਿਕ ਕਹਿ ਕਰਤਿ ਸੁਚੇਤ।
ਚਿਤਵਹਿਂ ਜਤਨ ਸ਼ੇਰ ਹਤਿ ਹੇਤੁ।
ਚਢੇ ਤੁਰੰਗਨਿ ਪਰ ਅਸਵਾਰ।
ਤਿਨਹੁ ਕੀਓ ਸਵਧਾਨ ਉਚਾਰਿ ॥ ੧੧ ॥
'ਕਾਨਨ ਤੇ ਕੇਹਰਿ ਨਿਕਸੈ ਹੈ।
ਇਹ ਮਹਿਂ ਨਹਿਂ ਸੰਦੇਹ ਤੁਮੈ ਹੈ।
ਕਰਹੁ ਉਪਾਇ ਰੋਕਿਬੇ ਤਾਂਹੀ।
ਹਤਹੁ ਬੇਗ ਅਸੁ ਤੇ, ਨਹਿਂ ਜਾਹੀ[1]' ॥ ੧੨ ॥
ਪੈਦਲ ਪ੍ਰਿਥਕ ਕਰੇ ਸਮੁਦਾਈ।
ਸਭਿਹਿਨ ਕੇ ਮਨ ਅਧਿਕ ਬਧਾਈ।
ਚਲਿ ਸ਼ਿਕਾਰ ਗਹਿ[1] ਬਿਚਰਜੋ ਸ਼ਾਹੁ।
ਖੋਜਤਿ ਫਿਰਤਿ ਬਿਪਨ ਕੇ ਮਾਂਹੁ ॥ ੧੩ ॥
ਗਜ ਬਾਜਨਿ ਕੋ ਪਰਾ[1] ਬੰਧਾਵਾ।
ਖਿਲਤਿ ਅਖੇਰ ਨਹੀਂ ਕੁਛ ਪਾਵਾ।
ਬਿਚਰਤਿ ਬਿਚਰਤਿ ਬਜਾਕੁਲ ਭਏ।
ਇਕ ਦੁਇ ਜਾਮ ਬੀਤ ਜਬਿ ਗਏ ॥ ੧੪ ॥

[1]ਉੱਚੇ ਉੱਚੇ।
[1]ਸ਼ੇਰ ਕਿਸੇ ਨੂੰ ਮਾਰ ਨਾ ਜਾਵੇ।
[1]ਅੱਗਾ।
[1]ਤੇਜ਼ ਘੋੜੇ ਤੇ ਚੜ੍ਹ ਕੇ ਮਾਰੋ, ਨਿਕਲ ਨਾ ਜਾਵੇ।
[1]ਸ਼ਿਕਾਰ ਗਾਹ = ਸ਼ਿਕਾਰ ਦੀ ਥਾਂ (ਅ) ਸ਼ਿਕਾਰ ਫੜਨ ਵਾਸਤੇ।
[1]ਕਤਾਰ।

ਨਿਕਸਜੋ ਕੇਹਰਿ ਲੇਤਿ ਜੰਭਾਈ[1]। [1]ਉਬਾਸੀ।
ਗਰਜਜੋ ਸ਼ਬਦ ਉਤੰਗ ਉਠਾਈ।
ਮੁਤੂ ਤੁਰੰਗ ਮਤੰਗਨਿ ਗੇਰਾ।
ਭਾਜ ਚਲੇ ਕੋ ਪਾਵਹਿ ਘੇਰਾ ॥੧੫॥
ਲਲਕਾਰਤਿ ਲਸ਼ਕਰ ਕੋ ਮੋਰਾ।
ਉਮਡਿ ਭਏ ਸਨਮੁਖ ਤਿਸ ਓਰਾ।
ਬ੍ਰਿੰਦ ਤੁਫੰਗੈਂ ਗੁਲਕਾ ਮਾਰੀ।
ਗਹਿ ਕ੍ਰਿਪਾਨ ਕੋ ਰੁਪੇ ਅਗਾਰੀ ॥੧੬॥
ਅੰਕਸ ਮਾਰਿ ਮਾਰਿ ਗਜ ਢੋਏ।
ਮਰੁ ਮਰੁ ਕਰਿ ਅਸੁ ਇਤ ਹੋਏ।
ਬਨ ਸੰਘਨ ਮਹਿਂ ਦੀਸਹਿ ਥੋਰਾ।
ਭਯੋ ਕੁਲਾਹਲ, ਸੁਨਿਬੋ ਘੋਰਾ ॥੧੭॥
ਨਰ ਮਤੰਗ ਪਰ, ਹਤੀ ਤੁਫੰਗ।
ਜਾਇ ਲਗੀ ਕੁਛ ਕੇਹਰਿ ਅੰਗ।
ਤਤਛਿਨ ਉਛਲਜੋ ਅਧਿਕ ਭਭਕਿ ਕੈ।
ਲੀਨਿ ਉਤਾਰ ਤਿਸੀ ਕਉ ਬਲ ਕੈ ॥੧੮॥
ਦਿਯੋ ਬਗਾਇ ਦੂਰਿ ਕਿਤ ਪਰਜੋ।
ਅਪਰਨਿ ਕੋ ਡਰ ਕੈ ਮੁਖ ਮੁਰਜੋ।
ਇਕ ਦੁਇ ਅਪਰਨਿ ਕੈ ਕਰਿ ਮਾਰਾ[1]। [1]ਮਾਰ ਕਰਕੇ।
ਚਲਜੋ ਭਾਗ, ਕਰਿ ਗਯੋ ਕਿਨਾਰਾ ॥੧੯॥
ਕਿਤਿਕ ਕੋਸ ਪਰ ਪਹੁੰਚਜੋ ਜਾਈ।
ਪੀਛੇ ਸੈਨਾ ਸ਼ਾਹੁ ਪਵਾਈ।
ਸੰਘਨ ਬਨ ਮਹਿਂ ਮੁਸ਼ਕਲ ਚਲਿਬੋ।
ਕਹਾਂ ਹੋਇ ਕੇਹਰਿ ਕਹੁ ਮਿਲਿਬੋ ॥੨੦॥
ਫਿਰੇ ਸੰਝ ਲਗਿ ਸ਼੍ਰਮ ਕੋ ਪਾਏ।
ਪਸਰਜੋ ਤਮ, ਕਹਿ ਚਮੂੰ ਹਟਾਏ।
ਲਖਿ ਸ਼੍ਰੀ ਰਾਮ ਰਾਇ ਬਚ ਸਾਚਾ।
ਰਿਦੈ ਅਧਿਕ ਅਚਰਜ ਤਬਿ ਰਾਚਾ ॥੨੧॥
ਮਗ ਆਵਤਿ ਆਰੂਢਿ ਮਤੰਗਾ।

ਸਭਿ ਕੈ ਸੰਗ ਭਨੈ ਨੌਰੰਗਾ।
'ਗੁਰ ਸੁਤ ਨੇ ਜਿਮ ਗਿਰਾ ਉਬਾਚੀ।
ਹਮ ਤੁਮ ਸੋਂ, ਹੋਈ ਸਭਿ ਸਾਚੀ ॥੨੨॥
ਨਿਕਸ੍ਯੋ ਸ਼ੇਰ ਜਤਨ ਕਰਿ ਹਾਰੇ।
ਲਸ਼ਕਰ ਪਚ੍ਯੋ ਮਰ੍ਯੋ ਨਹਿਂ ਮਾਰੇ।
ਬਾਕ ਅਟਲ ਨਹਿਂ ਟਾਰ੍ਯੋ ਟਰੈ।
ਮਹਾਂ ਮਹਦ ਅਜ਼ਮਤ ਕਹੁ ਧਰੈ' ॥੨੩॥
ਇੱਤ੍ਯਾਦਿਕ ਜਸੁ ਕੋ ਬਿਦਤਾਵਤਿ।
ਪ੍ਰਵਿਸ਼੍ਯੋ ਦੁਰਗ ਗੁਰੂ ਗੁਨ ਗਾਵਤਿ।
ਨਿਸਾ ਬਿਤੀਤ ਭਈ ਪੁਨ ਪ੍ਰਾਤ।
ਸਿਮਰਤਿ ਚਿਤ ਅਜ਼ਮਤ ਬੱਖ੍ਯਾਤ ॥੨੪॥
ਅਗਲੇ ਦਿਨ ਪੁਨ ਸਭਾ ਲਗਾਈ।
ਸਤਿਗੁਰ ਸੁਭ ਕੇ ਲਿਯੋ ਬੁਲਾਈ।
ਬਡੇ ਬਡੇ ਸੂਬੇ ਉਮਰਾਉ।
ਕਾਜ਼ੀ ਮੁੱਲਾਂ ਗਨ ਉਲਮਾਉ ॥੨੫॥
ਪੂਰਨ ਸਭਾ ਭਈ ਚਲਿ ਆਏ।
ਗੁਰ ਸੁਤ ਦਿਸ਼ਿ ਸਭਿ ਨੈਨ ਲਗਾਏ।
ਸੁੰਦਰ ਬਦਨ ਰਦਨ ਦੁਤਿ ਰਾਜੈਂ।
ਪਿਖਿ ਹਰਖਹਿਂ ਸਿਖ, ਦੁਸ਼ਮਨਿ ਲਾਜੈਂ ॥੨੬॥
ਗਰ ਜਾਮਾ ਬਹੁ ਮੋਲਾ ਚੀਰ।
ਗੌਰ ਬਰਨ ਵਿਚ ਦਿਪਹਿ ਸਰੀਰ।
ਚੌਕੀ ਚਾਰੁ ਚੈਲ[1] ਸੋਂ ਛਾਈ।
ਬੈਠਿ ਬੀਚ ਸਭਿ ਸਭਾ ਸੁਹਾਈ ॥੨੭॥
ਬਾਜ ਹਾਥ ਪਰ ਲੀਨਹੁ ਸ਼ਾਹੂ।
ਕਰਹਿ ਗੁਫਤਗੋ[1] ਹੁਤੇ ਜੁ ਪਾਹੂ।
ਤਬਿ ਸ਼੍ਰੀ ਰਾਮਰਾਇ ਦਿਸ਼ਿ ਨੈਨ।
ਮੁਸਕਾਵਤਿ ਨੌਰੰਗ ਕਹਿ ਬੈਨ ॥੨੮॥
'ਬੈਡ ਕੀਮਤ ਕੋ ਆਯੋ ਬਾਜ।
ਕਰਹਿਂ ਅਖੇਰ ਬ੍ਰਿਤ ਕੇ ਕਾਜ।
ਜਿਸ ਪਸ਼ਚਾਤ ਛੋਰਿਬੋ ਕਰੀਅਤਿ।

[1]ਸੁੰਦਰ ਬਸਤ੍ਰ [ਸੰ: ਚੈਲ = ਕਪੜਾ]

[1]ਗੱਲ ਬਾਤ।

ਤਿਸ ਪੰਛੀ ਕਹੁ ਤਤਛਿਨ ਧਰੀਅਤਿ[1] ॥੨੯॥
ਝਪਟ ਤਰੈ ਤੇ ਜਾਨ ਨ ਦੇਤਿ।
ਮੀਰ ਸ਼ਿਕਾਰ ਧਾਇ ਗਹਿ ਲੇਤਿ।
ਹਮ ਕੋ ਆਮਿਖ ਬਹੁਤ ਖੁਵਾਯੋ।
ਬਹੁ ਸੁੰਦਰ ਮੇਰੇ ਮਨ ਭਾਯੋ ॥੩੦॥
ਪਾਛਲ ਜਨਮ ਕੌਨ ਇਸ ਕੇਰਾ?
ਬਨ੍ਯੋ ਬਾਜ ਕਿਮ? ਗੁਨ ਬਹੁਤੇਰਾ।
ਮੋਹਿ ਹਾਥ ਪਰ ਬੈਠ੍ਯੋ ਘਨੋ।
ਕਰਿ ਰਾਖ੍ਯੋ ਆਡੋ ਇਨ ਮਨੋ[1] ॥੩੧॥
ਕਿਮ ਇਹ ਤਨ ਧਰਿ ਮੋ ਢਿਗ ਰਹੈ।
ਕੌਨ ਕਰਮ ਕੀਨਸਿ ਸੁਖ ਲਹੈ।
ਭੂਤ ਭਵਿੱਖ੍ਯ ਬਾਤ ਤੁਮ ਜਾਨੋ।
ਬਰਤਮਾਨ ਭੀ ਰਹੈ ਨ ਛਾਨੋ[1] ॥੩੨॥
ਕੌਨ ਜਨਮ ਪਾਛਲ? ਕਹਿ ਦੀਜੈ।
ਸੰਸੈ ਇਹੀ ਮਿਟਾਵਨਿ ਕੀਜੈ।'
ਸੁਨਿ ਸਤਿਗੁਰ ਕੋ ਸੁਤ ਤਿਸ ਬਾਤੀ।
ਕਹਤਿ ਜਨਮ ਸਭਿ ਮਹਿੰ ਬੱਖ੍ਯਾਤੀ ॥੩੩॥
'ਤੋਹਿ ਪਦਰ ਕੋ ਹੁਤੋ ਦਿਵਾਨ।
ਸੇਵਾ ਕਰਤੋ ਰਹਤਿ ਮਹਾਨ।
ਏਕ ਦਿਵਸ ਇਨ ਮਾਸ ਪਕਾਵਾ।
ਡਾਲਿ ਮਸਾਲੇ ਸ੍ਵਾਦ ਬਨਾਵਾ ॥੩੪॥
ਅਧਿਕ ਦਰਬ ਕੋ ਖਰਚਨਿ ਕੀਨਿ।
ਰੁਚਿਰ ਦੇਗਚਾ ਭਰਿ ਕਰਿ ਲੀਨਿ।
ਕਰਤਿ ਸੰਕਲਪ ਐਸ ਮਨ ਮਾਂਹੂ।
-ਹੋਇ ਸ਼ਰਾਬੀ ਜਿਸ ਛਿਨ ਸ਼ਾਹੂ ॥੩੫॥
ਅਧਿਕ ਸ੍ਵਾਦ ਸੋਂ ਤਬਹਿ ਖੁਵਾਵੌਂ।
ਕਰਿ ਪ੍ਰਸੰਨ ਜਾਚਉਂ ਸਭਿ ਪਾਵਉਂ-।
ਕਰਿ ਕੈ ਤ੍ਯਾਰ ਆਪਨੇ ਕਰਤੇ।
ਲੇ ਕਰਿ ਗਮਨ ਕੀਨਿ ਜਬਿ ਘਰ ਤੇ ॥੩੬॥

[1]ਫੜਦਾ ਹੈ, ਫੜ ਲਈ ਦਾ ਹੈ।

[1]ਮਾਨੋਂ ਅੱਡਾ ਬਣਾ ਲਿਆ ਹੈ ਇਸ ਨੇ।

[1]ਤੁਹਾਥੋਂ) ਛੁਪੀ ਹੋਈ ਨਹੀਂ।

ਮਾਰਗ ਮਹਿਂ ਬਿਸੀਅਰ ਪਗ ਡੰਸਾ।
ਬਿਖ ਬਹੁ ਚਢੀ ਪ੍ਰਾਨ ਬਿਧੁੰਸਾ।
ਪਹੁਂਚ੍ਯੋ ਗਯੋ ਨ ਸ਼ਾਹੁ ਕਿ ਤੀਰ।
ਰਹ੍ਯੋ ਪੰਥ ਮਹਿਂ ਪਰ੍ਯੋ ਸਰੀਰ ॥੩੭॥
ਸੰਕਲਪ ਮਾਸ ਅਚਾਵਨਿ ਕੇਰਾ।
ਰਿਦੈ ਰਹ੍ਯੋ ਬਸਿ ਕੈ ਤਿਸ ਬੇਰਾ।
ਤਿਸ ਅਨੁਸਾਰ ਜਨਮ ਇਨ ਪਾਯੋ।
ਹਤਿ ਖਗ ਆਮਿਖ ਤੁਮਹਿ ਖੁਵਾਯੋ ॥੩੮॥
ਜਬਿ ਲਗਿ ਇਸ ਕੋ ਰਹੈ ਸਰਰੀ।
ਆਮਿਖ ਆਨਤਿ ਹੈ ਤੁਮ ਤੀਰ।
ਤੋਹਿ ਪਿਤਾ ਕੋ ਹੁਤੋ ਵਜ਼ੀਰ।
ਅਮਕੋ ਨਾਮ ਧਨਾਢ ਗਹੀਰ ॥੩੯॥
ਬਹੁਤ ਬਰਖ ਕੇ ਬ੍ਰਿੱਧ ਜਿ ਅਹੈਂ।
ਬੂਝਹੁ, ਅਹਿ[1] ਤੇ ਮਰ੍ਯੋ ਸੁ ਕਹੈਂ।
ਸੰਗ ਦੇਗਚਾ ਆਮਿਖ ਕੇਰਾ।
ਮਰ੍ਯੋ ਨਿਸਾ ਮਹਿਂ ਅਧਿਕ ਅੰਧੇਰਾ' ॥੪੦॥
ਤਬਿ ਨੌਰੰਗ ਬਹੁ ਬ੍ਰਿੱਧ ਬੁਲਾਏ।
ਬੂਝ੍ਯੋ 'ਕਿਮ ਵਜ਼ੀਰ ਮ੍ਰਿਤੁ ਪਾਏ?'
ਤ੍ਯੋਂ ਹੀ ਤਿਨਹੁਂ ਸੁਨਾਇਸਿ ਬਾਤ।
'ਅਹਿ ਤੇ ਮਰ੍ਯੋ ਸਭਿਨਿ ਬੱਖ੍ਯਾਤ' ॥੪੧॥
ਸਭਿ ਕੇ ਮਨ ਪ੍ਰਤੀਤ ਤਬਿ ਆਈ।
ਬਾਜ਼ ਜਨਮ ਕੋ ਸਾਚ ਬਤਾਈ।
ਸਭਾ ਸਮੇਤ ਸ਼ਾਹੁ ਬਿਸਮਾਯੋ।
ਕਵਿ ਸੰਤੋਖ ਸਿੰਘ ਭਾਖਿ ਸੁਨਾਯੋ ॥੪੨॥

[1]ਸਰਪ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ ਬਾਜ' ਪ੍ਰਸੰਗ ਬਰਨਨੰ ਨਾਮ ਤੀਨ ਚਤਾਵਰਿੰਸਤੀ ॥੪੩॥

## ੪੪. [ਕਲਪ ਬ੍ਰਿਛ ਦੇ ਫਲ। ਕੇਸ ਕਾਲੇ ਕੀਤੇ। ਜਮਨਾ ਪਰ ਟੁਰੇ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਸਭਾ ਉਠੀ ਨਿਜ ਥਲ ਗਏ,
ਨੰਦਨ ਸ੍ਰੀ ਹਰਿਰਾਇ।
ਅਜ਼ਮਤ ਕਰਤਿ ਦਿਖਾਵਤੇ,
ਦੇਰ ਨ ਤਨਕ ਲਗਾਇ ॥੧॥

ਚੌਪਈ:

ਸ਼ਾਹੁ ਅਧਿਕ ਸੇਵਾ ਕਉ ਕਰਿਹੀ।
ਦੇਖਤਿ ਅਜ਼ਮਤ ਅਚਰਜ ਧਰਿਹੀ।
ਪੁਨ ਉਲਮਾਉਨਿ ਸ਼ਾਹੁ ਸਿਖਾਯੋ।
'ਹੈ ਬਹਿਸ਼ਤ ਮਹਿਂ ਬ੍ਰਿੱਛ ਸੁਹਾਯੋ ॥੨॥
ਕਲਪ ਬ੍ਰਿੱਛ[1] ਤਿਹ ਨਾਮ ਬਿਦਤ ਹੈ।
ਫਲ ਤਿਸ ਕੇ ਭਖਿ ਕਰਤਿ ਮੁਦਤ ਹੈ।
ਸੋ ਮੰਗਵਾਵਹੁ ਖਾਵਹੁ ਆਪ।
ਜਿਸ ਕੇ ਭੱਖਤਿ ਹਤਿ ਹ੍ਵੈਂ ਤਾਪ' ॥੩॥
ਮਿਲਿ ਆਪਸ ਮਹਿਂ ਮੁੱਲਾਂ ਕਹੈਂ।
'ਤਿਸ ਕੋ ਫਲ ਪ੍ਰਾਪਤਿ ਨਹਿਂ ਇਹੈ।
ਜਾਚਹਿ ਸ਼ਾਹੁ ਦਿਏ ਨਹਿਂ ਜਾਹਿਂ[1]।
ਸ਼ਰਧਾ ਪੁਨ ਨ ਰਹੈ ਮਨ ਮਾਂਹਿ' ॥੪॥
ਤਿਨ ਤੇ ਸੁਨਤਿ ਸ਼ਾਹੁ ਭਲ ਜਾਨੀ।
-ਅਸ ਅਦਭੁਤ ਫਲ ਆਵਸਿ ਪਾਨੀ[1]।
ਵਸਤੁ ਭਿਸ਼ਤ ਕੀ ਆਇ ਭਿ ਨਾਂਹੀ।
ਜਾਚੌਂ, ਜਬਿ ਪ੍ਰਾਪਤਿ ਮੁਝ ਪਾਹੀ[1]- ॥੫॥
ਮਨ ਮੈਂ ਨੌਰੰਗ ਨੇ ਦ੍ਰਿਢ ਰਾਖੀ।
ਸਭਾ ਲਗੇ ਗੁਰ ਸੁਤ ਕੋ ਭਾਖੀ।
'ਹਮ ਨੇ ਸੁਨਜੋਂ ਭਿਸ਼ਤ ਕੇ ਮਾਂਹਿ।
ਕਲਪ ਬ੍ਰਿੱਛ ਸੁੰਦਰ ਫਲ ਜਾਂਹਿ ॥੬॥
ਤਿਸ ਕੇ ਗੁਨ ਐਸੇ ਸੁਨਿ ਪਾਏ।
ਭੱਖਨਿ ਕਰੇ ਰੁਧਰ ਬਨ ਜਾਏ।
ਸਰਬ ਦੇਹਿ ਮਹਿਂ ਪਸਰਹਿ ਸੋਇ।

[1]ਮੁਸਲਮਾਨਾਂ ਵਿਚ ਇਸਨੂੰ 'ਤੂਬਾ' ਕਹਿੰਦੇ ਹਨ।
[1]ਭਾਵ ਰਾਮਰਾਇ ਜੀ ਤੋਂ ਦਿਤੇ ਨਹੀਂ ਜਾਣਗੇ ਓਹ ਫਲ।
[1]ਹੱਥ ਆਵੇਗਾ।
[1]ਜਦੋਂ ਆਵਣਗੇ (ਸ਼੍ਰੀ ਰਾਮਰਾਇ ਜੀ) ਮੇਰੇ ਪਾਸ।

ਉਦਰ ਬਿਖੈ ਮਲ ਹੋਇ ਨ ਕੋਇ ॥੭॥
ਇਮ ਤਾਰੀਫ ਸੁਨੀ ਤਿਨ ਕੇਰੀ।
ਨਹਿਂ ਲੋਚਨ ਤੇ ਕਿਨ ਗਤਿ ਹੇਰੀ।
ਜਿਤੋ ਤੋਲ ਮਹਿਂ ਤਿਹ ਫਲ ਹੋਇ।
ਤਿਤੋ ਰੁਧਰ ਤਨ, ਭੱਖਹਿ ਕੋਇ ॥੮॥
ਕ੍ਰਿਪਾ ਆਪ ਕੀ ਤੇ ਮੈਂ ਪਾਊਂ।
ਭਿਸ਼ਤ ਕਲਪਤਰੁ ਕੋ ਫਲ ਖਾਊਂ।
ਈਹਾਂ ਪ੍ਰਾਪਤਿ ਕੈਸੇ ਹੋਇ।
ਪਠਨਿ ਕਿਤਾਬ ਸੁਨਤਿ ਸਭਿ ਕੋਇ ॥੯॥
ਜੋ ਬਿਲੋਕਬੇ ਮਹਿਂ ਨਹਿਂ ਆਵੈ।
ਤਿਸ ਕੋ ਪਾਇ ਕੁਤੋ ਹਰਖਾਵੈਂ।
ਇਹ ਮਨਸਾ ਮਮ ਪੂਰਨ ਕਰੋ।
ਤੁਮ ਮਸਰੱਥ ਉਨ ਕੋ ਭਰੋ ॥੧੦॥
ਮਿਲਨਿ ਆਪ ਕੋ ਸਫਲੋ ਹੋਇ।
ਜੇ ਪ੍ਰਾਪਤਿ ਕਰਿ ਦੇਵਹੁ ਸੋਇ।'
ਸੁਨਿ ਸਤਿਗੁਰ ਸੁਤ ਫਲ ਮੰਗਵਾਯੋ।
ਅਪਨੋ ਉਪਰ ਹਾਥ ਉਠਾਯੋ ॥੧੧॥
ਆਨਿ ਪਰਜੋ ਤਤਛਿਨ ਤਿਸ ਮਾਂਹੀ।
ਤਨਕ ਬਿਲੰਬ ਲਗੀ ਤਬਿ ਨਾਂਹੀ।
ਸੋ ਫਲ ਨੌਰੰਗ ਕੇ ਕਰ ਦਿਯੋ।
ਅਦਭੁਤ ਹਰਖ ਰਿਦਾ ਭਰਿ ਗਯੋ ॥੧੨॥
ਹੇਰਿ ਹੇਰਿ ਹੈਰਾਨ ਮਹਾਨੇ।
ਸਭਿਨਿ ਹਰਿ ਬੁਧਿ, ਜਾਈ ਨ ਜਾਨੇ।
ਦੁਸ਼ਟਨਿ ਦਾਹੁ, ਸ਼ਾਹੁ ਸੁਖ ਪਾਵੈ।
ਅਪਰ ਹਿਤੂ ਸਿਖ ਗਨ ਹਰਖਾਵੈਂ ॥੧੩॥
ਸ੍ਵਾਦ ਬਿਸਾਲ ਸ਼ਾਹੁ ਮੁਖ ਪਾਯੋ।
ਜੋ ਕਛੁ ਅਨੰਦ ਨ ਜਾਇ ਬਤਾਯੋ।
ਅਧਿਕ ਪ੍ਰੇਮ ਗੁਰ ਸੁਤ ਸੋਂ ਠਾਨੈ।
ਅੰਤਰ ਗਤਿ ਕੀ ਬਾਤ ਬਖਾਨੈ ॥੧੪॥
ਜਹਾਂ ਜਾਇ ਤਹਿਂ ਰਾਖੈ ਸੰਗ।

ਸਨਮਾਨਹਿ ਪਿਖਿ ਹਰਖਹਿ ਅੰਗ।
ਦਰਬ ਬ੍ਰਿੰਦ ਦਸ ਤੀਨ ਹਜ਼ਾਰ[1]।
ਦੇਤਿ ਰੋਜ਼ ਕੋ ਕਰਿ ਕਰਿ ਪਜਾਰ ॥੧੫॥
ਗੁਰ ਸੁਤ ਨਿਕਟਿ ਨਰਨ ਕੀ ਭੀਰ।
ਰਹਤਿ ਅਧਿਕ ਨਿਤ ਸੈਨ ਸਧੀਰ।
ਜਿਸ ਪ੍ਰਕਾਰ ਸੂਬੈ ਉਮਰਾਵ।
ਤਿਸ ਬਿਧਿ ਰਹਨਿ ਬਿਸਾਲ ਪ੍ਰਭਾਵ ॥੧੬॥

[1]ਤੇਰਾਂ ਹਜ਼ਾਰ।

ਸਦਾ ਕਚਹਿਰੀ ਹੋਇ ਪ੍ਰਵੇਸ਼।
ਉਚੇ ਬੈਠੇ ਬੀਚ ਬਿਸੇਸ਼।
ਬੋਲਨਿ ਮਿਲਨਿ ਸ਼ਾਹੁ ਬਹੁ ਕਰੈ।
ਪ੍ਰੇਮ ਬਢਾਇ ਦੇਨਿ ਕਹੁ[1] ਢਰੈ ॥੧੭॥

[1]ਧਨ) ਦੇਣ ਲਈ।

ਇਕ ਦਿਨ ਸ਼ਾਹੁ ਕਹਜੋ ਸਤਿ ਭਾਇ।
'ਤੁਮ ਨੇ ਤਰੁਨਾਈ[1] ਅਬਿ ਪਾਇ।

[1]ਜਵਾਨੀ।

ਮੁਝ ਕੋ ਜਰਾ ਗ੍ਰਾਸ ਕਰਿ ਲੀਨਜੋ[1]।
ਸੇਤ ਸ਼ਮਸ ਅਰੁ ਸਿਰ ਕਰਿ ਦੀਨਜੋ ॥੧੮॥

[1]ਭਾਵ ਬੁਢੇਪੇ ਦੇ ਸ਼ੁਰੂ ਤੋਂ ਹੋਣਾ ਹੈ, ਕਿਉਂਕਿ ਇਸ ਵੇਲੇ ਉਮਰਾ ਚਾਲੀ ਤੋਂ ਉਪਰ ਲੰਘ ਚੁਕੀ ਸੀ।

ਉੱਜਲ ਬਾਰ, ਰੂਪ ਕੀ ਹਾਨਿ।
ਕਰਤਿ ਅਸੁੰਦਰ ਮਨ ਦੁਖਦਾਨ।
ਅਪਨੋ ਬਾਕ ਕਹੋ ਇਸ ਬੇਰ।
ਕੇਤਿਕ ਦਿਨ ਹੁਇੰ ਸਜਾਮਲ ਫੇਰ' ॥੧੯॥
ਸੁਨਿ ਸ਼੍ਰੀ ਰਾਮਰਾਇ ਨੇ ਕਹਜੋ।
'ਰਹੈ ਬਰਖ ਇਕ ਜਿਮ ਤੁਮ ਚਹਜੋ।
ਸਜਾਮਲ ਬਾਰ ਹੋਇ ਹੈਂ ਸਾਰੇ।
ਤਰੁਨ ਪੁਰਖ ਕੇ ਜਿਸੁ ਪ੍ਰਕਾਰੇ' ॥੨੦॥
ਸਭਾ ਬਿਖੈ ਬੈਠੇ ਤਤਕਾਲ।
ਸਭਿ ਕਉ ਦੀਖੇ ਸ਼ਜਾਮਲ ਬਾਲ।
ਮੁਦਤਿ ਭਏ ਨਰ ਜੇਤਿਕ ਤਹਾਂ।
ਸ਼ਾਹੁ ਸਰੂਪ ਪ੍ਰਸੰਸੈ ਮਹਾਂ ॥੨੧॥
'ਭਲੇ ਸਜੇ ਹੋ' ਕਰੈਂ ਬਖਾਨ।

'ਸ਼ਮਸ ਬਾਲ ਜਿਮ ਫਿਰ ਭੇ ਜੁਆਨ।'
ਅਤਿ ਪ੍ਰਸੰਨਤਾ ਸ਼ਾਹੁ ਉਪਾਈ।
ਅਤਿ ਅਦਭੁਤ ਅਜ਼ਮਤਿ ਦਿਖਰਾਈ ॥੨੨॥
ਤਬਿ ਕੋ ਬਚਨ ਕਹੇ ਤੇ ਰਹੇ।
ਏਕ ਬਰਸ ਲਗਿ ਸਜਾਮਲ ਲਹੇ।
ਪੁਨਹਿ ਸੇਤ ਤੈਸੇ ਹੁਇ ਗਯੋ।
ਜਰਾ ਗ੍ਰਸਜੋ ਤਨ ਸਗਰੋ ਥਿਯੋ ॥੨੩॥
ਸਤਿਗੁਰ ਸੁਤ ਕੋ ਲੇ ਨਿਜ ਸਾਥ।
ਚਲਜੋ ਵਹਿਰ ਕੋ ਦਿੱਲੀ ਨਾਥ।
ਜਮਨਾ ਕੂਲ ਆਇ ਭਾ ਠਾਂਢੋ।
ਨਯੋ ਨੀਰ ਜਿਸ ਮੈਂ ਅਤਿ ਬਾਢੋ ॥੨੪॥
ਕਾਸ਼ਟ ਤ੍ਰਿਣ ਅਰੁ ਗ੍ਰਾਮਨਿ ਛਾਨ[1]। [1]ਦੀਆਂ) ਛੱਪਰੀਆਂ।
ਬਹੇ ਸੁ ਜਾਇੰ ਪ੍ਰਵਾਹ ਮਹਾਨ।
'ਸੁਨੋ ਗੁਰ ਸੁਤ ! ਜਲ ਅਸਗਾਹ।
ਕਰੈਂ ਸੈਲ ਬਿਚਰੈਂ ਇਸ ਮਾਂਹਿ ॥੨੫॥
ਨਵਕਾ ਪਰ ਚਢਿ ਕੈ ਹਮ ਦੋਊ।
ਅਵਲੋਕਹਿਂ ਪਰ[1] ਤਟ ਲੌ ਸੋਊ। [1]ਪਾਰਲੇ।
ਜਲ ਕੀ ਲਿਹੁ ਬਹਾਰ ਬਡ ਬਾਢਾ।
ਮਹਾਂ ਪ੍ਰਵਾਹ ਬੇਗ ਅਬਿ ਗਾਢਾ' ॥੨੬॥
ਅਸ ਕਹਿ ਹੁਕਮ ਦੀਨਿ ਤਬਿ ਸ਼ਾਹੂ।
'ਤਰਨੀ ਸ਼ੀਘ੍ਰ ਅਨਾਵਹੁ ਪਾਹੂ।'
ਧਾਇ ਗਏ ਜਬਿ ਲੈਬੇ ਕਾਰਨ।
ਗੁਰ ਸੁਤ ਗਹਿ ਕਰ ਕੀਨਿ ਉਚਾਰਨ ॥੨੭॥
'ਲਗਹਿ ਬਿਲੰਬ ਤਰੀ ਕਹੁ ਆਵਤਿ।
ਐਂਚਿ ਐਂਚਿ ਕਰਿ ਮਰੁ ਸੁ ਲਜਾਵਤਿ[1]। [1]ਲਿਆਉਣ ਵਾਲਾ) ਖਿੱਚ ਖਿੱਚ ਕੇ ਲਿਆਉਂਦਾ ਮਰ ਰਹੂ।
ਕਰਹਿਂ ਸੈਲ ਹ੍ਵੈ ਕੈ ਪਦ ਚਾਰੀ[1]। [1]ਪੇਦਲ।
ਸੂਰਯ ਤਨਿਯਾ[1] ਉਲੰਘਹਿਂ ਸਾਰੀ' ॥੨੮॥ [1]ਜਮਨਾ।
ਇਮ ਕਹਿ ਐਂਚੀ ਬਾਂਹੁ ਅਗਾਰੀ।

ਸ਼ਾਹੁ ਨ ਚਲੈ ਤ੍ਰਾਸ ਉਰ ਭਾਰੀ।
ਪਨਹੀ ਪਾਇਨਿ ਪਹਿਰੇ ਖਰੇ[1]। [1]ਪੈਰੀਂ ਪਹਿਨ ਕੇ ਖੜਾ ਹੈ (ਸ਼ਾਹ)।
ਜਲ ਪਰ ਚਰਨ ਨਹੀਂ ਤਬਿ ਧਰੇ ॥੨੯॥
ਗੁਰ ਸੁਤ ਕਹਜੋ 'ਪਿਛਾਰੀ ਮੋਹਿ।
ਪਨਹੀ[1] ਪਾਇ ਨ ਭੀਜੈ ਤੋਹਿ। [1]ਜੁੱਤੀ।
ਹੋਇ ਨਿਸ਼ੰਕ ਚਲਹੁ ਜਲ ਪਰ ਕੋ।
ਸਨੇ ਸਨੇ ਹੇਰਤਿ ਤਟ ਪਰ ਕੋ ॥੩੦॥
ਜੇਤਿਕ ਰੁਚਿ ਤੇਤਿਕ ਫਿਰਿ ਆਵੈਂ।
ਨਹਿਂ ਸੁਕਚਹੁ ਜਲ ਛੁਵਨਿ ਨ ਪਾਵੈ।'
ਇਮ ਕਹਿ ਧੀਰਜ ਦੇ ਕਰਿ ਭਲੇ।
ਮਹਾਂ ਅਗਾਧ ਨੀਰ ਪਰ ਚਲੇ ॥੩੧॥
ਇਕ ਦੁਇ ਚਰਨ ਨੁਰੰਗ ਉਠਾਏ।
ਜਲ ਪਰ ਚਲਜੋ ਛੁਵਤਿ ਨਹਿਂ ਪਾਏ।
ਅਤਿ ਪ੍ਰਸੰਨ ਹੁਇ ਧਰੀਜ ਲਯੋ।
ਗੁਰ ਸੁਤ ਸੰਗ ਗਮਨ ਤਬਿ ਕਿਯੋ ॥੩੨॥
ਚਲੇ ਜਾਹਿਂ ਜਮਨਾ ਪਰ ਐਸੇ।
ਸ਼ੁਸ਼ਕ ਸਥਲ ਪਰ ਪੰਥੀ ਜੈਸੇ।
ਸੁਨਿ ਕਰਿ ਸੂਬੇ ਗਨ ਉਮਰਾਵ।
ਦੌਰਿ ਦੌਰਿ ਦੇਖਹਿਂ ਚਿਤ ਚਾਵ ॥੩੩॥
ਭਈ ਨਗਰ ਮਹਿਂ ਸੁਧ ਜਿਸ ਕਾਲ।
ਧਾਇ ਧਾਇ ਆਵਹਿਂ ਨਰ ਜਾਲ।
ਸਰਬ ਜਾਤਿ ਕੇ ਨਰ ਗਨ ਸੈਨਾ।
ਸੁਨਿ ਅਚਰਜ ਚਾਹੈਂ ਪਿਖਿ ਨੈਨਾ ॥੩੪॥
ਸੂਰਜ ਸੁਤਾ ਕੂਲ[1] ਤਿਹ ਛਾਵਾ। [1]ਜਮਨਾਂ ਦਾ ਕੰਢਾ।
ਨਿਕਸਜੋ ਨਗਰ ਬਿਸਮਤਾ ਪਾਵਾ।
ਮਹਾਂ ਕੁਲਾਹਲ ਦਿੱਲੀ ਪੁਰਿ ਮੈਂ।
ਹੋਤਿ ਜ਼ਿਕਰ[1] ਸਗਰੇ ਘਰ ਘਰ ਮੈਂ ॥੩੫॥ [1]ਗਲ ਬਾਤ।
ਦੋਨਹੁੰ ਜਲ ਪਰ ਥਲ ਜਿਮ ਜਾਵਤਿ।
ਦੀਖਤਿ ਸਭਿ ਕੋ ਚਰਨ ਉਠਾਵਤਿ।

ਮੰਦ ਮੰਦ ਧੀਰਜ ਸੋਂ ਜਾਹਿਂ।
ਬਿਲਸਤਿ ਬਾਤਨਿ ਆਪਸ ਮਾਂਹਿ ॥੩੬॥
ਅੰਤਹਿ ਪੁਰਿ[1] ਮੈਂ ਜਬਿ ਸੁਧ ਗਈ।
ਖਰੀ ਝਰੋਖਨਿ ਝਾਂਕਤਿ ਭਈ।
ਬਿਸਮੈ ਹੇਰਿ ਹੇਰਿ ਸਭਿ ਕੋਊ।
ਸਭਿਨਿ ਲਗਾਈ ਦ੍ਰਿਗ ਦਿਸ਼ਿ ਦੋਊ ॥੩੭॥
ਨਰ ਨਾਰੀ ਬਾਲਕ ਬ੍ਰਿਧ ਜ੍ਵਾਨ।
ਕਰਹਿਂ ਪਰਸਪਰ ਬਹੁ ਬੱਖਜਾਨ।
'ਜਲ ਪਰ ਜਾਤਿ ਤਨਕ ਨਹਿਂ ਛੁਯੋ।
ਪਨਹੀ ਸ਼ੁਸ਼ਕ ਸੁਗਮ ਮਗ ਲਯੋ' ॥੩੮॥
ਸਤਿਗੁਰ ਸੁਤ ਕੀ ਕੀਰਤਿ ਕਹੈਂ।
'ਇਸ ਕੇ ਸਮ ਦੂਸਰ ਨਹਿਂ ਅਹੈ।
ਜਿਮ ਚਾਹਤਿ ਤਿਮ ਕਰਤਿ ਸੁਖਾਰੇ।
ਪੀਰਨਿ ਪੀਰ ਅਜ਼ਮਤੀ ਭਾਰੇ ॥੩੯॥
ਨਿਤ ਅਦਭੁਤ ਗਤਿ ਕੋ ਦਿਖਰਾਵੈ।
ਕਹੈ ਸ਼ਾਹੁ ਜਿਮ ਤੁਰਤ ਬਨਾਵੈ।'
ਪਾਰ ਕੂਲ ਕਾਲਿੰਦ੍ਰੀ[1] ਗਏ।
ਸਨੇ ਸਨੇ ਪਿਖਿ ਫਿਰਤੇ ਭਏ ॥੪੦॥
ਚਤੁਰ ਘਟੀ ਲਗਿ ਬਿਚਰਨਿ ਕਰੇ।
ਦਿਨ ਲਘੁ ਰਹਜੋ ਘਰਨਿ ਕਹੁ ਮੁਰੇ।
ਮੰਦ ਮੰਦ ਸਭਿ ਉਲੰਘਿ ਪ੍ਰਵਾਹੂ।
ਆਵਤਿ ਭਾ ਹਰਖਤਿ ਉਰ ਸ਼ਾਹੂ ॥੪੧॥
ਲਾਖਹੁਂ ਨਰ ਅਵਿਲੋਕਨਿ ਕਰੇ।
ਰੰਕ ਰਾਉ ਅਚਰਜ ਉਰ ਧਰੇ।
ਪੰਡਿਤ ਮੂੜ੍ਹ ਸਭਿਨਿ ਮਤਿ ਛਲੀ।
ਮਿਲਿ ਮਿਲਿ ਭਨਹਿਂ 'ਮਹਾਂ ਇਹ ਬਲੀ' ॥੪੨॥
ਸ਼ਾਹੁ ਆਇ ਕੈ ਦੁਰਗ ਪ੍ਰਵੇਸ਼ਾ।
ਮਿਲਹਿ ਕਹਤਿ ਅਸਚਰਜ ਵਿਸੇਸ਼ਾ।
ਤਬਿ ਸ਼੍ਰੀ ਰਾਮਰਾਇ ਨਿਜ ਡੇਰੇ।

[1]ਮਹਿਲਾਂ ਵਿਚ।

[1]ਜਮਨਾਂ ਦੇ।

ਆਏ, ਬੰਦਹਿਂ ਲੋਕ ਘਨੇਰੇ ॥੪੩॥
'ਧੰਨ ਧੰਨ' ਸਭਿ ਕਹਿਂ ਇਕ ਬਾਰੀ।
ਸਿਖ ਸੰਗਤਿ ਹੋਵਤਿ ਬਲਿਹਾਰੀ।
ਲੋਕ ਹਜ਼ਾਰਹੁਂ ਰਹੈਂ ਸੁ ਪਾਸ।
ਦੇਗ਼ ਚਲਹਿ ਨਿਸ ਬਾਸੁਰ ਰਾਸ ॥੪੪॥
ਆਮਦ ਖਰਚ ਬਿਸਾਲ ਭਯੋ ਹੈ।
ਬਢ੍ਯੋ ਪ੍ਰਤਾਪ ਮਹਾਨ ਥਿਯੋ ਹੈ।
ਸਿਖ ਸੰਗਤਿ ਕਿਛੁ ਗਿਨਤੀ ਨਾਂਹਿ।
ਕਵਿ ਸੰਤਖੋ ਸਿੰਘ, ਆਵਤਿ ਪਾਹਿ
॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਚਤਰ ਚਤਵਾਰਿੰਸਤੀ ਅੰਸੂ ॥੪੪॥

## ੪੫. [ਗੜੇ ਬੰਦ ਕੀਤੇ। ਮਸਤ ਹਾਥੀ ਤੇ ਚੜੇ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਇਕ ਦਿਨ ਬੈਠੇ ਸਭਾ ਮਹਿਂ, ਨੰਦਨ ਸ਼੍ਰੀ ਹਰਿਰਾਇ।
ਬਡੀ ਗਰਜ ਕੈ ਘਨ ਘਟਾ, ਆਇ ਗੈਨ ਉਮਡਾਇ ॥੧॥

ਚੌਪਈ:

ਬਹਯੋ ਬੇਗ ਬਹੁ ਬਾਯੁ ਸੰਗ।
ਕੜਕਹਿ ਤੜਿਤਾ ਦਮਕ ਉਤੰਗ।
ਬਰਖਾ ਕਰਕਾ ਕੀ ਬਡਿ ਆਈ[1]।
ਪਰਨਿ ਲਗੇ ਛਿਤ ਸ਼ਬਦ ਉਠਾਈ ॥੨॥
ਅਧਿਕ ਤੋਲ ਮਹਿਂ ਗਿਰੈਂ ਬਡੇਰੇ।
ਛਾਦੀ[1] ਛਿਤ, ਭਈ ਸੇਤ ਘਨੇਰੇ।
ਘਟਾ ਏਕ ਸਮ ਚਹੁੰਦਿਸ਼ਿ ਮਾਂਹੀ।
ਪਰਹਿਂ ਜਹਾਂ ਕਹਿਂ ਮਿਟਹਿਂ ਸੁ ਨਾਂਹੀ ॥੩॥
ਪਿਖਿ ਨੌਰੰਗ ਨੇ ਬਾਕ ਬਖਾਨਾ।
'ਸੁਨਹੁ ਗੁਰੂ ਸਤ ! ਸਗਰੇ ਥਾਨਾ।
ਓਰੇ ਪਰੇ ਦੀਨ ਦੁਖ ਪਾਵੈਂ।
ਵਹਿਰ ਖੇਤ ਸਭਿ ਕੋ ਬਿਨਸਾਵੈਂ ॥੪॥
ਉਪਬਨ ਮਹਿਂ ਫਲ ਫੂਲ ਬਿਨਾਸਹਿਂ।
ਸਭਿ ਤਰੁਵਰ ਕੀ ਸ਼ੋਭਾ ਗ੍ਰਾਸਹਿਂ।
ਵਹਿਰ ਪਸੂ ਗੋ ਆਦਿ ਘਨੇਰੇ।
ਤਿਨ ਪਰ ਲਗੇ ਪ੍ਰਹਾਰ[1] ਬਡੇਰੇ ॥੫॥
ਹਿੰਦੂ ਧਰਮ ਤੁਮਾਰੇ ਸੋਇ।
ਬਚਨ ਕਰਹੁ ਰੱਛਾ ਤਿਨ ਹੋਇ।
ਨਾਂਹਿ ਤ ਮਰਿ ਜਾਵਹਿਂਗੇ ਘਨੇ।
ਅਸ ਓਰੇ ਨਹਿਂ ਦੇਖੇ ਸੁਨੈ ॥੬॥
ਵਹਿਰ ਪਸੂ ਕਜਾ ਖੇਤ ਬਿਸਾਲੇ।
ਸਭਿ ਕੀ ਹਾਨਿ ਹੋਇ ਇਨ ਨਾਲੇ।
ਕਰਹੁ ਬਾਕ ਸਭਿ ਕੇਰ ਭਲੇਰਾ।'

[1]ਗੜਿਆਂ ਦੀ ਬਰਖਾ ਬਹੁਤੀ ਆ ਗਈ।

[1]ਢਕੀ ਗਈ।

[1]ਸੱਟਾਂ।

ਸੁਨਿ ਸ਼੍ਰੀ ਰਾਮਰਾਇ ਤਿਸ ਬੇਰਾ ॥੭॥
ਕਹਯੋ 'ਜਿ ਇਮ ਹੈ ਤੁਮਰੇ ਮਨ ਮੈਂ।
ਓਰੇ ਪਰਨਿ ਮਿਟਹਿਂ ਇਸ ਛਿਨ ਮੈਂ।'
ਜਬਿ ਅਧਰਨ ਤੇ ਬਾਕ ਨਿਕਾਸਾ।
ਗਗਨ ਬਿਖੈ ਘਨ ਬ੍ਰਿੰਦ ਬਿਨਾਸਾ ॥੮॥
ਕੈ ਤੋ ਹੁਤੋ ਤਿਮਰ ਸਭਿ ਦਿਸ਼ ਮੈਂ।
ਭਯੋ ਪ੍ਰਕਾਸ਼ ਬਾਰ ਇਕ ਤਿਸ ਮੈਂ।
ਨਹਿਂ ਘਨ ਬਾਯੁ ਨ ਬਰਖਾ ਕਹਾਂ।
ਬਿਮਲ ਅਕਾਸ਼ ਭਯੋ ਜਹਿਂ ਕਹਾਂ ॥੯॥
ਦੇਖਤਿ ਮਾਨਯੋ ਸਭਿਨਿ ਅਚੰਭ।
ਓਰੇ ਕਹਾਂ ਨ ਬਰਖਯੋ ਅੰਭ[1]। [1]ਪਾਣੀ।
ਪਸਰਯੋ ਸੁਜਸੁ ਗੁਰੂ ਸੁਤ ਕੇਰਾ।
ਘਰ ਘਰ ਬੀਚ ਬ੍ਰਿਤੰਤ ਬਡੇਰਾ ॥੧੦॥
ਜਹਾਂ ਕਹਾਂ ਕੀਰਤਿ ਕੋ ਕਰਿ ਹੀਂ।
ਅਚਰਜ ਨਵੇਂ ਹਮੇਸ਼ ਨਿਹਰਿਹੀਂ।
ਏਕ ਮਸਤ ਹਾਥੀ ਰਹਿ ਖਰਯੋ।
ਸੰਗਲ ਰਹੈਂ ਪਰੇ ਦ੍ਰਿਢ ਕਰਯੋ ॥੧੧॥
ਬਹੁ ਭਾਲੇ ਅਰੁ ਅੰਕੁਸ ਲੈ ਕੈ।
ਨਰ ਸਮੀਪ ਹੋਵਹਿਂ ਦਿਢ ਕੈ ਕੈ।
ਨਾਂਹਿ ਤ ਗਹਿ ਨਿਜ ਸੁੰਡਾ ਸੰਗ।
ਚੀਰ ਦੇਤਿ ਕਰਿ ਆਧੋ ਅੰਗ ॥੧੨॥
ਮਹਾਂ ਬਲੀ, ਦੈ ਹੈਂ ਬਹੁ ਖਾਨਾ।
ਖਰਯੋ ਰਹੈ ਸੋ ਏਕ ਸਥਾਨਾ।
ਜਲ ਬਾਸਨ ਤਿਸ ਨਿਕਟਿ ਰਖਾਵੈਂ।
ਦੇਤਿ ਦੂਰ ਤੇ ਤ੍ਰਸਤਿ ਪਿਲਾਵੈਂ ॥੧੩॥
ਦੁਸ਼ਟਨਿ ਨੌਰੰਗ ਕੌ ਸਿਖਲਾਯੋ।
'ਇਸ ਪਰ ਗੁਰ ਸੁਤ ਦੇਹੁ ਚਢਾਯੋ।
ਜਬਿ ਅਰੂਢਿ ਮਗ ਕਰੈ ਪਯਾਨਾ।
ਹਟਹਿ ਮਹਾਵਤਿ ਤਬਿ ਤਿਸ ਥਾਨਾ' ॥੧੪॥
ਸੁਨਤਿ ਸ਼ਾਹੁ ਕੇ ਮਨ ਮੈਂ ਭਾਈ।
ਬਹੁ ਸ਼ਰਾਬ ਮੰਗਵਾਇ ਪਿਵਾਈ।

ਬ੍ਰਿੰਦ ਮਹਾਵਤ ਹੁਇ ਚਹੁਂ ਕੋਦਾ।
ਊਪਰ ਕਸਜੋ ਸੁਨਹਿਰੀ ਹੌਦਾ ॥੧੫॥
ਜ਼ਰੀ ਦੋਜ਼ ਕੋ ਪਾਯਹੁ ਝੂਲੰ[1]।
ਭਯੋ ਮਸਤ ਹਾਥੀ ਰਹਿ ਝੂਲੰ।
ਤੋਮਰ ਭਾਲੇ ਅੰਕਸ ਘਨੇ।
ਦੁਰਗ ਦਿਸ਼ਾ ਲੇ ਗਮਨਤਿ ਹਨੇ ॥੧੬॥
ਗੁਰ ਸੁਤ ਬੀਚ ਕਚਹਿਰੀ ਅਹੈ।
ਸਭਿ ਦਿਸ਼ਿ ਦੇਖਿ ਸ਼ਾਹੁ ਤਬਿ ਕਹੈ।
'ਚਲਹੁ ਵਹਿਰ ਉਪਬਨ ਹੁਇ ਆਵਹਿਂ।
ਬਿਗਸੇ ਫੂਲ ਸੁ ਛਬਿ ਦਿਖਰਾਵਹਿਂ' ॥੧੭॥
ਇਮ ਕਹਿ ਉਠਜੋ ਚਢਜੋ ਅਸਵਾਰੀ।
ਸਤਿਗੁਰ ਸੁਤ ਸੋਂ ਗਿਰਾ ਉਚਾਰੀ
'ਇਸ ਮਤੰਗ ਪਰ ਹੁਇ ਅਸਵਾਰੋ।
ਗਮਨਹੁ ਸੰਗ ਉਤੰਗ ਉਦਾਰੋ ॥੧੮॥
ਤਜਹੁ ਆਜ ਸਿਵਕਾ ਅਸਵਾਰੀ।
ਸ਼ੀਘ੍ਰ ਚਲਹਿਂਗੇ ਬਿਲਮ ਬਿਸਾਰੀ।
ਜਾਨੋ ਦੂਰ ਦਿਵਸ ਰਹਿ ਥੋਰਾ।
ਆਵਹਿ ਸੰਧਜਾ ਲਗਿ ਘਰ ਓਰਾ' ॥੧੯॥
ਸੁਨਿ ਸ਼੍ਰੀ ਰਾਮਰਾਇ ਸਭਿ ਜਾਨੀ।
-ਅਜਹੁਂ ਪਤਾ ਚਹਿ ਮੂਰਖ ਮਾਨੀ-।
'ਵਾਹਿਗੁਰੂ' ਮੁਖ ਤੇ ਕਹਿ ਕਰਿ ਕੈ।
ਬੈਠਜੋ ਮਸਤ ਕਰੀ ਪਰ ਚਰਿ ਕੈ ॥੨੦॥
ਗਮਨੇ ਪੰਥ ਸ਼ੀਘ੍ਰਤਾ ਸਾਥ।
ਨਿਜ ਵਾਹਨ ਕਹੁ ਦਿੱਲੀਨਾਥ।
ਬਹੁਤ ਬੇਗ ਤੇ ਚਲੇ ਪਲਾਇ।
ਹਟੇ ਮਹਾਵਤ ਜੇ ਸਮੁਦਾਇ ॥੨੧॥
ਹਾਥੀ ਮਸਤ ਸੁੰਡ ਕਹੁ ਫੇਰਤਿ।
ਰਕਤ ਨੇਤ੍ਰ ਤੇ ਇਤ ਉਤ ਹੇਰਤਿ।
ਫੁੰਕਾਰਤਿ ਕਿਲਕਾਰਤਿ ਘਨੋ।
ਭਏ ਕ੍ਰੋਧ ਤੇ ਘਾਵਤਿ ਮਨੋ ॥੨੨॥

[1]ਝੁੱਲ।

ਸ਼ਾਹੁ ਸਮਾਜ ਸੰਗ ਹੀ ਦੌਰਾ।
ਤ੍ਰਾਸਤਿ ਭਾਜਹਿਂ, ਹੁਇ ਜਿਸ ਓਰਾ।
ਗੁਰ ਸੁਤ ਹੌਦੇ ਪਰ ਚਢਿ ਰਹ੍ਯੋ।
ਹਾਥ ਛਰੀ ਸੋਂ ਪ੍ਰੇਰਤਿ ਰਹ੍ਯੋ ॥੨੩॥
ਜਿਸ ਦਿਸ਼ਿ ਕੋ ਚਿਤਿ ਚਹਤਿ ਚਲਾਯੋ।
ਹਾਥ ਛਰੀ[1] ਸੋਂ ਤਿਤਹਿ[2] ਧਵਾਯੋ।
ਜਿਹ ਸਮੀਪ ਭਾਜਤਿ ਹੁਇ ਜਾਇ।
ਦਿਖਤਿ ਪਲਾਵਤਿ, ਜਨੁ ਇਹੁ ਖਾਇ ॥੨੪॥

[1]ਹੱਥ ਦੀ ਛੜੀ ਨਾਲ। [2]ਉਸੇ ਪਾਸੇ।

ਬੇਖ ਭਯਾਨਕ ਹਾਥੀ ਕੇਰ।
ਜਾਹਿਂ ਪਲਾਵਤਿ ਕਰਤਿ ਨ ਨੇਰ।
ਹੇਰਿ ਹੇਰਿ ਭਾਜਤਿ ਹੈਂ ਜਯੋਂ ਜਯੋਂ।
ਹਸ ਹਸ ਪਰੈ ਸ਼ਾਹੁ ਬਹੁ ਤਯੋਂ ਤਯੋਂ ॥੨੫॥
ਕੋਇਕ ਠਾਢੇ ਪਿਖਹਿਂ ਤਮਾਸ਼ਾ।
ਕੇਤਿਕ ਉਰ ਧਰਕਤਿ ਕਰਿ ਤ੍ਰਾਸਾ।
'ਮਾਰਯੋ ਹੁਤੋ ਮੋਹਿ ਕਰਿ ਐਸੇ[1]।
ਸ਼ੀਘ੍ਰ ਲਾਇ ਬਚਯੋ ਮੈਂ ਕੈਸੇ[1]' ॥੨੬॥

[1]ਲੋਗ ਇਸ ਤਰ੍ਹਾਂ ਕਹਿੰਦੇ ਹਨ) ਮੈਨੂੰ ਤਾਂ ਹਾਥੀ ਨੇ ਇਸ ਤਰ੍ਹਾਂ ਮਾਰ ਹੀ ਦਿਤਾ ਸੀ।
[1]ਮੈਂ ਕਿਸੇ ਤਰ੍ਹਾਂ ਛੇਤੀ (ਜਤਨ) ਲਾ ਕੇ ਬਚ ਗਿਆ ਹਾਂ।

ਬਹੁ ਚਿੰਘਾਰਤਿ ਸ਼ਬਦ ਉਠਾਵੈ।
ਕਰੇ ਕੁੰਡਲੀ ਸੁੰਡ ਭ੍ਰਮਾਵੈ।
ਲਾਂਗੁਲ ਗਾਢੀ ਅਧਿਕ ਚਲਾਇ।
ਦੰਤ ਗਡਾਵਤਿ[1] ਇਤ ਉਤ ਜਾਇ ॥੨੭॥

[1]ਕੱਢ ਕੇ। (ਅ) ਗਡਦਾ ਹੋਇਆ।

ਗੁਰ ਸੁਤ ਹਤਹਿ ਛਰੀ ਮਗ ਪ੍ਰੇਰਤਿ।
ਸ਼ਾਹੁ ਸਹਿਤ ਚਹੁ ਦਿਸ਼ਿ ਸਭਿ ਹੇਰਤਿ।
ਕੋਸ ਕੁ ਲੌ ਚਲਿ ਕੈ ਪੁਨ ਆਏ।
ਗਮਨਹਿ ਗਜ ਮਗ, ਜਿਮ ਗਮਨਾਏ[1] ॥੨੮॥

[1]ਜਿਵੇਂ ਚਲਾਵਣ (ਰਾਮਰਾਇ ਜੀ)।

ਬਿਨਾਂ ਮਹਾਵਤ ਚਹਤਿ ਚਲਾਵਤਿ।
ਗੁਰ ਸੁਤ ਕੇ ਅਨੁਸਾਰੀ ਧਾਵਤਿ।
ਦੇਖਿ ਦੇਖਿ ਕਰਿ ਤ੍ਰਾਸ ਉਪਾਵੈਂ।

ਨਰਿ ਕਿਸ ਹੂੰ ਪਰ ਚੋਟ ਚਲਾਵੈ ॥੨੯॥
ਸੰਧਯਾ ਲੌ ਫਿਰਿ ਕੈ ਮੁਰਿ ਆਯੋ।
ਦ੍ਵਾਰ ਦੁਰਗ ਕੇ ਗਜ ਬੈਠਾਯੋ।
ਸਨੈ ਸਨੈ ਉਤਰੇ ਗੁਰ ਨੰਦ।
ਪੁਨ ਤਜਿ ਦੀਨਿ ਮਤੰਗ ਬਿਲੰਦ ॥੩੦॥
ਤਬਹਿ ਮਹਾਵਤ ਹ੍ਵੈ ਸਮੁਦਾਈ।
ਗਹਿ ਤੋਮਰ ਘੇਰਯੋ ਬਰਿਆਈ।
ਸਨੇ ਸਨੇ ਨਿਜ ਥਲ ਲੇ ਆਏ।
ਖਰੇ ਦੂਰ ਨਹਿਂ ਨਿਕਟਿ ਸਿਦਾਏ ॥੩੧॥
ਅਮਲ ਸ਼ਰਾਬ ਰਹਯੋ ਗਜ ਜਾਵਦ।
ਨਹੀਂ ਸਮੀਪ ਗਏ ਨਰ ਤਾਵਦ।
ਦਾਵ ਬਚਾਇ ਸ਼੍ਰਿੰਖਲਾ[1] ਪਾਈ।
ਬਾਂਧਯੋ ਦ੍ਰਿਢ ਆਗਾ ਪਿਛਵਾਈ ॥੩੨॥
ਗੁਰ ਸੁਤ ਕੋ ਸਭਿ ਲੋਕ ਸਰਾਹੈਂ।
ਸੁਨਿ ਸੁਨਿ ਜਸੁ ਕੋ ਪਿਖਨਿ ਉਮਾਹੈਂ।
ਰੰਕ ਰਾਵ ਸਭਿ ਆਵਤਿ ਡੇਰੇ।
ਬੰਦਹਿਂ ਅਰਪਹਿਂ ਦਰਬ ਘਨੇਰੇ ॥੩੩॥
ਕੇਤਿਕ ਸਿੱਖ ਹੋਹਿਂ ਧਰਿ ਭਾਉ।
ਕਰਹਿਂ ਬਿਲੋਕਨ ਬਿਦਤਿ ਪ੍ਰਭਾਉ।
ਦਰਸ਼ਨ ਹੇਤੁ ਭੀਰ ਨਿਤ ਰਹੈ।
'ਧੰਨ ਧੰਨ' ਦੇਖਤਿ ਹੀ ਕਹੈਂ ॥੩੪॥
ਕੇਤਿਕ ਚਾਕਰ ਹੁਇ ਰਹਿਂ ਸੰਗ।
ਕਰੇ ਖਰੀਦਨਿ ਬ੍ਰਿੰਦ ਤੁਰੰਗ।
ਗਹੇ ਸ਼ਸਤ੍ਰ ਦਲ ਬਹੁਤ ਬਨਾਯੋ[1]।
ਸਕਲ ਸਮਾਜ ਸਕੇਲਿ ਬ੍ਰਿਧਾਯੋ ॥੩੫॥
ਆਮਦ ਬਡੀ ਹੋਇ ਨਿਜ ਪਾਸ।
ਪੁੰਜ ਮਸੰਦ ਕਰਹਿਂ ਅਰਦਾਸ।
ਕਾਰ ਦਾਰ ਹੁਇ ਕਿਤਿਕ ਬਿਸਾਲ।
ਬਧੇ ਮੇਵੜੇ ਢਿਗ ਰਹਿਂ ਜਾਲ ॥੩੬॥
ਸਰਬ ਨਿਕਟਿ ਧਨ ਕੀ ਅਧਿਕਾਈ।
ਬਹੁ ਦੇਸ਼ਨਿ ਤੇ ਸੰਗਤਿ ਆਈ।
ਕਬਿ ਕਬਿ ਸਭਿ ਕੇ ਬੈਠਹਿਂ ਬੀਚ।

[1]ਸੰਗਲ।

[1]ਸ਼ਸਤ੍ਰ ਲੀਤੇ ਤੇ ਦਲ ਬਹੁਤ ਬਣਾਇਆ। (ਅ) ਸ਼ਸਤ੍ਰਧਾਰੀ ਦਲ।

ਦਰਸ਼ਨ ਕਰਹਿਂ ਊਚ ਅਰੁ ਨੀਚ ॥੩੭॥
ਰੰਕ ਰਾਉ ਚਲਿ ਆਇ ਜਿ ਕੋਈ।
ਅਚਹਿ ਦੇਗ ਤੇ ਭੋਜਨ ਸੋਈ।
ਗਿਨਤੀ ਰਹੀ ਨਹੀਂ ਕਿਸ ਭਾਂਤੀ।
ਕਵਿ ਸੰਤੋਖ ਸਿੰਘ ਬਡ ਬੱਖਜਾਤੀ
॥੩੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

## ੪੬. [ਨਿੰਦਕ ਦੀ ਜ਼ਬਾਨ ਬੰਦ। ਦਿਨੇ ਤਾਰੇ। ਬਾਜ਼ੀ ਜਿੱਤੀ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਇਕ ਦਿਨ ਆਏ ਸਭਾ ਮੈਂ, ਨੰਦਨ ਸ੍ਰੀ
ਹਰਿਰਾਇ।
ਸਨਮਾਨਤਿ ਨੌਰੰਗ ਤੇ, ਬੈਠੇ ਮੋਦ ਉਪਾਇ
॥੧॥

ਚੌਪਈ:

ਜੇ ਗਾਵੇ ਬਿਚ ਸ਼ਰ੍ਹਾ ਹਠੀਲੇ।
ਕਰਤਾ ਬਾਦ ਬਿਸਾਲ ਕੁਸ਼ੀਲੇ[1]।
ਅਨਿਕ ਮਾਇਨੇ ਬਕਹਿਂ ਕੁਰਾਨੇ।
ਦੀਨ ਬਿਖੈ ਕਹਿਲਾਵਹਿਂ ਸਜਾਨੇ ॥੨॥

[1]ਬੜੇ ਖੋਟੇ ਸੁਭਾਵ ਵਾਲੇ ਝਗੜਾ ਕਰਨ ਵਾਲੇ ਸਨ।

ਅਧਿਕ ਸਮਾਜ ਤਿਨਹੁ ਕਹੁ ਹੋਵਾ।
ਜਿਨਹੁ ਸਿਖਾਇ ਸ਼ਾਹੁ ਕੋ ਖੋਵਾ[1]।
ਸ਼ੁਭ ਕਰਤੂਤ ਕਰਨਿ ਮਹਿਂ ਹੌਰੇ।
ਝਗਰਨਿ ਬਿਖੇ ਸੇਮੁਖੀ ਗੌਰੇ[1] ॥੩॥

[1]ਗੁਆ ਦਿਤਾ।

[1]ਭਾਰੇ ਬੁਧੀਮਾਨ।

ਮਹਾਂ ਮੰਦ ਮਤਿ, ਮੂਰਖ, ਮਾਨੀ।
ਸ਼ਾਹੁ ਰਿਝਾਵਹਿਂ ਧਨ ਹਿਤ ਦਾਨੀ[1]।
ਸਭਾ ਮਝਾਰ ਪ੍ਰਸੰਗ ਚਲਾਏ।
ਬਹੁਰ ਗੁਰੂ ਕਹੁ ਨਾਮ ਅਲਾਏ[1] ॥੪॥

[1]ਸ਼ਾਹ) ਧਨ ਦੇਵੇ ਇਸ ਵਾਸਤੇ।

[1]ਮੁਰਾਦ ਨਿੰਦਾ ਕਰਨ ਤੋਂ ਹੈ।

'ਸ਼੍ਰੀ ਨਾਨਕ ਬਡ ਭਏ ਤੁਮਾਰੇ।
ਭੇਖ ਫਕੀਰੀ ਫਿਰੇ ਬਿਚਾਰੇ।
ਨਯੋ ਆਪ ਮਾਰਗ ਉਪਰਾਜਾ[1]।
ਨਹਿਂ ਹਿੰਦੂ ਨਹਿਂ ਤੁਰਕ ਸਮਾਜਾ ॥੫॥

[1]ਸਾਜਿਆ।

ਪੈਕੰਬਰ ਬਡ ਭਏ ਹਮਾਰੇ।
ਜਿਨ ਕੇ ਸਮਸਰ ਜਗਤ ਨ ਸਾਰੇ।
ਮਿਲਿਨਿ ਖੁਦਾਇ ਰਾਹੁ ਸ਼ੁਭ ਕਹਜੋ।
ਚਲੇ ਕਹੇ ਮਹਿਂ[1] ਤਿਨਹੂੰ ਲਹਜੋ[2] ॥੬॥

[1]ਜੇ (ਪੈਕੰਬਰ) ਦੇ ਕਹੇ ਵਿਚ ਤੁਰਨ। [2]ਤਿਨ੍ਹਾਂ (ਖੁਦਾ ਦਾ ਰਾਹ) ਜਾਣਿਆਂ।

ਜਿਸ ਸੋਂ ਮਿਲਿ ਮਨ ਹੋਇ ਬਿਕਾਰੀ।
ਸੋ ਸ਼੍ਰੀ ਨਾਨਕ ਰੀਤਿ ਬਿਥਾਰੀ।
ਗਾਵਹਿਂ ਰਾਗ ਬਜਾਵਹਿਂ ਤਾਲ।
ਜਿਸ ਤੇ ਜਾਗਹਿ ਬਿਸ਼ੈ ਬਿਸਾਲ ॥੭॥

ਬਹੁਰ ਕਹੈਂ -ਹਮ ਭਿਸਤ ਸਿਧਾਇਂ-।
ਬਕੈਂ ਕੁਫਰ ਕੁਛ ਲਖ੍ਯੋ ਨ ਜਾਇ।
ਸਭਿ ਹਿੰਦੁਨਿ ਕੈ ਰੀਤਿ ਨ ਨੀਕੀ।
ਪੂਜਹਿਂ ਬੁਤਨਿ ਭਾਵਨਾ ਜੀ ਕੀ ॥੮॥
ਦੋਜ਼ਕ ਪਰਹਿਂ ਰਾਹ ਅਸ ਗਹ੍ਯੋ।
ਨਹਿਂ ਕਿਨਹੂੰ ਖ਼ੁਦਾਇ ਮਗ ਲਹ੍ਯੋ।'
ਸੁਨਿ ਸ਼੍ਰੀ ਸਤਿਗੁਰ ਸੁਤ ਨੇ ਕਹ੍ਯੋ।
'ਸ਼੍ਰੀ ਨਾਨਕ ਕਿਨ ਤੇਜ ਨ ਸਹ੍ਯੋ ॥੯॥
ਬਾਦ[1] ਬਿਖੈ ਅਰੁ ਅਜ਼ਮਤ ਮਾਂਹਿ।
ਸਮਸਰ ਤਾਂ ਕੀ ਕੀਨਸਿ ਨਾਂਹਿ।
ਗੋਰਖ ਆਦਿ, ਪੀਰ ਮੁਲਤਾਨ।
ਮੱਕੇ ਬਹੁਰ ਮਦੀਨੇ ਥਾਨ ॥੧੦॥
ਕੌਨ ਕੌਨ ਕੋ ਗਿਨਿਬੋ ਕਰੀਅਹਿ।
ਪੰਡਿਤ ਅਜ਼ਮਤ ਜੁਤਿ ਉਰ ਧਰੀਅਹਿ।
ਸਭਿ ਕੋ ਬਿਜੈ ਕੀਨਿ ਫਿਰ ਐਸੇ।
ਸੂਰਜ ਹਤਹਿ ਤਿਮਰ ਕਹੁ ਜੈਸੇ ॥੧੧॥
ਅਬਿ ਤਿਨ ਕੇ ਸਿਖ ਸੁਮਤਿ ਬਿਸਾਲੇ।
ਚਹੈਂ ਸੁ ਕਰਹਿਂ ਅਰਹਿ ਕੋ ਨਾਲੇ।
ਜਗ ਮਹਿਂ ਤਿਨ ਕੀ ਛੁਪੀ ਨ ਬਾਤੀ।
ਰੰਕ ਰਾਉ ਸਭਿ ਕੇ ਬੱਖਜਾਤੀ ॥੧੨॥
ਜਿਮ ਸੂਰਜ ਕੋ ਪਾਇ ਪ੍ਰਕਾਸ਼।
ਪਿਖਹਿ ਬਿਲੋਚਨ ਲਹਿ ਸੁਖਰਾਸ।
ਤੁਮ ਸਮ ਪੇਚਕ ਕਜਾ ਕੁਛ ਜਾਨੇ।
ਅੰਧ ਹੋਹਿਂ ਬੈਠਤਿ ਇਕ ਥਾਨੇ ॥੧੩॥
ਜਿਸ ਸੂਰਜ ਕੋ ਸਰਬ ਸਰਾਹੈਂ।
ਤਮਚਰ ਕਿਮ ਸੁਖ ਲਹਿ ਤਿਸ ਪਾਹੈਂ।
ਤਸਕਰ ਗਾਢੋ ਚਹੈ ਅੰਧੇਰਾ।
ਤਿਸ ਪ੍ਰਕਾਰ ਕੋ ਮਤ ਹੈ ਤੇਰਾ' ॥੧੪॥
ਸੁਨਿ ਉਲਮਾਉ ਗਯੋ ਜਰ ਬਰਿ ਕੈ।
ਲਘੁਤਾ ਸਹਿ ਨ ਸਕੈ ਰਿਸ ਧਰਿ ਕੈ।
ਬਾਕ ਚਾਲ ਬਡ ਸਭਾ ਮਝਾਰੇ।
ਤਬਿ ਸ਼੍ਰੀ ਨਾਨਕ ਨਿੰਦ ਉਚਾਰੇ ॥੧੫॥

[1]ਚਰਚਾ।

ਸਹਿ ਨ ਸਕ੍ਯੋ ਗੁਰ ਨੰਦਨ ਜਬੈ।
ਕ੍ਰੋਧ ਹੋਇ ਤਿਹ ਸੋਂ ਕਹਿ ਤਬੈ।
'ਪੁਰਸ਼ੋਤਮ ਸ਼੍ਰੀ ਨਾਨਕ ਗੁਰ ਹੈਂ।
ਤਿਨ ਕੋ ਸੁਜਸੁ ਸਹ੍ਯੋ ਨਹਿਂ ਉਰ ਹੈ ॥੧੬॥
ਜਿਸ ਰਸਨਾ ਸਜੋਂ ਨਿੰਦ ਬਖਾਨੀ।
ਸੋ ਅਬਿ ਬੋਲਿ ਸਕੈ ਨਹਿਂ ਬਾਨੀ।
ਇਹੀ ਦੰਡ ਤੁਝ ਕੋ ਅਬਿ ਅਹੈ।
ਅਪਰ ਜਿ ਕਰੈ ਸੁਕਲ ਦੁਖ ਲਹੈ' ॥੧੭॥
ਇਮ ਸ਼੍ਰੀ ਰਾਮਰਾਇ ਜਬਿ ਕਹ੍ਯੋ।
ਭਯੋ ਗੁੰਗ ਬਹੁ ਬੋਲਨਿ ਚਹ੍ਯੋ।
ਮੁਖ ਰਸਨਾ ਅਰੁ ਹੋਠ ਹਿਲਾਵੈ।
ਵਹਿਰ ਸ਼ਬਦ ਚਹਿ, ਨਿਕਸ ਨ ਪਾਵੈ ॥੧੮॥
ਮੂਰਖ ਜਿਮ ਬੋਲ੍ਯੋ ਬੁਰਿਆਈ।
ਭਯੋ ਦੰਡ ਤਿਮ ਬਹੁ ਦੁਖ ਪਾਈ।
ਅਨਿਕ ਉਪਾਵਨ ਤੇ ਨਹਿਂ ਬੋਲਾ।
ਜਬਿ ਲਗਿ ਜੀਵ੍ਯੋ, ਰਹ੍ਯੋ ਅਬੋਲਾ[1] ॥੧੯॥

[1]ਗੁੰਗਾ।

ਲੋਕ ਸਭਾ ਕੇ ਸਭਿ ਬਿਸਮਾਏ।
ਤਉ ਏਕ ਨੈ ਬਾਕ ਅਲਾਏ।
'ਉਡਗਨ ਅਬਿ ਅਕਾਸ਼ ਮੈਂ ਨਾਂਹੀ।
ਕਹਾਂ ਗਏ ਆਵੈਂ ਪੁਨ ਕਾਹੀ[1]?' ॥੨੦॥

[1]ਕਿਥੋਂ।

ਸੁਨਿ ਤਿਸ ਤੇ ਗੁਰ ਨੰਦ ਉਚਾਰੇ।
'ਸਭਿ ਅਕਾਸ਼ ਮੈਂ ਅਬਿ ਹੈਂ ਤਾਰੇ।
ਸੂਰਜ ਦਿਪਤ੍ਯੋ ਤੇਜ ਬਿਸਾਲਾ।
ਨਹਿਂ ਦੀਖਤਿ ਉਡਗਨ ਇਸ ਕਾਲਾ ॥੨੧॥
ਮਾਰਤੰਡ ਪਸ਼ਚਮ ਅਸਤਾਵੈ।
ਤਬਿ ਤਾਰਨਿ ਕੋ ਤੇਜ ਦਿਸਾਵੈ।'
ਸੁਨਿ ਕੈ ਪੁਨ ਉਲਮਾਉ ਬਖਾਨੀ।
'ਸ਼੍ਰੀ ਨਾਨਕ ਇਮ ਉਚਰੀ ਬਾਨੀ ॥੨੨॥

ਸ਼੍ਰੀ ਮੁਖਵਾਕ:
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

ਚੌਪਈ:
ਸੂਰਜ ਤੇ ਗੁਰ ਤੇਜ ਬਿਸਾਲਾ।
ਇਨ ਤੁਕ ਮਹਿਂ ਅਸ ਅਰਥ ਸੁਖਾਲਾ।
ਤਿਸ ਪਰ ਪ੍ਰਸ਼ਨ ਮੋਹਿ ਇਮ ਪਾਵਹੁ।
ਤੁਮ ਗੁਰ ਰੂਪ ਜਗਤ ਕਹਿਲਾਵਹੁ ॥੨੩॥
ਚਹੀਅਤਿ ਹੈ ਬਡ ਤੇਜ ਤੁਮਾਰੋ।
ਹੋਇ ਨ ਬਹੁ ਸੂਰਜ ਉਜੀਆਰੋ।
ਯਾਂ ਤੇ ਤਿਸ ਕੋ ਤੇਜ ਦਬਾਇ।
ਦਿਨ ਮਹਿਂ ਉਡਗਨ ਦੇਹੁ ਦਿਖਾਇ ॥੨੪॥
ਲਖਹਿਂ ਤਬਹਿ ਇਹ ਸਾਚੋ ਬਾਚਾ।
ਜਗ ਮਹਿਂ ਸਿੱਖੀ ਕੋ ਦਿਢ ਕਿਏ
॥ ੧੯ ॥
ਸੋ ਨਹਿਂ ਬਿਨਸਹਿ ਜਿਮ ਜਗ ਮਾਂਹੀ।
ਉਚਿਤ ਕਰਨਿ ਕੇ ਹੋ ਬਿਧਿ ਤਾਂਹੀ[1]। [1]ਉਸ ਬਿਧੀ ਦੇ ਕਰਨ ਜੋਗ ਆਪ ਹੀ ਹੋ।
ਨਾਂਹਿ ਤ ਡੋਲ ਜਾਇਗੀ ਸੰਗਤਿ।
ਬੈਠਨਿ ਲਗਹਿਂ ਅਪਰ ਕੀ ਪੰਗਤਿ
॥ ੨੦ ॥
ਜੋ ਗੁਰੁ ਗ੍ਰੰਥ ਆਪ ਨੇ ਭਨਜੋਂ।
ਸੋ ਸਗਰੇ ਸਿੱਖਨਿ ਹੂੰ ਸੁਨਜੋਂ।
ਲਿਖਿ ਲੈ ਹੈਂ ਅਬਿ ਸੋਢੀ ਸਾਰੇ।

ਬੈਠਹਿਂ ਮਾਨੀ ਗੁਰ ਹੁਇ ਭਾਰੇ ॥੨੧॥
ਯਾਂ ਤੇ ਸੰਗਤਿ ਕਿਸ[1] ਲੜ ਲਾਵਹੁ। [1]ਕਿਸੇ ਦੇ।
ਗੁਰਤਾ ਉਚਿਤ ਜਾਂਹਿ ਲਖਿ ਪਾਵਹੁ।
ਪੁਰਿ ਕੀ ਸੰਗਤਿ ਮਿਲਿ ਸਮੁਦਾਈ।
ਇਮ ਅਰਦਾਸ ਕਰਤਿ ਅਗੁਵਾਈ'
॥੨੨॥
ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤਿਸ ਕਾਲਾ।
-ਗੁਰੂ ਹੋਇ ਸੋ ਛਪੈ ਨ ਕੈਸੇ।
ਬਿਦਤਹਿ ਗਗਨ ਚਢੇ ਰਵਿ ਜੈਸੇ
॥੨੩॥
ਤਊ ਰੀਤਿ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਹਿਯ ਇਸ ਬੇਰੀ-।
ਇਮ ਬਿਚਾਰ ਕਰਿ ਨਿਰਨੈ ਲਹਜੋ।
ਬੋਲੇ 'ਜਥਾਜੋਗ ਤੁਮ ਕਹਜੋ ॥੨੪॥
ਪੈਸੇ ਪੰਚ ਨਲੇਰ ਮੰਗਾਵਹੁ।
ਸਭਿ ਸੰਗਤਿ ਕੋ ਨਿਕਟਿ ਬਿਠਾਵਹੁ।
ਭਾਰੀ ਗੁਰ ਬਿਦਤਹਿ ਜਗ ਮਾਂਹੀ।
ਜਿਸ ਤੇ ਦੰਭੀ ਗੁਰ ਦੁਰ[1] ਜਾਂਹੀ ॥੨੫॥ [1]ਛੁਪ।
ਸਿੱਖ ਹਜ਼ਾਰਹੁਂ, ਲਾਖਹੁਂ, ਕੋਟ।
ਉਧਰਹਿਂਗੇ ਜਿਸ ਕੀ ਲੇ ਓਟ।
ਧਰਹਿਂ ਧਰਾ ਸਮ ਧੀਰਜ ਭਾਰੀ।
ਸਸਿ[1] ਸੂਰਜ ਸਮ ਪਰਉਪਕਾਰੀ [1]ਚੰਦ।
॥੨੬॥
ਸਿੱਖੀ ਦਿਢ ਐਸੀ ਜਗ ਕਰੈਂ।
ਜੇ ਬੇਮੁਖ ਸਭਿ ਪੈਰੀ ਪਰੈਂ।
ਮਹਾਂ ਪ੍ਰਤਾਪ ਸਭਿਨਿ ਪਰ ਛਾਵੈ।
ਕੁਛ ਤੇ ਕੁਛ ਕਰਿ ਕੈ ਦਿਖਰਾਵੈਂ'
॥੨੭॥
ਸੁਨਿ ਸ਼੍ਰੀ ਮੁਖ ਤੇ ਬਚਨ ਸੁਹਾਏ।
ਸੁਨਤਿ ਜਿ ਸਗਰੇ ਸੀਸ ਨਿਵਾਏ।
ਧਾਇ ਗਯੋ ਆਨਜੋ ਤਤਕਾਲਾ।

ਪੈਸੇ ਪੰਚ ਨਰੇਲ ਬਿਸਾਲਾ ॥੨੮॥
ਕੰਚਨ ਥਾਰ ਬਿਖੈ ਧਰਿ ਦੀਨਿ।
ਚੰਦਨ ਪੁਸ਼ਪ ਧੂਪ ਸ਼ੁਭ ਕੀਨਿ।
ਸੰਗਤਿ ਸਗਰੀ ਨਿਕਟਿ ਬੁਲਾਈ।
ਜਿਸ ਮਹਿਂ ਸਜਾਨੇ ਸਿਖ ਸਮੁਦਾਈ ॥੨੯॥
ਹਾਥਨਿ ਜੋਰਿ ਨਾਥ ਗੁਰ ਆਗੇ।
ਨਮੋ ਕਰਹਿ ਕੋ ਚਰਨੀ ਲਾਗੇ।
ਘ੍ਰਿਤ ਕੀ ਜਰਹਿ ਮਸਾਲ ਅਗਾਰੀ।
ਅਪਰ ਸੁਗੰਧਨਿ ਬਹੁ ਮਹਿਕਾਰੀ ॥੩੦॥
ਸਭਾ ਲਗਾਇ ਜਥੋਚਿਤ ਸਾਰੇ[1]।
ਬੈਠੇ ਚਹੁੰਦਿਸ਼ਿ ਗੁਰ ਪਰਵਾਰੇ।
ਧਰੇ ਮੌਨ ਸਭਿ ਹੇਰਨਿ ਕਰੈਂ।
ਸਨੈ ਸਨੈ ਗੁਰ ਸਿਮਰਨਿ ਧਰੈਂ ॥੩੧॥
ਸ਼੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ।
ਦੀਨਹੁ, ਕੀਨਿ ਜਨਨ[1] ਕਲਜਾਨ।
ਤਜਜੋ ਪ੍ਰਯੰਕ ਤਰੇ ਗੁਰ ਭਏ।
ਕੁਸ਼ ਕੋ ਆਸਤਰਨ ਥਿਰ ਥਿਏ ॥੩੨॥
ਕੰਚਨ ਥਾਰ ਨਿਕਟਿ ਕਰਿਵਾਯੋ।
ਦੇਖਿ ਦਾਹਿਨੋ ਹਾਥ ਉਠਾਯੋ।
ਮ੍ਰਿਦੁਲ ਮਨਿੰਦ ਕਮਲ ਕੇ ਜੋਇ।
ਪ੍ਰੇਰਨ ਕਰਜੋ ਪਿਖਹਿਂ ਗਨ ਸੋਇ ॥੩੩॥
ਪੈਸੇ ਪੰਚ ਉਠਾਵਨਿ ਕਰੇ।
ਸ਼੍ਰੀ ਫਲ ਸਾਥ ਹਾਥ ਮਹੁ ਧਰੇ।
ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ[1]।
ਧਰਜੋ ਸੁ ਧਜਾਨ ਪ੍ਰਕ੍ਰਮਾ ਧਾਰੀ[1] ॥੩੪॥
ਲੇਪਨ ਕਰੀ ਭੂਮ ਜਹਿਂ ਪਾਵਨ।
ਨਿਜ ਕਰ ਤੇ ਤਹਿਂ ਕਰੇ ਟਿਕਾਵਨਿ।
ਹਾਥ ਜੋਰਿ ਪੁਨ ਬੰਦਨ ਠਾਨੀ।

[1]ਜਿਵੇਂ ਉਚਿਤ ਸੀ ਭਾਵ ਆਪੋ ਆਪਣੇ ਟਿਕਾਣੇ।

[1]ਦਾਸਾਂ ਦੀ।

[1]ਹੱਥ ਗੋਲਾਕਾਰ ਤਿੰਨ ਵਾਰੀ ਕੀਤਾ।

[1]ਭਾਵ ਧਿਆਨ ਵਿਚ ਪ੍ਰਕ੍ਰਮਾਂ ਕੀਤੀ।

ਨੇਤ੍ਰ ਉਘਾਰਿ ਕਹੀ ਮੁਖ ਬਾਨੀ ॥੩੫॥
'ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬਨਿ ਗੁਰ, ਸੰਗਤਿ ਸਕਲ ਸਮਾਲੇ†।'

†ਇਹ ਖਿਆਲ ਕਰਨਾ ਕਿ 'ਗੁਰੂ ਹਰਿਕ੍ਰਿਸ਼ਨ ਜੀ ਨੇ ਜੋ ਵਾਕ ਕਹੇ ਹਨ ਉਹ ਅਨਿਸ਼ਚਿਤ ਹਨ, ਸਾਫ ਨਾਮ ਕਿਉਂ ਨਾ ਕਿਹਾ' ਠੀਕ ਨਹੀਂ। ਬਕਾਲੇ ਵਿਚ ਤਦੋਂ ਕੋਈ ਹੋਰ ਸੋਢੀ ਨਹੀਂ ਸਨ ਰਹਿੰਦੇ, ਅਰ ਕੋਈ ਐਸਾ ਸਨਬੰਧੀ ਗੁਰੂ ਹਰਿਕ੍ਰਿਸ਼ਨ ਜੀ ਦਾ ਨਹੀਂ ਸੀ ਰਹਿੰਦਾ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਆ ਢੁੱਕੇ। ਇਕੋ ਸ਼੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਬਾਬੇ ਸ਼੍ਰੀ ਗੁਰਦਿੱਤਾ ਜੀ ਦੇ ਭਿਰਾਉ ਵਸਦੇ ਸਨ। ਸਾਕ ਵਿਚ ਵੱਡੇ ਤੇ ਅੱਗੋਂ ਗੁਰੂ ਬਣਨ ਕਰਕੇ ਤੇ ਛੇਵੇਂ ਗੁਰਾਂ ਦੇ ਬਖਸ਼ੇ ਹੋਏ ਗੁਰ ਪਦ ਦੇ ਮਾਲਿਕ ਹੋਣ ਦੇ ਵਰ ਨਾਲ ਵਰੇ ਹੋਏ ਹੋਣ ਕਰਕੇ ਉਨ੍ਹਾਂ ਨੇ ਅਦਬ ਨਾਲ 'ਬਾਬਾ ਬਕਾਲੇ' ਕਿਹਾ ਹੈ। ਇਹ ਵਾਕ ਸੁਣਕੇ ੨੨ ਮੰਜੀਆਂ ਲਾਕੇ ਸੋਢੀ ਓਥੇ ਕਰਤਾਰਪੁਰ ਕੋਠੇ ਆਦਿ ਥਾਵਾਂ ਤੋਂ ਮਗਰੋਂ ਜਾ ਬੈਠੇ ਸਨ। ਜਿਸ ਵੇਲੇ ਆਪ ਨੇ ਵਾਕ ਕਹੇ ਸਨ, ਉਸ ਵੇਲੇ ਉਥੇ ਸਿਰਫ ਸ਼੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਤੋਂ ਬਾਬਾ ਕਹਿਲਾਉਣ ਦੇ ਅਧਿਕਾਰੀ ਵੱਸਦੇ ਸਨ, ਹੋਰ ਕੋਈ ਸੋਢੀ ਐਸਾ ਨਹੀਂ ਸੀ ਵਸਦਾ ਜੋ ਉਨ੍ਹਾਂ ਦਾ ਬਾਬਾ ਕਹਿਲਾ ਸਕੇ। ਸੋ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵਾਕ ਅਨਿਸ਼ਚਿਤ ਨਹੀਂ ਸਨ।

ਇਮ ਸੁਨਾਇ ਸਭਿਹਿਨਿ ਸੋਂ ਕਹ੍ਯੋ।
ਸਿੱਖਨਿ ਉਰ ਨਿਸ਼ਚੈ ਤਬਿ ਲਹ੍ਯੋ ॥੩੬॥
-ਨਹੀਂ ਨਾਮ ਲੀਨਸਿ ਤਿਸ ਬੇਰਾ-।
ਤਉ ਲਖ੍ਯੋ ਸਭਿ -ਗੁਰੂ ਬਡੇਰਾ।
ਬਿਦਤਹਿ ਆਪ ਛਪ੍ਯੋ ਨਹਿਂ ਰਹੈ-।
ਇਮ ਬਿਚਾਰ ਕਰਿ ਕੋਇ ਨ ਕਹੈ ॥੩੭॥
ਸਭਿ ਕੀ ਇੱਛਾ ਪੂਰਨ ਕਰੀ।
ਗ੍ਰੀਵ ਨਿਵਾਇ ਨੰਮ੍ਰਤਾ ਧਰੀ।
ਨਮੋ ਕਰਹਿਂ ਸਭਿ ਆਦਿ ਮਸੰਦ।
ਧਰੇ ਸ਼ੋਕ ਉਰ ਅਧਿਕ ਅਨੰਦ ॥੩੮॥
ਕਰ੍ਯੋ ਹੁਕਮ ਸਤਿਗੁਰ ਢਿਗ ਦਾਸ।
'ਅਬਿ ਸੰਗਤਿ ਕੀ ਪੂਰਨ ਆਸ।
ਕਹੋ ਸਭਿਨਿ ਸੋਂ ਪੌਰ ਅਗਾਰੀ।
ਥਿਰਹੁ ਕਰਹੁ ਸਤਿਨਾਮ ਉਚਾਰੀ ॥੩੯॥
ਪਠਹਿ ਸੁਨਹਿ ਇਕ ਚਿਤ ਗੁਰ ਬਾਨੀ।
ਜਾਗ੍ਰਨਿ ਕਰਹਿਂ ਹੋਇ ਸਵਧਾਨੀ।
ਲੇਹੁ ਬੁਲਾਇ ਰਬਾਬੀ ਜੋਇ।
ਕਰਹਿਂ ਸ ਪ੍ਰੇਮ ਕੀਰਤਨ ਸੋਇ ॥੪੦॥
ਬਿਨਾ ਭਜਨ ਕਰਿਬੋ ਸਤਿਨਾਮ।

ਨਹਿਂ ਕੋ ਬੋਲਹਿ ਥਿਰਹਿ ਜੁ ਧਾਮ।
ਅਬਿ ਹਮ ਕਰਹਿਂ ਪ੍ਰਲੋਕ ਪਯਾਨਾ।
ਬਨਹਿਂ ਇਕਾਂਕੀ ਨਿਜ ਅਸਥਾਨਾ'
॥ ੪੧ ॥
ਸੁਨਿ ਗੁਰ ਹੁਕਮ ਸਭਾ ਸਭਿ ਜੋਇ।
ਉਠਿ ਉਠਿ ਹਾਥ ਜੋਰਿ ਕਰਿ ਦੋਇ।
ਨਮੋ ਕਰਹਿਂ ਦਰਸ਼ਨ ਕੋ ਦੇਖਿ।
ਜਿਨ ਕੇ ਮਸਤਕ ਭਾਗ ਵਿਸ਼ੇਖਾ
॥ ੪੨ ॥
ਅਪਰ ਕਾਮਨਾ ਜੋ ਜੋ ਧਰੀ।
ਪੂਰਨ ਕੀਨਿ ਗੁਰੂ ਤਿਸ ਘਰੀ।
ਅਧਿਕ ਪ੍ਰੇਮ ਜੁਤਿ ਬਿਛੁਰੇ ਗੁਰ ਤੇ।
ਸ਼ੋਕ ਬਿਸਾਲ ਦੀਨ[1] ਬਡ ਉਰ ਤੇ
॥ ੪੩ ॥
ਸਿਖ ਸਮੁਦਾਇ ਪੌਰ ਪਰ ਥਿਰੈਂ।
ਸੱਤਿਨਾਮ ਕੋ ਸਿਮਰਨਿ ਕਰੈਂ।
ਲਗੇ ਰਬਾਬੀ ਕਿਰਤਨ ਕਰਿਬੇ।
ਜਿਹ ਸੁਨਿਬੇ ਸਭਿ ਕਲਮਲ ਹਰਿਬੇ
॥ ੪੪ ॥

[1]ਨਿਮਾਣੇ। ਉਦਾਸ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾ ਅਰਪਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥ ੫੨ ॥

## ੫੩. [ਸੱਚਖੰਡ ਪਯਾਨ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:
ਇਸ ਕ੍ਰਿਤ ਕੋ ਕਰਤੇ ਗੁਰੂ,
ਕਹਨਿ ਸੁਨਨਿ ਬਿਸਤਾਰ।
ਬੀਤ ਗਈ ਅਧ ਜਾਮਨੀ,
ਚਹੈਂ ਪ੍ਰਲੋਕ ਪਧਾਰਿ ॥੧॥

ਚੌਪਈ:
ਅੰਤ ਸਮਾ ਲਖਿ ਜਨਨੀ[1] ਆਈ।
ਦੇਖਤਿ ਪੁੱਤ੍ਰ ਗਾਤ[1] ਮੁਰਝਾਈ।
ਅੱਸ਼੍ਰ ਬਿਲੋਚਨਿ ਤੇ ਬਹੁ ਡਾਰਹਿ।
ਸੰਕਟ ਸ਼ੋਕ ਰਿਦੈ ਬਹੁ ਧਾਰਹਿ ॥੨॥
ਸਰਬ ਪ੍ਰਕਾਰ ਗੁਰੂ ਸਮਰੱਥ।
ਲਘੁ ਦੀਰਘ ਟੇਕਹਿ ਪਦ ਮੱਥ।
ਅੰਤਰਜਾਮੀ ਸਭਿ ਮਨ ਕੇਰੇ।
ਬਡ ਤੇ ਲਘੁ, ਲਘੁ ਕਰਹਿਂ ਬਡੇਰੇ ॥੩॥
ਤਜਾਗਨਿ ਧਰਬੋ ਕਰਨਿ ਸਰੀਰ[1]।
ਜਿਨ ਕੇ ਹੈ ਅਧੀਨ ਉਰ ਧੀਰ।
ਮਹਿਮਾ ਸੁਤ ਕੀ ਜਾਨਤਿ ਸਾਰੀ।
ਗਜਾਤਾ ਦੇਸ਼ ਕਾਲ ਕੀ ਭਾਰੀ ॥੪॥
ਭੂਤ ਭਵਿੱਖਜਤ ਮਹਿਂ ਗਤਿ ਹੋਇ।
ਸਗਰੀ ਜਾਨਤਿ ਹੈ ਮਨ ਸੋਇ।
ਨਿਤ ਸਰਬੱਗ ਸ਼ਕਤਿ ਮਹਿਂ ਭਾਰੀ।
ਜਿਨ ਕੀਰਤਿ ਜਗ ਬਹੁ ਬਿਸਤਾਰੀ ॥੫॥
ਨਿਕਟਿ ਬੈਠਿ ਮੁਖ ਕਮਲ ਬਿਲੋਕਾ।
ਸਦਾ ਪ੍ਰਫੁੱਲਜਤਿ ਕਬਹੁਂ ਨ ਸ਼ੋਕਾ।
ਭਈ ਦੀਨ ਮੁਖ ਬੋਲੀ ਬਾਨੀ।
'ਸੁਨਹੁ ਪੁੱਤ੍ਰ! ਤੁਮ ਗੁਨ ਗਨ ਖਾਨੀ ॥੬॥
ਕਹੌਂ ਕਹਾਂ ਮੈਂ ਬਾਤ ਬਨਾਈ?

[1]ਮਾਤਾ।
[1]ਸਰੀਰ।
[1]ਸਰੀਰ ਦਾ ਧਾਰਨ ਕਰਨਾ ਯਾ ਤਿਆਗਣ ਕਰਨਾ।

ਆਗੇ ਕਹੀ ਸੁ ਆਪ ਹਟਾਈ।
ਗੁਰਤਾ ਆਦਿਕ ਦੈਬੇ ਕਾਰ।
ਕਰੀ ਸਰਬ ਹੀ ਭਲੇ ਸੁਧਾਰਿ ॥੭॥
ਮੈਂ ਨਿਸ਼ਪੁੱਤ੍ਰਾ[1] ਹ੍ਵੈ ਕਿਮ ਜੀਵੌਂ। [1]ਪੁੱਤ੍ਰ ਰਹਿਤ।
ਤੁਮਹਿਂ ਬਿਲੋਕੇ ਆਨੰਦ ਥੀਵੌਂ।
ਪਤਿ[1] ਪਾਛੇ ਕੁਛ ਸ਼ੋਕ ਨ ਕੀਨਿ। [1]ਭਾਵ ਸ਼੍ਰੀ ਗੁਰੂ ਹਰਿਰਾਇ ਜੀ ਦੇ।
ਹਰਖੀ ਪਿਖਿ ਗੁਰਤਾ ਤੁਮ ਲੀਨਿ ॥੮॥
ਆਪ ਕਰਹੁ ਪਰਲੋਕ ਪਯਾਨਾ।
ਮੈਂ ਝੂਰਤਿ ਕਰਿ ਸ਼ੋਕ ਮਹਾਨਾ।
ਬਡੇ ਭਾਗ ਸਤਿਗੁਰ ਘਰ ਆਈ।
ਤੁਮ ਜਨਮੇ ਅਤਿ ਭਈ ਬਧਾਈ ॥੯॥
ਅਬਿ ਡੂਬੌਂ ਦੁਖ ਸਿੰਧੁ ਮਝਾਰੇ।
ਕੋ ਕੇਵਟ ਹੁਇ ਪਾਰ ਉਤਾਰੇ।
ਤੁਮ ਬਿਨ ਦੇਖੇ ਜਿਯੌਂ ਨ ਕੈਸੇ।
ਜਲ ਤੇ ਬਿਛੁਰੀ ਮਛਰੀ ਜੈਸੇ' ॥੧੦॥
ਇੱਤਯਾਦਿਕ ਮਾਤਾ ਬਚ ਕਹੇ।
ਜਿਸ ਕੇ ਸੁਨਤਿ ਦਾਸ ਦੁਖ ਲਹੇ।
ਸ਼੍ਰੀ ਹਰਿ ਕ੍ਰਿਸ਼ਨ ਬਿਲੋਕਿ ਦੁਖਾਰੀ।
ਬਹੁ ਪ੍ਰਕਾਰ ਕਰਿ ਧੀਰ ਉਚਾਰੀ ॥੧੧॥
'ਤਨ ਜਾਨਹੁਂ ਸਭਿ ਬਿਨਸਨ ਹਾਰੇ।
ਇਸ ਤੇ ਕਯੋਂ ਅਤਿਸ਼ੈ ਦੁਖ ਧਾਰੇ।
ਰਹੀ ਕਿਤਿਕ ਬਾਕੀ ਬਯ[1] ਤੇਰੀ? [1]ਆਯੂ।
ਤਨ ਤਜਿ ਪਹੁੰਚਹਿਂ ਸੁਖ ਬਹੁ ਹੇਰੀ ॥੧੨॥
ਜਨਮ ਮਰਨ ਦੁਖ ਲੇਸ਼ ਨ ਜਹਾਂ।
ਮਮ ਪਿਤ ਨਿਕਟਿ ਪਹੂਚਹਿਂ ਤਹਾਂ।'
ਇਮ ਕਹਿ ਮਾਯਾ ਮੋਹ ਮਿਟਾਯਹੁ।
ਜਨਨੀ ਮਨ ਮਹਿਂ ਗਯਾਨ ਉਪਾਯਹੁ ॥੧੩॥
ਭਈ ਮਗਨ ਕੁਛ ਆਇ ਨ ਬਾਨੀ।
ਲਖਿ ਸੁਤ ਮਹਿਮਾ ਮਹਾਂ ਮਹਾਨੀ।
ਅਰਧ ਰਾਤਿ ਊਪਰ ਇਕ ਘਰੀ।

ਚਢਨਿ ਹੇਤੁ ਗੁਰ ਤਯਾਰੀ ਕਰੀ ॥੧੪॥
ਕਿਤਿਕ ਦਾਸ ਢਿਗ ਮਾਤ ਨਿਹਾਰਹਿਂ।
ਤੂਸ਼ਨਿ ਹੋਇ ਸਥਿਰਤਾ ਧਾਰਹਿਂ।
ਬੋਲਤਿ ਕੋਮਲ ਬਾਕ ਸੁਹਾਏ।
ਸ੍ਰੀ ਮੁਖ ਪਰ ਕਰ ਸੋਂ ਪਟ[1] ਪਾਏ ॥੧੫॥ [1]ਬਸਤ੍ਰ।
ਲਿਯੋ ਅਛਾਦਿ, ਛਿਨਕ ਮਹਿਂ ਪਯਾਨੇ।
ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਮਾਨੇ।
ਬ੍ਰਹਮਾਦਿਕ ਨਾਰਦ ਮੁਨਿ ਸਾਥ।
ਸਕਲ ਦੇਵ ਯੁਤਿ ਦੇਵਨਨਾਥ[1] ॥੧੬॥ [1]ਇੰਦ੍ਰ।
ਗੁਰ ਆਗਵਨ ਜਾਨਿ ਸਭਿ ਆਏ।
ਬਾਦਤਿ ਦੁੰਦਿਭ[1] ਆਦਿ ਬਜਾਏ। [1]ਵਾਜੇ ਧੌਂਸੇ।
ਪੁਸ਼ਪਨਿ ਮਾਲ ਬਿਸਾਲ ਅਨੰਦਤਿ।
ਧੂਪ ਧੁਖਾਵਤਿ ਗੁਰ ਕੋ ਬੰਦਿਤ ॥੧੭॥
ਅਨਿਕ ਪ੍ਰਕਾਰਨ ਕੇ ਉਤਸਾਹੂ।
ਰਚਹਿਂ ਦੇਵ ਮਿਲਿ ਆਪਸ ਮਾਂਹੂ।
ਚਢਿ ਬਿਬਾਨ ਪਰ ਗੁਰੂ ਪਯਾਨੇ।
ਮਣੀਅਨਿ ਮੁਕਤਾ[1] ਗਨ ਲਰਕਾਨੇ ॥੧੮॥ [1]ਮੋਤੀ।
ਦੇਵਬਧੂ[1] ਨਾਚਤਿ ਅਗਵਾਈ। [1]ਅਪਸਰਾਂ।
ਚਲੇ ਜਾਤਿ ਹ੍ਵੈ ਅਨਿਕ ਬਧਾਈ।
ਕਿੰਨਰ ਗੰਧ੍ਰਬ ਮਿਲਿ ਸਮੁਦਾਯਾ।
ਸਭਿਹਿਨਿ ਮਹਿਂ ਅਨੰਦ ਬਡ ਛਾਯਾ ॥੧੯॥
ਪਹੁੰਚੇ ਪ੍ਰਭੁ ਬੈਕੁੰਠ ਸਥਾਨ।
ਅਤਿ ਅਨੰਦ ਮਹਿਂ ਗੁਰ ਭਗਵਾਨ।
ਸੁਰ ਸਭਿ ਨਿਜ ਨਿਜ ਥਾਨ ਸਿਧਾਏ।
ਕੀਰਤਿ ਕਰਤਿ ਗੁਰਨਿ ਕੀ ਜਾਏ ॥੨੦॥
ਜਬਿ ਤਨ ਤਯਾਗਯੋ ਜਨਨੀ ਜਾਨਾ।
ਦਾਸਨਿ ਸੋਂ ਤਬਿ ਬਾਕ ਬਖਾਨਾ।
'ਦੇਖਹੁ ਸਤਿਗੁਰ ਕੀ ਅਬਿ ਦੇਹਿ।

ਪ੍ਰਾਨ ਨਹੀਂ ਜਾਨੇ ਮਨ ਏਹ' ॥੨੧॥
ਤਬਿ ਉਘਾਰਿ ਮੁਖ ਦਾਸ ਨਿਹਾਰਾ।
ਜਥਾ ਪ੍ਰਫੁੱਲਿਤਿ ਕਮਲ ਉਦਾਰਾ।
ਮ੍ਰਿਤਕ ਚਿੰਨ੍ਹ ਇਕ, ਪ੍ਰਾਣ ਨ ਆਵਤਿ।
ਅਪਰ ਪ੍ਰਭਾ ਤਿਮ ਕੀ ਦ੍ਰਿਸ਼ਟਾਵਤਿ
॥੨੨॥
ਬਹੁਰੋ ਬਦਨ ਅਛਾਦਨਿ ਕਰਜੋ[1]।
ਸਭਿ ਕੇ ਦ੍ਰਿਗ ਪੂਰਨ ਜਲ ਢਰਜੋ।
ਰੁਦਿਤਿ ਭਏ ਜਬਿ ਅੰਤਰ ਸਾਰੇ।
ਵਹਿਰ ਪੌਰ ਪਰ ਸੁਨੀ ਪੁਕਾਰੇ ॥੨੩॥
ਜਾਨਜੋ ਸਭਿਨਿ ਸਮਾਵਤਿ ਭਏ।
ਅਪਨਿ ਪੁਰੀ ਕੋ ਪ੍ਰਾਪਤ ਥਿਏ।
ਸਿਮਰਤਿ ਸੱਤਿਨਾਮ ਸਹਿ ਸ਼ੋਕਾ।
ਹੁਤੇ ਪੌਰ ਪਰ ਜੇਤਿਕ ਲੋਕਾ ॥੨੪॥
ਸੁਨਿ ਜੈ ਸਿੰਘ ਕੋ ਦੂਤ ਸਿਧਾਰਜੋ।
ਜਾਇ ਪਾਸ ਤਿਸ ਭੇਵ ਉਚਾਰਜੋ।
ਨ੍ਰਿਪ ਸੁਨਿ ਸ਼ੋਕ ਬਿਸਾਲ ਉਪਾਯੋ।
ਸਿਮਰਿ ਸਿਮਰਿ ਗੁਰ ਗੁਨ ਪਛੁਤਾਯੋ
॥੨੫॥
ਸ਼ਾਹੁ ਨਿਕਟਿ ਸੁਧਿ ਤਬਿ ਪਹੁੰਚਾਈ।
'ਜਾਮ ਜਾਮਨੀ ਤੀਨ ਬਿਤਾਈ।'
ਸੁਨਿ ਕੈ ਸੁਧਿ ਤਗੀਦ ਪੁਨ ਕਰੀ।
'ਮੈਂ ਆਵੌਂ ਚਲਿ ਕਰਿ ਜਿਸ ਘਰੀ
॥੨੬॥
ਤਬਿ ਕਰਨੋ ਸਸਕਾਰ ਸਰੀਰ।
ਬਾਲ ਗੁਰੂ ਹਰਿਕ੍ਰਿਸ਼ਨ ਸਧੀਰ।'
ਨ੍ਰਿਪ ਕੋ ਆਨਿ ਸਕਲ ਸਮੁਝਾਈ।
'ਸ਼ਾਹੁ ਆਪ ਸੋਂ ਇਮ ਫੁਰਮਾਈ'
॥੨੭॥
ਸੁਨਿ ਜੈ ਸਿੰਘ ਗਯੋ ਤਤਕਾਲ।
ਅੰਮ੍ਰਿਤ ਵੇਲਾ ਹੁਤੋ ਬਿਸਾਲ।
ਜਾਇ ਪੌਰ ਪਰ ਬੈਠਜੋ ਸੋਇ।

[1]ਢੱਕ ਦਿੱਤਾ।

ਆਇ ਅਪਰ ਬੈਠਹਿਂ ਸਭਿ ਕੋਇ
॥੨੮॥
ਭਈ ਪ੍ਰਭਾਤਿ ਸੁਨਜੋਂ ਪੁਰਿ ਸਾਰੇ।
ਸਿਖ ਸੰਗਤਿ ਭਾ ਮੇਲ ਉਦਾਰੇ।
ਚੰਦਨ ਲੇ ਲੇ ਪਹੁੰਚੇ ਕੋਇ।
ਤਿਲ ਅਰੁ ਘਿੱਤ੍ਰ ਘਨੋ ਲੇ ਸੋਇ ॥੨੯॥
ਅਨਿਕ ਸੁਗੰਧਨਿ ਲਜਾਵਨਿ ਕਰੈਂ।
ਸ਼ੋਕ ਬਿਸਾਲ ਸਿੱਖਜ ਬਹੁ ਧਰੈਂ।
ਭਈ ਭੀਰ ਨਰ ਮਿਲੇ ਹਜ਼ਾਰੋਂ।
ਸੁਨਿ ਸੁਧਿ ਚਲੇ ਆਇ ਦੁਖ ਧਾਰੋ
॥੩੦॥
ਬੈਠਹਿ ਸਿਮਰਹਿਂ ਗੁਰ ਗੁਨ ਘਨੇ।
'ਕਸ਼ਟ ਅਨਿਕ ਦਰਸ਼ਨ ਤੇ ਹਨੇ।
ਜਬਿ ਕੇ ਪੁਰਿ ਮਹਿਂ ਭਏ ਪ੍ਰਵੇਸ਼।
ਤਬਿ ਤੇ ਨਾਸ਼ੇ ਰੋਗ ਅਸ਼ੇਸ਼' ॥੩੧॥
ਜੈਪੁਰਿ ਨਾਥ ਆਦਿ ਸਭਿ ਕਹੈਂ।
'ਸਰਬ ਕਲਾ ਸਮਰਥ ਪ੍ਰਭੁ ਲਹੈਂ।'
ਕੇ ਚਿਤ ਰਾਮਰਾਇ ਕੋ ਨਿੰਦਹਿਂ।
'ਮਤਸਰ ਧਰਤਾ ਬਹੁ' ਉਰ ਬਿੰਦਹਿਂ[1] [1]ਸਮਝਦੇ ਹਨ।
॥੩੨॥
'ਸ਼ਾਹੁ ਨਿਕਟਿ ਕਹਿ ਪ੍ਰਥਮ ਹਕਾਰੇ।
ਪੁਰਿ ਪ੍ਰਵਿਸ਼ੇ ਪਿਖਿ ਸ੍ਰਾਪ ਉਚਾਰੇ।
ਇਨਹੁੰ ਨ ਚਹਜੋ ਸ਼ਾਹੁ ਸੋਂ ਮੇਲਾ।
ਦਰਸ਼ਨ ਦੀਨਿ ਨ ਲੀਨਿ ਸੁਹੇਲਾ[1] [1]ਨਾ ਦਰਸ਼ਨ ਕੀਤਾ ਨਾ ਸੁਹਣਾ ਦਰਸ਼ਨ ਦਿੱਤਾ।
॥੩੩॥
ਕਹੇ ਪਿਤਾ ਕੇ ਮਹਿਂ ਇਹ ਰਹੇ।
ਦੇਨੀ ਕਰਾਮਾਤ ਨਹਿਂ ਚਹੇ।
ਧੰਨ ਗੁਰੂ ਹਰਿਕ੍ਰਿਸ਼ਨ ਮਹਾਨੇ।
ਧੀਰ ਗੰਭੀਰ ਅਭੀਰ ਸੁਜਾਨੇ ॥੩੪॥
ਨਿਜ ਪ੍ਰਣ ਤੇ ਨਹਿਂ ਚਲੇ[1] ਗੁਸਾਈਂ। [1]ਹਟੇ।
ਨਹਿਂ ਮਿਲਿਬੇ ਕੀ ਲਖੀ ਬਡਾਈ।
ਧਨ ਪੂਜਾ ਕੀ ਚਾਹ ਨ ਕੋਈ।

ਸਦਾ ਸਹਾਇਕ ਦਾਸਨਿ ਹੋਈ' ॥੩੫॥
ਇੱਤ੍ਯਾਦਿਕ ਗੁਨ ਬਰਨਨ ਕਰੈਂ।
ਸ਼ੀਲ ਸਰੂਪ ਮ੍ਰਿਦੁਲ ਸ਼ੁਭ ਧਰੈਂ।
ਭਈ ਪੌਰ ਆਗੇ ਬਹੁ ਭੀਰ।
ਤਜਹਿਂ ਬਿਲੋਚਨ ਤੇ ਸਿਖ ਨੀਰ ॥੩੬॥
ਅੰਤਰ ਦਾਸੀ ਦਾਸ ਘਨੇਰੇ।
ਰੋਦਤਿ ਉਪਜ੍ਯੋ ਸ਼ੋਕ ਬਡੇਰੇ।
ਸੁਤ ਕੇ[†] ਸਿਮਰਿ ਸਿਮਰਿ ਗੁਨ ਭਾਰੀ। [†]ਪਾ:-ਕੋ।
ਦੁਖੀ ਹੋਤਿ ਅਤਿਸ਼ੈ ਮਹਿਤਾਰੀ ॥੩੭॥
ਤ੍ਯਾਰੀ ਕਰਨਿ ਲਗੇ ਸਸਕਾਰਨਿ।
ਨਿਕਟਿ ਸਥਲ ਸ਼ੁਭ ਕਰ੍ਯੋ ਨਿਹਾਰਨਿ।
ਸਕਲ ਸਮਿੱਗ੍ਰੀ ਲੇ ਪਹੁਚਾਈ।
ਸ਼ਾਹੁ ਪ੍ਰਤੀਖਤਿ ਜੈਪੁਰਿ ਰਾਈ[1] ॥੩੮॥ [1]ਜੈਪੁਰ ਦਾ ਰਾਜਾ ਉਡੀਕਦਾ ਹੈ ਬਾਦਸ਼ਾਹ ਨੂੰ।
ਇਤਨੇ ਮਹਿਂ ਇਕ ਨਰ ਤਹਿਂ ਆਯੋ।
ਨ੍ਰਿਪ ਸੋਂ ਸਕਲ ਬ੍ਰਿਤੰਤ ਸੁਨਾਯੋ।
ਆਵਤਿ ਸ਼ਾਹੁ ਦੇਰ ਨਹਿਂ ਕੋਈ।
ਅਸਵਾਰੀ ਢਿਗ ਪਹੁਚਨਿ ਹੋਈ[1] ॥੩੯॥ [1]ਅਸਵਾਰੀ ਪਾਸ ਪਹੁੰਚੀ ਹੋਈ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਕ੍ਰਿਸ਼ਨ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

## ੫੪. [ਸਰੀਰ ਦਾ ਸਸਕਾਰ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਸ਼ਾਹੁ ਸਨਾਨ ਪ੍ਰਭਾਤਿ ਕਰਿ,
ਪੋਸ਼ਿਸ਼ ਪਹਿਰਿ ਨਵੀਨ।
ਪਿਖਨਿ ਚਲ੍ਯੋ ਚਿਤਵੰਤਿ ਚਿਤ,
-ਦਰਸੌਂ ਗੁਰੁ ਪ੍ਰਬੀਨ ॥੧॥

ਚੌਪਈ:

ਜਿਯਤਿ ਮੇਲ ਨਹਿਂ ਮੋ ਸੰਗ ਕਰ੍ਯੋ।
ਕਹਿ ਬਹੁ ਰਹ੍ਯੋ ਅਧਿਕ ਹਠ ਧਰ੍ਯੋ।
ਅਬਿ ਸਰੂਪ ਮੈਂ ਦੇਖੌਂ ਜਾਈ।
ਅਜ਼ਮਤ ਹੈ ਕਿ ਨਹੀਂ ਬਿਧਿ ਕਾਈ-
॥੨॥
ਏਵ ਬਿਚਾਰਤਿ ਤੁਰਨ ਆਯੋ।
ਭੀਰ ਸੈਂਕਰੇ ਨਰ ਕੀ ਲ੍ਯਾਯੋ।
ਹੇਰਨਿ ਹੇਤੁ ਹਜ਼ਰਾਹੁੰ ਆਵੈਂ।
ਸ਼ਾਹੁ ਪਿਛਾਰੀ ਚਲਿ ਉਤਲਾਵੈਂ ॥੩॥
ਆਇ ਪੌਰ ਪਰ ਉਤਰ੍ਯੋ ਤਬਿਹੂੰ।
ਦੇਖਤਿ ਉਠੇ ਆਦਿ ਨ੍ਰਿਪ ਸਭਿਹੂੰ।
ਨੰਮ੍ਰਿ ਹੋਇ ਸਨਮਾਨ ਕਰੰਤੇ।
ਭਈ ਭੀਰ ਬਹੁ ਕੋ ਹਟਕੰਤੇ ॥੪॥
ਜੈ ਸਿੰਘ ਸੰਗ ਬੂਝਿ ਬਿਰਤੰਤਾ।
ਅੰਤਰ ਬਰ੍ਯੋ ਪਿਖਨਿ ਉਮਕੰਤਾ[1]।
ਰਿਦੇ ਮਨੋਰਥ ਕੋ ਇਮ ਕਰ੍ਯੋ।
-ਨਹਿਂ ਮਿਲਿਬੇ ਕੋ ਹਠ ਬਹੁ ਧਰ੍ਯੋ
॥੫॥
ਸਿੱਖ੍ਯਾ ਦੀਨਸਿ ਬਡੇ ਹਮਾਰੇ।
ਸੋ ਹਮ ਨੇਮ ਨਿਬਾਹ੍ਯੋ ਸਾਰੇ।
ਜੀਵਤਿ ਜਾਵਤ ਤਾਵਤ ਰਹ੍ਯੋ।
ਅਬਿ ਸੋ ਮਿਟੈ ਦਰਸ ਕੋ ਲਹ੍ਯੋ ॥੬॥
ਕਿਸ ਉਪਾਇ ਤੇ ਨੇਮ ਨ ਰਹੈ।
ਪਿਤਾ ਸੀਖ ਕੋ ਜਿਸ ਬਿਧਿ ਕਹੈ।

[1]ਦੇਖਣਾ ਚਾਹੁੰਦਾ ਹੋਇਆ।

ਕਜਾ ਅਜ਼ਮਤ ਕੋ ਕਰਹਿਂ ਦਿਖਾਵਨਿ।
ਦੇਖਿ ਲੇਉਂ ਮੈਂ ਦਰਸ਼ਨ ਪਾਵਨ[1]- ॥੭॥ [1]ਪਵਿੱਤ੍ਰ।
ਇਮ ਚਿਤਵਤਿ ਸਭਿ ਲੋਕ ਹਟਾਏ।
ਏਕਲ ਪ੍ਰਵਿਸ਼ਯੋ ਅੰਤਰ ਜਾਏ।
ਮਾਤ ਆਦਿ ਦਾਸੀ ਗਨ ਦਾਸ।
ਤਤਛਿਨ ਪ੍ਰਵਿਸ਼ੇ ਅਪਰ ਅਵਾਸ[1] ॥੮॥ [1]ਹੋਰ ਘਰ ਵਿੱਚ।
ਖਰੋ ਰਹ੍ਯੋ ਇਕ ਸੇਵਕ ਤੀਰ।
ਤੂਸ਼ਨਿ[1] ਤਜਤਿ ਬਿਲੋਚਨ ਨੀਰ। [1]ਚੁੱਪ।
ਨਹੀਂ ਹਟਾਇ ਸਕਹਿ ਤਬਿ ਕੋਇ।
ਤੁਰਕੇਸ਼ਰ ਦਿੱਲੀਪਤਿ ਜੋਇ ॥੯॥
ਜਨਨੀ ਮਨ ਮਹਿਂ ਕੁਛਕ ਬਿਚਾਰੈ।
-ਨਹਿਂ ਸਮਰੱਥ ਭਈ ਹਟਕਾਰੈ।
ਤਤਛਿਨ ਆਇ ਬਿਲੋਕਨਿ ਕਰੇ।
ਬਸਤ੍ਰ ਅਛਾਦਤਿ ਤਨ ਪਰ ਪਰੇ- ॥੧੦॥
ਠਾਂਢੋ ਭਯੋ ਜਾਇ ਢਿਗ ਸ਼ਾਹੁ।
-ਪਿਖੌਂ ਬਦਨ- ਇਮ ਠਟਿ ਮਨ ਮਾਂਹੁ।
ਕਹ੍ਯੋ ਦਾਸ ਸੋਂ ਨਿਕਟਿ ਜਿ ਠਾਂਢੋ।
'ਬਸਤ੍ਰ ਟਾਰਿ ਇਨ ਕੋ ਮੁਖ ਕਾਢੋ ॥੧੧॥
ਮੁਝ ਕੋ ਦਰਸ਼ਨ ਦੇਹ ਕਰਾਈ।
ਆਯਹੁ ਇਸ ਕਾਰਨ ਉਤਲਾਈ।'
ਸੁਨਿ ਸੇਵਕ ਅਵਰੰਗ ਢਿਗ ਹ੍ਵੈ ਕੈ।
ਬਸਤ੍ਰ ਗਹ੍ਯੋ ਕਰ, ਬੰਦਨ ਕੈ ਕੈ[1] ॥੧੨॥ [1]ਹੱਥ ਨਾਲ ਬਸਤ ਫੜਿਆ ਬੰਦਨਾਂ ਕਰਕੇ।
ਜਬਿ ਊਚੋ ਕਰਿ ਲਗ੍ਯੋ ਦਿਖਾਵਨਿ।
ਕਿਸ ਤੇ ਕਰ੍ਯੋ ਨ ਜਾਇ ਹਟਾਵਨਿ।
ਜਬਿ ਨੌਰੰਗ ਤਿਤ ਦ੍ਰਿਸ਼ਟਿ ਲਗਾਈ।
ਧਰਾ ਦਰਜ[1] ਦੀਰਘ ਲਖਿ ਪਾਈ ॥੧੩॥ [1]ਦਰਾੜ, ਤ੍ਰੇੜ।

ਸਤਿਗੁਰ ਦੇਹ ਨਹੀਂ ਦ੍ਰਿਸ਼ਟਾਵੈ।
ਦੀਹ[1] ਦਰਜ ਮਹਿਂ ਦ੍ਰਿਸ਼ਟਿ ਚਲਾਵੈ। [1]ਭਾਰੀ।
ਤਹਾਂ ਭਯਾਨਕ ਅਤਿ ਕੁਛ ਦੇਖਾ।
ਦੇਖਤਿ ਉਪਜਯੋ ਕੰਪ ਵਿਸ਼ੇਖਾ ॥੧੪॥
ਦੰਤ ਗਏ ਮਿਲਿ ਕਹ੍ਯੋ ਨ ਜਾਈ।
ਭਯੋ ਸਥੰਭ ਅਚਲ ਕੀ ਨਜਾਈ[1]। [1]ਥੰਭ ਕੇ ਰੁਕ ਗਿਆ ਜਿਵੇਂ ਪਰਬਤ (ਅ) ਥੰਮੇ ਵਾਂਙੂ ਅਹਿਲ ਹੋ ਗਿਆ।
ਜੜੀ ਭੂਤ ਐਸੇ ਹੁਇ ਗਯੋ[1]। [1]ਐਉਂ ਜੜ੍ਹ ਹੋ ਗਿਆ।
ਇੰਦ੍ਰੈ ਗਨ ਸਰੀਰ ਥਿਰ ਭਯੋ[1] ॥੧੫॥ [1]ਭਾਵ ਸਾਰੇ ਇੰਦਰੇ ਤੇ ਸਰੀਰ ਪਥਰਾ ਗਏ।
ਆਇ ਘੁਮੇਰੀ ਗਿਰਿਬੇ ਚਾਹੀ।
ਬਿਹਬਲ ਹੋਤਿ ਜਾਤਿ ਸੁਧਿ ਨਾਂਹੀ।
ਬਿਖਰੇ ਜਾਹਿਂ ਅੰਗ ਬਰਿਆਈ[1]। [1]ਜ਼ੋਰੋ ਜ਼ੋਰੀ।
ਅਧਿਕ ਤ੍ਰਾਸ ਤੇ ਥਿਰਯੋ ਨ ਜਾਈ ॥੧੬॥
ਬਾਂਹੁ ਏਕ ਹੀ ਬਾਰ ਪਸਾਰੀ।
ਨਿਕਟਿ ਦਾਸ ਗੁਰ, ਤਿਸ ਪਰ ਡਾਰੀ।
ਪਰਯੋ ਭਾਰ ਛੁਟਯੋ ਪਟ ਕਰ ਤੇ।
ਹੋਇ ਸ਼ਾਹੁ ਦਿਸ਼ ਗਿਰਤਿ ਸੰਭਰਤੇ[1] ॥੧੭॥ [1]ਸ਼ਾਹ ਵਾਲੇ ਪਾਸੇ ਹੋਕੇ ਡਿੱਗਦੇ (ਸ਼ਾਹ ਨੂੰ ਸਿੱਖ ਨੇ) ਸੰਭਾਲਿਆ।
ਛਾਦਯੋ ਸਤਿਗੁਰ ਕੋ ਤਨ ਜਬੈ।
ਭੈ ਬਿਨ ਹੋਤਿ ਭਯੋ ਕੁਛ ਤਬੈ।
ਸੁਧਿ ਪ੍ਰਾਪਤਿ ਤੂਰਨ ਤਬਿ ਚਾਲਾ।
ਨਿਕਸਯੋ ਵਹਿਰ ਜਹਾਂ ਨਰ ਜਾਲਾ ॥੧੮॥
ਜੈ ਸਿੰਘ ਮਿਲਯੋ ਅਗਾਊ ਹੋਇ।
ਦੇਖਤਿ ਮੁਖ ਕੋ ਬਿਸਮਯੋ ਸੋਇ।
ਅਧਿਕ ਅਧੀਰਜ ਦ੍ਰਿਗ ਜਲ ਚਾਲਾ।
ਬੋਲਯੋ ਜਾਇ ਨਹੀਂ ਤਿਸ ਕਾਲਾ ॥੧੯॥
ਪਿਖਯੋ ਕਹਾਂ, ਨਹਿਂ ਜਾਇ ਬਤਾਯਹੁ।
ਡਰਤਿ ਰਿਦਾ ਬਿਹਬਲ ਦ੍ਰਿਸ਼ਟਾਯਹੁ।
ਪੁਨ ਉਮਰਾਵ ਅਪਰ ਚਲਿ ਆਏ।

ਤਿਨ ਕੰਧੇ ਪਰ ਹਾਥ ਟਿਕਾਏ ॥੨੦॥
ਕਰੀ ਹਕਾਰਨਿ ਸੁਖ ਅਸਵਾਰੀ।
ਗਮਨਜੋ ਦੁਰਗ ਦਿਸ਼ਾ ਡਰ ਧਾਰੀ।
ਨਹਿਂ ਕਿਸਹੂੰ ਸੋਂ ਕਛੂ ਜਨਾਈ।
ਆਵਤਿ ਲਾਜ ਨ ਜਾਇ ਬਤਾਈ ॥੨੧॥
ਜਿਮ ਸੰਘਰ ਮਹਿਂ ਖੜਗ ਚਲੰਤੇ।
ਸ਼੍ਰੋਣਤ ਨਿਕਸਤਿ ਅੰਗ ਕਟੰਤੇ।
ਕਾਤੁਰ ਤ੍ਰਾਸ ਪਾਇ ਕਰਿ ਭਾਜੈ।
ਨਹਿਂ ਨਿਜ ਦਿਸ਼ਾ ਕਹਤਿ ਜਿਮ ਲਾਜੈ ॥੨੨॥
ਜਿਸ ਪ੍ਰਕਾਰ ਕਹਕਹ ਦੀਵਾਰ[1]।

[1]ਕਹਿ ਕਹਿ ਦੀਵਾਰ-ਮੁਸਲਮਾਨਾਂ ਨੇ ਮੰਨਿਆਂ ਹੈ ਕਿ ਕਾਫ ਪਹਾੜ ਪਰ ਇਕ ਕੰਧ ਹੈ, ਉਸਦੇ ਪਾਰ ਜੋ ਤੱਕੇ ਸੋ ਹੱਸੀ ਜਾਂਦਾ ਹੈ ਪਰ ਦੱਸ ਕੁਛ ਨਹੀਂ ਸਕਦਾ।

ਦਿਖਹਿ ਜੁ ਕਰੀ ਨ ਜਾਇ ਉਚਾਰਿ।
ਤਿਮ ਤੁਸ਼ਨਿ ਹੁਇ ਬਹੁ ਪਛੁਤਾਵਾ।
ਭੈ ਤੇ ਅਤਿ ਸੰਕਟ ਕੋ ਪਾਵਾ ॥੨੩॥
ਨਹਿਂ ਕਿਸ ਆਗੇ ਕਬਹੁਂ ਉਚਾਰੀ।
ਕਹੈ ਤਹਾਂ, ਨਹਿ ਬੁੱਧਿ ਮਝਾਰੀ।
ਤਿਸ ਪੀਛੇ ਜੈ ਸਿੰਘ ਤੇ ਆਦਿ।
ਕਰਨਿ ਲਗੇ ਸਭਿ ਜਿਮ ਮਿਰਜਾਦ ॥੨੪॥
ਰੋਦਤਿ ਮਾਤਾ ਸਕਲ ਬਤਾਵੈ[1]।

[1]ਸਭ (ਕੁਛ) ਦੱਸੀ ਜਾਂਦੀ ਹੈ।

ਦੌਰਤਿ ਦਾਸ ਸਕਲ ਸੋ ਲਜਾਵੈ।
ਮਿਲਿ ਸਭਿਹੂੰ ਕਰਿਵਾਇ ਸ਼ਨਾਨ।
ਸੀਂਚਿ ਸੁਗੰਧੈਂ ਬ੍ਰਿੰਦ ਮਹਾਨ ॥੨੫॥
ਬਸਤ੍ਰ ਨਵੀਨ ਰੁਚਿਰ ਪਹਿਰਾਏ।
ਕਹਿ ਕਰਿ ਭਲੋ ਬਿਵਾਨ ਬਨਾਏ।
ਤਿਸ ਪਰ ਸਤਿਗੁਰ ਕੋ ਪੌਢਾਯਹੁ।
ਚਹੁਂ ਦਿਸ਼ਿ ਫੂਲ ਮਾਲ ਲਰਕਾਯਹੁ ॥੨੬॥
ਧੂਪ ਧੁਖਾਵਤਿ ਅਨਿਕ ਪ੍ਰਕਾਰੇ।
ਕੰਧ ਉਠਾਇ ਮਸੰਦ ਸਿਧਾਰੇ।

ਸ਼ਬਦ ਰਬਾਬੀ ਗਾਵਤਿ ਜਾਤਿ।
ਸਿਮਰਤਿ ਸੱਤਿਨਾਮ ਸੁਖਦਾਤ ॥੨੭॥
ਕ੍ਰਿਸ਼ਨ ਕੁਇਰ ਜਨਨੀ[1] ਮਨ ਗਜਾਨ।
ਤਉ ਸ਼ੋਕ ਉਪਜੰਤਿ ਮਹਾਨ।
ਗੁਨ ਸਪੂਤ ਕੇ ਸਿਮਰਿ ਬਿਸਾਲੇ।
ਅਤਿ ਸਨੇਹ ਤੇ ਦ੍ਰਿਗ ਜਲ ਚਾਲੇ ॥੨੮॥
ਦਾਸੀ ਦਾਸ ਪ੍ਰਕਾਸ਼ਹਿਂ ਸ਼ੋਕ।
ਰੁਦਤਿ ਬਿਲੋਕਤਿ ਸੰਗਤਿ ਲੋਕ।
ਜਿਸ ਥਲ ਕੋ ਤਿਲੋਖਰੀ[†] ਨਾਮ।
ਨਿਕਟਿ ਵਹੈ ਜਨਮਾ ਅਭਿਰਾਮ ॥੨੯॥
ਤਹਿਂ ਚੰਦਨ ਕੇ ਭਾਰ ਗਿਰਾਏ।
ਤਿਲ ਘ੍ਰਿਤ ਆਦਿ ਲਜਾਇ ਸਮੁਦਾਏ।
ਸ਼ੋਕ ਬਿਸਾਲ ਸਮੇਤ ਬਿਵਾਨ।
ਕਰਜੋ ਉਤਾਰਨਿ ਸੋ ਤਿਸ ਥਾਨ ॥੩੦॥
ਆਦਿ ਮਸੰਦ ਚਿਖਾ ਰਚਿ ਕਰਿ ਕੈ।
ਸੰਦਲ[1] ਬ੍ਰਿੰਦ ਭਲੀ ਬਿਧਿ ਧਰਿ ਕੈ।
ਪੁਨ ਊਪਰ ਸਤਿਗੁਰ ਪੌਢਾਏ।
ਜੌਂ ਤਿਲ ਘ੍ਰਿੱਤ ਪਾਇ ਸਮੁਦਾਏ ॥੩੧॥
ਲਾਂਬੂ ਤਬਿ ਲਗਾਇ ਤਤਕਾਲਾ।
ਪੁਨਰਪਿ[1] ਕੀਨਸਿ ਕ੍ਰਿਆ ਕਪਾਲਾ[2]।
ਮਸਤਕ ਟੇਕਿ ਸਕਲ ਤਿਸ ਥਾਨ।
ਗਮਨੇ ਜਮਨਾ ਕਰਨਿ ਸ਼ਨਾਨ ॥੩੨॥
ਗੁਰ ਕੀਰਤਿ ਕੋ ਕਰਿਤ ਉਚਾਰਿ।
ਬਾਰਿ ਬਾਰਿ ਸਿਮਰਤਿ ਸੁਖਕਾਰ।
ਸਭਿ ਮੱਜਨ ਕਰਿ ਕੈ ਚਲਿ ਆਏ।
ਜਹਾਂ ਬਸਨਿ ਕੋ ਥਾਨ ਸੁਹਾਏ ॥੩੩॥
ਪੁਰਿ ਤੇ ਨਰ ਹਜ਼ਾਰ ਹੀ ਆਵੈਂ।
ਬੈਠਹਿਂ ਗੁਰੂ ਪ੍ਰਸੰਗ ਚਲਾਵੈਂ।

[1]ਮਾਤਾ ਦੇ।

[†]ਗੁਰੂ ਜੀ ਦੇ ਦੇਹੁਰੇ 'ਬਾਲਾ ਸਾਹਿਬ' ਤੋਂ ਅੱਧ ਕੁ ਮੀਲ ਪਰੇ ਇਹ ਗਿਰਾਂ ਹੁਣ ਤੱਕ ਹੈ।

[1]ਚੰਦਨ।

[1]ਫਿਰ। [2]ਕਪਾਲ ਕ੍ਰਿਯਾ।

'ਬਾਲਿਕ ਬਯ ਤੇ ਬਡੇ ਨ ਹੋਏ।'
ਅਧਿਕ ਅਚੰਭਾ ਸਭਿਹਿਨਿ ਜੋਏ ॥੩੪॥
ਕ੍ਰਿਸ਼ਨ ਕੁਇਰ ਗੁਰ ਜਨਨੀ ਪਾਸ।
ਕਰਹਿਂ ਪ੍ਰੇਮ ਕੇ ਬਾਕ ਪ੍ਰਕਾਸ਼।
'ਮੰਦ ਭਾਗ ਸੰਗਤਿ ਕੇ ਜਾਨੇ।
ਜਿਨ ਸਮੀਪ ਤੇ ਗੁਰੂ ਸਿਧਾਨੇ' ॥੩੫॥
ਬੂਝਤਿ ਗੁਰਨਿ ਬਾਰਤਾ ਸਾਰੀ।
ਕ੍ਰਿਸ਼ਨ ਕੁਇਰ ਤਿਨ ਪਾਸ ਉਚਾਰੀ।
'ਇਨ ਕੇ ਪਿਤ ਕੀਰਤਪੁਰਿ ਬਾਸੇ।
ਮੈਂ ਸੇਵਾ ਠਾਨੀ ਕਰਿ ਆਸੇ ॥੩੬॥
ਭਏ ਪ੍ਰਸੰਨ ਮੋਹਿ ਵਰ ਦੀਨਿ।
ਤਬਿ ਤੇ ਮੈਂ ਗ੍ਰਭ ਧਾਰਨਿ ਕੀਨ।
ਸ੍ਰਾਵਣ ਵਦੀ ਦਯੋਸ ਦਸਮੀ ਕੋ।
ਹੁਤੋ ਨਛੱਤ੍ਰ ਪੁਨਰਬਸ[1] ਨੀਕੋ ॥੩੭॥
ਸੰਮਤ ਸੱਤ੍ਰਾਂ ਸੈ ਅਰੁ ਤੇਰਾਂ[1]।
ਸਸਿ ਸੁਤਵਾਰ[1] ਹੁਤੋ ਤਿਸ ਬੇਰਾ।
ਸਾਢੇ ਸਪਤ ਘਰੀ ਦਿਨ ਚਰ੍ਹਯੋ।
ਤਬਿ ਮੁਝ ਤੇ ਇਨ ਜਨਮ ਸੁ ਧਰਯੋ ॥੩੮॥
ਪ੍ਰਤਿਪਾਲਾ ਪੁਨ ਕਰਿਬੇ ਲਾਗੀ।
ਸਭਿ ਤੇ ਜਾਨਿ ਆਪ ਬਡਭਾਗੀ।
ਜਿਮ ਜਿਮ ਦੇਹ ਬ੍ਰਿਧਤਿ ਮੁਖ ਸੁੰਦਰ।
ਧੀਰਜ ਖਿਮਾ ਆਦਿ ਗੁਨ ਮੰਦਰ ॥੩੯॥
ਤਿਮ ਤਿਮ ਪਿਤ ਸਤਿਗੁਰ ਇਨ ਕੇਰੇ।
ਕ੍ਰਿਪਾ ਠਾਨਿਤੇ ਰਹੇ ਬਡੇਰੇ।
ਜਬਿ ਤੇ ਰਾਮਰਾਇ ਚਲਿ ਆਯਹੁ।
ਨਿਜ ਕਰਤੂਤ ਇਹਾਂ ਬਿਦਤਾਯਹੁ ॥੪੦॥
ਖਿਮਾ ਨ ਧੀਰਜ, ਅਜਰ ਨ ਜਰਨ।
ਬਡੇ ਗੁਰਨਿ ਬਚ ਬਿੱਪ੍ਰੈ ਕਰਨਿ।

[1]ਸੱਤਵੇਂ ਨਛੱਤ੍ਰ ਦਾ ਨਾਮ।
[1]ਸੰ: ੧੭੧੩।
[1]ਬੁੱਧਵਾਰ।

ਸਕਲ ਬਾਤ ਸੁਨਿ ਰਿਦੈ ਬਿਚਾਰੀ।
-ਬਡ ਸੁਤ ਨਹਿਂ ਗਾਦੀ ਅਧਿਕਾਰੀ-
॥੪੧॥
ਪੁਨ ਮਮ ਸੁਤ ਪਰ ਕ੍ਰਿਪਾ ਵਿਸੇਸ਼।
ਜਾਨਜੋਂ ਧਾਰਹਿ ਭਾਰ ਅਸ਼ੇਸ਼†।
ਅੰਤ ਸਮਾ ਜਬਿ ਅਪਨਿ ਨਿਹਾਰਾ।
ਇਨ ਕੌ ਆਪਨੇ ਥਾਨ ਬਿਠਾਰਾ ॥੪੨॥
ਪੰਚ ਬਰਖ ਦੁਇ ਮਾਸ ਬਿਤਏ।
ਦਿਨ ਉਨਤੀਸ ਬੈਸ ਕੇ ਭਏ।
ਸਮਾ ਬਿਚਾਰਨਿ ਕਰਿ ਕੈ ਨੀਕਾ।
ਮਮ ਸੁਤ ਕਹੁ ਦੀਨਹੁਂ ਸ਼ੁਭ ਟੀਕਾ
॥੪੩॥
ਆਪ ਗੁਰੂ ਬੈਕੁੰਠ ਸਿਧਾਏ।
ਸ਼੍ਰੀ ਹਰਿਕ੍ਰਿਸ਼ਨ ਜੋਤਿ ਸਭਿ ਪਾਏ।
ਜਗਤ ਬਿਖੈ ਕਛੁ ਨਾਂਹਿ ਨ ਛਾਨੀ।
ਜੇ ਸਿਖ ਗਜਾਨੀ ਸਭਿਹਿਨਿ ਜਾਨੀ
॥੪੪॥
ਰਾਮਰਾਇ ਮਤਸਰ ਕੋ ਧਾਰਿ।
ਦੂਤੀ ਸ਼ਾਹੁ ਸਮੀਪ ਉਚਾਰਿ।
ਜਜੋਂ ਕਜੋਂ ਕਹਿ ਇਹ ਠਾਂ ਬੁਲਿਵਾਏ।
ਸਗਰੀ ਸੰਗਤਿ ਮਿਲੀ ਮਨਾਏ ॥੪੫॥
ਦੇਖਿ ਪ੍ਰਭਾਉ ਸ੍ਰਾਪ ਤਬਿ ਕਹਜੋ।
ਸਮ ਚਿਤ ਸਮ ਸੁਤ ਸੋ ਸਭਿ ਸਹਜੋ।
ਦੋਇ ਬਰਖ ਅਰੁ ਪੰਚ ਮਹੀਨੇ।
ਦਿਨ ਉਨੀਸ ਗੁਰਤਾ ਪਦ ਲੀਨੇ
॥੪੬॥
ਅਬਿ ਮੋ ਕਹੁ ਦੁਖ ਦੈ ਕਰਿ ਗਏ।
ਨਿਸ ਬਾਸੁਰ ਸਿਮਰੋਂ ਸੁਖ ਛਏ।'
ਇਮ ਕਹਿ ਕ੍ਰਿਸ਼ਨ ਕੁਇਰ ਗੁਰ ਮਾਤਾ।
ਰੁਦਿਤਿ ਬਿਲੋਚਨ ਤੇ ਜਲ ਜਾਤਾ
॥੪੭॥
ਸੁਨਿ ਸੰਗਤਿ ਬਹੁ ਬਜਾਕੁਲ ਹੋਈ।

†ਪਾ:-ਜਾਨਹਿ ਅਧਿਕਾਰੀ ਗੁਰ ਏਸ਼।

ਧੀਰ ਬੰਧਾਇ ਬੰਧਿ ਕਰ ਦੋਈ।
'ਹੇ ਮਾਤਾ ! ਸਭਿ ਬਿਧਿ ਸਮਰੱਥ।
ਤਨ ਤਜਾਗਨਿ ਰਾਖਨਿ ਜਿਨ ਹੱਥ
॥ ੪੮ ॥
ਕਛੂ ਨ ਕਹਿਬੋ ਤਿਨ ਕੋ ਬਨੈ।
ਗੁਰ ਸਰਬੱਗ ਸੁ ਅਜ਼ਮਤ ਸਨੈ[1]।
ਕਹਾਂ ਸ਼ੋਕ ਤਿਨ ਕੋ ਅਬਿ ਕਰੀਅਹਿ।
ਪਰਮ ਧਾਮ ਨਿਜ ਗਏ ਬਿਚਰੀਅਹਿ
॥ ੪੯ ॥
ਰਾਮਰਾਇ ਕੇ ਸੀਸ ਕਲੰਕ।
ਦੇ ਕਰਿ ਤਜਾਗਜੋ ਦੇਹਿ ਨਿਸ਼ੰਕ।
ਮਸਤਕ ਟੇਕਨਿ ਹਮਰੋ ਬਨੈ।
ਬੈਠਿ ਬੈਠਿ ਗੁਰ ਕੇ ਗੁਨ ਭਨੈਂ ॥ ੫੦ ॥
ਸਦਾ ਸਹਾਇਕ ਜਹਿਂ ਕਹਿਂ ਹੋਇਂ।
ਸਿਮਰੇ ਹਾਜ਼ਰ ਸਭਿ ਦਿਨ ਸੋਇ।'
ਇਮ ਕਹਿ ਧੀਰਜ ਦੇ ਸਭਿ ਗਏ।
ਪੁਰਿ ਕੀ ਸੰਗਤਿ ਜੇ ਸਿਖ ਆਏ
॥ ੫੧ ॥

[1]ਸਹਿਤ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਕ੍ਰਿਸ਼ਨ ਸਸਕਾਰ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥ ੫੪ ॥

## ੫੫. [ਸੰਗਤਿ ਵਿੱਚ ਵਿਚਾਰ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਸੰਮਤ ਸੱਤ੍ਰਾਂ ਸੈ ਬਿਤੇ, ਪੁਨ ਊਪਰ ਇਕ ਬੀਸ[1]।
ਚੇਤ ਸੁਦੀ ਚੌਦਸ਼ ਹੁਤੀ, ਵਾਰ ਨੰਦ ਰਜਨੀਸ਼[1] ॥੧॥

[1]ਸੰ: ੧੭੨੧।

[1]ਬੁੱਧਵਾਰ। ਰਜਨੀ+ਈਸ਼+ਨੰਦ = ਰਾਤ ਦੇ ਈਸ਼੍ਵਰ ਚੰਦ੍ਰਮਾ ਦਾ ਪੁੱਤ੍ਰ = ਬੁਧ]

ਚੌਪਈ:

ਸ਼੍ਰੀ ਹਰਿਕ੍ਰਿਸ਼ਨ ਬਾਲ ਬਯ ਧਾਰੇ।
ਬਹੁ ਕਾਰਨ ਕੋ ਰਿਦੇ ਬਿਚਾਰੇ।
ਪਰਮ ਧਾਮ ਬੈਕੁੰਠ ਪਧਾਰੇ।
ਜੋ ਸਤਿਸੰਗਤਿ ਕੇ ਬਹੁ ਪਜਾਰੇ ॥੨॥
ਤੀਨ ਦਿਵਸ ਪੁਨ ਬੀਤੇ ਜਬਿਹੂੰ।
ਮਿਲੇ ਮਸੰਦ ਆਦਿ ਸਿਖ ਸਭਿਹੂੰ।
ਪੁਸ਼ਪ ਬੀਨਿਬੇ ਕਾਰਨ[1] ਗਏ।
ਸ਼ੋਕਾਕੁਲ[1] ਗੁਰ ਸਿਮਰਤਿ ਭਏ ॥੩॥

[1]ਫਲ ਚੁਣਨ ਲਈ।

[1]ਸ਼ੋਕ ਨਾਲ ਬੇਚੈਨ।

ਦੇਖਿ ਰਹੇ ਕੁਛ ਹਾਥ ਨ ਆਏ।
ਭਸਮ ਸਕੇਲਤਿ ਸਭਿ ਬਿਸਮਾਏ।
ਤਰਨਿ ਤਨੁਜਾ ਨੀਰ ਮਝਾਰੀ[1]।
ਸਕਲ ਮੇਲ ਕਰਿ ਬੰਦਨ ਧਾਰੀ ॥੪॥

[1]ਸੂਰਜ ਦੀ ਪੁੱਤ੍ਰੀ (= ਜਮਨਾ) ਦੇ ਜਲ ਵਿੱਚ।

ਸਭਿ ਸੰਗਤਿ ਪੁਨ ਮਾਤਾ ਪਾਸ।
ਬੈਠਤਿ ਬੋਲਤਿ ਸ਼ੋਕ ਪ੍ਰਕਾਸ਼।
ਇਕ ਦੁਇ ਬਾਰੀ ਜੈ ਪੁਰਿ ਨਾਥ।
ਬੈਠਜੋ ਆਇ ਬੰਦਿ ਕਰਿ ਹਾਥ ॥੫॥
ਕ੍ਰਿਸ਼ਨ ਕੁਇਰ ਕਹੁ ਬੰਦਿਨ ਕੀਨਿ।
ਕਹਿ ਬਹੁ ਰੀਤਿ ਧੀਰ ਉਰ ਦੀਨਿ।
'ਗੁਰ ਸਭਿਹਿਨਿ ਕੇ ਅਤਿਸ਼ੈ ਪਜਾਰੇ।
ਦਰਸ਼ਨ ਦੇਤਿ ਅਨਿਕ ਦੁਖ ਟਾਰੇ ॥੬॥
ਪੁਰਿ ਮਹਿਂ ਘਰ ਘਰ ਕੀਰਤਿ ਹੋਈ।
ਹਿੰਦੂ ਯਮਨ[1] ਨਿਵੈਂ ਜਿਨ ਦੋਈ।
ਮੇਟਨਿ ਸ੍ਰਾਪ ਭ੍ਰਾਤ ਕੋ ਕਹਜੋ।
ਹੁਤੇ ਸਮਰਥ[1] ਤਊ ਤਨ ਸਹਜੋ ॥੭॥

[1]ਮੁਸਲਮਾਨ।

[1]ਭਰਾ ਦੇ ਕਹੇ ਸ੍ਰਾਪ ਦੇ ਮੇਟਨ ਨੂੰ ਆਪ ਸਮਰੱਥ ਸੇ ਪਰ.........।

ਮਿਲਿਨਿ ਸ਼ਾਹੁ ਸੋਂ ਭਨਜੋਂ ਘਨੇਰੇ।
ਰਾਖੀ ਧੀਰ ਅਭੀਰ ਬਡੇਰੇ।
ਧੰਨ ਗੁਰੂ ਹਰਿਕ੍ਰਿਸ਼ਨ ਸੁਜਾਨ।
ਅਜਰ ਜਰਨ ਮਹਿਂ ਕੋ ਨ ਸਮਾਨ ॥੮॥
ਗੁਰ ਸਿੱਖੀ ਹਿਤ ਅਜ਼ਮਤ ਕੀਨਿ[1]।
ਅਪਰ ਹੇਤੁ ਕਰਿ ਕਯੋਂਹੁ ਨ ਦੀਨਿ।
ਬਲ ਇਤਨੋ ਜਿਮ ਚਹੈਂ ਸੁ ਕਰੈਂ।
ਤਊ ਨ ਆਇਸੁ ਪ੍ਰਭੁ ਪਰਹਰੈਂ ॥੯॥
ਤਿਨ ਹਿਤ ਕਹਾਂ ਸ਼ੋਕ ਬਨਿ ਆਵੈ।
ਸੁਤੋ ਧਰਨਿ ਤਨ, ਆਇ, ਸੁ ਜਾਵੈ[1]।
ਕਾਰਨ ਕਰਿਬੇ ਬਿਖੈ ਸਛੰਦ[1]।
ਸਦਾ ਗਜਾਨ ਮੈਂ ਸਚਿਦਾਨੰਦ ॥੧੦॥
ਹੋਹਿਂ ਪ੍ਰਸੰਨ ਦੇਹਿਂ ਕੱਲਜਾਨ।
ਜਨਮ ਮਰਨ ਕੇ ਬੰਧਨ ਹਾਨਿ।
ਪਤਿ ਸੁਤ ਕੇ ਗੁਨ ਸਿਮਰਤਿ ਰਹੀਅਹਿ।
ਤਨ ਕੇ ਅੰਤ ਮਿਲਨਿ ਕੋ ਚਹੀਅਹਿ ॥੧੧॥
ਸਕਲ ਸੰਗਤਾਂ ਅਹੈਂ ਤੁਮਾਰੀ।
ਸੇਵਾ ਕਰਹਿ ਅਨੇਕ ਪ੍ਰਕਾਰੀ।
ਜਹਿਂ ਸੁਖ ਦੇਖਹੁ ਤਿਹਠਾਂ ਰਹੀਅਹਿ।
ਕੁਛ ਕਾਰਜ ਹੁਇ ਮੋ ਕਹੁ ਕਹੀਅਹਿ ॥੧੨॥
ਤੁਮਰੇ ਨੰਦਨ ਕੋ ਮੈਂ ਦਾਸ।
ਤਿਮ ਅਪਨੋ ਜਾਨਹੁ ਨਿਰਜਾਸ[1]।
ਕਰ ਜੋਰੇ ਸੇਵਾ ਮਹਿਂ ਖਰੋ।
ਨਿਜ ਲਖਿ, ਆਗਜਾ ਮੋ ਪਰ ਕਰੋ' ॥੧੩॥
ਕ੍ਰਿਸ਼ਨ ਕੁਇਰ ਗੁਰ ਮਾਤਾ ਤਬੈ।
ਮਹਿਪਾਲਕ ਤੇ ਸੁਨਿ ਕਰਿ ਸਬੈ।
ਕੁਛ ਧੀਰਜ ਧਰਿ ਗਿਰਾ ਉਚਾਰੀ।
'ਉਰ ਸ਼ਰਧਕ ਗੁਰ ਸੇਵਕ ਭਾਰੀ ॥੧੪॥

[1]ਗੁਰ ਸਿੱਖੀ ਦੇ ਰੱਖਣ ਲਈ ਕਰਾਮਾਤ ਕੀਤੀ।

[1]ਸੁਭਾਵਕ ਹੀ ਸਰੀਰ ਧਾਰਕੇ ਆਉਂਦੇ ਤੇ ਜਾਂਦੇ ਹਨ।

[1]ਸੁਤੰਤ੍ਰ।

[1]ਨਿਰਨੇ ਕਰਕੇ ਭਾਵ ਪੱਕ ਅਪਣਾ ਦਾਸ ਜਾਣੇ।

ਤੋਹਿ ਪ੍ਰੇਮ ਕਰਿ ਇਤ ਗੁਰ ਆਏ।
ਪੁਰਿ ਮਹਿਂ ਸਿਖ ਸੰਗਤਿ ਸਮੁਦਾਏ।
ਸਭਿਹਿਨਿ ਭਾਉ ਕਰਯੋ ਬਹੁਤੇਰਾ।
ਬਡੇ ਗੁਰਨਿ ਸਮਸਰ ਸਭਿ ਹੇਰਾ ॥੧੫॥
ਅਬਿ ਮਮ ਰਹਿਨਿ ਬਨਹਿ ਨਹਿਂ ਈਹਾਂ।
ਕੀਰਤਪੁਰਿ ਪਹੁੰਚਨਿ ਕੀ ਪ੍ਰੀਹਾ[1]। [1]ਇੱਛਾ।
ਕੇਤਿਕ ਦਿਵਸ ਬਾਸ ਇਸ ਥਾਨ।
ਪੁਨ ਅਭਿਲਾਖੌਂ ਕਰਨਿ ਪਯਾਨ' ॥੧੬॥
ਸੁਨਿ ਕਰਿ ਕਹਤਿ ਭਯੋ ਨਰ ਰਾਈ।
'ਸਰਬ ਗੁਰਨਿ ਤੇ ਜਿਮ ਚਲਿ ਆਈ।
ਨਿਜ ਗਾਦੀ ਪਰ ਪ੍ਰਥਮ ਬਿਠਾਏ।
ਬਹੁਰ ਬਿਕੁੰਠ ਬਸਨਿ[1] ਪਧਰਾਏ ॥੧੭॥ [1]ਵੱਸਣ ਲਈ।
ਸੋ ਗਤਿ ਇਨ ਤੇ ਕਿਮ ਬਨਿ ਆਈ।
ਕਿਸ ਕੋ ਦੀਨਿ ਜਗਤਿ ਗੁਰਿਆਈ?
ਅਬਿ ਜਿਸ ਕੋ ਦੀਜਹਿ ਉਪਹਾਰ[1]। [1]ਭੇਟਾ।
ਸਰਬ ਸਮਾਜ ਆਦਿ ਦਸਤਾਰ' ॥੧੮॥
ਥਿਰ ਗੁਰਬਖਸ਼ ਮਸੰਦ ਅਗਾਊ।
ਤਿਹ ਸੋਂ ਇਮ ਬੂਝਯੋ ਜਬਿ ਰਾਊ।
ਤਬਿ ਸਗਰੋ ਬਿਰਤਾਂਤ ਬਖਾਨਾ।
'ਸਭਿ ਸੰਗਤਿ ਢਿਗ ਕ੍ਰਿਪਾਨਿਧਾਨਾ ॥੧੯॥
ਪੌਢੇ ਚਹਿਤ ਪ੍ਰਲੋਕ ਪਧਾਰੇ।
ਤਬਿ ਸਿੱਖਨਿ ਮਿਲਿ ਬਾਕ ਉਚਾਰੇ।
-ਆਪ ਸਮਾਵਨਿ ਲਗੇ ਸੁਛੰਦ।
ਕੋ ਬੈਠਹਿ ਅਬਿ ਗੁਰ ਮਸਨੰਦ[1]? [1]ਗੁਰ ਗਾਦੀ ਉੱਤੇ।
॥੨੦॥
ਕਿਸ ਆਗੈ ਹਮ ਮਸਤਕ ਟੇਕਹਿਂ।
ਕੋ ਉਪਦੇਸ਼ਹਿ ਦਾਸ ਬਿਬੇਕਹਿ।
ਪੂਰਬ ਰੀਤਿ ਗੁਰਨਿ ਕੀ ਜੋਈ।

ਕਿਮ ਕੀਨਸਿ? ਕੈ ਮਿਟਿਹੈ ਸੋਈ? - ॥੨੧॥
ਇੱਤਜਾਦਿਕ ਸੁਨਿ ਉਠਿ ਕਰਿ ਬੈਠੇ।
ਚਹੁੰਦਿਸ਼ਿ ਦੇਖੈਂ ਸਿੱਖ ਇਕੈਠੇ।
-ਗੁਰੂ ਗ੍ਰਿੰਥ ਹੈ- ਪ੍ਰਥਮ ਬਖਾਨਾ।
-ਸੱਤਿਨਾਮ ਮਹਿਮਾ ਮਹਿਯਾਨਾ- ॥੨੨॥
ਪੈਸੇ ਪੰਚ ਨਲੇਰ ਮੰਗਾਏ।
ਗਹਿ ਕਰ ਧਰਿ ਕਰਿ ਸੀਸ ਨਿਵਾਏ।
ਬੋਲੇ ਸਭਿਨਿ ਸੁਨਾਇ ਬਿਸਾਲੇ।
-ਬਾਸਹਿ ਬਾਬਾ ਬੀਚ ਬਕਾਲੇ- ॥੨੩॥
ਨਾਮ ਉਚਾਰਨਿ ਕਰਜੋ ਨ ਕਿਸ ਕੋ।
ਸੁਨਤਿ ਰਹੇ ਦੇਖਤਿ ਮੁਖ ਦਿਸ਼ ਕੋ।
ਪੁਨ ਪੌਢੇ ਸ਼੍ਰੀ ਗੁਰੂ ਕ੍ਰਿਪਾਲਾ।
ਤ੍ਰਿਨ ਸਮ ਤਨ ਤਜਾਗਜੋ ਤਤਕਾਲਾ ॥੨੪॥
ਗ੍ਰਾਮ ਬਕਾਲਾ ਨਿਰਨੈ ਹੋਵਾ।
ਕੋ ਗੁਰ ਥਪਜੋ, ਨ ਸੰਸੈ ਖੋਵਾ।
ਨਹਿਂ ਕਿਸ ਹੂੰ ਤੇ ਜਾਨਜੋ ਗਯੋ।
ਪੁਨ ਗੁਰ ਬੂਝਿ ਨ ਉੱਤਰ ਲਯੋ ॥੨੫॥
ਤਉ ਸੁਨਹੁ ਹੇ ਪ੍ਰਿਥਵੀ ਨਾਥ!
ਬਨਜੋ ਜੁ ਗੁਰ ਹੁਇ ਅਜ਼ਮਤ ਸਾਥ।
ਸੂਰਜ ਸਮ ਨਹਿਂ ਛਪਹਿ ਕਦਾਈਂ।
ਸਿਖ ਸੰਗਤ ਲੇ ਖੋਜਿ ਗੁਸਾਈਂ ॥੨੬॥
ਬਹੁ ਨਿਕੇਤ ਹੈਂ ਤਹਿਂ ਸੋਢੀਨ।
ਬਾਸੈ ਸਤਿਗੁਰ ਬੰਸ ਪ੍ਰਬੀਨ†।
ਗੁਰਤਾ ਕਹੁ ਕਾਰਜ ਜਬਿ ਪਰੈ।
ਆਪਾ ਬਿਦਤ ਆਪ ਹੀ ਕਰੈਂ ॥੨੭॥

†ਇਹ ਗੱਲ ਠੀਕ ਨਹੀਂ ਧੀਰਮਲ ਆਦਿਕ ਕਰਤਾਰ ਪੁਰ ਆਦਿਕ ਥਾਵਾਂ ਤੋਂ ਇਹ ਵਾਕ ਸੁਣਕੇ ਗੱਦੀਆਂ ਲਾ ਕੇ ਜਾ ਬੈਠੇ ਸਨ (ਦੇਖੋ ਅੰਸੂ ੫੬ ਅੰਕ ੧੩ ਤੇ ੩੨) ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਬਾਬਾ ਲੱਗਣ ਵਾਲਾ ਸੋਢੀ ਓਥੇ (ਉਸ ਵੇਲੇ ਕਿ ਜਿਸ ਵੇਲੇ ਵਾਕ ਹੋਇਆ ਹੈ) ਕੋਈ ਨਹੀਂ ਸੀ, ਸਿਵਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ।

ਰਾਮਰਾਇ ਉਰ ਮਤਸਰ ਧਾਰੀ।
ਇਹ ਨ ਰਹਯੋ ਗੁਰਤਾ ਅਧਿਕਾਰੀ।
ਸਤਿਗੁਰ ਪਿਤ ਨੇ ਕਾਰਜ ਕਰਯੋ।
ਸਭਿ ਸੰਗਤਿ ਮਹਿਂ ਬਿਦਤਿ ਉਚਰਯੋ ॥੨੮॥
ਬੈਰ ਭਾਵ ਕੋ ਇਹ ਫਲ ਹੋਵਾ।
ਗੁਰਤਾ ਪਦ ਨਿਜ ਘਰ ਤੇ ਖੋਵਾ।
ਸ਼੍ਰੀ ਗੁਰਦਿੱਤੇ ਸੁਤ ਹਰਿਰਾਇ।
ਸਭਿ ਸੁਤ ਤਜਿ ਗੁਰਤਖਤ ਬਿਠਾਇ[1] ॥੨੯॥
ਤਿਨਹੂੰ ਅਪਨੇ ਸਦਨ ਟਿਕਾਈ।
ਰਾਮਰਾਇ ਕਰਿ ਬਾਦ ਗਵਾਈ।
ਸੋਢੀ ਅਬਿ ਸ਼ਰੀਕ ਗੁਰ ਹੋਇ।
ਤਿਸ ਮਾਨਹਿ ਸਿਖ ਜੇ ਸਭਿ ਕੋਇ ॥੩੦॥
ਕਜਾ ਅਬਿ ਹਾਥ ਆਇ ਹੈ ਤਾਂ ਕੇ।
ਦੇਖਿ ਅਨੁਜ ਕੋ ਮਤਸਰ ਜਾਂ ਕੇ।
ਨਹਿਂ ਸਜਾਨਨਿ ਕੀ ਹੈ ਇਹ ਰੀਤਿ।
ਜਿਨ ਜਿਨ ਸੁਨੀ ਸੁ ਭਨੀ ਅਨੀਤ ॥੩੧॥
ਪ੍ਰਥਮ ਪਿਤਾ ਕੇ ਸਾਥ ਬਿਗਾਰੀ।
ਪੁਨ ਸੁਤ ਹਤਿ ਮਾਤਹਿ ਦੁਖਕਾਰੀ।'
ਸੁਨਿ ਮਸੰਦ ਤੇ ਜੈ ਸਿੰਘ ਰਾਊ।
ਕਹਯੋ 'ਬਿਮਾਤਨਿ ਭ੍ਰਾਤ ਸੁਭਾਊ[1] ॥੩੨॥
ਅਜ਼ਮਤ ਮਹਿਂ ਸਮਰਥ ਬਲਵੰਤੇ।
ਪਿਤ ਗਾਦੀ ਪਰ ਥਿਰਨਿ ਚਹੰਤੇ।
ਹੋਨਹਾਰ ਗਤਿ ਮਿਟਹਿ ਨ ਕੈਸੇ।'
ਕਰਯੋ ਪਰਸਪਰ ਬੋਲਨਿ ਐਸੇ ॥੩੩॥
ਨ੍ਰਿਪ ਕਰ ਜੋਰਿ ਮਾਤ ਸੋਂ ਭਾਖਾ।
'ਖੁਸ਼ੀ ਕਰਹੁ ਮੁਝ ਚਲਨਿ ਭਿਲਾਖਾ।'
ਅਭਿਬੰਦਨ ਕਰਿ ਉਠਯੋ ਪ੍ਰਬੀਨਾ।

[1]ਸੂਰਜ ਮੱਲ ਆਦਿ ਸਾਰੇ) ਪੁੱਤ੍ਰ ਛੱਡਕੇ ਗੁਰ ਗੱਦੀ ਤੇ ਬਿਠਾਏ ਸਨ।

[1]ਮਤ੍ਰੇਏ ਭਰਾਵਾਂ ਦਾ ਇਹ ਹੀ ਸੁਭਾਵ ਹੁੰਦਾ ਹੈ।

ਪਿਖਿ ਮਾਤਾ ਤਬਿ ਆਸ਼ਿਖ ਦੀਨਾ
॥੩੪॥
'ਸ੍ਰੀ ਸਤਿਗੁਰ ਆਵਤਿ ਤੁਮ ਚੀਤ।
ਸ੍ਰੀ ਹਰਿਕ੍ਰਿਸ਼ਨ ਸਹਾਇਕ ਨੀਤ।
ਸ਼ਾਹੁ ਸਭਾ ਮਹਿਂ ਪਤਿ ਰਹਿ ਆਵੈ।
ਮਨੋ ਕਾਮਨਾ ਗੁਰ ਤੇ ਪਾਵੈਂ' ॥੩੫॥
ਬਿਦਾ ਹੋਇ ਗਮਨਜੋ ਮਹਿਪਾਲਾ।
ਲੇ ਜਨਨੀ ਤਬਿ ਸ੍ਵਾਸ ਬਿਸਾਲਾ।
ਸੁਤ ਕੋ ਸਿਮਰਨਿ ਕਰਿ ਕੁਛ ਰੋਈ।
ਗ੍ਯਾਨ ਪਾਇ ਪੁਨ ਧੀਰਜ ਹੋਈ
॥੩੬॥
ਕੇਤਿਕ ਬਾਸੁਰ ਬਾਸਾ ਕੀਨਿ।
ਸਭਿ ਸੰਗਤਿ ਪਿਖਿ ਭਾਉ ਪ੍ਰਬੀਨ।
ਸੇਵਾ ਠਾਨਹਿਂ ਸਰਬ ਪ੍ਰਕਾਰ।
ਆਇ ਕਰਹਿਂ ਤਿਮ ਹੀ ਦਰਬਾਰ
॥੩੭॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਨ੍ਰਿਪ ਜੈ ਸਿੰਘ ਮਿਲਨਿ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

## ੫੬. [ਮਸੰਦਾਂ ਦਾ ਜ਼ੋਰ। ਗੁਰੂ ਦੀ ਭਾਲ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਕੇਤਿਕ ਦਿਨ ਬੀਤੇ ਜਬੈ, ਦੇਸ਼ ਬਿਦੇਸ਼ ਅਸ਼ੇਸ਼।
ਆਇ ਸੰਗਤਾਂ ਚਹੁਂਦਿਸ਼ਨਿ, ਲੇ ਉਪਹਾਰ ਵਿਸ਼ੇਸ਼ ॥੧॥

ਚੌਪਈ:

ਸਤਿਗੁਰ ਕੋ ਦਿੱਲੀ ਮਹਿਂ ਜਾਨਹਿ।
ਸ਼੍ਰਮ ਬਡ ਧਾਰਿ ਆਇਬੋ ਠਾਨਹਿਂ।
ਅਧਿਕ ਥਕਤਿ ਹੁਇ ਪਹੁਚੈਂ ਜਬੈ।
'ਗੁਰ ਬਿਕੁੰਠ ਗੇ' ਸੁਨਿ ਸੁਨਿ ਸਬੈ ॥੨॥
ਦੀਰਘ ਸ੍ਵਾਸ ਲੇਤਿ ਰੁਦਨੰਤੇ।
'ਭਾਗ ਬਿਹੀਨ ਨ ਗੁਰ ਦਰਸੰਤੇ।
ਅਧਿਕ ਮੇਲ ਹਮ ਖਰਚਨ ਕੀਨਿ।
ਵਸਤੁ ਅਜਾਇਬ ਤਹਿਂ ਤੇ ਲੀਨਿ ॥੩॥
ਅਰਪਹਿਂ ਗੁਰ ਪ੍ਰਸੰਨਤਾ ਲੈਹੈਂ।
ਭਈ ਨਿਫਲ ਅਬਿ ਕਿਸ ਕੋ ਦੈਹੈਂ।'
ਰਿਦੇ ਬਿਸੂਰਤਿ ਦੁਖਿ ਸਿਖ ਸਾਰੇ।
-ਆਇ ਦੂਰ, ਨਹਿਂ ਗੁਰੂ ਨਿਹਾਰੇ ॥੪॥
ਕਿਸ ਤੇ ਮਨੋ ਕਾਮਨਾ ਪਾਵੈਂ।
ਕਿਸ ਆਗੇ ਹਮ ਸੀਸ ਨਿਵਾਵੈਂ।
ਸਕਲ ਸ਼ਰੀਕ ਜਿ ਸੋਢੀ ਅਹੈਂ।
ਗੁਰ ਘਰ ਕੇ ਦ੍ਰੋਹੀ ਨਿਤ ਰਹੈਂ ॥੫॥
ਪ੍ਰਥਮੇ ਪ੍ਰਿਥੀਏ ਬੈਰ ਕਮਾਯੋ।
ਚਿਤਵਤਿ ਬੁਰਾ ਪ੍ਰਲੋਕ ਸਿਧਾਯੋ।
ਧੀਰਮੱਲ ਤੇ ਆਦਿਕ ਔਰ।
ਗੁਰ ਬਨਿ ਰਹੇ ਆਪਨੀ ਠੌਰ ॥੬॥
ਗੁਰੂ ਬੰਸ ਮਹਿਂ ਇਕ ਇਹ ਜਨਮੇ[1]।
ਸਹਸ ਗੁਨੇ ਘਟ, ਨਹਿਂ ਗੁਨ ਮਨ ਮੈਂ[1]।

[1]ਭਾਵ ਗੁਰਬੰਸ ਵਿਚ ਇਕ ਜਨਮ ਲੈਣ ਮਾਤ੍ਰ ਹੀ ਇਨ੍ਹਾਂ (ਧੀਰਮੱਲ ਆਦਿਕਾਂ) ਦਾ ਸੰਬੰਧ ਹੈ।

[1](ਸ਼੍ਰੀ ਗੁਰੂ ਜੀ ਨਾਲੋਂ) ਹਜ਼ਾਰ ਗੁਣਾਂ ਘੱਟ ਹਨ, ਮਨ ਵਿਚ (ਕੋਈ) ਗੁਣ ਨਹੀਂ।

ਗੁਰ ਸਮ ਅਜ਼ਮਤ ਤੌ ਕਿਤ ਪਈਯਤਿ।
ਚਹੈਂ ਮਨੌਤ ਇਹੀ ਇਕ ਲਈਯਤ[1]
॥੭॥
ਰਾਮਰਾਇ ਗੁਰ ਕੋ ਸੁਤ ਜੇਠਾ।
ਨਹਿਂ ਗੁਰਤਾ ਗਾਦੀ ਪਰ ਬੈਠਾ।
ਸ਼੍ਰੀ ਹਰਿਰਾਇ ਆਪ ਫੁਰਮਾਏ।
-ਹਮਰੋ ਸਿਖ ਤਿਸ ਨਿਕਟਿ ਨ ਜਾਏ-
॥੮॥
ਕਰੀ ਜੁ ਬਾਤ, ਅਹੈ ਬਖਜਾਤੀ।
ਤਿਸ ਢਿਗ ਨਹਿਂ ਪਹੁੰਚਹਿਂ ਕਿਸ ਭਾਂਤੀ।
ਗੁਰ ਸਿੱਖੀ ਤੇ ਹੋਇ ਜਿ ਖਾਰਜ।
ਮਿਲਹਿ ਜਾਇ ਸੋ ਬਨੈ ਅਨਾਰਜ[1]
॥੯॥
ਗੁਰ ਕੋ ਵਾਕ ਉਲੰਘਹਿ ਜੋਇ।
ਕਿਮ ਸਿੱਖੀ ਤਿਸ ਕੇ ਥਿਰ ਹੋਇ।'
ਇੱਤਜਾਦਿਕ ਬੋਲਹਿਂ ਸਿਖ ਸਜਾਨੇ।
ਸੂਖਮ ਕਰਹਿਂ ਬਿਚਾਰ ਮਹਾਨੇ ॥੧੦॥
ਲਏ ਅਕੋਰਨਿ ਕੋ ਫਿਰ ਜਾਏਂ।
ਦਿੱਲੀ ਮਹਿਂ ਕਿਸ ਨਹਿਂ ਅਰਪਾਏਂ।
ਕੇਤਿਕ ਅਪਨੇ ਸਦਨ ਸਿਧਾਰੇ।
ਸਤਿਗੁਰ ਕੌਨ, ਨ ਨਿਰਨੈ ਧਾਰੇ ॥੧੧॥
ਕੇਚਿਤ ਸੁਨਹਿਂ ਬਕਾਲੇ ਮਾਂਹਿ।
ਖੋਜਨਿ ਹੇਤੁ ਤਹਾਂ ਚਲਿ ਜਾਹਿਂ।
ਸਭਿ ਸੋਢੀਨਿ ਬਿਖੈ ਬਿਦਤਾਈ।
-ਸ਼੍ਰੀ ਹਰਿਕ੍ਰਿਸ਼ਨ ਗਿਰਾ ਇਮ ਗਾਈ
॥੧੨॥
ਗੁਰੂ ਬਕਾਲੇ ਮਹਿਂ ਬਿਦਤਾਵੈਂ-।
ਸੰਗਤਿ ਚਲੀ ਹਜ਼ਾਰੋਂ ਆਵੈ।
ਲਘੁ ਦੀਰਘ ਸੋਢੀ ਜਹਿਂ ਕਹਾਂ।
ਕੀਨਸਿ ਬਾਸ ਜਾਇ ਕਰਿ ਤਹਾਂ[†]
॥੧੩॥
ਦਰਬ ਲੋਭ ਤੇ ਉਰ ਬਿਰਮਾਏ।

[1]ਇਕ ਇਹੀ ਚਾਹੁੰਦੇ ਹਨ ਕਿ ਮਨੌਤਾਂ ਲਈਏ।

[1]ਅਨ+ਆਰਜ = ਨਾ ਸ੍ਰੇਸ਼ਟ, ਬੁਰਾ।

[†]ਇਥੇ ਕਵੀ ਜੀ ਆਪ ਮੰਨ ਰਹੇ ਹਨ ਕਿ ਸੋਢੀ ਹੁਣ ਬਕਾਲੇ ਨੂੰ ਗਏ ਹਨ। ਦੇਖੋ ਪਿਛਲੇ ਅੰਸੂ ਦੇ ਅੰਕ ੨੭ ਦੀ ਟੂਕ।

ਗੁਰ ਬਨਿ ਜਾਇਂ ਬਕਾਲੇ ਆਏ।
ਹਰਖ ਕਰਤਿ ਬਹੁ ਬਾਤ ਬਨਾਵੈਂ।
ਬ੍ਰਿੰਦ ਮਸੰਦਨਿ ਕੋ ਅਪਨਾਵੈਂ[1] ॥੧੪॥
ਅਧਿਕ ਮੋਲ ਕੀ ਪੋਸ਼ਿਸ਼ ਦੇਤਿ।
ਜਨੋਂ ਕਯੋਂ ਕਰਿ ਬੁਲਵਾਇ ਨਿਕੇਤ।
ਦਰਬ ਦੇਨਿ ਕੋ ਕਹੈਂ ਬਿਸਾਲਾ।
ਬਨਹਿ ਦੀਨ ਤਿਨ ਅੱਗ੍ਰ ਕੁਢਾਲਾ ॥੧੫॥
'ਮਮ ਮਹਿਮਾ ਕਹੁ ਸੰਗਤਿ ਮਾਂਹਿ।
-ਇਹ ਗੁਰ ਅਹੈ ਅਪਰ ਕੋ ਨਾਂਹਿ-।
ਜਨੋਂ ਕਯੋਂ ਕਰਿ ਇਤ ਕੋ ਲੇ ਆਵਹੁ।
ਚਢਹਿ ਜੁ ਧਨ ਆਧੋ ਤੁਮ ਪਾਵਹੁ ॥੧੬॥
ਜੇ ਇਤਨੇ ਮਹਿਂ ਰਾਜ਼ੀ ਨਾਂਹਿਨ।
ਸਭਿ ਤੁਮ ਲੇਹੁ ਹਮੈਂ ਕੁਛ ਚਾਹ ਨ।
ਜੋ ਨਿਜ ਕਰ ਤੇ ਦੇਵਨਿ ਕਰੇ।
ਸੋ ਹਮ ਬਰਤਹਿਂਗੇ ਨਿਜ ਘਰੇਂ' ॥੧੭॥
ਬਨਹਿਂ ਮਸੰਦਨਿ ਕੇਰ ਅਧੀਨ।
ਕਹਿ ਇੱਤਯਾਦਿ ਬਾਕ ਹੁਇ ਦੀਨ।
ਕਰਹਿਂ ਜਤਨ ਗਨ ਕੋ ਇਸ ਰੀਤਿ।
ਬਨਨਿ ਗੁਰੂ ਹਰਖਤਿ ਚਹਿਂ ਚੀਤ ॥੧੮॥
ਖਰਚਹਿਂ ਦਰਬ ਜੁ ਪੂਰਬ ਘਰ ਕੋ।
ਦੇਤਿ ਆਦਿ ਪਟ ਵਸਤੂ ਬਰ ਕੋ[1]।
ਦੀਨ ਭਏ ਸੋਢੀ ਇਮ ਜਬੈ।
ਗਰਬੇ ਬਹੁ ਮਸੰਦ ਗਨ ਤਬੈ ॥੧੯॥
ਨਿਸ਼ਚੈ ਕਰਿ ਜਾਨੀ ਇਮ ਗਾਥਾ।
'ਗੁਰੂ ਬਨਾਵਨਿ ਹਮਰੇ ਹਾਥਾ।
ਗੁਰ ਕੇ ਸੁਤ ਪੋਤੇ ਬਹੁ ਨਾਤੀ[1]।
ਜੋ ਅਨੁਸਾਰ ਰਹਹਿਂ ਸਭਿ ਭਾਂਤੀ ॥੨੦॥
ਤਿਸ ਢਿਗ ਸੰਗਤਿ ਕੋ ਲੈ ਜੈ ਹੈਂ।

[1]ਅਪਣਾ ਪੱਖੀ ਬਣਾਂਵਦੇ ਹਨ।

[1]ਵਸਤ੍ਰ ਆਦਿ ਸ਼੍ਰੇਸ਼ਟ ਵਸਤੂ ਨੂੰ।

[1]ਪੋਤੇ। (ਅ) ਦੋਹਤ੍ਰੇ।

ਦਰਬ ਅਕੋਰਨਿ ਕੋ ਅਰਪੈ ਹੈਂ।
ਜਿਸ ਕੋ ਨਹਿਂ ਦੇਖਹਿਂ ਅਨੁਸਾਰੀ।
ਤਿਸ ਤੇ ਕਰਹਿਂ ਹਟਾਵਨਿ ਸਾਰੀ ॥੨੧॥
ਬੈਠਜੋ ਰਹੈ ਕਛੂ ਨਹਿਂ ਸਰੈ।
ਸਭਿ ਸੋਢੀ ਹਮ ਤੇ ਤਬਿ ਡਰੈਂ।
ਜਿਸ ਹਮ ਚਾਹੈਂ ਗੁਰੂ ਬਨਾਵੈਂ।
ਬਨੇ ਗੁਰੂ ਕੋ ਤੁਰਤ ਹਟਾਵੈਂ' ॥੨੨॥
ਮਿਲਹਿਂ ਮਸੰਦ ਪਰਸਪਰ ਕਹੈਂ।
'ਤੌ ਇਸ ਬਿਧਿ ਹਮ ਆਛੀ ਅਹੈ।
[1]ਕਰਹਿਂ ਨਮੂਨਾ ਸੋਢੀ ਕੋਇ।
ਬੈਠਜੋ ਰਹੈ ਅਪਨਿ ਘਰ ਸੋਇ ॥੨੩॥
ਲੇਨਿ ਦੇਨਿ ਸਭਿ ਹਮਰੇ ਹਾਥ[1]।
ਸੰਚਹੁ ਧਨ, ਭੁਗਤਹੁ ਸੁਖ ਸਾਥ।'
ਇਮ ਨਿਰਭੈ ਹੁਇ ਬਿਚਰਨਿ ਲਾਗੇ।
ਜਿਸ ਕੋ ਪਿਖਹਿਂ ਦੀਨ ਨਿਜ ਆਗੇ ॥੨੪॥
ਤਿਸ ਕੇ ਨਿਕਟਿ ਜਾਹਿਂ ਲੇ ਸੰਗਤਿ।
ਮਹਿਮਾ ਕਹੈਂ ਬੈਠਿ ਵਿਚ ਪੰਗਤਿ।
'ਅਬਿ ਇਸ ਕੇ ਢਿਗ ਹੈ ਗੁਰਿਆਈ।
ਪੁਰਹੁ ਕਾਮਨਾ ਲਗਿ ਕਰਿ ਪਾਈ' ॥੨੫॥
ਅਨਿਕ ਰੀਤਿ ਕੇ ਕਰਿ ਉਪਦੇਸ਼।
ਲੇ ਸਿੱਖਨਿ ਤੇ ਦਰਬ ਵਿਸ਼ੇਸ਼[†]।
ਇਸ ਪ੍ਰਕਾਰ ਰੌਰਾ[†] ਪਰਿ ਗਇਊ।
ਸਭਿ ਬਿਵਹਾਰ ਬਿਪਰਜੈ[1] ਭਇਊ ॥੨੬॥
ਕਿਸ ਕਾਰਨ ਤੇ ਜਿਮ ਭੁਪਾਲਾ।
ਛਪਿ ਕਰਿ ਬੈਠਹਿ ਬਨੈ ਨਿਰਾਲਾ।
ਪ੍ਰਜਾ ਬਿਖੈ ਸਭਿ ਦੇਸ਼ਨਿ ਠੌਰਾ।
ਉਚਿਤ ਅਨੁਚਿਤ ਪਰਹਿ ਬਡ ਰੌਰਾ

[1]ਭਾਵ ਕਿਸੇ ਸੋਢੀ ਨੂੰ ਨਮੂਨੇ ਮਾਤ੍ਰ ਗੁਰੂ ਬਨਾ ਦੇਈਏ ਜੋ ਅਪਣੇ ਘਰ ਬੈਠਾ ਰਹੇ ਤੇ ਲੈਣ ਦੇਣ ਸਭ ਸਾਡੇ ਹੱਥ ਰਹੇ।

[†]ਪਾ:-ਸਿੱਖਨਿ ਤੇ ਦ੍ਰਬ ਹਰਹਿਂ ਵਿਸ਼ੇਸ਼।

[†]ਇੱਥੇ ਕੇਵਲ ਰੌਲੇ ਮਾਤ੍ਰ ਦੇ ਦ੍ਰਿਸ਼ਟਾਂਤ ਦਿੱਤੇ ਹਨ, ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ।

[1]ਉਲਟ।

॥੨੭॥

ਜਥਾ ਪੁਰੰਦਰ[1] ਅੰਦਰ ਤੋਇ[2]।

[1]ਇੰਦ੍ਰ। [2]ਜਲ।

ਕਮਲ ਨਾਲਕਾ[1] ਮਹਿ ਥਿਰ ਹੋਇ।

[1]ਇੰਦਰ ਦੇ ਛਪ ਜਾਣ ਤੇ ਜੋ ਘਬਰਾਹਟ ਦੇਵਤਿਆਂ ਵਿਚ ਹੋਈ, ਉਸ ਘਬਰਾਹਟ ਮਾਤ੍ਰ ਦਾ ਦ੍ਰਿਸ਼ਟਾਂਤ ਹੈ। ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ।

ਛਪ ਕਰਿ ਰਹ੍ਯੋ ਨ ਜਾਨ੍ਯੋਂ ਕਾਹੂੰ।
ਪਰ੍ਯੋ ਰੌਰ ਸਭਿ ਦੇਵਨ ਮਾਹੂੰ ॥੨੮॥
ਤਿਮ ਸਤਿਗੁਰ ਕੇ ਘਰ ਮੈ ਹੋਵਾ[†]।

[†]ਦੇਖੋ ਪਿਛਲੇ ਪੰਨੇ ਤੇ ਇਸੇ ਨਿਸ਼ਾਨ ਦੀ ਟੂਕ।

ਨਹਿਂ ਕ੍ਯੋਂਹੂੰ[†] ਨਿਰਨੇ ਕਰਿ ਜੋਵਾ।

[†]ਪਾ:-ਕਿਨਹੂੰ।

ਸਿਖ ਸੰਗਤਿ ਸਭਿ ਭੂਲੀ ਫਿਰੈ।
ਗੁਰੂ ਨ ਜਾਨਹਿਂ, ਸੰਸੈ ਧਰੈ ॥੨੯॥
ਬੀਚ ਬਕਾਲੇ ਮੰਜੀ ਲਾਇ।
ਗੁਰ ਬਾਈਸ ਭਏ ਮੁਦ ਪਾਇ।
ਆਪ ਆਪ ਕੋ ਬਡੇ ਕਹਾਵੈ।
ਸੰਗ ਸ਼ਰੀਕਨਿ ਦ੍ਰੋਹ ਕਮਾਵੈਂ ॥੩੦॥
ਨਿੰਦਾ ਕਰਹਿਂ 'ਕਹਾਂ ਸੋ ਜਾਨੈ'[1]?

[1]ਨਿੰਦਾ ਕਰਦੇ ਹਨ:-ਕਿ ਓਹ ਕੀ ਜਾਣਦਾ ਹੈ!

'ਕਹਾਂ ਸ਼ਕਤਿ ਅਪਰਨਿ ਮਹਿਂ' ਠਾਨੈ[1]।

[1]ਹੋਰਨਾਂ ਵਿਚ ਕਿੱਥੇ ਸ਼ਕਤੀ ਹੈ? (ਇਹ ਗੱਲ) ਪੱਕੀ ਕਰਦੇ ਹਨ ਅਥਵਾ ਇਹ ਗੱਲ ਮਨ ਵਿਚ ਪੱਕੀ ਕਰਦੇ ਹਨ।

'ਮੈਂ ਗੁਰ ਬਨ੍ਯੋਂ ਪਾਇ ਗੁਰਿਆਈ।
ਅਪਰ ਲੋਭ ਹਿਤ ਕਹਿਂ ਪੁਜਵਾਈ' ॥੩੧॥
ਧੀਰਮੱਲ ਤੇ ਆਦਿਕ ਬ੍ਰਿੰਦ।
ਨਿਜ ਘਰ ਤ੍ਯਾਗੇ ਰਿਦੇ ਅਨੰਦ।
ਬਸੇ ਆਇ ਕਰਿ ਬੀਚ ਬਕਾਲੇ[†]।

[†]ਬਾਹਰੋਂ ਆਕੇ ਵੱਸੇ ਹਨ, ਪਹਿਲਾਂ ਬਕਾਲੇ ਨਹੀਂ ਸਨ ਵਸਦੇ; ਕਵਿ ਜੀ ਆਪ ਦੱਸਦੇ ਹਨ।

ਬਿਸਤਾਰਹਿਂ ਪਾਖੰਡ ਬਿਸਾਲੇ ॥੩੨॥
ਧਨ ਕੀ ਬਿਭੌਂ[1] ਜਿਤਿਕ ਜਿਸ ਪਾਹੀ।

[1]ਵਿਭੂਤੀ।

ਸੰਗਤਿ ਕੋ ਨਿਕਾਸਿ ਦਿਖਰਾਹੀਂ।
ਭੋਰੇ ਸਿਖ ਦੇਖਿ ਬਿਰਮਾਵੈਂ।
ਆਨਿ ਦਰਬ ਕੋ ਭੇਟ ਚਢਾਵੈਂ ॥੩੩॥
ਤਿਨ ਕੋ ਬਹੁ ਬਿਧਿ ਦੇਤਿ ਦਿਲਾਸਾ।
'ਪੂਰਨ ਕਰਹਿਂ ਸਕਲ ਤੁਮ ਆਸਾ।
ਮੋ ਬਿਨ ਗੁਰ ਸੋਢੀ ਨਹਿਂ ਕੋਊ।

ਕਬਹਿ ਨ ਮਿਲਹੁ ਕਹਹਿ ਕਿਮ ਸੋਊ'
॥੩੪॥
ਇਮ ਧਨ ਲੋਭ ਦੇਖਿ ਸਿਖ ਸਜਾਨੇ।
ਕਰਾਮਾਤ ਛੂਛੇ ਪਹਿਚਾਨੇ।
ਹਟਕ ਰਹੇ, ਨਹਿਂ ਮਿਲਿਬੋ ਠਾਨਹਿਂ।
ਗੁਰ ਕੋ ਗੁਨ ਜਾਨੈ ਤਊ ਮਾਨਹਿਂ
॥੩੫॥
ਕਹੌਂ ਪ੍ਰਸੰਗ ਕਹਾਂ ਲਗਿ ਔਰਾ।
ਸਿਖ ਸੰਗਤਿ ਮਹਿਂ ਜੇਤਿਕ ਰੌਰਾ।
ਸ਼੍ਰੀ ਗੁਰ ਤੇਗ ਬਹਾਦਰ ਚੰਦ।
ਸਦਾ ਲੇਤਿ ਰਸ ਗਜਾਨਾਨੰਦ ॥੩੬॥
ਨਹੀਂ ਅਪਨਪੌ ਕਰਹਿਂ ਲਖਾਈ।
ਘਰ ਅੰਤਰ ਥਿਰ ਰਹਹਿਂ ਗੁਸਾਈਂ।
ਮਾਤ ਨਾਨਕੀ ਸਭਿ ਮਨ ਜਾਨੀ।
ਸਿਮਰਤਿ ਭਰਤਾ ਕੀ ਬਰ ਬਾਨੀ
॥੩੭॥
-ਸੋ ਅਬਿ ਸਮਾ ਪਹੂਚਯੋ ਆਈ।
ਮਮ ਸੁਤ ਕੋ ਹੁਇ ਹੈ ਗੁਰਿਆਈ-।
ਘਰ ਅੰਤਰ ਬੈਠਹਿ ਨਿਤ ਹੇਰਹਿ।
ਬਿਦਤਨਿ ਹੇਤੁ ਪੁੱਤ੍ਰ ਤੋ ਪ੍ਰੇਰਹਿ ॥੩੮॥
ਅਪਰ ਸੋਢੀਅਨਿ ਕੀ ਪਿਖਿ ਗਾਥਾ।
ਕਹਿ ਬਹੁ ਬਾਰ ਆਤਮਜ[1] ਸਾਥਾ।
'ਗਾਦੀ ਕੇ ਮਾਲਿਕ ਤੁਮ ਬਨਹੁ।
ਰੌਰਾ ਪਰਜੋ ਸਰਬ ਕੋ ਹਨਹੁਂ' ॥੩੯॥
ਸੁਨਿ ਸ਼੍ਰੀ ਤੇਗ ਬਹਾਦਰ ਸ਼੍ਰੌਨ।
ਇਕ ਰਸ ਥਿਰੇ ਧਰੇ ਮੁਖ ਮੌਨ।
ਆਗੇ ਕਥਾ ਕਹੌਂ ਇਨ ਕੇਰੀ।
ਜਿਮ ਬਿਦਤਹਿਂ ਪਿਖਿ ਪ੍ਰੀਤਿ ਘਨੇਰੀ
॥੪੦॥
ਦਸਮ ਰਾਸਿ ਅਬਿ ਪੂਰਨ ਕੀਨਿ।
ਸਤਿਗੁਰ ਚਰਨ ਕਮਲ ਚਿਤ ਦੀਨਿ।
ਕਵਿ ਸੰਤੋਖ ਸਿੰਘ ਦ੍ਵੈ ਕਰ ਜੋਰਿ।

[1]ਪੁੱਤ੍ਰ।

ਬਾਰੰਬਾਰ ਨਿਹੋਰਿ ਨਿਹੋਰਿ[1] ॥੪੧॥ [1]ਨਮਸਕਾਰ ਕਰ ਕਰਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ੍ਰੀ ਹਰਿਕ੍ਰਿਸ਼ਨ ਕਥਾ ਪ੍ਰਸੰਗ' ਬਰਨਨੰ ਨਾਮ ਛਠ ਪੰਚਾਸਤੀ ਅੰਸੂ ॥੫੬॥

ਦਸਮੀ ਰਾਸ ਸੰਮਾਪਤੰ ਮਸਤੁ ਸ਼ੁਭ ਮਸਤ ॥

[ਦਸਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਗਿਆਰ੍ਹਵੀਂ Raas 11

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥


## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਗਿਆਰ੍ਹਵੀਂ

## ਰਾਸਿ ਗਿਆਰ੍ਹਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ

ਬਲਜਿੰਦਰ ਸਿੰਘ

੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਗਿਆਰਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਗਿਆਰ੍ਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | ੬੦ | ੬੧ |

# ਤਤਕਰਾ ਰਾਸਿ ਗਿਆਰ੍ਹਵੀਂ

## ਰਾਸਿ ਗਿਆਰ੍ਹਵੀਂ


੧ ਅੰਸ ੧. [ਮੰਗਲ। ਬਕਾਲੇ ਸੋਢੀ]
੧. ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।
੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।
੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।
੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।
੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।
੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।
੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।
੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।
੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।
੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।
੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।
੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।
** [ਕਥਾ ਅਰੰਭ]
੨ ੨. [ਭਾਈ ਗੜ੍ਹੀਆ ਤੇ ਦ੍ਵਾਰਕਾ ਦਾਸ ਬਕਾਲੇ ਆਏ]
੩ ੩. [ਮੱਖਣ ਸ਼ਾਹ]
੪ ੪. [ਮੱਖਣ ਸ਼ਾਹ ਬਕਾਲੇ]
੫ ੫. [ਮੱਖਣ ਸ਼ਾਹ ਬਕਾਲੇ]
੬ ੬. [ਮਾਤਾ ਨਾਨਕੀ ਜੀ]
੭ ੭. [ਮੱਖਣ ਸ਼ਾਹ ਤੇ ਸ਼੍ਰੀ ਗੁਰ ਤੇਗ ਬਹਾਦਰ ਜੀ]
੮ ੮. [ਗੁਰੂ ਜੀ ਦਾ ਪ੍ਰਗਟਨਾ]
੯ ੯. [ਗੁਰੂ ਜੀ ਦਾ ਪ੍ਰਗਟ ਹੋਣਾ]
੧੦ ੧੦. [ਸੋਢੀਆਂ ਦੀ ਈਰਖਾ]
੧੧ ੧੧. [ਧੀਰਮੱਲ ਵਲੋਂ ਗੋਲੀ ਚਲਾਉਣ ਦੀ ਗੋਂਦ]
੧੨ ੧੨. [ਧੀਰਮੱਲ ਵੱਲੋਂ ਹੋਰ ਵਿਰੋਧ]
੧੩ ੧੩. [ਧੀਰਮੱਲ ਵੱਲੋਂ ਗੋਲੀ ਚੱਲੀ ਤੇ ਲੁੱਟ]
੧੪ ੧੪. [ਧੀਰਮੱਲ ਦੀ ਕਠੋਰਤਾ]
੧੫ ੧੫. [ਮੱਖਣ ਸ਼ਾਹ ਦਾ ਕ੍ਰੋਧ]
੧੬ ੧੬. [ਮੱਖਣ ਸ਼ਾਹ ਦਾ ਮਸੰਦ ਨੂੰ ਦੰਡ]
੧੭ ੧੭. [ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ]
੧੮ ੧੮. [ਘਰ ਵਿਚ ਵਿਚਾਰ ਤੇ ਗੁਰੂ ਜੀ ਦਾ ਉਪਦੇਸ਼]
੧੯ ੧੯. [ਧੀਰਮੱਲ ਦੀਆਂ ਚੀਜ਼ਾਂ ਮੋੜੀਆਂ]

੨੦ ੨੦. [ਧੀਰਮੱਲ ਦੀ ਵਾਪਸੀ]
੨੧ ੨੧. [ਮੱਖਣ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਪੁੱਜੇ]
੨੨ ੨੨. [ਸ਼੍ਰੀ ਅੰਮ੍ਰਿਤਸਰੋਂ ਵੱਲੇ]
੨੩ ੨੩. [ਸ਼੍ਰੀ ਗੁਰੂ ਜੀ ਦਾ ਬਕਾਲਿਓਂ ਕੂਚ]
੨੪ ੨੪. [ਸ਼੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ]
੨੫ ੨੫. [ਧੀਰ ਮੱਲ ਨੂੰ ਸੁਨੇਹਾ ਪੁੱਜਾ]
੨੬ ੨੬. [ਧੀਰਮੱਲ ਨੂੰ ਬੀੜ ਦਾ ਮਿਲਨਾ]
੨੭ ੨੭. [ਆਨੰਦ ਪੁਰ ਵਸਾਉਣ ਵਾਲੀ ਥਾਂ ਆਉਣਾ]
੨੮ ੨੮. [ਮੱਖਣ ਸ਼ਾਹ ਵਿਦਾ। ਸ਼੍ਰੀ ਅਨੰਦ ਪੁਰ ਵਸਾਉਣਾ]
੨੯ ੨੯. [ਮਾਖੋ ਦੈਂਤ]
੩੦ ੩੦. [ਇਕ ਪੀਰ ਦਾ ਸੰਸਾ ਦੂਰ ਕੀਤਾ]
੩੧ ੩੧. [ਗੁਰੂ ਜੀ ਦੀ ਮਹਿਮਾ। ਧੀਰਮੱਲ ਦੀ ਈਰਖਾ]
੩੨ ੩੨. [ਧੀਰਮਲ ਰਾਮ ਰਾਇ ਮੇਲ]
੩੩ ੩੩. [ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਟੁਰਨਾ]
੩੪ ੩੪. [ਮੂਲੋਵਾਲ ਦਾ ਮਾਈਆ ਤੇ ਗੋਂਦਾ। ਸ਼ੇਖੇ ਦਾ ਤਿਲੋਕਾ ਜਿਵੰਧਾ]
੩੫ ੩੫. [ਹਡਿਆਏ ਨਗਰ ਤਾਪ ਦੇ ਰੋਗੀ ਅਰੋਗ ਕੀਤੇ]
੩੬ ੩੬. [ਭੰਦੇਰ ਨਗਰ। ਅਲੀਸ਼ੇਰ। ਜੋਗੇ। ਭੂਪਾਲੀ]
੩੭ ੩੭. [ਖੀਵਾ। ਭਿੱਖੀ]
੩੮ ੩੮. [ਦੇਸ ਰਾਜ। ਖਯਾਲਾ ਗ੍ਰਾਮ। ਦਮਦਾ। ਮੌੜ]
੩੯ ੩੯. [ਦੇਸੂ ਦਾ ਅੰਤ]
੪੦ ੪੦. [ਸੂਲੀਸਰ ਵਿਚ ਚੋਰ ਨੂੰ ਸੂਲੀ। ਬਰੇ ਗ੍ਰਾਮ]
੪੧ ੪੧. [ਬਰੇ। ਗੋਬਿੰਦ ਪੁਰੇ। ਰਾਗੇ। ਗੁਰਨੇ। ਮਕਰੋੜ। ਧਮਧਾਣ]
੪੨ ੪੨. [ਮੇਹੇਂ ਦੀ ਘਾਲ]
੪੩ ੪੩. [ਧਮਧਾਣ ਦਾ ਰਾਹਕ। ਤਿਖਾਣ ਸਿੱਖ। ਕੈਂਥਲ]
੪੪ ੪੪. [ਬਾਰਨੇ ਦੇ ਰਾਹਕ ਤੋਂ ਤੰਬਾਕੂ ਛੁੜਾਯਾ]
੪੫ ੪੫. [ਥਾਨੇਸਰ ਮੇਲੇ ਤੇ। ਬਣੀ ਬੱਦਰ ਪੁਰ]
੪੬ ੪੬. [ਪੂਰਬ ਦੀ ਸੰਗਤ ਦੀ ਸਿੱਕ]
੪੭ ੪੭. [ਕੜੇ ਗ੍ਰਾਮ ਦਾ ਮਲੂਕ ਦਾਸ]
੪੮ ੪੮. [ਗੁਰੂ ਜੀ ਤ੍ਰਿਬੇਣੀ ਪੁੱਜੇ]
੪੯ ੪੯. [ਹੇਮ ਕੁੰਟ ਦੀ ਸ਼ੋਭਾ]
੫੦ ੫੦. [ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ]
੫੧ ੫੧. [ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ]
੫੨ ੫੨. [ਅਕਾਲ ਪੁਰਖ ਪਾਸੋਂ ਵਿਦੈਗੀ]
੫੩ ੫੩. [ਤ੍ਰਿਬੇਣੀ ਵਿਖੇ ਨਿਵਾਸ]

| | |
|---|---|
| ੫੪ | ੫੪. [ਪ੍ਰਯਾਗ ਤੋਂ ਕਾਂਸ਼ੀ] |
| ੫੫ | ੫੫. [ਸਸਰਾਮ ਚਾਚੇ ਫੱਗੋ ਦੇ] |
| ੫੬ | ੫੬. [ਸੰਸਰਾਵ ਡੇਰਾ, ਬੇਰੀ। ਬਾਗ਼ ਵਿਚ ਨਿਵਾਸ] |
| ੫੭ | ੫੭. [ਗਯਾ ਜੀ। ਜੈਤਾ ਸੇਠ] |
| ੫੮ | ੫੮. [ਪਟਨੇ ਨਿਵਾਸ] |
| ੫੯ | ੫੯. [ਜਰਾ ਸੰਧੁ ਪ੍ਰਸੰਗ] |
| ੬੦ | ੬੦. [ਜਰਾਸੰਧ ਪ੍ਰਸੰਗ] |
| ੬੧ | ੬੧. [ਜਰਾਸੰਧ ਦੀ ਕਥਾ] |

# ਰਾਸ਼ਿ ਗਜਾਰਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ਼੍ਰੀ ਵਾਹਿਗੁਰੂ ਜੀ ਕੀ ਫਤਹ ॥

## ਅਥ ਇਕਾਦਸ਼ਮੀ ਰਾਸਿ ਲਿੱਖਯਤੇ ॥

### ਅੰਸ ੧. [ਮੰਗਲ। ਬਕਾਲੇ ਸੋਢੀ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਦੋਹਰਾ:

ਸਤਿ ਚਿਤ ਅਨੰਦ ਸਮਾਨ ਇਕ, ਨਿਰਗੁਨ ਸਰਗੁਨ ਮਾਂਹਿ।
ਗਜਾਨਾਦਿਕ† ਗੁਨ ਈਸ਼ ਕੇ, ਜੀਵ ਬਿਖੈ ਇਹ ਨਾਂਹਿ ॥੧॥

†ਪਾ:-ਗਜਾਨਾਨੰਦ।

ਸਤਿ ਚਿਤ ਅਨੰਦ = ਸਤਿ ਚਿਤ ਤੇ ਅਨੰਦ ਸਰੂਪ ਪਰਮਾਤਮਾ; ਦੇਖੋ ਸ਼੍ਰੀ ਗੁਰ ਨਾ: ਪ੍ਰਾ: ਪੂਰ: ਅਧ੍ਯਾ: ੧ ਅੰਕ ੩ ਦੇ ਪਦ ਅਰਥ।

ਨਿਰਗੁਣ = ਜਿਸ ਵਿਚ ਗਿਆਨਾਦਿ ਗੁਣ ਨਹੀਂ ਹਨ। ਮੁਰਾਦ ਜੀਵ ਤੋਂ ਹੈ।

ਸਰਗੁਣ = ਜਿਸ ਵਿਚ ਗਿਆਨਾਦਿਕ ਗੁਣ ਹਨ। ਮੁਰਾਦ ਈਸ਼੍ਵਰ (ਮਾਇਆ ਸਬਲ) ਤੋਂ ਹੈ।

ਅਰਥ:

ਗਿਆਨਾਦਿਕ ਗੁਣ ਈਸ਼੍ਵਰ ਵਿਚ ਹਨ; (ਤਾਂਤੇ ਉਹ) ਸਰਗੁਣ ਹੈ। ਜੀਵ ਵਿਚ ਇਹ (ਗਿਆਨਾਦਿ ਗੁਣ) ਨਹੀਂ ਹਨ, (ਇਸ ਕਰਕੇ ਉਹ) ਨਿਰਗੁਣ ਹੈ, (ਪਰ) ਸਤਿ ਚਿਤ ਆਨੰਦ (ਸ ਪ ਪਰਮਾਤਮਾਂ ਇਨ੍ਹਾਂ ਦੋਹਾਂ ਜੀਵ ਤੇ ਈਸ਼੍ਵਰ ਵਿਚ) ਇਕ ਸਮਾਨ (ਵਿਆਪਕ) ਹੈ, (ਉਸ ਸਤਚਿਤ ਆਨੰਦ ਸਰੂਪ ਪਰਮਾਤਮਾਂ ਨੂੰ ਮੇਰੀ ਨਮਸਕਾਰ ਹੋਵੇ)।

ਹੋਰ ਅਰਥ:

ਨਿਰਗੁਣ ਤੇ ਸਰਗੁਣ ਵਿਚ ਸਤਿ ਚਿਤ ਅਨੰਦ ਇਕ ਸਮਾਨ (ਸਮਾ) ਰਿਹਾ ਹੈ। (ਫਰਕ ਇਹ ਹੈ ਕਿ) ਗ੍ਯਾਨ ਆਦਿਕ ਗੁਣ ਈਸ਼੍ਵਰ ਵਿਚ ਹਨ, ਜੀਵ ਵਿਚ ਇਹ ਨਹੀਂ ਹਨ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਸ੍ਵੈਯਾ:

ਗੁਨ ਮੰਦਿਰ ਸੁੰਦਰ, ਦੇਹ ਪ੍ਰਭਾ†, ਸਮ ਪਾਰਦ, ਚੰਦ੍ਰਿਕ ਚੰਦ, ਸੁਚੰਦਨ।
ਬਰ ਬੰਦਨ ਬ੍ਰਿੰਦੁ ਸੁ ਭਾਲ ਪੈ ਤੰਦੁਲ, ਚੰਦ ਕਲਾ ਵਿਚ ਜਸੋਂ ਮਹਿ ਨੰਦਨ।
ਕਰਿ ਬੰਦਿ ਕਰੌਂ ਪਦ ਬੰਦਨ ਕੋ, ਅਰਵਿੰਦ ਮਨਿੰਦ ਅਨੰਦ ਮਲਿੰਦਨਿ।
ਕਰ ਬੇਨੁਵਤੀ! ਮੁਝ ਦੇਹੁ ਮਤੀ, ਸ਼ੁਭ ਸਾਰਸਤੀ ਦੁਖ ਦੁੰਦ ਨਿਕੰਦਨ! ॥੨॥

†ਇਹ ਪਦ ਦੇਹੁਰੀ ਦੀਪਕ ਰੱਖ ਕੇ ਅਰਥ ਕਰੀਏ ਤੇ ਇਉਂ ਬਣੇਗਾ-ਤੇਰੀ ਸੁੰਦਰ ਦੇਹ ਗੁਣਾਂ ਦਾ ਮੰਦਰ ਤੇ ਦੇਹ ਦੀ (ਪ੍ਰਭਾ) ਸ਼ੋਭਾ...।

ਪ੍ਰਭਾ = ਸ਼ੋਭਾ। ਚੰਦ੍ਰਿਕ ਚੰਦ = ਚੰਦ ਦੀ ਚਾਨਣੀ।

ਬੰਦਨ = ਸੰਧੂਰ ਇੰਦੁ = ਤਿਲਕ। ਤੰਦੁਲ = ਚਾਵਲ।

ਮਹਿਨੰਦਨ = ਪ੍ਰਿਥਵੀ ਦਾ ਪੁੱਤ੍ਰ ਭਾਵ ਮੰਗਲ, ਜਿਸ ਦਾ ਰੰਗ ਲਾਲ ਮੰਨਿਆਂ ਜਾਂਦਾ ਹੈ।

ਮਲਿੰਦਨਿ = ਭੌਰਿਆਂ ਨੂੰ।

ਕਰ ਬੇਣੁ ਵਤੀ = ਹੱਥ ਵਿਚ ਵੀਣਾ (ਧਾਰਨੇ) ਵਾਲੀ। ਅਸਲ ਵਿਚ ਵੇਣੁ ਨਾਮ ਬੰਸਰੀ ਦਾ ਹੈ, ਪਰ ਵੀਣਾ ਲਈ ਵਰਤਿਆ ਗਿਆ ਹੈ।

ਅਰਥ:

(ਤੂੰ ਸਾਰੇ) ਗੁਣਾਂ ਦਾ ਸੁੰਦਰ ਮੰਦਿਰ ਹੈਂ (ਤੇਰੀ) ਦੇਹ ਦੀ ਸ਼ੋਭਾ ਪਾਰੇ ਵਾਂਙ (ਉੱਜਲ) ਹੈ, ਚੰਦਰਮਾਂ ਦੀ ਚਾਂਦਨੀ (ਵਤ ਸੀਤਲ) ਹੈ, ਤੇ ਚੰਦਨ (ਸਮਾਨ ਸੁਗੰਧਿਤਿ) ਹੈ। ਤੇਰੇ ਮੱਥੇ ਉੱਥੇ ਸੰਧੂਰ ਦੀ ਸ੍ਰੇਸ਼ਟ ਬਿੰਦੀ ਵਿਚ ਚਾਵਲ (ਐਉਂ ਸ਼ੋਭ ਰਹੇ ਹਨ) ਜਿਵੇਂ ਮੰਗਲ ਵਿਚ ਚੰਦਰਮਾਂ ਦੀਆਂ ਕਲਾਂ। (ਮੈਂ) ਹੱਥ ਜੋੜ ਕੇ ਤੇਰੇ ਚਰਨਾਂ ਨੂੰ ਬੰਦਨਾਂ ਕਰਦਾ ਹਾਂ ਜੋ ਕਿ ਕਵਲਾਂ ਵਾਂਙ (ਆਪਣੇ ਕਵੀ ਰੂਪ) ਭੌਰਿਆਂ ਨੂੰ ਅਨੰਦ (ਦੇਣ ਵਾਲੇ ਹਨ)। ਹੇ ਹੱਥ ਵਿਚ ਵੀਣਾਂ (ਧਾਰਨੇ) ਵਾਲੀ! ਤੇ ਸਾਰੇ ਦੁੱਖਾਂ ਨੂੰ ਕੱਟਣ ਵਾਲੀ ਸਰੱਸ੍ਵਤੀ! ਮੈਨੂੰ ਸ਼ੁਭ ਮਤਿ ਦੇਹੁ (ਜੋ ਗੁਰੂ ਜਸ ਕਥਨ ਕਰਾਂ)।

### ੩. ਇਸ੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਦੋਹਰਾ:

**ਪਸਰਯੋ ਜਸ ਦਸ ਦਿਸ਼ਨਿ ਮੈਂ, ਸਦ੍ਰਸ਼ ਸੁਮਨਸ ਸੇਤ।**
**ਅਜ਼ਮਤ† ਜੁਤਿ ਜੀਤਯੋ ਜਗਤ, ਸ਼੍ਰੀ ਨਾਨਕ ਸੁਖ ਦੇਤਿ ॥੩॥**

†ਕਵੀ ਜੀ ਨੇ ਇਹ ਪਦ ਕਰਾਮਾਤ ਦੇ ਅਰਥਾਂ ਵਿਚ ਹੀ ਬਹੁਤਾ ਵਰਤਿਆ ਹੈ।

ਸਦ੍ਰਸ = ਵਤ, ਵਰਗਾ। ਸੁਮਨਸ = ਫੁੱਲ। ਸੇਤ = ਚਿੱਟੇ।
ਅਜ਼ਮਤ = ਬਜ਼ੁਰਗੀ। ਕਰਾਮਾਤ* [ਅ਼: ਅ਼ਜ਼ੁਮਤ = ਬਜ਼ੁਰਗੀ]

ਅਰਥ:

ਚਿੱਟੇ ਫੁੱਲਾਂ ਵਰਗਾ (ਉੱਜਲ) ਜਸ਼ (ਜਿਨ੍ਹਾਂ ਦਾ) ਦਸੋਂ ਦਿਸ਼ਾਂ ਵਿਚ ਫੈਲਿਆ ਹੋਇਆ ਹੈ (ਅਤੇ ਜਿਨ੍ਹਾਂ ਨੇ) ਕਰਾਮਾਤ (ਯਾ ਬਜ਼ੁਰਗੀ) ਨਾਲ ਜਗਤ ਨੂੰ ਜਿੱਤ ਲਿਆ ਹੈ (ਐਸੇ) ਸੁਖਦਾਤੇ ਸ਼੍ਰੀ (ਗੁਰੂ) ਨਾਨਕ (ਦੇਵ ਜੀ ਨੂੰ ਮੇਰੀ ਨਮਸਕਾਰ ਹੈ)।

### ੪. ਇਸ੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

**ਅਜਰ ਜਰਨ, ਧੀਰਜ ਧਰਨਿ, ਧਰਨਿ ਮਨਿੰਦ, ਅਮੰਦ।**
**ਸ਼੍ਰੀ ਅੰਗਦ ਪਦ ਪਦਮ ਕੋ, ਨਮਹਿਂ ਮੁਕੰਦ ਅਨੰਦ ॥੪॥**

ਧਰਨਿ = ਧਰਨ ਵਿਚ।
ਧਰਨਿ = ਧਰਤੀ, ਪ੍ਰਿਥਵੀ।
ਅਮੰਦ = ਜੋ ਮੰਦ ਨਾ ਹੋਵੇ, ਤਤਪਰ, ਸ੍ਰੇਸ਼ਟ। ਪਦਮ = ਕਵਲ।
ਮੁਕੰਦ ਅਨੰਦ = ਅਨੰਦ ਤੇ ਮੁਕਤੀ ਦੇ ਦਾਤਾ।

ਅਰਥ:

ਜੋ ਧੀਰਜ ਧਾਰਨ ਵਿਚ ਧਰਤੀ ਤੁੱਲ ਹਨ ਤੇ ਅਜਰ ਨੂੰ ਜਰਨ ਵਿਚ (ਸਦਾ) ਤਤਪਰ ਹਨ, ਦੋ ਮੁਕਤੀ ਤੇ ਅਨੰਦ ਦੇ ਦਾਤਾ ਹਨ। (ਐਸੇ) ਸ਼੍ਰੀ (ਗੁਰੂ) ਅੰਗਦ ਦੇਵ ਜੀ ਦੇ ਚਰਨਾਂ ਕਵਲਾਂ ਨੂੰ ਮੈਂ ਨਮਸਕਾਰ ਕਰਦਾ ਹਾਂ।

### ੫. ਇਸ੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

**ਭਾਨੁ ਸਮਾਨ ਜੁ ਗਯਾਨ ਦਿਢਿ, ਹਾਨਿ ਤਿਮਰ ਅੱਗਯਾਨ।**
**ਅਜ਼ਮਤਿ ਦਾਨੀ ਅਨਿਕ ਕੇ, ਸ਼੍ਰੀ ਗੁਰੁ ਅਮਰ ਸੁਜਾਨ ॥੫॥**

ਭਾਨੁ = ਸੂਰਜ। ਤਿਮਰ = ਅੰਧੇਰਾ।
ਅਜ਼ਮਤ = ਕਰਾਮਾਤ, ਬਜ਼ੁਰਗੀ।
'ਅਜ਼ਮਤਿ ਦਾਨੀ' ਤੋਂ ਏਥੇ ਇਸ਼ਾਰਾ ਬਾਈ' ਮੰਜੀਆਂ ਆਦਿਕ ਵਲ ਹੈ, ਜਿਨ੍ਹਾਂ ਨੂੰ ਆਪ ਨੇ ਅਜ਼ਮਤ ਦਾਨ ਦੇਕੇ ਗੁਰਮੁਖ ਬਣਾਇਆ।

ਅਰਥ:

ਸ਼੍ਰੀ ਗੁਰੂ ਅਮਰਦਾਸ ਜੀ ਦਾ (ਆਪਣਾ) ਗਿਆਨ ਸੂਰਜ ਸਮਾਨ ਦ੍ਰਿੜ੍ਹ (= ਅਚੱਲ) ਹੈ, (ਤੇ ਦੂਸਰਿਆਂ ਦੇ) ਅੱਗਜਾਨ (ਰੂਪੀ) ਅਨ੍ਹੇਰੇ ਨੂੰ ਨਾਸ਼ ਕਰਨ ਵਾਲੇ ਹਨ, ਅਤੇ ਅਨੇਕਾਂ ਦੇ ਅਜ਼ਮਤ ਦਾਤਾ ਹਨ, (ਐਸੇ) ਸੁਜਾਨ (ਸ਼੍ਰੀ ਗੁਰੂ ਜੀ) ਦੇ ਚਰਨਾਂ ਕਵਲਾਂ ਉਪਰ ਮੇਰੀ ਨਮਸਕਾਰ ਹੈ।

### ੬. ਇਸ੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।

**ਸੋਢੀ ਕੁਲ ਸਮ ਗਗਨ ਮੈਂ, ਬਿਦਤੇ ਭਾਨੁ ਮਨਿੰਦ।**
**ਰਾਮਦਾਸ ਸ੍ਰੀ ਸਤਿਗੁਰੂ, ਬੰਦੋਂ ਪਦ ਅਰਵਿੰਦ ॥੬॥**

ਅਰਥ:

ਸੋਢੀ ਕੁਲ ਰੂਪੀ ਅਕਾਸ਼ ਵਿਚ (ਜੋ) ਸੂਰਜ ਵਾਂਙੂ ਪ੍ਰਗਟੇ (ਮੈਂ ਐਸੇ) ਸ਼੍ਰੀ ਸਤਿਗੁਰੂ (ਗੁਰੂ) ਰਾਮਦਾਸ (ਜੀ ਦੇ) ਚਰਨਾਂ ਕਵਲਾਂ (ਪਰ) ਨਮਸਕਾਰ ਕਰਦਾ ਹਾਂ।

### ੭. ਇਸ੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

**ਦਾਸਨਿ ਕੀ ਫਾਸਨਿ ਕਟੈਂ, ਉਪਦੇਸ਼ਤਿ ਸਤਿਨਾਮੁ।**
**ਸ਼੍ਰੀ ਅਰਜਨ ਬਰਜਨਿ ਕੁਮਤਿ, ਤਿਨ ਪਦ ਪਦਮ ਪ੍ਰਣਾਮ ॥੭॥**

ਬਰਜਨ = ਵਰਜਣ ਵਾਲੇ। ਭਾਵ ਨਾਸ਼ ਕਰਨੇ ਵਾਲੇ।
ਕੁਮਤਿ = ਦੁਰਬੁੱਧੀ, ਮੂਰਖਤਾ।

ਅਰਥ:

(ਜੋ ਸ਼ਰਨਾਰਤ) ਦਾਸਾਂ ਦੀਆਂ ਕੁਮੱਤਾਂ ਨੂੰ ਦੂਰ ਕਰਕੇ ਸਤਿਨਾਮ ਦਾ ਉਪਦੇਸ਼ ਦੇਂਦੇ ਹਨ (ਤੇ ਐਉਂ ਲੋਕ ਪ੍ਰਲੋਕ ਦੀਆਂ) ਫਾਹੀਆਂ ਕੱਟ ਦਿੰਦੇ ਹਨ। (ਐਸੇ) ਸ਼੍ਰੀ (ਗੁਰੂ) ਅਰਜਨ (ਦੇਵ ਜੀ) ਦੇ ਚਰਨਾਂ ਕਵਲਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ।

### ੮. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

**ਜੋਧਾ ਕ੍ਰੁੱਧਤਿ ਜੁੱਧ ਮਹਿਂ, ਰਿਦਾ ਸਥਿਤ† ਬ੍ਰਹਮ ਗਯਾਨ†** ਪਾ:-ਬਸਤ੍ਰ।
**ਸ਼੍ਰੀ ਹਰਿ ਗੋਵਿੰਦ ਚੰਦ ਪਦ ਬੰਦਨ ਸਿਰ ਤੇ ਠਾਨਿ ॥੮॥**

ਅਰਥ:

(ਜਿਨ੍ਹਾਂ ਦਾ) ਹਿਰਦਾ ਸਥਿਤ (ਦ੍ਰਿੜ) ਹੈ ਬ੍ਰਹਮ ਗਿਆਨ ਵਿਚ (ਪ੍ਰੰਤੂ) ਜੁੱਧ ਵਿਚ (ਜੋ) ਰੌਦ੍ਰ ਰਸੀ ਜੋਧਾ ਹੋ ਜਾਂਦੇ ਹਨ (ਐਸੇ) ਸ਼੍ਰੀ ਹਰਿ ਗੋਵਿੰਦ ਚੰਦ ਜੀ ਦੇ ਚਰਨਾਂ ਨੂੰ (ਆਪਣੇ) ਸੀਸ ਤੇ ਟਿਕਾਕੇ ਬੰਦਨਾਂ ਕਰਦਾ ਹਾਂ।

ਹੋਰ ਅਰਥ:

ਦੂਸਰੀ ਸਤਰ ਦਾ-ਸ਼੍ਰੀ ਹਰਿਗੋਬਿੰਦ ਜੀ ਦੇ ਚਰਨਾਂ ਉਤੇ ਸਿਰ ਟਿਕਾਕੇ ਬੰਦਨਾ ਕਰਦਾ ਹਾਂ।

ਭਾਵ:

ਇਥੇ ਕਵਿ ਜੀ ਇਕ ਕਟਾਖਯ ਵਿਚ ਮੀਰੀ ਪੀਰੀ ਦਾ ਭੇਤ ਖੋਹਲਦੇ ਹਨ। ਹਿਰਦੇ ਵਿਚ ਬ੍ਰਹਮ ਗਯਾਨ ਵੱਸਣਾਂ ਨਾ ਕੇਵਲ ਸ਼ਾਂਤ ਰਸ ਦਾ ਕਮਾਲ ਹੈ, ਸਗੋਂ ਸ਼ਾਂਤਿ ਰਸ ਦੇ ਸਦਾ ਸਥਿਤ ਹੋਣ ਦਾ ਤੇ ਸੁਭਾਵ ਭੂਤ ਹੋਣ ਦਾ ਪਤਾ ਦਿੰਦਾ ਹੈ। ਫਿਰ ਸ਼ੰਕਾ ਹੁੰਦੀ ਹੈ ਕਿ ਜਦ ਅੰਦਰ ਬ੍ਰਹਮ ਗਯਾਨ ਹੈ, ਜਿਸਦਾ

ਸਥਾਈ ਭਾਵ ਨਿਰਵੇਦ ਹੈ ਤਾਂ ਬੀਰ ਰਸ-ਜਿਸਦਾ ਸਥਾਈ ਭਾਵ ਉਤਸਾਹ ਹੈ ਤੇ ਇਸ ਤੋਂ ਬੀ ਅੱਗੇ ਲੰਘਕੇ ਕ੍ਰੋਧ ਹੈ ਜੋਕਿ ਰੌਦ੍ਰ ਰਸ ਦਾ ਸਥਾਈ ਭਾਵ ਹੈ-ਕਿਵੇਂ ਅੰਦਰ ਆ ਵੱਸਦਾ ਹੈ? ਇਸਦਾ ਉੱਤਰ ਦਿੰਦੇ ਹਨ, ਕਿ ਜੁੱਧ ਵਿਚ ਜਾਕੇ ਰੌਦ੍ਰ ਰਸੀ ਰੰਗ ਜਮਾਉਂਦੇ ਹਨ, ਅਰਥਾਤ ਜੁੱਧ ਦੇ ਉਦੀਪਨ ਪ੍ਰਭਾਵ ਨਾਲ ਕ੍ਰੋਧ ਦਾ ਭਾਵ ਉਪਜਦਾ ਹੈ, ਇਉਂ ਉਪਜਿਆ ਕ੍ਰੋਧ ਸਥਾਈ ਨਹੀਂ ਹੁੰਦਾ ਪਰ 'ਸੰਚਾਰੀ' ਹੁੰਦਾ ਹੈ, ਓਪਰਾ ਆਉਂਦਾ ਤੇ ਓਪਰਾ ਟੁਰ ਜਾਂਦਾ ਹੈ, ਅੰਦਰ ਵਸਦੇ ਬ੍ਰਹਮ ਗਯਾਨ ਨੂੰ ਉਹ ਹਿਲਾ ਨਹੀਂ ਸਕਦਾ ਤੇ ਉਤਸਾਹ ਤੇ ਬ੍ਰਹਮ ਗਿਆਨ ਪਰਸਪਰ ਵਿਰੋਧੀ ਭਾਵ ਨਹੀਂ ਹਨ।

### ੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

**ਕਰੇ ਰੰਕ ਰਾਜਾ ਅਧਿਕ, ਅਬਿ ਲੌ ਬਿਦਤਿ ਪ੍ਰਤਾਪ।**
**ਸ਼੍ਰੀ ਸਤਿਗੁਰ ਹਰਿਰਾਇ ਜੀ, ਹਰਤਾ ਪਾਪ ਕਲਾਪ ॥੯॥**

ਅਧਿਕ = ਵੱਡੇ। ਅਧਿਕ ਰਾਜਾ ਕਰੇ = ਵੱਡੇ ਰਾਜੇ ਬਣਾ ਦਿਤਾ।
(ਅ) ਬਹੁਤਿਆਂ (ਗਰੀਬਾਂ) ਨੂੰ ਰਾਜਾ ਬਣਾ ਦਿੱਤਾ।

ਅਰਥ:

ਸ਼੍ਰੀ ਸਤਿਗੁਰੂ (ਗੁਰੂ) ਹਰਿਰਾਇ ਜੀ (ਆਪਣੇ ਮੁਮੋਖੂ ਸੇਵਕਾਂ ਦੇ) ਸਾਰੇ ਪਾਪਾਂ ਦੇ ਨਾਸ਼ ਕਰਨਹਾਰ (ਹਨ ਅਤੇ ਉਹਨਾਂ ਨੇ ਆਪਣੇ ਮਾਯਕ ਥੁੜਾਂ ਵਾਲੇ ਸੇਵਕਾਂ ਨੂੰ) ਰੰਕਾਂ ਤੋਂ ਵੱਡੇ ਰਾਜੇ ਕਰ ਦਿੱਤਾ, ਜਿਨ੍ਹਾਂ ਦਾ ਅਜ ਤੱਕ (ਜਗਤ ਵਿਚ) ਪ੍ਰਤਾਪ ਪ੍ਰਗਟ ਹੈ।

ਭਾਵ:

ਕਲਜਾਣ ਦੇ ਲੋੜਵੰਦਾਂ ਦੀ ਕਲਜਾਣ ਕੀਤੀ ਤੇ ਰੰਕਾਂ ਨੂੰ ਮਹਾਰਾਜੇ ਬਣਾਇਆ, ਫੂਲਕੇ ਰਾਜੇ ਤੇ ਮਹਾਰਾਜੇ ਹੋਰ ਜਗੀਰਦਾਰ, ਮਾਫੀਦਰ, ਆਦਿ ਆਪਦੇ ਵਰਾਂ ਨਾਲ ਹੋਏ ਸੇ।

### ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

**ਬਾਲ ਬੈਸ ਬ੍ਰਿਧ ਗਯਾਨ ਮਹਿਂ, ਸਮਰਥ ਸ਼੍ਰੀ ਗੁਰਦੇਵ।**
**ਪਦ ਅਰਵਿੰਦਨਿ ਬੰਦਨਾ, ਮੁਕਤਿ ਪਾਇ ਜਿਨ ਸੇਵ ॥੧੦॥**

ਅਰਥ:

ਸਮਰੱਥ ਸ਼੍ਰੀ ਗੁਰਦੇਵ (ਹਰਿ ਕ੍ਰਿਸ਼ਨ ਜੀ ਦੇ) ਚਰਨਾਂ ਕਵਲਾਂ ਪਰ ਮੇਰੀ ਨਮਸਕਾਰ ਹੈ ਜਿਨ੍ਹਾਂ ਦੀ ਸੇਵਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ (ਚਾਹੋ ਓਹ) ਉਮਰਾ ਵਿਚ ਬਾਲ ਹਨ (ਪਰ) ਗਯਾਨ ਵਿਚ ਬ੍ਰਿੱਧ ਹਨ।

ਭਾਵ:

ਬਾਲ ਅਵਸਥਾ ਵਿਚ ਬਾਲਿਕ ਅਚੇਤ ਤੋਂ ਨਿਰਬਲ ਹੁੰਦਾ ਹੈ ਨਾਲੇ ਆਪਣੇ ਸੇਵਕ ਨੂੰ ਸੁਤੰਤਰ ਕੁਛ ਦੇਣ ਤੋਂ ਅਸਮਰਥ ਹੁੰਦਾ ਹੈ ਪਰੰਤੂ ਬਾਲ ਉਮਰ ਸ੍ਵਰੂਪ ਸ਼੍ਰੀ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰ ਅਵਤਾਰ ਹੋਣ ਕਰਕੇ ਬਾਲਕਪਨ ਦੀਆਂ ਤਿੰਨਾਂ ਹੀ ਕਮਜ਼ੋਰੀਆਂ ਤੋਂ ਰਹਿਤ ਹਨ। ਅਚੇਤਤਾ ਦੇ ਮੁਕਾਬਲੇ ਵਿਚ ਉਹ ਗਯਾਨ ਬ੍ਰਿੱਧ ਹਨ, ਨਿਰਬਲਤਾ ਦੇ ਮੁਕਾਬਲੇ ਵਿਚ ਉਹ ਪਰਮ ਸਮਰੱਥ ਹਨ ਤੇ ਆਪਣੇ ਸੇਵਕਾਂ ਨੂੰ ਸ੍ਵਤੰਤਰ ਹੀ ਮੁਕਤੀ ਵਰਗੇ ਦੁਰਲਭ ਪਦਾਰਥ ਦੇ ਦਾਤਾ ਹੋਣ ਕਰਕੇ ਸੁਤੰਤਰ ਦਾਤੇ ਹਨ ਤੇ ਸਫਲ ਸੇਵਯ ਹਨ, ਭਾਵ ਸ਼ਰੀਰਕ ਅਵਸਥਾ ਤੇ ਉਮਰਾ ਸਤਿਗੁਰੂ ਜਯੋਤੀ ਤੇ ਹਾਵੀ ਨਹੀਂ ਹਨ।

### ੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

**ਹਿੰਦੁ ਧਰਮ ਤਰੁ ਮੂਲ ਕੋ, ਰਾਖਯੋ ਧਰਨਿ ਮਝਾਰ।**
**ਤੇਗ ਬਹਾਦਰ ਸਤਿਗੁਰੂ, ਤ੍ਰਿਣ ਸਮਾਨ ਤਨ ਡਾਰਿ ॥੧੧॥**

ਅਰਥ:

(ਸ਼੍ਰੀ) ਸਤਿਗੁਰੂ ਤੇਗ ਬਹਾਦਰ ਜੀ ਨੇ ਤਿਣਕੇ ਵਤ (ਆਪਣੇ) ਸਰੀਰ ਨੂੰ ਤਜਿਕੇ ਹਿੰਦੂ ਧਰਮ (ਰੂਪੀ) ਬ੍ਰਿੱਛ ਦੀ ਜੜ੍ਹ ਨੂੰ (ਉਖੜਨੋ ਬਚਾਕੇ) ਧਰਤੀ ਵਿਚ ਰੱਖ ਲਿਆ (ਤਿੰਨ੍ਹਾਂ ਨੂੰ ਮੇਰੀ ਬੰਦਨਾਂ ਹੈ)।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

**ਸਦਾ ਸੁਛੰਦ ਅਨੰਦਮਯ, ਦਾਸਨਿ ਬ੍ਰਿੰਦ ਮੁਕੰਦ।**
**ਸ਼੍ਰੀ ਗੁਰੂ ਗੋਵਿੰਦ ਸਿੰਘ ਜੀ, ਬੰਦੌਂ ਜੁਗ ਕਰ ਬੰਦਿ ॥੧੨॥**

ਅਰਥ:

ਸਦਾ ਸੁਤੰਤਰ, ਅਨੰਦ ਸਰੂਪ (ਆਪਣੇ) ਸਾਰੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੋਵੇਂ ਹੱਥ ਜੋੜਕੇ ਨਮਸਕਾਰ ਕਰਦਾ ਹਾਂ।

**ਅਬਿ ਬਰਨੌ ਸਤਿਗੁਰ ਕਥਾ, ਰਾਸ਼ਿ ਇਕਾਦਸ਼ ਮਾਂਹਿ।**
**ਤੇਗ ਬਹਾਦੁਰ ਜੀ ਜਥਾ, ਸ਼ੁਭ ਚਰਿੱਤ੍ਰ ਕਿਯ ਆਹਿ ॥੧੩ ॥**

ਅਰਥ:

ਹੁਣ ਮੈਂ ਗਯਾਰਵੀਂ ਰਾਸ ਵਿਖੇ ਸ਼੍ਰੀ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਕਥਾ, ਜਿਵੇਂ ਜਿਵੇਂ (ਉਨ੍ਹਾਂ ਨੇ) ਸ਼ੁਭ ਚਰਿੱਤ੍ਰ ਕੀਤੇ ਹਨ, ਵਰਣਨ ਕਰਦਾ ਹੈ:-

ਸੂਚਨਾ:

ਯਾਰਵੀਂ ਰਾਸ ਦੇ ਗੁਰੂ ਮੰਗਲਾਂ ਵਿਚ ਹਰ ਦੂਸਰੇ ਦੋਹਰੇ ਵਿਚ ਤੇ ਦੋਹ ਥਾਈਂ ਹਰ ਦੋਹੇ ਵਿਚ ਨਮਸਕਾਰ ਕੀਤੀ ਹੈ। ਜਿਸ ਤੋਂ ਭਾਵ ਇਹ ਹੈ ਕਿ ਸਾਰੇ ਦੋਹਿਆਂ ਵਿਚ ਨਮਸਕਾਰ ਦਾ ਹੀ ਭਾਵ ਹੈ। ਜਿਵੇਂ ੩ ਵਿਚ ਨਹੀਂ ਪਰ ੪ ਵਿਚ ਨਮਸਕਾਰ ਲਿਖੀ ਹੈ, ੫ ਵਿਚ ਨਹੀਂ ਤੇ ਛੇ ਵਿਚ ਹੈ, ਸੱਤ ਤੇ ਅੱਠ ਵਿਚ ਨਮਸਕਾਰ ਲਿਖੀ ਹੈ ਨੌਂ ਵਿਚ ਨਹੀਂ ਤੇ ਦਸ ਵਿਚ ਹੈ, ਯਾਰਾਂ ਵਿਚ ਨਹੀਂ ਤੇ ਬਾਰਾਂ ਵਿਚ ਹੈ, ਇਹ ਪ੍ਰਕਰਣ ਦਾ ਰੌ ਦੱਸਦਾ ਹੈ ਕਿ ਸਾਰਿਆਂ ਵਿਚ ਨਮਸਕਾਰ ਦੀ ਸੰਭਾਵਨਾ ਹੈ।

[ਕਥਾ ਅਰੰਭ]

ਚੌਪਈ:

**ਸੰਗਤਿ ਡੋਲਹਿ ਕਹੇ ਮਸੰਦ।**
**ਨਹਿਂ ਪ੍ਰਾਪਤਿ ਸਤਿਗੁਰ ਸੁਖਕੰਦ।**
**ਕਿਸ ਢਿਗ ਅਪਨੀ ਬਿਨੈ ਸੁਨਾਵੈਂ।**
**ਸਜਾਨੇ ਸਿੱਖ ਅਧਿਕ ਦੁਖ ਪਾਵੈਂ ॥੧੪॥**
**ਬੀਚ ਬਕਾਲੇ ਰੌਰ ਬਿਸਾਲਾ।**
**ਉਤਰਹਿਂ ਆਨਿ ਸੰਗਤਾਂ ਜਾਲਾ।**
**ਸੰਗ ਮਸੰਦ ਲਏ ਜਿਤ ਜਾਵੈਂ।**
**ਬਿਨ ਅਨੰਦ ਸੋਢੀ ਪੁਜਵਾਵੈਂ[1] ॥੧੫॥**

[1]ਸੋਢੀ ਪੁਜਵਾਂਵਦੇ ਹਨ ਤੇ (ਸੰਗਤ) ਅਨੰਦ ਤੋਂ ਬਿਨਾਂ ਰਹਿੰਦੀ ਹੈ।

**ਜਿਸ ਕੋ ਮੇਲ ਅਹੈ ਜਿਹ ਸਾਥ।**
**ਤਹਿਂ ਲੇ ਜਾਇ ਸੁਨਾਵਹਿ ਗਾਥ।**
**'ਇਹ ਗੁਰ ਪੂਰਨ ਅਜ਼ਮਤਵੰਤਾ।**
**ਪੂਰਹਿ ਕਾਮਨਾ ਜੋ ਚਿਤਵੰਤਾ ॥੧੬॥**
**ਅਬਿ ਗਾਦੀ ਪਰ ਇਸ ਕੋ ਜਾਨਹੁ।**

ਹਾਥ ਜੋਰਿ ਧਨ ਦਿਹੁ ਸਨਮਾਨਹੁ।
ਕਰਹੁ ਪ੍ਰਸੰਨ ਸੁ ਬਾਂਛਤਿ ਪਾਵਹੁ।
ਨਿਸ ਦਿਨ ਮਨ ਮਹਿਂ ਚਰਨ ਮਨਾਵਹੁ' ॥੧੭॥
ਕਹੇ ਮਸੰਦਨਿ ਕੇ ਲਗਿ ਕਰਿ ਕੈ।
ਅਰਪਹਿਂ ਵਸਤੁ ਧਨ ਗਨ ਧਰਿ ਕੈ।
ਤਊ ਅਨੰਦ ਨ ਪ੍ਰਾਪਤਿ ਹੋਈ।
ਪੁਰਹਿ ਨ ਮਨ ਕੀ ਕਾਮਨ ਕੋਈ ॥੧੮॥
ਦੇ ਕਰਿ, ਰਿਦੈ ਬਿਸੂਰਤਿ ਫੇਰਿ।
ਦੂਸਰ ਕੋ ਪੂਜਤਿ ਨਰ[1], ਹੇਰਿ।
ਆਪਸ ਮਹਿਂ ਸਿਖ ਮਿਲਿ ਮਿਲਿ ਕਹੈਂ।
'ਅਰਪਿ, ਅਕੋਰ, ਨ ਨਿਰਨੈ ਲਹੈਂ[1] ॥੧੯॥
[1]ਕਹੇ ਮਸੰਦਨਿ ਕੇ ਹਮ ਦੇਤਿ।
ਗੁਰੁ ਕੌਡੀ ਨਹਿਂ ਰਖਹਿਂ ਨਿਕੇਤ[੪]।
ਅਜ਼ਮਤ ਜੁਤਿ ਹਮ ਲਖਹਿਂ ਨ ਕੋਈ।
ਕਬਹੁਂ ਨ ਕੀਨਸਿ ਕਾਮਨ ਹੋਈ[1]' ॥੨੦॥
ਇਮ ਸੋਢੀ ਸਭਿ ਆਇ ਬਕਾਲੇ।
ਬੈਠੇ ਮੰਜੀ ਪਾਇ ਬਿਸਾਲੇ।
ਸਿੱਖਨਿ ਕਹੁ ਬਿਰਮਾਵਨਿ ਕਰੈਂ।
ਦਰਬ ਲੇਨਿ ਕੀ ਆਸ਼ਾ ਧਰੈਂ ॥੨੧॥
[1]ਦਾਸਨਿ ਕੀ ਸਹਾਇਤਾ ਕਾਲ।
ਕੌਨ ਕਰਹਿ, ਬਨਿ ਹੈਂ ਤਬਿ ਸਜਾਲ[੧]।
ਗੁਰ ਕੇਹਰਿ ਬਿਨ ਕਿਮ ਬਨਿ ਆਵੈ।
ਪਾਜ ਸਾਂਗ ਕੋ ਲਗਿ ਨਿਬਹਾਵੈ ॥੨੨॥
ਜਿਮ ਨਟ ਚੱਕ੍ਰਵਰਤਿ ਬਨਿ ਜਾਇ।
ਕੋ ਆਇਸੁ ਮਾਨਹਿਂ ਹਿਤ ਲਾਇ।
ਸਤਿਗੁਰੁ ਬਿਨ, ਸੁਰ ਆਦਿਕ ਸਾਰੇ।
ਕੋ ਆਗਜਾ ਮਾਨਹਿਂ ਅਨੁਸਾਰੇ ॥੨੩॥

[1]ਦੂਜੇ (ਸੋਢੀ) ਨੂੰ (ਫੇਰ) ਪੁਰਸ਼ ਪੂੱਜਣ ਲਗ ਪੈਂਦੇ ਹਨ।

[1]ਭਾਵ ਨਿਸ਼ਚਾ ਨਹੀਂ ਹੁੰਦਾ ਕਿ ਗੁਰੂ ਕੌਣ ਹੈ?

[1]ਅਸਾਂ ਗੁਰੂ (ਨਮਿੱਤ ਕੀਤੀ ਮਾਇਆ ਵਿਚੋਂ) ਕੌਡੀ ਬੀ ਘਰ ਨਹੀਂ ਰੱਖਣੀਂ। ਇਸ ਕਰਕੇ ਮਸੰਦਾਂ ਦੇ ਆਖੇ ਦੇ ਦੇਂਦੇ ਹਾਂ।

[1]ਕੀਤੀ ਹੋਈ ਕਦੇ ਕਾਮਨਾ (ਪੂਰੀ) ਨਹੀਂ ਹੋਈ।

[1]ਸੇਵਕਾਂ ਦੀ ਸਹਾਇਤਾ ਵੇਲੇ ਗਿੱਦੜ ਬਣ ਜਾਂਦੇ ਹਨ, (ਸਹਾਇਤਾ ਗੁਰੂ ਬਿਨਾਂ) ਕੌਣ ਕਰੇ।

ਦੋਹਰਾ:
ਤੇਗ ਬਹਾਦਰ ਧਰਮ ਧੁਜ[1], ਧੀਰਜ ਧਰਨਿ ਮਨਿੰਦ।
ਗੋਪ ਰਹੈਂ ਕੁਛ ਕਹੈਂ ਨਹਿਂ, ਮੁਖ ਪ੍ਰਸੰਨ ਅਰਬਿੰਦ ॥੨੪॥

[1]ਧਰਮ ਹੀ ਜਿਸ ਦਾ ਝੰਡਾ ਹੈ, ਭਾਵ ਧਰਮ ਰੱਖ੍ਯਕ।

ਚੌਪਈ:
ਅੰਤਰ ਬ੍ਰਿਤੀ ਅਨੰਦ ਸੋ ਮਾਤੇ।
ਕਿਸਹੁੰ ਨਹਿਂ ਕਿਸ ਹੀ ਬਿਧਿ ਜਾਤੇ।
ਕਬਿ ਕਬਿ ਤੁਰੰਗ ਅਰੂਢਿ ਸਿਧਾਵੈਂ।
ਤਬਿ ਕੋਈ ਸਿਖ ਦਰਸ਼ਨ ਪਾਵੈ ॥੨੫॥
ਨਹਿਂ ਮਹਿਮਾ ਜਾਨੈਂ ਮਨ ਮਾਂਹੀ।
ਸਭਿ ਸੋਢੀਨਿ ਸਮਾਨ ਲਖਾਂਹੀ।
ਸਦਾ ਇਕੰਤ ਗੁਰੂ ਭਗਵੰਤ।
ਨਹੀਂ ਲਖਾਵਹਿਂ ਅਪਨਿ ਮਤੰਤ ॥੨੬॥
[1]ਧੀਰਮੱਲ ਕੇ ਬਡ ਬਿਸਤਾਰਾ।
ਗੋਪ ਗੁਰੂ ਇਤ ਧੀਰ ਮਝਾਰਾ[3]।

[1]ਧੀਰਮੱਲ ਨੇ ਬੜਾ ਪਸਾਰਾ ਕਰ ਰਖਿਆ ਹੈ, ਇਧਰ ਜੋ ਗੁਰੂ ਹੈ ਸੋ ਗੁਪਤ ਹੈ ਤੇ ਧੀਰਜ ਵਿਚ (ਇਸਥਿਤ) ਹੈ।

ਕਿਤਿਕ ਕਾਲ ਇਮ ਜਬਹੁਂ ਬਿਤਾਯਹੁ।
ਸਿੱਖਨਿ ਗਨ ਜਹਿਂ ਕਹਿਂ ਡਹਿਕਾਯਹੁ[1] ॥੨੭॥

[1]ਸਿੱਖ ਸਮੂਹ ਠਾਗੇ।

ਮਾਤ ਨਾਨਕੀ ਗੁਰ ਕੀ ਹੁਤੀ।
ਸਭਿ ਬਿਧਿ ਮਹਿਂ ਸੋ ਨੀਕੀ ਮਤੀ।
ਬਹੁਤ ਬ੍ਰਿਤਾਂਤ ਗੁਰੁਨਿ ਕੋ ਹੇਰਾ।
ਦੀਰਘ ਦਰਸਾ ਸੁਜਸੁ ਬਡੇਰਾ ॥੨੮॥
ਸ਼੍ਰੀ ਗੁਰੂ ਹਰਿਗੋਬਿੰਦ ਕੀ ਦਾਰਾ।
ਜਾਨਤਿ ਆਸ਼ੈ ਜਥਾ ਉਦਾਰਾ।
ਖਿਮਾ ਆਦਿ ਗੁਨ ਗਨ ਕੇ ਭਵਨੁ।
ਨਿਤ ਪ੍ਰਸੰਨ ਅੰਤਰ ਬ੍ਰਿਤਿ ਰਵਨੂ ॥੨੯॥
ਲੱਛਨ ਹੋਤਿ ਗੁਰੁਨਿ ਕੇ ਜੈਸੇ।
ਸਰਬ ਪ੍ਰਕਾਰ ਜਾਨਤੀ ਤੈਸੇ।
ਪਤਿ[1] ਪੌਤ੍ਰਾ[2] ਪਰਪੌਤ੍ਰਾ[3] ਹੋਇ।

[1]ਸ਼੍ਰੀ ਗੁਰੂ ਹਰਿਗੋਵਿੰਦ ਜੀ। [2]ਸ਼੍ਰੀ ਗੁਰੂ ਹਰਿਰਾਇ ਜੀ। [3]ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ।

ਜਿਮ ਗੁਰਤਾ ਗਾਦੀ ਪਰ ਜੋਇ ॥੩੦॥
ਸੋ ਨਿਜ ਸੁਤ ਮਹਿਂ ਦੇਖਤਿ ਸਾਰੇ।
-ਬਿਦਤਹਿ ਨਹਿਂ- ਇਮ ਬਹੁਤ ਬਿਚਾਰੇ[1]।
ਸ਼੍ਰੀ ਗੁਰੁ ਹਰਿਗੁਵਿੰਦ ਪਤਿ ਕੇਰਾ।
ਪ੍ਰਥਮ ਸੁਨਜੋਂ ਬਚ ਕਹਜੋ ਬਡੇਰਾ ॥੩੧॥
'ਤੁਵ ਸੁਤ ਹੋਹਿ ਗੁਰੂ ਜਗ ਭਾਰੀ।
ਜਿਸ ਕੇ ਸੁਤ ਜਨਮਹਿ ਜਸੁ ਕਾਰੀ।'
ਸਿਮਰਿ ਸਿਮਰਿ ਇਮ ਮਾਤਾ ਮਨ ਮੈਂ।
ਚਿੰਤਾ ਬਸੀ ਹੋਤਿ ਨਿਸ ਦਿਨ ਮੈਂ ॥੩੨॥
ਸਿਖ ਸੰਗਤਿ ਸੰਸੈ ਮਹਿਂ ਡੋਲਤਿ।
ਖਿਰਤਾ ਲਹੈ ਨ ਕੋ ਕੁਛ ਬੋਲਤਿ।
ਬਹੁ ਬਿਚਾਰ ਕਰਿ ਇਕ ਦਿਨ ਮਾਤਾ।
ਗਈ ਸਪੁੱਤ੍ਰ ਨਿਕਟਿ ਸੁਖ ਰਾਤਾ ॥੩੩॥
ਬੈਠਿ ਸਮੀਪ ਮਾਧੁਰੀ ਬਾਨੀ।
ਕਹਿ ਸਮੁਝਾਵਹਿ ਸੁਮਤਿ ਮਹਾਨੀ।
'ਹੇ ਸੁਤ ! ਤੁਮ ਜਗ ਗੁਰੁ ਅਵਤਾਰਾ।
ਮੈਂ ਜਾਨਤਿ ਨੀਕੇ ਨਿਰਧਾਰਾ ॥੩੪॥
ਸਮ ਸੂਰਜ ਤੁਮ ਦਰਸ਼ਨ ਬਿਨਾ।
ਸਭਿ ਮਹਿਂ ਸੰਸੈ ਤਮ ਭਾ ਘਨਾ।
ਨਹਿਂ ਪ੍ਰਕਾਸ਼ ਨਿਸ਼ਚੈ ਕੋ ਪਾਵੈ[1]।
ਉਡ ਸ਼ਰੀਕ ਤੁਮਰੇ ਦਿਪਤਾਵੈਂ ॥੩੫॥
ਧੀਰਮੱਲ ਅਬਿ ਚੰਦ ਮਨਿੰਦ।
ਅਪਨੋ ਕਰਤਿ ਪ੍ਰਕਾਸ਼ ਬਿਲੰਦ।
ਨਹਿਂ ਬਿਕਸਤਿ ਹੈਂ ਸਿਖ ਅਰਬਿੰਦ।
ਜਿਨ ਮੈਂ ਸ਼ਾਤੀ ਸੁਖ ਮਕਰੰਦ[1] ॥੩੬॥
ਸੰਗ ਸੰਗਤਾਂ ਤਿਨ ਕੇ ਬ੍ਰਿੰਦ।
ਕਿਮ ਸੁਖ ਪਾਇਂ ਮਨਿੰਦ ਮਲਿੰਦ।
ਚਕਵੇ ਸੰਤ ਬਿਰਹ ਤੇ ਦੁਖੀ।
ਬਿਨ ਤੁਮ ਦੇਖੇ ਹੋਹਿਂ ਨ ਸੁਖੀ ॥੩੭॥
ਰਜਨੀ ਪਰੀ ਦੁਰਨਤਾ ਹੋਤਿ[1]।
ਸਿੱਖੀ ਮਗ ਕਿਮ ਚਲਿਬੋ ਹੋਹਿ।
ਗੁਰੁਤਾ ਗਾਦੀ ਸਜੰਦਨ ਮਹਾਂ।

[1]ਪ੍ਰਗਟਦੇ ਨਹੀਂ ਇਸ ਤਰ੍ਹਾਂ ਬਹੁਤ ਬਿਚਾਰਦੀ ਹੈ।

[1]ਨਿਸ਼ਚਾ ਰੂਪੀ ਪ੍ਰਕਾਸ਼ ਨਹੀਂ ਕੋਈ ਪਾਂਵਦਾ।

[1]ਸ਼ਾਂਤੀ ਸੁਖ ਰੂਪ ਰਸ।

[1]ਆਪਣੇ ਛਿਪਣੇ ਕਰਕੇ।

ਸੂਰਜ ਆਪ ਅਰੂਢਹੁ ਤਹਾਂ ॥੩੮॥
ਪਾਇ ਪ੍ਰਕਾਸ਼ ਆਪ ਕੌ ਭਲੇ।
ਸੰਗਤਿ ਸਭਿ ਸਿੱਖੀ ਮਗ ਚਲੇ।
ਕਿਮ ਤੁਮ ਕਹੁ ਐਸੇ ਬਨਿ ਆਇ।
ਲਾਖੇਂ ਨਰਨਿ ਅਲੰਬ ਸਦਾਇ' ॥੩੯॥
ਸੁਨਿ ਜਨਨੀ ਕੇ ਬੈਨ ਸੁਹਾਏ।
ਬੰਦਨ ਕੀਨਸਿ ਗ੍ਰੀਵ ਨਿਵਾਏ।
ਨਹਿਂ ਕੋ ਉੱਤਰ ਕੈਸੇ ਦੀਨਸਿ।
ਅੰਤਰ ਬ੍ਰਿਤੀ ਏਕਰਸ ਲੀਨਸਿ ॥੪੦॥
ਜਾਨਿ ਨਾਨਕੀ ਸੁਤ ਕੇ ਮਨ ਕੀ।
ਨਹੀਂ ਕਾਮਨਾ ਜਿਨ ਪ੍ਰਗਟਨਿ ਕੀ।
ਰਿਦੇ ਅਨੇਕ ਬਿਚਾਰ ਬਿਚਾਰਤਿ।
ਗੁਰੁ ਬਨਿ ਬੈਠਹਿਂ ਤਿਮ[1] ਉਰ ਧਾਰਤਿ ॥੪੧॥

[1]ਜਿਵੇਂ) ਗੁਰੂ ਬਣ ਕੇ ਬੈਠਨ ਤਿਵੇਂ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ ਰਾਸੇ 'ਮਾਤ ਨਾਨਕੀ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਭਾਈ ਗੜ੍ਹੀਆ ਤੇ ਦ੍ਵਾਰਕਾ ਦਾਸ ਬਕਾਲੇ ਆਏ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਨਿਜ ਨੰਦਨ ਕੋ ਗੁਰੂ ਹਿਤ, ਕਰਤਿ ਅਨੇਕ ਉਪਾਇ[1]।
ਚਿਤ ਮਹਿਂ ਮਤਿ ਠਹਿਰਾਇ ਕਰਿ, ਉੱਦਮ ਤੇ ਸੁਖ ਪਾਇ[1] ॥੧॥

[1]ਗੁਰਿਆਈ ਵਿਦਤ ਕਰਨ ਲਈ) ਅਪਣੇ ਪੁੱਤ੍ਰ ਨੂੰ (ਸਮਝਾਵਨ) ਵਾਸਤੇ ਅਨੇਕ ਯਤਨ ਕਰਦੀ ਹੈ।

[1]ਚਿਤ ਵਿਚ (ਇਹ) ਸੁਮੱਤੀ ਨਿਸ਼ਚੇ ਕੀਤੀ ਕਿ ਸੁਖ ਦੀ ਪ੍ਰਾਪਤੀ ਉੱਦਮ ਨਾਲ ਹੀ ਹੋਇਆ ਕਰਦੀ ਹੈ।

ਚੌਪਈ:

ਪੂਰਬ ਕੋ ਬਿਵਹਾਰ ਚਿਤਾਰਾ[1]।
ਇਕ ਸਿਖ ਕੋ ਨਿਜ ਨਿਕਟਿ ਹਕਾਰਾ।
ਕਹਿ ਤਿਸ ਤੇ ਪੱਤ੍ਰੀ ਲਿਖਵਾਈ।
ਸ਼੍ਰੀ ਗੁਰੁ ਅਮਰ ਅੰਸ ਬੁਲਵਾਈ ॥੨॥

[1]ਭਾਵ ਛੇਵੇਂ ਪਾਤਸ਼ਾਹ ਦਾ ਵਰ ਰੂਪ ਕਥਨ।

ਗੜ੍ਹੀਆ ਸਿੱਖ ਰਹੈ ਤਿਸ ਥਾਨ।
ਤਿਸ ਢਿਗ ਪਠੀ ਪੱਤ੍ਰਿਕਾ ਜਾਨਿ।
-ਸੋ ਜੇ ਅਇ ਕਹੈ ਮਮ ਨੰਦ[1]।
ਸਮਝਾਵਹਿ ਹਿਤ ਬਾਕ ਬਿਲੰਦ ॥੩॥

[1]ਮੇਰੇ ਪੁੱਤ੍ਰ ਨੂੰ?

ਮਾਨਹਿ ਕਹ੍ਯੋ[1], ਪ੍ਰਗਟ ਜਗ ਹੋਇ।
ਦਰਸ਼ਨ ਕਰਹਿ ਆਨਿ ਸਭਿ ਕੋਇ-।
ਗਮਨ੍ਯੋ ਸਿਖ ਲੈ ਗੋਇੰਦਵਾਲ।
ਉਲੰਘ੍ਯੋ ਮਾਰਗ ਸਗਰੋ ਚਾਲਿ ॥੪॥

[1]ਕਿਹਾ ਮੰਨ ਜਾਵੇਗਾ।

ਸ਼੍ਰੀ ਗੁਰ ਅਮਰਦਾਸ ਕੋ ਅੰਸ਼।
ਜਾਇ ਬਿਲੋਕੇ ਜਨ ਸ਼ੁਭ ਹੰਸ।
ਮਸਤਕ ਟੇਕਿ ਪੱਤ੍ਰਿਕਾ ਦਈ।
ਭਨੀ ਬਾਰਤਾ ਜੈਸੇ ਭਈ ॥੫॥
ਸਭਿ ਮਹਿਂ ਮੁੱਖ੍ਯ ਦ੍ਵਾਰਕਾ ਦਾਸ।
ਲੀਨਿ ਪੱਤ੍ਰਿਕਾ 'ਹਮਰੇ ਪਾਸ।
ਲਿਖ੍ਯੋ ਸ ਤੇਗ ਬਹਾਦਰ ਮਾਤਾ[1]।
-ਤੁਮ ਉਪਕਾਰੀ ਸਭਿ ਸੁਖ ਦਾਤਾ ॥੬॥

[1]ਸਾਡੇ ਵੱਲ ਲਿਖਿਆ ਹੈ ਸ਼੍ਰੀ ਤੇਗ ਬਹਾਦਰ ਜੀ ਦੀ ਮਾਤਾ ਨੇ।

ਮਾਨਨੀਯ ਜਗ ਕੇ ਗੁਨਖਾਨੀ।
ਉੱਜਲ ਮਸਤਕ ਸ਼ੁਭ ਬਰਦਾਨੀ।
ਠਟਹੁ ਮ੍ਰਿਜਾਦ ਗੁਰੂ ਘਰ ਕੇਰੀ।
ਕਰ੍ਯੋ ਤੁਮਾਰੋ ਕੋਇ ਨ ਫੇਰੀ ॥੭॥

ਸਭਿਹਿਨਿ ਕੇ ਮਹਾਨ ਇਸ ਥਾਨ।
ਬਡੇ ਗੁਰੂ ਕੇ ਅੰਸ਼ ਸੁਜਾਨਿ।
ਅਬਿ ਸੋਢੀ ਕਲ ਮਹਿਂ ਬਡ ਰੌਰਾ।
ਤੁਮਹਿਂ ਬਨਹਿਂ ਆਵਨਿ ਇਸ ਠੌਰਾ ॥੮॥
ਉਚਿਤ ਬਾਰਤਾ ਇਨ ਮਹੁਂ ਕੀਜਹਿ।
ਗੁਰਤਾ ਗਾਦੀ ਸ਼ੂੰਨ ਪਿਖੀਜਹਿ।
ਮਨਿ ਸੰਗਤਿ ਕੇ ਸੰਸੈ ਮਹਾਂ।
ਭ੍ਰਮਤਿ ਇਤਹਿ ਉਤਿ ਲਾਖਹੁਂ ਇਹਾਂ ॥੯॥
ਬਿਨ ਮਲਾਹੁ ਜਿਮ ਤਰੀ ਭ੍ਰਮੰਤੀ।
ਨ੍ਰਿਪਤ ਦੁਰੇ, ਨਹਿਂ ਚਮੂੰ ਥਿਰੰਤੀ।
ਤਥਾ ਸੰਗਤਾਂ ਬਹੁ ਅਕੁਲਾਈ।
ਕਰਿ ਡੇਰੇ ਉਤਰੀ ਸਮੁਦਾਈ ॥੧੦॥
'ਨਿਰਨੈ ਗੁਰੁ ਹੋਹਿ' ਇਮ ਚਾਹੈਂ।
ਹਿਤ ਦਰਸ਼ਨ ਕੇ ਰਿਦੈ ਉਮਾਹੈਂ।
ਮਮ ਸਤ ਨਹਿਂ ਨਿਕਸਹਿ, ਰਹਿ ਘਰੇ।
ਨਹਿਨ ਜਨਾਇ ਅਪਨਿਪੌਂ ਕਰੇ[1] ॥੧੧॥
ਆਪ[†] ਆਇ ਕਰਿ ਸਕਲ ਨਿਹਾਰਹੁ।
ਰਿਦੈ ਅਨੁਚਿਤੈ ਉਚਿਤ ਬਿਚਾਰਹੁ।
ਕਰਹੁ ਸਥਾਪਨਿ ਮਿਟਿ ਹੈ ਰੌਰਾ।
ਪਰਖਹੁ ਨਿਜ ਹੌਰਾ ਅਰੁ ਗੌਰਾ–' ॥੧੨॥
ਪਠਤਿ ਦ੍ਵਾਰਕਾ ਦਾਸ ਹੁਲਾਸੇ।
ਹਿਤ ਚਲਿਬੇ ਕਹੁ ਬਾਕ ਬਿਲਾਸੇ।
ਭਾਈ ਗੜ੍ਹੀਆ ਸਿੱਖ ਪੁਰਾਤਨ।
ਜਾਨਤਿ ਗੁਰੁ ਘਰ[†] ਕੀ ਸਭਿ ਬਾਤਨਿ ॥੧੩॥
ਤਿਹ ਕੋ ਲੇ ਕਰਿ ਸੰਗ ਸਿਧਾਏ।
ਅਪਰ ਭ੍ਰਾਤ ਭ੍ਰਿਤ[1] ਲੈ ਸਮਦਾਏ।
ਜਾਇ ਪਹੂਚੇ ਨਿਕਟਿ ਬਕਾਲੇ।
ਗ੍ਰਾਮ ਪ੍ਰਵੇਸ਼ਨਿ ਪਗ ਨਹਿਂ ਚਾਲੇ[1] ॥੧੪॥
ਖਰੇ ਬਿਚਾਰਤਿ ਚਿਤ ਉਪਜਾਵੈਂ।

[1]ਆਪਣਾ ਆਪ ਜਣਾਉਣਾ ਨਹੀਂ ਕਰਦਾ।
[†]ਪਾ:-ਆਇ।
[†]ਪਾ:-ਢਿਗ।
[1]ਦਾਸ।
[1]ਪਿੰਡ ਵਿੱਚ ਵੜਨ ਨੂੰ ਕਦਮ ਨਹੀਂ ਚੱਲਦਾ।

-ਜੇ ਘਰ ਤੇਗ ਬਹਾਦਰ ਜਾਵੈਂ।
ਧੀਰਮੱਲ ਮਾਨੀ ਅਨਖੈ ਹੈ[1]।
ਅਪਨਿ ਆਪ ਜੋ ਬਡਾ ਕਹੈ ਹੈ ॥੧੫॥
ਜੇ ਕਰਿ ਧੀਰਮੱਲ ਕੇ ਜਾਇੰ।
ਬਿਨਾ ਜੋਗਤਾ ਇਹ ਲਖਿ ਪਾਇ।
ਹਮ ਕੋ ਦੋਨਹੁं ਸਦਨ ਸਮਾਨ-।
ਬੈਠਿ ਰਹੇ ਇਮ ਗਿਨਤੀ ਠਾਨਿ ॥੧੬॥
ਕੇਤਿਕ ਕਾਲ ਬਿਤਾਇ ਤਹਾਂ ਸ।
ਬੋਲਯੋ ਤਬਹਿ ਦ੍ਵਾਰਕਾ ਦਾਸੁ।
'ਭੋ ਗੜ੍ਹੀਆ ! ਤੂੰ ਸਿੱਖ ਪੁਰਾਨੋ।
ਅਧਿਕ ਚਰਿੱਤ੍ਰ ਗੁਰੁਨਿ ਕੋ ਜਾਨੋ ॥੧੭॥
ਕਿਸੂ ਵਸਤੁ ਕੀ ਗਿਨਤਿ ਨ ਕਰੀਅਹਿ।
ਜਪੁ ਮਹੁਂ ਲਿਖਯੋ ਸੁ ਰਿਦੈ ਬਿਚਰੀਅਹਿ।
-ਥਾਪਿਆ ਨ ਜਾਇ ਕੀਤਾ ਨ ਹੋਇ।
ਆਪੇ ਆਪਿ ਨਿਰੰਜਨੁ ਸੋਇ- ॥੧੮॥
ਤੇਗ ਬਹਾਦਰ ਗੁਰੁ ਹੈ ਸਾਚੋ।
ਕੌਨ ਹਟਾਇ ਸਕਹਿ ਤਿਹ ਕਾਚੋ।
ਕਿਸ ਤੇ ਥਾਪਯੋ ਜਾਇ ਨ ਸੋਇ।
ਆਪੇ ਆਪ ਕਰੈ ਸੋ ਹੋਇ ॥੧੯॥
ਤਜਿ ਗਿਨਤੀ ਤਿਨ ਕੇ ਘਰ ਚਲੀਅਹਿ।
ਪੂਰਬ ਪਹੁਂਚਿ ਨਾਨਕੀ ਮਿਲੀਅਹਿ।'
ਏਵ ਪਰਸਪਰ ਮਤ ਕੋ ਕਰਿ ਕੈ।
ਗ੍ਰਾਮ ਪ੍ਰਵੇਸ਼ੇ ਹਰਖ ਸੁ ਧਰਿ ਕੈ ॥੨੦॥
ਸ਼੍ਰੀ ਗੁਰੁ ਤੇਗ ਬਹਾਦਰ ਘਰੇ।
ਜਾਇ ਨਾਨਕੀ ਦਰਸ਼ਨ ਕਰੇ।
ਸ਼੍ਰੀ ਗੁਰੁ ਅਮਰ ਅੰਸ ਕੋ ਜਾਨੈ।
ਦੇਖਤਿ ਉਠੀ ਬੰਦਨਾ ਠਾਨੈ ॥੨੧॥
ਭਾਈ ਗੜ੍ਹੀਏ ਬੰਦਨ ਕੀਨਿ।
ਗੁਰੁਸਿਖ ਕੋ ਆਸ਼ਿਖ ਬਹੁ ਦੀਨਿ।
ਸਾਦਰ ਬੈਠਿ ਗਏ ਹਰਖਾਇ।
ਕੁਛਲ ਪ੍ਰਸ਼ਨ ਕਰਿ ਕਰਿ ਬਹੁ ਭਾਇ ॥੨੨॥

[1]ਗੁੱਸਾ ਕਰੇਗਾ।

ਗੜ੍ਹੀਏ ਕੀਨਸਿ ਬਾਕ ਬਿਲਾਸੁ।
'ਜੇ ਗੁਰ ਪ੍ਰਗਟਹਿਂ ਤੁਮਹੁ ਅਵਾਸ।
ਸਤਿ ਸੰਗਤਿ ਧਨ ਕੇਤਿਕ ਦਿਹੋ[1] ?
ਕਰਹੁ ਅਚਾਵਨਿ ਮਾਤਾ ! ਕਹੋ[†]' ॥੨੩॥

[1]ਸਾਧ ਸੰਗਤਿ ਨੂੰ ਧਨ ਕਿਤਨਾ ਦਿਓਗੇ ?

[†]ਗੜੀਆ ਜੀ ਗਜਾਤਗੇਯ ਸਿੱਖ ਹਨ, ਮਾਤਾ ਜੀ ਨੂੰ ਲਾਡ ਨਾਲ ਬਿਲਾਸ ਦੇ ਬਚਨ ਕਹਿ ਰਹੇ ਹਨ ਕਿ ਜੇ ਅਸੀਂ ਗੁਰੂ ਜੀ ਨੂੰ ਪ੍ਰਗਟ ਹੋਣਾ ਮਨਾ ਲਈਏ ਤਾਂ ਸਾਧ ਸੰਗਤਿ ਨੂੰ ਕਿੰਨਾ ਧਨ ਦਿਓਗੇ ਤੇ ਮੈਨੂੰ ਕੀਹ ਖੁਆਓਗੇ। ਗੜ੍ਹੀਆ ਜੀ ਕੋਈ ਲਾਲਚ ਨਹੀਂ ਕਰ ਰਹੇ, ਕਿਉਂਕਿ ਉਨ੍ਹਾਂ ਦੇ ਧਨ ਆਦਿ ਕੁਛ ਨਹੀਂ ਲਿਆ ਤੇ ਜੋ ਮੰਗਿਆ ਹੈ ਉਹ ਬੀ ਸਾਧ ਸੰਗਤਿ ਲਈ, ਆਪਣੇ ਲਈ ਨਹੀਂ, ਪਰ ਮਾਤਾ ਜੀ ਨੇ ਝੱਟ ਕਿਹਾ ਹੈ ਕਿ ਦਸ ਹਜ਼ਾਰ ਦੇਸਾਂ। ਅਰਥਾਤ ਜਿਵੇਂ ਅਰਦਾਸੇ ਵਿਚ ਦੋ ਕੌਡੀਆਂ ਯਾ ਦੋ ਪੈਸੇ ਹੱਥ ਵਿੱਚ ਲਈਦੇ ਹਨ ਤਿਵੇਂ ਮਾਤਾ ਜੀ ਨੇ ਇਹ ਰਕਮ ਅਰਦਾਸ ਦੀ ਆਖੀ ਹੈ, ਇਹ ਉਨ੍ਹਾਂ ਦੀ ਸੰਗਤਿ ਵਿੱਚ ਸ਼ਰਧਾ ਤੇ ਗੁਰਸਿੱਖ ਦੇ ਬਚਨ ਪਰ ਭਾਵਨਾ ਦੱਸਦੀ ਹੈ।

ਜਨਨੀ ਕੋ ਸੁਨਿ ਮਨ ਹਰਖਾਨਾ।
ਦਸ ਹਜ਼ਾਰ ਦੇਵਨਿ ਕੋ ਮਾਨਾ।
ਗੜ੍ਹੀਏ ਧਾਰਿ ਅਨੰਦ ਬਿਲੰਦ।
ਕਰਿ ਅਰਦਾਸ ਹਾਥ ਦ੍ਵੈ ਬੰਦਿ ॥੨੪॥
ਤਬਿ ਗੁਰੁ ਅੰਸ਼ ਦ੍ਵਾਰਕਾ ਦਾਸ।
ਕੁੰਕਮ ਨਾਲੀਏਰ ਲੈ ਪਾਸਿ।
ਗੁਰਮੁਖ ਗੜ੍ਹੀਆ ਨਿਜ ਸੰਗ ਲੀਨਿ।
ਗਮਨੇ ਸ਼੍ਰੀ ਗੁਰੂ ਜਹਾਂ ਅਸੀਨ ॥੨੫॥
ਪਿਖਿ ਗੁਰ ਅਮਰ ਅੰਸ਼ ਹਰਖਾਏ।
ਖਰੇ ਹੋਇ ਮਿਲਿ ਕੰਠ ਲਗਾਏ।
ਸਭਿ ਗ੍ਰਿਹ ਕੁਸ਼ਲ ਬੂਝਿ ਬੈਠਾਏ।
ਆਦਰ ਕਰਿ ਬਚ ਮਧੁਰ ਸਹਾਏ ॥੨੬॥
ਪਿਖਤਿ ਦ੍ਵਾਰਕਾਦਾਸ ਅਨੰਦੇ।
ਉਸਤਤਿ ਕੀਨਸਿ ਗੁਰੂ ਬਿਲੰਦੇ।
'ਤੁਮ ਜਗ ਤਾਰਨ ਕਾਰਨ ਆਏ।
ਛਪ ਕੇ ਬੈਠਨਿ ਕਿਮ ਇਹ ਭਾਏ[†] ॥੨੭॥

[†]ਪਾ:-ਥਾਏ।

ਅਬਹਿ ਸਿੰਘਾਸਨਿ ਸਜਹੁ ਬਿਸਾਲ।
ਦੇਹੁ ਦਰਸ ਜਗ ਕਰਹੁ ਨਿਹਾਲ।'
ਇਤਜਾਦਿਕ ਕਹਿ ਬਿਨੈ ਬਡੇਰੀ।
ਕੁੰਕਮ ਤਿਲਕ ਕਰਜੋ ਤਿਸ ਬੇਰੀ ॥੨੮॥
ਪੂਜਾ ਭੇਟ ਨਾਲੀਅਰ ਧਰਜੋ।

ਪੁਨ ਸਤਿਗੁਰੁ ਕੁਛ ਨਹੀਂ ਉਚਰਜੋ।
ਕਿਤਿਕ ਸਿੱਖ ਐਸੀ ਬਿਧਿ ਹੇਰੀ।
ਪਰੇ ਚਰਨ ਧਰਿ ਭੇਟ ਘਨੇਰੀ ॥੨੯॥
ਮਾਤ ਨਾਨਕੀ ਭਈ ਅਨੰਦ।
ਜਾਚਕ ਦੈ ਕਰਿ ਦਰਬ ਬਿਲੰਦ[1]।
ਬਾਰਿ ਬਾਰਿ ਜਾਵਤਿ ਬਲਿਹਾਰੇ।
ਸੁਤ ਸ਼ੋਭਾ ਕੋ ਅਧਿਕ ਨਿਹਾਰੇ ॥੩੦॥
ਪ੍ਰੇਮੀ ਸਿਖ ਸ਼ਰਧਾ ਜਿਨ ਆਈ।
ਕੇਤਿਕ ਆਵਤਿ ਗੁਰੁ ਸ਼ਰਨਾਈ।
ਧਨੀ ਮਸੰਦ ਮਹਾਂ ਅਭਿਮਾਨੀ।
ਨਹਿ ਮਾਨੀ ਮਹਿਮਾਂ ਅੱਗਜਾਨੀ ॥੩੧॥
ਯਾਂ ਤੇ ਦੇਸ਼ ਬਿਦੇਸ਼ਨਿ ਸੰਗਤਿ।
ਲਹੀ ਨ ਗੁਰੂ ਪ੍ਰੇਮ ਕੀ ਰੰਗਤ।
ਸਕਲ ਮਸੰਦਨਿ ਦਿਸ਼ਾ ਨਿਹਾਰੈਂ।
-ਜਿਸ ਦਿਸ਼ਿ ਹੁਇ ਇਹ ਸੁਜਸੁ ਉਚਾਰੈਂ ॥੩੨॥
ਸੋ ਗੁਰੁ ਹੋਵਤਿ ਹਮ ਤਿਹ ਮਾਨੈਂ।
ਅਰਪਨਿ ਸਰਬ ਉਪਾਇਨ ਠਾਨੈਂ-।
ਗ੍ਰਾਮ ਬਕਾਲੇ ਕੇ ਚਹੁ ਫੇਰੇ।
ਜਹਿਂ ਕਹਿਂ ਪਰੇ ਸੰਗਤਾਂ ਡੇਰੇ ॥੩੩॥
ਜੋ ਜੋ ਜਿਸ ਜਿਸ ਦੇਸ਼ ਮਸੰਦ।
ਸੰਗਤਿ ਤਹਿਂ ਤਹਿਂ ਤਿਸਹਿ ਮਿਲੰਦ[1]।
ਪਰਖਹਿਂ ਗੁਰੂ ਨਮਿਤ ਸਭਿ ਮਾਂਹੀ[1]।
ਭਰਮਤਿ ਭੂਲੇ ਭਟਕਾਂ ਖਾਂਹੀ ॥੩੪॥
ਕੇਤਿਕ ਦਿਵਸ ਦ੍ਵਾਰਕਾ ਦਾਸ।
ਬਸਤਿ ਭਯੋ ਸ਼੍ਰੀ ਸਤਿਗੁਰੂ ਪਾਸ।
ਬੋਲਹਿਂ ਕਬਿ ਕਬਿ ਤਿਸ ਕੇ ਸਾਥ।
ਸਾਰ ਅਸਾਰ ਸੁਨਾਵਹਿਂ ਨਾਥ ॥੩੫॥
ਨਾਂਹਿ ਤ ਮੋਨ ਰਹਹਿਂ ਗੁਰੁ ਸਦਾ।
ਪ੍ਰੇਮ ਵਿਰਾਗ ਕਥਹਿਂ ਜਦ ਕਦਾ।
ਬ੍ਰਹਮ ਗਜਾਨ ਕੇ ਤਰਨਿ[1] ਸੁਹਾਇ।

[1]ਭਾਵ ਮੰਗਤਿਆਂ ਨੂੰ ਧਨ ਵੰਡਿਆ।

[1]ਮਿਲਦੀ ਹੈ।

[1]ਗੁਰੂ ਲਈ ਸਾਰ (ਸੋਢੀਆਂ) ਵਿਚ ਪ੍ਰੀਖਿਆ ਕਰਦੇ ਫਿਰਦੇ ਹਨ।

[1]ਸੂਰਜ।

ਭਗਤਿ ਕਿਰਨ ਜਿਸ ਪਰ ਪਰਿ ਜਾਇ[1]
॥੩੬॥
ਭਰਮ ਤਿਮਰ ਕੋ ਤੁਰਤ ਬਿਨਾਸਹਿ।
ਪ੍ਰਭੁ ਕੋ ਪ੍ਰੇਮ ਸੁ ਰਿਦੈ ਪ੍ਰਕਾਸ਼ਹਿ।
ਸ਼੍ਰੀ ਗੁਰੁ ਦਰਬ ਬ੍ਰਿੰਦ ਕੋ ਲੈ ਕੈ।
ਸਰਬ ਦ੍ਵਾਰਕਾ ਦਾਸਹਿ ਦੈ ਕੈ[†] ॥੩੭॥

[1]ਜਿਸ ਤੇ ਪੈ ਜਾਵੇ।

[†]ਸਾਰੀ ਮਾਇਆ ਤੋਂ ਭਾਵ ਹੈ ਕਿ ਜੋ ਕੁਛ ਮਾਇਆ ਭੇਟਾ ਆਈ ਸੀ ਉਨ੍ਹਾਂ ਵਲੋਂ ਜਿਨ੍ਹਾਂ ਨੇ ਕੇਵਲ ਗੜੀਏ ਦੇ ਅਰਦਾਸੇ ਤੇ ਤਿਲਕ ਦੇਣ ਤੋਂ ਗੁਰੂ ਮੰਨ ਲਿਆ ਸੀ, ਉਹ ਸਾਰੀ ਉਨ੍ਹਾਂ ਨੂੰ ਦਿੱਤੀ, ਸਤਿਕਾਰ ਯੋਗ ਪ੍ਰਾਹੁਣੇ ਨੂੰ ਵਿਦੈਗੀ ਵਜੋਂ। ਅੱਗੇ ਦੱਸਦੇ ਹਨ ਕਿ ਗੜ੍ਹੀਆ ਜੀ ਗੁਰੂ ਜੀ ਦੇ ਪਾਸ ਹੀ ਟਿੱਕ ਗਏ ਹਨ।

ਸਾਦਰ ਬਿਦਾ ਕਰਜੋ, ਘਰ ਗਯੋ।
ਗੜੀਆ ਗੁਰੁ ਢਿਗ ਰਹਿਤੋ ਭਯੋ।
ਪੁਨ ਸ਼੍ਰੀ ਤੇਗ ਬਹਾਦਰ ਦਯਾਲ।
ਇਸ ਬਿਧਿ ਕਿਤਿਕ ਬਿਤਾਯਹੁ ਕਾਲ
॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਮੀ ਰਾਸੇ 'ਸ਼੍ਰੀ ਤੇਗ ਬਹਾਦਰ ਢਿਗ ਦ੍ਵਾਰਕਾ ਦਾਸ ਆਗਵਨਿ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਮੱਖਣ ਸ਼ਾਹ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਗੁਰਤਾ ਮਹਿਂ ਰੌਰਾ ਪਰਯੋ,
ਠੀਕ ਨਹੀਂ ਠਹਿਰਾਇ।
ਸਕਲ ਸਿੱਖਯ ਸੰਗਤਿ ਰਿਦੈ,
ਚਹਿਤਿ ਗੁਰੂ ਬਿਦਤਾਇ ॥੧॥

ਚੌਪਈ:

ਮੱਖਣ ਸ਼ਾਹੁ[†] ਏਕ ਸਿਖ ਭਾਰਾ।

[†]ਭਾਈ ਗਿਆਨ ਸਿੰਘ ਜੀ ਗਿਆਨੀ ਨੇ ਆਪਣੀ ਤ੍ਵਾਰੀਖ ਖਾਲਸਾ ਵਿੱਚ ਮੱਖਣ ਸ਼ਾਹ ਬਾਬਤ ਐਉਂ ਲਿਖਿਆ ਹੈ:- ਮੱਖਣ ਸ਼ਾਹ ਜ਼ਿਲੇ ਜੇਹਲਮ ਟਾਂਡੇ ਪਿੰਡ ਦਾ ਵਣਜਾਰਾ ਸਿੱਖ ਸੀ, ਦਸ ਹਜ਼ਾਰ ਬੈਲ ਤੇ ਕਈ ਬੇੜੇ ਉਸਦੇ ਵਪਾਰ ਵਿਚ ਚਲਦੇ ਸੇ। ਹੁਣ ਉਸਦੀ ਸੰਤਾਨ ਦੇ ਚਾਰ ਪਿੰਡ ਕੁੰਦਨ ਪੁਰ, ਰਾਜੇ ਵਾਲਾ ਆਦਿਕ ਸਿਆਲਕੋਟ ਦੇ ਪਰਗਣੇ ਵਸਦੇ ਹਨ, ਓਹ ਬੀ ਮਨੋਂ ਤਨੋਂ ਗੁਰੂ ਕੇ ਸਿਦਕੀ ਸਿੱਖ ਹਨ।

ਗੁਰੁਸਿੱਖੀ ਕੋ ਮਹਦ ਅਧਾਰਾ।
ਕਰਿ ਸੌਦਾ ਬਹੁ ਬਢਯੋ ਜਹਾਜ।
ਅਨਿਕ ਵਸਤੁ ਲੇ ਬਣਜਨਿ[†] ਕਾਜ ॥੨॥

[†]ਪਾ:-ਬਾਨਿਜ।

ਦੇਸ਼ਾਂਤਰ ਮਹਿਂ ਬੇਚਯੋ ਜਾਇ।
ਤਹਿਂ ਕੀ ਵਸਤੁ ਖਰੀਦ ਕਰਾਇ।
ਧਰਿ ਜਹਾਜ ਪਰ ਹਟਯੋ ਬਹੋਰ।
ਬੀਚ ਸਮੁੰਦ੍ਰ ਜਹਾਂ ਜਲ ਘੋਰ ॥੩॥
ਤੁੰਗ ਤਰੰਗ ਬਿਲੰਦ[1] ਉਛਾਲੈਂ। — [1]ਬੜੀਆਂ ਉੱਚੀਆਂ ਲਹਿਰਾਂ।
ਜੀਵ ਕਰੋਰਨਿ ਜੁਤਿ ਬਰਣਾਲੈ[1]। — [1]ਕ੍ਰੋੜਾਂ ਜੀਵਾਂ ਸਹਿਤ ਸਮੁੰਦਰ [ਵਰੁਣਾਲਯ = ਵਰੁਣ ਦੇਵਤਾ ਦਾ ਘਰ ਭਾਵ ਸਮੁੰਦਰ]
ਬੇਗ ਪ੍ਰਭੰਜਨ[1] ਕੋ ਬਹੁ ਪਾਇ। — [1]ਹਵਾ।
ਚਲਯੋ ਜਹਾਜ ਉਡਯੋ ਜਨੁ ਜਾਇ ॥੪॥
ਗਮਨਯੋ ਮਾਰਗ ਕੇਤਿਕ ਸੋਇ।
ਪ੍ਰੇਰਕ ਪੋਤਿ ਪ੍ਰੇਰਤੇ ਜੋਇ[1]। — [1]ਮਲਾਹ ਦੇਖਕੇ ਜਹਾਜ਼ ਨੂੰ ਟੋਰਦੇ ਹਨ।
ਇਤਨੇ ਮਹਿਂ ਚਲਿ ਪੌਨ ਕੁਫੇਰੀ[1]। — [1]ਉਲਟੀ ਵਾਯੂ, ਬਾਦੇਮੁਖਾਲਿਫ।
ਵਿੱਪ੍ਰੈ ਗਤਿ ਜਹਾਜ਼ ਕੀ ਪ੍ਰੇਰੀ ॥੫॥
ਟਾਪੂ ਨਿਕਟਿ ਹੁਤੋ ਬਡ ਬਾਰੂ[1]। — [1]ਰੇਤੇ ਦਾ।
ਨਹਿਂ ਮਨੁੱਖ ਜਹਿਂ, ਪਿਖਿਯ ਉਜਾਰੂ[1]। — [1]ਉਜਾੜ ਹੀ ਦਿੱਸਦੀ ਸੀ।
ਬਿਬਸ ਜਹਾਜ਼ ਪ੍ਰੇਰਕਨਿ ਭਇਉ[1]। — [1]ਮਲਾਹਾਂ ਤੋਂ ਜਹਾਜ਼ ਬੇਵਸਾ ਹੋ ਗਿਆ।

ਬਲ ਕਰਿ ਰਹੇ ਸਥੰਭ ਨ ਗਇਊ ॥੬॥
ਅਧਿਕ ਬੇਗ ਬਾਯੂ ਕੋ ਪਾਇ।
ਸਿਕਤਾ ਥਲ ਪਗ ਗਾ ਅਟਕਾਇ।
ਪੁਨ ਸਾਗਰ ਕੀ ਲਗੈਂ ਤਰੰਗ।
ਕੁਛਕ ਗਯੋ ਚਢਿ ਜਹਿਂ ਥਲ ਤੁੰਗ ॥੭॥
ਮੱਖਣ ਆਸਚਰਜ ਮਨ ਮਾਨਾ।
ਚਿੰਤ ਪਰਾਇਣ ਭਏ ਮਹਾਨਾ।
ਨਰਨਿ ਉਪਾਇ ਕੀਨਿ ਬਹੁਤੇਰਾ।
ਬੁਧਿ ਕਰਿ ਕੈ ਅਰੁ ਓਜ ਘਨੇਰਾ ॥੮॥
ਸਿਕਤਾ ਟਾਰਹਿਂ ਕਾਸ਼ਟ ਤਲ ਤੇ[1]। [1]ਰੇਤਾ ਟਾਲਦੇ ਹਨ (ਜਹਾਜ਼ ਦੀ) ਲੱਕੜ ਦੇ ਹੇਠੋਂ।
ਤਊ ਨ ਹਾਲਤਿ ਭਾ ਤਿਸ ਥਲ ਤੇ।
ਭਯੋ ਨਿਰਾਸ ਜਤਨ ਕੇ ਕਰਿਬੇ।
ਉਪਜੀ ਏਕ ਆਸ ਤਜਿ ਸਰਬੇ[1] ॥੯॥ [1]ਸਾਰੀਆਂ ਆਸਾਂ ਛੱਡ ਕੇ।
-ਅਬਿ ਸਤਿਗੁਰ ਹੀ ਬਨਹਿਂ ਸਹਾਈ।
ਨਹਿਂ ਅਪਰਨਿ ਕੀ ਗਤਿ ਜਿਹ ਥਾਈਂ।
ਜਿਮ ਜਮਲੋਕ ਮਹਾਂ ਭਯਦਾਯਕ।
ਤਹਿਂ ਏਕਲ ਕੋ ਹੋਹਿਂ ਸਹਾਯਕ- ॥੧੦॥
ਇਸ ਪ੍ਰਕਾਰ ਸਿਖ ਨਿਸ਼ਚੈ ਧਰਿ ਕੈ।
ਕਰ ਪਗ ਨੀਰ ਪਖਾਰਨਿ ਕਰਿ ਕੈ।
ਜੋਤੀ ਰੂਪ ਗੁਰੂ ਕੋ ਧ੍ਯਾਨ।
ਅਚਲ ਠਾਂਢਿ ਭਾ ਅੰਜੁਲ ਠਾਨਿ[1] ॥੧੧॥ [1]ਹੱਥ ਜੋੜਕੇ ਅਚੱਲ ਖੜੋ ਗਿਆ।
'ਹੇ ਪ੍ਰਭੁ ! ਤੁਮ ਨਿਰਾਸ ਕੀ ਆਸ।
ਅੰਤਰਜਾਮੀ ਸਰਬ ਪ੍ਰਕਾਸ਼।
ਦ੍ਰੁਪਦਸੁਤਾ[1] ਤਜਿ ਕਰਿ ਸਰਬਾਸ਼ੈ। [1]ਦ੍ਰੋਪਤੀ।
ਗਹਜੋ ਤੁਮਾਰੋ ਜਬਿ ਇਕ ਆਸ਼ੈ ॥੧੨॥
ਤਬਿ ਤੁਮ ਤੁਰਤ ਗੋਪਤਾ[1] ਕੀਨਸਿ। [1]ਰੱਖਿਆ।
ਸਭਾ ਬੀਚ ਬ੍ਰੀੜਾ[1] ਰਖਿ ਦੀਨਸਿ। [1]ਲੱਜਾ। ਪਤ।
ਖੇਲਤਿ ਦ੍ਯੂਤਿ[1] ਜੁਧਿਸ਼ਟਰ ਰਾਊ। [1]ਜੂਆ।
ਸਿਮਰਜੋ ਤੁਮਰੋ ਨਾਮ ਨ ਕਾਊ ॥੧੩॥
ਨਹਿਂ ਸਹਾਇਤਾ ਤਿਸ ਕੀ ਕਰੀ।
ਬਿਪਨ ਜੇਨਿ ਲਗਿ ਬਿਪਤਾ ਪਰੀ[1]। [1]ਬਨਬਾਸ ਮਿਲਣ ਤੱਕ ਦੀ ਬਿਪਤਾ (ਸਹਿਣੀ) ਪਈ।
ਸਿਮਰਨਿ ਤੇ ਨਿਤ ਹੋਤਿ ਸਹਾਈ।

ਰਾਵਰਿ ਬਿਰਦ ਸਨਾਤਨ ਗਾਈ ॥੧੪॥
ਮੈਂ ਸਦੀਵ ਕੋ ਦਾਸ ਤੁਮਾਰੋ।
ਅਬਿ ਜਹਾਜ ਕੋ ਪਾਰ ਉਤਾਰੋ।'
ਸਤਿਗੁਰ ਤੇਗ ਬਹਾਦਰ ਧੀਰ।
ਅੰਤਰਜਾਮੀ ਸਰਬ ਸਧੀਰ ॥੧੫॥
ਨਹੀਂ ਜਨਾਵਨਿ ਆਪਾ ਕਰਿ ਹੀਂ।
ਸਹਜ ਸੁਭਾਇਕ ਸਮਤਾ ਧਰਿ ਹੀਂ।
ਕੋ ਇਕ ਨਾਮ ਰੂਪ ਕੋ ਜਾਨੈ।
ਕਹਨਿ ਮਿਲਨਿ ਕੀ ਕਰਹਿਂ ਨ ਸਜਾਨੈ ॥੧੬॥
ਨਿਜ ਬਡਿਆਈ ਕੁਛ ਨ ਜਨਾਵੈਂ।
ਕਰਹਿ ਤਥਾ ਜਿਮ ਨਹਿਂ ਬਿਦਤਾਵੈਂ।
ਸਿਖ ਮਨ ਕੀ ਲਖਿ ਅੰਤਰਜਾਮੀ।
ਤਿਹ ਸਹਾਇਤਾ ਚਹਿ ਕਰਿ ਸ੍ਵਾਮੀ ॥੧੭॥
ਰਿਦੇ ਬਿਚਾਰਤਿ -ਜੇ ਨ ਕਰੈਂ ਅਬਿ।
ਗੁਰੁ ਘਰ ਕੀ ਮਹਿਮਾ ਸੁ ਘਟੈ ਤਬਿ।
ਹੋਨਿ ਸਹਾਇਕ ਹੀ ਬਨਿ ਆਵੈ।
ਜਿਸ ਤੇ ਸਿਖ ਸ਼ਰਧਾ ਅਧਿਕਾਵੈ- ॥੧੮॥
ਪਹੁੰਚੇ ਨਿਮਖ ਬਿਖੈ ਗੁਰੁ ਪੂਰੇ।
ਕਰਨਿ ਸਿੱਖ ਕੇ ਕਾਰਜ ਰੂਰੇ।
ਮੱਖਣ ਸ਼ਾਹ ਕੀਨਿ ਅਰਦਾਸ।
ਚਿਤਵਤਿ -ਦਰਬ ਦੇਉਂਗੋ ਰਾਸ- ॥੧੯॥
ਇਮ ਬਿਨਤੀ ਭਨਿ ਕੀਨਿ ਉਪਾਇ।
ਸ਼੍ਰਮਤਿ ਜਿ ਮਾਨਵ ਬਲ ਕੋ ਲਾਇ।
ਆਪਸ ਮਹਿਂ ਦੈ ਕਰਿ ਲਲਕਾਰਾ।
ਦਿਯੋ ਜਹਾਜ ਧਕਾਇ ਉਦਾਰਾ ॥੨੦॥
ਨਰਨਿ ਬਹਾਨੇ ਸ਼੍ਰੀ ਗੁਰ ਜਾਇ।
ਸਿੱਖ ਜਹਾਜ ਕੋ ਦਿਯੋ ਚਲਾਇ।
ਕਹੈਂ ਲੋਕ 'ਹਮ ਅਸ ਬਲ ਲਾਯੋ।

ਅਟਕ੍ਯੋ ਤੋਰ ਜਹਾਜ਼ ਚਲਾਯੋ' ॥੨੧॥
ਸੁਨਿ ਕੈ ਮੱਖਣ ਰਿਦੈ ਬਿਚਾਰਾ।
-ਪ੍ਰਥਮ ਰਹੇ ਪਚਿ ਸਰੀ ਨ ਕਾਰਾ।
ਕਿਤਿਕ ਦ੍ਯੋਸ ਕਰਿ ਰਹੇ ਉਪਾਇ।
ਅਪਨੋ ਸਭਿ ਬਿਧਿ ਬਲ ਕੌ ਲਾਇ ॥੨੨॥
ਜਬਿ ਮੈਂ ਸ਼੍ਰੀ ਸਤਿਗੁਰੂ ਅਗਾਰੀ।
ਹ੍ਵੈ ਨਿਰਾਸ ਬੇਨਤੀ ਉਚਾਰੀ।
ਤਬਿ ਜਹਾਜ ਚਲਿ ਪਰ੍ਯੋ ਤੁਰੰਤਾ।
ਇਹ ਮੈਂ ਹੀ ਜਾਨਵਿ ਬਿਰਤੰਤਾ ॥੨੩॥
ਜਾਨਹਿਂ ਕ੍ਯਾ ਇਹ ਲੋਕ ਗਵਾਰਾ।
ਜੋ ਸਤਿਗੁਰੁ ਕੀਨਸਿ ਉਪਕਾਰਾ।
ਗੁਰੁ ਕ੍ਰਿਤ ਤੇ ਜੁ ਕ੍ਰਿਤਘਨੀ ਹੋਇ[1]।

[1]ਗੁਰੂ ਜੀ ਦੀ ਕੀਤੀ (ਮਿਹਰ) ਦਾ ਜੋ ਕ੍ਰਿਤਘਨ ਹੋਵੇ ਭਾਵ ਕੀਤਾ ਨਾ ਜਾਣੇ।

ਮਹਾਂ ਕਸ਼ਟ ਲਹਿ ਲੋਕਨਿ ਦੋਇ ॥੨੪॥
ਜਿਤਨੇ ਜਗਤ ਬਿਖੈ ਅਪਰਾਧੂ।
ਸਭਿਨਿ ਪ੍ਰਾਸਚਿਤ ਭਾਖਤਿ ਸਾਧੂ[1]।

[1]ਸਭ ਅਪ੍ਰਾਧਾਂ ਦਾ) ਪ੍ਰਾਇਸਚਿਤ (ਨਵਿਰਤੀ ਦਾ ਉਪਾਇ) ਸ਼੍ਰੇਸ਼ਟ ਲੋਕ ਦੱਸਦੇ ਹਨ।

ਕ੍ਰਿਤਘਨ ਕੋ ਨ ਕਹੈ ਕ੍ਰਿਤ ਕੋਇ[1]।

[1]ਕ੍ਰਿਤਘਨ (ਦੀ ਅਪ੍ਰਾਧ ਨਿਵਿਰਤੀ ਦਾ ਉਪਾਉ) ਕਰਨਾ ਕੋਈ ਨਹੀਂ ਦੱਸਦਾ।

ਕਸ਼ਟ ਕਲਪ ਭਰ ਪਾਵਹਿ ਸੋਇ ॥੨੫॥
ਇਹ ਤੌ ਨਰ ਸਾਮਾਨਨਿ ਬਾਤੀ[1]।

[1]ਇਹ ਤਾਂ ਸਮਾਨ ਪੁਰਸ਼ਾਂ (ਨਾਲ ਕ੍ਰਿਤਘਨਤਾ ਦੀ) ਬਾਤ ਹੈ।

ਅਰੁ ਸਤਿਗੁਰੁ ਜੇ ਬਡ ਦੁਖ ਹਾਤੀ।
ਇਨ ਤੇ ਬਨਹਿ ਕ੍ਰਿਤਘਨੀ ਜੋਇ।
ਕੋ[†] ਜਾਨਹਿ ਤਿਨ ਕੋ ਕ੍ਯਾ ਹੋਇ ॥੨੬॥

[†]ਪਾ:-ਮੈਂ।

ਜੇ ਸਤਿਗੁਰੁ ਕੇ ਹੈਂ ਅਪਕਾਰੀ[1]।

[1]ਦ੍ਵੈਖੀ। ਇਥੇ ਭਾਵ ਕ੍ਰਿਤਘਨੀ ਤੋਂ ਹੈ।

ਛੁਟਹਿਂ ਨ, ਸੰਕਟ ਪਾਵਹਿਂ ਭਾਰੀ।
ਇਹ ਮਾਨਵ ਅਜਾਨ ਕ੍ਯਾ ਜਾਨੈਂ।
ਮੈਂ ਤੋ ਸਭਿ ਬਿਧਿ ਲਹੌਂ ਮਹਾਨੈ- ॥੨੭॥
ਏਵ ਬਿਚਾਰਤਿ ਚਲ੍ਯੋ ਜਹਾਜੂ।
ਗੁਰੁ ਪੂਰਹਿਂ ਨਿਤ ਸਿੱਖਨਿ ਕਾਜੂ।
ਪਹੁੰਚ੍ਯੋ ਆਨਿ ਆਪਨੇ ਥਾਨੂ।

ਲੀਨਸਿ ਵਸਤੁ ਉਤਾਰਿ ਮਹਾਨੂ ॥੨੮॥
ਸੌਦਾ ਸਕਲ ਬੇਚਿਬੋ ਕਰਜੋ।
ਬਹੁਤ ਲਾਭ ਤਿਸ ਪਾਲੈ ਪਰਜੋ[1]। [1]ਪੱਲੇ ਪਿਆ।
ਆਇ ਜਾਇਬੇ ਖੇਪ[1] ਜਿ ਦੋਇ। [1]ਮਾਲ ਸੁਦਾਗਰੀ ਦਾ।
ਕਰਜੋ ਬਨਜ ਅਧਿਕੈ ਧਨ ਹੋਇ ॥੨੯॥
ਭਯੋ ਧਨਾਢ ਸਿੱਖਯ ਤਬਿ ਭਾਰਾ।
ਰਾਖੇ ਨੌਕਰ ਅਪਨੇ ਦ੍ਵਾਰਾ।
ਗੁਰ ਸਿੱਖੀ ਪਰ ਅਧਿਕ ਲੁਭਾਯੋ।
ਸਿਮਰਹਿ ਬਾਰਿ ਬਾਰਿ ਸੁਖ ਪਾਯੋ ॥੩੦॥
ਰਹਿ ਨ ਸਕਜੋ ਚਹਿ ਦਰਸ਼ਨ ਦੇਖਾ।
ਚਲਜੋ ਪੰਥ ਲੌ ਸੌਜ ਬਿਸ਼ੇਖਾ।
ਸੇਵਕ ਨੌਕਰ ਰਖਿ ਸਮੁਦਾਇ।
ਮਦ੍ਰ ਦੇਸ਼[1] ਕੇ ਸਨਮੁਖ ਆਇ ॥੩੧॥ [1]ਪੰਜਾਬ।
-ਦਰਸੌਂ ਗੁਰੂ- ਪ੍ਰਤੀਖਨਿ ਕਰੇ।
ਸਿਮਰਹਿ ਨਾਮੁ ਸਦਾ ਉਰਧਰੇ[1]। [1]ਵਾਹਿਗੁਰੂ ਦੇ) ਨਾਮ ਨੂੰ ਹਿਰਦੇ ਵਿਚ ਧਾਰਕੇ ਸਿਮਰਦਾ ਹੈ।
ਪੂਰਬ ਦੇਸ਼ ਪੰਥ ਬਡ ਜਾਨਾ।
ਬਸਹਿ ਨਿਸਾ ਦਿਨ ਕਰਹਿ ਪਯਾਨਾ ॥੩੨॥
ਕਾਨਨ ਦੇਸ਼ ਨਗਰ ਮਗ ਮਾਂਹੀ।
ਦੇਖਤਿ ਆਇ, ਥਿਰਹਿ ਕਿਤ ਨਾਂਹੀ।
ਗੰਗਾ ਜਮੁਨਾ ਆਦਿ ਜਿ ਸਲਿਤਾ।
ਬਡੋ ਗੰਭੀਰ ਨੀਰ ਜਿਨ ਚਲਤਾ ॥੩੩॥
ਕ੍ਰਮ ਕ੍ਰਮ ਸਕਲ ਉਲੰਘਤਿ ਆਵਾ।
ਗੁਰ ਦਰਸ਼ਨ ਕੋ ਉਰ ਲਲਚਾਵਾ।
ਲੀਨਿ ਸਰਬ ਪਰਵਾਰ ਸੰਗਾਰੇ[1]। [1]ਨਾਲ।
ਸੁਤ ਇਸਤ੍ਰੀ ਜੁਤਿ ਸ਼ਰਧਾ ਧਾਰੇ ॥੩੪॥
ਸੰਗ ਪੰਚ ਸੈ ਨੌਕਰ ਔਰ।
ਪਾਵਤਿ ਡੇਰੇ ਠੌਰ ਸੁ ਠੌਰ।
ਆਯੁਧ ਧਰੇ ਸਾਥ ਭਟ ਭੀਰੁ।
ਆਵਤਿ ਮਾਰਗ ਚਲੇ ਬਹੀਰ ॥੩੫॥

ਦਰਬ ਕੋਸ਼ ਜਿਹ ਸੰਗ ਬਿਸਾਲਾ।
ਦਯੋਸ ਨਿਰੰਤਰ ਆਵਤਿ ਚਾਲਾ।
ਪਹੁੰਚਯੋ ਨਿਕਟਿ ਤਬਹਿ ਗੁਰ ਦੇਸ਼।
ਪਜਾਰੀ ਸਿੱਖੀ ਜਾਂਹਿ ਵਿਸ਼ੇਸ਼ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣ ਸ਼ਾਹ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਮੱਖਣ ਸ਼ਾਹ ਬਕਾਲੇ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਮਾਰਗ ਆਇ ਉਲੰਘਿ ਕੈ, ਮੱਖਣ ਸ਼ਾਹ ਬਿਸਾਲ।
ਦੇਸ਼ ਬਿਖੈ ਸੁਨਿਬੋ ਕਰਜੋ, ਜਿਸ ਪ੍ਰਕਾਰੁ ਗੁਰੁ ਚਾਲ[1] ॥੧॥

[1]ਗੁਰੂ ਜੀ ਨੇ ਚਲਾਣਾ ਕੀਤਾ ਹੈ।

ਚੌਪਈ:

ਸ੍ਰੀ ਹਰਿਕ੍ਰਿਸ਼ਨ ਬਾਕ ਜਿਮ ਕਹਜੋ।
'ਕਿਨਹੂੰ ਗੁਰੂ ਰੂਪ ਨਹਿਂ ਲਹਜੋ।
ਬੀਚ ਬਕਾਲੇ ਗੁਰੂ ਕਹਾਵੈਂ।
ਦ੍ਵੈ ਬਿੰਸਤ ਗਾਦੀਨਿ ਪੁਜਾਵੈਂ ॥੨॥
ਨਭ ਮਹਿਂ ਸੂਰ ਨ ਪ੍ਰਗਟਹਿ ਜਾਵਦ।
ਉਡਗਨ ਅਧਿਕ ਪ੍ਰਕਾਸ਼ਹਿਂ ਤਾਵਦ।
ਯਾਂ ਤੇ ਲਖੀਯਤਿ ਹੈ ਇਸ ਭਾਇ।
ਅਬਿ ਲੌਂ ਗੁਰੁ ਨ ਭਾ ਬਿਦਤਾਇ' ॥੩॥
ਮੱਖਣ ਸ਼ਾਹ ਸੁਨਤਿ ਸੰਦੇਹ।
ਮਾਨਸ ਸੰਸੈ ਮਾਨ ਅਛੇਹ[1]।
-ਬਹੁ ਧਨ ਲਾਭ ਬਨਜ ਤੇ ਆਵਾ।
ਤਿਹ ਦਸ਼ੰਧ ਕੋ ਮੈਂ ਨਿਕਸਾਵਾ ॥੪॥
ਉਦਧਿ ਜਹਾਜ ਅਟਕ ਜਬਿ ਗਇਊ।
ਤਹਾਂ ਸਹਾਇਕ ਸਤਿਗੁਰ ਭਇਊ।
ਤਬਿ ਮਨ ਤੇ ਮੈਂ ਦਰਬ ਘਨੇਰਾ।
ਅਰਪਨਿ ਚਹਜੋ ਗੁਰਨਿ ਕੇ ਪੈਰਾ ॥੫॥
ਬਹੁਤ ਬਿੱਤ ਅਬਿ ਲਜਾਵਨਿ ਕੀਨਾ।
ਸਤਿਗੁਰੁ ਭੇਟ ਚਹੌਂ ਮੈਂ ਦੀਨਾ।
ਕਿਸ ਪ੍ਰਕਾਰ ਕਰਿ ਸਕਵਿ ਪਛਾਨ।
ਭੇ ਹਰਿ ਕ੍ਰਿਸ਼ਨ ਸੁ ਅੰਤਰ ਧਜਾਨ ॥੬॥
ਕੇਹਰਿ ਵਸਤੁ ਕਰੀ ਕਹੁ ਦੇਨਿ[1]।
ਕਿਮ ਪੁਨ ਚਹਿ ਤਿਨ ਤੇ ਫਲ ਲੈਨਿ।
ਹੋਵਹਿਂ ਨਿਸ਼ਚੈ, ਗੁਰੂ ਨ ਜਾਵਤ।
ਅਸਮੰਜਸ ਧਨ ਅਰਪਨਿ ਤਾਵਤ ॥੭॥

[1]ਮਨ ਵਿਚ ਪੱਕਾ ਸੰਸਾ ਮੰਨਿਆਂ।

[1]ਸ਼ੇਰ ਦੀ ਚੀਜ਼ ਹਾਥੀ ਨੂੰ ਦੇਣੀ।

ਕੌਨ ਸਥਲ ਮਹਿ ਖੋਜੌਂ ਗੁਰ ਕੋ।
ਹੋਇ ਮਨੋਰਥ ਪੂਰਨ ਉਰ ਕੋ।
ਗੁਰ ਹਰਿ ਕ੍ਰਿਸ਼ਨ ਬਾਕ ਅਨੁਸਾਰਾ।
ਚਹਿਯ ਬਕਾਲੇ ਗ੍ਰਾਮ ਮਝਾਰਾ ॥ ੮ ॥
ਗੁਰੂ ਬਚਨ ਪਰ ਸ਼ਰਧਾ ਧਰਨੀ।
ਬ੍ਰਿੱਧਨਿ ਇਹ ਉੱਤਮ ਗਤਿ ਬਰਨੀ।
ਹੋਇ ਜਿ ਸਿੱਖਜ ਅਸ਼ਰਧਾਵਾਨ।
ਨਹਿਂ ਸਿੱਖੀ ਫਲ ਲਹਿ ਸੁਨਿਦਾਨ[1] ॥ ੯ ॥

[1]ਅੰਤ ਨੂੰ। (ਅ) ਨਾਦਾਨ = ਮੂਰਖ।

ਸ਼ਰਧਾ ਸਿੱਖੀ ਮੂਲ ਮਹਾਨੀ।
ਬਿਨ ਸ਼ਰਧਾ ਸਿੱਖੀ ਹੁਇ ਹਾਨੀ।
ਬਿਨਾ ਮੂਲ ਤੇ[1] ਮੁਕਤਿ ਜਿ ਫਲ ਹੈ।
ਨਹਿਂ ਪ੍ਰਾਪਤਿ ਹੋਵਤਿ ਕਿ ਥਲ ਹੈ ॥ ੧੦ ॥

[1]ਸ਼ਰਧਾ ਰੂਪੀ ਮੂਲ?

ਸ਼ਰਧਾ ਤੇ ਉਰ ਧਰਿ ਉਪਦੇਸ਼।
ਪਾਇ ਅਚਲ ਸੁਖ ਤਜਹਿ ਕਲੇਸ਼।
ਗੁਰ ਬਚ ਪਰ ਸ਼ਰਧਾ ਧਰਿ ਯਾਂ ਤੇ।
ਮੈਂ ਖੋਜੌਂ ਪ੍ਰਾਪਤਿ ਹੁਇਂ ਜਾਂਤੇ ॥ ੧੧ ॥
ਬਿਨ ਗੁਰੁ ਮਿਲੇ ਜਿ ਹਟਿਕੈ ਗਵਨੂੰ[1]।
ਹੋਇ ਬਿਅਰਥ ਦੇਸ਼ ਆਗਵਨੂੰ।
ਕਰਮ ਹੀਨ ਰਹਿ ਸੰਕਟ ਭਵਨੂੰ।
ਸਤਿਗੁਰ ਦਿਖਵਿ ਜਨਾਵਹਿ ਕਵਨੂੰ[1]- ॥ ੧੨ ॥

[1]ਮੁੜ ਕੇ ਚਲਾ ਜਾਵਾਂ।

[1]ਫਿਰ ਸਤਿਗੁਰੂ ਨੂੰ ਦੇਖਕੇ (= ਪਰਖ ਕੇ) ਕੌਣ ਪ੍ਰਗਟ ਕਰੇਗਾ। (ਅ) ਦੇਖੀਏ ਸਤਿਗੁਰੂ (ਆਪਣਾ ਆਪ) ਕਿਸ ਨੂੰ ਜਨਾਵਣਗੇ।

ਇਮ ਬਿਚਾਰ ਕਰਿ ਮਾਨਸ ਦੀਨ[1]।
ਰਿਦੈ ਅਰਾਧਹਿ ਪਗ ਮਨ ਲੀਨ।
ਤਰਕ[1] ਅਨਿਕ ਕੋ ਰਿਦੈ ਉਠਾਇ।
ਪੰਥ ਬਕਾਲੇ ਗਮਨਤਿ ਜਾਇ ॥ ੧੩ ॥

[1]ਦੀਨ ਮਨ = ਉਦਾਸ।

[1]ਦਲੀਲਾਂ।

-ਕਿਸ ਪ੍ਰਕਾਰ ਮੁਹਿ ਮਿਲਹਿਂ ਗੁਸਾਈਂ।
ਜੇ ਅਬਿ ਲੌ ਨਹਿਂ ਨਿਜ ਬਿਦਤਾਈਂ।
ਅਪਰ ਸਿੱਖ ਮਿਲਿ ਮਿਲਿ ਜਿਮ ਜਾਇਂ।
ਇਹ ਬਿਧਿ ਮੋ ਤੇ ਨਹਿਂ ਬਨਿ ਆਇ ॥ ੧੪ ॥
ਨਿਸ਼ਚੈ ਪ੍ਰਥਮ ਗੁਰੂ ਕਹੁ ਕਰਿ ਕੈ।

ਪਾਇਨ ਪਾਸ ਉਪਾਇਨ ਧਰਿ ਕੈ।
ਸ਼੍ਰੀ ਮੁਖ ਤੇ ਸੁਨਿ ਬਾਕ ਉਦਾਰਾ।
ਕਰੌਂ ਜਨਮ ਕੋ ਸਫਲ- ਬਿਚਾਰਾ ॥੧੫॥
ਸਤੱਦ੍ਰਵ ਸਲਿਤਾ ਉਲੰਘਿ ਬਿਪਾਸਾ।
ਪਹੁੰਚਜੋ ਜਾਇ ਬਕਾਲੇ ਪਾਸਾ।
ਵਹਿਰ ਗ੍ਰਾਮ ਤੇ ਕੀਨਸਿ ਡੇਰਾ।
ਸੌਜ ਸੰਭਾਰਿ ਧਰੀ ਤਿਸ ਬੇਰਾ ॥੧੬॥
ਸੁਨਿ ਕੈ ਸੁਧਿ ਭੀ ਸਭਿ ਸੋਢੀਨਿ।
ਨਿਜ ਨਿਜ ਮਨੁਖ ਪਠਾਵਨਿ ਕੀਨਿ।
ਭੋਜਨ ਅਨਿਕ ਪ੍ਰਕਾਰ ਪੁਚਾਏ।
ਸਨਮਾਨਹਿਂ ਸਭਿ ਬਿਧਿ ਹਰਖਾਏ ॥੧੭॥
ਨਿਜ ਨਿਜ ਦਿਸ਼ਾ ਮਸੰਦ ਮਹਾਨਾ।
ਉਪਦੇਸਹਿ ਕਹਿ ਕਹਿ ਪੱਖਜਾਨਾ[1]।

[1]ਕਥਾ। (ਅ) ਆਪਣੇ ਪੱਖ ਦੀ ਗੱਲ। (ੲ) ਦਲੀਲਾਂ।

'ਅਜ਼ਮਤ ਮਹਿਂ ਪੂਰਨ ਗੁਰ ਏਹੀ।
ਸੋਢੀ ਬਜਰਥ ਨਾਮ ਨਿਜ ਲੇਹੀਂ' ॥੧੮॥
ਅਪਰ ਆਇ ਤਿਸ ਘਾਟ ਬਤਾਵੈ[1]।

[1]ਹੋਰ ਕੋਈ ਆਕੇ ਤਿਸਨੂੰ ਘੱਟ ਦੱਸਦਾ ਹੈ।

'ਹਮ ਜਿਸ ਢਿਗ ਸੋ ਗੁਰ ਅਧਿਕਾਵੈ।'
ਪਠੇ ਮਸੰਦ ਅਪਰ ਸੋਢੀਨਿ।
ਨਿਜ ਨਿਜ ਦਿਸ਼ਾ ਭ੍ਰਮਾਇਂ ਪ੍ਰਬੀਨ ॥੧੯॥
ਇਕ ਕੋ ਕਮੀ ਬਤਾਵਹਿ ਦੂਜਾ।
ਚਿਤ ਚਾਹਤਿ ਸਭਿ ਨਿਜ ਨਿਜ ਪੂਜਾ।
ਧਨ ਕੋ ਲੋਭ ਧਰਹਿਂ ਉਪਦੇਸ਼ਹਿਂ।
-ਹ੍ਵੈ ਹਮ ਮਨਤਾ ਦੇਸ਼ ਅਸ਼ੇਸ਼ਹਿਂ- ॥੨੦॥
ਧੀਰਮੱਲ ਕੋ ਹੁਤੋ ਮਸੰਦ।
ਪੁਸ਼ਟ[1] ਧਨਾਢਿ ਪ੍ਰਬੀਨ ਬਿਲੰਦ।

[1]ਮੋਟਾ।

ਸੋ ਪਿ ਆਇ ਸਨਮਾਨ ਕਰੰਤਾ।
ਅਧਿਕ ਸਤੁਤਿ ਅਪਨੀ ਉਚਰੰਤਾ ॥੨੧॥
'ਧੀਰਮਲ ਕੇ ਘਰ ਗੁਰਿਆਈ।

ਹੁਤੀ ਇਨਹੁਂ ਕੀ, ਇਨ ਕੇ ਆਈ।
ਸ਼੍ਰੀ ਗੁਰ ਹਰਗੋਵਿੰਦ ਅਨੰਦ।
ਗੁਰਦਿੱਤਾ ਸੁਤ ਤਿਨਹਿ ਬਿਲੰਦ ॥੨੨॥
ਮਹਾਂ ਪ੍ਰਤਾਪੀ ਅਜ਼ਮਤ ਭਾਰੀ।
ਚਿਤ ਜੋ ਚਹਤਿ ਕਰਤਿ ਸੋ ਕਾਰੀ।
ਪਿਤ ਪ੍ਰਿਯ ਸਰਬ ਗੁਨਨਿ ਕਹੁ ਖਾਨੀ।
ਸੋਢੀ ਅਪਰ ਨ ਜਾਂਹਿ ਸਮਾਨੀ ॥੨੩॥
ਏਕ ਬਾਰ ਇਕ ਮ੍ਰਿਤਕ ਬਿਲੋਕਿ।
ਦਿਯੋ ਜਿਵਾਇ ਸੁ ਕੀਨਿ ਅਸ਼ੋਕ।
ਸੁਨਿ ਕਰਿ ਪਿਤ ਕਰ ਬਰਜਨਿ ਕੀਨਸਿ।
-ਇਮ ਨਹਿਂ ਕਰਹੁ ਪ੍ਰਭੂ ਗਤਿ ਚੀਨਸਿ-
॥੨੪॥
ਕਿਤਿਕਿ ਕਾਲ ਪੁਨ ਬੀਤ ਗਯੋ ਹੈ।
ਬ੍ਰਿੱਤ ਅਖੇਰਹਿਂ ਚੀਤ ਦਿਯੋ ਹੈ।
ਅਨਿਕ ਕਾਮਨਾ ਪੂਰਨ ਕਰੈਂ।
ਦਰਸ਼ਨ ਦੇ ਦੇ ਸਿੱਖ ਉਧਰੈਂ ॥੨੫॥
ਗੁਰਤਾ ਉਚਿਤ ਜਿ ਗੁਨ ਹੈਂ ਸਾਰੇ।
ਸਭਿ ਪਈਅਤਿ ਜਿਨ ਕੇਰ ਮਝਾਰੇ।
ਸਿੱਖਜ ਸਮੂਹ ਦਰਸਿਬੇ ਆਵੈਂ।
ਕਰਹਿਂ ਕਾਮਨਾ ਬਾਂਛਤਿ ਪਾਵੈਂ ॥੨੬॥
ਸਭਿਹਿਨਿ ਬਿਖੈ ਭਏ ਸਭਿ ਲਾਯਕ।
ਮਸਤਕ ਦੀਪਤਿ ਜੋਤਿ ਸੁਭਾਯਕ।
ਇਕ ਦਿਨ ਬਿਚਰਤਿ ਕਰਤਿ ਅਖੇਰਾ।
ਧੇਨੁ ਮਰੀ ਪਰੀ ਕਹੁ ਹੇਰਾ ॥੨੭॥
ਹੁਤੀ ਸਬਤਸ਼ਾ[1], ਸੁੰਦਰਘਨੀ। [1]ਵੱਛੇ ਵਾਲੀ।
ਦੇਖਤਿ ਦ੍ਰਿਸ਼ਟਿ ਕ੍ਰਿਪਾ ਸੋ ਸਨੀ।
ਨਿਜ ਅਨੁਚਰ[1] ਸੋਂ ਗਿਰਾ ਉਚਾਰੀ। [1]ਦਾਸ।
-ਵਾਹਿਗੁਰੂ ਕਹਿ ਛਿਰਕਹੁ ਬਾਰੀ[1] [1]ਜਲ।
॥੨੮॥
ਅਲਪ ਸ ਬਤਸ਼ਾ, ਦੇਹੁ ਜਿਵਾਇ-।
ਸੁਨਿ ਸੇਵਕ ਕੀਨਸਿ ਤਿਸ ਭਾਇ।
ਬੋਲਤਿ ਉਠੀ ਧੇਨੁ ਤਤਕਾਲਾ।

ਧੰਨਜ ਧੰਨਜ ਸਭਿ ਕਹਿ ਤਿਸਕਾਲਾ ॥੨੯॥
ਹਰਿਗੋਬਿੰਦ ਗੁਰੂ ਸੁਨਿ ਬਾਤ।
ਕੀਨਸਿ ਨਿਕਟਿ ਹਕਾਰਨਿ ਤਾਤ[1]।
ਕਹਜੋ -ਤੁਮਹਿਂ ਇਹ ਰੀਤਿ ਨ ਆਛੀ।
ਬਰਜਜੋ ਹੁਤੋ ਸਿਮਰਿ ਗਤਿ ਪਾਛੀ ॥੩੦॥
ਇਹ ਰਹਿਬੇ ਕੀ ਰੀਤਿ ਨ ਤੋਹੀ।
ਜਨਮ ਮਰਨ ਜਗ ਕੋ ਨਿਤ ਹੋਹੀ।
ਤੁਮ ਨੇ ਸਕਲ ਥਾਨ ਇਮ ਕਰਨੀ।
ਪਰਮੇਸ਼ੁਰ ਦਿਸ਼ਿ ਸ਼ੁਭ ਨਹਿਂ ਬਰਨੀ- ॥੩੧॥
ਗੁਰੂ ਪਿਤਾ ਤੇ ਸੁਨਿ ਕਰਿ ਚਾਲੇ।
ਮਿਲੇ ਨ ਬੋਲਨਿ ਕਿਯ ਕਿਸ ਨਾਲੇ।
ਤਜਜੋ ਸ਼ਰੀਰ ਹੋਇ ਏਕਾਂਤ।
ਸਤਿਗੁਰੁ ਪਿਤ ਕੀ ਮਾਨੀ ਬਾਤ ॥੩੨॥
ਅਬਿ ਲੌਂ ਤਿਨ ਕੋ ਜੋ ਇਸਥਾਨ।
ਕਰਹਿ ਅਰਾਧਨਿ ਬਾਛਾਂ ਠਾਨਿ।
ਕਰਿਹੀ ਪੂਰਨ ਸੋ ਤਤਕਾਲਾ।
ਇਮ ਗੁਰਦਿੱਤਾ ਭਯੋ ਬਿਸਾਲਾ ॥੩੩॥
ਤਿਨ ਤੇ ਸੁਤ ਉਪਜੇ ਸ਼ੁਭ ਦੋਇ।
ਗੁਰੁ ਹਰਿਰਾਇ ਧੀਰਮਲ ਸੋਇ।
ਸ੍ਰੀ ਗੁਰੁ ਹਰਿਗੋਬਿੰਦ ਬਿਚਾਰੀ।
ਗੁਰਤਾ ਦਈ ਨ ਪੁਤ੍ਰਨਿ ਚਾਰੀ[1] ॥੩੪॥
ਲਾਯਕ, ਸੁਤ ਕੇ ਪੁੱਤ੍ਰ ਬਿਚਾਰੇ।
ਹਰੀਰਾਇ ਨਿਜ ਥਲ ਬੈਠਾਰੇ।
ਪੌਤ੍ਰ ਪ੍ਰਬੀਨ ਸਕਲ ਗੁਨ ਭਾਰੀ।
ਲਖਿ ਨਿਜ ਆਇਸ ਕੇ ਅਨੁਸਾਰੀ ॥੩੫॥
ਸ੍ਰੀ ਗੁਰੁ ਹਰਗੋਬਿੰਦ ਦਿਨ ਏਕ।
ਗਏ ਬਾਗ਼ ਮਹਿਂ ਸਹਿਤ ਬਿਬੇਕ।
ਕਰਤਿ ਸੈਲ ਫੂਲਨਿ ਕੀ ਜਾਤੇ।

[1]ਪੁੱਤ੍ਰ ਸ੍ਰੀ ਗੁਰਦਿੱਤਾ ਜੀ ਨੂੰ।

[1]ਚਾਰਾਂ ਪੁੱਤ੍ਰਾਂ ਨੂੰ।

ਖਿਰੇ ਅਨੇਕ ਰੰਗ ਦਰਸਾਤੇ ॥੩੬॥
ਉਪਬਨ[1] ਬਿਖੈ ਬਿਰਾਜੇ ਜਾਇ।
ਸੰਤ ਪਿਤਾਮੇ ਸ਼੍ਰੀ ਹਰਿਰਾਇ।
ਗਏ ਤਹਾਂ ਕੋ ਕੁਛਕ ਪਿਛਾਰੀ।
ਸੇਵਕ ਕਿਤਿਕ ਸਿੱਖਜ ਸੰਗਾਰੀ ॥੩੭॥
ਗਰ ਮਹਿਂ ਜਾਮਾ ਜਿਹ ਸੌਂ ਪਾਲੇ।
ਸੂਖਮ ਬਸਤ੍ਰ ਸ਼ੁਭਤਿ ਜਬਿ ਚਾਲੇ।
ਮਗ ਕੇ ਨਿਕਟਿ ਕੁਸਮ ਇਕ ਖਰੋ।
ਸੁੰਦਰ ਰੰਗ ਭੋਰ ਕੋ[1] ਖਿਰੋ ॥੩੮॥
ਜਾਮੇ ਸੰਗ ਅਟਕਿ ਸੋ ਟੂਟਾ।
ਬਿਨਾ ਕੁਸਮ ਤੇ ਰਹ੍ਯੋ ਸੁ ਬੂਟਾ।
ਮਿਲੇ ਪਿਤਾਮੇ ਸੋਂ ਪੁਨ ਆਇ।
ਟੂਟ ਗਯੋ ਸੁਮਨਸ ਜਿਸ ਥਾਇਂ ॥੩੯॥
ਸ਼੍ਰੀ ਗੁਰੁ ਹਰਿਗੋਬਿੰਦ ਨਿਹਾਰਾ।
ਸਭਿਹਿਨਿ ਸੋਂ ਇਮ ਬਾਕ ਉਚਾਰਾ।
-ਇਹਾਂ ਹੁਤੋ ਇਕ ਫੂਲ ਬਿਸਾਲਾ।
ਕਿਸ ਨੇ ਤੋਰ ਲੀਨਿ ਇਸ ਕਾਲਾ? - ॥੪੦॥
ਦਾਸਨਿ ਭਨ੍ਯੋਂ ਬੰਦਿ ਜੁਗ ਹਾਥਾ।
-ਸ਼੍ਰੀ ਹਰਿਰਾਇ ਬਸਤ੍ਰ ਕੇ ਸਾਥਾ।
ਉਡ੍ਯੋ ਬਾਯੁ ਤੇ, ਲਾਗਿ ਸੁ ਟੂਟਾ।
ਨਹੀਂ ਅਪਰ ਤੇ ਜਾਨ੍ਯੋਂ ਤੁਟਾ- ॥੪੧॥
ਸੁਨਿ ਗੁਰੁ ਸ੍ਰੀ ਮੁਖ ਤੇ ਫੁਰਮਾਯੋ।
-ਜਿਨਹੁ ਬਸਤ੍ਰ ਏਤੋ ਗਰ ਪਾਯੋ।
ਸੋ ਸੰਭਾਰਿ ਕੈ ਕ੍ਯੋਂ ਨਹਿਂ ਚਲਿ ਹੈਂ।
ਇਤ ਉਤ ਬਾਯੂ ਤੇ ਜੋ ਹਲਿ ਹੈਂ- ॥੪੨॥
ਤਬਿ ਤੇ ਸ਼੍ਰੀ ਹਰਿਰਾਇ ਸੁ ਮਾਨਿ।
ਜਾਮਾ ਪਹਿਰਤਿ ਹੁਤੇ ਮਹਾਨ।
ਹਾਥਨਿ ਸੋਂ ਸੰਕੋਚਿ ਚਲੰਤੇ।
ਬਾਕ ਪਿਤਾਮੇ ਕੋ ਬਰਤੰਤੇ ॥੪੩॥
ਜਬਿ ਲੌਂ ਦੇਹ ਧਰ੍ਯੋ ਜਗ ਮਾਂਹਿ।

[1]ਬਾਗ।

[1]ਸਵੇਰ ਦਾ।

ਚਲਤਿ ਬਸਤ੍ਰ ਕਰ ਛੋਰਜੋ ਨਾਂਹਿ।
ਇਸ ਪ੍ਰਕਾਰ ਨਿਤ ਰਹਿ ਅਨੁਸਾਰਾ।
ਨਿਰਬਾਹਜੋ ਗੁਰੁਤਾ ਕਹੁ ਭਾਰਾ ॥੪੪॥
ਸ਼੍ਰੀ ਹਰਿਕ੍ਰਿਸ਼ਨ ਟਿਕੇ ਪਸ਼ਚਾਤੀ।
ਤਿਨ ਕੀ ਭਈ ਲਖਹੁ ਸੋ ਬਾਤੀ।
ਸ਼੍ਰੀ ਗੁਰੁ ਹਰਿਗੋਬਿੰਦ ਤੇ ਪਾਛੇ।
ਪਹੁੰਚੀ ਗੁਰੁਤਾ ਇਨ ਘਰ ਆਛੇ† †ਪਾ:-ਸਾਚੈ।
॥੪੫॥
ਰਾਮਰਾਇ ਕੋ ਛੇਕ ਸੁ ਦੀਨਾ।
ਨਹਿਂ ਗੁਰਤਾ ਕੇ ਲਾਇਕ ਚੀਨਾ।
ਗੁਰੁ ਹਰਿਰਾਇ ਸਹਿਤ ਹਰਿ ਕ੍ਰਿਸ਼ਨ।
ਪਹੁਂਚਤਿ ਭੇ ਪਰਲੋਕ ਅਨੰਦ ਘਨ
॥੪੬॥
ਧੀਰਮੱਲ ਬਿਨ ਅਪਰ ਨ ਕੋਈ।
ਗੁਰਤਾ ਕੀ ਲਾਯਕ ਹੁਇ ਜੋਈ।
ਯਾਂ ਤੇ ਸੁਨਿ ਹੇ ਮੱਖਣ ਸ਼ਾਹ!
ਗੁਰੂ ਗ੍ਰੰਥ ਹੈ ਇਨ ਕੇ ਪਾਹ ॥੪੭॥
ਜੋਗ ਮਾਨਿਬੇ ਜਾਨਹੁਂ ਸੋਇ।
ਸਕਲ ਕਾਮਨਾ ਪੂਰਨ ਹੋਇ।
ਸਰਬ ਪ੍ਰਕਾਰ ਸਭਿਨਿ ਤੇ ਜਾਨਿ।
ਧੀਰਮੱਲ ਹੈ ਗੁਰੂ ਮਹਾਨ ॥੪੮॥
ਪਿਤਾ ਪਿਤਾਮੇ ਗੁਰੁ ਜਿਸ ਕੇਰੇ।
ਭ੍ਰਾਤ ਭਤੀਜਾ ਗੁਰੁ ਬਡੇਰੇ।
ਤਿਨ ਸਭਿਹਿਨਿ ਤੇ ਇਹ ਪਸ਼ਚਾਤੀ।
ਭਯੋ ਗੁਰੂ ਜਗ ਮਹਿਂ ਬੱਖਜਾਤੀ ॥੪੯॥
ਇਸ ਪੀਢੀ ਤੇ ਪੂਰਬ ਜੇਈ।
ਤਿਨ੍ਹੇ ਨ ਪਹੁਂਚਤਿ ਗੁਰਤਾ ਕੇਈ।
ਯਾਂ ਤੇ ਕਰਿ ਬਿਚਾਰ, ਉਰ ਮਾਂਹਿ।
ਗੁਰ ਲਖਿ ਪੂਜਹੁ ਇਨਹਿਂ ਉਮਾਹਿ'
॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣ ਸ਼ਾਹ' ਪ੍ਰਸੰਗ ਬਰਨਨੰ ਨਾਮ ਚਤਰਥੋ ਅੰਸੂ ॥੪॥

## ੫. [ਮੱਖਣ ਸ਼ਾਹ ਬਕਾਲੇ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਇਸ ਪ੍ਰਕਾਰ ਪਹਿਲੇ ਦਿਵਸ, ਪਠੇ ਸੁ ਨਰ ਸੋਢੀਨਿ।
ਨਿਜ ਨਿਜ ਕਹਤਿ ਮਹਾਤਮਨਿ, ਲੋਭ ਲਹਿਰ ਮਹਿਂ ਲੀਨ ॥੧॥

ਚੌਪਈ:

ਭਈ ਨਿਸਾ ਤਬਿ ਮੱਖਣ ਸ਼ਾਹ।
ਗਿਨਹਿ ਗਟੀ ਅਨਗਨ ਮਨ ਮਾਂਹਿ।
-ਕਜਾ ਕਰਤੱਬਜ ਮੋਹਿ ਕਹੁ ਅਹੈ।
ਇਹ ਸਭਿ ਨਿਜ ਨਿਜ ਦਿਸ਼ਿ ਕੋ ਚਹੈਂ ॥੨॥
ਗੁਰੁ ਪੂਰਨ ਕੀ ਅਸ ਨਹਿਂ ਬਾਤੀ।
ਜੋ ਸਭਿ ਜਗ ਦਾਤਾ ਬੱਖਯਾਤੀ।
ਸਭਿ ਕੇ ਜਾਚੈ ਦੇਵਤਿ ਜੋਇ।
ਤਿਸ ਕੀ ਦਸ਼ਾ ਸੁ ਅਸ ਕਸ ਹੋਇ ॥੩॥
ਧਨ ਹਿਤ ਮੋ ਪਹਿ ਮਨੁਜ ਪਠਾਏ।
ਅਨਿਕ ਭਾਂਤਿ ਕੀ ਬਾਤ ਬਨਾਏ।
ਨਿਜ ਨਿਜ ਉਸਤਤਿ ਕਹਿ ਹਿਤ ਪਾਇ।
ਹੁੰਡੀ ਨਿਧਨ ਸ਼ਾਹੁ ਕੇ ਭਾਇ[1] ॥੪॥
ਮਮ ਧਨ ਜੋ ਗੁਰੁ ਢਿਗ ਨਹਿਂ ਜਾਇ।
ਅਸਮੰਜਸ[1] ਮੁਝ ਕੋ ਬਨਿਆਇ।
ਭਏ ਸਹਾਇਕ ਸਾਗਰ ਮਾਂਹਿ।
ਭਯੋ ਧਨੀ ਤਿਨ ਕ੍ਰਿਪਾ ਸੁ ਪਾਹਿ ॥੫॥
ਪਹੁੰਚੈ ਭੇਟ ਨ ਤਿਨ ਕੇ ਪਾਹੀ।
ਇਸ ਤੇ ਬਡੋ ਦੋਸ਼ ਕੋ ਆਹੀ।
ਮੁਝ ਤੇ ਜਾਨਜੋ ਪਰੈ ਨ ਕੋਈ।
ਦਰਸ਼ਨ ਕਰੌਂ ਦਰਬ ਦਿਉਂ ਸੋਈ ॥੬॥
ਕੌਣ ਜੁਗਤ ਤੇ ਗੁਰ ਕੋ ਪਾਵੌਂ।
ਕਹਿ ਨਿਜ ਮਨ ਕੀ ਆਸ ਪੁਚਾਵੌਂ।
ਆਵਨਿ ਸਫਲ ਹੋਹਿ ਤਬਿ ਮੇਰਾ।
ਦਰਸ਼ਨ ਕਰਿ ਪਰਸੌਂ ਗੁਰ ਪੈਰਾ- ॥੭॥

[1]ਨਿਰਧਨ ਸ਼ਾਹ ਦੀ ਹੁੰਡੀ ਵਾਂਙੂ।

[1]ਅਯੋਗ।

ਰਿਦੇ ਬਿਚਾਰਤਿ ਇਮ ਫੁਰਿ ਆਈ।
-ਦਇ ਦੁਇ ਮੁਹਰ ਦੇਉਂ ਸਭਿ ਤਾਂਈ।
ਅਪਰ ਉਪਾਇਨ ਆਪ ਜਿ ਜਾਚੈਂ[1]। [1]ਜੋ ਆਪੇ ਮੰਗਣ।
ਤਿਸ ਕੋ ਮੈਂ ਜਾਨੌਂ ਗੁਰ ਸਾਚੈ ॥੮॥
ਤਿਨ ਕੋ ਹੀ ਪੂਜਨਿ ਬਨਿ ਆਵੈ।
ਗਤ ਜਹਾਜ ਕੀ ਕਹਿ ਜੁ ਜਨਾਵੈ।
ਇਸ ਤੇ ਪਰੇ ਉਪਾਇ ਨ ਦੂਜਾ।
ਪਾਵੌਂ ਗੁਰੂ ਕਰੌਂ ਪਗ ਪੂਜਾ- ॥੯॥
ਇਮ ਨਿਸ਼ਚੈ ਕਰਿ ਕੈ ਉਰ ਮਹੀਆ।
ਪਰਜੋ ਸੇਜ ਪਰ ਨਿੰਦ੍ਰਾ ਲਹੀਆ।
ਜਬਿ ਪ੍ਰਭਾਤਿ ਹੋਈ ਉਠਿ ਕਰਿਕੈ।
ਮੱਜਜੋ ਸਤਿਗੁਰੁ ਰਿਦੇ ਸਿਮਰਿਕੈ[†] ॥੧੦॥ [†]ਪਾ:-ਬਿਚਰਿਕੈ।
ਪਹਿਰੇ ਬਸਤ੍ਰ ਨਵੀਨ ਸਰੀਰ।
ਕੁਛ ਧਨ ਲੈ ਸੰਗ ਕਰਿ ਭਟ ਭੀਰ।
ਬਰਜੋ ਬਕਾਲੇ ਮਹਿਂ ਤਬਿ ਜਾਇ।
ਪ੍ਰਥਮ ਗ੍ਰਿੰਥ ਸਾਹਿਬ ਢਿਗ ਆਇ ॥੧੧॥
ਧੀਰਮੱਲ ਕੇ ਹੁਤੇ ਜੁ ਪਾਸ।
ਖਰੋ ਕਰਾਇ ਤਹਾਂ ਅਰਦਾਸ।
ਪੰਚ ਅਸ਼ਰਫੀ ਦੇ ਨਿਜ ਹਾਥ।
ਰਿਦੇ ਅਰਾਧਹਿ ਸਤਿਗੁਰ ਨਾਥ ॥੧੨॥
ਪੁਨਹਿ ਧੀਰਮਲ ਕੇ ਢਿਗ ਆਇ।
ਦੋਇ ਅਸ਼ਰਫੀ ਧਰੀ ਬਨਾਇ।
ਬੈਠਿ ਗਯੋ ਦੋਨਹੁਂ ਕਰ ਜੋਰੇ।
ਹਿਰਦੇ ਅੰਤਰ ਗੁਰੂ ਨਿਹੋਰੇ[1] ॥੧੩॥ [1]ਅਰਦਾਸ ਕੀਤੀ।
-ਸਰਬ ਸ਼ਿਰੋਮਣਿ ਜੇ ਤੁਮ ਥੀਜੈ।
ਅਪਨੀ ਵਸਤੁ ਮੋਹਿ ਤੇ ਲੀਜੈ।
ਭਏ ਸਹਾਇਕ ਜੇ ਤੁਮ ਜਾਇ।
ਮੈਂ ਢਿਗ ਬੈਠਜੋ ਦੇਹੁ ਬਤਾਇ ॥੧੪॥
ਸਰਬ ਸ਼ਰੀਰਨਿ ਅੰਤਰਜਾਮੀ।
ਜਹਿਂ ਸਿਮਰੈਂ ਤਹਿਂ ਹਾਜ਼ਰ ਸ੍ਵਾਮੀ।

ਰਿਦੇ ਬਿਖੇ ਕਹਿ ਰਹ੍ਯੋ ਘਨੇਰਾ।
-ਦੇ ਕੁਛ ਪਤਾ ਮੋਹਿ ਇਕ ਬੇਰਾ-
॥੧੫॥
ਬਡ ਮਸਨੰਦ ਬਿਛਾਵਨਿ ਕੀਨਸਿ।
ਭੁਜ ਉਪਧਾਨੁ[1] ਆਸਰੋ ਲੀਨਸਿ। [1]ਸਰਹਾਣਾ।
ਕੰਚਨ ਦੰਡ ਜਰਾਊ ਜਰੇ।
ਗਹੇ ਸਮੁਖ ਜਿਸਕੇ ਨਰ ਖਰੇ ॥੧੬॥
ਰਵਿ ਸਮ ਬਿਜਨਾ[1] ਚਮਕ ਬਿਸਾਲਾ। [1]ਪੱਖਾ।
ਢੁਰਤਿ ਚਮਰ ਚਾਰਹੁਂ ਦਿਸ਼ਿ ਚਾਲਾ।
ਨਰ ਅਨੇਕ ਕਰ ਜੋਰਿ ਖਰੇ ਹੈਂ।
ਅਨਿਕ ਕਾਮਨਾ ਬਿਨੈ ਕਰੇ ਹੈਂ ॥੧੭॥
ਸੁੰਦਰ ਬਸਤ੍ਰ ਬਿਭੂਖਨ ਪਹਿਰੇ।
ਬੈਠ੍ਯੋ ਹਰਖਮਾਨ ਮਨ ਠਹਿਰੇ।
ਮੱਖਣਸ਼ਾਹੁ ਦਿਸ਼ਾ ਮੁਖ ਕਰਿ ਕੈ।
ਕੁਛ ਉਦਬੇਗ[1] ਰਿਦੇ ਕਹੁ ਧਰਿ ਕੈ [1]ਘਬਰਾਹਟ।
॥੧੮॥
ਬੋਲ੍ਯੋ ਧੀਰਮੱਲ ਤਿਸ ਬੇਰੇ।
'ਗੁਰੁ ਘਰ ਕੇ ਤੁਮ ਸਿੱਖ ਬਡੇਰੇ।
ਪਾਇਨ ਪਾਸ ਉਪਾਇਨ ਦੇਤੇ।
ਸਰਬ ਪ੍ਰਕਾਰ ਖੁਸ਼ੀ ਸ਼ੁਭ ਲੇਤੇ' ॥੧੯॥
ਤਬਿ ਹੀ ਸਿਰੋਪਾਉ ਬਹੁ ਮੋਲੇ।
ਦੀਨਸਿ ਆਨਿ ਮੇਵੜੇ ਬੋਲੇ।
ਇਮ ਜਾਨੀ ਤਿਨ ਸਭਿ ਮਨ ਮਾਂਹੀ।
-ਬਹੁਤ ਭੇਟ ਪੁਨ ਆਨਹਿ ਪਾਹਿ
॥੨੦॥
ਅਬਿ ਤੌਂ ਮਸਤਕ ਟੇਕਨਿ ਆਯੋ।
ਪੁਨ ਦੈ ਹੈ ਧਨ ਜੇਤਿਕ ਲ੍ਯਾਯੋ।
ਹੈ ਇਹੁ ਬਡੋ, ਦੀਨ ਕੁਛ ਥੋਰਾ।
ਰਹਿ ਦਿਨ ਕਿਤਿਕ ਅਰਪਿ ਹੈ ਔਰਾ-
॥੨੧॥
ਯਾਂ ਤੇ ਸਭਿ ਬਿਧਿ ਮਧੁਰ ਗਿਰਾ ਕਹਿ।
ਉਪਦੇਸ਼ਹਿ ਧਨ ਹਿਤ ਜਿਮ ਦੇ ਇਹ।

ਮੱਖਣ ਸ਼ਾਹੁ ਚਹਤਿ ਬਹੁ ਸੋਈ।
-ਪਤਾ ਜਹਾਜ ਕੇਰ ਦੇ ਕੋਈ- ॥੨੨॥
ਰਿਦੈ ਬਿਚਾਰਤਿ ਭਾ ਇਸ ਭਾਇ।
-ਇਹੁ ਤੋ ਸਭਿ ਤੇ ਬਡਾ ਕਹਾਇ।
ਦੇਸ਼ ਅਨੇਕਨਿ ਕੇ ਨਰ ਆਵੈਂ।
ਇਸ ਕੇ ਚਰਨਨਿ ਸੀਸ ਝੁਕਾਵੈਂ ॥੨੩॥
ਗਾਦੀ ਦਿਯ ਜਬਿ† ਗੁਰ ਹਰਿਰਾਇ।

†ਇਸ 'ਜਬ' ਤੋਂ ਪਤਾ ਲੱਗਦਾ ਹੈ ਕਿ ਮਸੰਦਾਂ ਨੇ ਇਹ ਗੱਲ ਉਸਨੂੰ ਪ੍ਰੇਰਨ ਲਈ ਕਹੀ ਸੀ। ਹੁਣ ਮੱਖਣ ਸ਼ਾਹ ਸੋਚਦਾ ਹੈ ਕਿ ਜਦ ਇਸਨੂੰ ਕਈ ਥਾਵਾਂ ਦੀ ਸਿੱਖੀ ਦਿੱਤੀ ਸੀ ਤੇ ਇਸਦੀ ਗੁਰੂ ਜੀ ਦੇ ਹੁੰਦਿਆਂ ਪੂਜਾ ਬੀ ਹੁੰਦੀ ਸੀ, ਸੋ ਜੋ ਇਹ ਗੱਲਾਂ ਠੀਕ ਹੁੰਦੀਆਂ ਤਾਂ ਇਹ ਗੁਰੂ ਹੁੰਦਾ, ਜੇ ਗੁਰੂ ਹੁੰਦਾ ਤਾਂ ਮੈਨੂੰ ਜਹਾਜ਼ ਦਾ ਪਤਾ ਕਿਉਂ ਨਹੀਂ ਦਿੱਤਾ ਸੁ? ਕਿਉਂਕਿ ਅੰਕ ੨੭ ਵਿਚ ਕਹਿੰਦਾ ਹੈ ਕਿ ਐਉਂ ਘਨੇਰੇ ਉਸਤਤਿ ਕਰਦੇ ਹਨ ਪਰ ਮੈਨੂੰ ਪ੍ਰਤੀਤ ਨਹੀਂ ਆਉਂਦੀ।

ਇਸ ਕੇ ਮਾਨ ਰਾਖਨੇ ਭਾਇ।
ਕਿਤਿਕ ਦੇਸ਼ ਸਿਖਜਨਿ ਕੇ ਦੀਨਿ।
ਸੋ ਮਾਨਹਿਂ ਕਰਿ ਗੁਰੂ ਪ੍ਰਬੀਨ ॥੨੪॥
ਗੁਰੂ ਹੁਤੇ ਜਬਿ ਬਿਦਤ ਸ਼ਰੀਰ।
ਤਬਿ ਭੀ ਬਹੁਤ ਜੁ ਮਾਨੁਖ ਭੀਰ।
ਦੇ ਦੇ ਭੇਟ ਉਪਾਸਨਿ ਕਰਿਹੀਂ।
ਐਸ਼੍ਵਰਜ ਬਿਖੈ ਬਡੋ ਭਰਪੁਰ ਹੀ ॥੨੫॥
ਮੋਹਿ ਨ ਦੀਨਸਿ ਪਤਾ ਜਹਾਜ।
ਸਰਿਤਾਪਤਿ ਮਹਿਂ[1] ਰਾਖਸਿ ਲਾਜ। [1]ਸਮੁੰਦਰ ਵਿਚ।
ਕਜੋਂ ਨ ਅਮਾਨਤ ਅਪਨੀ ਲੀਨਿ।
ਕਰਜੋ ਕਾਜ ਮੁਝ ਕੋ ਲਖਿ ਦੀਨ ॥੨੬॥
'ਗੁਰੂ ਇਹੀ, ਲੀਨਸਿ ਗੁਰਿਆਈ।'
ਇਹ ਨਿਸ਼ਚਾ ਕਿਮ ਮਮ ਠਹਿਰਾਈ[1]। [1]ਇਹ ਮੇਰਾ ਨਿਸ਼ਚਾ ਕਿਵੇਂ ਬੱਝੇ।
ਯਾ ਉਸਤਤਿ ਕੋ ਕਰਤਿ ਘਨੇਰੇ।
ਨਾਂਹਿ ਪਰਤ ਪਰਤੀਤ ਸੁ ਮੇਰੇ ॥੨੭॥
ਮਮ ਅੰਤਰ ਕੀ ਗਤਿ ਨਹਿਂ ਜਾਨੀ।
ਤਹਿਂ ਸਹਾਇ ਕੀ, ਕਿਮ ਲਿਉਂ ਮਾਨੀ[1]। [1]ਓਥੇ ਸਹਾਇਤਾ (ਇਸਨੇ) ਕੀਤੀ ਹੈ ਇਹ (ਮੈਂ) ਕਿਵੇਂ ਮੰਨ ਲਵਾਂ।
ਗੁਰਤਾ ਮਹਿਂ ਸੰਸੈ ਇਸੁ ਮਾਂਹੀ।
ਜੋਤਿ ਪ੍ਰਕਾਸ਼ਤਿ ਮੁਖ ਪਰ ਨਾਂਹੀ- ॥੨੮॥
ਭਯੋ ਦੀਨ ਮਨ ਮਖਣਸ਼ਾਹ।

ਪੂਰ ਮਨੋਰਥ ਹੋਯਹੁ ਨਾਂਹ।
ਮਧੁਰ ਗਿਰਾ ਬੋਲ੍ਯੋ ਕਰ ਜੋਰੀ।
'ਆਇਸੁ ਦਿਹੁ ਦਰਸਾਉਂ ਬਹੋਰੀ' ॥੨੯॥
ਮਸਤਕ ਟੇਕਿ ਉਠਨਿ ਭਾ ਤ੍ਯਾਰ।
ਧੀਰਮੱਲ੍ਯ ਨਿਜ ਹਾਥ ਪਸਾਰਿ।
ਮਧੁਰ ਪ੍ਰਸ਼ਾਦ ਦਯੋ ਕਹਿ ਬੈਨ।
'ਗੁਰੂ ਸਹਾਇ ਤੁਮਹਿਂ ਦਿਨ ਰੈਨ' ॥੩੦॥
ਬੰਦਨ ਕਰਿ ਨਿਕਸ੍ਯੋ ਤਿਸ ਡੇਰੇ।
ਅਪਰ ਜਾਇ ਸੋਢੀ ਸਭਿ ਹੇਰੇ।
ਜੁਗ ਜੁਗ ਮੁਹਰ ਅਗਾਰੀ ਧਰਿ ਕੈ।
ਸਭਿ ਕੇ ਪਾਇਨ ਬੰਦਨ ਕਰਿਕੈ ॥੩੧॥
ਬਾਂਛਾ ਕਰਤਿ ਰਿਦੇ ਮਹਿਂ ਧੀਰ।
-ਦੇਹਿ ਪਤਾ ਕੋ ਜਲਧਿ ਗੰਭੀਰ[1]। [1]ਡੂੰਘੇ ਸਮੁੰਦਰ (ਦੀ ਗੱਲ) ਦਾ।
ਮੋ ਤੇ ਲੇਹਿ ਅਮਾਨਤ ਆਪ।
ਜੋ ਗੁਰਤਾ ਕੋ ਧਰੈ ਪ੍ਰਤਾਪ- ॥੩੨॥
ਨਹਿਂ ਕਿਨਹੂੰ ਇਹ ਬਾਤ ਜਨਾਈ।
-ਹਮ ਜਹਾਜ ਤਵ ਦੀਨਿ ਲੰਘਾਈ-।
ਸਾਦਰ ਸੋਢੀ ਸਭਿ ਬੈਠਾਵੈਂ।
ਸਹਿਤ ਬ੍ਯੰਗ[1] ਨਿਜ ਸਤੁਤਿ ਸੁਨਾਵੈਂ ॥੩੩॥ [1]ਬਹਾਨੇ ਨਾਲ।
ਬਾਕ ਖੁਸ਼ੀ ਕੇ ਕਹੈਂ ਘਨੇਰੇ।
ਸਿਰੋਪਾਉ ਦੇ ਮੋਲ ਬਡੇਰੇ।
'ਹਮਰੇ ਸਿੱਖ ਸੇਵਕ ਤੂੰ ਭਾਰਾ।
ਗੁਰੁ ਦੀਨਸਿ ਤੁਝ ਦਰਬ ਉਦਾਰਾ ॥੩੪॥
ਸਿੱਖੀ ਕੋ ਨਿਰਬਾਹ ਕਰੰਤਾ।
ਸਾਧ ਸਾਧ ਤੁਝ ਬਡ ਬੁਧਿਵੰਤਾ।
ਦਰਸ਼ਨ ਕਰਨਿ ਦੂਰ ਤੇ ਆਯੋ।
ਸਭਿ ਪਰਿਵਾਰ ਸੰਗ ਹੀ ਲ੍ਯਾਯੋ' ॥੩੫॥
ਇੱਤ੍ਯਾਦਿਕ ਮੁਖ ਮਧਰ ਬਚੰਨਾ।
ਕਹਿ ਕਰਿ ਸਿਖ ਕੋ ਕਰਹਿਂ ਪ੍ਰਸੰਨਾ।

ਅਪਰ ਰੀਤਿ ਸਤਿਗੁਰੁ ਕੀ ਜੇਈ।
ਸਰਬ ਪ੍ਰਕਾਰ ਕਰਤਿ ਹੈਂ ਤੇਈ ॥੩੬॥
ਜਿਮ ਬਨ ਮਹਿਂ ਮ੍ਰਿਗਪਤਿ[1] ਦੁਰ ਰਹੈ।
ਸਭਿ ਮ੍ਰਿਗ ਬਨਪਤਿ[2] ਬਨਿ ਬਨਿ ਕਹੈਂ।
ਤਥਾ ਰੀਤਿ ਸਭਿ ਕਰਤਿ ਗੁਰੂ ਕੀ।
ਨਹਿਂ ਪਰੰਤੁ ਸਿਖ ਆਸ ਪੂਰੁ ਕੀ[1] ॥੩੭॥
ਕੇਹਰਿ ਕਰਮ ਕੇਹਰੀ ਕਰੈ।
ਅਪਰ ਮ੍ਰਿਗਨਿ ਤੇ ਕਿਮ ਨਹਿਂ ਸਰੈ।
ਇਮ ਮਨਾਇ ਕਰਿ ਸਭਿ ਸੋਢੀਨਿ।
ਦੁਇ ਦੁਇ ਮੁਹਰ ਅਰਪਨਾ ਕੀਨਿ ॥੩੮॥
-ਅੰਤ੍ਰਜਾਮਤਾ ਕਿਸਹੂੰ ਨਾਂਹੀ-।
ਮੱਖਣ ਨਿਸ਼ਚੈ ਕਿਯ ਮਨ ਮਾਂਹੀ।
ਤਬਿ ਚਲਿ ਗਯੋ ਆਪਨੇ ਡੇਰੇ।
ਦੀਨ ਮਨਾ ਹੁਇ ਰਹਜੋ ਬਡੇਰੇ ॥੩੯॥
-ਅਬਿ ਕਰਤਬ ਕਿਮ ਹੈ ਮੁਝ ਨੀਕਾ।
ਕਹਾਂ ਕਰਵਿ ਮੈਂ? ਗੁਰੂ ਨ ਠੀਕਾ[1]।
ਮੰਦ ਭਾਗ ਮੈਂ ਅਪਨਿ ਨਿਹਾਰਾ।
ਗਮਨ ਪੰਥ ਬਡ ਨਿਫਲਜੋ ਸਾਰਾ ॥੪੦॥
ਜਥਾ ਕੇਹਰੀ ਕੰਦਰ ਮਾਂਹਿ।
ਜਥਾ ਘਟਾ ਮਹਿਂ ਰਵਿ ਦੁਰ ਜਾਹਿ।
ਮਹਾਂਰਾਜ ਜਿਮ ਰਹਿ ਰਣਵਾਸੈ।
ਛਪੇ ਗੁਰੂ ਤਿਮ, ਨਹੀਂ ਪ੍ਰਕਾਸ਼ੈਂ ॥੪੧॥
ਸਤਿਗੁਰੁ ਦਰਸ਼ਨ ਸਾਰ ਸਰਬ ਕੋ।
ਨਹਿਂ ਪਾਯਹੁ ਨਹਿਂ ਦਿਯੋ ਦਰਬ ਕੋ-।
ਇਸ ਪ੍ਰਕਾਰ ਚਿਤਵਤਿ ਦੁਚਿਤਾਈ।
ਦੁਤਿਯ ਸਰਬਰੀ[1] ਸਰਬ ਬਿਤਾਈ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣ ਸ਼ਾਹ ਉਪਾਇਨ ਦੇਨਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

[1]ਸ਼ੇਰ।

[1]ਪਰ ਸਿੱਖਾਂ ਦੀ ਆਸ ਪੂਰੀ ਕਰਨ ਦੀ (ਗੱਲ) ਨਹੀਂ ਕਰਦੇ।

[1]ਠੀਕ (= ਨਿਸਚਿਤ) ਗੁਰ (ਕੌਣ ਹੈ) (ਮੈਂ ਨਿਰਣੇ) ਨਹੀਂ ਕਰ ਸਕਿਆ।

[1]ਦੂਜੀ ਰਾਤ।

## ੬. [ਮਾਤਾ ਨਾਨਕੀ ਜੀ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਸਕਲ ਗ੍ਰਾਮ ਮਹਿਂ ਬਿਦਤ ਭੀ -ਮੱਖਣ ਸਿਖ ਇਕ ਆਇ।
ਦਈ ਉਪਾਇਨ ਸਭਿਨਿ ਕੋ, ਜੋ ਸੋਢੀ ਗੁਰੁ ਥਾਇਂ- ॥੧॥

ਚੌਪਈ:

ਸ਼੍ਰੀ ਗੁਰੁ ਤੇਗ ਬਹਾਦਰ ਮਾਤਾ।
ਨਾਮ ਨਾਨਕੀ ਜਗ ਬੱਖਜਾਤਾ।
ਪਤਿਬਰਤਾ ਧ੍ਰਮਾਤਮ ਰੂਪਾ।
ਰੁਚਿਰ ਸੁਸ਼ੀਲਾ ਗੁਣਨਿ ਅਨੂਪਾ ॥੨॥
ਮਧੁਰ ਭਾਸ਼ਣੀ[1], ਦੀਰਘ ਦਰਸਾ। [1]ਮਿੱਠਾ ਬੋਲਣ ਵਾਲੀ।
ਸਤਿਗੁਰੁ ਧ੍ਯਾਨ ਪਰਾਇਣ ਹਰਸਾ[1]। [1]ਪ੍ਰਸੰਨ ਰੂਪ।
ਪ੍ਰਿਯ ਪੁੱਤ੍ਰਾ, ਮਨ ਮ੍ਰਿਦੁਲ, ਕੁਲੀਨਾ।
ਸਦਾ ਕ੍ਰਿਪਾਲੂ, ਪਰਮ ਅਦੀਨਾ[1] ॥੩॥ [1]ਬਹੁਤ ਉੱਚੀ ਆਤਮਾ ਵਾਲੀ।
ਤਿਸ ਢਿਗ ਗਏ ਦਾਸ ਤਬਿ ਦੌਰੇ।
ਬੈਠੇ ਚਿਤ ਸ਼ਾਂਤੀ ਘਰ ਠੌਰੇ।
ਕਹ੍ਯੋ ਜਾਇ 'ਹੇ ਦੀਰਘ ਮਾਤਾ!
ਇਕ ਸਿਖ ਆਯੋ ਗੁਰੁ ਜਸੁ ਗ੍ਯਾਤਾ ॥੪॥
ਧਨੀ ਮਹਤ ਬੁਧਿਵੰਤ ਘਨੇਰਾ।
ਕਲ ਸੰਧ੍ਯਾ ਕਿਯ ਬਾਹਰ ਡੇਰਾ।
ਸਾਥ ਮਨੁੱਖਨਿ ਕੋ ਸਮੁਦਾਯਾ।
ਆਜ ਗ੍ਰਾਮ ਅੰਤਰ ਚਲਿ ਆਯਾ ॥੫॥
ਪੂਰਬ ਗਯੋ ਧੀਰਮਲ ਡੇਰੇ।
ਸੁਜਸੁ ਮਸੰਦ ਕਹੈਂ ਤਿਹ ਪ੍ਰੇਰੇ[1]। [1]ਮਸੰਦ ਤਿਸ (ਸਿੱਖ) ਨੂੰ ਪ੍ਰੇਰਨਾ ਵਾਸਤੇ (ਧੀਰ ਮੱਲ ਦਾ) ਜਸ ਕਹਿੰਦੇ ਹਨ।
ਸਪਤ ਅਸ਼ਰਫੀ[†] ਤਹਾਂ ਚਢਾਇ। [†]ਦੋ ਧੀਰ ਮੱਲ ਨੂੰ ਹੋਰ ਸੋਢੀਆਂ ਵਾਂਙੂ ਤੇ ਪੰਜ ਗੁਰੂ ਗ੍ਰੰਥ ਸਹਿਬ ਜੀ ਦੀ ਭੇਟਾ [ਤਵਾ: ਖਾ:]
ਦ੍ਵੈ ਦ੍ਵੈ ਸਭਿਨਿ ਸੋਢੀਯਨਿ ਥਾਇਂ ॥੬॥
ਬੂਝੇ[1] ਸੰਗ ਮਸੰਦ ਜਿ ਹੋਤੇ। [1]ਮੱਖਣ ਸ਼ਾਹ ਨੇ) ਪੁਛਿਆ।
-ਪਹੁੰਚੀ ਭੇਟ ਸਭਿਨਿ ਢਿਗ ਮੋ ਤੇ-।

ਨਹੀਂ ਜਨਾਯੋ ਥਾਨ ਤੁਮਾਰੋ।
ਤਬਿ ਸਿਖ ਗਯੋ ਵਹਿਰ ਧਨਵਾਰੋ ॥੭॥
ਪੁੱਤ੍ਰ ਆਪ ਕੇ ਵਹਿਰ ਨ ਬੈਸੇ†।
ਕ੍ਰਿਤ ਨ ਕਰਹਿਂ ਸਭਿ ਸੋਢੀ ਜੈਸੇ।
ਕਿਮ ਆਵਹਿ ਧਨ, ਸਿਖ ਨਹਿਂ ਜਾਨਹਿਂ।
ਮਿਲਹਿ ਜਿ ਬੋਲਹਿ ਤਿਨ ਹੂੰ ਮਾਨਹਿ[1] ॥੮॥
ਇਮ ਸੁਨਿ ਮਾਤ ਗਈ ਸੁਤ ਪਾਸ।
ਪਉਢੇ ਹੁਤੇ ਉਠੇ ਸੁਖਰਾਸ।
ਇਕ ਦੁਇ ਸਿੱਖਯ ਦਾਸ ਥਿਤ ਤੀਰ।
ਪਿਖਯੋ ਪੁੱਤ੍ਰ ਕੋ ਰਿਦਾ ਗੰਭੀਰ ॥੯॥
ਤਉ ਸ਼ਰੀਕ ਕ੍ਰਿਤ[1] ਕੋ ਦੇਖਿ।
ਕਹਯੋ 'ਪੁੱਤ੍ਰ ! ਹੇ ਬੁੱਧਿ ਬਿਸ਼ੇਖ।
ਬੈਠਹੁ ਵਹਿਰ ਦਿਖਾਵਹੁ ਆਪ।
ਕਰਹੁ ਮਸੰਦਨਿ ਸੰਗ ਮਿਲਾਪ ॥੧੦॥
ਪਿਤਾ ਤੁਮਾਰੇ ਕੀ ਇਹ ਗਾਦੀ।
ਕਰਹੁ ਰੀਤਿ ਜਿਮ ਹੈ ਗੁਰੁ ਆਦੀ।
ਦਰਸ਼ਨਿ ਦੇਹੁ ਉਪਾਇਨ ਲੇਹੁ।
ਬੈਠਹੁ ਬੋਲਹੁ ਸਹਤ ਸਨੇਹੁ ॥੧੧॥
ਦੂਰ ਦੇਸ਼ ਤੇ ਸਿਖ ਚਲਿ ਆਯੋ।
ਸਭਿ ਗੁਰੁ ਬੰਸਹਿ ਦਰਬ ਚਢਾਯੋ।
ਤੁਮ ਭੀ ਵਹਿਰ ਹੋਤਿ ਢਿਗ ਆਵਤਿ।
ਸਭਿ ਕੇ ਸਮ ਪਿਖਿ ਧਨ ਅਰਪਾਵਤਿ ॥੧੨॥
ਹੇ ਸੁਤ ! ਜੋ ਪਰਿਵਾਰ ਗੁਜ਼ਾਰਾ।
ਆਇ ਵਹਿਰ ਤੇ ਹੋਤਿ ਅਹਾਰਾ।
ਕਰਹਿਂ ਸ਼ਰੀਕ ਈਰਖਾ ਸਾਰੇ।
-ਹਮ ਗੁਰੁ ਹਮ ਗੁਰੁ- ਕਰਤਿ ਉਚਾਰੇ ॥੧੩॥
ਦੇ ਰਿਸ਼ਵਤ ਬਹੁ ਕਰਹਿਂ ਉਪਾਇ।
ਜਯੋਂ ਜਯੋਂ ਲੇਹਿਂ ਮਸੰਦ ਮਿਲਾਇ।
ਜੋ ਮਸੰਦ ਮਿਲਿ ਨਿਜ ਪਖ ਧਾਰੈਂ।

†ਪਾ:-ਕਹਿ ਗ੍ਰਿਹ ਬੈਸੇ।

[1]'ਜੋ (ਸਿੱਖਾਂ ਨਾਲ) ਮਿਲਦਾ ਬੋਲਦਾ ਹੈ ਉਸ ਨੂੰ (ਹੀ ਸਿੱਖ) ਮੰਨਦੇ ਹਨ।

[1]ਸ਼ਰੀਕਾਂ ਦੀ ਕਾਰ।

ਦੇਸ਼ਨਿ ਸੰਗਤਿ ਲਜਾਇੰ ਸੰਗਾਰੈ ॥ ੧੪ ॥
ਅਰਪਾਵਹਿਂ ਧਨ ਤਿਸ ਕੇ ਪਾਸ।
ਬਹੁ ਬਡਿਆਇ ਕਰਹਿਂ ਅਰਦਾਸ।
ਧਨੀ ਸ਼ਰੀਕ ਹਮਾਰੇ ਭਏ।
ਐਸ੍ਵਰਜ ਅਧਿਕ ਸਭਿਨਿ ਢਿਗ ਥਿਏ ॥ ੧੫ ॥
ਪਾਛਲਿ ਰੀਤਿ ਤਜਾਗ ਦਿਹੁ ਤਾਤ !
ਸਭਿਨਿ ਬਿਖੈ ਬਰਤਹੁ ਬੱਖਜਾਤ।
ਅੰਤਰ ਬੈਠਜੋ ਲਖਹਿ ਨ ਕੋਈ।
ਕਿਮ ਪੂਜਹਿਂ ਤੁਮ ਕੋ ਸਿਖ ਜੋਈ ॥ ੧੬ ॥
ਤੁਮਰੇ ਪਿਤਾ ਪਿਤਾਮੇ ਜੈਸੇ।
ਕਰਹੁ ਅਚਰਨ, ਨੀਕਿ ਬਿਧਿ, ਤੈਸੇ[1]।

[1]ਤਿਵੇਂ (ਆਪ) ਚੰਗੀ ਤਰ੍ਹਾਂ ਕੰਮ ਕਰੋ ਭਾਵ ਇਹ ਕਿ ਛਪੋ ਨਾ ਪ੍ਰਗਟ ਹੋ ਕੇ ਦਰਸ਼ਨ ਦਿਓ।

ਨਰਨਿ ਬਿਖੈ ਕਰਹਿ ਨ ਬਿਵਹਾਰਾ।
ਤਿਹ ਕੋ ਕਹਹਿਂ -ਏਹ ਮਤਵਾਰਾ[1]- ॥ ੧੭ ॥

[1]ਕਮਲਾ।

ਹੇ ਸੁਤ ਯਾਂ ਤੇ ਬੈਠਹੁ ਬਾਹਰ।
ਬੋਲਹੁ ਮਿਲਹੁ ਹੋਹਿ ਜਗ ਜ਼ਾਹਰ।
ਪਿਖਹੁ ਸ਼ਰੀਕ ਕਰਤਿ ਕ੍ਰਿਤ ਜੈਸੇ।
ਦਰਬ ਉਪਾਵਹਿਂ ਜੈਸੇ ਕੈਸੇ ॥ ੧੮ ॥
ਅਪਨਿ ਆਪ ਕੋ ਬਡੋ ਕਹਾਹਿਂ।
-ਹਮ ਹੈਂ ਗੁਰੂ- ਕਹਹਿਂ ਸਭਿ ਮਾਂਹਿ।
ਪਿਤਾ ਪਿਤਾਮਾ ਮਹਤ ਤੁਮਾਰਾ।
ਤਿਨਹੁੰ ਥਾਨ ਨਿਜ ਲਖਹੁ ਉਦਾਰਾ[1]' ॥ ੧੯ ॥

[1]ਭਾਵ ਇਹ ਹੈ ਕਿ ਉਹ ਤਾਂ ਗੁਰੂ ਨਹੀਂ ਹਨ ਤੇ ਫੇਰ ਕਹਿ ਰਹੇ ਹਨ ਕਿ 'ਹਮ ਗੁਰੂ ਹੈਂ' ਤੇ ਤੁਸੀਂ ਗੁਰੂ ਹਓ ਤੇ ਫੇਰ ਛੁਪਦੇ ਹੋ।

ਜਨਨੀ ਗਿਰਾ ਸੁਨੀ ਕਰਿ ਮੌਨ।
ਨਹਿਂ ਉੱਤਰ ਦੀਨਸਿ ਬਿਧਿ ਕੌਨ।
ਹੁਤੇ ਸਮੀਪਿ ਸਿੱਖਜ ਅਰੁ ਦਾਸ।
ਜੋਰੇ ਹਾਥ ਕਰੀ ਅਰਦਾਸ ॥ ੨੦ ॥
'ਸ਼੍ਰੀ ਗੁਰੁ ਜੀ ! ਸਭਿ ਲਾਯਕ ਆਪ।
ਤੁਮਰੋ ਸਭਿ ਤੇ ਅਧਿਕ ਪ੍ਰਤਾਪ।
ਸਿੱਖਜਨਿ ਦੇਹੁਂ ਦਰਸ, ਨਿਸਤਾਰਹੁ।

ਉਪਦੇਸ਼ਨਿ ਹਿਤ ਬਾਕ ਉਚਾਰਹੁ ॥੨੧॥
ਰੌਰਾ ਪਰਯੋ ਬੀਚ ਗੁਰਿਆਈ।
ਤੁਮ ਛਿਪ ਰਹੇ ਨ ਜਾਨੇ ਜਾਈ।
ਕਰਹੁ ਕਾਮਨਾ ਸਿੱਖਨਿ ਪੂਰੀ।
ਆਵਹਿ ਦਰਬ ਅਰਪਿ ਹੈਂ ਭੂਰੀ ॥੨੨॥
ਜਬਹਿ ਬਿਦੇਸ਼ੀ ਸਿੱਖਯ ਸੁ ਆਵਾ।
ਭੇਟੈਂ ਸਭਿ ਸੋਢੀਨਿ ਚਢਾਵਾ।
ਤਬਿ ਮੈਂ ਚਹਯੋ ਜਾਉ ਤਿਸ ਪਾਸ।
ਕਰੌਂ ਆਪ ਕੀ ਬਾਤ ਪ੍ਰਕਾਸ਼ ॥੨੩॥
ਭੀਰ ਨਰਨਿ ਕੀ ਚਹੁੰਦਿਸ਼ਿ ਮਾਂਹਿ।
ਬ੍ਰਿੰਦ ਮਸੰਦ ਅਨੰਦਤਿ ਤਾਂਹਿ।
ਪਹੁੰਚਯੋ ਗਯੋ ਨ ਢਿਗ ਤਬਿ ਮੋਹੀ।
ਨਿਕਸਨਿ ਵਹਿਰ ਗ੍ਰਾਮ ਤਿਸ ਹੋਹੀ ॥੨੪॥
ਦੇਖਿ ਸੁ ਮੈਂ ਹਟਿ ਰਹਯੋ ਪਿਛਾਰੀ।
ਅਪਰ ਨ ਸੁਧਿ ਕਿਨ ਤਿਸੈ ਉਚਾਰੀ।
ਸ਼੍ਰੀ ਗੁਰੂ ਹਰਿ ਗੋਵਿੰਦ ਕੇ ਨੰਦ।
ਆਖਯ[1] ਤੇਗ ਬਹਾਦਰ ਚੰਦ ॥੨੫॥
ਸੋ ਆਵਤਿ, ਜਬਿ ਇਮ ਸੁਨਿ ਲੇਤੋ।
ਰਾਵਰਿ ਪਾਸ ਉਪਾਇਨ ਦੇਤੋ।
ਕੇਤਿਕ ਦਿਵਸ ਰਹਯੋ ਜੇ ਇਹਾਂ।
ਤੌ ਹਮ ਜਾਇ ਜਨਾਵਹਿਂ ਤਹਾਂ ॥੨੬॥
ਸੋ ਸਿਖ ਹੈ ਸ਼ਰਧਾਲੂ ਬਿਸਾਲਾ।
ਆਇ ਬਿਲੋਕਹਿਗੋ ਤਤਕਾਲਾ।'
ਸ਼੍ਰੀ ਗੁਰੁ ਤੇਗ ਬਹਾਦਰ ਸੁਨਿ ਕੈ।
ਬਰਜਨਿ ਕੀਨਸਿ ਬਾਕਨਿ ਭਨਿ ਕੈ ॥੨੭॥
'ਹਮ ਕੋ ਜ਼ਾਹਰ ਬਾਹਰ ਕਰੌ।
ਪੁਨ ਨ ਮਨੋਰਥ ਇਹ ਉਰ ਧਰੋ।
ਜੋ ਮਾਨੁਖ ਇਮ ਕਰਿ ਹੈ ਕਾਰਾ[1]।
ਤਿਹ ਮੁਖ ਹੁਇ ਦਰਗਹਿਂ ਮਹਿਂ ਕਾਰਾ ॥੨੮॥

[1]ਨਾਮ।

[1]ਭਾਵ ਇਨ੍ਹਾਂ ਦੂਸਰੇ ਸੋਢੀਆਂ ਵਾਂਙੂ ਮੁਕਾਬਲੇ ਵਿਚ ਜਾਣ ਲਈ ਜੋ ਸਾਨੂੰ ਜ਼ਾਹਰ ਕਰੇਗਾ।

ਯਾਂ ਤੇ ਤੁਸ਼ਨਿ ਪਿਖहु ਤਮਾਸ਼ਾ।
ਜਿਮ ਹੁਇ ਕਰਤਾ ਪੁਰਖ ਬਿਲਾਸਾ।'
ਸੁਨਤਿ ਸਿੱਖਯ ਉਪਜਯੋ ਉਰ ਤ੍ਰਾਸਾ।
ਭਯੋ ਮੋਨ ਕੁਛ ਮੁਖ ਨ ਪ੍ਰਕਾਸ਼ਾ ॥੨੯॥
ਜਨਨੀ ਚਿੰਤ ਮਾਨ ਉਠਿ ਆਈ।
ਸੁਤ ਤੇ ਬਾਕ ਸੁਨਤਿ ਅਰਗਾਈ[1]।
ਬਡ ਬੈਰਾਗਵਾਨ ਸੁਤ ਜਾਨੇ।
ਰਿਦਾ ਪਰਮ ਬਯਾਕੁਲਤਾ ਠਾਨੇ ॥੩੦॥

[1]ਚੁੱਪ ਹੋ ਗਈ।

ਦੋਹਰਾ:
ਇਮ ਸ੍ਰੀ ਮੁਖ ਤੇ ਬਾਕ ਭਾ, ਲਿਯੋ ਕਿਤਿਕ
ਸੁਨਿ ਕਾਨ।
ਅਬਿ ਮੱਖਣ ਕੀ ਬਾਰਤਾ ਮਿਲਿਬੋ ਕਰਵਿ
ਬਖਾਨ ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰ ਮਾਤਾ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਮੱਖਣ ਸ਼ਾਹ ਤੇ ਸ਼੍ਰੀ ਗੁਰ ਤੇਗ ਬਹਾਦਰ ਜੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਚਿੰਤਮਾਨ ਚਿਤ ਮਹਿ[1] ਅਧਿਕ, ਮਨ ਕੋ ਕਸ਼ਟ ਬਿਸਾਲ।
ਜਾਮ ਜਾਮਨੀ ਜਾਗਿ ਕੈ, ਕਰਿ ਸ਼ਨਾਨ ਬਿਧਿ ਨਾਲ ॥੧॥

[1]ਮੱਖਣ ਸ਼ਾਹ ਦੇ) ਚਿੱਤ ਵਿਚ।

ਚੌਪਈ:

ਜਪੁਜੀ ਆਦਿਕ ਸਤਿਗੁਰ ਬਾਨੀ।
ਪਠਿ ਪਠਿ ਦਰਸ ਕਾਮਨਾ ਠਾਨੀ।
-ਸ਼੍ਰੀ ਹਰਿ ਕ੍ਰਿਸ਼ਨ ਬਾਕ ਨਹਿਂ ਝੂਠੇ।
ਮਿਟਹਿਂ ਨਹੀ, ਹੁਇਂ ਅਪਰ ਅਪੂਠੇ[1] ॥੨॥

[1]ਹੋਰ ਗੱਲਾਂ ਭਾਵੇਂ ਪੁੱਠੀਆਂ ਹੋ ਜਾਣ।

ਰਵਿ[1] ਸੀਤਲ, ਨਿਸਪਤਿ[2] ਤਪਤਾਵੈ।
ਪਵਨ ਟਿਕਹਿ, ਨਿਜ[1]† ਮੇਰੁ ਹਿਲਾਵੈ।
ਅਚਲਾ ਚਲਹਿ[1], ਸਿੰਧੁ ਸੁਕ ਜਾਈ।
ਹਿਮ ਸਮ ਪਾਵਕ[1] ਤੇਜ ਬਨਾਈ ॥੩॥

[1]ਸੂਰਜ। [2]ਚੰਦ੍ਰਮਾਂ।
[1]ਆਪਣੇ ਆਪ ਨੂੰ। †ਪਾ:-ਪਾਵਨ ਨਿਕਟ ਨਿਜ।
[1]ਪ੍ਰਿਥਵੀ ਚੱਲ ਪਵੇ। (ਅ) ਅਚਲਾ ਚਲਹਿਂ = ਪਹਾੜ ਤੁਰ ਪੈਣ।
[1]ਬਰਫ ਅੱਗ ਵਾਂਙ।

ਉਡਗਨ[1] ਗ੍ਰੈਹ ਉਲਟੇ ਫਿਰਿ ਧਾਵੈਂ।
ਨਿਜ ਮਿਰਜਾਦਾ ਜਗਤ ਨਸਾਵੈ[1]।
ਤਉ ਨ ਸਤਿਗੁਰ ਹੁਇ ਬਚ ਕੂਰਾ।
ਕਾਰਨ ਕਰਨ ਦੇਨਿ ਬਰ ਸੂਰਾ ॥੪॥

[1]ਤਾਰੇ।
[1]ਸਭ ਦੀ ਅਪਨੀ ਮਿਰਯਾਦਾ ਜਗ ਤੋਂ ਨੱਸ ਜਾਵੇ।

ਕਹਯੋ 'ਬਕਾਲੇ ਮਹਿਂ ਗੁਰੁ ਰਹੈ।
ਬਾਬਾ ਨਾਮ' ਬਾਕ ਤਿਨ ਅਹੈ।
ਯਾਂ ਤੇ ਮੈਂ ਜਾਨਵਿ ਗਤਿ ਐਸੇ।
ਹੈ ਅਪਰਾਧ ਮੋਹਿ ਮਹਿਂ ਕੈਸੇ ॥੫॥
ਜਿਸ ਤੇ ਮੁਝ ਨਹਿਂ ਦਰਸ਼ਨ ਦੀਨਸਿ।
ਅਪਨੋ ਆਪ ਛਪਾਵਨਿ ਕੀਨਸਿ।
ਬਿਨ ਦੇਖੇ ਮੈਂ ਹਟਿ ਕੈ ਜਾਵੌਂ।
ਮਨਮੁਖਤਾ ਪਦਵੀ ਕੌ ਪਾਵੌਂ ॥੬॥
ਸਿੱਖਜਨਿ ਬਿਖੈ ਬਿਦਤ ਹ੍ਵੈ ਐਸੇ।
-ਮੱਖਣ ਗੁਰੂ ਨ ਦਰਸਯੋ ਕੈਸੇ-।
ਮੁਝ ਪਾਛੈ ਕਬਹੂੰ ਗੁਰ ਸੂਰ।

ਪ੍ਰਗਟ ਹੋਹਿੰਗੇ ਜਗਤ ਜ਼ਰੂਰ ॥੭॥
ਸ਼੍ਰੀ ਹਰਿ ਕ੍ਰਿਸ਼ਨ ਬਾਕ ਹੁਇ ਸਾਚਾ।
ਮੈਂ ਪਰੰਤੁ ਸਿੱਖੀ ਮਹਿਂ ਕਾਚਾ।
ਯਾਂ ਤੇ ਖਾਨ ਪਾਨ ਤਜਿ ਕਰਿ ਕੈ।
ਮੈਂ ਬੈਠੌਂ ਸਤਿਗੁਰੂ ਸਿਮਰਿਕੈ† ॥੮॥ †ਪਾ:-ਬਿਚਰਿ ਕੇ।
ਨਿਜ ਸ੍ਵਾਮੀ ਕੇ ਦਰਸ਼ਨ ਪਾਵੌਂ।
ਨਾਂਹਿ ਤ ਅਪਨੇ ਪ੍ਰਾਨ ਨਸਾਵੌਂ-।
ਆਪਨਿ ਸਾਥ ਸੁ ਨਹੀਂ ਬਖਾਨਾ[1]। [1]ਆਪਣੇ (ਸੰਗੀਆਂ) ਨਾਲ ਨਹੀਂ ਕਿਹਾ।
ਨੇਮ ਬਿਖਾਦਮਾਨਿ ਮਨ ਠਾਨਾ[1] ॥੯॥ [1]ਦੁਖ ਵਾਲਾ ਨੇਮ ਮਨ ਵਿਚ ਧਾਰਿਆ। (ਅ) ਵਿਖਾਦ ਮਾਨ ਹੋਕੇ (ਅੰਨ ਨਾ ਛਕਣ ਦਾ) ਮਨ ਵਿਚ ਨੇਮ ਕਰ ਲਿਆ।

ਭਈ ਭੋਰ ਬੈਠਯੋ ਨਿਜ ਡੇਰੇ।
ਮਨ ਮਹਿਂ ਗਿਨਤੀ ਕਰਤਿ ਘਨੇਰੇ।
ਦਿਵਸ ਚਢ੍ਯੋ ਕੇਤਿਕ ਜਬਿ ਹੇਰਿ।
ਨਰਨ ਸੋਢਿਨਿ ਕੇ ਪਹੁੰਚੇ ਫੇਰ ॥੧੦॥
ਚਹੁੰਦਿਸ਼ਿ ਮਹਿਂ ਬੈਠੇ ਤਬਿ ਆਇ।
ਅਨਿਕ ਭਾਂਤਿ ਕੀ ਬਾਤ ਬਨਾਇ।
ਮੱਖਣ ਕੇ ਉਰ ਲਗਹਿ ਨ ਕੋਈ।
ਮਹਾਂ ਬਿਖਾਦਮਾਨ ਮਨ ਹੋਈ ॥੧੧॥
ਕਹਤਿ ਪਰਸਪਰ ਬਾਕ ਘਨੇਰੇ।
ਬੈਠਯੋ ਬਿਤੀ ਕਿਤਿਕ ਜਬਿ ਦੇਰੇ।
ਮੱਖਣ ਸ਼ਾਹ ਦੀਨ ਮਨ ਕਹ੍ਯੋ।
'ਅਪਰ ਭਿ ਸੋਢੀ ਕੋ ਇਕ ਰਹ੍ਯੋ ॥੧੨॥
ਜਿਸ ਢਿਗ ਮੋ ਤੇ ਭੇਟ ਨ ਗਈ।
ਅਪਨਿ ਆਪ ਕੀ ਸੁਧਿ ਨਹਿਂ ਦਈ।
ਹੋਇ ਜਿ ਕੋਇ ਬਤਾਵਹੁ ਮੋਹੀ।
ਮਮ ਆਗਮਨ ਸਫਲਤਾ ਹੋਹੀ' ॥੧੩॥
ਸੁਨਤਿ ਮਸੰਦ ਮੇਵੜਨਿ ਸਾਰੇ।
ਕਰਿ ਬਿਚਾਰਿ ਕੋ ਬਾਕ ਉਚਾਰੇ।
'ਕਿਤਿਕ ਰਹਤਿ ਥੇ ਬੀਚ ਬਕਾਲੇ†। †ਬਕਾਲੇ ਵਿਚ ਵਾਕ ਹੋਣ ਤੋਂ ਪਹਿਲਾਂ ਕੋਈ ਨਹੀਂ ਸਨ ਰਹਿੰਦੇ ਸਿਵਾ ਗੁਰੂ ਤੇਗ ਬਹਾਦਰ ਜੀ ਦੇ, ਬਾਕੀ ਸਾਰੇ ਸੋਢੀ ਵਾਕ ਸੁਣਕੇ ਬਕਾਲੇ ਆਏ ਸਨ।
ਆਇ ਵਹਿਰ ਤੇ ਕਿਤਿਕ ਬਹਾਲੇ

॥ ੧੪ ॥
ਸੂਰਜਮੱਲ ਕੀ ਸੰਤਤਿ ਆਦਿ।
ਸਭਿਨਿ ਭੇਟ ਦੇ ਸਹਿ ਮਿਰਜਾਦ।
ਇਕ ਗੁਰੂ ਹਰਿਗੁਬਿੰਦ ਕੋ ਨੰਦ।
ਆਖ੍ਯ ਤੇਗ ਬਹਾਦਰ ਚੰਦ ॥ ੧੫ ॥
ਜਿਸ ਕੋ ਸੁਧਿ ਨਹਿਂ ਜਗ ਬਿਵਹਾਰੇ।
ਸੁਨਹਿਂ ਨ ਕਿਸ ਤੇ ਨਹਿਂਨ ਉਚਾਰੇ।
ਜਹਾਂ ਇਕਾਂਤ ਥਾਇਂ ਤਹਿਂ ਰਹੈ।
ਮਸਤ ਸੁਭਾਇ ਸਦਾ ਜਿਸ ਅਹੈ ॥ ੧੬ ॥
ਬਦਨ ਅਛਾਦਜੋ ਪਰਜੋ ਰਹਤਿ ਹੈ।
ਲੇਨਿ ਦੇਨ ਕੀ ਸੁਧਿ ਨ ਲਹਤਿ ਹੈ।
ਨਹਿਂਨ ਕਦਾਚਿਤ ਕੋ ਤਿਹ ਮਾਨਹਿ[1]।
-ਅਹੈ ਨਲਾਇਕ- ਸਭਿ ਹੀ ਜਾਨਹਿਂ ॥ ੧੭ ॥
ਖਾਨ ਪਾਨ ਕੀ ਭੀ ਸੁਧਿ ਨਾਂਹੀ।
ਕਹਾਂ ਅਪਰ ਕੀ ਹ੍ਵੈ ਤਿਹ ਮਾਂਹੀ।
ਰਹਿ ਨ ਸਕਹੁ ਦੇਖੇ ਬਿਨ ਤਾਂਹੀ।
ਤੌ ਤੁਮ ਪਿਖਹੁ ਜਥਾ ਗਤਿ ਆਹੀ' ॥ ੧੮ ॥
ਤਿਨ ਤੇ ਸ਼੍ਰੁਤਵਾ[1] ਮੱਖਣਸ਼ਾਹ।
ਕੁਛਕ ਭਯੋ ਮਨ ਮਹਿਂ ਉਤਸਾਹ।
ਦਹਨ ਬਿਲੋਚਨ ਫਰਕਨਿ ਲਾਗਾ।
ਮਨਹੁਂ ਅੰਕੁਰ ਉਪਾਵਨਿ ਲਾਗਾ ॥ ੧੯ ॥
ਸਭਿ ਮਹਿਂ ਕਹਜੋ 'ਚਲਵਿ ਤਿਨ ਪਾਹੀ।
ਦੇਹਿਂ ਉਪਾਵਨਿ ਚਖ ਦਰਸਾਹੀਂ।'
ਤਜਾਰੀ ਕਰੀ ਗਮਨ ਕੇ ਕਾਰਨਿ।
ਧੀਰਮੱਲਜ ਨਰ ਕਿਯ ਹਟਕਾਰਨਿ ॥ ੨੦ ॥
'ਤੁਮ ਕੋ ਉਚਿਤ ਨ ਤਿਨ ਪਹਿ ਜਾਨੋ।
ਜਿਹ ਸੁਭਾਵ ਪਰਮੱਤਿ ਮਹਾਨੋ[1]।
ਮਿਲਹਿ ਤੁਮਹਿਂ ਕੈ ਮਿਲਿ ਹੈ ਨਾਂਹੀ।
ਲਘੁ ਕੋਸ਼ਠ ਮਹਿਂ ਪਰਜੋ ਰਹਾਹੀ ॥ ੨੧ ॥

[1]ਕੋਈ ਉਸਨੂੰ ਕਦੇ ਬੀ ਨਹੀਂ ਮੰਨਦਾ ਪਿਆ।

[1]ਸੁਣਕੇ।

[1]ਬਹੁਤ ਮਸਤ। ਬਹੁਤ ਕ੍ਰੋਧ ਵਾਲਾ [ਸੰ: ਪਰਿਮਤ੍ਯ]

ਮਾਨ ਅਮਾਨ ਸਮਾਨ ਜਿਸੁ ਕੇ।
ਰਾਗ ਨ ਦ੍ਵੈਸ਼ ਨ ਮੋਹ ਤਿਸੁ ਕੇ।
ਗੁਰਤਾ ਰੀਤਿ ਨਹੀਂ ਕੁਛ ਜਾਨੈ।
ਗੁਰੂ ਹੋਨਿ ਤੌ ਕਹਾਂ ਪਛਾਨੈ' ॥੨੨॥
ਇਮ ਸੁਨਿ ਕੈ ਸਭਿ ਨਰ ਸੋਢੀਨਿ।
ਇਸੀ ਬਾਕ ਕੋ ਪੂਜਨਿ ਕੀਨਿ[1]। [1]ਪ੍ਰੌਢਤਾ ਕੀਤੀ।
'ਜੋ ਤੁਮ ਕਹੀ ਜਥਾਰਥ ਏਹੂ।
ਉਚਿਤ ਨ ਗੁਰਤਾ ਕੋ ਬਿਧਿ ਕੇਹੂ' ॥੨੩॥
ਸੁਨਿ ਮੱਖਣ ਕੁਛ ਮਨ ਨਹਿੰ ਆਨੀ।
ਚਹਤਿ ਦੇਖਿਬੇ ਸੰਸੈ ਹਾਨੀ।
ਲੇ ਕਰਿ ਸੰਗ ਨਰਨਿ ਕੀ ਭੀਰ।
ਚਲ੍ਯੋ ਪਰਸਿਬੇ ਗੁਰੂ ਗੰਭੀਰ ॥੨੪॥
ਸਭਿ ਸੋਢਿਨਿ ਕੇ ਮਾਨਵ ਸਾਥ।
ਗਮਨ੍ਯੋ ਮੰਦ ਮੰਦ ਪਗ ਪਾਥ[1]। [1]ਰਾਹ।
ਤਰਕਹਿ[1] ਰਿਦੈ -ਹੋਹਿਂ ਗੁਰੁ ਏਹੀ। [1]ਦਲੀਲ ਧਾਰਦਾ ਹੈ, ਸੋਚਦਾ ਹੈ।
ਮੋਹਿ ਜਿਆਵਹਿਂ[1] ਜਾਨਿ ਸਨੇਹੀ[2] ॥੨੫॥ [1]ਜਿਵਾਵਣ। [2]ਪ੍ਰੇਮੀ ਜਾਣਕੇ।
ਨਾਂਹਿ ਤ ਮੋਹਿ ਮਰਨਿ ਅਬਿ ਆਯੋ।
ਪੂਰਬ ਪਰਣ ਨ ਮਿੱਥਜਾ ਗਾਯੋ-।
ਜਬਹਿ ਭੀਰ ਸੋਂ ਪਹੁੰਚ੍ਯੋ ਆਈ।
ਸ੍ਰੀ ਗੁਰੁ ਸ਼੍ਰਵਣ ਪਰੀ ਧੁਨਿ ਜਾਈ ॥੨੬॥
ਪਠ੍ਯੋ ਦਾਸ ਰੋਕਨਿ ਤਿਨ ਕੇਰ।
ਕਹ੍ਯੋ ਸਭਿਨਿ ਸੋਂ ਆਗੋ ਘੇਰ।
'ਮੱਖਣਸ਼ਾਹੁ! ਸੁਨੋ ਗੁਰੁ ਬੈਨ।
ਥਾਨ ਕੁਸ਼ਾਦੋ[1] ਅੰਤਰ ਹੈ ਨ ॥੨੭॥ [1]ਖੁੱਲ੍ਹਾ।
ਮਿਲਨਿ ਲਾਲਸਾ ਜੇ ਤੁਝ ਉਰ ਮੈਂ।
ਹੋਹਿ ਇਕਾਕੀ ਪ੍ਰਵਿਸ਼ਹੁ ਘਰ ਮੈਂ।
ਅਦਬ ਸਾਥ ਤੂਸ਼ਨਿ ਮੁਖ ਧਾਰੋ।
ਤਿਨ ਰਜਾਇ ਤੇ[†] ਜਾਇ ਨਿਹਾਰੋ[1]' ॥੨੮॥ [1]ਉਨ੍ਹਾਂ ਦੀ ਰਜ਼ਾ ਨਾਲ ਜਾ ਕੇ ਦਰਸ਼ਨ ਕਰੋ। [†]ਪਾ:-ਇਮ।
ਸੁਨਿ ਕੈ ਸਭਿ ਕੋ ਠਾਂਢੇ ਕਰਿ ਕੇ।

ਆਪ ਪ੍ਰਵੇਸ਼ਜੋ ਅੰਤਰ ਘਰ ਕੇ।
ਜਹਿਂ ਸ੍ਰੀ ਗੁਰੂ ਇਕਾਕੀ ਅਹੈਂ।
ਅੰਤਰ ਬ੍ਰਿੱਤਿ ਸਦਾ ਹੀ ਰਹੈਂ ॥੨੯॥
ਰਿਦੈ ਵਿਚਾਰਤਿ ਨੀਕੇ ਜੋਵਾ।
-ਆਇ ਸਮੋ ਬਿਦਤਨਿ ਕੋ ਹੋਵਾ।
ਭਾਰੀ ਮਹਾਂ ਪੋਟ[1] ਹੈ ਜੋਇ।
ਬਨਿ ਆਈ ਸਿਰ ਧਰਨੀ ਸੋਇ ॥੩੦॥
ਅਬਿ ਜੇ ਇਸ ਕੋ ਪਤਾ ਨ ਦੈ ਹੈਂ।
ਗੁਰ ਘਰ ਕੀ ਮਹਿਮਾ ਤਬਿ ਜੈ ਹੈ।
ਸ਼ਰਧਾ ਸਿੱਖਨਿ ਕੀ ਨਹਿਂ ਰਹੈ।
-ਨਹਿਂ ਗੁਰ ਪੂਰਨ- ਯੌਂ ਸਭਿ ਕਹੈਂ ॥੩੧॥
ਮਨਿ ਕਰਿ ਕੈ ਇਨ ਸਭਿ ਪਤਿਯਾਏ[1]।
ਕਿਸ ਹੂੰ ਤੇ ਨ ਮਨੋਰਥ ਪਾਏ।
ਜਿਸ ਗਤਿ ਕੋ ਲਖਿ ਕੀਨ ਸਹਾਇ[1]।
ਅਟਕਜੋ ਪੋਤ[1] ਸੁ ਪਾਰ ਲੰਘਾਇ ॥੩੨॥
ਸੋ ਗਤਿ ਅਬਹਿ ਆਨਿ ਕਰਿ ਹੋਈ[1]।
ਬਿਨਾ ਕਿਯੇ ਤੇ ਸਰੈ ਨ ਜੋਈ।
ਸ਼ਰਧਾ ਸ਼੍ਰੀ ਹਰਿ ਕ੍ਰਿਸ਼ਨ ਬਾਕ ਪਰਿ।
ਪ੍ਰਾਨ ਤਜਨਿ ਲੌਂ ਸਾਹਸ[1] ਇਨ ਕਰਿ ॥੩੩॥
ਜੇ ਨ ਬਤਾਵਹਿਂਗੇ ਇਸ ਤਾਂਈ।
ਹੁਇ ਨਿਰਾਸ ਕੋ ਸੰਕਟ ਪਾਈ।
ਇਕ ਤੋ ਦਰਬ ਲਜਾਇ ਬਹੁਤੇਰਾ[1]।

[1]ਪੰਡ ਬੜੀ ਭਾਰੀ ਹੈ।

[1]ਪਰਖੇ ਹਨ।

[1]ਭਾਵ ਕਿ ਸਿੱਖ ਗੁਰੂ ਨੂੰ ਅਰਾਧ ਰਿਹਾ ਹੈ, ਤੇ ਗੁਰੂ ਦਾ ਬਿਰਦ ਹੈ ਬਾਹੁੜੀ ਕਰਨੀ, ਤੇ ਜੇ ਅਸੀਂ ਨਹੀਂ ਕਰਦੇ ਤਾਂ ਗੁਰੂ ਦੇ ਬਿਰਦ ਨੂੰ ਉਲਾਮ੍ਹਾਂ ਹੈ, ਇਸ ਪ੍ਰਕਾਰ ਦੀ ਗਤੀ ਲਖਕੇ ਇਸਦਾ ਫਸਿਆ ਜਹਾਜ਼ ਪਾਰ ਕੀਤਾ ਸੀ।

[1]ਜਹਾਜ਼।

[1]ਭਾਵ ਉਸੇ ਪ੍ਰਕਾਰ ਦੀ ਗਤੀ ਹੁਣ ਆ ਹੋਈ ਹੈ ਕਿ ਜੇ ਨਹੀਂ ਦੱਸਦੇ ਤਾਂ ਇਹ ਸਿੱਖ ਪ੍ਰਣ ਕਰ ਚੁੱਕਾ ਹੈ, ਮਰੇਗਾ ਆਦਿ, ਜੋ ਅੱਗੇ ਆਉਂਦੀ ਹੈ।

[1]ਹੌਂਸਲਾ।

[1]ਪਿਛੇ ਨਿਰਾਸ ਤੇ ਸੰਕਟ ਕਟੇ ਹਨ। ਸੋ ਨਿਰਾਸਾ ਤਾਂ ਇਹ ਹੋਵੇਗੀ ਕਿ ਗੁਰੂ ਕੋਈ ਨਹੀਂ ਮੈਂ ਜੋ ਧਨ ਲਿਆਇਆ ਹਾਂ ਕਿਸਨੂੰ ਚੜਾਵਾਂ ਕਿਉਂਕਿ ਪਿੱਛੇ ਪ੍ਰਣ ਕਰ ਆਇਆ ਹੈ ਕਿ ਗੁਰੂ ਬਿਨਾਂ ਮੈਂ ਧਨ ਕਿਸੇ ਨੂੰ ਨਹੀਂ ਦੇਣਾ, ਦੂਸਰੇ ਨਿਰਾਸਤਾ ਇਹ ਹੋਵੇਗੀ ਕਿ ਗੁਰੂ ਹੈ ਹੀ ਨਹੀਂ, ਫਿਰ ਸੰਕਟ ਇਹ ਹੋਵੇਗਾ ਕਿ ਇਸਨੇ ਜੋ ਪ੍ਰਣ ਧਾਰਿਆ ਹੈ ਜੇ ਨਾ ਲੱਭਾ ਤਾਂ ਉਹ ਮੁਜਬ ਪ੍ਰਾਣਾਂਤ ਤੱਕ ਅੱਪੜੇਗਾ।

ਦੁਤੀਏ ਆਯਹੁ ਦੂਰ ਬਡੇਰਾ ॥੩੪॥
ਤ੍ਰਿਤਿਯੇ ਸਤਿਗੁਰ ਕੋ ਸਿਖ ਭਾਰੀ।
ਚਤੁਰਥ ਪ੍ਰਣ ਕੋ ਠਟਜੋ ਬਿਚਾਰੀ।
ਬਿਨਾ ਕਹੇ ਅਸਮੰਜਸ ਹੋਇ।
ਯਾਂ ਤੇ ਪਤਾ ਕਹੈਂ ਇਸ ਸੋਇ- ॥੩੫॥
ਇਤਨੇ ਮਹਿਂ ਗਾ ਮੱਖਣਸ਼ਾਹ।
ਬੰਦਨ ਕਰੀ ਬੰਦਿ ਕਰ ਤਾਂਹਿ।
ਦੁਇ ਦੀਨਾਰ ਅਗਾਰੀ ਧਰੀ।
ਸੋਊ[1] ਰਿਦੈ ਕਾਮਨਾ ਕਰੀ ॥੩੬॥

[1]ਉਹੋ ਕਿ ਜੋ ਗੁਰੂ ਹੋਵੇਗਾ ਮੇਰੀ ਸੁੱਖਣਾਂ ਵਾਲੀ ਰਕਮ ਆਪ ਮੰਗੇਗਾ।

ਸ੍ਰੀ ਗੁਰ ਤੇਗ ਬਹਾਦਰ ਚੰਦ।
ਕਹਜੋ ਤਿਸੈ 'ਹੇ ਸਿੱਖ ਬਿਲੰਦ !
ਗੁਰ ਘਰ ਕੀ ਜੋ ਅਹੈ ਉਪਾਇਨ।
ਸੋ ਦੀਜਹਿ, ਨਹਿਂ ਰਾਖਹੁ ਆਇਨ[1] ॥੩੭॥

[1]ਘਰ।

ਸਾਗਰ ਸਮੈ ਜਹਾਜ ਲੰਘਾਵਨਿ।
ਤਹਿਂ ਜੋ ਕੀਨਿ ਸੰਕਲਪ ਉਠਾਵਨਿ।
ਅਰੁ ਦਸੌਂਧ ਗੁਰੁ ਕੋ ਹੈ ਜੇਤਾ।
ਅਰਪਨਿ ਦਰਬ ਕਰਹੁ ਅਬਿ ਤੇਤਾ ॥੩੮॥
ਸਿੱਖੀ ਮਹਿਂ ਸ਼ਰਧਾ ਨਿਤ ਰਾਖਹੁ।
ਗੁਰ ਹਾਜ਼ਰ ਸਦ ਜਹਾਂ ਭਿਲਾਖਹੁ।'
ਸ੍ਰੀ ਗੁਰੁ ਬਾਕ ਸੁਨਤਿ ਸਿਖ ਸੋਇ।
ਭਯੋ ਪ੍ਰਸੰਨ ਸੰਦੇਹਨਿ ਖੋਇ ॥੩੯॥
ਗਰ ਜਾਮੇ ਕੀ ਤਨੀ ਤਰਾਕੀ[1]।
ਭਏ ਰੁਮੰਚ ਰਿਖੀਕਨਿ ਥਾਕੀ[1]।
ਦੇਖੇ ਸਤਿਗੁਰੁ ਦਿਨਕਰ ਤੂਲਾ[1]।
ਬਰ ਅਰਬਿੰਦ ਮਨਿੰਦੈ ਫੂਲਾ[1] ॥੪੦॥

[1]ਤਣੀਆਂ ਟੁੱਟ ਗਈਆਂ (ਖੁਸ਼ੀ ਨਾਲ)
[1]ਇੰਦ੍ਰੀਆਂ ਠਹਿਰ ਗਈਆਂ।
[1]ਸੂਰਜ ਤੁੱਲ।
[1]ਖਿੜ ਗਿਆ।

ਗਦਗਦ ਗਿਰਾ ਨ ਬੋਲਜੋ ਗਇਊ।
ਰੁਕੇ ਕੰਠ ਪਰਿਪੂਰਨ ਭਇਊ।
ਨੇਤ੍ਰਨਿ ਬਿਖੈ ਅੱਸ਼੍ਰ ਭਰਿ ਆਏ।
ਦਸ਼ਾ ਦੇਖਿ ਮਨ ਰਹਿ ਬਿਸਮਾਏ ॥੪੧॥

ਜਨਮ ਰੰਕ ਜਿਮ ਨਵਨਿਧਿ ਪਾਈ।
ਬਦਨ ਉਮੰਗ ਅਰੁਨਤਾ[1] ਛਾਈ। [1]ਲਾਲੀ।
ਕਿਤਿਕ ਬੇਰਿ ਟਿਕ ਗਯੋ ਅਡੋਲਾ।
ਚਖਨਿ ਪਲਕ ਮੁਖ ਬਾਕ ਨ ਬੋਲਾ ॥੪੨॥
ਸਤਿਗੁਰੁ ਮਹਿਮਾ ਗਰੁਵੀ ਜਾਨੀ।
ਮਹਾਂ ਪ੍ਰੇਮ ਮਹਿਂ ਮਤਿ ਮਸਤਾਨੀ।
ਪੂਰਬ ਰਿਦਾ ਸ਼ੁੱਧ ਜਿਸ ਕੇਰਾ।
ਪੁਨਹਿ ਦਰਸ ਪਿਖਿ ਰਾਗ[1] ਬਡੇਰਾ ॥੪੩॥ [1]ਪ੍ਰੇਮ ਹੋਇਆ।
ਜਯੋਂ ਅਤਿ ਸ੍ਵੇਤ ਬਸਤ੍ਰ ਹੁਇ ਕੋਈ।
ਰੰਗਰੇਜ[1] ਲੇ ਰੰਗਹਿ ਸੋਈ। [1]ਲਲਾਰੀ।
ਗੂੜ੍ਹਾ ਰੰਗ ਬਿਮਲ ਅਤਿ ਆਵੈ।
ਜਿਸ ਕੀ ਸਮਤਾ ਅਪਰ ਨ ਪਾਵੈ ॥੪੪॥
ਤਯੋਂ ਮੱਖਣ ਮਨ ਰੰਗਯੋ ਰਾਗ[1]। [1]ਪ੍ਰੇਮ ਨਾਲ।
ਹਲਤ ਪਲਤ ਮਹਿਂ ਭਾ ਬਡਿਭਾਗ।
ਪੂਰਨ ਚੰਦ ਮਨਿੰਦ ਨਿਹਾਰੇ।
ਚਖ[1] ਚਕੋਰ ਤਬਿ ਭਏ ਬਿਚਾਰੇ ॥੪੫॥ [1]ਨੇਤਰ।
ਸਤਿਗੁਰੁ ਸੂਰਜ ਦਰਸ਼ਨ ਜੋਵਾ।
ਰਿਦ ਅਰਬਿੰਦ ਪ੍ਰਫੁੱਲਤਿ ਹੋਵਾ।
ਸਾਧਨਿ ਸਾਧਤਿ ਸਿਧਿ ਲੈ ਜੈਸੇ[1]। [1]ਸਾਧਨਾ ਦੇ ਕਰਦਿਆਂ ਜਿਵੇਂ (ਸਾਧੂ) ਸਿੱਧੀ ਪ੍ਰਾਪਤ ਕਰ ਲਵੇ।
ਧਰਿ ਅਨੰਦ ਕੋ ਬੈਠਯੋ ਤੈਸੇ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ ਰਾਸੇ 'ਮੱਖਣ ਸ਼ਾਹ ਕੋ ਅੰਤਰਜਾਮਤਾ ਦੇਨਿ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਗੁਰੂ ਜੀ ਦਾ ਪ੍ਰਗਟਨਾ]

੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੯

ਦੋਹਰਾ:
ਮੱਖਨ ਧੀਰਜ ਧਰਿ ਰਿਦੈ,
ਹਾਥ ਬੰਦਿ ਕਰਿ ਦੋਇ।
ਨਮਸਕਾਰ ਕਰਿ ਪੁਨਹੁ ਪੁਨ,
ਪਿਖਿ ਪਿਖਿ ਹਰਖਤਿ ਸੋਇ ॥੧॥
ਚੌਪਈ:
'ਹੇ ਸਤਿਗੁਰੁ ਪੂਰਨ ! ਕਰਿ ਦਯਾ।
ਸਾਗਰ ਪਤਾ ਜੁ ਰਾਵਰ ਦਯਾ।
ਨਮੋ ਜਨਮ ਹੋਵਤਿ ਭਾ ਮੋਰਾ।
ਕਰਯੋ ਨਿਵਾਰਨਿ ਸੰਕਟ ਘੋਰਾ ॥੨॥
ਸਕਲ ਜਗਤ ਪੂਰਨ ਧਨ ਧਾਨ[1]।
ਸਭਿ ਕੇ ਭਰਤਾ ਆਪ ਮਹਾਂਨ।
ਦੇ ਅਹਾਰ ਸਭਿ ਕੋ ਪ੍ਰਤਿਪਾਰਹੁ।
ਕੋਟ ਅਨੰਤ ਸੁ ਜੀਵ ਸੰਭਾਰਹੁ ॥੩॥
ਮੁਝ ਤੇ ਧਨ ਨ ਚਹਯੋ ਹੇ ਨਾਥ !
ਕਰਯੋ ਜਿਆਵਨਿ ਇਸ ਮਿਸ ਸਾਥ[1]।
ਸਭਿ ਤੇ ਬਡੇ ਭਾਗ ਹੈਂ ਮੇਰੇ।
ਪੂਰ ਮਨੋਰਥ ਦਰਸ਼ਨ ਹੇਰੇ ॥੪॥
ਦੁਸ਼ਕਰ[1] ਸਾਧਨ ਸਾਧਤਿ ਜੈਸੇ।
ਫਲ ਪ੍ਰਾਪਤਿ, ਮੇਰੀ ਗਤਿ ਤੈਸੇ।
ਬਡੇ ਪ੍ਰਵਾਹ ਬਿਖੈ ਬਹੁ ਬਹਯੋ।
ਚਹੁੰਦਿਸ਼ਿ ਤੇ ਅਲੰਬ ਨਹਿਂ ਲਹਯੋ[1] ॥੫॥
ਤਿਸ ਕੋ ਨੌਕਾ ਪ੍ਰਾਪਤਿ ਹੋਇ।
ਮੈਂ ਅਪਨੀ ਗਤਿ ਜਾਨੌਂ ਸੋਇ।
ਜਿਮ ਸ਼ੱਤ੍ਰੂ ਕੇ ਬਸਿ ਕੋ ਪਰਯੋ।
ਛੁਟਹਿ ਰਾਜ ਲੇ, ਤਿਮ ਦੁਖ ਹਰਯੋ ॥੬॥
ਜਥਾ ਜੀਵ ਕੋ ਗਹਿ ਲੇ ਜਾਹੀ।
ਜਮ ਕਿੰਕਰ ਤਾੜਹਿ ਦੁਖ ਮਾਂਹੀ।
ਪਾਯੋ ਚਹੈ ਨਰਕ ਮਹਿਂ ਸੋਇ।

[1]ਸਾਰੇ ਜਗਤ ਨੂੰ ਧਨ ਤੇ ਅੰਨ ਨਾਲ ਪੂਰਨ (ਕਰਨਹਾਰ ਹੋ)।

[1]ਆਪ ਨੇ ਮੈਥੋਂ ਧਨ ਨਹੀਂ ਮੰਗਿਆ, ਇਸ ਬਹਾਨੇ ਮੈਨੂੰ ਜਿਵਾਲ ਲਿਆ ਹੈ।

[1]ਕਠਨ।

[1]ਜਿਸਨੂੰ ਆਸਰਾ ਨਾ ਮਿਲਿਆ ਹੋਵੇ।

ਤਿਸ ਕੋ ਸੁਰਗ ਦੇਹਿ ਜਿਮ ਕੋਇ ॥੭॥
ਜਥਾ ਗਯੋ ਨਰ ਕੋ ਪਰਦੇਸ਼।
ਪਰਯੋ ਉਜਾਰ ਭ੍ਰਮਤਿ ਸ ਕਲੇਸ਼।
ਖਾਨ ਪਾਨ ਬਿਨ ਮ੍ਰਿਤਕ ਸਮਾਨਾ।
ਘਰ ਪੁਚਾਇ ਤਿਹ, ਮੈਂ ਤਿਮ ਜਾਨਾ ॥੮॥
ਦੀਨ ਜਾਨਿ ਦੀਨਸਿ ਤੁਮ ਦਾਨਾ।
ਭਯੋ ਮ੍ਰਿਤਕ ਮੈਂ ਪਾਯਹੁ ਪ੍ਰਾਨਾ।
ਹੁਤੇ ਗੁਪਤ ਮਮ ਕਾਰਨ ਕਰਿ ਕੈ।
ਭਏ ਪ੍ਰਗਟ ਤੁਮ ਆਪ ਉਚਰਿ ਕੈ ॥੯॥
ਇਹ ਜਸੁ ਮੋ ਕਹੁ ਦੀਨਿ ਬਿਸਾਲਾ।
ਹੈਂ ਮਮ ਭਾਗ ਬਡੇ ਇਸ ਕਾਲਾ।
ਅੰਤਰ ਬ੍ਰਿਤੀ ਆਪ ਨਿਤ ਰਹੋ।
ਬ੍ਰਹਮਾਨੰਦ ਸਦਾ ਉਰ ਲਹੋ ॥੧੦॥
ਚੌਦਹਿੰ ਲੋਕ ਪਤੀ ਗੁਨ ਖਾਨੀ!
ਮੁਝ ਨਿਸ਼ਚਾ ਦੀਨਸਿ ਕਹਿ ਬਾਨੀ।
ਸਭਿ ਤੇ ਛਪੇ ਰਹੇ ਨਹਿਂ ਜਾਨੇ।
ਕ੍ਰਿਯਾ ਸੁਭਾਇ ਦਿਖਾਇ ਨ ਆਨੇ[1] ॥੧੧॥ [1]ਹੋਰ ਨੂੰ ਨਹੀਂ ਦਿਖਾਇਆ।
ਇਕ ਮੋ ਕਹੁ ਨਿਜ ਪਤਾ ਬਤਾਵਾ।
ਅਪਰ ਸੁ ਨਹੀਂ ਭੇਵ ਤੁਮ ਪਾਵਾ।
ਯਾਂ ਤੇ ਅਤਿ ਪ੍ਰਸੰਨਤਾ ਮੋਹੀ।
ਸਤਿਗੁਰੁ ਕਰੁਨਾ ਨਿਜ ਪਰ ਜੋਹੀ ॥੧੨॥
ਧੰਨ ਸਰੂਪ ਆਪ ਕੋ ਅਹੈ।
ਸਿਖ ਸਰਬੱਤ ਆਸਰੋ ਲਹੈਂ।
ਏਕ ਸ਼ਰਨ ਸਿੱਖਜਨਿ ਕੀ ਰਾਵਰ।
ਤੁਮ ਤਜਿ ਭ੍ਰਮਹਿਂ ਸਿ ਨਰ ਜਗ ਬਾਵਰ[1] ॥੧੩॥ [1]ਕਮਲੇ।
ਇੱਤ੍ਯਾਦਿਕ ਕਹਿ ਬਾਕ ਘਨੇਰੇ।
ਤ੍ਰਿਪਤਿ ਨ ਹੋਤਿ ਦਰਸ ਗੁਰੁ ਹੇਰੇ।
ਅਤੁਲਤ ਹਰਖ ਰਿਦੈ ਭਰਿ ਆਵਾ।

ਉਠਤਿ ਬੇਰਿ ਪੁਨ ਸੀਸ ਨਿਵਾਵਾ
॥੧੪॥
ਚਰਨ ਸਪਰਸ਼ੇ ਦ੍ਵੈ ਕਰ ਸਾਥਿ।
ਭਯੋ ਕ੍ਰਿਤਾਰਥ ਦਰਸੇ ਨਾਥ।
'ਪੁਨ ਮੈਂ ਦਰਸੌਂ' ਬਾਕ ਬਖਾਨੋ।
'ਅਬਹਿ ਨ ਡੋਲੌਂ ਧੀਰਜ ਠਾਨੌਂ' ॥੧੫॥
ਨਿਕਸ੍ਯੋ ਦਲਿ ਆਯੋ ਨਿਜ ਡੇਰੇ।
ਕਿਸਹੂੰ ਸੋਂ ਨ ਕਹ੍ਯੋ ਤਿਸ ਬੇਰੇ।
ਨਿਜ ਨਿਜ ਡੇਰਨਿ ਸਕਲ ਪਠਾਏ।
ਏਕਾਕੀ ਹਰਖਤਿ ਸੁਖ ਪਾਏ ॥੧੬॥
ਨਿਜ ਕਰਤੱਬ੍ਯ ਚਿਤਵਿ ਕਰਿ ਆਛੇ।
ਅਪਨਿ ਨਰਨਿ ਸੋਂ ਬੋਲ੍ਯੋ ਪਾਛੇ।
'ਸੀਵਨਿਹਾਰ[1] ਚਤੁਰ ਲੇ ਆਵੋ। — [1]ਦਰਜ਼ੀ।
ਹ੍ਵੈਂ ਦੁਇ ਤੀਨ ਸੁ ਛਿੱਪ੍ਰ[1] ਬੁਲਾਵੋ ॥੧੭॥ — [1]ਛੇਤੀ।
ਸੂਖਮ ਬਸਤ੍ਰ ਸੁ ਤੋਸ਼ੇ ਖਾਨੇ।
ਕਰਹੁ ਸਿਵਾਵਨਿ ਤੂਰਨ ਠਾਨੇ।
ਬਹੁ ਪਾਲੇ ਕੋ ਜਾਮਾ ਹੋਇ।
ਕਰਹੁ ਸੁ ਤੂਰਨਤਾ ਸੰਗ ਸੋਇ ॥੧੮॥
ਸਰਬ ਬਸਤ੍ਰ ਕਰਿ ਲੇਵਹੁ ਤ੍ਯਾਰੁ।
ਬਹੁਤ ਮੋਲ ਕੋ ਹੋਇ ਜੁ ਚਾਰੁ।
ਪੋਸ਼ਿਸ਼ ਸਗਰੀ ਨਿਸਾ ਮਝਾਰੀ।
ਬਹੁਤ ਮੋਲ ਕੀ ਕੀਜਹਿ ਤ੍ਯਾਰੀ' ॥੧੯॥
ਸੁਨਿ ਸੇਵਕ ਤੂਰਨ ਹੀ ਧਾਯੋ।
ਚਹਿਯੈ ਵਸਤੁ ਸੁ ਸਗਰੀ ਲ੍ਯਾਯੋ।
ਬਹੁਤ ਮੋਲ ਕੇ ਬਸਤ੍ਰ ਨਿਕਾਸੇ।
ਸੀਵਨਿ ਲਗੇ ਬੈਹਿ ਨਰ ਪਾਸੇ ॥੨੦॥
ਸਰਬ ਸਰਵਰੀ[1] ਕੇਰ ਬਿਤਾਈ। — [1]ਰਾਤ।
ਕਰਿ ਪੋਸ਼ਿਸ਼ ਰਚਿ ਸੁੰਦਰਤਾਈ।
ਬ੍ਰਹਮ ਮਹੂਰਤ[1] ਮਹਿਂ ਉਠਿ ਕਰਿ ਕੈ। — [1]ਸੂਰਜ ਉਦੇ ਹੋਣ ਤੋਂ ੪ ਘੜੀ ਪਹਿਲੋਂ ਦਾ ਸਮਾਂ।
ਮੱਖਣ ਸ਼ਾਹ ਹਰਖ ਉਰ ਭਰਿ ਕੈ ॥੨੧॥
ਮੱਜਨ ਆਦਿ ਕ੍ਰਿਯਾ ਕਰਿ ਸਾਰੀ।
ਗੁਰ ਬਾਨੀ ਕਰਿ ਪ੍ਰੇਮ ਉਚਾਰੀ।

ਜਿਤੋ ਨੇਮ ਸੋ ਪਠਿ ਕਰਿ ਆਛੇ।
ਜਪਜੀ ਪ੍ਰਥਮ ਸੁਖਮਨੀ ਪਾਛੇ ॥੨੨॥
ਉੱਜਲ ਪੋਸ਼ਿਸ਼ ਪਹਿਰੀ ਫੇਰ।
ਪੁਨਹਿਂ ਤਿਹਾਵਲ ਕੀਨਿ ਘਨੇਰ।
ਸੁਚ ਸੰਜਮ ਪਠਤਜੋ ਗੁਰ ਗਿਰਾ।
ਪੰਚਾਂਮ੍ਰਿਤ ਤਜਾਰ ਬਹੁ ਕਰਾ ॥੨੩॥
ਮੇਵੇ ਅਨਿਕ ਪ੍ਰਕਾਰ ਪਵਾਏ।
ਨਿਜ ਦਾਸਨਿ ਤੇ ਲਿਯ ਉਠਿਵਾਏ।
ਮੁਹਰ ਪੰਚ ਸੈ ਗਿਨਿ ਕੈ ਲੀਨਿ।
ਜੋ ਗੁਰ ਕੇ ਹਿਤ ਸੰਚਨਿ ਕੀਨਿ ॥੨੪॥
ਪੁਨ ਉਠਿਵਾਇ ਪੁਸ਼ਾਕ ਨਵੀਨ।
ਮੱਖਣਸ਼ਾਹੁ ਮਹਾਂਨ ਪ੍ਰਬੀਨ।
ਸੁਭਟਨਿ ਭੀਰ ਸੰਗ ਲੈ ਚਲਜੋ।
ਸਤਿਗੁਰ ਚਰਨ ਪ੍ਰੇਮ ਮਹਿਂ ਢਲਜੋ ॥੨੫॥
ਚਹਤਿ ਰਿਦੈ ਬਿਦਤਾਵਨਿ ਗੁਰ ਕੋ।
ਜਿਨਹੁਂ ਮਨੋਰਥ ਭਾਖਜੋ ਉਰ ਕੋ।
ਜੋ ਸੰਗਤਿ ਭੂਲੀ ਸਭਿ ਥਾਇਂ।
ਕੋ ਕਿਸ ਕੋ ਕਿਸ ਲਾਗਹਿ ਪਾਇ ॥੨੬॥
ਜਾਨਿ ਜਾਨਿ ਸ਼੍ਰੀ ਨਾਨਕ ਗਾਦੀ।
ਪੂਜਹਿਂ ਦੇਹਿਂ ਦਰਬ ਤੇ ਆਦੀ।
ਗੁਰੂ ਨ ਨਿਸ਼ਚੈ ਕੀਨਸਿ ਕੋਇ।
ਚਾਹਤਿ ਸਭਿ, ਇਕ ਪੂਰਨ ਹੋਇ[1] ॥੨੭॥
ਕੇਤਿਕ ਸਿੱਖਜ ਉਪਾਇਨ ਭਾਰੀ।
ਅਰਪਨਿ ਕਾਰਨ ਗੁਰੂ ਅਗਾਰੀ।
ਰਾਖੀ ਪਾਸ, ਨ ਦੀਨਸਿ ਕਾਂਹਿ।
-ਪ੍ਰਗਟਹਿਂ ਤਬਿ ਦੈਹੈਂ ਗੁਰ ਪਾਹਿ- ॥੨੮॥
ਇਸ ਪ੍ਰਕਾਰ ਕਰਿ ਸੰਗਤਿ ਘਨੀ।
ਉਤਰੀ ਹੁਤੀ ਜੁ ਸੰਸੈ ਸਨੀ।
-ਗੁਰੂ ਬਕਾਲੇ ਮਹਿਂ ਪ੍ਰਗਟਾਵੈਂ-।

[1]ਭਾਵ, ਗੁਰੂ ਇੱਕੋ ਹੋਵੇ (ਪਰ ਉਹ ਹੋਵੇ ਜੋ) ਪੂਰਨ (ਗੁਰੂ ਹੋਵੇ)।

ਇਸ ਬਾਕ ਪਰ ਮਤੀ ਟਿਕਾਵੈਂ ॥੨੯॥
ਸਿੱਖ ਸੈਂਕਰੇ ਬੀਚ ਬਕਾਲੇ।
ਉਤਰੇ ਜਹਿਂ ਕਹਿਂ ਪ੍ਰੇਮ ਬਿਸਾਲੇ।
ਕਰਤਿ ਪ੍ਰਤੀਛਨਿ -ਗੁਰੁ ਬਿਦਤਾਵੈਂ।
ਦੇਹਿਂ ਉਪਾਇਨਿ ਦਰਸ਼ਨ ਪਾਵੈਂ- ॥੩੦॥
ਸਿੱਖਨਿ ਪਰ ਹੋਵਨਿ ਉਪਕਾਰੀ।
ਚਿਤਵਤਿ ਮੱਖਣ ਰਿਦੈ ਮਝਾਰੀ।
ਗੁਰ ਘਰ ਸਨਮੁਖ ਗਮਨਜੋ ਜਾਇ।
ਸਕਲ ਉਪਾਇਨ ਸੰਗ ਲਵਾਇ[1] ॥੩੧॥
ਸਿੱਖਜ ਬਹੁਤ ਅਰੁ ਅਏ ਮਸੰਦ।
ਗਮਨਤਿ ਭਯੋ ਨਰਨਿ ਕਹੁ ਬ੍ਰਿੰਦ।
ਆਪਸ ਮਹਿਂ ਬੋਲਤਿ ਬਹੁ ਰੀਤੀ।
'ਕਿਸ ਢਿਗ ਜਾਇ ਅਬਹਿ ਜੁਤਿ ਪ੍ਰੀਤੀ ॥੩੨॥
ਏਕ ਬਾਰ ਤੌ ਸਭਿ ਕੇ ਪਾਸ।
ਜਾਇ ਜਾਇ ਕੀਨਸਿ ਅਰਦਾਸ।
ਅਬਿ ਇਨ ਲੀਨਿ ਉਪਾਇਨ ਭਾਰੀ।
ਜਿਮ ਕੋ ਅਰਪਹਿ ਪੂਜਿ ਅਗਾਰੀ' ॥੩੩॥
ਨਿਜ ਨਿਜ ਦਿਸ਼ਿ ਸੁਧਿ ਤੁਰਤਿ ਪਠਾਈ।
'ਤਜਾਰੀ ਕਰਿ ਬੈਠਹੁ ਅਗੁਵਾਈ।'
ਸਭਿ ਕੇ ਉਰ ਪ੍ਰਤੀਛਨਾ ਜਾਗੀ।
-ਹਮ ਢਿਗ ਆਵਹਿਗੋ ਅਨੁਰਾਗੀ- ॥੩੪॥
ਧੀਰਮੱਲਜ ਮਸਨੰਦ ਡਸਾਇ।
ਬਡ ਉਪਧਾਨੁ ਧਰੇ ਮੰਗਵਾਇ।
ਦਾਸ ਚਮਰ ਲੈ ਕੇ ਭਾ ਠਾਂਢੋ।
ਸਰਬ ਭਾਂਤਿ ਜਿਸ ਐਸ਼੍ਵਰਜ ਬਾਢੋ ॥੩੫॥
ਨਿਜ ਨਿਜ ਸ਼ਕਤਿ ਅਪਰ ਸੋਢੀਨ।
ਬਨਿ ਬਨਿ ਬੈਠਹਿ ਸੌਜ ਨਵੀਨ।

[1]ਲੈਕੇ। (ਅ) ਲਦਵਾਕੇ।

ਕਰਹਿਂ ਬਿਛਾਵਨਿ ਕੇਰ ਡਸਾਵਨਿ।
ਨਿਜ ਪਾਛੈ ਉਪਧਾਨੁ[1] ਧਰਾਵਨਿ ॥੩੬॥ [1]ਤਕੀਆ।
ਅੱਗ੍ਰ ਮੇਵੜੇ ਹੁਇ ਸਵਧਾਨੇ।
ਦ੍ਵਾਰ ਦਿਸ਼ਾ ਦ੍ਰਿਸ਼ਟੀ ਬੰਧਾਨੇ।
ਸਭਿ ਗਾਦੀ ਕੇ ਢਿਗ ਨਰ ਜੇਈ।
ਕਰੈਂ ਪ੍ਰਤੀਖਨ ਬੈਠੇ ਤੇਈ ॥੩੭॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ਼੍ਰੀ ਗੁਰੁ ਤੇਗ ਬਹਾਦਰ ਬਿਦਤ ਹੋਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

## ੯. [ਗੁਰੂ ਜੀ ਦਾ ਪ੍ਰਗਟ ਹੋਣਾ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਸਾਗਰ ਪ੍ਰੇਮ ਨਿਮਗਨ ਹ੍ਵੈ,
ਮੱਖਣ ਰਿਦੈ ਅਨੰਦ।
ਭੇਵ ਨ ਕਿਸੂ ਜਨਾਵਈ,
ਸੰਗ ਨਰਨਿ ਕੇ ਬ੍ਰਿੰਦ ॥੧॥

ਚੌਪਈ:

ਜਬਿ ਗੁਰੁ ਘਰ ਕੇ ਸਨਮੁਖ ਆਵਾ।
ਦਾਸ ਹੁਤੋ ਮਾਤਾ ਪ੍ਰਤਿ ਗਾਵਾ।
'ਸਿਖ ਇਹ ਪੂਰਨ ਸ਼ਰਧਾਵਾਨ।
ਆਯੋ ਚਲਿ ਕੈ ਦੂਰ ਮਹਾਨ[1] ॥੨॥
ਸਿਦਕ ਆਪ ਕੇ ਸੁਤ ਪਰ ਹੋਵਾ।
ਪੂਰਬ ਆਇ ਪਤਾ ਕੁਛ ਜੋਵਾ।
ਅਬਿ ਬਿਦਤਾਵਨਿ ਚਾਹਤਿ ਗੁਰ ਕੋ।
ਸੰਸੈ ਦੂਰ ਕਿਯੋ ਇਨ ਉਰ ਕੋ ॥੩॥
ਪਰਸੋਂ ਹਮ ਬੈਠੇ ਗੁਰ ਪਾਸ।
ਇਸ ਸਿਖ ਕੀ ਗਤਿ ਕਰੀ ਪ੍ਰਕਾਸ਼।
ਸ੍ਰੀ ਗੁਰੂ ਨੇ ਤਬਿ ਬਾਕ ਬਖਾਨਾ।
-ਹਮ ਕੋ ਜੋ ਬਿਦਤਾਇ ਮਹਾਨਾ ॥੪॥
ਤਿਹ ਦੁਗਾਹਿ ਮੈਂ ਹੁਇ ਮੁਖ ਕਾਰੋ।
ਉੱਗ੍ਰ ਸ੍ਰਾਪ[1] ਇਸ ਭਾਂਤਿ ਉਚਾਰੋ।
ਇਸ ਬਚ ਕੀ ਸੁਧਿ ਸਿਖ ਕੋ ਨਾਂਹੀ।
ਯਾਂ ਤੇ ਕਹੌਂ ਜਾਇ ਮੈਂ ਪਾਹੀ[1] ॥੫॥
ਬਿਗਰਹਿ ਕਾਜ ਪ੍ਰਥਮ ਸੁਧਿ[†] ਪਾਇ।
ਤੌ ਸੁਜਾਨ ਕਰਿ ਲੇਤਿ ਉਪਾਇ।
ਅਪਨਿ ਭਲੇ ਕੌ ਆਵਤਿ ਧਾਈ।
ਅਸ ਨਹਿਂ ਬਨਹਿ ਬੁਰੋ ਹੁਇ ਜਾਈ ॥੬॥
ਇਸ ਪਰ ਕਰੌਂ ਸੁ ਇਹ ਉਪਕਾਰ।
ਸੁਨਹਿ ਜਿ ਸੁਧਿ, ਕਰਿ ਲੇਹਿ ਬਿਚਾਰ।'
ਅਸ ਮਨ ਠਾਨਿ ਸਮੁਖ ਤਿਸ ਗਾਇਉ।

[1]ਬੜੀ ਦੂਰ ਤੋਂ।

[1]ਕਠਨ ਸਰਾਪ।

[1]ਸਿੱਖ ਦੇ) ਪਾਸ ਜਾਕੇ ਉਸਨੂੰ ਦੱਸਦਿਆਂ।

[†]ਪਾ:-ਸੁਖ।

ਕਰਜੋ ਇਕਾਂਤ ਕਹਤਿ ਸਭਿ ਭਇਉ
॥੭॥
'ਜੇ ਤੂੰ ਦਰਸ਼ ਕਰਨ ਹੀ ਜਾਇਂ।
ਨਮੋ ਕਰਹੁ ਤੂਸ਼ਨਿ ਕਰਿ ਆਇ।
ਜੇ ਚਾਹਤਿ ਹੈਂ ਗੁਰੁ ਬਿਦਤਾਵੌਂ।
ਸਗਰੀ ਸੰਗਤਿ ਇਤੇ ਬੁਲਾਵੌਂ ॥੮॥
ਜਸੁ ਪਾਵਨ ਪਾਵਨਿ ਕੀ ਕਾਂਖਾ।
ਗੁਰੁ ਬਿਦਤਾਵਹਿਂ ਸਭਿ ਮਹਿਂ ਭਾਖਾ।
ਇਮ ਗੁਰੁ ਬਚ -ਬਿਦਤਾਵਹਿ ਜੋਇ।
ਮੁਖ ਦਰਗਾਹਿ ਸੁ ਕਾਰੋ ਹੋਇ- ॥੯॥
ਨਿਜ ਮੁਖ ਤੇ ਪਰਸੋਂ ਅਸ ਭਾਖਜੋ।
ਅਬਿ ਤੂੰ ਪ੍ਰਗਟ ਕਰਨਿ ਅਭਿਲਾਖਜੋ।
ਇਮ ਬਚ ਕੋ ਕਰਿ ਲੇਹੁ ਉਪਾਇ।
ਨਤੁ ਕਰਿ ਬਿਨੈ ਲੇਹੁ ਬਖਸ਼ਾਇ' ॥੧੦॥
ਸੁਨਿ ਕੈ ਮੱਖਨ ਰਿਦੈ ਬਿਚਾਰਾ।
-ਹੋਇ ਸਫਲ ਜੋ ਗੁਰੁ ਉਚਾਰਾ।
ਪ੍ਰਗਟ ਕਰਜੋ ਚਾਹਤਿ ਮੈਂ ਇਨ ਕੋ।
ਦਰਸੇ ਭਲਾ ਹੋਇ ਜਿਨਿ ਕਿਨ ਕੋ
॥੧੧॥
ਇਹ ਬਹੁਤਨਿ ਕੋ ਅਤਿ ਕੱਲਜਾਨਾ।
ਇਕ ਅਨਿਸ਼ਟ ਮੁਝ ਕੋ[1] ਇਮ ਜਾਨਾ।
ਯਾਂ ਤੇ ਮੈਂ ਹੋਵੌਂ ਉਪਕਾਰੀ।
ਸਫਲ ਭਿ ਕਰੌਂ ਜੁ ਗੁਰੂ ਉਚਾਰੀ-
॥੧੨॥
ਪੂਰਬ ਗਯੋ ਨਾਨਕੀ ਤੀਰ।
ਬਰਜਿ ਸੰਗ ਤੇ ਸਗਰੀ ਭੀਰ।
ਕੁਛ ਧਨੁ ਧਰਿ ਕੈ ਮਸਤਕ ਟੇਕਾ।
ਬੈਠੀ ਮਾਤਾ ਸਾਹਿਬ ਬਿਬੇਕਾ ॥੧੩॥
ਸਾਦਰ ਸਿਖ ਕੋ ਬਾਕ ਸੁਨਾਏ।
ਬਹੁਰ ਉਠਜੋ ਮੱਖਣ ਤਿਸ ਥਾਏਂ।
ਸਤਿਗੁਰ ਕੋ ਲੰਗਰ ਜਿਸ ਘਰ ਮੈਂ।
ਤਹਿਂ ਤੇ ਲੈ ਕਾਰਸ ਨਿਜ ਕਰ ਮੈਂ ॥੧੪॥

[1]ਇਕ ਮੇਰੇ ਲਈ ਦੁੱਖ ਹੈ।

ਅਪਨੇ ਮੁਖ ਪਰ ਸਰਬ ਲਗਾਈ।
ਗਯੋ ਗੁਰੂ ਢਿਗ ਸ਼ਰਧ ਬਧਾਈ।
ਦ੍ਵਾਰੇ ਅੰਦਰ ਜਬਿ ਪ੍ਰਵਿਸ਼ਾਯੋ।
ਪਾਤਸ਼ਾਹ ਨਵਮੇ ਦਰਸਾਯੋ[1] ॥੧੫॥
ਪੰਚਾਂਮ੍ਰਿਤ ਜਿਹ ਕਰਜੋ ਅਗਾਰੇ।
ਅਪਰ ਉਪਾਇਨ ਲੀਨਿ ਸੰਗਾਰੇ।
ਜਾਇ ਨਮਹਿ ਕੀਨਸਿ ਗੁਰ ਤਾਂਈ।
ਧਰਜੋ ਤਿਹਾਵਲ ਕਰਿ ਅਗਵਾਈ ॥੧੬॥
ਪੁਨ ਦੀਨਾਰ ਭੇਟ ਧਰ ਦੀਨਸਿ।
ਪੋਸ਼ਿਸ਼ ਰੁਚਿਰ ਦਿਖਾਵਨਿ ਕੀਨਸਿ।
ਬਿਨੈ ਸਹਿਤ ਗੁਰੂ ਸੋਂ ਕਹਿ ਬਾਨੀ।
'ਹੇ ਧੀਰਨ ਮਹਿਂ ਧੀਰ ਮਹਾਨੀ! ॥੧੭॥
ਅਬਿ ਕਰੁਨਾ ਕਰਿ ਪੋਸ਼ਿਸ਼ ਪਾਇ।
ਬੈਠੇ ਸਭਾ ਹੋਹੁ ਪ੍ਰਗਟਾਇ।
ਸਿੱਖਜਨਿ ਕੋ ਕੱਲਜਾਨ ਬਿਚਾਰਹੁ।
ਸਾਗਰ ਸੰਸੈ ਪਾਰ ਉਤਾਰਹੁ ॥੧੮॥
ਸਗਰੀ ਸੰਗਤਿ ਭੂਲੀ ਫਿਰੈ।
ਨਹੀਂ ਕਿਸੂ ਪਰ ਨਿਸ਼ਚਾ ਕਰੈ।
ਮਹਿਮਾ ਤੁਮ ਨਹਿਂ ਸਕਹਿਂ ਪਛਾਨਿ।
ਛਪੇ ਆਪ ਹੋ ਹੇ ਗੁਨਖਾਨਿ! ॥੧੯॥
ਸਭਿ ਸੰਗਤਿ ਕੋ ਦਰਸ਼ਨ ਦੀਜਹਿ।
ਅਪਨੋ ਆਪ ਜਨਾਵਨਿ ਕੀਜਹਿ।'
ਮੱਖਣ ਦਿਖਿ ਮੁਖ ਗੁਰੂ ਉਚਰਜੋ।
'ਪ੍ਰਗਟ ਕਰਨਿ ਤੇ ਨਹਿਂ ਤੂ ਟਰਜੋ ॥੨੦॥
ਕਰਜੋ ਅਕਰਨ ਅਪਨਿ ਮੁਖ ਕਾਰਾ।
ਲੋਕਨਿ ਲੱਜਾ[†] ਸਕਲ ਨਿਵਾਰਾ।
ਗੁਰੂ ਬਾਕ ਕੋ ਭਾਰੀ ਭਾਰ।
ਮੁਖ ਕਾਰੋ ਕਰਿ ਲੀਨਿ ਉਤਾਰ ॥੨੧॥
ਗੁਰੁਤਾ ਪੋਟ[1] ਉਠਾਵਨਿ ਪੀਨ।
ਸੋ ਹਮਰੇ ਮਹਿਂ ਅਰਪਨਿ ਕੀਨਿ।

[1]ਨੌਵੇਂ ਪਾਤਸ਼ਾਹ ਦਾ ਦਰਸ਼ਨ ਕੀਤਾ।

[†]ਪਾ:-ਲੋਕ ਲਾਜ-ਕੁਲ ਲਾਜ।

[1]ਪੰਡ।

ਸ਼੍ਰੀ ਨਾਨਕ ਕੀ ਗਾਦੀ ਇਹੈ।
ਚਾਰਹੁੰ ਦਿਸ਼ਾ ਨਮਤਿ ਜਿਸ ਅਹੈਂ[1] ॥੨੨॥
ਸਿੰਧ ਮੇਖਲਾ ਅਵਿਨੀ ਜਿਤੀ।
ਸਤਿਗੁਰੁ ਮਹਿਮਾ ਜਾਨਹਿ ਤੇਤੀ।
ਮੇਰੁ ਆਦਿਕ ਜਿਤਿਕ ਪਹਾਰਾ।
ਜਹਾਂ ਕਹਾਂ ਸਿਖੀ ਬਿਸਥਾਰਾ ॥੨੩॥
ਸਾਗਰ ਬਿਖੈ ਦੀਪ ਹੈਂ ਜੇਈ।
ਸਤਿਗੁਰੁ ਘਰ ਕੇ ਪੂਜਕ ਤੇਈ।
ਜਿਤਿਕ ਜੀਵ ਨਵਖੰਡਨਿ ਮਾਂਹੀ।
ਅਰਪਹਿਂ ਭੇਟ ਗੁਰੂ ਪਗ ਪਾਹੀ ॥੨੪॥
ਹੋਨਿ ਸਹਾਇਕ ਸਭਿਹਿਨਿ ਕੇਰ।
ਯਾਂ ਤੇ ਪੋਟ ਪੀਨ[1] ਤੂੰ ਹੇਰਿ।
ਕਰਹਿਂ ਅਸੂਯਾ ਸੋਢੀ ਸਾਰੇ।
ਪਿਖਹਿਂ ਪਰਸਪਰ ਹ੍ਵੈ ਰਿਸਵਾਰੇ ॥੨੫॥
ਨਿਜ ਨਿਜ ਪੂਜਾ ਚਹਿਂ ਕਰਿਵਾਈ।
ਕਰਹਿਂ ਆਪਨੀ ਅਧਿਕ ਬਡਾਈ।
ਠਾਨਹਿਂ ਦ੍ਵੈਸ਼ ਅਨੇਕ ਪ੍ਰਕਾਰਾ।
ਸ਼ਸਤ੍ਰਾਦਿਕ ਲੌ ਕਰਹਿਂ ਪ੍ਰਹਾਰਾ ॥੨੬॥
ਗੁਰ ਕੇ ਬੰਸ ਬਿਖੈ ਜਨਮਾਏ।
ਆਪਸ ਮਹਿਂ ਮਤਸਰ ਤਪਤਾਏ।
ਕਰਜੋ ਖੁਵਾਵਨਿ ਸਬਿਖ† ਅਹਾਰਾ[1]।
ਯਾਂ ਤੇ ਗੁਰਤਾ ਪੋਟ ਉਦਾਰਾ[2] ॥੨੭॥
ਤੁਰਕ ਬਿਰੋਧੀ ਗੁਰੁ ਘਰ ਕੇਰੇ।
ਅਪਨੋ ਜ਼ੋਰ ਜਨਾਇਂ ਬਡੇਰੇ।
ਕਰਾਮਾਤ ਚਾਹਤਿ ਹੈਂ ਦੇਖਾ।
ਕੋ ਦਿਖਰਾਵਹਿ ਬੁੱਧਿ ਬਿਸ਼ੇਖ਼ਾ ॥੨੮॥
ਨਟ ਕੀ ਭਾਂਤਿ ਆਪ ਦਿਖਰਾਵਹਿਂ।
ਹਰਿ ਦਰਗਹਿ ਕਜਾ ਮੁਖ ਦਿਖਰਾਵਹਿਂ।
ਨਹਿਂ ਸੰਤਨ ਮੈਂ ਐਸੀ ਬਾਤਿ।
ਜਿਨ ਕੇ ਸਦਾ ਬਸਤਿ ਚਿਤ ਸ਼ਾਂਤਿ

[1]ਨਿਉਂਦੇ ਹਨ ਜਿਸਨੂੰ।

[1]ਪੰਡ ਭਾਰੀ ਹੈ।

[1]ਜ਼ਹਿਰ ਵਾਲਾ ਖਾਣਾ (ਬੀ ਇਕ ਦੂਜੇ ਨੂੰ ਮਾਰਨ ਲਈ) ਖੁਵਾਇਆ ਨੇ। †ਪਾ:-ਸੁਬਕ।

॥ ੨੯ ॥
ਗੁਰਤਾ ਪੋਟ ਇਸੀ ਤੇ ਭਾਰੀ।
ਬਡ ਸਮਰਥ ਜੁਤਿ ਸਕਿਯ[1] ਸਹਾਰੀ। — [1]ਸਕਦਾ ਹੈ।
ਪ੍ਰਗਟਹਿਂ ਤੌਂ ਤੁਝ ਕੋ ਕਸਾ ਹੋਇ[1]। — [1]ਤੈਨੂੰ (ਹੋਰ) ਕੀਹ (ਲਾਭ) ਹੋਵੇਗਾ।
ਪੂਰ ਮਨੋਰਥ ਭਯੋ ਸੁ ਜੋਇ ॥ ੩੦ ॥
ਦਰਸ਼ਨ ਕਰੇ ਉਪਾਇਨ ਦੀਨਿ।
ਸਿਖੀ ਕੌ ਨਿਰਬਾਹਿਨ ਕੀਨਿ।
ਉਰ ਉਪਨੋ ਕੱਲਜਾਨ ਬਿਚਾਰ।
ਗਮਨਹੁ ਅਪਨੇ ਦੇਸ਼ ਮਝਾਰ' ॥ ੩੧ ॥
ਸੁਨਿ ਮੱਖਣ ਦ੍ਵੈ ਹਾਥਨਿ ਬੰਦਿ।
ਸਹਿਤ ਨੰਮ੍ਰਿਤਾ ਬਿਨੈ ਬਿਲੰਦ।
ਸੰਗਤਿ ਸਗਰੀ ਹਿਤ ਉਪਾਕਰੀ[1]। — [1]ਸਾਰੀ ਸੰਗਤਿ ਦੇ ਉਪਕਾਰ ਲਈ।
ਮਧੁਰ ਸੁਲੱਛਨ ਗਿਰਾ ਉਚਾਰੀ[1] ॥ ੩੨ ॥ — [1]ਮਿੱਠੀ ਤੇ ਸ਼੍ਰੇਸ਼ਟ ਲੱਛਣਾਂ ਵਾਲੀ ਬਾਣੀ (ਮੱਖਣ ਨੇ) ਉਚਾਰੀ। (ਅ) ਦੁਹਾਂ ਸੱਤਰਾਂ ਦਾ ਅਰਥ ਇਉਂ ਵੀ ਲੱਗਦਾ ਹੈ:-ਗੁਰੂ ਹਰਿਕ੍ਰਿਸ਼ਨ ਜੀ ਨੇ ਮਿੱਠੀ ਤੇ ਸ਼੍ਰੇਸ਼ਟ ਲੱਛਣਾਂ ਵਾਲੀ ਬਾਣੀ ਸਾਰੀ ਸੰਗਤਿ ਦੇ ਉਪਕਾਰ ਲਈ ਉਚਾਰੀ ਸੀ।
'ਸ਼੍ਰੀ ਹਰਿ ਕ੍ਰਿਸ਼ਨ ਬਾਕ ਕੋ ਧਰਿ ਕੈ।
ਇਸ ਥਲ ਹੀ ਪਰ ਨਿਸ਼ਚਾ ਕਰਿ ਕੈ।
ਆਵਹਿ ਸਿੱਖ ਉਪਾਇਨ ਦੇਹਿਂ।
ਰਹਤਿ ਰਿਦੈ ਮਹਿਂ ਮਹਦ ਸੰਦੇਹਿ ॥ ੩੩ ॥
ਕਰਹਿ ਕਾਮਨਾ ਤਿਨ ਤੇ[1] ਕੋਈ। — [1]ਭਾਵ ਹੋਰ ਸੋਢੀਆਂ ਤੋਂ।
ਰਿਦਾ ਸ਼ੁੱਧ ਜੇ, ਲਹੈ ਨ ਸੋਈ।
ਤਰਕ ਕਰਹਿਂ ਅਪਨੇ ਮਨ ਮਾਂਹੀ।
ਸ਼ਰਧਾ ਸੁਖਦ ਧਰਹਿਂ ਤਬਿ ਨਾਂਹੀ ॥ ੩੪ ॥
ਮਹਿਮਾ ਸਿੱਖੀ ਕੀ ਹੁਇ ਹੌਰੀ।
ਸਭਿ ਸਿਰਮੌਰ ਬਡੀ ਬਡ ਗੌਰੀ[1]। — [1]ਭਾਰੀ।
ਇਸ ਕੋ ਆਪ ਬਧਾਵਨਿ ਕਰੀਏ।
ਯਾਂ ਤੇ ਬਿਦਤਨਿ ਕੇ ਅਨੁਸਰੀਏ[1] ॥ ੩੫ ॥ — [1]ਪ੍ਰਗਟ ਹੋਣ (ਦੇ ਖਿਆਲ) ਨਾਲ ਅਨੁਕੂਲਤਾ ਕਰੋ।
ਜੇ ਕਰਿ ਕਹਹੁ[1] ਰਹੈਂ ਇਸ ਰੀਤਿ। — [1]ਭਾਵ ਕਿ ਅਸੀਂ ਇਸੇ ਤਰ੍ਹਾਂ (ਛਿਪੇ) ਰਹੀਏ (ਤੇ ਸਿੱਖਾਂ ਦੇ) ਚਿੱਤ ਦੀਆਂ ਕਾਮਨਾ ਪੂਰਨ ਕਰੀ ਚਲਾਂਗੇ ਤਦ-

(ਅਗੇ ਦਲੀਲ ਦੇਂਦੇ ਹਨ) ਇਹ ਬੀ ਸਿੱਖਾਂ ਦੇ ਚਿੱਤ ਦੀ ਕਾਮਨਾ ਹੈ (ਕਿ ਪ੍ਰਗਟ ਹੋਵੋ) ਸੋ ਪੂਰੀ ਕਰੋ।

ਕਰਹਿਂ ਕਾਮਨਾ ਪੂਰਨ ਚੀਤ।
ਤਹਿਂ ਭੀ ਸਿਖੀ ਹਿਤ ਨਿਰਬਾਹ।
ਬਾਂਛਾ ਪੂਰਨ ਕਰਹੁ ਉਮਾਹ ॥੩੬॥
ਇਹ ਭੀ ਸਿੱਖਜਨਿ ਕੀ ਅਭਿਲਾਖਾ।
ਸਭਿਨਿ ਮਨੋਰਥ ਯਾਮੈਂ ਰਾਖਾ।
ਅਪਰ ਕਾਮਨਾ ਪੂਰਹੁ ਜੈਸੇ।
ਹਰਖਤਿ ਕਰਹੁ ਸਿੱਖਜ ਗਨ ਤੈਸੇ੮
॥੭॥
ਸ੍ਰੀ ਹਰਿਕ੍ਰਿਸ਼ਨ ਬਾਕ ਸਤਿ ਕਰੀਅਹਿ।
ਬੈਠਿ ਸਭਾ ਮਹਿਂ ਦਰਸ ਦਿਖਰੀਅਹਿ।
ਬਿਦਤਹੁ ਜਗਤ ਬਿਖੈ ਇਸ ਭਾਂਤੀ।
ਜਥਾ ਚੰਦ੍ਰਮਾਂ ਪੂਰਨ ਰਾਤੀ[1] ॥੩੮॥

[1]ਪੂਰਨਮਾ ਦੀ ਰਾਤ ਦੇ ਚੰਦ ਵਾਂਙੂ।

ਸਿੱਖਜਨਿ ਕੋ ਕਰਿਬੇ ਕੱਲਜਾਨ।
ਚਹੁਂਦਿਸ਼ਿ ਮਹਿਂ ਜਿਤ ਕਿਤ ਬ੍ਰਿਤ ਜਾਨ[1]।

[1]ਭਾਵ, ਜੋ (ਸਿੱਖ) ਚਹੁੰਦਿਸ਼ਾਂ ਵਿਚ ਫੈਲੇ ਹੋਏ ਹਨ। [ਸੰਸ. ਵ੍ਰਿਤ੍ = ਘੁੰਮਣਾ]

ਅਜਰ ਜਰਨ ਗਨ ਦੁਸ਼ਟਨਿ ਮਾਂਹੀ।
ਨਹੀਂ ਜਨਾਵਨਿ ਸ਼ਕਤਿ ਤਹਾਂਹੀ[1]†
॥੩੯॥

[1]ਉਨ੍ਹਾਂ (ਦੁਸ਼ਟਾਂ) ਵਿਚ ਸ਼ਕਤੀ ਨੂੰ ਨਾ ਜਨਾਉਣਾ।
†ਪਾ:-ਜਲ ਮਹਿ ਰਹਨਿ ਭੀਜਬੋ ਨਾਂਹੀ।

ਹਰਖ ਸ਼ੋਕ ਮਾਨ ਰ ਅਪਮਾਨ।
ਸੁਖ ਦੁਖ ਮਹਿਂ ਥਿਤ ਬ੍ਰਿਤੀ ਸਮਾਨ।
ਇੱਤਜਾਦਿਕ ਜੋ ਗਰਵੈਂ ਭਾਰ।
ਤਮ ਉਰ ਪਰ ਜਿਮ ਫੂਲ ਕਿ ਹਾਰ[1]
॥੪੦॥

[1]ਘਰ।

ਇਸੀ ਭਾਰ ਕੋ ਸੰਕਟ ਪਾਇ।
ਸ਼ੱਤ੍ਰੁ ਤੁਮਾਰਨਿ ਸਿਰ ਦਬਿ ਜਾਇ।
ਪੋਸ਼ਿਸ਼ ਪਹਿਰਹੁ ਆਪ ਨਵੀਨ।
ਬੈਠਹੁ ਦੇਹੁ ਦਰਸ਼ ਦੁਖ ਹੀਨ' ॥੪੧॥
ਇਸ ਪ੍ਰਕਾਰ ਬਹੁ ਬਿਨੈ ਭਨੰਤਾ।
ਚਹਿ ਸਭਿ ਸਿੱਖਜਨਿ ਗੁਰੂ ਦਿਖੰਤਾ।
ਸ਼੍ਰੀ ਗੁਰੂ ਤੇਗ ਬਹਾਦਰ ਚੰਦ।
ਸਦਾ ਮਗਨ ਜੋ ਬ੍ਰਹਮਾਨੰਦ ॥੪੨॥

-ਸੰਗਤਿ ਸਕਲ ਸਹਤਿ ਬਡ ਚਾਹ।
ਜਿਸ ਮਹਿਂ ਮੁੱਖਜ ਸੁ ਮੱਖਣਸ਼ਾਹ।
ਪੂਰਨ ਕਰਨੀ ਹੀ ਬਨਿ ਆਇ-।
ਇਮ ਤਿਸ ਛਿਨ ਅਪਨੇ ਉਰ ਲਜਾਇ ॥੪੩॥
ਮੁਸ਼ਕਾਵਤਿ ਬੋਲੇ ਗੁਨਖਾਨੀ।
'ਹੇ ਮੱਖਣ ! ਮਾਨੀ ਤੁਵ ਬਾਨੀ।
ਦੂਰ ਦੇਸ਼ ਤੇ ਸ਼ਰਧਾ ਧਰਿਕੈ।
ਆਯੋ ਮਾਰਗ ਸ਼੍ਰਮਤਾ ਕਰਿ ਕੈ ॥੪੪॥
ਬਿਨੈ ਨੰਮ੍ਰਿਤਾ ਸਹਤ ਉਪਾਇਨ।
ਆਨਤਿ ਭਾ ਸਤਿਗੁਰ ਕੇ ਆਇਨ[1]।

[1]ਤਾਂ ਤੂੰ) ਆਪਣੇ ਵਿਖੇ ਇਹ ਕਸਰ ਮੰਨੇਗਾ ਕਿ..........।

ਕਹਜੋ ਜਿ ਤੇਰੋ ਅਬਿ ਨਹਿਂ ਕਰੈਂ।
ਅਪਨੇ ਬਿਖੈ ਖੋਟਤਾ ਧਰੈਂ ॥੪੫॥
-ਮੈਂ ਸਿੱਖ ਮੰਦ ਚਾਹ ਜੋ ਮੰਦ[1]।

[1]ਮੈਂ (ਮੰਦ =) ਮਾੜੇ ਸਿੱਖ ਦੀ (ਮੰਦ =) ਸਧਾਰਣ ਇੱਛਾ। (ਅ) ਮੈਂ (ਮੰਦ =) ਮਾੜੇ ਸਿੱਖ ਦੀ ਜੋ ਚੰਗੀ ਇੱਛਾ ਸੀ..........। [ਜੋ ਮੰਦ = ਜੁ+ਅਮੰਦ = ਜੋ ਚੰਗੀ ਸੀ]

ਨਹਿਂ ਪੂਰੀ ਸਤਿਗੁਰ ਸੁਖਕੰਦ-।
ਅਸ ਮਨ ਜਾਨਿ ਬਹੁਰ ਪਛੁਤਾਵੈਂ।
ਚਿੰਤਾ ਬਸਿ ਕਲੇਸ਼ ਕੋ ਪਾਵੈਂ ॥੪੬॥
ਨਿਜ ਭਗਤਨਿ ਸੁਖ ਦੇਵਨਿ ਕਾਰਨਿ।
ਸੰਸੈ ਅਪਦਾ ਮਹਦ ਬਿਦਾਰਨਿ।
ਸ਼੍ਰੀ ਪ੍ਰਭੁ ਆਪ ਧਰਹਿ ਅਵਤਾਰਾ।
ਨਿਜ ਦਾਸਨਿ ਕੇ ਮਨ ਅਨੁਸਾਰਾ ॥੪੭॥
ਮਹਦ ਕਰਮ ਕੋ ਕਰਹਿ ਬਨਾਇ[1]।

[1]ਦਾਸਾਂ ਦੇ) ਭਾਰੀ ਕੰਮਾਂ ਨੂੰ (ਜਿਨ੍ਹਾਂ ਲਈ ਓਹ ਅਰਾਧਦੇ ਹਨ) ਸੰਵਾਰ ਦੇਂਦਾ ਹੈ। (ਇਸ ਤਰ੍ਹਾਂ).........।

ਹਰਿ ਕੇ ਹਰਿਜਨ ਬਾਂਛਾ ਪਾਇ।
ਤਿਮ ਸਤਿਗੁਰ ਕੇ ਘਰ ਮਹਿਂ ਅਹੈ।
ਪੂਰਨ ਕਰਹਿਂ ਸਿੱਖ ਜੋ ਚਹੈ ॥੪੮॥
ਪ੍ਰੇਮ ਡੋਰ ਤੇ ਬੰਧਨਿ ਹੋਇ।
ਕਿਰਤ ਕਰਹਿਂ ਜਿਮ ਬਾਂਛਹਿ ਸੋਇ।'
ਇਮ ਗੁਰੁ ਤੇਗ ਬਹਾਦਰ ਮਾਨੀ।
ਅਤਿ ਅਨੰਦਤਾ ਮੱਖਣ ਠਾਨੀ ॥੪੯॥

ਗੁਰੁ ਆਗਜਾ ਲੈ ਮੱਖਣ ਸ਼ਾਹੁ।
ਮੁਖ ਧੋਯੋ ਲੇ ਜਲ ਕਰ ਮਾਂਹੁ।
ਗੁਰੂ ਗਿਰਾ ਅਰੁ ਇੱਛਾ ਜੀ ਕੀ[1]।
ਪੂਰਨ ਕੀਨਿ, ਮਾਨਿ ਮਨ ਨੀਕੀ ॥੫੦॥
ਨਿਜ ਹਾਥਨਿ ਮਹਿਂ ਬਸਤ੍ਰ ਜੁ ਧਾਰੇ।
ਪਹਿਰਾਵਨਿ ਹਿਤ ਉਠ੍ਯੋ ਸੁਧਾਰੇ।
ਜਾਮਾ ਸੂਖਮ ਚੀਰ ਜੁ ਚਾਰੁ।
ਗੁਰ ਮਹਿਂ ਪਾਯੋ ਗੁਰੂ ਉਦਾਰ ॥੫੧॥
ਸੁੰਦਰ ਦੀਰਘ ਬਰ ਦਸਤਾਰ।
ਸਿਰ ਪਰ ਬੰਧਨਿ ਕੀਨਿ ਸੁਧਾਰਿ।
ਊਪਰ ਮਹਦ ਚਾਦਰਾ ਲੀਨਿ।
ਸਿੱਖ ਕਾਮਨਾ ਪੂਰਨ ਕੀਨਿ ॥੫੨॥
ਵਹਿਰ ਸਥੰਡਲ[1] ਹੁਤੋ ਬਿਲੰਦ।
ਤਹਾਂ ਆਇ ਬੈਠੇ ਸੁਖਕੰਦ।
ਤਿਹ ਛਿਨ ਮੱਖਣ ਚਢ੍ਯੋ ਅਟਾਰੀ।
ਸਭਿ ਸੰਗਤਿ ਸੋਂ ਊਚ ਉਚਾਰੀ ॥੫੩॥
'ਭੁਲੀਏ ਸੰਗਤਿ ! ਸੁਨਹੁ ਸੁ ਕਾਨ।
ਸਤਿਗੁਰੁ ਲੱਧਾ ਮਹਦ ਮਹਾਨ।
ਸੰਸੈ ਭਰਮ ਰਿਦੈ ਕੇ ਤਜਿ ਕੈ।
ਜਨਮ ਸੁਧਾਰਹੁ ਸ਼੍ਰੀ ਗੁਰੁ ਭਜਿ ਕੈ' ॥੫੪॥
ਮਨ ਉਤਸਾਹੁ ਬਧ੍ਯੋ ਜਿਸ ਕੇਰੇ।
ਰਹ੍ਯੋ ਨ ਗਯੋ ਕਹ੍ਯੋ ਤਿਸ ਬੇਰੇ।
ਉਮਗਿ ਉਮਗਿ ਕੇ ਅਧਿਕ ਪੁਕਾਰੇ।
ਹੁਇ ਅਨੰਦ ਅਤਿ, ਸਿੱਖਜ ਹਕਾਰੇ ॥੫੫॥
ਚਹੁੰਦਿਸ਼ ਮਹਿਂ ਮੁਖ ਕਰਿ ਕਰਿ ਕਹੈ।
'ਭੂਲੀ ਸੰਗਤਿ ! ਗੁਰੁ ਇਹ ਅਹੈ।'
ਜਹਿਂ ਲੌਂ ਸੁਨ੍ਯੋ ਬਾਕ ਤਿਸ ਕੇਰਾ।
ਆਵਹਿ ਧਾਵਹਿਂ ਬਿਸਮ ਘਨੇਰਾ ॥੫੬॥
ਪਸਰੀ ਬਾਤ ਸਰਬ ਹੀ ਗ੍ਰਾਮੂ।

[1]ਗੁਰੂ ਵਾਕ (ਕਿ ਪ੍ਰਗਟਾਉਣ ਵਾਲੇ ਦਾ ਮੂੰਹ ਕਾਲਾ ਕਰਾਂਗੇ) ਅਤੇ ਆਪਣੇ ਜੀ ਦੀ ਇੱਛਾ (ਕਿ ਗੁਰੂ ਜੀ ਨੂੰ ਪ੍ਰਗਟਾ ਦੇਣਾ ਹੈ)।

[1]ਥੜਾ।

ਸੁਨਿ ਸੁਨਿ ਸਿੱਖਯ ਆਇਂ ਤਜਿ ਕਾਮੂ।
ਉਤਰਿ ਆਪ ਪੁਨ ਸਤਿਗੁਰੁ ਪਾਸ।
ਖਰੋ ਤਿਹਾਵਲ ਕਿਯ ਅਰਦਾਸ ॥੫੭॥
ਆਇ ਸਭਾ ਜਬਿ ਪੂਰਨ ਹੋਈ।
ਦਰਸਹਿ ਜਿਤ ਕਿਤ ਮਹਿਂ ਸਭਿ ਕੋਈ।
ਸਭਿ ਮਹਿਂ ਮੱਖਣ ਸ਼ਾਹ ਸੁਨਾਇ।
'ਸ੍ਰੀ ਹਰਿਕ੍ਰਿਸ਼ਨ ਬਾਕ ਜੋ ਗਾਇ ॥੫੮॥
-ਬਾਬਾ ਅਹੈ ਬਕਾਲੇ ਮਾਂਹਿ-।
ਭਯੋ ਸਾਚ ਸੋ ਹੈ ਗੁਰੁ ਯਾਹਿ।
ਪਤਾ ਜਹਾਜ ਬਤਾਵਨਿ ਕੀਨਿ।
ਅੰਤਰ ਕੀ ਗਤਿ ਸਭਿ ਲਖਿ ਲੀਨਿ ॥੫੯॥
ਸ੍ਰੀ ਹਰਿਕ੍ਰਿਸ਼ਨ ਪਿਤਾਮਹਿ[1] ਏਹੁ।
ਬਾਬਾ ਕਹਨਿ ਪਤਾ ਇਨ ਦੇਹੁ[1]।
ਇਤ ਉਤ ਭਰਮਹੁ ਨਹਿਂ ਤਜਿ ਗੁਰ ਕੋ।
ਪੂਰਹੁ ਦਰਸ ਮਨੋਰਥ ਉਰਕੋ ॥੬੦॥
ਆਵਨਿ ਸਫਲ ਭਯੋ ਤੁਮਾਰਾ।
ਪੂਜਹੁ ਸਤਿਗੁਰੁ ਪੈਰ ਉਦਾਰਾ।'
ਜਿਸ ਪ੍ਰਕਾਰ ਪਰਖੇ ਸਭਿ ਥਾਂਈ।
ਮੱਖਣ ਸਭਿ ਕੇ ਸੁਨਤਿ ਸੁਨਾਈ ॥੬੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰ ਤੇਗ ਬਹਾਦਰ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

[1]ਬਾਬਾ।

ਕਰਤਿ ਸਭਿਨਿ ਤੇ ਕੀਰਤਿ ਸਨੋ[1]–।
ਇਸ ਕੇ ਪਿਤ ਅਸ ਸਾਚ ਉਬਾਚੀ।
ਕਰਵਿ ਪ੍ਰਤੀਛਨ ਰੁਚਿ ਮੈਂ ਰਾਚੀ ॥੨੯॥
ਮੈਂ ਬਯ ਤੇ ਅਬਿ ਬਿਰਧਾ ਭਈ।
ਕਬਿ ਸੁ ਸਮਾ ਇਸ ਸੁਤ ਜਨਮਈ।
ਤਿਨ ਕੋ ਬਾਕ ਹੋਇ ਸਦ[†] ਸਾਚੇ।
ਸੱਤਜ ਸੰਧ[1] ਨਿਤ ਸਤਿ ਮਹਿਂ ਰਾਚੇ ॥੩੦॥
ਇਕ ਤੌਂ ਇਹ ਬਿਰਤਾਂਤ ਬਖਾਨਾ।
ਦੁਤਿਯ ਕਹੌਂ ਮੱਖਣ ! ਸੁਨਿ ਕਾਨਾ।
ਅੰਤ ਸਮੈਂ ਮਹਿਂ[1] ਮੈਂ ਤਿਸ ਕਾਲ।
ਨਿਜ ਦਿਸ਼ ਤੇ ਹੁਇ ਦੀਨ ਬਿਸਾਲ ॥੩੧॥
ਹਾਥ ਜੋਰਿ ਕਰਿ ਆਗੈ ਖਰੀ।
ਖਰੀ ਰੀਤਿ[1] ਮੈਂ ਬਿਨਤੀ ਕਰੀ।
ਕਰੀ[1] ਸੁੰਡ ਜੈਸੇ ਭੁਜਦੰਡ।
ਦੰਡ ਜੁ ਦੇਤਿ ਸ਼ੱਤ੍ਰੂ ਗਨ ਖੰਡਿ ॥੩੨॥
–ਹੇ ਪ੍ਰਭੁ ! ਮੋਹਿ ਗਤੀ ਕਸਾ ਹੋਇ?
ਮਮ ਸੁਤ ਲਖਹਿ ਬਿਹਾਰ ਨ ਕੋਇ।
ਆਪ ਬਿਨਾ ਕੋ ਹਮਰੋ ਨਾਥ?
ਜਿਨ ਕੇ ਪੱਖੀ ਕੋਇ ਨ ਸਾਥ ॥੩੩॥
ਕਿਸ ਕੇ ਹਮ ਅਲੰਬ ਹੁਇ ਜੀਵਹਿਂ?
ਜਬਿ ਨਿਰਾਸਰੇ ਤੁਮ ਤੇ ਥੀਵਹਿਂ।
ਗੁਰਦਿਤੇ ਕੇ ਸੁਤ ਹਰਿਰਾਇ।
ਗੁਰ ਗਾਦੀ ਪਰ ਦਏ ਟਿਕਾਇ ॥੩੪॥
ਪੁੱਤ੍ਰ ਸਰਲ[1] ਕੀ ਮੈਂ ਹੌ ਮਾਤਾ।

[1]ਜੋ ਅਗੇ ਹੀ) ਉਦਾਰ ਉੱਜਲ ਹੈ, (ਉਸ ਨੂੰ) ਜਗਤ ਵਿਚ ਫੈਲਾਏਗਾ।

[1]ਸਹਿਤ।

[†]ਪਾ:-ਸ਼ਤ।

[1]ਜਿਨ੍ਹਾਂ ਦਾ ਵਾਕ ਸੱਤ ਹੋਵੇ।

[1]ਛੇਵੇਂ ਗੁਰਾਂ ਦੇ) ਅੰਤ ਸਮੇਂ।

[1]ਚੰਗੀ ਤਰ੍ਹਾਂ।

[1]ਹਾਥੀ ਦੇ।

[1]ਸਿੱਧੇ ਸਾਦੇ।

ਜਿਸ ਬਿਵਹਾਰ ਕਛੂ ਨਹਿਂ ਜਾਤਾ।
ਰਾਵਰ ਅਬਿ ਬਿਕੁੰਠ ਚਹਿਂ ਜਾਨੇ।
ਪ੍ਰਤਿਪਾਲਕ ਥੇ ਸਦਾ ਮਹਾਨੇ- ॥੩੫॥
ਤੇਗ ਬਹਾਦਰ ਕੇ ਪਿਤ ਸੁਨਿ ਕੈ।
ਧੀਰਜ ਦੀਨਿ ਮੋਹਿ ਬਚ ਭਨਿ ਕੈ।
-ਨਹਿਂ ਚਿੰਤਾ ਕਰਿ ਤੂੰ ਕਿਸ ਭਾਂਤਿ।
ਸਭਿ ਗੁਨ ਕੀ ਨਿਧਿ ਹੈ ਤੁਵ ਤਾਤ ॥੩੬॥
ਅਪਰ ਥਾਨ ਫਿਰ ਕਰਿ ਗੁਰਿਆਈ।
ਪੁਨ ਆਵਹਿ ਤੁਝ ਘਰ ਬਡਿਆਈ।
ਸਭਿ ਹੀ ਨਮਹਿਂ ਤੋਹਿ ਢਿਗ ਆਇ।
ਕੋਇ ਨ ਕਰਿ ਸਕਿ ਹੈ ਸਮਤਾਇ ॥੩੭॥
ਨਿੰਦਕ ਮਤਸਰ ਕਰਿ ਪਛੁਤਾਵਹਿਂ।
ਜੋ ਪੂਜਹਿਂ ਸਭਿ ਬਾਂਛਤਿ ਪਾਵਹਿਂ-।
ਇਸ ਪ੍ਰਕਾਰ ਕਹਿ ਮੁਝ ਹਰਖਾਵਾ।
ਕ੍ਰਿਪਾ ਦ੍ਰਿਸ਼ਟਿ ਦੇਖੇ ਸੁਖ ਪਾਵਾ ॥੩੮॥
ਮਮ ਸੁਤ ਪਿਤ ਕੋ[1] ਜੋ ਅਸ ਬੈਨ।
ਕਰਹੁਂ ਪ੍ਰਤੀਛਨ[1] ਮੈਂ ਦਿਨ ਰੈਨ।
ਅਬਿ ਸਾਚਾ ਸੋ ਹੋਵਨਿ ਲਾਗਾ।
ਤਊ ਮੋਹਿ ਸੁਤ ਦ੍ਰਿਢ ਬੈਰਾਗਾ ॥੩੯॥
ਧੀਰਮੱਲ ਤੇ ਆਦਿ ਸ਼ਰੀਕਾ।
ਕਰਤਿ ਦ੍ਵੈਸ਼ ਨਹਿਂ ਭਾਵਹਿ ਨੀਕਾ।
ਪ੍ਰਾਨ ਹਾਨਿ ਲਗਿ ਕਰਤਿ ਖੁਟਾਈ।
ਜ੍ਵਾਲਾ ਬਮਣੀ ਕਹਿ ਚਲਿਵਾਈ ॥੪੦॥
ਤਿਸ ਕੋ ਭੀ ਹਿਤ, ਬਾਤਨਿ ਹੇਰਿ[1]।
ਫੇਰਹਿ ਕੌਨ ਕਹੈਂ ਬਹੁ ਬੇਰ[1]।
ਧੀਰਮੱਲ ਕੋ ਬਡੋ ਸਮਾਜ।
ਸਰਬ ਸਮਿੱਧ੍ਰ[1] ਤਾਂਹਿ, ਘਰ ਆਜ ॥੪੧॥
ਹਮਰੋ ਜੇਤਿਕ ਅਹੈ ਗੁਜ਼ਾਰਾ।

[1]ਮੇਰੇ ਪੁੱਤ੍ਰ ਦੇ ਪਿਤਾ ਜੀ ਦੇ।

[1]ਉਡੀਕਦੀ ਹਾਂ।

[1]ਉਸ ਦੀਆਂ ਖੁਟਿਆਈ ਵਾਲੀਆਂ) ਗੱਲਾਂ ਦੇਖ ਕੇ ਭੀ ਉਸਦਾ ਹਿਤ ਹੀ (ਕਰੀ ਜਾਂਦੇ ਹਨ)।

[1]ਇਨ੍ਹਾਂ ਨੂੰ) ਕੌਨ ਮੋੜੇ (ਅਸੀਂ ਤਾਂ) ਬਥੇਰਾ ਕਹਿੰਦੇ ਹਾਂ।

[1]ਸਮਿੱਗ੍ਰੀ, ਵਿਭੂਤੀ।

ਸੋ ਨੀਕੇ ਤੈਂ ਦ੍ਰਿਗਨਿ ਨਿਹਾਰਾ।
ਤਊ ਸੰਤੋਸ਼ ਸਹਿਤ ਸੁਤ ਮੇਰਾ।
ਫਿਰਵਾਵਤਿ[1] ਕਹਿ ਦਰਬ ਘਨੇਰਾ ॥ ੪੨ ॥ [1]ਮੁੜਵਾਉਂਦਾ ਹੈ।
ਤ੍ਰਿਸ਼ਨਾ ਅਗਨਿ ਲਗੀ ਤਿਨ ਘਰ ਕੋ।
ਚਹੈਂ ਦਰਬ ਨਿਤ, ਸ਼ਾਂਤਿ ਨ ਉਰ ਕੋ।
ਜਿਮ ਇਹ ਕਹੈਂ ਮਾਨਿਬੋ ਸੋਊ।
ਚਲਹਿ ਨਹੀਂ ਬਸ ਹਮਰੋ ਕੋਊ' ॥ ੪੩ ॥
ਇਮ ਕਹਿ ਜਨਨੀ ਢੋਰਤਿ ਲੋਚਨ।
ਅਸਮੰਜਸ ਲਖਿ ਕਰਤੀ ਸੋਚਨ।
-ਮਮ ਸੁਤ ਤਿਨ ਕੋ ਕਰਹਿ ਭਲੇਰਾ।
ਧਨ ਮਦ ਤੇ ਸੋ ਕ੍ਰਿਤ ਅਘ ਕੇਰਾ[1]- ॥ ੪੪ ॥ [1]ਉਹ ਧਨ ਦੇ ਹੰਕਾਰ ਕਰਕੇ ਪਾਪਾਂ ਦੇ ਕਰਨ ਵਾਲਾ ਹੈ।
ਤੁਸ਼ਨਿ ਜਨਨੀ ਨੇ ਤਬਿ ਠਾਨਾ।
-ਮਮ ਸੁਤ ਬਚਜੋ- ਇਹੀ ਬਡ ਜਾਨਾ।
ਇਮ ਬੋਲਤਿ ਸੁਨਿਤੇ ਗੁਰ ਧਾਮਾ[1]। [1]ਗੁਰੂ ਘਰ ਵਿਚ......।
ਬੀਤੀ ਤਬਹਿ ਜਾਮਨੀ ਜਾਮਾ[1] ॥ ੪੫ ॥ [1]ਪਹਿਰ ਰਾਤ ਬੀਤ ਗਈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮਾਤ ਨਾਨਕੀ ਬਾਕ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸ਼ਮੋਂ ਅੰਸੂ ॥ ੧੮ ॥

## ੧੯. [ਧੀਰਮੱਲ ਦੀਆਂ ਚੀਜ਼ਾਂ ਮੋੜੀਆਂ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਸੁਨਿ ਜਨਨੀ ਕੇ ਬਾਕ ਕੋ,
ਦੁਚਿਤਾ ਮੱਖਣ ਜਾਨਿ।
ਬਹੁਰ ਕਹਜੋ[1] 'ਨਹਿਂ ਦੇਰ ਕਰਿ,
ਜਾਹੁ ਧੀਰਮੱਲ ਥਾਨ ॥੧॥

[1]ਗੁਰੂ ਜੀ ਨੇ) ਕਿਹਾ।

ਚੌਪਈ:

ਫੇਰਹੁ[1] ਵਸਤੁ ਜਿਤਿਕ ਤਿਨ ਕੇਰੀ।
ਨਿਜ ਧਨ ਕੋ ਭੀ ਦੀਜਹਿ ਫੇਰੀ†।
ਚੰਚਲ ਲਛਮੀ ਥਿਰ ਨ ਰਹਤਿ ਹੈ।
ਆਏ ਸੁਖ, ਚਿਤ ਗਈ ਦਹਤਿ ਹੈ[1] ॥੨॥

[1]ਮੋੜ ਦਿਓ।

†ਸਤਿਗੁਰੂ ਜੀ ਦੀ ਛਿਮਾ, ਵੈਰਾਗ ਤੇ ਤਿਆਗ ਦੀ ਅਵਧੀ ਸਹੀ ਹੋ ਰਹੀ ਹੈ।

[1]ਜਾਣ (ਵੇਲੇ ਚਿਤ ਨੂੰ) ਸਾੜਦੀ ਹੈ।

ਲੋਭੀ ਇਸ ਹਿਤ ਪਾਪ ਅਨੇਕ।
ਕਰਤਿ ਕਰਤਿ ਮ੍ਰਿਤੁ ਲਹਿਂ ਅਬਿਬੇਕ।
ਜਸੋਂ ਪ੍ਰਭੁ ਰਾਖੈ ਤਿਮ ਇਹ ਰਹੈ।
ਸ਼ਬਦ ਬਿਖੈ ਸ਼੍ਰੀ ਨਾਨਕ ਕਹੈਂ ॥੩॥

ਸ੍ਰੀ ਮੁਖਵਾਕ:
ਸਿਰੀਰਾਗੁ ਮਹਲਾ ੧ ਘਰੁ ੫ ॥
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥

ਚੌਪਈ:

ਛਲ ਤੇ ਛਲੀ ਨ ਜਾਵਹਿ ਮਾਯਾ।
ਆਦਿ ਕਟਾਰ ਨ ਆਯੁਧ ਘਾਯਾ।
ਤਊ ਨਰਨਿ ਕੇ ਮਨ ਟਲ ਪਲੈ[1]।
-ਹਮ ਸੋ ਸਭਿ ਤੇ ਬਹੁਤੀ ਮਿਲੈ- ॥੪॥

[1]ਭਾਵ ਨਰਾਂ ਦੇ ਮਨਾਂ ਨੂੰ ਸਾਈਂ ਤੋਂ ਟਾਲਦੀ ਤੇ ਪਲਟਾ ਦੇਂਦੀ ਹੈ।

ਸੰਚਨਿ, ਪਾਲਨਿ, ਨਾਸ਼ ਮਝਾਰ।
ਦੁਖ ਦਾਯਕ ਧਨ ਕੋ ਨਿਰਧਾਰ।
ਭੋ ਮੱਖਣ! ਕਸੋਂ ਚਿੰਤਾ ਕਰੈਂ।
ਦੇਹੁ ਧੀਰਮੱਲ ਉਰ ਦੁਖ ਹਰੈ ॥੫॥
ਲੋਭੀ ਧਨ ਤੇ ਸੁਖ ਕੋ ਚਾਹੈ।
ਨਿਸ ਦਿਨ ਇਹ ਤਿਨ ਕੇ ਉਰ ਦਾਹੈ।

ਅਪਰ ਬਿਚਾਰ ਕਰਹੁ ਨਹਿਂ ਕੋਈ।
ਆਨੀ ਵਸਤੁ ਦੀਜਿਯਹਿ ਸੋਈ' ॥੬॥
ਗੁਰ ਬਚ ਸ਼੍ਰਿੰਖਲ[1] ਤੇ ਰੁਕ[†] ਗਇਊ। [1]ਸੰਗਲ। [†]ਪਾ:-ਪ੍ਰੇਰਕ।
ਮੱਖਣ ਮਨ ਕੁੰਜਰ[1] ਤਬਿ ਭਇਊ। [1]ਹਾਥੀ।
ਕਹਨਿ ਲਗ੍ਯੋ 'ਭੋ ਗੁਰਹਿ ਰਜਾਇ[†]। [†]ਪਾ:-ਭੋ ਗੁਰ ਹਰਿ ਜਾਇ।
ਹਮਰੋ ਬਸ ਨ ਚਲਹਿ ਕਿਸ ਭਾਇ ॥੭॥
ਰਾਵਰਿ ਬਾਕਨਿ ਕੇ ਅਨੁਸਾਰਾ।
ਇਸ ਪ੍ਰਕਾਰ ਹੈ ਮਤੋ ਹਮਾਰਾ।'
ਗੁਰ ਜਨਨੀ ਕੇ ਦੇਖਤਿ ਤਹਾਂ।
ਨਿਜ ਭ੍ਰਿੱਤਜਨਿ ਸੋਂ ਮੱਖਣ ਕਹਾ ॥੮॥
'ਧੀਰਮੱਲ ਕੇ ਨਿਕਟਿ ਸਿਧਾਵਹੁ।
ਦਰਬ ਵਸਤੁ ਦਿਹ, ਪੁਨਹਿਂ ਸੁਨਾਵਹੁ।
-ਇਮ ਜਾਨਹੁ ਸਤਿਗੁਰ ਬਡਿਆਈ।
ਬੁਰੇ ਕਰਤਿ ਸੋ ਠਟਹਿਂ ਭਲਾਈ ॥੯॥
ਬਹੁਤ ਨਹੀਂ ਕਿਮ ਕਰਨੀ ਰਾਰ।
ਦੁਰਚਾਰਨਿ ਸੋਂ ਮਸਲਤ ਧਾਰਿ[1]। [1]ਸਲਾਹ ਕਰਕੇ।
ਸਤਿਗੁਰ ਕਰੁਨਾ ਤੇ ਇਮ ਭਈ।
ਵਸਤੂ ਅਪਰਾਧੀ ਕਹੁ ਦਈ ॥੧੦॥
ਭਲੀ ਭਈ ਨਹਿਂ ਆਯੁਧ ਚਾਲੇ।
ਚਲਤਿ ਜਿ, ਨਹਿਂ ਪਾਯਤ ਕਿਤ ਭਾਲੇ[1]। [1]ਤਾਂ ਤੂੰ ਢੂੰਡਿਆਂ ਨਾ ਲੱਭਦਾ।
ਜੀਵਤਿ ਰਹ੍ਯੋ ਦਰਬ ਪੁਨ ਪਾਯਾ।
ਇਹ ਸ਼੍ਰੀ ਗੁਰ ਤੇਗ ਬਹਾਦਰ ਦਾਯਾ[1]' ॥੧੧॥ [1]ਮੇਹਰ ਹੈ।
ਇਮ ਕਹਿ ਪਠੇ ਸੁ ਮੱਖਣ ਸ਼ਾਹ।
ਵਸਤੂ ਅਖਿਲ ਸੌਂਪਿ ਕਰ ਤਾਂਹਿ।
ਸ਼੍ਰੀ ਗੁਰ ਇਮ ਵਸਤੂ ਫਿਰਵਾਇ।
ਪੌਢੇ ਮ੍ਰਿਦੁਲ ਸੇਜ ਪਰ ਜਾਇ ॥੧੨॥
ਤਬਿ ਮੱਖਣ ਉਠਿ ਬੰਦਨਿ ਕਰਿ ਕੈ।
ਸੌਂਪਤਿ ਵਸਤੁ ਸੰਭਾਰਨਿ ਕਰਿ ਕੈ।
ਅਖਲ ਦਈ ਵਸਤੂ ਜਬਿ ਫੇਰਿ[1]। [1]ਮੋੜ।
ਪੁਨਹਿ ਗ੍ਰਿੰਥ ਸਾਹਿਬ ਜੀ ਹੇਰਿ ॥੧੩॥
ਦਿਯੋ ਨ ਚਹਤਿ ਅਮੋਲਕ ਜਾਨਿ।

ਰਹੈ ਗੁਰੂ ਢਿਗ ਇੱਛਾ ਠਾਨਿ।
-ਤਿਹ ਢਿਗ ਹੋਨਿ ਅਜੋਗ- ਪਛਾਨਿ।
-ਗੁਰ ਘਰ ਮਹਿਂ ਰਹਿ- ਉਚਿਤ ਸੁ ਮਾਨਿ
॥ ੧੪ ॥
ਗੁਰ ਜਨਨੀ ਸੋਂ ਬਾਨੀ ਪ੍ਰਾਹੀ।
'ਇਹ ਸਮਾਨ ਦੂਸਰ ਕੁਛ ਨਾਂਹੀ।
ਨਹਿਂ ਫੇਰਹੁ ਐਸੇ ਮਤ ਮੇਰਾ।
ਨਿਜ ਘਰ ਮਹਿਂ ਕਰਿਵਾਵਹੁ ਡੇਰਾ
॥ ੧੫ ॥
ਗੁਰੂ ਨ ਪੂਛੈਂ, ਕਹਹੁ ਨ ਕੋਈ।
ਇਸ ਦਰਸ਼ਨ ਪਰਸੇ ਸੁਖ ਹੋਈ।'
ਏਵ ਮਤੋ ਕਰਿ ਸਦਨ ਰਖਾਯੋ।
ਨਹਿਂ ਬਹੁਤਨਿ ਕੇ ਪਾਸ ਬਤਾਯੋ ॥ ੧੬ ॥
ਲੇ ਕਰਿ ਸਰਬ ਵਸਤੁ ਕੋ ਦਾਸ।
ਅਰਪੀ ਜਾਇ ਧੀਰਮਲ ਪਾਸ।
ਕਹਿਵਤ ਮੱਖਣ ਕੀ ਸੁ ਸੁਨਾਈ।
ਸਤਿਗੁਰ ਕੀ ਕਰੁਨਾ ਸੁ ਬਤਾਈ ॥ ੧੭ ॥
ਬਾਨ ਬਾਕ ਤੇ ਬੀਧਨ ਹੋਵਾ[1]।
ਧੀਰਮੱਲ ਉਚੇ ਨਹਿਂ ਜੋਵਾ।
ਧਰੇ ਲੋਭ, ਧਨ ਤਜਯੋ ਨ ਜਾਈ।
ਸਹੈ ਨ ਉਰ ਬਾਕ ਜਿ ਦੁਖਦਾਈ ॥ ੧੮ ॥
ਤੁਸ਼ਨਿ ਰਹਯੋ ਧਾਰ ਕਰਿ ਜਦਾ।
ਲੀਨਸਿ ਵਸਤੁ ਮਸੰਦਨਿ ਤਦਾ।
ਸ਼੍ਰੀ ਗੁਰ ਤੇਗ ਬਹਾਦਰ ਕੇਰੀ।
ਬਡ ਬਹਾਦੁਰੀ ਲਖਿ ਤਿਸ ਬੇਰੀ ॥ ੧੯ ॥
ਜਾਨਿ ਜਾਨਿ ਬਡ ਏ ਬਡਿਆਈ।
ਲੱਜਜਤ ਹੋਤਿ, ਸਹੀ ਨਹਿਂ ਜਾਈ।
ਅਪਨੋ ਭੀ ਹਿਤ ਹੈ ਜਿਸ ਮਾਂਹੀ।
ਤਊ ਦੁਖਦ ਲਖਿ ਹਰਖਤਿ ਨਾਂਹੀ
॥ ੨੦ ॥
ਆਇ ਦਾਸ ਜੋ ਦੇ ਦੇ ਜਾਂਹਿ।
ਲੇ ਮਸੰਦ ਸੋ ਰਾਖਹਿਂ ਪਾਹਿ।

[1]ਵਿੰਨ੍ਹਿਆਂ ਗਿਆ।

ਨਹਿਂ ਬਿਲੋਕਨੋ ਕਿਸ ਦਿਸ਼ਿ ਕਰਿਹੀ।
ਲੱਜਾ ਧਰਤਿ ਮਨਹੁ ਅਬਿ ਮਰਿਹੀ ॥੨੧॥
ਰਿਦੈ ਬਿਚਾਰਤਿ ਭਾ ਬਹੁ ਭਾਂਤਿ[1]। [1]ਬਹੁਤ ਤਰ੍ਹਾਂ ਵਿਚਾਰਾਂ ਕਰਨ ਲੱਗਾ।
-ਗੁਰਤਾ ਕੇ ਗੁਨ ਇਹ ਬੱਖਜਾਤ।
ਮੈਂ ਅਪਰਾਧ ਕੀਨਿ ਤਿਨ ਐਸੇ।
ਪ੍ਰਾਨ ਹਾਨਿ ਹੁਇ ਜਾਵਹਿਂ ਜੈਸੇ ॥੨੨॥
ਸੋ ਅਪਰਾਧ ਚਿਤਯੋ ਨਹਿਂ ਕੋਈ।
ਪੁਨ ਕੀਨਸਿ ਜਿਮ ਮਮ ਹਿਤ ਹੋਈ।
ਹਰਿ ਕਿਸ ਮਹਿਂ[1] ਐਸੇ ਗੁਨ ਨਾਂਹੀ। [1]ਹਰ ਕਿਸੇ ਵਿੱਚ।
ਜਸ ਗੁਰ ਤੇਗ ਬਹਾਦਰ ਮਾਂਹੀ ॥੨੩॥
ਗੁਰਤਾ ਉਚਿਤ ਨ ਕੈਸੇ ਹੋਇਂ[1]? [1]ਕਿਵੇਂ ਨ ਹੋਵਣ?
ਧੰਨ ਧੰਨ ਤਿਨ ਸਮ ਨਹਿਂ ਕੋਇ।
ਅਪਨੋ ਦਰਬ, ਵਸਤੁ ਮਮ ਸਾਰੀ।
ਫੇਰਿ ਦੀਨਿ, ਅਵਗੁਨ ਨ ਬਿਚਾਰੀ ॥੨੪॥
ਸੁਨਤਿ ਹੁਤੇ ਬ੍ਰਿੱਛਨਿ ਕੀ ਰੀਤਿ।
ਸੰਤਨਿ ਬਿਖੈ ਬਸਤਿ ਹੈ ਮੀਤ।
ਅਪਕਾਰੀ ਪਰ ਹ੍ਵੈਂ ਉਪਕਾਰੀ।
ਸੋ ਅਬਿ ਨੀਕੀ ਨੈਨ ਨਿਹਾਰੀ- ॥੨੫॥
ਇਮ ਬਿਚਾਰਿ ਕਰਿ ਕਰਿ ਪਛੁਤਾਵਹਿ।
ਅਪਨਿ ਆਪ ਕੋ ਧਿਕਹਿ ਮਨਾਵਹਿ[1]। [1]ਧ੍ਰਿਕਾਰ ਮਨਾਂਵਦਾ ਹੈ।
ਸਰਬ ਵਸਤੁ ਕੋ ਲੇਯ ਮਸੰਦ।
ਪਿਖਯੋ ਧੀਰਮਲ ਦੁਖੀ ਬਿਲੰਦ ॥੨੬॥
ਗ੍ਰੀਵਾ ਕੋ ਊਚੀ ਨ ਉਠਾਵੈ।
ਨਹਿਂ ਸਨਮੁਖ ਕਿਹ ਨੇਤ੍ਰ ਲਗਾਵੈ।
ਇਮ ਮਨ ਜਾਨਿ ਧੀਰ ਕੋ ਦੇਨਿ।
ਕਹਯੋ ਮਸੰਦ ਫੁਲਾਵਨਿ ਫੇਨ[1] ॥੨੭॥ [1]ਝੱਗ (ਵਤ) ਫੁਲਾਉਣ ਲਈ।
'ਕਯੋਂ ਤੁਮ ਦੀਨ ਮਨੇ ਹੁਇ ਰਹੇ?
ਅਪਨਿ ਪ੍ਰਤਾਪ ਆਪ ਨਹਿਂ ਲਹੇ।
ਬਡੋ ਪ੍ਰਭਾਵ ਪਛਾਨਿ ਤੁਮਾਰੋ।
ਨਿਜ ਕੋ ਲਘੁਤਾ ਬਿਖੈ ਬਿਚਾਰੋ ॥੨੮॥

ਦਰਬ ਸਹਿਤ ਵਸਤੂ ਦੇ ਦੀਨਸਿ।
ਅਪਨੇ ਉਚਿਤ ਨਹੀਂ ਇਮ ਚੀਨਸਿ।
ਤੁਮਰੇ ਸਦਨ ਬਿਖੈ ਗੁਰਿਆਈ।
ਨਹਿਂ ਕਿਸ ਹੂੰ ਤੇ ਛਪਹਿ ਛਪਾਈ ॥੨੯॥
ਗੁਰ ਹਰਿਰਾਇ ਅਨੁਜ ਤੂੰ ਅਹੈਂ।
ਨਿਜ ਭ੍ਰਾਤਾ ਕੀ ਸਮਤਾ ਲਹੈਂ।
ਦ੍ਵੈ ਹਜ਼ਾਰ ਦ੍ਵੈ ਸ਼ਤ ਅਸਵਾਰ।
ਹੁਤੇ ਸਾਥ ਨਿਤ ਸ਼ਸਤ੍ਰਨਿ ਧਾਰਿ ॥੩੦॥
ਐਸ਼੍ਵਰਜ ਮਹਿਂ ਘਰ ਬਡੋ ਤੁਮਾਰਾ।
ਜ਼ਾਹਰ ਜਗਤ ਜਾਨਤੋ ਸਾਰਾ।
ਸ਼੍ਰੀ ਗੁਰ ਹਰਿਗੁਵਿੰਦ ਜੀ ਆਪੀ।
ਤੁਮਰੇ ਘਰ ਕੋ ਗੁਰਤਾ ਥਾਪੀ ॥੩੧॥
ਦੇਸ਼ ਅਨਿਕ ਗਿਨੇ ਨਹਿਂ ਜਾਇਂ।
ਪੂਜਤਿ ਰਹੇ ਉਪਾਇਨ ਲ੍ਯਾਇ।
ਕਹਾਂ ਭਯੋ ਇਕ ਸਿਖ ਪਰਦੇਸੀ।
ਕਿਯ ਅਜੋਗਤਾ ਮੂਢਨਿ ਜੈਸੀ ॥੩੨॥
ਤਉ ਚਚਾ ਤੁਮ ਤੇਗ ਬਹਾਦਰ।
ਲਖਹਿ ਆਪ ਕੇ ਘਰ ਕੋ ਆਦਰ।
ਤੁਮ ਨੇ ਊਨ[1] ਆਪ ਕੋ ਜਾਨਾ।
ਅਖਿਲ ਉਪਾਇਨ ਕੋ ਅਰਪਾਨਾ ॥੩੩॥
ਕਿਧੌਂ ਤੁਮਾਰੇ ਤੇ ਡਰਪਾਵਾ।
ਬਾਤ ਭਵਿੱਖਤ ਮਹਿਂ ਚਿਤ ਲਾਵਾ[1]।
-ਪਰਦੇਸੀ ਮੱਖਣ ਚਲਿ ਜਾਇ।
ਕੇਚਿਤ ਬਾਸੁਰ ਇਹਾਂ ਬਸਾਇ ॥੩੪॥
ਪੁਨਹਿ ਇਕਾਕੀ ਮੈਂ ਰਹਿ ਜਾਵੌਂ।
ਤਦਾ ਸਹਾਇਤ ਕਿਸ ਕੀ ਪਾਵੌਂ-।
ਤ੍ਰਾਸ ਭਵਿੱਖਤ ਕੇਰ ਬਿਚਾਰਾ।
ਦੀਨਸਿ ਵਸਤੂ ਅਰੁ ਧਨ ਸਾਰਾ ॥੩੫॥
ਹਰਖਹੁ ਕਰਿ ਉਤਸਾਹੁ ਬਡੇਰਾ।
ਚਿੰਤ ਕਰਨਿ ਕੀ ਨਹਿਂ ਇਹ ਬੇਰਾ।

[1]ਘੱਟ।

[1]ਭਾਵ ਗੁਰੂ ਤੇਗ ਬਹਾਦਰ ਜੀ ਨੇ ਅੱਗੋਂ ਦੀ ਗੱਲ ਸੋਚੀ ਹੈ ਕਿ।

ਮਿਲਹਿ ਤੋਹਿ ਸਭਿ ਬਿਧਿ ਬਡਿਆਈ।
ਬ੍ਰਧਹਿ ਸਮ੍ਰਿਧ[1] ਸੈਨ ਸਮੁਦਾਈ ॥੩੬॥

[1]ਸਮਿੱਗ੍ਰੀ।

ਵਸਤੁ ਸੰਭਾਰਹੁ ਦਰਬ ਸਮੇਤਾ।
ਗੁਰੁਤਾ ਥਿਰਤਾ ਤੋਹਿ ਨਿਕੇਤਾ।
ਧਰਿ ਧੀਰਜ ਅਸ ਬਾਤਨਿ ਮਾਂਹੀ।
ਹੋਹਿ ਦੀਨ ਉਚਿਤੀ ਤੁਝ ਨਾਂਹੀ ॥੩੭॥
ਜੇ ਉਤਸਾਹ ਗੇਰ ਇਮ ਦੇਵੈਂ।
ਕੋਇ ਨ ਆਇ ਤੋਹਿ ਪਗ ਨੇਵੈ।
ਸਕਲ ਪਦਾਰਥ ਅਬਿ ਘਰ ਆਏ।
ਦੇਹੁ ਲੇਹੁ ਮਨ ਮੋਦ ਬਢਾਏ†' ॥੩੮॥

†ਧੀਰਮੱਲ ਦਾ ਮਨ ਸਚਾਈ ਤੇ ਆ ਗਿਆ ਹੈ, ਪਰ ਫੇਰ ਮਾਇਆ ਕਿਵੇਂ ਪੈਂਦੀ ਹੈ ਤੇ ਕੁਸੰਗੀ ਮਿੱਤ੍ਰਾਂ ਤੇ ਸਾਰਥੀ ਖੁਸ਼ਾਮਦੀਆਂ ਵੱਲੋਂ ਉਦੇ ਹੋ ਰਹੀ ਸੁਮਤੀ ਕਿਵੇਂ ਨਸ਼ਟ ਕੀਤੀ ਜਾਂਦੀ ਹੈ ਇਥੇ ਕਵੀ ਜੀ ਨੇ ਕਮਾਲ ਨਾਲ ਦਰਸਾਈ ਹੈ। ਕਵੀ ਜੀ ਦਾ ਮਾਨਸਿਕ ਅਵਸਥਾ ਤੇ ਜਗਤ ਸੁਭਾਵ ਨੂੰ ਸਮਝਣਾ ਤੇ ਦਰਸਾਉਣਾ ਉਨ੍ਹਾਂ ਦੇ ਉੱਚੇ ਕਵੀ ਹੋਣ ਦੀ ਨਿਸ਼ਾਨੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮਲ ਸੋ ਮਸੰਦ ਬਾਕ' ਪ੍ਰਸੰਗ ਬਰਨਨੰ ਨਾਮ ਏਕ ਊਨ ਬਿੰਸਤੀ ਅੰਸੂ ॥੧੯॥

## ੨੦. [ਧੀਰਮੱਲ ਦੀ ਵਾਪਸੀ]

੧੯<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸੁਨਿ ਮਸੰਦ ਕੇ ਬਾਕ ਕੋ,
ਧੀਰਮੱਲ ਲਘੁ ਧੀਰ[1]। — [1]ਥੋੜਾ ਜਿਹਾ ਹੌਂਸਲਾ ਕਰਕੇ।
ਕੁਛਕ ਦੀਨ ਮਨ ਹੋਇ ਕੈ,
ਕਹ੍ਯੋ ਪਾਇ ਪਰ ਪੀਰ[1] ॥੧॥ — [1]ਪ੍ਰੰਤੂ ਪੀੜਾ ਪਾਕੇ (ਕਿਹਾ)।

ਚੌਪਈ:

'ਭੋ ਮਸੰਦ! ਤੈਂ ਭਨ੍ਯੋ ਬਨਾਇ।
ਜੇ ਉਹ ਚਹਿਤ ਮੋਹਿ ਮਰਿਵਾਇ।
ਜਿਸ ਕੇ ਪਾਸ ਪੰਚ ਸੈ ਨਰ ਹੈਂ।
ਅਸ ਮੱਖਣ ਅਬਿ ਰਹਿ ਅਨੁਸਰਿ ਹੈ[1] ॥੨॥ — [1]ਗੁਰੂ ਜੀ ਦੇ) ਅਨੁਸਾਰੀ ਰਹਿੰਦਾ ਹੈ।
ਤਿਸ ਰਜਾਇ ਕੋ ਪਾਇ ਕਰੰਤਾ[1]। — [1]ਕੰਮ) ਕਰਦਾ ਹੈ (ਮੱਖਣ ਸ਼ਾਹ)।
ਯਾਂ ਤੇ ਬਚ੍ਯੋ ਮੋਹਿ ਨਹਿਂ ਹੰਤਾ[1]। — [1]ਮੈਨੂੰ ਮਾਰਿਆ ਨਹੀਂ। (ਅ) ਨਹੀਂ ਤਾਂ ਮੈਨੂੰ ਮਾਰ ਦੇਂਦਾ।
ਪੂਰਬ ਭੀ ਸ਼ਾਂਤੀ ਚਿਤ ਸੋਇ।
ਕਬਹੁੰ ਕੁਕਰਮ ਕੀਨਿ ਨਹਿਂ ਕੋਇ ॥੩॥
ਅਬਿ ਭੀ ਕਰਿ ਨਹਿਂ ਸਕਹਿ ਖੁਟਾਈ।
ਮੁਝ ਮਨ ਮੈਂ ਇਸ ਹੀ ਬਿਧਿ ਆਈ।
ਅਥਵਾ ਤੋਹਿ ਕਹ੍ਯੋ ਜਿਸ ਭਾਂਤੀ।
ਹੁਇ ਹੋਇਗੀ ਤੈਸਿਹੁ ਬਾਤੀ ॥੪॥
ਤਊ ਸੁਨਹੁ ਮੋ ਕਹੁ ਦੁਖਦਾਈ।
ਭਯੋ ਬਿਗਾਰ ਜਿ ਨਹਿਂ ਸੁਧਰਾਈ[1]। — [1]ਜੋ ਸੁਧਰ ਨਹੀਂ ਸਕਦਾ।
ਪਤਿ ਮਹਿਂ ਰਖਣਾ[1] ਅਸ ਪਰ ਗਇਊ। — [1]ਫਰਕ।
ਜਿਸ ਤੇ ਪੂਰਬ ਸਮ ਨਹਿਂ ਭਇਊ ॥੫॥
ਅਪਜਸੁ ਬਿਥਰਹਿ ਸਭਿਹਿਨਿ ਮਾਂਹੀ।
ਇਹ ਬਿਰਤਾਂਤ ਦੁਰਹਿ ਕਿਮ ਨਾਂਹੀ।
ਸੋਢੀ ਬ੍ਰਿੰਦ ਸ਼ਰੀਕ ਹਮਾਰੇ।
ਮਿਲਹਿਂ ਪਰਸਪਰ ਹਸਹਿ ਉਦਾਰੇ ॥੬॥
ਸਭਿ ਬਿਧਿ ਮੇਰੀ ਭਨਹਿਂ ਖੁਟਾਈ।
ਤੇਗ ਬਹਾਦਰ ਕੀ ਭਲਿਆਈ।
ਕਿਮ ਬੈਠੌਂ ਮੈਂ ਸਭਾ ਮਝਾਰੀ।

ਹੋਵੌਂ ਲੱਜਿਤਿ ਰਿਦੇ ਬਿਚਾਰੀ ॥੭॥
ਜੇ ਰਹਿਤੇ ਕਰਤਾਰਪੁਰੇ ਮਹਿਂ।
ਅਸ ਬਿਨਪਤੀ[1] ਹੋਤਿ ਤਿਹ ਠਾਂ ਨਹਿਂ। [1]ਬੇਇੱਜ਼ਤੀ।
ਨਿਜ ਨਿਕੇਤ ਰਹਿ ਸੁਜਸੁ ਸਮੇਤ।
ਆਵਹਿਂ ਸਿਖ ਸੰਗਤਿ ਕਰਿ ਹੇਤੁ ॥੮॥
ਅਨਗਨ ਚਲੀ ਉਪਾਇਨ ਆਵਹਿ।
ਨਿਜ ਘਰ ਮਹਿਂ ਸਭਿ ਬਿਧਿ ਸੁਖ ਪਾਵਹਿਂ।
ਕੇਤਿਕ ਮਿਲਤਿ ਜਿ ਮੱਖਣ ਜੈਸੇ।
ਪਿਖਨਿ ਸਮ੍ਰੱਥ ਨ ਹ੍ਵੈ ਤਿਹ ਕੈਸੇ[1] ॥੯॥ [1]ਕਿਸੇ ਤਰ੍ਹਾਂ ਤਿਨ੍ਹਾਂ ਨੂੰ (ਮੇਰੀ ਵਲ) ਦੇਖਣ ਦੀ ਤਾਕਤ ਨਾ ਹੁੰਦੀ।
ਤੈਂ ਕਹਿ ਕਹਿ ਉਪਦੇਸ਼ ਘਨੇਰੇ।
ਇਹਾਂ ਆਨਿ ਕਰਿਵਾਯਹੁ ਡੇਰੇ।
ਪੁਨਹ ਚਲਜੋ ਛੀਂਕਤਿ[1] ਮੈਂ ਬਰਜਜੋ। [1]ਟੁਰਨ ਵੇਲੇ ਨਿੱਛ ਪਈ ਤੇ।
ਨਹਿਂ ਮਾਨਜੋਂ, ਅਪਨੋ ਮਤ ਸਰਜਜੋ[1] ॥੧੦॥ [1]ਤੂੰ ਕੀਤਾ ਅਪਨਾ ਮਤਾ।
ਅਪਜਸੁ ਕੋ ਸੰਕਟ ਮੁਝ ਦੀਨਸਿ।
ਤੁਮ ਅਨੁਸਾਰ ਏਹੁ ਫਲ ਲੀਨਸਿ।
ਜਥਾ ਤੁਰੰਗ ਹੋਇ ਮੁਹਤਾਣਾ।
ਜਾਹਿ ਕੁਮਾਰਗ ਕਰੇ ਧਿਙਾਣਾਂ ॥੧੧॥
ਬਿਖਰੀ[1] ਧਰਾ ਗੇਰਿ ਅਸਵਾਰ। [1]ਬਿਖੜੀ।
ਪੁਨ ਬਿਚਰਤਿ ਨਿਜ ਇੱਛਾ ਧਾਰਿ।
ਤਸ ਮੇਰੇ ਸੰਗ ਕੀਨਸਿ ਬਾਤ।
ਪੁਨ ਨ ਹਾਥ ਆਵਹਿ ਕਿਸ ਭਾਂਤਿ ॥੧੨॥
ਮਮ ਚਿਤ ਅਬਿ ਥਿਰਤਾ ਨਹਿਂ ਗਹੇ।
ਕੁਤੋ[1] ਸ਼ਰੀਕ ਹਾਸ ਕੋ ਸਹੈਂ। [1]ਕਿਵੇਂ।
ਮੈਂ ਤੋ ਇਹਾਂ ਰਾਤਿ ਹੀ ਰਹੌਂ।
ਤਿਮਰ ਹੋਤਿ ਹੀ ਨਿਕਸਨਿ ਚਹੌਂ ॥੧੩॥
ਨਹਿਂ ਕਿਸ ਹੂੰ ਨਿਜ ਮੁਖ ਦਿਖਲਾਵੌਂ।
ਅਰਣੋਦੈ[1] ਤੇ ਪ੍ਰਥਮ ਸਿਧਾਵੌਂ। [1]ਸੂਰਜ ਚੜ੍ਹਨ ਤੋਂ।
ਅਸ ਲਾਲਚ ਤੈਂ ਮੋਹਿ ਕਰਾਵਾ।

ਜਿਸ ਤੇ ਪੂਰਬ ਸੁਜਸੁ ਨਸਾਵਾ ॥੧੪॥
ਅਬਿ ਤੂੰ ਵਸਤੁ ਸੰਭਾਰਨਿ ਕਰੀਅਹਿ।
ਰਹੀ ਗਈ ਕੀ ਸੋਝੀ ਧਰੀਅਹਿ।
ਸਭਿ ਕੇ ਭਾਰ ਲੇਹੁ ਬੰਧਵਾਇ।
ਡੇਰਾ ਤਜਾਰ ਕਰਹੁ ਸਮੁਦਾਇ ॥੧੫॥
ਅਪਨੇ ਨਗਰ ਬਿਖੈ ਨਿਤ ਰਹੈਂ।
ਜਹਿਂ ਸਭਿ ਬਿਧਿ ਕੀ ਕੀਰਤਿ ਲਹੈਂ।
ਰਹੈਂ ਜਿ ਗ੍ਰਾਮ ਬਕਾਲੇ ਠੌਰਾ।
ਸਰਬ ਸ਼ਰੀਕਨਿ ਮਹਿਂ ਭਾ ਹੌਰਾ ॥੧੬॥
ਚਾਹਨਿ ਆਏ[1] ਅਧਿਕ ਬਡਾਈ। [1]ਚਾਹ ਕਰਕੇ ਆਏ ਸਾਂ।
ਭਈ ਪ੍ਰਥਮ ਹੀ ਤੇ ਲਘੁਤਾਈ।'
ਇਸ ਪ੍ਰਕਾਰ ਕੋ ਮਤਿ ਸੁਨਿ ਕਰਿ ਕੈ।
ਰਹਜੋ ਮਸੰਦ ਮੌਨਤਾ ਧਰਿ ਕੈ ॥੧੭॥
ਧੀਰਮੱਲ ਤੇ ਸੁਨਿ ਭ੍ਰਿਤ ਸਾਰੇ[1]। [1]ਸਾਰੇ ਦਾਸ।
ਵਸਤੁ ਸਹਿਤ ਡੋਰੇ[†] ਕਿਯ ਤਜਾਰੇ। [†]ਪਾ:-ਡੇਰੇ।
ਜਾਗ੍ਰਤ ਰਹੇ ਨੀਂਦ ਨਹਿਂ ਆਈ।
ਬੰਧੇ ਭਾਰ ਧਰੇ ਇਕ ਥਾਂਈ ॥੧੮॥
ਮੱਖਣ ਕੇ ਨਰ ਦੇ ਦੇ ਜਾਹਿਂ।
ਲੇ ਲੇ ਭਾਰ ਸਕਲ ਬੰਧਵਾਹਿਂ।
ਅਰਧ ਰਾਤ੍ਰਿ ਲੌ ਰੌਰਾ ਰਹਜੋ।
ਪੁਨ ਟਿਕ ਰਹੇ ਥਾਨ ਨਿਜ ਲਹਜੋ ॥੧੯॥
ਮੱਖਣ ਅਪਨੇ ਜਨ ਸਭਿ ਲੀਨੇ।
ਸਿਵਰ ਜਾਇ ਸਿਹਜਾ ਸੁਖ ਭੀਨੇ।
ਨਿਜ ਗੁਰ ਕੋ ਬਦਲਾ ਲੈ ਗਯੋ।
ਤਉ ਰਿਦੇ ਮਹਿਂ ਅਟਪਟ ਭਯੋ[1] ॥੨੦॥ [1]ਬਿਥਵਾ, ਘਬਰਾਇਆ ਹੋਇਆ।
ਗੁਰ ਸੁਸ਼ੀਲਤਾ ਅਧਿਕ ਬਿਚਾਰਤਿ।
-ਅਪਰ ਕੌਨ ਇਮ ਛਿਮਾ ਸੁ ਧਾਰਤਿ।
ਤਿਨਹੁ ਕੀਨਿ ਦੀਰਘ ਅਪਰਾਧੂ।
ਇਹ ਕੈਸੇ ਬਰਤੈਂ ਬਡ ਸਾਧੂ ॥੨੧॥
ਨਿਜ ਧਨ ਵਸਤੂ ਤਿਸ ਕੀ ਦਈ।
ਨਹੀਂ ਬਿਕਿਰਤਾ[1] ਬੁਧਿ ਕੀ ਭਈ। [1]ਵਿਗਾੜ, ਵਿਕਾਰ।

ਧੀਰਜ ਉਰ ਮਹਿਂ ਰਹਿ ਇਕ ਸਾਰਾ।
ਨਹਿਂ ਕੋਈ ਅਪਰਾਧ ਬਿਚਾਰਾ- ॥੨੨॥
ਇੱਤਜ਼ਾਦਿਕ ਗੁਣ ਸਹਿਤ ਬਿਬੇਕ।
ਮੱਖਣ ਚਿਤਵਤਿ ਰਿਦੇ ਅਨੇਕ।
ਭਯੋ ਨੀਂਦ ਵਸਿ ਮੁੰਦ੍ਰਿਤ ਨੈਨ।
ਨਿਜ ਘਰ ਪੌਢੇ ਗੁਰ ਸੁਖਦੈਨ ॥੨੩॥
ਆਧੀ ਰਾਤਿ ਢਰੀ ਜਬਿ ਆਇ।
ਲੋਕ ਗਏ ਟਿਕ ਨਿਜ ਨਿਜ ਥਾਇਂ।
ਆਦਿ ਮਸੰਦ ਅਪਰ ਮੁਖਿ ਮਾਨਵ[1]। [1]ਮੁਖੀ ਮਨੁੱਖ।
ਧੀਰਮੱਲ ਸੋਂ ਕੀਨਿ ਬਖਾਨਵ ॥੨੪॥
'ਅਪਨੀ ਵਸਤੁ ਅਖਿਲ ਹੀ ਆਈ।
ਆਯੋ ਸੰਗ ਦਰਬ ਸਮੁਦਾਈ।
ਸ਼੍ਰੀ ਗ੍ਰਿੰਥ ਸਾਹਿਬ ਜੀ ਮਹਾਂ।
ਸੋ ਨਹਿਂ ਦੀਨਸਿ ਰਾਖਯੋ ਤਹਾਂ ॥੨੫॥
ਜਿਸ ਕੈ ਸਮ ਕੋ ਦੂਸਰ ਨਾਂਹੀ।
ਵਸਤੁ ਅਮੋਲਕ ਤੁਮਰੇ ਪਾਹੀ।
ਜਿਸ ਕੋ ਤਜਨੋ ਨਹਿਂ ਬਨਿ ਆਇ।
ਜੋ ਬਡਿਅਨਿ ਕੇ ਹਾਥਨਿ ਕਾਇ[1] ॥੨੬॥ [1]ਹੱਥਾਂ ਦਾ ਹੈ।
ਸੰਗਤਿ ਸਗਰੀ ਜਿਹ ਬਡ ਮਾਨਹਿ।
ਦਰਸ਼ਨ ਕਰਹਿ ਕ੍ਰਿਤਾਰਥ ਜਾਨਹਿ।
ਜਜੋਂ ਕਜੋਂ ਦੇਵਹਿ ਤਿਹ ਅਨਵਾਵਹੁ[1]। [1]ਮੰਗਾਵੋ।
ਤਿਸ ਬਿਹੀਨ ਕਿਮ ਘਰ ਕੋ ਜਾਵਹੁ ॥੨੭॥
ਐਸੀ ਵਸਤੁ ਹਾਥ ਨਹਿਂ ਆਵਹਿ।
ਸਭਿਹਿਨਿ ਬਿਖੈ ਮਹਤਤਾ ਪਾਵਹਿ।'
ਸੁਨਿ ਕੈ ਧੀਰਮੱਲ ਅਨੁਖਾਯੋ।
'ਮਮ ਘਰ ਤੇ ਤੁਮ ਨੋ ਸੁ ਗਵਾਯੋ ॥੨੮॥
ਮਮ ਘਰ ਕਿਮ ਆਵੈ ਜੇ ਗਯੋ।
ਰਿਪੁ ਬਲਵਾਨ ਪਾਸ ਜੇ ਥਿਯੋ।
ਲਰਿਬੇ ਤੇ ਹਮ ਹਾਥ ਨ ਆਵੈ।
ਜਾਚਨਿ ਤਿਨ ਤੇ ਕਿਮ ਬਨਿ ਆਵੈ ॥੨੯॥

ਮਾਰਨਿ ਮਰਨ ਬੈਰ ਪਰਿ ਗਯੋ।
ਤੁਮਰੇ ਪ੍ਰੇਰੇ ਮੈਂ ਕਰਿ ਲਯੋ।
ਆਇ ਗ੍ਰਿੰਥ ਸਾਹਿਬ ਹਮ ਪਾਹੀ।
ਅਸ ਉਪਾਇ ਕੋ ਪਾਯਤਿ ਨਾਂਹੀ ॥੩੦॥
ਵਸਤੁ ਦਰਬ ਇਹ ਸਭਿ ਕਰ ਆਇ।
ਕਹਹੁ ਗ੍ਰਿੰਥ ਸਾਹਿਬ ਕਿਤ ਪਾਇੰ[1]?
ਇਹੁ ਤੌ ਕਾਜ ਬੁਰੋ ਬਹੁ ਭਯੋ।
ਜਿਸ ਕੋ ਨਹਿਂ ਉਪਾਇ ਕੁਛ ਥਿਯੋ ॥੩੧॥
ਜੇ ਕਰਿ ਬੈਠਿ ਰਹੌਂ ਇਸ ਥਾਨ।
ਤਊ ਨ ਸੋ ਦੈਹੈ ਮੁਝ ਆਨਿ।
ਸ਼੍ਰੀ ਗੁਰ ਅਰਜਨ ਜੀ ਇਹੁ ਕੀਨਾ।
ਹਮਹਿਂ ਗੁਰੂ ਹਰਿਗੋਬਿੰਦ ਦੀਨਾ ॥੩੨॥
ਉਨ ਕੇ ਹਮਰੇ ਹੈਂ ਸੁ ਬਡੇਰੇ।
ਦਾਵਾ ਕਰਿ ਬੈਠਹਿਂ ਇਸ ਬੇਰੇ।
ਜੇ ਗੁਰ ਤੇਗ ਬਹਾਦਰ ਦੇਯ।
ਨਹਿਂ ਲਾਲਚ ਕਰਿ ਆਪ ਸੁ ਲੇਯ ॥੩੩॥
ਤੌ ਹਮਰੇ ਕਰ ਆਵੈ ਸੋਇ।
ਅਪਰ ਉਪਾਇ ਚਲਹਿ ਨਹਿਂ ਕੋਇ।
ਤਊ ਨ ਮੇਰੋ ਹੋਵਹਿਂ ਰਹਿਨੋ।
ਮਹਾਂ ਕਸ਼ਟ ਇਹ ਜਾਇ ਨ ਸਹਿਨੋ ॥੩੪॥
ਭੋਰ ਹੋਤਿ ਤੇ ਪ੍ਰਥਮ ਸਿਧਾਵੌਂ।
ਸ਼੍ਰੀ ਕਰਤਾਰਪੁਰੇ ਮਹਿਂ ਜਾਵੌਂ।
ਸ਼੍ਰੀ ਗੁਰ ਨਾਨਕ ਆਦਿ ਮਹਾਨੇ।
ਸ਼੍ਰੀ ਹਰਿਰਾਇ ਤੀਕ ਜਗ ਮਾਨੇ ॥੩੫॥
ਸਭਿਹਿਨਿ ਕੇ ਮੈਂ ਚਰਨ ਮਨਾਵੌਂ।
ਬਹੁ ਪੰਚਾਂਮ੍ਰਿਤ ਕਰਿ ਬਰਤਾਵੌਂ।
ਸ਼੍ਰੀ ਗੁਰ ਤੇਗ ਬਹਾਦਰ ਰਿਦੇ।
ਬਸ ਕਰਿ[1], ਬੁਧਿ ਫੇਰਹਿਂ ਜਦ ਕਦੇ ॥੩੬॥

[1]ਕਿਥੋਂ ਪਾ ਸਕਾਂਗੇ? ਭਾਵ ਕਿਤੋਂ ਨਹੀਂ ਮਿਲਣਗੇ।

[1]ਰਿਦੇ ਵਿਚ ਸਕੇ (ਉਨ੍ਹਾਂ ਦੀ.......)।

ਦੇਹਿਂ ਗ੍ਰਿੰਥ ਸਾਹਿਬ ਬਿਨ ਜਾਚੇ।
ਪੁਰਹਿਂ ਕਾਮ ਇਹ ਸਤਿਗੁਰ ਸਾਚੇ।
ਸ਼ਰਨ ਬਡਨਿ ਕੀ ਬਿਨਾ ਜਿ ਆਨ।
ਨਹਿਂ ਉਪਾਇ ਕੋ ਨਿਸ਼ਚੈ ਜਾਨਿ ॥੩੭॥
ਸੋ ਮੈਂ ਸ਼ਰਨ ਸਭਿਨਿ ਕੀ ਅਹੌਂ।
ਤਿਨ ਤੇ ਪੂਰਨ ਕਾਮਨਾ ਚਹੌਂ।
ਜਤਨ ਹੁਤੋ ਇਹੁ ਸੋ ਕਰਿ ਦੀਨਿ।
ਅਪਰ ਉਪਾਇਨ ਤੇ ਮੈਂ ਹੀਨ' ॥੩੮॥
ਪਸਚਾਤਾਪ ਕਰਤਿ ਬਹੁ ਬਾਰੀ।
ਸੋਚਤਿ ਸੰਕਟ ਪ੍ਰਾਪਤਿ ਭਾਰੀ।
ਇਮ ਬਿਰਲਾਪਤਿ ਬਹੁਤ ਬਿਸੂਰਤਿ।
ਅਚਲ ਰਹਤਿ ਜਨੁ ਚਿੱਤ੍ਰੀ ਮੂਰਤਿ ॥੩੯॥
ਜਾਗ੍ਰਤਿ ਬੀਤ ਗਈ ਸਭਿ ਰੈਨ।
ਪੌਢਿ, ਨਹੀਂ ਤਬਿ ਮੁੰਦੇ ਨੈਨ[1]।
ਚਿੰਤਾ ਸਲਿਤਾ ਮਨ ਅਰਬਿੰਦ।
ਬਹਜੋ ਫਿਰਤਿ ਦੁਖ ਮਾਨਿ ਬਿਲੰਦ[1] ॥੪੦॥
ਚਤਰ ਘਟੀ ਰਾਤੀ ਜਬਿ ਰਹੀ।
ਧੀਰਮੱਲ ਨਿਜ ਜਨ ਸੋਂ ਕਹੀ।
'ਆਨਹੁਂ ਅਬਹਿ ਜੁ ਬਾਹਨ ਮੇਰਾ।
ਪਰਹੁਂ ਪੰਥ, ਨਹਿਂ ਕੀਜਹਿ ਦੇਰਾ' ॥੪੧॥
ਅਪਨੀ ਵਸਤੁ ਅਖਿਲ ਸੰਭਾਰੀ।
ਲੀਨਿ ਦਰਬ ਮੁਖ ਤੁਸ਼ਨਿ ਧਾਰੀ।
ਗਮਨੇ ਮਾਰਗ ਪੁਰਿ ਕਰਤਾਰ।
ਚਿਤਹਿ ਗ੍ਰਿੰਥ ਜੀ ਰਿਦੇ ਮਝਾਰ ॥੪੨॥
-ਭਲੀ ਬਡਾਈ ਪਾਵਨਿ[†] ਆਏ।
ਹੁਤੀ ਪ੍ਰਥਮ ਭੀ ਦਈ ਗਵਾਏ-।
ਅਧਿਕ ਬਿਸੂਰਤਿ ਨਿਜ ਘਰ ਗਯੋ।
ਨਹਿਂ ਬਸਿ ਚਲਯੋ ਰਿਦੇ ਪਛੁਤਯੋ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ ਕੋ ਚਢਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

[1]ਲੰਮਾ ਪੈ ਰਿਹਾ ਤਦ ਬੀ ਅੱਖ ਨਹੀਂ ਲਗੀ।

[1]ਮਨ ਰੂਪੀ ਕਵਲ ਚਿੰਤਾ ਰੂਪੀ ਨਦੀ ਵਿਚ ਬੜਾ ਦੁੱਖ ਮੰਨਕੇ ਰੁੜ੍ਹ ਰਿਹਾ ਹੈ।

[†]ਪਾ:-ਅਪਨੋ।

## ੨੧. [ਮੱਖਣ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਪੁੱਜੇ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਗ੍ਰਾਮ ਬਕਾਲੇ ਕੇ ਬਿਖੈ, ਹੋਈ ਜਬਹਿ ਪ੍ਰਭਾਤਿ।
ਧੀਰਮੱਲ ਕੌ ਸਿਵਰ ਪਿਖਿ[1], ਪਰਜੋ ਛੂਛ, ਗਾ ਰਾਤ[2] ॥੧॥

[1]ਵੇਖਿਆ। [2]ਰਾਤ ਨੂੰ ਤੁਰ ਗਿਆ ਹੈ (ਧੀਰਮੱਲ)।

ਚੌਪਈ:

ਸਭਿਹਿਨਿ ਪੇਖਜੋ ਉਠਿ ਸੋ[†] ਗਯੋ।
-ਨਹਿਂ ਰਹਿ ਸਕਜੋ ਖੋਟ ਜਿਨ ਕਯੋ।
ਨਿਜ ਪ੍ਰਾਨਨਿ ਮੈਂ ਸੰਸੇ ਜਾਨਾ।
ਜਿਸ ਨੇ ਕ੍ਰੂਰ ਕਰਮ ਇਤ ਠਾਨਾ ॥੨॥
ਕੈਸੇ ਚਰਨ ਟਿਕਹਿਂ ਤਿਸ ਕੇਰੇ।
ਬਡ ਅਪਰਾਧ ਕੀਨਿ ਸਭਿ ਹੇਰੇ।
ਤ੍ਰਸਤਿ ਕਰਤਿ ਭਾ ਸੰਸੇ ਪ੍ਰਾਨ।
ਸਮ ਕਾਇਰ ਕੇ ਧੀਰ ਧਰਾ ਨ- ॥੩॥
ਇਸ ਪ੍ਰਕਾਰ ਤਹਿਂ ਮੱਖਣ ਸ਼ਾਹ।
ਰਹਜੋ ਗੁਰੂ ਢਿਗ ਪ੍ਰੇਮ ਉਮਾਹ।
ਦਰਸ਼ਨ ਦਰਸਹਿ ਪਰਸਹਿ ਚਰਨ।
ਹਰਜੋ ਚਹੈ ਦੁਖ ਜਨਮ ਰੁ ਮਰਨ ॥੪॥
ਨਿਤ ਪ੍ਰਤਿ ਸ਼ਰਧਾ ਅਧਿਕ ਬਧਾਵਹਿ।
ਸ਼੍ਰੀ ਮੁਖ ਬਾਕ ਸੁਨਹਿ ਸੁਖ ਪਾਵਹਿ।
ਸ਼੍ਰੀ ਗੁਰ ਭਗਤਿ ਗਜਾਨ ਉਪਦੇਸ਼ਹਿਂ।
ਕਟਤਿ ਕਲੇਸ਼ ਅਸ਼ੇਸ਼ ਹਮੇਸ਼ਹਿਂ ॥੫॥
ਇਕ ਦਿਨ ਮੱਖਣਸ਼ਾਹ ਬਖਾਨਾ।
'ਸ਼੍ਰੀ ਗੁਰਦੇਵ ਅਨੰਦ ਨਿਧਾਨਾ!
ਗੁਰ ਅਰਜਨ ਜੀ ਰਚਜੋ ਸੁਧਾਸਰ।
ਤਿਨ ਕੇ ਪਿਤ ਉਪਦੇਸ਼ਜੋ ਜੋ ਕਰ[1] ॥੬॥

[†]ਪਾ:-ਨਿਸ ਖਿਸ।

[1]ਜਿਵੇਂ ਕਰਨ ਲਈ ਭਾਵ ਰਚਣ ਲਈ ਤਿਨ੍ਹਾਂ ਨੂੰ ਪਿਤਾ ਨੇ ਉਪਦੇਸ਼ਿਆ ਸੀ।

ਤਹਾਂ ਜਾਨਿ ਕੀ ਹੈ ਮਮ ਚਾਹੂ।
ਮੱਜਨ ਕਰੋਂ ਕਲੁਖ ਗਨ ਦਾਹੂ।
ਭਲੋ ਪਰਬ ਅਬਿ ਪਹੁੰਚਜੋ ਆਨਿ।
ਭਯੋ ਬਿਸਾਖੀ ਕੋ ਇਸ਼ਨਾਨ ॥੭॥

ਦਰਸ਼ਨ ਦਰਸੌਂ ਸ਼੍ਰੀ ਗੁਰੁ ਧਾਮ।
ਕਹੀ ਪ੍ਰਸ਼ੰਸ਼ਾ ਜਿਸ ਅਭਿਰਾਮ।
ਰਾਵਰ ਕੀ ਮੈਂ ਆਇਸੁ ਪਾਇ।
ਪੁਨ ਆਵੌਂ ਸੁੰਦਰ ਦਰਸਾਇ[1]' ॥੮॥

[1]ਦਰਸ਼ਨ ਕਰਕੇ।

ਸ਼੍ਰੀ ਗੁਰੁ ਕਹ੍ਯੋ 'ਦੂਰ ਕੁਛ ਨਾਂਹੀ।
ਜਿਸ ਦਰਸ਼ਨ ਤੇ ਸਭਿ ਸੁਖ ਪਾਹੀਂ।
ਹਮ ਭੀ ਗਮਨਹਿਂ ਚਲਿ ਦਰਸੈ ਹੈਂ।
ਕਰਹਿਂ ਸ਼ਨਾਨ ਥਾਨ ਸਿਰ ਨ੍ਯੈ ਹੈਂ ॥੯॥
ਚਲਹਿ ਬੇਗ ਇਕਠੇ ਮਗ ਸੋਇ।
ਮਿਲਹਿ ਆਇ ਪੁਨ ਹਰਖਤਿ ਹੋਇ।
ਸਤਿਗੁਰੁ ਕਰਹਿਂ ਭਾਵਨਾ ਪੂਰੀ।
ਉੱਜਲ ਸੁਮਤਿ ਹੋਇ ਬਿਧਿ ਰੂਰੀ' ॥੧੦॥
ਇਸ ਪ੍ਰਕਾਰ ਸਤਿਗੁਰੁ ਫੁਰਮਾਇ।
'ਤ੍ਯਾਰੀ ਕਰਹੁ' ਸੁ ਦੀਨਿ ਰਜ਼ਾਇ।
ਸੁਨਿ ਮੱਖਣ ਹਰਖ੍ਯੋ ਇਸ ਭਾਇ।
-ਕਾਰਨ ਇਕ, ਦ੍ਵੈ ਕਾਰਜ ਪਾਇ[1]- ॥੧੧॥

[1]ਮੁਰਾਦ 'ਏਕ ਪੰਥ ਦੋ ਕਾਜ' ਤੋਂ ਹੈ। ਕਾਰਨ ਇੱਕ ਹੈ ਸਫਰ ਤੇ ਕਾਰਜ ਦੋ ਹਨ, ਸਤਿਗੁਰ ਜੀ ਦੇ ਦਰਸ਼ਨ ਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ।

ਅਪਨੋ ਭਾਗ ਧੰਨ ਮਨ ਜਾਨੇ।
ਦਯਾ ਗੁਰੂ ਕੀ ਮਾਨਿ ਮਹਾਨੇ।
-ਜਬਿ ਲੌ ਦਰਸ਼ਨ ਹੋਵਤਿ ਰਹੈਂ।
ਤਬਿ ਲੌ ਲਾਭ ਅਧਿਕ ਮੁਝ ਅਹੈ- ॥੧੨॥
ਭਯੋ ਸੁ ਤ੍ਯਾਰ ਕੂਚ ਕਿਯ ਡੇਰਾ।
ਗੁਰੁ ਘਰ ਕੋ ਆਯਹੁ ਤਿਸ ਬੇਰਾ।
ਪਦ ਅਰਬਿੰਦ ਬੰਦਨਾ ਕੀਨਸਿ।
ਦਰਸ਼ਨ ਦਰਸਿ ਪ੍ਰੇਮ ਰਸ ਭੀਨਸਿ ॥੧੩॥
'ਰਾਵਰ ਕਰਹੁ ਅਰੂਢਨਿ ਜਿਸ ਪਰ।
ਸੋ ਅਨਵਾਵੌਂ ਤੁਮ ਰਜ਼ਾਇ ਕਰਿ।
ਚਢਹੁ ਉਚਾਵਹਿਂ ਜਾਹਿਂ ਕਹਾਰ।
ਨਤੁਰ ਤੁਰੰਗਮ[1] ਬਲੀ ਉਦਾਰ ॥੧੪॥

[1]ਨਹੀਂ ਤਾਂ ਘੋੜਾ।

ਕੈ ਬੜਵਾ[1] ਕੀ ਲਿਹੁ ਅਸਵਾਰੀ। — [1]ਘੋੜੀ।
ਗਮਹੁ ਪੰਥ ਜਿਸ ਰੀਤਿ ਸੁਖਾਰੀ।
ਰਾਵਰ ਕੀ ਰਜ਼ਾਇ ਹ੍ਵੈ ਜੈਸੇ।
ਤੁਮ ਹਿਤ ਕਰਿਹੈਂ ਤਜਾਰੀ ਤੈਸ' ॥੧੫॥
ਸੁਨਿ ਕਰਿ ਸ਼੍ਰੀ ਗੁਰੁ ਤੇਗ ਬਹਾਦਰ[1]। — [1]ਬੋਲੇ:-
'ਜੋ ਬਾਹਨ[1] ਹੋਵਹਿ ਅਬਿ ਹਾਦਰ[2]। — [1]ਅਸਵਾਰੀ। [2]ਤਿਆਰ।
ਤਿਸ ਪਰ ਚਲਹਿਂ ਬਿਚਾਰ ਨ ਕਾਈ।'
ਤਬਿ ਮੱਖਣ ਬੜਵਾ ਮੰਗਵਾਈ ॥੧੬॥
ਸੁੰਦਰ ਜ਼ੀਨ ਜਰਾਉ ਪਾਇ।
ਸਰਬ ਸਾਜ ਜਿਸ ਉਚਿਤ ਸੁਹਾਇ[1]। — [1]ਜਿਸਦੇ ਯੋਗ ਹੋਕੇ ਸ਼ੋਭ ਰਹੇ ਹਨ।
ਬਰਣ ਸ੍ਵੇਤ ਤਨ ਰਜਤ ਸਮਾਨ[1]। — [1]ਚਾਂਦੀ ਵਰਗਾ।
ਧੀਰ[1] ਤੁਰੰਗਨਿ ਰੁਚਿਰ ਮਹਾਨ ॥੧੭॥ — [1]ਧੀਰਜਵਾਨ।
ਛੇਰਤਿ ਤੇਜ ਉਠਾਵ ਬਡੇਰਾ[1]। — [1]ਕਦਮ) ਵੱਡਾ ਉਠਾਂਵਦੀ ਹੈ। (ਅ) ਉਠਾਵ (= ਸੁਹੱਪਣ) ਬੜਾ ਹੈ।
ਸੁਖਦਾਯਕ ਮਗ ਗਮਨਤਿ ਬੇਰਾ[1]। — [1]ਰਾਹ ਚੱਲਣ ਵੇਲੇ ਬੜੀ ਸੁਖਦਾਈ ਹੈ।
ਮਾਰਗ ਚਲੈ ਥੋਰਈ ਜਾਨੈ[1]। — [1]ਜਾਨੈ =) ਪ੍ਰਤੀਤ ਐਉਂ ਦੇਂਦੀ ਹੈ ਕਿ ਥੋੜਾ ਰਾਹ ਚੱਲ ਰਹੀ ਹੈ।
ਪਹੁੰਚਹਿ ਦੂਰ ਉਲੰਘਿ ਬਡ ਥਾਨੈ[1] ॥੧੮॥ — [1]ਭਾਵ ਪੈਂਡਾ ਬਹੁਤ ਮੁਕਾਉਂਦੀ ਹੈ।
ਪਿਖਿ ਪ੍ਰਸੰਨ ਤਿਹਂ ਸ਼੍ਰੀ ਗੁਰੁ ਭਏ।
ਤਜਾਰੀ ਕੀਨਿ ਦਾਸ ਸੰਗ ਲਏ।
ਹੁਤੀ ਤੇਜ ਤੁਰੰਗਨਿ ਗੁਰੁ ਕੇਰੀ।
ਸੋ ਬਿਚ ਸਦਨ ਬੰਧਾਇਵ ਹੇਰੀ[1] ॥੧੯॥ — [1]ਬੱਧੀ ਹੋਈ ਵੇਖੀ।
ਹੁਤੀ ਧੀਰ ਜੋ ਮੱਖਣ ਦੀਨਿ।
ਤਿਹ ਅਰੂੜਿ ਕਰਿ ਚਲੇ ਪ੍ਰਬੀਨ।
ਗਮਨਜੋ ਮੱਖਣ ਸ਼ਾਹ ਪਿਛਾਰੀ।
ਲਿਯੇ ਸੰਗ ਮਾਨੁਖ ਭਟ ਭਾਰੀ ॥੨੦॥
ਮਾਰਗ ਗਏ ਉਲੰਘ ਕਰਿ ਸਾਰਾ।
ਜਾਇ ਸੁਧਾਸਰ ਤਬਹਿ ਨਿਹਾਰਾ।
ਹੁਤੇ ਮਸੰਦ ਅਗਾਰੀ ਜੇਤੇ।
ਗੁਰ ਆਗਮਨ ਸ਼੍ਰੋਨ ਸੁਨਿ ਤੇਤੇ ॥੨੧॥
ਕਹੁੰ ਕਹੁੰ ਗਮਨੇ ਡਰਪਾਇ।
-[†]ਮਤ ਹਮ ਸਾਥ ਬਿਗਰ ਇਹ ਜਾਇ। — [†]ਮਸੰਦ ਏਹ ਵਿਚਾਰ ਕਰਦੇ ਹਨ।

ਦਰਬ ਆਮਦਨ ਦੇਖਿ ਬਿਸਾਲਾ।
ਅਬਿ ਮੇਲੇ ਕੋ ਆਯੋ ਕਾਲਾ ॥੨੨॥
ਰਹਹਿਂ ਜਿ ਆਪ ਬਿਲੋਕਹਿਂ ਤਾਂਹੀ।
ਹਮ ਤੇ ਪੁਨ ਲੈ ਹੈਂ ਬਿਧਿ ਯਾਹੀ।
ਮੱਖਣ ਸਿੱਖ ਸੰਗ ਜਿਨ ਅਹੈ।
ਹਮ ਸੋਂ ਕਰਹਿ ਜਥਾ ਚਿਤ ਚਹੈ ॥੨੩॥
ਧੀਰਮੱਲ ਕੋ ਲੂਟਯੋ ਡੇਰਾ।
ਗੁਰ ਘਰ ਮਹਿਂ ਤਿਸ ਤੇ ਨ ਬਡੇਰਾ।
ਅਪਰ ਕੌਨ ਸੋਂ ਕਰਹਿ ਭਲਾਈ।
ਹਮ ਤੇ ਧਨ ਲੇ ਪਾਇ ਗੁਰਾਈ ॥੨੪॥
ਮਿਲਹੁ ਨਹੀਂ ਕੋ ਜਾਇ ਅਗਾਰੀ।
ਛਪੀਅਹਿ ਨਿਜ ਨਿਜ ਥਾਨ ਮਝਾਰੀ।
ਇਨ ਕੋ ਸਦਾ ਸੁਭਾਵ ਸਿਸੁ ਤੇ[1]। — [1]ਬਾਲਪਨ ਤੋਂ।
ਪ੍ਰੀਤਿ ਨ ਕਰਿਹੈਂ ਕਬਹਿ ਕਿਸੁ ਤੇ[1] ॥੨੫॥ — [1]ਕਿਸੇ ਦੇ ਨਾਲ।
ਸਭਿਹਿਨਿ ਤੇ ਹੁਇ ਬਹਹਿ ਨਿਰਾਲਾ।
ਮੇਲ ਨ ਕਿਸ ਮਸੰਦ ਕੇ ਨਾਲਾ।
ਗੁਰਤਾ ਇਨ ਕਹੁ ਪ੍ਰਾਪਤਿ ਭਈ।
ਇਹ ਸਭਿ ਬਾਤ ਅਬਹਿ ਬਿਦਤਈ[1] ॥੨੬॥ — [1]ਪ੍ਰਗਟ ਹੋਈ ਹੈ।
ਨਹਿਂ ਮਸੰਦ ਕੋ ਮਿਲਨੇ ਆਵਾ[1]। — [1]ਅਜੇ) ਕੋਈ (ਹੋਰ) ਮਸੰਦ (ਇਨ੍ਹਾਂ ਨੂੰ ਮਿਲਣ ਬੀ ਨਹੀਂ ਆਇਆ)।
ਅਪਰ ਨ ਕਿਨ ਹੂੰ ਦੀਨਿ ਚਢਾਵਾ।
ਪ੍ਰਥਮੈ ਅੰਮ੍ਰਿਤਸਰ ਜੀ ਆਯੋ।
ਦਰਬ ਸੰਭਾਰਨਿ ਕੋ ਲਲਚਾਯੋ ॥੨੭॥
ਅਪਰ ਮਸੰਦ ਸਰਬ ਮਿਲਿ ਜਾਇਂ।
ਗੁਰੁਤਾ ਇਨ ਕੀ ਅਚਲ ਟਿਕਾਇਂ।
ਅਬਿ ਲੌ ਸਭਿਹਿਨਿ ਸੰਸੈ ਅਹਾ।
ਗੁਰੂ ਭਯੋ ਨਿਸ਼ਚੈ ਨਹਿਂ ਲਹਾ[1] ॥੨੮॥ — [1]ਪੱਕੀ ਤਰ੍ਹਾਂ ਨਹੀਂ ਹੈ ਜਾਣਿਆਂ ਗਿਆ।
ਹਰਿਗੁਵਿੰਦ ਗੁਰ ਕੇ ਇਹ ਨੰਦਨ।
ਦਾਵਾ ਰਾਖਤਿ ਉਪਰ ਮਸੰਦਨ[1]। — [1]ਮਸੰਦਾਂ ਉੱਤੇ ਬੀ ਇਨ੍ਹਾਂ ਦਾ ਦਾਵਾ ਹੈ।
ਇਨ ਸੋਂ ਮਿਲਿਨਿ ਨ ਅਬਿ ਬਨਿ ਆਇ।

ਨਹੀਂ ਕਠੋਰ ਕਰੇ ਬਚ ਜਾਇਂ[1]*- ॥੨੯॥ — [1]ਕਠੋਰ ਬਚਨ ਨਾ (ਕਿਤੇ) ਕਹੇ ਜਾਣ।
ਇਮ ਬਿਚਾਰਿ ਕਰਿ ਆਪਸ ਮਾਂਹਿ।
ਦੁਰੇ ਮੰਦਮਤਿ ਸੰਸੈ ਪ੍ਰਾਹਿ[1]। — [1]ਸੰਸਾ ਕਹਿਕੇ।
ਸ਼੍ਰੀ ਹਰਿਮੰਦਰ ਚਾਰੋਂ ਦ੍ਵਾਰ।
ਕਰੇ ਅਸੰਜਤਿ[1] ਸਭਿਨਿ ਕਿਵਾਰ[2] ॥੩੦॥ — [1]ਬੰਦ। [2]ਤਖਤੇ, ਬੂਹੇ।
ਹੁਤੋ ਦਰਸ਼ਨੀ ਪੌਰ ਬਡੇਰਾ।
ਦੇ ਕਪਾਟ ਤਾਰੋ ਪੁਨ ਭੇਰਾ।
ਸ਼੍ਰੀ ਗੁਰ ਤੇਗ ਬਹਾਦਰ ਸ੍ਵਾਮੀ।
ਲਖਿ ਮਸੰਦ ਬਿਧਿ[1] ਅੰਤਰਜਾਮੀ ॥੩੧॥ — [1]ਮਸੰਦਾਂ ਦੀ ਵਿਧੀ ਭਾਵ ਸਲੂਕ।
ਗਏ ਤਹਾਂ ਜਬਿ, ਪਿਖੵੋ ਨ ਕੋਈ[1]। — [1]ਜਦ (ਤਹਾਂ =) ਹਰਿਮੰਦਰ ਗਏ ਤਾਂ ਕੋਈ (ਮਸੰਦ) ਨਜ਼ਰ ਨਾ ਆਇਆ।
-ਬੇਮੁਖ ਭਏ- ਜਾਨਿ ਮਨ ਸੋਈ।
ਮੱਖਨ ਸਾਥ ਕਹੵੋ ਇਸ ਭਾਂਤਿ।
'ਪਿਖਹੁ ਮਸੰਦਨਿ ਕੋ ਬਿਰਤਾਂਤ ॥੩੨॥
ਭਿੰਨ ਭਿੰਨ ਹੁਇ ਛਪੇ ਸਥਾਨ।
ਨਹਿਂ ਆਏ ਕਰਿਬੇ ਸਨਮਾਨ।
ਧਨ ਕੇ ਲੋਭ ਲਗੇ ਮਤਿਮੰਦ।
ਹਮ ਕੋ ਸੁਨਿ ਨਹਿਂ ਭਏ ਅਨੰਦ ॥੩੩॥
ਸ਼੍ਰੀ ਗੁਰ ਮੰਦਿਰ ਕੇ ਦਰਵਾਜੇ।
ਭੇਰਿ ਗਏ ਨਹਿਂ ਬਾਜਤਿ ਬਾਜੇ।
ਸਬਦ ਕੀਰਤਨ ਸੁਨਿਯਤਿ ਨਾਂਹੀ।
ਕੀਨਸਿ ਕਹਾਂ ਮਹਾਂ ਲਬ[1] ਮਾਂਹੀ' ॥੩੪॥ — [1]ਲੋਭ ਵਿਚ।
ਸੁਨਿ ਮੱਖਣ ਬੋਲੵੋ ਗੁਰ ਸੰਗ।
'ਫੁਰਮਾਵਨਿ ਮੁਝ ਕਰਹੁ ਨਿਸੰਗ।
ਇਨ ਸੋਂ ਕਰੌਂ ਧੀਰਮੱਲ ਜੈਸੇ।
ਦੰਡ ਉਚਿਤ ਦੁਰਜਨ ਹੁਇਂ ਐਸੇ ॥੩੫॥
ਤੁਮਰੋ ਵਸਤੁ ਦਰਬ ਸਮੁਦਾਏ।
ਕਰਹਿਂ ਚੁਰਾਵਨਿ ਮਦ[1] ਉਪਜਾਏ। — [1]ਹੰਕਾਰ।
ਅਬਿ ਤੁਮ ਕੋ ਦੇਖਤਿ ਦੁਰ[1] ਰਹੇ। — [1]ਛੁਪ।
ਸਨਮੁਖ ਆਇ ਸੁ ਬਾਕ ਨ ਕਹੇ ॥੩੬॥

ਨਹੀਂ ਉਪਾਇਨ ਆਗੇ ਧਰੀ।
ਦੀਨ ਹੋਇ ਨਹਿਂ ਬਿਨਤੀ ਕਰੀ।
ਅਸ ਅਨੀਤਿ ਕਸ ਸਕਹਿਂ ਸਹਾਰ।
ਜਾਵਤਿ ਮਤਿ ਦੀਜਹਿ ਨਹਿਂ ਤਾਰ[1] ॥੩੭॥
ਛਮੀ ਪੁਰਖ ਮਹਿਂ ਤੁਮ ਪਰਧਾਨ।
ਕਰਹੁ ਛਿਮਾ ਸਭਿ ਦੰਡ ਸਥਾਨ[1]।'

ਸ੍ਰੀ ਗੁਰ ਕਹਯੋ 'ਸਮੋ ਜਬਿ ਆਵਹਿ।
ਦੁਸ਼ਟ ਮੰਦ ਤਾੜਨ ਕੋ ਪਾਵਹਿਂ ॥੩੮॥
ਸਭਿ ਮਸੰਦ ਤੇ ਲੈ ਹੈਂ ਲੇਖਾ।
ਪੀੜਹਿਂ ਨਿਜ ਦਰਗਾਹ ਬਿਸ਼ੇਖ਼ਾ।
ਸ੍ਰੀ ਗੁਰ ਅਰਜਨ ਜੀ ਇਕ ਕਾਲ।
ਇਨ ਕੋ ਪਿਖਿ ਕਰਿ ਖੋਟ ਬਿਸਾਲ ॥੩੯॥
ਦੀਨਹੁਂ ਸ੍ਰਾਪ -ਰਹਹਿਂ ਜਰ[1] ਨਾਂਹੀ।
ਕਿਸੀ ਸਮੇ ਮਹਿਂ ਹ੍ਵੈ ਬਿਨਸਾਹੀ-।
ਸਮੈ ਆਇ ਜਬਿ ਪ੍ਰਾਪਤਿ ਹੋਇ।
ਇਨ ਕੋ ਮੂਲ ਬਿਨਾਸਹਿ ਸੋਇ ॥੪੦॥
ਧਰੇ ਲੋਭ ਇਹ ਮਰੇ ਅਗਾਰੀ।
ਦਯੋ ਸ੍ਰਾਪ ਇਨ ਜਰੇਂ ਉਖਾਰੀ[1]।
ਮਰੇ ਹੁਏ ਇਹ, ਕਜ਼ਾ ਹਮ ਮਾਰੈਂ।
ਸ਼ਰਧਾ ਹੀਨ ਸਿਦਕ ਉਰ ਹਾਰੈਂ ॥੪੧॥
ਹਮ ਨਹਿਂ ਬੁਰਾ ਕਿਸੂ ਕੋ ਕਰਿਹੀਂ।
ਜਸ ਕੁਕਰਮ ਤਸ ਫਲ ਕੋ ਭਰਿਹੀਂ।
ਤੂੰ ਅਬਿ ਕਰਿ ਸ਼ਨਾਨ ਸਰ ਮਾਂਹਿ।
ਜਿਸ ਤੇ ਅਖਿਲ ਪਾਪ ਬਿਨਸਾਹਿ ॥੪੨॥
ਮਨੋ ਕਾਮਨਾ ਪੂਰਨ ਕਰੈਂ।
ਮਨ ਕੀ ਤਨ ਕੀ ਮਲ ਕੋ ਹਰੈਂ।
ਕਰਹੁ ਤਿਹਾਵਲ ਹੁਇ ਅਰਦਾਸ।
ਸਤਿਗੁਰ ਪੂਰਤਿ ਉਰ ਕੀ ਆਸ' ॥੪੩॥

[1]ਜਦ ਤਕ ਤਾੜਕੇ ਇਨ੍ਹਾਂ ਨੂੰ ਮੱਤ ਨਾ ਦੇਈਏ।

[1]ਸਾਰੀਆਂ ਦੰਡ ਦੇਣ ਜੋਗ ਥਾਵਾਂ (ਭਾਵ ਮੌਕਿਆਂ ਤੇ) ਛਿਮਾ ਕਰਦੇ ਹੋ।

[1]ਜੜ।

[1]ਸਰਾਪ ਦੇਕੇ ਜੜ੍ਹਾਂ ਉਖਾੜੀਆਂ ਹਨ।

ਅਸ ਕਹਿ ਮੱਖਣ ਕੋ ਤਬਿ ਛੋਰਾ।
ਹਟੇ ਆਪ ਗੁਰ ਉੱਤਰ ਓਰਾ।
ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ।
ਸਭਿ ਪਰ ਕ੍ਰਿਪਾ ਦ੍ਰਿਸ਼ਟਿ ਕੋ ਠਾਨਿ
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਅੰਮ੍ਰਿਤਸਰ ਗਮਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

## ੨੨. [ਸ਼੍ਰੀ ਅੰਮ੍ਰਿਤਸਰੋਂ ਵੱਲੇ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਭਈ ਮਸੰਦਨਿ ਕੋ ਖਬਰ, -ਬਸੇ ਨ[1] ਗੁਰੂ ਕ੍ਰਿਪਾਲ।

[1]ਰਾਮਦਾਸਪੁਰੇ ਵਿੱਚ) ਠਹਿਰੇ ਨਹੀਂ।

ਖਰੇ ਹੋਇ ਹਟਿ ਕੈ ਗਏ[1], ਹਮਰੀ ਹੇਰਿ ਕੁਚਾਲ- ॥੧॥

[1]ਸ੍ਰੀ ਅੰਮ੍ਰਿਤ ਸਰੋਵਰ ਪਾਸ) ਖੜੇ ਹੋ ਕੇ ਮੁੜ ਗਏ ਹਨ।

ਚੌਪਈ:

ਹਰਖਤਿ ਹੋਇ ਨਿਕਸਿ ਪੁਨ ਆਏ।
ਲੇਹਿਂ ਉਪਾਇਨ ਜੋ ਸਿਖ ਲ੍ਯਾਏ।
ਦਰਬ ਘਨੋ ਦੁਕੂਲ ਬਹੁ ਮੋਲੇ।
ਵਸਤੂ ਅਪਰ ਦੇਹਿਂ ਸਿਖ, ਸੋ ਲੇਂ[1] ॥੨॥

[1]ਓਹ (ਮਸੰਦ) ਲੈਂਦੇ ਹਨ।

ਸਿੱਖਜਨਿ ਕੋ ਮੇਲਾ ਬਡ ਹੋਵਾ।
ਮੱਜਹਿਂ ਹਰਿਮੰਦਰ ਬਰ ਜੋਵਾ।
ਪੰਚਾਂਮ੍ਰਿਤ ਕਰਿਵਾਇ ਲਿਆਵਹਿਂ।
ਕਰਿ ਬੰਦਨਿ ਅਰਦਾਸ ਅਲਾਵਹਿਂ ॥੩॥
ਮੱਖਣ ਸਿਖ ਕੀਨਸਿ ਇਸ਼ਨਾਨ।
ਅਧਿਕ ਭਾਵਨਾ ਉਰ ਮਹਿਂ ਠਾਨਿ।
ਪਹਿਰੀ ਪੋਸ਼ਿਸ਼ ਪੁਨਹਿਂ ਨਵੀਨ।
ਪੰਚਾਂਮ੍ਰਿਤ ਕਰਿ[1] ਸੰਗੇ ਲੀਨਿ ॥੪॥

[1]ਕਰਵਾਕੇ।

ਸ਼੍ਰੀ ਹਰਿ ਮੰਦਿਰ ਕੋ ਤਬਿ ਗਯੋ।
ਹਾਥ ਜੋਰਿ ਨੰਮ੍ਰੀ ਬਹੁ ਭਯੋ।
ਨਮਸਕਾਰ ਕਰਿ ਬਾਰੰਬਾਰ।
ਪੁਨ ਅਰਦਾਸ ਕਰਾਇ ਉਦਾਰ ॥੫॥
ਪੰਚਾਂਮ੍ਰਿਤ ਕੋ ਤਬਿ ਵੰਡਵਾਇ।
ਇਕਠੋ ਭੇ ਮਸੰਦ ਸਮੁਦਾਇ।
ਤਿਨ ਸਭਿ ਕੋ ਪਿਖਿ ਮੱਖਣ ਕਹ੍ਯੋ।
'ਤੁਮ ਮਹਿਂ ਅਧਿਕ ਖੋਟ ਮੈਂ ਲਹ੍ਯੋ ॥੬॥
ਸ਼੍ਰੀ ਗੁਰੁ ਕਾਰਨ ਕਰਨ ਕ੍ਰਿਪਾਲ।
ਚਲਿ ਕਰਿ ਆਏ ਕਰਨਿ ਨਿਹਾਲ।
ਤੁਮ ਬੇਮੁਖ ਹੁਇ ਦੁਰੇ ਘਰਨਿ ਮੈਂ।
ਨਹਿਂ ਦਰਸ਼ਨ ਕੀਨਸਿ ਤਿਸ ਛਿਨ ਮੈਂ

॥੭॥
ਨਹਿਂ ਸਨਮਾਨ ਕੀਨਿ ਤਿਨ ਕੇਰਾ।
ਇਹ ਕਜਾ ਕੀਨਸਿ ਕੋਟ ਬਡੇਰਾ?
ਛਿਮਾਵੰਤ ਗੁਰ ਕਹੈਂ ਨ ਕਾਹੂੰ।
ਨਾਂਹਿ ਤ ਬਿਪਤ ਪਰਤਿ ਤੁਮ ਮਾਂਹੂੰ ॥੮॥
ਇਹ ਅਪਰਾਧ ਜਿ ਤੁਮ ਤੇ ਭਯੋ।
ਨਹੀਂ ਬਿਚਾਰਨਿ ਉਰ ਕਿਛ ਕਿਯੋ।
ਤਊ ਆਪਨੀ ਸੰਤਤਿ ਕੇਰਾ।
ਕੀਨਿ ਬੁਰਾ ਲਹਿ ਕਸ਼ਟ[1] ਬਡੇਰਾ ॥੯॥ — [1]ਦੁੱਖ ਪਾਓਗੇ।
ਬਾਕਨਿ ਤੇ ਹੀ ਸੁਖ ਦੁਖ ਦਾਤਾ।
ਅਸ ਸਤਿਗੁਰ ਤੁਮ ਕਯੋਂ ਨਹਿਂ ਜਾਤਾ?
ਤੀਖਨ ਬਡ ਕੁਠਾਰ ਲੇ ਹਾਥ।
ਨਿਜ ਪਗ ਹਤਯੋ ਮੂਢਤਾ[1] ਸਾਥ ॥੧੦॥ — [1]ਮੂਰਖਤਾ।
ਅਬਿ ਹੀ ਫਲ ਲੇਤੇ ਤੁਮ ਪਾਇ।
ਪਰ ਸਤਿਗੁਰ ਕੀ ਜਥਾ ਰਜਾਇ[1]।' — [1]ਪਰ ਸਤਿਗੁਰੂ ਜੀ ਦੀ ਜਿਵੇਂ ਰਜ਼ਾਇ ਸੀ (ਉਵੇਂ ਹੀ ਹੋਇਆ ਭਾਵ ਤੁਹਾਨੂੰ ਹੁਣ ਦੰਡ ਨਹੀਂ ਮਿਲਿਆ)।

ਸੁਨਿ ਮਸੰਦ ਬੋਲੇ ਧਰਿ ਤ੍ਰਾਸ।
'ਭੋ ਮੱਖਣ! ਸੁਨਿ, ਕਹਿਂ ਤੁਝ ਪਾਸ[1] ॥੧੧॥ — [1]ਤੇਰੇ ਪਾਸ (ਅਸੀਂ) ਕਹਿੰਦੇ ਹਾਂ।
ਇਹ ਪਰਤਾਪ ਗੁਰਨਿ ਕੋ ਸਾਰਾ[1]। — [1]ਦਰਬਾਰ ਦਾ ਸਾਰਾ ਪ੍ਰਤਾਪ ਗੁਰਾਂ ਦਾ ਹੀ ਹੈ।
ਸਭਿਹਿਨਿ ਪਰ ਤਿਨ ਕੋ ਉਪਕਾਰਾ।
ਰਣ ਜੈ ਕਰਿ ਸ਼੍ਰੀ ਹਰਿਗੋਵਿੰਦ।
ਕਰੇ ਨਾਸ਼ ਦਲ ਤੁਰਕ ਬਿਲੰਦ ॥੧੨॥
ਤਬਿ ਕੇ ਕਰਤਿ ਈਰਖਾ, ਦ੍ਰੋਹੀ।
ਇਹ ਸਤਿ ਬਾਤ ਕਹਤਿ ਹੈਂ ਤੋਹੀ।
ਸ਼੍ਰੀ ਹਰਿਰਾਇ ਗੁਰੂ ਪੁਨ ਭਏ।
ਨਹੀਂ ਸੁਧਾਸਰ ਬਾਸੋ ਕਏ ॥੧੩॥
ਸੁਨਿ ਕਰਿ ਜੇ ਮਲੇਛ ਸਮੁਦਾਇ।
ਆਇ ਬਿਗਾਰ ਕਰਹਿਂ ਇਸ ਥਾਇਂ।
ਇੱਤਯਾਦਿਕ ਉਰ ਗਟੀ[1] ਬਿਚਾਰ। — [1]ਗਿਣਤੀਆਂ।
ਨਹੀਂ ਆਇ ਬੈਠੇ ਦਰਬਾਰ ॥੧੪॥

ਇਹ ਅਬਿ ਲੌ ਭੇ ਗੁਰੂ ਨ ਨੀਕੇ।
ਸਕਲ ਮਸੰਦਨਿ ਕਿਯੇ ਨ ਠੀਕੇ।
ਅਰੁ ਸੰਸੇ ਮਹਿਂ ਸਗਰੀ ਸੰਗਤਿ।
ਨਿਸ਼ਚੇ ਕਿਯੋ ਨ ਸਿੱਖਜਨਿ ਪੰਗਤਿ ॥੧੫॥
ਨਹੀਂ ਉਪਾਇਨ ਕਿਤ ਕੀ ਆਈ।
ਕੀਰਤਿ ਕਿਤੇ ਨਹੀਂ ਬਿਥਰਾਈ।
ਜਬਿ ਇਕ ਆਨ ਹੋਇ ਸਭਿ ਜਾਨ[1]†।

[1]ਜਦੋਂ। (ਕੋਈ) ਇੱਕ (ਗੁਰੂ ਆਕੇ ਹੋਇਆ ਸਭਨਾਂ ਵਿਚ ਜਾਣਿਆਂ ਜਾਏਗਾ)। †ਪਾ:-ਜਬ ਇਨ ਮਾਨ ਹੋਇ ਸਭਿ ਥਾਨ।

ਹਮ ਭੀ ਦਾਸ, ਲੇਹਿਂ ਮਨ ਮਾਨਿ' ॥੧੬॥
ਸੁਨਿ ਮੱਖਣ ਨੇ ਪੁਨ ਸਮੁਝਾਏ।
ਸ਼੍ਰੀ ਹਰਿਕ੍ਰਿਸ਼ਨ ਬਾਕ ਕੋ ਗਾਏ।
-ਬਾਬਾ- ਕਹ੍ਯੋ -ਬਕਾਲੇ ਮਾਂਹਿ-।
ਸੋ ਇਹ ਪ੍ਰਗਟੇ ਰੁਕਹਿਂ ਨ ਕਾਹਿ' ॥੧੭॥
ਅਪਨੀ ਕਥਾ ਸੁ ਅਖਿਲ ਸੁਨਾਇ।
ਪੁਨਹਿ ਸਭਿਨਿ ਕੋ ਡਰ ਉਪਜਾਇ।
'ਅਬਿ ਭੀ ਜਾਹੁ ਜਾਚਨਾ ਕਰੋ।
ਰਿਦੇ ਦੁਸ਼ਟਤਾ ਸਗਰੀ ਹਰੋ ॥੧੮॥
ਗਈ ਬੀਤ ਪਰ ਤਊ ਸੰਭਾਰਹੁ।
ਕਰ ਜੋਰਹੁ ਅਰੁ ਬਿਨੈ ਉਚਾਰਹੁ।'
ਇਮ ਸੁਨਿ, ਮਿਲੇ ਮਸੰਦ ਬਿਚਾਰਹਿਂ।
'ਮੱਖਣ ਕੋ ਨ ਬਾਕ ਤ੍ਰਿਸਕਾਰਹਿਂ ॥੧੯॥
ਮਤਿ ਇਹ ਬਿਗਰ ਪਰੈ ਹਮ ਸੰਗ।
ਧੀਰਮੱਲ ਸਮ ਕਰਹਿ ਨ ਢੰਗ[1]।

[1]ਸਲੂਕ।

ਚਲਹੁ ਵਹਿਰ ਹੀ ਮਿਲਿ ਕੈ ਤਾਂਹਿ।
ਕਹਿ ਸ਼ੁਭ ਬਾਕ ਲੇਹੁ ਹਰਖਾਹਿ[1] ॥੨੦॥

[1]ਪ੍ਰਸੰਨ ਕਰ ਲਈਏ।

ਕਛੁ ਉਪਾਇਨ ਲੇਹੁ ਪ੍ਰਸ਼ਾਦਿ।
ਜਥਾ ਅਹੈ ਗੁਰੁ ਘਰ ਮਿਰਜਾਦਿ।'
ਇਮ ਬਿਚਾਰ ਕਰਿ ਅਖਿਲ ਮਸੰਦ।
ਗਮਨੇ ਬਾਹਰ ਲਾਜ ਬਿਲੰਦ ॥੨੧॥
ਸ਼੍ਰੀ ਗੁਰ ਅੰਮ੍ਰਿਤਸਰ[1] ਤੇ ਮੁਰਿ ਕੈ।

[1]ਦਰਬਾਰ ਸਾਹਿਬ ਤੋਂ ਮੁਰਾਦ ਹੈ। ਸ਼ਹਿਰ ਦਾ ਨਾਮ ਤਦੋਂ

ਅਜੇ ਰਾਮਦਾਸਪੁਰਾ ਹੀ ਸੀ।

ਏਕ ਗ੍ਰਾਮ ਤਹਿਂ ਨਿਕਟਿ ਨਿਹਰਿ ਕੈ।
ਵੱਲਾ ਕਹੈਂ ਤਿਸੀ ਕੋ ਨਾਇ।
ਤੀਨ ਕੋਸ ਉੱਤਰ ਦਿਸ਼ਿ ਥਾਇਂ ॥੨੨॥
ਤਹਿਂ ਇਕ ਸਿਖ ਕੇ ਘਰ ਕਰਿ ਡੇਰਾ।
ਸੇਵਾ ਕਰਤਿ ਸੁ ਭਾਵ ਬਡੇਰਾ[1]।

[1]ਬੜੇ ਪ੍ਰੇਮ ਨਾਲ।

ਪਰੀ ਨਿਸਾ ਕੀਨਸਿ ਬਿਸਰਾਮੂ।
ਜਿਨ ਕੇ ਬਾਕ ਮੋਖ ਕੇ ਧਾਮੂ ॥੨੩॥
ਅਗਲੀ ਜਬਿ ਪ੍ਰਭਾਤਿ ਹੁਇ ਆਈ।
ਕਰੀ ਸਕਲ ਤਨ ਕੀ ਸੁਚਤਾਈ।
ਬੈਠੇ ਸ਼੍ਰੀ ਗੁਰ ਤਬਹਿ ਪ੍ਰਯੰਕ।
ਤਬਿ ਮਸੰਦ ਉਰ ਧਰੇ ਅਤੰਕ[1] ॥੨੪॥

[1]ਡਰ।

ਦੀਨ ਮਨੇ ਦੋਨਹੁ ਕਰ ਜੋਰੇ।
ਪਹੁੰਚੇ ਢਿਗ ਗੁਰ, ਚਹਤਿ ਨਿਹੋਰੇ[1]†।

[1]ਬੇਨਤੀ ਚਾਹੁੰਦੇ। †ਪੰਡਤ ਤਾਰਾ ਸਿੰਘ ਜੀ ਨਰੋਤਮ ਅਪਣੇ ਗੁਰ ਤੀਰਥ ਸੰਗ੍ਰਹ ਵਿਖੇ ਲਿਖਦੇ ਹਨ:-"ਅੰਮ੍ਰਿਤਸਰ ਛੋਡ ਬੱਲੇ ਗ੍ਰਾਮ ਮੇ ਆਏ ਤਬ ਅੰਮ੍ਰਿਤਸਰ ਕੀ ਮਾਈਆਂ ਪ੍ਰਸ਼ਾਦ ਲੇਕਰ ਦਰਸ਼ਨ ਕੋ ਆਈਆਂ ਉਨਕੋ ਬਰ ਦੀਆ- 'ਤੁਮਾਰੇ ਮੇਂ ਸਦਾ ਭਕਤੀ ਰਹੇਗੀ।' "

ਬੰਦਨ ਕਰਹਿਂ ਨੰਮ੍ਰਤਾ ਧਾਰਿ।
ਅਰਪਿ ਉਪਾਇਨ ਕਛੁਕ ਅਗਾਰ ॥੨੫॥
ਕਹਤਿ ਭਏ 'ਭੈ ਤੁਰਕਨਿ ਕੇਰਾ।
ਰਹੈ ਸੁਧਾਸਰ ਬੀਚ ਬਡੇਰਾ।
-ਕੋ ਗੁਰੁ ਰਹਹਿ, ਕਿ ਨਾਂਹੀ ਇਹਾਂ[1]-।

[1]ਮੁਸਲਮਾਨ ਸੂੰਹ ਕੱਢਦੇ ਰਹਿੰਦੇ ਹਨ) ਕਿ ਕੋਈ ਗੁਰੂ ਇੱਥੇ ਰਹਿੰਦਾ ਹੈ ਕਿ ਨਹੀਂ ਰਹਿੰਦਾ।

ਪਿਖਿ ਪਿਖਿ ਜਾਹਿਂ ਬੈਰ ਕਰਿ ਮਹਾਂ ॥੨੬॥
ਪੈਂਦੇ ਕੋ ਸੁਤ ਆਦਿਕ ਆਨਿ।
ਜਿਨਹਿਂ ਗੁਰੂ ਰਣ ਮਹਿਂ ਕਿਯ ਹਾਨ।
ਤਿਨ ਕੇ ਸਨਬੰਧੀ ਜੋ ਅਹੈਂ।
ਸੋ ਪ੍ਰਤੀਛਨਾ ਕਰਤੇ ਰਹੈਂ ॥੨੭॥
ਤਿਨ ਦੁਸ਼ਟਨਿ ਤੇ ਹਮ ਡਰ ਪਾਇਂ।
-ਆਇ[1] ਬਿਗਾਰ ਨ ਕੁਛ ਕਰਿ ਜਾਇਂ-।

[1]ਆ ਕਰਕੇ।

ਹਮ ਅੰਮ੍ਰਿਤਸਰ ਰਹਤਿ ਹੈਂ ਜੇਤੇ।
ਨਿਤ ਗ਼ੁਲਾਮ ਗੁਰ ਘਰ ਕੇ ਤੇਤੇ ॥੨੮॥
ਇਹ ਅਸਥਾਨ ਸਦੀਵ ਤੁਮਾਰੋ।
ਰਾਵਰ ਸ੍ਵਾਮੀ ਸਦਾ ਸੰਭਾਰੋ।'
ਸੁਨਿ ਕੈ ਸ਼੍ਰੀ ਗੁਰ ਤੇਗ ਬਹਾਦਰ।
ਪਿਖੇ ਮਸੰਦ ਆਇ ਭੇ ਹਾਦਰ ॥੨੯॥
-ਮਨ ਖੋਟੇ ਜਿਨ ਕੇ ਸਭਿ ਭਾਂਤੀ।
ਮੁਖ ਤੇ ਅਪਰ ਬਨਾਵਹਿਂ ਬਾਤੀ।
ਧਨ ਲੋਭੀ ਇਹ ਸ੍ਵਾਨ ਸਮਾਨਾ।
ਕਰਹਿਂ ਚੁਰਾਵਨਿ ਭੇਟ ਮਹਾਨਾ ॥੩੦॥
ਬਹੁਤ ਦਿਵਸ ਕੇ ਕਰਹਿਂ ਕੁਕਰਮ।
ਭਏ ਮੰਦਮਤਿ ਬਿਸਰੇ ਧਰਮ[1]।
ਇਨਹਿ ਬਿਨਾਸਨਿ ਕਰਨੇ ਹਾਰਾ।
ਹੋਹਿ ਅਗਾਰੀ ਪੁਰਖ ਉਦਾਰਾ- ॥੩੧॥
ਇਮ ਬਿਚਾਰਿ ਜਗ ਗੁਰ ਸਭਿ ਸ੍ਵਾਮੀ।
ਬਚਨ ਬਖਾਨਜੋਂ ਅੰਤਰਜਾਮੀ।
'ਨਹਿਂ ਮਸੰਦ ਤੁਮ ਅੰਮ੍ਰਤਸਰੀਏ[1]।
ਤ੍ਰਿਸ਼ਨਾਗਨ ਤੇ ਅੰਦਰ ਸਰੀਏ[1†] ॥੩੨॥
ਜਸ ਖੋਟੇ ਮਗ ਕੀਨਿ ਅਲੰਬ[1]।
ਤਸ ਫਲ ਪ੍ਰਾਪਤ ਕਸ਼ਟ ਕਦੰਬ[1]।
ਤੁਮ ਕੈ ਸੰਤਤਿ ਪਾਇ ਤੁਮਾਰੀ।
ਜਿਮ ਗੁਰ ਘਰ ਕੇ ਭੇ ਦੁਰਚਾਰੀ[1]' ॥੩੩॥
ਇਮ ਕਹਿ ਠਾਨੀ ਮੌਨ ਗੁਸਾਈਂ।
ਮਿਲਿ ਮਸੰਦ ਗਮਨੇ ਸਮੁਦਾਈ।
ਭਯੋ ਸ੍ਰਾਪ ਦੁਖਦਾਯਕ ਜਿਨ ਕੋ[†]।

[1]ਧਰਮ ਵਿਸਾਰਕੇ ਮੰਦ ਮਤੀ ਹੋਏ ਹਨ।

[1]ਤੁਸੀਂ ਸ੍ਰੀ ਅੰਮ੍ਰਿਤਸਰ (ਸਰੋਵਰ ਤੇ ਮੰਦਰ ਦੇ) ਮਸੰਦ ਨਹੀਂ ਹੋ।

[1]ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ। [†]ਇਹ ਸ੍ਰਾਪ ਮੰਦਰ ਦੇ ਮਸੰਦਾਂ ਨੂੰ ਹੋ ਰਿਹਾ ਹੈ ਨਾ ਕਿ ਸ਼ਹਿਰ ਵਾਸੀਆਂ ਨੂੰ।

[1]ਜਿਵੇਂ ਖੋਟ ਵਾਲੇ ਰਾਹ ਦਾ ਆਸਰਾ ਲਿਆ ਹੈ।

[1]ਬਹੁਤਾ।

[1]ਗੁਰੂ ਘਰ (ਦੇ ਹੋਕੇ) ਜਿਵੇਂ ਖੋਟੇ ਕਰਮ ਕਰਨ ਵਾਲੇ ਹੋ ਗਏ ਹੋ।

[†]ਇਹ ਸਪੱਸ਼ਟ ਹੈ ਕਿ ਸ੍ਰਾਪ ਅੰਮ੍ਰਿਤ ਸਰੋਵਰ ਦੇ ਮਸੰਦਾਂ ਨੂੰ ਹੋਇਆ ਹੈ। ਇਤਿਹਾਸ ਤੋਂ ਅਜਾਣ ਲੋਕ ਸਰਾਪ ਨੂੰ ਅੰਮ੍ਰਿਤਸਰ ਸ਼ਹਿਰ ਦੇ ਵਾਸੀਆਂ ਤੇ ਲਾਉਣ ਦੀ ਉਕਾਈ ਕਰਦੇ ਰਹਿੰਦੇ ਹਨ। ਇਸ ਵੇਲੇ ਅੰਮ੍ਰਤਸਰ ਨਾਮ ਮੰਦਰ ਤੇ ਸਰੋਵਰ ਦਾ ਸੀ, ਸ਼ਹਿਰ ਦਾ ਨਾਮ ਰਾਮਦਾਸ ਪੁਰਾ ਸੀ। ਸ਼ਹਿਰ ਦਾ ਨਾਮ ਅੰਮ੍ਰਤਸਰ ਬਹੁਤ ਪਿਛੋਂ ਪਿਆ ਹੈ, ਵਾਕ ਬੀ ਇਹੋ ਹਨ 'ਮਸੰਦ ਤੁਮ ਅੰਮ੍ਰਤਸਰੀਏ' ਜਿਸਦੇ ਅਰਥ ਹਨ, ਤੁਸੀਂ ਹਰਿ ਮੰਦਰ ਦੇ ਜੋ ਮਸੰਦ ਹੋ ਤ੍ਰਿਸ਼ਨਾ ਅਗਨ ਨਾਲ ਅੰਦਰੋਂ ਸੜਦੇ ਹੋ। ਇਸ ਸ੍ਰਾਪ ਤੋਂ ਓਹ ਸੇਵਾਦਾਰ ਬਚ ਸਕਦੇ ਹਨ ਜੋ ਹਰੀਮੰਦਰ ਦੇ ਸੇਵਕ ਹੋਣ ਤੇ ਲੋਭ ਧਾਰਕੇ ਧਨ ਅੰਗੀਕਾਰ ਨਾ ਕਰਨ।

ਨਹਿਂ ਗੁਰਮਤਿ ਪ੍ਰਾਪਤਿ ਕਿਮ ਤਿਨ ਕੋ
॥੩੪॥
'ਅੰਤਰ ਸਰੀਏ' ਸ੍ਰਾਪ ਜੁ ਕਹ੍ਯੋ।
ਅਬਿ ਲੌ ਤਹਾਂ ਅਹੈ ਹਮ ਲਹ੍ਯੋ।
ਸ਼੍ਰੀ ਗੁਰ ਬਸਹਿਂ ਗ੍ਰਾਮ ਤਿਸ ਫੇਰੀ।
ਕਰਤਿ ਪ੍ਰਤੀਖਨ ਮੱਖਣ ਕੇਰੀ ॥੩੫॥
ਮਗਨ ਸ੍ਵਰੂਪਾਨੰਦ ਮਹਿਂ ਬੈਸੇ।
ਜਿਨਹਿਂ ਬਿਕਾਰ ਛੁਯੋ ਨਹਿਂ ਕੈਸੇ।
ਖਾਨ ਪਾਨ ਕਰਿ ਕੈ ਸ਼ੁਭ ਭਾਂਤੀ।
ਟਿਕੇ ਸੇਜ ਊਪਰ ਪਸ਼ਚਾਤੀ ॥੩੬॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰ ਅੰਮ੍ਰਿਤਸਰ ਤੇ ਹਟਨ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

## ੨੩. [ਸ਼੍ਰੀ ਗੁਰੂ ਜੀ ਦਾ ਬਕਾਲਿਓਂ ਕੂਚ]

੨੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੪

ਦੋਹਰਾ:
ਮੱਖਣ ਕਰਿ ਇਸ਼ਨਾਨ ਕੋ,
ਦਰਸ਼ਨ ਪਰਸਨ[1] ਕੀਨਿ।
ਪੁਨ ਕਰਾਇ ਅਰਦਾਸ ਕੋ,
ਚਲ੍ਯੋ ਸੁ ਮਤੀ ਪ੍ਰਬੀਨ ॥੧॥

[1]ਪਰਸਣਾ।

ਚੌਪਈ:
ਸ਼੍ਰੀ ਗੁਰੁ ਤੇਗ ਬਹਾਦਰ ਜਿਤ ਕੋ[1]।
ਗਮਨੇ ਹੁਤੇ ਚਲ੍ਯੋ ਤਬਿ ਤਿਤ ਕੋ।
ਅਧਿਕ ਪ੍ਰਸੰਨ ਹੋਇ ਤਿਸ ਛਿਨ ਮੈਂ।
ਮਹਿਮਾ ਸਤਿਗੁਰ ਕੀ ਲਖਿ ਮਨ ਮੈਂ ॥੨॥

[1]ਜਿਸ ਪਾਸੇ।

ਸਹਿਨ ਸ਼ੀਲ[1] ਜਿਨ ਕੇ ਨ ਸਮਾਨਾ।
ਸਰਬ ਸ਼ਕਤਿ ਧਰਿ ਸ਼੍ਰੀ ਭਗਵਾਨਾ।
ਮਗ ਮਹਿਂ ਇਮ ਠਾਨਤਿ[1] ਬਡਿਆਈ।
ਪਹੁੰਚ੍ਯੋ ਗ੍ਰਾਮ ਗੁਰੂ ਜਿਸ ਥਾਈਂ ॥੩॥

[1]ਸਹਨ ਦਾ ਸੁਭਾਉ।
[1]ਕਰਦਾ ਹੋਇਆ।

ਵਹਿਰ ਗ੍ਰਾਮ ਤੇ ਕੀਨਸਿ ਡੇਰਾ।
ਵਸਤੁ ਗੰਭੀਰ ਧਰੀ ਤਿਸ ਬੇਰਾ।
ਸਰਬ ਭਾਂਤਿ ਤੇ ਕਰਿ ਤਕਰਾਈ।
ਮੱਦ੍ਰ ਦੇਸ਼ ਨਰ ਜਾਨਿ ਖੁਟਾਈ[1] ॥੪॥

[1]ਪੰਜਾਬ ਦੇ ਲੋਕਾਂ ਦੀ ਖੁਟਾਈ ਜਾਣਕੇ।

ਮਿਲ੍ਯੋ ਗੁਰੂ ਸੰਗ ਬੰਦਨ ਧਾਰਾ।
ਸਭਿ ਪ੍ਰਸੰਗ ਭਾ ਤਥਾ ਉਚਾਰਾ।
'ਲੋਭ ਮਸੰਦਨ ਕੋ ਧਨ ਕੇਰੇ।
ਬੇਮੁਖ ਭਏ ਕਪਾਟ[1] ਸੁ ਭੇਰੇ ॥੫॥

[1]ਹਰਿਮੰਦਰ ਦੇ) ਤਖਤੇ।

ਅਜਹੁੰ ਨ ਸ਼ਰਧਾ ਜਿਨ ਕੇ ਭਈ।
ਕੌਨ ਗੁਰੂ, ਪਾਰੁਖ ਨਹਿਂ ਅਈ[1]।
ਮੈਂ ਤਰਜਨ[1] ਕਰਿ ਸੁਜਸੁ ਉਚਾਰਾ।
ਤਬਿ ਮਿਲਿਬੇ ਹਿਤ ਇਤ ਪਗ ਧਾਰਾ ॥੬॥

[1]ਕੌਣ ਗੁਰੂ ਹੈ (ਇਹ) ਪ੍ਰੀਖਿਆ ਨਹੀਂ ਹੋਈ।
[1]ਤਾੜ ਕੇ।

ਧਨ ਹਿਤ ਗੁਰੂ ਸਥਾਨ ਸੰਭਾਰੇ।
ਲੋਭ ਰਿਦੇ ਡਹਿਕਾਇ[1] ਉਦਾਰੇ।

[1]ਦਿਲ (ਜਿਨ੍ਹਾਂ ਦਾ) ਭਟਕਾ ਰਿਹਾ ਹੈ।

ਜੇ ਕਰਿ ਇਨਹੁਂ ਸਜ਼ਾਇ ਨ ਬਨੇ।
ਕਰਿ ਹੰਕਾਰ ਅਫ਼ਰ ਹੈਂ ਘਨੇ ॥ ੭ ॥
ਤੁਮ ਤੇ ਸ਼ੰਕਤਿ ਮੈਂ ਅਬਿ ਰਹੇ੍ਯੋ[1]। — [1]ਡਰਦਾ ਰਿਹਾ ਹਾਂ।
ਤ੍ਰਾਸ[1] ਦੇਨ ਕੋ ਨਹਿਂ ਕੁਛ ਕਹੇ੍ਯੋ।' — [1]ਮਸੰਦਾਂ ਨੂੰ) ਡਰ।
ਸੁਨਿ ਸ਼੍ਰੀ ਤੇਗ ਬਹਾਦਰ ਸ੍ਵਾਮੀ।
ਬੋਲੇ ਜਾਨਿ[†] ਮਸੰਦਨਿ ਖਾਮੀ[1] ॥ ੮ ॥ — [1]ਕਚਿਆਈ, ਖੋਟ। [†]ਜਾਸ।
'ਇਨਹੁਂ ਸਜ਼ਾਇ ਦੇਨਿ ਕੋ ਭਾਰੀ।
ਉਪਜਹਿਗੋ ਇਕ ਪੁਰਖ ਅਗਾਰੀ[1]। — [1]ਅਗਲੇ ਸਮੇਂ ਵਿਚ।
ਕਰਹਿ ਤਾੜਨਾ, ਪ੍ਰਾਨਨਿ ਹਾਨਹਿ।
ਜਰਾਂ ਉਖਾਰਹਿ, ਕੋਇਕ ਮਾਨਹਿ[1] ॥ ੯ ॥ — [1]ਕਿਸੇ ਇੱਕ ਨੂੰ ਮੰਨੇਗਾ ਭਾਵ ਵਿਰਲੇ ਵਿਰਲੇ ਮਸੰਦ ਦੀ ਕਦਰ ਕਰੇਗਾ, ਜੈਸੇ ਭਾਈ ਫੇਰੂ ਆਦਿਕਾਂ ਦਾ ਸਨਮਾਨ ਹੋਇਆ ਸੀ।
ਕਰਜੋ ਕ੍ਰਿੱਤ ਕੋ ਤਬਿ ਫਲ ਪਾਵੈਂ।
ਗੁਰ ਸਿਖ ਅਪਨੇ ਮੁਖ ਨਹਿਂ ਲਾਵੈਂ।'
ਇਮ ਕਹਿ ਸਤਿਗੁਰੁ ਸੁਖੁਪਤਿ ਧਾਰੀ[1]। — [1]ਨਿੰਦ੍ਰਾ ਕੀਤੀ।
ਮੱਖਣ ਗਾ ਨਿਜ ਸਿਵਰ ਮਝਾਰੀ ॥ ੧੦ ॥
ਸੁਪਤਿ ਭਏ ਸੁਖ ਨਿਸਾ ਬਿਤਾਈ।
ਜਾਗੇ ਬਹੁਰ ਪ੍ਰਾਤਿ ਹੁਇ ਆਈ।
ਭਏ ਤਯਾਰ ਮਗ ਕਰਨਿ ਪਯਾਨਾ।
ਸੁੰਦਰ ਜ਼ੀਨ ਪਵਾਇ ਕਿਕਾਨਾ[1] ॥ ੧੧ ॥ — [1]ਘੋੜੇ ਤੇ।
ਭਏ ਅਰੂਢਨਿ ਮਾਰਗ ਚਾਲੇ।
ਪਹੁੰਚੇ ਆਇ ਸੁ ਬੀਚ ਬਕਾਲੇ।
ਡੇਰਾ ਕਰਤਿ ਭਏ ਨਿਜ ਧਾਮ।
ਮਿਲੇ ਮਾਤ ਕੌ ਕੀਨਿ ਪ੍ਰਨਾਮ ॥ ੧੨ ॥
-ਅਨਿਕ ਬਿਘਨ ਕੇ ਸੁਤ ਬਚਿ ਗਯੋ-।
ਯਾਂ ਤੇ ਅਧਿਕ ਨੇਹੁ ਉਰ ਭਯੋ।
ਮਿਲਿ ਕਰਿ ਮੁਖ ਸਿਰ ਪਰ ਕਰ ਫੇਰਾ।
ਬਾਰਿ ਬਾਰਿ ਧਰਿ ਮੋਦ ਘਨੇਰਾ ॥ ੧੩ ॥
ਤੈਸੇ ਮੱਖਣ ਉਤਰ੍ਯੋ ਆਨਿ।
ਡੇਰਾ ਕਰਤਿ ਭਯੋ ਨਿਜ ਥਾਨ।
ਖਾਨ ਪਾਨ ਕਰਿ ਕੈ ਸਭਿ ਭਾਂਤੀ।
ਸੁਪਤੇ ਤਿਮਰ ਪ੍ਰਵਿਰਤੇ ਰਾਤੀ ॥ ੧੪ ॥
ਜਾਮ ਜਾਮਨੀ ਜਾਗ੍ਰਨ ਕਰੇ।

ਬਿਧਿ ਤੇ ਸੌਚ ਸੁ ਮੱਜਨ ਕਰੇ।
ਬਿਦਤੀ ਬਾਤ ਜਹਾਂ ਕਹਿ ਦੇਸ਼ੁ।
-ਬਿਦਤ ਭਏ ਸਤਿਗੁਰੂ ਵਿਸ਼ੇਸ਼ ॥੧੫॥
ਮੰਜੀ ਅਪਰ ਸੋਢੀਅਨਿ ਲਾਈ।
ਲੱਜਿਤਿ ਹੋਤਿ ਗਏ ਨਿਜ ਥਾਈਂ।
ਸ਼੍ਰੀ ਗੁਰ ਹਰਿਗੋਵਿੰਦ ਕੋ ਨੰਦ।
ਗੁਰਤਾ ਗਾਦੀ ਥਿਰੇ ਬਿਲੰਦ- ॥੧੬॥
ਕਹੈਂ ਪਰਸਪਰ ਸਿਖ ਪੁਰਿ ਗ੍ਰਾਮ।
ਸਭਿ ਬਿਧਿ ਸੁਜਸੁ ਸੁਨਹਿਂ ਅਭਿਰਾਮ।
ਨਿਕਟ ਕਿ ਦੂਰ ਦਰਸ ਕੇ ਹੇਤੁ।
ਆਵਤਿ ਗਮਨੇ ਤਜੇ ਨਿਕੇਤ ॥੧੭॥
ਅਨਿਕ ਅਕੋਰਨਿ ਕੋ ਲੈ ਆਵਹਿਂ।
ਗ੍ਰਾਮ ਬਕਾਲੇ ਕੀ ਦਿਸ਼ਿ ਧਾਵਹਿਂ।
ਜਬਿ ਬੈਠਹਿਂ ਸ਼੍ਰੀ ਤੇਗ ਬਹਾਦਰ।
ਸੰਗਤਿ ਆਨਿ ਖਰੀ ਹੁਇ ਹਾਦਰ[1] ॥੧੮॥

[1]ਹਜ਼ੂਰੀ ਵਿੱਚ।

ਦਰਬ ਆਦਿ ਬਹੁ ਧਰਹਿਂ ਅਗਾਰੀ।
ਬੰਦਨ ਕਰਹਿਂ ਭਾਉ ਕੋ ਧਾਰੀ।
ਆਵਨਿ ਲਗੀ ਭੇਟ ਚਹੁੰ ਓਰ।
ਮਾਨਹਿਂ ਸਿੱਖ ਝੁਕੈਂ ਕਰ ਜੋਰਿ ॥੧੯॥
ਸੁਨਹਿ ਬਿਲੋਕਹਿਂ ਸੋਢੀ ਸਾਰੇ[†]।

[†]ਅੰਕ ੧੬ ਵਿੱਚ ਦੱਸ ਆਏ ਹਨ ਕਿ ਸੋਢੀ ਸਾਰੇ ਸ਼ਰਮਿੰਦੇ ਹੋਕੇ ਟੁਰ ਗਏ। ਏਥੇ ਭਾਵੇਂ ਉਨ੍ਹਾਂ ਦੇ ਟੁਰਨ ਤੋਂ ਪਹਿਲੇ ਸਮੇਂ ਵੱਲ ਇਸ਼ਾਰਾ ਜਾਪਦਾ ਹੈ।

ਜਰਹਿਂ ਨਹੀਂ[1], ਉਰ ਜਰਹਿਂ[2] ਕੁਢਾਰੇ[3]।

[1]ਸਹਾਰ ਨਹੀਂ ਸਕਦੇ। [2]ਸੜਦੇ ਹਨ। [3]ਖੋਟੇ।

ਦ੍ਵੈਸ਼ ਉਪਾਵਤਿ ਕਟੁ[1] ਬਚ ਕਹੈਂ।

[1]ਕੌੜੇ।

ਨਹੀਂ ਮਹਾਤਮ ਗੁਰ ਕੋ ਲਹੈਂ ॥੨੦॥
ਕਿਤਿਕ ਦਿਵਸ ਰਹਿ ਮੱਖਣ ਸ਼ਾਹੂ।
ਅਪਨੇ ਦੇਸ਼ ਗਮਨ ਕਰਿ ਚਾਹੂ[1]।

[1]ਜਾਣੇ ਦੀ ਚਾਹ ਕਰਦਾ ਹੈ।

-ਬਹੁ ਦਿਨ ਬਿਤੇ ਛੋਰਿ ਘਰ ਆਯੋ।
ਪੂਰੀ ਕਾਮਨਾ ਦਰਸ਼ਨ ਪਾਯੋ- ॥੨੧॥
ਰਿਦੈ ਬਿਚਾਰਤਿ ਇਕ ਦਿਨ ਐਸੇ।
ਚਲਿ ਆਯਹੁ ਜਹਿਂ ਸਤਿਗੁਰ ਬੈਸੇ।
ਨਿੰਮ੍ਰਿ ਹੋਇ ਕਰਿ ਬੰਦਨ ਠਾਨੀ।

ਪ੍ਰੇਮ ਜਨਾਵਤਿ ਬੋਲਜੋ ਬਾਨੀ ॥੨੨॥
ਦੂਰ ਅਧਿਕ ਤੇ ਮੈਂ ਚਲਿ ਆਯੋ।
ਬਾਂਛਤਿ ਰਾਵਰਿ ਦਰਸ਼ਨ ਪਾਯੋ।
ਭਯੋ ਕ੍ਰਿਤਾਰਥ ਅਬਿ ਸਭਿ ਭਾਂਤੀ।
ਹਤਿ ਸੰਸੈ ਭਾ, ਸੀਤਲ ਛਾਤੀ ॥੨੩॥
ਚਿਰੰਕਾਲ ਭਾ ਤਜੇ ਨਿਕੇਤ।
ਚਲਜੋ ਚਹਤਿ ਤੁਮ ਨਾਮ ਸਮੇਤ[1]।'

[1]ਆਪ ਦੇ (ਦਾਨ ਕੀਤੇ) ਨਾਮ ਸਹਿਤ ਭਾਵ ਨਾਮ ਸਿਮਰਦੇ ਹੋਏ। (ਅ) 'ਧੰਨ ਗੁਰੂ ਤੇਗ ਬਹਾਦਰ' ਆਖਕੇ ਹੁਣ ਤੁਰਿਆ ਚਾਹੁੰਦਾ ਹਾਂ।

ਸੁਨਿ ਸਤਿਗੁਰ ਕਹਿ ਸਹਜ ਸੁਭਾਇ।
'ਹਮ ਤੇ ਭੀ ਇਤ ਬਸਜੋ ਨ ਜਾਇ ॥੨੪॥
ਤਜਹਿਂ ਦੇਸ਼ ਹੁਇਂ ਸਤੁੱਦ੍ਰਵ ਪਾਰ।
ਕਹੂੰ ਕਰਹਿੰਗੇ ਅਪਨਿ ਅਗਾਰ[1]।

[1]ਘਰ।

ਮਤਸਰ ਇਹਾਂ ਕਰਤਿ ਹੈਂ ਘਨੇ।
ਅਸ ਨ ਹੋਇ ਕੋ ਜਾਵਹਿਂ ਹਨੇ[1] ॥੨੫॥

[1]ਐਸਾ ਨਾ ਹੋਵੇ ਕਿ ਕੋਈ ਮਾਰੇ ਜਾਣ ਭਾਵ ਕੋਈ ਬਖੇੜਾ ਵਧ ਕੇ ਲੜਾਈ ਤੇ ਕਿਸੇ ਦੇ ਮਾਰੇ ਜਾਣ ਤਕ ਨੌਬਤ ਨਾ ਅੱਪੜੇ।

ਜਹਾਂ ਸ਼ਾਂਤਿ ਹੁਇ ਬਿਨਾ ਬਖੇਰੇ।
ਤਹਾਂ ਕੁਸ਼ਲ ਹ੍ਵੈ ਬਸਿਬੇ ਕੇਰੇ।
ਸ਼੍ਰੀ ਹਰਿ ਕ੍ਰਿਸ਼ਨ ਬਾਕ ਕੇ ਕਹੇ।
ਗ੍ਰਾਮ ਬਕਾਲੇ ਗੁਰਤਾ ਲਹੇ[1] ॥੨੬॥

[1]ਸਮਝਦੇ ਹਨ) ਕਿ ਬਕਾਲੇ ਪਿੰਡ ਗੁਰਤਾ ਪ੍ਰਾਪਤ ਹੁੰਦੀ ਹੈ।

ਯਾਂ ਤੇ ਇਹਾਂ ਬਸਨਿ ਸਭਿ ਚਾਹੈਂ।
ਵਧਹਿ ਦ੍ਵੈਸ਼ ਪੁਨ ਆਪਸ ਮਾਂਹੈ।
ਆਗੇ ਧੀਰਮੱਲ ਬਹੁ ਕੀਨਿ।
ਕਹਾਂ ਲਾਭ ਹੋਯਹੁ ਦੁਖ ਭੀਨ' ॥੨੭॥
ਇਮ ਕਹਿ ਸ਼੍ਰੀ ਸਤਿਗੁਰੁ ਭੇ ਤਯਾਰ।
ਜਨਨੀ ਸੋਂ ਤਬਿ ਕੀਨਿ ਉਚਾਰਿ।
'ਅਪਰ ਗ੍ਰਾਮ ਬਸਿਬੋ ਅਬਿ ਬਨੈ।
ਦ੍ਵੈਸ਼ੀ ਦ੍ਵੈਸ਼ ਕਰਤਿ ਇਤ ਘਨੈ' ॥੨੮॥
ਇੱਤਯਾਦਿਕ ਕਹਿ ਕੈ ਸੰਗ ਮਾਤ।
ਸੁਪਤੇ ਸਤਿਗੁਰ ਬਿਤੀ ਸੁ ਰਾਤਿ।
ਭਈ ਪ੍ਰਭਾਤਿ ਸੌਚ ਸਭਿ ਕੀਨਿ।

ਮੱਜਨ ਕਰਯੋ ਪਹਿਰਿ ਪਟ ਲੀਨਿ ॥੨੯॥
ਮਾਤ ਨਾਨਕੀ ਲਖਿ ਸਭਿ ਬਾਤ।
-ਨਹਿਂ ਰਹਿਬੇ ਕੀ ਮਰਜ਼ੀ ਤਾਤ[1]-। [1]ਪੁੱਤ੍ਰ ਦੀ।
ਘਰ ਕੀ ਵਸਤੁ ਸਰਬ ਸੰਭਵਾਈ।
ਚਿਰੰਕਾਲ ਕੀ ਬਸਤਿ ਜੁ ਹਾਈ[1]† ॥੩੦॥ [1]ਵਸਦੀ ਜੋ ਹੈਸੀ। †ਪਾ:-ਜਹਾਂ ਈ।
ਨਹਿਂ ਚਿਤ ਚਹਤਿ ਤਜਾਗਿਬੇ ਗ੍ਰਾਮੂ।
ਪਤਿ ਪਾਛੇ ਬਾਸੀ ਕਰਿ ਧਾਮੂ।
ਤਊ ਜਾਨਿ ਸਭਿ ਰੀਤਿ ਲਚਾਰੀ[1]। [1]ਬੇਵਸੀ।
ਵਸਤੁ ਸੰਭਾਰਨਿ ਦ੍ਰਿਗ ਜਲ ਡਾਰੀ ॥੩੧॥
ਜ਼ੀਨ ਤੁਰੰਗਨ ਪਰ ਸ਼ੁਭ ਪਾਏ।
ਮੱਖਣ ਤਯਾਰ ਭਯੋ ਸਹਿਸਾਏ।
ਸਭਿ ਦਾਸਨਿ ਸੋਂ ਕੀਨਿ ਉਚਾਰੀ।
'ਆਨਹੁ ਸਗਰੀ ਵਸਤੁ ਸੰਭਾਰੀ ॥੩੨॥
ਗੁਰ ਘਰ ਕੀ ਅਰੁ ਅਪਨੀ ਜੇਤੀ।
ਲੇ ਕਰਿ ਆਵਹੁ ਬੇਗ ਸਮੇਤੀ।'
ਇਮ ਕਹਿ ਆਨਿ ਮਿਲ੍ਯੋ ਗੁਰੁ ਸੰਗ।
ਕੀਨਸਿ ਬੰਦਨ ਉਤਰਿ ਤੁਰੰਗ ॥੩੩॥
ਹਾਥ ਜੋਰਿ ਕਰਿ ਗਿਰਾ ਉਚਾਰੀ।
'ਚਢਹੁ ਆਪ ਨਹਿਂ ਕਰਹੁ ਅਵਾਰੀ।
ਸਲਿਤਾ ਤਰਨੀ ਪਰ ਚਢਿ ਤਰਨੀ[1]। [1]ਜਿਥੇ) ਨਦੀ ਤਰਨ ਲਈ, ਭਾਵ ਪਾਰ ਹੋਣ ਲਈ ਬੇੜੀ ਤੇ ਚੜ੍ਹਨਾ ਹੈ, ਓਥੇ....... ਭਾਵ ਪੱਤਣ ਤੋਂ ਹੈ।
ਮਿਲਹਿਂ ਆਇ ਸਭਿ, ਵਸਤੁ ਸੰਭਾਰਿਨੀ[1]' ॥੩੪॥ [1]ਸਾਰੇ (ਹੋਰ ਸਾਥੀ) ਚੀਜ਼ਾਂ ਸੰਭਾਲਕੇ ਆ ਮਿਲਣਗੇ (ਪਿੱਛੋਂ)।
ਸੁਨਿ ਸ਼੍ਰੀ ਤੇਗ ਬਹਾਦਰ ਚੰਦ।
ਕਹਿ ਬੜਵਾ ਮੰਗਵਾਇ ਬਿਲੰਦ।
ਸਜਤਿ ਜ਼ੀਨ ਜੁਤਿ ਲੇ ਕਰਿ ਆਵਾ।
ਆਗੇ ਖਰੋ ਦਾਸ ਦ੍ਰਿਸ਼ਟਾਵਾ ॥੩੫॥
ਸ਼੍ਰੀ ਨਾਨਕ ਕੋ ਤਬਹਿ ਮਨਾਇ।
ਉਠਿ ਸ਼੍ਰੀ ਤੇਗ ਬਹਾਦਰ ਰਾਇ।

ਲੇ ਮੱਖਣ ਕੋ ਅਪਨੇ ਸੰਗ।
ਚਢੇ ਤੁਰੰਗਨਿ ਪਰ ਸ਼ੁਭ ਰੰਗ ॥੩੬॥
ਦਾਸ ਛੋਰਿ ਤਬਿ ਬਾਗ ਗਹਾਈ[1]।
ਮਾਰਗ ਗਮਨ ਕੀਨਿ ਅਗਵਾਈ।
ਪਾਛੇ ਮੱਖਣ ਚਢਿ ਕਰਿ ਪਜਾਨਾ।
ਸੰਗ ਕਿਤਿਕ ਅਸਵਾਰ ਸੁਜਾਨਾ[1] ॥੩੭॥
ਸ਼੍ਰੀ ਗੁਜਰੀ ਕੋ ਭ੍ਰਾਤਾ ਅਹੈ[†]।
ਨਾਮ ਕ੍ਰਿਪਾਲ ਤਿਸੀ ਕੋ ਕਹੈਂ।
ਸੋ ਤੁਰੰਗ ਪਰ ਹ੍ਵੈ ਅਸਵਾਰ।
ਕੀਨਸਿ ਤਯਾਰੀ ਗੁਰ ਕੀ ਲਾਰ[1] ॥੩੮॥
ਅਪਰ ਦਾਸ ਕੇਤਿਕ ਸੰਗ ਹੋਏ।
ਕੇਤਿਕ ਵਸਤੁ ਸੰਭਾਰਤਿ ਜੋਏ।
ਸਨੇ ਸਨੇ ਸ਼੍ਰੀ ਸਤਿਗੁਰ ਚਾਲੇ।
ਪਰਜੋ ਬਹੀਰ ਦਾਸ ਬਹੁ ਨਾਲੇ ॥੩੯॥
ਇਕ ਆਗੈ ਇਕ ਪਾਛੈ ਆਇ।
ਗਮਨੇ ਇਕ ਉਰ ਸ਼ੋਕ ਉਪਾਇ।
ਰਿਦੈ ਬਿਚਾਰਹਿਂ -ਗੁਰਤਾ ਗਾਦੀ।
ਭਈ ਬਿਦਤ ਸਿੱਖਜਨਿ ਅਹਿਲਾਦੀ ॥੪੦॥
ਤਉ ਸ਼ਰੀਕਾ ਸੋਢੀ ਕਰੈਂ।
ਨਾਹਕ ਬੈਰ ਪਰਸਪਰ ਧਰੈਂ।
ਇਹ ਬਡ ਖੋਟ[1] ਦੇਤਿ ਦੁਖ ਭਾਰੀ।
ਬਸਤਿ[1] ਬਕਾਲੇ ਗ੍ਰਾਮ ਮਝਾਰੀ ॥੪੧॥
ਹੇਰਿ ਬੈਰ ਕੋ ਛੋਰਨਿ ਕਰਜੋ।
ਅਪਰ ਥਾਨ ਬਸਿਬੇ ਚਿਤ ਧਰਜੋ।
ਕਿਸ ਕੋ ਸੁਧਿ ਕਿਸ ਥਲ ਚਲਿ ਜਾਵੈਂ।
ਕਹਾਂ ਥਿਰਹਿਂ ਨਿਜ ਗ੍ਰਾਮ ਬਸਾਵੈਂ- ॥੪੨॥
ਇੱਤਜਾਦਿਕ ਗਿਣਤੀ ਮਹਿਂ ਦਾਸ।
ਗਮਨੇ ਸੰਗ ਸੁ ਰਿਦੈ ਉਦਾਸ।

[1]ਦਾਸ ਨੇ ਆਪਣੇ ਹੱਥੋਂ ਛੱਡਕੇ ਮਹਾਰਾਜ ਜੀ ਨੂੰ ਵਾਗ ਫੜਾਈ।
[1]ਚਤੁਰ। (ਅ) ਜਾ ਰਹੇ ਹਨ।
[†]ਨਾਨਕੀ ਜੀ ਦਾ ਪੇਕਾ ਘਰ ਬਕਾਲੇ ਸੀ।
[1]ਨਾਲ।
[1]ਖੋਟੇ ਹਨ।
[1]ਨਾਂਵੇ ਗੁਰੂ ਜੀ) ਵੱਸਦੇ ਸਨ।

ਸ਼੍ਰੀ ਗੁਰ ਤੇਗ ਬਹਾਦਰ ਚਲੇ।
ਮੱਖਣ ਸੰਗ ਸੁਭਟ ਗਨ ਭਲੇ ॥੪੩॥
ਕੁਛ ਮਗ ਉਲੰਘਤਿ ਪਹੁੰਚੇ ਆਇ।
ਨਦੀ ਬਿਪਾਸਾ ਚਲਿ ਜਿਸ ਥਾਇਂ।
ਤਰਨੀ ਪਰ ਚਢਿ ਕੈ ਤਟ ਪਾਰ।
ਹੇਰੀ ਚਲਹਿ ਬਿਮਲ ਬਹੁ ਬਾਰਿ[1] ॥੪੪॥

[1]ਬੇੜੀ ਤੇ ਚੜ੍ਹਕੇ ਪਾਰ ਹੋਣ ਲਈ ਤਟ (ਤੇ ਖੜੋਕੇ ਬੇੜੀ) ਤੱਕੀ, ਬਹੁਤ ਨਿਰਮਲ ਜਲ ਚੱਲਦਾ (ਨਜ਼ਰ ਪਿਆ)। (ਅ) ਐਉਂ ਬੀ ਅਨ੍ਵੈ ਹੁੰਦਾ ਹੈ:-ਤਟ ਪਰ ਚੜ੍ਹਕੇ ਪਾਰ ਵੱਲ ਤਰਨੀ (ਲਈ) ਹੇਰਿਆ।

ਨੌਕਾ ਨਹੀਂ ਨਿਕਟਿ ਕੋ ਆਈ।
ਇਮ ਬਿਲੋਕਿ ਠਾਂਢੇ ਤਿਸ ਥਾਈਂ।
ਸਾਥ ਪਾਛਲੋ ਆਵਤਿ ਚਾਲਾ।
ਕਰਤਿ ਬਿਲੋਕਨਿ ਖਰੇ ਕ੍ਰਿਪਾਲਾ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰ ਤੇਗ ਬਹਾਦਰ ਗਮਨ' ਪ੍ਰਸੰਗ ਬਰਨਨੰ ਨਾਮ ਤੀਨਬਿੰਸਤੀ ਅੰਸੂ ॥੨੩॥

## ੨੪. [ਸ਼੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਠਾਂਢੇ ਤਰੀ ਪ੍ਰਤੀਖਤੇ, ਪਿਖਤਿ ਪਾਛਲੋ
ਸਾਥ।
-ਆਇ ਮਿਲਹਿਂ ਇਕਠੇ ਸਕਲ-,
ਉਲੰਘਤਿ ਕੋ ਚਹਿਂ ਨਾਥ ॥੧॥

ਚੌਪਈ:

ਅਲਪ ਵਸਤੁ ਕੁਛ ਸਦਨ ਮਝਾਰੀ[1]।
ਧੀਰਮੱਲ ਕੋ ਦੀਨਸਿ ਸਾਰੀ[1]।
ਲਘੁ ਤੁਰੰਗਨਿ ਪਰ ਧਰਿ ਸੋ ਲਜਾਏ।
ਸਨੇ ਸਨੇ ਗੁਰ ਢਿਗ ਚਲਿ ਆਏ ॥੨॥
ਕੇਤਿਕ ਸਿੱਖਯ ਫਕੀਰ ਕਿਤੇਕ।
ਮਿਲ ਸੰਗੀ ਭੇ ਜਲਧਿ ਬਿਬੇਕ[1]।
ਆਇ ਆਇ ਗੁਰ ਢਿਗ ਹੁਇ ਠਾਂਢੇ।
ਸ਼ਰਧਾਲੂ ਪ੍ਰੇਮੀ ਮਨ ਗਾਢੇ ॥੩॥
ਇਤਨੇ ਮਹਿਂ ਸਿਖ ਸੋ ਚਲਿ ਆਯੋ।
ਗੁਰੂ ਗ੍ਰਿੰਥ ਜਿਨ ਸੀਸ ਉਠਾਯੋ।
ਦੇਖਤਿ ਗੁਰ ਅਰ ਸਿਖ ਤਿਸ ਓਰ।
ਬੰਦਨ ਕਰੀ ਸਕਲ ਕਰ ਜੋਰਿ ॥੪॥
ਤੇਗ ਬਹਾਦਰ ਗੁਰੂ ਬਖਾਨਯੋ।
'ਕੌਨ ਗ੍ਰਿੰਥ ਸਾਹਿਬ ਇਹ ਆਨਜੋ।
ਕਿਤ ਲੇ ਜਾਇ[1], ਅਹੈ ਕਿਸ ਪਾਸ?
ਬੂਝਹੁ ਇਸ ਕੋ, ਕਰਹੁ ਪ੍ਰਕਾਸ਼" ॥੫॥
ਤਬਿ ਕ੍ਰਿਪਾਲ ਗੁਜਰੀ ਕੋ ਭ੍ਰਾਤ।
ਸਰਬ ਸੁਨਾਇ ਭਨਜੋ ਸੁ ਬ੍ਰਿਤਾਂਤ।
'ਸ਼੍ਰੀ ਗੁਰ ਅਰਜਨ ਪ੍ਰਥਮ ਲਿਖਾਯੋ।
ਧੀਰਮੱਲ ਸੋ ਛਲ ਕਰਿ ਪਾਯੋ ॥੬॥
ਡੇਰਾ ਲੂਟ ਲੀਨਿ ਜਬਿ ਸਾਰੇ।
ਤਬਿ ਤੇ ਆਯਹੁ ਸਦਨ ਹਮਾਰੇ।
ਮਹਾਂ ਮਹਾਤਮ ਹੈ ਇਸ ਕੇਰਾ।
ਜਿਸ ਕੇ ਦਰਸ਼ਨ ਪੁੰਨ ਘਨੇਰਾ ॥੭॥

[1]ਭਾਵ ਥੋੜਾ ਕੁਛ ਹੀ ਘਰ ਵਿੱਚ ਸੀ।
[1]ਆਪ) ਦੇ ਦਿੱਤੀ ਸੀ।
[1]ਗੁਰੂ ਜੀ ਦੇ ਨਾਲ ਹੋ ਗਏ।
[1]ਕਿਥੇ ਲੈ ਜਾ ਰਿਹਾ ਹੈ।
[1]ਭਾਵ (ਸਾਨੂੰ) ਦੱਸੋ।

ਰਾਵਰਿ ਬਡਨਿ[1] ਬਨਾਯੋ ਏਹੀ। — [1]ਵਡਿਆਂ ਨੇ।
ਇਸ ਢਿਗ ਹੁਇ ਪੂਜਾ ਬਹੁ ਲੇਹੀ।
ਇਸ ਕਰਿ ਸਰਬ ਸੰਗਤਾਂ ਆਵੈਂ।
ਦਰਸਹਿਂ ਅਨਿਕ ਅਕੋਰ ਚਢਾਵੈਂ ॥੮॥
ਯਾਂ ਤੇ ਆਪ ਨਿਕਟਿ ਅਬਿ ਰਹੈ।
ਅਪਰ ਥਾਨ ਕੇ ਉਚਿਤ ਨ ਅਹੈ।'
ਸੁਨਿ ਸ਼੍ਰੀ ਤੇਗ ਬਹਾਦਰ ਕਹ੍ਯੋ।
'ਹਮਰੇ ਸੰਗ ਕੌਨ ਬਿਧਿ ਰਹ੍ਯੋ[1] ॥੯॥ — [1]ਕਿਸ ਤਰ੍ਹਾਂ ਰਹਿ ਗਿਆ।
ਕਿਨ ਇਹ ਰਾਖਿ ਸਾਥ ਨਿਜ ਆਨ੍ਯੋ?
ਫੇਰਨਿ[1] ਕਹ੍ਯੋ, ਨਹੀਂ ਸੋ ਮਾਨ੍ਯੋ। — [1]ਮੋੜਨਾ।
ਧੀਰਮੱਲ ਕੇ ਨਿਕਟਿ ਕਦੀ ਕੋ[1]। — [1]ਕਦੇ ਦਾ ਭਾਵ ਬਹੁਤ ਚਿਰ ਦਾ।
ਅਬਿ ਭੀ ਦੈਬੋ ਬਨਹਿ ਤਿਸੀ ਕੋ ॥੧੦॥
ਛੀਨ ਲੇਨਿ ਇਹੁ ਉਚਿਤ ਨ ਹਮੈ।
ਰਿਦੇ ਬਿਸੂਰਹਿ ਦੁਖ ਸਭਿ ਸਮੈ[1]।' — [1]ਚਿੱਤੋਂ ਦੁਖੀ ਹੋ ਕੇ ਸਦਾ ਝੂਰਦਾ ਰਹੇਗਾ (ਧੀਰਮੱਲ)।
ਤਬਹਿ ਕ੍ਰਿਪਾਲ ਸੁਨਾਵਨਿ ਕੀਨਿ।
'ਮੱਖਣ ਅਰੁ ਮਾਤਾ ਨਹਿਂ ਦੀਨਿ ॥੧੧॥
-ਹੁਤੇ ਪਿਤਾਮੇ ਰਾਵਰਿ ਕੇਰਾ[1]। — [1]ਆਪ ਦੇ ਪਿਤਾਮਾ ਜੀ ਦਾ।
ਜਿਨਹੁਂ ਗ੍ਰਿੰਥ ਜੀ ਕੀਨਿ[1] ਬਡੇਰਾ। — [1]ਰੱਚਿਆ।
ਯਾਂ ਤੇ ਵਸਤੁ ਆਪ ਕੀ ਅਹੈ।
ਜੋ ਗੁਰ ਗਾਦੀ ਪਰ, ਸੋ ਲਹੈ- ॥੧੨॥
ਇਮ ਬਿਚਾਰ ਕਰਿ ਦਿਯੋ ਨ ਮਾਤਾ।
ਉਚਿਤ ਬਿਚਾਰ ਲੇਹੁ, ਸੁਖਦਾਤਾ!
ਅਤਿਸ਼ੈ ਦੁਰਲਭ ਵਸਤੁ ਅਜਾਇਬ।
ਇਹ ਨਹਿਂ ਦੇਨਿ ਬਨਹਿ, ਗੁਰਸਾਹਿਬ!'
॥੧੩॥
ਇਤਨੇ ਬਿਖੈ ਨਾਨਕੀ ਆਈ।
ਸੁੰਦਰ ਸਜੰਦਨ ਪਰ ਸੁਖਦਾਈ।
ਗੁਜਰੀ ਸੰਗ ਚਢੀ ਸ਼ੁਭ ਡੋਰੇ।
ਝਾਲਰ ਜ਼ਰੀਦਾਰ ਚਹੁਂ ਓਰੇ ॥੧੪॥
ਨਿਕਟਿ ਆਇ ਸੁਤ ਕੇ ਬਚ ਸੁਨੇ।
ਹਠ ਕਰਿ ਰਹੇ ਹੇਰਿ ਸਿਰ ਧੁਨੇ[1]। — [1]ਮਾਤਾ ਜੀ ਨੇ) ਸਿਰ ਹਿਲਾਇਆ।
-ਸ਼ਤ੍ਰੂ ਕੋ ਹਿਤ ਚਾਹਤਿ ਰਹੈ।

ਪ੍ਰਾਨ ਹਾਨਿ ਲਗਿ[1] ਖੋਟੋ ਅਹੈ ॥੧੫॥
ਕਹੌਂ ਕਹਾਂ ਲਗਿ ਬਹੁ ਸਮੁਝਾਏ।
ਸਰਲ ਸੁਭਾਉ ਨ ਕੁਛ ਲਖਿ ਪਾਏ-।
ਸਿੱਖਜਨਿ ਸੰਗ ਗੁਰੂ ਪੁਨ ਕਹਜੋ।
'ਧੀਰਮੱਲ ਕੋ[1] ਹਮ ਇਹ ਲਹਜੋ ॥੧੬॥
ਕੋ ਅਬਿ ਗਮਨਹੁ, ਲੇ ਕਰਿ ਜਾਵੋ।
ਸੌਂਪੋ ਜਾਇ ਤਿਸੀ ਕੇ ਪਾਹੋ[1]।
ਹਮਰੇ ਸੰਗ ਨ ਰਾਖਨਿ ਕਰੋ।
ਸ਼੍ਰੀ ਕਰਤਾਰਪੁਰੇ ਲੇ ਧਰੋ' ॥੧੭॥
ਸੁਨਿ ਸਿੱਖਜਨਿ ਸਭਿ ਜੋਰੇ ਹਾਥ।
ਹੋਇ ਨੰਮ੍ਰਿ ਬੋਲੇ ਗੁਰ ਸਾਥ।
'ਧੀਰਮੱਲ ਤਨ ਮਨ ਤੇ ਖੋਟਾ।
ਤਿਸ ਕੇ ਦੇਖਨਿ ਤੇ ਬਹੁ ਤੋਟਾ ॥੧੮॥
ਗੁਰ ਨਿੰਦਕ ਬਡ ਪਾਪ ਕਮਾਏ।
ਕਹਿ ਕਰਿ ਤੁਮ ਪਰ ਤੁਪਕ ਚਲਾਏ।
ਕਰਹਿ ਸਦਾ ਦੁਸ਼ਟਨਿ ਕੀ ਸੰਗਤਿ।
ਉੱਤਮ ਜਨ ਜਿਸ ਕੀ ਨਹਿਂ ਪੰਗਤਿ ॥੧੯॥
ਹਮ ਤਿਸ ਕੀ ਦਿਸ਼ਿ ਮੁਖ ਨਹਿਂ ਕਰੈਂ।
ਮਿਲਿਬੇ ਕੀ ਬਾਂਛਾ ਨਹਿਂ ਧਰੈਂ।
ਰਾਵਰ ਕੋ ਅਪਰਾਧੀ ਭਾਰੋ।
ਹਮ ਬਿਲੋਕਿ ਨਹਿਂ ਸਕਹਿਂ ਸਹਾਰੋ' ॥੨੦॥
ਸੁਨਿ ਗੁਰ ਸਭਿ ਸਿੱਖਨਿ ਕੀ ਬਿਨਤੀ।
ਮਨ ਮਹਿਂ ਗਿਨਤਿ ਰਹੇ ਗਨ ਗਨਤੀ।
-ਨਹਿਂਨ ਗ੍ਰਿੰਥ ਸਾਹਿਬ ਹਮ ਰਾਖੈਂ।
ਤਿਸ ਢਿਗ ਪਹੁੰਚੈ- ਚਿਤ ਅਭਿਲਾਖੈਂ ॥੨੧॥
ਮਾਤ ਨਾਨਕੀ ਬਰਜਤਿ ਹੇਰਿ।
'ਹੇ ਸੁਤ ਕਜੋਂ ਹਠ ਕਰਹੁ ਬਡੇਰ?
ਦੁਰਲਭ ਵਸਤੁ ਅਪਨਿ ਬਡਨਿ ਕੀ।
ਬਹੁਰ ਨ ਪ੍ਰਾਪਤਿ ਅਨਿਕ ਜਤਨ ਕੀ[1]

[1]ਜੋ ਸ਼ੱਤ੍ਰੂ) ਪ੍ਰਾਣਾਂ ਦੇ ਨਾਸ਼ ਕਰਨ ਤੱਕ।

[1]ਧੀਰਮੱਲ ਦਾ ਇਹ (ਸ਼੍ਰੀ ਗੁਰੂ ਗ੍ਰੰਥ ਸਾਹਿਬ)।

[1]ਪਾਸ।

[1]ਕੀਤਿਆਂ ਬੀ।

॥੨੨॥
ਨਹਿਂ ਦੀਜਹਿ ਨਿਜ ਸਾਥ ਰਖੀਜਹਿ।
ਨੀਕੇ ਰਿਦੇ ਬਿਚਾਰ ਲਖੀਜਹਿਂ।
ਰਿਪੁ ਕੋ ਕਛੁ ਤਦਾਰਕ[1] ਹੋਇ।
ਕਰੀ ਅਵੱਗਜਾ ਲੇ ਫਲ ਸੋਇ ॥੨੩॥
ਅਧਿਕ ਸ਼ਰੀਕਾ ਉਰ ਮਹਿਂ ਧਾਰਹਿ।
ਨਹਿਂ ਬਡਿਆਈ ਤਨਕ ਬਿਚਾਰਹਿ।
ਅਹੈ ਭਤੀਜਾ ਬਡ ਅਹੰਕਾਰਿ।
ਨਹਿਂ ਜਿਸ ਕੇ ਕੁਛ ਰਹ੍ਯੋ ਬਿਚਾਰ ॥੨੪॥
ਕਿਸੀ ਰੀਤਿ ਤੇ ਅਦਬ ਨ ਰਾਖਾ।
ਕਰਤਿ ਸਦਾ ਮਾਰਨਿ ਅਭਿਲਾਖਾ।
ਇਮ ਸਨੇਹੁ ਤਿਸ ਕੇ ਸੰਗ ਧਰਨਾ।
ਕਿਮ ਨ ਚਿਤਹੁ ਜਿਮ ਦੁਰਮਤ ਕਰਨਾ[1]' ॥੨੫॥
ਸੁਨਤਿ ਮਾਤ ਤੇ ਧਰਿ ਮੁਖ ਮੌਨ।
ਚਿਤਹਿਂ[1] -ਉਪਾਇ ਕਰਹਿਂ ਅਬਿ ਕੌਨ।
ਸਿਖ ਸੇਵਕ ਤਹਿਂ ਜਾਇ ਨ ਕੋਈ।
ਲਖਹਿ ਮਹਾਂ ਅਪਰਾਧੀ ਸੋਈ ॥੨੬॥
ਕਰਤਾ ਜਾਨਿ ਕੁਕਰਮਨਿ ਕੇਰਾ।
ਨਹਿਂ ਚਾਹਤਿ ਸਿਖ ਦਰਸ਼ਨ ਹੇਰਾ।
ਕਰਹਿ ਪਰਣ, ਤਿਸ ਮੁਖ ਨਹਿਂ ਲਾਗਹਿਂ।
ਕਿਮ ਪਹੁੰਚਾਇੰ ਗ੍ਰਿੰਥ ਤਿਸ ਆਗਹਿ[1]- ॥੨੭॥
ਤਰਨੀ ਕੀ ਪ੍ਰਤੀਖਨਾ ਕਰਤੇ।
ਇਸ ਕਾਰਜ ਕੋ ਰਿਦੇ ਬਿਚਰਿਤੇ।
ਜਬਿ ਨੌਕਾ ਚਲਿ ਕਰਿ ਢਿਗ ਆਈ।
ਭਏ ਅਰੂਢਨਿ ਤਬਹਿ ਗੁਸਾਈਂ ॥੨੮॥
ਸ੍ਯੰਦਨ ਡੋਰੇ ਨਰ ਸਮੁਦਾਏ।
ਮੱਖਣ ਆਦਿਕ ਤੁਰਤ ਚਢਾਏ।
ਗੁਰੂ ਗ੍ਰਿੰਥ ਕੋ ਤਰੀ ਮਝਾਰ।
ਸ਼ੁਭ ਥਲ ਪਿਖਿ ਕਰਿ ਧਰ੍ਯੋ ਸੁਧਾਰਿ

[1]ਰੋਕ; ਦੰਡ।

[1]ਜਿਵੇਂ ਓਹ ਖੋਟ ਕਰਦਾ ਹੈ ਤੁਸੀਂ ਚੇਤੇ ਬੀ ਕਿਵੇਂ ਨਹੀਂ ਕਰਦੇ ਹੋ।

[1]ਸੋਚਣ ਲਗੇ ਕਿ..........।

[1]ਉਸਦੇ ਪਾਸ।

॥੨੯॥
ਕਰਨਧਾਰ[1] ਤਬਿ ਪ੍ਰੇਰਨਿ ਕਰੀ।
ਨੀਰ ਗੰਭੀਰ ਸ਼ੀਘ੍ਰ ਚਲਿ ਤਰੀ।
ਪਰਲੇ ਤੀਰ ਗਈ ਤਤਕਾਲਾ।
ਉਤਰਿ ਪਰੇ ਸਤਿਗੁਰੂ ਕ੍ਰਿਪਾਲਾ ॥੩੦॥
ਇਕ ਨਰ ਸ਼੍ਰੀ ਕਰਤਾਰਪੁਰੇ ਕੋ।
ਉਤਰਯੋ ਗੁਰ ਕੈ ਸੰਗ ਉਰੇ ਕੋ।
ਬੂਝਨ ਕੀਨੋ, ਤਾਂਹਿ ਬਖਾਨਾ[1]।
'ਮੈਂ ਤਿਸ ਨਗਰ ਬਿਖੈ ਚਲਿ ਜਾਨਾ' ॥੩੧॥

[1]ਮਲਾਹ।

[1]ਗੁਰੁ ਜੀ ਨੇ) ਪੁਛਿਆ ਤੇ ਉਸ (ਸਿੱਖ) ਨੇ ਉੱਤਰ ਦਿੱਤਾ।

ਸਤਿਗੁਰ ਕਹਯੋ 'ਕਾਜ ਹਮ ਕੀਜੈ।
ਏਕ ਸੰਦੇਸ ਧੀਰਮਲ ਦੀਜੈ।
-ਗੁਰੂ ਗ੍ਰਿੰਥ ਜੋ ਤੁਮ ਤੇ ਲਿਯੋ।
ਸੋ ਦਰਿਆਉ ਬਿਖੈ ਧਰਿ ਦਿਯੋ ॥੩੨॥
ਆਪ ਜਾਇ ਕਰਿ ਲੇਉ ਨਿਕਾਸ।
ਪੁਨ ਸਦੀਵ ਤੁਮ ਰਾਖਹੁ ਪਾਸ[†]।

[†]ਖਿਮਾ, ਤਿਆਗ, ਵੈਰਾਗ ਤੇ ਬੀਤਰਾਗ ਅਵਸਥਾ ਦਾ ਇਹ ਕਮਾਲ ਹੈ। ਆਪ ਦੇ ਤਿਆਗ ਨੂੰ ਇਕ ਉੱਤਮ ਫਲ ਇਹ ਲੱਗਾ ਕਿ ਆਨੰਦਪੁਰ ਦੇ ਸਾਕੇ ਤੇ ਹੋਰਨਾਂ ਪੰਥਕ ਖੇਦਾਂ ਤੇ ਦੁੱਖਾਂ ਦੇ ਸਮੇਂ ਬੀੜ ਕਰਤਾਰਪੁਰੇ ਸਹੀ ਸਲਾਮਤ ਪਈ ਰਹੀ ਜੋ ਅੱਜ ਤੱਕ ਪ੍ਰਾਪਤ ਹੈ। ਨਹੀਂ ਤਾਂ ਕੀਹ ਜਾਣੀਏ ਅਨੰਦਪੁਰ ਦੀਆਂ ਲੁੱਟਾਂ ਤੇ ਹੋਰ ਸਾਕਿਆਂ ਵੇਲੇ ਨੌ ਮਣ ਰਚਨਾ ਦੀ ਤੇ ਦਮਦਮੇ ਦੀ ਬੀੜ ਦੀ ਅਸਲ ਲਿਖਤ ਵਾਂਙੂੰ ਇਹ ਭੀ ਲੋਪ ਹੋ ਜਾਂਦੀ।

ਹਮ ਨਹਿੰ ਕੀਨਸਿ ਅੰਗੀਕਾਰ।
ਜਾਇੰ ਅਗਾਰੀ ਪੰਥ ਮਝਾਰ[1]' ॥੩੩॥

[1]ਅਸੀਂ ਰਾਹ ਵਿਚ ਅਗੇ ਜਾ ਰਹੇ ਹਾਂ। (ਅ) (ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ) ਅਗੇ ਨੂੰ ਪੰਥ ਵਿਚ ਚਲਾ ਜਾਏਗਾ।

ਹਾਥ ਜੋਰਿ ਤਿਹ ਮਾਨਵ ਮਾਨੀ।
'ਮੈਂ ਪਹੁੰਚਤਿ ਹੀ ਕਰੌਂ ਬਖਾਨੀ।'
ਇਮ ਸਮੁਦਾਇ ਗੁਰੂ ਗਤਿ ਦਾਨੀ।
ਹੁਤੋ ਗੰਭੀਰ ਬੇਗ ਜਹਿਂ ਪਾਨੀ* ॥੩੪॥
ਮੰਜੀ ਕੇ ਸਮੇਤ ਜਲ ਮਾਹਿ।
ਕਹਿ ਕਰਿ ਭਲੇ ਰਾਖਯਹੁ ਤਾਂਹਿ।
'ਭਲੇ ਸੰਭਾਲਹੁ ਭੋ ਦਰਿਆਇ!
ਤੁਝ ਤੇ ਲੇਹਿ ਧੀਰਮਲ ਆਇ' ॥੩੫॥
ਜਲ ਗੰਭੀਰ ਮਹਿਂ ਜਬਹਿ ਟਿਕਾਏ।
ਸਕਲ ਬਿਲੋਕਤਿ ਬਹੁ ਬਿਸਮਾਏ[1]।

[1]ਹੈਰਾਨ ਹੋ ਕੇ ਕਹਿੰਦੇ ਹਨ ਸਾਰੇ:-

[1] 'ਪ੍ਰਥਮ ਕਹਤਿ ਬਿੱਪ੍ਰੀਤ ਬਿਸਾਲਾ।
ਰਿਪੁ ਕੋ ਚਹਤਿ ਭਲੋ ਸਭਿ ਕਾਲਾ[4] ॥੩੬॥

[1]ਪਹਿਲੇ ਤਾਂ ਪੁੱਠੀ ਗੱਲ ਕਹਿੰਦੇ ਸਨ (ਗੁਰੂ ਜੀ) ਕਿ ਦੁਸ਼ਮਨ ਦਾ ਭਲਾ ਸਦਾ ਮੰਗਦੇ ਸਨ।

ਵਸਤੁ ਅਮੋਲਕ ਰਖਿਬੇ ਲਾਇਕ।
ਦੇ ਸ਼ਰੀਕ ਕੇ ਸਦਨ ਸੁਭਾਇਕ।
ਕੋ ਤਹਿਂ ਗਯੋ ਨ, ਅਬਿ ਕਜਾ ਕਰਯੋ[1]।
ਸਲਿਤਾ ਸਹਿਤ ਬੇਗ ਮਹਿਂ ਧਰਯੋ ॥੩੭॥

[1]ਭਾਵ ਧੀਰਮੱਲ ਪਾਸ ਕੋਈ ਲੈਕੇ ਨਹੀਂ ਗਿਆ ਤਾਂ ਦੇਖੋ ਹੁਣ ਕੀ ਕੀਤਾ ਨੇ।

ਜਲ ਮਹਿਂ ਕਾਗਦ ਭੀਗਹਿਂ ਜਬੈ।
ਬਚਹਿਂ ਨ, ਸ਼ੀਘ੍ਰ ਜਾਹਿਂ ਗਰ ਤਬੈ।
ਕਿਮ ਅੱਖਰ ਸਾਬਤ ਰਹਿ ਜੈ ਹੈਂ।
ਬਿਨਾ ਭੀਤ ਜਿਮ ਚਿੱਤ੍ਰ[1] ਨ ਪੈ ਹੈ' ॥੩੮॥

[1]ਕੰਧ ਤੋਂ ਬਿਨਾਂ ਜਿਵੇਂ ਮੂਰਤ ਨਹੀਂ ਰਹਿ ਸਕਦੀ।

ਇੱਤਯਾਦਿਕ ਆਪਸ ਮਹਿਂ ਕਹੈਂ।
ਗੁਰ ਮਹਿਮਾ ਕਹੁ ਭੇਵ ਨ ਲਹੈਂ।
ਪੁਨ ਸਤਿਗੁਰ ਚਲਿ ਪਰੇ ਅਗਾਰੀ।
ਮੱਖਣ ਆਦਿਕ ਚਲੇ ਪਿਛਾਰੀ ॥੩੯॥
ਸਿਖ ਸ਼ਰਧਾਲੂ ਤੂਸ਼ਨਿ ਰਹੈਂ।
ਗੁਰ ਕੋ ਚਰਿਤ ਭਲੇ ਉਰ ਲਹੈਂ।
'ਜੋ ਕਿਛ ਕਰਹਿਂ ਸੁ ਆਛੀ ਬਨੈ।
ਸਤਿਗੁਰ ਮਤਿ ਜਾਨਹਿ ਕੋ ਮਨੈ[1]' ॥੪੦॥

[1]ਸਤਿਗੁਰਾਂ ਦੇ ਮਤਿ ਨੂੰ ਕੌਣ ਮਨ ਵਿਚ ਜਾਣ ਸਕਦਾ ਹੈ।

ਕੇਚਿਤ ਕਹੈਂ 'ਦੁਲਭ ਸ਼ੁਭ ਮਹਾਂ।
ਬਹੈ ਨਦੀ, ਪੁਨ ਪ੍ਰਾਪਤਿ ਕਹਾਂ।
ਸ਼੍ਰੀ ਗੁਰ ਅਰਜਨ ਹਾਥਨਿ ਕੇਰਾ।
ਇਨਹੁ ਕੀਨਿ ਲੋਪ ਸੁ ਇਸ ਬੇਰਾ ॥੪੧॥
ਅਸ ਵਸਤੂ ਪੁਨ ਹਾਥ ਨ ਆਵੈ।
ਕੌਨ ਗੁਰੂ ਸੰਗ ਕਹਿ ਸਮੁਝਾਵੈ।
ਕਰਯੋ ਨਿਫਲ ਜਲ ਬਿਖੈ ਟਿਕਾਯੋ।
ਕਿਤ ਬਹਿ ਜਾਇ, ਕੌਨ ਲੇ ਪਾਯੋ[1]'

[1]ਕੌਣ ਪਾ ਸਕੇਗਾ।

॥ ੪੨ ॥
ਪਿਖਤਿ ਨਾਨਕੀ ਰਿਦਾ ਤਪਾਯੋ।
ਨਹਿਂ ਸੁਤ ਸੋਂ ਪੁਨ ਬਾਕ ਅਲਾਯੋ।
ਮਾਰਗ ਚਲੇ ਜਾਹਿਂ ਅਗੁਵਾਈ।
ਸੇਵਕ ਸਿਖ ਫਕੀਰ ਸਮੁਦਾਈ ॥ ੪੩ ॥
ਸਤਿਗੁਰ ਕੀ ਕ੍ਰਿਤ ਮੱਖਣ ਦੇਖਿ।
ਧਰੀ ਮੌਨ ਬਿਸਮਾਇ ਬਿਸ਼ੇਸ਼।
ਕਹਿ ਨ ਸਕਹਿ ਕੁਛ ਲਖਿ ਸਰਬੱਗਜ।
-ਹਮ ਕਜਾ ਜਾਨਿ ਸਕਹਿਂ ਅਲਪੱਗਜ-
॥ ੪੪ ॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

## ੨੫. [ਧੀਰ ਮੱਲ ਨੂੰ ਸੁਨੇਹਾ ਪੁੱਜਾ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਗਮਨਹਾਰ ਕਰਤਾਰਪੁਰਿ, ਸੁਨਿ ਗੁਰ ਕ੍ਰਿਤੀ ਨਿਹਾਰਿ[1]।
ਉਰ ਬਿਸਮਜੋ- ਗੁਰ ਕਜਾ ਕਰਜੋ, ਕਾਗਦ ਨੀਰ ਮਝਾਰ! ॥੧॥

[1]ਕਰਤਾਰ ਪੁਰਿ ਨੂੰ ਜਾਣ ਵਾਲੇ ਨੇ ਗੁਰੂ ਜੀ ਤੋਂ (ਸੁਨੇਹਾ) ਸੁਣ (ਗੁਰੂ ਜੀ ਦੀ) ਕ੍ਰਿੱਤ ਵੇਖਕੇ।

ਚੌਪਈ:

ਬਹੁਰ ਧੀਰਮਲ ਸੰਗ ਉਚਾਰਾ[1]।

[1]ਭਾਵ ਸੁਨੇਹਾ ਦਿੱਤਾ ਕਿ।

ਜਲ ਤੇ ਲਿਹੁ ਨਿਕਾਸਿ ਬਿਨ ਬਾਰਾ[1]।

[1]ਡੇਰ ਤੋਂ ਬਿਨਾ।

ਜੇ ਅਬਿ ਸਾਬਤ ਪ੍ਰਾਪਤਿ ਹਾਥ।
ਤੌ ਅਤਿ ਕਰਾਮਾਤ ਕੇ ਸਾਥ[1] ॥੨॥

[1]ਜੇ ਹੁਣ ਸਾਬਤ ਰਹੇ ਤੇ ਲੱਭ ਪਵੇ ਤਾਂ (ਗੁਰੂ ਜੀ) ਭਾਵੇਂ ਕਰਾਮਾਤ ਵਾਲੇ ਹਨ।

ਜੇ ਨਹਿਂ ਨਿਕਸਜੋ, ਕੈ ਗਰ ਗਯੋ[1]।

[1]ਗੱਲ ਪਿਆ।

ਦੁਲਭ ਗ੍ਰਿੰਥ ਤੌ ਬਿਨਸਤਿ ਭਯੋ।
ਧੀਰਮੱਲ ਸੋਂ ਠਾਨਜੋ ਹਾਸ।
ਜਿਸ ਪ੍ਰਤਿ ਕਹਜੋ ਕਿ ਲੇਹੁ ਨਿਕਾਸਿ- ॥੩॥
ਏਵ ਬਿਚਾਰਤਿ ਮਾਰਗ ਜਾਤੋ।
ਕਹਿਬੇ ਕਾਰਨ ਤੇ ਉਤਲਾਤੋ[1]।

[1]ਧੀਰਮਲ ਨੂੰ) (ਛੇਤੀ) ਕਹਿਣ ਦੇ ਕਾਰਨ ਕਾਹਲੀ ਕਰਦਾ ਹੈ।

ਸ਼੍ਰੋਤਾ! ਸੁਨਹੁ ਗ੍ਰਿੰਥ ਕੀ ਕਥਾ।
ਪੁਨ ਸਤਿਗੁਰ ਕੀ ਉਚਰੌਂ ਜਥਾ ॥੪॥
ਸੋ ਨਰ ਪਹੁੰਚਜੋ ਪੁਰਿ ਕਰਤਾਰ।
ਅਦਭੁਤ ਗਾਥਾ ਰਿਦੈ ਬਿਚਾਰਿ।
ਧੀਰਮੱਲ ਕੇ ਸਦਨ ਸਿਧਾਯੋ।
ਗੁਰੂ ਜਾਨਿ ਤਿਹ ਸੀਸ ਨਿਵਾਯੋ ॥੫॥
ਹਾਥ ਜੋਰਿ ਸਭਿ ਕਥਾ ਉਚਾਰੀ।
'ਮੈਂ ਆਵਤਿ ਇਤ, ਜਥਾ ਨਿਹਾਰੀ[1]।

[1]ਜਿਵੇਂ ਦੇਖਿਆ।

ਸਤਿਗੁਰ ਤੇਗ਼ ਬਹਾਦਰ ਧੀਰ।
ਦੇਖੇ ਨਦੀ ਬਿਪਾਸਾ ਤੀਰ ॥੬॥
ਕਹੈਂ ਸਿੱਖ ਸੋਂ -ਗ੍ਰਿੰਥ ਲਿਜਾਵਹੁ।
ਸ਼੍ਰੀ ਕਰਤਾਰ ਪੁਰੇ ਪਹੁੰਚਾਵਹੁ-।

ਇਤਿ ਆਵਨਿ ਕੋ ਕਿਨਹੁ ਨ ਮਾਨੀ।
ਤਬਿ ਧਰਿ ਦੀਨਿ ਗ੍ਰਿੰਥ ਬਿਚ ਪਾਨੀ ॥੭॥
ਮੋ ਸੰਗ ਕਹ੍ਯੋ -ਤਹਾਂ ਤੂੰ ਜਾਤਿ।
ਤਿਨ ਸੋਂ ਕਹਿ ਦੀਜੈ ਇਹ ਬਾਤ।
ਸੌਂਪ੍ਯੋ ਗ੍ਰਿੰਥ ਬੀਚ ਦਰੀਆਉ।
ਆਉ ਨਿਕਾਸਿ, ਪਾਸ ਲੇ ਜਾਉ- ॥੮॥
ਮੈਂ ਗੁਰ ਤੇ ਸੁਨਿ ਦੇਖਤਿ ਭਯੋ।
ਮੰਜੀ ਸਹਿਤ ਤਹਾਂ ਧਰਿ ਦਯੋ।
ਚਲਿ ਤੂਰਨ ਹੀ ਮਾਰਗ ਆਯੋ।
ਤੁਮਰੇ ਹਿਤ ਇਹ ਆਨਿ ਸੁਨਾਯੋ' ॥੯॥
ਬਿਨਾ ਗ੍ਰਿੰਥ ਝੂਰਤਿ ਮਲ ਧੀਰ[1]।
ਚਿਤ ਮਹਿਂ ਪੀਰ ਗਹੀਰ ਅਧੀਰ।
ਸੁਨਤਿ ਬਾਤ ਕੋ ਹਰਖ ਉਪਾਯਹੁ।
ਜਾਨ੍ਯੋ ਰਿਦੈ, ਮੋਹਿ ਢਿਗ ਆਯੋ ॥੧੦॥
ਬੂਝਨਿ ਲਗ੍ਯੋ 'ਨੀਰ ਮਹਿਂ ਕੈਸੇ?
ਰਹਹਿ ਸਬੂਤ ਸੁ ਪੂਰਬ ਜੈਸੇ।
ਕਾਗਤ ਭੀਗ ਜਾਹਿਂ ਗਰ[1]† ਸੋਈ।
ਲੇਹਿਂ ਨਿਕਾਸਿ ਕਾਜ ਕਜਾ ਹੋਈ[1]' ॥੧੧॥
ਸੁਨਿ ਮਸੰਦ ਬੋਲ੍ਯੋ ਮਤਿ ਖੋਟਾ।
'ਇਹ ਕਜਾ ਕਰ੍ਯੋ ਨ ਕਿਨਹੂੰ ਹੋਟਾ[1]?
ਬਡੇ ਗੁਰੁਨਿ ਕੀ ਹਾਥਿ ਨਿਸ਼ਾਨੀ।
ਮਹਾਂ ਮਹਾਤਮਵਾਨ ਸਮਾਨੀ[1] ॥੧੨॥
ਗੁਰ ਸੰਗਤਿ ਜਿਹ ਦੇਖਨਿ ਚਹੈਂ।
ਦਰਸ਼ਨ ਕਰੈਂ ਪਾਪ ਬਡ ਦਹੈਂ।
ਹਮ ਤੇ ਅਰੁ ਆਪਨਿ ਤੇ ਖੋਯੋ[1]।
ਇਸ ਮਹਿਂ ਕੌਨ ਭਲੋ ਨਿਜ ਜੋਯੋ ॥੧੩॥
ਪੁਨ ਹਮ ਸੰਗ ਹਾਸ ਕਰਿ ਭੇਜਾ।
-ਸਲਿਤਾ ਤੇ ਨਿਕਾਸਿ ਕਰਿ ਲੇਜਾ-।
ਬਡੋ ਕਾਜ ਤਿਨ ਦੀਨਿ ਬਿਗਾਰੀ।

[1]ਧੀਰਮੱਲ।

[1]ਭਿੱਜ ਕੇ ਗਲ ਜਾਣਗੇ। †ਪਾ:-ਡਰ।

[1]ਜੇ ਕੱਢ ਵੀ ਲਈਏ ਤਾਂ ਸਾਡੇ ਕਿਸ ਕੰਮ।

[1]ਗੁਰੂ ਤੇਗ ਬਹਾਦਰ ਜੀ ਨੇ) ਇਹ ਕੀ ਕੀਤਾ, ਕੀ ਕਿਸੇ ਨੇ ਰੋਕਿਆ ਨਾ?

[1]ਸਤਿਕਾਰ ਸਹਿਤ ਮਹਾਂ ਮਹਾਤਮ ਵਾਲੀ।

[1]ਅਪਣੇ ਕੋਲੋਂ (ਬੀ) ਗੁਆ ਦਿੱਤਾ।

ਅਬਿ ਕੈਸੇ ਕੋ ਸਕਹਿ ਸੁਧਾਰੀ' ॥੧੪॥
ਧੀਰਮੱਲ ਚਿਤਵਨਿ ਚਿਤਵੰਤਾ।
ਬੋਲ੍ਯੋ ਸਭਿ ਮਹਿਂ ਗੁਰੂ ਬ੍ਰਿਤੰਤਾ।
'ਆਛੋ ਹੀ ਤੈਂ ਕੀਨਿ ਉਚਾਰ।
ਤਉ ਦੇਖੀਏ ਰਿਦੈ ਬਿਚਾਰਿ ॥੧੫॥
ਲਘੁ ਬਯ ਤੇ ਸ਼੍ਰੀ ਤੇਗ ਬਹਾਦਰ।
ਬਡੇ ਗੁਰੂ ਭੀ ਠਾਨਤਿ ਆਦਰ।
ਭੂਲ ਨ ਕਬਿਹੂੰ ਕੂਰ ਬਖਾਨਾ।
ਰਹ੍ਯੋ ਸਦਾ ਮਨ ਸਦ ਗੁਨ ਸਾਨਾ[1] ॥੧੬॥
ਅਬਿ ਭੀ ਪਿਖਹੁ ਬਕਾਲੇ ਮਾਹਿਂ।
ਹਮ ਕੈਸੇ ਕੀਨੀ ਸੰਗ ਤਾਂਹਿ।
ਸੀਲ ਸਾਧਿ ਤਿਨ ਕੁਛ ਨ ਬਿਚਾਰਾ।
ਹਮ ਪਰ ਪੁਨ ਕੀਨਸਿ ਉਪਕਾਰਾ ॥੧੭॥
ਲੁਟੀ ਵਸਤੁ ਭੇਜੀ ਤਤਕਾਲਾ।
ਨਿਜ ਪੂਜਾ ਸੰਗ ਦੀਨਿ ਬਿਸਾਲਾ।
ਇਮ ਕਿਸ ਤੇ ਬਨਿ ਆਵਹਿ ਕਾਰ।
ਯਾਂ ਤੇ ਲਖੀਯਤਿ ਸਾਧੁ ਉਦਾਰ ॥੧੮॥
ਭੋਰਾ ਬਹੁ ਸੁਭਾਵ ਜਿਨ ਕੇਰਾ।
ਤਿਨ ਕੇ ਬਚ ਨਿਸ਼ਚਾ ਹੁਇ[1] ਮੇਰਾ।
ਹਾਸ ਕਰਨਿ ਸੋਂ ਕਯੋਂਹੂੰ ਨ ਜਾਨਹਿਂ।
ਪੁਨ ਹਮ ਸੋਂ ਕਿਮ ਕੂਰ ਬਖਾਨਹਿ ॥੧੯॥
ਜੇ ਅਬਿ ਕਰੀਅਹਿ ਭਲੇ ਬਿਚਾਰ।
ਹਮ ਤੇ ਹੀ ਸਭਿ ਭਯੋ ਬਿਗਾਰ।
ਤਉ ਛਿਮਾ ਧਾਰਨਿ ਉਰ ਕੀਨਿ।
ਇਤੋ ਪਦਾਰਥ ਪਠਿ ਜੋ ਦੀਨਿ ॥੨੦॥
ਚਲਹੁ ਨਦੀ ਕੋ ਅਬਿਹਿ ਨਿਹਾਰਹਿਂ।
ਗ੍ਰੰਥ ਨਿਕਾਸਹਿ ਬਹੁਰ ਸੰਭਾਰਹਿਂ।
ਸ਼੍ਰੀ ਨਾਨਕ ਆਦਿਕ ਗੁਰ ਸਾਰੇ।
ਕੀਨਿ ਮਨਾਵਨਿ ਮੈਂ ਬਹੁ ਵਾਰੇ ॥੨੧॥

[1]ਸ੍ਰੇਸ਼ਟ ਗੁਣਾਂ ਦੇ ਸੰਯੁਕਤ।

[1]ਭਰੋਸਾ ਹੈ।

ਕਰਨਿ ਤਿੰਹਾਵਲ ਮਾਨਜੋ ਘਨੋ।
ਭਏ ਸਹਾਇ ਆਇ, ਮਨ ਗਿਨੋਂ।
ਦੁਰਲਭ ਉੱਦਮ ਗ੍ਰਿੰਥ ਪਦਾਰਥ।
ਜੇ ਕਰਿ ਲਹੈਂ, ਭਏ ਸਭਿ ਸ੍ਵਾਰਥ ॥੨੨॥
ਮੋਹਿ ਬੰਸ ਮਹਿਂ ਰਹੇ ਬਡਾਈ।
ਚਢਹਿਂ ਅਕੋਰਨ ਕੇ ਸਮੁਦਾਈ।
ਤਿਸ ਹੀ ਸੰਗ ਸੁ ਗੁਰਤਾ ਗਾਦੀ।
ਬਨਹਿ ਅਬਾਦੀ, ਝੁਰਹਿਂ ਬਾਦੀ[1] ॥੨੩॥ [1]ਵਿਰੋਧੀ, ਝਗੜਾਲੂ।
ਜਥਾ ਰੰਕ ਸੁਰਤਰੁ ਕੋ ਪਾਵਹਿ।
ਮੋ ਕਹੁ ਅਸ ਅਨੰਦ ਉਪਜਾਵਹਿ।
ਚਲਿਬੇ ਕੀ ਤਜਾਰੀ ਕਰਿ ਲੀਜਹਿ।
ਇਸ ਮਹਿਂ ਸੰਸੈ ਨੈਕ ਨ ਕੀਜਹਿ' ॥੨੪॥
ਸੁਨਿ ਮਸੰਦ ਸ਼ੀਂਹੇਂ ਬਚ ਕਹਜੋ।
'ਬਾਤਨਿ ਤੇ ਅਨੰਦ ਕਿਮ ਲਹਜੋ।
ਤੇਰੋ ਹੈ ਸ਼ਰੀਕ ਸੋ ਭਾਰਾ।
ਸ਼ੁਭ ਗੁਨਵੰਤਾ ਜਿਸਹਿ ਬਿਚਾਰਾ ॥੨੫॥
ਹਾਸੀ ਕਰੀ ਤੋਹਿ ਸੰਗ ਐਸੇ।
ਜਗ ਮਹਿਂ ਹੌਰਾ ਹੁਇ ਹੈਂ ਜੈਸੇ।
ਖੋਜਹਿਂ ਜਬਿਹੂੰ ਜਾਇ ਬਿਪਾਸਾ।
ਸੁਨਿ ਪਿਖਿ ਕਰਹਿਂ ਸਕਲ ਨਰ ਹਾਸਾ ॥੨੬॥
ਬਿਨਾ ਅਕਲ ਤੇ ਜਾਨਹਿਂ ਤੋਹੀ।
ਨਦੀ ਸਬੇਗ[1] ਬਿਖੈ ਕਜਾ ਹੋਹੀ। [1]ਵਗਦੀ ਨਦੀ।
ਬਹਜੋ ਹੋਇ ਗੋ ਜਲ ਕੇ ਜ਼ੋਰ।
ਕੇਤਿਕ ਥਾਨ ਕਰਹਿੰਗੇ ਟੋਰ[1]? ॥੨੭॥ [1]ਕਿਤਨੇ ਕੁ ਥਾਂ ਵਿਚ ਭਾਲ ਕਰੋਗੇ?
ਕਿਮ ਪ੍ਰਾਪਤ ਹ੍ਵੈ, ਰਿਦੈ ਬਿਚਾਰੋ।
ਦਬਜੋ ਹੋਹਿ ਸਿਕਤਾ ਪਰ ਭਾਰੋ[1]। [1]ਰੇਤ ਦਾ ਉੱਗ੍ਰਪਰ ਭਾਰ।
ਜੇ ਕਦਾਂਚ ਕਰਿ ਆਵਹਿ ਹਾਥ।
ਕਾਗਦ ਗਰ ਹੋਹਿਂ ਜਲ ਸਾਥ ॥੨੮॥
ਉਜਰ[1] ਆਪਨੋ ਕਜੋਂ ਤੂੰ ਖੋਵਹਿਂ। [1]ਤਾਕਤ [ਸੰਸ. ੳਜਸ]

ਨਹਿਂ ਸ਼ਰੀਕ ਕੋ ਆਸ਼ੈ ਜੋਵਹਿਂ।
ਪ੍ਰਥਮ ਪਦਾਰਥ ਜੇ ਸਭਿ ਮੋਰੇ।
ਕਿਮ ਦੀਨੇ, ਸੋ ਲਖ੍ਯੋ ਨ ਥੋਰੇ[1][†] ॥੨੯॥
ਮਹਿਮਾ ਸੰਗਤਿ ਬਿਖੈ ਬਧਾਵਨਿ।
ਅਪਨੇ ਗੁਨ ਗਨ ਕਰਤਿ ਦਿਖਾਵਨਿ।
ਜਿਸ ਕੋ ਲੋਕ ਬਿਲੋਕਿ ਬਿਸਾਲੇ।
ਅਰਪਹਿਂ ਆਨਿ ਪਦਾਰਥ ਜਾਲੇ ॥੩੦॥
ਆਸ਼ੈ ਮੂਢ ਲਖ੍ਯੋ ਤੁਮ ਨਾਂਹੀ।
ਨਿਸ਼ਚੈ ਕਰਹੁ ਸ਼ੱਤ੍ਰੁ ਬਚ ਮਾਂਹੀ[†]।'

ਇੱਤਯਾਦਿਕ ਬਹੁ ਕਹ੍ਯੋ ਮਸੰਦ।
ਜੋ ਗੁਰ ਨਿੰਦਕ ਹੁਤੋ ਬਿਲੰਦ ॥੩੧॥
ਰਾਖ੍ਯੋ ਰੋਕਿ ਚਢਿਨਿ ਨਹਿਂ ਦਯੋ।
ਸੋ ਦਿਨ ਇਮ ਬਿਤੀਤ ਕਰਿ ਗਯੋ[1]।
ਗੁਰ ਸੋਂ ਧੀਰਮੱਲ ਕਰਿ ਬਿਨਤੀ।
ਸਗਰੀ ਨਿਸ ਮਨ ਮਹਿਂ ਗਿਨ ਬਿਨਤੀ ॥੩੨॥
ਉਤਰਹਿਂ ਚਢਹਿਂ ਗਟੀ[1] ਬਹੁ ਬਾਰੀ।
ਭਈ ਪ੍ਰਾਤਿ ਚਢਿਬੇ ਕਹੁ ਤਯਾਰੀ।
ਗੁਰੂ ਬਾਕ ਪਰ ਨਿਸ਼ਚਾ ਧਰੈ।
-ਕੂਰ ਨ ਕਹੈਂ ਸਦਾ ਸਚ ਰਹੈਂ- ॥੩੩॥
ਸ਼ੀਹਾਂ ਦੁਸ਼ਟ ਮਸੰਦ ਹਟਾਵੈ।
ਗੁਰ ਮਹਿਂ ਔਗੁਨ ਕਲਪਿ[1] ਸੁਨਾਵੈ।
ਪੁਨ ਮਿਟ ਰਹਹਿ[1] ਸੰਦੇਹ ਉਪਾਇ।
ਚਿਤ ਮਹਿਂ ਨਹਿਂ ਇਸਿਥਿਰਤਾ[1] ਪਾਇ ॥੩੪॥
ਆਠਹੁੰ ਜਾਮ ਸਚਿੰਤ ਬਿਤਾਵੈ।
ਚਢਨਿ ਲਗੈ ਤਬਿ ਦੁਸ਼ਟ ਹਟਾਵੈ।
ਕਿਤਿਕ ਦਿਵਸ ਬੀਤੇ ਇਸ ਭਾਂਤੀ।
ਮਿਲਿ ਮਿਲਿ ਕਰਹਿ ਅਨਿਕ ਬਿਧਿ ਬਾਤੀ ॥੩੫॥
ਕਹੋਂ ਕਹਾਂ ਲਗਿ ਸਕਲ ਬ੍ਰਿਤੰਤ।

[1]ਸੋ ਤੂੰ ਥੋੜਾ ਭੀ ਨਹੀਂ ਜਾਣ ਸਕਿਆ। [†]ਪਾ:-ਜੋਰੇ।

[†]ਦੇਖੋ ਕੁਮੰਤ੍ਰੀਆਂ ਦੀ ਕੁਸੰਗਤ ਕਿੱਥੇ ਤੱਕ ਮਤਿ ਮਾਰਨ ਦੇ ਉਪਦੇਸ਼ ਦੇਂਦੀ ਹੈ। ਵਡੇ ਪੁਰਖਾਂ ਨੂੰ ਝੂਠੇ ਕੁਸ਼ਾਮਤੀਆਂ ਤੋਂ ਸਦਾ ਬਚਣਾ ਚਾਹੀਏ।

[1]ਬਿਤੀਤ ਹੋ ਗਿਆ।

[1]ਗਿਣਤੀਆਂ।

[1]ਮਿਥਕੇ ਯਾ ਥੱਪਕੇ।

[1]ਹਟ ਰਹੇ।

[1]ਟਿਕਾਉ।

ਚਿਤ ਮਹਿਂ ਅਤਿ ਚਿੰਤਾ ਚਿਤਵੰਤਿ।
ਗੁਰ ਪਰ ਕਰਹਿ ਜਬਹਿ ਵਿੱਸ਼੍ਵਾਸ਼।
ਦੁਸ਼ਟ ਮਸੰਦ ਸੁ ਦੇਤਿ ਬਿਨਾਸਿ ॥੩੬॥
ਗੁਰ ਜਸੁ ਸ੍ਵਾਂਤੀ ਬੂੰਦ ਸਮਾਨ।
ਸਿਖ ਮਨ ਸੁਕਤਾ[1] ਪਰਹਿ ਜਿ ਆਨ। [1]ਸਿੱਪੀ ਵਿਚ।
ਮੁਕਤਾ ਅਨੰਦ ਅਮੋਲਕ ਹੋਇ।
ਦਾਰਿਦ ਚਿੰਤਾ ਸਭਿ ਦੇ ਖੋਇ ॥੩੭॥
ਦੁਸ਼ਟ ਸਰਪ ਕੇ ਅੰਤਰ ਪਰੈ[1]। [1]ਜੇ ਉਹ ਸ੍ਵਾਂਤੀ ਬੂੰਦ) ਪਵੇ।
ਨਿੰਦਾ ਬਿਖ ਕੋ ਤਤਛਿਨ ਕਰੈ।
ਬੁਰਾ ਕਰਹਿ ਲੋਕਨਿ ਡਸ ਜਾਇ।
ਗੁਰ ਨਿਸ਼ਚਾ ਕਹਿ ਦੇਤਿ ਭੁਲਾਇ ॥੩੮॥
ਖੋਟੀ ਸੰਗਤਿ ਰੰਗਤਿ ਹੋਇ।
ਕਹਹੁ ਕੌਨ ਬਿਗਰਜੋ ਨਹਿਂ ਜੋਇ।
ਪ੍ਰਥਮ ਧੀਰਮਲ ਦ੍ਵੈਸ਼ੀ ਆਪ।
ਦੁਖਹਿ ਬਿਲੋਕਹਿ ਗੁਰੁ ਪ੍ਰਤਾਪ ॥੩੯॥
ਗੁਨ ਗਨ ਪਿਖਿ ਉਪਜਹਿ ਬਿੱਸ੍ਵਾਸ।
ਦੁਸ਼ਟ ਮਸੰਦ ਸੁ ਦੇਤਿ ਬਿਨਾਸ਼।
ਇਮ ਕੇਤਿਕ ਦਿਨ ਜਬਹਿ ਬਿਤਾਏ।
ਧੀਰਮੱਲ ਬਹੁ ਚਿੰਤ ਉਪਾਏ ॥੪੦॥
ਹਠ ਕੋ ਧਾਰਿ ਚਢਨਿ ਪੁਨ ਚਾਹਾ।
-ਖੋਜੌਂ ਏਕ ਬਾਰਿ ਜਲ ਮਾਂਹਾ।
ਮਹਾਂ ਪੁਰਖ ਸ਼੍ਰੀ ਤੇਗ ਬਹਾਦਰ।
ਬਚਨ ਸਾਚ ਜਿਨ, ਮਾਨਜੋ ਸਾਦਰ- ॥੪੧॥
ਅਨਿਕ ਜੁਕਤਿ ਕਹਿ ਦੁਸ਼ਟ ਸੁਨਾਵੈ।
'ਕਜੋਂ ਹੌਰਾ ਹੁਇ?' ਚਢਤਿ ਹਟਾਵੈ।
ਕਹਜੋ[1] ਕਿ 'ਏਕ ਬਾਰਿ ਮੈਂ ਜਾਊਂ। [1]ਧੀਰਮੱਲ ਨੇ) ਕਿਹਾ।
ਗੁਰ ਬਚ ਮਾਚ ਗ੍ਰਿੰਥ ਮੈਂ ਪਾਊਂ' ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ' ਪ੍ਰਸੰਗ ਬਰਨਨੰ ਨਾਮ ਪੰਚੀਸਮੋ ਅੰਸੂ ॥੨੫॥

## ੨੬. [ਧੀਰਮੱਲ ਨੂੰ ਬੀੜ ਦਾ ਮਿਲਨਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਉਠਿ ਪ੍ਰਭਾਤਿ ਕੋ ਤਯਾਰ ਭਾ, ਕਰਿ ਕੈ ਸੌਚ ਸ਼ਨਾਨ।
ਕੇਵਟ ਬ੍ਰਿੰਦ ਬੁਲਾਇ ਕਰਿ, ਦੇਨਿ ਦਰਬ ਬਹੁ ਮਾਨਿ[1] ॥੧॥

ਚੌਪਈ:

ਅਪਰ ਨੀਰ ਮਹਿਂ ਤਰਨੇ ਹਾਰੇ।
ਸੁਨਿ ਸੁਨਿ ਗੁਨਿ ਤਿਨ ਲੀਨਿ ਹਕਾਰੇ।
ਜਾਰ[1] ਬ੍ਰਿੰਦ ਕੋ ਲਯੋ ਮੰਗਾਇ।
ਸਭਿ ਬਿਧਿ ਤੇ ਤਯਾਰੀ ਕਰਿਵਾਇ ॥੨॥
ਜ਼ੀਨ ਪਰਯੋ ਸੁੰਦਰ ਹਯ ਆਯੋ।
ਗੁਰ ਗਨ ਕੋ[1] ਮਨ ਬਿਖੈ ਮਨਾਯੋ।
ਨੰਮ੍ਰਿ ਸੀਸ ਕਰਿ ਬੰਦਨ ਧਾਰੀ।
'ਇਹੀ ਕਾਮਨਾ ਪੁਰਹੁ ਹਮਾਰੀ ॥੩॥
ਪੰਚਾਂਮ੍ਰਿਤ ਬਹੁ ਆਨਿ ਕਰਾਵੋਂ।
ਜੇ ਕਰਿ ਗ੍ਰਿੰਥ ਜਾਇ ਮੈਂ ਪਾਵੋਂ।'
ਇਮ ਮਨੌਤ ਕੋ ਮਾਨਿ ਘਨੇਰੀ।
ਹਯ ਪਰ ਚਢਯੋ ਸੌਨ ਸ਼ੁਭ ਹੇਰੀ ॥੪॥
ਹਰਖਯੋ ਲਖਯੋ -ਕਾਜ ਹੁਇ ਮੇਰੋ।
ਜਿਸ ਤੇ ਔਰ ਨ ਭਲੋ ਬਡੇਰੋ-।
ਗਮਨਯੋ ਮਾਰਗ ਲੈ ਨਰ ਬ੍ਰਿੰਦ।
ਸੰਗ ਬਿਬਸ ਹੁਇ ਚਲਯੋ ਮਸੰਦ ॥੫॥
ਤਿਸ ਨਰ ਕੋ ਲੈ ਸੰਗਿ ਕਰਯੋ ਹੈ।
ਆਨਿ ਬਿਪਾਸਾ ਕੂਲ[1] ਖਰਯੋ ਹੈ।
ਜਹਿਂ ਤਿਨ ਥਾਨ ਬਤਾਵਨਿ ਕੀਨਾ।
ਦੇਖਿ ਤਹਾਂ ਡੇਰਾ ਕਰਿ ਦੀਨਾ ॥੬॥
ਤੰਬੂ ਅਰੁ ਕਨਾਤ ਲਗਵਾਏ।
ਤਰਨਹਾਰ[1] ਨਰ ਚਲਿ ਕਰਿ ਆਏ।
ਸਭਿ ਕੋ ਦੀਨਸਿ ਅਧਿਕ ਦਿਲਾਸਾ।
'ਕਰਹੁ ਕਾਜ ਪੁਰਵਹੁ ਮਮ ਆਸਾ ॥੭॥

[1]ਬਹੁਤਾ ਧਨ ਦੇਣਾ ਮੰਨ ਕੇ।
[1]ਜਾਲ।
[1]ਸਾਰੇ ਸਤਿਗੁਰਾਂ ਨੂੰ।
[1]ਕੰਢੇ।
[1]ਤਾਰਨ ਵਾਲੇ।

ਧਨ ਗਨ ਦੈਹੌਂ ਰੇਸ਼ਮ ਚੀਰ।
ਜਬਿਹੂੰ ਗ੍ਰਿੰਥ ਲਜਾਇਹੌ ਤੀਰ।'
ਸੁਨਿ ਕਰਿ ਬਰੇ ਬੀਚ ਬਹੁ ਪਾਨੀ।
ਪਾਏ ਜਾਰ ਬਿਥਾਰਿ[1] ਮਹਾਨੀ ॥ ੮ ॥ [1]ਚੌੜੇ ਕਰਕੇ।
ਖੋਜਨਿ ਲਗੇ ਫਿਰਹਿੰ ਜਲ ਮਾਂਹੀ।
ਕੇਵਟ ਬ੍ਰਿੰਦ ਪਾਇੰ ਸੋ ਨਾਂਹੀ।
ਖੋਜਹਿਂ ਕਰ ਸੋਂ, ਟੁਭਕੀ ਮਾਰਹਿਂ।
ਇਤ ਉਤ ਬਿਚਰਹਿਂ, ਜਾਰ[1] ਪਸਾਰਹਿਂ ॥ ੯ ॥ [1]ਜਾਲ।
ਫਿਰਹਿਂ ਮੱਧ ਅਰੁ ਦੋਨਹੁ ਤੀਰ।
ਜਹਿਂ ਥੋਰੇ ਅਰੁ ਦੀਰਘ ਨੀਰ।
ਅਨਿਕ ਬਿਧਿਨਿ ਕੇ ਜਤਨ ਰਚੰਤੇ।
ਜਲ ਮੈਂ ਲੈ ਹੁਇ[1] ਕਿਤਿਕ ਫਿਰੰਤੇ ॥ ੧੦ ॥ [1]ਟੁੱਭੀਆਂ ਮਾਰ ਕੇ।
ਸ਼੍ਰੀ ਨਾਨਕ ਕੋ ਕਿਤਿਕ ਮਨਾਵੈਂ।
'ਕਰਹੁ ਕ੍ਰਿਪਾ ਜਿਮ ਗ੍ਰਿੰਥ ਸੁ ਪਾਵੈਂ।'
ਕੇਤਿਕ ਜਤਨ ਬਤਾਵਹਿਂ ਖਰੇ।
ਕੇਤਿਕ ਬੁਧਿ ਕਰ ਬਲ ਤੇ ਕਰੇ ॥ ੧੧ ॥
ਧੀਰ ਮੱਲ ਬਹੁ ਦੇਤਿ ਦਿਲਾਸਾ।
'ਸ਼੍ਰੀ ਸਤਿਗੁਰ ਪੁਰਵਹਿੰਗੇ ਆਸਾ।
ਮੰਜੀ ਸਹਿਤ ਗ੍ਰਿੰਥ ਜੀ ਪਾਵਹਿਂ[1]। [1]ਪਾਵਾਂਗੇ।
ਇਮ ਨਿਸ਼ਚਾ ਮੇਰੇ ਮਨ ਆਵਹਿ ॥ ੧੨ ॥
ਅਚਹੁ ਤਿਹਾਵਲ ਸਭਿ ਤ੍ਰਿਪਤਾਇ।
ਕਰੈਂ ਹਮੇਸ਼ ਕਿਤਿਕ ਦਿਨ ਜਾਇ।'
ਜਜੋਂ ਜਜੋਂ ਭਨੈ ਧੀਰਮਲ ਤਿਨ ਕੋ।
ਤਜੋਂ ਤਜੋਂ ਜਤਨ ਕਰਹਿਂ ਤਨ ਮਨ ਕੋ ॥ ੧੩ ॥
ਇਕ ਦਿਨ ਬੀਤਿ ਦੁਤਿਯ ਦਿਨ ਬੀਤਾ।
ਚਿੰਤਾ ਹੋਤਿ ਸਭਿਨਿ ਕੇ ਚੀਤਾ।
ਕਹੈ ਜਿ ਨਰ[1], ਬੁਲਵਾਯੋ ਪਾਹੀ। [1]ਜਿਸ ਨਰ ਨੇ (ਆ ਕੇ) ਕਿਹਾ ਸੀ।
'ਧਰਤਿ ਗ੍ਰਿੰਥ ਤੈ ਪਿਖਯੋ ਕਿ ਨਾਂਹੀ? ॥ ੧੪ ॥

ਕੌਨ ਸਥਾਨ ਟਿਕਾਵਤਿ ਲਹ੍ਯੋ?
ਭਯੋ ਸਥਿਰ ਕੈ ਆਗੈ ਬਹ੍ਯੋ।'
ਸੁਨਿ ਕੈ ਪੁਨਹਿਂ ਬਤਾਵਨਿ ਕੀਏ।
'ਇਸ ਥਲ ਬਰ੍ਯੋ ਸਿੱਖ ਸਿਰ ਲੀਏ ॥੧੫॥
ਮੁਝ ਦੇਖਤਿ ਹੀ ਤਬਹਿ ਉਤਾਰਾ।
ਇਹਾ ਟਿਕਾਯਹੁ ਨੀਰ ਮਝਾਰਾ।
ਸ਼੍ਰੀ ਗੁਰ ਤੇਗ ਬਹਾਦਰ ਫੇਰ।
ਨੀਕੇ ਧਰ੍ਯੋ ਬਿਲੋਚਨ ਹੇਰਿ ॥੧੬॥
ਨਮੋ ਠਾਨਿ ਕਰਿ ਗਮਨੇ ਆਗੇ।
ਸਰਬ ਲੋਕ ਤਿਨ ਕੈ ਸੰਗ ਲਾਗੇ।
ਇਹ ਠਾਂ ਜਬਿ ਨਰ ਕੋਇ ਨ ਖਲ੍ਯੋ।
ਮੈਂ ਤੁਮਰੀ ਦਿਸ਼ਿ ਮਾਰਗ ਚਲ੍ਯੋ ॥੧੭॥
ਕੈ ਸਿਕਤਾ ਊਪਰ ਕੋ ਫਿਰ੍ਯੋ।
ਕੈ ਜਲ ਬੇਗ ਬਹਾਵਨਿ ਕਰ੍ਯੋ।
ਇਸ ਤੇ ਤਰੈ ਔਰ ਖੁਜਵਾਈਏ।
ਮਿਹਨਤ ਕਰੇ[1] ਸੁ ਦੁਰਲਭ ਪਾਈਏ ॥੧੮॥

[1]ਕੀਤਿਆਂ।

ਸਲਿਤਾ ਬਿਖੈ ਗ੍ਰਿੰਥ ਹੈ ਇਹਾਂ।
ਉਰ ਨਿਸ਼ਚਾ ਕੀਜਹਿ ਦ੍ਰਿਢ ਮਹਾਂ।'
ਧੀਰਮੱਲ ਸੁਨਿ ਬਾਕ ਉਚਾਰੇ।
'ਕ੍ਯੋਂਹੁ ਨ ਪ੍ਰਾਪਤਿ ਖੋਜਤਿ ਹਾਰੇ[1] ॥੧੯॥

[1]ਹਾਰ ਗਏ ਹਾਂ।

ਜਿਹ ਬਿਧਿ ਨਿਕਸਹਿ ਜਤਨ ਬਤਾਵਹੁ।
ਮਮ ਆਗਵਨਿ ਇਹਾਂ ਸਫਲਾਵਹੁ।
ਟੁਭਕੀ ਮਾਰਹਿਂ ਸਿਕਤਾ ਹੇਰਹਿਂ।
ਹਾਥਨਿ ਤੇ ਗਹਿ ਜਲ ਯੁਤਿ ਪ੍ਰੇਰਹਿਂ[1] ॥੨੦॥

[1]ਜਲ ਸਹਿਤ (ਰੇਤਾ) ਹਟਾਂਵਦੇ ਹਨ (ਮੇਰੇ ਟੋਭੇ ਆਦਿਕ)। (ਅ) ਹਥਾਂ ਨਾਲ ਫੜਕੇ ਜਾਲ ਸਣੇ (ਭਾਵ ਭਿੱਜੇ ਹੋਏ) ਕੱਢ ਲਈਏ (ਗੁਰੂ ਗ੍ਰੰਥ ਜੀ)।

ਕਰ੍ਯੋ ਟਿਕਾਵਨਿ ਜਹਾ ਬਤਾਵਹੁ।
ਤਿਹ ਕੇ ਤਰੇ ਦੂਰ ਖੁਜਵਾਵਹੁ।'
ਸੋ ਨਰ ਬੋਲ੍ਯੋ ਪੁਨਹਿ ਬਤਾਵੈ।
'ਜੇ ਤੁਮ ਚਹਹੁ ਗ੍ਰਿੰਥ ਜੀ ਪਾਵੈਂ ॥੨੧॥

ਕਹੌਂ ਢੀਠ ਹ੍ਵੈ ਆਪ ਅਗੇਰੇ।
ਇਸ ਪ੍ਰਕਾਰ ਬਚ ਮਾਨੋ ਮੇਰੇ।
ਹ੍ਵੈ ਨਿਸ਼ਕਪਟ ਤਜਹੁ ਅਹਿਮਤ[1] ਕੋ।
ਧਰਹੁ ਭਾਇ ਸੁਧਾ ਕਰਿ ਚਿਤ ਕੋ ॥੨੨॥
ਸ੍ਰੀ ਨਾਨਕ ਆਦਿਕ ਸੁਖ ਧਾਮ।
ਤੇਗ ਬਹਾਦਰ ਲਗਿ ਲਿਹੁ ਨਾਮ।
ਸਭਿ ਕੀ ਕਰਹੁ ਅਰਾਧਨਿ ਅਬੈ।
ਮਨ ਮਹਿਂ ਮਾਨਿ ਮਨੌਤਨਿ ਤਬੈ ॥੨੩॥
ਅਬਿ ਤੁਮ ਕਰਹੁ ਇਸੀ ਬਿਧਿ ਕਾਜ।
ਗੁਰੁ ਨਿਬਹਾਹਿਂ ਨਾਮ ਕੀ ਲਾਜ।
ਔਚਕ ਹੋਹਿਂ ਸਹਾਇਕ ਆਇ।
ਤਤਛਿਨ ਦੁਲਭ ਗ੍ਰਿੰਥ ਲਿਹੁ ਪਾਇ' ॥੨੪॥
ਧੀਰਮੱਲ ਬਾਨੀ ਸੁਨਿ ਮਾਨੀ।
ਕੀਨਿ ਸਰਾਹਨਿ 'ਨੀਕ ਬਖਾਨੀ।
ਕੋ ਅਸ ਅਹੈ, ਕਾਜ ਕੇ ਪਰੇ।
ਸੁਗਮ ਜਤਨ ਤੇ ਸਿੱਖਯ ਨ ਕਰੇ[1]' ॥੨੫॥
ਨਿਰਹੰਕਾਰ ਹੋਇ ਮਨ ਬਾਨੀ।
ਪਦ ਅਰੁ ਪਾਨ ਪਖਾਰਸਿ ਪਾਨੀ।
ਸਰਲ ਰਿਦਾ ਕਰਿ ਹੋਇ ਸਿ ਖਰਯੋ[1]।
ਨੌ ਸਤਿਗੁਰ ਕੋ ਸਿਮਰਨਿ ਕਰਯੋ ॥੬॥
ਪੰਚ ਬਾਰਿ ਸਭਿ ਲੇ ਕਰਿ ਨਾਮ।
ਕਰ ਕੋ ਜੋਰਤਿ ਕਰਯੋ ਪ੍ਰਣਾਮ।
'ਅਪਨੋ ਕਾਰਜ ਆਪ ਕਰੀਜੈ।
ਪਾਨ ਨਿਸਾਨੀ[1] ਕੋ ਬਿਦਤੀਜੈ ॥੨੭॥
ਪੰਚ ਹਜ਼ਾਰ ਰਜਤਪਣ ਕੇਰ।
ਪੰਚਾਂਮ੍ਰਿਤ ਕਰਾਇ ਤਿਨ ਹੇਰਿ[1]।'
ਇਮ ਸਭਿ ਮਹਿਂ ਕੀਨਸਿ ਅਰਦਾਸ।
ਖਰੇ ਹੋਇ ਸਲਿਤਾ ਕੇ ਪਾਸ ॥੨੮॥
ਨਵ ਗੁਰੂਅਨਿ ਕੋ ਕਰਿ ਕਰਿ ਨਮੋ।

[1]ਹੰਕਾਰ।

[1]ਸੁਖੱਲੇ ਜਤਨ ਵਾਲੀ ਸਿੱਖਿਆ (ਤੇ ਅਮਲ) ਨਾ ਕਰੇ।

[1]ਖੜੋ ਗਿਆ।

[1]ਹੱਥਾਂ ਦੀ।

[1]ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖਕੇ।

ਸਿਮਰ੍ਯੋ ਗ੍ਰਿੰਥ ਬਹੁਰ ਤਿਹ ਸਮੋ।
'ਸੱਤਿਨਾਮ ਕੀ ਜਾਗਤਿ ਜੋਤਿ।
ਚਿਤਵਤਿ ਜਹਿਂ ਕਹਿਂ, ਹਾਜ਼ਰ ਹੋਤਿ
॥੨੯॥
ਮਨੋ ਕਾਮਨਾ ਦੇਂ ਤਤਕਾਲ।
ਤੁਮ ਤੇ ਨਹਿਂ ਕੋ ਅਪਰ ਬਿਸਾਲ।'
ਬਾਰਿ ਬਾਰਿ ਕਹਿ ਸਿਰ ਧਰਿ ਧਰਨੀ।
ਪਰ੍ਯੋ ਪ੍ਰੇਮ ਕਰਿ ਸਤਿਗੁਰੁ ਸ਼ਰਨੀ
॥੩੦॥
'ਇਮ ਕਹਿ ਬਚ ਨਰ ਮੁਝ ਢਿਗ ਭੇਜਾ।
-ਆਇ ਧੀਰਮਲ ਗ੍ਰਿੰਥ ਸੁ ਲੇਜਾ-।
ਸੋ ਬਚ ਪੂਰਨਿ ਕੀਜਹਿ ਅਬੈ।
ਜਿਸ ਤੇ ਬਿਦਤ ਹੋਇ ਜਗ ਸਬੈ' ॥੩੧॥
ਨਮੋ ਕਰਤਿ ਇਮ ਬਾਕ ਉਚਾਰੇ।
ਬੰਦਨ ਕਰਤਿ ਭਏ ਸਿਖ ਸਾਰੇ।
ਪੁਨ ਪ੍ਰਵਿਸ਼ਾਏ ਨਰ ਬਿਚ ਨੀਰ।
ਖਰੋ ਧੀਰਮਲ ਸਰਿਤਾ ਤੀਰ ॥੩੨॥
ਟੁਭਕੀ ਮਾਰਿ ਹਾਥ ਜਬਿ ਫੇਰਾ।
ਇਤ ਉਤ ਸਿਕਤਾ ਗਨ ਕੋ ਪ੍ਰੇਰਾ[1]। [1]ਰੇਤ ਨੂੰ ਹਟਾਇਆ।
ਤਬਹਿ ਪੰਘੂਰੇ ਕੋ ਬਡ ਪਾਵਾ।
ਲਗ੍ਯੋ ਹਾਥ ਜਾਨ੍ਯੋ ਤਬਿ ਪਾਵਾ[1] [1]ਮਿਲ ਗਿਆ।
॥੩੩॥
ਨਿਕਸ੍ਯੋ ਜਲ ਤੇ ਵਹਿਰ ਬਤਾਯੋ।
'ਚਿੰਤਾ ਤਜਹੁ ਗ੍ਰਿੰਥ ਜੀ ਪਾਯੋ।
ਊਪਰ ਸਿਕਤਾ ਕੇਤਿਕ ਪਰ੍ਯੋ।
ਜਿਸ ਨੇ ਸਕਲ ਅਛਾਦਨਿ ਕਰ੍ਯੋ'
॥੩੪॥
ਸੁਨਿ ਹਰਖੇ ਦੀਰਘ ਤਿਸ ਕਾਲ।
ਤਹਿਂ ਕੋ ਪਹੁੰਚੇ ਮਾਨਵ ਜਾਲ।
ਟੁਭਕੀ ਮਾਰਤਿ ਸਿਕਤਾ ਟਾਰੈਂ।
ਗਹੈਂ ਪੰਘੂਰਾ ਉਰਧ ਉਠਾਰੈਂ ॥੩੫॥
ਮਾਨਵ ਚਾਰ ਲਗੇ ਚਹੁੰ ਓਰੇ।

ਗਹਿ ਕਰ ਮਹਿਂ ਕੀਨਸਿ ਬਡ ਜੋਰੇ।
ਊਪਰ ਕੋ ਨਿਕਾਸਿ ਲੇ ਆਏ।
ਦੇਖਤਿ ਭਏ ਮੁਦਤ ਸਮੁਦਾਏ ॥੩੬॥
ਆਨਿ ਤੀਰ ਪਰ ਜਬਹਿ ਟਿਕਾਵਾ।
ਸਭਿਨਿ ਪਹੁੰਚਿ ਤਹਿਂ ਸੀਸ ਨਿਵਾਵਾ।
ਨਿਚੁਰਤਿ ਨੀਰ ਧੀਰਮੱਲ ਹੇਰਤਿ†।
ਹਾਥਨਿ ਸਿਕਤਾ ਪ੍ਰੇਰਤਿ ਗੇਰਤਿ ॥੩੭॥
ਊਪਰ ਤਿਸ ਕੇ ਪੰਚ ਰੁਮਾਲ।
ਦੋਇ ਰੇਸ਼ਮੀ ਸੁੰਦਰ ਲਾਲ।
ਤੀਨ ਰੁਮਾਲ ਤੂਲ[1] ਕੇ ਹੁਤੇ।
ਖੋਲਨਿ ਕਰੇ ਆਪ ਕਰ[1] ਤਿਤੇ ॥੩੮॥
ਨਿਕਸਜੋ ਗ੍ਰਿੰਥ ਬਿਲੋਕਜੋ ਤਬੈ।
ਊਪਰ ਜਲ ਸੋਂ ਭੀਜਜੋ ਤਬੈ।
ਸੁਸ਼ਕ ਬਸਤ੍ਰ ਤਬਿ ਤਰੇ ਬਿਛਾਏ।
ਆਤਪ ਨੀਕੀ ਰੀਤਿ ਲਗਾਏ ॥੩੯॥
ਖੋਲਿ ਬਿਲੋਕਜੋ ਸਭਿ ਬਿਸਮਾਏ।
ਊਪਰ ਤੇ ਭੀਗਜੋ ਸਭਿ ਥਾਂਏ[1]।
ਜਹਿਂ ਲਗਿ ਅੱਖਰ ਹੈਂ ਬਿਚ ਲਿਖੇ।
ਪਹੁੰਚਜੋ ਨੀਰ ਨ ਤਿਨ ਕੇ ਬਿਖੇ ॥੪੦॥
ਸਕਲ ਸ਼ੁਸਕ ਜਜੋਂ ਕੇ ਤਜੋਂ ਅਹੇ।
ਦੇਖਤਿ ਰਿਦੇ ਅਚੰਭਾ ਲਹੇ।
ਜਬਿ ਕੋ ਧਰਜੋ ਦਿਵਸ ਤਬਿ ਗਿਨੇ।
ਤ੍ਰੌਦਸ ਬੀਤੇ ਤਿਸ ਨਰ ਭਨੇ ॥੪੧॥
ਸਤਿਗੁਰ ਦੇ ਕਰਿ ਹਾਥ ਬਚਾਯੋ।
ਨੀਰ ਬਰਨ[1] ਪਰ ਛੁਹਨਿ ਨ ਪਾਯੋ।
ਬਡ ਉਤਸਾਹ ਕਰਤਿ ਲੇ ਚਾਲੇ।
ਬਾਦਿਤ ਕੋ ਬਜਵਾਇ ਬਿਸਾਲੇ ॥੪੨॥
ਚੌਰ ਢੁਰਤਿ ਚਾਰਹੁ ਦਿਸ਼ਿ ਸੋਇ।
ਸੰਖ ਬਜਾਇਂ ਸ਼ਬਦ ਬਡ ਹੋਇ।
ਅੰਜੁਲ ਪੁਸ਼ਪਨਿ ਕੇ ਬਰਖਾਵੈਂ।
ਗੁੰਦਤਿ ਗਨ ਮਾਲਾ ਲਰਕਾਵੈਂ ॥੪੩॥
ਧੂਪ ਧੁਖਾਵਤਿ ਚਲਤਿ ਅਗਾਰੀ।

†ਕਵਿ ਦੇ ਹੂਬਹੂ ਨਕਸ਼ੇ ਬੰਨ੍ਹ ਦੇਣ ਦਾ ਕਮਾਲ ਹੈ।

[1]ਰੂੰਈਂ।

[1]ਆਪਣੇ ਹੱਥੀਂ।

[1]ਭਾਵ ਉਪਰੋਂ ਜਿਲਦ ਤੇ ਹਾਸ਼ੀਆ ਭਿੱਜ ਗਿਆ।

[1]ਅੱਖਰਾਂ।

ਭਯੋ ਅਨੰਦ ਸਭਿਨਿ ਮਹਿਂ ਭਾਰੀ।
ਸ਼੍ਰੀ ਕਰਤਾਰ ਪੁਰੇ ਨਰ ਸਾਰੇ।
ਹਿਤ ਆਦਰ ਹੁਇ ਮਿਲੇ ਅਗਾਰੇ ॥੪੪॥
ਪੁਰਹਿ ਪ੍ਰਵੇਸ਼ਤਿ ਭਯੋ ਉਛਾਹੂ[1]।
ਨਮੋ ਕਰਹਿਂ ਅਚਰਜ ਮਨ ਮਾਂਹੂ।
ਸੁਨਿ ਸੁਨਿ ਨਰ ਸਭਿ ਗ੍ਰਿੰਥ ਕਹਾਨੀ।
ਦਿਨ ਤ੍ਰੌਦਸ ਮਹਿਂ ਛੁਯੋ ਨ ਪਾਨੀ ॥੪੫॥
ਉੱਤਮ ਸਦਨ ਬਿਖੈ ਲੈ ਗਏ।
ਅਤਿ ਅਨੰਦ ਨਰ ਨਾਰੀ ਭਏ।
ਦੀਪਮਾਲਿਕਾ ਨਿਸਾ ਮਝਾਰੀ।
ਗਰੀ ਬਜਾਰਨਿ ਘਰ ਘਰ ਬਾਰੀ[1] ॥੩੬॥
ਸੁਖ ਸੋਂ ਸੁਪਤਿ ਪ੍ਰਾਤਿ ਪੁਨ ਚੀਨ।
ਸੌਚ ਸ਼ਨਾਨ ਸਰਬ ਨੇ ਕੀਨਿ।
ਬਖਸ਼ਿਸ਼ ਧੀਰਮੱਲ ਬਹੁ ਕਰੀ।
ਬਸਤ੍ਰ ਬਿਭੂਖਨ ਧਨ ਤਿਸ ਘਰੀ ॥੪੭॥
ਕਰਿ ਪੰਚਾਂਮ੍ਰਿਤ ਬਹੁ ਬਰਤਾਯੋ।
ਤ੍ਰਿਪਤ ਹੋਇ ਸਭਿਹੂੰ ਨਰ ਖਾਯੋ।
ਅਪਰ ਕਹਾਂ ਲਗਿ ਕਰੌਂ ਬਖਾਨਿ।
ਦਿਨ ਦਿਨ ਪ੍ਰਤਿ ਉਤਸਾਹ ਮਹਾਨ ॥੪੮॥
ਗਰਜੋ ਸੁਪੇਦਾ[1] ਕਾਗਦ ਜੋਇ।
ਅਪਰ ਲਗਾਇ ਸੁਧਾਰਜੋ ਸੋਇ।
ਅਬਿ ਲੌ ਚਿੰਨ੍ਹਤਿ[1] ਪੱਤ੍ਰੇ ਸਾਰੇ।
ਕਹਤਿ ਕਵੀ ਹਮ ਆਪ ਨਿਹਾਰੇ ॥੪੯॥
ਪੂਜਾ ਨਿਤਪ੍ਰਤਿ ਹੋਤਿ ਬਡੇਰੀ।
ਆਇ ਅਕੋਰ ਧਨਾਦਿ ਘਨੇਰੀ।
ਪੰਥ ਖਾਲਸਾ ਅਬਿਲੌ ਦਰਸੈ।
ਗੁਰ ਕਰ ਕੋ ਲਖਿ ਸਭਿ ਕੋ ਹਰਸ਼ੈ[1] ॥੫੦॥
ਤਬਿ ਤੇ ਧੀਰਮੱਲ ਕੇ ਧਾਮ।
ਰਹੈ ਗ੍ਰਿੰਥ ਸਾਹਿਬ ਅਭਿਰਾਮ।

[1]ਸ਼ਹਿਰ ਵਿਚ ਪ੍ਰਵੇਸ਼ ਹੋਇਆਂ ਉਤਸਾਹ ਹੋਇਆ।

[1]ਬਾਲੀ।

[1]ਹਾਸ਼ੀਆ।

[1]ਨਿਸ਼ਾਨ ਵਾਲੇ।

[1]ਗੁਰਾਂ ਦੇ ਹੱਥ ਦਾ ਜਾਣਕੇ ਸਭ ਕੋਈ (ਦਰਸ਼ਨ ਕਰਕੇ) ਖੁਸ਼ ਹੁੰਦਾ ਹੈ।

ਤਿਸ ਕੀ ਕੁਲ ਕੇ ਲੇਤਿ ਅਕੋਰ।
ਅਬਹਿ ਖਾਲਸੇ ਕਰਿ ਕੈ ਜੋਰ ॥੫੧॥
ਆਦਿ ਸੁਧਾਸਰ ਲਵਪੁਰਿ ਮਾਂਹੀ।
ਰਾਖਹਿਂ ਗ੍ਰਿੰਥ ਸੁ ਅਪਨੇ ਮਾਂਹੀ।
ਧਨ ਆਦਿਕ ਭੇਟਾ ਜੋ ਦੇਯ।
ਧੀਰਮੱਲ ਕੇ ਸਗਰੀ ਲੇਂਯ ॥੫੨॥
ਕਰੀ ਕ੍ਰਿਪਾ ਨਹਿਂ
ਲੀਨਸਿ ਛੀਨ।
ਸਤਿਗੁਰ ਮਤਿ ਕੋ ਜਾਨਿ ਪ੍ਰਬੀਨ[1]।
ਪੁਨਹਿ ਭਵਿੱਖਜਤ ਕੀ ਸੁਧਿ ਨਾਂਹੀ।
ਲੇਹਿ ਪੰਥ ਕੈ ਰਹਿ ਤਿਨ ਪਾਹੀ[†] ॥੫੩॥

[1]ਪ੍ਰਬੀਨ (ਨੌਵੇਂ) ਸਤਿਗੁਰ ਜੀ ਦਾ ਮਤ ਜਾਣਕੇ।

[†]ਇਹ ਆਦਿ ਬਾਬਾ ਜੀ ਸ੍ਰੀ ਕਰਤਾਰ ਪੁਰ ਭਾਈ ਧੀਰਮੱਲ ਜੀ ਦੀ ਸੰਤਾਨ ਪਾਸ ਹੁਣ ਤੱਕ ਮੌਜੂਦ ਹਨ, ਸੰਕ੍ਰਾਂਤ ਦੇ ਸੰਕ੍ਰਾਂਤ ਸਭ ਸੰਗਤਾਂ ਦਰਸ਼ਨ ਕਰਦੀਆਂ ਹਨ, ਜੋ ਕੋਈ ਦੂਰੋਂ ਪ੍ਰੇਮੀ ਆਵੇ ਤਾਂ ਖਾਸ ਉਤਸਾਹ ਨਾਲ ਬਿਨਾਂ ਸੰਕ੍ਰਾਂਤੋਂ ਭੀ ਕਈ ਵਾਰ ਪ੍ਰਕਾਸ਼ ਕਰ ਦਿੰਦੇ ਹਨ, ਪਰ ਬੜੇ ਯਤਨ ਨਾਲ ਦਰਸ਼ਨ ਕਰਾਉਂਦੇ ਹਨ। ਧੀਰਮੱਲ ਦੇ ਵੰਸ਼ਜ ਸਿੰਘ ਸਜ ਗਏ ਸਨ, ਤਦ ਤੋਂ ਪੰਥ ਨਾਲ ਮੇਲ ਬੀ ਬਣ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਬਿਪਾਸਾ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

## ੨੭. [ਆਨੰਦ ਪੁਰ ਵਸਾਉਣ ਵਾਲੀ ਥਾਂ ਆਉਣਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਗੁਰੂ ਗ੍ਰਿੰਥ ਗਾਥਾ ਜਥਾ, ਕਥੀ ਸੁ ਮੈਂ ਚਿਤ ਲਾਇ।
ਅਬਿ ਪ੍ਰਸੰਗ ਨੌਮੇ ਗੁਰੂ, ਸੁਨਿ ਸ਼੍ਰੋਤਾ! ਸੁਖ ਪਾਇ ॥੧॥

ਚੌਪਈ:

ਨਦੀ ਗ੍ਰਿੰਥ ਸਾਹਿਬ ਕੋ ਧਰਿ ਕੈ।
ਸੌਂਪਿ ਭਲੇ ਅਰੁ ਬੰਦਨ ਕਰਿ ਕੈ।
ਜਾਇ ਮਜਲ† ਉਤਰੇ ਨਿਸ ਜਾਨਿ।

†ਕਰਤਾਰ ਪੁਰ ਤੋਂ ਕੁਛ ਵਾਟ ਤੇ ਹਜ਼ਾਰਾ ਪਿੰਡ ਹੈ, ਜਿੱਥੇ ਇਹ ਰਾਤ ਬਿਸ਼ਰਾਮ ਕੀਤਾ ਸੀ, ਅਗਲੇ ਦਿਨ ਨਵੇਂ ਸ਼ਹਿਰ ਦੇ ਲਾਗੇ ਦੁਰਗਾ ਪਿੰਡ ਵਿਚ ਆਰਾਮ ਕੀਤਾ। ਦੁਹੀਂ ਥਾਈਂ ਯਾਦਗਾਰ ਵਿਚ ਗੁਰਦੁਆਰੇ ਬਣੇ ਸੁਣੀਂਦੇ ਹਨ।

ਖਾਨ ਪਾਨ ਸਭਿ ਕੀਨਿ ਸਥਾਨ ॥੨॥
ਸੁਪਤਿ ਜਥਾ ਸੁਖ ਕਰਿ ਬਿਸਰਾਮ।
ਜਾਗੇ ਜਾਮਨਿ ਜਾਨਿ ਸੁ ਜਾਮੁ[1]। [1]ਪਹਿਰ ਰਾਤ ਰਹਿੰਦੀ ਜਾਣਕੇ ਜਾਗੇ।
ਸੌਚ ਸ਼ਨਾਨ ਕੀਨਿ ਗੁਰ ਪੂਰੇ।
ਦਾਸਨਿ ਸੁਖਦ ਚਲਿਤ ਜਿਨ ਰੂਰੇ ॥੩॥
ਆਸਾਵਾਰ ਰਬਾਬੀ ਗਾਵਤਿ।
ਸੁਨਹਿ ਸਿੱਖਜ ਸਭਿ ਪਾਪ ਮਿਟਾਵਤਿ।
ਸਤਿਗੁਰ ਧ੍ਯਾਨ ਲਾਇ ਕਰਿ ਥਿਰੇ।
ਨਿਜ ਸਰੂਪ ਮਹਿਂ ਇਕਤਾ ਕਰੇ ॥੪॥
ਭਈ ਪ੍ਰਭਾਤਿ ਭੋਗ ਤਬਿ ਪਾਯੋ।
ਸੁਨਿ ਅਰਦਾਸ ਸੀਸ ਸਭਿ ਨ੍ਯਾਯੋ।
ਸਗਰੇ ਵਾਹਨ ਕੀਨਸਿ ਤ੍ਯਾਰੀ।
ਡੋਰੇ ਅਰੁ ਸ੍ਯੰਦਨ ਅਸੁ[1] ਭਾਰੀ ॥੫॥ [1]ਘੋੜੇ।
ਪਹਿਰ ਬਸਤ੍ਰ ਸਭਿ ਸ਼ਸਤ੍ਰ ਲਗਾਏ।
ਪ੍ਰਥਮ ਖੜਗ ਸੁੰਦਰ ਗਰ ਪਾਏ।
ਕੰਚਨ ਮੁਸ਼ਟ ਮਹਾਂ ਖਰ ਧਾਰਾ[1]। [1]ਤਿੱਖੀ ਧਾਰ।
ਸਰ ਖਰ[1] ਭਰਿ ਤਰਕਸ਼ ਗਰ ਧਾਰਾ ॥੬॥ [1]ਤਿੱਖੇ ਤੀਰਾਂ (ਨਾਲ)।
ਧਨੁਖ ਹਾਥ ਗਹਿ ਭੇ ਅਸਵਾਰ।

ਮੱਖਣ ਸੰਗ ਲੋਕ ਗਨ ਲਾਰ[1]।
ਸਨੇ ਸਨੇ ਚਲਿ ਪੰਥ ਗੁਸਾਈਂ।
ਕਰਿ ਡੇਰਾ ਨਿਸ ਆਇ ਬਿਤਾਈ ॥੭॥
ਦੇਸ਼ ਵਿਦੇਸ਼ਨਿ ਮਹਿਂ ਸੁਧਿ ਹੋਈ।
ਬਿਦਤੇ ਗੁਰੂ ਸੁਨਤਿ ਸਭਿ ਕੋਈ।
ਲੇ ਕਰਿ ਘਰ ਤੇ ਅਨਿਕ ਅਕੋਰ।
ਸੰਗਤਿ ਆਇ ਗੁਰੂ ਕੀ ਓਰ ॥੮॥
ਮਾਰਗ ਬਿਖੈ ਮਿਲਹਿਂ ਦਰਸੰਤੇ।
ਦਰਬ ਆਦਿ ਅਨਗਨ ਅਰਪੰਤੇ।
ਚਹੁੰਦਿਸ਼ਿ ਤੇ ਚਲਿ ਆਇਂ ਘਨੇਰੇ।
ਮਨੌਂ ਕਾਮਨਾ ਪਾਇਂ ਬਡੇਰੇ ॥੯॥
ਨਿਤਪ੍ਰਤਿ ਮਿਲਹਿਂ ਹਜ਼ਾਰਹੁਂ ਆਇ।
ਅਰਪਹਿਂ ਵਸਤੁਨਿ ਕੋ ਸਮੁਦਾਇ।
ਪੰਥ ਉਲੰਘਿ ਗਏ ਗੁਰ ਧੀਰ।
ਖਰੇ ਜਾਇ ਸਤੱਦ੍ਰਵ ਕੋ ਤੀਰ ॥੧੦॥
ਕਹਿ ਕਰਿ ਤਰਨੀ ਤਬਿ ਮੰਗਵਾਈ।
ਕਰਨਧਾਰ[1] ਆਨੀ ਸਹਿਸਾਈ।
ਮੱਖਣ ਸਹਿਤ ਪਾਰ ਤਬਿ ਪਰੇ।
ਸਗਰੇ ਨਰ ਤੈਸੇ ਜਲ ਤਰੇ ॥੧੧॥
ਡੇਰਾ ਕਰਯੋ ਪਾਰਲੇ ਕੂਲ[1]।
ਸ਼੍ਰੀ ਗੁਰ ਦੇਵ ਅਨੰਦ ਕੇ ਮੂਲ।
ਚਹਤਿ ਆਪਨੋ ਨਗਰ ਬਸਾਯੋ।
ਰੁਚਿਰ ਸਥਾਨ ਚਿਤਵਿ ਮਨ ਭਾਯੋ ॥੧੨॥
ਪੰਚ ਕੋਸ ਕੀਰਤ ਪੁਰਿ ਪਰੇ[†]।

[1]ਕਤਾਰ। (ਅ) ਨਾਲ।

[1]ਮਲਾਹ ਨੇ।

[1]ਪਾਰਲੇ ਕੰਢੇ।

[†]ਇਹ ਅਨੰਦਪੁਰ ਵਾਲੀ ਜੂਹ ਦਾ ਹੀ ਟਿਕਾਣਾ ਹੈ। ਇਹ ਸਾਖੀ ਬੀ ਹੈ ਕਿ ਸਤਿਗੁਰਾਂ ਪਰ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਾਤਾ ਨੂੰ ਗੁਰੂ ਹੋਣ ਦਾ ਭਰੋਸਾ ਸੀ, ਗੁਰੂ ਹਰਿ ਕ੍ਰਿਸ਼ਨ ਜੀ ਦੇ ਵਾਕ ਆਪ ਨੇ ਹੀ ਸੁਣੇ ਸਨ, ਇਸ ਕਰਕੇ ਆਪ ਨੇ ਗੁਰੂ ਜੀ ਨੂੰ ਕੀਰਤਪੁਰ ਸਦਵਾਇਆ ਸੀ ਤੇ ਗੱਦੀ, ਮੁਹਰ, ਚਵਰ ਆਦਿ ਗੁਰਤਾ ਦੇ ਸਾਮਾਨ ਅਰਪਕੇ ਸਾਰੇ ਪਰਿਵਾਰ ਨੂੰ ਕੀਰਤਪੁਰ ਰੱਖਿਆ। ਸਤਿਗੁਰਾਂ ਵੱਲੋਂ ਆਪਣੇ ਪਿਤਾ ਜੀ ਦੇ ਸਾਰੇ ਪਰਿਵਾਰ ਨਾਲ ਅਤਿ ਸਨੇਹ ਤੇ ਦਇਆ ਦਾ ਵਿਸ਼ਾਲ ਚਿਤ ਵਾਲਾ ਵਰਤਾਉ ਰਿਹਾ, ਪਰ ਸੋਢੀਆਂ ਵੱਲੋਂ ਤੇ ਆਪਣੇ ਸ਼੍ਰੀਕੇ ਵਲੋਂ ਵਰਤਾਉ ਵਿਰੋਧ ਵਾਲਾ ਤੱਕਕੇ ਸਤਿਗੁਰਾਂ ਨੇ ਪੰਜ ਕੁ ਮੀਲ ਉਪਰ ਨੂੰ ਜਾ ਡੇਰਾ ਲਾਯਾ ਤੇ ਅਨੰਦਪੁਰ ਨਾਮ ਦਾ ਨਗਰ ਬਸਾਯਾ।

ਤਹਾਂ ਜਾਇ ਗੁਰ ਡੇਰਾ ਕਰੇ।
ਹੁਤੋ ਰਾਜ ਗਿਰਪਤ ਕਹਿਲੂਰੀ।

ਦੂਣ ਪਹਾਰਨਿ ਕੀ ਬਹੁ ਰੂਰੀ ॥੧੩॥
ਇਤ ਸਤੱਦ੍ਰਵ ਕੋ ਚਲਹਿ ਪ੍ਰਵਾਹੂ।
ਨਿਰਮਲ ਨੀਰ ਸਦੀਵ ਅਥਾਹੂ[1]।
ਸਿੰਧ ਗਾਮਨੀ[1] ਸਲਿਤਾ ਮਹਾਂ।
ਬੈਠੇ ਦ੍ਰਿਸ਼ਟਿ ਪਰਹਿ ਜਲ ਤਹਾਂ ॥੧੪॥
ਦੁਤਿਯ ਦਿਸ਼ਾ ਮਹਿਂ ਤੁੰਗ ਪਹਾਰ।
ਪੂਰਬ ਪਸ਼ਚਮ ਧਾਰ[1] ਉਦਾਰ।
ਨਿਕਟਿ ਸ਼ਿਖਰ ਪਰ ਨੈਨਾ ਦੇਵੀ[†]।
ਜਗ ਜਨਨੀ ਈਸ਼ੁਰੀ ਅਭੇਵੀ ॥੧੫॥
ਕਰਨੀ ਬਿਦਤ ਭਵਿੱਖਜਤ ਜਾਨੀ।
ਅਵਿਨੀ ਰਵਨੀ ਪਿਖਿਯ ਮਹਾਨੀ।
ਤਿਸ ਥਲ ਮਹਿਂ ਕੀਨਸਿ ਗੁਰ ਡੇਰਾ।
ਸਰਬ ਰੀਤਿ ਸੁਖਦਾਇਕ ਹੇਰਾ ॥੧੬॥
-ਪੁਰਿ ਅਰੁ ਗ੍ਰਾਮ ਅਪਰ ਸੋਢੀਨਿ।
ਕਰਹਿਂ ਸ਼ਰੀਕਾ ਦ੍ਵੈਸ਼ੀ ਚੀਨ।
ਤਹਿਂ ਨਿਵਾਸ ਹ੍ਵੈ ਬਧਹਿ ਬਿਖਾਦਾ।
ਦੇਖਿ ਪਰਸਪਰ ਬੰਧਹਿਂ ਬਾਦਾ[1] ॥੧੭॥
ਸ਼੍ਰੀ ਅੰਮ੍ਰਿਤਸਰ ਲਵਪੁਰਿ ਨੇਰੇ।
ਤਹਿਂ ਜੇ ਬਸਿਹੈਂ ਪਰਹਿਂ ਬਖੇਰੇ-।
ਇੱਤਜਾਦਿਕ ਬਹੁ ਭਾਂਤਿ ਬਿਚਾਰਾ।
ਨਗਰ ਬਸਾਯੋ ਚਹੈਂ ਨਿਆਰਾ ॥੧੮॥
-ਜਿਮ ਪੂਰਬ ਗੁਰੁ ਜੇਤਿਕ ਭਏ।
ਨਿਜ ਨਿਜ ਨਗਰ ਬਸਾਵਨਿ ਕਿਏ।
ਤਿਮ ਅਪਨੋ ਹਮ ਅਬਹਿ ਬਸਾਵੈਂ।
ਪੁਨਹਿ ਸ਼ਰੀਕਾ ਕ੍ਵੈ ਨ ਕਮਾਵੈ ॥੧੯॥
ਸੁਖ ਸੋਂ ਬਾਸ ਕਰਹਿਂ ਨਿਜ ਪੁਰਿ ਮੈਂ।
ਮਤਸਰ ਤੇ ਨ ਤਪੈ ਕੋ ਉਰ ਮੈਂ-।
ਇਮ ਬਿਚਾਰ ਕਰਿ ਕਾਰਨ ਬ੍ਰਿੰਦੂ।
ਥਿਰ ਭਏ ਤੇਗ ਬਹਾਦਰ ਇੰਦੂ ॥੨੦॥
ਸੁਨਿ ਸੁਨਿ ਪੁੰਜ ਸੰਗਤਾਂ ਆਵੈਂ।
ਧਨ ਸਮੁਦਾਇ ਵਸਤੁ ਅਰਪਾਵੈਂ।

[1]ਬਹੁਤ ਡੂੰਘਾ।
[1]ਸਮੁੰਦ੍ਰ ਵੱਲ ਜਾਣ ਵਾਲੀ।
[1]ਪਹਾੜਾਂ ਦੀ ਕਤਾਰ।
[†]ਇਸ ਵੇਲੇ ਏਥੇ ਕੋਈ ਨਿਸ਼ਾਨ ਟਿਕਾਣਾ ਨਹੀਂ ਹੈਸੀ। ਦੇਖੋ ਰੁਤ ੩ ਅੰਸੂ ੬ ਅੰਕ ੨੭ ਦੀ ਹੇਠਲੀ ਟੂਕ।
[1]ਝਗੜੇ ਬੰਨ੍ਹਣਗੇ।

ਨਿਤ ਪ੍ਰਤਿ ਆਮਦਨੀ ਬਹੁ ਹੋਇ।
ਦੇਗ ਕਰਹਿਂ ਗੁਰ ਸਮਿਯੈ ਦੋਇ[1] ॥੨੧॥ [1]ਦੋਨੋਂ ਵੇਲੇ।
ਦੇਸ਼ਨਿ ਕੇ ਮਸੰਦ ਗਨ ਅਹੈਂ।
ਗੁਰੂ ਭਏ, ਨਿਸ਼ਚੈ ਜਬਿ ਲਹੈਂ।
ਭਾਈ ਬ੍ਰਿਧ ਕੋ ਬੰਸ ਪਵਿੱਤਾ।
ਪਿਤਾ ਪੂਤ ਝੰਡਾ ਗੁਰਦਿੱਤਾ ॥੨੨॥
ਭੇਟ ਅਨੇਕ ਪ੍ਰਕਾਰਨਿ ਲ੍ਯਾਏ।
ਸ਼ੁਭ ਦਸਤਾਰ ਦੇਨਿ ਕਹੁ ਆਏ।
ਬਾਜ ਅਮੋਲਕ ਕਠਨ ਕਮਾਨ।
ਆਨ੍ਯੋ ਤਰਕਸ਼ ਭਰਿ ਖਰ ਬਾਨ ॥੨੩॥
ਗਾਦੀ ਪਰ ਸ਼੍ਰੀ ਤੇਗ ਬਹਾਦਰ।
ਪਹੁੰਚੇ ਨਿਕਟਿ ਕਰਨਿ ਕਹੁ ਆਦਰ।
ਸਕਲ ਅਕੋਰ ਅਰਪਨਾ ਕਰੀ।
ਸੂਖਮ ਪਾਗ ਨਮੋ ਕਰਿ ਧਰੀ ॥੨੪॥
ਜਥਾ ਜੋਗ ਸਤਿਗੁਰੂ ਉਤਾਰੇ[1]। [1]ਉਤਾਰਾ ਦਿੱਤਾ।
ਸੇਵ ਕਰਾਈ ਅਨਿਕ ਪ੍ਰਕਾਰੇ।
ਬ੍ਰਿੱਧ ਕੋ ਬੰਸ ਮਿਲ੍ਯੋ ਜਬਿ ਆਈ।
ਜਾਨ੍ਯੋ ਤਬਿ ਮਸੰਦ ਸਮੁਦਾਈ ॥੨੫॥
ਲੇ ਲੇ ਬ੍ਰਿੰਦ ਪਦਾਰਥ ਆਏ।
ਭਏ ਦੀਨ ਪਦ ਸੀਸ ਨਿਵਾਏ।
ਸਭਿ ਕੇ ਸਿਵਰ ਗੁਰੂ ਕਰਿਵਾਏ।
ਜਥਾ ਜੋਗ ਦੇ ਮਾਨ ਬਧਾਏ ॥੨੬॥
ਪ੍ਰਥਮ ਰੀਤਿ ਸੋਂ ਦੇ ਸਿਰੁਪਾਊ।
ਤਿਨ ਦੇਸ਼ਨਿ ਕੋ ਦਈ ਬਿਦਾਊ[1]। [1]ਵਿਦੈਗੀ।
ਗੁਰ ਸੁਭਾਵ ਕੀ ਕਰਤਿ ਪ੍ਰਸ਼ੰਸਾ।
ਕਹੈਂ ਕਿ 'ਅਬਿ ਨਾਸ੍ਯੋ ਮਨ ਸੰਸਾ'
॥੨੭॥
ਜਬਿ ਐਸੇ ਆਏ ਸਮੁਦਾਇ।
ਧੀਰਮਲ ਸੁਨਿ ਮਨ ਖੁਨਸਾਇ।
ਦੇ ਧਨ ਕੋ ਮਸੰਦ ਅਪਨਾਵੈ।
ਤਊ ਨ ਕੋ ਤਿਸ ਕੇ ਢਿਗ ਜਾਵੈ ॥੨੮॥
ਕਾਬਲ ਮਹਿਂ ਮਸੰਦ ਇਕ ਰਹੈ।

ਬਿਨਾ ਸੰਦੇਹ ਨ ਗੁਰ ਕੋ ਲਹੈ।
ਤਿਨ[1] ਦੋਨਹੁ ਥਲ ਮਨੁਜ[2] ਪਠਾਏ।
ਤੂਰਨ ਮਗ ਉਲੰਘਤਿ ਸੋ ਆਏ ॥੨੯॥
ਕੁਛਕ ਭੇਟ ਗੁਰੁ ਨਿਕਟਿ ਪਠਾਈ।
ਧੀਰਮੱਲ ਢਿਗ ਤਿਤੀ ਪੁਚਾਈ।
ਦੋਨਹੁੰ ਥਲ ਤੇ ਲੇ ਦਸਤਾਰ।
ਗਮਨੇ ਨਿਜ ਪੁਰਿ ਪੰਥ ਮਝਾਰ ॥੩੦॥
ਤਿਸ ਮਸੰਦ ਕੋ ਦੀਨੀ ਜਾਇ।
ਦੋਨੋ ਦੇਖਿ ਸੰਦੇਹ ਉਪਾਇ।
-ਇਨ ਮੈਂ ਕਿਮ ਪਰਖੌਂ ਗੁਰ ਜੋਇ।
ਪੁਨ ਮੈਂ ਰਹੌਂ ਦਾਸ ਤਿਸ ਹੋਇ- ॥੩੧॥
ਚਿਤਵਤਿ ਚਿਤ ਮਹਿਂ ਇਮ ਪੁਨ ਆਈ।
-ਤੋਲ ਲੇਹੁਂ ਦ੍ਵੈ ਪਾਗ ਜਿ ਪਾਈ।
ਗੁਰ ਕੀ ਗਰੁਵੀ, ਬਿਨ ਗੁਰੁ ਹੌਰੀ।
ਲੇਉਂ ਪਤਾ ਬੈਠ੍ਯੋ ਇਸ ਠੌਰੀ- ॥੩੨॥
ਪਾਛੇ ਧੀਰਮੱਲਜ ਗੁਰ ਆਗੇ[1]।
ਧਰਿ ਪਗਰੀ ਤਬਿ ਤੋਲਨਿ ਲਾਗੇ।
ਚਿਤ ਮਹਿਂ ਚਿਤਵਨਿ ਧਾਰੀ ਐਸੇ।
-ਜੋ ਗੁਰ ਹੋਇ ਜਨਾਵਹੁ ਤੈਸੇ ॥੩੩॥
ਨਿਜ ਅਜ਼ਮਤ ਕੋ ਮੋਹਿ ਜਨਾਵਹੁ।
ਦਾਸ ਜਾਨਿ ਅਬਿ ਚਰਨ ਲਗਾਵਹੁ-।
ਇਮ ਉਰ ਧਰਿ ਤਕਰੀ ਪਰ ਤੋਲੀ।
ਭਈ ਧੀਰਮੱਲ ਕੀ ਤਬਿ ਹੋਲੀ ॥੩੪॥
ਪਠੀ ਜੁ ਗੁਰੁ ਸੁ ਉਠੇ ਨ ਉਠਾਈ।
ਤਜੋਂ ਤਜੋਂ ਹੋਤਿ ਅਧਿਕ ਗਰਵਾਈ[1]।
ਸਿਖ ਸੰਗਤਿ ਤਹਿਂ ਥੇ ਸਮੁਦਾਇ।
'ਧੰਨ ਗੁਰੂ' ਬੋਲੇ ਹਰਖਾਇ ॥੩੫॥
ਇਮ ਪਿਖਿ ਪਿਖਿ ਕਰਿ ਪਤਾ ਅਨੇਕ।
ਜਾਨ੍ਯੋਂ ਸਤਿਗੁਰ ਜਲਧਿ ਬਿਬੇਕ।
ਦੇਸ਼ ਬਿਦੇਸ਼ਨਿ ਕੀਰਤਿ ਹੋਈ।
ਲਖ੍ਯੋ ਨਵੋਂ ਸਤਿਗੁਰ ਇਮ ਲੋਈ ॥੩੬॥

[1]ਭਾਵ ਤਿਸ ਮਸੰਦ ਨੇ। [2]ਆਪਣੇ) ਆਦਮੀ।

[1]ਪਿਛਲੇ (ਪਲੜੇ ਵਿਚ) ਧੀਰਮੱਲ ਦੀ ਤੇ ਅਗਲੇ (ਵਿਚ) ਗੁਰੂ (ਜੀ ਦੀ ਪਗ ਰਖੀ)।

[1]ਭਾਰੀ।

ਸੂਰਜ ਚਢਯੋ ਨ ਛਪੈ ਛਪਾਯੋ।
ਮਹਿ ਮੰਡਲ ਤਮ[1] ਮੋਹ ਮਿਟਾਯੋ। [1]ਮੋਹ ਰੂਪੀ ਅੰਧੇਰਾ।
ਧੀਰਮੱਲ ਕਰਿ ਚਿੰਤਾ ਮਨੇ।
ਬ੍ਰਿਧ ਕੁਲ ਨਿਕਟਿ ਪਠ ਨਰ ਘਨੇ ॥੩੭॥
'ਕਲਗ਼ੀ ਬਾਜ ਭੇਟ ਮੁਝ ਦੀਜੈ।
ਜਿਤੋ ਚਹੋ ਧਨ ਤੁਮ ਅਬਿ ਲੀਜੈ।'
ਅਨਿਕ ਉਪਾਵਨਿ ਕੋ ਕਰਿ ਹਾਰਾ।
ਤਿਨਹੁ ਨਹੀਂ ਮਾਨੀ ਇਕ ਬਾਰਾ ॥੩੮॥
ਨਹਿਂ ਅਪਨੇ ਤੇ ਭੇਟ ਪਠਾਈ।
ਨਹੀਂ ਆਇ ਨਿਜ ਗ੍ਰੀਵ ਨਿਵਾਈ।
ਇਸ ਤੇ ਆਦਿ ਜਤਨ ਬਹੁ ਕਰੇ।
ਪ੍ਰਥਮ ਸਮਾਨ ਰਹਯੋ ਥਿਰ ਘਰੇ ॥੩੯॥
ਬਿਨ ਧਨ ਜੇ ਲਖਪਤੀ ਕਹਾਵੈ।
ਹੁੰਡੀ ਕਹਿ ਕਹਿ ਕੂਰ ਚਲਾਵੈ।
ਸੁਮਤਿਵਾਨ ਸਜਾਨੇ ਨਹਿਂ ਮਾਨੇ।
ਬਿਰਮ ਜਾਹਿਂ ਜੇ ਹੋਹਿ ਇਆਨੇ[1] ॥੪੦॥ [1]ਜੇ ਅਯਾਣੇ ਹੋਣ ਤਾਂ ਭਰਮ ਜਾਣ।
ਗਰਜਯੋ ਕੇਹਰਿ ਜਬਿ ਬਨ ਮਾਂਹੀ।
ਮ੍ਰਿਗ ਜੰਬੁਕ[1] ਕਿਮ ਥਿਰਤਾ ਪਾਹੀਂ। [1]ਗਿੱਦੜ।
ਗਜ ਆਦਿਕ ਜਿਸ ਤੇ ਭੈ ਧਾਰੇਂ।
ਤਿਸ ਆਗੈ ਕਜਾ ਅਪਰ ਬਿਚਾਰੇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਅਨੰਦ ਪੁਰ ਥਾਨ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਮੱਖਣ ਸ਼ਾਹ ਵਿਦਾ। ਸ੍ਰੀ ਅਨੰਦ ਪੁਰ ਵਸਾਉਣਾ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਜਬਿ ਸਤਿਗੁਰੁ ਥਿਰਤਾ ਗਹੀ, ਐਸ਼੍ਵਰਜ
ਭਯੋ ਬਿਸਾਲ।
ਮੱਖਣ ਰਿਦੈ ਅਨੰਦ ਹ੍ਵੈ, ਪੂਜੇ ਗੁਰੂ ਕ੍ਰਿਪਾਲ
॥੧॥

ਚੌਪਈ:

ਇਕ ਦਿਨ ਹਾਥ ਜੋਰਿ ਕਰਿ ਕਹੇ।
'ਪ੍ਰਭੁ ਜੀ ਰਾਵਰਿ ਦਰਸ਼ਨ ਲਹੇ।
ਮਨੋ ਕਾਮਨਾ ਪੂਰਨ ਹੋਈ।
ਜਨਮ ਮਰਨ ਕੀ ਚਿੰਤ ਨ ਕੋਈ ॥੨॥
ਜਯੋਂ ਜਯੋਂ ਨਿਤ ਪ੍ਰਤਿ ਦਰਸ਼ਨ ਕਰਯੋ।
ਮੋਹ ਤਿਮਰ ਉਰ ਤੇ ਪਰਹਰਯੋ।
ਲੋਕ ਪ੍ਰਲੋਕ ਸਹਾਯਕ ਪਾਏ।
ਬਡੇ ਭਾਗ ਜਾਗੇ, ਹਿਤਵਾਏ[1] ॥੩॥
ਛਪੇ ਬਹੁਤ ਹੀ ਪ੍ਰਾਪਤਿ ਭਏ।
ਸਭਿ ਸੰਗਤਿ ਕੇ ਸੰਸੇ ਗਏ।
ਅਬਿ ਮੈਂ ਚਾਹੌਂ ਚਲਯੋ ਆਵਾਸ।
ਚਿਤ ਨਿਤ ਚਰਨ ਕਵਲ ਕੇ ਪਾਸ ॥੪॥
-ਨਹਿਂ ਬਿਸਰਹੁ ਉਰ- ਬਰ ਕੋ ਦੀਜੈ।
ਇਹ ਸੇਵਕ ਪਰ ਕਰੁਨਾ ਕੀਜੈ।
ਬਾਂਛਤਿ ਰਹੌਂ ਦਰਸ ਕੋ ਹੇਰੇ[1]।
ਆਵਤਿ ਅਹੈ ਚੁਮਾਸਾ ਨੇਰੇ ॥੫॥
ਚਲਯੋ ਨ ਜਾਇ ਪੰਥ ਹੁਇ ਪਾਨੀ।
ਸਦਨ ਹਮਾਰੇ ਦੂਰ ਮਹਾਨੀ।
ਹੇ ਪ੍ਰਭੁ! ਮੁਝ ਕੋ ਨਾਂਹਿ ਬਿਸਾਰੋ।
ਸੇਵਕ ਜਾਨਿ ਸਦਾ ਸੰਭਾਰੋ' ॥੬॥
ਸੁਨਿ ਸ਼੍ਰੀ ਤੇਗ ਬਹਾਦਰ ਪੂਰੇ।
ਭਏ ਪ੍ਰਸੰਨ ਦੀਨਿ ਬਰ ਰੂਰੇ।
'ਜਨਮ ਮਰਨ ਤੇਰੋ ਕਟਿ ਗਇਊ।
ਸ਼੍ਰੀ ਨਾਨਕ ਕੋ ਸੇਵਕ ਭਇਊ ॥੭॥
ਸੱਤਿਨਾਮ ਸਿਮਰਹੁ ਦਿਨ ਰਾਤੀ।

[1]ਪ੍ਰੇਮ ਵਾਲਾ ਹੋਯਾ ਹਾਂ।

[1]ਦਰਸ਼ਨ ਦੇਖਣ ਨੂੰ ਚਾਹੁੰਦਾ ਰਹਾਂ।

ਗੁਰ ਬਾਨੀ ਪਢਿ ਹ੍ਵੈ ਚਿਤ ਸ਼ਾਂਤੀ।
ਮਨ ਸੋਂ ਮਿਲੇ ਸਦਾ ਮਿਲ ਰਹੇ[1]।

[1]ਜੋ ਮਨ ਨਾਲ ਮਿਲੇ ਹੋਏ ਹਨ ਉਹ ਸਦਾ ਹੀ ਮਿਲ ਰਹੇ ਹਨ।

ਪੁਨ ਬਿਯੋਗ ਸੋ ਕਬਹੁੰ ਨ ਲਹੇ ॥੮॥
ਦ੍ਰਿਸ਼ਟਿਮਾਨ ਪਰ ਕਹਾਂ ਸਨੇਹੁ[1]।

[1]ਕੀਹ ਪਜਾਰ ਕਰਨਾ ਹੋਯਾ।

ਬਿਨਸਨਹਾਰੇ ਆਦਿਕ ਦੇਹੁ।
[1]ਸੱਤਾ ਚੇਤਨ ਫੁਰਿਬੇ ਹਾਰੀ।

[1]ਦੇਹਾਦਿਕਾਂ ਨੂੰ) ਪ੍ਰਕਾਸ਼ਣ ਵਾਲੀ ਜੋ ਚੇਤਨ ਸੱਤਾ ਹੈ ਸੋ ਬਾਲ ਬ੍ਰਿੱਧ ਆਦਿ ਅਵਸਥਾ ਵਿਚ ਨਹੀਂ ਭਾਵ ਦੇਹ ਆਦਿ ਅਵਸਥਾ ਨਾਲ ਬਦਲਦੇ ਹਨ ਪਰ ਉਹ ਹਰ ਅਵਸਥਾ ਵਿਚ ਇਕੋ ਜਿਹੀ ਰਹਿੰਦੀ ਹੈ, ਉਹ ਪਰਮ ਪੁਨੀਤ ਸਦਾ ਇਕ ਰਸ ਰਹਿੰਦੀ ਹੈ, ਉਸ ਨੂੰ ਆਪਣਾ ਸਰੂਪ ਲਖ ਕੇ ਚਿਤ ਨੂੰ ਟਿਕਾਓ। [ਦੇਹ ਤੋਂ ਬੁੱਧੀ ਤਕ ਸਭ ਦ੍ਰਿਸ਼ਟਮਾਨ ਹਨ, ਚੇਤਨ ਦ੍ਰਿਸ਼ਟਾ ਹੈ, ਇਸੇ ਦੀ ਸੱਤਜਾ ਨਾਲ ਬੁੱਧੀ ਆਦਿਕ ਸਫੁਰਣ ਹੁੰਦੇ ਹਨ। ਇਹ ਜੋ ਅੰਦਰ ਸ਼ੁਧ ਚੇਤਨ ਹੈ ਇਹ ਅਪਣਾ ਸਰੂਪ ਹੈ, ਇਹ ਦ੍ਰਿਸ਼ਟਾ ਹੈ]

ਬਾਲ ਬ੍ਰਿੱਧ ਬਯ ਕੇ ਨ ਮਝਾਰੀ ॥੯॥
ਸਦਾ ਏਕ ਰਸ ਪਰਮ ਪੁਨੀਤਾ।
ਨਿਜ ਸਰੂਪ ਲਖਿ ਥਿਰ ਕਰਿ ਚੀਤਾ[ਪ]।
ਜਿਸ[†] ਮੈਂ ਦੁਖ ਸੁਖ ਹਰਖ ਨ ਸ਼ੋਕ।

[†]ਪਾ:-ਚਿਤ।

ਆਵਨ ਜਾਨ ਨ ਲੋਕ ਪ੍ਰਲੋਕ ॥੧੦॥
ਮਨ ਥਿਰ ਸਦਾ ਤਿਸੀ ਮਹਿਂ ਕਰੀਅਹਿ।
ਸਦਾ ਸਰੂਪ ਅਨੂਪ ਸੰਭਰੀਅਹਿ।'
ਇਮ ਕਹਿ ਖੁਸ਼ੀ ਕਰੀ ਗੁਰ ਜਬੈ।
ਚਰਨ ਕਮਲ ਸੰਗ ਲਿਪਟਜੋ ਤਬੈ ॥੧੧॥
ਤਜੇ ਨ ਜਾਹਿਂ ਸੀਸ ਧਰਿ ਰਹਿਊ।
ਹਾਥਨਿ ਸਾਥ ਪਲੋਸਤਿ ਗਹਿਊ।
ਕਿਤਿਕ ਬਾਰਿ ਮਹਿਂ[1] ਗੁਰੂ ਛੁਰਾਏ।

[1]ਕਿੰਨਾ ਚਿਰ ਪਿਛੋਂ।

ਪ੍ਰੇਮ ਬਸੀ ਦ੍ਰਿਗ ਜਲ ਢੁਰਿ ਆਏ ॥੧੨॥
ਬਾਰਿ ਬਾਰਿ ਬੰਦਨ ਕਰਿ ਭਲੇ।
ਬਿਦਾ ਭਯੋ ਚਿਤ ਚਹਤਿ ਨ ਚਲੇ।
ਮੁਰਿ ਮੁਰਿ ਹੇਰਤਿ ਨੀਠ ਚਲੰਤਾ।
ਉਰ ਧਰਿ ਲੀਨਿ ਧਜਾਨ ਭਗਵੰਤਾ ॥੧੩॥
ਬਹੁਤ ਮੋਲ ਕੋ ਬਰ[1] ਸਿਰੁਪਾਇ।

[1]ਸ੍ਰੇਸ਼ਟ।

ਕਰੁਨਾ ਸਹਿਤ ਗੁਰੂ ਤੇ ਪਾਇ।
ਸਿਰ ਪਰ ਧਰਿ ਨਿਜ ਆਇਵਿ ਡੇਰੇ।

ਚਢ੍ਯੋ ਤੁਰੰਗਮ ਪਰ ਮਗ ਪ੍ਰੇਰੇ ॥੧੪॥
ਗੁਰੁ ਗੁਰੁ ਸਿਮਰਤਿ ਕੀਨਿ ਪਯਾਨਾ।
ਲੇ ਕਰਿ ਅਪਨਿ ਸਮਾਜ ਮਹਾਨਾ।
ਗਯੋ ਆਪਨੇ ਦੇਸ਼ ਮਝਾਰੀ।
ਜਹਿਂ ਕਹਿਂ ਕੀਰਤਿ ਗੁਰਨਿ ਉਚਾਰੀ ॥੧੫॥
ਇਮ ਮੱਖਣ ਜਬਿ ਸਦਨ ਸਿਧਾਰਾ।
ਭਯੋ ਸਫਲ ਨਿਜ ਜਨਮ ਸੁਧਾਰਾ।
ਪੀਛੈ ਸਤਿਗੁਰੁ ਉੱਦਮ ਧਰੈਂ।
ਨਗਰ ਬਸਾਵਨਿ ਕੋ ਚਿਤ ਕਰੈਂ ॥੧੬॥
ਨ੍ਰਿਪ ਕੇ ਲੋਕ ਗ੍ਰਾਮ ਕੇ ਔਰ।
ਕਰਤਿ ਮਾਲਕੀ ਜੇ ਤਿਸ ਠੌਰ।
ਤਿਨ ਕੇ ਨਿਕਟਿ ਮਸੰਦ ਪਠਾਯੋ।
ਜਾਇ ਪਹੁੰਚਿ ਪ੍ਰਸੰਗ ਸੁਨਾਯੋ ॥੧੭॥
'ਸ਼੍ਰੀ ਹਰਿ ਗੋਵਿੰਦ ਗੁਰੁ ਬਿਸਾਲਾ।
ਤਿਨ ਕੇ ਨੰਦਨ ਧੀਰ ਕ੍ਰਿਪਾਲਾ।
ਜਿਨ ਸ਼੍ਰੀ ਤੇਗ ਬਹਾਦਰ ਨਾਮੂ।
ਬਿਰਤਿ ਸ਼ਾਂਤਕੀ ਬਡ ਗੁਨ ਧਾਮੂ ॥੧੮॥
ਸੋ ਚਾਹਤਿ ਹੈਂ ਨਗਰ ਬਸਾਏ।
ਥਾਂਨ ਚੰਡਿਕਾ ਤਰੇ ਸੁਹਾਏ[1]।

[1]ਇਥੇ ਉਸ ਟਿੱਲੇ ਤੋਂ ਮੁਰਾਦ ਹੈ, ਜਿਸਨੂੰ ਨੈਣਾਂ ਦੇਵੀ ਕਹਿੰਦੇ ਹਨ। ਤਦੋਂ 'ਥਾਨ' ਇਥੇ ਕੋਈ ਨਹੀਂ ਸੀ।

ਜਥਾ ਇਨਹੁ ਕੇ ਜੇਸ਼ਟ ਭ੍ਰਾਤਾ।
ਬਾਬਾ ਗੁਰਦਿੱਤਾ ਬੱਖਜਾਤਾ ॥੧੯॥
ਪੂਰਬ ਆਇ ਨਿਕਟਿ ਗਿਰ[1] ਥਾਨ।
ਪਿਖਿ ਰਮਣੀਕ ਅਨੰਦ ਮਹਾਨ।
ਸ਼੍ਰੀ ਕੀਰਤਪੁਰਿ ਕੀਨਿ ਬਸਾਵਨਿ।
ਚਾਰਹੁੰ ਬਰਨ ਕਰੇ ਘਰ ਪਾਵਨਿ ॥੨੦॥

[1]ਪਹਾੜ ਦੇ ਕੋਲ (ਕੀਰਤਪੁਰ)।

ਤਿਮ ਅਭਿਲਾਖਤਿ ਥਿਰਤਾ ਲਹੇ।
ਜ਼ਰ ਖਰੀਦ ਛਿਤ ਕੋ ਚਿਤ ਚਹੇ[1]।
ਇਸ ਕਾਰਨ ਤੇ ਹਮ ਚਲਿ ਆਏ।'
ਸੁਨਿ ਮਸੰਦ ਤੇ ਨਰ ਸਮੁਦਾਏ ॥੨੧॥
ਅਵਨੀ ਪਤਿ ਕੋ ਬੂਝਨਿ ਕੀਨਾ।
ਦੀਨਿ ਹੁਕਮ ਨੀਕੇ ਚਿਤ ਚੀਨਾ।

[1]ਜ਼ਮੀਨ ਮੁੱਲ ਲੈਣੀ ਚਾਹੁੰਦੇ ਹਨ।

ਨ੍ਰਿਪ ਕੈ ਨਰ ਅਰੁ ਗ੍ਰਾਮਨਿ ਕੇਰੇ।
ਆਇ ਸਥਾਨ ਸਰਬ ਕੋ ਹੇਰੇ ॥੨੨॥
ਮਿਲਿ ਸਭਿਹਿਨਿ ਜਿਮ ਮੋਲ ਬਖਾਨਾ।
ਕੇਤਿਕ ਦੀਨਿ ਦਰਬ ਤਿਨ ਪਾਨਾ[1]। — [1]ਤਿਨ੍ਹਾਂ ਦੇ ਹੱਥ।
ਜ਼ਰ ਖਰੀਦ ਕੇ ਪਟੇ ਲਿਖਾਏ।
ਲੇ ਸਤਿਗੁਰ ਨਿਜ ਨਿਕਟਿ ਰਖਾਏ ॥੨੩॥
ਰੁਚਿਰ ਮਹੂਰਤ[†] ਮਹਿਂ ਕਰਿ ਤਯਾਰੀ। — [†]ਦੇਖੋ ਰਾਸ ੩ ਅੰਸੂ ੬੭ ਅੰਕ ੪੭ ਦੀ ਟੂਕ।
ਗਨ ਕਾਰੀਗਰ ਲੀਨਿ ਹਕਾਰੀ।
ਬ੍ਰਿੰਦ ਮਜੂਰਨਿ ਦੇ ਧਨ ਆਨੇ।
ਲੇ ਸਭਿ ਅਪਨੇ ਸੰਗ ਪਯਾਨੇ[1] ॥੨੪॥ — [1](ਕਾਰੀਗਰ) ਲੈਕੇ (ਮਜੂਰ) ਚੱਲੇ।
ਸਭ ਤਰਕੀਬ ਆਪ ਉਪਦੇਸ਼ੀ।
ਸਦਨ ਆਦਿ ਕੀ ਨੀਵ ਵਿਸ਼ੇਸ਼ੀ।
ਥਾਨ ਅਜੀਤ ਜਾਨਿ ਪੁਰਿ ਕੀਨਾ[1]। — [1]ਅਜੀਤ ਥਾਨ ਜਾਣਕੇ ਨਗਰ ਵਸਾਵਣਾ ਅਰੰਭਿਆ।
ਬਿਜੈ ਮਹੂਰਤ[†] ਮਹਿਂ ਚਿਤ ਚੀਨਾ[1] ॥੨੫॥ — [1]ਜਿੱਤ ਦੇ ਮਹੂਰਤ ਚਿੱਤ ਵਿਚ ਜਾਣ ਕੇ। [†]ਦੇਖੋ ਰਾਸ ੩ ਅੰਸੂ ੬੭ ਅੰਕ ੪੭ ਦੀ ਟੂਕ।
ਟਕ ਲਗਾਇ ਗੁਰ ਪ੍ਰਥਮ ਮਨਾਏ[1]। — [1]ਪਹਿਲੇ (ਅੱਠੇ) ਗੁਰੂ ਸਿਮਰੇ।
ਦਾਸਨਿ ਤੇ ਪਕਵਾਨ ਅਨਾਏ।
ਸਰਬ ਪ੍ਰਕਾਰ ਕੀਨਿ ਗਨ ਸੰਗਲ।
ਜਿਨ ਦਰਸ਼ਨ ਤੇ ਮਿਟਹਿਂ ਅਮੰਗਲ ॥੨੬॥
ਕਾਰੀਗਰ ਲਗਾਇ ਗਨ ਦਏ।
ਸਦਨ ਉਸਾਰਨਿ ਲਾਗਤਿ ਭਏ।
ਬਸਨਹਾਰ ਗਨ ਲੋਕ ਬੁਲਾਏ।
ਦਾਨ ਮਾਨ ਕਰਿ ਸੇ ਹਰਖਾਏ ॥੨੭॥
ਨਿਕਟਿ ਕਿ ਦੂਰ ਸੁਨਜੋ ਸਭਿਹੂੰਨਿ।
'ਗੁਰ ਪੁਰਿ ਬਸਨਿ ਲਗਜੋ ਬਿਚ ਦੂੰਨ[1]।' — [1]ਪਹਾੜ ਦੀ) ਦੂਣ ਵਿੱਚ।
ਕੇਤਿਕ ਬਨਕ ਆਇ ਕਰਿ ਮਿਲੇ।
ਬਨਜ ਹੇਤੁ ਹਾਟਨਿ[1] ਕਰਿ ਭਲੇ ॥੨੮॥ — [1]ਦੁਕਾਨਾਂ।
ਕਿਤਿਕ ਮਿਹਨਤੀ ਮਾਨਵ ਆਏ।
-ਚਲਹਿ ਜੀਵਕਾ- ਮਨ ਲਖਿ ਪਾਏ।
ਅਪਨੇ ਸਦਨ ਉਸਾਰਨਿ ਚਹੇ।

ਸੁਤ ਬਨਿਤਾ ਲੇ ਕਰਿ ਤਹਿਂ ਰਹੇ ॥੨੯॥
ਕੇਤਿਕ ਦ੍ਵਾਬੇ ਆਦਿਕ ਦੇਸ਼।
ਬਸਨਹਾਰ ਮਿਲਿ ਗੁਰੂ ਵਿਸ਼ੇਸ਼।
ਕਿਤਿਕ ਪਹਾਰਨਿ ਕੀ ਜਹਿਂ ਦੂੰਨ।
ਗੁਰ ਪੁਰਿ ਬਸਨਿ ਜਾਨਿ ਸਭਿਹੂੰਨਿ ॥੩੦॥
ਸੁਤ ਬਨਿਤਾਦਿਕ ਲਿਏ ਕੁਟੰਬ।
ਬਸਯੋ ਚਹਤਿ ਭੇ ਗੁਰੂ ਅਲੰਬ।
ਮਿਲਹਿਂ ਮਸੰਦਨਿ ਕੇ ਸੰਗਿ ਜਾਇ।
ਚਹਤਿ ਵਸਤੁ ਕੋ ਜਾਚਤਿ ਪਾਇ ॥੩੧॥
ਹੁਕਮ ਕਿਯੋ ਸ਼੍ਰੀ ਤੇਗ ਬਹਾਦਰ।
'ਜੋ ਮੰਗਹਿ ਕੁਛ, ਦੀਜਹਿ ਸਾਦਰ।'
ਯਾਂ ਤੇ ਕਰੀ ਸਹਾਇ ਮਸੰਦ।
ਕਾਸ਼ਟ ਆਦਿਕ ਦੇਤਿ ਬਿਲੰਦ ॥੩੨॥
ਕੇਤਿਕ ਚਿਨਹਿਂ ਚਿਨਾਵਹਿਂ ਕੇਈ।
ਲੇ ਕੁਟੰਬ ਬਾਸੇ ਤਹਿਂ ਤੇਈ।
ਚਿਨੀ ਦੁਕਾਨ ਬਜ਼ਾਰ ਬਨਾਯੋ।
ਲੇ ਵਸਤੁਨਿ ਬਿਵਹਾਰ ਚਲਾਯੋ ॥੩੩॥
ਸੰਗਤਿ ਆਵਤਿ ਦੇਸ਼ ਬਿਦੇਸ਼।
ਸੌਦਾ ਹੋਵਨਿ ਲਗਯੋ ਬਿਸ਼ੇਸ਼।
ਚਾਵਰ, ਚੂਨ, ਦਾਰ ਤੇ ਆਦਿ।
ਸਭਿ ਬਨਜਹਿਂ ਹਿਤ ਭੋਜਨ ਸਾਦਿ ॥੩੪॥
ਇਸ ਬਿਧਿ ਕਿਤਿਕ ਬਸੇ ਤਹਿਂ ਆਨਿ।
ਮਿਹਨਤ ਮਾਨਵ ਠਾਨਿ ਮਹਾਨ।
ਲੇਤਿ ਮਜੂਰੀ ਜੋ ਜਿਸ ਕਰਿ ਹੀ।
ਅਪਨਿ ਜੀਵਕਾ ਸਭਿ ਅਨੁਸਰਹੀ[1] ॥੩੫॥
ਪ੍ਰਥਮ ਸਭਿਨਿ ਕੋ ਜੋ ਜਿਸ ਲਾਇਕ।
ਦੇਤਿ ਭਏ ਗੁਰੁ ਸਭਿ ਸੁਖਦਾਇਕ।
ਪ੍ਰਥਮ ਗੁਰਨਿ ਜਿਮ ਨਗਰ ਬਸਾਏ।
ਤਿਮ ਹੀ ਹੋਤਿ ਭਯੋ ਸਮੁਦਾਏ[1] ॥੩੬॥

[1]ਅਪਣੀ ਜੀਵਕਾ ਸਾਰੇ ਚਲਾਉਂਦੇ ਹਨ, [ਸੰਸ. ਅਨੁਸਰਣ। ਅਨੁ ਸ਼੍ਰੀ]

[1]ਤਿਵੇਂ ਹੀ (ਇੱਥੇ ਬੀ ਲੋਕਾਂ ਦਾ) ਇਕੱਠ ਹੋਇਆ।

ਪੁਨ ਸਤਿਗੁਰ ਨਿਜ ਧਾਮਨਿ ਕੇਰੀ।
ਨੀਵੀ ਨੀਵ ਖੁਦਾਇ ਘਨੇਰੀ।
ਖਰੇ ਹੋਇ ਕਰਿ ਜੁਗਤਿ ਬਤਾਈ।
'ਇਮ ਚਿਨੀਯਹਿ ਨਿਕੇਤ ਸੁਖਦਾਈ'
॥੩੭॥
ਸੁਨਿ ਕਾਰੀਗਰ ਲਗੇ ਉਸਾਰਨਿ।
ਸੁੰਦਰ ਘਰ ਸਮੇਤ ਬਿਸਤਾਰਨਿ।
ਇਕ ਧ੍ਰਮਸਾਲਾ ਬਡੀ ਬਨਾਈ।
ਜਿਸ ਮਹਿਂ ਸੰਗਤਿ ਉਤਰਹਿ ਆਈ
॥੩੮॥
ਰਾਖੇ ਦਰ ਅਨੇਕ ਚਹੁਂ ਓਰ।
ਗ੍ਰੀਖਮ ਮਹਿਂ ਸਮੀਰ[1] ਕੀ ਲੋਰ।
ਇਕ ਦਰ ਕੇ ਕੇਤਿਕ ਬਨਵਾਏ[1]।
ਇਸ ਪ੍ਰਕਾਰ ਪੁਰਿ ਗੁਰੂ ਬਸਾਏ ॥੩੯॥

[1]ਠੰਢੀ ਹਵਾ।

[1]ਇਕ ਦਰਵਾਜ਼ੇ ਵਾਲੇ ਭੀ ਕਈ (ਮੰਦਰ) ਬਣਵਾਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਅਨੰਦਪੁਰ ਬਸਾਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

## ੨੯. [ਮਾਖੋ ਦੈਂਤ]

੨੮<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸਤਿਗੁਰ ਰਿਦੈ ਬਿਚਾਰਿ ਕਰਿ,
ਪਿਖਿ ਪੁਰਿ ਕੀ ਦਿਸ਼ਿ ਦੌਨ[1]।
ਹੁਤੇ ਮਸੰਦਨਿ ਸਹਿਤ ਥਿਤ,
ਚਢਿ ਕਰਿ ਉਚੇ ਭੌਨ ॥੧॥

[1]ਪੁਰ ਦੀ ਦੋਹਾਂ ਤਰਫਾਂ ਵੱਲ ਦੇਖਿਆ।

ਚੌਪਈ:

[1]ਇਕ ਦਿਸ਼ਿ ਧਾਰ ਫੈਲ ਜੁਤਿ ਸੈਲ।
ਹਰਿਤ ਤਰੋਵਰੁ ਸੁੰਦਰ ਸੈਲ[4]।
ਦਿਖੀਅਤਿ ਗਿਰਵਰ ਤੁੰਗ ਨਜੀਕਾ।
ਜਹਾਂ ਬਾਸ ਸ਼੍ਰੀ ਦੇਵੀ ਜੀ ਕਾ[†] ॥੨॥

[1]ਇਕ ਪਾਸੇ ਪਹਾੜ ਸ਼੍ਰੇਣੀ ਪੱਥਰਾਂ ਸਣੇ ਫੈਲ ਰਹੀ ਹੈ (ਉਪਰ ਉਸਦੇ) ਹਰੇ ਬਿੱਛਾਂ ਦਾ ਸੁਹਣਾ ਨਜ਼ਾਰਾ ਹੈ। [ਧਾਰ = ਪਾਣੀ ਦੀ ਰੌਅ। ਇਕ ਪਹਾੜੀ ਸ਼੍ਰੇਣੀ ਨੂੰ ਦੂਜੀ ਪਹਾੜ ਸ਼੍ਰੇਣੀ ਤੋਂ ਪਾਣੀ ਦੀ ਰੌਅ ਹੀ ਨਿਖੇੜਦੀ ਹੈ, ਇਸ ਕਰਕੇ ਪਹਾੜ ਸ਼ੇਣੀ ਦਾ ਨਾਉਂ ਧਾਰ ਪੈ ਗਿਆ ਹੈ]

[†]ਇਹ ਗੱਲ ਗੁਰੂ ਜੀ ਪਰ ਕੋਈ ਅਸਰ ਨਹੀਂ ਰੱਖਦੀ ਸੀ, ਜਦਕਿ ਛੇਵੀਂ ਪਾਤਸ਼ਾਹੀ ਦੇ ਸਮੇਂ ਦੇ ਹਾਲ ਦਬਿਸਤਾਨ ਮਜ਼ਾਹਬ ਵਾਲੇ ਨੇ ਲਿਖੇ ਹਨ ਤੇ ਦੱਸਿਆ ਹੈ ਕਿ ਕੀਕੂੰ ਸਿਖ ਦੇਵੀ ਪੂਜਨ ਨੂੰ ਮਖ਼ੌਲ ਨਾਲ ਦੇਖਦੇ ਸਨ। ਤੇ ਕਵੀ ਜੀ ਐਉਂ ਲਿਖ ਰਹੇ ਹਨ ਜਿਵੇਂ ਓਥੇ ਮੰਦਰ ਸੀ ਜੋ ਵਾਸਤਵ ਵਿੱਚ ਕੋਈ ਨਹੀਂ ਸੀ।

ਦੁਤਿਯ ਦਿਸ਼ਾ ਦ੍ਰਿਗ ਫੇਰਤਿ ਹੇਰਾ।
ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ।
ਹੋਤਿ ਅਨੰਦ ਪਿਖੇ ਅਭਿਰਾਮੂ।
ਯਾਂ ਤੇ ਧਰਿ ਅਨੰਦਪੁਰਿ ਨਾਮੂ ॥੩॥
ਜਿਸ ਦਿਨ ਧਰਜੋ ਸੁ ਨਾਮ ਗੁਸਾਈਂ।
ਤਿਸ ਤੇ ਨਿਸਾ ਭਈ ਜਬਿ ਆਈ।
ਖਾਨ ਪਾਨ ਕਰਿ ਪੌਢਨਿ ਕੀਨਾ।
ਤਿਮਰ ਦਸੋ ਦਿਸ਼ਿ ਛਾਯੋ ਪੀਨਾ ॥੪॥
ਤਬਿ ਇਕ ਦਾਨਵ ਆਵਨਿ ਚਹਜੋ।
ਬਹੁ ਦੁਰਗੰਧਤਿ ਬਾਯੂ ਬਹਜੋ।
ਜਬਿ ਬਦਬੋਇ ਗੁਰੂ ਕੌ ਆਈ।
ਮੁਖ ਤੇ ਬਸਨ ਠਾਨਿ[1] ਸਹਿਸਾਈ ॥੫॥
ਕਰਜੋ ਬਿਲੋਕਨਿ ਜਿਸ ਦਿਸ਼ਿ ਪੌਰ।
ਦਾਰੁਨ ਬੇਖ ਕਰਜੋ ਤਿਸ ਠੌਰ।
ਮਹਾਂ ਭਯਾਨਕ ਰੂਪ ਦਿਖਾਵਾ।

[1]ਪੱਲਾ ਲੈ ਕੇ।

ਜਿਹ ਕੇ ਪਿਖੇ ਤ੍ਰਾਸ ਨਰ ਪਾਵਾ ॥੬॥

ਸੀਸ ਮਹਾਂਨ ਬਿਖਾਨ ਖਰੇ ਖਰ[1]।
[1]ਸਿੰਗ ਬੜੇ ਤਿੱਖੇ।

ਲਾਲ ਬਿਸਾਲ ਕਰਾਲ ਬਾਲ ਧਰਿ[1]।
[1](ਸਿਰ ਉੱਤੇ) ਬੜੇ ਭਿਆਨਕ ਲਾਲ ਵਾਲ ਧਾਰੇ ਹੋਏ ਹਨ।

ਓਠਨਿ ਕੋ ਚਾਟਤਿ ਬਡ ਜੀਹਾ[1]।
[1]ਜ਼ਬਾਨ।

ਰਕਤ ਬਿਲੋਚਨ ਦਾਰੁਨ ਦੀਹਾ[1] ॥੭॥
[1]ਬੜੇ ਭਿਆਨਕ।

ਸ਼ਮਸ ਬਾਲ ਭੀ[1] ਲਾਲ ਬਡੇਰੇ।
[1]ਦਾੜ੍ਹੀ ਦੇ ਵਾਲ ਬੀ।

ਗਰ ਮਹਿਂ ਕਰ ਮਹਿਂ ਹਾਡ ਘਨੇਰੇ।
ਕਾਰੋ ਰੰਗ ਅੰਗ ਸਭਿ ਕੇਰਾ।

ਥੂਲ ਉਦਰ ਅਰੁ ਧਮਨੀ ਹੇਰਾ[1] ॥੮॥
[1]ਨਾੜੀਆਂ ਦਿੱਸਦੀਆਂ।

ਹਾਥਨਿ ਮਹਿਂ ਨਰ ਮੁੰਡ ਬਜਾਵਹਿ।
ਕ੍ਰੂਰ ਦ੍ਰਿਸ਼ਟਿ ਤੇ ਗੁਰਨਿ ਡਰਾਵਹਿ।
'ਅਬਿ ਹਮ ਖੈ ਹੈਂ' ਤ੍ਰਿਯ ਸੰਗ ਕਹੈ।

'ਤ੍ਰਿਪਤਹਿਂ ਰਕਤ ਬ੍ਰਿੰਦ ਜਬਿ ਲਹੈਂ[1]† ॥੯॥
[1]ਬਹੁਤਾ ਲਹੂ ਜਦ ਲਵਾਂਗੇ ਤਾਂ ਰੱਜਾਂਗੇ। †ਪਾ:-ਜਲ ਚਹੈਂ।

ਨਿਜ ਪੁਰ ਹਮਰੇ ਬਾਸ ਬਸਾਯੋ[1]।
[1]ਸਾਡੇ ਵੱਸਣੇ ਦੀ ਜਗਾ ਵਿਚ ਆਪਣਾ ਨਗਰ ਵਸਾਇਆ ਹੈ।

ਤਨਕ ਨਹੀਂ ਉਰ ਮੈਂ ਡਰਪਾਯੋ।'
ਇਮ ਬੋਲਤਿ ਕੇ ਸੁਨਿ ਰਿਸ ਧਰਿ ਕੈ।
ਧਨੁਖ ਧਰਜੋ ਢਿਗ ਗੁਰੁ ਗਹਿ ਕਰਿ ਕੈ ॥੧੦॥

ਤੀਖਨ ਭੀਖਨ ਸੰਧਜੋ[1] ਬਾਨ।
[1]ਜੋੜਿਆ।

ਜਬਿ ਖੈਂਚਜੋ ਕਰਿ ਬਾਹੁਨਿ ਤਾਨਿ[1]।
[1]ਭੁਜਾਂ ਦੇ ਬਲ ਕਰਕੇ।

ਲਖਜੋ[1] -ਪ੍ਰਤਾਪ ਸ਼ਕਤਿ ਮੈਂ ਮਹਾਂ।
[1](ਰਾਖਸ਼ ਨੇ) ਜਾਣਿਆ।

ਮੋ ਕਹੁ ਪਿਖਿ ਸਧੀਰ ਥਿਰ ਇਹਾਂ[1] ॥੧੧॥
[1]ਮੈਨੂੰ ਵੇਖ ਕੇ ਸਹਿਤ ਧੀਰਜ ਦੇ ਖੜੇ ਰਹੇ ਹਨ ਏਥੇ।

ਐਸੀ ਹੋਇ ਨ, ਸਰ ਕੋ ਛੋਰਹਿਂ।
ਅਜ਼ਮਤ ਬਲ ਤੇ ਮੁਰ ਉਰ ਫੋਰਹਿਂ-।
ਤ੍ਰਸਤਿ ਹੋਇ ਕਰਿ ਤਬਿ ਘਿਘਿਆਯੋ।
ਕਰੇ ਕੋਪ ਗੁਰ ਬਾਕ ਅਲਾਯੋ ॥੧੨॥
'ਖਰੋ ਹੋਹੁ ਤੁਝ ਜਾਨਿ ਨ ਦੈ ਹੈਂ।
ਏਕ ਬਾਨ ਤੇ ਪ੍ਰਾਨਹਿਂ ਘੈ ਹੈਂ।
ਹਿਲਜੋ ਡਰਾਵਨਿ ਅਪਰ ਨਰਨਿ ਕੋ।

ਛਿਨ ਮੈਂ ਕਰਹਿਂ ਨਾਸ ਤੁਵ ਤਨ ਕੋ
॥੧੩॥
ਫੇਰ ਨ ਫੇਰਾ ਕਰਹਿਂ, ਨ ਹੇਰੈਂ।
ਸਹਿਤ ਕੁਟੰਬ ਹਤਹਿਂ ਇਸ ਬੇਰੈ।
ਨਾਂਹਿ ਤ ਕਹੁ ਅਪਨੋ ਬਿਰਤਾਂਤ।
ਥਾਉਂ ਨਾਉਂ ਕੀਜਹਿ ਬੱਖਜਾਤ' ॥੧੪॥
ਸੁਨਿ ਕਰ ਜੋਰਿ ਨਿਹੋਰਨਿ ਕਰਤਾ।
ਸਨਮੁਖ ਹੁਇ ਕਰਿ ਅਸੁਰ[1]† ਉਚਰਿਤਾ।
'ਮਾਖੋ ਨਾਮ ਜਾਨੀਅਹਿ ਮੇਰਾ।
ਇਸ ਪੀਪਰ ਤਰੁ ਪਰ ਨਿਤ ਡੇਰਾ
॥੧੫॥
ਚਿਰੰਕਾਲ ਕੋ ਬਾਸ ਹਮਾਰੋ।
ਨਿਜੁ ਕੁਟੰਬ ਜੁਤਿ ਰਹਤਿ ਸੁਖਾਰੇ।
ਛੀਨ ਲੀਨਿ ਤੁਮ ਕੀਨਿ ਬਸੇਰਾ।
ਚਹੋ ਬਸਾਵਨਿ ਨਗਰ ਬਡੇਰਾ ॥੧੬॥
ਰਹਜੋ ਨ ਜਾਇ ਸਮੀਪ ਤੁਮਾਰੇ।
ਕਰਹੁ ਕੀਰਤਨ ਉਚ ਉਚਾਰੇ।
ਪਢਹਿਂ ਸਿੱਖ ਉਚੇ ਗੁਰੁ ਬਾਨੀ।
ਹਮਰੀ ਕੁਲ ਕੋ ਇਹ ਦੁਖਦਾਨੀ ॥੧੭॥
ਰੱਛਯਾ ਸਗਲ ਦੇਸ਼ ਕੀ ਹੋਈ।
ਕਛੂ ਨ ਭੱਛਨ ਦੇਂ ਹਮ ਜੋਈ[1]।

ਸ਼ਬਦ ਪਢਤਿ ਜਹਿਂ ਲਗਿ ਸਿਖ ਫਿਰੈਂ।
ਤਿਸ ਦਿਸ਼ਿ ਮਹਿਂ ਡਰ ਕਰਿ ਨਹਿਂ ਬਰੈਂ
॥੧੮॥
ਅਪਰ ਥਾਨ ਕਿਤ ਨਗਰ ਬਸਾਵਹੁ।
ਹਮਰੋ ਬਾਸਾ ਇਹਾਂ ਬਚਾਵਹੁ।
ਬਰਖ ਸਾਤ ਸੈ ਬੀਤੇ ਮੋਹੀ।
ਬਹੁ ਗੁਜ਼ਰਾਨ ਭਲੀ ਬਿਧਿ ਹੋਹੀ ॥੧੯॥
ਗਿਰ ਕਹਿਲੂਰ ਦੂਣ ਇਹ ਸਾਰੀ।
ਬਿਚਰੌਂ ਸਭਿ ਥਲ ਕਰੌਂ ਅਹਾਰੀ।
ਭਈ ਚਿੰਤ ਜਬਿ ਕੇ ਤੁਮ ਆਏ।

[1]ਦੈਂਤ। †ਪਾ:-ਐਸੇ।

[1]'ਜੋ ਸਾਨੂੰ ਕੋਈ ਵਸਤੂ ਖਾਣ ਨਹੀਂ ਦੇਂਦੇ। (ਅ) ਜੋ (ਅਸੀਂ ਖਾਂਦੇ ਸਾਂ ਹੁਣ) ਕੁਛ ਬੀ ਖਾਣ ਨਹੀਂ ਦੇਣਗੇ, ਕਿਉਂ? ਉੱਤਰ ਅਗੇ ਪੜ੍ਹੋ 'ਸ਼ਬਦ ਪਢਤ' ਇਤਿਆਦੀ।

ਛੁਧਤਿ ਰਹਨਿ ਲਾਗੇ ਦੁਖ ਪਾਏ ॥੨੦॥
ਇਸ ਕਾਰਨ ਤੇ ਆਯਹੁ ਤੀਰ।
ਤੁਮ ਨਹਿਂ ਤ੍ਰਸੇ ਰਹੋ ਧਰਿ ਧੀਰ।
ਦੇਖਿ ਬਾਨ ਮਾਰਤਿ ਮਨ ਜਾਨੇ।
ਕਰਾਮਾਤ ਜੁਤਿ ਗੁਰੂ ਮਹਾਨੇ ॥੨੧॥
ਜੇ ਇਮ ਹੋਤਿ ਨ, ਦੇਤੋ ਮਾਰ'।

'ਤੁਸੀਂ) ਜੇ ਇਸ ਤਰ੍ਹਾਂ ਦੇ ਨਾ ਹੁੰਦੇ (ਤਾਂ ਮੈਂ) ਮਾਰ ਦੇਂਦਾ।

ਕਰਤਿ ਨਗਰ ਕੇ ਨਰਨਿ ਉਜਾਰਿ[1]।

[1]ਉਜਾੜ।

ਅਤਿ ਸਮਰਥ ਜੁਤਿ ਜਬਹਿ ਪਛਾਨੇ।
ਤਜਿ ਗਿਨਤੀ ਸਭਿ ਬਿਨਤੀ ਠਾਨੇ' ॥੨੨॥
ਅਸ ਕਹਿ ਖਰੋ ਕੰਪ ਤਨ ਕਰਤਾ।
ਸੈਲ ਜੁ ਸੁਰਮੇ ਕੀ ਸਮਸਰਤਾ[1]।

[1]ਸੁਰਮੇ ਦੇ ਪਹਾੜ ਵਾਂਙ ਕਾਲਾ।

ਮਨਹੁ ਸ਼ਜਾਮਘਨ, ਦਾਂਤ ਨਿਕਾਰੇ।
ਅਹੈਂ ਬਲਾਕਾ ਬਿਸਦ ਨਿਹਾਰੇਂ[1] ॥੨੩॥

[1]ਬਗਲੇ ਵਤ ਚਿੱਟੇ (ਦੰਦ) ਦਿੱਸਦੇ ਹਨ।

ਸੁਨਿ ਕਰਿ ਸਤਿਗੁਰੁ ਤੇਗ ਬਹਾਦੁਰ।
ਕ੍ਰੂਰ ਬਾਕ ਤੇ ਕਰਤਿ ਅਨਾਦਰ।
'ਚਲਜੋ ਜਾਹਿ ਅਬਿ ਰਹੋ ਨ ਈਹਾਂ।
ਅਪਰ ਥਾਨ ਬਸਿਬ ਕਰਿ ਪ੍ਰੀਹਾ[1] ॥੨੪॥

[1]ਇੱਛਾ।

ਇਸ ਥਲ ਗੁਰ ਕੁਲ ਅਚਲ ਬਸੇਗੀ।
ਬਿਘਨ ਅਨੇਕਨਿ ਤੁਰਤ ਨਸੇਗੀ।
ਹੁਇਂ ਹੈ ਰਾਜ ਪ੍ਰਤਾਪ ਹਮਾਰਾ।
ਆਵਹਿ ਸੰਗਤਿ ਵਾਰ ਨ ਪਾਰਾ ॥੨੫॥
ਤੁਮ ਸਮ ਕੀ ਕਿਮ ਹੋਇ ਰਿਹਾਇਸ਼।
ਅਬਿ ਚਲਿ ਜਾਹੁ ਮਾਨਿ ਮਮ ਆਇਸੁ।
ਅਪਰ ਮਲੇਛਨਿ ਕੇ ਗਨ ਦੇਸ਼।
ਤਹਿਂ ਬਸਿ ਕਰਿ ਗੁਜ਼ਰਾਨ ਵਿਸ਼ੇਸ਼ ॥੨੬॥
ਇਹਾਂ ਜੰਗ ਬਡ ਪਰਹਿਂ ਪਵਾੜੇ।
ਦਲ ਜੁਟਹਿਂ ਕਰਿ ਅਧਿਕ ਅਖਾੜੇ।
ਤੁਝ ਕੋ ਬਨਹਿ ਗਮਨ ਇਸ ਕਾਲਾ।
ਨਤੁ ਸੰਕਟ ਕੋ ਲਹੈਂ ਬਿਸਾਲਾ' ॥੨੭॥

ਸੁਨਿ ਮਾਖੋ ਤਬਿ ਜੋਰਤਿ ਹਾਥ।
'ਕਰੁਨਾ ਕਰਹੁ ਕੁਛਕ ਗੁਰੁਨਾਥ !
ਮੇਰੋ ਨਾਮ ਕਹੈਂ ਅਰੁ ਸੁਨੈਂ।
ਬਿਦਤੌਂ ਜਗਤ, ਚਾਹਿ ਅਸ ਮਨੈ[1] ॥੨੮॥

[1]ਮੇਰੇ ਮਨ ਵਿਚ ਇਹ ਚਾਹ ਹੈ।

ਪੁਰਿ ਮੈਂ ਜਿਮ ਮੇਰੋ ਹੁਇ ਨਾਮੁ।
ਕਰਿਬੇ ਉਚਿਤ ਤਥਾ, ਸੁਖ ਧਾਮੁ !'
ਇਮ ਕਹਿ ਬਿਨਤੀ ਕੀਨਿ ਮਹਾਨੀ।
ਸੁਨਿ ਕਰਿ ਸਤਿਗੁਰੁ ਕਰੁਨਾ ਠਾਨੀ ॥੨੯॥
'ਜਿਤਿਕ ਭੂਪ ਜੁਤਿ ਮਨੁਜ ਪਹਾਰੀ।
ਅਰ ਹਿੰਦੂ ਜੇ ਦੇਸ਼ ਮਝਾਰੀ।
ਹਮਰੇ ਸਿਖ ਸੇਵਕ ਜੇ ਨਾਂਹੀ।
ਅਪਰ ਪੰਥ ਕੇ ਗਮਨਹਿਂ ਮਾਂਹੀ[1] ॥੩੦॥

[1]ਹੋਰ ਪੰਥ (ਭਾਵ ਠਾਕਰ ਪੂਜਾ ਆਦਿ) ਵਿਚ ਚੱਲਣੇ ਵਾਲੇ।

ਸੋ ਸਭਿ ਤੋਹਿ ਨਾਮ ਪਰ ਕਹੈਂ।
ਮਾਖੋਵਾਲ ਅਨੰਦਪੁਰਿ ਲਹੈਂ।
ਇਮ ਸੰਗਯਾ ਇਸ ਪੁਰਿ ਕੀ ਹੋਇ।
ਨਰ ਨਾਰੀ ਭਾਖਹਿਂ ਸਭਿ ਕੋਇ ॥੩੧॥
ਬਿਦਤਹਿ ਜਗਤ ਵਿਖੈ ਤੁਵ ਨਾਮ।
ਬਸਹਿ ਨਗਰ ਇਸ ਥਲ ਅਭਿਰਾਮੁ।'
ਸੁਨਤਿ ਬਾਕ ਕੋ ਜਿਮ ਗੁਰ ਭਾਖਯੋ।
ਹਰਖਤਿ ਹੁਇ ਮਾਖੋ ਨਹਿਂ ਮਾਖਯੋ[1] ॥੩੨॥

[1](ਫਿਰ) ਗੁੱਸਾ ਨਹੀਂ ਕੀਤਾ।

ਬੂਝਨਿ ਲਗਯੋ 'ਦੇਸ਼ ਅਬਿ ਕੌਨ?
ਬਸੋਂ ਜਾਇ ਕਰਿ ਕੈ ਨਿਜ ਭੌਨ।
ਆਪ ਬਤਾਵਹੁ ਸੋ ਇਸਥਾਨਾ।
ਕਰਿ ਬੰਦਨ ਪਦ ਠਾਨਿ ਸੁ ਪਯਾਨਾ[1]' ॥੩੩॥

[1]ਚੱਲਣਾ ਕਰਾਂ।

ਤਬਿ ਸਤਿਗੁਰ ਹਿਤ ਤਾਂਹਿ ਬਿਚਾਰਾ।
ਲਖਯੋ ਭਵਿੱਖਯਤ ਜੋ ਹੁਇ ਸਾਰਾ।
ਕਹਯੋ ਬਾਕ ਮਾਖੋ ਸੰਗ ਫੇਰ।

'ਬਸਜੋ ਚਹੈਂ ਜੇ ਕਾਲ ਬਡੇਰ ॥੩੪॥
ਬਿਨ ਚਿੰਤਾ ਚਿਤ ਸਹਿਤ ਕੁਟੰਬ।
ਬ੍ਰਿੱਧ ਜੀਵਕਾ ਧਾਰਿ ਅਲੰਬ[1]।
[1]ਭਾਰੀ ਜੀਵਕਾ ਦਾ ਆਸਰਾ ਧਾਰਕੇ।
ਦੇਸ਼ ਬਾਵਨੀ ਤੁਰਕਨਿ ਕੇਰੀ[1]।
[1]ਤੁਰਕਾਂ ਦਾ ਬਵੰਜਾ (ਪਿੰਡਾਂ ਵਾਲਾ) ਦੇਸ਼।
ਬਾਸਹਿ ਪੁਰੀ ਸਿਰੂੰਦ ਬਡੇਰੀ ॥੩੫॥
ਤਹਾਂ ਜਾਇ ਸੁਖ ਸਾਥ ਬਸੀਜਹਿ।
ਗਨ ਗ੍ਰਾਮਨਿ ਮਹਿਂ ਜੀਵਾ ਕੀਜਹਿ।
ਸੁਕੇ ਹਰੇ ਖੇਤ ਹੈਂ ਜੇਊ।
ਸਭਿ ਕੀ ਲੇਹੁ ਭੱਛ ਕਰਿ ਤੇਊ ॥੩੬॥
ਆਛੋ ਦੇਸ਼ ਕਰਹਿਂ ਗੁਜ਼ਰਾਨਾ।
ਸੁਨਹੁ ਤੋਰ ਹਿਤ ਕੀਨਿ ਬਖਾਨਾ।
ਪ੍ਰਥਮੈ ਬਾਸ ਹੋਇ ਤਹਿਂ ਤੇਰਾ।
ਕਿਤਿਕ ਕਾਲ ਬੀਤਹਿ ਲਿਹੁ ਹੇਰਾ ॥੩੭॥
ਤਹਿਂ ਆਵਹਿ ਬਹੁਤ ਜਾਤਿ ਤਿਹਾਰੀ।
ਬਸਹਿ ਬਠਿੰਡੇ ਕੇ ਜੁ ਮਝਾਰੀ।
ਏਕ ਆਂਖ ਜਿਸ ਕੀ ਬਲਵੰਤਾ।
ਸੌ ਸੰਮਤ ਕੋ ਬਾਸ ਕਰੰਤਾ ॥੩੮॥
ਤਿਸਹਿ ਦੁਰਗ ਤੇ ਦੇਹਿਂ ਨਿਕਾਸੀ[1]।
[1]ਅਸੀਂ) ਤਿਸ ਨੂੰ ਕਿਲ੍ਹੇ ਤੋਂ ਕੱਢ ਦਿਆਂਗੇ।
ਕਰਹਿਂ ਪਠਾਵਨਿ ਸੋ ਤੁਝ ਪਾਸੀ।
ਬਡ ਕੁਟੰਬ ਕੋ ਲੇ ਕਰਿ ਆਵਹਿ।
ਬੀਚ ਸਿਰੂੰਦ ਬਸਹਿ ਸੁਖ ਪਾਵਹਿ ॥੩੯॥
ਤਿਸ ਕੇ ਸੰਗ ਮੇਲ ਕਰਿ ਰਹੋ।
ਸਭਿ ਕੇ ਸਹਿਤ ਬਸਹੁ ਸੁਖ ਲਹੋ।'
ਇਮ ਕ੍ਰਿਪਾਲ ਜਬਿ ਥਾਨ ਬਤਾਯਹੁ।
ਬੰਦਨ ਠਾਨਿ ਰਿਦੇ ਹਰਖਾਯਹੁ ॥੪੦॥
ਲੇ ਕਰਿ ਨਿਜ ਕੁਟੰਬ ਕੋ ਸਾਥ।
ਸਿਰ ਪਰ ਆਇਸੁ ਮਾਨੀ ਨਾਥ।
ਗਯੋ ਸਿਰੂੰਦ ਬਿਖੈ ਜਹਿਂ ਬਾਗ।
ਬਡੇ ਬ੍ਰਿਛਨਿ ਕਹੁ ਕਰਿ ਅਨੁਰਾਗ ॥੪੧॥

ਬਸਜੋ ਭਲੇ ਨਿਜ ਜੀਵਾ ਕਰੇ।

ਖੇਤਨਿ ਕੀ ਸ਼ੈ ਸਭਿ ਕੀ ਹਰੇ[1]। — [1]ਖੇਤਾਂ ਦੀ ਸ਼ੈ ਸਭ ਕਿਸੇ ਦੀ ਲੈ ਜਾਵੇ। (ਅ) ਸੈ = ਤੱਤ, ਸਾਰ, ਹਿੱਸਾ।

ਬਾਢਿ ਬਟੋਰਹਿਂ ਗਾਹਿ ਬਨਾਵਹਿਂ[1]। — [1]ਜਦੋਂ) ਵੱਢਕੇ ਇਕੱਠੇ ਕਰਕੇ ਗਾਹ ਬਨਾਉਂਦੇ ਹਨ (ਲੋਕ)।

ਆਨਹਿਂ ਧਰਹਿਂ ਕਿ[1] ਪੀਸਿ ਪਕਾਵਹਿਂ ॥੪੨॥ — [1]ਲਿਆਕੇ ਰੱਖਣ ਯਾ.........।

ਸਤਿਗੁਰੁ ਹਰਿ ਪਰਮੇਸੁਰ ਨਾਮੁ।

ਕਰਹਿਂ ਨ, ਕ੍ਰਿੱਤ ਕਰਹਿਂ ਸਭਿ ਧਾਮੁ[1]। — [1]ਸਾਰੇ ਘਰ ਦੀ।

ਤਿਨ ਤੇ ਵਹਿਰ ਕਿ ਘਰ ਮਹਿਂ ਹੋਇ[1]। — [1]ਤਿਨ੍ਹਾਂ ਦੇ ਘਰ ਹੋਵੇ ਯਾ ਬਾਹਰ।

ਸ਼ੈ ਅਨਾਜ ਕੀ ਕਾਢਹਿ ਸੋਇ[1] ॥੪੩॥ — [1]ਅਨਾਜ ਦੀ ਸ਼ੈ ਸੋ (ਦੈਂਤ) ਕੱਢ ਲਵੇ। (ਅ) ਸੈ = ਹਿੱਸਾ, ਤੱਤ।

ਕਹੂੰ ਚੁਥਾਈ ਕਹੂੰ ਤਿਹਾਈ।

ਕਿਤ ਤੇ ਅਰਧ ਲੇਤਿ ਸੋ ਖਾਈ।

ਅਚਵਨਿ ਲਗ[1] ਜੁ ਹਰਿ ਗੁਰ ਨਾਮੁ। — [1]ਛਕਣ ਲੱਗਿਆਂ।

ਸਿਮਰਹਿਂ, ਨਹਿਂ ਪ੍ਰਵਿਸ਼ੈ ਤਿਸ ਧਾਮੁ ॥੪੪॥

ਇਮ ਮਾਖੋ† ਜਬਿ ਗੁਰੂ ਨਿਕਾਰਾ।

†ਸਤਿਗੁਰਾਂ ਨੇ ਇਕ ਪੁਰਾਤਣ ਉੱਜੜੇ ਨਗਰ ਦੀ ਜੂਹ ਵਿਚ ਅਨੰਦਪੁਰ ਵਸਾਇਆ। ਮਾਖੋਵਾਲ ਪੁਰਾਤਣ ਨਾਮ ਸੀ ਜੂਹ ਦਾ। ਹੋ ਸਕਦਾ ਹੈ ਕਿ ਇੱਥੇ ਆਰਯ ਕੁਲ ਦੇ ਆਉਣ ਤੋਂ ਪਹਿਲੋਂ ਅਸਲੀ ਵਸਨੀਕਾਂ ਦਾ ਨਗਰ ਹੋਵੇ ਤੇ ਵਸਾਵਣ ਹਾਰ ਦਾ ਨਾਮ ਮਾਖੋ ਹੋਵੇ, ਕਿਉਂਕਿ ਉਸਨੂੰ ਦੈਂਤ ਲਿਖਜਾ ਹੈ। ਆਰਯ ਕੁਲ ਦੇ ਲੋਕ ਜਦ ਪੰਜਾਬ ਵਿਚ ਆਏ ਦੱਸੀਦੇ ਹਨ ਤਾਂ ਪਹਿਲੇ ਅਸਲੀ ਵਾਸੀ ਜੋ ਕਾਲੇ ਰੰਗ ਦੇ ਸਨ ਉਨ੍ਹਾਂ ਨੂੰ ਦਸ਼ੁ ਤੇ ਰਾਖਸ਼ਸ ਸੱਦਿਆ ਕਰਦੇ ਸਨ, ਇਨ੍ਹਾਂ ਦਾ ਦੇਸ਼ ਖੁਹਣ ਤੇ ਮਾਰਨ ਕਰਕੇ ਪਰਸਪਰ ਵੈਰ ਅਤੀ ਸੀ, ਐਸਿਆਂ ਨੂੰ ਮਗਰੋਂ ਦੈਤਜ ਵੀ ਕਿਹਾ ਕਰਦੇ ਸਨ। ਕਸ਼ਜਪ ਦੀ ਦਿੱਤੀ ਤੋਂ ਪੈਦਾ ਹੋਈ ਅਉਲਾਦ ਨੂੰ ਪੁਰਾਣਾਂ ਨੇ ਦੈਂਤ ਦੱਸਿਆ ਹੈ। ਅਤਿ ਪਾਪੀ ਦੇ ਦੁਰਾਤਮਾ ਲੋਕਾਂ ਦੇ ਰੂਹ ਮਰ ਕੇ ਧਰਤੀ ਪਰ ਹੀ ਆਪਣੀਆਂ ਵਾਸ਼ਨਾਂ, ਤ੍ਰਿਸ਼ਨਾ, ਕੁਕਰਮਾਂ ਦੇ ਅੰਧਕਾਰ ਵਿਚ ਫਿਰਦੇ ਹੁਣ ਪੱਛਮ ਦੇ ਸਪਿਰਚੁਲਇਜ਼ਮ ਦੇ ਗਜਾਤਾ ਪੁਰਸ਼ਾਂ ਨੇ ਵੀ ਮੰਨੇ ਤੇ ਸਹੀ ਕੀਤੇ ਹਨ। ਖਾਸ ਜਗਾਂ ਤੇ ਉਨ੍ਹਾਂ ਦੇ ਵਸੇਬੇ ਬੀ ਮੰਨੇ ਹਨ। ਇਸੀ ਪ੍ਰਕਾਰ ਦੀ ਕੋਈ ਦੁਰਾਤਮਾ ਇਥੇ ਹੋਣੀ ਹੈ। ਇਹ ਆਤਮ ਵਿਦਿਆ ਦਾ ਅਸੂਲ ਹੈ ਕਿ ਪਰਮੇਸ਼ਰ ਦੇ ਨਾਮ ਦੇ ਪ੍ਰਭਾਵ ਅੱਗੇ ਏਹ ਅਬਗਤਿ ਰੂਹਾਂ ਠਹਿਰ ਨਹੀਂ ਸਕਦੀਆਂ।

ਸੁਪਤਿ ਜਥਾ ਸੁਖ ਭਈ ਸਕਾਰਾ[1]। — [1]ਸਵੇਰ ਹੋ ਗਈ।

ਸੌਚ ਸ਼ਨਾਨ ਕੀਨਿ ਪ੍ਰਭੁ ਬੈਸੇ।

ਪੁਰਿ ਕੀ ਕਾਰ ਕਰਾਵਹਿਂ ਤੈਸੇ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮਾਖੋ ਨਿਕਾਸਨਿ' ਪ੍ਰਸੰਗ ਬਰਨਨੰ ਨਾਮ ਊਨ ਤ੍ਰਿੰਸਤੀ ਅੰਸੂ ॥੨੯॥

## ੩੦. [ਇਕ ਪੀਰ ਦਾ ਸੰਸਾ ਦੂਰ ਕੀਤਾ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਸ੍ਰੀ ਗੁਰ ਹਰਿ ਗੋਬਿੰਦ ਕੇ, ਨੰਦਨ ਬੰਦਨ ਜੋਗ।
ਤੇਗ ਬਹਾਦਰ ਧਰਮ ਧੁਰ, ਸਦਾ ਰਹੈਂ ਬ੍ਰਿਤਿ ਜੋਗ[1] ॥੧॥

[1]ਨਾਵੇਂ ਗੁਰੂ ਜੋ ਧਰਮ ਦਾ ਆਸਰਾ ਹਨ ਪਰਮਾਤਮਾ ਵਿੱਖੇ ਜੁੜੀ ਬ੍ਰਿਤੀ ਵਿੱਚ ਸਦਾ ਰਹਿੰਦੇ ਹਨ।

ਚੌਪਈ:

ਮੰਦਿਰ ਸੁੰਦਰ ਹੇਤ ਕਰਾਵਨਿ।
ਸ੍ਰੀ ਗੁਰ ਸ਼ਿਲਪੀ[1] ਕਰੇ ਅਵਾਹਨਿ[2]।

[1]ਕਾਰੀਗਰ। [2]ਬੁਲਾਏ।

ਬ੍ਰਿੰਦ ਮਜੂਰ ਬੁਲਾਇ ਲਗਾਏ।
ਧਰਮਸਾਲ ਕੋ ਬਜੋਂਤ ਬਨਾਏ ॥੨॥
ਦਾਰ[1] ਬਿਲੰਦ ਸੁਗੰਧਤਿ ਬ੍ਰਿੰਦ।

[1]ਲੱਕੜੀਆਂ।

ਨਾਨਾ ਚਿੱਤ੍ਰਤਿ ਬਨ ਅਰਬਿੰਦ।
ਸੁਘਰਨ ਘਰਿ ਘਰਿ ਘਰ ਘਰ ਦ੍ਵਾਰਾ[1]।

[1]ਸੁਘੜ (ਕਾਰੀਗਰਾਂ ਨੇ) ਘੜ ਘੜ ਕੇ ਘਰਾਂ ਘਰਾਂ ਦੇ ਦਰਵਾਜ਼ੇ ਭਾਵ ਕਾਰਗੀਰਾਂ ਨੇ ਲੱਕੜੀਆਂ ਘੜ ਕੇ ਚਿੱਤ੍ਰਕਾਰੀ ਵਾਲੀਆਂ ਬਨਾਕੇ ਦਰਾਂ ਦੇ ਬੂਹੇ ਬਨਾਕੇ ਧਰਮਸਾਲ ਸਜਾਈ।

ਕਰੀ ਸੁਹਾਵਨ ਅਨਿਕ ਪ੍ਰਕਾਰਾ ॥੩॥
ਚਾਰੁ ਚੌਂਕ ਚੌਕੋਨ ਅਕਾਰ।
ਰਚਯੋ ਫਰਸ਼ ਇਤ ਉਤ ਦਰਬਾਰ।
ਰੁਤ ਖ਼ਸ਼ਟਨਿ ਮਹਿਂ ਸਭਿ ਸੁਖਦਾਯਕ।
ਸੁੰਦਰ ਬਨਯੋਂ ਦੇਖਿਬੇ ਲਾਯਕ ॥੪॥
ਇਕ ਧ੍ਰਮਸਾਲ† ਬਿਦੇਸ਼ਨਿ ਹੇਤੁ[1]।

[1]ਵਿਦੇਸ਼ੀਆਂ ਵਾਸਤੇ। †ਇਥੇ ਇਸ ਤੋਂ ਮੁਰਾਦ ਗੁਰਦਵਾਰਾ ਨਹੀਂ ਪਰ ਉਤਾਰੇ ਦੇ ਥਾਂ ਦੀ ਹੈ।

ਇਕ ਰਹਿਬੇ ਹਿਤ ਬਨੇ ਨਿਕੇਤ।
ਏਕ ਪੀਰ ਕਿਤ ਗਮਨਤਿ ਜਾਈ।
ਥਲ ਅਨੰਦਪੁਰਿ ਪਹੁਚਯੋ ਆਈ ॥੫॥
ਚਿਨਤੀ ਲਗੀ ਦੇਖਿ ਕਰਿ ਸੋਇ।
ਰਚਨਾ ਰੁਚਿਰ ਬਜਾਰਨਿ ਜੋਇ।
'ਕਿਨਹੁੰ ਕੀਨ ਇਹ?' ਪੂਛਤਿ ਭਇਊ।
ਸੁਨਤਿ ਸ਼ਿਲਪੀਯਨਿ ਉਤਰ ਦਇਊ ॥੬॥
'ਸ੍ਰੀ ਗੁਰ ਹਰਿਗੁਵਿੰਦ ਕੁਲ ਚੰਦੁ।

ਤਿਨ ਕੇ ਤੇਗ ਬਹਾਦਰ ਨੰਦ।
ਬੈਠਹਿਂ ਬਿਦਤ ਅਬਹਿ ਗੁਰਗਾਦੀ।
ਭਰੇ ਬਿਰਾਗ ਗਜਾਨ ਅਹਿਲਾਦੀ ॥੭॥
ਤਿਨਹੁਂ ਕਰਾਏ ਇਹ ਬਰ ਮੰਦਰ।
ਬਾਂਛਤਿ ਪੁਰਿ ਬਸਾਇਬੋ ਸੁੰਦਰ।'
ਸੁਨਤਿ ਪੀਰ ਨੇ ਤਰਕ ਬਿਚਾਰੀ।
-ਕਰਨਿ ਕਹਿਨ ਗੁਰ[†] ਬਿਖਮ ਨਿਹਾਰੀ[1] ॥੮॥

[1]ਗੁਰੂ ਜੀ ਦੇ ਕਰਨੇ ਤੇ ਕਹਿਨੇ ਵਿੱਚ ਫਰਕ ਦੇਖਿਆ ਹੈ।
[†]ਪਾ:-ਗੁਨ।

ਜੇ ਬੈਰਾਗ ਹੋਤਿ ਉਰ ਮਾਂਹੀ।
ਇਤੋ ਅਰੰਭ ਕਰਤਿ ਕਿਮ ਨਾਂਹੀ।
ਇਕ ਸਰੀਰ ਨਿਰਬਾਹ ਬਿਚਾਰੈਂ।
ਜਿਸ ਕਿਸਿ ਬਿਧਿ ਕਰਿ ਕਾਲ ਗੁਜ਼ਾਰੈਂ ॥੯॥
ਪੁਨ ਹਿੰਦਵਨਿ ਕੋ ਗੁਰੁ ਕਹਾਵੈਂ।
ਕਿਮ ਨਿਜ ਸਿੱਖਨਿ ਕੋ ਸੁ ਤਰਾਵੈਂ-।
ਇਮ ਮਨ ਠਾਨਿ ਬਖਾਨਜੋ ਧੀਰ[1]।

[1]ਧੀਰਜਵਾਨ ਯਾ ਸਿਆਣੇ (ਪੀਰ) ਨੇ।

'ਸ਼ਿਲਪੀ! ਸੁਨਹੁ ਹੋਹੁ ਤੁਮ ਤੀਰ[1] ॥੧੦॥

[1]ਮੇਰੇ ਕੋਲ ਹੋਕੇ ਤੁਸੀਂ ਸੁਣੋਂ, (ਅ) ਸੁਣੋ, ਤੁਸੀਂ ਗੁਰੂ ਜੀ ਦੇ ਪਾਸ ਰਹਿੰਦੇ ਹੋ।

ਗੁਰੁ ਸਮੀਪ ਜਾਇਬੋ ਜਬੈ।
ਇਹ ਸੰਦੇਸਾ ਭਾਖਹੁ ਤਬੈ।
-ਇਮ ਪ੍ਰਵਿਰਤਿ ਮਹਿਂ ਰਿਦਾ ਤੁਮਾਰੋ।
ਗਨ ਸੇਵਕ ਕਿਮ ਪਾਰ ਉਤਾਰੋ?- ॥੧੧॥
ਏਵ ਪ੍ਰਸ਼ਨ ਕਰਿ ਉੱਤਰ ਲੀਜੋ।
ਹਟਿ ਆਵੋਂ ਮੈਂ[1], ਤਬਿ ਤੁਮ ਦੀਜੋ।'

[1]ਜਦ) ਮੈਂ ਮੁੜਕੇ ਆਵਾਂਗਾ।

ਇਮ ਕਹਿ ਚਲਜੋ ਗਯੋ ਜਿਤ ਜਾਨਾ।
ਸ਼ਿਲਪੀ ਕਰੀ ਕਾਰ ਤਿਸ ਥਾਨਾ ॥੧੨॥
ਗੁਰ ਢਿਗ ਸੰਧਜਾ ਕੋ ਉਠਿ ਗਇਊ।
ਰਿਦੇ ਸੰਦੇਸਾ ਸਿਮਰਤਿ ਭਇਊ।
ਦਰਸਜੋ ਦਰਸ ਬੰਦਨਾ ਠਾਨੀ।
ਸਮੁਖ ਖਰੋ ਹੁਇ ਗਿਰਾ ਬਖਾਨੀ ॥੧੩॥
'ਏਕ ਪੀਰ ਤਿਹ ਮਾਰਗ ਜਾਤਿ।

ਹਮ ਸੋਂ ਪੂਛਿ ਕਹੀ ਤਿਨ ਬਾਤ।
-ਇਹ ਪ੍ਰਬ੍ਰਿਤਿ[1] ਮਹਿਂ ਜਬਿ ਗੁਰ ਹੋਵਾ।
ਕਿਮ ਤਰਿਬੋ ਸਿੱਖਜਨਿ ਕੋ ਜੋਵਾ? ॥੧੪॥
ਇਸ ਕੋ ਉੱਤਰ ਗੁਰੁ ਤੇ ਲੀਜੋ।
ਹਟਿ ਹਮ ਆਵਹਿਂ ਤਬਿ ਤੁਮ ਦੀਜੋ-।
ਜਯੋਂ ਰਾਵਰ ਕੀ ਹੋਇ ਰਜਾਇ।
ਤਯੋਂ ਆਵਤਿ ਕੋ ਕਹੈਂ ਬਨਾਇ' ॥੧੫॥
ਸੁਨਿ ਤਿਨ ਤੇ ਸ਼੍ਰੀ ਗੁਰੁ ਮੁਸਕਾਨੇ।
ਕਹਯੋ ਤਬਹਿ 'ਇਮ ਕਰਹੁ ਬਖਾਨੇ।
-ਹਮਰੇ ਸਾਥ ਚਲੋ ਗੁਰ ਪਾਸ।
ਜਿਮ ਪੂਛਹੁ ਤਿਮ ਕਰਹੁ ਪ੍ਰਕਾਸ਼ ॥੧੬॥
ਉੱਤਰ ਚਹਤਿ ਰੂਬਰੋ[1] ਦੀਏ-।
ਇਮ ਕਹਿ ਆਵਹੁ ਤਿਹ ਸੰਗ ਲੀਏ।'
ਸੁਨਿ ਸ਼ਿਲਪੀ ਸੋ ਰੈਨ ਗੁਜ਼ਾਰੀ।
ਭਈ ਪ੍ਰਾਤਿ ਲਗਿ ਕਰਨਿ ਉਸਾਰੀ ॥੧੭॥
ਕਰਹਿ ਪ੍ਰਤੀਖਨ[1] ਦੇਖਨਿ ਪੀਰ।
-ਲੇ ਕਰਿ ਚਲਵਿ ਸੰਗ ਗੁਰ ਤੀਰ[1]-।
ਇਤਨੇ ਮਹਿਂ ਆਯੋ ਚਲਿ ਸੋਇ।
ਮਿਲੇ ਪਰਸਪਰ ਹਰਖਤਿ ਹੋਇ ॥੧੮॥
ਬੂਝਯੋ 'ਮੋਹਿ ਸੰਦੇਸਾ ਦੇਹੁ।
ਗੁਰੁ ਸੋਂ ਕਹਯੋ ਕਿ ਨਾਂਹੀ ਏਹੁ?'
ਸ਼ਿਲਪੀ ਸਾਦਰ ਸੁਧਿ ਸੁ ਬਤਾਈ।
'ਹੁਕਮ ਭਯੋ ਲਿਹੁ ਦਰਸ਼ਨ ਪਾਈ' ॥੧੯॥
ਸੁਨਤਿ ਪੀਰ ਨੇ ਰਿਦੈ ਬਿਚਾਰਾ।
-ਉੱਤਰ ਉਚਰਹਿਂ ਕੌਨ ਪ੍ਰਕਾਰਾ।
ਚਹਿਯ ਸੁਨਯੋਂ, ਮਿਲਿਨੋ ਬਨਿ ਆਵੈ।
ਸਿਫਤ ਖ਼ੁਦਾਇ ਪੰਥ ਬਿਦਤਾਵੈਂ ॥੨੦॥
ਹੋਇ ਗੁਫਤਗੋ[1], ਨੀਕੀ ਅਹੈ।
ਮਹਾਂ ਪੁਰਖ ਸੰਗਤਿ ਸੁਖ ਲਹੈ-।

[1]ਪਰਵਿਰਤੀ।

[1]ਸਾਹਮਣੇ।

[1]ਉਡੀਕ।

[1]ਨਾਲ ਲੈ ਕਰਕੇ ਚੱਲਾਂਗਾ ਗੁਰੂ ਜੀ ਦੇ ਪਾਸ।

[1]ਗੱਲ ਬਾਤ।

ਏਵ ਬਿਚਾਰਤਿ ਗਮਨਜੋ ਸਾਥ।
ਜਿਹ ਠਾਂ ਬੈਠੇ ਗੁਰੁ ਜਗ ਨਾਥ ॥੨੧॥
ਝੁਕਜੋ ਸਲਾਮ ਕੀਨਿ, ਭਾ ਖਰੋ।
ਖਰੋ ਭਾਇ[1] ਅੰਤਰ ਉਰ ਭਰੋ।
[1]ਖਰਾ ਪ੍ਰੇਮ।
ਆਇਸੁ ਪਾਇ ਅਸੀਨਜੋ ਪੀਰ।
ਬੂਝਨਿ ਕੀਨਸਿ ਗੁਰੂ ਗਹੀਰ ॥੨੨॥
'ਕੌਨ ਅਹੋ? ਤੁਮ ਕਹਾਂ ਬਸੰਤੋ?
ਕਜਾ ਪੂਛਤਿ ਹੋ? ਕਹਹੁ ਮਤੰਤੋ।'
ਭਨਜੋ ਪੀਰ ਨੇ 'ਸੱਜਦ ਮੈਂ ਹੋਂ।
ਰੋਪਰ ਨਗਰੀ ਬਿਖੈ ਬਸੈ ਹੋਂ ॥੨੩॥
ਹਮਰੇ ਹੁਤੇ ਮੁਰੀਦ ਅਗਾਰੀ।
ਤਿਨ ਢਿਗ ਜਾਨਿ ਹੇਤੁ ਉਰ ਧਾਰੀ।
ਇਤ ਦਿਸ਼ਿ ਆਵਨਿ ਭਯੋ ਹਮਾਰਾ।
ਜਿਸ ਤੇ ਯਾਫਤ[1] ਦਰਸ ਤੁਮਾਰਾ ॥੨੪॥
[1]ਪਾਇਆ ਹੈ [ਫਾ: ਯਾਫਤ = ਪਾਇਆ]
ਤੁਮ ਹਿੰਦੁਨਿ ਕੇ ਗੁਰੂ ਕਹਾਵਹੁ।
ਭਲੋ ਹੋਨਿ ਕੋ ਪੰਥ ਬਤਾਵਹੁ।
ਇਹ ਮਹਿਲਾਇਤ[1] ਮਹਾਂ ਉਸਾਰਨਿ।
[1]ਮੰਦਰ।
ਨਿਤ ਪ੍ਰਤਿ ਮਮਤਾ ਅਧਿਕ ਬਿਥਾਰਨਿ ॥੨੫॥
ਸੰਤ ਜਨਹੁ ਕੈ ਨਾਂਹਿਨ ਨੀਕੀ।
ਬਡਤਾ† ਜਗ ਕੀ ਜਾਨਤਿ ਫੀਕੀ।
†ਪਾ:-ਬਡਹਾ।
ਹੁਇ ਪ੍ਰਲੋਕ ਮਹਿਂ ਜੋ ਸੁਖਦਾਈ।
ਤਿਸ ਆਚਰਹਿਂ, ਤਜਹਿਂ ਚਪਲਾਈ[1]†' ॥੨੬॥
[1]ਚੰਚਲਤਾ। †ਦੋ ਲਿਖਤੀ ਨੁਸਖਿਆਂ ਵਿਚ ਪਾਠ ਇਉਂ ਹੈ:- 'ਤਿਸ ਆਸਚਰਜਹਿ ਤਜਹਿਂ ਪਲਾਈ।'
'ਸੁਨਹੁ ਪੀਰ!' ਗੁਰਬਾਕ ਉਚਾਰਾ।
'ਸਭਿ ਆਸ਼੍ਰਮ ਤੇ ਗ੍ਰਿਹਸਤ ਉਦਾਰਾ।
ਅਪਰ ਸਕਲ ਕਹੁ ਇਹ ਉਪਜੰਤੋ।
ਪੁਨ ਸਭਿਹੂੰਨਿ ਅਲੰਬ ਰਹੰਤੋ ॥੨੭॥
ਜੋ ਗ੍ਰਿਹਸਤ ਤੇ ਉਤਰਹਿ ਪੂਰਾ।
ਅੰਤਕਾਲ ਪ੍ਰਾਪਤਿ ਪਦ ਰੂਰਾ।
ਪੁੰਨ ਦਾਨ ਕਾ ਕਰਹਿ ਸਰੀਰ।
ਸੋ ਗਿਰਹੀ[1] ਗੰਗਾ ਕਾ ਨੀਰ[2] ॥੨੮॥
[1]ਗ੍ਰਿਹਿਸਤੀ। [2]ਗੰਗਾ ਦੇ ਨੀਰ (ਵਤ ਸ਼ੁੱਧ, ਨਿਰਮਲ)।

ਜੋ ਜੋ ਥਾਨਵਾਨ[1] ਜਿਤ ਹੋਇ।
ਹੇਰਿ ਅਤਿਥਿ ਕੋ ਪੂਜਹਿ ਸੋਇ।
ਮਹਾਂ ਪੁੰਨ ਫਲ ਹੈ ਇਸ ਕੇਰਾ।
ਚਿਰੰਕਾਲ ਸੁਖ ਪਾਇ ਬਡੇਰਾ ॥੨੯॥
ਇਸੀ ਪੁੰਨ ਕੇ ਫਲ ਚਹਿ ਦੇਖਾ।
ਬਸਤ੍ਰ ਅਛਾਦ ਸਰੀਰ ਅਸ਼ੇਖ਼ਾ[1]।
ਪੌਢਹੁ, ਜਾਨਿ ਲੇਹੁ ਇਸ ਕਾਲ।
ਜਿਮ ਇਸ ਤੇ ਸੁਖ ਲਹਿਸਿ ਬਿਸਾਲ' ॥੩੦॥
ਸੁਨਤਿ ਪੀਰ ਚਿਤ ਚੱਕ੍ਰਿਤਿ ਹੋਵਾ।
ਦੇਖਨਿ ਚਹਤਿ ਪਰਜੋ ਤਬਿ ਸੋਵਾ।
ਭਯੋ ਸੁਪਨ, ਹੁਇ ਗੁਰ ਕੈ ਸੰਗ।
ਬਡੇ ਬੇਗ ਤੇ ਜਾਇ ਉਤੰਗ[1] ॥੩੧॥
ਪਹੁੰਚੇ ਸੁਰਗ ਸੁ ਮੰਦਿਰ ਸੁੰਦਰ।
ਭੋਗ ਅਨੰਦ ਮਹਾਂ ਜਿਨ ਅੰਦਰ।
ਅਨਿਕ ਭਾਂਤਿ ਕੀ ਰਚਨਾ ਦੇਖੀ।
ਪੀਰ ਮਤੀ ਬਿਸਮਾਇ ਬਸ਼ੇਖ਼ੀ ॥੩੨॥
ਕਿਤਿਕ ਦੂਰ ਗਮਨਤਿ ਨ ਹੇਰਾ।
ਘਰ ਕੰਚਨ ਕੋ ਜਟਿਤਿ[1] ਬਡੇਰਾ।
ਰੇਸ਼ਮ ਡੋਰ ਬੀਚ ਲਰਕਾਈ।
ਜ਼ਰੀ ਦਾਰ ਗੁੰਫੇ ਛਬਿ ਛਾਈ ॥੩੩॥
ਰੁਚਰ ਪ੍ਰਯੰਕ ਸੁ ਚਾਮੀਕਰ ਕੋ।
ਚਹੁੰਦਿਸ਼ਿ ਮੁਕਤਾ ਝਾਲਕ ਬਰ ਕੋ।
ਮ੍ਰਿਦੁਲ ਸੇਜ ਪਯ ਫੇਨ[1] ਸਮਾਨਾ।
ਆਸਤਰਨ ਸਿਹਜਾ ਉਪਧਾਨਾ[1] ॥੩੪॥
ਤਿਸ ਪਰ ਬੈਠਯੋ ਪੁਰਖ ਸੁਹਾਈ।
ਚੰਦ੍ਰਮੁਖੀ[1] ਗਹਿ ਡੋਰ ਝੁਲਾਈ।
ਤਿਸ ਕੋ ਸ੍ਰੀ ਗੁਰੁ ਬੂਝਨਿ ਕੀਨਾ।
'ਕੋ ਸੁਭ ਕਰਮ, ਦਾਨ ਕੋ ਦੀਨਾ? ॥੩੫॥
ਜਿਸ ਤੇ ਅਸ ਸੁਖ ਪ੍ਰਾਪਤਿ ਭਇਊ।
ਸੋ ਤੁਮ ਕਹਹੁ ਜਥਾ ਬਿਧਿ ਕਇਊ।'

[1]ਮਕਾਨ ਵਾਲਾ, ਗ੍ਰਿਹ ਵਾਲਾ ਭਾਵ, ਗ੍ਰਿਹਸਤੀ।
[1]ਸਾਰੇ ਤੇ।
[1]ਉੱਚਾ।
[1]ਜੜਿਆ ਹੋਇਆ।
[1]ਦੁੱਧ ਦੀ ਝੱਗ।
[1]ਤਕੀਏ।
[1]ਸੁਹਣੀ (ਇਸਤ੍ਰੀ) ਡੋਰ ਖਿਚਕੇ (ਪਖਾ) ਝੁਲਾ ਰਹੀ ਹੈ।

ਸੁਨਤਿ ਪੁਰਖ ਨੇ ਕਰਿ ਉਰ ਗਜਾਤ।
ਅਪਨੇ ਉਚਰਤਿ ਭਯੋ ਬ੍ਰਿਤਾਂਤ ॥੩੬॥
'ਪੂਰਬ ਜਨਮ ਸ਼ੇਰ ਕੋ ਮੇਰਾ।
ਜੂਨ ਤਾਮਸੀ ਅਘੀ ਬਡੇਰਾ।
ਏਕ ਸਥਾਨ ਕਰਤਿ ਮੈਂ ਬਾਸਾ।
ਅਲਪ ਮਹੀਰੁਹ ਤਰੈ ਨਿਵਾਸਾ[1] ॥੩੭॥

[1]ਛੋਟੇ ਜਹੇ ਬ੍ਰਿੱਛ ਦੇ ਹੇਠ।

ਬਿੜਾ ਹੀਸ[1] ਕੋ ਸੰਘਨ ਘਨੋ।

[1]ਡਾਢੀ ਸੰਘਣੀ ਹੀਸ ਦੀ ਝੰਗੀ। [ਹੀਸ = ਨਾਮ ਹੈ ਇਕ ਕਾਂਟੇ ਦਾਰ ਵੇਲ ਦਾ ਜੋ ਹੁਨਾਲੇ ਵਿਚ ਫੁਲਦੀ ਤੇ ਬਰਸਾਤ ਵਿਚ ਫਲਦੀ ਹੈ; ਹਾਥੀ ਇਸਨੂੰ ਖਾਂਦੇ ਬੀ ਹਨ। ਕਵੀ ਜੀ ਨੇ ਆਪਣੇ ਨਾਮ ਕੋਸ਼ ਵਿਚ ਇਸ ਪਦ ਨੂੰ ਲਿਖਿਆ ਹੈ। ਯਥਾ:-ਗ੍ਰਿੰਥ ਬਿਕੰਕਤ, ਬਜਾਘਰਪਾਤ। ਸੁਬਾ ਬ੍ਰਿਖ, ਉਤਕੰਟਕ ਖਜਾਤ। ਹੀਸ ਨਾਮ ਏ ਖਸ਼ਟ ਗਿਨੇਹੁ (ਬਨ ਵਰਗ ਅੰਕ ੧੧੪)। ਪੰਜਾਬੀ, ਬਿੜਾ = ਝੰਗੀ, ਵਾਂਸਾਂ ਕਾਨਿਆਂ ਆਦਿਕਾਂ ਦੀ ਝੰਗੀ]

ਮਾਨੁਖ ਸਦਨ ਬਨਾਯੋ ਮਨੋ[1]।

[1]ਭਾਵ ਇਹ ਕਿ ਇਕ ਨਿੱਕੇ ਬੂਟੇ ਉਤੇ ਹੀਸ ਦੀ ਸੰਘਣੀ ਛਾਈ ਵੇਲ ਨੇ ਫੈਲ ਕੇ ਇਕ ਮਨੁਖ ਦੇ ਕੋਠੇ ਵਾਂਙੂ ਬਣਾ ਦਿੱਤਾ ਸੀ।

ਪਾਨੀ ਪੌਨ ਛੁਵੈ ਨਹਿਂ ਜਹਾਂ।
ਨਿਸ ਮਹਿਂ ਬਸੌਂ ਜਾਇ ਕਰਿ ਤਹਾਂ ॥੩੮॥
ਏਕ ਦਿਵਸ ਮੈਂ ਗਮਨਜੋ ਬਾਹਰ।
ਹਿਤ ਅਹਾਰ ਜੀਵਨ ਹਤਿ ਜ਼ਾਹਰ[1]।

[1]ਪ੍ਰਗਟ ਜੀਵਾਂ ਨੂੰ ਮਾਰਨ ਵਾਸਤੇ।

ਬਿਚਰਤਿ ਬਨ ਮਹਿਂ ਮ੍ਰਿਗ ਕੋ ਮਾਰਜੋ।
ਤ੍ਰਿਪਤ ਹੋਇ ਮਗ ਸਦਨ ਸਿਧਾਰਜੋ ॥੩੯॥
ਚਲੀ ਬਾਉ ਘਨ ਕੀ ਘਟ ਆਈ।
ਧੂਲ ਉਡੀ ਦ੍ਰਿਸ਼ਟੀ ਤਮ ਛਾਈ।
ਪੰਥੀ ਦੋਇ ਤਹਾਂ ਰੁਕਿ ਗਏ।
ਕਿਤੋ ਆਸਰੋ ਪਿਖਤਿ ਨ ਭਏ ॥੪੦॥
ਇਤ ਉਤ ਬਿਚਰਤਿ ਜੋ ਘਰ ਮੇਰਾ।
ਦੇਖਜੋ ਕੀਨਸਿ ਦੌਰਿ[1] ਬਸੇਰਾ।

[1]ਦੌੜਕੇ।

ਅਪਰ ਅਲੰਬ ਨਹੀਂ ਢਿਗ ਕੋਈ।
ਕਰਕਾ[1] ਕੀ ਬਰਖਾ ਬਹੁ ਜੋਇ ॥੪੧॥

[1]ਗੜਿਆਂ ਦੀ।

ਬੈਠਿ ਤਿਨ੍ਹੋਂ ਨੇ ਜਾਨੀ ਹੇਰਿ।
-ਇਹ ਸਥਾਨ ਬਾਸੋ ਬਡ ਸ਼ੇਰ।

ਅਸ ਨ ਹੋਇ ਅਬਿ ਚਲਿ ਸੋ ਆਵੈ।
ਹਤਹਿ ਹਮਹਿ ਦੋਹਨਿ ਕੋ ਖਾਵੈ- ॥੪੨॥
ਕਰਕਾ ਬਰਖਤਿ ਮੈਂ ਤਬਿ ਆਯੋ।
ਬੋਲ ਨਰਨਿ ਕੋ ਢਿਗ ਸੁਨਿ ਪਾਯੋ।
ਜਾਨ੍ਯੋਂ ਮਨੁਜ ਅਹੈਂ ਘਰ ਮਾਂਹਿ।
ਆਗੇ ਗਮਨ ਕੀਨਿ ਤਬਿ ਨਾਂਹਿ ॥੪੩॥
ਮੇਰੇ ਅਤਿਥੀ ਭਏ ਇਹ ਆਇ।
ਰੈਨ ਬਸੇਰਾ ਕਰਿ ਸੁਖ ਪਾਇਂ।
ਇਸ ਤੇ ਪਰੇ ਧਰਮ ਨਹਿਂ ਔਰ।
ਅਭਿਆਗਤਿ ਕੋ ਦੇ ਸੁਖ ਠੌਰ ॥੪੪॥
ਪੂਰਬ ਕਿਸੀ ਪੁੰਨ ਤੇ ਮੋਹੀ।
ਇਸ ਪ੍ਰਕਾਰ ਮਤਿ ਉਰ ਮਹਿਂ ਹੋਹੀ।
ਖਰੋ ਰਹ੍ਯੋ ਮੈਂ ਬਾਹਰ ਤਬੈ।
ਓਰੇ ਸਹੇ ਗਾਤ ਪਰ ਸਬੈ ॥੪੫॥
ਡਰਤਿ ਸੁ ਪੰਥੀ ਬਾਸੇ ਘਰ ਮਹਿਂ।
ਸੁਖ ਸੋਂ ਬਿਤੀ ਜਾਮਨੀ ਤਿਨ ਕਹਿ[1]। [1]ਤਿੰਨ੍ਹਾਂ ਦੀ।
ਦੇਖਤਿ ਰਹੇ ਵਹਿਰ ਦਿਸ਼ਿ ਦੋਊ।
ਮਤ ਕੇਹਰਿ ਸੰਘਾਰਹਿ ਕੋਊ ॥੪੬॥
ਮੈਂ ਮਨ ਧਰਮ ਜਾਨਿ ਹਟਿ ਰਹ੍ਯੋ।
ਦੁਖ ਬਰਖਾ ਸਭਿ ਤਨ ਪਰ ਸਹ੍ਯੋ।
ਅਰਧ ਰਾਤਿ ਲੌ ਬ੍ਰਿਸ਼ਟੀ[1] ਭਈ। [1]ਬਰਖਾ।
ਬਿਨਾ ਆਸਰੇ ਮੈਂ ਸਿਰ ਲਈ ॥੪੭॥
ਪੁਨਹਿ ਪੌਨ ਗਮਨੀ ਅਤਿ ਸੀਰ[1]। [1]ਠੰਢੀ।
ਬਜਾਪ੍ਯੋ ਸਗਰੇ ਸੀਤ ਸਰੀਰ।
ਭੋਰ ਹੋਤਿ ਮੈਂ ਮਿਰਤਕ ਭਇਊ।
ਸਿਸਰ ਬਿਸਾਲ[1] ਪ੍ਰਾਨ ਛਟਿ ਗਇਊ ॥੪੮॥ [1]ਬਹੁਤ ਠੰਢ ਸੀ।
ਭਈ ਪ੍ਰਾਤਿ ਸੋ ਸੰਤ ਪ੍ਰਬੀਨਾ।
ਨਿਕਸੇ ਮ੍ਰਿਤਕ ਮੋਹਿ ਪਿਖਿ ਲੀਨਾ।
ਕਰੁਨਾ ਕੀਨਿ ਜਾਨਿ ਮਮ ਕਰਮ।
ਫਲ ਦੀਨਸਿ ਅਸ, ਜਸ ਅਤਿ ਧਰਮ[1] [1]ਜਿਵੇਂ ਬੜਾ ਧਰਮ ਕੀਤਾ ਹੋਵੇ।

॥ ੪੯ ॥
ਤਿਸ ਰਾਤ੍ਰੀ ਕਾ ਫਲ ਅਸ ਹੋਵਾ।
ਪਹੁੰਚਿ ਸੁਰਗ ਸਭਿ ਬਿਧਿ ਸੁਖ ਜੋਵਾ।
ਅਤਿਥ ਪੂਜਿਬੋ ਧਰਮ ਮਹਾਨਾ।
ਨਹਿਂ ਗ੍ਰਿਹਸਤੀ ਕੇ ਅਪਰ ਸਮਾਨਾ'
॥ ੫੦ ॥
ਇਹ ਸਭਿ ਪੀਰ ਸੁਨੀ ਜਬਿ ਕਾਨ।
ਕਰਜੋ ਜਗਾਵਨਿ ਪਰਜੋ ਜਿ ਥਾਨ।
ਉਠਤਿ ਚਰਨ ਪਰ ਬੰਦਨ ਕੀਨਿ।
'ਰਾਵਰਿ ਭੇਦ ਸਕਜੋ ਨਹਿਂ ਚੀਨ ॥ ੫੧ ॥
[1]ਜੋ ਤੁਮ ਕਹਹੁ ਸੁ ਹੈ ਸਭਿ ਨੀਕੀ।

[1]ਭਾਵ ਜੋ ਆਪ ਦੀ ਕਹਿਣੀ ਹੈ ਉਹ ਤਦੇ ਸੁਹਣੀ ਹੈ ਕਿ ਆਪ ਦੀ ਕਰਨੀ ਬੀ ਉਹੋ ਹੈ ਨਹੀਂ ਤਾਂ ਕਹਿਣੀ ਫਿੱਕੀ ਪੈ ਜਾਵੇ।

ਰਾਵਰਿ ਕਰੈ ਬਿਨਾ ਬਹੁ ਫੀਕੀ[1]।
ਜਗਤ ਉਧਾਰਨਿ ਧਾਰਨਿ ਤਨ ਕੋ।
ਮੈ ਅਸ ਨਿਸ਼ਚੈ ਕੀਨਸਿ ਮਨ ਕੋ'
॥ ੫੨ ॥
ਸਤਿਗੁਰ ਖੁਸ਼ੀ ਭਏ ਸੁਨਿ ਬਿਨਤੀ।
ਸ਼ਰਧਾ ਦਈ, ਤਜਾਗਿ ਬਿਯ ਗਿਨਤੀ[1]।

[1]ਦੂਜੀਆਂ ਗਿਣਤੀਆਂ ਤਿਆਗ ਕੇ।

ਬੰਦਨ ਕਰਿ ਨਿਜ ਧਾਮ ਸਿਧਾਰਾ।
ਅਪਰ ਥਾਨ ਮਹਿਂ ਸੁਜਸੁ ਪਸਾਰਾ
॥ ੫੩ ॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੀਰ ਪ੍ਰਸੰਗ' ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

## ੩੧. [ਗੁਰੂ ਜੀ ਦੀ ਮਹਿਮਾ। ਧੀਰਮੱਲ ਦੀ ਈਰਖਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:
ਸੁੰਦਰ ਸਦਨ ਸੁਧਾਰਿ ਕਰਿ, ਬਸੈਂ ਗੁਰੂ ਮਹਾਂਰਾਜ।
ਪੂਜਾ ਬਸਾਵਨਿ ਪੁਨ ਕਰੀ, ਦੇ ਸਭਿ ਬਿਧਿਨਿ ਸਮਾਜ ॥੧॥

ਚੌਪਈ:
ਨਿਤ ਪ੍ਰਤਿ ਸੰਗਤਿ ਆਇ ਨਵੀਨ।
ਡੇਰਾ ਪਰਹਿ ਬਨਜ ਹੁਇ ਪੀਨ[1]। — [1]ਭਾਰੀ।
ਬੈਸਨ ਆਦਿ[1] ਦੁਕਾਨ ਬਨਾਈ। — [1]ਵੈਸ਼ ਆਦਿਕਾਂ ਨੇ।
ਗ਼ਨੀ[1] ਗਰੀਬ ਬਸੈਂ ਸਮੁਦਾਈ ॥੨॥ — [1]ਧਨਵਾਨ। [ਅ: ਗ਼ਨੀ]
ਕਿਤਿਕ ਸਿੱਖਜ ਹੀ ਰਚੈਂ ਅਵਾਸ।
ਹੇਤੁ ਜੀਵਕਾ ਕੀਨਸਿ ਬਾਸ।
ਕ੍ਰਿਤ ਕੇ ਕਰਨਹਾਰ ਨਰ[1] ਬ੍ਰਿੰਦ। — [1]ਭਾਵ ਮਜ਼ਦੂਰ।
ਬਸੇ ਆਨਿ ਕਰਿ ਢਿਗ ਬਖ਼ਸ਼ਿੰਦ ॥੩॥
ਆਇੰ ਸੈਕਰੇ ਨਿਤ ਨਰ ਨਾਰੀ।
ਰਹੈ ਭੀਰ ਦਰਬਾਰ ਅਗਾਰੀ।
ਬ੍ਰਿੰਦ ਮਸੰਦ ਅਨੰਦ ਬਿਲੰਦੇ।
ਰਚੈਂ ਨਿਕੇਤ ਨਿਕਟਿ ਸੁਖਕੰਦੇ ॥੪॥
ਅਨਿਕ ਫਕੀਰਨਿ ਪੰਕਤਿ ਆਈ।
ਲਖੇ ਕ੍ਰਿਪਾਲ ਪਰੇ ਸ਼ਰਣਾਈ।
ਬੰਦਨ ਕਰਿ ਬੈਠਹਿਂ ਨਿਤ ਪਾਸ।
ਬਨਹਿ ਦੇਗ਼ ਤੇ ਅਚਵਹਿਂ ਗ੍ਰਾਸ ॥੫॥
ਬਾਂਛਤਿ ਬਸਤ੍ਰ ਪਾਇ ਗਨ ਰਹੈਂ।
ਜਨਮ ਸੁਧਾਰਹਿਂ 'ਗੁਰੁ ਗੁਰੁ' ਕਹੈਂ।
ਕੇਤਿਕ ਦਾਸ ਸਦਾ ਰਹਿਂ ਸਾਥ।
ਸੇਵਾ ਕਰਹਿਂ ਜੋਰਿ ਕਰਿ ਹਾਥ ॥੬॥
ਦਿਨ ਪ੍ਰਤਿ ਐਸ਼੍ਵਰਜ ਬਧਹਿ ਬਿਸਾਲਾ।
ਦੁਗੁਨ ਚੁਗੁਨਾ ਦਸਗੁਨ ਜਾਲਾ।
ਇਕ ਆਵਹਿ ਸੰਗਤਿ ਇਕ ਜਾਹੀ।
ਪਸਰਯੋ ਸੁਜਸੁ ਅਸ਼ਟ ਦਿਸ਼ਿ ਮਾਂਹੀ

॥੭॥
ਜੇ ਦੁਰਲਭ ਹੈਂ ਅਨਿਕ ਅਕੋਰੇਂ।
ਅਰਪਨਿ ਕਰੈਂ ਖਰੇ ਕਰ ਜੋਰੇਂ।
ਅੰਬਰ[1], ਪਸ਼ਮੰਬਰ, ਪਾਟੰਬਰ। — [1]ਸੂਤੀ) ਕੱਪੜੇ।
ਸੁੰਦਰ ਆਦਿ ਉਨ ਕੇ ਕੰਬਰ[1] ॥੮॥ — [1]ਕੰਬਲ।
ਸ੍ਰੀ ਗੁਜਰੀ ਹਿਤ ਘਨੇ ਬਿਭੂਖਨ।
ਆਗੇ ਅਰਪਹਿਂ ਆਨਿ ਅਦੂਖਨ[1]। — [1]ਭਾਵ ਗੁਰੂ ਜੀ ਦੇ ਅੱਗੇ।
ਧਨ ਕੀ ਗਿਨਤੀ ਕਛੁ ਨ ਹੋਇ।
ਦਿਨ ਪ੍ਰਤਿ ਗੁਰ ਆਗੇ ਬਹੁ ਜੋਇ ॥੯॥
ਪਿਖਿ ਸ੍ਰੀ ਤੇਗ ਬਹਾਦਰ ਦਰਬ।
ਖਰਚਨ ਕਰਤਿ ਜਾਤਿ ਤਿਮ ਸਰਬ।
ਨਗਰ ਬਸਾਵਨਿ ਮਹਿਂ ਬਹੁ ਦੇਤਿ।
ਜਹਿਂ ਕਹਿਂ ਸੁੰਦਰ ਬਨਹਿਂ ਨਿਕੇਤ ॥੧੦॥
ਦੀਰਘ ਦੇਗ਼ ਬਨਹਿ ਜੁਗ ਕਾਲਾ।
ਹੋਤਿ ਖਰਚ ਲੇ ਅੰਨ ਬਿਸਾਲਾ।
ਸਿਰੇਪਾਉ ਸਿੱਖਜਨਿ ਕੋ ਦੇਤਿ।
ਲੇਯ ਸ਼੍ਰੇਯ ਕੇ ਹਤੁ ਸੁਚੇਤ[1] ॥੧੧॥ — [1]ਸਾਵਧਾਨ (ਸਿੱਖ)।
ਇੱਤਜਾਦਿਕ ਬਹੁ ਕਾਰਨ ਔਰ।
ਖਰਚਿ ਕਰਤਿ ਸੋਢੀ ਸਿਰਮੌਰ।
ਇਸ ਬਿਧਿ ਕਤਿਕ ਬਿਤੇ ਮਹੀਨੇ।
ਗੁਰੂ ਬਿਦਤ ਸਭਿ ਦੇਸ਼ਨਿ ਚੀਨੇ ॥੧੨॥
ਜੋ ਸ਼ਰੀਕ ਸੋਢੀ ਕੁਲ ਅਹੈਂ।
ਮਤਸਰ ਸਹਿਤ ਬਿਸਮ ਉਰ ਰਹੈਂ।
-ਕਿਸ ਪ੍ਰਕਾਰ ਬਿਵਾਹਰ ਮਝਾਰੀ।
ਨਹਿਂ ਮਤਿ ਹੁਤੀ, ਬਿਤੀ ਬਯ ਸਾਰੀ[1] ॥੧੩॥ — [1]ਕਿਸੇ ਪ੍ਰਕਾਰ ਦੇ ਵਿਹਾਰ ਵਿੱਚ ਗੁਰੂ ਜੀ ਨੇ ਸਾਰੀ ਉਮਰ ਬੀਤ ਗਈ ਪਰ ਆਪਣੀ ਬੁੱਧੀ ਨਹੀਂ ਸੀ ਲਗਾਈ।
ਲਖਹਿਂ ਨਿਲਾਯਕ ਸਗਲੇ ਜਾਂਹੂੰ।
ਜਿਮ ਨਿਸ਼ਚੈ ਗੁਰ ਕੀਨਸਿ ਤਾਂਹੂੰ।
ਬਡ ਐਸ਼੍ਵਰਜ ਵਧਯੋ ਤਤਕਾਲਾ।
ਦੇਖਾ ਦੇਖੀ ਮਾਨਵ ਜਾਲਾ ॥੧੪॥
ਹਮ ਕੋ ਤਜਿ ਤਜਿ ਤਿਸ ਢਿਗ ਗਏ।

ਇਕ ਮੱਖਨ ਨੇ ਅਸ ਬਿਧਿ ਕਏ।
ਅਜਹੁੰ ਨ ਕੁਛ ਬਿਚਾਰ ਉਰ ਆਯੋ[1]। — [1]ਅਜੇ ਬੀ (ਦੁਨੀਆਂਦਾਰੀ ਦੀ) ਕੁਛ ਵਿਚਾਰ ਨਹੀਂ ਆਈ ਨੇ।
ਧੀਰਮੱਲ ਘਰ ਗ੍ਰਿੰਥ ਪੁਚਾਯੋ[1] ॥੧੫॥ — [1]ਧੀਰਮੱਲ ਦੇ ਘਰ ਗ੍ਰੰਥ ਜੀ ਪੁਚਾ ਦਿੱਤੇ ਹੈਨ।
ਦੁਲਭ ਵਸਤੁ ਨਿਜ ਬਡਿਅਨਿ ਕਰ ਕੀ।
ਮਹਿਮਾ ਲਖਿ ਨ ਸਕਯੋ ਅਸ ਬਰ ਕੀ[1]। — [1]ਐਸੇ ਸ੍ਰੇਸ਼ਟ ਗੁਰੂ (ਗ੍ਰੰਥ ਜੀ) ਦੀ।
ਕੈ ਧਰਿ ਤ੍ਰਾਸ ਫੇਰ ਕਰਿ ਦੀਨਾ।
ਰਾਖਯੋ ਨਿਕਟਿ ਨ, ਕਜਾ ਇਹ ਕੀਨਾ[†] ॥੧੬॥ — [†]ਜਿਨ੍ਹਾਂ ਦੇ ਮਨ ਸਦਾਚਾਰ ਭਜਨ ਬੰਦਗੀ ਨਾਲ ਤਿਆਗ ਵਿਚਾਰ ਦੀ ਸੁੰਦਰਤਾ ਵਿੱਚ ਨਹੀਂ ਉਠੇ, ਜਿਨ੍ਹਾਂ ਨੂੰ ਆਪੇ ਦੇ ਆਪੇ ਵਿੱਚ ਜੁੜ ਕੇ ਅੰਦਰੇ ਹੀ ਹਸੀਏ ਹੋਣ ਦਾ ਰਸ ਨਹੀਂ ਆਇਆ ਉਹ ਆਪਣੇ ਤੰਗ ਦਿਲ ਤੋਂ ਐਸੇ ਹੀ ਖਿਆਲ ਪੈਦਾ ਕਰ ਸਕਦੇ ਹਨ। ਚੂਹਾ ਪੰਛੀਆਂ ਦੇ ਆਕਾਸ਼ ਗਮਨ ਦੇ ਰੰਗ ਰਸ ਨੂੰ ਨਹੀਂ ਸਮਝ ਸਕਦਾ।
ਜੋ ਸੰਗਤਿ ਹਮ ਮਾਨਨਿ ਲਾਗੀ।
ਸਹਿਤ ਉਪਾਇਨ ਸੋ ਅਬਿ ਭਾਗੀ-।
ਇੱਤਜਾਦਿਕ ਸੋਢੀ ਦੁਖ ਪਾਵੈ।
ਔਗੁਨ ਕਲਪਹਿਂ ਅਨਿਕ ਸੁਨਾਵੈਂ ॥੧੭॥
ਜਯੋਂ ਜਯੋਂ ਧੀਰਮੱਲ ਜਸੁ ਸੁਨੈ।
ਸੰਗਤਿ ਜਾਤਿ ਦਖਿ[1] ਸਿਰ ਧੁਨੈ। — [1]ਜਾਂਦੀ ਸੰਗਤ ਨੂੰ ਵੇਖਕੇ।
ਮਹਿਮਾ ਮਨ ਮਹਿਂ ਮਾਨਹਿ ਨੀਕੀ।
ਤਊ ਲੋਭ ਵਸਿ ਮਤਿ ਹ੍ਵੈ ਫੀਕੀ ॥੧੮॥
ਜਾਨਹਿ -ਐਸ਼੍ਵਰਜ ਭਯੋ ਘਨੇਰੇ।
ਚਹੁੰਦਿਸ਼ਿ ਕੀ ਸੰਗਤਿ ਤਿਸ ਨੇਰੇ।
ਬ੍ਰਿੰਦ ਦਰਬ ਕੋ ਅਰਪਹਿ ਜਾਈ।
ਮਹਿ ਮਹਿਂ[1] ਮਹਿਮਾ ਮਹਿਤ ਲਖਾਈ ॥੧੯॥ — [1]ਪ੍ਰਿਥਵੀ ਵਿਖੇ।
ਭ੍ਰਾਤ ਭਤੀਜਾ ਮਮ ਗੁਰੁ ਭਯੋ।
ਤਿਨ ਪਸ਼ਚਾਤ ਉਚਿਤ ਮੈਂ ਥਯੋ।
ਦੁਇ ਪੀੜ੍ਹੀ ਇਹ ਊਪਰ ਰਹੈਂ।
ਕਿਮ ਗੁਰੁ ਕਰੇ, ਨ ਇਸ ਪਦ ਲਹੈਂ[1] ॥੨੦॥ — [1]ਕਿਵੇਂ (ਇਨ੍ਹਾਂ ਨੂੰ) ਗੁਰੂ ਕਰ ਲਿਆ ਨੇ (ਇਹ ਤਾਂ) ਇਸ ਪਦ ਨੂੰ ਲੈ ਨਹੀਂ ਸਨ ਸਕਦੇ।
ਦਿੱਲੀ ਮਹਿਂ ਮਸੰਦ ਬਿਰਮਾਯੋ।
ਤਿਸ ਤੇ ਅਪਨੋ ਨਾਮ ਕਹਾਯੋ।

ਪੁਨ ਮੱਖਣ ਮੂਰਖ ਅਨਜਾਨ।
ਧਨ ਦੇ ਕਰਿ ਜਗ ਕੀਨਿ ਬਖਾਨ ॥੨੧॥
ਦੇਨਿ ਲੇਨਿ ਕਰਿ ਇਨ ਕੇ ਸਾਥ।
ਬੈਠਜੋ ਬਨਿ ਬਿਲੰਦ ਗੁਰੁ ਨਾਥ।
ਮੋ ਤੇ ਜਰੀ ਨ ਜਾਇ ਬਡਾਈ-।
[1] 'ਕਹੁ ਸ਼ੀਹਾਂ! ਕਜਾ ਕਰਹਿੰ ਉਪਾਈ? ॥੨੨॥
ਇਸ ਕੀ ਜਿਮ ਮਨੌਤ ਹਟਿ ਜਾਇ।
ਚਹੁੰਦਿਸ਼ਿ ਤੇ ਧਨ ਭਾ ਸਮੁਦਾਇ।
ਭਯੋ ਗ਼ਰੀਬ ਪ੍ਰਥਮ ਇਹ ਰਹਿਊ।
ਨੀਠ ਨੀਠ ਗੁਜ਼ਰਾਨ ਨਿਬਹਿਊ ॥੨੩॥
ਛਪਜੋ ਰਹੈ ਕੋ ਜਾਨਹਿ ਨਾਂਹੀ।
ਨਹਿਂ ਕੁਛ ਬਿਦਤ ਸੰਗਤਾਂ ਮਾਂਹੀ।
ਏਕ ਬਾਰਿ ਐਸੇ ਬਨਿ ਗਯੋ।
ਨਗਰ ਵਸਾਵਨਿ ਸਮਰਥ ਭਯੋ ॥੨੪॥
ਮਾਰਨ ਹਿਤ ਜੋ ਕਰੇ ਉਪਾਇ।
ਸੋ ਸਭਿ ਬਾਦ ਗਏ ਦੁਖਦਾਇ।
ਅਬਿ ਜੋ ਬਨਹਿ ਬਤਾਵਹੁ ਮੋਹੀ।
ਜਬਿ ਇਹ ਟਰੈ ਸ਼ਾਂਤਿ ਚਿਤ ਹੋਹੀ' ॥੨੫॥
ਧੀਰਮੱਲ ਤੇ ਸੁਨਿ ਕਰਿ ਬੈਨ।
ਦੁਸ਼ਟ ਮਸੰਦ ਕ੍ਰੂਰ ਕਰਿ ਨੈਨ।
ਕਹਜੋ ਕਿ 'ਮੈਂ ਸਭਿ ਕਰਨੇ ਹਾਰਾ।
ਜਾਨੌਂ ਜਤਨ ਅਨਿਕ ਪਰਕਾਰਾ ॥੨੬॥
ਮੋਹਿ ਕਹੇ ਮਹਿਂ ਰਹੀਏ ਆਪ।
ਵਧਹਿ ਚੌਗੁਨੋ ਅਧਿਕ ਪ੍ਰਤਾਪ।
ਕੋ ਅਸ ਕਾਜ ਜੁ ਤੁਮ ਤੇ ਹੋਇ ਨ।
ਤੁਰਨ ਰਿਪੁ ਕੇ ਸੁਖ ਕੋ ਖੋਇ ਨ ॥੨੭॥
ਅਬਿ ਇਮ ਜਤਨ ਬਨਾਵਨਿ ਕਰੋ।
ਰਾਮਰਾਇ ਸੰਗ ਪ੍ਰੀਤੀ ਧਰੋ।
ਅਹੈ ਭਤੀਜਾ ਪੁੱਤ੍ਰ ਮਨਿੰਦ।
ਕੁਲ ਮਹਿਂ ਲਾਯਕ ਜਨੁ ਨਭ ਇੰਦ[1]

[1]ਧੀਰਮੱਲ ਸ਼ੀਹੋਂ ਨੂੰ ਕਹਿੰਦਾ ਹੈ।

[1]ਅਕਾਸ਼ ਵਿੱਚ ਚੰਦ੍ਰਮਾ।

॥੨੮॥
ਆਲਮਗੀਰ[1] ਕਹੇ ਮਹਿਂ ਜਾਂਹੀ।
ਸਾਦਰ ਨਿਤ ਸਮੀਪ ਚਲਿ ਜਾਹੀ।
ਸ਼ਾਹੁ ਸੰਗ ਸੋ ਬਾਤ ਚਲਾਵੈ।
ਅਜ਼ਮਤਿ ਹਿਤ ਨਿਤ ਨਿਕਟਿ ਬੁਲਾਵੈ
॥੨੯॥
ਦਿੱਲੀ ਬਿਖੈ ਜਾਇ ਜੇ ਬਰੈ।
ਇਤ ਹਮ ਰਹੈਂ ਕਾਜ ਸਭਿ ਸਰੈ।
ਸ਼ਾਹੁ ਸਭਾ ਮਹਿਂ ਹੋਹਿ ਪ੍ਰਵੇਸ਼।
ਜਾਚਹਿ ਅਜ਼ਮਤ ਅਧਿਕ ਹਮੇਸ਼
॥੩੦॥
ਅਪਨੇ ਕਾਜ ਚਹੈ ਕਰਿਵਾਵੈ।
ਨਹਿਂ ਆਵਨਿ ਦੇ ਨਿਕਟਿ ਬਸਾਵੈ।
ਰਾਮਰਾਇ ਮਹਿਂ ਅਜ਼ਮਤਿ ਭਾਰੀ।
ਕਿਮ ਸਰਬਰ ਹੁਇ ਸ਼ਾਹੁ ਅਗਾਰੀ
॥੩੧॥
ਕੇ ਕਰਿ ਕਰਾਮਾਤ ਨਹਿਂ ਹੋਇ।
ਕੈ ਹਠ ਕਰੈ ਦਿਖਾਇ ਨ ਸੋਇ।
ਮਹਾਂ ਕ੍ਰੂਰ ਮਤਿ ਅਵਰੰਗ ਸ਼ਾਹੂ।
ਪਕਰਹਿ ਦੇਹਿ ਕੈਦ ਕੇ ਮਾਂਹੂ ॥੩੨॥
ਕੈ ਕਰਿ ਕ੍ਰੋਧ ਕੁਮਤਿ ਤਤਕਾਲਾ।
ਧਰ ਤੇ ਸੀਸ ਕਰਾਇ ਨਿਰਾਲਾ।
ਜਬਿ ਦੋਨਹੁ ਮੈਂ ਇਕ ਬਨਿ ਜਾਇ।
ਹੋਇ ਕੈਦ ਕੈ ਪ੍ਰਾਨ ਬਿਲਾਇ ॥੩੩॥
ਤਬਿ ਤੁਮ ਹੀ ਹੋ ਗੁਰੁ ਜਗ ਮਾਂਹੀ।
ਸਭਿ ਸਿਖ ਆਇਂ ਆਪ ਕੇ ਪਾਹੀ।
ਅਰਪਹਿ ਦਰਬ ਚਹੂੰ ਦਿਸ਼ਿ ਕੇਰਾ।
ਹੁਇ ਰਾਵਰਿ ਐਸ਼੍ਵਰਜ ਘਨੇਰਾ ॥੩੪॥
ਇਹ ਉਪਾਇ ਅਬਿ ਜਾਨਜੋ ਪਰੈ।
ਜਿਸ ਤੇ ਨਿਜ ਸ਼ਤ੍ਰੂ ਪਰਹਰੈ।'
ਸੁਨਤਿ ਧੀਰਮਲ ਅਨੰਦ ਉਮਾਹਾ।
'ਸਾਧ ਸਾਧ' ਸੋ ਦੁਸ਼ਟ ਸਰਾਹਾ ॥੩੫॥

[1]ਔਰੰਗਜ਼ੇਬ।

'ਹੋਨਹਾਰ ਤੈਂ ਬਾਤ ਬਖਾਨੀ।
ਤਹਿਂ ਪਹੁੰਚੇ ਹੁਇ ਨਿਸ਼ਚੈ ਹਾਨੀ।
ਸੰਤ ਸੈਂਕਰੇ ਤਿਹ ਮਰਿਵਾਏ।
ਕਿਮਹੂੰ ਕਿਸ ਤੇ ਤ੍ਰਾਸ ਨ ਪਾਏ ॥੩੬॥
ਮੋਰ ਭਤੀਜਾ ਅਜ਼ਮਤ ਭਾਰੀ।
ਹਮ ਪਰ ਬਨਹਿ ਕਰੋਂ ਨ ਉਪਕਾਰੀ।
ਇਕ ਤੌਂ ਹਮ ਪਰ ਅਹੈ ਅਸਾਨ[1]।
ਦੂਜੇ ਤਿਸ ਕੋ ਭੀ ਰਿਪੁ ਜਾਨਿ ॥੩੭॥
ਜੇ ਜਗ ਗੁਰਤਾ ਇਨ ਬਿਦਤਾਈ।
ਰਾਮਰਾਇ ਲਘੁਤਾ ਕੌ ਪਾਈ।
ਨਿਤ ਪ੍ਰਤਿ ਦਰਬ ਹਜ਼ਾਰਹੁੰ ਜੋਇ।
ਹਮਰੋ ਅਹੈ, ਲੇਤਿ ਹੈ ਸੋਇ ॥੩੮॥
ਰਾਮਰਾਇ ਹਮ ਏਕੋ ਅਹੈਂ।
ਹਾਨ ਲਾਭ ਦੋਨਹੁੰ ਸਮ ਲਹੈਂ।
ਯਾਂ ਤੇ ਲਿਖੋ ਭਲੀ ਬਿਧਿ ਪਾਤੀ।
-ਤੂੰ ਕਿਮ ਬੈਠਜੋ ਸੀਤਲ ਛਾਤੀ? ॥੩੯॥
ਸ਼ੱਤ੍ਰ ਸ਼ਰੀਕ ਹਮਾਰ ਤੁਮਾਰੋ।
ਵਧਤਿ ਜਾਤਿ ਦਿਨਪ੍ਰਤਿ ਅਤਿ ਭਾਰੋ।
ਬਿਨ ਟਾਰੇ ਇਸ, ਕਿਮ ਬਨਿ ਆਵੈ।
ਜਿਸ ਤੇ ਮਹਿਮਾ ਮਹਿ ਮਹਿਂ ਜਾਵੈ[1]-' ॥੪੦॥
ਇੱਤਯਾਦਿਕ ਮਿਲਿ ਮੰਤ੍ਰ ਬਿਚਾਰਾ।
ਗੁਰ ਉਪਕਾਰ ਨ ਉਰ ਕੁਛ ਧਾਰਾ।
ਲੋਭ ਗ੍ਰਸੇ ਮਾਇਆ ਮਦ ਚਰਜੋ।
ਚਿਤਵਨਿ ਕਲਮਲ ਕੋ ਚਿਤ ਕਰਜੋ[†] ॥੪੧॥

[1]ਉਪਕਾਰ।

[1]ਜਿਸ (ਸ਼ਰੀਕ) ਕਰਕੇ (ਸਾਡੀ) ਮਹਿੰਮਾਂ (ਮਹੀ =) ਪ੍ਰਿਥਵੀ ਵਿਚ ਨਾਸ਼ ਹੋ ਰਹੀ ਹੈ। ਸੂਚਨਾ-ਇਸ ਅਰਥ ਦੀ ਪ੍ਰੌਢਤਾ ਅੰਸੂ ੩੨ ਅੰਕ ੫ ਤੋਂ ਹੁੰਦੀ ਹੈ।

[†]ਆਮ ਕਹਾਵਤ ਹੈ 'ਲੋਭ ਪਾਪਾਂ ਦਾ ਮੂਲ ਹੈ।' ਧੀਰਮੱਲ ਦੀ ਜਾਣ ਬੁਝ ਕੇ ਮਤ ਪਾਪਾਂ ਵਿੱਚ ਪਰਵਿਰਤ ਹੋ ਰਹੀ ਹੈ, ਗੁਰਿਆਈ ਨੂੰ ਐਸ਼ਰਜ ਸਮਝ ਰਿਹਾ ਹੈ। ਹਾਲਾਂ ਕਿ ਇਹ ਭਾਰੀ ਜ਼ਿੰਮੇਵਾਰੀ ਹੈ, ਜਿਸ ਨੂੰ ਅਨੁਭਵ ਕਰਕੇ ਸ਼੍ਰੀ ਤੇਗ ਬਹਾਦਰ ਜੀ ਅੰਗੀਕਾਰ ਨਹੀਂ ਸੇ ਕਰਦੇ। ਉਹਨਾਂ ਨੇ ਅੰਤ ਵਿੱਚ ਇਸ ਨੂੰ ਆਪਣੇ ਪਰ ਸਤਿਗੁਰ ਪਿਤਾ ਤੇ ਸਤਿਗੁਰ ਹਰਿਕ੍ਰਿਸ਼ਨ ਜੀ ਅਤੇ ਵਾਹਿਗੁਰੂ ਜੀ ਵਲੋਂ ਲਾਇਆ ਗਿਆ ਫਰਜ਼ ਸਮਝਕੇ ਅੰਗੀਕਾਰ ਕੀਤਾ ਸੀ। ਲੋਭੀ ਧਨ ਪਿੱਛੇ ਮਰ ਰਹੇ ਹਨ ਤੇ ਆਪ ਆਏ ਧਨ ਨੂੰ ਪਰੋਪਕਾਰ ਤੇ ਵੀਟ ਰਹੇ ਹਨ ਤੇ ਰੂਹਾਨੀ ਰੰਗ ਜਗਤ ਨੂੰ ਲਾ ਰਹੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ ਆਦਿ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

## ੩੨. [ਧੀਰਮਲ ਰਾਮ ਰਾਇ ਮੇਲ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਧੀਰਮੱਲ ਪਾਤੀ ਲਿਖੀ, ਕਰੀ ਤਰੀਫ
ਉਦਾਰ।
'ਸਭਿ ਉਪਮਾ ਕੇ ਉਚਿਤ ਹੋ, ਸੁਨਿ ਸੁਤ
ਬਰਖੁਰਦਾਰ! ॥੧॥

ਚੌਪਈ:

ਮੋਹਿ ਅਨੁਜ ਸ਼੍ਰੀ ਗੁਰੁ ਹਰਿਰਾਇ।
ਤਿਹ ਜੇਸ਼ਟ ਸੁਤ ਗੁਨ ਸਮੁਦਾਇ।
ਤੁਰਕੇਸ਼ੁਰ ਕੋ ਬਸਿ ਕਰਿ ਲੀਨਾ।
ਜਗ ਮਹਿਂ ਬਿਦਤਜੋ ਅਜ਼ਮਤ ਪੀਨਾ
॥੨॥
ਤੋ ਸਮ ਅਪਰ ਨਹੀਂ ਜਗ ਕੋਈ।
ਇਤੀ ਸ਼ਕਤਿ ਕਿਤ ਪੱਯਤਿ ਸੋਈ[1]।
ਤੁਵ ਪਿਤ ਜੈਸੇ ਅਨੁਜ ਹਮਾਰਾ।
ਤਿਨ ਹੀ ਸਮ ਮੈਂ ਤੋਹਿ ਨਿਹਾਰਾ ॥੩॥
ਗੁਰਤਾ ਵਸਤੁ ਹਮਾਰ ਤੁਮਾਰੀ।
ਸਭਿ ਕਾਰਨ ਤੇ ਲਖਿ ਅਧਿਕਾਰੀ।
ਤੇਗ ਬਹਾਦਰ ਦੂਰ ਬਡੇਰੀ[1]।
ਕਿਮ ਗੁਰ ਬਨਿ ਬੈਠਜੋ ਇਸ ਬੇਰੀ ॥੪॥
ਚਿਤ ਮਹਿਂ ਕਜੋਂ ਨ ਚਿੰਤ ਕੌ ਠਾਨੈਂ?
ਮਹਿ ਮਹਿਂ ਮਹਿੰਮਾ ਮਹਿਤੀ ਹਾਨੈ[1]।
ਦਰਬ ਹਜ਼ਾਰਹੁਂ ਰੋਜ਼ ਸੰਭਾਰੈ।
ਬਡ ਐਸ਼੍ਵਰਜ ਆਪਨੋ ਧਾਰੈ ॥੫॥
ਸ਼ਾਹੁ ਨਿਕਟਿ ਬੁਲਵਾਵਨਿ ਠਾਨੋ।
ਜਜੋਂ ਕਜੋਂ ਕਰਿ ਸ਼ੱਤ੍ਰੂ ਤਹਿਂ ਹਾਨੋ।
ਕਰੇ ਜਤਨ ਮੈਂ ਸਰਜੋ ਨ ਕੋਈ।
ਬਚਜੋ ਸੰਘਾਰਨ ਸਭਿ ਤੇ ਸੋਈ[1] ॥੬॥
ਯਾਂ ਤੇ ਸੁਧਿ ਤੁਵ ਨਿਕਟਿ ਪਠਾਈ।
ਬਨਿ ਆਵੈ ਅਬਿ ਕਰਨਿ ਉਪਾਇ।'
ਇਮ ਲਿਖਿ ਦੂਤ ਪਠਾਵਨਿ ਕੀਨਾ।

[1]ਹੋਰ ਕਿਸ ਵਿੱਚ ਪਾ ਸਕੀਦੀ ਹੈ।

[1]ਦੋ (ਪੀੜੀਆਂ ਉਪਰ ਹੋਣ ਤੇ) ਦੂਰ ਹਨ ਗੁਰਿਆਈ ਤੋਂ।

[1]ਪ੍ਰਿਥਵੀ ਤੇ ਮਹਿੰਮਾ (ਸਾਡੀ) ਬੜੀ ਹਾਨ ਕਰਦੇ ਹਨ।

[1]ਸਾਰੇ ਮਾਰਨ ਦੇ (ਜਤਨਾਂ) ਤੋਂ।

ਜਾਨਜੋ -ਰਿਪੁ ਹੁਇ ਪ੍ਰਾਨ ਬਿਹੀਨਾ-
॥੭॥
ਬਹੁਤ ਮੋਲ ਕੋ ਇਕ ਸਿਰੁਪਾਉ।
ਵਸਤੁ ਅਜਾਇਬ ਅਪਰ ਪਠਾਉ[1]। [1]ਭੇਜੀ।
ਦਿੱਲੀ ਮਹਿਂ ਲੇ ਕਰਿ ਸੋ ਗਯੋ।
ਰਾਮਰਾਇ ਢਿਗ ਪਹੁੰਚਤਿ ਭਯੋ ॥੮॥
ਬੰਦਨ ਠਾਨਿ ਦੀਨਿ ਪੁਨ ਪਾਤੀ।
ਅਪਰ ਸੁਨਾਇ ਕੁਸ਼ਲ ਬਹੁ ਭਾਂਤੀ।
ਰਾਮਰਾਇ ਤਬਿ ਖੋਲਨਿ ਕੀਨਿ।
ਪਠਿ ਕਰਿ ਸਭਿ ਮਤਲਬ ਕੋ ਚੀਨਿ
॥੯॥
-ਧੀਰਮੱਲ ਭਾ ਮੋਹਿ ਅਧੀਨ।
ਯਾਂ ਤੇ ਕੁਛਕ ਹਰਖ ਮੈਂ ਲੀਨਿ-।
ਪੁਨ ਚਿੰਤਾ ਚਿਤ ਬਿਖੈ ਉਪਾਈ।
-ਗਈ ਅਪਰ ਥਲ ਮਹਿਂ ਬਡਿਆਈ
॥੧੦॥
ਪ੍ਰਥਮ ਭਯੋ ਉਤਪਾਤ ਬਿਸਾਲਾ।
ਦੁਹੂੰ ਦਿਸ਼ਿਨਿ ਜੇ ਸ੍ਰਾਪ ਕਰਾਲਾ।
ਸਭਿ ਸੰਗਤਿ ਮਹਿਂ ਮੋਰ ਖੁਟਈ।
ਪਿਤ ਸਤਿਗੁਰੁ ਪੂਰਬ[1] ਬਿਦਤਾਈ [1]ਪਹਿਲੋਂ ਦੀ।
॥੧੧॥
ਸ਼੍ਰੀ ਹਰਿ ਕ੍ਰਿਸ਼ਨ ਬਹੁਰ ਪਰਲੋਕ।
ਜਿਸ ਤੇ ਸਭਿ ਕੁਟੰਬ ਮਹਿਂ ਸ਼ੋਕ।
ਮੋ ਕਹੁ ਬੁਰਾ ਜਗਤ ਠਹਿਰਾਯੋ।
ਅਬਹਿ ਅਪਰ ਉਤਪਾਤ ਉਠਾਯੋ ॥੧੨॥
ਹ੍ਵੈ ਜੈ ਹੈ ਕੁਛ ਤੇ ਕੁਛ ਔਰ।
ਮਹਾਂ ਕਲੰਕਤਿ ਕਹਿਂ ਸਭਿ ਠੌਰ-।
ਇੱਤਜਾਦਿਕ ਮਨ ਗਟੀ ਬਿਚਾਰਹਿ।
-ਕਹਾ ਕਰੌਂ ਮੈਂ ਜਤਨ ਸੁਧਾਰਹਿ-
॥੧੩॥
ਪਾਤੀ ਕੋ ਉੱਤਰ ਲਿਖਿ ਦੀਨੋ।
'ਤੁਮ ਹੋ ਬਡੇ ਸਕਲ ਬਿਧਿ ਚੀਨੋ।

ਜਿਤਿਕ ਉਪਾਇ ਮੋਹਿ ਤੇ ਬਨੈ।
ਕਰੋਂ ਸੁ ਮੈਂ ਜਿਮ ਚਿੰਤਾ ਹਨੈ ॥੧੪॥
ਕਹੇ ਤੁਮਾਰੇ ਮਹਿਂ ਦਿਨ ਰਾਤੀ।
ਮਾਨੋਂ ਕਰੋਂ ਨ ਰਾਵਰੀ ਬਾਤੀ।'
ਲਿਖੀ ਪਠਾਈ ਪੁਰਿ ਕਰਤਾਰ।
ਪਠਤਿ ਧੀਰਮਲ ਆਨੰਦ ਧਾਰਿ ॥੧੫॥
ਕਹ੍ਯੋ ਮਸੰਦ ਸੰਗ ਸਮੁਝਾਇ।
'ਸਫਲਹਿ ਤੇਰੋ ਕਹ੍ਯੋ ਉਪਾਇ।
ਰਾਮਰਾਇ ਖ਼ਾਤਰ ਕਰਿ ਪਠੀ[1]। [1]ਤਸੱਲੀ ਕਰ ਭੇਜੀ ਹੈ।
ਇਹੁ ਪਾਤੀ ਮੈਂ ਤਿਸ ਕੀ ਪਠੀ[1] ॥੧੬॥ [1]ਪੜ੍ਹੀ ਹੈ।
ਇਸ ਪ੍ਰਕਾਰ ਇਹ ਭਯੋ ਬ੍ਰਿਤੰਤ।
ਗੁਰ ਦ੍ਰੋਹੀ ਅਨਹਿਤ[1] ਚਿਤਵੰਤਿ। [1]ਬੁਰਾ।
ਬੁਰੇ ਭਲੇ ਕੀ ਸਾਰ ਨ ਜਾਨੈ।
ਭਏ ਲੋਭ ਬਸਿ ਕੁੱਕ੍ਰਿਤ ਠਾਨੈਂ ॥੧੭॥
ਇਕ ਦਿਨ ਤੁਰਕੇਸ਼ੁਰ ਕੇ ਤੀਰ।
ਬੈਠ੍ਯੋ ਰਾਮਰਾਇ ਨਰ ਭੀਰ।
ਕਹ੍ਯੋ ਪ੍ਰਸੰਗ ਗੁਰਨਿ ਕੋ ਤੌਨ[1]। [1]ਤਿਸ (ਪਾਤਸ਼ਾਹ) ਨੇ।
'ਅਬਿ ਗਾਦੀ ਪਰ ਬੈਠ੍ਯੋ ਕੌਨ? ॥੧੮॥
ਸ਼੍ਰੀ ਹਰਿ ਕ੍ਰਿਸ਼ਨ ਬਾਲ ਬਯ ਜਾਂਹਿ।
ਪਹੁੰਚੇ ਸੋ ਪ੍ਰਲੋਕ ਕੇ ਮਾਂਹਿ।
ਅਧਿਕਾਰੀ ਸੁਤ ਹੁਤੋ ਨ ਕੋਇ।
ਗਾਦੀ ਪਰ ਬੈਠਤਿ ਹੈ ਜੋਇ' ॥੧੯॥
ਰਾਮਰਾਇ ਸਭਿ ਬਾਤ ਸੁਨਾਈ।
'ਸ਼੍ਰੀ ਹਰਿ ਕ੍ਰਿਸ਼ਨ ਕਹੀ ਗੁਰਿਆਈ।
ਹੁਤੋ ਹਮਾਰੀ ਕੁਲ ਮਹਿਂ ਏਕ।
ਜਿਸ ਕੈ ਨਹਿਂ ਬਿਵਹਾਰ ਬਿਬੇਕ ॥੨੦॥
ਸੋ ਗਾਦੀ ਪਰ ਹੁਇ ਬਿਦਤਾਯੋ।
ਸੁਨ੍ਯੋਂ ਸੁ ਮੈਂ ਨਿਜ ਨਗਰ ਬਸਾਯੋ।
ਅਜ਼ਮਤ ਸਹਿਤ ਲੋਕ ਤਿਸ ਕਹੈਂ।
ਅਰਪਹਿਂ ਦਰਬ ਕਾਮਨਾ ਲਹੈਂ ॥੨੧॥
ਪ੍ਰਗਟ੍ਯੋ ਗੁਰੂ ਤਬਹਿ ਲਖਿ ਲੇਹਿਂ[1]। [1]ਗੁਰੂ ਪ੍ਰਗਟਿਆ ਤਦੋਂ (ਅਸੀਂ) ਜਾਣਾਂਗੇ।
ਢਿਗ ਰਾਵਰ ਕੇ ਅਜ਼ਮਤ ਦੇਹਿ।

ਨਾਂਹਿ ਤ ਝੂਠ ਸਾਚ ਕਹਿ ਕਰਿ ਕੈ।
ਬਿਰਮਾਵਹਿ ਨਰ ਗਨ ਛਲ ਧਰਿ ਕੈ'
॥੨੨॥
ਸੁਨਿ ਇਮ ਸ਼ਾਹੁ ਗਿਰਾ ਤਬਿ ਕਹੀ।
'ਤੋ ਮਹਿਂ ਅਜ਼ਮਤ ਮੈਂ ਬਹੁ ਲਹੀ।
ਨਹਿਂ ਏਤਿਕ ਕਿਸ ਅਪਰ ਮਝਾਰੀ।
ਕਹਾਂ ਕਰਹਿਂ ਤਿਸ ਨਿਕਟਿ ਹਕਾਰੀ[1] [1]ਤਿਸ ਨੂੰ ਪਾਸ ਬੁਲਾਕੇ।
॥੨੩॥
ਤੁਮ ਭੀ ਗੁਰ ਘਰ ਕੇ ਸੁਤ ਪੋਤੇ।
ਅਪਰ ਅਲਪ ਜਾਨੋਂ ਸਭਿ ਤੋ ਤੇ।'
ਰਾਮਰਾਇ ਸੁਨਿ ਬਹੁਰ ਬਖਾਨੀ।
'ਤੁਮ ਮਾਲਕ ਹੋ ਸਕਲ ਸਥਾਨੀ ॥੨੪॥
ਤਿਸ ਮਹਿਂ ਬਸਹਿਂ ਜਿ ਨਰ ਸਮੁਦਾਇ।
ਕਯੋਂ ਨ ਤੁਮਾਰੋ ਕਾਜ ਬਨਾਇੰ।'
ਸੁਨਿ ਇਮ ਸ਼ਾਹੁ ਮੌਨ ਕਰਿ ਰਹਯੋ।
ਅਪਰ ਪ੍ਰਸੰਗ ਚਲਯੋ ਕਿਸ ਕਹਯੋ[1] [1]ਕਿਸੇ ਦਾ ਕਹਿਆ ਹੋਰ ਪ੍ਰਸੰਗ ਚੱਲ ਪਿਆ।
॥੨੫॥
ਇਹ ਬ੍ਰਿਤੰਤ ਭਾ ਸਭਾ ਮਝਾਰੀ।
ਸੁਨਯੋਂ ਸੁ ਪੁਰਿ ਕੀ ਸੰਗਤਿ ਸਾਰੀ।
'ਰਾਮਰਾਇ ਇਨ ਸੰਗ ਖੁਟਾਈ।
ਕਰਯੋ ਚਹਤਿ ਹੈ ਬਹੁ ਬਿਦਤਾਈ[1] [1]ਜ਼ਾਹਰ ਹੀ।
॥੨੬॥
ਮਿਲਹਿਂ ਪਰਸਪਰ ਸਿਖ ਸਭਿ ਕਹੈਂ।
'ਇਹ ਉਤਪਾਤ ਕਰਤਿ ਹੀ ਰਹੈ।'
ਪੁਨ ਕੇਤਿਕ ਦਿਨ ਦੀਨਿ ਬਿਤਾਇ।
ਪੁਨ ਸੰਗਤਿ ਮਿਲਿ ਕਰਿ ਸਮੁਦਾਇ
॥੨੭॥
ਦਰਸ਼ਨ ਕੀ ਲਾਲਸ ਬਹੁ ਜਾਗੀ।
ਭਏ ਤਯਾਰ ਕੇਤਿਕ ਬਡਭਾਗੀ।
ਲੈ ਲੈ ਵਸਤੁ ਅਜਾਇਬ ਚਲੇ।
ਧਨ ਗਨ ਲੀਨਿ ਰਿਝਾਵਨਿ ਭਲੇ
॥੨੮॥

ਸਿਮਰਤਿ ਸਤਿਗੁਰ ਕੋ ਚਲਿ ਆਏ।
ਪੰਥ ਅਨੰਦਪੁਰੇ ਨਿਯਰਾਏ।
ਹਰਖੇ ਜਬਹਿ ਪ੍ਰਵੇਸ਼ੇ ਪੁਰਿ ਮੈਂ।
ਪ੍ਰਥਮ ਸਿਵਰ ਕੋ ਕਰਿ ਸੁਖ ਉਰ ਮੈਂ ॥੨੯॥
ਪਾਇ ਰੁ ਪਾਨ ਪਖਾਰੇ ਪਾਨੀ।
ਬਸਤ੍ਰ ਪਹਿਰ ਕਰਿ ਸ਼੍ਰਮ ਕੋ ਹਾਨੀ।
ਸਭਿ ਅਕੋਰ ਲੈ ਗੁਰ ਢਿਗ ਗਏ।
ਮਹਾਂ[1] ਮਸੰਦ ਅਗਾਊ ਭਏ ॥੩੦॥
ਚਰਨ ਕਮਲ ਪਰ ਅਰਪਿ ਅਕੋਰ।
ਅਭਿਬੰਦਨ ਸਨਮੁਖ ਕਰ ਜੋਰਿ।
ਬੈਠਿ ਦਰਸ਼ਨ ਕਰਿ ਹਰਖਾਏ।
ਕੁਸ਼ਲ ਪ੍ਰਸ਼ਨ ਕੋ ਕੀਨਿ ਸੁਨਾਏ ॥੩੧॥
ਬਿਨਤੀ ਕਰਿ ਕਰਿ ਬਿਤ ਅਰਪੰਤੇ।
ਸਭਿ ਸਿੱਖਜਨਿ ਕੇ ਨਾਮ ਭਨੰਤੇ।
'ਮਹਾਰਾਜ ! ਇਹ ਦਸਵੰਧ ਲਜਾਯੋ।'
'ਇਨਹਿਂ ਮਨੋਰਥ ਗੁਰ ਤੇ ਪਾਯੋ' ॥੩੨॥
'ਇਸ ਨੇ ਇਹ ਮਨੌਤ ਮਨ ਮਾਨੀ।'
'ਇਸ ਕੀ ਤੁਮ ਸਹਾਇਤਾ ਠਾਨੀ।'
'ਇਸ ਸਿਖ ਕੋ ਰੁਜ ਤਨ ਤੇ ਹਰਜੋ।'
'ਇਹ ਚਾਹਤਿ ਸਫਲਜੋ ਧਨ ਕਰਜੋ' ॥੩੩॥
ਇੱਤਜਾਦਿਕ ਅਰਦਾਸ ਪ੍ਰਕਾਸ਼ਿ।
ਧਰਹਿਂ ਅਕੋਰ ਚਰਨ ਕੇ ਪਾਸ।
ਸੁਮਤਿਵੰਤ ਗੁਰਬਖਸ਼ ਮਸੰਦ।
ਜਿਸ ਕੇ ਸਿਖ ਅਨੁਸਾਰਿ ਬਿਲੰਦ ॥੩੪॥
ਪੁਨ ਕਰ ਜੋਰਿ ਪ੍ਰਸੰਗ ਉਚਾਰੇ।
'ਸ਼੍ਰੀ ਹਰਿਕ੍ਰਿਸ਼ਨ ਬਿਕੁੰਠ ਸਿਧਾਰੇ।
ਅੰਤ ਸਮੈਂ ਮੁਝ ਸੰਗ ਬਖਾਨਾ।
-ਬਾਬਾ ਬਸਹਿ ਬਕਾਲੇ ਥਾਨਾ- ॥੩੫॥
ਸੋ ਸਰੂਪ ਤੁਮ ਦੇਖੇ ਆਇ।

[1] ਵਡੇ, ਮੁਖੀ।

ਦਾਸਨਿ ਲੋਕ ਪ੍ਰਲੋਕ ਸਹਾਇ।'
ਸ਼੍ਰੀ ਗੁਰੁ ਮੁਸਕਾਏ ਮੁਖ ਕਹ੍ਯੋ।
'ਰਾਮਰਾਇ ਕੈਸੇ ਕਹਿ ਲਹ੍ਯੋ[1]? ॥੩੬॥

[1] 'ਰਾਮਰਾਇ ਨੇ ਕਿਵੇਂ (ਕਹਿ ਲਹ੍ਯੋ =) ਸਦਵਾ ਲਿਆ (ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ)। (ਅ) ਰਾਮਰਾਇ ਨੇ (ਗੁਰੂ ਹਰਿਕ੍ਰਿਸ਼ਨ ਜੀ ਨੂੰ ਕੈਸੇ ਕਹਿ =) ਕਿਹੇ ਜਿਹੇ ਜਾਣਿਆ ਸੀ। (ੲ) ਕਿਸ ਤਰ੍ਹਾਂ ਦਾ ਜਾਣਕੇ ਕੀਹ ਕਿਹਾ ਸੀ।

ਸ਼ਾਹੁ ਨਿਕਟਿ ਕਿਮ ਪਹੁੰਚੇ ਜਾਇ?
ਕਿਮ ਤਿਨ ਸ੍ਰਾਪ ਦੀਨਿ ਰਿਸ ਪਾਇ?
ਕੀਰਤਪੁਰਿ ਤੇ ਪ੍ਰਥਮ ਹਕਾਰੇ।
ਤੁਰਕੇਸ਼ੁਰ ਕੋ ਸੀਖ ਸਿਖਾਰੇ ॥੩੭॥
ਜਬਿ ਪਹੁੰਚੇ ਤਬਿ ਕਯੋਂ ਦੁਖ ਪਾਯੋ?
ਕਹਾਂ ਬਿਗਾਰ ਕੀਨਿ ਪੁਰਿ ਜਾਯੋ?
ਜਿਸ ਤੇ ਸ਼੍ਰੀ ਹਰਿ ਕ੍ਰਿਸ਼ਨ ਕਿ ਸੰਗ।
ਰਚ੍ਯੋ ਬਿਰੋਧ ਸ ਸ੍ਰਾਪ ਨਿਸੰਗ' ॥੩੮॥
ਸੁਨਿ ਗੁਰਬਖਸ਼ ਬ੍ਰਿਤਾਂਤ ਸੁਨਾਯੋ।
'ਗੁਰਤਾ ਗੁਰ ਕੀ ਪਿਖਿ ਤਪਤਾਯੋ।
ਕਹਿ ਬੁਲਿਵਾਏ ਆਸ਼ੈ ਏਵ।
-ਮਿਲਹਿਂ ਨ ਤੁਰਕ ਸਾਥ ਗੁਰਦੇਵ ॥੩੯॥
ਜਾਹਿਂ ਪਲਾਇ ਕਿ ਜੰਗਲ ਦੇਸ਼।
ਮਿਲਹਿਂ ਜਿ, ਟੂਟਹਿ ਪ੍ਰਣ ਸੁ ਵਿਸ਼ੇਸ਼-।
ਬਹੁਰ ਸਿਖਾਯੋ ਅਜ਼ਮਤ ਹੇਰਹਿਂ।
ਬਾਰਿ ਬਾਰਿ ਇਸ ਹੀ ਹਿਤ ਪ੍ਰੇਰਹਿ ॥੪੦॥
ਸ਼੍ਰੀ ਹਰਿਕ੍ਰਿਸ਼ਨ ਸੁ ਪਹੁੰਚੇ ਜਬੈ।
ਤਿਸ ਤੇ ਮਹਿਮਾ ਅਧਿਕੀ ਤਬੈ।
ਤੁਰਕੇਸ਼ੁਰ ਸੋਂ ਮਿਲੇ ਨ ਜਾਇ।
ਇੱਤਜਾਦਿਕ ਪਿਖਿ ਰਿਸ ਉਪਜਾਇ ॥੪੧॥
ਅਪਰ ਨ ਬਸ ਕੁਛ ਚਲ੍ਯੋ ਅਗਾਰੇ।
ਸ੍ਰਾਪ ਸੀਤਲਾ ਕੇਰ ਉਚਾਰੇ।
ਹਰਖ ਨ ਸ਼ੋਕ ਗੁਰੂ ਕੋ ਹੋਯੋ।

ਹੋਨਹਾਰ ਕਹੁ ਨੀਕੇ ਜੋਯੋ ॥੪੨॥
ਤਿਸ ਕਾਰਨ ਤੇ ਤਜਯੋ ਸ਼ਰੀਰ।
ਸ੍ਰੀ ਹਰਿਕ੍ਰਿਸ਼ਨ ਮਹਾਂ ਮਤਿ ਧੀਰ।
ਕੇਤਿਕ ਤਿਨ ਕੀਨੇ ਉਤਪਾਤ।
ਅਜਹੁੰ ਨ ਬੈਠਤਿ ਚਿਤ ਕਰਿ ਸ਼ਾਂਤਿ
॥੪੩॥
ਏਕ ਦਿਵਸ ਰਾਵਰ ਕੀ ਗਾਥਾ।
ਕਹਿਤਿ ਭਯੋ ਤੁਰਕੇਸ਼ੁਰ ਸਾਥਾ।
-ਗੁਰੂ ਭਏ ਅਬਿ ਤਿਨਹੁੰ ਹਕਾਰੋ।
ਅਜ਼ਮਤ ਨਾਨਾ ਬਿਧਿਨਿ ਨਿਹਾਰੋ-
॥੪੪॥
ਸ਼ਾਹੁ ਨਹੀਂ ਮਾਨੀ ਕੁਛ ਬਾਤ।
ਚਹਿਤਿ[1] ਆਪ ਸੋਂ ਭੀ ਉਤਪਾਤ।
ਕਹਾਂ ਕਰਹਿਗੋ ਤੁਮਰੋ ਸੋਇ।
ਕਿਮ ਸਮਸਰਤਾ ਪ੍ਰਾਪਤਿ ਹੋਇ ॥੪੫॥
ਗੁਰਤਾ ਨਹੀਂ ਹਾਥ ਕਿਮ ਆਵੈ।
ਜਤਨ ਅਨੇਕ ਸੁ ਨਿਸ਼ਫਲ ਜਾਵੈਂ।'
ਇੱਤਯਾਦਿਕ ਸਭਿ ਬਾਤ ਸੁਨਾਈ।
ਮੁਸਕਾਨੇ ਸੁਨਿ ਤਬਹਿ ਗੁਸਾਈਂ ॥੪੬॥

[1](ਰਾਮਰਾਇ) ਚਾਹੁੰਦਾ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸੰਗਤਿ ਪ੍ਰਸੰਗ' ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਟੁਰਨਾ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਤੇਗ ਬਹਾਦਰ ਸਤਿਗੁਰੂ, ਸਭਿ ਗਜਾਤਾ ਸੁ ਪ੍ਰਬੀਨ।
ਲਖੀ ਭਵਿੱਖਜਤ ਬਾਰਤਾ, ਜਿਮ ਹ੍ਵੈ ਹੈ ਸੋ ਚੀਨਿ[1] ॥੧॥

[1]ਸੋ ਜਾਣ ਲਈ।

ਚੌਪਈ:

ਪੁਨ ਸਿੱਖਜਨਿ ਕੋ ਕਰਨਿ ਉਧਾਰ।
ਕਿਤਿਕ ਪ੍ਰਤੀਖਤਿ ਸਦਨ ਮਝਾਰ।
ਪੂਰਬ ਦੇਸ਼ ਜੁ ਦੂਰ ਵਿਸ਼ੇਸ਼ੁ।
ਸੰਗਤਿ ਕੋ ਅਭਿਲਾਖ ਅਸ਼ੇਸ਼ੁ ॥੨॥
ਗਮਨ ਤੀਰਥਨਿ ਕੀਨਿ ਬਹਾਨਾ।
ਨਿਜ ਦਾਸਨਿ ਚਾਹਤਿ ਕੱਲਜਾਨਾ।
ਪੁਰਿ ਅਨੰਦ ਜੇਤਿਕ ਬਸ ਗਏ।
ਤਿਤੇ ਬਸਾਇ ਦੇਤਿ ਸੁਖ ਭਏ ॥੩॥
ਲਖ੍ਯੋ ਸ਼ਰੀਕਾ ਸੋਢਿਨਿ ਕੇਰਾ।
-ਪਿਖਿ ਸੰਕਟ ਕੋ ਪਾਇੰ ਬਡੇਰਾ[1]।
ਅਨਿਕ ਉਪਾਵਨਿ ਕੋ ਨਿਤ ਠਾਨੈਂ।
ਦਰਬ ਲੋਭ ਜਿਨ ਰਿਦੈ ਮਹਾਨੈ ॥੪॥
ਹਮ ਚਿਤ ਸ਼ਾਂਤਿ ਧਰੇ ਬਹੁ ਰਹੇ।
ਤਊ ਦੇਖਿ ਤਿਨ, ਉਰ ਦੁਖ ਦਹੇ।
ਇਨ ਤੇ ਅਧਿਕ ਦੂਰ ਅਬਿ ਜਾਇੰ।
ਬਿਨ ਦੇਖੇ ਹਮ ਕੋ, ਸੁਖ ਪਾਇੰ[†] ॥੫॥

[1]ਸੋਢੀ) ਦੇਖ ਕੇ ਬੜਾ ਦੁੱਖ ਪਾਉਂਦੇ ਹਨ।

[†]ਗੁਰੂ ਜੀ ਦੀ ਤਿਆਗ ਬ੍ਰਿਤੀ ਕਮਾਲ ਦੀ ਹੈ, ਪਹਿਲੋਂ ਗੁਰਿਆਈ ਤੋਂ ਛਪੇ ਰਹੇ ਫੇਰ ਲੈਣੋਂ ਨਾਂਹ ਕੀਤੀ, ਫੇਰ ਬਕਾਲਾ ਛੱਡ ਦਿੱਤਾ ਕਿ ਈਰਖੀ ਲੋਕ ਸੁਖੀ ਜੋ ਜਾਣ। ਅੰਮ੍ਰਿਤਸਰ ਆਏ ਏਥੇ ਬੀ ਈਰਖਾ ਦੇਖੀ ਤਾਂ ਤਿਆਗ ਮੁਖ ਰੱਖਕੇ ਮੁੜ ਗਏ, ਫੇਰ ਬਕਾਲਾ ਛੱਡ ਕੇ ਕੀਰਤਪੁਰ ਜਾ ਬਸੇ ਉਥੇ ਬੀ ਸ਼ਰੀਕਾ ਭਾਵ ਤੱਕਕੇ ਅਨੰਦਪੁਰ ਜਾ ਬਸਾਇਆ। ਅਜੇ ਬੀ ਸੋਢੀ ਸ਼ਰੀਕੇ ਨੂੰ ਠੰਢ ਨਾ ਪਈ ਤਾਂ ਆਪ ਪੰਜਾਬ ਛੋੜਕੇ ਪ੍ਰਦੇਸ਼ਾਂ ਨੂੰ ਟੁਰ ਪਏ ਕਿ ਅਸੀਂ ਪਾਸ ਨਾ ਹੋਵੀਏ ਤਾਂ ਇਹ ਸੁਖੀ ਹੋਣ ਤੇ ਮੰਨ ਮੰਨੀਆਂ ਮੌਜਾਂ ਕਰ ਲੈਣ। ਇਨ੍ਹਾਂ ਨੂੰ ਪਕੜਾਂ ਹਨ ਤੇ ਅਸੀਂ ਨਿਸ਼ਪਕੜ ਹਾਂ। ਧੀਰਮੱਲ ਨੇ ਜੋ ਦਿਲੀ ਮਨਸੂਬਾ ਬੱਧਾ ਸੋ ਬੀ ਇਹ ਸੀ ਕਿ ਜਿਵੇਂ ਦੇਸ਼ ਤੋਂ ਬਾਹਰ ਹੋ ਜਾਨ, ਸੋ ਤਿਆਗ ਦੇ ਸਰਦਾਰ ਆਪ ਹੀ ਉਠ ਕੇ ਟੁਰ ਪਏ ਕਿ ਤੁਸਾਂ ਲਈ ਅਸੀਂ ਆਪ ਹੀ ਦੇਸ਼ ਮੋਕਲਾ ਕਰ ਦੇਂਦੇ ਹਾਂ, ਪਾਪਾਂ ਦੇ ਭਾਗੀ ਹੋ ਕੇ ਤੁਸੀਂ ਕਿਉਂ ਭਾਰ ਚਾਉਂਦੇ ਹੋ।

ਤਾਂ ਤੇ ਗਮਨ ਕਰਨਿ ਅਬਿ ਆਛੇ।
ਪੁਰਹਿ ਕਾਮਨਾ ਜੇ ਸਿਖ ਬਾਂਛੇ-।
ਬਹੁ ਕਾਰਨ ਕੋ ਜਾਨਿ ਗੁਸਾਈਂ।

ਕਹਿ ਨਿਜ ਲੋਕਨਿ ਸਕਲ ਜਨਾਈ ॥੬॥
'ਸਰਬ ਭਾਂਤਿ ਤਯਾਰੀ ਕਰਿ ਲੀਜੈ।
ਦੇਸ਼ ਬਿਦੇਸ਼ਨਿ ਬਿਚਰਨਿ ਕੀਜੈ।
ਸਨੇ ਸਨੇ ਗਮਨੈਂ ਸੁਖ ਪਾਏ।
ਡੇਰੇ ਸਜੰਦਨ ਸਾਜਿ ਬਨਾਏ ॥੭॥
ਕੇਤਿਕ ਦਾਸ ਫਕੀਰਨਿ ਸਾਥ।
ਚਹਤਿ ਦਰਸ ਨਿਤ ਸਤਿਗੁਰੁ ਨਾਥ।
-ਤੀਰਥ ਕਰੈਂ ਪੁੰਨ ਜਿਨ ਮਹਾਂ[†]।

[†]ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ। [ਤੁਖਾਰੀ ਮ: ੪] ਇਸ ਤੁਕ ਅਨੁਸਾਰ ਸਤਿਗੁਰੂ ਜੀ ਤੀਰਥਾਂ ਨੂੰ ਤੇ ਤੀਰਥ ਵਾਸੀਆਂ ਨੂੰ ਤਾਰਨ ਤੁਰੇ ਹਨ ਨਾ ਕਿ ਤੀਰਥਾਂ ਦੀ ਯਾਤ੍ਰਾ ਨੂੰ, ਕਿਉਂਕਿ ਸਤਿਗੁਰੂ ਧੁਰ ਨੇ ਤਾਂ ਤੀਰਥਾਂ ਦੀ ਮੈਲ ਹਰਨੀ ਹੈ।

ਬਿਚਰਹਿਂ ਸੈਲ ਕਰਹਿਂ ਜਹਿਂ ਕਹਾਂ- ॥੮॥
ਸਫਲ ਜਨਮ ਅਪਨੇ ਕੋ ਚਾਹਤਿ।
ਇੱਤਯਾਦਿਕ ਕੋ ਜਾਨਿ ਉਮਾਹਤਿ।
ਜੇਤਿਕ ਪੁਰਿ ਮਹਿਂ ਲੋਕ ਬਸਾਏ।
ਕਰਿ ਇਕਠੇ ਸਭਿ ਨਿਕਟਿ ਬੁਲਾਏ ॥੯॥
ਸਾਦਰ ਕਹਯੋ 'ਬਸਹੁ ਸੁਖ ਪਾਇ।
ਹਮ ਅਬਿ ਤੀਰਥ ਕਰਨਿ ਸਿਧਾਇਂ।
ਕੇਤਿਕ ਦਿਨ ਇਸ ਜੰਗਲ ਦੇਸ਼[1]।
ਕਰਹਿਂ ਬਿਤਾਵਨਿ ਹੋਇ ਪ੍ਰਵੇਸ਼ ॥੧੦॥
ਪੁਨ ਹਮ ਪੂਰਬ ਦਿਸ਼ਾ ਪਧਾਰੈਂ।
ਬਿਚਰਹਿਂ ਤਹਿਂ ਕੇ ਦੇਸ਼ ਨਿਹਾਰਹਿਂ।'
ਹਾਥ ਜੋਰਿ ਪੁਨ ਨਰਨਿ ਸੁਨਾਈ।
'ਤੁਮ ਹਮਰੇ ਨਿਤ ਨਾਥ ਸਦਾਈ ॥੧੧॥
ਦੂਰ ਕਿ ਨਿਕਟਿ ਰਹਹੁ ਕਿਸ ਥਾਨੂ।
ਸਦ ਸਮਰੱਥ ਗੁਰੂ ਭਗਵਾਨੂ।
ਅਪਨੇ ਜਾਨਿ, ਸਹਾਇਕ ਰਹੀਅਹਿ।
ਬਹੁਰੋ ਆਵਨਿ ਤੁਰਨਿ ਚਹੀਅਹਿ ॥੧੨॥
ਸਦਾ ਅਲੰਬ ਤੁਮਾਰੇ ਰਹੈਂ।

[1]ਮਾਲਵਾ ਦੇਸ਼ ਵਿਚ।

ਸਦਾ ਪ੍ਰਤੀਖਤਿ ਹੀ ਚਿਤ ਚਹੈਂ।
ਜਬਿ ਆਵਹੁ ਪੁਰਿ ਬਸਹਿ ਬਡੇਰਾ।
ਨਾਂਹਿ ਤ ਇਤੋ ਹੋਇ[1] ਜਿਮ ਹੇਰਾ' ॥੧੩॥
ਸੁਨਿ ਸਤਿਗੁਰੁ ਪ੍ਰਸੰਨ ਬਿਸਾਲਾ।
ਕਹਤਿ ਭਏ ਤਿਨ ਕੋ ਤਤਕਾਲਾ।
'ਮਹਾਂ ਪੁਰਖ ਜਬਿ ਜਨਮ ਸੁ ਪਾਵੈ।
ਅਪਨੋ ਜਾਨਿ ਇਹਾਂ ਤਬਿ ਆਵੈ ॥੧੪॥
ਕਰਹਿ ਬਸਾਵਨਿ ਇਸਹਿ ਬਿਸਾਲਾ।
ਰਚਨਾ ਅਧਿਕ ਰਚਹਿ ਤਤਕਾਲਾ।
ਬੀਜ ਮਾਤ੍ਰ ਹਮ ਕੀਨਿ ਬਸਾਵਨਿ।
ਤਰੁਵਰ ਸਮ ਤਬਿ ਹੋਇ ਬ੍ਰਿਧਾਵਨਿ ॥੧੫॥
ਲੋਕ ਹਜ਼ਾਰਹੁੰ ਨਿਤ ਪ੍ਰਤਿ ਆਵੈਂ।
ਬਸਨਹਾਰ ਦੀਰਘ ਸੁਖ ਪਾਵੈ।'
ਇੱਤਜਾਦਿਕ ਸੁਨਿ ਗੁਰ ਕੀ ਬਾਨੀ।
ਸਭਿਨਿ ਜਰਿ ਕਰ ਬੰਦਨ ਠਾਨੀ ॥੧੬॥
ਤਬਿ ਸਤਿਗੁਰ ਤਜ਼ਾਰੀ ਕਰਿਵਾਈ।
ਬਾਹਨ ਜ਼ੀਨ ਅਧਿਕ ਛਬਿ ਛਾਈ।
ਸਭਿ ਕੋ ਧੀਰਜ ਦੇ ਕਰਿ ਭਲੇ।
ਸਿੱਖ ਉਦਾਰਨਿ ਦੇਸ਼ਨਿ ਚਲੇ ॥੧੭॥
ਮਾਤ ਨਾਨਕੀ ਸਜੰਦਨ ਮਾਂਹੀ।
ਪੁੱਤ੍ਰ ਸਨੇਹ ਧਾਰਿ ਸੰਗ ਜਾਹੀ।
ਬਹੁਰ ਤੀਰਥਨਿ ਕੇ ਇਸ਼ਨਾਨ।
ਅਧਿਕ ਸ਼ਰੀਕਾ ਸੋਢਨਿ ਜਾਨਿ ॥੧੮॥
ਸ੍ਰੀ ਗੁਜਰੀ ਚਢਿ ਕਰਿ ਤਬਿ ਡੋਰੇ।
ਪਤਿ ਕੇ ਸੰਗ ਚਲੀ ਸੁਖ ਲੋਰੇ।
ਭ੍ਰਾਤ ਕ੍ਰਿਪਾਲ ਸਾਥ ਨਿਜ ਕਰਿਓ।
ਸੋ ਤੁਰੰਗ ਸੁੰਦਰ ਪਰ ਚਰਿਓ ॥੧੯॥
ਅਪਰ ਸਕਲ ਪਾਇਨ ਸੰਗ ਚਲੇ।
ਜੇ ਚਾਹਤਿ ਪ੍ਰਲੋਕ ਹੁਇ ਭਲੇ।
ਸ੍ਰੀ ਸਤਿਗੁਰ ਹ੍ਵੈ ਕੈ ਅਸਵਾਰ।

[1]ਨਹੀਂ ਤਾਂ ਇਤਨਾ ਹੀ ਰਹੇਗਾ।

ਸ੍ਰੀ ਨਾਨਕ ਉਰ ਸਿਮਰਨ ਧਾਰਿ ॥੨੦॥
ਮੰਦ ਮੰਦ ਗਮਨੇ ਗੁਰੁ ਸ੍ਵਾਮੀ।
ਸਕਲ ਘਟਨਿ ਕੇ ਅੰਤਰਜਾਮੀ।
ਪ੍ਰਥਮ ਸਿਵਰ ਦੁਇ ਕੋਸ ਲਗਾਯੋ।
ਨਰ ਸਮੁਦਾਇ ਮਿਲਨਿ ਕੋ ਆਯੋ ॥੨੧॥
ਜੇਤਿਕ ਦਰਬ ਕੋਸ਼ ਮਹਿਂ ਜਾਨਾ।
ਕੋਸ਼ਪਤੀ ਸੰਗ ਬਾਕ ਬਖਾਨਾ।
ਏਕ ਦਾਸ ਕੋ ਪੁਰਿ ਮਹਿਂ ਤਜਾਗਾ।
ਆਇਸੁ ਮਾਨਿ ਰਹਜੋ ਬਡਭਾਗਾ ॥੨੨॥
ਸਗਰੋ ਧਨ ਤਿਸ ਕੋ ਤਬਿ ਦੀਨਾ।
ਕਹਜੋ ਗੁਰੂ 'ਲਖਿ ਖਰਚ ਪ੍ਰਬੀਨਾ[1] ! — 'ਗੁਰੂ ਜੀ ਨੇ ਕਿਹਾ 'ਹੇ ਚਤੁਰ ! ਲਖਕੇ (ਸਮਝਕੇ) ਖਰਚ ਕਰੀਂ।'
ਕੂਪ ਲਗਾਵਹੁ ਸਦਨ ਬਨਾਵਹੁ।
ਖਰਚਹੁ ਪੁਰਿ ਕੇ ਹੇਤੁ ਬਸਾਵਹੁ ॥੨੩॥
ਜਿਮ ਸਭਿ ਲੋਕ ਅਧਿਕ ਸੁਖ ਪਾਇਂ।
ਸੋ ਤੁਮ ਕੀਜਹਿ ਸਦਾ ਬਨਾਇ[1]। — 'ਭਾਵ ਨਾ ਬਿਰਥਾ ਗੁਆਈਂ ਨਾ ਸ਼ੁਮਪੁਣਾ ਕਰੀਂ।'
ਪੁਰਿ ਕੋ ਖੇਦ ਦੇਹਿ ਨਹਿਂ ਕੋਈ।
ਜੋ ਕੋ ਦੇਹਿ, ਰਹੈ ਨਹਿਂ ਸੋਈ'' ॥੨੪॥ — 'ਸੁਵਾਰ ਕੇ, ਚੰਗੀ ਤਰ੍ਹਾਂ।
ਇਮ ਤਿਸ ਕੇ ਸਮੁਝਾਇ ਗੁਸਾਈਂ।
ਬੈਠੀ ਸੰਗਤਿ ਢਿਗ ਸਮੁਦਾਈ।
ਤਿਨਿ ਦੇਸ਼ਿ ਦੇਖਿ ਦ੍ਰਿਸ਼ਟਿ ਯੁਤਿ ਕਰੁਨਾ।
ਚਾਹਹਿਂ ਤਿਨਹਿਂ ਕਲੇਸ਼ਨਿ ਹਰਨਾ ॥੨੫॥
ਕੁਛਕ ਦੀਨਿ ਉਪਦੇਸ਼ ਬਨਾਇ।
ਬਹੁਰ ਬਿਸਰਜਨਿ ਕੀਨਿ ਸੁਨਾਇ।
'ਭੋ ਸਿੱਖਹੁ ! ਨਰ ਤਨ ਇਹ ਰਤਨ।
ਜਿਮ ਸਫਲਹਿ ਤਿਮ ਕੀਜਹਿ ਜਤਨ ॥੨੬॥
ਜਗ ਧੰਧੇ ਮਹਿਂ ਫਸਿ ਨ ਬਿਤਾਵਹੁ।
ਬਿਨਸ ਜਾਇ, ਪਿਖਿ ਨਹਿਂ ਬਿਰਮਾਵਹੁ।
ਹੇਤੁ ਜੀਵਕਾ ਹੁਇ ਨਿਸ਼ਪਾਪ।
ਕਰੋ ਕਾਰ ਕੋ -ਹਰਿ ਹਰਿ- ਜਾਪ

॥੨੭॥
ਮਨ ਮਹਿਂ ਸਿਮਰਨ ਕੀ ਲਿਵ ਰਾਖਹੁ।
-ਸ੍ਵਾਸ ਨ ਬ੍ਰਿਥਾ ਜਾਇ- ਇਮ ਕਾਂਖਹੁ[1]। [1]ਇਉਂ ਮੰਗੋ।
ਸੰਗਤਿ ਜਹਿਂ ਗੁਰੁ ਕੀ ਮਿਲਿ ਜਾਇ।
ਸੇਵਾ ਕਰਹੁ ਪ੍ਰੇਮ ਉਪਜਾਇ ॥੨੮॥
ਪੱਖਾ ਪਾਨੀ ਪੀਸਨਿ ਕੀਜਹਿ।
ਜਥਾ ਸ਼ਕਤਿ ਧਨ ਆਦਿਕ ਦੀਜੈ।
ਅੰਨ ਬਸਨ ਅਰਪਨਿ ਕਰਿ ਦੈ ਹੋ।
ਚਰਨਨਿ ਚਾਂਪ ਸਫਲਤਾ ਪੈ ਹੋ[1] ॥੨੯॥ [1]ਪਾਓਗੇ।
ਅਬਿ ਤਪ ਕਰਿਬੇ ਕੋ ਨਹਿਂ ਕਾਲ।
ਜਿਸ ਤੇ ਉਪਜਤਿ ਸ਼ਕਤਿ ਬਿਸਾਲ।
ਤੀਨਹੁਂ ਦੇਵ ਆਦਿ ਜਗ ਅਹੇ।
ਸੋ ਭੀ ਤਪ ਕੋ ਤਾਪਤਿ ਰਹੇ ॥੩੦॥
ਅਸ ਕੋ ਵਸਤੁ ਨ ਜਾਨੀ ਪਰੇ।
ਪਾਇ ਨਹੀਂ ਤਪ ਤਾਪਨ ਕਰੇ।
ਧ੍ਰੂ ਤੇ ਆਦਿ ਜਿਤਕ ਵਡਿਆਈ।
ਅਧਿਕ ਪ੍ਰਤਾਪ ਹੋਇ ਬਿਰਧਾਈ[1] ॥੩੧॥ [1]ਵੱਧੇ।
ਤਪ ਕਰਿਬੇ ਤੇ ਪ੍ਰਾਪਤਿ ਹੋਇ।
ਤਪ ਕੀ ਮਹਿਮਾ ਕਹਿ ਸਭਿ ਕੋਇ।
ਤਿਸ ਕੋ ਸਮਾ ਨਹੀਂ ਅਬਿ ਜਾਨਹੁਂ।
ਨਿਰਬਲ ਪ੍ਰਾਨੀ ਬਿਦਤ ਪਛਾਨਹੁਂ ॥੩੨॥
ਤਿਸ ਤੇ ਸਹਸ ਗੁਨਾ ਫਲ ਪਾਵੈ।
ਜੋ ਸਤਿ ਸੰਗਤਿ ਸੇਵ ਕਮਾਵੈ।
ਤਪ ਕੀ ਮਹਿਮਾ ਤੇ ਅਧਿਕਾਈ।
ਅਪਰ ਬਾਤ ਕਜਾ ਕਹੈਂ ਬਨਾਈ ॥੩੩॥
ਯਾਂ ਤੇ ਜਾਨਹੁਂ ਸੇਵਾ ਸਾਰ।
ਸੇਵਹੁ ਸੰਤ ਕਿ ਗੁਰੁ ਦਰਬਾਰ।
ਐਸੀ ਦੁਲਭ ਵਸਤੁ ਕੁਛ ਨਾਂਹੀ।
ਸੇਵਹਿ ਸੰਗਤਿ ਬਹੁਰ ਨ ਪਾਹੀ ॥੩੪॥
ਮਹਾਂ ਮਹਾਤਮ ਸਿਮਰੇ ਨਾਮੁ।

ਮਨ ਕੋ ਕੀਜਹਿ ਤਹਿਂ ਬਿਸਰਾਮ।
ਸ੍ਵਾਰਥ ਕਿਧੋਂ ਅਕਾਰਥ ਬ੍ਰਿੰਦ[1]। — [1]ਮਤਲਬ ਦੇ ਅਥਵਾ ਬੇਮਤਲਬੇ ਸਾਰੇ (ਸੰਕਲਪ)।
ਫੁਰਹਿਂ ਸਦਾ ਮਨ ਥਿਰ ਨ ਰਹਿੰਦ[1] ॥੩੫॥ — [1]ਮਨ ਥਿਰ ਨਹੀਂ ਰਹਿੰਦਾ।
ਸਨੇ ਸਨੇ ਤਿਸ ਕੋ ਅਟਕਾਇ।
ਕਰਹੁ ਟਿਕਾਵਨਿ ਕੇਰ ਉਪਾਇ।
ਜਿਮ ਜਿਮ ਥਿਰਤਾ ਗਹੇ ਸੁਭਾਊ।
ਤਿਮ ਤਿਮ ਨਿਪੁਨ ਕਰਹਿ ਬਿਰਧਾਊ[1] ॥੩੬॥ — [1]ਵਧਾਵਣਾ ਕਰੇ।
ਸਤਿਗੁਰੁ ਕੇ ਪਗ ਪੰਕਜ ਲਾਵੈ।
ਕੈ ਲਿਵ ਨਾਮ ਬਿਖੈ ਅਟਕਾਵੈ।
ਜਲ ਪ੍ਰਵਾਹ ਸਮ ਮਨ ਕੋ ਅਹੈ।
ਜਿਤਹਿ ਕਰਹਿ ਤਿਤ ਹੀ ਨਿਤ ਬਹੈ[1] ॥੩੭॥ — [1]ਜਿਧਰ ਲਾਓ ਓਧਰੇ ਵਹਿ ਤੁਰਦਾ ਹੈ।
ਸਨੇ ਸਨੇ ਬਿਸ਼ਿਯਨਿ ਤੇ ਰੋਕੈ[1]। — [1]ਮਨ ਨੂੰ) ਰੋਕੇ।
ਲਘੁ ਸੁਖ ਪੁਨ ਦੇ ਨਰਕ ਬਿਲੋਕੈ[1]। — [1]ਕਿਉਂਕਿ ਵਿਸ਼ੇ) ਥੋੜਾ ਸੁਖ ਦੇ ਕੇ ਫੇਰ ਨਰਕ ਦਿਖਾਉਂਦੇ ਹਨ।
ਨਾਸ਼ਵੰਤ ਜਗ ਮੋਦ ਜੁ ਅਹੈ।
ਅਲਪ ਕਾਲ ਮਹਿਂ, ਥਿਰ ਨਹਿਂ ਰਹੈ ॥੩੮॥
ਸਤਿਗੁਰੁ ਸੰਤਨਿ ਕੀ ਨਿਤ ਸੇਵਾ।
ਕਰਿ ਮਨ ਅਮਲ ਜਨਾਇ ਸੁ ਭੇਵਾ[1]। — [1]ਸੇਵਾ) ਮਨ ਨੂੰ ਨਿਰਮਲ ਕਰਕੇ ਭੇਤ ਨੂੰ ਜਣਾ ਦੇਂਦੀ ਹੈ, ਕਿ ਨਿਰਮਲ ਮਨ ਹੀ ਨਾਮ ਵਿਚ ਉੱਨਤ ਹੁੰਦਾ ਹੈ। ਅਥਵਾ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ ਤੇ ਜਿਨ੍ਹਾਂ ਸੰਤਾਂ ਦੀ ਸੇਵਾ ਕੀਤੀ ਹੈ ਉਹ ਨਿਰਮਲ ਮਨਾਂ ਨੂੰ ਸਾਈਂ ਨਾਲ ਮੇਲ ਦੇਣ ਦਾ ਭੇਤ ਜਣਾ ਦਿੰਦੇ ਹਨ।
ਦੁਖ ਜਬਿ ਆਨਿ ਕਿ[1] ਅਪਦਾ ਪਰੈ। — [1]ਦੁਖ ਜਦੋਂ ਆਵੇ ਯਾ........।
ਪ੍ਰਭੁ ਭਾਣੋ ਲਖਿ ਸਿਰ ਪਰ ਧਰੈ ॥੩੯॥
ਜਾਨਿ ਕਰਮ ਫਲ ਤਰਕ ਨ ਠਾਨੈ।
ਨਹਿਂ ਈਸ਼ੁਰ ਪਰ ਦੋਸ਼ ਬਖਾਨੈ।
ਭੋਗਹਿ ਸੰਕਟ ਕੋ ਹਰਖਾਇ।
ਲਖਹਿ ਕੁਕਰਮਨਿ ਫਲ ਬਿਨਸਾਇ[1] ॥੪੦॥ — [1]ਇਹੀ ਸਮਝੇ ਕਿ (ਸੰਕਟ ਭੋਗਣ ਨਾਲ ਕੀਤੇ ਹੋਏ) ਖੋਟੇ ਕਰਮਾਂ ਦਾ ਫਲ ਦੂਰ ਹੋ ਰਿਹਾ ਹੈ।
ਸੁਖ ਜਬਿ ਆਇ ਨ ਕਰਹਿ ਹੰਕਾਰ।

ਜਾਨਹਿ ਦੀਨਿ[1] ਪ੍ਰਭੁ ਕਰਤਾਰ।
-ਕ੍ਰਿਪਾ ਕਰੀ ਮੁਝ ਪਰ, ਗੁਰ ਦਯੋ[1]-।
ਸਿਮਰਹਿ ਸੱਤਿਨਾਮ ਦੁਖ ਛਯੋ' ॥੪੧॥
ਇੱਤਜਾਦਿਕ ਬਹੁ ਦੇ ਉਪਦੇਸ਼।
ਸੰਗਤਿ ਕੀਨਸਿ ਬਿਦਾ ਅਸ਼ੇਸ਼।
ਠਾਨਿ ਬੰਦਨਾ ਸਦਨ ਸਿਧਾਈ।
ਬਸਿ ਤਹਿਂ ਸਤਿਗੁਰ ਰਾਤਿ ਬਿਤਾਇ ॥੪੨॥
ਭਈ ਪ੍ਰਭਾਤਿ ਅਗਾਰੀ ਚਾਲੇ।
ਕਰਿ ਮੰਜ਼ਲ ਡੇਰਾ ਪੁਨ ਡਾਲੇਂ।
ਸਨੇ ਸਨ ਚਲਿ ਮਗ ਬਿਚਰੰਤੇ।
ਮਿਲਹਿ ਜੁ ਸਿੱਖ ਉਧਾਰ ਕਰੰਤੇ ॥੪੩॥
ਜਹਾਂ ਜਾਇਂ ਸਿਖ ਸੁਨਿ ਗਨ ਆਵੈਂ।
ਸਭਿ ਡੇਰੇ ਕੀ ਸੇਵ ਕਮਾਵੈਂ।
ਰੋਪਰ ਨਗਰ ਉਲੰਘਤਿ ਆਏ।
ਇਮ ਚਲਿ ਬਸੇ ਗ੍ਰਾਮ ਸਮੁਦਾਏ ॥੪੪॥
ਪਟਿਆਰੋ ਪੁਰਿ ਬਸਯੋ ਨ ਜਬੈ।
ਤਿਸ ਤੇ ਪਰੇ ਗ੍ਰਾਮ ਲੰਘਿ ਤਬੈ।
ਤਹਾਂ ਜਾਇ ਡੇਰਾ ਕਰਿ ਦੀਨਿ।
ਬਸੇ ਨਿਸਾ ਸਿਖ ਸੇਵਾ ਕੀਨਿ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਗੁਰੂ ਗਮਨ' ਪ੍ਰਸੰਗ ਬਰਨਨੰ ਨਾਮ ਤੀਨੁ ਤ੍ਰਿੰਸਤੀ ਅੰਸੂ ॥੩੩॥

[1]ਦਿੱਤਾ ਹੈ।
[1]ਦਿੱਤਾ (ਹੈ ਸੁਖ)।

## ੩੪. [ਮੂਲੋਵਾਲ ਦਾ ਮਾਈਆ ਤੇ ਗੋਂਦਾ। ਸ਼ੇਖੇ ਦਾ ਤਿਲੋਕਾ ਜਿਵੰਧਾ]

੩੩<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਸ਼੍ਰੀ ਗੁਰ ਹਰਿਗੁਬਿੰਦ ਕੇ, ਨੰਦਨ ਧੀਰ ਕ੍ਰਿਪਾਲ।
ਸਹਿਜ ਸੁਭਾਇਕ ਬਿਚਰਤੇ, ਪਹੁੰਚੇ ਮੂਲੋਵਾਲ ॥੧॥

ਚੌਪਈ:

ਦੇਖਿ ਗ੍ਰਾਮ ਗੁਰ† ਠਾਂਢੇ ਰਹੇ।
ਰੁਚਿਰ ਉਚਿਤ ਥਲ ਤਹਿਂ ਕੋ ਲਹੇ।
ਡੇਰਾ ਕੀਨਿ ਗ਼ਰੀਬ ਨਿਵਾਜ।
ਅਪਰ ਟਿਕਾਯੋ ਸਕਲ ਸਮਾਜ ॥੨॥
ਬੀਤ ਗਈ ਘਟਿਕਾ ਜੁਗ ਜਬੈ।
ਮਈਆ ਗੋਂਦਾ ਦੋਨਹੁਂ ਤਬੈ।
ਆਨਿ ਬੰਦਨਾ ਕੀਨਸਿ ਗੁਰ ਕੋ।
ਬੈਠਿ ਨਿਕਟਿ ਭਾਉ ਕਰਿ ਉਰ ਕੋ ॥੩॥
ਸ਼੍ਰੀ ਸਤਿਗੁਰ ਤਿਨ ਸਾਥ ਬਖਾਨਾ।
'ਆਨਹੁਂ ਸੁੰਦਰ ਜਲ ਹਿਤ ਪਾਨਾ।
ਮਾਰਗ ਸਗਰੇ ਸ਼੍ਰਮ ਕੋ ਹਰਿਬੇ।
ਹਾਥਨਿ ਪਾਂਵ ਪਖਾਰਨਿ ਕਰਿਬੇ' ॥੪॥
ਸੁਨਿ ਗੋਂਦੇ ਤਬਿ ਬਾਕ ਉਚਾਰਾ।
'ਇਹ ਜੋ ਕੂਪ ਨੀਰ ਬਹੁ ਖਾਰਾ।
ਕੰਕਰ ਬੀਚ ਪਰੇ ਜੁ ਸਮੂਹ।
ਗ੍ਰਾਮ ਨ ਲੇਵਹਿ ਜਲ ਇਸ ਖੂਹੁ ॥੫॥
ਹੁਕਮ ਆਪ ਕੋ ਜੇ ਅਬਿ ਹੋਇ।
ਬਾਹਰ ਕੂਪ ਦੂਰ ਹੈ ਸੋਇ।
ਤਹਾਂ ਜਾਇ ਕਰਿ ਜਲ ਕੋ ਲਜਾਵੈਂ।
ਲਗਹਿ ਬਿਲਮ ਪਰ ਆਛੋ ਆਵੈ ॥੬॥
ਸਗਰੋ ਗ੍ਰਾਮ ਤਹਾਂ ਤੇ ਆਨੈਂ।
ਪੀਵਤਿ ਪਾਨੀ ਦਿਨ ਗੁਜ਼ਾਰਨੈਂ।
ਕਠਨ ਲਜਾਇਬੋ ਸਭਿ ਕੋ ਅਹੈ।
ਤਊ ਲਜਾਇਂ ਨੀਕੋ ਤਿਸ ਲਹੈਂ' ॥੭॥
ਨੀਰ ਕਠਨਤਾ ਲਜਾਵਨਿ ਕੇਰੀ।

†ਪਾ:-ਕਹੁ।

ਸ਼੍ਰੀ ਸਤਿਗੁਰੁ ਸੁਨਿ ਕੈ ਤਿਸ ਬੇਰੀ।
ਤਿਨ ਪਰ ਕਰਨਿ ਹੇਤੁ ਉਪਕਾਰਾ।
ਕਹਜੋ ਬਾਕ 'ਇਹੁ ਹੋਇ ਨ ਖਾਰਾ ॥੮॥
ਬਿਚ ਤੇ ਕੰਟਕ ਸਕਲ ਕਢਾਓ।
ਊਪਰ ਤੇ ਸੁੰਦਰ ਕਰਿਵਾਓ।
ਹੋਹਿ ਮਧੁਰ ਜਲ ਸੀਤਲ ਅਬੈ।
ਪੀਵਹੁ ਗ੍ਰਾਮ ਬਿਖੈ ਨਰ ਸਬੈ ॥੯॥
ਪ੍ਰਥਮ ਹਮਾਰੇ ਕਾਰਨ ਲਜਾਵਹੁ।
ਵਾਹਿਗੁਰੂ ਕਹਿ ਕਰਿ ਮੁਖ ਪਜਾਵਹੁ।'
ਸੁਨਿ ਬਿਸਮਜੋਂ ਗੋਂਦਾ ਹੁਲਸਾਯੋ।
ਮਾਨਜੋਂ ਬਚਨ ਨੀਰ ਸੋ ਲਜਾਯੋ ॥੧੦॥
ਸ਼੍ਰੀ ਸਤਿਗੁਰੁ ਜਬਿ ਪੀਵਨਿ ਕਰਜੋ।
ਸੀਤਲ ਮਧੁਰ ਸ੍ਵਾਦ ਕੋ ਭਰਜੋ।
ਤ੍ਰਿਪਤ ਹੋਇ ਕਰਿ ਬਾਕ ਬਖਾਨਾ।
'ਇਹੁ ਤੌ ਸੁੰਦਰ ਮਧੁਰ ਮਹਾਨਾ ॥੧੧॥
ਅਬਿ ਤੇ ਕੂਪ ਗੁਰੂ ਕੋ ਹੋਇ।
ਅਪਰ ਜਿ ਇਹਾਂ ਲਗਾਵਸਿ ਕੋਇ।
ਨੌ ਲਗਿ ਲਗਹਿਂ, ਹੋਹਿਂ ਦਸ ਸਾਰੇ[1]।
ਇਕਦਸ਼ਮੋ[1] ਜੇ ਬਹੁਰ ਉਸਾਰੇ ॥੧੨॥
ਤੌ ਨਹਿਂ ਲਗਹਿ ਹੁਕਮ ਹੈ ਐਸੇ।
ਭਗਨਿ ਬਿਦੀਰਨ ਹੋਇ ਸੁ ਕੈਸੇ[1]।'
ਇਹ ਜੋ ਬਾਕ ਗੁਰੂ ਕੋ ਭਯੋ।
ਅਬਿ ਲਗਿ ਇਕਦਸ਼ਮੋ ਨਹਿਂ ਥਿਯੋ ॥੧੩॥
ਦਸ ਹੀ ਕੂਪ ਰਹੈਂ ਤਿਸ ਗ੍ਰਾਮ।
ਸਲਿਲ ਭਯੋ ਸੀਤਲ ਅਭਿਰਾਮ।
ਜਲ ਕੋ ਪ੍ਰਥਮ ਗੁਰੂ ਜਬਿ ਪਿਯੋ।
ਪੁਨ ਮਾਈਏ ਅਰੁ ਗੋਂਦੇ ਪਿਯੋ ॥੧੪॥
ਪਾਇ ਸ੍ਵਾਦ ਜਲ ਕੋ ਬਿਸਮਾਏ।
ਗੁਰ ਪਗ ਪੰਕਜ ਸ਼ਰਧ ਵਧਾਏ।
ਗ੍ਰਾਮ ਬਿਖੈ ਭਈ ਕਥਾ ਅਨੂਪ।
'ਸ਼੍ਰੀ ਗੁਰੁ ਮੀਠਾ ਕੀਨਸਿ ਕੂਪ' ॥੧੫॥

[1]ਨੌ ਤੱਕ ਲੱਗਣਗੇ, ਤੇ ਸਾਰੇ ਦਸ ਹੋਣਗੇ।

[1]ਯਾਰ੍ਹਵਾਂ।

[1]ਕਿਵੇਂ ਨ ਕਿਵੇਂ ਢਹਿਕੇ ਨਾਸ਼ ਹੋ ਜਾਵੇਗਾ।

ਸਰਬ ਭਾਉ ਧਰਿ ਬੰਦਨ ਕਰਿਹੀਂ।
ਅਨਿਕ ਭਾਂਤਿ ਕੇ ਗੁਨਨਿ ਉਚਰਿਹੀਂ।
ਇਕ ਦੁਇ ਦਿਨ ਗੁਰੁ ਉਹਾਂ ਗੁਜ਼ਾਰੇ†।
ਉਪਦੇਸ਼ਤਿ ਸਤਿਨਾਮ ਸੁਖਾਰੇ ॥੧੬॥
ਸੇਵਾ ਗੋਂਦੇ ਨੀਕ ਨ ਕਰੀ।
ਹਿਰਦੈ ਅਧਿਕ ਨ ਸ਼ਰਧਾ ਧਰੀ।
ਅਪਰ ਹੁਤੇ ਸੋ ਕਰਤੇ ਰਹੇ।
ਜਥਾ ਸ਼ਕਤਿ ਉਰ ਪ੍ਰੀਤੀ ਲਹੇ ॥੧੭॥
ਸ਼੍ਰੀ ਗੁਰੁ ਤਿਨ ਕੋ ਪਾਗ ਬੰਧਾਈ।
'ਅਬਿ ਤੁਮ ਚੌਧਰ ਲਿਹੁ ਇਸ ਥਾਂਈ।
ਬਨਹੁ ਗ੍ਰਾਮ ਕੇ ਮੁੱਖਜ ਉਦਾਰੇ।
ਤੁਮਰੇ ਅਨੁਸਾਰੀ ਹੁਇੰ ਸਾਰੇ' ॥੧੮॥
ਸੁਨਿ ਗੋਂਦਾ ਆਯੋ ਤਬਿ ਧਾਇ।
ਹਾਥ ਜੋਰਿ ਕਰਿ ਕਹ੍ਯੋ ਸੁਨਾਇ।
'ਚੌਧਰਤਾ ਮੇਰੇ ਘਰ ਮਾਂਹੀ।
ਅਪਰ ਕਿਸੀ ਕੋ ਮਿਲਿ ਹੈ ਨਾਂਹੀ ॥੧੯॥
ਹੈ ਹਮੇਸ਼ ਤੇ ਮਮ ਅਨੁਸਾਰੇ।
ਬਸੈਂ ਗ੍ਰਾਮ ਮਹਿਂ ਜੇ ਨਰਸਾਰੇ।
ਅਪਰ ਚੌਧਰੀ ਕਿਮ ਠਹਿਰਾਵਹੁ।
ਰੰਕਨਿ ਕੋ ਪਦ ਉਚ ਬਿਠਾਵਹੁ' ॥੨੦॥
ਗੁਰੂ ਕਹ੍ਯੋ 'ਗੋਂਦੇ ! ਸੁਨਿ ਲੇਹੁ।
ਪ੍ਰਥਮ ਚੌਧਰੀ ਤੁਮ ਸਭਿ ਕੇਹੁ।
ਅਬਿ ਤੁਮਰੇ ਘਰ ਰਹੈ ਨ ਕੋਇ।
ਯਾਂ ਤੇ ਅਪਰ ਚੌਧਰੀ ਹੋਇ' ॥੨੧॥
ਤਬਿ ਕੌ ਪੰਚਪਨੋ[1] ਤਿਨ ਕੇਰਿ।
ਰਹ੍ਯੋ ਨ, ਭਏ ਸੁ ਅਪਰ ਬਡੇਰ।
ਪੁਨ ਸ਼੍ਰੀ ਗੁਰੁ ਨੇ ਕੀਨਸਿ ਪਯਾਨਾ।
ਪਹੁੰਚੇ ਸ਼ੇਖੇ ਗ੍ਰਾਮ ਸਥਾਨਾ ॥੨੨॥
ਛਾਯਾ ਜਲ ਕੋ ਸੁਖ ਜਹਿਂ ਹੇਰਾ।
ਗ੍ਰਾਮ ਵਹਿਰ ਕੀਨਸਿ ਗੁਰ ਡੇਰਾ।
ਤਹਾਂ ਜਾਟ ਜੀਵੰਧਾ[1] ਰਹੈ।
ਨਾਮ ਤਿਲੋਕਾ ਤਿਸ ਕੋ ਕਹੈਂ ॥੨੩॥

†ਪਾ:-ਇਕ ਦੁਇ ਦਿਨ ਤਹਾਂ ਕਰਹਿਂ ਗੁਜ਼ਾਰੇ।

[1]ਚੌਧਰਤਾ।

[1]ਜਾਤ ਜੱਟ ਗੋਤ ਜਵੰਧਾ।

ਬਹੁ ਗ੍ਰਾਮਨਿ ਕੋ ਬਡ ਸਰਦਾਰ।
ਜਿਸ ਕੇ ਲੋਕ ਬ੍ਰਿੰਦ ਅਨੁਸਾਰਿ।
ਸਿੱਖ ਬਿਰਾਗੀ ਕੋ ਸੋ ਅਹੈ।
ਤਿਸ ਕੇ ਹੁਕਮ ਬਿਖੈ ਨਿਤ ਰਹੈ ॥੨੪॥
ਸ਼੍ਰੀ ਗੁਰ ਕੋ ਆਵਨਿ ਸੁਨਿ ਪਾਯੋ।
-ਮਿਲੌਂ ਕਿ ਨਹੀਂ- ਭਰਮ ਉਪਜਾਯੋ।
ਅਪਨੇ ਗੁਰੁ ਬੈਰਾਗੀ ਸਾਥ।
ਮਿਲਿਬੇ ਹਿਤ ਬੂਝੀ ਸਭਿ ਗਾਥ ॥੨੫॥
'ਗੁਰੁ ਨਾਨਕ ਕੀ ਗਾਦੀ ਪਰ ਹੈਂ।
ਸਰਬ ਲੋਕ ਮਿਲਿ ਬੰਦਨ ਕਰਿ ਹੈਂ।
ਵਹਿਰ ਆਨਿ ਉਤਰਯੋ ਤਿਨ ਡੇਰਾ।
ਮਿਲੌਂ ਕਿ ਨਹਿਂ, ਭਰਮਤਿ ਚਿਤ ਮੇਰਾ' ॥੨੬॥
ਸੁਨਤਿ ਬਿਰਾਗੀ ਛੁਭਯੋ ਬਿਸਾਲ।
-ਜੇ ਕਰਿ ਜਾਇ ਮਿਲੈ ਤਿਨ ਨਾਲ।
ਹੋਇ ਨ ਐਸੇ, ਇਹ ਫਿਰ ਜਾਇ।
ਲੇ ਸਿੱਖੀ ਤਿਨ ਸੀਸ ਨਿਵਾਇ ॥੨੭॥
ਜਬਿ ਇਹ ਜਾਇ, ਪ੍ਰਬੋਧਹਿਂ[1] ਸੋਇ।
ਨਹਿਂ ਮਨਤਾ ਮੇਰੀ ਪੁਨ ਹੋਇ।
ਇਸ ਫਿਰ ਗਏ ਅਪਰਿ ਫਿਰ ਜਾਇਂ।
ਗੁਰ ਕੇ ਸਿੱਖ ਬਨਹਿਂ ਸਮੁਦਾਇਂ ॥੨੮॥
ਮੋ ਕਹੁ ਨਮਸਕਾਰ ਨਹਿਂ ਕਰਿ ਹੀਂ।
ਆਨਿ ਉਪਾਇਨ ਬਹੁਰ ਨ ਧਰਿਹੀਂ।
ਯਾਂ ਤੇ ਅਬਿ ਹੀ ਬਨਹਿ ਉਪਾਇ।
ਮਿਲਿਨੇ ਦੇਉਂ ਨ, ਲੇਹੁ ਹਟਾਇ ॥੨੯॥
ਜੇ ਮਿਲ ਕਰਿ ਮਹਿਮਾ ਲੇ ਜਾਨਿ।
ਪੁਨ ਮਮ ਕਹਯੋ ਨ ਧਰਿ ਹੈ ਕਾਨ-।
ਇਮ ਬਿਚਾਰ ਕਰਿ ਕਹਯੋ ਬਿਰਾਗੀ।
'ਸੁਨਹੁ ਤਿਲੋਕਾ! ਹਰਿ ਅਨੁਰਾਗੀ ॥੩੦॥
ਅਪਨ ਪੰਥ ਕੋ ਹੌਰਾ ਗੌਰਾ।
ਸੁਨਤਿ ਜਾਇ ਮਿਲੀਅਹਿ ਤਿਸ ਠੌਰਾ[1]।

[1]ਉਪਦੇਸ਼ ਦੇਣਗੇ (ਇਸਨੂੰ)।

[1]ਆਪਣੇ ਪੰਥ ਦਾ ਚਾਹੇ ਕੋਈ ਹੌਲਾ ਚਾਹੇ ਭਾਰੀ ਹੋਵੇ ਸੁਣਦਿਆਂ ਸਾਰ ਜਾ ਕੇ ਤਿਸ ਥਾਂ ਮਿਲੀਏ।

ਸ਼ੁਭ ਮਾਰਗ ਕੀ ਬਾਤ ਬਤਾਵੈ।
ਦਰਸ਼ਨ ਬੋਲਨਿ ਪੁੰਨ ਉਪਾਵੈ ॥੩੧॥
ਬਧਹਿ ਧਰਮ ਸੁਧਰਹਿ ਪਰਲੋਕ।
ਸੁਜਸੁ ਕਹੈਂ ਨਿਜ ਪੰਥੀ ਲੋਕ।
ਪਰ ਮਤ ਕੋ[1] ਮਿਲਿਬੋ ਨਹਿਂ ਨੀਕਾ।
ਨਹਿਂ ਕੱਲਜਾਨ ਹੋਤਿ ਤਿਸ ਜੀ ਕਾ ॥੩੨॥
ਤੁਮ ਧਨਵਾਨਨਿ ਕੇ[†] ਢਿਗ ਜਾਇ[1]।
ਲੇਂ ਬਿਰਮਾਇ ਸੁ ਬਾਤ ਬਨਾਇ।
ਅਨਿਕ ਮਤਨਿ ਕੇ ਚਾਹਤਿ ਐਸੇ।
-ਧਨੀ ਹੋਹਿਂ ਸਿਖ ਹਮਰੇ ਜੈਸੇ- ॥੩੩॥
ਜਤੋਂ ਕਤੋਂ ਕਹਿ ਮਨ ਕੋ ਬਿਰਮਾਵੈਂ।
-ਬਨਹਿਂ ਸਿੱਖ ਬਹੁ ਦਰਬ ਚਢਾਵੈਂ-।
ਅਪਨਿ ਪੰਥ ਤੇ ਬੇਮੁਖ ਹੋਇ।
ਮਿਲਿ ਪਰਮਤਿ[1] ਧਨ ਅਰਪਹਿਂ ਸੋਇ ॥੩੪॥
ਯਾਂ ਤੇ ਨਹਿਂ ਮਿਲੀਅਹਿ ਕਿਸ ਸਾਥ।
ਲਿਹੁ ਤੁਲਸੀ ਚਰਣੋਦਕ ਹਾਥ।'
ਇਮ ਬਰਜਯੋ ਹਟਿ ਰਹਯੋ ਤਿਲੋਕਾ।
ਨਹਿਂ ਸ਼੍ਰੀ ਗੁਰੁ ਕੋ ਦਰਸ ਬਿਲੋਕਾ ॥੩੫॥
ਕਰੀ ਨ ਸੇਵਾ ਕਿਨੂ ਪ੍ਰਕਾਰ।
ਅਤਿਸ਼ੈ ਮੂਰਖ ਮੰਦ ਗਵਾਰ।
ਦਿਨ ਦੋ ਇਕ ਤਹਿਂ ਰਾਖਯੋ ਡੇਰਾ।
ਸਹਿਜ ਸੁਭਾਵਿਕ ਗੁਰ ਤਿਸ ਬੇਰਾ ॥੩੬॥
ਬੈਠੇ ਹੁਤੇ ਲੋਕ ਕੁਛ ਪਾਸ।
ਕਰਤਿ ਬਾਰਤਾਲਾਪ ਪ੍ਰਕਾਸ਼।
ਨਿਕਸਯੋ ਵਹਿਰ ਜਿਵੰਧਾ[1] ਗਯੋ।
ਜਿਤ ਦਿਸ਼ਿ ਗੁਰੁ, ਹਟਿ ਤਿਸ ਦਿਸ਼ਿ ਅਯੋ[1] ॥੩੭॥
ਨਿਕਟਿ ਨਹੀਂ ਗੁਰ ਕੇ ਚਲਿ ਆਯੋ।

[1]ਪਰਾਏ ਮਤ ਵਾਲੇ ਨੂੰ।

[1]ਤੇਰੇ (ਵਰਗੇ) ਧਨੀ ਲੋਕਾਂ ਦੇ (ਤਿਸ ਗੁਰੂ ਜੀ ਦੇ) ਪਾਸ ਜਾਣ ਤੇ (ਉਹ)। [†]ਪਾ:-ਧਨਵਾਦ ਤਿਨ ਕੇ।

[1]ਪਰਾਏ ਮਤ ਵਿੱਚ ਮਿਲਕੇ।

[1]ਭਾਵ ਤਿਲੋਕਾ।

[1]ਜਿਸ ਪਾਸੇ ਗੁਰੂ ਜੀ ਸਨ ਉਸ ਪਾਸਿਓਂ ਹਟ ਆਇਆ।

ਨਹੀਂ ਭਾਵ ਕਰਿ ਸੀਸ ਨਿਵਾਯੋ।
ਨਹੀਂ ਸਮੀਪ ਜਾਇ ਕਰਿ ਬੈਸਾ।
ਬੋਲਯੋ ਸੁਨਯੋਂ ਬਾਕ ਨਹਿਂ ਕੈਸਾ ॥੩੮॥
ਗ੍ਰਾਮ ਪ੍ਰਵੇਸ਼ ਭਯੋ ਜਬਿ ਲਹਯੋ।
ਸ੍ਰੀ ਗੁਰ ਤੇਗ ਬਹਾਦਰ ਕਹਯੋ।
'ਕੌਨ ਹੁਤੋ ਇਹ ਗਮਨਯੋ ਗ੍ਰਾਮ?
ਕੌਨ ਜਾਤਿ ਕੁਲ ਕਯਾ ਹੈ ਨਾਮ?' ॥੩੯॥
ਤਹਿਂ ਕੇ ਨਰ ਗੁਰੁ ਢਿਗ ਜੋ ਅਹੈਂ।
ਤਿਨਹੁਂ ਪ੍ਰਸੰਗ ਤਿਸੀ ਕਹੁ ਕਹੈ।
'ਇਹ ਜੀਵੰਧਨਿ ਮਹਿਂ ਸਿਰਦਾਰ।
ਬਹੁਤੇ ਲੋਕ ਰਹੈਂ ਅਨੁਸਾਰਿ ॥੪੦॥
ਘਰ ਤੇ ਵਹਿਰ ਜਿ ਕਿਤ ਕੋ ਚਾਲੈ।
ਨਰ ਸਮੁਦਾਇ ਚਲਹਿਂ ਇਸ ਨਾਲੇ।
ਅਬਿ ਭੀ ਹੁਤੇ ਸੰਗ ਨਰ ਬ੍ਰਿੰਦ।
ਮਾਨਹਿਂ ਇਸ ਕੋ ਹੁਕਮ ਬਿਲੰਦ ॥੪੧॥
ਜੀਵੰਧਨਿ ਕੋ ਬਾਹਿਯਾ[1] ਸਾਰਾ।
ਤਿਨ ਮਹਿਂ ਇਹੁ ਸਰਦਾਰ ਉਦਾਰਾ।'
ਸੁਨਿ ਸਤਿਗੁਰ ਬੋਲੇ ਰਿਸ ਭੋਈ[1]।
'ਨਹਿਂ ਬਾਹਿਯਾ ਨਹਿਂ ਤੇਹਿਯਾ ਕੋਈ ॥੪੨॥
ਕਛੁ ਨਹਿਂ ਰਹਹਿ ਉਜਰ ਸਭਿ ਜਾਵਹਿ।
ਬਚਹਿਂ ਜੁ ਅਪਰ ਸੁ ਗ੍ਰਾਮ ਬਸਾਵਹਿਂ।
ਨਹਿਂ ਸਰਦਾਰੀ ਨਹਿਂ ਸਰਦਾਰ।
ਮਰਿ ਮਰਿ ਜਨਮਹਿਂ ਹੋਹਿਂ ਖੁਆਰ ॥੪੩॥
ਹੋਇ ਏਮਨਾਵਾਦ ਸਮਾਨ।
ਬਿਨਸਹਿਂ ਸ਼ੀਘ੍ਰ ਮਹਾਨ ਅਜਾਨ।'
ਇਕ ਸਿੱਖ ਸੇਵ ਕਰੀ ਸੁਨਿ ਗਯੋ।
ਨਿਜ ਕੁਟੰਬ ਸੰਗ ਉਚਰਤਿ ਭਯੋ ॥੪੪॥
ਬੱਜ੍ਰ ਸਮਾਨ ਸ੍ਰਾਪ† ਇਹ ਹੁਯੋ।

[1]ਬਾਈ ਪਿੰਡਾਂ ਦੇ ਇਲਾਕੇ ਦਾ ਸਮੁੱਚਾ ਨਾਮ।

[1]ਨਾਲ) ਭਰੀ।

†ਇਸਨੂੰ ਸ੍ਰਾਪ ਨਹੀਂ ਕਹਿਣਾ ਚਾਹੀਏ ਕਿਉਂਕਿ ਅੰਕ ੪੨ ਵਿਚ ਗੁਰੂ ਜੀ ਆਪ ਦੱਸਦੇ ਹਨ ਕਿ 'ਹੁਕਮ ਹੈ ਐਸੇ, ਮੇਟ ਸਕਹਿ ਕੋ ਇਸ ਨਹਿਂ ਕੈਸੇ' ਭਾਵ ਅਸਾਂ

ਵਾਹਿਗੁਰੂ ਦਾ ਹੁਕਮ ਦੱਸਿਆ ਹੈ ਜਿਸਨੂੰ ਕੋਈ ਨਹੀਂ ਮੇਟ ਸਕਦਾ। ਇਹ ਅਗੰਮ ਵਾਚਣਾ ਹੈ।

ਜਿਸ ਤੇ ਜੀਵੰਧਨਿ ਕੁਲ ਛਯੋ।
ਸਭਿ ਬਾਹਿਯੇ ਕੋ ਹੋਯਹੁ ਨਾਸ਼।
ਕਰਿਕਾ ਸਮ ਗਰਿਗੇ ਨਰ ਨਾਸ਼[1]† ॥੪੫॥

[1]ਗੜਿਆਂ ਵਤ ਗਲ ਕੇ ਨਰ ਨਾਸ਼ ਹੋ ਗਏ। †ਨਰੋਤਮ ਤਾਰਾ ਸਿੰਘ ਜੀ ਲਿਖਦੇ ਹਨ ਕਿ ਗ੍ਰਾਮ ਉਜੜਕੇ ਲੋਕੀਂ ਮੇਰਠ ਪਾਸ ਜਾਕੇ ਵੱਸੇ, ਜਟਵਾੜਾ ਨਾਮ ਹੈ ਗਰਾਮਾਂ ਦਾ, ਧਰਮ ਸਿੰਘ ਜੀ ਪਿਆਰੇ ਇਨ੍ਹਾਂ ਵਿਚੋਂ ਸੀਗੇ ਜਾਪਦਾ ਹੈ ਕਿ ਇਨ੍ਹਾਂ ਲੋਕਾਂ ਵਿਚ ਜ਼ੁਲਮ ਤੇ ਉਪੱਦ੍ਰਵ ਬਹੁਤ ਸੀ ਤੇ ਬੈਰਾਗੀ ਦੇ ਮਦ ਵਿਚ ਏਹ ਲੋਕ ਪਾਪ ਕਰਮਾਂ ਤੋਂ ਸ਼ੰਕਾ ਨਹੀਂ ਧਾਰਦੇ ਸੇ। ਤਵਾ: ਖਾ: ਵਿਚ ਉਸਦਾ ਨਾਮ ਮਲੂਕਾ ਦਿੱਤਾ ਤੇ ਦੱਸਿਆ ਹੈ ਕਿ ਬਹੁਤ ਖੋਟ ਕਰਮੀ ਤੇ ਪ੍ਰਜਾ ਨੂੰ ਦੁਖਦਾਈ ਸੀ। ਇਹ ਬੀ ਲਿਖਿਆ ਹੈ ਕਿ ਇਨ੍ਹਾਂ ਨੇ ਮਗਰੋਂ ਭੁੱਲ ਬਖਸ਼ਵਾਈ ਤਾਂ ਗੁਰਾਂ ਨੇ ਕਿਹਾ ਕਿ ਇਥੋਂ ਉਜੜਕੇ ਹੋਰਥੇ ਜਾਓ ਤਾਂ ਵੱਸੋਗੇ, ਸੋ ਦਿੱਲੀਓਂ ਪਰੇ ਜਾ ਕੇ ੮੬ ਪਿੰਡ ਵਸੇ ਹਨ, ਇਨ੍ਹਾਂ ਦੇ ਨਾਮ 'ਜਿਵੰਧਿਆਂ ਦਾ ਜਟਵਾੜਾ' ਹੈ।

ਤਹਿਂ ਤੇ ਸ਼੍ਰੀ ਗੁਰੁ ਕੂਚ ਕਰਾਏ।
ਪਹੁੰਚੇ ਆਇ ਨਗਰ ਹਡਿਆਏ।
ਉਤਰੇ ਤਹਾਂ ਲਗਾਯੋ ਡੇਰਾ।
ਕੁਛ ਮਿਲਿ ਗ੍ਰਾਮ[1] ਅਏ ਤਿਸ ਬੇਰਾ ॥੪੬॥

[1]ਭਾਵ, ਪਿੰਡ ਦੇ ਲੋਕ।

ਡਰੇ ਸ੍ਰਾਪ ਤੇ ਬਿਨਤੀ ਠਾਨੀ।
'ਕਿਮ ਸਭਿ ਹੀ ਕੀ ਕਰਤੇ ਹਾਨੀ।'
ਸ਼੍ਰੀ ਗੁਰੁ ਕਹਯੋ 'ਹੁਕਮ ਹੈ ਐਸੇ।
ਮੇਟ ਸਕਹਿ ਕੋ ਇਸ ਨਹਿਂ ਕੈਸੇ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਗ੍ਰਾਮ ਬਿਚਰਨਿ' ਪ੍ਰਸੰਗ ਬਰਨਨੰ ਨਾਮ ਚਤਰ ਤ੍ਰਿੰਸਤੀ ਅੰਸੂ ॥੩੪॥

## ੩੫. [ਹਡਿਆਏ ਨਗਰ ਤਾਪ ਦੇ ਰੋਗੀ ਅਰੋਗ ਕੀਤੇ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਵਹਿਰ ਹਡਜਾਏ ਨਗਰ ਤੇ, ਉਤਰਿ ਰਹੇ ਸ਼ੁਭ ਥਾਇਂ।
ਬੈਠੇ ਗੁਰੂ ਬਿਰਾਜ ਹੀ, ਨਿਯੋਗ੍ਰੋਧ ਕੀ ਛਾਇ[1]† ॥੧॥

[1]ਬੋਹੜ ਦੇ ਬ੍ਰਿੱਛ ਹੇਠ [ਸੰਸ. ਨਜਗ੍ਰੋਧ]। †ਸਾਖੀ: ਪੋ: ਵਿਚ 'ਟਾਹਲੀਆਂ ਦੀ ਝੰਗੀ ਹੇਠ' ਲਿਖਿਆ ਹੈ।

ਚੌਪਈ:

ਤਹਿਂ ਇਕ ਪੁਰਿ ਕੋ ਨਰ ਪਰਿ ਰਹਯੋ।
ਜ੍ਵਰ ਤਨ ਚਢ੍ਯੋ ਅਗਨਿ ਜਨੁ ਦਹਯੋ।
ਮੁਖ ਸੂਖਤਿ ਲੇ ਸ੍ਵਾਸ ਸਜੋਰ।
ਕੰਪਤਿ ਕਾਇਆਂ ਸੰਕਟ ਘੋਰ ॥੨॥
ਸਿਰ ਅਰੁ ਹਾਡ ਫੋਰਨੀ ਘਨੀ।
ਪੀੜਤਿ ਜ੍ਵਰ ਤੇ ਜਾਇ ਨ ਭਨੀ।
ਕਬਿ ਬੈਠਹਿ ਕਬਿ ਭੂ ਮਹਿਂ ਪਰਿਹੀ।
ਕਬਿ ਅੰਗਰਾਇ ਜੰਭਾਵਨ ਕਰਿ ਹੀ[1] ॥੩॥

[1]ਉਬਾਸੀਆਂ ਲੈਂਦਾ ਸੀ।

ਬਜਾਕੁਲ ਦੇਖਿ ਗੁਰੂ ਬਚ ਕਹ੍ਯੋ।
'ਇਹ ਕੋ ਅਹੈ ਪਾਇ ਦੁਖ ਰਹ੍ਯੋ?
ਅਪਨੇ ਘਰ ਕ੍ਯੋਂ ਜਾਇ ਨ ਪਰ੍ਯੋ?
ਵਹਿਰ ਪ੍ਰਿਥੀ ਪਰ ਰਜ ਸੋਂ ਭਰ੍ਯੋ' ॥੪॥
ਤਿਹ ਪੁਰਿ ਕੇ ਮਾਨਵ ਇਕ ਦੋਇ।
ਦੀਨ ਮਨੇ ਸੁਨਿ ਬੋਲੇ ਸੋਇ।
'ਇਸਿ ਕੋ ਚਢ੍ਯੋ ਬਡੋ ਜ੍ਵਰ ਜ਼ੋਰ।
ਪਾਇ ਰਹ੍ਯੋ ਸੰਕਟ ਉਰ ਘੋਰ ॥੫॥
ਗਾਤ ਦੂਬਰੋ ਪੀਰੋ ਰੰਗ।
ਭਏ ਨਿਬਲ ਜਿਹ ਸਗਰੇ ਅੰਗ।
ਨਹਿਂ ਭੋਜਨ ਕੀ ਰੁਚਿ ਉਰ ਜਾਗੇ।
ਪਰ੍ਯੋ ਰਹੈ ਨਿਸ ਦਿਨ ਦੁਖ ਪਾਗੇ ॥੬॥
ਇਸ ਨਗਰੀ ਮਹਿਂ ਜ੍ਵਰ ਕੇ ਜ਼ੋਰ।
ਗਨ ਮਾਨਵ ਪ੍ਰਾਪਤਿ ਦੁਖ ਘੋਰ।
ਦੀਖਤਿ ਹੈ ਜਸ ਇਸ ਕੋ ਹਾਲ।
ਤਸ ਬਹੁ ਨਰ ਕੋ ਕਸ਼ਟ ਬਿਸਾਲ ॥੭॥

ਮ੍ਰਿਤੁ ਕੇ ਬਸੀ ਸੈਂਕਰੇ ਹੋਏ।
ਜ੍ਵਰ ਕੇ ਗੇਰੇ ਨਹੀਂ ਖਰੋਏ।
ਹਾਹਾਕਾਰ ਹੋਤਿ ਪੁਰਿ ਮਾਂਹੀ।
ਜੀਵਨ ਆਸਾ ਜੀਵਨ ਨਾਂਹੀ[1] ॥ ੮ ॥

[1]ਜੀਵਾਂ ਨੂੰ ਜੀਉਂਣ ਦੀ ਆਸਾ ਨਹੀਂ ਰਹੀ।

ਕਰਿ ਕਰਿ ਹਾਰੇ ਗਨ ਉਪਚਾਰ।
ਰੰਕ ਰਾਵ ਸਭਿ ਕੈ ਇਕਸਾਰ।
ਇਹ ਕੰਪਤਿ ਦੁਖ ਪਾਇ ਬਡੇਰਾ।
ਬੋਲਨਿ ਸ਼ਕਤਿ ਭਿ ਨਹਿਂ ਇਸ ਬੇਰਾ ॥ ੯ ॥
ਸੁਖ ਗਯੋ ਮੁਖ, ਲੇਟਤਿ ਅਹੈ।
ਆਸ ਨ[1], ਇਹ ਜੀਵਤਿ ਬਚ ਰਹੈ।

[1]ਆਸ ਨਹੀਂ।

ਜੇ ਕਰਿ ਰਾਵਰਿ ਬਸ ਉਪਚਾਰ।
ਕਰਹੁ ਕ੍ਰਿਪਾ ਦਿਹੁ ਦਾਨ ਉਦਾਰ ॥ ੧੦ ॥
ਪੁਰਖ ਕ੍ਰਿਪਾਲ ਹੋਤਿ ਉਪਕਾਰੀ।
ਬਚਹਿਂ ਪ੍ਰਾਨ ਜੇ ਹੁਇ ਜੁਰ ਟਾਰੀ।'
ਬੈਠਿ ਬਿਰਾਜੇ ਸਤਿਗੁਰ ਜਹਾਂ।
ਟੋਵਾ ਖਨਯੋ ਹੁਤੋ ਲਘੁ ਤਹਾਂ ॥ ੧੧ ॥
ਸੋ ਜਲ ਸੋਂ ਪੂਰਨ ਤਿਸ ਕਾਲ।
ਨੇਤ੍ਰ ਚਲਾਇ ਬਿਲੋਕਿ ਕ੍ਰਿਪਾਲ।
ਕਹਯੋ 'ਜਾਇ ਤੁਮ ਇਸੇ ਉਠਾਵਹੁ।
ਲਘੁ ਸਰ ਮਹਿ ਮੱਜਨ ਕਰਿਵਾਵਹੁ ॥ ੧੨ ॥
ਉਤਰ ਜਾਇ ਜ੍ਵਰ ਆਛੋ ਹੋਇ।
ਬਹੁਰ ਨ ਪ੍ਰਾਪਤਿ ਸੰਕਟ ਕੋਇ।'
ਭਾਉ ਧਾਰਿ ਗੁਰ ਕੋ ਬਚ ਮਾਨਯੋ।
ਗਹਿ ਕੈ ਤਿਹ ਜਲ ਸੰਗ ਸ਼ਨਾਨਯੋ ॥ ੧੩ ॥
ਨੀਰ ਸਪਰਸ਼ਯੋ ਜਹਿਂ ਜਹਿਂ ਤਨੁ ਮੈਂ।
ਸਗਰੋ ਉਤਰਿ ਗਯੋ ਜ੍ਵਰ ਛਿਨ ਮੈਂ।
ਬਿਸਮੇ ਲੋਗ ਅਰੋਗ ਨਿਹਾਰਯੋ।
ਸਤਿਗੁਰ ਚਰਨ ਭਾਉ ਉਰ ਧਾਰਯੋ ॥ ੧੪ ॥

ਪੁਰਿ ਮਹਿਂ ਇਕ ਦੁਇ ਸਾਥ ਬਤਾਏ[1]।
ਸੁਨਿ ਜ੍ਵਰ ਚਢੇ ਦੌਰ ਤੇ ਆਏ।
ਹਾਥ ਜੋਰਿ ਕਰਿ ਬਿਨੈ ਉਚਾਰੇ।
'ਹਮ ਦਾਸਨਿ ਕੇ ਦਾਸ ਤੁਮਾਰੇ ॥੧੫॥
ਪੁਰਿ ਕੇ ਭਾਗ ਜਗੇ ਤੁਮ ਆਏ।
ਬਹੁ ਮਰਿ ਰਹੇ ਜੁ ਤਾਪ ਦਬਾਏ।
ਅਬਿ ਹਮ ਸ਼ਰਣ ਤੁਮਾਰੀ ਪਰੇ।
ਕਰਹੁ ਉਬਾਰਨਿ ਨਾਂਹਿ ਤ ਮਰੇ ॥੧੬॥
ਜਿਸ ਕੋ ਤਾਪ ਆਪ ਨੇ ਖੋਵਾ।
ਗਯੋ ਕਸ਼ਟ ਭਾ ਨਵਾਂ ਨਰੋਵਾ।
ਤਿਸੈ ਬਿਲੋਕਿ ਦੌਰ ਹਮ ਆਏ।
ਕਰਹੁ ਬਾਕ ਜ੍ਵਰ ਦੇਹੁ ਗਵਾਏ' ॥੧੭॥
ਇਮ ਕਹਿ ਜਬਿ ਬਹੁਤੇ ਘਿਘਿਆਏ।
ਕ੍ਰਿਪਾ ਕਰੀ ਗੁਰ ਪਿਖਿ ਮੁਸਕਾਏ।
ਕਹਜੋ ਕਿ 'ਤੁਮ ਭੀ ਕਰੋ ਸ਼ਨਾਨ।
ਉਤਰਿ ਜਾਇ ਜੁਰ ਸੰਕਟ ਹਾਨਿ' ॥੧੮॥
ਸੁਨਿ ਕਰਿ ਲਘੁ ਸਰ ਮਹਿਂ ਸੋ ਬਰੇ।
ਮੱਜਨ ਕਰਤਿ ਤਾਪ ਕੋ ਹਰੇ।
ਤਿਮ ਹੀ ਸੁਨਿ ਸੁਨਿ ਆਵਨਿ ਲਾਗੇ।
ਗਾਤ ਦੂਬਰੇ ਤਨ ਜੁਰ ਦਾਗੇ[1] ॥੧੯॥
ਸਭਿਹਿਨਿ ਕੋ ਸ਼੍ਰੀ ਗੁਰ ਫੁਰਮਾਯੋ।
'ਜਿਸ ਕੋ ਤਨੁ[1] ਤਾਪ ਤਪਤਾਯੋ।
ਸੋ ਸਭਿ ਕਰਤੇ ਜਾਹੁ ਸ਼ਨਾਨ।
ਸਿਮਰਹੁ ਵਾਹਿਗੁਰੂ ਸੁਖ ਦਾਨ ॥੨੦॥
ਜਿਮ ਦੁਖ ਤੇ ਗੁਰ ਇਹਾਂ ਛੁਟਾਏ।
ਤਿਮ ਜਮ ਤੇ ਦੇ ਹਾਥ ਬਚਾਏ।
ਯਾਂ ਤੇ ਸਿਮਰਹੁ ਸ਼੍ਰੀ ਸਤਿਨਾਮ।
ਹਲਤ ਪਲਤ ਸੁਖਦਾ ਅਭਿਰਾਮ' ॥੨੧॥
ਚਢਤਿ ਜਿਤਿਕ ਜੋ ਜ੍ਵਰ ਪੁਰਿ ਮਾਂਹੀ।
ਸੁਨਿ ਸਭਿ ਆਇ ਸ਼ਨਾਨ ਕਰਾਹੀਂ।
ਅਪਰ ਸੈਂਕਰੇ ਰੰਕ ਸੁ ਧਨੀ।

[1]ਨਗਰ ਵਿਚ ਇਕ ਦੂਜੇ ਨਾਲ ਗੱਲ ਕੀਤੀ।

[1]ਤਾਪ ਨਾਲ ਸਰੀਰ ਦੱਗ (ਤਪ) ਰਿਹਾ ਸੀ (ਜਿਨ੍ਹਾਂ ਦਾ)।

[1]ਸਰੀਰ।

ਕੀਰਤਿ ਬਿਸਦ ਗੁਰੂ ਕੀ ਸੁਨੀ ॥੨੨॥
ਲੇਕਰਿ ਅਨਿਕ ਉਪਾਇਨ ਆਏ।
ਅਸਨ ਬਸਨ ਧਨ ਬਹੁਤ ਚਢਾਏ।
ਅਨਿਕ ਸਿੱਖ ਹੋਏ ਧਰਿ ਭਾਉ।
ਸਿੱਖੀ ਧਾਰਿ ਜਪਯੋ ਸਤਿਨਾਉ ॥੨੩॥
ਬਸੇ ਜਿਤਿਕ ਬਾਸੁਰ ਤਿਸ ਥਾਨ।
ਦਿਨ ਪ੍ਰਤਿ ਕਰਿਹੀਂ ਸੇਵ ਮਹਾਨ।
ਲਗਯੋ ਤੜਾਗ ਤਹਾਂ ਪੁਨ ਭਾਰੀ।
ਜਹਿਂ ਬੈਠੇ ਸੋ ਥਾਨ ਸੁਧਾਰੀ ॥੨੪॥
ਸੋ ਅਬਿ ਲੌਂ ਹਮ ਦੇਖਨਿ ਕਰਯੋ।
ਗੁਰਦ੍ਵਾਰਾ ਤਿਸ ਤੀਰ ਨਿਹਰਯੋ।
ਮਹਿਮਾ ਸਤਿਗੁਰ ਕੀ ਪ੍ਰਗਟਾਈ।
ਪੁਰਿ ਹਡਿਆਏ† ਮਹਿਂ ਅਬਿ ਤਾਂਈ ॥੨੫॥

†ਰਜਾਸਤ ਪਟਿਆਲਾ ਵਿਖੇ ਬ੍ਰਨਾਲੇ ਤੋਂ ੩ ਕੋਹ ਪੱਛੋਂ ਨੂੰ ਹੈ।

ਤਹਿਂ ਤੇ ਕਰਯੋ ਕੂਚ ਗੁਰੁ ਸ੍ਵਾਮੀ।
ਗਮਨੇ ਸ਼੍ਰੀ ਪ੍ਰਭੁ ਅੰਤਰਜਾਮੀ।
ਕਰਿ ਪੁਰਿ ਕੇ ਨਰ ਭਾਉ ਬਡੇਰਾ।
ਰਾਖਨਿ ਹੇਤੁ ਕਹਯੋ ਬਹੁਤੇਰਾ ॥੨੬॥
ਦੇ ਧੀਰਜ ਤਿਨ ਕੋ ਬਹੁ ਭਾਂਤੀ।
ਚਲਤਿ ਭਏ ਗੁਰ ਹੋਤਿ ਪ੍ਰਭਾਤੀ।
-ਧੌਲਾ- ਗ੍ਰਾਮ ਕੋਸ ਜੁਗ ਲਹਯੋ।
ਤਹਾਂ ਤੁਰੰਗ ਅੜੀ ਕਰਿ ਰਹਯੋ ॥੨੭॥
ਹਨਹਿਂ ਰਕਾਬਨਿ ਕਮਚੀ ਮਾਰੈਂ[1]।

[1]ਰਕਾਬਾਂ ਤੇ ਚਾਬਕ ਮਾਰਦੇ ਹਨ।

ਤਊ ਨ ਪਾਇ ਅਗਾਰੀ ਡਾਰੈ।
ਗੁਰੂ ਕਹਯੋ 'ਇਹ ਤੁਰਕਨਿ ਬੰਦੇ[1]।

[1]ਤੁਰਕਾਂ ਦੇ ਦਾਸ ਭਾਵ ਤੁਰਕਾਂ ਨੂੰ ਪੂਜਣ ਵਾਲੇ।

ਪ੍ਰਭੁ ਗੁਰ ਕੋ ਨ ਲਖਹਿਂ ਮਤਿਮੰਦੇ' ॥੨੮॥
ਹਟੇ ਤਹਾਂ ਤੇ ਗਮਨੇ ਗ੍ਰਾਮੂ।
'ਸੋਹੀਬਾਲ' ਕਹੈਂ ਤਿਹ ਨਾਮੂ।
ਉਤਰੇ ਤਹਾਂ ਸੁਚੇਤਾ ਕੀਨਿ।
ਚਢੇ[1] 'ਕੈਲ' ਇਕ ਗ੍ਰਾਮ ਸੁ ਚੀਨ ॥੨੯॥

[1]ਫਿਰ ਚੜ੍ਹਕੇ।

ਤਹਿਂ ਕੇ ਨਰਨਿ ਭਾਉ ਨਹਿਂ ਕੀਨਾ।

ਪੁਨ ਗਮਨੇ ਤਿਨ ਲਖਿ ਮਤਿ ਹੀਨਾ।
ਸੰਗਤਿ ਆਨਿ ਮਿਲੀ ਸਮੁਦਾਈ।
ਬਹੁ ਧਨ ਆਦਿ ਉਪਾਇਨ ਲਜਾਈ ॥ ੩੦ ॥
ਦਰਸ਼ਨ ਕਰਿ ਕਰਿ ਅਰਪਨਿ ਕਰੀ।
ਪੂਰੀ ਕਾਮਨਾ ਜਿਮ ਉਰਧਰੀ।
ਗ੍ਰਾਮ 'ਢਿੱਲਵੀਂ[1]' ਪਹੁੰਚੇ ਜਾਇ।
ਡੇਰਾ ਕੀਨੀ ਹੇਰਿ ਸ਼ੁਭ ਥਾਇਂ ॥ ੩੧ ॥
ਏਕ ਨਿਸਾ ਬਸਿ ਕੈ ਤਿਸ ਥਾਨ।
ਭਏ ਪਰਬ[1] ਕੋ ਚਾਹਤਿ ਦਾਨ।
ਧੇਨੁ ਇਕੋਤਰ ਸੈ ਮੰਗਵਾਈ।
ਬਰਨ ਬਿਖੈ ਕਪਲਾਂ[1] ਸਮੁਦਾਈ ॥ ੩੨ ॥
ਦੇ ਦੇ ਦਰਬ ਮੋਲ ਅਨਵਾਈ।
ਕਰੀ ਦਾਨ ਹਿਤ ਸਭਿ ਇਕਠਾਈ।
ਗੁਜਰਾਤੀ ਦਿਜ ਤਬੈ ਬੁਲਾਏ।
'ਲੇਹੁ ਦਾਨੁ ਧੇਨੁ ਸਮੁਦਾਏ ॥ ੩੩ ॥
ਅਪਰ ਦਰਬ ਇਨ ਸੰਗ ਘਨੇਰਾ।
ਦੈ ਹੈਂ ਤੁਮ ਕੋ ਸਭਿ ਇਸ ਬੇਰਾ।'
ਸੁਨਿ ਕੈ ਦਿਜਹੁੰ ਨ ਮਾਨੀ ਬਾਤ।
'ਕਠਨ ਦਾਨ ਇਹ ਸਹਜੋ ਨ ਜਾਤਿ ॥ ੩੪ ॥
ਪ੍ਰਾਨਨਿ ਕੋ ਪਲਟੋ ਅਸ ਦਾਨ।
ਲੇਤੇ ਹੋਇ ਜੀਵ ਕੀ ਹਾਨਿ।
ਮਹਾਂ ਪਤਿਗ੍ਰੱਹੁ[1] ਕਿਮ ਲੇ ਸਕਹੀਂ।
ਹਾਨਿ ਪ੍ਰਾਨ ਲੌ ਜਿਸ ਮਹਿਂ ਤਕਹੀਂ' ॥ ੩੫ ॥
ਜਬਿ ਅਸ ਕ੍ਰਿਤ ਸੋ ਬਿੱਪ੍ਰ ਨਿਹਾਰੇ।
ਪੁਨਹ ਖੋਜ ਕਰਿ ਅਪਰ ਹਕਾਰੇ।
ਸੁਨਿ ਸੁਨਿ ਧੀਰ ਨ ਧਰਿ ਹੈ ਕੋਈ।
ਨਹਿਂ ਸਮਰਥ ਲੈਬੇ ਕੋ ਹੋਈ ॥ ੩੬ ॥
ਬਹੁਰ ਤਪ ਕਉ ਇਕ ਗੁਜਰਾਤੀ[1]।

[1]ਨਾਮ ਪਿੰਡ।

[1]ਪੁੰਨਯ ਆਦਿ ਸ਼ੁਭ ਕਰਮ ਕਰਨ ਦਾ ਸਮਾਂ।

[1]ਕਾਲੇ ਥਣਾਂ ਵਾਲੀ।

[1]ਵੱਡਾ ਦਾਨ [ਸੰਸ. ਪ੍ਰਤਿਗ੍ਰਹ = ਉਹ ਦਾਨ ਜੋ ਬ੍ਰਾਹਮਣਾਂ ਨੂੰ ਸਵੀਕਾਰ ਕਰਨਾ ਜੋਗ ਹੈ]

[1]ਤਪੇ (ਨਾਮੇ ਪਿੰਡ) ਦਾ ਇਕ ਗੁਜਰਾਤੀ (ਬ੍ਰਾਹਮਣ)।

ਗੁਰ ਮਹਿਮਾ ਸੁ ਲਖਹਿ ਸਭਿ ਭਾਂਤੀ।
ਹਾਥ ਜੋਰਿ ਕਰਿ ਗੁਰੂ ਅਗਾਰੀ।
ਭਾਉ ਧਰੇ ਉਰ ਗਿਰਾ ਉਚਾਰੀ ॥੩੭॥
'ਕ੍ਰਿਪਾ ਕਰਹੁ ਜੇ ਬਨਹੁ ਸਹਾਇਕ।
ਤੌਂ ਇਹ ਦਾਨ ਸਕਹਿ ਲੇ ਪਾਯਕ[1]। — [1]ਦਾਸ।
ਲੇਉਂ ਧੇਨੁ ਮੈਂ ਆਪ ਭਰੋਸੇ।
ਹਰਹੁ ਪਤਿੱਗ੍ਰਹੁ ਕਹੁ ਸਭਿ ਦੋਸ਼ੇ[1] ॥੩੮॥ — [1](ਮਹਾਂ) ਦਾਨ ਲੈਣ ਦਾ ਦੋਸ ਸਾਰਾ ਦੂਰ ਕਰੋ।
ਗਰਬ ਜਾਤਿ ਕੋ ਹੌਂ ਨਹਿਂ ਕਰਿਹੌਂ।
ਸ਼੍ਰੇਯਦ[1] ਰਾਵਰਿ ਸ਼ਰਨੀ ਪਰਿਹੌਂ। — [1]ਮੁਕਤੀ ਦਾਤਾ।
ਚਹੁਂ ਅਲੰਬ ਦੁਹਿ ਲੋਕ ਤੁਮਾਰਾ।
ਹੇ ਸਮਰੱਥ ਕਰਹੁ ਨਿਸਤਾਰਾ' ॥੩੯॥
ਸਰਲ ਰਿਦੈ ਦਿਜ ਬਿਨੈ ਜੁ ਠਾਨੀ।
ਕ੍ਰਿਪਾ ਨਿਧਾਨ ਬਿਹਸ ਕੈ ਮਾਨੀ।
'ਜੇ ਨਰ ਕਰਹਿਂ ਭਰੋਸਾ ਗੁਰ ਕੋ।
ਨਹਿਂ ਡੁਲਾਇ ਦ੍ਰਿਢ ਨਿਸ਼ਚਾ ਉਰ ਕੋ ॥੪੦॥
ਤਿਨ ਕੇ ਕਯੋਂ ਨ ਸਹਾਇਕ ਹੋਇਂ।
ਸ਼੍ਰੀ ਨਾਨਕ ਜਗ ਸੂਰਜ ਜੋਇ।'
ਤਬਿ ਸੰਕਲਪ ਕੀਨਿ ਸ਼ੁਭ ਭਾਂਤੀ।
ਲੀਨਸਿ ਤਪੇ ਗ੍ਰਾਮ ਗੁਜਰਾਤੀ[1] ॥੪੧॥ — [1]ਤਪੇ ਪਿੰਡ ਦੇ ਗੁਜਰਾਤੀ (ਬ੍ਰਾਹਮਣ) ਨੇ।
ਗੁਰ ਕਰ ਤੇ ਜਲ ਕਰ ਪਰ ਧਾਰਾ।
ਸ਼ਯਾਮ ਬਰਨ ਹੁਇ ਗਾ ਤਨ ਸਾਰਾ।
ਚਿਤ ਬਯਾਕੁਲ ਧੀਰਜ ਨਹਿਂ ਰਹਯੋ।
ਸੰਕਟ ਨਿਜ ਸਰੀਰ ਪਰ ਲਹਯੋ ॥੪੨॥
ਬਹੁ ਪੀੜਤ ਹ੍ਵੈ ਗਿਰਾ ਉਚਾਰੀ।
'ਅਬਿ ਸਹਾਇ ਕੀ ਰਾਵਰਿ ਬਾਰੀ।
ਤ੍ਰਾਸ ਬਿਸਾਲ ਹਰਹੁ ਸਭਿ ਮੇਰਾ।
ਕ੍ਰਿਪਾ ਨਿਧਾਨ! ਜਾਨਿ ਕਰਿ ਚੇਰਾ' ॥੪੩॥
ਸੁਨਿ ਸਤਿਗੁਰ ਨੇ ਕਰ ਸਿਰ ਧਾਰਾ।
ਕਸ਼ਟ ਪਤਿੱਗ੍ਰਹੁ ਤੁਰਤ ਬਿਦਾਰਾ[1]। — [1]ਦਾਨ ਲੈਣ ਦਾ ਕਸ਼ਟ ਦੂਰ ਕਰ ਦਿੱਤਾ।

ਸੀਤਲ ਭਯੋ ਤਪਤ ਸਭਿ ਭਾਗੀ।
ਜਿਮ ਰਵਿ ਤੇਜ ਹੋਇ ਘਨ ਆਗੀ[1] ॥ ੪੪ ॥
ਗੁਰੂ ਹਾਥ ਕੋ ਪਿਖਯੋ ਪ੍ਰਭਾਉ।
ਭਯੋ ਦੀਨ ਤਜਿ ਜਾਤਿ ਸੁਭਾਉ।
ਨਮੋ ਠਾਨਿ ਪੁਨ ਬਿਨੈ ਬਖਾਨੀ।
'ਦੇਤਿ ਲੇਤਿ ਤੁਮ ਹੀ ਸਭਿ ਥਾਨੀ ॥ ੪੫ ॥
ਇਕ ਮਹਿਂ ਥਿਰ ਕੈ ਹੋਵਤਿ ਦਾਤਾ[1]।
ਦੁਤੀਏ ਮਹਿਂ ਜਾਚਤਿ ਚਿਤ ਰਾਤਾ।
ਮਮ ਗ਼ਰਜ਼ੀ ਕੀ ਅਰਜ਼ੀ ਸੁਨੀਅਹਿਂ।
ਅਪਰ ਦਾਸ ਸਮ ਸੇਵਕ ਜਨੀਅਹਿਂ ॥ ੪੬ ॥
ਮਾਨਹੁਂ ਮੋਹਿ ਕੋ ਇਮ ਕਰੀਅਹਿ।
ਚਰਨ ਆਪਨੋ ਮਮ ਸਿਰ ਧਰੀਅਹਿ।
ਜਗ ਸਾਗਰ ਤੇ ਡੁਬਤਿ ਉਬਰੀਅਹਿ।
ਰਾਖਹੁ ਸ਼ਰਨ ਦੋਸ਼ ਗਨ ਹਰੀਅਹਿ' ॥ ੪੭ ॥
ਤਯਾਗਯੋ ਬਿੱਪ੍ਰ ਜਾਤਿ ਹੰਕਾਰਾ।
ਲਖਿ ਸਤਿਗੁਰ ਉਰ ਸਰਲ ਸੁਧਾਰਾ।
ਪਗ ਪੰਕਜ ਦਿਜ ਕੇ ਸਿਰ ਲਾਯੋ।
ਜਨਮ ਮਰਨੁ ਕੋ ਭਰਮ ਮਿਟਾਯੋ ॥ ੪੮ ॥
ਜੀਵਤਿ ਰਹਯੋ ਬਿੱਪ੍ਰ ਗੁਰ ਸਿਮਰਯੋ।
ਪ੍ਰਾਪਤਿ ਭਈ ਸੁ ਗਤਿ ਜਬਿ ਮਰਯੋ।
ਪੁਨ ਸਤਿਗੁਰ ਬਡ ਜੱਗਯ ਕਰਾਯਹੁ।
ਸਭਿ ਸੰਗਤਿ ਮਨ ਭਾਵਤਿ ਖਾਯਹੁ ॥ ੪੯ ॥
ਨਿਕਟਿ ਗ੍ਰਾਮ ਦਿਜ ਆਦਿਕ ਸਾਰੇ।
ਪਠਿ ਪਠਿ ਨਰ ਨਿਜ ਨਿਕਟਿ ਹਕਾਰੇ।
ਸਭਿ ਕੋ ਭੋਜਨ ਦੇ ਪਕਵਾਨਾ।
ਪੂਪ ਪੂਰਿਕਾ ਸ੍ਵਾਦ ਮਹਾਨਾ ॥ ੫੦ ॥
ਬਿੱਪ੍ਰਨਿ ਕੋ ਧਨ ਦਛਨਾ ਦੀਨਿ।
ਸਭਿਨਿ ਗੁਰੂ ਕੀ ਉਸਤਤਿ ਕੀਨਿ[†]।

[1]ਬਦਲ ਦੇ ਅੱਗੇ ਜਿਵੇਂ ਸੂਰਜ ਦਾ ਤੇਜ (ਠੰਢਾ ਹੋ ਜਾਂਦਾ ਹੈ)।

[1]ਇਕ (ਸਰੀਰ) ਵਿਚ ਹੋਕੇ ਦਾਤੇ ਹੋ।

†ਬ੍ਰਹਮਣਾਂ ਨੇ ਦਾਨ ਲੈਣੋਂ ਨਾਂਹ ਕਰਨੀ ਤੇ ਫੇਰ ਇਕ ਸ਼ਰਧਾਵਨ ਬ੍ਰਹਮਣ ਲੈਂਦਾ ਹੈ ਤੇ ਗੁਰੂ ਜੀ ਦੀ ਮਹਿਮਾ ਲਖਕੇ ਸਿੱਖ ਬਣਦਾ ਹੈ, ਚਰਨਾਂ ਨੂੰ ਸੀਸ ਤੇ ਧਰਾਉਂਦਾ ਤੇ ਮੁਕਤੀ ਦਾਨ ਲੈਂਦਾ ਹੈ, ਸਾਰੀ ਉਮਰ ਨਾਮ ਜਪ ਕੇ ਮੁਕਤ ਹੁੰਦਾ ਹੈ ਜਿਸ ਤੋਂ ਸ਼ਪੱਸ਼ਟ ਹੋ ਗਿਆ ਕਿ ਗਊਆਂ ਦਾ ਦਾਨ ਕਿਸੇ ਮੁਕਤੀ ਫਲ ਯਾ ਕੱਲਯਾਨ ਵਾਸਤੇ ਗੁਰੂ ਜੀ ਨੇ ਨਹੀਂ ਕੀਤਾ ਸੀ, ਇਹ ਇਕ ਕੌਤਕ ਹੋਊ, ਸ਼ਰਧਾ ਹੀਨ, ਜ਼ਾਤੀ ਘੁਮੰਡ ਵਾਲੇ ਬ੍ਰਹਮਣਾਂ ਦਾ ਪਾਜ ਖੁਹਲਣ ਦਾ। ਪਰ ਅਸਲ ਗੱਲ ਇਉਂ ਜਾਪਦੀ ਹੈ ਕਿ ਗਿਰਾਵਾਂ ਵਿਚ ਤਪਾਲੀ ਪਈ ਸੀ, ਸਤਿਗੁਰਾਂ ਨੇ ਮਿਹਰ ਕਰਕੇ ਪਿੱਛੇ ਦੱਸੇ ਇਕ ਟੋਭੇ ਦੇ ਜਲ ਵਿਚ ਆਤਮ ਸੱਤਯਾ ਭਰਕੇ ਲੋਕਾਂ ਨੂੰ ਆਰਾਮ ਬਖਸ਼ਿਆ ਤੇ ਲੋਕਾਂ ਨੂੰ ਦੁਰਬਲ ਦੇਖਕੇ ਸੌ ਦੋ ਸੌ ਗਾਂ ਮੰਗਾਕੇ ਬਖਸ਼ਿਸ਼ ਕੀਤੀ ਕਿ ਦੁੱਧ ਪੀ ਕੇ ਤਕੜੇ ਹੋ ਜਾਣ। ਸਿਆਣੇ ਸਮਝ ਕੇ ਇਸ ਸ਼ੁਭ ਕੰਮ ਤੇ ਕਿਸੇ ਬ੍ਰਾਹਮਣ ਨੂੰ ਲਾਇਆ ਹੋਣਾ ਹੈ ਜਿਸ ਨੇ ਨਾਂਹ ਕੀਤੀ ਤੇ ਕਿਸੇ ਹੋਰ ਨੇ ਪਰਸੁਆਰਥ ਸਿਰ ਚਾ ਲਿਆ ਜਿਸ ਨੂੰ ਕੱਲਯਾਨ ਬਖਸ਼ੀ। ਇਹ ਵਾਰਤਾ ਬ੍ਰਾਹਮਣਾਂ ਨੇ ਕਵਿ ਜੀ ਦੇ ਦਿਤੇ ਢੰਗ ਵਿਚ ਉਲਟਾ ਲਈ ਹੋਣੀ ਹੈ। ਆਈ ਮਾਯਾ ਖਰਚ ਕਰਦੇ ਰਹਿਣਾ ਇਹ ਸਤਿਗੁਰੂ ਜੀ ਦਾ ਸੁਭਾਵ ਸੀ, ਅੰਨ ਦਾਨ ਬੀ ਦੁਖੀਆਂ ਤੇ ਰੋਗੀ ਪਰਵਾਰਾਂ ਨੂੰ ਦਿਤਾ ਹੋਣਾ ਹੈ। ਸਤਿਗੁਰੂ ਜੀ ਕੱਲਯਾਨ ਦਾਤੇ ਸਨ, ਇਸ ਕਰਕੇ ਉਨ੍ਹਾਂ ਦੇ ਇਸ ਚੋਜ ਨੂੰ ਗਊ ਦਾਨ ਉਸ ਤਰ੍ਹਾਂ ਦਾ ਸਮਝਣਾ ਠੀਕ ਨਹੀਂ ਜਿਵੇਂ ਭ੍ਰਮ ਵਿਚ ਆਕੇ ਲੋਕੀਂ ਕਰਦੇ ਹਨ। ਆਪ ਨੇ ਪਹਿਲੇ ਜਾਮੇ ਵਿਚ ਭੂਮੀ ਲੋਕਾਂ ਦੇ ਇਹੋ ਜੇਹੇ ਦਾਨਾਂ ਨੂੰ ਇਉਂ ਦੱਸਿਆ ਹੈ:-ਕੰਚਨ ਕੇ ਕੋਟਿ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥ [ਸਿਰੀ ਰਾਗ ਮ: ੧]

ਇਸ ਪ੍ਰਕਾਰ ਕਰਿ ਤਹਾਂ ਨਿਹਾਲ।
ਕਰਯੋ ਕੂਚ ਸਤਿਗੁਰੂ ਕ੍ਰਿਪਾਲ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੁਰਿ ਹਡਿਆਏ ਬਿੱਪਰ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਭੰਦੇਰ ਨਗਰ। ਅਲੀਸ਼ੇਰ। ਜੋਗੇ। ਭੂਪਾਲੀ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਤਹਿਂ ਤੇ ਸਤਿਗੁਰ ਗਮਨ ਕਿਯ, ਗਏ
'ਭੰਦੇਹਰੀ' ਗ੍ਰਾਮ।
ਨਿਕਟਿ ਜਾਇ ਠਾਂਢੇ ਭਏ, ਪਠ੍ਯੋ ਸਿੱਖ੍ਯ
ਤਿਨ ਧਾਨ ॥੧॥

ਚੌਪਈ:

ਸਿੱਖ ਜਾਇ ਕਰਿ ਨਰ ਗਨ ਲਹ੍ਯੋ।
ਉਤਰਨਿ ਹੇਤੁ ਸਭਿਨਿ ਸੋਂ ਕਹ੍ਯੋ।
'ਵਾਹਿਗੁਰੂ ਠਾਢੇ ਢਿਗ ਗ੍ਰਾਮ।
ਡੇਰਾ ਕਰਹਿਂ ਬਤਾਵਹੁ ਧਾਮ ॥੨॥
ਬਸਹਿਂ ਜਾਮਨੀ ਪ੍ਰਾਤ ਸਿਧਾਰੈਂ।
ਦਰਸ਼ਨ ਦਰਸਹੁ ਬਿਘਨ ਬਿਦਾਰੈਂ।'
ਸੁਨਿ ਭੰਦੇਹਰੀ[1] ਕਹਿ ਤਿਸ ਕਾਲ। [1]ਭੰਦੇਰ ਦੇ ਲੋਕੀਂ।
'ਜਾਹੁ ਬੂਝਿ ਕਰਿ ਸਦਨ ਕੁਲਾਲ[1]' ॥੩॥ [1]ਘੁਮਿਆਰ ਦਾ ਘਰ।
ਹੈ ਹਮੇਸ਼ ਕੀ ਰੀਤਿ ਹਮਾਰੇ।
ਘਰ ਕੁਲਾਲ ਕੇ ਦੇਤਿ ਉਤਾਰੇ।
ਜੋ ਚਾਹਤਿ ਕਿਯ ਰਾਤਿ ਬਸੇਰਾ।
ਸਦਨ ਤਿਨਹੁਂ ਕੇ ਪਾਵਤਿ ਡੇਰਾ' ॥੪॥
ਸੁਨਿ ਸਖਿ ਨੇ ਗੁਰ ਨਿਕਟਿ ਸੁਨਾਈ।
'ਮੂਰਖ ਲੋਕ ਬਸਹਿਂ ਇਸ ਥਾਂਈ।
ਨਹਿਂ ਕੁਛ ਮਹਿਮਾ ਲਖਹਿਂ ਤੁਮਾਰੀ।
ਜਾਮਨਿ ਬਸਨਿ[1] ਕੁਰੀਤ ਉਚਾਰੀ ॥੫॥ [1]ਰਾਤ ਦੇ ਵੱਸਣੇ ਦੀ।
ਅਪਰ ਗ੍ਰਾਮ ਚਲਿ ਕਰਹੁ ਬਸੇਰਾ।
ਇਨ ਮਨਮੁੱਖਨਿ ਭਾਗ ਮੰਦੇਰਾ।
ਜਥਾ ਰੰਕ ਗਨ ਸੁਰਤਰੁ ਪਾਏ।
ਨਹਿਂ ਸੇਵਹਿਂ ਕਿਛ ਲੇ ਨ ਸਕਾਏ' ॥੬॥
ਸੁਨਿ ਸਤਿਗੁਰ ਚਲਿ ਪਰੇ ਅਗਾਰੀ।
ਮੂਢਨਿ ਮਹਿਮਾ ਕਛੁ ਨ ਬਿਚਾਰੀ।
'ਅਲੀਸ਼ੇਰ[1]' ਡੇਰਾ ਕਿਯ ਗ੍ਰਾਮ। [1]ਨਾਮ ਪਿੰਡ।
ਬੈਠਿ ਬਿਰਾਜੇ ਸ੍ਰੀ ਸੁਖ ਧਾਮ ॥੭॥

ਦੋਹਰਾ:

ਪੀਛੇ ਸਭਿਨਿ ਭੰਦੇਹਰਨਿ, ਮਹਿਮਾ ਸੁਨੀ ਬਿਸਾਲ।
-ਹੁਤੇ ਪੁਰਖ ਪੂਰਨ ਗੁਰੂ, ਸਭਿ ਪਰ ਹੋਤਿ ਕ੍ਰਿਪਾਲ ॥੮॥

ਚੌਪਈ:

ਮਿਲੇ ਨ ਹਮ ਉਠਿ, ਘਰ ਮਹਿਂ ਆਏ[1]।
ਨਹਿਂ ਕੁਛ ਸੇਵ ਕਰੀ ਮਨ ਲਾਏ-।
ਪਸ਼ਚਾਤਾਪ ਕਰਤਿ ਮਿਲਿ ਬੈਸੇ।
ਤਿਨ ਮਹਿਂ ਲਗਜੋ ਕਹਨਿ ਇਕ ਐਸੇ ॥੯॥
'ਅਬਿ ਭੀ ਨਿਕਟਿ ਅਹੈ ਤਿਨ ਡੇਰਾ।
ਚਲਹੁ ਲੇਹੁ ਦਰਸ਼ਨ ਇਕ ਬੇਰਾ।'
ਕਹਹਿਂ ਪਰਸਪਰ 'ਸਭਿ ਹੀ ਚਲੀਏ।
ਕੌਨ ਭੇਟ ਆਗੈ ਧਰਿ ਮਿਲੀਏ ॥੧੦॥
ਕਜਾ ਲੇ ਕਰਿ ਦਰਸ਼ਨ ਕੋ ਦੇਹਿਂ?
ਕਿਮ ਪ੍ਰਸੰਨ ਹੁਇ ਬਚਨ ਕਰੇਹਿਂ?'
ਇਕ ਨਰ ਕਹਨਿ ਲਗਜੋ ਤਿਨ ਮਾਂਹਿ।
'ਮੈਂ ਜਿਮ ਸੁਨੀ ਕਹੌਂ ਤੁਮ ਪਾਹਿ ॥੧੧॥
ਟਕਿਯਨਿ ਰੋਕਨ ਕੀ ਇਕ ਥੈਲੀ।
ਅਪਰ ਪ੍ਰਸ਼ਾਦਿ ਲੇਤਿ ਹੈਂ ਭੇਲੀ।
ਖੁਸ਼ੀ ਹੋਤਿ ਪੁਨ ਦਰਸ਼ਨ ਦੇਤਿ।
ਮਿਲਿ ਕਰਿ ਇਮ ਨਰ ਬਰ ਬਰ[1] ਲੇਤਿ ॥੧੨॥
ਭੇਲੀ ਸਭਿ ਮਹਿਂ ਦੇਂ ਬਰਤਾਇ।
ਦਰਸਹਿਂ ਲੋਕ ਹੋਇ ਸਮੁਦਾਇ।
ਨਗਰ ਹਡਜਾਏ ਜੂਰ ਨਰ ਗਨ ਕੋ।
ਦਿਯੋ ਉਤਾਰਿ ਉਚਾਰਿ ਬਚਨ ਕੋ' ॥੧੩॥
ਨਰ ਤੇ ਸੁਨਿ ਭੰਦੇਹਰ ਸਾਰੇ।
ਲੈ ਥੈਲੀ ਅਰੁ ਭੇਲੀ ਤਜਾਰੇ।
ਮਾਰਗ ਪਰੇ ਦਰਸਿਬੇ ਹੇਤੁ।
ਜਿਨ ਕੇ ਸੁਧਿ ਪਰਲੋਕ ਅਚੇਤ[1] ॥੧੪॥

[1]ਘਰ ਵਿਚ ਆਏ (ਸ਼੍ਰੀ ਗੁਰੂ ਜੀ ਨੂੰ) ਅਸੀਂ ਉਠ ਕੇ ਜਾਕੇ ਨਾ ਮਿਲੇ (ਅ) ਅਸੀਂ (ਗੁਰੂ ਜੀ ਨੂੰ) ਮਿਲੇ ਨਾ ਤੇ ਉਠਕੇ (ਆਪਣੇ) ਘਰੀਂ ਆ ਗਏ।

[1]ਸ੍ਰੇਸ਼ਟ ਵਰ।

[1]ਜੇਹੜੇ ਪ੍ਰਲੋਕ ਦੀ ਸੁਧ ਤੋਂ ਅਚੇਤ ਹਨ।

ਅਰਧ ਪੰਥ ਜਬ ਪਹੁੰਚੇ ਜਾਇ।
ਮਿਲ੍ਯੋ ਸਮੁਖ ਮਾਨਵ ਇਕ ਆਇ।
ਬੂਝਨਿ ਲਗੇ 'ਕਹਾਂ ਤੇ ਆਯੋ?
ਗੁਰੂ ਸਿਵਰ ਕਿਸ ਥਲ ਮੈਂ ਛਾਯੋ?
॥੧੫॥
ਜੇ ਕਰਿ ਤਿਨ ਕੋ ਦਰਸਨਿ ਲੀਨਿ।
ਹਮਹੁਂ ਬਤਾਵਹੁ ਕਿਸਿ ਬਿਧਿ ਕੀਨਿ?
ਕੌਨ ਉਪਾਇਨ ਅਰਪੀ ਜਾਇ?
ਕਿਮ ਸ਼੍ਰੀ ਮੁਖ ਕਹਿ ਨਿਕਟਿ ਬਿਠਾਇ?'
॥੧੬॥
ਸੁਨਿ ਕੈ ਤਿਸ ਨੇ ਸਕਲ ਬਤਾਈ।
'ਗੁਰ ਦਰਸ਼ਨ ਕੀਨਸਿ ਢਿਗ ਜਾਈ।
ਮੈਂ ਨ ਪਾਸ ਤੇ ਪੈਸਾ ਦੀਨਸਿ।
ਨਹਿਂ ਤਿਨ ਜਾਚਿ ਕਛੂ ਅਬਿ ਲੀਨਸਿ
॥੧੭॥
ਬੈਠੇ ਜੋ ਪ੍ਰਸ਼ਾਦਿ ਕੁਛ ਆਵਾ।
ਬਰਤਤਿ ਦਿਯੋ ਤਹਾਂ ਮੈਂ ਖਾਵਾ।
ਬਿਨਾ ਦਿਯੇ ਦਰਸ਼ਨ ਬਹੁ ਕਰੈਂ।
ਆਵਹਿ ਜਾਇ ਨਿਕਟਿ ਬਹੁ† ਥਿਰੈਂ †ਪਾ:-ਕੋ।
॥੧੮॥
ਸੁੰਦਰ ਹੈ ਸੁਭਾਇ ਜਿਨ ਕੇਰਾ।
ਅਲੀਸ਼ੇਰ ਢਿਗ ਕੀਨਸਿ ਡੇਰਾ।
ਲੇਨਿ ਦੇਨਿ ਕੀ ਬਾਤ ਨ ਕੋਈ।
ਬੈਠੇ ਦਰਸ਼ਨ ਦੇਵਹਿਂ ਸੋਈ' ॥੧੯॥
ਸੁਨਤਿ ਭੰਦੇਹਰ ਹਰਖ ਬਧਾਏ।
ਬੈਸਿ ਗਏ ਤਿਹਠਾਂ ਸਮੁਦਾਏ।
ਗੁਰ ਰੋਰੀ ਤਹਿਂ ਫੋਰਨਿ ਕਰੀ।
ਆਪਸ ਮਹਿਂ ਬਿਰਤੀ ਸਮਸਰੀ ॥੨੦॥
ਲਾਲਚ ਕਰਿ ਖੈਬੇ ਮਿਸ਼ਟਾਨ।
ਤਿਸੀ ਥਾਨ ਮਹਿਂ ਕੀਨਸਿ ਖਾਨ।
ਕਹਹਿਂ ਪਰਸਪਰ 'ਭੀ ਹ੍ਵੈ ਆਛੇ।
ਗੁੜ ਖਾਵਹਿਂ ਲੇਂ ਦਰਸ਼ਨ ਪਾਛੇ ॥੨੧॥

ਨਾਂਹਿ ਤ ਅਰਪਤਿ ਤਿਨ ਕੇ ਪਾਸ।
ਸੋ ਲੇਤੇ ਹਮ ਹੋਤਿ ਨਿਰਾਸ।
ਨਿਕਟਿ ਟਕੇ ਭੀ ਰਾਖਹੁ ਨਾਂਹੀ।
ਖਨਿਕੈ ਦਾਬ ਚਲਹੁ ਛਿਤ ਮਾਂਹੀ ॥੨੨॥
ਢਿਗ ਤੇ ਹੇਰਿ ਜਾਚਿ ਨਹਿਂ ਲੇਹਿਂ।
ਰਾਖੇ ਜਾਇਂ ਨ ਗੁਰ ਤੇ ਏਹ।'
ਮਨ ਕੇ ਰੰਕ ਮਹਾਂ ਮਤਿ ਮੰਦੇ।
ਕਰਮ ਕਰਤਿ ਹੈਂ ਪਸ਼ੂ ਮਨਿੰਦੇ ॥੨੩॥
ਇਮ ਕਹਿ ਤਿਸ ਥਲ ਟਕੇ ਦਬਾਏ[†]।

[†]ਅਤਿ ਮੂਰਖ ਤੇ ਮਹਾਨ ਸਿੱਧੜ ਲੋਕਾਂ ਦੇ ਇਲਾਕੇ ਵਿਚੋਂ ਲੰਘ ਰਹੇ ਹਨ।

ਸਭਿ ਮਿਲਿ ਗਏ ਗੁਰੂ ਜਿਸ ਥਾਂਏ।
ਦਰਸ਼ਨ ਕੀਨਸਿ ਹਾਥਨਿ ਜੋਰਿ।
ਨਮੋ ਠਾਨਿ ਢਿਗ ਟਿਕੇ ਬਹੋਰ ॥੨੪॥
ਕਰਹਿ ਪਰਸਪਰ ਬੋਲਨਿ ਐਸੇ।
ਸਤਿਗੁਰ ਸੁਨਹਿ ਬਾਕ ਤਿਨ ਜੈਸੇ[1]।

[1]ਜਿਵੇਂ ਗੁਰੂ ਜੀ ਉਹਨਾਂ ਦੇ ਵਾਕ ਸੁਣ ਲੈਣ।

'ਕਹਤਿ ਹੁਤੋ ਇਕ ਮਾਨਵ ਕੂਰ।
-ਲੇ ਕਰਿ ਦਰਸ਼ਨ ਦੇਤਿ ਹਜ਼ੂਰ- ॥੨੫॥
ਇਹਾਂ ਲੇਨਿ ਕੋ ਜ਼ਿਕਰ ਨ ਕੋਈ।
ਬੈਠੇ ਦੇਤਿ ਦਰਸ ਗੁਰ ਸੋਈ।
ਦਰਸ਼ਨ ਹਮ ਅਮੋਲ ਹੀ ਪਾਯੋ।
ਜਿਨ ਕੋ ਸੁਜਸੁ ਜਗਤ ਮੈਂ ਛਾਯੋ' ॥੨੬॥
ਇਮ ਭਾਖਤਿ ਘਟਿਕਾ ਜੁਗ ਬੈਠੇ।
ਪੁਨਹਿਂ ਗ੍ਰਾਮ ਅਪਨੇ ਚਲਿ ਪੈਠੇ[1]।

[1]ਚੱਲ ਪਏ।

ਅਲੀਸ਼ੇਰ ਕੇ ਮਨੁਜਨਿ ਸੁਨੀ।
'ਉਤਰੇ ਵਹਿਰ ਗੁਰੂ ਜਗ ਧਨੀ ॥੨੭॥
ਨਰ ਸਮੁਦਾਇ ਆਇ ਦਰਸੰਤੇ।
ਅਨਿਕ ਭਾਂਤਿ ਕੀ ਸੇਵ ਕਰੰਤੇ।
ਹਮ ਕੋ ਭੀ ਅਬਿ ਇਮ ਬਨਿ ਆਇ।
ਦਰਸ਼ਨ ਕਰਹਿਂ ਮਿਲਹਿਂ ਢਿਗ ਜਾਇ ॥੨੮॥
ਪੁਰਖ ਮਹਾਨ ਸਮੀਪੀ ਪਾਇ।
ਨਹਿ ਦਰਸਹਿਂ ਇਹ ਦੋਸ਼ ਕਹਾਇ।'

ਪੁਨਹਿਂ ਪਰਸਪਰ ਕਹਤਿ ਸੁਨੰਤੇ।
'ਕਜਾ ਲੇ ਚਲਹਿਂ ਜਿ ਤਿਨ ਦਰਸੰਤੇ
॥੨੯॥
ਪੂਰਬ ਕਰਹੁ ਉਪਾਇਨ ਤਜਾਰ।
ਮਿਲਿ ਸਭਿ ਦਰਸਹੁ ਦਰਸ ਉਦਾਰ।'
ਇਕ ਨੇ ਕਹ੍ਯੋ 'ਭੰਦੇਹਰ ਆਏ।
ਤਿਨਹਿਂ ਆਨਿ ਕਜਾ ਤਹਾਂ ਚਢਾਏ?
॥੩੦॥
ਸਭਿ ਸੁਧਿ ਲਿਹ ਗਮਨੇ ਮਿਲਿ ਜਥਾ।
ਪੁਨ ਤੁਮ ਕਰਹੁ ਲਾਇਕੀ ਤਥਾ।
ਗ੍ਰਾਮ ਪੰਚਾਇਤ ਹੁਤੀ ਸੁ ਜੈਸ।
ਘਾਟ ਨ ਤੁਮ ਭੀ ਲਾਇਕ ਤੈਸੇ' ॥੩੧॥
ਤਿਨ ਮਹੁਂ ਇਕ ਨੇ ਸਕਲ ਸੁਨਾਈ।
'ਉਨ ਕੀ ਸੁਧਿ ਮੁਝ ਤੇ ਲਿਹੁ ਪਾਈ।
ਕਛੂ ਨ ਭੇਟ ਧਰੀ ਗੁਰ ਆਗੇ।
ਛੂਛੇ ਪਾਨ ਦਰਸ ਕਹੁ ਲਾਗੇ ॥੩੨॥
ਮਿਲਿ ਕਰਿ ਗਏ ਨ ਬੋਲ੍ਯੋ ਕੋਊ।
ਇਮ ਦਰਸ਼ਨ ਕੀਨਸਿ ਮਿਲਿ ਸੋਊ।'
ਸੁਨਿ ਕੈ ਕਹਤਿ ਭਏ ਨਰ ਸਾਰੇ।
'ਹਮ ਕਜਾ ਤਿਨ ਤੇ ਹੀਨ ਬਿਚਾਰੇ
॥੩੩॥
ਤਿਨਹੁਂ ਜਿ ਮਿਲਿ ਕੈ ਨਹਿਂ ਕੁਛ ਦਿਯੋ।
ਛੂਛੇ ਹੋਇ ਦਰਸ ਗੁਰ ਲਿਯੋ†।
ਤੈਸੇ ਹੀ ਤੁਮ ਗਮਨਹੁਂ ਸਾਰੇ।'
ਮੰਦਮਤੀ ਮਹਿਮਾ ਨ ਬਿਚਾਰੇ ॥੩੪॥
ਛੂਛੇ ਜਾਇ ਦਰਸ ਕੌ ਕਰ੍ਯੋ।
ਰਹੇ ਮੌਨ ਗੁਰ ਕੁਛ ਨ ਉਚਰ੍ਯੋ।
ਏਕ ਨਿਸਾ ਬਸਿ ਕੈ ਤਿਸ ਥਾਈਂ।
ਗਮਨੇ 'ਜੋਗੇ' ਗ੍ਰਾਮ ਗੁਸਾਈਂ ॥੩੫॥
ਹੁਤੋ ਨਿਕਟਿ ਡੇਰਾ ਕਰਿ ਦੀਨਾ।
ਬੈਠਿ ਬਿਰਾਜੇ ਪ੍ਰਭੁ ਪ੍ਰਬੀਨਾ।
ਦੁਗਧ ਦੇਤਿ ਇਕ ਮਹਿਖੀ ਸਾਥ[1]।

†ਪਾ:-ਲਹ੍ਯੋ।

[1]ਦੁੱਧ ਦਿੰਦੀ ਇਕ ਮੱਝ ਨਾਲ ਸੀ।

ਤਿਸ ਕੀ ਦਿਸ਼ਾ ਦੇਖਿ ਜਗਨਾਥ ॥੩੬॥
ਪਾਸ ਦਾਸ ਗਨ ਤਿਨ ਸੋਂ ਕਹ੍ਯੋ।
'ਦਿਵਸ ਦੁਪਹਿਰ ਭਯੋ ਹਮ ਲਹ੍ਯੋ।
ਨਹੀਂ ਗ੍ਰਾਮ ਤੇ ਕੋ ਨਰ ਆਯੋ।
ਘਾਸ ਆਦਿ ਕੁਛ ਨਹਿਂ ਮੰਗਵਾਯੋ ॥੩੭॥
ਭਾਉ ਨ ਕਰ੍ਯੋ ਆਨਿ ਕਰ ਕਾਂਹੂ।
ਮਾਨਵ ਹੈਂ ਕਿ ਨਹੀਂ ਇਸ ਮਾਂਹੂ?
ਪਰ੍ਯੋ ਸ਼ੂੰਨ ਜੈਸੇ ਦ੍ਰਿਸ਼ ਟਾਵੈ।
ਵਹਿਰ ਨਹੀਂ ਕੋ ਆਵਤਿ ਜਾਵੈ' ॥੩੮॥
ਸਿੱਖਜਨਿ ਸੁਨਿ ਕੈ ਭੇਵ ਜਨਾਯੋ।
'ਹੈ ਇਮ ਜਥਾ ਆਪ ਫੁਰਮਾਯੋ।
ਸਭਿ ਨਰ ਗੁਨ ਤੇ ਹੀਨ ਦਿਸਾਵੈਂ।
ਇਸ ਥਲ ਨਿਸ ਸੁਖ ਸੋਂ ਨ ਬਿਤਾਵੈਂ' ॥੩੯॥
ਸੁਨਤਿ ਸਤਿਗੁਰੂ ਕੂਚ ਕਰਾਯੋ।
ਗਮਨੇ ਮਾਰਗ ਸਿਖ ਸਮੁਦਾਯੋ।
ਜਿਸਨੇ ਜੋਗਾ ਕਰ੍ਯੋ ਬਸਾਵਨਿ।
ਸੋ ਜੁਗਰਾਜ[1] ਹੁਤੋ ਤਿਸ ਥਾਂਵ ਨ ॥੪੦॥
ਤਿਸ ਕੋ ਪਿਤਾ ਮਿਲ੍ਯੋ ਮਗ ਮਾਂਹਿ।
ਗੁਰ ਪਦ ਪੰਕਜ ਬੰਦੇ ਤਾਂਹਿ।
ਕਹ੍ਯੋ ਬਾਕ ਨਿਤ ਦੇਖਿ ਸਮਾਜ।
'ਰਲੀਏ[1] ਉਤਰਹੁ ਗੁਰ ਮਹਾਰਾਜ! ॥੪੧॥
ਡੇਰਾ ਕਰਹੁ ਸਕਲ ਸੁਖ ਪਾਵਹੁ।
ਬਸਹੁ ਨਿਸਾ ਪੁਨ ਕੂਚ ਕਰਾਵਹੁ।'
ਸੁਨਿ ਸਤਿਗੁਰ ਸ਼੍ਰੀ ਮੁਖ ਫੁਰਮਾਇ।
'ਨਹਿਂ ਅਬਿ ਰਲਿਯੇ ਉਤਰਹਿਂ, ਜਾਇਂ[1] ॥੪੨॥
ਡੇਰਾ ਕਰਹਿ ਗ੍ਰਾਮ -ਭੂਪਾਲ-।
ਜਾਮਨਿ ਤਹਾਂ ਬਿਤਾਵਹਿਂ ਚਾਲਿ।
ਤੂੰ ਜੋਗੇ ਨੂੰ ਅਧਿਕ ਬਸਾਓ।

[1] ਨਾਮ ਹੈ। (ਅ) ਜੋਗਾ+ਰਾਜ = ਜੋਗੇ ਪਿੰਡ ਦਾ ਮਾਲਕ।

[1] 'ਰੱਲਾ' ਪਿੰਡ ਦਾ ਨਾਮ ਹੈ। 'ਜੋਗਾ' 'ਰੱਲਾ' ਪਿੰਡ ਨੇੜੇ ਨੇੜੇ ਹਨ।

[1] ਜਾ ਰਹੇ ਹਾਂ ਹੁਣ ਰੱਲੇ ਨਹੀਂ ਉਤਰਦੇ।

ਥਲ ਅਜੀਤ ਤਿਹ ਕੋ ਲਖਿ ਪਾਓ'
॥੪੩॥
ਇਮ ਕਹਿ ਉਤਰੇ ਜਾਇ 'ਭੂਪਾਲੀ।'
ਨਿਸਾ ਬਿਤਾਵਨਿ ਕੀਨਿ ਸੁਖਾਲੀ।
ਖਾਨ ਪਾਨ ਕਰਿ ਸਭਿ ਬਿਧਿ ਆਛੇ।
ਭਈ ਪ੍ਰਭਾਤਿ ਗਮਨਿ ਗੁਰ ਬਾਂਛੇ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰਨਨੰ ਨਾਮ ਖਸਟ ਤ੍ਰਿੰਸਤੀ ਅੰਸੂ ॥੩੬॥

## ੩੭. [ਖੀਵਾ। ਭਿੱਖੀ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:
ਕੂਚ ਭੁਪਾਲਾਂ ਤੇ ਕਰਯੋ, ਤੇਗ ਬਹਾਦਰ
ਰਾਇ।
ਆਇਓ 'ਖੀਵਾ' ਗ੍ਰਾਮ ਪੁਨ, ਉਤਰੇ ਸਹਿਜ
ਸੁਭਾਇ ॥੧॥
ਚੌਪਈ:
ਗ੍ਰਾਮ ਬਿਸਾਲ ਬਸਤਿ ਸੋ ਅਹੈ।
ਸਿੰਘਾ ਰਾਹਿਕ ਇਕ ਤਹਿਂ ਰਹੈ।
ਸਹਿਜ ਸੁਭਾਇਕ ਸੋ ਚਲਿ ਆਵੈ।
ਦੁਤਿ ਤ੍ਰੈ ਘਟਿਕਾ ਬੈਠਿ ਸਿਧਾਵੈ ॥੨॥
ਇਕ ਦਿਨ ਵਹੁ ਬੈਠਯੋ ਜਬਿ ਆਈ।
ਤੁਰਤ ਚਲਯੋ ਉਠਿ ਕੈ ਪਿਛਵਾਈ।
ਬੂਝਯੋ ਗੁਰ 'ਕਯੋਂ ਤੁਰਤ ਸਿਧਾਰਾ?
ਕਾਜ ਕੌਨ ਅਸ ਭੌਨ ਮਝਾਰਾ?' ॥੩॥
ਸਿੰਘਾ ਕਹੈ 'ਨ ਕਾਰਜ ਕੋਈ।
ਇਕ ਕੇ ਸਦਨ ਸਗਾਈ ਹੋਈ।
ਬਾਂਟਤਿ ਹੈਂ ਸਭਿ ਕੋ ਮਿਸ਼ਟਾਨ।
ਭਏ ਲੋਕ ਇਕਠੇ ਤਿਸ ਥਾਨ ॥੪॥
ਤਹਾਂ ਜਾਇ ਕੈ ਨਿਜ ਬਰਤਾਵਾ।
ਲੈ ਆਵੋਂ, ਇਸ ਹੇਤੁ ਸਿਧਾਰਾ।'
ਸੁਨਿ ਸਤਿਗੁਰ ਬੋਲੇ ਕਰਿ ਕਰੁਨਾ।
'ਅਬਿ ਤੇ ਕਬਹਿ ਜਾਹੁ ਕਿਸ ਘਰ ਨਾ
॥੫॥
ਤੁਵ ਬੈਠੇ ਨਿਜ ਸਦਨ ਮਝਾਰੇ।
ਪਹੁੰਚਹਿਂ ਆਇ ਜੁਗਲ ਬਰਤਾਰੇ[1]।'
ਸੁਨਿ ਕੈ ਰਾਹਕ ਸਿਦਕ ਕਮਾਵਾ।
ਬੈਠਯੋ ਨਿਕਟਿ ਨ ਅਨਤ ਸਿਧਾਵਾ[1]
॥੬॥
ਕਹਤਿ ਭਯੋ 'ਤੁਮ ਪੁਰਖ ਬਡੇਰੇ।
ਹਮ ਸੇ ਤੁਮ ਚੇਰਨਿ ਕੇ ਚੇਰੇ[1]।

[1]ਦੋ ਵਰਤਾਰੇ, ਦੋ ਛਾਂਦੇ।

[1]ਹੋਰ ਥੇ ਨਾਂ ਗਿਆ।

[1]ਸਾਡੇ ਵਰਗੇ ਆਪ ਦੇ ਦਾਸਾਂ ਦੇ ਦਾਸ ਹਨ।

ਬਾਕ ਉਚਾਰਨਿ ਕਰਿ ਹੋ ਜਥਾ।
ਤਾਤਕਾਲ ਫੁਰਿ ਹੋਵਹਿ ਤਥਾ' ॥੭॥
ਉਤ ਜਿਸ ਕੇ ਘਰ ਭਈ ਸਗਾਈ।
ਸਭਿ ਭਾਈਨ ਬਿਖੈ ਬਰਤਾਈ।
ਸਿੰਘਾ ਨਹਿਂ ਦੇਖ੍ਯੋ ਤਹਿਂ, ਪੂਛਾ।
'ਆਯੋ ਕ੍ਯੋਂ ਨ, ਰਹੇ ਪੁਨ ਛੂਛਾ?' ॥੮॥
ਤਹਿਂ ਇਕ ਨੇ ਭਾਖ੍ਯੋ 'ਸੋ ਗਯੋ।
ਵਹਿਰ ਗੁਰੂ ਜਹਿਂ ਉਤਰਤਿ ਭਯੋ।
ਹੋਇ ਨਿਕੰਮਾ ਦਿਵਸ ਬਿਤਾਵੈ।
ਸਾਧੁ ਫਕੀਰ ਨਿਕਟਿ ਚਲਿ ਜਾਵੈ ॥੯॥
ਬੈਠ੍ਯੋ ਰਹੈ ਸੰਝ ਲੌ ਤਹਾਂ।
ਪਹਿਰਨਿ ਖੈਬੋ ਪਾਇ ਨ ਜਹਾਂ।
ਐਸੀ ਸਦਾ ਰੀਤਿ ਤਿਸ ਕੇਰੇ।
ਬੈਠਹਿ ਵਹਿਰ ਕੋਇ ਕਿਤ ਹੇਰੇ?'
॥੧੦॥
ਸੁਨਿ ਕਰਿ ਗ੍ਰਾਮ ਚੌਧਰੀ ਤਬੈ।
ਬਾਕ ਬਖਾਨ੍ਯੋਂ ਸੁਨਤੇ ਸਬੈ।
'ਨੀਕੀ ਰੀਤਿ ਸਾਧੁ ਢਿਗ ਜਾਨੋ।
ਤੁਮ ਸਗਰੇ ਇਸ ਬਿਧਿ ਅਬਿ ਮਾਨੋ
॥੧੧॥
ਦੇਵਹੁ ਤਿਸ ਕੇ ਦੋ ਬਰਤਾਰੇ।
ਜੇ ਨ ਆਇ, ਦਿਹੁ ਸਦਨ ਮਝਾਰੇ।'
ਤਬਿ ਤੇ ਕੁਛ ਬਰਤਾਵਹਿ ਕੋਊ।
ਪਹੁੰਚਹਿਂ ਤਿਹ ਬਰਤਾਰੇ ਦੋਊ ॥੧੨॥
ਤਿਸ ਬਿਨ ਗੁਰ ਕੋ ਮਿਲ੍ਯੋ ਨ ਕੋਈ।
ਭਾਗ ਬਿਹੀਨ ਗ੍ਰਾਮ ਥੋ ਸੋਈ।
ਸੇਵਾ ਕਰੀ ਨ ਫਲ ਕਿਛੁ ਪਾਵਾ।
ਸਤਿਗੁਰ ਤੇ ਨਹਿਂ ਕੋ ਬਰੁਸਾਵਾ ॥੧੩॥
ਤਹਿਂ ਤੇ ਕਰ੍ਯੋ ਕੂਚ ਗੁਰ ਸ੍ਵਾਮੀ।
ਡੇਢ ਕੋਸ ਗੇ ਅੰਤਰਜਾਮੀ।
ਤਬਿ ਪਿਸ਼ੌਰ ਕੀ ਸੰਗਤਿ ਆਈ।
ਖੋਜਤਿ ਬਹੁ ਥਲ ਤੇ ਸਮੁਦਾਈ ॥੧੪॥

ਬ੍ਰਿੰਦ ਉਪਾਇਨ ਸੰਗ ਉਠਾਏ।
ਗੁਰ ਦਰਸ਼ਨ ਕੇ ਅਧਿਕ ਤਿਸਾਏ।
ਜਾਨਿ ਪ੍ਰੇਮ ਤਿਨ ਕੇ ਮਨ ਕੇਰੇ।
ਉਤਰਿ ਪਰੇ ਉੱਦਜਾਨ ਬਡੇਰੇ ॥੧੫॥
ਜਾਲ ਬਿਰਛ ਕੀ[1] ਛਾਯਾ ਹੇਰੀ।
ਹੁਤੀ ਸਘਨ ਸੁੰਦਰ ਤਿਸ ਬੇਰੀ।
ਉਤਰਿ ਤਹਾਂ ਪਰਯੰਕ ਡਸਾਵਾ।
ਚਾਰੁ ਚੁਕੌਨ ਬਿਛੌਨ ਬਿਛਾਵਾ ॥੧੬॥
ਬੈਠਿ ਗਏ ਸਤਿਗੁਰੂ ਬਿਰਾਜੈਂ।
ਜਿਨ ਦਰਸ਼ਨ ਕਰਿਬੇ ਦੁਖ ਭਾਜੈਂ।
ਚਾਰੁ ਚਾਦਰਾ ਦੀਰਘ ਘਨੋ।
ਸੁੰਦਰ ਬਦਨ ਚੰਦ੍ਰਮਾ ਮਨੋ ॥੧੭॥
ਅੰਮ੍ਰਿਤ ਸਮ ਕੋਮਲ ਬਰ ਬੈਨ।
ਕਰੁਨਾ ਭਰੇ ਰਸੀਲੇ ਨੈਨ।
ਸੁੰਦਰ ਸ਼ਮਸ ਚੁਗਿਰਦੈ ਮੁਖ ਕੇ।
ਮੁਸਕਾਵਤਿ ਬੋਲਤਿ ਬਚ ਸੁਖ ਕੇ ॥੧੮॥
ਸੰਗਤਿ ਆਨਿ ਚਰਨ ਲਪਟਾਈ।
ਹਾਥ ਜੋਰਿ ਸਿਰ ਦੇਤਿ ਨਿਵਾਈ।
ਕਰ ਸੋਂ ਚਰਨ ਛੁਵਹਿਂ ਮੁਖ ਫੇਰਹਿਂ[1]।
ਧੰਨ ਜਨਮ ਅਪਨੋ ਪੁਨ ਹੇਰਹਿਂ ॥੧੯॥
ਧਰਹਿਂ ਉਪਾਇਨ ਅਰਪਿ ਅਗਾਰੀ।
ਧਨ ਅਰੁ ਬਸਨ ਮੋਲ ਜਿਨ ਭਾਰੀ।
ਅਪਰ ਪਦਾਰਥ ਅਰਪਤਿ ਰਾਸ।
ਸ੍ਰੀ ਗੁਰੁ ਨਿਕਟਿ ਹੋਤਿ ਅਰਦਾਸ ॥੨੦॥
ਬਿਨੈ ਠਾਨਿ ਪਰਿਕਰਮਾ ਕਰਿ ਹੈਂ।
ਉਸਤਤਿ ਅਨਿਕ ਪ੍ਰਕਾਰ ਉਚਰਿ ਹੈਂ।
ਮਨ ਭਾਵਤਿ ਸਤਿਗੁਰ ਬਰ ਦੀਨੇ।
ਤਿਨ ਕੀ ਘਾਲ ਪ੍ਰੇਮ ਯੁਤਿ ਚੀਨੇ ॥੨੧॥
ਮਿਲੇ ਬਹੁਤ ਦਿਨ ਖੋਜਤਿ ਆਏ।
ਸ਼੍ਰਮਤਿ ਭਏ ਪੁਨ ਦਰਸ਼ਨ ਪਾਏ।

[1]ਵਣ ਅਰਥਾਤ ਪੀਲੂ ਦਾ ਬ੍ਰਿਛ। (ਅ) ਬਹੁਤ ਬ੍ਰਿੱਛਾਂ ਦੀ।

[1]ਹੱਥ ਨਾਲ ਚਰਨ ਛੋਹ ਕੇ ਮੁਖ ਉਪਰ ਫੇਰਦੇ ਹਨ।

ਗੁਰ ਕਹਿ ਦੀਨਸਿ ਧੀਰ ਦਿਲਾਸਾ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਚਹੁੰ ਪਾਸਾ ॥੨੨॥
ਇਤਨੇ ਮਹਿਂ ਰਾਹਕ ਇਕ ਆਵਾ।
ਪਿਖਿ ਪ੍ਰਭਾਵ ਕੋ ਸੀਸ ਨਿਵਾਵਾ।
'ਨਿਕਟਿ ਖੇਤ੍ਰ ਮੈਂ ਲਾਂਗੁਲ ਵਾਹਤਿ[1]।
ਨਰ ਗਨ ਪਿਖਿ ਕਰਿ ਦਰਸ ਉਮਾਹਤਿ ॥੨੩॥
ਤੱਕ੍ਰ[1] ਹਮਾਰੇ ਘਰ ਤੇ ਆਈ।
ਕਰਹੁ ਆਪ ਭੀ ਪਾਨ ਮੰਗਾਈ।'
ਗੁਰ ਤਬਿ ਕਹਜੋ 'ਭਾਵ ਸ਼ੁਭ ਹੇਰਾ।
ਤੂੰਹੀ ਪਾਨ ਕਰਹੁ ਇਸ ਬੇਰਾ' ॥੨੪॥
ਸੁਨਿ ਪੁਨ ਭਨਜੋ 'ਆਪ ਭੀ ਪੀਯੋ।
ਕ੍ਰਿਪਾ ਦ੍ਰਿਸ਼ਟਿ ਮੈਂ ਪੇਖਤਿ ਜੀਯੋ।'
ਬਾਰਿ ਬਾਰਿ ਕਹਿ ਰਾਹਕ ਰਹਜੋ।
ਤਬਿ ਸਤਿਗੁਰ ਸਿੱਖਨਿ ਸੋਂ ਕਹਜੋ ॥੨੫॥
ਤੱਕ੍ਰ ਪਾਨ ਕੀਨਸਿ ਤਿਸ ਬੇਰੀ।
ਸੰਗਤਿ ਤਿੱਖ੍ਰ ਮਿਟਾਇ ਬਡੇਰੀ।
ਰਾਹਕ ਸੋਂ ਤਬਿ ਸਤਿਗੁਰ ਪ੍ਰਾਹੀ।
'ਦੁਗਧ ਰਹੈ ਬਹੁ ਤੁਵ ਘਰ ਮਾਂਹੀ ॥੨੬॥
ਖੁਰਹਿ ਨਹੀਂ ਕਬਿ, ਹੋਇ ਘਨੇਰੇ।
ਸਤਿਸੰਗਤਿ ਸੇਵੀ ਇਸ ਬੇਰੇ।'
ਇਮ ਸੰਗਤਿ ਕੋ ਕਰਿ ਸਨਮਾਨ।
ਤਹਿਂ ਤੇ ਸਤਿਗੁਰ ਕੀਨਸਿ ਪਜਾਨ ॥੨੭॥
ਸਗਰੀ ਸੰਗਤਿ ਸੰਗ ਲਿਆਏ।
'ਭਿੱਖੀ' ਗ੍ਰਾਮ ਸਮੁਖ ਕੋ ਆਏ।
ਸਨੇ ਸਨੇ ਗਮਨਤਿ ਸੁਖ ਸਾਥ।
ਤਹਾਂ ਆਇ ਉਤਰੇ ਜਗ ਨਾਥ ॥੨੮॥
ਇਕ ਦਿਨ ਸੰਗਤਿ ਤਿਹਠਾਂ ਰਹੀ।
ਪੁਨਹਿ ਬਿਦਾ ਗਮਨੇ ਉਰ ਚਹੀ।

[1]ਹਲ ਵਾਹੁੰਦਾ ਸੀ।

[1]ਲੱਸੀ [ਸੰਸ. ਤੱਕ੍ਰ]

ਸਿਰੇਪਾਉ ਤਿਨ ਕੋ ਬੰਧਵਾਏ।
ਜਥਾ ਜੋਗ ਜੇਤਿਕ ਮੁਖਿ[1] ਆਏ ॥੨੯॥ [1]ਮੁਖੀਏ।
ਪੁਨ ਮਸੰਦ ਸੋਂ ਪਾਗ ਬੰਧਾਈ।
ਬਿਦਾ ਦਈ ਸਭਿਹਿਨਿ ਸੁਖਦਾਈ।
ਗੁਰ ਕੀ ਖੁਸ਼ੀ ਲਈ ਸਭਿ ਪਾਇ।
ਗਮਨ ਕੀਨਿ ਸੰਗਤਿ ਸਮੁਦਾਇ ॥੩੦॥
ਤਿਨ ਪਾਛੇ ਸਤਿਗੁਰ ਸੁਖ ਧਾਮਾ।
ਬਸੇ ਕਿਤਿਕ ਦਿਨ ਭਿੱਖੀ ਗ੍ਰਾਮਾ।
ਤਹਿਂ ਦੇਸੂ ਸਰਦਾਰ ਬਿਸਾਲੈ।
ਚਾਹਲ ਗੋਤ ਚਢਹਿ ਤਿਸ ਨਾਲੈ[1] ॥੩੧॥ [1]ਚਾਹਲਾਂ ਦਾ (ਸਾਰਾ) ਗੋਤ (ਕਬੀਲਾ) ਤਿਸਦੇ ਨਾਲ ਚੜ੍ਹਦਾ ਸੀ।
ਦੁਇ ਦਿਨ ਬਿਤੇ ਮਿਲਨਿ ਨਹੀਂ ਆਯੋ।
ਜਿਨ ਸਰਵਰ ਸੇਵਾ ਚਿਤ ਲਾਯੋ।
ਦੇਹਿ ਦਰੂਦ ਰੋਟ ਪਕਵਾਇ।
ਸਾਦਰ ਬੈਠਿ ਭਿਰਾਈ ਖਾਇਂ ॥੩੨॥
ਸਰਵਰ ਕੀ ਖੁੰਡੀ ਗਰ ਗੋਰੀ[1]। [1]ਗਲ ਵਿਚ ਪਾਈ।
ਤਿਸ ਮਹਿਂ ਸ਼ਰਧਾ ਠਾਨਿ ਘਨੇਰੀ।
ਹਿੰਦੂ ਧਰਮ ਨ ਕਛੂ ਬਿਚਾਰਹਿ।
ਤੁਰਕ ਰੀਤਿ ਸਿਰ ਊਪਰ ਧਾਰਹਿ ॥੩੩॥
ਪਰਮੇਸ਼ੁਰ ਕੋ ਜਾਨਹਿਂ ਨਾਂਹੀ।
ਮਹਾਂਮੰਦ ਗਮਨੈ ਬਦਰਾਹੀ[1]। [1]ਖੋਟੇ ਰਾਹ ਟੁਰਦਾ ਸੀ।
ਜੇ ਦਿਜ ਪੰਡਿਤ, ਇਨ ਕਹੁ ਮਾਨਹਿਂ।
ਅਪਰਨ ਕੀ ਤਬਿ ਕੌਨ ਬਖਾਨਹਿ ॥੩੪॥
ਗੁੱਗਾ, ਮੀਰਾਂ, ਅਰੁ ਸੁਲਤਾਨ।
ਧਰਮ ਛੋਡਿ ਇਨ ਮਾਨਹਿਂ ਆਨ।
ਤੌ ਪਰਮੇਸ਼ੁਰ ਕੋ ਕਤਾ ਮਾਨਹਿਂ।
ਡਹਿਕੇ ਹਿੰਦੂ ਤਜਾਗਤਿ ਸਜਾਨਹਿਂ ॥੩੫॥
ਕਿਤਿਕ ਸਿੱਖ ਭਿੱਖੀ ਕੇ ਮਾਂਹਿ।
ਦੇਸੂ ਕੋ ਸਮੁਝਾਵਤਿ ਚਾਹਿ।

'ਸ਼੍ਰੀ ਨਾਨਕ ਕੀ ਗਾਦੀ ਪਰ ਹੈਂ।
ਮਿਲਹੁ ਇਨਹਿਂ ਜੇ ਨਿਜ ਸੁਖ ਕਰਿ ਹੈਂ
॥ ੩੬ ॥
ਇਨ ਕੋ ਕ੍ਰੋਧ ਪ੍ਰਸੰਨ[1] ਅਫਲ ਨਹਿਂ। [1]ਖੁਸ਼ੀ।
ਦਾਤਾ ਬਰ ਸਰਾਪ ਕੇ ਸਭਿ ਮਹਿਂ।
ਦੇਵਨਿ ਕਹੁ ਭੀ[1] ਦੁਖ ਸੁਖ ਦਾਨੀ। [1]ਦੇਵਤਿਆਂ ਨੂੰ ਬੀ।
ਨਰ ਬਪੁਰਨਿ ਕੀ ਕਹਾਂ ਕਹਾਨੀ' ॥ ੩੭ ॥
ਇੱਤਜਾਦਿਕ ਤਿਸ ਕੋ ਸਮੁਝਾਇ।
ਸਤਿਗੁਰੁ ਸਾਥ ਮਿਲਿਨਿ ਠਹਿਰਾਇ।
ਭਯੋ ਤਯਾਰ ਕੁਛ ਲਈ ਉਪਾਇਨ।
-ਮਿਲਿ ਕਰਿ ਮੈਂ ਬੰਦੋਂ ਗੁਰੁ ਪਾਇਨ-
॥ ੩੮ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

## ੩੮. [ਦੇਸ ਰਾਜ। ਖਜਾਲਾ ਗ੍ਰਾਮ। ਦਮਦਾ। ਮੌੜ]

੩੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਸਮੁਝਾਯਹੁ ਸਿੱਖਜਨਿ ਜਬਹਿ, ਦੇਸੂ ਹ੍ਵੈ ਕਰਿ ਤਯਾਰ।
ਭੀਰ ਸੰਗ ਲੈ ਨਰਨਿ ਕੀ, ਆਯੋ ਗੁਰ ਦਰਬਾਰ ॥੧॥

ਚੌਪਈ:

ਦਿਵਸ ਤੀਸਰੇ ਦਰਸ਼ਨ ਆਯੋ।
ਪ੍ਰਥਮ ਉਪਾਇਨ ਧਰੀ ਜੁ ਲਯਾਯੋ।
ਬਿਨੈ ਸਨੀ ਬਾਨੀ ਕਹਿ ਕਰਿ ਕੈ।
ਬੰਦਨ ਕੀਨਿ ਚਰਨ ਸਿਰ ਧਰਿ ਕੈ ॥੨॥
ਨਿੰਮ੍ਰਿ ਦੇਖਿ ਕੈ ਸ਼੍ਰੀ ਗੁਰੁ ਪੂਰੇ।
ਕਹਤੇ ਬਾਕ ਬਾਕਨਿ ਕੇ ਸੂਰੇ।
'ਆਵਹੁ ਦੇਸ ਰਾਜ ਬਨਿ ਬੈਠਹੁ।
ਜੇ ਦ੍ਰਿੜ ਸ਼ਰਧਾ ਸ਼ੁਭ ਘਰ ਪੈਠਹੁ[1] ॥੩॥

[1]ਜੇ ਦ੍ਰਿੜ ਸ਼ਰਧਾ ਹੈ ਤਾਂ (ਸਿੱਖੀ ਰੂਪੀ) ਸ਼ੁਭ ਘਰ ਵਿਚ ਪ੍ਰਵੇਸ਼ ਕਰੋ।

ਸਕਲ ਦੇਸ਼ ਪਰ ਹੁਕਮ ਚਲਾਵਹੁ।
ਜੇ ਗੁਰੁ ਸਿੱਖੀ ਸਿਦਕ ਕਮਾਵਹੁ।
ਇਹ ਖੁੰਡੀ ਕਿਮ ਘਰ ਮਹਿਂ ਰਾਖੀ?
ਕਯਾ ਗੁਨ ਕਰਹਿ ਸੁਨਵਾਹੁ ਸਾਖੀ?' ॥੪॥
ਸੁਨਿ ਦੇਸੂ ਨੇ ਸਕਲ ਸੁਨਾਈ।
'ਸਰਵਰ ਕੀ ਖੁੰਡੀ ਇਹੁ ਪਾਈ।
ਨਿਸ ਦਿਨ ਰੱਖਯਾ ਕਰਹਿ ਹਮਾਰੀ।
ਮਹਿਖੀ ਧੇਨੁਨਿ ਦੇਤਿ ਹਜ਼ਾਰੀ[1] ॥੫॥

[1]ਗਊਆਂ ਮੱਝੀਆਂ ਹਜ਼ਾਰਾਂ ਹੀ ਦਿੰਦੀ ਹੈ।

ਦੂਧ ਪੂਤ ਕੋ ਅਧਿਕ ਬਧਾਵਤਿ।
ਸਕਲ ਦੇਸ਼ ਤਿਸ ਬਹੁਤ ਮਨਾਵਤਿ।
ਕਰਹਿਂ ਰੋਟ ਅਰਪਹਿਂ ਤਿਸ ਤਾਈਂ।
ਹਾਥ ਜੋਰਿ ਬੰਦਹਿਂ ਸਿਰ ਨਯਾਈ' ॥੬॥
ਸੁਨਿ ਸਤਿਗੁਰ ਨੇ ਪੁਨ ਸਮੁਝਾਵਾ।
'ਹਿੰਦੁ ਧਰਮ ਬਨ ਕੋ ਇਹ ਦਾਵਾ[1]।

[1]ਹਿੰਦੂ ਧਰਮ (ਰੂਪੀ) ਬਨ ਨੂੰ ਇਹ ਦਾਵਾ ਅਗਨੀ (ਵਤ ਨਾਸ਼ ਕਰਨੇ ਵਾਲੀ ਹੈ)।

ਕਯੋਂ ਅਪਨੋ ਪਰਲੋਕ ਬਿਗਾਰਾ?
ਸੱਤਿਨਾਮ ਕੋ ਰਿਦੈ ਬਿਸਾਰਾ? ॥੭॥
ਜਬਿ ਜਮ ਕੇ ਬਸਿ ਪਰ ਹੈਂ ਜਾਈ।
ਤਹਾਂ ਹੋਇ ਹੈ ਕੌਨ ਸਹਾਈ?
ਜਿਸ ਕੋ ਦੰਡ ਸਭਿਨਿ ਪਰ ਅਹੈ।
ਤਿਸ ਆਗੇ ਕੋ ਧੀਰਜ ਲਹੈ? ॥੮॥
ਸਤਿਗੁਰ ਸੱਤਿਨਾਮ ਬਿਨ ਔਰ।
ਨਹੀਂ ਛੁਰਾਇ ਸਕਹਿ ਤਿਸ ਠੌਰ।
ਜਗ ਮੈਂ ਜੇ ਪ੍ਰਤਾਪ ਕੋ ਚਾਹੈਂ।
ਨਿਜ ਦੁਸ਼ਟਨਿ ਕੋ ਦਲਨਿ ਉਮਾਹੈਂ ॥੯॥
ਹਮ ਤੇ ਪੰਚ ਤੀਰ ਤੁਮ ਲੇਹੁ।
ਸਭਿ ਬਿਧਿ ਕਾਰਜ ਕਰਿ ਹੈਂ ਏਹੁ।'
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਦੇਸੂ ਉਰ ਮਹਿਂ ਤਿਸ ਛਿਨ ਭਾਏ ॥੧੦॥
ਸਰਵਰ ਕੀ ਖੁੰਡੀ ਗਰ ਪਾਈ।
ਤੂਰਨ ਤੋਰਨਿ ਦੂਰ ਬਗਾਈ।
ਪੰਚ ਤੀਰ ਲੇ ਬੰਦਨ ਠਾਨੀ।
ਭਯੋ ਪ੍ਰਸੰਨ ਨੀਕ ਮਨ ਮਾਨੀ ॥੧੧॥
ਅਪਨੇ ਲੋਕਨਿ ਮਹਿਂ ਪੁਨ ਕਹਯੋ।
'ਅਬਿ ਲੌ ਮੈਂ ਭੂਲਯੋ ਬਹੁ ਰਹਯੋ।
ਤੁਰਕਨਿ ਕੋ ਮਾਨਤਿ ਹਮ ਰਹੇ।
ਹਿੰਦੂ ਧਰਮ ਰੀਤਿ ਨਹਿਂ ਲਹੇ ॥੧੨॥
ਪ੍ਰਥਮ ਜਵਨ ਕੋ ਅਰਪ ਜੁ ਦੀਨਾ[1]।
ਪਾਛੇ ਆਪ ਅਚਵਨੋ ਕੀਨਾ।
ਰਾਮ ਰਹੀਮ ਨ ਮਾਨਯੋਂ ਕੋਈ।
ਆਇ ਸਹਾਇਕ ਅੰਤ ਜੁ ਹੋਈ ॥੧੩॥
ਅਬਿ ਮੈਂ ਰਹਿ ਕਰਿ ਸਤਿਗੁਰੁ ਸ਼ਰਨੀ।
ਕਰਵਿ ਸਕਲ ਹੀ ਆਛੀ ਕਰਨੀ[1]।'
ਇਮ ਕਹਿ ਨਮੋ ਠਾਨਿ ਘਰ ਗਯੋ।
ਸੇਵ ਗੁਰਨਿ ਕੀ ਕਰਤੋ ਭਯੋ ॥੧੪॥
ਦੁਗਧ ਅੰਨ ਮਿਸ਼ਟਾਨ ਘਨੇਰੇ।
ਚਹਿਯ ਵਸਤੁ ਪਹੁੰਚਾਵੈ ਡੇਰੇ।

[1]ਪਹਿਲੇ ਜੋ ਤੁਰਕਾਂ ਨੂੰ ਅਰਪਦੇ ਰਹੇ ਹਾਂ।

[1]ਕਿਰਤ।

ਬੈਠਹਿ ਨਿਕਟਿ ਸੁਨੈਂ ਗੁਰੁ ਬੈਨ।
ਦਰਸਹਿ ਕਰਹਿ ਸਫਲ ਜੁਗ ਨੈਨ ॥ ੧੫ ॥
ਪੁਨ ਸ਼੍ਰੀ ਤੇਗ ਬਹਾਦਰ ਰਾਇ।
ਭਏ ਸੁ ਤਯਾਰ ਚਲਨਿ ਅਗਵਾਇ।
ਦੇਸ ਰਾਜ ਕਹੁ ਦ੍ਰਿਢਤਾ ਦੀਨਸਿ।
'ਮਤਿ ਅਡੋਲ ਰਹੁ ਨਿਸ਼ਚਾ ਲੀਨਸਿ ॥ ੧੬ ॥
ਇਨ ਕਹੁ ਤੀਰ ਨਹੀਂ ਮਨ ਜਾਨਿ।
ਪੰਚ ਬੀਰ ਆਏ ਤੁਵ ਪਾਨ[1]।
ਜੇਤਿਕ ਹੈ ਚਹੁਕੁੰਟ ਮਝਾਰੀ।
ਕੋਇ ਨ ਠਹਿਰਹਿ ਇਨਹੁਂ ਅਗਾਰੀ ॥ ੧੭ ॥
ਜਿਸ ਚਾਹੈਂ ਜੀਤਹੁ ਕਰਿ ਜੰਗ।
ਨਹਿਂ ਅਰਿ ਅਰਹਿ ਹੋਹਿਂ ਭਟ ਭੰਗ।'
ਕ੍ਰਿਪਾ ਧਾਰਿ ਕਹਿ ਕੈ ਇਸ ਭਾਂਤਿ।
ਗਮਨੇ ਸ਼੍ਰੀ ਹਰਿ ਗੋਵਿੰਦ ਤਾਤ ॥ ੧੮ ॥
ਜਾਇ ਪਹੁੰਚੇ ਗ੍ਰਾਮ ਜੁ 'ਖਯਾਲੇ।'
ਬਾਸਹਿਂ ਚਾਹਲ ਗੋਤ ਬਿਸਾਲੇ।
ਉਤਰਿ ਪਰੇ ਡੇਰਾ ਤਹਿਂ ਕੀਨਿ।
ਸਤਿਗੁਰੁ ਕ੍ਰਿਪਾ ਨਿਧਾਨ ਪ੍ਰਬੀਨ ॥ ੧੯ ॥
ਮਿਲਿਬੇ ਹੇਤੁ ਜਾਟ ਨਹਿਂ ਆਏ।
ਤਨਕ ਨ ਸੇਵ ਕਰੀ ਮਨ ਲਾਏ।
ਮੰਦ ਭਾਗ ਜਿਨ ਕੇ ਪਛੁਤਾਵਾ।
ਲੈ ਨਹਿਂ ਸਕੇ[1], ਘਰਹਿ ਗੁਰ ਆਵਾ ॥ ੨੦ ॥
ਇਕ ਦਿਜ ਮਿਲਯੋ ਸੇਵ ਬਹੁ ਠਾਨੀ।
ਕਰਤਿ ਭਾਉ ਕਾਯਾਂ ਮਨ ਬਾਨੀ।
ਹਾਥ ਜੋਰਿ ਕਰਿ ਬੈਠਹਿ ਪਾਸ।
ਸੁਨਿ ਹੈ ਸ਼੍ਰੀ ਮੁਖ ਬਾਕ ਬਿਲਾਸ ॥ ੨੧ ॥
ਇਕ ਦਿਨ ਸ਼੍ਰੀ ਗੁਰੁ ਸਹਿਜ ਸੁਭਾਇ।
ਬਿਚਰਤਿ ਚਰਨ ਸਾਥ ਤਿਸ ਥਾਇਂ।

[1]ਤੇਰੇ ਹੱਥ।

[1]ਦਰਸ਼ਨ) ਨਾ ਲੈ ਸਕੇ।

ਹੁਤੋ ਸੰਗ ਦਿਜਬਰ ਬਿਚੰਰਤਾ।
ਅਧਿਕ ਭਾਵਨੀ ਰਿਦੈ ਧਰੰਤਾ ॥੨੨॥
ਕੇਤਿਕ ਲੋਕ ਸੰਗ ਤਹਿਂ ਫਿਰਹੀਂ।
ਤਬਿ ਦਿਜ ਸੋਂ ਸਤਿਗੁਰੂ ਉਚਰਿਹੀਂ।
'ਕੁਛ ਸੰਮਤ ਬੀਤੇ ਇਸ ਥਾਨ।
ਲਗਹਿ ਏਕ ਬਟ[1] ਬ੍ਰਿੱਛ ਮਹਾਨ ॥੨੩॥

[1]ਬੋਹੜ ਦਾ।

ਅਰੁ ਇਸ ਨਿਕਟਿ ਕੂਪ ਬਨਿਵਾਵੈ।
ਜਿਸ ਤੇ ਨੀਰ ਬਹੁਤ ਨਰ ਪਾਵੈਂ।'
ਇਮ ਸ੍ਰੀ ਮੁਖ ਤੇ ਬਾਕ ਬਖਾਨੇ।
ਸੋ ਅਬਿ ਲਗੇ ਕਹੈ ਕਵਿ ਜਾਨੇ[1] ॥੨੪॥

[1]ਕਵੀ ਜੀ ਕਹਿੰਦੇ ਹਨ ਕਿ ਓਹ (ਬੋਹੜ ਦੇ ਖੂਹ) ਹੁਣ ਤੱਕ ਜਾਣੇ ਭਾਵ ਦੇਖੇ ਜਾਂਦੇ ਹਨ। (ਅ) ਕਵੀ ਜੀ ਕਹਿੰਦੇ ਹਨ ਓਹ ਹੁਣ ਲਗੇ ਹੋਏ ਹਨ (ਤੇ ਲੋਕ) ਜਾਣਦੇ ਹਨ।

ਗ੍ਰਾਮ ਸੁ ਖਜਾਲੇ ਮਹਿਂ ਅਬਿ ਅਹੈਂ[1]।

[1]ਅਜੇ ਤੱਕ ਹਨ (ਬ੍ਰਿੱਛ ਤੇ ਖੂਹ)।

ਬਿਦਤ ਲਗੇ ਨਰ ਜਾਇ ਸੁ ਲਹੈਂ[1]।

[1]ਪ੍ਰਤੱਛ ਲਗੇ ਹੋਏ ਲੋਕੀਂ ਜਾ ਕੇ ਦੇਖਦੇ ਹਨ।

ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ।
ਦਿਜ ਪਰ ਭਏ ਪ੍ਰਸੰਨ ਬਿਗਾਸੇ ॥੨੫॥
ਕਰੀ ਬ੍ਰਿੱਪ ਪਰ ਖੁਸ਼ੀ ਬਿਸਾਲਾ।
ਹਲਤ ਪਲਤ ਮਹਿਂ ਰਹਜੋ ਸੁਖਾਲਾ।
ਸ੍ਰੀ ਗੁਰ ਕਰਜੋ ਕੂਚ ਨਿਜ ਡੇਰਾ।
ਨਿਕਟ ਦਮਦਮੇ ਮੌੜ ਬਡੇਰਾ ॥੨੬॥
ਤਿਸੀ ਗ੍ਰਾਮ ਕਹੁ ਪਹੁੰਚੇ ਜਾਈ।
ਉਤਰਜੋ ਚਹਤਿ ਦੇਖਿ ਸ਼ੁਭ ਥਾਈਂ।
ਇਕ ਥਲ ਕੰਟਕ ਕੀ ਬਡ ਬਾਰ।
ਬਾਰਾ ਕਰਜੋ ਹੁਤੋ ਇਕਸਾਰ[1] ॥੨੭॥

[1]ਇਕ ਥਾਂ ਕੰਡਿਆਂ ਦੀ ਵਾੜ ਨਾਲ ਇਕਸਾਰ ਵਾੜਾ (ਵਲਗਣ) ਕੀਤਾ ਹੋਇਆ ਸੀ।

ਤਹਿਂ ਕੇ ਕੰਟਕ ਕੁਛ ਹਟਵਾਏ।
ਡੇਰੇ ਸਹਿਤ ਗੁਰੂ ਪ੍ਰਵਿਸ਼ਾਏ।
ਉਤਰਨਿ ਲਗੇ ਤਬਹਿ ਨਰ ਆਇ।
ਬਰਜਤਿ ਭਏ 'ਨ ਸ਼ੁਭ ਇਹ ਥਾਇੰ ॥੨੮॥
ਜੰਡ ਖਰੋ ਇਸ ਮਹਿਂ ਜੋ ਭਾਰਾ।
ਕਾਂਡ ਪੱਤ੍ਰ ਜੁਤਿ ਲਹਿ ਬਿਸਤਾਰਾ।
ਬਸਹਿ ਪਿਸ਼ਾਚ[1] ਇਸੀ ਮੈਂ, ਕਬਿ ਕੋ।

[1]ਭੂਤ।

ਗ੍ਰਾਮ ਬਿਖੈ ਦੀਨਸਿ ਭੈ ਸਭਿ ਕੋ ॥੨੯॥
ਤੁਮ ਭੀ ਨਹਿਂ ਉਤਰਹੁ ਇਸ ਥਾਨ।
ਘਾਤ ਪਾਇ ਕਰਿ ਹਾਨਹਿ ਪ੍ਰਾਨ।
ਪਿਖਹਿ ਅਵੱਗਜਾ ਜਿਸ ਮਹਿਂ ਕਬਿਹੂੰ।
ਕਰਤਾ ਤਿਸਹਿ ਬਿਨਾਸ਼ਨਿ ਤਬਿਹੂੰ ॥੩੦॥
ਹਮ ਪੂਜਤਿ ਭੈ ਜੁਤਿ ਨਿਤ ਰਹੈਂ।
ਇਸ ਕਾਰਨ ਤੇ ਤੁਮ ਕੋ ਕਹੈਂ।
ਵਹਿਰ ਕਰਹੁ ਕਿਤ ਡੇਰਾ ਜਾਇ।
ਸੁਖ ਸੋਂ ਬਸਹੁ ਨਿਸਾ ਕੋ ਪਾਇ ॥੩੧॥
ਤੁਮ ਕੋ ਸੁਧਿ ਹਮ ਦਈ ਬਤਾਇ।
ਹੋਇ ਨ ਅਸ ਪੀਛੇ ਪਛੁਤਾਇ।'
ਸੁਨਿ ਸਤਿਗੁਰ ਨੇ ਤਿਨ ਸੋਂ ਕਹਯੋ।
'ਅਬਿ ਲੌ ਇਹਾਂ ਪਿਸ਼ਾਚ ਜੁ ਰਹਯੋ ॥੩੨॥
ਆਗੈ ਨਹੀਂ ਰਹੈ ਇਸ ਥਾਨ।
ਨਿਕਸਿ ਜਾਇਗੋ ਬਿਹਰਹਿ ਆਨ[1]। [1](ਕਿਤੇ) ਹੋਰਥੇ ਵਿਚਰੇਗਾ।
ਬਸਹਿਂ ਦੇਵਤਾ ਇਸ ਥਲ ਆਇ।
ਜਿਸ ਤੇ ਤੁਮ ਸਗਰੇ ਸੁਖ ਪਾਇ[1]' ॥੩੩॥ [1]ਪਾਓਗੇ।
ਤਬਿ ਡੇਰਾ ਸਤਿਗੁਰੂ ਜਮਾਯੋ।
ਭਈ ਜਾਮਨੀ ਦੇਵ ਸੁ ਆਯੋ।
ਹਾਥ ਜੋਰਿ ਕੈ ਬਿਨਤੀ ਠਾਨੀ।
'ਤੁਮ ਸਮਰੱਥ ਸਗਲ ਗੁਨ ਖਾਨੀ ॥੩੪॥
ਦੋਹਰਾ:
ਪੂਰਬ ਹਮ ਇਕਠੇ ਸਕਲ,
ਬਸਤੇ ਗੋਇੰਦਵਾਲ।
ਗੁਰ ਅੰਗਦ ਸ੍ਰੀ ਅਮਰ ਕੋ,
ਕਹਿਤ ਭਏ ਹਿਤ ਨਾਲ ॥੩੫॥
ਚੌਪਈ:
-ਗੋਇੰਦਵਾਲ ਥੇਹੁ ਜੋ ਪਰਯੋ।
ਉਜਰਯੋ ਧਰਮ ਝੂਠ ਥੋ ਕਰਯੋ[1]। [1](ਗੋਇੰਦੇ) ਨੇ ਝੂਠਾ ਧਰਮ ਕੀਤਾ ਸੀ (ਇਸ ਲਈ) ਉੱਜੜ ਗਿਆ ਹੈ।

ਅਬਿ ਤੁਮ ਜਾਇ ਬਸਾਵਨਿ ਕਰੀਅਹਿ।
ਹਮਰੇ ਕਰ ਕੀ ਛਟੀ ਸੁ ਧਰੀਅਹਿ ॥੩੬॥
ਭੂਤ ਪ੍ਰੇਤ ਕੌ ਲਾਖਹੁੰ ਦਲ ਹੈ।
ਦੇਖਿ ਛਟੀ ਭਾਜਹਿ ਤਜਿ ਚਲਿ ਹੈਂ[1]-।
ਹੁਕਮ ਮਾਨਿ ਸ਼੍ਰੀ ਅਮਰ ਸੁ ਆਏ।
ਹਮ ਸਭਿਹਨਿ ਕੋ ਦੀਨਿ ਪਲਾਏ ॥੩੭॥
ਜੰਗਲ ਦੇਸ਼ ਇਤਹਿ ਸਭਿ ਆਏ।
ਆਦਿ ਬਠਿੰਡੇ ਬਸਿ ਸੁਖ ਪਾਏ।
ਆਵਨਿ ਭਾ ਇਸ ਦੇਸ਼ ਤੁਮਾਰੋ।
ਹਮ ਕੋ ਦੁਖਦ ਸੁ ਡਰ ਉਰ ਧਾਰੋ ॥੩੮॥
ਕਹਾਂ ਬਾਸ ਹਮ ਕਰਿ ਹੈਂ ਜਾਏ।
ਕ੍ਰਿਪਾ ਧਾਰਿ ਦਿਹੁ ਦੇਸ਼ ਬਤਾਏ।'
ਸ਼੍ਰੀ ਗੁਰ ਕਹਜੋ 'ਆਇ ਇਕ ਕਾਲ।
ਬਿਤਹਿਂ ਬਰਖ ਕੇਤਿਕ ਇਸ ਢਾਲ ॥੩੯॥
ਏਕ ਪੁਰਖ ਆਵਹਿ ਇਸ ਦੇਸ਼।
ਜਾਇ ਬਠਿੰਡੇ ਕਰਹਿ ਪ੍ਰਵੇਸ਼।
ਤਹਿਂ ਤੇ ਦੇਵ ਨਿਕਾਸਹਿ ਸੋਇ[1]।
ਬਸਿਬੇ ਦੇਸ਼ ਦੇਇ ਜਬਿ ਹੋਇ[1]' ॥੪੦॥
ਇਮ ਸੁਨਿ ਨਮਸਕਾਰ ਕਰਿ ਗਯੋ।
ਸ਼੍ਰੀ ਗੁਰ ਸੇਜ ਸੋਇ ਸੁਖ ਲਹਜੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਪੁਨ ਤਮ ਨਸਜੋ ਪ੍ਰਾਤਿ ਹੁਇ ਆਈ ॥੪੧॥

[1]ਥਾਂ ਨੂੰ) ਛੱਡ ਕੇ ਚਲੇ ਜਾਣਗੇ।

[1]ਤਿੱਥੋਂ ਵੀ ਓਹ ਦੇਉ ਨੂੰ ਕੱਢੇਗਾ।

[1]ਜਦੋਂ (ਓਹ) ਹੋਵੇਗਾ (ਤੁਹਾਡੇ) ਵਸਣੇ ਲਈ ਦੇਸ਼ ਦੇਵੇਗਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਦੇਸੂ ਦਾ ਅੰਤ]

੩੮<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਕਿਤਿਕ ਦਿਵਸ ਤਿਸ ਗ੍ਰਾਮ ਮਹਿਂ,
ਬਸੇ ਗੁਰੂ ਮਹਾਰਾਜ।
ਸੰਗਤਿ ਦੇਖਿ ਨਿਹਾਲ ਹੁਇ,
ਸਿੱਖਨਿ ਸੁਧਰੇ ਕਾਜ ॥੧॥

ਚੌਪਈ:

ਚਲਦਲ ਲਗî ਜੰਡ ਤਿਸ ਮਾਂਹੀ[1]।
ਸਤਿਗੁਰ ਬਾਕ ਨਿਫਲ ਕਿਮ ਜਾਹੀਂ।
ਭਯੋ ਦੇਵਤਾ ਕੋ ਤਹਿਂ ਬਾਸ[1]।
ਜੋ ਸਭਿ ਕੋ ਸੁਖ ਦੇਤਿ ਪ੍ਰਕਾਸ਼[1] ॥੨॥

ਸੁਠ ਪ੍ਰਯੰਕ ਇਕ ਦਯੋਸ ਡਸਾਯੋ।
ਉੱਜਲ ਆਸਤਰਨ ਸੋਂ ਛਾਯੋ।
ਤਿਸ ਪਰ ਬੈਠੇ ਗੁਰੂ ਮਹਾਂਰਾਜ।
ਦਰਸ਼ਨ ਦੇਤਿ ਗ਼ਰੀਬ ਨਿਵਾਜ ॥੩॥
ਅਪਰ ਪੰਚਾਇਤ ਗੁਰ ਢਿਗ ਆਇ।
ਕੰਬਲ ਪਰ ਬੈਠੇ ਸਮੁਦਾਇ।
ਦਰਸ਼ਨ ਕਰਹਿਂ ਹੋਇ ਅਰਦਾਸ।
ਅਰਪਹਿ ਬ੍ਰਿੰਦ ਉਪਾਇਨ ਪਾਸ ॥੪॥
ਉਤ ਦੇਸੂ ਦੀ ਸੁਨਹੁ ਕਹਾਨੀ।
ਜਯੋਂ ਕੀਨਸਿ ਨਿਜ ਸ਼ਰਧਾ ਹਾਨੀ।
ਹੇਤੁ ਪਰਖਿਬੇ ਨਿਸ਼ਚਾ ਤਾਂਹਿ[1]।
ਕੁਛ ਸੰਕਟ ਹੋਯਹੁ ਤਨ ਮਾਂਹਿ ॥੫॥
ਕਿਤਿਕ ਦਿਵਸ ਗੁਰ ਪਾਛੇ ਭਯੋ।
ਕਸ਼ਟ ਸੰਗ ਤਨ ਕੋ ਤਪਤਯੋ[1]।
ਧਾਇ ਨਾਮ ਤਿਸ ਇਸਤ੍ਰੀ ਕੇਰਾ।
ਬੇਮੁਖ ਸਰਵਰ ਤੇ ਪਤਿ ਹੇਰਾ ॥੬॥
ਭਈ ਕ੍ਰੋਧ ਸੋਂ ਤਾੜਯੋ ਕੰਤ।
'ਤੈਂ ਕਿਸ ਤੇ ਸੀਖਯੋ ਅਸ ਮੰਤ?
ਬਡੇ ਤੁਮਾਰੇ ਮਾਨਹਿਂ ਜਾਂਹੂ।
ਦੂਧ ਪੂਤ ਜੋ ਦੇ ਘਰ ਮਾਂਹੂ[†] ॥੭॥

[1]ਜਿਸ ਜੰਡ ਵਿਚ ਪਿਪਲ ਉਗ ਪਿਆ।

[1]ਪਿੱਪਲ ਹੋਣ ਕਰਕੇ) ਤਿੱਥੇ ਦੇਵਤਾ ਦਾ ਵਾਸਾ ਹੋ ਗਿਆ।

[1]ਛਾਇਆ ਰੂਪੀ) ਪ੍ਰਤੱਖ ਸੁਖ ਦੇਣ (ਕਰਕੇ ਪਿਪਲ ਦੇਵਤਾ ਹੈ)।

[1]ਗੁਰੂ ਜੀ ਨੇ) ਤਿਸਦਾ ਨਿਸ਼ਚਾ ਪਰਖਣੇ ਵਾਸਤੇ।

[1]ਤਨ ਤਪ ਗਿਆ।

[†]ਇਹ ਚੌਪਈ ਕਈ ਲਿਖਤੀ ਨੁਸਖਿਆ ਵਿਚ ਨਹੀਂ ਹੈ।

ਦੇਤਿ ਮੁਰਾਦ ਹਜ਼ਾਰਨਿ ਜੋਇ।
ਤੈਂ ਕੈਸੇ ਕਰਿ ਤਜਾਗਜੋ ਸੋਇ?
ਖੂੰਡੀ ਗਰ ਤੇ ਗੇਰਨਿ ਕੀਨਿ।
ਕਿਸ ਦੰਭੀ ਤੇ ਇਹ ਸਰ ਲੀਨਿ ॥੮॥
ਯਾਂ ਤੇ ਕਸ਼ਟ ਤੋਹਿ ਕਉ ਹੋਵਾ।
ਨਿਜ ਮੰਨਤ ਪਰ ਨਹੀਂ ਖਰੋਵਾ।'
ਇੱਤਜਾਦਿਕ ਕਹਿ ਬਾਕ ਘਨੇਰੇ।
ਸਰਵਰ ਮੰਨਤ ਪਰ ਪਤਿ ਪ੍ਰੇਰੇ ॥੯॥
ਦੋਇ ਦਿਵਸ ਨਹਿਂ ਮਾਨਜੋ ਦੇਸੂ।
ਕਹਿ ਸਮੁਝਾਵਨਿ ਕੀਨਿ ਵਿਸ਼ੇਸ਼ੂ।
ਦਿਵਸ ਤੀਸਰੇ ਮਹਿਂ ਮਨਵਾਵਾ।
ਤ੍ਰਾਸ ਕਸ਼ਟ ਕੋ ਬਹੁਤ ਬਤਾਵਾ ॥੧੦॥
ਕਹੇ ਭਾਰਜਾ ਕੇ ਮਤਿ ਅੰਧੇ।
ਸਰਵਰ ਕੀ ਖੂੰਡੀ ਗਰ ਬੰਧੇ।
ਬੋਲਿ ਭਿਰਾਈ ਰੋਟ ਪਕਾਯੋ।
ਹਾਥ ਜੋਰਿ ਕਰਿ ਬਹੁ ਘਿਘਿਆਯੋ
॥੧੧॥
ਕਰਿ ਛਲ ਤੀਰ ਧਾਇ ਲੇ ਲੀਨੇ।
ਬਹੁਤ ਖੰਡ ਤਿਹ ਤੋਰਨਿ ਕੀਨੇ।
ਕਰੀ ਅਵੱਗਜਾ ਸਤਿਗੁਰ ਜਾਨੀ।
ਬੈਠੇ 'ਮੌੜ' ਗ੍ਰਾਮ ਇਸਥਾਨੀ ॥੧੨॥
ਪੰਚਾਇਤ ਸੋਂ ਬਚਨ ਉਚਾਰੇ।
'ਗਜ਼ਬ ਕਰਜੋ ਦੇਸੂ ਮਤਿਮਾਰੇ।
ਪੰਚ ਬੀਰ ਤੀਰਨਿ ਮਹਿਂ ਥਾਪੇ।
ਸੋ ਲੇ ਕਰਿ ਨਹਿਂ ਰਾਖੇ ਆਪੇ ॥੧੩॥
ਨਿਜ ਦਾਰਾ ਕਹੁ ਦੇ ਤਰੁਵਾਏ।
ਅਬਿ ਲੌ ਤਿਹ ਫਲ ਦੁਖ ਨਹਿਂ ਪਾਏ।
ਸ਼ੰਕਮਾਨ[1] ਹਮ ਤੇ ਹੁਇ ਬੀਰ।
ਤਜਿ ਤੀਰਨਿ ਆਏ ਹਮ ਤੀਰ' ॥੧੪॥
ਤਿਸ ਪੰਚਾਇਤ ਮਹਿਂ ਨਰ ਕੇਈ।
ਸਨਬੰਧੀ ਦੇਸੂ ਕੇ ਤੇਈ।
ਖਰੇ ਭਏ ਕਰ ਜੋਰਿ ਅਗਾਰੀ।

[1]ਡਰਕੇ।

'ਸ੍ਰੀ ਗੁਰ! ਛਿਮਾਂ ਕਰਹੁ ਇਸ ਬਾਰੀ ॥੧੫॥
ਹਮ ਜੌ ਲੌ ਸਮੁਝਾਵਨਿ ਜਾਇੰ[1]।
ਸ਼ਰਨ ਆਪ ਕੀ ਪਰੈ ਸੁ ਆਇ।
ਧੀਰਜ ਧਰਮ ਧਾਮ ਤੁਮ ਅਹੋ।
ਤਤਛਿਨ ਕਰਹੁ ਆਪ ਜਿਮ ਚਹੋ' ॥੧੬॥
ਬਿਨੈ ਬਾਕ ਇੱਤਜਾਦਿਕ ਕਹਿ ਕੈ।
ਗਮਨੇ ਭਿੱਖੀ ਕਹੁ ਚਿਤ ਚਹਿ ਕੈ।
ਮਿਲੈ ਆਇ ਕਰਿ ਬਾਤ ਜਨਾਏ।
'ਕਜੋਂ ਗੁਰ ਕੇ ਤੁਮ ਤੀਰ ਤੁਰਾਏ' ॥੧੭॥
ਸੁਨਤਿ ਨਟਜੋ[1] ਦੇਸੂ ਕਹਿ ਤਾਂਹਿ।
'ਗੁਰ ਢਿਗ ਝੂਠ ਕਹਜੋ ਕਿਸ ਜਾਂਹਿ।
ਨਹਿਂ ਤੋਰੇ ਹਮ ਤੀਰ ਤਿਨਹੁਂ ਕੇ।
ਸਿੱਖੀ ਧਾਰਨਿ ਕੀਨਿ ਜਿਨਹੁਂ ਕੇ' ॥੧੮॥
ਸੁਨਿ ਪੰਚਾਇਤ ਗੁਰ ਢਿਗ ਆਈ।
'ਤੁਮਰੇ ਪਰ ਇਕ ਆਸ ਟਿਕਾਈ।
ਰਾਵਰ ਕੀ ਸਿੱਖੀ ਤਿਨ ਧਾਰੀ।
ਅਪਰਨਿ ਕੀ ਮੰਨਤ ਸੁ ਬਿਸਾਰੀ' ॥੧੯॥
ਝੂਠੇ ਬਾਕ ਸੁਨੇ ਗੁਰ ਕਹਜੋ।
ਪਤਾ ਬਤਾਯੋ ਤਿਨ ਜੋ ਚਹਜੋ।
'ਹੁਕਮ ਭਾਰਜਾ ਕੋ ਤਿਨ ਮਾਨਾ।
ਮੰਦਮਤੀ ਨਹਿਂ ਭੇਦ ਪਛਾਨਾ' ॥੨੦॥
ਪੁਨ ਹਟਿ ਕੈ ਪੰਚਾਇਤ ਆਈ।
ਸਗਰੀ ਸਾਚੀ ਬਾਤ ਬਤਾਈ।
ਘਰ ਮੈਂ ਦੂਰਿ ਕੈ ਜੋ ਤੁਮ ਕੀਨਸਿ।
ਮਨ ਗਤਿ ਜੁਤਿ ਸਭਿ ਹੀ ਗੁਰ ਚੀਨਸਿ[1] ॥੨੧॥
ਕਹੇ ਤੁਮਾਰੇ ਕਜਾ ਅਬਿ ਹੋਇ।
ਪਰਹੁ ਚਰਨ ਬਖ਼ਸ਼ਾਵਹੁ ਸੋਇ।'
ਸੁਨੀ ਧਾਇ, ਪੰਚਾਇਤ ਆਈ।

[1]ਅਸੀਂ ਜਦੋਂ ਤੱਕ ਸਮਝਾਵਣ ਜਾਂਦੇ ਹਾਂ।

[1]ਉਲਟ ਗਿਆ, ਮੁੱਕਰ ਗਿਆ।

[1]ਮਨ ਦੀ ਗਤੀ ਸਮੇਤ ਗੁਰੂ ਜੀ ਨੇ ਸਭ ਜਾਣ ਲਿਆ ਹੈ।

ਪਤਿ ਕੋ ਝਿਰਕਤਿ ਕ੍ਰੋਧ ਬਧਾਈ ॥੨੨॥
ਘਰ ਸੇ ਵਹਿਰ ਨ ਨਿਕਸਨਿ ਦੀਨਸਿ।
ਮਿਲਿਨਿ ਪੰਚਾਇਤ ਕੋ ਨਹਿਂ ਕੀਨਸਿ।
ਇਕ ਦੁਇ ਦਿਵਸ ਬੈਠਿ ਹਟਿ ਆਏ।
ਕਰਿ ਬੰਦਨ ਬਿਨਤੀ ਮੁਖ ਗਾਏ ॥੨੩॥
'ਛਿਮਾ ਨਿਧਾਨ ਆਪ ਤੁਮ ਅਹੋ।
ਲਖਿ ਸਭਿ ਔਗੁਨ ਕੁਛ ਨਹਿਂ ਕਹੋ।
ਪਤਿਤ ਪਾਵਨੋ ਨਾਮ ਤੁਮਾਰਾ।
ਘਨ ਸਮ ਕ੍ਰਿਪਾ ਕਰਹੁ ਇਕਸਾਰਾ' ॥੨੪॥
ਸੁਨਿ ਪੰਚਾਇਤ ਕੋ ਬਚ ਦੀਨ।
ਕ੍ਰਿਪਾ ਨਿਧਾਨ ਕਹਯੋ ਸਭਿ ਚੀਨ।
'ਬੀਚ ਫਿਰੇ ਤੁਮ ਇਕ ਦੁਇ ਬਾਰ।
ਯਾਂ ਤੇ ਤਲਕਾ ਬਸਹਿ ਉਦਾਰ ॥੨੫॥
ਅਰੁ ਦੇਸੁ ਕੀ ਗਤਿ ਭਈ ਏਹੀ।
ਕੱਲਰ ਤੇ ਹਮ ਕੀਨਹੁ ਲੇਹੀ[1]।

[1]ਖੇਤੀ ਕੀਤੀ ਸੀ [ਸ਼ੈਕ: ਕੋਸ਼ ਵਿੱਚ ਲੇਹਨਾ ਨਾਮ 'ਮਰਗੁਜ਼ਾਰ' ਦਾ ਦਿੱਤਾ ਹੈ]

ਪੁਨਹੁ ਲੂਨ ਕੱਲਰ ਹੁਇ ਗਯੋ।
ਬੰਸ ਆਪਨੋ ਨਾਸ਼ਨਿ ਕਿਯੋ ॥੨੬॥
ਅਬਿ ਤੇ ਆਗੇ ਉਪਜੈ ਨਾਂਹੀ।
ਸਨੇ ਸਨੇ ਜੀਵਤਿ ਮਰਿ ਜਾਂਹੀਂ।
ਲਹੈ ਸਜ਼ਾਇ ਜਾਇ ਜਮਧਾਮ।
ਕੋ ਨ ਛੁਟਾਵਨਿ ਕੋ ਲੈ ਨਾਮ ॥੨੭॥
ਬਿਨ ਹਾਕਮ ਜਿਮ ਰੱਯਤ ਲੁਟੀਯਹਿ।
ਪਤਿ ਸਮਰਥ ਬਿਨ[1] ਕਹੁ ਕਿਮ ਛੁਟੀਯਹਿ।'

[1]ਸਮ੍ਰੱਥ ਸੁਆਮੀ ਤੋਂ ਬਿਨਾਂ।

ਇਸ ਪ੍ਰਕਾਰ ਗੁਰ ਸ੍ਰਾਪ ਬਖਾਨਾ।
ਪਰਯੋ ਜਾਇ ਤਿਹ ਬੱਜ੍ਰ ਸਮਾਨਾ ॥੨੮॥
ਦਿਵਸ ਕਿਤਿਕ ਮਹਿਂ ਦੇਸੁ ਮਰਯੋ।
ਗੈਂਡਾ ਪੁੱਤ੍ਰ ਬਿਠਾਵਨਿ ਕਰਯੋ।
ਕਿੰਚਤ ਮਾਸ ਬਿਤੇ ਜਬਿ ਤਾਂਹੂੰ।
ਪਿਤ ਕੋ ਰਾਜ ਕਰਤਿ ਸਭਿ ਮਾਂਹੂੰ ॥੨੯॥

ਗੈਂਡੇ ਕੀ ਤ੍ਰਿਯ ਕੋ ਇਕ ਭ੍ਰਾਤ।
ਤਿਸ ਨੇ ਕਰ੍ਯੋ ਖੂਨ ਕਿਤ ਜਾਤਿ।
ਸੋ ਗੈਂਡੇ ਤਤਕਾਲਾ ਬੁਲਾਵਾ।
ਨਿਜ ਕਰ ਤੇ ਬਰਛੀ ਸੰਗ ਘਾਵਾ ॥੩੦॥
ਤਿਸ ਕੇ ਭ੍ਰਾਤ ਹੋਇ ਇਕ ਠਾਏ।
ਮਹਾਂ ਸ਼ੋਕ ਧਰਿ ਰਿਦਾ ਤਪਾਏ।
ਤਸਕਰ ਸਮ ਨਿਸ ਮਹਿਂ ਤਹਿਂ ਗਏ।
ਗੈਂਡਾ ਸੁਪਤਿ ਜਹਾਂ ਥਿਤ ਕਿਏ ॥੩੧॥
ਤਰਵਾਰਨਿ ਸੰਗ ਐਸੇ ਮਾਰ੍ਯੋ।
ਭਾਜਨਿ ਹੇਤ ਨ ਪਗ ਇਕ ਧਾਰ੍ਯੋ।
ਜਬਿ ਸੰਘਾਰ ਕਰਿ ਚਲੇ ਪਲਾਈ।
ਸੁਭਟਨਿ ਸੈਨਾ ਕੇ[1] ਸੁਧਿ ਪਾਇ ॥੩੨॥ [1]ਸੈਨਾ ਦੇ ਸੂਰਮਿਆਂ ਨੇ।
ਚੜ੍ਹੀ ਫੌਜ ਤਿਨ ਪਾਛੈ ਪਰੀ।
ਵਹਿਰ ਹਤੇ ਲਰ ਕਰਿ ਇਕ ਘਰੀ।
ਜਬਿ ਗੈਂਡਾ ਇਮ ਮਾਰ੍ਯੋ ਗਯੋ।
ਪੌਤ੍ਰ ਸੁ ਦੇਸੂ ਕੇ ਇਕ ਥਿਯੋ ॥੩੩॥
ਸੋ ਬਿਖ† ਦੇਇ ਸ਼ਰੀਕਨਿ ਮਾਰ੍ਯੋ। †ਪਾ:-ਬਿਸ।
ਇਮ ਸਗਰੋ ਤਿਹ ਮੂਲ ਉਖਾਰਯੋ।
ਰਹ੍ਯੋ ਨ ਜਗ ਮਹਿਂ ਤਿਸ ਕੋ ਕੋਈ।
ਗੁਰੂ ਦ੍ਵੈਸ਼ ਤੇ ਅਸ ਗਤਿ ਹੋਈ ॥੩੪॥
ਅਬਿ ਸਤਿਗੁਰ ਕੀ ਕਥਾ ਸੁਨੀਜੈ।
ਗਾਮ ਮੌੜ ਮਹਿ ਥਿਰਤਾ ਕੀਜੈ[1]। [1]ਟਿਕੇ ਹੋਏ ਹਨ।
ਡੇਢ ਕੋਸ ਤਹਿਂ ਤੇ ਇਕ ਤਾਲ।
ਤਹਾਂ ਸੁ ਬੈਠੇ ਜਾਇ ਕ੍ਰਿਪਾਲ ॥੩੫॥
ਜੋ ਸੰਗਤਿ ਦਰਸ਼ਨ ਕੌ ਆਵੈ।
ਉਪਦੇਸ਼ਹਿਂ ਸ਼ੁਭ ਤਾਲ ਖਨਾਵੈਂ।
ਖੁਸ਼ੀ ਕਰਹਿਂ ਸਿੱਖਨਿ ਪਰ ਘਨੀ।
ਚਾਰ ਪਦਾਰਥ ਕੇ ਗੁਰ ਧਨੀ[1] ॥੩੬॥ [1]ਮਾਲਕ।
ਨਿਜ ਨਿਜ ਸਭਿ ਅਰਦਾਸ ਕਰਵਾਹਿਂ।
ਪਾਇਨਿ ਪਰਸਹਿਂ ਸੀਸ ਨਿਵਾਵਹਿਂ।
ਤਹਾਂ ਤੜਾਗ ਬਡੋ ਖਨਵਾਯੋ।
ਜਲ ਸੁੰਦਰ ਹਿਤ ਤਯਾਰ ਕਰਾਯੋ ॥੩੭॥

ਕਿਤਿਕ ਦਿਵਸ ਬਸਿ ਕੈ ਤਿਸ ਥਾਨੇ।
ਬਹੁਰ ਕੂਚ ਕਰਿ ਸ਼੍ਰੀ ਗੁਰੁ ਪਜਾਨੇ।
'ਖਾਨੇ' ਗ੍ਰਾਮ ਗਏ ਸੁਖਦਾਇ।
ਪੁਨ ਦਮਦਮੇ ਪਹੂਚੇ ਜਾਇ ॥੩੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨ' ਪ੍ਰਸੰਗ ਬਰਨਨੰ ਨਾਮ ਊਨਚੱਤ੍ਵਾਰਿੰਸਤੀ ਅੰਸੂ ॥੩੯॥

## ੪੦. [ਸੂਲੀਸਰ ਵਿਚ ਚੋਰ ਨੂੰ ਸੂਲੀ। ਬਰੇ ਗ੍ਰਾਮ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਇਸੀ ਰੀਤਿ ਸੇਵਿਤ ਸੁਮਤਿ, ਵਰ ਪਾਵਹਿਂ
ਨਰ ਬ੍ਰਿੰਦ।
ਜਬਹਿ ਅਵੱਗਜਾ ਕੋ ਕਰਹਿਂ, ਸ੍ਰਾਪ ਸਹੈਂ
ਮਤਿਮੰਦ ॥੧॥

ਚੌਪਈ:

ਪੁਨ ਸੂਲੀਸਰ[1] ਕੋ ਗੁਰ ਆਏ।
ਡੇਰਾ ਕਰਜੋ ਦੇਖਿ ਸੁਭ ਥਾਏ।
ਸੂਰਜ ਅਸਤਜੋ ਭਾ ਅੰਧਕਾਰੇ।
ਖਾਨ ਪਾਨ ਕਰਿ ਸੁਪਤੇ ਸਾਰੇ ॥੨॥
ਦ੍ਵੈ ਤਸਕਰ ਗੁਰ ਕੇ ਸੰਗ ਲਾਰੇ।
ਕਿਤਿਕ ਦਿਨਨਿ ਤੇ ਮੂਢ ਅਭਾਗੇ।
ਏਕ ਤੁਰਕ ਇਕ ਹਿੰਦੂ ਸੋਇ।
ਲੇਨਿ ਤੁਰੰਗ ਤਕਤਿ ਹੈਂ ਦੋਇ ॥੩॥
ਸਿਵਰ ਨਿਕਟਿ ਬੈਠੇ ਕਿਤ ਦੁਰਿ ਕੈ।
ਦੇਖਨਿ ਘਾਤ ਲੇਹਿਂ ਜਿਮ ਹਰਿ ਕੈ।
ਤਬਹਿ ਕੇਹਰੀ ਭੀਖਨ ਭੇਖਾ।
ਗੁਰ ਡੇਰੇ ਕੋ ਆਵਤਿ ਦੇਖਾ ॥੪॥
ਚਾਰਹੁੰ ਓਰ ਫਿਰਜੋ ਕਰਿ ਬੰਦਨ।
ਇਮ ਮਨਾਇ ਕੈ ਦੋਸ਼ ਨਿਕੰਦਨ।
ਗਮਨਜੋ ਪੁਨ ਕਾਨਨ ਕੋ ਸੋਈ।
ਦੇਖਤਿ ਦੁਰੇ ਸੁ ਤਸਕਰ ਦੋਈ[2] ॥੫॥
ਕਹਜੋ ਤੁਰਕ 'ਇਹ ਸਾਚੋ ਪੀਰ।
ਉਚਿਤ ਮਾਨਿਬੇ ਗੁਨੀ ਗਹੀਰ।
ਜਿਸ ਢਿਗ ਪਸ਼ੂ ਸ਼ੇਰ ਚਲਿ ਆਵਾ।
ਨਮੋ ਪ੍ਰਦੱਛਨ ਕਰਨਿ ਸਿਧਾਵਾ ॥੬॥
ਮੈਂ ਤੋ ਕਰੌਂ ਨ ਇਨ ਕੀ ਚੋਰੀ।
ਇਹਠਾਂ ਬੰਦਤਿ ਹੌਂ ਕਰ ਜੋਰੀ।
ਜੇ ਨਿਜ ਭਲੋ ਕਰਨਿ ਉਰ ਧਰੈਂ।
ਚਲਹੁ ਅਪਰ ਥਲ ਚੋਰੀ ਕਰੈਂ ॥੭॥

[1]ਨਾਮ ਪਿੰਡ।

[2]ਓਹ ਦੋਵੇਂ ਛੁਪੇ ਹੋਏ ਚੋਰ। (ਸ਼ੇਰ ਨੂੰ ਮੱਥਾ ਟੇਕਦਿਆਂ) ਦੇਖਦੇ ਹਨ।

ਸੁਨਿ ਹਿੰਦੂ ਨੇ ਬਾਕ ਅਲਾਯੋ।
'ਕਯੋਂ ਨਿਜ ਮਨ ਮਹਿਂ ਭਰਮ ਉਠਾਯੋ?
ਕਿਹ ਕੌ ਸੁਧਿ ਕਯੋਂ ਆਯੋ ਸ਼ੇਰ[1]।
ਤੈਂ ਕਯਾ ਅਜ਼ਮਤ ਪਿਖੀ ਬਡੇਰ? ॥੮॥
ਕਿਤਿਕ ਦਿਨਨਿ ਤੇ ਹਮ ਸੰਗ ਫਿਰੇ।
ਆਜ ਭਯੋ ਤਮ ਨਭ ਘਨ ਘਿਰੇ[1]।
ਕੈਸੇ ਤਜਿ ਕਰਿ ਜਾਹਿਂ ਤੁਰੰਗ।
ਲੈ ਹੈਂ ਆਜ ਭਲੀ ਬਿਧਿ ਸੰਗ[1] ॥੯॥
ਰਿਦੇ ਸੰਦੇਹ ਨ ਕਰੀਅਹਿ ਕੋਊ।
ਬਹੁ ਮੋਲਾ ਅਸ੍ਵ ਲੈ ਹੈਂ ਦੋਊ।
ਏਕ ਬਾਰਿ ਮੈਂ ਚਢਿਬੋ ਪਾਇ।
ਨਹਿਂ ਦੈ† ਹੌਂ ਪੁਨ, ਜਾਉਂ ਪਲਾਇ ॥੧੦॥
ਕਿਮ ਬਿਸਾਲ ਤੈਂ ਚਿੰਤਾ ਕਰੀ।
ਮੈਂ ਲੈਹੋਂ ਸੰਗ ਰਹੁ ਇਕ ਘਰੀ।'
ਸੁਨਿ ਕੈ ਤੁਰਕ ਨਹੀਂ ਮਨ ਮਾਨੀ।
ਤਹਾਂ ਬੰਦਿ ਕਰ ਬੰਦਨ ਠਾਨੀ ॥੧੧॥
ਗਮਨਯੋਂ ਸਦਨ ਤ੍ਰਾਸ ਕੋ ਪਾਇ।
ਹਿੰਦੂ ਬੈਠਿ ਰਹਯੋ ਤਿਸ ਥਾਇ।
ਅਰਧ ਜਾਮਨੀ ਬੀਤੀ ਜਬੈ।
ਤੁਰੰਗ ਸਮੀਪ ਪਹੂਚਯੋ ਤਬੈ ॥੧੨॥
ਪਰਨਿ ਲਗੀ ਪਤਰੀ ਜਲ ਬੁੰਦ[1]।
ਜਹਿਂ ਤਹਿਂ ਪਰਸ ਰਹਯੋ ਤਮ ਬ੍ਰਿੰਦ।
ਚੌਕੀਦਾਰ ਗਯੋ ਬਿਚ ਛਾਯਾ।
ਪੁਰੇ ਬਾਉ ਤੇ ਕੁਛ ਅਲਸਾਇਆ ॥੧੩॥
ਤਬੈ ਤੁਰੰਗ ਖੋਲਿਬੋ ਕਰਯੋ।
ਦੇ ਕਵਿਕਾ ਮੁਖ ਊਪਰ ਚਰਯੋ।
ਜਬਿ ਡੇਰੇ ਕਹੁ ਉਲੰਘਿ ਸਿਧਾਵਾ।
ਸ੍ਰੀ ਸਤਿਗੁਰ ਨੇ ਬਾਕ ਅਲਾਵਾ ॥੧੪॥
'ਭੋ ਘੁਰਵਾਰ[1] ! ਜਗਹਿਂ ਕੋ ਸੇਵਹਿਂ?
ਤੁਰੰਗ ਚਲਤਿ ਕੋ ਖਰਕੋ ਹੋਵਹਿ।
ਅਪਨੇ ਥਾਨ ਖਰੋ ਕੈ ਨਾਂਹੀ?

[1]ਕਿਸੇ ਨੂੰ ਕੀ ਪਤਾ ਕਿ ਸ਼ੇਰ ਕਿਉਂ ਆਇਆ ਸੀ।
[1]ਅਕਾਸ਼ ਵਿੱਚ ਬੱਦਲ ਘਿਰੇ ਹੋਏ ਹਨ।
[1]ਆਪਣੇ) ਨਾਲ।
†ਪਾ:-ਪੈ।
[1]ਪਤਲੀਆਂ ਪਤਲੀਆਂ ਮੀਂਹ ਦੀਆਂ ਕਣੀਆਂ।
[1]ਹੇ ਘੋੜੇ ਦੇ ਪਹਿਰੇਦਾਰਾ!

ਫੇਰਹੁ ਹਾਥ ਮਹਾਂ ਤਮ ਮਾਂਹੀ' ॥੧੫॥
ਸੁਨਿ ਸੇਵਕ ਨੇ ਨੈਨ ਉਘਾਰੇ।
ਜਾਇ ਤੁਰੰਗ ਕੋ ਥਾਨ ਨਿਹਾਰੇ।
ਨਹੀਂ ਬਿਲੋਕ੍ਯੋ, ਤੂਰਨ ਬੋਲਾ।
'ਗੁਰੂ ਜੀ ਤਸਕਰ ਨੇ ਅਸ਼੍ਵ ਖੋਲਾ ॥੧੬॥
ਅਬਿ ਹੀ ਮੀਂਹ ਮੰਦ ਬਰਸਾਯਾ।
ਹੇਤੁ ਬਚਾਵਨਿ ਪ੍ਰਵਿਸ਼੍ਯੋ ਛਾਯਾ।
ਦੇਰਿ ਨ ਪਰੀ ਤੁਰੰਗ ਕੋ ਲੀਨਾ।
ਮਹਾਂ ਕੁਕਰਮ ਮੂਢ ਕਿਨ ਕੀਨਾ ॥੧੭॥
ਅਦਬ ਨਹੀਂ ਸਤਿਗੁਰ ਕੋ ਚੀਨਾ।
ਲੋਕ ਪ੍ਰਲੋਕ ਦੁਹਨਿ ਤੇ ਹੀਨਾ।
ਤੁਰੰਗ ਆਪਨੋ ਆਪ ਹਟਾਵਹੁ[1]। [1]ਮੁੜਾਵੋ।
ਤਸਕਰ ਉਚਿਤ ਸਜ਼ਾਇ ਦਿਵਾਵਹ ॥੧੮॥
ਨਾਂਹਿ ਤ ਇਸੀ ਦੇਸ਼ ਕੇ ਲੋਕ।
ਵਸਤੁ ਖਸੋਟਹਿਂ ਮਾਰਗ ਰੋਕਿ।
ਤੁਮ ਸਮਰਥ ਸਭਿ ਭਾਂਤਿਨਿ ਮਾਂਹੀ।
ਰਹੈ ਅਦੰਡ ਉਚਿਤ ਇਹੁ ਨਾਂਹੀ[1] ॥੧੯॥ [1]ਜੇ ਇਹ (ਚੋਰ) ਅਦੰਡ ਰਿਹਾ ਤਾਂ ਠੀਕ ਨਹੀਂ।
ਪੁਨਹਿਂ ਜਾਮਨੀ ਮਹਿਂ ਸੋ ਆਵੈ।
ਹਿਲ੍ਯੋ ਵਸਤੁ ਕੁਛ ਅਪਰ ਲਿਜਾਵੈ।
ਜੇ ਨ ਦਿਖਾਵਹੁ ਸ਼ਕਤਿ ਵਿਸ਼ੇਸ਼।
ਨਹਿਂ ਬਚ ਸਕਹੁ ਫਿਰਹੁ ਪਰਦੇਸ਼' ॥੨੦॥
ਸੁਨਿ ਸਤਿਗੁਰ ਕਹਿ ਧੀਰਜ ਦੀਨਾ।
'ਫਲ ਸੋ ਪਾਇ ਕਰਮ ਜਿਨ ਕੀਨਾ।
ਉੱਤਰ ਦਿਸ਼ਿ ਲੇ ਗਯੋ ਤੁਰੰਗ।
ਪਕਰਿ ਲੇਹ ਦੌਰੁਹੁ ਤਿਹ ਸੰਗ ॥੨੧॥
ਸਘਨ ਤਿਮਰ ਤੇ ਕਰਹੁ ਜੁ ਸ਼ੰਕਾ।
ਹੋਤਿ ਪ੍ਰਭਾਤਿ ਗਹੋ ਮਤਿ ਰੰਕਾ[1]। [1]ਮਤੀ ਦੇ ਕੰਗਾਲ ਨੂੰ।
ਨਹੀਂ ਜਾਇ ਹੈ ਤੁਰੰਗ ਹਮਾਰੋ।
ਇਹਠਾਂ ਆਵਹਿ ਬਿਦਤ ਸਕਾਰੋ[1] [1]ਸਵੇਰੇ।

॥੨੨॥
ਸੁਨਿ ਸਤਿਗੁਰ ਕੇ ਬਾਕ ਉਦਾਰੇ।
ਕਰਿ ਧੀਰਜ ਬੈਠੇ ਨਰ ਸਾਰੇ।
ਕੇਤਿਕ ਸੁਪਤਿ ਰਹੇ ਕੋ ਜਾਗੇ।
ਤਸਕਰ ਗਹਨਿ ਚਿੰਤ ਮਹਿਂ ਲਾਗੇ
॥੨੩॥
ਬੋਲਤਿ ਬਚ ਪ੍ਰਭਾਤਿ ਹੁਇ ਆਈ।
ਤਬਿ ਸ਼ਾਰਤ ਸਤਿਗੁਰੂ ਬਤਾਈ।
ਸਮੁਝਿ ਗਏ ਸੇਵਕ ਸਭਿ ਦੌਰਿ।
ਪਹੁੰਚੇ ਆਧ ਕੋਸ ਕੇ ਠੌਰ ॥੨੪॥
ਠਾਂਢੋ ਤਸਕਰ ਤਹਾਂ ਨਿਹਾਰ੍ਯੋ।
ਹਯ ਕਵਿਕਾ ਤੇ ਪਕਰਨਿ ਧਾਰ੍ਯੋ[1]। [1]ਚੋਰ ਨੇ) ਫੜਿਆ ਹੋਇਆ ਸੀ।
ਸਤਿਗੁਰ ਦਾਸਨਿ ਗਹ੍ਯੋ ਸੁ ਜਾਈ।
ਮੂਰਖ ਅਧਮ ਰਹ੍ਯੋ ਸਿਰ ਨਜਾਈ
॥੨੫॥
ਤੁਰੰਗ ਸਮੇਤ ਲਏ ਚਲਿ ਆਏ।
ਗੁਰੂ ਕੇ ਨਿਕਟਿ ਆਨਿ ਦਰਸਾਏ।
'ਅਰਧ ਕੋਸ ਪਰ ਬੈਠ੍ਯੋ ਏਹੂ।
ਲੇ ਕਰਿ ਗਯੋ ਨਹੀਂ ਕਿਮ ਗ੍ਰੇਹੂ[1]' ॥੨੬॥ [1]ਘਰ ਨੂੰ।
ਸੁਨਿ ਸ਼੍ਰੀ ਤੇਗ ਬਹਾਦਰ ਰਾਇ।
ਬੂਝ੍ਯੋ 'ਦੀਜੈ ਸਾਚ ਬਤਾਇ।
ਕਿਮ ਨਹਿਂ ਲੇਇ ਗਯੋ ਘਰ ਘੋਰਾ।
ਬੈਠਿ ਰਹ੍ਯੋ ਹਮਰੇ ਢਿਗ ਭੋਰਾ[1] ॥੨੭॥ [1]ਸਵੇਰ ਤਕ; (ਅ) ਹੇ ਭੋਲੇ!
ਤਬਿ ਤਸਕਰ ਨੇ ਸਕਲ ਬਤਾਈ।
ਹਮ, ਦ੍ਵੈ ਥੇ ਇਕ ਗਯੋ ਪਲਾਈ।
ਮੈਂ ਅਸੁ ਖੋਲ੍ਯੋ ਆਇ ਤੁਮਾਰਾ।
ਦੇ ਕਵਿਕਾ ਹ੍ਵੈ ਕਰਿ ਅਸਵਾਰਾ ॥੨੮॥
ਕਿਤਿਕ ਦੂਰ ਮੈਂ ਮਾਰਗ ਗਯੋ।
ਜਾਇ ਤਹਾਂ ਲੌ ਅੰਧਾ ਭਯੋ।
ਕਿਤ ਦਿਸ਼ ਗਮਨ੍ਯੋ ਜਾਇ ਨ ਜਬੈ।
ਸਾਥੀ ਕੇ ਬਚ ਸਿਮਰੇ ਤਬੈ ॥੨੯॥
ਨਮੋ ਕਰਤਿ ਕੇਹਰਿ ਕੋ ਦੇਖਾ।

ਤੁਰਕ ਹੁਤੋ, ਸਮੁਝਾਇ ਵਿਸ਼ੇਖਾ[1]।
ਮੈਂ ਤਿਸ ਕੀ ਇਕ ਕਹੀ ਨ ਮਾਨੀ।
ਸੋ ਚਲਿ ਗਯੋ ਆਪਨੇ ਥਾਨੀ ॥੩੦॥
ਭਯੋ ਅੰਧ ਮੈਂ ਬਹੁ ਪਛੁਤਾਵਾ।
ਪੁਨ ਹਟਿ ਕਰਿ ਤੁਮਰੀ ਦਿਸ਼ਿ ਆਵਾ।
ਭ੍ਰਮ ਦਿਸ਼ਿ[1] ਭਯੋ ਨ ਜਾਨਤੋ ਗਯੋ।
ਹੁਇ ਲਚਾਰ ਤਿਸ ਹੀ ਥਲ ਥਿਯੋ ॥੩੧॥
ਪ੍ਰਾਤਿ ਹੋਤਿ ਗੇ ਦਾਸ ਤੁਮਾਰੇ।
ਗਹਿ ਲੀਨਸਿ ਮੁਝ ਕੋ ਰਿਸ ਧਾਰੇ।
ਅਤਿ ਮਤਿਮੰਦ ਕਿਯੋ ਬਡ ਪਾਪ।
ਦ੍ਰਿਗ ਤੇ ਦੇਖਨਿ ਲਗਤੋ ਪ੍ਰਤਾਪ[1] ॥੩੨॥
ਮੈਂ ਤਸਕਰ, ਦਿਹੁ ਜਥਾ ਸਜ਼ਾਇ।
ਨੀਚ ਬੁੱਧਿ ਨੇ ਕੁਮਗ ਚਲਾਇ।
ਭਾਗ ਹੀਨ ਮਨ ਸਮੁਝਤੋ ਨਾਂਹੀ।
ਤੁਮ ਪ੍ਰਕਾਸ਼ ਰਵਿ ਸਮ ਜਗ ਮਾਂਹੀ ॥੩੩॥

ਦੋਹਰਾ:
ਸਤਿਗੁਰੁ ਕਹਿੰ 'ਰੇ ਕੁੱਟਣੇ ! ਸਭਿ ਜਗ ਸੋਂ ਕਰਿ ਦ੍ਰੋਹੁ।
ਇਹ ਫਕੀਰ ਕੋ ਗੋਦਰਾ, ਸੋ ਪਿ ਨ ਛੋਰਤੋ ਤੋਹੁ ॥੩੪॥

ਚੌਪਈ:
ਪਾਪ ਅਨਿਕ ਭਾਂਤਿਨਿ ਕੇ ਅਹੈਂ।
ਕਰਿ ਕਰਿ ਅਧਮ ਕਸ਼ਟ ਕੋ ਲਹੈਂ।
ਤਉ ਇਨਹੁ ਮਹਿੰ ਅੰਤਰ[1] ਮਹਾਂ।
ਲਘੁ ਤੇ ਲਘੁ ਬਡ ਤੇ ਬਡ ਕਹਾ ॥੩੫॥
ਕਹਾਂ ਅਪਰ ਕੀ ਚੋਰੀ ਕਰਨੀ।
ਕਹਾਂ ਵਸਤੁ ਸੰਤਨਿ ਕੀ ਹਰਨੀ।
ਯਾਂ ਤੇ ਜੋ ਤਸਕਰਨਿ ਸਜ਼ਾਇ।
ਇਹ ਬੂਝਤਿ ਹੈਂ ਦੇਹੁ ਬਤਾਇ ॥੩੬॥
ਜਗਤ ਬਿਦਤ ਹੈ ਸੂਲੀ ਦੇਨਿ।

[1](ਉਹ) ਤੁਰਕ ਸੀ (ਉਸ ਨੇ ਮੈਨੂੰ) ਬੜਾ ਸਮਝਾਇਆ।
[1]ਦਿਸ਼ਾ ਦਾ ਭਰਮ; ਹੋਰ ਦਿਸ਼ਾ ਨੂੰ ਹੋਰ ਸਮਝ ਲੈਣਾ।
[1](ਆਪ ਜੀ ਦੇ) ਪ੍ਰਤਾਪ ਨਾਲ।
[1]ਫਰਕ।

ਸੋ ਇਹ ਆਪਹਿ ਕਰ ਹੀ ਲੈਨ।'
ਇਮ ਕਹਿ ਦਾਸਨਿ ਤੇ ਛੁਰਿਵਾਯੋ।
ਤਸਕਰ ਬਚ ਕਰ ਜੋਰਿ ਅਲਾਯੋ ॥੩੭॥
'ਹੁਕਮ ਆਪ ਕੋ ਜੈਸੇ ਹੋਇ।
ਤਿਮ ਕਰਿ ਹੌਂ ਬਸ ਮੋਹਿ ਨ ਕੋਇ।
ਅਬਿ ਮਰਿਬੋ ਹੀ ਭਲੋ ਪਛਾਨੋਂ।
ਭਾ ਤੁਮਰੋ ਅਪਰਾਧ ਮਹਾਨੋ' ॥੩੮॥
ਸ੍ਰੀ ਗੁਰ ਕਹਯੋ ਜੰਡ ਤਰੁ ਖਰੋ।
ਇਸ ਕਾਸ਼ਟ ਪਰ ਚਢਿ ਕਰਿ ਮਰੋ†।

†ਇਹ ਕਥਾ ਸੂਲੀ ਸਰ ਤੋਂ ਜੈਸੀ ਅਵਿੱਦ ਲੋਕਾਂ ਤੋਂ ਸੁਣੀ ਵੈਸੀ ਲਿਖੀ ਜਾਪਦੀ ਹੈ। ਵੈਰਾਗ ਮੂਰਤੀ ਗੁਰੂ ਜੀ ਦੇ ਐਸੇ ਵਾਕ ਕਹਿਣੇ ਉਨ੍ਹਾਂ ਦੇ ਸੁਭਾਵ ਵਿਰੁੱਧ ਹਨ। ਸਾਖੀਆਂ ਦੀ ਪੋਥੀ ਵਿਚ ਚੋਰ ਚਾਰ ਦੱਸੇ ਹਨ, ਦੋ ਹਿੰਦੂ ਦੋ ਮੁਸਲਿਮ। ਦੋ ਚੋਰਾਂ ਦਾ ਸੂਲੀ ਚਾੜ੍ਹਨਾ ਈ ਲਿਖਿਆ ਹੈ। ਪਰ ਤਵਾ: ਖਾਲਸਾ ਨੇ ਲਿਖਿਆ ਹੈ ਕਿ ਉਹ ਇਕ ਚੋਰ ਆਪੇ ਸੂਲੀ ਚੜ੍ਹਕੇ ਮਰ ਗਿਆ। ਸਹੀ ਬੀ ਐਉਂ ਜਾਪਦਾ ਹੈ ਕਿ ਦਿਆਲ ਗੁਰੂ ਜੀ ਨੇ ਉਸ ਨੂੰ ਕੁਤਵਾਲ ਦੇ ਹਵਾਲੇ ਕਰਨ ਦੀ ਥਾਂ ਛੱਡ ਦੇਣ ਦੀ ਮਿਹਰ ਕੀਤੀ ਹੈ, ਉਸਨੂੰ ਇਸ ਕਮਾਲ ਦੀ ਬਖਸ਼ਿਸ਼ ਤੇ ਅਪਣੇ ਕੀਤੇ ਨੇ ਇੰਨਾ ਸ਼ਰਮਿੰਦਾ ਕੀਤਾ ਹੈ ਕਿ ਅਪਣੇ ਪਾਪ ਦਾ ਪ੍ਰਾਸਚਿਤ ਕਰਨੇ ਨਮਿੱਤ ਉਹ ਜੰਡ ਤੇ ਚੜ੍ਹ ਕੇ ਖੁਦਕਸ਼ੀ ਕਰਕੇ ਮਰ ਗਿਆ।

ਸੁਨਤਿ ਚੋਰ ਆਰੋਹਾ ਜਾਇ[1]। — [1]ਜਾ ਚੜ੍ਹਿਆ।
ਉਚੋ ਕਾਂਡ[1] ਗਹਯੋ ਸਹਿਸਾਇ ॥੩੯॥ — [1]ਟਾਹਣਾ।
ਬਲ ਕਰਿ ਤੋਰਯੋ ਜਿਮ ਰਹਿ ਤੀਖਨ।
ਦੇਖਤਿ ਸਭਿ ਕੇ ਕਰਮਾ ਭੀਖਨ[1]। — [1]ਭਯਾਨਕ ਕਰਮਾਂ ਵਾਲੇ ਨੇ। (ਅ) ਭਯਾਨਕ ਕੰਮ ਕੀਤਾ।
ਤਿਸ ਪਰ ਉਦਰ ਟਿਕਾਯੋ ਆਪਨਿ।
ਪਾਇ ਜੋਰ ਨਿਜ ਜੀਵਨ ਖਾਪਨਿ[1] ॥੪੦॥ — [1]ਜੀਵਣ ਖਪਾਉਣ ਲਈ।
ਜਬਿ ਅਲੰਬ ਤਿਸ ਕੇ ਹੁਇ ਗਯੋ।
ਫਟਯੋ ਪੇਟ ਕਾਸ਼ਟ ਪ੍ਰਵਿਸ਼ਯੋ।
ਤਤਛਿਨ ਮਰਯੋ ਸੁ ਥਲ ਅਬਿ ਅਹੈ।
ਜਿਸ ਕੋ ਸੂਲੀਸਰ ਨਰ ਕਹੈਂ ॥੪੧॥
ਇਕ ਦੁਇ ਦਿਨ ਕਰਿ ਕੈ ਤਹਿਂ ਬਾਸ।
ਸ੍ਰੀ ਸਤਿਗੁਰ ਸੇਵਕ ਸੁਖਰਾਸ।
ਪੁਨਹਿਂ ਕੂਚ ਤਹਿਂ ਤੇ ਕਰਿ ਦੀਨਸਿ।
'ਬਰੇ[1]' ਗ੍ਰਾਮ ਕੋ ਮਾਰਗ ਲੀਨਸਿ ॥੪੨॥ — [1]ਪਿੰਡ ਦਾ ਨਾਮ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਵਿਚਰਨ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਬਰੇ। ਗੋਬਿੰਦ ਪੁਰੇ। ਰਾਗੋ। ਗੁਰਨੇ। ਮਕਰੋੜ। ਧਮਧਾਣ]

੪੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੨

ਦੋਹਰਾ:
ਤਹਿਂ ਤੇ ਚਢਿ ਸ਼੍ਰੀ ਸਤਿਗੁਰੂ, 'ਬਰੇ' ਗ੍ਰਾਮ
ਮਹਿਂ ਆਇ।
ਕਰ੍ਯੋ ਨਿਵਾਸ ਸੁ ਥਾਨ ਸੁਠ, ਮਿਲੇ ਲੋਕ
ਸਮੁਦਾਇ ॥੧॥
ਚੌਪਈ:
ਕਰਿ ਸੇਵਾ ਦਿਨ ਕੁਛਕ ਟਿਕਾਏ।
ਹੁਤੋ ਚੁਮਾਸਾ ਘਨ ਬਰਖਾਏ।
ਤਹਾਂ ਮੋਠ ਕੋ ਖੇਤ ਬਿਜਾਇ[1]।
ਚਾਰਤਿ ਭਏ ਤੁਰੰਗਨਿ ਪਾਇ[1] ॥੨॥
ਮਹਿਖੀ ਕੋ ਨਿਤ ਪ੍ਰਤਿ ਬਹੁ ਚਾਰੇ।
ਪਸੁ ਪੁਸ਼ਟ ਕੀਨਸਿ ਇਕਸਾਰੇ।
ਸੰਗਤਿ ਦੂਰ ਦੂਰ ਤੇ ਆਵਹਿ।
ਸਗਲ ਦੇਗ਼ ਤੇ ਭੋਜਨ ਖਾਵਹਿਂ ॥੩॥
ਆਨਿ ਉਪਾਇਨ ਬਹੁ ਅਰਪੰਤੇ।
ਰਹੈਂ ਕਿਤਿਕ ਦਿਨ ਦਰਸ ਕਰੰਤੇ।
ਸ਼ਰਧਾ ਸਹਿਤ ਸੁਨਹਿਂ ਉਪਦੇਸ਼।
ਜਨਮ ਜਨਮ ਕੇ ਕਟਹਿਂ ਕਲੇਸ਼ ॥੪॥
ਜੋ ਮਸੰਦ ਜਿਸ ਦੇਸ਼ ਮਝਾਰੇ।
ਲੇ ਗੁਰ ਕਾਰ ਹੋਹਿ ਕਰਿ ਤਜਾਰੇ।
ਸੰਗਤਿ ਅਪਨੇ ਸੰਗ ਲਗਾਇ।
ਆਵਹਿਂ ਸਤਿਗੁਰ ਕੋ ਦਰਸਾਇ ॥੫॥
ਇਕ ਮਸੰਦ ਦਰਸਹਿ ਰਹਿ ਪਾਸ।
ਸੰਗਤਿ ਅਨਿਕ ਸੰਗ ਹੁਇ ਤਾਸ[1]।
ਅਨਗਨ ਧਨ ਸਤਿਗੁਰ ਢਿਗ ਆਵੈ।
ਪਰਉਪਕਾਰ ਹੇਤੁ ਸਭਿ ਲਾਵੈਂ ॥੬॥
ਨਰਨਿ ਹਜ਼ਾਰਨਿ ਕੋ ਭਲ[1] ਕਰਿਹੀਂ।
ਦਰਸ਼ਨ ਦੇ ਕਰਿ ਦੋਸ਼ਨਿ ਹਰਿਹੀਂ।
ਬਿਤਯੋ ਚੁਮਾਸਾ ਤਿਸ ਹੀ ਥਾਨ।
ਮਗ ਕੇ ਸੂਕਿ ਗਏ ਬਹੁ ਪਾਨਿ ॥੭॥

[1]ਬਿਜਵਾਕੇ (ਗੁਰੂ ਜੀ ਨੇ)।
[1]ਘੋੜੀਆਂ ਵਾੜ ਕੇ।
[1]ਤਿਸ ਦੇ ਨਾਲ।
[1]ਭਲਾ।

ਬਰੇ ਗ੍ਰਾਮ ਪਰ ਭਏ ਪ੍ਰਸੰਨ।
ਅਵਿਲੋਕਯੋ ਨੀਕੋ ਥਲ ਅੰਨ[1]। [1]ਹੋਰ ਥਾਂ।
ਪੂਰਬ ਥਾਨ ਸਦਨ ਉਠਿਵਾਏ।
ਗ੍ਰਾਮ ਦੂਸਰੀ ਦਿਸ਼ਾ ਬਿਠਾਏ ॥੮॥
ਮਾਨਯੋ ਬਾਕ ਬਸੇ ਤਹਿਂ ਜਾਇ।
ਧਨ ਅਰੁ ਧਾਨ ਬਧਯੋ ਅਧਿਕਾਇ।
ਜੋ ਜਿਨ ਕਰੀ ਕਾਮਨਾ ਮਨ ਮੈਂ।
ਪੂਰਨ ਕਰਤਿ ਭਏ ਤਿਨ ਛਿਨ ਮੈਂ ॥੯॥
ਕੂਚ ਕਰਯੋ ਪੁਨ ਗੁਰ ਪ੍ਰਸਥਾਨੇ।
ਗ੍ਰਾਮ 'ਬੁਲਾਢੇ' ਉਰੈ ਸਥਾਨੇ[1]। [1]ਬੁਲਾਢੇ ਨਾਮ ਪਿੰਡ ਤੋਂ ਉਰੇ। ਪਿੰਡ ਬਛੋਆਨਾ [ਸਾਖੀ: ਪੋਥੀ]
ਉਤਰਿ ਸੁ ਨਿਸਾ ਬਿਤਾਵਤਿ ਭਏ।
ਪੁਨ 'ਗੋਬਿੰਦਪੁਰੇ' ਗੁਰ ਗਏ ॥੧੦॥
ਗਮਨੇ ਤਿਹ ਤੇ 'ਗਾਗੇ' ਆਏ।
ਡੇਰਾ ਕਰਯੋ ਹੇਰਿ ਸੁਭ ਥਾਏ।
ਘਾਹੀ ਗਏ ਘਾਸ ਹਿਤ ਬਾਹਰ।
ਜਾਇ ਕਰਯੋ ਖੇਤਹਿ ਮਹਿਂ ਆਹਰ ॥੧੧॥
ਬੀਨ ਬੀਨ ਤ੍ਰਿਣ ਕਿਤਿਕ ਕਿਦਾਰਨ[1]। [1]ਖੇਤੀਆਂ ਦੇ।
ਕਰਿ ਇਕਠੇ ਬੰਧਤਿ ਨਿਜ ਭਾਰਨਿ।
ਰਾਹਕ ਜਾਟ ਆਨਿ ਕਰਿ ਪਰੇ।
ਛੀਨ ਲੀਨਿ ਤ੍ਰਿਣ ਰਿਸ ਮਹਿਂ ਭਰੇ ॥੧੨॥
ਝਿਰਕਿ ਗਾਰਿ ਦੇ ਮਾਰਨਿ ਕਰੇ।
ਨਿਜ ਖੇਤਨਿ ਤੇ ਵਹਿਰ ਨਿਕਰੇ।
ਛੂਛੇ ਦੀਨਮਨੇ ਬਹੁ ਦਾਸ।
ਆਇ ਪੁਕਾਰੇ ਗੁਰ ਕੇ ਪਾਸ ॥੧੩॥
'ਇਹਾਂ ਜਾਟ ਮਤਿਮੂਢ ਬਿਸਾਲੇ।
ਗੁਰ ਮਹਿਮਾ ਨਹਿ ਲਖਹਿਂ ਕੁਚਾਲੇ।
ਨਹੀਂ ਬਿਗਾਰਯੋ ਤਿਨ ਕਾ ਖੇਤ।
ਪ੍ਰਵਿਸ਼ੇ ਹਮ ਤ੍ਰਿਣ ਲੈਬੇ ਹੇਤੁ ॥੧੪॥
ਨਹੀਂ ਸ਼ਾਮ ਸੋਂ[1] ਆਨਿ ਹਟਾਏ। [1]ਸ਼ਾਂਤੀ ਨਾਲ।

ਤ੍ਰਿਣਨਿ ਛੀਨ ਕੈ ਹਤੇ ਰਿਸਾਏ[1]।
ਕਹਿ ਬਹੁ ਰਹੇ -ਨ ਕੀਨਿ ਉਜਾਰਾ-।
ਨਹਿਂ ਮਾਨਜੋਂ ਮਤਿਮੰਦ ਗਵਾਰਾ ॥੧੫॥
ਗੁਰਮੁਖ ਨਹਿਂ ਇਹ ਮਨਮੁਖ ਮਹਾਂ।
ਗੁਰ ਜੀ ਨਹੀਂ ਰਹਨਿ ਭਲ ਇਹਾਂ।
ਤ੍ਰਿਣ ਬਿਨ ਸਰੈ ਨਹੀਂ ਨਿਜ ਡੇਰੇ।
ਅਸੁ ਮਹਿਖੀ ਰਹਿਂ ਛੁਧਿਤ ਘਨੇਰੇ' ॥੧੬॥
ਸੁਨਿ ਸਤਿਗੁਰ ਨੇ ਮਾਨੀ ਬਾਤ।
ਚਢਿ ਕਰਿ ਚਲੇ ਟਿਕੇ ਨਹਿਂ ਰਾਤਿ।
ਤਨਕ ਕ੍ਰੋਧ ਤੇ ਸ੍ਰਾਪ ਨ ਦੀਨਹੁਂ।
'ਗੁਰਨੇ[1]' ਗ੍ਰਾਮ ਸੁ ਡੇਰਾ ਕੀਨਹੁ ॥੧੭॥
ਨਰ ਪੀਛੈ ਮਿਲਿ ਕਰਿ ਪਛੁਤਾਏ।
'ਬੁਰੋ ਗੁਰੂ ਅਪਰਾਧ ਕਮਾਏ[1]।
ਸਰਬ ਗ੍ਰਾਮ ਜਿਨ ਸੇਵਾ ਕਰਿਹੀਂ।
ਹਾਥ ਜੋਰਿ ਬੰਦਹਿਂ ਹਿਤ ਧਰਿਹੀਂ ॥੧੮॥
ਬਰੇ ਗ੍ਰਾਮ ਨੇ ਰਾਖਿ ਚੁਮਾਸਾ[1]।
ਕਰਤਿ ਰਹੇ ਸੇਵਾ ਹੁਇ ਦਾਸਾ।
ਲੋਕ ਹਜ਼ਾਰੋਂ ਮਿਲਿ ਕਰਿ ਆਵੈਂ।
ਧਨ ਅਰਪਹਿਂ ਅਰੁ ਸੀਸ ਨਿਵਾਵੈਂ ॥੧੯॥
ਰਿਦੇ ਕਾਮਨਾ ਪੂਰਨ ਹੋਇ।
ਜਹਿਂ ਕਹਿਂ ਪੂਜਤਿ ਹੈਂ ਸਭਿ ਕੋਇ।
ਕਰੇ ਅਵੱਗਜਾ ਸ੍ਰਾਪ ਬਖਾਨਹਿਂ।
ਧਨ ਅਰੁ ਧਾਨ ਮਾਲ ਸਭਿ ਹਾਨਹਿਂ ॥੨੦॥
ਕਰਾਮਾਤ ਮੈਂ ਪੂਰਨ ਏਹ।
ਹਮਹਿਂ ਸ੍ਰਾਪ ਕਹਿ ਕਰਿ ਹਤਿ ਦੇਹਿਂ।
ਨਾਂਹਿਤ ਸਭਿ ਚਲਿ ਮਿਲਿ ਬਖਸ਼ਾਵਹੁ।
ਕਰਿ ਜੋਰਹੁ ਪਗ ਸੀਸ ਨਿਵਾਵਹੁ'

[1]ਕ੍ਰੋਧ ਕਰਕੇ ਮਾਰੇ।

[1]ਨਾਮ ਪਿੰਡ ਦਾ।

[1]ਗੁਰੂ ਜੀ ਦਾ (ਅਸਾਂ ਨਿਰਾਦਰ ਰੂਪੀ) ਬੁਰਾ ਅਪਰਾਧ ਕਮਾਇਆ ਹੈ।

[1]ਵਰਖਾ ਰੁੱਤ।

॥੨੧॥
ਇਮ ਕਹਿ ਘ੍ਰਿਤ ਬਾਸਨ ਇਕ ਲੀਨਿ।
ਇਕ ਭੂਰਾ ਸੰਗ, ਚਲਿਬੋ ਕੀਨ[1]। [1]ਇਕ ਭੂਰਾ (ਲੈਕੇ) ਨਾਲ ਚਲੇ।
ਗੁਰਨੇ ਮਿਲੇ ਗੁਰੂ ਕਹੁ ਸਾਰੇ।
ਬਿਨਤੀ ਯੁਤਿ ਬਚ ਦੀਨ ਉਚਾਰੇ ॥੨੨॥
'ਛਿਮਹੁ ਕ੍ਰਿਪਾ ਕਰਿ ਹਮ ਅਪਰਾਧੂ।
ਬਖਸ਼ਹੁ ਮਹਾਂ ਪੁਰਖ ਤੁਮ ਸਾਧੂ।
ਅਬਿ ਲੌ ਸ੍ਰਾਪ ਜੇ ਨ ਕੁਛ ਕਹ੍ਯੋ।
ਸ਼ੁਭ ਸੁਭਾਉ ਰਾਵਰ ਕੋ ਲਹ੍ਯੋ ॥੨੩॥
ਨਾਂਹਿ ਤ ਹਮ ਕ੍ਯਾ ਜੰਤੁ ਬਿਚਾਰੇ।
ਸ਼ੀਘ੍ਰ ਹੋਤਿ ਜੋ ਮੁਖੋਂ ਉਚਾਰੇ।
ਬੱਜ੍ਰ ਸਮਾਨ ਸ੍ਰਾਪ ਨਹਿੰ ਫਿਰੈ।
ਤੁਮ ਰਿਸ ਤੇ ਕੋ ਰੱਛ੍ਯਾ ਕਰੈ' ॥੨੪॥
ਇੱਤ੍ਯਾਦਿਕ ਬਹੁ ਬਿਨੈ ਬਖਾਨੈਂ।
ਲਖਿ ਗਵਾਰ ਤਿਨ, ਗੁਰ ਨਹੀਂ ਮਾਨੈ।
ਰਾਖ੍ਯੋ ਤੀਨ ਦਿਵਸ ਗੁਰ ਡੇਰਾ।
ਗੁਰਨੇ ਗ੍ਰਾਮ ਬਿਖੈ, ਚਲਿ ਫੇਰਾ[1] ॥੨੫॥ [1]ਫੇਰ ਚੱਲਣ ਨੂੰ (ਤਿਆਰ) ਹੋਏ।
ਰਹੇ ਮਨਾਇ ਨੰਮ੍ਰਿਤਾ ਕੋ ਲੇ।
ਤਿਨ ਦਿਸ਼ਿ ਦੇਖਿ ਗੁਰੂ ਨਹੀਂ ਬੋਲੇ।
ਚਲਿ 'ਮਕਰੋੜ' ਗ੍ਰਾਮ ਮਹਿਂ ਅਏ।
ਤਹਿਂ ਭੀ ਸੰਗ ਗਮਨਤੇ ਭਏ[1] ॥੨੬॥ [1]ਨਾਲ ਹੀ (ਓਹ) ਗਏ।
'ਸ੍ਰੀ ਗੁਰ ਜਬਿ ਡੇਰਾ ਕਰਿ ਦੀਨਿ।
ਹਾਥ ਜੋਰਿ ਬਹੁ ਹ੍ਵੈ ਕਰਿ ਦੀਨ।
ਬਿਨਤੀ ਅਨਿਕ ਪ੍ਰਕਾਰ ਉਚਰੀ।
ਸਿੱਖਜਨਿ ਦੇਖਿ ਸੁਪਾਰਸ਼ ਕਰੀ ॥੨੭॥
'ਬਹੁ ਦਿਨ ਕੇ ਇਹ ਬਿਨੈ ਬਖਾਨੈਂ।
ਬਿਰਦ ਆਪ ਕੋ ਕ੍ਰਿਪਾ ਨਿਧਾਨੈ।
ਹੈਂ ਗਵਾਰ ਨਹੀਂ ਜਾਨਿ ਸਕੇ ਹੈਂ।
ਅਬਿ ਪਛੁਤਾਏ ਸ਼ਰਨ ਤਕੇ ਹੈਂ ॥੨੮॥
ਸਿਰ ਗਵਾਰ ਕੇ ਲਗਹਿ ਤ ਜਾਨੇ[1]। [1]ਗਵਾਰ ਦੇ ਜਦ ਸਿਰ ਤੇ (ਸੱਟ) ਪੈਂਦੀ ਹੈ ਤਦੋਂ ਜਾਣਦਾ ਹੈ।
ਤਉ ਆਪ ਹੋ ਛਿਮਾ ਮਹਾਨੇ।

ਤ੍ਰਾਸ ਆਪ ਕੋ ਧਾਰਿ ਘਨੇਰਾ।
ਪਸ਼ਚਾਤਾਪ ਕਰਤਿ ਬਹੁਤੇਰਾ ॥੨੯॥
ਕ੍ਰਿਪਾ ਦ੍ਰਿਸ਼ਟਿ ਕੋ ਕਰਹੁ ਬਿਲੋਕਨਿ।
ਸੰਸੇ ਹਤਿ ਸ਼ਰਧਾ ਹੁਇ ਲੋਕਨਿ।
ਸਿੱਖੀ ਧਰਹਿਂ ਹੋਹਿਂ ਅਨੁਸਾਰੀ।
ਭਾਉ ਭਗਤਿ ਨਿਤ ਗਹੈਂ ਤੁਮਾਰੀ' ॥੩੦॥
ਇਮ ਸਿੱਖਜਨਿ ਕੋ ਰੁਖ਼ ਲਖਿ ਕਰਿ ਕੈ।
ਮਹਾਂਰਾਜ ਗੁਰ ਕਰੁਨਾ ਧਰਿ ਕੈ।
ਭੂਰਾ, ਭੂਰ ਘਟਾ ਘ੍ਰਿਤ[1] ਲੀਨਿ।
ਬਖਸ਼ਨਿ ਕਰੇ ਦੇਖਿ ਕੈ ਦੀਨ ॥੩੧॥
'ਕੁਲ ਬਰਖੇਸ਼ੀਆਨ[1] ਕੀ ਜੇਤੀ।
ਕਰਨੀ ਹੁਤੀ ਉਖਾਰਨਿ ਤੇਤੀ।
ਅਬਿ ਤੁਮ ਆਨਿ ਮਿਲੇ ਘਿਘਿਆਏ।
ਬਧਹਿ ਨ ਬੰਸ ਨ ਹੁਇ ਸਮੁਦਾਏ[1] ॥੩੨॥
ਅਲਪ ਰਹੈਗੋ ਬੰਸ ਤੁਮਾਰੋ।
ਰਾਰ ਕਰਤਿ ਹੁਇੰ ਸੂਰ ਕਰਾਰੋ[1]।
ਜੈਸੇ ਅਗਨਿ ਜੋਰ ਬਿਤ ਗਏ[1]।
ਰਹਿ ਥੋਰੀ ਪਾਛੇ, ਸੁ ਧੁਕਏ[1] ॥੩੩॥
ਤੈਸੇ ਕੁਲ ਤੁਮਰੀ ਜਗ ਰਹੈ।
ਨਹੀਂ ਪਰਾਜੈ[1] ਰਿਪੁ ਤੇ ਲਹੈ।
ਕੁਲ ਗੁਲ ਗੁੱਲੀਆਨ[1]† ਕੀ ਜੋਇ।
ਜੇ ਕਰਿ ਪੰਚ ਬੀਰ ਨਰ ਹੋਇੰ ॥੩੪॥
ਸੰਗ ਸਿੱਧੁਅਨਿ ਅਰਤੇ ਰਹੋ।
ਭੈ ਕਰਿ ਭਾਜਨਿ ਕਬਹਿ ਨ ਚਹੋ।'
ਇਸ ਪ੍ਰਕਾਰ ਬਖ਼ਸ਼ੇ ਨਰ ਸੋਇ†।

[1]ਭੂਰਾ ਤੇ ਘਿਉ ਦਾ ਭਰਿਆ ਹੋਯਾ ਘੜਾ।

[1]ਅਪਨੀਆਂ ਜੜ੍ਹਾਂ ਆਪ ਪੁਟਣ ਵਾਲਿਆਂ ਦੀ ਕੁਲ [ਫਾ: 'ਬਰ ਖੇਸ਼ ਨਾ ਬਖਸ਼ੁਦਨ' ਫਾਰਸੀ ਮੁਹਾਵਰੇ ਵਿਚ ਇਸ ਦਾ ਅਰਥ ਹੈ ਐਸਾ ਕੰਮ ਕਰਨਾ ਜਿਸਦਾ ਫਲ ਅਪਣੀ ਤਬਾਹੀ ਹੋਵੇ। ਇਸ ਵਾਕ ਦਾ ਸੰਖੇਪ ਰੂਪ ਪੰਜਾਬੀ ਵਿਚ ਰਹਿ ਗਿਆ ਬਰਖੇਸ਼ੀਆਨ। ] (ਅ) ਗਜ਼ਨੀ ਇਕ ਕੁਲ ਦਾ ਨਾਮ ਬੀ ਦੱਸਦੇ ਹਨ।

[1]ਬਹੁਤੀ ਹੋਕੇ (ਤੁਹਾਡੀ) ਵੰਸ ਨਹੀਂ ਵਧੇਗੀ।

[1]ਕਰੜੇ ਸੂਰਮੇ।

[1]ਜਿਵੇਂ ਅਗਨੀ ਦਾ ਜ਼ੋਰ ਬੀਤ ਜਾਵੇ ਤਾਂ।

[1]ਸੋ ਧੁਖਦੀ ਹੈ।

[1]ਹਾਰ।

[1]ਨਾਮ ਕੁਲ ਦਾ। †ਪਾ:-ਗਲੀਆਨ।

†ਪਿੱਛੇ ਆਪ ਹੀ ਕਹਿ ਆਏ ਹਨ 'ਤਨਕ ਕ੍ਰੋਧ ਤੇ ਸ੍ਰਾਪ ਨ ਦੀਨੋ' ਕਿ ਗੁਰੂ ਜੀ ਜ਼ਰਾ ਜਿੰਨੇ ਬੀ ਕ੍ਰੋਧ ਵਿੱਚ ਨਾ ਗਏ ਤੇ ਸ੍ਰਾਪ ਨਾ ਦਿੱਤਾ। ਇਸ ਦਾ ਭੇਤ ਪਦ 'ਬਰਖੇਸ਼ੀਆਨ'

ਵਿਚ ਆਇਆ ਹੈ, ਜਿਸ ਵਿਚ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਅਪਣਾ ਕਰਮ ਹੀ ਉਨ੍ਹਾਂ ਦਾ ਨਾਸ਼ਕ ਸੀ, ਉਨ੍ਹਾਂ ਦੇ ਇਸ ਆਪ ਸਹੇੜੇ ਵਿਨਾਸ਼ ਨੂੰ ਸਤਿਗੁਰਾਂ ਨੇ ਹੁਣ ਬਖਸ਼ ਦਿੱਤਾ ਹੈ।

ਮਾਨਨਿ ਲਗ ਆਨਿ ਸਭਿ ਕੋਇ ॥੩੫॥
ਦੇਹਿਂ ਉਪਾਇਨ ਬਿਨੈ ਸੁਨਾਵਹਿਂ।
ਕੇਤਿਕ ਮਨ ਬਾਂਛਤਿ ਫਲ ਪਾਵਹਿਂ।
ਧਨ ਅਰੁ ਧਾਨੁ ਆਇ ਅਧਿਕਾਇ।
ਹਿਤ ਉਪਕਾਰ ਗੁਰੂ ਸੋ ਲਾਇਂ ॥੩੬॥
ਚਲਹਿ ਦੇਗ ਭੋਜਨ ਹੁਇ ਘਨੋ।
ਨਿਸ ਦਿਨ ਮਹਿਂ ਇਕ ਰਸ ਨ੍ਰਿਪ ਮਨੋ[1]।
ਛੁਧਿਤ ਨਗਨ ਕੋਊ ਚਲਿ ਆਇ।
ਭੋਜਨ ਬਸਤ੍ਰ ਦੇਤਿ ਸਮੁਦਾਇ ॥੩੭॥
ਸ੍ਰੀ ਗੁਰਦੇਵ ਤਬੈ ਚਲਿ ਆਏ।
ਗ੍ਰਾਮ ਨਾਮ 'ਧਮਧਾਨ[†]' ਬਤਾਏ।
ਤਹਾਂ ਜਾਇ ਡੇਰਾ ਨਿਜ ਘਾਲੇ।
ਸਜੰਦਨ ਅਰੁ ਡੇਰਾ ਨਰ ਨਾਲੇ ॥੩੮॥
ਸਗਰੇ ਤਹਿਂ ਉਤਰੇ ਜਬਿ ਆਈ।
ਗ੍ਰਾਮ ਬਿਖੈ ਸਭਿਹਿਨਿ ਸੁਧਿ ਪਾਈ।
ਸੁਨਜੋਂ ਹੁਤੋ ਜਸੁ ਪ੍ਰਥਮ ਬਿਸਾਲਾ।
ਲੇ ਕਰਿ ਜਾਟ[1] ਦੁਗਧ ਤਿਸ ਕਾਲਾ ॥੩੯॥
ਬਾਸਨ ਭਰਿ ਕਰਿ ਲੈ ਤਬਿ ਆਯੋ।
ਗੁਰ ਆਗੈ ਧਰਿ ਸੀਸ ਨਿਵਾਯੋ।
ਸਮੁਖ ਬੈਠਿ ਦਰਸ਼ਨ ਕੋ ਦੇਖਾ।
ਬੀਚ ਸਭਾ ਕੇ ਗੁਰੁ ਜਗਤੇਸ਼ਾ ॥੪੦॥
ਕਹਜੋ ਦੇਖ ਕਰਿ ਦੁਗਧ ਜੁ ਆਨਾ।
'ਇਹੁ ਜਾਨੋ ਹੈ ਸ਼੍ਰੋਣ ਸਮਾਨਾ।
ਨਹੀਂ ਪਾਨ ਕੇ ਉਚਿਤ ਹਮਾਰੇ।
ਲੇ ਗਮਨੋ ਨਿਜ ਸਦਨ ਮਝਾਰੇ' ॥੪੧॥
ਸੁਨਿ ਰਾਹਕ ਬੋਲਜੋ ਕਰ ਜੋਰਿ।
'ਇਹ ਤੌ ਦੁਗਧ, ਕਛੁ ਨਹਿਂ ਔਰ।
ਕਜੋਂ ਤਰਕਹੁ ਇਸ ਕੀਜਹਿ ਪਾਨਾ।

[1]ਰਾਜਿਆਂ ਵਤ (ਲੰਗਰ ਚੱਲੇ)।

[†]ਪਾ:-ਧਮਤਾਨ।

[1]ਇਕ) ਜੱਟ।

ਮੈਂ ਆਨਯੋਂ ਕਰਿ ਪ੍ਰੇਮ ਮਹਾਨਾ' ॥੪੨॥
ਸ਼੍ਰੀ ਗੁਰ ਕਹਯੋ ਦੁਗਧ ਕਿਸ ਕੇਰਾ?
ਦੁਹਿ ਆਨਯੋਂ ਬਾਸਨ ਮਹਿਂ ਹੇਰਾ[1]।'
ਰਾਹਕ ਕਹਯੋ 'ਮਹਿਖ ਘਰ ਮੋਹਿ।
ਜਿਸ ਕੋ ਬਤਸ[1] ਮਰਯੋ, ਨਹਿਂ ਹੋਹਿ ॥੪੩॥
ਬੈਠਨਿ ਦੇਤਿ ਨਹੀਂ ਸੋ ਤਰੇ।
ਮੂੜੀ ਦੀਨਿ ਗੋਡਬੋ ਕਰੇ[1]।
ਤਬਿ ਤਿਸ ਨੇ ਤਰ ਦੁਗਧ ਉਤਾਰਾ।
ਦੁਹਿ ਆਨਯੋ ਮੈਂ ਤਬਿ ਹੀ ਸਾਰਾ ॥੪੪॥
ਕਹੌਂ ਆਪ ਕੇ ਢਿਗ ਸਭਿ ਸਾਚੀ।'
ਤਬਿ ਸਤਿਗੁਰੁ ਇਮ ਗਿਰਾ ਉਬਾਚੀ।
'ਬਾਂਗਰ ਕੇ ਨਰ ਅਧਿਕ ਕਠੋਰ।
ਕੋਜੇ ਗੋਡੈਂ ਦੇ ਕਰਿ ਜੋਰ[1]† ॥੪੫॥
ਬਾਰ ਬਾਰ ਸਮੁਝਾਇ ਜੁ ਤਰਜਹਿਂ।
ਸਿੱਖਯਾ ਦੇਇ ਬਿਕਾਰਨਿ ਬਰਜਹਿਂ।
ਤੌ ਸਿਖ ਹੋਇਂ ਕਿਧੌਂ ਹੁਇਂ ਨਾਂਹੀ।
ਅਸ ਬਿਧਿ ਬਾਂਗਰ ਦੇਸ਼ ਕਿ ਮਾਂਹੀ' ॥੪੬॥
ਦੁਗਧ ਹਟਾਇ ਦੀਨਿ ਕਹਿ ਐਸੇ।
ਡੇਰਾ ਟਿਕਯੋ ਗੁਰੂ ਕਹੁ ਤੈਸੇ।
ਦੇਗ਼ ਬਿਸਾਲ ਨਿਤਾਪ੍ਰਤਿ ਹੋਇ।
ਆਇ ਜਾਇ ਅਚਵਹਿਂ ਸਭਿ ਕੋਇ ॥੪੭॥
ਦੂਰ ਦੂਰ ਤੇ ਸੰਗਤਿ ਆਵਹਿ।
ਅਨਿਕ ਅਕੋਰਨਿ ਕਹੁ ਅਰਪਾਵਹਿ।

[1]ਦੇਖ ਕੇ।

[1]ਬੱਚਾ।

[1]ਪਿਸ਼ਾਬ ਵਾਲੀ ਥਾਂ ਵਿਚ ਮਹਿਂ ਦੀ ਪੂਛ ਮੋੜਕੇ ਯਾ ਸੁਬੜ ਬਣਾਕੇ ਦੇਣੀ [ਪੰ: ਗੁਡਣਾ = ਖੁਭਾਉਣਾ]

[1]ਜ਼ੋਰ ਨਾਲ ਬੁੱਜੇ ਧਸਾਂਦੇ ਹਨ। (ਅ) ਖੋਟਾ ਜ਼ੋਰ ਦੇ ਕੇ ਦੁਖ ਦਿੰਦੇ ਹਨ। †ਇਹ ਬੇਤਰਸੀ ਦਾ ਭੈੜਾ ਤ੍ਰੀਕਾ ਹੈ ਜਿਸ ਨਾਲ ਕੱਟੇ ਕੱਟੀ ਵਿਹੂਣੀ ਮਹਿਂ ਦਾ ਦੁੱਧ ਜ਼ੋਰੀ ਚੋ ਲੈਂਦੇ ਹਨ। ਏਹ ਲੋਕ ਅਕਸਰ ਮਹੀਆਂ ਦੇ ਚੋਰ ਹੁੰਦੇ ਸਨ, ਕੱਟੇ ਕੱਟੀਆਂ ਮਾਲਕਾਂ ਦੇ ਘਰ ਰਹਿ ਜਾਣੇ, ਇਹਨਾਂ ਮਹੀਆਂ ਚੁਰਾ ਲਿਆਉਣੀਆਂ ਫੇਰ ਇਸ ਤਰ੍ਹਾਂ ਦੇ ਜ਼ੁਲਮ ਨਾਲ ਮਹੀਆਂ ਚੋ ਲੈਣੀਆਂ, ਐਸੇ ਦੁੱਧ ਨੂੰ ਗੁਰੂ ਜੀ ਨੇ ਅੰਗੀਕਾਰ ਨਹੀਂ ਕੀਤਾ।

ਬ੍ਰਿੰਦ ਸਿੱਖ ਸੇਵਾ ਕਹੁ ਕਰਿਹੀਂ।
ਅਪਨੀ ਸ਼੍ਰੇਯ ਲੇਨਿ ਹਿਤ ਧਰਿਹੀਂ
॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧਮਧਾਨ ਆਗਵਨ ਗੁਰੂ' ਪ੍ਰਸੰਗ ਬਰਨਨੰ ਨਾਮ ਏਕਚਤਵਾਰਿੰਸਤੀ ਅੰਸੂ ॥੪੧॥

## ੪੨. [ਮੇਹੇਂ ਦੀ ਘਾਲ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਰਹੇ ਗ੍ਰਾਮ ਧਮਧਾਨ ਢਿਗ,
ਨਿਤ ਅਖੇਰ ਬ੍ਰਿਤਿ ਜਾਇਂ।
ਕਰਤਿ ਨਿਹਾਲ ਅਨੇਕ ਕੇ,
ਆਵਹਿਂ ਨਰ ਸਮੁਦਾਇ ॥੧॥

ਚੌਪਈ:

ਮਾਤ ਨਾਨਕੀ ਸਾਥ ਰਹਤਿ ਹੈ।
ਸ਼੍ਰੀ ਗੁਜਰੀ ਨਿਜ ਨੁਖਾ ਸਹਿਤ ਹੈ।
ਬਹੁਤ ਦਿਵਸ ਡੇਰਾ ਤਹਿਂ ਰਹਜੋ।
ਮੰਗਲ ਨਿਤ ਅਨੰਦ ਗੁਰ ਲਹਜੋ ॥੨॥
ਨੰਦ ਲਾਲ ਸੋਹਨੇ ਕੋ ਨੰਦ।
ਗੁਰ ਗ੍ਰਿਹ ਸੇਵਾ ਲਗਜੋ ਬਿਲੰਦ।
ਮੇਹਾਂ[†] ਨਾਮ ਤਿਸੀ ਕੋ ਅਹੈ।
ਸੇਵਾ ਅਧਿਕ ਸੇਵਤੋ ਰਹੈ ॥੩॥
ਤਹਿਂ ਜਲ ਹੁਤੋ ਦੂਰ ਤੇ ਲਜਾਵਨਿ।
ਸਿਰ ਧਰਿ ਢੋਵਤਿ ਚਹਿ ਮਨ ਪਾਵਨ[1]।
ਭਗਤਿ ਭਾਉ ਮੈਂ ਰੰਗਜੋ ਮਨ ਕੋ।
ਨਹਿਂ ਸੁਖ ਠਾਨਤਿ ਹੈ ਕਬਿ ਤਨ ਕੋ ॥੪॥
ਪ੍ਰੇਮ ਬਿਖੈ ਸੇਵਤਿ ਸਤਿਗੁਰ ਕੋ।
ਲਾਗੀ ਲਗਨ ਇਸੀ ਬਿਧਿ ਉਰ ਕੋ।
ਕਿਸ ਕੇ ਸਾਥ ਨ ਬੋਲੈ ਕਬਿਹੂੰ।
ਜਿਤੋ ਖਰਚ ਜਲ ਆਨਹਿ ਸਬਿਹੂੰ ॥੫॥
ਵਾਹਿਗੁਰੂ ਸਿਮਰਨ ਉਰ ਕਰਤਾ।
ਭਾਗ ਜਗੇ ਸ਼ਰਧਾ ਗੁਰ ਧਰਤਾ।
ਖਾਨ ਪਾਨ ਕਿਛੁ ਸਹਿਜੇ ਮਿਲੇ।
ਖਾਇ ਅਲਪ ਸੇਵੈ ਗੁਰ ਭਲੇ ॥੬॥
ਭੋਜਨ ਕੇਰ ਸ੍ਵਾਦ ਨਹਿਂ ਧਰੈ।
ਮਿਲੈ ਜਥਾ ਸੋ ਖੈਬੋ ਕਰੈ।

[†] ਜਾਪਦਾ ਹੈ ਕਵੀ ਜੀ ਨੇ ਓਥੇ ਆਪ ਫਿਰ ਕੇ ਲੋਕਾਂ ਤੋਂ ਪ੍ਰਸੰਗ ਸੁਣਕੇ ਤੇ ਸੋਧਕੇ ਲਿਖੇ ਹਨ। ਸਾਖੀ ਪੋਥੀ ਵਿਚ ਨਾਮ ਫੇਰੂ ਹੈ, ਜਿਸਨੂੰ ਸੋਧਿਆ ਹੈ।

[1] ਪਵਿੱਤ੍ਰ ਮਨ ਵਾਲਾ।

ਗਾਗਰ ਕੋ ਸਿਰ ਪਰ ਧਰਿ ਲ੍ਯਾਵੈ।
ਦੇ ਕਰਿ ਤਿਸ ਕੋ, ਔਰ ਲਿਜਾਵੈ[†] ॥੭॥

[†]ਇਹ ਦੋ ਤੁਕਾਂ ਅਕਸਰ ਲਿਖਤੀ ਨੁਸਖਿਆਂ ਵਿਚ ਨਹੀਂ ਹਨ।

ਜਲ ਕੀ ਤੋਟ ਨ ਹੋਨੇ ਪਾਵੈ।
ਨਿਸ ਮਹਿਂ ਤਮ ਹੁਇ ਤੌ ਭਰਿ ਲ੍ਯਾਵੈ।
ਇਕ ਸੇਵਾ ਮਹਿਂ ਭਾ ਅਭਿਲਾਖੀ।
ਅਪਰ ਨਹੀਂ ਕਿਸ ਬਿਧਿ ਕੋ ਕਾਂਖੀ ॥੮॥
ਗਾਗਰ ਤੇ ਛਿਲ ਗਾ ਸਿਰ ਮਾਸ।
ਦਿਨ ਪ੍ਰਤਿ ਵਧਤਿ ਭਯੋ ਚਹੁੰਪਾਸ।
ਧਰਹਿ ਭਾਵ, ਸਿਰ ਘਾਵ ਬਿਸਾਲਾ।
ਮਖਕਾ ਕਾਟਤਿ ਹੈਂ ਸਭਿ ਕਾਲਾ ॥੯॥
ਨਹੀਂ ਘਾਵ ਕੀ ਪੀਰ ਬਿਚਾਰੈ।
ਤਿਸੀ ਰੀਤਿ ਗਾਗਰ ਸਿਰ ਧਾਰੈ।
ਜਲ ਕੀ ਤੋਟ ਹੋਨਿ ਨਹਿਂ ਦੇਈ।
ਸਭਿ ਡੇਰੇ ਇਸ਼ਨਾਨ ਕਰੇਈ ॥੧੦॥
ਬਹੁਤ ਨਰਨਿ ਕੋ ਲੰਗਰ ਹੋਵੈ।
ਤਿਸ ਹਿਤ ਬਹੁਤ ਆਨਿ ਜਲ ਢੋਵੈ।
ਸਰਬ ਪ੍ਰਕਾਰ ਚਾਹੀਯਹਿ ਪਾਨੀ।
ਬਿਨ ਆਲਸ ਜਲ ਸੇਵਾ ਠਾਨੀ ॥੧੧॥
ਕਿਤਿਕ ਦਿਵਸ ਬੀਤੇ ਇਸ ਭਾਂਤਿ।
ਪਰੇ ਕਿਰਮ ਤਹਿਂ ਕਟਿ ਕਟਿ ਖਾਤਿ।
ਕਿਸ ਕੇ ਸੰਗ ਨ ਕਬਿਹੂੰ ਕਹੈ।
ਤੂਸ਼ਨਿ ਕਰੇ ਕਸ਼ਟ ਕੋ ਸਹੈ ॥੧੨॥
ਜਲ ਢੋਵਤਿ ਸਿਰ ਚਾਂਦੀ ਪਰੀ[1]।

[1]ਖੋਪਰੀ ਦੇ ਵਿਚਕਾਰ ਲਾਗਾ ਪੈ ਗਿਆ। [ਹਿੰਦੀ: ਚਾਂਦੀ, = ਖੋਪਰੀ ਦਾ ਮੱਧਜਭਾਗ, ਟਟਰੀ। ਚਾਂਦੀ ਪੈਣਾਂ = ਲਾਗਾ ਲਗ ਜਾਣਾ]

ਨਹਿਂ ਸਰੀਰ ਕੀ ਸੁਧਿ ਕਿਮ ਕਰੀ।
ਇਕ ਸੇਵਾ ਕੇ ਤਤਪਰ ਹੋਯੋ।
ਪੂਰਬ ਕੇ ਸਮ ਹੀ ਜਲ ਢੋਯੋ ॥੧੩॥
ਕਟਿ ਕਟਿ ਕਿਰਮ ਖਾਤਿ ਹੈਂ ਮਾਸ।
ਊਪਰ ਭਾਰ ਧਰਤਿ ਹੈ ਰਾਸ।
ਈਨੂ[1] ਗਾਗਰ ਤਰੇ ਟਿਕਾਵਤਿ।

[1]ਇਨੂੰ = ਸਿਰ ਤੇ ਭਾਰ ਰੱਖਣ ਤੋਂ ਪਹਿਲਾਂ ਘਾਹੁ ਆਦਿ ਦੀ ਬਣਾਈ ਗੋਲ ਸ਼ੈ ਜੋ ਧਰੀਦੀ ਹੈ।

ਸੁ ਚੁਭਿ ਚੁਭਿ ਕਰਿ ਘਾਵ ਬਧਾਵਤਿ ॥ ੧੪ ॥
ਬਧਯੋ ਰਹੈ ਏਨੁ[2] ਸਿਰ ਨੀਤ।
ਕਬਿ ਖੋਲਹਿ ਦ੍ਰਿੜ੍ਹ ਬੰਧਨ ਹੀਤ[1]। — [1]ਬੰਨ੍ਹਣ ਵਾਸਤੇ।
ਇਕ ਦਿਨ ਸਿਰ ਤੇ ਜਬਹਿ ਉਤਾਰਯੋ।
ਖੋਲ੍ਹਿ ਰਜੁ ਤੇ ਕਰ ਮਹਿਂ ਧਾਰਯੋ ॥ ੧੫ ॥
ਤਿਸ ਕੇ ਸੰਗ ਕਿਰਮ ਕੁਛ ਆਏ।
ਦਿਖਤਿ ਗਿਰੇ ਅਵਨੀ ਪਰ ਜਾਏ।
ਮੇਹੇਂ ਕੀਨਸਿ ਰਿਦੈ ਬਿਚਾਰ।
-ਗਿਰੇ ਇਹਾਂ ਮਰਿ ਹੈਂ ਬਿਨ ਬਾਰ[1] ॥ ੧੬ ॥ — [1]ਛੇਤੀ।
ਮਾਸ ਕਹਾਂ ਤੇ ਭੱਖਹਿਂ ਏਹੀ।
ਮਰਹਿਂ ਤੁਰਤ ਪੈਰ ਜੁ ਧਰਿ ਦੇਹੀ[1]। — [1]ਜੇ ਕੋਈ ਪੈਰ ਰਖ ਦੇਵੇਗਾ।
ਇਨ ਕੇ ਜੀਵਨਿ ਕੇਰ ਉਪਾਇ।
ਮਮ ਸਿਰ ਬਿਨਾ ਨ ਜਾਨੇ ਜਾਇ ॥ ੧੭ ॥
ਦਯਾ ਧਾਰਿ ਸੋ ਲਿਯੇ ਉਠਾਇ।
ਜਹਿਂ ਤੇ ਗਿਰੇ ਦਏ ਤਹਿਂ ਪਾਇ।
ਇਸ ਥਲ ਪਾਲਨਿ ਹੁਇ ਇਨ ਕੇਰਾ।
ਭੱਖਜਨਿ ਕਰਹਿਂ ਮਾਸ ਸਿਰ ਮੇਰਾ- ॥ ੧੮ ॥
ਮਾਤ ਨਾਨਕੀ ਨੇ ਤਿਸ ਦੇਖਾ।
ਰਿਦੇ ਉਪਾਈ ਦਯਾ ਵਿਸ਼ੇਖਾ।
ਕਹਨਿ ਲਗੀ 'ਸੁਨਿ ਮੇਰੇ ਭਾਈ!
ਅਧਿਕ ਪ੍ਰੇਮ ਤੇ ਸੇਵ ਕਮਾਈ ॥ ੧੯ ॥
ਸ਼੍ਰੀ ਗੁਰ ਕੇ ਗ੍ਰਿਹ ਘਾਲੀ ਘਾਲ।
ਹੁਇ ਕੈ† ਕਸ਼ਟ ਬਿਹੀਨ ਨਿਹਾਲ[1]। — [1]ਕਸ਼ਟ ਦੀ ਪਰਵਾਹ ਨਾ ਕਰਕੇ ਤੇ ਖੁਸ਼ ਹੋ ਹੋ ਕੇ ਘਾਲ ਘਾਲੀ ਹੈ। †ਪਾ:-ਹੈ।
ਸਿਰ ਪਰ ਕੀਰੇ ਪਰੇ ਨ ਜਾਨੇ।
ਤਿਸੀ ਰੀਤਿ ਗੁਰ ਸੇਵਾ ਠਾਨੇ' ॥ ੨੦ ॥
ਮੇਹੇਂ ਸੁਨਿ ਕਰਿ ਕੀਨਸਿ ਬਿਨਤੀ।
'ਨਿਜ ਸਰੀਰ ਕੀ ਮੋਹਿ ਨ ਗਿਨਤੀ।
ਮੇਰੀ ਸੇਵਾ ਜੇ ਪਰਵਾਨ।

ਇਨ ਕਿਰਮਨਿ ਕੋ ਹੁਇ ਕੱਲਜਾਨ
॥੨੧॥
ਇਨ ਕੋ ਸੰਕਟ ਹੋਇ ਨ ਜੈਸੇ।
ਕਰਨਿ ਉਪਾਇ ਮਾਤ ਜੀ ! ਤੈਸੇ।'
[1] 'ਸਤਿਗੁਰ ਹੋਇੰ ਦਜਾਲ ਸੁਨਿ ਭਾਈ !
ਦੇਹਿਂ ਸਕਲ ਬਿਧਿ ਕੀ ਵਡਿਆਈ'
॥੨੨॥
ਇਮ ਸੁਨਿ ਲਗਜੋ ਸੇਵ ਕੋ ਜਾਇ।
ਜਲ ਕੀ ਗਾਗਰ ਭਰਿ ਭਰਿ ਲਜਾਇ।
ਜਬਿ ਸ੍ਰੀ ਤੇਗ ਬਹਾਦਰ ਚੰਦ।
ਬੈਠੇ ਮਾਤ ਨਿਕਟਿ ਸੁਖਕੰਦ ॥੨੩॥
ਇਤਨੇ ਮਹਿਂ ਮੇਹਾਂ ਤਹਿਂ ਆਯਹੁ।
ਜਲ ਗਾਗਰ ਕੋ ਸੀਸ ਉਠਾਯਹੁ।
ਦੇਖਿ ਨਾਨਕੀ ਮਾਤ ਬਖਾਨਾ।
'ਹੇ ਸੁਤ ! ਇਸ ਕੀ ਸੇਵ ਮਹਾਨਾ ॥੨੪॥
ਹੇਰਿ ਕਾਲ ਮੈਂ[1] ਅਚਰਜ ਹੋਈ।
ਕਰਜੋ ਘਾਵ ਈਨੁ ਸਿਰ ਜੋਈ।
ਮੁਝ ਦੇਖਤਿ ਸੋ ਜਬਹਿ ਉਤਾਰਾ।
ਪਰੇ ਕਿਰਮ ਸਿਰ ਘਾਵ ਮਝਾਰਾ ॥੨੫॥
ਕੁਛਕ ਤਬਹਿ ਅਵਨੀ ਪਰ ਗਿਰੇ।
ਇਨ ਉਚਾਇ ਸੋ ਸਿਰ ਪਰ ਧਰੇ।
ਅਬਿ ਇਸ ਨੇ ਬਹੁ ਘਾਲੀ ਘਾਲ।
ਰਹਜੋ ਆਪ ਕੇ ਸੰਗ ਬਿਸਾਲ ॥੨੬॥
ਕਬਹੂ ਕਿਸ ਕੋ ਨਹੀਂ ਜਨਾਈ।
ਤੁਸ਼ਨਿ ਧਾਰੇ ਸੇਵ ਕਮਾਈ।
ਖਾਨ ਪਾਨ ਕੋ ਸ੍ਵਾਦ ਨ ਲੀਨਾ।
ਨਿਸ ਦਿਨ ਪ੍ਰੇਮ ਸੇਵ ਕੋ ਭੀਨਾ ॥੨੭॥
ਅਬਿ ਕ੍ਰਿਪਾਲ ਹ੍ਵੈ ਕਰਹੁ ਨਿਹਾਲ।
ਜੋ ਬਾਂਛਤਿ ਸੋ ਦੇਹੁ ਬਿਸਾਲ।'
ਮਾਤ ਨਾਨਕੀ ਤੇ ਸੁਨਿ ਬੈਨ।
ਕਰੁਨਾ ਭਰੇ ਰਸੀਲੇ ਨੈਨ ॥੨੮॥
ਅਵਿਲੋਕਤਿ ਸੋ ਲੀਨਿ ਬੁਲਾਇ।

[1]ਮਾਤਾ ਜੀ ਬੋਲੇ।

[1]ਮੈਂ ਕੱਲ ਵੇਖਕੇ।

ਜਾਨੀ ਸੇਵ ਮਹਾਂ ਸਫਲਾਇ।
[1]-ਪੂਰਬ ਜੁਗ ਮਹਿ ਜਸੋਂ ਤਪ ਘਾਲਹਿਂ। — [1]ਕਵਿ ਉਕਤੀ ਟੁਰੀ ਹੈ।
ਅਨਿਕ ਭਾਂਤਿ ਸਹਿਂ ਕਸ਼ਟ ਬਿਸਾਲਹਿ ॥੨੯॥
ਹਿਮ ਰੁਤ ਮਹਿਂ ਬਡ ਜਲ ਤਹਿਂ ਪੈਠਹਿਂ[1]। — [1]ਪ੍ਰਵੇਸ਼ ਕਰਦੇ ਸਨ।
ਗ੍ਰੀਖਮ ਪੰਚਾਗਨਿ ਬਿਚ ਬੈਠਹਿਂ।
ਫਲ ਕੋ ਖਾਇ ਸਥੰਡਲ[1] ਜਾਇ। — [1]ਥੜਾ।
ਪਦ ਊਰਧ ਕਰਿ ਨਿਜ ਲਟਕਾਈ[1] ॥੩੦॥ — [1]ਭਾਵ ਪੁੱਠਾ ਲਟਕ ਕੇ।
ਪੱਤ੍ਰ ਅਹਾਰੀ ਬ੍ਰਤ ਕੇ ਸਾਧਹਿਂ।
ਬਨ ਮਹਿਂ ਬਸਹਿਂ ਇਕੰਤ ਅਰਾਧਹਿਂ।
ਪਦਮਾਸਨ ਕਰਿ ਜੋਗ ਕਰੰਤੇ।
ਕੇਤਿਕ ਗਿਨੀਅਹਿ ਤਪ ਜੁ ਤਪੰਤੇ ॥੩੧॥
ਤਪੀਅਨਿ ਕੇ ਤਪ ਦੇਖਿ ਬਿਸਾਲਾ।
ਬ੍ਰਹਮਾਦਿਕ ਸੁਰ ਹੋਹਿਂ ਕ੍ਰਿਪਾਲਾ।
ਆਨਿ ਦੇਤਿ ਮਨ ਬਾਂਛਤਿ ਤਾਂਹੀ।
ਅਪਰ ਸਰਬ ਸੁਖ, ਕੈਵਲ ਨਾਂਹੀ[1] ॥੩੨॥ — [1]ਪਰ) ਮੁਕਤੀ ਨਹੀਂ (ਦੇਂਦੇ)।
ਸੋ ਤਪ ਦੁਸ਼ਤਰ ਹੈ ਕਲਿ ਕਾਲ।
ਹੋਤਿ ਨਹੀਂ, ਹਠ ਕਰੇ ਬਿਸਾਲ[1]। — [1]ਭਾਵੈ ਚਾਹੇ ਕੋਈ ਕਿੰਨਾ ਵਡਾ ਹਠ ਕਰੇ।
ਕਸਟ ਸਹਨਿ ਕੀ ਸ਼ਕਤਿ ਨ ਰਹੀ।
ਮ੍ਰਿਤਕ ਹੋਇ ਜੇ ਖਾਵਹਿ ਨਹੀਂ[1] ॥੩੩॥ — [1]ਜੇ ਕੋਈ ਖਾਵੇ ਨਾ ਤਾਂ ਮਰ ਜਾਂਦਾ ਹੈ।
ਕਿਮ ਕਾਨਨ ਮਹਿਂ ਹੋਵਹਿ ਬਾਸਾ।
ਬਿਨ ਕਾਨਨ ਕਸੋਂ ਹ੍ਵੈ ਤਪ ਰਾਸਾ।
ਯਾਂ ਤੇ ਸਤਿਗੁਰ ਰੀਤਿ ਚਲਾਈ।
ਸਤਿ ਸੰਗਤਿ ਸੇਵਨਿ ਅਧਿਕਾਈ ॥੩੪॥
ਦਿਢ ਹ੍ਵੈ ਕਰਿ ਜੋ ਘਾਲਹਿ ਘਾਲ।
ਸੁਖ ਦ੍ਵੈ ਲੋਕ ਲਹੈ ਸੁ ਨਿਹਾਲ।
ਜਗਤ ਪਦਾਰਥ ਕੀ ਕਸਾ ਬਾਤ।
ਮੁਕਤਿ ਹੋਇ, ਬੰਧਨ ਮਿਟ ਜਾਤਿ

॥ ੩੫ ॥
ਐਸੀ ਵਸਤੁ ਨਹੀਂ ਜਗ ਕੋਈ।
ਗੁਰ ਸੰਗਤਿ ਤੇ ਲਹਤਿ ਨ ਜੋਈ।
ਤਪ ਕਰਿਬੇ ਤੇ ਸੇਵ ਸੁਖਾਰੀ।
ਚਿਰੰਕਾਲ ਲੌ ਤਾਪਹਿ ਭਾਰੀ ॥ ੩੬ ॥
ਸੇਵਨਿ ਅਲਪ ਦਿਨਨ ਕੋ ਜਾਨਿ[1]।

[1]ਸਤਿ ਸੰਗਤ ਦੀ) ਸੇਵਾ ਥੋੜੇ ਦਿਨਾਂ ਦਾ (ਕੰਮ) ਜਾਣੋਂ।

ਫਲ ਪ੍ਰਾਪਤਿ ਹ੍ਵੈ ਮਹਦ ਮਹਾਨ।
ਤਪਹਿ ਬਰਖ, ਇਕ ਦਿਨ ਕੀ ਸੇਵਾ[1]।

[1]ਤਪ ਵਰ੍ਹੇ ਦਾ ਤੇ ਸੇਵਾ ਇਕ ਦਿਨ ਦੀ।

ਤਊ ਨ ਸਮ, ਸੁਕਚੌਂ ਕਹਿ ਏਵਾ[1]– ॥ ੩੭ ॥

[1]ਇਸ ਤਰ੍ਹਾਂ ਕਹਿਦਿਆਂ ਭੀ (ਮੈਂ) ਸੰਕੋਚਦਾ ਹਾਂ ਭਾਵ ਸੇਵਾ ਵੱਧ ਹੈ।

ਮੇਹੇ ਕੀ ਸੇਵਾ ਕੋ ਦੇਖਿ।
ਗੁਰੂ ਪ੍ਰਸੰਨ ਭਏ ਸੁ ਵਿਸ਼ੇਖ।
ਨਿਕਟਿ ਬਿਠਾਇ ਕਹੋ ਭਗਵੰਤਾ ॥
'ਅਬਿ ਸੰਤਨ ਕੋ ਬਨਹੁ ਮਹੰਤਾ ॥ ੩੮ ॥
ਕੁਛਕ ਕਾਮਨਾ ਚਹਿਂ ਬਡਿਆਈ।
ਯਾਂ ਤੇ ਲੇਹੁ ਮਹੰਤੀ ਪਾਈ।
ਸਿਰ ਕੇ ਕਿਰਮ ਬਨਹਿਂ ਸਿਖ ਤੇਰੇ।
ਤੂੰ ਇਨ ਚਾਹਤਿ ਸ਼੍ਰੇਯ ਘਨੇਰੇ ॥ ੩੯ ॥
ਸੇਵਾ ਕੋ ਫਲ ਲੇਹੁ ਮਹਾਨ।
ਉਪਜਹਿ ਉਰ ਮੈਂ ਬ੍ਰਹਮ ਗਿਆਨ।'
ਇਮ ਕਹਿ ਦਯਾ ਦ੍ਰਿਸ਼ਟਿ ਕੋ ਦੇਖਾ।
ਤਤਛਿਨ ਰਿਦੈ ਪ੍ਰਕਾਸ਼ ਵਿਸ਼ੇਖਾ ॥ ੪੦ ॥
ਭਾ ਪਪੀਲਕਾ[1] ਤੇ ਬਡ ਸ਼ੇਰ।

[1]ਕੀੜੀ।

ਰਜ ਕਨਕਾ ਤੇ ਬਨਿ ਗਾ ਮੇਰੁ।
ਹਾਥ ਜੋਰਿ ਪੁਨਿ ਬੰਦਨ ਕੀਨਸਿ।
ਮਹਾਂ ਅਮਿਤ ਗੁਰ ਮਹਿਮਾ ਚੀਨਸਿ ॥ ੪੧ ॥
ਦਖਨੀ ਬੈਲ ਹੁਤੋ ਗੁਰ ਡੇਰੇ।
ਸੁੰਦਰ ਤਨ ਪਰਮਾਨ ਬਡੇਰੇ।
ਮੇਹੇ ਕੋ ਸੋ ਬਖਸ਼ਿਸ਼ ਕੀਨਿ।
ਦੀਰਘ ਏਕ ਦਮਾਮੋ ਦੀਨਿ ॥ ੪੨ ॥
ਇਕ ਝੰਡਾ ਭਗਵੋ ਬਨਿਵਾਯੋ।

ਮੇਹਾਂ ਭਾ ਮਹੰਤ ਹਰਖਾਯੋ।
ਹਤੇ ਕਸ਼ਟ ਲੇ ਦਾਨ ਮਹਾਨਾ।
ਸਤਿਗੁਰ ਪਾਰਬ੍ਰਹਮ ਕਰਿ ਜਾਨਾ ॥ ੪੩ ॥
ਬਿਚਰਤਿ ਭਯੋ ਮਹਾਂ ਮਤਿ ਧੀਰ।
ਪ੍ਰਥਮ ਕਰਯੋ ਚੇਲਾ ਲਖਮੀਰ[1]।
ਗੁਰੂ ਪਾਦਕਾ[1] ਕਰੀ ਪੁਜਾਵਨਿ।
ਗੁਰ ਮਹਿਮਾ ਬਡ ਕੀਨਿ ਜਨਾਵਨਿ ॥ ੪੪ ॥
ਇਸ ਪ੍ਰਕਾਰ ਕਰਿ ਕੈ ਗੁਰ ਸੇਵਾ।
ਭਾ ਮਹੰਤ ਮੇਹਾਂ, ਸੁਖ ਲੇਵਾ।
ਦੋਨਹੁ ਲੋਕਨਿ ਕੀ ਬਡਿਆਈ।
ਗੁਰ ਸੇਵਾ ਤੇ ਤਤਛਿਨ ਪਾਈ ॥ ੪੫ ॥
ਇਮ ਤਿਸ ਗ੍ਰਾਮ ਬਾਸ ਕੋ ਕਰਤੇ।
ਅਨਿਕ ਪ੍ਰਕਾਰਨਿ ਬਿਚਰਨਿ ਚਰਿਤੇ[1]।
ਕਰਹਿਂ ਅਖੇਰ, ਆਇਂ ਨਿਸ ਡੇਰੇ।
ਸੰਗਤ ਦਰਸਹਿਂ ਪਹੁੰਚਿ ਘਨੇਰੇ ॥ ੪੬ ॥
ਦਰਬ ਬਿਸਾਲ ਸੰਗਤਾਂ ਆਨੈਂ।
ਸਤਿਗੁਰ ਦੇਗ ਕਰਾਇਂ ਮਹਾਨੈ।
ਤਊ ਦਰਬ ਇਕਠੋ ਬਹੁ ਹੋਇ।
ਜਬਿ ਸਤਿਗੁਰ ਅਵਿਲੋਕਤਿ ਸੋਇ ॥ ੪੭ ॥
ਪਰਉਪਕਾਰ ਹੇਤੁ ਸੋ ਦੇਤਿ।
ਕੂਪ ਕਹੂੰ ਕਿਤ ਬਾਗ ਲਗੇਤਿ।
ਨਹਿਂ ਸਮੀਪ ਰਾਖਹਿਂ ਗੋਸਾਈਂ।
ਜਯੋਂ ਆਵਤਿ ਤਯੋਂ ਦੇਤਿ ਚਲਾਈ ॥ ੪੮ ॥

[1]ਨਾਮ ਸੀ।
[1]ਗੁਰੂ ਜੀ ਦੀਆਂ ਖੜਾਵਾਂ ਦੀ।
[1]ਚਰਿੱਤ੍ਰ ਕਰਦੇ ਫਿਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੇਹੇ ਕੋ' ਪ੍ਰਸੰਗ ਬਰਨਨੰ ਨਾਮ ਦੋਇ ਚੱਤਵਾਰਿੰਸਤੀ ਅੰਸੂ ॥ ੪੨ ॥

## ੪੩. [ਧਮਧਾਣ ਦਾ ਰਾਹਕ। ਤਿਖਾਣ ਸਿੱਖ। ਕੈਂਥਲ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸ੍ਰੀ ਸਤਿਗੁਰ ਧਮਧਾਨ ਮਹਿਂ,
ਬਾਸਰ ਬਸੇ ਬਿਸਾਲ।
ਲੰਮੇ ਦੇਸ਼ਨਿ ਸੰਗਤਾਂ,
ਦੇਸ਼ ਅਪਰ ਜੇ ਜਾਲ ॥੧॥

ਚੌਪਈ:

ਖੋਜਤਿ ਸੁਨਤਿ ਚਲਤਿ ਗਨ ਆਵੈਂ।
ਸ਼੍ਰਮਤ ਪਹੁੰਚਿ ਦਰਸ ਕੋ ਪਾਵੈਂ।
ਜਯੋਂ ਜਯੋਂ ਆਇਂ ਦੂਰ ਤੇ ਦਾਸ।
ਚਿਤ ਮਹਿਂ ਕਰਤੇ ਪ੍ਰੇਮ ਪ੍ਰਕਾਸ਼ ॥੨॥
ਤਯੋਂ ਤਯੋਂ ਬਡ ਫਲ ਕੇ ਅਧਿਕਾਰੀ।
ਹੋਇਂ ਸਿੱਖਯ ਹੰਕਾਰ ਨਿਵਾਰੀ।
ਮਨੋ ਕਾਮਨਾ ਪ੍ਰਾਪਤਿ ਹੋਇ।
ਸੁਜਸੁ ਬਖਾਨਤਿ ਆਵਤਿ ਸੋਇ ॥੩॥
ਘਨੋ ਦਰਬ ਗੁਰ ਕੇ ਢਿਗ ਹੋਵਾ।
ਅਰਪਿ ਸੰਗਤਾਂ ਦਰਸ਼ਨ ਜੋਵਾ।
ਕਰਤਿ ਰਹਯੋ ਇਕ ਰਾਹਕ ਸੇਵਾ।
ਬੈਠਹਿ ਆਇ ਨਿਕਟਿ ਗੁਰੁ ਦੇਵਾ ॥੪॥
ਕੇਤਿਕ ਦਿਨ ਬਿਤਾਇ ਸੋ ਗਏ।
ਤਯਾਰੀ ਕਰਤਿ ਕੂਚ ਕੀ ਭਏ।
ਤਬਿ ਸੋ ਰਾਹਕ ਪਾਸ ਹਕਾਰਾ।
ਹੁਤੋ ਜੁ ਦਰਬ ਦਯੋ ਤਿਸ ਸਾਰਾ† ॥੫॥

†ਤਯਾਗ ਤੇ ਉਪਕਾਰ ਬ੍ਰਿਤੀ ਕਿੰਨੀ ਵੱਡੀ ਹੈ, ਜੋ ਮਾਯਾ ਆਈ ਹੈ ਏਥੇ ਹੀ ਸਾਧ ਸੰਗਤ ਦੇ ਸੁਖ ਲਈ ਧਰਮਸਾਲ ਤੇ ਖੂਹ ਤੇ ਖਰਚ ਕਰਕੇ ਚੱਲੇ ਹਨ।

ਹੁਕਮ ਕਰਯੋ 'ਬਡ ਕੂਪ ਖਨਾਵਹੁ।
ਧਨ ਗਨ ਲਾਇ ਨੀਕ ਬਨਿਵਾਵਹੁ।
ਇਸ ਥਲ ਧਰਮਸਾਲ ਚਿਨਵਾਵਹੁ।
ਕੋ ਸਿਖ ਸਾਧ ਬਹੁਰ ਬੈਠਾਵਹੁ ॥੬॥
ਬ੍ਰਿੰਦ ਮਹੀਰੁਹ ਸਫਲ[1] ਮੰਗਾਵਹੁ।
ਧਨ ਕੋ ਖਰਚਹੁ ਬਾਗ਼ ਲਗਾਵਹੁ।
ਸ਼ਰਧਾ ਸਹਿਤ ਕਾਜ ਇਹ ਕਰੋ।

[1]ਫਲਾਂ ਵਾਲੇ ਬ੍ਰਿੱਛ।

ਰਿਦੇ ਅਪਨੇ ਲੋਭ ਨ ਧਰੋ ॥੭॥
ਅਪਰ ਸਥਲ ਜੇ ਚਹਹਿਂ ਲਗਾਯਹੁ।
ਕੁਛ ਨਹਿਂ ਬਨਹਿ ਬਾਦ[†] ਸਭਿ ਜਾਯਹੁ[1]।'
ਇਮ ਅਨਗਨ ਧਨ ਤਿਸ ਕੋ ਦੀਨਿ।
ਕੂਪ ਬਾਗ਼ ਕੀ ਆਇਸੁ ਕੀਨਿ ॥੮॥
ਮਨੋ ਕਾਮਨਾ ਸੰਗਤਿ ਲੀਨਿ।
ਨਿਜ ਨਿਜ ਸਦਨ ਪਯਾਨੋ ਕੀਨਿ।
ਕਰਯੋ ਕੂਚ ਪੁਨ ਸਤਿਗੁਰ ਡੇਰਾ।
ਚਲਯੋ ਚਹਿਤ ਚਿਤ ਪੰਥ ਬਡੇਰਾ ॥੯॥
ਪਾਛੇ ਤਿਸ ਰਾਹਕ ਕੀ ਗਾਥ।
ਅਹੈ ਤਨਕ ਸੁਨੀਯਹਿ ਹਿਤ ਸਾਥ।
ਧਨ ਕੋ ਦੇਖਿ ਲੋਭ ਹੁਇ ਆਯੋ।
ਨਹਿਂ ਚਾਹਤਿ ਕੁਛ ਕਾਜ ਬਨਾਯੋ ॥੧੦॥
ਤਊ ਗੁਰਨਿ ਤੇ ਧਾਰੇ ਤ੍ਰਾਸ।
-ਹੋਇ ਨ ਅਸ ਮਮ ਬੰਸ ਬਿਨਾਸ਼-।
ਲੋਭ ਤਰੰਗਨਿ[1] ਅਧਿਕ ਬਿਚਾਰਤਿ।
ਰਾਖ ਨ ਸਕਹਿ ਨ ਕੂਪ ਉਸਾਰਤਿ ॥੧੧॥
ਕਿਤਿਕ ਦਯੋਸ ਮਹਿਂ ਅਸ ਠਹਿਰਾਈ।
-ਖੇਤ ਹਮਾਰੇ ਜਹਿਂ ਸਮੁਦਾਈ।
ਤਹਾਂ ਕੂਪ ਕੋ ਦੇਹਿਂ ਲਗਾਇ।
ਗੁਰੂ ਬਾਕ ਨਿਸ਼ਫਲ ਨਹਿਂ ਜਾਇ ॥੧੨॥
ਲਗਹਿ ਕੂਪ ਹੁਇ ਕਾਜ ਹਮਾਰਾ।
ਕਿਤਿਕ ਮਹੀਰੁਹਿ ਲਾਇਂ ਉਦਾਰਾ।
ਮੋਹਿ ਕਾਜ, ਕੈ ਮਮ ਸੁਤ ਪੋਤੇ।
ਕਾਸ਼ਟ ਆਇ ਕਾਜ, ਢਿਗ ਹੋਤੇ- ॥੧੩॥
ਇਮ ਚਿਤ ਮਹਿਂ ਧਰਿ ਜਾਇ ਖਨਾਯੋ।
ਕਾਰਗਰਨਿ ਪਾਸ ਚਿਨਵਾਯੋ।
ਰਹਯੋ ਉਤਾਰਿ ਨ ਉਤਰਯੋ ਤਰੇ।
ਜਤਨ ਅਨੇਕ ਬਿਧਿਨਿ ਕੋ ਕਰੇ ॥੧੪॥
ਅਪਰ ਕਹਾਂ ਲਗਿ ਕਹੌਂ ਬਨਾਇ।

[1]ਸਭ ਵਜ਼ਰਥ ਜਾਵੇਗਾ। [†]ਪਾ:-ਬੇਗ।

[1]ਲੋਭ ਦੇ ਫੁਰਨੇ।

ਅਬਿ ਲੌ ਖਰੋ ਵਹਿਰ ਤਿਸਥਾਇ।
ਅਸਮ ਕੁੰਟ[1], ਤਨ ਬਲਕਲ ਧਾਰੀ[2], — [1]ਇਕ ਪ੍ਰਕਾਰ ਦੇ ਬਾਣਪ੍ਰਸਥੀ ਜੋ ਪਥਰ ਨਾਲ ਅੰਨ ਕੁੱਟਕੇ ਪਕਾਉਂਦੇ ਸਨ [ਸੰਸ. ਅਸ਼੍ਮਕੁਟ੍ਰ]। [2]ਭੋਜ ਪੱਤ੍ਰ ਪਹਿਨਕੇ।
ਊਰਧ ਪਗ[1] ਕੇਤਿਕ ਲਟਕੰਤਿ। — [1]ਪੈਰ ਉਪਰ ਨੂੰ ਕਰਕੇ।
ਜਲਸਾਈ[1], ਇਕ ਬਿਚਰਤਿ ਨਿਤਪ੍ਰਤਿ — [1]ਜਲ ਪਰ ਸੌਣ ਵਾਲੇ [ਸੰਸ. ਜਲ ਸ਼ਾਯਿਨੑ]
ਏਕ ਚਰਨ[1] ਦ੍ਵੈ ਹਾਥ ਉਠੰਤਿ[2]। — [1]ਸਦਾ ਇਕ ਪੈਰ ਦੇ ਭਾਰ ਟੁਰਦੇ ਹਨ। [2]ਦੋ ਹੱਥ ਉਚੇ ਕਰੀ ਰਖਦੇ ਹਨ।
ਕੇਤਿਕ ਬਿੱਦਜਾ ਬ੍ਰਹਮ ਬਿਚਾਰਤਿ
ਸਮ ਸਰੂਪ[1] ਸਭਿ ਬਿਖੈ ਲਖੰਤਿ। — [1]ਭਾਵ ਬ੍ਰਹਮ ਸਰੂਪ।
ਸਵਿਤਾ ਤੇਜ ਹੁਤਾਸਨ ਜੈਸੋ[1] — [1]ਸੂਰਜ ਤੇ ਅਗਨ ਦਾ ਤੇਜ ਜਿਵੇਂ ਹੋਵੇ।
ਤਿਸ ਬਨ ਮਹਿਂ ਅਸ ਤਪੀ ਬਸੰਤਿ ॥੨੫॥
ਜਥਾ ਕ੍ਰਿਪਨ ਧਨ ਸੰਚਨ ਮਹਿਂ ਮਨ
ਤਿਮ ਤਪ ਕੋ ਸੰਚਤਿ ਦਿਨ ਰੈਨ।
ਜਿਮ ਇਸਤ੍ਰੀ ਕਾਮੀ ਉਰ ਬਾਸਹਿ[1] — [1]ਜਿਵੇਂ ਕਾਮੀ ਦੇ ਹਿਰਦੇ ਵਿਚ ਇਸਤ੍ਰੀ ਵਸਦੀ ਹੈ।
ਤਿਮ ਬ੍ਰਹਮਬਿੱਦਜਾ ਬਸਹਿ ਟਰੈ ਨ।

ਨ੍ਰਿਪਤਿ ਨਿਕਟਤਾ ਚਹਿ ਭ੍ਰਿਤ ਨਿਤ
ਜਸ ਤਸੁ ਅਕਾਲ ਚਹਿਂ ਸ਼ਰਨਿ ਸਦੈਨ[1]।
[1](ਜਿਵੇਂ) ਰਾਜੇ ਦੇ ਨੇੜੇ ਹੋਣ ਨੂੰ ਨੌਕਰ ਚਾਹੁੰਦਾ ਹੈ ਤਿਵੇਂ ਅਕਾਲ ਪੁਰਖ ਦੀ ਸ਼ਰਨ ਨੂੰ ਸਦਾ ਚਾਹੁੰਦੇ ਹਨ।

ਜਥੋਂ ਦਾਰਿੱਦ੍ਰ ਹਰਨ ਕਹੁ ਗ੍ਰਿਹਸਤੀ
ਤਜੌਂ ਹਤਿ ਮੋਹ ਚਹਿਤਿ ਚਿਤ ਚੈਨ
॥੨੬॥

ਉੱਤਮ ਜਿਨਹੁਂ ਕਾਮਨਾ ਮਨ ਮਹਿਂ
ਤਿਨ ਤਪਸਨਿ ਕੋ ਤਿਹ ਬਨ ਬਾਸ।
ਜਨਮ ਮਰਨ ਜਿਨ ਕਬਹੁਂ ਨ ਹੁਇ ਫੁਨ
ਗੇਯ ਗਜਾਨ ਅੱਗਜਾਨ ਬਿਨਾਸ਼[1]।
[1]ਅੱਗਜਾਨ ਨਾਸ਼ ਕਰਕੇ ਗਜਾਨ ਦੇ ਗਿਆਤਾ ਹੋ ਗਏ।
ਪੁੰਨ ਅਸ਼ੇਸ਼, ਲੇਸ਼ ਜਿਨ ਪਾਪ ਨ,
ਖਾਪਿ ਬਿਕਾਰਨਿ, ਥਾਪ ਪ੍ਰਕਾਸ਼[1]।
[1]ਭਾਵ ਪ੍ਰਕਾਸ਼ ਵਿਚ ਇਸਥਿਤ।
ਬੀਤਰਾਗ[1], ਬਡਭਾਗ ਸੁ ਪਾਵਨ
[1]ਜਿਨ੍ਹਾਂ ਦਾ ਰਾਗ ਦ੍ਵੈਖ ਮੁੱਕ ਗਿਆ ਹੈ।
ਅਸ ਪੁਰਸ਼ੋਤਮ ਪਰਮ ਨਿਵਾਸ ॥੨੭॥

ਤਿਨ ਕੇ ਬਡ ਮਹੰਤ ਹੁਇ ਬਾਸਹਿਂ
ਕਠਨ ਕਰਤਿ ਤਪ ਸ਼ੰਭੁ ਸਮਾਨ।
ਰੋਕਿ ਰਿਖੀਕਿ ਨੀਕ ਬਿਧਿ ਪ੍ਰਭੁ ਜੁ
ਉਰਧ ਕਰੇ ਇਕ ਪਦ ਜੁਗ ਪਾਨ[1]।
[1]ਇਕ ਪੈਰ ਦੇ ਭਾਰ ਦੋਵੇਂ ਹੱਥ ਉਚੇ ਕੀਤੇ।
ਜਿਮ ਗਿਰ ਪਰ ਤਰੁ ਸਥਿਰ ਸਿਸਰ ਰੁਤ
ਤਿਮ ਰਹਿਂ ਅਚਲ ਰਿਦਾ ਦਿਢ ਠਾਨਿ।
ਮਨਹੁਂ ਕਮਲ ਪਰ ਚਤੁਰ ਬਦਨ[1] ਥਿਤ,
[1]ਬ੍ਰਹਮਾ।
ਤਪ ਕੋ ਤਪਹਿਂ ਮਹਿਤ ਸਵਧਾਨ ॥੨੮॥

ਆਮਿਖ ਸ਼ੁਸ਼ਕ ਦਿਖਤਿ ਧਮਨੀ ਗਨ[1],
[1]ਮਾਸ ਸੁੱਕ ਕੇ ਸਭ ਨਾੜਾਂ ਦਿਸਦੀਆਂ ਹਨ।
ਤੇਜ ਪ੍ਰਤਾਪ ਦਸੋ ਦਿਸ਼ਿ ਛਾਇ।
ਜਿਮ ਗ੍ਰੀਖਮ ਮੱਧਜਾਨ ਭਾਨੁ ਹੁਇ
ਡਰਪਤਿ ਚਿਤ ਸਭਿ, ਸਹਿ ਨ ਸਕਾਇ[1]।
[1]ਜਿਵੇਂ ਹੁਨਾਲੇ ਦੇ ਦੁਪਹਿਰ ਦਾ ਸੂਰਜ ਹੋਵੇ ਸਭ ਦਾ ਚਿਤ (ਉਸ ਤੋਂ) ਡਰਦਾ ਹੈ, ਕੋਈ ਸਹਿ ਨਹੀਂ ਸਕਦਾ। (ਅ) (ਸਕਾਇ =) ਸੇਕ ਨਹੀਂ ਸਹਾਰ ਸਕਦਾ।

ਅਗਨੀ ਮਨਹੁਂ ਅਧੂਮ ਪ੍ਰਕਾਸ਼ਤਿ,
ਅੱਗ੍ਰੈ ਆਇ ਨ ਕੋਇ ਥਿਰਾਇ।
ਬ੍ਰਹਮ ਲੋਕ ਲੌ ਤੇਜ ਤਪਨ ਕਹੁ
ਬਿਥਰਯੋ ਜਹਿਂ ਕਹਿਂ ਦੁਸ਼ਹਿ[1] ਸੁਭਾਇ
[1]ਅਝੁਕ ਤੋਂ ਭਾਵ ਹੈ।
॥੨੯॥

ਜੀਤਜੋ ਮਨ ਹੁਇ ਧਜਾਨ ਪਰਾਇਨ
ਕਰਤਾ ਪੁਰਖ ਸਾਥ ਲਿਵਲਾਇ।
ਸਰਬ ਜੋਤਿ ਕੀ ਜੋਤਿ ਉਦੋਤਕ[1]
ਅਸ ਸਰੂਪ ਮਹਿਂ ਰਹੇ ਸਮਾਇ।
ਏਕ ਰੂਪ ਹੁਇ ਤਨ ਸੁਧਿ ਬਿਸਰੀ
ਪਾਰਬ੍ਰਹਮ ਪਰਮੇਸੁਰ ਪਾਇ।
ਬੀਤੇ ਬਰਖ ਅਸੰਖ, ਏਕ ਭੇ
ਮੂਰਤਿ ਤਪ ਕੀ ਤਨੁ ਸੁਹਾਇ[1] ॥੩੦॥

[1]ਉਦੇ ਕਰਨ ਵਾਲੇ (ਅਕਾਲ ਪੁਰਖ)।

[1]ਸਰੀਰ ਇਕ ਤਪ ਦੀ ਮੂਰਤੀ ਹੋਕੇ ਸ਼ੋਭ ਰਿਹਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਤਪ ਕਰਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਦ੍ਰਿਢ ਤਪਸਾ ਮਹਿਂ ਧ੍ਯਾਨ ਲਗਿ[1],
ਤਪ ਕੋ ਤੇਜ ਬਿਸਾਲ।
ਖਰਭਰ ਦੇਵਨ ਮਹਿਂ ਪਰ੍ਯੋ,
ਆਕੁਲ[1] ਭੇ ਤਿਸ ਕਾਲ ॥੧॥

[1]ਲਗਾਇਆ ਹੋਇਆ।

[1]ਵਿਆਕੁਲ।

ਸੈਯਾ ਛੰਦ:

ਅਗਨਿ ਪੁਰੋਗਮ[1] ਸਹਿਤ ਪੁਰੰਦਨ[2]
ਗਏ ਬ੍ਰਿੰਦ ਸੁਰ ਬ੍ਰਹਮਾ ਪਾਸ।
'ਕਿਸ ਨੇ ਤੇਜ ਤਿਗਮ ਤਪ[1] ਤਾਪ੍ਯੋ
ਸੁਰਗ ਲੋਕ ਲੌ ਭਯੋ ਪ੍ਰਕਾਸ਼?
ਨਹੀਂ ਸਹਾਰ ਸਕਹਿਂ ਸੁਰ ਸਾਰੇ
ਕਠਨ ਘੋਰ ਅਸ ਬਿਦਤ੍ਯੋ ਰਾਸ।
ਕਰੁਨਾ ਕਰਹੁ ਸਹਾਇਕ ਹ੍ਵੈ ਕਰਿ
ਹਮਰੇ ਸੰਸੈ ਦੇਹੁ ਬਿਨਾਸ਼' ॥੨॥

[1]ਦੇਖੋ ਰਾਸ ੨ ਅੰਸੂ ੧੨ ਅੰਕ ੧੬ ਦਾ ਪ੍ਰਯਾਯ। [2]ਇੰਦਰ।

[1]ਉੱਗ੍ਰ ਤੇਜ ਵਾਲਾ ਤਪ [ਸੰਸ. ਤ੍ਰਿਗ੍ਮ]

ਕਹ੍ਯੋ ਦ੍ਰੁਹਣ[1] ਨੇ 'ਚਿੰਤਾ ਤ੍ਯਾਗਹੁ
ਕਾਲ ਸਮਾਪਤਿ ਤਪ ਕੋ ਆਇ[1]।
ਅਖਲ ਜਗਤ ਕੋ ਰੱਖ੍ਯਕ ਸ੍ਵਾਮੀ
ਸੋ ਤੁਮਰੇ ਭੀ ਹੋਹਿ ਸਹਾਇ।
ਪ੍ਰਥਮ ਅਵਤਰੇ[1] ਪ੍ਰਭੁ ਪੁਰਸ਼ੋਤਮ
ਸ਼੍ਰੀ ਨਾਨਕ ਨਿਜ ਨਾਮ ਧਰਾਇ।
ਬਰਤ੍ਯੋ ਬਿਨਾ ਕਾਲ ਕਲਿ ਭੈਰਵ[1]
ਭਰ੍ਯੋ ਨਰਕ ਪਾਪੀ ਸਮੁਦਾਇ ॥੩॥

[1]ਬ੍ਰਹਮਾ।

[1]ਤਪ ਦਾ ਸਮਾਂ ਮੁੱਕਣ ਨੂੰ ਆਇਆ ਹੈ।

[1]ਅਵਤਾਰ ਧਾਰਿਆ।

[1]ਭਯਾਨਕ ਕਲਜੁਗ ਬਿਨਾ ਸਮੇਂ ਤੋਂ ਵਰਤਿਆ ਹੈ।

ਤਿਨ ਜੀਵਨਿ ਕੋ ਨਾਮ ਅਲੰਬ ਦਿਯ
ਸਤਿਸੰਗਤਿ ਕੋ ਪੰਥ ਬਿਸਾਲ[1]।
ਤਪ ਆਦਿਕ ਮੈਂ ਲਖਿ ਅਸ਼ਕਤਿ ਨਰ
ਸ਼੍ਰੇਯ ਸੁਖੇਨ ਪਾਇਂ ਤਤਕਾਲ।
ਭੰਗ ਮੁਸ਼ਟ ਤਿਨ† ਬਖਸ਼ਿਸ਼ ਕੀਨਸਿ‡
ਗਮਨੇ ਜਮਨ ਸੁ ਅਬੈ ਕੁਚਾਲ[1]।

[1]ਸ੍ਰੇਸ਼ਟ ਰਸਤਾ (ਚਲਾਯਾ ਨੇ)।

†ਪਾ:-ਭਾਂਗ ਪੁਸ਼ਟ ਪਰ।

‡ਪੰਜਾਬੀ ਮਹਾਵਰਾ ਹੈ 'ਭੰਗ ਦੇ ਭਾੜੇ ਚੀਜ਼ ਦੇਣੀ' ਭਾਵ ਹੈ ਮੁਫਤ ਦੇ ਦੇਣਾ, ਇਹੋ ਅਰਥ ਏਥੇ ਹੈ। ਕਈ ਲੋਕ ਅਰਥ ਕਰਦੇ ਹਨ ਕਿ ਭੰਗ ਦੀਆਂ ਮੁਠਾਂ ਲੈਕੇ ਬਦਲੇ ਵਿਚ ਰਾਜ ਦਿੱਤਾ, ਇਹ ਗ਼ਲਤ ਹੈ, ਕਿਉਂਕਿ ਕਵਿ ਜੀ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਬਾਬਰ ਦੇ ਪ੍ਰਸੰਗ ਵਿੱਚ ਭੰਗ ਲੈਣ ਤੇ ਰਾਜ ਦੇਣ ਦਾ ਜ਼ਿਕਰ ਕੋਈ ਨਹੀਂ ਕਰ ਆਏ।

[1]ਮੁਸਲਮਾਨ ਹੁਣ ਖੁਟਿਆਈ ਵਿਚ ਪੈ ਗਏ ਹਨ।

ਹਿੰਦੁਨਿ ਧਰਮ ਬਿਨਾਸ਼ਨ ਚਾਹਤਿ
ਮਹਾਂ ਮੰਦ ਮਤਿ ਦੁਸ਼ਟ ਕਰਾਲ ॥੪॥
ਸੀਸ ਦੇਯ ਕੁਰੋ ਤਿਨ ਕਰਿ ਕੈ
ਹਰਹਿਂ ਤੇਜ ਤਿਨ ਰਾਜ ਬਿਨਾਸਿ।
ਨੌ ਸਰੀਰ ਧਰਿ ਬਰਤੇ ਪ੍ਰਭੁ ਜੀ
ਅਬਿ ਦਸਮੇ ਕੋ ਕਰਹਿਂ ਪ੍ਰਕਾਸ਼।
ਦੇਵੀ ਦੇਵ ਦੇਹੁਰੇ ਤੀਰਥ
ਆਗਮ[1] ਨਿਗਮ ਅਪਰ ਮਤਿ ਰਾਸ[2]।

[1]ਸ਼ਾਸਤ੍ਰ। [2]ਵੇਦ ਤੇ ਹੋਰ ਮਤ ਸਾਰੇ।

ਹਿੰਦੁ ਧਰਮ ਕੇ ਰੱਖਯਕ ਹੋਵਹਿਂ
ਸ਼੍ਰੀ ਗੁਰ ਗੋਬਿੰਦ ਸਿੰਘ ਹੁਲਾਸ[1] ॥੫॥

[1]ਅਨੰਦ (ਸਰੂਪ)।

ਪਰਮ ਤੇਜਸੀ, ਪਰਮ ਸੂਰਮੇ,
ਪਰਮ ਅਮਾਨੁਖ[1] ਕਰਮ ਕਰੇਹਿਂ।

[1]ਜੋ ਮਨੁੱਖ ਦੇ ਪਾਸੋਂ ਨਾ ਹੋ ਸਕਣ, ਭਾਵ ਉੱਚੇ ਤੇ ਔਖੇ।

ਜਿਨ ਕੇਤਪ ਕੋ ਤੇਜ ਤਿਗਮ[1] ਇਹ
ਸੋ ਅਬਿ ਧਰਹਿਂ ਜਾਇ ਨਰ ਦੇਹਿ।

[1]ਉੱਗ੍ਰ ਤੇਜ ਵਾਲਾ।

ਅਖਿਲ ਜੋਤਿ ਕੀ ਜੋਤਿ ਪ੍ਰਕਾਸ਼ਕ
ਸ਼੍ਰੀ ਨਾਨਕ ਕੀ ਧਾਰਹਿ ਏਹਿ[1]।

[1]ਸਾਰੇ ਜੋਤੀਆਂ ਦੇ ਪ੍ਰਕਾਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਏਹ ਜੋਤ ਨੂੰ ਧਾਰਨਗੇ।

ਤੁਮ ਭੀ ਜਾਹੁ ਜਗਤ ਮੈਂ ਜਿਤ ਕਿਤ
ਮਨੁਜ ਸਰੀਰਨਿ ਕੋ ਧਰਿ ਲੇਹਿ' ॥੬॥

ਦੋਹਰਾ:
ਇੰਦ੍ਰ ਪੁਰੋਗਮ ਸੁਰ ਕਹ੍ਯੋ[1], 'ਅਸ ਤਪਸੀ ਹੈ ਕੌਨ?
ਕਿਮ[1] ਤਪ ਤਾਪ੍ਯੋ, ਤਾਤ ਕਿਸ, ਕਰਮ ਕਿਯੋ ਕ੍ਯਾ ਤੌਨ? ॥੭॥

[1]ਇੰਦ੍ਰ ਪ੍ਰੋਗਮ ਤੇ (ਹੋਰ) ਦੇਵਤਿਆਂ ਨੇ ਕਿਹਾ (ਬ੍ਰਹਮਾਂ ਨੂੰ)।

[1]ਤੇ ਕਿਸ ਇੱਛਾ ਲਈ।

ਜਿਸ ਕੀ ਅਪਨੇ ਬਦਨ ਤੇ, ਕਰਤਿ ਪ੍ਰਸ਼ੰਸਾ ਏਵ।
ਬਧ੍ਯੋ ਬਿਸਾਲ ਪ੍ਰਤਾਪ ਜਗ, ਕਿਮ ਪ੍ਰਗਟਹਿ ਤਪਸੇਵ[1]?' ॥੮॥

[1]ਤਪੱਸ੍ਵੀ।

ਸ੍ਵੈਯਾ ਛੰਦ:
ਕਹਤਿ ਭਯੋ ਕਮਲਾਸਨ ਤਿਨ ਕਹੁ
'ਸੁਨਹੁ ਸੁਰਹੁ! ਅੱਖ੍ਯਾਨ[1] ਮਹਾਨ।

[1]ਕਥਾ।

ਚਿਰੰਕਾਲ ਕੋ ਅਹੈ ਪੁਰਾਤਨ[1]
ਜਬਿ ਸਤਿਜੁਗ ਕੋ ਸਮਯ ਸੁਜਾਨ।

[1]ਚਿਰ ਸਮੇਂ ਦੀ ਪੁਰਾਣੀ ਕਥਾ ਹੈ।

ਦਾਨਵ ਦੈਤ ਬਿਲੰਦ ਬਲੀ ਗਨ
ਤੀਨ ਲੋਕ ਜੀਤੇ ਸਭਿ ਥਾਨ।
ਦੁਸ਼ਟ ਬਿਸਾਲ ਅਨਿਸ਼ਟੈ[1] ਠਾਨਤਿ, — [1]ਉਪੱਦ੍ਰਵ।
ਤੁਮਹਿ ਨਿਕਾਸਜੋ ਮੁਖ ਕਰਿ ਹਾਨਿ ॥੯॥
ਨਿਕਟਿ ਭਗਵਤੀ ਤਬਿ ਤੁਮ ਗਮਨੇ
ਅਨਿਕ ਭਾਂਤਿ ਕੀ ਸਤੁਤਿ ਸੁਨਾਇ।
ਦੁਰਗਾ ਭਈ ਪ੍ਰਸੀਦਤ ਹਿਤ ਕਰਿ
ਅਪਨਿ ਸਰੀਰ ਕੀਨਿ ਬਿਦਤਾਇ।
ਦੀਨਸਿ ਦਰਸ਼ਨ ਧਰਮ ਗੋਪਤਾ[1] — [1]ਧਰਮ ਦੀ ਰੱਖਯਕ ਨੇ।
ਤੁਮ ਕੋ ਦੀਨ ਦੇਖਿ ਬਿਕੁਲਾਇ।
ਦੁਰਨਿਰੀਛਨਾ[1] ਪੂਛਨ ਕੀਨੇ, — [1]ਭਾਵ ਦੇਵੀ ਨੇ [ਸੰਸ. ਦੁਰਨਿਰੀਕਸ਼ਣ = ਜਿਸ ਦਾ ਦੇਖਣਾ ਕਠਨ ਹੋਵੇ]
ਦੁਖ ਦੈਤਨਿ ਕੋ[1] ਕਹਜੋ ਬੁਝਾਇ ॥੧੦॥ — [1]ਤੁਸਾਂ) ਦੈਂਤ ਦੇ ਦਿੱਤੇ ਦੁੱਖ ਨੂੰ।
ਸੁਨਿ ਕੈ ਪ੍ਰਨ ਕੋ ਕੀਨਿ ਅੰਬਕਾ[1] — [1]ਦੇਵੀ ਨੇ।
-ਸ਼ੱਤ੍ਰ ਤੁਮਾਰੇ ਹਤੋਂ ਰਿਸਾਇ।
ਯੱਗ ਭਾਗ ਅਰੁ ਸਦਨ ਸੁਰਗ ਕੋ
ਬਹੁਰ ਦੇਉਂ ਤੁਮ ਕੋ ਹਰਖਾਇ-।
ਕ੍ਰੁੱਧਤਿ ਭਈ ਜੁੱਧ ਕਉ ਉੱਧਤਿ[1] — [1]ਉੱਗ੍ਰ ਹੋਈ, ਤਯਾਰ ਬਰਤਿਆਰ ਹੋਈ [ਸੰਸ. ਉਦਧਤ]
ਆਯੁਧ ਸੱਧ[1] ਬਿਰੋਧ ਬਧਾਇ[2]। — [1]ਠੀਕ ਕਰਕੇ। [2]ਬਿਰੋਧ ਵਧਾਕੇ।
ਹਤੇ ਦੈਤ ਧਰਨੀ ਤਲ ਛਾਯੋ
ਸੰਘਰ ਮਹਿਂ ਘਮਸਾਨ ਬਨਾਇ ॥੧੧॥
ਰਕਤਬੀਜ[1] ਸੋਂ, ਰਣ ਪੁਨ ਕੀਨਸਿ — [1]ਦੈਂਤ ਦਾ ਨਾਮ।
ਆਯੁਧ ਲਗੇ ਰਕਤ ਧਰ ਪਾਤ[1]। — [1]ਧਰਤੀ ਤੇ ਰਕਤ ਡਿੱਗੀ।
ਭਏ ਸੈਂਕਰੈ ਦੈਤ ਸਹੱਸ੍ਰੈ
ਅਯੁਤ ਲੱਛ ਕੋਟੈਂ ਇਕ ਜਾਤਿ[1]। — [1]ਦਸ ਹਜ਼ਾਰ ਤੋਂ ਲੱਖ ਤੇ ਕ੍ਰੋੜਾਂ ਇਕ ਜਾਤ ਦੇ।
ਹਤੇ ਬਹੁਰ ਉਪਜੇ ਪੁਨ ਤੈਸੇ
ਜਿਨ ਕੀ ਸੰਖਯਾ ਗਨੀ ਨ ਜਾਤਿ।
ਚਿਰੰਕਾਲ ਲੌ ਰਹੀ ਘਾਲ ਕਰਿ
ਸ਼੍ਰਮਤਿ ਭਈ ਕੁਛ ਤਬਿ ਜਗ ਮਾਤ ॥੧੨॥
ਦੋਹਰਾ: — [1]ਨੱਵੇ ਪਦਮ ੯੦੦੦੦੦੦੦੦੦੦੦੦੦੦੦੦।

ਸੰਖਜਾ ਨੌ ਕੇ ਅੰਕ, ਪਰ ਖੋੜਸ ਸ਼ੂਨ ਲਗਾਇ[1]।
ਇਤੇ ਦੈਤ ਦੇਵੀ ਹਤੇ, ਗਿਨੇ ਰਿਖਿਨਿ ਸਮੁਦਾਇ[1] ॥੧੩॥

[1]ਭਾਵ ਪੁਰਾਣਾਂ ਵਿਚ ਲਿਖੇ ਹਨ।

ਬਿੰਧਜਾਚਲ ਪਰ ਥਿਤ ਭਈ, ਜਗਤ ਈਸ਼ੁਰੀ ਜੋਇ।
ਬਿੰਧਜਾਚਲ ਸੁ ਨਿਵਾਸਨੀ, ਯਾਂ ਤੇ ਕਹਿ ਸਭਿ ਕੋਇ ॥੧੪॥

ਸ੍ਵੈਯਾ ਛੰਦ:

ਹੋਇ ਸੁ ਲੋਪ ਧਾਰਿ ਲਘੁ ਮੂਰਤਿ
ਬਿੰਧਜਾਚਲ ਪਰ ਕੀਨਿ ਨਿਵਾਸ।
ਉੱਗ੍ਰ ਮਹਾਂ ਤਪ ਤਪਨੇ ਲਾਗੀ
-ਪੁਨ ਦੈਤਨ ਕੁਲ ਕਰੌਂ ਬਿਨਾਸ-।
ਇਤ ਉਤ ਦੁਸ਼ਟ ਲਗੇ ਤਬਿ ਖੋਜਨਿ
ਕਾਨਨ ਬਡੇ ਪਹਾਰ ਅਵਾਸ[1]।
ਸਰਿਤਾ ਸਰੁਵਰ[1] ਦਰੀ[2] ਕੰਦਰਾ ਜਹਿਂ
ਕਹਿਂ ਫਿਰਹਿਂ ਰਿਸੇ ਬਲ ਰਾਸ† ॥੧੫॥

[1]ਪਹਾੜਾਂ ਰੂਪ ਅਸਥਾਨਾਂ ਵਿਚ।
[1]ਸਰੋਵਰ। [2]ਖੱਡਾਂ।
†ਪਾ:-ਜਹਾਂ ਕਹਾਂ ਫਿਰ ਸੋ ਬਲਰਾਸ।

ਬੇਲ ਸੁਬੇਲ[1] ਦੈਤ ਦੁਇ† ਦੀਰਘ
ਲਿਯੇ ਸੰਗ ਸੈਨਾ ਸਮੁਦਾਇ।
ਰਿਦੈ ਸੁੱਧ ਇਕ ਤਪਸੀ ਦੇਖਯੋ
ਚਿਰੰਕਾਲ ਕੋ ਤਪ ਗਾਨ ਤਾਇ।
ਬ੍ਰਹਮ ਬਿੱਦਜਾ ਮਹਿਂ ਨਿਸਠਿਤ[1] ਨਿਤ ਪ੍ਰਤਿ
ਸੂਰਜ ਅਗਨੀ ਕੇ ਸਮ ਤਾਇ[1]।
ਬੈਠਯੋ ਆਸ਼੍ਰਮ ਨਿਜ ਤਪ ਮਹਿਂ ਥਿਤ
ਏਕਾਕੀ ਮਨ ਸ਼ਾਂਤਿ ਸੁਹਾਇ ॥੧੬॥

[1]ਨਾਮ ਦੋ ਦੈਂਤਾਂ ਦਾ। †ਪਾ:-ਹੁਇ।
[1]ਇਸਥਿਤ।
[1]ਤੇਜ ਸੀ। (ਉਸਦਾ)।

ਅਸੁਰਨ ਕੀਨਿ ਬਿਲੋਕਨਿ ਪੂਛਯੋ
-ਅਹੋ ਤਾਪਸੀ ! ਹਮਹਿਂ ਬਤਾਇ।
ਇਕ ਇਸਤ੍ਰੀ ਸਭਿ ਅੰਗ ਮਨੋਹਰ
ਰਣ ਕਰਤੀ ਅਬਿ ਗਈ ਪਲਾਇ।
ਦ੍ਰਿਸ਼ਟਿ ਸੁ ਗੋਚਰ ਰਹੀ ਨ ਹਮਰੇ
ਤਿਸ ਹਿਤ ਖੋਜੇ ਸਕਲ ਸੁ ਥਾਇਂ।

ਭਯੋ ਮਹਾਂ ਅਚਰਜ ਨਹਿਂ ਜਾਨੀ
ਦੈਤ ਹਤੇ ਜੋਧਾ ਸਮੁਦਾਇ- ॥੧੭॥
ਸੁਨਿ ਤਪਸੀ ਰਿਸ ਕਰਿ ਕੈ ਬੋਲ੍ਯੋ
-ਰੇ ਮੂਢਹੁ ਦੁਰਮਤਿ ਉਰਧਾਰਿ।
ਕ੍ਯਾ ਬਕਬਾਦ ਕਰਤਿ ਅਨਜਾਨਹੁ[1] — [1]ਅਣਜਾਣੋ।
ਸੋ ਸ਼ਕਤੀ ਹੈ ਪਰਮ ਉਦਾਰ।
ਜਹਾਂ ਕਹਾਂ ਪਰਿ ਪੂਰਨ ਪਾਵਨ
ਸਿਮਰਹਿ ਸ਼ਰਧਾ ਕਰੇ ਨਿਹਾਰ[1]। — [1]ਜੋ ਸ਼ਰਧਾ ਨਾਲ ਸਿਮਰਦਾ ਹੈ ਉਸ ਨੂੰ ਨਿਹਾਲ ਕਰਦੀ ਹੈ। (ਅ) ਦਰਸ਼ਨ ਕਰਦਾ ਹੈ।

ਜਬਿ ਬਿਦਤਹਿਗੀ ਰੂਪ ਭਯਾਨਕ
ਤਬਿ ਤੁਮ ਗਨ ਕੋ ਕਰਹਿ ਸੰਘਾਰ-
॥੧੮॥
ਸੁਨਿ ਉਨਮੱਤ ਦੈਤ ਉਰ ਕ੍ਰੋਪੇ
ਮਾਰਿ ਮਾਰਿ ਸਨਮੁਖ ਰਿਖਿ ਧਾਇ।
ਤਬਹਿ ਤਪੋਧਨ ਰਿਦੈ ਬਿਚਾਰ੍ਯੋ
-ਇਨ ਸੋਂ ਹਮ ਕ੍ਯਾ ਕਰਹਿਂ ਰਿਸਾਇ।
ਬ੍ਰਹਮ ਪਰਾਇਣ ਬ੍ਰਹਮਣ ਤਨ ਹੈ
ਧਰਮ ਨ ਹਮਰੋ ਜੁੱਧ ਮਚਾਇ।
ਤੈਸੇ ਸਿਸ[1] ਹੈਂ ਇਸੀ ਧਰਮ ਮਹਿਂ — [1]ਮੇਰੇ) ਚੇਲੇ।
ਮੋਹਿ ਸਮਾਨ ਸ਼ਾਂਤਿ ਚਿਤ ਲਾਇ ॥੧੯॥
ਕੌਨ ਉਪਾਇ ਕਰਹਿਂ ਅਬਿ ਇਨ ਸੋਂ
ਕ੍ਰਿਤ ਅਪਰਾਧ[1] ਉਚਿਤ ਹੈ ਦੰਡ-। — [1]ਅਪਰਾਧ ਕਰਨ ਵਾਲੇ। (ਅ) ਅਪ੍ਰਾਧ ਵਾਲੀ ਕਰਤੂਤ।
ਇਮ ਨਿਸ਼ਚੈ ਕਰ ਮੁਨਿ ਬਰ ਰਿਸ ਧਰਿ
ਨਿਜ ਦਰਸ਼ਨ ਅਤਿ ਕਿਯੋ ਪ੍ਰਚੰਡ[1]। — [1]ਤੇਜ ਵਾਲਾ।
ਲਾਖਨਿ ਬਰਖਨਿ ਕੋ ਤਪਭੀਖਨ[1] — [1]ਭਯਾਨਕ ਤਪ।
ਸਿਮਰਨਿ[1] ਤੀਖਨ ਕਰਿ ਬਰਬੰਡ[2]। — [1]ਸਿਮਰ ਕਰਕੇ। [2]ਬਲਵਾਨ ਤੇਜ ਸਰੂਪ ਕੀਤਾ।
ਕਰਤਾ ਪੁਰਖ ਧ੍ਯਾਨ ਕਹੁ ਧਰਿ ਕੈ
ਜਿਸ ਕੋ ਓਜ ਤੇਜ ਅਨਖੰਡ[1] ॥੨੦॥ — [1]ਅਖੰਡ।
ਓਅੰ ਤੇ ਹੁੰਕਾਰਾ ਕੀਨਸਿ[1] — [1]ਓਸ ਤਪੱਸ੍ਵੀ ਨੇ) ਓਅੰ ਕਹਿ ਕੇ ਹੁੰਗਾਰਾ ਭਰਿਆ।
ਸਿੰਘਖਾਲ ਕੋ ਕਰ ਮਹਿਂ ਧਾਰਿ[1]। — [1]ਸ਼ੇਰ ਦੀ ਖੱਲ ਹੱਥ ਵਿਚ ਲਈ।
ਕਰਿ ਲਘੁਤਾ[1] ਝਟਕਾਇਤ ਝਾਰ੍ਯੋ — [1]ਸ਼ੀਘ੍ਰਤਾ ਕਰਕੇ।
ਝਿਝਕਨ ਝਾਰਨ ਜੁਝੇ ਜੁਝਾਰ[1]। — [1]ਸ਼ੀਘ੍ਰਤਾ ਕਰਕੇ (ਖੱਲ) ਝਟਕਾ ਕੇ ਝਾੜੀ ਤਾਂ ਲੜਨ ਵਿਚ ਸਾਰੇ ਸੂਰਮਿਆਂ ਨੂੰ ਝਿਜਕਾ ਦੇਣ ਵਾਲਾ, ਅਤੇ...

[ਝਾਰਨ = ਸਾਰੇ। ਜੁਝੇ = ਲੜਨ ਵਿਚ। ਜੁਝਾਰ = ਸੂਰਮਿਆਂ ਨੂੰ। ਝਿਝਕਿਨ = ਝਿਝਕਾ ਦੇਣ ਵਾਲਾ]

ਦੁਰਨਿਰੀਛ ਅਤਿ ਪੁੰਜ ਤੇਜ ਕੋ
ਨਿਸਕਯੋ ਤਿਸ ਤੇ ਪੁਰਖ ਉਦਾਰ[1]।
[1]ਕਠਨ ਹੈ ਜਿਸ ਦੀ ਦ੍ਰਿਸ਼ਟੀ, ਤੇਜ ਦਾ ਪੁੰਜ ਉਦਾਰ ਪੁਰਖ ਨਿਕਲਿਆ।

ਆਯੁਤ ਉਰ[1] ਦੀਰਘ ਜੁਗ ਬਾਹੂ,
[1]ਚੌੜੀ ਛਾਤੀ।
ਕੰਧ ਉਤੰਗ[1], ਮਹਾਂ ਬਰਿਯਾਰ[2] ॥੨੧॥
[1]ਉੱਚੇ ਮੋਢੇ। [2]ਮਹਾਨ ਬਲ ਵਾਲਾ।
ਲਾਲ ਬਿਲੋਚਨ ਭਰੇ ਛੋਭ ਸੋਂ
ਧਨੁਖ ਬਾਨ ਕਰ ਤਰਕਸ਼ ਦੋਇ।
ਹਾਟਕ ਮੁਸ਼ਟ[1] ਖੜਗ ਖਰ† ਨਿਰਮਲ
[1]ਸੋਨੇ ਦੀ ਮੁੱਠ ਵਾਲੀ। †ਪਾ:-ਖਗ।
ਆਗੇ ਦੈਤਨਿ ਰਹਯੋ ਖਰੋਇ।
ਲਗੇ ਪ੍ਰਹਾਰ ਕਰਨਿ ਗਨ ਆਯੁਧ
ਬਖਤਰਪੋਸ਼ ਬਿਲੋਕਯੋ ਸੋਇ[1]।
[1]ਸੰਜੋਅ ਪਹਿਨੀ ਵਾਲਾ ਦੇਖਿਆ ਉਹ (ਪੁਰਖ)।
ਇਤ ਤੇ ਤਜੇ ਪੁਰਖ ਸਰ ਤੀਖਨ,
ਗਨ ਸ਼ੱਤ੍ਰੁਨਿ ਕੋ ਤਨੁ ਪਰੋਇ ॥੨੨॥
ਤੁਮਲ ਮਚਯੋ ਸੰਗ੍ਰਾਮ[1] ਅਨਿਕ ਬਿਧਿ
[1]ਸੰਗ੍ਰਾਮ ਦਾ ਸ਼ੋਰ ਮਚਿਆ।
ਤੀਰਨ ਲੀਨਿ ਦਸੋ ਦਿਸ਼ਿ ਛਾਇ।
ਗਜਾਰੋਹ[1] ਭਟ ਰਥੀ ਕ੍ਰੋਧ ਕਰਿ
[1]ਹਾਥੀਆਂ ਤੇ ਚੜ੍ਹੇ ਸੂਰਮੇ।
ਹਯਾਰੋਹ[1] ਆਏ ਗਨ ਧਾਇ।
[1]ਘੋੜਿਆਂ ਤੇ ਚੜ੍ਹਕੇ।
ਅਨਿਕ ਭਾਂਤਿ ਕੇ ਸ਼ਸਤ੍ਰ ਉਠਾਏ
ਮੁਗਦਰ ਮੂਸਲ[1] ਬਲ ਸਮੁਦਾਇ।
[1]ਮੂਹਲੇ।
ਤੋਮਰ, ਖੜਗ, ਤ੍ਰਿਸੂਲ ਹੂਲ ਖਰ
ਭਾਲੇ ਧੋਪੈਂ[1], ਗੁਰਜ ਉਠਾਇ ॥੨੩॥
[1]ਹਿਲਾਕੇ ਤਿੱਖੇ ਭਾਲੇ।
ਸਾਰ ਸ਼ਕਤਿ[1], ਬਡ ਕਠਨ ਕੁਦੰਡੈ[2],
[1]ਲੋਹੇ ਦੀ ਬਰਛੀ। [2]ਧਨੁਖ।
ਖਪਰੇ ਬਾਣ, ਜਮਧਰਾ ਧਾਰਿ[1]।
[1]ਜਮਧਰਾਂ ਨੂੰ ਧਾਰ ਕੇ।
ਧਾਰ ਜਿਨਹੁ ਕੀ ਤੀਖਨ ਭੀਖਨ
ਚਮਕਤਿ ਲੋਹ ਡਸਨਿ ਸਮ ਮਾਰ[1]।
[1]ਸੱਪ ਵਾਂਗ ਡਸਦੇ ਹਨ।
ਮਾਰਿ ਮਾਰਿ ਕਹਿ ਆਨਿ ਪਰੇ ਬਹੁ
ਆਯੁਧ ਜੁੱਧ ਮਝਾਰ ਪ੍ਰਹਾਰ†।
†ਪਾ:-ਪ੍ਰਕਾਰ।
ਹਾਰ ਨ ਹੋਤਿ ਸੁਰਹੁ ਤੇ ਕਬਹੂੰ[1]
[1]ਜਿਨ੍ਹਾਂ ਦੈਂਤਾਂ ਨੂੰ) ਕਦੇ ਦੇਵਤਿਆਂ ਤੋਂ ਹਾਰ ਨਹੀਂ ਸੀ ਹੁੰਦੀ।
ਸੇ ਜੋਧਾ ਅਰ ਪਰੇ[1] ਅਸਾਰ[2] ॥੨੪॥
[1]ਅੜ ਪਏ। [2]ਬਹੁਤੇ।
ਸ਼ਲਭ ਦਲਨ[1] ਸੇ ਚਲੇ ਤੀਰ ਗਨ
[1]ਟਿੱਡੀ ਦਲ ਵਾਂਗ।

ਦੁਹਿ ਦਿਸ਼ਿ ਤੇ ਛਾਦਯੋ ਅਸਮਾਨ।
ਉਤ ਅਨੇਕ ਇਤ ਏਕ ਰਹਯੋ ਰੁਪ
ਰਾਖਸ਼ ਹਤੇ ਬੇਧਿ ਕਰਿ ਬਾਨ[1]। — [1]ਬਾਨਾਂ ਨਾਲ ਵਿੰਨ੍ਹ ਕਰਕੇ।
ਲੱਛ ਹੋਇ ਸੋ ਰੱਛ ਨ ਹੋਵੈ[1] — [1]ਜੋ (ਸੂਰਮੇ) ਨਿਸ਼ਾਨਾ ਹੁੰਦੇ ਹਨ ਭਾਵ ਜਿਨ੍ਹਾਂ ਤੇ ਨਿਸ਼ਾਨਾ ਵਜਦਾ ਹੈ ਉਹਨਾਂ ਦੀ ਰੱਖਯਾ ਨਹੀਂ ਹੁੰਦੀ ਭਾਵ ਬਚ ਨਹੀਂ ਸਕਦੇ।
ਊਂਧੇ ਸਮੁਖ ਪਰਹਿਂ ਤਜਿ ਪ੍ਰਾਨ।
ਆਯੁਧ[1] ਆਵਤਿ ਪੰਥ ਬਿਦਾਰੇ — [1](ਦੈਂਤਾਂ ਦੇ) ਸ਼ਸਤ੍ਰ।
ਖੰਡ ਖੰਡ ਧਰ[1] ਗਿਰੇ ਮਹਾਨ ॥੨੫॥ — [1]ਧਰਤੀ ਤੇ।
ਅਨੁਜ ਸੁਬੇਲ ਬੇਲ ਕੋ ਰਿਸ ਧਰਿ
ਭਿਰਯੋ ਆਇ ਮਾਰੇ ਖਰ ਤੀਰ।
ਤਬਿ ਤਪਸੀ ਸੁਤ ਬੀਧਨ ਹੋਵਾ
ਨਿਕਸਿ ਸ਼੍ਰੋਣ ਭਾ ਅਰੁਣ ਸ਼ਰੀਰ[1]। — [1]ਸ਼ਰੀਰ ਲਾਲ ਹੋ ਗਿਆ।
ਅੰਗ ਬਿਲੋਕਿ ਆਪਨੇ ਹਸ ਕਰਿ
ਧਨੁ ਸਰ ਧਰਿ ਕੈ ਧੀਰ ਗੰਭੀਰ।
ਸ਼ੱਤ੍ਰ ਚਾਪ ਕੋ ਇਕ ਤੇ[1] ਕਾਟਯੋ, — [1]ਸ਼ੱਤ੍ਰ ਦਾ ਧਨੁਖ ਇਕ ਤੀਰ ਨਾਲ।
ਚਾਰਨ ਤੇ ਤੁਰੰਗ[1] ਬਰ ਬੀਰ ॥੨੬॥ — [1]ਤੇ ਚਾਰ (ਹੋਰ ਬਾਣਾਂ) ਨਾਲ ਘੋੜੇ (ਮਾਰੇ)।
ਗਰੁੱਵੀ ਗੁਰਜ ਗਹੀ ਤਬਿ ਰਾਖਸ਼
ਦੁਤੀ ਹਾਥ ਮੈਂ ਸਿਪਰ ਸੰਭਾਰਿ।
ਜਾਇ ਪ੍ਰਹਾਰੀ ਤਪਸੀ ਸੁਤ ਕੇ
ਸ਼ੱਤ੍ਰ ਕੇ ਸਹਿ ਦੁਸਹਿ[1] ਪ੍ਰਹਾਰ। — [1]ਕਠਨ।
ਖੈਂਚਿ ਖੜਗ ਖਰ ਝਾਰਯੋ ਬਲ ਤੇ
ਕੁੰਡਲ ਜੁਤਿ[1] ਸਿਰ ਦੀਨਿ ਉਤਾਰਿ। — [1]ਵਾਲਿਆਂ ਯਾ ਮੁੰਦ੍ਰਾਂ ਸਮੇਤ।
ਅਸੁਰ ਸ਼ਯਾਮ ਤਨ ਗਿਰਯੋ ਪ੍ਰਿਥੀ ਤਲ
ਬੱਜ੍ਰ ਪਾਤ ਜਿਮ ਸ਼੍ਰਿੰਗ ਪਹਾਰ[1] ॥੨੭॥ — [1]ਬੱਜ੍ਰ ਦੇ ਆ ਪੈਣ ਵਾਂਙੂ ਪਹਾੜ ਦੀ ਚੋਟੀ ਵਾਂਗ ਡਿੱਗੇ।
ਹਤਯੋ ਸੁਬੇਲ ਬਿਲੋਕਿ ਬੇਲ ਨੇ
ਬੋਲਯੋ ਬਲੀ ਬੀਰ ਬਡ ਬਾਹੁ।
-ਖਰੋ ਹੋਹੁ ਤਵ ਜਾਨਿ ਨ ਦੈਹੋਂ-
ਇਮ ਕਹਿ ਚਮੂੰ ਲੀਨਿ ਰਣਮਾਂਹੁ।
ਘੋਰ ਕਰਯੋ ਸੰਗ੍ਰਾਮ ਰਾਖਸ਼ਨਿ
ਏਕ ਬਾਰ ਹੀ ਸ਼ਸਤ੍ਰ ਪ੍ਰਵਾਹ[1]। — [1]ਸ਼ਸਤ੍ਰ ਭਲੀ ਤਰ੍ਹਾਂ ਚਲਾਏ।
ਭੀਖਨ ਭੇਖ ਭੂਰ ਭਭਕੰਤੇ,

ਪਰੇ ਉਮਡਿ ਭਟ ਰਣ ਕਰਿ ਚਾਹੁ
॥੨੮॥
ਰਿਖਿ ਨੰਦਨ ਗਨ ਕਰੇ ਨਿਕੰਦਨ
ਬ੍ਰਿੰਦ ਪ੍ਰਹਾਰ ਸ਼ਰੀਰ ਸਹਾਰਿ[1]।
ਕਰਿ ਲਾਘਵਤਾ ਸ਼ਸਤ੍ਰ ਬ੍ਰਖਾਏ
ਨਿਜ ਪਿਤ ਕੋ ਤਪ ਰਿਦੇ ਸੰਭਾਰਿ।
ਤੀਖਨ ਤੀਰ ਤਰਾਤਰ[1] ਛੋਰਤਿ
ਫੋਰਤਿ ਉਰ ਫਿਰ ਕਰਿ ਦਿਸ਼ਿ ਚਾਰ।
ਜਿਮ ਖਾਤੀ[1] ਬਨ ਗਨ ਕੋ ਕਾਟਤਿ
ਤਿਮ ਏਕਾਕੀ ਕਰਤਿ ਪ੍ਰਹਾਰ ॥੨੯॥
ਜਿਤਿਕ ਹਤੇ ਕਿਤ ਭਜੇ ਤ੍ਰਾਸ ਧਰਿ
ਕਰਜੋ ਬੇਲ ਨੇ ਕ੍ਰੋਧ ਮਹਾਨ।
ਸੈਲ ਸ਼੍ਰਿੰਗ ਕਰਿ ਓਜ ਉਖਾਰਜੋ
ਸਮੁਖ ਪ੍ਰਹਾਰਜੋ ਰਣ ਘਮਸਾਨ।
ਆਵਤਿ ਪਿਖਿ ਸਰ ਸੋਂ ਕਰਿ ਚੂਰਨ
ਪਰਜੋ ਧਰਨਿ ਕੁਛ ਕਾਜ ਸਰਾ ਨ।
ਮੁਨਿ ਸੁਤ ਜ੍ਵਲਤਿ ਬਾਨ ਧਨ ਤਾਨਜੋ
ਰਿਪੁ ਉਰ ਹਤਜੋ ਗਿਰਜੋ ਤਜਿ ਪ੍ਰਾਨ
॥੩੦॥
ਚਮੂੰ ਅਸੰਖ ਭਈ ਦਿਵ ਠਾਂਢੀ
ਜੈ ਚਾਹਤਿ ਰਣ ਭੀਮ ਮਚਾਇ।
ਕਟਿ ਕਟਿ ਬਿਕਟ[1] ਸੁਭਟ[2] ਝਟ ਗਿਰਿ
ਗਿਰਿ
ਬਰੀ ਬਰੰਗਨ[1] ਸੁਰ ਪੁਰਿ ਜਾਇ।
ਸ਼ਸ਼ਤ੍ਰਨਿ ਕੀ ਬਰਖਾ ਕਰਿ ਘਨ ਸਮ
ਪਰੇ ਆਇ ਚਾਰਹੁੰ ਦਿਸ਼ਿ ਧਾਇ।
ਤਪਸੀ ਸੁਤ ਪਰਵਾਰਨਿ ਕੀਨਸਿ[1]
ਕਹੈਂ -ਹਤਹੁ ਇਸ, ਹ੍ਵੈ ਨ ਪਲਾਇ-
॥੩੧॥
ਨਿਜ ਪ੍ਰਾਕ੍ਰਮ ਸੰਭਾਰਨਿ ਕਰਿ ਕੈ
ਗਹਿ ਕੁਦੰਡ ਕੋ ਤਪਸੀ ਤਾਤ।
ਮਰਦਨਿ ਕਰੇ ਦੈਤ ਬਡ ਜੋਧਾ,

[1]ਬਹੁਤੇ ਵਾਰ ਸਰੀਰ ਤੇ ਸਹਾਰ ਕੇ।

[1]ਬਹੁਤੇ, (ਅ) ਤਾੜ ਤਾੜ ਕਰਕੇ।

[1]ਤਰਖਾਣ।

[1]ਕਠਨ। [2]ਸੂਰਮੇ।

[1]ਦੇਵ ਇਸਤ੍ਰੀਆਂ ਵਰ ਲਈਆਂ।

[1]ਘੇਰ ਲਿਆ ਤਪੀ ਦੇ ਪੁੱਤ੍ਰ ਨੂੰ।

ਤਰ[1] ਤੀਰਨ ਤੇ ਹਤੇ ਪਪਾਤ[2]। — [1]ਬਹੁਤੇ। [2]ਧਰਤੀ ਤੇ ਪਾ ਦਿੱਤੇ।
ਚਰਨ ਕਿਤਿਕ ਕੇ ਗੁਲਫ[1] ਰੁ ਜ਼ਾਨੁ[2] — [1]ਗਿੱਟੇ। [2]ਗੋਡੇ।
ਕੇਤਿਕ ਕਟ ਤੇ ਕਟਿ[1] ਗਿਰ ਜਾਤਿ। — [1]ਲੱਕ ਤੋਂ ਕੱਟੇ ਜਾਕੇ।
ਕੇਤਿਕ ਰਿਦੇ ਬਿਦੀਰਨ ਕੀਨ[1], — [1]ਛਾਤੀਆਂ ਚੀਰ ਦਿੱਤੀਆਂ।
ਕੇਤਿਕ ਭੁਜਾ ਕਾਟਿ ਕਿਯ ਘਾਤ ॥੩੨॥
ਕਟੇ ਗ੍ਰੀਵ ਤੇ ਬਦਨ ਬੇਧਿ ਬਹੁ,
ਕੇਤਿਕ ਮਸਤਕ ਸੀਸ ਗਿਰੰਤਿ।
ਉਠੇ ਕਬੰਧ ਅੰਧ ਗਨ ਡੋਲਤਿ
ਦੈਤਨਿ ਕੋ ਕਾਟਤਿ ਬਲਵੰਤ[1]। — [1]ਦੈਂਤਾਂ ਦੇ) ਸਿਰ ਬਿਨਾਂ ਧੜ ਉਠ ਕੇ ਦੌੜਦੇ ਤੇ ਸਮੂਹ ਬਲਵਾਨ ਦੈਂਤਾਂ ਨੂੰ ਹੀ ਵੱਢਦੇ ਹਨ (ਕਿਉਂਕਿ ਸਿਰ ਨਾ ਹੋਣ ਕਰਕੇ) ਅੰਨ੍ਹੇ ਹਨ।
ਜਿਤ ਕਿਤ ਤਪਸੀ ਸੁਤ ਕੋ ਦੇਖਤਿ
ਸ਼ਸਤ੍ਰ ਉਠਾਵਤਿ ਸ਼ੱਤ੍ਰਨਿ ਹੰਤਿ[1]। — [1]ਵੈਰੀਆਂ ਨੂੰ ਮਾਰਦੇ ਹਨ।
ਲੋਥਨਿ ਗਨ ਪੋਥਨ[1] ਕੋ ਕਰਿ ਕੈ — [1]ਢੇਰ।
ਅਤਿ ਲਾਘਵਤਾ ਕਰਿ ਦਿਖਰੰਤਿ ॥੩੩॥
ਬੇਲ ਸੁਬੇਲ ਦੈਤ ਮਥਿ[1] ਸਗਰੇ, — [1]ਮਾਰਕੇ।
ਅਪਰ ਪਲਾਏ ਦਸ ਦਿਸਿ਼ ਮਾਂਹਿ।
ਰਕਤਬੀਜ ਕੇ ਨਿਕਟਿ ਸਿਧਾਰੇ
ਸੁਧਿ ਦੀਨਸਿ -ਇਕ ਤਪਸੀ ਆਹਿ।
ਤਿਸ ਨੇ ਕਰਿ ਸੰਗ੍ਰਾਮ ਖਪਾਏ
ਅਸੁਰ ਅਸੰਖ, ਬਚਜੋ ਤਹਿਂ ਨਾਂਹਿ।
ਦੁਰਮਦ[1] ਗਰਬਤਿ ਪੁਨ ਰਣ ਚਾਹਤਿ — [1]ਹੰਕਾਰੇ ਹੋਏ, ਉਨਮਤ।
ਅਰੇ ਅਗਾਰੀ ਕੋ ਤਿਤ ਜਾਹਿ[1]- ॥੩੪॥ — [1]ਤਿਸ ਦੇ ਅੱਗੇ ਕੌਣ ਜਾਕੇ ਅੜੇ।
ਪੁਨ ਚਤੁਰੰਗਨਿ ਅਧਿਕ ਪਠਾਈ
ਦੇ ਕਰਿ ਦਾਨ ਦਰਬ ਸਨਮਾਨ।
ਮੁਨਿ ਨੰਦਨ ਸੋਂ ਸਿਰਜਤੋ ਸੰਘਰ
ਆਯੁਧ ਹਤਹਿਂ ਬੂੰਦ ਜਿਮ ਬਾਨ।
ਬਰਖ ਅਨੇਕੈ ਇਸ ਬਿਧਿ ਬੀਤੇ
ਕਰਤੇ ਘੋਰ ਘਨੋ ਘਮਸਾਨ।
ਹਤੇ ਜਾਹਿਂ ਅਰਿ ਪੁਨ ਚਢਿ ਆਵਹਿਂ,
ਕਹੌਂ ਕਹਾਂ ਲੌ ਜੁੱਧ ਮਹਾਨ ॥੩੫॥
ਸੰਮਤ ਬ੍ਰਿੰਦ ਬਹੁਤ ਹੀ ਬੀਤੇ

ਹਤਿ ਹਤਿ ਸ਼ੱਤ੍ਰ ਦਏ ਖਪਾਇ।
ਪੁਨ ਆਵਹਿਂ ਉਪਜਤਿ ਨਿਤ ਜਾਵਹਿਂ
ਬੇਸ਼ੁਮਾਰ ਮਰਿ ਹੈਂ ਰਣ ਘਾਇ।
†ਗ੍ਰੰਥ ਬਢਨਿ ਤੇ ਕੀਨਿ ਸਮਾਸੰ[1]

[1]ਸੰਖੇਪ। †ਇਹ ਕਥਾ ਕਵੀ ਜੀ ਨੇ ਪਿੱਛੇ ਬ੍ਰਹਮਾ ਦੇ ਮੁਖ ਵਿਚ ਰਖੀ ਸੀ, ਪਰ ਇਥੇ ਇਹ ਗੱਲ ਹੁਣ ਆਪਣੀ ਵਲੋਂ ਕਹਿ ਰਹੇ ਹਨ।

ਜਬਿ ਐਸੋ ਸੰਗ੍ਰਾਮ ਮਚਾਇ।
ਉਠੀ ਚੰਡਿਕਾ ਸਹਿਤ ਕਾਲਕਾ
ਕ੍ਰੋਧਾ ਲੈ ਸ਼ਕਤੀ ਸਮੁਦਾਇ ॥੩੬॥
ਭਈ ਯੁੱਧ ਮਹਿਂ ਬਿਦਤ ਭਵਾਨੀ
ਗਣ ਅਨੇਕ ਭੈਰਵ[1] ਦਰਸਾਇ।

[1]ਭੈਰੋਂ ਆਦੀ ਗਣ।

ਮਾਰਿ ਮਾਰਿ ਅਸੁਰਨ ਪਰ ਕਰਿ ਕੈ
ਏਕਹਿ ਬਾਰ ਪਰੇ ਅਰਿਰਾਇ।
ਗੁਰਜਨਿ ਗਦਾ ਗਰਵ[1] ਗਹਿ ਪਾਥਰ,

[1]ਭਾਰੀ।

ਰਥ ਮਾਥੇ ਥਿਤ[1] ਮਥਹਿ ਰਿਸਾਇ[2]।

[1]ਰੱਥ ਦੇ ਮੱਥੇ ਭਾਵ ਅੱਗੇ ਬੈਠਕੇ। [2]ਕ੍ਰੋਧਵਾਨ ਹੋਕੇ ਮਾਰਦੇ ਹਨ।

ਸ਼੍ਰੋਣਤ ਨਿਕਸਤਿ ਅਚਤਿ[1] ਕਾਲਕਾ

[1]ਪੀਂਦੀ ਹੈ।

ਕਿਲਕਤ ਕਹਿ ਕਹਿ ਕਟਕ[1] ਖਪਾਇ ॥੩੭॥

[1]ਸੈਨਾ।

ਇਮ ਕਰਿ ਜਤਨ ਅਨੇਕ ਬਿਧਿਨਿ ਕੇ
ਸਭਿ ਦੈਤਨ ਦਲ ਕੀਨਸਿ ਹਾਨਿ।
ਅਪਰਾਜਿਤਾ[1], ਭਗਵਤੀ, ਭੀਮਾ,

[1]ਹੋਰਨਾਂ ਤੇ ਜੋ ਨਾ ਜਿੱਤੀ ਜਾ ਸਕੇ।

ਭੱਦ੍ਰਾ, ਅਭੈ, ਭੈਹਰਾ[1] ਜਾਨਿ।

[1]ਇਹ ਨਾਮ ਸਾਰੇ ਭਵਾਨੀ ਦੇ ਹਨ।

ਪਰਮ ਪ੍ਰਸੀਦਤਿ ਉਤਫੁਲ ਨਯਨਾ[1]

[1]ਪ੍ਰਫੁੱਲਤ ਨੇਤਰਾਂ ਵਾਲੀ।

ਜਨੁ ਅਰਿਬਿੰਦ ਭੋਰ ਪਿਖਿ ਭਾਨੁ।
ਅਸੁਰ ਅਸੰਖਨ ਤੇ ਕਰਿ ਪ੍ਰਾਕ੍ਰਮ
ਬਿਜੈ ਲਈ ਰਿਪੁ ਸਭਿ ਛੈ ਮਾਨਿ[1] ॥੩੮॥

[1]ਸਵੇਰੇ ਸੂਰਜ ਨੂੰ ਵੇਖਕੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰ ਪ੍ਰਿਥਮ ਜਨਮ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

## ੫੧. [ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ: 'ਹੁਣ ਫੇਰ ਬ੍ਰਹਮਾ ਕਹਿੰਦਾ ਹੈ ਦੇਵਤਿਆਂ ਨੂੰ।

[1] 'ਭੋ ਦੇਵਹੁ ! ਤੁਮ ਸਭਿ ਲਖਹੁ,
ਜਥਾ ਭਗਵਤੀ ਜੀਤ[1]। [1]ਜਿਵੇਂ ਦੇਵੀ ਦੀ ਜਿੱਤ ਹੋਈ।
ਪੁਨਹਿ ਪੁਰਖ ਕਉ ਪੇਖਿ ਕਰਿ,
ਪਰਮ ਪ੍ਰਸੀਦਤਿ ਚੀਤ ॥੧॥

ਸੈਯਾ ਛੰਦ: [1]ਹੇ ਤੱਪਸ੍ਵੀ ਦੇ ਤਪ (ਰੂਪੀ ਪੁੱਤ੍ਰ) ਪੁਰਸ਼ੋਤਮ।

-ਹੇ ਤਪਸੀ ਕੇ ਤਪੁ ਪੁਰਸ਼ੋਤਮ[1],
ਅਬਿਨਾਸੀ ਕੀ ਅੰਸ ਸਮੇਤ[1]। [1]ਪਰਮੇਸ਼ਰ ਦੀ ਅੰਸ ਸਹਿਤ (ਅਵਤਾਰ ਧਾਰੀ)।
ਕਰਿ ਪ੍ਰਾਕ੍ਰਮ ਰਿਪੁ ਘਾਤ ਪਪਾਤੇ[1] [1]ਮਾਰਕੇ ਡੇਗੇ।
ਅਨਗਨ ਪਰੇ ਅਯੋਧਨ ਖੇਤ[1]। [1]ਜੁੱਧ ਭੂਮੀ ਵਿਚ।
ਦਾਰੁਣ ਦੁਸਹਿ ਮਚਾਯੋ ਸੰਘਰ[1] [1]ਜੰਗ।
ਸੁਨਤਿ ਗਰਜਨਾ ਦੁਸ਼ਟ ਅਚੇਤ[1]। [1]ਤੇਰੀ ਗਰਜ ਨੂੰ ਸੁਣਕੇ ਦੁਸ਼ਟ ਜੜ੍ਹ ਹੋ ਗਏ।
ਭਏ ਅਧੀਰ ਭੀਰੁਤਾ[1] ਧਰਿ ਕੈ, [1]ਕਾਇਰਤਾ।
ਰਹੇ ਸਮੁਖ ਗੇ ਮ੍ਰਿਤੁ ਨਿਕੇਤ[1] ॥੨॥ [1]ਮੌਤ ਦੇ ਘਰ।
ਕੀਨਸਿ ਬਹੁ ਸਹਾਇਤਾ ਮੇਰੀ
ਹਤਿ ਕੈ ਦੈਤ ਭੀਮ[1] ਸਮੁਦਾਇ। [1]ਭਯਾਨਕ।
ਏਕ ਬੇਰ ਤੁਮ ਮੋਹਿ ਬੁਲਾਵਹੁ
ਤਬਿ ਆਵਹੁੰਗੀ ਮੈਂ ਹਰਿਖਾਇ।
ਮੇਰੀ ਬਹੁ ਪ੍ਰਸੰਨਤਾ ਤੁਵ ਪਰ
ਬਰੰਬ੍ਰਹੁ[1] ਲਿਹੁ ਜਿਮ ਉਰ ਆਇ। [1]ਵਰ ਮੰਗ।
ਅਬਿ ਸਰੀਰ ਜੋ ਧਾਰਨਿ ਕੀਨੋ
ਚਿਰੰਜੀਵ ਹੋਵਹੁ ਸੁਖ ਪਾਇ ॥੩॥
ਜਦਾ ਚਹਹੁ ਚਿਤ, ਤਦਾ ਤਿਆਗਹੁ
ਲਾਖੋਂ ਸੰਮਤ ਜਰਾ[1] ਨ ਆਇ। [1]ਬੁਢੇਪਾ।
ਤਪਨਿ ਤਪਹੁ ਅਤਿ ਉੱਗ੍ਰ ਤੇਜ ਹੁਇ
ਦੁਸ਼ਟਦਮਨ[1] ਨਿਜ ਨਾਮ ਧਰਾਇ। [1]ਦੁਸ਼ਟਾਂ ਨੂੰ ਨਾਸ਼ ਕਰਨੇ ਵਾਲਾ।
ਸੰਗਤਿ ਬਨਹਿ ਅਸੰਖ ਅਨਿਕ ਥਲ,
ਮਮ ਸਰੂਪ ਹੀ ਹੈ ਜਿਸ ਭਾਇ।
ਇਸੀ ਬੇਸ ਮਹਿ ਬਨੇ ਰਹੋ ਨਿਤ,
ਜਬਿ ਕਬਿ ਜਹਿਂ ਕਹਿਂ ਕਰਵਿ[1] ਸਹਾਇ- [1]ਕਰਾਂਗੀ।

॥੪॥
ਬਾਕ ਬਿਸ਼ਾਰਦ ਦੁਗਾ ਬਾਕ ਕੋ[1]
[1]ਵਾਕਾਂ ਵਿਖੇ ਚਤੁਰ ਦੁਰਗਾ ਦੇ ਵਾਕ ਨੂੰ।
ਸੁਨਤਿ ਪੁਰਖ ਨੇ ਭਾਖ੍ਯੋ ਬੈਨ।
-ਨਾਮ ਸਿੰਘ ਕੋ ਧਾਰਨ ਕਰਿ ਹੌਂ
ਖੁਲ੍ਹੇ ਕੇਸ, ਕਟ ਤਾਗੇ ਹੈ ਨ[1]।
[1]ਗਲ ਜਨੇਊ ਨਹੀਂ ਰਖਾਂਗਾ।
ਉੱਗ੍ਰ ਤੇਜ ਸ਼ੱਤ੍ਰਨਿ ਕੋ ਖਾਪਹੁ
ਹਤਿ ਮਲੇਛ, ਹੇ ਪੰਕਜ ਨੈਨਿ[1]!
[1]ਹੇ ਕੰਵਲਾਂ ਵਰਗੇ ਨੈਣਾਂ ਵਾਲੀ!
ਰਚਨਾ ਅਪਰ ਬਚਨ ਕੀ ਪਦਵੀ
ਭੋਗ ਮੋਖ ਜੁਗ ਮਿਲਹਿਂ ਸੁਖੈਨ[1] ॥੫॥
[1]ਬਾਣੀ ਦੀ ਰਚਨਾ ਹੋਰਵੇਂ ਹੋਵੇਗੀ (ਜਿਸ ਨਾਲ) ਭੋਗ ਮੋਖ ਦੋਵੇਂ ਪਦਵੀਆਂ ਸੌਖੇ ਮਿਲਣਗੀਆਂ [ਅਪਰ = ਹੋਰਵੇਂ। ਬਚਨ = ਬਾਣੀ] (ਅ) ਰਚਨਾ ਅਪਰਬਾਣੀ (ਬ੍ਰਹਮ ਵਿਦ੍ਯਾ) ਦੀ ਹੋਵੇਗੀ ਜਿਸ ਨਾਲ.....।

ਦੁਸ਼ਟ ਅਧਰਮੀ ਸੋਂ ਕਰਿ ਸੰਘਰ
ਮਾਰਗ ਧਰਮ ਰਹੇ ਥਿਤਿ ਛਾਇ।
ਜਿਤ ਕਿਤ ਹਤਹਿਂ ਮਲੇਛਨ ਗਨ ਕੋ,
ਬਧਹਿ ਯੁੱਧ, ਪ੍ਰਿਯ ਜੁੱਧ ਮਚਾਇ[1]-।
[1]ਜੁੱਧ ਮਚਾਉਣ ਵਿਚ ਪਿਆਰ ਸਾਡਾ ਹੋਵੇਗਾ।
ਦੁਸ਼ਟ ਦਮਨ ਤੇ ਦੇਵੀ ਸੁਨਿ ਕਰਿ
ਕਹੀ ਭਵਿੱਖਤ ਬਾਤ ਸੁਨਾਇ।
-ਪੂਰਬ ਭਾਗ ਚਤੁਰਥੇ ਜੁਗ ਕੋ[1]
[1]ਚੌਥੇ ਜੁਗ ਭਾਵ ਕਲਜੁਗ ਦਾ ਪਹਿਲਾ ਭਾਗ (ਜਦ ਹੋਵੇਗਾ)।
ਤਬੈ ਸਮੋ ਐਸੇ ਬਨਿ ਆਇ ॥੬॥
ਮੋਹਿ ਅਵਾਹਨ ਕੋ ਤੁਮ ਕਰਿਹੋ[1]
[1]ਮੰਤ੍ਰਾਂ ਦੁਆਰਾ ਸੱਦਣਾ ਕਰੋਗੇ।
ਅਭਿ ਬਾਂਛਤਿ ਬਰ ਕੋ ਚਿਤ ਚਾਹਿ।
ਮੈਂ ਤਬਿ ਸ਼ਬਦ ਪ੍ਰਕਾਸ਼ਨਿ ਕਰਿ ਕੈ
ਪ੍ਰਵਿਸ਼ਾਵੋਂ[1] ਸਭਿ ਬਿਧਿ ਤੁਮ ਮਾਂਹਿ।
[1]ਪ੍ਰਵੇਸ਼ ਕਰਾਂਗੀ।
ਨਿਜ ਕੁਟੰਬ ਕੋ ਮੋਹ ਨ ਕਰੀਅਹੁ
ਰਹੋ ਸਮਾਨ ਦੁੰਦ ਉਪਜਾਹਿ[1]।
[1]ਫਸਾਦਾਂ ਦੇ ਉਪਜਿਆਂ। (ਅ) ਜੋ ਦ੍ਵੰਦ ਹਰਖ ਸੋਗ ਦੇ ਉਤਪੰਨ ਹੋਣ ਤਿਸ ਵਿਖੇ ਸਮਾਨ ਰਹੀਓ।
ਤਾਵਤ ਇਸ ਸਰੀਰ ਕੋ ਧਾਰਹੁ
ਤਪ ਪ੍ਰਿਯ ਤਪ ਕਹੁ ਤਪਉ ਉਮਾਹਿ[1] ॥੭॥
[1]ਹੇ ਤਪ ਦੇ ਪਿਆਰੇ ਤਪ ਨੂੰ ਉਮਾਹ ਕੇ ਤਪੋ।
ਤਬਿ ਅਬਿਨਾਸ਼ੀ ਨਰ ਤਨ ਧਰਿ ਹੈ[1]
[1]ਤਦ ਵਾਹਿਗੁਰੂ ਮਨੁਖ ਦਾ ਰੂਪ ਧਾਰੇਗਾ।
ਨੌ ਮੂਰਤਿ ਬਰਤਹਿਂ ਜਗ ਬੀਚ।
ਦਸਮ ਸਰੀਰ ਉਪਜਿ ਹੈ ਤੇਰੋ

ਪ੍ਰਵਿਸ਼ਹਿ ਜੋਤਿ ਮਹਾਂ ਹਿਤ ਸੀਂਚ[1]। — [1]ਭਾਵ ਪਿਆਰ ਨਾਲ।

ਏਕੰਕਾਰ ਰੂਪ ਮੈਂ ਲੈ ਹੁਇ[1] — [1]ਏਕੰਕਾਰ ਦੇ ਰੂਪ ਵਿਚ ਲੀਨ ਹੋ ਜਾਓਗੇ।

ਪੰਥ ਪ੍ਰਕਾਸ਼ਹਿ ਦੇ ਰਿਪੁ ਮੀਚ[1]। — [1]ਮੌਤ।

ਧਰਮ ਥਿਰਹਿ, ਬਿਥਰਹਿ ਜਸੁ ਪਾਵਨ,

ਕਰਹਿਂ[1] ਉਧਾਰਨਿ ਊਚ ਰੁ ਨੀਚ- ॥ ੮ ॥ — [1]ਕਰੋਗੇ।

ਇਮ ਕਹਿ ਜਗਤ ਈਸ਼ਰੀ ਤਹਿਂ ਛਿਨ

ਉਪਜਾਯੋ ਉਰ ਪ੍ਰੇਮ ਅਪਾਰ।

ਲਗੀ ਚਾਟਿਬੇ, ਅੰਗਨਿ ਸੁੰਘਤਿ[1] — [1]ਭਾਵ ਚੁੰਮਦੀ।

ਜਥਾ ਬਤਸ[1] ਕੋ ਧੇਨੁ ਪਯਾਰ। — [1]ਵੱਛੇ ਨੂੰ।

-ਹੇ ਸੁਤ ! ਇਹ ਕ੍ਰਿਪਾਨ ਲਘੁ ਲੀਜਹਿ

ਨਿਜ ਤਨ ਸੋਂ ਨਿਤ ਰਖਹੁ ਸੰਭਾਰਿ।

ਸਿੰਘ ਖਾਲ ਸੇ[†] ਹੋਹਿ ਖਾਲਸਾ[1] — [1]ਸ਼ੇਰ ਦੀ ਖੱਲ ਤੇ ਹੋਇਆ ਕਰਕੇ ਖਾਲਸਾ ਨਾਮ ਹੋਇਆ (ਵੇਖੋ ਅੰਸੂ ੫੦ ਅੰਕ ੨੧)

[†]ਕਵਿ ਜੀ ਦੇ ਪਿੱਛੇ ਆਏ ਵਰਣਨ ਵਿਚ ਗੁਰੂ ਜੀ ਦੇ ਆਪਣੇ ਉਚਾਰੇ ਵਚਨਾਂ ਨਾਲੋਂ ਫਰਕ ਦਿੱਸਦਾ ਹੈ। ਇਸ ਵਿਸ਼ੇ ਤੇ ਨਰੋਤਮ ਤਾਰਾ ਸਿੰਘ ਜੀ ਪੰਡਿਤ ਨੇ ਗੁਰ ਤੀਰਥ ਸੰਗ੍ਰਹਿ ਦੇ ਸਫਾ ੯੦ ਪਰ ਇਉਂ ਲਿਖਿਆ ਹੈ:- "ਸੂਰਜ ਪ੍ਰਕਾਸ਼ ਮੇਂ ਕਾਰਨ ਪ੍ਰਯੋਜਨ ਨਾਮ ਦਾਨ ਸਹਿਤ ਗੁਰੂ ਜੀ ਕੇ ਅਵਤਾਰ ਹੋਨੇ ਕੀ ਕਥਾ ਲਿਖੀ ਹੈ। ਅਰ ਕਥਾ ਕਾ ਵਰਣਨ ਅਨੇਕ ਭਾਂਤ ਸੇ ਹੋਤਾ ਹੈ। ਪ੍ਰੰਤੂ ਨਾਮ ਥਾਨ ਕਾਰਨ ਪ੍ਰਯੋਜਨ ਏਕ ਹੀ ਹੋਤੇ ਹੈਂ। ਅਰ ਪੂਰਬਲੀ ਕਥਾ ਮੇਂ ਹੇਮਕੁੰਟ ਕਾ ਸੁਮੇਰ ਅਰਥ ਲਿਖਾ, ਗੁਰੁ ਤੇਗ ਬਹਾਦੁਰ ਜੀ ਕੋ ਅਕਾਲ ਕਾ ਤਪਸੀ ਰੂਪ ਲਿਖਾ, ਗੁਰੂ ਗੋਬਿੰਦ ਸਿੰਘ ਮਹਾਰਾਜ ਕਾ ਖਾਲ ਸੇ ਜਨਮ ਹੋਨਾ ਲਿਖਾ। ਸੋ ਸਭੀ ਲਿਖਨਾ ਪੂਰਬ ਲਿਖੇ ਗੁਰੂ ਜੀ ਕੇ ਬਚਨੋਂ ਸੇ ਬਿਰੁੱਧ ਸਿੱਧ ਹੋਤਾ ਹੈ। ਕਾਹੇ ਤੇ, ਹੇਮਕੁੰਟ ਕਾ ਪਤਾ ਗੁਰੂ ਜੀ ਨੇ ਪੰਡੁਰਾਜ ਕੇ ਯੋਗ ਥਾਨ ਕੇ ਸਮੀਪ ਲਿਖਾ ਹੈ। ਔ ਪੰਡੁ ਰਾਜ ਨੇ ਜੋਗ ਸਪਤ ਸ਼੍ਰਿੰਗ ਮੇਂ ਕੀਆ, ਊਹਾਂ ਹੀ ਗੁਜਰਾ, ਆਗੇ ਕਹੀਂ ਨਹੀਂ ਗਿਆ ਯਹ ਆਗੇ ਲਿਖੇਂਗੇ। ਗੁਰੂ ਤੇਗ ਬਹਾਦੁਰ ਜੀ ਕਾ ਪੂਰਬ ਤਪਸੀ ਹੋਨਾ ਨਹੀਂ ਲਿਖਾ, 'ਤਪ ਸਾਧਤਿ ਹਰਿ ਮੋਹ ਬੁਲਾਯੋ' ਐਸੇ ਅਪਨਾ ਲਿਖਾ ਹੈ। ਅਰ ਖਾਲ ਸੇ ਅਪਨਾ ਜਨਮ ਨਹੀਂ ਲਿਖਾ ਨਾ ਖਾਲ ਸੇ ਹੋਨੇ ਸੇ ਖਾਲਸਾ ਕਹਾਵੋਂਗਾ ਯਹ ਲਿਖਾ ਹੈ। ਅਰ ਲਿਖਨਾ ਉਨਹੀ ਕਾ ਸੱਚਾ ਹੈ, ਯਾਂ ਤੇ ਖਾਲਸ ਸ੍ਵੱਛ ਧਰਮ ਕੇ ਧਾਰਨੇ ਸੇ ਖਾਲਸਾ ਜਾਨੋ।"

ਛੱਤ੍ਰੀ ਪਦ ਸਭਿ ਆਯੁਧ ਧਾਰਿ ॥ ੯ ॥

ਤੇਜ ਸਿੰਘ ਕੋ ਸਦਾ ਪੁਰੋਗਮ[1] — [1]ਪ੍ਰਧਾਨ।

ਰਹਿਤ ਸਹਤ ਜੇ ਸਿੰਘ[1] ਉਦਾਰ। — [1]ਰਹਤ ਦੇ ਸਹਤ ਜੋ ਮਹਾਨ ਸਿੰਘ ਹੋਣਗੇ ਸ਼ੇਰ ਵਾਲਾ ਤੇਜ ਉਹਨਾਂ ਦਾ ਅੱਗ੍ਰਗਾਮੀ ਹੋਵੇਗਾ [ਸੰਸ. ਅਗ੍ਰਗਾਮਿਨ]

ਪੀਛੇ ਪਛੁਤਾਵਾ ਹੁਇ ਤਿਨ ਮਹਿਂ

ਉਰ ਉਨਮਾਦ ਵਸਤੁ ਤੇ ਧਾਰਿ[1]। — [1]ਵਸਤੂ (ਭਾਵ ਰਾਜ ਆਦਿ) ਮਿਲਣ ਤੇ ਦਿਲ ਵਿਚ ਜੋ ਹੰਕਾਰ ਧਾਰਨਗੇ ਉਹਨਾਂ ਨੂੰ ਪਿੱਛੇ ਪਛੁਤਾਵਾ ਹੀ ਰਹਿ ਜਾਏਗਾ।

ਕਸ਼ਟ ਦੇਹਿ ਕੋ ਤੋਹਿ ਪੰਥ ਕਹੁ

ਉਬਰਹਿ ਮਰਹਿ ਸੁ ਜੁੱਧ ਮਝਾਰ[1]-। — [1]ਉਹਨਾਂ (ਉਨਮਾਦੀਆਂ ਦੀ) ਦੇਹ ਨੂੰ ਕਸ਼ਟ ਹੋਵੇਗਾ (ਨਾਲ) ਪੰਥ ਨੂੰ ਕਸ਼ਟ ਪੁੱਜੇਗਾ, (ਪਰ ਇਨ੍ਹਾਂ ਕਸ਼ਟਾਂ ਨਾਲ ਜੋ ਪੰਥ) ਮਰੇਗਾ ਤਾਂ ਜੁੱਧ (ਜੇ ਕਸ਼ਟਾਂ ਤੋਂ ਛੁਟੇਗਾ ਤਾਂ) ਜੁੱਧ ਨਾਲ। (ਅ) ਤੇਰੇ ਪੰਥ ਦੀ ਦੇਹ ਨੂੰ ਕਸ਼ਟ

ਹੋਇਗਾ ਜੁੱਧ ਵਿਚ ਹੀ ਮਰੇ ਯਾ ਤਰੇਗਾ।

ਇਮ ਕਹਿਕੈ ਅਰ ਬਹੁ ਹਿਤ ਕਰਿ ਕੈ
ਪ੍ਰੇਮ ਸਾਥ ਤਨ ਸਰਬ ਨਿਹਾਰ ॥੧੦॥
ਭਈ ਸੁ ਲੋਪ ਭਗਵਤੀ† ਤਹਿਂ ਤੇ,

†ਦੇਵੀ ਦੇ ਉਧਾਰ ਲਈ ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।

ਦੁਸ਼ਟ ਦਮਨ ਨਿਜ ਨਾਮ ਧਰਾਇ।
ਤਪਸੀ ਪੁਰਖ ਗਯੋ ਪਿਤ ਕੇ ਢਿਗ,
ਦਰਸ਼ਨ ਦੇਖਤਿ ਸੀਸ ਨਿਵਾਇ।
ਪੁੱਤ੍ਰ ਬਿਲੋਕਤਿ ਹਰਖਤਿ ਹੁਇ ਕਰਿ
ਦੁਰਗਾ ਬਰ ਲਖਿ ਬਾਕ ਅਲਾਇ[1]।

[1]ਭਾਵ ਪਿਤਾ ਜੀ ਬੋਲੇ।

-ਸ਼ਕਤੀ ਕਰਿ ਪ੍ਰਸੰਨ[1] ਹੇ ਸੁਤ! ਤਵ[2],
ਬਰ ਲੀਨਸਿ ਕਰਿ ਕੈ ਚਿਤ ਚਾਇ ॥੧੧॥

[1]ਸ਼ਕਤੀ ਨੂੰ ਪ੍ਰਸੰਨ ਕਰਕੇ!। [2]ਹੇ ਪੁੱਤਰ! ਤੈਂ...

ਜੁੱਧ ਕਰਨਿ ਕੋ ਬਰ ਇਹ ਲੀਨਸਿ,
ਯੁੱਧ ਹੇਤੁ ਹੀ ਮੈਂ ਉਪਜਾਇ।
ਅਧਿਕ ਜੁੱਧ ਹਿਤ ਕਰਤਾ ਸ਼ਰਧਾ
ਜੁੱਧ ਸੁ ਅਨਦਿਨ ਰਿਦੇ ਬਸਾਇ।
ਰੱਛਜਾ ਮੋਹਿ ਕਰਹੁ ਇਮ ਜਾਨਹ[1]

[1]ਤੁਸੀਂ ਮੇਰੀ ਰਖਜਾ ਕਰਦੇ ਹੋ (ਮੈਂ) ਇਹ ਜਾਣਦਾ ਹਾਂ (ਇਸ ਲਈ)।

ਆਰਬਲਾ ਬਾਲਿਕ ਜਬਿ ਪਾਇ।
ਤਬਿ ਮੈਂ ਰਣ ਨਹਿਂ† ਕਰਵਿ ਬਿਲੋਕਨ
ਹੇ ਸੁਤ ਇਸ ਕੋ ਰਚਹੁ ਉਪਾਇ[1] ॥੧੨॥

†ਪਾਠਾਂਤ੍ਰ-ਮਹਿਂ।

[1]ਜਦ ਤੁਸੀਂ ਬਾਲ ਆਯੂ ਪਾਓਗੇ ਤਦ ਮੈਂ ਜੁੱਧ ਵਿਚ (ਤੁਹਾਨੂੰ) ਨਾ ਦੇਖਾਂ, ਹੇ ਪੁਤਰ ਇਸ ਦਾ ਉਪਾਉ ਕਰ।

ਜਿਮ ਗੋਭੀ[1] ਤੁਰਨ ਹੁਇ ਉਤਪਤਿ
ਤਿਮ ਉਪਜਜੋ ਮੁਝ ਤੇ ਹੇ ਨੰਦ!
ਲੋਕ ਸ੍ਰਬੋਤਮ ਤੇ ਛਿਤ ਪ੍ਰਾਪਤਿ
ਯਾਂ ਤੇ ਨਾਮ ਸੁ ਹੋਤਿ ਗੋਬਿੰਦ[1]।

[1]ਲਗਰ, ਅੰਕੁਰ, ਕਲੀ।

[1]ਤੁਸੀਂ ਸਰਬੋਤਮ (= ਅਕਾਲ ਪੁਰਖ-) ਦੇ ਲੋਕ ਤੋਂ ਧਰਤੀ ਤੇ ਪ੍ਰਾਪਤ ਹੋਏ ਹੋ ਤਾਂ ਤੇ ਨਾਮ ਤੁਹਾਡਾ ਗੋਬਿੰਦ ਹੋਵੇਗਾ। ਕਵੀ ਜੀ ਗੋ, ਵਿੰਦ, ਦੇ ਅਰਥ ਕਰ ਰਹੇ ਹਨ। ਗੋ = ਪ੍ਰਿਥਵੀ, ਵਿਦ ਧਾਤੂ = ਪ੍ਰਾਪਤ ਹੋਣਾ, ਭਾਵ (ਅਕਾਲ ਪੁਰਖ ਜੀ ਦੀ ਆਗਜਾ ਪਾਕੇ) ਪ੍ਰਿਥਵੀ ਤੇ ਪ੍ਰਾਪਤ।

ਸਿੰਘ ਸੁ ਪਦ ਦੇਵੀ ਦਿਯ ਪੂਰਬ
ਅਬਿ ਤੁਮ ਤਪ ਕੋ ਤਪਹੁ ਬਿਲੰਦ।
ਸਮੋ ਆਇ ਤਬਿ ਬਿਦਤਹੁ ਜਗ ਮਹਿਂ

ਬ੍ਰਿਧਹਿ ਤੇਜ ਬਡ ਸੂਰ[1] ਮਨਿੰਦ- ॥ ੧੩ ॥ — [1]ਸੂਰਜ।
ਕਹੇ ਪਿਤਾ ਕੇ ਉੱਗ੍ਰ ਸੂਰਮਾ
ਮਹਾਂ ਪ੍ਰਤਾਪਵੰਤ ਧਰਿ ਧੀਰ।
ਤੇਜਵੰਤ ਧਰਮਾਤਮ ਸਦ ਹੀ
ਅਤਿ ਉਦਾਰ ਗੁਣਨਿਧਿ ਬਰ ਬੀਰ।
ਬ੍ਰਿੰਦ ਅਰਿੰਦਮ[1], ਆਯੁਧ ਧਾਰੀ, — [1]ਸਮੂਹ ਵੈਰੀਆਂ ਦੇ ਦਮਨ ਕਰਨ ਵਾਲੇ।
ਅਜਰ ਜਰਨ ਕਹੁ ਰਿਦਾ ਗੰਭੀਰ।
ਪਰ ਉਪਕਾਰ ਕਰਨਿ ਅਭਿਲਾਖੀ
ਤਰਨਿ ਗਜਾਨ ਕਹੁ, ਕਰ ਧਨ ਤੀਰ[1] ॥ ੧੪ ॥ — [1]ਗਜਾਨ ਦੇ ਸੂਰਜ ਹਨ (ਫਿਰ) ਹੱਥ ਵਿਚ ਤੀਰ ਕਮਾਨ ਧਾਰਨ ਵਾਲੇ ਹਨ।
ਖੜਗ ਮਹਾਂ ਖਰ ਨਿਰਮਲ ਧਰਤਾ,
ਮਹਾਂ ਕਰਮ ਕਰਤਾ ਦੁਸਹਾਰ[1]। — [1]ਨਾ ਸਹਾਰੇ ਜਾਣ ਵਾਲੇ।
ਅਭਿਬੰਦਨ ਚਰਨਨਿ ਪਰ ਧਰਿ ਕੈ
-ਆਇਸੁ[1] ਰਾਵਰ ਕੀ ਸਿਰ ਧਾਰਿ। — [1]ਭਾਵ ਆਪ ਬੋਲੇ:-
ਕਹਜੋ ਆਪ ਕੋ ਮੈਂ ਸਭਿ ਕਰਿ ਹੌਂ
ਸਰਬ ਪ੍ਰਕਾਰ ਸਦਾ ਅਨੁਸਾਰਿ-।
ਇਮ ਕਹਿ ਗਏ ਤਬਹਿ ਤਪ ਤਾਪਨਿ
ਅਨਿਕ ਭਾਂਤਿ ਕੇ ਤਪੇ ਉਦਾਰ ॥ ੧੫ ॥
ਕਾਨਨ ਮਹਿਂ ਬਡ ਉੱਚ ਪਹਾਰਨਿ,
ਦਰੀ ਕੰਦਰਾ ਨਦੀ ਬਿਸਾਲ।
ਦੇਸ਼ ਅਗਮ† ਮਹਿਂ ਨੀਰ ਨ ਤੀਰਹਿ[1] — [1]ਔਖੇ ਥਾਂ ਵਿਚ, ਜਿੱਥੇ ਜਲ ਪਾਸ ਨਹੀਂ। †ਪਾ:-ਅਗਨਿ।
ਬੈਠਹਿਂ ਤਪਤਾਪਹਿਂ ਦੁਖ ਘਾਲ[1]। — [1]ਦੁਖ ਵਾਲੀ ਘਾਲਨਾ ਘਾਲਕੇ।
ਜੇ ਬਿਸਤਰਤਿ ਪੁਲਨ[1] ਕੇ ਥਲ ਹੈਂ, — [1]ਬਰੇਤਿਆਂ।
ਨਿਰਜਲ ਬਿਖੈ ਬਸੇ ਚਿਰਕਾਲ।
ਮਨ ਇਕਾਂਤ ਕਰਿ ਪੌਨ ਰੋਧ ਕਰਿ[1] — [1]ਰੋਕਕੇ।
ਲਗੀ ਸਮਾਧਿ ਰਹੇ ਹਿਤ ਨਾਲ ॥ ੧੬ ॥
ਕਬਿ ਜਲ ਪੀਵਹਿਂ, ਕਬਹਿ ਨ ਪੀਵਹਿਂ,
ਥੀਵਹਿਂ ਨਿਰਾਹਾਰ ਥਿਤ ਹੋਇ[1]। — [1]ਇਸਥਿਤ ਹੋਕੇ।
ਆਤਪ, ਬਰਖਾ ਸੀਤ ਸਹਾਰਹਿਂ,
ਰਹਹਿਂ ਅਡੋਲ ਅਬੋਲ ਖਲੋਇ।'
ਕਹਤਿ ਬਿਧਾਤਾ 'ਸੁਨਹੁ ਸੁਰਹੁ ਸਭਿ !

ਸਮਾ ਸਮਾਪਤਿ ਕੋ ਅਬਿ ਸੋਇ।
ਨਿਜ ਸਿੱਖਜਨਿ ਜੁਤਿ ਨਰ ਤਨ ਧਰਿ ਕੈ
ਪੰਥ ਪ੍ਰਕਾਸ਼ਹਿਂ ਤੇਜ ਅਖੋਇ[1]" ॥੧੭॥ — [1]ਨਾਸ਼ ਰਹਿਤ ਤੇਜ ਰੱਖਕੇ।
ਸੁਨਿ ਕਰਿ ਸੁਰ ਉਰ ਅਚਰਜ ਧਰਿ ਕਰਿ
ਲਖੀ ਭਵਿੱਖਜਤ ਸਭਿ ਹੀ ਬਾਤ।
ਜਿਤ ਕਿਤ ਦੇਸ਼ ਦੇਹ[†] ਨਰ[1] ਧਰਿ ਕੈ — [1]ਨਰ ਸਰੀਰ। [†]ਪਾ:-ਬੇਖ। ਇਥੇ ੧੯੩੬ ਈ: ਤੋਂ ਗੁਰਦੁਆਰਾ ਕਾਇਮ ਹੋ ਚੁਕਾ ਹੈ।
ਕੌਤਕ ਪਿਖਨਿ ਚਹਤਿ ਸਭਿ ਭਾਂਤਿ।
ਹਿੰਦੁ ਜਮਨ ਕੀ ਦੁਰਮਤਿ ਲਖਿ ਕਰਿ
ਕਰਤਾ ਪੁਰਖ ਭਗਤ ਸੁਖਦਾਤ।
ਨਿਜ ਗਨ ਸੋ ਆਇਸੁ ਅਸ ਦੀਨਸਿ
'ਗਮਨਹੁ ਲੇ ਬਿਬਾਨ ਅਵਿਦਾਤ ॥੧੮॥
ਰੂਪ ਤਪੋ ਮੈ[1], ਤਪ ਕੋ ਤਾਪਤਿ — [1]ਤਪੋਮਯ = ਤਪ ਸਰੂਪ।
ਅਤਿਸ਼ੈ ਤਪਸੀ ਤਪ ਮਹਿਂ ਪਜਾਰ।
ਮੋਹਿ ਸਮੀਪ ਜਾਇ ਅਬਿ ਆਨਹੁ
ਘੋਰ ਤਪਜੋ ਤਪ ਦਰਸ ਉਦਾਰ।
ਸੰਮਤ ਬਿਤੇ ਅਸੰਖ ਜਿਸੀ ਕਹੁ
ਮਮ ਸਰੂਪ ਸੋਂ ਇਕਤਾ ਧਾਰਿ।
ਮੋਹਿ ਰੂਪ ਮਹਿਂ ਉਚਿਤ ਮਿਲਨਿ ਕੈ
ਅਸਥਿ ਮਾਤ੍ਰ ਜਿਸ ਗਾਤ ਨਿਹਾਰ ॥੧੯॥
ਹੇਮ ਕੂਟ ਕੇ ਸਪਤ ਸ੍ਰਿੰਗ ਸ਼ੁਭ
ਸਭਿਨਿ ਬੀਚ ਬਰ ਸ੍ਰਿੰਗ ਸੁਹਾਇ।
ਤਿਸ ਪਰ ਖਰੇ ਕਰਹਿਂ ਤਪ ਦੀਰਘ
ਅਚਲ ਸ਼ੁਸ਼ਕ ਕਾਸ਼ਟ ਸਮਤਾਇ।'
ਸੁਨਿ ਗਨ ਲੇ ਬਿਬਾਨ ਕਉ ਗਮਨੇ
ਜਿਸ ਕੀ ਸ਼ੋਭਾ ਕਹੀ ਨ ਜਾਇ।
ਸੁੰਦਰ ਬੰਦਨਵਾਰ ਦਰਨ ਪਰ
ਮੁਕਤਾ ਮਹਿਤ ਪ੍ਰਕਾਸ਼ ਕਰਾਇ ॥੨੦॥
ਦਿਨਮਣਿ[1] ਸਮ ਮਣਿ ਗਣ ਕੀ ਜੜਤੀ — [1]ਸੂਰਜ।
ਮਹਿਤ ਪ੍ਰਕਾਸ਼ਕ ਕਮਲ ਬਨਾਇ[1]। — [1]ਬਣਾਏ ਹੋਏ ਕਮਲ।
ਹੀਰੇ ਕੋਰਦਾਰ ਕਰਿ ਕੋਰਨ

ਪੌਰਨ ਪਦਮ ਰਾਗ ਛਬਿ ਛਾਇ[1]।
ਹੰਸਨਿ ਕੀ ਪ੍ਰਤਿਮਾ ਘਰ ਚਿੱਤ੍ਰਤਿ[1]
ਊਪਰ ਕਲਸ ਉਰਧ ਦਿਪਤਾਇ।
ਜਾਲ ਕਿੰਕਣੀ ਕਰਤਿ ਕੁਲਾਹਲ,
ਮਨ ਅਨੁਸਾਰ ਚਲਨਿ ਸਭਿ ਥਾਇੰ[1] ॥੨੧॥

[1]ਦਰਵਾਜਿਆਂ ਤੇ ਚੀਰੇ ਹੋਏ ਕੋਰਦਾਰ ਹੀਰੇ ਤੇ ਲਾਲ ਮਣੀਆਂ ਛਬਿ ਦੇ ਰਹੀਆਂ ਹਨ।
[1]ਹੰਸਾਂ ਦੀਆਂ ਮੂਰਤਾਂ ਘਰ ਵਿਚ ਚਿੱਤ੍ਰੀਆਂ ਹੋਈਆਂ।
[1]ਚੁੱਕਣ ਵਾਲੇ) ਸਾਰੇ ਗਣਾਂ ਦੀਆਂ ਤੜਾਗੀਆਂ ਛਣਕਦੀਆਂ ਹਨ ਤੇ ਉਨ੍ਹਾਂ ਦੀ ਚਾਲ ਮਨ ਅਨੁਸਾਰ ਹੈ। (ਅ) ਬਿਬਾਣ ਦੀਆਂ ਟੱਲੀਆਂ ਛਣਕਦੀਆਂ ਹਨ ਤੇ ਸਭ ਥਾਵਾਂ ਵਿਚ ਉਸ ਦੀ ਚਾਲ ਮਨ ਵਰਗੀ ਹੈ।

ਮੁਕਤਾ ਜਾਲੀ ਜੂਲਤਿ ਝਰੋਖਨਿ
ਰੰਮਜ ਮਨੋਹਰ ਦਿਪਤਿ ਬਿਮਾਨ।
ਆਸਤਰਨ ਬਰ ਮ੍ਰਿਦੁਲ ਕਲਤਿ ਕਰਿ[1]
ਸੁੰਦਰ ਧਰੇ ਸੁਭਗ ਉਪਧਾਨੁ[1]।
ਸ਼ਜ਼ਾਮਲ ਰਕਤ[1] ਰੰਗ ਤੇ ਆਦਿਕ
ਲਗੇ ਰਤਨ ਹੀਰੇ ਦੁਤਿ ਖਾਨ।
ਜਾਹਿਂ ਦੇਸ਼ ਜਿਸ, ਦੇਖੈ ਕੋ ਤਿਹ,
ਕਹੈਂ ਪਰਸਪਰ 'ਹੈ ਇਹ ਭਾਨੁ' ॥੨੨॥

[1]ਸਜਾਇਆ ਹੋਇਆ।
[1]ਸ੍ਰੇਸ਼ਟ ਤਕੀਏ।
[1]ਕਾਲੇ ਲਾਲ।

ਸਪਤ ਸ਼੍ਰਿੰਗ ਕੇ ਮੱਧਜ ਸ਼੍ਰਿੰਗ ਪਰ
ਥਿਰਜੋ ਆਇ ਗਨ ਸਹਤ ਬਿਮਾਨ[1]।
ਸਾਦਰ ਬਿਨੈ ਸੁਨਾਵਨਿ ਕੀਨਸਿ
'ਹੇ ਤਪੁਧਨ[1] ! ਤਪ ਰੂਪ ਮਹਾਨ।
ਤਪ ਅਧਿਕੋ ਤੁਮ, ਤਪਹਿ ਬਿਥਾਰਹੁ
ਤਪ ਸਾਧਕ ਤੁਮਰੇ ਨ ਸਮਾਨ।
ਪੂਰਨ ਕਰਹੁ ਕਾਮਨਾ ਤਨ ਕੀ
ਪੁਰਸ਼ੋਤਮ ਪਰਮਾਰਥਵਾਨ ! ॥੨੩॥

[1]ਗਣਾਂ ਸਮੇਤ ਵਿਮਾਨ।
[1]ਤਪੱਸ੍ਵੀ।

ਪਰਮੇਸ਼ੁਰ, ਪਰਮਾਤਮ, ਪੂਰਨ,
ਪਰਮ ਪੁਰਖ ਆਵਾਹਨ ਕੀਨਿ।
ਕਰਹੁ ਅਰੂਢਿਨਿ ਬਰ ਬਿਮਾਨ ਪਰ,
ਦਰਸ਼ਨ ਲੇਹੁ ਸਫਲ ਨਿਜ ਚੀਨਿ।
ਅਖਿਲ ਲਾਲਸਾ ਪੁਰਵਹੁ ਅਪਨੀ
ਤੁਮ ਸਭਿ ਗਜਾਤਾ ਪਰਮ ਪ੍ਰਬੀਨ।
ਤਪ ਤੇ ਸ਼ਾਂਤਿ ਕਰਹੁ ਉਰ ਅੰਤਰ,
ਆਇਸੁ ਮਾਨਹੁ ਬਿਲਮ ਬਿਹੀਨ'

॥੨੪॥

ਸ਼੍ਰੀ ਮੁਖ ਪ੍ਰਭੁ ਅਕਾਲ ਕੀ ਆਗਜਾ
ਸੁਨਤਿ ਭਈ ਪੁਲਕਾਵਲ ਆਇ।
ਉਰ ਅਨੰਦ, ਅੱਸ਼੍ਰੂ ਭਰਿ ਆਏ,
ਪ੍ਰੇਮ ਬਿਖੈ ਗਦ ਗਦ ਬਚ ਗਾਇ।
ਕ੍ਰਿਸ਼ ਤਨ ਜੁਸ਼ਟ ਪੁਸ਼ਟ ਰਿਸ਼ਟੇ ਅਤਿ[1]
ਸਿੱਖਜਨਿ ਕੋ ਸ਼ੁਭਤਾ ਦਰਸਾਇ[1]।
ਆਸ਼੍ਵਾਸਨ ਕਰਿ[1] ਸਭਿਹਿਨਿ ਕੇਰਾ
ਮ੍ਰਿਦੁਲ ਸੁਖਦ ਕਹਿ ਸ਼੍ਰੇਯ ਸੁਨਾਇ ॥੨੫॥

[1]ਤਨ ਜੋ ਕ੍ਰਿਸ (= ਲਿੱਸਾ) ਸੀ ਬਹੁਤ ਰਿਸ਼ਟ ਪੁਸ਼ਟ ਤੇ (ਜੁਸ਼ਟ =) ਅਨੰਦਮਯ ਹੋ ਗਿਆ।

[1]ਤਪੀ ਦੇ ਚੇਲਿਆਂ ਨੂੰ (ਉਨ੍ਹਾਂ ਦਾ ਉਹ ਜੁਸਾ) ਸੁਭਤਾ ਵਾਲਾ ਦਿਖਾਈ ਦਿੱਤਾ।

[1]ਦਿਲਾਸਾ ਦੇਕੇ।

ਕਰੀ ਅਕਾਲ ਪੁਰਖ ਦਿਸ਼ਿ ਬੰਦਨ
ਪਹੁੰਚੇ ਪੁਨਹਿ ਸਮੀਪ ਬਿਮਾਨ।
ਝਾਲਰ ਮੁਕਤਾ ਲਰਕਤਿ ਚਹੁੰਦਿਸ਼ਿ
ਬੀਚ ਬੈਠਕਾ ਬਨੀ ਮਹਾਨ।
ਤੀਨ ਪ੍ਰਦੱਛਨ ਦੀਨਸਿ ਫਿਰ ਕਰਿ
ਨੰਮ੍ਰੀ ਹੋਇ ਅਰੂਢੇ ਜਾਨ[1]।
ਪਰਮ ਗੁਰੂ[1] ਮਹਿੰ ਮਨ ਕੋ ਕੀਨਸਿ
ਗਮਨ ਚਹਯੋ ਦਰਸ਼ਨ ਇਛ ਠਾਨਿ ॥੨੬॥

[1]ਬਿਮਾਨ ਉੱਤੇ।

[1]ਪਰਮੇਸ਼ੁਰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੂਰਬ ਜਨਮ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਅਕਾਲ ਪੁਰਖ ਪਾਸੋਂ ਵਿਦੈਗੀ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:
ਕਰਯੋ ਗਮਨ ਕੋ ਮੁਨਿ ਜਬਹਿ, ਬੇਗ ਬਿਸਾਲ ਬਿਮਾਨ।
ਤੂਰਨ ਹੀ ਊਰਧ ਉਠਯੋ, ਚਲਯੋ ਜਾਤਿ ਜਿਮ ਭਾਨੁ ॥੧॥

ਸ੍ਵੈਯਾ ਛੰਦ:
ਬੇਗ ਬਿਮਾਨ ਸਮਾਨ ਜੁ ਮਨ ਕੇ[1]
ਨਿਮਖ ਬਿਖੈ ਪਹੁੰਚਯੋ ਦਰਬਾਰ।
ਛਰੀਦਾਰ ਦਰਸ਼ਨ ਪ੍ਰਿਯ ਠਾਂਢੇ,
ਸਿੰਘ ਪੌਰ ਜਨੁ ਰਜਤ ਪਹਾਰ[1]।
ਸੂਰਜ ਸਮਸਰ ਮਹਿਦ ਪ੍ਰਕਾਸ਼ਕ,
ਕਵਿ ਸਮਰਥ ਕੋ ਕਰਹਿ ਉਚਾਰ।
ਤਹਿਂ ਤੇ ਉਤਰਿ ਖਰੇ ਤਬਿ ਦਰਸੇ
ਮੁਖ ਮੰਡਲ ਜਨੁ ਚੰਦ ਉਦਾਰ[1] ॥੨॥

[1]ਸੁੰਦਰ ਦਰਸ਼ਨ ਮੰਦਰ ਦਰ ਪਰ,
ਮੰਦਹਾਸ, ਮ੍ਰਿਦੁਸ਼੍ਵਰ ਮੁਦਪਾਇ।
ਸਾਦਰ ਅੱਗ੍ਰ ਲੈਨ ਕੋ ਆਏ[2]
ਮਿਲੇ ਸੰਗ ਲੈ ਚਲੇ ਲਵਾਇ[1]।
ਗਏ, ਪ੍ਰਭੁ ਕੇ ਦਰਸ਼ਨ ਕਰਿ ਕੈ
ਕਰੀ ਦੰਡ ਵਤ ਪ੍ਰੇਮ ਬਧਾਇ।
ਪੁਟ ਲੋਚਨ ਤੇ ਰੂਪ ਅਮੀ ਨਿਧਿ
ਪਾਨ ਕਰਤਿ ਬਹੁ, ਨਹਿਂ ਤ੍ਰਿਪਤਾਇ[1] ॥੩॥
ਹਾਥ ਬੰਦਿ ਪੁਨ ਬੰਦਨ ਧਾਰੀ
ਠਾਂਢੇ ਭਏ ਨਿੰਮ੍ਰਤਾ ਸਾਥ।
ਕਹੇ ਨਾਮ ਜੋ ਬੀਚ 'ਜਾਪਜੀ'
ਬਰਨਨ ਕਰੇ ਸਤੁਤਿ ਕੀ ਗਾਥ।

[1]ਮਨ ਦੇ ਸਮਾਨ ਜਿਸ ਬਿਮਾਨ ਦੇ ਵੇਗ ਹੈ।

[1]ਪਿਆਰੇ ਦਰਸ਼ਨਾਂ ਵਾਲੇ ਛਰੀਦਾਰ ਸਿੰਘ ਪੌਰ ਤੇ ਖੜੇ ਹਨ (ਜੋ ਸਿੰਘ ਪੌਰ) ਮਾਨੋਂ ਚਾਂਦੀ ਦੇ ਪਹਾੜ ਵਾਂਝ ਹੈ।

[1]ਤਪੀ ਜੀ ਦਾ) ਮੁਖ ਮੰਡਲ ਪੂਰਨ ਚੰਦ ਵਾਂਝ ਦਿੱਸਿਆ। (ਅ) ਕਈ ਸਿਆਣੇ ਅਗੋਂ ਲੈਣ ਆਇਆਂ ਵਲ ਲਾਉਂਦੇ ਹਨ।

[1]ਮੰਦਰ ਦੇ ਬੂਹੇ ਅੱਗੇ ਸੁਹਣੇ ਦਰਸ਼ਨਾਂ ਵਾਲੇ ਮੁਸਕ੍ਰਾ ਰਹੇ, ਮਿਠੀ ਸੁਰ ਖੁਸ਼ੀ ਨਾਲ (ਜੀ ਆਇਆਂ ਕਹਿ ਰਹੇ) ਆਦਰ ਨਾਲ ਲੈਣ ਆਏ ਅੱਗੋਂ।

[1]ਨਾਲ ਲੈਕੇ।

[1]ਨੇਤਰਾਂ ਰੂਪ ਡੋਨਿਆਂ ਨਾਲ ਸਰੂਪ ਰੂਪੀ ਅੰਮ੍ਰਿਤ ਦੀ ਨਿਧੀ ਪੀਂਦੇ ਰਜਦੇ ਨਹੀਂ।

ਕਹਿ ਕਰਿ ਮੁਖਿ ਤੇ 'ਨਮਹਿ ਨਮਹਿ ਪ੍ਰਭੁ !'
ਬਾਰੰਬਾਰ ਨਿਵਾਯਵ ਮਾਥ।
'ਸਰਬ ਜੋਤਿ ਕੀ ਜੋਤਿ ਰੁਪ ਤੁਮ,
ਅਖਿਲ ਲੋਕ ਨਾਥਨਿ ਕੇ ਨਾਥ ॥ ੪ ॥

ਭੁਜੰਗ ਪ੍ਰਯਾਤ ਛੰਦ:

ਨਮੋ ਸੱਤਜ ਨਾਮੰ[1] ! ਨਮੋ ਸੱਤਜ ਰੂਪੰ[2]।
[1]ਹੇ ਸਤਿਨਾਮ ਵਾਲੇ। [2]ਹੇ ਸੱਤ ਰੂਪ ਵਾਲੇ।

ਚਿਦਾਨੰਦ ਏਕੋ[1], ਅਨਾਮੈ[2], ਅਰੂਪੰ[3]।
[1]ਆਪ ਇਕੋ ਹੀ ਸੱਤ ਚੇਤਨ ਆਨੰਦ ਰੂਪ ਵਾਲੇ ਹੋ। [2]ਰੋਗ ਰਹਤ। [3]ਰੂਪ ਰਹਤ।

ਨਮੋ ਬੀਜ ਬੀਜੰ[1], ਮਹਾਨੇ ਮਹਾਨੰ[2]।
[1]ਕਾਰਨਾ ਦੇ ਕਾਰਨ। [2]ਵਡਿਆਂ ਦੇ ਵਡੇ।

ਸਮਾਨੰ ਸਭੂਤੰ, ਭਵਿੱਖਜੰ, ਭਵਾਨੰ[1] ॥ ੫ ॥
[1]ਭੂਤ ਭਵਿੱਖਜ ਤੇ ਵਰਤਮਾਨ ਵਿਚ (ਆਪ) ਇਕ ਰਸ ਹੋ।

ਨਮੋ ਨਾਥ ਪੂਰੇ ਸਦਾ ਸਿੱਧਿ ਦਾਤਾ।
ਮਹਾਂਦੇਵ ਦੇਵੰ[1], ਬਿਧਾਤੈ ਬਿਧਾਤਾ[2]।
[1]ਸ਼ਿਵਜੀ ਦੇ ਵੀ ਦੇਵ ਹੋ। [2]ਬ੍ਰਹਮਾਂ ਦੇ ਵੀ ਵਿਧਾਤਾ ਹੋ।

ਜੁਗੀਸ਼ੰ[1], ਭੁਗੀਸ਼ੰ[2], ਅਧੀਸ਼ੰ, ਅਨੀਸ਼ੰ[3]।
[1]ਜੋਗੀਆਂ ਦੇ ਈਸ਼ਰ। [2]ਭੋਗੀਆਂ ਦੇ ਈਸ਼ਰ। [3]ਅਧੀਸ਼ੰ =) ਪ੍ਰਿਥਵੀ ਦੇ ਰਾਜਿਆਂ ਦੇ ਰਾਜਾ, ਤੇ ਸੈਨਾ ਪਤੀਆਂ ਦੇ ਈਸ਼ਰ।

ਸਹੱਸ੍ਰੈ ਸੁ ਬਾਹੁ ਸਹੱਸ੍ਰੈ ਸੁ ਸੀਸੰ[1] ॥ ੬ ॥
[1]ਹਜ਼ਾਰਾਂ ਬਾਹਾਂ ਤੇ ਹਜ਼ਾਰਾਂ ਸੀਸ ਹਨ।

ਸਹੱਸ੍ਰਾਛ ਸ਼੍ਰੋਣੰ[1], ਸਹੱਸ੍ਰੈ ਸੁ ਘ੍ਰਾਣਾ[2]।
[1]ਸਹਸ੍ਰ+ਅਕਸ਼ =) ਹਜ਼ਾਰਾਂ ਨੇਤਰ ਤੇ ਹਜ਼ਾਰਾਂ ਕੰਨ ਹਨ। [2]ਨੱਕ।

ਸਹੱਸ੍ਰਾਨਨੰ[1], ਜੈ[2], ਸਹੱਸ੍ਰੈ ਸੁ ਪਾਣਾ[3]।
[1]ਹਜ਼ਾਰਾਂ ਮੁਖ। [2]ਜੈ ਹੋਵੈ (ਆਪ ਦੀ)। [3]ਹਜ਼ਾਰਾਂ ਹੀ ਆਪ ਦੇ ਪ੍ਰਾਣ ਹਨ।

ਨਮੋ ਤੀਨ ਰੂਪਾ, ਨਮੋ ਤੀਨ ਹੀਨਾ[1]।
[1]ਆਪ) ਤਿੰਨ ਹੀ ਰੂਪਾਂ (ਰਜੋ ਸਤੋ ਤਮੋ) ਵਾਲੇ ਹੋ ਤੇ (ਆਪ ਹੀ ਇਨ੍ਹਾਂ) ਤਿੰਨਾਂ ਤੋਂ ਰਹਤ ਹੋ।

ਨਮੋ ਪੰਚ† ਮੂਲੰ ਨਮੋ ਪੰਚ ਕੀਨਾ[1] ॥ ੭ ॥
[1]ਪੰਜਾਂ (ਤੱਤਾਂ) ਦੇ ਮੁੱਢ ਤੇ ਪੰਜਾਂ ਦੇ ਕਰਨੇ ਵਾਲੇ ਹੋ। †ਪਾ:-ਪੰਥ।

ਅਰੂਪੰ[1], ਅਨੰਗੇ[2], ਅਭੰਗੇ[3], ਅਨਾਸੈ[4]।
[1]ਰੂਪ ਰਹਤ। [2]ਅੰਗ ਰਹਿਤ (ਅ) ਸੁੰਦਰ। [3]ਨਾਸ਼ ਰਹਤ। [4]ਆਸਾ ਰਹਤ (ਅ) ਨਾਸ਼ ਰਹਤ।

ਸਮਸਤੰ ਉਪਾਵੈਂ, ਸਮਸਤੰ[1] ਪ੍ਰਕਾਸ਼ੈਂ[2]।
[1]ਸਾਰਿਆਂ ਨੂੰ। [2]ਪ੍ਰਕਾਸ਼ਨੇ ਵਾਲੇ ਹੋ।

ਸਮਸਤੰ ਸੰਘਾਰੈਂ, ਸਮਸਤੰ ਅਲੰਬੋ[1]।
[1]ਆਸਰਾ ਹੋ।

ਨਮੋ ਸ਼ੇਖ ਸਾਈ ਥਿਰੋ ਜਾਤਿ ਅੰਬੋ[1] ॥ ੮ ॥
[1]ਪ੍ਰਲਯਕਾਲ ਵਿਚ) ਜਲ ਪਰ ਸ਼ੇਸ਼ਨਾਗ ਉਤੇ ਸੌਂ ਕੇ ਇਸਥਿਤ ਹੁੰਦੇ ਹੋ।

ਨਮੋ ਦਾੜਗਾੜ੍ਹੰ[1] ਕਰਾਲੈ ਬਿਸਾਲੰ।
[1]ਦ੍ਰਿੜ (= ਪੱਕੀਆਂ) ਦਾੜ੍ਹਾਂ। ਕਰੜੀ ਹੁਡ ਵਾਲੇ (ਵਰਾਹ ਅਵਤਾਰ ਵਲ ਇਸ਼ਾਰਾ ਹੈ)।

ਨਮੋ ਖੜਗ ਕੇਤੰ, ਮਹਾਂ ਕਾਲ ਕਾਲੰ[1]।
[1]ਮਹਾਂ ਕਾਲ ਦੇ ਕਾਲ।

ਨਮੋ ਚਾਰ ਚਾਰੂ[1] ਸਰੂਪੰ ਬਿਰਾਜੈ।
[1]ਸੁੰਦਰ ਤੇ ਸੁੰਦਰ।

ਸਦਾ ਜੈ ਸਦਾ ਜੈ ਸਦਾ ਜੈ ਸਦਾ ਜੈ[1] ॥ ੯ ॥
[1]ਚਾਰੇ ਜੁਗਾਂ ਵਿਚ ਜੈ ਹੋਵੇ। (ਅ) ਹੇ ਸਦਾ ਜੈ (ਰੂਪ) ਸਦਾ ਜੈ (ਕਰਨੇ ਵਾਲੇ, ਦਾਸਾਂ ਦੀ ਆਪ) ਸਦਾ ਜੈ (ਕਰ ਰਹੇ ਹੋ

ਸੋ ਇਸ ਲਈ ਸਾਡੀ ਵੀ) ਸਦਾ ਜੈ ਕਰੋ।

ਨਮੋ ਯੁੱਧ ਯੁੱਧੰ, ਨਮੋ ਸ਼ਾਂਤਿ ਸ਼ਾਂਤੰ।
ਨਮੋ ਅੰਧਕਾਰੰ ਨਮੋ ਜੋਤਿ ਜੋਤੰ[1]। — [1]ਹੇ ਅੰਧਕਾਰ ਰੂਪ ਤੇ ਜੋਤੀਆਂ ਦੀ ਜੋਤ।
ਸਮਸਤੰ ਬਿਖੈ ਨੀਤ ਤੋ ਮੈ ਸਮਸਤੰ[1]। — [1]ਸਾਰਿਆਂ ਵਿਚ ਸਦਾ ਤੂੰ ਹੈ ਤੇਰੇ ਵਿਚ ਸਾਰਾ (ਪ੍ਰਪੰਚ ਸਦਾ) ਹੈ।
ਨਮਸਤੰ ਨਮਸਤੰ ਨਮਸਤੰ ਨਮਸਤੰ[1] ॥ ੧੦ ॥ — [1]ਚਾਰੇ ਅੰਤਹਕਰਣਾ ਕਰਕੇ ਨਮਸਕਾਰ ਹੈ (ਅ) ਹੇ ਨਮਸਕਾਰ (ਕਰਨੇ ਜੋਗ ਜੋ ਤੈਨੂੰ) ਨਮਸਕਾਰ ਕਰਦੇ ਹਨ (ਉਹਨਾਂ ਦਵਾਰਾ ਮੈਂ) ਨਮਸਕਾਰ (ਕਰਨੇ ਵਾਲਾ ਹੋਕੇ) ਨਮਸਕਾਰ ਕਰਦਾ ਹਾਂ।

ਸਦਾ ਮੰਡਲਾਕਾਰ ਜਤੀ ਅਖੰਡੰ।
ਅਨਾਦੰ, ਅਨੰਤੰ[1], ਅਦੰਡੰ, ਪ੍ਰਚੰਡੰ[2]। — [1]ਅੰਤ ਰਹਤ। [2]ਤੀਖਣ।
ਸਤੰ ਲੋਕ ਸੀਸੰ[1], ਪਗੰ ਹੈ ਪਤਾਲੰ[2]। — [1]ਸੱਤਿ ਲੋਕ (ਤੇਰਾ) ਸੀਸ ਹੈ। [2]ਪਤਾਲ ਚਰਨ ਹਨ।
ਸਸੀ ਸੂਰ ਨੇਤ੍ਰੰ, ਮੁਖੰ ਜ੍ਵਾਲ ਜ੍ਵਾਲੰ[1] ॥ ੧੧ ॥ — [1]ਪ੍ਰਕਾਸ਼ ਰਹੀ ਅੱਗ ਮੂੰਹ ਹੈ।
ਕ੍ਰਿਪਾਲੰ, ਅਕਾਲੰ, ਦੁਕਾਲੰ[1] ਪ੍ਰਣਾਸੀ[2]। — [1]ਜੰਮਣ ਮਰਨ ਦੇ) ਦੋ ਸਮੇਂ। (ਅ) ਔਖੇ ਸਮੇਂ। [2]ਨਾਸ਼ ਕਰਨੇ ਵਾਲੇ।
ਸਦਾ ਜੈ, ਸਦਾ ਜੈ, ਨਮੋ ਜੋਤਿ ਰਾਸੀ[1]। — [1]ਜੋਤੀਆਂ ਦੀ ਖਾਣ।
ਚਿਦਾਨੰਦ ਸੰਗੀ ਸਦਾ ਸੰਗ ਸੋਹੈ।
ਨਮੋ ਹੈ, ਨਮੋ ਹੈ, ਨਮੋ ਹੈ, ਨਮੋ ਹੈ' ॥ ੧੨ ॥

ਦੋਹਰਾ:
ਬਾਰਬਾਰ ਕਰਿ ਕੈ ਨਮੋ, ਪਦ ਪੰਕਜ ਸਿਰ ਰਾਖਿ।
ਕਹ੍ਯੋ 'ਮੋਹਿ ਆਗਜਾ ਦਿਜੈ, ਜਿਮ ਰਾਵਰਿ ਅਭਿਲਾਖ' ॥ ੧੩ ॥

ਸ੍ਵੈਯਾ:
ਸ਼੍ਰੀ ਪੁਰਸ਼ੋਤਮ ਸ਼੍ਰੀ ਪਰਮਾਤਮ
ਸ਼੍ਰੀ ਪਰਮੇਸ਼੍ਵਰ ਪਾਵਨ ਪੂਰਨ।
ਦੇਖਿ ਕ੍ਰਿਪਾਲ ਬਿਸਾਲ ਪ੍ਰਸੀਦ ਕੈ
ਜਾਂ ਦਰਸੰਨ ਕੋ ਪਾਵਤਿ ਕੂਰ ਨ[1]। — [1]ਝੂਠੇ ਨਹੀਂ ਪਾ ਸਕਦੇ ਭਾਵ ਸਚੇ ਪਾਂਵਦੇ ਹਨ।
ਰੂਪ ਅਨੰਤ ਅਨਾਦਿ ਪ੍ਰਭੂ
ਨਿਜ ਦਾਸਨ ਕੇਰ ਸਹਾਇਕ ਪੂਰਨ।
ਜਾਂ ਪਦ ਕੇ ਨਖ ਸੁੰਦਰਤਾ ਲਖਿ
ਆਨ ਤਿਲੋਕ ਬਿਖੈ ਸਮ ਰੂਰ ਨ[1] ॥ ੧੪ ॥ — [1]ਹੋਰ ਤ੍ਰਿਲੋਕੀ ਵਿਚ ਕੋਈ (ਵਸਤੂ) ਸੁੰਦਰ ਨਹੀਂ।

ਸੈਯਾ ਛੰਦ:

ਧੁਨਿ ਗੰਭੀਰ ਸਘਨ ਮ੍ਰਿਦੁਲਾ ਬਹੁ,
ਬੋਲੇ ਬਾਕ ਮੰਦ ਮੁਸਕਾਨ।
'ਦੁਸ਼ਟਦਮਨ ! ਸੁਨ ਪ੍ਰਥਮੈ ਉਪਜਯੋ,
ਕਰਯੋ ਤਪੀਸ਼ੁਰ ਨੇ ਮਮ ਧਯਾਨ।
ਅਪਨੇ ਤਪ ਪ੍ਰਭਾਵਤ ਕੀਨਸਿ
ਕਾਰਨ ਕਰਿਬੇ ਜੁੱਧ ਮਹਾਨ।
ਯਾਂ ਤੇ ਅੰਸ ਅਹੈਂ ਤੂੰ ਹਮਰੀ
ਤਪੇ ਮਹਾਂ ਤਪ ਕ੍ਵੈ ਨ ਸਮਾਨ[1] ॥੧੫॥

[1]ਕੋਈ ਤੇਰੇ ਸਮਾਨ ਨਹੀਂ।

ਨਹੀਂ ਕਿਸੂ ਭੀ ਤਪਯੋ ਇਤੋ ਤਪ
ਤੀਨ ਜੁਗਨਿ ਲੌ ਕੀਨਿ ਮਹਾਨ।
ਅਬਿ ਅਵਤਾਰ ਪਿਥੀ ਤਲ ਧਰਿ ਕੈ
ਮੇਰੋ ਕਾਜ ਕਰਹੁ ਬਚ ਮਾਨਿ।
ਦੁਸ਼ਟ ਜਮਨ ਨੇ[1] ਭਿਸ਼ਟ ਹਿੰਦ ਕਿਯ
ਤੁਮ ਅਲੰਬ ਹੋਵਹੁ ਸਵਧਾਨ।
ਮਾਨੁਖ ਤਨ ਧਰਿ ਲੀਲਾ ਨਿਜ ਕਰਿ
ਸੱਤਜਨਾਮ ਭਗਤੀ ਦਿਹੁ ਦਾਨ' ॥੧੬॥

[1]ਯਵਨੀ ਦੁਸ਼ਟਾਂ ਭਾਵ ਤੁਰਕਾਂ ਨੇ।

ਸੁਨਿ ਕੈ ਦੁਸ਼ਟ ਦਮਨ ਕਰ ਜੋਰੇ
'ਤਹਾਂ ਜਾਨਿ ਮੈਂ ਬਿਘਨ ਬਿਸਾਲ।
ਅਨਿਕ ਭਾਂਤਿ ਕੀ ਹੋਹਿਂ ਪ੍ਰਬਿਰਤਾ[1]
ਅਰੁ ਬਹੁ ਬਧਯੋ ਕਲੀ ਕੋ ਕਾਲ।
ਚਰਨ ਆਪ ਕੇ ਸੁਰਤ ਚੁਭੀ ਮਮ,
ਟਿਕਯੋ ਅਧਿਕ ਮਨ ਪ੍ਰੇਮ ਰਸਾਲ।
ਚਿਤ ਮਹਿਂ ਨਹੀਂ ਜਾਨਿ ਅਭਿਲਾਖਾ
ਇਕ ਰਸ ਰਚਯੋ ਸਰੂਪ ਸੰਭਾਲਿ[1]' ॥੧੭॥

[1]ਪ੍ਰਵਿਰਤੀਆਂ।

[1]ਸੰਭਾਲਕੇ।

ਸੁਨਿ ਕੈ ਪ੍ਰਭੁ ਜਯੋਂ ਕਯੋਂ ਸਮੁਝਾਯੋ
ਸ਼੍ਰੀ ਦੇਵੀ ਕੋ ਕਹਯੋ ਬ੍ਰਿਤਾਂਤ[†]।

[†]ਬਚਿੱਤ੍ਰ ਨਾਟਕ ਵਿਚ ਅਕਾਲ ਪੁਰਖ ਜੀ ਦੇ ਮੁਖਾਰਬਿੰਦ ਤੋਂ ਦੇਵੀ ਦਾ ਜ਼ਿਕਰ ਕੋਈ ਨਹੀਂ, ਤਾਂ ਤੇ ਇਹ ਮੰਨਣੇ ਜੋਗ ਨਹੀਂ।

'ਭਏ ਲਬਧ ਬਰ ਸ਼ਕਤੀ ਤੇ ਤੁਮ[1],
ਸੋ ਪਿ ਸਮੋ ਆਯੋ ਨਿਜਕਾਤ[1]।
ਪੰਥ ਖਾਲਸਾ ਸਿਰਜਨਿ ਉੱਤਮ[†]

[1]ਤੁਸੀਂ ਦੇਵੀ ਤੋਂ ਵਰ ਪ੍ਰਾਪਤ ਕੀਤੇ ਸੀ।

[1]ਨੇੜੇ, ਨਜ਼ਦੀਕ।

[†]ਪਾ:-ਅੰਤਰ।

ਮਾਰਗ ਭਗਤਿ ਪ੍ਰੇਮ[1] ਅਵਿਦਾਤ। — [1]ਪ੍ਰੇਮਾ ਭਗਤੀ।
ਛੱਤ੍ਰੀ ਧਰਮ ਨਹੀਂ ਜਗ ਦਿਖੀਯਤਿ,
ਭਏ ਮਲੇਛ, ਅਚਾਰਣ ਘਾਤ[1] ॥੧੮॥ — [1]ਸੇਸ਼ਟਾਚਾਰ ਦਾ ਨਾਸ਼ ਹੋ ਗਿਆ ਹੈ।
ਰਚਜੋ ਜਗਤ ਜਬਿ ਪੂਰਬ ਹਮਨੇ
ਉਪਜਾਏ ਬਲਿ ਦੈਤ ਬਿਸਾਲ।
ਮਹਾਂ ਦੀਨ[1] ਲੌ ਬਹੁਤ ਪਠਾਏ — [1]ਮੁਹੰਮਦ।
ਤਿਨਹੁੰ ਚਲਾਏ ਨਿਜ ਨਿਜ ਚਾਲ[1]। — [1]ਆਪੋ ਆਪਣੀ ਚਾਲ।
ਸੱਤਜਨਾਮ ਉਪਦੇਸ਼ ਨ ਕੀਨਸਿ
ਪਾਰਬ੍ਰਹਮ ਕੀ ਨਹੀਂ ਸੰਭਾਲਿ[1]। — [1]ਯਾਦ।
ਅਬਿ ਤੁਮ ਸੁਗਮ ਚਲਾਵਹੁ ਨੀਕੇ
ਰਹਿਤਿ ਕਹਤਿ ਕੇ ਸਹਿਤ ਰਸਾਲ[1]' ॥੧੯॥ — [1]ਸੁੰਦਰ।
ਇਮ ਕਹਿ ਦੁਸ਼ਟ ਦਮਨ ਕਹੁ ਬਹੁ ਬਿਧਿ
ਅਪਨੇ ਅੰਕ ਬਿਖੈ ਬੈਠਾਇ।
'ਮੈਂ ਅਪਨਾ ਸੁਤ ਤੋਹਿ ਨਿਵਾਜਜੋ
ਪੰਥ ਪ੍ਰਚੁਰ ਕਰੀਅਹਿ ਜਗ ਜਾਇ।
ਸ਼੍ਰੀ ਨਾਨਕ ਕੀ ਜੋਤਿ ਮਹਾਂ ਬਲਿ
ਨਵਮ ਸਰੀਰ ਬਿਖੈ ਪ੍ਰਵਿਸ਼ਾਇ[1]। — [1]ਪ੍ਰਵੇਸ਼ੀ ਹੋਈ ਹੈ।
ਸੋ ਤਪਸੀ ਹੈ ਪਿਤਾ ਤੁਹਾਰੋ
ਸ਼ਾਂਤਿ ਮਤੀ ਸਭਿ ਸੋਂ ਸਮਤਾਇ ॥੨੦॥
ਪ੍ਰਥਮ ਜਨਮ ਜਿਮ ਹੁਤੋ ਸ਼ਾਂਤਿ ਮਤਿ
ਦੁਤਿਯ ਜਨਮ ਮਹਿਂ ਤਿਸੈ ਸਮਾਨ।
ਜੋਗ ਜੱਗਜ ਕਰਿ ਮੋਹਿ ਅਰਾਧਤਿ
ਚਹਤਿ ਪੁੱਤ੍ਰ ਤੁਮ ਕੋ ਤਿਸ ਥਾਨ।
ਸ਼੍ਰੀ ਨਾਨਕ ਕੀ ਜੋਤਿ ਉਦਾਰਾ
ਪ੍ਰਵਿਸ਼ਹਿ ਤੁਮ ਮਹਿਂ ਇਕਤਾ ਠਾਨਿ[1]। — [1]ਏਕ ਰੂਪ ਹੋ ਜਾਵੇਗੀ।
ਮੋਹਿ ਸਰੂਪ ਹੋਇ ਕਰਿ ਮੋ ਮਹਿਂ,
ਲੈਤਾ ਪ੍ਰਾਪਤਿ ਮਹਿਦ ਮਹਾਨ ॥੨੧॥
ਮਮ ਸੁਤ ਤੂੰ ਹੈਂ ਮਮ ਸਰੂਪ ਹੀ,
ਪਿਤਾ ਪੁੱਤ੍ਰ ਮਹਿਂ ਭੇਦ ਨ ਹੋਇ।
ਧਰਮ ਕਰਹੁ ਬਿਦਤਾਵਨਿ ਜਗ ਮਹਿਂ
ਤੁਝ ਬਿਨ ਅਪਰ ਸਮਰਥ ਨ ਕੋਇ।

ਪੁੱਤ੍ਰਾਦਿਕ ਮਹਿਂ ਰਹਿਨ ਅਮੋਹੰ,
ਰਿਪੁਨਿ ਹਤਨਿ ਕੋ ਆਲਸ ਖੋਇ।
ਸਿਮਰਨ ਸੱਤਿਨਾਮ ਪਰਬਿਰਤਹੁ
ਛੱਤ੍ਰੀ ਪੰਥ ਉਪਜਿ ਹੈ ਸੋਇ' ॥੨੨॥
ਇਮ ਕਹਿ ਮਸਤਕ ਸੁੰਘਤ ਦੇਖਤਿ
ਜਿਮ ਪਿਤ ਤੇ ਸੁਤ ਕਿਤੇ ਸਿਧਾਇ।
ਮ੍ਰਿਦੁਲ ਮਧੁਰ ਸਾਰਥ ਪੁਰਸ਼ਾਰਥ
ਸ਼੍ਰੇਯ ਭਰੇ ਸ਼ੁਭ ਬਾਕ ਸੁਨਾਇ।
ਸੁਨਿ ਕੈ ਦੁਸ਼ਟ ਦਮਨ ਹੁਇ ਠਾਂਢੋ
ਹਾਥ ਜੋਰਿ ਕਰਿ ਬਿਨੈ ਅਲਾਇ।
'ਪੰਥ ਚਲਹਿ ਤਬਿ ਜਗਤ ਮਝਾਰੇ
ਜਬਿ ਹੋਵਹੁ ਤੁਮ ਆਪ ਸਹਾਇ' ॥੨੩॥
ਆਇਸੁ ਮਾਨਿ ਸੀਸ ਪਰ ਪ੍ਰਭੁ ਕੀ
ਬਾਰ ਬਾਰ ਅਭਿਬੰਦਨ ਕੀਨਿ।
ਕਰਤਾ ਪੁਰਖ ਅਕਾਲ ਕ੍ਰਿਪਾਲੰ
ਏਕੰਕਾਰ ਸੁ ਗੁਰੂ ਪ੍ਰਬੀਨ।
ਹੋਇ ਬਿਸਰਜਨ ਤਜਿ ਦਰਬਾਰਹਿਂ,
ਆਏ ਪਿਖਯੋ ਬਿਮਾਨ ਅਸੀਨ।
ਨਮੋ ਕਰਤਿ ਹੀ ਤੁਰਤ ਪਯਾਨੇ
ਨਿਜ ਆਸ਼੍ਰਮ ਕੋ ਪਹੁੰਚੇ ਚੀਨ ॥੨੪॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਅਕਾਲ ਪੁਰਖ ਸੋਂ ਮੇਲ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

# ੫੩. [ਤ੍ਰਿਬੇਣੀ ਵਿਖੇ ਨਿਵਾਸ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਸਗਰੇ ਸਿੱਖਜ[1] ਹਕਾਰਿ ਕੈ, ਦਿਯੋ ਬ੍ਰਿਤੰਤ ਸੁਨਾਇ।

[1]ਚੇਲੇ।

'ਧਰਹਿਂ ਧਰਾਤਲ ਜਨਮ ਕੋ, ਸ਼੍ਰੀ ਗੁਰੁ[1] ਆਇਸੁ ਪਾਇ ॥੧॥

[1]ਭਾਵ ਅਕਾਲ ਪੁਰਖ ਦੀ।

ਤੁਮ ਭੀ ਚਲਿ ਸਭਿ ਦੇਸ਼ ਮੈਂ, ਧਰਹੁ ਸੁ ਨਰਨਿ ਸਰੀਰ।

ਛੱਤ੍ਰੀ ਧਰਮ ਨਿਬਾਹਿ ਕੈ, ਜੁੱਧ ਬਿਖੈ ਬਨਿ ਬੀਰ ॥੨॥

ਸ੍ਵੈਯਾ:

ਕੇਸ ਰਖੋ ਕਛ† ਊਪਰ ਬੇਸ ਮੈਂ[1]
ਆਯੁਧ ਧਾਰਿ ਮਚਾਇ ਲਰਾਈ।
ਸ਼ੱਤਨਿ ਜੀਤਹੁ ਤੌ ਥਿਤ ਪਾਵਹੁ
ਰਾਜ ਕਰਹੁ ਸੁਖ ਲੈ ਸਮੁਦਾਈ।
ਨਾਹਿਂਤ ਜੁੱਧ ਮੈਂ ਕ੍ਰੁੱਧਤਿ ਹ੍ਵੈ
ਦਿਹੁ ਪ੍ਰਾਨ, ਲਹੋ ਬ੍ਰਹਮ ਲੋਕ ਸੁਥਾਈ[1]।
ਸ਼੍ਰੀ ਗੁਰ ਦੇਵ[1] ਕੋ ਸੇਵਨਿ ਕੈ
ਅਹੰਮੇਵ ਬਿਨਾ ਦਿਹੁ ਬੰਧ ਨਸਾਈ' ॥੩॥

[1]ਉਪਰਲੇ ਵੇਸ ਵਿਚ ਕੇਸ ਤੇ ਕੱਛ ਰੱਖੋ। †ਪਾ:-ਕੇਸਹਿ ਕੇ ਕਛ।

[1]ਸ੍ਰੇਸ਼ਟ ਥਾਂ ਬ੍ਰਹਮ ਲੋਕ ਲਵੋ।

[1]ਅਕਾਲ ਪੁਰਖ ਨੂੰ।

ਸਿੱਖਨਿ ਸੋਂ ਇਮ ਕੋਮਲ ਭਾਖਿ
ਮਹਾਂਰਥ[1] ਹੈ ਸਭ ਕੋ ਸੁਖਦਾਈ।
'ਜੋਗ ਮਹਾਂ ਤਪ ਸਾਧਨਿ ਆਦਿਕ
ਹੈ ਇਨ ਕੋ ਫਲੁ ਸੋ ਲਿਹੁ ਪਾਈ।
ਚੀਤ ਲਗਾਵਹੁ ਮੋਹਿ ਬਿਖੈ,
ਮਨ ਸੰਗ ਰਹੋ, ਪੁਨ ਨਾ ਭਰਮਾਈ।
ਸ਼੍ਰੀ ਸਤਿਨਾਮ ਸਦਾ ਸਿਮਰੇ
ਕਲਿ ਕਾਲ ਮੈਂ, ਅੰਤ ਸਭੈ ਮਿਲਿ ਜਾਈ[1]' ॥੪॥

[1]ਗੂੜ੍ਹ ਅਰਥ, ਮਹਾਂ ਸਿੱਧਾਂਤ।

[1]ਅੰਤ ਨੂੰ ਤੁਸੀਂ ਸਾਰੇ ਮੇਰੇ ਵਿਚ ਮਿਲ ਜਾਵੋਗੇ।

ਸ੍ਵੈਯਾ ਛੰਦ:

ਦੁਸ਼ਟ ਦਮਨ ਨਿਜ ਰੂਪ ਰਮਨ ਸਦ[1],

[1]ਸਦਾ ਸੁੰਦਰ ਰੂਪ।

ਇਮ ਸਿੱਖਜਨ ਕੋ ਤਪ ਫਲ ਦੀਨਿ।
ਰਹਿਤ ਸਹਿਤ ਹੁਇ ਉਰ ਗੁਰੁ ਸਿਮਰਨ,
ਛੱਤ੍ਰੀ ਧਰਮ ਨ੍ਰਿਬਾਹਿ ਪ੍ਰਬੀਨ।
'ਜਨਮ ਮਰਨ ਸੰਕਟ ਕੇ ਤਜਾਗਨਿ
ਨਿਤ ਮਮ ਨਿਕਟਿ ਕਿ ਮੋ ਮਹਿ ਲੀਨ।
ਦੁਹੂੰ ਲੋਕ ਕੋ ਆਨੰਦ ਦੀਨਸਿ
ਪ੍ਰਥਮ ਪੰਥ ਤੇ ਪੰਥ ਨਵੀਨ' ॥੫॥
ਸੁਨਿ ਕਰਿ ਸਿੱਖਜ ਅਖਿਲ ਹਰਖਾਏ
ਹਾਥ ਜੋਰਿ ਕੈ ਸੀਸ ਨਿਵਾਇ।
'ਮਹਾਂਬਾਹੁ ਉਤਸਾਹ ਮਹਾਤਮ
ਪ੍ਰਥਮ ਇਕਾਕੀ ਰਿਪੁ ਸਮੁਦਾਇ[1]।

[1]ਪਹਿਲੇ ਕੱਲਿਆਂ ਨੇ ਸਮੂਹ ਵੈਰੀ।

ਸਹਿਤ ਸੁਬੇਲ ਬੇਲ ਬਡ ਜੋਧੇ
ਦ੍ਰਿਢ ਹ੍ਵੈ ਸੰਘਰ ਮਹਿਤ ਮਚਾਇ।
ਤਜੇ ਮਾਰਗਣ ਅਸੁਰ ਮਾਰਿਗਣ
ਜਥਾ ਮਾਰ ਗਣ ਹਤਿ ਖਗਰਾਇ[1] ॥੬॥

[1]ਮਾਰ੍ਗਣ =) ਤੀਰ ਛੱਡ ਕੇ ਬਹੁਤੇ ਦੈਂਤ ਮਾਰੇ ਜਿਵੇਂ ਗਰੜ ਸਾਰੇ ਸਰਪਾਂ ਨੂੰ ਮਾਰਦਾ ਹੈ। [ਸੰਸ. ਮਾਰ੍ਗਣ = ਤੀਰ। ਮਾਰਿ = ਮਾਰੇ। ਮਾਰ = ਸੱਪ, ਫਾ ਮਾਰ]

ਬੇਲ ਸੁਬੇਲ ਸੰਘਾਰਨਿ ਕਰਿ ਕੈ
ਦੁਸ਼ਟ ਦਮਨ ਨਿਜ ਨਾਮ ਧਰਾਇ।
ਰਣ ਪ੍ਰਿਯ ਰਣ ਕਰਿ ਅਸੁਰ ਸੰਘਾਰੇ
ਬੀਰਜ[1] ਧੀਰਜ ਅਧਿਕ ਉਪਾਇ।

[1]ਬਲ, ਬੀਰਤਾ।

ਮਾਨੁਖ ਤਨ ਲੀਲਾ ਮਹਿਂ ਖੇਲਹੁ
ਜਥਾ ਆਪ ਕੀ ਹੋਇ ਰਜ਼ਾਇ।
ਨਤੁ ਅਬਿ ਕੌਨ ਲਰੈ ਤੁਮ ਸਮ ਹੁਇ
ਓਜ ਸੁ ਰਾਵਰਿ ਸਹਿ ਨ ਸਕਾਇਂ' ॥੭॥
[1] 'ਗੁਰ ਬਰ ਸ੍ਰੀ ਅਕਾਲ ਕੀ[2] ਆਇਸੁ

[1]ਦੁਸ਼ਟ ਦਮਨ ਜੀ ਬੋਲੇ। [2]ਪੂਜਨੀਕ ਸ੍ਰੇਸ਼ਟ ਪਰਮੇਸ਼ੁਰ ਅਕਾਲ ਦੀ।

ਜਿਮ ਹੁਇ ਤਿਮ ਰਹਿਨੋ ਬਨਿ ਆਇ।
ਉਤਪਤਿ ਪੰਥ ਖਾਲਸਾ ਕਰਿ ਹੌਂ
ਜਿਸ ਮਹਿਂ ਸ਼ਕਤਿ ਤੇਜ ਪਵਿਸ਼ਾਇ।
ਰਹਿਤ ਰਾਖਨੀ, ਤਪ ਕੋ ਸਾਧਹਿਂ[1],

[1]ਰਹਿਤ ਰੱਖਣੀ ਤੇ (ਗੁਰੂ ਸੇਵਾ ਰੂਪੀ) ਤਪ ਦਾ ਸਾਧਣਾ।

ਸਿਮਰਹਿਂ ਸੱਤਿਨਾਮ ਸਤਿ ਭਾਇ[1]।

[1]ਸਹਿਜ ਸੁਭਾਇ। (ਅ) ਸੱਚੇ ਪ੍ਰੇਮ ਨਾਲ।

ਭੋ ਸਿੱਖਹੁ ! ਇਹੁ ਕਾਰਜ ਸਾਧੋ

ਪੁਰਸ਼ੋਤਮ ਕੀ ਪਾਇ ਰਜ਼ਾਇ ॥ ੮ ॥
ਹਿੰਦੁ ਧਰਮ ਕੋ ਰਾਖਨਿ ਕਰਿ ਹੌਂ
ਤੁਰਕ ਤੇਜ ਤਰੁ ਕੋ ਤੁਰਵਾਇ[1]।
[1]ਬ੍ਰਿੱਛ ਨੂੰ ਤੋੜਕੇ।
ਦੋਨਹੁੰ ਪਰ ਹੁਇ ਪੰਥ ਖਾਲਸਾ
ਭੋਗ ਮੋਖ ਕੋ ਕਰ ਤਲ[1] ਪਾਇ।
[1]ਹੱਥ ਦੀ ਤਲੀ ਤੇ।
ਜਹਿਂ ਕਹਿਂ ਬਿਦਤਹਿ ਗੁਨ ਅਨੇਕ ਜੁਤਿ
ਰਣ ਪ੍ਰਿਯ ਰਣ ਕੋ ਚਹਤਿ ਸਦਾਇ।
ਕਲੀ ਕਾਲ ਮਹਿਂ ਗਤਿ ਸੁਖੇਨ ਲਹਿ,
ਦਹਿ[1] ਬਿਕਾਰ, ਰਹਿ ਨਾਮ ਸਮਾਇ' ॥ ੯ ॥
[1]ਸਾੜ ਕੇ।
ਨਿਜ ਸਿੱਖਜਨਿ ਰਿਖਿ ਬੇਖਨ ਸੋਂ
ਇਮੁ ਭਨੀ ਭਵਿੱਖਜਤ ਸਭਿ ਹੀ ਬਾਤ[1]।
[1]ਆਪਣੇ ਚੇਲਿਆਂ ਨੂੰ ਰਿਖੀਬੇਖ ਵਿਚ ਦੁਸ਼ਟ ਦਮਨ ਜੀ ਨੇ ਸਾਰੀ ਭਵਿੱਖਜਤ ਦੀ ਗੱਲ ਕਹੀ।
ਕਰੇ ਬਿਸਰਜਨ ਨਿਜ ਨਿਜ ਥਾਵਨਿ
ਜਾਤਿ ਬਿਚਾਰਤਿ ਮਤਿ ਅਵਦਾਤ[1]।
[1]ਉੱਜਲ ਮਤੀ ਵਾਲੇ।
ਸ੍ਰੀ ਪ੍ਰਭੁ ਦੁਸ਼ਟ ਦਮਨ ਜਲ ਮੱਜਨੋ
ਚਢੇ ਸਥੰਡਲ ਪਰ ਚਿਤ ਸ਼ਾਂਤਿ।
ਕੁਸ਼ ਬਿਸਤਰ ਪਰ ਹੁਇ ਪਦਮਾਸਨ
ਬੈਠਿ ਗਏ ਕਰਿ ਕੈ ਰਿਜ ਗਾਤ[1] ॥ ੧੦ ॥
[1]ਸਿੱਧਾ ਸਰੀਰ ਕਰਕੇ। [ਸੰਸ. ਰ੍ਰਿਜ]
ਖੈਂਚਿ ਪ੍ਰਾਣ ਕੋ ਜੋਰ ਪਾਇ ਕਰਿ
ਦਸਮੋ ਦ੍ਵਾਰ ਫੋਰਿਬੋ ਕੀਨ।
ਜਨਮ ਧਰਨਿ ਕੋ ਧਰਨ ਬਿਖੈ[1] ਪ੍ਰਭੁ
[1]ਧਰਤੀ ਵਿਚ।
ਨਿਜ ਇੱਛਜਾ ਤੇ ਛੋਰਿ ਸੁ ਦੀਨ।
ਬ੍ਰਿੰਦ ਪੁਸ਼ਪ ਬ੍ਰਿੰਦਾਰਕ ਲੈ ਕਰਿ
ਬਿੰਦੂ ਜਿਮ ਬਰਖਾਇਂ[1] ਪ੍ਰਬੀਨ।
[1]ਦੇਵਤਿਆਂ ਨੇ ਕਈ ਤਰ੍ਹਾਂ ਦੇ ਫੁੱਲ ਲੈਕੇ ਬੂੰਦਾਂ ਵਤ ਬਰਖਾਏ।
ਅਧਿਕ ਸੁਗੰਧੈਂ ਧੂਪ ਦੀਪ ਬਹੁ
ਅਤਿ ਉਤਸਵ ਅਪਨੇ ਮਹਿਂ ਚੀਨਿ ॥ ੧੧ ॥
ਇਤਿ ਸ੍ਰੀ ਤੇਗ ਬਹਾਦਰ ਗੁਰੁ ਜੀ
ਬ੍ਰਿੰਦ ਤੀਰਥਨਿ ਤੀਰ ਨਿਵਾਸ।
ਸਭਿ ਅਸਥਾਨ ਦਾਨ ਦੇ ਮਾਨਦ,
ਪਾਵਨ ਤੇ ਪਾਵਨ ਕਰ ਤਾਸ[1]।
[1]ਦਾਨ ਨਾਲ ਮਾਨ ਦਿੰਦੇ ਹਨ ਤੇ ਚਰਨਾਂ ਨਾਲ ਪਵਿੱਤ੍ਰ

ਕਰਦੇ ਹਨ ਤਿਨ੍ਹਾਂ (ਤੀਰਥਾਂ) ਨੂੰ।

ਜੱਗਯ ਹੋਮ ਦਛਨਾ ਬਹੁ ਕੰਚਨ
ਸਾਧਨ ਦਿਜਨਿ ਰੰਕ ਜੇ ਰਾਸ[1]।
ਅਨਿਕ ਪਕਾਰ ਕਰਾਇ ਅਹਾਰਨਿ
ਦੇਤਿ ਅਚਾਵਤਿ ਸ੍ਵਾਦਨਿ ਰਾਸ ॥੧੨॥

[1]ਸਾਧਾਂ, ਬ੍ਰਾਹਮਣਾਂ ਤੇ ਸਮੂਹ ਕੰਗਾਲਾਂ ਨੂੰ।

ਇਮ ਅਨੇਕ ਹੀ ਤੀਰਥ ਕਰਿ ਕੈ
ਤੀਰਥ ਰਾਜ ਤ੍ਰਿਬੈਣੀ ਤੀਰ।
ਪੁੰਨ ਦਾਨ ਕਰਿ ਦਿਵਸ ਬਿਤਾਏ
ਜੋਗ ਸਮਾਧਿ ਬਿਖੈ ਗੰਭੀਰ।
ਕਰਹਿਂ ਜੱਗਯ ਬਹੁ ਕੰਚਨ ਦੇਵਹਿਂ,
ਪਾਟੰਬਰ ਪਸ਼ਮੰਬਰ ਚੀਰ।
ਬਹੁਤ ਮੋਲ ਕੇ ਦੁਰਲਭ ਸੁੰਦਰ
ਦੇਤਿ ਬਿਭੂਖਨ ਮੁਕਤਾ ਹੀਰ ॥੧੩॥

ਬੇਦ ਪਾਠਿ[1] ਗੇ ਬਿੱਪ ਸੁ ਕਰਮੀ[2]
ਸ਼ਾਂਤ, ਦਾਂਤਿ[1], ਸੁਚ, ਸੰਜਮ ਧਾਰਿ।
ਸਮਦਰਸੀ ਸੰਤੋਸ਼ੀ ਧੀਮਤਿ[1]
ਬਿਨੁ ਮਤਸਰ ਮੁਖ ਮ੍ਰਿਦੁਲ ਉਚਾਰਿ।
ਸਹਨਸ਼ੀਲ ਅਨਕੂਲੀ ਤਪ ਕੇ
ਬਿੱਦਯਾ ਮਹਿਂ ਅੱਭਯਾਸ ਉਦਾਰ।
ਸਤਿਬਾਦੀ ਪਰਮਾਤਮ ਜਿਨ ਕੇ,
ਸਦਾ ਧਰਮ ਅਪਨੇ ਅਨੁਸਾਰ ॥੧੪॥

[1]ਬੇਦ ਪਾਠੀ। [2]ਸ੍ਰੇਸ਼ਟਾਚਾਰੀ।
[1]ਇੰਦ੍ਰਯ (ਇੰਦ੍ਰਯ ਦਮਨ =) ਰੋਕਣ ਵਾਲੇ [ਸੰਸ. ਦਾਂਤ]
[1]ਬੁਧੀਵਾਨ। (ਅ) ਸ੍ਰੇਸ਼ਟ ਮਤੀ ਵਾਲੇ।

ਸੈਯਾ:
ਬ੍ਰਿੰਦ ਦਿਜੋ ਤਮ ਆਇ ਮਿਲੇ
ਅਸ ਸ਼੍ਰੀ ਗੁਰੁ ਕੋ ਜਸ ਕਾਨ ਸੁਨੇ।
ਸੋਢਿ ਸੁ ਬੰਸ ਕਿ ਭੂਖਨ ਉੱਤਮ
ਧੀਰ ਉਦਾਰ ਬਿਸਾਲ ਗੁਨੇ[1]।
ਦਾਨ ਕੋ ਦੇਤਿ ਹੈਂ, ਮਾਨ ਕੋ ਦੇਤਿ ਹੈਂ,
ਗਯਾਨ ਕੋ ਦੇਤਿ ਹੈਂ ਆਸ ਪੁਨੇ[1]।
ਨੰਦ ਕੋ ਦੇਤਿ ਅਨੰਦ ਕੋ ਦੇਤਿ ਹੈਂ,
ਰੂਪ ਮੁਕੰਦ ਕੇ ਬਾਕ ਭਨੇ[1] ॥੧੫॥

[1]ਜਾਣੇ ਜਾਂਦੇ ਹਨ।
[1]ਆਸਾਂ ਪੂਰਨ ਕਰਦੇ ਹਨ।
[1]ਮੁਕੰਦ ਰੂਪ ਪ੍ਰਮਾਤਮਾਂ (ਦੀ ਪ੍ਰਾਪਤੀ) ਦੇ ਵਾਕਾਂ ਨੂੰ ਉਚਾਰਦੇ ਹਨ।

ਦੇਸ਼ ਬਿਦੇਸ਼ਨਿ ਤੇ ਦਿਜ ਆਵਤਿ
ਪਾਵਤਿ ਹੈਂ ਧਨ ਕੋ ਮਨ ਭਾਯੋ।

ਬ੍ਰਿੰਦ ਅਹਾਰ ਸੁ ਕੀਨਸਿ ਮਾਧੁਰ
ਪੂਰਕ[1], ਮੋਦਕ[2], ਪੂਪ ਖੁਆਯੋ।
ਭੂਰ ਪੰਚਾਂਮ੍ਰਿਤ ਹੋਤਿ ਰਹੈ
ਨਿਤ ਹੋਮ ਕਰੈਂ ਜਵ ਘ੍ਰਿੱਤ ਮੰਗਾਯੋ।
ਕਾਮਨਾ ਪੂਰਨ ਹੋਤਿ ਅਨੇਕਨਿ
ਸ਼੍ਰੀ ਗੁਰੁ ਨੈ ਜਸੁ ਯੌਂ ਬਿਥਰਾਯੋ ॥੧੬॥

[1]ਪੂਰੀਆਂ। [2]ਲੱਡੂ।

ਰਾਤਿ ਕੋ ਠਾਨਿ ਕੈ ਤਜਾਗ ਮਹਾਨ
ਅਲੱਖ ਕੀ ਸੇਵ ਕਰੈਂ ਉਰ ਮਾਂਹੀ।
ਪ੍ਰਾਣ ਨਿਰੋਧਿ ਕੈ ਊਰਧ ਕੋ ਕਰਿ
ਮੂਰਧ ਮੈਂ ਥਿਰਤਾ, ਨ ਚਲਾਹੀਂ[1]।

[1]ਪ੍ਰਾਣਾਂ ਨੂੰ ਰੋਕ ਕੇ ਦਸਵੇਂ ਦਵਾਰ ਵਿਚ ਇਸਥਿਤ ਕਰਦੇ ਹਨ, ਚਲਾਇਮਾਨ ਨਹੀਂ ਹੁੰਦੇ।

ਚੰਚਲ ਜੇ ਮਨ ਕੋ ਬਸਿ ਮੈਂ ਕਰਿ
ਪ੍ਰੇਮ ਅਗਾਧ ਤੇ ਨਾ ਨਿਕਸਾਹੀਂ।
ਕੇਤਿਕ ਕਾਲ ਬਿਤੀਤਹਿ ਬੈਠਤਿ
ਸ਼੍ਰੀ ਪਰਮੇਸ਼ੁਰ ਮੈਂ ਥਿਰ ਪਾਹੀਂ ॥੧੭॥

ਦੋਹਰਾ:

ਇਸ ਬਿਧਿ ਕਰੀ ਅਰਾਧਨਾਂ, ਅਲਖ ਰੂਪ ਗੁਰਦੇਵ।
ਪਰਮ ਪ੍ਰਸੀਦੇ ਜਾਨਿ ਕੈ, ਨਿਸ ਬਾਸੁਰ ਕੀ ਸੇਵ ॥੧੮॥
ਦੁਸ਼ਟ ਦਮਨ ਪਠਿਬੋ ਕਰੇ, ਅਪਨੀ ਅੰਸ ਸੁ ਜਾਨ।
-ਮੋਹਿ ਪੁੱਤ੍ਰ ਕਰਿਬੋ ਚਹਤਿ-, ਅਸ ਸੰਕਲਪ ਪਛਾਨਿ ॥੧੯॥

ਸ੍ਵੈਯਾ ਛੰਦ:

ਤੀਰਥ ਰਾਜ ਤ੍ਰਿਬੇਣੀ ਊਪਰ
ਬੀਤ ਗਏ ਜਬਿਹੂੰ ਖਟ ਮਾਸ।
ਪੁੰਨ ਦਾਨ ਦਿਨ ਕਰਤਿ ਬਿਤਾਏ
ਤਹੀਂ ਆਨਿ ਕੀਨਸਿ ਪਰਕਾਸ਼।
ਸ਼੍ਰੀ ਗੁਜਰੀ ਗ੍ਰਭ ਧਾਰਜੋ ਪਾਵਨ
ਬ੍ਰਧੈ ਚੰਦ ਸਮ ਚਾਰੁ ਉਜਾਸ[1]।

[1]ਉਜਾਲਾ।

ਜਹਿਂ ਕਹਿਂ ਇਸਤ੍ਰੀ ਜੋ ਅਵਿਲੋਕਹਿ
ਬਿਸਮਹਿ ਪ੍ਰੇਮ ਪਰਹਿ[1] ਦੁਤਿ ਰਾਸ

[1]ਪ੍ਰੇਮ ਵਿਚ ਪੈਂਦੀ ਹੈ।

॥੨੦॥
ਦੇਖਿ ਨੁਖਾ ਕੋ ਮਾਤ ਨਾਨਕੀ
ਬਧਯੋ ਅਨੰਦ, ਨ ਰਿਦੇ ਸਮਾਇ।
ਦਾਨ ਬਹੁਤ ਰੰਕਨਿ ਕੋ ਦੀਨਸਿ
ਲੇਤਿ ਆਸ਼ਿਖਾ ਕੋ ਹਰਖਾਇ॥
-ਮਹਾਂ ਪ੍ਰਤਾਪੀ ਸੁਤ ਕੇ ਸੁਤ ਹ੍ਵੈ
ਪਤਿ ਕੋ ਬਾਕ ਅਬਹਿ ਬਿਦਤਾਇ-।
ਸਕਲ ਗੁਰੁਨਿ ਕੋ ਮਹਾਂ ਅਰਾਧਤਿ
ਕਰਹਿ ਤਿਹਾਵਲ ਕੋ ਬਰਤਾਇ ॥੨੧॥
ਮਹਿਮਾ ਮਹਾਂ ਪੌਤ੍ਰ ਕੀ ਜਾਨਤਿ
ਯਾਂ ਤੇ ਉਤਸਵ ਕੋ ਅਧਿਕਾਇ।
ਮਨ ਹੀ ਮਨਹਿਂ ਮਨਾਵਤਿ ਪ੍ਰਭੁ ਕੋ
'ਏਕੰਕਾਰ ਸਭਿਨਿ ਕੋ ਰਾਇ।
ਕਰੋ ਮਨੋਰਥ ਪੂਰਨ ਮਮ ਅਬਿ
ਰਹੌਂ ਪ੍ਰਤੀਖਤਿ ਬਰਖ ਬਿਤਾਇ।
ਸਦ ਬਲਿਹਾਰ ਜਾਉਂ ਤਿਸ ਦਿਨ ਪਰ
ਸੁਤ ਕੋ ਸੁਤ ਜਬਿ ਮੁਖ ਦਿਖਰਾਇ
॥੨੨॥
ਮਮ ਸੁਤ ਕੇ ਨਹਿਂ ਸੰਤਤਿ ਹੋਈ
ਸੰਮਤ ਬੀਤੇ ਬਾਂਛਤਿ ਜਾਲ[1]।
ਤੀਨ ਲੋਕਪਤਿ ਪ੍ਰਭੁ ਪਰਮੇਸ਼ੁਰ
ਮੈਂ ਜਾਨਯੋ ਅਬਿ ਭਯੋ ਕ੍ਰਿਪਾਲ।
ਪੁੰਜ ਤੇਜ ਕੋ ਅਧਿਕ ਪ੍ਰਤਾਪੀ
ਜਨਮਹਿਗੋ ਅਸ ਸੁੰਦਰ ਬਾਲ।
ਧੰਨ ਭਾਗ ਮੈਂ ਬਨੋਂ ਦਿਵਸ ਤਿਸ'
ਇਮ ਮਾਤਾ ਕੋ ਮੋਦ ਬਿਸਾਲ ॥੨੩॥
ਸੰਗਤ ਨਿਤ ਪ੍ਰਤਿ ਆਇ ਘਨੇਰੀ
ਨਿਕਟਿ ਨਿਕਟਿ ਚਹੁ ਦਿਸ਼ਿ ਤੇ ਬ੍ਰਿੰਦ।
ਸ਼੍ਰੀ ਗੁਰ ਤੇਗ ਬਹਾਦਰ ਦਰਸਹਿਂ
ਬਾਂਛਤਿ ਫਲ ਕੋ ਪਾਇਂ ਬਿਲੰਦ।
ਸੁਤ ਚਾਹਤਿ, ਬਿਤ ਕੇਤਿਕ ਚਾਹਤਿ,
ਕੋ ਅਰੋਗ, ਚਹਿ ਕਿਤਿਕ ਅਨੰਦ।

[1]ਪੋਤ੍ਰਾ) ਚਾਹੁੰਦੀ ਨੂੰ ਬਹੁਤ ਸਾਲ ਬੀਤੇ।

ਕੇਤਿਕ ਭਗਤਿ ਭਾਉ ਕੋ ਜਾਚਤਿ,
ਚਹਿਂ ਸਿਮਰਨ ਸਤਿਨਾਮ ਮੁਕੰਦ ॥੨੪॥
ਉਪਜਹਿ ਬ੍ਰਹਮ ਗਯਾਨ ਉਰ ਕੇਤਿਕ,
ਨਵ ਨਿਧ ਸਿੱਧਾਂ ਕੇਚਿਤ ਪਾਇਂ।
ਕੇਤਿਕ ਸੇਵਤਿ ਨਿਤ ਪਗ ਪੰਕਜ
ਬਸਹਿਂ ਨਿਕਟਿ ਦਰਸ਼ਨ ਦਰਸਾਇਂ।
ਕਰਹਿ ਦੇਗ ਕੋ, ਆਨਹਿ ਜਲ ਕੋ,
ਬਸਤ੍ਰ ਪਖਾਰਹਿਂ ਧਰਿ ਚਿਤ ਚਾਇ।
ਕੇਚਿਤ ਪਵਨ ਝੁਲਾਵਹਿਂ ਗੁਰੁ ਕੋ,
ਕੋ ਪਨਹੀ ਕੋ ਪੌਂਛ ਬਨਾਇ ॥੨੫॥
ਧਰਹਿ ਭਾਉ ਕੋ ਚਰਨ ਪਖਾਰਹਿਂ,
ਕੋ ਈਂਧਨ ਆਨਹਿ ਹਰਖਾਇ।
ਸੂਖਮ ਬਸਤ੍ਰ ਮੋਲ ਬਹੁ ਦੈ ਕੈ
ਕੋ ਪੋਸ਼ਿਸ਼ ਲਯਾਵੈ ਬਨਿਵਾਇ।
ਚੀਰ ਜ਼ਨਾਨੇ ਜ਼ਰੀ ਜੁਗਤ ਕੋ
ਅਰਪਹਿ ਘਰ ਸਤਿਗੁਰੁ ਕੇ ਜਾਇ।
ਆਨਹਿਂ ਅੰਨ ਕਿਤਿਕ ਬਹੁ ਸ੍ਰੇਸ਼ਟ
ਸਿਤਾ ਘ੍ਰਿੱਤ ਲੰਗਰ ਮਹਿਂ ਪਾਇ ॥੨੬॥
ਕੌਨ ਕੌਨ ਸੇਵਾ ਕੋ ਗਿਨੀਅਹਿ
ਕਰਹਿਂ ਆਨਿ ਹਿਤ ਨਿਜ ਕੱਲਯਾਨ[1]।
ਭਰੀ ਭੀਰ ਸਤਿਗੁਰੁ ਕੇ ਚਹੁੰਦਿਸ਼ਿ
ਰਹੈਂ ਨਿਤਾਪ੍ਰਤਿ ਹਿਤ ਨਿਜ ਠਾਨਿ।
ਪਾਇਂ ਸਰਬ ਕੁਛ ਧਰਹਿਂ ਕਾਮਨਾ,
ਹੋਹਿ ਕੀਰਤਨ ਸੁਨਹਿਂ ਸੁਜਾਨ।
ਲੋਕ ਪ੍ਰਲੋਕ ਸੁਧਾਰਯੋ, ਕੇਤਿਕ
ਸਹਤ ਸਿੱਧਿ ਕੇ ਬਿਦਤਿ ਜਹਾਨ ॥੨੭॥
ਨਮੋ ਕਰਨਿ ਅਵਿਕਾਸ਼ ਨ ਪਾਵਹਿਂ
ਸੰਗਤਿ ਨਈ ਹਜ਼ਾਰੋਂ ਆਇ।
ਇਕ ਰੁਖ਼ਸਦ ਹੋਵਹਿ ਕਰਿ ਬੰਦਨ
ਅਨਿਕ ਪ੍ਰਕਾਰਨਿ ਜਸੁ ਬਿਦਤਾਇ।
ਲਯਾਇ ਤਿਹਾਵਲ ਕਰਿ ਅਰਦਾਸਨਿ
ਦਿਨ ਪ੍ਰਤਿ ਬਹੁਤ ਬਾਰਿ ਬਰਤਾਇ।

[1]ਆਕੇ ਕਰਦੇ ਹਨ ਆਪਣੀ ਕਲਯਾਨ ਵਾਸਤੇ (ਸੇਵਾ)।

'ਧੰਨ ਧੰਨ' ਚਹੁੰਦਿਸ਼ਿਨਿ ਸੁਨਾਵਹਿਂ,
ਇਮ ਮੰਗਲ ਸੁਖ ਕੇ ਸਮੁਦਾਇ ॥੨੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰੂ ਪ੍ਰਯਾਗ ਸਥਿਤ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤਿ ਅੰਸੂ ॥੫੩॥

## ੫੪. [ਪ੍ਰਯਾਗ ਤੋਂ ਕਾਂਸ਼ੀ]

੫੩<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਸ਼੍ਰੀ ਗੁਰੁ ਕਰਿ ਕੈ ਬਾਸ ਤਹਿਂ, ਕੇਤਿਕ
ਦਿਵਸ ਬਿਤਾਇ।
ਭਏ ਤਯਾਰ ਆਗੇ ਚਲਨਿ, ਮਿਲੈਂ ਮਨੁਜ
ਸਮੁਦਾਇ[1] ॥੧॥

ਚੌਪਈ:

ਸਭਿ ਤੇ ਰੁਖਸਦ ਹੁਇ ਗੁਰ ਚਾਲੇ।
ਵਾਹਨ ਅਨਿਕ ਸਜਾਇ ਬਿਸਾਲੇ।
ਸੰਗ ਫਕੀਰਨਿ ਕੋ ਸਮੁਦਾਇ।
ਕਿਤਿਕ ਤੁਰੰਗਨਿ ਪਰ ਭਟ ਜਾਇਂ ॥੨॥
ਸਿਵਕਾ ਡੋਰੇ ਸ੍ਯੰਦਨ ਜਾਤਿ।
ਤਜਿ ਪ੍ਰਯਾਗ ਕੋ ਗਮਨੇ ਪ੍ਰਾਤਿ।
ਥੋਰੇ ਕੋਸਨਿ ਡੇਰਾ ਕਰੈਂ।
ਸਨੇ ਸਨੇ ਆਗੈ ਚਲਿ ਪਰੇ ॥੩॥
ਇਸ ਪ੍ਰਕਾਰ ਗਮਨਤਿ ਗੁਰੁ ਪੂਰੇ।
ਜਿਸ ਕੇ ਗੁਨ ਗਨ ਪਾਵਨ ਰੂਰੇ।
ਕਾਂਸ਼ੀ ਪੁਰੀ ਪਹੁੰਚੇ ਜਾਇ।
ਡੇਰਾ ਕਰ੍ਯੋ ਹਰਿ ਸੁਭ ਥਾਇਂ ॥੪॥
ਜਬਿ ਹੀ ਸੰਗਤਿ ਕੋ ਸੁਧਿ ਹੋਈ।
ਮਿਲੈਂ ਪਰਸਪਰ ਸਿਖ ਸਭਿ ਕੋਈ।
ਅਨਿਕ ਉਪਾਇਨ ਕੋ ਕਰਿ ਤ੍ਯਾਰੀ।
ਜਾਇ ਸੁ ਅਰਪੀ ਗੁਰੂ ਅਗਾਰੀ ॥੫॥
ਹਾਥ ਜੋਰਿ ਅਰਦਾਸ ਕਰਾਈ।
ਧਰੇ ਭਾਵਨਾ ਗੁਰ ਤੇ ਪਾਈ।
ਮੁੱਖਿ ਮਸੰਦ ਆਇ ਪਗ ਪਰ੍ਯੋ।
ਦਰਬ ਜਿਤਿਕ ਸਭਿ ਆਗੇ ਧਰ੍ਯੋ ॥੬॥
ਜੀਵਨ ਲਾਭ ਲਹ੍ਯੋ ਗੁਰ ਦਰਸ਼ਨ।
ਆਇ ਕਰਹਿਂ ਪਗ ਪੰਕਜ ਪਰਸਨ।
ਨਾਨਾ ਭਾਂਤਿਨਿ ਉਤਸਵ ਕਰੈਂ।
ਲ੍ਯਾਇਂ ਤਿਹਾਵਲ ਆਗੈ ਧਰੈਂ ॥੭॥
ਕਿਤਿਕ ਦਿਵਸ ਗੁਰੁ ਡੇਰੋ ਰਾਖਾ।

[1]ਬਹੁਤੇ ਮਨੁੱਖ ਮਿਲਦੇ ਹਨ (ਆ ਕੇ)।

ਰਾਖਹਿ ਸੰਗਤਿ ਕਰਿ ਅਭਿਲਾਖਾ।
ਸਿੱਖਜਨਿ ਮਨ ਬਾਂਛਤਿ ਬਰ ਜਾਚੇ।
ਦੇਖਿ ਭਾਉ ਦੇਂ[1] ਸਤਿਗੁਰ ਸਾਚੇ ॥੮॥ [1]ਦਿੰਦੇ ਹਨ।
ਪਸਰਯੋ ਸੁਜਸੁ ਅਧਿਕ ਬਿਚ ਕਾਂਸ਼ੀ।
ਮਿਲਿ ਮਿਲਿ ਨਰ ਜਿਤ ਕਿਤੈ[1] ਪ੍ਰਕਾਸ਼ੀ। [1]ਜਿੱਥੇ ਕਿੱਥੇ।
ਬਹੁ ਪੰਡਿਤ ਬਿੱਦਯਾ ਮਹਿਂ ਨਿਪੁਨ।
ਆਵਤਿ ਹੈਂ ਗੁਰੁ ਕੇ ਹਿਤ ਦਰਸ਼ਨ ॥੯॥
ਸੰਨਯਾਸੀ ਬਹੁ ਤਪੀ ਦਿਗੰਬਰ[1]। [1]ਭਾਵ ਨਾਂਗੇ।
ਅਨਿਕ ਭੇਖ ਜੇ ਪਹਿਰਤਿ ਅੰਬਰ।
ਪੂਛਹਿਂ ਆਨਿ ਬ੍ਰਹਮ ਕੋ ਨਿਰਨੈ।
ਨਿਤ ਪ੍ਰਤਿ ਉੱਤਰ ਸਤਿਗੁਰੁ ਬਰਨੈਂ ॥੧੦॥
ਜਸ ਜਸ ਜਿਨ ਜਿਨ ਬੂਝਨਿ ਕਰਯੋ।
ਤਸ ਤਸ ਉੱਤਰ ਗੁਰੂ ਉਚਰਯੋ।
ਹਰਖਹਿਂ ਸੁਨਿ ਉਸਤਤੀ ਬਖਾਨੈਂ।
'ਜਥਾ ਜੋਗ ਜਗ ਗੁਰ ਹਮ ਜਾਨੈਂ' ॥੧੧॥
ਸਿੱਖ ਹਜ਼ਾਰਹੁਂ ਹੋਵਤਿ ਆਇ।
ਸ਼ਰਧਾ ਧਰਿ ਧਰਿ ਬਰ ਕੋ ਪਾਇਂ।
ਬਹੁ ਸੰਗਤਿ ਕੋ ਲਗਯੋ ਦਿਵਾਨ।
ਹਰਖਤਿ ਹੁਇ ਸਤਿਗੁਰੂ ਬਖਾਨਿ ॥੧੨॥
'ਇਹ ਪੁਰਿ ਸ਼ਿਵ ਕੋ ਮਹਾਂ ਮਹਾਤਮ।
ਰਹਹਿਂ ਸੰਤ ਸਿਖ ਨਿਰਮਲ ਆਤਮ[†]।

[†]ਕਵਿ ਜੀ ਹਿੰਦੂ ਮਤ ਦੇ ਵੱਡੇ ਤੀਰਥ ਦਾ ਉਨ੍ਹਾਂ ਦੇ ਸ਼ਾਸਤ੍ਰਾਂ ਅਨੁਸਾਰ ਮਹਾਤਮ ਕਹਿ ਰਹੇ ਹਨ। ਸਿਖ ਉਥੇ ਭਾਈ ਗੁਰਦਾਸ ਦੇ ਵਕਤ ਤੋਂ ਬਹੁਤੇ ਸਨ ਇਸ ਕਰਕੇ ਗੁਰ ਸਿੱਖੀ ਦਾ ਕੋਠਾ ਦੱਸਦੇ ਤੇ ਸੱਤਿਨਾਮ ਸਿਮਰਨ ਦਾ ਉਪਦੇਸ਼ ਦ੍ਰਿੜ੍ਹਾ ਰਹੇ ਹਨ। ਕਾਂਸ਼ੀ ਵਿਚ ਇਸ ਵੇਲੇ ਗੁਰ ਨਾਨਕ ਦੇਵ, ਨਾਂਵੀਂ ਪਾਤਸ਼ਾਹੀ ਤੇ ਦਸਮ ਗੁਰੂ ਜੀ ਦੇ ਗੁਰਧਾਮਾਂ ਤੋਂ ਛੁੱਟ ਉਦਾਸੀ ਤੇ ਨਿਰਮਲੇ ਸੰਤਾਂ ਦੇ ਤੀਹ ਚਾਲੀ ਡੇਰੇ ਹਨ। ਅੰਕ ੧੩ ਦਾ ਵਾਕ ਜਾਪਦਾ ਹੈ ਕਿ ਵਰ ਦੇ ਰਹੇ ਹਨ।

ਗੁਰੁ ਸਿੱਖੀ ਕੋ ਕੋਠਾ ਅਹੈ ॥
ਗੁਰ ਸ਼ਰਧਾ ਉਰ ਧਰਿ ਬਰ ਰਹੈਂ[1] ॥੧੩॥ [1]ਰਿਦੇ ਵਿਚ ਸ਼ਰਧਾ ਧਾਰਕੇ ਸ੍ਰੇਸ਼ਟ (ਸਿਖ) ਰਹਿੰਦੇ ਹਨ।
ਪਾਵਨ ਛੇਤ੍ਰ ਆਦਿ ਕੋ ਭਯੋ[1]। [1]ਪਵਿੱਤ੍ਰ ਅਸਥਾਨ (ਕਾਂਸ਼ੀ) ਮੁੱਢ ਦਾ ਹੋਇਆ ਹੈ।
ਨੀਲਕੰਠ[1] ਰੁਚਿ ਸੋਂ ਰਚਿ ਦਯੋ। [1]ਸ਼ਿਵ ਜੀ ਨੇ।
ਜੇ ਮਾਨਵ ਬਾਸਹਿਂ ਸਮੁਦਾਇ।

ਗਤਿ ਦੇਵਨਿ ਮਹਿਂ ਬਨਹਿ ਸਹਾਇ ॥ ੧੪ ॥
ਸਿਮਰਹੁ ਸੁਖਦਾ ਨਿਤ ਸਤਿਨਾਮ।
ਸ਼ੰਕਰ ਪੁਰੀ ਬਸਹੁ ਕਰਿ ਧਾਮ*।'
ਸੁਨਿ ਕਰਿ 'ਕਾਂਸ਼ੀ ਮਹਿਂ ਗੁਰੁ ਆਏ।
ਕੇਤਿਕ ਦਯੋਸ ਬਸੇ ਮਨ ਭਾਏ' ॥ ੧੫ ॥
ਸੰਗਤਿ ਜੌਨਪੁਰੇ[1] ਕੀ ਆਈ।

[1]ਗੋਮਤੀ ਕਿਨਾਰੇ ਇਕ ਸ਼ਹਿਰ ਦਾ ਨਾਮ ਹੈ, ਜਿੱਥੇ ਨਾਵੇਂ ਗੁਰਾਂ ਦਾ ਗੁਰਦੁਆਰਾ ਹੈ।

ਅਪਰ ਜਿ ਗਾਮ ਨਗਰ ਗਿਰਦਾਈ[1]।

[1]ਆਸੇ ਪਾਸੇ ਦੇ।

ਸੁਨਿ ਸਤਿਗੁਰ ਕੋ ਤਹਿਂ ਆਗਵਨੂ।
ਪ੍ਰੇਮ ਧਰੇ ਆਏ ਤਜਿ ਭਵਨੂ ॥ ੧੬ ॥
ਅਨਿਕ ਅਕੋਰਨਿ ਕੋ ਅਰਪੰਤੇ।
ਹਾਥ ਜੋਰਿ ਕਰਿ ਨਮੋ ਕਰੰਤੇ।
ਪਗ ਪੰਕਜ ਕੀ ਰਜ ਕੋ ਲੈਕੈ।
ਸਿਰ ਮੁਖ ਪਰ ਫੇਰਹਿਂ ਹਿਤ ਕੈ ਕੈ ॥ ੧੭ ॥
ਜਨਮ ਲਾਭ ਸਿੱਖਨਿ ਸਭਿ ਲੀਨਾ।
ਧਰਿ ਧਰਿ ਪ੍ਰੇਮ ਦਰਸ ਗੁਰੁ ਕੀਨਾ।
ਇਕ ਭਾਈ ਗੁਰੁਬਖਸ਼ ਹੁਲਾਸੀ।
ਸੰਗਤਿ ਸੰਗ ਜਵਨਪੁਰ ਬਾਸੀ[1] ॥ ੧੮ ॥

[1]ਜੌਨ ਪੁਰ ਵਸਣ ਵਾਲੀ ਸੰਗਤ ਨਾਲ (ਆਇਆ)।

ਪੇਮੀ ਮਹਾਂ ਭਜਨ ਕੋ ਕਰਿਤਾ।
ਰਿਦੈ ਧਯਾਨ ਸਤਿਗੁਰ ਕੋ ਧਰਿਤਾ।
ਸ਼੍ਰੀ ਗੁਰੁ ਤੇਗ ਬਹਾਦਰ ਤੀਰ।
ਕਰਯੋ ਭਜਨ ਤਿਨ ਧੁਨਿ ਗੰਭੀਰ ॥ ੧੯ ॥
ਧਰਿ ਧਰਿ ਪ੍ਰੇਮ ਮਹਾਂ ਧੁਨਿ ਸਾਥ।
ਕਰਹਿ ਸੁਨਾਵਨਿ ਸਤਿਗੁਰ ਨਾਥ।
ਏਕ ਜਾਮ ਲਗਿ ਕਰਤਿ ਰਹਯੋ ਹੈ।
ਸੁਨਿ ਗੁਰੁਦੇਵ ਸੁ ਪ੍ਰੇਮਿ ਲਹਯੋ ਹੈ ॥ ੨੦ ॥
ਕ੍ਰਿਪਾ ਨਿਧਾਨ ਪ੍ਰਸੰਨ ਬਿਸਾਲਾ।
ਇਸ ਬਿਧਿ ਬਰ ਦੀਨਸਿ ਤਿਸ ਕਾਲਾ।
'ਸੁਨਿ ਭਾਈ ਗੁਰੁਬਖਸ਼ ਨਿਹਾਲ।

ਨਹੀਂ ਫਸਹਿ ਨਿਸ਼ਠੁਰ ਜਮਜਾਲ[1] ॥੨੧॥
ਤੁਵ ਘਰ ਪੁੱਤ੍ਰ ਹੋਇ ਹੈ ਜੋਈ।
ਕਿਰਤਨ ਕਰਹਿ ਭਜਨ ਕੋ ਸੋਈ।
ਤੋਹਿ ਬੰਸ ਤੇ ਕਿਰਤਨ ਕਥਾ।
ਸੁਨਹਿ ਪ੍ਰੇਮ ਧਰਿ ਸੰਗਤਿ ਜਥਾ' ॥੨੨॥
ਪੁਨ ਸਭਿ ਸੰਗਤਿ ਪਗ ਲਪਟਾਈ।
ਖੁਸ਼ੀ ਕਰੀ ਸਤਿਗੁਰੁ ਸਭਿ ਤਾਂਈ।
ਤਿਨ ਕੇ ਮਸਤਕ ਪਰ ਕਰ ਧਰਿ ਕਰਿ।
ਹਰਖ ਮਹਾਂ ਸਿੱਖਨਿ ਉਰ ਭਰਿ ਭਰਿ ॥੨੩॥
ਬਿਦਾ ਭਈ ਗੁਰੁ ਜਸੁ ਕੋ ਗਾਵਤਿ।
ਬਰ ਬਹੁ ਲੈ ਲੈ ਉਰ ਉਮਗਾਵਤਿ।
ਇਮ ਬਹੁ ਸੰਗਤਿ ਕਰੀ ਨਿਹਾਲ।
ਕਿਤਿਕ ਦਯੋਸ ਬਸਿ ਤਹਾਂ ਕ੍ਰਿਪਾਲ ॥੨੪॥
ਆਦਿ ਜੌਨਪੁਰਿ ਸੰਗਤਿ ਜੇਤੀ।
ਭਈ ਬਿਦਾ ਲੈ ਅਭਿਮਤਿ[1] ਤੇਤੀ।
ਪੁਨ ਸ਼੍ਰੀ ਸਤਿਗੁਰੁ ਕੂਚ ਕਰਯੋ ਹੈ।
ਚਲਨਿ ਮਨੋਰਥ ਅੱਗ੍ਰ ਧਰਯੋ ਹੈ ॥੨੫॥
ਸਹਸਰਾਵ[1†] ਕੋ ਚਲੇ ਅਗਾਰੀ।
ਤਹਿ ਇਕ ਬਸਹਿ ਪ੍ਰੇਮ ਧਰਿ ਭਾਰੀ।
ਗੁਰੁ ਕੋ ਸਿੱਖ ਹੁਤੇ ਅਭਿਰਾਮ।
ਚਾਚਾ ਫੱਗੋ ਤਿਸ ਕੋ ਨਾਮ ॥੨੬॥
ਗੁਰੁਮੁਖ ਸੋ ਸਤਿਗੁਰ ਕੋ ਪਜਾਰੋ।
ਪ੍ਰਗਟ ਪ੍ਰੇਮ ਤੇ ਪ੍ਰਣ ਤਿਨ ਧਾਰੋ।
ਨਵੋਂ ਸਦਨ ਅਪਨੋ ਚਿਨਵਾਇਵ।
ਊਚੋ ਦ੍ਵਾਰ ਬਡੋ ਰਖਵਾਇਵ ॥੨੭॥
ਅੰਦਰ ਮੰਦਰ ਸੁੰਦਰ ਕੀਨਿ।
ਅਜਰ[1] ਚਾਰ ਚੌਕੋਨ ਨਵੀਨ।

[1]ਜਮ ਦੇ ਕਠਨ ਜਾਲ ਵਿਚ।

[1]ਮਨ ਇੱਛਤ (ਬਰ)।

[1]ਨਾਮ ਹੈ ਨਗਰ ਦਾ, ਸਸਰਾਮ। †ਸਸਰਾਮ ਕਾਂਸ਼ੀ ਦੇ ਨੇੜੇ ਪਰ ਬੰਗਾਲ ਸੂਬੇ ਵਿਚ ਇਕ ਸ਼ਹਿਰ ਹੈ ਜਿੱਥੇ ਸ਼ੇਰ ਸ਼ਾਹ ਬਾਦਸ਼ਾਹ ਦੀ ਕਬਰ ਹੈ। ਇਥੇ ਨਾਵੇਂ ਸਤਿਗੁਰਾਂ ਦਾ ਗੁਰਦਵਾਰਾ ਤੇ ਬਾਗ਼ ਹੈ, ਅਰ ਸਿੱਖੀ ਵਸੋਂ ਬੀ ਹੈ।

[1]ਵਿਹੜਾ।

ਆਛੇ ਦਰ ਤਿਨ ਕੇ ਰਖਵਾਇ।
ਰਚਵਾਵਹਿ ਸਭਿ ਆਪ ਬਤਾਇ[1] ॥੨੮॥
ਇਕ ਦਿਨ ਸੰਗਤ ਭੀ ਇਕ ਠੌਰ।
ਹੇਰਯੋ ਸਭਿਨਿ ਵਹਿਰ ਕੋ ਪੌਰ।
ਘਰ ਪ੍ਰਮਾਨ[1] ਤੇ ਬਡੋ ਕਰਾਯੋ।
ਰਿਦੈ ਬਿਖੈ ਸੰਸੈ ਉਪਜਾਯੋ ॥੨੯॥
ਬੂਝਨਿ ਕਰਯੋ ਸਭਿਨਿ ਨੇ ਐਸੇ।
'ਪੌਰ ਇਤੋ ਕਰਿਵਾਯਹੁ ਕੈਸੇ?
ਸਰਬ ਸਦਨ ਕੇ ਤਜਯੋ ਪ੍ਰਮਾਨ।
ਰਾਖਯੋ ਦ੍ਵਾਰਾ ਕੁਤੋ ਮਹਾਨ[1]?' ॥੩੦॥
ਸੁਨਿ ਫੱਗੋ ਨੇ ਉੱਤਰ ਦੀਨਾ।
'ਸਦਨ ਚਿਨਾਵਤਿ ਮੈਂ ਪ੍ਰਣ ਕੀਨਾ।
ਸਤਿਗੁਰੁ ਆਵਹਿਂਗੇ ਮਮ ਡੇਰੇ।
ਅੰਤਰ ਜਾਮੀ ਘਟ ਘਟ ਕੇਰੇ ॥੩੧॥
ਤਿਨ ਕੇ ਹਿਤ ਮੈਂ ਕਰਯੋ ਨਿਕੇਤ।
ਪ੍ਰਣ ਪੂਰਹਿਂ ਪਿਖਿ ਪ੍ਰੇਮ ਸਮੇਤ।
ਸ਼ਸਤ੍ਰਨਿ ਸਹਤਿ ਅਰੂਢਿ ਤੁਰੰਗ।
ਆਵਹਿਂਗੇ ਜਬਿ ਭਏ ਉਤੰਗ[1] ॥੩੨॥
ਵਹਿਰ ਨਹੀਂ ਪ੍ਰਭੁ ਉਤਰਨਿ ਕਰੈਂ।
ਚਢੇ ਤੁਰੰਗਮ ਮਮ ਘਰ ਬਰੈਂ।
ਉਤਰਿ ਸਿੰਘਾਸਨ ਪਰ ਥਿਰ ਜਾਇਂ।
ਵਹਿਰ ਉਤਰਿ ਨਹਿਂ ਪਗ ਸੋਂ ਆਇਂ[1] ॥੩੩॥
ਯਾਂ ਤੇ ਰਚਯੋ ਬਡੋ ਮੈਂ ਪੌਰ।
ਮੈਂ ਹੇਰੋਂ[†] ਸਤਿਗੁਰੁ ਸਿਰਮੌਰ।
ਕ੍ਰਿਪਾ ਕਰਹਿਂਗੇ ਆਵਹਿ ਘਰ ਮਹਿਂ।
ਸਹਿਤ ਪ੍ਰੇਮ ਕੇ ਸ਼ਰਧਾ ਉਰ ਮਹਿਂ ॥੩੪॥
ਕਹਤਿ ਸੰਤ ਅਰੁ ਬੇਦ ਪੁਰਾਨ।
ਇਸ ਬਿਧਿ ਕੀ ਮਹਿਮਾ ਭਗਵਾਨ।
ਪੂਰਨ ਕਰਹਿ ਪ੍ਰੱਤਗਜਾ ਦਾਸਨਿ।'

[1] ਦੱਸ ਦੱਸ ਕੇ।
[1] ਅੰਦਾਜ਼ਾ।
[1] ਕਿਉਂ ਵਡਾ ਰਖਜਾ ਹੈ, ਕੇਡਾ ਵਡਾ ਰੱਖਜਾ ਹੈ।
[1] ਉੱਚੇ ਹੋਏ ਹੋਏ।
[1] ਬਾਹਰ ਉੱਤਰ ਕੇ ਪੈਰੀਂ ਚੱਲਕੇ ਅੰਦਰ ਨਾ ਆਵਣ।
[†] ਪਾ:-ਹੌਰੋ-ਹੌਲਾ ਹਾਂ।

ਸੁਨਿ ਕਰਿ ਸੰਸੈ ਕੀਨਿ ਬਿਨਾਸ਼ਨ[1] ॥੩੫॥
[1]ਸੰਗਤ ਨੇ ਆਪਣਾ) ਸੰਸਾ ਦੂਰ ਕੀਤਾ।

'ਬਿੱਦਜਾ[1] ਬੁਧਿ ਅਰੁ ਦਰਬ ਸਮਾਜ।
[1]ਫਿਰ ਚਾਚਾ ਫੱਗੋ ਜੀ ਕਹਿੰਦੇ ਹਨ।

ਐਸ੍ਰੂਰਜ ਬਡੇ ਸੁ ਦੇਸ਼ਨਿ ਰਾਜ।
ਅਪਰ ਅਨੇਕ ਭਾਂਤਿ ਬਡਿਆਈ।
ਤਪਨਿ ਘੋਰ ਤਪਤੇ[1] ਸਮੁਦਾਈ ॥੩੬॥
[1]ਘੋਰ ਤਪਾਂ ਨੂੰ ਤਪਦੇ ਹਨ।

ਨਹਿਂ ਦੇਖਤਿ ਤਿਨ ਕੋ ਪ੍ਰਭੁ ਭੂਲ।
ਰਹੈਂ ਪ੍ਰੇਮ ਕੇ ਨਿਤ ਅਨਕੂਲ।
ਦਾਸਨਿ ਪਾਸ ਦੌਰ ਕਰਿ ਆਵਹਿਂ।
ਜਿਮ ਜਨ[1] ਮਨ ਹ੍ਵੈ ਤਥਾ ਕਰਾਵਹਿਂ ॥੩੭॥
[1]ਦਾਸਾਂ ਦੇ।

ਨਾਮਦੇਵ ਕੇ ਸੰਗ ਫਿਰੇ ਹੈਂ।
ਛਾਵਨ ਛਪਰੀ[1] ਕਾਜ ਕਰੇ ਹੈਂ।
[1]ਛੱਪਰ ਛੱਤਣ ਦਾ।

ਪੰਡਤ ਪੰਡੇ ਕੀਨਿ ਪਿਛਾਰੀ।
ਫੇਰਿ ਦੇਹੁਰਾ ਥਿਰੇ ਅਗਾਰੀ ॥੩੮॥
ਧੰਨੇ ਕੇ ਬਛੁਰੇ ਗਨ ਚਾਰੇ।
ਕੀਨਸਿ ਰੋਟੀ ਛਾਛ[1] ਅਹਾਰੇ।
[1]ਲੱਸੀ।

ਬਦਰੀ ਫਲ ਸਵਰੀ[1] ਤੇ ਖਾਏ।
[1]ਭੀਲਣੀ।

ਬਿਦਰ ਦਾਸ ਲਖਿ ਤਿਸ ਗ੍ਰਿਹ ਆਏ ॥੩੯॥
ਸ਼੍ਰੀ ਨਾਨਕ ਆਦਿ ਜੁ ਗੁਰੁ ਭਏ।
ਇਸੀ ਪ੍ਰਕਾਰ ਦਾਸ ਗ੍ਰਿਹ ਗਏ।
ਬਰਨ ਜਾਤਿ ਕੋ ਨਹੀਂ ਬਿਚਾਰਤਿ।
ਪ੍ਰੇਮ ਹੇਰਿ ਤਿਸ ਢਿਗ ਪਗ ਧਾਰਤਿ ॥੪੦॥
ਇਮ ਗੁਨੁ ਸੁਨਿ ਮੈਂ ਸ਼ਰਧਾ ਧਾਰੀ।
ਕੀਨਸਿ ਨਿਸ਼ਚੈ ਰਿਦੈ ਮਝਾਰੀ।
-ਦਾਸ ਜਾਨਿ ਕਰਿ ਆਇਂ ਜ਼ਰੂਰ।
ਕਰਹਿਂ ਪ੍ਰਤੱਗਜਾ ਮੇਰੀ ਪੂਰ-' ॥੪੧॥
ਇਮ ਫੱਗੋ ਤੇ ਸੁਨਿ ਕਰਿ ਸਾਰੇ।
ਅਧਿਕ ਪ੍ਰੇਮ ਕਰਿ ਸ਼ਰਧਾ ਧਾਰੇ।
ਗੁਰੁ ਚਰਨਨਿ ਮੈਂ ਪ੍ਰੀਤਿ ਉਪਾਈ।

ਸੱਤਿਨਾਮ ਸਿਮਰਤਿ ਸੁਖਦਾਈ ॥੪੨॥
ਧੰਨ ਗੁਰੂ ਜਿਸ ਕੇ ਗੁਨ ਏਹੁ।
ਕੋਸ ਹਜ਼ਾਰਨਿ ਜਨ ਲਖਿ ਲੇਹਿਂ[1]। [1]ਹਜ਼ਾਰਾਂ ਕੋਹਾਂ ਤੇ ਦਾਸ ਨੂੰ ਜਾਣਕੇ।
ਹੇਰਿ ਪ੍ਰੇਮ ਨ੍ਰਿਪ ਮਨ ਕੋ ਭਾਰੀ।
ਗਏ ਸੰਗਲਾਦੀਪ ਮਜਾਰੀ ॥੪੩॥
ਦਰਸ਼ਨ ਦੀਨਿ ਕ੍ਰਿਤਾਰਥ ਕਰਜੋ।
ਗੁਰ ਸਥਾਪਿ ਮੰਜੀ ਬੈਠਰਜੋ।
ਅਬਿ ਲੌ ਸ਼੍ਰੀ ਨਾਨਕ ਕੌ ਧਜਾਵਤਿ।
ਅਨਿਕ ਪ੍ਰਕਾਰਨਿ ਕੇ ਗੁਨ ਗਾਵਤਿ ॥੪੪॥
ਸ਼੍ਰੀ ਹਰਿਗੋਬਿੰਦ ਬਾਹੁ ਬਿਸਾਲਾ।
ਗਮਨੇ ਪੁਰਿ ਕਸ਼ਮੀਰ ਕ੍ਰਿਪਾਲਾ।
ਬ੍ਰਿਧਾ ਸਿੱਖਨੀ ਨਿਜ ਕਰ ਕਾਤਿ[1]। [1]ਸ਼ਿਵਨਾਭ ਰਾਜੇ ਦੇ ਮਨ ਦਾ।
ਪੋਸ਼ਿਸ਼ ਪਹਿਰਾਈ ਗੁਰੁ ਗਾਤ ॥੪੫॥
ਤਿਸ ਕੋ[1] ਪ੍ਰੇਮ ਜਾਨਿ ਕਰਿ ਧਾਏ। [1]ਆਪਣੇ ਹੱਥੀਂ ਕੱਤਕੇ।
ਉਲੰਘੇ ਬਿਖਮ ਸੈਲ ਸਮੁਦਾਏ।
ਕੌਨ ਕੌਨ ਗਿਨੀਅਹਿਂ ਗੁਨ ਰੂਰੇ।
ਜਥਾ ਕਰੈਂ ਜਗ ਸਤਿਗੁਰੁ ਪੂਰੇ ॥੪੬॥
ਫੱਗੋ ਕੀ ਪਰਤੱਗਜਾ ਸੁਨੀ।
ਸਤਿਗੁਰੁ ਕੀ ਮਹਿੰਮਾ ਬਡ ਗੁਨੀ।
ਭਏ ਸਿੱਖਜ ਪ੍ਰੇਮੀ ਸਮੁਦਾਇ।
ਗੁਰੁ ਹਿਤ ਰਖੀ ਵਸਤੁ ਗਨ ਲਜਾਇ ॥੪੭॥
ਸਕਲ ਪ੍ਰਤੀਖਤਿ ਗੁਰ ਆਗਵਨੂ।
ਸੁੰਦਰ ਭੇਟ ਧਰਹਿਂ ਨਿਜ ਭਵਨੂ।
ਜਿਮ ਬਾਵਨ ਚੰਦਨ ਉਪਜੈ ਹੈ।
ਸਭਿ ਕਾਨਨ ਚੰਦਨ ਬਨਿ ਜੈਹੈ ॥੪੮॥
ਫੱਗੋ ਤੇ ਪ੍ਰਣ ਸੁਨਿ ਤਿਮ ਸਾਰੇ।
ਗੁਰੂ ਉਡੀਕਤਿ ਸੰਝ ਸਕਾਰੇ।
ਤਿਨ ਸਿੱਖਜਨਿ ਕੇ ਮਨ ਕੀ ਜਾਨਿ।
ਕਾਂਸ਼ੀ ਤੇ ਗੁਰ ਕੀਨਿ ਪਯਾਨ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਕਾਂਸ਼ੀ ਆਗਮਨ ਸਤਿਗੁਰ ਕੋ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥੫੪॥

## ੫੫. [ਸਸਰਾਮ ਚਾਚੇ ਫੱਗੋ ਦੇ]

੫੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਰਤਨਾਕਰ ਗੁਰੁ ਗਜਾਨ ਕੇ[1], ਦੇਸ਼ਨਿ ਪਜਾਨਾ ਕੀਨਿ।
ਊਖਰ[1] ਪੋਖਰ[2] ਸਭਿ ਭਰੇ[3], ਸਿੱਖੀ ਪੰਥ ਨਵੀਨ[4] ॥੧॥

[1]ਗਿਆਨ ਦੇ ਸਮੁੰਦਰ ਸ਼੍ਰੀ ਗੁਰੂ ਜੀ।

[1]ਕੱਲਰ ਵਾਲੀ ਭੂਮੀ। [2]ਛੱਪੜ। [3]ਨਾਮ ਰੂਪੀ ਜਲ ਨਾਲ) ਭਰ ਦਿੱਤੇ। [4]ਸਿੱਖੀ ਰੂਪ ਨਵੀਨ ਪੰਥ (ਅਧਿਕਾਰੀ ਅਨ ਅਧਕਾਰੀ) ਭਾਵ ਸਭਨਾਂ ਵਿਚ ਭਰਿਆ।

ਚੌਪਈ:

ਪੂਰਨ ਪ੍ਰਣ ਹਿਤ ਸਿੱਖਜਨਿ ਕੇਰਾ।
ਕਰਜੋ ਕੂਚ ਕਾਂਸ਼ੀ ਤੇ ਡੇਰਾ।
ਖੈਂਚੇ ਪ੍ਰੇਮ ਡੋਰ ਤੇ ਦਾਸਨਿ।
ਚਲੇ ਜਾਤਿ ਪ੍ਰਭੁ ਹਾਥ ਸਰਾਸਨ[1] ॥੨॥

[1]ਹੱਥ ਵਿਚ ਧਨੁਖ ਧਾਰੇ।

ਭਾਥਾ ਖੜਗ ਬੰਧਿ ਕਟ ਸੰਗੇ।
ਗਮਨਤਿ ਹੁਇ ਅਸਵਾਰ ਤੁਰੰਗੇ।
ਮਾਤ ਨਾਨਕੀ ਨੁਖਾ ਸਮੇਤ।
ਡੋਰੇ ਸਜੰਦਨ ਪਰ ਛਬਿ ਦੇਤਿ ॥੩॥
ਕਬਿ ਸ਼ਿਵਕਾ ਪਰ ਚਢਹਿਂ ਗੁਸਾਈਂ।
ਸਨੇ ਸਨੇ ਮਾਰਗ ਉਲੰਘਾਈ।
ਪਹੁੰਚਤਿ ਭੇ ਮਿਰਜ਼ਾ ਪੁਰਿ ਨਗਰੀ।
ਸੁਨਿ ਕਰਿ ਗੁਰੁ ਸੁਧਿ ਸੰਗਤਿ ਸਗਰੀ ॥੪॥
ਉਪਹਾਰਨਿ ਲੇ ਅਨਿਕ ਪ੍ਰਕਾਰੀ।
ਆਦਰ ਹਿਤ ਆਏ ਅਗਵਾਰੀ।
ਮਿਲੇ ਧਾਇ ਕਰਿ ਬਹੁਤ ਉਮਾਹਤਿ।
ਜਥਾ ਤ੍ਰਿਖਾਤੁਰ ਜਲ ਕੋ ਚਾਹਤਿ ॥੫॥
ਕਰ ਜੋਰਹਿ ਨਿਜ ਸੀਸ ਝੁਕਾਵਹਿਂ।
ਗੁਰੁ ਕੇ ਪਦ ਅਰਬਿੰਦ ਲਗਾਵਹਿਂ।
ਲੇ ਕਰਿ ਸੰਗ ਸਿਵਰ ਕਰਿਵਾਯਵ।
ਕਰਤਿ ਭਏ ਜਿਮ ਗੁਰੁ ਫੁਰਮਾਯਵ ॥੬॥
ਅਨਿਕ ਪ੍ਰਕਾਰਨਿ ਕੀ ਕਰਿ ਸੇਵਾ।
ਕਰੇ ਪ੍ਰਸੰਨ ਮਹਾਂ ਗੁਰੁ ਦੇਵਾ।
ਖਾਨ ਪਾਨ ਕੀ ਟਹਿਲ ਬਿਸਾਲਾ।

ਪੁਰਿ ਕੀ ਸੰਗਤਿ ਕਰਿ ਤਿਸ ਕਾਲਾ ॥੭॥
ਹੁਤੀ ਇਕੱਤ੍ਰ ਜੁ ਗੁਰੁ ਕੀ ਕਾਰ।
ਧਰਜੋ ਆਨਿ ਕਰਿ ਦਰਬ ਉਦਾਰ।
ਬਸਤ੍ਰ ਬਿਭੂਖਨ ਸੁੰਦਰ ਦੀਨਿ।
ਅਰਪਨ ਸਕਲ ਅਕੋਰਨ ਕੀਨਿ ॥੮॥
ਇਕ ਦੁਇ ਕਰਿ ਮੁਕਾਮ[1] ਗੁਰ ਚਲੈਂ।
ਮਗ ਮੈਂ ਬਹੁ ਸਿਖ ਸੰਗਤਿ ਮਿਲੈਂ।
ਅਰਪਿ ਉਪਾਇਨ ਬੰਦਨ ਠਾਨੈਂ।
ਜਾਚਹਿੰ ਬਰ ਕੋ ਬਿਨੈ ਬਖਾਨੈਂ ॥੯॥
ਕਰਤਿ ਜਾਤਿ ਸਤਿਗੁਰੂ ਨਿਹਾਲ।
ਅਨਿਕ ਨਰਨਿ ਕੇ ਬੰਧਨ ਟਾਲਿ।
ਜੈ ਜੈਕਾਰ ਹੋਇ ਤਹਿੰ ਰਹਜੋ।
ਪੁਰਿ ਗ੍ਰਾਮਨਿ ਸਭਿ ਨੇ ਜਸੁ ਕਹਜੋ ॥੧੦॥
ਜਥਾ ਮਹਾਂ ਘਨ ਉਮਡਹਿ ਸਾਵਨ।
ਥਲ ਉੱਚਾਵਚ[1] ਕਰਹਿ ਬਸਾਵਨਿ।
ਤਪਤ ਹਰਹਿ ਸਭਿ ਕੀ ਇਕਸਾਰ।
ਤਥਾ ਨਿਹਾਲ ਕਰਤਿ ਇਕ ਬਾਰ ॥੧੧॥
ਚਲਤਿ ਚਲਤਿ ਕ੍ਰਮਨਾਸ਼ਾ[1†] ਸਲਿਤਾ।
ਤਹਾਂ ਆਇ ਹੇਰਜੋ ਜਲ ਚਲਤਾ।
ਉਤਰਿ ਤਹਾਂ ਕੀਨਸਿ ਇਸ਼ਨਾਨਾ।
ਜੇ ਅਪੱਵਤ੍ਰਿ ਅਹੈ ਅਸਥਾਨਾ ॥੧੨॥
ਸਤਿਗੁਰ ਪਰਸੇ ਹੋਹਿ ਪੁਨੀਤ।
ਮਹਾਂ ਦੋਸ਼ ਤਿਸ[1] ਜਾਇ ਬਿਤੀਤ।
ਪੁਨ ਸੰਤਨਿ ਸੋਂ ਬਾਕ ਬਖਾਨਾ।
'ਹੁਤੋ ਤ੍ਰਿਸ਼ੰਕੁ[1] ਭੂਪ ਮਹਾਨਾ ॥੧੩॥
ਮੁਨਿ ਗਨ[1] ਤੀਰਥ ਗਨ ਜਲ ਲੀਨੋ।
ਤਿਸ ਨ੍ਰਿਪ ਕੋ ਮਜਨਾਵਨਿ ਕੀਨੋ[1]।
ਤਿਸ ਤੇ ਨਦੀ ਕਹੈਂ ਕ੍ਰਮਨਾਸ਼ਾ।
ਅਬਿ ਤੇ ਭਈ ਕੁਕਰਮ ਬਿਨਾਸਾ[1†]

[1]ਭਾਵ ਇਕ ਦੋ ਦਿਨ ਟਿਕ ਕੇ।

[1]ਉੱਚੇ ਨੀਵੇਂ।

[1]ਕਾਂਸ਼ੀ ਤੇ ਬਿਹਾਰ ਦੇ ਵਿਚਕਾਰ ਦੀ ਇਕ ਨਦੀ ਦਾ ਨਾਮ। †ਪਾ:-ਕ੍ਰਮਨਾਸ਼ਿਨ।

[1]ਤਿਸ (ਤੀਰਥ ਦਾ)।

[1]ਨਾਮ ਰਾਜਾ ਦਾ।

[1]ਬਹੁਤੇ ਤੀਰਥਾਂ ਦਾ।

[1]ਨੁਹਾਇਆ।

[1]ਭਾਵ ਕੁਕਰਮ ਬਿਨਾਸਾ ਨਾਮ ਬਣ ਗਿਆ ਹੁਣ ਤੋਂ।

॥ ੧੪ ॥

†ਇਥੇ ਕਵੀ ਜੀ ਧੁਨੀ ਕੱਢਦੇ ਹਨ ਕਿ ਜਿਸ ਨਦੀ ਨੂੰ ਲੋਕੀ ਕਰਮ ਨਾਸ਼ਾ ਕਹਿਕੇ ਉਸ ਵਿਚ ਇਸ਼ਨਾਨ ਤੋਂ ਸ਼ੁਭ ਕਰਮਾਂ ਦਾ ਨਾਸ਼ ਸਮਝਦੇ ਸਨ ਉਸ ਵਿਚ ਇਸ਼ਨਾਨ ਕਰਕੇ ਸਤਿਗੁਰੂ ਜੀ ਨੇ ਐਸਾ ਪਵਿੱਤ੍ਰ ਕੀਤਾ ਕਿ ਹੁਣ ਕੁਕਰਮਾਂ ਦੇ ਨਾਸ਼ ਕਰਨ ਵਾਲੀ ਹੋ ਗਈ, ਤਿਵੇਂ ਉਹ ਰੂਹਾਂ ਜਿਨ੍ਹਾਂ ਨੂੰ ਲੋਕ ਅਪਵਿੱਤ੍ਰ ਕਹਿੰਦੇ ਹਨ ਉਹ ਸਤਿਗੁਰੂ ਜੀ ਨਾਲ ਛੋਹਕੇ ਪਵਿੱਤ੍ਰ ਹੋ ਗਈਆਂ। ਪਸੁ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਕੀ ਵਡਿਆਈ ॥' [ਵਾ: ਭਾ: ਗੁ:

ਗਮਨੇ ਸਤਿਗੁਰ ਗਏ ਅਗਾਰੀ।
ਸਹਸਰਾਵ[1] ਕੇ ਪਹੁੰਚਿ ਮਝਾਰੀ। [1]ਸਸਰਾਮ ਨਾਮ। ਅਸਲ ਨਾਮ ਹੈ 'ਸ਼ੇਰ ਸ਼ਾਹ ਆਗਮ।'
ਸਭਿ ਕੋ ਤਜਾਗ ਇਕਾਕੀ ਭਏ।
ਨਿਜ ਤੁਰੰਗ ਕੋ ਬੇਗ ਚਲਏ ॥ ੧੫ ॥
ਕਹ੍ਯੋ 'ਪਿਛਾਰੀ ਸਗਰੇ ਆਵਹੁ।
ਮੰਦ ਮੰਦ ਮਾਰਗ ਗਮਨਾਵਹੁ।
ਹਮ ਨੈ ਕਰਨੋ ਕਾਜ ਅਗਾਰੇ।'
ਇਮ ਕਹਿ ਸਤਿਗੁਰ ਬੇਗ ਸਿਧਾਰੇ ॥ ੧੬ ॥
ਚਾਚਾ ਫੱਗੋ ਕੇ ਘਰ ਗਏ।
ਕਰੀ ਪ੍ਰਤੱਗਜਾ ਪੂਰਤਿ ਭਏ।
ਪੌਰ ਸਦਨ ਕੋ ਬਡੋ ਚਿਨਾਯੋ।
ਪ੍ਰੇਮ ਡੋਰ ਗੁਰ ਐਂਚਿ ਮੰਗਾਯੋ ॥ ੧੭ ॥
-ਵਾਹਨ ਚਢੇ ਅਜਰ ਮਹਿਂ ਆਵੈਂ-।
ਇਮ ਪ੍ਰਣ ਠਾਨ੍ਯੋਂ ਪ੍ਰੀਤਿ ਬਧਾਵੈ।
ਸ੍ਰੀ ਗੁਰ ਤੇਗਬਹਾਦਰ ਚੰਦ।
ਆਏ ਚਢੇ ਤੁਰੰਗ ਬਿਲੰਦ ॥ ੧੮ ॥
ਗਰ ਸ਼ਮਸ਼ੇਰ ਸੁਹਾਇ ਨਿਖੰਗ।
ਹਾਥ ਸਰਾਸਨ ਦੀਰਘ ਅੰਗ।
ਬਾਜ ਅਰੂਢੇ ਅੰਤਰ ਬਰੇ।
ਅਜਰ ਰੁਚਿਰ ਮਹਿਂ ਸ਼ੋਭਤਿ ਖਰੇ ॥ ੧੯ ॥
ਇਤ ਉਤ ਨਰ ਹੇਰਹਿਂ ਸਮੁਦਾਇ।
'ਇਹ ਕੋ ਨਭ[1] ਤੇ ਉਤਰ੍ਯੋ ਆਇ? [1]ਅਕਾਸ਼।
ਮਹਾਰਾਜ[1] ਸਮ ਬਡ ਉਤਸਾਹੀ। [1]ਪਾਤਸ਼ਾਹਾਂ ਵਤ।
ਕਿਤ ਤੇ ਸ਼ੰਕਮਾਨ[1] ਚਿਤ ਨਾਂਹੀ ॥ ੨੦ ॥ [1]ਸ਼ੰਕਾ ਵਾਲਾ।
ਬਦਨ ਪ੍ਰਫੁੱਲਿਤਿ ਕਮਲ ਸਮਾਨ।
ਨੇਤ੍ਰ ਬਿਸਾਲ ਕ੍ਰਿਪਾਲ ਸੁਜਾਨ।
ਦੀਰਘ ਭੁਜਾ ਸ਼ਸਤ੍ਰ ਸਭਿ ਧਾਰੀ।

ਗਰ ਜਾਮਾ ਜਿਨ ਕੇ ਦੁਤਿ ਭਾਰੀ ॥੨੧॥
ਆਇ ਅਚਾਨਕ ਪ੍ਰਵਿਸ਼ੇ ਧਾਮੂ।
ਨ੍ਰਿਭੈ ਸਭਿਨਿ ਤੇ ਤਨ ਅਭਿਰਾਮੂ।'
ਭਏ ਅਚੰਭੈ ਦੇਖਤਿ ਰੂਪ।
ਜਨੁ ਉਤਰਜੋ ਇਹ ਦੇਵ ਸਰੂਪ ॥੨੨॥
ਮਸਤਕ ਮਹਾਂ ਦਿਪਤ ਹੈ ਜੋਤਿ।
ਅਹਿਲਾਦਕ ਜਨੁ ਚੰਦ ਉਦੋਤਿ।
ਤਬਿ ਚਾਚਾ ਫੱਗੋ ਚਲਿ ਆਯੋ।
ਠਾਂਢੇ ਅਜਰ ਗੁਰੂ ਦਰਸਾਯੋ ॥੨੩॥
ਨਿਸ਼ਚੈ ਭਯੋ ਨ -ਹੈਂ ਗੁਰ ਏਹੀ-।
ਖਿਚਜੋ ਜਾਤਿ ਮਨ ਤਉ ਸਨੇਹੀ।
ਬਿਕਸਤਿ ਜਾਤਿ ਬਦਨ ਜਲਜਾਤਾ[1]। [1]ਕਵਲ ਵਾਂਙੂ ਮੁਖ।
ਦੇਖਤਿ ਰਿਦਾ ਉਮਗਿ ਹੁਲਸਾਤਾ[1] ॥੨੪॥ [1]ਖੁਸ਼ੀ ਨਾਲ ਉਛਲਦਾ ਪਿਆ ਹੈ।
ਸਹਜ ਸੁਭਾਇਕ ਪ੍ਰੇਮ ਬਧੰਤਾ।
ਖਰੇ ਸਮੁਖ ਚਿਤ ਮਹਿਂ ਚਿਤਵੰਤਾ।
ਬੂਝਿ ਨ ਸਕਹਿ ਤੇਜ ਦਰਸੰਤਾ।
ਪਿਖਿ ਬਿਸਮਤਿ ਬੋਲੇ ਭਗਵੰਤਾ ॥੨੫॥
'ਹੇ ਫੱਗੋ ! ਤੈਂ ਪ੍ਰਣ ਅਤਿ ਧਾਰਜੋ।
ਘਰ ਕੋ ਪੌਰ ਬਿਸਾਲ ਉਸਾਰਜੋ।
ਹਮ ਅਤਿ ਦੂਰ, ਨ ਰਿਦੇ ਬਿਚਾਰਜੋ।
ਕਿਮ ਆਵਹਿਂਗੇ, ਨਹਿਂ ਨਿਰਧਾਰਜੋ ॥੨੬॥
ਪੰਥ ਸੈਂਕਰੇ ਕੋਸਨਿ ਕੇਰਾ।
ਕਿਤੇ ਦਿਵਸ ਮਹਿਂ ਪਹੁੰਚੈ ਡੇਰਾ।
ਬਿਨਾ ਬਿਚਾਰੇ ਪ੍ਰੇਮ ਮਹਾਨਾ।
ਸੰਗਤਿ ਮੈਂ ਸੁਨਾਇ ਪ੍ਰਣ ਠਾਨਾ ॥੨੭॥
ਤੁਮ ਮਨਸ਼ਾ ਕੇ ਪੂਰਨ ਹੇਤੁ।
ਸਦਨ ਪ੍ਰਵੇਸ਼ੇ ਬਾਜ[1] ਸਮੇਤ। [1]ਘੋੜੇ।
ਤੋਰ ਪ੍ਰਤੱਗਜਾ ਪੂਰਨ ਕਰੀ।
ਜਿਮ ਇੱਛਾ ਤਿਮ ਕਰਿ ਇਸ ਘਰੀ' ॥੨੮॥

ਸੁਨਿ ਫੱਗੋ ਕੇ ਨਿਸ਼ਚੈ ਭਯੋ।
-ਇਹ ਗੁਰ ਤੇਗ ਬਹਾਦਰ ਅਯੋ-।
ਤਤਛਿਨ ਉਮਗ੍ਯੋ ਰਿਦੇ ਬਿਲੰਦ।
ਦੇਖਿ ਚੰਦ ਕੋ ਸਿੰਧੁ ਮਨਿੰਦ ॥੨੯॥
ਭਰੇ ਬਿਲੋਚਨ ਮਹਿਦ ਅਨੰਦ।
ਮੁਕਤਾ ਸਮ ਛੁਟਤਿ ਜਲ ਬੁੰਦ।
ਮੁਖ ਪਰਪੁਲਤ ਅੱਸ਼੍ਰੂ ਕੇ ਸੰਗ[1]।
ਤ੍ਰਿਪਤਿ ਨ ਦੇਖਤਿ ਚਢੇ ਤੁਰੰਗ ॥੩੦॥
ਭਾ ਸਥੰਭ[1] ਕੁਛ ਕਹ੍ਯੋ ਨ ਜਾਈ।
ਰੁਕ੍ਯੋ ਕੰਠ ਮੁਖ ਗਿਰਾ ਨ ਆਈ।
ਚਖਨਿ ਸਪਲਕ[1] ਥਿਰ੍ਯੋ ਰਹਿ ਆਗੇ।
ਬਹੁਰ ਪਾਇ ਸੁਧਿ ਕੋ ਬਡਭਾਗੇ ॥੩੧॥
ਪੂਜਤਿ ਰਹ੍ਯੋ ਜਿਸੇ ਦਿਨ ਰਾਤੀ।
ਹੁਤੋ ਪ੍ਰਯੰਕ ਰਚ੍ਯੋ ਸ਼ੁਭ ਭਾਂਤੀ।
ਕਰਿ ਤੂਰਨਤਾ ਆਨਿ ਡਸਾਯਹੁ।
ਸੁੰਦਰ ਆਸਤਰਨ ਸੋਂ ਛਾਯਹੁ ॥੩੨॥
ਧਰੇ ਮੁਲਾਇਮ ਬਰ ਉਪਧਾਨੁ।
ਰੇਸ਼ਮ ਡੋਰੈਂ ਤਨੀ ਮਹਾਨ।
ਜਾਇ ਰਕਾਬ ਗਹੀ ਤਬਿ ਹਾਥ।
ਤੁਰੰਗ ਉਤਾਰੇ ਸ਼੍ਰੀ ਗੁਰ ਨਾਥ ॥੩੩॥
ਸਿੰਘਾਸਨ ਪਰ ਤਬਹਿ ਬਿਠਾਏ।
ਪਰ੍ਯੋ ਡੰਡਵਤ ਗੁਰ ਅਗਵਾਏ।
ਬਾਰਿ ਬਾਰਿ ਅਭਿਬੰਦਨ ਭੂਮ[1]।
ਪਗ ਪੰਕਜ ਗਹਿ ਆਨਨ ਚੁੰਮ[1] ॥੩੪॥
ਲੇ ਗੁਰੁ ਕੀ ਪਨਹੀ ਨਿਜ ਹਾਥ।
ਤਿਸ ਤੇ ਧੂਲ ਲਗਾਵਤਿ ਮਾਥ।
ਹਾਥ ਜੋਰਿ ਹੁਇ ਖਰੋ ਅਗਾਰੀ।
ਬਾਰਿ ਬਾਰਿ ਹੋਵਤਿ ਬਲਿਹਾਰੀ ॥੩੫॥
'ਸ਼੍ਰੀ ਗੁਰੁ ! ਤੀਨ ਲੋਕ ਕੇ ਸ੍ਵਾਮੀ।
ਸਦਾ ਸਭਿਨਿ ਕੇ ਅੰਤਰਜਾਮੀ।
ਕੌਨ ਰੰਕ ਮੈਂ, ਚਲਿ ਘਰ ਆਏ।
ਬਿਰਦ ਦਾਸ ਬਤਸਲ ਤੁਮ ਗਾਏ[1]

[1]ਭਰ ਗਿਆ ਹੰਝੂਆਂ ਨਾਲ।
[1]ਥੰਮ ਵਾਂਙੂ ਹੋ ਗਿਆ ਭਾਵ ਅਹਿੱਲ ਖੜਾ ਰਹਿ ਗਿਆ।
[1]ਭਾਵ ਨੇਤ੍ਰਾਂ ਦੀ ਪਲਕਾਂ ਦੇ ਸਹਤ ਟਿਕਟਿਕੀ ਬੱਝ ਗਈ।
[1]ਧਰਤੀ ਤੇ।
[1]ਮੂੰਹ ਨਾਲ ਚੁੰਮੇ।
[1]ਤੁਸਾਡਾ ਬਿਰਦ ਦਾਸਾਂ ਨੂੰ ਪਜਾਰਨ ਵਾਲਾ ਕਹੀਦਾ ਹੈ।

॥ ੩੬ ॥
ਦੀਨ ਬੰਧੁ ਹੈ ਨਾਮ ਤੁਮਾਰਾ।
ਰਾਖਹੁ ਲਾਜ ਬਿਦਤਿ ਸੰਸਾਰਾ।
ਤੁਮ ਬਿਨ ਇਮ ਗੁਨ ਮਹਿਂ ਕਿਸ ਮਾਂਹੂ।
ਨਿਰਧਨ ਕੇ ਧਨ ਹੋ ਸਭਿ ਕਾਂਹੂ[1] ॥ ੩੭ ॥

[1]ਨਿਰਧਨ ਦੇ ਧਨ ਹੋ ਤੇ ਸਭ ਕਿਸੇ ਦੇ (ਆਪਣੇ) ਹੋ। (ਅ) ਕੋਈ ਧਨੀ ਹੋਵੇ ਯਾ ਨਿਰਧਨੀ ਹੋਵੇ ਆਪ ਸਭ ਕਿਸੀ ਦੇ ਹੋ।

ਸਹਸਰਾਵ ਕੇ[1] ਪੁਰਿ ਮਹਿਂ ਸਾਰੇ।
ਸੁਨਿ ਸੁਨਿ ਸਿਖ ਹਰਖਤਿ ਉਰ ਭਾਰੇ।
ਜੋ ਜੋ ਵਸਤੁ ਧਰੀ ਗੁਰ ਹੇਤੁ।
ਸੋ ਸਭਿ ਲੈ ਲੈ ਪ੍ਰੇਮ ਸਮੇਤ ॥ ੩੮ ॥

[1]ਸਸਰਾਮ ਸ਼ਹਿਰ।

ਅਨਿਕ ਅਕੋਰਨਿ ਕਰ ਧਰਿ ਆਏ।
ਦੇਖਤਿ ਦਰਸ਼ਨ ਸੀਸ ਨਿਵਾਏ।
ਕਰ ਜੋਰਹਿਂ ਅਰੁ ਬਿਨੈ ਬਖਾਨਹਿਂ।
ਕਰਹਿਂ ਤਿਹਾਵਲ ਕੋ ਬਹੁ ਆਨਹਿਂ ॥ ੩੯ ॥
ਕ੍ਰਿਪਾ ਸਿੰਧੁ ਸਭਿ ਕੀ ਦਿਸ਼ਿ ਦੇਖਿ।
ਕਰਹਿ ਖੁਸ਼ੀ ਲਹਿ ਅਨੰਦ ਵਿਸ਼ੇਖ।
ਉਤਸਵ ਠਾਨਹਿਂ ਅਨਿਕ ਪ੍ਰਕਾਰੀ।
ਧੂਪ ਧੁਖਾਇ ਆਰਤੀ ਉਤਾਰੀ ॥ ੪੦ ॥
ਫੂਲਨਿ ਮਾਲਾ ਰਚਹਿਂ ਬਿਸਾਲੇ।
ਬਹੁਤ ਸੁਗੰਧਤਿ ਗੁਰ ਗਰ ਡਾਲੇਂ।
ਮੇਵੇ ਮਧੁਰ ਮਧੁਰ ਫਲ ਲਜਾਏ।
ਭੋਜਨ ਹੇਤੁ ਅੰਨ ਸਮੁਦਾਏ ॥ ੪੧ ॥
ਮਾਤ ਨਾਨਕੀ ਨੁਖਾ ਸਮੇਤ।
ਆਇ ਬਾਸ ਕਿਯ ਤਿਸੀ ਨਿਕੇਤ।
ਡੇਰਾ ਅਪਰ ਵਹਿਰ ਸਭਿ ਹੋਯੋ[1]।
ਨਰ ਨਾਰਿਨਿ ਮਿਲਿ ਸਤਿਗੁਰ ਜੋਯੋ ॥ ੪੨ ॥

[1]ਹੋਰ ਸਾਰਾ ਡੇਰਾ ਬਾਹਰ ਹੋਇਆ।

ਹੇਤੁ ਦੇਗ਼ ਕੇ ਸ੍ਰੇਸ਼ਟ ਅੰਨ।
ਗਨ ਆਨਹਿਂ ਚਹਿਂ ਗੁਰੂ ਪ੍ਰਸੰਨ।
ਦੁਗਧ ਘ੍ਰਿੱਤ ਬਹੁ ਬਿਧਿ ਮਠਿਆਈ।
ਸੂਖਮ ਚਾਵਰ ਫਲ ਸਮੁਦਾਈ ॥ ੪੩ ॥

ਅਨਿਕ ਬਿਧਿਨਿ ਕਰਿਵਾਇ ਅਹਾਰੇ।
ਸਤਿਗੁਰ ਕੋ ਅਚਵਾਵਨਿ ਧਾਰੇ।
ਬ੍ਰਿੰਦ ਸਿੱਖ ਬੈਠਤਿ ਹੈਂ ਪਾਸ।
ਗੁਰ ਕੋ ਬਾਕ ਸੁਨਹਿਂ ਸੁਖਰਾਸ ॥੪੪॥
ਕੇਤਿਕ ਦਿਨ ਤਹਿਂ ਕੀਨਸਿ ਡੇਰਾ।
ਪੂਰਜੋ ਪ੍ਰਣ ਬਹੁ ਸਿੱਖਨਿ ਕੇਰਾ।
ਜੋ ਜੋ ਗੁਰੁ ਹਿਤ ਜਿਸ ਜਿਸ ਰਾਖਾ।
ਸੋ ਸੋ ਅਰਪਤਿ ਪੂਰ ਭਿਲਾਖਾ ॥੪੫॥
ਸਭਿ ਸਿੱਖਜਨਿ ਪਰ ਖੁਸ਼ੀ ਭਏ ਹੈਂ।
ਰਿਦੈ ਮਨੋਰਥ ਪੂਰ ਦਏ ਹੈਂ।
ਪੁਨ ਚਹਿਂ ਗਮਨਜੋ ਗੁਰੂ ਅਗਾਰੀ।
ਕਵਿ ਸੰਤੋਖ ਸਿੰਘ ਹ੍ਵੈ ਬਲਿਹਾਰੀ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਫੱਗੋ ਕੇਰ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

## ੫੬. [ਸੰਸਰਾਵ ਡੇਰਾ, ਬੇਰੀ। ਬਾਗ਼ ਵਿਚ ਨਿਵਾਸ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਬਿਹਸ ਕਹ੍ਯੋ ਸਤਿਗੁਰੁ ਤਬਹਿ, ਫੱਗੋ ਨਿਕਟਿ ਬੁਲਾਇ।
'ਸਿੱਖਨਿ ਗ੍ਰਿਹ ਤੇ ਕਾਰ ਗੁਰੁ, ਲੇ ਕੀਨਸਿ ਇਕਥਾਇ[1] ॥੧॥

ਚੌਪਈ:

ਸੋ ਅਬਿ ਅਰਪਨ ਕੀਜਹਿ ਆਨਿ।
ਹਮ ਚਾਹਤਿ ਆਗੈ ਪ੍ਰਸਥਾਨ।'
ਹਾਥ ਜੋਰਿ ਤਿਨ ਸਕਲ ਸੁਨਾਈ।
'ਕਹ੍ਯੋ ਜੁ ਮੈਂ ਆਗੇ ਇਕਥਾਈ[1] ॥੨॥
ਸੋ ਗਿਨ ਗਿਨ ਪੈਸੇ ਲਗ[1] ਸਾਰੇ।
ਹੁੰਡੀ ਕੋ ਕਰਾਇ ਬਹੁ ਬਾਰੇ।
ਰਹ੍ਯੋ ਹਜ਼ੂਰ ਪੁਚਾਵਤਿ ਸੋਈ।
ਛਾਨੀ[1] ਨਹੀਂ ਆਪ ਤੇ ਕੋਈ ॥੩॥
ਅਬਿ ਬਾਕੀ ਜੇਤਿਕ ਧਨ ਕੀਨਾ।
ਸੋ ਸਭਿ ਚਹੌਂ ਆਪ ਕੋ ਦੀਨਾ।'
ਇਮ ਕਹਿ ਦਯੋ ਦਰਬ ਕੋ ਆਨਿ।
ਜੋ ਸਿੱਖਜਨਿ ਤੇ ਲੀਨਿ ਮਹਾਨ ॥੪॥
ਪਿਖਿ ਸਤਿਗੁਰ ਨੇ ਤਿਹ ਸੋਂ ਕਹ੍ਯੋ।
'ਅਪਰ ਲਜਾਉ ਜੋ ਬਾਕੀ ਰਹ੍ਯੋ।
ਹਮਰੇ ਹਿਤ ਜੋ ਕਿਛ ਕਿਸ ਦੀਨਾ।
ਸੋ ਅਬਿ ਦੇਹੁ ਜੁ ਤੁਵ ਕਰ ਲੀਨਾ' ॥੫॥
ਸੁਨਿ ਫੱਗੋ ਮਨ ਮਹਿਂ ਬਿਸਮਾਨ੍ਯੋ।
-ਇਹ ਕਯਾ ਸਤਿਗੁਰ ਬਾਕ ਬਖਾਨ੍ਯੋਂ।
ਮੋ ਢਿਗ ਤਉ ਅਬਿ ਕੁਛ ਨਹਿ ਰਹ੍ਯੋ।
ਇਹ ਕਿਮ ਜਾਚਹਿਂ, ਕਯਾ ਉਰ ਲਹ੍ਯੋ? ॥੬॥
ਕੂਰ ਬਾਕ ਇਹ ਕਹੈਂ ਨ ਕ੍ਯੋਂ ਹੂੰ।
ਮੁਝ ਢਿਗ ਰਹ੍ਯੋ ਨ, ਸਤਿ ਭੀ ਯੌਂ ਹੂੰ[1]-।
ਚਿਤ ਚਿਤਵਤਿ ਬਿਤਵਤਿ[1] ਤਿਸ ਕਾਲ।

[1]ਤੂੰ ਲੈ ਕੇ ਇਕੱਠੀ ਕੀਤੀ ਹੈ।

[1]ਇਕੱਠੀ ਕੀਤੀ ਸੀ।

[1]ਪੈਸੇ ਪੈਸੇ ਤਕ।

[1]ਗੁੱਝੀ।

[1]ਇਹ ਬੀ ਸੱਚ ਹੈ ਕਿ ਮੇਰੇ ਪਾਸ (ਬਾਕੀ ਕੁਛ) ਨਹੀਂ ਰਹਿਆ।

[1]ਬੀਤਿਆ।

ਇਕ ਸਿਖਨੀ ਗਤਿ[1] ਕੀਨਿ ਸੰਭਾਲ[2] ॥੭॥
'ਸੁਨਹੁ ਪ੍ਰਭੁ ! ਜੋ ਮੈਂ ਨਹਿਂ ਦੀਨਾ।
ਆਪ ਸਿਮਰਿ[1] ਚਾਹਹੁ ਜਿਸ ਲੀਨਾ।
ਇਕ ਦਿਨ ਇਕ ਸਿਖ ਕੇ ਘਰ ਗਯੋ।
ਤਹਾਂ ਨ ਸਿਖ ਕੋ ਦੇਖਤਿ ਭਯੋ ॥੮॥
ਸਿਖਨੀ ਹੁਤੀ ਤਿਸੀ ਸੰਗ ਭਾਖੀ।
-ਦਿਹੁ ਗੁਰੁ ਕਾਰ ਜੁ ਹੈ ਘਰ ਰਾਖੀ-।
ਕਹਨਿ ਲਗੀ -ਸਿਖ ਨਾਹਨ ਘਰੋ।
ਨਿਕਟਿ ਨ ਕੁਛ ਦੈਬੋ ਕਸ ਕਰੋਂ- ॥੯॥
ਸੁਨਿ ਕੈ ਪੁਨ ਮੈਂ ਬੋਲਯੋ ਤਾਂ ਸੋਂ।
-ਜੋ ਕਿਛ ਹੋਹਿ ਦੇਹੁ ਨਿਜ ਪਾਸੋਂ।
ਜੋ ਦੇਵਹਿਂ ਸੋ ਮੈਂ ਲੈ ਜਾਊਂ[†]।
ਸਤਿਗੁਰ ਪਾਸ ਦੇਇ ਪਹੁੰਚਾਊਂ- ॥੧੦॥
ਨਿਰਧਨ ਸਿਖ ਗਰੀਬ ਕੋ ਧਾਮ।
ਕਾਲ ਨਿਬਾਹਤਿ[1] ਕਰਿ ਪਰਕਾਮ[2]।
ਭਈ ਸੁ ਕੋਪ ਸੁਨੇ ਬਚ ਮੇਰੇ।
ਐਸੇ ਕਹਨਿ ਲਗੀ ਤਿਸ ਬੇਰੇ ॥੧੧॥
-ਜੇ ਕਰਿ ਛੂਛਾ ਗਮਨਤਿ ਨਾਂਹਿ।
ਕੂਰਾ ਪਰਯੋ ਅਜਰ ਲੇ ਜਾਹਿ।
ਅਪਰ ਕਹਾਂ ਦੇਵੌਂ ਤੁਮ ਹਾਥ।
ਲਜਾਇ ਕਮਾਇ ਨ ਘਰ ਕੋ ਨਾਥ[1]- ॥੧੨॥
ਮੈਂ ਸੁਨਿ ਬਿਨੈ ਕੀਨਿ -ਤਬਿ ਏਹੋ।
ਰਿਦੇ ਭਾਵਨਾ ਸੋਂ ਤੁਮ ਦੇਹੋ-।
ਭਰਿ ਅੰਜੁਲ ਰਿਸ ਤੇ ਉਰ ਪੂਰਾ।
ਮਮ ਅੰਚਲ ਸੰਗ ਬੰਧਯੋ ਕੂਰਾ[1] ॥੧੩॥
ਸੋ ਮੈਂ ਤਿਸੀ ਰੀਤਿ ਲੇ ਆਯੋ।
ਗ੍ਰਿਹ ਮਹਿਂ ਖੋਲਯੋ ਅਵਨਿ ਗਿਰਾਯੋ।
ਤਿਸ ਮਹਿਂ ਏਕ ਪਰੀ[1] ਮੈਂ ਹੇਰੀ।

[1]ਇਕ ਸਿੱਖਣੀ ਦਾ ਕੌਤਕ ਯਾ ਕਰਨੀ। [2]ਯਾਦ ਕੀਤੀ।

[1]ਯਾਦ ਕਰਾਕੇ।

[†]ਪਾ:-ਗੁਰ ਹਿਤ ਲੇਨ ਤੋਹਿ ਘਰ ਆਇਵ। ਕਿਮ ਛੂਛੋ ਅਬਿ ਹਟਿ ਕਰ ਜਾਇਵ।

[1]ਝੱਟ ਲੰਘਾਉਂਦੇ। [2]ਪਰਾਇਆ ਕੰਮ ਕਰਕੇ।

[1]ਪਤੀ।

[1]ਕੂੜਾ।

[1]ਪਈ ਹੋਈ।

ਬਦਰੀ ਫਲ ਕੀ ਗਿਟਕ ਬਡੇਰੀ ॥੧੪॥
ਸੋ ਮੈਂ ਇਹਾਂ ਬੋਇ ਕਰਿ ਦੀਨਿ।
ਤਿਸ ਤੇ ਬਦਰੀ ਕੋ ਤਰੁ ਚੀਨਿ।
ਤੁਮ ਅੰਤਰਜਾਮੀ ਸਭਿ ਜਾਨੀ।
ਕਾਰ ਆਪ ਕੀ ਇਹੈ ਨਿਸ਼ਾਨੀ ॥੧੫॥
ਲੀਜੈ ਸੋ, ਸਿਖ ਕਰੋ ਸਹਾਇ।
ਅੰਸ ਗੁਰੂ ਇਹੁ ਤਰੁ ਨਿਪਜਾਇ।'
ਗਨ ਸਿੱਖਜਨਿ ਮਹਿਂ ਸੁਨਤਿ ਪ੍ਰਸੰਨੇ।
ਕਹ੍ਯੋ ਗੁਰੂ 'ਸਿੱਖ ! ਤੂੰ ਧਨ ਧੰਨੇ ॥੧੬॥
ਗੁਰਮੁਖ ਪਰਸ੍ਵਾਰਥ ਕੋ ਕਰਿਤਾ।
ਰਿਦੈ ਲੋਭ ਹੰਕਾਰ ਨ ਧਰਿਤਾ।
ਗੁਰ ਕਾਰਜ ਕੋ ਕਰਤਿ ਅਰੰਭ।
ਸਿੱਖੀ ਥੰਭਨ ਕੇ ਤੁਮ ਥੰਭ[1] ॥੧੭॥
ਭਵਸਾਗਰ ਤੇ ਉਤਰੈਂ ਪਾਰ।
ਅਪਰ ਅਨੇਕਨਿ ਕਰਹੁ ਉਧਾਰ।
ਤੁਵ ਗਤਿ ਚਹਤਿ ਹੁਤੇ ਬਿਦਤਾਈ[1]।
ਗਨ ਸਿੱਖਜਨਿ ਮਹਿਂ ਅਬਹਿ ਸੁਨਾਈ ॥੧੮॥
ਗੁਨ ਗਨ ਅਪਨੇ, ਪਰ ਕੇ ਦੋਸ਼।
ਚਹਤਿ ਛਪਾਏ ਜੁਤਿ ਸੰਤੋਸ਼।
ਸੋਈ ਸਿੱਖ ਭਲੇ ਮਮ ਪਜਾਰੇ।
ਸਾਸ ਸਾਸ ਮਹਿਂ ਮੋਹਿ ਚਿਤਾਰੇ ॥੧੯॥
ਹੇ ਫੱਗੋ ! ਤੂੰ ਗੁਰਮੁਖ ਸਿੱਖਜ।
ਸੁਨਹਿ ਕਥਾ ਸਿਖ ਤੋਹਿ ਭਵਿੱਖਜ।
ਤਿਨ ਕੋ ਸਿੱਖੀ ਪ੍ਰਾਪਤਿ ਹੋਇ।
ਕਾਮ ਕ੍ਰੋਧ ਹੰਕਾਰ ਨ ਕੋਇ' ॥੨੦॥
ਸੁਨਿ ਕਰਿ ਸੰਗਤਿ ਬਾਕ ਬਿਲਾਸ।
ਮਹਿਮਾ ਜਾਨੀ ਅਨੰਦ ਪ੍ਰਕਾਸ਼।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ।
'ਪੂਰਹੁ ਭਾਵਨੀ ਪ੍ਰਭੂ ਹਮਾਰੀ ॥੨੧॥
ਗਨ ਸਿੱਖਨਿ ਮਿਲਿ ਕਰਿ ਅਨੁਰਾਗ।
ਤੁਮ ਹਿਤ ਵਹਿਰ ਲਗਾਇਵ ਬਾਗ।

[1]ਸਿੱਖੀ ਦੇ ਸੰਭਾਲਨ ਨੂੰ ਥੰਭ ਵਤ ਹੋ, ਭਾਵ ਆਸ਼੍ਰਾ ਹੋ।

[1]ਤੇਰੀ ਕਰਨੀ ਪ੍ਰਗਟ ਕੀਤੀ ਚਾਹੁੰਦੇ ਸੀ।

ਆਰੂ, ਆਮਰੂਦ, ਤਰੁ ਅੰਬ।
ਕਦਲੀ ਯੁਕਤ ਸੀਂਚਿ ਤਰੁ ਅੰਬੁ[1] ॥੨੨॥
ਚਹੁੰਦਿਸ਼ਿ ਦੁਰਬਾ[1] ਹਰਿਤ ਖਰੀ ਹੈ[2]।
ਹੇਰਤਿ ਮਨ ਕੋ ਹਰਤਿ ਖਰੀ ਹੈ।
ਬਰਨ ਬਰਨ ਕੀ ਬਡ ਫੁਲਵਾਰੀ।
ਬਾਰੀ ਬਾਰਿ ਪਾਇ ਕਰਿ ਪਾਰੀ[1] ॥੨੩॥
ਬੀਚ ਸਥੰਡਲ ਚਾਰ ਚੁਕੋਨਾ।
ਸਫਲ ਔਨ ਤਰੁ[1], ਬਰਨੈ ਕੌਨਾ।
ਆਪ ਚਰਨ ਤਿਸ ਥਲ ਚਲਿ ਪਾਵਹੁ।
ਸਫਲ ਬਾਗ ਕੋ ਸਫਲ[1] ਬਨਾਵਹੁ' ॥੨੪॥
ਇਮ ਦਾਸਨਿ ਕੀ ਬਿਨਤੀ ਸੁਨਿ ਕੈ।
ਸਭਿ ਸੰਗਤਿ ਕੀ ਪ੍ਰੀਤੀ ਗੁਨਿ ਕੈ।
ਜ਼ੀਨ ਪਵਾਯੋ ਰੁਚਿਰ ਤੁਰੰਗ।
ਭਏ ਤਯਾਰ ਨਿਜ ਸਿੱਖਨ ਸੰਗ ॥੨੫॥
ਹਯ ਅਰੂਢਿ ਤਿਸ ਦਿਸ਼ਿ ਕੋ ਚਲੇ।
ਆਗੇ ਕਰਹਿਂ ਕੀਰਤਨ ਭਲੇ।
ਸੰਗਤਿ ਬ੍ਰਿੰਦ ਭਜਨ ਕੋ ਕਰਿਤੇ।
ਗਮਨਤਿ ਗੁਰੁ ਕੋ ਦਰਸ ਨਿਹਰਿਤੇ ॥੨੬॥
ਪਹੁੰਚੇ ਚਲਿ ਕਰਿ ਬਾਗ਼ ਮਝਾਰ।
ਚਹੁੰਦਿਸ਼ਿ ਮਹਿਂ ਸਿਖ ਜੈ ਜੈ ਕਾਰ।
ਸੁੰਦਰ ਜਹਾਂ ਸਥਾਨ ਬਨਾਇਵ।
ਤਹਾਂ ਜਾਇ ਸਤਿਗੁਰੁ ਉਤਰਾਇਵ ॥੨੭॥
ਸੁੰਦਰ ਆਨਿ ਪ੍ਰਯੰਕ ਡਸਾਇਵ।
ਚਹੁੰਦਿਸ਼ਿ ਫਰਸ਼ ਅਪਰ ਕਰਵਾਇਵ।
ਭਜਨ ਅਨੰਦ ਕਰਤਿ ਤਹਿਂ ਬੈਸੇ।
ਰਘੁਨੰਦਨ ਮੁਨਿ ਗਨਿ ਮਹਿਂ ਜੈਸੇ ॥੨੮॥
ਮਾਲੀ ਫੂਲਨਿ ਮਾਲ ਬਿਸਾਲ।

[1]ਬ੍ਰਿੱਛ ਜਲ ਨਾਲ ਸਿੰਚਕੇ।
[1]ਖੱਬਲ ਘਾਸ। [2]ਦੇਖਿਆਂ ਮਨ ਨੂੰ ਚੰਗੀ ਹਰਦੀ ਹੈ।
[1]ਵਾੜੀ ਜਲ ਪਾਕੇ ਪਾਲੀ ਹੈ।
[1]ਸਹਿਤ ਫਲਾਂ ਦੇ ਧਰਤੀ ਤੇ ਬ੍ਰਿੱਛ ਹਨ।
[1]ਭਾਵ ਭਾਗੇ ਭਰਿਆ।

ਅਪਰ ਪੁਸ਼ਪ ਬਹੁ ਰੰਗਨਿ ਜਾਲ[1]। [1]ਬਹੁਤੇ।
ਫਲ ਮਧੁਰੇ ਅਰੁ ਤੁਰਸ਼ ਅਨੇਕ।
ਕੀਨੇ ਅਰਪਨਿ ਜਲਧਿ ਬਿਬੇਕ[1] ॥੨੯॥ [1]ਗੁਰੂ ਜੀ ਦੀ ਭੇਟਾ ਕੀਤੇ।
ਬਹੁਤ ਭਾਂਤਿ ਕੇ ਬਿਟਪ ਦਿਖਾਏ।
ਸ੍ਰੀ ਸਤਿਗੁਰ ਹਿਤ ਜੇ ਲਗਵਾਏ।
ਨਹਿਰ ਨੀਰ ਕੀ ਬਹੁਤ ਚਲਾਈ।
ਚਹੁੰਦਿਸ਼ਿ ਮਹਿਂ ਦੁਰਬਾ ਛਿਰਕਾਈ[1] ॥੩੦॥ [1]ਖਬਲ ਘਾਹ ਖਲੇਰ ਕੇ ਲਾਇਆ ਹੋਇਆ ਸੀ।
ਬੇਲਨਿ ਕੇ ਬਿਸਤਾਰ ਬਡੇਰੇ।
ਸੰਗਤ ਸਹਤਿ ਗੁਰੂ ਸਭਿ ਹੇਰੇ।
ਸਗਰੇ ਦਿਵਸ ਬਸੇ ਤਿਸ ਬਾਗ।
ਹੇਰਿ ਹੇਰਿ ਸੰਗਤਿ ਅਨੁਰਾਗ ॥੩੧॥
ਕਰੀ ਭਾਵਨਾ ਪੂਰਨ ਨੀਕੇ।
ਧਰਤਿ ਜੁ ਰਹੇ ਮਨੋਰਥ ਜੀ ਕੇ।
ਇਤ ਉਤ ਨਿਜ ਦ੍ਰਿਸ਼ਟੀ ਕੋ ਪ੍ਰੇਰਤਿ।
ਰਚਨਾ ਉਪਬਨ ਕੀ ਸਭਿ ਹੇਰਤਿ ॥੩੨॥
ਜਾਨਿ ਪ੍ਰੇਮ ਸਿੱਖਨਿ ਕੋ ਜਾਲ।
ਭਨਜੋ ਬਚਨ 'ਤੁਮ ਭਏ ਨਿਹਾਲ।'
ਸੰਝ ਭਈ ਲੇ ਸੰਗਤਿ ਸੰਗਿ।
ਸਤਿਗੁਰ ਭਏ ਅਰੂਢਿ ਤੁਰੰਗ ॥੩੩॥
ਸਨੇ ਸਨੇ ਪੁਨ ਪੁਰਿ ਮਹਿਂ ਆਏ।
ਉਤਸਵ ਕਰਤਿ ਅਨਿਕ ਮਨਿ ਭਾਏ।
ਧਰਮਸਾਲ ਮਹਿ ਉਤਰੇ ਜਾਇ।
ਜੋ ਸਭਿ ਸੰਗਤਿ ਕੀਨਿ ਬਨਾਇ ॥੩੪॥
ਰੁਚਿਰ ਪ੍ਰਯੰਕ ਸੁ ਊਪਰ ਰਾਜੈਂ।
ਪਿਖਿ ਪਿਖਿ ਸਿੱਖਨਿ ਕਲਮਖ[1] ਭਾਜੈਂ। [1]ਪਾਪ।
ਭਈ ਨਿਸਾ ਪੁਨ ਮੰਗਲ ਕਰੇ।
ਧੂਪ ਧੁਖਾਵਹਿਂ ਆਨੰਦ ਭਰੇ ॥੩੫॥
ਦੀਪਕ ਬਾਰਿ ਆਰਤੀ ਸਾਜੀ।
ਗਨ ਸੰਖਨਿ ਕੀ ਧੁਨਿ ਬਡ ਗਾਜੀ।
ਫੂਲਨਿ ਕੀ ਬਰਖਾ ਬਰਖਾਵਹਿਂ।

ਮਾਲ ਬਿਸਾਲ ਗਰੇ ਪਰਿਹਾਵਹਿਂ ॥੩੬॥
ਸ਼ਬਦ ਕੀਰਤਨ ਕੀਨਿ ਬਿਸਾਲਾ।
ਜਾਗਤਿ ਰਹੇ ਸਿੱਖਜ ਤਿਸ ਕਾਲਾ।
ਅਨਿਕ ਪ੍ਰਕਾਰਨਿ ਕੇਰ ਅਹਾਰਾ।
ਮਧੁਰ ਸਲਵਣ ਸੁ ਤੁਰਸ਼ ਅਚਾਰਾ[1] ॥੩੭॥
ਜਿਸ ਕੇ ਗ੍ਰਿਹ ਕੀ ਵਸਤੁ ਜੁ ਆਈ।
ਸ਼੍ਰੀ ਗੁਰ ਤੇਗ ਬਹਾਦਰ ਖਾਈ।
ਸਫਲ ਜਨਮ ਤਿਨ ਅਪਨੋ ਜਾਨਾ।
ਨਿਸ਼ਚੈ ਧਰਿ, ਜਮ ਕੋ ਦੁਖ ਹਾਨਾ ॥੩੮॥
ਜੁਤਿ ਮਿਸਰੀ ਕੇ ਦੁਘਧ ਲਿਆਏ।
ਮਾਤ ਨਿਕਟਿ ਕੁਛ ਦਿਯੋ ਪੁਚਾਏ।
ਕੋ ਚਾਂਪਤਿ ਹੈ ਚਰਨ ਸਪ੍ਰੇਮ।
ਹਾਂਕਤਿ ਪੌਨ ਚਾਹਤੇ ਛੇਮ ॥੩੯॥
ਧਰਮਸਾਲ ਮਹਿਂ ਕਰਿ ਕੈ ਸੈਨ।
ਤੀਨ ਜਾਮ ਜਬਿ ਬੀਤੀ ਰੈਨ।
ਉਠੇ ਪ੍ਰਭੁ ਕਰਿ ਸੌਚਾਚਾਰ।
ਪੁਨ ਸ਼ਨਾਨ ਕਰਿ ਨਿਰਮਲ ਬਾਰਿ[1] ॥੪੦॥
ਬੈਠੇ ਮਨ ਕੋ ਗੁਰੂ ਟਿਕਾਇ।
ਆਸਾਵਾਰ ਸਿੱਖਜ ਤਬਿ ਗਾਇਂ।
ਸ਼ਬਦ ਪ੍ਰੇਮ ਕੇ ਛੰਤਨਿ ਗਾਏ।
ਹੋਤਿ ਪ੍ਰਾਤਿ ਕੋ ਭੋਗ ਸੁ ਪਾਏ ॥੪੧॥
ਸ਼੍ਰੀ ਗੁਰ ਤੇਗ ਬਹਾਦਰ ਚੰਦ।
ਗਮਨਜੋਂ ਚਾਹਤਿ ਧਰੇ ਅਨੰਦ।
ਵਾਹਨ ਸਗਰੇ ਕਰਿ ਕੈ ਤਜਾਰ।
ਹੋਤਿ ਭਏ ਤਤਛਿਨ ਅਸਵਾਰ ॥੪੨॥
ਕਿਤਿਕ ਦੂਰ ਸੰਗਤਿ ਸੰਗ ਆਈ।
ਕਰਿ ਕਰਿ ਪ੍ਰੇਮ ਚਰਨ ਲਪਟਾਈ।
ਦੇ ਦੇ ਧੀਰਜ ਸਤਿਗੁਰ ਮੋਰੀ[1]।
ਆਪ ਪਧਾਨੇ ਪੂਰਬ ਓਰੀ ॥੪੩॥

[1]ਖੱਟੇ ਅਚਾਰ।

[1]ਨਿਰਮਲ ਜਲ ਨਾਲ।

[1]ਮੋੜੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸਹਸਰਾਂਵ ਕੋ ਡੇਰਾ' ਪ੍ਰਸੰਗ ਬਰਨਨੰ ਨਾਮ ਖਸਟ ਪੰਚਾਸਤੀ ਅੰਸੂ ॥੫੬॥

## ੫੭. [ਗਯਾ ਜੀ। ਜੈਤਾ ਸੇਠ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸਨੇ ਸਨੇ ਸ਼੍ਰੀ ਸਤਿਗੁਰੂ, ਗਮਨੇ ਮਾਰਗ ਜਾਇਂ।
ਛੇਤ੍ਰ ਸੁ ਗਜਾਸੁਰ[1] ਕੇ ਵਿਖੈ, ਪਹੁੰਚਤਿ ਭਏ ਸੁਥਾਇ ॥੧॥

[1]ਗਯ+ਅਸੁਰ ਛੇਤ੍ਰ = ਗਾਜ ਨਾਮੇ ਰਾਖਸ਼ ਦਾ ਤੀਰਥ = ਗਯਾ। ਗਯਾ ਇਕ ਧਰਮੀ ਪੁਰਖ ਸੀ ਜਿਸਦੇ ਦਰਸ਼ਨ ਨਾਲ ਲੋਕ ਮੁਕਤ ਹੁੰਦੇ ਸਨ, ਜਿੱਥੇ ਇਸ ਦੀ ਦੇਹ ਦੱਬੀ ਸੋ ਥਾਂ ਗਯਾ ਹੈ, ਇੱਥੇ ਪਿੰਡ ਭਰਾ ਕੇ ਲੋਕੀਂ ਪਿਤ੍ਰਾਂ ਨੂੰ ਮੁਕਤ ਹੋ ਗਿਆ ਸਮਝਦੇ ਹਨ।

ਚੌਪਈ:

ਅਦਭੁਤ ਲੀਲਾ ਸਤਿਗੁਰ ਦਯਾਲ।
ਕਰਨਿ ਹੇਤੁ ਨਰ ਅਧਿਕ ਨਿਹਾਲ।
ਘਾਟ ਬਾਮਨੀ[1] ਕੀਨਸਿ ਡੇਰਾ।
ਚਢਿ ਤੁਰੰਗ ਫਲਗੂ[1] ਮਹਿਂ ਹੇਰਾ[†] ॥੨॥

[1]ਬਾਮਨੀ ਘਾਟ।

[1]ਬਿਹਾਰ ਦੇਸ਼ ਵਿਚ ਫਲਗੂ ਨਾਮੇ ਨਦੀ ਜਿਸ ਦੇ ਕਿਨਾਰੇ ਗਯਾ ਹੈ। ਸੂਚਨਾ-ਕੁਰਛੇਤ੍ਰ ਪਹੋਏ ਪਾਸ ਬੀ ਇਕ ਟਿਕਾਣੇ ਦਾ ਨਾਂ ਫਲਗੂ ਹੈ। [†]ਪਾ:-ਫੇਰਾ।

ਬਿੱਪ੍ਰ ਛੇਤ੍ਰ ਕੇ ਮਿਲਿ ਸਮੁਦਾਏ।
ਸੁਨਿ ਆਗਵਨ ਗੁਰੂ ਢਿਗ ਆਏ।
ਜਗਜੋ ਪਵੀਤ[1] ਭੇਟ ਲੈ ਮਿਲੇ।
ਛੇਤ੍ਰ ਮਹਾਤਮ ਉਚਰਜੋ ਭਲੇ ॥੩॥
ਦਾਨ ਪੁੰਨ ਤੀਰਥ ਬਿਵਹਾਰੂ।
ਕੀਨਿ ਉਚਾਰਨ ਸਰਬ ਪ੍ਰਕਾਰੂ।
'ਕਰਹੁ ਸ਼ਨਾਨ ਗਯਾ ਪਿੰਡ ਦੀਜਹਿ[1]।
ਦੇਵ ਪਿਤ੍ਰ ਤ੍ਰਿਪਤਾਵਨਿ ਕੀਜਹਿ' ॥੪॥
ਸੁਨਿ ਸ਼੍ਰੀ ਤੇਗ ਬਹਾਦਰ ਕਹਜੋ।
'ਤੀਰਥ ਮਹਾਤਮ ਤੁਮ ਨਹਿਂ ਲਹਜੋ।
ਫਲਗੂ ਬਿਖੈ ਚਰਨ ਜੋ ਧਾਰੇ।
ਪਿਤਰ ਆਪਨੇ ਤਿਨਹੁ ਉਧਾਰੇ ॥੫॥
ਸੁਰ ਤ੍ਰਿਪਤਹਿ ਜੈਕਾਰ ਉਚਾਰੈਂ।
ਸਰਬ ਅਘਨਿ ਕੋ ਦੂਰ ਨਿਵਾਰੈਂ[†]।'

[1]ਜੰਞੂ।

[1]ਪਿੰਡ ਭਰਾਵੇ।

[†]ਇਹ ਉਸ਼ਟ ਲਕੜ ਨਜਾਯ ਹੈ। ਕਿ ਜਦ ਤੁਸਾਡਾ ਮਤ ਇਹ ਕਹਿੰਦਾ ਹੈ ਕਿ ਜਿਸ ਨੇ ਫਲਗੂ ਨਦੀ ਵਿਚ ਪੈਰ ਧਰ ਦਿਤੇ ਉਸ ਦੇ ਪਿੱਤਰ ਤਰ ਗਏ, ਫੇਰ ਪਿੰਡ ਦੇਣ ਦੀ ਲੋੜ ਆਪੇ ਹੀ ਨਾ ਰਹੀ।

ਸੁਨਿ ਦਿਜ ਗਨ ਸਗਰੇ ਬਿਸਮਾਏ।

ਹਾਥ ਜੋਰਿ ਕਰਿ ਬਿਨੈ ਅਲਾਏ ॥੬॥
'ਤੁਮ ਸਤਿਗੁਰੂ ਬਿਸ਼ਨ ਅਵਤਾਰ।
ਜੇ ਨ ਕਰਹੁਗੇ ਸ਼੍ਰਾਧ ਅਚਾਰ।
ਪੁਨ ਕੋਇ ਨ ਕਰਿ ਹੈ ਇਹ ਰੀਤਿ।
ਹਮ ਸੋਂ ਹੋਇ ਜਾਹਿਂ ਬਿੱਪ੍ਰੀਤ ॥੭॥
ਨਹਿਂ ਮਾਨਹਿਂ ਧਨ ਦੇਹਿਂ ਨ ਕੋਈ।
ਆਵਹਿਂ ਕਰਹਿਂ ਸ਼੍ਰਾਧ ਨਹਿਂ ਸੋਈ।
ਜਾਇ ਜੀਵਕਾ ਬਿਗਰ ਹਮਾਰੀ।
ਪੁਰਸ਼ੋਤਮ ਮਿਰਜਾਦਾ ਧਾਰੀ[1] ॥੮॥

[1]ਆਪ ਪੁਰਸ਼ੋਤਮ ਤੇ ਮਿਰਜਾਦਾ ਧਾਰੀ ਹੋ।

ਤੁਮ ਕੋ ਉਚਿਤ ਨ ਐਸੇ ਕਰਨੀ।
ਧਰਮ ਸਥਾਪਹੁ ਸਗਰੀ ਧਰਨੀ।'
ਸੁਨਿ ਬਿਨਤੀ ਬਿੱਪ੍ਰਨਿ ਕੀ ਐਸੇ।
ਕਰਤਿ ਭਏ ਤਸ, ਭਾਖਤਿ ਜੈਸੇ[†] ॥੯॥

[†]ਤਵਾ: ਖਾ: ਵਿਚ ਲਿਖਿਆ ਹੈ ਕਿ ਪੰਡੇ ਜਨੇਊ ਲੈ ਕੇ ਮਿਲੇ ਗੁਰਾਂ ਨੇ ਆਸਾ ਦੀ ਵਾਰ ਵਿਚੋਂ ਜੰਞੂ ਦੇ ਗੁਰਵਾਕ ਸੁਣਾਏ। ਫੇਰ ਗੁਰੂ ਜੀ ਨੇ ਕਿਹਾ ਅਸੀਂ ਪਿੰਡ ਭਰਵਾਣ ਨਹੀਂ ਆਏ ਤੇ ਉਪਰਲੀ ਗੱਲ ਅੰਕ ੫ ਵਾਲੀ ਕਹੀ ਭਾਵ ਕਿ ਕੁਛ ਕਹਿਣਾ ਨਹੀਂ ਮੰਨਿਆਂ। ਇਹ ਕਿਹਾ ਕਿ ਦਾਨ ਜੋ ਮੰਗੋ ਦੇ ਦਿਆਂਗੇ, ਉਹਨਾਂ ਨੇ ਸਰਬੰਸ ਮੰਗਿਆ ਤਾਂ ਆਪ ਨੇ ਦੇ ਦਿਤਾ।

ਉਤਰੇ ਤਬਿ ਤੁਰੰਗ ਤੇ ਤਰੇ।
ਫਲਗੂ ਮਹਿਂ ਮੱਜਨ ਕੋ ਕਰੇ।
ਸਕਲ ਦਿਜਨਿ ਕੋ ਸ਼੍ਰੀ ਮੁਖ ਕਹਜੋ।
'ਜਾਚਿ ਲੇਹੁ ਜੋ ਤੁਮ ਚਿਤ ਚਹਜੋ' ॥੧੦॥
ਸੁਨਿ ਬੋਲੇ ਸਭਿ ਦਿਜਬਰ ਬੰਸ।
'ਹਮ ਕੋ ਦਿਹੁ ਆਪਨ ਸਰਬੰਸ।'
ਤਬਿ ਸਤਿਗੁਰ ਨੇ ਰਿਦੈ ਬਿਚਾਰੀ।
-ਇਹ ਸਭਿ ਮਾਯਾ ਕੇ ਅਧਿਕਾਰੀ[1]- ॥੧੧॥

[1]ਭਾਵ ਇਹ ਮੰਗਤੇ ਹਨ ਜੀਅਦਾਨ ਦੀ ਸਾਰ ਨਹੀਂ ਜਾਣਦੇ।

ਜਿਤਿਕ ਸੰਗ[1] ਸਭਿ ਦੀਨੋ ਦਾਨ।

[1]ਨਾਲ (ਪਦਾਰਥ) ਸੀ।

ਧੋਤੀ ਏਕ ਉਪਰਨਾ ਪਾਨ[1]।

[1]ਪਰਨਾ) ਸਾਫਾ ਹੱਥ ਦਾ (ਰਖਿਆ)।

ਸ਼ਿਵਕਾ ਅਸੁ ਸਜੰਦਨ ਧਨ ਸਾਰੋ[1]।

[1]ਪਾਲਕੀ, ਘੋੜਾ, ਰਥ (ਆਦਿ ਸਭ ਕੁੱਝ)।

ਲੇ ਬਿੱਪ੍ਰਨਿ ਜੈ ਕਾਰ ਉਚਾਰੋ ॥੧੨॥
ਕਿਤਿਕ ਕਾਲ ਬੀਤੇ ਸੁਧਿ ਆਈ।
-ਇਹ ਸਭਿ ਜਗ ਗੁਰੁ ਬਹੁ ਬਡਿਆਈ।

ਇਤੋ ਸਮਾਜ ਲੇਨਿ ਇਨ ਹੀ ਤੇ।
ਨਹਿਂ ਕਿਛੁ ਬਡੋ, ਬਿਚਾਰਹੁ ਚੀਤੇ ॥੧੩॥
ਪੱਤ੍ਰ ਲਿਖਾਇ ਲੇਹੁ ਅਬਿ ਐਸੇ।
ਹਮਰੀ ਸੰਤਤਿ ਲੇ ਨਿਤ ਜੈਸੇ।
ਜੇਤਿਕ ਸੰਗਤਿ ਜਗਤ ਤੁਮਾਰੀ।
ਦਾਨ ਸਰਬ ਕੇ ਹਮ ਅਧਿਕਾਰੀ- ॥੧੪॥
ਕਰਿ ਮਸਲਤ ਸਤਿਗੁਰ ਪਹਿ ਆਏ।
'ਬਿਜੈ ਤੁਮਾਰੀ ਹੋਹੁ' ਸੁਨਾਏ।
'ਸ੍ਰੀ ਗੁਰੁ ! ਜੋ ਹਮ ਜਾਚਾ ਕੀਨਿ।
ਦੀਨ ਆਪ ਨੇ, ਸੋ ਸਭਿ ਲੀਨ ॥੧੫॥
ਨਿਜ ਸੰਗਤਿ ਸਗਰੀ ਕੋ ਦਾਨ।
ਲਿਖਹੁ ਪੱਤ੍ਰਿਕਾ ਪੁੰਨ ਮਹਾਨ।'
ਸੁਨਿ ਕੈ ਸ੍ਰੀ ਸਤਿਗੁਰ ਫੁਰਮਾਯੋ।
'ਪੂਰਬ ਜਾਚਯੋ ਸੋ ਤੁਮ ਪਾਯੋ ॥੧੬॥
ਲੋਭ ਛੋਭ ਤਜਿ, ਕਰਹੁ ਸੰਤੋਸ਼[1]।
ਅਪਨਿ ਧਰਮ ਰਾਖਹੁ ਨਿਰਦੋਸ਼।
ਦਿਜ ਕੋ ਮੁੱਖਯ ਧਰਮ ਯਹਿ ਜੋਇ।
ਜਥਾ ਲਾਭ ਸੰਤੁਸ਼ਟੈ ਹੋਇ ॥੧੭॥
ਯਾਂ ਤੇ ਪਰਾਲਬਧ ਜੇਤੀਕ[1]।
ਪੂਰਬ ਜਾਚਿ ਲੀਨਿ ਤੇਤੀਕ[1]।'
ਪੁਨ ਤੂਸ਼ਨਿ ਹੁਇ ਰਹੇ ਗੁਸਾਈਂ[†]।

[1]ਸਬਰ।

[1]ਜਿਤਨੀ ਕੁ।

[1]ਤਿਤਨੀ ਹੀ।

[†]ਇਥੋਂ ਸਪਸ਼ਟ ਹੋ ਗਿਆ ਕਿ ਜੇ ਭਾਵਨਾ ਧਾਰ ਕੇ ਸਤਿਗੁਰਾਂ ਨੇ ਕੁਛ ਕੀਤਾ ਹੁੰਦਾ ਤਾਂ ਸੰਗਤਾਂ ਲਈ ਵੀ ਹੁਕਮ ਲਿਖ ਜਾਂਦੇ ਜਿਸ ਤੋਂ ਆਪ ਨੇ ਨਾਂਹ ਕੀਤੀ। ਬ੍ਰਾਹਮਣਾਂ ਦੀ ਲੋਭ ਲਹਿਰ ਦਾ ਕਵਿ ਜੀ ਨੇ ਇਹ ਖੂਬ ਨਕਸ਼ਾ ਦਿਖਾਇਆ ਤੇ ਸਤਿਗੁਰੂ ਜੀ ਦੀ ਚੁਪ ਵਿਚ ਉਨ੍ਹਾਂ ਦੀ ਉਦਾਸੀਨਤਾ, ਉਨ੍ਹਾਂ ਦੇ ਧਰਮ ਤੋਂ ਉਪਰਾਮਤਾ ਦਾ ਨਕਸ਼ਾ ਖਿੱਚ ਦਿੱਤਾ ਹੈ।

ਖਾਨ ਪਾਨ ਕਰਿ ਨਿਸਾ ਬਿਤਾਈ ॥੧੮॥
ਜਥਾ ਜੋਗ ਸਭਿਹੂੰ ਤਹਿਂ ਕਰਿ ਕੈ।
ਗਮਨ ਕੀਨਿ ਪੁਨ ਸਤਿਗੁਰ ਚਰਿ ਕੈ[1†]।

[1]ਅਸਵਾਰ ਹੋਕੇ। [†]ਤਵਾ ਖਾ: ਤੇ ਇਤਿਹਾਸ ਗੁਰੂ ਖਾ: ਨੇ ਰਾਜੇ ਬਿਸ਼ਨ ਸਿੰਘ ਜੋਧ ਪੁਰੀਏ ਦਾ ਮਿਲਨਾ ਗਯਾ ਪੁਰ ਦੱਸਿਆ ਹੈ।

ਸਰਬ ਸੰਗ ਮੈਂ ਹਇ ਕਰਿ ਤਯਾਰੀ।
ਮਾਰਗ ਗਮਨੇ ਜਾਤਿ ਅਗਾਰੀ ॥੧੯॥

ਮਿਲਹਿਂ ਪੰਥ ਮਹਿਂ ਧਰਿ ਕਰਿ ਭਾਉ।
ਲਹੈਂ ਸ਼੍ਰੇਯ ਇਹ ਸਹਜ ਸੁਭਾਊ।
ਜਿਮ ਸੂਰਜ ਤੇ ਤਮ ਬਿਨਸਾਇ।
ਪਾਵਕ ਨਿਕਟਿ ਨ ਸੀਤ ਰਹਾਇ ॥੨੦॥
ਪਟਣੇ ਨਗਰ ਤੀਰ ਗੁਰ ਗਏ।
ਇਕ ਸਿਖ ਕੇ ਘਰ ਪ੍ਰਾਪਤ ਭਏ।
ਜੈਤਾ ਸੇਠ ਨਾਮ ਤਿਸ ਕਹੈਂ।
ਕਰ ਪਕਵਾਨ[1] ਹਾਟ ਪਰ ਬਹੈ ॥੨੧॥
ਬੇਸਨਿ ਸਾਨ ਫਿਲੌਰੀ ਕਰੈ[1]।
ਗੁਰੁ ਸਿੱਖ ਮਿਲਹਿ ਸੁ ਅਰਪਨ ਧਰੈ।
ਆਲਮਗੰਜ ਮਝਾਰ ਬਸਾਈ[1]।
ਕਰਤਾ ਸਦਾ ਹਾਟ ਹਲਵਾਈ ॥੨੨॥
ਅੰਤਰ ਗਤਿ ਨਿਸ ਦਿਨ ਗੁਰੁ ਧਯਾਨ।
ਦੁਰਬਲ ਦੀਨ, ਲੋਭ ਨਹਿਂ ਮਾਨ।
ਕਰਤਿ ਸ਼ਨਾਨ ਸੁ ਕਿਨਹੁੰ ਨ ਦੇਖਾ[1]।
ਬਸਤ੍ਰ ਮਲੀਨੇ ਤਨ ਪਰ ਬੇਖਾ ॥੨੩॥
ਬਿਚਰਤਿ ਗੁਰੁ ਕੋ ਸਿਖ ਮਿਲਿ ਜਾਇ।
ਤਿਸ ਕੇ ਪਗ ਨਿਜ ਸੀਸ ਝੁਕਾਇ।
ਪੰਚ ਫਿਲੌਰੀ ਦੇਤਿ ਅਕੋਰ।
ਬਿਦਾ ਕਰਤਿ ਦੋਨੋ ਕਰ ਜੋਰਿ ॥੨੪॥
ਮਹਿਮਾ ਨਹਿਂ ਜਾਨਹਿ ਤਿਸ ਕੌਨ।
ਸਿਮਰਨਿ ਸਤਿਗੁਰ ਧਰਿ ਕਰਿ ਮੌਨ।
ਮਿੱਥਯਾ ਜਾਨਹਿ ਜਗਤ ਪਸਾਰਾ।
ਸਾਚ ਨ ਭਾਸਹਿ ਨੱਸ੍ਵਰ ਸਾਰਾ[1] ॥੨੫॥
ਇਕ ਦਿਨ ਗੁਰ ਸੰਗਤਿ ਨਰ ਕੇਈ।
ਬੂਝਤਿ ਭਏ ਪ੍ਰੇਮ ਕਰਿ ਤੇਈ।
'ਕਹੋ ਸੇਠ ਜੀ! ਕਯੋਂ ਨ ਸ਼ਨਾਨਹੁ?
ਬਸਤ੍ਰ ਸਰੀਰ ਮਲੀਨੋ ਠਾਨਹੁ' ॥੨੬॥
ਤਿਨ ਸੋਂ ਕਹਯੋ 'ਜਿ ਦੇਖਯੋ ਚਹੋ।
ਸਰਬ ਕ੍ਰਿਯਾ, ਤੁਮ ਮਮ ਘਰ ਰਹੋ।

[1]ਘਿਉ ਵਿਚ ਤਲੇ ਖਾਣ ਦੇ ਪਦਾਰਥ।

[1]ਪੀਠੀ ਦੀ ਥਾਂ) ਵੇਸਣ ਪਾਕੇ ਬਣਾਈ ਪੂਰੀ। (ਅ) ਵੇਸਣ ਦੇ ਵੜੇ [ਸੰਪ੍ਰਦਾ] (ੲ) ਦਾਲ ਫਲ ਦੀ ਮਿਲਾਕੇ ਘਿਉ ਤੇਲ ਵਿਚ ਤਲੀ ਪੂਰੀ ਕਚੌਰੀ। [ਸ਼ੈਕਸ: ਕੋਸ਼]

[1]ਵਿਚ ਵਸਦਾ ਸੀ।

[1]ਉਸ ਨੂੰ ਨਹਾਉਂਦੇ ਨੂੰ ਕਦੇ ਕਿਸੇ ਨਹੀਂ ਸੀ ਡਿੱਠਾ।

[1]ਸਾਰਾ (ਜਗਤ ਪਸਾਰਾ) ਨਾਸ਼ਵਾਨ ਜਾਣਦਾ ਸੀ।

ਕਹੇ ਬਨੇ ਨਹਿਂ, ਲੀਜਹਿ ਦੇਖਿ।
ਜਿਮ ਸ਼ਨਾਨ ਮੈਂ ਕਰੌਂ ਵਿਸ਼ੇਖ' ॥੨੭॥
ਸੁਨਿ ਸਿਖ ਦ੍ਵੈ ਤਿਸ ਕੇ ਘਰ ਰਹੇ।
ਨਿਸ ਮਹਿਂ ਕ੍ਰਿਯਾ ਕਰਤਿ ਸਭਿ ਲਹੇ।
ਨਿਜ ਦੁਕਾਨ ਤੇ ਬੈਠਜੋ ਆਇ।
ਸਿਮਰਤਿ ਭਯੋ ਨਾਮ ਸੁਖਦਾਇ ॥੨੮॥
ਜਾਮ ਨਿਸਾ ਬਾਕੀ ਜਬਿ ਰਹੀ।
ਉਠੇ ਸੇਠ ਜੀ ਮਨ ਮੈਂ ਲਹੀ।
ਸੌਚਾਚਾਰ ਕਰਜੋ ਜਲ ਨਾਲ।
ਸੁਰਸਰਿ ਆਈ ਘਰ ਤਿਸ ਕਾਲ
॥੨੯॥
ਬਡਾ ਹੌਜ਼ ਇਕ ਹੁਤੋ ਬਨਯੋ।
ਨਿਰਮਲ ਜਲ ਤੇ ਸੋ ਭਰਿ ਗਯੋ।
ਤਿਨ ਕੇ ਦੇਖਤਿ ਕੀਨਿ ਸ਼ਨਾਨ।
ਪੁਨ ਲਾਗਜੋ ਸਿਮਰਨ ਸੁਖਦਾਨ ॥੩੦॥
ਪ੍ਰਾਤਿ ਹੋਤਿ ਲੌ ਬੈਠਜੋ ਰਹਜੋ।
ਤਿਨ ਸਿੱਖਨ ਸਗਰੋ ਕ੍ਰਮ ਲਹਜੋ।
ਸੰਗਤਿ ਬਿਖੈ ਬਾਤ ਬਿਦਤਾਈ।
'ਜੈਤੇ ਸੇਠ ਬਡੀ ਬਡਿਆਈ ॥੩੧॥
ਸ਼੍ਰੀ ਗੰਗਾ ਜਿਸ ਕੇ ਘਰ ਜਾਇ।
ਜਾਮ ਨਿਸਾ ਤੇ ਦੇਤਿ ਨੁਹਾਇ।'
ਸੋ ਸਿਖ ਗੁਰੁ ਕੋ ਕਰਤਿ ਉਡੀਕ।
-ਆਇ ਕਬਹੁਂ ਦੇਂ ਦਰਸ਼ਨ ਨੀਕ
॥੩੨॥
ਮਮ ਕਰ ਕੋ ਕੀਨਸਿ ਪਕਵਾਨ।
ਬੈਠਿ ਸਦਨ ਮਹਿਂ ਕਰਿ ਹੈਂ ਖਾਨ-।
ਰਹਤਿ ਪ੍ਰਤੀਖਤਿ ਸੁਨਿ ਗੁਨ ਗੁਰੁ ਕੋ।
ਨਿਸ ਬਾਸੁਰ ਅਨੁਰਾਗੀ ਉਰ ਕੋ ॥੩੩॥
ਤਿਸ ਕੇ ਮਨ ਕੀ ਗਤਿ ਕੋ ਜਾਨਿ।
ਪਹੁੰਚੇ ਸ਼੍ਰੀ ਸਤਿਗੁਰ ਭਗਵਾਨ।
ਐਂਚਹਿਂ ਪ੍ਰੇਮ ਡੋਰ ਤੇ ਜਹਿਂ ਜਹਿਂ।
ਕਰਿ ਤੂਰਨਤਾ ਪਹੁੰਚਹਿਂ ਤਹਿਂ ਤਹਿਂ

॥੩੪॥
ਦੀਨ ਦਜਾਲੁ ਕੀ ਬਾਨ ਬਿਸਾਲਾ।
ਪਰਖਹਿਂ ਪ੍ਰੇਮ ਮਿਲਹਿਂ ਤਤਕਾਲਾ।
ਗੁਹਜ ਰਿਦੈ ਕੀ ਗਤਿ ਕੋ ਲਖੈਂ।
ਕਰਤਿ ਬਾਸ ਪ੍ਰਭੁ ਘਟ ਘਟ ਬਿਖੈ
॥੩੫॥
ਨਗਰ ਪ੍ਰਵੇਸ਼ ਭਏ ਗੁਰ ਪੂਰੇ।
ਕਰਤਿ ਬਿਲੋਕਨ ਬਿਪਨੀ[1] ਰੂਰੇ।
ਮੰਦਰ ਸੁੰਦਰ ਅੰਦਰ ਬਾਹਰ[1]।
ਧਨੀ ਲੋਕ ਬਹੁ ਬਾਸਹਿਂ ਜ਼ਾਹਰ ॥੩੬॥
ਰਚਨਾ ਅਨਿਕ ਪ੍ਰਕਾਰਨ ਕੇਰੀ।
ਚਲੇ ਜਾਹਿਂ ਸਤਿਗੁਰੁ ਸਭਿ ਹੇਰੀ।
ਆਲਮ ਗੰਜ ਬਿਖੈ ਪੁਨ ਗਏ।
ਸਦਨ ਸੇਠ ਕੇ ਪ੍ਰਾਪਤਿ ਭਏ ॥੩੭॥
ਨਿਜ ਜਨ ਕੀ ਪੂਰਨ ਕੋ ਆਸਾ।
ਲੋਕ ਪ੍ਰਲੋਕ ਦੇਨਿ ਭਰਵਾਸਾ।
ਉਤਰੇ ਜਾਇ ਜਬਹਿ ਘਰ ਮਾਂਹੀ।
ਸੁਧਿ ਸੁਨਿ ਜੈਤਾ ਸੇਠ ਤਦਾਹੀ ॥੩੮॥
ਪ੍ਰੇਮ ਮਗਨ ਤੇ ਦੌਰਯੋ ਆਇ।
ਪਿਖਿ ਗੁਰ ਪਗ ਪੰਕਜ ਲਪਟਾਇ।
ਸਾਦਰ ਮੰਚ ਡਸਾਵਨਿ ਕਰੇ।
ਪ੍ਰਭੁ ਬਿਠਾਇ ਮੋਦ ਉਰ ਭਰੇ ॥੩੯॥
ਨਿਜ ਕਰ ਤੇ ਕਰਿ ਕੈ ਪਕਵਾਨ।
ਰਾਖਯੋ ਸਤਿਗੁਰ ਆਗੈ ਆਨਿ।
ਅਪਰ ਅਹਾਰ ਅਧਿਕ ਕਰਿਵਾਇ।
ਸਭਿ ਡਰੇ ਕੋ ਦਿਯੋ ਅਚਾਇ ॥੪੦॥
ਵਾਹਨ ਸਰਬ ਸਦਨ ਬੰਧਵਾਏ।
ਸਭਿ ਬਿਧਿ ਕੋ ਦੇ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਜੋ ਕਹਿ ਮਿਸ਼ਟਾਨ।
ਹਾਥ ਜੋਰਿ ਸੇਵਾ ਸਭਿ ਠਾਨਿ ॥੪੧॥
ਦੋਹਰਾ:
ਸਤਿਗੁਰ ਕਰਯੋ ਅਰਾਮ ਕੋ, ਬੀਤਯੋ

[1]ਹੱਟਾਂ।
[1]ਅੰਦਰੋਂ ਬਾਹਰੋਂ ਮੰਦਰ ਸੁੰਦਰ ਹਨ।

ਕੇਤਿਕ ਕਾਲ।
ਕਵਿ ਸੰਤੋਖ ਸਿੰਘ ਪੁਰਿ ਬਿਖੈ, ਸੰਗਤਿ
ਸੁਨੈ ਕ੍ਰਿਪਾਲ ॥੪੨॥
ਜਹਿਂ ਕਹਿਂ ਬਿਦਤੀ ਬਾਰਤਾ, ਗੁਰ ਆਏ
ਪੁਰਿ ਮਾਂਹਿ।
ਸਿੱਖਜਨਿ ਸੁਨਤਿ ਅਨੰਦ ਭਾ, ਕਹੈਂ ਕੌਨ
ਬਿਧਿ ਤਾਂਹਿ[1] ॥੪੩॥

[1]ਤਿਸ (ਅਨੰਦ ਨੂੰ) ਕਿਸ ਬਿਧੀ ਨਾਲ ਕਿਹਾ ਜਾਵੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸਿ ਰਾਸੇ 'ਪਟਨੇ ਸ੍ਰੀ ਗੁਰੂ ਆਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

## ੫੮. [ਪਟਨੇ ਨਿਵਾਸ]

੫੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਜਹਿਂ ਕਹਿਂ ਸੰਗਤਿ ਨੇ ਸੁਨਜੋ, ਭਾ ਆਗਮਨ ਕ੍ਰਿਪਾਲ।
ਹਰਖ ਪਰਸਪਰ ਮਿਲਤਿ ਭੇ, ਲੇ ਕਰਿ ਭੇਟ ਬਿਸਾਲ ॥੧॥

ਚੌਪਈ:

ਸੰਗਤਿ ਸ਼ਬਦ ਕੀਰਤਨ ਕਰਤੇ।
ਭਰੇ ਅਨੰਦ ਸਿਰ ਚਰਨਨਿ ਧਰਤੇ।
ਜ਼ਰੀ ਜੁਗਤ ਬਹੁ ਬਸਤ੍ਰ ਲਿਆਏ।
ਰੁਚਿਰ ਬਿਭੁਖਨਿ ਧਰਿ ਅਗਵਾਏ ॥੨॥
ਅਰਪਹਿਂ ਦਰਬ ਅਨਿਕ ਨਰ ਆਇ।
ਦਰਸ ਕਰਨਿ ਅਵਕਾਸ਼ਹਿਂ[1] ਪਾਇ। [1]ਸਮਾਂ।
ਪਟਨਾ ਸ਼ਹਿਰ ਲੋਕ ਬਹੁ ਬਸੈਂ।
ਬੇ ਸ਼ੁਮਾਰ ਗੁਰੁ ਜਸੁ ਬਹੁ ਲਸੈ[1] ॥੩॥ [1]ਪ੍ਰਕਾਸ਼ਦਾ ਹੈ।
ਅਨਿਕ ਭਾਂਤਿ ਕੀ ਆਨਿ ਮਿਠਾਈ।
ਖਰੇ ਹੋਇ ਅਰਦਾਸ ਕਰਾਈ।
ਤਹਿਂ ਕੇ ਬਡ ਮਸੰਦ ਚਲਿ ਆਏ।
ਬ੍ਰਿੰਦ ਸੰਗਤਾਂ ਸੰਗ ਸੁ ਲਜਾਏ ॥੪॥
ਗੁਰ ਕੋ ਅਰਪਜੋ ਦਰਬ ਬਿਸਾਲਾ।
ਸੇਵਾ ਅਪਰ ਕਰੀ ਤਤਕਾਲਾ।
ਛੋਟੋ ਥਾਨ ਲੋਕ ਸਮੁਦਾਏ[1]। [1]ਥਾਂ ਛੋਟਾ ਤੇ ਲੋਕ ਬਹੁਤੇ ਹਨ।
ਭਈ ਭੀਰ, ਥਿਤ ਥਾਉਂ ਨ ਪਾਏ[1] ॥੫॥ [1]ਖੜੋਣ ਨੂੰ ਬੀ ਥਾਂ ਨਹੀਂ ਮਿਲਦੀ।
ਸੰਗਤਿ ਸੰਗ ਮਸੰਦ ਮਿਲੇ ਹੈਂ।
ਆਪਸ ਮਹਿਂ ਇਮ ਕਰਤਿ ਭਲੇ ਹੈਂ।
'ਨਗਰ ਬਿਖੈ ਇਨ ਹੇਤੁ ਨਿਕੇਤ।
ਚਹੀਅਤਿ ਹੈ ਬਿਸਤਾਰ ਸਮੇਤ[1] ॥੬॥ [1]ਭਾਵ ਖੁਲ੍ਹਾ ਘਰ ਚਾਹੀਏ।
ਬਸਹਿਂ ਇਹਾਂ ਗੁਰੁ ਕੇਤਿਕ ਕਾਲ।
ਦਰਸਹਿਂ ਨਿਤ ਹਮ ਹੋਹਿਂ ਨਿਹਾਲ।
ਇਸ ਸਿਖ ਕੇ ਘਰ ਨਹੀਂ ਸਮਾਵਹਿਂ।
ਦਰਸ਼ਨ ਕਰਨਿ ਹਜ਼ਾਰਹੁਂ ਆਵਹਿਂ ॥੭॥

ਸਗਰੇ ਨਗਰ ਨਹੀਂ ਸੁਧਿ ਹੋਈ।
ਸੁਨਿ ਸੁਨਿ ਆਇ ਪਿਖਹਿ ਸਭਿ ਕੋਈ।
ਬਾਹਰ ਨਗਰ ਰਹੈਂ ਜੇ ਗਾਮ[1]†।
ਸੁਨਹਿ ਜਬਹਿ -ਆਏ ਗੁਰੁ ਧਾਮ[1]- ॥੮॥
ਸਗਰੇ ਉਮਡਿ ਆਇੰ ਇਕ ਵਾਰੀ।
ਪਿਖਹਿੰ ਗੁਰੂ ਉਰ ਸ਼ਰਧਾ ਧਾਰੀ।'
ਇਸ ਬਿਧਿ ਸਭਿ ਮਹਿਂ ਕਰਤਿ ਬਿਚਾਰ।
ਤਬਿ ਇਕ ਸਿਖ ਨੇ ਕੀਨਿ ਉਚਾਰਿ ॥੯॥
'ਮੈਂ ਇਕ ਦੇਉਂ ਹਵੇਲੀ ਗੁਰ ਕੋ।
ਹਾਥ ਜੋਰਿ ਕਰਿ ਭਾਉ ਸੁ ਉਰ ਕੋ।
ਤਿਸ ਮਹਿਂ ਬਸਹਿਂ ਸਦਾ ਸੁਖ ਪਾਇ।
ਮੇਰੋ ਜਨਮ ਸਫਲ ਹੁਇ ਜਾਇ' ॥੧੦॥
ਇਮ ਕਹਿ ਸਭਿ ਮਹਿਂ ਸ਼ਰਧਾ ਧਾਰਿ।
ਸਤਿਗੁਰੁ ਕੇ ਢਿਗ ਕੀਨਿ ਉਚਾਰ।
'ਪ੍ਰਭੁ ਜੀ ਲੇਹੁ ਹਵੇਲੀ ਮੋ ਤੇ।
ਤਿਸ ਮਹਿਂ ਬਸਹੁ ਅਨੰਦ ਉਦੋਤੇ' ॥੧੧॥
ਤਬਿ ਅਰਦਾਸ ਮੇਵਰੇ ਕਰੀ।
ਤਿਸੀ ਸਿੱਖਯ ਕੀ ਅਪਦਾ ਹਰੀ।
ਸ਼੍ਰੀ ਗੁਰ ਤੇਗ ਬਹਾਦਰ ਧੀਰ।
ਅਪਨੇ ਦਾਸ ਹਕਾਰੇ ਤੀਰ ॥੧੨॥
'ਸਿਖ ਕੇ ਸੰਗ ਜਾਹੁ ਲੇ ਡੇਰਾ।
ਕਰਹੁ ਤਹਾਂ ਬਿਸਰਾਮ ਬਡੇਰਾ।
ਮਾਤ ਨਾਨਕੀ ਕੋ ਲੇ ਜਾਵਹੁ।
ਸਕਲ ਸਮਾਜ ਸਮੇਤ ਸਿਧਾਵਹੁ' ॥੧੩॥
ਸੁਨਿ ਕੈ ਆਇਸੁ ਸਗਰੇ ਦਾਸ।
ਗਮਨੇ ਤਤਛਿਨ ਤਿਸੀ ਅਵਾਸ।
ਸਭਿ ਸਮਾਜ ਤਹਿਂ ਆਨਿ ਉਤਾਰਾ।
ਮਾਤ ਨਾਨਕੀ ਸਕਲ ਨਿਹਾਰਾ ॥੧੪॥
ਸ਼੍ਰੀ ਗੁਜਰੀ ਤਹਿਂ ਕੀਨਿ ਨਿਵਾਸ।
ਦਾਸੀ ਦਾਸ ਬਸੇ ਤਿਹ ਪਾਸ।

[1]ਪਿੰਡਾਂ ਵਿਚ। †ਪਾ:-ਬਹੁਰ ਵਹਿਰ ਕੇ ਨਗਰ ਜਿ ਗ੍ਰਾਮ।
[1]ਘਰ ਭਾਵ-ਸਾਡੇ ਦੇਸ਼ ਆਏ ਹਨ।

ਸ਼੍ਰੀ ਗੁਰਦੇਵ ਬਹੁਰ ਚਲਿ ਆਏ।
ਦੇ ਆਇਸੁ ਕੋ ਤਹਾਂ ਬਸਾਏ ॥੧੫॥
ਅਪਰ ਸਿੱਖ੍ਯ ਨਿਜ ਨਿਜ ਘਰ ਮਾਂਹਿ।
ਗੁਰ ਵਾਹਨ ਬੰਧਵਾਏ ਤਾਂਹਿ।
ਬਹੁ ਦਾਸਨਿ ਕੇ ਆਲਯ[1] ਡੇਰਾ।
ਕਰਤਿ ਭਏ ਪਿਖਿ ਭਾਉ ਘਨੇਰਾ ॥੧੬॥

[1]ਘਰਾਂ ਵਿਚ।

ਸੈਯਾ ਛੰਦ:
ਬਸਨ ਲਗੇ ਸ਼੍ਰੀ ਤੇਗ ਬਹਾਦਰ
ਕੇਤਿਕ ਦਿਵਸ ਬਿਤਾਵਨ ਠਾਨਿ।
ਪਟਨਾ ਨਗਰ ਜਾਨਿ ਕੈ ਦੀਰਘ
ਬਸੇ ਹੇਰਿ ਕਰਿ ਸੁੰਦਰ ਥਾਨ।
ਕਰਹਿਂ ਉਧਾਰਨਿ ਅਧਿਕ ਨਰਨਿ ਕਉ
ਜੋ ਸੇਵਹਿਂ ਉਰ ਸ਼ਰਧਾ ਠਾਨਿ।
ਸ਼੍ਰੀ ਮੁਖ ਬਾਕ ਸ੍ਰਾਪ ਕੈ ਬਰ ਕੋ
ਫੁਰਹਿ ਤੁਰਤ ਪਿਖਿ ਨਰ ਭੈ ਮਾਨ ॥੧੭॥
ਜਥਾ ਹੁਤਾਸਨ ਅਧਿਕ ਜ੍ਵਲਤ ਹੁਇ
ਨਿਜ ਤਨ ਕੋ ਨਹਿਂ ਚਹਤਿ ਛੁਵਾਇ।
ਤਥਾ ਅਵੱਗਜਾ ਤੇ ਭੈ ਮਾਨਹਿਂ
ਨਹਿਂ ਬਿਪ੍ਰੈ[1] ਕਬਿ ਮਨ ਮੈਂ ਲ੍ਯਾਇਂ।

[1]ਉਲਟੀ ਬਾਤ।

ਦੇਇਂ ਉਪਾਇਨ, ਠਾਨਹਿਂ ਸੇਵਾ,
ਕਰਹਿਂ ਪ੍ਰਸੀਦਨ ਚਰਨ ਮਨਾਇ।
ਮਨ ਬਾਂਛਤਿ ਨਰ ਲਹੈਂ ਪਦਾਰਥ
ਜਹਿਂ ਕਹਿਂ ਸੁਜਸ ਮਹਦ ਬਿਦਤਾਇ[1] ॥੧੮॥

[1]ਇਥੋਂ ਤੋਂ ਲੈਕੇ ਅੰਕ ੨੧ ਦੇ ਅੰਤ ਤਕ ਇਹ ਲੋਕਾਂ ਵਿਚ ਹੋ ਰਹੀ ਕੀਰਤੀ ਦੀ ਗੱਲ ਬਾਤ ਦਿਖਾਲੀ ਹੈ।

ਰਾਉ, ਰੰਕ, ਮੂਰਖ ਅਰੁ ਪੰਡਿਤ
ਚਾਰਹੁਂ ਬਰਨ ਤੁਰਕ ਅਰੁ ਹਿੰਦੁ।
ਸਾਧ ਅਨੇਕ ਅਨੇਕ ਭੇਖ ਕੇ
ਜਹਿਂ ਕਹਿਂ ਮਿਲਹਿਂ ਹੋਹਿਂ ਨਰ ਬ੍ਰਿੰਦ†।

†ਪਾ:-ਧਰਿ ਧਰ ਸ਼ਰਧਾ ਨਿਤ ਪ੍ਰਤਿ ਆਵਤ ਸੰਗਤ ਕਰਹਿਂ ਗੁਰੂ ਕੀ ਬ੍ਰਿੰਦ।

ਸੱਤਜਬਾਕ ਪਤਿਆਵਹਿਂ[1] ਕੇਤਿਕ
ਕਰਾਮਾਤ ਮਹਿਂ ਲਖਹਿਂ ਬਿਲੰਦ।
ਅੰਬਰ, ਪਸ਼ਮੰਬਰ, ਪਾਟੰਬਰ

[1]ਪਰਖਦੇ ਹਨ ਕਿ ਸਤਿਗੁਰ ਦੇ ਵਾਕ ਸੱਚੇ ਹਨ।

ਅਰਪਹਿਂ ਦਰਬ ਮਨਾਇ ਮੁਕੰਦ[†]
॥੧੯॥

[†]ਛਾਪੇ ਦੇ ਨੁਸਖਿਆਂ ਵਿਚ ਇਕ ਤੁਕ ਏਥੇ ਹੋਰ ਬੀ ਹੈ:- 'ਕਰੀ ਕਾਮਨਾ ਪੂਰਨ ਕਰਤੇ ਸ੍ਰੀ ਗੁਰੂ ਤੇਗ ਬਹਾਦਰ ਚੰਦ।' ਇਸ ਦੇ ਨਾਲ ਛੰਦ ਦੀਆਂ ਪੰਜ ਤੁਕਾਂ ਹੋ ਜਾਂਦੀਆਂ ਹਨ।

ਜੇ ਸ਼ਰਧਾਧਰਿ ਹੋਇਂ ਮਮੋਖੁ[1]
ਉਪਦੇਸ਼ਹਿਂ ਦੇ ਆਤਮ ਗਜਾਨ।
ਜੇ ਉਪਾਸਨਾ ਕੇ ਅਧਿਕਾਰੀ
ਸੱਤਿਨਾਮ ਲਿਵ ਦੇਂ ਪ੍ਰਭੁ ਧਜਾਨ।
ਜਗਤ ਬਿਖੈ ਸ਼ੁਭ ਪੰਥ ਪ੍ਰਕਾਸ਼ਹਿਂ,
ਚਲਹਿਂ ਜਿ ਨਰ ਭਵ ਬੰਧਨਹਾਨਿ।
ਹ੍ਵੈ ਜੁ ਸਿੱਖ ਤਿਹ ਅੰਗ ਸੰਗ ਰਹਿਂ,
ਹਲਤ ਪਲਤ ਮਹਿਂ ਰੱਛਾ ਠਾਨਿ ॥੨੦॥
ਦੁਰਮਤਿ ਕਾਟਿ ਸੁਮਤਿ ਉਪਦੇਸ਼ਹਿਂ,
-ਸੱਤਜਨਾਮ ਸਿਮਰਨ ਕੋ ਦੀਨ।
ਦੀਨ ਪ੍ਰਭੂ ਕੇ ਆਗੈ ਰਹੁ ਨਿਤ,
ਤਨ ਹੰਤਾ ਕੋ ਹਾਨਿ ਪ੍ਰਬੀਨ !
ਬੀਨ ਬੀਨ ਕੈ[1] ਹਨਹੁ ਬਿਕਾਰਨ,
ਭਾਣਾ ਮਾਨਿ ਸ਼ਾਂਤਿ ਚਿਤ ਲੀਨਿ।
ਲੀਨਿ ਕਹਾਂ ਨਰ ਕੋ ਤਨ ਧਾਰੇ[1]
ਗੁਰੁ ਬਚਮਾਨਿ ਜਿਨੋਂ ਨਹਿਂ ਕੀਨਿ-'
॥੨੧॥

[1]ਮੋਖ ਦੀ ਇੱਛਾ ਵਾਲੇ।

[1]ਚੁਣ ਚੁਣ ਕੇ।

[1]ਨਰ ਤਨ ਧਾਰਕੇ ਕੀ ਲਿਆ ਉਹਨਾਂ ਨੇ ਜਿਨ੍ਹਾਂ ਨੇ।

ਸ੍ਵੈਯਾ:
ਸ਼੍ਰੀ ਗੁਰੁ ਤੇਗ ਬਹਾਦਰ ਕੀ
ਇਮ ਕੀਰਤਿ ਚਾਰੁ ਮਹਾਂ ਬਿਸਤਾਰੀ।
ਪਾਇਨ ਪਾਸ ਉਪਾਇਨ ਕੋ
ਅਰਪਾਵਤਿ ਹੈਂ ਉਰ ਪ੍ਰੇਮ ਸੁ ਧਾਰੀ।
ਜਾਚਤਿ ਹੈਂ ਮਨ ਬਾਂਛਤਿ ਕੋ
ਪਰਸੀਦਤਿ ਦੇਤਿ ਸਭੈ ਸੁਖਕਾਰੀ।
ਦੀਨ ਦਿਆਲ ਕੀ ਬਾਨ ਇਹੈ
ਨਿਜ ਪੈਜ ਪੁਜਾਵਤਿ ਪ੍ਰੀਤਿ ਨਿਹਾਰੀ
॥੨੨॥
ਪਟਨਾ ਪੁਰਿ ਬਾਸ ਬਿਸਾਲ ਬਸੈ,
ਸਭਿ ਭਾਂਤਿ ਬਿਲਾਸਤਿ ਹੈਂ ਨਰ ਨਾਰੀ।

| | |
|---|---|
| ਧਨਵਾਨ ਮਹਾਨ ਅਨੇਕ ਹੀ ਮਾਨਵ | |
| ਕੰਚਨ ਭੂਖਨ ਹੀਰਨਿ ਧਾਰੀ। | |
| ਮੁਕਤਾ ਗਨ ਹਾਰ, ਸੁ ਕੁੰਡਲ ਚਾਰੁ, | |
| ਉਦਾਰ ਬਡੇ ਭੁਜ ਅੰਗਦ ਵਾਰੀ[1]। | [1]ਬਾਹਾਂ ਪਰ ਬਹੁੱਟਿਆਂ ਵਾਲੇ। |
| ਤਨ ਅੰਬਰ ਰੀਤਿ ਅਨੇਕਨਿ ਕੇ | |
| ਜਿਮ ਅੰਬਰ ਮੈਂ ਉਡ ਹੈਂ ਦੁਤਿ ਭਾਰੀ[1] ॥੨੩॥ | [1]ਸਰੀਰ (ਤੇ ਪਹਿਨੇ) ਅਨੇਕ ਤਰ੍ਹਾਂ ਦੇ ਕਪੜਿਆਂ ਦੀ ਸ਼ੋਭਾ ਐਉਂ ਹੈ ਜਿਵੇਂ ਅਕਾਸ਼ ਵਿਚ ਤਾਰਿਆਂ (ਦੇ ਅਨੇਕਾਂ ਝੁੰਡਾਂ ਦੀ ਸ਼ੋਭਾ ਹੈ)। |
| ਵਾਹਨ ਹੈ, ਗਜ, ਪਾਲਕੀ[1], ਸੁੰਦਰ | [1]ਸਵਾਰੀਆਂ ਹਨ ਘੋੜੇ, ਹਾਥੀ, ਪਾਲਕੀ। |
| ਮੰਦਰ ਅੰਦਰ ਬਾਹਰ ਸੇਤਾ[1]। | [1]ਚਿੱਟੇ ਹਨ। |
| ਧਾਮ ਧੁਜਾ[1] ਅਭਿਰਾਮ ਬਨੀ | [1]ਘਰ ਦੀਆਂ ਝੰਡੀਆਂ। |
| ਜਨੁ ਪੰਖ ਲਗਾਇ ਚਹੈ ਉਡ ਜੇਤਾ[1]। | [1]ਜਿਤਨੇ (ਘਰ ਹਨ) ਮਾਨੋ ਖੰਭ ਲਗਾਕੇ ਉਡਣਾ ਚਾਹੁੰਦੇ ਹਨ। |
| ਪੌਰ ਬਡੇ ਜੁਗ ਕੌਰ ਸਜੇ[1], | [1]ਦੋਹਾਂ ਕੌਲਿਆਂ ਵਿਚ ਵਡੇ ਦਰਵਾਜ਼ੇ ਸਜ ਰਹੇ ਹਨ (ਅ) ਕੌਰ = ਤਖ਼ਤੇ [ਸੰਪ੍ਰਦਾ] |
| ਸਭਿ ਠੌਰ ਸਜੈਂ ਧੁਨਿ ਆਨੰਦ ਦੇਤਾ[1]। | [1]ਨਗਾਰੇ) ਵੱਜਕੇ ਆਨੰਦ ਦੀ ਧੁਨ ਦੇ ਰਹੇ ਹਨ। (ਅ) ਬੂਹੇ ਵਜਣ ਦੀ ਅਵਾਜ਼। |
| ਦੇਖਯੋ ਸੁ ਜਾਇ ਕਿਤੇ ਦਿਨ ਮੈਂ, | |
| ਬਡ ਦੂਰ ਲਗੌਂ ਬਸਿਓ ਪੁਰਿ ਏਤਾ ॥੨੪॥ | |
| ਬਾਗ ਬਿਸਾਲ ਖਰੇ ਫਲ ਲਾਗਿ | |
| ਦਿਵਾਰ[1] ਬਨੇ ਬਹੁਰੰਗਨਿ ਕੇ। | [1]ਬਾਗ਼ ਦੀਆਂ ਕੰਧਾਂ। |
| ਤਾਲ, ਤਮਾਲ, ਉਦਾਲਕ[1] ਦਾੜਮ[2] | [1]ਲਸੂੜਾ। [2]ਅਨਾਰ। |
| ਸ੍ਰੀ ਫਲ[1] ਸ਼ੋਭਤਿ ਰੰਗਨ ਕੇ[2]। | [1]ਨਾਲੀਅਰ। [2]ਰੰਗ ਰੰਗ ਦੇ। |
| ਜਾਮਨ ਕੇ ਕਦਲੀਨ[1] ਬਗੀਚਨਿ | [1]ਕੇਲਿਆਂ ਦੇ। |
| ਸੀਂਚਤਿ ਨੀਰ ਅਪੰਗਨ ਕੇ[1]। | [1]ਚਿਕੜ ਰਹਿਤ (ਨਿਰਮਲ) ਪਾਣੀ ਨਾਲ ਸਿੰਜਦੇ ਹਨ। |
| ਬੇਲ ਤੰਬੂਲਨ ਕੀ ਅਮਰੂਦ | |
| ਸੁ ਪਾਤ ਅਨੇਕ ਹੀ ਢੰਗਨਿ ਕੇ[1] ॥੨੫॥ | [1]ਪਾਨਾਂ ਦੀਆਂ ਵੇਲਾਂ ਤੇ ਅਮਰੂਦਾਂ ਦੇ ਸੁਹਣੇ ਪੱਤੇ ਅਨੇਕ ਤਰ੍ਹਾਂ ਦੇ। |
| ਬਾਰੀ ਫਿਰੈ ਬਰ ਬੂਟਨ ਮੈਂ, | |
| ਸਬਜ਼ੀ ਸਬਿ ਜੀ ਹਰਖੰਤਿ ਨਿਹਾਰੀ[1]। | [1]ਸਾਰੇ ਜੀ ਹਰਿਆਈ ਦੇਖਕੇ ਆਨੰਦ ਹੁੰਦੇ ਹਨ। |
| ਹਾਰੀ ਧਨੇਸਰ ਕੀ ਨਲਨੀ | |
| ਛਬਿ ਯੌਂ ਨਲਨੀ ਬਿਕਸੈ ਸੁਖਕਾਰੀ[1]। | [1]ਖਿੜੀਆਂ ਹੋਈਆਂ ਕੁਮੁਦਨੀਆਂ ਦੀ ਛਬਿ ਐਉਂ ਸੁਖਦਾਈ ਹੋ ਰਹੀ ਹੈ ਕਿ (ਧਨੇਸੁਰ ਦੀ ਨਲਿਨੀ =) ਕੁਬੇਰ ਦੇ ਬਾਗ਼ ਦੀ (ਸ਼ੋਭਾ) ਮਾਤ ਪੈ ਗਈ। [ਸੰਸ. |

ਨਲਿਨੀ = ਕਮਲਨੀ। ਕੁਮੁਦਨੀ ਨਲਿਨੀ ਨੰਦਨ = ਕੁਬੇਰ ਦਾ ਬਾਗ਼]

ਕਾਰੀ ਸੁ ਕੋਕਲਕਾ ਕੁਹਕਾਵਤਿ[1],
ਮੋਰਨ ਸ਼ੋਰ, ਸੁ ਭੌਰ ਗੁੰਜਾਰੀ।
ਜਾਰੀ ਬਸੰਤ ਜਹਾਂ ਬਹੁ ਹੋਵਤਿ[1]
ਯੌਂ ਚਹੁੰ ਓਰ ਖਿਰੀ ਫੁਲਵਾਰੀ ॥੨੬ ॥

[1]ਕਾਲੀਆਂ ਕੋਇਲਾਂ ਕੂਕਦੀਆਂ ਹਨ।

[1]ਮਾਨੋਂ ਬਸੰਤ ਦਾ ਆਰੰਭ ਹੈ [ਅ: ਜਾਰੀ = ਰਵਾਂ ਭਾਵ ਸ਼ੁਰੂ]

ਦੋਹਰਾ:

ਨਦੀ ਬਹੱਤਰ ਜਹਿਂ ਮਿਲੀ, ਬਹੀ ਸਰਬ ਇਕ ਥਾਇਂ।
ਜਲ ਕੀ ਲੀਲ੍ਹਾ ਅਨਿਕ ਬਿਧਿ, ਕਰਹਿਂ ਨਾਰਿ ਨਰ ਚਾਇ ॥੨੭॥
ਮਹਾਂ ਨਗਰ ਬਰਨੋ ਕਹਾਂ, ਤਿਹ ਕੋ ਸਰਬ ਸਮਾਜ।
ਤੇਗ ਬਹਾਦਰ ਗੁਰ ਤਹਾਂ, ਟਿਕੇ ਗ਼ਰੀਬ ਨਿਵਾਜ ॥੨੮॥

ਸੋਰਠਾ:

ਨਰ ਨਾਰੀ ਸਮੁਦਾਇ ਦਰਸ਼ਨ ਦਰਸਹਿਂ ਗੁਰੂ ਕੋ।
ਰਿਦੇ ਹਰਖ ਅਧਿਕਾਇ ਬਡੇ ਭਾਗ ਨਿਜ ਜਾਨਿ ਕੈ ॥੨੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ੀ ਰਾਸੇ 'ਪਟਨੇ ਆਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

## ੫੯. [ਜਰਾ ਸੰਧੁ ਪ੍ਰਸੰਗ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਸ੍ਰੀ ਗੁਰੁ ਪਟਣੇ ਪੁਰਿ ਬਿਖੈ, ਰੰਮਜ ਸਥਾਨ ਨਿਹਾਰਿ[1]।
-ਸਾਹਿਬਜ਼ਾਦੇ ਕੋ ਜਨਮ, ਹੁਇ ਹੈ ਇਹਾਂ- ਬਿਚਾਰ ॥੧॥

[1]ਸੁੰਦਰ ਅਸਥਾਨ ਦੇਖਿਆ।

ਸ੍ਵੈਯਾ:

ਸੰਗਤਿ ਆਇਸੁ ਸੀਸ ਨਿਵਾਇ
ਉਪਾਇਨ ਪਾਇਨ ਪੈ ਅਰਪੰਤੇ।
'ਭਾਗ ਬਡੇ ਹਮਰੇ ਧੰਨ ਹੈ
ਨਿਜ ਲੋਚਨ ਤੇ ਤੁਮ ਕੋ ਦਰਸੰਤੇ।
ਸੇਵਕ ਆਪਨਿ ਜਾਨਿ ਦਯਾਨਿਧਿ!
ਆਇ ਨਿਹਾਲ ਕਿਏ ਸੁਖਵੰਤੇ।
ਕੀਜਿਯੇ ਆਪ ਮਹਾਂ ਸੁਖ ਯਾ ਪੁਰਿ,
ਸੇਵ ਕਰੈਂ ਹਮ ਜਥੋਂ ਬਿਤਵੰਤੇ[1] ॥੨॥

[1]ਇਸ ਪੁਰ ਵਿਖੇ ਆਪ ਮਹਾਂ ਸੁਖ ਭੋਗਣਾ ਕਰੋ, ਜਿੰਨਾ ਜਿੰਨਾ ਵਿੱਤ ਹੋਵੇਗਾ ਸੇਵਾ ਕਰਾਂਗੇ।

ਨਾਂਹਿ ਤ ਦੂਰ ਪੰਜਾਬ ਕੋ ਦੇਸ਼ ਥੋ
ਕੌਨ ਸਕੈ ਤਿਹ ਠਾਂ ਨਰ ਜਾਈ।
ਹੈ ਪਰਿਵਾਰ ਜੰਜਾਰ ਮਹਾਂ
ਜਿਸ ਤੇ ਨਿਕਸਯੋ ਨਹਿਂ ਜਾਇ ਕਦਾਈ[1]।

[1]ਕਦੇ ਬੀ।

ਸੋਵਤਿ ਦੇਤਿ ਉਠਾਇ ਕਿਸੀ ਕਉ
ਸੋ ਹਮਰੀ[1] ਗਤਿ ਭੀ ਸੁਖਦਾਈ!

[1]ਜਿਵੇਂ ਕਿਸੇ ਸੁੱਤੇ ਹੋਏ ਨੂੰ ਜਗਾਕੇ (ਕੋਈ ਚੀਜ਼) ਦੇਵੇ ਇਉਂ ਸਾਡੀ ਗਤ ਹੋਈ ਹੈ ਹੇ ਸੁਖਦਾਈ ਜੀ!।

ਰੋਜ ਸਰੋਜ ਪਦੰ[1] ਦਰਸੈਂ,

[1]ਚਰਨ ਕਵਲ।

ਘਰ ਕਾਰ ਕਰੈਂ, ਭਯੋ ਲਾਭ ਮਹਾਈ[1]' ॥੩॥

[1]ਬਹੁਤ ਹੀ ਲਾਭ ਹੋਇਆ ਹੈ।

ਯੌਂ ਸਭਿ ਸੰਗਤਿ ਭਾਉ ਕਰਯੋ
ਅਰਦਾਸ ਕਰੀ ਪੁਨ ਆਪਸ ਮਾਂਹੀ।
ਸੁੰਦਰ ਮੰਦਿਰ ਕੋ ਬਨਵਾਇ
ਸਭੀ ਰੁਤਿ ਮੇਂ ਸੁਖਦਾ, ਦੁਖ ਨਾਂਹੀ।
ਕੀਨਿ ਉਤਾਇਲ ਤਯਾਰ ਅਵਾਸ ਕੋ
ਔਰ ਸਮਾਜ ਸਭੈ ਬਿਧਿ ਜਾਹੀ[1]।

[1]ਭਾਵ ਜਿਸ ਤਰ੍ਹਾਂ ਮੰਦਰ ਤਿਆਰ ਕੀਤਾ ਤਿਸੀ ਤਰ੍ਹਾਂ ਹੋਰ ਸਮਾਜ ਤਿਆਰ ਕਰ ਲਿਆ।

ਆਪ ਕਰਜੋ ਬਿਸਰਾਮ ਦਯਾਨਿਧਿ
ਸਿੱਖਨਿ ਕਾਮਨ ਪੂਰ ਕਰਾਹੀਂ ॥੪॥
ਜਿਮ ਜਾਚਤਿ ਹੈਂ ਅਰੁ ਸੇਵਤਿ ਹੈਂ
ਤਿਮ ਦੇਵਤਿ ਹੈਂ ਗੁਰੁ ਰੂਪ ਉਦਾਰੇ।
ਨਰ ਨਾਰਿਨਿ ਕੇ ਗਨ ਹ੍ਵੈ ਸ਼ਰਧਾ
ਧਰਿ ਸ਼੍ਰੀ ਮੁਖ ਕੋ ਦਰਸੈਂ ਦਰਬਾਰੇ।
ਇਕ ਆਵਤਿ ਹੈਂ ਇਕ ਜਾਵਤਿ ਹੈਂ
ਇਕ ਪਾਵਤਿ ਹੈਂ ਮਨ ਬਾਂਛਤਿ ਸਾਰੇ।
ਬਹੁ ਭਾਂਤਿ ਉਪਾਇਨ ਪਾਇਨ ਪੈ
ਅਰਪੈਂ ਬਿਨਤੀ ਯੁਤਿ ਬੰਦਨ ਧਾਰੇ ॥੫॥

ਚੌਪਈ:

ਸ਼੍ਰੀ ਗੁਜਰੀ ਸਾਧ੍ਵੀ[1] ਕੋ ਭ੍ਰਾਤਾ।
ਨਾਮ ਕ੍ਰਿਪਾਲ ਜਗਤ ਬੱਖਜਾਤਾ।
ਪੁਰਿ ਮੈਂ ਕਿਤਿਕ ਦਯੋਸ ਕਰਿ ਬਾਸ।
ਬੈਠੇ ਹੁਤੇ ਸਤਿਗੁਰੂ ਪਾਸ ॥੬॥
ਅਪਰ ਸਿੱਖ ਸੇਵਕ ਗੁਰ ਤੀਰ।
ਦਰਸ਼ਨ ਕਰਹਿਂ ਨਰਨਿ ਕੀ ਭੀਰ।
ਤਬਿ ਕ੍ਰਿਪਾਲ ਨੇ ਬੂਝਨਿ ਕੀਨੋ।
'ਆਪ ਜਗਤ ਕੇ ਗੁਰੂ ਪ੍ਰਬੀਨੋ ॥੭॥
ਭੂਤ ਭਵਿੱਖਯ ਅਨੇਕ ਬ੍ਰਿਤਾਂਤ।
ਤੁਮਰੇ ਰਿਦੇ ਸਭਿਨਿ ਕੀ ਗਯਾਤ।
ਨਗਰ ਬਿਸਾਲ ਮਨੋਹਰ ਮਹਾਂ।
ਧਨੀ ਪੁਰਖ ਬੈਠੇ ਜਹਿਂ ਕਹਾਂ ॥੮॥
ਮੰਦਿਰ ਬਰ ਸੁੰਦਰ ਬਡ ਕਰੇ।
ਨਰ ਨਾਰੀ ਗਨ ਆਨੰਦ ਭਰੇ।
ਸਤਿਗੁਰੁ ਕੀ ਸੰਗਤ ਸਮੁਦਾਇ।
ਰਾਵਰਿ ਕੋ ਦਰਸੈ ਹਰਖਾਇ ॥੯॥
ਚਲੈ ਪ੍ਰਵਾਹ ਬਿਮਲ ਬਹੁ ਪਾਨੀ।
ਸਕਲ ਦੇਸ਼ ਸ਼ੋਭਤਿ ਗੁਨ ਖਾਨੀ।
ਭਾਂਤਿ ਭਾਂਤਿ ਕੇ ਉਪਬਨ ਖਰੇ।
ਫਲ ਫੂਲਨਿ ਯੁਤਿ ਤਰੁ ਦਲ ਹਰੇ[1] ॥੧੦॥

[1]ਨੇਕ, ਪਤੀਬ੍ਰਤਾ (ਅ) ਇਸਤ੍ਰੀ।

[1]ਹਰੇ ਪੱਤੇ ਵਾਲੇ ਬ੍ਰਿੱਛ।

ਇਸ ਮਹਿਂ ਭਯੋ ਕੌਨ ਬਡ ਰਾਜਾ?
ਜਿਸਨੇ ਸਕਲ ਬਸਾਇ ਬਿਰਾਜਾ[1]।
ਸੁੰਦਰ ਦੇਸ਼ ਰਾਜ ਜਿਨ ਕੀਨਸਿ।
ਕਰੋ ਸੁਨਾਵਨਿ ਸਕਲ ਪ੍ਰਬੀਨਸ' ॥੧੧॥

[1]ਸਥਾਪਨ ਕੀਤਾ।

ਦੋਹਰਾ:
ਸੁਨਿ ਕੈ ਸਭਿ ਸੰਗਤ ਬਿਖੈ, ਜਾਨਿ ਰਿਦੈ ਇਤਿਹਾਸ।
ਤੇਗ ਬਹਾਦਰ ਸ਼੍ਰੀ ਗੁਰੂ, ਕਹ੍ਯੋ ਸਭਿਨਿ ਸਿਖ ਪਾਸ ॥੧੨॥
'ਇਸੀ ਦੇਸ਼ ਮੈਂ ਹੋਤਿ ਭਾ, ਨ੍ਰਿਪਤਿ ਬ੍ਰਿਹਦਰਥ† ਨਾਮ।
ਤੀਨ ਛੂਹਨੀ ਸੈਨਪਤਿ, ਅਤਿ ਸੂਰੋ ਬਲਿ ਧਾਮ ॥੧੩॥

†ਇਹ ਪੌਰਾਣਕ ਕਥਾ ਕਵਿ ਜੀ ਸੁਨਾਉਣ ਲਗੇ ਹਨ ਜਿਸ ਵਿਚ ਜਰਾਸੰਧ ਦੇ ਜਨਮ ਦਾ ਹਾਲ ਹੈ।

ਚੌਪਈ:
ਇੰਦ੍ਰ ਸਮਾਨ ਮਹਾਂ ਬਲਿ ਸੂਰਾ।
ਸਕਲ ਭਾਂਤਿ ਐਸ਼੍ਵਰਜੇ ਪੂਰਾ।
ਰੱਛਾ ਕਰਤਿ ਦੇਸ਼ ਇਸ ਕੇਰੀ।
ਸਭਿ ਮਾਨਹਿਂ ਜਿਹ ਆਨ[1] ਬਡੇਰੀ ॥੧੪॥

[1]ਈਨ।

ਕਾਂਸ਼ੀ ਨ੍ਰਿਪ ਕੀ ਤਨਿਯਾ ਦੋਇ।
ਤਿਨ ਕੋ ਬਯਾਹ ਆਨਿ ਘਰਿ ਸੋਇ[1]।
ਚਿਰੰਕਾਲ ਤਿਸ ਕੋ ਬਿਤ ਗਯੋ।
ਪੁੱਤ੍ਰ ਨਹੀਂ ਘਰਿ ਨ੍ਰਿਪ ਕੇ ਭਯੋ ॥੧੫॥

[1]ਵਿਵਾਹ ਕਰਕੇ ਓਹ ਘਰ ਲਿਆਂਦੀਆਂ।

ਜੱਗ ਅਨੇਕ ਸਦੱਛਨ[1] ਕੀਨੇ।
ਅਪਰ ਉਪਾਇ ਭੂਪ ਕਰਿ ਲੀਨੇ।
ਤਊ ਨ ਸੁਤ ਉਪਜ੍ਯੋ ਸੁਖਦਾਇ।
ਚਿੰਤਾਤੁਰ ਹੋਵਤਿ ਪਛੁਤਾਇ ॥੧੬॥

[1]ਸਹਿਤ ਦੱਛਣਾਂ ਦੇ।

ਚੰਦ੍ਰਿਕ ਨਾਮ ਰਿਖੀਸ਼ੁਰ ਏਕ।
ਤਿਸ ਕੇ ਗੁਨ ਸੁਨਿ ਸ਼੍ਰੌਨ ਅਨੇਕ।
ਲੈ ਅਪਨੇ ਸੰਗ ਦੋਨਹੁਂ ਰਾਨੀ।
ਨ੍ਰਿਪਤ ਜਾਇ ਤਿਹ ਸੇਵਾ ਠਾਨੀ ॥੧੭॥
ਬ੍ਰਿਛ ਅੰਬ ਕੋ ਤਿਹ ਥਲ ਖਰ੍ਯੋ।

ਤਰੇ ਰਿਖੀਸ਼ੁਰ ਨੇ ਤਪ ਕਰਯੋ।
ਅਨਿਕ ਭਾਂਤਿ ਕੇ ਤਪ ਕੋ ਤਾਪਤਿ।
ਰਿਦੈ ਸੁੱਧ ਸ਼੍ਰੀ ਪ੍ਰਭੁ ਕੋ ਜਾਪਤਿ ॥੧੮॥
ਕੇਤਿਕ ਦਿਨ ਜਬਿ ਸੇਵਾ ਠਾਨੀ।
ਕ੍ਰਿਪਾ ਦ੍ਰਿਸ਼ਟਿ ਦੇਖੀ ਮੁਨਿ ਗਜਾਨੀ।
ਤਿਸਹਿ ਅੰਬ ਕੇ ਫਲ ਕੋ ਦੀਨ।
-ਪੁੱਤ੍ਰ ਬਲੀ ਹੁਇ ਸੂਰ ਅਦੀਨ[1]- ॥੧੯॥ — [1]ਜੋ ਕਿਸੇ ਅੱਗੇ ਦੀਨ ਨਾ ਹੋਵੇਗਾ।
ਲੇ ਹਰਖਯੋ ਰਾਜਾ ਬੁਧਿਵਾਨ।
ਘਰ ਨਿਜ ਗਮਨਯੋ ਬੰਦਨ ਠਾਨਿ।
ਦੁਇ ਦਾਰਾ ਪਜਾਰੀ ਸਮ[1] ਜਾਨੈ। — [1]ਇਕੋ ਜੇਹੀਆਂ।
-ਕਿਸ ਕੋ ਦੇਉਂ- ਚਿਤਵਨੋ ਠਾਨੈ ॥੨੦॥
-ਇਕ ਦੁਖ ਪਾਵਹਿ ਇਕ ਹਰਖਾਇ।
ਇਹ ਬਿਧਿ ਨਹਿਂ ਮੇਰੇ ਮਨ ਆਇ।
ਗੁਨ ਸਰੂਪ ਮੈਂ ਦੁਉ ਸਮਾਨ।
ਮੋ ਮਹਿ ਪ੍ਰੀਤ ਕਰੈਂ ਸਮ[1] ਜਾਨਿ[2]- ॥੨੧॥ — [1]ਇਕੋ ਜੇਹੀ। [2]ਅਜਿਹਾ) ਜਾਣ ਕੇ।
ਬਹੁਤ ਕਾਲ ਚਿਤਵਯੋ ਮਨ ਮਾਂਹਿ।
ਇਕ ਕੋ ਦੇਨਿ ਰੁਚੈ ਚਿਤ ਨਾਂਹਿ।
ਫਲ ਦੁਖੰਡ ਕਰਿ ਕੈ ਕਰ ਲੀਨਿ।
ਦੁਹ ਨਾਰੀ ਪਜਾਰੀ ਕੌ ਦੀਨਿ ॥੨੨॥
ਹੁਇ ਪ੍ਰਸੰਨ ਦੋਨਹੁ ਫਲ ਲਹਯੋ।
ਖਾਏ, ਕਿਤਿਕ ਦਿਨਨ ਗ੍ਰਭ ਭਯੋ[1]। — [1]ਖਾਣ ਤੋਂ ਕਿੰਨੇ ਕੁ ਦਿਨ ਪਿੱਛੋਂ ਗਰਭ ਹੋ ਗਿਆ।
ਭੂਪਤ ਕੇ ਮਨ ਹਰਖ ਉਪਾਵਾ।
ਗਰਭਵਤੀ ਦੇਖਤਿ ਸੁਖ ਪਾਵਾ ॥੨੩॥
ਅਵਧਿ ਗਰਭ[1] ਜਬਿ ਪੂਰਨ ਭਈ। — [1]ਗਰਭ ਦਾ ਸਮਾਂ।
ਜਨਮੇ ਪੁੱਤ੍ਰ ਦੁਹਨਿ ਗਤਿ ਨਈ।
ਅਰਧ ਅਰਧ ਜਨਮੇ ਤਨ ਦੋਇ।
ਨਿਰਖਤਿ ਨਾਰਿ ਬਿਸਮ ਰਹੀ ਹੋਇ ॥੨੪॥
ਤਾਂ ਕੋ ਜਾਨਯੋ[1] ਭਾ ਉਤਪਾਤ[2]। — [1]ਤਿਸ ਨੂੰ ਜਾਣਿਆਂ। [2]ਉਪੱਦ੍ਰਵ ਹੋਇਆ ਹੈ।

ਅਹੈਂ ਖੰਡ ਦੁਇ ਏਕੋ ਗਾਤ[1]।
ਅੰਬਰ ਬਿਖੈ ਲਪੇਟਯੋ ਤਾਂਹਿ।
'ਗੇਰਹੁ ਵਹਿਰ ਬਿਲੋਕਹੁ ਨਾਂਹਿ' ॥੨੫॥
ਇਕ ਤਿਯ ਨੇ ਲੇ ਬਾਹਰ ਡਾਰਯੋ।
ਜਰਾ ਰਾਖਸ਼ੀ[1] ਗਿਰਤਿ ਨਿਹਾਰਯੋ।
ਗਈ ਸ਼ੀਘ੍ਰ ਭੱਖਜਨਿ ਕੇ ਕਾਰਨ।
ਆਮਿਖ ਸ਼੍ਰੋਣਤ ਕਰਤਿ ਅਹਾਰਨਿ ॥੨੬॥
ਦੇਖਯੋ ਤਿਹ ਉਠਾਇ ਕੈ ਜਬੈ।
ਅਚਰਜ ਭਈ ਨਈ ਗਤਿ ਸਬੈ।
ਬਡ ਬਲ ਸੋਂ ਗਹਿ ਭਾਰੀ ਭਾਰ।
ਜੋਰਤਿ ਭਈ ਜਰਾ ਤਿਸ ਬਾਰ[1] ॥੨੭॥
ਏਕ ਨੈਨ ਕਰ ਪਦ ਇਕ ਕਾਨ।
ਪਰਯੋ ਹੁਤੋ ਜਿਹ ਥਾਨ ਭਯਾਨ।
ਤਿਹ ਤੇ ਬਲ ਕਰਿ ਕੈ ਸੁ ਲਗਾਯੋ।
ਜੀਵਯੋ ਬਾਲਿਕ ਰੁਦਨ ਸੁਨਾਯੋ ॥੨੮॥
ਸ਼ਬਦ ਭਯੋ ਜਿਮ ਘਨ ਗਰਜੰਤਾ।
ਨਗਰ ਲੋਕ ਸੁਨਿ ਚਿੰਤ ਕਰੰਤਾ।
ਜਰਾ ਰਾਖਸ਼ੀ ਅਚਰਜ ਮਾਨਯੋ।
ਭਈ ਚਿੱਤ੍ਰ[1] ਸਮ ਤੂਸ਼ਨਿ ਠਾਨਯੋ ॥੨੯॥
ਜਰਾ[1] ਉਠਾਇ ਰਹੀ ਨਹਿਂ ਹਾਲਯੋ।
ਸਗਰੋ ਅਪਨੋ ਓਜ ਸਮ੍ਹਾਲਯੋ।
ਬਡੋ ਸ਼ਬਦ ਸੁਨਿ ਊਚ ਰੁ ਨੀਚ।
ਧਾਏ ਪਰਯੋ ਰੌਰ ਪੁਰਿ ਬੀਚ ॥੩੦॥
ਜਰਾ ਰਾਖਸ਼ੀ ਕੋ ਤਹਿਂ ਬਰਜਯੋ।
ਨ੍ਰਿਪ ਕੇ ਭਟਨ ਕ੍ਰੋਧ ਕਰਿ ਤਰਜਯੋ[1]।
ਲਿਯੋ ਉਠਾਇ ਬਹੁਤ ਨੇ ਮਿਲਿ ਕਰਿ।
ਲੇ ਕਰਿ ਪਹੁਚੇ ਭੂਪਤ ਕੇ ਘਰ ॥੩੧॥
ਜਰਾ ਗਈ ਮਹਿਪਾਲਕ ਪਾਸ।
-ਹੇ ਨ੍ਰਿਪ ਤੁਮਰੇ ਪੁਰਿ ਮਮ ਵਾਸ।
ਯਾਂ ਤੇ ਬਾਲਿਕ ਮੈਂ ਲਖਿ ਪਾਵਾ।
ਜੋਰਿ ਦੁਖੰਡ ਆਨਿ ਜਿਯ ਪਾਵਾ[1]-

[1]ਇਕ ਸਰੀਰ ਦੇ।
[1]ਜਰਾ ਨਾਮੇ ਰਾਖਸ਼ਣੀ ਨੇ।
[1]ਜਰਾ ਰਾਖਸ਼ਣੀ ਨੇ (ਖੰਡਾਂ ਨੂੰ) ਜੋੜਿਆ ਉਸ ਵੇਲੇ।
[1]ਮੂਰਤੀ।
[1]ਜਰਾ ਰਾਖਸ਼ਣੀ।
[1]ਤਾੜਿਆ।
[1]ਜਦ) ਦੋ ਟੁਕੜੇ ਜੋੜੇ (ਤਦ) ਜਾਨ ਆਕੇ ਪੈ ਗਈ।

॥੩੨॥
ਨ੍ਰਿਪ ਨੇ ਹੁਇ ਪ੍ਰਸੰਨ ਸੁਤ ਲੀਨਸਿ।
ਮੋਦ ਸਹਤ ਦਾਰਾ ਦੁਇ ਦੀਨਸਿ[1]।
ਜਰਾ ਰਾਖਸ਼ੀ ਵਿਦਿਆ ਹੋਇ।
ਗਈ ਚਿੰਤ ਰਾਜੇ ਕੀ ਖੋਇ ॥੩੩॥
ਜੱਗ੍ਯ ਦਾਨ ਮੰਗਲ ਉਤਸਾਹੂ।
ਕਰਤਿ ਭਯੋ ਹਿਤ ਸੋਂ ਨਰਨਾਹੂ[1]।
ਜਰਾ ਰਾਖਸ਼ੀ ਸੰਧੁ ਕਰਯੋ ਹੈ।
ਜਰਾਸੰਧ ਇਮ ਨਾਮ ਪਰਯੋ ਹੈ ॥੩੪॥
ਦਿਨ ਦਿਨ ਬਧੈ ਅਧਿਕ ਬਲ ਧਰੈ।
ਸ਼ਕਤਿ ਬਿਸਾਲ ਨ੍ਰਿਪਹੁੰ ਸਮ ਕਰੈ।
ਮਹਾਂ ਬਾਹੁ[1] ਆਯੁਤ ਜਿਸ ਛਾਤੀ।
ਸ਼ੁਭ ਲੱਛਨ ਸੁੰਦਰ ਸਭਿ ਭਾਂਤੀ ॥੩੫॥
ਬੀਤਤਿ ਭਯੋ ਜਬਹਿ ਚਿਰਕਾਲ।
ਸੁਨਿ ਕੈ ਸੋ ਰਿਖਿ ਅਖਿਲ ਹਵਾਲ।
ਇਸੀ ਦੇਸ਼ ਚਲਿ ਆਯੋ ਸੋਇ।
ਦੇਖਨਿ ਹਿਤ ਨ੍ਰਿਪ ਕੋ ਸੁਤ ਜੋਇ ॥੩੬॥
ਸੁਨਤਿ ਭੂਪ ਨੇ ਸੁਖ ਕੋ ਮਾਨਾ।
ਪੂਜਨ ਕੀ ਲੈ ਸੌਂਜ ਮਹਾਨਾ।
ਦੁਊ ਭਾਰਜਾ ਲੇ ਕਰਿ ਸਾਥ।
ਰਿਖਿ ਕੇ ਚਰਨ ਧਰਯੋ ਨਿਜ ਮਾਥ ॥੩੭॥
ਬਿਨੈ ਭਨੀ ਸਾਦਰ ਬੈਠਾਯੋ।
-ਬਡੇ ਭਾਗ ਹਮ ਦਰਸ਼ਨ ਪਾਯੋ।
ਮੋ ਪਰ ਕ੍ਰਿਪਾ ਬਿਸਾਲ ਤੁਮਾਰੀ।
ਦਿਯੋ ਪੁੱਤ੍ਰ ਜੋਧਾ ਬਲ ਭਾਰੀ ॥੩੮॥
ਅਬਿ ਇਹ ਰਾਜ ਆਪ ਹੀ ਕਰੀਅਹਿ।
ਹਮ ਸਭਿਹਿਨਿ ਕੋ ਆਸ਼ੈ ਥਿਰੀਅਹਿ-।
ਕਹੈ ਰਿਖੀਸ਼ੁਰ -ਸੁਨਹੁ ਨਰੇਸ਼।
ਤੁਮ ਹੀ ਕੋ ਸ਼ੋਭਤਿ ਸਭਿ ਦੇਸ਼ ॥੩੯॥
ਤਪਸਾ[1] ਬਨਯੋ ਹਮਾਰੋ ਰਾਜ।
ਤੁਮ ਹੀ ਰਾਖਹੁ ਸੈਨ ਸਮਾਜ।

[1]ਦੋਹਾਂ ਇਸਤ੍ਰੀਆਂ ਨੂੰ ਦਿੱਤਾ।

[1]ਰਾਜਾ।

[1]ਲੰਮੀਆਂ ਬਾਹਾਂ ਵਾਲਾ, ਸੂਰਬੀਰ।

[1]ਤਪੱਸਯਾ ਹੀ।

ਇਹੁ ਸੁਤ ਤੁਮਰੋ ਐਸੋ ਭਯੋ।
ਬਿਦਤਹਿ ਸਕਲ ਜਗਤ ਜਸੁ ਲਹਜੋ ॥੪੦॥
ਜਗਤ ਬਿਖੈ ਇਸ ਕੇ ਸਮ ਭੂਪ।
ਨਹੀਂ ਹੋਇ ਹੈ ਮਹਦ ਅਨੂਪ।
ਸਭਿ ਰਾਜਨ ਕੋ ਰਾਜਾ ਹੋਇ।
ਯਾਂ ਕੀ ਸਮਸਰ ਕਰੈ ਨ ਕੋਇ ॥੪੧॥
ਸੁਰ ਅਸੁਰਨਿ ਕੋ ਜੀਤੈ ਜੁੱਧ।
ਕਰਹਿ ਪ੍ਰਜਾ ਕੀ ਰੱਛਾ ਸੁੱਧ।
ਜੋ ਨਰਿੰਦ ਇਸ ਪਰ ਚਢਿ ਆਵੈ।
ਭੁਜ ਬਲ ਤੇ ਤਿਹ ਹਤਹਿ ਪਲਾਵੈ- ॥੪੨॥
ਨ੍ਰਿਪ ਤਪਸੀ ਤੇ ਸੁਨਿ ਕਰਿ ਗਾਥਾ।
ਸੁਤ ਗੁਨ ਤੇ ਬਿਸਾਲ ਸੁਖ ਸਾਥਾ[1]।

[1]ਪੁੱਤ੍ਰ ਦੇ ਗੁਣਾਂ ਵਾਲਾ ਹੋਣ (ਦੀ ਗੱਲ ਸੁਣਕੇ) ਸੁਖੀ ਹੋਯਾ।

ਰਾਜ ਤਿਲਕ ਅਭਿਖੇਕਨਿ ਕੀਨਾ[1]।

[1]ਅਭਿਖੇਕ = ਰਾਜ ਆਦਿ ਦਾ ਅਧਿਕਾਰ ਦੇਣ ਦੇ ਮੰਗਲ ਸਮੇਂ ਵਿਧੀ ਪੂਰਬਕ ਮੰਤ੍ਰ ਪੜ੍ਹਕੇ ਕੁਸ਼ਾ ਆਦਿਕ ਨਾਲ ਜਲ ਛਿੜਕਣਾ।

ਆਪ ਪੰਥ ਕਾਨਨ ਕੋ ਲੀਨਾ ॥੪੩॥
ਸੁਤ ਕੋ ਕਹਿ ਸਿੱਖਜਾ ਦੇ ਘਨੀ।
ਜੁਗ ਦਾਰਾ ਲੇ ਕਰਿ ਭਾਮਨੀ[1]।

[1]ਸੁਹਣੀਆਂ, ਪਿਆਰੀਆਂ।

ਬਨ ਮੈਂ ਗਮਨਜੋਂ ਤਪਸੀ ਸੰਗ।
ਕੀਨਸਿ ਤਪ ਬਨ ਸੈਲ ਉਤੰਗ[1] ॥੪੪॥

[1]ਉੱਚੇ ਪਹਾੜਾਂ ਦੇ ਬਨਾਂ ਵਿਚ।

ਜਰਾਸੰਧ ਨਿਜ ਪਿਤ ਕੇ ਪਾਛੇ।
ਚਤੁਰੰਗਨਿ ਕਰਿ ਧੁਜਨੀ[1] ਆਛੇ।

[1]ਚਾਰ ਪ੍ਰਕਾਰ ਦੀ ਸੈਨਾ।

ਜੋ ਨ੍ਰਿਪ ਤਿਸ ਕੀ ਆਗਜਾ ਮੋਰੈ।
ਸੰਘਰ ਕਰਿ ਰਿਪੁ ਕੋ ਸਿਰ ਫੋਰੈ ॥੪੫॥
ਕਿਸ ਕਉ ਕਾਰਾਗਿਹ[1] ਮੈਂ ਡਾਰੇ।

[1]ਕੈਦ।

ਕਿਸਹਿ ਨਿਕਾਸਹਿ ਛੀਨਹਿ ਸਾਰੇ[1]।

[1]ਸਾਰੇ (ਦੇਸ਼) ਖੋਹ ਲਵੇ।

ਭਲੀ ਭਾਂਤਿ ਨਿਜ ਰਾਜ ਬਧਾਵਾ।
ਸਭਿ ਪਰ ਅਪਨੋ ਹੁਕਮ ਟਿਕਾਵਾ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜਰਾਸੰਧ' ਪ੍ਰਸੰਗ ਬਰਨਨੰ ਨਾਮ ਉਨਸਸ਼ਟੀ ਅੰਸੂ ॥੫੯॥

## ੬੦. [ਜਰਾਸੰਧ ਪ੍ਰਸੰਗ]

੫੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੧

ਦੋਹਰਾ:

[†]'ਭਏ ਕ੍ਰਿਸ਼ਨ ਅਵਿਤਾਰ ਪ੍ਰਭੁ, ਮਹਾਂਬੀਰ ਬਲਵਾਨ।
ਜਨਮ ਭਯੋ ਮਥਰਾ ਬਿਖੈ, ਬਿਦਤੇ ਗੋਕਲ ਥਾਨ ॥੧॥

[†]ਕਵੀ ਜੀ ਜਰਾਸੰਧ ਦੀ ਕਥਾ ਚਲਾ ਰਹੇ ਹਨ, ਜਰਾਸੰਧ ਮਗਧ ਦੇਸ਼ ਦਾ ਰਾਜਾ ਹੋਇਆ ਹੈ।

ਚੌਪਈ:

ਦੁਸ਼ਟਨਿ ਮਹਾਂ ਪੂਤਨਾ ਮਾਰੀ[1]।
ਤਿਣਾਵਰਤ[1] ਕੀ ਦੇਹ ਬਿਦਾਰੀ।
ਬਾਲ ਸਰੂਪ ਬਿਖੈ ਇਹ ਨਾਸੇ।
ਬ੍ਰਿਧਤਿ ਭਏ ਗਨ ਗੋਪ ਅਵਾਸੇ[1] ॥੨॥
ਦੈਤ ਅਘਾਸੁਰ[1], ਧੇਨਕ[2] ਮਾਰਾ।
ਕੇਸੀ[1] ਕੋ ਬਲ ਕਰਿ ਸੰਘਾਰਾ।
ਮਥਰਾ ਕੋ ਅਕ੍ਰੂਰ[1] ਲੇ ਆਵਾ।
ਪ੍ਰਥਮ ਕੁਦਡ[1] ਦੁਖੰਡ ਕਰਾਵਾ ॥੩॥
ਮੱਲ ਚੰਡੂਰ ਸੁ ਮੁਸ਼ਟਕ[1] ਮਾਰਾ।
ਪੁਨ ਨ੍ਰਿਪ ਕੰਸ ਦੁਸ਼ਟ ਸੰਘਾਰਾ।
ਜਰਾਸੰਧ ਕੋ ਹੁਤੋ ਜਮਾਤਾ।
ਜਬਿ ਘਨ ਸ਼ਜਾਮ ਕੀਨਿ ਖਲ ਘਾਤਾ[1] ॥੪॥
ਸੁਤਾ ਗਈ ਪਿਤ ਪਾਸ ਪੁਕਾਰੀ।
ਬਿਧਵਾ ਦੇਖਿ ਅਧਿਕ ਦੁਖਿਆਰੀ।
ਜਰਾਸੰਧ ਕੋਪਜੋ ਬਲ ਭਾਰੀ।
ਸਕਲ ਬਾਹਨੀ ਕੀਨਸਿ ਤਯਾਰੀ ॥੫॥
ਉਤਸਾਹਿਤ ਭੁਪਤ ਤਬਿ ਚਢਜੋ।
-ਹਤੌਂ ਹਲੀ ਹਰਿ[1]- ਕ੍ਰੋਧ ਸੁ ਬਢਜੋ।
ਮਥਰਾ ਘੇਰਿ ਕਰਜੋ ਸੰਗ੍ਰਾਮੂ।
ਲਾਖਹੁ ਭਟ ਪਹੁੰਚੇ ਜਮਧਾਮੂ ॥੬॥
ਰਣ ਭੈਰਵ ਕਰਿ ਕੈ ਬਹੁ ਬਾਰਿ।

[1]ਮਹਾਂ ਦੁਸ਼ਟਣੀ ਪੂਤਨਾ ਮਾਰੀ।

[1]ਇਕ ਦੈਂਤ ਜਿਸ ਨੂੰ ਕੰਸ ਨੇ ਕ੍ਰਿਸ਼ਨ ਜੀ ਦੇ ਮਾਰਨ ਵਾਸਤੇ ਘੱਲਿਆ ਸੀ ਤੇ ਇਹ ਵਾਵਰੋਲਾ ਬਣਕੇ ਕ੍ਰਿਸ਼ਨ ਜੀ ਨੂੰ ਉਡਾ ਲੈ ਗਿਆ, ਪਰ ਕ੍ਰਿਸ਼ਨ ਜੀ ਨੇ ਇਸ ਦਾ ਗਲਾ ਦਬਾ ਕੇ ਹੇਠਾਂ ਸੁਟ ਦਿੱਤਾ ਤੇ ਏਹ ਮਰ ਗਿਆ।

[1]ਗਵਾਲਿਆਂ ਦੇ ਘਰ।

[1]ਅਘ ਨਾਮੇ ਦੈਂਤ, ਕੰਸ ਦਾ ਸੈਨਾਪਤਿ ਜਿਸਨੂੰ ਕ੍ਰਿਸ਼ਨ ਨੇ ਮਾਰਿਆ ਸੀ। [2]ਨਾਮ ਰਾਖਸ਼ ਦਾ।

[1]ਨਾਮ ਦੈਂਤ ਦਾ।

[1]ਨਾਮ ਭਗਤ ਦਾ।

[1]ਧਨੁਖ।

[1]ਚੰਡੂਰ ਤੇ ਮੁਸ਼ਟਕ ਦੋ ਮੱਲਾਂ ਦੇ ਨਾਮ ਹਨ।

[1](ਉਸ) ਦੁਸ਼ਟ ਦਾ ਨਾਸ਼ ਕੀਤਾ।

[1]ਬਲਭੱਦ੍ਰ ਤੇ ਕ੍ਰਿਸ਼ਨ ਨੂੰ ਮਾਰਾਂ।

ਹਟਿ ਹਟਿ ਗਯੋ ਪ੍ਰਭੂ ਤੇ ਹਾਰਿ।
ਪੁਨਹਿ ਦ੍ਵਾਰਕਾ ਸਿੰਧ ਮਝਾਰੇ।
ਰਚੀ ਪੁਰੀ[1] ਬਸ ਰਹ ਸੁਖਾਰੇ ॥੭॥

[1](ਕ੍ਰਿਸ਼ਨ ਜੀ ਨੇ) ਪੁਰੀ ਰਚੀ।

ਕਿਤਿਕ ਕਾਲ ਬੀਤਯੋ ਤਿਸ ਪਾਛੇ।
ਪਾਂਡਵ ਭਏ ਸੂਰਮਾ ਆਛੇ।
ਰਾਜਸੂਅ ਕੋ ਚਾਹਿਤ[†] ਕਰਯੋ।
ਸ਼ਤ੍ਰੁ ਅਜਾਤ ਮਨੋਰਥ ਧਰਯੋ[1] ॥੮॥

[†]ਪਾ:-ਜੱਗ ਰਾਜਸੂ ਚਾਹਿਤ।

[1]ਰਾਜਾ ਯੁਧਿਸ਼ਟਰ ਨੇ (ਇਹ) ਮਨੋਰਥ ਧਰਿਆ। [ਸੰਸ. ਅਜਾਤ ਸ਼ੱਤ੍ਰੁ = ਰਾਜਾ ਯੁਧਿਸ਼ਟਰ ਦਾ ਇਕ ਨਾਮ] (ਅ) ਸ਼ੱਤ੍ਰੁ ਕੋਈ ਉਤਪਤ ਨਾ ਹੋਵੇ ਇਹ ਮਨੋਰਥ ਧਰਿਆ। (ੲ) ਇਹ ਨਾਮ ਹੋਰਨਾਂ ਦਾ ਬੀ ਹੈ:-ਉਪਨਿਖਦਾਂ ਵਿਚ ਇਸ ਨਾਮ ਦਾ ਇਕ ਰਾਜਾ ਬੁਲਾਕੇ ਬ੍ਰਹਮਣ ਨੂੰ ਆਤਮ ਉਪਦੇਸ਼ ਦਿੰਦਾ ਹੈ। ਇਕ ਬੋਧੀ ਰਾਜਾ ਬੀ ਇਸ ਨਾਮ ਦਾ ਹੈ।

ਤਹਿਂ ਤੇ ਸ਼੍ਰੀ ਘਨਸ਼ਜਾਮ ਬੁਲਾਏ।
ਅੱਤਿ ਪ੍ਰਿਯ ਲਖਿ ਕਰਿ ਤਿਨ ਗ੍ਰਿਹ ਆਏ।
ਅਪਨਿ ਮਨੋਰਥ ਭਨਯੋ ਅਗਾਰੀ।
ਸੁਨਿ ਮਧੁਸੂਦਨ[1] ਗਿਰਾ ਉਚਾਰੀ ॥੯॥

[1]ਕ੍ਰਿਸ਼ਨ ਜੀ ਨੇ।

-ਮਹਾਂਬੀਰ ਜੋ ਮਗਧ ਨਰੇਸ਼।
ਜਰਾਸੰਧ ਬਲ ਬਿਖੈ ਬਿਸ਼ੇਸ਼।
ਤਿਸ ਮਾਰੇ ਬਿਨ ਮਖ ਨਹਿਂ ਹੋਇ।
ਪੂਰਨ ਭਯੋ ਆਰਬਲ ਸੋਇ[1] ॥੧੦॥

[1](ਆਪਣੀ) ਆਯੂ ਵਿਚ ਓਹ ਪੂਰਨ (ਬਲੀ) ਹੈ। (ਅ) ਉਮਰ ਆਪਣੀ ਪੂਰੀ ਕਰ ਚੁਕਾ ਹੈ।

ਏਕ ਬਾਰ ਨਿਜ ਮੰਦਿਰ ਚਰਿ ਕੈ[1]।
ਗਦਾ ਪ੍ਰਹਾਰੀ ਕਰ ਬਲ ਕਰਿ ਕੈ।
ਸੌ ਜੋਜਨ ਮਗ ਕੋ ਬਿਸਤਾਰ।
ਪਹੁੰਚੀ ਹਮ ਢਿਗ ਕਰਨਿ ਪ੍ਰਹਾਰ ॥੧੧॥

[1](ਜਰਾਸੰਧ ਨੇ) ਇਕ ਵਾਰ ਅਪਨੇ ਮੰਦਰ ਤੇ ਚੜ੍ਹਕੇ।

ਤਬਿ ਬਲਦੇਵ ਸ਼ਕਤਿ ਕਰਿ ਅਪਨੀ।
ਆਵਤਿ ਗਦਾ ਨਿਫਲ ਕਰਿ ਖਪਨੀ[1]।
ਜਰਾਸਿੰਧ ਰਾਖਤਿ ਬਲ ਘਨਾ।
ਕੇਤਿਕ ਤਾਕੀ ਗਿਨਤੀ ਗਨਾ ॥੧੨॥

[1]ਖਪਾ ਦਿੱਤੀ।

ਤਾਂ ਤੇ ਨੀਕੋ ਇਹੈ ਉਪਾਇ।
ਸੈਨਾ ਹਮ ਸੋਂ ਚਲੈ ਨ ਕਾਇ।
ਜਿਹ ਸਨਮੁਖ ਹੁਇ ਸਕਹਿ ਨ ਕੋਇ।

ਚਮੂੰ ਲਰੇ ਕਜੋਂ[1] ਜੀਤਨਿ ਹੋਇ ॥੧੩॥
[1]ਕਿਵੇਂ।
ਅਰਜਨ ਭੀਮ ਸੰਗ ਲੈ ਜਾਊਂ।
ਕਈ ਭੇਦ[1] ਕਰਿ ਤਿਹ ਜਿਤ ਆਊ।
[1]ਭਾਵ, ਨਾਮ ਦਾਨ ਦੰਡ ਭੇਦ ਆਦੀ ਉਪਾਉ, ਵਲ ਛਲ।
ਅਬਿ ਪਹੁੰਚਹਿਂ ਹਮ ਜਾਇ ਸਮੀਪ।
ਭੀਮ ਸੰਗ ਰਣ ਕਰੈ ਮਹੀਪ[1] ॥੧੪॥
[1]ਰਾਜਾ (ਜਰਾਸੰਧ) ਨਾਲ ਭੀਮ ਜੰਗ ਕਰੇ।
ਦੇਹੁ ਸੁਭਟ ਦ੍ਵੈ ਸੰਗ ਹਮਾਰੇ।
ਜਸ ਜੈ ਹੈਂ ਤਸ ਲੇਹੁ ਸੰਭਾਰੇ[1]-।
[1]ਜਿਸ ਤਰ੍ਹਾਂ ਦੇ ਜਾਣਗੇ ਤੈਸੇ ਸੰਭਾਲ ਲੈਣੇ ਭਾਵ ਮਰਨ ਨਹੀਂ ਦਿੰਦੇ।
ਕਹੀ ਜੁਧਿਸ਼ਟਰ ਪਾਂਡਵ ਰਾਜ।
-ਆਪ ਸਿਧਾਰਤਿ ਹਮਰੇ ਕਾਜ ॥੧੫॥
ਜਿਸ ਪ੍ਰਕਾਰ ਨੀਕੀ ਮਨ ਤੁਮਰੇ।
ਤਿਮ ਹੀ ਸ਼ੁਭ ਹੁਇਂ ਕਾਰਜ ਹਮਰੇ-।
ਸੁਨਿ ਤੀਨਹੁ ਕਰਿ ਦਿਜ ਕੋ ਬੇਸ।
ਇਸੀ ਦੇਸ਼ ਕੋ ਅਏ ਬਿਸ਼ੇਸ਼ ॥੧੬॥
ਮਗ ਸੂਧੇ ਕੋ ਤਜਿਬੋ ਕੀਨਿ।
ਅਪਰ ਦੇਸ਼ ਕੋ ਗਏ ਪ੍ਰਬੀਨ।
-ਮਤ ਹਮਰੋ ਆਗਮ[1] ਸੁਨਿ ਪਾਵੈ।
[1]ਆਉਣਾ।
ਹਤਨੋ ਪੁਨਹਿ ਕਠਨ ਹੁਇ ਜਾਵੈ- ॥੧੭॥
ਉਤਰਤਿ ਭਏ ਸੁਰਸਰੀ ਪਾਰ।
ਨਦੀ ਗੰਡਕਾ ਤਰਿ ਕੈ ਬਾਰਿ[1]।
[1]ਗੰਡਕਾ ਨਦੀ ਦਾ ਜਲ ਤਰਕੇ।
ਸ਼ੋਣਾ ਸਲਿਤਾ[1] ਕੋ ਤਜਿ ਗਏ।
[1]ਸ਼ੋਣ ਭਦ੍ਰਾ ਨਦੀ।
ਮਾਗਧ[†] ਬਿਖੈ ਆਵਤੇ ਭਏ ॥੧੮॥
[†]ਪਾ:-ਮਗਧ।
ਜਰਾਸੰਧ ਜੋਧਾ ਜਹਿਂ ਰਾਜਾ।
ਨਿਕਟਿ ਬਾਹਨੀ ਅਧਿਕ ਸਮਾਜਾ।
ਬਸਹਿਂ ਦੇਸ਼ ਮਹਿਂ ਸੁਖ ਸੋਂ ਲੋਕ।
ਨਹਿਂ ਪਾਵਤਿ ਕਬਿਹੂੰ ਮਨ ਸ਼ੋਕ ॥੧੯॥
ਬਡੋ ਨਗਰ ਜਹਿਂ ਦੁਰਗ ਚੁਗਿਰਦੇ।
ਕੋਇ ਨ ਮਰਦ ਜਾਂਹਿ ਕੋ ਮਰਦੇ[1]।
[1]ਕੋਈ ਬਲੀ ਨਹੀਂ ਜੋ ਉਸਨੂੰ ਨਾਸ਼ ਕਰੇ।
ਬਡ ਜੋਧੇ ਚਹੁ ਦਿਸ਼ਿ ਰਖਵਾਰੇ।
ਸ਼ਸਤ੍ਰ ਅਸਤ੍ਰ ਕੋ ਧਾਰਨਹਾਰੇ ॥੨੦॥
ਘੰਟਮਾਲ[1] ਇਕ ਮਗ ਮਹਿਂ ਅਹੈ।
[1]ਘੰਟਿਆਂ ਦੀ ਮਾਲਾ।

ਸ਼ਤ੍ਰੁ ਜਾਨਿ ਬਾਜਹਿ ਸੁਧ ਕਹੈ[1]।

[1]ਸ਼ੱਤ੍ਰੂ ਨੂੰ ਪਛਾਣਕੇ ਵਜਦੀ ਹੈ (ਤੇ ਰਾਜਾ ਨੂੰ) ਖ਼ਬਰ ਕਰ ਦਿੰਦੀ ਹੈ।

ਸ਼ਬਦ ਘੰਟ ਰਾਜਾ ਸੁਨਿ ਪਾਵੈ।
ਹੁਇ ਸੁਚੇਤ ਬਡ ਸੈਨ ਪਠਾਵੈ ॥੨੧॥
ਚੱਕ੍ਰ ਬਨਾਯੋ ਇਕ ਮੰਤ੍ਰਨ ਕਰਿ[1]।
ਬੂਝਤਿ ਸ਼ੱਤ੍ਰੁ ਬੇਗ ਸਿਰ ਦੇ ਹਰਿ[1]।

[1]ਮੰਤ੍ਰਾਂ ਦੇ ਬਲ ਨਾਲ ਇਕ ਚੱਕ੍ਰ ਬਣਾਇਆ ਹੋਇਆ ਹੈ।

[1]ਸ਼ੱਤ੍ਰੂ ਨੂੰ ਸਮਝ ਕੇ ਛੇਤੀ ਸਿਰ ਨਾਸ਼ ਕਰ ਦੇਂਦਾ ਹੈ।

ਇਸ ਬਿਧਿ ਕੋ ਲਖਿ ਕੈ ਘਨ ਸ਼ਜਾਮ।
ਤਜਯੋ ਪ੍ਰਵੇਸ਼ ਦ੍ਵਾਰ ਅਭਿਰਾਮ ॥੨੨॥
ਹੁਇ ਪਸ਼ਚਾਤ[1] ਕੋਟ ਚਢਿ ਗਏ।

[1]ਪਿੱਛੋਂ ਦੀ।

ਅਰਜਨ ਭੀਮ ਸੰਗ ਦ੍ਵੈ ਲਏ।
ਕੂਦ ਤਹਾਂ ਤੇ ਅੰਤਰ ਬਰੇ।
ਭੂਪਤਿ ਨਿਕਟਿ ਜਾਇ ਭੇ ਖਰੇ ॥੨੩॥
ਤਿਸ ਦਿਨ ਜਰਾਸੰਧ ਮਹਿਪਾਲ।
ਦੇਖਤਿ ਭਾ ਅਪਸ਼ਗਨ ਬਿਸਾਲ।
ਬੈਠਯੋ ਦਾਨ ਕਰਤਿ ਧਨ ਭਾਰੇ।
ਜਾਚਕ ਖਰੇ ਸਮੀਪ ਨਿਹਾਰੇ ॥੨੪॥
ਕ੍ਰਿਸ਼ਨ ਭੀਮ ਅਰਜਨ ਕੀ ਓਰ।
ਮਹਿਪਾਲਕ ਅਵਿਲੋਕਯੋ ਘੋਰ।
-ਦਰਸ ਅਪੂਰਬ[1] ਕਿਤ ਤੇ ਆਏ।

[1]ਅਸਚਰਜ।

ਇਹ ਛੱਤ੍ਰੀ ਦਿਜ ਬੇਖ ਬਨਾਏ ॥੨੫॥
ਧਨੁਖ ਘਾਸ[1] ਇਨ ਸਭਿ ਕੇ ਹਾਥ।

[1]ਧਨੁਖ ਦੀਆਂ ਘਾਸੀਆਂ।

ਕਯਾ ਇਹ ਕਰਹਿਂ ਕਪਟ ਕੇ ਸਾਥ-।
ਉਠਯੋ ਭੂਪ ਤਿਨ ਕੇ ਢਿਗ ਗਯੋ।
ਬੁਧਿ ਬਲ ਤੇ ਸਭਿ ਜਾਨਤਿ ਭਯੋ ॥੨੬॥
ਕਹਯੋ ਤਿਨਹੁ ਸੋਂ -ਕੋ ਤੁਮ ਅਹੋ?
ਨਹੀਂ ਬਿੱਪ੍ਰ ਤਨ ਸਾਚੀ ਕਹੋ।
ਸੀਧੇ ਮਗ ਨਹਿਂ ਅੰਤਰ ਆਏ।
ਕੋਟ ਕੂਦਿ ਪਹੁੰਚੇ ਪਿਛਵਾਏ ॥੨੭॥

ਦੋਹਰਾ:

ਸੂਧੇ ਮਗ ਜੇ ਆਵਤੇ, ਘੰਟਾ ਸ਼ਬਦ ਕਰੰਤਿ।
ਚੱਕ੍ਰ ਭਯਾਨਕ ਛਿਨਕ ਮਹਿਂ, ਧਰ ਤੇ ਸਿਰ ਉਤਰੰਤਿ- ॥੨੮॥

ਚੌਪਈ:

ਸੁਨਿ ਘਨ ਸ਼ਜਾਮ ਬਖਾਨਜੋ ਤਿਸੇ।
-ਚਤੁਰ ਪੁਰਖ ਚਹਿਂ ਗਹਿ ਰਿਪੁ ਜਿਸੇ।
ਸੂਧੇ ਮਗ ਸੋ ਆਵਤਿ ਨਾਂਹੀ।
ਅਪਨੋ ਕਾਜ ਕਰਨ ਕੋ ਚਾਹੀਂ- ॥੨੯॥
ਜਰਾਸੰਧ ਭਾਖਜੋ ਬਚ ਤਬੈ।
-ਬੈਰ ਕਰਜੋ ਹਮ ਸੋਂ ਤੁਮ ਕਬੈ?
ਮੈਂ ਤੌਂ ਕਿਹ ਸੋਂ ਕਰੋਂ ਨ ਦ੍ਵੈਸ਼।
ਤੁਮ ਕਿਮ ਜਾਨਹੁ, ਕਹੋ ਅਸ਼ੇਸ਼- ॥੩੦॥
ਕਹਜੋ ਕ੍ਰਿਸ਼ਨ -ਜੇ ਬੈਰ ਨ ਕਾਹੂ।
ਬੀਸ ਸਹਸ੍ਰ ਅਠ ਸਤ ਨਰ ਨਾਹੂ[1]।
ਕਜੋਂ ਇਹ ਬਾਂਧਿ ਕੈਦ ਮਹਿਂ ਡਾਰੇ?
ਮਖ ਮਹਿਂ ਚਾਹਤਿ ਹੈਂ ਇਨ ਮਾਰੇ ॥੩੧॥
ਇਸ ਤੇ ਪਰੇ ਬੈਰ ਕਜਾ ਹੋਇ।
ਇਤੇ ਨਰਿੰਦ ਬਿਨਾਸੈ ਕੋਇ।
ਸਕਲ ਜਗਤ ਕੀ ਰੱਛਜਾ ਕਾਰਨ।
ਮੈਂ ਮਾਨੁਖ ਤਨ ਕੀਨਸਿ ਧਾਰਨਿ ॥੩੨॥
ਮਨ ਮਹਿਂ ਚਿਤਵਜੋ ਬਡ ਅਪਰਾਧ।
ਕੌਨ ਸ਼ਲਾਘਾ ਕਰਿ ਹੈ ਸਾਧ[1]।
ਯਾ ਤੇ ਤੋਹਿ ਹਤਨਿ ਕੇ ਹੇਤ।
ਬਿੱਪ੍ਰ ਬੇਸ ਤੇ ਆਇ ਨਿਕੇਤ ॥੩੩॥
ਨਾਂਹਿ ਤ ਸਭਿ ਰਾਜਨਿ ਕੋ ਛੋਰਿ।
ਚਲੀਏ ਸੰਗ ਜੁਧਿਸ਼ਟਰ ਓਰ।
ਪਰਹੁ ਪਾਂਇ ਨਿਜ ਪ੍ਰਾਨ ਬਚਾਵਹੁ।
ਦੀਨ ਹੋਇ ਅਬਿ ਰਾਜ ਕਮਾਵਹੁ ॥੩੪॥
ਨਾਂਹਿਤ ਹੁਇ ਹੈ ਜੁੱਧ ਹਮਾਰਾ।
ਜੀਤਹਿਂਗੇ ਤੁਝ ਧਾਰਿ ਅਖਾਰਾ।
ਕਿਧੌਂ ਹਮਹਿ ਤੁਮ ਜੀਤਨਿ ਕਰੀਏ।
ਪੀਛੇ ਮਨ ਭਾਵਤਿ ਅਨੁਸਰੀਏ- ॥੩੫॥
ਸੁਨਿ ਕੈ ਜਰਾਸੰਧ ਰਿਸ ਧਾਰੀ।

[1]੨੦੮੦੦ ਰਾਜੇ।

[1]ਭਲਾ ਪੁਰਸ਼।

ਗਰਬਤਿ ਅਤਿ ਮੁਖ ਗਿਰਾ ਉਚਾਰੀ।
-ਇਤੀ ਸ਼ਕਤਿ ਰਣ ਕਰਿਬੇ ਕੇਰੀ।
ਕਜੋਂ ਦਿਜ ਬੇਖ ਬਨਾਇ ਕੁਫੇਰੀ ॥੩੬॥
ਜੋ ਮੈਂ ਬਾਂਧ ਲਿਏ ਮਹਿਪਾਲਾ।
ਕਿਹ ਸੋਂ ਕਰਜੋ ਨ ਕਪਟ ਕੁਢਾਲਾ।
ਜਿਮ ਤੁਮ ਆਏ ਕਪਟੀ ਹੋਇ।
ਇਮ ਛੱਤ੍ਰੀ ਕਰਿ ਸਕਹਿ ਨ ਕੋਇ ॥੩੭॥
ਮੈਂ ਜੀਤੇ ਇਮ ਸਕਲ ਨਰੇਸ਼।
ਜੁੱਧ ਬਿਖੈ ਜੈ ਕਰੇ ਅਸ਼ੇਸ਼-।
ਸੁਨਤਿ ਸ਼ਜਾਮਘਨ ਪੁਨਹਿ ਬਖਾਨਾ।
-ਕਜੋਂ ਅਸ ਕਰਤੋ ਮਾਨ ਮਹਾਨਾ ॥੩੮॥
ਨ੍ਰਿਪਤਿ ਬਲੀ ਅਤਿ ਭਏ ਅਨੇਕ।
ਅੰਤ ਕਾਲ ਮਹਿਂ ਰਹਜੋ ਨ ਏਕ।
ਹੁਤੋ ਨ ਬਲ ਜੇ ਹਮਰੇ ਮਾਂਹੈ।
ਤੁਮ ਸਮ ਸੂਰ ਲਰਨ ਕਿਮ ਚਾਹੈਂ[1] ॥੩੯॥
ਦੁਸ਼ਟ ਦਮਨ ਮਮ ਨਾਮ ਸਦੀਵਾ।
ਪ੍ਰਗਟ ਕ੍ਰਿਸ਼ਨ ਤਨ ਮੈਂ ਅਬਿ ਥੀਵਾ।
ਭੀਮ ਸੈਨ ਇਹੁ ਦੇਖਹੁ ਸੂਰਾ।
ਦੁਤਿਯੋ ਅਰਜਨ ਲਖਿ ਬਲਿ ਪੂਰਾ ॥੪੦॥
ਤੀਨਹੁਂ ਅਪਨੇ ਨਾਮ ਬਤਾਏ।
ਦੁਹਿ ਮਹਿਂ ਕਰਹੁ ਜੁ ਇਕ ਮਨ ਭਾਏ।
ਤਜਹੁ ਕੈਦ ਤੇ ਭੂਪਤਿ ਸਾਰੇ।
ਧਰਮਰਾਜ ਕੇ[1] ਚਲਹੁ ਅਗਾਰੇ ॥੪੧॥
ਜੀਵਹੁ ਜਗਿ ਮਹਿਂ ਰਹੁ ਚਿਰਕਾਲਾ।
ਭੋਗਹੁ ਰਾਜ ਅਨੰਦ ਬਿਸਾਲਾ।
ਨਾਂਹਿਤ ਜੁੱਧ ਕਰਹੁ ਹਮ ਸਾਥ।
ਤ੍ਰੈ ਮਹਿ ਇਕ ਸੌਂਹੇ ਨਰ ਨਾਥ[1]! - ॥੪੨॥

[1]ਤੇਰੇ ਵਰਗੇ ਸੂਰਮੇ ਨਾਲ ਕਿਵੇਂ ਲੜਨਾ ਚਾਹੁੰਦੇ।

[1]ਰਾਜਾ ਯੁਧਿਸ਼ਟਰ ਦੇ।

[1]ਤਿੰਨਾਂ ਦੇ ਵਿਚੋਂ ਇਕ ਦੇ ਸਾਹਮਣੇ ਹੋ ਹੇ ਰਾਜਾ।

ਸੁਨਤਿ ਭੂਪ ਉਰ ਕ੍ਰੋਧ ਵਧਾਵਾ।
ਸਭਾ ਛੋਰਿ ਅੰਤਰ ਪ੍ਰਵਿਸ਼ਾਵਾ।
ਸੁਤ ਸਹਿਦੇਵ ਆਪਨੋ ਦੇਖਾ।
ਰਾਜ ਤਿਲਕ ਅਭਿਖੇਕ ਅਸ਼ੇਖਾ ॥੪੩॥
ਪੁਨ ਬਾਹਰ ਆਯੋ ਹਰਿ ਪਾਸ।
ਬੋਲਜੋ ਅਪਨੋ ਓਜ ਪ੍ਰਕਾਸ਼।
-ਤੁਮ ਤੀਨਹੁੰ ਮੁਝ ਘਰ ਚਲਿ ਆਏ।
ਲਰਹੁ ਮੋਹਿ ਸੋਂ ਕ੍ਰੋਧ ਬਧਾਏ ॥੪੪॥
ਮੈਂ ਤੀਨਹੁੰ ਸੋਂ ਏਕਲ ਲਰਿ ਹੌਂ।
ਮਹਾਂ ਓਜ ਅਪਨੇ ਮਹਿਂ ਧਰਿ ਹੌਂ।
ਤੁਮ ਤੀਨਹੁੰ ਕੋ ਕਰਹੁੰ ਸੰਘਾਰ।
ਕੈ ਮੁਝ ਕੋ ਲਰ ਕੈ ਲਿਹੁ ਮਾਰਿ- ॥੪੫॥
ਸੁਨਿ ਘਨਸ਼ਜਾਮ ਉਚਾਰਨ ਕੀਨਿ।
-ਏਕਲ ਸੋਂ ਹਮ ਲਰਹਿਂ ਜਿ ਤੀਨ।
ਅਹੈ ਅਨੁਚਿਤ, ਕਰਹਿ ਕੋ ਐਸੇ।
ਨਿਰਬਲ ਹੋਇ ਕਰਤਿ ਬਿਧਿ ਤੈਸੇ ॥੪੬॥
ਹਮ ਤੇ ਅਪਨੋ ਬਲ ਲਘੁ ਜਾਨਿ।
ਇਕ ਕੋ ਜਾਚਿ ਲੇਹੁ ਬੁਧਿਵਾਨ।
ਦੋਨਹੁੰ ਲਰਹਿਂ ਨ ਬੋਲਹਿ ਔਰ।
ਬਲ ਬਿਸਾਲ ਸੋਂ ਸੰਘਰ ਠੌਰ- ॥੪੭॥
ਜਰਾਸੰਧੁ ਤਬਿ ਬਾਕ ਉਚਾਰੇ।
-ਤੁਮ ਬਹੁ ਬਾਰਿ ਮੋਹਿਤੇ ਹਾਰੇ।
ਕਰਜੋ ਪਲਾਵਨਿ ਬਾਰਿ ਸਤਾਰਾ।
ਮਥਰਾ ਤਜਾਗੀ ਆਨ ਪਧਾਰਾ ॥੪੮॥
ਤੁਮ ਸੋਂ ਲਰਤਿ ਲਾਜ ਮੁਹਿ ਆਵੈ।
ਬਸਜੋ ਦ੍ਵਾਰਕਾ ਤਜਿ ਰਣਥਾਵੈ[1]।
ਬਡੋ ਨਿਲਾਜ ਸਦਾ ਤੁਮ ਜਨੀਯਤਿ।
ਮਹਾਂਭੀਰੁ[1] ਜੋਧਨਿ ਮਹਿਂ ਗਿਨੀਯਤਿ ॥੪੯॥
ਅਰਜਨ ਧਨੁ ਬਿੱਦਜਾ ਮਹਿਂ ਮਹਾਂ।
ਛੋਰਤਿ ਬਾਣ ਦੂਰ ਰਿਪੁ ਜਹਾਂ।

[1]ਯੁੱਧ ਭੂਮਕਾ ਨੂੰ ਛੱਡਕੇ ਦ੍ਵਾਰਕਾ ਜਾ ਵਸਿਆ।

[1]ਬੜਾ ਕਾਇਰ।

ਬਲ ਮੈਂ ਲਘੁ ਜਾਨਤਿ ਹੌਂ ਦੋਊ[1]।
ਹੀਨ ਸਾਥ ਭਟ ਲਰਹਿ ਨ ਕੋਊ ॥੫੦॥
ਪੌਨ ਪੁੱਤ੍ਰ[1] ਇਕ ਤੁਮ ਮਹਿਂ ਭਾਰੀ।
ਸੋ ਜੇ ਠਹਿਰੈ ਮੋਹਿ ਅਗਾਰੀ।
ਇਕ ਕੇ ਸਾਥ ਜੁੱਧ ਮਮ ਹੋਇ।
ਦੇਖਹੁ ਸਭਿਹਿ ਲਰਹਿਂ ਹਮ ਦੋਇ-' ॥੫੧॥

[1]ਦੋਹਾਂ ਭਾਵ ਕ੍ਰਿਸ਼ਨ ਤੇ ਅਰਜਨ ਨੂੰ।

[1]ਭੀਮ ਸੈਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜਰਾਸੰਧ' ਪ੍ਰਸੰਗ ਬਰਨਨੰ ਨਾਮ ਸ਼ਸ਼ਟੀ ਅੰਸੂ ॥੬੦॥

## ੬੧. [ਜਰਾਸੰਧ ਦੀ ਕਥਾ]

੬੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

'ਰਤਨ ਜਟਤਿ ਸਿਰ ਮੁਕਟ ਕੋ,
ਭੂਪਤਿ ਧਰਜੋ ਉਤਾਰ।
ਜੂੜਾ ਕੇਸਨ ਕੋ ਕਰਜੋ,
ਦ੍ਰਿੜ੍ਹ ਪਗੀਆ ਕੋ ਧਾਰਿ ॥੧॥

ਚੌਪਈ:

ਕਟ ਕਹੁ ਕਸਿ ਕੈ ਹੋਯੋ ਤਜਾਰ।
ਗਰਜਜੋ ਭੈਰਵ ਸ਼ਬਦ ਉਦਾਰ[1]†।
ਭੀਮ ਸੈਨ ਇਤ ਭਯੋ ਸੁਚੇਤ।
ਠੋਕੇ ਭੁਜਾਦੰਡ ਰਣ ਹੇਤੁ ॥੨॥
ਕ੍ਰੋਧ ਭਰੇ ਦੋਨਹੁ ਬਲਵਾਨ।
ਭਿਰੇ ਪਰਸਪਰ ਮਹਾਂ ਭਯਾਨ।
ਪ੍ਰਥਮ ਪ੍ਰਹਾਰ ਮੁਸ਼ਟ ਕੇ ਕਰੇ।
ਉਠਜੋ ਸ਼ਬਦ ਜਿਮ ਲੋਹਾ ਘਰੇ ॥੩॥
ਮਨੋ ਬ੍ਰਿਖਭ ਅਤਿ ਬਲੀ ਭਿਰੇ ਹੈਂ।
ਜਿਮ ਕੁੰਚਰ ਕਰਿ ਕੋਪ ਲਰੇ ਹੈਂ।
ਲਪਟ ਗਏ ਅੰਗਨਿ ਸੋਂ ਅੰਗ।
ਪਾਇ ਅਰੋਪਹਿਂ ਬਲ ਕੇ ਸੰਗ ॥੪॥
ਕਬੈ ਭੀਮ ਕੋ ਭੂਪ ਧਕਾਵੈ।
ਕਬੈ ਭੂਪ ਕੋ ਭੀਮ ਲਿਜਾਵੈ।
ਕਬਹੁ ਸੀਸ ਸੀਸ ਪਰ ਮਾਰੈਂ।
ਘੋਰ ਨਾਦ ਕੋ ਦੁਊ ਉਚਾਰੈਂ ॥੫॥
ਸੁਨਿ ਕਰਿ ਲੋਗ ਨਗਰ ਕੇ ਸਾਰੇ।
ਚਿੰਤਾਤੁਰ ਤ੍ਰਾਸਤਿ ਉਰ ਭਾਰੇ।
ਸੁਭਟ ਪੁਰਖ ਬਾਲਿਕ ਅਰ ਜ੍ਵਾਨ।
ਬ੍ਰਿਧ ਨਰ ਆਇ ਨਾਰਿ ਤਿਸ ਥਾਨ ॥੬॥
ਅੰਦਰ ਮੰਦਰਿ ਪਰ ਚਢਿ ਕਰਿ ਕੈ।
ਚਿੰਤਾਤੁਰ ਭੈ ਧਰਹਿਂ ਨਿਹਰਿ ਕੈ।
ਮਹਾਂ ਭੀਰ ਚਾਰਹੁ ਦਿਸ਼ਿ ਮਾਂਹਿ।
ਦੇਖਹਿਂ ਸੰਘਰ ਕਿਤਿਕ ਉਮਾਹਿ ॥੭॥
ਨਿਕਟਿ ਭੀਰ ਬਹੁ ਪਹੁੰਚੀ ਦੇਖਿ।

[1]ਬੜਾ ਭਯਾਨਕ ਸ਼ਬਦ ਕਰਕੇ। †ਪਾ:-ਉਚਾਰ।

ਤਜਿ ਰਣ, ਕੀਨੇ ਦੂਰ ਅਸ਼ੇਖ਼[1]।
ਇੰਦ੍ਰ ਬ੍ਰਿਤ੍ਰਾਸੁਰ[1] ਜਨੁ ਦ੍ਵੈ ਲਰੇ।
ਦੋਨਹੁਂ ਮਹਿਦ ਬੀਰ ਬਲ ਕਰੇ ॥ ੮ ॥
ਜਨੁ ਕੇਹਰਿ ਕਰਿ ਕੋਪ ਬਿਸਾਲਾ।
ਲਰਹਿਂ ਪਰਸਪਰ ਜੁੱਧ ਕਰਾਲਾ।
ਇਸ ਪ੍ਰਕਾਰ ਜੁਝੇ ਬਰਿਆਰ[1]।
ਬੀਤੇ ਦਿਨ ਲਰਤੇ ਦਸ ਚਾਰ[1] ॥ ੯ ॥
ਦੇਖਤਿ ਸ਼੍ਰੀ ਪ੍ਰਭੁ ਤਿਨ ਕੀ ਓਰਾ।
ਜਰਾਸੰਧ ਕੋ ਪਿਖਿ ਬਲ ਥੋਰਾ।
ਨਿਕਟਿ ਭੀਮ ਕੇ ਸੈਨ[1] ਬੁਝਾਈ।
-ਭਯੋ ਸ਼੍ਰਮਤ ਰਿਪੁ ਦਿਹੁ ਬਿਨਸਾਈ ॥ ੧੦ ॥
ਦੇਰ ਨ ਕਰਹੁ ਮਾਰਿ ਇਸ ਲੇਹੁ।
ਨਿਜ ਪਖ ਕੋ ਨਿਰਭੈਤਾ ਦੇਹੁ-।
ਸਮੁਝਿ ਭੀਮ ਨੇ ਕਹਯੋ ਬੁਝਾਈ[1]।
-ਕਿਮ ਨਿਰਬਲਿ ਇਸ ਲਖਯੋ ਗੁਸਾਈਂ ॥ ੧੧ ॥
ਅੰਗ ਅੰਗ ਮੇਰੋ ਥਕ ਗਇਊ।
ਆਗੇ ਹੋਵੈਂ ਧੀਰ ਨ ਪਇਊ।
ਪ੍ਰਾਕ੍ਰਮ ਮੋ ਮਹਿਂ ਰਹਯੋ ਨ ਭਾਰੀ।
ਕਰਤੋ ਜੁੱਧ ਸ਼੍ਰਮਤ ਤਨ ਭਾਰੀ ॥ ੧੨ ॥
ਮਹਾਂਬਲੀ ਇਹ ਅੱਗ੍ਰ ਖਰੋਵਾ।
ਤੁਮ ਕੈਸੇ ਇਹ ਨਿਰਬਲ ਜੋਵਾ?-
ਭੀਮਸੈਨ ਤੇ ਸੁਨਤਿ ਬਖਾਨਾ।
-ਪਵਨ ਪੁੱਤ੍ਰ ਤੂੰ ਬਲੀ ਮਹਾਨਾ ॥ ੧੩ ॥
ਐਸੇ ਤੁਝ ਕੋ ਨਹਿਂ ਬਨਿ ਆਇ।
ਕਰਿ ਉਤਸਾਹ ਮਹਾਂਬਲ ਲਾਇ।
ਜਰਾਸੰਧ ਕੋ ਜੀਤਹਿਂ ਰਣ ਮੈਂ।
ਇਮ ਨਿਸ਼ਚੈ ਰਾਖੋ ਕਰਿ ਮਨ ਮੈਂ ॥ ੧੪ ॥
ਇਕ ਤ੍ਰਿਣ ਲੇ ਕਰਿ ਕਰ ਘਨਸ਼ਜਾਮ[1]।
ਕਰਹਿ ਇਸ਼ਾਰਤ ਲੋਚਨ ਬਾਮ।
ਬਿਚ ਤੇ ਚੀਰਯੋ ਸਗਰੋ ਸੋਇ।

[1]ਸਾਰੀ (ਭੀੜ) ਦੂਰ ਕੀਤੀ।
[1]ਦੈਤ ਦਾ ਨਾਮ।
[1]ਬਲੀ।
[1]ਚੌਦਾਂ।
[1]ਸੈਨਤ।
[1]ਸਮਝਾਕੇ।
[1]ਇਕ ਤੀਲਾ ਹੱਥ ਵਿਚ ਲੈਕੇ ਕ੍ਰਿਸ਼ਨ ਨੇ।

ਕਰਿ ਦਿਖਰਾਯੋ ਇਕ ਤੇ ਦੋਇ ॥੧੫॥
ਭੀਮਸੈਨ ਇਮ ਸੈਨ ਬੁਝਾਈ[1]।
[1]ਸੈਨਤ ਸਮਝਾਈ।
ਜਾਨਜੋ ਭੇਦ ਰਿਦੇ ਹਰਖਾਈ।
-ਕਹਜੋ ਦੁਖੰਡ ਜੋਰਨੋ ਏਹਿ[1]।
[1]ਇਹ (ਜਰਾ ਸੰਧ) ਦੋ ਟੁਕੜੇ ਜੁੜਨ ਨਾਲ ਬਣਿਆ ਹੋਯਾ ਹੈ।
ਇਮ ਤੁਮ ਚੀਰ ਦੇਹੁ ਰਿਪੁ ਦੇਹਿ[1]- ॥੧੬॥
[1]ਸਰੀਰ।
ਤਬਿ ਸ਼੍ਰੀ ਕ੍ਰਿਸ਼ਨ ਪੀਠ ਤਿਸ ਥਾਪੀ।
ਦੀਨਸਿ ਬਲ ਬਿਸਾਲ ਕੋ ਆਪੀ।
ਸ਼੍ਰਮ ਸਭਿ ਦੂਰਿ ਕਰਜੋ ਤਿਸ ਤਨ ਤੇ।
ਮਾਰਨਿ ਸ਼ੱਤ੍ਰ ਚਾਹਜੋ ਮਨ ਤੇ ॥੧੭॥
ਗਯੋ ਭੀਮ ਭਾ ਖਰੋ ਅਗਾਰੀ।
ਜਰਾਸੰਧ ਆਵਾ ਬਲਿ ਭਾਰੀ।
ਭਿਰੈਂ ਬਹੁਤ ਬਿਧਿ ਮੁਸ਼ਟਨ ਹਤੈਂ।
ਕਹੈਂ ਅੰਗ ਢਿਗ ਰਿਸ ਕਰਿ ਚਿਤੈਂ[1] ॥੧੮॥
[1]ਗੁੱਸੇ ਨਾਲ ਵੇਖਦੇ ਹਨ (ਅ) ਚਿਤ ਵਿਚ।
ਪਾਇ ਘਾਤ ਲਰਤੇ ਬਡ ਜੋਧੇ।
ਕਰਹਿਂ ਪ੍ਰਹਾਰਨ ਦੁਹ ਤਨ[1] ਕ੍ਰੋਧੇ।
[1]ਦੋਵੇਂ ਸਰੀਰਾਂ ਤੇ ਕ੍ਰੋਧ ਨਾਲ ਪ੍ਰਹਾਰ ਕਰਦੇ ਹਨ।
ਭੀਮ ਸਿਮਰਿ ਬਲ ਸ਼੍ਰੀ ਪ੍ਰਭੁ ਕੇਰਾ।
ਭੁਜ ਤੇ ਗਹਜੋ ਭੂਪ ਤਿਸ ਬੇਰਾ ॥੧੯॥
ਬਲ ਕਰ ਸਿਰ ਪਰ ਫੇਰਜੋ ਐਸਾ।
ਚੱਕ੍ਰ ਕੁਲਾਲ ਭ੍ਰਮਾਵਹਿ ਜੈਸਾ[1]।
[1]ਘੁਮਿਆਰ ਚੱਕ ਨੂੰ ਜਿਵੇਂ ਘੁਮਾਉਂਦਾ ਹੈ।
ਸਕਲ ਨਗਰ ਕੇ ਦੇਖਤਿ ਤੂਰਨ।
ਪਟਕਜੋ ਅਵਨੀ ਪਰ ਹਿਤ ਚੂਰਨ[1] ॥੨੦॥
[1]ਚੂਰ ਕਰਨ ਵਾਸਤੇ।
ਇਕ ਪਗ ਪਗ ਕੇ ਭਰੇ ਦਬਾਇਵ।
ਦੁਤਿਯ ਗਹਜੋ ਕਰ ਸਾਥ ਉਚਾਇਵ।
ਬਲ ਕਰਿ ਚੀਰਜੋ ਦੇਹਿ ਸੁ ਹਾਨਾ।
ਉਠਜੋ ਸ਼ਬਦ ਤਬਿ ਘੋਰ ਮਹਾਨਾ ॥੨੧॥
ਕਰਿ ਦੁਖੰਡ ਧਰਨੀ ਮਹਿਂ ਡਾਰਜੋ।
ਇਮ ਸ਼੍ਰੀ ਕ੍ਰਿਸ਼ਨ ਸ਼ੱਤ੍ਰ ਸੰਘਾਰਜੋ।
ਜਰਾਸੰਧ ਕੋ ਸੁਤ ਸਹਿਦੇਵ।

ਕਰਜੋ ਤ੍ਰਾਸ ਤਜਿ ਕੈ ਅਹੰਮੇਵ ॥੨੨॥
ਨਿਜ ਪਿਤ ਕੇ ਸਭਿ ਸਚਿਵ ਬੁਲਾਏ।
-ਬਨਹਿ ਮਿਲਨਿ ਹਰਿ[1]- ਮਤੋ ਮਤਾਏ। [1]ਕ੍ਰਿਸ਼ਨ ਨਾਲ।
-ਜਿਨਹੁਂ ਅਗਾਰੀ ਭੂਪਤਿ ਹਾਰਾ।
ਮੈਂ ਤਿਸ ਕੋ ਸੁਤ ਕਹਾਂ ਬਿਚਾਰਾ- ॥੨੩॥
ਰਤਨ ਅਨੇਕ ਉਪਾਇਨ ਲੀਨੇ।
ਮਿਲਜੋ ਆਨਿ ਪਦ ਬੰਦਨ ਕੀਨੇ।
ਪ੍ਰਭੁ ਅਭੈਤਾ ਤਿਸ ਕੋ ਦੀਨਸਿ।
ਰਾਜ ਸਿੰਘਾਸਨ ਪਰ ਥਿਤ ਕੀਨਸਿ ॥੨੪॥
ਕਹਜੋ -ਬਰਖ ਪੂਰਨ[1] ਤੇ ਆਵਹੁ। [1]ਵਰ੍ਹੇ ਪੂਰੇ ਪਿੱਛੋਂ।
ਧਰਮਰਾਜ[1] ਪਗ ਸੀਸ ਟਿਕਾਵਹੁ। [1]ਯੁਧਿਸ਼ਟਰ ਨੂੰ।
ਰਾਜਸੁਇ ਮਖ[1] ਚਾਹਤਿ ਕਰਜੋ। [1]ਰਾਜਸੂ ਜੱਗਜ।
ਰਾਜ ਧਰਮ ਕੋ[1] ਦ੍ਰਿਢ ਕਰਿ ਧਰਜੋ- ॥੨੫॥ [1]ਰਾਜਿਆਂ ਵਾਲੇ ਧਰਮ ਨੂੰ।
[1]-ਸ਼੍ਰੀ ਪ੍ਰਭੁ ਆਇਸੁ ਜਥਾ ਤੁਮਾਰੀ। [1]ਸਹਿਦੇਵ ਬੋਲਿਆ।
ਹਮ ਅਬਿ ਬਰਤਹਿਂ ਤਿਸ ਅਨੁਸਾਰੀ।
ਰਾਜ ਦੇਸ਼ ਧਨ ਧਾਮ ਤੁਮਾਰਾ।
ਦਿਯੋ ਕਰਜੋ ਹਮ ਅੰਗੀਕਾਰਾ- ॥੨੬॥
ਬਾਸਦੇਵ ਕਹਿ ਭੂਪ ਛੁਡਾਏ।
ਕਾਰਾਗ੍ਰਿਹ ਮਹਿਂ ਜੇ ਸਮੁਦਾਏ।
ਲੇ ਕਰਿ ਸੰਗ ਭੀਮ ਭਟ ਅਰਜਨ।
ਆਇ ਪਹੁੰਚਤਿ ਭੇ ਪੁਰਿਹਸਤਨ[1]' ॥੨੭॥ [1]ਹਸਤਨਾਪੁਰ।
ਸ਼੍ਰੀ ਗੁਰ ਤੇਗ ਬਹਾਦਰ ਧੀਰ।
ਕਹੀ ਕਥਾ ਸਭਿ ਸਿੱਖਜਨਿ ਤੀਰ।
'ਇਨ ਦੇਸ਼ਨਿ ਸਭਿ ਕੋ ਸਹਿਦੇਵ।
ਰਾਜ ਕਰਨਿ ਲਾਗਜੋ ਨਰਦੇਵ[1] ॥੨੮॥ [1]ਰਾਜਾ ਹੋਕੇ।
ਪੰਚ ਦਸ਼ਮ ਸੰਮਤ ਪੁਨ ਜੀਵਜੋ।
ਜਬਿ ਬਿਰੋਧ ਕੈਰਵ ਮਹਿਂ ਥੀਵਜੋ।
ਭਯੋ ਸੰਗ੍ਰਾਮ ਮਹਾਂ ਕੁਰਛੇਤ।

ਭੂਮੀ ਭਾਰ ਉਤਾਰਨਿ ਹੇਤੁ ॥੨੯॥
ਸਭਿ ਦੇਸ਼ਨਿ ਕੇ ਨ੍ਰਿਪਤ ਬਡੇਰੇ।
ਇਕਠੇ ਭਏ ਕਾਲ ਕੇ ਪ੍ਰੇਰੇ।
ਮਹਾਂ ਬਲੀ ਬਡ ਸ਼ਕਤਿ ਧਰੰਤੇ।
ਸ਼ਸਤ੍ਰ ਅਸਤ੍ਰ ਬਿੱਦਜਾ ਗੁਨਵੰਤੇ ॥੩੦॥
ਪਾਂਡਵ ਧਰਮ ਜੁਧਿਸ਼ਟਰ ਰਾਜਾ।
ਕੈਰਵ ਬਿਖੈ ਦੂਜੋਧਨ ਸਾਜਾ।
ਬਢੀ ਸਪਰਧਾ[1] ਦੁਹੁ ਦਿਸ਼ਿ ਮਾਂਹੀ। [1]ਈਰਖਾ।
ਕਰਿ ਹੰਕਾਰ ਤਜੈਂ ਹਠ ਨਾਂਹੀ ॥੩੧॥
ਦੇਸ਼ ਦੇਸ਼ ਕੇ ਨ੍ਰਿਪਤ ਹਕਾਰੇ।
ਚਲਿ ਆਏ ਦੋਨਹੁ ਦਿਸ਼ਿ ਸਾਰੇ।
ਰਥ ਹਾਥੀ ਹਯ ਜੋਧਾ ਬ੍ਰਿੰਦ।
ਸਿਮਟਿ[1]† ਪ੍ਰਿਥੀ ਤੇ ਮਿਲੇ ਨਰਿੰਦ ॥੩੨॥ [1]ਇਕੱਠੇ ਹੋਕੇ। †ਪਾ:-ਸ੍ਰਿਸ਼ਟਿ।
ਜਰਾਸੰਧ ਕੋ ਸੁਤ ਇਸ ਦੇਸ਼।
ਇਹ ਭੀ ਲੇ ਕਰਿ ਚਮੂੰ ਅਸ਼ੇਸ਼।
ਛੋਹਨਿ ਭਈ ਅਸ਼ਟਦਸ ਅਨੀ[1]। [1]ਸੈਨਾ।
ਸ੍ਰੀ ਜੁਤਿ, ਬਲ ਜੁਤਿ, ਲੋਹੇ ਸਨੀ[1] ॥੩੩॥ [1]ਸ਼ਸਤਰਾਂ ਸਹਿਤ।
ਕ੍ਰਿਆ ਕਾਲ ਕੀ ਐਸੀ ਭਈ।
ਲਰਤਿ ਪਰਸਪਰ ਸਭਿ ਮਰਿ ਗਈ।
ਤਹਾਂ ਮਰਜੋ ਸਹਿਦੇਵ ਸੁ ਜਾਇ।
ਇਸੀ ਦੇਸ਼ ਕੋ ਭੂਪ ਕਹਾਇ ॥੩੪॥
ਅਪਰ ਕਹਾਂ ਲਗਿ ਗਿਨਤੀ ਕਰੀਅਹਿ।
ਅਨਿਕ ਨ੍ਰਿਪਤ ਭੇ ਕੌਨ ਉਚਰੀਅਹਿ।
ਜਰਾਸੰਧ ਜੋ ਮੁੱਖਜ ਭਯੋ ਹੈ।
ਨਿਕਟਿ ਕਾਲ ਮਹਿ ਕਹਿ ਸੁ ਦਯੋ ਹੈ[1] ॥੩੫॥ [1]ਨੇੜੇ ਦੇ ਸਮੇਂ ਭਾਵ ਦੁਆਪਰ ਵਿਚ ਇਹ ਅਸਾਂ ਕਹਿ ਦਿਤਾ ਹੈ।
ਸ੍ਰੀ ਗੁਜਰੀ ਕੋ ਭ੍ਰਾਤ ਕ੍ਰਿਪਾਲ।
ਇੱਤਜਾਦਿਕ ਸਿਖ ਅਪਰ ਬਿਸਾਲ।
ਸੁਨਿ ਪ੍ਰਸੰਗ ਕੋ ਉਰ ਹਰਖਾਏ।
ਰਹਨਿ ਲਗੇ ਗੁਰ ਸਹਿਜ ਸੁਭਾਏ ॥੩੬॥

ਪਟਣਾ ਨਗਰ ਜੁ ਬਸਹਿ ਬਿਲੰਦ।
ਵਣਜ ਕਰਹਿਂ ਧਨਵਾਨ ਅਮੰਦ।
ਗੁਰੁ ਕੇ ਸਿੱਖਯ ਆਨਿ ਕਰਿ ਹੋਇਂ।
ਅਭਿਮਤਿ[1] ਕੋ ਪ੍ਰਾਪਤਿ ਨਰ ਸੋਇ ॥੩੭॥
ਦਰਸ਼ਨ ਕਰਹਿਂ ਉਪਾਇਨ ਅਰਪਹਿਂ।
ਬਰ ਕੋ ਲੇਹਿਂ ਸ੍ਰਾਪ ਤੇ ਡਰਪਹਿਂ।
ਕਿਹ ਕੋ ਪ੍ਰਾਪਤਿ ਹੁਇ ਸਤਿਨਾਮ।
ਕੋ ਜਾਚਤਿ ਪ੍ਰਿਯ ਪੁੱਤ੍ਰਨਿ ਧਾਮ[1] ॥੩੮॥
ਤਨ ਅਰੋਗ ਕੋ ਚਾਹਤਿ ਕੋਈ।
ਕੇਤਿਕ ਲੱਛਮੀ ਕੋ ਬਰ ਲੇਈ।
ਕੋ ਜਾਚਹਿ ਗੁਰ ਤੇ ਚਿਤ ਲਾਈ।
'ਅੰਤਕਾਲ ਮਹਿਂ ਹੋਹਿਂ ਸਹਾਈ' ॥੩੯॥
ਕੋ ਦਸੌਂਧ ਕੋ ਦੇਇ ਕਮਾਇ।
'ਬਨਹਿ ਪਦਾਰਥ ਸਭਿ ਸੁਖਦਾਇ।'
ਕਰਹਿ ਨਿਤਾਪ੍ਰਤਿ ਦਰਸ਼ਨ ਕੋਇ।
ਕੋ ਆਵਤਿ ਜਬਿ ਕਾਰਜ ਹੋਇ ॥੪੦॥
ਗੁਰ ਘਰ ਕੀ ਸੇਵਾ ਸਭਿ ਭਾਂਤੀ।
ਕਰਹਿਂ ਪ੍ਰੀਤਿ ਸੋਂ ਦਿਨ ਅਰੁ ਰਾਤੀ।
ਪੁਰਿ ਪਟਣੇ ਮਹਿਂ ਇਸੀ ਪ੍ਰਕਾਰ।
ਕਿਤਿਕ ਦਯੋਸ ਗੁਰ ਬਸੇ ਉਦਾਰ ॥੪੧॥
ਬਡੇ ਭਾਗ ਜਾਗੇ ਜਿਨ ਕੇਰੇ।
ਸੇਵਹਿਂ ਗੁਰੁ ਪਗ ਹੁਇ ਕਰਿ ਨੇਰੇ।
ਜਨਮ ਮਰਨ ਬੰਧਨ ਤਿਨ ਖੋਏ।
ਗੁਰੂ ਕ੍ਰਿਪਾ ਤੇ ਮੁਕਤਿ ਸੁ ਹੋਏ ॥੪੨॥

[1]ਮਨ ਬਾਂਛਤ।

[1]ਪਿਆਰੇ ਪੁੱਤ੍ਰਾਂ ਨੂੰ ਘਰ ਵਿਖੇ। (ਅ) ਪੁੱਤ੍ਰ ਤੇ ਘਰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਪਟਣੇ ਬਸਨ' ਪ੍ਰਸੰਗ ਬਰਨਨੰ ਨਾਮ ਏਕ ਸ਼ਸ਼ਟੀ ਅੰਸੂ ॥੬੧॥

ਇਕਾਦਸ਼ਵੀਂ ਰਾਸਿ ਸੰਪੂਰਨੰ ॥

[ਗਯਾਰਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਬਾਰ੍ਹਵੀਂ Raas 12

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: www.ik13.com Email rarasahib@yahoo.com

Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥


## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਬਾਰ੍ਹਵੀਂ

## ਰਾਸਿ ਬਾਰ੍ਹਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ — ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਬਾਰ੍ਹਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਬਾਰ੍ਹਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |
| | ੫੨ | ੫੩ | ੫੪ | ੫੫ | ੫੬ | ੫੭ | ੫੮ | ੫੯ | ੬੦ | ੬੧ |
| | | | ੬੨ | ੬੩ | ੬੪ | ੬੫ | ੬੬ | ੬੭ | ੬੮ | |

# ਤਤਕਰਾ ਰਾਸਿ ਬਾਰ੍ਹਵੀਂ

ਰਾਸਿ ਬਾਰ੍ਹਵੀਂ


੧ ੧. [ਮੰਗਲ। ਰਾਜਾ ਮਾਨ ਸਿੰਘ]
੨ ੨. [ਬਿਸ਼ਨ ਸਿੰਘ ਦੀ ਕਾਵਰੂੰ ਦੇਸ਼ ਤੇ ਚੜ੍ਹਾਈ]
੩ ੩. [ਰਾਜੇ ਦਾ ਗੁਰੂ ਜੀ ਨੂੰ ਮਿਲਣਾ]
੪ ੪. [ਢਾਕੇ ਬੁਲਾਕੀ ਦਾਸ ਦੀ ਮਾਤਾ]
੫ ੫. [ਢਾਕੇ ਭਾਈ ਨੱਥਾ]
੬ ੬. [ਰਾਜੇ ਦਾ ਦਲ ਰੁੜ੍ਹਨੋਂ ਬਚਾਇਆ]
੭ ੭. [ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖਯਾ]
੮ ੮. [ਆਸਾਮ ਪਤੀ ਦੀ ਜੰਗ ਹਿਤ ਤਿਆਰੀ]
੯ ੯. [ਦੇਵੀ ਦਾ ਆਸਾਮ ਪਤੀ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ]
੧੦ ੧੦. [ਆਸਾਮ ਪਤੀ ਗੁਰੂ ਜੀ ਦੀ ਸ਼ਰਨ]
੧੧ ੧੧. [ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤ੍ਰ ਦਾ ਵਰ]
੧੨ ੧੨. [ਦਸ਼ਮੇਸ਼ ਅਵਤਾਰ]
੧੩ ੧੩. [ਅਵਤਾਰ ਦਾ ਉਤਸਾਹ]
੧੪ ੧੪. [ਕੁਹਰਾਮ ਦਾ ਭੀਖਣ ਸ਼ਾਹ]
੧੫ ੧੫. [ਭੀਖਣਸ਼ਾਹ]
੧੬ ੧੬. [ਭੀਖਣ ਸ਼ਾਹ ਦੀ ਬੰਦਗੀ]
੧੭ ੧੭. [ਬਾਲ ਕਉਤਕ]
੧੮ ੧੮. [ਬਾਲ ਚੋਜ]
੧੯ ੧੯. [ਬਾਲ ਲੀਲ੍ਹਾ। ਬੇੜੀ ਦੀ ਸੈਲ। ਇਕ ਬ੍ਰਿਧਾ ਨੂੰ ਖਿਝਾਉਣਾ]
੨੦ ੨੦. [ਬੇੜੀ ਦੀ ਸੈਲ। ਇਕ ਧਨੀ ਦੀ ਨੂੰਹ ਨੂੰ ਪੁੱਤ੍ਰਾਂ ਦਾ ਵਰ]
੨੧ ੨੧. [ਹਾਕਮ ਨੂੰ ਖਿਝਾਉਣਾ। ਗੁਲੇਲ ਅਭ੍ਯਾਸ]
੨੨ ੨੨. [ਨੌਂਵੇਂ ਪਾਤਸ਼ਾਹ ਜੀ ਦਾ ਆਸਾਮ ਵਲੋਂ ਮੁੜਨਾ]
੨੩ ੨੩. [ਗੁਰੂ ਜੀ ਵਾਪਸ ਪਟਣੇ ਆਏ]
੨੪ ੨੪. [ਪਟਣੇ ਨਿਵਾਸ। ਰਾਜਾ ਵਿਦਾ]
੨੫ ੨੫. [ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ]
੨੬ ੨੬. [ਗੁਰੂ ਜੀ ਦਾ ਪਟਣੇ ਤੋਂ ਵਿਦਾ ਹੋਣਾ]
੨੭ ੨੭. [ਔਰੰਗਜ਼ੇਬ ਦਾ ਜ਼ਮਾਨਾ। ਕਸ਼ਮੀਰੀ ਪੰਡਤ]
੨੮ ੨੮. [ਕਸ਼ਮੀਰੀ ਪੰਡਤ]
੨੯ ੨੯. [ਅਹਿਦੀਆਂ ਦਾ ਟੁਰਨਾ]
੩੦ ੩੦. [ਅਹਿਦੀਏ ਵਾਪਸ। ਗੁਰੂ ਜੀ ਸੈਫਾ ਬਾਦ]
੩੧ ੩੧. [ਸੈਫਦੀਨ ਪਾਸੋਂ ਵਿਦਾ। ਅਹਿਦੀਏ ਭਾਲਣ ਆਏ]
੩੨ ੩੨. [ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ]

| | |
|---|---|
| ੩੩ | ੩੩. [ਸਮਾਣਿਓਂ ਕਰਹਾਲੀ, ਚਿਹਕਾ ਗਏ] |
| ੩੪ | ੩੪. [ਗਿਲੌਰੇ ਨੂੰ ਬਖਸ਼ੀਸ਼। ਕਰ੍ਹਾ ਤੇ ਖਰਕ ਗ੍ਰਾਮ] |
| ੩੫ | ੩੫. [ਖਟਕੜ ਗ੍ਰਾਮ ਚੋਰ ਅੰਨੇ ਹੋਏ। ਜੀਂਦ। ਆਗਰੇ] |
| ੩੬ | ੩੬. [ਅਯਾਲੀ ਮਿਠਾਈ ਲੈਣ ਗਿਆ ਫੜਿਆ ਗਿਆ] |
| ੩੭ | ੩੭. [ਅਪਣੇ ਆਪ ਨੂੰ ਹਵਾਲੇ ਕੀਤਾ] |
| ੩੮ | ੩੮. [ਦਿੱਲੀ ਆਉਣਾ] |
| ੩੯ | ੩੯. [ਸਾਹਿਬਜ਼ਾਦੇ ਜੀ ਨੇ ਘੜੇ ਫੁੰਡਣੇ। ਮਿੱਠਾ ਖੂਹ ਖਾਰਾ ਹੋਇਆ] |
| ੪੦ | ੪੦. [ਪੰਜਾਬ ਜਾਣ ਦੀ ਸਿੱਕ। ਮੁਹਾਫਾ] |
| ੪੧ | ੪੧. [ਪੰਜਾਬ ਨੂੰ ਤਿਆਰੀ। ਜਗਤੇ ਸੇਠ ਨੂੰ ਵਰ] |
| ੪੨ | ੪੨. [ਪਟਣੇ ਤੋਂ ਵਿਦਾਇਗੀ] |
| ੪੩ | ੪੩. [ਕਾਂਸ਼ੀ ਪੁੱਜੇ] |
| ੪੪ | ੪੪. [ਕਾਂਸ਼ੀ ਵਿੱਚ ਨਿਵਾਸ] |
| ੪੫ | ੪੫. [ਅਯੁੱਧਯਾ ਹੋਕੇ ਲਖਨੌਰ ਪੁੱਜੇ] |
| ੪੬ | ੪੬. [ਦਿੱਲੀ ਵਿਖੇ ਹਵੇਲੀ ਵਿੱਚ ਡੇਰਾ] |
| ੪੭ | ੪੭. [ਸਿੱਖ ਦਾ ਅਜ਼ਮਤ ਦਿਖਾਉਣਾ] |
| ੪੮ | ੪੮. [ਨੁਰੰਗੇ ਨਾਲ ਪ੍ਰਸ਼ਨੋਤਰ। ਮਿਰਚਾਂ ਦਾ ਦ੍ਰਿਸ਼ਟਾਂਤ] |
| ੪੯ | ੪੯. [ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ] |
| ੫੦ | ੫੦. [ਸਿਖ ਦੇ ਘਰ ਪ੍ਰਸ਼ਾਦ ਪਾਇਆ] |
| ੫੧ | ੫੧. [ਦੇਗਚੇ ਵਿਚੋਂ ਸੂਰ] |
| ੫੨ | ੫੨. [ਸ਼ਾਹ ਦਾ ਸਖਤੀ ਦਾ ਪ੍ਰਣ] |
| ੫੩ | ੫੩. [ਜਮਨਾ ਪਰ ਇਸ਼ਨਾਨ ਦੀ ਸ਼ਾਹ ਨੂੰ ਖ਼ਬਰ] |
| ੫੪ | ੫੪. [ਭਾਈ ਮਤੀ ਦਾਸ ਦਾ ਚੀਰਿਆ ਜਾਣਾ] |
| ੫੫ | ੫੫. [ਬਾਕੀ ਕੁਝ ਸਿਖਾਂ ਨੂੰ ਗੁਰੂ ਜੀ ਨੇ ਰਿਹਾਈ ਦਿੱਤੀ] |
| ੫੬ | ੫੬. [ਲਖਨੌਰ ਨਿਵਾਸ। ਸ਼ਾਹ ਭੀਖ ਦਾ ਮਿਲਨਾ] |
| ੫੭ | ੫੭. [ਲਖਨੌਰ ਮਿੱਠਾ ਖੂਹ ਲਵਾਯਾ। ਮਾਮਾ ਜੀ ਆਏ] |
| ੫੮ | ੫੮. [ਘੋੜੇ ਦੀ ਸਵਾਰੀ। ਘੋਘਾ। ਲਖਨੌਰ] |
| ੫੯ | ੫੯. [ਲਖਨੌਰੋਂ ਕੀਰਤਿ ਪੁਰਿ ਆਉਣਾ] |
| ੬੦ | ੬੦. [ਕੀਰਤਪੁਰ ਬਾਗ਼ ਦੇ ਦਰਸ਼ਨ। ਅਨੰਦਪੁਰ ਨੂੰ ਕੂਚ] |
| ੬੧ | ੬੧. [ਲੋਹੇ ਦੇ ਪਿੰਜਰੇ ਵਿਚ] |
| ੬੨ | ੬੨. [ਸਤਿਗੁਰੂ ਜੀ ਦੀ ਦਿੱਲੀਓਂ ਚਿਠੀ] |
| ੬੩ | ੬੩. [ਸਾਹਿਬਜ਼ਾਦੇ ਜੀ ਦਾ ਉੱਤਰ। ਗੁਰਿਆਈ] |
| ੬੪ | ੬੪. [ਨੁਰੰਗੇ ਦੀ ਹੋਰ ਸਖਤੀ] |
| ੬੫ | ੬੫. [ਸੱਚਖੰਡ ਪਯਾਨ] |
| ੬੬ | ੬੬. [ਸਚਖੰਡ ਪ੍ਰਵੇਸ਼] |

| | |
|---|---|
| ੬੭ | ੬੭. [ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ] |
| ੬੮ | ੬੮. [ਔਰੰਗਜ਼ੇਬ ਨੂੰ ਡਰ। ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਜਾਖਜਾ] |

# ਰਾਸ਼ਿ ਬਾਰ੍ਹਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ਼੍ਰੀ ਵਾਹਿਗੁਰੂ ਜੀ ਕੀ ਫਤਹ ॥

## ਅਥ ਦ੍ਵਾਦਸ਼ਮਿ ਰਾਸਿ ਕਥਨੰ ॥

### ੧. [ਮੰਗਲ। ਰਾਜਾ ਮਾਨ ਸਿੰਘ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਦੋਹਰਾ:

**ਪਾਰਬ੍ਰਹਮ! ਪਰਮਾਤਮਾ! ਬਜਾਪਕ ਸਕਲ ਸਮਾਨ!**
**ਸਭਿ ਅਲੰਬ! ਪ੍ਰੇਰਕ! ਪ੍ਰਭੂ! ਬਿਦਤਹੁ ਰਿਦੇ ਮਹਾਨ ॥੧॥**

ਪਾਰ ਬ੍ਰਹਮ = ਪਰ ਬ੍ਰਹਮ, ਪਰਮ ਬ੍ਰਹਮ। ਜਿਸ ਤੋਂ ਪਰੇ ਤੇ ਉਪਰ ਹੋਰ ਕੋਈ ਨਹੀਂ, ਐਸਾ ਬ੍ਰਹਮ।

ਪਰਮਾਤਮਾ = ਦੇਖੋ ਸ਼੍ਰੀ ਗੁ: ਨਾ: ਪ੍ਰ: ਪੂ: ਅਧਜਾ: ੧ ਅੰ: ੪ ਦੇ ਪਦ ਅਰਥ।

ਅਰਥ:

(ਹੇ) ਪਾਰ ਬ੍ਰਹਮ! (ਹੇ) ਪਰਮਾਤਮਾ! (ਹੇ) ਸਾਰਿਆਂ ਵਿਚ ਇਕ ਤੁੱਲ ਰਮੇ ਹੋਏ! (ਹੇ) ਸਭਿ ਦੇ ਆਸ਼੍ਰਾ! (ਹੇ) ਸਭ ਦੇ ਪ੍ਰੇਰਕ! (ਹੇ ਸਭ ਦੇ) ਮਾਲਿਕ! (ਹੇ ਸਭ ਤੋਂ) ਵੱਡੇ! ਮੇਰੇ ਹਿਰਦੇ ਵਿਚ ਪ੍ਰਗਟ ਹੋਵੋ।

ਭਾਵ:

ਕਵਿ ਜੀ ਸਮਾਨਸੱਤਾ ਕਰਕੇ ਪ੍ਰਭੂ ਦੀ ਵਿਆਪਕਤਾ, ਉੱਚਤਾ, ਪ੍ਰੇਰਕਤਾ, ਤੇ ਆਸ਼੍ਰਾ ਰੂਪ ਹੋਣ ਦਾ ਪ੍ਰੋਖ ਗਜਾਨ ਤਾਂ ਰਖਦੇ ਹਨ ਪਰ ਅਰਦਾਸ ਇਹ ਕਰ ਰਹੇ ਹਨ ਕਿ ਮੇਰੇ ਮਨ ਦੀ ਪ੍ਰਤੀਤੀ ਦੇ ਮੰਡਲ ਵਿਚ ਆਪ ਵਿਸ਼ੇਸ਼ਤਾ ਕਰਕੇ ਪ੍ਰਕਾਸ਼ ਪਾਓ ਜੋ ਆਪ ਦੇ ਸਾਮਰਤੱਖ ਮਿਲਾਪ (ਅਪ੍ਰੋਖ ਗਜਾਨ) ਦਾ ਰਸ ਮੈਨੂੰ ਪ੍ਰਾਪਤ ਹੋਵੋ।

੨. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਸ੍ਵੈਯਾ:

**ਸੁੰਦਰ ਉੱਜਲ ਚੰਦ ਅਮੰਦ, ਮਨਿੰਦ ਦਿਪੈ ਮੁਖ ਦੁੰਦਨ ਹਾਨੀ।**
**ਚੰਦ੍ਰਿਕਾ ਚੰਦ੍ਰਿਕ ਪਾਰਦ ਨਾਰਦ, ਸਾਰਦ ਅੰਗ ਕੇ ਰੰਗ ਸਮਾਨੀ।**
**ਦੇਵ ਜਿ ਬ੍ਰਿੰਦ ਕਰੈਂ ਅਭਿਨੰਦਨ, ਆਨੰਦ ਕੰਦ ਬਿਲੰਦ ਸੁ ਜਾਨੀ।**
**ਤਾਂ ਪਦ ਕੇ ਅਰਬਿੰਦਨਿ ਕੋ, ਗਨ ਬੰਦਨ ਠਾਨਿ ਰਚੌਂ ਬਰਬਾਨੀ ॥੨॥**

ਅਮੰਦ = ਜੋ ਮੱਧਮ ਨਾਂ ਪਵੇ, ਜੋ ਇਕੋ ਜਿਹਾ ਲਗਾਤਾਰ ਚਮਕੇ, ਸ੍ਵੱਛ, ਸ੍ਰੇਸ਼ਟ, ਨਿਸ਼ਕਲੰਕ।

ਦੁੰਦ = ਦ੍ਵੰਦ੍ਵ = ਹਰਖ, ਸ਼ੋਕ, ਦੁਖ ਸੁਖ ਆਦਿ ਜੋੜੇ। ਕਲੇਸ਼, ਦੁਖ ਕਸ਼ਟ। ਭਾਵ ਇਹ ਹੈ ਕਿ ਸ਼ਾਰਦਾ ਦਾ ਚਿਹਰਾ ਚੰਦ ਵਾਂਙੂ ਬਾਹਰ ਹੀ ਪ੍ਰਕਾਸ਼ਮਾਨ ਨਹੀਂ ਸਗੋਂ ਕਵੀਆਂ ਦੇ ਹਿਰਦੇ ਵਿਚ ਜੋ ਰਾਗ ਦ੍ਵੈਖ ਆਦਿ ਆਵਰਣ ਉੱਚੀ ਕਵਿਤਾ ਦੇ ਪ੍ਰਤਿਬੰਧਕ ਉਪਜਦੇ ਹਨ ਉਹਨਾਂ ਤੇ ਪ੍ਰਕਾਸ਼ ਪਾ ਕੇ ਸ੍ਵੱਛ ਬੁੱਧੀ ਦਾ ਪ੍ਰਕਾਸ਼ਕ ਹੈ।

ਚੰਦ੍ਰਿਕਾ = ਚਾਂਦਨੀ। ਚੰਦ੍ਰ, ਚੰਦ੍ਰਕ = ਚੰਦ੍ਰਮਾ। ਚੰਦ੍ਰਿਕ = ਚੰਦ ਦੀ।

ਪਾਰਦ = ਪਾਰਾ। ਭਾਵ ਪਾਰੇ ਵਾਂਙੂ ਲੁਸ ਲੁਸ ਕਰਦੇ।

ਨਾਰਦ = ਨਾਰਦ ਮੁਨੀ ਜੋ ਰੰਗ ਦਾ ਚਿੱਟਾ ਮੰਨਿਆ ਹੈ।
ਰੰਗ = ਕ੍ਰਾਂਤੀ, ਸ਼ੋਭਾ।
ਸਮਾਨੀ = ਸਮਾਨ ਹਨ। ਅਭਿਨੰਦਨ = ਨਮਸਕਾਰ।
ਗਨ ਬੰਦਨ = ਬਹੁਤੀ ਵਾਰ ਨਮਸਕਾਰ ਕਰਨਾ।
ਸੁਜਾਨੀ = ਚੰਗੀ ਤਰ੍ਹਾਂ ਜਾਣਕੇ। (ਅ) ਸੁਹਣੇ ਗ੍ਯਾਨ ਵਾਲੀ, ਪਬੀਨ।

ਅਰਥ:

ਉੱਜਲ ਤੇ ਸੁਹਣੇ ਨਿਸ਼ਕਲੰਕ ਚੰਦ ਵਾਂਙੂ (ਜਿਸ ਦਾ) ਮੁਖੜਾ ਪ੍ਰਕਾਸ਼ ਰਿਹਾ ਹੈ ਤੇ ਦੂੰਦਾਂ ਨੂੰ ਦੂਰ ਕਰ ਰਿਹਾ ਹੈ।

(ਅਤੇ) ਸ਼ਾਰਦਾ ਦੇ (ਸਾਰੇ) ਅੰਗ ਚੰਦ੍ਰਮਾਂ ਦੀ ਚਾਂਦਨੀ, ਪਾਰੇ ਤੇ ਨਾਰਦ ਦੇ ਰੰਗ ਸਮਾਨ (ਉੱਜਲ) ਹਨ।

(ਫਿਰ) ਜਿਸ ਨੂੰ ਸਾਰੇ ਦੇਵਤੇ ਬੜੀ ਅਨੰਦ ਦਾਤੀ ਤੇ ਪ੍ਰਬੀਨ ਜਾਣਕੇ ਨਮਸਕਾਰਾਂ ਕਰਦੇ ਹਨ। ਤਿਸ (ਸ਼ਾਰਦਾ ਦੇ) ਚਰਨਾਂ ਕਵਲਾਂ ਨੂੰ ਬਹੁਤੀ ਵਾਰ ਨਮਸਕਾਰ ਕਰਕੇ ਸ੍ਰੇਸ਼ਟ (ਬਾਰ੍ਹਵੀਂ ਰਾਸ ਦੀ) ਬਾਣੀ (= ਕਵਿਤਾ) ਰਚਦਾ ਹਾਂ।

ਹੋਰ ਅਰਥ:

[੨ ਸਤਰ] ਚੰਦ ਦੀ ਚਾਂਦਨੀ ਪਾਰਾ ਤੇ ਨਾਰਦ ਇਨ੍ਹਾਂ ਦੇ ਰੰਗ ਸਾਰਦਾ ਦੇ ਅੰਗਾਂ ਦੇ (ਉੱਜਲ ਰੰਗ ਦੇ) ਸਾਹਮਣੇ (ਸਮਾ+ਨੀ =) ਸਮ ਨਹੀਂ ਹਨ ਭਾਵ ਨ੍ਯੂਨ ਹਨ।

### ੩. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਦੋਹਰਾ:

**ਉਪਦੇਸ਼ਤਿ ਜਗ ਗੁਰ ਭਏ, ਫੈਲ੍ਯੋ ਜਸ ਜਿਮ ਚੰਦ।**
**ਬਿਘਨ ਬਿਨਾਸਹਿਂ ਕ੍ਰਿਪਾ ਤੇ, ਸ਼੍ਰੀ ਨਾਨਕ ਪਦ ਬੰਦਿ ॥੩॥**

ਅਰਥ:

(ਮੈਂ) ਸ਼੍ਰੀ (ਗੁਰੂ) ਨਾਨਕ ਦੇਵ ਜੀ ਦੇ ਚਰਨਾਂ (ਕਵਲਾਂ ਉਪਰ) ਨਮਸਕਾਰ ਕਰਦਾ ਹਾਂ (ਜਿਨ੍ਹਾਂ ਨੇ) ਜਗਤ ਗੁਰੂ ਹੋ ਕੇ (ਜਗਤ ਨੂੰ) ਉਪਦੇਸ਼ ਦਿੱਤਾ, (ਤੇ ਜਿਨ੍ਹਾਂ ਦਾ) ਜਸ ਚੰਦ੍ਰਮਾ ਵਤ (ਸਾਰੇ) ਫੈਲਿਆ ਹੋਇਆ ਹੈ। (ਓਹ ਸਤਿਗੁਰੂ ਜੀ) ਕ੍ਰਿਪਾ ਦੁਆਰਾ (ਮੇਰੇ) ਵਿਘਨਾਂ ਦਾ ਨਾਸ਼ ਕਰਨ।

### ੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

**ਅਜਰ ਜਰਨ, ਧੀਰਜ ਧਰਨ, ਅਮਰ ਕਰਨ ਸਿਖ ਬ੍ਰਿੰਦ।**
**ਸ਼੍ਰੀ ਅੰਗਦ ਸੰਕਟ ਹਰਨ, ਨਮਹਿਂ ਪਦਨਿ ਅਰਬਿੰਦ ॥੪॥**

ਸੰਕਟ ਹਰਨ = ਸੰਕਟ ਹਰਨੇ ਵਾਲੇ।

ਅਰਥ:

ਅਜਰ ਦੇ ਜਰਨੇ ਵਾਲੇ, (ਧਰਤੀ ਸਮ) ਧੀਰਜ ਧਰਨ ਵਾਲੇ, (ਆਪਣੇ) ਸਾਰੇ ਸਿੱਖਾਂ ਨੂੰ ਅਮਰ ਕਰਨ ਵਾਲੇ ਅਤੇ ਸੰਕਟਾਂ ਨੂੰ ਦੂਰ ਕਰਨ ਵਾਲੇ ਸ਼੍ਰੀ (ਗੁਰੂ) ਅੰਗਦ ਦੇਵ ਜੀ ਦੇ ਚਰਨਾਂ ਕਵਲਾਂ ਉਪਰ (ਮੇਰੀ) ਨਮਸਕਾਰ ਹੈ।

### ੫. ਇਸ਼੍ਰ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

**ਕਰੇ ਬਿਸਾਲ ਨਿਹਾਲ ਜਨ, ਟਾਲਿ ਕਾਲ ਦੁਖ ਜਾਲ।**

ਅਮਰਦਾਸ ਸ੍ਰੀ ਸਤਿਗੁਰੂ, ਰਿਦੈ ਸੰਭਾਲਿ ਕ੍ਰਿਪਾਲੁ ॥੫॥

ਅਰਥ:

ਕਾਲ (ਚੱਕ੍ਰ ਵਿਚ ਆਕੇ ਵਜਾਪਣ ਵਾਲੇ) ਸਾਰੇ ਦੁਖਾਂ ਨੂੰ (ਜਿਨ੍ਹਾਂ ਸਤਿਗੁਰਾਂ ਨੇ) ਦੂਰ ਕਰਕੇ (ਆਪਣੇ) ਸੇਵਕਾਂ ਨੂੰ ਬਹੁਤ ਹੀ ਨਿਹਾਲ ਕੀਤਾ ਹੈ (ਐਸੇ) ਕ੍ਰਿਪਾਲੂ ਸ੍ਰੀ ਸਤਿਗੁਰੂ ਅਮਰਦਾਸ ਜੀ ਨੂੰ ਮੈਂ ਰਿਦੇ ਵਿਚ ਸਿਮਰ ਰਿਹਾ ਹਾਂ।

੬. ਇਸ਼੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

ਤ੍ਰਾਸ ਨਾਸ਼ ਨਿਜ ਦਾਸ ਕੇ, ਬਾਕ ਬਿਲਾਸ ਪ੍ਰਕਾਸ਼।<br>
ਰਾਮਦਾਸ ਸ਼੍ਰੀ ਸਤਿਗੁਰੂ ! ਬਾਸਹੁ ਰਿਦੈ ਅਵਾਸ ॥੬॥

ਅਰਥ:

(ਹੇ) ਸ੍ਰੀ ਸਤਿਗੁਰੂ ਰਾਮਦਾਸ ਜੀਓ ! (ਆਪ ਆਪਣੇ ਬਚਨ ਬਿਲਾਸ ਦੇ ਪ੍ਰਕਾਸ਼ ਨਾਲ ਹੀ ਆਪਣੇ ਦਾਸਾਂ ਦੇ ਭੈ ਨਾਸ਼ ਕਰ ਦਿੰਦੇ ਹੋ (ਮੇਰੀ ਪ੍ਰਾਰਥਨਾ ਹੈ ਕਿ ਮੇਰੇ) ਹਿਰਦੇ (ਰੂਪੀ) ਘਰ ਵਿਚ ਆ ਵਸੋ (ਜੋ ਮੇਰੇ ਭੈ ਬੀ ਨਿਵਿਰਤ ਹੋ ਜਾਣ)।

੭. ਇਸ਼੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਤਰਜਨ ਦੁਖ, ਬਰਜਨ ਬਿਘਨ, ਸਿਰਜਨ ਜਨ ਕੱਲਜਾਨ।<br>
ਸ਼੍ਰੀ ਅਰਜਨ ਅਰਜ਼ਨਿ ਸੁਨਹਿਂ, ਨਮੋ ਪਦਮ ਪਦ ਠਾਨਿ ॥੭॥

ਸਿਰਜਨ = ਰਚਨ ਵਾਲੇ, ਭਾਵ, ਮੁਕਤੀ ਦਾ ਪ੍ਰਬੰਧ ਕਰ ਦਿੰਦੇ ਹਨ।

ਅਰਥ:

ਸ੍ਰੀ ਗੁਰੂ ਅਰਜਨ ਦੇਵ ਜੀ (ਜੋ ਆਪਣੇ) ਦਾਸਾਂ ਦੀਆਂ ਅਰਜ਼ਾਂ ਸੁਣਦੇ ਹਨ (ਅਰ ਉਹਨਾਂ ਦੇ) ਦੁਖਾਂ ਨੂੰ ਤਾੜਦੇ ਹਨ, ਵਿਘਨਾਂ ਨੂੰ ਵਰਜਦੇ ਤੇ ਮੁਕਤੀ ਦਾ ਪ੍ਰਬੰਧ ਬਣਾ ਦਿੰਦੇ ਹਨ (ਤਿਨ੍ਹਾਂ ਦੇ) ਚਰਨਾਂ ਕਵਲਾਂ ਉਪਰ ਨਮਸਕਾਰ ਕਰਦਾ ਹਾਂ।

੮. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

ਜਨ ਬ੍ਰਿੰਦਨਿ ਆਨੰਦ ਦੇ, ਜਿਮਿ ਦਿਨਿੰਦ ਅਰਬਿੰਦ।<br>
ਸ਼੍ਰੀ ਹਰਿ ਗੋਬਿੰਦ ਚੰਦ ਗੁਰ, ਨਮੋ ਸੁਛੰਦ ਮੁਕੰਦ ॥੮॥

ਸ੍ਰੀ ਹਰਿ ਗੋਵਿੰਦ ਚੰਦ ਗੁਰ = ਸਾਰਾ ਨਾਮ ਹੈ "ਸ੍ਰੀ ਗੁਰ ਹਰਿਗੋਵਿੰਦ ਚੰਦ" (ਅ) ਚੰਦ ਸਮਾਨ ਸ਼ਾਂਤੀ ਤੇ ਪ੍ਰਕਾਸ਼ ਦਾਤਾ ਗੁਰ ਹਰਿ ਗੁਬਿੰਦ ਜੀ।

ਸੁਛੰਦ = ਸੁਤੰਤ੍ਰ। ਮੁਕੰਦ = ਮੁਕਤੀ ਦਾਤਾ।

ਅਰਥ:

ਜਿਵੇਂ ਸੂਰਜ ਕਮਲਾਂ ਨੂੰ (ਆਨੰਦ ਦੇਂਦਾ ਹੈ ਤਿਵੇਂ) ਮੁਕਤੀ ਦਾਤੇ ਤੇ ਸੁਤੰਤ੍ਰ ਸ੍ਰੀ ਗੁਰੂ ਹਰਿਗੋਵਿੰਦ ਚੰਦ ਜੀ (ਆਪਣੇ) ਸਾਰੇ ਦਾਸਾਂ ਨੂੰ ਆਨੰਦ ਦੇ ਦਾਤੇ ਹਨ (ਤਿਨ੍ਹਾਂ ਨੂੰ ਮੇਰੀ) ਨਮਸਕਾਰ ਹੋਵੇ।

੯. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

ਸੁਖ ਬਿਲਾਸ ਦਾਸਨਿ ਬਖਸ਼ਿ, ਰਿਪੁਨਿ ਬਚਨ ਤੇ ਹਾਨਿ।<br>
ਸ਼੍ਰੀ ਸਤਿਗੁਰੁ ਹਰਿਰਾਇ ਜੀ ! ਨਮਹਿ, ਕਰਹੁ ਕੱਲਜਾਨ ॥੯॥

ਅਰਥ:

ਹੇ ਸ੍ਰੀ ਸਤਿਗੁਰੂ ਹਰਿਰਾਇ ਜੀਓ (ਆਪ ਆਪਣੇ) ਦਾਸਾਂ ਨੂੰ ਸੁਖ ਤੇ ਆਨੰਦ ਬਖਸ਼ਦੇ ਹੋ ਤੇ (ਚੜ੍ਹ ਆਏ) ਵੈਰੀਆਂ ਨੂੰ ਵਚਨ (ਮਾਤ੍ਰ) ਨਾਲ ਹੀ ਨਾਸ਼ ਕਰ ਦਿੰਦੇ ਹੋ, (ਆਪ ਜੀ ਨੂੰ) ਨਮਸਕਾਰ ਕਰਕੇ (ਮੈਂ ਬੇਨਤੀ ਕਰਦਾ ਹਾਂ ਕਿ) ਮੇਰੀ (ਬੀ) ਕੱਲਜਾਨ ਕਰੋ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

**ਦਰਸ਼ਨ ਤੇ ਸੰਕਟ ਨਸਹਿਂ, ਪਗ ਪਰਸਨਿ ਸੁਖਦਾਇ।**
**ਜਨ ਹਰਸ਼ਨ ਸਰਸਨ ਸਦਾ, ਸ਼੍ਰੀ ਹਰਿ ਕ੍ਰਿਸ਼ਨ ਸੁਭਾਇ ॥੧੦॥**

ਅਰਥ:

(ਸ੍ਰੀ ਸਤਿਗੁਰੂ) ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਨਾਲ ਤਾਂ ਸੰਕਟ ਦੂਰ ਹੁੰਦੇ ਹਨ ਤੇ (ਉਹਨਾਂ ਦੇ) ਚਰਨ ਪਰਸਣੇ ਸੁੱਖਾਂ ਦੇ ਦਾਤੇ ਹਨ (ਅਤੇ ਉਹਨਾਂ ਦਾ) ਸੁਭਾਉ ਦਾਸਾਂ ਨੂੰ ਖੁਸ਼ੀ ਦੇਕੇ ਖਿੜਾ ਦੇਣ ਵਾਲਾ ਹੈ (ਤਿਨ੍ਹਾਂ ਨੂੰ ਮੇਰੀ ਨਮਸਕਾਰ ਹੋਵੇ)।

੧੧. ਇਸ਼੍ਰ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

**ਤ੍ਰਿਣ ਤੁਲ ਤਨ ਤਜਿ ਤੁਰਤ ਤਿਹ, ਤੁਰਕਨਿ ਤੇਜ ਨਿਕੰਦ।**
**ਤੇਗ ਬਹਾਦੁਰ ਸਤਿਗੁਰੂ, ਚਰਨ ਕਮਲ ਤਿਨ ਬੰਦਿ ॥੧੧॥**

ਤਿਹ = ਤਿੱਥੋਂ, ਭਾਵ ਦਿੱਲੀ ਵਿੱਚੋਂ।

ਅਰਥ:

ਤ੍ਰਿਣ ਸਮਾਨ ਸਰੀਰ ਨੂੰ ਤਿਆਗ ਕੇ (ਜਿਨ੍ਹਾਂ ਨੇ) ਤੁਰਕਾਂ ਦਾ ਤੇਜ ਤਿਹ (= ਉਥੋਂ ਭਾਵ ਦਿੱਲੀ ਤੋਂ) ਛੇਤੀ ਪੁੱਟ ਘਤਿਆ, (ਐਸੇ) ਸਤਿਗੁਰੂ ਤੇਗ ਬਹਾਦੁਰ ਜੀ (ਜੋ ਹਨ) ਤਿਨ੍ਹਾਂ ਦੇ ਚਰਨਾਂ ਕਵਲਾਂ ਨੂੰ ਨਮਸਕਾਰ ਹੈ।

੧੨. ਇਸ਼੍ਰ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

**ਰਚਜੋ ਨਿਖਾਲਿਸ ਖਲਕ ਤੇ, ਪੰਥ ਖਾਲਿਸਾ ਸੁੱਧ।**
**ਸ਼੍ਰੀ ਗੁਰੁ ਗੋਬਿੰਦ ਸਿੰਘ ਜੀ, ਹਤਿ ਰਿਪੁ ਕ੍ਰੁੱਧਤਿ ਜੁੱਧ ॥੧੨॥**

ਨਿਖਾਲਿਸ = ਵਿਸ਼ੇਸ਼ ਕਰਕੇ ਖਾਲਿਸ, ਸ਼ੁਧ। (ਅ) ਨਿਰਾਲਾ।

ਅਰਥ:

(ਧੰਨ ਹਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਜਿਨ੍ਹਾਂ ਨੇ ਖਲਕਤ ਤੋਂ) ਬਹੁਤ ਖਾਲਸ (ਕਰਕੇ) ਸ਼ੁੱਧ ਖਾਲਸਾ ਪੰਥ ਰਚਿਆ ਤੇ ਜੁੱਧ ਵਿਚ ਕ੍ਰੁੱਧਤਿ ਹੋਕੇ (ਪ੍ਰਜਾ ਦੇ) ਵੈਰੀਆਂ ਦਾ ਨਾਸ਼ ਕੀਤਾ।

ਹੋਰ ਅਰਥ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਜਿਨ੍ਹਾਂ ਨੇ ਪ੍ਰਜਾ ਦੇ) ਵੈਰੀਆਂ ਨੂੰ ਜੁੱਧ ਵਿਖੇ ਕ੍ਰੁੱਧਤਿ ਹੋ ਕੇ ਮਾਰਨ ਲਈ ਸ਼ੁੱਧ ਪੰਥ ਖਾਲਸਾ ਖਲਕਤ ਤੋਂ ਸੁੱਧ ਰਚਿਆ (ਤਿਨ੍ਹਾਂ ਨੂੰ ਮੇਰੀ ਨਮਸਕਾਰ ਹੈ)।

੧੩. ਦਸੋਂ ਗੁਰੂ ਮੰਗਲ।

**ਪਗ ਸਰੋਜ ਸਭਿ ਗੁਰਨਿ ਕੇ, ਉਰ ਮਹਿਂ ਭਲੇ ਮਨਾਇ।**
**ਦ੍ਵਾਦਸ਼ਮੀ ਅਬਿ ਰਾਸਿ ਕੋ, ਰਚੌਂ ਪ੍ਰਮੇਸੁਰ ਧਜਾਇ ॥੧੩॥**

ਅਰਥ:

ਸਾਰੇ ਸਤਿਗੁਰਾਂ ਦੇ ਚਰਨਾਂ ਕਵਲਾਂ ਨੂੰ ਰਿਦੇ ਦੇ ਵਿਚ ਚੰਗੀ ਤਰ੍ਹਾਂ ਮਨਾ ਕੇ (ਸਿਮਰਕੇ ਅਤੇ) ਪਰਮ ਈਸ਼ਰ (ਵਾਹਿਗੁਰੁ) ਨੂੰ ਧਜਾਇ ਕੇ ਹੁਣ ਮੈਂ (ਸੂਰਜ ਪ੍ਰਕਾਸ਼ ਦੀ) ਬਾਰ੍ਹਵੀਂ ਰਾਸਿ ਰਚਦਾ ਹਾਂ।

ਦੋਹਰਾ:
ਕਿਤਿਕ ਦਿਵਸ ਬਸਿ ਕਰਿ ਗੁਰੂ, ਪਟਨੇ ਨਗਰ ਮਝਾਰ।
ਸੁਖ ਪਾਯਹੁ ਸ਼੍ਰਮ ਪਰਹਰਯੋ, ਸਿੱਖਜਨਿ ਕਰਨਿ ਉਧਾਰ ॥੧੪॥
ਅਬਹਿ ਕਥਾ ਇਕ ਭੂਪ ਕੀ, ਉਚਿਤ ਕਹਨਿ ਕੇ ਜਾਨਿ।
ਤਿਸ ਕੋ ਬਰਨਨਿ ਕਰਤਿ ਹੌਂ, ਸੁਨਹੁ ਸੰਤ! ਦੇ ਕਾਨ ॥੧੫॥
ਦੇਸ ਕਾਮਰੂ† ਗੁਰ ਗਮਨਿ, ਕੀਨਸਿ ਜਿਸ ਕੇ ਸੰਗ।
ਕਹੌਂ ਛੋਰ ਤੇ[1] ਸੋ ਕਥਾ, ਜਿਮ ਹਮ ਸੁਨਯੋ ਪ੍ਰਸੰਗ ॥੧੬॥

†ਕਾਮ ਰੂਪ ਦੇਸ਼ ਜੋ ਬੰਗਾਲ ਦੇ ਉੱਤਰ ਪੂਰਬ ਨੂੰ ਹੈ।
[1]ਖੋਹਲਕੇ (ਅ) ਸ਼ੁਰੂ ਤੋਂ।

ਚੌਪਈ:
ਦਿੱਲੀ ਮਹਿਂ ਅਕਬਰ ਤੁਰਕੇਸ਼।
ਕਰਤਿ ਰਾਜ ਲੇ ਦੇਸ਼ ਅਸ਼ੇਸ਼।
ਜਹਾਂ ਮਵਾਸ ਹੋਹਿ ਕੋ ਜਾਈ।
ਤਹਿਂ ਬਡ ਸੈਨਾ ਦੇਤਿ ਪਠਾਈ ॥੧੭॥
ਕਰਿ ਸੰਗ੍ਰਾਮ ਬਿਜੈ ਕੋ ਪਾਇ।
ਬਸੀ ਕਰੇ ਸਭਿ ਦੇਸ਼ਨਿ ਰਾਇ[1]।
ਆਇਸੁ ਅਕਬਰ ਕੀ ਸਿਰ ਸਹੈਂ[1]।
ਅਪਨੋ ਰਾਜ ਕਰਤਿ ਸੋਂ ਰਹੈਂ ॥੧੮॥
ਨੀਤਿ[1] ਬਿਸਾਲ ਨੀਤਿ[2] ਉਰਧਾਰੈਂ।
ਮਿੱਤ੍ਰ ਵਧਾਵਹਿਂ ਸ਼ੱਤ੍ਰ ਨਿਕਾਰੈਂ।
ਦੇਸ਼ ਕਾਮਰੂ ਰਹਯੋ ਮਵਾਸੀ।
ਤਹਿਂ ਕਾਮੱਖਯਾ[1] ਜੋਤਿ ਪ੍ਰਕਾਸ਼ੀ ॥੧੯॥

[1]ਦੇਸ਼ਾਂ ਦੇ ਰਾਜੇ।
[1]ਰਾਜੇ ਸਹਿੰਦੇ ਰਹਿਣ।
[1]ਰਾਜਨੀਤੀ। [2]ਨਿੱਤ।
[1]ਗੁਹਾਟੀ ਨੇੜੇ ਇਕ ਦੇਵੀ ਦਾ ਮੰਦਰ ਜਿਸ ਵਿਚ ਦੇਵੀ ਦੇ ਨੰਗੇਜ ਦੀ ਪੂਜਾ ਹੁੰਦੀ ਹੈ।

ਮਹਾਂ ਸ਼ਕਤਿ ਜੁਤਿ ਜ਼ਾਹਰ ਕਲਾ।
ਯਾਂ ਤੇ ਨਹਿਂ ਅਕਬਰ ਬਸ ਚਲਾ।
ਭੂਪ ਦੇਸ਼ ਕੇ ਪਰ ਜੋ ਆਵੈ[1]।
ਸੋ ਦੇਵੀ ਕੋ ਸ਼ਰਨਿ ਸਿਧਾਵੈ ॥੨੦॥
ਤਬਿ ਸਹਾਇਤਾ ਕਰਹਿ[1] ਬਿਸਾਲਾ।
ਹਤਹਿ ਦੁਸ਼ਟ ਕੀ ਬਲ ਤਤਕਾਲਾ।

[1]ਕਾਮ ਰੂਪ) ਦੇਸ਼ ਦੇ ਰਾਜੇ ਉਪਰ ਜੋ ਚੜ੍ਹਕੇ ਆਵੇ।
[1]ਦੇਵੀ) ਕਰੇ।

ਅਨਿਕ ਰੀਤਿ ਕੇ ਮੰਤ੍ਰ ਸੁ ਜਾਨਹਿਂ[1]।
ਤਿਨ ਤੇ ਸ਼ੱਤ੍ਰਨਿ ਗਨ ਕੋ ਹਾਨਹਿਂ[†] ॥੨੧॥

[1]ਜਾਣਦੇ ਸਨ (ਲੋਕੀਂ)।

[†]ਜਿਵੇਂ ਕਵਿ ਜੀ ਨੇ ਸੁਣਿਆ ਹੈ (ਦੇਖੋ ਅੰਕ ੧੬) ਲਿਖ ਰਹੇ ਹਨ। ਬੰਗਾਲ ਅਸਾਮ ਆਦਿ ਇਲਾਕਿਆਂ ਵਿਚ ਸ਼ਕਤੀ ਪੂਜਾ ਕਰਨ ਵਾਲੇ ਲੋਕੀਂ ਬਹੁਤ ਹਨ ਤੇ ਤਾਂਤਰੀ ਲਗਪਗ ਸਾਰੇ ਹਨ, ਇਹ ਗੱਲ ਠੀਕ ਹੈ। ਤੰਤ੍ਰਾਂ ਮੰਤ੍ਰਾਂ ਦਾ ਭੈ ਤੇ ਕਾਲੀ ਦਾ ਡਰ ਇਹ ਆਮ ਲੋਕਾਂ ਵਿਚ ਤਦੋਂ ਬਹੁਤ ਹੈਸੀ।

ਅਕਬਰ ਚਿਤਵਤਿ ਤਿਹ ਸਰ ਕਰਿਬੇ।
ਕਈ ਬਾਰ ਕਰਿ ਲਸ਼ਕਰਿ ਚਰਿਬੇ।
ਨਹੀਂ ਮਿਲ੍ਯੋ ਸੋ ਆਇ ਕਦਾਈ।
ਰਹੇ ਮਵਾਸੀ ਦੇਸ਼ ਸਦਾਈ ॥੨੨॥
ਮਾਨ ਸਿੰਘ ਰਾਜਾ ਬਲਵੰਡ।
ਜੀਤੀ ਪਸ਼ਚਮ ਦਿਸ਼ਾ ਪ੍ਰਚੰਡ।
ਮਹਾਂ ਮਲੇਛ ਕਰੇ ਸਰ ਜਾਇ।
ਤਹਾ ਜੀਤ ਕੀ ਬੰਬ ਬਜਾਇ ॥੨੩॥
ਹਟਿ ਆਯਹੁ ਪੁਨ ਅਪਨੇ ਦੇਸ਼।
ਸ਼ੰਕਾ ਕਰਤਿ ਭਯੋ ਤੁਰਕੇਸ਼।
-ਇਹ ਰਜਪੂਤ ਪ੍ਰਤਾਪੀ ਭਾਰੇ।
ਜੇ ਕਬਿ ਬਿਗਰਹਿਂ ਸੰਗ ਹਮਾਰੇ ॥੨੪॥
ਰੌਰਾ ਪਤਿਸ਼ਾਹਤ ਮਹਿਂ ਪਾਵੈ।
ਕੌਨ ਸਮੁਖ ਹੁਇ ਜੰਗ ਮਚਾਵੈ।
ਸੁਭਟ ਬਡੇਰੇ ਪਸ਼ਚਮ ਦੇਸ਼।
ਕਰੇ ਜੋਰ ਤੇ ਜ਼ੇਰ[1] ਅਸ਼ੇਸ਼ ॥੨੫॥

[1]ਅਧੀਨ।

ਯਾਂ ਤੇ ਇਸਹਿ ਮੁਹਿੰਮ ਪਠਾਵੈਂ।
ਜਹਾਂ ਜਾਇ ਕਰਿ ਫੇਰ ਨ ਆਵੈ।
ਲਰਿਤੇ ਜੀਤਹਿ ਕਰਿ ਰਣਘੋਰ।
ਦੇਸ਼ ਕਾਮਰੂ ਮੰਤ੍ਰਨਿ ਜ਼ੋਰ ॥੨੬॥
ਚਲਹਿ ਨ ਬਸਿ ਤਹਿਂ ਜੁੱਧ ਕਰਨਿ ਕੋ।
ਮੰਤ੍ਰਨਿ ਸੰਗ ਸੁ ਪਾਇ ਮਰਨਿ ਕੋ।
ਜੇ ਨ ਮਰਹਿ ਲੈ ਬਿਜੈ ਉਪਾਇ।
ਦੇਸ਼ ਮਵਾਸੀ ਹਮ ਢਿਗ ਆਇ- ॥੨੭॥
ਅਸ ਮਸਲਤਿ ਕਰਿ ਕੈ ਛਲ ਸਾਨੀ।
ਨ੍ਰਿਪਤਿ ਹਕਾਰ੍ਯੋ ਬਡ ਅਭਿਮਾਨੀ।

ਦਿੱਲੀ ਮਹਿਂ ਪ੍ਰਵੇਸ਼ ਜਬਿ ਹੋਯੋ।
ਗੋਬਧ[1] ਬ੍ਰਿੰਦ ਕਸਾਈ ਜੋਯੋ ॥੨੮॥
ਪਿਖਿ ਕਰਿ ਸਹਿ ਨ ਸਕਯੋ ਰਿਸ ਧਰਿ ਕੈ।
ਖੜਗਨਿ ਸੰਗ ਕਟਾ ਤਿਨ ਕਰਿ ਕੈ।
ਭਾਜ ਦੁਰੇ ਤਿਨ ਪ੍ਰਾਣ ਉਬਾਰੇ।
ਜੋ ਹੇਰੇ ਸੋ ਖੜਗ ਬਿਦਾਰੇ ॥੨੯॥
ਇਸ ਪ੍ਰਕਾਰ ਬਹੁ ਰੌਰ ਮਚਾਵਤਿ।
ਤੁਰਕੇਸ਼ੁਰ ਕੇ ਨਿਕਟਿ ਸਿਧਾਵਤਿ।
ਸੁਨੇ ਹਤੇ[1] ਕੁਛ ਨਾਂਹਿ ਨ ਕਰਯੋ।
ਤਊ ਰਿਦਾ ਬਹੁ ਦੁਖ ਸੋਂ ਦਹਯੋ ॥੩੦॥
ਕਪਟ ਠਾਨਿ ਕੈ ਨਿਕਟਿ ਬਿਠਾਇਸਿ।
ਸ਼ਸਤ੍ਰ ਬਸਤ੍ਰ ਬਹੁਮੁਲੇ ਦਿਵਾਇਸਿ।
ਸਭਾ ਲਗਾਇ ਸਕਲ ਉਮਰਾਵ।
ਰਾਜੇ ਅਪਰ ਬੁਲਾਇ ਬਿਠਾਵ ॥੩੧॥
ਭਰੀ ਕਚਹਿਰੀ ਮਹਿਂ ਸਨਮਾਨਾ।
ਅਧਿਕ ਦਰਬ ਕੋ ਬਖਸ਼ਨਿ ਠਾਨਾ।
ਬੀੜਾ ਪਾਨਨ ਕੋ ਸ਼ੁਭ ਰੰਗੀ।
ਅਰ ਸ਼ਮਸ਼ੇਰ ਧਰੀ ਕਰਿ ਨੰਗੀ ॥੩੨॥
ਬੀਚ ਸਭਾ ਦੇਖਹਿ ਸਭਿ ਕੌਨ[1]।
ਗਹੀ ਨ ਕਿਨਹੂ ਠਾਨੀ ਮੌਨ।
-ਦੇਸ਼ ਕਾਮਰੂ ਮੰਤ੍ਰਨਿ ਬਲ ਹੈ।
ਕਹਾਂ ਕਰਹਿਂ ਤਹਿਂ, ਲੇ ਬਡਿ ਦਲ ਹੈ- ॥੩੩॥
ਮਾਨ ਸਿੰਘ ਨ੍ਰਿਪ ਰਿਦੇ ਬਿਚਾਰੀ।
-ਸਭਿ ਮਹਿਂ ਸਨਮਾਨਯੋਂ ਮੁਝ ਭਾਰੀ।
ਇਹ ਸ਼ਮਸ਼ੇਰ ਅਗਾਰੀ ਮੇਰੇ।
ਕਰਯੋ ਫਰੇਬ ਅਪਰ ਦਿਸ਼ਿ ਹੇਰੇ ॥੩੪॥
ਬੀਚ ਕਚਹਿਰੀ ਜੇ ਨ ਉਠਾਵੌਂ।
ਨਿਜ ਬਲਿ ਕੋ ਤਬਿ ਅਧਿਕ ਲਜਾਵੌਂ।
'ਕਾਇਰ ਭਯੋ' ਕਹਹਿਂ ਪਸ਼ਚਾਤੀ।
ਇਸ ਬਿਧਿ ਹੋਇ ਆਨਿ ਘਟਿ ਜਾਤੀ[1]

[1]ਗਊਬੱਧ।

[1]ਕਸਾਈ) ਮਾਰੇ ਗਏ ਸੁਣੇ।

[1]ਸਭ ਕੋਈ।

[1]ਇਸ ਤਰ੍ਹਾਂ ਹੋਇਆਂ ਆਨ ਘਟ ਜਾਂਦੀ ਹੈ।

॥੩੫॥
ਬਡੇ ਬਲੀ ਮੋ ਸੋਂ ਲਰਿ ਸਾਰੇ।
ਮਮ ਆਗੈ ਇਹ ਕਹਾਂ ਬਿਚਾਰੇ-।
ਇਮ ਬਿਚਾਰਿ ਅਪਨੀ ਬਡਿਆਈ।
ਕਰਿ ਸਲਾਮ ਸ਼ਮਸ਼ੇਰ ਉਠਾਈ ॥੩੬॥
ਤਬਿ ਅਕਬਰ ਨੇ ਬਹੁਤ ਸਰਾਹਾ।
ਨਿਕਸਿ ਵਹਿਰ ਤਿਤ ਚਢਨਿ ਉਮਾਹਾ।
ਅਨੀ[1] ਘਨੀ ਘਨ ਮਨਹੁ ਸਕੇਲਿ।
[1]ਸੈਨਾ।
ਗਮਨਜੋਂ ਭੂਪ ਪੰਥ ਪਗ ਮੇਲਿ ॥੩੭॥
ਲਸ਼ਕਰ ਚਢਯੋ ਮਨਹੁ ਘਨ ਮਹਾਂ।
ਬਜੀ ਬੰਬ ਬਡਿ ਘੋਖਤਿ ਲਹਾ[1]।
[1](ਬਦਲ) ਗੱਜਦਾ ਮਲੂਮ ਦਿੱਤਾ।
ਸ਼ਸਤ੍ਰਨਿ ਚਮਕ ਚੰਚਲਾ ਥਰਕੈ[1]।
[1]ਸ਼ਸਤ੍ਰਾਂ ਦੀ ਚਮਕ ਬਿਜਲੀ ਵਾਂਗ ਥਰਕਦੀ ਹੈ।
ਚਲਯੋ ਭੂਪ ਦ੍ਰਿਗ ਬਾਮੋਂ ਫਰਕੈ ॥੩੮॥
ਸਨੇ ਸਨੇ ਨਿਜ ਡੇਰੇ ਘਾਲਤਿ।
ਪ੍ਰਤਿਪਾਲਤਿ ਨਿਜ ਚਮੂੰ ਸੰਭਾਲਤਿ।
ਪਾਛੈ ਅਕਬਰ ਦਰਬ ਪਠਾਇਸਿ।
ਹੁਇ ਸਰ ਦੇਸ਼ ਕੇ ਨ੍ਰਿਪ ਮਰਿ ਜਾਇਸਿ ॥੩੯॥
ਦੋਨਹੁ ਦਿਸ਼ਿ ਤੇ ਹਰਖ ਧਰੰਤਾ।
ਸਾਦਰ ਵਸਤੁ ਅਧਿਕ ਪਠੰਤਾ।
ਮਾਨ ਸਿੰਘ ਪੂਰਬ ਮਹਿ ਜਾਇ।
ਅਪਨੋ ਅਧਿਕ ਪ੍ਰਤਾਪ ਦਿਖਾਇ ॥੪੦॥
ਬਹੁਤ ਦੇਸ਼ ਕੋ ਜੀਤਨਿ ਕਰਯੋ।
ਦੇਖਿ ਬਲੀ ਕੋ ਕਹੂੰ ਨ ਅਰਯੋ।
ਬ੍ਰਹਮ ਪੁੱਤ੍ਰ ਨਦ[1] ਏਕ ਮਹਾਨਾ।
[1]ਦਰਿਯਾ।
ਗੁਆਹਾਟ ਪੁਰਿ ਪਾਰ ਸਥਾਨਾ[1] ॥੪੧॥
[1](ਜਿਸ ਦਰਿਯਾ ਦੇ) ਪਾਰ ਗੁਹਾਟੀ ਨਾਮੇ ਸ਼ਹਿਰ ਹੈ।
ਰੰਗਾਮਾਟੀ[1] ਅਹੈ ਉਰਾਰੇ।
[1]ਦੋ ਤ੍ਰੈ ਟਿਕਾਣੇ ਇਸ ਨਾਮ ਦੇ ਹਨ, ਬ੍ਰਹਮ ਪੁੱਤ੍ਰਾਂ ਤੇ ਇਸੇ ਪਾਸੇ ਮੁਰਸ਼ਿਦਾਬਾਦ ਵਾਲੀ ਗੰਗਾ ਮਾਟੀ ਸ਼ਾਯਦ ਹੋਵੇ। ਪਰ ਵਧੀਕ ਅਗਲਬ ਹੈ ਕਿ ਰੰਗ ਪੁਰ ਤੋਂ ਮੁਰਾਦ ਹੋਵੇ। ਤੇ ਸਤਿਗੁਰੂ ਜੀ ਦੀ ਯਾਦਗਾਰ ਦੇ ਟਿਕਾਣੇ ਦਾ ਗੁਰਦ੍ਵਾਰਾ ਜੋ ਧੁਬੜੀ ਵਿਚ ਹੈ ਇਸ ਰੰਗ ਪੁਰ ਤੋਂ ਹੀ ਨੇੜੇ ਪੈਂਦਾ ਹੈ।
ਨ੍ਰਿਪ ਦਲ ਜੁਤਿ ਤਹਿਂ ਡੇਰਾ ਡਾਰੇ।
ਚਤਰ ਕੋਸ ਪਾਟਾ[1] ਤਿਸ ਨਦ ਕੋ।
[1]ਚੁੜਾਈ।

ਉਤਰਨਿ ਪਾਰ ਬਿਦਾਰਹਿ ਮਦ ਕੋ[1] ॥੪੨॥ — [1]ਪਾਰ ਉਤਰਨ ਵਾਲੇ ਦਾ ਹੰਕਾਰ ਦੂਰ ਕਰਦਾ ਹੈ ਭਾਵ ਪਾਰ ਉਤਰਿਆ ਨਹੀਂ ਜਾਂਦਾ।

ਪਾਰ ਜਹਾਂ ਕਾਮੱਖਜਾ ਮੰਦਰ।
ਬਸਹਿ ਬਿਸਾਲ ਨਗਰ ਤਹਿਂ ਸੁੰਦਰ।
ਤਿਸੀ ਦੇਸ਼ ਕੋ ਭੂਪਤਿ ਭਾਰੀ।
ਰਜਧਾਨੀ ਨਿਜ ਪੁਰੀ ਸੁਧਾਰੀ ॥੪੩॥
ਸਬਲ ਬਾਹਨੀ ਲਿਯੇ ਮਹਾਨਾ।
ਬਸਹਿ ਨਰੇਸ਼ੁਰ ਦੇਵ ਸਮਾਨਾ[1]। — [1]ਦੇ ਤੁੱਲ।
ਸਦਾ ਉਪਾਸਨ ਦੇਵੀ ਕਰਤਾ।
ਆਦਿ ਸ਼ਕਤਿ ਕੋ ਧਜਾਨ ਸੁ ਧਰਤਾ ॥੪੪॥
ਨਿਤਪਤਿ ਹੋਮ[1] ਬਿਸਾਲ ਕਰਾਵਹਿ। — [1]ਹਵਨ।
ਧੂਪ ਦੀਪ ਚੰਦਨ ਚਰਚਾਵਹਿ।
ਮਾਨ ਸਿੰਘ ਕੋ ਐਬੋ ਸੁਨਜੋਂ।
ਜਤਨ ਹਤਨਿ ਕਾ ਚਿਤ ਮਹਿਂ ਗੁਨਜੋ ॥੪੫॥
ਮੰਤ੍ਰ ਪਾਠ ਕਰਿ ਬਲੀ ਸੁ[1] ਦੈ ਕੈ। — [1]ਮੰਤ੍ਰਾਂ ਨਾਲ ਭੇਟਾ (ਦੇਵੀ ਦੀ)।
ਸ਼ਕਤਿ ਚਲਾਈ ਮਨ ਰਿਸ ਕੈ ਕੈ।
ਜਿਸ ਛਿਨ ਹਤਨ ਹੇਤੁ ਸੋ ਆਈ।
ਮਾਨ ਸਿੰਘ ਬੈਠਜੋ ਸੁਚ ਥਾਈਂ[1] ॥੪੬॥ — [1]ਪਵਿੱਤ੍ਰ ਥਾਂ ਵਿਚ।
ਪਾਠ ਚੰਡਕਾ ਕਰਤਿ ਕਰਾਵਤਿ।
ਚਹੁੰ ਦਿਸ਼ਿ ਬ੍ਰਹਮ ਕਵਚ[1] ਕੋ ਗਾਵਤਿ। — [1]ਇਕ ਮੰਤ੍ਰ ਜਿਸ ਦੇ ਪੜ੍ਹਣ ਨਾਲ ਆਪ ਨੂੰ ਰਖਜਤ ਸਮਝਦੇ ਹਨ।
ਜਬਿ ਸੋ ਸ਼ਕਤਿ ਸ਼ੰਘਾਰਨਿ ਆਈ।
ਕਰਿ ਨ ਸਕੀ ਬਲ, ਪਿਖਿ ਸਿਥਲਾਈ[1] ॥੪੭॥ — [1]ਢਿੱਲੀ ਹੋ ਗਈ।
ਦੇ ਕਰਿ ਹਾਥ ਕਾਲਕਾ ਰਾਖਜੋ।
ਹੁਤੋ ਧਜਾਨ ਦੇਵੀ ਅਭਿਲਾਖਜੋ।
ਬਲ ਦਲ ਕੋ ਕਰਿ ਕੈ ਨ੍ਰਿਪ ਮਾਨ।
ਚਹਤਿ ਬਿਜੈ ਕਰਿਬੋ ਤਿਸ ਥਾਨ ॥੪੮॥
ਜਿਤ ਕਿਤ ਫੈਲ ਪਰੀ ਬਡ ਅਨੀ।
ਤ੍ਰਾਸਤਿ ਦੇਸ਼ ਦੇਖਿ ਕਰਿ ਘਨੀ।

ਨਿਜ ਲੋਕਨਿ ਭੈ ਜਾਨਿ ਬਿਸਾਲਾ।
ਨੌਕਾ ਰਚੀ ਏਕ ਮਹਿਪਾਲਾ ॥੪੯॥
ਤਿਸ ਪਰ ਪੁਤਲੀ ਰੁਚਿਰ ਬਨਾਈ।
ਜਨੁ ਸਾਚੀ ਤ੍ਰਿਯ ਇਹਾਂ ਬਿਠਾਈ।
ਫੂਲ ਕਮਲ ਕੋ ਕਰਯੋ ਬਨਾਵਨਿ।
ਮਹਾਂ ਸੁਗੰਧਿਤ ਸੋ ਮਨ ਭਾਵਨਿ ॥੫੦॥
ਅਭਿਮੰਤ੍ਰਿਤਿ[1] ਕਰਿ ਸਰਬ ਪ੍ਰਕਾਰਾ। [1]ਮੰਤ੍ਰ ਕੇ।
ਮਾਨ ਸਿੰਘ ਕੋ ਨਾਮ ਉਚਾਰਾ।
ਮੰਤ੍ਰ ਸ਼ਕਤਿ ਕਰਿ ਨਾਉ[1] ਚਲਾਈ। [1]ਬੇੜੀ।
ਸਨੇ ਸਨੇ ਸੋ ਚਲਿ ਕਰਿ ਆਈ ॥੫੧॥
ਤਟ ਪਰ ਮਾਨ ਸਿੰਘ ਕੋ ਡੇਰਾ।
ਅਵਿਲੋਕਤਿ ਦਰਿਆਉ ਬਡੇਰਾ।
ਇਕ ਦੁਇ ਦਾਸ ਪਾਸ ਤਿਸ ਕਾਲਾ।
ਪਿਖਯੋ ਅਚੰਭਾ ਆਇ ਬਿਸਾਲਾ ॥੫੨॥
ਜਲ ਕੇ ਬੇਗ ਨ ਨੌਕਾ ਚਲੇ[1]। [1]ਜਲ ਦੇ ਵੇਗ ਵਿਚ ਨੌਕਾ ਨਹੀਂ ਚਲਦੀ।
ਨਰ ਬਿਨ ਸਨੇ ਸਨੇ ਨਿਜ[1] ਠਿਲੈ। [1]ਆਪਣੇ ਆਪ।
ਅਵਿਲੋਕਤਿ ਚਲਿ ਆਈ ਪਾਸਾ।
ਬਿਸਮਯੋਂ ਭੂਪਤਿ ਅਜਬ ਤਮਾਸ਼ਾ ॥੫੩॥
ਅਤਿ ਸੁੰਦਰ ਪੁਤਰੀ ਸੁ ਨਿਹਾਰੀ।
ਮਾਨ ਸਿੰਘ ਸੁਧਿ ਦੇਹਿ ਬਿਸਾਰੀ।
ਦੇਖਿ ਚਲਿਤ[1] ਮਨ ਮੋਹਤਿ ਹੋਵਾ। [1]ਚਲਿੱਤ੍ਰ।
ਛੁਭਤਿ ਅਧਿਕ ਉਰ ਧੀਰਜ ਖੋਵਾ ॥੫੪॥
ਪਹੁੰਚੀ ਅਤਿਸ਼ੈ ਆਇ ਸਮੀਪ।
ਰਹਯੋ ਨ ਗਯੋ ਤਬਹਿ ਅਵਨੀਪ।
ਬਾਰਿ ਬਾਰਿ ਅਵਿਲੋਕਨਿ ਕਰਤਾ।
ਪਰਯੋ ਖਯਾਲ ਤਿਸ ਨਾਂਹਿਨ ਟਰਤਾ ॥੫੫॥
ਬਹੁ ਸੁੰਦਰ ਜਬਿ ਫੂਲ ਨਿਹਾਰਯੋ।
ਤਿਸ ਲੈਬੇ ਹਿਤ ਹਾਥ ਪਸਾਰਯੋ।
ਪੁਤਰੀ ਕਰਿ ਤੇ ਜਬਿ ਹੀ ਲੀਨਹੁ।

ਘ੍ਰਾਣ[1] ਨਿਕਟਿ ਕਰਿ ਸੁੰਘਨਿ ਕੀਨਹੁ ॥੫੬॥
[1]ਨੱਕ।

ਤਤਛਿਨ ਭਯੋ ਬਾਵਰੋ ਮਾਨ[1]।
[1]ਮਾਨ ਸਿੰਘ ਸ਼ੁਦਾਈ ਹੋ ਗਿਆ।

ਦਲ ਬਲ ਕੀ ਸੁਧਿ ਗਈ ਜਹਾਨ।
ਜਬਹਿ ਚਮੂੰ ਨੈ ਇਮ ਨ੍ਰਿਪ ਜਾਨਯੋ।
ਇਤ ਉਤ ਭਏ ਤ੍ਰਾਸ ਮਨ ਠਾਨਯੋ ॥੫੭॥
ਬਿਨਾ ਭੂਪ ਲਸ਼ਕਰ ਫਟਿ ਗਯੋ।
ਆਪ ਆਪ ਕੋ ਕਿਤ ਕਿਤ ਭਯੋ।
ਲੇ ਸੁਧਿ ਕਾਵਰੁ ਦੇਸ਼ ਨਰੇਸ਼।
ਨਰਯੋ ਆਇ ਸੰਗ ਚਮੂੰ ਵਿਸ਼ੇਸ਼ ॥੫੮॥
ਮਾਨ ਸਿੰਘ ਸੁਧਿ ਲੀਨਸਿ ਨਾਂਹਿ।
ਠਹਿਰੀ ਨਹਿਂ ਸੈਨਾ ਰਣ ਮਾਂਹਿ।
ਭਾਗੇ ਦੂਰ ਅੰਤਰੋ[1] ਪਾਇ।
[1]ਫਰਕ।

ਡੇਰਾ ਕਰਯੋ ਤ੍ਰਾਸ ਉਪਜਾਇ ॥੫੯॥
ਕਿਤਿਕ ਦਿਵਸ ਮਹਿਂ ਤਿਸ ਹੀ ਦੇਸ਼।
ਮਾਨ ਸਿੰਘ ਭਾ ਮ੍ਰਿਤਕ ਨਰੇਸ਼[†]।

[†]ਰਾਜਾ ਮਾਨ ਸਿੰਘ ਅਕਬਰ ਦੇ ਸਮੇਂ ਆਸਾਮ ਵਿਚ ਨਹੀਂ ਮੋਇਆ। ਮਾਨ ਸਿੰਘ ਜਹਾਂਗੀਰ ਦੇ ਸਮੇਂ ਸੰਨ ੧੬੧੫ ਈ: ਵਿਚ ਮੋਇਆ ਸੀ, ਕਵਿ ਜੀ ਨੂੰ ਇਸ ਦੀ ਮੌਤ ਦਾ ਪਤਾ ਠੀਕ ਨਹੀਂ ਮਲਿਆ। ਮਾਨ ਸਿੰਘ ਪਹਿਲਾਂ ਬਿਹਾਰ ਤੇ ਫੇਰ ਬਿਹਾਰ ਬੰਗਾਲ ਦੋਹਾਂ ਦਾ ਸੂਬਾ ਰਿਹਾ।

ਤਬਿ ਲਸ਼ਕਰ ਘਰ ਕੋ ਮੁਰਿ ਆਏ।
ਬਲ ਮੰਤ੍ਰਨਿ ਕੋ ਸਭਿਨਿ ਸੁਨਾਏ ॥੬੦॥
ਦੇਸ਼ ਕਾਵਰੂ ਰਹਯੋ ਮਵਾਸੀ।
ਉਰ ਅਕਬਰ ਕੇ ਚਿੰਤ ਪ੍ਰਕਾਸ਼ੀ।
ਪੁਨ ਨੰਗੀ ਸ਼ਮਸ਼ੇਰ ਧਰੀ ਹੈ।
ਭੈ ਕਰਿ ਕਿਨਹੁ ਨ ਗ੍ਰਹਨ ਕਰੀ ਹੈ ॥੬੧॥
ਧਰੀ ਰਹੀ ਸ਼ਮਸ਼ੇਰ ਬਿਸਾਲ।
ਤਿਸ ਪਸ਼ਚਾਤ ਬਿਤਯੋ ਚਿਰਕਾਲ।
ਅਕਬਰ ਮਰਯੋ ਕਰਤਿ ਹੀ ਆਸਾ।
ਜਹਾਂਗੀਰ ਸੁਤ ਕੀਨਿ ਪ੍ਰਕਾਸ਼ਾ ॥੬੨॥
ਤਬਿ ਭੀ ਕਿਨਹੂੰ ਨਹੀਂ ਉਠਾਈ।

ਮੰਤ੍ਰਨਿ ਤ੍ਰਾਸ ਧਰਤਿ ਅਧਿਕਾਈ।
ਸੋ ਭੀ ਪਹੁੰਚਯੋ ਜਮ ਘਰ ਜਾਇ।
ਸ਼ਾਹਜਹਾਂ ਭਾ ਤੁਰਕਨਿ ਰਾਇ ॥੬੩॥
ਇਹ ਭੀ ਚਾਹਤਿ ਰਹਯੋ ਸਦਾਈ।
ਨਹਿਂ ਕਿਨਹੂੰ ਸ਼ਮਸ਼ੇਰ ਉਠਾਈ।
ਪੁਨ ਅਵਰੰਗ ਹੋਯਸਿ ਪਤਿਸ਼ਾਹੂ।
ਇਹ ਭੀ ਕਰਤਿ ਰਹਯੋ ਚਿਤ ਚਾਹੂ
॥੬੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਰਾਜਾ ਮਾਨ ਸਿੰਘ' ਪ੍ਰਸੰਗ ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

## ੨. [ਬਿਸ਼ਨ ਸਿੰਘ ਦੀ ਕਾਵਰੂੰ ਦੇਸ਼ ਤੇ ਚੜ੍ਹਾਈ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:
ਭਯੋ ਨੁਰੰਗਾ ਸ਼ਾਹ ਜਬਿ, ਜੀਤੇ ਦੇਸ਼
ਅਸ਼ੇਸ਼।
ਲਸ਼ਕਰ ਕਰਜੋ ਬਿਸਾਲ ਜਿਨ, ਦੇ ਕਰਿ
ਤ੍ਰਾਸ ਵਿਸ਼ੇਸ਼ ॥੧॥
ਚੌਪਈ:
ਵਹਿ ਸ਼ਮਸ਼ੇਰ ਕਚਹਿਰੀ ਮਾਹੂੰ।
ਧਰੀ ਰਹਹਿ ਕੋ ਗਹਹਿ ਨ ਤਾਹੂੰ।
ਮਾਨ ਸਿੰਘ ਕੋ ਨਾਤੀ[1] ਭਯੋ। [1]ਪੋਤਾ।
ਬਡ ਮਰਾਤਬਾ ਜਿਸ ਕੋ ਦਯੋ ॥੨॥
ਦੇਸ਼ ਬਿਸਾਲੈ ਦਰਬ ਬਿਸਾਲ।
ਲਸ਼ਕਰ ਬਡੋ ਚਢਹਿ ਤਿਸ ਨਾਲ।
ਚਹਤਿ ਨਰੰਗਾ ਤਿਸੈ ਚਢਾਯੋ।
ਸਾਦਰ ਦਲ ਬਲ ਦੇਤਿ ਬਢਾਯੋ ॥੩॥
ਦਾਵ ਘਾਵ ਸੋਂ ਕਰਿ ਬਡਿਆਈ।
ਕਹਿ ਕਰਿ ਤਿਸ ਤੇ ਸੋ ਉਠਿਵਾਈ।
ਆਦਰ ਦਰਬ ਦੀਨਿ ਬਹੁਤੇਰਾ।
ਕਰਜੋ ਪਿਛਾਰੀ ਕਟਕ[1] ਘਨੇਰਾ ॥੪॥ [1]ਫੌਜ।
'ਸਦਾ ਆਫਰੀਂ' ਕਹਿ ਕੈ ਸ਼ਾਹੂ।
ਚਢਿਬੇ ਕੋ ਦੀਨਸਿ ਉਤਸਾਹੂ।
ਹਟਜੋ ਨ ਜਾਇ ਸ਼ਾਹ ਕੇ ਕਹੇ।
ਮਰਨਿ ਮਾਨਿ ਕੈ ਸੋ ਅਸਿ ਗਹੇ[1] ॥੫॥ [1]ਮਰਨਾ ਮੰਨਕੇ ਸੋ ਤਲਵਾਰ ਫੜੀ।
ਰੁਖਸਦ ਹੋਇ ਸ਼ਾਹੁ ਤੇ ਚਲਜੋ।
ਆਇ ਜੋਧ ਪੁਰਿ[†] ਸਭਿ ਸੋਂ ਮਿਲਜੋ।

[†]ਜੋਧਪੁਰ ਦਾ ਕੋਈ ਰਾਜਾ ਇਸ ਸਮੇਂ ਬਿਸ਼ਨ ਸਿੰਘ ਨਾਮ ਦਾ ਨਹੀਂ ਹੋਇਆ। ਬਿਸ਼ਨ ਸਿੰਘ ਜੈਪੁਰ ਦੇ ਰਾਜਾ ਰਾਮ ਸਿੰਘ ਦਾ ਬੇਟਾ ਸੀ, ਜੋ ਸ਼੍ਰੀ ਗੁਰੂ ਨਾਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਦੇ ਸਮੇਂ ਨਿਆਣਾ ਸੀ। ਕਵਿ ਜੀ ਲਿਖਦੇ ਹਨ 'ਮਾਨ ਸਿੰਘ ਕੋ ਨਾਤੀ ਭਇਓ' (ਅੰਕ ੨ ਇਸੇ ਅੰਸੂ ਦਾ) ਜਿਸ ਦਾ ਮਤਲਬ ਹੈ ਕਿ ਆਸਾਮ ਪਰ ਚੜ੍ਹਨੇ ਵਾਲਾ ਰਾਜਾ ਇਸ ਸਮੇਂ ਮਾਨ ਸਿੰਘ ਦੀ ਵੰਸ਼ ਵਿਚੋਂ ਸੀ। ਮਾਨ ਸਿੰਘ ਜੈ ਪੁਰ ਦਾ ਰਾਜਾ ਸੀ। ਸੋ ਜੋਧ ਪੁਰ ਲਿਖਿਆ ਜਾਣਾ, ਕਵਿ ਜੀ ਦੀ ਕਲਮ ਉਕਾਈ ਹੈ ਯਾ ਲਿਖਾਰੀ ਦੀ। ਗੁਰੂ ਘਰ ਨਾਲ ਸੰਬੰਧ ਬੀ ਜੈ ਪੁਰ ਪਤੀਆਂ ਦਾ ਵਿਸ਼ੇਸ਼ ਰਿਹਾ ਹੈ।

-ਦੇਸ਼ ਕਾਵਰੂ ਕਰਨਿ ਚਢਾਈ-।
ਜਬਿ ਅਪਨੇ ਪਰਿਵਾਰ ਸੁਨਾਈ ॥੬॥

ਮਹਾਂ ਸ਼ੋਕ ਹੋਯਸਿ ਰਨਵਾਸੂ।
ਰੋਦਨ ਊਚੇ ਕਰਤਿ ਪ੍ਰਕਾਸ਼ੂ।
ਹਾਥਨਿ ਤਲ ਸੋਂ[1] ਪੀਟਹਿਂ ਸਿਰ ਕੋ। [1]ਹੱਥਾਂ ਦੀਆਂ ਤਲੀਆਂ ਨਾਲ।
ਸਕਲ ਹਿਤੂ ਰੋਦਤਿ ਮਿਲਿ ਕਰਿ ਸੋ[1] ॥੭॥ [1]ਉਸ ਨੂੰ।
ਭੂਪਤਿ ਬਿਸ਼ਨ ਸਿੰਘ[†] ਕੀ ਮਾਤ।

[†]ਆਸਾਮ ਪਰ ਇਸੇ ਵੇਲੇ ਚੜ੍ਹਨ ਵਾਲਾ ਰਾਜਾ ਜੋ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ ਬਿਸ਼ਨ ਸਿੰਘ ਨਹੀਂ ਪਰ ਬਿਸ਼ਨ ਸਿੰਘ ਤੋਂ ਮੁਹਰਲਾ ਰਾਜਾ ਰਾਮ ਸਿੰਘ ਚਾਰ ਹਜ਼ਾਰੀ ਜੈ ਪੁਰ ਵਾਲਾ ਸੀ। ਰਾਜਾ ਰਾਮ ਸਿੰਘ ਦੀ ਥਾਂ ਕਵਿ ਜੀ ਨੇ ਬਿਸ਼ਨ ਸਿੰਘ ਲਿਖਿਆ ਹੈ। ਇਸ ਰਾਸ ਦੇ ਅੰਸੂ ੧ ਦੇ ਅੰਕ ੧੬ ਵਿਚ ਕਵਿ ਜੀ ਲਿਖ ਆਏ ਹਨ ਕਿ ਜਿਵੇਂ ਅਸਾਂ ਸੁਣਿਆ ਹੈ ਲਿਖਦੇ ਹਾਂ ਸੋ ਪਤਾ-ਲੱਗਾ ਕਿ ਉਨ੍ਹਾਂ ਨੇ ਇਤਿਹਾਸਕ ਖੋਜ ਨਾਵਾਂ ਦੀ ਨਹੀਂ ਕੀਤੀ, ਸੁਣੇ ਹਾਲ ਲਿਖਣ ਕਰਕੇ ਨਾਮ ਦੀ ਉਕਾਈ ਹੋ ਗਈ। ਅੱਗੇ ਚੱਲ ਕੇ ਆਸਾਮ ਵਿੱਚ ਰਾਜਾ ਰਾਮ ਸਿੰਘ ਦੇ ਸ਼ਰਨਾਗਤ ਹੋਣ ਦਾ ਪ੍ਰਸੰਗ ਆਵੇਗਾ, ਜਿਸ ਦਾ ਬੇਟਾ ਰਤਨ ਰਾਇ ਦਸ਼ਮੇਸ਼ ਜੀ ਨੂੰ ਮਿਲਿਆ ਸੀ। ਇਸ ਦਾ ਨਾਮ ਰਾਮ ਯਾ ਰਾਮ ਸਿਹੁੰ ਹੋਣ ਕਰਕੇ ਕਵਿ ਜੀ ਸ਼ਾਯਦ ਟਪਲਾ ਖਾ ਗਏ ਕਿ ਹਮਲਾ-ਆਵਰ ਰਾਜੇ ਦਾ ਨਾਮ ਰਾਮ ਸਿੰਘ ਨਹੀਂ ਹੋਣਾ।

ਬਿਰਲਾਪਤਿ ਊਚੇ ਬਿਲਲਾਤ।
'ਹੇ ਸੁਤ! ਤੁਮਰੋ ਬਡੋ ਭਯੋ ਹੈ।
ਬਡ ਮਵਾਸ ਜਿਨ ਬਿਜੈ ਕਿਯੋ ਹੈ ॥੮॥
ਤੁਰਕੇਸ਼ੁਰ ਨੇ ਤਹਾਂ ਪਠਾਇ।
ਕਰਿ ਟਾਮਨ[1] ਸੋ ਦਯੋ ਮਰਾਇ। [1]ਟੂਣੇ।
ਤਿਹ ਸਮ ਤੋਹਿ ਸ਼ਕਤਿ ਨਹਿਂ ਪਈਅਤਿ।
ਕਿਮ ਜੀਤਹਿ ਇਹ ਨਹੀਂ ਲਖਈਅਤਿ' ॥੯॥
ਸ਼ੋਕ ਬਿਸਾਲ ਜੋਧਪੁਰਿ ਹੋਵਾ।
ਬਿਸ਼ਨ ਸਿੰਘ ਜਨੁ ਮ੍ਰਿਤੁ ਹੀ ਜੋਵਾ।
ਜੀਵਨ ਜਤਨ ਨ ਪਾਵਤਿ ਸੋਊ।
ਭਏ ਸੋਚ ਵਸ਼ਿ ਤਹਿਂ ਸਭਿ ਕੋਊ ॥੧੦॥
ਖਾਨ ਪਾਨ ਮਨ ਤੇ ਬਿਸਰਾਇਸਿ।
ਸ਼ੋਕ ਚਿੰਤ ਤੇ ਚਿਤ ਬਿਕੁਲਾਇਸਿ।
ਬਿਸ਼ਨ ਸਿੰਘ ਕੀ ਇਕ ਪਟਰਾਨੀ।
ਕੁਛ ਗੁਰ ਮਹਿਮਾ ਕੋ ਤਿਨ ਜਾਨੀ ॥੧੧॥
ਨਿਜ ਨੈਹਰ ਕੇ[1] ਬਾਸ ਕਰੰਤੀ। [1]ਮਾਪਿਆਂ ਦੇ ਪਾਸ।
ਤਹਾਂ ਰਹਤਿ ਇਹ ਸਕਲ ਸੁਨੰਤੀ।
ਸ਼੍ਰੀ ਹਰਿਗੋਬਿੰਦ ਦੁਰਗ ਮਝਾਰੇ।
ਨ੍ਰਿਪਤ ਬਵੰਜਾ ਵਹਿਰ ਨਿਕਾਰੇ ॥੧੨॥

ਮਰਨ ਪ੍ਰਜੰਤ ਕੈਦ ਜਿਨ ਕੇਰੀ।
ਸਰਬ ਛੁਟਾਇ ਦੀਨਿ ਤਿਸ ਬੇਰੀ।
ਤਬਿ ਕੀ ਸ਼੍ਰੀ ਗੁਰ ਮਹਿਮਾ ਪੂਤ[1]।
ਪਸਰੀ ਬਹੁਤ ਦੇਸ਼ ਰਜਪੂਤ[1] ॥੧੩॥
-ਕਰਾਮਾਤ ਸਾਹਿਬ ਅਵਤਾਰ।
ਕ੍ਰਿਪਾ ਸਿੰਧੁ ਸੁਖ ਸਭਿ ਦਾਤਾਰ।
ਅਜ਼ਮਤਿ ਸੋਂ ਤੁਰਕੇਸ਼ ਦਬਾਇਸ।
ਸਾਦਰ ਬ੍ਰਿੰਦ ਨਰਿੰਦ ਛੁਟਾਇਸ- ॥੧੪॥
ਅਪਨੀ ਸਾਸ ਸੰਗ ਸਭਿ ਕਹੀ।
'ਗੁਰ ਸਹਾਇ ਤੇ ਭੈ ਕਿਤ ਨਹੀਂ।
ਤੀਨ ਲੋਕ ਪਰ ਤਿਨਹੁਂ ਪ੍ਰਤਾਪ।
ਸੇਵਕ ਕੇ ਹਰਿਤਾ ਤ੍ਰੈ ਤਾਪ ॥੧੫॥
ਜੋ ਅਬਿ ਗਾਦੀ ਪਰ ਗੁਰ ਹੋਇ।
ਖੋਜਹੁ ਕਹਾਂ ਬਿਰਾਜਹਿਂ ਸੋਇ।
ਤਿਨ ਕੀ ਸ਼ਰਨਿ ਭੂਪ ਚਲਿ ਜਾਵਹੁ।
ਅਪਨਿ ਸਹਾਇਕ ਤਿਨਹੁਂ ਬਨਾਵਹੁ ॥੧੬॥
ਦੇਸ਼ ਕਾਮਰੂ ਕਜਾ ਤਿਨ ਆਗੈ।
ਤਿਸ ਤੈ ਸਕਲ ਸੁਰਾਸੁਰ ਭਾਗੈਂ।
ਜਿਸ ਥਲ ਥਿਰਹਿਂ ਗੁਰੂ ਭਗਵਾਨ।
ਨਹਿਂ ਕਰਿ ਸਕਹਿ ਬਿਘਨ ਕੋ ਆਨ ॥੧੭॥
ਪੀਰ ਮੀਰ ਸਿਧ ਨਾਥ ਮਹੰਤ।
ਸਭਿ ਤੇ ਅਧਿਕ ਲਖਹੁ ਭਗਵੰਤ।'
ਸੁਨਤਿ ਨੁਖਾ ਕੇ ਬਾਕ ਅਮੀ ਕੋ[1]।
ਸਾਸ ਕਰਯੋ ਸੀਤਲ ਨਿਜ ਹੀ ਕੋ ॥੧੮॥
ਸੁਤ ਸੋਂ ਸਗਰੀ ਬਾਤ ਸੁਨਾਈ।
'ਖੋਜਹੁ ਸਤਿਗੁਰ ਹੁੈਂ ਜਿਸ ਥਾਈਂ।
ਰਾਮ ਰਾਇ ਢਿਗ ਨਹੀਂ ਗੁਰਾਈ।
ਅਜ਼ਮਤ ਕਰਿ ਅਨੇਕ ਦਿਖਰਾਈ ॥੧੯॥
ਗਾਦੀ ਤਿਸ ਕੇ ਅਨੁਜ ਲਈ ਹੈ।

[1]ਪਵਿੱਤ੍ਰ ਗੁਰ ਮਹਿਮਾ।
[1]ਰਾਜਪੂਤਾਂ ਦੇ ਦੇਸ਼ ਵਿਚ।
[1]ਅੰਮ੍ਰਿਤ ਵਰਗੇ ਵਾਕਾਂ ਨੂੰ।

ਪੁਰਿ ਦਿੱਲੀ ਤਜਿ ਦੇਹਿ ਦਈ ਹੈ।
ਤਿਨ ਪਾਛੇ ਗਾਦੀ ਪਰ ਜੋਈ।
ਅਪਨਿ ਸਹਾਇਕ ਕੀਜਹਿ ਸੋਈ'
॥੨੦॥
ਸੁਨਿ ਜਨਨੀ ਤੇ ਸਭਾ ਮਝਾਰੀ।
ਬਿਸ਼ਨ ਸਿੰਘ ਨੇ ਆਨ[1] ਉਚਾਰੀ।
'ਸ਼੍ਰੀ ਨਾਨਕ ਗਾਦੀ ਪਰ ਕੌਨ?
ਸੋ ਅਬਿ ਕਹਾਂ? ਕਹਾਂ ਤਿਨ ਭੌਨ?'
॥੨੧॥
ਸਭਾ ਬਿਖੈ ਇਕ ਮਾਨਵ ਕਹਜੋ।
'ਮੈਂ ਤਿਸ ਗੁਰ ਕੋ ਦਰਸ਼ਨ ਲਹਜੋ।
ਗਯਾ ਕਰਾਵਨਿ ਮੈਂ ਚਲਿ ਗਯੋ।
ਤਹਾਂ ਮਿਲਾਪ ਤਿਨਹੁ ਕੋ ਭਯੋ ॥੨੨॥
ਸੋ ਭੀ ਗਯਾ ਬਿਖੈ ਚਲਿ ਆਏ।
ਪੁਰਿ ਪਟਣੇ ਕੋ ਪੁਨਹਿ ਸਿਧਾਏ।
ਤਿਨ ਦਾਸਨ ਸੋਂ ਸੁਨੀ ਸੁ ਸੁਨੀਅਹਿ[1]।
ਕਿਤਿਕ ਕਾਲ ਬਸਿਬੋ ਤਹਿ ਜਨੀਅਹਿ
॥੨੩॥
ਲੋਕ ਹਜ਼ਾਰਹੁ ਤਜਿ ਤਜਿ ਸਦਨ।
ਆਇ ਕਰਹਿਂ ਬੰਦਨ ਗੁਰ ਪਦਨ।
ਜਹਾਂ ਕਹਾਂ ਮਹਿਮਾਂ ਮਹੀਆਨ।
ਕਰ ਜੋਰਹਿ ਦੇਂ ਭੇਟਨਿ ਆਨਿ ॥੨੪॥
ਕਹਤਿ ਅਨੇਕ ਸੁਨੇ ਤਿਸ ਥਾਂਈਂ।
ਅਜ਼ਮਤ ਅਜਬ ਬਹੁਨਿ[1] ਅਜ਼ਮਾਈ।
ਸ਼੍ਰੀ ਗੁਰ ਤੇਗ ਬਹਾਦਰ ਨਾਮੁ।
ਜਿਨ ਕੇ ਚਲਿਤ ਪਿਖੇ ਅਭਿਰਾਮ
॥੨੫॥
ਜਿਸ ਜਿਸ ਮਾਰਗ ਕੋ ਗਮਨਾਏ।
ਸਿੱਖੀ ਅੰਮ੍ਰਿਤ ਕੋ ਬਰਖਾਏ।
ਸੋ ਸਭਿ ਦੇਸ਼ ਮਹਾਂ ਜਸ ਕਰਤਾ।
ਜਹਿ ਕਹਿ ਉਤਰਿ ਕਰੇ ਸ਼ੁਭ ਚਰਿਤਾ[1]'
॥੨੬॥

[1]ਸਭਾ ਵਿਚ, ਆਕੇ।)

[1]ਉਨ੍ਹਾਂ ਦੇ ਦਾਸਾਂ ਤੋਂ ਜਿਵੇਂ ਸੁਣੀ ਹੈ ਤਿਵੇਂ ਸੁਣੋਂ।

[1]ਬਹੁਤਿਆਂ ਨੇ।

[1]ਜਿੱਥੇ ਜਿੱਥੇ ਉਤਰ ਕੇ ਸ਼ੁਭ ਚਰਿੱਤ੍ਰ ਕੀਤੇ।

ਬਿਸ਼ਨ ਸਿੰਘ ਸੁਨਿ ਧੀਰਜ ਪਾਯੋ।
ਤਤਛਿਨ ਅਪਨਿ ਵਕੀਲ ਪਠਾਯੋ।
ਬਹੁ ਉੱਤਮ ਦੇ ਬ੍ਰਿੰਦ ਅਕੋਰ।
ਬਿਨਤੀ ਕਰਿ ਭੇਜੀ ਕਰ ਜੋਰਿ ॥੨੭॥
'ਤੁਰਨ ਗਮਨਹੁ ਤਹਿਂ ਅਟਕਾਵਹੁ[1]।
ਮਮ ਦਿਸ਼ਿ ਤੇ ਬਹੁ ਬਿਨੈ ਸੁਨਾਵਹੁ।
ਹੇਰਿ ਮਹੂਰਤ ਮੈਂ ਚਢਿ ਆਵੋਂ।
ਤਿਨ ਕੋ ਦਰਸੌਂ ਬਿਲਮ ਨ ਲਾਵੌਂ-
॥੨੮॥

[1]ਭਾਵ ਗੁਰੂ ਜੀ ਨੂੰ।

ਸੁਨਤਿ ਦੂਤ, ਲੇ ਜਵੀ ਤੁਰੰਗ[1]।
ਗਮਨਜੋ ਤੁਰਤ ਕੁਛਕ ਨਰ ਸੰਗ।
ਦੂਰ ਦੂਰ ਕੀ ਮੰਜ਼ਲ ਕਰਤਾ।
ਸ੍ਰਮ ਕੀ ਪੀਰ ਨਹੀਂ ਉਰ ਧਰਤਾ ॥੨੯॥
ਪਹੁੰਚਜੋ ਪਟਣੇ ਪੁਰਿ ਮਹਿਂ ਜਾਇ।
ਸਤਿਗੁਰ ਸੁਧਿ ਬੂਝੀ ਤਹਿਂ ਆਇ।
ਅਬਿ ਸ੍ਰੀ ਤੇਗ ਬਹਾਦਰ ਕਥਾ।
ਸ੍ਰੋਤਾ ਸੁਨਹੁਂ ਬਿਤੀਤਾ ਜਥਾ ॥੩੦॥

[1]ਤੇਜ਼ ਚਾਲ ਵਾਲਾ ਘੋੜਾ।

ਦੋਹਰਾ:
ਸਿੱਖਜਨਿ ਪੂਰਤ ਕਾਮਨਾ,
ਆਪ ਕਾਮਨਾ ਕੀਨਿ[1]।

-ਤੀਰਥ ਤੀਰ ਸਮੁੰਦ੍ਰ ਲੌਂ,
ਮੱਜਹਿ ਜਿਤ ਕਿਤ ਚੀਨ ॥੩੧॥

[1]ਸਿੱਖਾਂ ਦੀ ਕਾਮਨਾ ਪੂਰਨ ਕਰਨ ਵਾਲਿਆਂ ਨੇ ਆਪ ਕਾਮਨਾ ਕੀਤੀ।

ਚੌਪਈ:
ਬ੍ਰਹਮਪੁੱਤ੍ਰ ਨਦ ਕਰਿ ਇਸ਼ਨਾਨਾ।
ਜਗਨ ਨਾਥ ਆਦਿਕ ਜੇ ਥਾਨਾ।
ਦੇਸ਼ ਦੇਸ਼ ਕੇ ਦੇਖਨਿ ਕਾਰਨ।
ਸੁਭ ਮਾਰਗ ਸਿੱਖੀ ਬਿਸਤਾਰਨ ॥੩੨॥
ਸ੍ਰੀ ਨਾਨਕ ਤਨ ਕਰਿ ਜਹਿਂ ਗਏ।
ਸੱਤਜਨਾਮ ਉਪਦੇਸ਼ਤਿ ਭਏ।
ਲੋਕ ਅਨੇਕਨਿ ਕੋ ਕੱਲਜਾਨ।
ਜਿਤ ਕਿਤ ਫਿਰ ਕਰਿ ਕੀਨਿ ਮਹਾਨ-
॥੩੩॥

ਤਿਸ ਕੋ ਦਿਢ ਕਰਿਬੇ ਕੇ ਹੇਤੁ।
ਚਿਤਵਨੋ ਸ੍ਰੀ ਗੁਰ ਕ੍ਰਿਪਾ ਨਿਕੇਤ।
ਸਿੱਖਜਨਿ ਕਿਤਿਕ ਪ੍ਰਤੱਗਜਾ ਕੀਨਿ।
-ਹਮ ਘਰ ਆਵਹਿਂ ਗੁਰੂ ਪ੍ਰਬੀਨ-
॥ ੩੪ ॥
ਕਿਤਿ ਕਿਨਿ ਪੋਸ਼ਿਸ਼ ਰਖੀ ਬਨਾਇ।
-ਆਵਹਿਂ ਗੁਰ ਅਪਨੇ ਗਰ ਪਾਇਂ-।
ਕਿਤਿਕ ਅੰਨ ਸੁਧ ਧਰੇ ਸਦਨ ਮੈਂ।
-ਗੁਰੂ ਅਚਾਵਹਿਂ -ਚਾਹਤਿ ਮਨ ਮੈਂ
॥ ੩੫ ॥
ਨਿਸ ਦਿਨ ਕਰਹਿਂ ਪ੍ਰਤੀਖਨ ਸੋਊ।
ਕਰਤਿ ਪ੍ਰਤੱਗਜਾ ਅਪਨੀ ਜੋਊ।
ਮਹਾਂ ਪ੍ਰੇਮ ਧਰਿ ਕਰਹਿਂ ਅਰਾਧਨ।
ਮਿਲਿ ਮਿਲਿ ਬੂਝਤਿ ਹੈਂ ਬਹੁ ਸਾਧਨ
॥ ੩੬ ॥
-ਕਬਿ ਸਤਿਗੁਰ ਆਵਹਿਂ ਇਸ ਦੇਸ਼।
ਕਰਹਿਂ ਕ੍ਰਿਤਾਰਥ ਦੇ ਉਪਦੇਸ਼-।
ਤਿਨ ਸਭਿਹਿਨਿ ਕੇ ਮਨ ਕੀ ਜਾਨਿ।
ਗਮਨਜੋ ਚਹਤਿ ਗੁਰੂ ਭਗਵਾਨ ॥ ੩੭ ॥
ਸਿਖ ਸੰਗਤਿ ਕੋ ਸੁਧ ਕਹਿ ਦਈ।
'ਆਗੇ ਜਾਨਿ ਗੁਰੂ ਮਤਿ ਠਈ।'
ਸੁਨਿ ਸੰਗਤਿ ਇਕਠੀ ਹੁਇ ਆਈ।
ਅਨਿਕ ਪ੍ਰਕਾਰ ਉਪਾਇਨ ਲਜਾਈ
॥ ੩੮ ॥
ਦਰਬ ਬ੍ਰਿੰਦ ਸੁੰਦਰ ਪਟ ਝੀਨੇ[1]।
ਜ਼ਰੀ ਬਾਦਲਾ[1] ਕੇ ਦੁਤਿ ਭੀਨੇ।
ਕੇਤਿਕ ਸ੍ਰੀ ਗੁਜਰੀ ਹਿਤ ਲਜਾਏ।
ਬਹੁਤ ਮੋਲ ਕੇ ਵਸਤ੍ਰ ਸੁਹਾਏ ॥ ੩੯ ॥
ਜਰੇ ਜਵਾਹਰ ਭੂਖਨ ਚਾਰੁ।
ਬਹੁਤ ਭਾਂਤ ਕੇ ਬਨੇ ਅਪਾਰ।
ਧਨੀ ਬਨਿਕ ਕੀ ਦਾਰਾ ਬ੍ਰਿੰਦ।
ਪ੍ਰਾਪਤਿ ਭੀ ਬਡਭਾਗ ਅਨੰਦ ॥ ੪੦ ॥

[1]ਬ੍ਰੀਕ।
[1]ਸੋਨੇ ਦੀ ਤਾਰ।

ਸਭਿ ਸੰਗਤਿ ਮਿਲਿ ਬਿਨੈ ਸੁਨਾਈ।
'ਸ੍ਰੀ ਗੁਰ ਕ੍ਰਿਪਾ ਕਰਹੁ ਇਸ ਥਾਈਂ।
ਸੇਵਾ ਅਪਨੀ ਸਭਿ ਫੁਰਮਾਵਹੁ।
ਹਮ ਦਾਸਨਿ ਸੋਂ ਕਹਿ ਕਰਿਵਾਵਹੁ ॥੪੧॥
ਚਰਨ ਆਪਕੇ ਜਹਾਂ ਉਪਾਸੇ[1]। [1]ਪੂਜੀਦੇ ਹਨ।
ਅਖਿਲ ਆਇ ਤਹਿਂ ਤੀਰਥ ਵਾਸੇਂ।
ਲਹੈ ਸਪਰਸ਼ਨ ਰਾਵਰ ਸੰਗਾ।
ਗੰਗਾ ਹੁਇ ਪਾਵਨ ਸਰਬੰਗਾ ॥੪੨॥
ਚਹਹੁ ਜਹਾਂ ਨਿਜ ਚਰਨ ਧਰਨ ਕੋ।
ਜਗੇ ਭਾਗ ਨਰ ਧੰਨ ਕਰਨਿ ਕੋ।
ਇਸ ਪੁਰਿ ਕੀ ਗਨ ਸੰਗਤਿ ਸਾਰੀ।
ਜਿਮ ਅਭਿਲਾਖਾ ਕਰਹਿ ਤੁਮਾਰੀ[1] ॥੪੩॥ [1]ਜਿਵੇਂ ਆਪਣੀ ਚਾਹ ਕਰਦੀ ਹੈ।
ਪੂਰਨ ਕਰਨਿ ਉਚਿਤ ਤੁਮ ਅਹੋ।
ਨਿਸ਼ਚੈ ਚਲਯੋ ਜਿ ਚਿਤ ਮਹਿਂ ਚਹੋ।
ਮਾਤਾ ਸਹਤ ਰਹਹਿ ਸਭਿ ਡੇਰਾ।
ਇਸੀ ਸਦਨ ਮਹਿਂ ਕਰਹਿ ਬਸੇਰਾ ॥੪੪॥
ਤੁਮਰੇ ਥਾਨ ਆਇਂ ਸਿਖ ਸਾਰੇ।
ਪੂਜਹਿਂ ਸਰਬ ਭਾਂਤਿ ਹਿਤ ਧਾਰੇ।
ਸ੍ਰੀ ਮਾਤਾ ਕੇ ਚਰਨ ਮਨਾਵਹਿਂ।
ਮਨੋ ਕਾਮਨਾ ਸੰਗਤਿ ਪਾਵਹਿ ॥੪੫॥
ਆਪ ਆਇ ਹੋ[1], ਰਹੇ ਉਡੀਕਾ। [1]ਆਪ ਆਵੋਗੇ।
ਪੁਨ ਦਰਸਹਿਂ ਸਿਖ ਦਰਸ਼ਨ ਨੀਕਾ।
ਅਪਰ ਤਰਕ[1] ਨਹਿਂ ਕਰਹੁ ਪ੍ਰਕਾਸ਼। [1]ਦਲੀਲ ਭਾਵ ਸੋਚ।
ਇਹੁ ਸੰਗਤਿ ਸਗਰੀ ਤੁਮ ਦਾਸ ॥੪੬॥
ਨਿਸ ਬਾਸੁਰ ਸੇਵਾ ਮਹਿਂ ਠਾਢੇ।
ਗੁਰੂ ਚਰਨ ਪਰ ਨਿਸ਼ਚਾ ਗਾਢੇ।'
ਸ੍ਰੀ ਗੁਰ ਤੇਗ ਬਹਾਦਰ ਹੇਰੀ।
ਅਧਿਕ ਭਾਵਨਾ ਸੰਗਤਿ ਕੇਰੀ ॥੪੭॥
ਕਹਯੋ ਕ੍ਰਿਪਾਲ ਸੰਗ[1] ਤਿਸ ਕਾਲੇ। [1]ਮਾਮਾ ਕ੍ਰਿਪਾਲ ਜੀ ਨਾਲ।

'ਬਸਹੁ ਸਰਬ ਤੁਮ ਇਹਾਂ ਸੁਖਾਲੇ।
ਹਮ ਕੇਤਿਕ ਦਿਨ ਫਿਰ ਕਰਿ ਸਾਰੇ।
ਤੀਰਥ ਕਰਤੇ ਦੇਸ਼ ਨਿਹਾਰੇ[1] ॥੪੮॥ [1]ਵੇਖਦਿਆਂ।
ਸਭਿ ਡੇਰੇ ਬਿਨ[1] ਗਮਨਹਿਂ ਤੂਰਨ। [1]ਭਾਵ ਡੇਰਾ ਪਿਛੇ ਰਹੇ।
ਕਰਹਿਂ ਕਾਮਨਾ ਅਪਨੀ ਪੂਰਨ।'
ਇਮ ਨਿਜ ਦਾਸ ਅਪਰ ਸਮੁਝਾਏ।
ਜੇ ਪਟਨੇ ਪੁਰਿ ਬਿਖੇ ਹਟਾਏ[1] ॥੪੯॥ [1]ਮੋੜੇ।
ਮਾਤ ਨਾਨਕੀ ਸੁਨਿ ਕਰਿ ਆਈ।
ਪਰਮ ਪ੍ਰੇਮ ਤੇ ਕਹਤਿ ਸੁਨਾਈ।
'ਹੇ ਸੁਤ ! ਤੁਮ ਕੋ ਦੇਖਨਿ ਕਰੌਂ।
ਸਦਾ ਆਪਨੇ ਉਰ ਸੁਖ ਧਰੌਂ ॥੫੦॥
ਅਬਿ ਮੋ ਕਹੁ ਤਜਿ ਕੈ ਨਿਜ ਸੰਗ।
ਗਮਨ ਅਗਾਰੀ ਧਰੋ ਉਮੰਗ।'
ਸੁਨਿ ਕੈ ਸਤਿਗੁਰ ਨੇ ਸਮੁਝਾਈ।
'ਪੁਰਵਹੁ ਉਰ ਆਸ਼ਾ ਸੁਖਦਾਈ ॥੫੧॥
ਹਮ ਕੋ ਜਾਨੋ ਬਨੈ ਜ਼ਰੂਰ।
ਕੇਤਿਕ ਸਿੱਖਜਨਿ ਸ਼ਰਧਾ ਪੂਰਿ।'
ਇਸ ਪ੍ਰਕਾਰ ਦੇ ਸਭਿ ਕੋ ਧੀਰ।
ਚਲਯੋ ਚਹਿਤ ਹੈਂ ਗੁਰੂ ਗੰਭੀਰ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਿਸ਼ਨ ਸਿੰਘ ਰਾਜਾ ਕੋ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਰਾਜੇ ਦਾ ਗੁਰੂ ਜੀ ਨੂੰ ਮਿਲਣਾ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਭਈ ਜਾਮਨੀ ਸਤਿਗੁਰੂ, ਬੈਠੇ ਸੈਨ ਸਥਾਨ।
ਸ੍ਰੀ ਗੁਜਰੀ ਤਬਿ ਆਨਿ ਕਰਿ, ਕੀਨਸਿ ਬਿਨੈ ਬਖਾਨਿ ॥੧॥

ਚੌਪਈ:

'ਸ੍ਰੀ ਪ੍ਰਭੁ ! ਹੇਤੁ ਤੀਰਥਨਿ ਆਏ।
ਰਾਵਰ ਕੀ ਸੰਗਤਿ ਸਭਿ ਥਾਏਂ।
ਅਪਨੋ ਦੇਸ਼ ਛੋਰਿ ਕਰਿ ਆਏ।
ਬੀਚ ਬਿਦੇਸ਼ਨ ਆਨਿ ਬਸਾਏ ॥੨॥
ਸਭਿ ਕੋ ਤਜਾਗਿ ਇਕਾਕੀ ਚਲੇ।
ਕਜੋਂ ਭਾਵਤਿ, ਇਹੁ ਨਾਂਹਿਨ ਭਲੇ।
ਬਿਛਰਹੁ ਆਪ ਦੂਰ ਕਿਸ ਥਾਨ।
ਚਹਤਿ ਇਕਾਕੀ ਕਰਜੋ ਪਯਾਨ ॥੩॥
ਸਗਰੇ ਦੇਸ਼ ਪ੍ਰਭਾਉ[1] ਤੁਮਾਰਾ।
ਹੋਹਿਂ ਦਾਸ ਧਰਿ ਭਾਉ ਉਦਾਰਾ।
ਜਹਿਂ ਕਹਿਂ ਮਾਨਨੀਯ ਜਗ ਮਾਂਹੀ।
ਬੰਦਨੀਯ ਸਭਿ ਦੇਸ਼ਨਿ ਜਾਹੀਂ[1] ॥੪॥
ਤੁਮਰੇ ਕਰਿ ਚਿੰਤਾ ਹਮ ਕੋਇ ਨ।
ਰਾਵਰ ਕੋ ਕੈਸੇ ਕਰਿ ਹੋਇ ਨ[1]।
ਤਉ ਬਿਚਾਰੋ ਨਿਜ ਮਨ ਮਾਨਿ।
ਬਿਚ ਬਿਦੇਸ਼ ਏਕਲ ਚਲਿ ਜਾਨਿ ॥੫॥
ਰਾਵਰ ਕੀ ਜਨਨੀ ਤੇ ਸੁਨਜੋਂ।
ਜਥਾ ਤੁਮਾਰੇ ਪਿਤ ਨੇ ਭਨਜੋਂ।
-ਧਰਮ ਧੁਰੰਧਰ ਅਧਿਕ ਪ੍ਰਤਾਪੀ।
ਮਹਾਂ ਬੀਰ ਸ਼ੱਤ੍ਰੁਨਿ ਗਨ ਖਾਪੀ ॥੬॥
ਰਾਂਕਾਪਤਿ ਪ੍ਰਕਾਸ਼ ਜਗ ਜੈਸੇ।
ਪੁੱਤ੍ਰ ਆਪਕੇ ਉਪਜਹਿ ਤੈਸੇ-।
ਅਟਲ ਸਫਲ, ਸੰਸੈ ਜਿਨ ਨਾਂਹਿ।
ਅਸ ਬਚ ਹੈਂ ਖਸ਼ਟਮ ਪਤਿਸ਼ਾਹਿ ॥੭॥

[1]ਪ੍ਰਤਾਪ

[1]ਜਿੱਥੇ ਜਾਂਦੇ ਹੋ।

[1]ਆਪ ਨੂੰ ਤਾਂ (ਚਿੰਤਾ) ਕਿਸੇ ਤਰ੍ਹਾਂ ਹੈ ਹੀ ਨਹੀਂ।

ਨਿਤ ਚਾਹਤਿ ਚਿਤ ਪੌਤ੍ਰ ਦੁਲਾਰਨਿ।
ਕਰਤਿ ਪ੍ਰਤੀਖਨ ਕਹਿ ਬਹੁ ਬਾਰਨ।
ਦੀਰਘ ਦਰਸਾ ਸੁੱਬ੍ਰਿਤ ਸਾਸੁ[1]। — [1]ਦੀਰਘ ਦ੍ਰਿਸ਼ਟੀ ਤੇ ਸ੍ਰੇਸ਼ਟ ਬ੍ਰਿਤੀ ਵਾਲੀ ਹੈ ਸੱਸ।
ਜੌ ਮਖ ਕਹੈ ਹੋਇ ਸਫਲਾ ਸੁ ॥ ੮ ॥
ਭਯੋ ਸਮੈਂ ਸੁਤ ਹੋਵਨਿ ਕੇਰਾ।
ਆਗੈ ਚਲੇ ਆਪ ਤਜਿ ਡੇਰਾ।'
ਸੁਨਿ ਸ੍ਰੀ ਤੇਗ ਬਹਾਦਰ ਐਸੇ।
ਪਿਤਾ ਸਰੂਪ ਧਯਾਨ ਕਰਿ ਤੈਸੇ ॥ ੯ ॥
ਹਾਥ ਜੋਰਿ ਕਰਿ ਬੰਦਨ ਠਾਨੀ।
ਬ੍ਰਿੰਦ ਅਰਿੰਦਮ[1] ਬਹੁ ਬਲ ਖਾਨੀ। — [1]ਬਹੁਤੇ ਵੈਰੀਆਂ ਦੇ ਦਮਨ ਕਰਨੇ ਵਾਲੇ।
ਸ੍ਰੀ ਗੁਜਰੀ ਕਹੁ ਦੀਨਿ ਦਿਲਾਸਾ।
'ਗੁਰ ਬਚ ਪਰ ਰਾਖਹੁ ਭਰਵਾਸਾ ॥ ੧੦ ॥
ਟਿਕਹੁ ਇਹਾਂ ਗੁਰ ਸੰਗਤਿ ਭਾਰੀ।
ਸਕਲ ਭਾਂਤਿ ਤੇ ਰਹਹੁ ਸੁਖਾਰੀ।
ਹਮ ਕੇਤਿਕ ਦਿਨ ਤੀਰਥ ਕਰਿ ਹੈਂ।
ਨੀਕੇ ਪੂਰਬ ਦੇਂ ਨਿਹਰਿ ਹੈਂ ॥ ੧੧ ॥
ਨਿਪਜ[1], ਬ੍ਰਿੱਧ ਹ੍ਵੈ ਕੁਲ ਕੋ ਟੀਕਾ। — [1]ਅਵਤਾਰ ਲੈਣ ਵਾਲੇ।
ਬਰਖ ਪੰਚ ਕੋ ਹੁਇ ਤਨ ਨੀਕਾ।
ਚਲਹਿਂ ਕੁਸ਼ਲ ਸੋਂ ਤਬਿ ਨਿਜ ਦੇਸ਼।
ਤੀਰਥ ਕਰਹਿਂ ਸ਼ਨਾਨ ਅਸ਼ੇਸ਼' ॥ ੧੨ ॥
ਮ੍ਰਿਦੁਲ ਸੁਖਦ ਇੱਤਯਾਦਿ ਉਚਾਰੇ।
ਧੀਰਜ ਦਈ 'ਲਹਹੁ ਸੁਖ ਸਾਰੇ।'
ਸੁਨਿ ਸ੍ਰੀ ਗੁਜਰੀ ਤੂਸ਼ਨਿ ਠਾਨੀ।
ਜਗ ਗੁਰ ਕੇ ਅਨੁਸਾਰਿ ਮਹਾਨੀ ॥ ੧੩ ॥
ਮਨ ਬਾਂਛਤਿ ਤਬਿ ਖਾਇ ਅਹਾਰਾ।
ਨਿਜ ਜਗ ਹਿੰਦੂ ਧਰਮ ਉਬਾਰਾ[1]। — [1]ਭਾਵ ਨੌਵੇਂ ਪਾਤਸ਼ਾਹ ਜੀ ਨੇ।
ਰੁਚਿਰ ਮ੍ਰਿਦੁਲ ਉੱਜਲ ਪੈ ਫੇਨ[1]। — [1]ਦੁੱਧ ਦੀ ਝੱਗ ਵਰਗਾ (ਚਿੱਟਾ)।
ਆਸਤਰਨ ਦੀਰਘ ਸੁਖ ਦੈਨ ॥ ੧੪ ॥
ਲਘੁ ਬਿਸਾਲ ਉਪਧਾਨੁ ਧਰੇ ਹੈਂ।
ਸੇਜਬੰਦ ਮਖਤੂਲ[1] ਖਰੇ ਹੈਂ। — [1]ਰੇਸ਼ਮ ਦੀਆਂ ਡੋਰਾਂ ਵਾਲੇ।
ਗੁੰਫੇ ਜ਼ਰੀਦਾਰ ਲਰਕੰਤੇ।

ਫੂਲ ਮਾਲ ਸੋਂ ਰੁਚਿਰ ਸੁਹੰਤੇ ॥੧੫॥
ਅਸ ਪ੍ਰਯੰਗ ਪਰ ਪੌਢੇ ਆਇ।
ਸ਼ਾਂਤਿ ਆਤਮਾ ਗੁਰ ਗਤਿਦਾਇ।
ਰੈਨ ਬਿਖੈ ਕਰਿ ਸੈਨ ਸੁਖਾਰੇ।
ਤੀਨ ਜਾਮ ਜਾਮਨਿ ਕੇ ਟਾਰੇ[1] ॥੧੬॥ [1]ਰਾਤ ਦੇ ਬਿਤਾਏ।
ਪੁਨਹਿ ਪ੍ਰਬੋਧਤਿ ਹੁਇ[1] ਤਿਸ ਕਾਲ। [1]ਜਾਗਕੇ।
ਨਿਤ ਕੀ ਕ੍ਰਿਆ ਕੀਨਿ ਬਿਧਿ ਨਾਲ।
ਕਰਿ ਸ਼ਨਾਨ ਆਸਨ ਪਰ ਬੈਸੇ।
ਚਿਤਵਤਿ ਨਿਜ ਸਰੂਪ ਹੈ ਜੈਸੇ ॥੧੭॥
ਭਈ ਪ੍ਰਭਾਤਿ ਦਿਵਾਨ ਲਗਾਇ।
ਸੰਗਤਿ ਬੀਚ ਮਹਾਂ ਦੁਤਿ ਪਾਇ।
ਜਿਮ ਤਾਰਨ ਗਨ ਕਰਿ ਪਰਵਾਰੇ।
ਨਿਸਪਤਿ ਸਮ ਅਹਿਲਾਦ ਨਿਵਾਰੇ[1] ॥੧੮॥ [1]ਅਨੰਦ ਦੇਣ ਵਾਲੇ।
ਦੂਤ ਜੋਧਪੁਰਿ ਤੇ ਚਲਿ ਆਯਹੁ।
ਅਰਪਿ ਉਪਾਇਨ ਸੀਸ ਨਿਵਾਯਹੁ।
ਆਇਸੁ ਪਾਇ ਸਭਾ ਮਹਿਂ ਥਿਰਯੋ।
ਹਾਥ ਜੋਰਿ ਕਰਿ ਬਿਨਤੀ ਕਰਯੋ ॥੧੯॥
'ਬਿਸ਼ਨ ਸਿੰਘ ਮਹਿਪਾਲ ਬਿਸਾਲਾ।
ਧਰਯੋ ਆਪ ਕੇ ਪਦ ਪਰ ਭਾਲਾ।
ਅਧਿਕ ਪ੍ਰੇਮ ਤੇ ਬਿਨੈ ਬਖਾਨੀ।
-ਕੀਰਤਿ ਤੁਮਰੀ ਸੁਨੀ ਮਹਾਨੀ ॥੨੦॥
ਸ਼ਰਨ ਪਰੇ ਕੇ ਹੋਹੁ ਸਹਾਇਕ।
ਅਨਿਕ ਬਿਘਨ ਦਾਸਨਿ ਕੇ ਘਾਇਕ।
ਮਹਾਂ ਕਸ਼ਟ ਤੇ ਮੋਹਿ ਉਧਾਰਹੁ।
ਦੀਨਬੰਧੁ ਨਿਜ ਬਿਰਦ ਸੰਭਾਰਹੁ ॥੨੧॥
ਦਈ ਮੁਹਿੰਮ[1] ਕਾਮਰੂ ਦੇਸ਼। [1]ਸਰ ਕਰਨ ਲਈ ਜੰਗ।
ਮਹਾਂਬਲੀ ਹਮ ਪਰ ਤੁਰਕੇਸ਼।
ਤਿਨ ਕੇ ਸੰਗ ਜੰਗ ਨਹਿਂ ਬਨੈ।
ਅਨਿਕ ਬਿਧਨਿ ਕੇ ਮੰਤ੍ਰਨਿ ਭਨੈ ॥੨੨॥
ਹਤਯੋ ਪਿਤਾਮਾ ਮੇਰੋ ਤਹਾਂ।
ਦਲ ਬਲ ਸਹਤ ਪ੍ਰਤਾਪੀ ਮਹਾਂ।

ਮੈਂ ਰਾਵਰ ਕੇ ਹ੍ਵੈ ਕਰਿ ਸੰਗ।
ਲੇ ਬਲ ਕੋ ਠਾਨੋਂ ਤਹਿਂ ਜੰਗ ॥੨੩॥
ਤੁਮ ਪਗ ਪੰਕਜ ਕਰੌਂ ਜਹਾਜ।
ਰਣ ਸਮੁੰਦ੍ਰ ਤਰਿ[1], ਰਾਖਹੁ ਲਾਜ।
ਪਿਤਾ ਤੁਮਾਰੇ ਕੋ ਜਸੁ ਮਹਾਂ।
ਜਗ ਮਹਿਂ ਸੁਨਿਯਤਿ ਹੈ ਜਹਿਂ ਕਹਾਂ ॥੨੪॥
ਲਖ੍ਯੋ ਆਪ ਕੋ ਪਰਉਪਕਾਰੀ।
ਪ੍ਰਣ ਪੂਰਨ ਕੀਨੇ ਸਿਖ ਭਾਰੀ।
ਮਮ ਆਵਤਿ ਲੌ ਥਿਰਤਾ ਧਰੀਅਹਿ।
ਅਪਰ ਸਥਾਨ ਪਯਾਨ ਨ ਕਰੀਯਹਿ ॥੨੫॥
ਬਿਲਮ ਨ, ਮੋ ਕਹੁ ਆਯੋ ਜਾਨਹੁ।
ਮੁਝ ਕੋ ਸੰਗ ਆਪਨੇ ਠਾਨਹੁਂ-।'
ਸੁਨੀ ਦੂਤ ਤੇ ਬਿਨੈ ਪ੍ਰਸੀਨੇ।
ਸਰਬ ਪ੍ਰਸੰਗ ਬੂਝਿਬੋ ਕੀਨੇ ॥੨੬॥
ਦਿਵਸ ਇਕਾਦਸ਼ ਪਟਨੇ ਥਿਰੇ।
ਆਯਹੁ ਭੂਪ ਉਤਾਇਲ ਕਰੇ।
ਕੇਤਿਕ ਸੰਗ ਅਹੈਂ ਉਮਰਾਵ।
ਲਸ਼ਕਰ ਮਹਾਂ ਜਥਾ ਦਰੀਆਵ ॥੨੭॥
ਪੁਰਿ ਪਟਣੇ ਮਹਿਂ ਉਤਰ੍ਯੋ ਆਈ।
ਬ੍ਰਿੰਦ ਦੁੰਦਭੈਂ ਸ਼ਬਦ ਉਠਾਈ।
ਝੰਡੇ ਗਾਡੇ ਅਨਿਕ ਨਿਸ਼ਾਨ।
ਗਨ ਮਤੰਗ ਅਰੁ ਬਲੀ ਕਿਕਾਨ ॥੨੮॥
ਉਸ਼ਟਰ ਬਹੁ ਮੋਲੇ ਸਮੁਦਾਏ।
ਸ਼ਮਿਯਾਨੇ[1] ਤੰਬੂ ਗਨ ਲਾਏ।
ਗੁਰ ਕੀ ਸੁਧਿ ਸੁਨਿ 'ਹੈਂ ਪੁਰਿ ਮਾਂਹੀ।'
ਭਯੋ ਹਰਖ ਚਿੰਤਾ ਚਿਤ ਦਾਹੀ ॥੨੯॥
ਗਯੋ ਦੂਤ ਨੇ ਸਕਲ ਸੁਨਾਯਸਿ।
'ਤੋਹਿ ਭਾਗ ਕਰਿ ਗੁਰ ਇਤ ਆਯਸਿ।
ਸੁਨਿ ਕੈ ਪ੍ਰੇਮ ਸਹਿਤ ਤੁਵ ਬਿਨਤੀ।
ਗਮਨਤਿ ਟਿਕੇ ਤਜਾਗਿ ਮਨ ਗਿਨਤੀ

[1]ਰਣ ਰੂਪੀ ਸਮੁੰਦਰ ਤਰ ਲਵਾਂ।

[1]ਵਡੇ ਤੰਬੂ।

॥੩੦॥
ਨਾਂਹਿਤ ਚਾਹਤਿ ਚਲਨਿ ਅਗਾਰੀ।
ਸੁਨਿ ਮੁਝ ਤੇ ਬਹੁ ਕਰੁਨਾ ਧਾਰੀ।
ਪਾਛਲ ਜਾਮ ਦਿਵਸ ਕੇ ਮਿਲੋ।
ਪੁਰਹੁ ਭਾਵਨਾ ਹੁਇ ਤਵ ਭਲੋ' ॥੩੧॥
ਸੁਨਿ ਅਨਕੂਲ ਗੁਰੂ ਜਗ ਕੇਰਾ।
ਬਿਸ਼ਨ ਸਿੰਘ ਕੈ ਅਨੰਦ ਘਨੇਰਾ।
ਕਰਿ ਡੇਰਾ ਕਰ ਚਰਨ ਪਖਾਰੇ।
ਬਸਤ੍ਰ ਬਿਭੂਖਨ ਤਨ ਸ਼ੁਭ ਧਾਰੇ ॥੩੨॥
ਸਿਪਰ ਖੜਗ ਕੋ ਅੰਗ ਸਜਾਏ।
ਲਯੋ ਉਪਾਇਨ ਕੋ ਸਮੁਦਾਏ।
ਸੰਗ ਸੁਭਟ ਸਭਿ ਆਯੁਧ ਧਾਰੀ।
ਚਲਜੋ ਨਗਨ ਪਗ ਪਨਹਿ ਉਤਾਰੀ[1] ॥੩੩॥

[1]ਜੁੱਤੀ ਉਤਾਰ ਕੇ।

ਆਗੈ ਧਰੇ ਪਾਂਵਡੇ[1] ਜੇਈ।

[1]ਪਾਯੰਦਾਜ਼। ਆਦਰ ਲਈ ਰਸਤੇ ਵਿਚ ਵਿਛਾਇਆ ਕਪੜਾ।

ਕਹਿ ਕਰਿ ਹਟਵਾਇਸਿ ਸਭਿ ਤੇਈ।
ਦੇਖਿ ਦੂਰ ਤੇ ਰੂਪ ਕ੍ਰਿਪਾਲਾ।
ਹਾਥ ਜੋਰਿ ਕਰਿ ਨੰਮ੍ਰੀ ਭਾਲਾ[1] ॥੩੪॥

[1]ਮੱਥਾ ਟੇਕਿਆ।

'ਸ਼ਰਨ ਸ਼ਰਨ' ਮੁਖ ਬੋਲਤਿ ਬਾਨੀ।
ਧਰਜੋ ਚਰਨ ਸਿਰ ਬੰਦਨ ਠਾਨੀ।
'ਦਾਸ ਪਰਜੋ ਰਾਵਰਿ ਦਰਬਾਰ।
ਮਮ ਭੁਜ ਗਹੀਯਹਿ ਹਾਥ ਪਸਾਰਿ' ॥੩੫॥
ਤਬਿ ਸਤਿਗੁਰ ਦੇ ਧੀਰ ਬਿਠਾਯੋ।
'ਗੁਰ ਘਰ ਤੇ ਸਿਖ ਸਭਿ ਕਿਛੁ ਪਾਯੋ।
ਦੇਸ਼ ਕਾਮਰੂ ਬਿਜੈ ਉਪਾਇ।
ਆਵਹੁਗੇ ਬਡ ਜਸ ਉਪਜਾਇ ॥੩੬॥
ਜਗ ਮਹਿ ਅਸ ਕਾਰਜ ਨਹਿਂ ਕੋਇ।
ਪੂਰਨ ਨਹਿਂ ਸਤਿਗੁਰ ਤੇ ਹੋਇ।
ਮਨ ਨਿਸ਼ਚੈ ਧਰਿ ਚਿੰਤ ਨਿਵਾਰੋ।
ਸ਼੍ਰੀ ਨਾਨਕ ਕੋ ਨਾਮ ਚਿਤਾਰੋ ॥੩੭॥

ਕਰਹੁ ਤਿਹਾਵਲ ਕੋ ਸਮੁਦਾਇ।
ਸਿਖ ਸੰਗਤਿ ਮਹਿਂ ਦਿਹੁ ਬਰਤਾਇ।
ਕਰਹੁ ਕਾਮਨਾ ਮਨ ਮਹਿਂ ਜੋਇ।
ਦੇਸ਼ ਕਾਮਰੂ ਕੀ ਜੈ ਹੋਇ† ॥੩੮॥

†ਇਸ ਪ੍ਰਸ਼ਨ ਦਾ ਉੱਤਰ ਕਿ ਰਾਜਾ ਤਾਂ ਔਰੰਗਜ਼ੇਬ ਦਾ ਸੈਨਾਪਤ ਹੋਕੇ ਕਾਮ ਰੂਪ ਦੇ ਰਾਜਾ ਨੂੰ, ਜੋ ਹਿੰਦੂ ਹੈ ਫਤਹ ਕਰਨ ਚੱਲਿਆ ਹੈ, ਗੁਰੂ ਜੀ ਕਿਉਂ ਸਹਾਯਕ ਬਣੇ, ਇਸ ਦਾ ਉੱਤਰ ਗੁਰੂ ਜੀ ਆਪ ਦੱਸਣਗੇ। ਦੇਖੋ ਇਹੋ ਰਾਸ, ਅੰਸੂ ੮ ਅੰਕ ੧੭ ਤੋਂ ੨੧ ਤੱਕ।

ਸਿਮਰਹੁ ਸਤਿਗੁਰੁ ਪੂਰਹਿਂ ਸਾਰੀ।
ਉਰ ਤੇ ਸੰਸੈ ਦੇਹੁ ਬਿਦਾਰੀ।'
ਹਾਥ ਜੋਰਿ ਕਰਿ ਭੂਪ ਸੁਨਾਵਾ।
'ਮੋਹਿ ਭਰੋਸੋ ਪੂਰਬ ਆਵਾ ॥੩੯॥
ਸੁਨਜੋਂ ਸੁਭਾਵ ਜਬਹਿ ਉਪਕਾਰੀ।
ਚਹਜੋ ਸ਼ਰਨ ਮੈਂ ਪਰਨ ਤੁਮਾਰੀ।
ਮਿਸ[1] ਮੁਹਿੰਮ ਕੇ ਜਾਗੇ ਭਾਗ।
ਜਿਸ ਤੇ ਭਯੋ ਗੁਰੁ ਪਗ ਰਾਗ[1]' ॥੪੦॥

[1]ਬਹਾਨੇ।

[1]ਗੁਰੂ ਚਰਨਾਂ ਨਾਲ ਪ੍ਰੇਮ।

ਇੱਤਯਾਦਿਕ ਨ੍ਰਿਪ ਕਹਿ ਕਰਿ ਬੈਨ।
ਪਿਖਿ ਗੁਰ ਕੋ ਕਰਿ ਸੀਤਲ ਨੈਨ।
ਬੰਦਨ ਕਰਿ ਡੇਰੇ ਮਹਿਂ ਗਯੋ।
ਅਤਿ ਉਤਸਵ ਅਨੰਦ ਕੋ ਕਿਯੋ ॥੪੧॥
ਤੋਪ, ਰਹਿਕਲੇ, ਤੁਪਕ, ਜਮੂਰੇ।
ਕਰੀ ਸ਼ਲਖ ਰਵ ਸੁਨਿਯਤਿ ਦੂਰੇ।
ਸਭਿ ਮਾਨਵ ਪੁਰਿ ਪਟਣੇ ਬਾਸੀ।
ਸਤਿਗੁਰ ਕੀਰਤਿ ਕਰਤਿ ਪ੍ਰਕਾਸ਼ੀ ॥੪੨॥
ਨ੍ਰਿਪ ਪ੍ਰਸੰਗ ਕੋ ਕਹੈਂ ਸੁਨਾਵੈਂ।
'ਦੇਸ਼ ਕਾਮਰੂ ਇਹ ਸੰਗ ਜਾਵੈ।
ਆਗੇ ਸਤਿਗੁਰ ਹੁਤੇ ਤਿਆਰ।
ਆਇ ਸ਼ਰਨ ਇਹ ਡਰ ਉਰ ਧਾਰਿ ॥੪੩॥
ਨ੍ਰਿਪ ਕੋ ਬਡੋ ਮਾਨ ਸਿੰਘ ਜੋਇ।
ਤਿਸੀ ਦੇਸ਼ ਮ੍ਰਿਤੁ ਪ੍ਰਾਪਤਿ ਹੋਇ।
ਮੰਤ੍ਰਨਿ ਕੋ ਲਖਿ ਤ੍ਰਾਸ ਮਹਾਨਾ।

ਗੁਰੁ ਅਲੰਬ ਤੇ ਚਹਤਿ ਪਯਾਨਾ' ॥੪੪॥
ਬਿਸ਼ਨ ਸਿੰਘ ਪੰਚਾਂਮ੍ਰਿਤ ਬ੍ਰਿੰਦ।
ਸੰਗਤਿ ਮੈਂ ਬਰਤਾਇ ਬਿਲੰਦ।
ਸਤਿਗੁਰੁ ਪਦ ਪਾਹੁਲ ਕੋ ਲੇਯ।
ਭਯੋ ਸਿੱਖਜ ਕਿਰਤਾਰਥ ਸੇਯ ॥੪੫॥
ਸ਼੍ਰੀ ਗੁਰ ਤੇਗ ਬਹਾਦਰ ਚੰਦ।
ਅਨੁਸਾਰੀ ਤਬਿ ਹੋਇ ਨਰਿੰਦ[1]।
ਚਹਤਿ ਕੂਚ ਆਗੇ ਕੋ ਕਰਜੋ।
ਲਸ਼ਕਰ ਜੁਤਿ ਪੁਰਿ ਕੇ ਢਿਗ ਪਰਜੋ
॥੪੬॥

[1]ਤਦ ਰਾਜਾ ਅਨੁਸਾਰੀ ਹੋ ਕਰਕੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਨ੍ਰਿਪੁ ਬਿਸ਼ਨ ਸਿੰਘ ਸਤਿਗੁਰੁ ਸੋਂ ਮਿਲਨੋ ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥੩॥

## ੪. [ਢਾਕੇ ਬੁਲਾਕੀ ਦਾਸ ਦੀ ਮਾਤਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸਤਿਗੁਰ ਕੀ ਮਰਜ਼ੀ ਲਈ, ਬਿਸ਼ਨ ਸਿੰਘ
ਮਹਿਪਾਲ।
ਕਰਜੋ ਕੂਚ ਆਗੇ ਚਲਜੋ, ਲਖਹਿ ਮੁਹਿੰਮ
ਬਿਸਾਲ ॥੧॥

ਚੌਪਈ:

ਸ਼੍ਰੀ ਗੁਰ ਤੇਗ ਬਹਾਦਰ ਸੰਗ।
ਚਲੇ ਅਰੂਢਤਿ ਹੋਇ ਤੁਰੰਗ।
ਕੇਤਿਕ ਸਿੱਖ ਫਕੀਰਨਿ ਬ੍ਰਿੰਦ।
ਚਲੇ ਸੰਗ ਗੁਰੁ ਧਰੇ ਅਨੰਦ ॥੨॥
ਮਾਤ ਨਾਨਕੀ ਕੋ ਕਰਿ ਬੰਦਨ।
ਸ਼੍ਰੀ ਗੁਜਰੀ ਕੋ ਕਰਿ ਅਭਿਨੰਦਨ[1]। — [1]ਪ੍ਰਸੰਨ ਕਰਕੇ।
ਆਦਿ ਕ੍ਰਿਪਾਲ ਜੁ ਗੁਜਰੀ ਭ੍ਰਾਤਾ।
ਦੇ ਧੀਰਜ ਸਭਿ ਕੋ ਬੱਖਜਾਤਾ ॥੩॥
ਸੰਗਤਿ ਕੋ ਹਿਤ ਸੇਵਾ[1] ਕਹਿ ਕੈ। — [1]ਸੇਵਾ ਵਾਸਤੇ।
ਸਭਿ ਪੁਰਿ ਖੁਸ਼ੀ ਕਰੀ ਸਿਖ ਲਹਿ ਕੈ।
ਚਲੇ ਅਗਾਰੀ ਸ਼੍ਰੀ ਗੁਰੁ ਧੀਰ।
ਸਾਥ ਨ੍ਰਿਪਤ ਅਰੁ ਸੈਨਾ ਭੀਰ ॥੪॥
ਚਾਲੇ ਸਨਮੁਖ ਦੇਸ਼ ਬੰਗਾਲੇ।
ਦੁੰਦਭਿ ਬਾਜੇ ਸ਼ਬਦ ਬਿਸਾਲੇ।
ਹੁਤੋ ਮੁੰਗੇਰ ਨਗਰ[1] ਇਕ ਭਾਰੇ। — [1]ਨਾਮ ਨਗਰ ਦਾ।
ਬਸਹਿਂ ਬ੍ਰਿੰਦ ਨਰ ਗੰਗ ਕਿਨਾਰੇ ॥੫॥
ਸ਼੍ਰੀ ਸਤਿਗੁਰੁ ਤਹਿਂ ਉਤਰੇ ਜਾਇ।
ਸੰਗਤਿ ਸੁਨਿ ਆਈ ਸਮੁਦਾਇ।
ਨਾਨਾ ਭਾਂਤਿ ਉਪਾਇਨ ਆਨੀ।
ਧਰਿ ਸ਼ਰਧਾ ਪਦ ਬੰਦਨ ਠਾਨੀ ॥੬॥
ਜੋ ਜੋ ਜਿਸ ਜਿਸ ਗੁਰ ਹਿਤ ਧਰਜੋ[1]। — [1]ਰਖਿਆ ਹੋਇਆ ਸੀ।
ਤਤਛਿਨ ਆਨਿ ਸੁ ਅਰਪਨ ਕਰਜੋ।
ਸਭਿ ਪਰ ਜਥਾ ਉਚਿਤ ਗੁਨਖਾਨੀ।
ਕਰੀ ਖੁਸ਼ੀ ਇਛ ਪੂਰਨ ਠਾਨੀ ॥੭॥

ਕੇਤਿਕ ਬਾਸੁਰ ਕੀਨਸਿ ਬਾਸਾ।
ਸਿੱਖੀ ਪੰਥ ਬਿਸ਼ਾਲ ਪ੍ਰਕਾਸ਼ਾ।
ਸੱਤਜਨਾਮ ਕੋ ਸਿਮਰਨ ਦੀਨਿ।
ਨਿਜ ਸੰਗਤਿ ਕੀ ਸ਼੍ਰੇਯ ਸੁ ਕੀਨਿ ॥੮॥
ਪੁਨ ਪ੍ਰਸਥਾਨੇ ਗੁਰੂ ਅਗਾਰੀ।
ਲਸ਼ਕਰ ਭੂਪ ਸਮੇਤ ਪਿਛਾਰੀ।
ਹੋਤਿ ਕੁਲਾਹਲ ਬਜਤਿ ਨਗਾਰੇ।
ਬ੍ਰਿੰਦ ਤੁਰੰਗ ਹਿਰੇਖਾ ਧਾਰੇ ॥੯॥
ਕੁੰਜਰ ਚਲਹਿਂ ਉਤੰਗ[1] ਮਹਾਨੇ। — [1]ਉਚੇ ਉਚੇ।
ਹੌਦਾ ਝੂਲਤਿ ਝਾਲਰ ਸਾਨੇ।
ਅਨੀ[1] ਘਨੀ ਗਮਨੀ ਬਲ ਸਨੀ[2]। — [1]ਫੌਜ। [2]ਬਲ ਵਾਲੀ।
ਜਿਸ ਮਹਿਂ ਬਡੇ ਬਡੇ ਗਨ ਧਨੀ ॥੧੦॥
ਰਾਜ ਮਹਿਲ[1] ਪੁਨ ਪਹੁੰਚੇ ਜਾਇ। — [1]ਬੰਗਾਲ ਦਾ ਇਕ ਨਗਰ ਜੋ ਗੰਗਾ ਦੇ ਕਿਨਾਰੇ ਹੈ।
ਗਨ ਉਮਰਾਵ ਸੰਗ ਹਰਖਾਇ।
ਕੇਤਿਕ ਚਢੇ ਮਤੰਗਨਿ ਆਵਤਿ।
ਕੋ ਸਿਵਕਾ ਪਰ ਥਿਰ[†] ਸੁਖ ਪਾਵਤਿ ॥੧੧॥ — [†]ਪਾ:-ਕੌ।
ਕੇਤਿਕ ਚਲਿਤ ਤੁਰੰਗ ਨਚਾਵਤਿ।
ਸ਼ਸਤ੍ਰ ਬਸਤ੍ਰ ਸ਼ੁਭ ਪਹਿਰਿ ਸੁਹਾਵਤਿ।
ਤੰਬੂ ਤਹਾਂ ਪਹੁੰਚਿ ਲਗਵਾਏ।
ਡੇਰੇ ਮਹਿਂ ਗੁਰ ਬਸੇ ਸੁਹਾਏ ॥੧੨॥
ਨਹੀਂ ਨਗਰ ਮਹਿਂ ਪ੍ਰਵਿਸ਼ੇ ਜਾਇ।
ਸੁਨਿ ਸੰਗਤਿ ਤਹਿਂ ਕੀ ਸਮੁਦਾਇ।
ਭੇਟ ਇਕੱਤ੍ਰ ਕਰਨਿ ਕੋ ਲਾਗੇ।
ਨਹਿਂ ਪਹੁੰਚੇ ਢਿਗ ਕਰਿ ਅਨੁਰਾਗੇ ॥੧੩॥
ਕਰਹਿਂ ਸੁ ਤਜਾਰੀ ਐਬੋ ਜਾਵਦ[1]। — [1]ਆਵਣ ਦੀ ਤਿਆਰੀ ਜਦ ਤਕ ਕਰਦੇ ਰਹੇ।
ਗਮਨੇ ਆਗੇ ਸਤਿਗੁਰ ਤਾਵਦ।
ਨਹਿਂ ਪ੍ਰੇਮੀ ਸਿਖ ਤਹਾਂ ਨਿਹਾਰੇ।
ਬਿਨਾ ਮਿਲੇ ਗੁਰ ਅੱਗ੍ਰ ਸਿਧਾਰੇ ॥੧੪॥
ਪੀਛੇ ਪਛੁਤਾਵਤਿ ਸੋ ਰਹੇ।
ਮੂਢਨਿ ਨਹੀਂ ਮਹਾਤਮ ਲਹੇ।

ਪੂਰਬ ਜਿਨਹੁ ਨ ਭਾਗ ਉਦੋਤੇ।
ਤਿਨ ਕੀ ਦਸ਼ਾ ਇਸੀ ਬਿਧਿ ਹੋਤੇ ॥੧੫॥
ਢਿਗ ਸਤਿਗੁਰ ਨਹਿਂ ਦਰਸੇਂ ਜਾਇ[1]।

[1]ਕੋਲ (ਆਏ) ਸਤਿਗੁਰਾਂ ਦੇ ਦਰਸ਼ਨ ਬੀ ਨਹੀਂ ਜਾ ਕਰਦੇ।

ਬਿਨਾ ਭਾਗ ਤੇ ਕੋ ਕਿਮ ਪਾਇ।
ਚਲਿ ਕ੍ਰਿਪਾਲ ਜਬਿ ਆਗੇ ਗਏ।
ਨਗਰ ਮਾਲਦਹ[1] ਪ੍ਰਾਪਤਿ ਭਏ ॥੧੬॥

[1]ਨਾਮ ਨਗਰ ਦਾ ਜਿੱਥੋਂ ਦੇ ਅੰਬ ਪ੍ਰਸਿੱਧ ਹਨ।

ਤਿਸਿ ਪੁਰਿ ਜਹਿਂ ਸੰਗਤਿ ਇਸਥਾਨ।
ਜਾਇ ਬਿਰਾਜੇ ਕ੍ਰਿਪਾ ਨਿਧਾਨ।
ਤਹਿਂ ਭੀ ਸਿੱਖਜ ਨ ਕੋਊ ਆਯਹੁ।
ਸੇਵਾ ਕਰੀ ਨ ਫਲ ਕੋ ਪਾਯਹੁ ॥੧੭॥
ਸੂੰਨ[1] ਸਥਾਨ ਹੇਰਿ ਗੁਰੁ ਪੂਛਾ।

[1]ਖਾਲੀ।

'ਕੈਸੇ ਕਰਿ ਸਿੱਖਜਨਿ ਤੇ ਛੂਛਾ?
ਆਵਤਿ ਜਾਤਿ ਨ ਦੀਖਤਿ ਕੋਈ।
ਧਰਮਸਾਲ ਮਹਿਂ ਥਿਰ ਨਹਿਂ ਸੋਈ' ॥੧੮॥
ਸੁਨਿ ਕਰਿ ਸ੍ਰੀ ਮੁਖ ਤੇ ਇਮ ਬਾਨੀ।
ਗੁਰੂ ਸਮੀਪਨਿ ਬਿਨੈ ਬਖਾਨੀ।
'ਪੰਡੂਏ ਗ੍ਰਾਮ ਸੁ ਕੇਤਿਕ ਦੂਰ।
ਤਹਾਂ ਬਰਸ ਮਹਿਂ ਮੇਲਾ ਪੂਰ ॥੧੯॥
ਪੁਰਿ ਬਾਸੀ ਸਿਖ ਸਗਰੇ ਗਏ।
ਤਿਸ ਮੇਲੇ ਮਹਿਂ ਪਾਪਤਿ ਭਏ।
ਦਿਨ ਦੋਇਕ ਮੈਂ ਸੋ ਚਲਿ ਆਵੈਂ।
ਬਹੁਰ ਮਿਲੈਂ ਜੇ ਸਤਿਗੁਰ ਭਾਵੈਂ' ॥੨੦॥
ਸਹਿਜ ਸੁਭਾਇਕ ਗੁਰੁ ਉਚਾਰੀ।
'ਮਮ ਸਿੱਖੀ ਕੇ ਨਹਿਂ ਅਧਿਕਾਰੀ।
ਤਿਨ ਸੋਂ ਮੇਲਾ ਹ੍ਵੈ ਨ ਹਮਾਰੋ[†]।

[†]ਧਰਮਸਾਲਾ ਸੁੰਞੀ ਛੱਡਕੇ ਜੋ ਕਿਸੇ ਮੇਲੇ ਤੇ ਚਲੇ ਗਏ ਇਹ ਉਹਨਾਂ ਦੇ ਇਸ ਕਰਮ ਦੀ ਮਾਨੋ ਟੀਕਾ ਹੈ ਕਿ ਸਿੱਖੀ ਭਾਵਨਾ ਇਹਨਾਂ ਦੀ ਕੀ ਹੋਈ ਜੋ ਧਰਮਸਾਲਾ ਸੁੰਞੀ ਛੱਡਕੇ ਟੁਰ ਜਾਂਦੇ ਹਨ।

ਨਿਸ ਕੋ ਬਸਿ ਮਗ ਚਲਹਿਂ ਅਗਾਰੋ' ॥੨੧॥

ਇਕ ਸਿਖ ਹੁਤੋ ਤਹਾਂ ਹਲਵਾਈ।
ਆਇ ਪਰਜੋ ਸਤਿਗੁਰ ਸ਼ਰਣਾਈ।
ਲਖਿ ਮਰਜ਼ੀ ਅਰਜ਼ੀ ਤਿਹ ਕਰੀ।
ਮੋਹਿ ਕਾਮਨਾ ਪੂਰੀ ਪਰੀ† ॥੨੨॥
ਪੁਰਵਤਿ ਰਹੇ ਮਨੋਰਥ ਮੇਰੇ।
ਭਯੋ ਕ੍ਰਿਤਾਰਥ ਦਰਸ਼ਨ ਹੇਰੇ।
ਦੀਨਦਯਾਲ ਮੈਂ ਰਾਵਰਿ ਸ਼ਰਨੀ।
ਮਮ ਇੱਛਾ ਇਹ ਪੂਰੀ ਕਰਨੀ ॥੨੩॥
ਮਮ ਕਰ ਕੋ ਪਕਵਾਨ ਮਹਾਨਾ।
ਕਰੁਨਾ ਧਾਰਿ ਕਰਹੁ ਸੋ ਖਾਨਾ।'
ਦੇਖਿ ਭਾਉ ਤਿਸ ਕੋ ਮਨ ਕੇਰਾ।
ਆਇਸੁ ਕਰੀ ਗੁਰੂ ਤਿਸ ਬੇਰਾ ॥੨੪॥
ਹਰਖਤਿ ਹੁਇ ਤਿਨ ਭਲੋ ਬਨਾਇਵ।
ਭਾਂਤਿ ਭਾਂਤਿ ਪਕਵਾਨ ਪਕਾਇਵ।
ਮਹਾਂ ਪ੍ਰੇਮ ਕੋ ਧਾਰਤਿ ਲਯਾਯੋ।
ਸਤਿਗੁਰੁ ਆਗੈ ਆਨਿ ਟਿਕਾਯੋ ॥੨੫॥
ਪ੍ਰੀਤਿ ਸਿੱਖਯ ਕੀ ਦੇਖਿ ਉਦਾਰਾ।
ਰੁਚਿ ਸੋਂ ਕੀਨਸਿ ਖਾਨ ਅਹਾਰਾ।
ਦਾਸਨਿ ਕੇ ਸਮੇਤ ਤ੍ਰਿਪਤਾਏ।
ਕਰਿ ਪਖਾਰਿ ਪਟ ਪੌਂਛਿ ਸੁਹਾਏ[1] ॥੨੬॥
ਤਿਸ ਪਰ ਖੁਸ਼ੀ ਭਏ ਗੁਰਦਯਾਲੁ।
ਛਿਨਕ ਬਿਖੈ ਸਿਖ ਕੀਨਿ ਨਿਹਾਲ।
ਕਰਯੋ ਕੂਚ ਢਾਕੇ ਦਿਸ਼ਿ ਚਲੇ।
ਮਾਰਗ ਬਿਖੈ ਸਿੱਖਯ ਬਹੁ ਮਿਲੇ ॥੨੭॥
ਕਰਤਿ ਕਾਮਨਾ ਪੂਰਨ ਜਾਤੇ।
ਸਿੱਖਯ ਹਜ਼ਾਰੋਂ ਨਿਤ ਬਰੁਸਾਤੇ[1]।
ਸੰਗਤਿ ਪਰ ਕਰਿ ਕ੍ਰਿਪਾ ਕ੍ਰਿਪਾਲਾ।
ਦਰਸ਼ਨ ਦੇਤੇ ਕਰਤਿ ਨਿਹਾਲਾ ॥੨੮॥
ਮਨਹੁ ਕਾਮਨਾ ਚਿਤਵਹਿ ਕੋਇ।
ਸੋ ਸਤਿਗੁਰ ਤੇ ਪੂਰਨ ਹੋਇ।
ਕਰਹਿ ਪ੍ਰੇਮ ਭੋਜਨ ਅਚਵਾਵਹਿ।

†ਪਾ:-ਗੁਰੁ ਜੀ ਟੇਕ ਤੁਮਾਰੀ ਧਰੀ।

[1]ਸ਼ੋਭ ਨੀਕ ਬਸਤ੍ਰ ਨਾਲ ਪੂੰਝੇ ਹੱਥ ਧੋਕੇ।

[1]ਵਰੋਸਾਂਵਦੇ।

ਕੋ ਪੋਸ਼ਿਸ਼ ਕੋ ਤਨ ਪਹਿਰਾਵਹਿ ॥੨੯॥
ਕੋ ਅਪਨੇ ਘਰ ਬਿਖੈ ਉਤਾਰਹਿ।
ਪ੍ਰੀਤਿ ਧਰਹਿ ਕੋ ਦਰਸ ਨਿਹਾਰਹਿ।
ਨਹਿਂ ਠਹਿਰੈਂ ਪੁਨ ਗਮਨੇ ਜਾਹਿਂ।
ਲਸ਼ਕਰ ਸੰਗ ਚਲਤਿ ਉਤसਾਹਿ ॥੩੦॥
ਸੈਨਾ ਮਹਿਂ ਤੰਬੂ ਲਗਵਾਇ।
ਕਿਸੂ ਥਾਨ ਗੁਰੁ ਬੀਚ ਰਹਾਇਂ।
ਕਬਿਹੂੰ ਸਿਖ ਪ੍ਰੇਮੀ ਕੋ ਦੇਖਿ।
ਤਿਨ ਕੇ ਘਰ ਉਤਰਹਿਂ ਅਵਿਰੇਖਿ[1] ॥੩੧॥

[1]ਦੇਖ ਕੇ, ਪਸੰਦ ਕਰਕੇ।

ਇਮ ਕੇਤਿਕ ਦਿਨ ਮਹਿਂ ਗੋਸਾਈਂ।
ਢਾਕੇ ਪਹੁੰਚੇ ਦਲ ਸਮੁਦਾਈ[1]।

[1]ਸਾਰੇ ਦਲ (ਸਹਿਤ)।

ਸਭਿ ਕੋ ਡੇਰਾ ਵਹਿਰ ਉਤਾਰਾ।
ਆਪ ਗੁਰੂ ਪੁਰਿ ਮਹਿਂ ਪਗ ਧਾਰਾ ॥੩੨॥
ਢਾਕੇ ਨਗਰ ਮਝਾਰ ਮਸੰਦ।
ਬਸਹਿ ਬੁਲਾਕੀ ਦਾਸ ਬਿਲੰਦ।
ਤਿਸ ਕੀ ਮਾਤ ਬ੍ਰਿਧ ਬਹੁ ਤਨ ਕੀ।
ਬਡੀ ਲਾਲਸਾ ਗੁਰ ਦਰਸ਼ਨ ਕੀ ॥੩੩॥
ਕਰੇ ਪ੍ਰੇਮ ਨਿਜ ਸਦਨ ਮਝਾਰਾ।
ਗੁਰ ਹਿਤ ਏਕ ਪ੍ਰਯੰਕ ਸੁਧਾਰਾ।
ਆਸਤਰਨ ਸੋਂ ਛਾਦਨਿ ਕਰਜੋ।
ਸੇਜਬੰਦ ਸੰਗ ਕਸਿ ਕਰਿ ਧਰਜੋ ॥੩੪॥
ਤਿਸ ਕਉ ਪੂਜਹਿ ਸੰਝ ਸਕਾਰੇ।
ਰਿਦੇ ਮਨੋਰਥ ਕੋ ਇਮ ਧਾਰੇ।
-ਇਸ ਊਪਰ ਜਬਿ ਆਨਿ ਬਿਰਾਜੇਂ।
ਤਬਿ ਮੇਰੇ ਪੂਰਨ ਸਭਿ ਕਾਜੇ- ॥੩੫॥
ਤੂਲ[1] ਸੁਧਾਰੇ ਅਪਨੇ ਹਾਥ।

[1]ਰੂਈ।

ਪੁਨ ਕਾਤਜੋ ਸੂਖਮ ਹਿਤ ਸਾਥ।
ਪ੍ਰੇਮ ਧਾਰਿ ਸੋ ਬਸਤ੍ਰ ਬੁਨਾਵਾ[1]।

[1]ਉਣਵਾਇਆ।

ਗੁਰ ਹਿਤ ਪੋਸ਼ਿਸ਼ ਸਕਲ ਬਨਾਵਾ ॥੩੬॥

ਧੂਪ ਦੀਪ ਪੂਜਾ ਨਿਤ ਕਰੈ।
ਦਰਸ਼ਨ ਆਸ ਧਯਾਨ ਪੁਨ ਧਰੈ।
-ਆਰਬਲਾ ਮਮ ਭਈ ਬਿਤੀਤ।
ਨਿਤ ਪ੍ਰਤਿ ਵਧਹਿ ਗੁਰੂ ਪਗ ਪ੍ਰੀਤਿ ॥੩੭॥
ਕਰੁਨਾ ਕਰਿ ਗੁਰ ਮਮ ਘਰ ਆਵੈਂ।
ਇਸ ਪ੍ਰਯੰਗ ਪਰ ਬੈਠਿ ਸੁਹਾਵੈਂ।
ਪਹਿਰਹਿਂ ਪੋਸ਼ਿਸ਼ ਕੋ ਮਮ ਹਾਥ[1]।
ਕਰਹਿਂ ਅਹਾਰ ਇਹਾਂ ਗੁਰ ਨਾਥ- ॥੩੮॥
ਲਖਿ ਕਰਿ ਗਮਨੇ ਅੰਤਰਜਾਮੀ।
ਲੀਨਸਿ ਤਿਸ ਘਰ ਕੋ ਮਗ ਸ੍ਵਾਮੀ।
ਜਾਇ ਠਾਂਢਿ ਹੋਏ ਤਿਸ ਪੌਰ।
ਸੁਧਿ ਭੇਜੀ ਅੰਤਰ ਜਿਸ ਠੌਰ[1] ॥੩੯॥
ਹਰਿਬਰਾਇ[1] ਸੁਨਿ ਤੂਰਨ ਆਈ।
ਚਰਨ ਕਮਲ ਗਹਿ ਕਰਿ ਲਪਟਾਈ।
'ਆਜ ਘਰੀ ਪਰ ਮੈਂ ਬਲਿਹਾਰੀ।
ਜਿਸ ਤੇ ਪੁਰਵੀ ਆਸ ਹਮਾਰੀ' ॥੪੦॥
ਤਿਸ ਪ੍ਰਯੰਕ ਪਰ ਆਨਿ ਬਿਠਾਏ।
ਹਰਖਤਿ ਚਾਰੁ ਬਸਤ੍ਰ ਨਿਕਸਾਏ।
ਅਪਨੇ ਕਰ ਤੇ ਕਰੇ ਬਨਾਵਨਿ।
ਪ੍ਰੇਮ ਸਹਿਤ ਸੋ ਕਿਯ ਪਹਿਰਾਵਨ ॥੪੧॥
ਧੂਪ, ਦੀਪ, ਨਈਬੇਦ[1] ਸੁਧਾਰਾ।
ਕਰਿ ਪੂਜਨ ਸਤਿਗੁਰੂ ਉਦਾਰਾ।
ਤਬਿ ਸੋ ਬਿਰਧਾ ਭਈ ਨਿਹਾਲ।
ਪੁਰਜੋ ਮਨੋਰਥ ਗੁਰੂ ਕ੍ਰਿਪਾਲ ॥੪੨॥
ਭਈ ਪ੍ਰੇਮ ਤੇ ਗਦ ਗਦ ਬਾਨੀ।
ਨਹਿਂ ਉਸਤਤਿ ਮੁਖ ਜਾਇ ਬਖਾਨੀ।
ਨੇਤ੍ਰਨਿ ਜਲ ਅਨੰਦ ਭਰਿ ਆਵਾ।
ਹਰਖਤਿ ਰੰਕ ਮਨਹੁ ਧਨ ਪਾਵਾ ॥੪੩॥
ਜਥਾ ਚੰਦ ਕੋ ਪਿਖਹਿ ਚਕੋਰ।

[1]ਮੇਰੇ ਹੱਥੋਂ। (ਅ) ਮੇਰੇ ਹੱਥ ਦੀ।

[1]ਜਿਸ ਥਾਂ (ਮਾਈ) ਸੀ।

[1]ਕਾਹਲੀ ਨਾਲ।

[1]ਭਾਵ ਪ੍ਰਸ਼ਾਦਿ ਤੋਂ ਹੈ।

ਇਕ ਟਕ ਦੇਖਤਿ ਗੁਰ ਪਗ ਓਰ।
ਕ੍ਰਿਪਾ ਨਿਧਾਨ ਪ੍ਰੇਮ ਤਿਸ ਹੇਰਾ।
ਉਮਡਜੋ ਇਨ ਕੋ ਪ੍ਰੇਮ ਘਨੇਰਾ ॥੪੪॥
ਸ਼੍ਰੀ ਮੁਖ ਤੇ ਕਹਿ ਮਧੁਰ ਸੁਨਾਯਹੁ।
'ਤਵ ਕਾਰਨ ਮੈਂ ਇਸ ਥਲ ਆਯਹੁ।
ਤੋਹਿ ਪ੍ਰੇਮ ਮੇਰੇ ਮਨ ਭਾਯਹੁ।
ਭਾਉ ਬਿਲੋਕਨਿ ਕੋ ਲਲਚਾਯਹੁ ॥੪੫॥
ਕਰਜੋ ਮਨੋਰਥ ਪੂਰਨ ਹੋਵਾ।
ਸਦਨ ਬਿਠਾਇ ਮੋਹਿ ਕਹੁ ਜੋਵਾ।
ਅਬਿ ਤੇਰੇ ਉਰ ਲਾਲਸ ਜੋਈ।
ਜਾਚਿ ਲੇਹੁ, ਮੈਂ ਦੇਵੌਂ ਸੋਈ' ॥੪੬॥
ਸੁਨਿ ਕਰਿ ਬ੍ਰਿੱਧਾ ਭਈ ਅਧੀਨ।
ਹਾਥ ਜੋਰਿ ਕਰਿ ਜਾਚਨਿ ਕੀਨਿ।
'ਰਾਵਰ ਕੋ ਦਰਸ਼ਨ ਨਿਤ ਪਾਵੌਂ।
ਜਬਿ ਲਗਿ ਤਨ ਮਹਿਂ ਪ੍ਰਾਨ ਬਸਾਵੌਂ ॥੪੭॥
ਇਹੀ ਆਸ ਮੇਰੀ ਸੋ ਦੀਜੈ।
ਨਿਤ ਦਰਸ਼ਨ ਦੇ ਕਰਿ ਹਰਖੀਜੈ।'
ਸੁਨਿ ਅਦਭੁਤ ਬਾਨੀ ਤਿਸ ਕੇਰੀ।
ਕ੍ਰਿਪਾ ਦ੍ਰਿਸ਼ਟਿ ਤੇ ਸਤਿਗੁਰੁ ਹੇਰੀ ॥੪੮॥
'ਦੁਰਲਭ ਬਰ ਜਾਚਨ ਕੋ ਕੀਨਾ।
ਪ੍ਰੇਮ ਦੇਖਿ ਕਰਿ ਸੋ ਮੈਂ ਦੀਨਾ।
ਜਬਿ ਸ਼ਨਾਨ ਕਰਿ ਠਾਨਹਿਂ ਧਜਾਨ।
ਤਬਿ ਉਰ ਦੇਵੌਂ ਦਰਸ਼ਨ ਆਨਿ' ॥੪੯॥
ਬਸੀ ਪ੍ਰੇਮ ਕੇ ਹੁਇ ਗੁਨਖਾਨੀ।
ਦੀਨਸਿ ਦਾਨ ਜਾਚਨਾ ਜਾਨੀ।
ਦਿਯੋ ਅਨੰਦ ਤਿਹ ਸਰਬ ਪ੍ਰਕਾਰ।
ਜਗ ਸਾਗਰ ਤੇ ਕਰਜੋ ਉਧਾਰ ॥੫੦॥
ਬਡਭਾਗਾ ਹਰਖੀ ਬਰ ਪਾਇ।
ਬਾਰ ਬਾਰ ਬਲਿਹਾਰੀ ਜਾਇ।

ਜਿਸ ਕੋ ਪੇਮ ਗੁਰੂ ਮਨ ਮਾਨੇ।
ਕਯੋਂ ਨ ਹੋਇ ਤਿਸ ਕੋ ਕੱਲਜਾਨੇ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਦ੍ਵਾਦਸ਼ ਰਾਸੇ 'ਸਿੱਖਨੀ ਬ੍ਰਿੱਧਾ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸ ॥੪॥

## ੫. [ਢਾਕੇ ਭਾਈ ਨੱਥਾ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਨਾਮ ਬੁਲਾਕੀ ਦਾਸ ਜੋ, ਬਡੋ ਮਸੰਦ ਸੁ ਦੇਸ਼।
ਹੁਤੀ ਨਗਰ ਕੀ ਸੰਗਤਾਂ, ਲੀਨਿ ਸਕੇਲ ਅਸ਼ੇਸ਼ ॥੧॥

ਚੌਪਈ:

ਸੁਨਿ ਸੁਨਿ ਸਿਖ ਸਤਿਗੁਰ ਆਗਵਨੂ।
ਰੁਚਿਰ ਅਕੋਰਨਿ ਲੇ ਨਿਜ ਭਵਨੂ[1†]।
ਚੌਂਪਤਿ ਚਿਤ ਚਾਹਤਿ ਦਰਸਾਵਨ[1]।
ਹੋਹਿਂ ਨਿਹਾਲ ਹੇਰਿ ਪਗ ਪਾਵਨ ॥੨॥
ਸਭਿ ਇਕੱਤ੍ਰ ਕਰਿ ਸੰਗਤਿ ਰਾਸ।
ਆਗੈ ਹੋਇ ਬੁਲਾਕੀ ਦਾਸ।
ਗਾਵਤਿ ਸ਼ਬਦ ਪ੍ਰੇਮ ਗੁਰੁ ਮਾਤੇ।
ਲੋਚਨ ਤੇ ਜਲ ਬੂੰਦਨ ਜਾਤੇ[1] ॥੩॥
ਸਨੇ ਸਨੇ ਸਭਿ ਚਲਿ ਕਰਿ ਆਏ।
ਪਰਮ ਪ੍ਰੀਤਿ ਪਾਇਨ ਲਪਟਾਏ।
ਅਰਪਨ ਕੀਨਿ ਅਕੋਰ ਅਨੇਕ।
ਹੇਰਿ ਹੇਰਿ ਕਰਿ ਜਲਧਿ ਵਿਵੇਕ ॥੪॥
ਬਾਰ ਬਾਰ ਹੋਵਤਿ ਬਲਿਹਾਰੀ।
ਬੰਦਨ ਕਰਿ ਕਰਿ ਬਿਨੈ ਉਚਾਰੀ।
ਆਇਸੁ ਪਾਇ ਬੈਠਿ ਸਭਿ ਗਏ।
ਸ਼ਬਦ ਪ੍ਰੇਮ ਤੇ ਗਾਵਤਿ ਭਏ ॥੫॥
ਕਰਯੋ ਕੀਰਤਨ ਕੋ ਚਿਰਕਾਲ।
ਸੁਨਿ ਗੁਰ ਭਏ ਪ੍ਰਸੰਨ ਬਿਸਾਲ।
ਕ੍ਰਿਪਾ ਧਾਰਿ ਐਸੇ ਕਹਿ ਵਾਕਾ।
'ਮਮ ਸਿੱਖੀ ਕੋ ਕੋਠਾ[1] ਢਾਕਾ ॥੬॥
ਭਲੀ ਭਾਂਤਿ ਮੁਹਿ ਭਜਨ ਸੁਨਾਯਹੁ।
ਅਧਿਕ ਪ੍ਰੇਮ ਤੇ ਰਿਦਾ ਰਿਝਾਯਹੁ।'
ਤਬਿ ਉਠਿ ਕਰਿ ਸਬਿ ਸੰਗਤਿ ਰਾਸ।
ਜਿਨ ਮਹੁਂ ਅੱਗ੍ਰ ਬੁਲਾਕੀ ਦਾਸ ॥੭॥

[1]ਆਪੋ ਆਪਣੇ ਘਰਾਂ ਤੋਂ। [†]ਪਾ:-ਭਏ ਤਿਆਰ ਤਜਾਗ ਨਿਜ ਭਵਨੂੰ। (੨) ਦਰਸ਼ਨ ਕਰਹਿਂ ਆਇ ਤਜਿ ਭਵਨੂੰ।

[1]ਦਰਸ਼ਨ ਕਰਨਾ।

[1]ਵਗਦੀਆਂ।

[1]ਖ਼ਜ਼ਾਨਾ।

ਦੀਪਕ ਬਾਰਿ ਆਰਤੀ ਕਰੀ।
ਧੂਪ ਧੁਖਾਇ ਅਗਾਰੀ ਧਰੀ।
ਫੂਲਨਿ ਮਾਲਾ ਗਰ ਪਹਿਰਾਈ।
ਅਧਿਕ ਸੁਗੰਧੈਂ ਢਿਗ ਛਿਰਕਾਈ ॥੮॥
ਪਗ ਪੰਕਜ ਪਾਵਨ ਗਹਿ ਹਾਥ।
ਕਰੇ ਪਖਾਰਨਿ ਸ਼ੁਭ ਜਲ ਸਾਥ।
ਪੁਨ ਪਟ ਸੋਂ ਪੌਂਛੇ ਕਰਿ ਪ੍ਰੀਤ।
ਲੇ ਚਰਣਾਂਮ੍ਰਿਤ, ਹਰਖਤਿ ਚੀਤ ॥੯॥
ਦੇਖਿ ਭਾਉ ਸਤਿਗੁਰੂ ਬਖਾਨਾ।
'ਹਮ ਨੇ ਤੁਮਰੋ ਪ੍ਰੇਮ ਪਛਾਨਾ।
ਤਿਸ ਕੇ[1] ਬਸਿ ਹੁਇ ਇਤ ਚਲਿ ਆਏ। [1]ਤਿਸ (ਪ੍ਰੇਮ) ਦੇ।
ਸੇਵਾ ਤੁਮ ਤੇ ਸਭਿ ਬਨਿ ਆਏ ॥੧੦॥
ਅਬਿ ਧਰਮਸਾਲਾ ਸੁੰਦਰ ਪਾਵਹੁ।
ਜਥਾ ਸ਼ਕਤਿ ਤਹਿਂ ਸੰਤ ਟਿਕਾਵਹੁ।
ਤਿਸ ਮਹਿਂ ਮਿਲਹੁ ਸਿੱਖਜ ਮਮ ਪਜਾਰੇ।
ਕਰਹੁ ਕੀਰਤਨ ਸ਼੍ਰੇਯ[1] ਤੁਮਾਰੇ ॥੧੧॥ [1]ਮੁਕਤੀ ਹੋਵੇਗੀ।
ਜੋੜ ਕਰਹੁ ਪਰਬਨਿ ਕੇ ਮਾਂਹਿ।
ਗੁਰੂ ਅਰਾਧਹੁ ਸਭਿ ਦੁਖ ਜਾਂਹਿ।'
ਸੁਨਿ ਸੰਗਤ ਨੇ ਸਤਿਗੁਰ ਬਾਨੀ।
ਹਾਥ ਜੋਰਿ ਨੰਮ੍ਰੀ ਹੁਇ ਮਾਨੀ ॥੧੨॥
ਮਥਰਾ ਪੁਰਿ ਮਹਿਂ ਸਭਿ ਤਤਕਾਲ।
ਧ੍ਰਮਸਾਲਾ ਤਹਿਂ ਰਹੀ ਬਿਸਾਲ।
ਸ਼੍ਰੀ ਸਤਿਗੁਰ ਹਰਿ ਗੋਵਿੰਦ ਧੀਰ।
ਪਠਜੋ ਹੁਤੋ ਅਲਮਸਤ ਫਕੀਰ ॥੧੩॥
ਪ੍ਰਥਮ ਕਥਾ ਇਹ ਕਹਿ ਸਭਿ ਆਏ।
ਜਥਾ ਕਾਜ ਤਿਨ ਤਹਾਂ ਬਨਾਏ।
ਹੁਤੋ ਤਿਸੀ ਕੋ ਪੋਤਾ ਚੇਲਾ[1]। [1]ਚੇਲੇ ਦਾ ਚੇਲਾ।
ਮਿਲਤਿ ਸਭਿਨਿ ਜਹਿਂ ਸੰਗਤਿ ਮੇਲਾ ॥੧੪॥
ਭਾਈ ਨੱਥਾ ਭਾਖਹਿਂ ਨਾਮੁ।
ਢਾਕੇ ਬਿਖੇ ਬਸਹਿ ਸ਼ੁਭ ਧਾਮ।
ਸ਼੍ਰੀ ਹਰਿਰਾਇ ਹੁਕਮ ਕੋ ਪਾਇ।

ਬਸਤ੍ਰਨਿ ਕੀ ਪੋਸ਼ਿਸ਼ ਬਨਿਵਾਇ ॥੧੫॥
ਸਤਿਗੁਰ ਹਿਤ ਭੇਜਤਿ ਸੋ ਰਹੈ।
ਇਹ ਸੇਵਾ ਨਿਤ ਸਾਂਭਤਿ ਅਹੈ।
ਭਾਂਤਿ ਭਾਂਤਿ ਕੇ ਸੂਖਮ ਮਹਾਂ।
ਬਹੁ ਮੋਲੇ ਪਟ ਲੇ ਕਰਿ ਤਹਾਂ ॥੧੬॥
ਹਿਤ ਪੋਸ਼ਿਸ਼ ਕੇ ਬਹੁਤ ਪਠਾਵਹਿ।
ਇਸ ਸੇਵਾ ਹਿਤ ਤਹਾਂ ਰਹਾਵਹਿ।
ਆਦਿ ਬੁਲਾਕੀ ਦਾਸ ਮਸੰਦ।
ਤਿਹ ਸੋਂ ਕ੍ਰੋਧਤਿ ਰਹਤਿ ਬਿਲੰਦ ॥੧੭॥
ਰਿਸ ਧਰਿ ਕਈ ਬਾਰ ਲਰ ਪਰੈਂ।
ਨਹਿਂ ਬਨਿ ਆਇ, ਬੈਰ ਕੋ ਕਰੈਂ।
ਇਕ ਅੰਗੀ ਉਨਮੱਤ ਫਕੀਰ[1]।

[1]ਇਕ (ਗੁਰੂ ਜੀ ਦੀ ਪ੍ਰੀਤ ਦੇ) ਪੱਖ ਵਾਲਾ ਤੇ ਮਸਤ ਫਕੀਰ।

ਗੁਰੁ ਸੇਵਾ ਪ੍ਰੇਮੀ ਧਰਿ ਧੀਰ ॥੧੮॥
ਸੰਗਤਿ ਸਹਿਤ ਬੁਲਾਕੀ ਦਾਸ।
ਨਾਲਸ਼[1] ਕਰੀ ਗੁਰੂ ਕੇ ਪਾਸ।

[1]ਫਰਯਾਦ।

'ਹੇ ਪ੍ਰਭੁ ਜੀ! ਇਹ ਨੱਥਾ ਭਾਈ।
ਹਮ ਸੋਂ ਨਿਤ ਪ੍ਰਤਿ ਕਰਤਿ ਲਰਾਈ ॥੧੯॥
ਸੰਗਤਿ ਅਪਰ ਮਸੰਦਨਿ ਸੰਗ।
ਨਹਿਂ ਕਯੋਂਹੂੰ ਰਾਖਤਿ ਰਸ ਰੰਗ।
ਬਹੁ ਦੁਰਬਚਨ ਕਹਤਿ ਹੀ ਰਹੈ।
ਸੁਨਿ ਲਖਿ ਸੰਤ ਸਕਲ ਹੀ ਸਹੈਂ ॥੨੦॥
ਗੁਰ ਕੇ ਕਰੇ ਮਸੰਦ ਮਹਾਨ।
ਨਹਿਂ ਰਾਖਤਿ ਇਹੁ ਕਿਸ ਕੀ ਆਨਿ।'
ਕਹਿ ਸ਼੍ਰੀ ਤੇਗ ਬਹਾਦਰ ਹਸੇ।
'ਨੱਥਾ ਨਿਤ ਹਜ਼ੂਰ ਮਮ ਬਸੇ ॥੨੧॥
ਨਹਿਂ ਮਮ ਢਿਗ ਕਿਹ ਦੇਤਿ ਦਿਖਾਈ[1]।
ਢਾਕੇ ਬਿਖੈ ਸੁ ਆਪ ਲਖਾਈ[1]।'

[1]ਮੇਰੇ ਪਾਸ ਹੁੰਦਾ ਕਿਸੇ ਨੂੰ ਦਿਸਦਾ ਨਹੀਂ।

[1]ਢਾਕੇ ਦੇ ਵਿੱਚ ਆਪਣੇ ਆਪ ਨੂੰ ਲਖਾਂਵਦਾ ਹੈ।

ਪਠਯੋ ਦਾਸ ਨੱਥਾ ਬੁਲਵਾਯੋ।
ਸੰਗਤਿ ਕੇ ਸਮੀਪ ਬੈਠਾਯੋ ॥੨੨॥
ਬੂਝਯੋ ਤਿਸ ਕੋ 'ਨੱਥਾ ਭਾਈ!

ਸਭਿ ਤੇਰੀ ਇਹ ਕਹਤਿ ਬੁਰਾਈ।
-ਹਮ ਕੋ ਦੇਤਿ ਰਹਹਿ ਨਿਤ ਗਾਰੀ।
ਸੰਗਤਿ ਸੰਗ ਨ ਭਲੋ ਉਚਾਰੀ ॥੨੩॥
ਸਿੱਖਜਨਿ ਕੀ ਸਲਾਹ ਨਹਿਂ ਲੇਵਹਿ।
ਜੋ ਮੁਖ ਆਵਤਿ ਸੋ ਬਕ ਦੇਵਹਿ-।'
ਸੁਨਿ ਭਾਈ ਨੱਥੇ ਬਚ ਬੋਲੇ।
'ਇਹ ਧੀ ਕੇ ਰੌੜੇ[1]† ਮਤਿ ਹੌਲੇ' ॥੨੪॥

[1]ਅਕਲੋਂ ਸੱਖਣੇ। [ਧੀ = ਬੁੱਧੀ। ਰੌੜ ਬਨਸਪਤੀ ਤੋਂ ਸੱਖਣਾ ਮਦਾਨ। ਭਾਵ ਸੱਖਣਾ]। †ਕਈ ਲਿਖਤੀ ਨੁਸਖਿਆਂ ਵਿੱਚ ਇਕ ਬਹੁਤ ਸ਼ਲੀਲ ਪਾਠਾਂਤਰ ਹੈ, ਜੋ ਸ਼ਲੀਲ ਹੋਣ ਕਰਕੇ ਨਹੀਂ ਦਿੱਤਾ ਜਾਂਦਾ।

ਅਰਲ ਬਰਲ ਬਹੁ ਬਦਨ ਉਚਾਰੀ।
'ਮੈਂ ਇਨ ਕੋ ਕਬਿ ਦਈ ਨ ਗਾਰੀ।'
ਸੁਨਿ ਸ਼੍ਰੀ ਸਤਿਗੁਰ ਬਹੁ ਬਿਗਸਾਏ।
ਬੈਠੇ ਹੁਤੇ ਸਕਲ ਮੁਸਕਾਏ ॥੨੫॥
'ਅਬਿ ਹਜ਼ੂਰ ਮਹਿਂ ਗਾਰਿ ਨਿਕਾਰਤਿ।
ਗੁਰਨਿ ਸੁਨਾਵਹਿ ਮੈਂ ਨ ਉਚਾਰਤਿ।'
ਤਬਿ ਸ਼੍ਰੀ ਤੇਗ ਬਹਾਦਰਿ ਕਹ੍ਯੋ।
'ਇਸ ਕੋ ਇਮ ਸੁਭਾਵ ਹੀ ਲਹ੍ਯੋ ॥੨੬॥
ਭਾਈ ਨੱਥਾ ਦੇ ਜਬਿ ਗਾਰੀ।
ਤੁਮ ਤਬਿ ਜਾਨਹੁ ਕਰੁਨਾ ਧਾਰੀ।
ਇਸ ਕੇ ਉਰ ਬਿਕਾਰ ਨਹਿਂ ਕੋਈ।
ਬੋਲਨਿ ਗਤਿ ਐਸੀ ਨਿਤ ਹੋਈ ॥੨੭॥
ਕਰਹੁ ਨ ਗਿਲਾ[1] ਸੁਨਤਿ ਇਸ ਬੈਨ।
ਹਿਰਦਾ ਸ਼ੁੱਧ ਬਿਰੋਧੀ ਹੈ ਨ।
ਇਹ ਸੂਧਾ ਉਨ ਮੱਤ ਫਕੀਰ।
ਸੂਧੀ ਬਾਤ ਭਨਤਿ ਉਰ ਧੀਰ ॥੨੮॥

[1]ਗੁੱਸਾ।

ਇਕ ਅੰਗੀ[1] ਸੂਧੇ ਮਗ ਪਰਿਓ।

[1]ਭਾਵ ਨਿਰੋਲ ਗੁਰੂ ਦੀ ਪ੍ਰੀਤ ਵਾਲਾ।

ਨਹੀਂ ਕੁਟਿਲਪਨ[1] ਕੋ ਮਨ ਧਰਿਓ।

[1]ਕਪਟ।

ਮਾਨੈ ਬਚਨ ਸਾਚ ਨਿਤ ਮੇਰਾ।
ਚਢ੍ਯੋ ਰੰਗ ਅਨੁਰਾਗ ਬਡੇਰਾ ॥੨੯॥
ਸੰਗਤਿ ਸਹਿਤ ਮਸੰਦ ਜਿ ਅਹੋ।
ਸੁਨਤਿ ਬਾਕ ਉਰ ਛੋਭ ਨ ਲਹੋ।

ਸਦਾ ਪ੍ਰੇਮ ਹੀ ਇਹ ਸੰਗ ਕਰੋ।
ਸੁਖ ਪਾਵਹੁ ਮਮ ਬਚ ਮਨ ਧਰੋ ॥੩੦॥
ਨਹੀ ਕੁਟਲਤਾ ਧਾਰਨਿ ਕਰੀਅਹਿ।
ਰਿਦੈ ਸਰਲਤਾ ਸਦ ਅਨੁਸਰੀਅਹਿ।
ਮਲ ਬਿਕਾਰ ਉਰ ਤੇ ਪਰਹਰੀਅਹਿ।
ਗੁਰ ਅਨੁਰਾਗ ਰੰਗ ਕੋ ਧਰੀਅਹਿ ॥੩੧॥
ਸੱਤਿਨਮ ਸਿਮਰਨ ਆਚਰੀਅਹਿ।
ਜਨਮ ਮਰਨ ਬੰਧਨ ਨਿਰਵਰੀਅਹਿ।
ਭਵ ਸਾਗਰ ਦੁਸ਼ਤਰ ਕੋ ਤਰੀਅਹਿ।
ਸਤਿਗੁਰ ਸ਼ਬਦ ਸਦੀਵ ਬਿਚਰੀਅਹਿ' ॥੩੨॥
ਇਮ ਸੰਗਤਿ ਕੋ ਦੇ ਉਪਦੇਸ਼।
ਸਭਿ ਸਿੱਖਨਿ ਕੇ ਹਤੇ ਕਲੇਸ਼।
ਕਿਤਿਕ ਕਾਲ ਤਹਿਂ ਬਸੇ ਕ੍ਰਿਪਾਲੁ।
ਕ੍ਰਿਪਾ ਦ੍ਰਿਸ਼ਟਿ ਤੇ ਕਰੇ ਨਿਹਾਲ ॥੩੩॥
ਪੁਨਹ ਕੂਚ ਕਰਿਬੇ ਕੀ ਤਯਾਰੀ।
ਆਇਸੁ ਦਾਸਨਿ ਪਾਸ ਉਚਾਰੀ।
ਸੁਨਿ ਕਰਿ ਮਾਤ ਬੁਲਾਕੀ ਦਾਸ।
ਆਈ ਤੁਰਤ ਗੁਰੂ ਕੇ ਪਾਸ ॥੩੪॥
ਕਰਤਿ ਪ੍ਰੇਮ ਪੰਕਜ ਪਗ ਪਰੀ।
ਜੁਗਲ ਬਿਲੋਚਨ ਆਸੂੰ ਝਰੀ[1]। [1]ਹੰਝੂ ਕੇਰਦੀ ਹੈ।
'ਹੇ ਪ੍ਰਭੁ! ਸੁਨਯੋ ਕੂਚ ਮੈਂ ਆਈ।
ਉਰ ਜੈਸੇ ਅਭਿਲਾਖ ਬਸਾਈ ॥੩੫॥
ਸੋ ਮੈਂ ਜਾਚੀ ਰਾਵਿਰਿ ਪਾਸ।
ਨਿਤ ਦਰਸ਼ਨ ਮੁਝ ਦੇਹੁ ਪ੍ਰਕਾਸ਼[1]। [1]ਪ੍ਰਗਟ।
ਮੋਰ ਮਨੋਰਥ ਪੂਰਨ ਕੀਜੈ।
ਸ੍ਰੀ ਸਤਿਗੁਰੁ ਸਦ ਇਹਾਂ ਬਸੀਜੈ' ॥੩੬॥
ਸੁਨਿ ਕਰਿ ਕਹਯੋ 'ਪ੍ਰੇਮ ਬਹੁ ਤੇਰੇ।
ਤਿਸ ਤੇ ਹਮ ਆਏ ਘਰ ਹੇਰੇ।
ਬ੍ਰਿੱਧ ਭਈ ਬਯ ਗਈ ਬਿਤੀਤ।

ਪੁਨ ਸ਼ੁਭ ਗਤਿ[1] ਪ੍ਰਾਪਤਿ ਤੁਵ ਨੀਤ ॥੩੭॥
ਹਮ ਕਰਨੇ ਅਬਿ ਕਾਜ ਘਨੇਰੇ।
ਤੁਵ ਆਇਸੁ ਤੇ ਜਾਹਿਂ ਅਗੇਰੇ।
ਲਿਹੁ ਲਿਖਾਇ ਮੇਰੀ ਤਸਬੀਰ।
ਹੈ ਅਬਿ ਜਥਾ ਸਚੀਰ ਸ਼ਰੀਰ ॥੩੮॥
ਤਿਸ ਪ੍ਰਯੰਕ ਪਰ ਰਾਖਿ ਟਿਕਾਇ।
ਹੁਇ ਪੁਨੀਤ ਪੂਜਹੁ ਕਰਿ ਭਾਇ।
ਜਥਾ ਕਰੀ ਅਬਿ ਮੇਰੀ ਪੂਜਾ।
ਤਥਾ ਸ਼ਰੀਰ ਜਾਨਿ ਮਮ ਦੂਜਾ ॥੩੯॥
ਨਿਤ ਦਰਸ਼ਨ ਕੇ ਫਲ ਕੋ ਪਾਇ।
ਅੰਤ ਸਮੈਂ ਮੁਝ ਸੋਂ ਮਿਲਿ ਜਾਇਂ।'
ਸੁਨਿ ਉਰ ਹਰਖੀ ਤੁਰਤ ਸਿਧਾਈ।
ਜਾਇ ਚਿਤੇਰੇ ਕਉ ਲੇ ਆਈ ॥੪੦॥
ਬਹੁ ਧਨ ਦੇ ਕਰਿ ਕਹਤਿ ਸੁਨਾਇ।
'ਜਥਾ ਜੋਗ ਪਿਖਿ ਲਿਖਹੁ ਬਨਾਇ।'
ਚਤੁਰ ਚਿਤੇਰਾ ਕਰ ਚਿਤ ਚਾਉ।
ਬੈਠਿ ਨਿਕਟਿ ਬੰਦਤਿ ਧਰਿ ਭਾਉ ॥੪੧॥
ਅੰਗ ਸੁ ਬਸਤ ਸਜੇ ਹੈਂ ਜੈਸੇ।
ਧਰੇ ਪ੍ਰੇਮ ਕੋ ਲਿਖ ਕਰਿ ਤੈਸੇ।
ਬਦਨ ਪ੍ਰਫੁੱਲਿਤਿ ਕਮਲ ਸਮਾਨਾ।
ਰੁਚਿਰ ਬਿਲੋਚਨਿ ਕ੍ਰਿਪਾ ਨਿਧਾਨਾ ॥੪੨॥
ਨਹਿਂ ਲਿਖ ਸਕਜੋ[1] ਰਹਜੋ ਪਛੁਤਾਈ।
ਤਬਿ ਸੋ ਕਲਮ ਗਹੀ ਗਤਿ ਦਾਈ।
ਅਪਨਿ ਹਾਥ ਤੇ ਮੁਖ ਕੋ ਲਿਖਜੋ।

[1]ਕਲਜਾਨ।

[1]ਭਾਵ ਚਿਹਰਾ ਨਾ ਬਣਾ ਸਕਿਆ। ਰੱਬੀ ਨੂਰ ਵਾਲੇ ਨਿਰੁੱਧ ਤੇ ਰਸ ਰੰਗ ਭਰੇ ਮਨ ਵਾਲੇ ਗੁਰ ਅਵਤਾਰ ਦੇ ਚਿਹਰੇ ਨੂੰ ਜਦ ਤਕ ਕਿ ਚਿਤੇਰਾ ਆਪ ਪੂਰਨ ਭਗਤ ਤੇ ਸ਼ਾਂਤਿ ਬ੍ਰਿਤੀ ਨਾ ਹੋਵੇ ਚਿੱਤ੍ਰ ਨਹੀਂ ਸਕਦਾ, ਇਹ ਕਾਰਨ ਹੈ ਕਿ ਉਹ ਚਿਹਰਾ ਨਾ ਬਣਾ ਸਕਿਆ। ਅੱਜ ਕਲ ਭੀ ਲੋਕੀਂ ਗੁਰ ਚਿੱਤ੍ਰ ਬਣਾਉਂਦੇ ਹਨ, ਕਪੜੇ, ਘੋੜੇ, ਜ਼ਮੀਨ ਸੁਹਣੇ ਰਚ ਲੈਂਦੇ ਹਨ ਪਰ ਚਿਹਰੇ ਦੇ ਪ੍ਰਭਾਉ ਲਿਖਣ ਵੇਲੇ ਇਸੇ ਕਾਰਨ ਮੂਲੋਂ ਨਾਕਾਮਯਾਬ ਰਹਿੰਦੇ ਹਨ।

ਉਰ ਬਿਸਮਾਏ ਜਿਨ ਜਿਨ ਪਿਖਯੋ
॥੪੩॥
ਨਿਜ ਕਰ ਤੇ ਬਿਰਧਾ ਕੋ ਦਈ।
ਭਰੀ ਅਨੰਦ ਸੋ ਸੁੰਦਰ ਲਈ।
ਪਿਖਨਿ ਲਗੀ ਦ੍ਰਿਗ ਆਗੈ ਸੋਇ।
ਮੂਰਤਿ ਪਲਕ[1] ਮਿਲੀ ਹੈਂ ਦੋਇ ॥੪੪॥

[1]ਮੂਰਤੀ ਦੀਆਂ ਅੱਖਾਂ ਦੀਆਂ ਪਲਕਾਂ।

ਪੁਨ ਦੇਖਤਿ ਦੋਨਹੁ ਖੁਲ ਗਈ।
ਅਦਭੁਤ ਗਤਿ ਤੇ ਬਿਸਮਤ ਭਈ।
-ਗੁਰ ਮੂਰਤਿ ਇਹ ਸ਼ਕਤਿ ਧਰੰਤੀ-।
ਦ੍ਰਿੜ੍ਹ ਨਿਸ਼ਚੈ ਕੋ ਰਿਦੇ ਕਰੰਤੀ ॥੪੫॥
ਕਰੀ ਪ੍ਰਯੰਕ ਸਥਾਪਨ ਰੂਰੇ।
ਮਨਹੁਂ ਆਪ ਬੈਠੇ ਗੁਰ ਪੂਰੇ।
ਜਬਿ ਜਬਿ ਦਰਸ਼ਨ ਕੋ ਦਰਸਾਈ।
ਲਗੀ ਪਲਕ ਪੁਨ ਖੁਲਤਿ ਦਿਖਾਈ
॥੪੬॥
ਸੀਤਲ ਰਿਦਾ ਕਰਯੋ ਸੁਖ ਪਾਯੋ।
ਨਿਤ ਪ੍ਰਤਿ ਪੂਜਤਿ ਹੀ ਹੁਲਸਾਯੋ।
ਸ਼੍ਰੀ ਸਤਿਗੁਰ ਸਭਿ ਤੇ ਹੁਇ ਬਿਦਾ।
ਚਲੇ ਸਮੀਪ ਮਹੀਪੈ ਤਦਾ ॥੪੭॥
ਸੰਗਤਿ ਬ੍ਰਿੰਦ ਮਸੰਦ ਅਨੰਦੇ।
ਕਿਤਿਕ ਦੂਰ ਸੰਗ ਗੇ ਪਗ ਬੰਦੇ।
ਸਭਿ ਕੋ ਦਿਯੋ ਹਟਾਇ ਪਿਛਾਰੀ।
ਚਲੇ ਗੁਰੂ ਸਿਵਕਾ ਅਸੁਵਾਰੀ ॥੪੮॥
ਰਾਜਾ ਸੁਨਿ ਆਗੇ ਚਲਿ ਆਵਾ।
ਦੇਖਤਿ ਪਦ ਪਰ ਸੀਸ ਝੁਕਾਵਾ।
ਲਜਾਇ ਸਿਵਰ ਮਹਿਂ ਗੁਰੂ ਉਤਾਰੇ।
ਕਵਿ ਸੰਤੋਖ ਸਿੰਘ ਹੁਇ ਬਲਿਹਾਰੇ
॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਢਾਕੇ ਕੀ ਸੰਗਤਿ ਕੋ ਪ੍ਰਸੰਗ' ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਰਾਜੇ ਦਾ ਦਲ ਰੁੜ੍ਹਨੋਂ ਬਚਾਇਆ]

ਪ<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>2

ਦੋਹਰਾ:

ਭਈ ਪ੍ਰਭਾਤਿ ਨਰਿੰਦ ਯੁਤਿ, ਸਤਿਗੁਰ ਹੁਇ ਅਸੁਵਾਰ।
ਦੁੰਦਭਿ ਬਾਜੈ ਬਹੁਤ ਹੀ, ਲਸ਼ਕਰ ਕਈ ਹਜ਼ਾਰ ॥੧॥

ਚੌਪਈ:

ਮਾਨ ਸਿੰਘ ਨ੍ਰਿਪ ਜਹਿਂ ਹਤਿ ਹੋਯੋ।
ਰੰਗਾਮਾਟੀ ਨਗਰ ਸੁ ਜੋਯੋ।
ਬ੍ਰਹਮ ਪੁੱਤ੍ਰ ਨਦ ਨਿਕਟਿ ਬਹੰਤਾ।
ਚੌਰਾ ਚਾਰਹੁੰ ਕੋਸ ਚਲੰਤਾ[1] ॥੨॥
ਤਿਸ ਕੈ ਤਟ ਉਚੇ ਅਸਥਾਨ।
ਡੇਰਾ ਕੀਨਸਿ ਕ੍ਰਿਪਾ ਨਿਧਾਨ।
ਬਡ ਉਤੰਗ ਦਮਦਮਾ ਬਨਾਇਆ।
ਕਰਨਿ ਲਗੇ ਮਾਨਵ ਸਮੁਦਾਇਆ[†] ॥੩॥
ਉਪਰ ਤੇ ਕਰਿ ਕੈ ਇਕ ਸਾਰ।
ਸੁੰਦਰ ਕਰਯੋ ਮਹਾਂ ਬਿਸਤਾਰ।
ਰੁਚਿਰ ਬੰਗਲਾ ਤਹਿਂ ਬਨਵਾਇ।
ਸਤਿਗੁਰ ਬੀਚ ਬਿਰਾਜੇ ਜਾਇ ॥੪॥
ਦ੍ਰਿਸ਼ਟਿ ਦੂਰ ਲਗਿ ਦੌਰਹਿ ਜਹਾਂ[1]।
ਜਲ ਕੀ ਸੈਲ ਬੈਠਿਬੇ ਤਹਾਂ[1]।
ਦੂਰ ਦੂਰ ਲਗਿ ਤੀਰ ਤਿਸੀ ਕੇ।
ਲਸ਼ਕਰ ਡੇਰਾ ਕੀਨਸਿ ਨੀਕੇ ॥੫॥
ਲਗੀ ਤੁਰੰਗਨਿ ਲੈਨ ਬਡੇਰੀ।
ਬ੍ਰਿੰਦ ਮਤੰਗ ਖਰੇ ਪਗ ਬੇਰੀ[1]।
ਜਹਾਂ ਕਹਾਂ ਤੰਬੂ ਲਗਵਾਏ।
ਖਰੇ ਸੇਤ[1] ਦੀਖਹਿਂ ਸਮੁਦਾਏ ॥੬॥
ਤੋਪਨਿ ਕੀ ਪੰਗਤਿ ਕਰਿ ਖਰੀ।
ਪਰਲੇ ਪਾਰ ਕੂਲ ਮੁਖ ਕਰੀ[1]।
ਤੁਪਕ ਜਮੂਰੇ ਗਨ ਚਲਵਾਏ।

[1]ਚਾਰ ਕੋਹ ਤਕ ਚੌੜਾ।

[†]ਪਾ:-ਬਹੁ ਨਰ ਲਾਇ ਤੁਰਤ ਕਰਵਾਇਆ।

[1]ਦੂਰ ਜਿੱਥੋਂ ਤਕ ਜਾ ਸਕੇ।

[1]ਉਥੇ ਬੈਠਿਆਂ ਜਲ ਦੀ ਸੈਲ ਹੋਵੇ।

[1]ਪੈਰਾਂ ਵਿਚ ਸੰਗਲ।

[1]ਚਿੱਟੇ।

[1]ਦੂਜੇ ਪਾਸੇ ਦੇ ਕੰਢੇ ਵਲ ਮੂੰਹ ਕਰਕੇ ਖੜੀਆਂ ਕੀਤੀਆਂ।

ਪਾਰ ਤੀਰ ਪਰ ਸ਼ਬਦ ਪੁਚਾਏ ॥੭॥
ਨਿਜ ਨਿਜ ਮਿਸਲ[1] ਸਿਵਰ ਸਭਿ ਕਰੇ।
[1]ਆਪੋ ਆਪਣੇ ਜੱਥੇ ਵਿਚ।
ਠੌਰ ਠੌਰ ਤੋਪਨਿ ਮੁਖ ਜਰੇ[1]।
[1]ਤੋਪਾਂ ਦੇ ਮੂੰਹ ਜੜੇ ਭਾਵ ਸਾਮ੍ਹਣੇ ਕੀਤੇ।
ਦੇਸ਼ ਕਾਮਰੂ ਕੋ ਮਹੀਪਾਲਾ।
ਪਠੀ ਸੈਨ ਨਦ ਤੀਰ ਬਿਸਾਲਾ ॥੮॥
ਨਦ ਕੇ ਦੋਨਹੁ ਤਟ ਭਟ ਛਾਏ।
ਬਜਹਿਂ ਦਮਾਮੇ ਪਰਹਿਂ ਸੁਨਾਏ।
ਤੋਪਨਿ ਕੀ ਸ਼ਲਖੈਂ[1] ਚਲਿਵਾਵਤਿ।
[1]ਸ਼ਲਕਾਂ।
ਆਪ ਆਪਨੇ ਓਜ ਦਿਖਾਵਤਿ ॥੯॥
ਅਪਨੇ ਮੰਤ੍ਰੀ ਸਕਲ ਬੁਲਾਏ।
ਮੰਤ੍ਰ ਕਰਤਿ ਭਾ[1] 'ਰਿਪੁ ਚਢਿ ਆਏ।
[1]ਸਲਾਹ ਕੀਤੀ।
ਮਾਨ ਸਿੰਘ ਜੈਸੀ ਇਨ ਸਾਥ।
ਕਰਹੁ ਅਬਹਿ ਹਤਿ ਦਿਹੁ ਨਰ ਨਾਥ ॥੧੦॥
ਜਿਤਨੇ ਮੁੱਖਜ ਚਮੂੰ ਕੇ ਮਾਂਹੀ।
ਪ੍ਰਾਨ ਸਮੇਤ ਤਜਹੁ ਇਨ ਨਾਂਹੀ[1]।
[1]ਇਨ੍ਹਾਂ ਨੂੰ ਜੀਂਵਦੇ ਨਾ ਛੱਡੋ।
ਐਸੀ ਕਰਹੁ ਨ ਹਟਿ ਪੁਨ ਆਵਹਿਂ।
ਅਪਨੇ ਦੇਸ਼ ਰਹੈਂ ਡਰਪਾਵਹਿਂ[1] ॥੧੧॥
[1]ਡਰਕੇ।
ਤੁਰਕੇਸ਼ੁਰ ਕੋ ਲਸ਼ਕਰ ਭਾਰੋ।
ਮੰਤ੍ਰ ਜੰਤ੍ਰ ਕਰਿ ਸਰਬ ਸੰਘਾਰੋ।
ਮਾਨ ਸਿੰਘ ਜਬਿ ਕੋ ਇਤ ਮਾਰਜੋ।
ਨਹਿਂ ਕਿਨਹੂੰ ਆਵਨਿ ਮਨ ਧਾਰਜੋ[1] ॥੧੨॥
[1]ਇਹ ਵਾਕ ਠੀਕ ਨਹੀਂ ਕਿਉਂਕਿ ਮੀਰ ਜੁਮਲਾ ਥੋੜਾ ਹੀ ਚਿਰ ਹੋਇਆ ਕਿ ਇਧਰ ਹਮਲਾ ਆਵਰ ਹੋਇਆ ਸੀ।
ਇਹ ਜੜ ਕੋ ਹਮ ਤੇ ਅਨਜਾਨ[1]?
[1]ਇਹ ਮੂਰਖ ਕੌਣ ਹੈ ਜੋ ਸਾਨੂੰ ਨਹੀਂ ਜਾਣਦਾ।
ਚਢਿ ਆਯੋ ਲੇ ਚਮੂੰ ਮਹਾਨ।
ਨਹਿਂ ਪ੍ਰਭਾਵ ਹਮਰੇ ਕੋ ਜਾਨਾ।
ਕਾਮੱਖਜਾ ਕੋ ਬਡ ਬਰਦਾਨਾ[1] ॥੧੩॥
[1]ਸਾਨੂੰ ਵਰ ਦਿੱਤਾ ਹੋਯਾ ਹੈ।
ਕੋ ਜੀਤਹਿ ਹਮ ਕੋ ਬਰਿਆਈ।
ਪਢਹਿਂ ਮੰਤ੍ਰ ਦੇ ਸ਼ੱਤ੍ਰ ਖਪਾਈ।'
ਇਮ ਕਹਿ ਰਚੇ ਉਪਾਇ ਬਿਸਾਲਾ।
ਅਰੁ ਦ੍ਰਿੜ ਕਰੀ ਚਮੂੰ ਤਤਕਾਲਾ ॥੧੪॥
ਦੋਹਰਾ:

ਇਤ ਲਸ਼ਕਰ ਪਤਿਸ਼ਾਹੁ ਕੇ, ਆਇ ਪਰੇ ਸਮੁਦਾਇ।
ਥਲ ਨੀਵੇਂ ਜਹਿਂ ਕੂਲ ਪਰ, ਡੇਰੇ ਦਿਯੇ ਲਗਾਇ ॥੧੫॥

ਚੌਪਈ:

ਇਕ ਦੁਇ ਦਿਨ ਜਬਿ ਬੀਤ ਗਏ ਹੈਂ।
ਮਹਾਂ ਮੰਤ੍ਰ ਕੋ ਕਰਤਿ ਭਏ ਹੈਂ।
'ਆਜ ਰਾਤ ਕੋ ਨਦ ਉਲਟਾਵਹੁ।
ਸਭਿ ਲਸ਼ਕਰ ਕੇ ਊਪਰ ਪਾਵਹੁ ॥੧੬॥
ਸਭਿ ਕੋ ਹਤਿ ਹੁਇ ਜਾਹਿ ਸੁਖਾਰੇ।
ਮਰਹਿਂ ਡੂਬ ਕਰਿ ਨੀਰ ਮਝਾਰੇ।
ਬਹੁ ਮਰਿ ਜਾਹਿਂ ਰਹਹਿਂ ਕੁਛ ਥੋਰੇ।
ਡਰ ਉਰ ਧਰਿ ਭਾਗਹਿਂ ਘਰ ਓਰੇ' ॥੧੭॥
ਇਹ ਮਸਲਤ ਜਬਿ ਦਿਨ ਮਹਿਂ ਕੀਨਸਿ।
ਗੁਰ ਅੰਤਰਜਾਮੀ ਸਭਿ ਚੀਨਸਿ।
ਕਰਯੋ ਬਿਚਾਰਨਿ -ਇਨ ਹੁਇ ਮਰਨਾ।
ਬਿਸ਼ਨ ਸਿੰਘ ਆਯੋ ਮਮ ਸ਼ਰਨਾ ॥੧੮॥
ਬਾਂਹਿ ਗਹੇ ਕੀ ਹਮ ਕੋ ਲਾਜ।
ਹਮਰੇ ਜੋਰ ਕਰਯੋ ਚਹਿ ਕਾਜ।
ਜੇ ਨ ਕਰਹਿਂ ਇਸ ਛਿਨ ਰਖਵਾਰੀ।
ਨਹਿਂ ਉਬਰੈ ਮ੍ਰਿਤੁ ਹੁਇ, ਕੈ ਹਾਰੀ[1]†- ॥੧੯॥
ਸਿੱਖਜਨਿ ਬਤਸਲ ਬਿਰਦ ਸੰਭਾਰਾ।
ਨਿਕਟਿ ਆਪਨੋ ਦਾਸ ਹਕਾਰਾ।
ਕਹਯੋ ਕਿ 'ਬਿਸ਼ਨ ਸਿੰਘ ਪਹਿ ਜਾਵਹੁ।
ਹਮਰੇ ਭਾਖੇ ਬਾਕ ਸੁਨਾਵਹੁ ॥੨੦॥
-ਨੀਚੇ ਥਲ ਡੇਰਾ ਉਠਵਾਵਹੁ।
ਹੇਰਿ ਹੇਰਿ ਊਚੇ ਥਲ ਪਾਵਹੁ।
ਦਿਵਸ ਜਾਮ ਇਕ ਅਬਿ ਹੈ ਰਹਯੋ।
ਤੂਰਨ ਕਰਹੁ ਹਮਾਰੋ ਕਹਯੋ ॥੨੧॥
ਨਿੰਮ੍ਰਿ ਸਥਾਨ ਨ ਡੇਰੇ ਕਰੀਅਹਿ।

[1]ਬਿਸ਼ਨ ਸਿੰਘ) ਮਰ ਜਾਏ ਜਾਂ ਹਾਰ ਜਾਏਗਾ।
†ਪਾ:-ਹੁਇ ਹੈ ਸਾਰੀ।

ਸੁਧ ਕਰਿ ਸਗਰੀ ਚਮੂੰ ਉਠਰੀਅਹਿ।
ਜੇ ਕਰਿ ਨਿਸ ਮੈਂ ਬਸਹੁ ਤਹਾਂ ਹੀ।
ਅਸ ਨ ਹੋਇ ਡੁਬਿ ਹੋ ਜਲ ਮਾਂਹੀ-'
॥੨੨॥
ਸੇਵਕ ਬਿਸ਼ਨ ਸਿੰਘ ਪਹਿ ਗਯੋ।
ਗੁਰ ਕੋ ਬਾਕ ਸਕਲ ਕਹਿ ਦਯੋ।
ਬਿਸਮਜੋ ਸੁਨਿ, ਨਰ ਬਹੁਤ ਪਠਾਏ।
ਸਭਿ ਉਮਰਾਵਨਿ ਕੋ ਸਮੁਝਾਏ ॥੨੩॥
ਗੁਰ ਕੋ ਬਾਕ -ਉਠਾਵਹੁ ਡੇਰੇ।
ਜਾਇ ਕਰੋ ਊਚੇ ਥਲ ਹੇਰੇ।
ਨਾਂਹਿ ਤ ਐਸੀ ਹੋਇ ਨ ਜਾਇ।
ਜਲ ਨਦ ਕੋ ਦਲ ਦੇਇ ਬਹਾਇ-'
॥੨੪॥
ਹਿੰਦੁਨਿ ਸੁਨਿ ਕੈ ਸ਼ਰਧਾ ਧਾਰੀ।
ਤਤਛਿਨ ਊਚੀ ਠੌਰ ਨਿਹਾਰੀ।
ਤੂਰਨ ਸਿਵਰ ਕਰਜੋ ਤਬਿ ਜਾਈ।
ਅਲਪ ਬਡੀ ਸਭਿ ਵਸਤੁ ਉਠਾਈ
॥੨੫॥
ਸੁਨਜੋਂ ਤੁਰਕ ਗਨ ਮੂਢ ਮਹਾਨੇ।
ਗੁਰ ਕੇ ਬਾਗ ਨ ਸਾਚੇ ਮਾਨੇ।
'ਕਜਾ ਕਾਚੀ ਹਿੰਦੁਨਿ ਮਤਿ ਅਹੈ।
ਬਹਿਕਤਿ ਸਭਿ ਜੈਸੇ ਇਕ ਕਹੈ ॥੨੬॥
ਦੋਇ ਦਿਵਸ ਕੇ ਉਤਰੇ ਇਹਾਂ।
ਕਹੁ ਨੁਕਸਾਨ ਭਯੋ ਕਿਸ ਕਹਾਂ?
ਇਕ ਕੋ ਗੁਰ ਅਪਨੋ ਠਹਿਰਾਯੋ।
ਤਿਸ ਨੇ ਬਹੁ ਰਾਜਾ ਬਹਿਕਾਯੋ ॥੨੭॥
ਹਮ ਤੇ ਜਾਇ ਉਠਾਇ ਨ ਡੇਰਾ।
ਕਰਜੋ ਪ੍ਰਥਮ ਨੀਕੋ ਥਲ ਹੇਰਾ।'
ਇੱਤਜਾਦਿਕ ਬਹੁ ਬਾਕ ਸੁਨਾਵੈਂ।
ਤਰਕਤਿ ਮੂਰਖ ਕਹਿ ਮੁਸਕਾਵੈਂ ॥੨੮॥
ਹਿੰਦੂ ਨ੍ਰਿਪ ਜੇ ਚਮੂੰ ਸਮੇਤ।
ਗੁਰ ਬਚ ਪਰ ਨਿਸ਼ਚੈ ਲਖਿ ਭੇਤ[1]।

[1]ਭੇਤ ਜਾਣਕੇ।

ਸਭਿਹਿਨਿ ਡੇਰੇ ਦੂਰ ਉਠਾਏ।
ਉਚੀ ਠੌਰ ਹੇਰਿ ਕਰਿ ਛਾਏ ॥੨੯॥
ਜਿਸ ਦਿਸ਼ਿ ਸਤਿਗੁਰੁ ਤਹਾਂ ਕਰੇ ਹੈਂ।
ਨਿਜ ਸੁਖ ਹਿਤ ਉਰ ਭਾਉ ਧਰੇ ਹੈਂ।
ਸੂਰਜ ਅਸਤ ਭਯੋ ਅੰਧਕਾਰਾ।
ਤੁਰਕ ਨਿਸਾ ਮਹੁਂ ਬਿਨਾ ਸੰਭਾਰਾ
॥੩੦॥
ਦੇਸ਼ ਕਾਮਰੂ ਕੇ ਨਰ ਆਏ।
ਮੰਤ੍ਰ ਸਾਧਿ ਕੇ ਸਭਿ ਬਿਧਿ ਲਜਾਏ।
ਕਰਜੋ ਉਚਾਰਨਿ ਕੋ ਜਿਸ ਕਾਲਾ।
ਢੋਲਕ ਡਮਰੂ ਬਜਾਇ ਬਿਸਾਲਾ ॥੩੧॥
ਬਲੀ ਦਈ ਤੇ ਅਟਕ ਪ੍ਰਵਾਹੂ[1]।
ਉਛਲਿ ਬਹਜੋ ਲਸ਼ਕਰ ਕੇ ਮਾਂਹੂ।
ਉਲਟਜੋ ਜਲ ਕੋ ਬੇਗ ਬਿਸਾਲਾ।
ਬਹੇ ਤੁਰਕ ਜੁਤਿ ਆਯੁਧ ਜਾਲਾ ॥੩੨॥
ਕੇਤਿਕ ਤੁਰਤ ਬੂਡਿ ਮਰਿ ਗਏ।
ਕੋ ਤਰ ਕਰਿ ਉਚੇ ਥਲ ਥਏ।
ਰਣ ਸਾਮਿੱਗ੍ਰੀ ਅਧਿਕ ਬਹਾਈ।
ਰੌਰਾ ਪਰਜੋ ਬੋਲਿ ਸਮੁਦਾਈ ॥੩੩॥
ਕੋ ਭ੍ਰਾਤਾ ਕੋ ਭ੍ਰਾਤ ਬੁਲਾਵੈ।
ਕੋ ਕਿਤ ਥਿਰਜੋ ਬਹਜੋ ਕੋ ਜਾਵੈ।
ਜ਼ੀਨ ਤੁਰੰਗਨਿ ਕੇ ਬਹਿ ਗਏ।
ਖੜਕ ਸਿਪਰ ਨਹਿਂ ਦੇਖਤਿ ਭਏ ॥੩੪॥
ਸ਼ਸਤ੍ਰ ਬਸਤ੍ਰ ਕਿਸ ਕੀ ਸੁਧ ਨਾਂਹੀ।
ਕੋ ਕੋ ਬਚੇ ਬਹੇ ਕੋ ਮਾਂਹੀ[1]।
ਹਾਹਾਕਾਰ ਸਭਿਨਿ ਮਹਿਂ ਭਯੋ।
ਮਹਾਂ ਤ੍ਰਾਸ ਦਲ ਕੋ ਉਪਜਯੋ ॥੩੫॥
ਸੁਨਿ ਭੈ ਕਰਿ ਰਾਜਾ ਉਠਿ ਧਾਯੋ।
ਸ਼੍ਰੀ ਸਤਿਗੁਰ ਕੀ ਸ਼ਰਨੀ ਆਯੋ।
'ਤ੍ਰਾਹ ਤ੍ਰਾਹ' ਕਰਿ ਕੈ ਬਿਕੁਲਾਇਵ।
'ਰਾਖਹੁ ਪ੍ਰਭੁ ਦਲ ਜਲਹਿ ਬਹਾਇਵ'
॥੩੬॥

[1]ਅਟਕਿਆ ਪ੍ਰਵਾਹ।

[1]ਵਿੱਚ (ਹੜ੍ਹ ਦੇ) ਰੁੜ ਗਏ।

ਸ਼੍ਰੀ ਗੁਰ ਕਹਯੋ 'ਪ੍ਰਥਮ ਸੁਧਿ ਕਰੀ।
ਕਯੋਂ ਸੈਨਾ ਨੀਚੇ ਥਲ ਪਰੀ?
ਊਚੇ ਥਲ ਜਲ ਜਾਇ ਨ ਕੈਸੇ।
ਤਿਨ ਕੋ ਮੰਤ੍ਰ ਨਿਫਲ ਹ੍ਵੈ ਐਸੇ ॥੩੭॥
ਅਬਿ ਨਹਿਂ ਉਲਟਹਿ ਨਦ, ਹਟਿ ਰਹੈ[1]।
ਬਹੇ ਸੁ ਬਹੇ ਅਬਹਿ ਨਹਿਂ ਬਹੈਂ[1]।'
ਗੁਰ ਬਚ ਤੇ ਹਟਿ ਕੈ ਦਰੀਆਉ।
ਥ੍ਰਿਯੋ ਜਾਇ ਨਿਜ ਸਹਿਜ ਸੁਭਾਉ ॥੩੮॥
ਨੀਠ ਨੀਠ ਹੋਈ ਭੁਨਸਾਰ।
ਸਭਿ ਉਮਰਾਵ ਮਹਾਂ ਡਰ ਧਾਰਿ।
ਬਿਸ਼ਨ ਸਿੰਘ ਕੇ ਢਿਗ ਚਲਿ ਆਏ।
ਜਾਮਨਿ ਕੋ ਬਿਰਤਾਂਤ ਸੁਨਾਏ ॥੩੯॥
'ਦੇਸ਼ ਕਾਮਰੂ ਸਾਧਹਿਂ ਕੈਸੇ।
ਮੰਤ੍ਰਨਿ ਸ਼ਕਤਿ ਧਰਤਿ ਜੇ ਐਸੇ।
ਹਥਿਆਰਨਿ ਕੀ ਨਹੀਂ ਲਰਾਈ।
ਕਹਾਂ ਕਰਹਿਂ ਇਹ ਚਮੂੰ ਪਲਾਈ' ॥੪੦॥
ਨ੍ਰਿਪ ਲੈ ਕੇ ਉਮਰਾਵਨਿ ਸਾਥ।
ਆਯੋ ਜਹਿਂ ਬੈਠੇ ਗੁਰਨਾਥ।
ਚਿੰਤਾ ਮਹਿਦ ਧੀਰ ਉਰ ਟਾਰੀ।
'ਕਯਾ ਅਬਿ ਕਰਹਿਂ' ਸਲਾਹ ਬਿਚਾਰੀ ॥੪੧॥
ਕਰਿ ਬੰਦਨ ਸਭਿ ਹੀ ਢਿਗ ਬੈਸੇ।
ਨਿਸਾ ਬ੍ਰਿਤੰਤ ਭਨਯੋ ਭਾ ਜੈਸੇ।
'ਸ਼੍ਰੀ ਪ੍ਰਭੁ ਕਿਮ ਇਹ ਜੀਤੇ ਜਾਇਂ?
ਜਿਨ ਪਰ ਬਲ ਕੋ ਬਸ ਨ ਬਸਾਇ' ॥੪੨॥
ਸੁਨਿ ਸ਼੍ਰੀ ਤੇਗ ਬਹਾਦਰ ਕਰਯੋ।
'ਤੁਮਰੋ ਕਾਜ ਕਰਨਿ ਮੈਂ ਚਹਯੋ।
ਦ੍ਰਿਢ ਚਿਤ ਰਾਖਹੁ ਗਿਨਤੀ ਤਯਾਗਹੁ।
ਮੋਹਿ ਬਚਨ ਪਰ ਮਨ ਅਨੁਰਾਗਹੁ

[1]ਹੁਣ ਦਰਯਾ ਨਹੀਂ ਉਲਟੇਗਾ ਹਟ ਜਾਵੇਗਾ।
[1]ਜੋ ਰੁੜ੍ਹ ਗਏ ਉਹ ਰੁੜ੍ਹ ਗਏ ਹੁਣ ਨਹੀਂ ਰੁੜ੍ਹਨਗੇ।

॥ ੪੩ ॥
ਚਲੋ ਕਹੇ ਪਰ ਸੰਸੈ ਛੋਰਿ।
ਸਿੱਧ ਕਰੌਂ ਮੈਂ ਕਾਰਜ ਤੋਰ।
ਮੋਹਿ ਭਰੋਸੇ ਸਭਿ ਚਲਿ ਆਏ।
ਮੰਤ੍ਰ ਜੰਤ੍ਰ ਇਤਿ ਹੈਂ ਸਮੁਦਾਏ[1] ॥ ੪੪ ॥
ਮਾਨਹੁਂ ਕਹੇ ਬਿਘਨ ਨਹਿਂ ਹੋਇ।
ਫਤੇ ਸੁ ਦੇਸ਼ ਕਾਮਰੂ ਜੋਇ।'
ਇੱਤਜਾਦਿਕ ਕਹਿ ਧੀਰਜ ਦੀਨਿ।
ਪੁਨ ਉਤਸਾਹੁ ਭੂਪ ਸੁਨਿ ਕੀਨਿ ॥ ੪੫ ॥

[1]ਇਸ ਤਰਫ ਬਹੁਤ ਮੰਤ੍ਰ ਜੰਤ੍ਰ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਾਮਰੂ ਦੇਸ਼' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

## ੭. [ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖ੍ਯਾ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਸੁਨਿ ਸਤਿਗੁਰ ਕੋ ਬਚਨ ਕੇ,
ਧਰੀ ਧੀਰ ਮਹਿਪਾਲ।
ਹਾਥ ਜੋਰਿ ਮਨ ਦੀਨ ਹ੍ਵੈ,
ਕੀਰਤਿ ਕਰਤਿ ਰਸਾਲ ॥੧॥

ਚੌਪਈ:

'ਹੇ ਪ੍ਰਭੁ ! ਅਸ ਕਾਰਜ ਨਹਿਂ ਕੋਈ।
ਰਾਵਰਿ ਸ਼ਰਨ ਪਰੇ ਨਹਿ ਹੋਈ।
ਮੋ ਕਹੁ ਪ੍ਰਾਨ ਦਾਨ ਤੁਮ ਦੈਹੋ।
ਦੇਸ਼ ਕਾਮਰੂ ਸਰ ਕਰਿ ਲੈਹੋ ॥੨॥
ਨਾਂਹਿ ਤ ਮੇਰੋ ਹੋਤਿ ਬਿਨਾਸ਼ਾ।
ਨਹਿਂ ਮੈਂ ਜੀਵਨ ਕੀ ਕਰਿ ਆਸਾ।
ਸੁਨਿ ਬਹੁਤਨਿ ਤੇ ਸੁਜਸੁ ਮਹਾਨਾ।
ਸ਼ਰਨ ਪਰਜੋ ਤਜਿ ਕਰਿ ਮਨ ਮਾਨਾ' ॥੩॥
ਤਿਸ ਦਿਨ ਤੇ ਪਾਛੈ ਬਡ ਛੋਟੇ।
ਮਾਨਹਿਂ ਗੁਰ ਬਚ ਕਬਹੁਂ ਨ ਹੋਟੇ।
ਦੋਨਹੁਂ ਕੂਲਨ ਪਰ ਦ੍ਵੈ ਡੇਰੇ।
ਪਰੇ ਰਹੈਂ ਪੁਨ ਕਾਲ ਬਡੇਰੇ ॥੪॥
ਮੰਤ੍ਰ ਜੰਤ੍ਰ ਪ੍ਰੇਤਨਿ ਕੇ ਕਰੈਂ।
ਅਪਰ ਅਨੇਕ ਭਾਂਤਿ ਕੇ ਰਰੈਂ।
ਬਿਸ਼ਨ ਸਿੰਘ ਕੇ ਮਾਰਨਿ ਕਾਰਨ।
ਅਨਿਕ ਪ੍ਰਕਾਰਨਿ ਕੇ ਉਪਚਾਰਨਿ[1] ॥੫॥
ਬਹੁ ਭੁਪਤਿ ਕੇ ਨਿਕਟਿ ਪਠਾਵੈਂ।
ਸਤਿਗੁਰ ਦੇ ਕਰਿ ਹਾਥ ਬਚਾਵੈਂ।
ਜੰਤ੍ਰ ਮੰਤ੍ਰ ਕੋ ਨਹਿਂ ਬਲ ਚਲੈ।
ਜੋ ਅਜ਼ਮਤਿਵੰਤਨਿ ਕੋ ਗਿਲੇ[1] ॥੬॥
ਮਹਾਂ ਪ੍ਰਬਲ ਜੋ ਫਿਰਹਿ ਨ ਫੇਰੇ।
ਜਿਸ ਤੇ ਨਾਸਹਿਂ ਬਲੀ ਬਡੇਰੇ।

[1]ਯਤਨਾਂ ਨੂੰ।

[1]ਜੋ ਕਰਾਮਾਤ ਵਾਲਿਆਂ ਨੂੰ ਬੀ ਖਾ ਜਾਣ, ਨਿਗਲ ਜਾਣ।

ਕਰਤੇ ਆਧਿ ਰੁ ਬਜਾਧਿ ਉਪਾਧਾ।
ਬੈਠਿ ਬੈਠਿ ਦਿਨ ਕੇਤਿਕ ਸਾਧਾ ॥੭॥
ਨ੍ਰਿਪ ਕੋ ਰੋਮ ਨ ਬਾਂਕੋ ਹੋਵਾ।
ਕਿਸੂ ਮੰਤ੍ਰ ਕੋ ਸੇਕ ਨ ਜੋਵਾ[1]।
ਕਿਤਿਕ ਮੰਤ੍ਰ ਨਰ ਬਾਵਰ ਕਰੈਂ।
ਤਨ ਆਦਿਕ ਸੁਧਿ ਸਗਰੀ ਹਰੈਂ ॥੮॥
ਕਿਤਿਕ ਅੰਗ ਕੋ ਜੁਦਾ ਕਰੰਤੇ।
ਕੋ ਸਥੰਭ ਕੋ ਦੇਹਿ ਧਰੰਤੇ[1]।
ਕੇਤਿਕ ਤਨ ਕੋ ਦੇਂ ਪਲਟਾਈ।
ਮਾਨੁਖ ਤੇ ਕੁਛ ਔਰ ਬਨਾਈ ॥੯॥
ਕੇਤਿਕ ਜਿਹਵਾ ਠਾਕਤਿ[1] ਐਸੇ।
ਬਾਕ ਨ ਉਚਰਜੋ ਜਾਵਹਿ ਕੈਸੇ।
ਕੇਤਿਕ ਬਲ ਹਰਤਾ ਸਭਿ ਕੇਰਾ।
ਕਹਿ ਲਗਿ ਕਹੌਂ ਤਿਨਹੁ ਕੋ ਝੇਰਾ ॥੧੦॥
ਕੋ ਤਤਕਾਲ ਬਿਨਾਸ਼ਹਿਂ ਪ੍ਰਾਨ।
ਫੁਰਜੋ ਨ ਏਕ ਨ੍ਰਿਪਤਿ ਪੈ ਆਨਿ।
ਜਿਸ ਕੇ ਸਤਿਗੁਰ ਰੱਛਕ ਹੋਇਂ।
ਤੀਨ ਲੋਕ ਮਹਿ ਅਸ ਨਹਿਂ ਕੋਇ ॥੧੧॥
ਤਿਸ ਕੋ ਬਿਘਨ ਕਰਹਿ ਜੋ ਜਾਇ।
ਅਪਨੋ ਆਨਿ ਪ੍ਰਭਾਵ ਦਿਖਾਇ।
ਅਨਿਕ ਬਾਰਿ ਬਹੁ ਬਲ ਪਤਿਆਏ।
ਸੋ ਕਰਿ ਕਰਿ ਹਾਰੇ[1] ਸਮੁਦਾਏ ॥੧੨॥
ਚਿੰਤਾ ਭਈ ਕਾਮਰੂ ਦੇਸ਼।
ਨਰ ਅਸ਼ੇਸ਼ ਕੇ ਸਹਤਿ ਨਰੇਸ਼।
ਕਹਾ ਹੋਯਹੁ ਨਹਿਂ ਮੰਤ੍ਰਨਿ ਸ਼ਕਤਿ।
ਕਰਿ ਕਰਿ ਹਾਰੇ ਸਗਰੀ ਜੁਗਤਿ ॥੧੩॥
ਕੌਨ ਬਲੀ ਅਸ ਜਿਸ ਤੇ ਹਾਰੇ?
ਨਹੀਂ ਆਪਨੀ ਸ਼ਕਤਿ ਦਿਖਾਰੇ।
ਕਰਿ ਨ ਸਕਹਿਂ ਕਾਰਜ ਸਿਧ ਕੋਈ।
ਬਲਿ ਜੁਤਿ ਪੂਜੇ ਨਿਸ਼ਫਲ ਸੋਈ[1] ॥੧੪॥
ਬਹੁਰ ਉਪਾਉ ਔਰ ਤਬਿ ਕਰੇ।

[1]ਆਂਚ ਨਾ ਲੱਗੀ ਭਾਵ ਥੋੜਾ ਜਿਹਾ ਦੁੱਖ ਵੀ ਨਾ ਹੋਇਆ।

[1]ਕੋਈ (ਮੰਤ੍ਰ) ਦੇਹ ਨੂੰ ਥੰਮੇ ਵਾਂਙੂ ਜੜ੍ਹ ਕਰ ਦਿੰਦਾ ਹੈ।

[1]ਰੋਕ ਦਿੰਦੇ।

[1]ਜਿਸ ਤੋਂ (ਸਾਡੇ ਮੰਤ੍ਰ) ਹਾਰ ਗਏ ਹਨ।

[1]ਬਲੀਆਂ ਦੇਕੇ ਪੂਜੇ ਹੋਏ (ਸਾਡੇ ਮੰਤ੍ਰ) ਨਿਸ਼ਫਲ ਹੋ ਗਏ।

ਇਸਤ੍ਰੀ ਗਨ ਜੇ ਮੰਤ੍ਰਨਿ ਧਰੇ।
ਤਿਨ ਸਭਿ ਕੋ ਨ੍ਰਿਪ ਨਿਕਟਿ ਬੁਲਾਇ।
ਕਹ੍ਯੋ ਦਰਬ ਦੇ ਕਰਿ ਸਮੁਦਾਇ ॥੧੫॥
'ਤੁਮ ਇਕੱਤ੍ਰ ਹੁਇ ਸਗਰੀ ਜਾਵਹੁ।
ਨਿਜ ਮੰਤ੍ਰਨਿ ਕੀ ਸ਼ਕਤਿ ਦਿਖਾਵਹੁ।
ਮਰਹਿ ਨਹੀਂ ਤੁਮ ਤੇ ਨਰ ਕੋਈ।
ਤਊ ਦਿਖਾਵਹੁ, ਡਰ ਉਰ ਹੋਈ ॥੧੬॥
ਜਿਸ ਤੇ ਤੁਰਕੇਸ਼ੁਰ ਕੀ ਅਨੀ।
ਜਾਇ ਪਲਾਇ ਤ੍ਰਾਸ ਕਰਿ ਘਨੀ।'
ਸੁਨਤਿ ਜੋਖਤਾ[1] ਹ੍ਵੈ ਕਰਿ ਤਯਾਰ।
ਆਪੋ ਅਪਨੇ ਮੰਤ੍ਰ ਸੰਭਾਰਿ ॥੧੭॥
ਧੋਬਨਿ, ਕੁਮ੍ਹਰੇਰੀ, ਚਮਰੇਰੀ[1]।
ਇੱਤਯਾਦਿਕ ਜਾਤਨਿ ਕੀ ਚੇਰੀ[1]।
ਨ੍ਰਿਪ ਕੇ ਕਹੇ ਸਕਲ ਚਲਿ ਆਈ।
ਕਿਨ ਹੂੰ ਚਢਿ ਕਰਿ ਭੀਤ ਧਵਾਈ ॥੧੮॥
ਕੋ ਬ੍ਰਿੱਛਨਿ ਪਰ ਚਢਿ ਕਰਿ ਚਾਲੀ।
ਛੋਰਤਿ ਮੁਖਤੇ ਅਗਨਿ ਬਿਸਾਲੀ।
ਕੋ ਢੋਲਕ, ਕੋ ਡਮਰੂ ਗਹੀਆ।
ਕੇਹਰਿ ਪਰ ਗਰਜਤਿ ਕੋ ਅਹੀਆ ॥੧੯॥
ਕਿਤਿਕ ਭਯਾਨਕ ਰੂਪ ਦਿਖਾਵੈਂ।
ਕੋ ਸੁੰਦਰ ਬਨਿ ਠਨ ਕਰਿ ਆਵੈਂ।
ਚਲੀ ਆਇੰ ਸਭਿ ਬੀਚ ਅਕਾਸ਼।
ਲਸ਼ਕਰ ਕੋ ਉਪਜਾਵਹਿ ਤ੍ਰਾਸ ॥੨੦॥
ਨਹਿ ਬਸ ਚਲਹਿ ਗਹੀਂ ਨਹਿੰ ਜਾਇੰ।
ਦੇਖਿ ਦੇਖਿ ਕਰਿ ਨਰ ਡਰਪਾਇੰ।
ਬਡ ਅਚਰਜ ਮਾਨਯੋਂ ਸਭਿਹੀਨਿ।
ਉਰ ਉਤਸਾਹੁ ਭਯੋ ਸਭਿ ਛੀਨ ॥੨੧॥
ਬਿਸ਼ਨ ਸਿੰਘ ਨ੍ਰਿਪ ਤਿਯ ਗਨ ਹੇਰੀ।
ਜਿਨ ਮਹੁ ਸ਼ਕਤੀ ਮੰਤ੍ਰਨਿ ਕੇਰੀ।
ਕਹ੍ਯੋ 'ਤਜਹੁ ਤੋਪੈਂ ਸਮੁਦਾਇ।

[1]ਇਸਤ੍ਰੀਆਂ।

[1]ਧੋਬਣਾਂ, ਘੁਮਿਆਰੀਆਂ, ਚਮਿਆਰੀਆਂ।

[1]ਜਾਤਾਂ ਦੀਆਂ ਟਹਿਲਣਾਂ। (ਅ) ਇਸਤ੍ਰੀਆਂ।

ਕਰਹੁ ਪ੍ਰਹਾਰਨਿ ਗੋਰਨਿ ਘਾਇ[1] ॥੨੨॥
ਰਹੈਂ ਦੂਰ ਨਹਿਂ ਨੇਰੈ ਆਵਹਿਂ।
ਮਰਹਿਂ ਜਿ ਇਹ, ਪੁਨ ਸੁਧਿ ਸੋ ਪਾਵਹਿਂ[1]।'
ਤਬਹਿ ਤਜਾਰ ਕਰਿ ਤੋਪਨਿ ਬ੍ਰਿੰਦ।
ਲਗੇ ਚਲਾਵਨਿ ਸ਼ਬਦ ਬਿਲੰਦ ॥੨੩॥
ਜੇਤਿਕ ਗੋਰੇ ਤਿਨ ਪਰ ਮਾਰੇ।
ਪਹੁੰਚੇ ਨਹਿਂ ਸਮੀਪ ਤਿਨ ਸਾਰੇ।
ਕੇਤਿਕ ਅਧ ਮਾਰਗ ਗਿਰ ਪਰੇ।
ਕੇਤਿਕ ਤੋਪਨਿ ਬੀਚਹਿ ਅਰੇ ॥੨੪॥
ਕੇਤਿਕ ਆਗੈ ਤੇ ਹਟਿ ਆਏ।
ਲਸ਼ਕਰ ਕੇ ਜੋਧਾ ਗਨ ਘਾਏ।
ਤਿਨ ਕੇ ਤੀਰ ਛੁਯੋ ਨਹਿਂ ਗੋਰਾ।
ਸੋ ਪਿਖਿ ਹਸਹਿਂ ਮਚਾਵਤਿ ਸ਼ੋਰਾ ॥੨੫॥
ਨਾਚਤਿ ਫਿਰਿ ਫਿਰਿ ਲੇਤਿ ਭਵਾਰੀ।
ਗਾਵਤਿ ਖੁਸ਼ੀ ਕਰਤਿ ਹੈਂ ਭਾਰੀ।
ਬ੍ਰਹਮਪੁੱਤ੍ਰ ਕੇ ਕਬਿ ਹੁਇ ਉਰੇ।
ਕਬਿ ਦੌਰਤਿ ਗਮਨਤਿ ਹੈਂ ਪਰੇ ॥੨੬॥
ਕੇਤਿਕ ਕੇ ਸਿਰ ਛੂਟੇ ਬਾਰ।
ਬਿਰਧਾ ਮਹਾਂ ਰੂਪ ਬਿਕਰਾਰ।
ਕੇਤਿਕ ਜੁਵਾ ਧਰੇ ਸ਼ਿੰਗਾਰੇ।
ਕੇਤਿਕ ਮੁਖ ਤੇ ਅਗਨੀ ਡਾਰੇ ॥੨੭॥
ਲਸ਼ਕਰ ਊਪਰ ਕੋ ਫਿਰਿ ਗਈ।
'ਭੱਛਹੁ ਇਨਹਿਂ' ਪੁਕਾਰਤਿ ਭਈ।
ਇਸ ਪ੍ਰਕਾਰ ਜਬਿ ਦੇਖਨਿ ਕਿਯੋ।
ਬਿਸ਼ਨ ਸਿੰਘ ਰਾਜਾ ਬਿਸਮਯੋ ॥੨੮॥
-ਇਨ ਪਰ ਨਹਿਂ ਕੁਛ ਜਤਨ ਹਮਾਰੋ।
ਮੰਤ੍ਰਨਿ ਬਲ ਤੇ ਕਰਹਿਂ ਸੰਘਾਰੋ।
ਮਾਨ ਸਿੰਘ ਨ੍ਰਿਪ ਮੋਹਿ ਪਿਤਾਮਾ।
ਇਮ ਹੀ ਕਰਿ ਭੇਜਜੋ ਜਮ ਧਾਮਾ ॥੨੯॥

[1]ਗੋਲੇ ਮਾਰ ਕੇ।

[1]ਫਿਰ ਰਾਜੇ ਨੂੰ ਖ਼ਬਰ ਲੱਗੇਗੀ।

ਬਿਜੈ ਆਸ ਅਬਿ ਕੈਸੇ ਕਰੌਂ।
ਹੈ ਇਕ ਜਤਨ ਸ਼ਰਨ ਗੁਰ ਪਰੌਂ-।
ਕੌਤਕ ਗਨ ਇਸਤ੍ਰੀਨਿ ਵਿਸ਼ੇਖਾ।
ਕੇਤਿਕ ਦਿਨ ਬਿਸਮਤਿ ਨੇ ਦੇਖਾ ॥੩੦॥
ਹਯ ਅਰੂਢ ਕਰਿ ਤਬਿ ਮਹਿਪਾਲਾ।
ਸ਼੍ਰੀ ਸਤਿਗੁਰ ਮਿਲਿਬੇ ਕੋ ਚਾਲਾ।
ਊਚੋ ਹੁਤੋ ਦਮਦਮਾਂ ਦੂਰੇ।
ਉਤਰੇ ਰਹੇ ਤਹਾਂ ਗੁਰ ਪੂਰੇ ॥੩੧॥
ਜੋਧਾ ਬ੍ਰਿੰਦ ਸੰਗ ਮਹੁ ਚਾਲੇ।
ਆਵਤਿ ਚਲ੍ਯੋ ਚਿੰਤ ਮਹਿਪਾਲੇ।
ਜਬਿ ਦਮਦਮੇ ਨਿਕਟਿ ਚਲਿ ਆਯਹੁ।
ਅਸੁ ਤੇ ਉਤਰਿ ਸੀਸ ਕੋ ਨ੍ਯਾਯੋ ॥੩੨॥
ਪਾਇਨ ਸੋਂ[1] ਊਪਰ ਚਲਿ ਗਯੋ।
ਬੈਠੇ ਸਤਿਗੁਰੁ ਦੇਖਤਿ ਭਯੋ।
ਧਾਇ ਉਤਾਇਲ ਚਰਨਨਿ ਪਰ੍ਯੋ।
ਕਰਿ ਬੰਦਨ ਕੋ ਆਗੈ ਥਿਰ੍ਯੋ ॥੩੩॥
ਖੜਗ ਸਿਪਰ ਜਿਸ ਕੇ ਲਗਿ ਰਹੀ।
ਕੰਚਨ ਖਚਤਿ ਮੁਸ਼ਟ ਜਿਸ ਅਹੀ।
ਜਰੇ ਬੱਜ੍ਰ ਕੰਕਨ ਕਰ ਧਰੇ[1]।
ਕੁੰਡਲ ਕਰਨਨਿ ਮੁਕਤਾ ਧਰੇ[1] ॥੩੪॥
ਜਿਗਾ ਪਾਗ ਪਰ ਦਮਕਤਿ ਦੀਸਿ[1]।
ਅਰੁ ਉਤੰਗ ਕਲ਼ਗੀ ਸ਼ੁਭ ਸੀਸ।
ਬਸਤ ਸ਼ਸਤ੍ਰ ਬਹੁ ਮੋਲੇ ਧਰੇ।
ਸਤਿਗੁਰੁ ਸਨਮੁਖ ਬੈਠਿਬ ਕਰੇ ॥੩੫॥
ਸੇਤ ਬਸਤ੍ਰ ਗੁਰ ਕੇ ਗਰ ਜਾਮਾ।
ਬਹੁ ਸੂਖਮ ਸ਼ੋਭਤਿ ਅਭਿਰਾਮਾ।
ਧਨੁਖ ਬਾਨ ਆਗੇ ਬਡ ਧਰ੍ਯੋ।
ਸੁੰਦਰ ਚਮਰ ਸੀਸ ਪਰ ਢੁਰ੍ਯੋ ॥੩੬॥
ਭਰੇ ਕ੍ਰਿਪਾ ਸੋਂ ਨੈਨ ਰਸੀਲੇ।
ਬ੍ਰਹਮ ਗ੍ਯਾਨ ਉਰ ਮਹਾਂ ਗਹੀਲੇ।
ਸ਼ਰਨ ਪਰਹਿ ਜੋ ਸ਼ਰਧਾ ਠਾਨੀ।

[1]ਪੈਦਲ।

[1]ਹੀਰੇ ਜੜੇ ਕੜੇ ਹੱਥਾਂ ਵਿਚ ਪਏ ਹਨ।

[1]ਕੰਨਾਂ ਵਿਚ ਮੋਤੀਆਂ ਵਾਲੇ ਕੁੰਡਲ ਪਾਏ ਹੋਏ ਹਨ।

[1]ਦਿੱਸਦੀ ਹੈ।

ਦੋਨਹੁਂ ਲੋਕਨਿ ਕੋ ਸੁਖਦਾਨੀ ॥੩੭॥
ਮੁਸਕਾਵਤਿ ਮੁਖ ਬਾਕ ਉਚਾਰੇ।
'ਬਿਸ਼ਨ ਸਿੰਘ! ਕਹੁ ਕੁਸ਼ਲ ਤੁਮਾਰੇ?'
ਹਾਥ ਜੋਰਿ ਬੋਲ੍ਯੋ ਨ੍ਰਿਪ ਕਾਰੀ।
'ਪ੍ਰਭੁ ਜੀ! ਸਭਿ ਸੁਖ ਕ੍ਰਿਪਾ ਤੁਮਾਰੀ ॥੩੮॥
ਦੇਸ਼ ਕਾਮਰੂ ਮੰਤ੍ਰ ਕਰਾਲਾ।
ਦੇਖਿ ਦੇਖਿ ਮਨ ਬਿਸਮ ਬਿਸਾਲਾ।
ਇਸਤ੍ਰੀ ਗਨ ਲਸ਼ਕਰ ਢਿਗ ਆਵਤਿ।
ਕਰਿ ਟਾਮਨ ਕੋ ਭਟਨਿ ਡਰਾਵਤਿ ॥੩੯॥
ਸਭਿਹਿਨਿ ਕੇ ਉਰ ਧੀਰਜ ਹਾਰੀ।
ਤਿਨ ਪਰ ਚਲਤਿ ਨ ਕੋ ਉਪਚਾਰੀ।
ਤੋਪ ਤੁਪਕ ਜੰਜੈਲ ਚਲਾਵੈਂ।
ਉਲਟਿ ਆਇ ਹਮਰੇ ਭਟ ਘਾਵੈਂ ॥੪੦॥
ਬ੍ਰਿੱਛ ਉਡਾਵਤਿ ਭੀਤ ਭਜਾਵੈਂ।
ਮੁਖ ਤੇ ਅਗਨਿ ਲਾਟ ਨਿਕਸਾਵੈਂ।
ਗਹੀ ਨ ਜਾਇਂ ਨਿਕਟਿ ਨਹਿਂ ਆਵੈਂ।
ਲਸ਼ਕਰ ਕੇ ਊਪਰਿ ਫਿਰਿ ਜਾਵੈਂ ॥੪੧॥
ਸਭਿ ਜੋਧਾ ਬਿਸਮਤਿ ਚਿਤ ਹੋਇ।
ਡਰਤਿ ਰਹਤਿ ਬਸ ਚਲਤਿ ਨ ਕੋਇ।
ਮੈਂ ਤੁਮਰੇ ਪਰ ਕਰਿ ਬਿਸਵਾਸ।
ਚਢਿ ਆਯਹੁ ਧਰਿ ਚਰਨਨਿ ਆਸ ॥੪੨॥
ਨਾਂਹਿ ਤ ਮੋ ਤੇ ਕਿਮ ਬਨਿ ਆਵਹਿ।
ਮਾਨ ਸਿੰਘ ਸੇ ਜਹਿਂ ਪਚ[1†] ਜਾਵਹਿਂ।
ਕਾਰਜ ਕਰਨ ਬਨਹਿ[†] ਅਬਿ ਕੈਸੇ?
ਨਿਕਟਿ ਆਪ ਕੇ ਬੂਝੌਂ ਤੈਸੇ ॥੪੩॥
ਚਿਰੰਕਾਲ ਬੀਤਾ ਇਤ ਆਏ।
ਡੇਰਾ ਬ੍ਰਹਮ ਪੁੱਤ੍ਰ ਤਟ ਛਾਏ।
ਤਿਨ ਪਰ ਜੋਰ ਪਰ੍ਯੋ ਨਹਿਂ ਕੋਊ।
ਪ੍ਰਭੁ ਜੀ ਮਿਲਹਿ ਆਇ ਕਿਮ ਸੋਊ

[1]ਭਾਵ-....... ਵਰਗੇ ਜਿੱਥੇ ਮਰ ਜਾਂਦੇ ਹਨ। [†]ਪਾ:-ਮਰ।
[†]ਪਾ:-ਕਾਰਜ ਕਰਨ ਕਰਹਿ।

॥੪੪॥
ਨਿਸ ਦਿਨ ਇਹ ਚਿੰਤਾ ਚਿਤ ਮੇਰੇ।
-ਸਾਧੌਂ ਦੇਸ਼- ਉਪਾਇ ਨ ਹੇਰੇ।
ਏਕ ਜਤਨ ਮੈਂ ਦ੍ਰਿਢ ਕਰਿ ਰਾਖ੍ਯੋ।
ਰਾਵਰਿ ਚਰਨ ਸ਼ਰਨ ਅਭਿਲਾਖ੍ਯੋ
॥੪੫॥
ਬਾਂਹਿ ਗਹੇ ਕੀ ਲਾਜ ਬਿਚਾਰੋ।
ਚਿੰਤਾ ਸਲਿਤਾ ਪਾਰ ਉਤਾਰੋ।'
ਸੁਨਿ ਕਰਿ ਸਤਿਗੁਰ ਨ੍ਰਿਪ ਬਚ ਭੀਰੁ[1]।
ਸ਼੍ਰੀ ਮੁਖ ਤੇ ਕਹਿ ਦੀਨਸਿ ਧੀਰ ॥੪੬॥

[1]ਕਾਇਰਤਾ ਦੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਾਮਰੂ ਦੇਸ਼' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਆਸਾਮ ਪਤੀ ਦੀ ਜੰਗ ਹਿਤ ਤਿਆਰੀ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਬਿਸ਼ਨ ਸਿੰਘ ਤੇ ਸੁਨਿ ਗੁਰੂ, ਸ਼੍ਰੀ ਮੁਖ ਤੇ ਫੁਰਮਾਇ।
'ਮਤ ਚਿੰਤਾ ਚਿਤ ਕੀਜੀਏ, ਹੁਇ ਰਘਬੀਰ[1] ਸਹਾਇ ॥੧॥

[1]ਪਰਮੇਸਰ।

ਚੌਪਈ:

ਨਹੀਂ ਮਾਨ ਤੇ ਜੋ ਬਨਿ ਆਯੋ[1]।

[1]ਜੋ ਮਾਨ ਸਿੰਘ ਤੋਂ (ਕੰਮ) ਸਿਰੇ ਨਹੀਂ ਚੜ੍ਹ ਸਕਿਆ।

ਮਹਾਂ ਕਠਨ ਹੈ ਤੋਹਿ ਬਤਾਯੋ[1]।

[1]ਜੋ ਤੂੰ ਦਸਦਾ ਹੈਂ ਕਿ ਕਠਨ ਹੈ।

ਸੋ ਕਾਰਜ ਤੂੰ ਕਰਹਿਂ ਬਨਾਇ।
ਬਿਜੈ ਕਾਮਰੂ ਕੀ ਹੁਇ ਜਾਇ ॥੨॥
ਸ਼੍ਰੀ ਨਾਨਕ ਕੋ ਮਹਿਦ ਪ੍ਰਤਾਪੂ।
ਤਿਸ ਤੇ[1] ਜਸੁ ਲੈਹੈਂ ਬਹੁ ਆਪੂ।

[1]ਤਿਨ੍ਹਾਂ ਗੁਰਾਂ ਦੀ ਕ੍ਰਿਪਾ ਨਾਲ।

ਸੁਖ ਕੇ ਸਹਿਤ ਸਦਨ ਮਹਿਂ ਮਿਲਿ ਹੈਂ।
ਰਹਿ ਕੇਤਿਕ ਦਿਨ ਮਹਿਂ ਪੁਨ ਚਲਿ ਹੈਂ ॥੩॥
ਅਬਿ ਕੇ ਇਸਤ੍ਰੀ ਟਾਮਨ ਹਾਰੀ[1]।

[1]ਟੂਣਿਆਂ ਵਾਲੀਆਂ।

ਜਬਿ ਆਵਹਿਂ ਲਸ਼ਕਰ ਦਿਸ਼ਿ ਸਾਰੀ।
ਤਤਛਿਨ ਸੁਧਿ ਹਮ ਨਿਕਟਿ ਪੁਚਾਵਹੁ।
ਬੇਗ ਤੁਰੰਗ ਸਉਰ ਚਢਾਵਹੁ ॥੪॥
ਹਮ ਦੇਖਹਿਂ ਪੁਨ ਸ਼ਕਤਿ ਨ ਰਹੈ।
ਛੂਛੀ ਹੋਇ ਤਿਸੀ ਥਲ ਬਹੈਂ।
ਰਿਦੈ ਸੰਦੇਹ ਨ ਕੀਜਹਿ ਕਦਾ।
ਧਰਹੁ ਅਨੰਦ ਬਿਲੰਦੈ ਸਦਾ' ॥੫॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਬਹਜੋ ਪ੍ਰਵਾਹ ਤਰੀ ਜਨੁ ਪਾਏ[1]।

[1]ਜਿਵੇਂ ਰੁੜ੍ਹਦੇ ਨੂੰ ਬੇੜੀ ਮਿਲ ਜਾਵੇ।

ਹਰਖ ਭਰਜੋ ਉਰ ਭੂਪ ਉਦਾਰੇ।
ਮਨਹੁਂ ਕਲਪਤਰੁ ਲਹਜੋ ਸੁਖਾਰੇ ॥੬॥
-ਜਗ ਮਹਿਂ ਸੁਜਸੁ ਮੋਹਿ ਹ੍ਵੈ ਐਸੇ।
ਭੂਪਤਿ ਮਾਨ ਨ ਪਾਯਹੁ ਜੈਸੇ[1]-।

[1]ਜਿਵੇਂ ਮਾਨ ਸਿੰਘ ਨੇ ਬੀ ਨਹੀਂ ਪਾਇਆ ਸੀ।

ਹਾਥ ਜੋਰਿ ਕਰਿ ਪਗ ਪਰ ਨਮੋ।

ਆਇਸੁ ਪਾਇ ਗਯੋ ਤਿਹ ਸਮੋ ॥੭॥
ਸਭਿ ਲਸ਼ਕਰ ਕੋ ਧੀਰਜ ਦੀਨਾ।
'ਰਹੋ ਸੁਚੇਤ ਤ੍ਰਾਸ ਕਰਿ ਛੀਨਾ।
ਇਸਤ੍ਰੀ ਜਬਿ ਆਵਹਿ ਤਬਿ ਦੇਖੋ।
ਤਾਤਕਾਲ ਸੁਧਿ ਦੇਹੁ ਪਰੇਖੋ[1] ॥੮॥ [1]ਪਰਖ ਕੇ।
ਗਹਹਿਂ ਤਿਨਹੁਂ ਕੋ ਜਾਨਿ ਨ ਦੈਹੈਂ।
ਬਹੁਰ ਕਾਮਰੂ ਪਤਿ[1] ਫਲ ਪੈ ਹੈ।' [1]ਕਾਮ ਰੂਪ ਦੇਸ਼ ਦਾ ਰਾਜਾ।
ਇਮ ਭੂਪਤਿ ਕੀਨਸਿ ਤਕਰਾਈ।
ਏਕ ਜਾਮਨੀ ਜਬਹਿ ਬਿਤਾਈ ॥੯॥
ਭਈ ਪ੍ਰਭਾਤਿ ਚਮੂੰ ਭਟ ਜਾਗੇ।
ਤਿਨ ਇਸਤ੍ਰਿਨਿ ਕੋ ਖੋਜਨਿ ਲਾਗੇ।
ਜਿਸ ਦਿਸ਼ਿ ਤੇ ਆਵਤਿ ਤਿਤ ਹੇਰੈਂ।
ਭਏ ਸੁਚੇਤ ਪਰਸਪਰ ਟੇਰੈਂ ॥੧੦॥
'ਅਬਿ ਕੇ ਗਹਿ ਲੇਵਹਿਂ ਤਿਨ ਕਾਮਨ[1]। [1]ਇਸਤ੍ਰੀਆਂ ਨੂੰ।
ਕਰਤਿ ਅਨੇਕ ਰੀਤਿ ਜੇ ਟਾਮਨ।'
ਇਤਨੇ ਮਹਿਂ ਆਈ ਇਕ ਧੋਬਨ।
ਤਰੁਵਰੁ ਚਢੀ ਚਢਯੋ ਤਨ ਜੋਬਨ ॥੧੧॥
ਤਤਛਿਨ ਇਕ ਚਢਾਇ ਅਸਵਾਰ।
ਤੁਰੰਗ ਧਵਾਇ ਬੇਗ ਬਡ ਧਾਰਿ।
ਸ਼੍ਰੀ ਸਤਿਗੁਰ ਕੋ ਸੁਧਿ ਕਰਿ ਦਈ।
'ਸ਼੍ਰੀ ਪ੍ਰਭੁ ਪਿਖਉ ਤ੍ਰਿਯਾ ਜੋ ਅਈ' ॥੧੨॥
ਨਿਕਸੇ ਵਹਿਰ ਬੰਗਲੇ ਸ੍ਵਾਮੀ।
ਤਿਸ ਦਿਸ਼ਿ ਦ੍ਰਿਸ਼ਟਤਿ[1] ਅੰਤਰਜਾਮੀ। [1]ਦੇਖਿਆ।
ਜਬਹਿ ਡੀਠ ਸਤਿਗੁਰੁ ਕੀ ਪਰੀ।
ਮੰਤ੍ਰ ਸ਼ਕਤਿ ਤ੍ਰਿਯ ਕੀ ਸਭਿ ਹਰੀ ॥੧੩॥
ਨਿਸ਼ਚਲ ਤਰੁਵਰੁ ਤਿਸ ਥਲ ਭਯੋ।
ਸ਼ਕਤਿ ਬਹੀਨ ਉਡ਼ਯੋ ਨਹਿਂ ਗਯੋ।
ਹਾਰ ਰਹੀ ਮੁਖ ਮੰਤ੍ਰ ਉਚਾਰਤਿ।
ਕਛੁ ਨ ਹੋਤਿ ਤ੍ਰਾਸ ਉਰ ਧਾਰਤਿ ॥੧੪॥
ਇਤ ਉਤ ਕਰਤਿ ਬਿਲੋਕਨਿ ਬਵਰੀ[1]। [1]ਬਾਵਰੀ ਹੋਈ।

ਨਹੀਂ ਤਜਤਿ ਤਰੁਵਰੁ ਸੋ ਠਵਰੀ[1]। [1]ਬ੍ਰਿੱਛ ਉਸ ਥਾਂ ਤੋਂ ਹਿੱਲਿਆ ਨਾ।
ਮਹਾਂ ਸਿੱਧ[1] ਕੀ ਦ੍ਰਿਸ਼ਟਿ ਪਰੀ ਹੈ। [1]ਭਾਵ ਗੁਰੂ ਜੀ ਦੀ।
ਜਿਸ ਤੇ ਮੰਤ੍ਰਨਿ ਸ਼ਕਤਿ ਹਰੀ ਹੈ ॥੧੫॥
ਬਹੁ ਲੋਕਨਿ ਤਬਿ ਧਾਇ ਧਰੀ ਹੈ[1]। [1]ਦੌੜ ਕੇ ਪਕੜ ਲਈ।
ਨਿਕਟਿ ਹਕਾਰਨਿ ਗੁਰੂ ਕਰੀ ਹੈ।
ਗਹਿ ਆਨੀ ਉਰ ਅਧਿਕ ਡਰੀ ਹੈ।
ਹੇਰਿ ਰੂਪ ਕੋ ਪਾਇੰ ਪਰੀ ਹੈ[1] ॥੧੬॥ [1]ਗੁਰੂ ਜੀ ਦਾ ਰੂਪ ਦੇਖਕੇ ਚਰਨੀਂ ਡਿੱਗੀ।
'ਮਹਾਂ ਪ੍ਰਤਾਪ ਆਪ ਕੋ ਅਹੈ।
ਜਿਹ ਸਮਸਰਤਾ ਕੋਇ ਨ ਲਹੈ।
ਮੈਂ ਬਿਲੋਕਿ ਤੁਮ ਨੀਕੇ ਜਾਨੇ[1]। [1]ਚੰਗੀ ਤਰ੍ਹਾਂ ਜਾਣ ਲਿਆ ਹੈ।
ਭਏ ਬਿਸ਼ਨੁ ਅਵਤਾਰ ਪਛਾਨੇ ॥੧੭॥
ਅਪਰ ਬਿਖੈ ਇਮ ਸ਼ਕਤਿ ਨ ਹੋਈ।
ਹੇਰਤਿ ਹਮਹੁਂ ਹਰਾਵਹਿ ਜੋਈ।
ਸਭਿ ਜਗ ਕੇ ਸ੍ਵਾਮੀ ਤੁਮ ਅਹੋ।
ਕਾਰਨ ਕਰਨ ਸਰਬ ਨਿਰਬਹੋ ॥੧੮॥
ਕਿਮ ਸਹਾਇ ਤੁਰਕੇਸ਼ੁਰ ਭਏ?
ਇਸ ਰਾਜਾ ਪਰ ਚਢਿ ਕਰਿ ਅਏ।
ਹਿੰਦੁਨਿ ਕੀ ਰੱਛਜਾ ਕੇ ਯੋਗ।
ਅਹੈਂ ਅਲੰਬ[1] ਆਪ ਕੇ ਲੋਗ' ॥੧੯॥ [1]ਆਸਰੇ।
ਸੁਨਿ ਧੋਬਨ ਤ੍ਰਿਯ ਕੀ ਚਤੁਰਾਈ।
ਸ਼੍ਰੀ ਮੁਖ ਤੇ ਮੁਸਕਾਇ ਗੁਸਾਈਂ।
ਕਹਯੋ ਤਿਸਹਿ ਸਭਿ ਤੇ ਕਰਿ ਨਜਾਰੀ।
'ਨ੍ਰਿਪ ਤੁਮਰੇ ਕਹੁ ਲੇਹਿਂ ਹਕਾਰੀ ॥੨੦॥
ਇਮ ਨ੍ਰਿਪ ਸੋਂ ਤਿਸ ਦੇਹਿਂ ਮਿਲਾਇ।
ਦ੍ਵੈ ਕੀ ਦੁਬਿਧਾ[1] ਦੂਰ ਕਰਾਇੰ। [1]ਵੈਰ।
ਰਾਖਹਿਂ ਸਮ ਹਮ ਤਾਂਹਿ ਨ ਮਾਰਹਿਂ।
ਨਿਜ ਦਾਸਨਿ ਕੇ ਕਾਜ ਸੁਧਾਰਹਿਂ ॥੨੧॥
ਸੁਨਿ ਧੋਬਨ ਜੋਬਨ ਯੁਤਿ! ਇਹਾਂ।
ਰਹਹੁ ਬੈਠਿ ਥਿਤ ਤੁਵ ਤਰੁ ਜਹਾਂ[1]। [1]ਜਿੱਥੇ ਤੇਰਾ ਬ੍ਰਿੱਛ ਹੈ।
ਸਭਿ ਕੁਟੰਬ ਕੋ ਲੇਹੁ ਬੁਲਾਇ।

ਬਸਹੁ ਸਦਾ ਨਿਜ ਗ੍ਰਿਹ ਕੋ ਪਾਇ ॥੨੨॥
ਬਸਿ ਹੈਂ ਅਪਰ ਲੋਕ ਸਮੁਦਾਇ।
ਤੋਹਿ ਨਾਮ ਪਰ ਗ੍ਰਾਮ ਬਸਾਇਂ।
ਜਗ ਮਹਿਂ ਕੀਰਤਿ ਤੇਰੀ ਰਹੈ।
ਜਬਿ ਲਗਿ ਗ੍ਰਾਮ ਬਸਤਿ ਥਲ ਅਹੈ[1] ॥੨੩॥
ਹਮ ਬਸਾਇ ਕਰਿ ਗਮਨਹਿਂ ਆਨ।
ਤਬਿ ਲਗਿ ਬੈਠਿ ਬ੍ਰਿੱਛ ਕੇ ਥਾਨ।'
ਪਾਇ ਬਚਨ ਇਮ ਸਤਿਗੁਰੁ ਕੇਰਾ।
ਧੋਬਨ ਜਾਇ ਕਰਯੋ ਤਹਿਂ ਡੇਰਾ ॥੨੪॥
ਤਿਸ ਪੀਛੇ ਜੇਤੀ ਤ੍ਰਿਯ ਆਈ।
ਗਹੀ ਧੋਬਨੀ ਦੇਖਿ ਪਲਾਈ।
ਹਟਿ ਪਾਛੇ ਕੋ ਨਹੀਂ ਨਿਹਾਰਾ।
-ਹਮ ਕੋ ਗਹੈਂ- ਤ੍ਰਾਸ ਕੋ ਧਾਰਾ ॥੨੫॥
ਬਡੇ ਬੇਗ ਸੋਂ ਨਗਰ ਪ੍ਰਵੇਸ਼ੀ।
ਦਈ ਭੂਪ ਕੋ ਖ਼ਬਰ ਅਸ਼ੇਸ਼ੀ।
'ਨਿਤ ਹਮ ਜਾਤਿ ਡਰਾਵਤਿ ਸਭਿ ਕੋ।
ਊਪਰ ਫਿਰਤਿ ਪਾਇ ਮਗ ਨਭ ਕੋ ॥੨੬॥
ਹਮ ਤੇ ਧੋਬਨ ਗਈ ਅਗਾਰੀ।
ਸਿੱਧ ਪੁਰਖ ਕੋ ਸੁਨਿਯਤਿ ਭਾਰੀ।
ਤਿਨ ਗਹਿ ਲੀਨਿ ਸ਼ਕਤਿ ਪਰਹਰਿ ਕੇ[1]।
ਫਿਰਤਿ ਅਰੂਢਿ ਜੁ ਊਪਰ ਤਰੁ ਕੇ ॥੨੭॥
ਅਬਿ ਤੇ ਆਗੇ ਕੋਇ ਨ ਜਾਵਹਿ।
ਜੋ ਜਾਵੈ ਨਿਜ ਕੋ ਗਹਿਵਾਵਹਿ।
ਅਪਰ ਜਤਨ ਕੋ ਕਰਹੁ ਬਨਾਇ।
ਨਾਂਹਿ ਤ ਆਪ ਪਰਾਜੈ[1] ਪਾਇ' ॥੨੮॥
ਸੁਨਿ ਰਾਜਾ ਮਨ ਮਾਂਹਿ ਬਿਚਾਰੇ।
-ਮੰਤ੍ਰ ਕਰੇ ਮੈਂ ਬ੍ਰਿੰਦ ਅਗਾਰੇ।
ਹਿਤ ਨ੍ਰਿਪ ਮਾਰਨਿ ਕੇ ਬਹੁ ਪ੍ਰੇਰੇ।

[1]ਜਦ ਤਕ (ਇਸ) ਥਾਨ ਵਿਖੇ ਤੇਰਾ ਪਿੰਡ ਵਸਦਾ ਰਹੇਗਾ।

[1]ਸ਼ਕਤੀ ਨਾਸ਼ ਕਰਕੇ।

[1]ਹਾਰ।

ਨਹੀਂ ਸਰੇ ਕਾਰਜ ਤਬਿ ਮੇਰੇ ॥੨੯॥
ਮਹਾਂ ਪੁਰਖ ਹੈ ਤਿਨਹੁਂ ਸਹਾਇ।
ਮੰਤ੍ਰ ਸ਼ਕਤਿ ਨਹਿਂ ਪਹੁਚ ਸਕਾਇ।
ਜੇ ਗਿਰਵਰ ਕੋ ਦੇਤਿ ਉਡਾਈ।
ਅਚਲ ਚਲਾਵਤਿ, ਚਲਤਿ ਥਿਰਾਈ ॥੩੦॥
ਜਲ ਪ੍ਰਵਾਹ ਕੋ ਰਾਖਹਿਂ ਰੋਕ।
ਤਿਨ ਆਗੈ ਕਸਾ ਬਪੁਰੇ ਲੋਕ।
ਸੈਨਾ ਸਹਿਤ ਨਰੇਸ਼ੁਰ ਘਾਵਤਿ।
ਜਤਨ ਸਮੇਤ ਨ ਬਚਿਬੇ ਪਾਵਤਿ ॥੩੧॥
ਸਭਿ ਨਿਸ਼ਫਲ ਹੋਏ ਇਕ ਬਾਰੀ।
ਯਾਂ ਤੇ ਲਖਿਯਤਿ ਕੋ ਸਿਧ ਭਾਰੀ।
ਅਬਿ ਕਾਮੱਖ੍ਯਾ ਕਰਹਿ ਸਹਾਇ।
ਹਾਰੇ ਕਰਿਤੇ ਅਪਰ ਉਪਾਇ ॥੩੨॥
ਸਦਾ ਬਿਘਨ ਤੇ ਹਮਹਿਂ ਬਚਾਵਤਿ।
ਕਬਹੁਂ ਨ ਜੀਤ੍ਯੋ ਜੋ ਚਢਿ ਆਵਤਿ।
ਧਰਮ ਅਰਥ[1] ਨਿਤ ਬਨਹਿ ਸਹਾਈ।
ਦਾਸਨਿ ਲਾਜ ਰਖਹਿ ਬਡਿਆਈ- ॥੩੩॥
ਇਮ ਚਿੰਤਾ ਕਰਿ ਕੈ ਮਹਿਪਾਲਾ।
ਹੋਮ ਸਮਿੱਗ੍ਰੀ ਲੀਨਿ ਬਿਸਾਲਾ।
ਮੰਤ੍ਰਨਿ ਪੁਨ ਨਰ[1] ਸਕਲ ਬੁਲਾਏ।
ਦੇਵੀ ਕੇ ਮੰਦਿਰ ਚਲਿ ਆਏ ॥੩੪॥
ਹੋਇ ਪੁਨੀਤ ਅਰਾਧਤਿ ਸਾਰੇ।
ਪਾਵਕ ਬਿਖੈ ਦਰਬ[1] ਕੋ ਡਾਰੇ।
ਕਾਮੱਖ੍ਯਾ ਕੋ ਕਰ੍ਯੋ ਅਵਾਹਨ।
ਮੁਖ ਪੰਡੇ ਬੋਲੀ ਮਨ ਭਾਵਨ[1] ॥੩੫॥
'ਭੋ ਭੂਪਤ! ਚਿੰਤਾ ਮਤ ਕੀਜਹਿ।
ਨਹੀਂ ਖੇਦ ਤੁਹਿ, ਧੀਰ ਧਰੀਜਹਿ।
ਰਾਜ ਸਹਤਿ ਕੁਸ਼ਲੀ[1] ਤੂ ਰਹੈਂ।
ਰਿਪੁ ਤੇ ਨਹੀਂ ਪਰਾਜੈ ਲਹੈਂ ॥੩੬॥
ਪੁਰਸ਼ੋਤਮ[1] ਤੁਝ ਭਾਖਹਿਂ ਜਥਾ।

[1]ਧਰਮ ਦੇ ਵਾਸਤੇ।

[1]ਮੰਤ੍ਰੀ ਤੇ ਹੋਰ ਪੁਰਸ਼।

[1]ਭਾਵ ਸਮਿੱਗ੍ਰੀ ਤੋਂ ਹੈ।

[1]ਮਨ ਦੇ ਭਾਵਨ ਵਾਲੀ (ਦੇਵੀ) ਪੰਡੇ ਦੇ ਮੁਖ ਦ੍ਵਾਰਾ ਬੋਲੀ।

[1]ਖੁਸ਼ੀ।

[1]ਭਾਵ ਗੁਰੂ ਜੀ ਤੋਂ ਹੈ।

ਰਹੁ ਅਨੁਸਾਰਿ ਮਾਨੀਅਹਿ ਤਥਾ।'
ਇਮ ਕਹਿ ਤੁਸ਼ਨਿ ਭੀ ਜਗਰਾਨੀ।
ਸਚਿਵ ਸਮੇਤ ਨ੍ਰਿਪਤ ਨੈ ਮਾਨੀ ॥੩੭॥
ਕਰਿ ਬੰਦਨ ਨਿਜ ਭਵਨ ਸਿਧਾਏ।
ਚਿਤਵਹਿ ਚਿਤ ਕੈਸੇ ਹੁਇ ਜਾਏ।
ਹਮ ਤੇ ਅਬਿ ਉਪਾਵ ਕਸਾ ਹੋਵੈ।
ਜਿਸ ਤੇ ਸ਼ੱਤ੍ਰੂ ਕੋ ਡਰ ਖੋਵੈਂ ॥੩੮॥
ਨਿਜ ਬਲ ਜੰਤ੍ਰ ਮੰਤ੍ਰ ਕਰਿ ਹਾਰੇ।
ਤਿਨ ਕੇ ਕਛੂ ਨ ਕਾਰਜ ਸਾਰੇ।
ਅਬਿ ਸੰਗ੍ਰਾਮ ਕਰਨਿ ਬਨਿ ਆਵੈ।
ਸ਼੍ਰੀ ਕਾਮੱਖਸਾ ਜੈ ਕਰਿਵਾਵੈ' ॥੩੯॥
ਇਮ ਮਸਲਤ ਕਰਿ ਸਚਿਵਨ ਸੰਗ।
ਭਯੋ ਸੁਚੇਤ ਕਰਨਿ ਕੋ ਜੰਗ।
ਰਣ ਸਾਮਿੱਗ੍ਰੀ ਬਹੁ ਬਰਤਾਈ।
ਸੁਭਟ ਸਕੇਲਿ ਕਰੇ ਇਕ ਥਾਈਂ ॥੪੦॥
ਤੋਪ ਤੁਪਕ ਕੋ ਕਰਿ ਕੈ ਸੁੱਧ।
ਪਠੀ ਸੈਨ ਬਡ ਕਰਿਬੇ ਜੁੱਧ।
'ਹਮ ਕੇਤਿਕ ਦਿਨ ਚਢਹਿਂ ਪਿਛਾਰੀ।
ਕਰਿ ਸੰਗ੍ਰਾਮ ਪਿਖਹਿਂ ਭਟ ਭਾਰੀ'
॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਕਾਮੱਖਸਾ ਕੋ ਪ੍ਰਸੰਗ' ਬਰਨਨੰ ਨਾਮ ਅਸ਼ਟਮੋ ਅੰਸੂ ॥੮॥

## ੯. [ਦੇਵੀ ਦਾ ਆਸਾਮ ਪਤੀ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:
ਇਤ ਧੋਬਨ ਜਬਿ ਗਹਿ ਲਈ,
ਅਪਰ ਨਹੀਂ ਕੋ ਆਇ।
ਬਿਸ਼ਨ ਸਿੰਘ ਬਹੁ ਹਰਖ ਉਰ,
ਗੁਰੁ ਢਿਗ ਪਹੁੰਚੜੋ ਧਾਇ ॥੧॥
ਚੌਪਈ:
ਕਰੀ ਬੰਦਨਾ ਬੈਠਯੋ ਆਨਿ।
ਬਿਨਤੀ ਕੇ ਜੁਤਿ ਕਰਤਿ ਬਖਾਨ।
'ਰਾਵਰ ਕੇ ਪ੍ਰਤਾਪ ਤੇ ਜਾਨਾ।
ਫਤੇ ਹੋਹਿ ਮਮ ਕਾਜ ਮਹਾਨਾ ॥੨॥
ਤਉ ਸੁਨਹੁ ਪ੍ਰਭੁ ਜੀ! ਮਮ ਅਰਜ਼ੀ।
ਸਭਿ ਲਸ਼ਕਰ ਬਰਤਹਿ ਤੁਮ ਮਰਜ਼ੀ।
ਦੇਖਿ ਸਿਦਕ ਸਭਿ ਕੇ ਉਰ ਹੋਵਾ।
ਮਹਾਂ ਤ੍ਰਾਸ ਮੰਤ੍ਰਨਿ ਕੋ ਖੋਵਾ ॥੩॥
ਬਹੁਤ ਕਾਲ ਬੀਤਯੋ ਹਮ ਆਏ।
ਖਰਚੇ ਕੋਸ਼ ਦਰਬ ਸਮੁਦਾਏ।
ਬਿਸਰੇ ਸਦਨ, ਰਹੇ ਸਭਿ ਐਸੇ[1]।
ਰਿਪੁ ਪਰ ਜੋਰ ਪਰਯੋ ਨਹਿਂ ਕੈਸੇ ॥੪॥
ਨਹੀਂ ਬਾਹਨੀ ਪਾਰ ਉਤਾਰੀ।
ਨਹਿਂ ਸੰਗ੍ਰਾਮ ਮਚਯੋ ਭੈ ਕਾਰੀ।
ਕਬਿ ਲਗਿ ਇਹ ਠਾਂ ਬੈਠੇ ਰਹੈਂ।
ਉਮਰਾਵ ਜਿ ਅਕੁਲਾਵਤਿ ਅਹੈਂ ॥੫॥
ਜਯੋਂ ਜਯੋਂ ਕਰੁਨਾ ਤੁਮਰੀ ਜੋਵੈਂ।
ਇਸ ਮੁਹਿੰਮ ਤੇ ਛੁਟਿਬੋ ਹੋਵੈ।
ਦੀਨ ਬੰਧੁ ਜੀ! ਕਰਹੁ ਸਹਾਈ।
ਬਡ ਕਲੇਸ਼ ਤੇ ਲੇਹੁ ਬਚਾਈ ॥੬॥
ਲੋਕ ਹਜ਼ਾਰਹੁ ਤੁਮ ਦਿਸ਼ਿ ਹੇਰਤਿ।
ਕਹਿਬੇ ਹੇਤੁ ਮੋਹਿ ਕੋ ਪ੍ਰੇਰਤਿ।
ਸਗਰੋ ਲਸ਼ਕਰ[1] ਸ਼ਰਨ ਤੁਮਾਰੀ।
ਮਹਾਂਰਾਜ! ਕੀਜੈ ਰਖਵਾਰੀ ॥੭॥

[1]ਸਾਰਿਆਂ ਨੂੰ ਘਰ ਭੀ ਭੁੱਲੇ ਤੇ ਐਵੇਂ (ਭਾਵ ਜਿੱਤ ਤੋਂ ਬਿਨਾ ਹੀ)। ਰਹੇ।

[1]ਫੌਜ।

ਰਾਵਰ ਕੋ ਭਰੋਸ ਹੈ ਭਾਰੋ।
ਸ਼ਰਨ ਪਰੇ ਕੋ ਬਿਰਦ ਸੰਭਾਰੋ।
ਜਬਿ ਕਬਿ ਕਾਰਜ ਤੁਮਹੀ ਕਰਨਾ।
ਸਗਰੇ ਚਾਹਤਿ ਰਾਵਰਿ ਸ਼ਰਨਾ' ॥੮॥
ਸੁਨਿ ਸ੍ਰੀ ਤੇਗ ਬਹਾਦਰ ਕਹਯੋ।
'ਅਤਿ ਸ਼ੈ ਕਠਨ ਕਾਜ ਹਮ ਲਹਯੋ।
ਕਾਮੱਖਜਾ ਦੇਵੀ ਬਰਦਾਨੀ।
ਇਸ ਕੀ ਸੇਵਾ ਕੀਨਿ ਮਹਾਨੀ ॥੯॥
ਇਨ ਕੇ ਬਡੇ[1] ਪ੍ਰਸੰਨ ਕਰੀ ਹੈ।
ਬਰ ਦੇਵਨਿ ਕੋ ਸ਼ਿਵਾ[1] ਢਰੀ ਹੈ।
-ਅਚਲ ਰਾਜ ਹਮਰੀ ਕੁਲ ਰਹੈ।
ਸ਼ੱਤ੍ਰੂ ਆਇ ਪਰਾਜੈ[1] ਲਹੈ ॥੧੦॥
ਰਾਜ ਹਮਾਰੋ ਭ੍ਰਸ਼ਟ ਨ ਹੋਇ-।
ਇਹ ਬਰ ਲਿਯੋ ਦੇਸ਼ ਨ੍ਰਿਪ ਜੋਇ।
ਤਿਸ ਬਰ ਕੋ ਕੂਰੋ ਕਿਮ ਕਰੈ।
ਯਾਂ ਤੇ ਪਖ ਦੇਵੀ ਤਿਨ ਧਰੈ ॥੧੧॥
ਅਪਰ ਕੌਨ ਦੇਵੀ ਬਰ ਖੋਵੈ।
ਯਾਂ ਤੇ ਕਾਜ ਕਠਨ ਹੀ ਹੋਵੈ।
ਨਹਿਂ ਦੇਵੀ ਬਰ ਸਕਹਿਂ ਮਿਟਾਇ†।

[1]ਕਾਮਰੂ ਦੇ ਰਾਜੇ ਦੇ ਵਡਿਆਂ ਨੇ।

[1]ਦੇਵੀ।

[1]ਹਾਰ।

†ਇਹ ਵਦਤੋਵਜਾਘਾਤ ਹੈ। ਪਹਿਲੇ ਕਹਿਣਾ ਕਿ ਕੋਈ ਦੇਵੀ ਦਾ ਵਰ ਮਿਟਾ ਨਹੀਂ ਸਕਦਾ ਫਿਰ ਕਹਿਣਾ ਕਿ ਸ੍ਰੀ ਗੁਰ ਨਾਨਕ ਦੇਵ ਜੀ ਦਾ ਨਾਮ ਚਿਤਾਰੋ ਨਿਸ਼ਚੇ ਤੁਹਾਡੀ ਜਿੱਤ ਹੋਵੇਗੀ, ਗੋਯਾ ਗੁਰ ਨਾਨਕ ਦਾ ਨਾਮ ਲਿਆਂ ਦੇਵੀ ਦਾ ਵਰ ਮਿਟ ਜਾਵੇਗਾ ਕਿਉਂਕਿ ਕਿਸੇ ਦੀ ਉਸ ਰਾਜੇ ਪਰ ਜਿੱਤ ਹੋਣੀ ਦੇਵੀ ਦੇ ਵਰ ਟੁੱਟਣੇ ਤੁੱਲ ਹੈ। ਜੇ ਇਸ ਭਾਵ ਨੂੰ ਇਉਂ ਨਾ ਲਈਏ ਤਾਂ ਇਉਂ ਲੱਗੇਗਾ ਕਿ ਦੇਵੀ ਵਰ ਨੂੰ ਗੁਰ ਨਾਨਕ ਦਾ ਸਿਮਰਨ ਕਟ ਸਕਦਾ ਹੈ; ਇਸ ਵਿਚ ਬੀ ਗੁਰੂ ਨਾਨਕ ਸਿਮਰਨ ਦੀ ਦੇਵੀ ਦੀ ਸ਼ਕਤੀ ਉਪਰ ਪ੍ਰਬਲਤਾ ਹੋ ਗਈ ਤੇ ਹੋਣੀ ਬੀ ਚਾਹੀਏ ਕਿਉਂਕਿ ਗੁਰ ਨਾਨਕ ਦੇ ਦੁਆਰੇ ਝਾੜੂ ਦੇਂਦੀ ਦੇਵੀ ਦੇਖੀ ਗਈ ਆਦਿ ਪ੍ਰਸੰਗ ਮੌਜੂਦ ਹਨ।

ਪ੍ਰਭੁ ਕੀ ਸ਼ਕਤਿ ਸਕਲ ਜਗ ਮਾਇ ॥੧੨॥
ਤਊ ਸੁਨਹੁ ਤੁਮ ਕਹਯੋ ਹਮਾਰੋ।
ਸ੍ਰੀ ਨਾਨਕ ਕੋ ਨਾਮ ਚਿਤਾਰੋ।
ਸੱਤਿਨਾਮ ਕੋ ਸਿਮਰਨ ਕਰੀਯਹਿ।
ਰਿਦੇ ਸੰਦੇਹਨਿ ਕੋ ਪਰਿਹਰੀਯਹਿ ॥੧੩॥
ਨਿਸ਼ਚੈ ਹੁਇ ਹੈ ਬਿਜੈ ਤੁਮਾਰੀ।

ਨਹਿਂ ਬੀਤਹਿ ਚਿਰਕਾਲ ਅਗਾਰੀ।
ਕਿਤਿਕ ਦਿਨਨ ਮਹਿਂ ਅਪਨੇ ਦੇਸ਼।
ਗਮਨਹਿਂ, ਤਜਾਗਹੁ ਸਕਲ ਕਲੇਸ਼' ॥੧੪॥
ਇਮ ਸੁਨਿ ਭੂਪਤਿ ਪਾਇ ਅਨੰਦ।
ਕੀਨਿ ਬੰਦਨਾ ਦ੍ਵੈ ਕਰ ਬੰਦਿ।
ਧਰਿ ਨਿਸ਼ਚੈ ਗਮਨਜੋ ਨਿਜ ਡੇਰੇ।
ਜਾਨਹਿ -ਕਰਹਿਂ ਕਾਜ ਗੁਰ ਮੇਰੇ ॥੧੫॥
ਨਾਂਹਿ ਤ ਦੁਰਲਭ ਹੁਤੀ ਬਿਸਾਲ।
ਕਿਸ ਨੇ ਬਿਜੈ ਲਈ ਕਿਸ ਕਾਲ-।
ਇਮ ਚਿਤਵਤਿ ਜਬਿ ਜਾਮਨਿ ਹੋਈ।
ਨਿਜ ਨਿਜ ਥਾਨ ਥਿਰੇ ਸਭਿ ਕੋਈ ॥੧੬॥
ਗਜੋ ਕਾਮਰੂ ਪਤਿ ਰਣਵਾਸ।
ਅਨਿਕ ਇਸਤ੍ਰੀਅਨਿ ਜਹਾਂ ਬਿਲਾਸ।
ਰੁਚਿਰ ਪ੍ਰਯੰਕ ਸੈਨ ਕੋ ਕੀਨਿ।
ਸੇਵਹਿਂ[1] ਰਾਨੀ ਬੈਸ ਨਵੀਨ ॥੧੭॥
ਪੀਤੰਬਰ ਅਰੁ ਸਿਰ ਦਸਤਾਰ।
ਮਹਿਪਾਲਕ ਨੇ ਰਖੀ ਉਤਾਰਿ।
ਖੰਜਰ ਇਕ ਨ੍ਰਿਪ ਪਾਸ ਰਖੰਤਾ।
ਬਸਤ੍ਰਨਿ ਬਿਖੈ ਰਖਜੋ ਦੁਤਿਵੰਤਾ[1] ॥੧੮॥
ਰਤਨ ਜਰਾਉ ਮੁਸ਼ਟ ਗਹਿਨ ਕੀ[1]।
ਅਪਰ ਬਿਭੂਖਨ ਸ਼ੋਭਾ ਤਨ ਕੀ।
ਸੁੰਦਰ ਚੌਂਕੀ ਪਰ ਢਿਗ ਧਰੇ।
ਸਿਹਜਾ ਪਰਿ ਭੂਪਤਿ ਚਢਿ ਥਿਰੇ ॥੧੯॥
ਕਰਿ ਦੇਵੀ ਕਾਮੱਖਜਾ ਨਮੋ।
ਭਯੋ ਨੀਂਦ ਬਸਿ ਪਰਿ ਤਿਹ ਸਮੋ।
ਨਿਸ ਮਹਿਂ ਸ਼ਸਤ੍ਰ ਬਸਤ੍ਰ ਨ੍ਰਿਪ ਕੇਰੇ।
ਸਰਬ ਅਨਾਏ ਗੁਰੁ ਤਿਸ ਬੇਰੇ[†] ॥੨੦॥

[1]ਸੇਵਾ ਕਰ ਰਹੀਆਂ ਹਨ।

[1]ਸ਼ੋਭਾ ਵਾਲਾ, ਚਮਕੀਲਾ।

[1]ਫੜਨ ਵਾਲੀ ਮੁੱਠ।

[†]ਕਵੀ ਜੀ ਦਾ ਭਾਵ ਇਹ ਹੈ ਕਿ ਗੁਪਤ ਸ਼ਕਤੀ ਨਾਲ ਮੰਗਵਾ ਲਏ।

ਦੇਵੀ ਦੇਵ ਨ ਕਿਨਹੁ ਹਟਾਏ।
ਸਗਰੇ ਸਤਿਗੁਰ ਕੇ ਢਿਗ ਆਏ।
ਭਈ ਪ੍ਰਾਤਿ ਨ੍ਰਿਪ ਖੁਲ੍ਹੇ ਬਿਲੋਚਨ।
ਨਹਿਂ ਦੇਖੇ ਚਿਤ ਸੋਚਤਿ ਸੋਚਨ ॥੨੧॥
ਨਹਿਂ ਪਾਵਤਿ ਬਿਸਮਾਵਤਿ ਮਹਾਂ।
-ਹੇ ਦੇਵੀ ਇਹ ਕੌਤਕ ਕਹਾਂ-।
ਅਤਿ ਚਿੰਤਾਤੁਰ ਨਰਪਿਤ ਹੋਵਾ।
-ਐਸੋ ਬਿਘਨ ਨ ਕਬਿਹੂੰ ਜੋਵਾ ॥੨੨॥
ਨਿਤ ਦੇਵੀ ਮੇਰੀ ਰਖਵਾਰੀ।
ਆਨਿ ਸਕਹਿ ਕੋ ਬਿਘਨ ਪਸਾਰੀ।
ਕੈ ਦੇਵੀ ਕੋ ਬਰ ਮਿਟਿ ਗਯੋ।
ਅਸ ਕੌਤਕ ਮੇਰੇ ਢਿਗ ਭਯੋ ॥੨੩॥
ਬਹੁ ਜੋਧਾ ਚਹੁ ਦਿਸ਼ਿ ਸਵਧਾਨ।
ਕਿਸ ਬਿਧਿ ਕੋਇ ਨ ਪਹੂੰਚੈ ਆਨਿ।
ਜੰਤ੍ਰ ਮੰਤ੍ਰ ਕੀ ਰੱਛਜਾ ਮੇਰੇ।
ਕੋਇ ਨ ਆਇ ਸਕਹਿ ਮਮ ਨੇਰੇ
॥੨੪॥
ਮਹਾਂ ਸ਼ਕਤਿ ਜੁਤਿ ਜਿਸ ਨੇ ਕੀਨਿ।
ਸਭਿ ਦਬਾਇ ਪਟ ਆਯੁਧ ਲੀਨਿ-।
ਕਰਿ ਸ਼ਨਾਨ ਨ੍ਰਿਪ ਬੈਠਜੋ ਜਬੈ।
ਨ੍ਰਿਪ ਜਨਨੀ ਆਈ ਚਲਿ ਤਬੈ ॥੨੫॥
ਸੁਤ ਕੋ ਅਤਿ ਦੀਨਸਿ ਉਤਸਾਹੂ।
ਨਹਿਂ ਸੋਚਹੁ ਨਰਪਤਿ ਉਰ ਮਾਂਹੂ।
'ਮੈ ਹੋਂ ਭਗਤ ਚੰਡਿ ਜਗ ਮਾਤ'। 'ਜਗਤ ਮਾਤਾ ਚੰਡੀ ਦਾ ਭਗਤ ਹਾਂ।
ਬੂਝਨਿ ਕਰੌਂ ਸਕਲ ਬਿਰਤਾਂਤ ॥੨੬॥
ਨਿਸ ਚਰਿੱਤ੍ਰ ਕੋ ਭੇਦ ਬਤਾਇ।
ਹੋਇ ਅੰਤ ਕੋ ਆਪ ਸਹਾਇ।
ਸਦਾ ਕੁਸ਼ਲ ਅਪਨੀ ਤੂੰ ਜਾਨਿ।
ਰਾਖੀ ਹਮਰੀ ਸ਼ਕਤਿ ਮਹਾਨ' ॥੨੭॥
ਇਮ ਕਹਿ ਕਰਿ ਨ੍ਰਿਪ ਜਨਨੀ ਗਈ।
ਕਰਿ ਸ਼ਨਾਨ ਤਨ ਪਾਵਨ ਭਈ।
ਦੇਵੀ ਕੇ ਮੰਦਿਰ ਚਲਿ ਜਾਇ।

ਪੂਜਨਿ ਕੋ ਸਮਾਜ ਸਭਿ ਲਜਾਇ ॥੨੮॥
ਧੂਪ ਧੁਖਾਇ ਆਰਤੀ ਕਰੀ।
ਕੁਸਮਾਂਜੁਲ ਕੀ ਬਰਖਾ ਝਰੀ।
ਸਰਬ ਪ੍ਰਕਾਰ ਕ੍ਰਿਆ ਕਰਿ ਸਾਰੀ।
ਮੁਖ ਤੇ ਉਸਤਤਿ ਮੰਤ੍ਰ ਉਚਾਰੀ ॥੨੯॥
ਸਭਿ ਕੋ ਦੀਨਸਿ ਦੂਰ ਹਟਾਇ।
ਬੈਠੀ ਆਪ ਧਯਾਨ ਕੋ ਲਾਇ।
ਤਬਹਿ ਭਵਨ ਤੇ ਬਾਨੀ ਭਈ।
'ਸੁਨਿ ਰਾਨੀ! ਨਿਸ ਮਹਿਂ ਜਿਮ ਥਈ ॥੩੦॥
ਤੀਨ ਲੋਕ ਪਤਿ ਕੋ ਅਵਤਾਰ।
ਸ਼੍ਰੀ ਨਾਨਕ ਜਸੁ ਜਗਤ ਮਝਾਰ†।

†ਇਥੇ ਚੰਡਿਕਾ ਆਪ ਗੁਰੂ ਜੀ ਨੂੰ ਤਿੰਨ ਲੋਕਾਂ ਦੇ ਪਤੀ ਦਾ ਅਵਤਾਰ ਮੰਨ ਰਹੀ ਹੈ। ਦੇਵੀ ਤਿੰਨ ਲੋਕਾਂ ਦੇ ਪਤੀ ਦੀ ਸ਼ਕਤੀ ਕਹੀ ਹੈਨੇ ਸੋ ਤਿੰਨ ਲੋਕਾਂ ਦਾ ਪਤੀ ਉਸ ਤੋਂ ਵੱਡਾ ਹੋਇਆ, ਇਸ ਲਈ ਕਵਿ ਜੀ ਗੁਰੂ ਸਾਹਿਬ ਜੀ ਨੂੰ ਦੇਵੀ ਤੋਂ ਵਡਾ ਕਹਿ ਰਹੇ ਹਨ।

ਤਿਸ ਗਾਦੀ ਗੁਰ ਤੇਗ ਬਹਾਦਰ।
ਜਹਾਂ ਸਿਮਰੀਅਹਿ ਤਿਸ ਥਲ ਹਾਦਰ ॥੩੧॥
ਭਗਤਿ ਰੂਪ ਅਪਨੋ ਬਪੁ ਧਾਰਜੋ।
ਨੌਮੋਂ ਗੁਰੂ ਜਗਤ ਜਿਨ ਤਾਰਜੋ।
ਜੋ ਸ਼ਰਧਾ ਧਰਿ ਸ਼ਰਨੀ ਪਰੈ।
ਤਿਹ ਸਹਾਇਤਾ ਸਭਿ ਥਲ ਕਰੈਂ ॥੩੨॥
ਨ੍ਰਿਪਤਿ ਜੋਧਪੁਰਿ ਸੇਵਕ ਭਯੋ।
ਬਿਨਤੀ ਭਨਤਿ ਸੰਗ ਨਿਜ ਲਿਯੋ।
ਤੁਮ ਕੋ ਤਿਸ ਤੇ ਚਿੰਤਾ ਨਾਂਹੀ।
ਕੁਛ ਸੰਸੈ ਨ ਕਰਹੁ ਮਨ ਮਾਂਹੀ ॥੩੩॥
ਤੁਮ ਭੀ ਤਿਸ ਕੀ ਸ਼ਰਨਿ ਸਿਧਾਰੋ†।

†ਦੇਵੀ ਹੁਣ ਗੁਰੂ ਜੀ ਦੇ ਸਾਹਮਣੇ ਆਪਣੀ ਅਸਮਰੱਥਾ ਦੱਸ ਰਹੀ ਹੈ ਤੇ ਕਹਿ ਰਹੀ ਹੈ ਕਿ ਤੁਸੀਂ ਬੀ ਤਿੰਨ ਲੋਕ ਪਤੀ ਦੀ ਸ਼ਰਨ ਜਾਓ ਤੇ ਉਸ ਨੂੰ ਮਿਲਕੇ ਕੰਮ ਸੁਧਾਰੋ। ਸਤਿਗੁਰੂ ਦੇ ਉਪਾਸਕਾਂ ਨੂੰ ਦੇਵੀ ਉਪਾਸਨਾਂ ਦੀ ਲੋੜ ਨਹੀਂ, ਉਨ੍ਹਾਂ ਨੂੰ ਤੀਨ ਲੋਕ ਪਤਿ ਦੇ ਅਵਤਾਰ ਗੁਰੂ ਨਾਨਕ ਦੀ ਸ਼ਰਨ ਵੱਡਾ ਆਸਰਾ ਹੈ।

ਮਿਲਿ ਕਰਿ ਅਪਨੋ ਕਾਜ ਸੁਧਾਰੋ।
ਰਾਜ ਅਟਲ ਨਹਿਂ ਮਿਟਹਿ ਤੁਮਾਰੋ।
ਮੇਰੇ ਕਹਜੋ ਸਾਚ ਨਿਰਧਾਰੋ ॥੩੪॥

ਰਾਜਾ ਰਾਨੀ ਸਭਿ ਪਰਿਵਾਰ।
ਤੂੰ ਭੀ ਜਾਹੁ ਸੰਗ ਤਿਨ ਧਾਰਿ[1]।
ਸ਼ਰਧਾ ਧਰਿ ਦਰਸਹੁਗੇ ਜਬੈ।
ਸਕਲ ਕਾਜ ਸਿਧ ਹੋਵਹਿਂ ਤਬੈ ॥੩੫॥
ਸ਼੍ਰੀ ਗੁਰ ਕਰਹਿਂ ਕ੍ਰਿਪਾ ਸੁ ਕ੍ਰਿਪਾਲੇ।
ਸਗਰੇ ਬਿਘਨ ਬਿਨਾਸ਼ਨਿ ਵਾਲੇ।'
ਨ੍ਰਿਪ ਜਨਨੀ ਦੇਵੀ ਤੇ ਸੁਨਿ ਕੈ।
ਬੰਦਨ ਕਰੀ ਬਾਕ ਸਭਿ ਮਨਿ ਕੈ[1] ॥੩੬॥
ਉਠਿ ਕਰਿ ਮਹਿਪਾਲਕ ਢਿਗ ਆਈ।
ਸਕਲ ਬਾਰਤਾ ਕੋ ਸਮੁਝਾਈ।
'ਸ਼੍ਰੀ ਨਾਨਕ ਪੁਰਸ਼ੋਤਮ ਆਏ।
ਸਰਬ ਦੇਸ਼ ਸਿੱਖੀ ਬਿਥਰਾਏ ॥੩੭॥
ਜੀਤੇ ਸਿੱਧ ਬਾਦ ਕੋ ਕਰੇ।
ਅਪਰ ਅਜ਼ਮਤੀ ਕੇ ਮਦ ਹਰੇ।
ਜਿਨ ਕੀ ਸਮਤਾ ਕਰੀ ਨ ਕਾਹੂੰ।
ਬਿਚਰੇ ਅਖਿਲ ਜਗਤ ਕੇ ਮਾਹੂੰ ॥੩੮॥
ਤਿਸ ਗਾਦੀ ਗੁਰ ਤੇਗ ਬਹਾਦਰ।
ਬਿਸ਼ਨ ਸਿੰਘ ਕਰਿ ਬਿਨਤੀ ਸਾਦਰ।
ਅਪਨੇ ਸੰਗ ਤਿਨਹੁ ਕੋ ਆਨਾ।
ਜਿਸ ਤੇ ਹਮਰੋ ਬਲ ਸਭਿ ਹਾਨਾ ॥੩੯॥
ਤਿਨ ਹੂੰ ਬਸਤ੍ਰ ਸ਼ਸਤ੍ਰ ਮੰਗਵਾਏ।
ਮਿਲਨਿ ਹੇਤ ਦੇਵੀ ਫੁਰਮਾਏ।
ਕ੍ਰਿਪਾ ਕਰਹਿਂਗੇ ਸ਼ਰਨੀ ਪਰੋ।
ਅਵਚਲ ਰਾਜ ਆਪਨੋ ਕਰੋ' ॥੪੦॥
ਸੁਨਿ ਆਇਸੁ ਕਾਮੱਖਜਾ ਕੇਰੀ।
ਤਯਾਰੀ ਕਰਿ ਮਹਿਪਾਲ ਘਨੇਰੀ।
ਸਕਲ ਕੁਟੰਬ ਸੰਗ ਨਿਜ ਲੀਨਿ।
ਗਮਨਜੋਂ ਤਬਿ ਮਹਿਪਾਲ ਪ੍ਰਬੀਨ ॥੪੧॥
ਪਹੁੰਚਯੋ ਬ੍ਰਹਮ ਪੁੱਤ੍ਰ ਤਟ ਜਾਈ।
ਸੁੰਦਰ ਦ੍ਰਿਢ ਨੌਕਾ ਮੰਗਵਾਈ।

[1]ਉਨ੍ਹਾਂ ਨਾਲ ਮਿਲਕੇ ਜਾਹੁ। (ਅ) ਮੇਰਾ ਬਚਨ ਧਾਰਕੇ ਜਾਓ।

[1]ਸਾਰੇ ਬਚਨ ਮੰਨ ਕਰਕੇ।

ਭਯੋ ਅਰੁਢਨਿ ਜਲ ਪਰ ਚਲੀ।
ਮਹਿਪਤਿ ਲਏ ਉਪਾਇਨ ਭਲੀ ॥੪੨॥
ਦਿਵਸ ਬਿਤੀਤਜੋ ਉਤਰਤਿ ਪਾਰ।
ਪਹੁੰਚਜੋ ਸੰਧਜਾ ਸਮੈ ਉਰਾਰ†।
ਊਚ ਦਮਦਮੇ ਗੁਰੂ ਬਿਰਾਜੇ।
ਲਸ਼ਕਰ ਨਿਕਟਿ ਸੁਨਤਿ ਬਜਿ ਬਾਜੇ[1] ॥੪੩॥

†ਪਾ:-ਉਦਾਰ।

[1]ਲਸ਼ਕਰ ਨੇੜੇ ਹੋਣ ਤੇ ਬਾਜੇ ਵਜਦੇ ਸੁਨਾਈ ਦਿੰਦੇ ਸਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ ਰਾਸੇ 'ਕਾਮਰੂ ਪਤਿ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

## ੧੦. [ਆਸਾਮ ਪਤੀ ਗੁਰੂ ਜੀ ਦੀ ਸ਼ਰਨ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:
ਉਤਰਿ ਨਰੇਸ਼੍ਵਰ ਤਰੀ ਤੇ,
ਆਗੇ ਕਰੇ ਅਕੋਰ।
ਨਗਨ ਚਰਨ ਤੇ ਗਮਨ ਕਰਿ,
ਸਭਿ ਕੁਟੰਬ ਕਰ ਜੋਰਿ ॥੧॥
ਚੌਪਈ:
ਸ਼ਰਧਾ ਕਰੇ ਭਾਉ ਉਰ ਧਾਰਾ।
ਸ਼੍ਰੀ ਸਤਿਗੁਰ ਕੇ ਨਿਕਟਿ ਪਧਾਰਾ।
'ਸ਼ਰਨਿ ਸ਼ਰਨਿ' ਕਰਿ ਪਰਜੋ ਅਗਾਰੀ।
ਪਦ ਅਰਬਿੰਦ ਬੰਦਨਾ ਧਾਰੀ ॥੨॥
'ਦੇਸ਼ ਕਾਮਰੂ ਕੋ ਮੈਂ ਰਾਜਾ।
ਤੁਮ ਢਿਗ ਆਯੋ ਤਜਾਗਿ ਸਮਾਜਾ।
ਹਿੰਦੁਨਿ ਕੇ ਅਲੰਬ ਤੁਮ ਅਹੋ।
ਦਾਸਨਿ ਬ੍ਰਿੰਦ ਸਹਾਇਕ ਰਹੋ ॥੩॥
ਦੇਵੀ ਕੀ ਆਇਸੁ ਕੇ ਸਾਥ।
ਆਏ ਸ਼ਰਨਿ ਤਿਹਾਰੀ ਨਾਥ!
ਜਜੋਂ ਭਾਵਹਿ ਤਜੋਂ ਕੀਜਹਿ ਅਬੈ।
ਤੁਮ ਆਗਜਾ ਅਨੁਸਾਰੀ ਸਬੈ ॥੪॥
ਤਉ ਏਕ ਸੁਨੀਅਹਿ ਗੁਰ ਸ੍ਵਾਮੀ।
ਸਭਿ ਬਿਧਿ ਸਮਰਥ ਅੰਤਰਜਾਮੀ।
ਹਮ ਹਿੰਦੂ ਗੁਰੁ ਕੇ ਸਿੱਖ ਅਹੈਂ[1]।
ਸਗਰੋ ਦੇਸ਼ ਮਾਨਤੋ ਰਹੈ ॥੫॥
ਅਬਿ ਤੁਰਕੇਸ਼ੁਰ ਕੇ ਬਸਿ ਮਾਂਹੀ।
ਗੇਰਹੁ ਹਮਹਿ, ਜੋਗਤਾ ਨਾਂਹੀ।
ਉਚਿਤ ਸਹਾਇਕ ਹੋਵਨਿ ਹਮਰੇ।
ਹਿੰਦੂ ਸਭਿ ਅਲੰਬ ਹੈਂ ਤੁਮਰੇ' ॥੬॥
ਸੁਨਿ ਬਿਨਤੀ ਗੁਰ ਭਏ ਕ੍ਰਿਪਾਲ।
ਲੇ ਦਸਤਾਰ ਆਪ ਕਰ ਨਾਲ[1]।
ਨ੍ਰਿਪ ਕੇ ਸੀਸ ਧਰੀ ਜਿਸ ਕਾਲਾ।
ਜਾਗੇ ਜਿਸ ਕੇ ਭਾਗ ਬਿਸਾਲਾ ॥੭॥

[1]ਗੁਰੂ ਜੀ ਦੇ (ਭਾਵ ਆਪਦੇ) ਸਿੱਖ ਹਾਂ।

[1]ਹੱਥ ਨਾਲ।

ਮੋਹ ਭਰਮ ਕੇ ਜਟਤਿ ਕਪਾਟ।
ਛੁਟਕ ਗਏ† ਭਾ ਔਰੈ ਠਾਟ।

†ਦੇਵੀ ਭੇਟ ਨਾਲ ਰਾਜੇ ਦੇ ਅਜੇ ਤਕ ਮੋਹ ਭਰਮ ਦੇ ਕਪਟ ਨਹੀਂ ਖੁੱਲ੍ਹੇ ਸਨ, ਸਤਿਗੁਰੂ ਦੇ ਸਪਰਸ਼ ਨਾਲ ਏਹ ਕਪਾਟ ਖੁੱਲ੍ਹ ਗਏ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ। "ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥"

ਪੁਨ ਦੁਪਟਾ ਸੁੰਦਰ ਤਿਹ ਦਯੋ।
ਕਰੁਨਾ ਧਾਰਿ ਨਿਹਾਲ ਸੁ ਕਿਯੋ ॥੮॥
ਖੰਜਰ ਸ਼ਸਤ੍ਰ ਨਹੀਂ ਇਕ ਦੀਨਿ।
ਸ਼੍ਰੀ ਪ੍ਰਭੁ ਨਿਜ ਢਿਗ ਰਾਖਨਿ ਕੀਨਿ।
'ਭੋ ਭੂਪਤਿ! ਤੁਮ ਭਾਖਯੋ ਜੈਸੇ।
ਹਮ ਭੀ ਕਰਯੋ ਚਹਤਿ ਹੈਂ ਤੈਸੇ ॥੯॥
ਕੋਇ ਨ ਚਿੰਤਾ ਚਿਤ ਮਹਿਂ ਕਰਿਅਹਿ।
ਹਮਰੇ ਬਾਕਨਿ ਕੇ ਅਨੁਸਰੀਅਹਿ।
ਦੁਹਿ ਦਿਸ਼ਿ ਜੈਸੇ ਹੋਇ ਸੁਖੈਨ।
ਦੇਸ਼ ਬਿਖੈ ਜਿਸ ਤੇ ਤੁਹਿ ਭੈ ਨ' ॥੧੦॥
ਕਰਾਮਾਤ ਦੀਰਘ ਕੋ ਦੇਖਿ।
ਸ਼ਰਧਾ ਧਾਰਤਿ ਹਰਖ ਵਿਸ਼ੇਖ।
ਹਾਥ ਜੋਰਿ ਪੁਨ ਬਿਨਤੀ ਕਹੈ।
'ਹਿੰਦੂ ਧਰਮ ਹਮਾਰੋ ਅਹੈ ॥੧੧॥
ਕਰਹੁ ਸਹਾਇ ਦਾਸ ਕੀ ਐਸੇ।
ਨਹੀਂ ਤੁਰਕ ਕੋ ਦੇਖੈਂ ਕੈਸੇ।
ਜਮਨ ਸੰਗ ਤੇ ਹਾਨਹਿਂ ਧਰਮ।
ਬੋਲਨਿ, ਮਿਲਨਿ, ਸਪਰਸ਼[1] ਅਧਰਮ[2] ॥੧੨॥

[1]ਛੁਹਣਾ। [2]ਧਰਮ ਨਹੀਂ ਹੈ।

ਗੁਰ ਕੀ ਆਗਜਾ ਧਰਮ ਹਮਾਰੇ।
ਹਰਨਿ ਭਰਨਿ ਪ੍ਰਭੁ ਕਰਨੇ ਹਾਰੇ।
ਆਇਸੁ ਤੁਰਕੇਸ਼੍ਵਰ ਕੀ ਜੋਇ।
ਹਮ ਤੇ ਨਹੀਂ ਮਨਾਵਹੁ ਸੋਇ ॥੧੩॥
ਇਹੁ ਕਾਰਜ ਪ੍ਰਭੁ ਬਡੋ ਹਮਾਰੋ।
ਅਪਰ ਕਹੋ ਜਿਮ, ਹੈਂ ਅਨੁਸਾਰੋ[1]।'

[1]ਅਸੀਂ ਅਨੁਸਾਰ ਹਾਂ।

ਸਤਿਗੁਰੁ ਕ੍ਰਿਪਾ ਧਾਰਿ ਤਬਿ ਕਹ੍ਯੋ।
'ਹਮ ਤਿਮ ਕਰਹਿਂ ਜਿਮਹਿ ਤੁਮ ਚਹ੍ਯੋ

॥ ੧੪ ॥
ਬਿਸ਼ਨ ਸਿੰਘ ਧਰਮਾਤਮ ਰਾਜਾ।
ਹਮਹੁ ਭਰੋਸੇ ਸਾਜਯੋ ਕਾਜਾ।
ਰਿਦੈ ਸਰਲ ਛਲ ਰੰਚਕ ਨਾਂਹੀ।
ਚਲਹਿ ਅਬਹਿ ਹਮ ਆਇਸੁ ਮਾਂਹੀ
॥ ੧੫ ॥
ਤਿਸ ਸੋਂ ਮਿਲਹੁ ਸੰਧਿ ਕਰਿ ਲੀਜੈ।
ਅਪਨੋ ਕਾਜ ਸੁਧਾਰਨਿ ਕੀਜੈ।
ਨਹੀਂ ਤੁਰਕ ਸੋਂ ਮੇਲਾ ਹੋਇ।
ਹਰਖਤਿ ਰਹਹੁ ਪਰਸਪਰ ਦੋਇ'
॥ ੧੬ ॥
ਸੁਨਿ ਕਰਿ ਕਹਯੋ 'ਗੁਰੂ ਗਤਿ ਦੈਨ!
ਰਾਵਰ ਕੋ ਹਮ ਮਾਨਯੋ ਬੈਨ।
ਤਊ ਏਕ ਬਿਨਤੀ ਸੁਨਿ ਲੀਜੈ।
ਲਸ਼ਕਰ ਮੈਂ ਬਹੁ ਤੁਰਕ ਜਨੀਜੈ ॥ ੧੭ ॥
ਤਿਨਹੁ ਨ ਹੇਰੈਂ ਆਨ ਹਮਾਰੇ[1]।
ਅਰੁ ਨਹਿ ਮਿਲਹਿ ਆਇ ਇਸ† ਪਾਰੇ[1]।

[1]ਸਾਡੀ ਸੁਗੰਦ ਕੀਤੀ ਹੋਈ ਹੈ ਕਿ ਤਿਨ੍ਹਾਂ ਨੂੰ ਨਾ ਦੇਖੀਏ।

[1]ਤੇ ਅਸੀਂ ਬੀ) ਇਸ ਪਾਰ ਆਕੇ ਮਿਲਣਾ ਨਹੀਂ (ਚਾਹੁੰਦੇ)। †ਪਾ:-ਕਿਸ।

ਬ੍ਰਹਮ ਪੁੱਤ੍ਰ ਕੇ ਪਾਰ ਜਿ ਆਵਹੁ।
ਪਾਵਨ ਚਰਨ ਆਪਨੇ ਪਾਵਹ ॥ ੧੮ ॥
ਦੇਸ਼ ਪੁਨੀਤ ਕਰਹੁ ਤੁਮ ਆਇ।
ਸਗਰੇ ਨਰ ਸ਼ੁਭ ਦਰਸ਼ਨ ਪਾਇੰ।
ਹੋਇੰ ਕ੍ਰਿਤਾਰਥ ਦੇਹਿਂ ਉਪਾਇਨ।
ਸੀਸ ਸਪਰਸ਼ਹਿਂ ਰਾਵਰਿ ਪਾਇਨ
॥ ੧੯ ॥
ਬਿਸ਼ਨ ਸਿੰਘ ਕੋ ਲੇ ਕਰਿ ਸਾਥ।
ਆਵਹੁ ਦੇਸ਼ ਤਿਸੀ ਗੁਰ ਨਾਥ।
ਤਹਿਂ ਦੋਨਹੁਂ ਕੋ ਕਰਹੁ ਮਿਲਾਪ।
ਦੁਹਿ ਦਿਸ਼ਿ ਮਾਨਹਿਂ ਕਹੋ ਜੁ ਆਪਿ'
॥ ੨੦ ॥
ਸਤਿਗੁਰ ਕਹਯੋ 'ਇਸੀ ਬਿਧਿ ਹੋਇ।
ਤੇਰੇ ਬਿੱਪ੍ਰੈ ਕਰਹਿਂ ਨ ਕੋਇ[1]।

[1]ਤੇਰੇ ਉਲਟ ਕੁਛ ਨਹੀਂ ਕਰਾਂਗੇ।

ਜਬਿ ਕੋ ਆਨਿ ਸ਼ਰਨ ਤੈਂ ਪਰਜੋ।
ਹਮ ਚਹਿਂ ਦੋਨਹੁਂ ਕੋ ਭਲ ਕਰਜੋ' ॥੨੧॥
ਸਾਦਰ ਗੁਰੂ ਦਯੋ ਸਿਰੁਪਾਇ।
ਬੰਦਨ ਕਰਿ ਗਮਨਜੋ ਤਬਿ ਰਾਇ।
ਨਿਸ ਮਹਿਂ ਨੌਕਾ ਪਰ ਚਢਿ ਗਯੋ।
ਪ੍ਰਾਪਤਿ ਭਵਨ ਆਪਨੇ ਭਯੋ ॥੨੨॥
ਭਈ ਪ੍ਰਾਤਿ ਨਿਜ ਦਾਸ ਪਠਾਯੋ।
ਬਿਸ਼ਨ ਸਿੰਘ ਕੋ ਨਿਕਟਿ ਬੁਲਾਯੋ।
ਕੀਨਿ ਬੰਦਨਾ ਬੈਠਜੋ ਪਾਸ।
ਭਨਤਿ ਬਿਨੈ 'ਮੈਂ ਹੌਂ ਤੁਮ ਦਾਸ'
॥੨੩॥
ਸ੍ਰੀ ਗੁਰੁ ਤੇਗ ਬਹਾਦੁਰ, ਸਾਰੋ।
ਬਿਤਜੋ ਬ੍ਰਿਤੰਤ ਬਤਾਇ ਉਦਾਰੋ।
'ਬਿਜੈ ਭਈ ਤੇਰੀ ਸਭਿ ਰੀਤਿ।
ਜਿਨ ਕੋ ਸਕਜੋ ਨ ਕੋਊ ਜੀਤ ॥੨੪॥
ਸੋ ਤੁਝ ਮਿਲੈ ਉਪਾਇਨ[1] ਦੈ ਹੈ। [1]ਨਜ਼ਰਾਨਾ।
ਮੰਤ੍ਰਨਿ ਬਲ ਜੋ ਬਸ ਨਹਿਂ ਹ੍ਵੈ ਹੈ।
ਰਾਜਪੂਤ ਲਿਹੁ ਸੰਗ ਹਜ਼ਾਰ।
ਬਲੀ ਤੁਰੰਗਨ ਕੇ ਅਸਵਾਰ ॥੨੫॥
ਆਜ ਕਰਹੁ ਤਜਾਰੀ ਸਭਿ ਭਾਂਤਿ।
ਤਰੀਅਨਿ[1] ਚਢਹੁ ਹੋਤਿ ਹੀ ਪ੍ਰਾਤਿ।' [1]ਬੇੜੀਆਂ (ਉਪਰ)।
ਸੁਨਿ ਨ੍ਰਿਪ ਕੇ ਅਨਦ ਬਡ ਭਯੋ।
ਜਨੁ ਨਵ ਨਿੱਧਨਿ ਕੋ ਹਰਿ ਲਯੋ ॥੨੬॥
ਬਾਰੰਬਾਰ ਬੰਦਨਾ ਠਾਨਤਿ।
'ਹੇ ਪ੍ਰਭੁ ! ਨਿਜ ਜੀਵਨ ਅਬਿ ਜਾਨਤਿ।
ਪ੍ਰਾਨ ਦਾਨ ਮੋ ਕੌ ਤੁਮ ਦੀਨਸਿ।
ਸਗਰੇ ਕਾਜ ਸੁਧਾਰਨਿ ਕੀਨਸਿ'
॥੨੭॥
ਇੱਤਜਾਦਿਕ ਕਹਿ ਬਿਨੈ ਬਡਾਈ।
ਸਿਵਰ ਜਾਇ ਤਜਾਰੀ ਕਰਿਵਾਈ।
ਰਾਜਪੂਤ ਭਟ ਏਕ ਹਜ਼ਾਰੇ।
ਬੀਨ ਬੀਨ ਕੀਨਸਿ ਸਭਿ ਨਜਾਰੇ

॥੨੮॥
ਸ਼ਸਤ੍ਰ ਬਸਤ੍ਰ ਸ਼ੁਭ ਧਾਰਨ ਹਾਰੇ।
ਕਹ੍ਯੋ 'ਅਰੂਢਹੁ ਹੋਤਿ ਸਕਾਰੇ।'
ਨਿਸਾ ਬਿਖੈ ਤਜਾਰੀ ਕਰਿ ਸੋਯੋ।
ਬਡੀ ਭੋਰ ਉਠਿ ਕਾਰਜ ਜੋਯੋ ॥੨੯॥
ਕਰਿ ਸ਼ਨਾਨ ਪਟ ਆਯੁਧ ਧਾਰੇ।
ਮਿਲਿ ਸਤਿਗੁਰ ਕੋ ਕੀਨਸਿ ਤਜਾਰੇ।
ਸਿਵਕਾ ਪਰ ਨ੍ਰਿਪ ਕੇ ਸੰਗ ਚਾਲੇ।
ਚਢਿ ਤਰੀਅਨਿ[3] ਪਰ ਨੀਰ ਬਿਸਾਲੇ
॥੩੦॥
ਪਹੁੰਚੇ ਪਾਰ ਜਾਇ ਕਰਿ ਜਬੈ।
ਸੁਨ੍ਯੋ ਕਾਮਰੂ ਪਤਿ[1] ਨੇ ਤਬੈ।
ਕੁਛ ਤੁਰੰਗ ਅਰੁ ਬਸਤ੍ਰ ਬਿਸਾਲੇ।
ਦਰਬ ਲਯੋ ਕੇਤਿਕ ਸੰਗ ਚਾਲੇ ॥੩੧॥
ਅਪਰ ਉਪਾਇਨ ਆਛੀ ਕੇਈ।
ਉਪਜਹਿ ਤਿਸੀ ਦੇਸ਼ ਮਹਿਂ ਜੇਈ।
ਆਇ ਮਿਲ੍ਯੋ ਭੂਪਤਿ ਕੇ ਸਾਥ।
ਦੁਹਨਿ ਬੀਚ ਬੈਠੇ ਗੁਰ ਨਾਥ ॥੩੨॥
ਲੇਨਿ ਦੇਨਿ ਜੇਤਿਕ ਮਨ ਭਾਯੋ।
ਸ਼੍ਰੀ ਪ੍ਰਭੁ ਦੋਨੋਂ ਤੇ ਕਰਿਵਾਯੋ।
ਭਈ ਮਿੱਤ੍ਰਤਾ ਆਪਸ ਮਾਂਹੀ।
ਬਧ੍ਯੋ ਪ੍ਰੇਮ ਰਸ ਉਰ ਹਰਖਾਹੀ ॥੩੩॥
ਆਪਸ ਮਹਿਂ ਪਲਟੀ ਦਸਤਾਰ[1]।
ਮਿਲੇ ਅੰਕ ਭਰਿ ਭੁਜਾ ਪਸਾਰਿ।
ਭਨਤਿ ਪਰਸਪਰ ਮਧੁਰੇ ਬੈਨ।
ਹਰਖਤਿ ਪਿਖਤਿ ਸਮੁਖ ਕਰਿ ਨੈਨ
॥੩੪॥
ਦੇਸ਼ ਕਾਮਰੂ ਕੇਰ ਨਰੇਸ਼।
ਸਤਿਗੁਰੁ ਸੋਂ ਕਹਿ ਬਿਨੈ ਵਿਸ਼ੇਸ਼।
'ਕੋ ਇਕ ਚਿੰਨ੍ਹ ਆਪ ਅਬਿ ਦੀਜੈ।
ਹਮ ਪਰ ਕਰੁਨਾ ਧਾਰਿ ਪ੍ਰਸੀਜੈ ॥੩੫॥
ਪਗ ਕੀ ਪਨਹੀ ਕੈ ਹਮ ਦੇਹੂ।

[1]ਕਾਮਰੂ+ਪਤੀ।

[1]ਪਗ ਵਟਾ ਲਈ।

ਸਕਲ ਦੇਸ਼ ਪੂਜਹਿਗੋ ਏਹੂ।
ਅਪਰ ਵਸਤੁ ਕੈ ਦਿਹੁ ਇਸ ਦੇਸ਼।
ਜਿਸ ਤੇ ਸ਼ਰਧਾ ਧਰਹਿਂ ਵਿਸ਼ੇਸ਼' ॥੩੬॥
ਇਮ ਰਾਜਾ ਕੋ ਪ੍ਰੇਮ ਪਰੇਖਾ।
ਕ੍ਰਿਪਾ ਦ੍ਰਿਸ਼ਟਿ ਤੇ ਤਿਸ ਕੋ ਦੇਖਾ।
ਸ਼੍ਰੀ ਗੁਰੁ ਅਪਨੋ ਧਨੁਖ ਸੰਭਾਰਾ।
ਤਰਕਸ਼ ਤੇ ਇਕ ਬਾਨ ਨਿਕਾਰਾ ॥੩੭॥
ਧਰਿ ਕੈ ਜੇਹ ਕਾਨ ਲਗ ਤਾਨਾ।
ਦੇਖੜੋ ਸਨਮੁਖ ਬਿਟਪ ਨਿਸ਼ਾਨਾ।
ਤਿਸ ਕੋ ਤਾਕਿ ਧਨੁਖ ਤੇ ਤਜਾਗੜੋ।
ਬਡੇ ਬੇਗ ਤੇ ਤਰੁਵਰੁ ਲਾਗੜੋ ॥੩੮॥
ਭਲਕਾ ਭਈ ਪਾਰ ਇਮ ਗਯੋ[1]।
ਦੁਹਿ ਦਿਸ਼ਿ ਤਨਕ ਤਨਕ ਦਿਖ ਪਯੋ।
ਸਤਿਗੁਰੁ ਕਹੜੋ 'ਚਿੰਨ੍ਹ ਇਹ ਥਾਨ।
ਪੂਜਹਿਂ ਸਗਰੇ ਸ਼ਰਧਾ ਠਾਨਿ ॥੩੯॥
ਬਿਘਨ ਦੇਸ਼ ਮਹਿਂ ਜੇ ਹੁਇ ਜਾਵੈ।
ਇਸ ਕੌ ਮਾਨਹੁ ਤੁਰਤ ਮਿਟਾਵੈ।
ਜੋ ਬਾਂਛਹਿ ਫਲ ਕਿਸ ਬਿਧਿ ਕੋਇ।
ਇਸ ਪੂਜਹਿ ਸੋ ਪ੍ਰਾਪਤਿ ਹੋਇ ॥੪੦॥
ਦਿਵਸ ਆਜ ਕੇ ਕੀਜਹਿ ਮੇਲਾ।
ਸਕਲ ਦੇਸ਼ ਨਰ ਕਰਹੁ ਸਕੇਲਾ।
ਮਾਨਹੁ ਮਹਾਂ ਮਹਾਤਮ ਪਾਵਹੁ।
ਧੂਪ ਦੀਪ ਨਈਵੇਦ[1] ਚਢਾਵਹੁ ॥੪੧॥
ਸੁਨਿ ਸ਼ਰਧਾ ਧਰਿ ਭੂਪਤਿ ਠਾਨੀ।
ਬਿੱਪ੍ਰ ਬਿਠਾਰੜੋ ਕਰਿ ਇਸਥਾਨੀ[1]।
ਨਿਤ ਪੰਚਾਂਮ੍ਰਿਤ ਕੋ ਕਰਿਵਾਇ।
ਆਨਹਿ ਤਹਾਂ ਦੇਹਿ ਬਰਤਾਇ ॥੪੨॥
ਸਰਬ ਭਾਂਤਿ ਕੀ ਪੂਜ ਕਰਾਇ।
ਮਨ ਬਾਂਛਤਿ ਤਹਿਂ ਤੇ ਫਲ ਪਾਇ।
ਇਮ ਸਤਿਗੁਰੁ ਨ੍ਰਿਪ ਦੁਉ ਮਿਲਾਏ।
ਸਭਿ ਕੇ ਸੁਨਤੜੋਂ ਬਾਕ ਅਲਾਏ ॥੪੩॥

[1]ਇਸ ਤਰ੍ਹਾਂ ਤੀਰ ਗਿਆ ਕਿ ਮੁਖੀ ਪਾਰ ਹੋ ਗਈ।

[1]ਪ੍ਰਸ਼ਾਦਿ, ਭੇਟ।

[1]ਇਸ ਥਾਨ ਵਿਚ (ਪੁਜਾਰੀ ਕਰਕੇ)। (ਅ) ਸਥਾਨ ਪਤੀ।

'ਤੁਮ ਦੋਨਹੁੰ ਭੂਪਤਿ ਬੁਧਿਵੰਤੇ।
ਹਮ ਤੇ ਸੁਨਹੁੰ ਬਾਕ ਹਿਤਵੰਤੇ।
ਇਹੁ ਖੰਜਰ ਹਮ ਗਾਡਹਿਂ ਅਵਨੀ।
ਬਸਦੀ ਤਹਾਂ ਬਸਾਵਹਿਂ ਰਵਨੀ[1] ॥੪੪॥ [1]ਸੁੰਦਰ।
ਹੱਦ ਕਰਹਿਂ ਦੁਹਿਂ ਰਾਜਨਿ ਕੇਰੀ।
ਰਹਿ ਪਤਿਸ਼ਾਹੀ ਸੈਨ ਘਨੇਰੀ।
ਇਤ ਇਹ ਰਹੈ ਨ ਆਗੈ ਜਾਵੈ।
ਨਹਿਂ ਬਿਰੋਧ ਕੋ ਬਹੁਰ ਉਠਾਵੈ ॥੪੫॥
ਪਾਤਿਸ਼ਾਹਿ ਕੀ ਚੌਕੀ ਰਹੈ।
ਤਹਿਂ ਹਮ ਗ੍ਰਾਮ ਬਸਾਯਹੁ ਚਹੈਂ।
ਗ੍ਰਾਮ ਬਸਾਵਹਿਂ ਹਦ ਕੇ ਹੇਤੁ।'
ਨ੍ਰਿਪ ਸੁਨਿ ਦੋਨਹੁੰ ਹਰਖ ਸਮੇਤ ॥੪੬॥
ਆਪਹੁ ਅਪਨੀ ਕਰਿ ਮਿਰਜਾਦਾ।
ਦੁਹਿ ਦਿਸ਼ਿ ਰਹੈਂ ਧਰੇ ਅਹਿਲਾਦਾ।
ਗੁਰ ਕੋ ਬਾਕ ਮਾਨਿ ਕਰਿ ਨੀਕਾ।
ਆਦਰ ਕਰਜੋ ਬਿਸ਼ਨ ਸਿੰਘ ਜੀ ਕਾ
॥੪੭॥
ਕੰਚਨ ਬਸਤ੍ਰ ਤੁਰੰਗਮ ਦੀਨੇ।
ਦੇ ਕਰਿ ਧਨ ਸਨਮਾਨਤਿ ਕੀਨੇ।
ਲੇ ਕਰ ਬਿਦਾ ਭਏ ਚਲਿ ਆਏ।
ਚਢਿ ਨੌਕਾ ਨਦ ਤੇ ਉਤਰਾਏ ॥੪੮॥
ਆਵਤਿ ਬਿਜੈ ਨਿਸ਼ਾਨ[1] ਬਜਾਯਹੁ। [1]ਜੈ ਦਾ ਧੌਂਸਾ।
ਤੋਪ ਤੁਪਕ ਸ਼ਲਖੈਂ ਛਡਵਾਯਹੁ।
ਲਿਖਜੋ ਫਤੇਨਾਮਾ ਤਤਕਾਲ।
ਦਿੱਲੀ ਪਠਜੋ ਬੇਗ ਕੇ ਨਾਲ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਦ੍ਵੈ ਭੂਪਨ ਮੇਲ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤ੍ਰ ਦਾ ਵਰ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਸ੍ਰੀ ਸਤਿਗੁਰੁ ਨਦ ਤੇ ਉਤਰਿ, ਆਇ ਦਮਦਮੇ ਥਾਨ।
ਧਰਮਸਾਲ ਸੁੰਦਰ ਰਚੀ, ਮਿਲੇ ਸਿੱਖਜ ਗਨ ਆਨਿ ॥੧॥

ਚੌਪਈ:

ਜਹਿਂ ਧੋਬਨਿ ਕੋ ਬ੍ਰਿੱਛ ਟਿਕਾਯਹੁ।
ਏਕ ਗ੍ਰਾਮ ਤੌ ਤਹਾਂ ਬਸਾਯਹੁ।
ਅਪਰ ਥਾਨ ਖੰਜਰ ਜੋ ਲਹਜੋ।
ਅਵਨੀ ਬਿਖੈ ਗਾਡ ਸੋ ਦਯੋ ॥੨॥
ਤਹਿਂ ਇਕ ਗ੍ਰਾਮ ਬਸਾਯੋ ਭਾਰੀ।
ਖੰਜਰ ਤਾਂ ਕੋ ਨਾਮ ਉਚਾਰੀ।
ਪਾਤਿਸ਼ਾਹਿ ਕੀ ਕੇਤਿਕ ਸੈਨਾ।
ਤਹਾਂ ਟਿਕਾਵਨਿ ਕੀਨਿ ਸੁਖੈਨਾ ॥੩॥
ਹੱਦ ਕਰੀ ਦੁਇ ਰਾਜਨਿ ਕੇਰੀ।
ਜਿਸ ਤੇ ਉਠਹਿ ਬਿਰੋਧ ਨ ਫੇਰੀ।
ਦੁਹਿ ਦਿਸ਼ਿ ਕੋ ਕਰਿ ਹਰਖ ਸਮੇਤ।
ਆਪ ਆਪਨੇ ਰਾਜ ਸੁਚੇਤ ॥੪॥
ਦੇਸ਼ ਕਾਮਰੂ ਕੇਰ ਬਰੋਬਰ।
ਅਪਰ ਰਾਜ ਇਕ ਤਹਾਂ ਹੁਤੋ ਬਰ।
ਰਾਜਾ 'ਰਾਮ' ਨਰੇਸ਼੍ਵਰ ਨਾਮ[1]।
ਪੁੱਤ੍ਰ ਨ ਉਪਜਜੋ ਤਿਸ ਕੇ ਧਾਮ ॥੫॥
ਕਰਿ ਉਪਚਾਰ ਹਾਰਿ ਕਰਿ ਰਹਜੋ।
ਕਿਸ ਬਿਧਿ ਤੇ ਨਹਿਂ ਨੰਦਨ ਲਹਜੋ।
ਸ੍ਰੀ ਗੁਰ ਤੇਗ ਬਹਾਦਰ ਪੂਰੇ।
ਇਨ ਕੋ ਫੈਲਜੋ ਜਸੁ ਬਹੁ ਰੂਰੇ ॥੬॥
ਕੇਤਿਕ ਬਰਖ ਬਿਤੇ ਇਸ ਥਾਨ[1]।
ਯਾਂ ਤੇ ਜਸੁ ਤਹਿਂ ਬਿਦਤ ਮਹਾਨ।
ਲਘੁ ਦੀਰਘ ਬਹੁ ਕਰਹਿਂ ਉਚਾਰਨਿ।
ਸ੍ਰੀ ਗੁਰ ਦੇਤਿ ਕਾਮਨਾ ਸਾਰਨ[1] ॥੭॥

[1]ਰਾਜੇ ਦਾ ਨਾਮ ਸੀ 'ਰਾਮ।'

[1]ਤਿਸ ਕਾਮ ਰੂਪ ਦੇਸ਼ ਵਿਖੇ (ਸ੍ਰੀ ਗੁਰੂ ਜੀ ਦੇ) ਕਈ ਵਰ੍ਹੇ ਬਿਤੀਤ ਹੋਏ।

[1]ਪੂਰੀਆਂ ਕਰ ਦਿੰਦੇ ਹਨ। (ਅ) ਸਾਰਿਆਂ ਨੂੰ.......।

ਹੁਇ ਸੇਵਕ ਜੋ ਸੇਵਾ ਕਰੈ।
ਰਿਦੇ ਕਾਮਨਾ ਸ਼ਰਧਾ ਧਰੈ।
ਮਨ ਬਾਂਛਤਿ ਪਾਵੈ ਤਤਕਾਲਾ।
ਫੁਰਹਿ ਬਾਕ ਜਿਨ ਕੇਰ ਉਤਾਲਾ ॥ ੮ ॥
ਅਨਿਕ ਨਰਨਿ ਪੁੱਤ੍ਰਨਿ ਬਰ ਪਾਵਾ।
ਕਿਨ ਸੇਵਤਿ ਬਪੁ[1] ਰੋਗ ਮਿਟਾਵਾ।
ਹੁਤੇ ਦਾਰਿਦੀ ਬਿਨੈ ਕਰੰਤੇ।
ਸੋ ਧਨਾਢ ਹੋਏ ਸੁਖਵੰਤੇ ॥ ੯ ॥
ਜੋ ਅਨਜਾਨ ਅਨਾਦਰ ਕਰੈ।
ਤਿਹ ਤਤਕਾਲ ਆਪਦਾ ਪਰੈ।
ਨਿਕਸਹਿਂ ਬਾਕ ਬਦਨ ਤੇ ਜੈਸੇ।
ਬਿਨਾ ਬਿਲਮ ਫੁਰਿ, ਬਨਿ ਹੈਂ ਤੈਸੇ ॥ ੧੦ ॥
ਲੋਕ ਸੈਂਕਰੇ ਆਇ ਸਮੀਪ।
ਹੋਇਂ ਬਾਕ ਤੇ ਰੰਕ ਮਹੀਪ[1]।
ਭੈ[†] ਬਜਾਪਯੋ ਤਿਸ ਦੇਸ਼ ਮਝਾਰੇ।
ਸਾਦਰ ਆਵਹਿਂ ਸਿੱਖੀ ਧਾਰੇ ॥ ੧੧ ॥
ਤਿਸ ਨ੍ਰਿਪ ਕੀ ਰਾਨੀ ਨੇ ਸੁਨਜੋਂ।
ਬਹੁਤਨਿ ਜਾਇ ਗੁਰੂ ਜਸੁ ਭਨਜੋਂ।
ਪੁੱਤ੍ਰ ਕਾਮਨਾਵਾਨ ਮਹਾਨੀ।
ਨਿਸ ਬਾਸੁਰ ਚਿਤਵਤਿ ਦੁਖ ਸਾਨੀ ॥ ੧੨ ॥
ਖਾਨ ਪਾਨ ਪਹਰਿਨਿ ਅਰੁ ਦੇਨਾ।
ਜਿਸ ਮਨ ਰੁਚਹਿ ਨਹੀਂ ਸੁਖ ਲੇਨਾ।
ਗੁਰੁ ਜਸੁ ਸੁਨਤਿ ਪ੍ਰਫੁੱਲਿਤਿ ਭਈ।
ਜਨੁ ਸੁਤ ਸਹਤਿ ਆਪ ਹੁਇ ਗਈ ॥ ੧੩ ॥
ਨਿਸਾ ਭਈ ਰਾਜਾ ਢਿਗ ਆਯੋ।
ਨੇਤ੍ਰ ਨੀਰ ਭਰ ਤਿਸਹਿ ਸੁਨਾਯੋ।
'ਰਾਜ ਸਾਜ ਧਨ ਧਾਮ ਭੰਡਾਰੇ।
ਸਭਿ ਫੀਕੇ ਬਿਨ ਪੁੱਤ੍ਰ ਹਮਾਰੇ ॥ ੧੪ ॥
ਨਹੀਂ ਤਿਲਾਂਜੁਲ[1] ਹਿਤ ਭੀ ਕੋਊ।

[1]ਸਰੀਰਕ।

[1]ਬਚਨਾਂ ਨਾਲ ਕੰਗਾਲਾਂ ਤੋਂ ਰਾਜੇ ਹੋਏ।

[†]ਇਹ ਭੈ ਸ਼ਰਧਾ ਵਾਲਾ ਨਿਰਮਲ ਕਿਸਮ ਦਾ ਭੈ ਹੈ।

[1]ਇਕ ਰਸਮ ਹੈ ਮੁਰਦੇ ਨੂੰ ਦਾਹ ਕੇ ਇਸ਼ਨਾਨ ਕਰਕੇ ਹੱਥ

ਦੇ ਬੁਕ ਵਿੱਚ ਪਾਣੀ ਤੇ ਤਿਲ ਭਰਕੇ ਪ੍ਰਾਣੀ ਦੇ ਨਾਮ ਤੇ ਛੋੜਦੇ ਹਨ।

ਬਿਨਾ ਪੁੱਤ੍ਰ ਤੇ ਅਵਿਗਤਿ ਦੋਊ।
ਕਰਿ ਕਰਿ ਹਾਰੇ ਬਹੁਤ ਉਪਾਇ।
ਨਹੀਂ ਪੁੱਤ੍ਰ ਕੋ ਕਿਸ ਤੇ ਪਾਇ ॥੧੫॥
ਪੂ ਜੇ ਨਰਕ ਤਰਾਵੈ ਜੋਊ[1]।

[1]ਪੁੱਤ੍ਰ = ਪੂ+ਤਰ। [ਪੂ = ਨਰਕ ਤੋਂ। ਤਰ = ਤਰਾਵਨ ਵਾਲਾ]

ਪੁੱਤ੍ਰ ਨਾਮ ਕੋ ਅਰਥਹਿ ਸੋਊ।
ਪੁਨ ਇਸ ਜਗ ਕੇ ਸੁਖ ਉਪਜਾਵੈ।
ਪਰੰਪਰਾ ਕੁਲ ਅਪਨਿ ਬਧਾਵੈ ॥੧੬॥
ਰਾਜ ਸੰਭਾਲਹਿ ਹਮ ਪਸ਼ਚਾਤੀ।
ਦੇਖ ਸਿਰਾਤੀ[1] ਲੋਚਨ ਛਾਤੀ।

[1]ਠਰਦੀ ਹੈ।

ਸੋ ਹਮ ਕੋ ਸੁਖ ਨਾਂਹਿ ਨ ਹੋਵਾ।
ਅਨਿਕ ਉਪਾਇਨਿ[1] ਕੋ ਕਰਿ ਜੋਵਾ ॥੧੭॥

[1]ਯਤਨਾਂ।

ਸੁਨੇ ਸੁ ਮੈਂ ਸ਼੍ਰੀ ਨਾਨਕ ਥਾਏਂ।
ਇਤ ਸ਼੍ਰੀ ਤੇਗ ਬਹਾਦਰ ਆਏ।
ਲੋਕ ਅਨੇਕ ਕਾਮਨਾਂ ਪਾਵੈਂ।
ਸਾਦਰ ਸੇਵਹਿਂ ਸੁਖ ਉਪਜਾਵੈਂ ॥੧੮॥
ਜਿਸ ਸ਼੍ਰੀ ਨਾਨਕ ਕੋ ਜਸੁ ਸਾਰੇ।
ਭੂ ਮੰਡਲ ਮਹਿਂ ਬਿਦਤ ਉਦਾਰੇ।
ਕਜੋਂ ਤੁਮ ਜਾਇ ਨ ਸੇਵ ਉਠਾਵਹੁ।
ਮਨ ਬਾਂਛਤਿ ਸੁਤ ਕੋ ਬਰ ਪਾਵਹੁ' ॥੧੯॥
ਸੁਨਿ ਬੋਲਜੋ ਤਬਿ ਰਾਜਾ ਰਾਮ।
'ਮੈਂ ਭੀ ਸੁਨਜੋਂ ਸੁਜਸੁ ਅਭਿਰਾਮ।
ਸ਼੍ਰੀ ਮੁਖ ਤੇ ਜਿਮ ਬਾਕ ਬਖਾਨੇ।
ਫੁਰਹਿਂ ਸਕਲ ਤਿਮ ਬਿਦਤ ਜਹਾਨੇ ॥੨੦॥
ਸ਼੍ਰੀ ਨਾਨਕ ਸੂਰਜ ਸਮ ਸਾਰੇ।
ਕਰਜੋ ਪ੍ਰਕਾਸ਼ਨਿ, ਅਨਿਕ ਉਧਾਰੇ।
ਇਹ ਭੀ ਤਿਨ ਹੀ ਕੇ ਅਵਤਾਰ।
ਯੌਂ ਸਭਿ ਭਾਖਤਿ ਹੈ ਸੰਸਾਰ' ॥੨੧॥

ਏਵ ਪਰਸਪਰ ਹਰਖਤਿ ਹੋਏ।
ਰਾਤਿ ਬਿਖੈ ਪਰਿ ਸੁਖ ਸੋਂ ਸੋਏ।
ਭਈ ਭੋਰ ਜਿਤ ਦਿਸ਼ਿ ਗੁਰ ਜਾਨੇ[1]।
ਤਯਾਰੀ ਕੀਨਸਿ ਉਤਸਵ ਠਾਨੇ ॥੨੨॥
ਨਿਜ ਰਾਨੀ ਕੋ ਲੇ ਕਰਿ ਸਾਥ।
ਚਢਤਿ ਭਯੋ ਤਬਿ ਹੀ ਨਰਨਾਥ।
ਬ੍ਰਿੰਦ ਤੁਰੰਗਮ ਕੇ ਅਸਵਾਰ।
ਚਢੇ ਸੰਗ ਦੁੰਦਭਿ ਧੁੰਕਾਰ ॥੨੩॥
ਸਿਵਕਾ ਡੋਰੇ ਬਾਹਨ ਨਾਨਾ।
ਲੇ ਕਰਿ ਚਲ੍ਯੋ ਸੰਗ ਰਾਜਾਨਾ।
ਸੁਤ ਅਭਿਲਾਖੀ ਮਗ ਕੋ ਡਗਰਾ[1]।
ਕ੍ਰਮ ਕਰਿ ਦੇਸ਼ ਉਲੰਘ੍ਯੋ ਸਗਰਾ ॥੨੪॥
ਜਹਿਂ ਸਤਿਗੁਰ ਕੋ ਲਖ੍ਯੋ ਬਸੇਰਾ।
ਆਇ ਸਮੀਪਿ ਕਰਾਇ ਸੁ ਡੇਰਾ।
ਤੰਬੂ ਸ਼ਮਿਯਾਨੇ ਤਹਿਂ ਤਾਨੇ।
ਉਤਰ੍ਯੋ ਭੂਪਤਿ ਥਿਰਤਾ ਠਾਨੇ ॥੨੫॥
ਸੰਧ੍ਯਾ ਭਈ ਸੁਪਤਿ ਸੁਖ ਰਾਤੀ।
ਬਹੁਰ ਆਨਿ ਹੋਈ ਜਬਿ ਪ੍ਰਾਤੀ
ਕਰਿ ਸ਼ਨਾਨ ਲੇ ਅਨਿਕ ਉਪਾਇਨ।
ਗੁਰ ਦਿਸ਼ਿ ਗਮਨ੍ਯੋਂ ਨੰਗੇ ਪਾਇਨ ॥੨੬॥
ਭਯੋ ਦੀਨ ਮਨ, ਸ਼ਰਧਾਵਾਨ।
ਸਹਤਿ ਭਾਰਜਾ ਅੰਜੁਲ ਪਾਨ[1]।
ਨਮਸਕਾਰ ਕਰਿਕੈ ਪਗ ਕੰਜਨਿ[1]।
ਮਨ ਰੰਜਨ ਭਵ ਭੈ ਭ੍ਰਮ ਭੰਜਨ[1] ॥੨੭॥
ਆਇਸੁ ਲੈ ਬੈਠ੍ਯੋ ਡਰ ਧਾਰਿ।
ਸਤੁਤਿ ਬੇਨਤੀ† ਕਰੀ ਉਚਾਰਿ।
'ਘਟ ਘਟ ਪਟ ਕੇ ਜਾਨਣ ਹਾਰੇ।
ਬਨਹਿ ਨ ਕਹਿਬੋ ਆਪ ਅਗਾਰੇ' ॥੨੮॥
ਪੁਨ ਕਰ ਜੋਰਿ ਸਚਿਵ ਨੇ ਕਹ੍ਯੋ।

[1]ਜਾਣਿਆ (ਕਿ ਟਿਕੇ ਹੋਏ ਹਨ ਜਿੱਥੇ)।

[1]ਪੁਤ੍ਰ ਦਾ ਚਾਹਵਾਨ (ਰਾਜਾ) ਰਸਤੇ ਟੁਰ ਪਿਆ। [ਹਿੰ: ਡਗਰਨਾ = ਚਲਨਾ, ਟੁਰਨਾ]

[1]ਹੱਥ ਜੋੜਕੇ।

[1]ਚਰਨ ਕਵਲਾਂ ਪਰ।

[1]ਭੈ ਭੰਨਣ ਵਾਲੇ ਗੁਰੂ ਜੀ ਦੇ।

†ਪਾ:-ਸੁਤ ਹਿਤ ਬਿਨਤੀ।

'ਇਤ ਆਵਨਿ ਰਾਵਰ ਜੇ ਲਹਯੋ।
ਹਮ ਸਮ ਜੀਵ ਹਜ਼ਾਰਨਿ ਕੇਰੇ।
ਲਖਿਯਤਿ ਜਾਗੇ ਭਾਗ ਬਡੇਰੇ ॥੨੯॥
ਪ੍ਰਥਮ ਪ੍ਰਿਥੀਪਤਿ ਕੀ ਇਮ ਇੱਛਯਾ।
ਧਰਹਿ ਆਪ ਕੇ ਮੁਖ ਕੀ ਸਿੱਛਯਾ।
ਪਦ ਪੰਕਜ ਪਾਵਨ ਬਰ ਸੁੰਦਰ।
ਇਨ ਤੇ ਚਹਿਂ ਪੁਨੀਤ ਕਿਯ ਮੰਦਰ ॥੩੦॥
ਜੋ ਜਾਚਤਿ ਤੁਮਰੇ ਦਰਬਾਰਾ।
ਪਾਯਤਿ ਸੋ, ਇਮ ਸੁਜਸੁ ਉਦਾਰਾ।
ਲੈਬੇ ਹੇਤੁ ਆਪ ਚਢਿ ਆਏ[1]।

[1]ਆਪ ਜੀ ਦੇ ਲਿਜਾਣ ਲਈ ਆਪ (ਰਾਜਾ ਜੀ) ਚੜ੍ਹ ਆਏ ਹਨ।

ਭਾਉ ਭਗਤਿ ਸੋਂ ਚਿਤ ਲਪਟਾਏ' ॥੩੧॥
ਸੁਨਿ ਕੈ ਸ਼੍ਰੀ ਗੁਰ ਬਾਕ ਬਖਾਨੇ।
'ਮੱਜਨ ਤੀਰਥ ਪਿਖਨਿ ਸਥਾਨੇ।
ਆਵਨਿ ਭਯੋ ਦੇਸ਼ ਇਸ ਮਾਂਹੇ।
ਬਿਸ਼ਨ ਸਿੰਘ ਕੋ ਕਾਜ ਨਿਬਾਹੇ ॥੩੨॥
ਦਾਨ ਹੋਮ[†] ਬਹੁ ਬਿਧਿ ਕੇ ਕਰਿਕੈ।

[†]ਗੁਰਮਤਿ ਵਿਚ ਦਾਨ ਲਈ ਇਹ ਆਗਯਾ ਹੈ 'ਖੇਤੁ ਪਛਾਣੈ ਬੀਜੈ ਦਾਨ।' ਤੇ ਹੋਮ ਲਈ ਇਹ ਪ੍ਰਵਾਨ ਹੈ 'ਹੋਮ ਜਗ ਲਖ ਭੋਗ ਚਣੇ ਚਬਾਵਨੀਂ।' ਸਾਧ ਸੰਗਤ ਦੀ ਜਠਰਾਗਨੀ ਵਿਚ ਭੋਜਨ ਦੀਆਂ ਅਹੁਤੀਆਂ ਰੂਪੀ ਹੋਮ ਗੁਰਮਤ ਵਿਖੇ ਖੁਲ੍ਹੇ ਲੰਗਰ ਦੀ ਸੂਰਤ ਵਿਚ ਸਦਾ ਹੁੰਦਾ ਹੈ। ਦੇਖੋ ਸ਼੍ਰੀ ਗੁਰੁ ਨਾ: ਪ੍ਰਕਾਸ਼: ਪੂ: ਅਧ੍ਯਾ: ੪੮ ਅੰਕ ੫੬।

ਸਿਖ ਸੰਗਤਿ ਇਸ ਦੇਸ਼ ਨਿਹਰਿ ਕੈ।
ਅਧਿਕ ਭਾਵਨਾ ਜੇ ਨ੍ਰਿਪ ਕੇਰੀ[1]।

[1]ਜੋ ਰਾਜੇ ਦੀ ਹੈ।

ਸ਼ਰਧਾ ਧਾਰਿ ਆਇ ਬਿਨ ਬੇਰੀ[1] ॥੩੩॥

[1]ਤੇ ਸ਼ਰਧਾ ਧਾਰਕੇ ਆਇਆ ਹੈ ਦੇਰੀ ਤੋਂ ਬਿਨਾ।

ਕਹੋ ਕਾਮਨਾ ਅਪਨੀ ਜੋਇ।
ਆਗੇ ਗਮਨਿ ਨਹੀਂ ਅਬਿ ਹੋਇ।'
ਇਮ ਸੁਨਿ ਏਕ ਦਿਵਸ ਤਹਿਂ ਰਹੇ।
ਪ੍ਰਾਤਿ ਭਈ ਮਿਲਿ ਗੁਰ ਸੋਂ ਕਹੇ ॥੩੪॥
'ਸ਼੍ਰੀ ਸਤਿਗੁਰ ! ਜਸੁ ਸੁਨਜੋਂ ਤੁਮਾਰਾ।

ਦਰਸ਼ਨ ਕੋ ਮਨ ਭਯੋ ਹਮਾਰਾ।
ਕਰਜੋ ਦੇਸ਼ ਪਾਵਨ ਇਤ ਆਇ।
ਭਏ ਨਿਹਾਲ ਲੋਕ ਸਮੁਦਾਇ' ॥੩੫॥
ਪੁੱਤ੍ਰਨ ਜਾਚ ਸਕਹਿ, ਕਹਿ ਕੈਸੇ[1]?

[1]ਭਾਵ ਪੁੱਤ੍ਰ ਮੰਗਣ ਲਈ ਕਹਿਣੋਂ ਸੰਗਦਾ ਹੈ, ਆਖੇ ਕੀਕੂੰ?

ਸਤਿਗੁਰ ਨੇ ਉਰ ਕੀ ਲਖਿ ਤੈਸੇ।
ਮ੍ਰਿਦੁਲ ਮਧੁਰ ਸੁੰਦਰ ਸੁਖਦਾਨੀ।
ਬੋਲੇ ਕ੍ਰਿਪਾ ਧਾਰਿ ਮੁਖਬਾਨੀ ॥੩੬॥
'ਭੋ ਮਹਿਪਾਲਕ! ਨਿਜ ਅਭਿਲਾਖ।
ਕਜੋਂ ਸੁਕਚਤਿ ਚਿਤ, ਦੀਜਹਿ ਭਾਖਿ।'
ਸੁਨਤਿ ਭਨੀ ਬਿਨਤੀ, ਕਰ ਬੰਦੇ।
'ਦਾਨੀ ਸਭਿ ਕੋ ਆਪ ਬਿਲੰਦੇ ॥੩੭॥
ਜਤਨ ਅਨੇਕ ਕਰੇ ਸਭਿ ਰੀਤਿ।
ਪੁੱਤ੍ਰ ਨ ਪ੍ਰਾਪਤਿ ਚਿੰਤਾ ਚੀਤ।
ਆਰਬਲਾ ਚਿਰਕਾਲ ਬਿਤਾਈ।
ਅਬਿ ਸ਼ਰੀਰ ਪਰ ਭੀ ਬਿਰਧਾਈ[1] ॥੩੮॥

[1]ਬੁਢੇਪਾ।

ਆਪ ਰਾਜ ਕੋ ਮਾਲਿਕ ਦੀਜੈ।
ਕ੍ਰਿਪਾ ਨਿਧਾਨ! ਕ੍ਰਿਪਾ ਨਿਜ ਕੀਜੈ।
ਚਰਨ ਆਪ ਕੇ ਅਲੰਬ ਹਮਾਰੇ।
ਤਜੇ ਉਪਾਇ ਅਪਰ ਜੇ ਸਾਰੇ ॥੩੯॥
ਹੁਇੰ ਰਾਵਰ ਕੇ ਸਿੱਖ ਮਹਾਨੇ।
ਹਲਤ ਪਲਤ ਮਹਿਂ ਦਿਹੁ ਕੱਲਜਾਨੇ।
ਪੂਰਬ ਸੰਤ ਦੇਵ ਬਹੁ ਮਾਨੇ[1]।

[1]ਪਹਿਲੇ ਸੰਤ ਦੇਵੀ ਦੇਵਤੇ ਬੜੇ ਮੰਨੇ ਹਨ।

ਅਨਿਕ ਉਪਾਇਨ[1] ਪੂਜਨ ਠਾਨੇ ॥੪੦॥

[1]ਅਨੇਕ ਉਪਾਵਾਂ ਕਰਕੇ।

ਬਹੁ ਕਰਿ ਰਹੇ[1], ਨ ਉਪਜਜੋ ਨੰਦ[2]।

[1]ਬੜੇ (ਉਪਾਉ) ਕੀਤੇ। [2]ਪੁੱਤ੍ਰ।

ਹੀਨ ਮਨੋਰਥ ਚਿੰਤ ਬਿਲੰਦ।
ਅਬਿ ਸਤਿਗੁਰ ਕੀ ਸ਼ਰਨੀ ਆਏ।
ਸਭਿ ਤੇ ਉੱਤਮ ਸੁਰਤਰੁ ਪਾਏ ॥੪੧॥
ਨਹਿਂ ਚਿੰਤਾ ਚਿਤ ਕੀ ਮਮ ਰਹੈ।
ਮੋ ਮਨ ਮੈਂ ਨਿਸ਼ਚੈ ਅਸ ਅਹੈ।'
ਇਸ ਬਿਧਿ ਕੀ ਬਿਨਤੀ ਸੁਨਿ ਕਰਿ ਕੈ।

ਦੀਨ ਦਯਾਲ ਨਿਜ ਬਿਰਦ ਸੰਭਰਿਕੈ
॥੪੨॥
ਦੀਨ ਜਾਨਿ ਗੁਰੁ ਕੀਨਸਿ ਦਯਾ।
ਕਹ੍ਯੋ ਬਾਕ 'ਤੁਝ ਕੋ ਬਰ ਦਯਾ।'
ਹੁਤੀ ਮੁਹਰ ਸ਼੍ਰੀ ਗੁਰ ਕੇ ਹਾਥ।
ਲਾਇ ਨ੍ਰਿਪਤ ਕੇ ਉਰੂ[1] ਸਾਥ ॥੪੩॥ [1]ਪੱਟ।
'ਤਵ ਸੁਤ ਹੁਇ ਹੈ ਸਿੱਖ੍ਯ ਹਮਾਰਾ।
ਧਰਮ ਆਤਮਾ ਭਾਗ ਉਦਾਰਾ।
ਤਿਸ ਕੇ ਸੀਸ ਮੁਹਰ ਇਹ ਹੋਇ।
ਚਿੰਨ੍ਹ ਹਮਾਰੋ ਧਰਹਿ ਸੋਇ' ॥੪੪॥
ਚਰਨ ਪਖਾਰਿ ਚਰਨਾਂਮ੍ਰਿਤ ਲੀਨਾ।
ਬਿਦਾ ਹੋਇ ਕਰਿ ਪਯਾਨੋ ਕੀਨਾ।
ਕੇਤਿਕ ਮਾਸਨਿ ਸੁਤ ਨਿਪਜਯੋ[1]। [1]ਪੈਦਾ ਹੋਇਆ।
ਚਿੰਨ੍ਹ ਗੁਰੂ ਕੋ ਸਿਰ ਪਰ ਲਯੋ ॥੪੫॥
†ਜਬਿ ਸਤਿਗੁਰ ਪਟਣੇ ਤੇ ਚਲਿ ਕੈ।

†ਇਥੇ ਕਵਿ ਜੀ ਪਿਛਲਾ ਪ੍ਰਸੰਗ ਅਰੰਭ ਕਰਦੇ ਹਨ, ਜੋ ਪਿੱਛੇ ਟਿਕਾਣੇ ਸਿਰ ਨਹੀਂ ਲਿਖ ਆਏ ਕਿਉਂ ਜੋ ਤਦੋਂ ਨੌਵੇਂ ਗੁਰੂ ਜੀ ਦੇ ਕਾਮਰੂਪ ਜਾਣ ਦੇ ਹਾਲ ਦੀ ਲੜੀ ਲਈ ਗਏ ਸਨ। ਇਥੋਂ ਹੁਣ ਦਸਮੇਂ ਪਾਤਸ਼ਾਹ ਜੀ ਦੇ ਅਵਤਾਰ ਤੇ ਬਾਲ ਲੀਲ੍ਹਾ ਦੀ ਲੜੀ ਸ਼ੁਰੂ ਕੀਤੀ ਨੇ, ਇਸ ਕਰਕੇ ਦੱਸਿਆ ਨੇ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਪਟਣੇ ਤੋਂ ਤੁਰਕੇ ਕੁਛ ਮੰਜ਼ਲ ਚੋਖਾ ਪੈਂਡਾ ਲੰਘ ਗਏ ਸਨ, ਤਦੋਂ ਖਬਰ ਪੁੱਜੀ ਸੀ ਸਾਹਿਬਜ਼ਾਦੇ ਜੀ ਦੇ ਅਵਤਾਰ ਦੀ, ਭਾਵ ਕਾਮ ਰੂਪ ਨੂੰ ਜਾਂਦਿਆਂ ਰਸਤੇ ਵਿਚ ਖਬਰ ਮਿਲੀ ਸੀ। ਦੇਖੋ ਅੱਗੇ ਅੰਸੂ ੧੩ ਦਾ ੧੦ ਅੰਕ।

ਉਲੰਘੇ ਮਾਰਗ ਸੰਗਤਿ ਮਿਲਿ ਕੈ।
ਆਨੰਦ ਕੀ ਨਿਧਿ ਸੁਧਿ ਤਬਿ ਆਈ।
'ਭਯੋ ਆਪ ਕੇ ਪੁਤ੍ਰ ਬਧਾਈ' ॥੪੬॥
ਸੁਨਤਿ ਉਛਾਹ ਅਨਿਕ ਬਿਧਿ ਹੋਵਾ।
ਦਯੋ ਦਾਨ ਤਹਿਂ ਦਾਰਿਦ ਖੋਵਾ।
ਗੁਰ ਘਰ ਜਨਮ੍ਯੋ ਸਾਹਿਬਜ਼ਾਦਾ।
ਬਿਸ਼ਨ ਸਿੰਘ ਸੁਨਿ ਬਹੁ ਅਹਿਲਾਦਾ
॥੪੭॥
ਦੁੰਦਭਿ ਛੋਟੇ ਬਡੇ ਬਜਾਏ।
ਚਿਰੰਕਾਲ ਲਗਿ ਸੁਨਿ ਸਮੁਦਾਏ।
ਤੋਪਨਿ ਤੁਪਕਨਿ ਸ਼ਲਖ ਬਿਸਾਲਾ।
ਬਾਰ ਬਾਰ ਕੀਨਸਿ ਤਿਸ ਕਾਲਾ ॥੪੮॥
ਨ੍ਰਿਪ ਨੇ ਦਾਨ ਦਯੋ ਬਹੁ ਰੰਕਨਿ।

ਬਖਸ਼ੇ ਸੁਨਤਜੋਂ ਕੰਚਨ ਕੰਕਨ[1]।
ਜਿਸ ਨੇ ਪੂਰਬ ਖ਼ਬਰ ਸੁਨਾਈ।
ਦੁਇ ਲੋਕਨਿ ਸੁਖ ਬਖਸ਼ਿਸ਼ ਪਾਈ ॥੪੯॥

[1]ਕੰਚਨ ਦੇ ਕੜੇ।

ਕੌਤਕ ਕੀਨਿ ਅਨੇਕ ਪ੍ਰਕਾਰਨ।
ਨਟ, ਨ੍ਰਿਤਕਰ[1], ਬੰਦੀਜਨ, ਚਾਰਨ[2†]।

[1]ਨਾਚ ਕਰਨ ਵਾਲੇ। [2]ਭੱਟ। [†]ਸਤਿਗੁਰੂ ਜੀ ਦੇ ਗ੍ਰਿਹ ਸਾਹਿਬਜ਼ਾਦਿਆਂ ਜੀ ਦੇ ਅਵਤਾਰ ਸਮੇਂ ਗੁਰਮਤ ਦੀ ਵਰਤੋਂ ਇਉਂ ਲਿਖੀ ਹੈ, ਗੁਰਬਾਣੀ ਸਖੀ ਅਨੰਦੁ ਗਾਵੈ ॥' ਇਹੋ ਗੁਰ ਸਿੱਖੀ ਦੀ ਮਿਰਯਾਦਾ ਅੱਗੇ ੧੨ ਅੰਸੂ ਦੇ ੮ ਅੰਕ ਵਿਚ ਕਵੀ ਜੀ ਨੇ ਆਪ ਕਹੀ ਹੈ।

ਡੂਮ ਭਾਟ ਆਦਿਕ ਜੇ ਆਏ।
ਲੇ ਕਰਿ ਦਾਨ ਸਕਲ ਤ੍ਰਿਪਤਾਏ ॥੫੦॥
ਅਤਿ ਉਤਸਵ ਸਿਖ ਸੰਗਤਿ ਕਰਤੀ।
ਸੁਨਿ ਸੁਨਿ ਅਨੰਦ ਮਹਿਦ ਕੋ ਧਰਤੀ।
ਸਭਿ ਲਸ਼ਕਰ ਨੇ ਉਤਸਵ ਕੀਨਸਿ।
ਜਥਾ ਜੋਗ ਸਭਿਹੂੰ ਧਨ ਦੀਨਸਿ ॥੫੧॥
ਸਭਿ ਕਾਰਜ ਕਰਿ ਚਾਹਤਿ ਮੁਰੇ।
ਪਟਣੇ ਦਿਸ਼ਿ ਸਤਿਗੁਰ ਮੁਖ ਕਰੇ।
ਅਬਿ ਮੈਂ ਜਨਮ ਕਥਾ ਚਿਤ ਲਾਇ।
ਦਸਮੇਂ ਗੁਰ ਕੀ ਕਹੌਂ ਬਨਾਇ[1] ॥੫੨॥

[1]ਬਣਾਕੇ।

ਦੋਹਰਾ:
ਜਿਮਿ ਜਿਮ ਪਟਣੇ ਨਗਰ ਮਹਿਂ, ਖੇਲੇ ਬਾਲ ਮੁਕੰਦ।
ਭਯੋ ਮਹਾਂ ਉਤਸਵ ਜਥਾ, ਰਚੌਂ ਤਥਾ ਸ਼ੁਭ ਛੰਦ ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਰਾਜੇ ਕੋ ਸੁਤ ਦੇਵਨਿ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

## ੧੨. [ਦਸ਼ਮੇਸ਼ ਅਵਤਾਰ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਸੈਯਾ:

ਗਨ ਮੰਗਲ ਕੇ ਗੁਰ ਮੰਗਲ ਰੂਪ,
ਮਹਾਂ ਉਤਸਾਹਨਿ ਕੇ ਉਤਸਾਹੂ।
ਸਭਿ ਤੇਜਨਿ ਕੇ ਅਤਿ ਤੇਜ ਦਿਪੈਂ,
ਸਭਿ ਓਜਨ ਓਜ, ਗਰੂਰਨਿ ਗਾਹੂ[1]।

[1]ਹੰਕਾਰੀਆਂ ਨੂੰ ਗਾਹੁਣ ਵਾਲੇ।

ਸ਼ੁਭ ਆਦਿ ਮ੍ਰਿਜਾਦ ਟਿਕਾਵਨਿ ਕੋ,
ਬਿਗਸਾਵਨਿ ਸੰਤਨਿ ਕੋ, ਰਿਪੁ ਦਾਹੂ।
ਤੁਰਕਾਨਿ ਤਰੂ ਜਰ ਨਾਸ਼ਨਿ ਕੋ[1]

[1]ਤੁਰਕਾਂ (ਰੂਪੀ) ਬ੍ਰਿੱਛ ਦੀ ਜੜ੍ਹ ਨਾਸ਼ ਕਰਨ ਨੂੰ।

ਅਵਤਾਰ ਉਦਾਰ ਲਯੋ ਜਗ ਮਾਂਹੂ ॥੧॥
ਸਰਦੂਲ ਕਿ ਤੂਲ ਅਭੂਲ ਭਏ
ਪ੍ਰਤਿਕੂਲ ਨਦੀ ਗਿਰ ਰਾਜਨਿ ਕੋ[1]।

[1]ਪਹਾੜੀ ਰਾਜਿਆਂ ਦੀ ਵਿਰੋਧਤਾ ਰੂਪੀ ਜੋ ਨਦੀ ਸੀ, ਉਸ ਵਿਚ ਸ਼ੇਰ ਵਾਂਙੂ ਅਚਕ (ਸਿੱਧੇ) ਟੁਰੇ। ਭਾਵ ਇਹ ਕਿ ਉਨ੍ਹਾਂ ਦੇ ਰੌਂ ਰੁਖ਼ ਵਿਚ ਵਹਿ ਟੁਰਨ ਦੀ ਭੁੱਲ ਨਹੀਂ ਕੀਤੀ, ਨਿਰੋਲ ਸੱਚ ਤੇ ਅਝੁਕ ਟਿਕ ਕੇ ਸਿੱਧੇ ਟੁਰੀ ਗਏ ਜਿਵੇਂ ਸ਼ੇਰ ਨਦੀ ਦੇ ਵੇਗ ਦੀ ਪ੍ਰਤਿਕੂਲਤਾ ਨੂੰ ਚੀਰ ਕੇ ਸਿੱਧਾ ਜਾਂਦਾ ਹੈ।

ਹਿੰਦਵਾਇਨ ਤੀਰਥ ਪਾਵਨ ਕੋ
ਥਿਰਤਾਵਨ ਕੋ ਅਘ ਮਾਂਜਨ ਕੋ[1]।

[1]ਹਿੰਦੂਆਂ ਰੂਪੀ (ਯਾ ਦੇ) ਤੀਰਥਾਂ ਦੇ ਪਵਿੱਤ੍ਰ ਕਰਨੇ ਨੂੰ ਫਿਰ ਹਿੰਦੂਆਂ ਦੀ ਸਥਿਤੀ ਕਰਨ ਨੂੰ ਤੇ ਪਾਪ ਨਾਸ਼ ਕਰਨ ਨੂੰ।

ਸਰਬੋਤਮ ਖਾਲਸਾ ਪੰਥ ਸ ਤੇਜ
ਅਮੇਜ ਹ੍ਵੈ ਆਪ ਹੀ ਸਾਜਨ ਕੋ[1]।

[1]ਆਪ ਵਿਚ ਮਿਲਕੇ ਸਾਜਣ ਲਈ ਭਾਵ ਇਹ ਕਿ ਆਪ ਨਿਰਾਲੇ ਰਹਿ ਕੇ ਪੰਥ ਨਹੀਂ ਸਾਜਿਆ ਪੰਥ ਸਾਜ ਕੇ ਆਪ ਅੰਮ੍ਰਿਤ ਛਕ ਕੇ ਖਾਲਸਾ ਦੇ ਵਿਚ ਮਿਲੇ।

ਕਵਿ ਸਿੰਘ ਕਹੈ ਅਵਿਤਾਰ ਭਯੋ
ਹਮ ਜੈਸੇ ਗ਼ਰੀਬ ਨਿਵਾਜਨ ਕੋ[1] ॥੨॥

[1]ਸਾਡੇ ਵਰਗੇ ਗਰੀਬਾਂ ਦੇ ਵਡਿਆਵਣੇ ਨੂੰ।

ਸਭਿ ਨਿੰਦਕ ਮੋਦ ਕਮੋਦਨਿ ਕੋ ਬਨ[1],

[1]ਸਾਰੇ ਨਿੰਦਕਾਂ ਰੂਪੀ ਕਮੁਦਨੀਆਂ ਦੇ ਬਨ ਨੂੰ ਮੁੰਦ ਦਿੱਤਾ।

ਦੰਭ ਉਲੂਕ ਦੁਰੇ ਸਮੁਦਾਏ[1]।

[1]ਦੰਭ ਰੂਪੀ ਉੱਲੂ ਛਿਪ ਗਏ।

ਭਗਤੀ ਅਤਿ ਆਤਪ ਕੋ ਬਿਸਤਾਰਨਿ
ਤਾਰਨ ਸੇ ਗਰਬੀ ਨ ਦਿਸਾਏ[1]।

[1]ਫਿਰ ਭਗਤੀ ਰੂਪੀ ਧੁੱਪ ਦੇ ਫੈਲਾਉਣ ਵਿਚ ਤਾਰਿਆਂ ਵਤ ਗਰਬੀ (ਲੋਕ ਨਿਗਾਹ ਨਾ ਆਏ)

ਪਸਰਯੋ ਅੰਧਕਾਰ ਅਧਰਮ ਮਹਾਂ ਦਿਢ,
ਏਕ ਹੀ ਬਾਰ ਸੁ ਦੀਨਿ ਪਲਾਏ[1]।

[1]ਨਾਸ਼ ਕਰ ਦਿੱਤਾ।

ਸਮ ਸੂਰਜ ਕੇ ਅਵਿਤਾਰ ਭਯੋ,
ਹਮ ਸੇ ਜਨ ਪੰਕਜ ਕੋ ਬਿਕਸਾਏ[1] ॥ ੩ ॥ [1]ਸਾਡੇ ਵਰਗੇ ਕਵਲਾਂ ਰੂਪ ਦਾਸਾਂ ਨੂੰ ਖਿੜਾਵਨ ਲਈ।

ਚੌਪਈ:

ਸ੍ਰੀ ਗੁਜਰੀ ਬਡ ਭਾਗ ਪ੍ਰਸੂਤਾ।
ਉਪਜਯੋ ਬਾਲਿਕ ਛਬਿ ਅਦਭੁਤਾ[1]। [1]ਅਨੋਖੀ।
ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ[1]। [1]ਅੱਠ ਦੀਵੇ ਬਲ ਰਹੇ ਸਨ। (ਅ) ਘਰ ਵਿਚ ਸ਼ਮਾਦਾਨ ਬਲ ਰਿਹਾ ਸੀ। ਅਸ਼ਟਦ੍ਵੀਪ = ਜਿਸ ਵਿਚ ਅੱਠ ਦੀਵੇ ਹੋਣ। ਅੱਠਾਂ ਮੂੰਹਾਂ ਵਾਲਾ ਸ਼ਮਾਦਾਨ ਜੋ ਪਿਛਲੇ ਸਮੇਂ ਪਿੱਤਲ ਦੇ ਹੁੰਦੇ ਸਨ।
ਦੁਤਿ ਘਟ ਗਈ ਉਦਯੋ ਰਵਿ ਮਾਨੋ[1] ॥ ੪ ॥ [1]ਮਾਨੋ ਸੂਰਜ ਚੜ੍ਹਿਆ (ਤਾਂ ਸ਼ਮਾ ਦਾਨ ਦੀ ਰੌਸ਼ਨੀ ਮਾਤ ਪੈ ਗਈ)।
ਸੇਬਜਮਾਨ[1] ਧਾਇਨ ਤੇ ਮਾਤਾ। [1]ਸੇਵਾ ਯੋਗ।
ਭਨਹਿਂ ਬਧਾਈ ਆਨੰਦ ਦਾਤਾ[1]। [1]ਅਨੰਦ ਦੇਣ ਵਾਲੀ ਵਧਾਈ (ਲੋਕ) ਕਹਿੰਦੇ ਹਨ।
ਅੰਤਰ ਵਹਿਰ ਦਾਸ ਗਨ ਦਾਸੀ।
ਬਿਚਰਤਿ ਇਤ ਉਤ ਰਿਦੇ ਹੁਲਾਸੀ ॥ ੫ ॥
ਆਪਸ ਮਹਿਂ ਬਹੁ ਕਰਿ ਕਰਿ ਚਾਇ।
ਮਿਲਹਿਂ ਬਖਾਨਹਿਂ ਸਤੁਤਿ ਸੁਨਾਇਂ।
'ਗੁਰ ਘਰ ਜਨਮਯੋਂ ਸਾਹਿਬਜ਼ਾਦਾ।
ਸਭਿ ਨਿਜ ਜਨਨਿ[1] ਦੇਹਿ ਅਹਿਲਾਦਾ' ॥ ੬ ॥ [1]ਆਪਣੇ ਸਾਰੇ ਦਾਸਾਂ ਨੂੰ।
ਪੌਤ੍ਰ ਬਦਨ ਕੋ ਦੇਖਿ ਪਰੇਖੀ।
ਮਾਤ ਨਾਨਕੀ ਮੋਦ ਵਿਸ਼ੇਖੀ।
ਮਨਹੁਂ ਕੋਕਨਦ ਬਿਕਸਤਿ ਸੁੰਦਰ।
ਚੰਦ ਮਨਿੰਦ ਚਾਰੁ ਦੁਤਿ ਮੰਦਿਰ[1] ॥ ੭ ॥ [1]ਸ਼ੋਭਾ ਦਾ ਮੰਦਰ ਹੈ (ਮੁਖ)।
ਭਈ ਪ੍ਰਾਤਿ ਸਭਿ ਬਜੀ ਬਧਾਈ।
ਮਿਲਿ ਸੰਗਤਿ ਇਕਠੀ ਹੁਇ ਆਈ।
ਭਾਂਤਿ ਭਾਂਤਿ ਕੇ ਕੌਤਕ ਕਰਿਹੀਂ।
ਸ੍ਰੀ ਸਤਿਗੁਰ ਕੇ ਸ਼ਬਦ ਉਚਰਿਹੀਂ ॥ ੮ ॥
ਬਜਹਿਂ ਮ੍ਰਿਦੰਗ ਰਬਾਬ ਬਿਸਾਲਾ।
ਕਰਹਿਂ ਕੀਰਤਨ ਸ਼ਬਦ ਉਜਾਲਾ।
ਪੰਚਾਂਮ੍ਰਿਤ ਬਨਵਾਵਹਿਂ ਰਾਸ[1]। [1]ਬਹੁਤਾ।
ਗੁਰੁ ਦਰ ਪਰ ਕਰਿ ਕਰਿ ਅਰਦਾਸ

॥ ੯ ॥
ਵੰਡਹਿ ਅਚਹਿ 'ਧੰਨ ਗੁਰੁ' ਕਹੈਂ।
ਬਡੇ ਭਾਗ ਅਪਨੇ ਜਨ ਲਹੈਂ[1]। — [1]ਦਾਸ ਜਾਣਦੇ ਹਨ।
ਭਾਟ ਕਲਾਵਤ ਢਾਡੀ ਆਵਹਿਂ।
ਭਨਹਿਂ ਬਧਾਈ ਬਾਂਛਤਿ ਪਾਵਹਿਂ ॥ ੧੦ ॥
ਬੇਖ ਕਲੀਵਨ ਦੇਵ ਬਧੂਟੀ।
ਧਰਿ[1] ਆਵਹਿਂ ਜਨੁ ਜਗ ਦੁਤਿ ਲੂਟੀ[2]। — [1]ਦੇਵ-ਇਸਤ੍ਰੀਆਂ ਖੁਸਰਿਆਂ ਦਾ ਰੂਪ ਧਾਰ ਕੇ ਆਈਆਂ। [2]ਮਾਨੋ ਜਗਤ ਦੀ ਸਾਰੀ ਸ਼ੋਭਾ ਲੁੱਟੀ ਹੈ।
ਢੋਲਕ, ਟਲਕਾ[1], ਘੰਘਰੂ, ਤਾਲੀ। — [1]ਟੱਲੀਆਂ।
ਗਾਇਂ ਬਿਲਾਵਲ ਲੇਤਿ ਭਵਾਲੀ ॥ ੧੧ ॥
ਸਭਿ ਬਾਜੇ ਅਰੁ ਹਾਥਨਿ ਤਾਲ।
ਗਨ ਪਾਇਨ ਕੇ[1] ਘੁੰਘਰੂ ਨਾਲ। — [1]ਸਾਰਿਆਂ ਦੇ ਪੈਰਾਂ ਦੇ।
ਅੰਗ ਚਲਾਵਹਿਂ ਤਾਲ ਮਿਲਾਇਂ।
ਗਾਵਹਿਂ ਨਾਚਹਿਂ ਰਾਚਹਿਂ ਚਾਇ ॥ ੧੨ ॥
ਇਸ ਪ੍ਰਕਾਰ ਗਤਿ[1] ਸੁੰਦਰ ਕਰੈਂ। — [1]ਚਾਲ। (ਅ) ਨਾਚ ਦੀ ਗਤਿ।
ਅਚਰਜ ਦੇਹਿ ਸਭਿਨਿ ਮਨ ਹਰੈਂ।
ਸ਼੍ਰੀ ਗੁਰੁ ਕੇ ਮੰਦਰਿ ਬਰ ਪੌਰ।
ਭਈ ਭੀਰ ਥਿਤ ਲਹੈਂ ਨ ਠੌਰ ॥ ੧੩ ॥
ਗੰਧ੍ਰਬ ਗਾਵਹਿ ਮਾਨੁਖ ਦੰਭਾ[1]। — [1]ਮਨੁੱਖਾਂ ਦਾ ਰੂਪ ਧਾਰਕੇ।
ਸੁਨਿ ਪੁਰਿ ਬਾਸਨ ਹੋਤਿ ਅਚੰਭਾ।
'ਇਹ ਗਾਵਨ ਨਾਚਨ ਮੁਦਕਾਰੀ।
ਸੁਨਜੋ ਨ ਦੇਖਜੋ ਕਬਹੁੰ ਅਗਾਰੀ ॥ ੧੪ ॥
ਇਹ ਗਨ[1] ਬਸਹਿਂ ਕੌਨ ਸੇ ਦੇਸ਼। — [1]ਯੂਥ, ਜੱਥਾ, ਸਾਰੇ।
ਨਏ ਰੂਪ ਹੈਂ ਨਏ ਸੁ ਬੇਸ।'
ਸੁਨਿ ਕੈ ਰਾਗ ਸ਼ਕਤਿ ਨਹਿਂ ਰਹੀ[1]। — [1]ਪੁੱਛਣ ਦੀ) ਸ਼ਕਤੀ ਨਾ ਰਹੀ ਰਾਗ ਸੁਣ ਕੇ।
ਬੂਝਨਿ ਹਿਤ ਕਿਨਹੁੰ ਨ ਕਿਮ ਕਹੀ ॥ ੧੫ ॥
ਚਾਰ ਘਟੀ ਲੌ ਕੌਤਕ ਕਰਿ ਕੈ।
ਪੁਨਹਿਂ ਪੌਰ ਪਰ ਮਸਤਕ ਧਰਿ ਕੈ।
ਬੰਦਨ ਕਰਿ ਗਮਨੇ ਨਿਜ ਥਾਇਂ।
ਨਹਿਂ ਕਿਸ ਹੂੰ ਤੇ ਜਾਨੇ ਜਾਇਂ ॥ ੧੬ ॥
ਰੰਗ ਰੰਗ ਕੇ ਫੂਲ ਬਿਸਾਲਾ।

ਗੁੰਦਿ ਗੁੰਦਿ ਕਰਿ ਦੀਰਘ ਮਾਲਾ।
ਸੁਨਿ ਸੁਨਿ ਆਵਹਿਂ ਮਾਲਾਕਾਰ[1]।
[1]ਮਾਲੀ, ਮਾਲਾਂ ਬਨਾਉਣ ਵਾਲੇ।
ਬੰਦਹਿਂ ਸਤਿਗੁਰੁ ਕੇ ਦਰਬਾਰ ॥੧੭॥
ਧਨ ਇਨਾਮ ਕੋ ਲੇ ਲੇ ਜਾਹਿਂ।
ਭੂਲਨਿ ਮਾਲਾ ਦਰ ਲਰਕਾਹਿਂ।
ਅਤਿ ਉਤਸਵ ਸੰਗਤ ਮਹਿਂ ਹੋਵਾ।
ਸਭਿਨਿ ਆਇ ਗੁਰ ਘਰ ਕੋ ਜੋਵਾ ॥੧੮॥
ਜਸ ਜਸ ਮਨਸਾ ਧਰਿ ਕਰਿ ਆਏ।
ਤਸ ਤਸ ਮਨਹੁੰ ਕਾਮਨਾ ਪਾਏ।
ਤਬਹਿ ਜੋਤਸ਼ੀ[†] ਲੀਨਿ ਬੁਲਾਇ।
[†]ਇਹ ਗੁਰਮਤ ਨਹੀਂ ਦੇਖੋ ਸ੍ਰੀ ਗੁ: ਨਾ: ਪ੍ਰ: ਪੂਰਬਾਰਧ ਅਧਯਾਯ ੪ ਅੰਕ ੬੪ ਦੀ ਟੂਕ।
ਜਨਮ ਮਹੂਰਤ ਖਬਰ ਬਤਾਇ ॥੧੯॥
ਲਗਨ ਮਹੂਰਤ ਉੱਤਮ ਜੋਵਾ।
ਅਧਿਕ ਹਰਖ ਦੈਵਗ[1] ਉਰ ਹੋਵਾ।
[1]ਜੋਤਸ਼ੀ।
'ਉੱਤਮ ਜੋਗ[1] ਪਰਯੋ ਇਨ ਐਸੋ।
[1]ਲਗਨ।
ਆਗੇ ਕਿਸ ਕੋ ਭਯੋ ਨ ਜੈਸੋ ॥੨੦॥
ਬਹੁਤੇ ਲੋਕਨਿ ਕਸ਼ਟ ਨਿਵਾਰਹਿਂ।
ਅਖਿਲ ਜਗਤ ਮਹਿ ਸੁਜਸੁ ਬਿਥਾਰਹਿਂ।
ਚਾਰ ਪਦਾਰਥ ਕਰ ਤਲ[1] ਹੋਇਂ।
[1]ਹੱਥ ਦੀ ਤਲੀ ਤੇ।
ਪਗ ਪੰਕਜ ਪੂਜਹਿ ਸਭਿ ਕੋਇ ॥੨੧॥
ਸਰਬੋਤਮ ਗੁਨ ਲਗਨ ਮਝਾਰ[1]।
[1]ਲਗਨ ਵਿੱਚ ਸਰਬ ਤੋਂ ਉੱਤਮ ਗੁਣ ਹਨ।
ਇਕ ਚਿੰਤਾ ਮੁਝ ਰਿਦੇ ਉਦਾਰ।
ਹੇ ਕ੍ਰਿਪਾਲ[1] ! ਸੁਨਿ ਸੋ ਬਿਧਿ ਐਸੇ।
[1]ਮਾਮਾ ਕ੍ਰਿਪਾਲ ਜੀ।
ਅਸਮੰਜਸ ਹੁਇ ਸਕਿ ਹੈ ਕੈਸੇ? ॥੨੨॥
ਜੇਤੀ ਬਾਤ ਪ੍ਰਥਮ ਮੈਂ ਕਹੀ।
ਸੋ ਤੋ ਬਨਿ ਸਕਿ ਹੈ ਇਮ ਸਹੀ।
ਸਤਿਗੁਰੁ ਕੇ ਘਰ ਜਨਮ ਉਦਾਰਾ।
ਪੂਜਹਿਂ ਅਰਪਹਿਂ ਦਰਬ ਅਪਾਰਾ ॥੨੩॥
ਸੁਜਸੁ ਆਦਿ ਹੁਇ ਹੈਂ ਸਭਿ ਘਨੇ।
ਪਰ ਇਕ ਰੀਤਿ ਅਨਬਨੀ ਬਨੇ।

ਜਬਿ ਸੁਧਿ ਧਰਹਿਂ ਓਜ ਸੰਭਾਰਹਿਂ।
ਆਯੁਧ ਬਿੱਦਜਾ ਮਹਿਂ ਹਿਤ ਧਾਰਹਿਂ ॥੨੪॥
ਜਿਮ ਜਿਮ ਬੈਸ ਬਡੀ ਹੁਇ ਜਾਈ।
ਤਿਮ ਤਿਮ ਉਪਜਹਿ ਚਾਇ ਲਰਾਈ।
ਘਨੋ ਘੋਰ ਸੰਘਰ ਘਮਸਾਨਾ।
ਹਤਹਿਂ ਸ਼ੱਤ੍ਰ ਗਨ ਕੋ ਨਿਜ ਪਾਨਾ ॥੨੫॥
ਜੁੱਧ ਕਰਨਿ ਕੋ ਲਗਨ ਬਿਸਾਲ।
ਜਿਸ ਮਹਿਂ ਉਤਪਤਿ ਭਾ ਸ਼ੁਭਬਾਲ[1]।
ਲਾਖਹੁ ਪਰੇ ਖੇਤ ਮਹਿਂ ਸੋਵੈਂ।
ਇਸ ਸਿਸ ਕੇ ਕਰ[1] ਅਸ ਰਣ ਹੋਵੈ ॥੨੬॥
ਜੁੱਧ ਕਰਨਿ ਕੋ ਸੈਨ ਬਿਸਾਲਾ[1]।
ਪਾਸ ਨ ਪਿਖੀਯਤਿ ਹੈ ਇਸ ਕਾਲਾ।
ਮਹਾਂ ਤੇਜਸੀ ਰਣ ਪ੍ਰਿਯ ਹੋਵੈਂ।
ਥਿਤਿ ਰਿਪੁ ਮਹਿਂ ਜਿਮ ਥੰਮ੍ਹ ਖਰੋਵੈ ॥੨੭॥
ਚਹੁੰਦਿਸ਼ਿ ਬਿਖੈ ਛਾਇ ਪਰਤਾਪ।
ਹੁਕਮ ਕਰਹਿ ਬਡ ਸ਼ੱਤ੍ਰਨਿ ਖਾਪਿ।
ਤਬਿ ਹੋਵਹਿਂਗੀ ਜੋ ਅਬਿ ਨਾਂਹੀ।
ਧਰਮ ਸਥਾਪਹਿਂ ਸਭਿ ਜਗ ਮਾਂਹੀ ॥੨੮॥

ਦੋਹਰਾ:
ਹੁਇ ਕ੍ਰਿਪਾਲ, ਦਾਨੀ ਮਹਾਂ,
ਜੋਧਾ, ਧੀਰ ਬਿਸਾਲ।
ਬਿੱਦਜਾ ਮਹਿਂ ਪੰਡਤ ਚਤੁਰ,
ਮਹਾਂ ਬਾਹੁ ਰਿਪੁ ਸਾਲ[1] ॥੨੯॥

ਮਹਾਂ ਜਿਤੇਂਦ੍ਰੈਂ, ਮਹਾਂ ਬੁਧਿ[1],
ਰਿਦੈ ਗੰਭੀਰ ਬਿਲੰਦ।
ਸਭਿ ਜਗ ਨਰ ਸਿਰਮੌਰ ਹ੍ਵੈ,
ਸੋਢਿਬੰਸ† ਕੋ ਚੰਦ' ॥੩੦॥

ਚੌਪਈ:

[1]ਇਹ ਸ਼ੁਭ ਬਾਲ ਜੰਮਿਆਂ ਹੈ।

[1]ਹੱਥੋਂ।

[1]ਬਹੁਤੀ ਸੈਨਾਂ ਹੋਵੇਗੀ।

[1]ਰਿਪੂਆਂ ਨੂੰ ਸੱਲਣ ਵਾਲੇ। (ਅ ਰਿਪੁ+ਸ਼ਾਲਾ = ਯੁੱਧ ਭੂਮਿਕਾ (ਵਿੱਚ)।

[1]ਬੁਧਿਵਾਨ। (ਅ) ਬੁਧ ਜੀ ਤੋਂ ਬੀ ਮਹਾਨ।

†ਪਾ:-ਸੋਢਿ ਸਿੰਧੁ।

ਇੱਤਜਾਦਿਕ ਗੁਨ ਬਹੁਤ ਸੁਨਾਏ।
ਸਹਿਤ ਕ੍ਰਿਪਾਲ ਸਿੱਖਜ ਹਰਖਾਏ।
ਦਿਯੋ ਬਿੱਪ੍ਰ ਕੋ ਦਰਬ ਘਨੇਰਾ।
ਮੰਗਲ ਉਤਸਵ ਹੋਤਿ ਬਡੇਰਾ ॥੩੧॥
ਸੰਗਤਿ ਮਹਾਂ ਅਨੰਦ ਧਰਿ ਆਵੈ।
ਅਨਿਕ ਭਾਂਤਿ ਭੇਟਨਿ ਅਰਪਾਵੈ।
ਪਟਣੇ ਪੁਰਿ ਬਾਸੀ ਸਿਖਿ ਜੇਈ।
ਪੰਚਾਂਮ੍ਰਿਤ ਕਰਿਵਾਵਹਿਂ ਤੇਈ ॥੩੨॥
ਸਹਿਤ ਭਾਰਜਾ ਪਹਿਰਿ ਸੁ ਅੰਬਰ[1]। — [1]ਮਾਨੋਂ ਅਕਾਸ਼ ਵਿਖੇ ਬੱਦਲਾਂ ਵਿੱਚ ਬਿਜਲੀ ਚਮਕਦੀ ਹੈ।
ਜਨੁ ਘਨ ਛਟਾ ਦਿਪਹਿ ਬਿਚ ਅੰਬਰ।
ਉਤਸਵ ਕਰਤਿ ਸ਼ਬਦ ਕੋ ਗਾਵਤਿ।
'ਸ੍ਰੀ ਨਾਨਕ' ਕਹਿ ਸੀਸ ਨਿਵਾਵਤਿ ॥੩੩॥
ਥਿਰਹਿਂ ਦ੍ਵਾਰ ਅਰਦਾਸ ਕਰਾਵਹਿਂ।
ਧਰਹਿਂ ਭਾਵਨਾ ਧਰ[1] ਸਿਰ ਲਾਵਹਿਂ। — [1]ਧਰਤੀ ਤੇ।
ਨਗਰ ਬਿਸਾਲ ਸੁਨਹਿ ਨਰ ਜਯੋਂ ਜਯੋਂ।
ਨਮਹੁ ਕਰਨਿ ਕੌ ਪਹੁਂਚਹਿ ਤਯੋਂ ਤਯੋਂ ॥੩੪॥
ਇਕ ਅਰਪਹਿਂ ਇਕ ਜਾਵਹਿਂ ਲੇਤੇ[1]। — [1]ਲਈ ਜਾਂਦੇ ਹਨ (ਪ੍ਰਸ਼ਾਦ)।
ਸਤਿਗੁਰੁ ਹੇਤੁ, ਦੇਤਿ ਹੈਂ ਕੇਤੇ[1]। — [1]ਕਈ।
ਬਨਕ ਧਨਾਢ ਮਿਲੈਂ ਗਨ ਆਏ।
ਅਨਿਕ ਉਪਾਇਨ ਕੋ ਅਰਪਾਏ ॥੩੫॥
ਉਰ ਮਹਿਂ ਧਰਹਿਂ ਕਾਮਨਾ ਪਾਵਹਿਂ।
ਆਇ ਜਾਤਿ[1] ਮਗ ਸੁਜਸੁ ਅਲਾਵਹਿਂ। — [1]ਆਉਂਦੇ ਜਾਂਦੇ।
'ਸ੍ਰੀ ਗੁਰ ਤੇਗ ਬਹਾਦਰ ਪੂਰਾ।
ਦੇਨਿ ਸ੍ਰਾਪ ਬਰ ਕੋ ਬਚ ਸੂਰਾ ॥੩੬॥
ਬਹੁ ਸਿੱਖਜਨਿ ਪਰ ਕੀਨਸਿ ਦਯਾ।
ਮਨ ਬਾਂਛਤਿ ਸਭਿ ਕੋ ਬਰ ਦਯਾ।
ਤਿਨ ਘਰ ਜਨਮਯੋਂ ਸਾਹਿਬਜ਼ਾਦਾ।
ਰੱਛਕ ਸਿੱਖਜਨਿ ਦੇ ਅਹਿਲਾਦਾ[1] ॥੩੭॥ — [1]ਅਨੰਦ ਦਾ ਦਾਤਾ।
ਸਰਬ ਰੀਤਿ ਸਮਰਥ ਗੁਰਦੇਵ।

ਜਿਨ ਕੀ ਚਹਤਿ ਦੇਵਤਾ ਸੇਵ।
ਦੋਨਹੁੰ ਲੋਕਨਿ ਬਿਖੇ ਸਹਾਇ।
ਸ਼ਾਂਤਿ ਰਿਦਾ ਗੁਨਗਨ ਸਮੁਦਾਇ
॥੩੮॥
ਕ੍ਰਿਪਾ ਠਾਨਿ ਆਏ ਇਤ ਦੇਸ਼।
ਘਰ ਪੰਜਾਬ ਸੁ ਦੂਰ ਬਿਸ਼ੇਸ਼।
ਪੁਰਿ ਪਟਣੇ ਮਹਿਂ ਕੀਨਿ ਨਿਵਾਸ।
ਕਰਜੋ ਕ੍ਰਿਤਾਰਥ ਸ਼੍ਰੀ ਗੁਨ ਰਾਸ ॥੩੯॥
ਗਏ ਬਿਦੇਸ਼ ਆਇ ਹੈਂ ਦੇਸ਼।
ਦਰਸ਼ਨ ਕਰਿ ਅਘ ਕਟਹਿਂ ਕਲੇਸ਼।
ਹਮ ਲੋਕਨਿ ਕੇ ਭਾਗ ਜਗੇ ਹੈਂ।
ਜਿਸ ਤੇ ਸ਼੍ਰੀ ਗੁਰ ਸੇਵ ਲਗੇ ਹੈਂ ॥੪੦॥
ਅਬਿ ਸਤਿਗੁਰੁ ਕੇ ਸੁਤ ਇਹ ਭਯੋ।
ਜਨੁ ਸਿੱਖਜਨਿ ਕੋ ਪੁੰਨ ਉਪਜਯੋ[1]। — [1]ਪੁੰਨ ਕੀਤਾ ਹੋਇਆ ਪੈਦਾ ਹੋਇਆ ਹੈ।
ਜਸੋਂ ਜਸੋਂ ਸੇਵ ਕਰਹਿਂ ਸੁਖ ਪਾਵਹਿਂ।
ਤਸੋਂ ਤਸੋਂ ਦ੍ਵੈ ਲੋਕਨਿ ਹਰਖਾਵਹਿਂ ॥੪੧॥
ਹਮ ਨਿਜ ਪੁੱਤ੍ਰਨਿ ਜੁਤਿ ਦਰਸੈ ਹੈਂ।
ਬਿਘਨ ਅਨੇਕਨਿ ਕੋ ਹਤਵੈ ਹੈਂ[1]।’ — [1]ਨਾਸ਼ ਕਰਾਵਾਂਗੇ।
ਇੱਤਜਾਦਿਕ ਪਟਣੇ ਪੁਰਿ ਮਾਂਹੀ।
ਕੀਰਤਿ ਕਰਹਿਂ ਸੁਭਾਗ ਸਰਾਹੀਂ ॥੪੨॥
ਕਿਤਿਕ ਨੇਮ ਕਰਿ ਹੋਵਤਿ ਭੋਰ[1]। — [1]ਸਵੇਰ ਹੁੰਦਿਆਂ।
ਆਇ ਦ੍ਵਾਰ ਪਰ ਦ੍ਵੈ ਕਰ ਜੋਰਿ।
ਅਭਿਬੰਦਨ ਕਰਿ ਕਾਰ ਸੰਭਾਰਹਿਂ[1]। — [1]ਨਮਸਕਾਰ ਕਰਕੇ ਸੇਵਾ ਦੀ ਕਾਰ ਕਰਦੇ ਹਨ। (ਅ) ਮੱਥਾ ਪਹਿਲੇ ਟੇਕ ਕੇ ਫੇਰ ਆਪਣਾ ਕਾਰੋਬਾਰ ਕਰਦੇ ਹਨ।
ਸੰਝ ਭਏ ਕਰਿ ਨਮੋ ਸਿਧਾਰਹਿਂ[1] ॥੪੩॥ — [1]ਭਾਵ ਸਵੇਰੇ ਬੀ ਤੇ ਸੰਝਾਂ ਨੂੰ ਬੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ ‘ਸ਼੍ਰੀ ਗੁਰੂ ਗੋਬਿੰਦ ਸਿੰਘ ਜਨਮ’ ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

## ੧੩. [ਅਵਤਾਰ ਦਾ ਉਤਸਾਹ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਸੋਢੀ ਕੁਲ ਭੂਖਨ ਜਨਮ,
ਪੂਸ ਮਾਸ[1] ਮਹਿਂ ਲੀਨ। [1]ਪੋਹ ਦੇ ਮਹੀਨੇ।
ਹੁਤੀ ਸ਼ੁਦੀ ਥਿਤਿ ਸਪਤਮੀ,
ਸੁੰਦਰ ਸਮੈਂ ਸੁ ਚੀਨ ॥੧॥

ਚੌਪਈ:

ਜਾਮ ਜਾਮਨੀ ਜਬਿਹੂੰ ਜਾਨੀ।
ਸੁਰ ਗਨ ਆਨ ਪ੍ਰਸ਼ੰਸ਼ਾ ਠਾਨੀ।
ਬਿਥਰੀ ਬਰ ਸੁਗੰਧਿ ਪੁਰਿ ਸਾਰੇ।
ਜਾਗਤਿ ਜੇ ਲਖਿ ਬਿਸਮੈ ਧਾਰੇ[1] ॥੨॥ [1]ਅਸਚਰਜ ਹੋਏ।
-ਅਸ ਸੌਰਭ[1] ਕਬਿ ਪ੍ਰਥਮ ਨ ਪਾਈ। [1]ਸੁਗੰਧੀ।
ਇਹ ਔਚਕ ਅਬਿ ਕਿਤ ਤੇ ਆਈ?
-ਸ਼੍ਰੀ ਗੁਰ ਮਾਤ[†] ਨਾਨਕੀ ਤਬੈ। [†]ਪਾ:-ਮਾਤਾ ਬਡੀ।
ਸ਼ਗਨ ਬਿਚਾਰ ਕਰਹਿ ਸ਼ੁਭ ਸਬੈ ॥੩॥
-ਮਹਾਂ ਪੁਰਸ਼ ਮਮ ਸੁਤ ਕੇ ਹੋਵਾ।
ਜਿਸ ਕੇ ਜਨਮਤਿ ਸ਼ੁਭ ਹੀ ਜੋਵਾ-।
ਪਤਿ ਕੇ ਬਾਕ ਬਿਚਾਰਨ ਕਰਤੀ[1]। [1]ਮਾਤਾ ਜੀ ਯਾਦ ਕਰਦੇ ਹਨ।
-ਕੁਲ ਦੀਪਕ ਉਪਜਹਿ- ਮੁਦ ਧਰਤੀ
॥੪॥
-'ਸ਼੍ਰੀ ਨਾਨਕ ਕਹੁ ਉੱਜਲ ਨਾਮੂ।
ਕਰਹਿ ਜਗਤ ਸਭਿ ਮਹਿਂ ਅਭਿਰਾਮੂ।'
ਇਮ ਪ੍ਰਸੰਨ ਹੁਇ ਭਾਖ੍ਯੋ ਮੋਹੀ।
ਸਾਚ ਬਚਨ ਨਿਸ਼ਚੈ ਤਿਨ ਹੋਹੀ- ॥੫॥
ਅਤਿ ਅਨੰਦ ਕਰਤੀ ਮਨ ਮਾਹੂੰ।
ਸੁਧਿ ਕੋ ਪਠਨਿ ਹੇਤੁ ਸੁਤ ਪਾਹੂੰ।
ਕਰੀ ਪੱਤ੍ਰਿਕਾ ਤਬਹਿ ਲਿਖਾਵਨਿ।
'ਤੁਮ ਘਰ ਨੰਦਨ ਨਿਪਜ੍ਯੋ ਪਾਵਨ ॥੬॥
ਭਏ ਸ਼ਗੁਨ ਤਿਹ ਸਮੈ ਘਨੇਰੇ।
ਜੋ ਪ੍ਰਮੋਦ ਦਾ ਅਹੈਂ ਬਡੇਰੇ।
ਕ੍ਰਿਪਾ ਕੀਨਿ ਸ਼੍ਰੀ ਨਾਨਕ ਮਹਾਂ।

ਭਈ ਕਾਮਨਾ ਪੂਰਨ ਇਹਾਂ ॥੭॥
ਅਬਿ ਸੁੰਦਰ ਲਾਗਹਿ ਨਿਜ ਭਵਨੂੰ।
ਇਤ ਕੋ ਕਰਹੁ ਆਪ ਆਗਵਨੂੰ।'
ਇਮ ਲਿਖਿ ਕਰਿ ਤਤਕਾਲ ਪਠਾਵਾ।
'ਪਹੁੰਚਹੁ ਬਿਨ ਬਿਲੰਬ' ਤਿਸ ਗਾਵਾ[1] ॥੮॥
ਹੁਤੇ ਜਹਾਂ ਸ਼੍ਰੀ ਤੇਗ ਬਹਾਦਰ।
ਤੂਰਨ ਗਯੋ ਪਹੁੰਚਿ ਭਾ ਹਾਦਰ।
ਬਹੁ ਉਤਸਵ ਸਗਰੇ ਦਲ ਭਯੋ।
ਬਿਸ਼ਨ ਸਿੰਘ ਰਾਜੇ ਮੁਦ ਕਿਯੋ ॥੯॥
ਤਿਹ ਸਿਖ ਕੋ ਗੁਰ ਬਖਸ਼ਿਸ਼ ਦੀਨਿ।
ਲੋਕ ਪ੍ਰਲੋਕ ਸੁਖੀ ਬਹੁ ਕੀਨਿ।
ਪੁਨਹਿਂ ਪੱਤ੍ਰਿਕਾ ਆਪ ਲਿਖਾਈ।
'ਦੇਸ਼ ਕਾਮਰੂ ਹਮ ਅਬਿ ਜਾਈ ॥੧੦॥
ਨ੍ਰਿਪ ਕੋ ਕਾਜ ਜਬੈ ਬਨਿ ਜਾਇ।
ਤਬਿ ਹਮ ਆਵਹਿਂਗੇ ਇਸ ਥਾਇਂ।
ਪ੍ਰਿਤਪਾਰਹੁ ਤੁਮ ਸਾਹਿਬਜ਼ਾਦਾ।
ਕਰਹੁ ਦੁਲਾਰਨਿ ਧਰਿ ਅਹਿਲਾਦਾ' ॥੧੧॥
ਪਠੀ ਪੱਤ੍ਰਿਕਾ ਪਟਣੇ ਆਈ।
ਜਹਾਂ ਅਨਿਕ ਬਿਧਿ ਹੋਤਿ ਬਧਾਈ।
ਇਮ ਪ੍ਰਸੰਗ ਨੌਮੇ ਪਤਿਸ਼ਾਹੂ।
ਸੁਨਜੋ ਜਨਮ ਕੋ ਅਬਿ ਉਤਸਾਹੂ:- ॥੧੨॥
ਮਾਤ ਨਾਨਕੀ ਬ੍ਰਿਧਾ ਬਡੇਰੀ।
ਰਛਹਿ ਅਨਿਕ ਪ੍ਰਕਾਰ ਘਨੇਰੀ।
ਸ਼੍ਰੀ ਨਾਨਕ ਅਦਿਕ ਗੁਰ ਨਾਮੂ।
ਲੇ ਮੁਖ ਤੇ ਇਤ ਉਤ ਫਿਰ ਧਾਮੂ ॥੧੩॥
-ਨਾਨਾਂ ਭਾਂਤਿ ਬਿਘਨ ਸਮੁਦਾਏ।
ਸਕਲ ਬਿਨਾਸਹੁ ਬਨਹੁ ਸਹਾਏ।
ਮਮ ਪੌਤ੍ਰੇ ਕੀ ਰੱਛ੍ਯਾ ਧਰੀਅਹਿ।
ਚੰਦ ਮਨਿੰਦ ਬਿਲੰਦਹਿਂ[1] ਕਰੀਅਹਿ-

[1]ਤਿਸ ਨੂੰ ਕਿਹਾ।

[1]ਵੱਡਾ।

॥੧੪॥
ਲਗਨ ਜੋਤਕੀ[1] ਲਿਖਿ ਲੈ ਗਯੋ। [1]ਜੋਤਸ਼ੀ।
ਬਹੁ ਦਿਨ ਭਲੇ ਬਿਚਾਰਤਿ ਭਯੋ।
ਲਿਖੀ ਜਨਮ ਪੱਤ੍ਰੀ ਗਿਨਿ ਸੋਧਿ।
ਜਿਸ ਕੇ ਉਰ ਗ੍ਰੈਹ ਰਾਸ਼ੀ ਬੋਧ[1] ॥੧੫॥ [1]ਗ੍ਰੈਹ ਤੇ ਰਾਸਾਂ ਦੀ ਸਮਝ ਹੈਸੀ।
ਕਿਤਿਕ ਦਿਵਸ ਮਹਿਂ ਬਹੁਰ ਬੁਲਾਯਹੁ।
ਮਾਤ ਨਾਨਕੀ ਨਿਕਟਿ ਬਿਠਾਯਹੁ।
ਆਦਿ ਕ੍ਰਿਪਾਲ ਮਹਾਂ ਮਤਿਵੰਤੇ।
ਬੈਠੇ ਆਨਿ ਸਮੂਹ ਸੁਨੰਤੇ ॥੧੬॥
'ਪੋਖ ਮਾਸ ਕੋ ਪੱਖ ਸੁਕਲ ਹੈ।
ਸਪਤਮ ਥਿਤ ਕੋ ਸਮੈਂ ਸੁਕਲ ਹੈ[1]। [1]ਆਨੰਦ ਦਾ ਸਮਾਂ ਹੈ।
ਆਦਿਤਵਾਰ[1] ਜਾਮਨੀ ਜਾਮੂ। [1]ਐਤਵਾਰ।
ਭਯੋ ਜਨਮ ਬਾਲਿਕ ਬਲ ਧਾਮੂ ॥੧੭॥
ਪਰੇ ਲਗਨ ਮਹਿਂ ਗ੍ਰੈਹ ਦੇ ਮੰਗਲ[1]। [1]ਲਗਨ ਵਿਚ ਮੰਗਲ ਦੇਣ ਵਾਲੇ ਗ੍ਰਹਿ ਪਏ ਹਨ।
ਉਚ ਕੇ ਸੂਰਜ ਸ਼ਨਿ ਕਵਿਮੰਗਲ[1]। [1]ਉੱਚੇ ਥਾਂ ਆਏ ਹਨ ਸੂਰਜ, ਸ਼ਨੀ, ਸ਼ੁਕਰ ਤੇ ਮੰਗਲ।
ਲਾਭ ਸਥਾਨ ਆਇ ਗ੍ਰਹ ਆਛੇ।
ਪੂਰਨ ਦ੍ਰਿਸ਼ਟਿ ਬਿਲੋਕਤਿ ਬਾਂਛੇ[1]† ॥੧੮॥ [1]ਗ੍ਰੈਹ ਇਹ ਚਾਹੁੰਦੇ ਹਨ ਕਿ (ਕ੍ਰਿਪਾ) ਦ੍ਰਿਸ਼ਟੀ ਨਾਲ ਅਸਾਂ ਵਲ ਤੱਕੋ। †ਇਥੇ ਲਗਨਾਂ ਤੇ ਕੁੰਡਲੀ ਦਾ ਜ਼ਿਕਰ ਤਾਂ ਹੋ ਰਿਹਾ ਹੈ ਪਰ ਗ੍ਰੈਹਾਂ ਉੱਤੇ ਗੁਰੂ ਜੀ ਦੀ ਮਹੱਤਤਾ ਸਮਝ ਲੈਣੀ ਚਾਹੀਦੀ ਹੈ ਕਿ ਕਵੀ ਜੀ ਦੱਸਦੇ ਹਨ ਕਿ ਗ੍ਰੈਹ ਆਪਣੇ ਉਪਰ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਦੀ ਵਾਂਛਾ ਕਰ ਰਹੇ ਹਨ।
ਜਨਮ ਕੁੰਡਲੀ ਜਿਮ ਅਵਤਾਰਨਿ।
ਤਿਮ ਲਖੀਯਤਿ ਪ੍ਰਤਾਪ ਬਡ ਕਾਰਨ।
ਐਸ਼੍ਵਰਜ ਵਧਹਿ ਅਨੇਕ ਪ੍ਰਕਾਰਾ।
ਜਿਸ ਕੋ ਪਈਅਤਿ ਨਹੀਂ ਸ਼ੁਮਾਰਾ ॥੧੯॥
ਸਿੰਧੁ ਮੇਖਲਾ ਅਵਿਨੀ ਜੇਤੀ[1]। [1]ਸਾਰੀ ਧਰਤੀ।
ਜਸੁ ਪ੍ਰਤਾਪ ਤੇ ਪੂਰਹਿ ਤੇਤੀ।
ਰਾਮਚੰਦ ਮਾਨਿੰਦੈ ਜੋਧਾ।
ਕ੍ਰਿਸ਼ਨ ਸਮਾਨ ਰਿਪੁਨਿ ਪਰ ਕ੍ਰੋਧਾ ॥੨੦॥
ਜਿਮ ਬਲ ਛਲਿਬੇ ਬਾਵਨ ਭਯੋ।

ਤਨ ਕੋ ਤਨਕ ਆਪਨੋ ਕਿਯੋ।
ਬਹੁਰ ਬਧਾਯੋ ਬਪੁਖ ਬਿਲੰਦ†।
ਅਪਰ ਨ ਕੋ ਭਾ ਜਿਸ ਮਾਨਿੰਦ[1]* ॥੨੧॥

†ਇਕ ਲਿਖਤੀ ਨੁਸਖੇ ਵਿਚ ਇਹ ਦੋ ਤੁਕਾਂ ਨਹੀਂ ਹਨ, ਪਰ ਚੌਪਈ ਦੇ ਚਾਰ ਚਰਨ ਪੂਰੇ ਕਰਨ ਵਾਸਤੇ ਅੱਗੋਂ ੨੨ ਅੰਕ ਦੇ ਅਖੀਰ ਇਹ ਦੋ ਤੁਕਾਂ ਦਿੱਤੀਆਂ ਹਨ:- ਸ਼੍ਰੀ ਪਰਮਾਤਮ ਤੱਤ ਸਰੂਪ। ਭਗਤ ਰੱਛ ਤਨ ਧਰਹਿ ਅਨੂਪ।

[1]ਜਿਸ ਦੇ ਤੁੱਲ ਛੋਟੇ ਤੋਂ ਲੰਮਾ ਹੋਣ ਵਿਚ ਹੋਰ ਕੋਈ ਨਹੀਂ ਹੋਇਆ; ਕਵਿ ਜੀ ਇਸ ਛੋਟੇ ਤੋਂ ਲੰਮੇ ਹੋਣ ਦੀ ਉਪਮਾ ਗੁਰੂ ਜੀ ਦੇ ਪ੍ਰਤਾਪ ਨਾਲ ਦੇ ਰਹੇ ਹਨ।

ਤਿਮੁ ਲਘੁ ਐਸ੍ਵਰਜ ਅਬੈ ਪ੍ਰਤਾਪੂ।
ਜਬੈ ਸੰਭਾਰਹਿ ਅਪਨੋ ਆਪੂ।
ਤਤਛਿਨ ਦੋਨਹੁ ਕੋ ਬਿਰਧਾਵੈ।
ਜਿਸ ਕੋ ਪਾਰ ਨਹੀਂ ਕੋ ਪਾਵੈ' ॥੨੨॥
ਇੱਤਜਾਦਿਕ ਸ਼ੁਭ ਗੁਨ ਸਮੁਦਾਏ।
ਗਿਨਤੀ ਕਰਿ ਜੋਤਸ਼ੀ ਬਤਾਏ।
ਬਹੁ ਧਨ ਸਾਦਰ ਦੀਨਸਿ ਮਾਤਾ।
ਲੇ ਦਿਜ ਆਸ਼ਿਖ ਦੇ ਹਰਖਾਤਾ ॥੨੩॥
'ਚਿਰੰਜੀਵ ਹੁਇ ਸਾਹਿਬਜ਼ਾਦਾ।
ਦੇ ਪਰਵਾਰਹਿਂ ਬਹੁ ਅਹਿਲਾਦਾ।'
ਪੀਛੇ ਮਾਤ ਨਾਨਕੀ ਹਰਖਤਿ।
ਸ਼ੁਭ ਲੱਛਨ ਪੌਤ੍ਰੇ ਮਹਿਂ ਹਰਖਤਿ ॥੨੪॥
ਲੇ ਨਿਜ ਅੰਕ ਦੁਲਾਰਹਿ ਘਨੀ।
ਪਿਖਿ ਪਿਖਿ ਮੁਖ ਸਨੇਹ ਕੇ ਸਨੀ।
ਖਸ਼ਟੀ[1] ਆਦਿਕ ਜੱਗ ਜਿਤੇਕ।
ਕਰੇ ਜਥਾ ਬਿਧਿ ਹੁਤੇ ਤਿਤੇਕ ॥੨੫॥

[1]ਛਟੀ।

ਅੰਤਰ ਰਾਖਹਿ ਰੱਛਜਾ ਕਰਤੇ।
ਆਇ ਰੰਕ ਜੋ ਜਾਚਹਿ ਦਰ ਤੇ।
ਛੂਛਾ ਨਹੀਂ ਜਾਨਿ ਕੋ[1] ਦੀਨਾ।
ਮਧੁਰ ਗਿਰਾ ਕਹਿ ਦੈਬੋ ਕੀਨਾ ॥੨੬॥

[1]ਕੋਈ।

ਪੁਰਿ ਮਹਿਂ ਜਸੁ ਪਸਰਯੋ ਜਹਿਂ ਕਹਾਂ।
ਦਾਨ ਭਯੋ ਗੁਰ ਘਰ ਤੇ ਮਹਾਂ।
ਬਯ ਸ਼੍ਰੀ ਤੇਗ ਬਹਾਦਰ ਜੋਈ।
ਬਡੀ ਭਈ ਸੁਤ ਭਯੋ ਨ ਕੋਈ ॥੨੭॥
ਅਤਿ ਚਾਹਤਿ ਕੈ ਉਪਜਯੋ ਨੰਦਨ।

ਸਭਿ ਪਰਿਵਾਰ ਕਰਹਿਂ ਅਭਿਨੰਦਨ[1]। [1]ਅਨੰਦ।
ਇਕ ਦਿਨ ਮਾਨ ਨਾਨਕੀ ਗਿਨੀ।
ਸਾਥ ਕ੍ਰਿਪਾਲ ਬਾਰਤਾ ਭਨੀ ॥੨੮॥
'ਸੰਮਤ ਸੋਲਹਿਂ ਸਯਾ ਅਠੱਤਰ।
ਮੱਘਰ ਦੁਤੀਯਾ ਸੂਰ ਅਨੁੱਤਰ[1]। [1]ਸੂਰਜ ਦੱਖਣ ਵਿਚ ਸੀ।
ਤਬਿ ਮਮ ਨੰਦਨ[1] ਜਨਮ ਲਏ ਹੈਂ। [1]ਸ਼੍ਰੀ ਤੇਗ ਬਹਾਦਰ ਜੀ।
ਅਬਿ ਪੈਂਤਾਲੀ ਬਰਖ ਭਏ ਹੈਂ ॥੨੯॥
ਸੰਮਤ ਸੱਤ੍ਰਹ ਸੈ ਅਬਿ ਚੀਨ।
ਊਪਰ ਬੀਤੇ ਬੀਸਹੁ ਤੀਨ[1]। [1]੧੭੨੩।
ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰਾ।
ਜਿਸ ਤੇ ਸੁਤ ਕੋ ਪੁੱਤ੍ਰ ਨਿਹਾਰਾ' ॥੩੦॥
ਅਸ਼ਟ ਜੋਗਨੀ ਕਹੁ ਅਭਿਖੇਕਾ[1]। [1]ਪੂਜਿਆ।
ਸੁਤ ਕੀ ਕੁਸ਼ਲ[1] ਜਾਚਿ, ਸਿਰ ਟੇਕਾ। [1]ਸੁੱਖ।
ਪੰਚਾਂਮ੍ਰਿਤ ਸਮੂਹ ਕਰਿਵਾਯੋ।
ਸਭਿ ਸਿੱਖਜਨਿ ਕੇ ਘਰ ਪਹੁੰਚਾਯੋ ॥੩੧॥
ਦੇਤਿ ਲੇਤਿ ਕੇ ਰਿਦੇ ਅਨੰਦ।
'ਅਤਿ ਚਾਹਤਿ ਕੈ ਉਪਜਯੋ ਨੰਦ।
ਸ਼੍ਰੇਯ ਸਹਿਤ ਹੁਇ ਉਮਰ ਦਰਾਜ਼[1]। [1]ਲੰਬੀ।
ਲਹਹੁ ਅਨੰਦ ਬਿਲੰਦ ਸਮਾਜ ॥੩੨॥
ਸ਼੍ਰੀ ਗੁਜਰੀ ਸ਼ੁਭ ਮਤਿ ਗੁਰੁ ਘਰਨੀ।
ਚਿਰੰਕਾਲ ਸੁਤ ਬਾਂਛਾ ਧਰਨੀ।
ਸ਼੍ਰੀ ਪਰਮੇਸ਼ੁਰ ਪੂਰਨ ਕਰੀ।
ਬਿਚ ਪਰਦੇਸ਼ ਆਇ ਪੁਰਿ ਥਿਰੀ ॥੩੩॥
ਭਈ ਪ੍ਰਸੂਤ ਸੁਪੂਤ ਨਿਹਾਰਾ।
ਚਿਰਜੀਵਹੁ ਸਤਿਗੁਰੂ ਕੁਮਾਰਾ।
ਦੇਖਿ ਬਿਲੋਚਨ ਕੋ ਸਿਯਰਾਤੀ।
ਹੁਇ ਅਨੰਦ ਤੇ ਸੀਤਲ ਛਾਤੀ' ॥੩੪॥
ਇੱਤਯਾਦਿਕ ਬੋਲਤਿ ਨਰ ਨਾਰੀ।
ਉਤਸਵ ਤੇ ਪ੍ਰਮੋਦ ਰਿਦ ਭਾਰੀ।
ਮਾਤਾ ਬਡੀ ਨਾਨਕੀ ਤਬੈ।

ਰੱਛਾ ਕੇ ਉਪਾਵ ਕਰਿ ਸਬੈ ॥੩੫॥
ਦਿਨ ਪ੍ਰਤਿ ਮੰਗਲ ਰਚਤਿ ਬਿਸਾਲਾ।
ਆਇੰ ਹਜ਼ਾਰਹੁਂ ਪੁਰਿ ਕੀ ਬਾਲਾ[1]। — [1]ਇਸਤ੍ਰੀਆਂ।
ਮਨ ਭਾਵਤਿ ਗਾਵਤਿ ਸ਼ੁਭ ਗੀਤ।
ਦਰਸਹਿਂ ਬਾਲਿਕ ਪਰਮ ਪੁਨੀਤ ॥੩੬॥
ਬੰਦਨ ਕਰਹਿਂ ਦੂਰ ਤੇ ਖਰੀ।
ਕਰਹਿ ਸਰਾਹਨਿ 'ਸੂਰਤ ਖਰੀ।'
ਦਿਨ ਪ੍ਰਤਿ ਮਾਤ ਕਰਾਇ ਸ਼ਨਾਨਾ।
ਪਟ ਸੋਂ ਪੋਂਛਤਿ ਪ੍ਰੇਮ ਮਹਾਨਾ ॥੩੭॥
ਸੂਧੀ ਕਰ ਪਗ ਕੀ ਅੰਗੁਰੀਨ[1]। — [1]ਹੱਥਾਂ ਪੈਰਾਂ ਦੀਆਂ ਉਂਗਲੀਆਂ।
ਮ੍ਰਿਦੁਲ ਕੋਕਨਦ ਪੰਖਰੀ ਚੀਨ।
ਦਿਪਹਿਂ ਪੁਨਰਭੂ ਮਾਣਿਕ ਜੈਸੇ[1]। — [1]ਨਖ਼ ਚਮਕਦੇ ਹਨ ਮਣੀਆਂ ਵਾਂਗ [ਸੰਸ: ਪੁਨਰਭਵ = ਨਹੁं]
ਪਦਮਾਲਯ[1] ਜਟਤੀ ਹੁਇ ਵੈਸੇ ॥੩੮॥ — [1]ਮਾਨੋ ਲੱਛਮੀ ਦੀ ਹੀ ਜੜਤ ਕੀਤੀ ਹੋਈ ਹੈ। [ਸੰਸ: ਪਦਨ = ਕਵਲ ਆਲਯ = ਘਰ। ਪਦਮਾਲਯ = ਲੱਛਮੀ। ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾ: ਅਧ੍ਯਾ: ੧ ਅੰਕ ੨੦ 'ਬਸੈ ਰਮਾ ਸਾਜ ਕੁਟੀ ਸੀ।' ਜੇ ਪਾਠ 'ਪਦਮ ਰਾਗ' ਹੋਵੇ ਤਾਂ ਹੀਰੇ ਅਰਥ ਬਣੇਗਾ]
ਜਿਨ ਕੇ ਧ੍ਯਾਨ ਕਰੇ ਅਘ ਜਾਇਂ।
ਪਰੇ ਕਰਤਿ ਚੰਚਲ ਕਰ† ਪਾਇ। — †ਪਾ:-ਉਰ।
ਸ਼੍ਰੀ ਗੁਰ ਤੇਗ ਬਹਾਦਰ ਜਾਤੇ।
ਨਾਮ ਗਏ ਧਰ ਪ੍ਰਥਮ ਬਖ੍ਯਾਤੇ ॥੩੯॥
ਪੂਰਬ ਜਨਮ ਬ੍ਰਿਤੰਤ ਬਿਚਾਰਿ।
ਸ਼੍ਰੀ ਗੁਜਰੀ ਪ੍ਰਤਿ ਕੀਨਿ ਉਚਾਰ।
ਸੋ ਧਰਿ ਨਾਮ ਹਕਾਰਨ ਕਰਤਿ।
ਬਾਰ ਬਾਰ ਬੋਲੇ[1] ਹਸ ਪਰਤਿ ॥੪੦॥ — [1]ਬੁਲਾਵਣ ਤੇ।
ਬਾਚ[1] ਅਕਾਲ ਪੁਰਖ ਤੇ ਆਏ। — [1]ਬਾਣੀ ਨਾਲ।
'ਗੋ' ਧਰ ਮਹਿਂ, 'ਬਿੰਦ' ਪ੍ਰਾਪਤਿ ਭਏ[1]। — [1]ਗੋ = ਪ੍ਰਿਥਵੀ ਵਿਖੇ। ਬਿੰਦ = ਪ੍ਰਾਪਤ ਹੋਏ।
ਯਾਂ ਤੇ ਗੋਬਿੰਦ ਨਾਮ ਉਚਾਰਾ।
ਜੋ ਹੁਇ ਚਹੁ ਕੁੰਟਨਿ ਬਿਸਤਾਰਾ ॥੪੧॥
ਸਿੰਘ ਜੁ ਪਦ ਦੇਵੀ ਨੇ ਦੀਨਿ†। — †ਨਾਮ ਨਾਲ ਸਿੰਘ ਪਦ ਲਗਾਉਣਾ ਗੁਰੂ ਜੀ ਦਾ ਆਪਣਾ ਹੁਕਮ ਹੈ। ਦੇਵੀ ਵੱਲੋਂ ਮਿਲਨਾ ਕਹਿਣਾ ਇਕ ਕਲਪਨਾ ਮਾਤ੍ਰ ਹੈ।
ਰਾਖਸ਼ ਹਤੇ ਕਰੋਰਹੁਂ ਚੀਨਿ।

ਗੁਰ ਸ਼੍ਰੀ ਨਾਨਕ ਜੋਤਿ ਮਿਲਏ।
ਯਾਂ ਤੇ 'ਗੁਰ ਗੋਬਿੰਦ ਸਿੰਘ' ਭਏ ॥੪੨॥
ਧਰਿ ਹਾਥਨਿ ਪਰ ਕੇ ਬਿਚ ਗੋਦ।
ਬਾਰਹਿਂ ਬਾਰ[1] ਕਰਹਿਂ ਪਰਮੋਦ।
ਮੁਖ ਅਰਬਿੰਦ ਹਸਾਵਨਿ ਕਰੈਂ।
ਲਾਲਤਿ ਬਹੁ ਬਿਧਿ ਤੇ ਮੁਦ ਧਰੈਂ ॥੪੩॥
ਸਾਸੁ ਨੁਖਾ ਜਨੋਂ ਜੀਵਨ ਮਨਿ ਹ੍ਵੈ[1]।
ਦੇਖਤਿ ਪਾਲਤਿ ਆਨੰਦ ਮਨ ਹ੍ਵੈ।
ਦੋਨਹੁ ਰੱਛ੍ਯਾ ਕਰਤਿ ਬਡੇਰੇ।
ਨਯਨ ਪਲਕ ਨ੍ਯਾਈ ਬਹੁ ਬੇਰੇ[1] ॥੪੪॥
ਦਿਨ ਪ੍ਰਤਿ ਸੁੰਦਰ ਵਧਹਿ ਸਰੀਰ।
ਦਾਦੀ ਬ੍ਰਿਧਾ ਰਹੇ ਨਿਤ ਤੀਰ।
ਕਵਿ ਸੰਤੋਖ ਸਿੰਘ ਬਲਿਹਾਰੀ।
ਜਿਸ ਗੁਰ ਅਪਦਾ ਹਰੀ ਹਮਾਰੀ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼੍ਰੀ ਗੁਰੂ ਗੋਬਿੰਦ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋ ਅੰਸੂ ॥੧੩॥

[1]ਬਾਰ ਬਾਰ।

[1]ਜੀਵਨਮਣੀ ਵਤ ਨੋਹ ਤੇ ਸੱਸ (ਸੰਭਾਲਕੇ ਰਖਦੀਆਂ ਹਨ)। (ਅ) ਆਪਣਾ ਜੀਵਨ ਮੰਨਦੀਆਂ ਹਨ (ਉਨ੍ਹਾਂ ਨੂੰ)।

[1]ਜਿਵੇਂ ਪਲਕਾਂ ਭਵਾਂ ਦੀ ਰੱਖਿਆ ਕਰਦੀਆਂ ਹਨ ਹਰ ਵੇਲੇ।

## ੧੪. [ਕੁਹੜਾਮ ਦਾ ਭੀਖਣ ਸ਼ਾਹ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਪੁਰਿ ਕੁਹੜਾਮ[1] ਬਿਖੈ ਹੁਤੋ,
ਸ਼ਾਹੁ ਭੀਖ ਜਿਸ ਨਾਮ।
ਨਿਜ ਮੁਰਸ਼ਿਦ ਕੇ ਢਿਗ ਰਹਤਿ,
ਠਸਕੇ[1] ਗ੍ਰਾਮ ਸੁ ਧਾਮ ॥੧॥

[1]ਇਹ ਟਿਕਾਣਾ ਪਟਜਾਲਾ ਰਿਆਸਤ ਵਿਖੇ 'ਘੁੜਾਮ' ਨਾਮ ਕਰਕੇ ਪ੍ਰਸਿੱਧ ਹੈ।

[1]ਇਹ ਗ੍ਰਾਮ ਜ਼ਿਲਾ ਕਰਨਾਲ ਦੀ ਥਾਨੇਸਰ ਤਹਸੀਲ ਵਿਚ ਹੈ।

ਚੌਪਈ:

ਜਿਸ ਦਿਨ ਸ਼੍ਰੀ ਗੁਰ ਜਗ ਬਿਦਤਾਏ।
ਲੋਕ ਮ੍ਰਿਯਾਦ ਹੇਤੁ ਪ੍ਰਭੁ ਆਏ।
ਭਈ ਪ੍ਰਾਤਿ ਉਰ ਮਹਿਂ ਲਖਿ ਭੀਖ।
-ਅਵਤਰਿਓ ਨਰ ਬਰ ਦੇ ਸੀਖ[1] ॥੨॥

[1]ਪੁਰਸ਼ਾਂ ਨੂੰ ਸ੍ਰੇਸ਼ਟ ਸਿੱਖਿਆ ਦੇਣ ਲਈ।

ਤੁਰਕਨਿ ਕੁਮਤਿ ਕਰੀ ਹ੍ਵੈ ਕੂਰੇ[1]।
ਕ੍ਰੋਧੀ ਕੁਤਸਤ ਕਰਮਨਿ ਕ੍ਰੂਰੇ[1]।

[1]ਕੂੜੇ।

[1]ਕ੍ਰੋਧੀ ਨਿੰਦਿਤ ਕਰਮ ਤੇ ਭਯਾਨਕ ਕਰਮਾਂ ਦੇ ਕਰਨੇ ਵਾਲੇ ਹੋ ਗਏ ਹਨ।

ਤਿਨ ਕੋ ਤੇਜ ਨਾਸਿਬੇ ਹੇਤੁ।
ਧਰਜੋ ਦੇਹ ਗੁਰੁਤਾ ਪਦ ਲੇਤ[1]- ॥੩॥

[1]ਲੈਕੇ।

ਬ੍ਰਿੰਦ ਮੁਰੀਦ ਬੀਚ ਤਬਿ ਬੈਸਾ।
ਭਯੋ ਸੰਕਲਪ ਰਿਦੇ ਤਬਿ ਐਸਾ।
ਤਤਛਿਨ ਉਠਜੋ ਅਪਰ ਸਭਿ ਤਯਾਗੇ।
ਪੂਰਬ ਦਿਸ਼ਿ ਮੁਖ ਕਰਿ ਅਨੁਰਾਗੇ[1] ॥੪॥

[1]ਪ੍ਰੇਮ ਕਰਕੇ।

ਮੂੰਦਿ ਬਿਲੋਚਨ ਧਰਿ ਉਰ ਧਯਾਨਾ।
ਸਾਦਰ ਹਾਥ ਬੰਦਿ ਥਿਤ ਥਾਨਾ।
ਮਨ ਮਹਿਂ ਕੀਨਿ ਬੰਦਗੀ ਘਨੀ।
ਪਰਮ ਪ੍ਰੇਮ ਆਤੁਰਤਾ ਸਨੀ[1] ॥੫॥

[1]ਦੀਨਤਾ ਸਹਿਤ।

ਨੰਮ੍ਰਿ ਹੋਇ ਧਰ[1] ਸਿਰ ਧਰਿ ਦੀਨਾ।
ਕੁਨਸਾ ਕੀਨਸਿ ਤੀਨ[1] ਪ੍ਰਬੀਨਾ।

[1]ਧਰਤੀ ਤੇ।

[1]ਸਿਜਦਾ ਕੀਤਾ ਤਿੰਨ ਵਾਰ। [ਫ਼ਾ. ਕੋਰਨਿਸ਼ = ਝੁਕ ਕੇ ਸਲਾਮ ਕਰਨਾ]

ਉਤਫੁਲ ਲੋਚਨ[1] ਹੁਇ ਕਰਿ ਬੈਸਾ।
ਜਨਮ ਰੰਕ ਪਾਰਸ ਲਿਯ ਜੈਸਾ ॥੬॥

[1]ਭਾਵ ਨੇਤ੍ਰ ਖਿੜਾਕੇ [ਸੰਸ. ਉਤ੍ਫੁਲ੍ਲ = ਵਿਕਾਸ਼]।

ਦੇਖਿ ਮੁਰੀਦ ਅਖਿਲ ਬਿਸਮਾਨੇ।
-ਕਹਾਂ ਕੀਨ ਇਹ ਪੀਰ ਸਯਾਨੇ।

ਇਤਿ ਦਿਸ਼ਿ ਕਿਸ ਕੋ ਸੀਸ ਨਿਵਾਯੋ।
ਜਥਾ ਪ੍ਰਾਤਿ ਹਿੰਦੁਨਿ ਕੋ ਭਾਯੋ[1] ॥੭॥
[1]ਜਿਵੇਂ ਸਵੇਰ ਵੇਲੇ ਹਿੰਦੂ ਮੱਥਾ ਟੇਕਦੇ ਹਨ।

ਪਸ਼ਚਮ ਦਿਸ਼ਿ ਕੋ ਪ੍ਰਿਸ਼ਟੀ ਫੇਰਿ[1]।
[1]ਪਿੱਠ ਫੇਰ ਕੇ।

ਭਏ ਨੰਮ੍ਰਿ ਔਚਕ ਕਜਾ ਹੇਰਿ-।
ਹਾਥ ਜੋਰਿ ਪੂਛਯੋ ਪੁਨ ਭੀਖ।
'ਪ੍ਰਥਮ ਨ ਤੁਮਰੀ ਇਹ ਬਿਧਿ ਦੀਖ[1] ॥੮॥
[1]ਇਹ ਬਿਧ ਨਹੀਂ ਸੀ ਦੇਖੀ।

ਉਠਹਿਂ ਪ੍ਰਾਤਿ ਹਿੰਦੂ ਕਰ ਜੋਰਿ।
ਬੰਦਨ ਕਰਹਿਂ ਸਕਲ ਇਤ ਓਰ।
ਹਮ ਪਸ਼ਚਮ ਦਿਸ਼ਿ ਸੀਸ ਨਿਵਾਇਂ।
ਅਪਨਿ ਦੀਨ ਕੋ ਰਾਖਹਿਂ ਭਾਇ ॥੯॥
ਆਪ ਹਮੇਸ਼ ਕਰਤਿ ਹੋ ਐਸੇ।
ਅਬਿ ਕਿਸ ਕੋ ਪਿਖਿ ਕੀਨਸਿ ਕੈਸੇ।'
ਸ਼ਾਹ ਭੀਖ ਸੁਨਿ ਕੈ ਤਬਿ ਕਹਯੋ।
'ਕਾਰਨ ਸੁਨੋ ਜਥਾ ਮੈਂ ਲਹਯੋ ॥੧੦॥
ਦੀਨ ਦੁਨੀ ਕੋ ਖਾਂਵਦ[1] ਆਵਾ।
[1]ਮਾਲਿਕ।

ਮਾਨੁਖ ਦੇਹਿ ਧਾਰਿ ਬਿਦਤਾਵਾ[1]।
[1]ਪ੍ਰਗਟਿਆ ਹੈ।

ਗਰਬਨਿ ਕੇ ਗਰਬਨਿ ਕੋ ਗੰਜਨ[1†]।
[1]ਹੰਕਾਰੀਆਂ ਦੇ ਹੰਕਾਰ ਨੂੰ ਭੰਨਣ ਲਈ। [†]ਪਾ:-ਗਬਰਨਿ ਕੇ ਗੋਲਨ ਕੋ ਗੰਜਨ = ਗੱਬਰਾਂ ਦੇ ਟੋਲਾਂ ਨੂੰ ਨਾਸ ਕਰਨ ਲਈ। [ਅ: ਕਬੀਰ, ਬਹੁ ਬਚਨ ਕੁੱਬਾਰ। ਕੁਬਰਾ = ਬਹੁਤ ਵੱਡਾ, ਇਸ ਤੋਂ ਪੰਜਾਬੀ, ਗੱਬਰ]

ਮਿਰਜਾਦਾ ਬੰਜਨ ਕੋ ਭੰਜਨ[1] ॥੧੧॥
[1]ਮਿਰਜਾਦਾ ਭੰਨਣ ਵਾਸਤੇ।

ਤੇਜ ਤ੍ਰਿਲੋਕਨਿ ਮਹਿਂ ਬਿਸਤਾਰੇ।
ਤੁਰਕਨਿ ਔਂਧੇ ਕਰਹਿ ਨਗਾਰੇ[1]।
[1]ਤੁਰਕਾਂ ਦੇ ਨਗਾਰੇ ਮੂਧੇ ਕਰੇਗਾ।

ਸਿਖ ਸੰਗਤ ਕੋ ਤ੍ਰਾਸ ਮਿਟਾਵੈ[†]।
[†]ਪਾ:-ਸੋ ਅਕਾਲ ਪੁਰਖ ਅਬਿ ਆਏ। ਤਿਸਹਿ ਪ੍ਰਤੀ ਹਮ ਸੀਸ ਨਿਵਾਏ।

ਸੱਤਨਾਮ ਕੋ ਜਾਪ ਜਪਾਵੈ[+] ॥੧੨॥
ਅਪਨੋ ਪੰਥ ਜਗਤ ਬਿਦਤਾਵਹਿ।
ਇਕ ਮਤਿ ਕਰਤਿ ਤੀਨ ਦਿਖਰਾਵਹਿ[1]।
[1]ਨੌਰੰਗਾ) ਇਕ ਮਤ ਕਰਦਾ ਹੈ (ਇਹ) ਤਿੰਨ ਦਿਖਾਲਨਗੇ।

ਨਿਸਾ ਆਜ ਕਾ ਜਨਮੇ ਬਾਲਕ।
ਤਰੁਨ ਤਰਨਿ ਸਮ ਤੁਮ ਰਿਪੁ ਘਾਲਿਕ[1] ॥੧੩॥
[1]ਜੁਆਨ ਸੂਰਜ ਸਮ ਭਾਵ ਦੁਪਹਿਰ ਦੇ ਸੂਰਜ ਵਾਙੂ ਹਨੇਰਾ ਰੂਪ ਵੈਰੀਆਂ ਨੂੰ ਨਾਸ਼ ਕਰਨ ਵਾਲੇ।

ਭਈ ਪ੍ਰਾਤ ਮੁਝ ਸੁਧਿ ਮਨ ਭਾਈ।
ਕਰੀ ਬੰਦਗੀ ਮੈਂ ਸੁਖ ਮਈ।
ਪੁਰਿ ਪਟਣਾ ਪੂਰਬ ਦਿਸ਼ਿ ਬਿਸੈ[1]। [1]ਵਿੱਚ ਹੈ।
ਮੈਂ ਅਬਿ ਜਾਉਂ ਦਰਸ ਹੌਂ ਤਿਸੈ ॥ ੧੪ ॥
ਬਿਨੈ ਠਾਨਿ ਬਖਸ਼ਾਵਨਿ ਕਰਿ ਹੌਂ।
ਅਪਨਿ ਇਸ਼ਟ[†] ਥਿਰਤਾ ਅਨੁਸਾਰ ਹੌਂ[1]। [1]ਉਨ੍ਹਾਂ ਨੂੰ ਆਪਣਾ ਇਸ਼ਟ ਠਹਿਰਾ ਕੇ ਅਨੁਸਾਰੀ ਹੋਵਾਂਗਾ। [†]ਪਾ:-ਦ੍ਰਿਸ਼ਟਿ।
ਦਰਸ਼ਨ ਕਰੇ ਪਾਕ ਅਤਿ ਹੋਵੌਂ।
ਗੁਨਹਿ ਅਨਿਕ ਮਨ ਤਨ ਤੇ ਖੋਵੌਂ' ॥ ੧੫ ॥
ਬ੍ਰਿੰਦ ਮੁਰੀਦਨਿ ਸੋਂ ਇਮ ਕਹਜੋ।
ਭਯੋ ਤਯਾਰ ਮਾਰਗ ਬਡ ਲਹਜੋ।
ਦੋਇ ਮੁਰੀਦ ਮੁਰਾਦ ਧਰੰਤੇ[1]। [1]ਭਾਵ ਸ਼ਰਧਾ ਵਾਲੇ। [ਅ਼: ਮੁਰਾਦ = ਮਕਸਦ, ਸ਼ਰਧਾ]
ਲਿਯੇ ਸੰਗ ਪ੍ਰਿਯ ਸੇਵ ਕਰੰਤੇ ॥ ੧੬ ॥
ਅਪਰ ਸਭਿਨਿ ਆਸ੍ਵਾਸਨ ਕਰਿ ਕੈ[1]। [1]ਧੀਰਜ ਦੇਕੇ।
'ਕਿਤਿਕ ਦਿਵਸ ਹਟਿ ਆਇੰ[1]' ਉਚਰਿ ਕੈ। [1]ਮੁੜ ਆਵਾਂਗੇ।
ਆਸਾ[1] ਹਾਥ ਗਹੇ ਚਲਿ ਪਰਜੋ। [1]ਭੇਵ [ਅ਼: ਅ਼ਸਾ]
ਸਿਫਤ ਖੁਦਾਇ ਰੰਗ ਉਰ ਬਰਜੋ ॥ ੧੭ ॥
ਲਈ ਕੁਰਾਨ ਮੁਸੱਲਾ ਧਾਰੇ।
ਦ੍ਵੈ ਮੁਰੀਦ ਸੋ ਚਲੇ ਪਿਛਾਰੇ।
ਸਨੇ ਸਨੇ ਗਮਨੇ ਮਗ ਜਾਹਿਂ।
ਨਿਸ ਬਿਸਰਾਮਹਿਂ, ਦਿਵਸ ਚਲਾਹਿਂ ॥ ੧੮ ॥
ਗ੍ਰਾਮ ਨਗਰ ਉਪਬਨ ਬਨ ਹੇਰਿ।
ਤਰਿ ਸਲਿਤਾ ਜਲ ਚਲਤਾ ਹੇਰਿ।
ਦਿੱਲੀ ਆਦਿ ਉਲੰਘਿ ਕਰਿ ਸਾਰੇ।
ਭਲੀ ਭਾਂਤਿ ਕੇ ਦੇਸ਼ ਨਿਹਾਰੇ ॥ ੧੯ ॥
ਪੁਰਿ ਪਟਣੇ ਕੇ ਪਹੁੰਚੇ ਪਾਸ।
ਜਿਤ ਕਿਤ ਸ਼ੋਭਾ ਰਹੀ ਪ੍ਰਕਾਸ਼।
ਬਾਗਨਿ ਮਹਿਂ ਬਿਥਰੀ ਹਰਿਆਈ।
ਦੇਖਨੀਯ[1] ਤਰੁਵਰੁ ਸਮੁਦਾਈ ॥ ੨੦ ॥ [1]ਦੇਖਣੇ ਯੋਗ।

ਸਦਨ ਸਫੂਲ ਸਫਲ ਤਰੁ ਕੀਰਣ[1]।
[1]ਖਿੱਲਰ ਰਹੇ ਹਨ।
ਪੁਸ਼ਪਤਿ[1] ਲਤਾ, ਸੁਭਤਿ ਬਿਸਤੀਰਣ।
[1](ਫੁੱਲਾਂ ਨਾਲ) ਖਿੜੀਆਂ ਹੋਈਆਂ।
ਨਾਲਕੇਰ ਕਦਲੀਨ[1] ਬਗੀਚੇ।
[1]ਨਾਲੀਏਰ ਤੇ ਕੇਲਿਆਂ ਦੇ।
ਮਨਹੁਂ ਕਾਮ[1] ਮਾਲੀ ਬਨਿ ਸੀਂਚੇ ॥੨੧॥
[1]ਕਾਮਦੇਵ ਮਾਲੀ ਨੇ।
ਰਾਇਬੇਲ[1] ਚੰਬੇਲੀ ਚਾਰੁ।
[1]ਰਵੇਲ।
ਚੰਪਕ ਨੀਪ[1] ਸੁਭਤਿ ਗੁਲਜ਼ਾਰ।
[1]ਕਦੰਬ ਬ੍ਰਿੱਛ।
ਭਾਂਤਿ ਭਾਂਤਿ ਕੇ ਤਰੁ ਅਵਿਲੋਕੇ।
ਜਿਨ ਮਹਿਂ ਬਿਚਰਤਿ ਹੋਤਿ ਅਸ਼ੋਕੇ[1] ॥੨੨॥
[1]ਫਿਰਦਿਆਂ ਖੁਸ਼ੀ ਹੁੰਦੀ ਹੈ।
ਆਨੰਦ ਹੋਤਿ ਬਰਜੋ ਪੁਰਿ ਮਾਂਹੀ।
ਰਿਦੇ ਲਾਲਸਾ ਦਰਸ਼ਨ ਜਾਂਹੀ।
ਬਹੁਤ ਬੀਥਕਾ ਘਰ ਸਮੁਦਾਏ।
ਦੇਖਤਿ ਨਗਰ ਜਾਤਿ ਅਗਵਾਏ ॥੨੩॥
ਨਰ ਨਾਰਿਨ ਕੇ ਬ੍ਰਿੰਦ[1] ਨਿਹਾਰੇ।
[1]ਸਮੂਹ, ਟੋਲੇ।
ਬਿਚਰਤਿ ਆਨੰਦ ਧਰਿ ਧਨਿ ਭਾਰੇ[1]।
[1]ਭਾਰੇ ਧਨੀ ਅਨੰਦ ਸਹਿਤ ਵਿਚਰਦੇ ਹਨ।
ਕ੍ਰਮ ਕਰਿ ਸਕਲ ਉਲੰਘਤਿ ਆਏ।
ਜਿਸੀ ਠੌਰ ਗੁਰੁ ਪੌਰ ਸੁਹਾਏ ॥੨੪॥
ਜਹਿਂ ਸਿੱਖਜਨਿ ਕੀ ਭੀਰ ਘਨੇਰੀ।
ਕਰਹਿਂ ਕਾਮਨਾ ਲਹਹਿਂ ਬਡੇਰੀ।
ਤਿਹ ਸੰਗਤਿ ਮਹਿਂ ਹੁਇ ਇਕ ਪਾਸੇ।
ਬੈਠੇ ਪਿਖਹਿਂ ਬਿਲਾਸ ਹੁਲਾਸੇ ॥੨੫॥
ਸਮਾ ਪਾਇ ਲਖਿ ਕੈ ਅਵਿਕਾਸ਼[1]।
[1]ਵਿਹਲ।
ਠਾਂਢੋ ਭਯੋ ਭੀਖ ਸਭਿ ਪਾਸ।
ਆਦਿ ਕ੍ਰਿਪਾਲ ਬਿਸਾਲ ਜਿ ਬੈਸੇ।
ਜੋਰੇ ਹਾਥ ਕਹਤਿ ਭਾ ਐਸੇ ॥੨੬॥
'ਜੋ ਜਨਮਜੋਂ ਅਬਿ ਸਾਹਿਬਜ਼ਾਦਾ।
ਦੇਨਿ ਜਗਤ ਸਿੱਖਨਿ ਅਹਿਲਾਦਾ।
ਤਿਸ ਕੇ ਦਰਸ਼ਨ ਕੀ ਹਮ ਚਾਹੂ।
ਜਿਸ ਹਿਤ ਗਮਨੇ ਬਹੁ ਦਿਨ ਰਾਹੂ ॥੨੭॥
ਅਬਿ ਦਰਸ਼ਨ ਕਰਿਵਾਵਹੁ ਮੋਹਿ।
ਸਫਲ ਆਇਬੋ ਮਗ ਕੋ ਹੋਹਿ।

ਅਪਰ ਨ ਕਾਰਜ ਕੋਇ ਹਮਾਰਾ।
ਆਏ ਲਖਯੋ ਗੁਰੂ ਦਰਬਾਰਾ' ॥੨੮॥
ਸੁਨਿ ਕ੍ਰਿਪਾਲ ਨੇ ਬਾਕ ਬਖਾਨਾ।
'ਭਲਾ ਭਯੋ ਤੁਮ ਟਿਕਹੁ ਸਥਾਨਾ।'
ਅੰਤਰ ਜਾਇ ਬ੍ਰਿਤੰਤ ਸੁਨਾਵਾ।
'ਸਈਯਦ ਏਕ ਪੀਰ ਚਲਿ ਆਵਾ ॥੨੯॥
ਸਾਹਿਬਜ਼ਾਦੇ ਕੋ ਚਹਿ ਦੇਖਾ।
ਰਿਦੈ ਲਾਲਸਾ ਕਰਤਿ ਬਿਸ਼ੇਖ਼ਾ।'
ਸ਼੍ਰੀ ਗੁਜਰੀ ਜੁਤਿ ਸੇਵਕ ਔਰ।
ਬੈਠੇ ਸੁਨਤਿ ਭਏ ਤਿਸ ਠੌਰ ॥੩੦॥
ਸਭਿ ਕੇ ਮਨ ਸੰਸੈ ਤਬਿ ਹੋਵਾ।
'ਤੁਰਕ ਦਿਲੇਸ਼ ਦੁਰਾਸੀ ਜੋਵਾ[1]।
ਸੁਧਿ ਤਿਸ ਹੋਹਿ ਹਕਾਰਹਿ ਤੀਰ।
ਕੋ ਜਾਨੈ ਕਯੋਂ ਆਵਾ ਪੀਰ ॥੩੧॥
ਘਰ ਹਮਰੇ ਸੋਂ ਕਰਤਾ ਬਾਦ।
ਬਾਦੀ ਨੌਰੰਗ ਮਹਿਦ ਪ੍ਰਮਾਦਿ[1]।
ਸਾਹਿਬ[1] ਨਹੀਂ ਨਿਕਟਿ ਇਸ ਕਾਲ।
ਜੋ ਸਭਿ ਦਿਸ਼ਿ ਤੇ ਲੇਤਿ ਸੰਭਾਲ ॥੩੨॥
ਸ਼੍ਰੀ ਹਰਿਕ੍ਰਿਸ਼ਨ ਬੈਸ ਜਿਨ ਥੋਰੀ।
ਕਰੇ ਹਕਾਰਨਿ ਨਿਜ ਦਿਸ਼ਿ ਓਰੀ।
ਤਿਨਹੁਂ ਦਰਸ ਨਹਿਂ ਦੀਨਸਿ ਲੀਨਸਿ।
ਤਨਿ ਤਜਿ ਦੀਨ ਕੰਤੂਹਲ[1] ਕੀਨਸਿ ॥੩੩॥
ਰਾਜ ਓਜ ਤੇ ਮਦ ਮਸਤਾਨੇ।
ਕਰਹਿਂ ਅਕਰਨ ਹੋਨਿ ਕਹੁ ਹਾਨੇ[1]।
ਯਾਂ ਤੇ ਇਨ ਕਹੁ ਟਾਰਨਿ ਬਨੈ।
ਮਧੁਰ ਗਿਰਾ ਕਹਿ ਰਸ ਕੇ ਸਨੈ' ॥੩੪॥
ਏਵ ਮਤੋ ਕਰਿ ਉਠਯੋ ਕ੍ਰਿਪਾਲ[1]।
ਆਯੋ ਵਹਿਰ ਮਿਲਯੋ ਤਿਸ ਨਾਲ।
'ਸੁਨਹੁਂ ਪੀਰ ਜੀ! ਆਪ ਮਹਾਨੇ।
ਰਹਿਤ ਕਹਿਤ ਕੇ ਸਹਤ ਸਿਆਨੇ

[1]ਦਿੱਲੀਪਤ ਖੋਟੀ ਆਸਾ ਵਾਲਾ ਦੇਖਿਆ ਗਿਆ ਹੈ।

[1]ਅਗਜਾਨੀ।

[1]ਗੁਰੂ ਨਾਵੇਂ ਪਾਤਸ਼ਾਹ।

[1]ਕੌਤਕ।

[1]ਆਪਣੇ) ਨਾਸ਼ ਹੋਣ ਲਈ।

[1]ਮਾਮਾਂ ਜੀ।

॥ ੩੫ ॥
ਬਿਤੇ ਨ ਤੀਨ ਮਹੀਨੇ ਚੀਨਸਿ।
ਅਜਹੁੰ ਨ ਵਹਿਰ ਨਿਕਸਨੋ ਕੀਨਸਿ।
ਬਾਲਿਕ ਰੂਪ ਮ੍ਰਿਦੁਲ ਸਭਿ ਅੰਗ।
ਬਾਯੂ ਬੇਗ ਬਹੈ ਹਿਮ ਸੰਗ[1] ॥ ੩੬ ॥ — [1]ਬਰਫਾਨੀ ਹਵਾ ਤਿੱਖੀ ਵਗ ਰਹੀ ਹੈ।
ਵਹਿਰ ਨ ਆਵਹਿ ਕਾਰਨ ਏਤੇ।
ਅਲਪ ਆਰਬਲਾ ਅੰਤਰ ਸੇ ਤੇਂ[1]। — [1]ਅੰਦਰ ਸੇ ਉਹ (ਬਾਹਰ ਨਹੀਂ ਆ ਸਕਦੇ)। (ਅ) ਅੰਦਰੇ ਹੀ ਸੇਵਾ ਹੁੰਦੀ ਹੈ।

ਮਿਹਿਰਬਾਨਗੀ ਕਰਿ ਕੈ ਫੇਰ।
ਆਵਹੁਗੇ ਹੋਇ ਲਾਭ ਬਡੇਰ ॥ ੩੭ ॥
ਸ਼੍ਰੀ ਗੁਰ ਸਾਹਿਬ ਤਬਿ ਲਗਿ ਆਵਹਿਂ।
ਤਿਨ ਕਹੁ ਦਰਸਹੁ ਅਭਿਮਤਿ ਪਾਵਹਿਂ।'
ਸ਼ਾਹੁ ਭੀਖ ਸੁਨਿ ਕੈ ਪੁਨ ਬੋਲਾ।
'ਮਹਾਂ ਪੁਰਸ਼ ਅਵਤਰਜੋ ਅਡੋਲਾ
॥ ੩੮ ॥
ਦੇ ਦੁਸ਼ਮਨ ਕਹੁ ਦੋਜ਼ਕ ਦੁਖ ਕੋ।
ਪ੍ਰਿਯ ਸੇਵਕ ਲਹਿਂ ਕੇਵਲ ਸੁਖ ਕੋ।
ਤੁਮ ਚਿੰਤਾ ਚਿਤ ਮਹਿਂ ਕਿਮ ਕਇਊ।
ਚਿੰਤ ਨਿਸਾ ਕੋ ਸੂਰਜ ਭਇਊ ॥ ੩੯ ॥
ਉਰ ਮਹਿਂ ਭਰਮ ਕਰਹੁ ਨਹਿਂ ਕੈਸੇ।
ਭਰਮ ਤਪਤ ਕੋ ਨਿਸਪਤਿ ਜੈਸੇ[1]। — [1]ਭਰਮ ਰੂਪੀ ਤੱਪਸ਼ ਨੂੰ ਚੰਦ ਸਮਾਨ (ਸੀਤਲ) ਹਨ।
ਤ੍ਰਾਸ ਤਜਹੁ, ਨਹਿਂ ਰੰਚਕ ਕੀਜੈ।
ਤ੍ਰਾਸ ਤਿਮਰ ਕੋ[1] ਦੀਪ ਜਨੀਜੈ ॥ ੪੦ ॥ — [1]ਡਰ ਰੂਪੀ ਹਨੇਰੇ ਨੂੰ।
ਸਭਿ ਆਲਮ ਕੋ ਖਾਂਵਦ ਹੋਵਾ।
ਭੇ ਅਵਤਾਰ ਧਰਮ ਹਿਤ ਜੋਵਾ।
ਦਰਸ਼ਨ ਲੇਹਿਂ ਇਹਾਂ ਹਮ ਬੈਸੇ।
ਘਟ ਘਟ ਮਾਲਿਕ ਪ੍ਰੇਰਹਿ ਜੈਸੇ' ॥ ੪੧ ॥
ਪ੍ਰਵਿਸ਼ਜੋ ਅੰਤਰ ਬਹੁਰ ਕ੍ਰਿਪਾਲੂ।
ਕਰਜੋ ਜਨਾਵਨਿ ਅਖਿਲ ਹਵਾਲੂ।
ਰਹੇ ਟਾਰਿ ਨਹਿਂ ਟਰੇ, ਅਰੇ ਹੈ।
ਸਾਹਸ ਪਕਰੇ ਪੌਰ ਥਿਰੇ ਹੈ[1] ॥ ੪੨ ॥ — [1]ਹਠ ਧਾਰਕੇ ਦਰਵੱਜ਼ੇ ਅੱਗ ਬੈਠਾ ਹੈ।
ਬਿਨਾ ਬਿਲੋਕੇ ਲੋਚਨ ਆਗੇ[1]। — [1]ਆਪਣੀਆਂ ਅੱਖਾਂ ਅੱਗੇ ਦੇਖੇ ਭਾਵ ਦਰਸ਼ਨ ਕੀਤੇ ਬਿਨਾ।

ਤਬਿ ਲੌ ਖਾਨ ਪਾਨ ਸਭਿ ਤਜਾਗੇ।
ਜਾਨੀ ਜਾਇ ਨਹੀਂ ਗਤਿ ਮਨ ਕੀ।
ਪ੍ਰੇਮ ਪਰਖਿਯਤਿ ਕ੍ਰਿਯਾ ਸੁ ਤਨ ਕੀ[1] ॥੪੩॥

[1]ਸਰੀਰ ਦੀ ਕ੍ਰਿਆ ਵੇਖਕੇ ਤਾਂ ਪ੍ਰੇਮ ਹੀ ਪਰਖੀਦਾ ਹੈ, ਭਾਵ ਪ੍ਰੇਮੀ ਜਾਪਦਾ ਹੈ।

ਦੇਸ਼ ਪੰਜਾਬ ਦਿਸ਼ਾ ਕੇ ਜਨਿਯਤਿ।
ਹੇਤੁ ਹਟਾਵਨਿ ਬਹੁ ਬਿਧਿ ਭਨਿਯਤਿ।
ਰਹੈ ਬੈਠਿ ਜਾਹਿ ਨ ਬਿਨ ਦੇਖੇ।
ਹਠ ਗਾਢੋ ਜਿਨ ਰਿਦੇ ਬਿਸ਼ੇਖੇ' ॥੪੪॥
ਸ਼੍ਰੀ ਗੁਜਰੀ ਸੁਨਿ ਕੈ ਤਿਨ ਬਾਤ।
ਨਹਿਂ ਮਾਨੀ ਪਜਾਰੋ ਅਤਿ ਤਾਤ।
'ਕੈਸੇ ਵਹਿਰ ਕਰਵਿ ਮੈਂ ਬਾਲਿਕ।
ਅਲਪ ਰੂਪ ਅੰਤਰ ਥਿਤ ਪਾਲਕਿ[1]†' ॥੪੫॥

[1]ਸੂਖਮ ਸਰੀਰ ਹੈ (ਇਸ ਲਈ) ਅੰਦਰੇ ਰੱਖਕੇ ਹੀ ਪਾਲਣਾ ਹੁੰਦੀ ਹੈ। †ਪਾ:-ਅਲਖ ਰੂਪ ਅੰਤਰ ਹਿਤ ਪਾਲਕ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼ਾਹ ਭੀਖ' ਪ੍ਰਸੰਗ ਬਰਨਨੰ ਨਾਮ ਚਤਰਦਸਮੋ ਅੰਸੂ ॥੧੪॥

## ੧੫. [ਭੀਖਣਸ਼ਾਹ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਬਸੇ ਨਿਸਾ, ਕਹਿ ਰਹੇ ਬਹੁ, ਖਾਨ ਪਾਨ ਨਹਿਂ ਕੀਨਿ।
ਭਈ ਪ੍ਰਾਤਿ ਬੈਸੇ ਸੁ ਥਲ, ਦ੍ਵਾਰ ਅਗਾਰੇ ਤੀਨ[1]† ॥੧॥

[1]ਭਾਵ ਇਕ ਪੀਰ ਤੇ ਦੋ ਮੁਰੀਦ। †ਪਾ:-ਦ੍ਵਾਰੇ ਆਗ੍ਰਹ ਕੀਨਿ।

ਚੌਪਈ:

ਸਿਮਰਤਿ ਰਿਦੇ ਨਾਮ ਗੁਰੁ ਕੇਰੇ।
'ਦੇਹੁ ਦਰਸ ਪੂਰਨ ਪ੍ਰਭੁ ਮੇਰੇ।
ਦੂਰ ਦੇਸ਼ ਆਗਮਨ ਹਮਾਰਾ।
ਪੂਰਹੁ ਮਨ ਸੰਕਲਪ ਦਿਦਾਰਾ[1] ॥੨॥

[1]ਦਰਸ਼ਨ ਦਾ।

ਸਭਿ ਘਟ ਕੋ ਮਾਲਿਕ ਗੁਰ ਪੂਰਾ†।
ਪਿਤਾ ਪਿਤਾਮਹਿਂ ਰਣ ਮਹਿਂ ਸੂਰਾ।
ਮਨ ਪ੍ਰੇਰਹੁਗੇ ਜਬਿ ਇਨ ਕੇਰੇ।
ਬਾਲਿਕ ਰੂਪ ਲੇਹਿਂ ਤਬਿ ਹੇਰੇ ॥੩॥

†ਪਾ:-ਪੂਰੇ। ਸੂਰੇ।

ਅਪਨਿ ਪ੍ਰਿਯਹ ਕੀ[1] ਪੁਰਹੁ ਭਾਵਨਾ।
ਪਰਖਹੁ ਪਰਮ ਸੁ ਪ੍ਰੇਮ ਪਾਵਨਾ।
ਘਟ ਘਟ ਕੀ ਤੁਮ ਜਾਨਣਹਾਰੇ।
ਦਰਸ਼ਨ ਦੇਹੁ ਜਾਨਿ ਮਨ ਪਜਾਰੇ' ॥੪॥

[1]ਪ੍ਰੇਮੀ ਦੀ।

ਇੱਤਜਾਦਿਕ ਗੁਨ ਬਰਨਨ ਕਰਿਤੇ।
ਭੀ ਭੁਨਸਾਰ ਪ੍ਰਕਾਸ਼ ਨਿਹਰਿਤੇ[1]।
ਸ਼੍ਰੀ ਗੁਰ ਘਰ ਕੇ ਸੇਵਕ ਸਾਰੇ।
ਸੁਨਿ ਸੁਨਿ ਆਇ ਸਮੀਪ ਨਿਹਾਰੇ ॥੫॥

[1]ਵੇਖਿਆ ਚਾਨਣਾ।

ਤਸਬੀ ਹਾਥ ਫੇਰਿਬੋ ਕਰਿਹੀ।
ਸ਼੍ਰੀ ਨਾਨਕ ਕੋ ਸਿਮਰਤਿ ਉਰ ਹੀ।
ਦਰਸ਼ਨ ਦਰਸੇ ਬਿਨਾ ਨ ਜਾਊਂ।
ਬੈਠਜੋ ਇਤ ਹੀ ਦਿਵਸ ਬਿਤਾਊਂ ॥੬॥
ਸ਼੍ਰੀ ਨਾਨਕ ਕੋ ਸਦਨ ਮਹਾਨਾ।
ਹਿੰਦੁਨਿ ਤੁਰਕਨਿ ਏਕ ਸਮਾਨਾ।
ਪੱਖਜ ਪਾਤ ਜਿਨ ਕੇ ਕੁਛ ਨਾਂਹੀ।
ਸ਼ਰਧਾ ਹੇਰਤਿ ਹੈਂ ਉਰ ਮਾਂਹੀ ॥੭॥

ਗੁਰ ਕੇ ਘਰ ਕੀ ਇਹ ਮਿਰਜਾਦ।
ਦੁਰੀ ਨਹੀਂ ਜਗ ਬਿਦਤੀ ਆਦਿ।'
ਸੁਨਿ ਕ੍ਰਿਪਾਲ ਜੁਤਿ ਸੇਵਕ ਸਾਰੇ।
ਸ਼੍ਰੀ ਗੁਜਰੀ ਢਿਗ ਸਕਲ ਉਚਾਰੇ ॥੮॥
'ਇਹ ਤੋ ਪੀਰ ਮਹਾਂ ਦਰਵੇਸ਼।
ਦਿਖੀਯਤਿ ਗੁਰ ਕੋ ਪ੍ਰੇਮ ਵਿਸ਼ੇਸ਼।
ਦਰਸ਼ਨ ਬਿਨਾ ਚਾਹਿ ਨਹਿਂ ਕਾਹੀ।
ਖਾਨ ਪਾਨ ਭੀ ਕੀਨਸਿ ਨਾਂਹੀ ॥੯॥
ਬੈਠਯੋ ਸਿਮਰਤਿ ਨਾਮ ਖ਼ੁਦਾਇ।
ਏਕ ਮੁਸੱਲਾ ਤਰੇ ਡਸਾਇ।
ਉਰ ਦਰਸ਼ਨ ਕੀ ਜਿਸ ਲਿਵ ਲਾਗੀ।
ਭੂਖ ਪਜਾਸ ਕੀ ਬਾਧਾ ਭਾਗੀ ॥੧੦॥
ਉਠਹਿ ਨਹੀਂ ਬਿਨ ਦਰਸ਼ਨ ਕੀਏ।
ਬੈਠਿ ਰਹਯੋ ਉਰ ਸਾਹਸ[1] ਲੀਏ।
ਉਚਿਤ ਬਾਤ ਸੋ ਕਰਹੁ ਭਲੇਖੀ।
ਪਸਚਾਤਾਪ ਨ ਹੁਇ ਜਿਸ ਫੇਰੀ[1]' ॥੧੧॥
ਸੁਨਤਿ ਨਾਨਕੀ ਬੋਲੀ ਤਬੈ।
'ਰਿਦੈ ਬਿਚਾਰ ਕਰਹੁ ਤੁਮ ਸਬੈ।
ਚਿਰੰਕਾਲ ਕੋ ਚਾਹਤਿ ਰਹਿਤੇ।
ਬਡੇ ਗੁਰਨਿ ਸੋਂ ਬਿਨਤੀ ਕਹਿਤੇ ॥੧੨॥
ਬਾਰਬਾਰ ਹੁਇ ਨੰਮ੍ਰਿ ਅਗਾਰੀ।
ਜਾਚਨਿ ਕਰਤਿ ਪੁੱਤ੍ਰ ਭੁਜ ਭਾਰੀ।
ਇਨ ਕੋ ਪਿਤਾ ਸ਼ਾਂਤਿ ਧਰਮਾਤਮ।
ਕਹਿ ਕਹਿ ਕਰਤਾ ਪੁਰਖ ਮਹਾਤਮ[1] ॥੧੩॥
ਇਕ ਮਨ ਹੋਇ ਸਮਾਧਿ ਲਗਾਵਤਿ।
ਪਾਰਬ੍ਰਹਮ ਪਰਮੇਸ਼੍ਵਰ ਧਜਾਵਤਿ।
ਜੋਗ ਸਾਧਨਾ ਸਾਧਤਿ ਰਹੇ।
ਸਿਮਰਤਿ ਨਾਮ ਅਧਿਕ ਗੁਨ ਕਹੇ ॥੧੪॥
ਕਰਯੋ ਪ੍ਰਸੀਦਨ ਪ੍ਰਭੁ ਅਕਾਲ।

[1]ਹਠ ਧਾਰਕੇ।
[1]ਜਿਸਦੇ (ਕਰਨ ਪਿਛੋਂ) ਫਿਰ ਪਛੁਤਾਵਾ ਨਾ ਹੋਵੇ।
[1]ਸ਼੍ਰੀ ਅਕਾਲ ਪੁਰਖ ਦੀ ਵਡਿਆਈ ਕਹਿੰਦੇ ਰਹੇ।

ਜਿਹ ਅਰਾਧਿਬੋ ਦੁਸਹਿ ਬਿਸਾਲ।
ਜਗਤ ਨਾਥ ਕਰਿ ਕ੍ਰਿਪਾ ਸੁ ਚਿਤ ਕੋ[1]।
ਕਰਜੋ ਦਿਖਾਵਹਿ ਅਬਿ ਇਹ ਸੁਤ ਕੋ ॥੧੫॥

[1]ਵਾਹਿਗੁਰੂ ਜੀ ਨੇ ਚਿੱਤੋਂ ਕ੍ਰਿਪਾ ਕਰਕੇ।

ਜਿਨ ਕੇ[1] ਉਰ ਅਭਿਲਾਖ ਬਿਸ਼ੇਖ਼ਾ।
ਅਬਿ ਲੌ ਨਹੀਂ ਪੁੱਤ੍ਰ ਮੁਖ ਦੇਖਾ।
ਸੋ ਕੈਸੇ ਅਬਿ ਵਹਿਰ ਲਿਜਾਵਹੁ।
ਪਰ ਮਤਿ ਰਿਪੁ ਕੇ ਨਰ[1] ਦਿਖਰਾਵਹੁ ॥੧੬॥

[1]ਭਾਵ ਨਾਵੇਂ ਸਤਿਗੁਰਾਂ ਦੇ।

[1]ਪਰਾਏ ਮਤਿ ਦੇ ਵੈਰੀ ਪੁਰਖਾਂ ਨੂੰ।

ਪੁੱਤ੍ਰ ਪਰਮ ਪ੍ਰਿਯ ਥੋਰੇ ਦਿਨ ਕੋ[1]।
ਕਿਮ ਉਤਸਾਹ ਕਰੌਂ ਮੈਂ ਮਨ ਕੋ।
ਅਨਿਕ ਭਾਂਤਿ ਕੀ ਰੱਛਾ ਕਰਨੀ।
ਲਘੁ ਬਾਲਿਕ ਕੀ ਸਭਿਹਿਨਿ ਬਰਨੀ ॥੧੭॥

[1]ਭਾਵ ਨਿਆਣਾ ਹੈ।

ਨਰ ਪਰਦੇਸੀ ਕੋ ਦਿਖਰਾਵਨਿ।
ਡੀਠ[1] ਆਦਿ ਅਵਗੁਨ ਪਰਛਾਵਨਿ[2]।
ਇੱਤਜਾਦਿਕ ਉਰ ਸਮਝਹੁ ਸਾਰੇ।
ਤਿਨਹਿਂ ਉਠਾਵਹੁ ਬਿਨੈ ਉਚਾਰੇ ॥੧੮॥

[1]ਨਜ਼ਰ ਲਗਣੀ। [2]ਪਰਛਾਵਾਂ ਪੈ ਜਾਣਾ।

ਗੁਰ ਘਰ ਤੇ ਦਿਹੁ ਰੁਚਿਰ ਅਹਾਰਾ।
ਘ੍ਰਿਤ ਮਿਸ਼ਟਾਨ ਅਨੇਕ ਪ੍ਰਕਾਰਾ।
ਅਪਰ ਚਾਹਿ ਕੁਛ ਜਾਚਨਿ ਕੇਰੀ।
ਬਸਤ੍ਰ ਦਰਬ ਦੀਜਹਿ ਬਿਨ ਦੇਰੀ ॥੧੯॥
ਬਾਲਿਕ ਵਹਿਰ ਦਰਸ਼ ਤੇ ਬਿਨਾ।
ਦੇਹੁ ਤਿਨਹੁਂ ਕਰਿ ਆਦਰ ਘਨਾ।
ਬੇਸ ਭਲੇ ਦਰਵੇਸ਼ ਵਿਸ਼ੇਸ਼।
ਜਯੋਂ ਕਯੋਂ ਕਰਹੁ ਪ੍ਰਸੰਨ ਅਸ਼ੇਸ਼[1]' ॥੨੦॥

[1]ਸਾਰੇ। (ਅ) ਸਾਰਿਆਂ ਨੂੰ।

ਸੁਨਤਿ ਨਾਨਕੀ ਤੇ ਸਭਿ ਆਏ।
ਸ਼ਾਹੁ ਭੀਖ[†] ਕੋ ਮਿਲਿ ਸਮੁਝਾਏ।

[†]ਇਕ ਲਿਖਤੀ ਨੁਸਖੇ ਵਿਚ ਸ਼ਾਹੁ ਭੀਖ ਦੀ ਥਾਂ ਸੈਦ ਭੀਖ ਭੀ ਪਾਠ ਕਈ ਵਾਰ ਆਯਾ ਹੈ।

'ਜਨਨੀ ਕੋ ਸੁਤ ਹੁਇ ਅਤਿ ਪਜਾਰੋ।

ਅਰੁ ਬਾਲਿਕ ਬਯ ਆਪ ਬਿਚਾਰੋ ॥੨੧॥
ਅਲਪ ਦਿਵਸ ਭੇ ਜਨਮ ਭਯੋ ਹੈ।
ਅਜਹੁਂ ਵਹਿਰ ਨਿਕਸਨਿ ਨ ਕਿਯੋ ਹੈ।
ਗੁਰੁ ਘਰ ਤੇ ਭੋਜਨ ਸਭਿ ਲੀਜੈ।
ਤ੍ਰਿਪਤਹੁ ਮਨ ਪ੍ਰਸੰਨ ਕੋ ਕੀਜੈ ॥੨੨॥
ਅਸਮੰਜਸ ਲਜਾਵਨਿ ਘਰ ਬਾਹਰ।
ਤਿਨ[1] ਜਨਨੀ ਨਾਂਹਿ ਮਾਨਹਿਂ ਜ਼ਾਹਰ। [1]ਤਿਨ੍ਹਾਂ ਦੀ।
ਬਹੁਰ ਆਇ ਦਰਸਹੁ ਦਰਸੰਨ।
ਮਿਲਹੁ ਗੁਰਨਿ ਮਨ ਹੋਇ ਪ੍ਰਸੰਨ ॥੨੩॥
ਕਰਹੁ ਮਿਹਰ ਕੀ ਨਦਰ ਬਿਸਾਲਾ।
ਸ਼ੁਭ ਦਰਵੇਸ਼ ਆਪ ਕੀ ਚਾਲਾ[1]। [1]ਰੀਤ।
ਪਰਵਰਦਗਾਰ ਸਿਫਤ ਮਹਿਂ ਰੰਗੇ।
ਛਿਤ ਸੀ ਛਮਾ[1] ਧਰਹੁ ਸਰਬੰਗੇ ॥੨੪॥ [1]ਧਰਤੀ ਵਰਗੀ ਖਿਮਾਂ।
ਸ਼੍ਰਮਤਿ ਛੁਧਤਿ, ਤੁਮ ਪੀਯੋ ਨ ਪਾਨੀ।
ਇਕ ਰਸ ਰਹੇ ਮੌਨ ਕੋ ਠਾਨੀ।
ਸ਼੍ਰੀ ਗੁਰ ਕੇ ਦਰਬਾਰ ਅਗਾਰੀ।
ਨਹਿਂ ਬੈਠਹਿ ਬਨਿਹੈ ਹਠ ਧਾਰੀ' ॥੨੫॥
ਸੁਨਿ ਕਰਿ ਸ਼ਾਹ ਭੀਖ ਪੁਨ ਬੋਲਾ।
ਸ਼ਰਧਾ ਜਿਸਕੇ ਰਿਦੇ ਅਡੋਲਾ।
'ਪਟਣੇ ਨਗਰ ਬਿਖੇ ਜਬਿ ਬਰਜੋ।
ਸਿਰ ਨਿਵਾਇ ਮੈਂ ਪ੍ਰਨ ਕੋ ਕਰਜੋ ॥੨੬॥
ਦਰਸੌਂ ਬਰਖ਼ੁਰਦਾਰਹਿਂ ਆਦਿ[1]। [1]ਪਹਿਲੋਂ ਸਾਹਿਬਜ਼ਾਦੇ ਜੀ ਦਾ ਦਰਸ਼ਨ ਕਰਾਂਗਾ [ਫਾ. ਬਰਖ਼ੁਰਦਾਰ = ਜੀਵਨ ਦੇ ਫਲਾਂ ਨੂੰ ਮਾਣਨ ਵਾਲਾ। ਭਾਵ ਪ੍ਰਤਾਪੀ ਤੇ ਚਿਰੰਜੀਵ]
ਪੁਨ ਖਾਵੌਂ ਪੀਵੌਂ ਸਾਲਾਦਿ[1]†। [1]ਸਹਤ ਅਹਿਲਾਦ। ਸ਼ੁੱਧ ਪਾਠ 'ਸਹਿਲਾਦ' ਹੋਣਾ ਹੈ, ਲਿਖਾਰੀ ਦੀ ਕਲਮ ਉਕਾਈ ਹੈ। †ਪਾ:-ਸਲਲਾਦਿ = ਜਲ ਆਦਿਕ।
ਕੋਸ ਸੈਂਕਰੇ ਚਲਿ ਕਰਿ ਆਏ।
ਜਨਮ ਜਾਨਿ ਮਨ ਹਮ ਹਰਖਾਏ ॥੨੭॥
ਲੇਨਿ ਦੇਨਿ ਕੋ ਅਪਰ ਨ ਕਾਜ।

ਦਰਸ਼ਨ ਏਕ ਗ਼ਰੀਬ ਨਿਵਾਜ।
ਹਮ ਫਕੀਰ ਦਰਵੇਸ਼ ਹਮੇਸ਼।
ਜਗ ਕਲੇਸ਼ ਚਹਿਂ ਹਤਨਿ ਅਸ਼ੇਸ਼
॥੨੮॥
ਜਿਮ ਜਾਨਹੁ ਤਿਮ ਦਰਸ ਕਰਾਵਹੁ।
ਕਹ੍ਯੋ ਮਾਨਿ ਹਮ ਕੋ ਹਰਖਾਵਹੁ।
ਨਾਂਹਿ ਤ ਪਰੇ ਰਹੈਂ ਦਰਬਾਰ।
ਕਰਹਿਂ ਬੰਦਗੀ ਪਰਵਰਦਗਾਰ ॥੨੯॥
ਹਮ ਫਕੀਰ ਸਦ ਸੰਕਟ ਸਹੈਂ।
ਇਸ ਮਹਿਂ ਕੋਇ ਨ ਅਚਰਜ ਅਹੈ।
ਦਿਖਰਾਵਹੁਗੇ ਦਰਸ਼ਨ ਕਰਿ ਹੈਂ।
ਨਾਂਹਿ ਤ ਬੈਠੇ ਹਮ ਦਰ ਪਰ ਹੈਂ ॥੩੦॥
ਪੂਰਨ ਹੋਹਿ ਕਾਮਨਾ ਜਬੈ।
ਖਾਨ ਪਾਨ ਕਰਿਹੈਂ ਮੁਖ ਤਬੈ।
ਦ੍ਰਿਢ ਨਿਸ਼ਚਾ ਹਮਰੇ ਮਨ ਏਮ[1]। [1]ਐਉਂ ਹੈ।
ਦੇਹਿਂ ਦਰਸ ਲਖਿ ਕੈ ਮਨ ਪ੍ਰੇਮ' ॥੩੧॥
ਸੇਵਕ ਜੁਤਿ ਸੁਨਿ ਸ਼੍ਰੋਨ ਕ੍ਰਿਪਾਲ[1]। [1]ਮਾਮਾ ਕ੍ਰਿਪਾਲ ਜੀ ਨੇ।
ਪਰਖ੍ਯੋ ਸਾਹਸ ਅਚਲ ਬਿਸਾਲ।
ਮਾਤ ਨਾਨਕੀ ਕੇ ਢਿਗ ਆਏ।
ਹਾਥ ਜੋਰਿ ਸਭਿ ਗਾਥ ਜਨਾਏ ॥੩੨॥
'ਹਠ ਫਕੀਰ ਨੇ ਕਰ੍ਯੋ ਬਡੇਰੇ।
ਉਠਹਿ ਨਹੀਂ ਬਿਨ ਦਰਸ਼ਨ ਹੇਰੇ।
ਕਰਹੁ ਆਪਨੇ ਰਿਦੇ ਬਿਚਾਰੀ।
ਟਾਰੈਂ ਜਿਮ ਦ੍ਰਿਢ ਸਾਹਸ ਧਾਰੀ[1] ॥੩੩॥ [1]ਪੱਕੇ ਹਠ ਧਾਰੀ ਨੂੰ ਜਿਵੇਂ ਟਾਲੀਏ।
ਥਕਤਿ ਛੁਧਤਿ ਜਲ ਕੋ ਨਹਿਂ ਛੁਏ।
ਦਰ ਪਰ ਬੈਠੇ ਰਾਤਿ ਬਿਤਏ।
ਅਬਿ ਜੁਗ ਜਾਮ ਦਿਵਸ ਬਿਤ ਗਇਊ।
ਤਊ ਅਛੋਭ ਸਧੀਰਜ ਭਇਊ ॥੩੪॥
ਸਹਿਤ ਸਨੇਹ ਬਾਕ ਮੁਖ ਕਹੇ।
ਦਰਸ਼ਨ ਸਤਿਗੁਰ ਕੀ ਇਛ ਅਹੇ।
ਇਹ ਅਵਤਾਰ ਰੂਪ ਬਿਦਤਾਏ।
ਦਰਸ਼ਨ ਚਹਤਿ ਦੂਰ ਤੇ ਆਏ' ॥੩੫॥

ਮਾਤ ਨਾਨਕੀ ਸੁਨਿ ਤਿਸਕਾਲ।
ਕਹੀ ਬਾਕ 'ਸੁਨਿ ਭ੍ਰਾਤ ਕ੍ਰਿਪਾਲ!
ਅੰਤਰ ਪੌਰ ਪ੍ਰਯੰਕ ਡਸਾਵਹੁ।
ਰੱਛਜਾ ਸਰਬ ਪ੍ਰਕਾਰ ਕਰਾਵਹੁ ॥੩੬॥
ਸਿਖ ਸੇਵਕ ਸਭਿ ਹੀ ਹੁਇਂ ਤੀਰ।
ਫਰਸ਼ ਕਰਾਵਹੁ ਸੁੰਦਰ ਚੀਰ।
ਗਾਵਹਿਂ ਗੁਰ ਕੇ ਸ਼ਬਦ ਉਦਾਰ।
ਅਪਨਿ ਰਬਾਬੀ ਲੇਹੁ ਹਕਾਰ' ॥੩੭॥
ਸੁਨਤਿ ਸਕਲ ਕਰਿਵਾਇਸਿ ਤਯਾਰੀ।
ਕਰਯੋ ਮੇਲ ਸੰਗਤਿ ਮਿਲਿ ਸਾਰੀ।
ਅਨਿਕ ਉਪਾਇਨ ਕੋ ਲੇ ਆਏ।
'ਪ੍ਰਥਮ ਕਰਹਿਂ ਦਰਸ਼ਨ ਹਰਖਾਏ[1]' ॥੩੮॥
ਰੰਗਦਾਰ ਝਗਲੀ ਪਟ ਝੀਨ।
ਚਮਕਤਿ ਗੋਟਾ ਲਗਯੋ ਮਹੀਨ।
ਅਨਿਕ ਭਾਂਤਿ ਕੀ ਹੁਤੀ ਸੁ ਤਯਾਰ।
'ਦਰਸ਼ਨ ਕਰਿ ਅਰਪਹਿਂ ਤਿਸ ਬਾਰ' ॥੩੯॥
ਸੋ ਸੁਨਿ ਸੁਨਿ ਉਤਲਾਵਤਿ ਲਯਾਏ।
ਹੁਤੇ ਕਿਨਹੁਂ ਭੂਖਨ ਘਰਿਵਾਏ।
ਦਰਸ਼ਨ ਕੀ ਪ੍ਰਤੀਖਨਾ ਵਾਰੇ।
ਪਹੁੰਚਤਿ ਭੇ ਸਿਖ ਸੇਵਕ ਸਾਰੇ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼ਾਹ ਭੀਖ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥੧੫॥

[1]ਖੁਸ਼ ਹੁੰਦੇ ਹਨ ਕਿ ਪਹਿਲਾਂ ਦਰਸ਼ਨ ਕਰਾਂਗੇ।

## ੧੬. [ਭੀਖਣ ਸ਼ਾਹ ਦੀ ਬੰਦਗੀ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਫਰਸ਼ ਗਲੀਚੇ ਗਿਲਮ ਕੋ, ਰਚਯੋ ਰੁਚਿਰ ਇਕ ਸਾਰ।
ਕੰਚਨ ਖਚਿਤ[1] ਪ੍ਰਯੰਕ ਕੇ, ਆਸਤਰਨ[2] ਜਿਸ ਚਾਰੁ ॥੧॥

[1]ਜੜੇ ਹੋਏ। [2]ਵਿਛਾਵਣੇ।

ਚੌਪਈ:

ਮ੍ਰਿਦੁਲ ਮਨੋਗ ਧਰੇ ਉਪਧਾਨੁ[1]।
ਸੇਜਬੰਦ ਸੁਠ ਜ਼ਰੀ ਮਹਾਨ।
ਸ਼੍ਰੀ ਗੁਜਰੀ ਢਿਗ ਹੋਇ ਕ੍ਰਿਪਾਲ।
ਦੁਹਿ ਹਾਥਨਿ ਪਰ ਲੇ ਬਰ ਬਾਲ ॥੨॥

[1]ਸਿਰਹਾਣੇ।

ਮੰਦ ਮੰਦ[1] ਕਰਿ ਅਦਬ ਘਨੇਰਾ।
ਸ਼੍ਰੀ ਗੁਰ ਕੋ ਲਜਾਇਵ ਤਿਸ ਬੇਰਾ।
ਸੂਰਜ ਮੁਖੀ[1] ਹਾਥ ਗਹਿ ਆਗੇ।
ਕਿਯ ਸੂਰਜ ਦਿਸ਼ਿ ਧੂਪ ਨ ਲਾਗੇ ॥੩॥

[1]ਹੌਲੀ ਹੌਲੀ।

[1]ਭਾਵ ਗੋਲ ਪੱਖਾ।

ਚਾਰੁ ਚਮਰ ਲੇ ਕਰਿ ਭਾ ਪਾਛੇ[1]।
ਕਰਤਿ ਢੁਰਾਵਨਿ ਇਤ ਉਤ ਆਛੇ।
ਗਾਵਨਿ ਲਗੇ ਸ਼ਬਦ ਸੁਖਕਾਰੀ।
ਰਾਗ ਰਾਗਨੀ ਰੁਚਿਰ ਮਝਾਰੀ ॥੪॥

[1]ਪਿੱਛੇ ਹੋਇਆ।

ਬਜਹਿ ਰਬਾਬ ਮ੍ਰਿਦੰਗ ਉਦਾਰਾ।
ਜਿਨ ਕੋ ਸ਼੍ਰਵਣ ਦੇਤਿ ਸੁਖ ਭਾਰਾ।
ਪੁਰਿ ਪਟਣੇ ਕੀ ਸੰਗਤਿ ਆਈ।
ਅਨਿਕ ਪ੍ਰਕਾਰ ਉਪਾਇਨ ਲਜਾਈ ॥੫॥

ਕਰਿ ਕਰਿ ਰਿਦੈ ਕਾਮਨਾ ਆਏ।
ਦਰਸ਼ਨ ਕਰਤਿ ਪਾਇ ਮਨ ਭਾਏ[1]।
ਹੋਨਿ ਲਗੀ ਅਰਦਾਸ ਅਗਾਰੀ।
ਬਸਤ੍ਰ ਬਿਭੂਖਨ ਅਰਪਤਿ ਭਾਰੀ ॥੬॥

[1]ਮਨ ਵਾਂਛਤ।

ਬਹੁਰੋ ਸ਼ਾਹਿ ਭੀਖ ਬੁਲਵਾਇਵ।
'ਮਨ ਬਾਂਛਤਿ ਦਰਸਹੁ ਸੁਖਦਾਇਵ।'
ਹਰਖਤਿ ਉਰ ਉਠਿ ਅੰਤਰ ਹੋਵਾ।

ਥਿਤ ਸਮੀਪ ਕਰਿ ਅਦਬ ਖਰੋਵਾ† ॥੭॥

†ਪਾ:-ਭੀਤਰ ਬਰਿ ਸਤਿਗੁਰ ਮੁਖ ਜੋਵਾ।

ਬੰਦਨ ਕਰਿ ਤਸਬੀ ਜਿਸ ਹਾਥ[1]।
ਬੋਲਤਿ ਭਯੋ ਸਤੁਤਿ ਸ਼ੁਭ ਗਾਥ।

[1]ਜਿਸਦੇ ਹੱਥ ਵਿਚ ਤਸਬੀ ਸੀ ਉਸ ਨੇ ਬੰਦਨ ਕੀਤੀ।

'ਪਾਕ ਬਿਪਾਕ[1]† ਰਹੀਮ, ਕਬੀਰ!
ਬਖਸ਼ਹੁ ਗੁਨਹ, ਪੀਰ ਕੇ ਪੀਰ! ॥੮॥

[1]ਪਵਿੱਤ੍ਰਾਂ ਤੋਂ ਪਵਿੱਤ੍ਰ [ਫਾ. ਪਾਕ = ਪਵਿੱਤ੍ਰ। ਸੰਸ: ਵਿ = ਵਿਸ਼ੇਸ਼ ਕਰਕੇ, ਫਾ: ਪਾਕ = ਪਵਿੱਤ੍ਰ] (ਅ. ਪਾਕ:-ਪਵਿੱਤ੍ਰ। ਵਿਪਾਕ = ਕਰਮ ਫਲ, ਭਾਵ ਕਰਮਾਂ ਦੇ ਨਤੀਜੇ ਯਾ ਫਲ ਤੋਂ ਪਾਕ ਹੈ। ਅਰਥਾਤ ਤੁਸੀਂ ਜਗਤ ਵਿਚ ਸ੍ਵਛੰਦ ਆਏ ਹੋ ਕਿਸੇ ਕਰਮ ਦਾ ਫਲ ਤੁਸਾਨੂੰ ਨਹੀਂ ਲਿਆਇਆ। †ਪਾ:-ਬਿਬਾਕ = ਖ਼ੌਫ ਰਹਿਤ।

ਸ਼੍ਰੀ ਨਾਨਕ ਸ਼੍ਰੀ ਕਾਲੂ ਨੰਦਨ।
ਸ਼੍ਰੀ ਬੇਦੀ ਕੁਲ ਚੰਦ ਸ ਬੰਦਨ[1]।
ਸੁਜਸੁ ਬਿਲੰਦ ਅਨਿੰਦ ਮੁਕੰਦ।
ਖਲਕ ਮੁਮਾਰਖ ਦਿਪਹੁ ਅਮੰਦ[1] ॥੯॥

[1]ਹੇ ਬੇਦੀ ਕੁਲ ਚੰਦ! ਆਪ ਬੰਦਨਾ ਯੋਗ ਹੋ।

[1]ਆਪ (ਚੰਦ ਵਾਙੂ) ਅਮੰਦ ਪ੍ਰਕਾਸ਼ਦੇ ਹੋ ਤੇ ਖਲਕਤ ਮੁਬਾਰਕਾਂ ਦੇ ਰਹੀ ਹੈ।

ਰਾਇ ਬੁਲਾਰ ਉਧਾਰਨਿ ਕਰਜੋ।
ਦੌਲਤ ਖਾਂ ਕੋ ਦੁਖ ਪਰਹਰਜੋ।
ਪੀਰ ਬ੍ਰਿੰਦ ਕੇਤਿਕ ਮੁਲਤਾਨ।
ਸਭਿ ਕੋ ਸ਼ਾਂਤਿ ਦੀਨਿ ਦੁਖ ਹਾਨਿ ॥੧੦॥
ਅਪਰ ਹਿੰਦੁ ਤੁਰਕਨਿ ਕਾ ਗਿਨਤੀ।
ਕਰੇ ਨਿਹਾਲ ਸ਼੍ਰੋਨ ਸੁਨਿ ਬਿਨਤੀ।
ਜੋ ਜੋ ਸ਼ਰਨ ਆਨਿ ਕਰਿ ਪਰਜੋ।
ਕ੍ਰਿਪਾ ਦ੍ਰਿਸ਼ਟਿ ਕਰਿ ਜਿਸਹਿ ਨਿਹਰਜੋ ॥੧੧॥
ਸੋ ਸੋ ਚਤੁਰ ਪਦਾਰਥ ਪ੍ਰਾਪਤ।
ਲਗੀ ਰਿਦੇ ਲਿਵ ਸੱਤਜ ਸੁ ਜਾਪਤਿ[1]।
ਦੁਲਭ ਤਿਨਹੁ ਕੋ ਕਛੂ ਨ ਰਹਜੋ।
ਰਾਵਰ ਨੇ ਜਿਸ ਕੋ ਨਿਜ ਲਹਜੋ[1] ॥੧੨॥

[1]ਸੱਤਿਨਾਮ ਦੇ ਜਪਣ ਵਿਚ ਲਿਵ ਲਗੀ ਹੈ ਉਨ੍ਹਾਂ ਦੀ।

[1]ਆਪਣਾ ਬਣਾਇਆ ਹੈ ਆਪਨੇ ਜਿਸਨੂੰ।

ਸੂਰਤ ਸੁੰਦਰ ਮੂਰਤਿ ਪਾਕ।
ਤੁਮਰੋ ਦਰਸ਼ਨ ਨਹਿੰ ਜਮ ਬਾਕ[1]।
ਜ਼ਾਹਿਰ ਜਗ ਮਹਿੰ ਜਬਰ ਜ਼ਹੂਰ[1]।

[1]ਜਮਾਂ ਦਾ ਡਰ [ਫਾ. ਬਾਕ] (ਅ) ਜਮਾਂ ਦੀ ਬਾਕੀ। [ਅ: ਬਾਕੀ]

[1]ਡਾਢਾ ਪ੍ਰਕਾਸ਼ ਹੈ।

ਹਾਜ਼ਰ ਜਹਿਂ ਕਹਿਂ ਦਾਸ ਹਜ਼ੂਰ[1] ॥੧੩॥
[1]ਜਿੱਥੇ ਕਿਤੇ ਦਾਸ ਹਜ਼ੂਰ ਨੂੰ (ਯਾਦ ਕਰਦੇ ਹਨ ਆਪ) ਹਾਜ਼ਰ ਹੁੰਦੇ ਹੋ। (ਅ) ਜਿੱਥੇ ਕਿੱਥੇ ਦਾਸਾਂ ਦੇ ਹਾਜ਼ਰਾ ਹਜ਼ੂਰ ਹੋ।

ਗ਼ਾਫਲ ਗੰਜ[1] ਗ਼ਰੀਬ ਨਿਵਾਜ।
[1](ਰੱਬ ਤੋਂ) ਗ਼ਾਫਲਾਂ ਦੇ ਨਾਸ ਕਰਤਾ ਯਾ ਗ਼ਫਲਤਾ ਦੇ ਨਾਸ਼ਕ।

ਇਹ ਕਦੀਮ[1] ਤੁਮ ਕਰਤੇ ਕਾਜ।
[1]ਆਦੋਂ ਹੀ।

ਜਸ ਚਿਤ ਚਹੋ ਕਰਹੁ ਤਸ ਮਾਲਿਕ।
ਸਿਰਜਨਹਾਰ† ਖ਼ਲਕ ਕੋ ਪਾਲਿਕ ॥੧੪॥
†ਪਾ:-ਸਿਰਜਨ ਖਿਜ਼।

ਲਗ਼ਜੋ ਆਨਿ ਮੈਂ ਕਦਮ ਤੁਮਾਰੇ।
ਬੂਝਹੁ ਰਿਦੇ ਮਨੋਰਥ ਸਾਰੇ।
ਅਪਨੇ ਪੰਥ ਵਿਖੇ ਮਮ ਟੁਕਰਾ[1]।
[1]ਟੁਕੜਾ, ਭਾਵ ਮੇਰਾ ਕੁਛਕੁ ਸਬੰਧ। (ਅ. ਭਾਗ, ਹਿੱਸਾ।

ਜੇ ਰਾਖਹੁ ਤੁਮ, ਕਰਹੁ ਨ ਉਖਰਾ[1] ॥੧੫॥
[1]ਤੁਰਕਾਂ ਦੇ ਤੇਜ ਪ੍ਰਤਾਪ ਦੀ ਜੜ ਕੱਟੀ ਜਾਣੀ ਹੈ) ਜੇ ਆਪ ਰਖ ਲਓਗੇ ਤਾਂ (ਮੇਰੀ ਜੜ) ਨਾ ਉਖੜੇਗੀ। [ਦੇਖੋ ੧੪ ਅੰਸੂ ਦਾ ੧੨ ਅੰਕ]

ਸਭਿ ਤੁਰਕਨਿ ਤੇ ਰਖਹੁ ਨਿਰਾਲਾ।
ਮੋ ਪਰਿ ਕਰਿ ਕੈ ਕਰਮ ਕ੍ਰਿਪਾਲਾ।
ਤੌ ਅਬਿ ਪਤਾ ਮੋਹਿ ਕੋ ਦੇਈਏ।
ਮਮ ਉਰ ਅੰਤਰ ਕੀ ਲਖਿ ਲੇਈਏ' ॥੧੬॥
ਇੱਤਜਾਦਿਕ ਕਹਿ ਕਰਿ ਇਕ ਘਟਿਕਾ[1]।
[1]ਘੜੀ ਭਰ।

ਮ੍ਰਿਤਕਾ ਕੀ ਲਘੁ ਲਘੁ ਦ੍ਵੈ ਘਟਕਾ[1]।
[1]ਦੋ ਕੁੱਜੀਆਂ।

ਤਿਨ ਮਹਿਂ ਪਾਇ ਮਧੁਰ ਪਕਵਾਨ।
ਸੇਤ ਬਸਤ੍ਰ ਮੁਖ ਬੰਧਨ ਠਾਨਿ ॥੧੭॥
ਪ੍ਰਿਥਮ ਮੁਰੀਦ ਨਿਕਟਿ ਮੰਗਵਾਈ।
ਲੇ ਕਰਿ ਸੋ ਨਿਜ ਹਾਥ ਉਚਾਈ।
ਦ੍ਵੈ ਕਰ ਪਰ ਦੋਨਹੁਂ ਸੋ ਧਰਿ ਕੈ।
ਸਤਿਗੁਰ ਕੀ ਸ਼ੁਭ ਸਿਫਤ ਉਚਰਿ ਕੈ ॥੧੮॥
ਹੇਤੁ ਪਰਖਿਬੇ ਹ੍ਵੈ ਕਰਿ ਆਗਾ।
ਅਤਿ ਸਮੀਪ ਹ੍ਵੈਬੇ ਕਹੁ ਲਾਗਾ।
ਪ੍ਰਭੁ ਬਿਰਾਜਤਿ ਮਾਤਲ ਅੰਕਾ[1]।
[1]ਮਾਮੇ ਜੀ ਦੀ ਗੋਦ ਵਿੱਚ।

ਸੁੰਦਰ ਦਰਸ਼ਨ ਮਦਨ ਮਯੰਕਾ ॥੧੯॥
ਸ਼ਜਾਮ ਬ੍ਰਿੰਦੁ[1] ਜਨਨੀ ਸ਼ੁਭ ਲਾਇਵ।
[1]ਕਾਲੀ ਬਿੰਦੀ।

ਡੀਠ ਨ ਲਗੈ[1] ਰਿਦਾ ਅਕੁਲਾਇਵ।

[1]ਨਜ਼ਰ ਨਾ ਲਗੇ।

ਮਨਹੁਂ ਸੁ ਲੱਛਨ ਚੰਦ[1] ਸੁਹਾਵਾ।

[1]ਚੰਦ ਵਿਚ ਚਿੰਨ੍ਹ ਸੁਹਾ ਰਿਹਾ ਹੈ। [ਚੰਦ ਵਿਚ ਸਸੇ ਦਾ ਕਾਲਾ ਚਿੰਨ੍ਹ ਹੁੰਦਾ ਹੈ ਇਸੇ ਕਰਕੇ ਸਸਿਲਾਂਛਨ ਬੀ ਚੰਦ ਦਾ ਇਕ ਨਾਮ ਹੈ]

ਦਾਸ ਚਕੋਰਨ ਗਨ ਹਰਖਾਵਾ ॥੨੦॥
ਬਿਕਸਜੋ ਮਨਹੁਂ ਅਲਪ[1] ਅਰਬਿੰਦ।

[1]ਛੋਟਾ ਜਿਹਾ।

ਬੈਠਜੋ ਸ਼ੋਭਤਿ ਬਤਸ ਮਲਿੰਦ[1]।

[1]ਭਉਰੇ ਦਾ ਬੱਚਾ (ਹੈ ਮਾਨੋਂ ਉਹ ਕਾਲਾ ਬਿੰਦੂ)।

ਸੁਧਾ ਕੁੰਡ ਮੁਖ ਮੰਡਲ ਮਨੋ।
ਬਿਕਸਤਿ ਕਬਿ ਕਬਿ ਬੀਚੀ ਸਨੋ[1] ॥੨੧॥

[1]ਮੂੰਹ ਮੰਡਲ ਮਾਨੋਂ ਅੰਮ੍ਰਿਤ ਦਾ ਕੁੰਡ ਹੈ ਜੋ ਕਿਸੇ ਕਿਸੇ ਵੇਲੇ ਮੁਸਕ੍ਰਾਉਂਦਾ ਹੈ ਸੋ ਮਾਨੋਂ ਲਹਿਰ ਉਠਦੀ ਹੈ।

ਜਯੋਂ ਜਯੋਂ ਸ਼ਾਹ ਭੀਖ ਮੁਖ ਬੋਲਹਿ।
ਪਿਖਤਿ ਹਸਤਿ ਤਯੋਂ ਤਯੋਂ ਤਨੁ ਡੋਲਹਿ।
ਹਾਥਨਿ ਚਰਨ ਉਛਾਰਤਿ ਡਾਰਤਿ।
ਕਵਿ ਜਿਨ ਪਰ ਉਤਪਲ ਦੁਤਿ ਵਾਰਤਿ[1] ॥੨੨॥

[1]ਕਵਲਾਂ ਦੀ ਸ਼ੋਭਾ ਕੁਰਬਾਨ ਕਰਦਾ ਹੈ।

ਹਾਟਕ ਕਟਕ[1] ਜਟੇ ਵਿਚ ਹੀਰੇ।

[1]ਸੋਨੇ ਦੇ ਕੜੇ।

ਲਾਗੀ ਅੰਗੁਰੀ ਲਗੋਂ ਜੰਜੀਰੇ[1]।

[1]ਉਂਗਲਾਂ ਤੱਕ ਜੰਜੀਰੀਆਂ ਲੱਗੀਆਂ ਹੋਈਆਂ।

ਜਟੀ ਮੁੰਦਰੀ ਸੁੰਦਰ ਸੰਗਿ[1]।

[1]ਸੁੰਦਰਤਾ ਨਾਲ।

ਝਗੁਲੀ ਝੀਨ ਪੀਤ ਸ਼ੁਭ ਰੰਗ ॥੨੩॥
ਲੋਚਨ ਪੁਤਰੀ ਇਤ ਉਤ ਫੇਰਤਿ।
ਕਰਤਿ ਕ੍ਰਿਤਾਰਥ ਸੰਗਤਿ ਹੇਰਤਿ।
ਆਯੁਤ[1] ਭਾਲ ਕੇਸ ਬਰ ਛੋਟੇ।

[1]ਚੌੜਾ।

ਸਿਰ ਪਰ ਬਸਤ੍ਰ ਦਮਕਤੇ ਗੋਟੇ ॥੨੪॥
ਸੰਗਤਿ ਚਹੁਂਦਿਸ਼ਿ ਜੋਰਤਿ ਹਾਥ।
ਦਰਸਤਿ ਖਰੇ ਅਲਪ ਗੁਰਨਾਥ[1]।

[1]ਛੋਟੇ ਸ੍ਵਰੂਪ ਵਿਚ ਗੁਰੂ ਜੀ ਨੂੰ।

ਸ਼ਾਹਿ ਭੀਖ ਘਟਕਾ ਜਬਿ ਦੇਨੋ।
ਕਰੀ ਸਮੀਪ ਹੋਇ ਕਰਿ ਨਮੋਂ[†] ॥੨੫॥

[†]ਪਾ:-ਧੌਂਨੇ।

ਸ਼੍ਰੀ ਗੁਰ ਦੋਨਹੁ ਹਾਥ ਪਸਾਰੇ।
ਘਟੀ ਸਪਰਸ਼ਨ ਕੋ ਤਿਸ ਬਾਰੇ[†]।

[†]ਪਾ:-ਕਵਿ ਸੰਤੋਖ ਸਿੰਘ ਬਲਿਹਾਰੇ।

ਤਉ ਨ ਪਹੁਚੇ ਜਾਇ ਤਹਾਂ ਲੌ।
ਪਰੇ ਅੰਕ[1] ਮਹਿਂ ਛੁਵੈਂ ਕਹਾਂ ਲੌ ॥੨੬॥

[1]ਗੋਦੀ।

ਸ਼ਾਹੁ ਭੀਖ ਕੇ ਮਨ ਕੀ ਜਾਨਿ।

ਕਰੀ ਵਧਾਵਨ ਬਾਹੁ ਮਹਾਨ।
ਦੋਨੋ ਦ੍ਵੈ ਘਟਕਾ ਪਰ ਲਾਏ।
ਸੰਗਤਿ ਖਰੀ ਨ ਕਿਨਹੁਂ ਲਖਾਏ ॥੨੭॥
ਸ਼ਾਹੁ ਭੀਖ ਇਕ ਕਰੀ ਨਿਹਾਰਨਿ।
ਜਬਿ ਘਟਕਾ ਪਰ ਕਿਯ ਕਰ ਧਾਰਨਿ।
ਭਾਰ ਬਿਸਾਲ ਹਜ਼ਾਰਨਿ ਮਨ ਕੋ।
ਕਰਜੋ ਪ੍ਰਭੁ ਨੇ ਹਾਥ ਦੁਹਿਨਿ ਕੋ ॥੨੮॥
ਅਪਨੀ ਕਰਾਮਾਤ ਕੇ ਸਾਥ।
ਸਾਂਭਤਿ ਭਾ ਦਿਢ ਕਰਿ ਕੈ ਹਾਥ।
ਪੁਨਹਿ ਗੁਰੂ ਨੇ ਅਧਿਕ ਦਬਾਯੋ।
ਪੀਰ ਓਜ ਨਿਜ ਤੇ ਬਿਕੁਲਾਯੋ ॥੨੯॥
ਉਛਲਤਿ ਚਰਨ ਦਿਸ਼ਾ ਤਬਿ ਹੇਰਾ।
ਕਹਤਿ ਭਯੋ 'ਮੈਂ ਹੌਂ ਇਨ ਚੇਰਾ।'
ਤਤਛਿਨ ਦੋਨਹੁਂ ਹਾਥ ਉਠਾਏ।
ਬਿਨਾ ਭੀਖ ਨਹਿਂ ਕਿਨਹੁਂ ਲਖਾਏ ॥੩੦॥
ਅਤਿ ਅਨੰਦ ਮਨ ਮੈਂ ਹੁਇ ਆਯੋ।
ਦੁਸਕਰ ਤਪ ਕੋ ਫਲ ਜਨੁ ਪਾਯੋ।
ਜਨਮ ਰੰਕ ਜਿਮ ਨਵ ਨਿਧਿ ਲੈਕੇ।
ਪ੍ਰਾਨ ਅੰਤ ਤਿਖ ਜਲ ਜਿਮ ਪੈਕੇ[1] ॥੩੧॥

[1]ਜਿਵੇਂ ਤ੍ਰੇਹ ਕਰਕੇ ਪ੍ਰਾਨ ਅੰਤ ਹੋਣ ਵਾਲੇ ਨੂੰ ਜਲ ਮਿਲ ਜਾਵੇ।

ਭਈ ਭਾਵਨੀ ਪੂਰਨ ਸਾਰੀ।
ਸੀਸ ਨੰਮ੍ਰਿ ਕਰ ਬੰਦਨ ਧਾਰੀ।
ਘਟਿਕਾ ਦਈ ਮੁਰੀਦਨ ਹਾਥ।
ਭਰਿ ਲੋਚਨ ਦਰਸਤਿ ਗੁਰ ਨਾਥ ॥੩੨॥
ਅਰਪਹਿਂ ਅਨਿਕ ਉਪਾਇਨ ਦਾਸ।
ਜੋਰਿ ਹਾਥ ਕਰਤੇ ਅਰਦਾਸ।
ਬਸਤ੍ਰ ਬਿਭੂਖਨ ਦਰਬ ਅਗਾਰੇ।
ਧਰਹਿਂ ਆਨਿ ਸਿਖ ਸੰਗਤਿ ਸਾਰੇ ॥੩੩॥
ਕੋ ਪੰਚਾਂਮ੍ਰਿਤ ਕੋ ਕਰਿਵਾਇ।
ਆਨਜੋਂ ਸਤਿਗੁਰ ਢਿਗ ਬਰਤਾਇ।

ਚਤਰ ਘਟੀ ਲਗਿ ਦਰਸ਼ਨ ਦੀਨਸਿ।
ਸਿਖ ਸੰਗਤ ਉਤਸਾਹ ਸੁ ਕੀਨਸਿ ॥੩੪॥
ਸਭਿ ਨੈ ਦਰਸ਼ਨ ਕਾਰਨ ਜਾਨਾ।
ਬੈਠਿ ਪੀਰ ਹਠ ਕਿਯੋ ਮਹਾਨਾ।
ਯਾਂ ਤੇ ਦਰਸ਼ਨ ਸਭਿ ਕੋ ਭਯੋ।
ਅਲਪ ਰੂਪ ਸੁੰਦਰ ਗੁਰੁ ਥਿਯੋ ॥੩੫॥
ਸ਼ਾਹੁ ਭੀਖ ਸੋਂ ਮਿਲਿ ਸਿਖ ਸਾਰੇ।
'ਧੰਨ ਪੀਰ ਜੀ' ਕਹਤਿ ਨਿਹਾਰੇ।
ਸਭਿ ਕੋ ਦਰਸ਼ਨ ਤੁਮ ਕਰਿਵਾਇਵ।
ਭਾ ਉਤਸਾਹ ਸਿੱਖ ਹਰਖਾਇਵ ॥੩੬॥
ਸ਼੍ਰੀ ਗੁਰੁ ਕੋ ਅੰਤਰ ਲੇ ਗਏ।
ਪੁਨ ਸਿਖ ਨਿਜ ਨਿਜ ਸਦਨ ਸਿਧਏ।
ਤਬਹਿ ਪੀਰ ਜੀ ਖਾਨਾ ਖਾਯੋ।
ਪੁਰਵਿ ਕਾਮਨਾ ਤੇ[1] ਹਰਖਾਯੋ ॥੩੭॥
ਹੁਤੇ ਮੁਰੀਦ ਸੁ ਬੂਝਨਿ ਲਾਗੇ।
'ਘਟੀ ਜੁ ਲਈ ਪੀਰ ਜੀ ਆਗੇ।
ਨਹੀਂ ਗੁਰੂ ਕਹੁ ਅਰਪਨਿ ਕਰੇ।
ਕਾਰਜ ਕੌਨ ਇਨਹੁ ਤੇ ਸਰੇ? ॥੩੮॥
ਜਿਮ ਲੇ ਗਏ ਤਥਾ ਲੇ ਆਏ।
ਬਾਦ[1] ਕ੍ਰਿੱਤਿ ਇਹ ਪਰਹਿ ਲਖਾਏ।
ਇਹ ਹਮ ਕੋ ਕੁਛ ਪਰਹਿ ਨ ਚੀਨੇ।
ਕਯੋਂ ਧਰਿ ਹਾਥ ਅਗਾਰੀ ਕੀਨੇ?' ॥੩੯॥
ਸ਼ਾਹੁ ਭੀਖ ਨੇ ਸੁਨਤਿ ਬਖਾਨਾ।
'ਇਹ ਅਵਤਰਿਓ ਪੁਰਖ ਮਹਾਨਾ।
ਤੁਰਕਨਿ ਤੇਜ ਮਿਟਾਵਨਿ ਕਾਰਨ।
ਅਪਨਿ ਪੰਥ ਜਗ ਮਹਿਂ ਬਿਸਤਾਰਨਿ ॥੪੦॥
ਮੈਂ ਕੀਨਸਿ ਇਹ ਮਨ ਕੇ ਸਾਥ।
ਧਰਹਿਂ ਜਿ ਦ੍ਵੈ ਪਰ ਦੋਨਹੁੰ ਹਾਥ।
ਹਿੰਦੂ ਤੁਰਕ ਰਹੈਂ ਜਗ ਦੋਊ।

[1]ਕਾਮਨਾ ਪੂਰਨ ਹੋਣ ਤੇ।
[1]ਬਿਅਰਥ।

ਉਪਜਹਿ ਪੰਥ ਰਾਜ ਲੇ ਸੋਊ ॥੪੧॥
ਜੇ ਇਕ ਪਰ ਨਿਜ ਹਾਥ ਧਰੰਤੇ।
ਜਗ ਮਹਿਂ ਤੌ ਨਹਿਂ ਤੁਰਕ ਰਹੰਤੇ।
ਇਸ ਪ੍ਰੀਛਾ ਕਰਿਬੇ ਹਿਤ ਆਯੋ।
ਹੁਤੋ ਸੰਦੇਹ ਰਿਦੇ ਬਿਨਸਾਯੋ' ॥੪੨॥
ਇਮ ਕਹਿ ਸ਼ਾਹ ਭੀਖ ਹਰਖਾਇ।
ਹਟਿ ਮਗ ਗਮਨਜੋਂ ਪੁਰਿ ਨਿਕਸਾਇ।
ਸਨੇ ਸਨੇ ਆਯੋ ਨਿਜ ਦੇਸ਼।
ਸਿਮਰਤਿ ਰਿਦੇ ਖ਼ੁਦਾਇ ਹਮੇਸ਼ ॥੪੩॥

ਦੋਹਰਾ:
-ਬਡੀ ਆਰਬਲ ਹੋਇ ਜਬਿ,
ਬਿਹਸਹਿਂ ਬੋਲਹਿਂ ਬੈਨ।
ਤਬਿ ਜਾਚੌਂ ਮੈਂ ਜਾਚਨਾ, ਸਤਿਗੁਰ ਕੋ
ਪਿਖਿ ਨੈਨ- ॥੪੪॥

ਚੌਪਈ:
ਮੂਰਤਿ ਮੁਦਿਤ ਉਦਤਿ ਜਨ ਇੰਦੁ[1]।
ਬੰਦਨੀਯ ਜਗ ਪਿਤਾ ਮਨਿੰਦ[1]।
ਅਤਿ ਉਦਾਰ ਅਤਿ ਯੋਧਾ ਗਾਢੋ।
ਅਤਿ ਸੁਸ਼ੀਲ ਅਤਿਸ਼ੈ ਬਲ ਆਢੋ[1]
॥੪੫॥
ਲਖਹਿਂ ਭਵਿੱਖਤ[1] ਚਲਿਤ ਉਦਾਰੇ[2]।
ਕਰਮ ਅਮਾਨੁਖ[1] ਰਣ ਬਿਸਤਾਰੇ।
ਕਰਤਿ ਪ੍ਰਤੀਖਨ ਭੀਖ ਬਹੋਰੀ।
-ਪੁਨ ਦਰਸ਼ਨ ਦਰਸਹੁਂ ਇਸ ਠੌਰੀ†-
॥੪੬॥

[1]ਮੂਰਤੀ ਆਨੰਦ ਦਾਤੀ ਹੈ ਜਾਣੋ ਚੰਦ੍ਰਮਾਂ ਉਦੇ ਹੋਇਆ ਹੈ।

[1]ਭਾਵ ਸ੍ਰੀ ਗੁਰ ਤੇਗ ਬਹਾਦਰ ਵਤ।

[1]ਬਲ ਦਾ ਆਸਰਾ।

[1]ਭਵਿੱਖਤ ਨੂੰ ਜਾਣਨ ਵਾਲੇ। (ਅ) ਜਾਣਦੇ ਹਨ ਕਿ ਭਵਿੱਖਤ (ਵਿਚ ਇਨ੍ਹਾਂ ਦੇ)। [2]ਉਦਾਰ ਚਰਿੱਤ੍ਰਾਂ ਵਾਲੇ।

[1]ਜੋ ਮਨੁੱਖ ਨਾ ਕਰ ਸਕੇ ਭਾਵ ਈਸ਼੍ਵਰ ਸਮਾਨ ਉੱਚੇ ਤੇ ਸੁੱਚੇ ਕੰਮ।

†ਆਪ ਫੇਰ ਲਖਨੌਰ ਵਿਚ ਮਿਲੇ ਸੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਭੀਖ ਸ਼ਾਹ ਦਰਸ਼ਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

## ੧੭. [ਬਾਲ ਕਉਤਕ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਇਸ ਪ੍ਰਕਾਰ ਕਰਿ ਦਰਸ ਕੋ,
ਸੈਦ ਭੀਖ ਸੁਖ ਪਾਇ।
ਦੇਸ਼ ਆਪਨੇ ਕੋ ਹਟਜੋ,
ਸਤਿਗੁਰ ਚਰਨ ਮਨਾਇ ॥੧॥

ਸ੍ਵੈਯਾ:

ਸ਼੍ਰੀ ਗੁਰ ਸੁੰਦਰ ਸੂਰਤ ਸੋਹਤਿ,
ਮੂਰਤਿ ਮਾਧੁਰੀ ਪੂਰਤਿ ਸਾਰੀ[1]। — [1]ਮਿਠਾਸ ਨਾਲ ਪੂਰਤ ਹੈ ਸਾਰੀ।
ਰੇਸ਼ਮ ਡੋਰ ਬਧੀ ਪਲਨਾ[1] ਸੰਗ — [1]ਪੰਘੂੜੇ।
ਦਾਸ ਝੁਲਾਵਤਿ ਐਂਚਿ ਅਗਾਰੀ।
ਮੰਦਹਿ ਮੰਦ[1] ਅਨੰਦ ਉਮੰਗਤਿ — [1]ਹੌਲੀ ਹੌਲੀ।
ਅੰਗ ਉਤੰਗ ਕਰੈਂ[1] ਦੁਤਿ ਭਾਰੀ। — [1]ਅੰਗ ਉੱਚੇ ਕਰਦੇ ਹਨ।
ਮਾਨਹੁ ਸੰਘਰ ਕੇ ਕਰਿਬੇ ਹਿਤ
ਸੁਚਤ ਹੈਂ ਉਤਸਾਹੁ ਬਿਥਾਰੀ[1] ॥੨॥ — [1]ਜੁੱਧ ਕਰਨ ਲਈ ਵਿਸਤਾਰ ਸਹਤ ਉਤਸਾਹ ਜਣਾਂਵਦੇ ਹਨ।

ਦ੍ਵੈ ਪਦ ਸੁੰਦਰ ਜਯੋਂ ਅਰਬਿੰਦ ਸੁ
ਦਾਸਨਿ ਬ੍ਰਿੰਦ ਕੋ ਆਨੰਦ ਦਾਨੀ।
ਕੋਮਲ ਲਾਲ ਅਕਾਰ ਲਘੂ
ਅੰਗੁਰੀ ਇਕਸਾਰ ਸੁਭੈਂ ਦੁਤਿ ਸਾਨੀ[1]। — [1]ਸ਼ੋਭਾ ਸਹਿਤ।
ਚਿਕਵਨ ਚਾਰੁ ਸੁ ਰੰਗਿ ਸੁ ਗੋਲ
ਦਿਪੈਂ ਨਖ[1], ਜਾਨ ਕਹੀ ਕਵਿ ਬਾਨੀ[2]। — [1]ਚੀਕਣੇ ਸੁਹਣੇ ਸ੍ਰੇਸ਼ਟ ਰੰਗ ਵਾਲੇ ਤੇ ਗੋਲ ਚਮਕ ਰਹੇ ਹਨ ਨਹੁੰ। [2]ਜਾਣਕੇ ਕਵੀ ਨੇ ਬਾਣੀ ਕਹੀ ਹੈ ਭਾਵ ਕਵੀ ਨੇ ਅਗਲੀ ਸਤਰ ਵਿਚ ਇਨ੍ਹਾਂ ਦੀ ਉਪਮਾ ਦੱਸਣੀ ਹੈ।
ਫੂਲ ਬਧੂਪ ਕਿ[†] ਊਪਰ[1] ਜਯੋਂ — [1]ਗੁਲ ਦੁਪਹਿਰੀ ਦੇ ਫੁੱਲ ਉੱਤੇ [ਸੰਸ: ਬੰਧੁਕ]। [†]ਪਾਠ 'ਬੰਧੂਕ ਕਿ' ਹੋਵੇ ਤਾਂ ਅਸਚਰਜ ਨਹੀਂ।
ਅਤਿ ਉੱਜਲ ਹੀਰਨਿ ਪੰਗਤਿ ਠਾਨੀ[1] ॥੩॥ — [1]ਉਜਲ ਹੀਰਿਆਂ ਦੀ ਪੰਗਤੀ ਲਾਈ ਹੈ।

ਕੂਰਮ[1] ਪੀਠ ਮਨਿੰਦ ਦੁਉ — [1]ਕੱਛੂਕੁੰਮੇ ਦੀ।
ਪਦ ਬੀਚ ਤੇ ਊਰਧ ਕੋਮਲ ਏਡੀ।
ਕਿੰਚਤ ਆਕ੍ਰਿਤ ਹੈ ਗੁਲਫਾਨ ਕੇ[1] — [1]ਥੋੜਾ ਜਿਹਾ ਆਕਾਰ ਹੈ ਗਿੱਟਿਆਂ ਦਾ।
ਮਾਸਲ ਜਾਂਘ ਸਜੈਂ ਕਦ ਜੇਡੀ[1]। — [1]ਮਸਲੀਆਂ ਵਾਲੀਆਂ ਜੰਘਾਂ ਕਦ ਦੇ ਅਨੁਸਾਰ ਸਜ ਰਹੀਆਂ ਹਨ।

ਉਪਰ ਕੋ ਉਛਰੰਤਿ ਸੁ ਨੂਪਰ
ਯੌਂ ਰੁਣਕੰਤਿ ਭਏ ਛਬਿ ਮੇਡੀ[1]। — [1]ਛਬਿ ਨਾਲ ਮਿਲੀ ਹੋਈ।
ਮਾਨਹੁ ਮਹਾਤਮ ਕੋ ਉਚਰੈਂ
ਧਰਿ ਧਯਾਨ ਹਰੈਂ ਬਿਪਤਾ ਬਡ ਕੇਡੀ[1] ॥੪॥ — [1]ਵਡੀ ਕਿਡੀ ਵੀ ਹੋਵੇ ਬਿਪਦਾ।
ਝੀਨ ਝਗਾ ਪਹਿਰੈਂ ਤਨ ਮੈਂ
ਗਨ ਬਾਘ ਨਖਾ ਮਢਿ ਕੰਚਨ ਤੇ[1]। — [1]ਸ਼ੇਰ ਦੀਆਂ ਨਹੁੰਦਰਾਂ ਸੋਨੇ ਵਿਚ ਮੜ੍ਹੀਆਂ।
ਕੰਧ ਉਤੰਗ ਬਿਲੰਦ ਭੁਜਾਨਿ
ਬਿਰਾਜਤਿ ਹਾਟਕ ਕੰਕਨ[1] ਤੇ। — [1]ਸੋਨੇ ਦੇ ਕੜੇ।
ਚਾਰੁ ਬਿਲੋਚਨ ਸਾਥ ਬਿਲੋਕਤਿ
ਭੂਪ ਕਰੇ ਜਿਨ ਰੰਕਨਿ ਤੇ।
ਸੀਸ ਪੈ ਕੇਸ ਸਚਿਕਵਨ[1] ਸ਼ਯਾਨ — [1]ਚੀਕਣੇ।
ਮੁਲਾਇਮ ਜੇ ਮਖ਼ਤੂਲਨ ਤੇ[1] ॥੫॥ — [1]ਰੇਸ਼ਮ ਨਾਲੋਂ ਵੀ।
ਸ੍ਰੀ ਗੁਜਰੀ ਬਡ ਭਾਗ ਭਰੀ
ਤਟ[1] ਬੈਠਿ ਬਿਲੋਕਤਿ ਨੰਦਨ ਕੋ। — [1]ਪਾਸ।
ਬੋਲਤਿ ਹੈ ਬਤਰਾਵਨ ਕੋ[1] — [1]ਗੱਲਾਂ। ਕਰਾਉਣ ਵਾਸਤੇ।
ਸੁਤ ਲਾਲਤਿ ਹੈ[1] ਅਭਿਨੰਦਨ ਕੋ[2]। — [1]ਲਡਾਂਵਦੀ ਹੈ। [2]ਅਨੰਦ ਕਰਨੇ ਲਈ।
ਮਾਤ ਦਿਸ਼ਾ ਪਿਖਿ ਕੈ ਮੁਸਕਾਵਤਿ
ਰਾਖਹਿਂ ਧਰਮ ਜੁ ਹਿੰਦੁਨਿ ਕੋ[1]। — [1]ਜੋ ਹਿੰਦੂਆਂ ਦਾ ਧਰਮ ਰੱਖਣਗੇ ਉਹ ਮਾਤਾ ਜੀ ਦੀ ਵੱਲ ਵੇਖਕੇ ਮੁਸਕ੍ਰਾਉਂਦੇ ਹਨ।
ਅੰਕ ਬਿਠਾਇ ਦੁਲਾਰਤਿ ਹੈ
ਕਬਿ ਸੁੰਦਰ ਸ੍ਰੀ ਜਗਬੰਦਨ ਕੋ[1] ॥੬॥ — [1]ਬੰਦਨੀਯ ਜੀ ਨੂੰ।
ਕੇਤਿਕ ਮਾਸ ਬਿਤੀਤ ਭਏ
ਸੁਤ ਕੋ ਸੁਖ ਦੇਖਤਿ ਸ੍ਰੀ ਗੁਜਰੀ[1]। — [1]ਮਾਤਾ ਜੀ ਦਾ ਨਾਮ।
ਗੋਬਿੰਦ ਨਾਮ ਸਮਾਨ ਸਰੂਪ[1] — [1]ਗੋਬਿੰਦ ਨਾਮ ਤੇ ਸਰੂਪ ਬੀ ਸਾਮਾਨ ਹੈ (ਗੁਰੂ ਜੀ ਤੇ ਕ੍ਰਿਸ਼ਨ ਜੀ ਦਾ)।
ਤਿਨੌਂ ਪਿਖਿ ਜਯੋਂ ਜਸੁਧਾ ਗੁਜ਼ਰੀ[1]। — [1]ਭਾਵ ਇਧਰ ਮਾਤਾ ਦਾ ਨਾਮ ਗੁਜਰੀ ਹੈ ਉਧਰ ਜਸੋਧਾਂ ਦੀ ਗੁੱਜਰੀ ਜਾਤੀ ਹੈ।
ਦੇਖ ਪ੍ਰਤੱਖਜ ਪ੍ਰਤਾਪ ਮਹਾਂ
ਤਿਨ ਸ਼ੱਤ੍ਰੁਨਿ ਕੇ ਸਿਰ ਕਜਾ ਗੁਜ਼ਰੀ[1]। — [1]ਕੀ ਬੀਤੀ।
ਗੌਰਵਤਾ ਗਿਰ ਸੀ ਜਿਨ ਕੀ[1] — [1]ਪਹਾੜ ਵਰਗੀ ਭਾਰੀ ਗੌਰਵਤਾ ਸੀ ਜਿਨ੍ਹਾਂ ਭਾਵ ਤੁਰਕਾਂ ਦੀ।
ਅਬਿ ਰੰਚਕ ਭੀ ਨ, ਸਭੀ ਗੁਜ਼ਰੀ[1] — [1]ਸਾਰੀ ਬੀਤ ਗਈ, ਭਾਵ ਹੁਣ ਥੋੜੀ ਬੀ ਨਹੀਂ ਰਹੀ।

॥੭॥
ਮੋਦ ਉਦੈ ਥਿਤ ਗੋਦ ਮੈਂ ਬੈਠਤਿ
ਫੇਰ ਪ੍ਰਯੰਕ ਪੈ ਬੈਠਨਿ ਲਾਗੇ।
ਹਾਥਨਿ ਕੋ ਧਰਿ ਕੈ ਬਲ ਪਾਂਇ[1] — [1]ਪੈਰਾਂ ਦੇ ਬਲ।
ਲਗੇ ਸਰਕਾਨ[1] ਕਛੁ ਕਬਿ ਆਗੇ। — [1]ਸਰਕਨੇ ਲੱਗੇ।
ਦੰਦ ਉਗੇ ਜੁਗ ਸੁੰਦਰ ਸੋਹਤਿ
ਓਠਨਿ ਸਾਥ ਮਹਾਂਦੁਤਿ ਜਾਗੇ।
ਮਾਨੋ ਪ੍ਰਵਾਲ ਕੇ ਸੰਪਟ ਮੈਂ
ਇਹ ਹੀਰ ਸਰੇਖ ਪਯੂਖ ਮੈਂ ਪਾਗੇ[1] ॥੮॥ — [1]ਮਾਨੋ ਗੁਲੀਆਂ ਦੇ ਡੱਬੇ ਵਿਚ ਅੰਮ੍ਰਿਤ ਨਾਲ ਭਿੱਜੇ ਹੋਏ ਹੀਰੇ ਹਨ।
ਕਿਲਕੰਤਿ ਹਸੰਤਿ ਬਿਲੋਕਤਿ ਹੈਂ,
ਚਲਿ ਰਿੰਙਣ ਅੰਙਣ ਮੈਂ ਫਿਰ ਆਵੈਂ[1]। — [1]ਰਿੜ੍ਹਕੇ ਵੇਹੜੇ ਵਿਚ ਫਿਰ ਆਉਂਦੇ ਹਨ।
ਗੁਲਕਾਰਿ ਗੁਲਾਬ ਗਲੀਚਨ ਪੈ[1] — [1]ਗੁਲਾਬ ਫੁਲ ਜਿਨ੍ਹਾਂ ਗਲੀਚਿਆਂ ਤੇ ਕੱਢੇ ਹੋਏ ਹਨ।
ਪਦ ਐਂਚਤਿ ਨੂਪਰ ਕੋ ਰੁਣਕਾਵੈਂ।
ਅਤਿ ਚੰਚਲਤਾ ਜੁਗ ਲੋਚਨਿ ਬੀਚ
ਪ੍ਰਤਾਪ ਭਰਯੋ ਬਿਧਿ ਯੌ ਦਰਸਾਵੈਂ[1]। — [1]ਇਸ ਤਰ੍ਹਾਂ ਦਿੱਸਦੇ ਹਨ।
-ਜਨੁ ਉੱਜਲ ਪਾਤ੍ਰ ਬਿਲੌਰ ਬਿਖੈ
ਬਹੁ ਨਿਰਮਲ ਰੰਗ ਪਰਯੋ ਝਲਕਾਵੈ-
॥੯॥
ਦਾਸ ਅਦਾਇਬ ਸਾਥ ਰਹੈਂ
ਪਿਖਿ ਤੌਰ ਅਜਾਇਬ ਸਾਹਿਬ ਕੇਰਾ।
ਦੇਖਤਿ ਬੋਲਤਿ ਹੈ ਜਿਸ ਕੀ ਦਿਸ਼ਿ
ਜੋਰਤਿ ਹਾਥ ਥਿਰੈਂ ਤਿਸ ਬੇਰਾ।
ਕੌਨ ਕਰੈ ਪ੍ਰਤਿਕੂਲ ਕਿਸੀ ਬਿਧਿ,
ਹ੍ਵੈਂ ਅਨੁਸਾਰਿ ਜਥਾ ਰੁਖ ਹੇਰਾ[1]। — [1]ਜਿਵੇਂ ਰੁਖ਼ ਦੇਖਦੇ ਹਨ।
ਸੇਵਕ ਸੇਵਤਿ ਤ੍ਰਾਸ ਧਰੈਂ
ਗੁਰਦੇਵ ਅਤੇਵ[1] ਪ੍ਰਤਾਪ ਉਚੇਰਾ ॥੧੦॥ — [1]ਅਤਯੰਤ।
ਕੇਸ ਅਸ਼ੇਸ਼ ਸ ਚਿਕਵਨ, ਮੇਚਕ,
ਕੁੰਚਤ, ਕੋਮਲ ਸੁੰਦਰ ਸਾਰੇ[1]। — [1]ਸਾਰੇ ਕੇਸ ਬਹੁਤੇ ਚੀਕਣੇ, ਕਾਲੇ, ਕੁੰਡਲਾਂ ਵਾਲੇ, ਕੋਮਲ ਤੇ ਸੁੰਦਰ ਹਨ।
ਗੁੰਦਨ ਕੀਨਿ ਸੁਧਾਰਿ ਭਲੇ
ਮਖ਼ਤੂਲ[1] ਮਿਲੇ ਜਨੁ ਪੰਨਗ ਬਾਰੇ[2]। — [1]ਰੇਸ਼ਮ। [2]ਮਾਨੋਂ ਸਰਪਾਂ ਦੇ ਬੱਚੇ ਹਨ।
ਕੰਚਨ ਚਾਰੁ ਜਰਾਵ ਜਰਯੋ

ਮੁਕਤਾਵਲ[1] ਹੀਰੇ ਅਨੇਕ ਪ੍ਰਕਾਰੇ। — [1]ਮੋਤੀਆਂ ਦੀ ਪੰਗਤੀ।
ਸ਼ੋਭਤਿ ਹੈਂ ਸਿਰ ਫੂਲ[1] ਮਨੋ — [1]ਸੋਨੇ ਦੇ ਗੋਲ ਗੋਲ ਗਹਿਣੇ ਜੋ ਕੇਸ ਗੁੰਦਣ ਵਿਚ ਪਹਿਰੀਦੇ ਹਨ।
ਰਵਿ ਕੀ ਰਸਮਾ ਪਰਵਾਰਿਤਿ ਤਾਰੇ[1] ॥੧੧॥ — [1]ਸੂਰਜ ਦੀਆਂ ਕਿਰਨਾਂ ਨਾਲ ਵੇਹੜੇ ਹੋਏ ਤਾਰੇ ਹਨ [ਹੀਰੇ ਮੋਤੀ ਤਾਂ ਤਾਰੇ ਹਨ, ਇਨ੍ਹਾਂ ਦੀ ਜੜਤ ਕਰਨ ਵਿਚ ਜੋ ਕੰਦਨ ਦੀਆਂ ਲੀਹਾਂ ਜੇਹੀਆਂ ਬਣ ਜਾਂਦੀਆਂ ਹਨ ਓਹ ਸੂਰਜ ਰਿਸ਼ਮਾਂ ਹਨ]

ਕੰਧ ਉਤੰਗ ਬਿਲੰਦ ਭੁਜਾ
ਦਿਢ ਕੰਕਨ ਕੰਚਨ ਕੇ ਖਚਿ ਹੀਰੇ।
ਕਿੰਕਨਿ ਬਾਜਤਿ ਹੈ ਚਲਤੇ,
ਉਤਲਾਵਿਤ ਰਿੰਙਣ ਹੈਂ ਕਬਿ ਧੀਰੇ[1]। — [1]ਛੇਤੀ ਨਾਲ ਰਿੜ੍ਹਦੇ ਹਨ ਤੇ ਕਦੇ ਹੌਲੀ ਧੀਰਜ ਨਾਲ।
ਬੈਠਤਿ ਹੈਂ ਸਭਿ ਕੀ ਦਿਸ਼ਿ ਹੇਰਤਿ
ਪ੍ਰੇਰਤਿ ਦਾਸਨਿ ਕੋ ਹਿਤ ਛੀਰੇ[1]। — [1]ਦੁੱਧ ਵਾਸਤੇ।
ਸ਼ਾਰਤ ਸਾਥ ਬਤਾਵਤਿ ਹੈਂ
ਕਰਿਵਾਵਤਿ ਸੋ ਬਿਧਿ ਆਪਨੇ ਤੀਰੇ[1] ॥੧੨॥ — [1]ਆਪਣੇ ਪਾਸ।
ਸ਼੍ਰੀ ਗੁਜਰੀ ਬਡਭਾਗ ਭਰੀ
ਨਿਜ ਪਾਨ[1] ਤੇ ਖਾਨ ਰੁ ਪਾਨ ਕਰਾਵੈ। — [1]ਆਪਣੇ ਹੱਥ ਨਾਲ।
ਦੇਖਿ ਮਹਾਂ ਉਚਤਾ ਸੁਤ ਕੀ
ਮੁਖ ਤੇਜ ਸੁਭਾਇਕ ਹੀ ਦਿਪਤਾਵੈ।
-ਹੋਇ ਬਡੋ ਪੁਰਸ਼ੋਤਮ ਪੂਤ
ਸਪੂਤ ਜਥਾ ਗੁਰ ਕੇ ਘਰ ਭਾਵੈ[1]। — [1]ਚਾਹੀਦਾ ਸੀ।
ਭਾਂਤਿ ਅਨੇਕਨਿ ਕੀ ਰਛ ਠਾਨਤਿ
ਜੋ ਜਗ ਰੱਛਕ ਨਿੱਤਜ ਕਹਾਵੈ- ॥੧੩॥
ਪ੍ਰੇਮ ਕਰੈ ਨਿਤ ਛੇਮ ਚਹੈ ਸੁਤ,
ਪਾਲਤਿ ਲਾਲਤਿ ਹੈ ਬਹੁ ਬਾਰੀ।
ਹੈ ਗੁਨ ਮੰਦਰ ਸੁੰਦਰ ਸ਼੍ਰੀ ਮੁਖ
ਧੋਵਤਿ ਆਪਨੇ ਲੈ ਕਰ ਬਾਰੀ[1]। — [1]ਪਾਣੀ ਲੈ ਕੇ ਆਪਣੇ ਹੱਥ ਨਾਲ।
ਅੰਗ ਸ਼ਨਾਨ ਕਰਾਇ ਬਿਧਾਨ ਸੋਂ[1] — [1]ਬਿਧੀ ਨਾਲ।
ਸੁੰਘਤਿ[1] ਭਾਲ ਜਜੋਂ ਆਨੰਦ ਬਾਰੀ[2]। — [1]ਚੁੰਮਦੀ ਹੈ। [2]ਜੋ ਮੱਥਾ ਕਿ) ਅਨੰਦ ਦੀ ਬਗੀਚੀ ਹੈ।
ਅੰਬਰ ਕੋ ਪਹਿਰਾਇ ਬਿਭੂਖਨ[1] — [1]ਕੱਪੜੇ ਤੇ ਗਹਿਣੇ ਪਹਿਨਾਉਂਦੀ ਹੇ।
ਲੌਨ ਸੁ ਰਾਈ ਲੈ ਉਪਰ ਬਾਰੀ[1] ॥੧੪॥ — [1]ਲੂਣ ਤੇ ਰਾਈ ਉਤੋਂ ਦੀ ਵਾਰਦੀ ਹੈ।
ਦਧਿ ਓਦਨ ਕੋ ਅਚਵਾਇ ਭਲੇ

ਅਨਮੋਦਨ[1] ਨੰਦਨ ਮਾਤ ਕਰੇ।
ਬਹੁ ਚੰਚਲਤਾ ਜੁਤਿ ਆਵਤਿ ਜਾਤਿ
ਇਤੇ ਉਤ ਹੋਵਤਿ ਆਨਿ ਥਿਰੇ।
ਕਿਲਕੰਤਿ, ਹਸੰਤਿ, ਹਸਾਵਤਿ ਔਰਨਿ
ਭਾਵਤਿ ਹੀ ਦੁਖ ਦੋਖ ਹਰੇ।
ਸੁਭ ਸ਼ੋਭ ਧਰੇ ਪਰਯੰਕ ਚਰੇਂ,
ਕਬਿ ਫੇਰ ਫਿਰੇਂ ਨਿਜ ਖੇਲ ਢਰੇ[1] ॥੧੫॥
ਇਸ ਰੀਤਿ ਬਿਤੀਤ ਭਏ ਦਿਨ ਕੇਤਿਕ
ਪਾਇਨ ਮੈਂ ਤਬਿ ਜੋਰ ਭਰਜੋ।
ਹੁਇ ਆਪ ਖਰੇ ਅਵਲੰਬ ਬਿਨਾਂ
ਚਰਣਾਂਬੁਜ ਚਾਇ ਅਗਾਰੀ ਧਰਜੋ।
ਇਮ ਜਾਨਿ ਤਿਖਾਨ ਇਨਾਮ ਕੇ ਹੇਤੁ
ਗਡੀਰਣ[1] ਸੁੰਦਰ ਏਕ ਘਰਜੋ।
ਅਰਪਜੋ ਕਰਿ ਬੰਦਨ ਠਾਨਿ ਮਨੋਰਥ
ਪੂਰਨ ਸੋ ਤਤਕਾਲ ਕਰਜੋ ॥੧੬॥
ਹਾਥ ਗਡੀਰਨ ਪੈ ਧਰਿ ਕੈ
ਪਦ ਮੰਦ ਹੀ ਮੰਦ ਉਠਾਵਨਿ ਲਾਗੇ।
ਸੁੰਦਰ ਸ਼੍ਰੀ ਮੁਖ ਤੇ ਬਿਕਸਾਵਤਿ
ਸ਼ੋਭਤਿ ਦੰਤ ਅਮੀ ਜਨੁ ਪਾਗੇ।
ਚੰਚਲ ਚਾਰੁ ਬਿਲੋਚਨ ਤੇ
ਚਿਤਵੰਤਿ ਚਹੁੰਦਿਸ਼ਿ[1] ਰਾਗ ਬਿਰਾਗੇ[2]।
ਬਾਲਿਕ ਬੈ ਬਪੁ ਕ੍ਰੀੜਤਿ ਹੈਂ
ਇਮ ਅੰਙਣ ਮੈਂ ਬਿਹਰੈਂ[1] ਚਲਿ ਆਗੇ ॥੧੭॥

ਕਬਿੱਤ:
ਕੋਮਲ ਸੁਰੰਗ ਪਗ ਚੀਕਨੇ ਰੁਚਿਰ ਨਖ
ਗੋਲ ਹੈਂ ਅਕਾਲ ਇਕਸਾਰ ਸੁ ਪ੍ਰਕਾਸ਼ਤੇ।
ਇੰਦਰਾ[1] ਕੇ ਮੰਦਰ ਪੈ ਸੁੰਦਰ ਸੁਧਾਰ ਮਾਨੋ
ਹੀਰਨ ਕੀ ਪੰਕਤੀ ਖਚੀ ਹੈ ਦੁਤਿ ਰਾਸ ਤੇ[1]।
ਕ੍ਰਾਂਤਿ ਰੂਪ ਲੱਛਮੀ ਸੁਲੱਛਨ ਕੋ ਬਾਸ

[1]ਪਿਆਰ ਭਰੀ ਖੁਸ਼ੀ, ਲਾਡ।

[1]ਚੱਕਰ ਲਾਂਵਦੇ ਹਨ ਆਪਣੀ ਖੇਲ ਵਿਚ ਲੱਗੇ ਹੋਏ।

[1]ਬੱਚਿਆਂ ਨੂੰ ਟੁਰਨਾ ਸਿਖਾਉਣ ਵਾਲਾ ਗੱਡਾ।

[1]ਚੁਫੇਰੇ ਦੇਖਦੇ ਹਨ। [2]ਭਾਵ ਸੁਤੇ ਵੈਰਾਗ ਤੇ ਜਗਤਾਰਕ ਪ੍ਰੇਮ ਨਾਲ ਭਰੇ ਹੋਏ ਹਨ (ਅ) ਪਿਆਰ ਵਿਚ ਵਿਸ਼ੇਸ਼ ਕਰ ਰੰਗੇ ਹੋਏ ਹਨ।

[1]ਵਿਚਰਦੇ ਹਨ।

[1]ਲੱਛਮੀ [ਸੰਸ: ਇਦਿਰਾ]

[1]ਬਹੁਤੀ ਸ਼ੋਭਾ ਵਾਲੀ।

[1]ਸ਼ੋਭਾ ਰੂਪੀ ਲੱਛਮੀ ਤੇ ਜਿਸ ਵਿਚ ਨਿਤ ਸ਼੍ਰੇਸ਼ਟ ਲੱਛਣਾਂ

| | |
|---|---|
| ਨਿਤ[1], | ਦਾ ਵਾਸ ਹੈ। |
| ਸਿੱਖਨ ਕੇ ਮਨ ਮਧੁ ਬ੍ਰਿੰਦ[1] ਜਹਾਂ ਬਾਸਤੇ। | [1]ਭੌਰਿਆਂ ਦੇ ਸਮੂਹ। |
| ਦੇਖ ਪਾਪ ਨਾਸਤੇ[1], ਲੁਭਾਵਤਿ ਹੁਲਾਸਤੇ<br>ਸੁ ਗਜਾਨ ਲੇਨਿ ਵਾਸਤੇ ਨ ਛੋਰੈਂ ਪਾਸ ਦਾਸ<br>ਤੇ ॥੧੮॥ | [1]ਦੇਖਿਆਂ ਪਾਪ ਨਾਸ਼ ਹੁੰਦੇ ਹਨ। |
| ਦੋਊ ਪਦ ਊਪਰ ਬਿਰਾਜੈਂ ਚਾਰੁ ਨੂਪਰ<br>ਅਨੂਪ ਛਬਿ ਰੂਪ ਕੀ ਨਿਰੂਪਨਿ ਕਰੈ ਸੁ<br>ਕੌਨ[1]। | [1]ਕੌਣ ਵਰਣਨ ਕਰੇ। |
| ਗਮਨੇ ਸ਼ਬਦ ਕਰੈ ਕਟ ਛੁਦ੍ਰ ਘੰਟਕਾ[1] ਹੈ | [1]ਤੜਾਗੀ। |
| ਜ਼ਾਹਰ ਜਵਾਹਰ ਤੇ ਜੋਤਿ ਜਗਮਗੈ ਜੌਨ[1]। | [1]ਜਿਨ੍ਹਾਂ ਦੀ। |
| ਝੀਨੋ ਗਰ ਪੀਰੋ ਚੀਰ[1] ਦੀਪਤਿ ਸ਼ਰੀਰ<br>ਸ਼ੁਭ<br>ਕੰਕਨ ਜਰਾਉ ਲਘੁ ਰਾਜਤਿ ਹੈਂ ਹਾਥ ਦੌਨ।<br>ਆਇ ਭੌਨ ਤੌਨ ਸਮੈਂ ਕਾਮਨਾ ਕੋ ਮੌਨ ਕਰੇ | [1]ਪੀਲਾ ਤੇ ਬਰੀਕ ਹੈ ਗਲ ਕੱਪੜਾ। |
| ਨਮੋ ਔਨ ਠਾਨਤਿ ਹੀ ਗੌਨਤੇ ਹੈਂ ਪਾਪ<br>ਤੌਨ[1] ॥੧੯॥ | [1]ਤਿਸ ਵੇਲੇ (ਜਿਸ ਵੇਲੇ ਕਿ ਗੁਰੂ ਜੀ ਪਹਿਲੋਂ ਦੱਸੀ ਸ਼ੋਭਾ ਵਿਚ ਸ਼ੋਭ ਰਹੇ ਹੁੰਦੇ ਹਨ) ਕੋਈ (ਦਾਸ ਚੁਪ ਚਾਪ ਹੀ ਭਾਵ ਚਿਤ ਵਿਚ ਹੀ (ਪਾਪਾਂ ਦੇ ਨਾਸ਼ ਕਰਾਉਣ ਦੀ) ਕਾਮਨਾਂ ਧਾਰਕੇ ਘਰ ਆਉਂਦਾ ਹੈ, ਉਸ ਦੀ ਧਰਤੀ ਤੇ ਨਮਸਕਾਰ ਕਰਦਿਆਂ ਹੀ ਪਾਪ ਨਾਸ਼ ਹੋ ਜਾਂਦੇ ਹਨ। |
| ਕੋਊ ਕੋਊ ਬਾਕ ਲਗੇ ਬੋਲਨ ਅਨਮੋਲ ਛਬਿ<br>ਤੋਤਰੇ ਪਰਮ ਪ੍ਰਿਯਾ ਮਾਧੁਰੀ ਰਸਾਲ<br>ਕਰਿ[1]।<br>ਬਨਕ ਧਨੀਨ ਕੀ ਅਨੇਕ ਆਇੰ ਭਾਰਜਾ | [1]ਮਿੱਠੀ ਤੇ ਰਸਦਾਇਕ। |
| ਦੁਲਾਰਤਿ ਹੈਂ ਆਰਜਾ[1] ਸਨੇਹ ਕੋ ਬਿਸਾਲ<br>ਕਰਿ।<br>ਜੈਸੀ ਧਾਰਿ ਕਾਮਨਾ ਕੋ ਆਈ ਗੁਰੂ ਧਾਮ<br>ਬਿਖੈ,<br>ਤੈਸੇ ਹੀ ਬੁਲਾਵਤਿ ਹੈਂ ਬਾਰ ਬਾਰ ਖਜਾਲ<br>ਕਰਿ।<br>ਕਾਹੂੰ ਕੋ ਉਤਾਲ ਕਰਿ ਬੋਲਤਿ ਨਿਹਾਲ<br>ਕਰਿ,<br>ਕਾਹੂੰ ਦੇਹਿੰ ਟਾਲ ਕਰਿ ਈਤ ਊਤ ਚਾਲ<br>ਕਰਿ ॥੨੦॥ | [1]ਆਰਜਾ ਭਾਰਜਾ = ਸ੍ਰੇਸ਼ਟ ਇਸਤ੍ਰੀਆਂ। (ਅ) ਸ੍ਰੇਸ਼ਟ (ਸਤਿਗੁਰੂ ਜੀ) ਨੂੰ। |

ਬਚਨ ਅਮੋਘ[1] ਜਸੋਂ ਸਰੋਘ[2] ਰਾਮ ਚੰਦ ਹਾਥ
[1]ਨਾ ਚੁਕਣ ਵਾਲੇ, ਸਫਲੇ। [2]ਸੰਪੂਰਨ ਬਾਣ (ਸਰ+ਓਘ)।
ਤਜੇ[1], ਬ੍ਰਹਮ ਅਸਤ੍ਰ ਕੋ ਸੁਧਾਰੈ ਨਿਜ ਕਾਜ ਕੋ[2]।
[1]ਜਿਵੇਂ ਰਾਮਚੰਦ੍ਰ ਜੀ ਦੇ ਛੱਡੇ ਹੋਏ (ਸਫਲ ਹੁੰਦੇ ਹਨ)। [2](ਜਿਵੇਂ) ਬ੍ਰਹਮ ਅਸਤ੍ਰ ਛਡਿਆ ਹੋਇਆ ਆਪਣੇ ਕੰਮ ਨੂੰ ਪੂਰਾ ਕਰਦਾ ਹੈ।
ਤੈਸੇ ਬਰ ਸ੍ਰਾਪ ਕੋ ਉਚਾਰੈਂ ਤਾਤਕਾਲ ਹੋਤਿ
ਜਿਸ ਪੈ ਪ੍ਰਸੰਨ ਦੇਤਿ ਸਕਲ ਸਮਾਜ ਕੋ।
ਕਾਹੂੰ ਪਰ ਕ੍ਰੋਧ ਕਰਿ ਨਾਸਤੇ ਬਿਭੂਤ ਘਰ[1],
[1]ਘਰ ਦੀ ਵਿਭੂਤੀ।
ਫੈਲਯੋ ਜਸੁ ਪੂਤ[1] ਪੁਰਿ ਹੇਰਿ ਹੇਰਿ ਸਾਜ ਕੋ[2]।
[1]ਪਵਿੱਤ੍ਰ। [2]ਸ਼ਹਿਰ ਦੇ (ਲੋਕ ਮਹਾਰਾਜ ਜੀ ਦੀ ਕਰਾਮਾਤ ਦੇ ਸਾਜ ਨੂੰ ਦੇਖਕੇ)।
ਰਾਖੈਂ ਹਿੰਦ ਲਾਜ ਕੋ, ਉਠਾਵੈਂ ਖਲ ਰਾਜ ਕੋ,
ਫਿਰਾਵੈਂ ਸੀਸ ਤਾਜ ਕੋ, ਨਿਵਾਰੈਂ ਸਭਿ ਪਾਜ ਕੋ ॥੨੧॥
ਕੀਰਤੀ ਮਹਾਨ ਭਈ ਮਾਲਤੀ ਸਮਾਨ ਸਾਰੇ,
ਨਾਰੀ ਨਰ ਬਦਨ ਬਖਾਨਤੇ ਮਿਲਤਿ ਹੈਂ[1]।
[1]ਮਿਲਦੇ ਜੁਲਦੇ (ਐਉਂ) ਕਹਿੰਦੇ ਹਨ।
'ਮੂਰਤੀ ਪਵਿੱਤ੍ਰ ਸਤਿਗੁਰੂ ਕੇ ਸਪੁੱਤ੍ਰ ਭਯੋ,
ਸ਼੍ਰੀ ਮੁਖੋਂ ਉਚਾਰਤੋ ਬਚਿੱਤ੍ਰ ਸੋ ਫਲਤਿ ਹੈਂ[1]।
[1]ਭਾਵ ਜੋ ਕਹਿੰਦੇ ਹਨ ਸੋ ਫਲਦਾ ਹੈ।
ਕਾਂਹੂ ਤਨ ਰੋਗ, ਕਾਹੂ ਸੁਖ ਕੇ ਨ ਭੋਗ ਹੋਤਿ,
ਜਾਚੇ ਬਰ ਜੋਗ[1] ਨਿਜ ਸੋਗ ਕੋ ਦਲਤਿ ਹੈਂ।
[1]ਯੋਗ ਵਰ ਮੰਗਕੇ।
ਕ੍ਰਿਪਾ ਸੋਂ ਢੁਲਤਿ ਹੈਂ, ਬਿਹਿਸ ਕੈ ਬੁਲਤਿ ਹੈਂ,
ਅਨੰਦ ਉਗਲਤਿ ਹੈਂ†, ਅਨੂਪ ਯੌਂ ਚਲਿਤ ਹੈਂ' ॥੨੨॥
†ਪਾ:-ਸੁ ਕੰਜ ਸੇ ਖਿਲਤ ਹੈਂ।

ਸ੍ਵੈਯਾ:

ਖੇਲਿਬੇ ਕਾਰਨ ਸੁੰਦਰ ਖੇਲਨੇ[1]
ਲਜਾਇ ਖਰੀਦ ਸੁ ਮੋਲ ਬਡੇਰੇ।
[1]ਖਿਡੌਣੇ।
ਜੋ ਧਨਵਾਨਨਿ ਕੀ ਜੁਵਤੀ[1]
ਪਹਿਰੇ ਨਵ ਭੂਖਨ ਚੀਰ ਅਛੇਰੇ।
[1]ਇਸਤ੍ਰੀਆਂ।

ਆਵਤਿ ਹੈਂ ਬਡ ਚਾਵ ਭਰੀ
ਉਚਵਾਇ ਉਪਾਇਨਿ ਬ੍ਰਿੰਦ ਅਗੇਰੇ।
ਮੋਦਕ ਆਦਿਕ ਮੋਦ ਸੋਂ[1] ਲੈ — [1]ਖੁਸ਼ੀ ਨਾਲ।
ਚਹੁੰ ਕੋਦ ਤੇ ਹੋਤਿ ਬਿਨੋਦ ਘਨੇਰੇ ॥੨੩॥
ਸ੍ਰੀ ਗੁਜਰੀ ਢਿਗ ਆਨਿ ਧਰੈਂ,
ਪਰਿ ਪਾਇਨ ਬੇਨਤਿ ਠਾਨਤਿ ਹੈਂ।
ਦੀਨ ਬਨੈਂ ਜੁਗ ਹਾਥਨਿ ਬੰਦਤਿ
'ਮਾਤ ਸੁਨੋ ਤੁਮ ਜਾਨਤਿ ਹੈਂ।
ਸ੍ਰੀ ਗੁਰਦੇਵ ਕੋ ਸਿੱਖਜ ਸਦਾ ਹਮ,
ਆਨ ਨਹੀਂ ਕਿਸ ਮਾਨਤਿ ਹੈਂ।
ਸਾਹਿਬਜ਼ਾਦੇ ਤੇ ਹੁਇ ਅਹਿਲਾਦ ਕੋ'
ਜਾਚਨਾ ਆਨਿ ਬਖਾਨਤਿ ਹੈਂ ॥੨੪॥
ਕੋ ਸੁਤ ਚਾਹਤਿ, ਕੋ ਸੁਖ ਚਾਹਤਿ,
ਕੋ ਬਿਤ ਚਾਹਤਿ, ਕੋ ਰੁਜ ਦਾਹਤਿ[1]। — [1]ਕੋਈ ਬਿਮਾਰੀ ਦੂਰ ਕਰਾਉਂਦੀ ਹੈ।
ਕੋ ਦ੍ਵਿਜ ਆਵਤਿ, ਬਾਹਜ[1] ਆਵਤਿ, — [1]ਖੱਤ੍ਰੀ।
ਬੈਸ ਬਿਲੋਕਤਿ[1], ਸੂਦ੍ਰ ਉਮਾਹਤਿ। — [1]ਵੈਸ਼ (ਆਕੇ) ਦਰਸ਼ਨ ਕਰਦਾ ਹੈ।
ਹਿੰਦਨਿ ਬ੍ਰਿੰਦ ਵਧੀ ਸ਼ਰਧਾ,
ਤੁਰਕਾਨ ਕਿਤੈ ਗੁਰ ਭਾਵ ਨਿਬਾਹਤਿ[1]। — [1]ਕਿਤੇ ਗੁਰਾਂ ਦੇ ਪ੍ਰੇਮ ਤੁਰਕ ਬੀ ਨਿਬਾਹੁੰਦੇ ਹਨ।
ਹਾਥਨਿ ਜੋਰ ਨਿਹੋਰਤਿ ਹੈਂ
ਗੁਰ ਤੇਗ ਬਹਾਦਰ ਨੰਦ ਸਰਾਹਤਿ ॥੨੫॥

ਕਬਿੱਤ:

ਕੋਊ ਸਿਖ ਆਪਨੇ ਪੈ ਚਾਹਤਿ ਪ੍ਰਸੰਨ ਗੁਰ,
ਦੇਹਿ ਧਨ ਲੇਹਿ ਮੋਲ ਪੰਛੀ ਜਾਤਿ ਜਾਤਿ ਕੇ।
ਸਾਰਕਾ[1], ਸੁ ਕੋਕਲਾ[2] ਉਦਾਰ ਮ੍ਰਿਦੁ ਭਾਸ਼ਣੀ[3], — [1]ਮੈਨਾ। [ਸੰਸ. ਸ਼ਾਰਿਕਾ]। [2]ਕੋਇਲਾਂ। [3]ਮਿੱਠੀ ਬੋਲੀ ਬੋਲਣ ਵਾਲੀਆਂ।
ਅਨੇਕ ਕੀਰ[1], ਪਾਰਾਵਤ[2] ਰੰਗ ਭਾਂਤਿ ਭਾਂਤਿ ਕੇ। — [1]ਤੋਤੇ। [2]ਕਬੂਤਰ।
ਤੀਤਰ, ਚਕੋਰ ਚਾਰੁ[1], ਦਾਸਤਾਂ ਹਜ਼ਾਰ[2] — [1]ਸੁੰਦਰ। [2]ਬੁਲਬੁਲ [ਫਾ. ਹਜ਼ਾਰ ਦਾਸਤਾਂ = ਬੁਲਬੁਲ]

ਲਾਲ
ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤ ਕੇ[1]। [1]ਪੰਗਤੀਆਂ ਬਣਾ ਬਣਾ ਕੇ।
ਗੁਨ ਕੋ ਸੁਨਵੈਂ ਦਿਖਰਾਵੈਂ ਸੋ ਲਰਾਵੈਂ ਬਹੁ
ਬਿਜੈ ਹਾਰ ਪਾਵੈਂ ਨਖ ਚੋਂਚ ਘਾਤ ਘਾਤ ਕੇ[1] ॥੨੬॥ [1]ਮਾਰ ਮਾਰ ਕੇ।
ਕੌਤਕ ਅਨੇਕ ਤੇ ਸਦੀਨ[1] ਮਾਥ ਟੇਕਤੇ, [1]ਦੀਨ ਹੋਕੇ।
ਪ੍ਰਸੰਨਤਾ ਕੇ ਹੇਤ ਸਤਿਗੁਰੁ ਕੋ ਰਿਝਾਵਈਂ।
ਬਿਹਸੈਂ ਬਿਬੇਕ ਨਿਧਿ[1] ਬਾਕ ਕੋ ਬਖਾਨਿ ਦੇਤਿ [1]ਭਾਵ ਗੁਰੂ ਜੀ।
ਜੈਸੇ ਕਰਿ ਕਾਮਨਾ ਕੋ ਸੇਵਕ ਸੁ ਆਵਈਂ[1]। [1]ਆਂਵਦੇ ਹਨ।
ਪਰਚੈਂ ਬਿਹੰਗ ਸੰਗ ਅੰਗ[1] ਰੰਗ ਰੰਗ ਹੂੰ ਕੇ, [1]ਜਿਨ੍ਹਾਂ ਦੇ) ਅੰਗ।
ਬੋਲੈਂ ਬਹੁ ਢੰਗ ਕੇ ਉਤੰਗ ਉਡਵਾਵਈਂ[1]। [1]ਬਹੁਤਾ ਉੱਚਾ ਉਡਵਾਉਂਦੇ ਹਨ।
ਅਪਰ ਧਨੀਨ ਕੇ ਸਪੂਤ ਆਇ ਖੇਲੈਂ ਗਨ
ਸਾਥ ਕੋ ਨ ਤਜਾਗਿ ਸਕੈਂ ਮਹਾਂ ਸੁਖ ਪਾਵਈਂ ॥੨੭॥
ਰੰਗਦਾਰ ਪੰਗਤੀ ਮਤੰਗ[1] ਬਹੁ ਭਾਂਤਿ ਹੂੰ ਕੇ [1]ਬਣੇ ਹੋਏ ਖਿਡਾਉਣੇ) ਹਾਥੀਆਂ ਦੀ ਪੰਗਤੀ।
ਸੁੰਦਰ ਤੁਰੰਗ ਜਜੋਂ ਅਨੰਗ ਕਾਰੀਗਰ ਕੇ[1]। [1]ਕਾਮਦੇਵ ਰੂਪੀ ਕਾਰੀਗਰ ਨੇ ਮਾਨੋਂ (ਬਣਾਏ ਹੋਏ ਹਨ)।
ਤਿਨੋ ਪੈ ਸਉਰ ਅਸਿ ਸਿਪਰ ਤੁਪਕ ਧਰਿ
ਸੰਮੁਖ ਟਿਕਾਵੈਂ ਜਿਮ ਬੀਰ ਹ੍ਵੈਂ ਸੰਘਰ ਕੇ[1]। [1]ਜੁੱਧ ਦੇ।
ਡੋਰੇ ਅਰੁ ਪਾਲਕੀ ਸੁ ਬੀਜਨੇ ਅਨੇਕ ਭਾਂਤਿ
ਸ਼ੇਰ ਮ੍ਰਿਗ ਕੂਕਰ ਲੇ ਆਵੈਂ ਪ੍ਰੇਮ ਕਰਿ ਕੇ।
ਖੇਲੈਂ ਬੀਚ ਘਰ ਕੇ ਮਿਲੇ ਸਮੀਪ ਗੁਰ ਕੇ
ਅਦਾਬ ਸਾਥ ਲਰਕੇ[1] ਸੁ ਬੋਲੈਂ ਤ੍ਰਾਸ ਧਰਿ ਕੇ ॥੨੮॥ [1]ਲੜਕੇ।
ਬੋਲਤਿ ਅਚੂਕ ਬਾਕ ਜਾਂ ਤੇ ਹੋਤਿ ਰਾਵ ਰਾਂਕ[1], [1]ਰਾਜਿਆਂ ਤੋਂ ਕੰਗਾਲ ਤੇ ਕੰਗਾਲਾਂ ਤੋਂ ਰਾਜੇ।
ਸੁਨੈਂ ਅਰੁ ਦੇਖੈਂ ਪਤੀਆਇ ਬਿਸਮਾਵਈਂ।
ਪਟਨੇ ਨਗਰ ਬਾਗ, ਬੀਥਕਾ ਬਗਰ[1] ਬੀਚ [1]ਵੇਹੜੇ।
ਸਗਰੋ ਉਜਾਗਰ ਸੁਜਸੁ ਪ੍ਰਗਟਾਵਈ।
ਸ਼ਰਧਾ ਬਧਾਵੈਂ, ਸੱਤਿਨਾਮ ਗੁਨ ਗਾਵੈਂ,

ਦੋਊ ਲੋਕ ਸੁਖ ਪਾਵੈਂ, ਸਿੱਖੀ ਭਾਵ ਨਿਬਹਾਵਈਂ।
ਪੂਨਮ ਦਰਸੁ ਆਦਿ[1] ਦਾਸ ਅੱਪ੍ਰਮਾਦ[2] ਸਭਿ
ਦਰਸ ਬਿਲੋਕਿਬੇ ਕੋ ਮਿਲੇ ਮੇਲ ਆਵਈਂ ॥੨੯॥

[1]ਪੁੰਨਿਆਂ ਤੇ ਮੱਸਿਆ ਆਦਿਕਾਂ ਪਰ। [2]ਭਾਵ ਨਿੰਮ੍ਰਤਾ ਵਾਲੇ ਦਾਸ।

ਗਿਲਮ ਗਲੀਚੇ ਗੁਲਕਾਰੀਨਿ[1] ਫਰਸ਼ ਨੀਚੇ,
ਸੁੰਦਰ ਪ੍ਰਯੰਕ ਤਿਨ ਊਪਰ ਡਸਾਵਤੇ।

[1]ਫੁਲ ਕੱਢੇ ਹੋਏ ਜਿਨ੍ਹਾਂ ਉੱਤੇ।

ਬਿਸਦ ਬਿਛੌਨਾ ਪਯ ਫੇਨ ਸਮ ਲੌਨਾ ਮ੍ਰਿਦੁ[1]
ਸੇਜਬੰਦ ਗੁੰਫੇ ਜ਼ਰੀਦਾਰ ਲਰਕਾਵਤੇ।

[1]ਦੁੱਧ ਦੀ ਝੱਗ ਸਮ ਚਿੱਟਾ ਸੁੰਦਰ ਤੇ ਕੋਮਲ।

ਭੂਖਨ ਨਵੀਨ ਚੀਰ ਪਹਿਰੇ ਸਰੀਰ ਧੀਰ
ਹੀਰੇ ਮੁਕਤਾਨਿ ਜੁਤਿ ਬੈਠਿ ਦੀਪਤਾਵਤੇ[1]।

[1]ਚਮਕਦੇ।

ਚੰਦ੍ਰਮਾ ਬਦਨ[1], ਬਾਕ ਸੁਧਾ ਕੋ ਸਦਨ ਬਰ,
ਮਾਨੋ ਉਡਗਨ ਆਸ ਪਾਸ ਮੈਂ ਸੁਹਾਵਤੇ ॥੩੦॥

[1]ਚੰਦ ਵਰਗਾ ਮੁਖ।

ਹਾਥ ਚੌਰ ਚੌਰੀਦਾਰ ਚਾਰੋਂ ਓਰ ਚਾਰੁ ਢੋਰਿ[1],
ਚਲਤਿ ਸੁਹਾਵੈ ਜਨੁ ਸ਼ੋਭਾ ਰਾਜਹੰਸ ਕੀ।

[1]ਸੁਹਣਾ ਝੁਲਾਂਵਦੇ ਹਨ।

ਮਾਤੁਲ ਕ੍ਰਿਪਾਲੁ ਕੋ ਕ੍ਰਿਪਾਲ ਬੈਠਯੋ ਢਿਗ ਆਇ[1],
ਗਾਵਤੇ ਸ਼ਬਦ ਕੋ ਰਬਾਬੀ ਰਾਗ ਅੰਸ ਕੀ[1]।

[1]ਕ੍ਰਿਪਾਲੁ ਜੀ ਦੇ ਮਾਮਾ ਕ੍ਰਿਪਾਲ ਜੀ ਆ ਕੇ ਕੋਲ ਬੈਠਦੇ ਹਨ।

[1]ਰਾਗ ਜਿਨ੍ਹਾਂ ਦੇ ਹਿੱਸੇ ਆਯਾ ਹੈ। (ਅ) ਜਿਸ ਵਿਚ ਰਾਗ ਦੀ ਅੰਸ਼ ਹੈ।

ਸੰਗਤਿ ਉਪਾਇਨ ਕੋ ਲਜਾਇ ਲਜਾਇ ਪਾਇ ਤਟ[1]
ਅਰਪੈਂ ਅਨੇਕ, ਕਹੈਂ ਸ਼ਾਰਦਾ ਪ੍ਰਸ਼ੰਸ਼ ਕੀ[1]।

[1]ਚਰਨਾਂ ਕੋਲ।

[1]ਉਸਤਤ ਦੀ ਬਾਣੀ।

ਹੋਤਿ ਅਰਦਾਸ ਸਿਖ ਬੈਹੇ ਆਸ ਪਾਸ ਬਹੁ
ਪਰਮ ਪ੍ਰਕਾਸ਼ਤਾ ਹੈ ਸੋਢੀ ਅਵਿਤੰਸ਼ ਕੀ[1] ॥੩੧॥

[1]ਸ਼ਿਰੋਮਣੀ ਸੋਢੀ ਜੀ ਦੀ।

ਐਸੇ ਸਭਿ ਪੁਰਿ ਮੈਂ ਬਿਦਤਿ ਭਏ ਘਰ

ਘਰ,
ਹੋਇ ਪੂਰੀ ਕਾਮਨਾ ਅਨੇਕ ਮਾਨਵਾਨਕੀ[1]। [1]ਮਨੁਖਾਂ ਦੀ।
ਸੁਨਿ ਸੁਨਿ ਕੀਰਤੀ ਬਿਸ਼ਾਲ ਬਿਸਤੀਰਤਾ ਕੋ[1] [1]ਬਹੁਤ ਫੈਲੀ ਹੋਈ ਕੀਰਤੀ।
ਧਾਰ ਧਾਰਿ ਚੌਂਪ ਜੇ ਬਧੂਨਿ[1] ਧਨਵਾਨ ਕੀ। [1]ਵਹੁਟੀਆਂ।
ਕੋਊ ਬਰ ਲੈਬੇ, ਕੋਊ ਦਰਸ ਦਿਖੈਬੇ ਹੇਤੁ,
ਪੈਬੇ ਮਨੁ ਕਾਮਨਾ ਸਮੂਹ ਸੁਖਵਾਨਕੀ[1]। [1]ਸੁਖਾਂ ਵਾਲੀਆਂ ਕਾਮਨਾ ਪਾਵਣ ਨੂੰ।
ਡਗਰ ਡਗਰ[1] ਆਇ ਬਗਰ ਬਜਾਰ ਹੂੰਤੇ[2] [1]ਰਸਤੇ ਰਸਤੇ ਵਿਚ। [2]ਵੇਹੜੇ ਤੇ ਬਾਜ਼ਾਰਾਂ ਵਿਚ।
ਸਗਰੇ ਨਗਰ ਭਈ ਮਹਿਮਾ ਮਹਾਨ ਕੀ[1] ॥ ੩੨ ॥ [1]ਗੁਰੂ ਜੀ ਦੀ।
ਐਸੇ ਭੀਰ ਹੋਨਿ ਲਾਗੀ ਦਜੋਸ ਪ੍ਰਤਿ ਜਾਨੀ ਚਿਤ,
ਬਲ ਜੁਤਿ ਭਏ ਪਦ ਪੰਕਜ ਪਲਾਇ ਜਾਤਿ[1]। [1]ਭਾਵ ਦੌੜਨ ਭੱਜਣ ਲਗ ਪਏ।
ਘਿਰੇ ਨ ਰਹਤਿ ਧਨੀ ਬਧੂਨਿ ਕੇ ਪਾਸ ਪੁਨ
ਇਤੇ ਉਤ ਬਿਚਰਤਿ ਖਯਾਲ ਤੇ ਟਲਾਇ ਜਾਤਿ।
ਖੇਲੈਂ ਸੰਗ ਬਾਲਕੇ, ਨ ਬੋਲੈਂ ਸੰਗ ਬਾਲ ਕੇ[1] [1]ਇਸਤ੍ਰੀਆਂ ਨਾਲ ਨਹੀਂ ਬੋਲਦੇ।
ਕਿ ਅੰਕ ਮੈਂ ਕ੍ਰਿਪਾਲ ਕੇ ਬਿਸਾਲ ਉਤਲਾਇ ਜਾਤ[1]। [1]ਤੇ ਮਾਮਾ ਕ੍ਰਿਪਾਲ ਜੀ ਦੀ ਗੋਦੀ ਵਿਚੋਂ ਬੜੀ ਕਾਹਲੀ ਨਾਲ ਚਲੇ ਜਾਂਦੇ ਹਨ।
ਅੰਙਣ ਮੈਂ ਧਾਇ ਜਾਤਿ, ਮਾਤ ਗੋਦ ਆਇ ਜਾਤਿ,
ਸਭੈ ਬਿਗਸਾਇ ਜਾਤਿ, ਮੋਦ ਉਪਜਾਇ ਜਾਤਿ ॥ ੩੩ ॥
ਸਤਿਗੁਰੁ ਨਾਨਕ ਪ੍ਰਮੇਸ਼ਰ ਕੀ ਜੋਤਿ ਭਏ
ਜ਼ਾਹਰ ਜਹਾਨ ਮੈਂ ਅਨੇਕ ਨਰ ਤਾਰੇ ਹੈਂ।
ਸਿੱਧ ਸਾਧ ਪੀਰ ਮੀਰ ਕਰਾਮਾਤ ਬਿਖੈ ਧੀਰ,
ਸਭੀ ਪਰ ਛਾਯੋ ਜਸੁ ਜੈਸੇ ਚੰਦ ਤਾਰੇ ਹੈਂ[1]। [1]ਜਿਵੇਂ ਚੰਦ੍ਰਮਾਂ ਦਾ ਤਾਰਿਆਂ ਉਪਰ ਜਸ ਫੈਲਿਆ ਹੈ।
ਤਿਨੋਂ ਪੀਛੇ ਹੋਤਿ ਆਏ ਗੁਰੂ ਮਨ ਭਾਏ ਸਭਿ,
ਅਰੇ ਜੇ ਅਗਾਰੀ ਸੇ ਹੰਕਾਰੀ ਗਿਰ ਤਾਰੇ [1]ਪਹਾੜ ਵਰਗੇ ਅਚੱਲ ਹੰਕਾਰੀ ਜੋ ਅੱਗੇ ਅੜੇ ਤਾੜਨਾ

ਹੈਂ[1]। — ਕੀਤੇ ਹਨ। (ਅ) ਉਹ ਹੰਕਾਰੀ (ਡਿੱਗਣ ਵਾਲੇ) ਤਾਰੇ (ਵਾਂਙੂ) ਡਿੱਗੇ ਹਨ।

ਗਾਦੀ ਕੇ ਉਚਿਤ ਅਬਿ ਧਰਮ ਸਥਿਤ ਹੇਤੁ
ਦਾਸਨ ਕੋ ਪਾਰਿਬੇ ਕੋ ਏਹੀ ਅਵਤਾਰੇ ਹੈਂ ॥੩੪॥

ਕੇਈ ਕੇਈ ਲੋਕ ਪਰਲੋਕ ਅਭਿਲਾਖੀ ਹੁਤੇ,
ਐਸੇ ਈ ਸੰਭਾਵਨਾ ਕਰਤਿ ਹੈਂ ਦਰਸ ਕੈ।
ਹਿੰਦੂ ਕਿ ਤੁਰਕ ਬਿਨਾ ਤਰਕ[1] ਗੁਰੂ ਕੋ ਰੂਪ — [1]ਬਿਨਾ ਹੁਜਤ।
ਦੇਖੇ ਤ੍ਰਿਪਤਾਵੈਂ ਸਿਰ ਨਜਾਵਤਿ ਹਰਸ਼ ਕੈ[1]। — [1]ਪ੍ਰਸੰਨ ਹੋਕੇ।
ਜਾਨੈਂ ਅਤਿ ਉਚੇ ਜਾਂ ਕੇ ਪਾਰ ਨ ਪਹੁੰਚੇ ਕੋਇ[1], — [1]ਜਿਸ ਦਾ ਪਾਰ ਨਹੀਂ ਪਾ ਸਕਦਾ ਕੋਈ।
ਸੂਚੇ[1] ਹੈਂ ਬਿਕਾਰਨ ਤੇ ਸਕੈ ਨ ਪਰਸ ਕੈ। — [1]ਪਵਿੱਤ੍ਰ।
ਸਭਿ ਤੇ ਅਲੇਪ ਸਭਿ ਬਯਾਪਕ, ਨ ਆਦਿ ਅੰਤ
ਸਦਾ ਭਗਵੰਤ ਦੇਤ ਐਸ਼ ਜੇ ਅਰਸ਼ ਕੈ[1] ॥੩੫॥ — [1]ਬੈਕੁੰਠਾਂ ਦੇ ਸੁੱਖ ਦਿੰਦੇ ਹਨ। [ਅ੍ਰ: ਐਸ਼ = ਸੁਖ। ਅਰਸ਼ = ਬਿਕੁੰਠ]

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲਬੈਸ ਬਿਲਾਸ' ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

## ੧੮. [ਬਾਲ ਚੋਜ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਬਾਲਿਕ ਲੀਲ੍ਹਾ ਕੀਨਿ।
ਸ਼ਾਹੁਨਿ[1] ਕੇ ਸੁਤ ਅਨਿਕ ਹੀ, ਮਿਲਿ ਖੇਲਹਿਂ ਸੁਖ ਲੀਨ ॥੧॥ — [1]ਧਨੀਆਂ ਦੇ।

ਕਬਿੱਤ:

ਕੇਈ ਧਨਵਾਨ ਕੇ ਸਪੂਤ ਆਇ ਖੇਲੈਂ ਤਬਿ
ਬੈਸ ਮੈਂ ਬਡੇਰੇ ਕੁਛ ਭਾਵ ਬਹੁ ਧਾਰਿਈਂ।
ਭਨੈਂ ਹਾਥ ਜੋਰਿ ਜੋਰਿ ਲੋਰਿ ਕੈ[1] ਨਿਹੋਰ ਕਰਿ — [1]ਚਾਹ ਕਰਕੇ। (ਅ) ਲੱਭਕੇ।
'ਨਿਕਟਿ ਹਮਾਰੋ ਬਾਗ਼ ਤਰੂ ਬਿਸਤਾਰਈਂ[1]। — [1]ਬ੍ਰਿੱਛ ਬਹੁਤ ਫੈਲੇ ਹੋਏ ਹਨ।
ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ[1] — [1]ਮੁੱਢਾਂ ਦੇ ਚੁਫੇਰੇ ਦੌਰ ਹਨ।
ਸਿਕੰਧ[1] ਝੁਕ ਝੂਲ ਹੈਂ ਫਲੇ ਸੁ ਫਲੁ ਭਾਰਈਂ[2]। — [1]ਟਾਹਣੇ। [2]ਚੰਗੇ ਫਲਾਂ ਨਾਲ ਫਲਕੇ ਭਾਰ ਨਾਲ ਝੁਕੇ ਹਨ।
ਅਲਪ, ਬਿਸਾਲ, ਪੀਤ, ਸਬਜ਼, ਸੁ ਲਾਲ ਦਲ[1] — [1]ਪੱਤੇ।
ਮਾਨੋ ਘਨ ਘਟਾ ਘਨੇ ਸੰਘ ਨੇਕ ਸਾਰਈਂ[1] ॥੨॥ — [1]ਸੰਘਣੀਆਂ ਤੇ ਇਕਸਾਰ।
ਜਾਮਨ ਜੁਗਲ[1], ਬਟ[2], ਪੀਪਰ[3], ਖ਼ਜੂਰ ਤੁੰਗ, — [1]ਜਾਮਨੂੰ ਦੋ ਤਰ੍ਹਾਂ ਦੇ। [2]ਬੋਹੜ। [3]ਪਿੱਪਲ।
ਬੱਦਰੀ[1] ਅਨੇਕ ਝੁਕੀ ਭਾਰ ਤੇ ਬਿਸਾਲ ਕੀ। — [1]ਬੇਰੀਆਂ।
ਦਾੜਮ[1], ਨੁਰੰਗੀ, ਬੀਜ ਪੂਰ[2] ਤੇ ਸੁਪਾਰੀ ਬਹੁ — [1]ਅਨਾਰ। [2]ਨਿੰਬੂ [ਹਿੰਦੀ, ਵੀਜ ਪੂਰ]
ਖਾਰਕ ਖਰੇ ਹੈਂ[1] ਖਰੀ ਖਿਰਨੀ ਸੁ ਡਾਲ ਕੀ[2]। — [1]ਛੁਹਾਰੇ ਖੜੇ ਹਨ। [2]ਡਾਲਾਂ ਨਾਲ ਖਿਰਨੀਆਂ ਲੱਗੀਆਂ ਹਨ।
ਆੜੂ, ਅਮਰੂਦ, ਕਦਲੀਨ[1] ਕੇ ਬਗੀਚੇ ਬਡੇ — [1]ਕੇਲੇ।
ਫੈਲ ਰਹੇ, ਫਾਲਸੇ ਫਲੇ ਹੈਂ ਫਲ ਜਾਲ — [1]ਬਹੁਤੇ ਫਲਾਂ ਨਾਲ।

ਕੀ[1]।
ਛਬਿ ਆਲਬਾਲ ਕੀ, ਉਦਾਲਕ[1] ਰਸਾਲ ਕੀ[2]
[1]ਲਸੂੜਾ। । [2]ਤੇ ਅੰਬ ਦੀ।
ਸਰਲ[1] ਤਰੁ ਤਾਲ ਕੀ[2] ਹਿੰਤਾਲ ਕੀ[3] ਤਮਾਲ ਕੀ ॥ ੩ ॥
[1]ਚੀਲ। [2]ਤਾੜ ਨਾਮੇ ਬ੍ਰਿੱਛ ਦੀ। [3]ਬਹੁਤ ਹੀ ਛੋਟੇ ਕੱਦ ਦੀ ਜੰਗਲੀ ਖਜੂਰ।
ਸਰੂ ਏਕ ਸਾਰ ਖਰੇ ਹਰੇ ਹਰੇ ਪਾਤ ਜਰੇ,
ਦੇਖੇ ਮਨ ਹਰੇ ਜਹਾਂ ਸ਼ੋਭਾ ਰੇਲ ਝੇਲ ਹੈ[1]।
[1]ਰੇਲ ਪੇਲ। ਬਹੁਤਾਯਤ।
ਸੇਵਤੀ[1] ਕੋ ਸੇਵਤਿ ਸੁ ਮਾਲੀ ਮਾਲ ਮਾਲਤੀ ਕੋ[2],
[1]ਗੁਲਾਬ ਦੀ ਕਿਸਮ ਹੈ। [2]ਮਾਲਤੀ ਦੀਆਂ ਪੰਗਤੀਆਂ ਨੂੰ।
ਚੰਪਕ[1] ਤੇ ਚੌਂਪ ਹੋਤਿ[2], ਰਾਜੈਂ ਗਨ ਏਲ ਹੈਂ।
[1]ਪੀਲੇ ਸੁਗੰਧੀਦਾਰ ਫੁੱਲਾਂ ਦਾ ਬ੍ਰਿੱਛ। [2]ਇਲਾਇਚੀਆਂ।
ਸੁੰਦਰ ਗੁਲਾਬ ਹੈਂ, ਅਜਾਬ ਸੀਂਚੇ ਆਬ ਹੈਂ
ਉਦੈ ਸੁ ਆਫਤਾਬ ਹੈਂ ਖਿਲਤਿ ਚਟਕੇਲ ਹੈਂ[1]।
[1]ਸੁਹਣੇ ਗੁਲਾਬ ਪਾਣੀ ਨਾਲ ਸਿੰਜੇ ਹੋਏ ਸੂਰਜ ਚੜ੍ਹੇ ਅਜੀਬ ਖੇੜੇ ਨਾਲ ਖਿੜਦੇ ਹਨ [ਹਿੰ: ਚਟਕਲੇ = ਖੇੜਾ। ਚਮਕ। ਸ਼ੋਭਾ]
ਰਾਯ ਬੇਲ ਫੇਲ ਹੈ, ਸੁ ਰਸ ਨਾਲਕੇਲ ਹੈ[1]
[1]ਸਹਤ ਰਸ (ਪਾਣੀ) ਦੇ ਨਾਲੀਏਰ ਹਨ।
ਚੰਬੇਲੀ ਨਾਗ ਬੇਲ ਹੈ, ਗੁਰੂ ਜੀ ! ਤਹਾਂ ਖੇਲ ਹੈਂ[1]' ॥ ੪ ॥
[1]ਹੇ ਗੁਰੂ ਜੀ ! ਉਥੇ ਖੇਲਾਂਗੇ।
ਸ਼ਾਹੁ ਧਨਵਾਨ ਕੇ ਸਪੂਤ ਯੌਂ ਬਖਾਨੇ ਨਿਤ,
ਚਿਤ ਹਿਤ ਠਾਨਿ ਕੈ ਸੁ ਬੂਝੈਂ ਮਾਤ ਜਾਇਕੈ।
[1]'ਗਮਨੈਂਗੇ ਉਪਬਨ ਦੇਖਿ ਆਵੈਂ ਤਤਛਿਨ,
[1]ਇਥੋਂ ਸ੍ਰੀ ਗੁਰੂ ਜੀ ਮਾਤਾ ਜੀ ਨੂੰ ਕਹਿੰਦੇ ਹਨ।
ਲੇਹਿਂ ਸੰਗ ਬਾਲਕਨਿ ਏਹੀ ਦੇਂ ਦਿਖਾਇਕੈ।'
ਜਾਨਿ ਕੈ ਸਪੂਤ ਕੋ ਸੁ ਹਠ ਬਾਗ ਜਾਨਿਬੇ ਕੋ
ਆਨੰਦ ਮਗਨ ਭਈ ਆਨ ਕੋ ਬਿਹਾਇ ਕੈ[1]।
[1]ਹੋਰ (ਸੰਕਲਪਾਂ) ਨੂੰ ਦੂਰ ਕਰਕੇ।
ਪ੍ਰੇਮ ਕੋ ਬਧਾਇ ਕੈ ਸੋ ਹਾਥ ਕੋ ਲਗਾਇ ਕੈ
ਪਲੋਸਤਿ ਸੁ ਭਾਇ ਕੈ[1] ਭਨਤਿ ਸਮੁਝਾਇ ਕੈ ॥ ੫ ॥
[1]ਪ੍ਰੇਮ ਕਰਕੇ।

'ਗਏ ਬਿਨ ਰਹੋ ਜਿਨ[1] ਬੈਨ ਮੇਰੋ ਮਾਨੋ ਇਮ,
ਮਾਤੁਲ ਕੋ ਲੇਹੁ ਸੰਗ ਦਾਸਨਿ ਕੇ ਬ੍ਰਿੰਦ ਕੋ।'
'ਕਾਂਹੂ ਕੀ ਨ ਲਾਗੈ ਡੀਠ' ਤੋਰੈ ਤ੍ਰਿਣ ਡਾਰੈ ਪੀਠ
ਰਾਈ ਲੌਨ ਵਾਰਤਿ, ਨਿਹਾਰਤਿ ਮੁਕੰਦ ਕੋ।
ਲੇ ਚਲ੍ਯੋ ਕ੍ਰਿਪਾਲੁ ਕੋ[1] ਕ੍ਰਿਪਾਲ[2] ਹ੍ਵੈ ਪ੍ਰਸੰਨ ਮਨ
ਬੀਥਕਾ ਕੀ ਉਪਮਾ ਬਢਾਵਤਿ ਬਿਲੰਦ ਕੋ।
ਮਾਨੋ ਲੋਕ ਹਾਥ ਜੋਰਿ ਬੰਦੈਂ ਤਿਸ ਰਾਸ਼ਿ ਓਰ
ਜਾਮੈਂ ਉਦੈ ਹੋਤਿ ਪੂਜਜ ਦੁਤੀਆ ਕੇ ਚੰਦ ਕੋ[1] ॥੬॥

[1]ਜੇ ਨਹੀਂ।
[1]ਗੁਰੂ ਜੀ ਨੂੰ। [2]ਮਾਮਾ ਜੀ।
[1]ਜਿਸ ਰਾਸੀ ਵਿਚ ਪੂਜਾ ਯੋਗ ਦੂਤੀਆਂ ਦਾ ਚੰਦ ਉਦੇ ਹੋਵੇ ਮਾਨੋ ਉਧਰ ਨੂੰ ਨਮਸਕਾਰਾਂ ਕਰਦੇ ਹਨ, ਭਾਵ ਜਿਸ ਪਾਸੇ ਜਾਣ ਮੱਥੇ ਟਿਕੀਂਦੇ ਹਨ।

ਸ੍ਵੈਯਾ:

[1]'ਸ਼੍ਰੀ ਗੁਰੁ ਤੇਗ ਬਹਾਦਰ ਨੰਦਨ
ਬੰਦਨ ਜੋਗ, ਨਿਕੰਦਨ ਪੀਰਾ।
ਬਾਕ ਫੁਰੈ ਜਿਸ ਰੀਤ ਕਰੈਂ[1],
ਸਭਿ ਸਿੱਧ ਧਰੈਂ, ਧਰਨੀ ਜਿਮ ਧੀਰਾ।'
ਦੇਖਤਿ ਲੋਕ ਅਸ਼ੇਖ਼ ਕਹੈਂ,
ਇਮ ਜਾਤਿ ਚਲੇ ਸੁਨਤੇ ਨਿਜ ਤੀਰਾ।
ਬਾਲ ਬਿਨੋਦ[1] ਚਲੈਂ ਚਹੁੰਕੋਦ
ਬਿਰਾਜਤਿ ਜਯੋ ਬਿਚ ਕੰਚਨ ਹੀਰਾ[1] ॥੭॥

[1]ਆਪੋ ਵਿਚ ਲੋਕਾਂ ਦਾ ਕਹਿਣਾ।
[1]ਭਾਵ ਜਿਸ ਤਰ੍ਹਾਂ ਕਹਿ ਦੇਣ।
[1]ਅਨੰਦ ਸਹਤ। ਖੇਡਦੇ।
[1]ਕੰਚਨ ਵਿਚ ਹੀਰਾ।

ਦੋਹਰਾ:

ਬਾਲਿਕ ਤਨ ਸ਼੍ਰੀ ਸਤਿਗੁਰੂ, ਬਾਲਿਕ ਬ੍ਰਿੰਦ ਕ੍ਰਿਪਾਲ[1]।
ਜਾਇ ਪ੍ਰਵੇਸ਼ੇ ਬਾਗ਼ ਮੈਂ, ਬਿਗਸਤਿ ਮੋਦ ਬਿਸਾਲ ॥੮॥

[1]ਬਹੁਤੇ ਬਾਲਕੇ ਤੇ ਕ੍ਰਿਪਾਲ ਮਾਮਾ ਜੀ।

ਕਬਿੱਤ:

ਚਾਰੂ ਤਰੁ ਫੂਲ ਰਹੇ[1] ਛਾਯਾ ਅਨਕੂਲ ਰਹੇ,

[1]ਸੁਹਣੇ ਬ੍ਰਿੱਛ ਫੁੱਲ ਰਹੇ ਹਨ।

ਮੂਲ ਦ੍ਰਿਢ ਝੂਲ ਰਹੇ[1], ਨੀਕੇ ਆਲਬਾਲ ਰਹੇ[2]। — [1]ਬ੍ਰਿੱਛ ਮੁੱਢ ਤੋਂ ਝੂਲ ਰਹੇ ਹਨ। [2]ਚੰਗੀ ਤਰ੍ਹਾਂ ਵੇਸ਼ਟਿਤ ਹਨ।

ਦੀਪਤਿ ਕਦੰਬ ਰਹੇ[1] ਬੇਲ ਕੇ ਅਲੰਬ ਰਹੇ[2], — [1]ਕਦੰਬ ਪ੍ਰਕਾਸ਼ ਰਹੇ ਹਨ। [2]ਬੇਲਾਂ ਜਿਨ੍ਹਾਂ ਦੇ ਆਸਰੇ ਰਹਿੰਦੀਆਂ ਹਨ।

ਮਿਲੇ ਨਿਤ ਅੰਬ ਰਹੇ[1], ਰਸ ਮੈਂ ਰਸਾਲ ਰਹੇ[2]। — [1]ਜਲ ਨਾਲ ਮਿਲੇ ਰਹਿੰਦੇ ਹਨ। [2]ਰਸ ਵਿਚ ਰਸੂ ਹੋਏ ਹਨ (ਅ. ਅੰਬ ਵਾਲੇ ਹਨ।

ਚੰਪਕ ਚਮਕ ਰਹੇ, ਗੰਧ ਮੈਂ ਰਮਕ ਰਹੇ,
ਡਾਰ ਤੇ ਲਮਕ ਰਹੇ, ਛਬਿ ਕੋ ਉਛਾਲ ਰਹੇ।

ਚਾਰੋਂ ਓਰ ਝਾਰ ਰਹੇ[1], ਧਾਰ ਫੂਲ ਮਾਲ ਰਹੇ, — [1]ਲਿਸ਼ਕਾਰਾ ਮਾਰ ਰਹੇ ਹਨ (ਅ) ਝੂਲ ਰਹੇ ਹਨ।

ਦਲ ਚਲਚਾਲ[1] ਰਹੇ, ਤੁੰਗ ਹ੍ਵੈ ਬਿਸਾਲ ਰਹੇ ॥ ੯ ॥ — [1]ਤੇ ਨਾਲ ਪੱਤੇ ਹਿਲ ਰਹੇ ਹਨ)।

ਮਾਨੋ ਕਾਮ ਬਾਗਵਾਨ ਗੁਰੁ ਸਨਮਾਨ ਹੇਤੁ
ਦਲ ਫਲ ਫੂਲ ਤੇ ਬਸੰਤ ਬਗਰਾਯੋ ਹੈ[1]। — [1]ਖਿੜਾਇਆ ਹੈ।

ਸੁੰਦਰ ਬਿਹੰਗ ਰੰਗ ਰੰਗ ਕੇ ਉਤੰਗ ਬੈਠਿ,
ਭੌਰਿ ਸਮ ਭੌਰ ਭੂਰ ਭੋਰ ਤੇ ਭ੍ਰਮਾਯੋ ਹੈ[1]। — [1]ਪਾਣੀ ਦੀ ਘੁੰਮਣ ਘੇਰੀ ਸਮ ਸਵੇਰੇ ਤੋਂ ਹੀ ਬਹੁਤ ਭੌਰੇ ਭ੍ਰਮ ਰਹੇ ਹਨ।

ਕੂਜਤਿ ਅਨੇਕ ਜਨੁ ਪੂਜਤਿ ਸੁ ਵਾਕ ਕਹਿ[1], — [1]ਬੋਲਦੇ ਹਨ ਅਨੇਕ ਮਾਨੋ (ਗੁਰੂ ਜੀ ਦੀ) ਪੂਜਾ ਕਰਦੇ ਹਨ ਸ਼ੁਭ ਵਾਕ ਭਾਵ ਗੀਤ ਗਾ ਗਾ ਕਰਕੇ।

ਧੂਜਤਿ ਹੈਂ ਪੰਖਨਿ[1] ਅਨੰਦ ਉਮਗਾਯੋ ਹੈ। — [1]ਖੰਭਾਂ ਨੂੰ ਹਿਲਾਉਂਦੇ ਹਨ ਤੇ।

ਮੋਰਨ ਕੋ ਸ਼ੋਰ ਜ਼ੋਰ ਕੀਰਨਿ[1] ਭੀ ਭੀਰ ਗਨ, — [1]ਤੋਤਿਆਂ।

ਪੋਤਕ ਕਪੋਤ[1] ਸਾਰਕਾਨ ਤੇ[2] ਸੁਹਾਯੋ ਹੈ ॥ ੧੦ ॥ — [1]ਕਬੂਤਰਾਂ ਦੇ ਬੱਚੇ ਤੇ ਕਬੂਤਰ। [2]ਤੇ ਮੈਨਾ ਨਾਲ।

ਜਾਨੀ ਮਾਲਾਕਾਰ[1] ਗੁਰੁ ਬਾਗ ਕੇ ਮਝਾਰ ਆਯੋ — [1]ਮਾਲੀ ਨੇ ਜਾਣਿਆਂ।

ਹਰਖ ਉਦਾਰ ਤੇ ਪਧਾਰਿ ਮਿਲ੍ਯੋ ਜਾਇ ਕੈ।
ਪਾਵਨ ਅਨੂਪ ਮਹਾਂ ਸੁੰਦਰ ਸਰੂਪਿ ਹੇਰਿ
ਹਾਥ ਜੋਰਿ ਬੰਦਨਾ ਕਰੀ ਹੈ ਸੀਸ ਨਾਇ ਕੈ।

ਬਾਗ ਕੇ ਰਸਾਲ ਫਲ, ਫੂਲਨ ਕੀ ਮਾਲਾ ਕਲ,
ਡਾਲੀ[1] ਕੋ ਬਿਸਾਲ ਹੀ ਬਨਾਇ ਧਰੀ ਲਜਾਇ ਕੈ।

[1]ਫਲ ਫੁੱਲਾਂ ਸਬਜ਼ੀਆਂ ਦੀ ਭੇਟਾ ਨੂੰ ਡਾਲੀ ਕਹਿੰਦੇ ਹਨ।

ਮਹਾਂ ਗੁਨ ਗਾਇ ਕੈ ਬਿਲੋਕੈ ਨੈਨ ਲਾਇ ਕੈ,
ਰਹਜੋ ਬਿਸੰਮ ਪਾਇ ਕੈ ਸੁ ਮਨ ਬਿਰਮਾਇ ਕੈ ॥੧੧॥
ਮਾਤੁਲ ਕ੍ਰਿਪਾਲ ਨੇ ਦਰਬ ਦੀਨਿ ਮਾਲੀ ਕਰ[1],

[1]ਮਾਲੀ ਦੇ ਹੱਥ।

ਮਾਲਾ ਕੇ ਉਚਾਇ ਗੁਰੂ ਗਰੇ ਪਹਿਰਾਈ ਹੈ।
ਬਾਲਕ ਬੁਲਾਏ ਫਲ ਸਗਰੇ ਲੁਟਾਏ ਤਿਨੈ,
ਲੂਟਤਿ ਬਿਲਕੋਤਿ ਪ੍ਰਸੰਨਤਾ ਬਧਾਈ ਹੈ।
ਬਿਕਸੈਂ ਬਦਨ ਬਰ ਸੁਖਮਾ ਸਦਨ ਹੂੰ ਤੇ[1]

[1]ਸ਼ੋਭਾ ਦੇ ਘਰ ਮੁਖੜੇ ਤੇ।

ਸੁੰਦਰ ਰਦਨ ਕੁੰਦ ਬਿਸਦਤਾ ਪਾਈ ਹੈ[1]।

[1]ਮਰਤਬਾਨ ਦੇ ਫੁੱਲਾਂ ਨੇ ਉੱਜਲਤਾ ਪਾਈ ਹੈ (ਆਪ ਦੇ) ਸੁਹਣੇ ਦੰਦਾਂ ਤੋਂ।

ਚਾਰੋਂ ਓਰ ਚਾਰੁ ਬਾਗ ਚਾਤੁਰੀ ਸੌਭਾਗ ਜੁਤਿ
ਹੇਰਜੋ ਅਨੁਰਾਗ ਕਰਿ ਮਹਾਂ ਛਬਿਛਾਈ ਹੈ ॥੧੨॥
ਔਰ ਨਾਨਾ ਭਾਂਤਿ ਸਾਥ ਕ੍ਰੀੜਾ ਕੀਨ ਪ੍ਰਭੂ ਨਾਥ
ਬਾਲਿਕ ਪਲਾਵਤੇ ਪਲਾਇ ਚਲੈਂ ਪਾਇ ਤੇ[1]।

[1]ਚਰਨਾਂ ਨਾਲ।

ਖੇਲੈਂ ਹੁਲਸਾਇ ਕਹੂੰ, ਬੈਠੇ ਜਲ ਥਾਇੰ ਕਹੂੰ,
ਚਲਤਿ ਫੁਹਾਰੇ ਕਹੂੰ ਸੋਹੈਂ ਸਮੁਦਾਇ ਤੇ।
ਪਾਨ[1] ਪਗ ਪੰਕਜ ਤੇ ਪਾਨੀ ਰੋਕ ਰਾਖੈਂ ਕਹੂੰ,

[1]ਹੱਥ।

ਕੇਤਿਕ ਤਰੋਵਰੁ ਅਰੂਢੈਂ ਉਤਲਾਇਤੇ।
ਸੋਹੈ ਬਨ ਨੰਦਨ ਮਨਿੰਦ, ਸੁਰ ਬ੍ਰਿੰਦ ਸਿਸ,

ਇੰਦ੍ਰ ਬਾਲ ਬੈਸ ਬਿਖੈ ਬਿਚਰੈਂ ਸੁਭਾਇ ਤੇ[1] ॥੧੩॥

[1]ਬਨ ਇੰਦ੍ਰ ਦੇ ਬਾਗ ਵਾਂਙ ਸੋਂਹਦਾ ਹੈ ਤੇ ਸਾਰੇ ਬਾਲਕੇ ਦੇਵਤਿਆਂ (ਤੁੱਲ) ਹਨ (ਤੇ ਗੁਰੂ ਜੀ ਮਾਨੋਂ) ਇੰਦਰ ਬਾਲ ਅਵਸਥਾ ਵਿਚ ਸੁਭਾਵਕ ਵਿਚਰ ਰਿਹਾ ਹੈ।

ਬੀਤ੍ਯੋ ਜਬੈ ਏਕ ਜਾਮ, ਕ੍ਰੀੜ ਤੇ ਅਰਾਮ ਬਿਖੈ[1],
ਪਠ੍ਯੋ ਦਾਸ ਮਾਤ ਨੇ ਸੁ ਆਯੋ ਉਤਲਾਇ ਕੈ।
ਹਾਥ ਜੋਰਿ ਕਹ੍ਯੋ 'ਹੇਰੈ ਜਨਨੀ ਤੁਮਾਰੀ ਦਿਸ਼ਿ
ਧੀਰ ਨ ਧਰਤਿ ਰਾਖੈ ਦ੍ਵਾਰੇ ਨੈਨ ਲਾਇ ਕੈ।
ਬਾਗ਼ ਦੇਖਿ ਲੀਨਿ ਅਰੁ ਖੇਲਿਬੋ ਬਿਸ਼ੇਖ਼ ਕੀਨਿ
ਗਮਨੋ ਨਿਕੇਤ ਅਬਿ ਹਰਖ ਉਪਾਇ ਕੈ।'
ਸੁਨਿ ਕੈ ਕ੍ਰਿਪਾਲ ਨੈ ਭਨ੍ਯੋਂ 'ਸੁ ਚਿਰਕਾਲ ਭਯੋ,
ਚਲੋ ਬਾਲ ਬੋਲ ਲੇਹੁ[1] ਦੇਖੈਂ ਪੁਨ ਆਇ ਕੈ' ॥੧੪॥

[1]ਖੇਲਦਿਆਂ ਬਾਗ ਵਿਚ [ਸੰਸ: ਆਰਾਮ = ਬਾਗ]

[1]ਸੱਦ ਲਓ।

ਬਾਲਿਕ ਹਕਾਰੇ ਆਇ ਮਿਲੇ ਗੁਰ ਤੀਰ ਸਾਰੇ,
ਸੰਗ ਪਰਵਾਰੇ ਸੁ ਪਧਾਰੇ ਘਰ ਓਰ ਕੋ।
ਭੂਖਨ ਰੁਚਿਰ ਰੰਗ ਰੰਗ ਕੇ ਪਹਿਰਿ ਪਟ,
ਕੋਊ ਚਲੇ ਮੰਦ, ਕੋ ਦਿਖਾਵਤਿ ਹੈਂ ਦੌਰ ਕੋ।
ਕੋਊ ਫੂਲ ਸੀਸ ਧਰਿ, ਪਾਤਨ ਬਜਾਵੈਂ ਕਰ[1],
ਬੋਲਤਿ ਪਰਸਪਰ ਜਾਤਿ ਕਰਿ ਸ਼ੋਰ ਕੋ।
ਬਡੇ ਭਾਗ ਵਾਰੇ, ਗੁਰੂ ਪਗ ਅਨੁਰਾਗ ਵਾਰੇ,
ਹੇਰਿ ਹੇਰਿ ਵਾਰੇ ਮਨ ਚਾਰੁ ਕਾਮ ਕੋਰਕੋ[1] ॥੧੫॥

[1]ਹੱਥਾਂ ਨਾਲ ਪੱਤੇ ਵਜਾਉਂਦੇ ਹਨ।

[1]ਵੇਖ ਵੇਖ ਕੇ ਮਨ ਵਿਚ ਕ੍ਰੋੜ ਕਾਮ ਦੀ ਸੁੰਦਰਤਾ ਨੂੰ ਵਾਰਦੇ ਹਨ। (ਅ) ਵਾਰਦੇ ਹਨ ਮਨ ਕਾਮ ਤੋਂ ਕ੍ਰੋੜ ਗੁਣਾਂ ਸੁੰਦਰ ਦੇ ਉਤੋਂ।

ਸ੍ਵੈਯਾ:
ਬੀਥਕਾ ਆਵਤਿ ਦੇਖਤਿ ਮਾਨਵ,
ਸੀਸ ਨਿਵਾਇ ਨਿਹੋਰਤਿ ਹੈਂ।

ਸੁੰਦਰਤਾ ਜਨੁ ਪਾਨ ਕਰੇ
ਅਨਮੇਖ ਬਿਲੋਚਨ[1] ਜੋਰਤਿ ਹੈਂ। [1]ਇਕ ਟਕ ਅੱਖਾਂ ਜੋੜਦੇ ਹਨ। [ਸੰਸ: ਅਨਿਮਿਖ]
ਡੀਠ ਪਰੈ ਜਹਿਂ ਲੌ ਗੁਰੁ ਰੂਪ,
ਨਹੀਂ ਤਬਿ ਲੌ ਮੁਖ ਮੋਰਤਿ ਹੈਂ।
ਪੂਰਨਮਾ ਜਨੁ ਚੰਦ ਅਮੰਦ
ਚਕੋਰ ਮਨਿੰਦ ਸੁ ਲੋਰਤਿ ਹੈਂ ॥੧੬॥
ਧਾਮ ਗਏ ਅਭਿਰਾਮ ਗੁਰੂ
ਸੁਤ ਦੇਖਨਿ ਕੋ ਉਤਕੰਠਤਿ[1] ਮਾਈ। [1]ਤਾਂਘ ਰਹੀ ਸੀ।
ਧੇਨੁ ਮਹਾਂ ਲਘੁ ਜਯੋਂ ਬਛ ਕੋ[1] [1]ਜਿਵੇਂ ਛੋਟੇ ਵੱਛੇ ਨੂੰ।
ਬਿਛੁਰੇ ਨ ਥਿਰੇ ਅਤਿ ਹ੍ਵੈ ਅਕੁਲਾਈ।
ਦ੍ਵਾਰ ਬਿਲੋਚਨ ਸੰਮੁਖ ਤੇ
ਮੁਖ ਨੰਦਨ ਦੇਖਤਿ ਹੀ ਹਰਖਾਈ[1]। [1]ਦਰਵਾਜ਼ੇ ਦੇ ਸਾਹਮਣੇ ਨੇਤ੍ਰਾਂ ਨਾਲ ਪੁੱਤ੍ਰ ਦਾ ਮੂੰਹ ਵੇਖਕੇ ਪ੍ਰਸੰਨ ਹੋਈ।
ਧੀਰ ਤੇ ਬੈਠਯੋ ਗਯੋ ਨ ਤਹਾਂ,
ਉਠਿ ਸ਼ੀਘ੍ਰ ਉਛੰਗ ਮੈਂ[1] ਲੇਨਿ ਕੋ ਆਈ ॥੧੭॥ [1]ਗੋਦੀ ਵਿਚ।
ਗੋਦ ਲਿਯੋ ਉਰ ਮੋਦ ਭਰਯੋ
ਚਹੁੰਕੋਦ ਬਿਨੋਦਤਿ ਬਾਲ ਮਹਾਂ[1]। [1]ਬਾਲ ਅਤੀ ਪ੍ਰਸੰਨ ਹਨ।
'ਮਾਤਾ ਜੀ! ਮਾਥ ਟਿਕੇ ਪਗ ਪੈ'
ਇਕ ਬਾਰ ਹੀ ਬਾਕ ਸਮੂਹ ਕਹਾ।
ਆਸ਼ਿਖ ਦੇ ਸੁਖ ਸਾਥ ਭਰੀ,
ਸੁਖਮਾ ਗਲ ਫੂਲਾ ਸੁ ਮਾਲ ਰਹਾ[1]। [1]ਗਲੇ ਵਿਚ ਫੁਲਾਂ ਦੀ ਮਾਲਾ ਸ਼ੋਭ ਰਹੀ ਹੈ।
ਸੂੰਘਤਿ ਭਾਲ ਬਿਸਾਲ ਮਨੋਹਰ
ਜੋਗੀ ਜਿਸੈ ਬਿਚ ਧਯਾਨ ਲਹਾ ॥੧੮॥
ਸ਼੍ਰੀ ਗੁਰ ਨਾਨਕ ਕੋ ਧਰਿ ਧਯਾਨ
ਦੁਉ ਕਰ ਜੋਰਿ ਕੈ ਬੰਦਨ ਗਾਈ।
ਭ੍ਰਾਤ ਕ੍ਰਿਪਾਲ ਸੋਂ ਬਾਤ ਕਹੀ
'ਕਰਿਵਾਉ ਤਿਹਾਵਲ ਕੋ ਸਮੁਦਾਈ।'
ਤਾਤ ਸੁ ਪੂਛਨਿ ਬਾਤ ਲਗੀ
'ਕਸ ਬਾਗ਼ ਪਿਖਯੋ, ਕਿਮ ਖੇਲ ਮਚਾਈ?'
ਸੁੰਦਰਤਾ ਤਰੁ ਬ੍ਰਿੰਦ ਫੁਹਾਰਨਿ

ਸ਼੍ਰੀ ਗੁਰੁ ਗੋਬਿੰਦ ਸਿੰਘ ਸੁਨਾਈ ॥੧੯॥
ਭੂਖਨ ਚੀਰ ਮਹਾਂ ਧਨ ਕੋ
ਨਿਜ ਨੰਦ ਨਿਛਾਵਰ[1] ਕੋ ਕਰਿ ਮਾਈ। [1]ਵਾਰ ਕਰਕੇ।
ਦੇਤਿ ਗਰੀਬਨਿ ਕੋ ਬੁਲਿਵਾਇ
ਅਸੀਸ ਕੋ ਪਾਇ ਰਿਦੇ ਹਰਖਾਈ।
ਆਪਨੇ ਭਾਗ ਸਰਾਹਤਿ ਉੱਤਮ,
-ਦੀਨ ਦੁਨੀ ਮਹਿਂ ਹੌਂ ਅਧਿਕਾਈ-।
ਕੀਨਿ ਬਡੋ ਉਤਸਾਹ ਭਲੇ,
ਨਰ ਆਇ ਮਿਲੇ ਗੁਰ ਕੋ ਸਮੁਦਾਈ
॥੨੦॥
ਮੇਵੜੇ ਭੇਜਿ ਸਭੈ ਸਿਖ ਕੇ ਘਰ
ਲੀਨੇ ਹਕਾਰ ਸੁਨੇ ਚਲਿ ਆਏ।
ਚਾਰ ਘਟੀ ਦਿਨ ਸ਼ੇਖ ਰਹਯੋ
ਸਭਿ ਸੰਗਤਿ ਮੇਲ ਭਯੋ ਸਮੁਦਾਏ।
ਭੇਟ ਜਥਾ ਸ਼ਕਤੀ ਸਭਿ ਲੇ ਕਰਿ
ਬਾਲਿਕ ਬ੍ਰਿੱਧ ਮਿਲੇ ਹਰਖਾਏ।
ਹੋਨਿ ਬਿਲੋਚਨ ਕੋ ਸੁਫਲੇ ਕਰਿ[1] [1]ਨੇਤ੍ਰਾਂ ਦਾ ਹੋਣਾ ਸੁਫਲ ਕਰਦੇ ਹਨ।
ਯੌਂ ਦਰਸੈਂ ਨਿਧਿ ਰੂਪ ਕੋ ਪਾਏ[1] ॥੨੧॥ [1]ਇਸ ਤਰ੍ਹਾਂ ਰੂਪ ਦੇਖਦੇ ਹਨ (ਜਾਣੋ) ਨਿਧ ਪਾਈ ਹੈ।
ਸ਼੍ਰੀ ਗੁਰ ਤੇਜ ਅਮੇਜ[1] ਹੁਏ [1]ਤੇਜ ਨਾਲ ਮਿਲੇ ਭਾਵ ਤੇਜੱਸ੍ਵੀ ਹੋਕੇ। (ਅ) ਅਮੇਉ, ਅਮਾਪ।
ਪਰਯੰਕ ਕੀ ਪੀਠ ਬਿਰਾਜਤਿ ਹੈਂ।
ਸੂਰਜ ਬਾਲ[1] ਉਦੈ ਗਿਰ ਪੈ, [1]ਚੜ੍ਹਦਾ ਸੂਰਜ।
ਤਮ ਮੋਹ[1] ਪਿਖੈ ਜਿਸ ਭਾਜਤਿ ਹੈ। [1]ਮੋਹ ਰੂਪੀ ਅੰਧੇਰਾ।
ਦਾਸਨ ਅੰਬਕ ਅੰਬੁਜ ਕਾਨਨ
ਮੋਦ ਤਿਨੈ ਉਪਰਾਜਤਿ ਹੈਂ[1]। [1]ਦਾਸਾਂ ਦੇ ਨੇਤ੍ਰਾਂ ਰੂਪੀ ਕਵਲਾਂ ਦੇ ਬਨ ਨੂੰ ਆਨੰਦ ਉਪਜਾਂਵਦੇ ਹਨ।
ਬਾਦ[†] ਕਰੈਂ ਗਨ ਚੋਰ ਨਿਸ਼ਾਚਰ, [†]ਪਾ:-ਬਾਲ।
ਦੇਖਿ ਦੁਰੈਂ, ਬਹੁ ਲਾਜਤਿ ਹੈਂ[1†] ॥੨੨॥ [1]ਚੋਰਾਂ ਤੇ ਉਲੂਆਂ ਦੀ (ਆਸ਼ਾ) ਨਿਸ਼ਫਲ ਕਰਦੇ ਹਨ ਜੋ ਦੇਖਕੇ ਸ਼ਰਮਦੇ ਤੇ ਲੁਕਦੇ ਹਨ। [†]ਪਾ:-ਬਾਦ ਕਰੈ ਗਨ ਚੋਰਨ ਮਾਚਖ ਦੇਖਿ ਦੁਰੈ ਬਹੁ ਸਾਜਤਿ ਹੈਂ।
ਹੋਤਿ ਅਨੇਕਨਿ ਕੀ ਅਰਦਾਸ
ਉਪਾਇਨ ਸੁੰਦਰ ਆਨਤਿ ਹੈਂ।
ਹਾਥਨਿ ਜੋਰਿ ਨਿਹੋਰਤਿ ਸੇਵਕ,

ਬੰਦਨਿ ਸੀਸ ਤੇ ਠਾਨਤਿ ਹੈਂ।
ਭੀਰ ਭਰੀ ਬਹੁ ਸਿੱਖਜਨਿ ਕੀ
ਸ਼ਰਧਾ ਉਰ ਧਾਰਿ ਸੁ ਮਾਨਤਿ ਹੈਂ।
ਬੈਠਿ ਗਏ ਪਰਵਾਰ ਕਰੇ,
ਕੋਊ ਠਾਵੇ ਪਿਖੈਂ, ਅਘ ਹਾਨਤਿ ਹੈਂ
॥੨੩॥
ਰਾਸ[1] ਤਿਹਾਵਲ ਆਇ ਗਯੋ — [1]ਬਹੁਤਾ।
ਧਰਿਵਾਇ ਭਲੇ ਅਰਦਾਸ ਕਰਾਈ।
ਸ਼੍ਰੀ ਗੁਰੁ ਨਾਨਕ ਆਦਿ ਜਿਤੇ
ਸਭਿਹੁਂਨਿ ਕੇ ਨਾਮ ਲੈ ਧਯਾਨ ਧਰਾਈ।
ਦੇਤਿ ਪ੍ਰਸ਼ਾਦ ਕਰਯੋ ਅਹਿਲਾਦ
ਮ੍ਰਿਯਾਦ ਸਮੇਤ ਸਦਾ ਜਿਮ ਭਾਈ।
ਜੋ ਮਨ ਭਾਵਤਿ ਸੋ ਤਬਿ ਪਾਵਤਿ
ਆਵਤਿ ਜਾਤਿ ਮਿਲੇ ਸਮੁਦਾਈ ॥੨੪॥
ਸੰਗਤਿ ਮੈਂ ਬਰਤਾਵਨਿ ਕੀਨਿ
ਸਭੈ ਸਿਖ ਲੇਤਿ ਅਨੰਦ ਭਏ ਹੈਂ।
ਆਨਨ ਪਾਵਨ ਕੋ ਕਰਿ ਪਾਵਨ[1] — [1]ਮੁਖ ਵਿੱਚ ਪਾ ਕੇ ਮੁਖ ਪਵਿੱਤ੍ਰ ਕੀਤਾ। (ਅ) ਪਵਿੱਤ੍ਰ (ਪ੍ਰਸ਼ਾਦ) ਮੂੰਹ ਵਿਚ ਪਾਉਂਦੇ ਹਨ ਅਤੇ.........।
ਸ਼੍ਰੀ ਗੁਰੁ ਪਾਵਨ ਧਯਾਨ ਲਏ ਹੈਂ।
ਸ਼੍ਰੀ ਗੁਜਰੀ ਤਬਿ ਦ੍ਵੈ ਕਰਿ ਜੋਰਿ,
ਅਰਾਧਿ ਮਨੋਰਥ ਐਸਿ ਠਏ ਹੈਂ।
-ਮੋ ਸੁਤ ਕੇ ਸਭਿ ਰੱਛਕ ਹੋਵਹੁ
ਆਨੰਦ ਦੇਹੁ ਬਿਲੰਦ ਨਏ ਹੈਂ ॥੨੫॥
ਸ਼੍ਰੀ ਗੁਜਰੀ ਅਰੁ ਸ਼੍ਰੀ ਗੁਰੁ ਕੋ
ਅਭਿਬੰਦਨ ਕੈ ਨਿਜ ਧਾਮ ਗਏ[1]। — [1]ਸਾਰੇ ਸਿੱਖ) ਗਏ।
ਜਾਤਿ ਪ੍ਰਸ਼ੰਸ਼ਤਿ ਸੁੰਦਰ ਸੂਰਤਿ
ਮੂਰਤਿ ਮਾਨਹੁ ਅਨੰਦ ਕਿਏ।
ਸੀਤ ਪ੍ਰਸ਼ਾਦ ਪ੍ਰਸ਼ਾਦ ਧਰੇ ਘਰ
ਆਪਨਿ ਮੈਂ ਸਭਿਹੁਂਨ ਦਏ[1]। — [1]ਆਪਣੇ ਘਰ (ਦਿਆਂ) ਸਭਨਾਂ ਨੂੰ ਕ੍ਰਿਪਾ ਨਾਲ ਮਿਲਿਆ ਪ੍ਰਸ਼ਾਦ ਥੋੜਾ ਥੋੜਾ ਵਰਤਾ ਦਿੱਤਾ। [ਸੀਤ ਪ੍ਰਸ਼ਾਦ ਦੇਖੋ ਰਾਸ ੧ ਅੰਸੂ ੧੦ ਅੰਕ ੧੩]
ਕੀਰਤ ਕੋ ਬਿਸਤੀਰਤਿ ਹੈਂ
ਇਹ ਰੂਪ ਅਨੂਪ ਮਨੋਗ[1] ਥਿਏ ॥੨੬॥ — [1]ਸੁੰਦਰ।

ਦੋਹਰਾ:

ਪ੍ਰਥਮ ਦਿਵਸ ਉਪਬਨ ਗਏ, ਜਨਨੀ ਮੋਦ ਮਹਾਂਨ।
ਕਰਜੋ ਅਧਿਕ ਉਤਸਾਹੁ ਕੋ, ਧਰਿ ਸਤਿਗੁਰੁ ਕੋ ਧਜਾਨ ॥੨੭॥
ਪਰੀ ਨਿਸਾ ਕਰਿ ਅਸਨ ਕੋ, ਪੌਢਿ ਗਏ ਸੁਖ ਮਾਂਹਿ।
ਭੋਰ ਭਈ ਜਾਗੇ ਪ੍ਰਭੂ, ਨਰ ਨਾਹਨਿ ਕੇ ਨਾਹ[1] ॥੨੮॥

[1]ਰਾਜਿਆਂ ਦੇ ਸੁਆਮੀ। ਪਾਤਸ਼ਾਹਾਂ ਦੇ ਪਾਤਸ਼ਾਹ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲ ਲੀਲ੍ਹਾ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥੧੮॥

## ੧੯. [ਬਾਲ ਲੀਲ੍ਹਾ। ਬੇੜੀ ਦੀ ਸੈਲ। ਇਕ ਬ੍ਰਿਧਾ ਨੂੰ ਖਿਝਾਉਣਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ,
ਖਿਲਤਿ ਵਹਿਰ ਨਿਕਸੰਤਿ।
ਬਾਲਿਕ ਬ੍ਰਿੰਦਨਿ ਕੇ ਸਹਤਿ,
ਧਾਵਤਿ ਗਹਿ ਬਿਕਸੰਤਿ[1] ॥੧॥

ਸ੍ਵੈਯਾ:

ਇਕ ਦਯੋਸ ਲਿਏ ਸੰਗ ਬਾਲਿਕ ਬ੍ਰਿੰਦਨ
ਮਾਤ ਕੀ ਆਇਸੁ ਤੇ ਹਰਖਾਏ।
'ਮਿਲ ਮਾਤੁਲ ਸੰਗ ਸੁ ਗੰਗ ਨਦੀ ਤਟ
ਆਜ ਚਲੈ ਜਲ ਕੋ ਦਰਸਾਏਂ।
ਨਿਕਸੇ ਨਿਜ ਧਾਮ ਗੁਰੂ ਅਭਿਰਾਮ
ਸੁ ਕਾਮਨਾ ਜਾਚਕ ਕੀ ਪੁਰਵਾਏ[1]।'
ਮੁਖ ਸੁੰਦਰ ਤੇ ਬਚ ਬੋਲਤਿ ਹੈਂ
ਜਨੁ ਫੂਲ ਝਰੈਂ ਹੁਲਸੈਂ ਸਮੁਦਾਏ ॥੨॥
ਬੀਥਕਾ ਮੈਂ ਬਹੁ ਬਾਲਿਕ ਭਾਵ ਤੇ
ਕ੍ਰੀੜਤ[1] ਜਾਤਿ ਸੁਹਾਵਤਿ ਹੈਂ।
ਦੇਖਤਿ ਸੇਵਕ ਕੈ ਨਰ ਆਨਿ
ਪ੍ਰਭਾਵ ਤੇ[1] ਸੀਸ ਨਿਵਾਵਤਿ ਹੈਂ।
ਆਪਸ ਮੈਂ ਮਿਲਿ ਕੈ ਪੁਰਿ ਕੇ
ਨਰ ਕੀਰਤਿ ਬ੍ਰਿੰਦ ਸੁਨਾਵਤਿ ਹੈਂ।
'ਦੀਸਤਿ ਹੈਂ ਲਘੁ ਰੂਪ ਗੁਰੂ
ਤਉ ਤੇਜ ਬਿਸਾਲ ਦਿਪਾਵਤਿ ਹੈਂ' ॥੩॥

ਸ੍ਵੈਯਾ:

ਸ਼੍ਰੀ ਗੁਰੁ ਤੇਗ ਬਹਾਦਰ ਨੰਦਨ
ਬੰਦਨ ਜੋਗ ਨਿਕੰਦਨ ਪੀਰਾ।
ਬਾਕ ਫੁਰੈ ਕਹਿੰ ਜਾਂਹਿ ਸੁਭਾਇਕ
ਰੰਕ ਤੇ ਰਾਵ ਕਰੈਂ ਗਜ ਕੀਰਾ[1]।
ਭੂਖਨ ਸੁੰਦਰ ਸੂਰਤਿ ਹੈ
ਜਨੁ ਮੂਰਤ ਹੈ ਰਸ ਬੀਰ ਸਧੀਰਾ[1]।
ਜਾਤਿ ਚਲੇ ਤਬਿ ਆਇ ਗਯੋ

[1]ਦੌੜਦੇ ਹਨ ਤੇ ਫੜਕੇ ਬਾਲਾਂ ਨੂੰ ਪ੍ਰਸੰਨ ਹੁੰਦੇ ਹਨ।

[1]ਮੰਗਣ ਵਾਲਿਆਂ ਦੀਆਂ ਕਾਮਨਾਂ ਪੂਰਦੇ ਹਨ।

[1]ਖੇਲਦੇ।

[1]ਪ੍ਰਤਾਪ (ਦੇਖਕੇ)।

[1]ਕੀੜੇ ਤੋਂ ਹਾਥੀ (ਅ. ਹਾਥੀ ਤੋਂ ਕੀੜਾ।

[1]ਵੀਰ ਰਸ ਸਹਿਤ ਧੀਰਜ ਦੀ ਮੂਰਤ ਹੈ।

ਸਲਿਤਾ ਗਨ ਤੇ ਜੁਤਿ ਗੰਗ ਕੋ ਤੀਰਾ[1] ॥ ੪ ॥

[1]ਬਹੁਤੀਆਂ ਨਦੀਆਂ ਸਮੇਤ (ਵਗ ਰਹੀ) ਗੰਗਾ ਦਾ ਕਿਨਾਰਾ।

ਸਲਿਤਾ ਗਨ ਕੋ ਦਰਿਆਉ ਮਹਾਂ
ਗੁਰ ਆਗਮ ਕੋ ਲਖਿ ਹੋਤਿ ਉਛਾਲਾ।
ਤਰਨੀ ਪਰ ਜਾਇ ਬਿਰਾਜ ਗਏ
ਇਤ ਤੇ ਉਤ ਹੇਰਤਿ ਸਾਥ ਕ੍ਰਿਪਾਲਾ[1]।

[1]ਮਾਮਾ ਕ੍ਰਿਪਾਲ ਜੀ।

ਜਲ ਚਾਹਤਿ ਹੈ ਛੁਹਿਬੇ ਪਗ ਪੰਕਜ,
ਪੈ ਅਸਮੰਜਸ ਊਚ ਬਿਸਾਲਾ[1]।

[1]ਕਠਨ ਹੈ ਕਿਉਂਕਿ ਚਰਨ ਉੱਚੇ ਹਨ।

[1]ਉਛਰੰਤਿ ਕਛੂ ਨ ਪਰੰਤੁ ਲਗੇ
ਸਭਿ ਪਾਪਨਿ ਹੰਤ ਮਹੰਤ ਉਜਾਲਾ[੬] ॥ ੫ ॥

[1]ਪਾਣੀ ਕੁਛ ਉਛਲਦਾ ਹੈ ਪਰ ਫੇਰ ਭੀ ਨਹੀਂ ਲਗਦਾ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਪੂਜਨੀਕ ਤੇ ਪ੍ਰਕਾਸ਼ ਰੂਪ (ਦੇ ਚਰਨਾਂ ਨੂੰ)।

ਮਾਤੁਲ ਗੋਦ ਮੈਂ ਮੋਦ ਭਰੇ
ਜਲ ਕੋਦ[1] ਬਿਲੋਕ ਕਰੀ ਚਤੁਰਾਈ।

[1]ਤਰਫ।

ਦ੍ਵੈ ਚਰਣਾਂਬੁਜ ਕੋ[1] ਤਬਿ ਹੂੰ

[1]ਦੋਵੇਂ ਚਰਨਾਂ ਕਮਲਾਂ ਨੂੰ।

ਤਰਨੀ ਤਟ[1] ਜੰਘ ਤਰੇ ਲਰਕਾਈ।

[1]ਬੇੜੀ ਦੇ ਕਿਨਾਰੇ (ਹੇਠ)।

ਮੂਰਤ ਧਾਰਿ ਪਖਾਰਤਿ ਹੈ,
ਮੁਦ ਧਾਰਤਿ ਹੈ ਲਹਿ ਕੈ ਜਲਰਾਈ[1]।

[1]ਵਰੁਣ।

-ਪਾਪ ਅਨੇਕਨਿ ਕੇ ਹਰਤਾ
ਇਹ ਮੰਗਲ ਕੇ ਕਰਤਾ ਸਮੁਦਾਈ- ॥ ੬ ॥

ਦੋਹਰਾ:

ਅਪਰ ਨਹੀਂ ਅਵਿਲੋਕਤੇ, ਇਕ ਸ਼੍ਰੀ ਗੁਰ ਦਰਸਾਇੰ।
ਪਦ ਅਰਬਿੰਦ ਪਖਾਰਿ ਕੈ, ਜਲ ਮੈਂ ਗਯੋ ਸਮਾਇ[1] ॥ ੭ ॥

[1]ਭਾਵ ਵਰੁਣ ਸਮਾ ਗਿਆ।

ਸ੍ਵੈਯਾ:

ਦੀਨਿ ਮਲਾਹ ਕੋ ਦਾਨ ਮਹਾਂ,
ਕਹਿ ਬਾਕ ਤਿਸੇ ਤਰਨੀ ਚਲਿਵਾਈ।
ਨੀਰ ਗੰਭੀਰ ਮੈਂ ਜਾਇ ਫਿਰੀ ਤਬਿ,
ਬੇਗ ਕੇ ਸਾਥ ਹੀ ਸ਼ੀਘ੍ਰ ਧਵਾਈ।
ਲੇ ਕਬਿ ਜਾਤਿ ਪਰੇ ਨਵਕਾ,

ਕਬਿ ਲਜਾਵਤਿ ਬੇਗ ਤੇ ਵਾਰ ਲਗਾਈ।
ਫਾਂਦਤਿ ਹੈਂ ਕਬਿ ਫੇਰ ਚਢੈਂ,
ਸਿਸ ਦੌਰਤਿ ਹੈਂ ਕਿਲਕੈਂ ਬਿਗਸਾਈ
॥ ੮ ॥
ਜਲ ਕੇ ਤਟ ਕ੍ਰੀੜਤਿ ਹੈਂ ਮੁਦ ਸੋਂ
ਕਰ ਪੰਕਜ ਕੋ ਨਿਜ ਪੰਕ ਧਸਾਵੈਂ[1]। [1]ਆਪਣੇ ਹੱਥ ਕਵਲ ਨੂੰ ਚਿੱਕੜ ਵਿਚ ਧਸਾ ਦਿੰਦੇ ਹਨ।
ਗਨ ਲੋਕ ਬਿਲੋਕਨਿ ਹੇਤੁ ਖਰੇ
ਕਰ ਜੋਰਤਿ ਦੂਰ ਤੇ ਸੀਸ ਨਿਵਾਵੈਂ।
ਦਰਸੈਂ, ਪਰਸੈਂ, ਹਰਖੈਂ ਉਰ ਮੈਂ
ਬਹੁ ਭਾਵ ਧਰੇ ਗੁਨ ਭਾਖਿ ਸੁਨਾਵੈਂ।
'ਗੁਰੂ ਤੇਗ ਬਹਾਦਰ ਕੇ ਇਹ ਨੰਦਨ,
ਜਾਗਤਿ ਜ਼ਾਹਰੀ ਜੋਤਿ' ਜਨਾਵੈ ॥ ੯ ॥
ਜੁਤਿ ਚੰਚਲਤਾ ਚਿਤਵੰਤਿ ਚਹੂੰ ਦਿਸ਼ਿ
ਮਾਨ ਰਖੈਂ ਕਰਿ ਚਾਤੁਰਤਾਈ।
ਗਨ ਮਾਨਵ ਮੈਂ ਅਸ ਨਾਂਹਿ ਕੋਊ,
ਜਿਸ ਕੀ ਦਿਸ਼ਿ ਕੋ ਨਹਿਂ ਡੀਠ ਲਗਾਈ।
ਬਹੁ ਬਾਲਿਕ ਮੈਂ ਮਿਲਿ[†] ਖੇਲਤਿ ਹੈਂ [†]ਪਾ:-ਤਿਮ।
ਮ੍ਰਿਦੁ ਮੂਰਤਿ ਮਾਧੁਰੀ ਪੈ ਛਬਿ ਛਾਈ[1]। [1]ਸੁੰਦਰ ਮੂਰਤੀ ਤੇ ਛਬਿ ਛਾ ਰਹੀ ਹੈ।
ਕਰਿ ਬੰਦਨ ਕੀਰਤਿ ਗਾਵਤਿ ਜਾਤਿ
ਅਲੌਕਿਕ ਰੀਤਿ ਪੁਨੀਤ ਸੁਹਾਈ
॥ ੧੦ ॥
ਜਾਚਕ ਜਾਚਨਾ ਜੋਇ ਕਰੈ
ਸੁਨਿ ਤਾਹੂੰ ਕ੍ਰਿਪਾਲ ਦਿਵਾਵਤਿ ਹੈਂ।
ਖੇਲਤਿ ਬੀਤ ਗਯੋ ਇਕ ਜਾਮ
ਮਹਾਂ ਅਭਿਰਾਮ ਸੁਹਾਵਤਿ ਹੈਂ।
ਸ਼੍ਰੀ ਗੁਜਰੀ ਤਬਿ ਦਾਸ ਪਠੇ
'ਕਹੁ ਜਾਇ -ਚਲੋ ਸੁ ਬੁਲਾਵਤਿ ਹੈਂ[1]-।' [1]ਜਾਕੇ ਕਹੋ ਕਿ (ਮਾਤਾ ਜੀ) ਸੱਦਦੇ ਹਨ ਚੱਲੋ।
ਹਾਥਨਿ ਜੋਰ ਕਰੀ ਬਿਨਤੀ
'ਪ੍ਰਭੁ ਜੂ! ਜਨਨੀ ਉਤਲਾਵਤਿ ਹੈ'
॥ ੧੧ ॥
ਮਾਤੁਲ ਲਾਲਤਿ ਚਾਲਤਿ ਹੈਂ
ਬਚ ਪਾਲਤਿ ਹੈਂ ਜਿਮ ਭਾਖਿ ਸੁਨਾਵੈਂ[1]। [1]ਜਿਵੇਂ ਕਹਿਕੇ ਸੁਣਾਉਂਦੇ ਹਨ (ਤਿਵੇਂ) ਬਚਨ ਪਾਲਦੇ

ਹਨ।

ਸੇਵਕ ਕੇਰ ਸਿਕੰਧ ਅਰੂਢਿ
ਪਿਖੈਂ ਪੁਰਿ ਬੀਥਕਾ ਤੇ ਹੁਲਸਾਵੈਂ।
ਤਾਂਹਿ ਪਲਾਇ ਫੰਧਾਵਤਿ ਹੈਂ
ਉਛਲੰਤਿ ਉਤੰਗ ਤੁਰੰਗ ਜਸੋਂ ਜਾਵੈ।
ਧਾਮ ਬਰੇ ਸੁਖਧਾਮ ਪ੍ਰਭੂ
ਜਿਸ ਨਾਮ ਜਪੇ ਜਨ ਮੋਖ ਕੋ ਪਾਵੈਂ
॥ ੧੨ ॥
ਸ਼੍ਰੀ ਗੁਜਰੀ ਉਠਿ ਗੋਦ ਲਿਏ,
ਮਨ ਮੋਦ ਕਿਯੇ ਸੁਤ ਲਾਲਤਿ ਹੈ।
ਸੂੰਘਤਿ ਮਾਥ ਪਲੋਸਤਿ ਹਾਥ,
ਸਨੇਹ ਕੇ ਸਾਥ ਨਿਹਾਲਤਿ ਹੈ।
'ਭਾ ਚਿਰਕਾਲ ਲਿਏ ਗਨ ਬਾਲ
ਨਦੀ ਜਹਿਂ ਜਾਲ ਹੀ ਚਾਲਤਿ ਹੈ[1]। — [1]ਭਾਵ ਮਿਲਕੇ ਤੇ ਭਰ ਕੇ ਚੱਲ ਰਹੀ ਹੈ।
ਨੀਕ ਨ ਸੋ[1], ਰਮਨੀਕ ਰਹੋ — [1]ਇਹ ਚੰਗਾ ਨਹੀਂ।
ਘਰ ਖੇਲਹੁ[1]', ਸੀਖ ਸਿਖਾਲਤਿ ਹੈ — [1]ਘਰ ਰਹਿਣਾ ਤੇ ਖੇਲਣਾ ਚੰਗਾ ਹੈ।
॥ ੧੩ ॥
ਮਾਤ ਸੋਂ ਬਾਤ ਕਹੈਂ ਜੁਤਿ ਚਾਉ
'ਅਰੂਢਿ ਭਏ ਨਵਕਾ ਪਰ ਜਾਈ।
ਕੇਵਟ ਨੀਰ ਗੰਭੀਰ ਬਿਖੈ
ਪਹੁੰਚਾਇ ਮਹਾਂ ਬਲ ਧਾਰਿ ਧਵਾਈ[1]। — [1]ਬੜੇ ਜ਼ੋਰ ਨਾਲ ਦੌੜਾਈ।
ਦੂਰ ਗਯੋ ਪੁਨ ਲਜਾਵਤਿ ਭਾ
ਬਡ ਬੇਗ ਧਰੇ ਇਹ ਭਾਂਤਿ ਭ੍ਰਮਾਈ।
ਮੰਦਿਰ, ਤੀਰ ਮਹੀਰੁਹ, ਥੀਰੁ,
ਖਰੀ ਨਰ ਭੀਰ ਮਨੋ ਸੁ ਫਿਰਾਈ[1]' — [1]ਕਿਨਾਰੇ ਦੇ ਮੰਦਰ, ਉੱਗੇ ਖੜੇ ਬ੍ਰਿੱਛ, ਪੁਰਸ਼ਾਂ ਦੀ ਖੜੋਤੀ ਭੀੜ ਮਾਨੋ ਫਿਰਦੇ ਦਿੱਸਦੇ ਹਨ।
॥ ੧੪ ॥
ਮ੍ਰਿਦੁ ਬੋਲਤਿ, ਡੋਲਤਿ ਕੁੰਡਲ ਸ਼੍ਰੋਨ,
ਕਪੋਲਨ ਝਾਲ ਪਰੈ ਇਸ ਭਾਂਤੀ[1]। — [1]ਕੰਨਾਂ ਵਿਚ ਪਾਏ ਡੋਲ ਰਹੇ ਕੁੰਡਲਾਂ ਦਾ ਪ੍ਰਕਾਸ਼ ਗਲ੍ਹਾਂ ਉਪਰ ਇਸ ਤਰ੍ਹਾਂ ਪੈਂਦਾ ਹੈ।
ਜਨੁ ਪੂਰਨ ਸ਼ਾਰਦ[1] ਚੰਦ ਬਿਖੈ — [1]ਮਾਨੋਂ ਸਰਦ ਰੁਤ ਦੇ ਪੂਰਨ।
ਬਰ ਮੀਨ ਫਿਰੈ ਸੁਖਮਾ ਬਿਗਸਾਤੀ[1]। — [1]ਸ਼ੋਭਾ ਨੂੰ ਪ੍ਰਕਾਸ਼ ਰਹੀ ਹੈ।
ਬਿਗਸੈ ਸੁਨਿ ਬਾਤਿ ਰਿਦੈ ਹਰਖਾਤਿ

ਬਿਲੋਕਤਿ ਮਾਤ ਮਹਾਂ ਉਮਗਾਤੀ।
ਜਨੁ ਸਾਧਨ ਸਾਧਤਿ ਕੋ ਦੁਖਦੇ
ਤਿਹ ਸਿੱਧ ਮਿਲੀ ਹੁਇ ਸੀਤਲ ਛਾਤੀ[1] ॥੧੫॥

[1]ਦੁਖਦਾਈ ਸਾਧਨਾਂ ਨੂੰ ਸਾਧਦਿਆਂ ਜਿਵੇਂ ਕਿਸੇ ਨੂੰ ਸਿੱਧੀ ਮਿਲੇ ਤਾਂ ਛਾਤੀ ਠਰ ਜਾਂਦੀ ਹੈ।

ਰੈਨ ਪਰੀ ਕਰਿ ਭੋਜਨ ਐਨ[1],
ਪਿਯੋ ਪਯ[1], ਸੈਨ ਕਰੀ ਸੁਖ ਪਾਏ।
ਭੋਰ ਭਈ ਤਜਿ ਨੀਂਦ ਉਠੇ,
ਕਰਿ ਸੌਚ ਸ਼ਨਾਨ ਪ੍ਰਯੰਕ ਸੁਹਾਏ।
ਸੁੰਦਰ ਚੀਰ ਬਿਭੂਖਨ ਕੰਚਨ
ਮੋਲ ਵਡੇ ਜਨਨੀ ਪਹਿਰਾਏ।
ਸ਼ਾਹੁ ਧਨੀਨ ਕੇ ਆਇ ਸਪੂਤ
ਨਮੋ ਕਰਿ ਹੋਹਿਂ ਮਿਲੈਂ ਸਮੁਦਾਏ ॥੧੬॥

[1]ਘਰ ਵਿਚ।

[1]ਦੁੱਧ ਪੀਤਾ।

ਭਾਂਤਿ ਅਨੇਕਨਿ ਖੇਲਨਿ ਖੇਲਤਿ
ਬੋਲਤਿ ਡੋਲਤਿ ਮੰਦਿਰ ਮਾਂਹੀ।
ਏਕ ਬ੍ਰਿਧਾ ਘਰ ਪਾਸ ਪਰੋਸਨ
ਜਾਇ ਖਿਝਾਵਤਿ ਹੈਂ ਘਰ ਤਾਂਹੀ।
ਆਂਖ ਬਚਾਇ ਉਚਾਇ ਲਿਜਾਵਤਿ
ਕਾਤਨੀ[1] ਤੂਲ ਰੁ ਸੂਤ[2] ਜਿ ਪਾਹੀ।

[1]ਕੱਤਣੀ = ਪੂਣੀਆਂ ਤੇ ਮੁੱਢੇ ਰੱਖਣ ਵਾਲੀ ਤੀਲਾਂ ਦੀ ਪਟਾਰੀ। [2]ਭਾਵ ਪੂਣੀਆਂ ਤੇ ਮੁੱਢੇ।

ਸੋ ਅਵਿਲੋਕ ਸ ਕੋਪ ਉਠੈ
ਗਹਿ ਛੂਛਕ[1] ਹਾਥ ਪਰੈ ਪਿਛਵਾਹੀ ॥੧੭॥

[1]ਸੋਟੀ।

ਆਇ ਸਮੀਪ, ਪਲਾਇ ਚਲੈਂ ਤਬਿ,
ਜਯੋਂ ਮਿਲਿ ਕੈ ਨਹਿਂ ਛੂਵਨ ਪਾਵੈਂ।
ਦੂਰ ਨ ਜਾਤਿ ਨਜੀਕ ਰਹੈਂ,
ਇਮ ਜਾਨਤਿ -ਮੈਂ ਗਹਿ ਲੇਉਂ- ਪਲਾਵੈਂ।
ਨੂਪਰ ਕਿੰਕਨੀ ਕੰਕਨ ਕੰਚਨ
ਭੂਖਨ ਏ ਸਭਿ ਨਾਦ ਉਠਾਵੈਂ।
ਧਾਇ ਇਤੇ ਉਤ ਜਾਇਂ ਜਿਤੈ ਕਿਤ,
ਤਾਂਹਿ ਗਤਾਗਤਿ ਧਾਰਿ[1] ਭ੍ਰਮਾਵੈਂ ॥੧੮॥

[1]ਗਤ+ਅਗਤ = ਅੱਗੇ ਵਧ ਪਿੱਛੇ ਹਟ, ਟੇਢ ਦੇ ਦੇ ਕੇ ਫੜਾਈ ਨਾ ਦੇਣ ਵਾਲੀ ਚਾਲ ਧਾਰਨੀ।

'ਜਾਂਹਿ ਕਹਾਂ, ਗਹਿ ਕੈ ਤੁਝ ਕੋ
ਤੁਵ ਮਾਤ ਕੇ ਪਾਸ ਮੈਂ ਦੇਉਂ ਗਹਾਈ।

ਛੁਛਕ ਦੈ ਅਪਨੇ ਕਰ ਕੀ,
ਹਤਵਾਉਂ ਭਲੇ[1] ਸਭਿ ਬਾਤ ਸੁਨਾਈ। — [1]ਚੰਗੀ ਤਰ੍ਹਾਂ ਕੁਟਵਾਵਾਂਗੀ।
ਰੇ ਸੁਨ ਗੋਬਿੰਦ ! ਜਾਹੁ ਅਬੈ ਟਰਿ,
ਮੋਹਿ ਕੋ ਸ਼੍ਰੱਮ ਕਰੈਂ ਅਕੁਲਾਈ[1]। — [1]ਮੈਨੂੰ ਥਕਾ ਕੇ ਵਿਆਕੁਲ ਕਰ ਦਿੱਤਾ ਹਈ।
ਹਾਥ ਤੇ ਡਾਰਿ ਉਤਾਇਲ ਦੇਵਹੁ
ਨਾਂਹਿ ਤ ਮੈਂ ਕਹਿ ਹੌਂ ਘਰ ਜਾਈ'
॥੧੯॥
ਤਾਂਹਿ ਖਿਝਾਇ ਭਜਾਇ ਸ਼੍ਰਮਾਵਹਿਂ[1] — [1]ਥਕਾ ਕੇ।
ਫੇਰ ਬਖੇਰਤਿ ਸੂਤ ਰੁ ਪੂਣੀ।
ਬੀਨਤਿ ਸੋ, ਤਬਿ ਜਾਇ ਮਿਲੈਂ
ਜਹਿਂ ਬਾਲਕਿ ਬ੍ਰਿੰਦਨ ਖੇਲ ਸਲੂਣੀ[1]। — [1]ਸੁੰਦਰ।
ਤੂਲ ਰੁ ਤਾਰ ਜਥਾ ਬਿਗਰੇ
ਤਿਮ ਹਾਥ ਧਰੇ ਹੁਇ ਕੋਪ ਤੇ ਊਣੀ[1]। — [1]ਕ੍ਰੋਧ ਨਾਲ ਆਤੁਰ ਹੋ ਕੇ (ਅ) ਤਿਊਣੀ = ਤਿਗੁਣੀ ਕ੍ਰੋਧਵਾਨ ਹੋਕੇ।
ਸ਼੍ਰੀ ਗੁਜਰੀ ਢਿਗ ਤੀਰ ਦਿਖਾਵਤਿ
ਬਾਤ ਬਨਾਇ ਸੁਨਾਵਤਿ ਦੂਣੀ ॥੨੦॥
'ਲੇਹੁ ਬਿਲੋਕ ਸੁ ਨੰਦਨ ਕੀ
ਕਰਤੂਤ ਕਰੀ ਘਰ ਧੂੰਮ ਉਤਾਰੇ[1]। — [1]ਉਧਮ ਮਚਾਇਆ ਸੁ।
ਬੈਠਨਿ ਦੇਤਿ ਨ ਕਾਤਨ ਦੇਤਿ,
ਸੁ ਲੇਤਿ ਉਠਾਇ ਬਿਨਾਂ ਹੀ ਨਿਹਾਰੇ।
ਫੈਂਕਤਿ ਦੂਰ, ਬਿਖੇਰਤਿ ਹੈ,
ਤਜਿ ਦੌਰਤਿ ਹੈ, ਕੁਕਰੀ ਬਿਸਤਾਰੇ[1]। — [1]ਮੁੱਢੇ ਖਿਲਾਰ ਕੇ।
ਹਾਥ ਨਾ ਆਵਤਿ, ਮੋਹਿ ਭ੍ਰਮਾਵਤਿ,
ਮੈਂ ਸ਼੍ਰਮ ਪਾਇ ਕਰੀ ਹੈ ਪੁਕਾਰੇ' ॥੨੧॥
ਸ਼੍ਰੀ ਗੁਜਰੀ ਸੁਨਿ ਪੁੱਤ੍ਰ ਕੀ ਬਾਰਤਾ
ਚੰਚਲਤਾ ਜਿਨ ਮੇਂ ਅਧਿਕਾਈ।
ਜਾਇ ਅਕਾਵਤਿ ਸੰਝ ਸਵੇਰ[1] — [1]ਸ਼ਾਮ ਤੇ ਸਵੇਰੇ।
ਬ੍ਰਿਧਾ ਬਿਨ ਜੋਰ ਬਡੀ ਅਕੁਲਾਈ[1]। — [1]ਵਿਆਕੁਲ ਹੋਈ ਹੈ।
ਠਾਨਿ ਕ੍ਰਿਪਾ ਧਨ ਦੀਨਿ ਕਛੂ
ਸਭਿ ਚੀਰ ਸਰੀਰ ਕੇ ਦੀਨਿ ਬਨਾਈ।
'ਮੋ ਸੁਤ ਜੋ ਅਪਰਾਧ ਕਰੈ
ਮਨ ਮੈਂ ਨਹਿਂ ਆਨਹੁ ਕੋਪ ਸੁ ਮਾਈ[1] !' — [1]ਹੇ ਮਾਈ ਕ੍ਰੋਧ ਮਨ ਵਿਚ ਨਾ ਲਿਆਈਂ।

॥੨੨॥
'ਮੈਂ ਨ ਕਰੋਂ ਰਿਸ ਕੋ ਕਬਿ ਤਾਂ ਪਰ,
ਮੋ ਗ੍ਰਹਿ ਖੇਲਨਿ ਰੋਜ ਸਿਧਾਵੈ।
ਬਾਲਿਕ ਸੰਗ ਲਿਜਾਇ ਪ੍ਰਵੇਸ਼ਹਿ
ਲੇ ਵਸਤੁ ਨਿਜ ਹਾਥ ਬਗਾਵੈ।
ਗੈਲ ਪਰੋਂ ਤਬਿ ਭਾਜ ਚਲੈ,
ਜਬਿ ਮੌਨ ਕਰੋਂ ਬਹੁ ਭਾਂਤਿ ਖਿਝਾਵੈ।
ਅੰਤਰ ਮੈਂ ਜਬਿ ਬਾਹਰ ਭਾਜਤਿ,
ਬਾਹਰ ਮੈਂ ਤਬਿ ਅੰਤਰ ਧਾਵੈ ॥੨੩॥
ਦੇਖਿ ਬਿਲੋਚਨ ਹੋਤਿ ਹਰੋ ਮਨ,
ਤੋ ਸੁਤ ਜੀਵਹੁ ਲਾਖ ਬਰੀਸਾ[1]। — [1]ਲੱਖਾਂ ਵਰ੍ਹੇ।
ਆਇ ਬਸੇ ਜਬਿ ਕੇ ਇਸ ਥਾਨ
ਭਯੋ ਸੁਖ ਮੋ ਕਹੁ, ਓਟ ਗਿਰੀਸਾ[1]। — [1]ਮਾਨੋਂ ਸੁਮੇਰੁ ਦੀ ਓਟ ਮਿਲੀ ਹੈ [ਸੰਸ. ਗਿਰੀਸ਼ = ਪਹਾੜਾਂ ਦਾ ਵੱਡਾ, ਸੁਮੇਰੁ]
ਛਾਦਨ ਭੋਜਨ ਪਾਵਤਿ ਹੌਂ[1] — [1]ਪਾਂਵਦੀ ਹਾਂ।
ਹਰਖਾਵਤਿ ਦੇਤਿ ਬਿਸਾਲ ਅਸੀਸਾ।
ਮੋ ਉਰ ਕੋ ਪ੍ਰਿਯ ਲਾਗਤਿ ਹੈ
ਮਣਿ ਜਯੋਂ ਅਵਲੋਕ ਅਸ਼ੋਕ ਅਹੀਸ਼ਾ[1] — [1]ਸ਼ੇਸ਼ ਨਾਗ ਜਿਵੇਂ ਮਣੀ ਨੂੰ ਵੇਖਕੇ ਖੁਸ਼ ਹੁੰਦਾ ਹੈ।
॥੨੪॥
ਕੋਠਨ ਪੈ ਘਰ ਭੂਮ ਬਿਖੈ
ਬਹੁ ਧੂਮ ਕਰੀ, ਚਲਿ ਆਜ ਮੈਂ ਆਈ।
ਤੋ ਸੁਤ ਹੋਇ ਸੁਚੇਤ[1] ਗਯੋ, — [1]ਹੁਸ਼ਿਆਰ।
ਇਸ ਹੇਤੁ ਜਨਾਵਨਿ ਕੋ ਬਿਰਮਾਈ[1]। — [1]ਖੁਸ਼ੀ ਨਾਲ ਦੱਸਣ ਆਈ ਹਾਂ।
ਨਾਂਹਿ ਤ ਆਵਤਿ ਜਾਤਿ ਹਮੇਸ਼ ਹੀ
ਮੈਂ ਬਿਗਸੋਂ ਪਿਖਿ ਕ੍ਰੀੜਨਤਾਈ[1]। — [1]ਕੌਤਕ।
ਆਪ ਬਸੋ ਸੁਖ ਸੋਂ, ਸੁਤ ਜੀਵਹੁ
ਥੀਵਹੁ ਕਾਮਨ ਜਯੋਂ ਮਨ ਭਾਈ[1]' — [1]ਜਿਵੇਂ ਮਨ ਭਾਂਵਦੀ (ਤੁਹਾਡੀ) ਕਾਮਨਾ (ਹੈ) ਪੂਰੀ ਹੋਵੇ।
॥੨੫॥
ਸ੍ਰੀ ਗੁਜਰੀ ਕੋ ਪ੍ਰਸੰਨ ਕਿਯੋ ਇਮ,
ਸੋ ਗਮਨੀ ਅਪਨੇ ਘਰ ਕੋ।
ਪੌਰ ਮੈਂ ਆਵਤਿ ਭੇਟ ਭਈ[1] — [1]ਟਾਕਰਾ ਹੋ ਪਿਆ। ਮਿਲ ਪਏ।
ਪੁਨਿ ਲਾਗਿ ਡਰਾਵਨਿ ਸ੍ਰੀ ਗੁਰ ਕੋ।

'ਤੋ ਜਨਨੀ ਢਿਗ ਮੈਂ ਬਰਨੀ
ਜਿਮ ਧੂਮ ਕਰੀ ਤਜਿ ਕੈ ਡਰ ਕੋ।
ਛੂਛਕ ਮਾਰਹਿਗੀ ਅਬਿ ਜਾਹੁ ਤੂੰ,
ਫੇਰ ਨਹੀਂ ਕਬਿਹੂੰ ਕਰਿ ਕੋ[1]' ॥੨੬॥ [1]ਫੇਰ ਕਦੇ ਨਾ ਕਰੀਂ।
ਦੇਖਿ ਬ੍ਰਿਧਾ ਭਜਿ ਦੂਰ ਭਏ
ਨਿਜ ਧਾਮ ਮੈਂ ਜਾਇ ਪ੍ਰਵੇਸ਼ ਕਿਯੋ।
ਮਾਤ ਨੇ ਗੋਦ ਲਿਯੋ ਭਰਿ ਮੋਦ
ਸਰੀਰ ਲਗੀ ਰਜੁ ਰੰਗ ਭਯੋ[1]। [1]ਧੂੜ ਸ਼ੋਭ ਰਹੀ ਹੈ।
ਪੌਂਛਤਿ ਆਪਨੇ ਲੈ ਕਰ ਚੀਰ,
ਜਿਸੀ ਕਹੁ ਦੀਰਘ ਭਾਗ ਥਿਯੋ।
ਨੰਦਨ ਸ਼੍ਰੀ ਸੁਖਕੰਦ ਬਿਲੋਕਿ
ਬਿਲੰਦ ਸਨੇਹ ਅਛੇਹ ਠਯੋ[1] ॥੨੭॥ [1]ਇਕ ਰਸ ਹੋਇਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲਕ ਬੈਸ ਖੇਲ' ਪ੍ਰਸੰਗ ਬਰਨਨੰ ਨਾਮ ਉਨੀਸਮੋ ਅੰਸੂ ॥੧੯॥

## ੨੦. [ਬੇੜੀ ਦੀ ਸੈਲ। ਇਕ ਧਨੀ ਦੀ ਨੂੰਹ ਨੂੰ ਪੁੱਤ੍ਰਾਂ ਦਾ ਵਰ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਖਾਨ ਪਾਨ ਕਰਿ ਸਤਿਗੁਰੂ, ਸੁਠ ਪ੍ਰਯੰਕ
ਪਰ ਸੈਨ।
ਸੁਖ ਸੋਂ ਸਕਲ ਬਿਤਾਇ ਕੈ, ਉਠੇ ਮਿਟੀ
ਜਬਿ ਰੈਨ ॥੧॥

ਸ੍ਵੈਯਾ:

ਸੌਚ ਸ਼ਨਾਨ ਜਥਾਵਤ ਕੀਨਸਿ
ਬਾਲਿਕ ਸ਼ਾਹੁਨਿ ਕੇ ਪੁਨ ਆਏ।
ਕੈ ਮਨ ਭਾਵਤਿ ਭੋਜਨ ਕੋ[1]
ਮਿਲਿ ਆਪਸ ਮੈਂ ਸ਼ੁਭ ਖੇਲ ਮਚਾਏ।
ਏਕ ਹੁਤੋ ਸਿਸ, ਬਾਕ ਕਹ੍ਯੋ ਤਿਸ
'ਸ਼੍ਰੀ ਗੁਰੁ ਜੀ ! ਸਲਿਤਾ ਸਮੁਦਾਏ।
ਆਪਨੇ ਧਾਮ ਕੀ ਕੀਨਿ ਤਰੀ[1]
ਅਭਿਲਾਖ ਜਥਾ ਬਿਚਰੈਂ ਸਭਿ ਥਾਂਏ
॥੨॥
ਮੋ ਪਿਤ ਭੀ ਚਹਿ ਕੈ ਸੁ ਭਨ੍ਯੋ
-ਪਦ ਪੰਕਜ ਆਪਨਿ ਦੇਹੁ ਛੁਹਾਏ-।
ਖੇਲ ਕਰੈਂ ਜਲ ਬੀਚ ਫਿਰੈਂ
ਨਵਕਾ ਸੁ ਤਰੈਂ ਬਹੁ ਦੂਰ ਭਜਾਏ।'
ਯੌਂ ਸੁਨਿ ਕੈ ਸਭਿ ਬਾਲ ਭਨੈਂ
'ਗੁਰ ਜੀ ਚਲਿਯੇ ਇਹ ਨੀਕ ਬਤਾਏ।'
ਬੂਝਿ ਕੈ[1] ਮਾਤ, ਕ੍ਰਿਪਾਲ ਕੋ ਸੰਗ ਲੈ,
ਗੌਨ ਕਰ੍ਯੋ ਦਰਿਆਵਨ ਥਾਏਂ[1] ॥੩॥
ਸੇਵਕ ਸੰਗ ਅਨੇਕ ਸਮੇਤ
ਬਿਬੇਕ ਕੇ ਸਾਗਰ ਜਾਤਿ ਭਏ।
ਸ਼ਾਹੁ ਨੇ ਆਨਿ ਪ੍ਰਸ਼ਾਦਿ ਧਰ੍ਯੋ
ਅਰਦਾਸ ਕਰੀ ਬਰਤਾਇ ਦਏ।
ਸ਼੍ਰੀ ਪਦ ਪੰਕਜ ਚਾਰੁ ਉਠਾਇ
ਟਿਕਾਇ ਭਲੇ ਨਵਕਾ ਪੈ ਥਿਏ[1]।
ਬੈਠਿ ਚਲਾਵਤਿ ਭੇ ਜਲ ਮੈਂ

[1]ਕਰਕੇ ਭੋਜਨ ਮਨ ਭਾਂਵਦਾ।
[1]ਭਾਵ ਆਪਣੇ ਘਰ ਦੀ ਬੇੜੀ ਬਣਾਈ ਹੈ।
[1]ਪੁੱਛ ਕਰਕੇ।
[1]ਦਰਿਆ ਦੀ ਥਾਂ ਵੱਲ।
[1]ਬੇੜੀ ਉਪਰ ਇਸਥਿਤ ਕੀਤੇ।

ਮੁਦ ਹੋਤਿ ਉਦੋਤਿ ਸਮੂਹ ਲਿਏ ॥੪॥
ਤੀਰ ਤਜੇ ਤਰਨੀ ਤਰ ਕੈ[1] — [1]ਕੰਢਾ ਤਜ ਦਿਤਾ ਬੇੜੀ ਨੇ ਤਰ ਕੇ।
ਜਲ ਮਾਂਹਿ ਚਲੀ ਗੁਰ ਵਾਕ ਉਚਾਰੇ।
'ਦ੍ਵੈ ਦਿਨ ਮੈਂ ਨਵਕਾ ਹਮਰੀ ਹੁਇ[1] — [1]ਸਾਡੀ ਬੇੜੀ ਦੋ ਦਿਨਾਂ ਤੱਕ ਬਣ ਜਾਵੇਗੀ।
ਤਾਂ ਪਰ ਬੈਠਿ ਤਰੈਂ ਬਿਚ ਧਾਰੇ।'
ਸ਼ਾਹੁ ਕਹ੍ਯੋ ਕਰ ਜੋਰਿ ਤਬੈ
'ਇਹ ਆਪ ਕੀ ਹੈ ਲਿਹੁ ਸੰਝ ਸਕਾਰੇ।'
ਸੁਨਿ ਕੈ ਔਰ ਪ੍ਰਸੰਗ ਚਲਾਇ ਹੈ[1], — [1]ਸੁਣਕੇ ਹੋਰ ਪ੍ਰਸੰਗ ਚਲਾ ਦਿੱਤਾ।
ਜਾਤਿ ਤਰੀ ਜਲ ਜਾਲ ਮਝਾਰੇ[1] ॥੫॥ — [1]ਬਹੁਤੇ ਜਲ ਵਿਚ।

ਸੋਰਠਾ:
ਤਰੀ ਤਰੀ ਸੰਗ ਔਰ,
ਤਰਾਤਰੀ ਤਰਿ, ਤਰਿ ਉਤਰਿ।
ਨਰ ਬਰ ਸੁਰ ਸਿਰਮੌਰ,
ਬਾਰਿ ਬਾਰਿ ਬਰ ਬਾਰਿ ਬਰਿ[1] ॥੬॥

[1]ਔਰ ਤਰੀ ਸੰਗ ਤਰੀ =) ਹੋਰ ਬੇੜੀਆਂ ਨਾਲ (ਗੁਰੂ ਜੀ ਦੀ ਬੇੜੀ) ਤਰੀ (ਭਾਵ ਦੌੜੀ), (ਗੁਰੂ ਜੀ ਦੀ ਬੇੜੀ ਤਰਾਤਰੀ ਤਰੀ =) ਬਹੁਤ ਦੌੜੀ (ਭਾਵ ਮੂਹਰੇ ਹੋ ਕਿਨਾਰੇ ਜਾ ਲਗੀ, ਓਥੇ ਤਰ ਉਤਰਿ =) ਹੇਠਾਂ ਉਤਰੇ। ਨਰਾਂ ਵਿਚੋਂ ਸ੍ਰੇਸ਼ਟ ਤੇ ਸੁਰਾਂ ਵਿਚੋਂ ਸਿਰਮੌਰ (ਗੁਰੂ ਜੀ, ਬਾਰਿ ਬਰ =) ਪਾਣੀ ਵਿਚ ਵੜਾਕੇ ਬਾਰਿ ਬਾਰਿ ਬਰ =) ਵਾਰੰਵਾਰ (ਪਾਣੀ ਵਰਸਾਉਣ ਲਗੇ)। (ਅ. ਵਾਰੰਵਾਰ ਸ੍ਰੇਸ਼ਟ ਪਾਣੀ ਵਿਚ ਵੜੇ ਭਾਵ ਕਾਹਲੀ ਨਾਲ (ੲ) (ਬਾਰਿਬਰ =) ਪਾਣੀ ਵਿਚ ਵੜਕੇ, (ਬਾਰਿ) ਬਰਜਣ ਲਗੇ, ਬਾਰਿ ਬਰ =) ਜਲ ਵਿਚ ਵੜਨਾ ਹੋਰਨਾਂ ਦਾ; ਭਾਵ ਛੱਟੇ ਮਾਰ ਕੇ ਹੋਰਨਾਂ ਦਾ ਉਤਰਨਾ ਰੋਕਣ ਲਗੇ। ਸੰਚਖੰਡ ਵਾਸੀ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਇਨ੍ਹਾਂ ਦੋਹਾਂ ਤੁਕਾਂ ਦਾ ਅਰਥ ਐਉਂ ਲਿਖਯਾ ਹੈ:-ਬੇੜੀ ਤਰੀ ਨਾਲ ਹੋਰਨਾਂ ਨੂੰ ਬੀ ਲੈਕੇ, ਬਹੁਤ ਸਾਰੀ ਲਹਿੰਦੇ ਪਾਣੀ ਵੰਨੇ ਉਤਰ ਗਈ, ਮਨੁੱਖਾਂ ਵਿਚੋਂ ਉੱਤਮ ਅਤੇ ਦੇਵਤਿਆਂ ਦੇ ਸ਼ਿਰੋਮਣੀ (ਗੁਰੂ ਮਹਾਰਾਜ) ਨੇ ਫੇਰ ਫੇਰ ਕੇ ਸ੍ਰੇਸ਼ਟ ਪਾਣੀ ਵਿਚ ਵਾੜੀ (ਪਾਈ) ਭਾਵ ਬੇੜੀ ਨੂੰ ਚੜ੍ਹਦੇ ਪਾਣੀਓਂ ਲਹਿੰਦੇ ਪਾਣੀ ਵਲ ਲਗਾਉਂਦੇ ਰਹੇ।

ਸ੍ਵੈਯਾ:
ਖੇਲਤਿ ਖੇਲਤਿ ਹੈਂ ਜਲ ਕੋ ਛਿਰਕਾਵਤਿ
ਛੀਂਟਨਿ ਤੇ ਛੁਕਰਾਨਿ ਲਰਾਵੈਂ[1]। — [1]ਛੋਕਰਿਆਂ ਨੂੰ ਲੜਾਂਵਦੇ ਹਨ।
ਏਕ ਪਲਾਇ ਚਲੈ ਇਕ ਸਾਮੁਹਿ,
ਏਕ ਭਿਰੈ ਅਖੀਆਂਨਿ ਮੁੰਦਾਵੈਂ।
ਜੋਰ ਤੇ ਫੈਂਕਤਿ ਹੈਂ ਕਰ ਸੋਂ,
ਇਕ ਹਾਥਨਿ ਸੋਂ ਕਰਿ ਓਟ ਬਚਾਵੈਂ।
ਪ੍ਰੇਰਤਿ ਹੈਂ ਬਹੁ ਹੇਰਤਿ ਹੈਂ
ਮੁਖ ਟੇਰਤਿ ਹੈਂ ਉਮਗੈਂ ਬਿਗਸਾਵੈਂ ॥੭॥
ਦੇਤਿ ਦਿਲੇਰ ਦੁਹੂੰ ਦਿਸ਼ਿ ਦੌਰਤਿ,
ਬੋਰਤਿ ਬਾਰਿ ਤੇ ਬਾਰਿਕ ਸਾਰੇ[1]। — [1]ਪਾਣੀ ਨਾਲ ਭਿਉਂਦੇ ਹਨ ਸਾਰੇ ਬਾਲਕੇ।

ਮੇਚਕ ਕੇਸ ਮ੍ਰਿਦੂ ਬਿਥਰੇ
ਮੁਖ ਪੈ ਉਪਮਾ ਕਵਿ ਯੌਂ ਮਨ ਧਾਰੇ।
ਪੰਕਜ ਪੈ ਗਨ ਪੰਨਗ ਛੌਨਨਿ
ਹੈਂ ਲਪਟੇ ਹਿਤ ਅੰਮ੍ਰਿਤ ਕਾਰੇ[1]।
ਹੋਇ ਹਲਾ, ਜਲ ਡਾਰਤਿ ਹੈਂ
ਤਬਿ ਹਾਥਨਿ ਕੇ ਕਰਿ ਕੈ ਪਿਚਕਾਰੇ
॥੮॥

[1]ਕਾਲੇ ਸੱਪਾਂ ਦੇ ਬੱਚੇ ਅੰਮ੍ਰਿਤ ਦੇ ਵਾਸਤੇ ਲਿਪਟੇ ਹੋਏ ਹਨ।

ਕੌਤਕ ਭਾਂਤਿ ਅਨੇਕਨਿ ਕੋ
ਕਰਿ ਬ੍ਰਿੰਦ ਅਨੰਦ ਭਰੇ ਲਰਕਾ।
ਮੰਜੁਲ ਅੰਜੁਲ ਕੋ ਜਲ ਸੋਂ
ਭਰਿ ਉੱਜਲ ਜਾਲ ਸੁਰੰਸਰਿ ਕਾ[1]।
ਮੱਜਨ ਕੀਨਿ ਲਿਏ ਪਟ ਊਪਰ,
ਫੇਰ ਚਲੇ ਮਗ ਜੋ ਘਰ ਕਾ।
ਬੋਲਤਿ ਬਾਲ ਬਿਲੋਕਨਿ ਡੋਲਤਿ
ਬੀਚ ਸਰੂਪ ਸੁਭੈ ਹਰਿਕਾ[1] ॥੯॥

[1]ਜਲ ਗੰਗਾ ਦਾ।

[1]ਗੁਰੂ ਜੀ ਦਾ।

ਯੌਂ ਬਹੁ ਭਾਂਤਿ ਬਿਲਾਸਤਿ ਕੋ ਦਿਨ,
ਏਕ ਸਮੈ ਮਿਲਿ ਕੈ ਤਰੁਨੀ[1]।
ਆਵਤਿ ਭੀ ਗਨ ਅੰਬਰ ਸੋਂ[1],
ਘਨ ਅੰਬਰ ਮੈਂ ਤੜਿਤਾ ਬਰਨੀ[1]।
ਸੁੰਦਰ ਮੰਦਿਰ ਸ੍ਰੀ ਗੁਰ ਕੇ
ਬਰ ਅੰਦਰ[1] ਆਂਖ ਮਨੋ ਹਰਨੀ[2]।
ਮਾਤ ਪੈ ਜਾਤਿ ਭਈ ਹਰਖਾਤਿ
ਸੁ ਟੇਕਤਿ ਮਾਥ ਧਨੀ ਘਰਨੀ[1] ॥੧੦॥

[1]ਇਸਤ੍ਰੀਆਂ।

[1]ਸਮੂਹ ਪੁਸ਼ਾਕਾਂ ਸਮੇਤ।

[1]ਮਾਨੋ ਅਕਾਸ਼ ਦੇ ਬੱਦਲਾਂ ਵਿਚ ਬਿਜਲੀਆਂ।

[1]ਸ੍ਰੀ ਗੁਰੂ ਜੀ ਦੇ ਸੁਹਣੇ ਮੰਦਰ ਵਿਚ ਆ ਵੜੀਆਂ। [2]ਹਰਨੀ ਵਰਗੀਆਂ ਅੱਖਾਂ ਵਾਲੀਆਂ।

[1]ਧਨੀਆਂ ਦੀਆਂ ਇਸਤ੍ਰੀਆਂ।

ਸ੍ਰੀ ਗੁਜਰੀ ਢਿਗ ਹ੍ਵੈ ਪਰਵਾਰਤਿ
ਚਾਰੁ ਉਪਾਇਨ ਬ੍ਰਿੰਦ ਚਢਾਈ।
ਆਇਸੁ ਪਾਇ ਕੈ ਬੈਠਿ ਗਈ
ਗੁਰ ਕੀ ਗਨ ਕੀਰਤਿ ਭਾਖਿ ਸੁਨਾਈ।
'ਹੈਂ ਹਮ ਸੇਵਕ, ਭਾਉ ਧਰੈ ਨਿਤ,
ਆਸ ਕਰੇ ਉਰ ਬਾਂਛਤਿ ਪਾਈ।
ਪਾਵਨ ਪਾਵਨਿ[1] ਕੋ ਸਿਮਰੈਂ ਹਮ,
ਦੀਨ ਦੁਨੀ ਮਹਿਂ ਜਾਨਿ ਸਹਾਈ' ॥੧੧॥

[1]ਪਵਿੱਤ੍ਰ ਚਰਨਾਂ ਨੂੰ।

ਏਕ ਬਡੋ ਧਨਵਾਨ ਹੁਤੋ
ਤਿਸ ਸ਼ਾਹੁ ਕੀ ਨਾਰਿ ਬਧੂ ਨਿਜ[1] ਲਜਾਈ। — [1]ਆਪਣੀ ਨੂੰਹ ਨੂੰ।
ਸੰਗ ਸੁਤਾ ਅਰੁ ਔਰ ਹਿਤੂ ਜਨ
ਬ੍ਰਿੰਦ ਦਿਰਾਨਿ ਜਿਠਾਨਿ ਮਿਲਾਈ।
ਸਾਥ ਸ਼ਰੀਕਨਿ ਲੈ ਸਗਰੀ
ਗੁਰੁ ਤੇ ਨਿਜ ਪੌਤ੍ਰ ਕੋ ਲੇਵਨਿ ਆਈ।
ਭਾਂਤਿ ਅਨੇਕਨਿ ਕੇ ਪਕਵਾਨ
ਸੁਧਾ ਸਮ ਸ੍ਵਾਦਤਿ ਆਨਨ ਪਾਈ[1] ॥ ੧੨ ॥ — [1]ਜਿਨ੍ਹਾਂ ਦੇ ਮੁਖ ਵਿਚ ਪਾਇਆਂ ਸਵਾਦ ਅੰਮ੍ਰਿਤ ਵਤ ਆਵੇ।
ਸ਼੍ਰੀ ਗੁਜਰੀ ਨਿਜ ਸੇਵਕ ਭੇਜਿ ਕੈ
ਖੇਲਤਿ ਆਪਨੇ ਪਾਸ ਬੁਲਾਏ।
ਬਾਲਿਕ ਸ਼ਾਹੁਨਿ ਕੇ ਸੰਗ ਲੇ
ਸਮ ਗੋਬਿੰਦ ਕੇ[1] ਗੁਰ ਗੋਬਿੰਦ ਆਏ। — [1]ਕ੍ਰਿਸ਼ਨ ਜੀ ਵਾਂਗ।
ਅੰਕ ਬਿਹੀਨ ਮਯੰਕ[1] ਬਨਜੋਂ ਮੁਖ, — [1]ਕਾਲਖ ਰਹਿਤ ਚੰਦ੍ਰਮਾਂ।
ਮਾਤ ਕੇ ਅੰਕ[1] ਮੋਂ ਬੈਠਿ ਸੁਹਾਏ। — [1]ਗੋਦ।
ਜਜੋਂ ਅਦਿਤੀ[1] ਕਰਿ ਪ੍ਰੇਮ ਮਹਾਂ — [1]ਬਾਵਨ ਅਵਤਾਰ ਦੀ ਮਾਤਾ ਦਾ ਨਾਮ ਹੈ।
ਸੁਤ ਬਾਵਨ ਕੋ ਦੁਲਰਾਇ ਬਿਠਾਏ ॥ ੧੩ ॥
ਹੇਰਤਿ ਹੀ ਤਤਕਾਲ ਤ੍ਰਿਯਾ ਗਨ
ਸਾਥ ਅਦਾਬ ਕੇ ਹਾਥਨਿ ਬੰਦੇ।
ਮਾਨ ਮਹਾਂ ਮਹਿਮਾਂ ਗੁਰ ਕੀ,
ਪਦ ਪੰਕਜ ਸੀਸ ਨਿਵਾਇ ਸੁ ਬੰਦੇ।
ਲੋਚਨ ਲਾਭ ਬਿਲੋਕਤਿ ਰੂਪ
ਜਿਸੀ ਪ੍ਰਭੁ ਕੇ ਸਭਿ ਹੈਂ ਨਰ ਬੰਦੇ[1]। — [1]ਗ਼ੁਲਾਮ, ਚਾਕਰ।
ਪੋਖਤਿ ਹੈ ਜਲ ਮੈਂ ਥਲ ਮੈਂ
ਰੁਜਗਾਰ ਕੋ ਦੇਤਿ, ਕਰੈ ਨਹਿਂ ਬੰਦੇ[1] ॥ ੧੪ ॥ — [1]ਬੰਦ ਨਹੀਂ ਕਰਦਾ।
'ਸ਼ਾਹੁ ਮਹਾਂ ਧਨਵਾਵਨਿ ਕੀ
ਇਹੁ ਨਾਰਿ ਅਹੈਂ ਸੁਤ ! ਤੇਰੀ ਹੈ ਸੰਗਤਿ।
ਭਾਉ ਕਰੈਂ ਗੁਰੁ ਕੇ ਸਿਖ ਏ ਸਭਿ
ਧਾਰਿ ਰਿਦੇ ਅਨੁਰਾਗ ਉਮੰਗਤਿ।
ਆਨ ਕੀ ਸੇਵ ਨ ਠਾਨਤਿ ਹੈਂ

ਮਨ ਕਾਮਨ ਕੋ ਤੁਮ ਤੇ ਨਿਤ ਮੰਗਤਿ।
ਆਨਿ ਉਪਾਇਨ ਕੋ ਅਰਪੈਂ
ਜਸੁ ਗਾਵਤਿ ਹੈਂ ਅਪਨੀ ਬਿਚ ਪੰਗਤਿ'
॥੧੫॥
'ਯੌਂ ਰੁਖ਼ ਮਾਤ ਕੋ ਜਾਨਿ ਤ੍ਰਿਯਾ
-ਅਨੁਕੂਲ ਸੁ ਆਪਨੇ ਹੈ- ਮਨ ਭਾਈ।
ਦ੍ਵੈ ਕਰ ਜੋਰਿ ਕਰੀ ਬਿਨਤੀ
'ਸ਼ਰਨਾਗਤਿ ਆਪ ਕੀ ਏ ਸਭਿ ਆਈ।'
ਆਗੈ ਬਿਠਾਇ ਬਧੂ ਕੋ ਕਹ੍ਯੋ
'ਉਪਜੈ ਇਸ ਕੇ ਸੁਤ ਦੇਹੁ ਅਲਾਈ।
ਭਾਗ ਮਹਾਂ ਅਰੁ ਸੁੰਦਰ ਰੂਪ
ਸੁਜਾਨ ਬਡੋ ਜਗ ਲੇ ਬਡਿਆਈ'
॥੧੬॥
ਯੌਂ ਤ੍ਰਿਯ ਭਾਖਤਿ, ਖਜਾਲ ਕਰੈਂ ਨਹਿੰ,
ਬਾਲਿਕ ਸੰਗ ਹੀ ਬਾਕ ਬਖਾਨੈਂ।
ਹੇਰਤਿ ਟਾਰਤਿ ਡੀਠ ਪਨੋ
ਪੁਨ ਚੰਚਲਤਾ ਇਤ ਹੀ ਉਤ ਠਾਨੈਂ।
ਬਾਰਿ ਹੀ ਬਾਰਿ ਸਮੂਹ ਸੁ ਨਾਰਿ
ਉਚਾਰਤਿ ਹੈਂ ਬਿਨਤੀ ਹਿਤਵਾਨੈ।
'ਬਾਕ ਕਹੋ ਗੁਰ ਜੀ! ਇਸ ਕੋ
ਉਰ ਪੂਰਨ ਆਸ ਕਰੋ, ਸਭਿ ਜਾਨੈਂ
॥੧੭॥
ਸ਼ਾਹੁ ਬਡੇ ਧਨਵਾਨਨਿ ਕੀ
ਦੁਹਿਤਾ ਰੁ ਬਧੂ[1] ਇਹ, ਸਿੱਖਜ ਤੁਮਾਰੇ।
ਸੰਤਤਿ ਚਾਹਤਿ ਹੈ ਸਭਿ ਹੀ
ਪਖ ਨੈਹਰ ਸਾਸੁਰ[1] ਜੋ ਪਰਵਾਰੇ।
ਆਪ ਕੇ ਪਾਸ ਕਰੈਂ ਅਰਦਾਸ,
ਨਹੀਂ ਅਬਿ ਆਨ ਰਹ੍ਯੋ ਉਪਚਾਰੇ[1]।
ਦਾਰਿਦ ਜੇ ਸਭਿ ਹੀ ਵਸਤੁਨਿ ਕੇ
ਰਾਵਰ ਬਾਕ ਉਦਾਰੁ ਬਿਦਾਰੇ[1]' ॥੧੮॥
ਯੌਂ ਬਹੁ ਬਾਰਿ ਸੁ ਨਾਰਨਿ ਤੇ ਸੁਨਿ

[1]ਧੀ ਤੇ ਨੂੰਹ।

[1]ਮਾਪੇ ਤੇ ਸੌਹਰੇ।

[1]ਯਤਨ।

[1]ਆਪ ਦੇ ਉਦਾਰ ਵਾਕ ਟਾਰ ਦਿੰਦੇ ਹਨ ਦਰਿੱਦ੍ਰ ਸਭ ਵਸਤਾਂ ਦੇ।

ਸ਼੍ਰੀ ਗੁਰ ਕੀਨਿ ਉਚਾਰਨ ਕੋ।
'ਹ੍ਵੈ ਸੁਤਿ, ਕੈ ਨਹਿਂ ਹੋਤਿ ਇਸੈ,
ਹਮ ਜਾਨਹਿਂ ਕਜਾ ਇਨ ਕਾਰਨ ਕੋ।
ਆਪਨੈ ਭਾਗਨਿ ਕੋ ਭੁਗਤੈਂ[1] ਜਗ — [1]ਭੋਗਦੇ ਹਨ।
'ਕਹਹੁ ਦੇਸ਼ ਅਪਨੇ ਕੀ ਬਾਤ।
ਕਿਸ ਪ੍ਰਕਾਰ ਕੋ ਤਹਾਂ ਬ੍ਰਿਤਾਂਤ?
ਅਬਿ ਕੇ ਤੁਮ ਬਹੁ ਵਿੱਦਜਾਵਾਨ।
ਆਏ ਸੰਗ ਨ ਸੰਗਤਿ ਆਨ[1] ॥੩੨॥

[1]ਹੋਰ ਸੰਗਤ ਦੇ ਨਾਲ ਨਹੀਂ ਆਏ।

ਸਭਿਨਿ ਜਾਤਿ ਕੇ ਸਿੱਖ ਹਮਾਰੇ।
ਮਿਲਿ ਆਵਤਿ ਸੋ ਬਿਧਿ ਨ ਨਿਹਾਰੇ[1]।

[1]ਉਹ ਬਿਧੀ ਨਹੀਂ ਦੇਖੀਦੀ।

ਦਰਸ਼ਨ ਹਿਤ ਕੈ ਕਾਰਜ ਔਰ?
ਮਿਲਿ ਆਏ ਤਜਿ ਕੈ ਨਿਜ ਠੌਰ' ॥੩੩॥
ਸੁਨਤਿ ਦਿਜਨਿ ਕਰ ਜੋਰਿ ਉਚਾਰੀ।
'ਹਸਤਾਮਲ ਜਿਮ ਜਾਨਹੁ ਸਾਰੀ।
ਤੀਨ ਲੋਕ ਕੋ ਅਖਿਲ ਬ੍ਰਿਤੰਤ।
ਰਿਦੈ ਗਯਾਤ ਸ਼੍ਰੀ ਗੁਰ ਭਗਵੰਤ! ॥੩੪॥
ਤਉ ਹੁਕਮ ਬੂਝਨਿ ਹਿਤ ਕਯੋ।
ਸੁਨਹੁ ਪ੍ਰਸੰਗ ਦੇਸ਼ ਜਿਮ ਭਯੋ।
ਚਿਰੰਕਾਲ ਕੋ ਰਾਜ ਜਮਨ ਕੋ[1]।

[1]ਤੁਰਕਾਂ ਦਾ।

ਪੀੜਤ ਪ੍ਰਜਾ ਲੇਤਿ ਧਨ ਗਨ ਕੋ ॥੩੫॥
ਅਬਹਿ ਦੁਸ਼ਟਤਾ ਅਧਿਕ ਉਠਾਈ।
ਚਾਹਤਿ ਹਿੰਦੁ ਤੁਰਕ ਬਨਿ ਜਾਈ।
ਦੇਸ਼ ਪਹਾਰਨ ਕੋ ਸਭਿ ਜੇਈ।

ਧਰਮ ਬਿਗਾਰਿ ਜਮਨ ਭੇ ਤੇਈ ॥੩੬॥
ਉਤਰੇ ਜੱਗਜੁਪਵੀਤ ਏਕ ਦਿਨ।
ਤੋਲਨਿ ਕਰੇ ਸੁ ਭਏ ਸਵਾ ਮਨ।
ਪੁਨ ਪੁਰਿ ਮਹਿਂ ਹਮ ਪਰ ਬਲ ਘਾਲਾ।
-ਬਨਹੁ ਤੁਰਕ ਸਭਿ ਤਜਿ ਨਿਜ ਚਾਲਾ-
॥੩੭॥
ਖਸ਼ਟ ਮਾਸ ਕੋ ਕਰਿ ਤਕਰਾਰ[1]। [1]ਛੇਆਂ ਮਹੀਨਿਆਂ ਦਾ ਇਕਰਾਰ ਕੀਤਾ ਹੈ।
ਜਾਇ ਸ਼ਰਨ ਲੀਨਸਿ ਤ੍ਰਿਪੁਰਾਰਿ[1]। [1]ਸ਼ਿਵਜੀ ਦੀ।
ਅਸ਼ਟ ਦਿਵਸ ਬੈਠੇ ਤਹਿਂ ਰਹੇ।
ਖਾਨ ਪਾਨ ਕਿਨਹੂੰ ਨਹਿਂ ਲਹੇ ॥੩੮॥
ਪ੍ਰਾਤਿ ਪੱਤ੍ਰਿਕਾ ਤਹਿਂ ਤੇ ਪਾਈ।
ਮਹਾਂ ਦੇਵ ਤੁਮ ਨਿਕਟਿ ਪਠਾਈ।'
ਇਮ ਕਹਿ ਸਤਿਗੁਰ ਆਗੇ ਧਰੀ।
'ਪਠਹੁ ਆਪ ਕੀ ਮਹਿਮਾ ਕਰੀ ॥੩੯॥
ਗਜ ਸਮ[1] ਤੁਰਕ ਤੇਜ ਚਵਗੱਤਾ। [1]ਹਾਥੀ ਵਤ।
ਹਿੰਦੁ ਧਰਮ ਤਰੁ[1] ਕੋ ਪਿਖਿ ਮੱਤਾ[2]। [1]ਬ੍ਰਿੱਛ। [2]ਮਸਤ ਹੋਇਆ ਹੈ।
ਤੋਰਨਿ ਮੂਲ ਉਖਾਰਯੋ ਜੋਵਤਿ[1]। [1]ਤੋੜਨ ਲਈ ਮੁੱਢ ਤੋਂ ਪੁੱਟਿਆ ਚਾਹੁੰਦਾ ਹੈ।
ਬਲੀ ਕੇਹਰੀ ਤੁਮਰੇ ਹੋਵਤਿ[1] ॥੪੦॥ [1]ਆਪ ਦੇ ਸ਼ੇਰ ਵਾਂਗ ਹੁੰਦਿਆਂ।
ਪਰੇ ਸ਼ਰਨ ਅਬਿ ਆਨਿ ਤੁਮਾਰੀ।
ਸ਼ਿਵ ਕੇ ਕਹੇ ਕਰਹੁ ਰਖਵਾਰੀ।
ਰਾਵਰਿ ਬਿਨਾ ਆਨ ਨਹਿਂ ਕੋਈ।
ਸਮਰਥ ਬਲੀ ਜੁ ਰੱਖਜਕ ਹੋਈ ॥੪੧॥
ਏਕ ਆਸਰਾ ਆਪ ਗੁਸਾਈਂ।
ਗਹਹੁ ਬਾਂਹੁ ਡੂਬਤਿ ਸਭਿ ਜਾਈਂ।
ਨਿਜ ਕਰੁਨਾ ਤਰਨੀ ਬਰ ਧਰੋ[1]। [1]ਮੇਹਰ ਰੂਪੀ ਬੇੜੀ ਉਪਰ ਚੜ੍ਹਾਓ।
ਕਰਨ ਧਾਰ[1] ਬਨਿ ਪਾਰਹਿ ਕਰੋ ॥੪੨॥ [1]ਮਲਾਹ।
ਜਗ ਤੇ ਬਿਨਸਨਿ ਲਗਹਿ ਧਰਮ ਜਬਿ।
ਪ੍ਰਭੁ ਅਵਿਤਾਰ ਸੁ ਧਾਰਿ ਤੁਰਤ ਤਬਿ।
ਬਨਹਿ ਸਹਾਇਕ ਲੇਹਿ ਉਬਾਰ।
ਸੁਨੀਯਤਿ ਕਥਾ ਪੁਰਾਨ ਮਝਾਰ ॥੪੩॥
ਅਬਿ ਅਵਿਤਾਰ ਆਪ ਕੋ ਹੋਵਾ।
ਮਹਾਂ ਪ੍ਰਤਾਪ ਜਗਤ ਮੈਂ ਜੋਵਾ।

ਸ਼੍ਰੀ ਨਾਨਕ ਤੇ ਆਦਿਕ ਭਏ।
ਚਿੱਤ੍ਰ ਪਵਿੱਤ੍ਰ ਚਲਿੱਤ੍ਰਨਿ ਕਿਏ[1] ॥੪੪॥
ਰਾਖਹੁ ਅਬਿ ਹਿੰਦੁਨਿ ਕੀ ਟੇਕ।
ਨਾਂਹਿਤ ਜਗ ਮਹਿਂ ਰਹੈ ਨ ਏਕ।
ਧਰਮ ਭ੍ਰਿਸ਼ਟਿ ਜਬਿ ਸਗਰੇ ਹੋਇਂ।
ਪੂਜਹਿ ਸੁਰ ਆਦਿਕ ਨਹਿਂ ਕੋਇ ॥੪੫॥
ਹੋਮ ਜੱਗਜ ਸਗਰੇ ਬਿਨਸੈ ਹੈਂ।
ਬਹੁਰ ਦੇਵ ਕਿਮ ਥਿਰਤਾ ਪੈ ਹੈਂ।
ਪਰਹਿਂ ਮਹਾਂ ਦੁਰਭਿੱਛ[1] ਘਨੇਰੇ।
ਜਗ ਭੀ ਬਿਨਸਿ ਜਾਇ ਤਿਸ ਬੇਰੇ ॥੪੬॥
ਯਾਂ ਤੇ ਅਬਿ ਹੀ ਬਨਹੁ ਸਹਾਇ।
ਹਿੰਦੁ ਧਰਮ ਕੋ ਲੇਹੁ ਬਚਾਇ।
ਸੁਰ ਆਦਿਕ ਕੀ ਰੱਛਾ ਹੋਇ।
ਰਹੇ ਜਗਤ ਮਿਰਜਾਦਾ ਜੋਇ' ॥੪੭॥
ਇਸ ਪ੍ਰਕਾਰ ਬਹੁ ਜੁਗਤਨਿ ਸਾਥ।
ਬਿੱਪ੍ਰਨਿ ਕੀਨਿ ਸੁਨਾਵਨਿ ਗਾਥ।
ਅਧਿਕ ਦੁਖਾਤੁਰ ਸ਼ਰਨੀ ਪਰੈਂ।
ਬਾਰਿ ਬਾਰਿ ਬਹੁ ਉਸਤਤਿ ਕਰੈਂ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਸ਼ਮੀਰ ਬਿੱਪ੍ਰਨ ਪ੍ਰਸੰਗ' ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

[1]ਪਵਿੱਤ੍ਰ ਚਰਿੱਤ੍ਰ ਅੰਕਤ ਕੀਤੇ। (ਅ) ਚਿਤ੍ਰ = ਸੁੰਦਰ।

[1]ਕਾਲ।

## ੨੯. [ਅਹਿਦੀਆਂ ਦਾ ਟੁਰਨਾ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:
ਸੁਨਤਿ ਦਿਜਨ ਤੇ ਸਤਿਗੁਰੂ,
ਚਿਤਵਤਿ ਭਏ ਉਪਾਇ।
-ਸ਼੍ਰੀ ਨਾਨਕ ਕੋ ਬਰ ਮਹਾਂ,
ਰਾਜ ਤੁਰਕ ਬਡ ਪਾਇ- ॥੧॥
ਚੌਪਈ:
ਤਿਸ ਕੋ ਬਨਹਿ ਮਿਟਾਵਨਿ ਜੈਸੇ।
ਅਨਿਕ ਜਤਨ ਚਿਤਵਤਿ ਚਿਤ ਤੈਸੇ।
ਕਿਤਿਕ ਦੇਰ ਗੁਰੁ ਤੂਸ਼ਨਿ ਠਾਨੀ।
ਪਿਖਿ ਮੁਖ ਸਭਾ ਨ ਕੋ ਕਹਿ ਬਾਨੀ[1] ॥੨॥
ਕਰ ਮਹਿਂ ਧਰੀ ਪੱਤ੍ਰਿਕਾ ਬਾਚੀ।
ਸ਼ਿਵ ਕੀ ਲਿਖਤ ਦੇਖਿ ਹਿਤ ਰਾਚੀ।
ਪਠੀ[1] ਸਕਲ ਹੀ ਠਾਨੀ ਮੌਨ।
ਦੇਖਤਿ ਰਹੇ ਨ ਬੋਲਯੋ ਕੌਨ ॥੩॥
ਚਤੁਰ ਘਟੀ ਲਗਿ ਤੂਸ਼ਨਿ ਰਹੇ।
ਨਹਿਂ ਉਪਾਇ ਕੋ ਉਰ ਮਹਿਂ ਲਹੇ।
-ਅਪਨੋ ਸਿਰ ਦੇ ਕੂਰੋ ਕਰੈਂ।
ਬਖਸ਼ਯੋ ਰਾਜ ਸਰਬ ਇਮ ਹਰੈਂ ॥੪॥
ਅਪਰ ਉਪਾਇ ਨ ਬਨਿ ਹੈ ਕੋਈ।
ਭਲੀ ਪ੍ਰਕਾਰ ਬਿਚਾਰਯੋ ਸੋਈ-।
ਕਰ ਨਿਸ਼ਚੈ ਉਰ ਮਹਿਂ ਜਬਿ ਲਹਯੋ।
ਦਿਜ ਗਨ ਸੰਗ ਗੁਰੂ ਤਬਿ ਕਹਯੋ ॥੫॥
'ਬਿੱਪ੍ਰ ਬ੍ਰਿੰਦ! ਤੁਮ ਇਕਠੇ ਹੋਵਹੁ।
ਕਰਹੁ ਸਕੇਲਨ ਜਿਹ ਸ਼ੁਭ ਜੋਵਹੁ।
ਦਿੱਲੀ ਪੁਰਿ ਕੋ ਸਕਲ ਪਯਾਨੋ।
ਤਹਾਂ ਜਾਇ ਨਿਜ ਬ੍ਰਿਥਾ ਬਖਾਨੋ ॥੬॥
ਹਮਰੇ ਛੱਤ੍ਰੀ ਹੈਂ ਜਜਮਾਨ।
ਤਿਨ ਤੇ ਕਰਹਿਂ ਖਾਨ ਅਰੁ ਪਾਨ।
ਰਹੈਂ ਅਲੰਬ ਸਦਾ ਹਮ ਤਾਂਹੂੰ।

[1]ਸ਼੍ਰੀ ਗੁਰੂ ਜੀ ਦਾ ਮੁਖ ਵੇਖ ਕੇ ਸਭਾ ਵਿੱਚੋਂ ਕਿਸੇ ਨੇ ਕੋਈ ਬਾਣੀ ਨਾ ਕਹੀ।

[1]ਪ੍ਰੇਮ ਵਿਚ ਰਚੀ ਹੋਈ ਰਚਨਾ ਪੜ੍ਹੀ।

ਦਾਨ ਅਨੇਕ ਬਿਧਿਨਿ ਲੇਂ ਜਾਹੂੰ ॥੭॥
ਤਿਨ ਮਹਿਂ ਲੀਜਹਿ ਨਾਮ ਹਮਾਰੋ[1]।
-ਕਰਹੁ ਬੁਲਾਵਨਿ- ਸਕਲ ਉਚਾਰੋ[1]।
-ਸੋ ਜਬ ਸੁਨਿ ਜਿਸ ਮਗ ਕੋ ਚਾਲੇਂ[1]।
ਤਿਨ ਪੀਛੈ ਹਿੰਦੂ ਜਗ ਜਾਲੇ[1] ॥੮॥
ਕਰੋਂ ਤੁਮ ਸਭਿਨਿ ਸੰਗ ਇਮ ਕਹੋ।
ਏਕ ਮੂਲ ਸੋਂ ਇੱਛਯਾ ਲਹੋ-।
ਇਮ ਸੁਨਿ ਹਮਹਿਂ ਹਕਾਰਨਿ ਕਰਿ ਹੈ।
ਤਬਿ ਸਭਿ ਹਿੰਦੁਨਿ ਧਰਮ ਉਬਰਿ ਹੈਂ ॥੯॥
ਜਯੋਂ ਕਯੋਂ ਰੱਛਯਾ ਕਰਹਿਂ ਤੁਮਾਰੀ।
ਸ਼ਿਵ ਉਚਰੀ ਸੋ ਹਮ ਉਰ ਧਾਰੀ।'
ਇਮ ਉਪਾਇ ਸੁਨਿ ਦਿਜ ਸਮੁਦਾਏ।
'ਧੰਨਯ ਧੰਨਯ' ਕਹਿ ਸੀਸ ਨਿਵਾਏ ॥੧੦॥
ਕਹੀ ਗੁਰੂ ਸਭਿਹਿਨਿ ਮਨ ਮਾਨੀ।
'ਰਹਹਿ ਧਰਮ ਹਮ ਨਿਸ਼ਚੇ ਜਾਨੀ।'
ਏਕ ਜਾਮ ਲਗਿ ਦਰਸ਼ਨ ਕੀਨਿ।
ਪੁਨ ਉਠਿ ਆਏ ਵਹਿਰ ਪ੍ਰਬੀਨ ॥੧੧॥
ਇਕ ਦੁਇ ਦਿਨ ਅਨੰਦ ਪੁਰਿ ਬਾਸੇ।
ਦਰਸ਼ਨ ਕਰਿ ਕਰਿ ਰਿਦੈ ਹੁਲਾਸੇ।
ਬਹੁਰ ਪਾਇ ਆਇਸੁ ਗੁਰ ਕੇਰੀ।
ਭਏ ਤਯਾਰ ਚਲਿਬੇ ਤਿਸ ਬੇਰੀ ॥੧੨॥
ਅਪਰ ਬਿੱਪ੍ਰ ਬੁਧਿਵੰਤੇ ਜੇਈ।
ਕਰੇ ਹਕਾਰਨਿ ਮੇਲੇ ਤੇਈ।
ਬ੍ਰਿੰਦ ਹੋਇ ਕਰਿ ਪੰਥ ਪਯਾਨੇ।
ਜਿਸ ਪੁਰਿ ਮਹਿਂ ਤੁਰਕੇਸ਼ ਮਹਾਨੇ ॥੧੩॥
ਕੇਤਿਕ ਦਿਨ ਮਹਿਂ ਪਹੁੰਚੇ ਜਾਇ।
ਬਹੁ ਪੁਰਿ ਕੇ ਮਿਲਿ ਦ੍ਵਿਜ ਸਮੁਦਾਇ।
ਦੁਰਗ ਤੁਰਕ ਕੇ ਥਿਰੇ ਅਗਾਰੀ।

[1]ਤਿੰਨ੍ਹਾਂ (ਛੱਤ੍ਰੀਆਂ) ਵਿਚ ਸਾਡਾ ਨਾਮ ਬੀ ਲੈ ਲਵਿਓ।

[1]ਸਾਰੇ ਇਹ ਕਹੋ (ਕਿ ਗੁਰੂ ਤੇਗ ਬਹਾਦਰ ਜੀ ਨੂੰ) ਬੁਲਾਓ।

[1]ਉਹ ਭਾਵ (ਗੁਰੂ ਤੇਗ ਬਹਾਦਰ ਜੀ) ਜਦ ਸੁਣਕੇ ਜਿਸ ਰਾਹ ਚੱਲਣਗੇ।

[1]ਸਾਰੇ ਹਿੰਦੂ ਜਗਤ ਦੇ ਤਿੰਨ੍ਹਾਂ ਦੇ ਪਿੱਛੇ ਹੋ ਜਾਣਗੇ।

ਬੂਝੇ[1] ਅਪਨੀ ਬ੍ਰਿਥਾ ਉਚਾਰੀ ॥ ੧੪ ॥ — [1]ਉਹਨਾਂ ਦੇ) ਪੁੱਛਿਆਂ।
'ਬਹੁ ਪੁਰਿ ਕੇ ਦਿਜ ਹਮ ਸਮੁਦਾਏ।
ਦੁਖ ਕੋ ਪਾਇ ਪੁਕਾਰੂ ਆਏ।
ਬਾਦਸ਼ਾਹਿ ਜਬਿ ਸੁਨਹਿ ਬ੍ਰਿਤੰਤ।
ਤਬਿਹੂੰ ਨਿਸ਼ਚੈ ਬਨਹਿ ਮਤੰਤ[1] ॥ ੧੫ ॥ — [1]ਸਲਾਹ।
ਜੇ ਕਸ਼ਮੀਰ ਆਦਿ ਗਨ ਦੇਸ਼।
ਹੁਇ ਹਿੰਦੁਨਿ ਪਰ ਜ਼ੁਲਮ ਵਿਸ਼ੇਸ਼।'
ਇਮ ਸੁਨਿ ਗਯੋ, ਸ਼ਾਹਿ ਲਖਿ ਮਰਜੀ[1]। — [1]ਬਾਦਸ਼ਾਹ ਦੀ ਮਰਜ਼ੀ ਜਾਣਕੇ।
ਕਰੀ ਅਰਜ਼ਬੇਗੀ ਤਬਿ ਅਰਜ਼ੀ[1] ॥ ੧੬ ॥ — [1]ਅਰਜ ਪਹੁੰਚਾਉਣ ਵਾਲੇ ਨੇ ਅਰਜ਼ ਕੀਤੀ।
'ਹਜ਼ਰਤ ਸ਼ਾਹੁ ਸਲਾਮਤ ! ਸੁਨੀਯਹਿ।
ਗਨ ਦੇਸ਼ਨਿ ਕੇ ਦਿਜ ਬਹੁ ਗਨੀਅਹਿ।
ਪਾਇ ਕਸ਼ਟ ਕੋ ਆਇ ਪੁਕਾਰੂ।
ਚਹਤਿ ਆਪ ਕੇ ਪਾਸ ਉਚਾਰੂ ॥ ੧੭ ॥
ਪੁਰਿ ਕਸ਼ਮੀਰ ਆਦਿ ਤੇ ਆਏ।
ਧਨ ਵਿੱਦਜਾ ਮਹਿਂ ਜੋ ਅਧਿਕਾਏ।
ਜੋ ਨਰ ਗਨ ਮਹਿਂ ਹੈਂ ਪਰਧਾਨ।
ਤੇ ਪਹੁੰਚੇ ਦੀਰਘ ਬੁਧਿਵਾਨ' ॥ ੧੮ ॥
ਸੁਨਤਿ ਸ਼ਾਹੁ ਅਵਿਰੰਗ ਬਿਚਾਰੇ।
ਸ਼ਰਾ ਬਾਤ ਲਖਿ ਨਿਕਟਿ ਹਕਾਰੇ।
ਸੁਨਿ ਆਇਸੁ ਕੋ ਦਿਜ ਸਮੁਦਾਇ।
ਪਹੁੰਚੇ ਜਮਨ ਸਭਾ ਲਗਿ ਜਾਇ[1] ॥ ੧੯ ॥ — [1]ਤੁਰਕ ਦੀ ਸਭਾ ਤਕ ਜਾ ਪਹੁੰਚੇ।
ਬੈਠੇ ਕਾਜ਼ੀ ਬ੍ਰਿੰਦ ਮੁਲਾਨੇ।
ਗਨ ਉਮਰਾਵ ਮਹਾਂ ਮਨਮਾਨੇ[1]। — [1]ਮਨ ਦੇ ਹੰਕਾਰੀ।
ਜਰੇ ਜਵਾਹਰ[†] ਜ਼ੇਵਰ ਸਾਰੇ। — [†]ਪਾ:-ਜਰਾਵ।
ਪਹਿਰੇ ਬਸਤ੍ਰ ਮਹਾਂ ਦੁਤਿ ਧਾਰੇ ॥ ੨੦ ॥
ਝੁਕਿ ਝੁਕਿ ਬਿੱਪ੍ਰਨਿ ਕੀਨਿ ਸਲਾਮ।
ਪੁਨ ਕਰ ਜੋਰੇ ਖਰੇ ਤਮਾਮ।
ਨਿਜ ਦਿਸ਼ਿ ਸ਼ਾਹੁ ਤਵਾਜੈ ਹੋਵਾ।
ਸੁਨਜੋ ਚਹੈ, ਇਮ ਜਬਿ ਹੂੰ ਜੋਵਾ[1] ॥ ੨੧ ॥ — [1]ਜਦ ਡਿੱਠੋ ਨੇ ਕਿ ਬਾਦਸ਼ਾਹ ਨੇ ਰੁਖ ਕੀਤਾ ਹੈ ਸਾਡੀ ਵਲ ਤੇ ਸੁਣਿਆਂ ਚਾਹੁੰਦਾ ਹੈ ਤਾਂ.........।
ਭਏ ਸਧੀਰਜ ਅਰਜ਼ ਗੁਜਾਰੈਂ।
'ਹੁਇ ਲਚਾਰ ਤੁਮ ਨਿਕਟਿ ਪੁਕਾਰੈਂ।

ਕਰਹਿਂ ਬਿਨਾਸਨ ਧਰਮ ਹਮਾਰੇ।
ਹਿੰਦੁਨਿ ਲੈ ਹੈਂ ਸ਼ਰ੍ਹਾ ਮਝਾਰੇ ॥੨੨॥
ਸੋ ਰਾਵਰਿ ਕੀ ਮਰਜ਼ੀ ਜਾਨੀ।
ਇਸ ਪ੍ਰਕਾਰ ਹਮ ਮਿਲਿ ਮਨ ਮਾਨੀ।
ਬਿੱਪ੍ਰਨਿ ਕੇ ਜਜਮਾਨ ਅਲੰਬ[1]।
ਚਲਹਿ ਜੀਵਕਾ ਦੇਤਿ ਕਦੰਬ[1] ॥੨੩॥
ਤਿਨ ਤੇ ਦਾਨ ਲੇਨਿ ਅਧਿਕਾਰੀ।
ਛਪੀ ਨ ਇਹੁ ਕਛੁ ਜਗਤ ਮਝਾਰੀ।
ਸੋ ਹਿੰਦੂ ਜਜਮਾਨ ਘਨੇਰੇ।
ਸਭਿ ਮਹਿਂ ਛੱਤ੍ਰੀ ਅਹੈਂ ਬਡੇਰੇ ॥੨੪॥
ਤੁਮ ਤੇ ਪ੍ਰਥਮ ਰਾਜ ਤਿਨ ਕੇਰਾ।
ਕਰਤਿ ਜੱਗ ਦੇ ਦਰਬ ਘਨੇਰਾ।
ਸੋ ਅਬਿ ਅਪਰ ਕ੍ਰਿੱਤ ਲਗਿ ਪਰੇ।
ਜਸੋਂ ਕਸੋਂ ਅਪਨਿ ਜੀਵਕਾ ਕਰੇ ॥੨੫॥
ਤਊ ਸਕਲ ਹਿੰਦੁਨਿ ਕੇ ਮਾਂਹੀ।
ਛੱਤ੍ਰੀ ਬਡੇ ਔਰ ਸਮ ਨਾਂਹੀ[1]।
ਉੱਤਮ ਜਾਤੀ ਕਰਮ ਭਲੇਰੇ।
ਲਖਿਯਤਿ ਸਹਿਜ ਸੁਭਾਇ ਅਛੇਰੇ ॥੨੬॥
ਤਿਨ ਛੱਤ੍ਰੀਨ ਬਿਖੇ ਸਮ ਚਾਦਰ[1]।
ਸਭਿਨਿ ਬਡੇ ਸ਼੍ਰੀ ਤੇਗ ਬਹਾਦਰ।
ਗੁਰ ਨਾਨਕ ਕੀ ਦੀਰਘ ਗਾਦੀ।
ਥਿਰ ਹ੍ਵੈ ਸਿੱਖੀ ਕੀਨਿ ਅਬਾਦੀ ॥੨੭॥
ਜਗ ਕੇ ਪੂਜ ਬਿਦਤ ਚਹੁੰ ਓਰੇ।
ਚਰਨ ਨਿਹੋਰਤਿ ਦ੍ਵੈ ਕਰਿ ਜੋਰੇ।
ਮਾਨਨੀਯ ਸਭਿ ਕੇ ਸਿਰਮੌਰ।
ਜਿਨ ਕੇ ਸਮ ਨਹਿਂ ਦੂਸਰ ਔਰ ॥੨੮॥
ਸੰਗਤਿ ਨਈ ਹਜ਼ਾਰੋਂ ਮਾਨਹਿਂ।
ਅਨਿਕ ਅਕੋਰਨਿ ਕੋ ਨਿਤ ਆਨਹਿਂ।
ਜਿਨ ਕੋ ਭਨਜੋ ਮਾਨ ਮਨ ਸਾਰੇ[1]।
ਚਹਤਿ ਲੋਕ ਦ੍ਵੈ ਰਹਿਨ ਸੁਖਾਰੇ ॥੨੯॥
ਸ਼ਰਧਾ ਧਰਹਿਂ ਕਾਮਨਾ ਪਾਵਹਿਂ।

[1]ਜਜਮਾਨ ਹੀ ਆਸਰਾ ਹਨ।
[1]ਸਾਰੇ (ਜਜਮਾਨ)।
[1]ਹੋਰ ਉਹਨਾਂ ਸਦਰਸ਼ ਨਹੀਂ ਹੈ।
[1]ਪੜਦਾ, ਓਹਲਾ, ਆਸਰਾ, ਓਟ।
[1]ਸਾਰੇ ਹੀ ਮਨ ਵਿਚ ਮੰਨ ਕਰਕੇ।

ਆਵਤਿ ਜਾਤੇ ਗੁਨ ਗਨ ਗਾਵਹਿਂ।
ਕਰਹਿਂ ਕਿ ਕਹਹਿਂ ਕ੍ਰਿੱਤ ਸ਼ੁਭ ਜੋਇ।
ਅੰਗੀਕਾਰ ਸਭਿਨਿ ਕੇ ਸੋਇ ॥੩੦॥
ਯਾਂ ਤੇ ਜਗਤ ਗੁਰੂ ਪਦ ਭਾਰੋ[1]। — [1]ਜਗਤ ਗੁਰੂ ਇਹ ਭਾਰੀ ਪਦਵੀ ਹੈ।
ਹਿੰਦੁ ਨਾਮ[1] ਤਿਨ ਕੇ ਅਨੁਸਾਰੋ। — [1]ਭਾਵ, ਸਭ ਹਿੰਦੂ।
ਭਏ ਸਭਿਨਿ ਮਹਿਂ ਅਤਿ ਪਰਧਾਨੂ।
ਧਰਹਿਂ ਸੁ ਧਰਮ ਜੁ ਕਰਹਿਂ ਬਖਾਨੂ ॥੩੧॥
ਯਾਂ ਤੇ ਤਿਨ ਪੀਛੈ ਹਿੰਦਵਾਇਨ[1]। — [1]ਸਾਰੀ ਹਿੰਦੂ ਕੌਮ।
ਸਭਿ ਕੇ ਅੱਗ੍ਰੀ, ਪ੍ਰਭੂ, ਪਰਾਇਨ[1]। — [1]ਸਾਰਿਆਂ ਦੇ ਮੋਹਰੀ ਹਨ, ਸ੍ਵਾਮੀ ਹਨ ਤੇ ਆਸਰਾ ਰੂਪ ਹਨ।
ਤਿਨ ਕੋ ਪ੍ਰਥਮ ਸ਼ਰ੍ਹਾ ਮਹਿਂ ਲ੍ਯਾਵਹੁ।
ਨਿਜ ਮਤ ਕੋ ਈਮਾਨ ਰਖਾਵਹੁ ॥੩੨॥
ਬਹੁਰ ਨ ਤੁਮ ਕਿਸ ਕੋ ਕੁਛ ਕਹੀਯਹਿ।
ਬਨਹਿਂ ਤੁਰਕ ਹਿੰਦੂ ਸਭਿ ਲਹੀਯਹਿ।
ਪਿਖਿ ਕਰਿ ਇਸ ਸ਼੍ਰੀ ਤੇਗ ਬਹਾਦਰ।
ਸ਼ਰ੍ਹਾ ਸਰਬ ਮਾਨਹਿਂ ਤਬਿ ਸਾਦਰ ॥੩੩॥
ਫੇਰ ਨ ਫੇਰਿ ਕਰਹਿ ਗੋ ਕੋਇ[1]। — [1]ਫੇਰ ਕੋਈ ਮੋੜ ਨਹੀਂ ਕਰੇਗਾ।
ਗੁਰ ਕੇ ਮਗ ਹਿੰਦੂ ਸਭਿ ਹੋਇਂ।
ਪੁਨ ਹਮ ਸਮ ਕੀ[1] ਗਿਨਤੀ ਕਹਾਂ। — [1]ਸਾਡੇ ਵਰਗਿਆਂ ਦੀ।
ਬਿੱਪ੍ਰ ਜੀਵਕਾ ਬਸਿ ਜਹਿਂ ਕਹਾਂ[1] ॥੩੪॥ — [1]ਬ੍ਰਾਹਮਣ ਤਾਂ ਰੋਜ਼ੀ ਦੇ ਵੱਸ ਹਨ ਹਰ ਥਾਂਵੇਂ।
ਬਿਨਾ ਜ਼ੋਰ ਤੇ ਬਿਨਾ ਬਨਾਏ।
ਬਨਹਿਂ ਤੁਰਕ ਹਿੰਦੂ ਸਮੁਦਾਏ।
ਜਹਾਂ ਏਕ ਤੇ ਕਾਰਜ ਹੋਇ।
ਬਹੁ ਕੋ ਕਸ਼ਟ ਨ ਦੈਹੈ ਕੋਇ ॥੩੫॥
ਕਹਿ ਕਰਿ ਪੂਰਬ ਤਿਨਹਿਂ ਬੁਲਾਵਹੁ।
ਨਿਜ ਮਰਜ਼ੀ ਗ਼ਰਜ਼ੀ[1] ਸਮੁਝਾਵਹੁ। — [1]ਮਰਜ਼ੀ ਦੀ ਗਰਜ਼।
ਜਯੋਂ ਕਯੋਂ ਕਰਿ ਬਲ ਛਲ ਸਮੁਦਾਇ।
ਪ੍ਰਥਮ ਗੁਰੂ ਲਿਹੁ ਤੁਰਕ ਬਨਾਇ ॥੩੬॥
ਹੇਰਤਿ ਹੁਇ ਹੈਂ ਸਕਲ ਪਿਛਾਰੀ।
ਬਾਤ ਜਥਾਰਥ ਹਮਹੁ ਉਚਾਰੀ।'

ਇਮ ਸੁਨਿ ਸ਼ਾਹੁ ਉਚਿਤ ਬਿਧਿ ਜਾਨੀ।
ਕਹ੍ਯੋ 'ਦਿਜਹੁ ਤੁਮ ਨੀਕ ਬਖਾਨੀ ॥੩੭॥
ਹੁਇ ਹੈ ਐਸੇ ਜਿਮ ਚਿਤ ਬਾਂਛੋ।
ਗੁਰੂ ਸ਼ਰ੍ਹਾ ਮਹਿਂ ਗਮਨਹਿਂ ਆਛੋ।
ਪੁਨ ਸਭਿ ਸਿੱਖਜ ਸੰਦੇਹ ਨ ਕਰੈਂ।
ਗੁਰ ਕੋ ਦੇਖਿ ਤੁਰਕਪਨ ਧਰੈਂ' ॥੩੮॥
ਸੁਨਤਿ ਸ਼ਾਹੁ ਰੁਖ਼ ਬ੍ਰਿੰਦ ਮੁਲਾਨੇ।
ਕਾਜ਼ੀ ਅਰ ਉਮਰਾਵ ਬਖਾਨੇ।
'ਇਮ ਸੁਖੇਨ ਹੀ ਕਾਰਜ ਹੋਇ।
ਸਾਦਰ ਸ਼ਰ੍ਹਾ ਮਾਨਿ ਸਭਿ ਕੋਇ ॥੩੯॥
ਅਜ਼ਮਤ ਸਹਤਿ ਹੋਇ ਬਿਚ ਦੀਨ।
ਸਭਿ ਜਗ ਬਿਖੈ ਸ਼ਰ੍ਹਾ ਬਡ ਪੀਨ[1]।'
ਅਸ ਮਸਲਤ ਸਭਿਹੂੰਨਿ ਸਰਾਹੀ।
ਉਖਰਹਿ ਮੂਲ ਸੁ ਜਾਨਹਿਂ ਨਾਂਹੀ ॥੪੦॥
ਜਿਸ ਤੇ ਨਸਹਿ ਤੇਜ ਤੁਰਕਾਨਾ।
ਸੋ ਦਿਢ ਕਰਹਿਂ ਧਰਹਿ ਮਨ ਮਾਨਾ[1]।
'ਗੁਰੂ ਹਕਾਰਹੁ' ਮਤਿ ਠਹਿਰਾਯੋ[1]।
'ਆਵਹਿ ਰਾਮਰਾਇ ਜਿਮ ਆਯੋ ॥੪੧॥
ਪੂਰਬ ਗੁਰ ਸੋ ਗਏ ਸਮਾਇ।
ਤੇਗ ਬਹਾਦਰ ਅਬਹਿ ਬਤਾਇ।'
ਦੋ ਅਹਿਦੀ ਤਤਕਾਲ ਬੁਲਾਇ।
ਤਿਨ ਪ੍ਰਤਿ ਹੁਕਮ ਕਹ੍ਯੋ ਸਮੁਝਾਇ ॥੪੨॥
'ਬੂਝਿ ਦਿਜਨ ਸੋਂ ਬਸਿਬੇ ਗ੍ਰਾਮੂ।
ਸੋਢੀ ਤੇਗ ਬਹਾਦਰ ਨਾਮੂ।
ਜਾਇ ਹਕਾਰਹੁ ਇਤ ਕੋ ਲਯਾਵਹੁ।
ਆਇ ਕਿ ਨਹੀਂ ਭੇਤ ਕੋ ਪਾਵਹੁ ॥੪੩॥
ਕਹਹੁ, -ਦਿਖਾਵਨਿ ਅਜ਼ਮਤ ਕਰੈਂ।
ਕੈ ਹਮਰੇ ਅਨੁਸਰਤਾ[1] ਧਰੈਂ-।'
ਸੁਨਤਿ ਹੁਕਮ ਕੋ ਕੀਨਸਿ ਤਯਾਰੀ।

[1]ਤਕੜੀ।

[1]ਮਨ ਵਿਚ ਹੰਕਾਰ ਧਾਰ ਕੇ ਸੋਈ ਦ੍ਰਿੜ ਕਰਦੇ ਹਨ।

[1]ਸਲਾਹ ਠਹਿਰਾਈ।

[1]ਅਧੀਨਤਾ।

-ਨਾਮ ਅਨੰਦਪੁਰਿ- ਦਿਜਨ ਉਚਾਰੀ
॥੪੪॥
ਦਿੱਲੀ ਤੇ ਸੁਨਿ ਬਾਹਰ ਭਏ।
ਸ਼੍ਰੀ ਗੁਰ ਸਨਮੁਖ ਪੰਥ ਸਿਧਏ।
ਤੁਰਕ ਮੰਦ ਮਤਿ ਹੁਤੋ ਨੁਰੰਗਾ।
ਸੰਤ ਪੀਰ ਗੁਰ ਸਨ ਬਦਰੰਗਾ[1] ॥੪੫॥

[1]ਬਦਰੰਗ = ਵਿਰੋਧੀ। [ਤਾਸ਼ ਦੀ ਖੇਡ ਵਿਚ ਅਨਮਿਲਦੇ ਪੱਤਿਆਂ ਨੂੰ ਬਦਰੰਗ ਆਖਦੇ ਹਨ ਉਸ ਤੋਂ ਮੁਹਾਵਰੇ ਦਾ ਅਰਥ ਹੈ ਅਜੋੜ, ਪ੍ਰਤਿਕੂਲ, ਵਿਰੋਧੀ]

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਅਹਿਦੀ ਚਲਨ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

## ੩੦. [ਅਹਿਦੀਏ ਵਾਪਸ। ਗੁਰੂ ਜੀ ਸੈਫਾ ਬਾਦ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਅਹਿਦੀ ਚਢਿ ਕਰਿ ਖਾਟ ਪਰ, ਸਭਿ ਸਮਾਜ ਧਰਿ ਪਾਸ।
ਨਿਕਸੇ ਪੁਰਿ ਤੇ ਨਰਨ ਸਿਰ, ਉਰਧ ਉਠਾਇਸਿ ਤਾਸ ॥੧॥

ਚੌਪਈ:

ਆਗੇ ਗ੍ਰਾਮ ਗਮਨਤੇ ਆਵੈਂ।
ਪਾਛਲਿ ਨਰ ਤਿਨ ਖਾਟ ਟਿਕਾਵੈਂ।
ਤਹਿਂ ਤੇ ਨਏ ਨਿਕਾਸਿ ਬਿਗਾਰੀ[1]।
ਆਇ ਉਠਾਵਹਿਂ ਲੇਂ ਸਿਰਧਾਰੀ ॥੨॥
ਬੈਠਿ ਮੰਚ ਪਰ ਪੰਥ ਪਯਾਨਹਿਂ।
ਸਰਬ ਪ੍ਰਜਾ ਪਰ ਹੁਕਮ ਬਖਾਨਹਿਂ।
ਲੇਤਿ ਸਭਿਨਿ ਤੇ ਘ੍ਰਿਤ ਮਿਸ਼ਟਾਨ।
ਆਮਿਖ ਸੋਂ ਅਹਾਰ ਕਰਿ ਖਾਨ ॥੩॥
ਸਨੇ ਸਨੇ ਮਾਰਗ ਮਹਿਂ ਚਾਲਹਿਂ।
ਨਿਤ ਅਨੰਦਪੁਰਿ ਨਾਮ ਸੰਭਾਲਹਿਂ[1]।
ਚਲਤਿ ਚਲਤਿ ਕੇਤਿਕ ਦਿਨ ਮਾਂਹੀ।
ਨਰਨਿ ਸੀਸ ਪਰ ਉਠੇ ਸੁ ਜਾਹੀਂ[1] ॥੪॥
ਸਤੁੱਦ੍ਰਵ ਤੀਰ ਪਹੂਚੇ ਆਇ।
ਕਰਤਿ ਹੁਕਮ ਕੋ ਗਮਨਤਿ ਜਾਇਂ[1]।
ਆਇ ਅਨੰਦਪੁਰਿ ਕੀਨਸਿ ਡੇਰਾ।
ਚਢੇ ਮੰਚ ਬੈਠੇ ਤਿਸ ਬੇਰਾ ॥੫॥
ਖਾਨ ਪਾਨ ਕਰਿ ਨਿਸਾ ਬਿਤਾਈ।
ਜਾਗੇ ਪੁਨ ਪ੍ਰਭਾਤਿ ਹੁਇ ਆਈ।
ਬੈਠਨਿ ਸਭਾ ਸਮਾ ਸੁਨਿ ਕਰਿ ਕੇ[1]।
ਗੁਰ ਸੋਂ ਮਿਲਨਿ ਲਾਲਸਾ ਧਰਿ ਕੇ ॥੬॥
ਭਏ ਤਜਾਗ ਅਹਿਦੀ ਤਬਿ ਦੌਨ।
ਥਿਰਤਾ ਸਿੰਘ ਪੌਰ ਗਹਿ ਤੌਨ[1]।
ਸੁਧ ਸਤਿਗੁਰ ਕੇ ਨਿਕਟਿ ਪਠਾਇਵ।
'ਸ਼ਾਹੁ ਹੁਕਮ ਤੇ ਹਮ ਚਲਿ ਆਇਵ

[1]ਨਵੇਂ ਵਗਾਰੀ (ਫੜਕੇ)।
[1]ਯਾਦ ਕਰਦੇ ਹੋਏ।
[1]ਜਾਂਦੇ ਹਨ (ਅਹਿਦੀਏ)।
[1]ਚਲੇ ਜਾਂਦੇ ਹਨ।
[1]ਸਭਾ ਵਿਚ ਬੈਠਣ ਦਾ ਸਮਾਂ ਸੁਣਕੇ।
[1]ਦਰਸ਼ਨੀ ਡਿਉੜੀ ਵਿਚ ਓਹ ਜਾ ਠਹਿਰੇ।

॥੭॥
ਗੁਰੂ ਹਕਾਰਨਿ ਦਿੱਲੀ ਪੁਰਿ ਮੈਂ।
ਦਿੱਲੀ ਪਤਿ ਚਾਹਤਿ ਭਾ ਉਰ ਮੈਂ।
ਇਸ ਕਾਰਜ ਕੋ ਹਮ ਚਲਿ ਆਏ।
ਮਿਲ੍ਯੋ ਚਹੈਂ ਤਿਨ ਦਰਸ਼ਨ ਪਾਏ' ॥੮॥
ਸੁਨਤਿ ਪਾਸ ਗੁਰਦਾਸ ਪਯਾਨਾ।
ਸਭਿ ਪ੍ਰਸੰਗ ਅਹਿਦੀਨਿ[1] ਬਖਾਨਾ। [1]ਅਹਿਦੀਆਂ ਦਾ।
'ਘਿਰੇ ਪੌਰ, ਦ੍ਵੈ ਸ਼ਾਹਿ ਪਠਾਏ।
ਕਹੈਂ ਸੁ[1] -ਹਮ ਲੈਬੇ ਗੁਰ ਆਏ'- ॥੯॥ [1]ਕਹਿੰਦੇ ਹਨ ਉਹ।
ਅੰਤਰਜਾਮੀ ਸ਼੍ਰੀ ਗੁਰ ਦੇਵ।
ਭੂਤ ਭਵਿੱਖਜ ਲਖਹਿਂ ਸਭਿ ਭੇਵ।
ਸਹਿਜ ਸੁਭਾਇਕ ਬਾਕ ਉਚਾਰੇ।
'ਆਏ ਜਮ ਕੇ[1] ਅਬਹਿ ਰਬਾਰੈ[2]† ॥੧੦॥ [1]ਧਰਮ ਰਾਜ ਦੇ। [2]ਦੂਤ।

†ਏਹ ਵਾਕ ਸਹਿ ਸੁਭਾ ਦੇ ਹਨ ਤੇ ਮੁਰਾਦ ਸਰਕਾਰੀ ਅਹਿਦੀਆਂ ਨੂੰ ਜਮ ਨਾਲ ਉਪਮਾ ਦੇਣ ਤੋਂ ਹੈ ਜੋ ਜ਼ੋਰ ਕਰਦੇ ਸਨ, ਨਾਲ ਹੀ ਆਪਣੀ ਭਵਿੱਖਤ ਵਾਚੀ ਹੈ। ਹੋਰ ਭੈ ਖਾਣ ਉਦਾਸ ਹੋਣ ਦਾ ਭਾਵ ਕਵਿ ਜੀ ਦਾ ਏਥੇ ਨਹੀਂ ਹੈਂ। ਸ਼੍ਰੀ ਗੁਰੂ ਜੀ ਦੇ ਸ਼੍ਰੀ ਮੁਖਵਾਕ ਹਨ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਤਥਾ 'ਹਰਖ ਸੋਗ ਜਾਕੈ ਨਹੀ' ਸੋ ਆਪ ਭੈ ਕਦ ਖਾਂਦੇ ਯਾ ਹਰਖ ਸ਼ੋਕ ਵਿਚ ਜਾਂਦੇ ਸੇ, ਕਵੀ ਜੀ ਨੇ ਇਸੇ ਅੰਸੂ ਦੇ ਅੰਕ ੧੬ ਵਿਚ ਗੁਰੂ ਜੀ ਨੂੰ ਹਰਖ ਸ਼ੋਕ ਦੇ ਲੇਸ਼ ਤੋਂ ਪਰੇ ਵਰਣਨ ਕੀਤਾ ਹੈ। ਤੇ ਗੁਰੂ ਜੀ ਦਾ ਆਪ ਬ੍ਰਾਹਮਣਾਂ ਨੂੰ ਕਹਿਣਾ ਕਿ ਤੁਸੀਂ ਦਿੱਲੀ ਜਾਕੇ ਸਾਡੇ ਪਰ ਸਾਰੀ ਗੱਲ ਸੁੱਟ ਦਿਓ, ਇਸ ਦਾ ਹੋਰ ਸਬੂਤ ਹੈ ਕਿ ਇਹ ਖੇਚਲ ਤੇ ਖ਼ੇਦ ਆਪ ਨੇ ਲੋਕਾਂ ਦੇ ਭਲੇ ਅਰਥ ਆਪ ਆਪਣੇ ਸਿਰ ਤੇ ਲਿਆ ਸੀ, ਹਰਖ ਸ਼ੋਕ ਦਾ ਕੋਈ ਮੌਕਾ ਨਹੀਂ ਹੈ।

ਲਖੀ ਜਾਇ ਨੀਕੇ ਇਹ ਬਾਤ।
ਅਵਸਰ ਪੂਰਨ ਕੋ ਬਿਰਤਾਂਤ[1]।' [1]ਅੰਤ ਦੇ ਸਮੇਂ ਦਾ ਬ੍ਰਿਤਾਂਤ ਹੈ ਇਹ ਗੱਲ ਸਮਝੀ ਜਾ ਰਹੀ ਹੈ (ਅ) (ਪਿੱਛੇ ਬ੍ਰਾਹਮਣਾਂ ਨਾਲ ਬੀਤੇ) ਬ੍ਰਿਤਾਂਤ ਸੰਭਾਲਣ ਦਾ ਮੌਕਿਆ ਆ ਗਿਆ ਹੈ।
ਸੁਨਿ ਕੈ ਮਤੀਦਾਸ ਤਬਿ ਕਹ੍ਯੋ।
'ਸ਼੍ਰੀ ਪ੍ਰਭੁ! ਕਹਾਂ ਆਪ ਇਹ ਲਹ੍ਯੋ[1]? ॥੧੧॥ [1]ਕੀਹ ਜਾਣਿਆਂ ਹੈ।
ਗੁਰ ਘਰ ਕੋ ਉਰ ਸ਼ਾਹੁ ਲਖੰਤਾ।
ਰਖਹਿ ਅਦਾਇਬ[1] ਨੰਮ੍ਰਿ ਬਨੰਤਾ। [1]ਸਤਿਕਾਰ।
ਰਾਮਰਾਇ ਕੋ ਬਹੁ ਧਨ ਦੀਨਿ।
ਨਿਕਟਿ ਬਿਠਾਇ ਸੁਭਾਸਨ ਦੀਨਿ[1] ॥੧੨॥ [1]ਸ੍ਰੇਸ਼ਟ ਆਸਨ ਦੇਕੇ।
ਅਬਿ ਲੌ ਬਨੀ ਬਾਤ ਸ਼ੁਭ ਤਾਂਹੀ।

ਭਾਉ ਧਰੈ ਤਿਮ ਹੀ ਤੁਮ ਮਾਂਹੀ।
ਕਰਹੁ ਸ਼ਾਹੁ ਸੋਂ ਮੇਲ ਸੁਖਾਰੇ।
ਕਹਾਂ ਕਹਤਿ ਹਹੁ† ਬਾਕ ਦੁਖਾਰੇ[1]' ॥੧੩॥
ਸੁਨਿ ਸ਼੍ਰੀ ਤੇਗ ਬਹਾਦਰ ਕਹਯੋ।
'ਸੋ ਹੁਇ ਹੈ ਜੁ ਪ੍ਰਮੇਸ਼ੁਰ ਚਹਯੋ।
ਹਮਰੋ ਮੇਲ ਨ ਬਨੈ ਕਦਾਈ।
ਕੂਰ, ਮਲੇਛ ਸੰਤ ਦੁਖਦਾਈ[1]' ॥੧੪॥
ਇਮ ਕਹਿ ਅਹਿਦੀ ਨਿਕਟਿ ਬੁਲਾਏ।
ਪਿਖਿ ਨਿਕੇਤ ਅੰਤਰ ਪ੍ਰਵਿਸ਼ਾਏ।
ਸਮੁਖ ਬਦਨ ਗੁਰ ਜਬਹਿ ਨਿਹਾਰੇ।
ਤਤਛਿਨ ਦੁਰਮਤਿ ਤਿਨ ਨਿਰਵਾਰੇ ॥੧੫॥
ਸਮ ਸੰਤਨਿ ਗੁਰ ਸ਼ਾਂਤਿ ਸੁਭਾਊ।
ਹਰਖ ਸ਼ੋਕ ਨਹਿਂ ਲੇਸ਼ ਕਦਾਊ।
ਨੰਮ੍ਰਿ ਸੀਸ ਕਰਿ ਕੀਨਿ ਸਲਾਮ[1]।
ਬੈਠੀ ਦੇਖੀ ਸਭਾ ਤਮਾਮ ॥੧੬॥
ਨਿਜ ਕਰ ਤੇ ਦੀਨਸਿ ਪਰਵਾਨਾ।
ਕਰਜੋ ਪਢਾਵਨਿ ਮਤਲਬ ਜਾਨਾ।
ਲਿਖਯੋ ਤਾਂਹਿ ਮਹਿਂ 'ਆਵਨਿ ਕੀਜੈ।
ਮਿਹਰਬਾਨ ਹੁਇ ਦਰਸ਼ਨ ਦੀਜੈ ॥੧੭॥
ਲੋਕਨ ਤੇ ਜਸੁ ਸੁਨਯੋ ਤੁਹਾਰਾ।
ਯਾਂ ਤੇ ਮਿਲਿਬੋ ਨੀਕ ਬਿਚਾਰਾ।'
ਸੁਨਿ ਸਤਿਗੁਰ ਕਾਗਤ ਲਿਖਵਾਇਵ।
'ਜੇ ਮਿਲਿਬੇ ਲਾਲਸ ਉਪਜਾਇਵ ॥੧੮॥
ਤੌ ਹਮ ਆਵਹਿਂ ਦਿੱਲੀ ਪੁਰਿ ਕੋ।
ਮਿਲਿ ਕਰਿ ਕਰਹੁ ਮਨੋਰਥ ਉਰ ਕੋ।
ਪੂਰਬ ਗੁਰ ਘਰ ਕੋ ਬਲ ਸੁਨਿ ਕੈ।
ਰਾਮਰਾਇ ਬੁਲਵਾਇਵ ਗੁਨਿ ਕੈ ॥੧੯॥
ਸ਼੍ਰੀ ਹਰਿ ਕ੍ਰਿਸ਼ਨ ਬਹੁਰ ਬੁਲਵਾਏ।
ਅਬਿ ਤੈਂ ਹਮਰੇ ਨਿਕਟਿ ਪਠਾਏ।'

[1]ਸਾਨੂੰ) ਦੁਖਦਾਈ ਲਗਣ ਵਾਲੇ। †ਪਾ:-ਹਠ।

[1]ਝੂਠੇ ਮਲੇਛ ਸੰਤਾਂ ਦੇ ਦੁਖਦਾਈ (ਤੁਰਕੇਸ਼ੁਰ) ਨਾਲ।

[1]ਭਾਵ ਅਹਿਦੀਆਂ ਨੇ।

ਤਿਨ ਅਹਿਦਿਨਿ ਕੋ ਲਿਖਿ ਕਰਿ ਦਯੋ।
ਕਰਹਿ ਤਥਾ ਜਿਮ ਚਾਹਤਿ ਭਯੋ[1] ॥੨੦॥
ਇਮ ਉੱਤਰ ਲਿਖਵਾਇ ਗੁਸਾਈਂ।
ਕੇਤਿਕ ਧਨ ਦੀਨਸਿ ਤਿਨ ਤਾਂਈ।
ਹਤੇ ਲੋਭ ਤੇ ਲੈ ਨਰਮਾਏ[1†]।
ਗੁਰ ਕੇ ਸਮੁਖ ਨ ਕਛੂ ਅਲਾਏ ॥੨੧॥
ਬਿਦਾ ਹੋਇ ਕਰਿ ਅਹਿਦੀ ਚਾਲੇ।
ਚਢਿ ਮੰਚਨ ਪਰ ਪੂਰਬ ਢਾਲੇ[1]।
ਸਨੇ ਸਨੇ ਤੈਸੇ ਚਲਿ ਗਏ।
ਦਿੱਲੀ ਬਿਖੈ ਪ੍ਰਵੇਸ਼ਤਿ ਭਏ ॥੨੨॥
ਨੌਰੰਗ ਨਿਕਟਿ ਪਹੂੰਚੇ ਜਾਇ।
ਕਾਗਦ ਦਯੋ ਪ੍ਰਸੰਗ ਸੁਨਾਇ।
'ਕਹਯੋ ਗੁਰੂ, ਹਮ ਭੀ ਤਹਿਂ ਆਵੈਂ।
ਕੇਤਿਕ ਬਾਸੁਰ ਸਮਾ ਬਿਤਾਵੈਂ ॥੨੩॥
ਅਬਿ ਆਯੋ ਚੌਮਾਸਾ ਕਾਲ।
ਮਗ ਮਹਿਂ ਪਾਨੀ ਪੰਕ[1] ਬਿਸਾਲ।'
ਸੁਨਿ ਔਰੰਗ ਤਬਿ ਤੁਸ਼ਨਿ ਹੋਯਹੁ।
-ਆਵਹਿਂ ਆਪ- ਬਿਚਾਰਤਿ ਜੋਯਹੁ ॥੨੪॥
ਇਤਿ ਸਤਿਗੁਰ ਨਿਜ ਤਯਾਰੀ ਕੀਨਿ।
ਬਸਨ ਅਨੰਦ ਪੁਰਿ ਕੋ ਤਜਿ ਦੀਨਿ।
ਅਲਪ ਦਾਸ ਅਪਨੇ ਸੰਗ ਲੀਨਿ।
ਕਾਰਨ ਕਰਨ ਬਿਸਾਲ ਪ੍ਰਬੀਨ[1] ॥੨੫॥
ਮਾਸ ਅਸਾਢ ਬਿਖੈ ਪ੍ਰਸਥਾਨੇ।
ਸਿਖ ਮਸੰਦ ਹੁਇ ਬਿਦਾ ਪਯਾਨੇ।
ਨਿਜ ਨਿਜ ਦੇਸ਼ਨਿ ਕੋ ਚਲਿ ਗਏ।
'ਸਤਿਗੁਰ ਸ਼ੀਲ' ਸਰਾਹਤਿ ਭਏ ॥੨੬॥
ਸ੍ਰੀ ਪ੍ਰਭੁ ਪੂਰਬ ਕੋ ਮੁਖ ਕਰੇ।
ਨਿਤ ਪ੍ਰਤਿ ਮਜਲ ਅਲਪ ਹੀ ਥਿਰੇ।

[1]ਸ਼ਾਹ) ਜਿਵੇਂ ਚਾਹੁੰਦਾ ਹੈ ਕਰਦਾ ਹੈ।

[1]ਲੋਭ ਦੇ ਮਾਰੇ ਨਰਮ ਹੋ ਗਏ। [†]ਨੌਕਰਾਂ ਨੂੰ ਵੱਡੇ ਘਰਾਂ ਵਿਚ ਆਇਆਂ ਸਿਰੋਪਾਉ ਯਾ ਇਨਾਮ ਦੇਣਾ ਉਸ ਸਮੇਂ ਦਾ ਸ੍ਰੇਸ਼੍ਰਾਚਾਰ ਸੀ।

[1]ਪਹਿਲੇ ਵਾਂਗ।

[1]ਚਿੱਕੜ।

[1]ਜੋ ਸਰਬ ਕਾਰਨਾਂ ਦੇ ਕਰਨ ਵਾਲੇ ਤੇ ਪ੍ਰਬੀਨ ਹਨ।

ਬਸਹਿ ਨਹੀਂ ਤਬਿ ਪੁਰਿ ਪਟਿਆਰਾ[1]।
ਇਤਿ ਕੋ ਆਏ ਗੁਰੂ ਉਦਾਰਾ ॥੨੭॥
ਸੈਫਦੀਨ ਇਕ ਤੁਰਕ ਭਲੇਰਾ।
ਨਿਜ ਪੁਰਿ ਕੋ ਬਸਾਇ ਤਿਸ ਬੇਰਾ।
ਸੈਫਾਬਾਦ ਨਾਮ ਤਿਸ ਰਾਖਾ।
ਗੁਰ ਜਸੁ ਸੁਨਤਿ ਦਰਸ ਕੋ ਕਾਂਖਾ ॥੨੮॥

[1]ਪਟਿਆਲਾ ਨਗਰ ਨਹੀਂ ਵਸਦਾ ਸੀ ਤਦੋਂ।

ਚਿਤਵਤਿ ਰਹਤਿ -ਜਾਉਂ ਤਿਨ ਪਾਸ।
ਸੁਨਹੁ ਤਿਨਹੁ ਤੇ ਬਾਕ ਬਿਲਾਸ-।
ਅਟਕ੍ਯੋ ਰਹਤਿ ਕਾਜ ਘਰ ਕੇਰੇ।
ਨਹਿੰ ਅਵਕਾਸ਼[1] ਲਹ੍ਯੋ ਕਿਸ ਬੇਰੇ ॥੨੯॥

[1]ਸਮਾਂ।

ਤਊ ਰਿਦੇ ਮਹਿਂ ਪਜਾਸ ਬਡੇਰੀ।
-ਮਿਲਹਿਂ ਗੁਰੂ ਕੋ ਚਲਿ ਕਿਸ ਬੇਰੀ-।
ਅੰਤਰਜਾਮੀ ਸਤਿਗੁਰ ਜਾਨੀ।
-ਦਰਸ਼ਨ ਕੋਂ ਚਾਹਤਿ ਹਿਤ ਠਾਨੀ- ॥੩੦॥
ਉਤਰੇ ਤਹਾਂ ਜਾਇ ਪੁਰਿ ਨੇਰੇ।
ਸਕਲ ਆਇ ਲਾਗ੍ਯੋ ਤਬਿ ਡੇਰੇ[1]।

[1]ਸਾਰਾ ਡੇਰਾ ਆ ਲਗਾ।

ਸੈਫਦੀਨ ਢਿਗ ਕਿਨਹੁ ਬਖਾਨਾ।
'ਉਤਰ੍ਯੋ ਆਇ, ਨਹੀਂ ਕੋ ਜਾਨਾ[1]' ॥੩੧॥

[1]ਕੋਈ) ਆਣ ਉਤਰਿਆ ਹੈ ਪਰ ਇਹ ਨਹੀਂ ਜਾਣਿਆ ਜਾਂਦਾ ਕਿ ਕੌਣ ਹੈ।

ਸੁਧ ਹਿਤ ਸੁਨਿ ਕੈ ਮਨੁਜ ਪਠਾਯੋ।
ਬੂਝਿ ਗਯੋ ਤਿਨ ਜਾਇ ਬਤਾਯੋ।
'ਜਿਸ ਕੇ ਸੰਗ ਮਿਲਨਿ ਤੁਮ ਚਾਹੋ।
ਔਚਕ ਸੋ ਪਹੁੰਚੇ ਅਬਿ ਪਾਹੋ ॥੩੨॥
ਸ਼੍ਰੀ ਗੁਰ ਤੇਗ ਬਹਾਦਰ ਅਹੈਂ।
ਸੰਗੀ ਨਰ ਬੂਝੇ ਸੋ ਕਹੈਂ[1]।'

[1]ਸੰਗੀ ਨਰਾਂ ਤੋਂ ਪੁੱਛਿਆ ਹੈ ਉਨ੍ਹਾਂ ਨੇ ਦੱਸਿਆ ਹੈ।

ਸੈਫ ਦੀਨ ਸੁਨਿ ਕਰਿ ਹਰਖਾਯੋ।
ਤਤਛਿਨ ਆਪ ਮਿਲਿਨਿ ਕੋ ਆਯੋ ॥੩੩॥
ਕਿਤਿਕ ਅਸ਼ਰਫੀ ਆਗੇ ਧਰਿ ਕੈ।

ਬੰਦੇ ਪਦ ਨੰਮ੍ਰੀ ਸਿਰ ਕਰਿ ਕੈ।
ਕਹਤਿ ਭਯੋ 'ਮੁਝ ਕਰਜੋ ਨਿਹਾਰ।
ਦਰਸ਼ਨ ਦੀਨਸਿ ਆਨਿ ਕ੍ਰਿਪਾਲ ॥੩੪॥
ਅਬਿ ਪਹੁੰਚਜੋ ਹੈ ਆਨਿ ਚੁਮਾਸਾ।
ਬਨੌਂ ਕ੍ਰਿਤਾਰਥ ਕੀਜਹਿ ਬਾਸਾ।'
ਇਮ ਕਹਿ ਪਗ ਪੰਕਜ ਗਹਿ ਹਾਥ।
ਕਰਤਿ ਪਲੋਸਤਿ ਪ੍ਰੀਤੀ ਸਾਥ ॥੩੫॥
ਪੁਨ ਮੁਖ ਚਖ ਪਰ ਫੇਰਨਿ ਕਰੈ।
-ਮੈਂ ਨਿਹਾਲ ਭਾ- ਇਮ ਉਰ ਧਰੈ।
ਹੇਰਿ ਪ੍ਰੇਮ ਕੋ ਬਹੁਤ ਕ੍ਰਿਪਾਲ।
ਬਾਕ ਬਖਾਨਜੋਂ ਗੁਰ ਤਿਸ ਕਾਲ ॥੩੬॥
'ਜੇ ਉਰ ਸ਼ਰਧਾ ਏਵ ਤੁਮਾਰੇ।
ਕਰਹਿਂ ਬਾਸ ਚਹੁੰ ਮਾਸ ਸੁਖਾਰੇ।
ਚਹੈਂ ਸ਼ਾਹ ਢਿਗ ਕਰਨਿ ਪਯਾਨਾ।
ਬਰਖਾ ਹਟੇ ਜਾਹਿਂ ਤਿਸ ਥਾਨਾ' ॥੩੭॥
ਇਸ ਪ੍ਰਕਾਰ ਜਬਿ ਗੁਰੂ ਉਚਾਰਜੋ।
ਸੈਫਦੀਨ ਕਹਿ ਸਿਵਰ ਉਠਾਰਜੋ।
ਸੁੰਦਰ ਉਪਬਨ[1] ਬਿਖੈ ਉਤਾਰੇ।
ਆਪ ਸਾਥ ਹੁਇ ਤਹਾਂ ਪਧਾਰੇ ॥੩੮॥
ਭਲੀ ਭਾਂਤਿ ਡੇਰਾ ਕਰਿਵਾਯਹੁ।
ਹਿਤ ਸੇਵਾ ਕੇ ਸਕਲ ਪੁਚਾਯਹੁ।
ਬਹੁ ਬਿਧਿ ਕੇ ਪ੍ਰਿਯ ਬਾਕ ਸੁਨਾਏ।
ਪੁਨ ਨਿਜ ਸਦਨ ਗਯੋ ਹਰਖਾਏ ॥੩੯॥
ਨਿਸਾ ਬਾਸ ਸਤਿਗੁਰ ਤਬਿ ਕਰਜੋਂ।
ਖਾਨ ਪਾਨ ਸਭਿਹਿਨਿ ਸੁਖ ਧਰਜੋ।
ਭਈ ਪ੍ਰਭਾਤਿ ਸੌਚ ਇਸ਼ਨਾਨੇ।
ਬੈਠੇ ਥਿਰ ਹੁਇ ਲਾਗਿ ਸੁ ਧਜਾਨੇ ॥੪੦॥
ਦਿਵਸ ਚਢੇ ਕਰਿ ਪ੍ਰੇਮ ਬਿਸਾਲਾ।
ਸੈਫਦੀਨ ਪਹੁੰਚਜੋ ਤਤਕਾਲਾ।
ਕਰਿ ਬੰਦਨ ਪਦ ਪਰ ਹਰਖਾਯੋ।

[1]ਬਾਗ।

ਸਾਦਰ ਸਤਿਗੁਰ ਨਿਕਟਿ ਬਿਠਾਯੋ
॥੪੧॥
ਬਾਕ ਬਿਲਾਸ ਅਨੇਕ ਪ੍ਰਕਾਰਾ।
ਕਰਤਿ ਗੁਰੂ ਦੇ ਅਨੰਦ ਉਦਾਰਾ।
ਸ਼ਾਂਤਿ ਸਮੇਤ ਉਚਾਰਤਿ ਜਸੋਂ ਜਸੋਂ।
ਸੁਨਿ ਕਰਿ ਬਸੀ ਹੋਤਿ ਮਨ ਤਸੋਂ ਤਸੋਂ[1]
॥੪੨॥
ਮੁਦਤ ਹੋਇ ਪੁਨ ਬਿਨਤੀ ਠਾਨੀ।
'ਕਰਹੁ ਬਾਸ ਮਮ ਪ੍ਰੀਤ ਮਹਾਨੀ।
ਪੰਕ ਪ੍ਰਿਥੀ ਪਰ ਪ੍ਰਾਪਤਿ ਪਾਨੀ।
ਗਮਨ ਕਠਨ ਮਗ ਕੋ ਲਿਹੁ ਜਾਨੀ'
॥੪੩॥
ਸੁਨਿ ਕਰਿ ਸੈਫਦੀਨ ਕੀ ਬਿਨਤੀ।
ਕਰਨਿ ਕੂਚ ਕੀ ਤਜਿ ਕਰਿ ਗਿਨਤੀ।
ਕਰਯੋ ਬਚਨ 'ਤੁਮ ਆਛੇ ਕਹਯੋ।
ਮਗ ਪ੍ਰਸਥਾਨ ਸਮਾ ਨਹਿਂ ਲਹਯੋ ॥੪੪॥
ਸਰਬ ਰੀਤਿ ਕਰਿ ਸੰਕਟ ਹੋਤਿ।
ਤ੍ਰਿਨ ਗਨ ਜੀਵ ਬਿਲੰਦ ਉਦੋਤਿ[1]।
ਬਰਖਾ ਸਕਲ ਬਿਤਾਵੈਂ ਜਬੈ।
ਕਰਹਿਂ ਕੂਚ ਡੇਰਾ ਹਮ ਤਬੈ' ॥੪੫॥
ਤਹਿਂ ਗੁਰ ਬਸੇ ਦੇਨਿ ਕੋ ਛੇਮ।
ਸੈਫਦੀਨ ਦੀਰਘ ਉਰ ਪ੍ਰੇਮੁ।
ਕਰਹਿ ਭਾਵ ਕੋ ਨੀਤ ਨਵੀਨ।
ਪਰਚਹਿ ਗੁਰ ਢਿਗ ਰਹੈ ਪ੍ਰਬੀਨ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸੈਫਾਬਾਦ ਗੁਰ ਆਗਵਨ' ਪ੍ਰਸੰਗ ਬਰਨਨੰ ਨਾਮ ਤ੍ਰਿਸਤੀ ਅੰਸੂ ॥੩੦॥

[1]ਸੈਫਦੀਨ ਦਾ) ਮਨ।

[1]ਘਾਹ ਬਹੁਤੇ (ਹੁੰਦੇ ਹਨ ਤੇ ਵਿਚ ਸੱਪ ਠੂੰਹੇ ਆਦਿ) ਜੀਵ ਬੀ ਬਹੁਤ ਉਪਜਦੇ ਹਨ।

## ੩੧. [ਸੈਫਦੀਨ ਪਾਸੋਂ ਵਿਦਾ। ਅਹਿਦੀਏ ਭਾਲਣ ਆਏ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਬਸੇ ਚੁਮਾਸਾ ਸਤਿਗੁਰੂ,
ਡੇਰਾ ਕੀਨਿ ਮੁਕਾਮ।
ਸੈਫਦੀਨ ਸੇਵਾ ਕਰਹਿ,
ਨਿਤ ਪ੍ਰਤਿ ਆਇ ਸਲਾਮ ॥੧॥

ਚੌਪਈ:

ਸੰਗਤਿ ਗੁਰ ਕੀ ਠਾਨਿ ਹਮੇਸ਼ੂ।
ਤਜੋਂ ਤਜੋਂ ਚਿਤ ਮਹਿਂ ਪ੍ਰੇਮ ਵਿਸ਼ੇਸ਼ੂ।
ਕਬਹੂੰ ਲੇ ਨਿਜ ਸੰਗ ਸਿਧਾਰਹਿ।
ਸਦਨ ਆਪਨੇ ਜਾਇ ਬਿਠਾਰਹਿ ॥੨॥
-ਪਰਚੇ ਰਹੈਂ ਇਹਾਂ ਚਿਰਕਾਲਾ-।
ਯਾਂ ਤੇ ਠਾਨਤਿ ਜਤਨ ਬਿਸਾਲਾ।
ਅਨਿਕ ਭਾਂਤਿ ਕੀ ਬਾਤ ਸੁਨਾਵੈ।
ਘਰ ਅੰਤਰ ਕੇ ਬਾਗ਼[1] ਦਿਖਾਵੈ ॥੩॥
ਬਹੁਰ ਫਰਸ਼ ਸੁੰਦਰ ਡਸਵਾਵੈ।
ਕਰਿ ਬਿਨਤੀ ਸਨਮਾਨ ਬਿਠਾਵੈ।
ਚਾਰੂ ਚੌਪਰ ਅੱਗ੍ਰ ਬਿਛਾਵੈ।
ਖੇਲੈ ਗੁਰ ਸੋਂ ਡਲਨ ਰੁੜਾਵੈ[1] ॥੪॥
ਇਕ ਦੁਇ ਜਾਮ ਸਦਨ ਮਹਿਂ ਰਾਖੈ।
ਖੇਲਨਿ ਹਿਤ ਪੁਨ ਪੁਨ ਮੁਖ ਭਾਖੈ।
ਖਾਨ ਪਾਨ ਕੀ ਸੇਵਾ ਕਰੈ।
ਸਿਵਰ ਬਿਖੈ ਬਸਤੂ ਸਭਿ ਧਰੈ ॥੫॥
ਘ੍ਰਿਤ ਮਿਸ਼ਟਾਨ ਅੰਨ ਗਨ ਨੀਕੇ।
ਅਪਰ ਅਹਾਰ ਜਿ ਭਾਵਤਿ ਜੀ ਕੇ।
ਦੁਗਧ ਦਧੀ ਤੇ ਆਦਿਕ ਜੇਈ।
ਹਿੰਦੁਨਿ ਤੇ ਪਹੁੰਚਾਵਤਿ ਤੇਈ ॥੬॥
ਚਹਿਯਤਿ ਵਸਤੁ ਸਿਵਰ ਮਹਿਂ ਜੋਇ।
ਨਿਜ ਬੁਧਿ ਤੇ ਭੇਜੈ ਤਹਿਂ ਸੋਇ।
ਫਲ ਰਸਾਲ ਕੇ[1] ਸ੍ਵਾਦਲ ਜੇਤੇ।
ਬੀਨ ਬੀਨ ਕਰਿ ਪਠਵਹਿ ਤੇਤੇ ॥੭॥

[1]ਘਰ ਦੇ ਅੰਦਰ ਦੇ ਬਾਗ।

[1]ਡਲ (ਪਾਸੇ) ਰੇੜ ਕੇ।

[1]ਅੰਬਾਂ ਦੇ।

ਦੂਰ ਦੂਰ ਤੇ ਕਰਹਿ ਮੰਗਾਵਨਿ।
ਦੇਖਿ ਦੇਖਿ ਕਰਿ ਜੇ ਮਨ ਭਾਵਨ।
ਜਾਮਨ ਫਲ ਆਰੂ ਅਰੁ ਖਿਰਨੀ।
ਜੇ ਲਗਵਾਇ ਰਖੇ ਨਿਜ ਧਰਨੀ ॥੮॥
ਦਾਰਮ ਦੀਰਘ ਦਾਨੇ ਜੋਇ[1]। [1]ਅਨਾਰ ਵੱਡਿਆਂ ਦਾਣਿਆਂ ਵਾਲੇ ਜੋ ਹਨ।
ਕਰਿ ਕਰਿ ਪ੍ਰੇਮ ਪਠਾਵੈ ਸੋਇ।
ਇੱਤਜਾਦਿਕ ਸੇਵਾ ਕਹੁ ਠਾਨਿ।
ਜਨਮ ਸੁਧਾਰਜੋ ਅਪਨਿ ਮਹਾਨ ॥੯॥
ਦੇਹਿ ਤੁਰੰਗਨ ਕੋ ਤ੍ਰਿਣ ਦਾਨਾ।
ਭਏ ਪੁਸ਼ਟ ਠਾਢੇ ਤਿਸ ਥਾਨਾ।
ਇਮ ਸਾਵਨ ਭਾਦੋਂ ਦੁਇ ਮਾਸ।
ਕਰੇ ਬਿਤਾਵਨਿ ਸਤਿਗੁਰ ਬਾਸਿ[1] ॥੧੦॥ [1]ਵੱਸ ਕੇ।
ਮਾਸ ਅਸੌਜੁ ਆਇ ਪੁਨ ਗਯੋ।
ਅਵਿਰੰਗ ਇਕ ਦਿਨ ਬੈਠਤਿ ਭਯੋ।
ਚਲਜੋ ਪ੍ਰਸੰਗ ਗੁਰੂ ਕੋ ਤਹਾਂ।
'ਅਬਿ ਲੌ ਨਹਿਂ ਆਏ ਰਹਿ ਕਹਾਂ[1]?' ॥੧੧॥ [1]ਕਿੱਥੇ ਰਹੇ।
ਪੁਨ ਅਹਿਦੀ ਦ੍ਵੈ ਕੀਨੇ ਤਯਾਰੀ।
ਕਰਿ ਤਾਗੀਦ ਬਿਸਾਲ ਉਚਾਰੀ।
'ਅਪਨੇ ਸੰਗ ਜਾਇ ਕਰਿ ਆਨੋ।
ਅਪਰ ਫਰੇਬ ਕਰਹਿਂ, ਨਹਿਂ ਮਾਨੋ[1] ॥੧੨॥ [1]ਹੋਰ ਫਰੇਬ ਕਰਨ ਤਾਂ ਨਾ ਮੰਨੋ।
ਤਿਨ ਬਿਨ ਅਟਕ ਰਹਜੋ ਬਡ ਕਾਜਾ।
ਜਨੁ ਹਿੰਦੁਨਿ ਕੋ ਦਿਢ ਦਰਵਾਜਾ।
ਅਪਨੀ ਅਜ਼ਮਤ ਮੋਹਿ ਦਿਖਾਵੈਂ।
ਨਾਤੁਰ ਸ਼ਰ੍ਹਾ ਬੀਚ ਅਬਿ ਆਵੈਂ ॥੧੩॥
ਆਨਹੁ ਸਾਥ ਨ ਤਜਿ ਕਰਿ ਫਿਰੋ।
ਖਬਰ ਪਠਹੁ ਤਿਨ ਕੇ ਦਰ ਪਰਹੁ[1]।' [1]ਸਾਨੂੰ) ਖਬਰ ਭੇਜ ਦਿਓ ਤੇ (ਆਪ) ਉਨ੍ਹਾਂ ਦੇ ਦਰ ਤੇ ਪਏ ਰਹੋ।
ਸੁਨਿ ਤਾਗੀਦ ਸ਼ਾਹੁ ਤੇ ਜੋਰ।
ਅਹਿਦੀ ਚਲੇ ਅਨੰਦਪੁਰਿ ਓਰ ॥੧੪॥

ਚਢਿ ਖਾਟਨ ਪਰ ਕਾਢਿ ਬਿਗਾਰੀ[1]।
ਸੀਸ ਉਠਾਏ ਜਾਹਿਂ ਅਗਾਰੀ।
ਗ੍ਰਾਮ ਗ੍ਰਾਮ ਮਹਿਂ ਹੁਕਮ ਕਰੰਤੇ।
ਖਾਨ ਪਾਨ ਤਿਨ ਲੇ ਗਮਨੰਤੇ ॥੧੫॥
ਮਗ ਉਲੰਘਿ ਕਰਿ ਸਗਰੇ ਗਏ।
ਜਾਇ ਪ੍ਰਵੇਸ਼ ਅਨੰਦਪੁਰਿ ਭਏ।
ਬੂਝੀ ਸੁਧਿ, ਗੁਰ ਤਹਾਂ ਨ ਪਾਏ।
'ਕਹਾਂ ਅਹੈਂ?' ਕੋ ਨਹੀਂ ਬਤਾਏ ॥੧੬॥
ਭਏ ਸਚਿੰਤ 'ਕਹਾਂ ਅਬਿ ਕਰੈਂ?
ਗੁਰ ਕੀ ਸੁਧ ਨਹਿਂ ਸ਼੍ਰਵਨੀ ਪਰੈ।'
ਕੇਤਿਕ ਦਿਨ ਰਹਿ ਬਹੁਰ ਪਯਾਨੇ।
-ਹੋਇਂ ਸੁਧਾਸਰ- ਅਸ ਮਨ ਜਾਨੇ ॥੧੭॥
ਸਤੁੱਦ੍ਰਵ ਪਾਰ ਉਲੰਘਿ ਤਬਿ ਚਾਲੇ।
ਦ੍ਵਾਬੇ ਦੇਸ਼ ਦੇਖਿ ਕਰਿ ਭਾਲੇ।
ਬਹੁਰ ਬਿਪਾਸਾ ਉਤਰੇ ਪਾਰ।
ਖੋਜਹਿ ਜਹਿ ਕਹਿ ਨਰਨ ਉਚਾਰਿ[1] ॥੧੮॥
ਸ਼੍ਰੀ ਅੰਮ੍ਰਿਤਸਰ ਪਹੁੰਚੇ ਜਾਇ।
ਇਕਠੇ ਕਰਿ ਮਸੰਦ ਸਮੁਦਾਇ।
ਬੂਝਨਿ ਕਰੀ ਗੁਰੂ ਕੀ ਗਾਥ।
'ਅਬਿ ਕਿਸ ਥਲ ਮਹਿਂ ਤੁਮਰੋ ਨਾਥ? ॥੧੯॥
ਜੋ ਤੁਮ ਕਰਹੁ ਦੁਰਾਵਨਿ ਤਿਨੈ।
ਸ਼ਾਹੁ ਸਜ਼ਾਇ ਦੇਹਿਗੋ ਘਨੈ।
ਸਦਨ ਖਸੋਟਹਿ ਵਹਿਰ ਨਿਕਾਰਹਿ।
ਬੰਦ ਕੈਦ ਕਰਿ ਤੁਮ ਕਹੁ ਮਾਰਹਿ' ॥੨੦॥
ਸੁਨਿ ਮਸੰਦ ਪਾਯੋ ਬਡ ਤ੍ਰਾਸਾ।
ਕਹਜੋ 'ਦੇਖਿ ਲਿਹੁ ਸਕਲ ਅਵਾਸਾ[1]।
ਕਹਹਿਂ ਕੂਰ ਨਹਿਂ[1], ਦੋਸ਼ ਲਗਾਵਹੁ।
ਹਮ ਗ਼ਰੀਬ ਸਗਰੇ ਲਖਿ ਪਾਵਹੁ'

[1]ਵਗਾਰਾਂ ਕਢਾ ਕੇ।

[1]ਪੁੱਛਕੇ।

[1]ਸਾਰੇ ਘਰ।

[1]ਅਸੀਂ) ਝੂਠ ਨਹੀਂ ਕਹਿੰਦੇ।

॥੨੧॥
ਇਮ ਨਿਰਨੈ ਕਰਿ ਕੈ ਅਹਿਦੀਨ।
ਸ਼ਾਹੁ ਨਿਕਟਿ ਸੁਧਿ ਲਿਖਿ ਪਠਿ ਦੀਨਿ।
'ਕਿਤਹੁਂ ਨ ਪਾਵਤਿ ਖੋਜਤਿ ਹਾਰੇ।
ਦੇਸ਼ ਬਿਦੇਸ਼ਨਿ ਬਿਖੈ ਨਿਹਾਰੇ' ॥੨੨॥
ਸੁਨਿ ਨੁਰੰਗ ਨੇ ਕਿਤਿਕ ਸਊਰ[1]।
ਹਿਤ ਖੋਜਨਿ ਪਠਿ ਨਿਕਟਿ ਕਿ ਦੂਰ।
ਜਹਾਂ ਕਹਾਂ ਕਹੁ ਬਿਚਰਨਿ ਲਾਗੇ।
ਬੂਝੇ ਜਿਤ ਕਿਤ ਪਾਛੇ ਆਗੇ ॥੨੩॥
ਕੇਚਿਤ ਅਹਿਦੀ ਅਰੁ ਅਸਵਾਰ।
ਬਿਚਰਤਿ ਦੇਸ਼ ਬਿਦੇਸ਼ ਮਝਾਰ।
ਇਤਿ ਸਤਿਗੁਰ ਸਭਿ ਅੰਤਰਜਾਮੀ।
ਜਲ ਥਲ ਘਟਿ ਘਟਿ ਜਾਨਤਿ ਸ੍ਵਾਮੀ
॥੨੪॥
ਸੈਫਦੀਨ ਕੋ ਕੀਨਿ ਨਿਹਾਲ।
ਬੈਠੇ ਹੁਤੇ ਕਹ੍ਯੋ ਇਕ ਕਾਲ।
'ਅਬਿ ਹਮ ਚਲ੍ਯੋ ਚਹੈਂ ਕਿਤ ਆਨ[1]।
ਬਸੇ ਚੁਮਾਸਾ ਤੁਵ ਬਚ ਮਾਨਿ ॥੨੫॥
ਸੱਤਿਨਾਮ ਸਿਮਰਨ ਕਰਿ ਸਦਾ।
ਸੰਕਟ ਬਜਾਪ ਸਕਹਿ ਨਹਿਂ ਕਦਾ।
ਸਤਿ ਸੰਗਤਿ ਕੇ ਸੰਗ ਸੁ ਪ੍ਰੀਤ।
ਸੇਵਾ ਕਰਹੁ ਲਹਹੁ ਸੁਖ ਨੀਤ ॥੨੬॥
ਜਨਮ ਮਰਨ ਤੇਰੋ ਅਬਿ ਮਿਟ੍ਯੋ।
ਗੁਰੂ ਕ੍ਰਿਪਾ ਤੇ ਸੰਕਟ ਕਟ੍ਯੋ।'
ਸੈਫਦੀਨ ਸੁਨਿ ਪ੍ਰੇਮ ਬਿਸਾਲਾ।
ਭਏ ਸਜਲ ਲੋਚਨ ਤਿਸ ਕਾਲਾ ॥੨੭॥
'ਮੋ ਚਿਤ ਮੋਚਤਿ ਸਾਥ ਨ ਚਹੈ[1]।
-ਗਮਨਹੁਂ ਗੁਰੂ!- ਬਾਕ ਕੋ ਕਹੈ[1]?
ਕਹਾਂ ਠਗੌਰੀ ਮੋ ਪਰ ਡਾਰੀ।
ਮਨ ਬਸਿ ਰਾਵਰਿ ਰਖਹੁ ਸੰਗਾਰੀ'
॥੨੮॥
ਸ੍ਰੀ ਗੁਰ ਤੇਗ ਬਹਾਦਰ ਸੁਨਿ ਕੈ।

[1]ਅਸਵਾਰ।
[1]ਹੋਰਥੇ।
[1]ਮੇਰਾ ਚਿੱਤ ਸਾਥ ਨੂੰ ਛੱਡਣਾ ਨਹੀਂ ਚਾਹੁੰਦਾ।
[1]ਹੇ ਗੁਰੂ ਜੀ ਆਪ ਜਾਓ ਇਸ ਵਾਕ ਨੂੰ ਕੌਣ ਕਹੇ।

ਧੀਰਜ ਦੀਨਿ ਪ੍ਰੇਮ ਤਿਸ ਗੁਨਿ ਕੈ।
'ਹਮ ਨੇ ਅਬਿ ਕੁਛ ਕਰਨੇ ਕਾਜਾ।
ਨਹੀਂ ਸਾਥ ਕੋ ਨਿਬਹਿ ਸਮਾਜਾ ॥੨੯॥
ਨਿਤ ਪ੍ਰਤਿ ਉਠਿ ਕਰਿ ਠਾਨਹੁ ਧ੍ਯਾਨ।
ਜਿਮ ਸਮੀਪ ਤੈਸੇ ਪਹਿਚਾਨ।'
ਇੱਤ੍ਯਾਦਿਕ ਕਹਿ ਬਹੁ ਸਮੁਝਾਯੋ।
ਨੀਠ ਨੀਠ ਉਰ ਧੀਰ ਬਧਾਯੋ ॥੩੦॥
ਅਪਰ ਦਾਸ ਅਰੁ ਸਿੱਖ ਜਿ ਸਾਥ।
ਸਭਿ ਸੋਂ ਬੋਲੇ ਇਸਿ ਬਿਧਿ ਨਾਥ।
'ਨਿਜ ਨਿਜ ਸਦਨ ਸਿਧਾਰਨਿ ਕਰੀਯਹਿ।
ਸੰਗ ਹਮਾਰੋ ਅਬਿ ਪਰਿਹਰੀਅਹਿ ॥੩੧॥
ਹੋਨਿ ਇਕਾਕੀ ਬਨਹਿ ਹਮਾਰੋ।
ਅਬਹਿ ਸੰਗ ਹੁਇ ਅਧਿਕ ਦੁਖਾਰੋ।
ਤਹਾਂ ਨ ਸ਼ਰਧਾ ਪੁਨ ਰਹਿ ਆਵਹਿ।
ਰਹੈ ਸੰਗ ਸੋ ਬਹੁ ਪਛੁਤਾਵੈ ॥੩੨॥
ਇਸ ਕਾਰਨ ਸੁਧਿ ਪ੍ਰਥਮ ਜਨਾਈ।
ਚਲੇ ਜਾਹੁ ਤਜਿ ਹਠ ਅਧਿਕਾਈ।
ਨਾਂਹਿ ਤ ਤ੍ਰਾਸ ਹੋਇਗੋ ਭਾਰੀ।
ਰਹੈ ਕੌਨ ਤਬਿ ਧੀਰਜ ਧਾਰੀ' ॥੩੩॥
ਇੱਤ੍ਯਾਦਿਕ ਸਭਿਹੂੰਨਿ ਸੁਨਾਯੋ।
ਹਿਰਦੈ ਮਹਾਂ ਤ੍ਰਾਸ ਉਪਜਾਯੋ।
ਬੋਲੇ ਕਿਤਿਕ ਜੋਰ ਜੁਗ ਹਾਥ।
'ਰਾਵਰਿ ਕੇ ਅਨੁਸਾਰੀ ਨਾਥ! ॥੩੪॥
ਨਿਜ ਸੰਗ ਰਾਖਹੁ ਤਉ ਹਮ ਰਹੈਂ।
ਜਾਹਿਂ ਸਦਨ ਕੋ ਜੇ ਅਬਿ ਕਹੈਂ।'
ਇਮ ਕਹਿ ਆਇਸੁ ਲੇ ਘਰ ਗਏ।
ਸ਼੍ਰੀ ਗੁਰਦੇਵ ਸੰਗ ਤਜਿ ਦਏ ॥੩੫॥
ਪੰਜ ਸਉਰ ਗੁਰੂ ਢਿਗ ਰਹੇ।
ਜਿਨਹੁਂ ਸੰਗ ਕੋ ਹਠ ਬਹੁ ਗਹੇ।
ਮਤੀਦਾਸ ਇਕ ਗੁਰੂ ਦਿਵਾਨ।

ਰਹਤਿ ਸਮੀਪ ਸਦੀਵ ਸੁਜਾਨ ॥੩੬॥
ਰਿਦੇ ਸ਼ੁੱਧ ਸੇਵਾ ਬਹੁ ਕਰੀ।
ਅਜ਼ਮਤ ਲਹੀ ਕੁਮਤਿ ਪਰਹਰੀ।
ਗਯਾਨਵਾਨ ਸਮਰਥ ਸਭਿ ਰੀਤਿ।
ਧੀਰਜ ਆਦਿ ਬ੍ਰਿੰਦ ਗੁਨ ਚੀਤ ॥੩੭॥
ਦ੍ਰਿੜ੍ਹ ਮਨ ਕਰਿਕੈ ਸੰਗ ਨ ਤਯਾਗਾ।
ਸ਼੍ਰੀ ਗੁਰਦੇਵ ਚਰਨ ਅਨੁਰਾਗਾ।
ਦੂਸਰ ਰਹਯੋ ਸੰਗ ਗੁਰਦਿੱਤਾ।
ਬ੍ਰਿਧ ਕੇ ਬੰਸ ਜਨਮ ਜਿਨ ਲਿੱਤਾ
॥੩੮॥
ਖਸ਼ਟਮ ਥਾਨ ਬ੍ਰਿੱਧ ਤੇ ਭਯੋ।
ਰਾਮ ਕੁਇਰ ਜਿਸ ਤੇ ਉਪਜਯੋ।
ਸਰਬ ਗੁਰਨਿ ਕੇ ਸੰਗੀ ਰਹੇ।
ਕਰਾਮਾਤ ਮਹਿਂ ਪੂਰਨ ਅਹੇ ॥੩੯॥
ਜਿਨ ਕੇ ਲੇਸ਼ ਨ ਮੋਹ ਨ ਮਾਯਾ।
ਉਰ ਬ੍ਰਹਮ ਗਯਾਨੀ ਆਨੰਦ ਪਾਯਾ।
ਦੁਇ ਇਹ ਸੰਗ ਅਪਰ ਸਿਖ ਤੀਨ।
ਰਹੇ ਗੁਰੂ ਕੇ ਨਿਕਟਿ ਪ੍ਰਬੀਨ ॥੪੦॥
ਸੈਫਦੀਨ ਤੇ ਲੀਨਿ ਬਿਦਾਈ।
ਜ਼ੀਨ ਡਾਰਿ ਤਯਾਰੀ ਕਰਿਵਾਈ।
ਅਪਰ ਦਾਸ ਨਿਜ ਨਿਜ ਘਰ ਗਏ।
ਗੁਰੂ ਭੇਵ ਨਹਿਂ ਜਾਨਤਿ ਭਏ ॥੪੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਸ਼੍ਰੀ ਗੁਰ ਤਯਾਰੀ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਕਿਤਿਕ ਸਉਰ[1] ਨੁਰੰਗ ਕੇ, ਜਹਿਂ ਕਹਿਂ ਖੋਜਤਿ ਥਾਨ।
ਦੇਸ਼ ਬਿਦੇਸ਼ਨਿ ਗ੍ਰਾਮ ਪੁਰਿ, ਬੂਝਹਿਂ ਨਾਮਬਖਾਨੁ ॥੧॥

[1]ਅਸਵਾਰ।

ਚੌਪਈ:

'ਸ਼੍ਰੀ ਗੁਰ ਤੇਗ ਬਹਾਦਰ ਹੇਰੇ?
ਸੁਨੇ ਕਿਧੌਂ ਕਿਸ ਥਲ ਇਸ ਬੇਰੇ।
ਕਿਤ ਤੇ ਆਵਤਿ ਕਿਤ ਕੋ ਜਾਤੇ।
ਕਰਹੁ ਬਤਾਵਨਿ ਤਿਨ ਕੀ ਬਾਤੇਂ' ॥੨॥
ਸ਼੍ਰੀ ਗੁਰ ਕੀ ਮਾਯਾ ਬਿਰਮਾਤੇ।
ਪਿਖੇ ਸੁਨੇ ਜਿਨ ਸੇ ਨ ਮਿਲਾਤੇ[1]।

[1]ਜਿਨ੍ਹਾਂ ਨੇ ਦਰਸ਼ਨ ਕੀਤਾ ਯਾ ਸੁਣੇ ਸਨ ਓਹ ਉਨ੍ਹਾਂ ਨੂੰ ਨਾ ਮਿਲੇ।

ਆਦਿ ਅਨੰਦਪੁਰਿ ਦ੍ਵਾਬਾ ਦੇਸ਼।
ਮਾਝੇ ਮਾਂਝ ਬਿਲੋਕਿ ਅਸ਼ੇਸ਼ ॥੩॥
ਗਿਰ ਕਹਿਲੂਰ ਆਦਿ ਬਹੁ ਥਾਨਿ।
ਬੂਝਤਿ ਬਿਚਰਤਿ ਨਾਮ ਬਖਾਨਿ।
'ਸ਼੍ਰੀ ਨਾਨਕ ਮਸਨੰਦ[1] ਬਿਸਾਲਾ।
ਤਿਸ ਪਰ ਇਸਥਿਤ ਜੋ ਇਸ ਕਾਲਾ ॥੪॥

[1]ਗੱਦੀ।

ਸ਼ਾਹੁ ਤਲਾਸ਼ ਕਰਤਿ ਹੈ ਤਿਸ ਕੀ।
ਬਿਚਰਤਿ ਸੁਧਿ ਲੈਬੇ ਸਭਿ ਦਿਸ਼ ਕੀ।
ਜਿਸ ਕੇ ਦੁਰਜੋ ਹੋਇ ਕਬਿ ਆਇ[1]।
ਸੋ ਅਬਿ ਹਮ ਕੋ ਦੇਹੁ ਬਤਾਇ ॥੫॥

[1]ਕਦੇ ਆ ਕੇ ਲੁਕੇ ਹੋਣ।

ਨਾਂਹਿ ਤ ਗੁਰ ਜਾਨਜੋਂ ਜਬਿ ਜਾਇ।
ਪਾਤਿਸ਼ਾਹਿ ਤਿਸ ਦੇਹਿ ਸਜ਼ਾਇ।'
ਇੱਤਯਾਦਿਕ ਕਹਿ ਕਹਿ ਪੁਰਿ ਗ੍ਰਾਮਨਿ।
ਕਹੂੰ ਬਿਲੋਕਤਿ ਹਿੰਦੁਨਿ ਧਾਮਨ[1] ॥੬॥

[1]ਹਿੰਦੂਆਂ ਦੇ ਘਰਾਂ ਨੂੰ।

ਸੰਗਤਿ ਮੈਂ ਬਹੁ ਤ੍ਰਾਸ ਬਖਾਨੈਂ।
'ਗੁਰੂ ਬਤਾਵਹੁ ਜਹਿਂ ਤੁਮ ਜਾਨੈਂ[1]।'
ਮਾਯਾ ਤੇ ਮੋਹਿਤ ਮਨ ਹੋਏ।

[1]ਜਿਥੇ ਜਾਣਦੇ ਹੋ ਕਿ ਹਨ।

ਗੁਰ ਦਿਸ਼ਿ ਗਏ ਨ ਦਰਸ਼ਨ ਜੋਏ ॥੭॥
ਪਿਖੇ ਸੁਨੇ ਜਿਨ, ਮਿਲੇ ਨ ਤਿਨ ਕੋ।
ਕਜੋਂ ਕਰਿ ਖੋਜ ਪਾਇ ਗੁਰ ਤਨ ਕੋ।
ਸੈਫਦੀਨ ਤੇ ਲੀਨਿ ਬਿਦਾਈ[1]।
ਕਰ ਜੋਰੇ ਤਿਨ ਗ੍ਰੀਵ ਨਿਵਾਈ ॥੮॥
'ਸਿਮਰਹੁ ਦਾਸ ਜਾਨ ਕਰਿ ਮੋਹੀ।'
ਬੂਝਜੋ 'ਕਬਿ ਦਰਸ਼ਨ ਪੁਨ ਹੋਹੀ?'
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ।
'ਕਰੀ ਪੂਰ ਮਿਲਿਬੇ ਅਭਿਲਾਖਾ ॥੯॥
ਧਰਹੁ ਧਜਾਨ ਹੀ ਦਰਸ਼ਨ ਮੋਰਾ।
ਬਨਹੁਂ ਸਹਾਇਕ ਜਹਿਂ ਕਹਿਂ ਤੋਰਾ।
ਇਮ ਦੇ ਧੀਰਜ ਕੀਨਿ ਪਯਾਨਾ।
ਅਹੈ ਨਗਰ ਇਕ ਨਾਮ ਸਮਾਨਾ[1] ॥੧੦॥
ਬ੍ਰਿੰਦ ਪਠਾਨ ਤਹਾਂ ਸਰਦਾਰ।
ਗਮਨਹਿਂ ਸਿਵਕਾ ਪਰ ਅਸਵਾਰ[1]।
ਲਘੁ ਲਘੁ ਦੁਰਗ ਪੁੰਜ ਬਨਵਾਏ।
ਬਸਹਿਂ ਭੋਗ ਭੋਗਤਿ ਸਮੁਦਾਏ ॥੧੧॥
ਤਿਸ ਪੁਰਿ ਸਨਮੁਖ ਸ਼੍ਰੀ ਗੁਰ ਹੋਏ।
ਗਮਨਹਿਂ ਜਾਹਿਂ ਸੁਮਾਰਗ ਜੋਏ।
ਆਪ ਤੁਰੰਗ ਬਲੀ ਅਸਵਾਰ।
ਪੰਚੇ ਗਮਨਹਿਂ ਮਾਰਗ ਲਾਰ[1] ॥੧੨॥
ਸ਼ਹਿਰ ਸਮਾਣੇ ਪਹੁੰਚੇ ਜਾਇ।
ਕਿਤਕਿ ਸਿੱਖ ਮਿਲਿਗੇ ਪੁਨ ਆਇ।
ਅਰਪੀ ਭੇਟ ਬੰਦਨਾ ਕੀਨਿ।
ਪੂਰੀ ਕਾਮਨਾ ਦਰਸ਼ਨ ਲੀਨਿ ॥੧੩॥
ਤਿਨ ਸਮੇਤ ਹੁਇ ਥਲ ਕੋ ਹੇਰਾ।
ਪੁਰਿ ਤੇ ਵਹਿਰ ਜਾਇ ਕਿਯ ਡੇਰਾ।
ਖਾਨ ਪਾਨ ਸਗਰੋ ਤਹਿਂ ਕਰਿ ਕੈ।
ਥਿਰੈ ਪ੍ਰਯੰਕ ਪੀਠ ਪਰ[1] ਚਰਿਕੈ ॥੧੪॥
ਤਹਾਂ ਪਠਾਨ ਏਕ ਸਰਦਾਰ।
ਸਤਿਗੁਰ ਮਹਿਮਾ ਲਖਹਿ ਉਦਾਰ।
ਸੈਫਦੀਨ ਢਿਗ ਬਾਸ ਚੁਮਾਸੇ।

[1]ਗੁਰੂ ਜੀ ਨੇ) ਵਿਦਾ ਲਈ।

[1]ਪਟਜਾਲੇ ਰਜਾਸਤ ਵਿਚ ਇਕ ਨਗਰ ਹੈ।

[1]ਤੇ ਪਾਲਕੀ ਵਿਚ ਅਸਵਾਰ ਹੋ ਕੇ ਚਲਿਆ ਕਰਦੇ ਸਨ।

[1]ਨਾਲ ਕਤਾਰ ਬੰਨ੍ਹ ਕੇ।

[1]ਮੰਜੇ ਦੀ ਪਿੱਠ ਤੇ।

ਤਬਿ ਇਹ ਗਯੋ ਹੁਤੋ ਗੁਰ ਪਾਸੇ ॥੧੫॥
ਇਕ ਦੁਇ ਦਿਨ ਸਮੀਪ ਤਹਿਂ ਰਹ੍ਯੋ।
ਪ੍ਰਭੁਤਾ[1], ਸ਼ੀਲ, ਭੇਵ ਗੁਰ ਲਹ੍ਯੋ। [1]ਵਡਯਾਈ।
ਤਿਸ ਨੇ ਸੁਨ੍ਯੋ ਇਹਾਂ ਚਲਿ ਆਏ।
ਡੇਰਾ ਵਹਿਰ ਕਰ੍ਯੋ ਕਿਸ ਥਾਏਂ ॥੧੬॥
ਗਮਨ੍ਯੋ ਲੇ ਅਕੋਰ ਤਬਿ ਨੀਕੀ।
ਸੇਵਾ ਹੇਤੁ ਉਮਗ ਕਰਿ ਹੀ ਕੀ[1]। [1]ਹਿਰਦੇ ਦੀ।
ਦਸਕ ਸੰਗ ਨਰ ਲੇ ਕਰਿ ਗਯੋ।
ਆਇ ਸਮੀਪੀ ਨੰਮ੍ਰੀ ਭਯੋ ॥੧੭॥
ਕ੍ਰਿਪਾ ਦ੍ਰਿਸ਼ਟਿ ਸ਼੍ਰੀ ਤੇਗ ਬਹਾਦਰ।
ਬੂਝਤਿ ਕੁਸ਼ਲ ਬਿਠਾਯੋ ਸਾਦਰ।
ਹਾਥ ਜੋਰਿ ਕਰਿ ਕਹ੍ਯੋ ਪਠਾਨ।
'ਮੋ ਪਰ ਰਾਵਰਿ ਕਰਮ ਮਹਾਨ[1] ॥੧੮॥ [1]ਆਪਦੀ ਬਖ਼ਸ਼ਸ ਬੜੀ ਹੈ।
ਪਿਖਤਿ ਪ੍ਰਫੁੱਲਤਿ ਭਾ ਮਨ ਮੇਰਾ।
ਜਥਾ ਕਮਲ ਸੂਰਜ ਕੋ ਹੇਰਾ।
ਪੀਰਨ ਪੀਰ ਮਹਾਂ ਦਰਵੇਸ਼।
ਸੂਰਤਿ ਜਨੁ ਖ਼ੁਦਾਇ ਕੀ ਬੇਸ਼ ॥੧੯॥
ਮਮ ਗ੍ਰਿਹ ਮੈਂ ਅਬਿ ਸਿਵਰ ਉਤਾਰੋ।
ਸਭਿ ਸੇਵਾ ਮੈਂ ਕਰੌਂ ਸੁਖਾਰੋ।
ਕੋ ਦਿਨ ਬਸਹੁ ਮਿਹਰ ਕੋ ਕਰੀਅਹਿ।
ਸੈਫਦੀਨ ਸਮ ਦਾਸ ਬਿਚਰੀਅਹਿ' ॥੨੦॥
ਸ਼੍ਰੀ ਗੁਰ ਕਹ੍ਯੋ 'ਟਿਕ੍ਯੋ ਅਬਿ ਡੇਰਾ।
ਆਪ ਆਇ ਕਰਿ ਦਰਸ਼ਨ ਹੇਰਾ।
ਨਹੀਂ ਮੁਕਾਮ ਕਰਨਿ ਕੋ ਬਾਂਛੇ।
ਆਗੇ ਗਮਨ ਕਰਨਿ ਕੀ ਕਾਛੇ[1] ॥੨੧॥ [1]ਇੱਛਾ ਹੈ।
ਰਿਦੈ ਲਾਲਸਾ ਪੂਰਨ ਕਰੀਅਹਿ।
ਮਿਲ੍ਯੋ ਆਨਿ ਸੁਨਿ ਕੈ ਇਸ ਘਰੀਅਹਿ।
ਭਾਉ ਬਿਸਾਲ ਤੋਹਿ ਮੈਂ ਹੇਰਾ।
ਸਮ ਹੀ ਭਯੋ ਕਰਨਿ ਗ੍ਰਿਹ ਡੇਰਾ[1]' ॥੨੨॥ [1]ਤੇਰੇ ਘਰ ਡੇਰਾ ਕਰਨ ਦੇ ਬਰਾਬਰ ਹੀ ਹੋ ਗਿਆ ਹੈ।
ਇਸ ਪ੍ਰਕਾਰ ਕਹਿ ਇਕ ਦੁਇ ਬੇਰ।

ਨਿਕਟਿ ਬੈਠਿ ਕਰਿ ਪ੍ਰੇਮ ਬਡੇਰ।
ਲੇ ਆਗਜਾ ਕੋ ਸੀਸ ਨਿਵਾਯੋ।
ਗਮਨਜੋ ਕਹਿ ਕੋ ਉਰ ਹਰਖਾਯੋ ॥੨੩॥
ਸੰਧਜਾ ਪਰੀ ਨਗਰ ਮੈਂ ਗਯੋ।
ਗਰੀ ਬਜ਼ਾਰ ਉਲੰਘਤਿ ਭਯੋ।
ਤਿਸ ਤੇ ਪਰੇ ਜਾਇ ਥਿਰ ਥਾਇਂ।
ਪਿਖੇ ਸਊਰ ਆਇਂ ਸਮੁਦਾਇ ॥੨੪॥
ਤਿਨ ਕੇ ਸੰਗ ਬੂਝਿਬੋ ਕੀਨਿ।
'ਕਿਤ ਤੇ ਆਏ ਕਹਹੁ ਨਵੀਨ[1]? — [1]ਕੋਈ ਨਵੀਂ ਗਲ ਦੱਸੋ।
ਆਗੈ ਪਹੁੰਚਨਿ ਹੈ ਕਿਸ ਥਾਨ?
ਕੁਛ ਉਤਲਾਵਤਿ ਕਰਹੁ ਪਯਾਨ ॥੨੫॥
ਕਿਸ ਉਮਰਾਵ ਪਠੇ ਸਮੁਦਾਏ।
ਕੈ ਕਿਸ ਕਾਰਜ ਸ਼ਾਹੁ ਪਠਾਏ।'
ਸੁਨਤਿ ਸਊਰਨਿ ਉੱਤਰ ਦੀਨੋ।
'ਗਮਨ ਦੇਸ਼ ਬ੍ਰਿੰਦਨਿ[1] ਹਮ ਕੀਨੋ ॥੨੬॥ — [1]ਸਾਰੇ ਦੇਸ਼ਾਂ ਵਿੱਚ।
ਸ੍ਰੀ ਨਾਨਕ ਗਾਦੀ ਪਰ ਜੋਇ।
ਹਿੰਦੁਨਿ ਬਿਖੈ ਗੁਰੂ ਅਬਿ ਸੋਇ।
ਤਿਸ ਕੀ ਸ਼ਾਹੁ ਤਲਾਸ਼ੀ[1] ਕਰੈ। — [1]ਢੂੰਡ।
ਗਨ ਸਊਰ ਬਹੁ ਖੋਜਤਿ ਫਿਰੈਂ ॥੨੭॥
ਕੇਚਿਤ ਮਾਝੇ ਮਾਂਹਿ ਨਿਹਾਰੇ।
ਕਿਤਿਕ ਬਿਲੋਕਤਿ ਧਾਰ ਪਹਾਰੇ[1]। — [1]ਪਹਾੜਾਂ ਦੀਆਂ ਧਾਰਾਂ ਵਿੱਚ।
ਪ੍ਰਾਪਤਿ ਨਹੀਂ ਫਿਰੇ ਬਹੁਤੇਰਾ।
ਜਹਾਂ ਰਿਹਾਇਸ਼ ਸੁਨਿ ਬਹੁ ਹੇਰਾ[1] ॥੨੮॥ — [1]ਜਿੱਥੇ ਰਿਹਾਇਸ਼ ਸੁਣੀ ਉਥੇ ਬੜਾ ਦੇਖਿਆ ਹੈ।
ਤਿਸ ਕਾਰਨ ਹਮ ਜਾਇਂ ਅਗਾਰੀ।
ਖੋਜਨਿ ਕਰਹਿਂ ਰਾਜ ਛਿਤ ਸਾਰੀ।'
ਸੁਨਿ ਪਠਾਨ ਤਬਿ ਔਚਕ ਕਾਨ[1]। — [1]ਅਚਾਨਕ ਕੰਨੀਂ ਸੁਣਕੇ।
ਮਨਹੁ ਤਾਨਿ ਧਨੁ ਮਾਰਜੋ ਬਾਨ ॥੨੯॥
ਉਠਜੋ ਦਲਕ[1] ਉਰ ਹਟਜੋ ਪਿਛਾਰੀ। — [1]ਕੰਬ ਗਿਆ।
ਕੁਮਤਿ ਸ਼ਾਹੁ ਕੀ ਕੂਰ ਬਿਚਾਰੀ।
-ਅਸ ਦਰਵੇਸ਼ ਬੇਸ਼ ਕੇ ਸੰਗ।

ਰਚਹਿ ਦ੍ਵੈਸ਼ ਕੌ ਚਹਹਿ ਕੁਢੰਗ ॥੩੦॥
ਜਾਨਤਿ ਹੌਂ ਖੈ ਹ੍ਵੈ ਤੁਰਕਾਨਾ[1]।
ਦੋਜ਼ਕ ਪਰਹਿ ਸਜ਼ਾਇ ਮਹਾਨਾ।
ਅਬਿ ਮੈਂ ਤਿਨ ਕੋ ਸਕਲ ਜਨਾਵੌਂ।
ਨਿਜ ਨਿਕੇਤ ਮਹਿਂ ਸਿਵਰ ਕਰਾਵੌਂ ॥੩੧॥
ਨਾਤੁਰ ਕੋ ਬਤਾਇ ਨਰ ਦੈ ਹੈ।
ਅਸ ਨਹਿਂ ਹੋਇ ਪਹੁੰਚਿ ਗਹਿ ਲੈ ਹੈਂ-।
ਏਵ ਬਿਚਾਰਤਿ ਛਿੱਪ੍ਰ ਪਯਾਨਾ।
ਜਹਾਂ ਬਿਰਾਜਹਿਂ ਕ੍ਰਿਪਾ ਨਿਦਾਨਾ ॥੩੨॥
ਆਵਤਿ ਦੇਖਿ ਪ੍ਰਭੁ ਮੁਸਕਾਏ।
'ਕਹਾਂ ਹੌਲ ਉਰ ਖਾਨ ਉਪਾਏ।
ਕਹੇ ਕਿਨਹੁਂ ਕੇ ਕਜੋਂ ਕਰਿ ਤ੍ਰਾਸਾ।
ਇਕ ਖ਼ੁਦਾਇ ਪਰ ਧਰਿ ਬਿਸਵਾਸਾ' ॥੩੩॥
ਬੈਠਿ ਨਿਕਟਿ ਕਹਿ ਹੌਰੇ ਹੌਰੇ।
'ਟਿਕਹੁ ਨ ਗੁਰੂ ਅਬਹਿ ਇਸ ਠੌਰੇ।
ਉਠਹੁ ਸ਼ੀਘ੍ਰ ਸਭਿ ਕਿਛ ਲੇ ਚਾਲਹੁ।
ਜ਼ੀਨ ਤੁਰੰਗਨ ਤੂਰਨ ਡਾਲਹੁ ॥੩੪॥
ਸੈਨ ਸ਼ਾਹੁ ਕੀ ਫਿਰਹਿ ਘਨੇਰੇ।
ਖੋਜਤਿ ਥਲ ਤੁਮ ਬਸਿਬੇ ਕੇਰੇ।
ਜਿਤ ਕਿਤ ਫਿਰਹਿਂ ਬੂਝਿ ਤੁਮ ਨਾਮ।
ਜਹਿਂ ਸਿਖ ਸੰਗਤ ਕੋ ਬਿਸਰਾਮ ॥੩੫॥
ਅੰਤਰਜਾਮੀ ਤੁਮ ਸਭਿ ਜਾਨਾ।
ਮਿਲੇ[1] ਸਊਰ ਪ੍ਰਸੰਗ ਪਛਾਨਾ।
ਤਊ ਮੋਹਿ ਤੇ ਹਿਤ ਸੁਨਿ ਲੀਜੈ।
ਭੀਖਨ ਕਰਮਾ[1] ਸ਼ਾਹੁ ਲਖੀਜੈ ॥੩੬॥
ਸੰਤ ਅਨੇਕਨ ਕੋ ਦੁਖ ਦੀਨਾ।
ਧਰ ਕੋ ਸਿਰ ਤੇ ਕਰਹਿ ਬਿਹੀਨਾ।
ਤਿਸ ਕੇ ਢਿਗ ਪਹੁੰਚਨਿ ਨਹਿਂ ਆਛੋ।
ਜ਼ਾਲਮ ਬਡੋ ਜ਼ੁਲਮ ਜਿਨ ਬਾਂਛੋ[1]' ॥੩੭॥

[1]ਤੁਰਕਾਂ ਦਾ ਨਾਸ਼ ਹੋਣਾ ਹੈ।

[1]ਮੈਨੂੰ) ਮਿਲੇ ਸੀ।

[1]ਭਯਾਨਕ ਕੰਮ ਕਰਨ ਵਾਲਾ।

[1]ਚਾਹੁੰਦਾ ਹੈ।

ਸੁਨਿ ਸਤਿਗੁਰ ਤਿਸ ਕਉ ਸਮੁਝਾਯਹੁ।
'ਸਿਰਜਨਹਾਰੇ ਜਥਾ ਬਨਾਯਹੁ।
ਸੋ ਨਹਿਂ ਟਰਹਿ ਉਪਾਵ ਅਨੇਕੈਂ।
ਇਹੁ ਨਿਰਨੈ ਕਰਿ ਜਾਨਿ ਬਿਬੇਕੈ ॥੩੮॥
ਸਕਲ ਕਾਜ ਕਰਤਾ ਜਗਤੇਸ਼।
ਕਜੋਂ ਆਨਹੁ ਉਰ ਤ੍ਰਾਸ ਵਿਸ਼ੇਸ਼।'
ਸੁਨਿ ਪਠਾਨ ਕਰ ਜੋਰਿ ਬਖਾਨਾ।
'ਸ੍ਰੀ ਮੁਖ ਤੇ ਸਚ ਕਹਹੁ ਸੁਜਾਨਾ[1]! ॥੩੯॥
ਪਾਵਨ ਮਮ ਘਰ ਕਰਹੁ ਗੁਸਾਈਂ।
ਅੰਤਰ ਚਲਹੁ ਏਵ ਬਨਿਆਈ।
ਬਾਕ ਬਿਲਾਸ ਸੁਨਵਾਹੁ ਆਪੂ।
ਪਿਖੇ ਸੁਨੇ ਪਾਪਨਿ ਗਨ ਖਾਪੂ' ॥੪੦॥
ਇਮ ਕਹਿ ਸ਼ੀਘ੍ਰ ਖੋਲਿ ਕਰਿ ਘੋਰਾ।
ਜ਼ੀਨ ਪਾਇ ਭਾਖੈ ਕਰ ਜੋਰਾ[1]।
'ਉਠਹੁ ਅਰੂਢਹੁ ਨਿਸ ਬਿਸਰਾਮਹੁ।
ਸੁਖ ਸੋਂ ਬਸਹੁ ਚਿੰਤ ਬਿਨ ਧਾਮਹੁੰ ॥੪੧॥
ਤਸਕਰ[1] ਆਦਿ ਬਿਘਨ ਨਹਿਂ ਕੋਈ।
ਅਵਲੋਕਹੁ ਮਮ ਦਿਸ਼ਿ ਅਰਜ਼ੋਈ[1]।'
ਸੁਨਿ ਸਤਿਗੁਰ ਪਿਖਿ ਭਾਉ ਬਿਸਾਲੇ।
ਚਢਿ ਤੁਰੰਗ ਪਰ ਅੰਤਰ ਚਾਲੇ ॥੪੨॥
ਪੰਚਹੁੰ ਸਿੱਖ ਸੰਗ ਨਿਜ ਲੀਨੇ।
ਅਪਰ ਆਪ ਤੇ ਰੁਖਸਦ ਕੀਨੇ[1]।
ਗੜ੍ਹੀ ਪਠਾਨਨਿ ਕੀ ਤਹਿਂ ਘਨੀ।
ਨਿਕਟਿ ਨਿਕਟਿ ਗਾਢੀ ਬਹੁ ਬਨੀ ॥੪੩॥
ਲੇ ਕਰਿ ਖਾਨ ਆਪਣੀ ਗਯੋ[1]।
ਡੇਰਾ ਘਰ ਸੁੰਦਰ ਮਹਿਂ ਦਯੋ।
ਭਯੋ ਨਚਿੰਤ ਆਇ ਦਰ ਠਾਢੇ।
ਕਰੇ ਕਿਵਾਰ ਅਸੰਜਤਿ ਗਾਢੇ[1] ॥੪੪॥

[1]ਸ੍ਰੀ ਮੁਖ ਤੋਂ ਸੱਚ ਕਹਿੰਦੇ ਹੋ ਹੇ ਸੁਜਾਨ ਜੀ।

[1]ਹੱਥ ਜੋੜ ਕੇ।

[1]ਚੋਰ।

[1]ਮੇਰੀ ਬੇਨਤੀ ਵਲ ਤੱਕੋ।

[1]ਹੋਰ ਸਿੱਖ ਆਪਣੇ ਪਾਸੋਂ ਵਿਦਾ ਕਰ ਦਿੱਤੇ ਸੀ।

[1]ਆਪਣੀ ਗੜ੍ਹੀ ਵਿਚ ਲੈ ਗਿਆ।

[1]ਬੂਹੇ ਤਕੜੇ ਬੰਦ ਕਰ ਦਿੱਤੇ।

ਕਹ੍ਯੋ 'ਓਪਰੇ ਨਰ ਨਹਿਂ ਬਰੈਂ।
ਹਮਰੇ ਵਹਿਰ ਬਾਤ ਨਹਿਂ ਕਰੈ[1]।'
ਇੱਤ੍ਯਾਦਿਕ ਕਰਿ ਕੈ ਤਕਰਾਈ।
ਗਯੋ ਗੁਰੂ ਢਿਗ ਗ੍ਰੀਵ ਨਿਵਾਈ ॥੪੫॥
ਬਾਕ ਬਿਲਾਸ ਸੁਨੇ ਬਹੁ ਭਾਂਤੀ।
ਸੁਪਤ ਜਥਾ ਸੁਖ ਭੇ ਬਿਚ ਰਾਤੀ[1]।
ਸਰਬ ਸੇਵ ਤ੍ਰਿਣ ਆਦਿਕ ਕੇਰੀ।
ਕਰੀ ਤੁਰੰਗਨਿ ਕੀ ਤਿਸ ਬੇਰੀ ॥੪੬॥

[1]ਸਾਡੇ (ਆਦਮੀ) ਬਾਹਰ ਗਲ ਨਾ ਕਰਨ।

[1]ਰਾਤ ਵਿਚ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸਮਾਣੇ ਆਗਵਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਸਮਾਣਿਓਂ ਕਰਹਾਲੀ, ਚਿਹਕਾ ਗਏ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:
ਭਈ ਨਿਸਾ ਪੁਰਿ ਹੇਰਿ ਕਰਿ, ਸ਼ਾਹਿ
ਸਊਰ ਬਿਚਾਰਿ।
ਉਤਰਿ ਪਰੇ ਡੇਰਾ ਕਰਜੋ, ਲੀਨਸਿ ਅੰਨ
ਅਹਾਰ ॥੧॥
ਚੌਪਈ:
ਲੇਤਿ ਦੇਤਿ ਤਹਿਂ ਜ਼ਿਕਰ ਚਲਾਯੋ।
'ਕਿਸੁ ਦੇਸ਼ ਸ੍ਰੀ ਗੁਰ ਨਹਿਂ ਪਾਯੋ।'
ਇਕ ਨਰ ਤਬਹਿ ਬਤਾਵਨ ਕਹਜੋ।
'ਆਜ ਦੁਪਹਿਰਾ ਜਬਿ ਕੁਛ ਢਰਜੋ
॥੨॥
ਨਗਰ ਪ੍ਰਵੇਸ਼ਤਿ ਮੈਂ ਗੁਰ ਹੇਰੇ।
ਉਤ ਦਿਸ਼ਿ ਉਤਰੇ ਕੀਨਸਿ ਡੇਰੇ।
ਨਿਸਾ ਆਜ ਕੀ ਇਹਾਂ ਬਿਤਾਵੈਂ।
ਹੁਇ ਭੁਨਸਾਰ ਸੁ ਅੱਗ੍ਰ ਸਿਧਾਵੈਂ' ॥੩॥
ਸੁਨਿ ਔਚਕ 'ਗੁਰ ਪੁਰਿ ਇਸ ਆਏ।'
ਸ਼ਾਹਿ ਸਊਰ ਘਨੇ ਹਰਖਾਏ।
ਤਬਹਿ ਬਿਲੋਕਨ ਉਤ ਦਿਸ਼ਿ ਗਏ।
ਖੋਜਤਿ ਥਲ ਨਹਿਂ ਪ੍ਰਾਪਤਿ ਭਏ ॥੪॥
ਪੁਨ ਉਤ ਦਿਸ਼ ਕੇ ਨਰ ਜੇ ਮਿਲੇ।
ਤਿਨ ਕੋ ਬੂਝਤਿ ਯਾ ਬਿਧਿ ਭਲੇ।
'ਗੁਰ ਕਿਸ ਥਲ ਮਹਿਂ ਕੀਨਸਿ ਡੇਰਾ?
ਕਰਹੁ ਬਤਾਵਨਿ ਜਿਸ ਨੇ ਹੇਰਾ' ॥੫॥
ਇਕ ਮਾਨਵ ਸੁਨਿ ਸਕਲ ਬਤਾਈ।
'ਭਯੋ ਤਿਮਰ ਤਬਿ ਗੇ ਕਿਸ ਥਾਈਂ।
ਉਤਰੇ ਹੁਤੇ ਪਿਖੇ ਮੈਂ ਸੋਇ।
ਕਹਾਂ ਗਏ ਅਬਿ ਲਖੈ ਨ ਕੋਇ' ॥੬॥
ਸੁਨਿ ਕਰਿ ਖੋਜਤਿ ਉਰ ਬਿਸਮਾਏ।
ਪਰੀ ਰਾਤਿ ਕਿਤ ਦੇਖਹਿਂ ਜਾਏ।
ਇਤ ਉਤ ਬਿਚਰਤਿ ਰਹੇ ਘਨੇਰੇ।

ਸ਼੍ਰੀ ਸਤਿਗੁਰ ਨਾਂਹਿਨ ਕਿਤ ਹੇਰੇ ॥੭॥
ਸ਼ਾਹੁ ਨਰਨਿ ਤਬਿ ਮਸਲਤ ਗਾਏ।
'ਹੈਂ ਪੁਰਿ ਮੈਂ, ਨਹਿਂ ਅੱਗ੍ਰ ਸਿਧਾਏ।
ਇਤਿ ਦਿਸ਼ ਕੀ ਕੀਜਹਿ ਤਕਰਾਈ।
ਬਡੀ ਪ੍ਰਭਾਤਿ ਨਿਕਸਿ ਨਹਿਂ ਜਾਈਂ ॥੮॥
ਜੇ ਗਹਿ ਲੇਹਿਂ ਗੁਰੂ ਇਸਥਾਨ।
ਹਮ ਪਰ ਸ਼ਾਹੁ ਪ੍ਰਸੰਨ ਮਹਾਨ।
ਬਖਸ਼ਹਿ ਅਧਿਕ ਦਰਬ ਸਮੁਦਾਏ।
ਜਿਸ ਤਲਾਸ਼ ਦਿਨ ਬਹੁਤ ਬਿਤਾਏ ॥੯॥
ਆਲਸ ਕਰਹੁ ਨ, ਰਹਹੁ ਸੁਚੇਤ।
ਲੇਤੇ ਬੂਝਹੁ ਸਭਿ ਕੇ ਭੇਤ[1]।
ਅਪਨੋ ਡੇਰਾ ਇਤ ਲੇ ਆਵਹੁ।
ਸਭਿ ਪੰਥਨਿ ਪਰ[1] ਦ੍ਰਿਸ਼ਟਿ ਲਗਾਵਹੁ ॥੧੦॥
ਇਮ ਕਹਿ ਖਾਨ ਪਾਨ ਸਭਿ ਕਰਿ ਕੈ।
ਜਿਤ ਕਿਤ ਸਗਰੇ ਸਥਲ ਨਿਹਰਿ ਕੈ।
ਜਾਗਤਿ ਰਹੇ ਨ ਨਿੰਦ੍ਰਾ ਲੀਨਿ।
ਭਈ ਪ੍ਰਭਾਤਿ ਸਭਿਨਿ ਮਨ ਚੀਨ ॥੧੧॥
ਪੁਰਿ ਕੀ ਗਰੀ ਗਰੀ ਸਭਿ ਹੇਰੀ।
ਤਰਕਾਈ ਸਭਿ ਪੰਥ ਘਨੇਰੀ।
ਹੁਤੋ ਦਿਵਸ ਮਹਿਂ ਜਹਿਂ ਗੁਰ ਡੇਰਾ।
ਤਹਿਂ ਤੇ ਖੋਜ ਪਗਨ[1] ਕੋ ਹੇਰਾ ॥੧੨॥
ਪਹੁੰਚੇ ਜਾਇ ਗੜ੍ਹੀ ਦਰਵਾਜ਼ੇ।
ਜਿਸ ਕੇ ਅੰਤਰ ਗੁਰੂ ਬਿਰਾਜੇ।
ਪਿਖੇ ਕਿਵਾਰ ਅਸੰਜਤਿ[1] ਜਬੈ।
ਕਹਿ ਕਰਿ ਖਾਨ ਹਕਾਰਯੋ ਤਬੈ ॥੧੩॥
ਸੁਨਿ ਪਠਾਨ ਤਿਨ ਕੇ ਢਿਗ ਆਯੋ।
ਹੇਰ ਸਲਾਮਾਲੇਕਮ ਗਾਯੋ[1]।
'ਕਯੋਂ ਦਰ ਖਰੇ ਕਾਜ ਕੋ ਆਹਯੋ?
ਮੋਹਿ ਬੁਲਾਵਨਿ ਕਯੋਂ ਤੁਮ ਚਾਹਯੋ?' ॥੧੪॥

[1]ਸਭਨਾਂ ਦੇ ਭੇਤ ਪੁੱਛ ਕੇ ਲੈਂਦੇ ਰਹੋ।
[1]ਸਾਰੇ ਰਾਹਾਂ ਉਪਰ।
[1]ਘੋੜੇ ਦੇ) ਪੈਰਾਂ ਦਾ ਖੋਜ।
[1]ਬੰਦ।
[1]ਕਹੀ।

ਸ਼ਾਹਿ ਨਰਨ ਬਚ ਉੱਗ੍ਰ[1] ਬਖਾਨਾ।
'ਖੋਜਤਿ ਦੇਸ਼ ਬਿਦੇਸ਼ਨ ਥਾਨਾ।
ਹਜ਼ਰਤ ਘਨੀ ਤਲਾਸ਼ੀ ਧਰੈ।
ਜ਼ਿਕਰ ਸਭਾ ਮਹਿਂ ਨਿਤ ਪ੍ਰਤਿ ਕਰੈ ॥੧੫॥

[1]ਕਰੜਾ।

ਸੋ ਗੁਰ ਤੁਮ ਨੇ ਸਦਨ ਦੁਰਾਯੋ।
ਦੇਖਤਿ ਖੋਜ ਹਮਹਿਂ ਅਬਿ ਪਾਯੋ।
ਬਹੁ ਨਰ ਭਨਹਿਂ ਨਗਰ ਗੁਰ ਆਏ।
ਫਿਰਹਿ[1] ਸਕਲ ਥਲ, ਨਾਂਹਿਨ ਪਾਏ' ॥੧੬॥

[1](ਅਸੀ) ਫਿਰੇ ਹਾਂ।

ਸੁਨਤਿ ਖਾਨ ਰਿਸ ਧਾਰਿ ਬਖਾਨਜੋ।
'ਹਿੰਦੂ, ਘਰ ਹਮਰੇ ਕਿਮ ਜਾਨਜੋ?
ਖੋਜ ਤੁਰੰਗਮ ਜੋ ਤੁਮ ਹੇਰਾ।
ਮੈਂ ਚਢਿ ਕੈ ਸੰਧਜਾ ਕਹੁ ਫੇਰਾ ॥੧੭॥
ਮਮ ਪਤਿ ਕੋ ਹੌਰੀ ਤੁਮ ਕੀਨਿ।
ਕਹਾਂ ਖੋਜ ਐਸੋ ਦ੍ਰਿਗ ਚੀਨਿ।
ਬਹੁਰ ਨ ਕਹਹੁ ਸੁਨਹਿੰਗੇ ਔਰ।
ਹਸਹਿਂ ਖਾਨ ਸੁਨਿ ਕੈ ਸਭਿ ਠੌਰ ॥੧੮॥
ਕਹਾਂ ਸਤਰ[1] ਕੋ ਰਾਖਨਿ ਕਰਿਬੋ।
ਕਹਾਂ ਹਿੰਦੁ ਘਰ ਅੰਤਰ ਬਰਿਬੋ।
ਅਬਿ ਤੁਮ ਕਹੀ ਸਹੀ ਮੈਂ ਸਾਰੀ।
ਬਹੁਰ ਕਹਹੁ ਕਰਿ ਹੌਂ ਤਬਿ ਰਾਰੀ[1] ॥੧੯॥

[1]ਪੜਦਾ।

[1]ਲੜਾਈ।

ਮਾਰਨ ਮਰਨ ਹੋਹਿ ਪੁਨ ਜਾਵੈ।
ਅਸ ਬੇਸਤਰੀ ਤਬਹਿ ਜਨਾਵੈਂ[1]।
ਕਰਹੁ ਢੀਠਤਾ ਲਾਜ ਨ ਆਵਤਿ।
ਇਹ ਬਿਧਿ ਹਮ ਘਰ ਕਜੋਂ ਬਨ ਆਵਤਿ? ॥੨੦॥

[1]ਐਸੀ ਬੇਪੜਦਗੀ (ਕੀਤੀ ਦਾ ਫਲ) ਤਦ ਦੱਸਾਂਗੇ।

ਹਸਹਿਂ ਬਿਰਾਦਰ[1], ਲਖਹਿਂ ਨਿਲਾਜੂ।
ਕਜੋਂ ਕਰਿ ਸਕਹਿਂ ਏਵ ਹਮ ਕਾਜੂ।'
ਇੱਤਜਾਦਿਕ ਕਰਿ ਕੋਪ ਸੁਨਾਯੋ।
ਸ਼ਾਹੁ ਨਰਨਿ ਕੋ ਬਹੁ ਡਰਪਾਯੋ ॥੨੧॥

[1]ਭਾਈ।

ਭਏ ਨਿਰਾਸ ਨ ਬੋਲੇ ਫੇਰ।
ਸਾਚੋ ਲਖ੍ਯੋ ਕੁਪਤ ਕੋ ਹੇਰਿ[1]।
ਤਜ੍ਯੋ ਸਮਾਣਾ ਨਗਰ ਬਹੋਰੀ।
ਗਏ ਅੱਗ੍ਰ ਹੇਰਨਿ ਥਲ ਔਰੀ ॥੨੨॥
ਜਾਇ ਖਾਨ ਗੁਰ ਕੇ ਢਿਗ ਬੈਸਾ।
'ਭਯੋ ਬ੍ਰਿਤਾਂਤ ਕਹ੍ਯੋ ਮੈਂ ਜੈਸਾ।
ਸ਼ਾਹੁ ਸਊਰ ਠਾਢਿ ਭੇ ਦ੍ਵਾਰੇ।
ਰਿਸ ਬਚ ਕਹਿ ਕਰਿ ਇਤ ਤੇ ਟਾਰੇ ॥੨੩॥
ਉਚਿਤ ਕਰਨਿ ਕੋ ਮੈਂ ਕਰਿ ਲੀਨਾ।
ਅਬਿ ਤੁਮ ਕਰਹੁ ਜਥਾ ਚਿਤ ਚੀਨਾ।
ਸ਼ਰਧਾ ਹੇਰਿ ਖਾਨ ਕੀ ਮਹਾਂ।
ਮੁਸਕਾਵਤਿ ਸਤਿਗੁਰ ਬਚ ਕਹਾ ॥੨੪॥
'ਸਾਧੁ ਸਾਧੁ ਤੁਝ ਕੋ ਬਹੁ ਬਾਰੀ।
ਸੁਖ ਸੋਂ ਬੈਸ ਬਿਤਾਵੈ ਸਾਰੀ।
ਅੰਤ ਸਮੈਂ ਜਮ ਤ੍ਰਾਸ ਨ ਹੋਵੈ।
ਇਸ ਕੋ ਅਸ ਫਲ ਦੀਰਘ ਜੋਵੈਂ' ॥੨੫॥
ਇਮ ਕਹਿ ਇਕ ਦਿਨ ਕੀਨਿ ਮੁਕਾਮੂ[1]।
ਖਾਨ ਹਰਖ ਯੁਤਿ ਰਾਖੇ ਧਾਮੂ।
ਨਿਸਾ ਬਿਤਾਇ ਦੂਸਰੀ ਤਹਾਂ।
ਕਰ੍ਯੋ ਕੂਚ ਦੇ ਬਰ ਸੁਖ ਮਹਾਂ ॥੨੬॥
ਪੰਚ ਸਊਰ ਸੰਗ ਮਗ ਚਲੇ।
ਪੂਰਬ ਦਿਸ਼ਾ ਬਦਨ ਕਰਿ ਭਲੇ।
ਸਨੇ ਸਨੇ ਚਲਿ ਹੈਂ ਮਗ ਚਾਲੀ।
ਪਹੁੰਚੇ ਆਇ ਗ੍ਰਾਮ ਕਰਹਾਲੀ[1] ॥੨੭॥
ਉਤਰੇ ਪ੍ਰਭੁ ਲਗਾਯਹੁ ਡੇਰਾ।
ਅੰਨ ਸੁ ਤ੍ਰਿਣਨਿ ਮੰਗਾਇ ਘਨੇਰਾ।
ਖਾਨ ਪਾਨ ਸਭਿ ਹੂੰ ਤਬਿ ਕੀਨਿ।
ਕ੍ਰਿਪਾ ਨਿਧਾਨ ਸਹਿਤ ਸੁਖ ਲੀਨਿ ॥੨੮॥

[1]ਗੁੱਸੇ ਵਿਚ ਆਏ ਨੂੰ ਵੇਖਕੇ।

[1]ਮੁਕਾਮ ਕੀਤਾ, ਡੇਰਾ ਰਖਿਆ।

[1]ਨਾਮ ਪਿੰਡ।ਸਮਾਣੇ ਤੋਂ ਤ੍ਰੈ ਕੁ ਮੀਲ, ਗੁਰਦਵਾਰਾ ਹੁਣ ਤਕ ਹੈ।

ਇਕ ਮਸੰਦ ਕੋ ਘਰ ਕਰਹਾਲੀ।
ਗੁਰ ਆਵਨ ਸੁਨਿਓ ਮਤਿ ਖਾਲੀ।
ਤੁਰਕਨਿ ਤ੍ਰਾਸ ਧਾਰਿ ਨਹਿਂ ਆਯੋ।
ਛਪਿ ਕਰਿ ਥਿਰਜੋ ਸਦਨ ਪ੍ਰਵਿਸ਼ਾਯੋ ॥੨੯॥
ਸਤਿਗੁਰ ਕੋ ਸਿਖ ਆਇ ਨ ਹੇਰਹਿ।
-ਨਹਿਂ ਨ ਬਤਾਵਹੁ ਜੇ ਦਰ ਟੇਰਹਿ[1]-।
ਛਿਮਾ ਨਿਧਾਨ ਕਛੁ ਨਹਿਂ ਕਰਜੋ।
ਗੁਰ ਧਨ ਅਧਿਕ ਲੇਤਿ ਭੀ ਲਹਜੋ ॥੩੦॥
ਏਕ ਜਾਮਨੀ ਤਹਾਂ ਬਿਤਾਈ।
ਪਿਖੀ ਪ੍ਰਾਤਿ ਤਜਾਰੀ ਕਰਿਵਾਈ।
ਜ਼ੀਨ ਤੁਰੰਗਨ ਡਾਰਿ ਅਰੂਢੇ।
ਗਮਨੇ ਮਾਰਗ ਜਿਨ ਮਤਿ ਗੂਢੇ ॥੩੧॥
ਸਪਤ ਕੋਸ ਪਰ ਚਿਹਕਾ[1] ਗ੍ਰਾਮੂ।
ਤਹਾਂ ਮਸੰਦ ਗਿਲੌਰਾ[1] ਨਾਮੂ।
ਪ੍ਰਥਮ ਗੁਰੂ ਜਬਿ ਜੰਗਲ ਦੇਸ਼[1]।
ਬਿਚਰਤਿ ਸਿੱਖ ਉਧਾਰ ਵਿਸ਼ੇਸ਼ ॥੩੨॥
ਮਾਤ ਪਿਤਾ ਮਰਿ ਗੇ ਤਬਿ ਤਾਂ ਕੇ।
ਭੋਜਨ ਦਾਤਾ ਰਹਜੋ ਨ ਜਾਂ ਕੇ।
ਤਜਜੋ ਗ੍ਰਾਮ ਚਿਹਕਾ ਤਹਿਂ ਗਯੋ।
ਗੁਰ ਡੇਰੇ ਮਹਿਂ ਥਿਰ ਤਬਿ ਭਯੋ ॥੩੩॥
ਸੇਵ ਤੁਰੰਗਨ ਕੀ ਪਰ ਰਹਜੋ।
ਮਨ ਭਾਵਤਿ ਭੋਜਨ ਕੋ ਲਹਜੋ।
ਕਿਤਿਕ ਬਰਖ ਬੀਤੇ ਗੁਰ ਸਾਥ।
-ਭਯੋ ਤਰੁਨ ਬਯ- ਜਾਨਜੋ ਨਾਥ ॥੩੪॥
ਤਬਿ ਇਸ ਕੋ ਸਨਬੰਧੀ ਕੋਇ।
ਡੇਰੇ ਨਿਕਟਿ ਜਾਤਿ ਲਖਿ ਸੋਇ।
ਮਿਲਜੋ[1] ਦੌਰਿ ਕੈ ਕਰਜੋ ਸਨੇਹੁ।
ਅਪਨਿ ਬ੍ਰਿਤੰਤ ਜਨਾਇ ਅਛੇਹੁ ॥੩੫॥

[1]ਇਹ ਘਰਦਿਆਂ ਨੂੰ ਕਹਿ ਛੱਡਿਆ ਕਿ) ਜੇ ਦਰ ਤੇ ਆਕੇ (ਕੋਈ) ਆਵਾਜ਼ ਮਾਰੇ ਤਾਂ ਦੱਸਣਾ ਨਹੀਂ।

[1]ਨਾਮ ਪਿੰਡ ਦਾ।

[1]ਨਾਮ ਮਸੰਦ ਦਾ।

[1]ਮਾਲਵੇ ਦੇਸ਼।

[1]ਗਿਲੌਰਾ) ਮਿਲਿਆ।

ਤਿਨ ਭੀ ਸੁਨਿ ਕੈ ਪ੍ਰੇਮ ਬਧਾਯੋ।
ਸੋ[1] ਚਲਿ ਗਯੋ, ਗੁਰੂ ਢਿਗ ਆਯੋ[2]। — [1]ਭਾਵ ਸਨਬੰਧੀ। [2]ਭਾਵ ਗਿਲੌਰਾ।
ਬੂਝਯੋ[1] 'ਕੌਨ ਮਿਲਯੋ ਤੁਝ ਸਾਥ? — [1]ਗੁਰੂ ਜੀ ਨੇ) ਪੁੱਛਿਆ।
ਜਿਹ ਸੋਂ ਕਰੀ ਬਹੁਤ ਹੀ ਗਾਥ' ॥੩੬॥
ਕਹਿਨਿ ਲਗਯੋ 'ਸਨਬੰਧੀ ਮੇਰੋ।
ਚਿਹਕੇ ਬਸਹਿ ਅਚਾਨਕ ਹੇਰੋ।'
ਸੁਨਿ ਗੁਰ ਭਨਯੋ 'ਕਯੋਂ ਨ ਇਤ ਲਯਾਯੋ।
ਜਾਤਿ ਪੰਥ, ਕਯੋਂ ਢਿਗ ਨ ਬਸਾਯੋ?' ॥੩੭॥
'ਹੁਕਮ ਆਪ ਕੋ ਪ੍ਰਥਮ ਨ ਭਯੋ।'
ਇਮ ਕਹਿ, ਧਾਇ ਨਿਕਟਿ ਤਿਸ ਗਯੋ।
ਆਨਯੋ ਮੋਰਿ[1] ਕਰਾਯੋ ਡੇਰਾ। — [1]ਮੋੜ ਕੇ।
ਕਰਿ ਅਹਾਰ ਸੇਵਾ ਤਿਸ ਬੇਰਾ ॥੩੮॥
ਗੁਰ ਕੇ ਪਾਸ ਬਹੁਰ ਲੇ ਆਯੋ।
ਹਾਥ ਜੋਰਿ ਥਿਰ ਸੀਸ ਨਿਵਾਯੋ।
ਕਹਯੋ ਪ੍ਰਭੂ 'ਤੁਮ ਭ੍ਰਾਤ ਗਿਲੌਰਾ।
ਬਜਾਹਹੁ, ਲਿਹੁ ਧਨ ਕੋ, ਨਿਜ ਠੌਰਾ' ॥੩੯॥
ਇਮ ਕਹਿ ਦਰਬ ਦੀਨਿ ਚਲਿ ਗਯੋ।
ਚਿਹਕੇ ਆਨਿ ਬਜਾਹ ਕਰਿ ਲਯੋ[1]। — [1]ਗਿਲੌਰੇ ਨੇ) ਵਿਆਹ ਕਰ ਲਿਆ।
ਕਿਤਿਕ ਮਾਸ ਮਹਿਂ ਪ੍ਰਭੁ ਢਿਗ ਜਾਇ[1]। — [1]ਗਿਲੌਰੇ ਨੇ) ਜਾ ਕੇ।
ਕਰਿ ਸੇਵਾ ਕੋ ਲਏ ਰਿਝਾਇ ॥੪੦॥
ਪੁਨ ਗੁਰ ਦੀਨਿ ਮਸੰਦੀ ਤਾਂਹਿ।
ਧਨ ਉਗਰਾਹਤਿ ਸੰਗਤਿ ਮਾਂਹਿ।
ਹਾਂਸੀ ਅਰੁ ਹਿਸਾਰ ਲਗਿ ਦੇਸ਼।
ਲੇਹਿ ਦੂਰ ਲਗਿ ਦਰਬ ਵਿਸ਼ੇਸ਼ ॥੪੧॥
ਕੁਛਕ ਦੇਤਿ ਸਤਿਗੁਰ ਕੋ ਆਨਿ।
ਆਪ ਭਯੋ ਦੀਰਘ ਧਨਵਾਨ।
ਬ੍ਰਿੰਦ ਅਸ਼ਰਫੀ ਤਿਸ ਕੇ ਧਾਮੂ।
ਸੰਚਨ ਕਰੀ ਲਏ ਗੁਰ ਨਾਮੂ ॥੪੨॥
[1]ਇਕ ਦਿਜਨੀ ਤਿਸ ਕੀ ਤ੍ਰਿਯ ਸੰਗ। — [1]ਇਕ ਬਾਹਮਣੀ ਨੇ ਤਿਸ (ਮਸੰਦ) ਦੀ ਇਸਤ੍ਰੀ ਨਾਲ ਇਸ ਤਰ੍ਹਾਂ ਦਾ ਚਲਿੱਤਰ ਖੇਡਿਆ ਕਿ ਉਹ ਭੋਲੀ ਗਲਾਂ

ਵਿਚ ਆ ਗਈ ਤੇ ਆਪਣੇ ਧਨ ਦੀ ਸਾਰੀ ਗੱਲ ਦੱਸ ਬੈਠੀ।

ਇਮ ਚਰਿੱਤ੍ਰ ਕੋ ਕਰਜੋ ਪ੍ਰਸੰਗ।
ਮਤਿ ਭੋਰੀ ਬਾਤਨਿ ਬਿਰਮਾਈ।
ਨਿਜ ਧਨ ਕੀ ਸਭਿ ਗਾਥ ਬਤਾਈ[1] ॥੪੩॥
ਸੁਨਿ ਦਿਜਨੀ ਛਲ ਰਚਿ ਇਮ ਭਾਖਾ।
'ਦਰਬ ਧਰਾ ਮਹਿਂ ਜਬਿ ਕੋ ਰਾਖਾ।
ਤਬਿ ਕੋ ਪਿਖਜੋ ਕਿ ਨਹੀਂ ਨਿਕਾਰਾ?
ਜਰ[1] ਆਦਿਕ ਲਾਗੈ ਹੁਇ ਕਾਰਾ ॥੪੪॥

[1]ਜੰਗਾਲ।

ਧਨ ਮਹਿਂ ਜੇ ਦੀਨਾਰ ਕਹਾਵਤਿ।
ਸੋ ਉੱਲੀ ਲਗਿ ਬਰਨ ਗੁਵਾਵਤਿ।
ਕੰਚਨ ਭਾਰ ਹੋਤਿ ਬਹੁ ਹੌਰਾ।
ਰਹੈ ਜਿ ਬਿਨ ਦੇਖੇ ਇਕ ਠੌਰਾ ॥੪੫॥
ਇਕ ਦੁਇ ਮਾਸ ਬੀਤ ਜਬਿ ਜਾਇ।
ਤਬਿ ਆਤਪ ਕੋ ਦੇਹੁ ਲਗਾਇ।
ਜੁਗਮ ਜਾਮ ਜਬਿ ਸੁਸਕਹਿਂ ਪਰੀ।
ਪੁਨ ਸੰਭਾਰਿ ਦੇਹੁ ਤਹਿਂ ਧਰੀ' ॥੪੬॥
ਸੁਨਤਿ, ਹੌਲ ਕਰਿ, ਲੇ ਤਿਹ ਸੰਗ।
ਚਢਿ ਕੋਸ਼ਠ ਗਹਿ ਮੰਚ ਉਤੰਗ[1]।

[1]ਉੱਚੇ ਕੋਠੇ ਮੰਜਾ ਲੈ ਕੇ ਚੜ੍ਹੀਆਂ।

ਬਸਤ੍ਰ ਬਿਛਾਇ ਤਰੇ ਘਰ ਗਈ।
ਗਨ ਦੀਨਾਰ ਨਿਕਾਰਤਿ ਭਈ ॥੪੭॥
ਕਾਸ਼ਟ ਕੇ ਬਾਸਨ ਮਹਿਂ ਪਾਈ।
ਊਪਰ ਗਈ ਮੰਚ ਜਿਸ ਥਾਈਂ।
ਡਾਰਿ ਸੂਕਨੀ ਕਹਜੋ ਬੁਝਾਈ।
'ਹੇ ਦਿਜਨੀ! ਤੂੰ ਦੇਹੁ ਖਿੰਡਾਈ' ॥੪੮॥
ਜਾਇ ਤਰੇ ਪੁਨ ਔਰ ਨਿਕਾਰੀ।
ਸਭਿ ਉਠਾਇ ਕਰਿ ਊਪਰ ਡਾਰੀ।
ਤਿਹ ਤੇ ਹੁਤੋ ਬਿੱਪ੍ਰ ਘਰ ਨੇਰੇ।
ਦ੍ਰਿਸ਼ਟਿ ਬਚਾਇ ਬਿੱਪ੍ਰਨੀ ਗੇਰੇ ॥੪੯॥
ਤਰੈ ਗਈ ਲਖਿ, ਮੂਠ ਬਗਾਵੈ[1]।

[1]ਮੁੱਠ ਭਰਕੇ ਸੁੱਟ ਦੇਵੇ।

ਕਰਹਿ ਸੁਧਾਰਨਿ ਜਬਿ ਢਿਗ ਆਵੈ।
ਇਮ ਮਸੰਦ ਧਨ ਦਿਜਨੀ ਲੀਨਿ।
ਸਦਨ ਮਹਾਨ ਚਿਨਾਵਨਿ ਕੀਨਿ ॥੫੦॥
ਸੋ ਅਬਿ ਲੇ ਚਿਹਕੇ ਮੈਂ ਅਹੈ।
ਤਹਿਂ ਕੇ ਲੋਕ ਸ਼ਾਹਦੀ ਕਹੈਂ[1]।

[1]ਉਗਾਹੀ ਦਿੰਦੇ ਹਨ। ਭਾਵ ਇਹ ਹੈ ਕਿ ਲੋਕਾਂ ਨੇ ਉੱਪਰਲੀ ਸਾਖੀ ਦੀ ਉਗਾਹੀ ਭਰੀ ਹੈ ਜਦੋਂ ਕਵੀ ਜੀ ਨੇ ਇਹ ਮਕਾਨ ਡਿੱਠਾ। ਅਗਲੇ ਅੰਸੂ ਦਾ ੧੯ ਅੰਕ ਦੇਖੋ, ਉਥੇ ਆਪਣਾ ਦੇਖਣਾ ਕਵਿ ਜੀ ਸਪਸ਼ਟ ਲਿਖਦੇ ਹਨ।

ਅਸ ਮਸੰਦ ਜਿਮ ਨਾਮ ਗਿਲੌਰਾ।
ਲੌ ਪਨ ਸੰਗਤਿ ਤੇ ਬਹੁ ਠੌਰਾ ॥੫੧॥
ਤਿਸ ਕੇ ਸਦਨ ਗੁਰੂ ਚਲਿ ਗਏ।
ਥਿਰ ਤੁਰੰਗ ਕਰਿ ਉਤਰਤਿ ਭਏ।
ਮਿਲ੍ਯੋ ਜੋਰਿ ਕਰ ਬੰਦਨ ਕੈ ਕੈ।
ਅੰਤਰ ਲੇ ਗਮਨ੍ਯੋਂ ਸੁਖ ਪੈ ਕੈ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਚਿਹਕੇ ਆਗਮਨ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿਸੰਤੀ ਅੰਸੂ ॥੩੩॥

## ੩੪. [ਗਿਲੌਰੇ ਨੂੰ ਬਖਸ਼ੀਸ਼। ਕਰ੍ਹਾ ਤੇ ਖਰਕ ਗ੍ਰਾਮ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:
ਬਾਲਿਕ ਪ੍ਰਤਿਪਾਲ੍ਯੋ ਹੁਤੋ,
ਅਪਨਿ ਗਿਲੋਰਾ ਜਾਨਿ।
ਉਤਰੇ ਤਾਂਹਿ ਨਿਕੇਤ ਮਹਿਂ,
ਸ਼ੀਲ ਕ੍ਰਿਪਾਲੁ ਮਹਾਨ ॥੧॥
ਚੌਪਈ:
ਰੁਚਿਰ ਪ੍ਰਯੰਕ ਡਸਾਵਨਿ ਕੀਨਿ।
ਛਾਦ੍ਯੋ ਆਸਤਰਨ ਤਲ ਪੀਨ[1]।
ਹਾਥ ਜੋਰਿ ਥਿਰ ਬੋਲ੍ਯੋ ਸਾਦਰ।
ਬੈਠੇ ਸ਼੍ਰੀ ਗੁਰ ਤੇਗ ਬਹਾਦਰ ॥੨॥
ਤ੍ਰਿਣ ਦਾਨੇ ਕੀ ਸੇਵ ਸੰਭਾਰਿ।
ਕਰਿਵਾਇਸਿ ਬਰ ਬਿਬਿਧ[1] ਅਹਾਰ।
ਸ੍ਵਾਦਲ ਮਧੁਰ ਸਨਿਗਧ ਖਵਾਯਹੁ।
ਬਹੁਰ ਸਕਲ ਸਿੱਖਨਿ ਤ੍ਰਿਪਤਾਯਹੁ ॥੩॥
ਬਸੇ ਨਿਸਾ ਮਹਿਂ ਪੌਢਨਿ ਕੀਨਿ।
ਸੁਪਤ ਜਥਾ ਸੁਖ ਗੁਰੂ ਪ੍ਰਬੀਨ।
ਰਹੀ ਜਾਮ ਜਾਗੇ ਸੁਚ ਧਾਰੀ।
ਮੱਜਨ ਕਰ੍ਯੋ ਬਿਮਲ ਬਰ ਬਾਰੀ ॥੪॥
ਸੱਚਿਦਾਨੰਦ ਬ੍ਰਹਮ ਇਕ ਆਹਿ[1]।
ਬੈਠੇ ਥਿਤ ਕਰਿ ਬ੍ਰਿਤਿ ਤਿਸ ਮਾਂਹਿ।
ਦਿਨਕਰ[1] ਚਢ੍ਯੋ, ਬਿਲੋਚਨ ਖੋਲੇ।
ਮਨਹੁਂ ਕਮਲ ਦਲ ਅਲੀ ਅਡੋਲੇ[1] ॥੫॥
ਇਕ ਬਾਸੁਰ ਤਹਿਂ ਕੀਨਿ ਮੁਕਾਮੂ।
ਮਿਲੈਂ ਸਿੱਖ ਸੁਨਿ ਸੁਨਿ ਗੁਰ ਨਾਮੂ।
ਅਨਿਕ ਅਕੋਰ ਆਨਿ ਕਰ ਜੋਰਹਿਂ।
ਦਰਸ ਬਿਲੋਕਹਿਂ, ਚਰਨ ਨਿਹੋਰਹਿਂ ॥੬॥
ਜ਼ਿਮੀਦਾਰ ਗਨ ਗ੍ਰਾਮ ਮਝਾਰਾ।

[1]ਹੇਠ ਬੜਾ ਮੋਟਾ ਵਿਛਾਉਣਾ ਵਿਛਾਇਆ।
[1]ਕਈ ਤਰ੍ਹਾਂ ਦੇ।
[1]ਜੋ ਇਕ ਹੈ।
[1]ਸੂਰਜ।
[1]ਮਾਨੋ ਕਮਲ ਪੱਤੇ ਉੱਪਰ ਭੌਰੇ ਅਡੋਲ ਹਨ (ਮੁੱਖ ਪਰ ਕਾਲੇ ਨੇਤ੍ਰ)। (ਅ) ਮਾਨੋਂ ਕਮਲ ਦਲ (ਖੁਲ੍ਹੇ ਹਨ ਤੇ ਵਿਚ) ਭੌਰੇ ਅਡੋਲ ਹੋਏ (ਦਿੱਸਦੇ ਹਨ)।

ਸਭਿਨਿ ਆਨਿ ਪਦ ਪਰ ਸਿਰ ਧਾਰਾ।
ਜਿਮ ਗੁਰ ਭਨਜੋਂ, ਜਿਨਹੁਂ ਤਿਮ ਮਾਨਜੋਂ[1]।
ਤਿਨ ਕੋ ਬਰ ਸੁਖਦਾਇ ਬਖਾਨਜੋਂ ॥੭॥
ਮਾਨਜੋ ਜਿਨਹੁਂ ਨ ਸ਼ਰਧਾ ਲਜਾਇ।
ਤਿਨ ਪ੍ਰਤਿ ਬੋਲੇਂ ਸਹਿਜ ਸੁਭਾਇ।
ਜਥਾ ਹੁਤਾਸਨ ਮਹਿਦ ਪ੍ਰਕਾਸ਼ੇ।
ਹੁਇ ਸਮੀਪ, ਦੁਖ ਸੀਤ ਬਿਨਾਸੇ ॥੮॥
ਲਖਹਿ ਨ ਤੇਜ, ਬੀਚ ਬਰ ਜਾਇ।
ਜਰਹਿਂ ਅੰਗ ਸੰਕਟ ਬਡ ਪਾਇ।
ਤਿਮ ਸਤਿਗੁਰ ਕੀ ਸੇਵਾ ਅਹੈ।
ਅਦਬ ਸਹਿਤ ਕਰਿ ਸਭਿ ਸੁਖ ਲਹੈਂ ॥੯॥
ਨ੍ਰਿਭੈ ਹੋਇ ਸ਼ਰਧਾ ਜਿਨ ਛੀਨ।
ਕਰਹਿਂ ਅਵੱਗਜਾ ਲਹਿਂ ਦੁਖ ਪੀਨ[†]।
ਦੂਰ ਦੇਸ਼ ਕੀ ਸੰਗਤਿ ਆਈ।
ਦਰਸ਼ਨ ਲੇ ਅਕੋਰ ਅਰਪਾਈ ॥੧੦॥
ਨਿਸਾ ਦੂਸਰੀ ਕੀਨਸਿ ਬਾਸ।
ਕ੍ਰਿਪਾ ਧਾਰਿ ਜਾਨਜੋਂ ਨਿਜ ਦਾਸ।
ਸੇਵਾ ਕਰੀ ਸਕਲ ਬਿਧਿ ਨੀਕੀ।
ਗੁਰ ਮਹਿਮਾ ਮਹਿਂ ਸ਼ਰਧਾ ਹੀ ਕੀ ॥੧੧॥
ਭਈ ਪ੍ਰਾਤਿ ਤਜਾਰੀ ਕਰਿਵਾਈ।
ਨਿਕਟਿ ਗਿਲੌਰਾ ਲੀਨਿ ਬੁਲਾਈ।
ਇਕ ਤਰਕਸ਼[1] ਤੀਰਨ ਸੋਂ ਭਰਜੋ।
ਹੁਇ ਪ੍ਰਸੰਨ ਗੁਰ ਬਖਸ਼ਨ ਕਰਜੋ ॥੧੨॥
ਕਹਜੋ 'ਧਰਮ ਮਹਿਂ ਦ੍ਰਿੜਤਾ ਕੀਜੈ।
ਬੰਸ ਸਮੇਤ ਸਕਲ ਸੁਖ ਲੀਜੈ।
ਜੇ ਕਰਿ ਜਾਹਿਂ ਧਰਮ ਤੇ ਹਾਰਿ।
ਸੰਤਤਿ ਦਾਰਿਦ ਲਹੈ ਉਦਾਰ ॥੧੩॥
ਸੁਖ ਨਹਿ ਪਾਇਂ, ਜਾਇਂ ਤੁਵ ਪ੍ਰਾਨ।
ਇਮ ਸਮਝਹੁ, ਰਖਿ ਧਰਮ ਮਹਾਨ।'

[1]ਜਿਸ ਜਿਸ ਨੇ ਤੈਸੇ ਮੰਨਿਆ।

[†]ਇਸ ਵਿਚ ਗੁਰੂ ਜੀ ਨੂੰ ਵਰ ਸ੍ਰਾਪ ਤੋਂ ਅਸੰਗ ਸਾਬਤ ਕੀਤਾ ਹੈ।

[1]ਭੱਥਾ।

ਸਿੱਖ੍ਯਾ ਅਪਰ ਦਈ ਗੁਰ ਤਾਂਹਿ।
ਹਯ ਅਰੂਢਿ ਚਾਲੇ ਮਗ ਮਾਂਹਿ ॥੧੪॥
ਮੁਖ ਕਰਿ ਪੂਰਬ ਦਿਸ਼ਾ ਪਯਾਨੇ।
ਭਯੋ ਗਿਲੌਰਾ ਧਨੀ ਮਹਾਨੇ।
ਹਾਂਸੀ ਅਰੁ ਹਿਸਾਰ ਲੌ ਗ੍ਰਾਮੂ।
ਸੰਗਤਿ ਤੇ ਆਨਹਿ ਧਨ ਧਾਮੂ ॥੧੫॥
ਰੰਘਰ ਜਾਟ ਗ੍ਰਾਮ ਗਨ ਤਿਨ ਕੇ।
ਪਰੇ ਬਿਰੋਧ ਪਰਸਪਰ ਗਿਨ ਕੇ।
ਫਿਰਤਿ ਗਿਲੌਰਾ ਦੋਨਹੁ ਮਾਂਹੀ।
ਗੁਰ ਪ੍ਰਤਾਪ ਤੇ ਰੋਕਹਿੰ ਨਾਂਹੀ[1] ॥੧੬॥

[1]ਰੰਘੜ ਯਾ ਜਟ ਕੋਈ) ਨਹੀਂ ਸੀ ਰੋਕਦਾ (ਗਿਲੌਰੇ ਨੂੰ ਵਿੱਚ ਆਉਂਦੇ ਜਾਂਦਿਆਂ)।

ਰੰਘਰ ਬ੍ਰਿੰਦਨ ਦੇ ਬਿਸਵਾਸ[1]।

[1]ਭਰੋਸਾ ਦੇਕੇ।

ਗ੍ਰਾਮ ਜਾਟ ਜਹਿਂ ਆਨ ਸੁ ਪਾਸ[1]।

[1]ਜਿੱਥੇ ਜਟਾਂ ਦੇ ਪਿੰਡ ਸਨ (ਰੰਘੜਾਂ ਨੂੰ ਆਪਣੇ ਨਾਲ ਜਟਾਂ) ਪਾਸ ਲੈ ਆਇਆ।

ਕਹ੍ਯੋ 'ਲੰਘਾਇ ਦੇਉ ਮੈਂ ਆਗੇ[1]।'

[1]ਜਟਾਂ ਕੋਲੋਂ ਰਾਹ ਦਿਵਾ ਦਿਊਂ।

ਇਸ ਭਰੋਸ ਤੇ ਸੋ[1] ਨਹਿਂ ਭਾਗੇ ॥੧੭॥

[1]ਭਾਵ ਰੰਘੜ।

ਰੰਘਰ ਬ੍ਰਿੰਦ ਸੁ ਦਏ ਕਟਾਇ[1]।

[1]ਮਰਿਵਾਇ ਦਿੱਤੇ।

ਨਹਿਂ ਮੂਰਖ ਨੇ ਲੀਨਿ ਬਚਾਇ।
ਤਿਸ ਅਧਰਮ ਤੇ ਸੋ ਮਰਿ ਗਯੋ।
ਬੰਸ ਅਧਿਕ ਦਾਰਿੱਦ੍ਰੀ ਭਯੋ ॥੧੮॥
ਭੋਜਨ ਕੀ ਚਿੰਤਾ ਘਰ ਮਾਂਹਿ।
ਕਬਿ ਖੈਂ ਹੈਂ ਕਬਿ ਪੈ ਹੈਂ ਨਾਂਹਿ।
ਇਸੀ ਦਸ਼ਾ ਮਹਿਂ ਅਬਿ ਲੌ ਅਹੈਂ।
'ਹਮ ਨੇ ਪਿਖੇ' ਸਿੰਘ ਕਵਿ ਕਹੈ[1] ॥੧੯॥

[1]ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ।

ਸਤਿਗੁਰ ਚਿਹਕੇ ਤੇ ਚਲਿ ਆਏ।
ਕਰ੍ਹਾ ਗ੍ਰਾਮ ਪ੍ਰਥਮ ਗੁਰ ਥਾਏ[1]।

[1]ਭਾਵ ਪਹਿਲੇ ਗੁਰੂ (ਛੇਵੇਂ ਗੁਰੂ ਜੀ) ਦਾ ਥਾਂ ਬੀ ਸੀ।

ਗਮਨੇ ਜਬਿ ਸ਼੍ਰੀ ਨਾਨਕ ਮਤੇ।
ਹਰਿਗੁਵਿੰਦ ਗੁਰ ਉਤਰੇ ਹੁਤੇ ॥੨੦॥
ਵਹਿਰ ਗ੍ਰਾਮ ਤੇ ਅਹੈ ਸਥਾਨ।
ਪਹੁੰਚੇ ਆਨਿ ਗੁਰੂ ਭਗਵਾਨ।
ਉਤਰਿ ਪਰੇ ਅਸੁ ਬੰਧਨ ਕੀਨੇ[1]।

[1]ਘੋੜੇ ਬੰਨ੍ਹੇ।

ਸ਼ੁਭ ਆਸਨ ਪਰ ਗੁਰੂ ਅਸੀਨੇ ॥੨੧॥

ਤਹਾਂ ਮਸੰਦ ਬਸਹਿ ਮਤਿ ਮੂਢਾ।
ਜੋ ਨ ਲਖਹਿ ਆਸ਼ੈ ਗੁਰ ਗੂਢਾ-।
ਤੁਰਕੇਸ਼ੁਰ ਸਭਿ ਦੇਸ਼ ਬਿਦੇਸ਼।
ਖੋਜਹਿ ਗੁਰ ਕੋ -ਸੁਨਜੋਂ ਵਿਸ਼ੇਸ਼ ॥੨੨॥
-ਮੈਂ ਨਹਿੰ ਮਾਰਜੋ ਜਾਉਂ ਕਦਾਈ-।
ਅਸ ਚਿੰਤਾ ਬਹੁ ਰਿਦੇ ਉਪਾਈ।
ਸੁਨਿ ਕੈ ਸਤਿਗੁਰ ਕੋ ਆਗਵਨੂ।
ਦੂਰ ਕਰਿ ਰਹਜੋ ਆਪਨੇ ਭਵਨੂ ॥੨੩॥
ਭਾਖਜੋ ਤ੍ਰਿਯ ਸੋਂ 'ਕੋ ਜਿ ਹਕਾਰੈ[1]।
-ਨਹੀਂ ਇਹਾਂ- ਤਿਸ ਦੇਹਿ ਉਚਾਰੈ।'
ਅੰਤਰਜਾਮੀ ਲਖਿ ਬਿਧਿ ਸਾਰੀ।
ਕਹਜੋ ਨ ਕੁਛ, ਤੂਛਨਿ ਮੁਖ ਧਾਰੀ ॥੨੪॥
ਮਿਲਜੋ ਏਕ ਰਾਹਕ ਤਬਿ ਆਇ।
ਕੁਛਕ ਸੇਵ ਕੀਨਿ ਵਥੁ ਲਜਾਇ[1]।
ਭਏ ਪ੍ਰਸੰਨ ਦਰਬ ਗੁਰ ਦੀਨੋ।
ਸ੍ਰੀ ਮੁਖ ਤੇ ਫੁਰਮਾਵਨਿ ਕੀਨੋ ॥੨੫॥
'ਕੂਪ ਕਿ ਬਾਪੀ ਦਿਹੁ ਬਨਵਾਇ।
ਇਸ ਥਲ ਉਪਬਨ[1] ਸਘਨ ਲਗਾਇ।'
ਇਮ ਕਹਿ ਨਿਸਾ ਬਸੇ ਗੋਸਾਈਂ।
ਭਈ ਪ੍ਰਾਤਿ ਤਜਾਰੀ ਕਰਿਵਾਈ ॥੨੬॥
ਜ਼ੀਨ ਤੁਰੰਗਨ ਪਾਇ ਸੁਹਾਏ।
ਭਏ ਅਰੂਢਨਿ ਪੰਥ ਸਿਧਾਏ।
ਇਕ ਦੁਇ ਮਜਲ ਦੀਰਘਾ ਚਾਲੇ।
ਬਾਂਗਰ ਦੇਸ਼ ਬਿਖੈ ਸਿਖ ਨਾਲੇ ॥੨੭॥
'ਖਰਕ' ਗ੍ਰਾਮ ਨਿਯਗ੍ਰੋਧ ਬਿਸਾਲਾ[1]।
ਤਹਾਂ ਜਾਇ ਡੇਰਾ ਗੁਰ ਡਾਲਾ।
ਜ਼ੀਨ ਉਤਾਰੇ ਤ੍ਰਿਣ ਅਨਵਾਏ।
ਦਈ ਨਿਹਾਰੀ ਹਯ ਤ੍ਰਿਪਤਾਏ ॥੨੮॥
ਕਰਿਵਾਯਹੁ ਬਹੁ ਭਾਂਤਿ ਅਹਾਰਾ।
ਖਾਨ ਪਾਨ ਕਰਿ ਭਲੇ ਪ੍ਰਕਾਰਾ।
ਆਨਜੋਂ ਮੰਚ ਤਾਂਹਿ ਪਰ ਬੈਸੇ।

[1]ਜੇ ਕੋਈ ਬੁਲਾਵੇ।

[1]ਵਸਤੂਆਂ ਲਿਆਇਕੇ।

[1]ਬਾਗ।

[1]ਵੱਡਾ ਬੋਹੜ [ਸੰ: ਨਜਗ੍ਰੋਧ]

ਸੰਗੀ ਸਿਖ ਬੋਲਯੋ ਤਬਿ ਐਸੇ ॥੨੯॥
'ਤੁਰਕਨਿ ਘਾਲ ਬਿਸਾਲੀ ਘਾਲੀ।
ਅਵਨੀ ਰਾਜ ਤੇਜ ਬਡ ਨਾਲੀ।
ਨਹੀਂ ਮਵਾਸੈ[1] ਕਿਤ ਹੂੰ ਕੋਈ। — [1]ਆਕੀ।
ਹਾਲਾ[1] ਭਰਹਿਂ ਨੰਮ੍ਰਿ ਸਿਰ ਹੋਈ' ॥੩੦॥ — [1]ਮਾਮਲਾ।
ਸੁਨਿ ਕੈ ਸਤਿਗੁਰ ਬਾਕ ਬਖਾਨਾ।
'ਸਨੇ ਸਨੇ ਅਬਿ ਕਰਿ ਹੈਂ ਹਾਨਾ।
ਪਾਪ ਬਡੇਰੇ ਕਹੁ ਨਿਤ ਲਾਗੇ।
ਭਏ ਅੰਧ ਦੁਰਮਤਿ ਚਿਤ ਪਾਗੇ ॥੩੧॥
ਤਪਨ ਮਹਾਂ ਤਪ ਧਰਮ ਕਮਾਵਨਿ[1]। — [1]ਮਹਾਨ ਤਪ ਤਪਣੇ ਕਰਕੇ ਤੇ ਧਰਮ ਕਮਾਵਣ ਨਾਲ।
ਯਾਂ ਤੇ ਰਾਜ ਸੁ ਤੇਜ ਬਧਾਵਨਿ।
ਹੋਹਿ ਪ੍ਰਿਥੀਪਤਿ ਫਲ ਕੋ ਪਾਵੈ।
ਨ੍ਰਿਪਤਿ ਬਨਹਿ ਪੁਨ ਧਰਮ ਕਮਾਵੈ ॥੩੨॥
ਕਰਹਿ ਨਜਾਉਂ, ਨਹਿਂ ਲੋਭੀ ਬਨੈ।
ਰੱਛਹਿ ਜਗਤ ਦਯਾ ਮਨ ਸਨੈ।
ਦੂਖ ਨਿਵਾਰਹਿ ਸੁਖ ਕੋ ਦੇਹਿ।
ਉਚਿਤ[1] ਪ੍ਰਜਾ ਤੇ ਧਨ ਕੋ ਲੇਹਿ ॥੩੩॥ — [1]ਵਾਜਬ ਧਨ।
ਤਸਕਰ ਬਟਪਾਰਨਿ ਕੋ[1] ਮਾਰਹਿ। — [1]ਚੋਰ ਧਾੜਵੀਆਂ ਨੂੰ।
ਇੱਤਯਾਦਿਕ ਗਨ ਬਿਘਨ ਬਿਦਾਰਹਿ।
ਤਿਸ ਕੀ ਕੁਲ ਤੇ ਰਾਜ ਨ ਜਾਇ।
ਜਥਾ ਜੋਗ ਜੋ ਧਰਮ ਚਲਾਇ ॥੩੪॥
ਜਿਨਹੁਂ ਪ੍ਰਥਮ ਤਪ ਕਰਿ ਭੇ ਰਾਜਾ।
ਰਾਜ ਪਾਇ ਪੁਨ ਲਗੇ ਕੁਕਾਜਾ।
ਬਿਸ਼ਯ ਭੋਗ ਮਹਿਂ ਬਹੁ ਗ਼ਲਤਾਨੇ।
ਪ੍ਰਜਾ ਕਸ਼ਟ ਕੋ ਸੁਨਹਿਂ ਨ ਜਾਨੇਂ ॥੩੫॥
ਜਯੋਂ ਕਯੋਂ ਕਰਿ ਲੇਂ ਧਨ ਕੋ ਛੀਨਿ।
ਦਯਾ ਨ ਠਾਨਹਿਂ ਦੇਖਹਿਂ ਦੀਨਿ।
ਇਮ ਤਿਨ ਪਰ ਅਨੁਮਾਨ ਕਰੀਜੈ[1]। — [1]ਅੰਦਾਜ਼ਾ ਲਾ ਲਓ ਕਿ..........।
ਦਿਨਪ੍ਰਤਿ ਰਾਜ ਤੇਜ ਇਨ ਛੀਜੈ ॥੩੬॥
ਪ੍ਰਥਮ ਤੁਰਕ ਛਿਤਪਤਿ ਜੇ ਭਏ।

ਸਭਿ ਨਰ ਨਾਰਿ ਨਜਾਉਂ ਕੋ ਕਿਯੇ।
ਹਿੰਦੂ ਮੁਸਲਮਾਨ ਸਮੁਦਾਇ।
ਸਭਿ ਇਮਾਨ ਪਰ ਰਾਖਿ ਟਿਕਾਇ ॥੩੭॥
ਅਬਿ ਨੌਰੰਗ ਬਡ ਕੁਮਤਿ ਉਠਾਈ।
ਹਿੰਦੂ ਧਰਮ ਦੇਤਿ ਬਿਨਸਾਈ।
ਜਬਰੀ ਕਰਹਿ ਜ਼ੁਲਮ ਮਦ ਮਾਨੀ।
ਪੀੜਤ ਪ੍ਰਜਾ ਤ੍ਰਾਸ ਕੋ ਠਾਨੀ[1] ॥੩੮॥
ਯਾਂ ਤੇ ਜਾਨਜੋਂ ਜਾਇ ਬਿਦਤ ਹੀ।
ਰਾਜ ਤੇਜ ਅਬਿ ਰਹੈ ਨ ਕਿਤ ਹੀ।
ਸਨੇ ਸਨੇ ਸਗਰੋ ਬਿਨਸਾਵੈ।
ਥਿਰੈ ਨ ਅਸ ਕੋ ਦੁੰਦਭਿ ਵਾਵੈਂ[1]।'
ਇਮ ਕਹਿ ਤੂਸ਼ਨਿ ਭਏ ਗੁਸਾਈਂ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਕੂਚ ਪਯਾਨੇ।
ਪਹੁੰਚੇ ਖਟਕੜ ਗ੍ਰਾਮ ਸਥਾਨੇ ॥੪੦॥
ਪੰਚਹੁ ਸਿੱਖ ਸੰਗ ਮਹਿਂ ਲੀਨੇ।
ਅਪਰ ਨ ਮਿਲਹਿ ਬਰਜ ਕਰਿ ਦੀਨੇ।
ਹਿੰਦੂ ਧਰਮ ਜਗਤ ਮਹਿਂ ਰਾਖਨਿ।
ਸਤਿਗੁਰ ਕਰੈਂ ਰਿਦੈ ਅਭਿਲਾਖਨਿ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

[1]ਪਰਜਾ ਡਰਦੀ ਹੈ।

[1]ਭਾਵ, ਇਨ੍ਹਾਂ ਦਾ ਨਗਾਰਚੀ ਤੱਕ ਨਾ ਰਹੇਗਾ।

## ੩੫. [ਖਟਕੜ ਗ੍ਰਾਮ ਚੋਰ ਅੰਨੇ ਹੋਏ। ਜੀਂਦ। ਆਗਰੇ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:
ਖਟਕੜ ਗ੍ਰਾਮ ਸਮੀਪ ਹੀ, ਉਤਰੇ ਸ਼੍ਰੀ ਗੁਰਦੇਵ।
ਤਹਿਂ ਕੇ ਰਾਹਕ ਆਨ ਕਰਿ, ਨਹੀਂ ਕਰੀ ਕੁਛ ਸੇਵ ॥੧॥
ਚੌਪਈ:
ਧਨ ਕੋ ਦੇ ਕਰਿ ਮੋਲ ਮੰਗਾਯੋ।
ਖਾਨ ਪਾਨ ਸਭਿ ਬਿਧਿ ਕਰਿਵਾਯੋ।
ਸੇਵ ਤੁਰੰਗਨਿ ਕੀ ਸਭਿ ਕੀਨਿ।
ਤ੍ਰਿਣ ਅਨਵਾਇ ਮੋਲ ਕੋ ਦੀਨਿ ॥੨॥
ਜ਼ਿਮੀਦਾਰ ਤਹਿਂ ਕੇ ਤਬਿ ਆਏ।
ਪੁਸ਼ਟ ਤੁਰੰਗਮ ਦੇਖਿ ਲੁਭਾਏ।
ਮਿਲਿ ਆਪਸ ਮਹਿਂ ਮਸਲਤ ਠਾਨੇ।
'ਅਧਿਕ ਮੋਲ ਕੇ ਤੁਰੰਗ ਮਹਾਨੇ ॥੩॥
ਲੇਹੁ ਨਿਸਾ ਮਹਿਂ ਇਨਹੁਂ ਚੁਰਾਇ।
ਇਹ ਪਰਦੇਸੀ ਲਖਹਿਂ ਨ ਕਾਇ।
ਚਲੇ ਜਾਹਿਂਗੇ ਬਸ ਨ ਬਸਾਵੈ।
ਇਨ ਪੀਛੇ ਹਮ ਸਦਨ ਬੰਧਾਵੈਂ ॥੪॥
ਬੇਚਹਿਂਗੇ ਧਨ ਪਾਇ ਬਿਸਾਲਾ।
ਔਚਕ ਭਯੋ ਲਾਭ ਇਸ ਕਾਲਾ।'
ਇਮ ਆਪਸ ਮਹਿਂ ਗਿਨ[1] ਮਤਿ ਮੂੜੇ।
ਚਹੈਂ ਤੁਰੰਗਨ ਹੋਇ ਅਰੂੜੇ ॥੫॥
ਭਯੋ ਨਿਸਾ ਮਹਿਂ ਤਿਮਰ ਘਨੇਰਾ।
ਸਤਿਗੁਰ ਸੁਪਤਿ ਭਏ ਤਿਸ ਬੇਰਾ।
ਤਸਕਰ ਬਨਿ ਰਾਹਕ ਸੋ ਆਏ।
ਹੇਰਿ ਤੁਰੰਗਨਿ ਕੇ ਨਿਯਰਾਏ ॥੬॥
ਖਸ਼ਟ ਚੋਰ ਖਟ ਘੋਰਨਿ ਹੇਤੁ।
ਹੁਇ ਡੇਰੇ ਕੇ ਨੇਰ ਸੁਚੇਤ।
ਜਾਵਤ ਪਹਿਰੂ ਜਾਗਤਿ ਰਹਯੋ।
ਤਾਕਤਿ ਰਹੇ ਨ ਹਯ ਕੋ ਗਹਯੋ ॥੭॥

[1]ਸੋਚ ਕੇ।

ਢਰੀ ਜਾਮਨੀ ਤੇ ਅਲਸਾਯੋ।
ਨਿਕਟਿ ਬਿਲੋਕਹਿਂ ਤਿਨ ਲਖਿ ਪਾਯੋ।
ਖਸ਼ਟਹੁਂ ਖਟ ਘੋਰਨ ਕੀ ਓਰ।
ਪਹੁੰਚਿ ਸਮੀਪੀ ਤੂਰਨ ਚੋਰ ॥ ੮ ॥
ਜਬਿ ਬੰਧਨ ਕਹੁ ਮੋਚਨ ਲਾਗੇ[1]।
ਅੰਧ ਭਏ ਤਤਕਾਲ ਕੁਭਾਗੇ।
ਹਟਿ ਆਗੇ ਤੇ ਗਏ ਪਿਛਾਰੀ।
ਜਬਹਿ ਦਾਮ ਦਿਸ਼ਿ ਭੁਜਾ ਪਸਾਰੀ[1] ॥ ੯ ॥
ਕਛੂ ਨ ਦੀਸਹਿ ਦ੍ਰਿਸ਼ਟਿ ਪ੍ਰਹਾਨੀ[1]।
ਪਿਖਿ ਅਦਭੁਤ ਗਤਿ ਮਤਿ ਬਿਸਮਾਨੀ।
ਜਬਿ ਘੋਰਨਿ ਤੇ ਦੂਰ ਸਿਧਾਰੈਂ।
ਸਭਿ ਕੁਛ ਵਸਤੂ ਅੱਗ੍ਰ ਨਿਹਾਰੈਂ ॥ ੧੦ ॥
ਹਯਨਿ ਸਮੀਪੀ ਹੋਵਹਿਂ ਹੇਰਿ।
ਤਿਮ ਹੀ ਦ੍ਰਿਸ਼ਟਿ ਬਿਨਾਸਹਿ ਫੇਰ।
ਇਹ ਬਿਧਿ ਲਖਿ ਅਜ਼ਮਤ ਜੁਤਿ ਜਾਨੇ।
ਦੀਨ ਹੋਇ ਸਭਿ ਬੰਦਨ ਠਾਨੇ ॥ ੧੧ ॥
ਸਦਨ ਆਪਨੇ ਚਲਿ ਕਰਿ ਆਏ।
ਸੁਜਸੁ ਬਖਾਨਹਿਂ ਮਿਲਿ ਸਮੁਦਾਏ।
ਤਿਨ ਮਹੁਂ ਸਯਾਨੇ ਕੀਨਿ ਬਖਾਨ।
'ਇਹ ਗੁਰ ਸਮਰਥ ਮਹਿਦ ਮਹਾਨ ॥ ੧੨ ॥
ਹੋਤਿ ਪ੍ਰਬਾਤਿ ਪ੍ਰਸੰਨ ਕਰੀਜੈ।
ਮਨ ਭਾਵਤਿ ਸੁਖ ਕੋ ਬਰ ਲੀਜੈ।'
ਮਿਲਿ ਸਭਿ ਨੇ ਮਸਲਤ ਇਹ ਧਾਰੀ।
'ਗ੍ਰਾਮ ਕੂਪ ਖਾਰੀ ਸਭਿ ਬਾਰੀ[1] ॥ ੧੩ ॥
ਬਰ ਜਾਚਉ ਮੀਠਾ ਜਲ ਹੋਇ।
ਜਿਤੇ ਬਸਹੁ ਸੁਖ ਲਿਹੁ ਸਭਿ ਕੋਇ।
ਸਾਂਝਾ ਸਭਿ ਕੋ ਕਾਰਜ ਅਹੈ।
ਇਸ ਪ੍ਰਕਾਰ ਕੋ ਜੇ ਬਰ ਲਹੈਂ' ॥ ੧੪ ॥
ਭਈ ਪ੍ਰਭਾਤਿ ਦੂਧ ਦਧਿ ਲੀਨਿ।
ਚਾਵਰ ਚੂਨ ਸੁ ਘ੍ਰਿੱਤ ਨਵੀਨ।

[1]ਰੱਸੇ ਖੋਲ੍ਹਣ ਲਗੇ।

[1]ਜਦ (ਖੁਹਲਣ ਵਾਸਤੇ) ਰੱਸੀ ਵੱਲ ਬਾਂਹ ਅੱਗੇ ਕੀਤੀ।

[1]ਨਿਗਾਹ ਨਾਸ਼ ਹੋਈ।

[1]ਸਭ ਦਾ ਪਾਣੀ ਖਾਰਾ ਹੈ।

ਹੁਇ ਨਿਸ਼ਕਪਟ ਗਏ ਗੁਰ ਪਾਸ।
ਠਾਂਢੇ ਹੋਇ ਕਰੀ ਅਰਦਾਸ ॥੧੫॥
'ਹਮ ਰਾਹਿਕ ਕਰਤਾ ਅਪਰਾਧੂ।
ਅਧਮ ਉਧਾਰਨ ਤੁਮ ਪ੍ਰਿਯ ਸਾਧੂ।
ਮਹਿ ਮਹਿਂ ਮਹਿਮਾਂ ਮਹਾਂ ਮਹਾਂ ਹੈ[1]।
ਸੁਨਿਯਤਿ ਗੁਰੁ ਕੀ ਜਹਾਂ ਕਹਾਂ ਹੈ ॥੧੬॥
ਹਮ ਅਨਜਾਨ ਪਨੇ ਮਨ ਖੋਟੇ।
ਜਾਨਿ ਸਕਹਿਂ ਕਿਮ ਜੇ ਮਤਿ ਮੋਟੇ।
ਬਖਸ਼ਾਵਨਿ ਕੌ ਮਿਲਿ ਚਲਿ ਆਏ।
ਕ੍ਰਿਪਾ ਕਰਹੁ ਅਬਿ ਦਯਾਲ ਸੁਭਾਏ' ॥੧੭॥

[1]ਪ੍ਰਿਥਵੀ ਵਿੱਚ ਮਹਿਮਾ ਬਹੁਤ ਤੋਂ ਬਹੁਤ ਹੈ।

ਸੁਨਿ ਅਕਪਟ ਗੁਰ ਕਹੵੋ ਕ੍ਰਿਪਾਲਾ।
'ਭਲੇ ਲਖਹੁ ਆਏ ਇਸ ਕਾਲਾ।
ਨਿਜ ਅਪਰਾਧ ਬਿਦਤ ਕਹਿ ਦੀਨਿ[1]।
ਬਿਗਰੇ ਕਾਜ ਸੁਧਾਰਨਿ ਕੀਨਿ ॥੧੮॥
ਸਭਿ ਕੀ ਕਹਹੁ ਕਾਮਨਾ ਕੌਨ।
ਕਯਾ ਜਾਚਤ ਹੈਂ ਉਚਰੋ ਤੌਨ।'
ਗੁਰ ਕਰੁਨਾ ਕੋ ਰਾਹਕ ਜਾਨੀ।
ਬੰਦੇ ਪਾਨ ਬਖਾਨੀ ਬਾਨੀ ॥੧੯॥

[1]ਕਹਿ ਦਿੱਤਾ ਹੈ।

'ਹਮਰੇ ਗ੍ਰਾਮ ਸੀਮ ਜਹਿਂ ਤੀਕਾ[1]।
ਜਲ ਖਾਰੋ ਹੁਇ, ਮਿਲੈ ਨ ਨੀਕਾ।
ਆਪ ਅਹੋ ਸਤਿ ਪੁਰਖ ਮਹਾਨਾ।
ਸ਼੍ਰੀ ਮੁਖ ਤੇ ਜਹਿਂ[1] ਕਰਹੁ ਬਖਾਨਾ ॥੨੦॥

[1]ਪਿੰਡ ਦੀ ਹੱਦ ਜਿਥੋਂ ਤੱਕ ਹੈ।

[1]ਜਿੱਥੇ।

ਇਹਾਂ ਕੂਪ ਕੋ ਅਬਿ ਖਨਵਾਵਹੁ।
ਜਿਹ ਸਥਾਨ ਮੈਂ ਆਪ ਬਤਾਵਹੁ।
ਤਹਾਂ ਖਨਹਿਂ ਜਲ ਮੀਠਾ ਹੋਇ।
ਹਰਖਹਿਂ ਪਾਨ ਕਰਹਿਂ ਸਭਿ ਕੋਇ ॥੨੧॥
ਇਹੀ ਕਾਮਨਾ ਸਭਿ ਕੇ ਮਨ ਕੀ।
ਸ਼ਰਧਾ ਰਾਵਰਿ ਕੇਰ ਬਚਨ ਕੀ।'
ਤਬਿ ਸਤਿਗੁਰੁ ਕਰ ਧਨੁਖ ਸੰਭਾਰਾ।

ਤਰਕਸ਼ ਤੇ ਇਕ ਤੀਰ ਨਿਕਾਰਾ ॥੨੨॥
ਸੰਧਿ ਪਨਚ ਮਹਿਂ[1] ਐਂਚਿ ਚਲਾਯੋ।
ਪਰਜੋ ਦੂਰ ਗੁਰ ਬਾਕ ਅਲਾਯੋ।
'ਜਹਿਂ ਲਗਿ ਬਾਨ ਹਮਾਰੋ ਗਯੋ।
ਤਹਿਂ ਲਗਿ ਜਲ ਮੀਠੋ ਕਰਿ ਦਯੋ ॥੨੩॥
ਤਿਸ ਤੇ ਉਰੇ ਕੂਪ ਜੋ ਲਾਵਹੁ।
ਜਲ ਮੀਠੇ ਹੁਇ ਪੀ ਤ੍ਰਿਪਤਾਵਹੁ।'
ਸੁਨਿ ਕੈ ਰਾਹਕ ਗਨ ਹਰਖਾਏ।
ਹਾਥ ਜੋਰਿ ਸਭਿ ਸੀਸ ਨਿਵਾਏ ॥੨੪॥
ਗੁਰੂ ਬਾਕ ਮਹਿਂ ਸ਼ਰਧਾ ਧਾਰੀ।
ਕੂਪ ਖਨਾਯਹੁ ਭਾ ਬਰਬਾਰੀ[1]।
ਇਕ ਦਿਨ ਗੁਰ ਰਾਖੇ ਕਰ ਜੋਰਤਿ।
ਸੇਵਾ ਕੀਨਸਿ ਚਰਨ ਨਿਹੋਰਤਿ ॥੨੫॥
ਦਿਵਸ ਆਗਲੇ ਜ਼ੀਨ ਪਵਾਏ।
ਹਯ ਆਰੂਢਿ ਗੁਰ ਅੱਗ੍ਰ ਸਿਧਾਏ।
ਨਗਰ ਬਿਸਾਲ 'ਜੀਂਦ' ਜਿਸ ਨਾਮ।
ਚਾਰਹੁੰ ਬਰਨ ਬਸਹਿਂ ਅਭਿਰਾਮ ॥੨੬॥
ਰਾਜ ਤੁਰਕ ਕੋ ਕੂਰ ਬਡੇਰਾ।
ਕਰਹਿ ਕੁਕਰਮਨਿ ਹਿੰਦੁਨਿ ਜ਼ੇਰਾ[1]।
ਤਹਾਂ ਜਾਇ ਗੁਰੁ ਕੀਨੋ ਡੇਰਾ।
ਜਹਾਂ ਸਥਾਨ ਭਲੋ ਬਡ ਹੇਰਾ ॥੨੭॥
ਅੰਨ ਆਦਿ ਸਭਿ ਮੋਲ ਮੰਗਾਏ।
ਸਿੱਧ ਰਸੋਈ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਹਯ ਦੀਨਿ ਨਿਹਾਰੀ।
ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ ॥੨੮॥
ਉਠੇ ਪ੍ਰਭਾਤੀ ਕੀਨਿ ਸ਼ਨਾਨੇ।
'ਕਰਹੁ ਕੂਚ' ਗੁਰ ਬਾਕ ਬਖਾਨੇ।
ਜ਼ੀਨ ਤੁਰੰਗਨ ਪਰ ਤਬਿ ਡਾਲੇ।
ਹੁਇ ਅਰੂਢ ਆਗੇ ਮਗ ਚਾਲੇ ॥੨੯॥
ਨਰਦਕ ਦੇਸ਼[1] ਬਿਖ਼ੇ ਗਮਨੰਤੇ।

[1]ਚਿੱਲੇ ਵਿੱਚ ਜੋੜ ਕੇ।
[1]ਸ੍ਰੇਸ਼ਟ ਜਲ।
[1]ਅਧੀਨ ਕਰਕੇ।
[1]ਬਾਂਗਰ ਦੇਸ਼।

ਮਜਲ ਅਲਪ ਕਰਿ ਪੁਨ ਉਤਰੰਤੇ।
ਜੀਂਦ ਪਰੇ ਇਕ ਹੈ ਗੁਰ ਥਾਨਾ।
ਤਹਾਂ ਕਰਨਿ ਡੇਰਾ ਹਮ ਜਾਨਾ[1] ॥੩੦॥

[1]ਕਵੀ ਦੀ ਦੱਸਦੇ ਹਨ ਕਿ) ਉਥੇ ਡੇਰਾ ਕੀਤਾ ਅਸੀਂ ਖੋਜਿਆ ਹੈ।

ਆਗੈ ਥਾਉਂ ਬਿਦਤ ਨਹਿਂ ਕੋਈ।
ਸਿੱਖੀ ਅਲਪ ਹੁਤੀ ਤਿਤ ਜੋਈ।
ਯਾਂ ਤੇ ਨਹਿਂ ਕਿਨ ਥਾਨ ਬਨਾਯੋ।
ਸਿੰਘਨ ਬਿਖੈ ਨਹੀਂ ਬਿਦਤਾਯੋ ॥੩੧॥
ਨਗਰ ਆਗਰੇ ਮਾਰਗ ਜੌਨ।
ਕਰਿ ਕੈ ਸੇਧ ਚਲੇ ਗੁਰ ਤੌਨ।
ਪੰਥ ਬਿਖੈ ਨਹਿਂ ਕੀਨਿ ਮੁਕਾਮੁ।
ਉਤਰੇ ਨਹੀ ਕਿਸੀ ਨਰ ਧਾਮੁ ॥੩੨॥
ਦਿਨ ਪ੍ਰਤਿ ਗਮਨੇ ਜਾਇਂ ਅਗਾਰੀ।
ਉਤਰੈਂ ਜਾਮਨ ਦੇਹਿ ਗੁਜ਼ਾਰੀ।
ਕੋ ਸਿਖ ਸੰਤ ਮਿਲੈ ਸੁਖ ਪਾਇ।
ਸਤਿਗੁਰੁ ਕੇ ਪਗ ਸੀਸ ਨਿਵਾਇ ॥੩੩॥
ਉਦਾਸੀਨ ਹੁਇ ਸਭਿ ਤੇ ਚਾਲੇ।
ਜਰ ਨੀਵੀਂ ਤੁਰਕਾਨ ਬਿਸਾਲੇ[1]।

[1]ਜੜ ਬੜੀ ਨੀਵੀਂ ਹੈ ਤੁਰਕਾਂ ਦੀ।

ਤਿਨਹੁਂ ਉਖਾਰਨਿ ਉੱਦਮ ਧਾਰਾ।
ਸਿਰ ਪਰ ਦੇ ਕਰਿ ਦੋਸ਼ ਉਦਾਰਾ ॥੩੪॥
ਕੇਤਿਕ ਦਿਨ ਲਗਿ ਗਮਨੇ ਗਏ।
ਅਲਪ ਮਜਲ ਕਰਿ ਨਿਸ ਉਤਰਏ।
ਭੋਜਨ ਤ੍ਰਿਣ ਦਾਨਾ ਰੁ ਨਿਹਾਰੀ।
ਮੋਲ ਮੰਗਾਵਹਿਂ ਕਰਹਿਂ ਅਹਾਰੀ ॥੩੫॥
ਇਸੀ ਰੀਤਿ ਸਭਿ ਪੰਥ ਪਯਾਨੇ।
ਨਗਰ ਆਗਰਾ ਤਬਿ ਨਿਯਰਾਨੇ।
ਤੁਰਕਨਿ ਕੀ ਸੋ ਭੀ ਰਜਧਾਨੀ।
ਬਾਸਹਿ ਚਿਰੰਕਾਲ ਤਿਸ ਥਾਨੀ ॥੩੬॥
ਨਿਕਟਿ ਨਿਕਟਿ ਉਪਬਨ ਲਗਵਾਏ।
ਖਰੇ ਸਫਲ[1] ਤਰੁਵਰ ਸਮੁਦਾਏ।
ਤੁਰਸ਼ ਮਧੁਰ ਮੇਵੇ ਜਿਨ ਮਹੀਆ।

[1]ਸਹਿਤ ਫਲਾਂ ਦੇ।

ਰਖਵਾਰੇ ਬੈਠੇ ਜਹਿਂ ਕਹੀਆ ॥੩੭॥
ਕੇਤਿਕ ਦੀਰਘ ਬ੍ਰਿੱਛ ਉਤੰਗ।
ਤਿਨ ਪਰ ਬੋਲੈਂ ਅਨਿਕ ਬਿਹੰਗ।
ਸਭਿ ਤੇ ਸੁੰਦਰ ਹੁਤੋ ਬਿਸਾਲ।
ਬਾਗ਼ ਬਿਲੋਕਯੋ ਗੁਰੂ ਕ੍ਰਿਪਾਲ ॥੩੮॥
ਬੀਚ ਰੌਂਸ[1] ਜਿਹ ਬਨੀ ਘਨੀ ਹੈ। [1]ਬਗੀਚੇ ਦੀ ਪਟੜੀ।
ਬਨੀ[1] ਬ੍ਰਿਛਨ ਕੀ ਫਲਨ ਸਨੀ ਹੈਂ[2]। [1]ਬਗੀਚੀ। [2]ਫਲਾਂ ਦੇ ਸਹਿਤ ਹੈ।
ਬੈਠਨਿ ਹੇਤੁ ਸਥੰਡਲ ਮਹਾਂ।
ਚਾਰ ਕੋਰ[1] ਜੁਤਿ ਸਿਰਜੇ ਤਹਾਂ ॥੩੯॥ [1]ਕੋਨੇ।
ਮੰਦਰ ਬਨਯੋ ਬ੍ਰਿੰਦ ਦਰਵਾਜੇ।
ਸੁੰਦਰ ਦੇਤਿ ਅਨੰਦ ਬਿਰਾਜੇ[1]। [1]ਬਿਰਾਜਦਿਆਂ।
ਤਹਾਂ ਜਾਇ ਉਤਰੇ ਗੁਰ ਪੂਰੇ।
ਕਰੈਂ ਬਿਲੋਕਨਿ ਉਪਬਨ ਰੂਰੇ[†] ॥੪੦॥

[†]ਬਾਗ ਵਿਚ ਜਾਣ ਤੋਂ ਪਹਿਲਾਂ ਤਵਾ: ਖਾ: ਨੇ ਇਕ ਹੋਰ ਸਾਖੀ ਦਿੱਤੀ ਹੈ ਤੇ ਆਗਰੇ ਜਾਣ ਦਾ ਪ੍ਰਯੋਜਨ ਦੱਸਿਆ ਹੈ ਕਿ ਆਗਰੇ ਵਿਚ ਇਕ ਬ੍ਰਿਧ ਮਾਈ ਸਤਿਗੁਰਾਂ ਦੇ ਦਰਸ਼ਨਾਂ ਦੀ ਉਡੀਕ ਕਰ ਰਹੀ ਸੀ। ਉਸਦੀ ਸ਼ਰਧਾ ਪੂਰੀ ਕਰਨ ਤੇ ਇਕ ਹਸਨ ਅਲੀ ਨੂੰ ਆਪਣੀ ਗ੍ਰਿਫਤਾਰੀ ਦਾ ਇਨਾਮ ਦੁਆਉਣ ਲਈ ਆਗਰੇ ਆਏ। ਇਤਿਹਾਸ ਗੁਰੂ ਖਾ: (ਹਿੰਦੀ) ਨੇ ਲਿਖਿਆ ਹੈ ਕਿ ਇਕ ਪ੍ਰੇਮੀ ਸਿੱਖ ਦੇ ਆਕਰਖਣ ਨਾਲ ਗੁਰੂ ਜੀ ਮਥੁਰਾ ਪੁੱਜੇ ਤੇ ਫਿਰ ਆਗਰੇ ਸਿੱਖਾਂ ਨੂੰ ਕ੍ਰਿਤਾਰਥ ਕਰਕੇ ਦਿੱਲੀ ਆਏ। ਆਗਰੇ ਵਿਚ ਮਾਈ ਥਾਨ ਗੁਰਦੁਆਰਾ ਨਾਵੇਂ ਪਾਤਸ਼ਾਹ ਦਾ ਮੌਜੂਦ ਹੈ, ਇਸ ਮਾਈ ਨੂੰ ਕ੍ਰਿਤਾਰਥ ਕਰਕੇ ਬਾਗ਼ ਵਿਚ ਗਏ ਹਨ ਤੇ ਅਗਲੇ ਅੰਸੂ ਵਿੱਚ ਦਸੀ ਘਟਨਾ ਹੋਈ ਹੈ। ਬਾਅਜ਼ੇ ਲੇਖਕਾਂ ਨੇ ਸਿੱਧਾ ਦਿੱਲੀ ਜਾਣਾ ਬੀ ਲਿਖਿਆ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਆਗਰੇ ਸਤਿਗੁਰੂ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਅਯਾਲੀ ਮਿਠਾਈ ਲੈਣ ਗਿਆ ਫੜਿਆ ਗਿਆ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਉਪਬਨ ਬਿਖੈ ਪ੍ਰਵੇਸ਼ ਭੇ,
ਪਿਖਿ ਰਮਨੀਕ ਸਥਾਨ।
ਉਤਰੇ ਕਰਿ ਕੇ ਹਯ ਖਰੇ,
ਬੰਧਨ ਕਰਿ ਦਿਢ ਪਾਨ[1] ॥੧॥

[1]ਹੱਥਾਂ ਨਾਲ ਤਕੜੇ ਬੱਧੇ।

ਚੌਪਈ:

ਨਿਜ ਨਿਜ ਅਸੁ[1] ਢਿਗ ਸਿਖ ਤਬਿ ਬੈਸੇ।
ਚਿਤਵਤਿ -ਗੁਰੂ ਕਰਹਿਂ ਅਬਿ ਕੈਸੇ-।
ਦੇਖਹਿਂ ਬਾਗ ਪ੍ਰਭੂ ਬਹੁ ਭਾਂਤੇ।
ਇਤ ਕੋ ਆਵਤਿ ਉਤ ਕੋ ਜਾਤੇ ॥੨॥
ਬਹੁਰ ਸਥੰਡਲ ਪਰ ਚਢਿ ਫਿਰੈਂ।
ਆਵਨਿ ਜਾਨਿ ਬਾਰਿ ਬਹੁ ਕਰੈਂ।
ਬਾਗ਼ ਪੌਰ ਕੀ ਦਿਸ਼ਾ ਬਿਲੋਕਹਿਂ।
ਅਪਰ ਦਿਸ਼ਨਿ ਤੇ ਦ੍ਰਿਸ਼ਟੀ ਰੋਕਹਿਂ ॥੩॥
ਫਿਰਹਿਂ ਕਦਮ ਪੋਸ਼ੀ[1] ਕਹੁ ਕਰਤੇ।

[1]ਘੋੜੇ।

[1]ਫਾਰਸੀ ਵਿਚ ਪੇਸ਼ ਕਦਮੀ = ਪੈਰ ਆਗੇ ਧਰਨ ਨੂੰ ਕਹਿੰਦੇ ਹਨ। ਕਵੀ ਜੀ ਨੇ ਇਸ ਦਾ ਭਾਵ ਟਹਿਲਣਾ ਸਮਝਿਆ ਹੈ ਤੇ 'ਕਦਮ ਪੇਸ਼ੀ' ਉਲਟਾ ਕੇ ਬਨਾ ਲਿਆ ਹੈ ਤੇ ਲਿਖਾਰੀਆਂ ਦੀ ਕ੍ਰਿਪਾ ਨੇ 'ਪੇਸ਼ੀ' ਦਾ 'ਪੋਸ਼ੀ' ਕਰ ਦਿੱਤਾ ਹੈ। ਅਗਲੀਆਂ ਪਿਛਲੀਆਂ ਤੁਕਾਂ ਤੋਂ ਭਾਵ, ਟਹਿਲਣ ਦਾ ਹੀ ਸਹੀ ਹੋ ਰਿਹਾ ਹੈ। ਕਈ ਗਜਾਨੀ ਇਸ ਨੂੰ 'ਕਦਮ ਬੋਸੀ = ਪੈਰ ਚੁੰਮਣਾ' ਸਮਝਦੇ ਹਨ, ਪੈਰ ਚੁੰਮਣ ਦਾ ਭਾਵ ਏਥੇ ਅਪ੍ਰਸੰਗਕ ਹੈ।

ਉਪਬਨ ਦਰ ਕੋ ਬਹੁਤ ਨਿਹਰਿਤੇ।
ਤਿਸ ਛਿਨ ਏਕ ਅਯਾਲੀ ਆਯੋ।
ਅਜਾ ਬ੍ਰਿੰਦ ਕੋ ਫਿਰਤਿ ਚਰਾਯੋ ॥੪॥
ਗਮਨਤਿ ਦੇਖਿ ਹਕਾਰਜੋ ਤਾਂਹੀ।
ਸੁਨਿ ਗੁਹਾਰ ਚਲਿ ਆਯੋ ਪਾਹੀ।
ਦਰਸ਼ਨ ਕਰਿ ਪਗ ਬੰਦਨ ਠਾਨੀ।
ਤਬਿ ਗੁਰਦੇਵ ਕਹੀ ਮੁਖ ਬਾਨੀ ॥੫॥
'ਹਮਰੋ ਕਾਮ ਏਕ ਕਰਿ ਆਉ।
ਨਿਜ ਮਿਹਨਤ ਲੇ ਕਰਿ ਪੁਨ ਜਾਉ।
ਅਜਾ ਬ੍ਰਿੰਦ ਹਮ ਰਹਹਿਂ ਬਿਲੋਕਤਿ।
ਰਾਖਹਿਂਗੇ ਚਹੁੰ ਦਿਸ਼ਿ ਤੇ ਰੋਕਤਿ' ॥੬॥

ਸੁਨਤਿ ਅਯਾਲੀ ਲਬੁ ਨੇ ਪ੍ਰੇਰਯੋ।
ਅਰੁ ਬਡ ਪੁਰਖ ਸੁ ਦਰਸ਼ਨ ਹੇਰਯੋ।
ਕਹਤਿ ਭਯੋ 'ਦੀਜਹਿ ਫੁਰਮਾਇ।
ਕਾਰਜ ਕਰਿਹੌਂ ਜਥਾ ਰਜਾਇ' ॥੭॥
ਮਾਨੀ ਬਾਤ ਸੁ ਕਰਯੋ ਨਿਹਾਰਨਿ।
ਹੁਤੀ ਛਾਪ ਕਰ[1] ਕਰੀ ਨਿਕਾਰਨ। [1]ਹੱਥ ਦੀ ਛਾਪ (ਸੋ)।
ਜਿਸ ਮਹਿਂ ਬਹੁਤ ਮੋਲ ਕੋ ਹੀਰਾ।
ਉੱਜਲ ਅਸ਼ਟ ਕੋਰ ਕਰਿ ਚੀਰਾ ॥੮॥
ਦਈ ਅਯਾਲੀ ਕੇ ਤਬਿ ਕਰਿ ਮੈਂ।
ਕਰਯੋ ਬਹੁਰ 'ਲੇ ਜਾਹੁ ਨਗਰ ਮੈਂ।
ਦੋਇ ਰਜਤਪਣ ਕੋ ਪਕਵਾਨ।
ਹੋਇ ਸਨਿਘਧ ਅਧਿਕ ਮਿਸ਼ਟਾਨ ॥੯॥
ਗਹਿਣੇ ਧਰਹੁ ਛਾਪ ਕੋ ਜਾਵਹੁ।
ਸੋ ਅਬਿ ਹੀ ਪੁਰਿ ਤੇ ਲੈ ਆਵਹੁ।'
ਸੁਨਤਿ ਅਯਾਲੀ ਨੇ ਤਬਿ ਕਹਯੋ।
'ਮੋ ਪਰ ਚੀਰ ਸੁ ਜੀਰਣ[1] ਰਹਯੋ ॥੧੦॥ [1]ਪੁਰਾਣਾ।
ਕਿਸ ਮਹਿਂ ਆਨੌਂ ਪਾਇ ਮਿਠਾਈ।
ਆਛੀ ਰਹੈ ਲੇਹੁ ਤੁਮ ਖਾਈ।'
ਤਬਿ ਗੁਰੁ ਅਪਣੇ ਊਪਰ ਕੇਰਾ।
ਹੁਤੋ ਦੁਸ਼ਾਲਾ ਮੋਲ ਬਡੇਰਾ ॥੧੧॥
ਲਿਯੋ ਉਤਾਰਿ ਦਿਯੋ ਕਰ ਤਾਂਹੀ।
'ਕਹਯੋ ਪਾਇ ਆਨਹੁ ਇਸ ਮਾਂਹੀ।
ਬਿਲਮ ਨ ਕੀਜਹਿ ਗਮਨਹੁ ਪੁਰਿ ਮੈਂ।
ਜਾਇ ਖਰੀਦ ਨ ਸੰਕਹੁ ਉਰ ਮੈਂ'
॥੧੨॥
ਪਟੀ ਕਾਮਰੀ ਬਿਖੈ ਛਪਾਇ[1]। [1]ਪਾਟੀ ਹੋਈ ਕੰਬਲੀ ਵਿਚ (ਦੁਸ਼ਾਲਾ) ਛੁਪਾਕੇ।
ਚਲਯੋ ਆਯਾਲੀ ਪੁਰਿ ਦਿਸ਼ਿ ਧਾਇ।
ਮਤੀਦਾਸ ਥਿਰ ਦੂਰ ਦਿਵਾਨ।
ਦੇਖਿ ਕ੍ਰਿਯਾ ਕਿਯ ਕ੍ਰਿਪਾ ਨਿਧਾਨ[1] [1]ਕੀਤੀ ਕਿਰਿਆ ਗੁਰਾਂ ਦੀ ਦੇਖਕੇ।
॥੧੩॥
ਆਇ ਸਮੀਪ ਬੂਝਿਬੋ ਕੀਨਿ।
'ਕਹਾਂ ਰੰਕ ਕੇ ਕਰ ਤੁਮ ਦੀਨ?

ਕਹਾਂ ਪਠਜੋ? ਕਜਾ ਲਜਾਵਨਿ ਕਰੈ?
ਗਮਨਜੋਂ ਨਗਰ ਛਿੱਪ੍ਰਤਾ ਧਰੈ' ॥੧੪॥
ਸੁਨਿ ਸਤਿਗੁਰ ਤਿਹ ਸਕਲ ਬਤਾਈ।
'ਹਮ ਕੋ ਛੁਧਾ ਲਗੀ ਅਧਿਕਾਈ।
ਕੁਛ ਪਕਵਾਨ ਮੰਗਾਵਨ ਠਾਨਾ।
ਤੁਮ ਭੀ ਛੁਧਤਿ ਕੀਜਿਯਹਿ ਖਾਨਾ' ॥੧੫॥
ਮਤੀਦਾਸ ਬੋਲਜੋ ਕਰ ਜੋਰਿ।
'ਮੁਝ ਢਿਗ ਹੁਤੇ ਰਜਤਪਣ ਔਰ।
ਸੋ ਪਠਿ ਦੇਤਿ ਛਾਪ ਕਜੋਂ ਦਈ।
ਜਿਸ ਮਹਿਂ ਬੱਜ੍ਰ[1] ਮੋਲ ਬਹੁ ਮਈ ॥੧੬॥
ਬਹੁਰ ਦੁਸ਼ਾਲਾ ਬਿਗਰਹਿ ਰੰਗ।
ਰਹੈ ਨ ਅਸ ਜੇ ਪਹਿਰਹੁ ਅੰਗ।
ਅਪਰ ਬਸਤ੍ਰ ਲੇ ਕਰਿ ਸਿਖ ਜਾਤੇ।
ਆਨਿਤ ਛਿੱਪ੍ਰ ਜਥਾ ਰੁਚਿ ਖਾਤੇ' ॥੧੭॥
ਸੁਨਿ ਗੁਰ ਕਹਜੋ 'ਬਿਲਮ ਇਮ ਲਾਗਤਿ।
ਪੁਰਿ ਗਜਾਤਾ, ਭੇਜਜੋ, ਗਾ ਭਾਗਤਿ[1]।
ਖੁਰਜੀ ਖੋਲਿ ਰਜਤਪਣ ਲੇਤਿ।
ਸਿਖ ਸੁਚੇਤ ਕਰਿ[1] ਤਿਸ ਕੇ ਦੇਤਿ ॥੧੮॥
ਗਰੀ ਬਜਾਰ ਨਹੀਂ ਜਿਨ ਹੇਰਾ।
ਆਵਤਿ ਜਾਤੇ ਲਾਗਤਿ ਦੇਰਾ।'
ਬਾਕ ਅਪੂਰਬ ਗੁਰ ਕੇ ਸੁਨਿਕੈ।
ਤੂਸ਼ਨਿ ਠਾਨਿ ਰਹਜੋ ਮਨ ਗੁਨਿ ਕੈ ॥੧੯॥
-ਇਨਹੁ ਕਹੀ ਨਹਿਂ ਕਬਿਹੂੰ ਐਸੇ।
ਕਹਾਂ ਛੁਧਾ ਅਰੁ ਬੋਲਹਿਂ ਕੈਸੇ।
ਕੋ ਜਾਨਹਿਂ ਕਜਾ ਰਚਨਾ ਰਚੀ!
ਦਈ ਛਾਪ ਹੀਰਾ ਬਿਚ ਖਚੀ ॥੨੦॥
ਬਿਸਮਤ ਸਿੱਖਨਿ ਸੰਗ ਸੁਨਾਇ।
ਸਤਿਗੁਰੁ ਫੇਰਜੋ ਅਪਰ ਸੁਭਾਇ।

[1]ਹੀਰਾ।

[1]ਭੱਜਾ ਗਿਆ ਹੈ।

[1]ਸਿਖ ਨੂੰ ਸਾਵਧਾਨ ਕਰਦੇ (ਭਾਵ ਸ਼ਹਿਤ ਦੇ ਪੱਤੇ ਦੱਸਦੇ)।

ਬੰਧਿ ਤੁਰੰਗ ਤਰੋਵਰ ਸਾਥ।
ਬੈਠਿ ਆਇ ਸਕਲ ਢਿਗ ਨਾਥ ॥੨੧॥
ਸ੍ਰੀ ਮੁਖ ਤੇ ਐਸੇ ਫੁਰਮਾਇ।
'ਰਹੀਅਹਿ ਪਿਖਤਿ ਅਜਾ[1] ਸਮੁਦਾਇ। [1]ਬੱਕਰੀਆਂ।
ਚਲੀ ਨ ਜਾਇਂ ਗਰੀਬ ਅਯਾਲੀ।
ਆਵਤਿ ਲਗਿ ਸਭਿ ਰਖਹੁ ਸੰਭਾਲੀ'
॥੨੨॥
ਤਬਿ ਸਿੱਖਜਨਿ ਮਾਨਜੋਂ ਕਰ ਜੋਰਿ।
ਦੇਖਤਿ ਰਹੇ ਅਜਾ ਕੀ ਓਰ।
ਅਬਹਿ ਅਯਾਲੀ ਕੋ ਜੁ ਬ੍ਰਿਤਾਂਤ।
ਸੁਨੀਅਹਿ ਗਨ ਸ਼੍ਰੋਤਾ ਅਵਿਦਾਤ ॥੨੩॥
ਲੇ ਕਰਿ ਛਾਪ ਦੁਸ਼ਾਲਾ ਗਯੋ।
ਬਡੇ ਬਜ਼ਾਰ ਪ੍ਰਵੇਸ਼ਤਿ ਭਯੋ।
ਦੇਖੀ ਜਾਇ ਹਾਟ ਹਲਵਾਈ।
ਜਹਿਂ ਨਾਨਾ ਬਿਧਿ ਬ੍ਰਿੰਦ ਮਿਠਾਈ
॥੨੪॥
ਖਰੋ ਹੋਇ ਕਰਿ ਹਾਥ ਉਭਾਰਾ।
ਦੇਤਿ ਮੁੰਦਰੀ ਬਚਨ ਉਚਾਰਾ।
'ਇਹ ਰਾਖਹੁ ਗਹਿਣਾ ਢਿਗ[1] ਲੈਹੌਂ। [1]ਇਹ ਅਪਨੇ ਪਾਸ ਗਹਿਣੇ ਰੱਖ ਲਵੋ।
ਦੋਇ ਰਜਤਪਣ ਸੌਦਾ ਦੈ ਹੌ' ॥੨੫॥
ਜਬਹਿ ਬਾਨੀਅਹਿ ਕਰ ਮਹਿਂ ਲੀਨਿ।
ਬਹੁ ਮੋਲਾ ਪਿਖਿ ਹੀਰਾ ਚੀਨਿ।
ਮਨ ਬਿਸਮਾਨਜੋ ਬੂਝਨਿ ਠਾਨਜੋਂ।
'ਇਹ ਤੈਂ ਕਹਹੁ ਕਹਾਂ ਤੇ ਆਨਜੋਂ
॥੨੬॥
ਕਿਸ ਉਮਰਾਵ ਹਾਥ ਕੀ ਅਹੈ।
ਤੋਹਿ ਉਚਿਤ ਨਹਿਂ, ਕਿਮ ਤੂੰ ਕਹੈਂ[1]। [1]ਕਿਵੇਂ ਤੂੰ ਕਹਿੰਦਾ ਹੈ ਕਿ (ਗਹਿਣੇ ਰੱਖ ਲੈ)।
ਤਸਕਰ ਕਰਿ ਚੋਰੀ ਕਹੁ ਲਜਾਯਹੁ।
ਕੈ ਬੰਚਕ[1] ਹਤਿ ਕਰਿ ਕਿਸ ਆਯਹੁ [1](ਤੂੰ) ਠੱਗ ਹੈਂ।
॥੨੭॥
ਕਹਹੁ ਸਾਚ ਨਤੁ ਦੇਉਂ ਗਹਾਇ।
ਇਹ ਸੌਦਾ ਮੋ ਕਹੁ ਦੁਖਦਾਇ।'

ਡਰਤਿ ਅਯਾਲੀ ਸਕਲ ਸੁਨਾਯੋ।
'ਇਕ ਉਮਰਾਵ ਬਾਗ਼ ਮਹਿੰ ਆਯੋ ॥੨੮॥
ਦੇ ਮੋ ਕਹੁ ਹਿਤ ਪਠਜੋ ਮਿਠਾਈ।
ਨਹਿੰ ਚੋਰੀ ਕਰਿ ਮੈਂ ਇਹ ਪਾਈ।
ਦੇਹਿ ਰਜਤਪਣ ਤਬਿ ਇਹ ਲੈ ਹੈ[1]।
ਛੁਧਿਤ ਛਿੱਪ੍ਰ, ਇੱਛਤ ਸੋ ਖੈ ਹੈ[1]' ॥੨੯॥
ਧੀਰਜ ਬਾਕ ਸੁਨੇ ਹਲਵਾਈ।
ਗਹੀ ਤਰਾਜੂ ਤੁਲਨਿ ਮਿਠਾਈ।
ਜਬਹਿ ਤੋਲ ਕਰਿ ਪਾਵਨ ਲਾਗਾ।
ਪੱਲਾ ਕਰਜੋ ਦੁਸ਼ਾਲੇ ਆਗਾ ॥੩੦॥
ਪਿਖਤਿ ਅਚੰਭੈ ਹੁਇ ਹਲਵਾਈ-।
ਇਹ ਮੂਰਖ ਕਜਾ ਕਰਹਿ ਬੁਰਾਈ।
ਬਸਤ੍ਰ ਹਜ਼ਾਰ ਰਜਤਪਣ ਕੇਰਾ।
ਹਿਤ ਪਕਵਾਨ ਬਿਗਾਰ ਬਡੇਰਾ ॥੩੧॥
ਸਹੀ ਚੋਰ ਇਹ ਜਾਨਜੋਂ ਜਾਇ।
ਕੋ ਮਾਲਿਕ ਅਸ ਬਸਤ੍ਰ ਗਵਾਇ।
ਬਡ ਮੂਰਖ ਕੀਮਤਿ[1] ਨਹਿੰ ਜਾਨਹਿ।
ਲਜਾਇ ਚੁਰਾਇ ਬਿਗਾਰਨਿ ਠਾਨਹਿੰ- ॥੩੨॥
ਉਠਜੋ ਹਾਟ ਪਰ ਤੇ ਹਲਵਾਈ।
ਗਹੀ ਭੁਜਾ ਦਿਢ ਭਾਜ ਨ ਜਾਈ।
ਜਹਿੰ ਚਬੂਤਰਾ ਬਡ ਕੁਤਵਾਲੀ[1]।
ਤਹਿੰ ਲੇ ਗਮਨਜੋ ਤ੍ਰਸਤਿ ਬਿਸਾਲੀ ॥੩੩॥
ਬ੍ਰਿੰਦ ਨਰਨਿ ਮੈਂ ਥਿਰ ਕੁਤਵਾਲ।
ਪਕਰਹਿ ਚੋਰ ਯਾਰ ਜਹਿੰ ਜਾਲ।
ਤਿਹ ਠਾਂ ਠਾਂਢੇ ਹੋਇ ਪੁਕਾਰਾ।
'ਸੁਨਿ ਅਦਾਲਤੀ! ਕਾਜ ਹਮਾਰਾ ॥੩੪॥
ਇਹ ਬੰਚਕ ਕੈ ਤਸਕਰ ਕੋਈ।

[1]ਰੁਪਏ ਦੇਕੇ ਓਹ ਵਾਪਸ ਲੈ ਲਏਗਾ।
[1]ਭੁੱਖਾ ਹੋਣ ਕਰਕੇ ਛੇਤੀ ਖਾਣ ਦੀ ਇੱਛਾ ਕਰਦਾ ਹੈ।
[1]ਮੁੱਲ (ਦੁਸ਼ਾਲੇ) ਦਾ।
[1]ਕੁਤਵਾਲੀ ਦਾ ਚਬੂਤਰਾ।

ਵਸਤੁ ਅਜਾਇਬ ਹੈਂ ਢਿਗ ਦੋਈ।
ਗਹਿਣੇ ਧਰਨਿ ਹੇਤੁ ਇਹ ਲਜਾਯੋ।
ਅਸਮੰਜਸ ਪਿਖਿ ਮੈਂ ਲਖਿਪਾਯੋ ॥ ੩੫ ॥
ਮਮ ਸਿਰ ਦੋਸ ਨ ਆਵੈ ਕੋਈ।
ਤੁਮ ਹਦੂਰ[1] ਕੀਨਿ ਮੈਂ ਸੋਈ। [1]ਤੇਰੇ ਸਾਹਮਣੇ।
ਕਰਿ ਲਿਹੁ ਨਿਰਨੈ ਹੁਇ ਜਿਸ ਭਾਂਤੀ।
ਤਸਕਰ, ਬਾਟਪਾਰ ਕਿਹ ਘਾਤੀ[1]' ॥ ੩੬ ॥ [1]ਧਾੜਵੀ ਕਿਸੇ ਦੇ ਮਾਰਨ ਵਾਲਾ।
ਇਮ ਕਹਿ ਦੋਨੋਂ ਛਾਪ ਦੁਸ਼ਾਲਾ।
ਧਰਿ ਦੀਨੇ ਸਭਿ ਮਹਿਂ ਤਿਸ ਕਾਲਾ।
ਪਿਖਿ ਕੁਤਵਾਲ ਬਿਸਾਲੀ ਮੋਲ।
ਤਾੜਜੋ ਕਹਿ ਕਰਿ ਕੂਰ ਜਿ ਬੋਲ ॥ ੩੭ ॥
'ਕਹਹੁ ਸਾਚ ਨਤੁ ਦੈ ਹੌਂ ਫਾਂਸੀ।
ਕਹਿਂ ਤੇ ਆਨੇ ਘਾਤ ਬਿਸਾਸੀ[1]। [1]ਹੇ ਵਿਸਾਹ ਘਾਤ ਕਰਨੇ ਵਾਲੇ।
ਸਕਲ ਖੋਜ ਕੋ ਦੇਹੁ ਬਤਾਇ।
ਨਾਂਹਿ ਤ ਪ੍ਰਾਨ ਤੁਰਤ ਤੁਵ ਜਾਇਂ ॥ ੩੮ ॥
ਸਭਿ ਨਰ ਤਿਸ ਕੇ ਮੁਖ ਕੋ ਹੇਰਤਿ।
ਸੁਨਿਬੇ ਹੇਤੁ ਕਹਨਿ ਕੋ ਪ੍ਰੇਰਤਿ।
ਤ੍ਰਸਤਿ ਬਿਸਾਲ ਅਯਾਲੀ ਬੋਲਜੋ।
'ਚੋਰ ਨਹੀਂ ਮੈਂ ਕਿਸ ਘਰ ਫੋਲਜੋ[1] ॥ ੩੯ ॥ [1]ਮੈਂ ਚੋਰ ਹੋਕੇ ਕਿਸੇ ਦੇ ਘਰ ਚੋਰੀ ਨਹੀਂ ਕੀਤੀ।
ਨਹਿਂ ਬਟਵਾਰ ਨ ਬੰਚਕ ਕੋਈ।
ਸੁਨਿਯਹਿ ਬ੍ਰਿਥਾ ਜਥਾ ਇਹ ਹੋਈ।
ਅਜਾ ਚਰਾਵਤਿ ਵਹਿਰ ਫਿਰੰਤਾ।
ਆਯੋ ਉਪਬਨ ਨਿਕਟਿ ਤਿਖੰਤਾ ॥ ੪੦ ॥
ਤਹਿਂ ਉਮਰਾਵ ਮਹਾਨ ਸਮਾਨਾ।
ਉਤਰਜੋ ਆਨਿ ਤੁਰਤ ਹੀ ਜਾਨਾ।
ਆਵਤਿ ਮੋ ਕਹੁ ਨਿਕਟਿ ਬੁਲਾਯੋ।
ਦੀਨਿ ਮੁੰਦਰੀ ਹਾਥ, ਅਲਾਯੋ ॥ ੪੧ ॥
-ਇਸ ਕੋ ਧਰਿ[1] ਲੇ ਆਉ ਮਿਠਾਈ। [1]ਗਹਿਣੇ) ਧਰਿਕੈ।
ਬੀਚ ਦੁਸ਼ਾਲੇ ਲੇਹੁ ਪਵਾਈ-।

ਆਨਿ ਉਤਾਇਲ ਮੈਂ ਇਸ ਦੀਨੀ।
ਲਖਿ ਕਰਿ ਤਸਕਰ ਭੁਜ ਗਹਿ ਲੀਨੀ[1] ॥੪੨॥
ਬਰਜਿ ਬਰਜਿ ਮੈਂ ਇਹ ਸਮੁਝਾਯੋ।
ਨਾਹਕ ਜਬਰੀ ਤੇ ਗਹਿ ਲਜਾਯੋ।
ਉਪਬਨ ਬਿਖੈ ਖਸ਼ਟ ਅਸਵਾਰ।
ਜਾਨਹੁ ਤਸਕਰ ਕੈ ਬਟਪਾਰ ॥੪੩॥
ਕੈ ਕਿਸ ਥਲ ਕੌ ਬਡ ਸਰਦਾਰ।
ਸਾਧੁ ਅਸਾਧੁ ਲੇਹੁ ਨਿਰਧਾਰ।
ਕਹੌਂ ਨ ਕੂਰ, ਹੇਰਿ ਤਿਨ ਲੀਜਹਿ।
ਬੂਝਹੁ ਚਲਿ ਕਰਿ ਨਿਰਨੈ ਕੀਜਹਿ ॥੪੪॥
ਮੋ ਮਹਿਂ ਦੋਸ਼ ਹੋਇ ਜੇ ਕੋਈ।
ਚਹਹੁ ਸਾਸਨਾ ਦੀਜਹਿ ਸੋਈ।'
ਇਮ[†] ਸੁਨਿ ਸਭਿ ਹੀ ਲਖ੍ਯੋ ਅਯਾਲੀ।
ਨਿਰਨੇ ਕਰਿਬੇ ਚਹ੍ਯੋ ਬਿਸਾਲੀ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਅਯਾਲੀ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

[1]ਇਸ ਹਲਵਾਈ ਨੇ ਮੇਰੀ) ਬਾਂਹ ਫੜ ਲਈ ਹੈ।

[†]ਪਾ:-ਜਬਿ।

## ੩੭. [ਅਪਣੇ ਆਪ ਨੂੰ ਹਵਾਲੇ ਕੀਤਾ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਸੁਨਿ ਅਦਾਲਤੀ[1] ਸਭਿਨਿ ਮਹਿਂ,
ਸਾਚ ਲਖਨਿ ਕੇ ਹੇਤੁ।
ਜੁਗਲ ਸਿਪਾਹੀ ਸੋਂ ਕਹ੍ਯੋ,
'ਗਮਨਹੁ ਸੰਗ ਸੁਚੇਤ ॥੧॥

ਚੌਪਈ:

ਉਪਬਨ ਬਿਖੈ ਜਾਹੁ ਇਸ ਸੰਗ।
ਪਿਖਹੁ ਤਹਾਂ ਅਸਵਾਰਨਿ ਢੰਗ।
ਨਾਉਂ ਗਾਉਂ ਬੂਝਹੁ ਸਭਿ ਭਾਂਤੀ।
ਆਵਨਿ ਜਾਨਿ ਕਹਾਂ ਕੋ, ਜਾਤੀ[1]? ॥੨॥
ਕਿਸ ਥਲ ਕੇ ਹੁਇ ਹੈਂ ਸਰਦਾਰ?
ਨਾਂਹਿ ਤ ਲਖੇ ਪਰਹਿਂ ਬਟਪਾਰ।
ਮਾਲ ਖਸੋਟਨਿ ਕਿਸ ਕੋ ਆਏ।
ਬੈਠਿ ਵਹਿਰ ਜਿਨ ਅਸਨ ਮੰਗਾਏ ॥੩॥
ਜਿਮ ਭਾਜਹਿਂ ਨਹਿਂ, ਸੋ ਗਤਿ ਕੀਜੈ।
ਭੇਦ ਮਧੁਰ ਬਾਕਨਿ ਤੇ ਲੀਜੈ।
ਇਕ ਤਹਿਂ ਰਹਹੁ ਸ਼ੀਘ੍ਰ ਇਕ ਆਵੈ।
ਜਥਾ ਹੋਇ ਤਿਮ ਆਨਿ ਸੁਨਾਵੈ' ॥੪॥
ਕਰ੍ਯੋ ਅਗਾਰੀ ਤਬਹਿ ਅਯਾਲੀ।
ਚਲੇ ਸਿਪਾਹੀ ਸਾਥ ਉਤਾਲੀ।
ਖੜਗ ਸਿਪਰ ਜਿਨ ਧਾਰਨਿ ਕੀਨਿ।
ਉਪਬਨ ਕੋ ਗਮਨੇ ਸੰਗ ਲੀਨ ॥੫॥
ਆਵਤਿ ਦੇਖਿ ਦੂਰ ਤੇ ਜਬੈ।
ਮਤੀਦਾਸ ਇਮ ਬੋਲ੍ਯੋ ਤਬੈ।
'ਪਠ੍ਯੋ ਆਪ ਕੋ ਆਵਤਿ ਸੋਈ।
ਆਨ੍ਯੋ ਅਸਨ ਭਿ ਨਾਂਹਿਨ ਜੋਈ' ॥੬॥
ਸਭਿਨਿ ਸੁਨਾਵਤਿ ਸਤਿਗੁਰ ਕਹ੍ਯੋ।
'ਆਵਤਿ ਉਹੀ ਠੀਕ ਤੁਮ ਲਹ੍ਯੋ।
ਤਊ ਜਾਨੀਅਹਿ ਬਨ੍ਯੋ ਕੁਸੂਤ।
ਆਨੇ ਸੰਗ ਦੋਇ ਜਮਦੂਤ ॥੭॥

[1]ਪਿਛਲੇ ਅੰਸੂ ਦੇ ਅੰਕ ੩੪ ਤੋਂ ਅਦਾਲਤ ਤੋਂ ਮੁਰਾਦ 'ਕੁਤਵਾਲ' ਸਹੀ ਹੋ ਰਹੀ ਹੈ।

[1]ਕਿਸ ਜਾਤ ਦੇ ਹਨ।

ਨਹਿਂ ਸੌਦਾ ਆਨਜੋਂ ਇਮ ਲਖੀਯਤਿ।
ਅੱਗ੍ਰ ਜੁਗਨਿ ਕੇ ਛੂਛੋ ਪਿਖੀਯਤਿ[1]।'
ਸੁਨਿ ਕੈ ਮਤੀਦਾਸ ਤੇ ਆਦਿ।
ਗੁਰੁ ਚਰਿੱਤ੍ਰ ਤੇ ਭੇ ਬਿਸਮਾਦਿ ॥ ੮ ॥
-ਪਾਨ ਅਯਾਲੀ ਕੇ ਪਕਵਾਨ।
ਅਨਵਾਵਨਿ ਕਰਿ ਚਾਹਤਿ ਖਾਨ।
ਜੇ ਨਿਤ ਸੁਚਿ ਸੋਂ ਕਰਤਿ ਅਹਾਰ।
ਅਬਿ ਬਿਲੋਕਿ ਕਜਾ ਕੀਨਿ ਉਚਾਰ ॥ ੯ ॥
ਦੋ ਜਮਦੂਤ ਆਵਤੇ ਸਾਥ।
ਕਹਾਂ ਰਚੀ ਗਤਿ ਇਸ ਬਿਧਿ ਨਾਥ-।
ਕਰਹਿਂ ਬਿਚਾਰਨਿ ਕੋ ਬਹੁ ਬਾਰੀ।
ਨਹਿਂ ਬੋਲੇ, ਪ੍ਰਣ ਗੁਰੁ ਅਨੁਸਾਰੀ[1] ॥ ੧੦ ॥
ਬ੍ਰਿਧ ਕੇ ਬੰਸ ਸਾਧੁ ਗੁਰਦਿੱਤਾ।
ਹੋਨਹਾਰ ਪਰ ਮਨ ਦ੍ਰਿੜ ਕਿੱਤਾ।
-ਜੋ ਗੁਰ ਕਰਹਿਂ ਭਲੀ ਸਭਿ ਹੋਇ।
ਕੋਟਿ ਜਤਨ ਤੇ ਮਿਟਹਿ ਨ ਸੋਇ- ॥ ੧੧ ॥
ਇਮ ਲਖਿ ਕੈ ਤੁਸ਼ਨਿ ਹੁਇ ਰਹਜੋ।
ਭਲੀ ਕਿ ਬੁਰੀ ਨਹੀਂ ਬਚ ਕਹਜੋ।
ਇਤਨੇ ਮਹਿਂ ਪਹੁੰਚੇ ਚਲਿ ਤੀਨੋ।
ਉਪਬਨ ਬਿਖੈ ਪ੍ਰਵੇਸ਼ਨਿ ਕੀਨੋ ॥ ੧੨ ॥
ਖਰੇ ਹਜੂਰ ਗੁਰੂ ਕੇ ਹੋਇ।
ਬੂਝੇ 'ਕਿਤ ਤੇ ਹਹੁ ਤੁਮ ਕੋਇ?
ਕਹਾਂ ਨਾਮ ਕਿਸ ਗ੍ਰਾਮ ਬਸੰਤੇ?
ਕਿਤ ਤੇ ਆਇ ਕਹਾਂ ਗਮਨੰਤੇ' ॥ ੧੩ ॥
ਸੁਨਿ ਬੋਲੇ ਸਤਿਗੁਰੂ ਸੁਖਧਾਮੂ।
'ਤੇਗ ਬਹਾਦੁਰ ਹੈ ਹਮ ਨਾਮੂ।
ਸ਼੍ਰੀ ਨਾਨਕ ਕੀ ਕਰੁਨਾ ਅਹੈ।
ਯਾਂ ਤੇ ਗੁਰੂ ਜਗਤ ਮੈਂ ਕਹੈਂ ॥ ੧੪ ॥
ਬਿਚਰਹਿਂ ਜਿਤ ਕਿਤ ਸਹਿਜ ਸੁਭਾਇ।

[1]ਦੋਹਾਂ ਅੱਗੇ ਇਹ ਖਾਲੀ ਆਂਵਦਾ ਦਿਖਾਈ ਦਿੰਦਾ ਹੈ।

[1]ਗੁਰਾਂ ਦੇ ਅਨੁਸਾਰ ਰਹਿਣ ਦਾ (ਪਹਿਲੋਂ) ਪ੍ਰਣ ਕੀਤਾ ਹੋਯਾ ਸੀ।

ਥਿਰ ਹੁਇ ਬਸਹਿਂ ਨਹੀਂ ਇਕ ਥਾਇਂ।'
ਇਮ ਸੁਨਿ ਕੈ ਗੁਰ ਤੇ ਤਿਸ ਠੌਰਾ।
ਗਮਨਜੋ ਏਕ ਸਿਪਾਹੀ ਦੌਰਾ ॥੧੫॥
ਸੰਗ ਅਯਾਲੀ ਕੈ ਇਕ ਖਰਜੋ।
ਪ੍ਰਭੁ ਨੇ ਤਬਹਿ ਬੂਝਿਬੋ ਕਰਜੋ।
'ਛਾਪ ਦੁਸ਼ਾਲਾ ਕਹਾਂ ਮਿਠਾਈ।
ਨਹਿਂ ਆਨਜੋ ਕੁਛ ਨਿਕਟਿ ਇਥਾਈ[1]' [1]ਇੱਥੇ।
॥੧੬॥
ਸੁਨਿ ਕਰਿ ਜੋਰਿ ਕਹਜੋ ਤਿਸ ਕਾਲਾ।
'ਗਹਜੋ ਬਾਨੀਏ ਦੇਖਿ ਦੁਸ਼ਾਲਾ।
ਚਲਿ ਚਬੂਤਰੇ ਮਹਿਂ ਪਹੁੰਚਾਯੋ।
ਛੀਨ ਮੋਹਿ ਤੇ ਤਹਾਂ ਰਖਾਯੋ ॥੧੭॥
ਹੀਰਾ ਹੇਰਿ ਮੁੰਦਰੀ ਮਾਂਹੀ।
ਧਰਿ ਅਦਾਲਤੀ ਅਪਨੇ ਪਾਹੀ।
ਨਿਰਨੇ ਕਰਨਿ ਹੇਤੁ ਪਠਿ ਦੋਇ।
ਇਕ ਤੋ ਗਯੋ ਬੂਝ ਕਰਿ ਸੋਇ ॥੧੮॥
ਇਮ ਮੋ ਕਉ ਮੁਸ਼ਕਲ ਬਨਿ ਗਈ।
ਅਬਿ ਗਮਨੋਂ ਸਭਿ ਹੀ ਕਹਿ ਦਈ[1]।' [1]ਮੈਂ) ਹੁਣ ਜਾਂਦਾ ਹੈ, ਸਾਰੀ ਗਲ ਮੈਂ ਦੱਸ ਦਿੱਤੀ ਹੈ।
ਜਾਇ ਅਯਾਲੀ ਅਜਾ ਸਮ੍ਹਾਰੀ।
ਗਯੋ ਸਿਪਾਹੀ ਸਕਲ ਉਚਾਰੀ ॥੧੯॥
'ਸੋਢੀ ਸ੍ਰੀ ਗੁਰ ਤੇਗ ਬਹਾਦਰ।
ਮਾਨਤਿ ਸਭਿ ਹਿੰਦੂ ਜਿਹ ਸਾਦਰ।
ਛਾਪ ਦੁਸ਼ਾਲਾ ਹੈ ਤਿਨ ਕੇਰਾ।
ਖਟ ਅਸਵਾਰ ਸੰਗ ਤਿਹ ਹੇਰਾ[1]' [1]ਅਸਵਾਰਾਂ ਸਮੇਤ ਤਿਨ੍ਹਾਂ ਛੇਆਂ ਨੂੰ ਦੇਖਿਆ।
॥੨੦॥
ਸੁਨਿ ਅਦਾਲਤੀ ਉਰ ਹਰਖਾਨਾ।
ਔਚਕ ਭਲੋ ਆਪਨੋ ਜਾਨਾ।
-ਜਿਸ ਕੇ ਹਿਤ ਖੋਜਤਿ ਬਹੁ ਦੇਸ਼।
ਗਹਿਨ ਸ਼ਾਹੁ ਨਿਤ ਚਹੈ ਵਿਸ਼ੇਸ਼ ॥੨੧॥
ਆਇ ਅਚਾਨਕ ਹੀ ਅਬਿ ਗਯੋ।
ਖੋਜੈ ਕਹੂੰ ਨ ਪ੍ਰਾਪਤਿ ਭਯੋ।
ਗਹਿ ਕਰਿ ਸੁਧਿ ਕੋ ਦੇਹਿਂ ਪਠਾਈ।

ਸ਼ਾਹੁ ਪ੍ਰਸੰਨ ਹੋਹਿ ਅਧਿਕਾਈ- ॥੨੨॥
ਇਮ ਠਹਿਰਾਇ ਬਿਚਾਰਤਿ ਔਰੇ।
-ਮਮ ਢਿਗ ਅਹੈਂ ਸਿਪਾਹੀ ਥੋਰੇ-।
ਕਿਲੇ ਦਾਰ ਕੇ ਪਹੁੰਚਜੋ ਪਾਸ।
ਸਰਬ ਬਾਰਤਾ ਕਰੀ ਪ੍ਰਕਾਸ਼ ॥੨੩॥
'ਤੁਝ ਮੁਝ ਪਰ ਪ੍ਰਸੰਨ ਹ੍ਵੈ ਸ਼ਾਹੂ।
ਔਚਕ ਆਇ ਗਯੋ ਗੁਰ ਪਾਹੂ।
ਜਿਸ ਹਿਤ ਕਈ ਬਾਰ ਪਰਵਾਨੇ।
ਆਏ ਹੁਤੇ ਪਠੇ ਤਬਿ ਜਾਨਨੇ ॥੨੪॥
ਇਸੀ ਰੀਤਿ ਸਭਿ ਦੇਸ਼ਨਿ ਮਾਂਹੀ।
ਸ਼ਾਹੁ ਤਗੀਦ, ਪਾਇ ਕਿਤ ਨਾਂਹੀ[1]।
ਪੂਰਬ ਉੱਤਰ ਪਸ਼ਚਮ ਦੱਛਣ।
ਖੋਜਤਿ ਰਹੇ ਨ ਲਹਜੋ ਬਿਚੱਛਣ[1] ॥੨੫॥
ਸੋ ਤੁਮ ਫਤੇ ਲੇਹੁ ਇਸ ਕਾਲਾ।
ਗਹਿ ਲੀਜਹਿ ਗੁਰ ਕੋ ਦਰਹਾਲਾ[1]।
ਸੁਖ ਸੋਂ ਰਾਖਹੁ ਦੁਰਗ ਮਝਾਰੇ।
ਸੁਧਿ ਪਠਿ ਦੇਹੁ ਸ਼ਾਹੁ ਕੇ ਦ੍ਵਾਰੇ' ॥੨੬॥
ਕਹਿ ਸੁਨਿ ਕਰਿ ਦੋਨਹੁਂ ਹਰਖਾਏ।
ਬ੍ਰਿੰਦ ਸਿਪਾਹੀ ਕਰਿ ਇਕ ਥਾਏਂ।
ਚਲਜੋ ਦੁਰਗਪਤਿ ਅਰੁ ਕੁਤਵਾਲ।
ਬੋਲਤਿ ਮੋਦਤਿ ਕਰਤਿ ਉਤਾਲ ॥੨੭॥
ਜੋ ਉਪਬਨ ਕੀ ਹੈ ਦਿਸ਼ਿ ਚਾਰ[1]।
ਪਠੇ ਚਾਰ ਸੈਂ ਤਹਿਂ ਅਸਵਾਰ।
'ਬਨਿ ਸੁਚੇਤ ਹੁਜਹਿ ਸਭਿ ਠਾਵੇ।
ਹੋਹਿ ਨ ਅਸ ਭਾਜੈ ਬਨਿ ਗਾਵੇ ॥੨੮॥
ਵਹਿਰ ਬਾਗ਼ ਤੇ ਥਿਰ ਸਭਿ ਰਹੀਯਹਿ।
ਨਿਕਸਿ ਨ ਭਾਜਹਿ ਦਿਢ ਹ੍ਵੈ ਲਹੀਯਹਿ।'
ਆਪ ਪ੍ਰਵੇਸ਼ੇ ਅੰਤਰ ਜਾਇ।
ਲਿਏ ਸੰਗ ਮਾਨਵ ਸਮੁਦਾਇ ॥੨੯॥
ਸਤਿਗੁਰ ਬੈਠੇ ਜਾਇ ਨਿਹਾਰੇ।
ਦੋਨਹੁਂ ਠਾਢੇ ਭਏ ਅਗਾਰੇ।

[1]ਪਰ) ਲੱਭੇ ਨਹੀਂ ਸਨ ਕਿਤੇ ਭੀ।
[1]ਚਤੁਰਾਂ ਨੂੰ ਨਾ ਲੱਭੇ (ਅ)। ਚਤੁਰ (ਗੁਰੂ ਜੀ ਨੂੰ) ਨਾ ਲੱਭ ਸਕੇ।
[1]ਛੇਤੀ।
[1]ਚਾਰ ਪਾਸੇ।

ਬੂਝਨਿ ਲਗੇ 'ਗੁਰੂ ਤੁਮ ਅਹੋ?
ਨਾਮ ਸਮੇਤ ਹਮਹਿਂ ਸਭਿ ਕਹੋ ॥੩੦॥
ਹਿੰਦੂ ਜਨ ਕੇ ਪੂਜ ਕਹਾਵਹੁ?
ਅਪਨੋ ਬਰਨ ਸਥਾਨ ਬਤਾਵਹੁ।'
ਸੁਨਿ ਤੁਰਕਨਿ ਤੇ ਪ੍ਰਭੁ ਜੀ ਕਹੈਂ।
'ਜਗਤ ਗੁਰੂ ਸ਼੍ਰੀ ਨਾਨਕ ਅਹੈਂ ॥੩੧॥
ਹਮ ਤਿਨ ਕੇ ਦਾਸਨ ਕੇ ਦਾਸੇ।
ਮੱਦ੍ਰ[1] ਦੇਸ਼ ਮਹਿ ਬਾਸ ਅਵਾਸੇ। [1]ਪੰਜਾਬ।
ਤੇਗ ਬਹਾਦਰ ਨਾਮ ਹਮਾਰਾ।
ਕੁਲ ਸੋਢੀ ਜਗ ਮਹਿਂ ਉਜਿਆਰਾ[1]' ॥੩੨॥ [1]ਪ੍ਰਸਿੱਧ ਹੈ।
ਸੁਨਤਿ ਦੁਰਗਪਤਿ ਅਰੁ ਕੁਤਵਾਲੂ।
ਲਖ੍ਯੋ ਭੇਦ ਬੋਲੇ ਤਤਕਾਲੂ।
'ਹੁਕਮ ਹਮਹੁਂ ਪਰ ਹਜ਼ਰਤ ਕੇਰਾ।
ਪਰਵਾਨਾ ਭੇਜ੍ਯੋ ਬਹੁ ਬੇਰਾ ॥੩੩॥
ਇਕ ਹਮ ਪਰ ਹੀ ਨਹੀਂ ਪਠਾਯੋ।
ਦੇਸ਼ ਬਿਦੇਸ਼ਨਿ ਸਭਿਨਿ ਜਨਾਯੋ।
-ਸ਼੍ਰੀ ਗੁਰੂ ਤੇਗ ਬਹਾਦਰ ਜੋਊ।
ਜਿਸ ਕੋ ਜਿਸ ਥਲ ਪ੍ਰਾਪਤਿ ਹੋਊ ॥੩੪॥
ਰਖਹੁ ਟਿਕਾਇ ਖ਼ਬਰ ਪਹੁੰਚਾਵਹੁ।
ਖੋਜਹੁ ਗ੍ਰਾਮ ਨਗਰ ਜਿਹ ਪਾਵਹੁ-।
ਅਬਿ ਆਗਵਨ ਅਚਾਨਕ ਭਯੋ।
ਹਜ਼ਰਤ ਕੋ ਕਾਰਜ ਹੁਇ ਗਯੋ ॥੩੫॥
ਮਿਹਰਵਾਨਗੀ ਹਮ ਪਰ ਧਾਰਹੁ।
ਦੁਰਗ ਬਿਖੈ ਡੇਰਾ ਚਲਿ ਡਾਰਹੁ।
ਤੁਰਨ ਸੁਧਿ ਲਿਖਿ ਪਠਹਿਂ ਤੁਮਾਰੀ।
ਸੁਨਹਿ ਸ਼ਾਹੁ, ਜਿਮ ਕਰਹਿ ਉਚਾਰੀ ॥੩੬॥
ਹੁਇ ਹੈ ਤਥਾ, ਕਿ ਨਿਕਟਿ ਬੁਲਾਵੈ।
ਕੈ ਲਿਖਿ ਕਰਿ ਤੁਮ ਕੋ ਛੁਟਕਾਵੈ।
-[1]ਕ੍ਯੋਂ ਤੁਮ ਗਹਹੁ-? ਆਦਿ ਇਸ [1]ਭਾਵ ਇਸ ਤਰ੍ਹਾਂ ਦੀਆਂ ਗੱਲਾਂ ਕਿ ਤੁਸੀਂ ਕਿਉਂ ਸਾਨੂੰ

ਬਾਤ।

ਫੜਦੇ ਹੋ? -ਸਾਥੋਂ ਪੁੱਛੋ ਤਾਂ ਅਸੀਂ ਕੁਛ ਉੱਤਰ ਨਹੀਂ ਦਿਆਂਗੇ।

ਜੇ ਹਮ ਕਹੁ ਬੂਝਹੁ ਬਿਰਤਾਂਤ ॥੩੭॥
ਹਮ ਤੇ ਉੱਤਰ ਲਹਹੁ ਨ ਕੋਈ[3]।
ਜਾਨਹਿਂ ਹਜ਼ਰਤ, ਕਰਹਿ ਸੁ ਹੋਈ।
ਕਹਨਿ ਸੁਨਨਿ ਕੀ ਚਾਹਿ ਨ ਰਾਖਹੁ।
ਚਲਿਬੇ ਦੁਰਗ ਬਿਖੈ ਅਭਿਲਾਖਹੁ'
॥੩੮॥
ਸ਼੍ਰੀ ਗੁਰ ਬੀਰ ਧੀਰ ਗੰਭੀਰ।
ਚਢਿਬੇ ਤੁਰੰਗ ਮੰਗਾਯਹੁ ਤੀਰ।
ਭਏ ਅਰੂਢਿ ਬਾਗ ਤੇ ਚਾਲੇ।
ਪੰਚਹੁੰ ਸਿੱਖ ਭਏ ਚਢਿ ਨਾਲੇ ॥੩੯॥
ਸੰਗ ਦੁਰਗਪਤਿ ਅਰ ਕੁਤਵਾਲ।
ਪੀਛੈ ਚਢੇ ਜਾਹਿਂ ਗੁਰ ਨਾਲ।
ਹੈਂ ਅਸਵਾਰ ਚਾਰ ਸੈ ਜੋਈ।
ਚਾਰੋਂ ਦਿਸ਼ਿ ਹ੍ਵੈ ਗਮਨੇ ਸੋਈ ॥੪੦॥
ਸਨੇ ਸਨੇ ਚਲਿ ਪੰਥ ਮਝਾਰੀ।
ਜਾਇ ਪ੍ਰਵੇਸ਼ੇ ਦੁਰਗ ਮਝਾਰੀ।
ਸੁੰਦਰ ਸਦਨ ਦੀਨਿ ਹਿਤ ਡੇਰੇ।
ਉਤਰਿ ਪਰੇ ਸਤਿਗੁਰੁ ਤਿਸ ਬੇਰੇ ॥੪੧॥
ਖਾਨ ਪਾਨ ਹਿਤ ਤ੍ਰਿਣ ਅਰੁ ਦਾਨਾ।
ਲੀਨਿ ਮੰਗਾਇ ਖਰਚ ਜਸ ਜਾਨਾ।
ਪਾਕ ਸਿੱਧ ਕਰਿ[1], ਅਚਨੇ ਅਹਾਰਾ।
ਸੁਪਤ ਜਥਾ ਸੁਖ ਰਾਤਿ ਮਝਾਰਾ ॥੪੨॥

[1]ਰਸੋਈ ਤਿਆਰ ਕਰਕੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਆਗਰੇ ਦੁਰਗ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਦਿੱਲੀ ਆਉਣਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਤੇਗ ਬਹਾਦਰ ਸਤਿਗੁਰੂ,
ਦੁਰਗ ਥਿਰੇ ਇਸ ਰੀਤਿ।
ਤੁਰਕ ਹਰਖ ਉਰ ਮਹਿਂ ਅਧਿਕ,
ਜਾਨਿ ਦੀਨ ਕੀ ਜੀਤ[1] ॥੧॥ [1]ਤੁਰਕ ਮਜ਼ਹਬ ਦੀ ਜਿੱਤ ਜਾਣ ਕੇ।

ਚੌਪਈ:

ਹੋਨਹਾਰ ਮੂਰਖ ਨਹਿਂ ਜਾਨਹਿਂ।
ਅਪਨੀ ਜਰਾਂ[1] ਲਗੀ ਕੋ ਹਾਨਹਿਂ। [1]ਜੜ੍ਹਾਂ।
ਸੰਗ ਦੁਰਗਪਤਿ ਕੇ ਕੁਤਵਾਲ।
ਮਿਲਿ ਮਸਲਤ ਕੀਨਸਿ ਤਿਸ ਕਾਲ ॥੨॥
ਲਿਖੀ ਬਨਾਇ ਸ਼ੀਘ੍ਰ ਤਬਿ ਅਰਜ਼ੀ।
'ਹਜ਼ਰਤ ! ਪਾਇ ਆਪ ਕੀ ਮਰਜ਼ੀ।
ਹਿੰਦੁਨਿ ਗੁਰ ਸ਼੍ਰੀ ਤੇਗ ਬਹਾਦਰ।
ਰਾਖ੍ਯੋ ਰੋਕਿ ਦੁਰਗ ਮਹਿ ਸਾਦਰ ॥੩॥
ਉਤਰੇ ਹੁਤੇ ਬਾਗ ਮਹਿਂ ਆਇ।
ਹਮ ਤੁਰਨ ਗਮਨੇ ਸੁਧਿ ਪਾਇ।
ਪੰਚ ਸਊਰ ਸਾਥ ਜਿਨ ਔਰ।
ਆਨੇ ਸਾਥ ਜਾਇ ਤਿਸ ਠੌਰ ॥੪॥
ਅਬਿ ਰਾਵਰ ਕੀ ਮਰਜ਼ੀ ਜੈਸੇ।
ਲਿਖਿ ਪਰਵਾਨਾ ਪਠੀਅਹਿ ਤੈਸੇ।'
ਇਮ ਕਾਗਦ ਪਰ ਲਿਖ੍ਯੋ ਬਨਾਈ।
ਕਹ੍ਯੋ ਸਊਰ ਸੰਗ ਸਮੁਝਾਈ ॥੫॥
'ਨਹਿਂ ਬਿਲਮਹੁ ਬਿਸਰਾਮਹੁ ਥੋਰਾ[1]। [1]ਰਾਹ ਵਿੱਚ) ਆਰਾਮ ਥੋੜਾ ਕਰਨਾ।
ਦੌਰ੍ਯੋ ਜਾਹੁ ਸ਼ਾਹਿ ਕੀ ਓਰਾ।
ਪਹੁੰਚਹੁ ਜਾਇ ਦੇਹੁ ਤਬਿ ਅਰਜ਼ੀ।
ਪਢਿ ਕਰਿ ਲਿਖਹਿ ਬਹੁਰ ਨਿਜ ਮਰਜ਼ੀ ॥੬॥
ਸਭਿ ਸੁਧਿ ਦੇਇ, ਆਉ ਤਤਕਾਲਾ।
ਲੇ ਇਨਾਮ ਕੋ ਦਰਬ[1] ਬਿਸਾਲਾ।' [1]ਇਨਾਮ ਦਾ ਧਨ।

ਸੁਨਿ ਸਊਰ ਹਯ ਦੀਨਿ ਨਿਹਾਰੀ।
ਜ਼ੀਨ ਪਾਇ ਕੀਨਸਿ ਅਸਵਾਰੀ ॥੭॥
ਦਿੱਲੀ ਕੇ ਮਗ ਕੋ ਤਬਿ ਚਾਲਾ।
ਬਿਲਮ ਬਿਹੀਨਾ ਸ਼ੀਘ੍ਰ ਬਿਸਾਲਾ।
ਨਿਸ ਬਾਸੁਰ ਮਹਿਂ ਪੰਥ ਪਯਾਨਹਿ।
ਅਧਿਕ ਥਕਹਿ ਬਿਸਰਾਮ ਸੁ ਠਾਨਹਿ ॥੮॥
ਦਿਨ ਦੋ ਇਕ ਮੈਂ ਪਹੁੰਚਯੋ ਆਈ।
ਅਰਜ਼ੀ ਸ਼ਾਹੁ ਸਮੀਪ ਪਠਾਈ।
ਨਵੀਸਿੰਦ ਨੇ ਖੋਲਿ ਸੁਨਾਈ।
'ਹਿੰਦੁਨਿ ਗੁਰੂ ਲੀਨਿ ਅਟਕਾਈ' ॥੯॥
ਸੁਨਿ ਹਰਖਯੋ ਮੂਰਖ ਚਵਗੱਤਾ।
ਅਵਨੀ ਰਾਜ ਤੇਜ ਮਦਮੱਤਾ[1]।

[1]ਪ੍ਰਿਥਵੀ ਦੇ ਰਾਜ ਦੇ ਤੇਜ ਦੇ ਅਹੰਕਾਰ ਵਿੱਚ ਮਸਤਿਆ ਹੋਇਆ।

ਕਹਿ ਤੁਰਨ ਉਮਰਾਵ ਚਢਾਯੋ।
ਲਸ਼ਕਰ ਸੰਗ ਸਮੂਹ ਪਠਾਯੋ ॥੧੦॥
ਸਭਿ ਹਜ਼ਾਰ ਦ੍ਵਾਦਸ ਅਸਵਾਰ[1†]।

[1]ਸਾਰੇ ੧੨ ਹਜ਼ਾਰ ਅਸਵਾਰ। [†]ਇਤਨੀ ਫੌਜ ਨਾਲ ਭੇਜਣ ਦਾ ਕਾਰਨ ਕਵਿ ਜੀ ਅੱਗੇ ਆਪ ਹੀ ਦੱਸਦੇ ਹਨ।

ਚਲੇ ਆਗਰੇ ਪੰਥ ਮਝਾਰ।
ਨਰ ਪਠਿ ਪੁਨ ਕੀਨਸਿ ਤਕਰਾਈ।
'ਸਭਿ ਬਿਧਿ ਕਰਿ ਰਾਖਹੁ ਚੁਕਸਾਈ ॥੧੧॥
ਅਜ਼ਮਤਵੰਤਿ ਕਿਤਿਕ ਕਹਿਂ ਜਗ ਮਹਿਂ[1]।

[1]ਜਗਤ ਵਿੱਚ ਕਈ (ਲੋਕ) ਉਨ੍ਹਾਂ ਨੂੰ ਕਰਾਮਾਤੀ ਕਹਿੰਦੇ ਹਨ।

ਛਲ ਕਰਿ ਛੁਟਿ ਜਾਹਿਂ ਨ ਮਗ ਮਹਿਂ।
ਘਨੇ ਸਿਪਾਹੀ ਜਾਗਤਿ ਰਖੀਅਹਿ।
ਨਿਸ ਬਾਸੁਰ ਢਿਗ ਦ੍ਰਿਗ ਤੇ ਲਖੀਅਹਿ ॥੧੨॥
ਕੋ ਰਾਜਾ ਰਜਪੂਤ ਨ ਆਵੈ।
ਲਰੈ ਅਚਾਨਕ ਗੁਰੂ ਛੁਟਾਵੈ।
ਤਯੋਂ ਹਿੰਦੂ ਕੇਤਿਕ ਖਗ ਧਾਰੀ।
ਕਰਹਿਂ ਮੁਚਾਵਨਿ ਮਰਹਿਂ ਕਿ ਮਾਰੀ[1] ॥੧੩॥

[1]ਆਪ ਮਰਨ ਕਿ ਮਾਰ ਕੇ ਛੁਡਾਵਣਾ ਕਰਨ।

ਇਨ ਬਾਤਨਿ ਤੇ ਹੁਇ ਸਵਧਾਨ।
ਆਨਹੁ ਸ਼ੀਘ੍ਰ ਗੁਰੂ ਇਸ ਥਾਨ।
ਚਿਰੰਕਾਲ ਕੇ ਖੋਜਤਿ ਰਹੇ।
ਔਚਕ ਭੇ ਪ੍ਰਾਪਤ ਅਬਿ ਗਹੇ ॥੧੪॥
ਸਭਿ ਮਹਿਂ ਬਜਹਿ ਦੀਨ ਕੋ ਡੰਕਾ।
ਰਾਵ ਰੰਕ ਨਰ ਧਰਹਿਂ ਅਤੰਕਾ[1]।
[1]ਡਰ ਧਾਰਨਗੇ।
ਸਿੱਧ ਮਨੋਰਥ ਅਬਿ ਹੁਇ ਮੋਰਾ।
ਟੂਟਹਿ ਸਭਿ ਹਿੰਦੁਨਿ ਕੋ ਜ਼ੋਰਾ ॥੧੫॥
ਸ਼ਰਾ ਬਿਖੈ ਗੁਰ ਜਬਿਹੂੰ ਆਇ।
ਦਿਜ ਆਦਿਕ ਆਪੇ ਬਨਿ ਜਾਇਂ[1]।
[1](ਤੁਰਕ) ਬਣ ਜਾਣਗੇ।
ਪ੍ਰਥਮ ਪ੍ਰਸੰਗ, ਪਿਤਾ ਇਨ ਭਯੋ[1]।
[1]ਪਹਿਲੋਂ ਦਾ ਪ੍ਰਸੰਗ ਹੈ ਕਿ ਇਨ੍ਹਾਂ ਦੇ ਪਿਤਾ (ਸ਼੍ਰੀ ਹਰਿ ਗੋਬਿੰਦ ਜੀ ਹੋਏ ਹਨ)।
ਮੋਰ ਪਿਤਾਮੇਂ ਹੁਤਨਿ ਕਿਯੋ[1] ॥੧੬॥
[1]ਮੇਰੇ ਦਾਦੇ (ਜਹਾਂਗੀਰ ਨੇ) ਬੁਲਾਏ ਸਨ।
ਤਬਿ ਰਾਜੇ ਰਜਪੂਤ ਬਵੰਜਾ।
ਕਰੇ ਛੁਟਾਵਨਿ ਤਿਨ ਭਯ ਭੰਜਾ।
ਸੋ ਸਿਮਰਹਿਂ ਜੇ ਗੁਰ ਉਪਕਾਰਾ।
ਕਰਹਿਂ ਬਟੋਰਨਿ[1] ਲਸ਼ਕਰ ਭਾਰਾ ॥੧੭॥
[1]ਕੱਠਾ ਕਰਨ।
ਆਨਿ ਲਰਹਿਂ ਨਹਿਂ ਲੇਹਿਂ ਛੁਟਾਇ।
ਯਾਂ ਤੇ ਜਾਇ ਸੈਨ ਸਮੁਦਾਇ।
ਅਪਰ[1] ਤਯਾਰ ਦਿੱਲੀ ਬਨਿ ਰਹੈ।
[1]ਹੋਰ (ਫੌਜ)।
ਚਢਹਿ ਤੁਰਤੁ ਜੋ ਸੁਧਿ ਅਸ ਲਹੈ’ ॥੧੮॥
ਇੱਤਯਾਦਿਕ ਗਿਨਤੀ ਕਰਿ ਬ੍ਰਿੰਦ।
ਸਾਵਧਾਨਤਾ ਰਚੀ ਬਿਲੰਦ।
ਲਸ਼ਕਰ ਚਢਿ ਦਿੱਲੀ ਤੇ ਗਯੋ।
ਚਲਹਿ ਅਧਿਕ ਹੀ ਸ਼੍ਰਮ ਬਹੁ ਕਿਯੋ ॥੧੯॥
ਮਗ ਉਲੰਘਿ ਸਗਰੋ ਜਬਿ ਗਏ।
ਨਗਰ ਆਗਰੇ ਪ੍ਰਾਪਤਿ ਭਏ।
ਸੁਨਤਿ ਦੁਰਗਪਤਿ ਅਰੁ ਕੁਤਵਾਲ।
ਮਿਲਿਬੇ ਹਿਤ ਨਿਕਸੇ ਤਤਕਾਲ ॥੧੦॥

ਭਾਂਤਿ ਭਾਂਤਿ ਕੀ ਦੇ ਉਪਹਾਰ।
ਮਿਲੇ ਸਲਾਮਾਲੇਕ ਉਚਾਰਿ।
ਖਾਨ ਪਾਨ ਤ੍ਰਿਣ ਦਾਨੇ ਕੇਰੀ।
ਲਸ਼ਕਰ ਕੀ ਸੁਧਿ ਲੀਨਿ ਘਨੇਰੀ ॥੨੧॥
ਸਭਿ ਮਿਲਿ ਗੁਰੂ ਪਾਸ ਚਲਿ ਆਏ।
ਨਿਕਟਿ ਬੈਠਿ ਕਰਿ ਭੇਵ ਬਤਾਏ।
'ਹਜ਼ਰਤ ਅਧਿਕ ਤਲਾਸ਼ੀ ਠਾਨਹਿ।
ਬਹੁ ਦਿਨ ਤੇ ਬਹੁ ਨਗਰ ਬਖਾਨਹਿ ॥੨੨॥
ਦੇਸ਼ ਬਿਦੇਸ਼ਨਿ ਮੈਂ ਬਹੁ ਫਿਰੇ।
ਨਹਿਂ ਪ੍ਰਾਪਤਿ ਭੇ ਨਹਿਂ ਕਿਤ ਥਿਰੇ[1]।
ਸਭਿ ਜਹਾਨ ਕੋ ਮਾਲਿਕ[1] ਆਜ।
ਭਯੋ ਅਧਿਕ ਤੇ ਅਧਿਕ ਸਮਾਜ ॥੨੩॥
ਕਯੋਂ ਨ ਬਨਹੁ ਤਿਸ ਕੇ ਅਨੁਸਾਰੀ।
ਸੁਧਰਿ ਜਾਇ ਸਭਿ ਬਾਤ ਤਿਹਾਰੀ।'
ਸੁਨਿ ਸਤਿਗੁਰ ਪ੍ਰਸੰਨ ਮੁਖ ਕਹਯੋ।
'ਕੋ ਬਿਗਾਰ[1] ਹਮਰੋ ਪਿਖਿ ਗਹਯੋ ॥੨੪॥
ਇਕ ਖ਼ੁਦਾਇ ਕੋ ਸਕਲ ਜਹਾਨ।
ਸਿਰਜਹਿ, ਪੋਖਹਿ, ਹਰਹਿ ਨਿਦਾਨ[1]।
ਰੰਕ ਰਾਵ ਸਭਿ ਜਗ ਮਹਿਂ ਰਹਿਈਂ।
ਦੰਡਹਿ ਸ਼ਾਹੁ ਖੋਟ ਕਿਸ ਲਹਿਈ[1] ॥੨੫॥
ਹਮ ਸੋਂ ਕਾਜ ਸ਼ਾਹੁ ਕੋ ਕਹਾਂ।
ਰਾਜ ਨ ਵਿਰਸੇਦਾਰ ਨ ਲਹਾ[1]।
ਦਰਵੇਸ਼ਨਿ ਕੀ ਰੀਤਿ ਹਮਾਰੀ।
ਯਾਂ ਤੇ ਹਮ ਸ਼ੰਕਾ ਨਹਿਂ ਧਾਰੀ' ॥੨੬॥
ਪੁਨ ਉਮਰਾਵ ਕਹਤਿ 'ਹਮ ਆਏ।
ਚਲਹੁ ਸਮੀਪੀ ਸ਼ਾਹੁ ਬੁਲਾਏ।
ਕਹਨਿ ਹੋਇ ਜੋ ਕੁਛ, ਤਹਿਂ ਕਹੋ।
ਅਨੁਸਾਰੀ ਹੁਇ ਸਭਿ ਸੁਖ ਲਹੋ'

[1]ਤੇ) ਨਾ ਹੀ (ਆਪ) ਕਿਤੇ ਟਿਕੇ ਹੋ।

[1]ਭਾਵ ਔਰੰਗਾ।

[1]ਵਿਗਾੜ।

[1]ਸਾਰਾ ਜਹਾਨ ਇਕ ਖੁਦਾ ਦਾ ਹੈ, (ਉਹੋ ਹੀ) ਬਣਾਉਂਦਾ ਹੈ, ਪਾਲਦਾ ਹੈ ਤੇ ਸੰਘਾਰਦਾ ਹੈ ਅੰਤ ਨੂੰ।

[1]ਜੇ ਕਿਸੇ ਦਾ ਖੋਟ ਵੇਖਦਾ ਹੈ ਤਾਂ ਪਾਤਸ਼ਾਹ ਦੰਡ ਦੇਂਦਾ ਹੈ।

[1]ਨਾ (ਸਾਡਾ) ਰਾਜ ਹੈ ਨਾ (ਅਸੀਂ ਉਸਦੇ ਰਾਜ ਦੇ) ਵਿਰਸੇ ਦਾਰ (ਹਿੱਸੇ ਦਾਰ) ਹਾਂ।

॥੨੭॥
ਇਮ ਕਹਿ ਜਾਮਨਿ ਸੁਪਤ ਬਿਤਾਈ।
ਭਈ ਪ੍ਰਾਤਿ ਤਜਾਰੀ ਕਰਿਵਾਈ।
ਡਾਰਿ ਤੁਰੰਗਨਿ ਜ਼ੀਨ ਬਿਸਾਲੇ।
ਚਢੇ ਗੁਰੂ ਭਾ ਲਸ਼ਕਰ ਨਾਲੇ ॥੨੮॥
ਨਿਕਟਿ ਨਿਕਟਿ ਉਮਰਾਵ ਚਲੰਤਾ।
ਚਹੁੰ ਦਿਸ਼ਿ ਮਹਿਂ ਦਲ ਬਡ ਗਮਨੰਤਾ।
ਤੁਪਕਨ ਕੇ ਧੁਖਾਇ ਕਰਿ ਤੋੜੇ।
ਤਜਾਰੀ ਠਾਨਿ ਕਲਾ ਪਰ ਜੋੜੇ ॥੨੯॥
ਸਾਵਧਾਨਤਾ ਕਰਤਿ ਘਨੇਰੇ।
ਪੰਥ ਪਯਾਨਹਿਂ ਪ੍ਰਭੁ ਕੋ ਘੇਰੇ।
ਦੀਰਘ ਮਜਲ ਕਰਤਿ ਚਲਿ ਆਏ।
ਨਿਸ ਬਿਸਰਾਮਹਿਂ ਦਿਨਹਿਂ ਸਿਧਾਏ
॥੩੦॥
ਪੰਚਹੁਂ ਸਿੱਖ ਸੰਗ ਗੁਰ ਚਾਲੇ।
ਸਭਿ ਬਿਧਿ ਸੇਵਾ ਕਰਹਿਂ ਬਿਸਾਲੇ।
ਸਿਧ ਰਸੋਈ ਕਰਿ ਤ੍ਰਿਪਤਾਵੈਂ।
ਜਾਮ ਨਿਸਾ ਤੇ ਨਾਨੁ ਕਰਾਵੈਂ ॥੩੧॥
ਥੋਰਨਿ ਦਿਨ ਮਹਿਂ ਪਹੁਂਚੇ ਆਈ।
ਪ੍ਰਥਮ ਸ਼ਾਹੁ ਢਿਗ ਸੁਧਿ ਪਹੁਂਚਾਈ।
'ਹਿੰਦੁਨਿ ਗੁਰ ਸ਼੍ਰੀ ਤੇਗ ਬਹਾਦਰ।
ਆਨਜੋ ਸਹਿਤ ਸੁਚੇਤੀ ਸਾਦਰ[1] ॥੩੨॥ [1]ਚੁਕਸਾਈ ਤੇ ਆਦਰ ਨਾਲ।
ਜਥਾ ਹੁਕਮ ਅਬਿ ਰਾਵਰ ਕੇਰਾ।
ਤਥਾ ਕਰਹਿਂ ਕਰਿਵਾਵਹਿਂ ਡੇਰਾ।'
ਸੁਨਿ ਅਵਰੰਗ ਆਨੰਦ ਉਰ ਪੀਨੇ[1]। [1]ਤੱਕੜਾ ਖੁਸ਼ੀ।
ਸਭਾ ਮੁਲਾਨੇ ਬੂਝਨਿ ਕੀਨੇ ॥੩੩॥
'ਕਿਮ ਪਰਖਹਿਂ ਅਜ਼ਮਤ ਕੁਛ ਇਨ ਕੀ।
ਦਿਹੁ ਬਤਾਇ ਚਾਤੁਰਤਾ ਮਨ ਕੀ।'
ਸੁਨਿ ਦੁਰਮਤਿ ਚਿਤ ਕਹਤਿ ਮੁਲਾਨੇ।
'ਇਕ ਉਪਾਵ ਹਮ ਕਰਹਿਂ ਬਖਾਨੇ
॥੩੪॥
ਪੁਰਿ ਮਹਿਂ ਏਕ ਹਵੇਲੀ ਅਹੈ।

ਸੁਨੀ ਪਰੀ ਨਹੀਂ ਕੋ ਰਹੈ।
ਨਹਿੰ ਬਸਿਬੇ ਕੋ ਕਾਰਨ ਜਾਨੋ।
ਰਹੈ ਤਹਾਂ ਕੋ ਪ੍ਰੇਤ ਕਿ ਦਾਨੋ[1†] ॥੩੫॥ [1]ਭੂਤ ਕਿ ਦਾਨਵ। [†]ਪਾ:-ਕਦਾਨੋ।
ਜੋ ਤਿਸ ਮਹਿ ਨਿਸ ਬਾਸ ਕਰੰਤਾ।
ਬਡੇ ਤ੍ਰਾਸ ਕੋ ਪਾਇ ਮਰੰਤਾ।
ਲਗੇ ਰਜਤਪਣ ਕਈ ਹਜ਼ਾਰ।
ਤਜੀ ਸਭਿਨਿ ਸੋ ਡਰ ਉਰ ਧਾਰਿ ॥੩੬॥
ਨਹਿ ਪ੍ਰਵੇਸ਼ ਦਿਨ ਮਹਿ ਭੀ ਕਰੈਂ।
ਮਾਰ ਨ ਦੇਹਿ ਦੇਵ ਤੇ[1] ਡਰੈਂ। [1]ਦੈਂਤ ਤੋਂ।
ਪ੍ਰਥਮ ਉਤਾਰਹੁ ਗੁਰ ਤਿਸ ਮਾਂਹੀ।
ਕਹੇ ਜਿ ਤਹਾਂ ਪ੍ਰਵੇਸ਼ਹਿ ਨਾਂਹੀ ॥੩੭॥
ਤੌ ਤੁਮ ਸ਼ਰ੍ਹਾ ਲੇਹੁ ਮਨਵਾਇ।
ਹੁਇ ਅਨੁਸਾਰੀ ਸਹਿਜ ਸੁਭਾਇ।
ਜੇ ਨਹਿੰ ਮਾਨਹਿ ਕਹ੍ਯੋ ਤੁਮਾਰੋ।
ਨਿਸ ਬਸਾਇ ਤਿਸ ਘਰ ਮੈਂ ਮਾਰੋ' ॥੩੮॥
ਸੁਨਿ ਅਵਿਰੰਗ ਜਾਨਿ ਚਤੁਰਾਈ।
ਸੰਗ ਮੁਲਾਨੇ 'ਸਾਧ[1]' ਅਲਾਈ। [1]ਸ਼ਾਬਾਸ਼।
'ਆਛੀ ਕਹੀ ਪਰਖਿਬੋ ਹੋਇ।
ਜੇ ਕਿਛੁ ਅਜ਼ਮਤ, ਲਖੀਯਹਿ ਸੋਇ ॥੩੯॥
ਸ਼ਰਾ ਬੀਚ ਜੋ ਅਸ ਨਰ ਆਵਹਿ।
ਦੀਨ, ਹਮਾਰੋ ਅਤਿ ਬਿਰਧਾਵਹਿ।'
ਅਸ ਮਸਲਤ ਕਰਿ ਸਭਾ ਮਝਾਰਾ।
ਇਕ ਨਰ ਸੋਂ ਤਬਿ ਹੁਕਮ ਉਚਾਰਾ ॥੪੦॥
'ਤਿਸ ਉਮਰਾਵ ਸੰਗ ਕਹਿ ਜਾਇ।
ਜੋ ਗੁਰ ਹੈ ਹਿੰਦੁਨਿ ਸਮੁਦਾਇ।
ਪ੍ਰੇਤ ਭਯਾਨਕ ਜਿਸ ਮਹਿ ਰਹੈ।
ਨਹਿੰਨ ਪ੍ਰਵੇਸ਼ਹਿ[1], ਡਰ ਸਭਿ ਲਹੈਂ ॥੪੧॥ [1](ਕੋਈ ਵੀ) ਨਹੀਂ ਪ੍ਰਵੇਸ਼ ਕਰਦਾ ਜਿਥੇ।

ਤਿਸ ਮਹਿਂ ਨਿਸ ਬਿਸਰਾਮ ਕਰਾਵਹੁ।
ਏਕਲ ਕੋ ਅੰਤਰ ਪ੍ਰਵਿਸ਼ਾਵਹੁ।
ਸੰਗੀ ਤਿਸ ਕੇ ਵਹਿਰ ਉਤਾਰਹੁ।
ਚਹੁੰ ਦਿਸ਼ਿ ਮਹਿਂ ਨਰ ਗਨ ਥਿਰ ਧਾਰਹੁ
॥੪੨॥
ਜਾਗਤ ਰਹੋ, ਕਰਹੁ ਤਕਰਾਈ।
ਹੋਇ ਨ ਅਸ ਜੇ ਨਿਕਸਿ ਸਿਧਾਈਂ।'
ਸੁਨਤਿ ਗਯੋ ਤਿਨ ਜਾਇ ਸੁਨਾਯੋ।
'ਹਜ਼ਰਤ ਏਵ ਹੁਕਮ ਫੁਰਮਾਯੋ' ॥੪੩॥
ਸੋ ਉਮਰਾਵ ਗੁਰੂ ਸੰਗ ਲੀਨੇ।
ਗਯੋ ਸਦਨ ਤਿਸ ਬੂਝਨਿ ਕੀਨੇ।
ਲੋਕ ਸੈਂਕਰੇ ਦੇਖਨਿ ਆਏ।
ਤਰਜਿ ਤਰਜਿ ਕਰਿ ਸਰਬ ਹਟਾਏ
॥੪੪॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਦਿੱਲੀ ਆਗਵਨ ਗੁਰੂ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਸਾਹਿਬਜ਼ਾਦੇ ਜੀ ਨੇ ਘੜੇ ਫੁੰਡਣੇ। ਮਿੱਠਾ ਖੂਹ ਖਾਰਾ ਹੋਇਆ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਦਿੱਲੀ ਮਹਿਂ ਪ੍ਰਵਿਸ਼ੇ ਗੁਰੂ,
ਗਏ ਹਵੇਲੀ ਮਾਂਹਿ।
ਉਤਰੇ ਭਯੋ ਬ੍ਰਿਤੰਤ ਜਿਮ,
ਕਹੌਂ ਕਥਾ ਪੁਨ ਤਾਂਹਿ[1] ॥੧॥

[1]ਓਥੋਂ ਦੀ ਕਥਾ ਫੇਰ ਕਹਾਂਗਾ।

ਚੌਪਈ:

ਸਰਬ ਪ੍ਰਸੰਗ ਸੁਨਾਵੌਂ ਫੇਰ।
ਜਿਮ ਤੁਰਕੇਸ਼ੁਰ ਅਰੁ ਗੁਰ ਕੇਰ।
ਅਬਿ ਪਟਣੇ ਕੀ ਕਥਾ ਬਖਾਨੌਂ।
ਅਵਸਰ[1] ਇਹਾਂ ਕਹਨਿ ਕੋ ਜਾਨੌਂ ॥੨॥

[1]ਸਮਾਂ।

ਜਬਿ ਤੇ ਸਤਿਗੁਰ ਸੁਤ ਤਜਿ ਆਏ।
ਤਿਨ ਪੀਛੇ ਜਿਮ ਖੇਲ ਮਚਾਏ।
ਨਿਤ ਸ਼ਸਤ੍ਰਨਿ ਸੋਂ ਪ੍ਰੇਮ ਕਰੰਤੇ।
ਜਿਸ ਕਿਸ ਤੇ ਮੰਗਵਾਇ ਰਖੰਤੇ ॥੩॥
ਏਕ ਮੰਚ ਪਰ ਰਾਖਿ ਟਿਕਾਏ।
ਤਿਨ ਢਿਗ ਨਿਤ ਪ੍ਰਤਿ ਧੂਪ ਧੁਖਾਏ।
ਪੁਸ਼ਪ ਅਨੇਕ ਬਰਨ ਅਨਵਾਵੈਂ।
ਕਬਹੁੰ ਗੁੰਦਿ ਮਾਲ ਅਰਪਾਵੈਂ ॥੪॥
ਕਬਹੁੰ ਅੰਜੁਲ ਭਰਹਿਂ[1] ਚਢਾਵੈਂ।

[1]ਬੁੱਕ ਭਰ ਕੇ।

ਬੰਦਨ ਠਾਨਹਿਂ ਸੀਸ ਨਿਵਾਵੈਂ।
ਫਿਰਹਿਂ ਪ੍ਰਦਛਨਾ ਚਹੁੰਦਿਸ਼ਿ ਤੀਨ।
ਚੰਦਨ ਚਰਚਹਿਂ ਪ੍ਰੇਮ ਸੁ ਪੀਨ ॥੫॥
ਢਿਗ ਸ਼ਾਹੁਨਿ ਕੇ ਸਿਸ ਜਬਿ ਆਵੈਂ।
ਕਹਿ ਮਹਿਮਾ ਕੋ ਬਹੁਤ ਸੁਨਾਵੈਂ।
'ਇਹ ਆਛੇ ਛੋਟੇ ਹਮ ਲਾਇਕ।
ਕਰਹਿਂ ਪ੍ਰਹਾਰਨ ਰਿਪੁ ਗਨ ਘਾਇਕ'
॥੬॥
ਕਰਹਿ ਬਿਲੋਕਨ ਮਾਤੁ ਰੁ ਦਾਦੀ।
-ਕਜਾ ਲੀਲਾ ਧਾਰਹਿਂ ਅਹਿਲਾਦੀ।
ਰਚਹਿਂ ਪਿਤਾਮਾ ਸਮ ਕ੍ਰਿਤ ਏਈ।

ਬਡੇ ਹੋਇ ਕਰਿ ਠਾਨਹਿਂ ਸੇਈ[1]- ॥੭॥ [1]ਉਹੀ ਕ੍ਰਿਤ।
ਕਰ ਗੁਲੇਲ ਕੋ ਧਾਰਿਤ ਘਨੇ।
ਤਾਕਹਿਂ ਦੂਰ ਨਿਸ਼ਾਨੋ ਹਨੇ।
ਗੁਰ ਘਰ ਮਹਿਂ ਇਕ ਕੂਪ ਛੁਟੇਰਾ।
ਜਿਸ ਕੋ ਬਾਰੀ ਮਧੁਰ ਬਡੇਰਾ ॥੮॥
ਨਿਕਟਿ ਨਿਕਟਿ ਜੇ ਸਦਨ ਬਸੰਤੇ।
ਤਹਾਂ ਆਨਿ ਕਰਿ ਪੀਰ ਭਰੰਤੇ।
ਘਟ ਭਰਿ ਕਰਿ ਲੇ ਜਾਹਿਂ ਸੁ ਨੀਤਾ।
ਕਰਹਿਂ ਪਾਨ[1] ਕੋ ਹਰਖਤਿ ਚੀਤਾ ॥੯॥ [1]ਪੀਂਦੇ ਹਨ।
ਕਈ ਬਾਰ ਦੁਰ ਦੁਰ ਕਰਿ ਮਾਰਹਿਂ।
ਘਟ ਕੋ ਫੋਰਿ ਤੁਰਤ ਗੁਰ ਡਾਰਹਿਂ।
ਇਤਿ ਉਤ ਦੇਖਤਿ ਦੁਖ ਕੋ ਪਾਇ।
-ਕਿਨਹੁੰ ਅਚਾਨਕ ਕੁੰਭ ਨਸਾਇ[1]? - ॥੧੦॥ [1]ਕਿਸੇ ਨੇ ਅਚਾਨਕ ਘੜਾ ਤੋੜ ਦਿੱਤਾ ਹੈ?
ਬਰਜਤਿ ਗੁਜਰੀ ਮਾਤ ਘਨੇਰਾ।
ਇਤ ਉਤ ਧਾਇ ਜਾਇਂ ਬਹੁ ਬੇਰਾ।
ਏਕ ਦਿਵਸ ਇਕ ਤੁਰਕਨਿ ਆਈ।
ਬਾਰੀ[1] ਭਰਿਬੇ ਕਹੁ ਉਤਲਾਈ ॥੧੧॥ [1]ਜਲ।
ਧਰਿ ਸਿਰ ਪਰ ਜਬ ਘਰ ਕੋ ਚਾਲੀ।
ਤਬਿ ਗੁਰ ਹਾਥ ਗੁਲੇਲ ਸੰਭਾਲੀ।
ਤਾਕਿ ਹਤॺੋ ਕਰ ਹਾਲਤਿ ਭਯੋ।
ਘਟ ਬਚ ਗਯੋ, ਭਾਲ ਮਹਿਂ ਹਯੋ ॥੧੨॥
ਛੁਟॺੋ ਰਕਤ ਦੁਖ ਪਾਇ ਘਨੇਰਾ।
ਉਚੇ ਬੋਲ ਕਹੈ ਤਿਸ ਬੇਰਾ।
'ਹਾਇ ਹਾਇ' ਕਰਤੀ ਚਲਿ ਆਈ।
ਜਹਿਂ ਥਿਰ ਗੁਜਰੀ ਅਰੁ ਬਡ ਮਾਈ ॥੧੩॥
'ਉਚ ਅਟਾਰੀ ਤੇ ਮੁਹਿ ਮਾਰਯੋ।
ਲਗॺੋ ਭਾਲ ਮੈਂ ਸ਼੍ਰੋਣ ਨਿਕਾਰॺੋ।
ਜਾਉਂ ਪੁਕਾਰੂ ਮੈਂ ਦੁਖ ਪਾਯੋ।
ਤੁਵ ਸੁਤ ਅਤਿ ਉਤਪਾਤ ਉਠਾਯੋ ॥੧੪॥

ਲੋਕਨਿ ਕੇ ਘਟ ਭਗਨਿ ਕਰੰਤੇ।
ਧਰਤਿ ਛਿਮਾ, ਲਖਿ ਨਿਕਟਿ ਬਸੰਤੇ।
ਕਹਹੁ ਕਹਾਂ ਲਗਿ ਕਰਹਿਂ ਸਮਾਈ।
ਨਹਿਂ ਤੂੰ ਬਰਜਤਿ ਦੇਖਤਿ ਮਾਈ!
॥੧੫॥
ਤੁਰਕੇਸ਼ੁਰ ਕੇ ਆਇਂ ਸਿਪਾਹੀ।
ਬਾਧ ਘਾਟ ਬੋਲਹਿਂ ਤੁਮ ਪਾਹੀ।'
ਸੁਨਿ ਮਾਤਾ ਉਰ ਕ੍ਰੋਧ ਬਿਸਾਲਾ।
ਲੇ ਕਰਿ ਛਰੀ ਉਠੀ ਤਤਕਾਲਾ ॥੧੬॥
ਊਚੇ ਬੋਲਤਿ ਤਾੜਨ ਹੇਤੁ।
ਤੂਰਨ ਊਪਰ ਗਈ ਨਿਕੇਤ।
ਜਾਨੀ ਸ਼੍ਰੀ ਗੋਬਿੰਦ ਸਿੰਘ-ਮਾਤਾ।
ਤਾੜਨ ਕਾਰਨ ਮਨ ਰਿਸ ਰਾਤਾ-
॥੧੭॥
ਦੌਰਿ ਪ੍ਰਵੇਸ਼ੇ ਬੀਚ ਅਟਾਰੀ।
ਤੁਰਤ ਭੇਰਿ ਦ੍ਰਿਢ ਕੀਨਿ ਕਿਵਾਰੀ।
ਸ਼੍ਰਿੰਖਲ ਕੋ ਲਗਾਇ ਤਤਕਾਲਾ।
ਬੈਠਿ ਰਹੇ ਨਿਸ਼ਚਿੰਤ ਕ੍ਰਿਪਾਲਾ ॥੧੮॥
ਸ਼੍ਰੀ ਗੁਜਰੀ ਦਰ ਦੇਖਿ ਕਿਵਾਰਾ।
ਦੇਤਿ ਧਕੇਲਾ ਨਹਿਂਨ ਉਘਾਰਾ[1]।
ਖਰੀ ਹੋਇ ਕਹਿ ਕ੍ਰੂਰ ਬਡੇਰੇ।
'ਨਿਤ ਹੇਰਤਿ ਮੈਂ ਅਵਗੁਨ ਤੇਰੇ ॥੧੯॥
ਤੁਰਕ ਰਾਜ ਮਹਿਂ ਕਰਿ ਉਤਪਾਤਾ।
ਤ੍ਰਿਯ ਕੇ ਕੀਨਿ ਗੁਲੇਲੋ ਘਾਤਾ[1]।
ਸ਼੍ਰੋਣਤ ਬਹਯੋ ਜਾਤਿ ਬਿਲਲਾਵੈ।
ਅਬਹਿ ਪੁਕਾਰੂ ਸੋ ਚਲਿ ਜਾਵੈ ॥੨੦॥
ਕਯਾ ਹਮ ਕਹਹਿਂ ਜਤਨ ਕਯਾ ਕਰੈਂ।
ਰਾਜ ਤੁਰਕ ਤੇ ਦੀਰਘ ਡਰੈਂ।'
ਸੁਨਿ ਬੋਲੇ ਅੰਤਰ ਤਿਸ ਕਾਲਾ।
'ਮੈਂ ਨ ਜਾਨਿ ਮਾਰਯੋ ਬਿਚ ਭਾਲਾ
॥੨੧॥
ਤਾਕਿ ਨਿਸ਼ਾਨੋ ਦੀਨਿ ਚਲਾਈ।

[1]ਖੋਲ੍ਹਿਆ ਨਹੀਂ।

[1]ਗੁਲੇਲਾ ਮਾਰਿਆ ਹੈ।

ਸੋ ਚਲਿ ਤਬਹਿ ਅੱਗ੍ਰ ਕਤੋਂ ਆਈ।
ਕਹਾਂ ਦੋਸ਼ ਮੇਰੋ ਇਸ ਮਾਂਹੀ।
ਕਜਾ ਹਮ ਤੁਰਕਨਿ ਤੇ ਡਰਪਾਹੀ'
॥੨੨॥
ਸੁਨਿ ਗੁਜਰੀ ਕਹਿ 'ਮੈਂ ਮਨ ਜਾਨੀ।
ਨਹਿਂ ਤੂ ਬਸਿਬੇ ਦੇ ਇਸ ਥਾਨੀ।
ਥਿਰ ਨ ਰਹਹੁ ਇਕ ਛਿਨ ਭੀ ਬੈਠਿ।
ਸ਼ਾਹੁਨਿ ਬਾਲਿਕ ਬ੍ਰਿੰਦ ਇਕੈਠਿ ॥੨੩॥
ਕਰਤਿ ਰਹਹੁ ਉਤਪਾਤ ਬਡੇਰੇ।
ਬਰਜਜੋ ਰਹੈਂ ਨਹੀਂ ਇਕ ਬੇਰੇ।'
ਇਮ ਬੋਲਤਿ ਉਤਰੀ ਤਰ ਆਈ।
ਕ੍ਰੋਧ ਭਰੀ ਇਮ ਗਿਰਾ ਅਲਾਈ ॥੨੪॥
'ਸ਼੍ਰੀ ਨਾਨਕ ਪਰਮੇਸ਼ੁਰ ਰੂਪ।
ਤੌਂ ਖਾਰਾ ਅਬਿ ਹੋਵਹਿ ਕੂਪ।
ਨਹਿਂ ਕੋ ਆਵਹਿ ਭਰਿਬੇ ਪਾਨੀ।
ਇਹ ਬਿਨਤੀ ਮਮ ਲੀਜਹਿ ਮਾਨੀ'
॥੨੫॥
ਇਮ ਕਹਿ ਤੁਰਕਨਿ ਨਿਕਟਿ ਹਕਾਰੀ।
ਦੀਨਿ ਦਿਲਾਸਾ ਮ੍ਰਿਦੁਲ ਉਚਾਰੀ।
ਪੰਚ ਰਜਤਪਨ ਦਏ ਸੁ ਤਾਂਹੀ।
ਪਹਿਰਨਿ ਕੋ ਪਟ ਦੇ ਕਰਿ ਪ੍ਰਾਹੀ† †ਪਾ:-ਦੇ ਕਬਿ ਪਾਹੀ।
॥੨੬॥
'ਸਾਹਿਬਜ਼ਾਦਾ ਅਹੈ ਅਯਾਨੋ।
ਹਤਤਿ ਹੁਤੋ ਕਿਹ ਤਾਕ ਨਿਸ਼ਾਨੋ।
ਔਚਕ ਤੂੰ ਚਲਿ ਆਇ ਅਗਾਰੀ।
ਲਗਜੋ ਗੁਲੇਲਾ ਭਾਲ ਮਝਾਰੀ ॥੨੭॥
ਅਬਿ ਤੂੰ ਛਿਮਾ ਕਰਹੁ ਨਹਿਂ ਜਾਹੌਂ[1]। [1]ਪੁਕਾਰੂ) ਨਾ ਜਾਓ।
ਘ੍ਰਿਤ ਮਿਸਟਾਨ ਖਾਹੁ ਘਰ ਮਾਂਹੋ।
ਅਪਰ ਖ਼ਬਰ ਤੇਰੀ ਹਮ ਲਹੈਂ।
ਜਬਿ ਲੌ ਘਾਵ ਭਾਲ ਮੈਂ ਰਹੈ' ॥੨੮॥
ਦੇਖਿ ਲੋਭ ਕੋ ਤੁਸ਼ਨਿ ਠਾਨੀ।
ਗਮਨੀ ਅਪਨੇ ਘਰ ਤੁਰਕਾਨੀ।

ਤਬਿ ਤੇ ਭਯੋ ਕੂਪ ਸੋ ਖਾਰਾ।
ਪੁਰਿ ਪਟਣਾ ਜਾਨਤਿ ਹੈ ਸਾਰਾ ॥੨੯॥
ਚਾਰ ਘਟੀ ਲਗਿ ਅੰਤਰਿ ਥਿਰੇ।
ਦ੍ਵਾਰ ਕਿਵਾਰ ਉਘਾਰਨਿ ਕਰੇ[1]।
ਤਹਿਂ ਹੀ ਬੈਠਿ ਰਹੇ ਸੁਖ ਸਾਗਰ।
ਤੂਸ਼ਨਿ ਠਾਨਿ ਇਕਾਕੀ ਨਾਗਰ[1] ॥੩੦॥
ਸਾਸ ਨਿਕਟਿ ਗੁਜਰੀ ਪਛੁਤਾਵਤਿ।
ਸਕਲ ਬਾਰਤਾ ਆਦਿ ਬਤਾਵਤਿ।
'ਮੋ ਪ੍ਰਤਿ ਸੁਤ ਕੀ[1] ਕਹਤਿ ਬਡਾਈ।
-ਇਨ ਪ੍ਰਤਿਕੂਲ ਨ ਕਰਿ ਬਿਧਿ ਕਾਈ[3]- ॥੩੧॥
ਆਜ ਕ੍ਰੋਧ ਤੇ ਕਹਿ ਦੁਰਬਾਨੀ।
ਪਿਖੀ ਚੋਟ ਲਾਗੀ ਤੁਰਕਾਨੀ।
ਕਰੌਂ ਕਹਾਂ ਮੈਂ ਲਖਿ ਉਤਪਾਤਾ।
ਘਟ ਪਰ ਕਰਤਿ ਗੁਲੇਲਨਿ ਘਾਤਾ' ॥੩੨॥
ਸੁਨਤਿ ਨਾਨਕੀ ਤਿਹ ਸਮੁਝਾਵੈ।
'ਜੋਧਾ ਬਨਹਿ ਬੈਸ ਤਰੁਨਾਵੈ।
ਨਹਿਂ ਬੋਲਹੁ ਦੁਰਬੈਨ ਕਦਾਈ।
ਬਾਲ ਆਰਬਲ ਮਹਿ ਚਪਲਾਈ[1] ॥੩੩॥
ਮੈਂ ਅਬਿ ਜੈ ਹੌਂ ਆਨੌਂ ਪਾਸ।
ਦੇਉਂ ਦਿਲਾਸਾ ਮ੍ਰਿਦੁਲ ਪ੍ਰਕਾਸ਼ਿ।'
ਇਮ ਕਹਿ ਬ੍ਰਿਧਾ ਮਹਾਂ, ਉਠਿ ਕਰਿ ਕੈ।
ਸਨੇ ਸਨੇ ਮੰਦਿਰ ਪਰ ਚਰਿ ਕੈ ॥੩੪॥
ਪੌਤ੍ਰਾ ਦੇਖਿ ਪ੍ਰੇਮ ਬਹੁ ਧਾਰਾ।
ਗਹੀ ਬਾਹੁ ਨਿਜ ਅੰਕ ਬਿਠਾਰਾ[1]।
ਮੁਖ ਪਰ ਕਰ ਫੇਰਤਿ ਦ੍ਰਿਗ ਹੇਰਤਿ।
'ਚਲਹੁ ਤਰੇ ਕੋ' ਕਹਿ ਕਹਿ ਪ੍ਰੇਰਤਿ ॥੩੫॥
ਚਹਤਿ ਉਠਾਯੋ ਅੰਕ ਮਝਾਰੀ।

[1]ਬੂਹੇ ਖੋਲ੍ਹਣੇ ਕੀਤੇ।

[1]ਚਤੁਰ (ਸਾਹਿਬਜ਼ਾਦੇ ਜੀ)।

[1]ਕਹਿੰਦੇ ਸੀ ਬਡਾਈ (ਮੇਰੇ ਪਤੀ ਜੀ) ਕਿ ਕਦੇ ਇਨ੍ਹਾਂ ਦੇ ਵਿਰੁੱਧ ਕਿਸੇ ਤਰ੍ਹਾਂ ਕੁਛ ਨਾ ਕਰਨਾ।

[1]ਬਾਲ ਅਵਸਥਾ ਵਿਚ ਚੰਚਲਤਾ (ਹੁੰਦੀ ਹੀ) ਹੈ।

[1]ਗੋਦੀ ਵਿਚ ਬਿਠਾਇਆ।

ਨਹਿਂਨ ਉਠਾਯੋ ਜਾਇ, ਸੁ ਭਾਰੀ।
ਇਕ ਤੌ ਬ੍ਰਿਧ ਸਰੀਰ ਬਹੁ ਭਯੋ।
ਦੁਤੀਏ ਭਾਰ ਗੁਰੂ ਬਹੁ ਕਯੋ ॥੩੬॥
ਮ੍ਰਿਦੁਲ ਭਨਤਿ ਗਹਿ ਭੁਜਾ ਖਰੇ ਕਰਿ।
ਸਨੇ ਸਨੇ ਲੇ ਆਵਤਿ ਭੀ ਤਰ[1]। [1]ਹੇਠ ਲੈ ਆਈ।
ਮਧੁਰ ਬਾਕ ਪੁਨ ਗੁਜਰੀ ਕਹੈ।
'ਤੁਰਕ ਰਾਜ ਤੈਂ ਕਯੋਂ ਨਹਿਂ ਲਹੈਂ?' ॥੩੭॥
ਅਪਨੇ ਅੰਕ ਬਿਖੈ ਬੈਠਾਇ।
ਕਰੇ ਪ੍ਰਸੰਨ ਭਲੇ ਪਰਚਾਇ।
ਇਤਨੇ ਮਹਿਂ ਭਾ ਤਯਾਰ ਅਹਾਰ।
ਸੂਪਕਾਰ ਆਨਯੋ ਧਰਿ ਥਾਰ ॥੩੮॥
ਕਹਤਿ ਬਚਨ ਗੁਰ ਦਿਸ਼ਿ ਕੇ ਭਏ।
'ਕੇਤਿਕ ਕਾਲ ਬਿਤਯੋ ਚਲਿ ਗਏ।
ਨਹਿਂ ਸੁਧਿ ਕੀਨਿ ਪਠਾਵਨਿ ਕੋਈ।
ਆਨੰਦਪੁਰਿ ਪਹੁੰਚੇ ਨਹਿਂ ਸੋਈ ॥੩੯॥
ਕਿਸੀ ਥਾਨ ਸੰਗਤਿ ਅਟਕਾਏ।
ਭਾਉ ਬਿਲੋਕਿ ਥਿਰੇ ਲਖਿ ਪਾਏ।'
ਇੱਤਯਾਦਿਕ ਕਹਿ ਕਰਿ ਹਰਖਾਏ।
ਭੋਜਨ ਕੋ ਕਰਾਇ ਤ੍ਰਿਪਤਾਏ ॥੪੦॥
ਸੁਨਿ ਕੈ ਕਹਤਿ 'ਨ ਹਮ ਇਤ ਰਹੈਂ।
ਅਪਨੇ ਦੇਸ਼ ਪਯਾਨੋ ਚਹੈਂ।
ਪਿਤਾ ਸਮੀਪ ਥਿਰੈਂਗੇ ਜਾਇ।
ਪਿਖਿ ਪੰਜਾਬ ਅਨੰਦਪੁਰਿ ਥਾਇਂ' ॥੪੧॥
ਸੁਨਿ ਕੈ ਮਾਤਾ ਗੁਜਰੀ ਬੈਨ।
ਚਹਤਿ ਰਿਦੈ ਕਿਮ ਗਮਨੈ ਹੈਂ ਨ[1]। [1]ਕਿਵੇਂ ਨਾ ਜਾਵਣ।
'ਹੇ ਸੁਤ! ਦੇਸ਼ ਭਲੋ ਇਹ ਮਾਨਹੁ।
ਅਨਿਕ ਰੀਤਿ ਕੇ ਸੁਖ ਪਹਿਚਾਨਹੁ ॥੪੨॥
ਜਬਹਿ ਪਿਤਾ ਤੁਮਰੇ ਪੁਰਿ ਜੈ ਹੈਂ।
ਦੇਸ਼ ਨਰਨਿ ਕੋ ਉਰ ਪਰਖੈ ਹੈਂ[1]। [1]ਪਰਖ ਲੈਣਗੇ।

ਲਖਹਿਂ ਬੁਲਾਵਨਿ ਕੋ ਜਬਿ ਸਮੈਂ।
ਭੇਜਹਿਂ ਲਿਖੀ ਪੱਤ੍ਰਿਕਾ ਹਮੈਂ ॥੪੩॥
ਇਹਾਂ ਮਸੰਦ ਸਿੱਖ ਸਭਿ ਦਾਸ।
ਚਹਿਤਿ ਵਸਤੁ ਕੋ ਭੇਜਹਿਂ ਪਾਸ।
ਸਭਿ ਸੁਖ ਸੋਂ ਬਸਿ ਸਮੈਂ ਬਿਤਾਵੈਂ।
ਤੁਵ ਪਿਤ ਮਰਜ਼ੀ ਬਿਨ ਕਿਮ ਜਾਵੈਂ'
॥੪੪॥
ਸੁਨਤਿ ਬਖਾਨਹਿਂ 'ਪਿਤਾ ਗਏ ਜਬਿ।
ਹਮ ਕੋ ਆਗਜ਼ਾ ਕਰਤਿ ਭਏ ਤਬਿ।
ਤਿਨਕੀ ਮਰਜ਼ੀ ਪਾਇ ਚਲੰਤੇ।
ਇਹਾਂ ਨ ਠਹਿਰਹਿਂ ਇਹੀ ਮਤੰਤੇ'
॥੪੫॥
ਇਸਿ ਬਿਧਿ ਕਹੈਂ ਨਿਤਾਪ੍ਰਤਿ ਬਾਤੀ।
ਚਾਹਤਿ ਚਿਤ ਮਹਿ ਪੰਥ ਪ੍ਰਯਾਤੀ[1]।
ਸਿਖ ਮਸੰਦ ਗਨ ਆਇ ਹਮੇਸ਼।
ਠਹਿਰਾਵਨਿ ਹਿਤ ਕਹੈਂ ਵਿਸ਼ੇਸ਼ ॥੪੬॥
ਤਊ ਆਪਨੋ ਹਠ ਕਰਿ ਗਾਢੋ।
ਚਲਨਿ ਪੰਜਾਬ ਚਾਉ ਚਿਤ ਬਾਢੋ।
ਮਾਤਾ ਗੁਜਰੀ ਕੇ ਸੰਗ ਕਹੈਂ।
'ਹਮ ਤੌ ਇਸ ਪੁਰਿ ਨਾਂਹਿਨ ਰਹੈਂ'
॥੪੭॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਤੁਰਕਨੀ' ਪ੍ਰਸੰਗ ਬਰਨਨੰ ਨਾਮ ਊਨਚੱਤ੍ਵਾਰਿੰਸਤੀ ਅੰਸੂ ॥੩੯॥

[1]ਚੱਲਣਾ।

## ੪੦. [ਪੰਜਾਬ ਜਾਣ ਦੀ ਸਿੱਕ। ਮੁਹਾਫਾ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

[1]ਜੇ ਮਸੰਦ ਸਿਖ ਬਯ ਬਡੇ, ਪ੍ਰਥਮ ਗੁਰਨ ਕੀ ਰੀਤਿ।
ਸੋ ਚਾਹਤਿ ਮਨ ਭਾਵਤੀ, ਕਰਹਿਂ ਮੇਲ ਧਰਿ ਪ੍ਰੀਤ[3] ॥ ੧ ॥

[1]ਜੇ ਸਿੱਖ ਮਸੰਦ ਵਡੀ ਉਮਰਾ ਦੇ ਹਨ ਤੇ ਪਹਿਲੇ ਗੁਰਾਂ ਦੀ ਨੀਤੀ (ਦੇ ਜਾਣੂ ਹਨ), ਓਹ (ਹੁਣ) ਚਾਹੁੰਦੇ ਹਨ ਕਿ (ਅਸੀਂ) ਮਨ ਭਾਂਵਦੀਆਂ ਕਰੀਏ (ਗੁਰੂ ਜੀ ਫੇਰ ਵੀ ਸਾਨੂੰ) ਪ੍ਰੀਤੀ ਨਾਲ ਹੀ ਮਿਲਨ।

ਚੌਪਈ:

ਨਿਤ ਪ੍ਰਤਿ ਗੁਰ ਕੇ ਦਰਸ਼ਨ ਆਵੈਂ।
ਧਰਹਿਂ ਕਾਮਨਾ ਬਾਂਛਤਿ ਪਾਵੈਂ।
'ਇਹ ਸਤਿਗੁਰ ਨਵਤਨ ਮਗ ਚਾਹੇ[1]।
ਜਗਤਿ ਰੀਤਿ ਮਹਿਂ ਨਹਿਂਨ ਉਮਾਹੇ' ॥੨॥

[1]ਨਵਾਂ ਰਾਹ (ਟੋਰਨਾ) ਚਾਹੁੰਦੇ ਹਨ।

ਸੰਗਤਿ ਪਟਣੇ ਬਸਹਿ ਮਹਾਨੀ।
ਸਭਿਹਿਨਿ ਕੇ ਮਨ ਕੀ ਗੁਰ ਜਾਨੀ।
-ਇਹ ਪੂਰਬ ਨਰ[1] ਸਹਿਜ ਸੁਭਾਊ।
ਖਿਨਕ ਭਾਉ ਧਰਿ ਖਿਨਕ ਅਭਾਊ[1] ॥੩॥

[1]ਪੂਰਬ ਦੇ ਲੋਗ।

[1]ਖਿਨ ਵਿਚ ਪ੍ਰੇਮ ਧਾਰਦੇ ਹਨ ਖਿਨ ਵਿਚ ਅਪ੍ਰੇਮ।

ਦ੍ਰਿੜ੍ਹ ਨਿਹਚਾ ਨਹਿਂ ਧਾਰਨ ਕਰੈਂ।
ਹੋਹਿ ਕਾਮਨਾ ਸ਼ਰਧਾ ਧਰੈਂ[1]।
ਮੱਦ੍ਰ ਦੇਸ਼ ਕੋ ਚਿਤਵਤਿ ਰਹੈਂ[1]।
ਅਪਨੋ ਥਾਨ ਰਿਦੈ ਮਹਿਂ ਲਹੈਂ ॥੪॥

[1]ਜੇ ਕੋਈ) ਕਾਮਨਾ ਹੋਵੇ ਤਾਂ ਸ਼ਰਧਾ ਧਾਰਦੇ ਹਨ।

[1]ਅਸੀਂ ਤਾਂ) ਪੰਜਾਬ ਨੂੰ ਚਿਤਵਦੇ ਰਹਿੰਦੇ ਹਾਂ।

ਬਡੇ ਹਮਾਰੇ ਬਾਸਤਿ ਨੀਤ।
ਸਭਿ ਨਰ ਜਾਨਤਿ ਗੁਰ ਕੀ ਰੀਤਿ।
ਤਨ ਮਨ ਧਨੁ ਅਰਪਨਿ ਸਭਿ ਕਰੈਂ।
ਇਕ ਸਮ ਸਦਾ ਪ੍ਰੇਮ ਕੋ ਧਰੈਂ ॥੫॥
ਜੁੱਧ ਪਿਤਾਮੇ ਹਮਰੇ ਕੀਨਸਿ।
ਰਹੇ ਸੰਗ ਲਰਿ ਪ੍ਰਾਨ ਸੁ ਦੀਨਸਿ-।
ਇਕ ਦਿਨ ਪਿਤ ਮਾਤਾ ਕੇ ਸਾਥ[1]।
ਕਰਜੋ ਬਾਕ ਸ਼੍ਰੀ ਸਤਿਗੁਰ ਨਾਥ ॥੬॥

[1]ਪਿਤਾ ਜੀ ਦੀ ਮਾਤਾ) ਦਾਦੀ ਜੀ ਦੇ ਨਾਲ।

'ਮੁਝ ਕੋ ਮੱਦ੍ਰ ਦੇਸ਼ ਹੀ ਭਾਵੈ।
ਤਹਾਂ ਚਲਨਿ ਕੋ ਚਿਤ ਲਲਚਾਵੈ।

ਪ੍ਰਥਮ ਦੇਸ਼ ਹੈ ਵਹੀ[1] ਹਮਾਰੋ। — [1]ਉਹੋ ਹੀ।
ਥਾਨ ਬਡਿਨਿ ਕੇ ਤਹਿਂ ਨਿਰਧਾਰੋ ॥ ੭ ॥
ਅਨਿਕ ਬਿਲਾਸ ਕਰਤਿ ਤਹਿਂ ਰਹੇ।
ਹਮ ਸਿੱਖਜਨਿ ਤੇ ਸੁਨ ਕਰਿ ਚਹੇ[1]। — [1]ਪੰਜਾਬ ਨੂੰ ਹੀ) ਚਾਹੁੰਦੇ ਹਾਂ।
ਤਹਾਂ ਹਮਾਰੀ ਵਿਰਸੇ ਦਾਰੀ[1]। — [1]ਮਾਲਕੀ।
ਤਹਿਂ ਕੇ ਨਰ ਸਿੱਖੀ ਅਧਿਕਾਰੀ ॥ ੮ ॥
ਨਹਿਂ ਇਤ ਦੇਸ਼ ਲਗਹਿ ਚਿਤ ਮੇਰੋ।
ਗਮਨ ਕਰਨਿ ਹੀ ਅਹੈ ਅਛੇਰੋ।’
ਸੁਨਿ ਸਤਿਗੁਰ ਦਾਦੀ ਇਮ ਬੈਨ।
ਭਰੇ ਨੀਰ ਸੋਂ ਦੀਰਘ ਨੈਨ ॥ ੯ ॥
ਬਹੁ ਬਿਰਧਾ ਸੋਂ ਸਮੈਂ[1] ਬਿਚਾਰੇ। — [1]ਭਾਵ ਪਿਛਲੇ ਦੁਖਦਾਈ ਸਮੇਂ ਨੂੰ।
ਜਿਸ ਮਹਿਂ ਭੇ ਸੰਗ੍ਰਾਮ ਅਖਾਰੇ।
ਸਿਮਰਿ ਸਿਮਰਿ ਪਾਛਲ ਗਤਿ ਸੋਈ।
ਕੰਪਤਿ ਗਾਤ[1] ਧੀਰ ਉਰ ਖੋਈ ॥ ੧੦ ॥ — [1]ਸਰੀਰ ਕੰਬਦਾ ਹੈ।
ਪੌਤ੍ਰ ਸਾਥ ਬਿਰਤੰਤ ਬਖਾਨਾ।
‘ਭਯੋ ਖੇਦ ਤਿਸ ਦੇਸ਼ ਮਹਾਨਾ[1]। — [1]ਬੜਾ ਦੁਖ ਹੋਯਾ ਸੀ।
ਜਬਿ ਸੋ ਸਮੈ ਮੋਹਿ ਚਿਤ ਆਵੈ।
ਤਬਿ ਮਮ ਮਨ ਕੋ ਸੁਖ ਨਹਿਂ ਭਾਵੈ ॥ ੧੧ ॥
ਜਬਿ ਤੇ ਹੋਇਸਿ ਜਨਮ ਤੁਮਾਰਾ।
ਸਭਿ ਸੁਖ ਸੋਂ ਸੁਭ ਸਮੈਂ ਗੁਜ਼ਾਰਾ।
ਸਭਿ ਪੂਰਬ ਕੀ ਸੰਗਤਿ ਸੇਵਤਿ।
ਮਨ ਬਾਂਛਤਿ ਤਿਨ ਕੋ ਤੁਮ ਦੇਵਤਿ ॥ ੧੨ ॥
ਸਭਿ ਮਸੰਦ ਅਪਨੇ ਅਨੁਸਾਰੀ।
ਸੇਵਤਿ ਭੇਜਤਿ ਕਾਰ ਤੁਮਾਰੀ।
ਨਹੀਂ ਗਮਨ ਕੀ ਬੁੱਧੀ[1] ਕਰੀਅਹਿ। — [1]ਜਾਣ ਦੀ ਸਲਾਹ।
ਸੁਖ ਸਮੇਤ ਪੁਰਿ ਬਾਸ ਬਿਚਰੀਅਹਿ’ ॥ ੧੩ ॥
ਪਿਤਾ ਮਾਤ ਤੇ[1] ਸੁਨਿ ਪੁਨ ਕਹਜੋ। — [1]ਦਾਦੀ ਜੀ ਤੋਂ।
‘ਸਭਿ ਸੁਖ ਬਾਸ ਇਹਾਂ[1] ਤੁਮ ਲਹਜੋ। — [1]ਇੱਥੇ ਵੱਸਕੇ।
ਸੰਗਤਿ ਕੋ ਬਿਗਾਰ[1] ਇਸ ਥਾਨ। — [1]ਵਿਗੜੀ ਹੋਈ ਹੈ।

ਨਹਿਂ ਸੁਧਰਹਿ, ਹਮ ਲੀਨਸਿ ਜਾਨ ॥੧੪॥
ਵਿਰਲੇ ਲਖੀਯਤਿ ਹੈਂ ਸਿਖ ਪ੍ਰੇਮੀ।
[1]ਨਾਂਹਿਤ ਸਕਲ ਸੰਗਤਾਂ ਨੇਮੀ।

[1]ਨਹੀਂ ਤਾਂ ਸਭ ਸੰਗਤਾਂ (ਨਿਰੀਆਂ) ਨੇਮੀ ਹੀ ਹੈਨ (ਉਵ ਏਹ) ਜਗਤ ਰੀਤੀ ਵਿਚ ਫਸੇ ਪਏ ਹਨ।

ਫਸੇ ਜਗਤ ਕੀ ਰੀਤਿ ਮਝਾਰੀ[੧੨]।
ਨਾਮ ਧਰੀਕੀ ਕੇ ਅਧਿਕਾਰੀ[1] ॥੧੫॥

[1]ਨਾਮ ਮਾਤ੍ਰ (ਸਿੱਖੀ ਦੇ) ਅਧਿਕਾਰੀ ਹਨ।

ਪ੍ਰੇਮੀ ਨੇਮੀ ਸਭਿ ਮਮ ਸ਼ਰਨਾ।
ਹਮ ਨੇ ਇਨ ਉਧਾਰ ਜਗ ਕਰਨਾ।
ਬਿਧਿ ਨਿਖੇਧ ਮੈਂ ਇਹ ਸਿਖ ਰਹੈਂ[1]।

[1]ਸ਼ਾਸਤ੍ਰ ਵਿਚ ਦਸੇ ਕਰਨੇ ਯੋਗ ਤੇ ਨਾ ਕਰਨੇ ਯੋਗ ਕਰਮਾਂ (ਦੇ ਭੈ ਭਰਮ) ਵਿਚ ਏਹ ਸਿੱਖ ਰਹਿੰਦੇ ਹਨ। ਭਾਵ ਕਰਮ ਕਾਂਡ ਤੋਂ ਉੱਚੇ ਉੱਠ ਕੇ ਭਗਤੀ ਵਿਚ ਨਹੀਂ ਆਉਂਦੇ।

ਮੁਝ ਕੋ ਇਹ ਬਾਲਿਕ ਹੀ ਲਹੈਂ ॥੧੬॥
ਜਨਮ ਭੂਮਕਾ ਹੈ ਇਹ ਮੇਰੀ।
ਯਾਂ ਤੇ ਸ਼ਰਧਾ ਹੈ ਨ ਘਨੇਰੀ।
ਇਨ ਕੇ ਮਨ ਕੀ ਮੈਂ ਸਭਿ ਜਾਨੀ।
ਨਹਿਂ ਮਹਿੰਮਾ ਮਿਤ ਮੋਰ ਪਛਾਨੀ[1] ॥੧੭॥

[1]ਮੇਰੀ ਮਹਿੰਮਾ ਦੀ ਮਿਰਯਾਦਾ ਨਹੀਂ ਜਾਣੀ।

ਮੱਦ੍ਰ ਦੇਸ਼ ਗਮਨਹਿਂ ਹਮ ਜਬੈ।
ਬਹੁ ਗੁਨ ਹੋਹਿਂ ਸਭਿਨਿ ਕੋ ਤਬੈ।
ਇਹ ਸੰਗਤਿ ਨਿਤ ਦਰਸ਼ਨ ਚਾਹੈ।
ਬਧਹਿ ਪ੍ਰੇਮ ਕਬਿ ਮਿਲਹਿ ਉਮਾਹੈ ॥੧੮॥
ਇਸ ਬਿਧਿ ਤੇ ਇਨ ਕੋ ਹੁਇ ਆਛੇ।
ਦੂਰ ਰਹੈ ਤੇ ਦਰਸ਼ਨ ਬਾਂਛੇ।
ਅਪਰ ਸੁਨਹੁ ਤਿਸ ਦੇਸ਼ ਮਝਾਰਾ।
ਕਰਨੇ ਬਹੁਤ ਕਾਰ ਬਿਵਹਾਰਾ' ॥੧੯॥
ਸੁਨਿ ਆਸ਼ੈ ਨਿਜ ਪੌਤ੍ਰਹਿ ਉਰ ਕੋ।
ਗਿਰਾ ਬਖਾਨੀ ਪੁਨ ਸ੍ਰੀ ਗੁਰ ਕੋ।
'ਇਹਾਂ ਮਸੰਦ ਸੰਗਤਾਂ ਸਾਰੀ।
ਤੁਮ ਕੋ ਲਖਹਿਂ ਗੁਰੂ ਅਵਤਾਰੀ ॥੨੦॥
ਜਿਮ ਨਵ ਗੁਰ ਕੋ ਜਾਨਤਿ ਅਹੈਂ।
ਤਿਮ ਨਿਸ਼ਚੈ ਤੁਮਰੇ ਮਹਿਂ ਲਹੈਂ।

ਕਿਮ ਇਨ ਬਿਖੈ ਅਰੋਪਹੁ ਦੋਸ਼ੇ?
ਸਿਖ ਸੰਗਤਿ ਸਭਿ ਤੋਹਿ ਭਰੋਸੇ ॥੨੧॥
ਕਰਹਿਂ ਭਾਉ ਸਭਿ ਵਸਤੂ ਆਨੈਂ।
ਕਾਰਨ ਕਰਨ ਆਪ ਕੋ ਜਾਨੈਂ।
ਨਾਂਹਿ ਤ ਇਨਹੁਂ ਪ੍ਰਤੱਗਜਾ ਲੀਜਹਿ[1]। — [1]ਭਾਵ ਇਨ੍ਹਾਂ ਨੂੰ ਪਰਖੋ।
ਸਭਿ ਪਰ ਅਪਨੋ ਹੁਕਮ ਭਨੀਜਹਿ ॥੨੨॥
ਹੁਇ ਅਨੁਸਾਰਿ ਕਰਹਿਂ ਸੋ ਕਾਰ।
ਤੌ ਜਾਨਹੁ ਇਨ ਸੁਧ ਬਿਵਹਾਰ।
ਫੇਰੈਂ ਹੁਕਮ, ਤਫਾਵਤ ਕਰੈਂ[1]। — [1]ਫਰਕ ਰੱਖਣ।
ਕਿਧੌਂ ਕਪਟ ਕੌ ਉਰ ਮਹਿਂ ਧਰੈਂ ॥੨੩॥
ਮੁਖ ਪਰ ਕਿਮ, ਪਾਛੈ ਕਿਮ ਹੋਇ।
ਇਸ ਪ੍ਰਕਾਰ ਕੋ ਦੇਖਹੁ ਕੋਇ।
ਤੌ ਪੂਰਬ ਕੀ ਸੰਗਤਿ ਦੋਸ਼।
ਕਹੀਐ ਆਪ ਧਾਰਿ ਕੁਛ ਰੋਸ[1]' ॥੨੪॥ — [1]ਗੁੱਸਾ ਧਾਰਕੇ।
ਸੁਨਿ ਸ਼੍ਰੀ ਸਤਿਗੁਰ ਜੀ ਮੁਸਕਾਨੇ।
ਚਹਤਿ ਦਿਖਾਯਹੁ ਜਿਮ ਛਲ ਠਾਨੇ[1]। — [1](ਜਿਵੇਂ ਮਸੰਦ) ਛਲ ਕਰਦੇ ਹਨ।
ਨਿਕਟਿ ਲਿਖਾਰੀ ਤਬਹਿ ਹਕਾਰਾ।
ਸੁਨਤਿ ਸਭਿਨਿ ਕੇ ਗੁਰੂ ਉਚਾਰਾ ॥੨੫॥
'ਲਿਖਹੁ ਹੁਕਮ ਨਾਮਾ ਪਠਿ ਪਾਸ।
ਬਡਾ ਮਸੰਦ ਬੁਲਾਕੀ ਦਾਸ।
ਢਾਕੇ ਕੀ ਸੰਗਤਿ ਗਨ ਸਾਰੀ।
ਸਭਿ ਤੇ ਲੇਤਿ ਦਰਬ ਕੋ ਭਾਰੀ ॥੨੬॥
ਏਕ ਮੁਹਾਫਾ[1] ਸੁਠ ਬਨਿਵਾਵਹੁ। — [1]ਖਾਸਾ, ਪਾਲਕੀ [ਅ਼: = ਮੁਹਾਫ਼ਾ]
ਚਿੱਤ੍ਰਤਿ ਰਚਿ ਗਜਦੰਤ ਲਗਾਵਹੁ।
ਹੇਮ ਸਾਤ ਸੈ ਤੋਲਾ ਤੋਲ।
ਲਗਹਿ ਸਕਲ ਜੋ ਹੁਇ ਬਡ ਮੋਲ' ॥੨੭॥
ਸੁਨਿ ਸਤਿਗੁਰ ਤੇ ਲਿਖਯੋ ਲਿਖਾਰੀ।
ਕਰਿ ਇਕੱਤ੍ਰ ਸਿਖ ਲੇ ਕਰ ਧਾਰੀ[1]। — [1](ਪੱਤ੍ਰਿਕਾ) ਕੱਠੀ ਕਰਕੇ ਸਿੱਖ ਨੇ ਲੈ ਕੇ ਹੱਥ ਵਿਚ ਧਾਰੀ।
ਬੰਦਨ ਕਰਿ ਢਾਕੇ ਕੋ ਗਯੋ।
ਗੁਰ ਕੋ ਹੁਕਮ ਮਸੰਦਹਿ ਦਯੋ ॥੨੮॥

ਲੇ ਤਿਸ ਨੇ ਤਤਕਾਲ ਹਕਾਰੇ।
ਦਿਯੋ ਦਰਬ 'ਸੁਠ ਕਰਹੁ' ਉਚਾਰੇ।
ਬਹੁਤੇ ਕਾਰੀਗਰ ਲਗਵਾਏ।
ਕੰਚਨ ਕਾਂਟਾ ਕੜੀ ਘੜਾਏ[1] ॥੨੯॥

[1]ਕੁੰਡੇ ਕੜੀਆਂ ਘੜਾਈਆਂ।

ਥੋਰਨਿ ਦਿਨ ਮਹਿਂ ਭਯੋ ਤਯਾਰਾ।
ਸਰਬ ਰੀਤਿ ਤੇ ਨੀਕ ਸੁਧਾਰਾ।
ਢਾਕੇ ਤੇ ਤਿਨ ਦੀਨਿ ਪਠਾਈ।
ਪੁਰਿ ਪਟਣੇ ਮਹਿਂ ਪਹੁੰਚਯੋ ਆਈ ॥੩੦॥
ਸ਼੍ਰੀ ਗੁਰ ਗੋਬਿੰਦ ਸਿੰਘ ਅਗਾਰੀ।
ਧਰ ਕਰਿ ਤਿਸ ਕੀ ਬਿਨੈ ਉਚਾਰੀ।
ਤਿਨ ਕੇ ਸੁਨਤਿ ਭਨਯੋਂ 'ਭਾ ਸੁੰਦਰ।
ਪਠਿ ਦੀਜਹਿ ਮਾਤਾ ਢਿਗ ਅੰਦਰ' ॥੩੧॥
ਕਪਟ ਜੁ ਕਰਯੋ ਮਸੰਦ ਧਨ ਰਾਖਨਿ।
ਜਾਨਯੋ ਸਤਿਗੁਰ ਕਿਯੋ ਨ ਭਾਖਨਿ।
ਪਿਖਿ ਮਾਤਾ ਦੋਨਹੁਂ ਹਰਿਖਾਈ।
ਭਨੀ ਮਸੰਦਨਿ ਕੀ ਭਲਿਆਈ ॥੩੨॥
'ਬਡ ਗੁਰ ਸਿੱਖ ਬੁਲਾਕੀ ਦਾਸ।
ਤੁਰਤ ਤਜਾਰ ਕਰਿ ਭੇਜਯੋ ਪਾਸ।
ਅਤਿ ਸੁੰਦਰ ਕਹਿ ਕੈ ਬਨਿਵਾਯਹੁ।
ਕੰਚਨ ਜਿਸ ਮਹਿਂ ਬਹੁਤ ਲਗਾਯਹੁ ॥੩੩॥
ਅਬਿ ਲਗਿ ਅਪਰ ਨ ਹਮ ਨੇ ਹੇਰਾ।
ਰਚਯੋ ਰੁਚਿਰ ਇਹ ਮੋਲ ਬਡੇਰਾ।'
ਮਾਤ ਨਾਨਕੀ ਨੇ ਸਮੁਝਾਏ।
'ਦੇਖਹੁ ਸੁਤ! ਸਿੱਖੀ ਇਸ ਭਾਏ ॥੩੪॥
ਮਾਨਹਿਂ ਸਗਰੇ ਹੁਕਮ ਤੁਮਾਰੋ।
ਕਹਹੁ ਜਥਾ ਭੇਜਹਿਂ ਕਰਿ ਤਜਾਰੋ।
ਸੇਵ ਬਿਖੈ ਸਭਿ ਕੇ ਮਨ ਰਾਤੇ।
ਪੂਰਨ ਗੁਰੂ ਆਪ ਕੋ ਜਾਤੇ[1] ॥੩੫॥

[1]ਜਾਣਦੇ ਹਨ।

ਸਿਖ ਸੰਗਤਿ ਅਸ ਬ੍ਰਿੰਦ ਮਸੰਦ।

ਤੁਮਰੇ ਪ੍ਰੇਮੀ ਰਿਦੈ ਬਿਲੰਦ।
ਮੱਦ੍ਰ ਦੇਸ਼ ਤੇ ਹਮ ਜਬਿ ਆਏ।
ਸੰਕਟ ਬਿਨਾਂ ਸਰਬ ਸੁਖ ਪਾਏ ॥੩੬॥
ਤਹਾਂ ਉਪੱਦ੍ਰਵ ਅਨਗਨ ਹੇਰੇ।
ਤੁਰਕਨ ਸੋਂ ਰਣ ਮਚੇ ਘਨੇਰੇ।
ਸ਼੍ਰੀ ਅੰਮ੍ਰਿਤਸਰ ਬਡ ਸੰਗ੍ਰਾਮਾ।
ਸੈਨ ਘਨੀ ਤੇ ਤਜਿ ਕਰਿ ਧਾਮਾ ॥੩੭॥
ਬੀਬੀ ਬੀਰੋ† ਬਜਾਹ ਤਿਸ ਕਾਲਾ।
ਕਰਜੋ ਹੁਤੋ ਪਕਵਾਨ ਬਿਸਾਲਾ।
ਤਿਸ ਤੇ ਆਦਿ ਸਮੱਗ੍ਰੀ ਜੇਤੀ।
ਭਏ ਜੁੱਧ ਤੇ ਲੁਟ ਗਈ ਤੇਤੀ ॥੩੮॥
ਹਮ ਤੁਰਕਨਿ ਤੇ ਭੈ ਬਡ ਧਾਰੇ।
ਨੀਠ ਨੀਠ ਨਿਕਸੇ ਨਿਜ ਦ੍ਵਾਰੇ।
ਤਿਸ ਤੇ ਆਦਿ ਬਿਘਨ ਸਮੁਦਾਏ।
ਭਏ ਦੇਸ਼ ਤਿਸ ਕਿਤਿਕ ਗਿਨਾਏ ॥੩੯॥
ਤੁਮਰੋ ਜਨਮ ਦੇਸ਼ ਇਸ ਭਯੋ।
ਹੇ ਸੁਤ! ਹਮ ਤਬਿ ਕੋ ਸੁਖ ਲਯੋ।
ਆਦਿ ਬੁਲਾਕੀ ਦਾਸ ਮਸੰਦ।
ਅਪਰ ਸਿੱਖ ਸੰਗਤਿ ਜੇ ਬ੍ਰਿੰਦ ॥੪੦॥
ਨਿਸ਼ਚਾ ਕਰਹਿਂ ਸੁ ਬੀਚ ਤੁਮਾਰੇ।
ਰਿਦੈ ਕਪਟ ਕੋ ਨਰ ਨਹਿਂ ਧਾਰੇ।
ਰਹਿਬੋ ਇਸੀ ਦੇਸ਼ ਕੋ ਕੀਜੈ।
ਮੱਦ੍ਰ ਦੇਸ਼ ਕੋ ਨਾਮ ਨ ਲੀਜੈ ॥੪੧॥
ਤਹਾਂ ਸ਼ਰੀਕ ਮਹਾਂ ਦੁਖਦਾਈ।
ਪਿਖਿ ਨਹਿਂ ਸਕਹਿਂ, ਸੁ ਬਿਘਨ ਉਠਾਈ[1]।
ਅਨਿਕ ਬਿਧਿਨਿ ਕੇ ਦੁਖ ਤਿਸ ਦੇਸ਼।
ਹੇ ਸੁਤ! ਹਮ ਪਰ ਬਿਤੇ ਅਸ਼ੇਸ਼ ॥੪੨॥
ਸੋ ਮੇਰੇ ਜਬਿ ਹੀ ਚਿਤ ਆਵੈਂ।
ਧੀਰ ਨ ਉਪਜਤਿ ਅਜਹੁੰ ਡਰਾਵੈ[1]।
ਨਰ ਪੂਰਬ ਮਹਿਂ ਸ਼ਰਧਾ ਧਾਰੀ[1]।

†ਪਾ:-ਬੀਰੁ।

[1]ਉਹ ਵਿਘਨ ਉਠਾਉਂਦੇ ਹਨ।

[1]ਅਜੇ ਵੀ ਡਰ ਆਉਂਦਾ ਹੈ।

[1]ਪੂਰਬ ਵਿਚਲੇ ਆਦਮੀ ਸ਼ਰਧਾ ਧਾਰੀ ਭਾਵ ਸ਼੍ਰਧਾਲੂ

ਹਨ।

ਇਹਾਂ ਬਸਹੁ ਨਿਤ ਪ੍ਰਤਿ ਸੁਖਭਾਰੀ'
॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਮੁਹਾਫੇ ਕੋ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਪੰਜਾਬ ਨੂੰ ਤਿਆਰੀ। ਜਗਤੇ ਸੇਠ ਨੂੰ ਵਰ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਪਿਤ ਕੀ ਮਾਤਾ ਕੇ ਬਚਨ ਸੁਨਿ, ਸ੍ਰੀ ਗੁਰੂ ਗੋਬਿੰਦ ਸਿੰਘ।
ਤੁਰਕਨਿ ਮ੍ਰਿਗ ਸਮੁਦਾਇ ਕੋ, ਚਹਤਿ ਹਨਜੋਂ ਜਿਮ ਸਿੰਘ ॥੧॥

ਚੌਪਈ:

ਸਿੱਖ ਮਸੰਦਨਿ ਕੀ ਬਡਿਆਈ।
ਜਬਿ ਮਾਤਾ ਨੇ ਇਸ ਬਿਧਿ ਗਾਈ।
ਲਖਿ ਕੈ ਸਭਿ ਸ਼ਰਧਾਲੂ ਵਿਸ਼ੇਸ਼।
ਚਹਤਿ ਰਹਜੋ ਪੂਰਬ ਹੀ ਦੇਸ਼ ॥੨॥
ਇਸ ਨਿਸ਼ਚੈ ਕੇ ਟਾਰਨ ਕਾਰਨ।
ਮੱਦ੍ਰ ਦੇਸ਼ ਹਿਤ ਕਰਨਿ ਪਧਾਰਨਿ।
ਲੀਲਾ ਰਚੀ ਤਬਹਿ ਗੁਰ ਸ੍ਵਾਮੀ।
ਸਭਿ ਘਟ ਘਟ ਕੇ ਅੰਤਰ ਜਾਮੀ ॥੩॥
ਵਹਿਰ ਮੁਹਾਫਾ[1] ਸੋ ਨਿਕਸਾਯੋ।
ਸੰਗਤਿ ਨਿਕਟਿ ਹੁਕਮ ਫੁਰਮਾਯਹੁ।
'ਈਂਧਨ ਭਾਰ ਸਕੇਲਨਿ ਕਰੋ।
ਆਨਿ ਆਨਿ ਕਰਿ ਇਸ ਥਲ ਧਰੋ' ॥੪॥
ਸਮਧਾ[1] ਜਬਿ ਦੇਖੀ ਸਮੁਦਾਯਾ।
ਬੀਚ ਮੁਹਾਫਾ ਤਬਹਿ ਟਿਕਾਯਾ।
ਦਿਯੋ ਹੁਕਮ ਪਾਵਕ ਮੰਗਵਾਏ।
ਤਤਛਿਨ ਦਈ ਤਾਂਹਿ ਲਗਵਾਏ ॥੫॥
ਜਰਨਿ ਲਗਜੋ ਸਭਿ ਨਰ ਬਿਸਮਾਏ।
-ਲਾਇ ਦਰਬ ਬਹੁ ਇਹੁ ਬਨਵਾਏ।
ਮਾਤਨਿ ਕਹਿ ਮੰਗਵਾਵਨਿ ਠਾਨਾ।
ਕਬਹੁੰ ਅਰੂਢਿ ਨ ਕੀਨਿ ਪਯਾਨਾ ॥੬॥
ਨਹਿਂ ਕੋ ਦਿਨ ਇਸ ਕੋ ਸੁਖ ਲਯੋ।
ਆਵਤਿ ਹੀ ਜਰਾਇ ਕਰਿ ਦਯੋ-।
ਜਾਇ ਨਾਨਕੀ ਨਿਕਟਿ ਬਤਾਵਾ।

[1]ਖਾਸਾ।

[1]ਬਾਲਨ।

ਸੋ[1] ਪਾਵਕ के ਬੀਚ ਜਰਾਵਾ' ॥੭॥
ਸੁਨਿ ਕਰਿ ਦਾਸਨਿ ਸਾਥ ਬਖਾਨਾ।
'ਮਹਾਂ ਪੁਰਖ ਇਹੁ ਗੁਰੂ ਮਹਾਨਾ।
ਹੁਕਮ ਨ ਫੇਰਜੋ ਜਾਇ ਤਿਨੋ ਕਾ।
ਨਿਕਸਤਿ ਮੁਖ ਤੇ ਫੁਰਹਿ ਜਿਨੋ ਕਾ'
॥੮॥
ਲਗੀ ਆਗ ਸਗਰੋ ਜਰਿ ਗਯੋ।
ਸੀਤਲ ਭਸਮ ਜਬਹਿ ਤਿਸ ਭਯੋ[1]।
ਜਿਤੋ ਹੇਮ ਤਿਸ ਤੇ ਨਿਕਸਾਯਹੁ।
ਕਹਿ ਸਤਿਗੁਰ ਨੇ ਸਰਬ ਚੁਨਾਯਹੁ ॥੯॥
ਨੀਕੇ ਜਲ ਮੈਂ ਕੀਨਿ ਪਖਾਰਨਿ।
ਨਿਕਟਿ ਅਨਾਯਹੁ ਕਰਜੋ ਨਿਹਾਰਨ।
ਦਾਸਨ ਕੇ ਕਰ ਮਹਿਂ ਉਚਵਾਏ।
ਅੰਤਰ ਮਾਤਾ ਤੀਰ ਸਿਧਾਏ ॥੧੦॥
ਧਰਜੋ ਸੁ ਜਾਇ ਨਾਨਕੀ ਪਾਸ।
'ਬਡੋ ਮਸੰਦ ਬੁਲਾਕੀ ਦਾਸ।
ਤਿਸ ਕੀ ਇਹ ਕਰਤੂਤ ਨਿਹਾਰਹੁ।
ਜਿਸ ਤਰੀਫ ਕੋ ਆਪ ਉਚਾਰਹੁ ॥੧੧॥
-ਬਡ ਸ਼ਰਧਾਲੂ ਪੂਰਬ ਦੇਸ਼-।
ਦੇਖਹੁ ਤਿਨ ਕੇ ਕਪਟ ਵਿਸ਼ੇਸ਼।
ਦਸਮ ਅੰਸ[1] ਕੰਚਨ ਇਸ ਮਾਂਹੀ।
ਤਾਂਬਾ ਅਪਰ ਘਰਾਯਹੁ ਤਾਂਹੀ[1] ॥੧੨॥
ਗੁਰੁ ਘਰ ਤਿਸ ਮੁਜਰੈ ਸਭਿ ਦੇਤਿ[1]।
ਸਕਲ ਮੋਲ ਹਾਟਿਕ ਕੋ ਲੇਤਿ।
ਰਾਖਤਿ ਘਰ ਸਤਿਗੁਰੁ ਕੀ ਕਾਰ।
ਭਾਖਤਿ -ਕਰਜੋ ਮੁਹਾਫਾ ਤਜਾਰ-
॥੧੩॥
ਐਸੇ ਨਰ ਹੈਂ ਪੂਰਬ ਦੇਸ਼।
ਬੁਧਿ ਹੌਰੀ, ਕੂਰੇ ਇਨ ਬੇਸ।
ਬਡਜੋਂ ਬਡਜੋਂ ਕੀ ਜੇ ਅਸ ਮਤਿ ਹੈ।
ਤੌ ਛੋਟਜੋਂ ਕੀ ਕਹਾਂ ਸੁ ਗਤਿ ਹੈ' ॥੧੪॥

[1]ਉਹ (ਖਾਸਾ)।

[1]ਜਦ ਸਵਾਹ ਠੰਢੀ ਹੋ ਗਈ।

[1]ਦਸਵਾਂ ਹਿੱਸਾ।

[1]ਹੋਰ (ਸਾਰਾ) ਤਾਂਬਾ ਤਿਸ (ਬੁਲਾਕੀ ਦਾਸ) ਨੇ ਘੜਾਇਆ ਹੈ।

[1]ਗੁਰੂ ਘਰ ਤਿਸ ਨੂੰ (ਮੁਹਾਫੇ ਦਾ ਮੁੱਲ) ਸਾਰਾ ਮੁਜਰੇ ਦਿੰਦਾ ਹੈ।

ਦੇਖਿ ਮਾਤ ਤੁਸ਼ਨਿ ਹੁਇ ਰਹੀ।
ਪੌਤ੍ਰ ਪਾਸ ਕੁਛ ਜਾਇ ਨ ਕਹੀ।
-ਸਭਿ ਘਟ ਕੋ ਮਾਲਿਕ ਗੁਰ ਰੂਰਾ।
ਬੋਲੇ ਉਤਰਜੋ ਜਾਇ ਨ ਪੂਰਾ[1]- ॥੧੫॥
ਸ਼੍ਰੀ ਗੁਜਰੀ ਦਿਸ਼ਿ ਸਾਸੁ ਨਿਹਾਰਾ।
ਪੁੱਤ੍ਰ ਸਾਥ ਸ਼ੁਭ ਬਾਕ ਉਚਾਰਾ।
'ਪਿਤਾ ਤੁਮਾਰੋ ਇਤ ਚਲਿ ਆਯੋ।
ਬਹੁ ਤੀਰਥ ਕੋ ਹਮਹਿਂ ਕਰਾਯੋ ॥੧੬॥
ਪੁਨ ਹਮ ਕੋ ਇਸ ਪੁਰਿ ਮਹਿਂ ਤਜਾਗੇ।
ਆਪ ਗਏ ਚਲਿ ਪੂਰਬ ਆਗੇ।
ਜਬਿ ਕੇ ਇਹ ਥਲ ਕੀਨਸਿ ਬਾਸ।
ਕਰਤਿ ਸੇਵ ਕੋ ਸੰਗਤਿ ਰਾਸ ॥੧੭॥
ਅਬਿ ਪੰਜਾਬ ਗਏ ਪਿਤ ਤੁਮਰੇ।
ਲਿਖ ਪਾਤੀ ਭੇਜਹਿਂ ਢਿਗ ਹਮਰੇ।
ਜਿਸ ਪ੍ਰਕਾਰ ਕੀ ਸੁਧਿ ਪਹੁੰਚਾਵੈ।
ਹਮ ਕੋ ਕਰਨੀ ਤਿਮ ਬਨਿ ਆਵੈ ॥੧੮॥
ਯਾਂ ਤੇ ਰੁਚਹਿ ਬਾਸ ਸੁਖ ਪਾਏ[1]।
ਬਸਤੇ ਸੰਮਤ ਕਿਤਿਕ ਬਿਤਾਏ।
ਬਹੁ ਲੋਕਨਿ ਮਿਲਿ ਪ੍ਰੀਤ ਉਪਾਈ।
ਸਗਲੀ ਵਸਤੁ ਆਨਿ ਅਰਪਾਈ ॥੧੯॥
ਪ੍ਰਥਮ ਜਨਮ ਧਰਿ[1], ਅਲਪ ਸਰੀਰ।
ਸਭਿ ਸੁਧ ਲਗੇ ਸੰਭਾਰਨਿ ਧੀਰ।
ਆਗੈ ਮਰਜ਼ੀ ਜਥਾ ਤੁਮਾਰੀ।
ਤਜੋਂ ਬਰਤਹਿਂਗੇ ਹੁਇ ਅਨੁਸਾਰੀ' ॥੨੦॥
ਸੁਨਤਿ ਮਾਤ ਤੇ ਗੁਰੂ ਉਚਾਰੀ।
'ਮੱਦ੍ਰ ਦੇਸ਼ ਸਿੱਖੀ ਹੈ ਭਾਰੀ।
ਸਕਲ ਗੁਰਨਿ ਤਹਿਂ ਬਾਸਾ ਕੀਨੇ।
ਅਪਨੇ ਪੁਰਿ ਤੀਰਥ ਰਚਿ ਦੀਨੇ ॥੨੧॥
ਤਿਸੀ ਦੇਸ਼ ਤੇ ਸੈਨ ਬਨਾਈ।
ਦਿੱਲੀਪਤਿ ਸੋਂ ਕੀਨਿ ਲਰਾਈ।

[1]ਬੋਲਣ ਨਾਲ ਪੂਰਾ ਨਹੀਂ ਉੱਤਰ ਸਕੀਦਾ।

[1]ਇਸੇ ਲਈ (ਸਾਨੂੰ ਇਹੋ) ਚੰਗਾ ਲਗਦਾ ਹੈ ਕਿ ਇੱਥੇ ਵੱਸਕੇ ਸੁਖ ਪਾਈਏ।

[1]ਪਹਿਲਾਂ (ਆਪ ਨੇ) ਜਨਮ (ਇਥੇ) ਧਾਰਿਆ ਹੈ।

ਕੇਤਿਕ ਸਿੱਖ ਭਾਉ ਧਰਿ ਰਹੇ।
ਕਿਨਹੁਂ ਨੌਕਰੀ ਗੁਰ ਘਰ ਲਹੇ ॥੨੨॥
ਬਨਹਿ ਨ ਸੋ ਇਸ ਦੇਸ਼ ਮਝਾਰੀ।
ਊਪਰ ਬੇਸ਼ ਦਿਖਾਵਹਿਂ ਧਾਰੀ।
ਜਬਿ ਗੁਰ ਕੋ ਕਿਮ ਕਾਰਜ ਬਨੈ।
ਸਿੱਖੀ ਤਯਾਗਹਿਂ ਸ਼ਰਧਾ ਹਨੈਂ ॥੨੩॥
ਇੱਤਯਾਦਿਕ ਕਾਰਨ ਹੈਂ ਬ੍ਰਿੰਦ।
ਬਨਹਿ ਗਮਨ ਤਿਸ਼ ਦੇਸ਼ ਬਿਲੰਦ।'
ਸੁਧਿ ਪਟਣੇ ਪੁਰਿ ਮਹਿਂ ਬਿਸਤਰੀ।
-ਚਾਹਤਿ ਸਤਿਗੁਰ ਤਯਾਰੀ ਕਰੀ
॥੨੪॥
ਮੱਦ੍ਰ ਦੇਸ਼ ਕੋ ਚਹਤਿ ਸਿਧਾਵਨਿ।
ਜਿਤ ਗਮਨੈਂ ਤਿਤ ਕਰਿ ਹੈਂ ਪਾਵਨ-।
ਸਗਰੀ ਸੰਗਤਿ ਸੁਨਿ ਕਰਿ ਆਈ।
ਲਯਾਇ ਉਪਾਇਨ ਕੋ ਅਰਪਾਈ
॥੨੫॥
ਜਹਿਂ ਕਹਿਂ ਕੇ ਬਹੁ ਆਇ ਮਸੰਦ।
ਅਰਪਹਿਂ ਆਨਯੋ ਦਰਬ ਬਿਲੰਦ।
ਸ਼੍ਰੀ ਸਤਿਗੁਰ ਕੋ ਸਭਿ ਸਮੁਝਾਵੈ।
ਅਪਨੀ ਅਪਨੀ ਸੀਖ[1] ਬਤਾਵੈਂ ॥੨੬॥
'ਗੁਰ ਜੀ! ਇਹਾਂ ਬਾਸ ਸੁਖ ਕੇਰਾ।
ਸੰਗਤਿ ਬ੍ਰਿੰਦ ਮਿਲਾਪ ਬਡੇਰਾ।
ਕਿਸੂ ਵਸਤੁ ਕੀ ਕਮੀ ਨ ਕੋਈ।
ਹਮ ਅਨੁਕੂਲੀ ਸਭਿ ਨਿਤ ਹੋਈ ॥੨੭॥
ਹੁਕਮ ਆਪ ਕੋ ਹੋਵਹਿ ਜੈਸਾ।
ਹਮ ਕਰਿ ਸਕਿ ਹੈਂ ਤਤਛਿਨ ਤੈਸਾ।
ਕਰਹੁ ਉਚਾਰਨਿ ਜਿਮੁ ਹੁਇ ਮਰਜ਼ੀ।
ਸਦਾ ਗੁਜ਼ਾਰਤਿ ਹੈਂ ਇਮ ਅਰਜ਼ੀ'
॥੨੮॥
ਸੁਨਿ ਸਤਿਗੁਰ ਬੋਲੇ ਬਚ ਪਾਵਨ।
'ਹਮ ਨੇ ਮੱਦ੍ਰ ਦੇਸ਼[1] ਕੋ ਜਾਵਨਿ।
ਬਹੁ ਕਾਰਜ ਤਿਹ ਠਾਂ ਬਸਿ ਕਰਨੇ[1]।

[1]ਸਿੱਖਯਾ।

[1]ਪੰਜਾਬ।

[1]ਵੱਸਕੇ ਕਰਨੇ ਹਨ।

ਬਿਦਤਿ ਅਬਿਦਤ ਕਹਾਂ ਕੋ ਬਰਨੇ[1]' ॥੨੯॥
-ਨਿਸ਼ਚੈ ਇਨ ਕੋ ਰਿਦਾ ਗਮਨ ਮੈਂ-।
ਸਿੱਖ ਮਸੰਦਨ ਜਾਨੀ ਮਨ ਮੈਂ।
ਤੂਸ਼ਨਿ ਹੋਏ ਕੁਛ ਨ ਬਖਾਨੀ।
ਗਮਨੇ ਸਦਨ ਬੰਦਨਾਂ ਠਾਨੀ ॥੩੦॥
ਜਗਤ ਸੇਠ[1] ਪਟਣੇ ਪੁਰਿ ਬਾਸੀ।
ਗੁਰ ਕੋ ਸੇਵਕ ਬਹੁ ਧਨ ਪਾਸੀ।
-ਗਮਨ ਗੁਰੂ ਕੋ ਨਿਸ਼ਚੈ ਭਯੋ-।
ਜਬਿ ਐਸੇ ਸ਼੍ਰੋਨਨਿ ਸੁਨਿ ਲਯੋ ॥੩੧॥
ਲੇ ਮਿਸ਼ਟਾਨ ਰੁਚਿਰ ਪਕਵਾਨ।
ਭਰੇ ਥਾਰ ਬਹੁ ਧਰਿ ਧਰਿ ਪਾਨ।
ਸ਼੍ਰੀ ਸਤਿਗੁਰ ਕੇ ਢਿਗ ਚਲਿ ਆਯਹੁ।
ਹਾਥ ਜੋਰਿ ਕਰਿ ਸੀਸ ਨਿਵਾਯਹੁ ॥੩੨॥
ਦੋਨਹੁਂ ਮਾਤਨਿ ਕੋ ਕਰਿ ਨਮੋ।
ਹਾਥ ਬੰਦਿ ਬੋਲਜੋ ਤਿਹ ਸਮੋਂ।
'ਸ਼੍ਰੀ ਪ੍ਰਭੁ ! ਜਗਤ ਜੇਤਨੀ ਮਾਯਾ।
ਸਭਿ ਤੁਮਰੀ ਬਖਸ਼ੀ ਕਰਿ ਦਾਯਾ ॥੩੩॥
ਦਈ ਆਪ ਕੀ ਬਰਤਹਿਂ ਸਾਰੇ।
ਜਾਨਤਿ ਇਸ ਬਿਧਿ ਕੋ ਸਿਖ ਭਾਰੇ।
ਮੈਂ ਹੌਂ ਦਾਸ ਆਪ ਕੋ ਜੋਈ।
ਬਖਸ਼ਜੋ ਮੋਹਿ ਦਰਬ ਬਹੁ ਸੋਈ ॥੩੪॥
ਸਭਿ ਪੁਰਿ ਮਹਿਂ ਕੋਠੀ ਬਹੁ ਮੇਰੀ।
ਸਭਿ ਪ੍ਰਕਾਰ ਤਹਿਂ ਸੌਂਜ ਘਨੇਰੀ।
ਜਿਸ ਜਿਸ ਮਗ ਕੋ ਰਾਵਰ ਜਾਵਹੁ।
ਜਹਿਂ ਜਹਿਂ ਨਿਸ ਮਹਿਂ ਡੇਰੋ ਪਾਵਹੁ[1] ॥੩੫॥
ਤਹਿਂ ਤੇ ਖਰਚ ਲੇਹੁ ਮਨ ਭਾਯਾ।
ਰਹਹੁ ਜਿਤਿਕ ਦਿਨ ਮਹਿਂ ਹਰਖਾਯਾ।
ਖਾਨ ਪਾਨ ਸ਼ੁਭ ਬਸਤੂ ਜਿ ਚਹੀਅਹਿਂ।

[1]ਕਈ ਪ੍ਰਗਟ ਕਈ ਗੁਪਤ, ਕੀ ਕੋਈ ਦੱਸੇ।

[1]ਜਗਤ ਨਾਮੇ ਸੇਠ।

[1]ਡੇਰੇ ਪਾਵੋਗੇ।

ਮਮ ਕੋਠੀ ਸਿਖ ਕੋ ਪਠਿ ਕਹੀਅਹਿ ॥੩੬॥
ਮਮ ਗੁਮਾਸ਼ਤੇ ਮਗ ਮਹਿਂ ਜੇਈ।
ਮੈਂ ਲਿਖਿ ਦੇਹੁ ਮਾਨਿ ਹੈਂ ਸੇਈ।
ਜਿਤਿਕ ਸੇਵ ਮੋ ਤੇ ਹੁਇ ਜਾਈ।
ਮੈਂ ਨਿਸ਼ਚੈ ਜਾਨੌਂ ਸਫਲਾਈ' ॥੩੭॥
ਜਗਤ ਸੇਠ ਕੀ ਸੁਨਿ ਕਰਿ ਬਾਨੀ।
ਗੁਰ ਪ੍ਰਸੰਨਤਾ ਕੀਨਿ ਮਹਾਨੀ।
'ਜੋ ਤੁਮ ਭਾਉ ਹਮਾਰੋ ਕਰਜੋ।
ਸੇਵਾ ਬਿਖੈ ਪ੍ਰੇਮ ਕੋ ਧਰਜੋ ॥੩੮॥
ਤਿਸ ਕੋ ਫਲ ਹੋਵਹਿ ਤੁਝ ਭਾਰੋ।
ਲਛਮੀ ਬਹੁ ਘਰ ਥਿਰਹਿ ਉਦਾਰੋ।
ਤਿਸ ਤੇ ਤੋਟਾ ਕਿਤਹੁ ਨ ਪਾਵੈਂ।
ਲਾਭ ਲੇਤਿ ਹੀ ਬੈਸ ਬਿਤਾਵੈਂ ॥੩੯॥
ਹਮ ਕੋਠੀ ਤੇ ਲੈਹਿਂ ਕਿ ਨਾਂਹੀ।
ਕਹਿਬੇ ਤੇ ਫਲ ਭਾ ਤੁਵ ਪਾਹੀ।
ਹਮ ਸੁਨਿ ਕੈ, ਕਿਯ ਭਾਵ ਬਿਸਾਲਾ[1]।

[1]ਅਸਾਡਾ (ਟੁਰਨਾ) ਸੁਣਕੇ ਤੂੰ ਬੜਾ ਪ੍ਰੇਮ ਕੀਤਾ ਹੈ। (ਅ) ਅਸਾਂ (ਕੋਠੀਆਂ ਵਾਲੀ ਗਲ) ਸੁਣਕੇ ਹੀ (ਜਿਸ ਤੋਂ ਜਾਣੀਂਦਾ ਹੈ ਕਿ ਤੂੰ) ਬਹੁਤ ਪ੍ਰੇਮ ਕੀਤਾ ਹੈ ਤੈਨੂੰ ਤਤਕਾਲ ਫਲ ਪ੍ਰਾਪਤੀ ਕਰਾ ਦਿੱਤੀ ਹੈ।

ਤੁਝ ਕੋ ਫਲ ਪ੍ਰਾਪਤਿ ਇਸ ਕਾਲਾ' ॥੪੦॥
ਜਗਤ ਸੇਠ ਸੁਨਿ ਕੈ ਗੁਰ ਬਾਨੀ।
ਭਯੋ ਅਨੰਦ ਨ ਜਾਇ ਬਖਾਨੀ।
-ਗੁਰ ਪ੍ਰਸੰਨਤਾ ਮੋ ਪਰ ਹੋਈ-।
ਲਿਖੀ ਪੱਤ੍ਰਿਕਾ ਪੁਰਿ ਪੁਰਿ ਸੋਈ ॥੪੧॥
ਨਿਜ ਥਲ ਬਿਖੈ ਪੁਚਾਵਨਿ ਕਰੇ[1]।

[1]ਟਿਕਾਣੇ ਟਿਕਾਣੇ ਪੁਚਾਈਆਂ (ਪਤ੍ਰਿੱਕਾਂ)।

'ਜਬਿ ਦੇਖਹੁ ਗੁਰ ਨਿਜ ਪੁਰਿ ਬਰੇ।
ਸਾਦਰ ਸਰਬ ਰੀਤਿ ਕੀ ਸੇਵਾ।
ਕਰਹੁ ਪ੍ਰਸੰਨ ਤਹਾਂ ਗੁਰਦੇਵਾ' ॥੪੨॥
ਕਹਿ ਮਾਤਾ ਕੋ ਸਭਿ ਸਮੁਝਾਈ।
ਪੁਨ ਪਗ ਪਰਿ ਨਿਜ ਗ੍ਰੀਵ ਨਿਵਾਈ।
ਲੇ ਕਰਿ ਬਰ ਗੁਰ ਤੇ ਮਨ ਭਾਯਾ।

ਕਰਿ ਬੰਦਨ ਕੋ ਉਰ ਹਰਖਾਯਾ ॥੪੩॥
ਭੁਗਤਿ ਮੁਕਤਿ ਕੇ ਬਰ ਕੋ ਪਾਇ।
ਅਪਨੀ ਆਪਨ[1] ਪਹੁਂਚਜੋ ਜਾਇ।
ਸਭਿ ਸੰਗਤਿ ਮੈਂ ਜਸੁ ਬਿਸਤਰਾ।
'ਧੰਨ ਧੰਨ' ਤਿਸ ਕੋ ਸਭਿ ਕਰਾ ॥੪੪॥

[1]ਆਪਣੀ ਹੱਟੀ ਤੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਤਿਆਰ ਹੋਵਨਿ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥੪੧॥

## ੪੨. [ਪਟਣੇ ਤੋਂ ਵਿਦਾਇਗੀ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਨਿਤਪ੍ਰਤਿ ਗੁਰ ਤਜਾਰੀ ਕਰਤਿ, ਭਏ ਚਲਨਿ ਕਹੁ ਤਜਾਰ।
ਇਤਨੇ ਮਹਿਂ ਆਵਤਿ ਭਯੋ, ਪਠਜੋ ਜੁ[1] ਗੁਰੂ ਉਦਾਰ ॥੧॥

[1]ਭਾਵ ਜੋ ਸਿੱਖ ਨਾਵੇਂ ਗੁਰਾਂ ਘੱਲਿਆ ਸੀ।

ਚੌਪਈ:

ਪਹੁੰਚਜੋ ਸਿੱਖ ਆਨਿ ਤਿਹ ਸਮੈਂ।
ਜੁਗ ਮਾਤਨਿ ਬੰਦਤਿ ਸਿਰ ਨਮੈ।
ਬਿਚਰਤਿ ਆਪ ਦੇਖਿ ਚਲਿ ਆਏ[1]।

[1]ਖੇਡਦੇ ਖੇਡਦੇ ਆਪ (ਦਸ਼ਮੇਸ਼ ਜੀ) ਦੇਖਕੇ (ਉਸ ਪੁਰਸ਼) ਨੂੰ ਆ ਗਏ।

ਨਰ ਪੰਜਾਬੀ ਲਖਿ ਹਰਿਖਾਏ ॥੨॥
ਸਿਖ ਪਦ ਬੰਦਤਿ ਜੁਗ ਕਰ ਬੰਦਿ।
ਗੁਰ ਕੋ ਸਭਿ ਬਿਧਿ ਕਹਜੋ ਅਨੰਦ[1]।

[1]ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਭ ਤਰ੍ਹਾਂ ਦੀ ਆਨੰਦ ਕੁਸ਼ਲ ਕਹੀ।

ਹਾਥ ਬਿਖੈ ਤੇ ਦੀਨਸਿ ਪਾਤੀ।
ਦੇਖਿ ਤੀਨ ਹੂੰ ਸੀਤਲ ਛਾਤੀ[1] ॥੩॥

[1]ਦੇਖਕੇ ਤਿੰਨਾਂ ਭਾਵ ਦੋਵੇਂ ਮਾਤਾ ਜੀ ਤੇ ਸਾਹਿਬਜ਼ਾਦੇ ਜੀ ਦੀ ਛਾਤੀ ਸੀਤਲ ਹੋਈ ਭਾਵ ਸੁਖ ਪ੍ਰਾਪਤ ਹੋਇਆ।

ਤਤਛਿਨ ਖੋਲਿ ਪਢਾਵਨਿ ਕੀਨਿ।
ਲਿਖੀ ਕੁਸ਼ਲ ਸਭਿ ਗੁਰੂ ਪ੍ਰਬੀਨ।
[1]'ਸੰਗਤਿ ਸਹਤ ਮਸੰਦਨ ਸਾਰੇ।

[1]ਚਿੱਠੀ ਦਾ ਮਜ਼ਮੂਨ ਤੁਰਿਆ।

ਹਮ ਦਿਸ਼ਿ ਤੇ ਦਿਹੁ ਖੁਸ਼ੀ ਉਚਾਰੇ ॥੪॥
ਸਭਿਹਿਨਿ ਕਹੁ ਬਹੁ ਕਹਹੁ ਦਿਲਾਸਾ।
ਨਿਜ ਦਿਸ਼ਿ ਤੇ ਪੂਰਹੁ ਤਿਨ ਆਸਾ।
ਸਿਖ ਸੰਗਤਿ ਕੋ ਉਰ ਹਰਿਖਾਇ।
ਤਜਾਰ ਹੋਇ ਲਿਹੁ ਨਰ ਸਮੁਦਾਇ ॥੫॥
ਚਲਿ ਪੰਜਾਬ ਦੇਸ਼ ਕੋ ਆਵਹੁ।
ਗਮਨਹੁ ਸੁਖ ਸੋਂ ਨਹਿਂ ਉਤਲਾਵਹੁ।
ਮਗ ਮਹਿਂ ਪੁਰਿ ਤਿਨ ਮਹਿਂ ਬਹੁ ਸੰਗਤ।
ਸਿਮਰਹਿਂ ਸਤਿਗੁਰ ਕਰਿ ਕਰਿ ਪੰਗਤਿ ॥੬॥
ਤਿਨ ਸਭਿਹਿਨਿ ਕਹੁ ਦਰਸ਼ਨ ਦੇਤੇ।
ਪੂਰਹੁ ਮਨੋਰਥ ਸਿਖ ਕਹਿਂ ਜੇਤੇ[1]।

[1]ਜਿਤਨੇ ਮਨਰੋਥ ਸਿੱਖ ਕਹਿਣ।

ਸਨੇ ਸਨੇ ਮਗ ਉਲੰਘਨ ਕਰੀਅਹਿ।
ਆਨਿ ਅਨੰਦਪੁਰਿ ਨਗਰ ਨਿਹਰੀਅਹਿ ॥੭॥
ਬਸਹੁ ਜਥਾ ਸੁਖ ਇਤਿ ਚਿਰਕਾਲ।
ਗਮਨਹੁ ਮਗ ਸਭਿ ਬਿਧਿ ਸੰਭਾਲ।'
ਸੁਨਿ ਮਨ ਹਰਖੇ ਕਹਤਿ ਉਤਾਲੇ।
'ਭਲੀ ਭਈ ਪਿਤ ਮਰਜ਼ੀ ਚਾਲੇ[1] ॥੮॥
ਰਿਦੈ ਹਮਾਰੇ ਕੀ ਸਭਿ ਜਾਨਿ।
ਲਿਖੀ ਪੱਤ੍ਰਿਕਾ ਗੁਰ ਭਗਵਾਨ।'
ਪੁਨ ਸਿਖ ਤੇ ਸਭਿ ਬੂਝੀ ਗਾਥ।
'ਕਹਾਂ ਛੋਰਿ ਆਯੋ ਗੁਰ ਨਾਥ? ॥੯॥
ਕਹਾਂ ਬਿਲਾਸ ਕਰਤਿ ਮਨ ਭਾਏ?
ਸੰਗਤਿ ਰਹਹਿ ਕਿਤਿਕ ਢਿਗ ਆਏ?
ਕਿਸ ਬਿਧਿ ਕੋ ਅਨੰਦਪੁਰਿ ਹੇਰਾ?
ਕਿਤਿਕ ਦੂਰ ਦਰਿਆਉ ਬਡੇਰਾ? ॥੧੦॥
ਕਿਤਿਕ ਨਿਕਟਿ ਦੂਸਰ ਦਿਸ਼ਿ ਗਿਰ ਹੈਂ?
ਕਿਸ ਪ੍ਰਕਾਰ ਹੀ ਹੇਰੀ ਧਰ ਹੈ?'
ਸੁਨਤਿ ਸਿੱਖ ਨੇ ਸਕਲ ਬਤਾਈ।
'ਆਵਹਿ ਨਿਤ ਸੰਗਤ ਸਮੁਦਾਈ ॥੧੧॥
ਸਤੁਦ੍ਰੱਵ ਸਲਿਤਾ ਨਿਕਟਿ ਪ੍ਰਵਾਹੂ।
ਬਿਮਲ ਅਗਾਧ ਚਲਹਿ ਜਲ ਮਾਂਹੂ।
ਨਿਕਟਿ ਨਿਕਟਿ ਪਰਬਤ ਗਨ ਖਰੇ।
ਬਾਸ ਚੰਡਿਕਾ ਊਪਰ ਕਰੇ[1] ॥੧੨॥
ਅਵਨੀ ਤਲ ਸੁੰਦਰ ਸਬਜ਼ਾਈ।
ਖਰੇ ਤਰੋਵਰ ਜਹਿਂ ਸਮੁਦਾਈ।
ਗੁਰ ਅਨੰਦਪੁਰਿ ਬਿਖੈ ਸੁਹਾਏ।
ਸਿਖ ਮਸੰਦ ਢਿਗ ਰਹਿਂ ਸਮੁਦਾਏ ॥੧੩॥
ਜਹਿਂ ਸਤਿਗੁਰ ਕੇ ਚਰਨ ਸਿਧਾਰੈਂ।
ਸੰਗਤਿ ਬ੍ਰਿੰਦ ਆਨਿ ਪਰਵਾਰੈ।

[1]ਇੱਛਾ ਨਾਲ ਚੱਲੇ ਹਾਂ।

[1]ਭਾਵ ਉਪਰ ਨੈਣਾਂ ਦੇਵੀ ਨਾਮੇ ਟਿੱਲਾ ਹੈ।

ਆਵਤਿ ਜਾਤਿ ਹਜ਼ਾਰਹੁਂ ਨੀਤ।
ਲੇਤਿ ਕਾਮਨਾ ਕਰਹਿ ਜੁ ਚੀਤ ॥੧੪॥
ਜਸ ਬਹੁ ਫੈਲਿ ਰਹ੍ਯੋ ਸਭਿ ਦੇਸ਼।
ਆਵਹਿਂ ਲੈ ਲੈ ਦਰਬ ਵਿਸ਼ੇਸ਼।
ਕਰਹਿਂ ਉਧਾਰਨਿ ਸ਼ਰਧਾਵਾਨ।
ਇਸ ਬਿਲਾਸ ਮਹਿਂ ਗੁਰ ਭਗਵਾਨ'
॥੧੫॥
ਸੁਨਿ ਪ੍ਰਸੰਨ ਸਿਖ ਪਰ ਤਬਿ ਭਏ।
ਭੁਗਤਿ ਮੁਕਤਿ ਕੋ ਬਰ ਸ਼ੁਭ ਦਏ।
ਜੁਗ ਮਾਤਨਿ ਤਜਾਰੀ ਕਰਿਵਾਈ।
ਵਾਹਨ ਸਾਜ਼ ਦਾਸ ਸਮੁਦਾਈ ॥੧੬॥
ਸਜੰਦਨ ਡੋਰੇ ਪਾਇ ਉਛਾਰ।
ਜ਼ਰੀਦਾਰ ਜਗਮਗਤਿ ਉਦਾਰ।
ਤੁੰਗ ਕਕੁਦ ਬਲਿ ਦੀਰਘ ਬੈਲ[1]। — [1]ਉੱਚੀਆਂ ਬੰਨਾਂ ਵਾਲੇ ਤੇ ਬਲੀ ਵਡੇ ਵਡੇ ਬੈਲ।
ਚਲਹਿਂ ਤੁਰੰਗ ਮਨਿੰਦੈ ਗੈਲ ॥੧੭॥
ਕੰਚਨ ਪੋਰੀ ਸ਼੍ਰਿੰਗਨਿ ਪਾਏ[1]। — [1]ਸੋਨਿਆਂ ਦੀਆਂ ਸਾਮਾਂ ਸਿੰਗਾਂ ਪਰ ਪਾਈਆਂ ਹਨ।
ਭੂਖਨ ਟਲਕਾ ਆਦਿ ਸੁਹਾਏ।
ਸਿਵਕਾਦਕਿ ਜਟਤੀ ਨਗ ਕਰੇ।
ਮੁਕਰ ਚੁਕੋਨ ਗੋਲ ਬਰ ਜਰੇ[1] ॥੧੮॥ — [1]ਸ਼ੀਸ਼ੇ ਚੁਕੋਨੇ ਤੇ ਗੋਲ ਸੁਹਣੇ ਸੁਹਣੇ ਜੜੇ ਹੋਏ।
ਝਾਲਰ ਜ਼ਰੀ ਗੁੰਫ[1] ਲਰਕਾਏ। — [1]ਗੁੱਛੇ।
ਮੁਕਤਾ ਲਰੀ ਬ੍ਰਿੰਦ ਛਬਿ ਛਾਏ।
ਉਚਿਤ ਸਮਿੱਗ੍ਰੀ ਸਾਥ ਉਠਾਵਨਿ।
ਸਭਿ ਕੇ ਕੀਨੇ ਭਾਰ ਬੰਧਾਵਨਿ ॥੧੯॥
ਸੁਨਿ ਤਜਾਰੀ ਕੋ ਸੰਗਤਿ ਆਈ।
ਮਸਤਕ ਟੇਕਹਿਂ 'ਦਿਹੁ ਵਥੁ ਕਾਈ[1]। — [1]ਸਾਨੂੰ ਪੂਜਣੇ ਵਾਸਤੇ) ਕੋਈ (ਨਿਜ ਦੀ) ਵਸਤੂ ਦੇਵੋ।
ਅੰਗ ਸੰਗ ਜੋ ਲਾਗੀ ਗੁਰ ਕੇ।
ਜਿਸ ਤੇ ਲਹੈਂ ਮਨੋਰਥ ਉਰ ਕੇ ॥੨੦॥
ਤੁਮ ਸਮ ਪੂਜਹਿਂ ਦਰਸ਼ਨ ਕਰੈਂ।
ਰਿਦੈ ਭਾਵਨਾ ਸੰਗਤਿ ਧਰੈ।'
ਸੁਨਿ ਸ਼੍ਰੀ ਤੇਗ ਬਹਾਦਰ ਨੰਦਨ।
ਦਿਯੋ ਪੰਘੂਰਾ ਸਿੱਖਨਿ ਬੰਦਨ[1] ॥੨੧॥ — [1]ਸਿੱਖਾਂ ਦੇ ਨਮਸਕਾਰ ਕਰਨੇ ਲਈ।
'ਬਾਲਿਕ ਬਯ ਹਮ ਇਸ ਪਰ ਰਹੇ।

ਸ਼ਰਧਾ ਧਰਹੁ ਕਾਮਨਾ ਲਹੇ।'
ਸਹਿਤ ਮਸੰਦਨ ਆਇਸੁ ਮਾਨੀ।
ਰਖਜੋ ਪੰਘੂਰਾ ਜਨਮ ਸਥਾਨੀ ॥੨੨॥
ਅਜ ਲੌ ਅਹੈ ਸੁਨਜੋ ਹਮ ਕਾਨ।
ਅਭਿਖੇਕਤਿ ਸਿਖ ਗੁਰੂ ਸਮਾਨ।
ਜਨਮ ਥਾਨ ਜੋ ਦਰਸ਼ਨ ਕਰਿ ਹੈ।
ਜਨਮ ਮਰਨ ਕੇ ਕਲਮਲ ਹਰਿ ਹੈ
॥੨੩॥
'ਸ਼੍ਰੀ ਗੁਰ ਤੇਗ ਬਹਾਦਰ ਜਹਾਂ।
ਚਲਨਿ ਸਮੈ ਉਤਰੇ ਸੁਖ ਲਹਾ।
ਤਹਾ ਪ੍ਰਥਮ ਡੇਰਾ ਠਹਿਰਾਯਹੁ[1]।' — [1]ਭਾਵ ਓਥੇ ਡੇਰਾ ਕਰੋ।
ਸਭਿ ਸੰਗਤਿ ਕੋ ਭਾਖਿ ਸੁਨਾਯਹੁ ॥੨੪॥
ਜੇਤਿਕ ਸ਼ਸਤ੍ਰ ਸੰਚਿ ਨਿਜ ਕਰੇ।
ਸੋ ਸੰਦੂਖ ਮਹਿਂ ਸਾਦਰ ਧਰੇ।
ਦਾਸਨ ਕੇ ਸਿਰ ਪਰ ਧਰਿਵਾਇ।
ਕਹਿ ਕਰਿ ਪੂਰਬ ਦਿਏ ਪੁਚਾਇ ॥੨੫॥
ਅਪਰ ਸਮਿੱਗ੍ਰੀ ਚਲਿ ਚਲਿ ਤਹਾਂ।
ਆਨਿ ਪਹੁੰਚੇ ਡੇਰੇ ਜਹਾਂ।
ਬਾਲਿਕ ਖੇਲਤਿ ਸੋ ਸਭਿ ਆਏ।
ਹਾਥ ਜੋਰਿ ਬੰਦਹਿਂ ਸਮੁਦਾਏ ॥੨੬॥
ਸਜਾਨੇ ਭਨਹਿਂ ਤਿਨਹੁ ਮਹਿਂ ਐਸੇ[1]। — [1]ਤਿਨ੍ਹਾਂ ਵਿਚ ਜੋ ਸਿਆਣੇ ਸਨ ਓਹ ਐਉਂ ਕਹਿੰਦੇ ਹਨ।
'ਕਰੀ ਸਭਿਨਿ ਸੋਂ ਗੋਬਿੰਦ ਜੈਸੇ[1]। — [1]ਕ੍ਰਿਸ਼ਨ ਨੇ ਜਿਵੇਂ।
ਜਬਿ ਸੁਧਿ ਭਈ ਤਜਾਗ ਕਰਿ ਗਏ।
ਬਿੰਦ੍ਰਾਬਨ ਬਾਸੀ ਦੁਖ ਲਏ ॥੨੭॥
ਮਥੁਰਾ ਜਾਇ ਬਸੇ ਤਤਕਾਲਾ।
ਬਾਲ ਸਖਾ ਸਭਿ ਭਏ ਬਿਹਾਲਾ।
ਤਿਨਹੁ ਮਨਿੰਦ ਨਾਮ ਇਨ ਕੇਰਾ।
ਕ੍ਰਿਆ ਬਿਖੈ ਭੀ ਸਮ ਹੀ[1] ਹੇਰਾ ॥੨੮॥ — [1]ਕੌਤਕਾਂ ਵਿੱਚ ਭੀ ਸਮਾਨ।
ਪ੍ਰੇਮ ਦਾਮ ਸੋਂ ਬੰਧਨ ਧਰੇ[1]। — [1]ਬੰਨ੍ਹ ਕਰਕੇ।
ਬਿਛੁਰਤਿ ਬਹੁਤ ਤਜਾਗ ਕਹੁ ਕਰੇ।
ਦੋਨਹੁੰ ਜਨੁ ਇਕ ਪਾਟੀ ਪਢੇ[1]। — [1]ਦੋਨੋਂ (ਸਾਹਿਬਜ਼ਾਦੇ ਜੀ ਤੇ ਕ੍ਰਿਸ਼ਨ) ਮਾਨੋ ਇਕੋ ਪੱਟੀ ਪੜ੍ਹੇ ਹਨ।

ਮਿਲ ਸਭਿ ਕੇ ਮਨ ਲੇਵਤਿ ਕਢੇ ॥੨੯॥
ਸੋਈ ਆਨਿ ਲੀਨਿ ਅਵਤਾਰ।
ਨਿਸ਼ਚੇ ਜਾਨੇ ਪਰਹਿ ਬਿਹਾਰ।'
ਬ੍ਰਿਹੁ ਕੋ ਸੰਕਟ ਜਿਮ ਘਨਸ਼ਜਾਮੂ।
ਤਿਮ ਪਟਣੇ ਮਹਿਂ ਸਿੱਖਜਨਿ ਧਾਮੂ ॥੩੦॥
ਸ਼ਾਹੁਨਿ ਕੇ ਸੁਤ ਕੇਤਿਕ ਕਹੈਂ।
'ਹਮ ਤੌ ਇਨ ਕੇ ਸੰਗ ਹੀ ਰਹੈਂ।
ਜਬਿ ਇਸ ਦੇਸ਼ ਆਇ ਹੈਂ ਫੇਰੇ[1]।
ਨਿਜ ਸਨਬੰਧਨਿ ਕੋ ਪੁਨ ਹੇਰੇਂ[1]' ॥੩੧॥
ਤਿਨ ਕੇ ਮਾਤ ਪਿਤਾ ਸਮੁਝਾਵੈਂ।
'ਹੇ ਸੁਤ! ਅਬਿ ਇਹ ਫੇਰ ਨ ਆਵੈਂ।
ਹਮਰੇ ਬਡੇ ਭਾਗ ਜੇ ਹੋਤਿ।
ਇਹਾਂ ਬਸਤਿ ਪਿਖਿ ਅਨੰਦ ਉਦੋਤਿ' ॥੩੨॥
ਕੇਤਿਕ ਨਿਜ ਪੁੱਤ੍ਰਨਿ ਗਹਿ ਰਾਖਹਿਂ।
ਜੇ ਗੁਰ ਸੰਗ ਗਮਨ ਅਭਿਲਾਖਹਿਂ।
ਟਿਕਹਿਂ ਨਹੀਂ, ਰੋਦਨ ਕੋ ਕਰਿ ਹੀਂ।
ਬਾਰਿ ਬਾਰਿ ਸਮੁਝਾਇ ਸੁਧਰਿਹੀਂ ॥੩੩॥
ਨਿਜ ਪਰੋਸ ਮਹਿਂ[1] ਬਿਰਧਾ ਜੋਈ।
ਜਿਸਹਿ ਖਿਝਾਵਹਿਂ ਸੋ ਦੁਖ ਪੋਈ[1]।
ਬਹੁਤ ਬਿਨੈ ਕੋ ਕਰਤਿ ਬਖਾਨ।
'ਹੇ ਗੋਬਿੰਦ! ਮਮ ਪ੍ਰੇਮ ਮਹਾਨ ॥੩੪॥
ਨਹਿਂ ਮਨ ਥਿਰਹਿ ਬਹੁਤ ਅਕੁਲਾਊਂ।
ਬਾਰਿ ਬਾਰਿ ਕਹਿ ਕਿਸਹਿਂ ਬੁਲਾਊਂ।'
ਇੱਤਜਾਦਿਕ ਬਹੁ ਪ੍ਰੇਮ ਕਰੰਤੀ।
ਬਲਿਹਾਰੀ ਹੁਇ ਕਸ਼ਟ ਲਹੰਤੀ ॥੩੫॥
ਦੇਖਿ ਪ੍ਰੇਮ ਕੋ ਅਧਿਕ ਕ੍ਰਿਪਾਲਾ।
ਕਹਜੋ ਬਾਕ 'ਹੁਇ ਸ਼੍ਰੇਯ ਬਿਸਾਲਾ।
ਜਨਮ ਜਨਮ ਕੇ ਪਾਪ ਗਵੈ ਹੈਂ।
ਜਗ ਮਹਿਂ ਫੇਰ ਨ ਫੇਰਾ ਪੈ ਹੈਂ' ॥੩੬॥

[1]ਫੇਰ ਆਉਣਗੇ।
[1]ਆਪਣੇ ਸਬੰਧੀਆਂ ਨੂੰ ਤਦੋਂ ਮਿਲ ਲਵਾਂਗੇ।
[1]ਗਵਾਂਢ ਵਿਚ।
[1]ਉਹ ਦੁਖ ਨਾਲ ਪ੍ਰੋਤੀ ਗਈ।

ਤਿਸ ਕੀ ਬਯ ਜੇਤਿਕ ਲਖਿ ਸ਼ੇਸੁ।
ਦੀਨਸਿ ਘਰ ਤੇ ਦਰਬ ਵਿਸ਼ੇਸੁ।
ਉਰ ਹਰਖਾਇ ਆਸ਼ਿਖਾ ਦੇਤਿ।
ਲੋਕ ਪ੍ਰਲੋਕ ਭਲੇ ਸੁਖ ਲੇਤਿ ॥੩੭॥
ਅਪਰ ਨਿਕਟਿ ਜੇ ਪ੍ਰੇਮੀ ਮਹਾਂ।
ਘਰ ਕੋ ਦਿਯ ਸਮਾਜ ਤਿਨ ਤਹਾਂ।
ਵਧਯੋ ਬ੍ਰਿਹਾ ਕੋ[1] ਸੰਕਟ ਭਾਰੀ।
ਮਿਲਿ ਸਮੂਹ ਆਏ ਨਰ ਨਾਰੀ ॥੩੮॥
ਬਨ ਮਹਿਂ ਰਾਮਚੰਦ ਜਿਮ ਜਾਤੇ।
ਲੋਕ ਅਜੁੱਧਯਾ ਕੇ ਜਿਸ ਭਾਂਤੇ।
ਕਿਸ ਕਿਸ ਕੀ ਬਿਰਥਾ ਅਬਿ ਲਿਖੀਅਹਿ।
ਮਹਾਂ ਪ੍ਰੇਮ ਤੇ ਦੁਖ ਬਹੁ ਲਖੀਅਹਿ ॥੩੯॥
ਸੰਗਤਿ ਬਡੀ ਕਹਾਵਹਿ ਜਹਾਂ।
ਚਢਿ ਕਰਿ ਗਮਨੇ ਸਤਿਗੁਰ ਤਹਾਂ।
ਸੰਗ ਹਜ਼ਾਰੋਂ ਹੈ ਨਰ ਨਾਰੀ।
ਬ੍ਰਿਹੁ ਤੇ ਪ੍ਰਾਪਤਿ ਸੰਕਟ ਭਾਰੀ ॥੪੦॥
ਚਢੀ ਨਾਨਕੀ ਸਜੰਦਨ ਮਾਂਹੀ।
ਗੁਜਰੀ ਡੋਰੇ ਚਢਿ ਚਲਿ ਤਾਂਹੀ।
ਬੀਚ ਪਾਲਕੀ ਆਪ[1] ਸੁਹਾਏ।
ਦੇਤਿ ਚਲੇ ਦਰਸ਼ਨ ਸਮੁਦਾਏ ॥੪੧॥
ਕੇਤਿਕ ਅਸਵਾਰੀ ਪਰ ਆਵਤਿ।
ਦਰਸਹਿਂ ਏਕ ਰਾਤਿ ਸੁਖ ਪਾਵਤਿ।
ਗਮਨਹਿਂ ਸੰਗ ਜੁ ਪਗ ਪਗ ਮਾਂਹਿ[1]।
ਅਨਿਕ ਤੀਰਥਨਿ ਕੇ ਫਲ ਪਾਂਹਿ ॥੪੨॥
ਦੁਰਲਭ ਦਰਸ਼ਨ ਕਰਿ ਹੈਂ ਨੀਕੇ।
ਜੋ ਗੁਰ ਪੂਰਹਿਂ ਮਨੋਰਥ ਹੀਕੇ।
ਪਰਯੋ ਬਿਹੀਰ ਗੁਰੂ ਕੇ ਪਾਛੈ।
ਕੇਤਿਕ ਆਇ ਕਾਮਨਾ ਬਾਂਛੈ ॥੪੩॥

[1]ਵਿਛੋੜੇ ਦਾ।

[1]ਸਾਹਿਬਜ਼ਾਦੇ ਜੀ।

[1]ਜੇਹੜੇ (ਨਾਲ) ਨਾਲ ਰਾਹ ਵਿਚ ਇੱਕ ਇਕ ਕਦਮ ਚਲਦੇ ਹਨ।

ਮ੍ਰਿਦੁ ਬਾਕਨਿ ਸੋਂ ਦੇ ਦੇ ਧੀਰ।
ਮਾਰਗ ਚਲੇ ਗੁਰੂ ਨਰ ਭੀਰ।
ਸੰਗਤਿ ਬਡੀ ਆਇ ਕਿਯ ਡੇਰਾ।
ਉਤਰ ਪਰੇ ਸਗਰੇ ਤਿਸ ਬੇਰਾ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੋਬਿੰਦ ਸਿੰਘ ਜੀ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਚਤ੍ਵਾਰਿੰਸਤੀ ਅੰਸੂ ॥੪੨॥

## ੪੩. [ਕਾਂਸ਼ੀ ਪੁੱਜੇ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸੰਝ ਭਈ ਜਬਿ ਲੌ ਤਹਾਂ,
ਆਵਤਿ ਗਨ ਨਰ ਨਾਰਿ।
ਗ਼ਨੀ ਗ਼ਰੀਬ ਸੁ ਪ੍ਰੇਮ ਮਨ,
ਮਿਲੇ ਭਾਉ ਕੋ ਧਾਰਿ ॥੧॥

ਚੌਪਈ:

ਤਹਿਂ ਕੀ ਸੰਗਤਿ ਸੇਵਾ ਠਾਨੀ।
ਅਚਵਨਿ ਹੇਤੁ ਸਮਿੱਗ੍ਰੀ ਆਨੀ।
ਚਾਵਰ, ਚੂਨ, ਦਾਰ, ਘ੍ਰਿਤ ਘਨੇ।
ਆਨਤਿ ਧਰੇ ਚਾਵ ਚੌਗੁਨੇ[1] ॥੨॥
[1]ਚੌਗੁਣੇ ਚਾਉ ਨਾਲ ਲਿਆ ਕੇ ਧਰਦੇ ਹਨ।

[1]-ਸਤਿਗੁਰ ਉਤਰੇ ਮਾਤਨਿ ਸਾਥ।
[1]ਸੰਗਤ ਵਿਚਾਰਦੀ ਹੈ।

ਆਇ ਕਦਾਚਿਤ[1] ਪੁਨ ਕਬਿ ਨਾਥ[2]।
[1]ਕਦੀ ਕੁ ਆਏ ਹਨ। [2]ਫੇਰ ਨਾਥ ਜੀ ਕਦੋਂ (ਔਣ?)।

ਬਡੇ ਧਨੀ ਸਿਖ ਚਲਿ ਕਰਿ ਆਏ।
ਚਹਜੋ ਸਭਿਨਿ ਕੋ ਦੈਂ ਤ੍ਰਿਪਤਾਏ[1] ॥੩॥
[1]ਜੋ (ਕੁਛ ਕਿਸੇ ਨੂੰ) ਚਾਹੀਦਾ (ਭਾਵ ਲੋੜ) ਹੈ, ਸਾਰਿਆਂ ਨੂੰ ਦੇਕੇ ਤ੍ਰਿਪਤ ਕਰ ਦੇਈਏ।

ਸੁਜਸੁ ਨਗਰ ਮਹਿਂ ਵਧਹਿ ਹਮਾਰੇ-।
ਇੱਤਯਾਦਿਕ ਗੁਣ ਬਹੁਤ ਬਿਚਾਰੇ।
ਸੇਵਾ ਸਰਬ ਦਰਬ ਤੇ ਆਦਿ।
ਅਰਪਿ ਬਿਲੋਕੇ[1] ਗੁਰ ਅਹਿਲਾਦ ॥੪॥
[1]ਦਰਸ਼ਨ ਕੀਤੇ।

ਅਨਿਕ ਪ੍ਰਕਾਰਨ ਕੇ ਉਪਹਾਰੇ।
ਲਗੇ ਗੁਰੂ ਕੇ ਅੱਗ੍ਰ ਅੰਬਾਰੇ[1]।
[1]ਢੇਰ।

ਆਇ ਤਿਹਾਵਲ ਅਰੁ ਪਕਵਾਨ।
ਬੰਟਹਿਂ ਦੇਂ ਸਭਿ ਸਿੱਖਨਿ ਪਾਨ ॥੫॥
ਭੀਰ ਅਧਿਕ ਕੁਛ ਵਾਰ ਨ ਪਾਰਾ।
ਬਹੁ ਕੋਸਨਿ ਲੌ ਨਗਰ ਉਦਾਰਾ।
ਸਿੱਖ ਹਜ਼ਾਰਨਿ ਕੇ ਘਰ ਤਹਾਂ।
ਸੁਨਿ ਗੁਰ ਗਮਨ ਆਇ ਜਹਿਂ ਕਹਾਂ ॥੬॥
ਬਿਨੈ ਬਖਾਨਹਿਂ ਅਨਿਕ ਪ੍ਰਕਾਰ।
'ਪ੍ਰਭੁ ਜੀ! ਹਮ ਕੋ ਚਲੇ ਵਿਸਾਰ।
ਪੁਰਹਿਂ ਮਨੋਰਥ ਕਰਿ ਅਰਦਾਸ।

ਅਬਿ ਹਮ ਜਾਇ ਕੌਨ ਕੇ ਪਾਸ ॥੭॥
ਸ੍ਵਾਮੀ ਨਿਕਟਿ, ਚਹਿਤਿ ਲੇਂ ਜਾਚਾ।
ਹੋਹਿ ਦੂਰ ਕਯਾ ਕਰਹਿਂ ਉਬਾਚਾ[1]।'
ਸਤਿਗੁਰ ਕਹੑਯੋ 'ਜਨਮ ਇਸਥਾਨ।
ਕਰਹੁ ਬੇਨਤੀ ਤਹਾਂ ਬਖਾਨਿ ॥੮॥
ਸਰਬ ਕਾਮਨਾ ਮਨ ਕੀ ਪੂਰਾ।
ਕਰਯੋ ਸਥਾਪਨ ਅਪਨਿ ਪੰਘੂਰਾ।
ਬੈਠੋ ਜਹਿਂ ਹਮਰੋ ਧਰਿ ਧ੍ਯਾਨ।
ਕਰਹੁ ਬੇਨਤੀ ਜੋਰਹੁ ਪਾਨ ॥੯॥
ਗੁਰ ਸਭਿ ਥਾਨ, ਬਹਿਰ ਕਯਾ ਭੌਨ[1]।
ਮੁਖ ਤੇ ਕਹੈਂ ਕਿ ਧਰਿ ਕਰਿ ਮੌਨ।
ਸਤਿਗੁਰ ਜਾਨਹਿਂ ਸਭਿ ਕੇ ਮਨ ਕੀ।
ਕਯੋਂ ਨ ਪੁਰਹਿਂਗੇ ਆਸਾ ਜਨ ਕੀ'
॥੧੦॥
ਸਹਿਤ ਮਸੰਦਨਿ ਸੰਗਤਿ ਸੁਨਿ ਕੈ।
ਬਿਸਮਾਨੇ ਪੂਰਨ ਗੁਰ ਗੁਨਿ ਕੈ।
-ਲਘੁ ਬਯ ਮਹਿ ਬਹੁ ਸੁਮਤਿ ਬਤਾਵੈਂ।
ਨਿਜ ਸਿੱਖਯਨਿ ਕੀ ਸ਼੍ਰੇਯ ਜਨਾਵੈਂ ॥੧੧॥
ਕਯੋਂ ਨ ਕਹੈਂ, ਕਯਾ ਅਚਰਜ ਮਾਨੋ।
ਸਤਿਗੁਰ ਕੇ ਨੰਦਨ ਪਹਿਚਾਨੋ-।
'ਧੰਨ ਧੰਨ' ਕਰ ਜੋਰਿ ਬਖਾਨੈਂ।
ਬ੍ਰਿਹੁ ਤੇ ਤਊ ਮਹਾਂ ਦੁਖ ਜਾਨੈਂ ॥੧੨॥
ਅਨਿਕ ਪ੍ਰਕਾਰਨ ਕਰੇ ਅਹਾਰਾ।
ਆਨਯੋ ਗੁਰ ਕੇ ਢਿਗ ਭਰਿ ਥਾਰਾ।
ਤੁਰਸ਼[1] ਮਧੁਰ[2] ਚਰਪਰਾ[3] ਬਨਾਇ।
ਮੇਵਾ ਬ੍ਰਿੰਦ ਗਿਰੀ ਗਨ ਪਾਇ ॥੧੩॥
ਬਹੁ ਬਿਧਿ ਕੇ ਚਾਵਰ ਕਰਿਵਾਏ।
ਪਤਰੇ[1], ਬਡ[2] ਖੁਸ਼ਬੋਇ ਉਠਾਏ[3]।
ਮਧੁਰ, ਸਲਵਣ ਘ੍ਰਿੱਤ ਭੁੰਜਵਾਏ।
ਸੂਪਕਾਰ ਮਤਿ ਚਤੁਰ ਬਨਾਏ ॥੧੪॥
ਆਨਿ ਮੁਰੱਬੇ ਜੇ ਫਲ ਨਾਨਾ[1]।
ਅਨਿਕ ਅਚਾਰਨ ਲ੍ਯਾਵਨਿ ਠਾਨਾ।

[1]ਕੀ ਕਹਿ ਸਕਾਂਗੇ।

[1]ਬਾਹਰ ਕੀ ਤੇ ਘਰ ਵਿਚ ਕੀ।

[1]ਖੱਟਾ। [2]ਮਿੱਠਾ। [3]ਕਰਾਰਾ।

[1]ਪਤਲੇ। [2]ਲੰਬੇ। [3]ਖੁਸ਼ਬੂ ਵਾਲੇ।

[1]ਫਲਾਂ ਦੇ ਮੁਰੱਬੇ।

ਕਹਿਂ ਲੌ ਗਿਨੌਂ ਅਨੇਕ ਪ੍ਰਕਾਰਾ।
ਤ੍ਰਿਪਤਾਏ ਸਭਿ ਦੀਨਿ ਅਹਾਰਾ ॥੧੫॥
ਜਿਤਨੀ ਸੰਗ ਸੰਗਤਾਂ ਆਈ।
ਇਕ ਸਮ ਸਭਿਨਿ ਦੇਗ਼ ਬਰਤਾਈ।
ਗੁਰੂ ਹੁਕਮ ਤੇ ਅਚਵਜੋ ਸਾਰੇ।
ਦਿਯੋ ਨ ਕਰਿਬੇ ਕਿਸੈ ਅਹਾਰੇ[1] ॥੧੬॥

[1]ਕਿਸੇ ਨੂੰ ਬੀ (ਆਪਣਾ) ਅਹਾਰ ਤਿਆਰ ਕਰਨ ਨਾ ਦਿੱਤਾ।

ਉਤਸਵ ਭਯੋ ਮਿਲਜੋ ਬਡ ਮੇਲਾ।
ਚਹਿ ਦਰਸ਼ਨ ਤੇ ਜਨਮ ਸੁਹੇਲਾ।
ਜਾਮ ਨਿਸਾ ਲੌ ਦੇਖਤਿ ਰਹੇ।
ਬਹੁਰ ਨੀਂਦ ਸੁਖ ਕੋ ਉਰ ਲਹੇ ॥੧੭॥
ਨਿਜ ਨਿਜ ਥਾਨ ਜਥਾ ਸੁਖ ਸੋਏ।
ਗੁਰ ਗੁਨ ਉਰ ਧਰਿ ਕਰਿ ਸਭਿ ਕੋਏ।
ਜਾਮ ਨਿਸਾ ਤੇ ਆਸਾਵਾਰ।
ਗਾਇਂ ਰਬਾਬੀ ਪ੍ਰੇਮ ਉਦਾਰ ॥੧੮॥
ਸੌਚ ਸ਼ਨਾਨ ਕਰੇ ਉਠਿ ਕਰਿ ਕੇ।
ਸਿਮਰਹਿਂ ਸੱਤਿਨਾਮ ਗੁਰ ਹਰਿ ਕੇ[1]।

[1]ਗੁਰਾਂ ਦੁਆਰੇ (ਪ੍ਰਾਪਤ ਹੋਇਆ) ਹਰੀ ਦਾ 'ਸੱਤਿਨਾਮ।'

ਗੁਰ ਜਾਗੇ, ਕਰਿ ਸੌਚ ਸ਼ਨਾਨਾ।
ਪੋਸ਼ਿਸ਼ ਪਹਿਰੀ ਚਾਰੁ ਮਹਾਨਾ ॥੧੯॥
ਬਡੀ ਪ੍ਰੀਤਿ ਤੇ ਆਵਨਿ ਲਗੇ।
ਧਰਹਿਂ ਉਪਾਇਨ ਮਨ ਅਨੁਰਾਗੇ।
ਚਹੁੰਦਿਸ਼ਿ ਮਹਿਂ ਕਹਿ ਦਿਏ ਬਿਠਾਇ।
ਨਿਜ ਨਿਜ ਦਿਸ਼ਿ ਗੁਰ ਮੁਖ ਦਿਖਰਾਇ ॥੨੦॥
ਧੀਰਜ ਦਈ ਸਭਿਨਿ ਕੋ ਤਬੈ।
'ਆਨਿ ਅਨੰਦ ਪੁਰਿ ਹੇਰਹੁ ਕਬੈ।
ਜਨਮ ਭੂਮਿ ਪਟਣੇ ਮਹਿਂ ਮੇਰੀ।
ਮਹਿਮਾ ਮਹਾਂ ਬਿਲੋਕਨਿ ਕੇਰੀ ॥੨੧॥
ਦਰਸਹੁ ਨਿਤ ਹੀ ਨੇਮ ਨਿਬਾਹੋ।
ਸ਼ਰਧਾ ਸਹਿਤ ਕਾਮਨਾ ਪਾਹੋ।
ਹੁਇ ਬਿਸਾਲ ਪ੍ਰੇਮੀ ਸਿਖ ਜੋਇ।
ਆਨਿ ਅਨੰਦਪੁਰਿ ਦਰਸੈ ਸੋਇ'

॥੨੨॥
ਇੱਤਜ਼ਾਦਿਕ ਕਹਿ ਦੈ ਦੈ ਧੀਰ।
ਚਹੁੰਦਿਸ਼ਿ ਮਹਿਂ ਸੰਗਤਿ ਕੀ ਭੀਰ।
ਚਢੇ ਪਾਲਕੀ ਮਹਿਂ ਤਤਕਾਲ।
'ਗਮਨਹੁ' ਸਭਿ ਸੋਂ ਕਹਯੋ ਕ੍ਰਿਪਾਲੁ
॥੨੩॥
ਪਰੇ ਪੰਥ ਸਜੰਦਨ ਅਰੁ ਡੋਰੇ।
ਏਕ ਚਲੇ ਆਵਤਿ ਗੁਰ ਓਰੇ।
ਇਕ ਕਰਿ ਕਰਿ ਬੰਦਨ ਮੁਰਿ ਪਰੇ।
ਜਸੁ ਉਚਰਤਿ ਚਿਤਵਤਿ ਘਰ ਬਰੇ
॥੨੪॥
ਏਕ ਦੂਰ ਲੌਂ ਗੁਰ ਸੰਗ ਆਏ।
ਕਹਿ ਬਹੁ ਬਾਰੀ ਸਿੱਖ ਹਟਾਏ।
ਚਰਨ ਸਪਰਸਹਿਂ ਆਂਸੂ ਗੇਰਹਿਂ।
ਇਕ ਥਿਰ ਰਹੇ, ਏਕ ਹਟਿ ਹੇਰਹਿਂ
॥੨੫॥
ਜੋ ਜਿਸ ਜੋਗ ਸੁ ਜਾਨਿ ਸੁਜਾਨਾ[1]।
ਸਿਰੋਪਾਉ ਦੈਬੋ ਤਿਸ ਥਾਨਾ।
ਸਾਦਰ ਸਗਰੇ ਕਰੇ ਬਿਸਰਜਨ।
ਲਖਿ ਸੁਭਾਵ ਉਰ ਹਰਖਤਿ ਗਨ ਜਨ
॥੨੬॥
ਕਰਤਿ ਪ੍ਰਸ਼ੰਸਾ ਸਦਨ ਸਿਧਾਰੇ।
ਗੁਰ ਬ੍ਰਿਹੁ ਤੇ ਦੁਖ ਧੀਰਜ ਟਾਰੇ[1]।
ਇਮ ਪਟਣੇ ਪੁਰਿ ਸੰਗਤਿ ਬਰੀ।
ਘਰ ਘਰ ਸਭਿਨਿ ਬਾਰਤਾ ਕਰੀ ॥੨੭॥
ਸਿਵਕਾ ਪਰ ਗੁਰ ਕੀਨਿ ਪਯਾਨਾ।
ਨਰਨਿ ਉਠਾਇ ਸਮੱਗ੍ਰੀ ਨਾਨਾ।
ਮਾਤ ਨਾਨਕੀ ਸਜੰਦਨ ਬਿਖੈ।
ਪੌਤ੍ਰੇ ਕਹੁ ਪ੍ਰਤਾਪ ਬਡ ਪਿਖੈ ॥੨੮॥
ਸ਼੍ਰੀ ਗੁਜਰੀ ਚਾਲੀ ਚਢਿ ਡੋਰੇ।
ਗਮਨੇ ਮੁਖ ਕਰਿ ਪਸ਼ਚਮ ਓਰੇ।
ਦੋਇ ਜਾਮ ਲੌਂ ਕੀਨਿ ਪਯਾਨੂ।

[1]ਸੁਜਾਨ ਜੀ ਨੇ ਜਾਣਿਆ।

[1]ਗੁਰਾਂ ਦੇ ਵਿਛੋੜੇ ਤੇ ਧੀਰਜ ਦੂਰ ਹੋ ਕੇ ਦੁਖ ਹੋਇਆ।

ਡੇਰਾ ਕਰਤੋ ਢਰਤੋ ਜਬਿ ਭਾਨੁ ॥੨੯॥
ਖਾਨ ਪਾਨ ਸਗਰੋ ਕਰਿਵਾਏ।
ਪਸ਼ੂਅਨਿ ਤ੍ਰਿਣ ਦਾਨਾ ਗਨ ਪਾਏ।
ਨਿਕਟਿ ਜਿ ਸਿਖ ਸੁਨਿ ਕਰਿ ਸਭਿ ਆਏ।
ਅਪਰ ਅਕੋਰਨਿ ਦਰਸ਼ਨ ਪਾਏ ॥੩੦॥
ਇਸੀ ਰੀਤਿ ਗੁਰ ਮਾਰਗ ਚਾਲੇ।
ਨਿਸ ਬਿਸਰਾਮ ਕਰਹਿਂ ਸੁਖ ਨਾਲੇ।
ਦਿਨ ਮਹਿਂ ਗਮਨਹਿਂ ਮਗ ਜੁਗ ਜਾਮ[1]।
ਨਿਸ ਸਿਖ ਧਾਮ ਨਗਰ ਕੈ ਗ੍ਰਾਮ[1] ॥੩੧॥
ਤਹਿਂ ਤੇ ਸੁਨਤਿ ਮਿਲੈਂ ਮੁਦ ਪਾਏ।
ਲਖਹਿਂ ਭਾਗ ਬਡ, ਪ੍ਰਭੁ ਢਿਗ ਆਏ।
ਜਥਾ ਸ਼ਕਤਿ ਸਭਿ ਸੇਵਾ ਕਰੈਂ।
ਕਰ ਜੋਰਹਿਂ ਪਦ ਪਰ ਸਿਰ ਧਰੈਂ ॥੩੨॥
ਦਿਨਪ੍ਰਤਿ ਕਰਹਿਂ ਕੂਚ ਮਗ ਚਾਲੈਂ।
ਉਲੰਘਤਿ ਆਏ ਪੰਥ ਬਿਸਾਲੈ।
ਸਿਵ ਕੀ ਪੁਰੀ[1] ਮੁਕਤਿ ਦਾ ਪਾਵਨ।
ਜਹਿਂ ਬਿੱਦਜਾ ਬਡ ਪਢਨਿ ਪਢਾਵਨਿ ॥੩੩॥
ਕੇਤਿਕ ਦਿਨ ਮਹਿਂ ਸੋ ਨਿਯਰਾਈ।
ਜੁਗ ਮਾਤਨਿ ਸੋਂ ਕਹਤਿ ਸੁਨਾਈ।
'ਕੇਤਿਕ ਸਮੈ ਬਸੈਂ ਇਸ ਨਗਰੀ।
ਮਹਿ ਮੰਡਲ ਮਹਿਂ ਮਹਾਂ ਉਜਗਰੀ ॥੩੪॥
ਗਨ ਗੁਨਵੰਤੇ ਦਿਜ ਤੇ ਆਦਿ।
ਮਾਨਵ ਰਹੈਂ ਧਰੈਂ ਅਹਿਲਾਦ।'
ਸੁਨਤਿ ਨਾਨਕੀ ਪੌਤ੍ਰੇ ਬਾਨੀ।
ਹਰਖਤਿ ਹ੍ਵੈ ਕਰਿ ਨਿਕਟਿ ਬਖਾਨੀ ॥੩੫॥
'ਪਿਤਾ ਤੁਮਾਰੇ ਗਮਨਤਿ ਆਏ।
ਹਮ ਸਭਿ ਸੰਗ ਤਬੈ ਦਰਸਾਏ।

[1]ਦੋ ਪਹਿਰ ਰਸਤਾ ਟੁਰਦੇ ਹਨ।

[1]ਰਾਤ ਨੂੰ ਕਿਸੇ ਨੱਗਰ ਯਾ ਪਿੰਡ ਵਿਚ ਕਿਸੇ ਸਿੱਖ ਦੇ ਘਰ।

[1]ਕਾਂਸ਼ੀ।

ਪ੍ਰੀਤਵਾਨ ਸੰਗਤਿ ਬਹੁ ਆਈ।
ਕਰਜੋ ਕੀਰਤਨ ਉਰ ਹਰਖਾਈ ॥੩੬॥
ਹਾਥ ਜੋਰਿ ਰਾਖੇ ਦਿਨ ਕੇਤੇ।
ਦਿਨ ਪ੍ਰਤਿ ਦਰਸਤਿ ਬਹੁ ਸੁਖ ਲੇਤੇ।
ਅਬਿ ਤੁਮ ਕੋ ਮਿਲਿ ਹੈਂ ਸਭਿ ਆਏ।
ਰਹਹੁ ਆਪ ਜੈਸੇ ਮਨ ਭਾਏ' ॥੩੭॥
ਇਮ ਬੋਲਤਿ ਬਿਗਸਤਿ ਬਹੁ ਭਾਂਤੀ।
ਦਾਸਨਿ ਸਾਥ ਕਰਤਿ ਪੁਨ ਬਾਤੀ।
ਕਾਂਸ਼ੀ ਵਹਿਰ ਆਇ ਕਰਿ ਖਰੇ।
ਸਕਲ ਵਹੀਰ ਮਿਲਾਵਨਿ ਕਰੇ ॥੩੮॥
ਸੰਗਤਿ ਬਿਖੈ ਜਾਇ ਸੁਧਿ ਹੋਈ।
ਉਰ ਧਰਿ ਹਰਖ ਤਜਾਰ ਸਭਿ ਕੋਈ।
ਆਗੇ ਆਦਰ ਕੋ ਹਿਤ ਲੇਨਿ।
ਸਭਿ ਗਮਨੇ ਸ਼ਰਧਾ ਮਨਭੇਨ[1] ॥੩੯॥
ਮੇਵਨਿ ਕੀ ਡਾਲੀ ਗਨ ਲੀਨਿ।
ਪੁਰਿ ਤੇ ਵਹਿਰ ਨਿਕਸਿਬੋ ਕੀਨਿ।
ਗੁਰ ਕੇ ਸਨਮੁਖ ਸਭਿ ਚਲਿ ਆਏ।
ਗਾਵਤਿ ਸ਼ਬਦ ਪ੍ਰੇਮ ਉਮਹਾਏ ॥੪੦॥
ਖਰੇ ਦੂਰ ਜਿਤ ਦਿਸਿ ਜਬਿ ਦੇਖੈਂ।
ਭਯੋ ਸਭਿਨਿ ਆਨੰਦ ਬਿਸ਼ੇਖੈ।
ਗੰਗਾ ਜਲ ਤਰਿ ਕੈ ਪਰਿ ਪਾਰ[1]।
ਗਏ ਗੁਰੂ ਆਗਵਨ ਬਿਚਾਰਿ ॥੪੧॥
ਬੰਦਨ ਕਰਿ ਡੇਰਾ ਕਰਿਵਾਏ।
ਆਗੈ ਮਿਲੇ ਅਪਰ[†] ਸਮੁਦਾਏ।
ਖਰੇ ਨਿਕਟਿ ਨੰਮ੍ਰੀ ਸਿਰ ਹੋਏ।
ਹਾਥ ਜੋਰਿ ਕਰਿ ਦਰਸ਼ਨ ਜੋਏ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

[1]ਸ਼ਰਧਾ ਵਿਚ ਮਨ ਭਿੱਜੇ ਹੋਏ।

[1]ਪਾਰ ਪੈਕੇ।

[†]ਪਾ:-ਆਨਿ।

## ੪੪. [ਕਾਂਸ਼ੀ ਵਿੱਚ ਨਿਵਾਸ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਮਿਲੇ ਕੀਨੇ ਸਭਿ ਬੰਦਨਾ, ਸਿਖ ਕਰਿ ਕੈ
ਉਰ ਭਾਉ।
ਗਨ ਮੇਵੇ ਅਰਪਨ ਕਰੇ, ਆਨੰਦ ਰਿਦ ਨ
ਸਮਾਉ ॥੧॥

ਚੌਪਈ:

ਸਭਿਨਿ ਸੰਗ ਹੁਇ ਲਜਾਵਨਿ ਠਾਨੇ।
ਡੇਰਾ ਕਰਿਵਾਯਹੁ ਸ਼ੁਭ ਥਾਨੇ।
ਸੁੰਦਰ ਇਕ ਪ੍ਰਯੰਕ ਲੇ ਆਏ।
ਉੱਜਲ ਆਸਤਰਨ ਕੋ ਛਾਏ ॥੨॥
ਸ਼੍ਰੀ ਗੁਰ ਤੇਗ ਬਹਾਦਰ ਨੰਦਨ।
ਬੈਠਾਰੇ ਕਰਿ ਸਿੱਖਨਿ ਬੰਦਨ।
ਸਕਲ ਪੁਰੀ ਮਹਿਂ ਸੁਧਿ ਹੁਇ ਆਈ।
ਦਰਸ਼ਨ ਹਿਤ ਸੰਗਤਿ ਉਮਡਾਈ ॥੩॥
ਆਪਸ ਬਿਖੈ ਭਨੈਂ ਨਰ ਨਾਰੀ।
'ਆਯੋ ਪ੍ਰਥਮ ਗੁਰੂ ਇਕ ਬਾਰੀ।
ਜਿਹ ਸ਼੍ਰੀ ਤੇਗ ਬਹਾਦਰ ਨਾਮੂ।
ਤਿਨ ਕੇ ਇਹ ਨੰਦਨ ਅਭਿਰਾਮੂ ॥੪॥
ਜਿਨ ਕੋ ਦਰਸਨ ਪੁਰਵਹਿ ਸ੍ਵਾਰਥ।
ਲੇ ਸ਼ਰਧਾਲੂ ਕਾਰ ਪਦਾਰਥ।
ਘਰ ਮਹਿਂ ਚਲਿ ਕਰਿ ਨਵਨਿਧਿ ਆਈ।
ਹੋਹਿ ਕੁਭਾਗੀ ਲੇਨਿ ਨ ਜਾਈ' ॥੫॥
ਇਮ ਕਹਿ ਲੇ ਲੇ ਕਰਿ ਉਪਹਾਰ।
ਮਿਲਿ ਕਰਿ ਚਲੇ ਬ੍ਰਿੰਦ ਨਰ ਨਾਰਿ।
ਆਨਿ ਹਜ਼ਾਰਹੁਂ ਦਰਸ਼ਨ ਕਰੈਂ।
ਭਾਂਤਿ ਭਾਂਤਿ ਕੀ ਭੇਟਨਿ ਧਰੈਂ ॥੬॥
ਮੂਰਤਿ ਅਲਪ ਸਲੋਨੀ[1] ਦੇਖਿ।
ਸ਼ੁਭ ਗੁਨ ਮਹਿਂ ਸਭਿਹੂੰਨਿ ਵਿਸ਼ੇਸ਼[1]।
ਕਰਹਿਂ ਸਰਾਹਨਿ ਆਪਸ ਮਾਂਹੀ।
'ਇਹ ਗੁਰ ਜੋਧਾ ਬਨਹਿਂ ਮਹਾਂ ਹੀ ॥੭॥

[1]ਛੋਟੀ ਤੇ ਸੁੰਦਰ।

[1]ਸਾਰਿਆਂ ਤੋਂ ਵੱਡੇ।

ਮਹਾਂ ਪ੍ਰਤਾਪਵੰਤ ਮੁਖ ਦਿਪੈ।
ਕਯੋਂ ਨ ਸ਼੍ਰੇਯ ਹੁਇ ਜੋ ਇਨ ਜਪੈ।'
ਇਕ ਆਵਤਿ ਇਕ ਜਾਤਿ ਸਦਨ ਕੋ।
ਇਕ ਦੇਖਤਿ ਹੈਂ ਗੁਰੂ ਬਦਨ ਕੋ ॥੮॥
ਸੰਧਯਾ ਲੌ ਮੇਲਾ ਬਡ ਹੋਵਾ।
ਪਾਵਨ ਗੁਰ ਸਰੂਪ ਕਹੁ ਜੋਵਾ।
ਦੇਗ਼ ਹੇਤੁ ਸਾਮਿੱਗ੍ਰੀ ਆਨੀ।
ਚਾਵਰ ਚੂਨ ਘ੍ਰਿੱਤ ਮਿਸ਼ਟਾਨੀ ॥੯॥
ਜੇਤਿਕ ਖਰਚ ਖਾਨ ਹਿਤ ਜਾਨਾ।
ਸ਼ੁਭ ਵਸਤੁਨ ਕੋ ਗਨ ਤਹਿਂ ਆਨਾ।
ਬਿਬਿਧਿ ਬਿਧਿਨਿ ਕੇ ਬਨੇ ਅਹਾਰਾ।
ਪਾਇਸ ਮਹਿਂ ਮੇਵਾ ਗਨ ਡਾਰਾ ॥੧੦॥
ਮਨ ਭਾਵਤਿ ਕਰਿ ਥਾਰ ਭਰਯੋ ਹੈ।
ਸਤਿਗੁਰ ਅਚਵਨ ਤਬਹਿ ਕਰਯੋ ਹੈ।
ਮਾਤਨ ਆਦਿ† ਮਨੁਜ ਸਮੁਦਾਏ। †ਪਾ:-ਸੰਗਤਿ ਆਇ।
ਖਾਨ ਪਾਨ ਕਰਿ ਸਭਿ ਤ੍ਰਿਪਤਾਏ ॥੧੧॥
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਜਾਗੇ ਜਬਿ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਬੈਸੇ।
ਦਰਸ਼ਨ ਹਿਤ ਪੁਨ ਆਵਹਿਂ ਤੈਸੇ[1] ॥੧੨॥ [1]ਸਿੱਖ ਤਿਵੇਂ ਹੀ ਆਉਂਦੇ ਹਨ।
ਦਿਜ ਸਮੂਹ ਸੁਨਿ ਕਰਿ ਤਬਿ ਆਏ।
ਦੇਖਤਿ ਨਮੋ ਕਰਹਿਂ ਸਿਰ ਨਜਾਏ।
ਬੈਠੇ ਸਭਿ ਸਮੀਪ ਹਰਖਾਏ।
ਕਹੈਂ 'ਪ੍ਰਥਮ ਤੁਮਰੇ ਪਿਤ ਆਏ ॥੧੩॥
ਕਰੇ ਪਰੋਹਤ ਤੀਰਥ ਕੇਰੇ[1]। [1]ਇਸ ਤੀਰਥ ਤੇ (ਆਪਣੇ) ਪ੍ਰੋਹਤ ਬਣਾਏ।
ਦਿਯੋ ਦਾਨ ਹਮ ਕੋ ਬਹੁਤੇਰੇ।
ਕਰਤਿ ਪ੍ਰਤੀਖਨ ਰਹੈਂ ਸਦਾਈ।
ਗੁਰੂ ਬੰਸ ਆਵਹਿ, ਧਨ ਪਾਈਂ ॥੧੪॥
ਜਿਸ ਤੇ ਤ੍ਰਿਪਤ ਹੋਇ ਹਮ ਰਹੈਂ।
ਅਪਰਨ ਤੇ ਨਹਿ ਜਾਚਾ ਲਹੈਂ[1]। [1]ਹੋਰਨਾਂ ਤੋਂ ਨਾ ਮੰਗੀਏ (ਫਿਰ)।
ਜਗਤ ਸ਼ਿਰੋਮਣਿ ਪੂਜ ਸਭਿਨਿ ਕੇ।

ਸਮਸਰ ਕਹੂੰ ਨ ਜਾਨਿਯ ਜਿਨ ਕੇ ॥੧੫॥
ਯਾਂ ਤੇ ਹਮ ਭੀ ਧੰਨ ਕਹਾਵੈਂ।
ਦਰਸ਼ਨ ਕਰਹਿਂ ਦਰਬ ਕੋ ਪਾਵੈਂ।'
ਸੁਨਿ ਬ੍ਰਿਤਾਂਤ ਕੋ ਤਬਿ ਮੁਸਕਾਏ।
'ਕਹਾਂ ਜਾਚਤੇ? ਦੇਹੁ ਬਤਾਏ ॥੧੬॥
ਜੋ ਤੁਮ ਲੈਬੋ ਹੋਇ ਸੁ ਕਹੀਅਹਿ।
ਨਹਿਂ ਪਰਵਾਹ ਗੁਰੂ ਘਰ ਲਹੀਅਹਿ।
ਸ਼ਿਵ ਕੀ ਪੁਰੀ ਸੁ ਬਾਸ ਤੁਮਾਰਾ।
ਸ਼ਾਸਤ੍ਰਨ ਕੀ ਵਿੱਦ੍ਯਾ ਸੁ ਉਦਾਰਾ' ॥੧੭॥
ਸੁਨਿ ਦਿਜਿ ਵਿੱਦ੍ਯਾਵਾਨ ਬਖਾਨੈਂ।
'ਹਮਹਿ ਦੇਹੁ ਸਰਬੰਸ ਮਹਾਨੈ।
ਦੈਵਜੋਗ[1] ਆਗਮਨਿ ਤੁਮਾਰਾ।
ਯਾਂ ਤੇ ਜਾਚਹਿਂ ਦਾਨ ਉਦਾਰਾ' ॥੧੮॥
ਤਬਿ ਸਤਿਗੁਰ ਬਾਨੀ ਤਿਮ ਜਾਨੀ।
ਦੇ ਸਰਬੰਸ ਜੁ ਵਸਤੁ ਮਹਾਨੀ।
ਸੁਨਤਿ ਮੋਦ ਬਿੱਪ੍ਰਨਿ ਕੇ ਹੋਵਾ।
ਮਹਾਂ ਉਦਾਰ ਪ੍ਰਭੂ ਕਹੁ ਜੋਵਾ ॥੧੯॥
'ਜੈਸੇ ਉੱਜਲ ਬੰਸ ਉਦਾਰਾ।
ਤੈਸੋ ਸੁਠ ਸਰੂਪ ਅਵਿਤਾਰਾ।
ਜਿਮ ਸਰੂਪ ਤਿਮ ਮਤਿ ਹੈ ਊਚੇ।
ਜੈਸੀ ਮਤਿ ਤਿਮ ਗੁਨ ਬਹੁ ਸੂਚੇ ॥੨੦॥
ਆਦਿ ਉਦਾਰ ਸੂਰਤਾ[1] ਲਹੈਂ।
ਬਾਲਿਕ ਬਯ ਮਹਿਂ ਇਸ ਬਿਧਿ ਅਹੈਂ।'
ਤਬਿ ਸ਼੍ਰੀ ਸਤਿਗੁਰ ਗੰਗਾ ਤੀਰ।
ਗਮਨੇ ਸੰਗ ਦਿਜਨ ਕੀ ਭੀਰ ॥੨੧॥
ਕਰਿ ਸ਼ਨਾਨ ਕੋ ਬੰਸ ਵਤੰਸ[1]।
ਦੀਨਿਸਿ ਦਾਨ ਤਬਹਿ ਸਰਬੰਸ†।
ਬਿੱਪ੍ਰਨ ਬਹੁ ਅਨੰਦ ਕੋ ਪਾਇ।

[1]ਕੁਦਰਤ ਨਾਲ।

[1]ਉਦਾਰਤਾ ਸੂਰਮਤਾ ਆਦਿ ਗੁਣ।

[1]ਭਾਵ ਗੁਰੂ ਜੀ।

†ਦੇਖੋ ਰਾ: ੧੧, ਅੰ: ੫੭, ਅੰਕ ੯ ਤੇ ੧੮ ਦੀਆਂ ਹੇਠਲੀਆਂ ਟੂਕਾਂ। ਮਹਿਮਾ ਪ੍ਰਕਾਸ਼ ਵਿਚ ਇਹ ਪ੍ਰਸੰਗ ਹੈ ਨਹੀਂ। ਨਾਲੇ ਪੜ੍ਹੋ ਦਸਵੇਂ ਪਾਤਸ਼ਾਹ ਦਾ ਸ੍ਵੈਯਾ 'ਤੀਰਥ ਨਾਨ ਦਇਆ ਦਮ ਦਾਨ......।

ਲੇ ਸਭਿ ਵਸਤੁ ਦਰਬ ਸਮੁਦਾਇ ॥੨੨॥
ਉਸਤਤਿ ਕਰੀ ਅਨੇਕ ਪ੍ਰਕਾਰਾ।
ਲੇ ਕਰਿ ਗਮਨੇ ਕਈ ਹਜ਼ਾਰਾ।
ਸਗਰੀ ਪੁਰੀ ਰੁੱਦ੍ਰ ਕੀ ਬੀਚ।
ਕੀਰਤਿ ਕਰਤਿ ਊਚ ਅਰੁ ਨੀਚ ॥੨੩॥
ਜਬਿ ਗੁਰ ਸਭਿ ਕਿਛ ਦੀਨੋ ਦਾਨ।
ਸੰਗਤਿ ਗਨ ਮਸੰਦ ਸੁਨਿ ਕਾਨ।
ਵਸਤੁ ਬਟੋਰਨਿ ਕੀਨਿ ਘਨੇਰੀ।
ਘਨੇ ਬਸਤ੍ਰ ਆਨੇ ਤਿਸ ਬੇਰੀ ॥੨੪॥
ਦਰਜ਼ੀ ਲਜਾਇ ਸਿਵਾਵਨਿ ਕਰੇ।
ਬਾਹਨ ਮੋਲ ਆਨਿਬੋ ਕਰੇ।
ਦਿਨ ਕੇਤਿਕ ਇਮ ਬੀਤੇ ਜਬੈ।
ਨਿਕਟਿ ਨਿਕਟਿ ਸੁਧਿ ਪਸਰੀ ਤਬੈ ॥੨੫॥
ਜੌਨਪੁਰੇ ਕੀ ਸੰਗਤਿ ਆਈ।
ਗੁਰ ਕੀ ਕਾਰ ਦਰਬ ਗਨ ਲਜਾਈ।
ਜੋ ਪ੍ਰੇਮੀ ਗੁਰਬਖਸ਼ ਮਸੰਦ।
ਸਭਿ ਮਹਿਂ ਮੁਖਿ ਧਰਿ ਆਇ ਅਨੰਦ ॥੨੬॥
ਗਾਵਤਿ ਸ਼ਬਦ ਹਜ਼ੂਰ ਪਹੂਚੇ।
ਸੁਨਹਿ ਅਨੇਕ ਰਾਗ ਹੁਇ ਊਚੇ।
ਕਰਿ ਦਰਸ਼ਨ ਕੋ ਅਰਪਿ ਅਕੋਰ।
ਬੰਦਤਿ ਹੈਂ ਪਗ ਜੁਗ ਕਰ ਜੋਰਿ ॥੨੭॥
ਕਰੀ ਕਾਮਨਾ ਜਾਚਹਿਂ ਜੋਇ।
ਪੂਰਤਿ ਭਏ ਪ੍ਰਭੁ ਤਬਿ ਸੋਇ।
ਤੀਨ ਦਿਵਸ ਗੁਰ ਕੇ ਢਿਗ ਰਹੇ।
ਜਥਾ ਜੋਗ ਸਿਰੁਪਾਉ ਸੁ ਲਹੇ ॥੨੮॥
'ਬਾਲ ਆਰਬਲ ਸੁੰਦਰ ਸੂਰਤਿ।
ਰਚੀ ਬਿਧਾਤੇ ਸਭਿ ਗੁਨ ਪੂਰਤਿ।'
ਇੱਤਜਾਦਿਕ ਬਹੁ ਕਰਤਿ ਪ੍ਰਸ਼ੰਸ਼ਾ।
'ਹੁਇ ਹੈਂ ਸੋਢਿ ਬੰਸ ਅਵਿਤੰਸ਼ਾ' ॥੨੯॥

ਭਯੋ ਦਰਬ ਗੁਰ ਨਿਕਟਿ ਘਨੇਰਾ।
ਸਕਲ ਕਾਜ ਬਨਵਾਯਹੁ ਫੇਰਾ।
ਬਹੁਰ ਚਲਨਿ ਕੀ ਕੀਨਸਿ ਤਜਾਰੀ।
ਦੇ ਸਿਰੁਪਾਉ ਸੰਗਤਾਂ ਸਾਰੀ ॥੩੦॥
ਸੁਨਿ ਸੁਨਿ ਜਸੁ ਕੋ ਨਰ ਸਮੁਦਾਏ।
ਕਹਹਿਂ 'ਕਰਹੁ ਸਿਖ, ਸ਼ਰਨੀ ਆਏ।'
ਦੇਖਿ ਭਾਉ ਤਿਨ ਕੇ ਮਨ ਕੇਰਾ।
ਪਗ ਪਾਹੁਲ ਦੀਨਸਿ ਤਿਸ ਬੇਰਾ ॥੩੧॥
ਜਿਨ ਜਿਨ ਪੀਯਸਿ ਭਏ ਨਿਹਾਲ।
ਗੁਰ ਪ੍ਰਭਾਉ ਕੋ ਲਖਯੋ ਬਿਸਾਲ।
ਮਿਲਿ ਸੰਗਤਿ ਸਭਿ ਅਰਜ਼ ਉਚਾਰੀ।
'ਚਲਹੁ ਪ੍ਰਭੂ! ਅਬਿ ਪੁਰੀ ਮਝਾਰੀ ॥੩੨॥
ਸਿਵਕਾ ਆਦਿ ਨਯੋ ਸਭਿ ਸਾਜ।
ਊਪਰ ਚਢਿ ਚਾਲੇ ਮਹਾਰਾਜ।
ਭੀਰ ਹਜ਼ਾਰਹੁਂ ਨਰ ਕੀ ਸੰਗ।
ਗਮਨੇ ਗੁਰੂ ਨਿਹਾਰਤਿ ਸੰਗ ॥੩੩॥
ਸੁਰਸਰਿ ਤੀਰ ਤਰੀ ਅਨੁਵਾਈ।
ਉਤਰਨਿ ਪਾਰ ਅਰੂਢਿ ਗੁਸਾਈਂ।
ਕੇਵਟ ਨਵਕਾ ਪਾਰ ਲੰਘਾਏ।
ਦਰਬ ਦੀਨਿ ਬਹੁ, ਸੇ ਹਰਖਾਏ ॥੩੪॥
ਜਿਸ ਜਿਸ ਗਰੀਅਨਿ ਜਾਹਿਂ ਅਗਾਰੀ।
ਚਢੀ ਅਟਾਰਨਿ ਦਰਸਹਿਂ ਨਾਰੀ।
ਜਿਮ ਘਨ ਮੈਂ ਤੜਿਤਾ[1] ਚਮਕਾਵੈ।
ਬਿਸਦ ਸਦਨ ਮਹਿਂ ਤਥਾ ਸੁਹਾਵੈਂ[1] ॥੩੫॥
ਅਧਿਕ ਭੀਰ ਪੁਰਿ ਗਰੀਅਨਿ ਬੀਚ।
ਬੰਦਤਿ ਦੂਰ ਊਚ ਅਰੁ ਨੀਚ।
ਨਿਕਟਿ ਹੋਨਿ ਕੀ ਸ਼ਕਤਿ ਨ ਪਾਵੈਂ।
ਨੀਠ ਨੀਠ ਗੁਰ ਅੱਗ੍ਰ ਸਿਧਾਵੈਂ ॥੩੬॥
ਮਹਾਂ ਕੁਲਾਹਲ ਪੁਰਿ ਮਹਿਂ ਹੋਵਾ।
ਚਢਿ ਕੋਠਨਿ ਨਰ ਨਾਰਿਨ ਜੋਵਾ।

[1]ਬਿਜਲੀ।

[1]ਉੱਜਲ ਘਰਾਂ ਵਿਚ ਤਿਵੇਂ (ਇਸਤ੍ਰੀਆਂ) ਸ਼ੋਭ ਰਹੀਆ ਹਨ।

ਪੁਸ਼ਪਨਿ ਬਰਖਾ ਕਹੁ ਬਹੁ ਡਾਰੈਂ।
ਮੰਦ ਮੰਦ ਗਮਨੰਤਿ ਨਿਹਾਰੈਂ ॥੩੭॥
ਕਹੈਂ ਕਿ 'ਮਹਾਂਰਾਜ ਸਮ ਲੱਛਨ।
ਬੈਸ ਤਰੁਨ ਹੁਇ ਬਡੇ ਬਿਚੱਛਨ[1]। [1]ਚਤੁਰ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਸਭਿ ਓਰ।
ਜਿਤ ਕਿਤ ਖਰੇ ਸਰਬ ਕਰ ਜੋਰਿ ॥੩੮॥
ਕਿਤਿਕ ਥਾਉਂ ਨਹਿੰ ਪ੍ਰਾਪਤਿ ਹੋਇ[1]। [1]ਕਈਆਂ ਨੂੰ ਥਾਂ ਹੀ ਨਹੀਂ ਮਿਲਦਾ।
ਜਹਿਂ ਥਿਰਤਾ ਕਰਿ ਦਰਸ਼ਨ ਜੋਇਂ।
ਤਿਸ ਛਿਨ ਜਿਨ ਜਿਨ ਸਤਿਗੁਰ ਹੇਰਾ।
ਭਯੋ ਸਭਿਨਿ ਆਨੰਦ ਘਨੇਰਾ ॥੩੯॥
ਜਿਸ ਨਹਿਂ ਪਿਖੇ ਰਹਯੋ ਪਛੁਤਾਵਤਿ।
'ਭਾਗ ਮੰਦ, ਹਮ ਲਹੇ ਨ ਆਵਤਿ।'
ਜਾਤਿ ਬਜ਼ਾਰ ਬਿਖੈ ਸੁ ਨਿਹਾਰੈਂ।
ਥਿਰੇ ਦੂਰ ਹੀ ਬੰਦਨ ਧਾਰੈਂ ॥੪੦॥
ਤੁੰਗ ਅਟਾ ਘਨ ਘਟਾ ਮਿਲੰਤੀ[1]। [1]ਉੱਚੀਆਂ ਅਟਾਰੀਆਂ ਬਦਲ ਦੀਆਂ ਘਟਾਂ ਨਾਲ ਛੁਹੰਦੀਆਂ ਹਨ।
ਧੁਜ ਧਾਮਨ ਪਰ[1] ਗਨ ਫਹਿਰੰਤੀ। [1]ਘਰਾਂ ਉਪਰ ਝੰਡੀਆਂ।
ਮਨੋ ਪੰਖ ਕੋ ਲਾਇ ਚਹੰਤੀ[1]। [1]ਅਟਾਰੀਆਂ) ਚਾਹੁੰਦੀਆਂ ਹਨ।
ਉਡਹਿਂ ਗਗਨ ਕਹੁ ਇਮ ਦ੍ਰਿਸ਼ਟੰਤੀ ॥੪੧॥
ਚਿੱਤ੍ਰਿਤਿ ਭੀਤ ਬਿਹੰਗ ਅਰੁ ਬਾਗ਼।
ਅਧਿਕ ਸ਼ਿਵਾਲੇ ਪੂਜਨ ਲਾਗਿ।
ਬਨਕ ਧਨਦ[1] ਸਮ ਬੈਠੇ ਬ੍ਰਿੰਦ। [1]ਕੁਬੇਰ।
ਕਰਤਿ ਬਨਜ ਕੋ ਸੁਖੀ ਬਿਲੰਦ ॥੪੨॥
ਪਿਖਿ ਆਵਤਿ ਗੁਰ ਹ੍ਵੈ ਸਭਿ ਠਾਂਢੇ।
ਹਾਥਨਿ ਜੋਰਿ ਨਮਹਿਂ ਮੁਦ ਬਾਢੇ।
ਸਭਿ ਦਿਸ਼ਿ ਦੇਖਤਿ ਸਤਿਗੁਰ ਚਲੇ।
ਸਭਿ ਭਾਖਤਿ 'ਹਮ ਦਿਸ਼ਿ ਮੁਖ ਭਲੇ' ॥੪੩॥
ਕਹੌਂ ਕਹਾਂ ਲੌ ਪੁਰਿ ਕੀ ਕਥਾ।
ਉਤਸਵ ਭਯੋ ਕੁਲਾਹਲ ਜਥਾ।

ਘਰ ਘਰ ਦਰ ਦਰ ਗੁਰ ਕੀ ਕੀਰਤਿ।
ਕਾਂਸ਼ੀ ਬਿਖੈ ਮਹਾਂ ਬਿਸਤੀਰਤਿ ॥੪੪॥
ਅੰਤਰ ਪੁਰੀ ਉਤਾਰਨਿ ਕਰੇ।
ਖਾਨ ਪਾਨ ਸੁਪਤੇ ਸੁਖ ਧਰੇ।
ਭਈ ਪ੍ਰਾਤਿ ਤਯਾਰੀ ਕਰਿਵਾਈ।
ਸਾਜੇ ਵਾਹਿਨ ਰੁਚਿਰ ਸੁਹਾਈ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰੂ ਗੋਬਿੰਦ ਸਿੰਘ ਕਾਂਸ਼ੀ ਪੁਰੀ ਪ੍ਰਵੇਸ਼ ਕਰਨਿ' ਪ੍ਰਸੰਗ ਬਰਨਨੰ ਨਾਮ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਅਯੁੱਧਯਾ ਹੋਕੇ ਲਖਨੌਰ ਪੁੱਜੇ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:
ਸਗਰੀ ਨਿਸ ਮਹਿਂ ਸਿਖ ਮਿਲੈਂ,
ਸ਼ਬਦ ਅਨਿਕ ਬਿਧਿ ਗਾਇਂ।
ਤਾਲ ਮ੍ਰਿਦੰਗ ਰਬਾਬ ਤੇ,
ਸਤਿਗੁਰ ਭਲੇ ਰਿਝਾਇਂ ॥੧॥
ਚੌਪਈ:
ਪ੍ਰਾਤਿ ਭਈ ਗੁਰ ਕੀਨਿ ਸ਼ਨਾਨੇ।
ਸਿੱਖਜਨਿ ਚਰਨ ਪਖਾਰਨਿ ਠਾਨੇ।
ਚਰਨੋਦਕ ਲੈ ਨਿਜ ਨਿਜ ਧਾਮੂ।
ਪਾਨ ਕਰਜੋ ਲੇ ਸ਼੍ਰੀ ਪ੍ਰਭੁ ਨਾਮੂ ॥੨॥
ਸਭਿ ਥਲ ਮਹਿਂ ਛਿਰਕਾਵਨਿ ਕਰਜੋ।
ਸਹਤ ਕੁਟੰਬ ਸਿੱਖ ਗਨ ਤਰਜੋ।
ਵਾਹਿਨ ਹੋਇ ਤਜਾਰ ਢਿਗ ਆਏ।
ਦਾਸਨਿ ਗਨ ਕੋ ਬਹੁ ਹਰਖਾਏ ॥੩॥
ਦੈ ਧੀਰਜ ਸਭਿਹਿਨਿ ਇਕਸਾਰ।
ਸਤਿਗੁਰ ਹੋਤਿ ਭਏ ਅਸਵਾਰ।
ਨਿਕਸੇ ਕਾਂਸ਼ੀ ਪੁਰਿ ਕੋ ਛੋਰਾ।
ਗਮਨੇ ਕਰਿ ਮੁਖ ਪਸ਼ਚਮਿ ਓਰਾ ॥੪॥
ਆਦਰ ਹੇਤੁ ਪੁਚਾਵਨਿ ਆਏ।
ਖਰੇ ਕਰੇ ਕਹਿ ਗੁਰੁ ਸਮੁਦਾਏ।
ਸਭਿ ਕੋ ਹਟਕਿ ਅਗਾਰੀ ਚਾਲੇ।
ਸਜੰਦਨ ਮਾਤਨਿ ਆਵਤਿ ਨਾਲੇ ॥੫॥
ਅਪਰ ਬਿਹੀਰ ਸਕਲ ਚਲਿ ਆਵਾ।
ਨਵੋਂ ਸਮਾਜ ਸਮੂਹ ਬਨਾਵਾ।
ਇਸੀ ਰੀਤਿ ਮਾਰਗ ਮਹਿਂ ਚਲੇ।
ਕਰਤਿ ਅਨੇਕ ਬਿਲਾਸਨਿ ਭਲੇ ॥੬॥
ਡੇਰਾ ਟਿਕਹਿ ਭਾਨੁ ਕੇ ਢਰੇ।
ਗੁਰ ਆਗਵਨ ਜਿ ਸੁਨਿਬੋ ਕਰੇਂ।
ਜਨੁ ਸਿੱਖਜਨਿ ਕੋ ਨਵਨਿਧਿ ਪਾਵੈ।
ਆਨੰਦ ਧਾਰਿ ਧਾਇ ਢਿਗ ਆਵੈਂ ॥੭॥

'ਔਚਕ ਗੁਰ ਦਰਸ਼ਨ ਹਮ ਪਾਵਤਿ।
ਜਿਨ ਹਿਤ ਕੋਸ ਹਜ਼ਾਰ ਸਿਧਾਵਤਿ।
ਮਰੁ ਥਲ ਮਹਿਂ[1] ਜਿਮ ਪਾਵਤਿ ਮੇਵਾ।
ਤਿਮ ਇਤ ਦੇਸ਼ ਦਰਸ ਗੁਰਦੇਵਾ' ॥੮॥
ਲੈ ਲੈ ਅਨਿਕ ਅਕੋਰਨਿ ਮਿਲੈਂ।
ਇਕ ਦੁਇ ਮਜਲ ਕਿਤਿਕ ਸੰਗ ਚਲੈਂ।
ਬਿਬਿਧਿ ਬਿਧਿਨਿ ਕੀ ਸੇਵਾ ਠਾਨਹਿਂ।
ਅੰਨ ਦੁਗਧ ਦਧਿ ਘ੍ਰਿਤ ਕੋ ਆਨਹਿ ॥੯॥
ਇਮ ਹੀ ਸਗਰੇ ਮਾਰਗ ਆਏ।
ਪੂਰਹਿਂ ਕਾਮਨਾ ਜਨ ਸਮੁਦਾਏ।
ਰਾਮਚੰਦ ਕੀ ਨਗਰੀ ਔਧ[1]।
ਬਸੇ ਜਹਾਂ ਬਹੁ ਬੀਤੀ ਔਧ[1] ॥੧੦॥
ਪਾਵਨਤਾ ਕੀ ਔਧ[1] ਮਨੋ ਹੈ।
ਨਰ ਨਾਰਨਿ ਕੋ ਬਾਸ ਘਨੋ ਹੈ।
ਤਿਸ ਪੁਰਿ ਮੈਂ ਸਤਿਗੁਰੂ ਪ੍ਰਵੇਸ਼ੇ।
ਸੁਧਿ ਕੋ ਸੁਨਿ ਸੁਨਿ ਸਿੱਖ ਅਸ਼ੇਸ਼ੇ ॥੧੧॥
ਧਾਇ ਧਾਇ ਸਭਿ ਆਨਿ ਮਿਲੇ ਹੈਂ।
ਕਰਿ ਬੰਦਨ ਦੇ ਭੇਟ ਭਲੇ ਹੈਂ।
ਜੇ ਅਨਜਾਨ ਸੁ ਬੂਝਹਿਂ ਆਪੀ।
'ਇਹ ਕੋ ਬਾਲਿਕ ਰੂਪ ਪ੍ਰਤਾਪੀ? ॥੧੨॥
ਸੁੰਦਰ ਮੂਰਤਿ ਦਿਪਹਿ ਉਦਾਰਾ।
ਲਖੀਅਤਿ ਕਿਸੂ ਦੇਵ ਅਵਤਾਰਾ[1]।
ਜਿਸ ਤੇ ਨਰ ਗਨ ਠਾਨਿ ਅਦਾਇਬ।
ਬੰਦਹਿ ਚਰਨ ਕਮਲ ਜਨ ਸਾਹਿਬ[1]' ॥੧੩॥
ਜੇ ਸਿਖ ਜਾਨਹਿਂ ਤਿਨਹਿਂ ਸੁਨਾਵਹਿਂ।
'ਇਹ ਸਤਿਗੁਰ ਕੇ ਪੁੱਤ੍ਰ ਸੁਹਾਵਹਿਂ।
ਸ੍ਰੀ ਗੁਰ ਰਾਮਦਾਸ ਕੀ ਬੰਸ।
ਇਹ ਬਿਧਿ ਤੇ ਸੁੰਦਰ ਅਵਿਤੰਸ਼ ॥੧੪॥

[1]ਮਾਰੂ ਥਲਾਂ ਵਿਖੇ।
[1]ਅਯੁੱਧਯਾ।
[1]ਆਯੂ।
[1]ਪਵਿੱਤ੍ਰਤਾ ਦੀ ਓੜਕ।
[1]ਕਿਸੇ ਦੇਵ ਦਾ ਅਵਤਾਰ ਜਾਣੇ ਪੈਂਦੇ ਹਨ।
[1]ਦਾਸ ਸੁਆਮੀ (ਜਾਣਕੇ) ਚਰਨਾਂ ਕਮਲਾਂ ਤੇ ਬੰਦਨਾਂ ਕਰਦੇ ਹਨ।

ਹਰਿ ਗੁਵਿੰਦ ਸ੍ਰੀ ਅਰਜਨ ਨੰਦਨ।
ਜਿਨਹੁਂ ਤੁਰਕ ਗਨ ਕੀਨਿ ਨਿਕੰਦਨ।
ਤਿਨ ਕੇ ਸੁਤ ਸ੍ਰੀ ਗੁਰ ਤੇਗ ਬਹਾਦਰ।
ਜਿਨਿ ਪਗ ਪੂਜਹਿ ਬਹੁ ਜਗ ਸਾਦਰ ॥੧੫॥
ਸੋ ਪੂਰਬ ਕੀ ਦਿਸ਼ਿ ਚਲਿ ਆਏ।
ਤਿਨ ਕੇ ਸੁਤ ਸ੍ਰੀ ਗੁਜਰੀ ਜਾਏ।
ਅਬਿ ਨਿਜ ਦੇਸ਼ ਪੰਜਾਬ ਸਿਧਾਰੈਂ।'
ਸੁਨਿ ਸੁਨਿ ਨਰ ਗਨਿ ਆਨੰਦ ਧਾਰੈਂ ॥੧੬॥
ਕੋ ਕਰ ਜੋਰਿਤ ਸੀਸ ਨਿਵਾਵਹਿ।
ਕੋ ਧਰਿ ਚੌਂਪ ਅਕੋਰ ਚਢਾਵਹਿਂ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਭਲੇ।
ਪੁਰਿ ਬਜ਼ਾਰ ਗਰੀਅਨਿ ਮਹਿਂ ਚਲੇ ॥੧੭॥
ਵਹਿਰ ਕਰਯੋ ਡੇਰਾ ਸ਼ੁਭ ਥਾਨ।
ਉਤਰਿ ਪਰੇ ਸਤਿਗੁਰ ਭਗਵਾਨ।
ਰੁਚਿਰ ਪ੍ਰਯੰਕ ਪੀਠ ਪਰ ਬੈਠੇ।
ਤਹਿਂ ਕੇ ਸਿਖ ਗਨ ਹੋਇ ਇਕੈਠੇ ॥੧੮॥
ਸਭਿ ਸੇਵਾ ਹਿਤ ਚਲਿ ਕਰਿ ਆਏ।
ਚਾਵਰ ਚੂਨ ਘ੍ਰਿਤਾਦਿਕ ਲਯਾਏ।
ਤ੍ਰਿਣ ਦਾਨਾ ਕਰਿ ਬਹੁਤ ਬਟੋਰਾ।
ਬੰਦੇ ਚਰਨ ਕਮਲ ਕਰ ਜੋਰਾ ॥੧੯॥
ਕੁਸ਼ਲ ਪ੍ਰਸ਼ਨ[1] ਸੰਗਤਿ ਪ੍ਰਤਿ ਕੀਨਾ।
ਸੁਨਿ 'ਅਨੰਦ' ਸਭਿਹਿਨਿ ਕਹਿ ਦੀਨਾ।
ਬੈਠੇ ਕਿਤਿਕ ਕਾਲ ਗੁਰ ਤੀਰ।
ਭਈ ਆਨਿ ਕਰਿ ਦੀਰਘ ਭੀਰ ॥੨੦॥
ਹਰਖਤਿ ਸਭਿ ਦਰਸ਼ਨ ਕਹੁ ਕਰੈਂ।
ਜਥਾ ਸ਼ਕਤਿ ਭੇਟਨਿ ਕੋ ਧਰੈਂ।
ਇਤਨੇ ਮਹਿਂ ਬੰਦਰ ਗਨ ਆਏ।
ਤਿਨ ਕੋ ਦੇਖਿ ਪ੍ਰਭੂ ਬਿਕਸਾਏ ॥੨੧॥

[1]ਸੁੱਖ ਸਾਂਦ ਦੀ ਪੁੱਛ।

ਨਿਕਟਿ ਹੇਰਿਬੇ ਹੇਤੁ ਤਮਾਸ਼ਾ।
ਚਨੇ ਗਿਰਾਵਤਿ ਭੇ ਤਿਨ ਪਾਸਾ।
ਖੈਬੇ ਹੇਤੁ ਧਾਇ ਮਿਲਿ ਗਏ।
ਕੋ ਆਪਸ ਮਹਿਂ ਲਰਤੇ ਭਏ ॥੨੨॥
ਤਬਿ ਸਤਿਗੁਰ ਗੁੜ ਕੋ ਮੰਗਵਾਇ।
ਪਿਖਿਨਿ ਲਰਾਈ ਦਿਯੋ ਧਰਾਇ।
ਤਬਿ ਕਪਿ ਕੂਦਿ ਪਰੇ ਬਲਵੰਤੇ।
ਇਕ ਕਾਟਤਿ ਇਕ ਭਾਜ ਚਲੰਤੇ
॥੨੩॥
ਇਕ ਚੀਂਕਤ ਬਡ ਸ਼ਬਦ ਉਠਾਵੈਂ।
ਇਕ ਲਰ ਪਰੇ, ਛੀਨਿ ਇਕ ਖਾਵੈਂ।
ਦੰਦ ਨਖਨ ਕੇ ਕਰਹਿਂ ਪ੍ਰਹਾਰਾ।
ਨਿਕਸਯੋ ਸ਼੍ਰੋਣਿਤ ਕਿਸ ਤਨ ਫਾਰਾ
॥੨੪॥
ਬਦਨ ਨਿਤੰਬ ਲਾਲ ਜਿਨ ਰੰਗ।
ਕ੍ਰੁੱਧਿਤ ਆਪਸ ਮਹਿਂ ਕਰਿ ਜੰਗ।
ਦੇਖਿ ਦੇਖਿ ਸ਼੍ਰੀ ਗੁਰ ਬਿਕਸਾਵੈਂ।
ਮਾਤੁਲ ਸੰਗ ਕਹੈਂ ਦਿਖਰਾਵੈ ॥੨੫॥
ਦ੍ਵੈ ਘਟਕਾ ਲਗਿ ਪਰਚੇ ਰਹੇ।
ਇਤ ਉਤ ਬਿਚਰਤਿ ਪੁਨ ਥਿਰ ਬਹੇ।
ਜਥਾ ਜੋਗ ਸੰਗਤਿ ਕੇ ਸਾਥ।
ਕ੍ਰਿਪਾ ਕਰਤਿ ਬੋਲੇ ਗੁਰਨਾਥ ॥੨੬॥
ਸੰਧ੍ਯਾ ਭਈ ਸੁ ਭੋਜਨ ਭਯੋ।
ਸੂਪਕਾਰ ਭਰਿ ਥਾਰਹਿ ਲਯੋ।
ਆਨਿ ਅਚਾਵਨ ਕਰਿ ਤ੍ਰਿਪਤਾਏ।
ਭਈ ਜਾਮਨੀ ਗੁਰ ਸੁਪਤਾਏ ॥੨੭॥
ਪਹਿਰੂਦਾਰ ਖਰੇ ਹੁਇ ਰਹੇ।
ਸਗਰੀ ਵਸਤੁ ਸੁਚੇਤੀ ਲਹੇ।
ਪੁਨਹਿ ਪ੍ਰਾਤਿ ਕੋ ਜਾਗਿ ਸ਼ਨਾਨੇ।
ਕਰਿ ਤਯਾਰੀ ਮਾਰਗ ਪ੍ਰਸਥਾਨੇ ॥੨੮॥
ਗ੍ਰਾਮ ਨਗਰ ਮਗ ਕੋ ਉਲੰਘਤੇ।
ਸਨੇ ਸਨੇ ਸੁਖ ਸਹਿਤ ਚਲੰਤੇ।

ਹਰੀਦ੍ਵਾਰ ਸ਼੍ਰੀ ਗੰਗਾ ਜਹਾਂ।
ਚਲਿ ਕਰਿ ਆਇ ਪਹੂੰਚੇ ਤਹਾਂ ॥੨੯॥
ਮਯਾਪੁਰੀ[1] ਕੋ ਮਹਾਂ ਮਹਾਤਮ।

[1]ਮਾਯਾ ਪੁਰ, ਪੁਰਾਣੀ ਇਕ ਨਗਰੀ ਜਿਸ ਦੇ ਖੰਡਰਾਤ ਹਰਦਵਾਰ ਤੋਂ ਹੇਠਾਂ ਨੂੰ ਕਨਖਲ ਦੇ ਰਸਤੇ ਵਿਚ ਆਉਂਦੇ ਹਨ ਤੇ ਲੋਕੀ ਮਯਾ ਪੁਰੀ ਸਦਦੇ ਹਨ। (ਅ) ਕੋਈ ਕੋਈ ਭੀਮਗੋਡੇ ਦੇ ਉਤਰ ਨੂੰ ਬੀ ਕਹਿੰਦੇ ਹਨ ਪਰ ਇਹ ਠੀਕ ਨਹੀਂ।

ਦਰਸ਼ਨ ਪਰਸਨ ਤੇ ਸੁਧ ਆਤਮ।
ਉਤਰਜੋ ਸਿਵਰ ਗੁਰੂ ਕੋ ਆਇ।
ਸੁਨਿ ਕਰਿ ਸਿਖ ਜੇ ਉਰ ਹਰਖਾਇ ॥੩੦॥
ਦਰਸ਼ਨ ਦੇਖਿ ਦੇਖਿ ਸੁਖ ਪਾਯੋ।
ਜਥਾ ਸ਼ਕਤਿ ਕਰਿ ਦਰਬ ਚਢਾਯੋ।
ਅਪਰ ਸੇਵ ਕੋ ਕਰੀ ਸੰਭਾਰਨਿ।
ਅਪਰ ਲੋਕ ਬਹੁ ਕਰਤਿ ਨਿਹਾਰਨਿ ॥੩੧॥
ਨਿਸਾ ਕੀਨਿ ਬਿਸਰਾਮ ਗੁਸਾਈਂ।
ਪ੍ਰਾਤਿ ਉਠੇ ਕਰਿ ਸੌਚਿ ਸਬਾਈ[1]।

[1]ਸਾਰੀ।

ਸੁਰਸਰਿ ਪਾਵਨ ਜਲ ਮਹਿਂ ਮੱਜੈਂ।
ਜਿਸ ਪਰਸੇ ਸਭਿ ਕੇ ਅਘ ਭੱਜੈਂ ॥੩੨॥
ਕਹਿ ਮਹਿਮਾ ਤਬਿ ਲੌਂ, ਦਿਜ ਆਏ।
ਜਾਚਤਿ ਭਏ ਦਰਬ ਸਮੁਦਾਏ।
ਨਿਕਸਿ ਗੁਰੂ ਜਬਿ ਬਾਹਰਿ ਬੈਸੇ।
ਦੀਨਸਿ ਧਨ ਲੇ ਆਨੰਦ ਜੈਸੇ ॥੩੩॥
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਕਰਜੋ ਕੂਚ ਪੁਨ ਪੰਥ ਸਿਧਾਏ।
ਦੋਇ ਮਜਲ ਕਰਿ ਪਹੁਚੇ ਤਹਾਂ।
ਸੂਰਜਸੁਤਾ[1] ਪ੍ਰਵਾਹਤਿ ਜਹਾਂ ॥੩੪॥

[1]ਜਮਨਾ।

ਕਰਿ ਸ਼ਨਾਨ ਤਰਨੀ[1] ਚਢਿ ਚਾਲੇ।

[1]ਬੇੜੀ।

ਸ਼ਜਾਮਲ ਜਲ ਅਵਿਲੋਕਿ ਬਿਸਾਲੇ।
ਜਬਿ ਉਰਾਰ ਉਤਰੇ ਗੁਰ ਆਇ।
ਸੰਗੀ ਪਹੁਚੇ ਤਬਿ ਸਮੁਦਾਇ ॥੩੫॥
ਹੁਇ ਅਸਵਾਰ ਚਲਨਿ ਜਬਿ ਲਾਗੇ।

ਪੰਥ ਬਹੀਰ ਪਯਾਨੋ ਆਗੇ[1]।

[1]ਵਹੀਰ ਅੱਗੇ ਰਾਹ ਵਿੱਚ ਗਿਆ।

ਤਬਹਿ ਪਿਤਾ ਕੇ ਆਇ ਸੰਦੇਸੇ।
ਭੇਜੇ ਜਬਿ ਦਿੱਲੀ ਸੁ ਪ੍ਰਵੇਸ਼ੇ ॥੩੬॥
'ਤੁਮ ਕੋ ਆਵਤਿ ਲਗੀ ਅਵਾਰੀ।
ਰਹੇ ਪ੍ਰਤੀਖਤ ਕਿਤਿਕ ਅਗਾਰੀ[1]।

[1]ਕਿਤਨਾ ਅੱਗੇ ਉਡੀਕਦੇ ਰਹੇ।

ਹਮ ਅਬਿ ਤੁਰਕੇਸ਼ੁਰ ਸਿਰ ਹੋਇ।
ਤਜਹਿਂ ਸ਼ਰੀਰ ਲਖਹਿ ਸਭਿ ਕੋਇ ॥੩੭॥
ਨਹੀਂ ਅਨੰਦਪੁਰਿ ਕਰਹੁ ਪਯਾਨਾ।
ਏਕ ਗ੍ਰਾਮ ਲਖਨੌਰ ਸਥਾਨਾ।
ਤਹਿਂ ਮਸੰਦ ਜੇਠਾ ਇਕ ਬਾਸਹਿ।
ਤਿਸ ਅਵਾਸ ਮਹਿਂ ਕਰਹੁ ਨਿਵਾਸਹਿ ॥੩੮॥
ਪੁਨ ਸੁਧਿ ਪਠਹਿਂ ਤੁਮਾਰੇ ਪਾਸ।
ਤਬਿ ਅਨੰਦ ਪੁਰਿ ਕਰਹੁ ਨਿਵਾਸ।
ਤਾਵਤਿ ਬਸਹੁ ਗ੍ਰਾਮ ਤਿਸ ਮਾਂਹੀ।
ਆਗੇ ਗਮਨ ਕਰਹੁ ਕਿਮ ਨਾਂਹੀ' ॥੩੯॥
ਸੁਨਤਿ ਨਾਨਕੀ ਮਨ ਬਿਸਮਾਈ।
ਗੁਜਰੀ ਦ੍ਰਿਗ ਆਂਸੂ ਢਰਿ ਆਈ।
ਸੰਕਟ ਬਡੋ ਪਾਇ ਭਰਿ ਸ੍ਵਾਸਾ।
ਬਿਨਸਜੋ ਤੂਰਨ ਹੁਤੋ ਹੁਲਾਸਾ ॥੪੦॥
ਪੁਨ ਬੂਝਜੋ ਸਿਖ 'ਕਿਮ ਇਹ ਹੋਵਾ?
ਕਿਸ ਬਿਧਿ ਮਹਿਂ ਸਤਿਗੁਰ ਕੋ ਜੋਵਾ?
ਸਰਬ ਬ੍ਰਿਤਾਂਤ ਸੁਨਾਵਹੁ ਹਮੈ।
ਦਰਸ਼ਨਿ ਕਰਿ ਤਜਾਗੇ ਕਿਹ ਸਮੈ?' ॥੪੧॥
ਜੁਗ ਮਾਤਾ ਸੁਤ ਢਿਗ ਹੁਇ ਤੀਨੋ।
ਸਿਖ ਨੇ ਛੋਰਿ[1] ਪ੍ਰਸੰਗ ਕਹਿ ਦੀਨੋ।

[1]ਖੁਹਲਕੇ। ਸਾਰਾ। ਮੁੱਢੋਂ।

ਜਿਮ ਕਸ਼ਮੀਰ ਬਿੱਪ੍ਰ ਗਨ ਆਏ।
ਅਹਿਦੀ ਜਿਮ ਤੁਰਕੇਸ਼ ਪਠਾਏ ॥੪੨॥
'ਸੈਫਾਬਾਦ ਚੁਮਾਸਾ ਬਾਸੇ।

ਖੋਜਤਿ ਫੌਜ ਫਿਰੀ ਚਹੁੰ ਪਾਸੇ।
ਆਪ ਆਗਰੇ ਕੋ ਪੁਨ ਗਏ।
ਤੁਰਕਨਿ ਕੇ ਬਸਿ ਤਿਹ ਠਾਂ ਭਏ ॥੪੩॥
ਦਿੱਲੀ ਤੇ ਬਡ ਚਮੂੰ ਚਢਾਈ।
ਅਧਿਕ ਸੁਚੇਤੀ ਕਰਿ ਲੇ ਆਈ।
ਮੁਖ ਪ੍ਰਸੰਨ ਮੁਝ ਸੰਗ ਬਖਾਨਾ।
ਮਗ ਮਹਿਂ ਮਿਲਹੁ ਜਾਇ ਕਿਸ ਥਾਨਾ ॥੪੪॥
ਨਹੀਂ ਪੱਤ੍ਰਿਕਾ ਲਿਖਿਬੇ ਭਈ।
ਬਾਕਨਿ ਸਾਥ ਖਬਰ ਪਠਿ ਦਈ।'
ਸਾਸੁ ਨੁਖਾ ਚਿੰਤ ਬਸਿ ਭਾਰੀ।
'ਹੇ ਪ੍ਰਭੁ! ਕਹਾਂ ਕਰੀ ਗਤਿ ਨਜਾਰੀ' ॥੪੫॥
ਠਟਕ ਰਹੀ ਨਹਿਂ ਚਲਿਬੋ ਚਾਹਾ।
ਮਨ ਬੂਡਜੋ ਬਡ ਕਸ਼ਟ ਪ੍ਰਵਾਹਾ।
ਪੁਨ ਸਿਖ ਕਹਿ ਬਹੁ ਬਿਧਿ ਸਮੁਝਾਈ।
ਸੁਨਿ ਸਿੱਖਜਨ ਜਿਨ ਮਨ[†] ਡਰ ਹੌਲੇ। [†]ਪਾ:-ਸੁਨਿ ਸਿਖ ਨਿਜ ਨਿਜ ਮਨ।
ਬੋਲੇ ਤਬ ਸ਼ਰਧਾ ਤੇ ਡੋਲੇ ॥੫॥
'ਬੰਧਨ ਪਰੇ ਅੰਗ ਮਹਿਂ ਭਾਰੇ।
ਪਹਿਰੂ ਖਰੇ ਸ਼ਸਤ੍ਰ ਕਰ ਧਾਰੇ।
ਅਹੈਂ ਅਸੰਜਤਿ ਪੌਰ ਕਿਵਾਰੇ।
ਡਾਰਿ ਸ਼੍ਰਿੰਖਲਾ ਤਾਰੋ ਮਾਰੇ ॥੬॥
ਕਿਮ ਅਬ ਨਿਕਸਨਿ ਬਨਹਿ ਹਮਾਰੋ।
ਮਰਬੋ ਹੁਇ ਹੈ ਰਿਦੇ ਬਿਚਾਰੋ।'
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ।
'ਕਹਹੁ ਜਥਾ ਪੁਰੀਅਹਿ ਅਭਿਲਾਖਾ[1] [1]ਪੂਰਨ ਕਰਦੇ ਹਾਂ ਇੱਛਾ।

॥੭॥
ਬੰਧਨ ਪਾਇਨ ਤੇ ਛੁਟ ਜੈ ਹੈਂ।
ਸਗਰੇ ਪੌਰ ਕਿਵਾਰ ਖੁਲੈ ਹੈਂ।
ਚੌਕੀਦਾਰ ਨ ਦੇਖਹਿ ਕੋਈ।
ਚਲੇ ਜਾਹੁ ਜਿਸ ਇੱਛਾ ਹੋਈ' ॥੮॥
ਗੁਰੂ ਬਦਨ† ਤੇ ਨਿਕਸੇ ਬੈਨ। †ਪਾ:-ਗੁਰ ਅਧਰਨ, ਗੁਰ ਰਸਨਾ।
ਪਿਖਯੋ ਤਿਨਹੁ ਪਗ ਬੰਧਨ ਹੈ ਨ।
ਤਾਰੇ ਛੁਟ ਕਰਿ ਖੁਲੇ ਕਿਵਾਰਾ।
ਪਰਯੋ ਪਾਹਰੂ ਨੀਂਦ ਮਝਾਰਾ ॥੯॥
ਉਮਗੇ ਨਿਕਸਨਿ ਕੋ ਸਿਖ ਤੀਨ।
ਗੁਰ ਪਗ ਪਰ ਤਬ ਬੰਦਨ ਕੀਨਿ।
'ਪਹੁੰਚਹਿਂ ਰਾਵਰਿ ਕੇ ਸੁਤ ਪਾਸ।
ਕਹਾਂ ਸੰਦੇਸਾ ਕਰਹਿਂ ਪ੍ਰਕਾਸ਼ ॥੧੦॥
ਸਰਬ ਕਲਾ ਸਮਰਥ ਗੁਨ ਖਾਨੀ।
ਕਹਾਂ ਰਚਹੁ[1] ਕੋ ਸਕਹਿ ਨ ਜਾਨੀ। [1]ਕੀ ਰਚਦੇ ਹੋ।
ਅਪਨਿ ਗਤਿ ਤੁਮ ਜਾਨਹੁਂ ਆਪੇ।
ਹਰਖ ਨ ਸ਼ੋਕ ਰੰਚ ਭਰ ਬਜਾਪੇ ॥੧੧॥
ਹਮ ਪਰ ਕ੍ਰਿਪਾ ਧਾਰਿ ਮੁਚਵਾਏ[1]। [1]ਛੁਡਾਇਆ ਹੈ।
ਕਿਮ ਤੁਮਰੇ ਘਰ ਭਾਖਹਿਂ ਜਾਏ।'
ਸ਼੍ਰੀ ਗੁਰ ਤੇਗ ਬਹਾਦਰ ਬੋਲੇ।
'ਭਾਖੋ -ਰਾਖਹੁ ਧੀਰ ਅਡੋਲੇ ॥੧੨॥
ਇਮ ਹੀ ਕਾਰਜ ਹੈ ਹਮ ਕਰਨਾ।
ਅੰਤ ਸਮਾ ਸਬ ਹੀ ਪਰ ਬਰਨਾ।
ਚਿੰਤਾ ਸ਼ੋਕ ਨ ਕੀਜਹਿ ਕੋਈ।
ਕੂਰਾ ਕਰਹਿਂ[1] ਤੁਰਕ ਪਤਿ ਜੋਈ ॥੧੩॥ [1]ਅਸੀਂ ਕੂਰਾ ਕਰ ਰਹੇ ਹਾਂ।
ਸਭਿ ਜਗ ਕੋ ਦੁਖ ਦਾਯਕ ਪਾਪੀ।
ਬਿਨਸਹਿ, ਵਧਹਿ ਨ ਤੇਜ ਕਦਾਪੀ[1]। [1]ਕਦੇ ਬੀ ਵਧੇਗਾ ਨਹੀਂ ਉਸਦਾ ਤੇਜ।
ਪੂਰਬ ਜਨਮ ਕਰੇ ਤਪ ਭਾਰੇ।
ਕਰਹਿ ਦਗਧ ਈਂਧਨ ਸਮ ਸਾਰੇ-
॥੧੪॥
ਸਾਹਿਬਜ਼ਾਦਾ ਅਬ ਲਖਨੌਰ।
ਵਧਯੋ ਸਰੀਰ ਭਯੋ ਬਲ ਠੌਰ।

ਅਪਨੋ ਪੁਰਿ ਸੰਭਾਰਹੁ ਜਾਈਂ।
ਨ੍ਰਿਭੈ ਬਸਹੁ ਤਹਿਂ ਚਿੰਤ ਨ ਕਾਈ ॥੧੫॥
ਸ਼ੁਭ ਅਨੰਦ ਪੁਰ ਅਧਿਕ ਬਸਾਵਹੁ।
ਅਬ ਨ ਰਹਹੁ ਇਹਠਾਂ, ਚਲਿ ਜਾਵਹੁ।
ਇਹ ਸੰਦੇਸਾ ਭਨਹੁ ਹਮਾਰੋ।
-ਚਿੰਤਾ ਸ਼ੋਕ ਨ ਕਛੁ ਉਰਧਾਰੋ ॥੧੬॥
ਅੰਤ ਸਮਾ ਹਮਰੇ ਤਨ ਕੇਰਾ।
ਕੇਤਿਕ ਦਿਵਸ ਪਹੁੰਚਜੋ ਨੇਰਾ।
ਆਨ ਥਾਨ ਭੀ ਤਜਿਬੋ ਤਨ ਕੋ।
ਇਸ ਥਲ ਕਰਿ ਕੂਰਾ ਤੁਰਕਨ ਕੋ ॥੧੭॥
ਇਹ ਕਾਰਨ ਲਖਿ ਰਹਹੁ ਨਿਚਿੰਤ।
ਕਸ਼ਟ ਨ ਧਾਰਹੁ ਰਿਦੈ ਕਦੰਤ-।
ਨਿਕਸਹੁ ਅਬ ਤੁਮ ਲਖਹਿ ਨ ਕੋਈ।'
ਸੁਨਤਿ ਸਿੱਖਜ ਤ੍ਰੈ ਗਮਨੇ ਸੋਈ ॥੧੮॥
ਕਿਨਹੁਂ ਨ ਹੇਰੇ ਵਹਿਰ ਪਯਾਨੇ।
ਹਰਖਤਿ ਹ੍ਵੈ ਕਰ ਛਿੱਪ੍ਰ[1] ਸਿਧਾਨੇ। [1]ਛੇਤੀ।
ਨਿਕਸ ਗਏ ਤਾਰੇ ਪੁਨ ਭਿਰੇ।
ਪ੍ਰਥਮ ਸਮਾਨ ਸਕਲ ਕੁਛ ਕਰੇ ॥੨੯॥
ਜਨੁ ਮ੍ਰਿਤੁ ਕੇ ਮੁਖ ਤੇ ਨਿਕਸਾਏ।
ਪੰਥ ਪਯਾਨਤਿ ਤੁਰਨ ਧਾਏ।
ਪਹੁੰਚੇ ਆਨਿ ਜਬਹਿ ਲਖਨੌਰ।
ਦੇਖਤਿ ਗੁਰੁ ਕੁਟੰਬ ਤਿਸ ਠੌਰ ॥੨੦॥
ਤੀਨਹੁ ਬੰਦਨ ਕਰਿ ਢਿਗ ਬੈਸੇਂ।
ਭਨਜੋਂ ਗੁਰੂ ਜਿਮ ਭਾਖਜੋ ਜੈਸੇ।
ਮਾਤ ਨਾਨਕੀ ਦੁਖ ਬਹੁ ਪਾਇ।
ਬਾਰਿ ਬਾਰਿ ਬੂਝਹਿ ਪਛੁਤਾਇ ॥੨੧॥
'ਤੁਮ ਸਮ[1] ਕਜੋਂ ਨਹਿਂ ਨਿਕਸਤ ਆਏ। [1]ਤੁਹਾਡੇ ਵਾਂਗ।
ਤੁਰਕ ਕੈਦ ਮਹਿਂ ਕਜੋਂ ਦੁਖ ਪਾਏ।'
ਸੁਨਿ ਤੀਨਹੁ ਸਿੱਖਜਨਿ ਸਮੁਝਾਈ।
'ਕਹੈਂ ਕਿ -ਅੰਤ ਸਮਾ ਨਿਯਰਾਈ

॥੨੨॥
ਇਹਾਂ ਤਯਾਗ ਤਨ ਕੂਰੋਂ ਕਰੈਂ।
ਰਾਜ ਤੇਜ ਤੁਰਕਨ ਕੋ ਹਰੈਂ-।
ਤੁਮ ਆਨੰਦਪੁਰਿ ਜਾਨੇ ਕਹੵਯੋ।
ਨਿਜ ਪੁਰਿ ਬਸਹੁ, ਇਹੀ ਗੁਰ ਚਹੵਯੋ'
॥੨੩॥
ਸਾਸੁ ਨੁਖਾ ਦੋਨਹੁੰ ਦੁਖ ਪਾਵੈਂ।
-ਕਹਾਂ ਕਰੀ ਗਤਿ- ਸਤਿਗੁਰ ਧਯਾਵੈਂ।
ਬਾਲ ਸਰੂਪ ਕਹੵਯੋ ਗੁਰ ਪੂਰੇ।
'ਹੈ ਅਨੰਦ ਪੁਰਿ ਕੇਤਿਕ ਦੂਰੇ? ॥੨੪॥
ਤਹਿਂ ਰਮਣੀਕ ਥਾਨ ਕੈ ਨਾਂਹੀ।
ਸਤਿਗੁਰ ਪੁਰਿ ਬਸਾਇ ਜਿਸ ਮਾਂਹੀ।
ਪਹੁੰਚਨਿ ਬਸਬੇ[1] ਆਇਸੁ ਦੀਨਿ।
ਤੌ ਹਮ ਜਾਇਂ ਤਹਾਂ ਹਿਤ ਕੀਨਿ'
॥੨੫॥
ਦੋਨਹੁੰ ਮਾਤਨ ਸੋਂ ਕਹਿਂ ਬੈਨ[1]।
'ਮਾਨਹੁ ਬਾਕ ਚਿੰਤ ਕੋ ਹੈ ਨ।
ਇਹਾਂ ਕਹਾਂ ਲਗਿ ਦੁਰ ਹਮ ਰਹੈਂ।
ਪਿਤ ਕੋ ਪਲਟਾ ਲੈਬੇ ਚਹੈਂ ॥੨੬॥
ਕਰੋਂ ਤੁਰਕ ਕੀ ਜਰਾਂ ਉਖਾਰਨਿ।
ਮਾਰਨ ਕਰੌਂ ਜੰਗ ਰਚਿ ਦਾਰੁਨ।
ਅਬ ਲਖਨੌਰ ਬਿਖੈ ਨਹਿਂ ਬਸਨਾ।
ਉਚਰੵਯੋ ਪਿਤਾ ਆਪ ਜੋ ਰਸਨਾ'
॥੨੭॥
ਸੁਨਿ ਦ੍ਵੈ ਮਾਤਨ ਡਰ ਕੋ ਪਾਵੈਂ।
ਬਹੁ ਬਿਧਿ ਕਹਿ ਸੁਤ ਕੋ ਸਮੁਝਾਵੈਂ।
ਇਸ ਬਿਧਿ ਕਹਹੁ ਨ ਕਿਸੈ ਸੁਨਾਵਹੁ।
ਗਹਹਿਂ ਨ ਆਇ, ਥਿਰਹੁ ਇਸ ਥਾਵਹੁ
॥੨੮॥
ਨਹਿਂ ਕੋ ਜਾਨਹਿਂ ਬਾਸ ਕਰੰਤੇ।
ਬਸਹੁ ਇਕਾਕੀ ਥਲ ਸੁਖਵੰਤੇ।'
ਸੁਨਿ ਗੁਰ ਮਾਤਨ ਕੋ ਤਬ ਕਹੈ।

[1]ਪਹੁੰਚ ਕੇ ਵਸਣੇ ਦੀ।

[1]ਭਾਵ ਦਾਦੀ ਤੇ ਮਾਤਾ ਜੀ ਨੂੰ ਬਚਨ ਕਹੇ।

'ਪਿਤ ਬਚ ਪਰ ਹਮ ਨਿਸ਼ਚਾ ਅਹੈ
॥੨੯॥
ਕਹੈਂ ਸੁ ਹੋਇ ਭਵਿੱਖਤ ਮਾਂਹੀ।
ਅਟਲ ਬਾਕ ਸੋ ਡੋਲਹਿ ਨਾਂਹੀ।
ਕਯੋਂ ਬਿਖਾਦ ਮਹਿਂ ਚਿੰਤਾ ਕਰੋ।
ਹੁਇ ਕੱਲਜਾਨ[1] ਰਿਦੈ ਨਹਿਂ ਡਰੋ ॥੩੦॥ [1]ਸੁਖ ਹੋਵੇਗਾ।
ਸਕਲ ਕਲਾ ਸਮਰੱਥ ਉਦਾਰੇ।
ਚਹੈਂ ਜੁ ਕਰੈਂ ਸੁ ਪਿਤਾ ਹਮਾਰੇ।
ਆਪਹਿ ਜਾਇ ਕੈਦ ਮਹਿਂ ਪਰੇ।
ਆਪਹਿ ਤਨ ਤਜਿਬੇ ਉਰ ਧਰੇ ॥੩੧॥
ਸਭਿ ਕੇ ਅਹੈਂ ਸਹਾਇਕ ਸੋਇ।
ਤਿਨ ਹਿਤ ਜਤਨ ਕਰਹਿ ਕਯਾ ਕੋਇ।
ਭੰਜਹਿਂ ਰਚਹਿਂ ਜਗਤ ਕਹੁ ਸਾਰੇ।
ਤਿਨ ਆਗੈ ਕਯਾ ਤੁਰਕ ਬਿਚਾਰੇ ॥੩੨॥
ਏਕ ਬਾਕ ਤੇ ਨਾਸ਼ ਕਰੰਤੇ।
ਪੀਰ ਅਮੀਰ ਨਹੀਂ ਉਬਰੰਤੇ।
ਤਿਨ ਹਿਤ ਚਿੰਤਾ ਕਰਨਿ ਉਪਾਇ।
ਅਹੈ ਬਾਦ ਸੋ ਨਿਸ਼ਫਲ ਜਾਇ' ॥੩੩॥
ਇੱਤਯਾਦਿਕ ਬਹੁ ਕਹਿ ਸਮੁਝਾਈ।
ਸੁਤ ਤੇ ਸੁਨਿ ਕੁਛ ਧੀਰਜ ਪਾਈ।
ਪਠੇ ਅਨੰਦਪੁਰ ਕੋ ਨਰ ਫੇਰ।
ਵਾਹਿਨ ਹਿਤ ਮੰਗਵਾਵਨਿ ਕੇਰ[1] ॥੩੪॥ [1]ਸਵਾਰੀ ਦੇ ਮੰਗਾਵਣ ਵਾਸਤੇ।
ਸ੍ਰੀ ਗੁਜਰੀ ਕਹਿ ਤਿਹ ਸਮਝਾਯੋ।
'ਮਮ ਭ੍ਰਾਤਾ ਸੰਗ ਦੇਹੁ ਅਲਾਯੋ।
-ਏਕ ਤੁਰੰਗ ਮੋਲ ਬਡ ਕੇਰਾ।
ਲੇ ਆਵਹੁ ਸ਼ਿੰਗਾਰਿ[1] ਬਡੇਰਾ ॥੩੫॥ [1]ਸ਼ਿੰਗਾਰ ਕਰਕੇ।
ਬ੍ਰਿਖਭਨ ਜੋਰਹੁ ਸਯੰਦਨ ਆਨਹੁ।
ਨਰ ਬ੍ਰਿੰਦਨ ਲੇ ਕਰਿ ਪ੍ਰਸਥਾਨਹੁ-।
ਜਥਾ ਗੁਰਨ ਕੀ ਦਸ਼ਾ, ਸੁਨਾਵਹੁ।
ਸੁਨਿ ਚਲਿ ਪਰਹੁ ਨਹੀਂ ਬਿਲਮਾਵਹੁ'
॥੩੬॥
ਇੱਤਯਾਦਿਕ ਦੇ ਅਪਰ ਸੰਦੇਸੇ।

ਰਿਦੇ ਬਿਸੂਰਤ ਕਸ਼ਟ ਬਿਸ਼ੇਸ਼ੇ।
ਸਤਿਗੁਰ ਕੀ ਦਿਸ਼ਿ ਚਿਤਵਤਿ ਘਨੀ।
-ਕਹਾਂ ਕਰੀ ਹੇ ਪ੍ਰਭੁ ਜਗ ਧਨੀ! -
॥੩੭॥
ਸਾਸ ਨਿਕਟ ਦ੍ਰਿਗ ਤੇ ਜਲ ਛੋਰਤਿ।
ਹੋਨਹਾਰ ਨਾਹਿਨ ਕੋ ਮੋਰਤਿ।
ਬ੍ਰਿਧਾ ਅਧਿਕ ਸੁਤ ਸੁਨਤਿ ਪ੍ਰਸੰਗ।
ਸੰਕਟ ਦੀਰਘ ਬਜਾਪਤਿ ਅੰਗ ॥੩੮॥
ਢਿਗ ਮਸੰਦ ਜੇਠਾ ਸਮਝਾਵੈ।
'ਸਤਿਗੁਰੁ ਕਰਹਿਂ ਜਥਾ ਉਰ ਭਾਵੈ।
ਤਉ ਅੰਤ ਤਨ ਕੋ ਨਿਜ ਜਾਨਿ।
ਤੁਰਕ ਤੇਜ ਕੋ ਚਾਹਤਿ ਹਾਨ ॥੩੯॥
ਤੁਮ ਕਹੁ ਹੋਤਿ ਸਨੇਹ[1] ਘਨੇਰੇ।
ਗੁਰ ਕੇ ਹਰਖ ਸ਼ੋਕ ਨਹਿਂ ਨੇਰੇ।
ਤਉ ਤਿਨਹੁ ਕੇ ਨਿਤ ਅਨੁਸਾਰੀ।
ਰਹਿਬੋ ਆਛੀ ਰਿਦੈ ਬਿਚਾਰੀ ॥੪੦॥
ਤਿਨ ਸਥਾਨ ਅਬ ਸਾਹਿਬਜ਼ਾਦਾ।
ਪ੍ਰਿਤਪਾਰਹੁ ਸਭਿ ਦੇ ਅਹਿਲਾਦਾ।
ਜਥਾ ਕਹੈਂ[1] ਕਰੀਯਹਿ ਤਿਮ ਬਾਤੀ।
ਦੇਖਤਿ ਰਹੀਅਹਿ ਸੀਤਲ ਛਾਤੀ'
॥੪੧॥
ਕਬ ਕਬ ਜੇਠਾ ਕਹਿ ਪਰਚਾਵੈ।
ਸਕਲ ਬਿਧਿਨਿ ਕੀ ਸੇਵ ਕਮਾਵੈ।
ਅਪਰ ਕਥਾ ਲਖਨੌਰ ਜੁ ਕੀਨਿ।
ਬਰਨਨ ਕਰੌਂ ਪ੍ਰੇਮ ਰਸ ਭੀਨ ॥੪੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸਿੱਖਜਨਿ ਛੁਟਨ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤਿ ਅੰਸੂ ॥੫੫॥

[1]ਮੋਹ।

[1]ਜਿਵੇਂ (ਗੁਰੂ ਜੀ) ਕਹਿਣ।

## ੫੬. [ਲਖਨੌਰ ਨਿਵਾਸ। ਸ਼ਾਹ ਭੀਖ ਦਾ ਮਿਲਨਾ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਪ੍ਰਥਮ ਬਸੇ[1] ਜੁਗ ਮਾਤ ਜੁਤਿ, ਗੁਰੂ ਇਕਾਕੀ ਹੋਇ।
ਸੇਵਕ ਇਕ ਭੀ ਸੰਗ ਨਹਿਂ, ਤਨ ਤੀਨਹੁਂ[1] ਤਹਿਂ ਜੋਇ ॥੧॥

ਚੌਪਈ:

ਜੋ ਕੁਛ ਹੋਇ ਚਾਹਿ ਚਿਤ ਸੇਵਾ।
ਜੇਠਾ ਕਰਹਿ ਜਾਨਿ ਗੁਰਦੇਵਾ।
ਇਕ ਦਿਜ ਭੋਜਨ ਆਨਿ ਬਨਾਵੈ।
ਦੋਇ ਸਮੈ ਕਰਿ ਸ੍ਵਾਦ ਅਚਾਵੈ ॥੨॥
ਦਿਨ ਮਹਿਂ ਤਹਿਂ ਗਨ ਬਾਲਿਕ ਮੇਲ।
ਵਹਿਰ ਗ੍ਰਾਮ ਢਿਗ ਖੇਲਤਿ ਖੇਲ।
ਕਿੰਦੁਕ[1] ਡੰਡਾ[2] ਗਹਿ ਜੁਗ ਹਾਥ।
ਫੈਂਕਹਿ ਦੂਰ ਮਾਰ ਕਰਿ ਨਾਥ ॥੩॥
ਬਾਲਿਕ ਧਾਇ ਗਹੈਂ ਤਹਿਂ ਗੇਰਹਿਂ।
ਪੁਨ ਡੰਡਾ ਹਤਿ ਕਿੰਦੁਕ ਪ੍ਰੇਰਹਿਂ[1]।
ਕਬਹੁਂ ਬ੍ਰਿੱਛਨ ਪਰ ਚਢਿ ਚਢਿ ਕੁਦਹਿਂ।
ਹਾਰਹਿ ਬਾਲ ਤਾਂਹਿ ਦ੍ਰਿਗ ਮੂੰਦਹਿਂ[1] ॥੪॥
ਕਬਹੁਂ ਭਾਗ ਚਲਹਿਂ ਕਿਹ ਆਗੇ।
ਅਧਿਕ ਭ੍ਰਮਾਵਹਿ[1] ਹਾਥ ਨ ਲਾਗੇ।
ਕਬ ਦੁਇ ਦਿਸ਼ਿ ਬਾਲਿਕ ਸਭਿ ਹੋਇ।
ਖੇਲਹਿਂ ਪਰੇ[1] ਬੰਧ ਕਰਿ ਦੋਇ ॥੫॥
ਜੀਤ ਹਾਰ ਕੀ ਖੇਲ ਮਚਾਵਹਿਂ।
ਧਾਵਹਿਂ ਏਕ ਓਜ ਕੋ ਲਾਵਹਿਂ।
ਇਕ ਐਂਚਹਿਂ ਇਕ ਛੁਟ ਕਰਿ ਜਾਵੈਂ।
ਇਕ ਲਰ ਕਰਿ ਨਿਜ ਸਦਨ ਸਿਧਾਵੈਂ ॥੬॥
ਇਕ ਕੋ ਇਕ ਖਿਝਾਇ ਕਰਿ ਰੋਕਹਿਂ।
ਇਮ ਖੇਲਤਿ ਜੇ ਲੋਕ ਬਿਲੋਕਹਿਂ।

[1]ਪਹਿਲੇ (ਲਖਨੌਰ ਵਿਚ) ਵਸੇ।
[1]ਦੋ ਮਾਤਾ ਜੀ ਤੇ ੧ ਗੁਰੂ ਜੀ, ਤਿੰਨੇ ਹੀ।
[1]ਖਿਦੋ। [2]ਖੂੰਡੀ।
[1]ਰੇੜ੍ਹਦੇ ਹਨ।
[1]ਜੇਹੜਾ ਹਾਰ ਜਾਵੇ ਤਿਸ ਬਾਲ ਦੀਆਂ ਅੱਖਾਂ ਮੀਟਦੇ ਹਨ।
[1]ਫਿਰਾਂਵਦੇ ਹਨ।
[1]ਕਤਾਰਾਂ।

'ਕਿਸ ਛੱਤ੍ਰੀ ਕੋ ਬਾਲਿਕ ਅਹੈ[1]।
ਕਿਤਕ ਦਿਨਨ ਤੇ ਇਸ ਥਲ ਰਹੈ' ॥੭॥

[1]ਸ੍ਰੀ ਗੁਰੂ ਜੀ ਨੂੰ ਵੇਖਕੇ ਕਹਿੰਦੇ ਹਨ) ਕਿਸੇ ਛੱਤ੍ਰੀ ਦਾ ਇਹ ਬਾਲ ਹੈ।

ਪਰਚੈਂ ਬਾਲਿਕ ਬ੍ਰਿੰਦ ਮਝਾਰਾ।
ਮਾਤ ਹਕਾਰਹਿਂ ਬਾਰੰਬਾਰਾ।
ਨਿਕਟ ਬਿਠਾਇ ਅਚਾਇ ਅਹਾਰੇ।
'ਘਰ ਮਹਿਂ ਥਿਰਹੁ, ਨ ਫਿਰਿ ਦਿਨ ਸਾਰੇ' ॥੮॥
ਬਰਜੇ ਰਹੈਂ ਨ, ਜਾਇਂ ਵਹਿਰ ਕੋ।
ਬਾਲ ਬੁਲਾਵਹਿਂ ਖੇਲ ਠਹਿਰ ਕੋ[1]।

[1]ਠਾਹਿਰ, ਖੇਲਨ ਦੇ ਥਾਂ ਵਿਚ। (ਅ) ਠਹਿਰਾਈ ਹੋਈ ਖੇਲ ਵਾਸਤੇ।

ਪ੍ਰੇਮ ਧਰਹਿਂ ਸਗਰੇ ਚਲਿ ਆਵਹਿਂ।
ਕ੍ਰੀੜਾ ਅਨਿਕ ਪ੍ਰਕਾਰ ਮਚਾਵਹਿਂ ॥੯॥
ਸ਼ਾਹਿ ਭੀਖ ਜੋ ਪਟਣੇ ਗਯੋ।
ਤੀਨ ਮਾਸ ਕੇ ਦਰਸਤਿ ਭਯੋ।
ਨਿਕਟਿ ਗ੍ਰਾਮ ਤਿਸ ਬਸਬੇ ਕੇਰਾ।
ਜਹਾਂ ਪ੍ਰਿਥੋਦਕ[1] ਤੀਰਥ ਹੇਰਾ ॥੧੦॥

[1]ਪ੍ਰਿਥੂਦਕ ਨਾਮੇ ਤੀਰਥ ਜਿਸਨੂੰ ਹੁਣ ਪਹੋਆ ਕਹਿੰਦੇ ਹਨ, ਇਹ ਸੁਰੱਸ੍ਵਤੀ ਦੇ ਕਿਨਾਰੇ ਤੇ ਹੈ।

ਤਹਿਂ ਤੇ ਤੀਨ ਕੋਸ ਤਿਸ ਜਾਨਹਿਂ।
ਗ੍ਰਾਮ ਸਿਆਣਾ ਨਾਮ ਬਖਾਨਹਿਂ।
ਕਬ ਤਹਿਂ ਰਹੈ ਕਬਹਿ ਕੁਹੜਾਮ[1]।
ਸਿਮਰਤਿ ਨਿਤ ਖ਼ੁਦਾਇ ਕੋ ਨਾਮ ॥੧੧॥

[1]ਕਦੇ ਸਿਆਣੇ ਪਿੰਡ ਵਿੱਚ ਤੇ) ਕਦੇ ਕੁਹੜਾਮ ਵਿੱਚ ਰਹਿੰਦਾ ਸੀ।

ਠਸਕਾ ਨਾਮ ਗਾਮ ਇਕ ਚੀਨੋ।
ਕਿਸ ਤੁਰਕੇਸ਼ੁਰ ਨੇ ਤਿਸ ਦੀਨੋ।
ਚਾਹਤਿ ਚਿਤ ਬਖਸ਼ਾਵਨਿ ਕਾਜ[1]।
-ਜਬਹਿ ਭਵਿੱਖਤ ਸਿੰਘਨ ਰਾਜ ॥੧੨॥
ਨਹਿਂ ਛੀਨਹਿਂ ਸੋ ਦੇਗ ਜੁ ਮੋਰੀ-।
ਇਹੀ ਕਾਮਨਾ ਨਿਤ ਪ੍ਰਤਿ ਲੋਰੀ।
ਨਿਜ ਅਜ਼ਮਤ ਕਰਿ ਉਰ ਮਹਿਂ ਜਾਨੇ।
-ਦੇਗ ਤੇਗ਼ ਕੇ ਧਨੀ ਮਹਾਨੇ ॥੧੩॥

[1]ਗੁਰੂ ਦਸਮ ਜੀ ਪਾਸੋਂ) ਬਖਸ਼ਾਇਆ ਚਾਹੁੰਦਾ ਸੀ।

ਮਮ ਸਮੀਪ ਆਏ ਲਖਨੌਰ-।
ਏਕ ਪੀਰ ਲੈ ਸੰਗੀ ਔਰ।
ਕਹੂੰ ਜਾਨਿ ਕੋ ਲੀਨਿ ਬਹਾਨਾ।
ਪਹੁੰਚਯੋ ਆਇ ਗੁਰੂ ਜਿਸ ਥਾਨਾ ॥੧੪॥
ਕਿੰਦੁਕ ਕੋ ਡੰਡਾ ਹਤਿ ਪ੍ਰੇਰਹਿਂ।
ਬਾਲਿਕ ਤੇ ਨ ਬੁਚਹਿ[1] ਪੁਨ ਗੇਰਹਿ। [1]ਬੋਚੀ ਨਹੀਂ ਜਾਂਦੀ (ਗੇਂਦਾ)।
ਹੁਇ ਸਮੀਪ[1] ਗਹਿ ਕਦਮ ਪਦਮ ਕੋ। [1]ਪੀਰ ਨੇ) ਨੇੜੇ ਹੋਕੇ।
ਸਿਜਦਾ ਕੁਨਦ ਅਨੰਦ ਸਦਮ ਕੋ[1] ॥੧੫॥ [1]ਅਨੰਦ ਦੇ ਘਰ (ਗੁਰੂ ਜੀ) ਨੂੰ ਸਿਜਦਾ ਕਰਦਾ ਹੈ।
ਪੁਨ ਕਰ ਜੋਰਤਿ ਖਰੋ ਅਗਾਰੀ।
ਕਰਿ ਤਰੀਫ ਬਹੁ ਅਰਜ਼ ਗੁਜ਼ਾਰੀ।
'ਧੰਨਭਾਗ ਮੈਂ ਹੋਇਸਿ ਆਜੂ।
ਦਰਸੇ ਆਨਿ ਗ਼ਰੀਬ ਨਿਵਾਜੂ' ॥੧੬॥
ਭੀਖ ਬਾਲਿਕ ਇਕਠੇ ਹੁਇ ਆਏ।
ਨਿਜ ਸੰਗਨ ਜੁਤਿ ਭੇ ਸਮੁਦਾਏ[1]। [1]ਸੰਗੀਆਂ ਸਮੇਤ ਇਕੱਠੇ ਹੋ ਗਏ।
ਸ਼ਾਹੁ ਪਿਖਿ ਕੁਛ ਕਹਿਬੋ ਚਾਹੀ।
ਇਤ ਉਤ ਦੇਖੇ ਕਰਿ ਬਹੁ ਪਾਹੀ[1] ॥੧੭॥ [1]ਬਹੁਤੇ (ਲੜਕੇ) ਪਾਸ (ਆਏ ਦੇਖੇ)।
ਲਿਏ ਉਠਾਇ ਆਪਨੀ ਗੋਦ।
ਨਜਾਰੇ ਭਯੋ ਬਿਲੰਦ ਪ੍ਰਮੋਦ।
ਸਭਿਹਿਨਿ ਕੋ ਕਹਿ 'ਠਾਂਢੇ ਰਹੀਅਹਿ।
ਅਬਹਿ ਛਿੱਪ੍ਰ ਆਵਹਿਂ, ਥਿਰ ਰਹੀਅਹਿ' ॥੧੮॥
ਸਭਿ ਤੇ ਦੂਰ ਖਰੇ ਤਬ ਹੋਇ।
ਪਟ ਸੋਂ ਰਜ ਝਾਰਤਿ ਪਗ ਦੋਇ।
ਬੂਝਨ ਲਗਯੋ ਸਕਲ ਹੀ ਗਾਥ।
'ਦੁਸ਼ਟ ਤੁਰਕਪਤਿ ਦਿੱਲੀ ਨਾਥ ॥੧੯॥
ਆਪ ਗਏ ਚਲਿ ਪਿਤਾ ਤੁਮਾਰੇ।
ਪਰੇ ਜਾਇ ਤਿਸ ਕੈਦ ਮਝਾਰੇ।
ਛੁਟਹਿਂ ਕਿ ਨਹੀਂ ਕਹਾਂ ਗਤਿ ਹੋਇ?
ਚਹਹੁ ਸੁ ਕਰਹੁ ਬਿਲਮ ਨਹਿਂ ਕੋਇ ॥੨੦॥

ਇਹ ਰਾਵਰਿ ਕਯਾ ਖੇਲ ਪਸਾਰਾ?
ਜਾਨ ਸਕਹਿ ਨਹਿਂ ਜਿਹ ਜਗ ਸਾਰਾ।'
ਅਜ਼ਮਤ ਜੁਤਿ ਪ੍ਰੇਮੀ ਤਿਹ ਜਾਨਾ।
ਮਰਮ[1] ਬਾਤ ਕੋ ਸਕਲ ਬਖਾਨਾ ॥੨੧॥
'ਸ਼੍ਰੀ ਨਾਨਕ ਕੀ ਦਾਤ ਬਿਸਾਲਾ।
ਬਾਬਰ ਲੀਨਿ ਸੁ ਪੂਰਬ ਕਾਲਾ।
ਅਬ ਇਹੁ ਗਰਬ ਰਹਯੋ ਮਤਿ ਮੂਢਾ।
ਸ਼ਰ੍ਹਾ ਚਲਾਵਨਿ ਹਠਹਿ ਅਰੂਢਾ ॥੨੨॥
ਹਿੰਦੂ ਤੁਰਕ ਦੌਨ ਹੀ[1] ਮਾਰੇ।
ਪਰੰਪਰਾ ਕੋ ਧਰਮ ਬਿਗਾਰੇ।
ਪਿਤਾ ਹਮਾਰੇ ਦੇ ਕਰਿ ਸੀਸ।
ਜਰਾਂ ਉਖਾਰਹਿਂ ਖਲ ਅਵਿਨੀਸ਼ ॥੨੩॥
ਨਵੌਂ ਪੰਥ ਹਮ ਸਾਜਨਿ ਕਰੈਂ।
ਤੇਜ ਰਾਜ ਕੌ ਤਿਨ ਮਹੁ ਧਰੈਂ।
ਇਸ ਕਾਰਨ ਤੇ ਸਤਿਗੁਰ ਗਏ।
ਤਨ ਕੋ ਅੰਤ ਜਾਨਿ ਨਿਜ ਲਏ' ॥੨੪॥
ਸੁਨਿ ਕਰਿ ਸ਼ਾਹੁ ਭੀਖ ਕਰ ਜੋਰੇ।
'ਮੈਂ ਰਾਵਰਿ ਕੇ ਚਰਨ ਨਿਹੋਰੇ।
ਅਚਲ ਰਹੈ ਜਗ ਟੁਕਰਾ ਮੋਰਾ।
ਜਬ ਹੁਇ ਗੁਰੂ ਪੰਥ ਕੋ ਜੋਰਾ ॥੨੫॥
ਰਿਦੇ ਕਾਮਨਾ ਰਹੈ ਹਮੇਸ਼।
ਪੁਰਵਹੁ ਕਰੁਨਾ ਕਰਹੁ ਵਿਸ਼ੇਸ਼।'
ਸੁਨਿ ਗੁਰ ਸ਼੍ਰੀ ਮੁਖ ਗਿਰਾ ਉਚਾਰੀ।
'ਚਿਰੰਕਾਲ ਰਹਿ ਦੇਗ਼ ਤੁਮਾਰੀ ॥੨੬॥
ਜੋ ਤੇਰੇ ਟੁਕਰੇ ਕੋ ਖੋਵਹਿ।
ਖੋਯੋ ਜਾਇ, ਸੁ ਨਹਿਂ ਥਿਰ ਹੋਵਹਿ।
ਪੰਥ ਹਮਾਰੇ ਮਹਿਂ ਬਹੁ ਰਹੈਂ।
ਅਪਨਿ ਮਨੋਰਥ ਪੂਰਨ ਲਹੈਂ' ॥੨੭॥
ਸ਼ਾਹੁ ਭੀਖ ਸੁਨਿ ਹਰਖਯੋ ਘਨੋ।
ਜਾਚਯੋ ਜਿਮ, ਤਿਮ ਹੀ ਸਭਿ ਬਨੋ।
ਬਾਤਨ ਕਰਤਿ, ਅੰਗ ਤੇ ਧੂਰ।
ਪੌਂਛਤਿ ਰਹਯੋ ਪ੍ਰੇਮ ਕਰਿ ਭੂਰ ॥੨੮॥

[1]ਭੇਦ।
[1]ਹਿੰਦੂ ਤੇ ਤੁਰਕ ਦੋਨੋ ਹੀ।

ਇੱਤਜਾਦਿਕ ਕੁਛ ਆਨ ਬਖਾਨਤਿ।
ਗੋਦ ਉਠਾਏ ਤਿਤ ਕੋ ਆਨਤਿ[1]।
ਹਾਥਨ ਸਾਥ ਪਲੋਸਤਿ ਚਰਨੰ।
ਜਨ ਕੇ ਹਰਨ ਜਨਮ ਅਰ ਮਰਨੰ[1] ॥੨੯॥
ਜਹਿਂ ਬਾਲਿਕ ਮਹਿਂ ਖੇਲਤਿ ਆਗੇ।
ਤਿਹ ਥਾਂ ਗੋਦ ਉਤਾਰਿ ਸੁਭਾਗੇ[1]।
ਕਦਮ ਪਦਮ ਕੋ ਸਿਜਦਾ ਕੀਨਿ।
ਰਿਦੇ ਧਜ਼ਾਨ ਸੋਈ ਧਰਿ ਲੀਨਿ ॥੩੦॥
ਗਮਨਜੋਂ ਬਹੁਰ ਆਪਨੇ ਥਾਨ।
ਮਨ ਹੀ ਮਨ ਆਨੰਦ ਮਹਾਨ।
ਮੀਰ ਦੀਨ ਜੋ ਪੀਰ ਬਿਸਾਲਾ।
ਰਹਜੋ ਨਿਹਾਰਤਿ ਥਿਰ ਤਿਸ ਕਾਲਾ ॥੩੧॥
ਰਿਦੈ ਸੰਦੇਹ ਬਿਲੰਦ ਉਠਾਵਾ।
ਕਹਾਂ ਪੀਰ ਮਤਿ ਤੇ ਬਵਰਾਵਾ।
ਅਸਮੰਜਸ ਅਸ ਜਿਸ ਨੇ ਕੀਨਿ।
ਨਹੀਂ ਤੁਰਕ ਸਹਿ ਸਕਹਿਂ ਪ੍ਰਬੀਨ ॥੩੨॥
ਮਿਲਿ ਜਬ ਚਲਜੋ ਪੰਥ ਮਹਿਂ ਕਹਜੋ।
'ਸੁਨਹੁ ਪੀਰ ! ਤੁਮ ਕੋ ਬਡ ਲਹਜੋ[1]।
ਸਿਜਦਾ ਕਰਤਿ ਸਰਬ ਤੁਰਕਾਨਾ।
ਜਾਨਹਿਂ ਅਜ਼ਮਤਵਾਨ ਮਹਾਨਾ ॥੩੩॥
ਕਹਾਂ ਕਰਜੋ ਅਬ ਹਿੰਦੂ ਬਾਲਿਕ।
ਹੇਰਤਿ ਚਰਨ ਪਰਜੋ ਤਤਕਾਲਿਕ।
ਤੁਰਕ ਜਨਮ ਤੁਮ ਬੈਸ ਬਡੇਰੀ।
ਲਖੀ ਨ -ਮਨਤਾ ਹੈ ਬਡ ਮੇਰੀ-' ॥੩੪॥
ਸ਼ਾਹੁ ਭੀਖ ਸੁਨਿ ਉੱਤਰ ਦੀਨਾ।
'ਤੁਮਨੇ ਨਹੀਂ ਭੇਵ ਕੁਛ ਚੀਨਾ।
ਸ੍ਰੀ ਗੁਰੂ ਨਾਨਕ ਗਾਦੀ ਪਰ ਜੋਇ।
ਹੁਇ ਖ਼ੁਦਾਇ ਕੀ ਦਰਗਹਿ ਸੋਇ

[1]ਲਿਆਂਵਦਾ ਹੈ।

[1]ਜੋ ਚਰਨ ਕਿ) ਦਾਸਾਂ ਦੇ ਜਨਮ ਮਰਨ ਨਾਸ਼ ਕਰਨ ਵਾਲੇ ਹਨ।

[1]ਸੁਭਾਗੇ (ਭੀਖ ਸ਼ਾਹ) ਨੇ।

[1]ਤੁਹਾਨੂੰ ਵਡਾ ਜਾਣਦੇ ਹਨ (ਤੁਰਕ ਸਾਰੇ)।

॥੩੫॥
ਜਬ ਸਭਿ ਪੀਰ ਪਹੂੰਚਹਿਂ ਜਾਇ।
ਖਿਰਹਿਂ ਪੌਰ ਆਗੇ ਸਮੁਦਾਇ।
ਤਬ ਇਹ ਉਚੇ ਥਲ ਚਲਿ ਆਵੈਂ।
ਸਭਿਹਿਨਿ ਕੋ ਨਿਜ ਦਰਸ ਦਿਖਾਵੈਂ
॥੩੬॥
ਜਿਸ ਨੇ ਜੋ ਕਹਿਬੋ ਤਬ ਹੋਇ।
ਇਨ ਸੋਂ ਕਹੈ, ਪੂਰ ਹੈਂ ਸੋਇ।
ਨਹਿਂ ਖ਼ੁਦਾਇ ਕਿਨ ਦੇਖ੍ਯੋ ਕਹਾਂ।
ਇਹੀ ਰੂਪ ਕੈ ਔਰੈ ਅਹਾ[1]† ॥੩੭॥

[1]ਇਹੀ ਰੂਪ ਹੈ ਯਾ ਕਿ ਕੋਈ ਹੋਰ ਰੂਪ ਹੈ (ਖੁਦਾਇ ਦਾ)।
†ਪਾ:-ਤਹਾਂ।

ਅਬ ਨਿਜ ਤਨ ਜੋ ਧਾਰਨਿ ਕੀਨਿ।
ਦਰਸੇ ਤਹਾਂ ਜਨਮ ਜਹਿਂ ਲੀਨਿ।
ਹਿੰਦੂ ਤੁਰਕ ਰਹੇ ਜਗ ਦੋਇ।
ਪਰਖੇ ਤਹਾਂ ਪਹੁੰਚਿ ਮੈਂ ਸੋਇ ॥੩੮॥
ਧਰੀ ਕਾਮਨਾ ਅਬ ਮੈਂ ਆਇ।
ਕੀਨਿ ਜਾਚਨਾ ਲੀਨਿ ਸੁ ਪਾਇ।
ਤਰੁਨ ਹੋਇ ਤਨ ਰਨ[1] ਕੋ ਕਰੈਂ।
ਤੇਜ ਤੁਰਕ ਗਨ ਕੋ ਸਭਿ ਹਰੈਂ ॥੩੯॥

[1]ਜੰਗ।

ਦਿੱਲੀ ਅਰੁ ਲਵਪੁਰੀ ਮਝਾਰ।
ਸਭਿ ਹੀ ਲੈਹੈਂ ਪਾਗ ਉਤਾਰ[1]।

[1]ਭਾਵ ਸਰਦਾਰੀ ਖੋਹ ਲੈਣਗੇ।

ਰਹਨਿ ਦੇਹਿਂ ਨਹਿਂ ਪਤਿ ਕਿਸ ਕੇਰ।
ਕਰਹਿਂ ਧੂਲ ਜੋ ਸੈਲ ਉਚੇਰ[1] ॥੪੦॥

[1]ਪਹਾੜ ਵਤ ਉੱਚਿਆਂ ਦੀ।

ਨਿਜ ਟੁਕਰਾ ਬਖਸ਼ਾਵਨਿ ਗਯੋ।
ਕ੍ਰਿਪਾ ਕਰੀ ਮੁਹਿ ਕੋ ਬਰ ਦਯੋ।'
ਮੀਰ ਦੀਨ ਕੋ ਦਰਬ ਬ੍ਰਿਤਾਂਤ।
ਕੀਨਿ ਸੁਨਾਵਨਿ ਹਰਖਤਿ ਗਾਤ[1]
॥੪੧॥

[1]ਪ੍ਰਫੁੱਲਤ ਸਰੀਰ ਭਾਵ ਖੁਸ਼ ਹੋ ਕੇ।

ਕਵਿ ਸੰਤੋਖ ਸਿੰਘ ਕਰਤਿ ਉਚਾਰੇ।
ਤਿਸ ਕੋ ਗ੍ਰਾਮ ਸੁ ਨਿਕਟ ਹਮਾਰੇ।
ਚਹੁ ਦਿਸ਼ਿ ਸਿੰਘਨ ਰਾਜ ਬਡੇਰਾ।
ਠਸਕਾ ਗ੍ਰਾਮ ਬੀਚ ਹਮ ਹੇਰਾ ॥੪੨॥

ਸ਼ਾਹੁ ਭੀਖ ਕੇ ਰਹੇ ਫਕੀਰ।
ਦੇਤਿ ਦੇਗ ਜੋ ਆਵਹਿ ਤੀਰ।
ਸਿੰਘ ਭੂਪ[1] ਨਹਿਂ ਛੀਕਯੋ ਕਾਹੂ। [1]ਕਿਸੇ ਸਿੰਘ ਰਾਜਾ ਨੇ।
ਰਹਯੋ ਤਿਨਹੁਂ ਢਿਗ ਸਭਿ ਕੇ ਮਾਂਹੂ[1] ॥੪੩॥ [1]ਸਾਰਿਆਂ ਨੇ (ਰਾਜ) ਵਿੱਚ।
ਸ੍ਰੀ ਗੁਰੁ ਗੋਬਿੰਦ ਸਿੰਘ ਕੇ ਬੈਨ।
ਜਗ ਮਹਿਂ ਅਟਲ, ਮਿਟਹਿਂ ਕਿਮ ਹੈ ਨ।
ਸਭਿ ਸੰਗਤਿ ਗੁਰੁ ਸਿਮਰਨ ਕਰੋ।
ਬਿਘਨ ਦੁਹੂੰ ਲੋਕਨਿ ਕੇ ਹਰੋ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼ਾਹ ਭੀਖ ਮਿਲਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥੫੬॥

## ੫੭. [ਲਖਨੌਰ ਮਿੱਠਾ ਖੂਹ ਲਵਾਯਾ। ਮਾਮਾ ਜੀ ਆਏ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:
ਅਪਰ ਬਾਰਤਾ ਕਛੁ ਕਹੋਂ ਜਿਮ ਬੀਤੀ ਲਖਨੌਰ।
ਬਲ ਸਰੀਰ ਬ੍ਰਿੱਧਤਿ ਗੁਰੂ ਜੋ ਸਭ ਜਗ ਸਿਰਮੌਰ ॥੧॥

ਚੌਪਈ:
ਗ੍ਰਾਮ ਨਨੇੜੀ ਨਿਕਟਿ ਅਹੈ ਜਿਹ।
ਘੋਘਾ ਨਾਮ ਮਸੰਦ ਬਸੈ ਤਹਿਂ।
ਪ੍ਰਥਮ ਗੁਰੂ ਜਬ ਤੀਰਥ ਗਏ।
ਤਬ ਸੋ ਮਿਲਜੋ ਹੁਤੋ ਢਿਗ ਅਏ ॥੨॥
ਕਿਤਿਕ ਸਮੇਂ ਰਹਿ ਸੰਗ ਗੁਜ਼ਾਰਾ।
ਦਰਬ ਲੋਭ ਬਹੁ ਰਿਦੇ ਮਝਾਰਾ।
ਮਾਤਾ ਗੁਜਰੀ ਕੀ ਇਕ ਦਾਸੀ।
ਸੇਵਾ ਕਰਤਿ ਰਹਤਿ ਨਿਤ ਪਾਸੀ ॥੩॥
ਤਿਹ ਬਿਰਮਾਇ ਮੂਢ ਲੇ ਗਯੋ।
ਪੁਨ ਪਾਛੇ ਪਛੁਤਾਵਤਿ ਭਯੋ।
ਜਬ ਲਖਨੌਰ ਗੁਰੂ ਚਲਿ ਆਏ।
ਸੁਨਿ ਕਰਿ ਚਹਿਤ -ਲੇਉਂ ਬਖਸ਼ਾਏ- ॥੪॥
ਖੇਲਤਿ ਹੁਤੇ ਬ੍ਰਿੰਦ ਮਿਲਿ ਬਾਲਿ।
ਤਹਾਂ ਆਨਿ ਦਰਸੇ ਤਤਕਾਲ।
ਹਾਥ ਜੋਰਿ ਨਿਜ ਅਰਜ਼ ਗੁਜ਼ਾਰੀ।
'ਮੈਂ ਮਸੰਦ ਨਿਤ ਗੁਰੁ ਅਨੁਸਾਰੀ ॥੫॥
ਆਪ ਬਾਸ ਕੀਨਸਿ ਲਖਨੌਰ।
ਨਹਿਂ ਰਹਿਬੇ ਕੀ ਨੀਕੀ ਠੌਰ।
ਅਲਪ ਸਥਾਨ ਅਜਰ ਮਹਿਂ ਜਿਨ ਕੇ।
ਕੋਠੇ ਛਤ ਛੋਟੇ ਥਲ ਤਿਨ ਕੇ ॥੬॥
ਮਮ ਘਰ ਮਹਿਂ ਕਰੁਨਾ ਕਰਿ ਚਲੋ।
ਸਮਾ ਬਿਤਾਵਹੁ ਬਸਿ ਥਲ ਭਲੋ।'
ਸੁਨਿ ਗੁਰ ਕਹਤਿ 'ਭਾਉ ਉਰ ਤੇਰੇ।

ਚਲਿ ਹੈਂ ਪ੍ਰਥਮ ਲੇਹਿਂ ਜਬ ਹੇਰੇ[1] ॥੭॥ — [1]ਚਲਾਂਗੇ ਤਦੋਂ, ਜਦੋਂ ਪਹਿਲਾਂ (ਤੇਰਾ ਪ੍ਰੇਮ) ਦੇਖ ਲਵਾਂਗੇ।
ਬਿਨ ਅਸਵਾਰੀ ਹ੍ਵੈ ਨ ਪਯਾਨਾ।
ਪਹੁੰਚਹਿਂ ਜਬਿਹੂੰ ਆਇ ਕਿਕਾਨਾ[1]।' — [1]ਜਦੋਂ ਘੋੜਾ (ਆਨੰਦ ਪੁਰੋਂ) ਆ ਜਾਵੇਗਾ।
ਇਮ ਬਹੁ ਬਾਰਿ ਆਇ ਕਰਿ ਪਾਸ।
ਹਿਤ ਲੇ ਚਲਨਿ ਕਰਹਿ ਅਰਦਾਸ ॥੮॥
ਸਤਿਗੁਰ ਨਿਜ ਮਾਤਨ ਸੋ ਕਹੈਂ।
'ਇਕ ਮਸੰਦ ਕਹਿ, ਮਮ ਘਰ ਰਹੈ[1]। — [1]ਰਹੋ।
ਥਾਨ ਕੁਸ਼ਾਦ ਸਦਨ ਹੈ ਸੁੰਦਰ।
ਲਿੰਪਨ ਬਨੇ[1] ਵਹਿਰ ਅਰੁ ਅੰਦਰ' ॥੯॥ — [1]ਲਿੰਬ ਕਰ ਬਣਾਏ ਹੋਏ ਹਨ।
ਸ੍ਰੀ ਗੁਜਰੀ ਨਹਿਂ ਜਾਨਹਿ ਤਾਂਹੀ।
ਸੁਤ ਸਨ ਭਨਤਿ 'ਚਲਨਿ ਅਬ ਨਾਂਹੀ।'
ਇਮ ਕੇਤਿਕ ਦਿਨ ਬੀਤੇ ਜਬੈ।
ਜਲ ਮੀਠੋ ਲਖਨੌਰ ਨ ਸਬੈ ॥੧੦॥
ਪਾਨ ਕਰਤਿ ਗੁਰ ਕੇਤਿਕ ਬਾਰੀ[1]। — [1]ਕਈ ਵੇਰ।
ਕਹੈਂ 'ਅਹੈ ਖਾਰੀ ਇਕ ਬਾਰੀ[1]। — [1]ਜਲ।
ਆਛੋ ਸ੍ਵਾਦ ਨ ਪੀਵਨਿ ਬਿਖੈ।
ਮਧੁਰ ਇਹਾਂ ਕੋ ਕੂਪ ਨ ਪਿਖੈਂ' ॥੧੧॥
ਸੁਨਿ ਗੁਜਰੀ ਚਿਤ ਚਿੰਤ ਉਪਾਵੈ।
-ਅਸ ਨਹਿਂ ਹੋਹਿ ਅਪਰ ਥਲ ਜਾਵੈਂ-।
ਜੇਠੇ ਸੰਗ ਬੂਝਨਾ ਠਾਨੀ।
'ਨੀਕੋ ਅਹੈ ਕਿ ਨਹਿਂ ਕਿਤ ਪਾਨੀ? ॥੧੨॥
ਰੁਚਹਿ ਨਹੀਂ ਇਹ ਸਾਹਿਬਜ਼ਾਦੇ।
ਸਭਿ ਕੋ ਲਗਹਿ ਨਹੀਂ ਕੁਛ ਸ੍ਵਾਦੇ।'
ਜੋਰਿ ਹਾਥ ਤਿਨ ਭਨਯੋਂ ਸੁਨਾਈ।
'ਕ੍ਰਿਪਾ ਤੁਮਾਰੀ ਜੇ ਹੁਇ ਜਾਈ ॥੧੩॥
ਭਨੇ ਬਾਕ ਤੇ ਮੀਠੋ ਹੋਇ।
ਪਾਨ ਕਰਹਿ ਸ੍ਵਾਦਲ ਸਭਿ ਕੋਇ।
ਕਿਸੀ ਕੂਪ ਕੋ ਮਧੁਰ ਨ ਅਹੈ।
ਇਹ ਬਿਨਤੀ ਸਗਰੇ ਨਰ ਕਹੈਂ' ॥੧੪॥
ਸੁਨਿ ਗੁਜਰੀ ਨਹਿਂ ਜਾਨਯੋ ਪਾਨੀ।

ਨੰਦਨ ਦਿਸ਼ਿ ਤੇ ਚਿੰਤ ਮਹਾਨੀ।
ਬਹੁਰ ਗ੍ਰਾਮ ਕੇ ਜੇ ਨਰ ਨਾਰੀ।
ਸਭਿ ਪੀਵਤਿ ਖਾਰੀ ਅਸ ਬਾਰੀ[6] ॥੧੫॥
ਕਹਿ ਜੇਠੇ ਕੋ ਪੰਚ ਬੁਲਾਏ।
ਮਿਲਿ ਮਾਨਵ ਪਹੁੰਚੇ ਸਮੁਦਾਏ।
ਉਠ ਮਾਤਾ ਘਰ ਵਹਿਰ ਸਿਧਾਰੀ।
ਅਵਨੀ ਤਹਾਂ ਸਮੀਪ ਨਿਹਾਰੀ ॥੧੬॥
ਕਰ ਕੀ ਸ਼ਾਰਤ[1] ਕਰਤਿ ਬਤਾਈ। [1]ਹੱਥ ਦੀ ਸੈਨਤ।
'ਨਿਕਸਹਿ ਜਲ ਮੀਠੋ ਇਸ ਥਾਈਂ।
ਕਰਿ ਉਪਾਇ ਕੋ ਲੇਹੁ ਨਿਕਾਸੀ।
ਨਰ ਨਾਰਿਨ ਪੀਵਹਿਂ ਸੁਖਰਾਸੀ' ॥੧੭॥
ਸੁਨਤਿ ਪੰਚ ਕਰ ਜੋਰਿ ਬਖਾਨੀ।
'ਨਿਸ਼ਚੇ ਇਹਾਂ ਮਧੁਰ ਹੁਇ ਪਾਨੀ।
ਬਾਕ ਆਪਕੇ ਨਿਸ਼ਫਲ ਨਾਂਹੀ।
ਸਗਰੋ ਗ੍ਰਾਮ ਪਾਨ[1] ਸੁਖ ਪਾਹੀ ॥੧੮॥ [1]ਪੀ ਕੇ।
ਤਊ ਲਗਾਵਨਿ ਕੀ ਸਮਰੱਥ।
ਤਬਹਿ ਬਨਹਿ ਜਬ ਧਨ ਹੁਇ ਹੱਥ।
ਕਰਹਿਂ ਬਟੋਰਨ ਸਭਿ ਤੇ ਜਬੈ।
ਸਨੈ ਸਨੈ ਹੁਇ ਸਕ ਹੈ ਤਬੈ ॥੧੯॥
ਥੋਰੇ ਸਦਨ ਸੁ ਧਨ ਤੇ ਹੀਨ।
ਅਬਹਿ ਕਹਾਂ ਕਰਿ ਸਕਹਿਂ ਜਿ ਦੀਨ।'
ਸ਼੍ਰੀ ਗੁਜਰੀ ਸੁਨਿ ਕਰੁਨਾ ਛਾਈ।
ਸਭਿਨਿ ਸਾਥ ਇਮ ਕਹਯੋ ਬੁਝਾਈ ॥੨੦॥
'ਲਗਯੋ ਕੂਪ ਆਗੇ ਕੋ ਇਹਾਂ।
ਬੀਤਯੋ ਸਮਾ ਪਿਛਾਰੀ ਮਹਾਂ।
ਪੂਰਯੋ ਗਯੋ ਮ੍ਰਿਤਕਾ ਸਾਥ।
ਇਕ ਮਿਹਨਤ ਕੀਜਹਿ ਨਿਜ ਹਾਥ ॥੨੧॥
ਰਾਹਕ ਬ੍ਰਿੰਦ ਆਜ ਲਗਿ ਜੱਯੈ।
ਕਰਿ ਤੁਰਨਤਾ ਸਕਲ ਖਨੱਯੈ।

ਮਧੁਰ ਨੀਰ ਕੋ ਸੁਖ ਸਭਿ ਪਾਓ।
ਮਮ ਨੰਦਨ ਕੋ ਪ੍ਰਥਮ ਪਿਆਓ ॥੨੨॥
ਤਯਾਰ ਤਿਹਾਵਲ ਕਰਿ ਅਬ ਲ੍ਯਾਓ।
ਕਰਿ ਅਰਦਾਸ ਬ੍ਰਿੰਦ ਬਰਤਾਓ।
ਸ਼੍ਰੀ ਨਾਨਕ ਜੀ ਹੋਇਂ ਸਹਾਇ।
ਸਿਮਰਹੁ ਨਾਮ ਬਿਘਨ ਗਨ ਜਾਇਂ'
॥੨੩॥
ਸੁਨਿ ਸਭਿ ਤੇ ਚਿਤ ਚੌਂਪ ਬਡੇਰੀ।
ਚਹਤਿ ਬਿਲੋਕ੍ਯੋ ਗਨ ਤਿਸ ਬੇਰੀ।
ਜਿਮ ਮਾਤਾ ਸੁਭ ਬਾਤ ਬਖਾਨੀ।
ਮਿਲਿ ਪੰਚਨ ਨਰ ਗਨ ਤਿਮ ਠਾਨੀ
॥੨੪॥
ਪੰਚਾਂਮ੍ਰਿਤ ਤਤਕਾਲ ਕਰਾਇ।
ਭਨਿ ਅਰਦਾਸ ਦੀਨਿ ਬਰਤਾਇ।
ਨਾਮ ਸਿਮਰ ਸ੍ਰੀ ਨਾਨਕ ਕੇਰਾ।
ਖਨਨ ਲਗੇ ਨਰ ਗਨ ਤਿਸ ਬੇਰਾ ॥੨੫॥
ਮ੍ਰਿਤਕਾ ਕੇਤਿਕ ਜਬਹਿ ਨਿਕਾਰੀ।
ਖਨਤਿ ਕੂਪ ਕੀ ਮਣਹਿ ਨਿਹਾਰੀ।
ਮੁਦਤ ਭਏ ਸਭਿ ਖੋਦਨ ਕਰੇ।
ਕੋ ਨਿਕਾਸਿ ਮਾਟੀ ਕੋ ਧਰੇ ॥੨੬॥
ਸਕਲ ਗ੍ਰਾਮ ਕੇ ਨਰ ਮਿਲਿ ਗਏ।
ਤੂਰਨ ਕਾਰ ਕਰਤਿ ਸੋ ਭਏ।
ਦਿਵਸ ਤੀਸਰੇ ਕੀਨਸਿ ਤ੍ਯਾਰੀ[1]।
ਨਿਕਸ੍ਯੋ ਮਧੁਰ ਤਬਹਿ ਬਰ ਬਾਰੀ
॥੨੭॥
ਸਤਿਗੁਰ ਕੇ ਸਮੀਪ ਲੈ ਆਏ।
ਪਾਨ ਕੀਨਿ ਆਛੇ ਹਰਖਾਏ।
ਬਹੁਰ ਅਖਿਲ ਨਰ ਪੀਯਸਿ ਪਾਨੀ।
ਮਹਿਮਾ ਮਾਨੀ ਮਹਦ ਮਹਾਂਨੀ ॥੨੮॥
ਗੁਰੁ ਕੋ ਕੂਪ ਨਾਮ ਤਿਸ ਭਯੋ।
ਅਬ ਲਗਿ ਅਹੈ ਮਧੁਰ ਜਲ ਥਿਯੋ।
ਮਾਤੁਲ[1] ਕੀ ਪ੍ਰਤੀਖਨਾ ਧਰਿਤੇ।

[1]ਤਿਆਰ ਹੋ ਗਿਆ।

[1]ਮਾਮੇ ਦੀ।

-ਕਬ ਆਵਹਿਂ ਚਲਿ ਆਨੰਦ ਪੁਰਿ ਤੇ ॥੨੯॥
ਹਯ ਆਦਿਕ ਸਾਮਿੱਗ੍ਰੀ ਲ਼ਜਾਵੈਂ।
ਤਬ ਅਖੇਰ ਕੋ ਵਹਿਰ ਸਿਧਾਵੈਂ।
ਪਿਖਹਿਂ ਠੌਰ ਲਖਨੌਰ ਚੁਕੋਦ[1]।
ਚਢਹਿਂ ਕਿਕਾਨ ਕੁਦਾਇ ਸਮੋਦ- ॥੩੦॥
ਬੂਝਹਿ ਮਾਤਨ ਕੋ ਬਹੁ ਬਾਰੀ।
'ਕਬ ਆਵਹਿਂ ਮਾਤੁਲ ਹਿਤਕਾਰੀ?'
ਸੁਨਿ ਦਿਨ ਗਿਨਹਿ ਜਨਨਿ ਪਰਚਾਵੈ।
'ਬਾਜ ਸਾਜ ਸਾਜਤਿ ਬਿਲਮਾਵੈ[1] ॥੩੧॥
ਹਿਤ ਤੁਮਰੇ ਸੁੰਦਰ ਕਰਿਵਾਇ।
ਬਸਤ੍ਰ ਸ਼ਸਤ੍ਰ ਆਨਹਿਂ ਸਮੁਦਾਇ।
ਅਬ ਨਹਿ ਬਿਲਮ, ਆਜ ਕੈ ਕਾਲੀ।
ਪਹੁੰਚਜੋ ਲਖਹੁ ਸੁ ਆਇ ਉਤਾਲੀ[1]' ॥੩੨॥
ਇਮ ਪ੍ਰਤੀਖਤੇ ਚਲਿ ਕਰਿ ਆਯੋ।
ਵਸਤੁ ਸਕਲ ਗੁਰ ਕੇ ਹਿਤ ਲ਼ਜਾਯੋ।
ਉਤਰਿ ਤੁਰੰਗ ਤੇ ਬੰਦਨ ਠਾਨੀ।
ਜੁਗ ਮਾਤਨ ਕੋ ਨਮੋ ਬਖਾਨੀ ॥੩੩॥
ਮੁਦਤ ਗੁਰੂ ਮਾਤੁਲ ਕੋ ਮਿਲੇ।
ਬੂਝਿ ਅਨੰਦ ਪੁਰਿ ਕੀ ਸੁਧਿ ਭਲੇ।
'ਪਿਤ ਕੋ ਹੁਕਮ ਭਯੋ ਤਹਿਂ ਜਾਨੇ।
ਕਿਤਿਕ ਦਿਵਸ ਮਹੁਂ ਕਰਹਿਂ ਪਯਾਨੇ ॥੩੪॥
ਇਸੀ ਹੇਤੁ ਬੁਲਵਾਇਸਿ ਤੋਹੀ।
ਪਿਖਨ ਦੇਸ਼ ਅਭਿਲਾਖਾ ਮੋਹੀ।'
ਕਹਜੋ ਕ੍ਰਿਪਾਲ ਕ੍ਰਿਪਾਲਹਿ ਸੰਗ[1]।
'ਬਰਤੇ ਬਡੇ ਗੁਰੂ ਕਿਸ ਰੰਗ ॥੩੫॥
ਹਮ ਸਭਿਹਿਨਿ ਕੋ ਤਜਿ ਕਰਿ ਗਏ।
ਕੈਦ ਤੁਰਕ ਕੀ ਪ੍ਰਾਪਤਿ ਭਏ।

[1]ਚਾਰੋਂ ਪਾਸੀ।

[1]ਘੋੜੇ ਦੇ ਸਾਜ ਨੂੰ ਬਣਵਾਂਦੇ ਹੋਣਗੇ (ਇਸ ਲਈ) ਡੇਰੀ ਲਗੀ ਹੈ।

[1]ਛੇਤੀ।

[1]ਗੁਰੂ ਜੀ ਨਾਲ।

ਮਹਾਂ ਦੁਸ਼ਟ ਇਹ ਨੌਰੰਗ ਪਾਪੀ।
ਪ੍ਰਭੁ ਸੰਤਨ ਕੋ ਕੁਟਿਲ ਪ੍ਰਤਾਪੀ[1] ॥੩੬॥ — [1]ਕੁਟਲਤਾ ਨਾਲ ਤਪਾਵਣ ਵਾਲਾ ਭਾਵ ਬੜਾ ਦੁਖ ਦੇਣ ਵਾਲਾ।

ਹਮ ਕਿਸਹੂੰ ਕੋ ਭੇਦ ਨ ਦੀਨਾ।
ਔਚਕ ਪੰਥ ਆਗਰੇ ਲੀਨਾ।
ਜੇ ਤੁਰਕੇਸ਼ੁਰ ਕਰਤਿ ਖੁਟਾਈ।
ਜੰਗਲ ਦੇਸ਼[1] ਸਿੱਖ ਸਮੁਦਾਈ ॥੩੭॥ — [1]ਮਾਲਵੇ।
ਜਹਾਂ ਨ ਬਸ ਦੁਸ਼ਟਨ ਕੋ ਕੋਈ।
ਸੁਖ ਸੋਂ ਬਾਸ ਤਿਨਹੁ ਮਹੁ ਹੋਈ।
ਕਹਾਂ ਜਾਨ ਕਰਿ ਗੁਰੁ ਪ੍ਰਬੀਨ।
ਬੰਧਨ ਬਿਖੈ ਜਾਇ ਤਨ ਦੀਨਿ' ॥੩੮॥
ਸੁਨਿ ਸਚਿੰਤ ਬਚ ਸਾਹਿਬ ਬੋਲੇ।
'ਕਰਨ ਕਰਾਵਨ ਪ੍ਰਭੁ ਅਡੋਲੇ।
ਤਿਨ ਹਿਤ ਕਰਨਿ ਮਨੋਰਥ ਘਨੇ।
ਹਮ ਤੁਮ ਕੋ ਇਹ ਨਾਂਹਿ ਨ ਬਨੇ ॥੩੯॥
ਹੋਨਹਾਰ ਕੋ ਕਰਹਿਂ ਬਨਾਇ[1]। — [1]ਭਾਵ ਹੋਣੀ ਨੂੰ ਆਪ ਬਣਾਉਂਦੇ ਹਨ।
ਕਰਹਿਂ ਜੁ ਹੋਨਹਾਰ ਹੁਇ ਜਾਇ[1]। — [1]ਜੋ ਉਹ ਕਰਦੇ ਹਨ ਉਹ ਹੋਣਹਾਰ ਹੋ ਜਾਂਦੀ ਹੈ।
ਸਕਲ ਕਲਾ ਸਮਰਥ ਸੁਖ ਦਾਤੇ।
ਭੂਤ ਭਵਿੱਖਜਤ ਕੇ ਸਭਿ ਗਜਾਤੇ ॥੪੦॥
ਤਿਨ ਕੋ ਕਹਜੋ ਮਾਨਬੋ ਭਲੇ।
ਸੁਪ੍ਰੰਸਨ ਅਨੁਸਾਰੀ ਚਲੇ।
ਮਰਜੀ ਦੇਖਨਿ ਕੇ ਹਮ ਗਰਜੀ[1]। — [1]ਚਾਹਵਾਨ।
ਨਿਜ ਕਾਰਜ ਕੀ ਕੀਜਹਿ ਅਰਜ਼ੀ[1] ॥੪੧॥ — [1]ਬੇਨਤੀ।
ਸਰਬ ਗਜਾਨ ਕੇ ਕਰਤਬ ਮਾਂਹੀ[1]। — [1]ਜਿਨ੍ਹਾਂ ਨੂੰ) ਸਭ ਦਾ ਗਿਆਨ (ਹੈ ਉਹਨਾਂ ਦੇ) ਕਰਤਬ ਵਿਚ.......।
ਸੁਮਤਿਵੰਤ ਤਰਕਤਿ ਕਬ ਨਾਂਹੀ[1]। — [1]ਬੁਧੀਮਾਨ ਹੁੱਜਤ ਨਹੀਂ ਕਰਦਾ।
ਇਮ ਸਮਝਹੁ ਚਿਤ ਚਿੰਤ ਬਿਸਾਰਹੁ।
ਕਰਜੋ ਹੁਕਮ ਕੋ ਨਿਸ਼ਚੈ ਧਾਰਹੁ' ॥੪੨॥
ਜੁਗ ਮਾਤਨ ਕੇ ਸਹਿਤ ਕ੍ਰਿਪਾਲ।
ਅਸ ਉਪਦੇਸ਼ੈਂ ਗੁਰੂ ਕ੍ਰਿਪਾਲ।
ਚਿਤ ਬਿਚਾਰ ਕਰਿ ਜਾਨੀ ਸਾਚੀ।
ਸੁਮਤਿ ਸਹਿਤ ਸ਼ੁਭ ਗਿਰਾ ਉਬਾਚੀ

॥੪੩॥
ਖਾਨ ਪਾਨ ਕਰਿ ਸੁਖ ਸੋਂ ਸੋਏ।
ਨਿਸ ਬਿਤੀ ਤਬ ਜਾਗਨਿ ਹੋਏ।
ਸੌਚ ਸ਼ਨਾਨ ਠਾਨਿ ਕਰਿ ਆਛੇ।
ਹਯ ਅਰੂਢਬੇ ਸਤਿਗੁਰੁ ਬਾਛੇ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕੂਪ ਨਿਕਸਾਵਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

## ੫੮. [ਘੋੜੇ ਦੀ ਸਵਾਰੀ। ਘੋਘਾ। ਲਖਨੌਰ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਜ਼ੀਨ ਜ਼ਰੀ ਜਰਿ ਕੀਨਿ ਤਬ†, ਬਰ ਬਾਜੀ ਪਰ ਡਾਰਿ[1]।
ਸੁੰਦਰ ਸਾਜਯੋ ਸਾਜ ਸੋਂ, ਚਪਲਤਿ ਬਲੀ ਉਦਾਰ ॥੧॥

[1]ਜ਼ਰੀ ਨਾਲ ਜੜੀ ਹੋਈ ਕਾਠੀ ਸੁਹਣੇ ਘੋੜੇ ਤੇ ਪਾ ਕੇ।
†ਪਾ:-ਤਰ।

ਚੌਪਈ:

ਗੁਰਨ ਮਨਾਇ ਗੁਰੂ ਕੇ ਨੰਦਨ[1]।
ਮਨ ਸਿਮਰੇ ਗਨ ਬਿਘਨ ਨਿਕੰਦਨ[1]।
ਚਢੇ ਤੁਰੰਗ ਸੰਗ ਚਪਲਾਈ[1]।
ਪ੍ਰੇਰਨ ਕੀਨੋ ਬਾਗ ਉਠਾਈ ॥੨॥
ਏਕ ਬਾਜ ਲੇ ਆਇ ਕ੍ਰਿਪਾਲ।
ਕਹਿ ਕਰਿ ਤਾਂਹਿ ਮਿਲਾਯੋ ਨਾਲ।
ਮੀਰ ਸ਼ਿਕਾਰ ਭਯੋ ਤਬ ਆਗੇ।
ਚਲੇ ਵਹਿਰ ਕੋ ਆਨੰਦ ਪਾਗੇ ॥੩॥
ਸਭਿ ਕੇ ਰਿਦੇ ਪ੍ਰਫੁੱਲਤ ਹੋਏ।
ਗੁਰੂ ਪਿਤਾਮਾ ਕੇ ਸਮ ਜੋਏ।
ਚਢਤਿ ਅਨੂਠੀ ਸਜਯੋ ਤੁਰੰਗ[1]।
ਮਨਹੁਂ ਬੀਰ ਰਸ ਭਾ ਸਰਬੰਗ ॥੪॥
ਬਦਨ ਪ੍ਰਫੁੱਲਤਿ ਕਮਲ ਮਨੋ ਹੈ।
ਚਪਲ ਬਿਲੋਚਨ ਤੇਜ ਘਨੋ ਹੈ।
ਪੂਰਬ ਉੱਤਰ ਕੀ ਦਿਸ਼ਿ ਚਾਲੇ।
ਕਰਤਿ ਅਖੇਰ ਮ੍ਰਿਗਨ ਕੋ ਭਾਲੇ ॥੫॥
ਮਾਤੁਲ ਸੋਂ ਬਾਤਨ ਸ਼ੁਭ ਕਰਤੇ।
ਬਿਚਰਤਿ ਵਹਿਰ ਉਜਾਰ ਨਿਹਰਿਤੇ।
ਮੰਦ ਮੰਦ ਕਰਿ ਤੁੰਦ[1] ਪਲਾਵੈਂ।
ਦਾਸ ਤੁਰੰਗਮ ਸੰਗ ਸਿਧਾਵੈਂ ॥੬॥
ਇਤ ਉਤ ਬਿਹਰਤਿ ਭਏ ਅਨੰਦ।
ਏਕ ਜਾਮ ਲੌ ਗੁਰੂ ਮੁਕੰਦ।
ਕਛ ਅਖੇਰ ਕਰਿ ਘਰ ਕੋ ਆਏ।
ਜੁਗ ਮਾਤਨ ਮਗ ਦਿਸ਼ਿ ਦ੍ਰਿਗ ਲਾਏ

[1]ਗੁਰੂ ਜੀ ਦੇ ਬੇਟੇ ਨੇ ਗੁਰਾਂ ਨੂੰ ਮਨਾਕੇ।
[1]ਸਾਰੇ ਬਿਘਨ ਨਾਸ਼ ਕਰਤਾ ਸ਼੍ਰੀ ਗੁਰੂ ਜੀਆਂ ਨੂੰ ਮਨ ਵਿਚ ਯਾਦ ਕੀਤਾ।
[1]ਚੰਚਲਤਾ ਨਾਲ।
[1]ਸਜੇ ਹੋਏ ਘੋੜੇ ਤੇ ਆਪ ਦੀ ਚੜ੍ਹਤ ਅਨੁਪਮ ਹੈ।
[1]ਤੇਜ।

॥੭॥
ਉਦਤ ਮੁਦਤ[1] ਦਿਖਿ ਪੌਤ੍ਰ ਬਦਨ ਕੋ। [1]ਅਨੰਦ ਉਦੇ ਹੋਇਆ, ਭਾਵ ਚਾਉ ਚੜ੍ਹਿਆ।
ਖਰੀ ਪੌਰ ਪਰ ਤਜਾਗ ਸਦਨ ਕੋ।
ਉਤਰੇ ਨਮੋ ਕਰਤਿ ਘਰ ਬਰੇ।
ਸੰਗ ਕ੍ਰਿਪਾਲ ਆਪਨੇ ਕਰੇ ॥੮॥
ਇਸ ਬਿਧਿ ਕੇਤਿਕ ਦਿਵਸ ਬਿਤਾਏ।
ਖੇਲਤਿ ਮੇਲਿ ਬਾਤ ਸਮੁਦਾਏ।
ਪੁਨ ਇਕ ਦਿਨ ਘੋਘਾ ਚਲਿ ਆਯਹੁ।
ਲੇ ਚਲਿਬੇ ਹਿਤ ਬਾਕ ਅਲਾਯਹੁ ॥੯॥
ਚਾਹਤਿ ਰਿਦੇ -ਅਵੱਗਜਾ ਹੋਈ।
ਸੇਵਾ ਕਰਿ ਬਖਸ਼ਾਵੌਂ ਸੋਈ-।
ਬਿਚਰਤਿ ਵਹਿਰ ਮਿਲਜੋ ਸਤਿਗੁਰ ਕੋ।
ਬੰਦਤਿ ਭਨਜੋਂ ਮਨੋਰਥ ਉਰ ਕੋ ॥੧੦॥
'ਸੁੰਦਰ ਸਦਨ ਬਨੇ ਬਹੁ ਮੇਰੇ।
ਬਸਹੁ ਆਪ ਲਿਹੁ ਪੂਰਬ ਹੇਰੇ।
ਪਾਵਨ ਕਰਹੁ ਕਾਮਨਾ ਮੋਹੀ।
ਕਈ ਬਾਰ ਭਾਖਜੋ ਢਿਗ ਹੋਹੀ' ॥੧੧॥
ਸੁਨਿ ਕ੍ਰਿਪਾਲ ਸੋਂ ਕਰਜੋ ਪ੍ਰਕਾਸ਼।
'ਇਕ ਦਿਨ ਚਲੀਅਹਿ ਇਸੈ ਅਵਾਸ।'
'ਆਛੀ ਬਾਤ ਪ੍ਰਭਾਤਿ ਪਯਾਨਹੁਂ।'
ਇਮ ਕਹਿ ਤਿਸ ਕਹੁ ਰਾਖਨ ਠਾਨਹੁਂ[1] [1]ਰਖਣਾ ਕੀਤਾ।
॥੧੨॥
ਕਰਿ ਮਸਲਤ ਨਿਸ ਮਹਿਂ ਬਿਸਰਾਮੇ।
ਭੋਰ ਜ਼ੀਨ ਹਯ ਪਾਇ ਭਿਰਾਮੇ।
ਮਿਸ ਅਖੇਰ ਕੇ ਚਢੇ ਗੁਸਾਈਂ।
ਸੰਗ ਕ੍ਰਿਪਾਲ ਦਾਸ ਸਮੁਦਾਈ ॥੧੩॥
ਘੋਘੇ ਕੋ ਕਰਿ ਲੀਨ ਅਗਾਰੀ।
ਪਹੁੰਚਿ ਨਨੇੜੀ ਗ੍ਰਾਮ ਮਝਾਰੀ।
ਹਯ ਪਰ ਚਢੇ ਖਰੇ ਤਹਿਂ ਥਿਏ।
ਬੰਦਤਿ ਨਰ ਸਤਿਗੁਰੁ ਢਿਗ ਅਏ
॥੧੪॥
ਇਕ ਨੇ ਹੋਇ ਸਮੀਪ ਬਤਾਈ।

'ਇਸ ਘੋਘੇ ਅਸ ਕੀਨਿ ਖੁਟਾਈ[1]।'
ਸੁਨਤਿ ਰਿਸੇ ਤਿਤ ਛਿਨ ਹਟਿ ਆਏ।
ਦਿਯੋ ਸ੍ਰਾਪ 'ਇਸ ਬੰਸ ਨਸਾਏ' ॥੧੫॥
ਮਗ ਚਲਿ ਪਹੁੰਚੇ ਨਗਰ ਅੰਬਾਲੇ।
ਤਿਸ ਤੇ ਦੱਖਨ ਦਿਸ਼ਿ ਕੋ ਚਾਲੇ।
ਜਬਹਿ ਬਰੋਬਰ ਪੁਰਿ ਕੀ ਆਏ।
ਪਤਿਸ਼ਾਹੀ ਉਪਬਨ[1] ਤਿਸ ਥਾਂਏ ॥੧੬॥
ਕਰਜੋ ਬਿਲੋਕਨਿ ਤਰੁਵਰ ਨੀਕੇ।
ਦੱਖਣ ਦਿਸ਼ਾ ਥਿਰੇ ਤਿਸ ਹੀਕੇ[1]।
ਚਹੁੰ ਦਿਸ਼ਿ ਮਹਿਂ ਪਾਕੀ ਜਿਸ ਭੀਤ।
ਠਾਂਢੇ ਤਹਾਂ ਬਾਜ ਕਰ ਲੀਤਿ[1] ॥੧੭॥
ਤਾਮਾ[1] ਤਿਸੇ ਖੁਲਾਵਨਿ ਕਰੇ।
ਆਛੇ ਤ੍ਰਿਪਤਾਯਹੁ ਤਹਿਂ ਖਰੇ।
ਉਤਰੇ ਨਹੀਂ ਬਹੁਰ ਚਲਿ ਆਏ।
ਸੰਧ੍ਯਾ ਭਈ ਭਾਨੁ ਅਸਤਾਏ ॥੧੮॥
ਤਬਹਿ ਆਨਿ ਪਹੁੰਚੇ ਲਖਨੌਰ।
ਬਿਸਰਾਮੇ ਸੋਢੀ ਸਿਰਮੌਰ।
ਇਕ ਦਿਨ ਬਹੁਰ ਚਢੇ ਚਲਿ ਗਏ।
ਮ੍ਰਿਗਨ ਪਲਾਇ ਦੂਰ ਥਿਰ ਥਿਏ ॥੧੯॥
ਗ੍ਰਾਮ ਭੁਸਥਲੇ ਕੋ ਬਡ ਥੇਹ।
ਠਾਂਢੇ ਭਏ ਜਾਇ ਸੁਖ ਗ੍ਰੇਹ[1]।
ਕਿਤਕ ਸਮਾ ਜਬ ਖਰੇ ਬਿਤਾਯੋ।
ਲੁਖੀ[1] ਤੇ ਇਕ ਰੰਘੜ ਆਯੋ ॥੨੦॥
ਬਿਚਰਤਿ ਹਿਤ ਸ਼ਿਕਾਰ ਕੇ ਜਾਈ।
ਤਿਸ ਕੇ ਸੰਗਿ ਹੁਤੋ ਇਕ ਨਾਈ।
ਗੁਰੂ ਪਛਾਨ ਆਨਿ ਪਗ ਨਯੋ[1]।
ਤਬ ਰੰਘਰ ਨ ਬੂਝਨਿ ਕਿਯੋ ॥੨੧॥
'ਕਿਸ ਕੋ ਬਾਲਿਕ ਸਹਿਤ ਪ੍ਰਤਾਪੂ?
ਰਾਜਨ ਕੇ ਸਮਾਨ ਬਡ ਦਾਪੂ[1]।'
'ਗੁਰੂ ਹਮਾਰੋ' ਭਾਖ੍ਯੋ ਨਾਈ।
'ਜਿਨ ਕੋ ਸਭਿ ਜਗ ਪੂਜਹਿ ਆਈ'
॥੨੨॥

[1]ਭਾਵ ਘੋਘੇ ਦਾ ਖੋਟ ਦੱਸ ਦਿੱਤਾ।

[1]ਬਾਗ਼।

[1]ਤਿਸ ਬਾਗ਼ ਦੇ ਦਖਣ ਪਾਸੇ ਇਸਥਿਤ ਹੋਏ।

[1]ਬਾਜ ਹੱਥ ਵਿਚ ਲਏ।

[1]ਬਾਜ਼ ਦਾ ਭੋਜਨ। [ਅ਼: ਤੁਅ਼ਮਹ = ਖਾਣਾ]

[1]ਸੁਖਾਂ ਦਾ ਘਰ ਭਾਵ ਸ਼੍ਰੀ ਗੁਰੂ ਜੀ।

[1]ਨਾਮ ਪਿੰਡ।

[1]ਨਿਵਿਆਂ।

[1]ਤੇਜ।

ਸੁਨਿ ਰੰਘਰ ਕੇ ਸਿਦਕ ਬਿਸਾਲਾ।
ਬੰਦਨ ਹਿਤ ਆਯੋ ਤਤਕਾਲਾ।
ਤਰਕਸ਼ ਤੇ ਸਰ ਪੰਚ ਨਿਕਾਸੇ।
ਧਰ ਕਰਿ ਕਰ ਮਹਿਂ ਹੋਯਸਿ ਪਾਸੇ[1] ॥੨੩॥
ਗੁਰੁ ਆਗੇ ਕਰਿ ਸੀਸ ਨਿਵਾਯਹੁ।
'ਬਸਤ ਰਹੋ' ਬਰ ਹੇਰਿ ਅਲਾਯਹੁ।
ਸੁ ਪ੍ਰਸੰਨ ਮੁਖ ਤੇ ਸੁਨਿ ਬੈਨ।
ਰੰਘਰ ਭਨੇ ਸਮੁਖ ਕਰਿ ਨੈਨ ॥੨੪॥
'ਖਰ ਸਰ ਨਿਰਮਲ ਲੇਹੁ ਉਪਾਇਨ।
ਪੁਨਹਿਂ ਸਪ੍ਰਸੌਂ ਕਰ ਸੋਂ ਪਾਇਨ।'
ਪਿਖਿ ਸ਼ਰਧਾ ਗਹਿ ਲੀਨੇ ਹਾਥ।
ਤਬ ਤਿਨ ਧਰਜੋ ਚਰਨ ਪਰ ਮਾਥ ॥੨੫॥
ਪੁਨ ਹਰਖਤਿ ਹੁਇ ਸਦਨ ਸਿਧਾਰਾ।
ਸਤਿਗੁਰ ਹਯ ਨਿਜ ਮਾਰਗ ਡਾਰਾ।
ਆਵਤਿ ਭੇ ਲਖਨੌਰ ਮਝਾਰਾ।
ਨਿਸ ਬਿਸਰਾਮ ਕੀਨਿ ਸੁਖੁ ਧਾਰਾ ॥੨੬॥
ਇਸ ਪ੍ਰਕਾਰ ਤਹਿਂ ਸਮੈਂ ਬਿਤਾਯੋ।
ਚਿਤਵਹਿਂ ਪਿਤ ਸੰਦੇਸ਼ ਪਠਾਯੋ।
ਜੁਗ ਮਾਤਨ ਢਿਗ ਬੈਠ ਬਖਾਨੀ।
'ਕਿਮ ਚਲਬੇ ਕੀ ਮਸਲਤ ਠਾਨੀ? ॥੨੭॥
ਬਸਨ ਅਨੰਦ ਪੁਰਿ ਅਪਨਿ ਸਥਾਨਾ।
ਹੁਕਮ ਗੁਰਨ ਕਹੁ ਚਹਿਯਹਿ ਮਾਨਾ।
ਤਜਾਰੀ ਕਰਹੁ ਪੰਥ ਪ੍ਰਸਥਾਨੈ।
ਇਤ ਬਸਬੋ ਅਬ ਨੀਕ ਨ ਜਾਨੈ ॥੨੮॥
ਸਤਿਗੁਰ ਕ੍ਰਿਤ ਮਹਿਂ ਚਿੰਤ ਨ ਕਾਈ।
ਸਭਿ ਬਿਧਿ ਮਹਿਂ ਸਮਰਥ ਸਭਿ ਥਾਂਈ।
ਤੁਰਕ ਨਿਕਟ ਜੇ ਚਹਤਿ ਨ ਜਾਨਾ।
ਤੌ ਤਿਸ ਕੋ ਬਲ ਚਲਤਿ ਮਹਾਨਾਂ[1]

[1]ਨੇੜੇ ਹੋਇਆ।

[1]ਤਾਂ ਕਿਸ ਵਡੇ (ਬਲੀ) ਦਾ ਬਲ ਚਲਣਾ ਸੀ।

॥੨੯॥
ਦੇਸ਼ ਮਵਾਸੇ ਜੰਗਲ ਆਦਿ।
ਤਿਹ ਠਾਂ ਹਮਰੇ ਸਿੱਖ ਆਬਾਦਿ।
ਇਸ ਤੇ ਆਦਿਕ ਅਨਿਕ ਉਪਾਇ।
ਅਨੰਦ ਸਮੇਤ ਬਸਤ ਬਹੁ ਥਾਂਇ ॥੩੦॥
ਸੁਨੇ ਬਿੱਪ੍ਰ ਕਸ਼ਮੀਰੀ ਆਏ।
ਤਿਨ ਤੇ ਪਾਤੀ ਪਠਿ ਫੁਰਮਾਏ।
ਤੁਰਕੇਸ਼ੁਰ ਕੇ ਨਿਕਟਿ ਪਠਾਏ[1]। — [1]ਭੇਜੇ (ਪੰਡਿਤ)।
ਪਹੁੰਚਿ ਮਿਲੇ ਸੁਬ੍ਰਿਤੰਤ ਸੁਨਾਏ[1] ॥੩੧॥ — [1]ਜਿਹੜੇ ਓਹ ਪਹੁੰਚਕੇ ਮਿਲੇ ਤੇ ਹਾਲ ਦਸਿਆ।
ਤਬ ਤੇ ਅਵਰੰਗ ਲਗੇ ਹਕਾਰਨਿ।
ਤੋਰਾ ਕਰਤਿ ਸ਼ਰਾ ਕੇ ਕਾਰਨ[1]। — [1]ਹੁਕਮ ਕਰਦਾ ਹੈ ਸ਼ਰ੍ਹਾ ਚਲਾਵਣ ਲਈ।
ਪ੍ਰਥਮਹਿ ਅਹਿਦੀ ਨਿਕਟ ਪਠਾਏ।
ਤਿਨਹੁ ਸੰਗ ਨਹਿਂ ਗੁਰੂ ਸਿਧਾਏ ॥੩੨॥
ਸੈਫਾਬਾਦ ਥਿਰੇ ਜਬ ਆਇ।
ਖੋਜਨ ਹਿਤ ਗਨ ਫੌਜ ਪਠਾਇ।
ਮਿਲ੍ਯੋ ਨ ਕੋਈ ਕਿਸ ਥਲ ਕਬੈ।
ਹ੍ਵੈ ਕਰਿ ਤਯਾਗ ਆਪ ਗੇਤਬੈ ॥੩੩॥
ਜਾਇ ਆਗਰੇ ਸੂਚਨ ਹੇਤੁ[1]। — [1]ਅਪਨੀ) ਖਬਰ ਦੇਣ ਲਈ ਆਗਰੇ ਜਾਕੇ........।
ਪਠੀ ਮੁੱਦ੍ਰਕਾ ਹੀਰਾ ਸ੍ਵੇਤ।
ਗਯੋ ਅਯਾਲੀ ਦਯੋ ਦੁਸ਼ਾਲਾ।
ਸੋ ਗਹਿ ਲੀਨਿ ਦੇਖਿ ਕੁਤਵਾਲਾ ॥੩੪॥
ਸੰਗ ਸਿਪਾਹੀ ਲੇ ਕਰਿ ਗਯੋ।
ਉਪਬਨ ਆਇ ਬਤਾਵਤਿ ਭਯੋ।
ਤਿਹ ਤੇ ਲੇ ਸੰਗ ਦੁਰਗ ਉਤਾਰੇ।
ਇਮ ਸਤਿਗੁਰ ਤਿਸ ਥਾਨ ਸਿਧਾਰੇ ॥੩੫॥
ਕਾਰਾਗ੍ਰਿਹ ਤੇ ਜੇ ਛੁਟਿ ਆਏ।
ਸਭਿ ਇੱਤਯਾਦਿ ਪ੍ਰਸੰਗ ਸੁਨਾਏ[1]। — [1]ਜੇਹੜੇ ਸਿੱਖ ਕੈਦੋਂ ਛੁਟ ਕੇ ਆਏ ਸਨ (ਦਸ਼ਮੇਸ਼ ਜੀ ਦੱਸਦੇ ਹਨ ਕਿ) ਉਨ੍ਹਾਂ ਨੇ ਏਹ ਪ੍ਰਸੰਗ ਸੁਨਾਏ ਹਨ।
ਕਾਰਨ ਕਰਨ ਆਪ ਹੀ ਕੀਨਾ।
ਕੋ ਨ ਹਟਾਇ ਸਕਹਿ ਹਿਤ ਭੀਨਾ[1] ॥੩੬॥ — [1]ਪ੍ਰੇਮੀ। (ਅ) ਜਿਸ ਪਿਆਰ ਵਿੱਚ ਸ੍ਰੀ ਗੁਰੂ ਜੀ ਭਿੱਜੇ ਹਨ ਭਾਵ ਪ੍ਰਜਾ ਰਖਯਾ ਦੇ ਪਿਆਰ ਤੋਂ।

ਕਰਹੁ ਅਨੰਦ ਪੁਰਿ ਕੀ ਤਬ ਤਜਾਰੀ।'
ਸੁਨਿ ਮਾਤਨ ਦ੍ਰਿਗ ਆਂਸੁਨ ਡਾਰੀ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ।
'ਕਰਤਾ ਪੁਰਖ ਕਹਾਂ ਕਰਿ ਕਾਰੀ ॥੩੭॥
ਬਿਨਾ ਮਿਲੇ ਬਿਨ ਭਨੇ ਪਯਾਨੇ।
ਸੰਕਟ ਮਹਿਂ ਕਰਿ ਸਭਿ ਗ਼ਲਤਾਨੇ[1]।
ਹਮ ਤੇ ਅਬ ਕੁਛ ਕਰਜੋ ਨ ਜਾਇ।
ਸੋਚਤਿ ਚਿਤ ਨਿਸ ਦਯੋਸ ਬਿਤਾਇ ॥੩੮॥
ਥਿਰੇ ਗ੍ਰਾਮ ਇਸ, ਲਖਹਿ ਨ ਕੋਈ।
ਕੇਤਿਕ ਸਮੈਂ ਬਿਤੀਤਨ ਹੋਈ।
ਅਬ ਲੌ ਤੁਮ ਕੁਛ ਭਏ ਨ ਸਯਾਨੇ।
ਹਮ ਕਜਾ ਕਹੈਂ ਕਰਹੁ ਜਿਮ ਜਾਨੇ ॥੩੯॥
ਕਿਸ ਬਿਧਿ ਹੋਤਿ ਨ ਮਨ ਉਤਸ਼ਾਹੂ।
ਚਿੰਤਾਗਨਿ[1] ਜਾਰਤਿ ਉਰ ਮਾਂਹੂ।'
ਸੁਨਿ ਬੋਲੇ ਮਾਤਨ ਕੈ ਬੈਨ।
'ਗੁਰ ਕਰੁਨਾ ਤੇ ਹਮ ਕੋ ਭੈ ਨ ॥੪੦॥
ਮੋ ਤੇ ਛਪਜੋ ਜਾਇ ਕਿਤ ਨਾਂਹੀ।
ਕਬਿ ਲੌ ਬੈਠ ਰਹੌਂ ਘਰ ਮਾਂਹੀ।
ਕਬ ਲੌ ਤਜਹਿਂ ਅਨੰਦ ਪੁਰਿ ਥਾਨਾ।
ਇਹਾਂ ਬਸਨ ਮਹਿਂ ਕੋ ਗੁਨ ਜਾਨਾ[1]? ॥੪੧॥
ਅਬ ਮੇਰੋ ਚਿਤ ਪਰਚਤਿ ਨਾਂਹੀ।
ਬਹੁਰ ਚਲਨ ਪਿਤ ਆਇਸੁ ਮਾਂਹੀ[1]।
ਮਾਤੁਲ ਸਭਿ ਸਮਾਜ ਲੇ ਆਯੋ।
ਬੈਠਨਿ ਇਹਾਂ ਨਹੀਂ ਮਨ ਭਾਯੋ' ॥੪੨॥
ਇਮ ਕਰਿ ਮਸਲਤ ਹੁਕਮ ਬਖਾਨਾ।
'ਤਜਾਰੀ ਕਰਹੁ ਪ੍ਰਾਤਿ ਪ੍ਰਸਥਾਨਾ।'
ਦਾਸ ਬ੍ਰਿੰਦ ਕੋ ਕਹਿ ਇਮ ਦਯੋ।
ਸਭਿ ਮਹਿਂ ਬਿਦਤ ਗਮਨ ਤਬ ਭਯੋ

[1]ਭਾਵ ਸੰਕਟ ਵਿਚ ਪਾਕੇ।

[1]ਚਿੰਤਾ ਰੂਪੀ ਅਗਨੀ।

[1]ਕੀ ਫਾਇਦਾ ਹੈ।

[1]ਫਿਰ (ਸਾਡਾ) ਚਲਣਾ ਪਿਤਾ ਜੀ ਦੀ ਆਗਜਾ ਵਿੱਚ ਹੈ।

॥੪੩॥

ਜੋ ਜਿਸ ਚਹਿਯਤਿ ਸੋ ਤਿਸ ਲੀਨਿ।
ਤਜਾਰੀ ਕੀ ਨਿਜ ਆਇਸੁ[1] ਦੀਨਿ। [1]ਆਪਣੀ ਆਗਯਾ।
ਸਭਿ ਵਾਹਨ ਦਾਨਾ ਤ੍ਰਿਣ ਚਾਰਿ[1]। [1]ਚਾਰਕੇ।
ਮਰਦਤਿ ਅੰਗਨ ਸਰਬ ਸੁਧਾਰਿ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਲਖਨੌਰ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

## ੫੯. [ਲਖਨੌਰੋਂ ਕੀਰਤਿ ਪੁਰਿ ਆਉਣਾ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਤਿਸ ਨਿਸ ਮਹਿਂ ਬਿਸਰਾਮ ਕਰਿ,
ਦੁਖਤਿ ਮਾਤ ਲਖਿ ਦੋਇ।
ਕਹਿ ਧੀਰਜ ਕੇ ਬਾਕ ਪੁਨ,
ਵਿਗ ਕ੍ਰਿਪਾਲ ਥਿਰ ਹੋਇ ॥੧॥

ਚੌਪਈ:

'ਅਤਿ ਸਮਰੱਥ ਜੁਤਿ ਪਿਤਾ ਹਮਾਰੇ।
ਚਹਹਿਂ, ਸੁ ਰਚਹਿਂ ਨ ਲਗਹਿ ਅਵਾਰੇ।
ਤੁਰਕੇਸ਼ੁਰ ਜੁਤਿ ਸਭਿ ਤੁਰਕਾਨਹਿਂ।
ਏਕ ਬਾਕ ਤੇ ਤਤਛਿਨ ਹਾਨਹਿਂ ॥੨॥
ਗੁਰ ਕੀ ਬਾਤ ਕਹਾਂ ਸੋ ਕਹੈਂ।
ਤਿਨ ਕੇ ਦਾਸਨ ਦਾਸ ਜੁ ਅਹੈਂ।
ਸਭਿ ਸਲਤਨ[1] ਕੋ ਕਰਹਿਂ ਬਿਨਾਸ਼। — [1]ਰਾਜ ਨੂੰ।
ਹੋਹਿ ਏਕ ਹੀ ਜਿਨ ਹੁਤਾਸ[1] ॥੩॥ — [1]ਇਕ ਹੀ (ਦਾਸ) ਅਗਨੀ ਵਤ (ਸਾਰਿਆਂ ਨੂੰ ਨਾਸ਼ ਕਰਨ ਵਾਲਾ) ਸਮਝੋ।
ਮਤੀਦਾਸ ਜਿਮ ਕਹਜੋ ਤਹਾਂ ਹੀ।
ਸੋ ਭੀ ਬਾਤ ਸੁਨੀ ਕੈ ਨਾਂਹੀ[1]। — [1]ਸੁਣੀ ਹੈ ਕਿ ਨਾਂਹੀ।
ਸਿਖ ਕਾਰਾਗ੍ਰਿਹ[1] ਤੇ ਜੋ ਆਏ। — [1]ਕੈਦਖਾਨਾ।
ਹੁਤੇ ਨਿਕਟ ਤਿਨ ਸਕਲ ਬਤਾਏ ॥੪॥
ਬਰਜਜੋ ਗੁਰਨ, ਸ਼ਕਤਿ ਸਭਿ ਲੀਨਿ।
ਤਿਸ ਕੋ ਤੁਰਕਨ ਪੁਨ ਹਨਿ ਦੀਨਿ[1]। — [1]ਫਿਰ ਉਸ (ਮਤੀ ਦਾਸ ਨੂੰ) ਤੁਰਕਾਂ ਨੇ ਮਾਰ ਦਿੱਤਾ।
ਤਨ ਕੋ ਅੰਤ ਆਪਨੋ ਜਾਨਾ।
ਦੋਸ਼ ਦੇਨ ਹਿਤ ਕੀਨਿ ਬਹਾਨਾ ॥੫॥
ਮਹਿਮਾ ਤਿਨ ਕੀ ਤੁਮ ਸਭਿ ਜਾਨਹੁ।
ਕਯੋਂ ਸੰਕਟ ਚਿੰਤਾ ਜੁਤਿ ਠਾਨਹੁ।
ਪ੍ਰਾਤਿ ਹੋਤਿ ਸਿਖ ਤਹਾਂ ਪਠਾਵਹੁ[1]। — [1]ਭਾਵ ਦਿੱਲੀ ਭੇਜੋ।
ਆਪ ਆਨੰਦ ਪੁਰਿ ਓਰ ਸਿਧਾਵਹੁ ॥੬॥
ਸੁਨਿ ਪਿਤ ਕੇ ਸਭਿ ਰੀਤਿ ਸੰਦੇਸੇ।
ਆਨ ਸੁਨਾਵਹਿ ਭਾਖਹਿਂ ਜੈਸੇ[1]। — [1]ਜਿਵੇਂ ਪਿਤਾ ਜੀ ਕਹਿਣਗੇ ਤਿਵੇਂ ਆਣ ਸੁਣਾਵੇਗਾ (ਉਹ ਸਿੱਖ)।
ਸਗਰੋ ਉਰ ਆਸ਼ੈ ਤਿਨ ਕਹੈ[1]। — [1]ਗੁਰੂ ਜੀ ਦੇ ਦਿਲ ਦਾ ਆਸ਼ਾ ਆ ਕਹੇਗਾ।

ਸਕਲ ਸ਼ਕਤਿ ਕੇ ਮਾਲਿਕ ਅਹੈਂ' ॥੭॥
ਸੁਨਤਿ ਨਾਨਕੀ ਪੁਨਹਿਂ ਬਖਾਨੀ।
'ਪਠਹੁ ਦਾਸ ਇਹ ਨੀਕੇ ਜਾਨੀ।
ਸੁਧ ਲੇ ਕਰਿ ਤੂਰਨ ਚਲਿ ਆਵੈ।
ਕਹਾਂ ਕਰਨਿ ਤਿਨ ਕੈ ਮਨ ਭਾਵੈ' ॥੮॥
ਅਸ ਮਸਲਤ ਕਰਿ ਨਿਸ ਬਿਸਰਾਮੇ।
ਉਠੇ ਬਹੁਰ ਜਬ ਹੀ ਰਹਿ ਜਾਮੇ[1]। [1]ਜਦ ਪਹਿਰ ਰਾਤ ਰਹੀ।
ਸੌਚ ਸ਼ਨਾਨ ਠਾਨਿ ਤਤਕਾਲਾ।
ਕਰਵਾਇਸ ਤਜਾਰੀ ਸੁ ਕ੍ਰਿਪਾਲਾ[1] ॥੯॥ [1]ਗੁਰੂ ਜੀ ਨੇ। (ਅ. ਮਾਮਾ ਜੀ ਨੇ।
ਏਕ ਸਿੱਖ ਪਠਿ ਦਿੱਲੀ ਓਰ।
'ਹਮ ਦਿਸ਼ਿ ਤੇ ਬੰਦਹੁ ਕਰ ਜੋਰਿ।
ਕਹਿ ਕਰਿ ਪਾਤੀ ਕੋ ਲਿਖਵਾਇ।
ਪਹੁੰਚਹੁ ਸ਼ੀਘ੍ਰ ਅਨੰਦ ਪੁਰਿ ਆਇ ॥੧੦॥
ਮਾਤ ਕਸ਼ਟ ਪ੍ਰਾਪਤ ਸਭਿ ਕਹੀਅਹਿ।
ਅਪਰ ਸੁਨਾਵਹੁ ਜਿਸ ਬਿਧਿ ਲਹੀਅਹਿ[1]।' [1]ਦੇਖਕੇ ਚਲੇ ਹੋ।
ਸੁਨਿ ਸੰਦੇਸ਼ ਕੋ ਸਿਖ ਪ੍ਰਸਥਾਨਾ।
ਮਾਰਗ ਦੂਰ ਕਰਤਿ ਨਿਤ ਪਯਾਨਾ ॥੧੧॥
ਇਤਿ ਕ੍ਰਿਪਾਲ ਜੁਤਿ ਗੁਰੂ ਕ੍ਰਿਪਾਲ।
ਜਾਨਿ ਮਹੂਰਤ ਭਲੋ ਬਿਸਾਲ।
ਹੁਤੋ ਖੜਗ ਖਰ ਨਿਰਮਲ ਧਾਰਾ।
ਕੁਛਕ ਅਲਪ[1] ਲੇ ਨਿਜ ਕਰ ਧਾਰਾ ॥੧੨॥ [1]ਛੋਟਾ ਜਿਹਾ (ਖੜਗ)।
ਨੌ ਸਤਿਗੁਰ ਕੋ ਸਿਮਰਨਿ ਕਰਿ ਕੈ।
'ਬਨਹੁ ਸਹਾਇ' ਧਯਾਨ ਉਰ ਧਰਿਕੈ।
'ਵਾਹਿਗੁਰੂ' ਕਹਿ ਗਰ ਮਹਿਂ ਪਾਵਾ।
ਪਟ ਲਪੇਟਿ ਕਟ ਕਸੀ ਸੁਹਾਵਾ[1] ॥੧੩॥ [1]ਬਸਤ੍ਰ ਲਕ ਨਾਲ ਲਪੇਟ ਕੇ (ਖੜਗ) ਕਸਿਆ ਸ਼ੋਭਦਾ ਹੈ।
ਹੁਕਮ ਬਖਾਨਿ ਤੁਰੰਗ ਮੰਗਾਵਾ।
ਜਿਸ ਪਰ ਜ਼ੀਨ ਮਹਾਂ ਛਬਿ ਛਾਵਾ।

ਉਠ ਕਰਿ ਆਪ ਪ੍ਰਕਰਮਾ ਕਰਿ ਕੈ।
ਬੰਦਨ ਠਾਨਿ ਬਾਗ ਕਰ ਧਰਿ ਕੈ[1]
॥੧੪॥
ਭਏ ਅਰੂਢ ਸੁ ਚਲਬੇ ਕਾਰਨ।
ਕਰਜੋ ਸਮੀਪ ਕ੍ਰਿਪਾਲ ਹਕਾਰਨ।
ਅਪਰ ਦਾਸ ਲੇ ਸੰਗ ਸਮੁਦਾਏ।
ਮਾਰਗ ਗਮਨ ਕਰੈਂ ਤਜਿ ਥਾਏ ॥੧੫॥
ਕਿਤਕ ਤਜਾਗਿ ਨਰ ਮਾਤਾ ਪਾਸ।
'ਆਨਿ ਸੰਭਾਰਹੁ ਵਸਤੁ ਰਾਸ।
ਸਜੰਦਨ ਸੰਗ ਚਲੇ ਸਭਿ ਆਵਹੁ।
ਤਜਾਰੀ ਠਾਨਹੁਂ ਨਹਿਂ ਬਿਲਮਾਵਹੁ'
॥੧੬॥
ਇਮ ਕਹਿ ਚਲੇ ਅਨੰਦ ਪੁਰਿ ਓਰ।
ਦੇਖਨ ਕੀ ਚਿਤ ਮਹਿਂ ਬਹੁ ਲੋਰ।
ਅਨਿਕ ਬਿਲਾਸਨ ਕਰਤੇ ਜਾਤਿ।
ਕਹੂੰ ਅਖੇਰ ਖੇਲ ਬਹੁ ਭਾਂਤਿ ॥੧੭॥
ਕਿਸ ਥਲ ਤਰਲ ਤੁਰੰਗ ਕੁਦਾਵੈਂ[1]।
ਸਮ ਸਥਾਨ ਪਿਖਿ ਕਹੂੰ ਪਲਾਵੈਂ।
ਬੋਲਹਿ ਬਹੁ ਮਾਤੁਲ ਕੇ ਸਾਥ।
ਕਹੂੰ ਬਾਜ ਕੋ ਛੋਰਹਿਂ ਨਾਥ ॥੧੮॥
ਜੇਠਾ ਆਦਿ ਜਿ ਨਰ ਲਖਨੌਰ।
ਕਰਿ ਬੰਦਨ ਹਟਿ ਗੇ ਨਿਜ ਠੌਰ।
ਮਾਤਾ ਨਾਨਕੀ ਗੁਜਰੀ ਦੋਇ।
ਸਹਿਤ ਪ੍ਰੇਮ ਸੇਵਾ ਜਿਸ ਜੋਇ ॥੧੯॥
'ਸੁਖ ਸੋਂ ਬਸਹੁ ਵਧਹਿ ਪਰਵਾਰ।
ਦੂਧ ਪੂਤ ਹੁਇ ਸਦਨ ਮਝਾਰ।'
ਇੱਤਜਾਦਿਕ ਸਭਿ ਕੋ ਬਰ ਦੈ ਕੈ।
ਸਜੰਦਨ ਪਰ ਆਰੂਢਨ ਹ੍ਵੈ ਕੈ ॥੨੦॥
ਨਰ ਨਾਰਿਨਿ ਗਨ ਨਮੋ ਕਰੰਤੇ।
ਬਿਛਰਤ ਪ੍ਰੇਮ ਨੈਨ ਜਲਵੰਤੇ।
ਦੈ ਧੀਰਜ ਮ੍ਰਿਦੁ ਬਾਕ ਉਚਾਰੇ।
ਰਥ ਪ੍ਰਸਥਾਨੀ ਪੰਥ ਮਝਾਰੇ ॥੨੧॥

[1]ਵਾਗ ਹੱਥ ਵਿਚ ਫੜਕੇ।

[1]ਕਿਸੇ ਥਾਂ ਘੋੜਾ ਤ੍ਰਿਖਾ ਕਰਕੇ ਕੁਦਾਉਂਦੇ ਹਨ।

ਅਪਰ ਵਸਤੁ ਸਭਿ ਦਾਸ ਸੰਭਾਰੀ।
ਗਮਨੇ ਲੈ ਲੈ ਗੁਰੂ ਪਿਛਾਰੀ।
ਚਲੇ ਜਾਮ ਜੁਗ ਮਾਰਗ ਬਿਖੈ।
ਭਾਨੁ ਢਰਯੋ ਜਬ ਲੋਚਨ ਪਿਖੈ ॥੨੨॥
ਡੇਰਾ ਕਰਯੋ ਥਾਨ ਸ਼ੁਭ ਹੇਰਾ।
ਖਾਨ ਪਾਨ ਅਨਵਾਇ ਘਨੇਰਾ।
ਸਭਿ ਬਹੀਰ ਆਯਹੁ ਤਿਹ ਮਿਲੇ।
ਹੋਇ ਤ੍ਰਿਪਤ ਬਿਸਰਾਮੈ ਭਲੇ ॥੨੩॥
ਸੁਪਤ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਾਤਿ ਤਯਾਰੀ ਕਰਿਵਾਈ।
ਤਬ ਅਰੂਢ ਕਰਿ ਪੰਥ ਪਯਾਨੇ।
ਕਰਤਿ ਅਖੇਰ ਜਾਤਿ ਮੁਦ ਮਾਨੇ ॥੨੪॥
ਇਸ ਪ੍ਰਕਾਰ ਨਿਤ ਪ੍ਰਤਿ ਮਗ ਚਲੇ।
ਅਨਿਕ ਬਿਲਾਸਤਿ ਬਿਲਸਤਿ ਭਲੇ।
ਗਮਨੇ ਜਹਿਂ ਸੰਗ ਸਮੁਦਾਏ।
ਮਿਲਹਿਂ ਸਿੱਖ ਜਹਿਂ ਜਹਿਂ ਸੁਨ ਪਾਏ ॥੨੫॥
ਅਰਪਿ ਅਕੋਰਨ ਸੇਵਨ ਠਾਨਹਿਂ।
ਖਾਨ ਪਾਨ ਤ੍ਰਿਣ ਦਾਨਾ ਆਨਹਿਂ।
ਨਮੋ ਚਰਨ ਕਰਿ ਪਿਖਹਿਂ ਸਰੂਪ।
ਦਿਪਹਿ ਤੇਜ ਬਡ ਭੂਪਨ ਭੂਪ ॥੨੬॥
ਗੁਰ ਮੂਰਤਿ ਕੀ ਸੂਰਤਿ ਰੂਰੀ।
ਗੁਨ ਚਾਤੁਰਤਾਦਿਕ ਬਰ ਪੂਰੀ।
ਕਿਤਿਕ ਸਮੈਂ ਲਗਿ ਦੇਖਤਿ ਰਹੈਂ।
ਉਠਯੋ ਨ ਜਾਇ ਉਠਨ ਉਰ ਚਹੈਂ ॥੨੭॥
ਨੀਠ ਨੀਠ ਕਰਿ ਸਦਨ ਸਿਧਾਰਹਿਂ।
ਅਧਿਕ ਪ੍ਰਸੰਸਾ ਮਿਲਹਿਂ ਉਚਾਰਹਿਂ।
'ਜਗ ਗੁਰਤਾ ਬਰ ਉਚਿਤ ਬਡੇਰਾ।
ਸੁਤ ਸ਼੍ਰੀ ਤੇਗ ਬਹਾਦਰ ਕੇਰਾ[1] ॥੨੮॥

ਜਿਨ ਮਹੁਂ ਲੱਛਨ ਜਥਾ ਪਿਤਾਮਾ।

[1]ਸ਼੍ਰੀ ਤੇਗ ਬਹਾਦਰ ਜੀ ਦੇ ਪੁੱਤ੍ਰ ਸ਼੍ਰੇਸ਼ਟ ਜਗਤ ਗੁਰਿਆਈ ਦੀ ਵਡੀ ਪਦਵੀ ਦੇ ਲਾਇਕ ਹਨ।

ਹਤੇ ਸ਼ੱਤ੍ਰ ਘਾਲਜੋ ਸੰਗ੍ਰਾਮਾ।
ਦਿੱਲੀ ਪਤਿ ਸਗਰੇ ਜਗ ਸ਼ਾਹੂ।
ਪਾਇ ਪਰਾਜੈ ਭੈ ਉਰ ਮਾਂਹੂ ॥੨੯॥
ਅਪਰਨ ਕੀ ਗਿਨਤੀ ਕੋ ਕਹੈ।
ਬਡੇ ਬਹਾਦੁਰ ਸਭਿ ਨਰ ਲਹੈਂ।
ਤਿਨ ਸਮ[1] ਕ੍ਰਾਂਤਿ ਇਨਹੁਂ ਕੀ ਹੇਰੀ। — [1]ਗੁਰੂ ਹਰਿਗੋਬਿੰਦ ਸਮ।
ਬਾਲ ਆਰਬਲ ਬਿਖੈ ਬਡੇਰੀ' ॥੩੦॥
ਇੱਤਜਾਦਿਕ ਮਗ ਕੇ ਪੁਰਿ ਗ੍ਰਾਮੂ।
ਹੇਰਿ ਹੇਰਿ ਹਰਖਹਿਂ ਅਭਿਰਾਮੂ।
ਉਲੰਘਿ ਗਏ ਰੋਪਰ ਪੁਰਿ ਚਾਲਤਿ[1]। — [1](ਐਉਂ) ਚਲਦਿਆਂ ਰੋਪੜ ਪੁਰ ਨੂੰ ਬੀ ਲੰਘ ਗਏ।
ਸਨੇ ਸਨੇ ਮਜਲਾਲਪ ਡਾਲਤਿ[1] ॥੩੧॥ — [1]ਮਜਲ ਅਲਪ = ਛੋਟੀਆਂ ਛੋਟੀਆਂ ਮਜਲਾਂ ਕਰਦੇ ਹਨ।
ਪ੍ਰਥਮ ਗਈ ਸੁਧ ਕੀਰਤ ਪੁਰਿ ਮੈਂ।
ਸੁਨਤਿ ਪ੍ਰਮੋਦ[1] ਨਾਰਿ ਨਰ ਉਰ ਮੈਂ। — [1]ਖੁਸ਼ੀ।
ਸੂਰਜ ਮਲ ਕੇ ਪੌਤ੍ਰੇ ਦੋਇ।
ਨਿਕਸੇ ਲੇਨਿ ਅਗਾਊ ਹੋਇ ॥੩੨॥
ਗ਼ਨੀ ਗ਼ਰੀਬ ਅਪਰ ਨਰ ਸਾਰੇ।
ਨਿਕਸੇ ਸੰਗ ਜੁਗਮ ਪਰਵਾਰੇ[1]। — [1]ਦੋਨਹੁ ਪਰਵਾਰਾਂ ਸਹਿਤ।
ਵਹਿਰ ਦੂਰ ਆਏ ਹਿਤ ਆਦਰ।
ਲਖਿ ਨੰਦਨ ਸ਼੍ਰੀ ਤੇਗ ਬਹਾਦਰ ॥੩੩॥
ਬੰਦਨ ਕਰੀ ਸਰਬ ਹੀ ਮਿਲੇ।
ਕੁਸ਼ਲ ਪ੍ਰਸ਼ਨ ਕਰਿ ਦੁਹਿ ਦਿਸ਼ਿ ਭਲੇ।
ਕਹਤਿ ਬਤਕ[1] ਅੰਤਰ ਲੇ ਗਏ। — [1]ਗਲਾਂ ਕਰਦੇ।
ਡੇਰਾ ਕਰਨਿ ਉਤਾਰਤਿ ਭਏ ॥੩੪॥
ਸੁੰਦਰ ਸਦਨ ਸਿਧਾਰ ਪ੍ਰਵੇਸ਼ੇ।
ਡਸਜੋ ਪ੍ਰਯੰਕ[1] ਪੀਠ ਪਰ ਬੈਸੇ। — [1]ਡੱਠੇ ਪਲੰਘ ਦੀ।
ਸਤਿਗੁਰੂ ਬੂਝਨਿ ਲਗੇ ਤਦਾਈ।
'ਦੇਹੁ ਆਪਨੇ ਨਾਮ ਬਤਾਈ ॥੩੫॥
ਹਮ ਸਮ ਬਾਲ ਬੈਸ, ਮਿਲ ਖੇਲਹਿਂ।
ਰਾਖਹਿਂ ਨਿਕਟਿ, ਮੇਲ ਨਿਜ ਮੇਲਹਿਂ[1]।' — [1]ਆਪਣੇ ਮੇਲੀ ਮਿਲਾਕੇ।
ਸੁਨਤਿ ਮੇਵੜੇ ਬਿਦਤ ਬਤਾਏ।
'ਸ਼੍ਰੀ ਸੂਰਜ ਮਲ ਤੁਮਰੇ ਤਾਏ ॥੩੬॥
ਤਿਨ ਕੇ ਦ੍ਵੈ ਪੌਤ੍ਰੇ ਸ਼ੁਭ ਏਹੀ।

ਗਏ ਅਬਹਿ ਬੈਕੁੰਠ ਤਜਿ ਦੇਹੀ।
ਨਾਮ ਗੁਲਾਬ ਰਾਇ ਇਹ ਜੇਠੇ।
ਸ਼ਜਾਮਦਾਸ ਲਘੁ ਜੋ ਢਿਗ ਬੈਠੇ ॥ ੩੭ ॥
ਰਹੈਂ ਅਲੰਬ ਤੁਮਾਰੇ ਅਬੈ[1]।
ਏਕ ਗੁਰੂ ਕੀ ਸੰਤਤਿ ਸਬੈ।'
ਇੱਤਜਾਦਿਕ ਬੋਲੇ ਬਹੁ ਬਾਤ।
ਇਤਨੇ ਮਹਿਂ ਪਹੁੰਚੀ ਜੁਗ ਮਾਤ ॥ ੩੮ ॥
ਸੂਰਜ ਮਲ ਘਰਨੀ ਤਬਿ ਆਈ।
ਸਾਦਰ ਸਜੰਦਨ ਤੇ ਉਤਰਾਈ।
ਗਰ ਸੋਂ ਮਿਲੀ ਜਿਠਾਨਿ ਦਿਰਾਨੀ†।
ਗੁਜਰੀ ਵਾਂ ਕੇ ਪਗ ਲਪਟਾਨੀ* ॥ ੩੯ ॥
ਘਰ ਅੰਤਰ ਲੇ ਜਾਇ ਬਿਠਾਈ।
ਮਸਤਕ ਟੇਕਤਿ ਆਨੰਦ ਪਾਈ।
ਅਪਰ ਪ੍ਰਸੰਗ ਬਖਾਨੌਂ ਕਹਾਂ।
ਸੇਵਾ ਕਰਤਿ ਭਏ ਸਭਿ ਮਹਾਂ ॥ ੪੦ ॥
ਅਧਿਕ ਸਨੇਹ ਵਧਾਵਨਿ ਕੀਨਿ।
ਚਿਰ ਬਿਛਰੇ ਮਿਲਿ ਕੈ ਸੁਖ ਲੀਨਿ।
ਅਨਿਕ ਪ੍ਰਕਾਰ ਅਹਾਰ ਕਰਾਏ।
ਪ੍ਰੇਮ ਸਹਿਤ ਕਹਿ ਕਰਿ ਅਚਵਾਏ ॥ ੪੧ ॥
ਜਥਾ ਜੋਗ ਮਿਲਿ ਸਭਿ ਪਰਵਾਰੂ।
ਬਡ ਗੁਰ ਦਿਸ਼ਿ ਤੇ ਰਿਦੇ ਖਭਾਰੂ[1]।
'ਗਏ ਆਪ ਤੁਰਕੇਸ਼ੁਰ ਪਾਸ।
ਕਰਯੋ ਚਹੈਂ ਛਿਤ ਦੁਸ਼ਟ ਬਿਨਾਸ[1]' ॥ ੪੨ ॥
ਕਰੇ ਫਿਕਰ ਤੇ ਜ਼ਿਕਰ ਘਨੇਰੇ।
ਸੁਪਤ ਜਥਾਸੁਖ ਨਿਸ ਬਡ ਹੇਰੇ[1]।
ਜਾਗੇ ਜਬਿ ਪ੍ਰਭਾਤਿ ਹ੍ਵੈ ਆਈ।
ਸੌਚ ਸ਼ਨਾਨ ਠਾਨਿ ਗੋਸਾਈਂ ॥ ੪੩ ॥
ਚਹਯੋ ਚਢਨ ਜਬਿ ਸਭਿ ਮਿਲਿ ਆਏ।
'ਆਜ ਨ ਜਾਨ ਦੇਹਿਂ ਅਗਵਾਏ।

[1]ਹੁਣ ਤਾਂ ਆਪ ਜੀ ਦੇ ਆਸਰੇ ਹੀ ਹਨ।

†ਪਾ:-ਅਤਿ ਆਨੰਦ ਹੁਇ ਰਿਦੇ ਮਝਾਰੀ। ਕਹਤਿ 'ਆਜ ਕੇ ਦਿਨ ਬਲਿਹਾਰੀ।'

[1]ਭਾਵ ਸ਼੍ਰੀ ਗੁਰ ਤੇਗ ਬਹਾਦਰ ਜੀ ਵਲੋਂ ਲੋਭ ਹੋਯਾ।

[1]ਧਰਤੀ ਤੋਂ ਦੁਸ਼ਟਾਂ ਦਾ ਨਾਸ਼ ਕੀਤਾ ਚਾਹੁੰਦੇ ਹਨ।

[1]ਰਾਤ ਬਹੁਤੀ ਗਈ ਵੇਖਕੇ।

ਬਾਸ ਕਰਹੁ ਸ਼ੁਭ ਥਾਨ ਨਿਹਾਰਹੁ।
ਅਪਨਿ ਬਡਿਨਿ ਕੀ ਪੁਰੀ ਬਿਚਾਰਹੁ
॥੪੪॥
ਸ਼੍ਰੀ ਹਰਿਰਾਇ ਬਾਗ਼ ਲਗਵਾਵਯੁ।
ਨਾਨਾ ਰੀਤਿ ਸਾਥ ਸੁਧਰਾਯਹੁ।
ਕਰਹੁ ਬਿਲੋਕਨਿ ਆਨੰਦ ਦੇਹੈ।
ਤਰੁਵਰੁ ਸਫਲ ਫੂਲ ਬਿਕਸੇ ਹੈਂ ॥੪੫॥
ਗੁਰੂ ਪਿਤਾਮਾ ਕੋ ਸ਼ੁਭ ਥਾਨ।
ਦਰਸ਼ਨ ਕਰਹੁ ਬੰਦਨਾ ਠਾਨਿ।
ਸ਼੍ਰੀ ਗੁਰਦਿੱਤਾ ਤੁਮਰੋ ਤਾਯਾ।
ਗਿਰ ਪਰ ਊਚੇ ਥਾਨ ਸੁਹਾਯਾ[1] ॥੪੬॥

[1]ਬਾਬਾ ਗੁਰਦਿੱਤਾ ਜੀ ਦਾ) ਅਸਥਾਨ ਪਹਾੜ ਦੇ ਉਪਰ ਸ਼ੋਭ ਰਿਹਾ ਹੈ।

ਸਭਿ ਥਲ ਹੈਂ ਅਵਲੋਕਨ ਜੋਗ।
ਤੁਮਹਿਂ ਪਿਖਹਿਂ ਕੀਰਤ ਪੁਰਿ ਲੋਗ।'
ਇੱਤਯਾਦਿਕ ਕਹਿ ਕਰਿ ਮ੍ਰਿਦੁ, ਸਾਦਰ।
ਰਾਖੇ ਸੁਤ ਸ਼੍ਰੀ ਤੇਗ ਬਹਾਦਰ ॥੪੭॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕੀਰਤਪੁਰ ਆਗਵਨ ਪ੍ਰਸੰਗ' ਬਰਨਨੰ ਨਾਮ ਏਕ ਊਨਸ਼ਸ਼ਟੀ ਅੰਸੂ ॥੫੯॥

## ੬੦. [ਕੀਰਤਪੁਰ ਬਾਗ਼ ਦੇ ਦਰਸ਼ਨ। ਅਨੰਦਪੁਰ ਨੂੰ ਕੂਚ]

੫੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੧

ਦੋਹਰਾ:

ਕਰਿ ਮੁਕਾਮ[1] ਨਿਜ ਸਤਿਗੁਰੂ, ਪੰਚਾਂਮ੍ਰਿਤ ਕਰਿਵਾਇ।
ਚਲੇ ਬਿਲੋਕਨ ਬਾਗ਼ ਕੋ ਸਗਰੇ ਸੰਗ ਲਵਾਇ ॥੧॥

[1]ਡੇਰਾ ਕਰਕੇ।

ਚੌਪਈ:

ਭਏ ਪ੍ਰਵੇਸ਼ ਅਸ਼ੇਸ਼[1] ਨਿਹਾਰਾ।
ਆਰੂ ਅਰੁ ਅਮਰੂਦ, ਅਨਾਰਾ।
ਖਰੇ ਰਸਾਲ ਬਿਸਾਲ ਉਚੇਰੇ।
ਫਲੇ ਫਾਸਲੇ ਫਲ ਬਹੁਤੇਰੇ ॥੨॥

[1]ਸਾਰਾ (ਬਾਗ਼)।

ਬਦਰੀ ਤਰੁ ਕਦਲੀਨ[1] ਬਗੀਚੇ।

[1]ਕੇਲਿਆਂ ਦੇ।

ਬਾਰਿ ਬਾਰਿ ਬਾਰੀ ਬਰ ਸੀਂਚੇ[1]।

[1]ਵਾਰ ਵਾਰ ਸ਼੍ਰੇਸ਼ਟ ਜਲ ਨਾਲ ਸਿੰਜੇ ਹੋਏ।

ਰਾਇਬੇਲ, ਚੰਪਕ, ਚੰਬੇਲੀ।
ਫੈਲੀ ਮਹਿਕਤਿ ਗੰਧਿ ਸੁਹੇਲੀ ॥੩॥
ਖਿਰਜੋ ਕੇਵਰਾ, ਹਾਰ ਸ਼ਿੰਗਾਰ[1]।

[1]ਖੁਸ਼ਬੂਦਾਰ ਫੁਲਾਂ ਦਾ ਇਕ ਬੂਟਾ ਜਿਸ ਦੇ ਸੁੱਕੇ ਫੁੱਲਾਂ ਵਿਚੋਂ ਬਸੰਤੀ ਰੰਗ ਨਿਕਲਦਾ ਹੈ।

ਸੇਵ ਮਾਲਤੀ, ਗਨ ਗੁਲਜ਼ਾਰ।
ਗੇਂਦਾ, ਕਲਗਾ[1], ਬ੍ਰਿੰਦ ਬਧੂਪ[2]।

[1]ਕੁਕੜ ਦੀ ਕਲਗੀ ਵਰਗੇ ਫੁਲ ਵਾਲਾ ਪੇੜ, ਗਨਾਰ ਦੀ ਇਕ ਕਿਸਮ ਜਿਸ ਦੇ ਬੀਜ ਭੁੰਨਕੇ ਵਰਤਾਂ ਨੂੰ ਮੁਰੰਡੇ ਬਣਾਉਂਦੇ ਹਨ। [2]ਗੁਲ ਦੁਪਹਿਰੀ।

ਖਿਰਨੀ, ਜਾਮਨ ਖਰੀ ਅਨੂਪ ॥੪॥
ਨਿੰਬੂ, ਨੌਰੰਗੀ, ਅੰਗੂਰ।
ਸੰਗਤਰੇ ਸੁੰਦਰ ਰਸ ਪੂਰ।
ਕਠਲ[1] ਬਢਲ[2], ਬਟ[3], ਪੀਪਰ ਖਰੇ।

[1]ਕਟਹਰ। ਬੜਾ ਭਾਰੀ ਫਲ ਹੁੰਦਾ ਹੈ, ਕੱਚਾ ਰਿੰਨ੍ਹਦੇ, ਪੱਕੇ ਐਵੇਂ ਖਾਂਦੇ ਹਨ। [2]ਢੇਊ, ਕਚੇ ਦਾ ਆਚਾਰ ਪੈਂਦਾ ਹੈ, ਪੱਕੇ ਨੂੰ ਐਵੇਂ ਖਾਂਦੇ ਹਨ। [3]ਬੋਹੜ।

ਪੰਕਤਿ ਕਰੀ ਸੁਹਾਵਤਿ ਖਰੇ ॥੫॥
ਰਚੇ ਸਥੰਡਲ[1] ਰੌਸ[2] ਬਿਸਾਲਾ।

[1]ਥੜੇ। [2]ਬਾਗੀ ਸੜਕਾਂ [ਫ਼ਾ. ਰਵਸ਼]

ਨਿਰਮਲ ਨੀਰ ਸਭਿਨਿ ਮਹਿ ਚਾਲਾ।
ਬਿਚਰਤਿ ਸਤਿਗੁਰ ਨਰ ਸਮੁਦਾਏ।
ਮਾਲੀ ਰਚਿ ਡਾਲੀ ਕੋ ਲਜਾਏ ॥੬॥
ਧਨ ਗਨ ਦੇ ਕਰਿ ਸਕਲ ਬਿਲੋਕਾ।

ਛਾਯਾ ਸਘਨ ਤੇਜ ਰਵਿ ਰੋਕਾ[1]।
ਕਰਯੋ ਸਰਾਹਨਿ ਇਤ ਉਤ ਹੇਰਿ।
ਗਮਨੇ ਥਾਨ ਪਿਤਾਮੇ ਫੇਰ ॥੭॥
ਤਬਿ ਲੌ ਪੰਚਾਂਮ੍ਰਿਤ ਸਮੁਦਾਇ।
ਆਨਯੋ ਲੋਕਨ ਸੀਸ ਉਠਾਇ।
ਦਰਸ਼ਨ ਦੇਖਿ ਥਾਨ ਕੋ ਨਿਮੇ।
ਕਰਿ ਅਰਦਾਸ ਅਰਪ ਤਿਹ ਸਮੇ ॥੮॥
ਬੰਟਯੋ ਸਕਲ ਨਰਨ ਕੇ ਮਾਂਹੀ।
ਅਨੰਦ ਸਮੇਤ ਤ੍ਰਿਪਤ ਹੁਇ ਖਾਂਹੀ।
ਸਭਿ ਸਥਾਨ ਕੇ ਦਰਸ਼ਨ ਕਰੇ।
ਬਹੁਰ ਗਮਨ ਕਰਿ ਗਿਰ ਸਿਰ[1] ਚਰੇ ॥੯॥
ਤਾਏ ਕੋ ਥਲ ਜਾਇ ਨਿਹਾਰਾ।
ਕਰਿ ਬੰਦਨ ਥਿਰ ਹ੍ਵੈ ਤਿਸ ਬਾਰਾ।
ਦਿਨ ਬਹੁ ਚਢਯੋ ਸੁ ਪੁਰਿ ਮਹਿਂ ਆਏ।
ਅਚਵਿ ਅਹਾਰ ਸ੍ਵਾਦ ਤ੍ਰਿਪਤਾਏ ॥੧੦॥
ਅਪਰ ਸਥਲ ਪੁਰਿ ਮਹਿ ਸ਼ੁਭ ਜੇਈ।
ਅਵਿਲੋਕੇ ਫਿਰ ਕਰਿ ਸਭਿ ਤੇਈ।
ਅਨਿਕ ਭਾਂਤਿ ਕੀ ਬਾਤਨਿ ਕਰਤੇ।
ਸੰਗ ਗੁਰੂ ਦਿਖਰਾਵਤਿ ਫਿਰਤੇ ॥੧੧॥
ਸਭਿ ਦਿਨ ਚਾਵ ਸਮੇਤ ਬਿਤਾਯੋ।
ਦਰਸ਼ਨ ਕਰਿ ਸਭਿ ਪੁਰਿ ਹਰਖਾਯੋ।
ਨਿਸ ਬਿਸਰਾਮ ਕਰਯੋ ਸਭਿ ਕਾਹੂੰ[1]।
ਭਯੋ ਅਨੰਦ ਪਿਖਿ ਘਰ ਘਰ ਮਾਂਹੂ ॥੧੨॥
ਭਈ ਭੋਰ ਪ੍ਰਭੁ ਸੌਚ ਸ਼ਨਾਨੇ।
'ਤਯਾਰੀ ਕੀਜਹਿ' ਬਾਕ ਬਖਾਨੇ।
ਤਤਛਿਨ ਜ਼ੀਨ ਡਾਰਿ ਹਯ ਲਯਾਯੋ।
ਗਮਨ ਕਰਨਿ ਗੁਰੁ ਨਿਕਟ ਜਨਾਯੋ ॥੧੩॥
ਸੁਨਿ ਕਰਿ ਆਇ ਤੁਰੰਗਮ ਚਢੇ।
ਨਿਜ ਪੁਰਿ ਪਿਖਨਿ ਅਨੰਦ ਮਨ ਬਢੇ।

[1]ਭਾਵ ਧੁੱਪ ਰੋਕੀ ਹੋਈ।
[1]ਪਹਾੜ ਦੀ ਚੋਟੀ ਤੇ।
[1]ਸਭ ਕਿਸੇ ਨੇ।

ਚਢਿ ਕਰਿ ਮਾਤੁਲ ਸੰਗ ਕ੍ਰਿਪਾਲ।
ਸੇਵਕ ਸਿੱਖ ਬ੍ਰਿੰਦ ਹ੍ਵੈ ਨਾਲ ॥੧੪॥
ਮਾਤ ਨਾਨਕੀ ਗੁਜਰੀ ਦੋਇ।
ਚਢਿ ਸਜੰਦਨ ਪਰ ਗਮਨੀ ਸੋਇ।
ਸੁਨਤਿ ਅਨੰਦਪੁਰਿ ਨਰਨਿ ਅਨੰਦ।
ਮਿਲਿ ਇਕ ਥਲ ਹਿਤ ਪਿਖਨਿ ਮੁਕੰਦ
॥੧੫॥
ਅਨਿਕ ਅਕੋਰਨ ਅਰਪਨ ਕਾਰਨ।
ਪੁਰਿ ਤੇ ਨਿਕਸੇ ਕੀਨਿ ਪਧਾਰਨ।
ਆਗੇ ਗਮਨੇ ਕੇਤਿਕ ਦੂਰ।
ਖਰੇ ਪ੍ਰਤੀਖਤਿ ਆਇਂ ਹਦੂਰ ॥੧੬॥
ਬੈਠੇ ਉਠਿ ਉਠਿ ਦੇਖਨਿ ਕਰੇ।
ਅਧਿਕ ਪ੍ਰੇਮ ਕੋ ਸਭਿ ਉਰ ਧਰੇ।
ਕੀਰਤਿਪੁਰ ਤੇ ਗੁਰੂ ਸਿਧਾਰੇ।
ਪਹੁੰਚਿ ਸਤੱਦ੍ਰਵ ਕੇਰ ਕਿਨਾਰੇ ॥੧੭॥
ਨਿਰਮਲ ਨੀਰ ਹੇਰਿ ਹਰਖਾਏ।
ਸਿੰਧ ਗਾਮਨੀ ਸਦਾ ਬਹਾਏ[1]।

[1]ਸਮੁੰਦਰ ਵਲ ਜਾਣ ਲਈ ਸਤਲੁਜ ਨਦੀ ਸਦਾ ਵਗਦੀ ਸੀ।

ਆਵਤਿ ਦੇਖਿ ਦੂਰ ਅਸਵਾਰੀ।
ਮੁਦਤਿ ਬ੍ਰਿੰਦ ਨਰ ਚਲੇ ਅਗਾਰੀ ॥੧੮॥
ਅਧਿਕ ਉਮਾਹਿਤ ਪਹੁੰਚੇ ਆਈ।
ਬਾਲ ਬੈਸ ਅਵਿਲੋਕ ਗੁਸਾਈ।
ਚਰਨ ਕਮਲ ਪਰ ਸੀਸ ਨਿਵਾਏ।
ਬ੍ਰਿੰਦ ਅਕੋਰਨ ਕੋ ਅਰਪਾਏ ॥੧੯॥
ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰੇ।
'ਕ੍ਰਿਪਾ ਆਪ ਕੀ ਹਮ ਸੁਖ ਧਰੇ।'
ਬਿੱਪ੍ਰ ਬਨਿਕ ਤੇ ਆਦਿਕ ਸਾਰੇ।
ਮਿਲੇ ਅਨੰਦਤਿ ਰੂਪ ਨਿਹਾਰੇ ॥੨੦॥
ਸਭਿ ਕੋ ਲੇ ਕਰਿ ਅਪਨੇ ਸਾਥ।
ਸਨੇ ਸਨੇ ਗਮਨੇ ਮਗ ਨਾਥ।
ਬੂਝਤਿ ਸਕਲ ਬਾਰਤਾ ਜਾਤੇ।
ਹਾਥ ਜੋਰਿ ਨਰ ਕਹਿਂ ਬਹੁ ਭਾਂਤੇ ॥੨੧॥

ਇਕ ਦਿਸ਼ਿ ਦਿਖਤਿ ਗਿਰਨ ਕੀ ਧਾਰਾ[1]।
[1]ਭਾਵ ਪਹਾੜ ਸ਼੍ਰੇਣੀ।
ਦਿਸ਼ਾ ਦੂਸਰੀ ਸਤੁਦ੍ਰਵ ਧਾਰਾ[1]।
[1]ਪ੍ਰਵਾਹ।
ਪਹੁੰਚੇ ਪੁਰਿ ਅਨੰਦ ਮਹਿਂ ਜਾਈ।
ਗਿਰਜਾ[1] ਕੋ ਗਿਰ ਦਯੋ ਦਿਖਾਈ ॥੨੨॥
[1]ਭਾਵ ਨੈਣਾ ਦੇਵੀ।
ਸ਼ਾਰਤ ਕਰ ਕੀ ਕਰੀ ਕ੍ਰਿਪਾਲ[1]।
[1]ਮਾਮਾ ਕ੍ਰਿਪਾਲ ਜੀ ਨੇ।
'ਇਹ ਨੈਣਾਦੇਵੀ ਜਨ ਪਾਲ[1]।
[1]ਦਾਸਾਂ ਨੂੰ ਪਾਲਣ ਵਾਲੀ।
ਸਭਿ ਤੇ ਊਚੋ ਸੈਲ ਬਿਸਾਲ।
ਕਰਹਿ ਬਾਸ ਦਾਤੀ ਬਰ ਜਾਲ[1]' ॥੨੩॥
[1]ਸਾਰੇ ਵਰਾਂ ਦੀ ਦਾਤੀ ਵਸਦੀ ਹੈ।
ਸੁਨਿ ਕ੍ਰਿਪਾਲ ਕੇ ਬਾਕ ਕ੍ਰਿਪਾਲਾ[1]।
[1]ਗੁਰੂ ਜੀ ਨੇ।
ਦੇਖਤਿ ਨਮੋ ਕਰੀ ਤਤਕਾਲਾ[†]।

[†]ਇਹ ਗਲ ਖੋਜ ਤਲਬ ਹੈ ਕਿ ਨੈਣਾਂ ਦੇਵੀ ਦਾ ਟਿਕਾਣਾ ਇਥੇ ਪਹਿਲੋਂ ਹੀ ਸੀ ਕਿ ਜੱਗ ਤੋਂ ਬਾਦ ਪਿਆ ਹੈ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਭੈਰੋਂ ਨਾਮੇ ਸਿਖ ਨੇ ਇਕ ਦੇਵੀ ਦਾ ਨੱਕ ਕੱਟਿਆ ਦਬਿਸਤਾਨ ਮਜ਼ਾਹਬ ਵਿਚ ਲਿਖਿਆ ਹੈ ਤੇ ਗੁਰੂ ਜੀ ਨੇ ਸਿਖ ਦਾ ਉੱਤਰ ਸੁਣਕੇ ਮੁਸਕ੍ਰਾ ਛਡਿਆ ਸੀ। ਅਜ ਗੁਰੂ ਜੀ ਆਪੋ ਦੂਰੋਂ ਮੱਥਾ ਟੇਕਦੇ ਦੱਸੀਦੇ ਹਨ ਜੋ ਯਾ ਇਹ ਲੇਖ ਆਖੇਪਕ ਹਨ ਯਾ ਰਜਾਸਤ ਦੇ ਬ੍ਰਾਹਮਣੀ ਪ੍ਰਭਾਵ ਤੇ ਦਬਾਉ ਕਰਕੇ ਲਿਖੇ ਗਏ ਹਨ। ਇਨ੍ਹਾਂ ਨੂੰ ਅਸਲ ਨਹੀਂ ਸਮਝਣਾ ਚਾਹੀਏ। ਆਪਣੇ ਆਪ ਨੂੰ ਆਪ ਬੁਤ ਸ਼ਿਕਨ ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਬੁਤਾਂ ਦੇ ਟਿਕਾਣਿਆਂ ਅਗੇ ਕਦ ਝੁਕ ਸਕਦੇ ਸਨ। ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਦੇਵੀ ਝਾੜੂ ਕਰਨ ਵਾਲੀ ਲਿਖੀ ਹੈ।

ਚਹੁੰ ਦਿਸ਼ਿ ਆਨੰਦਪੁਰਿ ਕੀ ਅਵਨੀ।
ਕੀਨਿ ਬਿਲੋਕਨ ਨੀਕੇ ਰਵਨੀ ॥੨੪॥
ਹਰਿਤ ਦੂਰਬਾ ਜਲ ਸਰਵਾਈ[1]।
[1]ਜਲ ਦੀ ਸਿਲਾਬ ਨਾਲ ਘਾਹ ਹਰਾ ਹੈ।
ਤਰੁਵਰੁ ਖਰੇ ਹਰੇ ਸਮੁਦਾਈ।
ਚਾਰਹੁੰ ਕੋਦ ਪ੍ਰਮੋਦਹਿ ਦਾਇਕ[1]।
[1]ਆਨੰਦ ਦਾਇਕ।
ਦੇਖਤਿ ਧਰਜੋ ਹਰਖ ਜਗ ਨਾਇਕ ॥੨੫॥
ਜਹਾਂ ਸਦਨ ਬਡ ਗੁਰੂ ਚਿਨਾਏ।
ਉਤਰੇ ਤਬਹਿ ਥਿਰੇ ਤਿਸ ਥਾਏ।
ਮਾਤ ਨਾਨਕੀ ਗੁਜਰੀ ਆਈ।
ਸਜੰਦਨ ਉਤਰਿ ਸਦਨ ਪ੍ਰਵਿਸ਼ਾਈ ॥੨੬॥
ਸਿਖ ਸੇਵਕ ਸਮਾਜ ਲੇ ਆਏ।
ਅੰਤਰ ਧਰਿ ਸੰਭਾਰ ਸਮੁਦਾਏ।
ਚਾਵਰੁ ਚੂਨ ਸਿਤਾ ਘ੍ਰਿਤ ਲਜਾਏ।
ਲਾਗੇ ਕਰਨਿ ਦੇਗ ਮਨ ਭਾਏ ॥੨੭॥

ਪੰਚਾਂਮ੍ਰਿਤ ਘਨੋ ਕਰਿਵਾਇਸਿ।
ਪਠਿ ਅਰਦਾਸ ਸਭਿਨਿ ਬਰਤਾਇਸਿ।
ਪੁਰਿ ਨਰ ਅਰੁ ਸੰਗੀ ਤ੍ਰਿਪਤਾਏ।
'ਧੰਨ ਧੰਨ ਸਤਿਗੁਰੂ' ਅਲਾਏ ॥੨੮॥
ਖਾਨ ਪਾਨ ਸਭਿ ਕੀਨਿ ਅਹਾਰਾ।
ਗੁਰੂ ਬਸੇ ਪੁਰਿ ਅਨੰਦ ਮਝਾਰਾ।
ਜਹਿਂ ਕਹਿਂ ਸੁਧਿ ਆਵਨ ਕੀ ਹੋਈ।
ਸੁਨਿ ਸੁਨਿ ਚਲੇ ਆਇਂ ਸਭਿ ਕੋਈ ॥੨੯॥
ਅਰਪਿ ਉਪਾਇਨ ਪਾਇਸ ਪਾਸ।
ਕਰਹਿ ਅਨੇਕ ਖਰੇ ਅਰਦਾਸ।
ਦਿਨ ਪ੍ਰਤਿ ਹੋਤਿ ਭੀਰ ਅਧਿਕਾਈ।
ਦਰਸਹਿਂ ਸਤਿਗੁਰ ਪਰ ਬਲ ਜਾਈ ॥੩੦॥
ਸਹਿਤ ਮਸੰਦ ਸੰਗਤਾਂ ਆਵੈਂ।
ਅਨਿਕ ਅਕੋਰਨ ਕੋ ਅਰਪਾਵੈਂ।
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਬਸਤਿ ਅਨੰਦ ਪੁਰਿ ਅਨੰਦ ਉਪਾਏ ॥੩੧॥
ਅਬਿ ਸੁਨਿਯਹਿ ਦਿੱਲੀ ਪੁਰਿ ਗਾਥਾ।
ਰਚੀ ਗੁਰੂ ਜਿਮ ਤੁਰਕਨ ਸਾਥਾ।
ਮਤੀਦਾਸ ਮਰਿ ਗੁਰ ਪੁਰਿ ਗਯੋ।
ਪੀਛੇ ਸਿੱਖਜਨਿ ਉਰ ਡਰ ਭਯੋ ॥੩੨॥
ਨਿਸ ਮਹਿਂ ਨਿਕਸੇ ਭਈ ਪ੍ਰਭਾਤੀ।
ਬ੍ਰਿੰਦ ਸਿਪਾਹੀ ਲਖੇ ਨ ਰਾਤੀ।
ਦਿਨਕਰ[1] ਚਢੇ ਬਿਲੋਕੇ ਤਬੈ। [1]ਸੂਰਜ।
-ਕੈਦੀ ਤੀਨ ਨਿਕਸਿਗੇ ਕਬੈ ॥੩੩॥
ਦ੍ਵਾਰ ਕਿਵਾਰ ਅਸੰਜਤਿ ਸਾਰੇ।
ਹਮ ਖੋਲੀ ਸਾਂਕਰ ਲਗਿ ਤਾਰੇ।
ਬੇਰੀ ਉਤਰੀ ਪਰੀ ਨਿਹਾਰੀ[1]। [1]ਦੇਖੀਆਂ।
ਭਏ ਅਚੰਭੈ ਸਭਿ ਮਤਿ ਮਾਰੀ- ॥੩੪॥
ਦੇਖਹਿਂ ਖੋਜ ਪਰੈ ਨਹਿਂ ਚੀਨਾ।

'ਹੇ ਖ਼ੁਦਾਇ! ਇਹ ਕਜ਼ਾ ਕ੍ਰਿਤ ਕੀਨਾ।'
ਜਮਾਦਾਰ ਦੌਰਯੋ ਚਲਿ ਆਯੋ।
ਇਤ ਉਤ ਦੇਖਤਿ ਬਹੁ ਡਰਪਾਯੋ ॥੩੫॥
-ਕਿਮ ਨਿਕਸੇ? -ਅਚਰਜ ਕੋ ਮਾਨੇ।
ਤਬਿ ਸਤਿਗੁਰ ਕੋ ਬੂਝਨਿ ਠਾਨੇ।
'ਸਾਥੀ ਤੁਮਰੇ ਕਹਾਂ ਸਿਧਾਏ?
ਦਿਹੁ ਬਤਾਇ ਨਤੁ ਸ਼ਾਹੁ ਰਿਸਾਏ'
॥੩੬॥
ਸੁਨਿ ਭਾਖ੍ਯੋ 'ਲੇ ਗਯੋ ਖ਼ੁਦਾਇ।
ਤੁਮ ਤੇ ਨਹੀਂ ਕਸ਼ਟ ਕੋ ਪਾਇ[1]। [1]ਨਹੀਂ ਸੀ ਪਾਵਣਾ।
ਅਰੁ ਤਿਨੁ ਸੋਂ ਕਜ਼ਾ ਕਾਜ ਤੁਮਾਰੋ।
ਕੀਨੋ ਪਕਰਨਿ ਸ਼ਾਹੁ ਹਮਾਰੋ[1] ॥੩੭॥ [1]ਸਾਨੂੰ।
ਬੈਠੇ ਹਮ, ਚਾਹਹੁ ਤਿਮ ਕਰੋ।
ਗਏ ਦਾਸ ਤੇ ਕਯੋਂ ਉਰ ਡਰੋ।'
ਸੁਨਿ ਕਰਿ ਅਵਰੰਗ ਕੌ ਸੁਧਿ ਦੀਨਿ।
'ਨਿਸ ਮਹਿ ਨਿਕਸਿ ਗਏ ਸਿਖ ਤੀਨ
॥੩੮॥
ਰਹੇ ਕਿਵਾਰ ਭਿਰੇ ਤਿਮ ਤਾਰੇ[1]। [1]ਜੰਦਰੇ।
ਨਹੀਂ ਪਾਹਰੂ ਕਿਨਹਿਂ ਨਿਹਾਰੇ।'
ਇਮ ਸੁਨਿ ਕੋਪ ਨੁਰੰਗੇ ਕਰਯੋ।
ਜਮਾਦਾਰ ਕੇ ਸੰਗ ਉਚਰਯੋ ॥੩੯॥
'ਮਿਲ੍ਯੋ ਹੋਇ ਤਿਨ ਸੰਗ ਸਿਪਾਹੀ।
ਧਨ ਹਿਤ ਲੋਭ ਕੀਨਿ ਮਨ ਮਾਂਹੀ।
ਤੁਮਹਿ ਜਲਾਦਨ ਤੇ ਮਰਵਾਊਂ।
ਜੇਕਰਿ ਭੇਵ ਦੋਸ਼ ਕਹੁ ਪਾਊਂ' ॥੪੦॥
ਪਾਇ ਤ੍ਰਾਸ ਕੋ ਕਹਿ ਕਰ ਬੰਦਿ।
'ਖਤਾਵੰਦ ਲਖਿ ਕਰਹੁ ਨਿਕੰਦ[1]। [1]ਨਾਸ਼।
ਸਹਿਤ ਕੁਟੰਬ ਦੀਜੀਯਹਿ ਫਾਂਸੀ।
ਕਹਾਂ ਕਰਹਿਂ ਅਜ਼ਮਤੁ ਜਿਨ ਪਾਸੀ'
॥੪੧॥
ਸੁਨਿ ਅਵਰੰਗ ਕੇ ਹੋਯਸਿ ਛੋਹ।
ਕਹ੍ਯੋ 'ਲੇਹੁ ਦਿਢ ਪਿੰਜਰਾ ਲੋਹ।

ਤਿਸ ਮਹਿਂ ਹਿੰਦੁਨ ਗੁਰੂ ਬਿਠਾਵਹੁ।
ਸ਼੍ਰਿੰਖਲ ਭੇਰਹੁ ਕੁਲਫ ਲਗਾਵਹੁ ॥੪੨॥
ਕਰਹੁ ਤੰਗ ਚੌਕਸ ਰਹਿਂ ਖਰੇ।
ਆਠਹੁੰ ਜਾਮ ਦ੍ਰਿਸ਼ਟਿ ਮਹਿਂ ਕਰੇ।
ਅਸ ਨਹਿਂ ਹੋਹਿ ਨਿਕਸਿ ਕਰਿ ਜਾਹਿਂ।
ਇਸ ਬਿਨ ਸ਼ਰਾ ਚਲਹਿ ਜਗ ਨਾਂਹਿ'
॥੪੩॥
ਇਕ ਉਮਰਾਵ ਸੰਗ ਕਰਿ ਦਯੋ।
ਗੁਰ ਢਿਗ ਆਇ ਕਹਤਿ ਸੋ ਭਯੋ।
'ਕਯੋਂ ਹਠ ਧਰਹੁ ਸ਼ਾਹੁ ਕੇ ਸਾਥ।
ਜੋ ਬਡ ਹਠੀ ਜਗਤ ਸਭਿ ਨਾਥ ॥੪੪॥
ਮਾਨਹੁੰ ਸ਼ਰ੍ਹਾ ਦੇਹਿ ਬਡਿਆਈ।
ਨਾਂਹਿ ਤ ਦੇਹਿ ਪਿੰਜਰੇ ਪਾਈ।'
ਸੁਨਿ ਗੁਰ ਕਹਯੋ:- 'ਧਰਮ ਜਿਸ ਜਿਸ
ਕੋ।
ਪਯਾਰੋ ਧਰਮ, ਨਿਬਾਹੇ ਤਿਸ ਕੋ ॥੪੫॥
ਹਮ ਤੌ ਕਬਹੁੰ ਨ ਮਾਨਹਿਂ ਏਹੋ।
ਜਥਾ ਕਰਹਿ ਤਿਮ ਕਰਿਬੇ ਦੇਹੋ।
ਤੁਰਕਨ ਤੇਜ ਅੰਤ ਅਬਿ ਆਯੋ।
ਜਿਸ ਤੇ ਅਸ ਕਰਿ ਮਨੁ ਬਿਰਮਾਯੋ
॥੪੬॥
ਜਰਾਂ ਉਖਾਰਹਿਂ ਨੀਵ ਤੁਮਾਰੀ।
ਗੇਰਹਿਂ ਸਾਗਰ ਖਾਰ ਮਝਾਰੀ।
ਬਹੁਰ ਨ ਰਾਜ ਰਹਹਿ ਜਗ ਮਾਂਹੀ।
ਕਰਹਿਂ ਬਿਨਾਸ਼ਨ ਇਸ ਬਿਧਿ ਤਾਂਹੀ'
॥੪੭॥
ਸੁਨਿ ਕਰਿ ਤਬ ਪਿੰਜਰਾ ਮੰਗਵਾਇ।
ਪਗ ਬੰਧਨ ਜੁਤਿ ਬੀਚ ਬਿਠਾਇ।
ਸ਼੍ਰਿੰਖਲ ਭੇਰੀ ਕੁਲਫ ਲਗਾਯੋ।
ਇਕ ਰਸ ਸਤਿਗੁਰ ਬਦਨ ਸੁਹਾਯੋ
॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਲੋਹ ਪਿੰਜਰੇ ਪ੍ਰਵੇਸ਼' ਗੁਰ ਪ੍ਰਸੰਗ ਬਰਨਨੰ ਨਾਮ ਸ਼ਸ਼ਟੀ ਅੰਸੂ ॥੬੦॥

## ੬੧. [ਲੋਹੇ ਦੇ ਪਿੰਜਰੇ ਵਿਚ]

੬੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੨

ਦੋਹਰਾ:

ਸਭਿ ਕੀ ਖ਼ਾਤਰ ਜਮਾ[1] ਤਬਿ, ਲੋਹ ਪਿੰਜਰੇ ਪਾਇ।
ਗੁਰਦਿੱਤਾ ਬੇਰੀ ਸਹਿਤ, ਸੇਵਹਿ ਜਿਮ ਫੁਰਮਾਇੰ ॥੧॥

ਚੌਪਈ:

ਕਰਤਿ ਭਏ ਅਤਿਸ਼ੈ ਤਕਰਾਈ।
ਜਮਾਦਾਰ ਢਿਗ ਠਹਿਰਯੋ ਆਈ।
ਨਿਸ ਮਹਿਂ ਬਿਸਰਾਮਹਿਂ ਗੁਰ ਪਾਸੀ।
ਨਰਨ ਜਗਾਵਹਿ ਨੀਂਦ ਬਿਨਾਸੀ ॥੨॥
ਦਿਨ ਪੰਚਕ ਮਹਿਂ ਸਿਖ ਸੋ ਗਯੋ।
ਗੁਰਦਿੱਤੇ ਸੰਗ ਮੇਲਾ ਭਯੋ।
ਸਤਿਗੁਰ ਸੁਤ ਕੀ ਸੁਧਿ ਸਭਿ ਭਾਖੀ।
'ਮਿਲਿਬੇ ਕੋ ਅਬਿ ਮੈਂ ਅਭਿਲਾਖੀ ॥੩॥
ਮਾਤ ਨਾਨਕੀ ਕਹੇ ਸੰਦੇਸੇ।
ਸਗਲ ਕੁਟੰਬ ਸਚਿੰਤ ਵਿਸ਼ੇਸ਼ੇ।
ਸੋ ਸਭਿ ਚਾਹੌਂ ਗੁਰਨਿ ਸੁਨਾਈ।
ਕਿਮ ਮਿਲਿਬੋ ਹੁਇ ਕਹੋ ਉਪਾਈ' ॥੪॥
ਗੁਰਦਿੱਤੇ ਸਿੱਖ ਸਾਥ ਬਖਾਨੀ।
'ਕਹੌਂ ਬਹੁਰ, ਗੁਰ ਮਰਜ਼ੀ ਜਾਨੀ।'
ਵਹਿਰ ਕਹੂੰ ਠਹਿਰਾਯਹੁ ਨੇਰੇ।
ਸੰਗ ਸਿਪਾਹੀ ਤਿਸ ਕੋ ਹੇਰੇ[1] ॥੫॥
ਗੁਰ ਸੇਵਾ ਹਿਤ ਇਤ ਉਤ ਫਿਰੇ।
ਪਗ ਬੰਧਨ ਯੁਤਿ ਸੋ ਸਭਿ ਕਰੇ।
ਗੁਰ ਸਮੀਪ ਤਬਿ ਅੰਤਰ ਗਯੋ।
ਸਿਖ ਆਗਵਨ ਸੁਨਾਵਤਿ ਭਯੋ ॥੬॥
ਗੁਰੁ ਕਹਯੋ 'ਤਿਸ ਪ੍ਰਾਤਿ ਹਕਾਰਹਿਂ।
ਸੁਨਹਿਂ ਸਕਲ ਸੁਧਿ, ਬਹੁਰ ਉਚਾਰਹਿਂ।
ਕਹਿ ਦਿਹੁ ਤਿਸ ਕੋ ਕਰਹੁ ਅਰਾਮੂ।

[1]ਤਸੱਲੀ ਹੋ ਗਈ।

[1]ਸਿਪਾਹੀ ਭਾਈ ਗੁਰਦਿੱਤੇ ਨਾਲ ਵੇਖਦਾ ਰਹਿੰਦਾ ਹੈ।

ਹੁਇ ਨਿਸ਼ਚਿੰਤ ਜਪਹੁ ਸਤਿਨਾਮੁ'
॥੭॥
ਕਿਤਿਕ ਸਮੈਂ ਮੈਂ ਬਾਹਿਰ ਆਯੋ।
ਗੁਰ ਕੋ ਕਹਿਬੋ ਤਾਂਹਿ ਸੁਨਾਯੋ।
ਭਈ ਪ੍ਰਬਿਰਤ ਜਾਮਨੀ ਜਬੈ।
ਖਰੇ ਸਿਪਾਹੀ ਜਾਗ੍ਰਤ ਤਬੈ ॥੮॥
ਜਮਾਂਦਾਰ ਦੇ ਤ੍ਰਾਸ ਜਗਾਵੈ।
ਬੀਚ ਪਿੰਜਰੇ ਦ੍ਰਿਸ਼ਟਿ ਟਿਕਾਵੈ।
ਬੀਤ ਗਈ ਜਬਿ ਆਧੀ ਰਾਤਿ।
ਭਏ ਲੋਪ, ਗੁਰ ਦਿਖਹਿ ਨ ਗਾਤ[1] ॥੯॥
ਦੇਖਤਿ ਇਤ ਉਤ ਖਰੋ ਸਿਪਾਹੀ।
ਬੋਲਜੋ ਤੁਰਤ 'ਗੁਰੂ ਅਬਿ ਨਾਂਹੀ।
ਲਗੇ ਕੁਲਫ ਸਾਂਕਰਿ ਤਿਮ ਲਹੈ[1]।
ਦ੍ਵਾਰ ਕਿਵਾਰ ਅਸੰਜਤ ਅਹੈਂ' ॥੧੦॥
ਜਮਾਦਾਰ ਸੁਨਿ ਆਯੋ ਦੌਰਾ।
ਲਗਜੋ ਬਿਲੋਕਨਿ ਸਗਰੀ ਠੌਰਾ।
ਮਗ ਨਿਕਸਨਿ ਕੋ ਕਹੂੰ ਨ ਪਾਯੋ।
-ਕਿਮ ਕਿਤ ਗਮਨੇ- ਮਨ ਬਿਸਮਾਯੋ
॥੧੧॥
'ਸਨੇ ਸਨੇ ਬੋਲਹੁ ਬਚ ਹੌਰੇ[1]।
ਨਹਿਨ ਸੁਨਾਉ ਪਰਹਿ ਬਡ ਰੌਰੇ।'
ਘਰ ਦਰ ਸਗਰੇ ਹੇਰਨਿ ਕਰੇ।
ਬਹੁਰ ਜਾਇ ਕੋਠਨ ਪਰ ਚਰੇ ॥੧੨॥
ਊਪਰ ਤਰੇ ਖੋਜ ਕਰਿ ਸਾਰੇ।
ਹੇਰਿ ਹੇਰਿ ਹਹਿਰੇ[1] ਹਿਯ ਹਾਰੇ[2]।
ਬਿਸਮਤ ਭਏ ਨ ਚਲਹਿ ਉਪਾਈ।
ਗੁਰਦਿੱਤੇ ਸੰਗ ਕਹੈਂ ਸੁਨਾਈ ॥੧੩॥
'ਕਹਾਂ ਗਯੋ ਗੁਰ ਖੋਜ ਨ ਪਾਵੈਂ।
ਦਿਹੁ ਬਤਾਇ ਨਤੁ ਮਾਰ ਕਰਾਵੈਂ।'
'ਮੈਂ ਕਜਾ ਜਾਨੋਂ ਦੂਰ ਟਿਕਾਯੋ।
ਨਿਸ ਮਹਿ ਨਿਕਟਿ ਨ ਹੋਨੇ ਪਾਯੋ'
॥੧੪॥

[1]ਸ੍ਰੀ ਗੁਰੂ ਜੀ ਦਾ ਸ਼੍ਰੀਰ ਨਹੀਂ ਦਿੱਸਦਾ।

[1]ਦਿਸਦੇ ਹਨ।

[1]ਧੀਰਜ ਨਾਲ ਹੌਲੀ ਬਚਨ ਬੋਲੇ।

[1]ਡਰੇ। [2]ਕੰਬ ਗਏ। (ਅ) ਦਿਲ ਢੈ ਗਏ।

ਜਮਾਦਾਰ ਜੁਤਿ ਸਕਲ ਸਿਪਾਹੀ।
ਨਿਸ਼ਚੈ ਕਰਜੋ ਤਬਹਿ ਮਨ ਮਾਂਹੀ।
'ਕਾਮਲ ਕਰਾਮਾਤ ਕਰਿ ਗਏ।
ਆਗੇ ਕਈ ਬਾਰ ਇਮ ਭਏ' ॥੧੫॥
ਇਕ ਬੋਲਜੋ ਅਸ ਹੁਤੀ ਨ ਆਗੇ।
ਥਿਰੇ ਪਿੰਜਰੇ ਅਬਿ ਦੁਖ ਲਾਗੈ।
ਨਹਿਂ ਐਹੈਂ ਕਿਤ ਨਿਕਸਿ ਸਿਧਾਰੈਂ।
ਸਹੈਂ ਕਸ਼ਟ ਕਜੋ ਸਮਰਥ ਭਾਰੈ' ॥੧੬॥
ਜਮਾਦਾਰ ਕਹਿ 'ਇਕ ਰਸ ਰਹੇ।
ਦੀਨ ਮਲੀਨ ਨ ਮੁਖ ਦੁਖ ਲਹੇ।
ਸੁਪ੍ਰਸੰਨ ਅਰਬਿੰਦ ਮਨਿੰਦ।
ਦੀਨ ਬਾਕ ਨਹਿਂ, ਜਥਾ ਨਰਿੰਦ ॥੧੭॥
ਸ਼ਾਹੁ ਕ੍ਰੂਰ ਹਮ ਕੋ ਗਹਿ ਲੇਹਿ।
ਜਾਨਹਿਂ ਕਹਾਂ, ਸਜ਼ਾਇ ਜੁ ਦੇਹਿ।
ਮਿਲਿ ਸਭਿ ਕੈ, ਅਬਿ ਚਲਹਿਂ ਪਲਾਇ।
ਬਸਹਿਂ ਕਹੂੰ ਲੇਂ ਜਾਨ ਬਚਾਇ ॥੧੮॥
ਕੈ ਹਿੰਦੁਨ ਗੁਰ ਤੇਗ ਬਹਾਦਰ।
ਪ੍ਰਾਤਿ ਹੋਤਿ ਲਊ ਸਿਮਰਹੁ ਸਾਦਰ।
ਨਹੀਂ ਜੀਵਕਾ ਹਤਹਿਂ ਹਮਾਰੀ[1]। [1]ਸਾਡੀ ਜੀਵਕਾ ਨਾਸ਼ ਨਹੀਂ ਕਰਨਗੇ।
ਬਿਦਤਹਿਂਗੇ[1] ਇਸ ਥਾਨ ਮਝਾਰੀ' ॥੧੯॥ [1]ਪ੍ਰਗਟ ਹੋ ਜਾਣਗੇ (ਗੁਰੂ ਜੀ)।
ਅਧਿਕ ਬਿਸੂਰਤ ਬਿਸਮਤਿ ਅਹੈਂ।
'ਬੂਝਹਿ ਸ਼ਾਹੁ, ਕਹਾਂ ਹਮ ਕਹੈਂ।
ਅਜ਼ਮਤ ਕਰਿ ਨਿਕਸੇ ਨਹਿਂ ਮਾਨਹਿਂ।
ਇਨਹੁਂ ਨਿਕਾਸੇ ਹਮਹਿਂ ਬਖਾਨਹਿਂ' ॥੨੦॥
ਚਿੰਤਾਤੁਰ ਚਿਤਵਤਿ ਗੁਰ ਮੂਰਤਿ।
ਕਬਿ ਲੇ ਨਾਮ ਮਿਲੇ ਗਨ ਝੂਰਤਿ[1]। [1]ਸਾਰੇ ਮਿਲਕੇ ਝੂਰਦੇ ਹਨ।
ਥਿਰੇ ਸਮੀਪ ਪਿੰਜਰੇ ਸਾਰੇ।
ਕਠਨ ਨੌਕਰੀ ਕਰਨਿ ਬਿਚਾਰੇ ॥੨੧॥
ਇਮ ਹੇਰਤਿ ਅਰਣੋਦੈ ਹੋਵਾ।
ਔਚਕ ਤਬਿ ਗੁਰ ਦਰਸ਼ਨ ਜੋਵਾ।

ਬੀਚ ਪਿੰਜਰੇ ਪ੍ਰਥਮ ਸਮਾਨ।
ਸੁਖ ਸੋਂ ਬੈਠੇ ਕ੍ਰਿਪਾ ਨਿਧਾਨ ॥੨੨॥
ਸਮ ਸੂਰਜ ਕੇ ਹੇਰਨ ਕਰੇ।
ਮੁਖ ਪੰਕਜ ਸਮਸਰ ਤਬਿ ਖਿਰੇ।
'ਧੰਨ ਧੰਨ' ਸਭਿਹੂੰਨਿ ਬਖਾਨੀ।
ਹਾਥਨਿ ਬੰਦਿ ਬੰਦਨਾ ਠਾਨੀ ॥੨੩॥
ਹਰਖਤਿ ਨਿਜ ਨਿਜ ਸਦਨ ਸਿਧਾਰੇ।
ਜਮਾਦਾਰ ਬਨਿ ਦੀਨ ਉਚਾਰੇ।
'ਮਹਿਮਾ ਮਹਿਂ ਮਹਿਂ ਮਹਾਂ ਮਹਾਨੀ।
ਮੈਂ ਅਬਿ ਨਿਸ਼ਚੈ ਕਰਿ ਉਰ ਜਾਨੀ ॥੨੪॥
ਲੋਕ ਪ੍ਰਲੋਕ ਸੁਖਦ ਜਨ ਕੇਰੇ।
ਜਾਗੇ ਬਡੇ ਭਾਗ ਅਬਿ ਮੇਰੇ।
ਕਰਹੁ ਮੁਰੀਦ, ਨਿਕਸਿ ਕਰਿ ਚਾਲੋ।
ਸੇਵਾ ਕਰੌਂ ਰਹੌਂ ਮੈਂ ਨਾਲੋ ॥੨੫॥
ਮਮ ਮਰਜ਼ੀ ਕੇ ਜਿਤਿਕ ਸਿਪਾਹੀ।
ਚਲਹਿਂ ਸੰਗ ਨਿਤ ਰਹਿਂ ਤੁਮ ਪਾਹੀ।
ਕਜੋਂ ਸੰਕਟ ਬਿਚ ਕੈਦ ਸਹਾਰੋ।
ਸ਼ਾਹੁ ਕੁਕਰਮੀ ਸਾਹਸ ਵਾਰੋ[1] ॥੨੬॥
ਜਗ ਤੇ ਕਰਹੁ ਉਧਾਰ ਹਮਾਰੋ।
ਇਹ ਸਲਾਹ ਸ਼ੁਭ ਰਿਦੇ ਨ ਟਾਰੋ।'
ਜਮਾਦਾਰ ਤੇ ਸੁਨਿ ਬਹੁ ਬਿਕਸੇ।
ਮੁਖ ਮੁਸਕਾਤ ਬਾਕ ਇਮ ਨਿਕਸੇ ॥੨੭॥
'ਤੈਂ ਸ਼ਰਧਾ ਉਰ ਧਾਰਨਿ ਕਰੀ।
ਸ਼ਾਹੁ ਕੁਮਤਿ ਕੀ ਦੁਰਮਤਿ ਹਰੀ[1]।
ਇਸ ਕੋ ਫਲ ਸੁਖ ਪਾਇਂ ਘਨੇਰੋ।
ਆਗੈ ਬਧਹਿ ਬੰਸ ਬਹੁਤੇਰੋ ॥੨੮॥
ਨਿਜ ਆਸ਼ੈ ਹਮ ਤੋਹਿ ਸੁਨਾਵੈਂ।
ਤੁਰਕੇਸ਼ੁਰ ਸਿਰ ਦੋਸ਼ ਚਢਾਵੈਂ।
ਹਤਹਿਂ ਤੇਜ ਤੁਰਕਨਿ ਕੋ ਸਾਰਾ।

[1]ਹੱਠ ਵਾਲਾ ਹੈ।

[1]ਸ਼ਾਹ ਜੋ ਕੁਮਤੀ ਹੈ (ਉਸ ਦੀ) ਦੁਰਮਤੀ (ਤੈਂ ਆਪਣੇ ਵਿਚੋਂ) ਦੂਰ ਕਰ ਦਿੱਤੀ ਹੈ।

ਜਥਾ ਨ ਠਹਿਰਹਿ ਪਾਵਕ ਪਾਰਾ[1] ॥੨੯॥ — [1]ਜਿਵੇਂ ਅੱਗ ਉਤੇ ਪਾਰਾ ਨਹੀਂ ਠਹਿਰਦਾ।

ਜੇ ਹਮ ਛੁਟਜੋ ਚਹਤਿ ਕਿਤ ਜਾਂਹਿ[1]। — [1]ਕਿਧਰੇ ਜਾਣ ਲਈ।

ਤੌ ਕਿਮ ਪਰਤਿ[1] ਕੈਦ ਕੇ ਮਾਂਹਿ। — [1]ਕਿਉਂ ਪੈਂਦੇ।

ਸ੍ਰੀ ਨਾਨਕ ਕੋ ਬਰ ਇਨ ਭਯੋ।
ਰਾਜ ਜਗਤ ਕੋ ਬਾਬਰ ਲਯੋ ॥੩੦॥
ਅਟਲ ਬਾਕ ਹਮਰੇ ਗੁਰ ਕੇਰ।
ਜਥਾ ਨ ਚਲਹਿ ਬਾਯੁ ਤੇ ਮੇਰੁ।
-ਰਾਜ ਪੁਸ਼ਤ ਲੌਂ- ਜਬਿ ਬਰ ਜਾਚਾ।

ਕ੍ਰਿਪਾ ਨਿਧਾਨ ਤਬਹਿ ਇਉਂ ਬਾਚਾ[1] ॥੩੧॥ — [1]ਕਹਿਆ ਸੀ।

-ਤਵ ਕੁਲ ਮੈਂ ਜਬਿ ਹੁਇ ਅਨਜਾਇ।
ਕਰਿ ਕੂਰੇ ਛੀਨਹਿਂ ਤਬਿ ਆਇ-।
ਅਬਿ ਇਨ ਕਸ਼ਟ ਜਗਤ ਕਉ ਦੀਨਾ।
ਕਰਜੋ ਚਹੈ ਹਿੰਦੁਨਿ ਧ੍ਰਮ ਹੀਨਾ ॥੩੨॥
ਸੰਤ ਅਨੇਕ ਮਤਨਿ ਕੇ ਜੋਇ।
ਪ੍ਰਾਨ ਬਿਨਾਸ਼ੀ ਕੀਨੇ ਸੋਇ।
ਬ੍ਰਿੰਦ ਤੁਰਕ ਤਨ ਮਹਿਂ ਦਰਵੇਸ਼।
ਮਾਰੇ ਇਨ ਦੈ ਕਸ਼ਟ ਵਿਸ਼ੇਸ਼ ॥੩੩॥
ਸ੍ਰੀ ਨਾਨਕ ਕੇ ਬਰ ਕੋ ਜਾਨਿ।
ਇਸ ਕੋ ਕਰਿ ਨ ਸਕਜੋ ਕੋ ਹਾਨਿ।
ਹਿੰਦੁ ਤੁਰਕ ਅਰਬਿੰਦ ਮਨਿੰਦ।

ਬ੍ਰਿੰਦਨ ਦੁਖਦ ਜਥਾ ਨਿਸ ਇੰਦ[1] ॥੩੪॥ — [1]ਚੰਦ੍ਰਮਾ।

ਦੇ ਸਿਰ ਕੋ ਇਸ ਕਰਿ ਅਪਰਾਧੀ।

ਹਤਹਿਂ ਸਕਲ ਜਗ ਕੀ ਜਿਮ ਬਜਾਧੀ[1]। — [1]ਸਾਰੇ ਜੱਗ ਦੇ ਰੋਗ ਵਰਗੇ (ਨੁਰੰਗੇ) ਨੂੰ ਮਾਰਾਂਗੇ।

ਸ਼ਰਧਾ ਭਾਵ ਸਹਿਤ ਤੁਵ ਜਾਨਾ।
ਬਾਤ ਮਰਮ ਕੀ ਕੀਨਿ ਬਖਾਨਾ ॥੩੫॥
ਦੇਖਤਿ ਰਹਹੁ ਜਥਾ ਅਬਿ ਹੋਵੈ।
ਰਾਜ ਤੁਰਕ ਘਰ ਤੇ ਸਭਿ ਖੋਵੈ।'
ਸੁਨਿਕੈ ਜਮਾਦਾਰ ਗੁਰਬਾਨੀ।
ਜਾਨਜੋਂ ਭੇਤ ਬੰਦਨਾ ਠਾਨੀ ॥੬॥
'ਸਤਿਗੁਰੂ ਤੁਮ ਸਭਿ ਬਿਧਿ ਸਮਰੱਥ।

ਛੁਟਨਿ ਛੁਟਾਵਨਿ ਜਗ ਕੋ ਹੱਥ[1]।
ਕਹਾ ਕਹਿ ਸਕਹਿਂ ਸ਼ਕਤਿ ਤੇ ਹੀਨੇ।
ਭੂਤ ਭਵਿੱਖਜਤ ਲਖਹੁ ਪ੍ਰਬੀਨੇ' ॥੩੭॥
ਕਹਤਿ ਸੁਨਤਿ ਹੋਈ ਜਬਿ ਪ੍ਰਾਤੀ।
ਮਿਟੀ ਸਕਲ ਕੀ ਧਰਕਤਿ ਛਾਤੀ[1]।
ਸ੍ਰੀ ਗੁਰ ਤੇਗ ਬਹਾਦਰ ਕਹਜੋ।
'ਹਮਰੋ ਸਿਖ ਇਕ ਬਾਹਿਰ ਰਹਜੋ ॥੩੮॥
ਤਿਹ ਬੁਲਾਇ ਅਬਿ ਆਨਹੁ ਪਾਸਾ।
ਹਮ ਦਿਸ਼ਿ ਰਖਿ ਨਿਚਿੰਤ ਭਰਵਾਸਾ।'
ਸੁਨਿ ਕਰਿ ਜਮਾਦਾਰ ਧਰਿ ਭਾਉ।
ਜਾਨਜੋਂ ਰਿਦੈ ਬਿਸਾਲ ਪ੍ਰਭਾਊ ॥੩੯॥
ਆਪ ਜਾਇ ਕਾਰਾਗ੍ਰਿਹ ਬਾਹਿਰ।
ਖੋਜਜੋ ਸਿਖ ਜਿਮ ਰਹੈ ਅਜਾਹਰ[1]।
ਸੰਗ ਆਪਨੇ ਲੇ ਕਰਿ ਗਯੋ।
ਗੁਰ ਕੋ ਨਿਕਟਿ ਪੁਚਾਵਤਿ ਭਯੋ ॥੪੦॥
ਸਾਵਧਾਨਤਾ ਪ੍ਰਥਮ ਜੁ ਕਰਿਹੀ।
ਹਟਜੋ ਤਬਹਿ, ਭਰਵਾਸਾ ਧਰਿ ਹੀ।
-ਮਹਾਂ ਸ਼ਕਤਿ ਜੁਤਿ ਆਪਹਿ ਆਏ।
ਕੈਦ ਪਰਨਿ ਬਡ ਹੇਤੁ ਬਤਾਏ[1] ॥੪੧॥
ਕਹਾ ਕਰਿ ਸਕਹਿਂ ਤਿਨਹੁਂ ਰਖਵਾਰੀ।
ਚਹੈਂ ਸੁ ਕਰੈਂ ਨ ਲਗੈ ਅਵਾਰੀ।
ਹਮ ਦੁਰਮਤਿ ਕਰਿ ਕਜੋਂ ਦੁਖ ਪਾਵੈਂ।
ਜਿਨਹੁਂ ਅਵੱਗਜਕ ਦੋਜ਼ਕ ਜਾਵੈਂ- ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰੂ ਤੇਗ ਬਹਾਦਰ' ਪ੍ਰਸੰਗ ਬਰਨਨੰ ਨਾਮ ਏਕ ਸ਼ਸ਼ਟੀ ਅੰਸੂ ॥੬੧॥

[1]ਆਪ ਦੇ) ਹੱਥ ਹੈ।

[1]ਛਾਤੀ ਦੀ ਧੜਕਨ।

[1]ਛੁਪ ਰਿਹਾ ਸੀ।

[1]ਅਪਨੇ ਕੈਦ ਪੈਣ ਦਾ ਵਡਾ ਕਾਰਨ ਦੱਸਿਆ ਹੈ।

## ੬੨. [ਸਤਿਗੁਰੂ ਜੀ ਦੀ ਦਿੱਲੀਓਂ ਚਿਠੀ]

੬੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੩

ਦੋਹਰਾ:
ਲੋਹ ਪਿੰਜਰੇ ਮਹਿਂ ਗੁਰੂ, ਨਮੋ ਕਰੀ ਸਿਖ ਦੇਖਿ।
ਮੁਚਜੋ ਬਿਲੋਚਨ ਜਲ ਤਬੈ, ਸੰਕਟ ਰਿਦੈ ਬਿਸ਼ੇਖ ॥੧॥

ਚੌਪਈ:
ਹਾਥ ਜੋਰਿ ਸਭਿ ਅਰਜ਼ ਗੁਜ਼ਾਰੀ।
'ਆਇਸੁ ਮਾਨਿ ਕੁਟੰਬ ਤੁਮਾਰੀ।
ਤਜਿ ਲਖਨੌਰ ਅਨੰਦਪੁਰਿ ਗਏ।
ਬ੍ਰਿਧ ਮਾਤਾ ਕੋ ਸੰਕਟ ਭਏ ॥੨॥
ਬਾਰਿ ਬਾਰਿ ਲੇ ਸ੍ਵਾਸ ਬਡੇਰੇ।
ਬੈਠਤਿ ਉਠਤਿ ਦ੍ਰਿਗਨ ਜਲ ਗੇਰੇ।
ਤਿਮ ਸ਼੍ਰੀ ਗੁਜਰੀ ਬਹੁ ਦੁਖ ਪਾਵੈ।
ਤੁਮਰੀ ਦਿਸ਼ਿ ਨਿਤ ਪ੍ਰਤਿ ਚਿਤ ਲਾਵੈ ॥੩॥
-ਕਹਾਂ ਹੋਇ ਹੈ, ਲਖੀ ਨ ਜਾਇ-।
ਨਿਸ ਦਿਨ ਚਿੰਤਾ ਕਰਤਿ ਬਿਤਾਇ।
ਸਾਹਿਬਜ਼ਾਦਾ ਦੇ ਅਹਿਲਾਦ[1]।
ਧੀਰ ਧਰਾਵਹਿਂ ਕਰਿ ਤੁਮ ਯਾਦ ॥੪॥
ਕਹਿ ਮਹਿਮਾ ਬਿਧਿ ਅਨਿਕ ਤੁਮਾਰੀ।
-ਕਾਰਨ ਕਰਨ ਸ਼ਕਤਿ ਧਰਿ ਭਾਰੀ।
ਚਹੈਂ ਸੁ ਕਰੈਂ ਨ ਲਗੇ ਅਵਾਰੀ।
ਆਪੇ ਰਚੀ ਬਾਰਤਾ ਸਾਰੀ ॥੫॥
ਤਊ ਅਧਿਕ ਬਿਰਲਾਪਹਿਂ ਮਾਈ[1]।
ਸਾਸ ਨੁਖਾ ਹ੍ਵੈ ਕੈ ਇਕ ਥਾਈਂ।
ਤਿਨ ਕੇ ਧੀਰ ਧਰਾਵਨਿ ਕਾਰਨ।
ਤੁਮਰੇ ਸੁਤ ਮੁਹਿ ਕੀਨਿ ਹਕਾਰਨਿ ॥੬॥
ਦਾਦੀ ਅਰੁ ਨਿਜ ਮਾਤ ਸੁਨਾਇ।
ਕਹਜੋ ਕਿ -ਲੀਜਹਿ ਸੁਧਿ ਮੰਗਵਾਇ।
ਜਥਾ ਕਹੈਂ ਪਿਤ ਤਥਾ ਸੁਨੀਜਹਿ[1]।

[1]ਅਨੰਦ ਦਿੰਦੇ ਹਨ। ਭਾਵ ਹੌਸਲਾ ਦਿੰਦੇ ਹਨ।

[1]ਮਾਈਆਂ ਵਿਰਲਾਪ ਕਰਦੀਆਂ ਹਨ।

[1]ਸੁਣੋ।

ਧਰਹੁ ਪ੍ਰਤੀਤ ਨ ਚਿੰਤਾ ਕੀਜਹਿ ॥੭॥
ਜੋ ਕ੍ਰਿਤ ਆਪ ਕਰਨਿ ਕੋ ਗਏ।
ਕੌਨ ਹਟਾਇ ਸਕਹਿ ਸੋ ਥਿਏ-।
ਕਹ੍ਯੋ ਮੋਹਿ -ਸਤਿਗੁਰ ਕੇ ਹਾਥ।
ਕਰਹੁ ਲਿਖਾਵਨਿ ਹੈ ਜਿਮ ਸਾਥ ॥੮॥
ਆਨ ਦਿਖਾਵਹਿਂ ਸੁਨਿ ਹੈਂ ਜਬੈ।
ਧੀਰ ਧਰਹਿਂ ਦੁਖ ਪਰਹਰਿ ਸਬੈ-।
ਇਸ ਕਾਰਨ ਤੇ ਮੈਂ ਚਲਿ ਆਯੋ।
ਸੁਧਿ ਰਾਵਰ ਕੀ ਚਾਹਤਿ ਪਾਯੋ ॥੯॥
ਸਿਖ ਸੰਗਤਿ ਅਰ ਬ੍ਰਿੰਦ ਮਸੰਦ।
ਤੁਮ ਦਿਸ਼ਿ ਤੇ ਸਭਿ ਚਿੰਤ ਬਿਲੰਦ।
ਮਿਲਹਿਂ ਪਰਸਪਰ ਧਰਹਿਂ ਬਿਖਾਦਾ[1]। [1]ਦੁੱਖ ਮੰਨਦੇ ਹਨ।
ਅਵਿਰੰਗ ਕ੍ਰੂਰ ਕਰ੍ਯੋ ਬਡ ਬਾਦਾ ॥੧੦॥
ਬਿਨਾ ਮਿਲੇ ਸਭਿ ਕੇ ਚਲਿ ਆਏ[1]। [1]ਆਪ ਚਲ ਗਏ ਹੋ।
ਬਹੁਤ ਬਿਸੂਰਤਿ ਸਿਖ ਸਮੁਦਾਏ।'
ਸੁਨਿ ਕਰਿ ਸਭਿਹਿਨਿ ਕੇਰ ਬ੍ਰਿਤੰਤਾ।
ਲੇ ਕਾਗਦਿ ਕਰ ਮਹਿਂ ਭਗਵੰਤਾ ॥੧੧॥
ਕਲਮ ਦਾਨ ਕੋ ਤਬਿ ਮੰਗਵਾਯੋ।
ਜਮਾਦਾਰ ਕੋ ਨਰ[1] ਲੇ ਆਯੋ। [1]ਦਾ ਆਦਮੀ।
ਸਭਿ ਸੰਗਤਿ ਪ੍ਰਤਿ ਲਿਖਿ ਉਪਦੇਸ਼ੂ।
ਕਰੇ ਸ਼ਲੋਕ ਵਿਰਾਗ ਵਿਸ਼ੇਸ਼ੂ ॥੧੨॥
'ਜੋ ਨਰ ਹੁਇ ਜਿਸ ਕੇ ਅਧਿਕਾਰੀ।
ਸੋ ਮਾਨਹਿ ਇਮ ਸੀਖ ਹਮਾਰੀ।
ਸੁਖ ਪ੍ਰਾਪਤਿ ਜੁਗ ਲੋਕ ਮਝਾਰੀ।'
ਲਿਖੇ ਸ਼ਲੋਕ ਸੁ ਕਰਤਿ ਉਚਾਰੀ[1] ॥੧੩॥ [1]ਕਵੀ ਕਹਿੰਦਾ ਹੈ ਮੈਂ) ਉਚਾਰਦਾ ਹਾਂ।

ਸ਼੍ਰੀ ਮੁਖਵਾਕ:
ਸਲੋਕ ਮਹਲਾ ੯ ॥
ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥

ਚੌਪਈ:
ਇੱਤਯਾਦਿਕ ਸਭਿ ਲਿਖੇ ਸ਼ਲੋਕ।
'ਪਠਿ ਹਰਿ ਭਜਹੁ ਤਜਹੁ ਸਭਿ ਸ਼ੋਕ।'

ਸਭਿ ਸਿੱਖਜਨਿ ਪ੍ਰਤਿ ਲਿਖੇ ਬਨਾਇ।
ਸਿਮਰਹੁ ਨਾਮ ਸੁ ਚਿੰਤ ਮਿਟਾਇ ॥੧੪॥
ਪੁਨ ਮਾਤਾ ਪ੍ਰਤਿ ਲਿਖ੍ਯੋ ਸ਼ਲੋਕ।
'ਸੁਨਿ ਕਰਿ ਲੇਹੁ ਸ਼ੋਕ ਕੋ ਰੋਕ।
ਜਗ ਮਹਿਂ ਨਹਿਂ ਥਿਰਤਾ ਕਿਸ ਕੇਰੀ।
ਬਿਨਸਿ ਗਏ ਜਿਨ ਸ਼ਕਤਿ ਬਡੇਰੀ' ॥੧੫॥

ਸ੍ਰੀ ਮੁਖਵਾਕ:
ਸਲੋਕ ਮਹਲਾ ੯ ॥
ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥

ਚੌਪਈ:
ਮਾਤ ਨਾਨਕੀ ਲਿਖਿ ਸਮੁਝਾਈ।
ਅਰੁ ਗੁਜਰੀ ਕੀ ਚਿੰਤ ਮਿਟਾਈ।
[1]'ਰਾਮਚੰਦ ਰਾਜਾ ਅਵਿਤਾਰ।
ਬਿਜੈ ਕੀਨਿ ਛਿਤ ਜੀਤਿ ਉਦਾਰ ॥੧੬॥
ਰਾਵਣ ਜੀਤ ਲੀਨਿ ਤ੍ਰੈ ਲੋਕੁ।
ਬਡ ਪਰਿਵਾਰ ਵਧ੍ਯੋ ਬਿਨ ਸ਼ੋਕ।
ਰਾਜ ਸਮਾਜ ਕੌਨ ਗਿਨ ਸਕੈ।
ਸੁਰ ਗਨ ਡਰੈਂ, ਦਿਸ਼ਾ ਜਿਸ ਤਕੈ[1] ॥੧੭॥
ਸਭਿ ਬਿਧਿ ਬਡੇ ਸਭਿਨਿ ਤੇ ਦੌਨ[1]।
ਸੋ ਭੀ ਗਏ ਤਜਾਗਿ ਨਿਜ ਭੌਨ[†]।
ਸੁਪਨ ਸਮੇਂ ਨਹਿਂ ਸੁਪਨੋ ਸਾਚਾ[1]।
ਸੋਗ ਹਰਖ ਦੁਖ ਸੁਖ ਰਹਿ ਰਾਚਾ ॥੧੮॥
ਜਬਿ ਜਾਗ੍ਰਤ ਸੁ ਅਵਸਥਾ ਹੋਇ।
ਰਚ੍ਯੋ ਸਮਾਜ ਬਿਨਸਿਗਾ ਸੋਇ।
ਝੂਠੋ ਜਾਨਹਿ, ਨਹਿਂ ਪਛੁਤਾਵੈਂ।

[1]ਕਵੀ ਜੀ ਸ਼ਲੋਕਾਂ ਦੇ ਖੁੱਲ੍ਹੇ ਭਾਵ ਦੱਸਦੇ ਹਨ।
[1]ਜਿਸ ਤਰਫ (ਰਾਵਣ) ਤੱਕਦਾ ਸੀ।
[1]ਦੋਵੇਂ ਭਾਵ ਰਾਮ ਤੇ ਰਾਵਣ।
[†]ਪਾ:-ਜਗ ਗੌਨ।
[1]ਸੁਪਨੇ ਦੇ ਸਮੇਂ ਵਿਚ ਸੁਪਨਾ ਸੱਚ ਪ੍ਰਤੀਤ ਹੁੰਦਾ ਹੈ।

ਤਿਮ ਰਚਨਾ ਜਗ ਕੀ ਦ੍ਰਿਸ਼ਟਾਵੈ ॥੧੯॥
ਤਿਸ ਹਿਤ ਮਮਤਾ ਧਾਰਹਿ ਜੀਵਤ[1]।

[1]ਜਦ ਤਕ ਜੀਉਂਦਾ ਹੈ ਤਿਸ (ਜਗਤ) ਲਈ ਮਮਤਾ ਕਰਦਾ ਹੈ।

ਕਛੁ ਨ ਰਹਹਿ, ਬਿਨਾਸੀ ਥੀਵਤ।
ਹੋਇ ਜਾਇ ਅਨਹੋਨੀ ਜੋਇ।
ਉਚਿਤ ਕਰਨਿ ਕੇ ਚਿੰਤਾ ਸੋਇ ॥੨੦॥
ਜੋ ਸਭਿ ਸੰਗ ਏਕ ਸਮ ਹੋਇ।
ਤਿਸ ਤੇ ਚਿੰਤਾ ਕਰੈ ਨ ਕੋਇ।
ਜੋ ਉਪਜਹਿ ਸੋ ਬਿਨਸਨ ਹਾਰ।
ਪਰਸੋਂ, ਆਜ ਕਿ ਕਾਲ ਬਿਚਾਰ ॥੨੧॥
ਯਾਂ ਤੇ ਹਰਿਗੁਨ ਗਾਇ ਬਿਸਾਲ।
ਤਜਾਗਹੁ ਸਗਰੇ ਜਲ ਜੰਜਾਲ।
-ਹਮ ਦਿਸ਼ਿ ਕੀ ਨਹਿਂ ਚਿੰਤਾ ਠਾਨਹੁ।
ਤਨ ਕੋ ਅੰਤ ਸਮਾ ਅਬਿ ਜਾਨਹੁ ॥੨੨॥
ਹੁਤੇ ਨਿਕਟਿ ਤੁਮ, ਤਿਮਹੀ ਬਨਤਿ[1]।

[1]ਜੇ ਤੁਹਾਡੇ ਪਾਸ ਵੀ ਹੁੰਦੇ ਤਦ ਵੀ ਤਿਵੇਂ (ਸਰੀਰ ਦਾ ਤਿਆਗ) ਹੋਣਾ ਸੀ।

ਜਥਾ ਦੂਰ ਬੈਠੇ ਹਮ ਭਨਤਿ।
ਯਾਂ ਤੇ ਸ਼ੋਕ ਚਿੰਤ ਕੋ ਤਜਾਗਹੁ।
ਸੱਤਿਨਾਮ ਕੇ ਸਿਮਰਨ ਲਾਗਹੁ- ॥੨੩॥
ਦੋਨਹੁਂ ਪ੍ਰਤਿ ਸ਼ਲੋਕ ਲਿਖਿ ਤੀਨ।
-ਕਰਹੁ ਨ ਦੁਖ- ਸੀਖਜਾ ਅਸ ਦੀਨਿ।
ਪੁਨ ਅਪਨੇ ਸੁਤ ਕੋ ਪਤਿਆਵਨ।
ਹਿਤ ਪਰਖਨ ਕੇ -ਕਿਮ ਧਰ ਭਾਵਨ[1] ॥੨੪॥

[1]ਕਿਸ ਤਰ੍ਹਾਂ ਦੀ ਭਾਵਨਾ ਰੱਖਦੇ ਹਨ।

ਲਖਹਿ ਸ਼ਕਤਿ ਮਹਿਂ ਹਮ ਕੋ ਕੈਸੇ?
ਲਖਜੋ ਜਾਇ ਅਸ ਆਸ਼ੈ ਜੈਸੇ-।
ਤਿਸ ਬਿਧਿ ਦੋਹਾ ਲਿਖਜੋ ਬਨਾਇ।
ਸ਼੍ਰੀ ਗੁਰ ਤੇਗ ਬਹਾਦਰ ਰਾਇ ॥੨੫॥

ਸ਼੍ਰੀ ਮੁਖਵਾਕ:
ਦੋਹਰਾ ॥
ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥

ਚੌਪਈ:

ਪੂਰਬ ਜਨਮ ਕੇਰ ਬਿਰਤੰਤ।
ਕਰਿ ਸਿਮਰਨ ਕੋ ਸ੍ਰੀ ਭਗਵੰਤ।
ਲਿਖ੍ਯੋ ਪਤਾ ਜਿਮ ਕਰੀ ਸਹਾਇ।
-[1]ਰਣਕਰਿ ਰਾਖਸ਼ ਦਏ ਖਪਾਇ ॥੨੬॥ [1]ਦੋਹੇ ਦਾ ਖੁਲ੍ਹਾ ਭਾਵ ਦੱਸਦੇ ਹਨ।
ਅਬਿ ਇਹ ਦੁਸ਼ਟ ਉਠਾਇ ਖੁਟਾਈ।
ਬੰਧਨ ਦਏ ਅੰਗ ਮੈਂ ਪਾਈ।
ਗਹੀ ਓਟ ਪਰਮੇਸ਼ੁਰ ਕੇਰੀ।
ਜਿਮ ਗਜ ਕੀ ਛੇਦੀ ਪਗ ਬੇਰੀ ॥੨੭॥
ਸੋ ਅਬਿ ਸਮਾ ਆਇ ਕਰਿ ਹੋਵਾ।
ਨਹਿਂਨ ਸਹਾਇਕ ਤੁਮ ਬਿਨ ਜੋਵਾ-।
ਇਕ ਦੋਹਾ ਲਿਖਿ ਕਰਿ ਨਿਜ ਹਾਥ।
ਬਹੁਰ ਬਨਾਇ ਅਪਰ[1] ਕੋ ਨਾਥ ॥੨੮॥ [1]ਹੋਰ (ਦੋਹਰਾ)।

ਸ੍ਰੀ ਮੁਖਵਾਕ:
ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥
ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥ †

†ਇਹ ਸ਼ਲੋਕ ਇਥੋਂ ਦਾ ਨਹੀਂ ਪ੍ਰਤੀਤ ਹੁੰਦਾ ਕਿਉਂਕਿ ਪ੍ਰਸੰਗ ਅਨੁਸਾਰ ਕਵੀ ਜੀ ਨੇ ਆਪ ਹੀ ਅਗਲੇ ਅੰਸੂ ਦੇ ੪੩ ਅੰਕ ਵਿੱਚ ਇਸ ਨੂੰ ਫੇਰ ਦਿੱਤਾ ਹੈ।

ਚੌਪਈ:
ਇਮ ਸ਼ਲੋਕ ਸਤਿਗੁਰੁ ਸਭਿ ਲਿਖੇ।
ਅਧਿਕ ਵਿਰਾਗ ਕਹ੍ਯੋ ਜਿਨ ਬਿਖੇ।
ਅਨਿਕ ਰੀਤਿ ਕੋ ਆਸ਼ੈ ਔਰ।
ਕਰਿ ਸੂਚਕ[1] ਸੋਢੀ ਸਿਰਮੌਰ ॥੨੯॥ [1]ਜਣਾ ਕਰਕੇ।
ਪੁਨ ਇਕਠੋ ਕਰਿਕੈ ਨਿਜ ਹਾਥ।
ਦੇਤਿ ਭਏ ਬੋਲੇ ਸਿਖ ਸਾਥ।
'ਤੂਰਨ ਚਲੇ ਜਾਹੁ ਮਗ ਮਾਂਹੂ।
ਪਹੁੰਚਹੁ ਸ੍ਰੀ ਗੁਬਿੰਦ ਕੇ ਪਾਹੂ ॥੩੦॥
ਪੁਨ ਉੱਤਰ ਕਹਿ ਕੈ ਲਿਖਵਾਓ।
ਨਿਕਟਿ ਹਮਾਰੇ ਸਿਖ ਇਕ ਆਓ।

ਤਨ ਤਜਿਬੇ ਕੇ ਦਿਨ ਅਬਿ ਥੋਰੇ।
ਬਿਨ ਬਿਲੰਬ ਆਵਹੁ ਇਤ ਓਰੇ ॥੩੧॥
ਇਮਨਹਿਂ ਸਭਿ ਕੋ ਬਾਤ ਬਤਾਵਹੁ।
ਬਿਨ ਬਿਸਰਾਮ ਜਾਇ ਪੁਨ ਆਵਹੁ।
ਸ਼੍ਰਮਤ ਪੰਥ ਮਹਿਂ ਤੂ ਨਹਿਂ ਹੋਇਂ[1]।
ਨਿਸ ਦਿਨ ਗਮਨਹੁ ਬਿਘਨ ਨ ਕੋਇ ॥੩੨॥

[1]ਰਾਹ ਵਿਚ ਥੱਕੇਗਾ ਨਹੀਂ।

ਹਮ ਦਿਸ਼ਿ ਤੇ ਸਭਿ ਕੋ ਧ੍ਰਿਤ ਦੈਹੌਂ[1]।
ਸ਼ੋਕ ਚਿੰਤ ਤਜਿ ਪ੍ਰਭੁ ਸਿਮਰੈਂ ਹੌਂ।'
ਸੁਪ੍ਰੰਸਨ ਮੁਖ ਤੇ ਜਬਿ ਭਾਖਾ।
ਸਮੁਖ ਸਿਖ ਸਿਰ ਧਰਿ ਪਰ ਰਾਖਾ ॥੩੩॥

[1]ਧੀਰਜ ਦੇਵਿਓ।

[1]'ਧੰਨ ਗੁਰੂ ਤੁਮਰੀ ਵਡਿਆਈ।
ਇਕ ਰਸ ਸੁਖ ਦੁਖ ਬ੍ਰਿੱਤਿ ਟਿਕਾਈ[1]।

[1]ਇਹ ਸਿੱਖੋਕਤੀ ਹੈ।

[1]ਲੋਕਾਂ ਨਾਲੋਂ) ਹੋਰ ਹੀ ਤਰ੍ਹਾਂ ਮੂੰਹੋਂ ਬਚਨ ਕਰਦੇ ਤੇ ਲਿਖਦੇ ਹੋ, (ਜਗਤ ਤੋਂ) ਵੱਖਰੀ ਤਰ੍ਹਾਂ ਹੀ ਵਰਤਦੇ ਹੋ। ਭਾਵ ਜਗਤ ਹਰਖ ਸ਼ੋਕ ਵਿਚ ਹੈ ਤੁਸੀਂ ਕਥਨ ਲਿੱਖਣ ਵਰਤਣ ਵਿੱਚ ਅਤੀਤ ਹੋ। (ਅ) ਲਿਖਦੇ ਹੋਰ ਤਰ੍ਹਾਂ ਹੋ ਪਰ ਹੇ ਭਗਵਾਨ! ਮੁਖੋਂ ਤਾਂ ਕਹਿੰਦੇ ਤੇ (ਆਪ) ਵਰਤਦੇ ਹੋ ਹੋਰ ਤਰ੍ਹਾਂ ਭਾਵ ਲਿਖਦੇ ਤਾਂ ਹੋ ਵੈਰਾਗ ਪਰ ਵਰਤੋਂ ਵਿਚ ਤੇ ਮੇਰੇ ਨਾਲ ਗਲਾਂ ਕਰਨ ਵਿੱਚ ਅਡੋਲ ਚੜ੍ਹਦੀਆਂ ਕਲਾਂ ਵਿੱਚ ਹੋ। ਕਵੀ ਜੀ ਨੇ ਇਸ ਦਾ ਕਾਰਨ ਸਹਿਬਜ਼ਾਦੇ ਜੀ ਦੀ ਪਰਖ ਲਿਆ ਹੈ ਦੇਖੋ ਅੰਕ ੨੪।

ਮੁਖ ਤੇ ਕਹਹੁ ਲਿਖਹੁ ਬਿਧਿ ਆਨ।
ਬਰਤਹੁ ਅਪਰ ਰੀਤਿ ਭਗਵਾਨ[5]!' ॥੩੪॥
ਕਰਿ ਬੰਦਨ ਕੋ ਬਾਰੰਬਾਰ।
ਨਿਕਸਜੋ ਕਾਰਾਗ੍ਰਿਹ ਕੇ ਦ੍ਵਾਰ।
ਚਲਜੋ ਸ਼ੀਘ੍ਰ ਗੁਰਪੁਰਿ ਮਗ ਮਾਂਹੀ।
ਨਿਸ ਦਿਨ ਮਹਿਂ ਬਿਸਰਾਮਹਿ ਨਾਂਹੀ ॥੩੫॥
ਭੋਜਨ ਕਰਨ ਸੌਚ ਇਸ਼ਨਾਨੈ।
ਥਿਰਹਿ ਇਤਿਕ ਨਤੁ ਪੰਥ ਪਯਾਨੈ।
ਨਿਸ ਦਿਨ ਗਮਨਜੋ ਨਹਿਨ ਥਕੇਵਾਂ।
ਜਾਨਹਿ ਕਰਜੋ ਬਾਕ ਗੁਰਦੇਵਾ ॥੩੬॥
ਇਮ ਸ਼ੀਘਰ ਹੀ ਮਗ ਉਲੰਘਾਯੋ।
ਤਬਿ ਰੋਪਰ ਕੀਰਤ ਪੁਰਿ ਆਯੋ।

ਟਿਕਜੋ ਨਹੀਂ ਆਗੇ ਚਲਿ ਪਰਜੋ।
ਦਰਸ਼ਨ ਸ੍ਰੀ ਅਨੰਦਪੁਰਿ ਕਰਜੋ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸੰਦੇਸ਼ ਪਠਨ' ਪ੍ਰਸੰਗ ਬਰਨਨੰ ਨਾਮ ਦੋਇਸਸ਼ਟੀ ਅੰਸੂ ॥੬੨॥

## ੬੩. [ਸਾਹਿਬਜ਼ਾਦੇ ਜੀ ਦਾ ਉੱਤਰ। ਗੁਰਿਆਈ]

੬੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੪

ਦੋਹਰਾ:
ਦ੍ਵੈ ਘਟਿਕਾ ਬਾਸੁਰ ਚਢੇ, ਕਰਿ ਤਨ ਸ਼ੌਚ ਸ਼ਨਾਨ।
ਬੈਠੇ ਹੁਤੇ ਦਿਵਾਨ ਮਹਿਂ, ਸ਼੍ਰੀ ਗੁਰੁ ਦਯਾ ਨਿਧਾਨ ॥੧॥
ਚੌਪਈ:
ਲਏ ਪੱਤ੍ਰਿਕਾ ਸਿਖ ਚਲਿ ਆਯੋ।
ਪਗ ਪੰਕਜ ਪਰ ਸੀਸ ਨਿਵਾਯੋ।
ਹਾਥ ਜੋਰਿ ਕਰਿ ਅਰਪਨ ਕੀਨਿ।
-ਪਿਤਾ ਪਠਜੋ- ਲਖਿ ਲੀਨਿ ਪ੍ਰਬੀਨ ॥੨॥
ਚਿੱਠਾ ਖੋਲਿ ਜਾਨਿ ਸਭਿ ਆਸ਼ੈ।
ਉਠਿ ਗਮਨੇ ਜੁਗ ਮਾਤਨਿ ਪਾਸੈ।
ਸਾਸ ਨੁਖਾ ਗੁਰ ਰੂਪ ਚਿਤਾਰਤਿ।
-ਕਹਾਂ ਹੋਇ- ਇਮ ਸੰਸੈ ਧਾਰਿਤ ॥੩॥
ਕਬਿ ਕਬਿ ਜ਼ਿਕਰ ਫਿਕਰ ਕੇ ਕਰੈਂ।
ਦੁਸ਼ਟ ਤੁਰਕਪਤਿ ਤੇ ਚਿਤਿ ਡਰੈਂ।
ਗੁਰ ਮਹਿਮਾ ਜਾਨੈਂ ਭਲਿ ਭਾਂਤੀ।
ਤਊ ਸਨੇਹ ਮਾਨਿ ਦੁਖ ਛਾਤੀ ॥੪॥
ਕਿਤਿਕ ਮਸੰਦ ਸਿੱਖ ਗਨ ਦਾਸ।
ਪਹੁੰਚੇ ਧਰੇ ਮੌਨ ਥਿਤ ਪਾਸ।
ਬੈਠੇ ਨਿਕਟਿ ਮਾਤ ਕੇ ਜਾਈ।
ਮੁਖ ਦਾਦੀ ਦਿਸ਼ਿ ਕਰਜੋ ਸੁਨਾਈ ॥੫॥
'ਸਤਿਗੁਰੂ ਲਿਖਜੋ ਆਪਨੇ ਹਾਥ।
ਭਨੇ ਸੰਦੇਸੇ ਹਮ ਤੁਮ ਸਾਥ।
ਸੰਗਤਿ ਪ੍ਰਤਿ ਉਪਦੇਸ਼ ਬਤਾਯੋ।
ਇਹ ਸਿਖ ਅਬਿ ਹੀ ਲੇ ਕਰਿ ਆਯੋ' ॥੬॥
ਇਮ ਕਹਿ ਪਿਖਜੋ ਮੇਵੜੇ ਓਰ।
'ਲਿਹੁ ਕਰ ਮਹਿ ਬਾਚਹੁ ਸਭਿ ਛੋਰਿ[1]।'

[1]ਖੋਲਕੇ (ਅ) ਆਦਿ ਤੋਂ।

ਮਾਨਿ ਹੁਕਮ ਤਿਨ ਪਠ੍ਯੋ ਸੁਨਾਯੋ।
ਸੰਗਤਿ ਪ੍ਰਤਿ ਜਿਮ ਪ੍ਰਥਮ ਬਤਾਯੋ ॥੭॥
ਬਹੁ ਸ਼ਲੋਕ ਬੈਰਾਗ ਜਨਾਵੈਂ।
-ਜਗ ਮਹਿਂ ਥਿਰ ਕੋ ਰਹਿਨਿ ਨ ਪਾਵੈ।
ਬਡੇ ਬਡੇ ਹੁਇ ਸਭਿ ਚਲਿ ਗਏ।
ਰਾਮ ਕ੍ਰਿਸ਼ਨ ਅਵਿਤਾਰ ਜਿ ਭਏ- ॥੮॥
ਪੁਨ ਲੱਛਨ ਭਾਖ੍ਯੋ ਬ੍ਰਹਮ ਗ੍ਯਾਨੀ।
-ਤਨ ਮਹਿਂ ਹੰਤਾ ਜਿਨਹੁ ਨ ਮਾਨੀ।
ਨਹਿਂ ਕਿਸਹੂੰ ਤੇ ਭੈ ਉਰ ਪਾਵੈਂ।
ਆਪ ਔਰ ਨਹਿਂ ਤ੍ਰਾਸ ਉਪਾਵੈਂ ॥੯॥
ਉਸਤਤਿ ਨਿੰਦਾ ਕੰਚਨ ਲੋਹ।
ਮਾਨ ਅਮਾਨ ਸਮਾਨੈਂ ਹੋਹਿ-।
ਪੁਨ ਜਨਨੀ ਬਿਰਧਾ ਹਿਤ ਧੀਰ।
-ਹੋਨਹਾਰ ਹੀ ਤਜਨਿ ਸ਼ਰੀਰ ॥੧੦॥
ਯਾਂ ਤੇ ਉਚਿਤ ਨ ਚਿੰਤਾ ਕਰਨੀ।
ਸੁਪਨੋ ਜਗ ਕੀ ਸਮਤਾ ਬਰਨੀ।
ਜਿਸ ਕੀ ਆਦਿ, ਅੰਤ ਤਿਸ ਹੋਇ।
ਉਪਜਨ ਵਾਰੋ ਬਿਨਸਤਿ ਸੋਇ ॥੧੧॥
ਯਾਂ ਤੇ ਸਭਿ ਤਜਾਗਹੁ ਜੰਜਾਲ।
ਸਾਸਿ ਸਾਸਿ ਹਰਿ ਪ੍ਰਭੂ ਸਮਾਲਿ-।
ਪੁਨ ਸਪੂਤ ਕੇ ਸੰਗ ਸੰਦੇਸ।
ਲਿਖ੍ਯੋ ਜੁ ਪਠ੍ਯੋ ਸੁ ਸੁਨ੍ਯੋ ਅਸ਼ੇਸ਼[1] ॥੧੨॥

[1]ਸਭ।

ਗਨ ਸ਼ਲੋਕ ਜਬਿ ਪਠੇ ਸੁਨਾਏ।
ਸਭਿ ਕੇ ਲੋਚਨ ਜਲ ਭਰਿ ਆਏ।
ਭਏ ਮੌਨ ਕੁਛ ਕਹ੍ਯੋ ਨ ਜਾਈ।
ਹਾਥ ਜੋਰਿ ਪੁਨ ਸਿੱਖ ਸੁਨਾਈ- ॥੧੩॥
'ਸ਼੍ਰੀ ਮੁਖ ਤੇ, ਮੋ ਪ੍ਰਤਿ ਫੁਰਮਾਇ।
-ਸਾਹਿਬਜ਼ਾਦੇ ਨਿਕਟਿ ਪਠਾਇ[1]।
ਪੁਨ ਉੱਤਰ ਲਿਖਵਾਵਨਿ ਕੀਜੈ।
ਬਿਨਾ ਬਿਲਮ ਹਮ ਢਿਗ ਪਠਿ ਦੀਜੈ- ॥੧੪॥

[1]ਚਲਾ ਜਾਹ।

ਯਾਂ ਤੇ ਨਹਿਂ ਬਿਲੰਬ ਅਬਿ ਧਾਰੋ।
ਲਿਖਿ ਕਰਿ ਉੱਤਰ ਪਠਹੁ[1] ਬਿਚਾਰੋ।' [1]ਭੇਜੋ।
ਗੁਰ ਨੰਦਨ ਸੁਨਿ ਜਾਨਯੋਂ ਆਸ਼ੈ।
-ਸਕਲ ਸ਼ਕਤਿ ਕੋ ਬਲ ਜਿਨ ਪਾਸੈ ॥੧੫॥
ਸੂਰਜ ਸਸਿ ਕੌ ਰੋਕਿ ਰਖੈਯਾ[1]। [1]ਰੋਕ ਰੱਖਣ ਵਾਲੇ।
ਬ੍ਰਹਮ ਲੋਕ ਲੌ ਬਲ ਅਤਿਸੈਯਾ[1]। [1]ਬਹੁਤਾ।
ਹਾਥ ਜੋਰਿ ਇੰਦ੍ਰਾਦਿਕ ਥਿਰੈਂ[1]। [1]ਖੜੋਂਦੇ ਹਨ।
ਜਥਾ ਹੁਕਮ ਸੋ ਤਤਛਿਨ ਕਰੈਂ ॥੧੬॥
ਕਹਾ ਨਰ ਬਪੁਰੇ ਤਿਨਹੁ ਅਗਾਰੇ।
ਅਵਨਿ ਉਡਾਇਂ ਫੂਕ ਇਕ ਮਾਰੇ।
ਏਕ ਬਾਰ ਤੇ ਸਭਿ ਤੁਰਕਾਨਾ।
ਸ਼ਾਹੁ ਕਿ ਰੰਕ ਹੋਹਿ ਪਰਹਾਨਾ[1] ॥੧੭॥ [1]ਚੰਗੀ ਤਰ੍ਹਾਂ ਨਾਸ਼।
ਜੋ ਸਹਾਇਤਾ ਸਭਿ ਕੀ ਕਰੈਂ।
ਰਿਦੇ ਮਨਰੋਥ ਜੇ ਸਿਖ ਧਰੈਂ।
ਦੂਰ ਕਿ ਨੇਰ ਕਿ ਅਵਨਿ ਅਕਾਸ਼।
ਸਿਮਰੈਂ ਮਨ ਪਹੁੰਚਤਿ ਜਨ ਪਾਸ[1] ॥੧੮॥ [1]ਦਾਸਾਂ ਪਾਸ।
ਸਕਲ ਕਲਾ ਸਮਰਥ ਗੁਰ ਐਸੇ।
ਨਿਜ ਸਹਾਇਤਾ ਚਾਹਤਿ ਕੈਸੇ।
ਜਿਨ ਕੇ ਦਾਸਨਿ ਦਾਸਨਿ ਦਾਸ[1]। [1]ਜਿਨ੍ਹਾਂ ਦੇ ਦਾਸਾਂ ਦੇ ਦਾਸਾਂ ਦੇ ਦਾਸ।
ਜਗਹਿ ਨਿਵਾਜਹਿਂ ਕਰਹਿਂ ਕਿ ਨਾਸ਼[1] ॥੧੯॥ [1]ਸੰਸਾਰ ਨੂੰ ਚਾਹੇ ਨਿਵਾਜ ਦੇਣ ਚਾਹੇ ਨਾਸ਼ ਕਰ ਦੇਣ।
ਤਿਨ ਸਹਾਇਤਾ ਕਰਨਿ ਅਜੋਗ।
ਮਾਨਹਿਂ ਹੁਕਮ ਚੌਦਹੂੰ ਲੋਗ।
ਸ਼੍ਰੀ ਨਾਨਕ ਕੀ ਜੋਤਿ ਉਦਾਰਾ।
ਅਧਿਕ ਪ੍ਰਕਾਸ਼ਤਿ ਜਿਨਹੁ ਮਝਾਰਾ- ॥੨੦॥
ਇਮ ਬਿਚਾਰ ਕਰਿ ਗੁਰ ਕੇ ਨੰਦਨ।
ਪੂਰਬ ਲਿਖੀ ਆਪਨੀ ਬੰਦਨ।
'ਚਿਤ ਮਹਿਂ ਚਹਹੁ ਸੁ ਤੁਰਤ ਬਨਾਵਹੁ।
ਤਉ ਭਲੀ ਬਿਧਿ ਸ਼ਕਤਿ ਦੁਰਾਵਹੁ'

॥੨੧॥

ਸ੍ਰੀ ਮੁਖਵਾਕ ॥ ਪਾਤਸ਼ਾਹੀ ੧੦†:
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥

†ਪਾਤਸ਼ਾਹੀ ੧੦' ਇਤਨਾ ਪਾਠ ਤਿੰਨ ਲਿਖਤੀ ਨੁਸਖਿਆਂ ਵਿਚ ਨਹੀਂ ਹੈ।

ਚੌਪਈ:

ਇਸ ਪ੍ਰਕਾਰ ਉੱਤਰ ਲਿਖਿ ਪਾਤੀ।
ਸਭਿ ਕੀ ਨਮੋ ਲਿਖੀ ਸੁਖ ਸ਼ਾਂਤੀ।
'ਤੀਨ ਲੋਕ ਕੇ ਮਾਲਿਕ ਆਪ।
ਚਹੌ ਸੁ ਰਚਹੁ ਉਥਾਪਨ ਥਾਪ' ॥੨੨॥
ਇਤ੍ਯਾਦਿਕ ਲਿਖਿ ਬਹੁਰ ਬਿਚਾਰਾ।
-ਸਮੈਂ ਅਲਪ ਤਨੁ ਤਜਨਿ ਮਝਾਰਾ।
ਆਨਹਿ ਸੀਸ ਜਾਇ ਸਿਖ ਜੋਇ।
ਨਹਿਂ ਬਿਲਮੈ ਅਰੁ ਨਿਰਭੈ ਹੋਇ ॥੨੩॥
ਜੋ ਆਯਹੁ ਸੋ ਨਹਿਨ ਪਠਾਯੋ[1]।
ਅਪਰ ਦਾਸ ਕੋ ਨਿਕਟਿ ਬੁਲਾਯੋ।
'ਕਰਹੁ ਗੌਨ ਅਬਿ ਪੌਨ ਸਮਾਨੋ।
ਪਹੁੰਚਹੁ ਨਿਕਟਿ ਤ੍ਰਾਸ ਨਹਿਂ ਮਾਨੋ ॥੨੪॥
ਸਭਿ ਦਿਸ਼ਿ ਤੇ ਅਭਿਬੰਦਨ ਕਰੀਅਹਿ।
ਜੋ ਕਾਰਨ ਹੁਇ ਖਰੇ ਨਿਹਰੀਅਹਿ।
ਕਿਸ ਦਿਸ਼ਿ ਤੇ ਨਹਿਂ ਸੰਸੈ[1] ਧਰੀਅਹਿ।
ਆਵਨ ਜਾਨੋ ਕਰਤਿ ਨ ਡਰੀਅਹਿ' ॥੨੫॥
ਹਾਥ ਜੋਰਿ ਗੁਰ ਤੇ ਸੁਨਿ ਬਾਨੀ।
ਭਯੋ ਤ੍ਯਾਰ ਚਲਿਬੇ ਕਹੁ, ਮਾਨੀ[1]।
ਬਾਰੰਬਾਰ ਨਾਨਕੀ ਮਾਤਾ।
'ਮੈਂ ਅਤਿ ਬ੍ਰਿਧਾ ਸੁਨੋ ਦੁਖ ਤਾਤਾ!' ॥੨੬॥
ਸ੍ਰੀ ਗੁਜਰੀ ਮਨ ਦੀਨ ਉਚਾਰੇ।
'ਤੁਮ ਦਰਸ਼ਨ ਕੀ ਪ੍ਯਾਸ ਹਮਾਰੇ।
ਜਿਮ ਜਾਨਹੁ ਤਿਮ ਰਚਹੁ ਗੁਸਾਈਂ।
ਤੁਮਰੇ ਮਹਿਂ ਚਿਤ ਰਹੈ ਸਦਾਈ' ॥੨੭॥

[1]ਉਹ ਨਹੀਂ ਭੇਜਿਆ।
[1]ਡਰ।
[1]ਮੰਨ ਕਰਕੇ।

ਲਈ ਪੱਤ੍ਰਿਕਾ ਸਿੱਖਜ ਸਿਧਾਯਹੁ।
ਨਮੋ ਕਰਤਿ ਹੀ ਨਹਿਂ ਬਿਲਮਾਯਹੁ।
ਦਿੱਲੀ ਪੁਰਿ ਕੇ ਪੰਥ ਸਿਧਾਰਾ।
ਨਿਸ ਦਿਨ ਗਮਨਜੋ ਜਾਇ ਸੁਖਾਰਾ ॥੨੮॥
ਕਿਤਿਕ ਸਮੈਂ ਮਹਿਂ ਪਹੁੰਚਜੋ ਜਾਈ।
ਪੌਰ ਪੁਰੀ ਕੇ ਪ੍ਰਵਿਸ਼ਜੋ ਧਾਈ।
ਡਰ ਬਿਹੀਨ ਕਾਰਾਗ੍ਰਿਹ ਗਯੋ।
ਸਤਿਗੁਰ ਅੰਤਰਿ ਦੇਖਤ ਭਯੋ ॥੨੯॥
ਹਾਥ ਜੋਰਿ ਕਰਿ ਸੀਸ ਨਿਵਾਯੋ।
ਬਦਨ ਪ੍ਰਫੁੱਲਤ ਦਰਸ਼ਨ ਪਾਯੋ।
ਧਰੀ ਪੱਤ੍ਰਿਕਾ ਗੁਰੂ ਅਗਾਰੀ।
ਸੁਧਿ ਕੁਟੰਬ ਕੀ ਸਕਲ ਉਚਾਰੀ ॥੩੦॥
ਕਰ ਧਰਿ[1] ਖੋਲਿ ਪਠੀ ਤਤਕਾਲਾ। — [1]ਹੱਥ ਤੇ ਲੈਕੇ।
ਸ਼੍ਰੀ ਸਤਿਗੁਰ ਉਰ ਧੀਰ ਬਿਸਾਲਾ।
ਨਿਜ ਨੰਦਨ ਕੋ ਆਸ਼ੈ ਪਰਖਤਿ।
ਅਧਿਕ ਗੰਭੀਰ ਜਾਨਿ ਮਨ ਹਰਖਤਿ ॥੩੧॥
-[1]ਲਾਖਹੁਂ ਬਰਖਨ ਕੋ ਤਪ ਦੀਹਾ[2]। — [1]ਗੁਰੂ ਜੀ ਹੁਣ ਵਿਚਾਰ ਕਰਦੇ ਹਨ:-। [2]ਭਾਰੀ।
ਇਨ ਕੇ ਉਪਜਾਵਨ ਹਿਤ ਪ੍ਰੀਹਾ[1]। — [1]ਇੱਛਾ ਸੀ।
ਏਕੰਕਾਰ ਅਰਾਧਨਿ ਕਰੇ।
ਝਟਕੀ ਸਿੰਘ ਖਾਲ ਕਰ ਧਰੇ[1] ॥੩੨॥ — [1]ਸ਼ੇਰ ਦੀ ਖੱਲ ਹੱਥ ਵਿਚ ਲੈਕੇ।
ਤਬਿ ਹੂੰ ਪੁਰਸ਼ੋਤਮ ਕੇ ਅੰਸ[1]। — [1]ਵਾਹਿਗੁਰੂ ਦੀ ਅੰਸ਼ ਤੋਂ।
ਉਪਜੇ ਜਗ ਮਾਨਸ ਕੇ ਹੰਸ[1]। — [1]ਜਗਤ ਰੂਪੀ ਮਾਨ ਸਰੋਵਰ ਵਿਚ ਹੰਸ।
ਲਾਖਹੁਂ ਰਾਖਸ਼ ਖੰਡਿ ਖਪਾਏ[1]। — [1]ਮਾਰ ਕੇ ਨਾਸ਼ ਕੀਤੇ।
ਜੋਧਾ ਅਧਿਕ ਥਿਰੇ ਰਨਥਾਏ ॥੩੩॥
ਮਿਲੀ ਚੰਡਕਾ ਪਾਇ ਬਿਜੈ ਕੋ[1]। — [1]ਭਾਵ ਸ਼੍ਰੀ ਗੁਰੂ ਦਸ਼ਮੇਸ਼ ਜੀ ਦੀ ਸਹਾਇਤਾ ਨਾਲ ਦੇਵੀ ਫਤਹ ਨੂੰ ਪਾਕੇ ਆ ਮਿਲੀ।
ਮੁਦਤ ਦਿਏ ਬਰ, ਦੇਖਿ ਅਜੈ ਕੈ[1]। — [1]ਅਜਿੱਤ ਨੂੰ ਵੇਖ ਕੇ ਭਾਵ ਦਸ਼ਮੇਸ਼ ਜੀ ਨੂੰ
ਸਤਿਜੁਗ ਆਦਿ ਬਿਖੈ ਉਤਪੰਨੇ।
ਤਬਿ ਕੇ ਤਪਨ ਤਪਹਿਂ ਮਨ ਮੰਨੇ ॥੩੪॥
ਉੱਗ੍ਰ ਤਪਨ ਤੇ ਬਜਾਕੁਲ ਦੇਵ।

ਭਯੋ ਤੇਜ ਅਸ ਤਪ ਕੋ ਸੇਵ।
ਜਬਿ ਅਰਾਧਨਾ ਲਖੀ ਹਮਾਰੀ।
ਏਕੰਕਾਰ ਦਯਾ ਤਬਿ ਧਾਰੀ ॥੩੫॥
ਤਬਿ ਗੁਰਤਾ ਹਿਤ ਕਰਜੋ ਪਠਾਵਨਿ।
ਜੀਵ ਕਰੋਰਨ ਕਰਿ ਹੈਂ ਪਾਵਨ[1]। [1]ਕਰੋੜਾਂ ਜੀਵਾਂ ਨੂੰ ਪਵਿੱਤ੍ਰ ਕਰਨਗੇ।
ਸ਼ਕਤਿ ਮਹਿਦ ਤੇ ਮਹਿਦ ਮਝਾਰੀ।
ਤਨਕ ਨ ਤਊ ਜਨਾਵਨ ਧਾਰੀ ॥੩੬॥
ਅਜਰ ਜਰਨ ਹਮ ਸਿਰ ਲੌ ਠਾਨੈਂ।
ਇਹ ਧੀਰਜ ਭੀ ਮਹਿਦ ਮਹਾਨੈ[1]। [1]ਇਹ ਬੀ ਧੀਰਜ ਵੱਧ ਤੋਂ ਵੱਧ ਹਨ।
ਤਿਨਹੁੰ ਕੀਨਿ ਹਮ ਤੇ ਅਧਿਕਾਈ।
ਚਹੈਂ ਦੁਰਾਵਨਿ ਨਹਿਂ ਨ ਜਨਾਈ[1] ॥੩੭॥ [1]ਪ੍ਰਗਟ ਨਹੀਂ ਕੀਤੀ।
ਉਚਿਤ ਗੁਰੂ ਨਾਨਕ ਮਸਨੰਦ[1]। [1]ਗੱਦੀ ਦੇ।
ਅਜਰ ਜਰਨ ਮਹਿਂ ਲਖੇ ਬਿਲੰਦ।
ਗੁਰ ਘਰ ਬਿਖੈ ਬਡੀ ਬਡਿਆਈ।
ਇਨ ਕੋ ਜਗ ਗੁਰਤਾ ਬਨਿਆਈ– ॥੩੮॥
ਸੁ ਪ੍ਰਸੰਨ ਹੁਇ ਹੁਕਮ ਬਖਾਨਾ।
'ਭੋ ਸਿਖ! ਜਾਹੁ ਬਿਲਮ ਕਰਿ ਹਾਨਾ।
ਸ਼੍ਰੀ ਫਲ ਪੈਸੇ ਪੰਚਹੁ ਆਨਿ।
ਰੁਚਿਰ ਬਿਲੋਕਹੁ ਹੋਇ ਮਹਾਨ[1]' ॥੩੯॥ [1]ਬਹੁਤਾ ਸੋਹਣਾ ਹੋਵੇ (ਇਹ) ਵੇਖਕੇ ਲਿਆਵੀਂ।
ਕਾਰਾਗ੍ਰਿਹ ਤੇ ਸਿਖ ਤਬਿ ਗਯੋ।
ਸੁੰਦਰ ਸ਼੍ਰੀ ਫਲ ਕੋ ਪਿਖਿ ਲਯੋ।
ਸੰਗ ਪੰਚ ਪੈਸੇ ਧਰਿ ਹਾਥ।
ਪਹੁੰਚਯੋ ਤਤਛਿਨ ਜਿਹ ਠਾਂ ਸਾਥ ॥੪੦॥
ਲੇ ਸ਼੍ਰੀ ਤੇਗ ਬਹਾਦਰ ਕਰ ਮੈਂ।
ਧਰਯੋ ਧਯਾਨ ਨੰਦਨ ਕੋ ਉਰ ਮੈਂ।
ਬੰਦਨ ਕੀਨਿ ਸੁ ਅਰਪਿ ਅਗਾਰੀ।
ਜਗ ਗੁਰਤਾ ਦੀਨਸਿ ਬਲ ਭਾਰੀ ॥੪੧॥
ਨੌ ਤਨ ਮਹਿਂ ਜੋ ਬਰਤੀ ਜੋਤਿ।

ਸੁਤ ਮਹਿਂ ਕਰੀ ਪ੍ਰਵੇਸ਼ ਉਦੋਤ[1]। [1]ਪ੍ਰਗਟ ਹੀ।
ਸਿਖ ਸੋਂ ਹੁਕਮ ਕਰਜੋ 'ਲੇ ਜਈਐ।
ਅਰਪਹੁ ਸ਼੍ਰੀ ਗੋਬਿੰਦ, ਗੁਰ ਹਈਐ[1] ॥੪੨॥ [1]ਸੋ) ਗੁਰੂ ਹਨ।
ਨਹਿਂ ਬਿਲਮਹੁ ਮਗ ਨਿਸ ਦਿਨ ਚਲੋ।
ਧਰੇ ਸ਼ੀਘ੍ਰਤਾ ਤਿਨ ਸੋਂ ਮਿਲੋ।'
ਇਮ ਕਹਿ ਇਕ ਸ਼ਲੋਕ ਲਿਖਿ ਦੀਨਿ।
ਨਿਜ ਨੰਦਨ ਕੋ ਅਰਪਨਿ ਕੀਨਿ ॥੪੩॥

ਸ੍ਰੀ ਮੁਖਵਾਕ:
ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥

ਚੌਪਈ:
ਸੁਨਿ ਸਿਖ ਹੁਕਮ ਮਾਨਿ ਪ੍ਰਸਥਾਨਾ।
ਕਰਿ ਬੰਦਨ ਉਰ ਕੋ ਡਰ ਹਾਨਾ।
ਕਾਰਾਗ੍ਰਿਹ ਕੋ ਤਜਿ ਤਤਕਾਲਾ।
ਕਰਤਿ ਸ਼ੀਘ੍ਰਤਾ ਮਾਰਗ ਚਾਲਾ ॥੪॥
ਇਤ ਅਨੰਦਪੁਰਿ ਗੁਜਰੀ ਮਾਤ।
ਸੁਪਤਿ ਜਥਾ ਸੁਖ ਭੀ ਜਬਿ ਰਾਤਿ।
ਔਚਕ ਉਠੀ ਪਾਇ ਦੁਹ ਸੁਪਨੇ[1]। [1]ਭਯਾਨਕ ਸੁਪਨੇ।
ਸਤਿਗੁਰ ਕੋ ਚਿਤਵਤਿ ਚਿਤ ਅਪਨੇ ॥੪੫॥
ਅਤਿ ਚਿੰਤਾ ਸੋਂ ਰਾਤ ਬਿਤਾਈ।
ਤੂਸ਼ਨਿ ਠਾਨਿ ਕਿਸੂ ਨ ਜਨਾਈ।
ਸੰਕਟ ਅਧਿਕ ਪਾਇ ਮਨ ਮਾਂਹੀ।
ਬੈਠੀ ਭਈ ਪ੍ਰਾਤਿ ਲਖਿ ਤਾਂਹੀ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਜਗ ਗੁਰਤਾ ਅਰਪਨ' ਬਰਨਨੰ ਨਾਮ ਤੀਨਸਸ਼ਟੀ ਅੰਸੂ ॥੬੩॥

## ੬੪. [ਨੁਰੰਗੇ ਦੀ ਹੋਰ ਸਖਤੀ]

੬੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੫

ਦੋਹਰਾ:

ਚਿੰਤਾਤੁਰ ਅਵਨੀ ਪਿਖਤਿ†,
ਨੇਤ੍ਰਨਿ ਤੇ ਜਲ ਜਾਤਿ।
ਨਸਮਕਾਰ ਹਿਤ ਕਰਨਿ ਕੇ,
ਚਲਿ ਆਏ ਢਿਗ ਤਾਤ[1] ॥੧॥

†ਪਾ:-ਜਨਨੀ ਲਖੀ।

[1]ਭਾਵ ਸ਼੍ਰੀ ਗੋਬਿੰਦ ਸਿੰਘ ਜੀ ਮਾਤਾ ਜੀ ਪਾਸ ਨਮਸਕਾਰ ਕਰਨ ਆਏ ਜੋ ਚਿੰਤਾਤੁਰ ਸੀ।

ਚੌਪਈ:

ਬੈਠੇ ਨਿਕਟਿ ਸਪੂਤ ਪ੍ਰਬੀਨਾ।
ਦੇਖਿ ਮਾਤ ਦਿਸ਼ਿ ਬੂਝਨਿ ਕੀਨਾ।
'ਅਬਿ ਲੌ ਆਜ ਨ ਮੱਜਨ ਕਰਜੋ।
ਨੇਮ ਸ਼ਬਦ ਕੋ ਪਾਠ ਨ ਰਰਜੋ[1]? ॥੨॥

[1]ਨਿਤਨੇਮ ਦੀ ਬਾਣੀ ਦਾ ਪਾਠ ਬੀ ਨਹੀਂ ਕੀਤਾ?

ਕਹਾ ਚਿਤਵਤਿ ਚਿੰਤਾ ਚਿਤ ਮਾਂਹੀ।
ਮੋ ਸੰਗ ਭੇਦ ਕਰਹੁ ਕਿਮ ਨਾਂਹੀ[1]?'

[1]ਕਿਉਂ ਨਹੀਂ ਕਹਿਦੇ।

ਸ਼੍ਰੀ ਗੁਜਰੀ ਦੁਹ ਸੁਪਨ ਸੁਨਾਏ।
'ਹੇ ਨੰਦਨ! ਨਿਸ ਮਹਿਂ ਮੁਝ ਆਏ ॥੩॥
ਪਿਤਾ ਤੁਮਾਰੇ ਅਪਨੇ ਕਰ ਤੇ।
ਪੈਸੇ ਪੰਚ ਨਾਲੀਅਰ ਧਰਤੇ।
ਅਰਪਨ ਕਰਤੇ[1] ਤੁਮਹੁ ਅਗਾਰੀ।
ਇਮ ਸੁਪਨੋ ਆਯੋ ਇਕ ਬਾਰੀ ॥੪॥

[1]ਕਰ ਦਿੱਤੇ ਹਨ।

ਪੁਨ ਸਤਿਗੁਰ ਕੋ ਧਰ ਸਿਰ ਨਜਾਰੋ।
ਪਿਖਿ ਸੁਪਨੇ ਮਹਿਂ ਭਾ ਦੁਖ ਭਾਰੋ।
ਤਬਿ ਕੀ ਚਿੰਤਾ ਮੈਂ ਕਰ ਰਹੀ।
ਮਨ ਥਿਰਤਾ ਕੋ ਪਾਵਤਿ ਨਹੀਂ ॥੫॥
ਪਠਹੁ ਸਿੱਖ ਲਘੁ ਦੇਹੁ ਤੁਰੰਗ[1]।

[1]ਛੇਤੀ ਘੋੜਾ ਦੇਕੇ।

ਆਨਹਿ ਸੁਧਿ ਕੋ ਤੁਰਨ ਸੰਗ।
ਪਹੁੰਚਹਿ ਪੁਰਿ ਸੰਗਤਿ ਕੇ ਮਾਂਹਿ।
ਡੇਰਾ ਕਰਹਿ ਨਿਕਟਿ ਪੁਨ ਜਾਹਿ ॥੬॥
ਕਰਿ ਦਰਸ਼ਨ ਤਤਛਿਨ ਹਟਿ ਆਵੈ।
ਇਮ ਮੇਰੇ ਮਨ ਮਹਿ ਅਬਿ ਭਾਵੈ।'
ਸੁਨਿ ਜਨਨੀ ਤੇ ਗਿਰਾ ਦੁਖਾਰੀ।

ਪਠਯੋ ਸਿੱਖ ਤੁਰਨ ਕਰਿ ਤਯਾਰੀ ॥੭॥
ਕਰਯੋ ਹੁਕਮ 'ਆਗੇ ਸਿਖ ਗਯੋ।
ਮਗ ਮਹਿਂ ਮਿਲੈ ਕਿ ਪੁਰਿ ਥਿਰ ਭਯੋ।
ਤਾਂਹਿ ਪਠਾਵਹੁ ਸ਼ੀਘ੍ਰ ਸੁ ਆਇ।
ਤੂੰ ਗੁਰ ਮਿਲਹੁ ਜਾਇ ਤਿਸ ਥਾਇਂ'
॥੮॥
ਸੁਨਿ ਸਿਖ ਹੁਕਮ ਬੰਦਨਾ ਕਰਿ ਕੈ।
ਗਵਨਯੋ ਮਾਰਗ ਗੁਰੂ ਸਿਮਰਿ ਕੈ।
ਉਤ ਸਿਖ ਦਿੱਲੀ ਤੇ ਚਲਿ ਆਯੋ।
ਇਹ ਅਨੰਦ ਪੁਰਿ ਕੋ ਤਜਿ ਧਾਯੋ ॥੯॥
ਦੋਨਹੁਂ ਸਿੱਖ ਪੰਥ ਚਲਿ ਪਰੇ।
ਸਤਿਗੁਰੁ ਬੀਚ ਪਿੰਜਰੇ ਥਿਰੇ।
ਮੁਖ ਪ੍ਰਸੰਨ ਇਕ ਰਸ ਦੁਤਿ ਪਾਵੈ।
ਹਰਖ ਸ਼ੋਕ ਤੇ ਨਹਿਂ ਨ ਡੁਲਾਵੈਂ ॥੧੦॥
ਕਿਤਿਕ ਦਯੋਸ ਇਸ ਭਾਂਤਿ ਬਿਤਾਏ।
ਤਬਿ ਚਵਗੱਤਾ ਕੋਪ ਉਪਾਏ।
-ਮੋਰ ਮਨੋਰਥ ਸਿੱਧ ਨ ਹੋਵਾ।
ਨਹੀਂ ਸ਼ਰ੍ਹਾ ਮਹਿਂ ਸਭਿ ਜਗ ਜੋਵਾ
॥੧੧॥
ਸਭਿ ਹਿੰਦੁਨਿ ਕੋ ਗੁਰੂ ਕਿਵਾਰ।
ਸੋ ਅਰ ਰਹਯੋ ਨ ਭਾ ਅਨੁਸਾਰਿ-।
ਇਮ ਚਿਤਵਤਿ ਚਿਤ ਮਹਿਂ ਚਵਗੱਤਾ।
-ਪਰਯੋ ਲੋਹ ਪਿੰਜਰ ਦੁਖ ਅੱਤਾ[1] ॥੧੨॥ [1]ਆਤੁਰ।
ਪਠੌਂ ਮੁਲਾਨੇ ਅਬਿ ਬੁਝਵਾਂਵੌਂ[1]। [1]ਪੁਛਾਂਵਾਂਗਾ।
ਮਾਨਹਿਂ ਸ਼ਰ੍ਹਾ ਦੀਨ ਮਹਿਂ ਲਯਾਵੌਂ।
ਨਾਂਹਿ ਤ ਕਰਾਮਾਤ ਦਿਖਰਾਵੈ।
ਜਿਸ ਥਲ ਤੇ ਜਗ ਗੁਰੂ ਕਹਾਵੈ ॥੧੩॥
ਦੁਹੁਂ ਮਹਿਂ ਏਕ ਮਾਨਿ ਹੈ ਜਬੈ।
ਕਰੌਂ ਖਲਾਸੀ ਤਿਸ ਕੀ ਤਬੈ।
ਨਤੁ ਦੈਹੌਂ ਮੈਂ ਕਤਲ ਕਰਾਇ।
ਜਿਸ ਤੇ ਡਰਪੈਂ ਨਰ ਸਮੁਦਾਇ- ॥੧੪॥
[1]ਦਿਲ ਦਲੀਲ ਦਿੱਲੀਪਤਿ ਐਸੇ। [1]ਦਿਲ ਦੀਆਂ ਦਲੀਲਾਂ ਨੁਰੰਗਾ ਐਸੀਆਂ ਕਰਦਾ ਹੈ ਜਿਨ੍ਹਾਂ

ਨਾਲ ਤੇਜ ਬਿਨਸ ਜਾਣਾ ਹੈ।

ਕਰਤਿ, ਤੇਜ ਸਭਿ ਬਿਨਸੈ ਜੈਸੇ।
ਏਕ ਮੁਲਾਨਾ ਇਕ ਉਮਰਾਇ।
ਲਖਿ ਮਤਿਵੰਤੇ ਨਿਕਟਿ ਬੁਲਾਇ ॥੧੫॥
'ਗੁਰ ਹਿੰਦੁਨ ਕਾਰਾਗ੍ਰਿਹ ਮਾਂਹੀ।
ਅਬਿ ਲੌ ਕਹਜੋ ਸੁ ਮਾਨਜੋਂ ਨਾਂਹੀ।
ਜਾਇ ਕਹਹੁ ਸਮੁਝਾਵਨਿ ਤਾਂਹੂ।
ਦੇਹੁ ਸਜਾਇ, ਮਾਨਿ ਲੇ ਜਾਹੂੰ[1] ॥੧੬॥

[1]ਜਿਸ ਕਰਕੇ ਮੰਨ ਲਵੇ।

ਤ੍ਰਾਸ ਦਿਖਾਵਹੁ ਅਨਿਕ ਪ੍ਰਕਾਰਾ।
ਜਿਸ ਤੇ ਆਵਹਿ ਸ਼ਰ੍ਹਾ ਮਝਾਰਾ।
ਕਹਹੁ ਲੋਭ ਕੀ ਬਾਤ ਬਡੇਰੀ।
ਕਰਹਿ ਨਿਕਾਹੁ ਸੁਤਾ ਸੰਗ ਮੇਰੀ ॥੧੭॥
ਰਾਜ ਸਮਾਜ ਬਿਲੰਦਹਿ ਲੈ ਹੈ।
ਉਰ ਹਰਖਾਇ ਦੀਨ ਜੇ ਐ ਹੈ।
ਕਹੇ ਕਿਤਾਬਨ ਜਿਤਿਕ ਉਪਾਇ।
-ਦੇ ਸੁਤਾਦਿ ਲੇ ਸ਼ਰ੍ਹਾ ਮਨਾਇ ॥੧੮॥
ਜਿਮ ਕਿਮ ਦੀਨਿ ਬਿਖੈ ਕਿਸ ਆਨਹਿਂ[1]।

[1]ਕਿਸੇ ਨੂੰ ਲਿਆਈਏ।

ਇਸ ਤੇ ਮਹਾਂ ਸਬਾਬ[1] ਬਖਾਨਹਿ-।

[1]ਪੁੰਨ [ਅ: ਸਵਾਬ]

ਕਰਨਿ ਦੀਨ ਕੋ ਸਦਾ ਬਿਲੰਦ।
ਭਯੋ, ਨ ਹ੍ਵੈ ਹੈ ਮੋਹਿ ਮਨਿੰਦ ॥੧੯॥
ਤਿਮ ਹਿੰਦੁਨ ਮਹਿਂ ਗੁਰੂ ਸਮਾਨ।
ਨਹੀਂ ਆਨ ਜੇ ਪਿਖਿਯ ਜਹਾਨ।
ਕਲਮਾ ਪਠਹਿ ਏਕ ਇਹੁ ਜਬੈ।
ਮਾਨ ਲੇਹਿਂ ਸਿਖ ਇਸ ਕੋ ਸਬੈ ॥੨੦॥
ਲਾਖਹੁਂ ਲੋਕ ਸ਼ਰ੍ਹਾ ਚਲਿ ਪਰੈਂ।
ਹੇਰਿ ਹੇਰਿ ਪੁਨ ਕੋ ਨਹਿਂ ਅਰੈ।
ਦੀਨ ਮਜ਼ਬ ਕੇ ਮੁਖਿ ਹਮ ਦੋਈ।
ਜਾਨੀ ਜਾਇ[†] ਕੌਨ ਬਿਧਿ ਹੋਈ[1] ॥੨੧॥

[1]ਭਾਵ ਦੇਖੀਏ ਹੁਣ ਕਿਵੇਂ ਹੁੰਦੀ ਹੈ (ਅ) (ਪਿਛੇ ਦੱਸੇ ਉਪਾਵ ਕਰਨ ਤੋਂ ਪਿਛੋਂ ਹੁਣ) ਪਤਾ ਲੱਗ ਜਾਵੇਗਾ ਕਿ ਕੇਹੜੀ ਬਿਧੀ ਹੋਣੀ ਹੈ ਭਾਵ ਕਿਸ ਨੇ ਕਾਮਯਾਬ ਹੋਣਾ ਹੈ, ਮੈਂ ਕਿ ਸ੍ਰੀ ਗੁਰੂ ਜੀ ਨੇ। [†]ਪਾ:-ਜਾਨੀ ਨਾ ਜਾਇ।

ਇਸ ਬਿਧਿ ਕਰੇ ਜਿ ਮਾਨਹਿ ਨਾਂਹਿ।

-ਕਰਾਮਾਤ ਦੇ- ਭਾਖਹੁ ਤਾਂਹਿ।'
ਸੁਨਿ ਦੋਨਹੁੰ ਅਵਰੰਗ ਤੇ ਗਏ।
ਪਹੁੰਚੇ ਗੁਰਹਿ ਬਿਲੋਕਤਿ ਭਏ ॥੨੨॥
ਬੈਠੇ ਬਦਨ ਪ੍ਰਸੰਨ ਅਦੀਨਾ[1]। [1]ਦੀਨਤਾ ਰਹਿਤ।
ਨਹੀਂ ਕੈਦ ਕੋ ਦੁਖ ਕੁਛ ਚੀਨਾ।
ਖਰੇ ਭਏ ਦੇਖਤਿ ਬਿਸਮਾਏ।
ਕਹ੍ਯੋ 'ਸ਼ਾਹੁ ਤੁਮ ਨਿਕਟਿ ਪਠਾਏ ॥੨੩॥
ਕ੍ਯੋਂ ਤੁਮ ਕਸ਼ਟ ਸਹ੍ਯੋ ਚਿਰ ਕਾਲ।
ਕ੍ਯੋਂ ਹਠ ਧਾਰ੍ਯੋ ਰਿਦੈ ਬਿਸਾਲ।
ਕ੍ਯੋਂ ਨਹਿਂ ਭੋਗਹੁ ਐਸ਼ ਅਨੇਕ।
ਕ੍ਯੋਂ ਨਹਿਂ ਗਹੋ ਸ਼ਾਹੁ ਕੀ ਟੇਕ? ॥੨੪॥
ਲਾਖਹੁੰ ਲੋਕ ਸ਼ਰ੍ਹਾ ਮਹਿਂ ਆਏ।
ਸੋ ਸਗਰੇ ਹਜ਼ਰਤ ਬਡਿਆਏ।
ਤੁਮਹਿ ਸ਼ਿਰੋਮਣਿ ਸਭਿ ਕੋ ਕਰੈ।
ਕਹੈ ਜੁ ਸ਼ਾਹੁ ਨ ਪੁਨ ਕਬਿ ਫਿਰੈ[1] ॥੨੫॥ [1]ਜੋ ਸ਼ਾਹ ਆਖਦਾ ਹੈ ਉਸ ਤੋਂ ਮੁੜ ਕਦੇ ਨਹੀਂ ਫਿਰਦਾ।
ਦੁਖ਼ਤਰ[1] ਆਦਿ ਦੇਨਿ ਜਿਨ ਮਾਨੀ। [1]ਬੇਟੀ [ਫਾ. ਦੁਖ਼ਤਰ]
ਅਪਰ ਦੇਨਿ ਕੀ ਕਹਾਂ ਕਹਾਨੀ।
ਭਲੋ ਆਪਨੋ ਕ੍ਯੋਂ ਨ ਬਿਚਾਰਹੁ।
ਇਹਾਂ ਐਸ਼, ਮਰ ਭਿਸਤ[1] ਸਿਧਾਰਹੁ ॥੨੬॥ [1]ਸੁਰਗ।
ਜੋ ਦਾਨਾਇ ਨ ਤਜਾਗਨਿ ਕਰੈ।
ਕਹ੍ਯੋ ਸ਼ਾਹੁ ਕੋ ਸਿਰ ਪਰ ਧਰੈ।
ਨਾਂਹਿਤ ਹਜ਼ਰਤ ਕੇ ਚਿਤ ਰੋਸ।
ਦੇ ਮਰਵਾਇ ਨ ਜਾਨਹਿਂ ਦੋਸ਼ ॥੨੭॥
ਤੀਨ ਬਾਤ ਨਿਰਨੈ ਕਰਿ ਲੀਜੈ।
ਲਖਹੁ ਭਲੀ ਸੋ ਧਾਰਨਿ ਕੀਜੈ।
ਸ਼ਰ੍ਹਾ ਚਲਹੁ ਕਲਮੇ ਕਹੁ ਪਢਿ ਮੁਖ।
ਦੇਹਿ ਸ਼ਾਹੁ ਭੋਗਹੁ ਸਭਿ ਬਿਧਿ ਸੁਖ ॥੨੮॥
ਜੇ ਹਠ ਕਰਹੁ ਨ ਮਾਨਹੁ ਏਹੋ।

ਕਰਾਮਾਤ ਕਾਮਲ ਹੁਇ ਦੇਹੋ।
ਜਿਮ ਹਜ਼ਰਤ ਤੁਮ ਤੇ ਕਰਿਵਾਵੈ।
ਤਿਮ ਕਰਿ ਦੇਹੁ ਦੇਖਿ ਹਰਖਾਵੈ ॥੨੯॥
ਰਾਮਰਾਇ ਜਿਮ ਤੁਮਰੋ ਪੋਤਾ।
ਸਦਾ ਸ਼ਾਹੁ ਅਨੁਸਾਰੀ ਹੋਤਾ।
ਬਾਰ ਸੈਂਕਰੇ ਅਜ਼ਮਤ ਦੀਨੀ।
ਜਿਮ ਹਜ਼ਰਤ ਕਹਿ ਤਿਮ ਤਿਨ ਕੀਨੀ ॥੩੦॥
ਦਰਬ ਹਜ਼ਾਰਹੁं ਨਿਤ ਪ੍ਰਤਿ ਪਾਵੈ।
ਅਪਨੀ ਸੰਗਤਿ ਸਦਾ ਬ੍ਰਿਧਾਵੈ।
ਜਿਸ ਕੋ ਭਾ ਐਸ਼੍ਰਜ ਬਿਲੰਦ।
ਤੁਮ ਭੀ ਹੂਜਹੁ ਤਿਸਹਿ ਮਨਿੰਦ ॥੩੧॥
ਜੇ ਇਹ ਦੋਨਹੁं ਨਾਂਹਿ ਨ ਮਾਨਹੁं।
ਅਪਨੇ ਪਾਨ ਪ੍ਰਾਨ ਕਹੁ ਹਾਨਹੁं[1]।
ਨਹਿਂ ਤਜਾਗਹਿ, ਕਬਿ ਜੀਵਤਿ ਤੋਹੀ।
ਅਧਿਕ ਹਠੀਲਾ ਗਨੀਯਹਿ ਓਹੀ ॥੩੨॥
ਸ਼ਰ੍ਹਾ ਮਾਨਿ, ਕੈ[1] ਅਜਮਤ ਦੈਨ।
ਕਿਧੋਂ ਮ੍ਰਿਤੁ ਅਪਨੀ ਕਰਿ ਲੈਨ।
ਇਨ ਤੀਨਹੁं ਮਹਿਂ ਲਖਹੁ ਜੁ ਨੀਕੀ।
ਹਿਯ ਕੇ ਬੀਚ ਕਰਹੁ ਸੋ ਠੀਕੀ[1]' ॥੩੩॥
ਤਿਨ ਤੇ ਸੁਨਿ ਸ਼੍ਰੀ ਤੇਗ ਬਹਾਦਰ।
ਧਰਮ ਨਿਬਾਹਨਿ ਬਿਖੈ ਬਹਾਦਰ।
ਉੱਤਰ ਭਨਜੋ 'ਧਰਮ ਹਮ ਹਿੰਦੂ।[⚐]

[1]ਆਪਣੇ ਹੱਥੀਂ ਪ੍ਰਾਣਾਂ ਦਾ ਨਾਸ਼ ਕਰੋਗੇ।

[1]ਯਾ।

[1]ਹਿਰਦੇ ਵਿਚ ਠੀਕ ਕਰ ਲਓ ਭਾਵ ਸੋਚ ਲਓ।

[⚐]ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ 'ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡ ਪਰਾਨ' ॥ ਫਿਰ ਬਿਹਾਗੜੇ ਕੀ ਵਾਰ ਮ: ੧ ਦੀ ਇਹ ਤੁਕ ਹੈ:- 'ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ' ॥ ਇਹ ਕਦ ਹੋ ਸਕਦਾ ਹੈ ਕਿ ਗੁਰੂ ਜੀ ਇੱਥੇ ਆਪ ਨੂੰ ਉਨ੍ਹਾਂ ਅਰਥਾਂ ਵਿਚ ਹਿੰਦੂ ਆਖਦੇ ਜਿਨ੍ਹਾਂ ਵਿਚ ਕਿ ਬਾਈ ਕ੍ਰੋੜ ਬੁਤ ਪ੍ਰਸਤ ਨਿਜ ਨੂੰ ਹਿੰਦੂ ਕਹਿੰਦਾ ਹੈ। ਆਪ ਕਿਸੇ ਮਜ਼ਹਬ ਦੇ ਪੈਰੋ ਨਹੀਂ ਸਨ, ਗੁਰ ਸਿੱਖੀ ਸੰਤ ਮਾਰਗ ਦੇ ਆਪ ਆਗੂ ਸਨ, ਆਗੂ ਆਪਣੇ ਆਪ ਨੂੰ ਪਿਛੇ ਲੱਗਣ ਵਾਲਾ ਕਦੇ ਨਹੀਂ ਕਹਿ ਸਕਦਾ। ਫਿਰ ਆਪ ਦਾ ਪ੍ਰਯੋਜਨ ਓਥੇ ਜਾਣ ਦਾ ਇਹ ਸੀ ਕਿ ਔਰੰਗਜ਼ੇਬ ਨੂੰ ਮੱਤ ਦੇਣ ਕਿ ਕਿਸੇ ਦੇ ਮਜ਼ਹਬ ਵਿਚ ਦਖ਼ਲ ਨਾ ਦੇਹਿ। ਉਸ ਵੇਲੇ ਹਿੰਦੂ ਜਬਰਨ ਮੁਸਲਮਾਨ ਕੀਤੇ ਜਾ ਰਹੇ ਸਨ, ਉਹਨਾਂ ਦੀ ਰਖਜ਼ਾ ਕਰਨ ਲਈ ਹੀ ਆਪ ਗਏ ਸਨ, ਸੋ ਇਹ ਕਹਿਣਾ ਕਿ 'ਆਪਨੇ ਹਿੰਦੂਆਂ ਦੀ ਰਖਜ਼ਾ

ਲਈ ਸੀਸ ਦਿਤਾ' ਠੀਕ ਹੈ, ਪਰ ਆਪਣੇ ਲਈ ਹਿੰਦੂ ਪਦ ਦੇ ਅਰਥ ਸੈਮੇਟਿਕ ਤੋਂ ਭਿੰਨ 'ਬੇਰੀਅਨ ਹੇਸ' (ਆਰਯ ਕੁਲ) ਦੇ ਲਏ ਜਾਣ ਤਾਂ ਠੀਕ ਹੈ, ਪਰ ਨਿਜ ਨੂੰ ਮੂਰਤੀ ਪੂਜਕ ਹਿੰਦੂ ਕਹਿਣਾ ਇਹ ਗੁਰ ਸਿੱਧਾਂਤ ਦੇ ਅਨਕੂਲ ਨਹੀਂ ਹੈ ਇਸੇ ਕਰਕੇ ਦਸ਼ਮੇਸ਼ ਜੀ ਨੇ ਬੀ ਕਿਹਾ ਹੈ 'ਤਿਲਕ ਜੰਞੂ ਰਾਖਾ ਪ੍ਰਭੁ ਤਾਂ ਕਾ।' 'ਤਾਂ ਕਾ' ਦਾ ਭਾਵ ਹੈ ਹਿੰਦੂਆਂ ਦਾ ਤਿਲਕ ਜੰਞੂ ਬਚਾ ਦਿਤਾ। ਇਥੇ ਪਦ 'ਤਾਂ ਕਾ' ਪਿਆ ਹੈ। 'ਨਿਜ ਦਾ' ਯਾ 'ਆਪਣਾ' ਨਹੀਂ ਪਿਆ, ਇਸ ਤੋਂ ਸਪਸ਼ਟ ਹੈ ਕਿ ਆਪ ਬੁਤਪ੍ਰਸਤ ਤਿਲਕ ਜੰਞੂ ਵਾਲੇ ਹਿੰਦੂ ਪਦ ਦੇ ਪੈਰੋਕਾਰ ਨਹੀਂ ਸੇ ਪਰ ਅਕਾਲੀ ਸਿੱਖ ਧਰਮ ਦੇ ਆਗੂ, ਰਹਿਬਰ, ਪੈਗ਼ੰਬਰ ਤੇ ਗੁਰ ਅਵਤਾਰ ਸੇ। ਹਾਂ ਸੈਮੇਟਿਕ ਤੇ ਮੁਸਲਮਾਨਾਂ ਦੇ ਟਾਕਰੇ ਤੇ ਆਰਯ ਕੁਲ ਦੇ ਸ਼ਿਰੋਮਣੀ ਜ਼ਰੂਰ ਸੇ। ਪਿਛੇ ਮਿਰਚਾਂ ਸਾੜ ਕੇ ਆਪ ਔਰੰਗਜ਼ੇਬ ਨੂੰ ਤ੍ਰੈ ਮਜ਼ਹਬ ਦੱਸ ਆਏ ਹਨ ਕਿ ਤੂੰ ਇਕ ਕੀਤਾ ਚਾਹੁੰਦਾ ਹੈਂ ਤੇ ਰਹਿਣੇ ਹਨ ਤਿੰਨ। ਇਹ ਤੀਸਰਾ ਸਿੱਖੀ ਧਰਮ ਸੀ ਜਿਸ ਦੇ ਆਪ ਗੁਰੂ ਸਨ। ਫਿਰ ਕਵੀ ਜੀ ਆਪ ਇਸੇ ਰਾਸਿ ਦੇ ੬੯ਵੇਂ ਅੰਸੂ ਦੇ ੨੫, ੨੬ ਅੰਕ ਵਿਚ ਦੱਸਦੇ ਹਨ ਕਿ ਹਿੰਦੂ ਤੁਰਕਾਂ ਦੇ ਅਨੇਕਾਂ ਪੰਥ ਜੋ ਤਾਰਿਆਂ ਵਤ ਹਨ ਤੇ ਜਿਨ੍ਹਾਂ ਦਾ ਵਿਚਾਰ ਨਹੀਂ ਹੋ ਸਕਦਾ ਸਭ ਦਾ ਚਮਤਕਾਰ ਛਪ ਗਿਆ ਤੇ ਗੁਰੂ ਸਾਹਿਬ ਦਾ ਪ੍ਰਤਾਪ ਸਭ ਤੋਂ ਉੱਪਰ ਹੋ ਚਮਕਿਆ। ਏਥੇ ਕਵੀ ਜੀ ਆਪ ਗੁਰੂ ਜੀ ਦੇ ਧਰਮ ਨੂੰ ਹਿੰਦੂ ਤੁਰਕ ਨੂੰ ਮਾਤ ਪਾ ਦੇਣ ਵਾਲਾ, ਤਾਰੇ ਚੰਦ ਤੋਂ ਵੱਖਰਾ ਸੂਰਜ ਰੂਪ ਦੱਸਦੇ ਹਨ। ਹਿੰਦੂ ਪਦ ਦੇ ਅਰਥ ਤੇ ਲੱਛਣ ਕਰਨ ਵਿਚ ਹਿੰਦੂਆਂ, ਆਰਯਾਂ ਤੇ ਸਨਾਤਨੀਆਂ ਦਾ ਆਪਣਾ ਬੀ ਇਤਫਾਕ ਨਹੀਂ।

ਅਤਿ ਪ੍ਰਿਯ ਕੋ ਕਿਮ ਕਰਹਿ ਨਿਕੰਦੂ ॥੩੪॥
ਲੋਕ ਪ੍ਰਲੋਕ ਬਿਖੈ ਸੁਖਦਾਨੀ।
ਆਨ ਨ ਪਈਯਤਿ ਜਾਂਹਿ ਸਮਾਨੀ।
ਮਤਿ ਮਲੀਨ ਮੂਰਖ ਮਤਿ ਜੋਇ।
ਇਸ ਤੋ ਤਜਾਗਹਿ ਪਾਮਰ ਸੋਇ ॥੩੫॥
ਦੀਨ ਦੁਨੀ ਮਹਿਂ ਦੁਖ ਕੋ ਪਾਵੈ।
ਜਮ ਸਜ਼ਾਇ ਦੇ ਨਹਿਂ ਤ੍ਰਿਪਤਾਵੈ[1]।
ਸੁਮਤਿਵੰਤ ਹਮ ਕਹੁ ਕਜੋਂ ਤਜਾਗਹਿਂ।
ਧਰਮ ਰਾਖਿਬੇ ਨਿਤ ਅਨੁਰਾਗਹਿਂ ॥੩੬॥
ਇਸਤ੍ਰੀ ਆਦਿ ਪਦਾਰਥ ਸਾਰੇ।
ਰੰਚ ਲੋਭ ਨਹਿਂ ਰਿਦੈ ਹਮਾਰੇ।
ਕਜੋਂ ਤੁਮ ਕਹਹੁ, ਨ ਅੰਗੀਕਾਰੈਂ[1]।
ਰਾਖਹਿਂਗੇ ਨਿਜ ਧਰਮ, ਨ ਹਾਰੈਂ ॥੩੭॥
ਝਖ ਮਾਰਹਿ ਮੂਰਖ ਚਵਗੱਤਾ।
ਜਗ ਦ੍ਰੋਹੀ, ਖਲ, ਦੁਸ਼ਟ, ਕੁਪੱਤਾ।
ਇਸ ਕੇ ਬਡੇ ਸੇਵ ਕਰਿ ਪਾਈ।
ਅਬਹਿ ਬਿਨਾਸ਼ਹਿ ਸਕਲ ਕਮਾਈ ॥੩੮॥

[1]ਜਮ ਉਸ ਨੂੰ ਦੰਡ ਦਿੰਦਾ ਨਹੀਂ ਰਜਦਾ।

[1]ਕਿਉਂ ਤੁਸੀਂ (ਪਦਾਰਥਾਂ ਆਦਿ ਦਾ ਲੋਭ) ਕਹਿੰਦੇ ਹੋ, ਅਸਾਂ ਅੰਗੀਕਾਰ ਨਹੀਂ ਕਰਨੇ।

ਕਰਾਮਾਤ ਕਹਿਂ ਕਹਿਰ ਕਰਨ ਕੋ[1]।
ਪ੍ਰਭੁ ਕੇ ਲੋਕ ਨ ਕਰਹਿਂ ਧਰਨ ਕੋ।
ਜਿਮ ਬਾਜ਼ੀਗਰ ਨਰਨਿ ਰਿਝਾਵੈ।
ਕੁਛ ਤੇ ਕੁਛ ਕਰਿ ਤੁਰਤ ਦਿਖਾਵੈ ॥੩੯॥

[1]ਕਰਾਮਾਤ ਕਹਿਰ ਕਰਨ ਨੂੰ ਕਹਿਂਦੇ ਹਨ।

ਸੋ ਹਮ ਕੋ ਕਬਿ ਲਗਹਿ ਨ ਨੀਕੀ।
ਨਹੀਂ ਕਾਮਨਾ ਕਿਮ ਹੁਇ ਹੀ ਕੀ।
ਜਹਿਂ ਪ੍ਰਭੁ ਲੋਕ ਸੰਤ ਸਮੁਦਾਇ।
ਤਿਨ ਮਹਿਂ ਕਿਮ ਬੈਠਹਿਂ, ਸ਼ਰਮਾਇ ॥੪੦॥

ਦੋਨਹੁਂ ਅੰਗੀਕਾਰ ਨ ਹਮਰੇ।
ਕਰਿ ਨਿਰਨੈ ਭਾਖਹਿਂ ਢਿਗ ਤੁਮਰੇ।
ਕੋਟ ਜਤਨ ਤੇ ਫਿਰਹਿਂ ਨ ਫੇਰੇ[1]।
ਕਹੋ ਕਰੋਰ ਬਾਰ ਹੁਇ ਨੇਰੇ ॥੪੧॥

[1](ਕਿਸੇ ਦੇ) ਫੇਰੇ ਹੋਏ (ਅਸੀਂ) ਨਹੀਂ ਫਿਰਾਂਗੇ।

ਤ੍ਰਿਤੀਏ ਪ੍ਰਾਨ ਹਾਨ ਕੀ ਬਾਤ।
ਸੋ ਹਮ ਸਹੈਂ ਆਪਨੇ ਗਾਤ[1]।
ਹਿੰਦੂ ਧਰਮ ਰਖਹਿਂ ਜਗ ਮਾਂਹੀ।
ਤੁਮਰੇ ਕਰੇ ਬਿਨਸ ਹੈ ਨਾਂਹੀ[1]' ॥੪੨॥

[1]ਸਰੀਰ ਪਰ।

[1]ਤੇਰੇ (ਜਤਨ) ਕੀਤਿਆਂ ਨਾਸ਼ ਨਹੀਂ ਹੋਵੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਤੇਗ ਬਹਾਦਰ' ਪ੍ਰਸੰਗ ਬਰਨਨੰ ਨਾਮ ਚਤਰਸਸ਼ਟੀ ਅੰਸੂ ॥੬੪॥

## ੬੫. [ਸੱਚਖੰਡ ਪਯਾਨ]

੬੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੬

ਦੋਹਰਾ:

ਅਟਲ ਨਿਠੁਰ ਸੰਦੇਹ ਬਿਨ, ਕਹੇ ਵਾਕ ਨਿਰਧਾਰ।
ਸੁਨਿ ਗੁਰ ਤੇ ਉਮਰਾਵ ਸੋ, ਕੋਪਯੋ ਦੁਸ਼ਟ ਗਵਾਰ ॥੧॥

ਚੌਪਈ:

ਸੰਗ ਮੁਲਾਨੇ ਬੈਨ ਬਖਾਨੇ।
'ਕਹਯੋ ਸ਼ਾਹੁ ਕੋ ਨਾਂਹਿਨ ਮਾਨੇ।
ਲੋਹ ਪਿੰਜਰੇ ਮਹਿਂ ਭੀ ਪਾਯੋ।
ਨਹੀਂ ਤ੍ਰਾਸ ਕੁਛ ਮਨ ਮਹਿਂ ਲਯਾਯੋ ॥੨॥
ਅਨਿਕ ਭਾਂਤਿ ਕੀ ਪਾਇ ਸਜ਼ਾਇ।
ਕਰਿ ਜਬਰੀ ਤੇ ਲੇਹੁ ਮਨਾਇ।
ਸਮੁਝਾਯਹੁ ਕਿਮ ਸਮੁਝੈ ਨਾਂਹੀ।
ਆਵਨ ਜਾਨਿ ਨਿਫਲ ਇਨ ਪਾਹੀ' ॥੩॥
ਭਨੈ ਮੁਲਾਨਾ 'ਛੁਟੈ ਨ ਕੋਈ[1]।
ਲਖੀਯਤਿ ਪ੍ਰਾਨ ਹਾਨ ਇਨ ਹੋਈ।
ਉਤ ਹਜ਼ਰਤ ਕੋ ਹਠ ਨਹਿਂ ਟਰੈ।
ਇਤ ਇਕ ਸਮ[1] ਹੀ ਹਠ ਕੋ ਧਰੈਂ' ॥੪॥
ਦੋਨਹੁਂ ਕਹਿ ਗਮਨੇ ਢਿਗ ਸ਼ਾਹੂ।
ਸਕਲ ਪ੍ਰਸੰਗ ਭਨਯੋ ਤਿਸ ਪਾਹੂ।
ਕਯੋਂਹੂ ਨਹਿਂ ਮਾਨਹਿਂ ਕੁਛ ਕਹਯੋ।
ਕੈਦ[†] ਕਸ਼ਟ ਤੇ ਤ੍ਰਾਸ ਨ ਲਹਯੋ ॥੫॥
ਮੁਦਤ ਮਨਿੰਦ[1] ਬਦਨ ਜਿਨ ਕੇਰਾ[ਪ]।
ਹਮ ਸਮੁਝਾਇ ਰਹੇ ਬਹੁਤੇਰਾ।'
ਸੁਨਿ ਬੋਲਯੋ ਮੂਰਖ ਚਵਗੱਤਾ।
'ਜੇ ਅਸ ਧਰਮ ਬਿਖੈ ਦਿਢ ਰੱਤਾ ॥੬॥

[1]ਕਿਸੇ ਤਰ੍ਹਾਂ (ਇਹ) ਛੁੱਟ ਨਹੀਂ ਸਕਦਾ।

[1]ਇਕੋ ਜਿਹਾ।

[†]ਪਾ:-ਬ੍ਰਿੰਦ।

[1]ਇੰਦੁਮਣੀ (ਦੀ ਤਰ੍ਹਾਂ) ਜਿਨ੍ਹਾਂ ਦਾ ਚਿਹਰਾ ਖੁਸ਼ ਹੈ। [ਮਨਿ+ਇੰਦੁ = ਇੰਦੁਮਣਿ ਅਰਥਾਤ ਚੰਦ੍ਰਕਾਂਤਾ ਮਣੀ ਜੋ ਚੰਦ ਦੀਆਂ ਕਿਰਨਾਂ ਤੋਂ ਬਣੀ ਮੰਨੀ ਜਾਂਦੀ ਹੈ] (ਅ) ਖੁਸ਼ੀ ਵਰਗਾ ਭਾਵ ਪ੍ਰਸੰਨਤਾ ਸਰੂਪ।

-ਤੇਗ਼ ਬਹਾਦਰ ਨਾਮ ਧਰਾਯੋ।
ਕੌਣ ਮਾਯਨਾ ਯਾ ਮਹਿਂ ਪਾਯੋ[1]। — [1]ਕੀ ਅਰਥ ਇਸ ਵਿਚ ਰੱਖਿਆ ਹੈ?
ਹਿੰਦੁਨ ਕੇ ਗੁਰ ਪੂਜ ਕਹਾਵਹੁ।
ਨਾਮ ਬਿਅਰਥ ਨਹੀਂ ਰਖਵਾਵਹੁ ॥੭॥
ਸੋ ਬਹਾਦਰੀ ਕਿਮ ਹਮ ਜਾਨੈਂ।
ਤੇਗ ਬਹਾਦਰ ਜਗਤ ਬਖਾਨੈ-।
ਬੂਝਹੁ ਜਾਇ ਬਤਾਵਹਿ ਸੋਇ।
ਨਾਂਹਿ ਤ ਬਡ ਸਜ਼ਾਇ ਅਬਿ ਹੋਇ' ॥੮॥
ਬਹੁਰ ਪਠੇ ਦੋਨਹੁਂ ਚਲਿ ਆਏ।
'ਨਾਮ ਮਾਇਨਾ[1] ਦੇਹੁ ਬਤਾਏ। — [1]ਆਪਣੇ) ਨਾਮ ਦਾ ਅਰਥ।
ਰਾਖ੍ਯੋ ਕੌਨ ਹੇਤੁ ਕਰਿ ਨਾਮੂ।
ਬੂਝਤਿ ਸ਼ਾਹੁ ਭਯੋ ਰਿਸ ਧਾਮੂ[1]' ॥੯॥ — [1]ਭਾਵ ਗੁੱਸੇ ਹੋਕੇ।
ਸੁਨਿ ਸਤਿਗੁਰ ਬੋਲੇ ਮਤਿ ਧੀਰ।
'ਨਾਮ ਰੂਪ ਇਹ ਧਰਮ ਸਰੀਰ[1]। — [1]ਨਾਮ ਤੇ ਰੂਪ ਇਹ ਸਰੀਰ ਦਾ ਧਰਮ ਹਨ।
ਇਸ ਮਹਿਂ ਕਾਰਨ ਰਾਖ੍ਯੋ ਜੋਇ।
ਨਿਰਨੈ ਕਰਿ ਭਾਖਹਿਂ ਸੁਨਿ ਸੋਇ ॥੧੦॥
ਤੇਗ਼ ਪੁਲਾਦੀ ਆਦਿ ਹਲੱਬੀ[1]। — [1]ਹਲਬ ਸ਼ਹਿਰ ਦੀ ਜੋ ਟਰਕੀ ਵਿਚ ਹੈ।
ਜਾਤਿ ਅਨੇਕਨ ਕੇਰ ਜੁਨੱਬੀ[1]। — [1]ਜਨੱਬ ਸ਼ਹਿਰ ਜੋ ਟਰਕੀ ਵਿਚ ਹੈ ਦੀ ਤਲਵਾਰ।
ਕੈਸੀ ਤੀਖਨ ਹੋਇ ਬਨਾਈ।
ਅਤਿ ਸੂਖਮਧਾਰਾ ਸੁਧਰਾਈ[1] ॥੧੧॥ — [1]ਸੁਧਾਰੀ ਹੋਵੇ ਧਾਰ।
ਅੱਗ੍ਰ ਤਾਂਹਿ ਕੈ ਕਾਗਦ ਧਰਿ ਕੈ।
ਕਾਚੇ ਤਾਗੇ ਸੋਂ ਬੰਧਿ ਕਰਿ ਕੈ।
ਹੋਹਿ ਸਬਿੱਦਜਕ[1] ਬਡ ਬਲਵਾਰਾ। — [1]ਭਾਵ ਸ਼ਸ਼ਤ੍ਰ ਵਿਦਯਾ ਦਾ ਜਾਣਨ ਵਾਲਾ।
ਹਮਰੇ ਤਨ ਪਰ ਕਰੈ ਪ੍ਰਹਾਰਾ ॥੧੨॥
ਅਪਰ ਬਾਰਤਾ ਕਹੀਐ ਕਾਂ ਤੇ।
ਕਾਗਦ ਭੀ ਨ ਸਕਹਿ ਛਿਦ ਤਾਂ ਤੇ।
ਇਹ ਅਜ਼ਮਤ ਹੈ ਨਾਮ ਹਮਾਰੇ।
ਕਹੈ ਜਿ ਹੁਇ ਨ ਪ੍ਰਤੀਤ ਤੁਮਾਰੇ ॥੧੩॥
ਤੌ ਅਜ਼ਮਾਇਸ਼ ਕਰਿ ਲਿਹੁ ਦੇਖਿ।
ਕਹੇ ਸਾਚ, ਸੋ ਲੇਹੁ ਪਰੇਖਿ[1]।' — [1]ਸਾਡੀ) ਸੱਚੀ (ਗੱਲ) ਕਹੀ ਦੀ ਪ੍ਰੀਖਿਆ ਕਰ ਲਓ।

ਇਹ ਜਬਿ ਉੱਤਰ ਗੁਰੂ ਪ੍ਰਕਾਸ਼ਾ।
ਚਪਲਤਿ[1] ਗਏ ਸ਼ਾਹੁ ਕੇ ਪਾਸਾ ॥੧੪॥
'ਕਰਾਮਾਤ ਪਹਿਲੇ ਨਹਿਂ ਮਾਨਤਿ।
ਅਪਨਿ ਨਾਮ ਪਰ ਅਬਹਿ ਬਖਾਨਤਿ।
ਕਹੈ ਸੁ -ਦੇਖਿ ਲੇਹੁ ਅਜ਼ਮਾਇ।
ਤਿਖੀ ਤੇਗ ਕਾਗਦ ਨ ਕਟਾਇ-'
॥੧੫॥
ਸੁਨਿ ਅਵਿਰੰਗ ਕੀਮਤ ਬਡ ਤੇਗ[1]।
ਕਹਿ ਕੋਸ਼ਪ ਅਨਵਾਇ ਸਬੇਗ[1]।
ਲੇ ਨਿਜ ਕਰ ਮਹਿਂ ਤੁਰਤ ਨਿਹਾਰੀ।
ਅਤਿਸ਼ੈ ਖਰ ਧਾਰਾ ਸੁ ਨਿਹਾਰੀ ॥੧੬॥
ਨਿਜ ਹਦੂਰ ਕਾਗਦ ਕੋ ਲੈ ਕੇ।
ਤਾਗੇ ਸੰਗ ਬੰਧਿਬੋ ਕੈ ਕੇ।
ਇਕ ਸੱਯਦ ਢਿਗ ਦੇਖ੍ਯੋ ਜ੍ਵਾਨ।
ਬਾਹੂ ਬਡੀ ਅਧਿਕ ਬਲਵਾਨ ॥੧੭॥
ਕਿਤਿਕ ਮੁਲਾਨੇ ਅਰ ਉਮਰਾਵ।
ਕਰੇ ਸੰਗ ਦੇਖਨਿ ਚਿਤ ਚਾਵ।
ਸੁਨਿ ਕੈ ਜਿਸ ਕਿਸ ਨੇ ਨਿਜ ਕਾਨ।
ਹੇਰਨ ਹੇਤੁ ਚਲੇ ਤਿਸ ਥਾਨ ॥੧੮॥
ਉਤ ਨੁਰੰਗ ਇਮ ਕਰਤੋ ਭਯੋ।
ਇਤ ਸਤਿਗੁਰ ਢਿਗ ਸਿਖ ਪਹੁੰਚਯੋ।
ਜਮਾਦਾਰ ਢਿਗ ਪਹੁੰਚ੍ਯੋ ਸੋਇ।
ਭਾਖ੍ਯੋ ਮਿਲਿਨਿ ਗੁਰੂ ਸੰਗ ਹੋਇ ॥੧੯॥
ਡਰ ਤੁਰਕਨਿ ਤੇ ਕਰਿ ਉਰ ਮਾਂਹੀ।
ਨਿਜ ਸੰਗ ਲੇ ਗਮਨ੍ਯੋਂ ਗੁਰ ਪਾਹੀ।
ਬੰਦਨਿ ਕਰਿ ਸਭਿ ਕਹੇ ਸੰਦੇਸ।
'ਸੁਧ ਹਿਤ ਆਯੋ ਸ਼ੀਘ੍ਰ ਵਿਸ਼ੇਸ਼'
॥੨੦॥
ਤਬਿ ਸਤਿਗੁਰ ਸਭਿ ਬਿਧਿ ਸਮੁਝਾਯੋ।
'ਅੰਤ ਸਮਾ ਤਨ ਕੋ ਅਬਿ ਆਯੋ।
ਰਹੋ ਠੌਰ ਕਾਰਾਗ੍ਰਿਹ ਨੇਰੇ।
ਸੀਸ ਆਇ ਝੋਰੀ ਬਿਚ ਤੇਰੇ ॥੨੧॥

[1]ਚੰਚਲ ਹੋਕੇ, ਦੌੜਕੇ।

[1]ਵੱਡੀ ਕੀਮਤ ਵਾਲੀ ਤੇਗ।

[1]ਖਜ਼ਾਨਚੀ ਨੂੰ ਕਹਿਕੇ ਛੇਤੀ ਮੰਗਵਾਈ।

ਬਿਨਾ ਤ੍ਰਾਸ ਬਿਨ ਬਿਲਮ ਸਿਧਾਰੋ।
ਪਹੁੰਚਿ ਅਨੰਦਪੁਰਿ ਮਹਿਂ ਸਸਕਾਰੋ।
ਭਲੇ ਸਮੈਂ ਪਹੁੰਚਯੋ ਅਬਿ ਆਇ।
ਸੀਸ ਹਮਾਰੋ ਲੇ ਪਹੁੰਚਾਇ' ॥੨੨॥
ਸੁਨਿ ਕੈ ਜਮਾਦਾਰ ਸਿਖ ਦੋਇ[1]।
ਚਲਯੋ ਦ੍ਰਿਗਨਿ ਤੇ ਜਲ ਤਬਿ ਰੋਇ।
ਗੁਰੂ ਸਮੁਝਾਏ 'ਧੀਰ ਧਰੀਜੈ।'
ਪਰਮੇਸ਼ੁਰ ਕਹੁ ਸਿਮਰਨ ਕੀਜੈ' ॥੨੩॥
ਨਿਕਟਿ ਸੇਵ ਹਿਤ ਸਿਖ ਗੁਰਦਿੱਤਾ।
ਤਿਸ ਕੋ ਧੀਰਜ ਬਹੁ ਬਿਧਿ ਦਿੱਤਾ।
'ਹਮਰੇ ਪਾਛੈ ਛੋਰਹਿਂ ਤੋਹਿ।
ਕਰਹੁ ਤਥਾ ਜਿਮ ਉਰ ਮੈਂ ਹੋਹਿ'
॥੨੪॥
ਬੋਲਯੋ ਹਾਥ ਜੋਰਿ 'ਮਮ ਆਸਾ।
ਇਤ ਉਤ ਰਹੌਂ ਆਪ ਕੇ ਪਾਸਾ।
ਨਹਿਂ ਪਾਛੇ ਮੈਂ ਜੀਵਨ ਕਰਿ ਹੌਂ।
ਤਾਤਕਾਲ ਨਿਜ ਪ੍ਰਾਨਨ ਹਰਿਹੌਂ'
॥੨੫॥
ਸੁਨਿ ਸਤਿਗੁਰ ਤਿਹ ਬਾਕ ਬਖਾਨਾ।
'ਪੰਚ ਕੋਸ ਪੁਰਿ ਤੇ ਤੁਮ ਥਾਨਾ।
ਭਾਈ ਬ੍ਰਿੱਧ ਰਹਯੋ ਇਕ ਬਾਰੀ।
ਗੁਰੂ ਗ੍ਵਾਲਿਯਰ ਕੇਰ ਮਝਾਰੀ ॥੨੬॥
ਤਬਹਿ ਤੁਰੰਗਮ ਲੈ ਸੰਗ ਸਾਰੇ।
ਤਹਿਂ ਥਿਰ ਕਰੇ ਤ੍ਰਿਣਨਿ ਕੋ ਚਾਰੇ।
ਤਹਾਂ ਜਾਇ ਤਜੀਅਹਿ ਨਿਜ ਪ੍ਰਾਨ।
ਕੀਜਹਿ ਹਮਰੇ ਸੰਗ ਪਯਾਨ' ॥੨੭॥
ਇਮ ਕਹਿ ਸਭਿ ਕੋ ਦਿਯੋ ਹਟਾਇ।
ਜਮਾਦਾਰ ਸਿਖ[1] ਭੇ ਬਿਸਮਾਇ।
ਇਤਨੇ ਬਿਖੇ ਸਕਲ ਚਲਿ ਆਏ।
ਅਧਮ ਸ਼ਾਹੁ[1] ਦੇ ਤੇਗ਼ ਪਠਾਏ ॥੨੮॥
ਪਿਖਿ ਸਤਿਗੁਰ ਕੋ ਕੀਨਿ ਬਖਾਨ।
'ਜਿਮ ਤੁਮ ਕਹਯੋ ਸ਼ਾਹੁ ਸੁਨਿ ਕਾਨ।

[1]ਜਮਾਂਦਾਰ ਤੇ ਸਿੱਖ ਦੋਹਾਂ ਦੇ।

[1]ਤੇ ਸਿਖ।

[1]ਨੀਚ ਸ਼ਾਹ ਨੇ (ਜੇਹੜੇ)।

ਅਜ਼ਮਤ ਨਾਮ ਹੇਤੁ ਪਤਿਆਵਨ।
ਨਰ ਬ੍ਰਿੰਦਨ ਕੋ ਕੀਨਿ ਪਠਾਵਨ ॥੨੯॥
ਕਰੋਂ ਨਾਹਕ ਨਿਜ ਪ੍ਰਾਨ ਬਿਨਾਸਹੁ।
ਮਾਨਹੁ ਸ਼ਰ੍ਹਾ ਸੁ ਜਿਯਨ ਬਿਲਾਸਹੁ[1]।' — [1]ਜੀਉਂ ਕਰਕੇ ਬਿਲਸੋ।
ਕਹ੍ਯੋ ਗੁਰੂ 'ਇਹ ਤੇਗ ਜੁ ਐ ਹੈ।
ਨਹਿਂ ਕਾਗਦ ਕੋ ਛੇਦਿ ਸਕੈ ਹੈ ॥੩੦॥
ਹਮਰੋ ਕਹ੍ਯੋ ਸਾਚ ਹੀ ਜਾਨੋ।
ਨਹਿ ਪ੍ਰਤੀਤ ਤੌ ਪਰਖਨ ਠਾਨਹੁਂ।'
ਤਬਹਿ ਪਿੰਜਰੇ ਦ੍ਵਾਰ ਉਘਾਰਾ।
ਨਿਕਸੇ ਵਹਿਰ ਬਿੱਗਜਾਨ ਉਦਾਰਾ[1] ॥੩੧॥ — [1]ਅਪ੍ਰੋਖ ਗਜਾਨ ਦੇਣ ਵਿਚ ਸਖੀ।
ਪੁਨ ਕਾਰਾਗ੍ਰਿਹ ਕੋ ਬਡ ਪੌਰ।
ਸੋ ਨਿਕਸੇ ਸੋਢੀ ਸਿਰਮੌਰ।
ਲੋਕ ਹਜ਼ਾਰਹੁ ਸੁਨਿ ਸੁਨਿ ਆਏ।
ਦੂਰ ਦੂਰ ਸਭਿ ਬਰਜਿ ਹਟਾਏ ॥੩੨॥
ਹਿੰਦੂ ਬ੍ਰਿੰਦ ਤੁਰਕ ਸਮੁਦਾਏ।
ਖਰੇ ਬਜ਼ਾਰ ਬਿਖੈ ਬਿਸਮਾਏ।
ਨਿਕਟਿ ਕੂਪ ਲਘੁ, ਤਿਸ ਥਲ ਗਏ।
ਜਲ ਨਿਕਸਾਯੋ ਮੱਜਨ ਕਿਏ ॥੩੩॥
ਜਪੁਜੀ ਪਾਠ ਕਰਨਿ ਪੁਨ ਲਾਗੇ।
ਬੈਠੇ, ਹੁਤੋ ਬਿਰਛ ਤਿਸ ਆਗੇ[1]। — [1]ਤਿਸ (ਖੂਹੀ ਦੇ) ਅੱਗੇ ਇਕ ਬ੍ਰਿੱਛ ਸੀ (ਉਥੇ) ਬੈਠੇ।
ਕਹ੍ਯੋ 'ਜਬਹਿ ਹਮ ਸੀਸ ਨਿਵਾਇਂ।
ਤਬਿ ਦੇਖਹੁ, ਤੁਮ ਤੇਗ਼ ਚਲਾਇ' ॥੩੪॥
ਇਮ ਕਹਿ ਸਤਿਗੁਰ ਤਰੁਵਰੁ[†] ਤਰੇ। — [†]ਇਹ ਬ੍ਰਿੱਛ ਬੋੜ੍ਹ ਦਾ ਸੀ ਜੋ ਇਸ ਸਮੇਂ ਤਕ ਹਰਿਆ ਰਿਹਾ ਹੈ, ਪਰ ਸ਼ੋਕ ਹੈ ਕਿ ਪਿਛਲੇ ਸਾਲ ਸੰਨ ੧੯੩੦ ਈ: ਵਿਚ ਨਵੀਂ ਇਮਾਰਤ ਉਸਾਰਦਿਆਂ ਸੁਕ ਗਿਆ ਹੈ।
ਬੈਠਿ ਅਡੋਲ ਪਾਠ ਜਪ ਕਰੇ।
ਮੱਘ੍ਰ ਪੰਚਮੀ ਸੁਦੀ ਪਛਾਨਹੁਂ।
ਸੁਰਗੁਰਵਾਰ[1] ਤਬਹਿ ਪਹਿਚਾਨਹੁਂ ॥੩੫॥ — [1]ਵੀਰਵਾਰ।
ਸੰਮਤ ਸੱਤਰਾਂ ਸੈ ਬੱਤੀਸਾ[1]। — । [1]੧੭੩੨।

ਭਾਣਾ ਵਰਤਾਯੋ ਜਗਦੀਸ਼ਾ।
ਸੀਸ ਦੀਯੋ ਪਰ ਸਿਰਰ ਨ ਦੀਨਾ।
ਧਰਮ ਸੁ ਰਾਖ੍ਯੋ ਸਰਬ ਪ੍ਰਬੀਨਾ† ॥੩੬॥

†ਕਿਸੇ ਕਿਸੇ ਲਿਖਤੀ ਨੁਸਖੇ ਵਿੱਚ ਇਹ ਅੰਕ ੩੬ ਦੀ ਚੌਪਈ ਨਹੀਂ ਹੈ।

ਢਰ੍ਯੋ ਦੁਪਹਿਰਾ ਜਬਿ ਇਕ ਘਰੀ।
ਜਪਜੀ ਪਠਤਿ ਸੁ ਪੂਰੀ ਕਰੀ।
ਭੋਗ ਪਾਇ ਜਬਿ ਸੀਸ ਨਿਵਾਯੋ।
ਪੁਨ ਊਪਰ ਕੋ ਜਬਹਿ ਉਠਾਯੋ ॥੩੭॥
ਸਈਯਦ ਤਬਿ ਕਰਿ ਕੈ ਬਲ ਬਾਹੁ।
ਤੇਗ ਪ੍ਰਹਾਰਿ ਤਾਕਿ ਗਰ ਮਾਂਹੁ[1]।
ਕਰੀ ਚਲਾਵਨਿ ਗਈ ਨ ਤਹਿਂ ਲੌਂ।
ਧਰ ਤੇ ਸਿਰ ਉਤਰ੍ਯੋ ਗੁਰ ਪਹਿਲੌਂ ॥੩੮॥

[1]ਤੱਕ ਕੇ ਤੇਗ਼ ਗਲੇ ਤੇ ਮਾਰੀ।

ਫੋਕੋ ਵਾਰ ਝਟਕ ਭੁਜ ਪਰੀ[1]।
ਲਗੀ ਨ ਗ੍ਰੀਵਾ ਮਹਿਂ, ਉਰ ਧਰੀ[1]।

[1]ਵਾਰ ਫੋਕਾ ਗਿਆ ਬਾਂਹ ਝਟਕ ਗਈ।

[1]ਉਸ ਦੇ ਅਪਣੇ) ਦਿਲ ਵਿੱਚ (ਵੀ ਐਉਂ) ਭਾਸੀ (ਕਿ ਤੇਗ਼) ਗਰਦਨ ਤੇ ਲਗੀ ਹੀ ਨਹੀਂ।

ਉਡ੍ਯੋ ਸੀਸ ਹੁਇ ਅੰਤਰ ਧਜਾਨਾ।
ਬਹੀ ਅੰਧੇਰੀ ਧੂਲ ਮਹਾਨਾ ॥੩੯॥
ਸਭਿ ਕੇ ਮੁੰਦੇ ਬਿਲੋਚਨ ਐਸੇ।
ਕਛੂ ਬਿਲੋਕ੍ਯੋ ਜਾਇ ਨ ਜੈਸੇ।
ਹਾਇ ਹਾਇ ਸਭਿ ਤਿਹ ਛਿਨ ਕੀਨਾ।
-ਬਡ ਅਪਰਾਧ ਤੁਰਕਪਤਿ ਲੀਨਾ- ॥੪੦॥
ਧਰਕ ਉਠੀ ਸਭਿ ਕੀ ਤਬਿ ਛਾਤੀ।
ਲਖ੍ਯੋ ਰਿਦੇ, ਭਾ ਬਡ ਉਤਪਾਤੀ।
ਤਿਹ ਸਿਖ ਕੀ ਝੋਰੀ ਸਿਰ ਆਯਹੁ।
ਤੂਸਤਿ ਹੋਹਿ ਤਿਨ ਭਲੇ ਛਪਾਯਹੁ ॥੪੧॥
ਹਟਿ ਕਿਸਹੂੰ ਕੀ ਦਿਸ਼ਿ ਨਹਿਂ ਦੇਖਾ।
ਨਿਕਸ੍ਯੋ ਪੁਰਿ ਤੇ ਸ਼ੀਘ੍ਰ ਵਿਸ਼ੇਖਾ।
ਜਿਤਿਕ ਬੇਗ ਬਪੁ ਮਹਿਂ ਬਲ ਜੇਤਾ[1]।
ਗਮਨ੍ਯੋਂ ਮਾਰਗ ਮਹਿਂ ਕਰਿ ਤੇਤਾ ॥੪੨॥

[1]ਜਿੰਨਾ ਕੁ ਸ੍ਰੀਰ ਵਿੱਚ ਬਲ ਤੇ ਵੇਗ ਸੀ।

ਨਿਸ ਬਾਸੁਰ ਮਹਿਂ ਕੀਨਿ ਪਯਾਨਾ।
ਨਹਿਂ ਬਿਸਰਾਮ ਕੀਨਿ ਕਿਸ ਥਾਨਾ।
ਸਿਮਰਤਿ ਗੁਰੁ ਗ਼ਰੀਬ ਨਿਵਾਜ।
'ਰਾਖਹੁ ਨਿਜ ਦਾਸਨ ਕੀ ਲਾਜ'
॥੪੩॥
ਨਿਕਸਿ ਗਯੋ ਪੁਰਿ ਤੇ ਸਿਖ ਜਬੈ।
ਬਹੀ ਅੰਧੇਰੀ ਮਿਟਿਗੀ ਤਬੈ।
ਧਰ ਪਰ ਧਰ[1] ਸਭਿ ਨਰਨਿ ਨਿਹਾਰਾ।
ਨਹੀਂ ਸੀਸ, ਲਖਿ ਕੈ ਡਰ ਧਾਰਾ ॥੪੪॥

[1]ਧਰਤੀ ਉੱਤੇ ਧੜ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼੍ਰੀ ਤੇਗ ਬਹਾਦੁਰ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਪੰਚਸ਼ਸ਼ਟੀ ਅੰਸੂ ॥੬੫॥

## ੬੬. [ਸਚਖੰਡ ਪ੍ਰਵੇਸ਼]

੬੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੭

ਦੋਹਰਾ:

ਬ੍ਰਹਮਾਦਿਕ ਮਘਵਾ ਅਮਰ,
ਆਇ ਗਗਨ ਮਹਿਂ ਛਾਇ।
ਹੇਰਹਿਂ ਅਚਰਜ ਕੋ ਧਰੈਂ,
ਮਿਲਤਿ ਭਏ ਸਮੁਦਾਇ ॥੧॥

ਚੌਪਈ:

-ਸਿਰ ਦੇ ਹਿੰਦੁਨਿ ਧਰਮ ਉਬਾਰਹਿਂ[1]।
ਤੁਰਕ ਰਾਜ ਕੀ ਜਰਾ ਉਖਾਰਹਿਂ-।
ਬਡ ਉਤਸਾਹੁ ਕਰਤਿ ਸਭਿ ਆਏ।
'ਜੈ ਗੁਰੁ ਜੈ ਗੁਰੁ' ਮੁਖਹੁਂ ਅਲਾਏ ॥੨॥
'ਧੰਨ ਗੁਰੂ' ਤੁਮ ਬਿਨ ਅਸ ਕਾਜੂ।
ਅਪਰ ਕਰਹਿ ਕੋ ਦਿਖਿਯ ਨ ਆਜੂ।
ਹਿੰਦੁ ਧਰਮ ਜਗ ਲਿਯੋ ਬਚਾਇ।
ਸਭਿ ਸੁਰ ਗਨ ਕੀ ਕੀਨਿ ਸਹਾਇ ॥੩॥
ਜੇ ਜਗ ਬਿਖੈ ਨ ਹਿੰਦੂ ਰਹਿਤੇ।
ਸੁਰ ਹਿਤ ਹਮਨ ਕੌਨ ਨਿਰਬਹਿਤੇ[1]।
ਬਜਾਹਿ ਆਦਿ ਤਿਸ ਮਹਿਂ ਜੋ ਕਰੈਂ।
ਸੋ ਅਹਾਰ ਹਮਰੇ ਮੁਖ ਪਰੈ ॥੪॥
ਕਾਜ ਅਨਿਕ ਮਹਿਂ ਹਮਨ ਕਰੰਤੇ।
ਸੋ ਸੁਰ ਗਨ ਕੋ ਤ੍ਰਿਪਤ ਧਰੰਤੇ।
ਯਾਂ ਤੇ ਹਿੰਦੂ ਗਨ ਅਰੁ ਦੇਵ।
ਰਾਖਨ ਕਰੇ ਪ੍ਰਭੂ ਗੁਰ ਦੇਵ' ॥੫॥
ਇਮ ਆਪਸ ਮਹਿਂ ਕਹਿਂ ਸੁਰ ਸਾਰੇ।
ਰੁਚਿਰ ਬਿਮਾਨ ਲਜਾਇ ਤਿਸ ਬਾਰੇ।
ਮਣਿ ਗਨ ਖਚਿਤ ਸੁ ਮੁਕਤਾ ਲਰੀ।
ਝਾਲਰ ਲਰਕਤਿ ਚਹੁਂ ਦਿਸ਼ਿ ਖਰੀ ॥੬॥
ਮਹਾਂ ਪ੍ਰਕਾਸ਼ ਗਗਨ ਮਹਿਂ ਹੋਵਾ।
ਸ਼ੁੱਧ ਆਤਮਾ ਕਿਨਹੂੰ ਜੋਵਾ[1]†।

[1]ਬਚਾਉਂਦੇ ਹਨ।

[1]ਕਉਣ ਹਵਨ ਕਰਦਾ।

[1]ਕਿਸੇ ਕਿਸੇ ਸ਼ੁੱਧ ਆਤਮਾਂ ਨੇ ਦੇਖਿਆ।

†ਆਤਮ ਮੰਡਲ ਵਿੱਚ ਜੋ ਉੱਚ ਅਵਸਥਾ ਸਤਿਗੁਰ ਜੀ ਦੀ ਇਸ ਵੇਲੇ ਸੀ, ਉਸ ਨੂੰ ਵਰਣਨ ਕਰਨ ਦਾ ਜਤਨ ਹੈ ਕਵੀ ਜੀ ਦਾ। ਜੋ ਅਵਸਥਾ ਸੀ ਉਸ ਨੂੰ ਆਤਮਿਕ ਪ੍ਰਬੀਨਤਾ ਵਾਲੇ ਲੋਕਾਂ ਨੇ ਅਨੁਭਵ ਤਦੋਂ ਹੀ ਕੀਤਾ ਸੀ। ਇਸ ਸਾਕੇ ਬਾਬਤ ਦਸ਼ਮੇਸ਼ ਪਿਤਾ ਜੀ ਨੇ ਆਪ ਇਨ੍ਹਾਂ ਲਫਜ਼ਾਂ ਵਿੱਚ ਕਿਹਾ ਹੈ

'ਤਿਲਕ ਜੰਞੂ ਰਾਖਾ ਪ੍ਰਭੁ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥ ਸਾਧਨ ਹੇਤ ਇਤੀ ਜਿਨਿ ਕਰੀ ॥ ਸੀਸ ਦੀਆ ਪਰ ਸੀ ਨ ਉਚਰੀ ॥ ੧੩ ॥ ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸ ਦੀਆ ਪਰ ਸਿਰਰੁ ਨ ਦੀਆ। ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭੁ ਲੋਗਨ ਕਹੁ ਆਵਤ ਲਾਜਾ ॥ ੧੪ ॥ ਦੋਹਰਾ:
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭੁ ਪਰ ਕੀਯਾ ਪਯਾਨ ॥ ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ ॥ ੧੫ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ ॥ ੧੬ ॥

ਚਢਿ ਬਿਵਾਨ ਮਹਿਂ ਗੁਰੂ ਬਿਰਾਜੇ।
ਚਹੁਂ ਦਿਸ਼ਿ ਹ੍ਵੈ ਕਰਿ ਦੇਵ ਸਮਾਜੇ[1] ॥੭॥ — [1]ਦੇਵਤਿਆਂ ਦਾ ਸਮਾਜ।
ਕਰਤਿ ਪ੍ਰਸ਼ੰਸ਼ਾ ਅਨਿਕ ਪ੍ਰਕਾਰਾ।
'ਸ਼੍ਰੀ ਗੁਰ ਤੁਮਰੇ ਚਰਿਤ ਅਪਾਰਾ।
ਨਹਿਂ ਕੋ ਜਾਨੈ ਭੇਵ ਉਦਾਰੇ।
ਗੁਨ ਗਨ ਧਰਿ ਹੋ ਵਾਰ ਨ ਪਾਰੇ[1] ॥੮॥ — [1]ਵਾਰਾਪਾਰ ਨਹੀਂ ਪਾ ਸਕੀਦਾ।
ਜਬਹਿ ਮ੍ਰਿਜਾਦਾ ਜਗ ਬਿਗਰੈ ਹੈ।
ਤਬਿ ਤੁਮਰੇ ਅਵਤਾਰ ਸੁ ਹ੍ਵੈ ਹੈਂ।
ਕੁਛ ਅਚਰਜ ਇਹੁ ਨਹੀਂ ਤੁਮਾਰੇ।
ਧਰਹੁ ਧਰਮ ਕੀ ਨਿਤ ਪ੍ਰਤਿਪਾਰੇ[1] ॥੯॥ — [1]ਨਿਤ ਧਰਮ ਦੀ ਪਾਲਨਾ ਕਰਦੇ ਹੋ।
ਜੇਕਰਿ ਧਰਮ ਬਿਨਾਸ਼ੀ ਹੋਇ।
ਹਮ ਸਮੇਤ ਜਗ ਰਹੈ ਨ ਕੋਇ।
ਪ੍ਰਥਮ ਕਰਹੁ ਉਤਪਤਿ ਸਭਿ ਕੇਰੀ।
ਪੁਨ ਪ੍ਰਤਿਪਾਲਾ ਚਹਹੁ ਬਡੇਰੀ ॥੧੦॥
ਬੇ ਮਿਰਜਾਦ ਕਰਹਿ ਤਿਹ ਮਾਰੋ।
ਸਦਾ ਹੋਤਿ ਸਭਿ ਕੇ ਰਖਵਾਰੋ।'
ਸੁਰਨਿ ਪ੍ਰਸੰਸਾ ਕੀਨਿ ਜਿਤੇਕ।
ਕਹੌਂ ਕਹਾਂ ਲਗਿ ਕਰੌਂ ਬਿਬੇਕ[1] ॥੧੧॥ — [1]ਕਵੀ ਜੀ ਸ਼੍ਰੋਤਿਆਂ ਨੂੰ ਕਹਿੰਦੇ ਹਨ ਕਿ) ਕਿੱਥੋਂ ਤਦ ਵਿਚਾਰ ਕੇ ਕਹਾਂ।
ਨਿਰਤ[1] ਅਪਸਰਾਂ ਕਰਤਿ ਅਗਾਰੀ। — [1]ਨਾਚ।
ਗਾਵਤਿ ਹੋਤਿ ਕੁਲਾਹਲ ਭਾਰੀ।
'ਜੈ ਜੈ' ਕਰਤਿ ਸੰਗ ਸਾਰੇ।
'ਹਮ ਗੁਰ ਰਾਖੇ' ਮੁਖਹੁ ਉਚਾਰੇ ॥੧੨॥
ਸੱਚਖੰਡ ਕੋ ਚਲਯੋ ਬਿਮਾਨ।
ਸਭਿ ਦਿਸ਼ਿ ਦੇਖਹਿਂ ਦਯਾ ਨਿਧਾਨ।
ਮ੍ਰਿਦੁ ਬਾਕਨ ਸੋਂ ਦੇ ਦੇ ਧੀਰਾ।
ਕਰੀ ਬਿਨਾਸ਼ਨਿ ਸੁਰ ਗਨ ਪੀਰਾ ॥੧੩॥
'ਰਹੋ ਨਿਚਿੰਤ ਤੁਰਕ ਜਰ ਗਈ।

ਰਾਜ ਤੇਜ ਦਿਨਪ੍ਰਤਿ ਬਿਨਸਈ।
ਗੁਰੂ ਗੁਬਿੰਦ ਪੰਥ ਉਪਜਾਵੈ।
ਰਣ ਰਚਿ ਸਨੇ ਸਨੇ ਬਿਨਸਾਵੈ ॥੧੪॥
ਨਹੀਂ ਨਗਾਰਬੰਦ[1] ਕੋ ਰਹੈ।
ਅਸ ਬਿਨਾਸ਼ ਦੁੱਸਹਿ ਕੋ ਲਹੈਂ[1]।'
ਸਾਦਰ ਸੁਰ ਸਭਿ ਦਏ ਹਟਾਈ।
ਸ਼ਕਤਿ ਨ ਪਹੁੰਚਨਿ ਕੀ ਅਗੁਵਾਈ ॥੧੫॥
ਸਤਿਗੁਰ ਸੱਚਿਖੰਡ ਕੋ ਗਏ।
ਥਿਰ ਹੁਇ ਸੁਰ -ਜੈ ਜੈ- ਬਚ ਕਿਏ।
ਅਬਿ ਦਿਲੀ ਪੁਰਿ ਕੀ ਜਿਮ ਕਥਾ।
ਸ਼੍ਰੋਤਾ ਸੁਨਹੁ ਬਿਤੀ ਤਹਿਂ ਜਥਾ ॥੧੬॥
ਜਬਿ ਸਤਿਗੁਰ ਕੋ ਉਤਰਯੋ ਸੀਸ।
ਔਚਕ ਹੌਲਯੋ ਰਿਦੈ ਦਿਲੀਸ਼[1]।
ਧੂਲ ਕੰਕਰੀ ਖੀਂਚਤ ਪੌਨ[1]।
ਗਈ ਬੇਗ ਤੇ ਥਿਰ ਜਿਸ ਭੌਨ[1] ॥੧੭॥
ਸੋ ਥਲ ਹਾਲਯੋ ਤ੍ਰਾਸ ਉਪੰਨਾ।
ਧੀਰ ਹੁਲਾਸ ਤੁਰਤ ਹੀ ਭੰਨਾ।
ਮਤਿ ਬਿਸਮਤਿ ਦੇਖਤਿ ਚਹੁ ਕੋਦ।
ਤਤਛਿਨ ਹਨਯੋ ਬਿਨੋਦ ਪ੍ਰਮੋਦ[1] ॥੧੮॥
-ਕਹਾਂ ਭਯੋ- ਸੋਚਤਿ ਮਤਿ ਅੰਧਾ।
ਮਨਹੁ ਆਨਿ ਜਮਦੂਤਨ ਬੰਧਾ[1]।
ਉਸ਼ਟਨਿ† ਪਰ[1] ਜਿਹਬਾ ਬਹੁ ਫੇਰੈ।
ਫੇਰਿ ਫੇਰਿ ਦਰ ਕੀ ਦਿਸ਼ਿ ਹੇਰੈ ॥੧੯॥
ਇਤਨੇ ਮਹਿਂ ਉਮਰਾਵ ਸੁ ਆਏ।
ਸੱਯਦ ਨਾਂਗੀ ਤੇਗ਼ ਉਠਾਏ।
ਸੰਗ ਮੁਲਾਨੇ ਅਚਰਜ ਧਾਰਤਿ।
ਕਿਤਿਕ ਪਰਸਪਰ ਬਾਤ ਉਚਾਰਤਿ ॥੨੦॥
ਅਵਿਰੰਗ ਕੋ ਸਲਾਮ ਕਰਿ ਖਰੇ।
ਦੇਖਿ ਸਭਿਨਿ ਕੋ ਬੂਝਨਿ ਕਰੇ।

[1]ਭਾਵ ਤੁਰਕਾਂ ਦੀ ਨਗਾਰਚੀ ਯਾ ਨਗਾਰਾ ਬੰਨ੍ਹਣ ਵਾਲਾ ਤੱਕ ਨਹੀਂ ਰਹੇਗਾ। [ਫਾ. ਨੱਕ਼ਾਰ-ਬੰਦ]
[1]ਇਸਤਰ੍ਹਾਂ ਦੇ ਭਯਾਨਕ ਨਾਸ਼ ਨੂੰ ਪ੍ਰਾਪਤ ਹੋਣਗੇ।
[1]ਦਿਲੀਸ਼ ਦੇ ਹਿਰਦੇ ਵਿਚ ਹੌਲ ਹੋਇਆ।
[1]ਧੂੜ ਤੇ ਕੰਕਰਾਂ ਨੂੰ ਪੌਣ ਖਿੱਚਦੀ ਹੋਈ।
[1]ਜਿਸ ਘਰ ਵਿਚ (ਨੁਰੰਗਾ) ਟਿਕਿਆ ਹੋਇਆ ਸੀ।
[1]ਅਨੰਦ ਤੇ ਬਿਲਾਸ।
[1]ਬੰਨ੍ਹ ਲਿਆ ਹੈ।
[1]ਹੋਠਾਂ ਉਪਰ। †ਪਾ:-ਓਸ਼ਟਿ।

‘ਕਹਾਂ ਕਰੀ ਅਰੁ ਕਹਾਂ ਨਿਹਾਰੀ।
ਤਹਿਂ ਕਿਮ ਭਈ ਬਾਰਤਾ ਸਾਰੀ’ ॥੨੧॥
ਤਬਿ ਉਮਰਾਵਨਿ ਪ੍ਰੇਰਨਿ ਕਰ੍ਯੋ।
ਸਈਅਦ ਸਰਬ ਬ੍ਰਿਤੰਤ ਉਚਰ੍ਯੋ।
‘ਹੁਕਮ ਆਪ ਕੋ ਜਬਿ ਲੇ ਗਏ।
ਥਿਰੇ ਪਿੰਜਰੇ ਹੇਰਤਿ ਭਏ ॥੨੨॥
ਹਿਤ ਸਮੁਝਾਵਨਿ ਕੁਛ ਬਚ ਕਹੇ।
ਪੁਨ ਅਜ਼ਮਤ ਪਰਖਨਿ ਕੋ ਚਹੇ।
ਸੁਨਿ ਕਰਿ ਨਿਕਸਿ ਗ਼ੁਸਲ ਕਰਿ ਲੀਨਿ।
ਸਿਰ ਨਿਵਾਇ ਸਿਜਦਾ ਪੁਨ ਕੀਨਿ ॥੨੩॥
ਤਬਿ ਨਿਜ ਬਲ ਤੇ ਤੇਗ਼ ਚਲਾਈ।
ਨਹਿਂ ਗ੍ਰੀਵਾ ਮਹਿਂ ਲਗਬੇ ਪਾਈ।
ਉਤਰ੍ਯੋ ਧਰ ਤੇ ਸਿਰ ਪਹਿਲਾਂ ਹੀ।
ਮਨਹੁਂ ਅਗਾਰੀ ਲਾਗ੍ਯੋ ਨਾਂਹੀ[1] ॥੨੪॥ — [1]ਅੱਗੇ ਲੱਗਾ ਹੀ ਨਹੀਂ ਸੀ (ਸਿਰ)।
ਕਾਗਦ ਬੰਧਿ ਧਾਰ ਪਰ ਜੈਸੇ[1]। — [1]ਜਿਵੇਂ ਕਾਗਜ਼ (ਤਲਵਾਰ ਦੀ) ਧਾਰ ਤੇ ਬੰਨ੍ਹਿਆ ਸੀ।
ਦੇਖਿ ਲੇਹੁ ਅਬਿ ਲੌ ਥਿਰ ਤੈਸੇ।
ਕਟ੍ਯੋ ਨ ਰੰਚਕ ਤੁਟ੍ਯੋ ਨ ਤਾਗਾ।
ਪ੍ਰਥਮ ਸਮਾਨ ਤੇਗ਼ ਸੋਂ ਲਾਗਾ ॥੨੫॥
ਸਭਿ ਸੋਂ ਜੈਸੇ ਪ੍ਰਥਮ ਉਬਾਚਾ[1]। — [1]ਗੁਰੂ ਜੀ ਨੇ) ਕਿਹਾ ਸੀ।
ਕਟ੍ਯੋ ਨ ਕਾਗਦ ਕਰ੍ਯੋ ਸੁ ਸਾਚਾ[1]। — [1]ਕਹਿਣਾ ਓਹ) ਸੱਚਾ ਕੀਤਾ।
ਲੋਕ ਹਜ਼ਾਰਹੁਂ ਦੂਰ ਕਿ ਨੇਰੈ।
ਸਗਰੇ ਖਰੇ ਤਿਨਹੁਂ ਦਿਸ਼ਿ ਹੇਰੈਂ ॥੨੬॥
ਅਚਰਜ ਭਯੋ ਸੀਸ ਨਹਿਂ ਪਾਯੋ।
ਪਿਖ੍ਯੋ ਨ ਕਿਨਹੂੰ ਕਿਸੂੰ ਉਠਾਯੋ।
ਬ੍ਰਿੰਦ ਸਿਪਾਹੀ ਇਤ ਉਤ ਫਿਰੈਂ।
ਖੋਜਿ ਰਹੇ ਨਹਿਂ ਦਿਖਿਬੋ ਕਰੈ ॥੨੭॥
ਸਭਿ ਕੋ ਡਰ ਦੇ ਉਚ ਸੁਨਾਯੋ।
ਤਊ ਨ ਕਿਸ ਤੇ ਹਾਥਨਿ ਆਯੋ[1]। — [1]ਭਾਵ ਨਹੀਂ ਮਿਲਿਆ।
ਏਕ ਏਕ ਕੋ ਬਹੁਰ ਬਿਲੋਕਾ।
ਸਭਿ ਕੋ ਗਮਨ ਕਰਨਿ ਤੇ ਰੋਕਾ ॥੨੮॥
ਖੋਜੇ ਗ਼ਨੀ ਗਰੀਬ ਸੁ ਜਿੱਤੇ[1]। — [1]ਜਿਤਨੇ ਹਨ।

ਤਊ ਸੀਸ ਨਹਿਂ ਪਾਯੋ ਕਿੱਤੇ[1]। — [1]ਕਿਤੋਂ ਬੀ।
ਕੈ ਜ਼ਮੀਨ ਮੈਂ ਪ੍ਰਵਿਸ਼ਯੋ ਜਾਇ।
ਕੈ ਅਸਮਾਨ ਉਡਯੋ ਸਹਿਸਾਈ[1] ॥੨੯॥ — [1]ਛੇਤੀ ਹੀ।
ਜਬਿ ਲੌ ਧਰ[1] ਪਰ ਲਾਗਯੋ ਰਹਯੋ। — [1]ਧੜ ਤੇ।
ਤਬਿ ਲੌ ਤਹਾਂ ਸਕਲ ਹੀ ਲਹਯੋ।
ਮੈ ਜਬਿ ਹੀ ਕਰ ਤੇਗ਼ ਉਭਾਰੀ।
ਊਪਰ ਗ੍ਰੀਵਾ ਚਹਯੋ ਪ੍ਰਹਾਰੀ ॥੩੦॥
ਭਯੋ ਲੋਪ ਅਵਿਲੋਕਯੋ ਨਾਂਹੀ।
ਖਰੇ ਹਜ਼ਾਰਹੁਂ ਲੋਕਨ ਮਾਂਹੀ[1]।' — [1]ਹਜ਼ਾਰਾਂ ਲੋਕਾਂ ਖੜਿਆਂ ਵਿਚੋਂ।
ਮੂਰਖ ਸ਼ਾਹੁ ਬਿਸੂਰਤਿ ਭਾਰਾ।
'ਨਹਿਂ ਛਲ ਸਮੁਝਯੋ ਨਹਿੰਨ ਬਿਚਾਰਾ[1] ॥੩੧॥ — [1]ਇਸ ਤੁਕ ਦਾ ਭਾਵ ਅਗੇ ਅੰਕ ੩੪, ੩੫ ਵਿਚ ਖੁਲ੍ਹਦਾ ਹੈ।
ਸਿਰਰ ਨ ਦੀਨਸਿ ਨਿਜ ਸਿਰ ਦੀਨਾ।
ਜਿਨ ਮਹੁਂ ਕਰਾਮਾਤ ਅਤਿ ਪੀਨਾ[1]। — [1]ਭਾਰੀ।
ਅਬਿ ਧਰ ਪਰ[1] ਰਾਖਹੁ ਚੁਕਸਾਈ। — [1]ਧੜ ਤੇ।
ਹੋਇ ਨ ਅਸ, ਕੋ ਛਪਿ ਲੇ ਜਾਈ[1] ॥੩੨॥ — [1]ਛੁਪਾਕੇ ਕੋਈ ਲੈ ਜਾਵੇ।
ਪੁਰਿ ਮਹਿਂ ਡਿੰਡਮ ਦੀਜਹਿ ਫੇਰ।
ਸੰਗਤਿ ਮੈਂ ਸਿਖ ਜੋ ਇਨ ਕੇਰ।
ਲੇਕਰਿ ਜਾਇ ਕਰਹਿ ਸਸਕਾਰਾ।
ਜਿਮ ਹਿੰਦੁਨਿ ਕੀ ਰੀਤਿ ਉਦਾਰਾ' ॥੩੩॥
ਇਮ ਕਰਿ ਹੁਕਮ ਸਭਾ ਮਹਿਂ ਭਾਖਾ।
'ਲਖੇ ਨ ਹਮ[1], ਇਮ ਛਲ ਰਚਿ ਰਾਖਾ। — [1]ਅਸੀਂ ਜਾਣ ਨ ਸਕੇ।
ਦੇ ਕਰਿ ਦੋਸ਼ ਮੋਹਿ ਸਿਰ ਭਾਰੀ।
ਤਨ ਤਜਾਗਨ ਮਹਿਂ ਬਿਲਮ ਬਿਸਾਰੀ[1] ॥੩੪॥ — [1]ਭਾਵ ਛੇਤੀ ਪ੍ਰਾਣ ਤਿਆਗ ਦਿੱਤੇ।
ਕਹੇ ਨ ਮੋਰੇ ਅਜ਼ਮਤ ਲਾਈ।
ਬਾਰਿ ਬਾਰਿ ਬਹੁਤਿਨਿ ਸਮੁਝਾਈ।
ਮਨ ਬਿਸਰਾਮ ਨ ਹੁਇ[1] ਅਬਿ ਮੇਰਾ। — [1]ਟਿਕਦਾ ਨਹੀਂ।
ਉਤਪਾਤਨਿ ਤੇ ਹੌਲ ਬਡੇਰਾ' ॥੩੫॥
ਨਰ ਖੁਸ਼ਾਮਦੀ ਸੁਨਤਿ ਬਖਾਨੇ।

'ਤੁਮ ਬਹੁ ਕਹ੍ਯੋ, ਨੈਕ ਨਹਿਂ ਮਾਨੇ।
ਆਗੇ ਕਤਲ ਭਏ ਬਹੁਤੇਰੇ।
ਸ਼ਰ੍ਹਾ ਨ ਮਾਨਹਿਂ ਚਲਹਿਂ ਕੁਫੇਰੇ[1] ॥੩੬॥ — [1]ਜੋ ਉਲਟੇ ਚੱਲਣ ਵਾਲੇ ਸਨ।
ਪੂਰਬ ਬੀਤ ਗਈ ਜੋ ਬਾਤ।
ਕਜਾ ਬਿਚਾਰ ਤਿਸ, ਤਜੋਂ ਪਛੁਤਾਤ?
ਅਜ਼ਮਤਵੰਤ ਭਯੋ ਤੌ ਕਹਾਂ[1]। — [1]ਫੇਰ ਕੀ ਹੋਇਆ।
ਮਾਨੀ ਸ਼ਰ੍ਹਾ ਨ ਨੀਕੀ ਲਹਾ ॥੩੭॥
ਹਿੰਦੂ ਤੁਰਕ ਸ਼ਰ੍ਹਾ ਬਿਨ ਘਨੇ।
ਸਰਮਦ ਆਦਿ ਹਜ਼ਾਰਹੁਂ ਹਨੇ।
ਇਸ ਕੀ ਕਜਾ ਚਿੰਤਾ ਚਿਤ ਕਰੋ।
ਦੀਨ ਬਧਾਵਨਿ ਤੁਮ ਅਨੁਸਰੋ' ॥੩੮॥
ਲੋਕਨਿ ਭਨੇ ਧੀਰ ਤੌ ਧਾਰੀ[1]। — [1]ਲੋਕਾਂ ਦੇ ਕਹੇ ਧੀਰਜ ਤਾਂ ਧਾਰ ਲਈ।
ਤਊ ਗਹ੍ਯੋ ਮਨ ਸੰਸੇ ਭਾਰੀ।
ਪੁਰ ਮਹਿਂ ਡਿੰਡਮ ਦਰ ਦਰ ਫੇਰਾ।
ਸੁਨਹਿ ਸਿੱਖ ਸਗਰੇ ਤਿਸ ਬੇਰਾ ॥੩੯॥
ਤ੍ਰਾਸ ਤੁਰਕਪਤਿ ਕੋ ਅਤਿ ਧਾਰੈਂ।
'ਹਮ ਸਿਖ ਸੇਵਕ ਨਹੀਂ' ਉਚਾਰੈਂ[1]। — [1]ਕੋਈ ਨਹੀਂ ਕਹਿੰਦਾ ਕਿ ਮੈਂ ਸਿੱਖ ਯਾ ਸੇਵਕ ਹਾਂ।
ਕਿਨਹੁ ਨ ਗੁਰ ਕੀ ਲੋਥ ਉਠਾਈ।
ਲਖਹਿ ਸਹੀ ਕਰਿ, ਦੇ ਮਰਵਾਈ[1] ॥੪੦॥ — [1]ਜੇਹੜਾ ਧੜ ਲੈਣ ਜਾਏਗਾ, ਉਸ ਨੂੰ (ਔਰੰਗਜ਼ੇਬ) ਨਿਸ਼ਚੇ (ਸਿੱਖ) ਸਮਝ ਲਏਗਾ ਤੇ ਮਰਵਾ ਦੇਵੇਗਾ।
ਘਰ ਘਰ ਦਰ ਦਰ ਦੁਰਿ ਦੁਰਿ ਸਾਰੇ।
ਨਰ ਨਾਰੀ ਸਭਿ ਕਾਢਹਿਂ ਗਾਰੇ।
'ਹਾਹਾਕਾਰ' ਕਰਹਿ ਪੁਰਿ ਸਾਰੋ।
'ਅਪਰਾਧੀ ਪਾਪੀ ਹਤਿਆਰੋ ॥੪੧॥
ਜਿਨ ਕੀ ਪੂਜਾ ਸਭਿ ਜਗ ਕਰੈ।
ਸੇਵਤਿ ਸੁਖ ਕੀ ਇੱਛਾ ਧਰੈ।
ਸੁਤ ਬਿਤ ਆਦਿ ਕਾਮਨਾ ਪੈ ਹੈਂ।
ਬਾਂਛਹਿ ਨਰਕ ਪਰੇ ਕਢ ਲੈ ਹੈਂ[1] ॥੪੨॥ — [1]ਗੁਰੂ ਜੀ ਜਿਸ ਨੂੰ) ਚਾਹਣ ਨਰਕ ਪਏ ਨੂੰ ਕੱਢ ਲੈਂਦੇ ਹਨ।
ਕਰਾਮਾਤ ਕੇ ਸਿੰਧੁ ਅਪਾਰਾ।
ਨਹਿਂਨ ਦਿਖਾਵਨਿ ਕੋ ਪ੍ਰਾਨ ਧਾਰਾ।
ਰਿਦੈ ਨ ਸਮੁਝ੍ਯੋ ਆਸ਼ੈ ਗੂਢ।

ਅਸ ਪ੍ਰਭੁ ਕਤਲ ਕਰਾਏ ਮੂਢ[1] ॥੪੩॥

[1]ਮੂਰਖ (ਸ਼ਾਹ) ਨੇ।

ਗੁਰ ਸਿਖ ਹਮ ਕੋ ਜਬਿਹੀ ਜਾਨਹਿ[1]।

[1]ਸ਼ਾਹ) ਜਦ ਜਾਣ ਲਏਗਾ।

ਸਹਿਤ ਕੁਟੰਬ ਪ੍ਰਾਨ ਕੋ ਹਾਨਹਿ।'
ਇਮ ਨਿੰਦਾ ਕਰਿ ਗਾਰਿ ਨਿਕਾਰਹਿਂ।
ਮਿਲਿ ਕਰਿ ਹਾਹਾਕਾਰ ਉਚਾਰਹਿਂ ॥੪੪॥
ਬਿਦਤ ਨ ਹੋਤਿ, ਛਪੇ ਸਭਿ ਕਹੈਂ।
ਦੁਸ਼ਟ ਹਠੀ ਖਲ ਕੋ ਮਨ ਲਹੈਂ[1]।

[1]ਮੂਰਖ ਨੂੰ ਮਨ ਵਿਚ ਦੁਸ਼ਟ ਤੇ ਹਠੀ ਜਾਣਦੇ ਹਨ।

ਕਾਰਾਗ੍ਰਿਹ ਕੇ ਪੌਰ ਅਗਾਰੀ[†]।

[†]ਇਹ ਉਹੋ ਥਾਂ ਹੈ ਜਿੱਥੇ ਹੁਣ ਸੀਸ ਗੰਜ ਗੁਰਦਵਾਰਾ ਹੈ, ਤਦੋਂ ਏਹ ਕੁਤਵਾਲੀ ਦਾ ਹਿੱਸਾ ਸੀ।

ਤਹਿਂ ਸਤਿਗੁਰ ਧਰ ਧਰਾ ਮਝਾਰੀ[1] ॥੪੫॥

[1]ਧਰਤੀ ਉੱਤੇ ਧੜ ਪਿਆ ਹੈ।

ਸਨਧ ਬੱਧ ਤਹਿਂ ਖਰੇ ਸਿਪਾਹੀ।
ਹੇਰਿ ਹੇਰਿ ਨਰ ਤ੍ਰਿਯ ਗਨ ਜਾਹੀਂ।
ਹਾਹਾਕਾਰ ਉਚਾਰਤਿ ਕਹੈਂ।
'ਤੁਰਕ ਨਾਸ਼ ਭਾ ਥਿਰ ਨਹਿਂ ਰਹੈ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰੂ ਤੇਗ ਬਹਾਦਰ ਜੋਤੀ ਜੋਤ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਸ਼ਸ਼ਟੀ ਅੰਸੂ ॥੬੬॥

## ੬੭. [ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ]

੬੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੮

ਦੋਹਰਾ:

ਹੁਤੋ ਲੁਬਾਣਾ ਸਿੱਖ ਤਹਿਂ,
ਬ੍ਰਿਖਭ ਬ੍ਰਿੰਦ ਜਿਹ ਪਾਸ।
ਗਿਨਤੀ ਬਿਖੈ ਹਜ਼ਾਰ ਦਸ,
ਨਿਕਟਿ ਰਖੈ ਗਨ ਦਾਸ ॥੧॥

ਚੌਪਈ:

ਗੁਰ ਕਾਰਨ ਕੋ ਸੁਨਿ ਦੁਖ ਪਾਯੋ।
ਦਰਸ ਬਿਲੋਕਨ ਕੇ ਹਿਤ ਆਯੋ।
ਤਰੇ ਬ੍ਰਿੱਛ ਕੇ ਗੁਰ ਧਰ ਪਰਜੋ।
ਦੇਖਿ ਬਿਲੋਚਨ ਮਹਿਂ ਜਲ ਭਰਜੋ ॥੨॥
-ਹਮ ਸਿੱਖਜਨਿ ਕੋ ਧਿਕ ਬਹੁ ਭਾਰੀ।
ਇਮ ਸਤਿਗੁਰ ਕੀ ਦਸ਼ਾ ਨਿਹਾਰੀ।
ਪ੍ਰਥਮ ਆਪਨੇ ਪ੍ਰਾਨ ਨ ਦਏ।
ਤੁਰਕ ਤ੍ਰਾਸ ਤੇ ਦੁਰਿ ਦੁਰਿ ਗਏ ॥੩॥
ਸੁਨਿ ਡਿੰਡਮ ਕੋ ਕਿਨਹੁਂ ਨ ਮਾਨੀ।
ਹਮ ਨਹਿਂ ਸਿੱਖਜ, ਨ ਦੇ ਮਤ ਹਾਨੀ[1]।

[1]ਅਸੀਂ ਸਿੱਖ ਨਹੀਂ (ਜੇ ਸਿੱਖ ਕਹਾਂਗੇ) ਮਤਾਂ ਸਾਨੂੰ ਮਾਰ ਹੀ ਨ ਦੇਵੇ।

ਸਸਕਾਰਨ ਕੋ ਕਰੌਂ ਉਪਾਉ।
ਜਥਾ ਨ ਜਾਨ ਸਕਹਿ ਨਰ ਕਾਉ ॥੪॥
ਬਿਦਤ ਕਰੌਂ, ਹੋਇ ਨ ਸਸਕਾਰਾ।
ਗਹਹਿਂ ਕਿ ਦੇਹਿਂ ਮੋਹਿ ਕੋ ਮਾਰਾ।
ਗੁਰੂ ਸਹਾਇਕ ਹੋਹਿਂ ਜਿ ਮੇਰੇ।
ਛਪਿ ਕਰਿ ਲੇ ਗਮਨਹੁਂ ਕਿਸ ਬੇਰੇ- ॥੫॥
ਕਰਜੋ ਮਨੋਰਥ ਘਰ ਹਟਿ ਗਯੋ।
ਅਨਿਕ ਉਪਾਇ ਸੁ ਚਿਤਵਤਿ ਭਯੋ।
ਬ੍ਰਿਖਭ ਬ੍ਰਿੰਦ ਇਕਠੇ ਕਰਿਵਾਏ।
ਕਿਤਿਕ ਸਕਟ ਮਹਿਂ ਤੂਲ[1] ਭਰਾਏ ॥੬॥

[1]ਰੂਈ।

ਕਰੇ ਇਕੱਤ੍ਰ ਆਪਨੇ ਨਰ ਗਨ।
ਠਾਨਜੋਂ ਜਤਨ ਕੀਨਿ ਨਿਰਨੈ ਮਨ।
ਸਕਟ ਭਰੇ ਪ੍ਰਥਮੈ ਪਹੁੰਚਾਏ[1]।

[1]ਸ੍ਰੀ ਗੁਰੂ ਜੀ ਦੇ ਧੜ ਵਾਲੇ ਥਾਂ) ਪਹੁੰਚਾਏ।

ਕੁਛ ਮਿਸ ਕਰਿ ਤਿਸ ਥਾਨ ਟਿਕਾਏ ॥੭॥
ਹਾਂਕ ਦਯੋ ਬ੍ਰਿਖਭਨਿ ਕੋ ਲਾਰਾ[1]। — [1]ਕਤਾਰ।
ਜਮਨਾ ਦਿਸ਼ਿ ਕੋ ਪ੍ਰਥਮ ਸਿਧਾਰਾ।
ਨਿਗਾਮੋਦ[1] ਜਹਿਂ ਘਾਟ ਕਹਾਵੈ। — [1]ਦਿੱਲੀ ਜਮਨਾ ਕਿਨਾਰੇ ਇਕ ਤੀਰਥ, ਇਸ ਦਾ ਸ਼ੁਧ ਨਾਮ ਹੈ 'ਨਿਗਮ ਬੋਧ।' ਗਾਲਬਨ ਇਹ ਰੇਲ ਦੇ ਪੁਲ ਤੋਂ ਉੱਤਰ ਦਾ ਟਿਕਾਣਾ ਹੈ ਜਿੱਥੇ ਅਜ ਕਲ ਵੀ ਲੋਕੀ ਸਵੇਰੇ ਜਾਕੇ ਨ੍ਹਾਉਂਦੇ ਹਨ। ਗੁਰੂ ਜੀ ਦੇ ਸ਼ਹੀਦ ਸਥਾਨ ਤੋਂ ਸੜਕ ਇਧਰ ਨੂੰ ਹੀ ਜਾਂਦੀ ਹੈ।
ਤਿਸ ਦਿਸ਼ਿ ਬ੍ਰਿਖਭਨਿ ਬ੍ਰਿੰਦ ਚਲਾਵੈ ॥੮॥
ਤਰਨਿ ਤਨੂਜਾ[1] ਕੇ ਤਟ ਹੋਇ। — [1]ਜਮਨਾ।
ਤਿਤ ਕੇ ਪੌਰ ਪ੍ਰਵੇਸ਼ਯੋ ਸੋਇ।
ਸੰਗ ਸੰਬੂਹ ਲੁਬਾਣਾਂ ਕਰੇ[1]। — [1]ਬਹੁਤ ਲੁਬਾਣੇ ਨਾਲ ਲਏ।
ਪੁਸ਼ਟ ਲਸ਼ਟਕਾ ਕੰਧੇ ਧਰੇ ॥੯॥
ਬੈਲ ਹਾਂਕਣੀ ਬੋਲਤਿ ਬੋਲੀ[1]। — [1]ਬੈਲਾਂ ਦੇ ਹੱਕਣ ਵਾਲੀ ਬੋਲੀ ਬੋਲਦੇ ਹਨ।
ਸਾਂਭਤਿ ਇਤ ਉਤ ਤੇ ਕਰਿ ਟੋਲੀ।
ਜਬਿ ਤੇ ਸਾਹਿਬ ਕੀਨਸਿ ਭਾਣਾ[1]। — [1]ਗੁਰੂ ਜੀ ਨੇ ਭਾਣਾ ਵਰਤਾਇਆ।
ਬਡੇ ਬੇਗ ਤੇ ਬਾਯੁ ਪਯਾਣਾ ॥੧੦॥
ਉਡਹਿ ਗਰਦ ਫੈਲੀ ਬਹੁ ਰੈਨ।
ਨਰ ਨਾਰਨਿ ਕੇ ਪੂਰਹਿ ਨੈਨ।
ਮਸਲਹਿਂ[1] ਹਾਥਨਿ ਸਾਥ ਘਨੇਰੇ। — [1]ਮਲਦੇ ਹਨ (ਅਖਾਂ)।
ਬਸਤ੍ਰਨਿ ਸੰਗ ਅਛਾਦਤਿ ਹੇਰੇ ॥੧੧॥
ਆਤਪ ਮੰਦ ਭਈ ਸਭਿ ਠੌਰਾ।
ਛਾਦਯੋ ਭਾਨੁ ਤੇਜ ਭਾ ਥੋਰਾ।
ਮਾਨਵ ਕਿਤਿਕ ਬਰੇ ਘਰ ਮਾਂਹੀ।
ਦਿਨ ਮਲੀਨ ਪਿਖਿ ਨਿਕਸੇ ਨਾਂਹੀ ॥੧੨॥
ਬ੍ਰਿੰਦ ਬਿਖਭ ਜਬਿ ਬਰੇ ਬਜ਼ਾਰ।
ਪਸਰੀ ਧੂਪ ਭਯੋ ਅੰਧਕਾਰ।
ਇਕ ਤੌ ਬਾਯੁ ਕੁਫੇਰੀ[1] ਬਹੈ। — [1]ਪੁੱਠੀ ਭਾਵ ਹਨੇਰੀ।
ਦੁਤੀਏ ਬ੍ਰਿਖਭ ਉਡਾਈ ਅਹੈ[1] ॥੧੩॥ — [1](ਧੂੜ) ਬੈਲਾਂ ਦੀ ਉਡਾਈ ਹੋਈ ਹੈ।
ਸੂਧੇ ਚਲਿ ਬਜ਼ਾਰ ਕੋ ਆਏ।

ਦੇਖੇ ਨਰਨਿ ਬੈਲ ਸਮੁਦਾਏ।
ਇਤ ਉਤ ਟਰੇ ਕਾਹਿਲੀ ਪਾਇ।
ਆਪ ਆਪ ਕੋ ਗਏ ਬਚਾਇ ॥੧੪॥
ਬੋਲਤਿ ਊਚੇ ਬੈਲ ਹਟਾਵਤਿ।
ਕਾਰਾਗ੍ਰਿਹ ਬਜ਼ਾਰ ਕੋ ਜਾਵਤਿ†।

†ਇਹ ਚਾਂਦਨੀ ਚੌਂਕ ਦਾ ਬਜ਼ਾਰ ਹੈ, ਉਸ ਸਮੇਂ ਦੀ ਕੁਤਵਾਲੀ ਹੁਣ ਤਕ ਓਥੇ ਹੀ ਹੈ, ਇਸ ਕੁਤਵਾਲੀ ਦੇ ਨਾਲ ਹੀ ਸੀਸਗੰਜ ਗੁਰੂ ਜੀ ਦੀ ਸ਼ਹਾਦਤ ਦਾ ਗੁਰਦੁਆਰਾ ਹੈ। ਤਦੋਂ ਇਹ ਥਾਂ ਕੁਤਵਾਲੀ ਦੇ ਵਿਚ ਹੀ ਸੀ। ਜਦੋਂ ਪੰਥ ਨੇ ਦਿੱਲੀ ਤੇ ਹੱਲਾ ਕੀਤਾ ਹੈ ਤਾਂ ਬਾਬਾ ਬਘੇਲ ਸਿੰਘ ਜੀ ਨੇ ਕੁਤਵਾਲੀ ਤੇ ਕਬਜ਼ਾ ਕਰਕੇ ਕੁਤਵਾਲੀ ਵਿਚੋਂ ਸ਼ਹਾਦਤ ਵਾਲੀ ਥਾਂ ਲੈ ਕੇ ਗੁਰਦੁਆਰਾ ਬਨਵਾਇਆ। ਪਿਛੋਂ ਮੁਸਲਮਾਨਾਂ ਦਾ ਜ਼ੋਰ ਪੈ ਗਿਆ ਉਨ੍ਹਾਂ ਕੋਲ ਹੀ ਮਸੀਤ ਬਨਾਈ, ਇਹ ਵੀ ਕਹਿੰਦੇ ਹਨ ਕਿ ਗੁਰਦੁਆਰੇ ਦੀ ਬੇਅਦਬੀ ਬੀ ਕੀਤੀ। ੧੮੫੭ ਦੇ ਗਦਰ ਮਗਰੋਂ ਜੀਂਦ ਦੇ ਰਾਜੇ ਸਰੂਪ ਸਿੰਘ ਜੀ ਨੇ ਮੁੜ ਇਹ ਪਵਿੱਤ੍ਰ ਭੂਮੀ ਸਰਕਾਰ ਤੋਂ ਪ੍ਰਾਪਤ ਕੀਤੀ ਤੇ ਗੁਰਦੁਆਰਾ ਰਚਿਆ। ਹੁਣ ਪੱਥਰ ਦੀ ਆਲੀਸ਼ਾਨ ਇਮਾਰਤ ਬਣ ਗਈ ਹੈ।

ਚੌਕੀਦਾਰ ਸਿਪਾਹੀ ਖਰੇ।
ਗੁਰ ਕੀ ਲੋਥ ਬਿਲੋਕਨਿ ਕਰੇ ॥੧੫॥
ਕਹੇ ਸ਼ਾਹੁ ਕੇ ਨਹਿਂ ਸਸਕਾਰੀ।
ਛਪਿ ਕੇ ਲੇਹਿ ਨ, ਸੇ ਰਖਵਾਰੀ[1]।

[1]ਤੇ ਸੇ (ਸਿਪਾਹੀ) ਰਾਖੀ ਕਰਦੇ ਸਨ ਇਸ ਕਰਕੇ ਛੁਪਕੇ ਬੀ (ਕੋਈ) ਲੈ ਨ ਸਕਿਆ।

ਥੋਰੋ ਦਿਵਸ ਰਹਜੋ ਤਬਿ ਆਇ।
ਭਈ ਭੀਰ ਬ੍ਰਿਖਭਨ ਸਮੁਦਾਇ ॥੧੬॥
ਇਤ ਉਤ ਕਰਤਿ ਬ੍ਰਿੰਦ ਬਨਜਾਰੇ।
ਪਹੁੰਚੇ ਗੁਰੁ ਧਰ[1] ਜਾਇ ਨਿਹਾਰੇ।

[1]ਧੜ।

ਮਿਲਿ ਬੈਲਨ ਤਹਿਂ ਲੌ ਚਲਿ ਗਏ।
ਹੇਤੁ ਉਠਾਵਨਿ ਕੇ ਹਠ ਕਿਏ ॥੧੭॥
ਹੇਰਿ ਭੀਰ ਬ੍ਰਿਖਭਨ ਕੀ ਬਡੀ।
ਰਾਖੇ ਅਪਨਿ ਥਾਨ ਕੌ ਛਡੀ[1]।

[1]ਚੌਕੀਦਾਰ ਆਦਿਕਾਂ ਨੇ ਆਪਣੀ ਥਾਂ ਛੱਡ ਦਿੱਤੀ ਭਾਵ ਪਾਸੇ ਹਟ ਗਏ। ਮੁਰਾਦ ਹੈ ਕਿ ਲੁਬਾਣਿਆਂ ਨੇ ਬੈਲ ਬੇਵਸੇ ਤੇ ਮੁਹਤਾਣੇ ਹੋ ਗਏ ਵਾਂਙੂ ਕਰ ਦਿੱਤੇ ਸਨ।

ਤਰਜਤਿ ਬਰਜਤਿ[1] ਹੈਂ ਬਹੁਤੇਰੇ।
ਤਊ ਕੁਲਾਹਲ ਹੋਤਿ ਬਡੇਰੇ ॥੧੮॥

[1]ਤਾੜਦੇ ਤੇ ਰੋਕਦੇ।

ਸਕਟਨਿ ਕੇ ਗਡਵਾਨ[1] ਪੁਕਾਰਤਿ।
ਗਨ ਬਨਜਾਰੇ ਊਚ ਉਚਾਰਤਿ।

[1]ਗਾਡੀਵਾਨ।

ਗਰਦ ਉਡਨਿ ਤੇ ਛਾਦੇ[1] ਨੈਨ।
ਗਏ ਨਿਕਟਿ 'ਹਟਿ ਹਟਿ' ਕਹਿ ਬੈਨ ॥੧੯॥

[1]ਭਾਵ ਧੂੜ ਨਾਲ ਭਰ ਗਏ।

ਦਾਵ ਤਕਾਇ ਸਕਲ ਦਿਸ਼ਿ ਦੇਖਾ।

ਗੁਰ ਮਾਇਆ ਬਿਰਮਾਇ ਅਸ਼ੇਖਾ।
ਧਰ ਦਿਸ਼ਿ ਦ੍ਰਿਸ਼ਟਿ ਨ ਕਿਸ ਕੀ ਹੇਰੀ।
ਨਰ ਪੰਚਹੁੰ ਉਚਾਇ ਤਿਸਿ ਬੇਰੀ ॥੨੦॥
ਤਤਛਿਨ ਤੂਲ ਸਕਟ ਢਿਗ ਲਜਾਏ।
ਭਲੀ ਪ੍ਰਕਾਰ ਬੀਚ ਪਹੁਚਾਏ।
ਕਰਤਿ ਸ਼ੀਘ੍ਰਤਾ ਬੁਧਿ ਉਪਜਾਵੈਂ।
ਇਤ ਉਤ ਹੇਰਤਿ ਸਰਬ ਦੁਰਾਵੈਂ[1] ॥੨੧॥
ਘਨੀ ਤੂਲ ਤੇ ਛਾਦਨ ਕੀਨੇ।
ਜਿਸ ਪ੍ਰਕਾਰ ਕੋ ਸਕਹਿ ਨ ਚੀਨੇ।
ਮਨ ਹੀ ਮਨ ਮਨਾਇ[1] ਉਰ ਧਰੈਂ।
'ਅਪਨੋ ਕਾਜ ਆਪ ਗੁਰ ਕਰੈਂ' ॥੨੨॥
ਕਰਿ ਬੰਦਨ ਕੋ ਹਟਿ ਕਰਿ ਗਏ।
ਬੈਲਨ ਬੀਚ ਇਤਹਿ ਉਤ ਭਏ।
ਲਾਰਾ ਗਮਨਜੋਂ ਜਾਤਿ ਅਗਾਰੀ।
ਹਾਂਕਤਿ ਜਾਤਿ ਬੋਲਤੇ ਭਾਰੀ ॥੨੩॥
ਬਾਯੂ ਬ੍ਰਿਖਭਨ[1] ਧੂਲ ਉਡਾਈ।
ਸਭਿ ਕੀ ਦ੍ਰਿਸ਼ਟਿ ਬਿਲੋਚਨ ਛਾਈ।
ਪੁਰਿ ਕੇ ਪੌਰ ਨਿਕਸਿ ਜਬਿ ਗਏ।
ਸਕਟ ਤਜਾਰ ਚਲਿਬੇ ਕੌ ਭਏ ॥੨੪॥
ਆਇ ਸਿਪਾਹੀ ਦੇਖਨਿ ਲਾਗੇ।
ਸਤਿਗੁਰੁ ਕੋ ਧਰ ਲਖਜੋ ਨ ਆਗੇ।
ਸਭਿਨਿ ਬਿਖੈ ਮਾਚਜੋ ਤਬਿ ਰੌਰਾ।
ਇਤ ਉਤ ਖੋਜਤਿ ਭੇ ਸਭਿ ਠੌਰਾ ॥੨੫॥
ਮਨ ਮਹਿਂ ਮਾਨਜੋਂ ਅਧਿਕ ਅਚੰਭਾ।
ਇਹ ਕਿਨਹੂੰ ਬਡਿ ਦੰਭ ਅਰੰਭਾ।
ਕੇਤਿਕ ਦੌਰੇ ਜਾਇ ਨਿਹਾਰੇ।
ਬੈਲਨ ਸਹਿਤ ਜਿਤਿਕ ਬਨਜਾਰੇ ॥੨੬॥
ਏਕ ਏਕ ਕੌ ਤਰਜਤਿ ਧਰਿ ਧਰਿ[1]।
ਛੋਰਤਿ ਹੇਰਤਿ ਨਿਰਨੈ ਕਰਿ ਕਰਿ[1]।
ਤਿਮ ਹੀ ਬ੍ਰਿਖਭ ਛੂਛ ਕਰਿ ਹੇਰੇ।
ਅਪਰ ਨਰਨਿ ਖੋਜਤਿ ਫਿਰਿ ਫੇਰੇ

[1]ਛੁਪਾਂਵਦੇ ਹਨ।
[1]ਗੁਰੂ ਜੀ ਨੂੰ) ਸਿਮਰਕੇ।
[1]ਹਨੇਰੀ ਤੇ ਬੈਲਾਂ ਨੇ।
[1]ਫੜ ਫੜ ਕੇ ਤਾੜਦੇ ਹਨ।
[1]ਵੇਖ ਵੇਖ ਕੇ ਯਕੀਨ ਕਰ ਕਰਕੇ ਛਡਦੇ ਜਾਂਦੇ ਹਨ।

॥੨੭॥
ਇਮ ਦੇਖਤਿ ਸਕਟਨਿ ਢਿਗ ਆਏ।
ਗਿਨਹਿਂ ਏਕ ਕਮਤੀ ਹੁਇ ਜਾਏ।
ਗਡਵਾਵਨ ਕੋ ਤਰਜਤਿ ਕਹੈਂ।
'ਤੁਮ ਮਹਿਂ ਏਕ ਸਕਟ ਨਹਿਂ ਲਹੈਂ
॥੨੮॥
ਕਰਯੋ ਨਿਕਾਸਨਿ, ਕਹਾਂ ਦੁਰਾਯੋ?
ਤਿਸ ਮਹਿਂ ਗੁਰ ਕੋ ਧਰ ਤੁਮ ਪਾਯੋ।
ਦਿਹੁ ਬਤਾਇ ਨਤੁ ਕੈਦ ਕਰੈਂਗੇ।
ਮਾਰਿ ਮਾਰਿ ਤੁਮ ਪ੍ਰਾਨ ਹਰੈਂਗੇ' ॥੨੯॥
ਗਾਡੀਵਾਨਨ ਸ਼ਰਧਾ ਧਾਰੀ।
-ਗਿਨਹਿਂ ਨ ਜਾਇਂ ਇਨਹੁੰ ਮਤਿ ਮਾਰੀ-।
ਨਿਰਭੈ ਹੁਇ ਕਰਿ ਬਾਕ ਬਖਾਨੈਂ।
'ਬਿਨਾ ਦੋਸ਼ ਕਿਸ ਪ੍ਰਾਨਨਿ ਹਾਨੈ[1]?
॥੩੦॥
ਹਜ਼ਰਤ ਕੇ ਘਰ ਨਜਾਉਂ ਕਿ ਨਾਂਹੀ।
ਕੈਸੇ ਕਰਹਿ ਕੈਦ ਕੇ ਮਾਂਹੀ।
ਨਿਕਟਿ ਥਿਰੇ, ਹਮ ਗਏ ਨ ਕਯੋਂਹੂੰ।
ਦੇਖਿ ਖੋਜ ਲਿਹੁ ਭਾਵਹਿ ਜਯੋਂ ਹੂੰ'
॥੩੧॥
ਗਿਨਹਿਂ ਸਕਟ, ਸੋ ਗਿਨੇ ਨੇ ਜਾਂਹੀ।
ਪਿਖਿ ਕਰਿ ਲਖਯੋ -ਸਾਚ ਇਹੁ ਪ੍ਰਾਹੀਂ-।
ਪੁਰਿ ਮਹਿਂ ਗਰੀ ਗਰੀ ਫਿਰਿ ਹੇਰੀ।
ਪਾਇ ਨ ਖੋਜਿ[1] ਫਿਰੇ ਤਿਸ ਬੇਰੀ
॥੩੨॥
ਗਡਵਾਵਨ ਸਭਿ ਸੰਗ ਬਖਾਨੇ।
ਜੋਰਿ ਬ੍ਰਿਖਭ ਲੈ ਸਕਟ ਪਯਾਨੇ।
ਸਨੇ ਸਨੇ ਚਲਿ ਕੈ ਤਹਿਂ ਆਏ।
ਜਹਿਂ ਬਨਜਾਰੇ ਮਿਲਿ ਸਮੁਦਾਏ[1] ॥੩੩॥
'ਭਏ ਸਹਾਇਕ ਸਤਿਗੁਰੁ ਆਪੇ।
ਕਿਸੀ ਦੁਸ਼ਟ ਕੋ ਨਾਂਹਿਨ ਜਾਪੇ[1]।
ਤੁਮ ਸਮੀਪ ਲਗਿ ਹਮ ਲੈ ਆਏ।

[1]ਕਿਵੇਂ ਪ੍ਰਾਨ ਨਾਸ਼ ਕਰੋਗੇ? ਲਿਖਾਰੀ ਦੀ ਉਕਾਈ ਨੇ 'ਕਿਮ' ਯਾ 'ਕਸ' ਦਾ ਪਾਠ 'ਕਿਸ' ਕਰ ਦਿੱਤਾ ਹੈ।

[1]ਖੋਜ ਨਾਂ ਮਿਲਿਆ।

[1]ਸਾਰੇ ਮਿਲੇ (ਉਡੀਕ ਰਹੇ ਸਨ)।

[1]ਨਹੀਂ ਪਤਾ ਲਗਾ।

ਛਪਿ ਕਰਿ ਦੇਹੁ ਦਾਗ[1] ਕਿਸ ਥਾਏਂ ॥੩੪॥
ਬਿਲਮ ਕਰਨ ਕੀ ਬਾਤਿ ਨ ਆਛੇ।
ਤੁਰਕ ਅਚੰਭੈ ਖੋਜਤਿ ਪਾਛੇ।'
ਬਨਜਾਰੇ ਤਤਬੀਰ[1] ਬਿਚਾਰੀ।
'ਇਮ ਕੀਜਹਿ ਜਿਮ ਹ੍ਵੈ ਨ ਚਿਨਾਰੀ' ॥੩੫॥
ਛਪਰਨਿ ਕੇ ਘਰਿ ਕਿਤਿਕ ਬਨਾਏ।
ਤਿਨ ਮਹਿਂ ਬਸਤ ਹੁਤੇ ਸਮੁਦਾਏ।
ਵਸਤੁ ਸਕੇਲ ਨਿਕਾਰੀ ਸਾਰੀ।
ਚਿਖਾ ਤਿਨਹੁਂ ਕੇ ਬੀਚ ਉਸਾਰੀ ॥੩੬॥
ਨਰ ਗਨ ਮਿਲੇ ਕਾਜ ਤਤਕਾਲਾ।
ਕਰਤਿ ਭਏ ਧਰਿ ਭਾਉ ਬਿਸਾਲਾ।
ਸਭਿ ਛਪਰਨਿ ਕੋ ਅਗਨਿ ਲਗਾਈ।
ਚਿਖਾ ਬੀਚ ਤਹਿਂ ਅਧਿਕ ਜਲਾਈ ॥੩੭॥
ਕਾਸ਼ਟ ਬਹੁਤ ਘ੍ਰਿੱਤ ਗਨ ਡਾਰਾ।
ਲਗੀ ਹੁਤਾਸਨ ਲਾਟ ਉਦਾਰਾ।
ਅਰਧ ਜਲੀ ਤਬਿ ਰੌਰ ਮਚਾਯੋ।
'ਕਿਨਹੁ ਆਨਿ ਇਤ ਅਗਨਿ ਲਗਾਯੋ' ॥੩੮॥
ਇਤ ਉਤ ਫਿਰਤਿ ਬੁਝਾਵਤਿ ਮਨੋ।
ਦੂਰ ਕਿ ਨੇਰੇ ਸਭਿ ਨੇ ਸੁਨੋ।
ਦੌਰਿ ਦੌਰਿ ਕੇਤਿਕ ਚਲਿ ਆਏ।
ਬੁਝਹਿ ਨਹੀਂ, ਘਰ ਅਧਿਕ ਜਲਾਏ ॥੩੯॥
ਈਂਧਨ ਕੋ ਸੰਚੈ ਬਹੁ ਕਰਜੋ।
ਕਹਾਂ ਨਿਕਾਸਹਿ ਬੀਚ ਸੁ ਜਰਜੋ।
ਇਮ ਫਰੇਬ ਸਭਿਹਿਨਿ ਮਹਿਂ ਕਰ ਕੈ।
ਸਸਕਾਰੇ ਸਤਿਗੁਰੂ ਸੁਧਰਿ ਕੈ[1] ॥੪੦॥
ਭਈ ਪ੍ਰਭਾਤਿ ਪੁਸ਼ਪ ਚੁਨਿ ਸੋਊ।
ਤਾਂਬ੍ਰ ਗਾਗਰੈਂ ਭਰਿ ਕਰਿ ਦੋਊ।

[1]ਸਸਕਾਰ ਕਰ ਦਿਓ।

[1]ਸਲਾਹ।

[1]ਚੰਗੀ ਤਰ੍ਹਾਂ।

ਨੀਵੋਂ ਖਨਜੋ ਸੁ ਖਾਤ[1] ਬਿਸਾਲਾ।
ਚਿਖਾ ਥਾਨ ਗਾਡੀ ਤਤਕਾਲਾ ॥੪੧॥
ਕੋਇ ਨ ਜਾਨਿ ਸਕਜੋ ਮਤਿ ਹੀਨੇ।
ਇਮ ਸਤਿਗੁਰੁ ਸਸਕਾਰਨਿ ਕੀਨੇ।
ਘਨੋ ਤਿਹਾਵਲ ਤਬਿ ਕਰਿਵਾਯੋ।
ਸਿਖ ਸੰਗਤਿ ਸਭਿ ਮੇਲ ਬਨਾਯੋ ॥੪੨॥
ਸ਼ਬਦ ਰਬਾਬੀ ਮਿਲਿ ਤਹਿਂ ਗਾਯੋ।
ਕਰਿ ਅਰਦਾਸ ਸਭਿਨਿ ਬਰਤਾਯੋ।
ਜੋੜਮੇਲ ਇਮ ਕਰਿ ਸਭਿ ਰੀਤਿ।
ਸ਼ਰਧਾ ਧਰਤਿ ਅਧਿਕ ਮਨ ਪ੍ਰੀਤ
॥੪੩॥

[1]ਟੋਆ।

ਚਿਖ ਸਥਾਨ ਪਰ ਛਾਨ[1] ਛਵਾਈ।
ਦੀਪ ਜਲਾਵਤਿ ਰਹੇ ਸਦਾਈ।
ਹਰਿਮੰਦਿਰ ਜਿਮ ਪੁਨਹਿਂ ਉਸਾਰਜੋ।
ਸੋ ਪ੍ਰਸੰਗ ਅਬਿ ਨਹੀਂ ਉਚਾਰਜੋ ॥੪੪॥
ਕਥਾ ਬਿਖੈ ਅਵਸਰ ਜਹਿਂ ਪਾਊਂ।
ਸੋ ਸਭਿ ਨੀਕੀ ਰੀਤਿ ਸੁਨਾਊਂ।
ਗੁਰ ਸਿੱਖਨ ਕੋ ਅਧਿਕ ਰਿਝਾਊਂ।
ਜਿਸ ਤੇ ਗੁਰ ਮਿਲਿਬੇ ਬਰ ਪਾਊਂ
॥੪੫॥

[1]ਛੱਪਰੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼੍ਰੀ ਗੁਰ ਤੇਗ ਬਹਾਦਰ ਸ਼ਰੀਰ ਸਸਕਾਰਨ' ਪ੍ਰਸੰਗ ਬਰਨਨੰ ਨਾਮ ਸਪਤ ਸ਼ਸ਼ਟੀ ਅੰਸੂ ॥੬੭॥

## ੬੮. [ਔਰੰਗਜ਼ੇਬ ਨੂੰ ਡਰ। ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵ੍ਯਾਖ੍ਯਾ]

੬੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਠੌਰ ਠੌਰ ਰੌਰਾ ਪਰ੍ਯੋ, 'ਪ੍ਰਥਮ ਸੀਸ ਨਹਿਂ
ਪਾਇ।
ਲੋਪ ਭਯੋ ਗੁਰ ਧਰ[1] ਅਬਹਿ, ਦੇਖਿ ਰਹੇ
ਬਹੁ ਥਾਇਂ' ॥੧॥

ਚੌਪਈ:

ਮੂਢ ਨੁਰੰਗੇ ਢਿਗ ਸੁਧਿ ਗਈ।
'ਪ੍ਰਥਮ ਸੀਸ ਕੀ ਜੋ ਬਿਧਿ ਭਈ।
ਤਿਮ ਹੀ ਧਰ ਧਰਨੀ ਮਹਿਂ ਬਰ੍ਯੋ।
ਕੈ ਅਕਾਸ਼ ਮਹਿਂ ਊਰਧ ਚਰ੍ਯੋ ॥੨॥
ਕਿਸ ਹੂੰ ਤੇ ਕੁਛ ਜਾਇ ਨ ਜਾਨੀ।
ਭਯੋ ਲੋਪ ਦੇਖਤਿ ਅਗਵਾਨੀ।'
ਸੁਨਿ ਸੁਨਿ ਅਚਰਜ ਕੋ ਤਬਿ ਸ਼ਾਹੂ।
ਰਹ੍ਯੋ ਬਿਸੂਰਤ ਬਹੁ ਮਨ ਮਾਂਹੂ ॥੩॥
ਕਰਾਮਾਤ ਕਾਮਲ ਬਡ ਅਹੇ।
ਤਊ ਨ ਰੰਚ ਦਿਖਾਵਨਿ ਚਹੇ।
ਖਰੇ ਸਿਪਾਹੀ ਗਨ ਰਖਵਾਰੇ।
ਧਰ ਸਿਰ ਦੁਰੇ[1] ਨ ਕਿਨਹੁਂ ਨਿਹਾਰੇ-
॥੪॥
ਭਨਹਿਂ ਮੁਲਾਨੇ 'ਜੇ ਦੁਰ ਗਏ।
ਤੁਮਹੁਂ ਕਾਜ ਅਪਨੇ ਕਰਿ ਲਏ।
ਸ਼ਰ੍ਹਾ ਨ ਮਾਨੀ ਪ੍ਰਾਨ ਬਿਨਾਸੇ।
ਅਬਿ ਨਰ ਮਾਨਹਿਂ ਜਥਾ ਪ੍ਰਕਾਸ਼ੇ[1] ॥੫॥
ਸਭਿ ਕੇ ਉਰ ਡਰ ਹੋਹਿ ਬਿਸਾਲਾ।
ਹੁਕਮ ਅਦੂਲੀ ਤੇ ਅਸ ਹਾਲਾ[1]।
ਸਮੁਝਾਯਹੁ ਬਹੁ ਬਾਰਿ ਘਨੇਰੇ।
ਨਹਿਂ ਮਾਨ੍ਯੋ ਹਠ ਠਾਂਨਿ ਬਡੇਰੇ ॥੬॥
ਸੁਨਿ ਕਰਿ ਭਨਹਿ ਮੂਢ ਚਵਗੱਤਾ।
'ਹਿੰਦੁ ਧਰਮ ਕੀ ਰਾਖੀ ਸੱਤਾ।
ਮੋਰ ਮਨੋਰਥ ਭਯੋ ਨ ਸੋਈ।

[1]ਧੜ।

[1]ਧੜ ਤੇ ਸਿਰ ਛੁਪ ਗਏ।

[1]ਭਾਵ ਜਿਵੇਂ ਤੁਸੀ ਕਹੋਗੇ।

[1]ਹੁਕਮ ਮੋੜਨ ਤੇ ਐਸਾ ਹਾਲ ਹੁੰਦਾ ਹੈ।

ਕਲਮਾ ਪਠਹਿ ਤੁਰਕ ਜਗ ਹੋਈ' ॥੭॥
ਜਮਾਦਾਰ ਕੋ ਤਬਹਿ ਬੁਲਾਯਹੁ।
ਤਰਜਿ ਕਹਜੋ 'ਤੈਂ ਕਜਾ ਕਰਿ ਆਯਹੁ।
ਸਿਰ ਧਰ ਕੀ ਨ ਕਰੀ ਤਕਰਾਈ।
ਸਭਿ ਤੇ[1] ਕੋ ਲੈ ਗਯੋ ਚੁਰਾਈ' ॥੮॥ [1]ਸਾਰਿਆਂ ਕੋਲੋਂ।
ਹਾਥ ਜੋਰਿ ਤਿਨ ਗਾਥ ਬੁਝਾਈ।
'ਸੀਸ ਸਮੈਂ ਨਰ ਥੇ ਸਮੁਦਾਈ।
ਸਈਯਦ ਅਰੁ ਉਮਰਾਵ ਮੁਲਾਨੇ।
ਖਰੇ ਰਹੇ ਕੁਛ ਗਯੋ ਨ ਜਾਨੇ ॥੯॥
ਮਹਾਂ ਫਤੂਰ ਧੂਰ ਜੁਤਿ ਬਾਯੂ।
ਬਹੀ ਬੇਗ ਤੇ ਪਿਖਿ ਨ ਸਕਾਯੂ।
ਪੁਨ ਬਨਜਾਰਨ ਕੇ ਗਨ ਬੈਲ।
ਚਲੇ ਜਾਤਿ ਪਾਵਤਿ ਬਡ ਐਲ[1] ॥੧੦॥ [1]ਸ਼ੋਰ, ਰੌਲਾ [ਸੰਸ: ਇਲਾ = ਬਾਣੀ]
ਖਰੇ ਸੁਚੇਤ[1] ਸਿਪਾਹੀ ਖਰੇ। [1]ਤਕੜੇ ਸੁਚੇਤ।
ਰਖਵਾਰੀ ਧਰ ਕੇ ਤਰੁ ਤਰੇ[1]। [1]ਬ੍ਰਿੱਛ ਦੇ ਹੇਠ ਧੜ ਦੀ ਰਖਵਾਲੀ।
ਛਪਜੋ ਤਬਹਿ ਨਹਿਂ ਕੀਨਿ ਬਿਲੋਕਨਿ।
ਸਭਿ ਦਿਸ਼ਿ ਤੇ ਨਰ ਕੀਨੇ ਰੋਕਨਿ ॥੧੧॥
ਰਹੇ ਖੋਜ ਕਜੋਂਹੂੰ ਨਹਿਂ ਪਾਯੋ।
ਅਜ਼ਮਤ ਸੋਂ ਕੁਛ ਬਸ ਨ ਬਸਾਯੋ।'
ਸੁਨਿ ਸੁਨਿ ਹੌਲ ਹੋਤਿ ਉਰ ਸ਼ਾਹੂ।
ਤਊ ਨ ਕਹਿ ਸਕਿ ਹੈ ਕਿਸ ਪਾਹੂ ॥੧੨॥
ਰਾਤ ਪ੍ਰਬਿਰਤੀ ਚਿੰਤ ਅਧੀਨਾ।
ਰੁਚਿ ਕਰਿ ਖਾਨਾ ਖਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁਚਜੋ ਪਾਪੀ।
ਹਿਤ ਸੁਪਤਨਿ ਕੇ ਨਿੰਦ੍ਰਾ ਬਜਾਪੀ ॥੧੩॥
ਮਤੀਦਾਸ ਜੋ ਗੁਰੂ ਦਿਵਾਨ।
ਪ੍ਰਥਮ ਸ਼ਹੀਦ ਭਯੋ ਤਿਸ ਥਾਨ।
ਅਪਰਾਧੀ ਕੇ ਢਿਗ ਚਲਿ ਗਯੋ।
ਅਧਿਕ ਕ੍ਰੋਧ ਹਿਰਦੇ ਉਪਜਯੋ ॥੧੪॥

ਤਊ ਗੁਰੁ ਤੇ ਧਾਰਹਿ ਤ੍ਰਾਸ।
ਨਹਿਂ ਪਾਪੀ ਕੋ ਕੀਨਿ ਬਿਨਾਸ਼।
ਪਾਟੀ[1] ਤਬਿ ਪ੍ਰਯੰਕ ਕੀ ਗਹੀ।
[1]ਬਾਹੀ।
ਡਾਰਯੋ ਉਲਟਿ ਗਿਰਯੋ ਤਰ ਤਹੀਂ[1] ॥੧੫॥
[1]ਓਥੇ ਹੀ ਹੇਠ ਡਿਗ ਪਿਆ।
ਭੜਭੜਾਇ ਠਾਂਢੋ ਹੁਇ ਗਯੋ।
ਸ਼ਬਦ ਸ਼੍ਰਵਨ ਮਹਿਂ ਇਮ ਸੁਨਿ ਲਯੋ।
'ਦਿੱਲੀ ਪੁਰ ਮੈਂ ਜੇ ਸੁਪਤੈ ਹੈਂ।
ਪ੍ਰਾਨ ਬਿਨਾਸ ਆਪਨੇ ਪੈ ਹੈਂ ॥੧੬॥
ਵਹਿਰ ਨਗਰ ਤੇ ਨਿਕਸਿ ਸਿਧਾਵੌਂ।
ਪਰਾਲਬਧ ਲੌਂ ਜੀਵਨ ਪਾਵੌਂ।
ਬਹੁਰ ਨਰਕ ਮਹਿਂ ਪਾਇ ਸਜ਼ਾਈ।
ਗੁਰੁ ਅਵੱਗਜਾ ਅਧਿਕ ਕਮਾਈ[1]' ॥੧੭॥
[1]ਗੁਰੂ ਕੀ ਅਵੱਗਜਾ ਤੂੰ ਬਹੁਤ ਕਮਾਈ ਹੈ।
ਸੁਨਤਿ ਤ੍ਰਾਸ ਧਰਿ ਦਾਸ ਬੁਲਾਏ।
ਖਰੇ ਸਮੀਪ ਕਰੇ ਸਮੁਦਾਏ।
ਸੂਧਾ ਕਰਿਵਾਯੋ ਪਰਯੰਕ।
ਪੌਢਯੋ ਪੁਨ ਭੈਭੀਤ ਸਸ਼ੰਕ ॥੧੮॥
ਨੀਂਦ ਨ ਪਾਇ, ਨ ਜੁਟੇ ਬਿਲੋਚਨ।
ਨਾਨਾ ਬਿਧਿ ਸੋਚਤਿ ਚਿਤ ਸੋਚਨ।
ਹਠ ਤੇ ਕਹਤਿ ਨ ਦੂਜੇ ਪਾਸ।
-ਹੋਹਿ ਨ ਹਜੋ ਹਿਯੇ ਇਹ ਤ੍ਰਾਸ[1]- ॥੧੯॥
[1]ਇਸ ਦੇ ਹਿਰਦੇ ਵਿੱਚ ਇਹ ਡਰ ਹੈ (ਕਿ ਮੇਰੀ) ਨਿੰਦਾ ਨਾ ਹੋਵੇ।
ਜਾਗਤਿ ਸਗਰੀ ਰਾਤਿ ਬਿਤਾਈ।
ਖਰੇ ਪਾਹਰੂ ਪ੍ਰਾਤਿ ਸੁ ਆਈ[†]।
[†]ਪਾ:-ਬਿਤਾਈ।
ਆਦਿ ਨਿਵਾਜ ਅਨਿਕ ਉਪਚਾਰ।
ਕਰਤਿ ਭਯੋ ਮੱਜਨ ਕੋ ਧਾਰਿ ॥੨੦॥
ਬ੍ਰਿੰਦ ਕਲਾਮ ਪਢੀ ਬਹੁ ਬਾਰੀ।
ਆਯਹੁ ਉਠਿ ਪੁਨ ਸਭਾ ਮਝਾਰੀ।
ਬੀਤਯੋ ਜਥਾ ਦੁਸ਼ਟ ਕੇ ਸੰਗ।
ਕਹੌਂ ਬਹੁਰ[1] ਮੈਂ ਅਖਿਲ ਪ੍ਰਸੰਗ ॥੨੧॥
[1]ਫੇਰ ਕਹਾਂਗਾ।
ਦਿੱਲੀ ਮਹਿ ਨਹਿਂ ਸੁਪਤਨਿ ਪਾਯੋ।

ਰਹ੍ਯੋ ਵਹਿਰੀ ਹੀ ਉਰ ਡਰਪਾਯੋ।
ਇਹਠਾਂ ਦ੍ਵਾਦਸ਼ ਪੂਰਨਿ ਰਾਸ਼ਿ।
ਜਿਮ ਰਵਿ ਬਰਤਹਿ ਬਾਰਹਿਂ ਮਾਸ[1] ॥੨੨॥ — [1]ਬਾਰਾਂ ਮਹੀਨਿਆਂ ਵਿਚ।
ਤਿਮ ਸਤਿਗੁਰ ਕੋ ਮਹਿਦ ਪ੍ਰਕਾਸ਼।
ਬਰਨ੍ਯੋਂ ਬਰ ਵਿਚ ਦ੍ਵਾਦਸ਼ ਰਾਸਿ।
ਏਕ ਰਾਸਿ[1] ਜਿਮ ਸੂਰਜ ਚਲੇ। — [1]ਇਕ ਰਾਸ਼ੀ ਵਿੱਚ।
ਬਹੁਰ ਦੂਸਰੀ ਗਮਨਤਿ ਮਿਲੇ ॥੨੩॥
ਤਿਮ ਗੁਰੁਤਾ ਰਥ ਪਰ ਅਸਵਾਰ[1]। — [1]ਸਤਿਗੁਰੂ ਰੂਪੀ ਸੂਰਜ) ਗੁਰਤਾ ਦੇ ਰਥ ਤੇ ਸਵਾਰ ਹੋ ਕੇ।
ਉਦੇ ਜਗਤ, ਬਿਨਸ੍ਯੋ ਅੰਧਕਾਰ।
ਗਿਰਾ[1] ਸਮੂਹ ਰਿਸ਼ਮ[2] ਜਿਨ ਕੇਰੀ। — [1]ਬਾਣੀ। [2]ਕਿਰਨਾਂ (ਗੁਰੂ ਸੂਰਜ) ਦੀਆਂ।
ਸਿੱਖੀ ਆਤਪ[1] ਦਿਪਹਿ ਬਡੇਰੀ ॥੨੪॥ — [1]ਸਿੱਖੀ ਰੂਪੀ ਧੁੱਪ।
ਬ੍ਰਹਮ ਗ੍ਯਾਨ ਜਿਨ ਤੇਜ ਬਿਲੰਦ[1]। — [1]ਬ੍ਰਹਮ-ਗ੍ਯਾਨ ਰੂਪੀ ਬੜਾ ਤੇਜ।
ਭਗਤਿ ਸੁ ਗਤਿ ਕੇ ਬਸੀ ਮੁਕੰਦ[1]। — [1]ਭਗਤੀ ਰੂਪੀ ਚਾਲ ਦੇ ਵਸੀ ਹਨ ਮੁਕਤੀ ਦਾਤੇ (ਗੁਰੂ ਜੀ)।
ਹਿੰਦੂ ਤੁਰਕਨਿ ਪੰਥ ਅਨੇਕ।
ਕਹੈਂ ਕਹਾਂ ਲਗਿ ਉਡਨਿ ਬਿਬੇਕ[1] ॥੨੫॥ — [1]ਤਾਰਿਆਂ ਵਤ ਹਨ ਭਾਰੀ (ਵਿਵੇਕ ਭਾਵ) ਗਿਣਤੀ ਕਿਥੋਂ ਤੱਕ ਕਰਾਂ।
ਗਨ ਕੋ ਚਮਤਕਾਰ ਛਪਿ ਗਯੋ[1]। — [1]ਸਭਨਾਂ ਦਾ ਚਮਤਕਾਰ ਛਪ ਗਿਆ।
ਗੁਰ ਪ੍ਰਤਾਪ ਸਭਿ ਊਪਰ[1] ਭਯੋ। — [1]ਸਾਰਿਆਂ ਦੇ ਉਤੋ ਦੀ।
ਪ੍ਰੇਮੀ ਸੰਤ ਮਹੰਤ ਅਨੰਤ।
ਇਹ ਪੰਕਜ ਜਿਤ ਕਿਤ ਬਿਕਸੰਤਿ[1] ॥੨੬॥ — [1]ਏਕ ਕਵਲ (ਵਤ) ਜਿਥੋਂ ਕਿੱਥੇ ਖਿੜ ਰਹੇ ਹਨ।
ਤੋਮ ਤੇਜ ਤੁਰਕੇਸ਼ ਤਮੀਪਤਿ[1]। — [1]ਨੁਰੰਗੇ ਦਾ ਸਾਰਾ ਤੇਜ ਚੰਦ ਸਮ ਹੈ।
ਫੀਕੋ, ਪਰ੍ਯੋ, ਪ੍ਰਕਾਸ਼ ਭਯੋ ਹਤਿ।
ਸ਼ਰ੍ਹਾ ਕੁਚਲਣੀ ਨਿਸ਼ਾ ਬਿਨਾਸ਼ੀ[1]। — [1]ਸ਼ਰ੍ਹਾ ਰੂਪੀ ਖੋਟੀ ਰਾਤ ਬੀਤ ਗਈ।
ਹਿੰਦੂ ਕੋਕ[1] ਪਾਇੰ ਸੁਖਰਾਸੀ ॥੨੭॥ — [1]ਹਿੰਦੂ ਰੂਪੀ ਚਕਵੇ।
ਸਹਿਤ ਮੁਲਾਨੇ ਨੌਰੰਗ ਚੋਰ[1]। — [1]ਮੁਲਾਣਿਆਂ ਸਮੇਤ ਚੋਰ ਨੁਰੰਗਾ।
ਛੀਨਤਿ ਧਰਮ ਦਰਬ ਕਰਿ ਜੋਰ[1]। — [1]ਧਰਮ ਰੂਪੀ ਧਨ ਜੋਰ ਕਰਕੇ ਖੋਂਹਦਾ ਸੀ।
ਸੋ ਲੱਜਤਿ ਦਬਕ੍ਯੋ[1] ਦੁਖ ਭਰ੍ਯੋ। — [1]ਸੋ ਸ਼ਰਮਿੰਦਾ ਹੋ ਕੇ ਦਬ ਗਿਆ।
ਦਿੱਲੀ ਪੁਰਿ ਤੇ ਕਾਢਨਿ ਕਰ੍ਯੋ ॥੨੮॥
ਪੀਰ ਚਕੋਰ ਭਏ ਅਨਮਨੇ[1]। — [1]ਉਦਾਸ ਹੋ ਗਏ।

ਕੁਮੁਦ ਤੁਰਕ[1] ਮੁਰਝਾਵਤਿ ਘਨੇ। [1]ਤੁਰਕਾਂ ਰੂਪੀ ਕਵੀਆਂ।
ਬਾਂਗ ਪੁਕਾਰੂ ਜੰਬੁਕ ਮੋਟੇ[1]। [1]ਮੁਲਾਣੇ ਮੋਟੇ ਗਿਦੜ।
ਦੁਰਨਿ ਲਗੇ ਜਿਤ ਕਿਤ ਚਿਤ ਖੋਟੇ ॥੨੯॥
ਕਾਜ਼ੀ ਪੇਚਕ[1] ਭੇ ਮਤਿ ਅੰਧੇ। [1]ਉਲੂ।
ਤੂਸ਼ਨਿ ਹੁਇ ਬੈਠੇ ਜਨੁ ਬੰਧੇ[1]। [1]ਮਾਨੋ ਬੰਨ੍ਹੇ ਹੋਏ ਸਨ।
ਤਮਚਰ[1] ਜਾਤਿ ਅਨਿਕ ਜੇ ਅਹੈਂ। [1]ਅਨ੍ਹੇਰੇ ਵਿਚ ਵਿਚਰਨ ਵਾਲੇ ਚਾਮ ਚੜਿੱਕਾਂ ਆਦਿ।
ਸੇ ਉਮਰਾਵ ਆਦਿ ਦੁਖ ਲਹੈਂ ॥੩੦॥
ਇਮ ਸੂਰਜ ਸ੍ਰੀ ਸਤਿਗੁਰ ਉਦੇ।
ਤਮ ਅੱਗਜਾਨ ਸਮੀਪ ਨ ਕਦੇ।
ਕਰਾਮਾਤ ਜੁਤਿ ਅਨਿਕ ਅਨੰਦੇ[1]। [1]ਕਰਾਮਾਤ ਸਹਿਤ ਸਿੱਖ ਅਨੇਕਾਂ ਅਨੰਦ ਹੋਏ।
ਨਾਨਾ ਬਰਨ ਖਿਰੇ ਅਰਬਿੰਦੇ[1] ॥੩੧॥ [1]ਇਹ ਕਈ ਰੰਗਾਂ ਦੇ ਕਵਲ ਖਿੜੇ ਹਨ।
ਗਨ ਜੱਗਜਾਸੀ ਭੌਰ ਲੁਭਾਏ।
ਮਹਿਦ ਪ੍ਰੇਮ ਮਕਰੰਦਹਿ ਪਾਏ।
ਸਿੱਖੀ ਬਹੁ ਸੁਗੰਧਤਾ ਭਈ।
ਸਗਰੇ ਜਗਤ ਪਸਰ ਕਰਿ ਗਈ ॥੩੨॥
ਸੱਤਿਨਾਮ ਸਿਮਰਨ ਸ਼ੁਭ ਸਾਰ।
ਜਹਿਂ ਕਹਿਂ ਭਯੋ ਪ੍ਰਕਾਸ਼ ਉਦਾਰ।
ਜਿਸ ਕੋ ਪਾਇ ਸੁਖੀ ਜਗ ਭਯੋ।
ਸਭਿ ਮਹਿਂ ਸੁਜਸੁ ਗੁਰਨਿ ਕੋ ਥਿਯੋ ॥੩੩॥
ਕਹਯੋ ਗ੍ਰਿੰਥ ਗੁਰ ਕੀਰਤਿ ਕੇਰੋ।
ਪਠਨ ਸ਼੍ਰਵਨ ਫਲ ਪਾਇ ਬਡੇਰੋ।
ਸ਼੍ਰੀ ਸਤਿਗੁਰੁ ਕੇ ਅਨਿਕ ਬਿਲਾਸਾ।
ਗੁਪਤ ਬਿਦਤ ਸਭਿ ਹੋਹਿਂ ਪ੍ਰਕਾਸ਼ਾ ॥੩੪॥
ਅਜਰ ਜਰਨ ਆਦਿਕ ਗੁਨ ਘਨੇ।
ਸਭਿ ਕੋ ਜਾਨਹਿਂ, ਬਹੁ ਬਿਧਿ ਭਨੇ।
ਸੁਨਹਿ ਅਸੁਤ, ਸੁਤ ਕੋ ਚਿਤ ਬਾਂਛੇ[1]। [1]ਪੁੱਤ੍ਰ ਰਹਤ (ਪੁਰਸ਼) ਪੁੱਤ੍ਰ ਦੀ ਇੱਛਾ ਕਰਕੇ ਸੁਣੇ।
ਪ੍ਰਾਪਤ ਹੋਇ ਸਹਿਤ ਗੁਨ ਆਛੇ[1] ॥੩੫॥ [1]ਪੁੱਤ੍ਰ) ਚੰਗੇ ਗੁਣਾਂ ਵਾਲਾ।
ਸੁਨਹਿ ਦਾਰਿਦੀ ਧਨ ਕੋ ਪਾਵੈ।

ਸਤਿਗੁਰ ਮਹਿਂ ਸ਼ਰਧਾ ਬਿਰਧਾਵੈ।
ਜੁਗ ਲੋਕਨਿ ਕੱਲਜਾਨ ਉਪਾਵੈ।
ਸਿੱਖੀ ਕੀ ਬਿਧਿ ਉਰ ਉਪਜਾਵੈ ॥੩੬॥
ਕਲਮਲ ਬਿਨਸਹਿਂ ਨਾਮ ਸੁਧਜਾਵਨ।
ਸਨੇ ਸਨੇ ਹ੍ਵੈ ਹੈ ਮਨ ਪਾਵਨ।
ਭਗਤਿ ਵਿਰਾਗ ਰਿਦੇ ਉਪਜੰਤਿ।
ਸਤਿ ਸੰਗਤਿ ਮਿਲ ਹ੍ਵੈ ਹੈ ਸੰਤ ॥੩੭॥
ਮੋ ਮਹਿਂ ਸ਼ਕਤਿ ਨ ਹੁਤੀ ਬਿਸਾਲਾ।
ਵਧਤਿ ਲਾਲਸਾ ਰਹੀ ਸੁ ਚਾਲਾ[1]। — [1]ਲਾਲਸਾ ਦੀ ਸ਼੍ਰੇਸ਼ਟ ਚਾਲ ਵਧਦੀ ਰਹੀ।
ਅਪਨੀ ਕਥਾ ਆਪ ਬਨਿਵਾਈ[1]। — [1]ਗੁਰੂ ਜੀ ਨੇ) ਆਪ ਬਨਵਾਈ।
ਦਾਸ ਜਾਨਿ ਮੁਝ ਦਈ ਬਡਾਈ ॥੩੮॥
ਸੁਰਸਰਿ ਸਮ ਗੁਰ ਕੀਰਤਿ ਪਾਵਨ।
ਜਿਸ ਕੇ ਮਿਲੇ ਪਾਪ ਗਨ ਜਾਵਨਿ।
ਨਿੰਦਕ ਮੂਰਖ ਮਤਸਰ ਧਾਰੀ।
ਰਾਸ਼ਭ, ਮਹਿਖ, ਕੋਲ ਸਮ ਭਾਰੀ[1] ॥੩੯॥ — [1]ਗਧੇ, ਮੱਝੀਆਂ, ਸੂਰਾਂ ਵਰਗੇ ਭਾਰੀ (ਮੂਰਖ ਹਨ ਓਹ)।
ਖੌਰੂ ਪਾਇ ਕੁਬਚ ਕੋ ਭਾਖੈਂ।
ਦੂਖਤਿ ਕਰਨਿ ਗਾਂਦਲੀ ਕਾਖੈਂ[1]। — [1]ਕੀਰਤੀ ਨੂੰ ਦੁਖਿਤ ਕਰਨਾ (ਏਹ ਕਥਾ ਰੂਪੀ ਗੰਗਾ ਨੂੰ) ਗੰਧਲੀ ਕਰਨਾ ਚਾਹੁੰਦੇ ਹਨ।
ਸੋ ਝਖ ਮਾਰਤਿ ਰਹੈਂ ਕੁਪੱਤੇ।
ਬਿਗਰਹਿ ਨਹਿਂ ਕਬਹੂੰ ਰਸ ਅੱਤੇ[1] ॥੪੦॥ — [1]ਪਰ ਅਤਿ ਰਸ (ਵਾਲੀ ਕਥਾ) ਨਹੀਂ ਵਿਗੜੇਗੀ ਭਾਵ ਮੈਂ ਨਹੀਂ ਵਿਗੜਨ ਦਿਆਂਗਾ। (ਅ) ਪਰੰਤੂ ਅਤਯੰਤ ਰਸ ਵਾਲੇ (ਪ੍ਰੇਮੀ) ਕਦੇ ਵੀ ਨਹੀਂ ਵਿਗੜਦੇ (ਭਾਵੇਂ ਇਰਖਾਲੂ ਝਖ ਮਾਰਦੇ ਰਹਿਣ)।
ਸਾਰਦ ਚੰਦ ਬਦਨ ਬਰ ਸਾਰਦ[1]। — [1]ਸਰਦ ਰੁਤ ਦੇ ਚੰਦ ਵਰਗਾ ਸ਼੍ਰੇਸ਼ਟ ਤੇ ਉੱਜਲ ਮੁਖ ਹੈ (ਜਿਸ ਸ਼ਾਰਦਾ ਦਾ)।
ਬੰਦੌਂ ਪਰ ਅਰਬਿੰਦਨਿ ਸਾਰਦ[1]। — [1]ਤਿਸ) ਸਰਸ੍ਵਤੀ ਦੇ।
ਪਾਰਬ੍ਰਹਮ ਸਤਿਗੁਰ ਦਸ ਧਜਾਇ।
ਬੰਦੌਂ ਬਾਰਿ ਬਾਰਿ ਸਿਰ ਨਜਾਇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ ਕਵਿ ਸੰਤੋਖ ਸਿੰਘ ਬ੍ਰਿਚਤਾਯਾਂ ਭਾਖਾਯਾਂ ਨਵਮ ਗੁਰੂ 'ਸ੍ਰੀ ਤੇਗ ਬਹਾਦਰ ਪ੍ਰਸੰਗ' ਬਰਨਨੰ ਨਾਮ ਅਸ਼ਟ ਸ਼ਸ਼ਟੀ ਅੰਸੂ ॥੬੮॥

ਇਤਿ ਦ੍ਵਾਦਸ਼ ਰਾਸ਼ਿ ਸਮਾਪਤੰ ਮਸਤ ਸ਼ੁਭ ਮਸਤ ॥

[ਬਾਰ੍ਹਵੀਂ ਰਾਸ਼ਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਪਹਿਲੀ Rut 1

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: www.ik13.com Email rarasahib@yahoo.com
Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)


## ਸੰਖੇਪ ਲਿੰਕ

## ਤਤਕਰਾ ਰੁਤਿ ਪਹਿਲੀ

## ਰੁਤਿ ਪਹਿਲੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

੨੧ ਜਨਵਰੀ ੨੦੦੫
ਰੰਧਾਵਾ

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰੁਤਿ ਪਹਿਲੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਪਹਿਲੀ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਤਤਕਰਾ ਰੁਤਿ ਪਹਿਲੀ


੧ ਪਹਿਲੀ ਰੁਤਿ

ਅਥ ਰੁਤ ਪ੍ਰਥਮ ਸ੍ਰੀ ਕਲਗ਼ੀਧਰ ਪ੍ਰਬੰਧ ਕਥਨੰ।

੧. [ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ]

੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ

੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਵਿੰਦ ਜੀ-ਮੰਗਲ।

੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ-ਮੰਗਲ।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੧੧. ਇਸ਼੍ਰ ਗੁਰੂ-ਸ਼੍ਰੀ ਗੁਰ ਤੇਗ ਬਹਾਦਰ ਜੀ-ਮੰਗਲ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

੧੩. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

[ਰਾਸਾਂ ਰੁਤਾਂ ਤੇ ਐਨਾਂ ਦਾ ਵੇਰਦਾ ਦੱਸਦੇ ਹਨ]

[ਚਰਿੱਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ]

[ਸਤਿਗੁਰਾਂ ਦੀ ਕਥਾ ਦਾ ਰੂਪਕ]

[ਭੁੱਲ ਚੁੱਕ ਦੀ ਮਾਫੀ]

[ਨਾਮ ਪ੍ਰੇਮੀ ਗੁਰਸਿੱਖਾਂ ਅੱਗੇ ਅਰਦਾਸ]

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਮਸਕਾਰਾਤਮਕ ਮੰਗਲ]

[ਉਸਤਾਦ ਪਿਤਾ ਤੇ ਮਾਤਾ ਨੂੰ ਨਮਸਕਾਰ]

[ਕਥਾ ਦਾ ਮਹਾਤਮ]

੨ ੨. [ਸੀਸ ਕੀਰਤਪੁਰ ਲਿਆਉਣਾ]

੩ ੩. [ਸੀਸ ਸਸਕਾਰ ਅਨੰਦ ਪੁਰ]

੪ ੪. [ਜੱਗਜ ਕੀਤਾ]

੫ ੫. [ਦਸਤਾਰ ਬੰਦੀ]

੬ ੬. [ਸੰਗਤਾਂ ਦਾ ਆਉਣਾ]

੭ ੭. [ਦਿੱਲੀ ਵਾਲੇ ਸਿੱਖਾਂ ਨਾਲ ਬਚਨ]

੮ ੮. [ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ]

੯ ੯. [ਸਤਿਗੁਰੂ ਜੀ ਦੀ ਸਗਾਈ]

੧੦ ੧੦. [ਗੁਰੂ ਕਾ ਲਾਹੌਰ ਵੱਸਣਾ]

੧੧ ੧੧. [ਵਜਾਹ ਪ੍ਰਸੰਗ]

| | |
|---|---|
| ੧੨ | ੧੨. [ਬਰਾਤ ਦੀ ਚੜ੍ਹਾਈ] |
| ੧੩ | ੧੩. [ਬਰਾਤ ਦਾ ਢੁਕਾਉ] |
| ੧੪ | ੧੪. [ਬਰਾਤ ਗੁਰੂ ਕੇ ਲਾਹੌਰ] |
| ੧੫ | ੧੫. [ਬਰਛੇ ਨਾਲ ਚਸ਼ਮਾ ਚਲਾਉਣਾ] |
| ੧੬ | ੧੬. [ਬਰਾਤ ਵਾਪਸ। ਚੋਰੀ ਹੋ ਗਈ ਥੈਲੀ ਦੱਸੀ] |
| ੧੭ | ੧੭. [ਮੇਲਾ ਵਿਦਾ। ਸਤਲੁਜ ਵਿਚ ਤਰਨਾ, ਗੁਲਾਬ ਰਾਇ] |
| ੧੮ | ੧੮. [ਸਿੱਖ ਰੀਛ] |
| ੧੯ | ੧੯. [ਗੁਰੂ ਜੀ ਦੀ ਵੀਰ ਰਸੀ ਨਿੱਤ ਕ੍ਰਿਯਾ] |
| ੨੦ | ੨੦. [ਤੰਬੂ ਕਾਬਲੋਂ ਬਣਵਾਇਆ। ਦੂਜਾ ਵਿਵਾਹ] |
| ੨੧ | ੨੧. [ਰਤਨ ਰਾਇ ਦੀ ਦਰਸ਼ਨਾ ਲਈ ਤਯਾਰੀ] |
| ੨੨ | ੨੨. [ਰਤਨ ਰਾਇ ਗੁਰੂ ਜੀ ਦੇ ਹਜ਼ੂਰ] |
| ੨੩ | ੨੩. [ਰਤਨ ਰਾਇ ਦੀਆਂ ਉਪਹਾਰਾਂ] |
| ੨੪ | ੨੪. [ਰਣਜੀਤ ਨਗਾਰਾ ਬਣਵਾਉਣਾ] |
| ੨੫ | ੨੫. [ਘਰ ਵਿਚ ਵਿਚਾਰ। ਰਣਜੀਤ ਨਗਾਰਾ] |
| ੨੬ | ੨੬. [ਰਣਜੀਤ ਨਗਾਰਾ ਵੱਜਣਾ] |
| ੨੭ | ੨੭. [ਭੀਮਚੰਦ ਦਾ ਵਜ਼ੀਰ ਆਯਾ] |
| ੨੮ | ੨੮. [ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ] |
| ੨੯ | ੨੯. [ਭੀਮਚੰਦ ਨੂੰ ਪ੍ਰਸਾਦੀ ਹਾਥੀ ਤੇ ਤੰਬੂ ਦਿਖਾਯਾ] |
| ੩੦ | ੩੦. [ਭੀਮਚੰਦ ਵਿਦਾ। ਸ਼ਸਤ੍ਰ ਵਿੱਦਯਾ ਅੱਭਯਾਸ] |
| ੩੧ | ੩੧. [ਭੀਮਚੰਦ ਦਾ ਦੂਤ ਹਾਥੀ ਮੰਗਣ ਆਯਾ] |
| ੩੨ | ੩੨. [ਵਕੀਲ ਵਾਪਸ ਗਿਆ] |
| ੩੩ | ੩੩. [ਭੀਮ ਚੰਦ ਦੀ ਸਲਾਹ] |
| ੩੪ | ੩੪. [ਕੁਟਵਾਰ ਦਾ ਆਉਣਾ] |
| ੩੫ | ੩੫. [ਕੁਟਵਾਲ ਨੇ ਆ ਕੇ ਗੁਰੂ ਜੀ ਦਾ ਜਸ ਕੀਤਾ] |
| ੩੬ | ੩੬. [ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ] |
| ੩੭ | ੩੭. [ਨੰਦਚੰਦ ਨੂੰ ਦਿਵਾਨ ਦਾ ਰੁਤਬਾ। ਬਨ ਵਿਚ ਵਿਚਰਨਾ] |
| ੩੮ | ੩੮. [ਕ੍ਰਿਪਾਲ ਕਟੋਚੀਏ ਦੀ ਗੁਰੂ ਜੀ ਤੇ ਭੀਮਚੰਦ ਵੱਲ ਚਿਠੀ] |
| ੩੯ | ੩੯. [ਕੇਸਰੀ ਚੰਦ ਤੇ ਪੰਮਾ ਅਨੰਦਪੁਰ ਆਏ] |
| ੪੦ | ੪੦. [ਕੇਸਰੀ ਚੰਦ ਤੇ ਪੰਮੇ ਦਾ ਨਿਰਾਦਰ] |
| ੪੧ | ੪੧. [ਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ] |
| ੪੨ | ੪੨. [ਮਾਤਾ ਜੀ ਨੂੰ ਸਮਝਾਉਣਾ] |
| ੪੩ | ੪੩. [ਨਾਹਣ ਦੇ ਰਾਜੇ ਦਾ ਵਜ਼ੀਰ ਆਇਆ] |
| ੪੪ | ੪੪. [ਨਾਹਣ ਵਲ ਟੁਰਨਾ] |
| ੪੫ | ੪੫. [ਕੀਰਤ ਪੁਰ ਹੋਕੇ ਨਾਹਣ ਪ੍ਰਵੇਸ਼] |

| | |
|---|---|
| ੪੬ | ੪੬. [ਜਮਨਾ ਦੇ ਕੰਢੇ ਥਾਂ ਪਸੰਦ ਕਰਨੀ] |
| ੪੭ | ੪੭. [ਪਾਂਵਟਾ ਰਚਿਆ] |
| ੪੮ | ੪੮. [ਨੰਦ ਚੰਦ ਤੇ ਦਯਾਰਾਮ ਰਾਮ ਰਾਇ ਪਾਸ ਗਏ] |
| ੪੯ | ੪੯. [ਬੁੱਧੂ ਸ਼ਾਹ। ਫਤੇਸ਼ਾਹ ਮਿਲਿਆ] |
| ੫੦ | ੫੦. [ਫਤੇਸ਼ਾਹ ਤੇ ਨਾਹਣੇਸ਼ ਦਾ ਮੇਲ ਕਰਾਇਆ। ਸ਼ੇਰ ਸ਼ਿਕਾਰ] |
| ੫੧ | ੫੧. [ਸ਼ੇਰ ਮਾਰਿਆ, ਬੁੱਧੂ ਸ਼ਾਹ ਵਿਦਾ ਹੋਯਾ] |

# ਪਹਿਲੀ ਰਿਤੁ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਰਥਾਂ ਲਈ ਦੇਖੋ ਰਾਸ ੩ ਦੇ ਆਦਿ ਵਿੱਚ।

ਸ੍ਰੀ ਭਗਵਤੀ ਜੀ ਸਹਾਇ ॥

ਭਗਵਤੀ = ਭਗਉਤੀ = ਤਲਵਾਰ ਦਾ ਨਾਮ ਹੈ, ਯਥਾ: 'ਲਈ ਭਗਉਤੀ ਦੁਰਗਸਾਹ।'

(ਅ) ਵਾਹਿਗੁਰੂ ਜੀ ਦਾ ਤੇਜ। ਯਥਾ: ਪ੍ਰਿਥਮ ਕਾਲ ਸਭ ਜਗ ਕੋ ਤਾਤਾ ॥ ਤਾਂ ਤੇ ਭਯੋ ਤੇਜ ਬਿਖਯਾਤਾ ॥ ਸੋਈ ਭਵਾਨੀ ਨਾਮ ਕਹਾਈ।'

(ੲ) ਵਾਹਿਗੁਰੂ ਵਿੱਚ ਲਿੰਗ ਭੇਦ ਨਹੀਂ, ਇਸ ਕਰਕੇ ਭਗਵਤ, ਭਗਵਤੀ ਉਸੇ ਦੇ ਨਾਮ ਹਨ।

ਅਰਥ:

ਸ੍ਰੀ ਸਾਹਿਬ ਜੀ ਸਹਾਇ।

ਸੂਚਨਾ:

ਸ਼ਾਰਦਾ ਦਾ ਮੰਗਲ ਅਗੇ ਅੰਕ ੨ ਵਿੱਚ ਕਰਦੇ ਹਨ ਇਸ ਕਰਕੇ ਏਥੇ ਮੁਰਾਦ ਤਲਵਾਰ ਤੋਂ ਹੀ ਜਾਪਦੀ ਹੈ।

## ਅਥ ਰੁਤ ਪ੍ਰਥਮ ਸ੍ਰੀ ਕਲ਼ਗੀਧਰ ਪ੍ਰਬੰਧ ਕਥਨੰ।

{ਪ੍ਰਬੰਧ = ਸਾਹਿਤਕ ਰਚਨਾ, ਖਾਸਕਰ ਕਾਵ੍ਯ ਰਚਨਾ। ਕਾਵ੍ਯ ਨਿਬੰਧ। }

ਅਰਥ:

ਹੁਣ ਸ੍ਰੀ (ਸਤਿਗੁਰੂ ਸਾਹਿਬ ਗੁਰੂ ਗੋਵਿੰਦ ਸਿੰਘ ਜੀ) ਕਲਗੀਧਰ (ਮਹਾਰਾਜ ਦੇ ਇਤਿਹਾਸ ਦਾ) ਕਾਵ੍ਯ ਨਿਬੰਧ ਪ੍ਰਥਮ ਰੁਤ ਵਿਚ ਕਥਨ ਕਰਦਾ ਹਾਂ।

### ੧. [ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

ਦੋਹਰਾ:

**ਤੀਨੋ ਕਾਲ ਅਲਿਪਤ ਰਹਿ, ਖੋਜੈਂ ਜਾਂਹਿ ਪ੍ਰਬੀਨ।**

ਅਲਿਪਤ = ਅਸੰਗ। ਜੋ ਲਿਪਾਯਮਾਨ ਨਾ ਹੋਵੇ, ਨਿਰਲੇਪ। ਪ੍ਰਬੀਨ = ਚਤੁਰ ਪੁਰਸ਼, ਲਾਇਕ।

**ਬੀਨਤਿ ਸਚਿਦਾਨੰਦ ਤ੍ਰੈ, ਜਾਨਹਿਂ ਮਰਮ ਰਤੀ ਨ ॥੧॥**

ਬੀਨਤਿ = ਵਿੱਤ੍ਰੇਕ ਕਰਦੇ ਹਨ। ਇਹ ਨਹੀਂ, ਇਹ ਹੈ, ਇਉਂ ਵਿਚਾਰ ਦੁਆਰਾ ਉਸਦੇ ਸਰੂਪ ਲੱਛਣਾਂ ਨੂੰ ਛਾਂਟ ਲੈਂਦੇ ਹਨ, ਭਾਵ ਜਾਣ ਲੈਂਦੇ ਹਨ। ਮਰਮ = ਭੇਤ।

ਅਰਥ:

ਜਿਸ ਨੂੰ ਪ੍ਰਬੀਨ ਲੋਕ ਖੋਜਦੇ ਹਨ (ਪਰ ਓਹ) ਤਿੰਨਾਂ ਕਾਲਾਂ ਵਿਚ ਅਲਿਪਤ ਰਹਿੰਦਾ ਹੈ, (ਹਾਂ ਪ੍ਰਬੀਨ ਉਸ ਨੂੰ) ਸਤ ਚਿਤ ਆਨੰਦ ਤ੍ਰੈ ਪਦਾਂ ਦਾ ਲਕਸ਼ (ਤਾਂ) ਵਿੱਤ੍ਰੇਕ ਕਰ ਲੈਂਦੇ ਹਨ, (ਪਰ ਉਸ ਦਾ) ਭੇਦ ਰਤੀ ਭਰ ਨਹੀਂ ਜਾਣਦੇ।

ਭਾਵ:

ਪ੍ਰਬੀਨਾਂ ਦੀ ਖੋਜ ਮਨ ਬੁੱਧੀ ਨਾਲ ਹੁੰਦੀ ਹੈ ਵਾਹਿਗੁਰੂ ਮਨ ਬੁੱਧੀ ਤੋਂ ਪਰੈ ਹੈ, ਵਿਕਾਰ ਤੋਂ ਅਲੇਪ ਹੈ ਇਸ ਕਰਕੇ ਓਹ ਐਸੇ ਸਰੂਪ ਵਾਲਾ ਨਹੀਂ ਜੋ ਮਨ ਬੁੱਧੀ ਦਾ ਵਿਸ਼ਾ ਹੋ ਸਕੇ, ਸੋ ਪ੍ਰਬੀਨਾਂ ਦੀ ਖੋਜ ਉਸ ਨੂੰ ਪਾ ਨਹੀਂ ਸਕਦੀ। ਹਾਂ, ਪ੍ਰਬੀਨਾਂ ਨੇ ਐਉਂ ਬੀਨ ਬੀਨ ਕੇ ਕਿ ਓਹ ਆਹ ਬੀ ਨਹੀਂ ਆਹ ਬੀ ਨਹੀਂ, ਕਰਦਿਆਂ ਇਥੇ ਆ ਗਏ ਹਨ ਕਿ ਉਹ 'ਸਤਿ ਚਿਤ ਆਨੰਦ' ਪਦਾਂ ਦਾ ਲਕਸ਼ੑ ਹੈ, ਕਿਉਂਕਿ ਇਹ ਸਰੂਪ ਜੋ ਜਾਣਦਾ ਹੈ ਸੋ ਦੇਸ਼ ਕਾਲ ਤੋਂ ਪਰੇ, ਇੱਛਾ, ਵਿਕਾਰ, ਲਿਪਾਇਮਾਨਤਾ ਤੋਂ ਖਾਲੀ ਸ਼ੁੱਧ ਸਰੂਪ

ਉਸ ਦਾ ਸਹੀ ਹੁੰਦਾ ਹੈ। ਇਉਂ ਸਹੀ ਤਾਂ ਕਰ ਲਿਆ ਪਰ ਉਸ ਦੇ ਭੇਤ ਦਾ ਪਤਾ ਨਾ ਲੱਗਾ, ਕਿਉਂਕਿ ਭੇਤ ਲੈਣ ਵਾਲੀ ਮਨ ਬੁੱਧੀ ਤਾਂ ਓਥੇ ਅੱਪੜਦੀ ਨਹੀਂ। ਮਨ ਬੁੱਧੀ ਦੇਸ਼ ਕਾਲ ਵਿਚ ਹਨ ਤੇ ਓਹ ਅਦੇਸ਼ ਅਕਾਲ ਹੈ।

ਤਾਰ ਤਮਹਿ ਰਮ ਇਕ ਸਮਹਿ, ਪਾਰਬ੍ਰਹਮ ਬਿਸਤਾਰ।

ਤਾਰ ਤਮਹਿ = ਛੋਟੇ ਵੱਡਿਆਂ ਵਿੱਚ। ਇਕ ਸਮਹਿ = ਇਕੋ ਜੇਹਾ। ਬਿਸਤਾਰ = ਵਿਸਤਾਰ, ਫੈਲਾਉ। (ਅ) ਬਿਸ ਤਾਰ = ਵਿੱਸ ਉਤਾਰਕੇ।

ਤਾਰਤਿ ਗੁਰੁ ਜਨਾਇ ਜਿਸ, ਮੋਹ ਬਿਸ਼ਯ ਬਿਸਤਾਰ ॥੨॥

ਅਰਥ:

(ਉਹ) ਪਾਰਬ੍ਰਹਮ (ਜਗਤ ਰੂਪੀ ਵਿਸਥਾਰ = ) ਫੈਲਾਉ ਕਰਕੇ ਛੋਟਿਆਂ ਵੱਡਿਆਂ ਵਿਚ ਇਕੋ ਜਿਹਾ ਵਿਆਪ ਰਿਹਾ ਹੈ। ਜਿਸ ਕਿਸੇ ਨੂੰ ਗੁਰੂ ਜੀ (ਇਹ ਪਾਰਬ੍ਰਹਮ) ਜਣਾ ਦਿੰਦੇ ਹਨ ਉਸ ਨੂੰ ਮੋਹ ਤੇ ਵਿਸ਼ਿਆਂ ਦੇ (ਸਮੁੰਦਰ ਵਰਗੇ) ਫੈਲਾਉ ਤੋਂ ਤਾਰ ਦਿੰਦੇ ਹਨ।

ਹੋਰ ਅਰਥ:

੨. ਜਿਸ ਨੂੰ ਗੁਰੂ ਜੀ (ਪਾਰਬ੍ਰਹਮ) ਜਣਾ ਦੇਂਦੇ ਹਨ ਉਸ ਦੇ ਮੋਹ ਤੇ ਵਿਸ਼ਿਆਂ ਦੀ ਵਿੱਸ ਉਤਾਰ ਕੇ (ਉਸ ਨੂੰ) ਪਾਰ ਕਰ ਦੇਂਦੇ ਹਨ।

ਭਾਵ:

ਜੋ ਅਲਿਪਤ ਹੈ, ਜਿਸ ਦਾ ਭੇਦ ਪਤਾ ਨਹੀਂ, ਜੋ ਸਤ ਚਿਤ ਆਨੰਦ ਪਦ ਦਾ ਲੱਖ ਹੈ, ਇੰਨਾ ਅਸੰਗ ਹੋਕੇ ਜੋ ਫੇਰ ਜਗਤ ਵਿਚ ਰਮ ਰਿਹਾ ਹੈ, ਗੁਰੂ ਵਿਚ ਸ਼ਕਤੀ ਹੈ ਕਿ ਜਿਸ ਨੂੰ ਚਾਹੇ ਉਪਰ ਕਿਹਾ ਪਰਮਾਤਮਾ ਜਣਾ ਦੇਵੇ, ਐਸਾ ਪੁਰਖ ਫਿਰ ਵਿਸ਼ਜਾਂ ਤੋਂ ਛੁੱਟਕੇ ਸਦ ਗਤੀ ਨੂੰ ਪਹੁੰਚਦਾ ਹੈ।

## ੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

ਸੈਯਾ:

ਸਾਰਦ ਬਾਰਦ ਕੀ ਬਰਿ ਭਾ ਰਦ,
ਪਾਰਦ ਨਾਰਦ ਰੰਗ ਬਿਸਾਰਦ।
ਸਾਰਦ ਚੰਦ੍ਰ ਮੁਖੀ ਦੁਤਿ ਸੁੰਦਰ,
ਸ੍ਰੀ ਗੁਨ ਸੁੰਦਰ ਬੁਧਿ ਉਦਾਰਦ।
ਦਾਰਿਦ ਦੁੰਦ ਬਿਲੰਦ ਨਿਕੰਦ
ਅਨੰਦ ਅਦਾਰਿਦ ਦੀਹ ਬਿਚਾਰਦ।
ਚਾਰੁ ਦਯਾ ਨਿਧਿ ਕੇ ਪਗ ਪੰਕਜ
ਬੰਦਨ ਨਾਮ ਜਪੌਂ ਬਰ ਸ਼ਾਰਦ ॥੩॥

ਸਾਰਦ ਬਾਰਦ = ਸਰਦ ਰੁੱਤ ਦੇ ਬੱਦਲ। ਭਾਰਦ = ਭਾ ਰਦ = ਸ਼ੋਭਾ।
ਮਾਤ (ਕਰਨ ਵਾਲਾ) (ਅ) ਦੰਦਾਂ ਦੀ ਸ਼ੋਭਾ।
ਬਿਸਾਰਦ = ਚਤੁਰ, ਪ੍ਰਸਿੱਧ, ਸ੍ਰੇਸ਼ਟ। ਸਾਰਦ ਚੰਦ੍ਰ ਮੁਖੀ = ਸਰਦ ਰੁਤ
ਦੇ ਚੰਦ੍ਰਮਾ ਵਰਗੇ ਮੁੱਖ ਵਾਲੀ। ਬੁੱਧਿ ਉਦਾਰਦ =
ਉਦਾਰ ਸੁੱਧੀ ਦੀ ਦਾਤੀ [ਉਦਾਰ+ਦ]। ਦਾਰਿਦ = ਦਰਿੱਦ੍ਰ।
ਦੁੰਦ = ਦੁੱਖ। ਅਦਾਰਿਦ = ਦਰਿਦ੍ਰ ਰਹਿਤ ਦਸ਼ਾ। ਸੰਪਦਾ ਵਾਲੀ ਹਾਲਤ,
ਖੁਸ਼ਹਾਲੀ। [ਅ+ਦਾਰਿਦ]। ਦੀਹਿ ਬਿਚਾਰਦ = ਡੂੰਘੀ
ਵਿਚਾਰ ਦੀ ਦਾਤੀ। [ਬਿਚਾਰ+ਦ]। ਸਾਰਦ = ਸਰਸ੍ਵਤੀ।

ਅਰਥ:

ਸਰਦ ਰੁੱਤ ਦੇ ਬੱਦਲ। † ਦੀ ਸ਼ੋਭਾ ਨੂੰ ਮਾਤ ਕਰਨ ਵਾਲਾ, ਪਾਰੇ ਤੇ ਨਾਰਦ (ਵਰਗਾ) ਪ੍ਰਸਿੱਧ (ਉੱਜਲ) ਹੈ ਰੰਗ ਜਿਸਦਾ (ਤੇ) ਸਰਦ ਰੁੱਤ ਦੇ ਚੰਦ੍ਰਮਾਂ (ਵਰਗੀ) ਜਿਸ ਦੇ ਸੁੰਦਰ ਮੁਖ ਦੀ ਸ਼ੋਭਾ ਹੈ, ਜੋ ਸ੍ਰੇਸ਼ਟ ਤੇ ਸੁੰਦਰ ਗੁਣਾਂ ਵਾਲੀ ਉਦਾਰ ਬੁੱਧੀ ਦੀ ਦਾਤੀ ਹੈ, (ਜੋ) ਵੱਡੇ (ਵੱਡੇ) ਦਲਿੱਦ੍ਰਾਂ ਤੇ ਦੁਖਾਂ ਦਾ ਨਾਸ਼ ਕਰਕੇ ਅਨੰਦ ਖੁਸ਼ਹਾਲੀ ਤੇ ਡੂੰਘੀ ਵਿਚਾਰ ਦੀ ਦਾਤੀ ਹੈ। (ਐਸੀ) ਦਯਾ ਦੀ ਸਮੁੰਦਰ (ਸ਼ਾਰਦਾ) ਦੇ ਸੁਹਣੇ ਚਰਨ ਕਵਲਾਂ ਤੇ ਨਮਸਕਾਰ ਕਰਕੇ (ਉਸਦਾ) ਸ੍ਰੇਸ਼ਟ ਨਾਮ 'ਸਾਰਦਾ' ਉਚਾਰਦਾ ਹਾਂ। (ਭਾਵ, ਹੇ ਸਾਰਦਾ ਮੈਨੂੰ ਭੀ ਅਨੰਦ, ਖੁਸ਼ਹਾਲੀ ਤੇ ਡੂੰਘੀ ਵਿਚਾਰ ਦਿਓ)।

। †ਸਰਦ ਰੁਤ ਦਾ ਬੱਦਲ ਅਕਸਰ ਚਿੱਟਾ ਹੁੰਦਾ ਹੈ।

### ੩. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਚਿੱਤ੍ਰਪਦਾ ਛੰਦ:

ਮਾਰ ਮਨਿੰਦ ਬਿਕਾਰਨਿ ਬ੍ਰਿੰਦ, ਬਿਲੰਦ ਖਗਿੰਦ ਬਲੀ ਸਮ ਮਾਰਿ।
ਮਾਰ, ਹੰਕਾਰਹਿਂ, ਕ੍ਰੋਧਹਿਂ, ਲੋਭਹਿਂ, ਮੋਹ ਸ ਮੂਲਹਿਂ ਦੇਤਿ ਉਪਾਰਿ।
ਪਾਰ ਕਰੇ ਨਿਜ ਸੇਵਕ ਕੇ ਗਨ, ਦੇ ਧਨ ਕੋ ਸਤਿਨਾਮ, ਉਦਾਰ।
ਦਾਰੁਨ ਦੂਤ ਤਜੈਂ ਸੁਨਿ ਨਾਮ, ਨਮੋ ਗੁਰ ਨਾਨਕ ਕਾਲੁ ਕੁਮਾਰ ॥੪॥

ਮਾਰ ਮਨਿੰਦ = ਸਰਪਾਂ ਵਰਗੇ। ਸਰਪਾਂ ਰੂਪੀ। ਖਗਿੰਦ = ਗਰੁੜ।
ਮਾਰਿ = ਮਾਰ ਦਿੰਦੇ ਹਨ। ਮਾਰ = ਕਾਮ। ਸਮੂਲਹਿਂ ਮੁੱਢੋਂ ਹੀ।
ਦੇਤਿ ਉਪਾਰਿ = ਉਖਾੜ ਦਿੰਦੇ ਹਨ। ਪੁੱਟਦੇ ਹਨ।
ਕਾਲੁ ਕੁਮਾਰ = ਕਾਲੂ+ਕੁਮਾਰ = (ਬਾਬਾ) ਕਾਲੂ ਜੀ ਦੇ ਸਪੁੱਤ੍ਰ। (ਅ) ਕਾਲ+ ਕੁ+ਮਾਰ = ਕਾਲ ਨੂੰ ਮਾਰ ਦੇਣ ਵਾਲੇ।

ਅਰਥ:

(ਜੋ) ਸਾਰੇ ਵਿਕਾਰਾਂ ਰੂਪੀ ਸਰਪਾਂ ਨੂੰ ਵੱਡੇ ਬਲੀ ਗਰੁੜ ਵਤ ਮਾਰ ਦਿੰਦੇ ਹਨ ਤੇ ਕਾਮ ਨੂੰ, ਹੰਕਾਰ ਨੂੰ, ਕ੍ਰੋਧ ਨੂੰ, ਲੋਭ ਨੂੰ, ਮੋਹ ਨੂੰ ਜੜ੍ਹਾਂ ਤੋਂ ਹੀ ਪੁੱਟ ਸੁਟਦੇ ਹਨ। (ਅਤੇ ਜੋ ਐਸੇ) ਉਦਾਰ ਹਨ ਕਿ (ਉਨ੍ਹਾਂ ਨੇ) ਆਪਣੇ ਸੇਵਕਾਂ ਦੇ ਪੁੰਜ ਹੀ ਸਤਿਨਾਮ (ਰੂਪੀ) ਧਨ ਦੇਕੇ (ਭੈਸਾਗਰ ਤੋਂ) ਪਾਰ ਕਰ ਦਿੱਤੇ। (ਤੇ) ਜਿਨ੍ਹਾਂ ਦਾ ਨਾਮ ਸੁਣਕੇ ਭਯਾਨਕ (ਜਮ ਦੇ) ਦੂਤ ਛੱਡ ਜਾਂਦੇ ਹਨ (ਐਸੇ ਸ੍ਰੀ) ਗੁਰੂ ਨਾਨਕ ਦੇਵ ਜੀ ਕਾਲੂ ਕੁਮਾਰ ਨੂੰ ਮੇਰੀ ਨਮਸਕਾਰ ਹੈ।

### ੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਸ੍ਵੈਯਾ:

ਜਰ ਜਾਇ ਨਹੀ ਕਿਸ ਤੇ ਅਜਰੀ, ਅਸ ਪਾਇ ਗਏ ਸਗਰੀ ਉਰ ਮੈਂ ਜਰ।
ਜਰਬੇ ਜਿਨ ਕੀ ਅਵਿਲੋਕ ਜਰਾਇਕ, ਦੂਰ ਕਰੀ ਗਨ ਦੋਖਨਿ ਕੀ ਜਰ।
ਜਰਤੇ ਬਿਸ਼ਯਾਗਨਿ ਮੈਂ ਜਨ ਜੇ, ਸ਼ਰਨਾਗਤ ਹੀ ਜਲ ਨਾਮ ਰਿਦੈ ਜਰ।
ਜ਼ਰ ਗਯਾਨ ਦਯੋ ਹਰਿ ਦਾਰਿਦ ਮੋਹ, ਨਮੋ ਗੁਰ ਅੰਗਦ ਹ੍ਵੈਂ ਨਿਤ ਹਾਜ਼ਰ ॥੫॥

ਜਰਜਾਇ ਨਹੀਂ = ਜੋ ਜਰੀ ਨਾ ਜਾਏ। ਅਜਰੀ = ਨਾ ਜਰੀ ਜਾ ਸਕਣ ਵਾਲੀ।
ਗਏ... ਜਰ = ਸਹਾਰ ਗਏ।
ਜਰਬੇ = ਜ਼ਰਬ, ਠੁਹਕਰ। 'ਨਜ਼ਰ ਦੀ ਠੁਹਕਰ' ਕਹਿਕੇ ਕਵਿ ਜੀ ਨੇ ਕਮਾਲ ਦੀ ਨਜ਼ਾਕਤ ਦਿਖਾਈ ਹੈ।
(ਅ) ਸਹਾਰਨ ਸ਼ਕਤੀ।

ਜਰਾਇਕ = ਜ਼ਰਾ ਕੁ। ਥੋੜੀ ਜਿਹੀ। ਜਰ = ਜੜ। ਜਰਤੇ = ਸੜਦੇ।
ਬਿਸ਼ਯਾਗਨਿ = ਵਿਸ਼ਯ ਰੂਪੀ ਅਗਨੀ। ਜਰ = ਜੀਰਨਾ। ਸਿੰਜਰਨਾ,
ਸਿੰਚਨਾ। ਜ਼ਰ = ਧਨ।
ਨਿਤ ਹਾਜ਼ਰ = ਜੋ ਨਿਤ ਹਾਜ਼ਰ ਹੋਣ। (ਅ) ਜੋ ਸਿੱਖਾਂ ਦੇ ਸਮੀਪ ਰਹਿੰਦੇ ਹਨ।
ਅਰਥ:
ਐਸੀ ਅਜਰ (ਵਸਤੁ) ਨੂੰ ਜੋ ਕਿਸੇ ਤੋਂ ਜਰੀ ਨਾ ਜਾਵੇ, ਪ੍ਰਾਪਤ ਕਰਕੇ, ਸਾਰੀ ਰਿਦੇ ਵਿੱਚ ਜਰ ਗਏ, ਜਿਨ੍ਹਾਂ ਦੀ ਜ਼ਰਾ ਜਿੰਨੀ ਤੱਕਣੀ ਦੀ ਠੁਹਕਰ ਨੇ (ਰੋਗੀਆਂ ਦੇ) ਸਭਿ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ, (ਤੇ) ਜੇਹੜੇ ਦਾਸ ਵਿਸ਼ਿਆਂ ਰੂਪੀ ਅਗਨਿ ਵਿਚ ਸੜਦੇ ਸਨ, ਸ਼ਰਨੀ ਆਉਂਦਿਆਂ ਹੀ ਨਾਮ ਰੂਪੀ ਜਲ (ਉਨ੍ਹਾਂ ਦੇ ਸੜਦੇ) ਰਿਦਿਆਂ ਵਿਚ ਸਿੰਚਿਆ (ਤੇ ਉਨ੍ਹਾਂ ਦਾ) ਮੋਹ (ਰੂਪੀ) ਦਰਿੱਦ੍ਰ ਗਜਾਨ (ਰੂਪੀ) ਧਨ ਦੇ ਕੇ ਨਾਸ਼ ਕੀਤਾ (ਐਸੇ ਸ੍ਰੀ) ਗੁਰ ਅੰਗਦ ਦੇਵ ਜੀ ਨੂੰ ਨਮਸਕਾਰ (ਕਰਕੇ ਮੈਂ ਬਿਨਯ ਕਰਦਾ ਹਾਂ ਕਿ ਓਹ ਮੇਰੇ) ਸਦਾ ਹਾਜ਼ਰ ਹੋਣ, (ਭਾਵ ਮੈਂ ਸਦਾ ਉਨ੍ਹਾਂ ਦੀ ਹਜ਼ੂਰੀ ਨੂੰ ਅਨੁਭਵ ਕਰਾਂ)।
ਹੋਰ ਅਰਥ:
(੨. ਸਤਰ) ਜਿਨ੍ਹਾਂ ਵਿਚ ਜ਼ਰਾ ਕੁ ਬੀ ਸਹਾਰਨ ਸ਼ਕਤੀ ਆਪ ਨੇ ਦੇਖ ਲਈ (ਉਨ੍ਹਾਂ ਦੇ) ਸਾਰੇ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ।
ਭਾਵ:
ਦੂਸਰੀ ਤੁਕ ਵਿੱਚ ਇਸ਼ਾਰਾ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਉਸ ਸ਼ਕਤੀ ਵਲ ਕਿ ਅੰਮ੍ਰਿਤ ਵੇਲੇ ਸਮਾਧੀ ਤੋਂ ਉੱਠ ਕੇ ਉਨ੍ਹਾਂ ਦੀ ਨਜ਼ਰ ਜਿਸ ਰੋਗੀ ਪਰ ਪੈਂਦੀ ਸੀ ਸੋ ਰਾਜ਼ੀ ਹੋ ਜਾਂਦਾ ਸੀ। ਰੋਗਾਂ ਦਾ ਮੂਲ ਦੋਖ ( = ਪਾਪ) ਹਨ ਸੋ ਆਪ ਉਨ੍ਹਾਂ ਦੇ ਪਾਪ ਬਖਸ਼ ਦੇਂਦੇ ਸਨ, ਇਹ ਸਰੀਰਕ ਰੋਗ ਵੱਲ ਕੀਤੇ ਤੇ ਅਗਲੀ ਤੁਕ ਵਿਚ ਮਾਨਸਿਕ ਰੋਗਾਂ ਦੇ ਰਾਜ਼ੀ ਕਰਨ ਦਾ ਜ਼ਿਕਰ ਹੈ।

### ੫. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ-ਮੰਗਲ।

ਚਿੱਤ੍ਰਪਦਾ ਛੰਦ:

**ਡਾਰਤਿ ਜੇ ਬਿਘਨਾਂ ਗਨ ਕੋ, ਤਿਨ ਕੋ ਤਤਕਾਲਹਿ ਦੇਤਿ ਬਿਡਾਰਿ।**
**ਡਾਰ ਦੁਬਿੰਸਤਿ ਭੇ ਜਗ ਮੈਂ, ਸਭਿ ਕੇ ਗੁਰ ਮੂਲ ਕਿਯੋ ਵਿਸਤਾਰ।**
**ਤਾਰਨ ਕੋ ਜਨ ਕੇ ਗਨ ਕੋ, ਸਤਿਨਾਮ ਦਿਯੋ ਸੁ ਕਰੈ ਭਵ ਪਾਰ।**
**ਪਾਰਤਿ ਸਿੱਖਜਨਿ ਭੱਲਜਨਿ ਭੂਖਨ, ਪੂਖਨ ਜਯੋਂ ਤਮ ਦੂਖਨ ਡਾਰਿ ॥੬॥**

ਡਾਰਿਤ = ਪਾਉਣੇ ਵਾਲੇ। (ਅ) ਖਿਲਾਰਨ ਵਾਲੇ।
ਬਿਘਨਾਂ ਗਨ = ਸਮੂਹ ਵਿਘਨ ਕਾਮ ਕ੍ਰੋਧ ਆਦਿ। (ਅ) ਵਿਘਨਾਂ ਰੂਪੀ ਅਗਨੀ। ਬਿਡਾਰ = ਨਾਸ਼।
ਡਾਰ = ਡਾਲ, ਟਾਹਣੇ, ਸ਼ਾਖਾਂ।
ਦੁਬਿੰਸਤਿ = ਬਾਈ ੨੨। ਭਾਵ ੨੨ ਮੰਜੀਆਂ ਤੋਂ ਹੈ। ਭੇ = ਹੋਏ।
ਮੂਲ = ਮੁੱਢ। ਕਿਯੋ ਵਿਸਤਾਰ = ਫੈਲਾਏ। ਪੂਖਨ ਜਯੋਂ = ਸੂਰਜ ਵਤ।
ਤਮ ਦੂਖਨ ਡਾਰਿ = ਦੂਖਨਾ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ।
ਅਰਥ:
੨. (ਜੋ) ਗੁਰੂ (ਜੀ) ਸਾਰੀ (ਸਿੱਖੀ ਦਾ ਆਪ) ਮੂਲ ਹੋਏ (ਅਤੇ) ਬਾਈ ਟਾਹਣੇ (ਆਪ ਤੋਂ) ਜਗਤ ਵਿਚ ਫੈਲਾਏ, ੩. (ਤੇ) ਜਨਾਂ ਦੇ ਸਮੂਹਾਂ ਨੂੰ ਤਾਰਨ ਲਈ ਸਤਿਨਾਮ (ਰੂਪੀ ਜਹਾਜ਼) ਦਿੱਤਾ (ਤਾਂ ਜੋ ਉਹ) ਸੰਸਾਰ (ਸਾਗਰ) ਤੋਂ (ਉਨ੍ਹਾਂ ਨੂੰ) ਪਾਰ ਕਰੇ। ੪. (ਉਹ ਆਪ) ਸਿੱਖਾਂ ਨੂੰ ਪਾਲਦੇ ਹਨ, ਸੂਰਜ ਸਮ ਦੋਸ਼ਾਂ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ ਤੇ ਭੱਲਿਆਂ ਦੀ ਕੁਲ ਦੇ ਭੂਸ਼ਨ ਹਨ (ਐਸੇ ਸ੍ਰੀ ਗੁਰੂ

ਅਮਰ ਦਾਸ ਜੀ ਨੂੰ ਮੇਰੀ ਨਮਸਕਾਰ ਹੋਵੇ) (ਕਿਉਂਕਿ) ੧. (ਆਪ) ਉਨ੍ਹਾਂ ਨੂੰ ਜੋ ਬਹੁਤੇ ਵਿਘਨਾਂ ਨੂੰ ਪਾਉਂਦੇ ਹਨ ਤਤਕਾਲ ਨਾਸ਼ ਕਰ ਦੇਂਦੇ ਹਨ।

ਭਾਵ:

ਕਵਿ ਜੀ ਆਪਣੇ ਕਾਰਜ ਵਿਚ ਵਿਘਨ ਪਾਉਣ ਵਾਲੇ ਦੋਖੀਆਂ ਤੋਂ ਬਚਾਉ ਲਈ ਅਰਦਾਸ ਕਰ ਰਹੇ ਹਨ, ਜਿਨ੍ਹਾਂ ਦਾ ਜ਼ਿਕਰ ਬਾਰ੍ਹਵੀਂ ਰਾਸਿ ਦੇ ਅਖੀਰ ਤੇ ਪੰਨਾ ੪੪੮੪-੮੫ ਪਰ ਕਰ ਆਏ ਹਨ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ।

੨. ਐਉਂ ਭੀ ਭਾਵ ਕੱਢਣ ਦਾ ਜਤਨ ਹੁੰਦਾ ਹੈ:-ਸਤਿਗੁਰੂ ਜੀ ਨੂੰ ਵਿਘਨ ਪਾਉਣ ਹਾਰੇ ਕਰਮਾਂ ਦਾ ਵਿਨਾਸ਼ ਕਰਤਾ ਕਹਿਕੇ ਸੰਭਾਵਨਾ ਦੱਸ ਰਹੇ ਹਨ ਕਿ ਮੇਰੇ ਕਰਮਾਂ ਨੂੰ ਨਾਸ਼ ਕਰੋ ਜੋ ਮੇਰਾ ਕਾਰਜ ਸਿਰੇ ਚੜ੍ਹ ਜਾਵੇ।

### ੬. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਦੋਹਰਾ:

**ਰਾਮ ਹਤੇ ਨ੍ਰਿਪ ਕੁਟਿਲ ਜਜੋਂ, ਮਾਰਯੋ ਰਾਵਨ ਰਾਮ।**
**ਰਾਮ ਜਥਾ ਮਗਪਾਲ ਪਰ, ਸਿਖ ਤਮ ਪਰ ਗੁਰ ਰਾਮ ॥੭॥**

ਰਾਮ = ਪਰਸਰਾਮ। ਰਾਮ = ਸ਼੍ਰੀ ਰਾਮ ਚੰਦ ਜੀ।
ਰਾਮ = ਬਲਭੱਦ੍ਰ। ਮਗਪਾਲ = ਮਗਧ ਦੇਸ਼ ਦਾ ਰਾਜਾ-ਜਰਾਸੰਧ।
ਗੁਰਰਾਮ = (ਸਾਹਿਬ ਸ਼੍ਰੀ) ਗੁਰੂ ਰਾਮ ਦਾਸ ਜੀ।

ਅਰਥ:

ਜਿਵੇਂ ਪਰਸਰਾਮ ਨੇ ਖੋਟੇ ਰਾਜੇ ਮਾਰੇ, (ਜਿਵੇਂ) ਰਾਮਚੰਦ੍ਰ ਜੀ ਨੇ ਰਾਵਣ ਨੂੰ ਮਾਰਿਆ (ਤੇ) ਜਿਵੇਂ ਜਰਾਸੰਧ ਉੱਤੇ ਬਲਭੱਦ੍ਰ (ਬਲੀ ਹੋਕੇ ਪਿਆ) ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ (ਅੱਗਯਾਨ ਰੂਪੀ) ਅੰਧੇਰੇ ਉੱਤੇ (ਬਲਵਾਨ) ਹਨ।

### ੭. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ

**ਸਾਰ ਨਿਕਾਸਯੋ ਬੇਦ ਤੇ, ਜਗਤ ਦਿਖਾਇ ਅਸਾਰ।**
**ਸਾਰ ਗੁਰੂ ਅਰਜਨ ਲਈ, ਨਿਜ ਜਨ ਕੀ ਸੰਸਾਰ ॥੮॥**

ਸਾਰ = ਤੱਤ੍ਵ, ਸਦਾ ਰਹਿਣੇ ਵਾਲਾ ਤੱਤ। ਬੇਦ = ਗਿਆਨ; ਜਾਣਨਾ।
[ਵੇਦ ਦਾ ਧਾਤੂ ਹੈ ਵਿਦ੍ = ਜਾਣਨਾ]। (ਅ) ਦੇਵ ਜੋ ਪੁਸਤਕ ਹਨ।
ਅਸਾਰ = ਨਾਂ ਸਾਰ, ਮਿੱਥ੍ਯਾ। ਸਾਰ = ਖ਼ਬਰਗੀਰੀ।

ਅਰਥ:

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ (ਆਪਣੇ ਸ਼ਰੀਰ ਤੇ ਅਸਹਿ ਕਸ਼ਟ ਸਹਾਰਕੇ) ਜਗਤ ਨੂੰ ਦਿਖਾ ਦਿੱਤਾ (ਕਿ ਐਉਂ ਸ਼ਰੀਰ) ਅਸਾਰ ਹੈ, (ਅਸਹਿ ਕਸ਼ਟਾਂ ਵਿਚ ਅਡੋਲ ਆਤਮ ਸਮਾਧੀ, ਵਿਚ ਰਹਿਕੇ) ਗ੍ਯਾਨ ਦਾ ਸਾਰ ਕੱਢਕੇ (ਦਿਖਾ ਦਿੱਤਾ ਕਿ ਆਤਮਾ ਨੂੰ ਸਾਰ ਅਰ ਸ਼ਰੀਰ ਨੂੰ ਅਸਾਰ ਜਾਣਨਾ ਐਉਂ ਹੁੰਦਾ ਹੈ, ਤੇ ਜਦ ਤੱਕ) ਜਗਤ ਵਿਚ (ਰਹੇ) ਆਪਣੇ ਸੇਵਕਾਂ ਦੀ ਖ਼ਬਰਗੀਰੀ ਕੀਤੀ (ਭਾਵ ਉਨ੍ਹਾਂ ਨੂੰ ਤਾਰਿਆ)।

ਹੋਰ ਅਰਥ:

ਵੇਦਾਂ ਵਿਚੋਂ ਤੱਤ ਕੱਢਿਆ, ਜਗਤ ਮਿੱਥਿਆ ਦਿਖਾਇਆ, ਆਪਣੇ ਜਨਾਂ ਦੀ ਸੰਸਾਰ ਵਿਚ ਖ਼ਬਰਗੀਰੀ ਕੀਤੀ (ਐਸੇ) ਗੁਰੂ ਅਰਜਨ (ਜੀ ਨੂੰ ਨਮਸਕਾਰ ਹੈ)। 'ਵੇਦ ਪਦ ਦੀ ਵਿਚਾਰ ਤੇ ਗੁਰੂ

ਬਾਣੀ ਵੇਦਾਂ ਦਾ ਤਰਜਮਾ ਨਹੀਂ ਹੈ' ਲਈ ਦੇਖੋ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੯੬ ਦਾ ਭਾਵ ਤੇ ਰਾਸ ੩ ਅੰਸੂ ੪੧ ਅੰਕ ੫੦ ਦੀ ਹੇਠਲੀ ਟੂਕ।

ਉਂਞ ਵੇਦ ਵਿਚ ਜੋ ਕੁਛ ਸਾਰ ਹੈ ਤੇ ਜੋ ਕੁਛ ਗੁਰੂ ਜੀ ਨੂੰ ਈਸ਼੍ਵਰੀਯ ਗਯਾਨ ਪ੍ਰਾਪਤ ਹੋਇਆ ਸੀ ਸੋ ਸਾਰਾ ਸਾਰ ਸੀ, ਇਹ ਦੁਇ ਮਿਲ ਜਾਣਗੇ, ਕਿਉਂਕਿ ਵਾਹਿਗੁਰੂ ਦਾ ਗਯਾਨ ਇਕੋ ਹੈ। ਜਿੱਥੇ ਜਿੱਥੇ ਸਾਰ ਹੈ ਮੇਲ ਖਾਏਗਾ।

### ੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਵਿੰਦ ਜੀ-ਮੰਗਲ।

ਸੋਰਠਾ:

**ਹਰਿ ਅਰਿ ਹਰਿ ਗੋਬਿੰਦ, ਤੁਰਕਨ ਤਰਜੇ ਰਣ ਅਰੇ।**
**ਮਰੇ ਖਰੇ ਰਿਪੁ ਬ੍ਰਿੰਦ, ਠਰੇ ਨਿਬਰ ਪਾਰੇ ਪਰੇ ॥੯॥**

{ਤਰਜੇ = ਤਾੜੇ। ਮਾਰੇ। (ਅ) ਤੁਰਕਨ ਤਰ ਜੇ = ਤੁਰਕ ਜੋ ਬਹੁਤੇ ਸਨ।}

ਅਰਥ:

ਵੈਰੀ ਨਾਸ਼ਕ (ਦੁਸ਼ਟ ਦਮਨ) ਸ਼੍ਰੀ ਗੁਰੂ ਹਰਿਗੋਬਿੰਦ ਜੀ ਨੇ ਰਣ (ਵਿੱਚ ਅੱਗੇ) ਅੜੇ ਤੁਰਕ (ਖੂਬ) ਤਾੜੇ, ਤੇ ਪਾਲੇ ਪੈਣ ਨਾਲ ਠਰਕੇ ਨਿਰਬਲ ਹੋ ਹੋ ਬਹੁਤੇ ਵੈਰੀ ਖੜੇ ਖੜੇ ਮਰ ਗਏ।

ਭਾਵ:

ਇਸ ਸੋਰਠੇ ਵਿਚ ਮਾਲਵੇ ਵਿਚ ਜੋ ਜੁੱਧ ਕਾਂਗੜ ਪੁਰ ਦੇ ਲਾਗੇ ਹੋਇਆ ਸੀ ਉਸ ਵੱਲ ਇਸ਼ਾਰਾ ਹੈ। ਵਿੱਚ ਕਟਾਖਯ ਇਹ ਰੱਖਿਆ ਹੈ ਕਿ ਉਸੀ ਤਰ੍ਹਾਂ ਮੇਰੇ ਵਿਘਨਾਂ ਰੂਪੀ ਵੈਰੀ ਯਾ ਵਿਘਨਕਾਰੀ ਗੁਰੂ ਪ੍ਰਤਾਪ ਨਾਲ ਆਪੇ ਠੰਢੇ ਪੈਕੇ ਦੂਰ ਹੋ ਜਾਣ।

### ੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਰਾਇ ਜੀ-ਮੰਗਲ।

**ਕਾਨਨ ਹਿਰਦਾ ਦਾਸ, ਮ੍ਰਿਗਨਿ ਬਿਕਾਰਨਿ ਤੇ ਕਲਿਤ।**
**ਪੰਚਾਨਨ ਸਮ ਬਾਸ, ਸ਼੍ਰੀ ਹਰਿਰਾਇ ਪ੍ਰਣਾਮ ਪਦ ॥੧੦॥**

{ਕਲਿਤ = ਵੇਹੜਿਆ ਹੋਇਆ, ਭਰਿਆ ਹੋਇਆ। ਪੰਚਾਨਨ = ਸ਼ੇਰ। }

ਅਰਥ:

ਸਿੱਖਾਂ ਦਾ ਹਿਰਦਾ ਬਨ ਸਮਾਨ ਹੈ ਜੋ ਵਿਕਾਰਾਂ ਰੂਪੀ ਮ੍ਰਿਗਾਂ ਨਾਲ ਭਰਿਆ ਪਿਆ ਹੈ, (ਇਨ੍ਹਾਂ ਦੇ ਦੂਰ ਕਰਨੇ ਲਈ) ਸ਼੍ਰੀ ਹਰਿ ਰਾਇ ਜੀ ਸ਼ੇਰ ਸਮਾਨ (ਇਸ ਬਨ ਵਿਚ) ਆ ਵਸਦੇ ਹਨ, (ਐਸੇ ਸ਼੍ਰੀ ਹਰਿਰਾਇ ਜੀ ਦੇ) ਚਰਨਾਂ ਪਰ ਨਮਸਕਾਰ ਹੈ।

### ੧੦. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੋਹਰਾ:

**ਤਨ ਮਨ ਕੇ ਦੁਖ ਦੋਖ ਗਨ, ਲਖਿ ਬਨ ਸ਼ੁਸ਼ਕ ਸਮਾਨ।**
**ਕ੍ਰਿਸ਼ਨ ਬਰਤਮਾ ਨਾਮ ਗੁਰ, ਸ਼੍ਰੀ ਹਰਿ ਕ੍ਰਿਸ਼ਨ ਬਖਾਨ ॥੧੧॥**

{ਕ੍ਰਿਸ਼ਨ ਬਰਤਮਾ = ਅਗਨੀ। ਦੇਖੋ ਰਾ: ੧ ਅੰਸੂ ੧ ਅੰਕ ੧੫ ਦੇ ਪਦ ਅਰਥ। }

ਅਰਥ:

(ਹੇ ਮਨ ਏਹ ਜਿਹੜੇ) ਤਨ ਮਨ ਦੇ ਦੁਖ ਤੇ ਸਾਰੇ ਦੋਖ ਹਨ (ਇਹ) ਸੁੱਕੇ ਬਨ ਵਤ ਜਾਣਕੇ ਅਗਨੀ ਰੂਪ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਨਾਮ ਕਹੁ (ਭਾਵ ਜਪ ਤਾਕਿ ਇਹ ਤੇਰੇ ਦੁਖ ਦੋਖ ਸੜ ਜਾਣ)। †।

। †ਗੁਰੂ ਨਾਮ ਰੂਪੀ ਅਗਨੀ ਦੁਖਾਂ ਤੇ ਦੋਖਾਂ ਨੂੰ ਸਾੜਦੀ ਹੈ, ਪਰ ਵਿਸ਼ਯ ਰੂਪ ਅਗਨੀ ਮਨ ਨੂੰ ਸਾੜਦੀ ਹੈ, ਏਹ ਫਰਕ ਦਿਖਾਇਆ ਹੈ ਤੇ ਕ੍ਰਿਸ਼ਨਬਰਤਮਾਂ ਤੋਂ ਹਰਿਕ੍ਰਿਸ਼ਨ ਪਦ ਵਿਚ ਅਗਨੀ ਦੀ ਸੰਭਾਵਨਾ ਦਾ ਕਟਾਖਯ ਰਖਿਆ ਹੈ।

### ੧੧. ਇਸ੍ਟ ਗੁਰੂ-ਸ੍ਰੀ ਗੁਰ ਤੇਗ ਬਹਾਦਰ ਜੀ-ਮੰਗਲ।

**ਬਿਸ਼ਯਾਗਨਿ ਤੇ ਸੁਸ਼ਕ ਹ੍ਵੈ, ਮਨ ਤਰੁ ਕੋ ਲਗਿ ਆਂਚ।**
**ਤੇਗ ਬਹਾਦੁਰ ਗੁਰ ਕ੍ਰਿਪਾ, ਇਸ ਜਲ ਕੋ ਨਿਤ ਜਾਂਚ ॥੧੨॥**

ਅਰਥ:

ਬ੍ਰਿੱਛ ਨੂੰ (ਜਿਵੇਂ) ਆਂਚ ਲੱਗ ਕੇ (ਸੁਕਾ ਦੇਂਦੀ ਹੈ ਤਿਵੇਂ) ਮੇਰਾ ਨਾਮ ਵਿਸ਼ਯ ਅਗਨੀ ਨਾਲ ਸੁੱਕ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦੀ ਕ੍ਰਿਪਾ (ਜਲ ਰੂਪ ਹੈ, ਹੇ ਮਨ ਇਸ ਜਲ ਨੂੰ ਤੂੰ (ਉਨ੍ਹਾਂ ਤੋਂ) ਨਿਤ ਮੰਗ*।

### ੧੨. ਇਸ੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

**ਚਹਿਂ ਅਬਾਸ਼ਨਾ ਬਾਸ਼ਨਾ, ਕਰਿ ਨਿਜ ਮਨਹਿਂ ਮਲਿੰਦ।**
**ਸ਼੍ਰੀ ਗੁਰ ਗੋਬਿੰਦ ਸਿੰਘ ਪਦ, ਲਪਟਹੁ ਲਖਿ ਅਰਬਿੰਦ ॥੧੩॥**

ਅਬਾਸ਼ਨਾ = ਵਾਸ਼ਨਾ ਰਹਿਤ ਅਵਸਥਾ। ਮਨ ਦਾ ਖਾਹਸ਼ਾਂ ਤੋਂ ਪਵਿੱਤ੍ਰ ਹੋ
ਜਾਣਾ। [ਅ: ਵਾਸ਼ਨਾ]।
ਬਾਸ਼ਨਾ = ਸੁਗੰਧੀ। ਖੁਸ਼ਬੋਈ। (ਅ) ਇੱਛਾ।

ਅਰਥ:

(ਹੇ ਮਨ! ਤੂੰ) ਵਾਸ਼ਨਾ ਰਹਿਤ ਅਵਸਥਾ ਰੂਪੀ ਖੁਸ਼ਬੋਈ ਨੂੰ ਚਾਹੁੰਦਾ ਹੈਂ ਤਾਂ ਆਪਣੇ ਮਨ ਨੂੰ ਭੌਰਾ ਬਣਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਕਮਲ ਜਾਣਕੇ ਲਿਪਟ ਜਾਹ (ਭਾਵੇ ਇਹ ਕਿ ਚਰਨਾਂ ਕਮਲਾਂ ਦਾ ਧ੍ਯਾਨ ਆਪਣੇ ਵਿਚ ਮਗਨ ਕਰਕੇ ਤੈਨੂੰ ਵਾਸ਼ਨਾ ਰਹਿਤ ਕਰ ਦੇਵੇਗਾ)

### ੧੩. ਇਸ੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

**ਏਕ ਜੋਤਿ ਦਸ ਰੂਪ ਗੁਰ, ਜਿਨ ਤੇ ਤਰਜੋ ਜਹਾਨ।**
**ਸਭਿ ਕੇ ਪਦ ਅਰਬਿੰਦ ਕੋ, ਸਦਾ ਬੰਦਨਾ ਠਾਨਿ ॥੧੪॥**

ਅਰਥ:

(ਦਸੋ) ਗੁਰੂ (ਸਾਹਿਬਾਨ) ਦਸ ਰੂਪ ਹਨ (ਪਰ) ਜੋਤਿ ਇਕੋ ਹੈ, ਜਿਨ੍ਹਾਂ ਤੋਂ ਸਾਰਾ ਜਹਾਨ ਤਰਿਆ (ਮੁਕਤਿ ਹੋਇਆ ਹੈ) (ਤਿਨ੍ਹਾਂ ਦਸਾਂ ਸਤਿਗੁਰਾਂ) ਦੇ ਚਰਨਾਂ ਕਵਲਾਂ ਨੂੰ (ਮੈਂ) ਸਦਾ ਬੰਦਨਾ ਕਰਦਾ ਹਾਂ।

### [ਰਾਸਾਂ ਰੁਤਾਂ ਤੇ ਐਨਾਂ ਦਾ ਵੇਰਦਾ ਦੱਸਦੇ ਹਨ]

**ਸੂਰਜ ਗੁਰੂ ਪ੍ਰਤਾਪ ਤੇ, ਬਰਨੀ ਦ੍ਵਾਦਸ਼ ਰਾਸਿ।**
**ਅਸ਼ਟ ਸਾਚ ਪਤਿਸ਼ਾਹ ਕੇ, ਬਰਨੇ ਬਰ ਗੁਨ ਰਾਸ ॥੧੫॥**

ਅਰਥ:

ਗੁਰਾਂ ਦੇ ਪ੍ਰਤਾਪ (ਰੂਪੀ) ਸੂਰਜ ਉੱਤੇ ਬਾਰਾਂ (ਭਾਗ ਰੂਪੀ) ਰਾਸ਼ੀਆਂ ਕਥਨ ਕੀਤੀਆਂ ਹਨ (ਜਿਨ੍ਹਾਂ ਵਿਚ) ਅੱਠ ਸੱਚੇ ਪਾਤਸ਼ਾਹਾਂ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ) ਜੀ ਦੇ ਸਾਰੇ ਸ੍ਰੇਸ਼ਟ ਗੁਣਾਂ ਦਾ ਵਰਣਨ ਕੀਤਾ ਹੈ।

**ਦਛਣਾਇਨ ਉਤਰਾਇਣੇ, ਅਯਨ ਬਨੈਂਗੇ ਦੋਇ।**
**ਬਰਤਤਿ ਰੁਤ ਜੇ ਖਸ਼ਟ ਸ਼ੁਭ, ਤਿਨ ਪਰ ਬਰਨਨ ਹੋਇ ॥੧੬॥**

ਦਛਣਾਇਨ ਉਤਰਾਇਣੇ = ਪੋਹ ਦੀ ੯ ਤੋਂ ਹਾੜ ਦੀ ੯ ਤਕ ਉਤ੍ਰਾਇਣ ਹੁੰਦਾ ਹੈ ਤੇ ਬਾਕੀ ਦਖਣਾਇਨ ਕਹਾਉਂਦਾ ਹੈ। ਅੰਗ੍ਰੇਜ਼ੀ ਹਿਸਾਬ ਮੁਜਬ ੨੧ ਜੂਨ ਤੇ ੨੨ ਦਸੰਬਰ ਨੂੰ ਸੂਰਜ ਅਯਨ ਦੇ

ਅੰਤ ਤੇ ਅੱਪੜਦਾ ਹੈ। ਅਯਨ ਛੇ ਰਾਸਾਂ ਦਾ ਅਰਧ ਚੱਕ੍ਰ ਹੈ। ੨੩ ਦਸੰਬਰ ਤੋਂ ੨੧ ਜੂਨ ਤੱਕ ਸੂਰਜ ਉੱਤਰ ਵੱਲ ਨੂੰ ਰੁਖ ਕਰਦਾ ਜਾਂਦਾ ਹੈ, ਇਸ ਕਰਕੇ ਸਾਲ ਦੇ ਇਸ ਅੱਧੇ ਪੱਖ ਨੂੰ ਉਤ੍ਰਾਇਣ ਕਹੀਦਾ ਹੈ। ੨੨ ਜੂਨ ਤੋਂ ਸੂਰਜ ਦਾ ਰੁਖ਼ ਦੱਖਣ ਵੱਲ ਹੁੰਦਾ ਜਾਂਦਾ ਹੈ ਤੇ ੨੨ ਦਸੰਬਰ ਨੂੰ ਅੰਤ ਤੇ ਪੁਜਦਾ ਹੈ, ਇਸ ਛਿਮਾਹੀ ਨੂੰ ਦੱਖਣਾਯਨ ਕਹਿੰਦੇ ਹਨ। ਪਰ = ਉਪ੍ਰੰਤ, ਪਿੱਛੋਂ।

ਅਰਥ:

ਦਖਣਾਇਨ ਤੇ ਉਤ੍ਰਾਇਨ (ਰੂਪੀ) ਦੋ (ਹੋਰ ਭਾਗ) ਬਣਨਗੇ, ਜਿਹੜੀਆਂ ਛੇ ਸ਼ੁਭ ਰੁਤਾਂ ਵਰਤਦੀਆਂ ਹਨ (ਅਰਥਾਤ, ਜੋ ਮੈਂ ਹੁਣ ਕਥਨ ਕਰਨ ਲੱਗਾ ਹਾਂ) ਤਿਨ੍ਹਾਂ ਦੇ ਪਿੱਛੋਂ (ਦੋਨੋਂ ਅਯਨ) ਵਰਣਨ ਹੋਣਗੇ। ਭਾਵ, ਹੁਣ ਵਰਣਨ ਹੋ ਰਹੇ ਛੇ ਰੁਤਾਂ ਰੂਪੀ ਛੇ ਭਾਗਾਂ ਦੇ ਉਪਰੰਤ ਮੈਂ ਦੋ ਐਨ ਦਛਣਾਇਨ ਤੇ ਉਤਰਾਇਣ ਵਰਣਨ ਕਰਾਂਗਾ।

**ਪ੍ਰਥਮ ਕਰੀ ਕਵਿਤਾ ਰੁਚਿਰ, ਸ਼੍ਰੀ ਨਾਨਕ ਪਰਕਾਸ਼।**

**ਪੂਰਬਾਰਧ ਉਤਰਾਰ੍ਧ, ਇਮ ਬਰਨੇ ਗੁਨ ਰਾਸ ॥੧੭॥**

ਅਰਥ:

ਪਹਿਲੋਂ ਮੈਂ ਸ਼੍ਰੀ ਨਾਨਕ ਪ੍ਰਕਾਸ਼ ਦੀ ਸੁੰਦਰ ਕਵਿਤਾ ਕੀਤੀ ਹੈ, ਪੂਰਬਾਰਧ ਤੇ ਉਤ੍ਰਾਰਧ ਐਉਂ (ਉਸ ਦੇ ਦੋ ਭਾਗ ਰਚਕੇ ਗੁਰੂ ਸਾਹਿਬ ਦੇ) ਸਾਰੇ ਯਸ਼ ਨੂੰ ਕਥਨ ਕੀਤਾ ਹੈ।

**ਅਬਿ ਕਲਗੀਧਰ ਕੀ ਕਥਾ, ਖਸ਼ਟ ਰੁਤਨ ਪਰ ਹੋਇ।**

**ਗੁਰ ਪ੍ਰਤਾਪ ਸੂਰਜ ਭਯੋ, ਯਾਂ ਤੇ ਸਭਿ ਗਤਿ ਜੋਇ ॥੧੮॥**

ਅਰਥ:

ਹੁਣ ਕਲਗੀਧਰ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਕਥਾ ਦੇ ਛੇ ਰੁੱਤਾਂ (ਦੀ ਵੰਡ) ਪਰ ਕਥਨ ਹੋਵੇਗੀ (ਇਸ ਤਰ੍ਹਾਂ) ਗੁਰ ਪ੍ਰਤਾਪ (ਦਾ ਇਹ ਗ੍ਰੰਥ) ਸੂਰਜ ਹੋਇਆ, (ਜਿਸ ਵਿਚ ਇਹ ਰਾਸ਼ੀ ਰੁਤਾਂ ਐਨ ਸੂਰਜ ਦੀ) ਚਾਲ ਵਾਂਗੂੰ ਵੇਖੋ।

**ਕਥੋਂ ਕਥਾ ਕੋ ਜਥਾਮਤਿ, ਤਥਾ ਸੁਨਹੁ ਸਿਖ ਸੰਤ।**

**ਹੁਇ ਪ੍ਰਸੰਨ ਵਰ ਦੀਜਿਐ, ਮਿਲਹਿਂ ਗੁਰੂ ਭਗਵੰਤ† ॥੧੯॥**

†ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ' ਦੇ ਵਾਕ ਮੂਜਬ ਗੁਰੂ ਭਗਵੰਤ ਦਾ ਭਾਵ ਹੈ ਗੁਰੂ ਗੋਬਿੰਦ ਸਿੰਘ ਜੀ। (ਅ) ਗੁਰੂ ਤੇ ਵਾਹਿਗੁਰੂ।

ਅਰਥ:

ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ ਤਿਵੇਂ ਹੀ (ਮੈਂ) ਕਥਾ ਨੂੰ ਕਹਾਂਗਾ। (ਹੇ) ਸਿੱਖੋ! (ਤੇ) ਸੰਤੋ! (ਤੁਸੀਂ) ਸੁਣੋਂ (ਤੇ) ਪ੍ਰਸੰਨ ਹੋ ਕੇ (ਮੈਨੂੰ) ਵਰ ਦਿਓ ਕਿ ਗੁਰੂ ਭਗਵੰਤ ਮੈਨੂੰ ਮਿਲਣ।

**ਜਿਨ† ਕੀ ਕ੍ਰਿਪਾ ਕਟਾਛ ਤੇ, ਹਲਤ ਪਲਤ ਸੁਖ ਪਾਇਂ।**

†'ਜਿਨ' ਦਾ ਅਰਥ 'ਜਿਸ', ਇਕ ਬਚਨ ਵਿਚ ਤਾਂ ਕੀਤਾ ਹੈ ਕਿ ਅਗਲੀ ਤੁਕ ਵਿਚ 'ਸੋ' ਪਦ ਇਕ ਬਚਨ ਪਿਆ ਹੈ।

**ਸੋ ਕਜੋਂ ਮਨਹੁ ਬਿਸਾਰੀਐ, ਰਾਖਹੁ ਰਿਦੈ ਬਸਾਇ ॥੨੦॥**

ਅਰਥ:

ਜਿਸ ਦੀ (ਇਕ) ਮੇਹਰ ਦੀ ਨਿਗਾਹ ਨਾਲ ਲੋਕ ਪ੍ਰਲੋਕ ਵਿਚ ਸੁਖ ਪਾਈਦਾ ਹੈ ਉਸ ਨੂੰ ਕਿਉਂ ਮਨੋਂ ਵਿਸਾਰੀਏ (ਉਸ ਨੂੰ ਤਾਂ ਸਦਾ) ਰਿਦੇ ਵਿਚ ਵਸਾਕੇ ਰੱਖੀਏ (ਤਾਂ ਹੀ ਠੀਕ ਹੈ)।

**ਸਤਿਗੁਰ ਸਿੱਖਨਿ ਕੇ ਉਚਿਤ,**

**ਸਤਿਗੁਰ ਕਥਾ ਬਚਿੱਤ੍ਰ।**

ਸੁਨੀਅਹਿ ਮਿੱਤ੍ਰ ਇਕੱਤ੍ਰ ਚਿਤ,
ਸੁਨਹੁ ਸਮਸਤ ਪਵਿੱਤ੍ਰ ॥੨੧॥

ਇਕੱਤ੍ਰ ਚਿੱਤ = ਇਕੱਠੇ ਹੋਕੇ ਤੇ ਚਿੱਤ ਲਾਕੇ। (ਅ) ਚਿੱਤ ਨੂੰ ਇਕੱਠਾ ਕਰਕੇ। ਇਕਾਗ੍ਰ ਚਿੱਤ ਹੋਕੇ।

ਅਰਥ:

ਸਤਿਗੁਰਾਂ ਦੀ ਵਚਿੱਤ੍ਰ ਕਥਾ, ਸਤਿਗੁਰੂ ਦੇ ਸਿੱਖਾਂ ਦੇ ਹੀ (ਸੁਣਨੇ) ਯੋਗ ਹੈ (ਇਸ ਲਈ ਹੇ ਸਤਿਗੁਰੂ ਸਿੱਖੋ, ਮੇਰਿਓ) ਮਿੱਤ੍ਰੋ! ਇਕੱਠੇ ਹੋਕੇ ਚਿਤ ਲਾਕੇ (ਆਓ) ਸੁਣੋਂ ਤੇ ਸਾਰੇ ਹੀ ਪਵਿੱਤ੍ਰ ਬਣ ਜਾਓ।

ਹੋਰ ਅਰਥ:

੨. (ਹੇ ਮੇਰੇ) ਮਿੱਤ੍ਰੋ! ਚਿੱਤ ਨੂੰ ਇਕੱਠਾ ਭਾਵ ਇਕਾਗ੍ਰ ਕਰਕੇ ਸਾਰੇ (ਇਸ) ਪਵਿੱਤ੍ਰ (ਕਥਾ) ਨੂੰ ਸੁਣੋ।

[ਚਰਿੱਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ]

ਸ੍ਵੈਯਾ:

ਰਸ ਬੀਰ ਭਰੇ, ਜਨ ਧੀਰ ਕਰੇ,
ਬਹੁ ਪੀਰ ਹਰੇ ਭਵ ਫੰਧਨ ਕੇ।
ਸੁਖ ਮੂਲ ਭਲੇ, ਰਿਪੁ ਸੂਲ ਮਿਲੇ,
ਅਨਕੂਲ ਢਲੇ, ਅਘਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ,
ਕਰ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ
ਤੇਗ ਬਹਾਦੁਰ ਨੰਦਨ ਕੇ ॥੨੨॥

ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੩੯

[ਸਤਿਗੁਰਾਂ ਦੀ ਕਥਾ ਦਾ ਰੂਪਕ]

ਥਿਤ ਦਾ ਚਿਤ ਕੀ, ਨਿਤ ਦਾ ਬਿਤ ਕੀ,
ਹਿਤ ਦਾ ਨਿਤ ਕੀ, ਸੁਨਿ ਹੰਤ ਜਰੀ।
ਸ਼ਰਧਾ ਗੁਰ ਕੀ, ਸੁਧ ਦਾ ਉਰ ਕੀ,
ਹਰਤਾ ਜੁਰ ਕੀ ਸੁਖ ਪੁੰਜ ਜਰੀ।
ਸਭ ਸਾਰ ਮਥਾ, ਘ੍ਰਿਤ ਆਰ ਜਥਾ,

ਘ੍ਰਿਤ ਆਰ ਜਥਾ = ਜਿਵੇਂ ਘਿਉ ਕੱਢ ਲਈਦਾ ਹੈ। [ਫਾ:, ਆਵੁਰਦਨ = ਲਿਆਉਣਾ ਤੋਂ ਆਰ']।

ਇਹ ਚਾਰੁ ਕਥਾ ਅਜਰਾਨ ਜਰੀ।
ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ
ਅਨੰਦ ਬਿਲੰਦ ਜਰਾਉ ਜਰੀ ॥੨੩॥

ਅਨੰਦ ਬਿਲੰਦ ਜਰਾਉ ਜਰੀ = (ਮਾਨੋਂ) ਉੱਚੇ ਅਨੰਦ (ਦੇ ਗਹਿਣੇ) ਦੀ ਜੜਤ ਜੜੀ ਹੈ।

ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੪੦

ਫਰਕ ਏਹ ਹਨ:-ਹਿਤਦਾ ਨਿਤ ਕੀ = ਅਟੱਲ ਭਗਤੀ ਦੀ ਦਾਤੀ ਹੈ।

[ਭੁੱਲ ਚੁੱਕ ਦੀ ਮਾਫੀ]

ਚੌਪਈ:

ਸੁਮਤਿਵੰਤ ਪ੍ਰੇਮੀ ਸਤਿ ਸੰਗਤਿ।
ਜੇ ਸੁਨਿ ਹੈਂ ਗੁਰ ਜਸ ਕਰਿ ਪੰਗਤਿ।
ਸਭਿ ਕੇ ਚਰਨ ਬੰਦਨਾ ਕਰੌਂ।
ਮਤਿ ਥੋਰੀ ਤੇ ਪੁਨ ਪੁਨ ਡਰੌਂ ॥੨੪॥

ਅਰਥ:

ਬੁਧੀਵਾਨ, ਪ੍ਰੇਮੀ (ਸਿੱਖ) ਤੇ ਸਤਿਸੰਗਤਿ ਜਿਹੜੇ ਪੰਗਤਿ ਕਰਕੇ ਗੁਰ ਜਸ ਨੂੰ ਸੁਣਨਗੇ (ਤਿਨ੍ਹਾਂ) ਸਾਰਿਆਂ ਦੇ ਚਰਨਾਂ ਉਪਰ ਨਮਸਕਾਰ ਕਰਦਾ ਹਾਂ (ਤੇ ਬਿਨੈ ਕਰਦਾ ਹਾਂ ਕਿ) ਮੇਰੀ ਮਤੀ ਥੋੜੀ ਹੈ ਇਸ ਲਈ ਮੈਂ ਬਾਰ ਬਾਰ ਡਰਦਾ ਹਾਂ।

ਭੂਲ ਚੂਕ ਹੁਇੰ ਦੂਖਨ ਜਮਾ। {ਜਮਾ = ਇਕੱਠੇ, ਬਹੁਤੇ, (ਮਾਲਵੇ ਦਾ ਮੁਹਾਵਰਾ ਹੈ)}
ਸੁਨਿ ਨਹਿੰ ਤਰਕਹਿੰ, ਕੀਜਹਿ ਛਿਮਾ।
ਇਸ ਹਿਤ ਬਿਨਯ ਕਰੌਂ ਕਰ ਜੋਰਿ।
ਸਭਿ ਸ਼੍ਰੋਤਨਿ ਕੇ ਚਰਨ ਨਿਹੋਰਿ ॥੨੫॥

ਅਰਥ:

(ਕਿ) ਭੁੱਲ ਚੁੱਕ ਤੇ ਦੂਖਨ (ਮੇਰੇ ਕਥਨ ਵਿਚ) ਬਹੁਤ ਹੋਣਗੇ, (ਆਪ) ਸੁਣਕੇ ਤਰਕਣਾ ਨਾ, ਖਿਮਾਂ ਕਰਨੀ, ਇਸ ਲਈ ਮੈਂ ਸਾਰੇ ਸ਼੍ਰੋਤਿਆਂ ਦੇ ਚਰਨਾਂ ਪਰ ਨਮਸਕਾਰ ਕਰਕੇ ਹੱਥ ਜੋੜਕੇ ਬੇਨਤੀ ਕਰਦਾ ਹਾਂ।

[ਨਾਮ ਪ੍ਰੇਮੀ ਗੁਰਸਿੱਖਾਂ ਅੱਗੇ ਅਰਦਾਸ]

ਸ਼੍ਰੀ ਅੰਮ੍ਰਿਤਸਰ ਆਦਿ ਬਸੰਤਿ। ਬਸੰਤਿ = ਵਸਦੇ ਹਨ।
ਗੁਰ ਥਲ ਅਵਚਲ ਨਗਰ ਪ੍ਰਜੰਤ। ਪ੍ਰਜੰਤ = ਤੱਕ [ਸੰਸ:, ਪ੍ਰਯੰਤ]।
ਜਿਤ ਕਿਤ ਸਭਿ ਧਰਨੀ ਪਰ ਬਜਾਪਤਿ। ਬਜਾਪਤਿ = ਵਿਚਰਦੇ ਹਨ। (ਅ) ਫੈਲੇ ਹੋਏ ਹਨ।
ਸਿੱਖਨਿ ਗਨ ਸਿੰਘ ਗੁਰ ਜਹਿੰ ਜਾਪਤਿ ॥੨੬॥
ਅਰਜ਼ ਗੁਜ਼ਾਰੋਂ ਜੋਰਤਿ ਹਾਥਾ।
ਬੰਦੋਂ ਧਰ ਪਰ ਧਰਿ ਧਰਿ ਮਾਥਾ।
ਹੋਇ ਨ੍ਰਿਬਿਘਨ ਕਥਾ ਗੁਰ ਪੂਰੀ।
ਛੰਦ ਬੰਦ ਮਾਧੁਰਤਾ ਰੂਰੀ ॥੨੭॥

ਅਰਥ:

ਸ੍ਰੀ ਅੰਮ੍ਰਿਤਸਰ ਤੋਂ ਆਦਿ (ਲੈਕੇ ਜੇਹੜੇ ਸਿੱਖ ਗੁਰਧਾਮਾਂ ਜਾਂ ਨਗਰੀਆਂ ਵਿਚ) ਵਸਦੇ ਹਨ, ਗੁਰੂ ਅਸਥਾਨ ਅਵਚਲ ਨਗਰ ਤੱਕ ਜਿੱਥੇ ਕਿਤੇ ਬੀ ਸਾਰੀ ਧਰਤੀ ਉਪਰ ਸਿੱਖਾਂ ਤੇ ਸਿੰਘਾਂ ਦੇ ਸਮੂਹ ਵਿਚਰਦੇ ਹਨ (ਤੇ ਜਿਹੜੇ) ਗੁਰੂ ਜੀ ਨੂੰ ਜਪਦੇ ਹਨ (ਤਿਨ੍ਹਾਂ ਸਾਰਿਆਂ ਅੱਗੇ) ਹੱਥ ਜੋੜਕੇ (ਮੈਂ) ਅਰਜ਼ ਕਰਦਾ ਹਾਂ ਧਰਤੀ ਤੇ ਮੱਥਾ ਧਰ ਧਰਕੇ ਨਮਸਕਾਰ ਕਰਦਾ ਹਾਂ (ਕਿ ਗੁਰੂ ਸਾਹਿਬਾਂ ਦੀ) ਕਥਾ ਸੁਹਣੀ ਛੰਦਾ ਬੰਦੀ ਤੇ ਮਿੱਠੀ (ਕਵਿਤਾ) ਵਿਚ ਨਿਰਵਿਘਨ ਸਮਾਪਤ ਹੋਵੇ।

ਗੁਰ ਸਿਖ ਸਿੰਘ ਸਗਲ ਜਗ ਬਜਾਪਤ।
ਕਰਿ ਇਸ਼ਨਾਨ ਗੁਰੂ ਨਿਤ ਜਾਪਤਿ।
ਤਿਨ ਸਭਿਹਿਨਿ ਕੇ ਚਰਨ ਮਨਾਊਂ।
'ਪੂਰਨ ਹੋਇ ਗ੍ਰਿੰਥ' ਵਰ ਪਾਊਂ ॥੨੮॥

ਅਰਥ:

ਗੁਰੂ ਜੀ ਦੇ ਸਿੱਖ ਤੇ ਸਿੰਘ ਸਾਰੇ ਜਗਤ ਵਿਚ (ਜਿੰਨੇ) ਵਿਆਪ ਰਹੇ ਹਨ (ਜੋ) ਇਸ਼ਨਾਨ ਕਰਕੇ ਨਿੱਤ 'ਗੁਰੂ' 'ਗੁਰੂ' ਜਪਦੇ ਹਨ, ਤਿੰਨ੍ਹਾਂ ਸਾਰਿਆਂ ਦੇ ਮੈਂ ਚਰਨ ਮਨਾਉਂਦਾ ਹਾਂ ਤਾਂ ਕਿ ਮੈਂ (ਉਨ੍ਹਾਂ ਤੋਂ ਨ੍ਰਿਵਿਘਨ) ਗ੍ਰੰਥ ਸੰਪੂਰਨ ਹੋਣ ਦਾ ਵਰ ਪਾਵਾਂ।

ਗੁਰੂ ਸਰੂਪ ਖਾਲਸਾ ਸਾਰੋ।
ਹਤੋ ਸ਼ੱਤ੍ਰ ਕਰਿ ਜੰਗ ਅਖਾਰੋ।
ਨਿਸ ਦਿਨ ਸਿਮਰਹਿ ਸਤਿਗੁਰ ਨਾਮੂ।
ਤਿਨ ਸਭਿਹਿਨਿ ਕੇ ਚਰਨ ਪ੍ਰਨਾਮੂ
॥੨੯॥

ਅਰਥ:

ਸਾਰਾ ਖਾਲਸਾ (ਪੰਥ ਜੋ) ਗੁਰੂ ਸਰੂਪ ਹੈ ਤੇ ਸ਼ੱਤ੍ਰੂਆਂ ਨੂੰ ਜੰਗ ਅਖਾੜੇ ਕਰਕੇ ਨਾਸ਼ ਕਰਦਾ ਹੈ ਤੇ ਰਾਤ ਦਿਨ ਸਤਿਗੁਰ ਦੇ ਨਾਮ ਨੂੰ ਸਿਮਰਦਾ ਹੈ (ਤਿਸ) ਸਾਰੇ (ਖਾਲਸਾ ਪੰਥ) ਦੇ ਚਰਨਾਂ ਤੇ (ਮੈਂ) ਨਮਸਕਾਰ ਕਰਦਾ ਹਾਂ।

ਭਾਵ:

ਕਵਿ ਜੀ ਦੀ ਰੂਹਾਨੀਅਤ ਦੇ ਭੇਤਾਂ ਦੀ ਗਹਿਰੀ ਸਮਝ ਵਲ ਤੱਕੋ, ਕਿ ਗੁਰ ਸਿੱਖਾਂ, ਸਿੰਘਾਂ, ਖਾਲਸਿਆਂ ਦੇ ਅੱਗੇ ਅੰਕ ੨੬ ਤੋਂ ੨੯ ਵਿਚ ਜਦ ਬੇਨਤੀ ਕਰਦੇ ਹਨ, ਚਰਨਾਂ ਪਰ ਮੱਥਾ ਟੇਕਦੇ ਹਨ ਤਦ ਉਨ੍ਹਾਂ ਨਾਲ ਇਕ ਵਿਸ਼ੇਸ਼ਨ ਜ਼ਰੂਰ ਲਾਉਂਦੇ ਹਨ 'ਗੁਰ ਜਹਿ ਜਾਪਤ' = ਜਿਹੜੇ ਗੁਰੂ ਜੀ ਨੂੰ ਜਪਦੇ ਹਨ। ਪੁਨਾ:-'ਕਰ ਇਸ਼ਨਾਨ ਗੁਰੂ ਨਿਤ ਜਾਪਤ।' ਪੁਨਾ:-'ਨਿਸ ਦਿਨ ਸਿਮਰਹਿ ਸਤਿਗੁਰ ਨਾਮੂ।' ਜਿਸ ਤੋਂ ਸਪਸ਼ਟ ਦੱਸ ਰਹੇ ਹਨ ਕਿ ਮੈਂ ਉਨ੍ਹਾਂ ਗੁਰੂ ਕੇ ਸਿੱਖਾਂ ਜਾਂ ਗੁਰੂ ਕੇ ਖਾਲਸਿਆਂ ਦਾ ਧਿਆਨ ਕਰਕੇ ਨਮਸਕਾਰ ਕਰਕੇ ਨਿਰਵਿਘਨਤਾ ਦੀ ਯਾਚਨਾਂ ਕਰ ਰਿਹਾ ਹਾਂ ਜੋ 'ਸਿਮਰਨਿ' ਵਿਚ ਹਨ। ਆਤਮ ਮੰਡਲ ਦੇ ਅਸੂਲ ਮੂਜਬ 'ਨਾਮ ਵਿਹੂਣਿਆਂ' ਦਾ ਧਿਆਨ ਨਹੀਂ ਧਰਦੇ, ਉਨ੍ਹਾਂ ਦਾ ਸਿਮਰਨ ਨਹੀ ਕਰਦੇ। ਜੀਉਂਦਿਆਂ ਦਾ ਕਿ ਮੋਇਆਂ ਦਾ ਐਸਾ ਸਿਮਰਨ ਧ੍ਯਾਨ ਧਰਨ ਵਾਲਿਆਂ ਨੂੰ ਉਨ੍ਹਾਂ ਦੇ ਅਵਗੁਣਾਂ ਤੇ ਮਾਯਕ ਮੈਲਾਂ ਨਾਲ ਮੈਲ ਦੀ ਛੁਹ ਲਾਉਂਦਾ ਤੇ ਕਈ ਵੇਰ ਭੈੜੇ ਆਵੇਸ਼ ਦੇਕੇ ਰੋਗੀ ਕਰ ਦੇਂਦਾ ਹੈ। ਨਾਮ ਸਿਮਰਨ ਨਾਲ ਆਤਮਾ ਉੱਜਲ, ਲ਼ਹੁਕੀ, ਤੇ ਹਉਂ ਦੇ ਭਾਰ ਤੋਂ ਹਲਕੀ, ਸੁਖੀ ਤੇ ਸੁਖਦਾਈ ਹੋ ਜਾਂਦੀ ਹੈ, ਐਸਿਆਂ ਨੂੰ ਯਾਦ ਕਰਨਾ ਯਾ ਉਨ੍ਹਾਂ ਅੱਗੇ ਬੇਨਤੀ ਕਰਨਾ ਮਨ ਉੱਤੇ ਚੰਗਾ ਅਸਰ ਪਾਉਂਦੀ ਹੈ।

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ
ਨਮਸਕਾਰਾਤਮਕ ਮੰਗਲ]

ਬ੍ਰਹਮਗਜਾਨ ਹਰਿ ਭਗਤ ਖਜ਼ਾਨਾ।
ਸਾਗਰ ਜਗਤ ਜਹਾਜ ਸਮਾਨਾ।
ਸੰਗਤਿ ਅਪਨੀ ਸਗਲ ਉਧਾਰਨ।
'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ ॥੩੦॥
ਜਿਸ ਮਹਿਂ ਜ਼ਾਹਰ ਜਾਗਤਿ ਜੋਤਿ।
ਸਿੱਖਜਨਿ ਅਭਿਮਤਿ ਪੂਰਨ ਹੋਤਿ।
ਭੁਗਤਿ ਮੁਕਤਿ ਦਾਇਕ ਜਗਨਾਥਾ।
ਨਮੋ ਕਰੋਂ ਧਰ ਪਰ ਧਰਿ ਮਾਥਾ ॥੩੧॥
ਲਾਖਹੁਂ ਲਿਖੇ ਧਰਾਤਲ ਸਾਰੇ।
ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ।
ਸਕਲ ਕਾਮਨਾ ਲਹੀਅਤਿ ਜਿਸਤੇ।
ਅੰਤ ਸਮੈਂ ਕੈਵਲ ਹੁਇ ਤਿਸਤੇ ॥੩੨॥

ਅਰਥ:
ਆਪਣੀ ਸਾਰੀ ਸੰਗਤ ਨੂੰ ਉਧਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ (ਸਾਹਿਬਾਂ) ਨੇ ਉਚਾਰਨ ਕੀਤਾ ਹੈ (ਉਹ) ਬ੍ਰਹਮ ਗਜਾਨ ਤੇ ਹਰੀ ਦੀ ਭਗਤੀ ਦਾ ਖਜ਼ਾਨਾ ਹੈ ਤੇ ਸੰਸਾਰ ਸਾਗਰ (ਤੋਂ ਤਾਰਨ ਲਈ) ਜਹਾਜ ਸਮਾਨ ਹੈ, (ਜਿਸ ਵਿਚ) ਪ੍ਰਗਟ ਹੀ ਜੋਤਿ (ਗੁਰੂ ਸਾਹਿਬਾਂ ਦੀ) ਪ੍ਰਕਾਸ਼ ਰਹੀ ਹੈ (ਤੇ ਜਿਨ੍ਹਾਂ ਤੋਂ) ਸਿਖਾਂ ਦੀਆਂ ਮਨ ਵਾਂਛਤ (ਕਾਮਨਾਂ) ਪੂਰਨ ਹੁੰਦੀਆਂ ਹਨ (ਤੇ ਜੋ) ਜਗਤ ਨਾਥ ਭੁਗਤ ਮੁਕਤਿ ਦਾ ਦਾਤਾ ਹੈ, ਧਰਤੀ ਤੇ ਮੱਥਾ ਧਰਕੇ (ਤਿਸਨੂੰ) ਨਮਸਕਾਰ ਕਰਦਾ ਹਾਂ। ਜਿਹੜੇ ਗੁਰੂ ਗ੍ਰੰਥ ਜੀ ਕਿ) ਸਾਰੀ ਪ੍ਰਿਥਵੀ ਤਲ ਤੇ ਲੱਖਾਂ (ਦੀ ਗਿਣਤੀ ਵਿਚ) ਲਿਖੇ ਹੋਏ ਹਨ, ਤੇ (ਜਿਨ੍ਹਾਂ ਨੂੰ) ਪੜ੍ਹਨ ਸੁਣਨ ਵਾਲਿਆਂ ਸਿੱਖਾਂ ਦਾ ਵਾਰ ਪਾਰ ਹੀ ਨਹੀਂ (ਪਾਇਆ ਜਾਂਦਾ) ਅਤੇ ਜਿਸ (ਗੁਰੂ ਗ੍ਰੰਥ ਜੀ) ਤੋਂ ਸਾਰੀਆਂ ਕਾਮਨਾਂ ਪਾਈਦੀਆਂ ਹਨ, (ਅਤੇ) ਅੰਤ ਸਮੇਂ (ਉਸ) ਸ੍ਰੀ ਗੁਰੂ ਗ੍ਰੰਥ ਜੀ ਤੋਂ ਨਿੱਤ ਮੁਕਤੀ ਮਿਲਦੀ ਹੈ।

ਭੂਤ ਭਵਿੱਖਤ ਸਿੱਖ ਨਹਿਂ ਗਿਨਤੀ।
ਤੇ ਅਬਿ ਸਭਿਨਿ ਅੱਗ੍ਰ ਮਮ ਬਿਨਤੀ।
ਬਿਨਸਹਿਂ ਬਿਘਨ, ਗ੍ਰੰਥ ਹੁਇ ਪੂਰਾ।
ਜਿਸ ਮਹਿਂ ਸਤਿਗੁਰੁ ਕੋ ਜਸ ਰੂਰਾ
॥੩੩॥

ਅਰਥ:
ਪਿੱਛੇ ਹੋ ਚੁੱਕੇ ਅੱਗੇ ਹੋਣ ਵਾਲੇ ਤੇ ਹੁਣ ਦੇ (ਸਮੇਂ ਦੇ) ਅਣਗਿਣਤ ਸਿੱਖ ਹਨ, (ਇਨ੍ਹਾਂ) ਸਾਰਿਆਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ ਵਿਘਨ ਨਾਸ਼ ਹੋਣ ਤੇ (ਇਹ) ਗ੍ਰੰਥ ਜਿਸ ਵਿਚ ਸਤਿਗੁਰੂ ਜੀ ਦਾ ਸੁਹਣਾ ਜਸ ਹੈ, ਪੂਰਾ ਹੋਵੇ।

[ਉਸਤਾਦ ਪਿਤਾ ਤੇ ਮਾਤਾ ਨੂੰ ਨਮਸਕਾਰ]

ਸੰਤ ਸਿੰਘ ਗੁਰ ਅੱਖਰ ਦਾਤਾ।
ਨਮੋ ਕਰੌਂ ਤਿਨ ਪਦ ਜਲ ਜਾਤਾ।
ਦੇਵਾ ਸਿੰਘ ਪਿਤਾ ਮਮ ਨਾਮੂ।
ਤਿਨ ਕੇ ਪਦ ਅਰਬਿੰਦ ਪ੍ਰਣਾਮੂ ॥੩੪॥
ਨਿਜ ਮਾਤਾ ਕੋ ਕਰਿ ਅਭਿਬੰਦਨ।
ਕਥੌਂ ਕਥਾ ਕਲਿ ਕਲੁਖਨਿਕੰਦਨ।
ਸੁਨੀਅਹਿ ਗਨ ਸ਼੍ਰੋਤਾ ਸਵਧਾਨਾ।
ਇਕ ਮਨ ਹੋਇ ਧਰਹੁ ਨਿਜ ਕਾਨਾ
॥੩੫॥

ਅਰਥ:
(ਮੇਰੇ) ਅੱਖਰ ਦਾਤਾ ਉਸਤਾਦ (ਸ਼੍ਰੀ ਮਾਨ ਭਾਈ) ਸੰਤ ਸਿੰਘ ਜੀ (ਗਯਾਨੀ) ਹਨ, ਤਿਨ੍ਹਾਂ ਦੇ ਚਰਨਾਂ ਕਵਲਾਂ ਪਰ (ਮੈਂ) ਨਮਸਕਾਰ ਕਰਦਾ ਹਾਂ, ਤੇ ਮੇਰੇ ਪਿਤਾ ਜੀ ਦਾ ਨਾਮ (ਸ਼੍ਰੀ ਮਾਨ ਭਾਈ) ਦੇਵਾ ਸਿੰਘ (ਜੀ) ਹੈ, ਤਿਨ੍ਹਾਂ ਦੇ ਬੀ ਚਰਨ ਕਵਲਾਂ ਤੇ ਮੇਰੀ ਨਮਸਕਾਰ ਹੋਵੇ। (ਫੇਰ ਮੈਂ) ਆਪਣੀ ਮਾਤਾ ਜੀ ਨੂੰ ਨਮਸਕਾਰ ਕਰਕੇ ਕਲਜੁਗ ਦੇ ਪਾਪਾਂ ਨੂੰ ਨਾਸ਼ ਕਰਨੇ ਵਾਲੇ (ਗੁਰੂ ਸਾਹਿਬਾਂ ਦੀ) ਕਥਾ ਕਥਨ ਕਰਦਾ ਹਾਂ। (ਹੇ) ਸਾਰੇ ਸ਼੍ਰੋਤਾ ਜਨੋ ! ਇਕ ਮਨ ਹੋਕੇ ਆਪਣੇ ਕੰਨ ਧਰਿ ਸਾਵਧਾਨ ਹੋਕੇ ਸੁਣੋ:

[ਕਥਾ ਦਾ ਮਹਾਤਮ]

ਮਹਿਮਾ ਕਹਿ ਲਗ ਕਹੇ ਸੁਨਾਵੌਂ।
ਗੁਰ ਜਸ ਜਿਸ ਮਹਿਂ ਰੁਚਿਰ ਬਨਾਵੌਂ।
ਗੁਰ ਸ਼ਰਧਾ ਕੋ ਉਰ ਅਧਿਕਾਵਤਿ।
ਜਿਸ ਤੇ ਭੁਗਤਿ ਮੁਕਤਿ ਸਿਖ ਪਾਵਤਿ
॥੩੬॥
ਸਕਲ ਕਾਮਨਾ ਦੇਵਨਹਾਰੀ।
ਅਨਿਕ ਜਨਮ ਕੇ ਕਲਮਲ ਹਾਰੀ।
ਸੁਨਹਿ ਗ੍ਰੰਥ ਸਭਿ ਹੁਇ ਗੁਨ ਗਜਾਤਾ।
ਸਰਬ ਚਰਿੱਤ੍ਰ ਲਖਹਿ ਬੱਖਜਾਤਾ ॥੩੭॥
ਦੁਸ਼ਟ ਬਿਡਾਰਨ ਦਾਸ ਉਧਾਰਨਿ।
ਇੱਤਜਾਦਿਕ ਕੀਨੇ ਜਿਮ ਕਾਰਨ।
ਸੁਨਹਿ ਸਰਬ ਕੋ ਸਾਰ ਪਛਾਨੈ।
ਪੁੰਨ ਉਪਾਇ ਪਾਪ ਗਨ ਹਾਨੈਂ ॥੩੮॥

ਅਰਥ:

(ਗੁਰੂ ਜੀ ਦੀ ਕਥਾ ਦੀ) ਮਹਿਮਾ ਜਿਸ ਵਿਚ ਕਿ ਮੈਂ ਗੁਰ ਜਸ ਸੁਹਣੀ ਤਰ੍ਹਾਂ ਬਣਾ ਰਿਹਾ ਹਾਂ ਕਿਥੋਂ ਤੱਕ ਕਹਿਕੇ ਸੁਣਾਵਾਂ? (ਇਹ) ਗੁਰ ਸ਼ਰਧਾ ਰਿਦੇ ਵਿਚ ਵਧਾਉਂਦੀ ਹੈ ਜਿਸ ਤੇ (ਹਰ) ਸਿੱਖ ਭੁਗਤ ਮੁਕਤਿ ਪਾ ਲੈਂਦਾ ਹੈ ॥ ੩੬ ॥ (ਫੇਰ) ਸਾਰੀਆਂ ਕਾਮਨਾਂ ਦੇਣ ਵਾਲੀ ਹੈ, ਅਨੇਕਾਂ ਜਨਮਾਂ ਦੇ ਪਾਪ ਨਸ਼ਟ ਕਰਨ ਹਾਰੀ ਹੈ, (ਜੋ ਇਸ) ਸਾਰੇ ਗ੍ਰੰਥ ਨੂੰ ਸੁਣੇਗਾ ਓਹ ਗੁਣਾਂ ਦਾ ਗਜਾਤਾ ਹੋ ਜਾਏਗਾ ਤੇ ਸਾਰੇ (ਗੁਰੂ ਸਾਹਿਬਾਂ ਦੇ) ਚਰਿੱਤ੍ਰ ਪ੍ਰਗਟ ਹੀ ਜਾਣ ਲਵੇਗਾ ॥ ੩੭ ॥ (ਗੁਰੂ ਸਾਹਿਬਾਂ ਦਾ) ਦੁਸ਼ਟਾਂ ਨੂੰ ਮਾਰਨਾ ਤੇ ਦਾਸਾਂ ਨੂੰ ਉਧਾਰਨਾ ਇਸ ਤੋਂ ਆਦਿ ਲੈ ਕੇ ਜਿਵੇਂ ਕਾਰਨ (ਅਥਵਾ ਚਰਿੱਤ) ਕੀਤੇ ਹਨ, ਸਾਰਿਆਂ ਨੂੰ ਸੁਣਕੇ ਉਨ੍ਹਾਂ ਦਾ ਜੋ ਸਾਰ ਹੈ ਪਛਾਣੇਗਾ ਉਹ (ਆਪਣੇ ਲਈ) ਪੁੰਨ ਉਪਾਕੇ (ਆਪਣੇ) ਸਾਰੇ ਪਾਪਾਂ ਦਾ ਨਾਸ਼ ਕਰੇਗਾ।

ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਜ।
ਪਠਹਿ ਸੁਨਹਿ ਅਬਿ ਕਿਧੌਂ ਭਵਿੱਖਜ।
ਨਹਿਂ ਦੂਖਨ ਕੁਛ ਰਿਦੈ ਬਿਚਾਰੋ।
ਪਾਵਨ ਗੁਨ ਗਨ ਕੋ ਮਨ ਧਾਰੋ† ॥੩੯॥

†ਇੱਥੇ ਕਵਿ ਜੀ ਦੀਆਂ ਬਹੁਤ ਤੇ ਸਭ ਅੱਗੇ ਬੇਨਤੀਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦੇ ਚਿੱਤ ਵਿਚ ਗ੍ਰੰਥ ਸੰਪੂਰਨ ਕਰਨ ਦੀ ਅਤੀ ਅਭਿਲਾਖਾ ਹੈ ਅਰ ਸਰੀਰ ਦੀ ਕੋਈ ਦੁਰਬਲਤਾ ਯਾ ਸਮੇਂ ਦੇ ਕੋਈ ਰੰਗ ਯਾ ਉਂਞ ਹੀ ਸਮੇਂ ਦੀ ਅਸਾਰਤਾ ਦਾ ਖਿਆਲ ਤੇ ਵਿਘਨ ਕਾਰੀਆਂ ਦਾ ਭੈ ਅੱਖਾਂ ਅੱਗੇ ਹੈ ਤੇ ਡਰਦੇ ਹਨ ਕਿ ਮਤੇ ਕੰਮ ਵਿਚਾਲੇ ਨਾ ਰਹਿ ਜਾਵੇ, ਇਸ ਲਈ ਮਨ ਬਹੁਤ ਏਕਾਗਰ ਤੇ ਤਤਪਰ ਹੋ ਹੋਕੇ ਚਾਰ ਚੁਫੇਰੇ ਬਿਨਯ ਵਿਚ ਜਾਂਦਾ ਹੈ। ਸੋ ਆਪ ਦੀ ਅਰਦਾਸ ਪੂਰੀ ਹੋਈ ਕਿ ਗ੍ਰੰਥ ਪੂਰਨ ਹੋ ਗਿਆ ਤੇ ਮਗਰੋਂ ਉਸੇ ਸਾਲ ਵਿਚ ਆਪ ਦਾ ਦੇਹਾਂਤ ਹੋਇਆ। ਕਦੇ ਇਸ ਵੇਲੇ ਸਰੀਰ ਨਾ ਬਿਨਸਦਾ ਤੇ ਹੁਣ ਇਕ ਅੱਧ ਸਾਲ ਗ੍ਰੰਥ ਨੂੰ ਸੋਧਣ ਦਾ ਅਵਸਰ ਮਿਲ ਜਾਂਦਾ ਤਾਂ ਸ੍ਰੀ ਗੁਰ ਪ੍ਰਤਾਪ ਸੂਰਜ ਹੋਰ ਬੀ ਚਮਕਦਾਰ ਹੋ ਜਾਂਦਾ। ਵਿਸ਼ੇਸ਼ ਖਿਆਲ ਏਸੇ ਪਾਸੇ ਪੈਂਦਾ ਹੈ ਕਿ ਆਪ ਦਾ ਸਰੀਰ ਕੰਮ ਦੀ ਬਾਹੁਲਤਾ ਦੇ ਕਾਰਨ ਕਮਜ਼ੋਰ ਯਾ ਕੁਛ ਬੀਮਾਰ ਰਹਿਣ ਲੱਗ ਪਿਆ ਸੀ।

ਅਰਥ:

(ਜੋ ਵੀ) ਪ੍ਰੇਮੀ ਸਿੱਖ ਚਿੱਤ ਵਿਚ ਚੌਂਪ ਵਾਲਾ ਹੋਕੇ ਹੁਣ ਯਾ ਭਵਿੱਖਜਤ ਵਿਚ ਪੜ੍ਹੇ ਯਾ ਸੁਣੇਗਾ (ਉਹਨਾਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ) ਦੂਖਣਾਂ ਨੂੰ ਕੁਛ ਵੀ ਰਿਦੇ ਵਿਚ ਨਾ ਵਿਚਾਰੋ (ਤੇ ਕੇਵਲ) ਪਵਿੱਤਰ ਗੁਣਾਂ ਦੇ ਸਮੂਹ ਹੀ ਮਨ ਵਿਚ ਧਾਰਨਾ ਕਰੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਮੰਗਲਾਚਰਨ' ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

## ੨. [ਸੀਸ ਕੀਰਤਪੁਰ ਲਿਆਉਣਾ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਦਿੱਲੀ ਤੇ ਸਿਖ ਪ੍ਰਥਮ ਜੋ, ਗਮਨਜੋ ਆਇਸੁ ਲੇਯ।
ਤੇਗ ਬਹਾਦਰ ਸਤਿਗੁਰੂ, ਪਠਜੋ ਭੇਟ ਕੋ ਦੇਯ[1] ॥ ੧ ॥

[1]ਭੇਟਾ ਨੂੰ ਦੇਕੇ।

ਸ੍ਵੈਯਾ ਛੰਦ:

ਪੈਸੇ ਪੰਚਹੁੰ ਸ਼੍ਰੀ ਫਲ ਸੁੰਦਰ
ਗੁਰਤਾ ਅਰਪਨਿ ਕੀ ਬਿਧਿ ਜੋਇ।
ਲੇ ਕਰਿ ਪੰਥ ਬਿਖੈ ਪ੍ਰਸਾਥਨਜੋ,
ਥਿਰਜੋ ਨ ਕਿਸ ਥਲ, ਥਕਤਿ ਨ ਸੋਇ।
ਗੁਰ ਆਗਜਾ ਸਜੰਦਨ ਅਸਵਾਰੀ,
ਚਿਤ ਉਤਸਾਹ ਸੂਤ ਤਬਿ ਹੋਇ[1]।

[1]ਮਾਨੋ) ਗੁਰੂ ਜੀ ਦੀ ਆਗਜਾ ਇਹ ਤਾਂ ਰਥ ਦੀ ਅਸਵਾਰੀ ਸੀ ਤੇ (ਸਿੱਖ ਦੇ) ਚਿੱਤ ਦਾ ਜੋ ਉਤਸਾਹ ਸੀ ਸੋ ਰਥਵਾਹੀ ਹੋਇਆ।

ਪਹੁੰਚਜੋ ਆਨਿ ਅਨੰਦਪੁਰਿ ਸੋ ਸਿਖ
'ਕੁਸ਼ਲ' ਕਹਿਤ, ਬੂਝਹਿ ਨਰ ਕੋਇ ॥ ੨ ॥
ਸਵਾ ਪਹਿਰ ਦਿਨ ਆਯੋ ਤਿਸ ਛਿਨ,
ਬੈਠੇ ਸ਼੍ਰੀ ਗੋਬਿੰਦ ਸਿੰਘ ਰਾਇ।
ਜਗਤ ਸਮਸਤ[1] ਜੁ ਬਰਤਹਿ[2] ਨਿਤਪ੍ਰਤਿ
ਸੋ ਸਭਿ ਚਿਤ ਮਹਿਂ ਬਿਦਤਹਿ ਆਇ[1]।
ਕਿਤਿਕ ਮਸੰਦ ਬਿਲੰਦ ਚਿੰਤ ਜੁਤਿ,
ਚਹੁੰਦਿਸਿ ਮਹਿਂ ਤਿਮ ਸਿਖ ਸਮੁਦਾਇ।
ਕੇਚਿਤ ਰਹਤਿ ਸਮੀਪ ਕਦੀਮੀਂ[1],
ਕੇਚਿਤ ਨਏ ਦਰਸ ਹਿਤ ਆਇਂ ॥ ੩ ॥

[1]ਸਾਰੇ ਜਗ ਵਿਚ। [2]ਜੋ ਵਰਤਦਾ ਹੈ।
[1]ਪ੍ਰਗਟ ਹੁੰਦਾ ਹੈ।
[1]ਪੁਰਾਣੇ।

ਸ਼ੀਘ੍ਰ ਕਰਤਿ ਸਿਖ ਪਹੁੰਚਜੋ ਤਤਛਿਨ,
ਦੇਖਿ ਉਠੇ ਸਤਿਗੁਰ ਅਗਵਾਇ।
ਗੁਰਤਾ ਪਹੁੰਚੀ ਲਖੀ, ਨਮੋ ਕਰਿ,
ਪੁਨ ਬੈਠੇ ਸਿੰਘਾਸਨ ਆਇ।
ਧਰਿ ਪੈਸੇ ਆਗੇ ਸਭਿ ਦੇਖਤਿ,
ਲੇ ਸ਼੍ਰੀਫਲ ਝੋਰੀ ਮਹਿਂ ਪਾਇ।
ਹਾਥ ਬੰਦਿ ਬੰਦਨ ਸਿਖ ਕੀਨਸਿ

ਪਦ ਅਰਬਿੰਦਨਿ ਸੀਸ ਟਿਕਾਇ ॥੪॥
ਪੁਨ ਸਿਖ ਨੇ ਸਿਖ ਸਭਾ ਸਰਬ ਕੋ
ਨਮੋ ਕਰੀ ਚਹੁੰਦਿਸ਼ਿ ਮੁਖ ਫੇਰਿ।
ਆਇਸੁ ਲੇ ਸਤਿਗੁਰ ਕੀ ਬੈਠਜੋ
ਸਨਮੁਖ ਸੁੰਦਰ ਦਰਸ਼ਨ ਹੇਰਿ।
ਸੁਧਿ ਬੂਝੀ, ਸਭਿ ਲਗਜੋ ਸੁਨਾਵਨਿ
'ਤੁਰਕੇਸ਼ੂਰ ਕੇ ਖੋਟ ਬਡੇਰ।
ਕਰਤਿ ਕਠਿਨਤਾ ਅਨਿਕ ਭਾਂਤਿ ਕੀ,
ਨਹਿਂ ਕੁਛ ਜਾਨਹਿਂ ਪ੍ਰਭੁ ਦਲੇਰ[1] ॥੫॥
ਬਦਨ ਪ੍ਰਫੁੱਲਜਤਿ ਇਕ ਸਮ ਨਿਤ ਰਹਿ
ਜਥਾ ਪ੍ਰਭਾਤਿ ਖਿਰਹਿਂ ਅਰਬਿੰਦ।
ਪਠਹਿ ਨੁਰੰਗਾ ਕੁਮਤਿ[1] ਮੁਲਾਨੇ
ਜੇ ਸਜਾਨੇ ਉਮਰਾਵ ਬਿਲੰਦ।
-ਕਰਾਮਾਤ ਕੁਛ ਕਰਹੁ ਦਿਖਾਵਨਿ
ਕੈ ਤਜਿ ਦੇਹੁ ਧਰਮ ਜੋ ਹਿੰਦੁ।
ਸਰਬ ਸ਼ਿਰੋਮਨ ਸ਼ਰ੍ਹਾ ਜਿ ਆਵਹੁ
ਵਧੈ ਦੀਨ ਤੌਂ ਮਾਨਹਿਂ ਬ੍ਰਿੰਦ[1] ॥੬॥
ਦ੍ਵਿਜ ਕਸ਼ਮੀਰੀ ਆਦਿ ਜਿਤਿਕ ਜਗ
ਤੁਮਰੀ ਦਿਸ਼ਿ ਦੇਖਤਿ ਸਭਿ ਕੋਇ।
ਫੇਰ ਨ ਫੇਰਹਿ[1] ਕਿਸੁ ਦੇਸ਼ ਮਹਿਂ,
ਮਾਨਹਿਂ ਕਹਜੋ, ਤੁਰਕ ਜਗ ਹੋਇ[1]।
ਇਮ ਚਿਤ ਚਹਤਿ ਨ ਜੇ ਅਤਿ ਰੁਚਿ ਕਰਿ[1],
ਅਜ਼ਮਤ ਕਰਹੁ ਸ਼ਾਹੁ ਕਹਿ ਜੋਇ।
ਰਾਮਰਾਇ ਬਹੁ ਕਰੀ ਅਧਿਕ ਹੀ
ਜਿਮ ਭਾਖੀ ਦਿਖਰਾਵਤਿ ਸੋਇ ॥੭॥
ਦਰਬ ਬ੍ਰਿੰਦ ਹਜ਼ਰਤ ਨੇ ਦੀਨਸਿ
ਬਡ ਮਰਾਤਬਾ ਪਾਯੋ ਤਾਂਹਿ[1]।
ਜਿਤ ਕਿਤ ਤੇ ਸਭਿ ਸੰਗਤਿ ਹੋਈ[†]
ਵਧਜੋ ਸਮਾਜ ਸੁਜਸ ਜਗ ਮਾਂਹਿ।
ਬਸਹੁ ਸ਼ਾਹ ਕੇ ਦੇਸ਼ਨਿ ਮਹਿਂ ਤੁਮ,
ਪੁਜਵਾਵਹੁ ਜਿਤ ਦਿਸ਼ਿ ਚਲਿ ਜਾਹਿਂ।

[1]ਭਾਵ ਬਹਾਦਰ ਗੁਰੂ ਜੀ ਪ੍ਰਵਾਹ ਨਹੀਂ ਕਰਦੇ।

[1]ਖੋਟੀ ਬੁੱਧ ਵਾਲੇ।

[1]ਤੁਸਾਂ ਨੂੰ) ਸਾਰੇ ਮੰਨਣਗੇ।

[1]ਫੇਰ ਨਹੀਂ (ਹੁਕਮ) ਮੋੜਨਗੇ।

[1]ਸਾਰਾ) ਜਗ ਤੁਰਕ ਹੋ ਜਾਵੇਗਾ।

[1]ਭਲਾ ਜੇ ਤੁਹਾਡਾ ਜੀ ਕਿਵੇਂ ਬੀ ਇਹ ਕੁਛ ਕਰਨਾ ਨਾ ਚਾਹੇ ਤਾਂ...।

[1]ਭਾਵ ਰਾਮ ਰਾਇ ਨੇ।

[†]ਪਾ:-ਜਿਤ ਕਿਤ ਸੰਗਤਿ ਹੋਇਂ ਸਿਖ ਬਹੁ।

ਕਯੋਂ ਕਰਿ[1] ਕਹ੍ਯੋ ਨ ਮਾਨਹਿਂ ਤਿਸ ਕੋ[2]
[1]ਕਿਵੇਂ ਬੀ। [2]ਉਸ (ਸ਼ਾਹ) ਦਾ।

ਦਿਹੁ ਅਜ਼ਮਤ ਨਹਿਂ ਕੀਜਹਿ ਨਾਂਹਿ[1]- ॥੮॥
[1]ਇਨਕਾਰ ਨਾ ਕਰੋ।

ਗੁਰੂ ਕਹ੍ਯੋ -ਮੂਰਖ ਚਵਗੱਤਾ

ਦੁਸ਼ਟ ਕੁਪੱਤਾ ਮੱਤਾ ਮੰਦ[1]।
[1]ਮਸਤਿਆ ਹੋਇਆ ਨੀਚਤਾ ਵਿੱਚ।

ਦੁਰਮਤਿ ਰੱਤਾ ਹੁਇ ਬਿਨ ਸੱਤਾ

ਹੁੱਤਾ ਤੁਰਕਨ ਤੇਜ ਬਿਲੰਦ[1]।
[1]ਜੋ) ਤੁਰਕ ਦਾ ਬੜਾ ਤੇਜ ਹੁੰਦਾ ਸੀ ਸੱਤਿਆ ਤੋਂ ਬਿਨਾ ਹੋ ਜਾਏਗਾ ਭਾਵ ਨਾਸ਼ ਹੋ ਜਾਏਗਾ।

ਝਖ ਮਾਰਤਿ ਤੱਤਾ[1], ਹੁਇ ਕਰਿ ਮੱਤਾ[2],
[1]ਸੜਿਆ ਹੋਇਆ। [2]ਮਸਤਿਆ।

ਬਨਹਿ ਉਵੱਤਾ ਘੱਤਾ ਦੁੰਦ[1]।
[1]ਬਣਕੇ ਅਵੈੜਾ ਜੋ ਰੌਲਾ ਪਾਂਵਦਾ ਹੈ।

ਗੁਰ[1] ਬਰ ਦਿੱਤਾ, ਬਾਬਰ ਲਿੱਤਾ,
[1]ਗੁਰੂ (ਨਾਨਕ ਜੀ) ਨੇ।

ਇਹ ਖੋਵੈ ਤਿਸ ਨੱਤਾ ਨੰਦ[1] ॥੯॥
[1]ਪੜਪੋਤੇ ਦਾ ਪੁੱਤ੍ਰ। ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹ ਜਹਾਂ, ਔਰੰਗਜ਼ੇਬ। ਬਾਬਰ ਦਾ ਪੋਤਾ ਅਕਬਰ, ਪੜੋਤਾ ਜਹਾਗੀਰ, ਪੜਪੜੋਤਾ ਸ਼ਾਹ ਜਹਾਂ, ਸ਼ਾਹ ਜਹਾਂ ਦਾ ਨੰਦ (ਪੁੱਤ੍ਰ) ਔਰੰਗਜ਼ੇਬ।

ਕਰਾਮਾਤ ਕੋ ਕਹੈਂ ਕਹਿਰ ਜਨ

ਦਰਵੇਸ਼ਨਿ ਕੋ ਐਸ ਨ ਕਾਜ।

ਨਾਟਕ[1] ਚੇਟਕ[2] ਕਰਿ ਦਿਖਰਾਵਨਿ
[1]ਤਮਾਸ਼ਾ। [2]ਜਾਦੂ।

ਪ੍ਰਭੁ ਲੋਕਨ ਕਹਿ[1] ਆਵਤਿ ਲਾਜ।
[1]ਭਾਵ ਸੰਤਾਂ ਨੂੰ (ਨਾਟਕ ਚੇਟਕ ਕਰਦਿਆਂ)।

ਅਧਿਕ ਧਰਮ ਧਨ[1] ਧਾਰਹਿਂ, ਨ ਛੋਰਹਿਂ,
[1]ਧਰਮ ਰੂਪੀ ਧਨ।

ਨਿਜ ਨਿਜ ਪ੍ਰਿਯ ਸਭਿ ਕੋ ਸੁਖ ਸਾਜ[1]।
[1]ਆਪੋ ਆਪਣਾ ਧਰਮ ਪਿਆਰਾ ਹੈ ਸਾਰਿਆਂ ਨੂੰ ਸੁਖ ਕਰਾਉਣ ਵਾਲਾ।

ਈਸ਼੍ਵਰ ਕਰਹਿ, ਮੇਟ ਕੋ ਸਾਕਹਿ,

ਹਠ ਜੋ ਕਰਹਿ ਮੂਢ ਮਤਿ ਪਾਜ[1]- ॥੧੦॥
[1]ਮੂਰਖ ਝੂਠੀ ਮਤ ਵਾਲਾ।

ਮ੍ਰਿਦੁਲ ਕਠਨ ਇੱਤਯਾਦਿਕ ਭਾਖੇ,

ਸੁਨਿ ਕਰਿ ਦੁਖਹਿ ਅਧਿਕ ਉਰ ਮਾਂਹਿ।

ਪੁਨ ਗੁਰ ਮੋ ਕਹੁ ਕੀਨਿ ਅਵਾਹਨ[1]
[1]ਸੱਦਣਾ ਕੀਤਾ।

ਜਮਾਦਾਰ ਕਾਰਾਗ੍ਰਿਹ ਤਾਂਹਿ[1]।
[1]ਕੈਦਖਾਨੇ ਦਾ ਜੋ ਜਮਾਦਾਰ ਸੀ ਤਿਸ (ਦਵਾਰਾ)।

ਸੋ ਗੁਰ ਸੇਵਕ ਹੁਇ ਅਨਕੂਲੀ[1],
[1]ਉਹ (ਜਮਾਦਾਰ) ਗੁਰਾਂ ਦਾ ਸੇਵਕ (ਆਗਯਾਕਾਰ) ਹੈ।

ਪਠਹੁ ਜੁ ਸਿੱਖ[1] ਮਿਲਾਵਹਿ ਵਾਹਿ।
[1]ਜੋ ਸਿੱਖ (ਆਪ) ਭੇਜਦੇ ਹੋ।

ਬੰਦਹਿ ਚਰਨ ਕਮਲ ਸ਼ਰਧਾਊ,

ਮੁਝ ਲੇ ਗਯੋ ਪ੍ਰਭੁ ਕੇ ਪਾਹਿ ॥੧੧॥

ਗੁਰ ਬੋਲੇ -ਹਮ ਅਲਪ ਆਰਬਲ
ਇਕ ਦੁਇ ਦਿਨ ਕੀ ਨਿਸ਼ਚੈ ਜਾਨਿ।
ਜਗ ਗੁਰਤਾ ਕੋ ਲੇ ਕਰਿ ਗਮਨਹੁ,
ਨਹਿਂ ਠਹਿਰਹੁ ਹ੍ਵੈ ਕੈ ਸਵਧਾਨ।
ਪਹੁੰਚਹੁ ਈਸ਼੍ਵਰ ਅੰਸਹਿ[1] ਅਰਪਹੁ,
ਵਧੈ ਪ੍ਰਤਾਪ ਜਹਾਨ ਮਹਾਨ।
ਬਿਨਾ ਕਾਨ[1] ਤੁਰਕਾਨ ਪ੍ਰਹਾਨਹੁ[2],
ਸੇਵਕਾਨਿ ਰੱਛਹੁ ਬਲ ਠਾਨਿ- ॥੧੨॥
ਲੇ ਕਰਿ ਗਮਨਜੋ, ਥਿਰਜੋ ਨ ਮਾਰਗ,
ਗੁਰ ਬਲ ਤੇ ਪਹੁੰਚਜੋ ਪੁਰਿ ਆਇ[1]।'

ਸਭਾ ਸਹਿਤ ਕਲ਼ਗੀਧਰ ਸੁਨਿ ਕਰਿ
ਗੁਰ ਸਿਮਰਨਿ ਕਰਿ ਉਰ ਮਹਿਂ ਲਜਾਇ
ਬੰਦਿ ਹਾਥ ਬੰਦਨ ਕਰਿ ਪੁਨ ਪੁਨ
ਅਲਖ ਗੁਰੂ ਗਤਿ ਲਖੀ ਨ ਜਾਇ।
ਮਾਤ ਨਾਨਕੀ ਜਹਿਂ ਸ਼੍ਰੀ ਗੁਜਰੀ
ਪਹੁੰਚਿ ਸਿੱਖ ਕਰਿ ਨਮੋ ਸੁਨਾਇ ॥੧੩॥
ਦੀਰਘ ਸ੍ਵਾਸ[1] ਤਪਤ ਅਤਿ ਛੋਰਤਿ
ਲੋਚਨ ਜਲ ਝਲਕਜੋ ਤਤਕਾਲ।
-ਅਤਿ ਸਮਰਥ ਜਿਨ ਦਾਸਨ ਦਾਸਹਿ,
ਸਹੀ ਅਵੱਗਜਾ ਇਤਿਕ ਬਿਸਾਲ।
ਚਹੈਂ ਕਰੈਂ ਬਿਨ ਬਿਲਮ ਸਰਬ ਕੁਛ,
ਬਸਿ ਤੁਰਕੇਸ਼ੁਰ ਕੇ[1] ਅਸ ਹਾਲ।
ਧੰਨ ਧੰਨ ਗੁਰ ਅਚਰਜ ਚਰਿਤਾ
ਕਿਮ ਕੋ ਬਾਕ ਕਹੈ ਕਿਸ ਨਾਲ[1] ॥੧੪॥
ਅਵਧ ਓਜ ਕੀ[1], ਅਵਧਿ ਧੀਰ ਕੀ,
ਅਵਧਿ ਅਵੱਗਜਾ ਲਹੀ ਸਹਾਰ[1]।
ਤੁਮ ਬਿਨ ਕਉਨ ਕਰੈ ਅਸ ਕਾਰਜ,
ਹਿੰਦੁ ਧਰਮ ਕੋ ਧਰਿ ਕਰਿ ਭਾਰ[1]।
ਕਰਹੁ ਸੁ ਭਲੀ ਤਰਕ ਕੋ ਕਿਮ ਕਰਿ[1],
ਹਮ ਕੋ ਦਰਸ਼ਨ ਪਜਾਸ ਉਦਾਰ।
ਇਕ ਸਮ ਲੋਕ ਪ੍ਰਲੋਕ ਅਨੰਦਹੁ

[1]ਈਸ਼ੁਰ ਦੀ ਅੰਸ ਭਾਵ ਸ਼੍ਰੀ ਗੁਰ ਗੋਬਿੰਦ ਸਿੰਘ ਜੀ ਨੂੰ।

[1]ਕਨੌਡ। [2]ਨਾਸ਼ ਕਰੋ।

[1]ਲੈਕੇ ਟੁਰ ਪਿਆ, ਰਾਹ ਵਿੱਚ ਕਿਤੇ ਅਟਕਿਆ ਨਹੀਂ ਤੇ ਗੁਰਾਂ ਦੇ ਬਲ ਨਾਲ (ਆਨੰਦ) ਪੁਰ ਆ ਪੁੱਜਾ ਹਾਂ।

[1]ਲੰਮੇ ਸਾਹ।

[1]ਤੁਰਕੇਸ਼ੁਰ ਦੇ ਵਸੀ ਹੋ ਕੇ।

[1]ਕਿਵੇਂ ਕੋਈ ਕਿਸੇ ਨਾਲ ਵਚਨ ਕਰੇ।

[1]ਬਲ ਦੀ ਔਧੀ ਹੋ।

[1]ਅਵੱਗਜਾ ਦੀ ਵੀ ਅਵਧੀ ਸਹਾਰ ਲਈ।

[1]ਭਾਰ ਚੁੱਕਕੇ।

[1]ਤਰਕ ਕੋਈ ਕਿਵੇਂ ਕਰ ਸਕਦਾ ਹੈ।

ਪ੍ਰਤਿਪਾਲਹੁ ਸਭਿ ਕੇ ਦਾਤਾਰ- ॥੧੫॥
ਮਾਤ ਨਾਨਕੀ ਰੁਦਤਿ ਬ੍ਰਿਲਾਪਤ
-ਜਥਾ ਸਸੁਰ[1] ਮੇਰੈ ਗਤਿ ਕੀਨਿ।
[1]ਸਹੁਰੇ (ਭਾਵ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ)।
ਅਜ਼ਮਤਿ ਨਹੀ ਜਨਾਵਨ ਕੀਨਸਿ,
ਕਸ਼ਟ ਸਹਾਰੇ ਤਨ ਪਰ ਪੀਨ।
ਦੇ ਖੱਤ੍ਰੀ[1] ਸਿਰ ਦੋਸ਼ ਘਨੇਰਾ
[1]ਭਾਵ ਚੰਦੂ।
ਰਾਵੀ ਤਟ ਸਰੀਰ ਤਜਿ ਦੀਨਿ।
ਤਥਾ ਪੁੱਤ੍ਰ ਕੋ ਧੀਰਜ ਹੇਰਾ
ਸਕਲ ਕਲਾ ਸਮਰੱਥ ਪ੍ਰਬੀਨ- ॥੧੬॥
ਫਰਜੋ ਦੁਪਹਿਰਾ ਦੋਇ ਘਰੀ ਜਬਿ
ਇਮਿ ਚਿੰਤਾ ਜੁਤਿ ਸ਼ੋਕ ਬਿਸਾਲ।
ਔਚਕ ਹੀ ਗੁਰ ਗੋਬਿੰਦ ਸਿੰਘ ਜੀ
ਰੁਚਿਰ ਪ੍ਰਯੰਕ ਤਜਾਗਿ ਤਤਕਾਲ।
ਧਰ ਪਰ ਫਰਸ਼ ਕਰਜੋ ਤਹਿਂ ਬੈਠੇ
ਤੁਸ਼ਨਿ ਠਾਨਿ ਪਿਖਹਿਂ ਸਿਖ ਜਾਲ[1]।
[1]ਸਾਰੇ।
ਜਨਨੀ ਨਿਕਟਿ ਗਈ ਸੁਧਿ ਜਬਿਹੂੰ
ਸਾਸ ਨੁਖਾ[1] ਦੁਖ ਲਹਜੋ ਕਰਾਲ ॥੧੭॥
[1]ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੇ।
ਜਾਨੀ ਗਤਿ -ਜਗ ਗੁਰੂ ਬਿਕੁੰਠਹਿ
ਤਨ ਕੋ ਤਜਾਗਿ ਗਏ-`ਮਨ ਚੀਨ।
ਤਬਿ ਧਰਨੀ ਪਰ ਥਿਰ ਸੁਤ ਹੋਵਾ
ਮਹਾਂ ਬਿਖਾਦ[1] ਰਿਦੇ ਮਹਿਂ ਕੀਨਿ।
[1]ਦੁੱਖ।
ਦਾਸੀ ਦਾਸ ਦੇਖਿ ਦੁਖ ਪ੍ਰਾਪਤਿ
ਉਚੇ ਰੁਦਤਿ ਸ਼ੋਕ ਮਨ ਲੀਨ।
'ਮਹਾਂਰਾਜ ਹਮ ਕੌਨ ਸੰਭਾਰਹਿ
ਆਪ ਅਲੰਬ ਦੁਨੀ ਅਰੁ ਦੀਨ' ॥੧੮॥
ਸ਼ੋਕ ਸ਼ਬਦ ਮਹਿਲਨਿ ਮਹਿਂ ਹੋਵਾ
ਸੁਨਿ ਕਰਿ ਸਤਿਗੁਰ ਦਾਸ ਪਠਾਇ।
'ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ,
ਸਿਮਰਹੁ ਗੁਨ ਪ੍ਰਭੁ ਕੇ ਸਮੁਦਾਇ।
ਸਦਾ ਅਨੰਦ ਏਕ ਰਸ ਜਾਨਹੁੰ,
ਜਨਮ ਮਰਨ ਗੁਰ ਕੇ ਨਹਿਂ ਕਾਇ[1]।
[1]ਕੋਈ ਨਹੀਂ।
ਪਰਉਪਕਾਰ ਹੇਤੁ ਤਨ ਧਾਰਹਿਂ

ਜਿਮ ਨਭ ਮਹਿਂ ਘਨ[1] ਹੁਇ ਬਿਦਤਾਇ ॥੧੯॥ — [1]ਬੱਦਲ।

ਕਰਿ ਬਰਖਾ ਸੁਖ ਦੇ ਕਰਿ ਜਗ ਕੋ,
ਪੁਨ ਅਕਾਸ਼ ਮਹਿਂ ਲੈ ਹੁਇ ਜਾਇ।
ਤਿਮ ਤਨ ਗੁਰ ਸੁਤੰਤ੍ਰ ਹੁਇ ਧਾਰਹਿਂ
ਸਿਖ ਸੇਵਕ ਕੇ ਬਨਹਿਂ ਸਹਾਇ।
ਗਜ਼ਾਨ ਭਗਤਿ ਉਪਦੇਸ਼ਨਿ ਕਰਿ ਕੈ
ਸ਼ੁਭ ਮਾਰਗ ਮਹਿਂ ਜਗਤ ਲਗਾਇ।
ਪੁਨ ਸੁਛੰਦ ਪਰਲੋਕ ਸਿਧਾਰਹਿਂ
ਤਿਨ ਕਾਰਨ ਕਿਮ ਸ਼ੋਕ ਉਪਾਇ? ॥੨੦॥

ਨਾਮ ਉਚਾਰਹੁ, ਜਨਮ ਸੁਧਾਰਹੁ,
ਕਸ਼ਟ ਨ ਧਾਰਹੁ ਜਨ ਸਮੁਦਾਇ[1]।' — [1]ਸਾਰੇ ਦਾਸ (ਮਿਲਕੇ)।
ਸੁਨਿ ਕੈ ਬਾਕ ਹਟੇ ਸਭਿ ਰੋਦਤਿ
ਹੁਇ ਤੂਸ਼ਨਿ ਗੁਰ ਗਜ਼ਾਨ ਧਰਾਇ।
ਜੁਗ ਅਸਵਾਰ ਪਠਾਵਨਿ ਕੀਨੇ
'ਆਵਹਿ ਸਿੱਖ ਮਿਲੌ ਅਗਵਾਇ।
ਜਾਹੁ ਪਲਾਵਤਿ[1], ਪੁਨ ਹਟਿ ਆਵੌ, — [1]ਘੋੜੇ ਦੌੜਾਈ ਜਾਓ)।
ਦੀਜੈ ਸੁਧਿ ਤਿਸ ਤੇ ਸੁਨ ਪਾਇ[1] ॥੨੧॥ — [1]ਤਿਸ ਸਿੱਖ ਤੋਂ ਸੁਣਕੇ ਸਾਨੂੰ) ਖਬਰ ਦਿਓ।

ਦਈ ਨਿਹਾਰੀ ਹਯਨਿ[1] ਅਰੂਢੇ — [1]ਨਿਹਾਰੀ ਦਿੱਤੀ ਘੋੜਿਆਂ ਨੂੰ ਤੇ।
ਦਿੱਲੀ ਪੁਰਿ ਕੇ ਮਾਰਗ ਚਾਲਿ।
ਨਿਸ ਬਾਸੁਰ ਗਮਨੇ ਇਕ ਸਮ ਹੀ,
ਦੇਖਤਿ ਨਰ ਹਿਤ ਸਿੱਖ ਸਮਾਲ[1]। — [1]ਸਾਰੇ ਪੁਰਸ਼ਾਂ ਨੂੰ ਦੇਖਦੇ ਹਨ ਸਿੱਖ ਦੀ ਸੰਭਾਲ ਲਈ।
ਕੇਤਿਕ ਮਜ਼ਲ ਗਏ ਅਵਲੋਕਯੋ,
ਗੁਰ ਸਿਰ ਬਸਤ੍ਰ ਲਪੇਟੇ ਜਾਲ[1]। — [1]ਬਹੁਤ (ਬਸਤ੍ਰਾਂ ਨਾਲ)।
ਅਪਨੇ ਸੀਸ ਉਠਾਵਨ ਕੀਨਸਿ
ਇਤ ਉਤ ਪਿਖਤਿ ਸਤ੍ਰਾਸ ਬਿਸਾਲ ॥੨੨॥

ਕੀਨਿ ਚਿਨਾਰਿ, ਮਿਲੇ ਕਰਿ ਬੰਦਨ
'ਕਹੁ ਸੁਧਿ ਗੁਰ ਕੀ ਜਥਾ ਬ੍ਰਿਤਾਂਤ।'
ਸੁਨਿ ਤਿਨ ਭਨੀ, 'ਮੋਹਿ ਢਿਗ ਗੁਰ ਸਿਰ,
ਚਹੌਂ ਅਨੰਦ ਪੁਰਿ ਲੇ ਕਰਿ ਜਾਤਿ।

ਤੁਮ ਕਿਤ ਜਾਹੁ, ਹਟਹੁ ਅਬਿ ਪਾਛੇ
ਬੀਤੀ ਤਿਮ, ਚਹਿਂ ਗੁਰ ਜਿਸ ਭਾਂਤਿ[1]।
ਗਮਨਹੁ ਤੁਰਨ, ਦੇਹੁ ਸਦਨ ਸੁਧਿ,
ਪੁਨ ਮੈਂ ਭਨਹੁਂ ਆਇ ਸਭਿ ਬਾਤ ॥੨੩॥

[1]ਗੁਰੂ ਜੀ ਜਿਵੇਂ ਚਾਹੁੰਦੇ ਸਨ।

ਕੀਰਤਪੁਰਿ ਮੈਂ ਠਹਿਰਨ ਕਰਿਹੌਂ,
ਬ੍ਰਿੰਦ ਦੇਹੁਰੇ ਗੁਰ ਸੋਢੀਨ।
ਆਗੇ ਗੁਰ ਇੱਛਾ ਜਿਮ ਹੋਵੈ
ਤਿਮ ਬਰਤਹਿਂ ਆਛੀ ਮਨ ਚੀਨਿ।'
ਸੁਨਿ ਦੋਨਹੁਂ ਬਿਰਤਾਂਤ ਹਟੇ ਤਬਿ
ਗਮਨੇ ਆਨੰਦਪੁਰਿ ਮਗ ਲੀਨਿ।
ਸ਼ੀਘ੍ਰ ਕਰਤਿ ਸਭਿ ਪੰਥ ਉਲੰਘੇ
ਬਰੇ ਸਦਨ ਹਯ ਬੰਧਨਿ ਕੀਨਿ ॥੨੪॥
ਗੁਰ ਢਿਗ ਪਹੁੰਚਿ ਬੰਦਨਾ ਠਾਨੀ,
ਬਰਨਜੋਂ ਦਿੱਲੀ ਕੇਰ ਬ੍ਰਿਤੰਤ।
ਸੁਨਿ ਕਰਿ ਸ਼ੋਕਮਾਨ ਸਭਿ ਹ੍ਵੈ ਕਰਿ
ਨੀਰ ਬਿਲੋਚਨ ਤੇ ਨਿਚੁਰੰਤਿ।
ਸ਼੍ਰੀ ਗੋਬਿੰਦ ਸਿੰਘ ਬਰਜੇ ਸਗਰੇ
ਬ੍ਰਿੰਦ ਮਸੰਦਨਿ ਸੰਗ ਭਨੰਤਿ।
'ਤਜਾਰੀ ਕਰਹੁ ਦਰਬ ਗਨ[1] ਖਰਚਹੁ,
ਬਨਹਿ ਬਿਮਾਨ ਅਧਿਕ ਦੁਤਿਵੰਤ ॥੨੫॥

[1]ਬਹੁਤਾ ਧਨ।

ਕੰਚਨ ਪੁਸ਼ਪ[1] ਆਦਿ ਸਬਿ ਕਰੀਅਹਿ,
ਚੰਦਨ ਚਾਰੁ[1†] ਲਜਾਇ ਤਤਕਾਲ।
ਫੂਲਨ ਕੀ ਮਾਲਾ ਗਨ ਸਿਰਜਹੁ,
ਪਸ਼ਮੰਬਰ ਲਿਹੁ ਮੋਲ ਬਿਸਾਲ।
ਅਨਿਕ ਸੁਗੰਧਨਿ ਕਰਹੁ ਸਕੇਲਨਿ,
ਜਵ[1] ਤਿਲ ਘ੍ਰਿੱਤ ਸੰਚੀਅਹਿ[2] ਜਾਲ।'
ਸੁਨਿ ਗੁਰ ਹੁਕਮ ਪਠਾਏ ਨਰ ਗਨ
'ਬਡੇ ਨਗਰ ਤੇ ਆਨਹੁਂ ਭਾਲਿ[1]' ॥੨੬॥

[1]ਸੂਰਨ ਦੇ ਫੁੱਲ।
[1]ਸੁੰਦਰ ਚੰਦਨ। †ਪਾ:-ਭਾਰ।
[1]ਜੌਂ। [2]ਕੱਠਾ ਕਰੋ।
[1]ਲੱਭਕੇ।

ਦੋਹਰਾ:
ਇਮ ਤਜਾਰੀ ਸਤਿਗੁਰੁ ਕਰੀ, ਸਰਬ

ਭਾਂਤਿ ਕੀ ਜੋਇ।
ਉਤ ਤੇ ਲੇ ਕੀਰਤਪੁਰੇ, ਪਹੁੰਚਜੋ ਗੁਰ ਸਿੱਖ
ਸੋਇ ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੀਸ ਲਜਾਵਨਿ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਸੀਸ ਸਸਕਾਰ ਅਨੰਦ ਪੁਰ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਗੁਜਰੀ ਜੁਤਿ ਸ੍ਰੀ ਨਾਨਕੀ, ਤਿਨ ਢਿਗ ਸਤਿਗੁਰ ਜਾਇ।
'ਕਿਤ ਸਸਕਾਰਹਿਂ ਗੁਰੂ ਸਿਰ? ਬੂਝਯੋ ਜਿਮ ਬਨਿ ਆਇ' ॥੧॥

ਸ੍ਵੈਯਾ:

ਬ੍ਰਿੰਦ ਮਸੰਦ ਕਹਯੋ ਕਰ ਬੰਦਿ
'ਗੁਰੂ ਹਰਿਗੋਬਿੰਦ ਜੀ ਸਸਕਾਰੇ।
ਤਾਂ ਦਿਨ ਤੇ ਗਨ ਸੋਢਿਨਿ ਬੰਸ
ਸਭੈ ਪੁਰਿ ਕੀਰਤਿ ਕੇਰ ਮਝਾਰੇ[1]।
[1]ਕੀਰਤਪੁਰ ਦੇ ਵਿਚ (ਸਸਕਾਰੇ ਹਨ)।
ਜਯੋਂ ਮਰਜ਼ੀ ਅਬਿ ਰਾਵਰ ਕੀ
ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ।'
ਸ੍ਰੀ ਗੁਜਰੀ ਸੁਨਿ ਕੈ ਤਿਨ ਤੇ
ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ
॥੨॥
'ਔਰਨਿ ਕੋ ਨ ਰਚਯੋ ਪੁਰਿ ਕੋ[1]
[1]ਹੋਰਨਾਂ ਸੋਢੀਆਂ ਨੇ ਆਪਣਾ ਨਗਰ ਤਾਂ ਕੋਈ ਨਹੀਂ ਰਚਿਆ ਹੋਇਆ ਸੀ।
ਇਸ ਕਾਰਨ ਤੇ ਤਹਿਂ ਲੇ ਸਸਕਾਰੇ।
ਏ[1] ਜਿਸ ਕਾਲ ਲਈ ਗੁਰਤਾ
[1]ਭਾਵ ਗੁਰੂ ਤੇਗ ਬਹਾਦਰ ਜੀ ਨੇ।
ਤਜਿ ਪੂਰਬ ਬਾਸ[1] ਉਠੇ ਉਰ ਧਾਰੇ।
[1]ਛੱਡ ਕੇ ਪਹਿਲੇ ਘਰ ਬਾਰ।
-ਈਰਖਾ ਧਾਰਿ ਸ਼ਰੀਕ ਰਹੈਂ
ਇਹ ਨੀਕ ਨਹੀਂ ਪਰਿ ਹੈ ਬਿਚ ਰਾਰੇ[1]-।
[1]ਚੰਗਾ ਨਹੀਂ ਕਿ ਝਗੜਿਆਂ ਵਿਚ ਪਵੀਏ।
ਸ਼ਾਂਤਿ ਸਰੂਪ ਅਨੂਪ ਸਦਾ
ਇਤ ਆਵਤਿ ਭੇ ਸ਼ੁਭ ਥਾਨ ਨਿਹਾਰੇ
॥੩॥
ਬ੍ਰਿੰਦ ਦਯੋ ਧਨ, ਮੋਲ ਲਈ ਧਰ[1]
[1]ਜ਼ਮੀਨ ਮੁੱਲ ਲੀਤੀ।
ਔਰ ਉਪਾਇ ਕਰੇ ਸਭਿ ਭਾਂਤੀ।
ਆਨੰਦ ਦਾ ਪਿਖਿ ਥਾਨ ਮਹਾਂਨ
ਧਰਯੋ ਤਬਿ ਨਾਮ ਭਯੋ ਬੱਖਯਾਤੀ[1]।
[1]ਭਾਵ ਆਨੰਦ ਪੁਰ ਪ੍ਰਸਿੱਧ ਹੋ ਗਿਆ।
ਆਨਿ ਕਰੋ ਸਸਕਾਰ ਇਹਾਂ,
ਬਿਰਧਾ ਤਿਨ ਮਾਤ ਬਡੀ ਬਿਲਲਾਤੀ[1]।
[1]ਰੋਂਦੀ ਹੈ।
ਸੁੰਦਰ ਸ੍ਰੀ ਮੁਖ ਕੌ ਦਰਸੈਂ,
ਸਭਿ ਤੇ ਸ਼ੁਭ ਜਾਨਹੁ ਹੈ ਇਹ ਬਾਤੀ'

॥ ੪ ॥
ਯੌਂ ਭਨਤੇ[1] ਭਰਿ ਕੰਠ ਗਯੋ — [1]ਕਹਿੰਦਿਆਂ।
ਬਡ ਪ੍ਰੇਮ ਤੇ ਬਾਕ ਕਹ੍ਯੋ ਨਹਿਂ ਜਾਈ।
ਮਾਤ ਕੀ ਬਾਤ ਸੁਨੀ ਗੁਰ ਪੂਰਨ,
ਜਾਨਿ ਕੈ ਨੀਕ ਭਲੇ ਮਨ ਭਾਈ।
ਤਯਾਰ ਭਏ ਹਿਤ ਲਯਾਵਨ ਕੇ ਪੁਰਿ
ਦੋਨਹੁਂ ਮਾਤ ਅਵਾਸ ਟਿਕਾਈ।
ਔਰ ਸਮਾਜ ਬਿਸਾਲ ਲਿਯੋ ਸੰਗ
ਸੀਸ ਉਠਾਇ ਚਲੇ ਸਮੁਦਾਈ ॥ ੫ ॥
ਪੁੰਜ ਲਗ੍ਯੋ ਧਨ, ਚਾਰੁ[1] ਬਿਮਾਨ — [1]ਸੁੰਦਰ।
ਉਠਾਇ ਕਰ੍ਯੋ ਸਭਿ ਤੇ ਅਗਵਾਈ।
ਬ੍ਰਿੰਦ ਮਸੰਦ ਮਿਲੇ ਸਿਖ ਸੇਵਕ
ਸ੍ਰੀ ਗੁਰ ਸੰਗ ਭਲੇ ਪਿਛਵਾਈ।
ਪਾਠ ਕਰੈਂ ਗੁਰਬਾਨਿ ਮਹਾਨ ਕੋ[1] — [1]ਸ਼੍ਰੇਸ਼ਟ ਗੁਰਬਾਣੀ ਦਾ।
ਲੋਚਨ ਤੇ ਜਲ ਮੋਚਤਿ ਜਾਈ।
ਜਾਤਿ ਭਏ ਪੁਰਿ ਕੀਰਤਿ ਮੈਂ,
ਗੁਰ ਕੀਰਤਿ ਕੋ ਬਰਨੈਂ ਸਮੁਦਾਈ ॥ ੬ ॥
ਜਹਿਂ ਸੀਸ ਲਿਏ ਗੁਰ ਕੋ ਸਿਖ ਥੋ
ਪੁਰਿ ਤੇ ਪਰਿ ਬਾਹਰ ਜਾਤਿ ਭਏ[1]। — [1]ਨਗਰ ਤੋਂ ਪਰੇ ਬਾਹਰ ਗਏ।
ਨਰ ਨਾਰਿਨਿ, ਸ਼੍ਰੌਨ ਸੁਨ੍ਯੋ ਸਭਿ ਕਾਰਨ,
ਦਾਰੁਨ ਸੰਕਟ ਸ਼ੋਕ ਭਏ।
ਹਹਕਾਰ ਉਚਾਰਤਿ, ਹੋਤਿ ਦੁਖਾਰਤ[1], — [1]ਦੁਖ ਨਾਲ ਆਰਤ ਹੁੰਦੇ ਹਨ।
ਜਾਇ ਮਿਲੇ ਸਭਿ ਦੇਖ ਲਏ।
ਤਤਕਾਲ ਬਿਮਾਲ ਕੇ ਬੀਚ ਟਿਕਾਇ
ਉਠਾਇ ਸਮੂਹ ਨਮੋ ਸੁ ਕਏ[1] ॥ ੭ ॥ — [1]ਕੀਤੀ।
ਚੌਰ ਢੁਰੈਂ ਚਹੁ ਓਰਨਿ ਤੇ
ਬਹੁ ਮੋਲਨਿ ਕੇ ਗਨ ਪਾਇ ਦੁਸ਼ਾਲੇ।
ਕੋ ਛਿਰਕਾਵ ਗੁਲਾਬ ਅਜਾਬ ਤੇ[1], — [1]ਅਸਚਰਜ ਗੁਲਾਲ ਨਾਲ।
ਗੁੰਦਿ ਬਿਸਾਲ ਹੀ ਮਾਲਨਿ ਡਾਲੇ[1]। — [1]ਗੁੰਦੀਆਂ ਹੋਈਆਂ ਵਡੀਆਂ (ਫੁਲਾਂ ਦੀਆਂ) ਮਾਲਾਂ ਪਾਂਵਦੇ ਹਨ।
ਪੁੰਜ ਸੁਗੰਧਿਨਿ ਸੀਂਚਤਿ ਹੈਂ
ਮਹਿਕਾਰ ਉਠ੍ਯੋ ਇਮ ਅੱਗ੍ਰਯ ਚਾਲੇ।

ਗਾਵਤਿ ਰਾਗਨਿ ਸ਼੍ਰੀ ਗੁਰ ਬਾਕਨਿ
ਬ੍ਰਿੰਦ ਮ੍ਰਿਦੰਗ ਰਬਾਬਨਿ[†] ਨਾਲੇ ॥੮॥

[†]ਪਾ:-ਰਬਾਬ ਕਿ।

ਮਾਰੂ ਮਿਲੇ ਵਡਹੰਸ ਕੋ ਗਾਵਤਿ
ਲਾਵਤਿ ਪੌੜੀ ਥਿਰੰਤਿ ਅਗਾਰੀ[1]।

[1]ਅੱਗੇ ਖਲੋ ਕੇ।

ਲੇ ਧਨ ਕੋ ਗਮਨੈਂ ਪੁਰਿ[†] ਪੰਥ

[†]ਪਾ:-ਪੁਨ।

ਬਿਮਾਨ ਕੇ ਊਪਰਿ ਕੋ ਪੁਨ ਡਾਰੀ।
ਕੰਚਨ ਫੂਲ ਸੁ ਲਾਜ ਬਿਖੇਰੈਂ[1],

[1]ਸੋਨੇ ਦੇ ਫੁਲ ਤੇ ਫੁਲੀਆਂ ਖਿਲਾਰਦੇ ਹਨ।

ਹੇਰਤਿ ਸ਼ੋਕ ਕਰੈਂ ਨਰ ਨਾਰੀ।
ਕੇਤਿਕ ਸੇਵਕ ਲੈ ਧਨ ਕੋ ਗਨ,
ਕੈ ਬਰਖਾ[1] ਬਹੁ ਮੂਠਨਿ ਡਾਰੀ ॥੯॥

[1]ਬਰਖਾ ਕਰਦੇ ਹਨ।

ਮੰਦ ਹੀ ਮੰਦ ਅਨੰਦਪੁਰੇ ਕਹੁ
ਆਵਤਿ ਸ਼ੋਕ ਬਿਲੰਦ ਉਪਾਏ।
ਬ੍ਰਿੰਦ ਮਸੰਦਨਿ ਸੇਵਕ ਸਿੱਖ
ਬਿਮਾਨ ਚਹੂੰ ਦਿਸ਼ਿ ਹ੍ਵੈ ਗਮਨਾਏ।
ਸੰਖਨ ਸ਼ੋਰ ਸ ਜ਼ੋਰ ਕਰੈਂ,
ਤੁਰਕੇਸ਼ੁਰ ਸ੍ਰਾਪਹਿਂ ਗਾਰਿ ਅਲਾਏ।
'ਸਾਗਰ ਖਾਰਪਰੀ ਜਰ ਜਾਇ[1],

[1]ਖਾਰੇ ਸਾਗਰ ਵਿਚ ਇਸ ਦੀ ਜੜ੍ਹ ਜਾ ਪਈ ਹੈ। (ਭਾਵ ਸੜ ਜਾਏਗੀ ਰਹਿੰਦੀ ਨਹੀਂ)।

ਕੁਪੂਤ ਭਯੋ, ਕੁਲ ਰਾਜ ਨਸਾਏ[1]' ॥੧੦॥

[1]ਕੁਲ ਦਾ ਰਾਜ ਨਹੀਂ ਰਹੇਗਾ।

ਆਇ ਸਮੀਪ ਅਨੰਦਪੁਰੇ ਜਬਿ
ਬਾਲਿਕ ਬ੍ਰਿੱਧ ਸੁਨਜੋ ਨਰ ਨਾਰੀ।
ਸ਼੍ਰੀ ਗੁਜਰੀ ਤਜਿ ਮੰਦਰਿ ਕੋ
ਨਿਕਸੀ ਪੁਰਿ ਤੇ ਮਿਲਿਬੇ ਅਗਵਾਰੀ।
ਨਾਨਕੀ ਮਾਤ ਟਿਕਾਇ ਰਖੀ
ਬਲ ਹੀਨ ਬ੍ਰਿਧਾ ਲਹਿ ਸੰਕਟ ਭਾਰੀ।
ਔਰ ਸਭਹਿ ਨਿਕਸੇ ਉਤਲਾਵਤਿ
ਭਾ ਹਹਕਾਰ ਅਜੋਗ ਬਿਚਾਰੀ ॥੧੧॥
ਦੇਖਿ ਬਿਮਾਨ ਮਹਾਨ ਪ੍ਰਭਾ,
ਪਤਿ ਕੇ ਸਿਮਰੰਤਿ ਰਿਦੇ ਗੁਨ ਭਾਰੀ।
'ਰਾਵਰਿ ਨੰਦਨ ਬੈਸ ਬਿਲੰਦਨ[1],

[1]ਆਪ ਦੇ ਸੁਪੱਤ੍ਰ ਦੀ ਆਯੂ ਵਡੀ ਨਹੀਂ।

ਮਾਤ ਬ੍ਰਿਧਾ ਬਹੁ ਸੰਕਟ ਧਾਰੀ।'
ਬੰਦਤਿ ਹਾਥਨਿ ਬੰਦਨ ਕੋ ਕਰਿ

ਸੀਸ ਨਿਵਾਵਤਿ ਆਂਸੁਨਿ ਡਾਰੀ।
ਲਜਾਵਤਿ ਭੇ ਤਿਸ ਥਾਨ ਤਬੈ
ਜਹਿਂ ਚੰਦਨ ਭਾਰ ਟਿਕਾਇ ਅਗਾਰੀ
॥ ੧੨ ॥
ਆਨਿ ਮਿਲੀ ਤਹਿਂ ਨਾਨਕੀ ਮਾਤ
ਪੁਕਾਰਤਿ ਊਚੌ ਨਾਮ ਉਚਾਰੀ।
'ਮੋ ਸੁਤ ਸ਼ਾਂਤਿ ਸਰੂਪ ਅਨੂਪ
ਸ਼੍ਰੀ ਮੁਖ ਦੇਖਿ ਲਵੌਂ ਇਸ ਬਾਰੀ।
ਮੈਂ ਮਰਿ ਹੌਂ ਧਰਿ ਸ਼ੋਕ ਅਬੈ
ਕਿਮ ਜੀਵਨ ਹ੍ਵੈ ਇਸ ਰੀਤਿ ਦੁਖਾਰੀ।
ਯੌਂ ਬਿਰਲਾਪ ਸੁਨਜੋਂ ਜਬਿ ਹੀ,
ਗੁਰ ਆਇਸੁ ਪਾਇ, ਬਿਮਾਨ ਉਤਾਰੀ
॥ ੧੩ ॥
ਟਾਰਿ ਸਭੈ ਪਟ ਸ਼੍ਰੀ ਗੁਰ ਕੋ ਮੁਖ
ਦੇਖਤਿ ਭੇ ਗੁਜਰੀ ਸੁਤ[1] ਸਾਥਾ।
ਨਾਨਕੀ ਮਾਤ ਬਿਲੋਕਤਿ ਹੈ
ਬਹੁ ਰੋਦਤਿ ਆਪ ਲਗਾਵਤਿ ਹਾਥਾ।
ਜਯੋਂ ਦੁਤਿ ਜੀਵਤਿ ਥੀਵਹਿ ਹੈ
ਤਿਮ ਹੀ ਸ਼ੁਭ ਸ਼ੋਭਤਿ ਆਨਨ ਮਾਥਾ।
ਮੁੰਦਤਿ ਲੋਚਨ ਦੋਨਹੁੰ ਯਾ ਬਿਧਿ
ਜਯੋਂ ਸੁਕੁਚੇ ਦਲ ਕੰਜ ਅਪਾਥਾ[1] ॥ ੧੪ ॥
ਮੇਚਕ ਸੇਤ[1] ਸੁ ਕੇਸ ਮਿਲੇ
ਸ਼ਮਸ਼੍ਰਾਨਨ ਕੇ ਸ਼ੁਭ ਸ਼ੋਭਤਿ ਹੈਂ[1]।
ਬ੍ਰਿੰਦ ਮਸੰਦ ਬਡੇ ਸਿਖ ਸੇਵਕ
ਹੇਤੁ ਬਿਲੋਕਨਿ ਲੋਭਤਿ ਹੈਂ।
ਭੀਰ ਭਈ, ਸਭਿ ਬੰਦਤਿ ਹੈ,
ਬਡ ਪ੍ਰੇਮ ਧਰੇ ਉਰ ਛੋਭਤਿ ਹੈਂ।
ਛਾਦਨ ਕੀਨਿ ਚਿਖਾ ਰਚਿ ਕੈ,
ਦੁਖ ਸ਼ੋਕ ਜਯੋਂ ਸੰਕਟ ਚੋਭਤਿ ਹੈਂ[1]
॥ ੧੫ ॥
ਚੰਦਨ ਕੀ ਚਿਖ ਪੈ ਧਰਿ ਦੀਨਿ,

[1]ਭਾਵ ਦਸਮੇ ਗੁਰੂ ਜੀ।

[1]ਜਿਵੇਂ ਕਮਲ ਦੇ ਪਤੇ ਜਲ ਤੋਂ ਬਿਨਾਂ ਸੁੰਗੜੇ ਹੁੰਦੇ ਹਨ।

[1]ਕਾਲੇ ਤੇ ਚਿੱਟੇ।

[1]ਚਿਹਰੇ ਦੇ (ਉਪਰ) ਦਾਹੜੇ ਦੇ (ਤੇ) ਸੀਸ ਦੇ ਕਾਲੇ ਚਿੱਟੇ ਕੇਸ ਮਿਲੇ ਸ਼ੋਭ ਰਹੇ ਹਨ।

[1]ਕੰਡੇ ਵਾਂਗ ਚੁਭਦੇ ਹਨ।

ਭਏ ਮਨ ਦੀਨ, ਸਭੈ ਤਿਸ ਕਾਲਾ।
ਸ਼੍ਰੀ ਗੁਰ ਕੇ ਕਰ ਦੇ ਕਰਿ ਦਾਸਨਿ[1] — [1]ਦਾਸਾਂ ਨੇ ਗੁਰੂ ਜੀ ਦੇ ਹੱਥ ਦੇਕੇ (ਅਗਨੀ)।
ਕੀਨਿ ਪ੍ਰਕਾਸ਼ ਚਹੂੰ ਦਿਸ਼ ਜ੍ਵਾਲਾ।
ਫੇਰ ਪ੍ਰਦੱਛਨ ਕੋ ਕਰਿ ਕੈ
ਅਭਿਬੰਦਨ ਹ੍ਵੈ ਧਰਿ ਪ੍ਰੇਮ ਬਿਸਾਲਾ।
ਕੀਨਿ ਕ੍ਰਿਆ ਸਗਰੀ ਕਲਗ਼ੀਧਰ,
ਨੀਰ ਸ਼ਨਾਨ ਕਰਯੋ ਨਰ ਜਾਲਾ[†] ॥ ੧੬ ॥ — [†]ਪਾ:-ਸੁਖ ਆਲਾ = ਭਾਵ ਗੁਰੂ ਜੀ ਨੇ।
ਤੀਰ ਸਤੁੱਦ੍ਰਵ ਬੈਠਿ ਗਏ ਸਭਿ
ਗਾਇ ਗਿਰਾ ਗੁਰ ਕੀ ਸੁਖਦਾਈ।
ਏਕ ਮਨੇ ਹੁਇ ਸ਼੍ਰੋਨ ਸੁਨੈਂ ਇਕ,
ਧ੍ਯਾਨ ਧਰੈ ਗੁਰ ਮੂਰਤਿ ਭਾਈ[1]। — [1]ਮਨ) ਨੂੰ ਭਾਉਣ ਵਾਲੀ।
ਦੀਨਿ ਤਿਲਾਂਜੁਲ[†] ਸ਼੍ਰੀ ਪਤਿ ਕੇ ਹਿਤ[1] — [1]ਗੁਰੂ ਜੀ ਲਈ। [†]ਦੇਖੋ ਰਾਸ ੪ ਅੰਸੂ ੪੦ ਅੰਕ ੩੫ ਦੀ ਹੇਠਲੀ ਟੂਕ।
ਜਯੋਂ ਸਭਿ ਰੀਤਿ ਚਲੀ ਜਗ ਆਈ।
ਚੀਰ ਸਨੀਰ ਉਤਾਰਿ[1] ਸਰੀਰ — [1]ਗਿੱਲੇ ਕੱਪੜੇ ਉਤਾਰ ਕੇ।
ਧਰੇ ਪੁਨ ਔਰ, ਥਿਰੇ ਬਿਚ ਆਈ ॥ ੧੭ ॥

ਦੋਹਰਾ:
ਸੁਨਿ ਕੈ ਗਾਵਤਿ ਸ਼ਬਦ ਕੋ, ਪੁਨ ਪੌੜੀ ਤਹਿਂ ਲਾਇ।
ਭੋਗ ਪਾਇ ਅਰਦਾਸ ਕਰਿ, ਸਭਿਹੂੰ ਸੀਸ ਨਿਵਾਇ ॥ ੧੮ ॥

ਸ੍ਵੈਯਾ:
ਆਇ ਤਿਹਾਵਲ ਬ੍ਰਿੰਦ ਗਯੋ
ਬਰਤਾਇ ਦਿਯੋ ਸਭਿ ਸੰਗਤਿ ਮਾਂਹੀ।
ਸ਼੍ਰੀ ਕਲਗ਼ੀਧਰ ਕੋ ਕਰਿ ਅੱਗ੍ਰਯ
ਮੰਦਹਿ ਮੰਦ ਚਲੇ ਘਰ ਜਾਂਹੀ।
ਬੈਠਨਿ ਥਾਨ ਮਹਿਂ ਜਾਇ ਟਿਕੇ ਸਭਿ,
ਸ਼੍ਰੀ ਗੁਰ ਕੋ ਜਸੁ ਦੀਰਘ ਪ੍ਰਾਹੀਂ।
'ਔਧਿ ਭਏ ਜਗ ਧੀਰ[1], ਛਿਮਾ ਧਰਿ, — [1]ਧੀਰਜ ਦੀ ਔਧੀ।
ਆਨ ਕਿਸੂ ਮਹਿਂ ਪ੍ਰਾਪਤਿ ਨਾਂਹੀ[1] ॥ ੧੯ ॥ — [1]ਭਾਵ ਧੀਰਜ ਤੇ ਖਿਮਾ ਹੋਰ ਕਿਸੇ ਵਿਚ ਨਹੀਂ ਮਿਲਦੀ।
ਕੀਨਿ ਮਹਾਂ ਅਪਰਾਧ ਦਿਲੇਸ਼੍ਵਰ

ਮੂੜ੍ਹ ਮਤੀ ਦੁਖ ਦੋਜ਼ਕ ਪਾਵੈ।
ਹਿੰਦੁ ਕੀ ਟੇਕ ਰਖੀ ਸਿਰ ਦੇ ਕਰਿ
ਪੂਰਬ ਕੀ ਮਿਰਜਾਦ ਜੁ ਆਵੈ[1]।
ਨਾਂਹਿ ਤ ਬੇਦ ਪੁਰਾਨ ਜਿ ਤੀਰਥ
ਦੇਵਨ ਦੇਹੁਰੇ ਰੀਤਿ ਮਿਟਾਵੈ[1]।
ਸ਼੍ਰੀ ਗੁਰਦੇਵ ਬਿਨਾ ਹੁਇ ਕੌਨ,
ਜੁ ਪ੍ਰਾਨ ਕੋ ਦੇ ਜਗ ਧਰਮ ਟਿਕਾਵੈ ॥੨੦॥
ਧੰਨ ਸਦਾ ਗੁਰ ਤੇਗ ਬਹਾਦਰ,
ਕੀਨਿ ਬਹਾਦਰੀ ਰਾਖਿ ਦਿਖਾਏ।'
ਜੋ ਪੁਰਿ ਤੇ ਸਿਖ ਸੀਸ ਕੋ ਲਜਾਇਵ
ਬੂਝਤਿ ਤਾਂਹਿ ਸਮੀਪ ਬਿਠਾਏ।
'ਕਯੋਂ ਕਰਿ ਤੋਹਿ ਕੋ ਪ੍ਰਾਪਤਿ ਭਾ
ਕਿਨ ਹੂੰ ਨ ਪਿਖਯੋ, ਨ ਕਹੂੰ ਅਟਕਾਏ?
ਰਾਖੇ ਖਰੇ ਗਨ ਹੋਇ ਸੁਚੇਤ,
ਅਚੇਤ ਭਏ ਕਿਮ? ਦੇਹੁ ਬਤਾਏ' ॥੨੧॥
ਹਾਥ ਕੋ ਜੋਰਿ ਬਖਾਨ ਕਰਯੋ
'ਗੁਰਦੇਵ ਸਹਾਇ ਤੇ ਕਾਜ ਸਰੇ।
ਸੀਸ ਉਡਯੋ ਧਰ ਤੇ ਜਬਿਹੀ
ਬਹੁ ਧੂਰ ਉਡੀ ਸਭਿ ਨੈਨ ਪਰੇ।
ਨਾਂਹਿ ਕਿਨੂ ਅਵਿਲੋਕਨਿ ਕੀਨਿ
ਲਿਯੋ ਮੈਂ ਸੰਭਾਲ ਨ ਹੀਯ[1] ਡਰੇ।
ਰੌਰ ਪਰਯੋ ਸਭਿ ਮੈਂ ਸੁਨਿ ਕੈ ਚਲਿ
ਸ਼ੀਘ੍ਰ ਪਰਯੋ, ਗਹਿਬੋ ਨ ਕਰੇ[1] ॥੨੨॥
ਪੌਰਿ ਕੇ ਠੌਰ ਖਰੇ ਨਰ ਕੇਤਿਕ
ਮੈਂ ਕਰਿ ਸਾਹਸ[1] ਬੇਗ[2] ਹੀ ਧਾਯੋ।

[1]ਪਹਿਲੋਂ ਦੀ ਮਿਰਯਾਦਾ ਜੋ ਚਲੀ ਆਂਵਦੀ ਸੀ।

[1]ਮਿਟ ਜਾਂਦੀ।

[1]ਹਿਰਦਾ?

[1]ਕਿਸੇ) ਫੜਨਾ ਨਾ ਕੀਤਾ।

[1]ਹੌਂਸਲਾ। ਉੱਦਮ। [2]ਛੇਤੀ। ਤੇਜ਼। ਤਵਾ: ਖਾ: ਵਿਚ ਲਿਖਿਆ ਹੈ ਕਿ ਇਸ ਸਿੱਖ ਦਾ ਨਾਮ ਜੈਤਾ ਸੀ, ਇਹ ਮਜ਼ਹਬੀ ਸਿੱਖ ਹੋਇਆ ਹੈ, ਅੰਮ੍ਰਿਤ ਛਕ ਕੇ ਇਸ ਦਾ ਨਾਮ ਭਾਈ ਜੀਉਣ ਸਿੰਘ ਹੋਇਆ। ਇਹ ਬੀ ਲਿਖਿਆ ਹੈ ਕਿ ਭਾਈ ਜੈਤੇ ਨੂੰ ਗੁਰੂ ਜੀ ਨੇ ਇਸ ਵੇਲੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰ ਦਿੱਤਾ ਸੀ। ਭਾਈ ਜੀਵਣ ਸਿੰਘ ਜੀ ਦਸਮ ਪਾਤਸ਼ਾਹ ਜੀ ਦੇ ਜੰਗਾਂ ਜੁੱਧਾਂ ਵਿਚ ਸ਼ਾਮਲ ਰਹੇ ਤੇ ਗੁਰੂ ਜੀ ਦੀ ਮੇਹਰ ਦੇ ਪਾਤ੍ਰ ਰਹੇ।

ਰੋਕ ਨ ਟੋਕ ਕਰੀ ਕਿਨਹੂੰ ਪੁਰਿ

ਤਜਾਗਤਿ ਆਪਨੇ ਪੰਥ ਸਿਧਾਯੋ।
ਸੋ ਪਸ਼ਚਾਤ ਲਗੇ ਸਭਿ ਖੋਜਨਿ,
ਹੋਤਿ ਅਚੰਭ, ਨਹੀਂ ਜਬਿ ਪਾਯੋ।
-ਲੇ ਗਮਨਜੋਂ ਅਨੁਮਾਨ ਕਰਜੋ ਤਿਨ,
ਤੌਂ ਅਸਵਾਰਨਿ ਬ੍ਰਿੰਦ ਚਢਾਯੋ ॥੨੩॥
ਆਨਿ ਮਿਲੇ ਮੁਝ ਕੇਤਿਕ ਦੂਰ
ਲਖਜੋ ਤਿਨ ਕੋ ਮਨ ਮੈਂ ਡਰਪਾਯੋ।
ਮਾਰਗ ਮੈਂ ਸਕਟੇ ਗਮਨੈਂ ਪਿਖਿ[1] — [1]ਗੱਡੇ ਜਾਂਦੇ ਦੇਖਕੇ।
ਏਕ ਮੈਂ ਸੀਸ ਗੁਰੂ ਕੋ ਟਿਕਾਯੋ।
ਸੇ ਅਸਵਾਰ ਵਡੇ ਤਰਜੈਂ[1] — [1]ਤਾੜਨਾ ਕਰਦੇ ਹਨ।
ਅਵਿਲੋਕਤਿ ਖੋਜਤਿ ਜੋ ਨਰ ਪਾਯੋ[1]। — [1]ਜੋ ਆਦਮੀ ਪਾਂਵਦੇ ਸਨ ਦੇਖਦੇ ਸਨ ਤੇ ਤਲਾਸ਼ੀ ਲੈਂਦੇ ਸਨ।
ਮੋ ਕਹੁ ਆਨਿ ਕਹਜੋ -ਥਿਰ ਹੋਵਹੁ-
ਦੇਖਤਿ ਭੇ ਪਟ ਕੋ ਛੁਟਕਾਯੋ[1] ॥੨੪॥ — [1]ਕਪੜੇ ਖੁਲਵਾਕੇ।
ਫੇਰ ਲਗੇ ਸਕਟੇ ਅਵਿਲੋਕਨਿ
ਰੋਕਿ ਖਰੇ ਕਰਿ ਖੋਜਨਿ ਲਾਗੇ।
ਪਾਛਲ ਕੋ ਜਬਿ ਦੇਖਤਿ ਭੇ
ਤਬਿ ਸੀਸ ਗਯੋ ਜੁ ਹੁਤੋ ਸਭਿ ਆਗੇ।
ਨਾਹਨ ਪ੍ਰਾਪਤਿ ਭਾ ਜਬਿਹੂੰ
ਤਬਿ ਆਗਲੇ ਹੇਰਨਿ ਕੋ ਅਨੁਰਾਗੇ।
ਪਾਛਲਿ ਮੈਂ ਪੁਨ ਆਇ ਗਯੋ ਸਿਰ,
ਹਾਰ ਪਰੇ ਸਠ ਸੋ ਇਮ ਠਾਗੇ[1] ॥੨੫॥ — [1]ਮੁੱਠੇ ਗਏ।

ਦੋਹਰਾ:
ਗੁਰ ਸਿਰ ਇਕ ਮੋ ਕਹੁ ਦਿਖਤਿ, ਅਪਰ ਨ ਦੇਖਤਿ ਕੋਇ।
ਖੋਜ ਹਟੇ ਨਰ ਪੰਥ ਕੋ, ਗਮਨੇ ਪੁਰਿ ਨਿਜ ਸੋਇ ॥੨੬॥
ਗਏ ਦਿਖਨਿ ਤੇ ਰਹਿ ਗਏ, ਤਬਿ ਮੈਂ ਸੀਸ ਸੰਭਾਰਿ।
ਬਸਤ੍ਰਨਿ ਬਿਖੈ ਲਪੇਟਿ ਕੇ, ਲੀਨਹੁ ਨਿਜ ਸਿਰ ਧਾਰਿ ॥੨੭॥
ਸ਼੍ਰਮਤਿ ਭਯੋ ਨਹਿਂ ਮਗ ਬਿਖੈ, ਨਿਸ ਮਹਿਂ ਨਹਿਂ ਡਰ ਪਾਇ।

ਹੁਇ ਨਿਸ਼ੰਕ ਇਕ ਮਨ ਚਲਜੋ, ਹੁਤੋ ਹੁਕਮ ਜਿਸ ਭਾਇ ॥੨੮॥
ਮੁਹਿ ਸਮੁਝਾਯੋ ਜਿਮ ਗੁਰੂ, ਬਿਨ ਸੰਕਾ ਤਿਮ ਕੀਨਿ।
ਭਏ ਸਹਾਇਕ ਆਪ ਹੀ, ਇਕ ਜਮ ਮੋ ਕਹੁ ਦੀਨਿ ॥੨੯॥
ਪਹੁੰਚਾਯੋ ਤਹਿਂ ਤੇ ਨਿਕਸਿ[1], ਰਾਖੇ ਖਰੇ ਅਨੇਕ।
ਤਿਲਕ ਜਨੇਊ ਹਿੰਦੁ ਕੀ, ਰਾਖੀ ਸਤਿਗੁਰ ਟੇਕ ॥੩੦॥
ਖਲਹਲ[1] ਦਿੱਲੀ ਮੋਂ ਪਰਜੋ, ਮੋ ਕਹੁ ਸੁਧ ਕੁਛ ਨਾਂਹਿ।
ਬੂਝਹੁ ਨੀਕੇ ਕਰਿ ਤਿਸੈ, ਤਹਿਂ ਤੇ ਆਇ ਜੁ ਪ੍ਰਾਹਿ[1]" ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੀਸ ਸਸਕਾਰਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

[1]ਭਾਵ ਦਿੱਲੀ ਤੋਂ ਕੱਢ ਕੇ (ਇਥੇ ਤੱਕ) ਪਹੁੰਚਾਇਆ ਹੈ (ਮੈਨੂੰ ਗੁਰੂ ਜੀ ਨੇ)।

[1]ਖਲਬਲੀ।

[1](ਉਹ) ਕਹੇਗਾ।

## ੪. [ਜੱਗਯ ਕੀਤਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸਕਲ ਕ੍ਰਿਆ ਕਰਿ ਪਿਤਾ ਕੀ, ਬ੍ਰਿੱਧਨਿ[1] ਜਥਾ ਬਤਾਇ।

[1]ਵਡਿਆਂ ਨੇ।

ਜਹਿਂ ਕਹਿਂ ਸੁਨਿ ਸੁਨਿ ਆਇਗੇ, ਸਿਖ ਮਸੰਦ ਸਮੁਦਾਇ ॥੧॥
ਬੇਦੀ ਕੁਲ ਤੇਹਣ ਮਿਲੇ, ਭੱਲੇ ਸੁਨਿ ਸਭਿ ਆਏ।
ਬੈਠਿ ਬੈਠਿ ਗੁਰ ਕੇ ਨਿਕਟ, ਰਹੇ ਸਿਵਰ ਨਿਜ ਪਾਇ ॥੨॥

ਪਾਧੜੀ ਛੰਦ:

ਸ਼੍ਰੀ ਨਾਨਕੀ ਮਾਤ ਬ੍ਰਿਲਾਪ ਕੀਨਿ।
ਆਂਸੂਨਿ ਡਾਰਿ ਚਿਤ ਹੋਤਿ ਖੀਨਿ[1]। [1]ਦੁਖੀ।
ਤਿਮ ਗੁਜਰੀ ਅਤਿ ਸ਼ੋਕਹਿ ਉਪਾਇ।
ਨਿਤ ਬਹਯੋ ਦ੍ਰਿਗਨਿ ਤੇ ਨੀਰ ਜਾਇ ॥੩॥
ਸਤਿਗੁਰ ਬਿਚਾਰਿ ਭੇਜੇ ਮਸੰਦ।
'ਦੇਹੁ ਮਾਤ ਜਾਇ ਧੀਰਜ ਬਿਲੰਦ।
ਗੁਰ ਸਦਨ ਸ਼ੋਕ ਹੋਵੰਤਿ ਨਾਂਹਿ।
ਇਕ ਰਸ ਅਨੰਦ ਮਹਿਂ ਸਥਿਤਿ ਪਾਹਿਂ' ॥੪॥
ਸੁਨਿ ਗਏ ਮਹਿਲ ਦੇਖੀ ਸੁ ਜਾਇ।
ਕਰਿ ਨਮਸਕਾਰ ਬੈਠੇ ਸੁ ਥਾਇਂ।
ਕਰ ਜੋਰਿ ਕਹਯੋ 'ਮਾਤਾ! ਸੁਣੇਹੁ।
ਤੁਮ ਉਚਿਤ ਨਾਂਹਿ ਏਤਿਕ ਸਨੇਹੁ[1] ॥੫॥ [1]ਭਾਵ ਦਿਲ ਤੋੜਵਾਂ ਮੋਹ।
ਗੁਰ ਤਜਯੋ ਦੇਹਿ ਹ੍ਵੈ ਕੈ ਸੁਛੰਦ।
ਜਗ ਧਰਮ ਰਖਯੋ ਹਿੰਦੁਨਿ ਬਿਲੰਦ।
ਤੁਰਕੇਸ਼ ਸੀਸ ਦੋਸ਼ਹਿ ਚਢਾਇ।
ਤਨ ਅੰਤ ਸਮਾ ਪਹੁੰਚਯੋ ਸੁ ਆਇ ॥੬॥
ਅਬਿ ਤਿਨ ਸਥਾਨ ਸੁਤ ਕੋ ਬਿਲੋਕ।
ਮਨ ਬ੍ਰਿਤੀ ਸ਼ੋਕ ਤੇ ਰਾਖਿ ਰੋਕਿ।'
ਥਿਤ ਹੁਤੋ ਨਿਕਟ ਭ੍ਰਾਤਾ ਕ੍ਰਿਪਾਲ।
ਸੁਨਿ ਇਹ ਪ੍ਰਸੰਗ ਕਹਿ ਤਾਤਕਾਲ ॥੭॥

'ਹੇ ਭਗਨਿ ! ਲੇਹੁ ਚਿਤ ਮਹਿਂ ਬਿਚਾਰ।
ਨਹਿਂ ਮਿਟਹਿ ਕਬਹੁਂ ਜੋ ਹੋਨਹਾਰ।
ਸਤਿਗੁਰ ਸ਼ਲੋਕ ਲਿਖਿ ਕੈ ਪਠਾਇ[1]। [1]ਜੋ ਭੇਜੇ ਹਨ।
ਤਿਹ ਅਰਥ ਰਿਦੇ ਕਜੋਂ ਨਹਿਂ ਬਸਾਇਂ ॥ ੮ ॥
ਤਿਨ ਪੁੱਤ੍ਰ ਗੁਰੂ ਬਨਿ ਹੈ ਬਿਲੰਦ।
ਜਿਨ ਕੋ ਪ੍ਰਤਾਪ ਦੀਖਤਿ ਸੁਛੰਦ।
ਤਿਹ ਪਿਖਹੁ ਆਪ ਕੀਜਹਿ ਅਨੰਦ।
ਪ੍ਰਿਯ ਸਭਿਨਿ ਚਕੋਰਨਿ ਮਨਹੁਂ ਚੰਦ ॥ ੯ ॥
ਕਹਿ ਬਾਰ ਬਾਰ ਤੁਮ ਪਹਿ ਪਠਾਇ।
ਹਿਤ ਧਰਹੁ ਦਿਲਾਸਾ ਦੇਹੁ ਜਾਇ।'
ਸੁਨਿ ਦੁਹੁਨਿ ਮਾਤ ਚਿਤ ਸ਼ੁਭ ਬਿਚਾਰਿ।
ਤਜਿ ਸ਼ੋਕ ਦੀਨਿ ਸੁਤ ਪ੍ਰੇਮ ਧਾਰਿ ॥ ੧੦ ॥
'ਜਿਮ ਪਾਗ ਬਾਂਧਿਬੇ ਰੀਤਿ ਹੋਇ।
ਚਹਿਯੰਤਿ ਵਸਤੁ ਅਨਵਾਇ ਸੋਇ।
ਇਹ ਠਾਂਇ ਲਭੈ ਤਬਿ ਮੋਲ ਲੇਹੁ।
ਨਤੁ ਅਪਰ ਨਗਰ ਧਨ ਭੇਜਿ ਦੇਹੁ' ॥ ੧੧ ॥
ਸੁਨਿ ਸੁਨਿ ਮਸੰਦ ਪਠਿ ਦਰਬ ਦੀਨਿ।
ਗਨ ਪਾਗ ਬਸਤ੍ਰ ਅਨਵਾਇ ਲੀਨਿ।
ਬਹੁ ਮੋਲ ਪਸ਼ਮ ਅੰਬਰ ਮੰਗਾਇ।
ਪੁਨ ਚੀਰ ਰੇਸ਼ਮੀ ਲੇ ਧਰਾਇ[1] ॥ ੧੨ ॥ [1]ਲਿਆ ਰਖੇ।
ਗਨ ਗ੍ਰਾਮ ਦਰਬ ਦੇ ਘ੍ਰਿਤ ਬਿਸ਼ਾਲ।
ਸਰਕਰਾ ਸੇਤ[1] ਕਰਿ ਸੰਚਿ ਜਾਲ। [1]ਖੰਡ ਚਿੱਟੀ।
ਇੱਤਜਾਦਿ ਵਸਤੁ ਸਭਿ ਤਜਾਰ ਕੀਨਿ।
ਜਿਤਨੀ ਸੁ ਚਾਹਿ ਸੋ ਅਧਿਕ ਲੀਨਿ ॥ ੧੩ ॥
ਕਹਿਯੰਤਿ ਬਾਤ ਸੁਨਿਯੰਤਿ ਦੇਸ਼[1]। [1]ਦਸਤਾਰ ਬੰਦੀ ਦੀ ਗਲ) ਦੇਸ਼ ਵਿਚ ਆਖੀ ਗਈ ਤੇ ਸੁਣੀ ਗਈ।
ਚਹਿਯੰਤ ਚਿਤ ਆਵਤਿ ਅਸ਼ੇਸ਼[1]। [1]ਸਾਰੇ ਚਿਤ ਵਿਚ ਚਾਹ ਚਾਹਕੇ ਆ ਰਹੇ ਹਨ।

ਸੇਵਕ ਮਸੰਦ ਹ੍ਵੈ ਹੈ ਸੁ ਤਯਾਰ।
ਬਹੁ ਮੋਲ ਲੇਤਿ ਦਸਤਾਰ ਚਾਰੁ ॥੧੪॥
ਸੰਗਤਿ ਬਟੋਰਿ ਮਹਿਮਾ ਸੁਨਾਹਿਂ।
'ਗੁਰ ਬਯ ਨਵੀਨ ਅਭਿਖੇਕ[1] ਤਾਂਹਿ। [1]ਤਿਲਕ।
ਬਹੁ ਮੇਲ ਹੋਇ ਹੈ ਪੁਰਿ ਅਨੰਦ।
ਮਿਲਿ ਚਲਹੁ ਸ਼ੀਘ੍ਰ ਉਤਸਵ ਬਿਲੰਦ' ॥੧੫॥
ਚਹੁੰ ਦਿਸ਼ਿਨਿ ਸਿੱਖ ਸੁਨਿ ਤੁਰੰਤ।
ਨਹਿਂ ਕਰਤਿ ਬਿਲਮ ਆਵਨਿ ਕਰੰਤਿ।
ਮਗ ਮਹਿਂ ਬਹੀਰ ਸੰਗਤਿ ਬਿਸਾਲ।
ਮਿਲਿ ਬ੍ਰਿੰਦ ਬ੍ਰਿੰਦ ਪਹੁੰਚਹਿਂ ਉਤਾਲ ॥੧੬॥
ਬਹੁ ਭੀਰ ਅਨੰਦਪੁਰਿ ਮਿਲਤਿ ਜਾਤਿ।
ਸਿਖ ਮਿਲਹਿਂ ਪਰਸਪਰ ਕਰਹਿਂ ਬਾਤ।
ਸਤਿਗੁਰੂ ਗੁਨਨਿ ਸੁਨਿ ਸੁਨਿ ਅਨੰਦ।
ਤਨ ਬਯ ਨਵੀਨ ਮੁਖ ਮਨਹੁਂ ਚੰਦ ॥੧੭॥
ਸਭਿ ਕਰਤਿ[†] ਨਮੋ ਦਰਸੰਤਿ ਰੂਪ। [†]ਪਾ:-ਕਰਿ ਕਰਿ।
ਮਤਿ ਚਤੁਰ ਚਪਲ ਸੁੰਦਰ ਅਨੂਪ।
'ਗੁਰ ਧੰਨ ਧੰਨ' ਮੁਖ ਭਨਤਿ ਬੈਨ।
ਚੰਚਲ ਸਲਾਜ ਬਿਸਤਿਰਤਿ ਨੈਨ[1] ॥੧੮॥ [1]ਚੌੜੇ ਨੇਤ੍ਰ।
ਤਬਿ ਸਭਿ ਮਸੰਦ ਸੋਂ ਕਹਤਿ ਮਾਤ।
'ਕੀਜਹਿ ਸੁ ਜੱਗਯ ਲਹਿ ਬਹੁਤ ਭਾਂਤਿ।
ਗਨ ਸਾਧ ਸੰਤ ਜਿਤ ਕਿਤ ਹਕਾਰਿ।
ਸਨਮਾਨ ਸਹਿਤ ਦੀਜਹਿ ਅਹਾਰ' ॥੧੯॥
ਗੁਰ ਕਾਰਦਾਰ ਸੁਨਿ ਹੁਕਮ ਏਮ[1]। [1]ਇਸ ਤਰ੍ਹਾਂ ਦਾ।
ਧਰਿ ਸ਼ੀਘ੍ਰ ਕਰਤਿ ਭੇ ਕਾਰ ਤੇਮ।
ਪਕਵਾਨ ਕਰਨ ਹਾਰੇ ਹਕਾਰਿ।
ਸਭਿ ਜਥਾ ਜੋਗ ਪਰਬਿਰਤਿ ਕਾਰ[1] ॥੨੦॥ [1]ਲਗਾ ਦਿੱਤੇ ਕੰਮ ਤੇ।

ਮਿਸ਼ਟਾਨ ਆਨਿ ਘ੍ਰਿਤ ਅਧਿਕ ਦੀਨਿ।
ਗੋਧੂਮ ਚੂਨ[1] ਮੈਦਾ ਸੁ ਲੀਨਿ।
ਬਹੁ ਪੂਪ ਪੂਰਿਕਾ[1] ਤਬਿ ਪਕਾਇ।
ਸ਼ੁਭ ਥਾਨ ਬਿਖੈ ਅੰਬਾਰ ਲਾਇ ॥੨੧॥
ਬਹੁ ਦੀਹ ਕਰਾਹੇ ਦਿਯ ਚੜਾਇ।
ਕਰਿ ਤਯਾਰ ਤਿਹਾਵਲ ਧਰਤਿ ਜਾਇਂ।
ਬਹੁ ਬਰੇ ਕਚੌਰੀ ਤਯਾਰ ਕੀਨਿ।
ਗਨ ਲਗੇ ਠਾਨਿ ਤੂਰਨ ਪ੍ਰਬੀਨ ॥੨੨॥
ਭਾ ਪਾਕ ਸਿੱਧ ਬਿਧਿ ਬਿਬਿਧਿ ਕੇਰ।
ਗਨ ਪੂਪ ਪੂਰਿਕਾ ਲਗਤਿ ਢੇਰ।
ਜਹਿਂ ਜਹਿਂ ਮਹੰਤ ਸ਼ੁਭ ਬੇਖ ਸੰਤ।
ਤਹਿਂ ਤਹਿਂ ਹਕਾਰਿ ਲਯਾਵਤਿ ਕਰੰਤਿ ॥੨੩॥
ਆਵਤਿ ਸਮੂਹ ਜਿਤ ਕਿਤ ਜਮਾਤ[1]।
ਬਹੁ ਬਿੱਪ੍ਰ ਆਇਂ ਅਰੁ ਅਪਰ ਜਾਤਿ।
ਸਭਿ ਜਥਾ ਜੋਗ ਸਨਮਾਨ ਸਾਥ।
ਚਢਿ ਊਚ ਮਹਲ ਪਰ ਪਿਖਤਿ ਨਾਥ[1] ॥੨੪॥
ਸਗਰੇ ਮਸੰਦ ਪੰਗਤਿ ਬਨਾਇ।
ਜਸ ਉਚਿਤ[1] ਪਿਖਹਿਂ ਤਸ ਥਲ ਬਿਠਾਇਂ।
ਬਹੁ ਭਈ ਭੀਰ ਦੇ ਧੀਰ ਬ੍ਰਿੰਦ।
ਕਹਿ ਕਹਿ ਟਿਕਾਇ ਪੰਕਤਿ ਬਿਲੰਦ ॥੨੫॥
ਗਨ ਲਗੇ ਪਰੋਸਨ ਕੋ ਅਹਾਰ।
ਤ੍ਰਿਪਤਹਿਂ ਸੁ ਜਿਤਿਕ ਇਕ ਬਾਰ ਡਾਰਿ।
ਤੂਰਨ ਕਰੰਤਿ ਸਭਿ ਅੱਗ੍ਰ ਦੀਨਿ[1]।
ਪੁਨ ਲਗੇ ਅਚਨ ਸਭਿ ਸ੍ਵਾਦ ਲੀਨਿ ॥੨੬॥
ਬਹੁ ਕਰਤਿ ਸਰਾਹਨ ਬਾਰ ਬਾਰ।
ਮੁਖ ਕਹਤਿ 'ਕਯੋਂ ਨ ਹੁਇ ਅਸ ਅਹਾਰ।

[1]ਕਣਕ ਦਾ ਆਟਾ।
[1]ਪੂੜੀਆਂ ਤੇ ਪੂੜੇ।
[1]ਟੋਲੀਆਂ।
[1]ਬ੍ਰਹਮਣ ਤੇ ਹੋਰ ਜਾਤਾਂ ਦੇ ਲੋਕ ਆ ਰਹੇ ਹਨ, ਮੁਨਾਸਬ ਸਨਮਾਨ ਨਾਲ (ਬਿਠਾਏ ਜਾ ਰਹੇ ਹਨ ਤੇ) ਗੁਰੂ ਜੀ ਉੱਚੇ ਮਹਿਲ ਤੇ ਚੜ੍ਹਕੇ ਦੇਖ ਰਹੇ ਹਨ। (ਅ) ਉੱਚੇ ਮਹਿਲ ਤੇ ਚੜ੍ਹੇ ਹੋਏ ਨਾਥ (ਗੁਰੂ ਜੀ) ਨੂੰ ਸਾਰੇ (ਉਨ੍ਹਾਂ ਦੇ) ਲਾਇਕ ਸਨਮਾਨ ਨਾਲ ਦੇਖ ਰਹੇ ਹਨ।
[1]ਜਿਸ ਥਾਂ ਦੇ ਯੋਗ।
[1]ਸਭ ਦੇ ਅੱਗੇ ਧਰ ਦਿੱਤਾ।

ਗੁਰਦੇਵ ਹੇਤੁ ਗੁਰ ਨੰਦ ਕੀਨਿ।
ਜੋ ਆਪ ਕਰਨ ਕਾਰਨ ਪ੍ਰਬੀਨ' ॥੨੭॥
ਕਿਨ ਪੰਚਾਂਮ੍ਰਿਤ ਬਰਤਾਇ ਦੀਨਿ।
ਕਿਨ ਪੂਪ, ਪੂਰਿਕਾ ਦੀਨਿ ਕੀਨਿ[1]। [1]ਕਿਸੇ ਨੇ। (ਅ) ਦੇਣੀਆਂ ਕੀਤੀਆਂ।
ਦਧਿ ਬਰੇ ਸਜੀਰਕ[1] ਦੇਤਿ ਧਾਇ। [1]ਜ਼ੀਰੇ ਵਾਲੇ ਦਹੀਂ ਵੜੇ।
ਬਿਨ ਜਾਚੇ ਦੇਖਤਿ ਅਧਿਕ ਪਾਇ[1] ॥੨੮॥ [1]ਬਿਨਾਂ ਮੰਗੇ (ਜਿਸ ਕਿਸ ਦੇ ਅੱਗੇ) ਦੇਖਦੇ ਹਨ (ਚੀਜ਼ ਮੁਕਣ ਵਾਲੀ) ਤਾਂ ਹੋਰ ਪਾ ਦੇਂਦੇ ਹਨ।
ਹੁਇ ਤ੍ਰਿਪਤ ਖਾਇੰ ਸ੍ਵਾਦਿਲ ਬਿਸਾਲ।
ਕਹਿਂ 'ਲੇਹੁ ਲੇਹੁ' ਫਿਰਤੇ ਉਤਾਲ।
ਬਹੁ ਮਧੁਰ ਤੁਰਸ਼[1] ਅਰੁ ਤਿਕਤ[2] ਜੋਇ। [1]ਖਟਾਈ ਵਾਲਾ। [2]ਕਰਾਰਾ, ਮਿਰਚਾਂ ਵਾਲਾ।
ਸਭਿ ਸਨੇ ਸਨੇ ਅਚਵੰਤਿ ਸੋਇ ॥੨੯॥
ਇਕ ਬਿਮਲ ਬਾਰਿ ਦੇ ਬਾਰਿ ਬਾਰਿ[1]। [1]ਇਕ ਸ੍ਵਛ ਜਲ ਦੇਂਦੇ ਹਨ ਘੜੀ ਮੁੜੀ।
ਚਿਤ ਮੁਦਤਿ ਤ੍ਰਿਪਤ ਸ੍ਵਾਦਤਿ ਅਹਾਰ।
ਪੁਨ ਪਾਨਿ ਪਾਨ ਕਰਿ[1] ਪਾਨ ਧੋਇ[2]। [1]ਪਾਣੀ ਪੀਕੇ। [2]ਹੱਥ ਧੋਤੇ।
'ਗੁਰ ਧੰਨ ਧੰਨ' ਇਹ ਸ਼ਬਦ ਹੋਇ ॥੩੦॥
ਤਬਿ ਮਾਤ ਸਹਿਤ ਸਤਿਗੁਰ ਸੁਜਾਨ।
ਬਹੁ ਦਰਬ ਮਸੰਦਨ ਦੀਨਿ ਪਾਨ[1]। [1]ਹੱਥ ਵਿੱਚ।
'ਦਿਹੁ ਸਭਿਨਿ ਜਾਇ ਨਹਿਂ ਰੌਰ ਹੋਇ।
ਬਿਧਿ ਸਾਥ ਲੇਹੁ ਨਹਿਂ ਛੂਛ ਕੋਇ' ॥੩੧॥
ਲੇ ਗਨ ਮਸੰਦ ਸਭਿਹੂਨਿ ਦੀਨਿ।
ਦਿਜ ਸੰਤ ਮਹੰਤਨਿ ਅਧਿਕ ਚੀਨਿ।
ਹਰਖੇ ਸੰਬੂਹ ਬਹੁ ਕਰਿ ਸਰਾਹਿਂ।
'ਜਸ ਲਿਯੋ ਪ੍ਰਥਮ ਗੁਰ ਜੱਗਜ ਮਾਂਹਿ ॥੩੨॥
ਗੁਰ ਸਕਲ ਕਲਾ ਪੂਰਨ ਬਿਲੰਦ।
ਸ੍ਰੀ ਹਰਿ ਗੁਬਿੰਦ ਕੇ ਹੁਇ ਮਨਿੰਦ।
ਉਤਸਾਹ ਬੁਧਿ ਤੈਸੋ ਸੁਭਾਇ।
ਉਰ ਅਤਿ ਉਦਾਰ ਜਾਨੇ ਸੁ ਜਾਇੰ ॥੩੩॥
ਜਨ ਬ੍ਰਿੰਦ ਬਿਲੰਦੈ ਕਰਿ ਨਿਹਾਲ।

ਬਖਸ਼ਹਿਂ ਅਨੰਦ ਹ੍ਵੈ ਕਰਿ ਕ੍ਰਿਪਾਲ।'
ਸੁਨਿ ਦੁਤੀ ਕਹੈ[1] ਅਚਰਜ ਸੁਨਾਇ।
'ਇਨ ਪਿਤਾ ਪਿਤਾਮਾ ਕੈਸਿ ਆਹਿ ॥ ੩੪ ॥
ਸ੍ਰੀ ਅਰਜਨ ਅਰੁ ਗੁਰ ਰਾਮਦਾਸ।
ਨਿਜ ਦਾਸ ਅਨੇਕਨਿ ਕਰਿ ਖਲਾਸ[1]।
ਅਸ ਬੰਸ ਬਿਖੈ ਜਿਨ ਜਨਮ ਆਹਿ।
ਬਡਭਾਗ ਜਿਨਹੁं ਸੇ ਰਹਹਿਂ ਪਾਹਿ' ॥ ੩੫ ॥
ਇੱਤਜਾਦਿ ਕੀਰਤੀ ਕਹਤਿ ਸਰਬ।
ਭੇ ਤ੍ਰਿਪਤ ਦੱਛਨਾ ਦੀਨਿ ਦਰਬ।
ਬਹੁ ਦੇਤਿ ਆਸ਼ਿਖਾ ਅਨੰਦ ਪਾਇ।
'ਗੁਰ ਪੁੱਤ੍ਰ ਆਰਬਲ ਬਡ ਬਧਾਇ[1] ॥ ੩੬ ॥
ਜਬਿ ਲਗੇ[1] ਜਗਤ ਮਹਿਂ ਜਮਨ ਗੰਗ।
ਤਬਿ ਲਗੈ ਜਿਵਹੁ ਹੁਇ ਹਰਖ ਸੰਗ।'
ਇਮ ਭਯੋ ਜੱਗ[1] ਨਰ ਭੀਰ ਬ੍ਰਿੰਦ।
ਪੁਰਿ ਅਨੰਦ ਬਿਖੈ ਹ੍ਵੈ ਅਤਿ ਅਨੰਦ ॥ ੩੭ ॥
ਸਿਖ ਸੰਗਤਿ ਸਭਿ ਤ੍ਰਿਪਤੇ ਬਿਲੰਦ।
ਪੁਨ ਅਚਜੋ ਅਹਾਰ ਜੇਤਿਕ ਮਸੰਦ।
ਨਰ ਅਨਿਕ ਦੇਸ਼ ਕੇ ਆਇ ਆਇ।
ਕਰਿ ਦੀਏ ਸਿਵਰ ਚਿਤ ਚਾਇ ਚਾਇ ॥ ੩੮ ॥
ਸੋ ਦਿਵਸ ਬਿਤਯੋ ਪੁਨ ਬੀਤ ਰਾਤਿ।
ਸਭਿ ਗੁਰੂ ਸ਼ਬਦ ਕੌ ਗਾਇਂ ਪ੍ਰਾਤਿ।
ਬਡ ਭਯੋ ਕੁਲਾਹਲ[1] ਮੁਦਤਿ ਚੀਤ।
ਨਰ ਮਿਲਹਿਂ ਪਰਸਪਰ ਧਾਰਿ ਪ੍ਰੀਤ ॥ ੩੯ ॥
'ਸ਼ੁਭ ਮਾਸ ਫਾਲਗੁਨ[1] ਪ੍ਰਥਮ ਪੱਖਜ[2†]।

[1]ਦੂਜਾ ਆਖੇ।
[1]ਮੁਕਤ ਕੀਤੇ।
[1]ਵਧੇ।
[1]ਜਦ ਤਕ ਹੈ।
[1]ਯੱਗਜ।
[1]ਮੰਗਲ।
[1]ਫਗਣ ਦਾ। [2]ਸ਼ੁਕਲਾ ਪੱਖ। [†]ਤਵਾ: ਖਾ: ਨੇ ਗੁਰਜਾਈ ਬੈਠਣ ਦੀ ਤ੍ਰੀਕ ਵੈਸਾਖੀ ਸੰ: ੧੭੩੩ ਲਿਖੀ ਹੈ ਅਤੇ ਪੋਹ ਵਦੀ ਨਾਵੀਂ ੧੭੩੨ ਸੰਮਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੱਗਜ ਦੀ ਤਿੱਥ ਦਿੱਤੀ ਹੈ ਜੋ ਸਤਾਰਵੇਂ ਦਿਨ ਗੁਰੂ

ਰੀਤੀ ਅਨੁਸਾਰ ਕੀਤਾ ਗਿਆ ਦੱਸਿਆ ਹੈ।

ਦਿਨ ਪੰਚਮੀ ਸੁ ਗਿਨ ਲਗਨ† ਮੁੱਖਜ[1]।

[1]ਸ਼੍ਰੇਸ਼ਟ ਲਗਨ ਵਿੱਚ। †ਲਗਨ ਆਦਿ ਬਾਬਤ ਪਿੱਛੇ ਲਿਖ ਆਏ ਹਾਂ, ਦੇਖੋ ਰਾਸ ੭ ਅੰਸੂ ੧ ਅੰਕ ੩੨ ਦੀ ਹੇਠਲੀ ਟੂਕ।

ਦਸਤਾਰ ਬਾਂਧਿਬੇ ਹੇਤੁ ਸੋਧ+।
ਠਹਿਰਾਇ ਠੀਕ ਜਿਨ ਅਧਿਕ ਬੋਧ ॥੪੦॥

ਜਹਿਂ ਕਹਿਂ ਸੁਨਾਇ ਪ੍ਰਥਮੈ ਪਠਾਇ।
ਸੁਧ ਭਈ ਜਿਨਹੁਂ ਕਰਿ ਬੇਗ ਆਇ।
ਲਵਪੁਰੀ ਸੁਧਾਸਰ ਆਦਿ ਮੇਲ।
ਸਿਖ ਸੰਗਤਿ ਸੁਨਿ ਸਭਿ ਚਲਿਯ ਗੈਲ[1] ॥੪੧॥

[1]ਰਾਹੇ ਚੱਲ ਪਏ।

ਸ਼੍ਰੀ ਨਾਨਕ, ਅੰਗਦ, ਅਮਰ ਪਾਸ†।
ਮੰਜੀ ਸਥਿਰਨ ਪਦ ਜਿਨ ਅਵਾਸ[1]।
ਨੌ ਗੁਰਨਿ ਬਡਾਈ ਬਖਸ਼ ਜਾਹਿ[1]।
ਸਭਿ ਚਲੇ ਆਇਂ ਪੁਰਿ ਅਨੰਦ ਮਾਂਹਿ ॥੪੨॥

†ਪਾ:-ਦਾਸ।

[1]ਮੰਜੀ ਤੇ ਇਸਥਿਤ ਹੋਣ ਦੀ ਪਦਵੀ ਜਿਨ੍ਹਾਂ ਦੇ ਘਰ ਸੀ।

[1]ਨੌ ਗੁਰਾਂ ਤੋਂ ਜਿਨ੍ਹਾਂ ਨੂੰ ਬਖਸ਼ਿਸ਼ ਦੀ ਵਡਾਈ ਮਿਲੀ ਸੀ।

ਸਿਖ ਸੰਗਤਾਂਨਿ ਗਨ ਸਿਵਰ ਘਾਲਿ।
ਕੀਨੇ ਮੁਕਾਮ ਜਹਿਂ ਕਹਿਂ ਬਿਸਾਲ।
ਚਹੁੰਦਿਸ਼ਾ ਨਿਕਟਿ ਪੁਰਿ ਗ੍ਰਾਂਮ ਬ੍ਰਿੰਦ।
ਸੁਨਿ ਸੁਨਿ ਸਮੂਹ ਆਨੰਦ ਬਿਲੰਦ ॥੪੩॥

ਦੋਹਰਾ:

ਆਨਿ ਅਕੋਰਨਿ ਅਰਪਤੇ, ਆਨੀ ਸ਼ਰਧਾ ਧਾਰਿ।
'ਧੰਨ ਗੁਰੂ ਜਿਨ ਹਿੰਦੁ ਕੀ, ਰਾਖੀ ਸਿਰ ਦਸਤਾਰ[1]' ॥੪੪॥

[1]ਸਿਰ ਦੀ ਪਗ ਭਾਵ ਪਤ ਰਖੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਜੱਗਜ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਦਸਤਾਰ ਬੰਦੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਜਬਿ ਨੌਮੇ ਪਤਿਸ਼ਾਹ ਗੁਰ, ਗਏ ਬਿਕੁੰਠ ਮਝਾਰ।
ਗੁਰਦਿੱਤਾ ਬ੍ਰਿਧ ਬੰਸ ਕੋ[1], ਸਰਬ ਪ੍ਰਕਾਰ ਨਿਹਾਰਿ ॥੧॥

[1]ਬਾਬੇ ਬੁੱਢੇ ਦੀ ਵੰਸ਼ ਦਾ।

ਚੌਪਈ:

ਤਜਿ ਦਿੱਲੀ ਤਤਛਿਨ ਚਲਿ ਗਯੋ।
ਪੰਚ ਕੋਸ ਪਰ ਪ੍ਰਾਪਤਿ ਭਯੋ।
ਅਪਨਿ ਬਡੇ ਕੋ ਪਿਖ੍ਯੋ ਸਥਾਨਾ।
ਕਿਤਿਕ ਕਾਲ ਬ੍ਰਿਧ ਰਹ੍ਯੋ ਸੁ ਜਾਨਾ[1] ॥੨॥

[1]ਬਾਬਾ ਬੁੱਢਾ ਰਿਹਾ ਸੀ ਉਹ (ਥਾਂ) ਸਿਆਣਿਆਂ।

ਪੌਢ੍ਯੋ ਤਹਾਂ ਕੁਸ਼ਾਸਨ ਕਰਿ ਕੈ[1]।
ਸ਼੍ਰੀ ਸਤਿਗੁਰ ਮੂਰਤਿ ਉਰ ਧਰਿ ਕੈ।
ਦਸਮੋ ਦ੍ਵਾਰ ਪੌਨ ਤੇ ਫੋਰਾ।
ਤ੍ਰਿਣ ਸਮ ਨਿਜ ਸਰੀਰ ਕੋ ਛੋਰਾ ॥੩॥

[1]ਕੁਸ਼ਾਂ ਦਾ ਆਸਨ ਵਿਛਾਕੇ।

ਹੇਰਿ ਨਰਨਿ ਤਿਹ ਠਾਂ ਸਸਕਾਰਾ।
ਅਬਿ ਲੌ ਚਿੰਨ੍ਹਿਤ ਥਾਨ ਨਿਹਾਰਾ[†]।

[†]ਇਹ ਟਿਕਾਣਾ ਜੋ ਕਵੀ ਜੀ ਨੇ ਆਪ ਡਿੱਠਾ ਹੈ ਜ਼ਰੂਰ ਹੋਸੀ ਪਰ ਹੁਣ ਚੋਖੀ ਤਲਾਸ਼ ਕਰਨ ਤੇ ਬੀ ਅਜੇ ਤਕ ਪਤਾ ਨਹੀਂ ਲੱਗ ਸਕਿਆ, ਮੁਮਕਿਨ ਹੈ ਇਹ ਥਾਂ ਮਜਨੂੰ ਦੇ ਟਿੱਲੇ ਤੋਂ (ਜੋ ਦਿੱਲੀ ਤੋਂ ੩ ਮੀਲ ਹੈ) ਜਮਨਾਂ ਪਾਰ ਘਾਸ ਦੀ ਜੂਹ ਵਿਚ ਦੋ ਕੁ ਮੀਲ ਅਗੇਰੇ ਕਿਤੇ ਹੋਵੇ, ਯਾ ਦਰਯਾ ਦੇ ਕਿਸੇ ਕੋਪ ਵੇਲੇ ਮਿਟ ਗਿਆ ਹੋਵੇ, ਵਿਸ਼ੇਸ਼ ਖੋਜ ਦੀ ਲੋੜ ਹੈ।

ਤਿਸ ਗੁਰਦਿੱਤੇ ਕੋ ਸੁਤ ਪਾਛੇ।
ਰਾਮ ਕੁਇਰ ਬ੍ਰਹਮ ਗ੍ਯਾਨੀ ਆਛੇ ॥੪॥
ਰਾਮਦਾਸ ਕੇ[1] ਗ੍ਰਾਮ ਅਵਾਸ।

[1]ਰਮਦਾਸ ਨੱਗਰ ਹੈ, ਅੰਮ੍ਰਿਤਸਰ ਜ਼ਿਲੇ ਵਿਚ।

ਨਿਜ ਸਿਖ ਕਰੇ ਸਕੇਲਨਿ ਪਾਸ।
ਆਰਬਲਾ ਲਘੁ ਹੈ ਜਿਸ ਕੇਰੀ।
ਤ੍ਰੈ ਸੰਬਤ ਬੀਤੇ ਤਿਸ ਬੇਰੀ[1] ॥੫॥

[1]ਜਦ ਸ਼੍ਰੀ ਗੁਰਦਿੱਤਾ ਜੀ ਪ੍ਰਲੋਕ ਗਏ ਸਨ ਸ਼੍ਰੀ ਰਾਮ ਕੁਇਰ ਜੀ ਦੀ ਉਮਰ ਤ੍ਰੈ ਸਾਲ ਦੀ ਸੀ।

ਤਿਨ ਘਰ ਜੇਤਿਕ ਸਿੱਖ ਸਯਾਨੇ।
ਪ੍ਰਥਮ ਰੀਤਿ ਸਤਿਗੁਰ ਕੀ ਜਾਨੇ।
ਲੇ ਕਰਿ ਗਨ ਅਕੋਰ ਚਲਿ ਆਏ।
ਸੰਗ ਦਾਸ ਸਿਖ ਕਰਿ ਸਮੁਦਾਏ ॥੬॥

ਪਾਤਿਸ਼ਾਹਿ ਕੇ ਜਥਾ ਵਜ਼ੀਰ।
ਤਿਮ ਗੁਰ ਘਰ ਮਹਿਂ ਇਹ ਮਤਿ ਧੀਰ।
ਪੂਰਬ ਜੋ ਗੁਰਤਾ ਕੋ ਟੀਕਾ।
ਇਹ ਨਿਜ ਹਾਥ ਕਾਢਿਤੇ ਨੀਕਾ ॥੭॥
ਤਬਿ ਸੰਗਤਿ ਮਹਿਂ ਨਿਸ਼ਚੈ ਹੋਇ।
-ਗੁਰੂ ਭਯੋ ਗਾਦੀ ਪਰ ਸੋਇ-।
ਪੰਚਮ ਪਾਤਿਸ਼ਾਹ ਤੇ ਪਾਛੇ।
ਕਲਗ਼ੀ, ਬਾਜ਼, ਸ਼ਸਤ੍ਰ ਦੇ ਆਛੇ ॥੮॥
ਸਿਰੇਪਾਉ ਬਹੁ ਮੋਲਾ ਦੇਤਿ।
ਬਸਤਰ, ਹਯ ਬਹੁ ਗੁਰੂ ਨਿਕੇਤ।
ਅਪਰ ਕਹਾਂ ਲਗ ਸਭਿ ਕੇ ਨਾਮ।
ਕਹੌਂ ਸੁ ਮੰਜੀ ਜਿਨ ਕੇ ਧਾਮ ॥੯॥
ਨਿਕਟ ਨਿਕਟ ਕੇ ਸਭਿ ਚਲਿ ਆਏ।
ਮਿਲਹਿਂ ਪਰਸਪਰ ਭਾਉ ਵਧਾਏ।
ਦੇਗ਼ ਅਟੋਟ ਗੁਰੂ ਘਰ ਹੋਇ।
ਅਚਵਹਿਂ ਤਹਾਂ ਮਿਲੇ ਸਭਿ ਕੋਇ ॥੧੦॥
ਰਾਗੀ ਬ੍ਰਿੰਦ ਰਬਾਬੀ ਸਾਰੇ।
ਆਇਂ ਅਨੰਦਪੁਰਿ ਦਰਸ ਨਿਹਾਰੇਂ।
ਕੇਤਿਕ ਢਾਢੀ ਚਲਿ ਕਰਿ ਆਏ।
ਜਿਨਹੁਂ ਅਖਾਰੇ ਬੀਰਨਿ[1] ਗਾਏ ॥੧੧॥
ਡੋਮ ਭਾਟ ਆਦਿਕ ਹਿਤ ਜਾਚਾ।
ਹੇਰਨਿ ਹੇਤੁ ਨਵੌਂ ਗੁਰ ਸਾਚਾ।
ਅਨਿਕ ਦੇਸ਼ ਤੇ ਚਲਿ ਕਰਿ ਆਏ।
ਜਿਤ ਕਿਤ ਦੀਖਤਿ ਨਰ ਸਮੁਦਾਏ ॥੧੨॥
ਚੌਥ ਦਿਵਸ ਕੋ ਮੇਲ ਸਕੇਲਾ।
ਫਿਰਤਿ ਪਰਸਪਰ ਲਾਗਿ ਧਕੇਲਾ।
ਅਤਿ ਉਤਸਾਹ ਅਨੰਦ ਪੁਰਿ ਹੋਵਤਿ।
ਦੂਰ ਦੂਰ ਕੇ ਨਰ ਗਨ ਜੋਵਤਿ[1] ॥੧੩॥
ਨਟ ਨਿਰਤਕ ਗਨ ਆਇਂ ਕਲਾਵਤ[1]।
ਖਿਰਹਿਂ ਗੁਰੂ ਕੇ ਜਸ ਗੁਨ ਗਾਵਤਿ।

[1]ਸੂਰਮਿਆਂ ਦੇ।

[1]ਦੇਖਦੇ ਹਨ।

[1]ਇਕ ਤਰ੍ਹਾਂ ਦੇ ਗਾਵਣ ਵਾਲੇ।

ਇੱਤ੍ਯਾਦਿਕ ਬਹੁ ਕੌਤਕ ਹੋਤਿ।
ਸਭਿ ਕੇ ਹਿਰਦੇ ਮੋਦ ਉਦੋਤ ॥੧੪॥
ਜਾਗ੍ਰਨਿ ਭਯੋ ਨਿਸਾ ਤਿਸ ਮਾਂਹੀ।
ਕਿਰਤਨ ਹੋਤਿ ਅਨੰਦ ਉਰ ਮਾਂਹੀ।
ਨਿਜ ਨਿਜ ਸੰਗਤਿ ਬਿਖੈ ਮਸੰਦ।
ਬੈਠੇ ਜਾਗ੍ਰਨਿ ਕੀਨਿ ਬਿਲੰਦ ॥੧੫॥
ਭਈ ਭੋਰ ਸਭਿ ਠਾਨਿ ਸ਼ਨਾਨਾ।
ਪਠਹਿਂ ਗਿਰਾ ਗੁਰ ਕੀ ਬਿਧਿ ਨਾਨਾ[1]।
ਬਸਤ੍ਰ ਨਵੀਨੇ ਮੋਲ ਬਡੇਰੇ।
ਪਹਿਰਤਿ ਕਹਤਿ 'ਆਜ ਗੁਰ ਹੇਰੇਂ[1]' ॥੧੬॥
ਸ਼੍ਰੀ ਬੇਦੀ ਤੇਹਣ ਕੁਲ ਆਈ।
ਸ਼੍ਰੀ ਗੁਰ ਅਮਰ ਅੰਸ਼ ਸਮੁਦਾਈ।
ਨਿਜ ਨਿਜ ਡੇਰੇ ਸਭਿ ਹ੍ਵੈ ਤਯਾਰ।
ਬੈਠੇ ਮਨ ਪ੍ਰਤੀਖਨਾ ਧਾਰਿ ॥੧੭॥
ਸੰਤ, ਮਹੰਤ, ਸਾਧ ਬਹੁ ਭਾਂਤੀ।
ਚਿਤ ਮਹਿਂ ਚੌਂਪ, ਅਪਰ ਸਭਿ ਜਾਤੀ[1]।
ਸੂਰਜ ਮਲ ਕੇ ਪੌਤ੍ਰੇ ਦੋਈ।
ਦੇਖਨਿ ਹੇਤੁ ਹਰਖ ਧਰਿ ਸੋਈ ॥੧੮॥
ਸ਼੍ਰੀ ਗੋਬਿੰਦ ਸਿੰਘ ਕੋ ਅਭਿਖੇਕ[1]।
ਉਤਲਾਵਤਿ ਹਿਤ ਪਿਖਿਨਿ ਅਨੇਕ।
ਲੈ ਦਸਤਾਰ ਆਦਿ ਗਨ ਭੇਟ।
ਮਿਲਯੋ ਚਹਤਿ ਚਿਤ ਪ੍ਰੇਮ ਲਪੇਟ ॥੧੯॥
ਸ਼੍ਰੀ ਗੁਜਰੀ ਭ੍ਰਾਤਾ ਨਿਜ[1] ਪ੍ਰੇਰਾ।
'ਤਯਾਰੀ ਕਰਹੁ ਸਕਲ ਬਿਨ ਬੇਰਾ[1]।
ਸੂਖਮ ਬਸਤ੍ਰ ਸਰੀਰ ਸਜਾਵਹੁ।
ਰੁਚਿਰ ਬਿਭੂਖਨ ਕੋ ਪਹਿਰਾਵਹੁ' ॥੨੦॥
ਸੁਨਿ ਕ੍ਰਿਪਾਲ ਨਿਜ ਹਾਥ ਸੁਧਾਰਿ।
ਸਭਿ ਦਾਸਨਿ ਪਰ ਹੁਕਮ ਉਚਾਰਿ।
'ਦੀਹ ਦਮਦਮਾ ਤੁੰਗ ਘਨੇਰਾ।

[1]ਕਈ ਤਰ੍ਹਾਂ ਨਾਲ ਗੁਰਬਾਣੀ ਪੜ੍ਹਦੇ ਹਨ।
[1]ਅੱਜ ਗੁਰਾਂ ਦੇ ਦਰਸ਼ਨ ਹੋਣਗੇ।
[1]ਹੋਰ ਸਭ ਜਾਤੀਆਂ ਦੇ।
[1]ਗੁਰਤਾ ਤਿਲਕ।
[1]ਭਾਵ ਮਾਮਾ ਕ੍ਰਿਪਾਲ ਜੀ ਨੂੰ।
[1]ਛੇਤੀ।

ਰਚਹੁ ਰੁਚਿਰ ਤਹਿਂ ਫਰਸ਼ ਬਡੇਰਾ ॥੨੧॥
ਸੂਰਜਮੁਖੀ ਹਾਥ ਗਹਿ ਥਿਰੋ।
ਕੰਚਨ ਦੰਡ ਚਵਰ ਕਰ ਧਰੋ।
ਸੁੰਦਰ ਗਾਦੀ ਰਚੀਅਹਿ ਗੁਰ ਕੀ।
ਜਥਾ ਰੀਤਿ ਬਰਤੈ ਬਰ ਧੁਰ ਕੀ[1] ॥੨੨॥ [1]ਆਦਿ ਦੀ।
ਜ਼ਰੀਦਾਰ ਮਖਮਲ ਉਪਧਾਨੁ[1]। [1]ਤਕੀਆ।
ਕਰਹੁ ਟਿਕਾਵਨਿ ਸੁੰਦਰ ਆਨਿ।
ਪਠਹੁ ਮੇਵਰਾ ਸੰਗਤਿ ਮਾਂਹਿ।
ਪਹੁੰਚਹਿਂ ਸਕਲ ਦਮਦਮਾ ਜਾਂਹਿ ॥੨੩॥
ਇੱਤਜ਼ਾਦਿਕਿ ਕਾਰਜ ਜੇ ਔਰ।
ਸਵਾਧਾਨ ਕੀਨੇ ਸਭਿ ਠੌਰ।
ਸ਼੍ਰੀ ਗੁਰ ਗੋਬਿੰਦ ਸਿੰਘ ਸ਼ਨਾਨੇ।
ਸੂਖਮ ਬਸਤ੍ਰ ਦਾਸ ਗਨ ਆਨੇ ॥੨੪॥
ਪਹਿਰਤਿ ਭਏ ਅੰਗ ਬਡ ਸ਼ੋਭਾ।
ਦੇਖਤਿ ਸਭਿ ਕੋ ਮਨ ਬਹੁ ਲੋਭਾ।
ਸੁੰਦਰ ਸਿਰ ਦਸਤਾਰ ਸਜਾਈ।
ਮੁਕਤਾ ਮਾਲ ਬਿਸਾਲ ਸੁਹਾਈ ॥੨੫॥
ਹੀਰਨਿ ਜਰੇ ਹੇਮ ਕੀ ਮੁਸ਼ਟ।
ਪਹਿਰਜੋ ਖੜਗ ਲੋਹ ਬਹੁ ਸੁਸ਼ਟ[1]। [1]ਸ੍ਰੇਸ਼ਟ।
ਮੁਕਤਾ ਗੁੱਛੇ ਸੰਗ ਨਿਖੰਗ[1]। [1]ਭੱਥਾ।
ਭਰ ਕਰਿ ਤੀਖਨ ਬ੍ਰਿੰਦ ਖਤੰਗ[1] ॥੨੬॥ [1]ਤੀਰ।
ਪਾਇ ਗਰੇ ਮਹਿਂ ਬਾਂਧੀ ਕਮਰ।
ਸੰਮਤ ਦਸਮੇ ਮਹਿਂ ਜਿਨ ਉਮਰ।
ਖੰਜਰ[1], ਜਮਧਰ, ਬਿਛੂਆ ਲੀਨਿ। [1]ਕਟਾਰ।
ਕਮਰ ਕਸੇ ਮਹਿਂ ਧਾਰਿ ਪ੍ਰਬੀਨ ॥੨੭॥
ਪਾਨ[1] ਕਮਾਨ ਲਹੌਰੀ ਧਰਿ ਕੈ। [1]ਹੱਥ ਵਿਚ।
ਹੇਰਤਿ ਸਰ[1] ਕਰ ਫੇਰਨਿ ਕਰਿ ਕੈ। [1]ਬਾਣ।
ਅਨਿਕ ਬਿਭੁਖਨਿ ਚਾਮੀਕਰ ਕੇ।
ਜਥਾ ਜੋਗ ਸਭਿ ਪਹਿਰਨ ਕਰਿ ਕੈ ॥੨੮॥

ਜੁਗ ਮਾਤਨਿ ਕੋ ਕਰਿ ਪਦ ਬੰਦਨ।
ਅਭਿਨੰਦਨ[1] ਹ੍ਵੈ ਦੇਖ੍ਯੋ ਨੰਦਨ। [1]ਚਿਤੋਂ ਪ੍ਰਸੰਨ ਹੋ ਕੇ (ਮਾਵਾਂ ਨੇ)।
ਦੇਤਿ ਅਸੀਸ, ਸੀਸ ਕਰ ਫੇਰਾ।
'ਹੋਵਹੁ ਸੁਜਸੁ ਪ੍ਰਤਾਪ ਉਚੇਰਾ' ॥੨੯॥
ਨਿਕਸੇ ਸਦਨ ਪੌਰ ਗੁਰ ਪੂਰੇ।
ਪੰਕਜ ਪਾਇ ਉਪਾਨਯ ਰੂਰੇ[1]। [1]ਚਰਨਾਂ ਕਮਲਾਂ ਵਿਚ ਸੋਹਣਾ ਜੋੜਾ ਹੈ।
ਦਰਸ ਹੇਤੁ ਸਿਖ ਖਰੇ ਹਜ਼ਾਰੋਂ।
ਉਮਗੇ ਜਨੁ ਜਲ ਪਾਰਾਵਾਰੋ[1] ॥੩੦॥ [1]ਸਮੁੰਦਰ ਦਾ ਜਲ।
ਸਤਿਗੁਰ ਚੰਦ ਮਨਿੰਦੇ ਦੇਖਾ।
ਸਿਰ ਨੰਮ੍ਰੀ ਇਕ ਬਾਰਿ ਅਸ਼ੇਖਾ[1]। [1]ਸਾਰਿਆਂ ਨੇ ਇਕ ਬਾਰ ਸਿਰ ਨੀਵਾਂ ਕੀਤਾ।
ਹੇਮ ਲਸ਼ਟਕਾ ਗਹੇ ਅਗਾਰੀ।
ਊਚ ਅਵਾਜ ਨਕੀਬ[1] ਉਚਾਰੀ ॥੩੧॥ [1]ਚੋਬਦਾਰ ਨੇ।
ਬੋਲਤਿ ਭਾਟ ਕਬਿੱਤਨਿ ਚਾਲੇ।
ਲਖਿ ਆਗਵਨ ਸਿੱਖ ਸੰਭਾਲੇ[1]। [1]ਸ਼੍ਰੀ ਗੁਰੂ ਜੀ ਦਾ) ਆਵਣਾ ਜਾਣਕੇ ਸਿਖ ਸੰਭਲੇ ਭਾਵ ਖੜੇ ਹੋਏ।
ਆਨਿ ਆਨਿ ਗਨ ਮਿਲਹਿੰ ਅਗਾਰੀ।
ਸੀਸ ਨੰਮ੍ਰਿ ਪੁਨ ਚਲਹਿੰ ਪਿਛਾਰੀ ॥੩੨॥
ਸਭਿ ਪੁਰਿ ਬਿਖੈ ਕੁਲਾਹਲ ਹੋਵਾ।
ਹਿਤ ਜੋਵਨ[1] ਕੇ ਕੀਨਸਿ ਢੋਵਾ[2]। [1]ਦਰਸ਼ਨ ਕਰਨ ਲਈ। [2]ਮੇਲ।
ਕੰਚਨ ਜ਼ੀਨ ਤੁਰੰਗਮ ਸੋਹੇ।
ਬਲੀ ਚਪਲ ਪੈ ਗੁਰੂ ਅਰੋਹੇ ॥੩੩॥
ਸਨੇ ਸਨੇ ਤਬਿ ਕੀਨਿ ਪਯਾਨਾ।
ਗਰੀਅਨਿ ਮਹਿੰ ਠਾਂਢੇ ਨਰ ਆਨਾ।
ਮਨਹੁੰ ਚਕੋਰ ਚੰਦ ਕੋ ਜੋਵੈਂ।
ਰਿਦੈ ਅਨੰਦ ਨੰਮ੍ਰਿ ਸਿਰ ਹੋਵੈਂ ॥੩੪॥
ਸਭਿ ਦਿਸ਼ਿ ਦੇਖਤਿ ਜਾਤਿ ਕ੍ਰਿਪਾਲ।
ਹੁਇੰ ਨਿਹਾਲ ਸ਼ਰਧਾਲੁ ਬਿਸਾਲ।
ਭਈ ਭੀਰ ਬਹੁ ਮਾਨਵ ਕੇਰੀ।
ਚਲਹਿ ਪਿਛਾਰੀ ਮੰਗਲ ਹੇਰੀ ॥੩੫॥
ਇਸ ਬਿਧਿ ਗਏ ਦਮਦਮੇ ਥਾਨ।
ਅਹੈ ਉਤੰਗ ਸੁ ਚਾਰੁ ਮਹਾਨ[1]। [1]ਬੜਾ ਸੁੰਦਰ।

ਉਤਰਿ ਤੁਰੰਗ ਤੇ ਤਹਿਂ ਚਢਿ ਗਏ।
ਮਾਤੁਲ ਨਿਕਟ ਸੰਗ ਨਿਜ ਲਿਏ ॥੩੬॥
ਹੁਤੇ ਜੁ ਆਗੇ, ਸਭਿ ਤਬਿ ਠਾਢੇ।
ਬੰਦਨ ਕਰਹਿਂ ਪ੍ਰੇਮ ਉਰ ਬਾਢੇ।
ਸ੍ਰੀ ਗੋਬਿੰਦ ਸਿੰਘ ਤਖਤ ਨਿਹਾਰਾ।
ਜੋਰਤਿ ਕਰ ਪ੍ਰਣਾਮ ਕੋ ਧਾਰਾ ॥੩੭॥
ਬੇਦੀ, ਤ੍ਰੇਹਣ, ਭੱਲੇ ਬੰਸ।
ਤਿਨ ਦਿਸ਼ਿ ਪਿਖਿ ਸੋਢੀ ਅਵਿਤੰਸ਼[1]। [1]ਭਾਵ ਗੁਰੂ ਜੀ ਨੇ।
ਸਭਿਹਿਨਿ ਕੀ ਆਇਸੁ ਕੋ ਪਾਇ।
ਭਏ ਅਰੂਢਨਿ[1] ਗੁਰਨਿ ਮਨਾਇ ॥੩੮॥ [1](ਗੁਰਿਆਈ ਦੇ ਤਖਤ ਤੇ) ਚੜ੍ਹੇ।
ਗੁਰਤਾ ਸਜੰਦਨ[1] ਪਰ ਆਰੋਹੇ। [1](ਰੂਪੀ) ਰਥ।
ਦਿਖ੍ਯੋ ਪ੍ਰਤਾਪ ਦਯੋਸਪਤਿ ਮੋਹੇ[1]। [1]ਸੂਰਜ ਸਮਾਨ ਪ੍ਰਤਾਪ ਸ਼ੋਭਨੀਕ ਹੋਕੇ ਦਿੱਸਿਆ।
ਗਨ ਸੰਗਤਿ ਪੰਕਜ ਬਿਗਸੰਤੇ।
ਬਿਚ ਮਕਰੰਦ ਅਨੰਦ ਬਧੰਤੇ ॥੩੯॥
ਗਨ ਦੁੰਦਭਿ ਬਾਜੇ ਸ਼ਦਿਯਾਨੇ[1]। [1]ਬਹੁਤ ਵਾਜਿਆਂ ਤੋਂ ਸ਼ਾਦਿਆਨੇ ਵੱਜੇ। [ਸ਼ਦਿਆਨਾ = ਵਜੰਤ੍ਰੀਆਂ ਦੀ ਇਕ ਸ਼ਾਦੀ ਸੂਚਕ ਧਾਰਨਾ, ਖੁਸ਼ੀ ਦਾ ਵਾਜਾ]।
'ਜੈ ਜੈ ਗੁਰ ਕੀ' ਬਾਕ ਬਖਾਨੇ।
ਅਤਿਸ਼ੈ ਮੰਗਲ ਜਾਨਿ ਸੁਜਾਨੇ।
ਨਾਨਾ ਅਪਨਿ[1] ਅਕੋਰਨਿ ਆਨੇ ॥੪੦॥ [1]ਅਪਨੀਆਂ।
ਸਭਿ ਆਏ ਲੇ ਤਬਹਿ ਮਸੰਦ।
ਰਾਮਕੁਇਰ ਤੇ ਆਦਿ ਬਿਲੰਦ।
ਸੰਗ ਸੰਗਤਾਂ ਸਿਖ ਸਮੁਦਾਇ।
ਪਹੁੰਚੇ ਤਬਹਿ ਦਮਦਮੇ ਆਇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁੱਤੇ 'ਤਖਤ ਬੈਠਨਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਸੰਗਤਾਂ ਦਾ ਆਉਣਾ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਬ੍ਰਿੰਦ ਮਸੰਦ ਅਨੰਦ ਉਰ ਲਜਾਇ ਬਿਲੰਦ ਅਕੋਰ।
ਆਨ ਥਿਰੇ ਗੁਰ ਅੱਗ੍ਰ ਸਭਿ ਬੰਦਤਿ ਹੈਂ ਕਰ ਜੋਰਿ ॥੧॥

ਚੌਪਈ:

[1]ਬ੍ਰੀਕ ਤੇ ਸੁਹਣੀ।

ਬ੍ਰਿਧਕੇ ਘਰ ਕੀ ਸੂਖਮ ਚਾਰੁ[1]।
ਪੂਰਬ ਦੇਤਿ ਭਏ ਦਸਤਾਰ।
ਕੋਰਦਾਰ[1], ਚਹੁੰ ਓਰਨ ਚੀਰੇ[2]।

[1]ਕਿਨਾਰਿਆਂ ਯਾ ਪਹਿਲਾਂ ਵਾਲੇ। [2]ਚਾਰੋਂ ਪਾਸਿਓ ਚੀਰੇ ਹੋਏ ਹੀਰੇ।

ਜਰੇ ਬਿਕੀਮਤ ਜਿਸ ਮਹਿਂ ਹੀਰੇ ॥੨॥
ਜ਼ਬਰ ਜ਼ੇਬ ਜੁਤਿ ਜਗਮਗਕਾਰੀ[1]।

[1]ਬੜੀ ਸ਼ੋਭਾ ਵਾਲੀ ਤੇ ਜਗਮਗ ਕਰਨ ਵਾਲੀ।

ਜਿਗਾ ਦਈ ਸਿਰ ਬੰਧਿ ਉਦਾਰੀ।
ਜਰੇ[1] ਜਵਾਹਰ ਜਾਗਤਿ ਜੋਤੀ।

[1]ਜੜੇ ਹਨ।

ਉੱਜਲ ਗੋਲ ਪੋਇ ਬਿਚ ਮੋਤੀ ॥੩॥
ਕਲਗ਼ੀ ਚਾਰੁ ਉਤੰਗਹਿ ਕਰੀ[1]।

[1]ਉੱਚੀ ਕੀਤੀ।

ਸਤਿਗੁਰ ਸੀਸ ਧਰੀ ਬਿਧਿ ਖਰੀ[1]।

[1]ਚੰਗੀ ਤਰ੍ਹਾਂ।

ਬਹੁ ਮੋਲਾ ਇਕ ਦੀਨਸਿ ਬਾਜ਼[1]।

[1]ਬਾਜ਼ [ਫਾ. ਬਾਜ਼]।

ਕਰ ਬਿਠਾਇ ਦੇਖੵੋ ਮਹਾਂਰਾਜ ॥੪॥
ਬੇਦੀ, ਤੇਹਣ, ਭੱਲਜਨ ਬੰਸ।
ਦੇਤਿ ਬਸਤ੍ਰ ਸ਼ੁਭ ਅਰੁ ਅਵਿਤੰਸ਼[1]।

[1]ਸ਼ੁਭ ਕੱਪੜੇ ਤੇ ਗਹਿਣੇ ਦੇਂਦੇ ਹਨ।

ਪੁਨ ਮਸੰਦ ਗਨ ਦੇਸ਼ਨਿ ਕੇਰੇ।
ਧਰਿਤੇ ਨਿਜ ਨਿਜ ਭੇਟ ਅਗੇਰੇ ॥੫॥
ਲਗੵੋ ਅੰਬਾਰ ਪਾਰ ਕਛੁ ਨਾਂਹੀ।
ਗੁਰ ਪ੍ਰਸੰਨਤਾ ਹਿਤ ਅਰਪਾਹੀਂ।
ਇਕ ਬਿਰ[1] ਬੋਲ ਉਠੇ ਜੈਕਾਰਾ।

[1]ਇੱਕੋ ਵੇਰੀ।

ਭਯੋ ਸਮਾਜ ਅਨੰਦਤਿ ਸਾਰਾ ॥੬॥
ਕਰਤਿ ਮੇਵਰੋ ਪਿਖਿ ਅਰਦਾਸ।
ਨਾਮ ਸੁਨਾਇ ਸਭਿਨਿ ਗੁਰ ਪਾਸ।
ਪੰਚਾਂਮ੍ਰਿਤ ਹਜ਼ਾਰ ਕੋ ਆਯੋ।
ਲੇ ਗੁਰ ਨਾਮ ਸਕਲ ਵਰਤਾਯੋ ॥੭॥
ਸੰਗਤਿ ਉਤਰੀ ਜਿਸ ਜਿਸ ਥਾਨ।
ਕੀਨਿ ਪੁਚਾਵਨਿ ਤਹਿਂ ਤਹਿਂ ਜਾਨਿ[1]।

[1]ਜਾਕੇ। (ਅ) (ਟਿਕਾਣੇ) ਲੱਭ ਲੱਭ ਕੇ।

ਸ਼ਬਦ ਰਬਾਬੀ ਗਾਵਤਿ ਤਹਾਂ।
ਬਸਤ੍ਰ ਸਹਿਤ ਧਨ ਦੀਨੋ ਮਹਾਂ ॥੮॥
ਇਕ ਪੌੜੀ ਢਾਢੀ ਜਬਿ ਲਾਈ।
ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ।
ਦਰਬ ਸਰਬ ਕੋ ਦੇ ਗੁਰ ਸਾਚੇ ॥੯॥
ਬਿੱਪ੍ਰਨ ਦਾਨ ਅਧਿਕ ਹੀ ਪਾਯੋ।
ਸਭਿਨਿ ਆਸ਼ਿਖਾ ਬਾਦ ਅਲਾਯੋ।
ਜਹਿਂ ਕਹਿਂ ਜਾਚਕ ਸੁਜਸੁ ਉਚਾਰਹਿਂ।
'ਸ੍ਰੀ ਗੁਰ! ਤੁਮ ਬਿਨ ਕੋ ਪ੍ਰਿਤਪਾਰਹਿ?
॥੧੦॥
ਘਟ ਘਟ ਮਾਲਿਕ ਦੇਤੇ ਦਾਨ।
ਲੇ ਤੁਮ ਤੇ ਸਭਿ ਖਾਇ ਜਹਾਨ।'
ਸਾਧਨ[1] ਕੇਰ ਜਮਾਤ ਜੁ ਆਈ[†]।

[1]ਸਾਧਾਂ ਦੀ। [†]ਇਨ੍ਹਾਂ ਸਾਧੂਆਂ ਤੋਂ ਮੁਰਾਦ ਉਦਾਸੀ ਸੰਤਾਂ ਦੀ ਹੈ।

ਰਣ ਸਿੰਗੇ ਤੁਰਰੀ ਸੁ ਬਜਾਈ ॥੧੧॥
ਭਰਿ ਭਰਿ ਫੂਕੈਂ ਸੰਖ ਬਜਾਏਂ।
ਪਿਖਿ ਪਿਖਿ ਗੁਰ ਮੂਰਤਿ ਹਰਖਾਏਂ।
ਉਤਸਵ ਭਯੋ ਸਭਿਨਿ ਮਹਿਂ ਭਾਰੀ।
ਪੁਰਿ ਅਨੰਦ ਹਰਖਤਿ ਨਰ ਨਾਰੀ
॥੧੨॥
ਕਲਗ਼ੀ ਰਹੀ ਬਿਰਾਜਿ ਉਤੰਗਾ।
ਦਮਕਤਿ ਮੁਕਤਾ[1] ਹੀਰਨਿ ਸੰਗਾ।

[1]ਮੋਤੀ।

ਚਮਰ ਢੁਰਤਿ ਸੁਠ ਬਾਰੰਬਾਰਾ।
ਉੱਜਲ ਹੰਸ ਮਨਿੰਦ ਉਦਾਰਾ ॥੧੩॥
ਦਰਸੈਂ ਸ਼ੋਭਾ ਖਰ ਕਿਤੇਕ।
ਬੈਠਿ ਬਿਲੋਕਤਿ ਸਿੱਖ ਅਨੇਕ।
ਸਭਿ ਕੇ ਦ੍ਰਿਗ ਇਕ ਟਕ ਲਗਿ ਐਸੇ।
ਗਨ ਚਕੋਰ ਸਸਿ ਕੇ ਦਿਸ਼ਿ[1] ਜੈਸੇ
॥੧੪॥

[1]ਚੰਦ ਵਲ।

ਮਨ ਬਰਬਸ ਹੀ ਸਰਬ ਚੁਰਾਏ[1]।
ਜਨੁ ਸੂਰਜ ਮੁਖਿ ਕਮਲ ਖਿਰਾਏ।

[1]ਮੱਲੋ ਮੱਲੀ ਹੀ ਸਾਰਿਆਂ ਦੇ ਮਨ ਮੋਹਿਤ ਹੋ ਗਏ।

ਏਕ ਜਾਮ ਲੌ ਥਿਰ ਤਹਿਂ ਭਏ।
ਸਭਿਨਿ ਮਨੋਰਥ ਪੂਰਨ ਕਏ ॥੧੫॥
ਜਥਾ ਜੋਗ ਜੋ ਬੇਦੀ ਆਦਿ।
ਸਨਮਾਨੇ ਦੀਨੋ ਅਹਿਲਾਦ।
ਸੰਤ, ਮਹੰਤ, ਮਸੰਦ ਜਿ ਬ੍ਰਿੰਦ।
ਦੀਨਿ ਅਨੰਦ ਬਿਲੰਦ ਮੁਕੰਦ[1] ॥੧੬॥
ਸਭਿ ਦਿਸ਼ਿ ਦੇਖਤਿ ਉਠੇ ਗੁਸਾਈਂ।
ਕਰ ਧਰਿ ਧਨੁ ਸਰ ਦੁਤਿ ਬਹੁ ਪਾਈ[1]।
ਸਾਥ ਕ੍ਰਿਪਾਲ[1] ਲਏ ਚਲਿ ਆਏ।
ਜਿਤ ਕਿਤ ਸਿਖ ਸੰਗਤਿ ਸਮੁਦਾਏ ॥੧੭॥
ਗਰੀ ਬਜ਼ਾਰਨਿ ਖਰੇ ਨਿਹਾਰੈਂ।
ਬੰਦਿ ਬੰਦਿ ਕਰ ਬੰਦਨ ਧਾਰੈਂ।
ਮੰਦ ਮੰਦ ਗਮਨੇ ਨਿਜ ਪੌਰ।
ਪਹੁੰਚਤਿ ਭੇ ਸੋਢੀ ਸਿਰਮੌਰ ॥੧੮॥
ਉਤਰਿ ਤੁਰੰਗ ਤੇ ਅੰਤਰ ਗਏ।
ਜੁਗ ਮਾਤਨਿ ਕੋ ਦੇਖਤਿ ਭਏ।
ਪ੍ਰਥਮ ਨਾਨਕੀ ਕੋ ਕਰਿ ਨਮੋਂ।
ਪਿਖਿ ਪੌਤ੍ਰੇ ਕੀ ਛਬਿ ਤਿਹ ਸਮੋਂ ॥੧੯॥
ਅਤਿ ਅਨੰਦ ਮਯ[1] ਹਿਰਦੈ ਹੋਈ।
ਚਿੰਤਾ ਸੰਕਟ ਮਨ ਤੇ ਖੋਈ।
ਨਿਕਟ ਬਿਠਾਇ ਸੁੰਘਤੀ ਭਾਲ।
ਵਾਰਜੋ ਊਪਰ ਦਰਬ ਬਿਸਾਲ ॥੨੦॥
ਪਠਿਓ 'ਵਹਿਰ ਜਾਚਿਕਨਿ ਦੀਜੈ।
ਸਭਿ ਤੇ ਸੁਭਿ ਅਸ਼ੀਸ਼ ਕੋ ਲੀਜੈ।'
ਚਿਤਵਤਿ ਭਈ ਬਾਕ ਬਰ ਪਤਿ ਕੇ[1]।
ਭਾਖੇ ਚਿਰੰਕਾਲ ਭਾ ਹਿਤ ਕੇ[1] ॥੨੧॥
-ਪੌਤ੍ਰਾ ਹੋਇ ਬਿਸਾਲ ਪ੍ਰਤਾਪੀ।
ਪਾਪੀ ਨਰਨਿ ਕਲਾਪਨ ਖਾਪੀ[1]।
ਸ੍ਰੀ ਨਾਨਕ ਕੋ ਉੱਜਲ ਨਾਮੁ।
ਕਰਹਿ ਅਧਿਕਤਾ ਜਗ ਅਭਿਰਾਮੁ- ॥੨੨॥

[1]ਭਾਵ ਗੁਰੂ ਜੀ ਨੇ।
[1]ਹਥ ਵਿੱਚ ਫੜੇ ਧਨੁਖ ਬਾਨ ਨੇ ਬੜੀ ਸ਼ੋਭਾ ਪਾਈ ਹੈ।
[1]ਮਾਮਾ ਕ੍ਰਿਪਾਲ ਜੀ।
[1]ਅਨੰਦ ਸਰੂਪ।
[1]ਸ੍ਰੇਸ਼ਟ ਪਤੀ ਦੇ।
[1]ਹਿਤ ਦੇ ਵਾਕ ਸਮਾਂ ਹੋਇਆ ਤਾਂ ਕਹੇ ਸਨ।
[1]ਬਹੁਤੇ ਪਾਪੀ ਨਰਾਂ ਨੂੰ ਖਪਾਉਣ ਵਾਲਾ।

ਸਿਮਰਿ ਸਿਮਰਿ[1] ਸੁਖ ਪਾਇ ਬਡੇਰਾ।
ਬਾਰ ਬਾਰਿ ਤਬਿ ਸ੍ਰੀ ਮੁਖ ਹੇਰਾ।
ਹਾਥ ਸਪਰਸ਼ਤਿ ਸੁਤ ਕੇ ਸੁਤ ਕੋ[1]।
ਤਜਜੋ ਸ਼ੋਕ ਧਰਿ ਆਨੰਦ ਚਿਤ ਕੋ ॥੨੩॥
ਪੁਨ ਗੁਜਰੀ ਕੋ ਬੰਦਨ ਕਰੀ।
ਬੋਲੀ 'ਆਜ ਧੰਨ ਇਹ ਘਰੀ।'
ਵਾਰਤਿ ਸਿਰ ਪਰ ਧਨ ਕੀ ਥਾਤੀ।
ਕਰੀ ਹਰਖ ਭਰਿ ਸੀਤਲ ਛਾਤੀ ॥੨੪॥
ਇਸ ਬਿਧਿ ਮਿਲਿ ਜੁਗ ਮਾਤਨਿ ਸਾਥ।
ਬੈਠੇ ਅਪਰ ਥਾਨ ਪੁਨ ਨਾਥ।
ਅਨਿਕ ਬਿਧਿਨ ਕੇ ਭੋਜਨ ਬਨੇ।
ਸ੍ਵਾਦਤਿ ਘਨੇ ਸਕਲ ਰਸ ਸਨੇ ॥੨੫॥
ਥਾਰ ਪਰੋਸਜੋ ਜੁਤਿ ਚਤੁਰਾਈ।
ਤੁਰਸ਼, ਸਲਵਣ, ਤਿਕਤ, ਮਧੁਰਾਈ।
ਭਲੇ ਅਛਾਦਨ ਕਰਿ ਕੈ ਲਜਾਯੋ।
ਚੌਂਕੀ ਪਰ ਗੁਰ ਅੱਗ੍ਰ ਟਿਕਾਯੋ ॥੨੬॥
ਅਚਵਤਿ ਭਏ ਸ੍ਵਾਦ ਕੋ ਪਾਇ।
ਬਖਸ਼ਜੋ ਪਾਚਕ[1] ਧਨ ਸਮੁਦਾਇ।
ਭਯੋ ਨਿਹਾਲ ਸੁਜਸੁ ਕੋ ਠਾਨਤਿ।
ਜਹਿਂ ਕਹਿਂ ਸੰਗਤਿ ਬਿਖੈ ਬਖਾਨਤਿ ॥੨੭॥
ਬਹੁਰ ਦੇਗ਼ ਸਭਿ ਮਹਿਂ ਵਰਤਾਈ।
ਜੋ ਆਵੈ ਸੋ ਲੇ ਤ੍ਰਿਪਤਾਈ।
ਸ੍ਵਾਦਲ ਭੋਜਨ ਖਾਇ ਘਨੇਰੇ।
ਤੋਟ ਨ ਜਿਸ ਕੀ ਖਰਚ ਬਡੇਰੇ ॥੨੮॥
ਬਰਤਨ ਲਗੀ ਦੁਪਹਿਰੇ ਕਾਲਾ।
ਦੇਤਿ ਲੇਤਿ ਨਰ ਆਵਤਿ ਜਾਲਾ।
ਜਾਮ ਨਿਸਾ ਲਗਿ[1] ਤਿਸੀ ਪ੍ਰਕਾਰਾ।
ਸਿਖ ਸੰਗਤਿ ਅਚਵੰਤਿ ਅਹਾਰਾ ॥੨੯॥
ਦਿਨ ਪ੍ਰਤਿ ਰੀਤਿ ਇਹੀ ਠਹਿਰਾਈ।
ਸੰਗਤਿ ਆਇ ਵਧਤਿ ਅਧਿਕਾਈ।

[1]ਪਿਛਲੀਆਂ ਗਲਾਂ ਚੇਤੇ ਕਰ ਕਰਕੇ(ਮਾਤਾ ਜੀ)।
[1]ਪੋਤ੍ਰੇ ਦਾ।
[1]ਰਸੋਈਏ ਨੂੰ।
[1]ਪਹਿਰ ਰਾਤ ਗਈ ਤਕ।

ਦੇਸ਼ਨਿ ਦੇਸ਼ ਸੁਨਤਿ ਸੁਧ ਜਯੋਂ ਜਯੋਂ।
ਚਲੇ ਆਇਂ ਸਿੱਖਨਿ ਗਨ ਤਯੋਂ ਤਯੋਂ ॥ ੩੦ ॥
ਜੋ ਮਸੰਦ ਜਿਸ ਜੋਗ ਬਡਾਈ।
ਸਿਰੇਪਾਉ ਦੇ ਕਰਤਿ ਬਿਦਾਈ।
ਤਿਮ ਸਿੱਖਨ ਕੋ ਦੇਤਿ ਹਕਾਰਤਿ[1]।
ਕਰਿ ਕਰਿ ਬੰਦਨ ਸਦਨ ਸਿਧਾਰਤਿ ॥ ੩੧ ॥

[1]ਬੁਲਾ ਕੇ।

ਨਿਤ ਅਨੇਕ ਆਵਤਿ ਗਨ ਜਾਤਿ।
ਸਭਿ ਦੇਸ਼ਨਿ ਮਹਿਂ ਭੇ ਬੱਖਯਾਤ।
'ਦਸਮੋ ਪਾਤਿਸ਼ਾਹ ਗੁਰ ਹੋਯੋ।
ਪਿਤ ਸਿਰ ਦੇ ਤੁਰਕਨ ਘਰ ਖੋਯੋ' ॥ ੩੨ ॥
ਸਾਗਰਾਂਤ ਲਗਿ[1] ਅਵਨੀ ਸਾਰੀ।
ਪੁਰਿ ਗ੍ਰਾਮਨਿ ਜਹਿਂ ਸਿੱਖੀ ਧਾਰੀ।
ਸੁਨਿ ਸਭਿ ਕੋ ਚਿਤ ਚੌਂਪ ਉਮੰਗੀ[1]।
ਬ੍ਰਿੰਦਨ ਬ੍ਰਿੰਦ[1] ਆਇਂ ਸਤਿਸੰਗੀ ॥ ੩੩ ॥

[1]ਸਮੁੰਦਰੋਂ ਪਰੇ ਤੀਕ।

[1]ਚਾਉ ਚੜ੍ਹਿਆ।

[1]ਸਮੂਹ ਦੇ ਸਮੂਹ। ਭੀੜਾਂ ਦੀਆਂ ਭੀੜਾਂ।

ਇਕ ਆਵਤਿ ਮਿਲਿਤੇ ਇਕ ਜਾਤੇ।
ਚਿਤ ਪ੍ਰਸੰਨ ਬੂਝਤਿ ਗੁਰ ਬਾਤੇਂ।
ਭਨਤਿ ਸੁਜਸੁ ਇਕ ਸੁਨਤਿ ਅਨੰਦਤਿ।
ਸਿਮਰਿ ਸਿਮਰਿ ਪਗ ਪੰਕਜ ਬੰਦਤਿ ॥ ੩੪ ॥
'ਧੀਰਜ ਧਰਨੀ ਕੇ ਸਮ ਧਰਨੀ[1]।
ਅਜ਼ਮਤ ਸਿੰਧੁ ਅਜਰਨੀ ਜਰਨੀ[1]।
ਅਸ ਕਰਨੀ ਕਰਨੀ ਕਿਸ ਔਰ[1]।
ਬਿਨ ਗੁਰ ਨਵ ਸੋਢੀ ਸਿਰਮੌਰ[1] ॥ ੩੫ ॥

[1]ਧਾਰਨ ਵਾਲੇ।

[1]ਨਾ ਜਰਨ ਵਾਲੀ ਦੇ ਜਰਨ ਵਾਲੇ (ਸ਼੍ਰੀ ਗੁਰੂ ਤੇਗ ਬਹਾਦਰ ਜੀ)।

[1]ਐਸੀ ਕਰਨੀ ਹੋਰ ਕਿਸਨੇ ਕਰਨੀ ਹੈ।

[1]ਸੋਢੀ ਸਿਰਮੌਰ ਨਾਵੇਂ ਗੁਰੂ ਜੀ ਤੋਂ ਛੁੱਟ।

ਤੇਜ ਪੁੰਜ ਨੰਦਨ ਜਿਨ ਕੇਰੋ।
ਅਲਪ ਬੈਸ ਮਹਿਂ ਦਿਪਤਿ ਬਡੇਰੋ।
ਗੁਰ ਕੀ ਗਤਿ ਕੁਛ ਲਖੀ ਨ ਜਾਵੈ।
ਦੇਖਿ ਜਗਤ ਸਗਰੋ ਬਿਸਮਾਵੈ' ॥ ੩੬ ॥
ਇੱਤਯਾਦਿਕ ਸਭਿ ਸੰਗਤ ਮਾਂਹੀ।

ਹੋਤਿ ਬਾਰਤਾਲਾਪ ਮਹਾਂ ਹੀ।
ਚਲੀ ਆਇ ਚਹੁੰਦਿਸ਼ਿ ਤੇ ਸੰਗਤਿ।
ਆਨਿ ਅਨੰਦਪੁਰਿ ਉਤਰਹਿ ਪੰਗਤਿ ॥੩੭॥
ਬਡੀ ਭੀਰ ਜਬਿਹੁੰ ਹੁਇ ਜਾਇ।
ਸਿੱਖ ਸਕੇਲਨਿ ਹੁਇੰ ਸਮੁਦਾਇ।
ਸੇਵਕ ਕਰਹਿਂ ਜਨਾਵਨਿ ਫੇਰ।
'ਭਈ ਦਰਸ ਹਿਤ ਭੀਰ ਬਡੇਰ' ॥੩੮॥
ਬਸਤ੍ਰ ਸ਼ਸਤ੍ਰ ਨਿਜ ਅੰਗ ਸਜਾਵਹਿਂ।
ਖੜਗ ਧਨੁਖ ਸਰ[1] ਧਰਿ ਕਰਿ ਆਵੈਂ। [1]ਧਨੁਖ ਬਾਣ।
ਵਹਿਰ ਸਿੰਘਾਸਨਿ ਪਰ ਥਿਰ ਹੋਇਂ।
ਜਹਿਂ ਦਰਸਹਿ ਸੰਗਤਿ ਸਭਿ ਕੋਇ ॥੩੯॥
ਕਰਹਿ ਮੇਵੜਾ ਸਭਿ ਮਹਿਂ ਫੇਰਾ।
ਸਿੱਖ ਬਿਦੇਸ਼ਨਿ ਕੋ ਜਹਿਂ ਡੇਰਾ।
'ਸਤਿਗੁਰ ਆਨਿ ਸਿੰਘਾਸਨ ਰਾਜੇ।
ਜਿਨ ਕੇ ਦਰਸ ਬਿਘਨ ਅਘ ਭਾਜੇ ॥੪੦॥
ਅਭਿਲਾਖਤਿ ਸਭਿ ਚਲਿ ਕਰਿ ਆਵਹੁ।
ਮਾਨਸ ਜਨਮ ਲਾਭ ਕਹੁ ਪਾਵਹੁ।
ਰਿਦੇ ਕਾਮਨਾ ਜੋ ਕਿਮ ਧਰੋ।
ਭਨਹੁ ਬੇਨਤੀ ਪੂਰਨ ਕਰੋ' ॥੪੧॥
ਇਮ ਸੁਧਿ ਸਭਿ ਕੋ ਦੇਤਿ ਸੁਨਾਇ।
ਅਨੁਰਾਗੀ ਸੁਨਿ ਹੁਇੰ ਚਿਤ ਚਾਇ।
ਨੀਕੀ ਵਸਤੁ ਆਦਿ ਜੇ ਦਰਬਾ।
ਲੈ ਲੈ ਪਹੁੰਚਹਿਂ ਗੁਰ ਢਿਗ ਸਰਬਾ ॥੪੨॥
ਅਰਪਿ ਅਰਪਿ ਕਰਿ ਕਰਹਿਂ ਪ੍ਰਨਾਮ।
ਪਗ ਪੰਕਜ ਗੁਰ ਕੇ ਅਭਿਰਾਮ।
ਸੁੰਦਰ ਬਦਨ ਇੰਦ ਮਾਨਿੰਦ[1]। [1]ਚੰਦ੍ਰਮਾਂ ਵਰਗਾ।
ਬਿਕਸਜੋ ਕਿਧੌਂ ਭੋਰ ਅਰਬਿੰਦ[1] ॥੪੩॥ [1]ਸਵੇਰ ਦਾ ਕਮਲ ਫੁੱਲ।
ਕਰਿ ਦਰਸ਼ਨ ਕੋ ਲਹਤਿ ਅਨੰਦ।

ਖਰੇ ਰਹੈਂ ਕੋ ਜੁਗ ਕਰ ਬੰਦਿ।
ਕੇਤਿਕ ਆਇਸੁ ਪਾਇ ਮੁਕੰਦ।
ਬੈਠਹਿਂ ਨਿਕਟਿ ਮਸੰਦ ਬਿਲੰਦ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੰਗਤਿ ਆਵਨਿ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਦਿੱਲੀ ਵਾਲੇ ਸਿੱਖਾਂ ਨਾਲ ਬਚਨ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਸੰਗਤਿ ਬ੍ਰਿੰਦ ਬਿਲੋਕਤੀ, ਚਹੁੰ ਦਿਸਿ ਤੇ ਬਹੁ ਆਇ।
ਬਨਜਾਰੇ ਕੇ ਸਹਿਤ ਹੀ, ਦਿੱਲੀ ਤੇ ਸਿਖ ਆਇ ॥੧॥

ਚੌਪਈ:

ਅਰਪਿ ਅਕੋਰ ਭਯੋ ਤਬਿ ਠਾਢੋ।
ਗੁਰ ਸਰੂਪ ਪਿਖਿ ਆਨੰਦ ਬਾਢੋ।
ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰੇ।
'ਕਹੁ ਗੁਰ ਪਜਾਰੇ ਸਿਖ ਬਨਜਾਰੇ ॥੨॥
ਕਿਸ ਪ੍ਰਕਾਰ ਸਤਿਗੁਰ ਸਸਕਾਰੇ।
ਕਿਹ ਸਥਾਨ ਮਹਿਂ ਰਾਖ ਸੁਧਾਰੇ[1]?' [1]ਭਸਮ ਕਿੱਥੇ ਸੰਭਾਲੀ ਹੈ।
ਸੁਨਿ ਬਿਸਮਜੋ -ਮੁਝ ਬਿਨਾ ਬਤਾਏ।
ਜਾਨਿ ਲੀਨਿ ਕਾਰਜ ਕਰਿ ਆਏ- ॥੩॥
ਬੋਲਜੋ ਬਿਨੈ ਸਹਿਤ ਹਰਖਾਨਾ।
'ਜਥਾ ਭਯੋ ਰਾਵਰ ਸਭਿ ਜਾਨਾ।
ਤਊ ਸਭਿਨਿ ਕੇ ਹੇਤੁ ਸੁਨਾਵਨਿ।
ਬੂਝਹੁ ਮੋਹਿ ਕਥਾ ਗੁਰ ਪਾਵਨ ॥੪॥
ਅਧਮ ਨੁਰੰਗੇ ਕਾਰਨ ਕੀਨਾ।
ਪੁਨ ਡਿੰਡਮ ਪੁਰਿ ਫੇਰ ਸੁ ਦੀਨਾ।
-ਇਨ ਕੋ ਸਿਖ ਸਾਦਕ ਨਰ ਜੋਇ[1]। [1]ਸਿਦਕ ਰੱਖਣ ਵਾਲਾ।
ਧਰ ਕੋ ਲੇ ਸਸਕਾਰਹਿ ਸੋਇ- ॥੫॥
ਸੁਨਜੋ ਸਭਿਨਿ ਕਰਿ ਤ੍ਰਾਸ ਬਿਸਾਲਾ।
ਕੋਇ ਨ ਬੋਲਿ ਸਕਜੋ ਤਿਸ ਕਾਲਾ।
-ਹਮ ਹੈਂ ਸਿੱਖ- ਨ ਕਿਨਹੁ ਬਤਾਵਾ।
ਦਬਕ ਰਹੇ ਨਿਜ ਨਿਜ ਘਰ ਥਾਵਾ ॥੬॥
ਡਰਤਿ ਰਿਦੇ -ਕੋ ਦੇ ਨ ਬਤਾਇ।
ਸ਼ਾਹ ਬੰਧਿ[1] ਹਮ ਦੇ ਮਰਿਵਾਇ-। [1]ਬੰਨ੍ਹ ਕੇ।
ਦੁਰਿ ਦੁਰਿ ਗਏ[1] ਆਪਨੇ ਘਰ ਮਹਿਂ। [1]ਛੁਪ ਛੁਪ ਗਏ।
ਨਹਿਂ ਮਾਨੀ ਸਿੱਖੀ ਕਿਸ ਪੁਰਿ ਮਹਿਂ'
॥੭॥
ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ।

ਗਰਜਤਿ ਬੋਲੇ ਜਲਧਰ ਜੈਸੇ[1]। [1]ਬਦਲ ਵਾਂਗ (ਗੱਜ ਕੇ)।
'ਇਸ ਬਿਧਿ ਕੋ ਅਬਿ ਪੰਥ ਬਨਾਵੌਂ।
ਸਕਲ ਜਗਤ ਮਹਿਂ ਬਹੁ ਬਿਦਤਾਵੌਂ ॥੮॥
ਲਾਖਹੁੰ ਜਗ ਕੇ ਨਰ ਇਕ ਥਾਇਂ।
ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ[1] ਪਛਾਨਜੋਂ ਪਰੈ। [1]ਵੱਖਰਾ।
ਰਲੈ ਨ ਕਜੋਂਹੂੰ ਕੈ ਸਿਹੁ ਕਰੈ ॥੯॥
ਜਥਾ ਬਕਨ[1] ਮਹਿਂ ਹੰਸ ਨ ਛਪੈ। [1]ਬਗਲਿਆਂ।
ਗ੍ਰਿੱਝਨਿ† ਬਿਖੈ ਮੋਰ ਜਿਮ ਦਿਪੈ। †ਪਾ:-ਗਿਰਯਨਿ।
ਜਜੋਂ ਖਰ ਗਨ[1] ਮਹਿਂ ਬਲੀ ਤੁਰੰਗ। [1]ਬਹੁਤ ਖੋਤਿਆਂ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੇ ਮਾਂਹਿ।
ਮਮ ਸਿਖ ਕੋ ਸਗਲੋ ਪਰਖਾਹਿਂ।'
ਸੁਨਤਿ ਸਭਾ ਸਭਿ ਬਿਸਮੈ ਹੋਈ।
ਬਾਕ ਅਚਾਨਕ ਜਾਨਤਿ ਸੋਈ[1] ॥੧੧॥ [1]ਸੋ ਅਚਨਚੇਤ ਹੋਇਆ ਵਚਨ ਜਾਣਿਆ।
ਪੁਨ ਬਨਜਾਰਾ ਬੂਝਨਿ ਕਰਜੋ।
'ਤੋ ਤੇ ਕਹਹੁ ਕਾਜ ਕਿਮ ਸਰਜੋ?'
ਕਹਤਿ ਭਯੋ 'ਲੇ ਬ੍ਰਿਖਭ ਘਨੇਰੇ।
ਪਹੁੰਚਜੋ ਜਾਇ ਗੁਰੂ ਧਰ ਨੇਰੇ[1] ॥੧੨॥ [1]ਧੜ ਦੇ ਪਾਸ।
ਮਹਾਂ ਧੂਰ ਬਾਯੂ ਤੇ ਭਈ।
ਦਸਹੁੰ ਦਿਸ਼ਾ ਨਹਿਂ ਜਾਨੀ ਗਈ।
ਤਬਿ ਉਠਾਇ ਮੈਂ ਸੰਕਟ ਮਝਾਰੇ।
ਧਰਿ ਕਰਿ ਧਰ[1] ਨਿਜ ਬ੍ਰਿਖਭ ਸੰਭਾਰੇ ॥੧੩॥ [1]ਧੜ।
ਪਾਛੇ ਖੋਜਨਿ ਲਗੇ ਘਨੇਰੇ।
ਨਹਿਂ ਪਾਯੋ ਧਰ ਸਭਿ ਬਿਧਿ ਹੇਰੇ।
ਮੈਂ ਲੇ ਜਾਇ ਭਲੇ ਸਸਕਾਰੇ।
ਬੀਨ ਪੁਸ਼ਪ ਮੈਂ ਭਲੇ ਸੰਭਾਰੇ ॥੧੪॥
ਤਾਂਬ੍ਰ ਗਾਗਰਾਂ ਦੁਇ ਮਹਿਂ ਪਾਏ।
ਤਿਸੀ ਥਾਨ ਮਹਿਂ ਰਾਖ ਗਡਾਏ।

ਅਬਿ ਮਾਲਿਕ ਤੁਮ ਬਡ ਸਮਰੱਥ।
ਕਰਨ ਕਰਾਵਨਿ ਸਭਿ ਬਿਧਿ ਹੱਥ'
॥੧੫॥
ਸੁਨਿ ਪ੍ਰਸੰਨ ਤਿਸ ਪਰ ਤਬਿ ਹੋਏ।
'ਜਨਮ ਮਰਨ ਬੰਧਨ ਤੁਵ ਖੋਏ।
ਫੂਲਹਿਂ ਫਲਹਿਂ ਜਗਤ ਮਹਿਂ ਭਾਰੀ।
ਹੁਇ ਸੁਖ ਗੁਰ ਕਾਇਆਂ ਸਸਕਾਰੀ
॥੧੬॥
ਪੁਸ਼ਪ ਰਹਨਿ ਦਿਹੁ ਤਿਸ ਹੀ ਥਾਨ।
ਜਬਿ ਹੋਵਹਿ ਮਮ ਪੰਥ ਮਹਾਨ।
ਬਨਹਿ ਦੇਹੁਰਾ ਥਲ ਪਰਖੈ ਹੈ[1]।
ਪੁਨ ਬਜਾਰ[1] ਮਹਿਂ ਥਾਨ ਬਨੈ ਹੈ ॥੧੭॥
ਸਿਰ ਤੁਰਕਨ ਕੇ ਮੇਖ ਲਗਾਵੈਂ[†]।
ਸਿਖ ਸੰਗਤਿ ਸਭਿ ਪੂਜ ਕਰਾਵੈਂ।
ਸਮੋ ਆਇ ਜਬਿ ਦੇਖਹਿਂ ਸਾਰੇ।
ਦਿੱਲੀ ਬਿਖੈ ਬਨਹਿਂ ਗੁਰਦ੍ਵਾਰੇ' ॥੧੮॥
ਪੁਨਹਿ ਸਿੱਖ ਸਭਿ ਲਗੇ ਸੁਨਾਵਨਿ।
'ਅਬਿ ਹੀ ਭਾ ਪ੍ਰਤਾਪ ਗੁਰ ਪਾਵਨ।
ਜਬਿ ਕੋ ਕਾਰਨ ਕੀਨੋ ਸ਼ਾਹੂ।
ਤਬਿ ਕੋ ਭਯੋ ਹੌਲ ਉਰ ਮਾਂਹੂ ॥੧੯॥
ਏਕ ਨਿਸਾ ਮਹਿਂ ਸੋਯੋ ਘਰ ਮੈਂ।
ਬਹੁਰ ਨ ਬਰਜੋ ਬਿਸਾਲ ਤਿਮਰ ਮੈਂ[1]।
ਵਹਿਰ ਬਾਗ ਮੈਂ ਮੰਦਰ ਕੋਇ।
ਰਾਤਿ ਪਰੈ ਤਹਿਂ ਪਰਿ ਕੈ ਸੋਇ ॥੨੦॥
ਏਕ ਥਾਨ ਨਿਸ ਦੁਤਿਯ ਨ ਸੋਵੈ[1]।
ਥਲ ਨਵੀਨ ਬਸਿਬੇ ਹਿਤ ਜੋਵੈ।
ਦਿਨਪ੍ਰਤਿ ਉਦੇ[1] ਦੁਰਗ ਮਹਿਂ ਬਰੈ।
ਰਾਜ ਸਾਜ ਕੋ ਕਾਰਜ ਕਰੈ ॥੨੧॥
ਪਰੈ ਜਾਮਨੀ ਨਿਕਸਿ ਸਿਧਾਰੈ।
ਸੁਪਤੈ ਆਨ ਥਾਨ ਡਰ ਧਾਰੈ।
ਜਾਨੀ ਪਰੈ ਚਢੈ ਕਿਤ ਦੇਸ਼।

[1]ਪਰਖ ਕੇ ਦੇਹੁਰਾ ਬਨਾਉਣਗੇ।

[1]ਫਿਰ (= ਦੂਸਰਾ ਥਾਂ) ਬਜ਼ਾਰ (= ਚਾਂਦਨੀ ਚੌਂਕ)।

[†]ਯਾਨੇ ਕੁਤਵਾਲੀ ਵਿਚੋਂ ਥਾਂ ਲੈ ਕੇ ਕਿ ਜਿੱਥੇ ਮਾਕਾ ਵਰਤਿਆ ਹੈ, ਗੁਰਦੁਆਰਾ ਬਨਾਕੇ ਤੁਰਕਾਂ ਦੇ ਸਿਰ ਤੇ ਮਾਨੋਂ ਮੇਖ ਗੱਡਣਗੇ।

[1]ਵਡੀ ਅੰਧੇਰੀ ਰਾਤ ਵਿੱਚ।

[1]ਇਕ ਥਾਂ ਤੇ ਦੂਸਰੀ ਰਾਤ ਕਦੀ ਨਹੀਂ ਸੌਂ ਸਕਦਾ।

[1]ਸੂਰਜ ਚੜ੍ਹੇ।

ਤਜਾਰੀ ਧਾਰੈ† ਰਿਦੈ ਹਮੇਸ਼' ॥੨੨॥ — †ਪਾ:-ਭਯ ਗ੍ਰਿਹ ਧਾਰਤਿ।

ਦਿਲਵਾਲੀ[1] ਸਿੱਖਨਿ ਜਬਿ ਕਹਜੋ। — [1]ਦਿੱਲੀ ਵਾਲੇ।

ਤਬਿ ਕ੍ਰਿਪਾਲ[1] ਚਿਤ ਸੰਸੈ ਲਹਜੋ। — [1]ਮਾਮਾ ਕ੍ਰਿਪਾਲ ਜੀ।

ਬੂਝਨਿ ਲਗਜੋ 'ਕਹਹੁ ਸਭਿ ਬਾਤੀ।

ਪਾਤਕੁ ਕਰਮਾ ਕਿਤਹੁੰ ਪ੍ਰਯਾਤੀ[1]? ॥੨੩॥ — [1]ਪਾਪੀ ਕਰਮਾਂ ਵਾਲਾ ਕਿੱਧਰ ਜਾਂਦਾ ਹੈ।

ਪੂਰਬ, ਦੱਖਨ, ਪਸ਼ਚਮ ਓਰ।

ਕਾਜ ਜੰਗ ਕੋ ਭਾ ਕਿਤ ਜੋਰ।

ਜਿਸ ਤੇ ਦੁਸ਼ਟ ਆਪ ਪ੍ਰਸਥਾਨੈ।

ਇਸ ਕੋ ਸਤਿਗੁਰ ਸਭਿ ਕਿਛੁ ਹਾਨੈ[1]' ॥੨੪॥ — [1]ਨਾਸ ਕਰਨਗੇ।

ਤਬਿ ਕਰ ਜੋਰਿ ਕਹੈਂ ਦਿਲ ਵਾਲੀ।

'ਸੁਨਹੁ ਪ੍ਰਸੰਗ ਬਿਸਾਲ ਕੁਚਾਲੀ।

ਸ਼ਾਹਜਹਾਂ ਜਾਨਤਿ ਸ਼ੁਭ ਨੀਤ।

ਬਰਤਤਿ ਰਹਜੋ ਆਪ ਜਿਮ ਨੀਤ[1] ॥੨੫॥ — [1]ਆਪ ਜਿਵੇਂ ਨਿੱਤ ਵਰਤਦਾ ਰਿਹਾ (ਨੀਤੀ ਨੂੰ)।

ਸੋ ਗਹਿ ਲੀਨਿ ਕੈਦ ਕਰਿ ਰਾਖਾ।

ਮਰਨ ਸਮੈਂ ਇਸ ਕੇ ਸੰਗ ਭਾਖਾ।

ਜੇਤਿਕ ਲੇਂ ਅਬਿ ਦਰਬ ਸਿਪਾਹੀ।

ਇਸ ਤੇ ਘਾਟ ਕਰਹੁ ਕਬਿ ਨਾਂਹੀ ॥੨੬॥

ਹਿੰਦੁ ਧਰਮ ਕੋ ਨਹੀਂ ਬਿਗਾਰਹੁ।

ਇਕ ਸਮ ਦੋਨਹੁੰ ਕੋ ਪ੍ਰਤਿਪਾਰਹੁ।

ਤਾਨੇ ਸ਼ਾਹਿ ਜੁ ਦੱਖਨ ਮਾਂਹੀ†।

†ਦੱਖਣ ਵਿਚ ਕੁਛ ਮੁਸਲਮਾਨੀ ਰਜਾਸਤਾਂ ਸਨ, ਜਿਨਾਂ ਵਿਚੋਂ ਇਕ ਦੀ ਰਾਜਧਾਨੀ ਗੋਲਕੰਡਾ ਸੀ। ਇਸਦੇ ਅੰਤਮ ਪਾਤਸ਼ਾਹ ਦਾ ਨਾਮ ਇਹ ਸੀ। ਔਰੰਗਜ਼ੇਬ ਨੇ ਇਸ ਰਾਜ ਦਾ ਦੀਵਾ ਮੇਟਕੇ ੧੬੮੭ ਈ: ਵਿਚ ਤਾਨੇਸ਼ਾਹ ਨੂੰ ਕੈਦ ਕਰ ਲਿਆ ਸੀ, ਜੋ ੧੭੦੪ ਈ: ਵਿਚ ਕੈਦ ਪਿਆ ਹੀ ਮਰ ਗਿਆ। ਇਸ ਦਾ ਅਸਲੀ ਨਾਮ ਅਬੂ ਹੁਸੈਨ ਨੇ ਸੱਤ ਮਹੀਨੇ ਗੋਲਕੰਡੇ ਦੀ ਰੱਖਜਾ ਔਰੰਗਜ਼ੇਬ ਤੋਂ ਬੜੀ ਬੀਰਤਾ ਨਾਲ ਕੀਤੀ ਸੀ। ਤਾਨੇ ਸ਼ਾਹ ਦੀ ਯਾਦ ਉਸ ਦੇ ਚੰਗੇ ਹੋਣ ਕਰਕੇ ਉਸ ਦੀ ਪ੍ਰਜਾ ਵਿਚ ਬੜੇ ਪਿਆਰ ਨਾਲ ਕਾਯਮ ਰਹੀ ਤੇ ਹੁਣ ਤਕ ਜੀਉਂਦੀ ਹੈ।

ਕਬਿ ਮੁਹਿੰਮ[1] ਤਿਸ ਪਰ ਕਰਿ ਨਾਹੀਂ- ॥੨੭॥ — [1]ਚੜ੍ਹਾਈ।

ਇੱਤਜਾਦਿਕ ਕੁਛ ਔਰ[1] ਬਤਾਈ। — [1]ਕੁਛ ਹੋਰ (ਸਿੱਖਜਾ)।

ਕਿਸ ਹਿਤ ਲਿਖੌਂ ਪ੍ਰਸੰਗ ਬਧਾਈ[1]। — [1]ਕਾਹਦੇ ਵਾਸਤੇ ਲਿਖਾਂ, ਪ੍ਰਸੰਗ ਵਧਦਾ ਹੈ।

ਸੁਨਿ ਕਰਿ ਪਦਰ ਬਾਕ ਖੁਨਸਾਯੋ[1]।
ਬੂਝਯੋ -ਕਹਾਂ ਦੋਸ਼ ਲਖਿ ਪਾਯੋ? ॥੨੮॥
ਜੋ ਬਰਜੀ[1] ਤੈਸੇ ਸਭਿ ਕਰਿਹੌਂ।
ਜਗ ਕੋ ਨਿਜ ਮਰਜੀ ਅਨੁਸਰਹੌਂ[1]-।
ਸੁਨਿ ਤਬਿ ਸ਼ਾਹ ਜਹਾਂ ਸਮੁਝਾਈ[†]।
-ਜੇ ਤੂੰ ਕਰਹਿ ਬਿਗਰ ਅਸ ਜਾਈ ॥੨੯॥
ਨੌਕਰਾਨ ਜੇ ਧਨ ਦੇਂ ਥੋਰਾ।
ਥੁਰ ਜੈ ਹੈਂ ਜਿਨ ਲਾਭ ਨ ਔਰਾ।
ਤਿਨ ਕੇ ਪੁੱਤ੍ਰ ਇਲਮ ਬਿਨ ਰਹੈਂ।
ਖੈਬੇ ਹੇਤੁ ਜੀਵਕਾ ਚਹੈਂ ॥੩੦॥
ਲਘੁ ਬਯ[1] ਕਾਜ ਕਰਨਿ ਲਗਿ ਪਰੈਂ।
ਬਿਨ ਧਨ ਇਲਮ ਕਹਹੁ ਕਿਮ ਧਰੈਂ।
ਮੂਰਖ ਰਹੈਂ ਦੋਸ਼ ਇਹ ਭਾਰੋ।
ਯਾਂ ਤੇ ਘਾਟ ਕਰਨਿ ਨਹਿਂ ਧਾਰੋ ॥੩੧॥
ਹਮ ਅਬਿ ਅਪਨੇ ਰਾਜ ਮਝਾਰੀ।
ਦੇਂ ਹਿੰਦੁਨ ਕੋ ਧਰਮ ਬਿਗਾਰੀ।
ਸਮੈਂ ਪਾਇ ਹੁਇੰ ਹਿੰਦੂ ਰਾਜੇ।
ਕਰਹਿ ਸੁ ਤੁਰਕਨਿ ਸੰਗ ਕੁਕਾਜੇ ॥੩੨॥
ਤਾਂਨੇ ਸ਼ਾਹਿ ਬਨਯੋ ਜੇ ਰਹੈ[1][†]।
ਸ਼ਾਹਨਸ਼ਾਹ ਹਮਹਿਂ ਸਭਿ ਕਹੈਂ।
ਇਕ ਗੁਨ ਇਹ, ਦੂਸਰ ਸੁਨਿ ਕਾਨ।
ਜੋ ਦੱਖਣ ਕੋ ਦੇਸ਼ ਮਹਾਨ ॥੩੩॥
ਤਿਤ ਹੀ ਰੋਕ ਰਖਹਿ ਦਲ ਸਾਰੇ[1]।
ਹਮ ਸੋਂ ਪਰਹਿ ਨ ਜੰਗ ਅਖਾਰੇ।
-ਇੱਤਜਾਦਿਕ ਜੇ ਨੀਤਿ ਬਤਾਈ।
ਕਹੇ ਦੋਸ਼ ਗੁਨ ਤਿਨ ਸਮੁਦਾਈ ॥੩੪॥
ਤਉ ਨ ਮੂਰਖ ਨੇ ਮਨ ਮਾਨੇ।
ਪਦਰ ਕਹੇ ਉਲਟੇ ਸਭਿ ਠਾਨੇ।
ਹੁਤੇ ਰਜਤਪਣ ਸੌ ਦਰਮਾਹਾਂ[1]।

[1]ਪਿਤਾ ਦੀ ਗਲ ਸੁਣਕੇ ਖੁਣਸਿਆ।

[1]ਜਿਸ ਤੋਂ ਵਰਜਿਆ ਹੈ।

[1]ਦੇ ਅਨੁਸਾਰ ਕਰਾਂਗਾ।

[†]ਪਾ:-ਸਮੁਦਾਈ।

[1]ਛੋਟੀ ਉਮਰ ਤੋਂ।

[1]ਤਾਨੇ ਸ਼ਾਹ ਜੇ (ਰਾਜਾ) ਬਣਿਆ ਰਹੇਗਾ। [†]ਪਾ:-ਕਰਯੋ ਖੁਦਾਇ ਤਿਸੀ ਬਿਧਿ ਰਹੇ।

[1]ਤਾਨੇ ਸ਼ਾਹ) ਰੋਕ ਰੱਖੇਗਾ (ਆਪਣੇ ਸਾਰੇ ਦਲ ਨੂੰ)

[1]ਮਾਹਵਾਰ ਤਨਖਾਹ ਸੀ (ਜਿਨ੍ਹਾਂ ਦੀ ਉਨ੍ਹਾਂ ਨੂੰ)।

ਤਬਿ ਤੇ ਸਾਠ ਦੇਨਿ ਲਗ ਤਾਹਾਂ ॥੩੫॥
ਹਿੰਦੁ ਧਰਮ ਬਹੁ ਨਰਨਿ ਬਿਗਾਰਾ।
ਮਹਾਂ ਮੂੜ੍ਹ ਨੇ ਕੁਛ ਨ ਬਿਚਾਰਾ।
ਸਤਿਗੁਰ ਕਾਰਨ ਤੇ ਪਸ਼ਚਾਤੀ[1]। [1]ਸਾਕੇ ਰੂਪ) ਕਾਰਨ ਤੋਂ ਪਿੱਛੋਂ।
ਪੁਰਿ ਮਹਿਂ ਨਹਿਂ ਸੁਪਤੱਜੋ ਕਿਸ ਰਾਤੀ ॥੩੬॥
ਏਕ ਪੀਰ ਇਕ ਦਿਨ ਚਲਿ ਆਯੋ।
ਉਤਰੱਜੋ ਵਹਿਰ ਤਾਂਹਿ ਸੁਨਿ ਪਾਯੋ।
ਮਿਲਨੇ ਹੇਤੁ ਨੁਰੰਗਾ ਗਯੋ।
ਇਕ ਰਕੇਬ[1] ਮੁਹਰਨਿ ਭਰਿ ਲਯੋ ॥੩੭॥ [1]ਥਾਲੀ।
ਦੁਤੀਏ ਬਿਖੈ ਜਵਾਹਰ ਪਾਇ।
ਪੀਰ ਅਗਾਰੀ ਧਰੇ ਬਨਾਇ।
ਕਰਿ ਸਲਾਮ ਬੈਠੱਜੋ ਤਿਸ ਪਾਸ।
ਕਰੱਜੋ ਬਤਾਵਨਿ ਅਪਨੋ ਤ੍ਰਾਸ ॥੩੮॥
-ਨਿਸ ਮਹਿਂ ਅੰਤਰ ਜਾਇ ਨ ਸੋਯੋ।
ਤੁਮ ਬਿਨ ਅਪਰ ਨ ਪਾਸ ਬੁਗੋਯੋ[1]। [1]ਤੈਥੋਂ ਬਿਨਾਂ ਹੋਰ ਕਿਸੇ ਕੋਲ ਨਹੀਂ ਕਹਿਆ।
ਇਸ ਕੋ ਹੁਇ ਉਪਚਾਰ[1] ਕਿ ਨਾਂਹਿ? [1]ਇਲਾਜ।
ਜਿਸ ਤੇ ਬਸਨ[1] ਬਨਹਿ ਪੁਰਿ ਮਾਂਹਿ ॥੩੯॥ [1]ਵੱਸਣਾ।
ਤੁਮ ਤੇ ਸਜਾਨੋ ਅਪਰ ਨ ਕੋਇ।
ਜਥਾ ਜੋਗ ਭਾਖਹੁ ਜਿਮ ਹੋਇ-।
ਸੁਨਤਿ ਪੀਰ ਨੇ ਭਲੇ ਬਿਚਾਰਾ।
ਨੇਤ੍ਰ ਮੂੰਦਿ ਕੌਤਕ ਪਿਖਿ ਸਾਰਾ ॥੪੦॥
ਮਤੀ ਦਾਸ ਜਿਨ ਬਿਘਨ ਪਸਾਰਾ।
ਪੁਨ ਨਿਜ ਅਜ਼ਮਤਿ ਓਜ ਨਿਹਾਰਾ।
ਸੰਗ ਨੁਰੰਗੇ ਸਕਲ ਬਤਾਈ।
-ਇਸ ਕੋ ਅਬਿ ਕਿਛ ਹ੍ਵੈ ਨ ਉਪਾਈ ॥੪੧॥
ਤੋਹਿ ਭਲੇ ਹਿਤ ਰਹੱਜੋ ਬਿਚਾਰ[1]। [1]ਸੋਚ ਰਿਹਾ ਹਾਂ।
ਹੋਤਿ ਨ ਕਿਸ ਪ੍ਰਕਾਰ ਉਪਚਾਰ।
ਬਡ ਅਪਰਾਧ ਕਮਾਵਨ ਕੀਨਿ।

ਜਿਸ ਤੇ ਪੁਰੀ ਬਸਨ ਤੇ ਹੀਨ[1] ॥੪੨॥ [1]ਜਿਸ ਕਰਕੇ (ਤੂੰ) ਦਿੱਲੀ ਰਹਿਣੋਂ ਰਹਿ ਚੁਕਾ ਹੈਂ।
ਇਹ ਠਾਂ ਰਹੇ ਨ ਤੁਵ ਰਹਿ ਆਵੈ।
ਸੁਪਤੈਂ ਵਹਿਰ ਸਰਬ ਲਖਿ ਪਾਵੈਂ।
ਪੁਰਿ ਮਹਿਂ ਨਿਸਾ ਬਸਨ ਹੁਇ ਨਾਂਹੀ।
ਹਜੋ[1] ਕਰਹਿਂ ਸਭਿ ਆਪਸ ਮਾਂਹੀ ॥੪੩॥ [1]ਨਿੰਦਾ।
ਯਾਂ ਤੇ ਕਰਿ ਮੁਹਿੰਮ ਕਿਤ ਓਰ।
ਲੇ ਗਮਨਹੁ ਲਸ਼ਕਰ ਕੋ ਜ਼ੋਰ।
ਸੰਮਤ ਕਿਤਿਕ ਬੀਤ ਤਹਿਂ ਜੈਹੈ।
ਬਾਤ ਪੁਰਾਤਨ[1] ਤਬਿ ਪਰਿ ਜੈਹੈ- ॥੪੪॥ [1]ਪੁਰਾਣੀ।
ਸੁਨਤਿ ਪੀਰ ਤੇ ਭਯੋ ਨਿਰਾਸ।
-ਮਿਟਿ ਗਈ ਪੁਰੀ ਬਾਸ ਕੀ ਆਸ।
ਹਤੌਂ ਜਾਇ ਅਬਿ ਤਾਨੇ ਸ਼ਾਹ।
ਤਿਤ ਹੀ ਬਯ[1] ਕੋ ਕਰੌਂ ਨਿਬਾਹਿ- ॥੪੫॥ [1]ਆਯੂ।
ਇਮ ਨਿਸ਼ਚੈ ਕਰਿ ਸਭਿ ਬਿਧਿ ਤਜਾਰੀ।
ਕਰੀ ਹਕਾਰਨਿ ਸੈਨਾ ਸਾਰੀ।
ਤੋਪ ਰਹਿਕਲੇ ਆਦਿ ਘਨੇਰੇ।
ਲੇ ਕਰਿ ਚਢਿ ਚਾਲਜੋ ਤਿਸ ਬੇਰੇ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦਿੱਲੀ ਵਾਲੀਨ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਸੁਨਤਿ ਕ੍ਰਿਪਾਲੁ[1] ਕ੍ਰਿਪਾਲ ਜੁਤਿ[2], ਦਿਲਿ ਵਾਲਿਨ ਕੀ ਗਾਥ।
[1]ਭਾਵ ਗੁਰੂ ਜੀ ਨੇ। [2]ਮਾਮਾ ਕ੍ਰਿਪਾਲ ਜੀ ਸਣੇ।
ਮੂਢ ਨੁਰੰਗ ਪ੍ਰਸੰਗ ਕੋ, ਪੁਨ ਬੂਝਯੋ ਤਿਨ ਸਾਥ ॥੧॥

ਚੌਪਈ:

'ਤਾਨੇ ਸ਼ਾਹੁ ਜੁ ਦੱਖਣ ਕੇਰਾ।
ਕਯੋਂ ਕਰਿ ਭਯੋ ਤਾਂਹਿ ਸੰਗ ਬੈਰਾ?
ਕਿਸ ਕਾਰਨ ਤੇ ਕੀਨਿ ਚਢਾਈ?
ਤਿਹ ਪ੍ਰਸੰਗ ਪੁਨ ਦੇਹੁ ਸੁਨਾਈ' ॥੨॥
ਬੰਦਿ ਹਾਥ ਬੋਲੇ ਦਿਲਵਾਲੀ।
'ਸੁਨਹੁ ਪ੍ਰਭੁ! ਤੁਰਕੇਸ਼ ਕੁਚਾਲੀ।
ਮਹਾਂ ਬਿਕੀਮਤ ਏਕ ਜਵਾਹਰ।
ਤਾਨੇਸ਼ਾਹ ਨਿਕਟ ਦੁਤਿ ਜ਼ਾਹਰ ॥੩॥
ਛਾਪ ਆਪਨੀ ਮਹਿਂ ਸੋ ਰਾਖਤਿ।
ਤਿਸ ਲੈਬੇ ਹਿਤ ਇਹ ਅਭਿਲਾਖਤਿ।
ਏਕ ਜੌਹਰੀ ਖੋਜਯੋ ਐਸੋ।
ਪਰਖਨ ਮਹਿਂ ਕੋ ਨਹਿਂ ਤਿਸ ਜੈਸੋ ॥੪॥
ਕਰਤਿ ਪਾਰਖਾ[1] ਬ੍ਰਿੰਦ ਜਵਾਹਰ। [1]ਪ੍ਰੀਖਯਾ।
ਜਾਨਤਿ ਸਭਿ ਕੀ ਕੀਮਤਿ ਜ਼ਾਹਰ।
ਤਿਹ ਸੋਂ ਕਹ੍ਯੋ -ਬਨਹੁ ਬਾਪਾਰੀ।
ਗਮਨਹੁ ਦੱਖਣ ਕੀਜਹਿ ਤਜਾਰੀ ॥੫॥
ਮੁਲਾਕਾਤ ਕਰਿ ਤਾਨੇ ਸ਼ਾਹੂ।
ਪਿਖਹੁ ਜਵਾਹਰ ਤਿਸ ਕਰ[1] ਮਾਂਹੂ। [1]ਹੱਥ।
ਪਰਖਹੁ ਕੇਤਿਕ ਕੀਮਤ ਕੇਰੋ।
ਨਿਜ ਬੁੱਧੀ ਕਰਿ ਨੀਕੇ ਹੇਰੋ- ॥੬॥
ਚਲ੍ਯੋ ਜੌਹਰੀ ਆਇਸੁ ਮਾਨੀ।
ਅਧਿਕ ਦਰਬ ਲੇ ਤਜਾਰੀ ਠਾਨੀ।
ਸਗਰੋ ਮਾਰਗ ਉਲੰਘ੍ਯੋ ਜਾਇ।
ਪਹੁੰਚਿ ਹੈਦਰਾਬਾਦ[†] ਸੁ ਥਾਇ ॥੭॥

[†]ਇਹ ਸ਼ਹਿਰ ਗੋਲਕੰਡਾ ਰਿਆਸਤ ਦੀ ਰਾਜਧਾਨੀ ਸੀ ਜੋ ੧੫੮੯ ਨੂੰ ਕੁਤਬਸ਼ਾਹ ਮੁਹੰਮਦ ਕੁਲੀ ਨੇ ਵਸਾਇਆ ਸੀ। ਪਹਿਲਾਂ ਇਸਦਾ ਨਾਮ ਉਸ ਨੇ ਭਾਗ ਨਗਰ ਰਖਿਆ ਸੀ, ਭਾਗ ਮਤੀ ਉਸ ਦੀ ਇਕ ਇਸਤ੍ਰੀ ਦਾ ਨਾਮ ਸੀ।

ਉਸਦੇ ਮਰਨ ਮਗਰੋਂ ਨਾਮ ਹੈਦਰਾਬਾਦ ਹੋ ਗਿਆ।

ਕੇਤਿਕ ਦਿਨ ਤਹਿਂ ਥਿਰਤਾ ਰਾਖੀ।
ਕਰੇ ਜਤਨ ਮਿਲਿਬੇ ਅਭਿਲਾਖੀ।
ਖਰਚਜੋ ਧਨੁ ਉਮਰਾਵਨਿ ਦੀਨਿ।
ਮੁਲਾਕਾਤ ਠਹਿਰਾਵਨਿ ਕੀਨਿ ॥੮॥
ਵਸਤੁ ਅਨੂਠੀ ਲੇ ਕਰਿ ਗਯੋ।
ਕਦਮ ਪਚਾਸ ਫਰਕ[1] ਠਹਿਰਯੋ।
ਤਹਾਂ ਖਰੇ ਹੁਇ ਬੰਦਨ ਕਰੀ।
ਮਿਲਜੋ ਸ਼ਾਹੁ ਸੋਂ ਬਹੁ ਮਤਿ ਧਰੀ[1] ॥੯॥
ਤਾਨੇਸ਼ਾਹ ਉਭਾਰਜੋ ਹਾਥ।
ਜਿਸ ਮਹਿਂ ਰਤਨ ਮੁੰਦਰੀ ਸਾਥ।
ਸਿਰ ਪਰ ਕਰ ਮੂਛਨ ਪਰ ਫੇਰਾ।
ਤਬਹਿ ਜਵਾਹਰਿ ਤਿਸ ਨੇ ਹੇਰਾ ॥੧੦॥
ਜਾਮਾ ਹੁਤੋ ਜੌਹਰੀ ਗਰੇ।
ਤਿਹ ਪ੍ਰਤਿਬਿੰਬ ਆਨਿ ਤਹਿਂ ਪਰੇ।
ਪਿਖਿ ਪ੍ਰਕਾਸ਼ ਕੋ ਪਰਖਜੋ ਨੀਕੋ।
ਮੋਲ ਤੋਲ ਜਾਨਜੋ ਤਿਸ ਹੀ ਕੋ ॥੧੧॥
-ਸਲਤਨ ਦਿੱਲੀ ਕੀ ਤ੍ਰੈ ਗੁਨੀ।
ਤਊ ਨ ਇਸ ਕੀ ਕੀਮਤ ਪੁਨੀ[1]†।
ਅਹੈ ਅਮੋਲਾ ਹੋਇ ਨਮੋਲ-।
ਦ੍ਵਾਦਸ਼ ਰੰਚਕ ਭਰ ਲਖਿ ਤੋਲ[1] ॥੧੨॥
ਨਿਜ ਬੁਧਿ ਬਲ ਤੇ ਸਭਿ ਕਿਛ ਜਾਨਾ।
ਦੇਖਿ ਜੌਹਰੀ ਬਹੁ ਬਿਸਮਾਨਾ।
-ਇਸ ਸਮ ਅਵਰ ਨ ਕੋਇ ਜਵਾਹਰ†।
ਅਹੈ ਏਕ ਜੋਤੀ ਜਿਸ ਜ਼ਾਹਰ- ॥੧੩॥
ਪਰਖਨਿ ਪਿਖਿਨਿ ਕਾਜ ਨਿਜ ਕੀਨਿ।
ਜਾਮੇ ਪਰ ਪ੍ਰਕਾਸ਼ ਲਖਿ ਲੀਨਿ।
ਕਦਮ ਪਚਾਸਨ ਤੇ ਸਭਿ ਜਾਨਾ।
ਜਿਤਿਕ ਤੋਲ ਅਰੁ ਮੋਲ ਮਹਾਨਾ ॥੧੪॥
ਕਰਿ ਸਲਾਮ ਕੋ ਬਾਹਿਰ ਆਯੋ।

[1]ਵਿੱਥ ਤੇ।

[1]ਬਹੁਤ ਮਤੀ ਧਾਰਨ ਵਾਲਾ, ਭਾਵ ਸਿਆਣਾ।

[1]ਤਾਂ ਭੀ ਇਸਦੀ ਕੀਮਤ ਨੂੰ ਨਹੀਂ ਪੁੱਜ ਸਕਦੀ। †ਇਹ ਲੋਕਾਂ ਵਿਚ ਅਤਜੋਕਤੀਆਂ ਟੁਰ ਪਿਆ ਕਰਦੀਆਂ ਹਨ, ਮੁਰਾਦ ਕੇਵਲ ਵਡਮੁੱਲੇ ਹੋਣ ਦੀ ਹੁੰਦੀ ਹੈ, ਏਹ ਬਚਨ ਦਿੱਲੀ ਦੇ ਸਿੱਖ ਕਰ ਰਹੇ ਹਨ।

[1]ਬਾਰਾਂ ਹੱਤੀ ਭਰ ਤੋਲ ਜਾਣਿਆ।

†ਪਾ:-ਇਸ ਜੋਟੀ ਕੋ ਨਹੀਂ ਜਵਾਹਰ।

ਗਮਨ ਕਰਨਿ ਕੋ ਪੁਨ ਲਲਚਾਯੋ।
ਚਲ੍ਯੋ ਪੰਥ ਧਰਿ ਤੂਰਨ ਸੋਇ।
ਪਹੁੰਚ੍ਯੋ ਆਇ ਬਿਲਮ ਬਿਨ ਹੋਇ ॥੧੫॥
ਮਿਲ੍ਯੋ ਨੁਰੰਗੇ ਸੰਗ ਬਖਾਨਾ।
-ਪਿਖ੍ਯੋ ਜਵਾਹਰ ਪਰਖਨਿ ਠਾਨਾ।
ਤਿਗੁਨੀ ਸਲਤਨ ਇਸ ਤੇ ਹੋਇ।
ਜਾਨਹੁ ਕੀਮਤਿ ਤਿਸ ਕੀ ਸੋਇ ॥੧੬॥
ਕਦਮ ਪਚਾਸਨ ਖਰੇ ਨਿਹਾਰਾ।
ਤਿਹ ਪ੍ਰਕਾਸ਼ ਮਮ ਜਾਮੇ ਡਾਰਾ।
ਦ੍ਵਾਦਸ਼ ਰੰਚਕ[1] ਤੋਲ ਤਿਸੀ ਕੋ।
ਨਿਰਨੈ ਕਰਹੁ, ਪਾਇ ਜਬਿ ਨੀਕੋ[1]- ॥੧੭॥

[1]ਰੱਤੀ।

[1]ਨਿਰਨੈ ਕਰ ਲੈਣਾ ਜਦੋਂ (ਰਤਨ ਤੁਸਾਨੂੰ) ਮਿਲੇਗਾ ਤਾਂ। (ਅ) ਪਾਠਾਂਤ੍ਰ-ਨਿਰਨੈ ਕਰ੍ਯੋ, ਤਾਂ ਅਰਥ ਬਣੇਗਾ:-ਤੋਲ ਨਿਰਨੇ ਕੀਤਾ ਜਦ (ਉਸਦੀ ਝਲਕ ਮੈਂ ਅਪਨੇ) ਜਾਮੇ ਤੇ ਪਈ (ਵੇਖੀ)।

ਸੁਨਿ ਨੁਰੰਗ ਲੈਬੇ ਲਲਚਾਵਤਿ।
ਬਿਨਾ ਓਜ ਤੇ ਸੋ ਕਿਮ ਪਾਵਤਿ।
ਚਾਹਤਿ ਰਹ੍ਯੋ ਬਿਤ੍ਯੋ ਚਿਰਕਾਲਾ।
ਅਬਿ ਦਿੱਲੀ ਤੇ ਭਯੋ ਨਿਕਾਲਾ ॥੧੮॥
ਹਜੋ[1] ਨ ਹੋਇ ਜਾਨਿ ਮਨ ਮੂਢਾ।
ਅਬਿ ਦੱਖਣ ਕੋ ਗਯੋ ਅਰੂਢਾ।
ਬੀਤਹਿ ਕਹਾਂ ਨ ਜਾਨ੍ਯੋ ਜਾਈ।
ਜੀਵਤਿ ਆਇ ਕਿ ਤਹਿਂ ਬਿਨਸਾਈ[1]' ॥੧੯॥

[1]ਨਿੰਦਾ।

[1]ਕਿ ਓਥੇ ਹੀ ਮਰੇਗਾ।

ਸੁਨਿ ਕਰਿ ਸਤਿਗੁਰੁ ਸਹਜ ਸੁਭਾਇ।
ਕਹ੍ਯੋ 'ਨਹੀਂ ਅਬਿ ਆਵਨ ਪਾਇ।
ਬਹੁਤ ਬਰਖ ਕੋ ਹੋਇ ਹੰਗਾਮਾ[1]।
ਬਯ ਕੋ ਭੋਗ ਜਾਇ ਜਮਧਾਮਾ ॥੨੦॥
ਮਤੀਦਾਸ ਸਤਿਗੁਰੂ ਦਿਵਾਨ।
ਰਿਸ੍ਯੋ ਬਸ੍ਯੋ ਦਿੱਲੀ ਪੁਰਿ ਥਾਨ।
ਸੁਖ ਸੋਂ ਸੁਪਤ ਨ ਦੇਤਿ ਨਿਕੇਤ।
ਵਹਿਰ ਨਿਕਾਸ੍ਯੋ ਦੁਸ਼ਟ ਅਚੇਤ' ॥੨੧॥
ਸੁਨਿ ਸਭਿ ਸਭਾ ਬਚਨ ਗੁਰ ਕੇਰੇ।

[1]ਜੰਗ।

ਬੰਦਹਿ ਨੰਮ੍ਰਿ ਹੋਇ ਤਿਸ ਬੇਰੇ।
'ਪ੍ਰਭੁ ! ਗਤਿ ਲਖੀ ਨ ਜਾਇ ਤੁਮਾਰੀ।
ਹਮ ਅਲੁਪੱਗਜ ਰਹੇ ਡਰ ਧਾਰੀ' ॥੨੨॥
ਇੱਤਜਾਦਿਕ ਬ੍ਰਿਤੰਤ ਕੁਛ ਭਏ।
ਪੁਨ ਉਠਿ ਸਤਿਗੁਰ ਮੰਦਿਰ ਗਏ।
ਸ਼ਸਤ੍ਰਨਿ ਕੋ ਅੱਭਜਾਸ ਘਨੇਰੇ।
ਦਿਨ ਪ੍ਰਤਿ ਲਾਗੇ ਕਰਨਿ ਬਡੇਰੇ ॥੨੩॥
ਲਵਪੁਰਿ ਤੇ ਕਮਾਨ ਅਨਵਾਵੈਂ।
ਤਾਨਿ ਕਾਨ ਲਗਿ ਬਾਨ ਚਲਾਵੈਂ।
ਕਰਜੋ ਖ਼ਾਕ ਤੋਦਾ ਸੁਧਰਾਇ[1]।
ਲੇਸ਼ ਪ੍ਰਵੇਸ਼ਹਿ ਓਜ ਲਗਾਇ[1] ॥੨੪॥
ਗਹੈਂ ਕੁਵਾਦਾ[1] ਐਂਚਨਿ ਕਰੈਂ।
ਬਾਰਿ ਬਾਰਿ ਬਰ ਬਰਕਸ ਧਰੈਂ[1]।
ਦੂਰ ਦਰਾਜ਼ੀ[1] ਤੀਰ ਪ੍ਰਹਾਰੈਂ।
ਧਰਹਿਂ ਨਿਸ਼ਾਨਾ ਤਕਿ ਤਕਿ ਮਾਰੈਂ ॥੨੫॥
ਓਜ, ਪ੍ਰਤਾਪ, ਸ਼ਰੀਰ, ਅਨੰਦ।
ਦਿਨ ਪ੍ਰਤਿ ਚਾਰਹੁ ਵਧੈਂ ਬਿਲੰਦ।
ਜਿਤਿਕ ਸੰਬੰਧੀ ਪ੍ਰੇਮ ਕਰੰਤੇ।
ਸੋ ਸਭਿ ਆਏ ਹਰਖ ਧਰੰਤੇ ॥੨੬॥
ਗੁਰੁ ਹਰਿਗੋਬਿੰਦ ਜੀ ਕੀ ਤਨਿਯਾ।
ਬੀਬੀ ਵੀਰੋ ਨਾਮ ਸੁ ਭਨਿਯਾ।
ਜਿਸ ਕੇ ਉਪਜੇ ਨੰਦਨ ਪੰਚ।
ਮਹਾਂ ਬੀਰ ਗੁਨ ਗਨ ਜਿਮ ਸੰਚਿ[1] ॥੨੭॥
ਜਬਿ ਦਸਤਾਰ ਗੁਰੂ ਬੰਧਵਾਈ।
ਤਬਿ ਕੇ ਆਨਿ ਰਹੇ ਸ਼ਰਨਾਈ।
ਪ੍ਰਭੁ ਕ੍ਰਿਪਾਲੁ ਹੋਇ ਢਿਗ ਰਾਖੇ।
ਸ਼ਸਤ੍ਰਨਿ ਬਿੱਦਜਾ ਮਹਿਂ ਅਭਿਲਾਖੇ ॥੨੮॥
ਸੂਰਜਮਲ ਕੇ ਨੰਦਨ ਦੋਇ।

[1]ਮਿੱਟੀ ਦਾ ਢੇਰ ਬਣਾਕੇ। [ਫ਼ਾ. ਖ਼ਾਕ ਤੋਦਾ ਹੀ]।
[1]ਲੇਸ਼ ਮਾਤ੍ਰ ਬਲ ਲਗਾਇਆਂ (ਬਾਣ) ਨਿਸ਼ਾਨੇ ਵਿਚ ਪ੍ਰਵੇਸ਼ ਕਰ ਜਾਂਦਾ ਹੈ।
[1]ਹਲਕੀ ਤੇ ਨਰਮ ਕਮਾਨ [ਫ਼ਾ. ਕਬਾਦਾ]।
[1]ਚੰਗੀ ਕਸਰਤ ਕਰਦੇ ਹਨ [ਫ਼ਾ. ਵਰਜ਼ਿਸ਼]।
[1]ਦੂਰ ਲੰਬਾਈ ਤੀਕ [ਫ਼ਾ. ਦੂਰ ਦਰਾਜ਼]।
[1]ਇਕੱਠੇ ਕੀਤੇ ਹਨ।

ਗੁਰ ਸਮੀਪ ਰਹਿਬੇ ਲਗਿ ਸੋਇ।
ਕਬਿ ਕਬਿ ਕੀਰਤਪੁਰਿ ਮਹਿਂ ਜਾਇਂ।
ਪਰਚੇ ਰਹੈਂ ਅਨੰਦਪੁਰਿ ਥਾਇਂ ॥੨੯॥
ਕੇਤੇ ਸਿਖ ਸੇਵਕ ਢਿਗ ਰਹੈਂ।
ਜਨਮ ਸਫਲ ਗੁਰ ਦਰਸ਼ਨ ਲਹੈਂ।
ਬਿੱਦਯਾ ਕਰੈਂ ਬੰਦੂਕਨਿ ਕੇਰੀ।
ਗੁਲਕਾ ਹਤਹਿ ਲੱਛ ਦੇਂ ਗੇਰੀ[1] ॥੩੦॥
[1]ਗੋਲੀ ਮਾਰਕੇ ਨਿਸ਼ਾਨਾ ਸੁੱਟ ਦੇਂਦੇ ਹਨ।
ਪਿਖਿ ਪਿਖਿ ਕਲਗ਼ੀਧਰ ਹਰਖਾਵੈਂ।
ਕਰਹਿਂ ਸਰਾਹਨਿ ਪੁਨ ਚਲਵਾਵੈਂ।
ਬਾਨ ਕਮਾਨ ਗਹੈਂ ਸਭਿ[1] ਹਾਥਾ।
[1]ਸਾਰੇ (ਸੇਵਕ)।
ਤਾਨਿ ਤਾਨਿ ਛੋਡਹਿਂ ਬਲ ਸਾਥਾ ॥੩੧॥
ਢਿਗ ਕ੍ਰਿਪਾਲ ਮਾਤੁਲ ਨਿਤ ਹੇਰਹਿ।
ਸਭਿਹਿਨਿ ਬਿੱਦਯਾ ਦੇਤਿ ਬਡੇਰਹਿ[1]।
[1]ਕਿ ਸ੍ਰੀ ਗੁਰੂ ਜੀ) ਸਭ ਨੂੰ ਬੜੀ ਵਿੱਦਯਾ ਦੇ ਰਹੇ ਹਨ।
ਹਯ ਅਰੂਢ ਕਬਿ ਵਹਿਰ ਸਿਧਾਰੈਂ।
ਤੋਮਰ ਗਹੈਂ ਭ੍ਰਮਾਇ ਪ੍ਰਹਾਰੈਂ ॥੩੨॥
ਕਰਹਿਂ ਪਲਾਵਨਿ[1] ਦੇਖਿ ਮਦਾਨ।
[1]ਦੌੜਾਵਨਾ ਕਰਦੇ ਹਨ।
ਕਰਹਿਂ ਕਵਾਇਦ† ਤੁਪਕ ਕ੍ਰਿਪਾਨ।
†ਜਾਪਦਾ ਹੈ ਕਿ ਇਹ ਕਵਾਇਦ ਉਹੋ ਹੈ ਜੋ ਗੁਰੂ ਛੇਵੇਂ ਜੀ ਤੋਂ ਚੱਲੀ ਤੇ ਸਿਖ ਸੂਰਮਿਆਂ ਤੇ ਸਾਹਿਬਜ਼ਾਦਿਆਂ ਵਿਚ ਮੌਜੂਦ ਸੀ, ਜਿਸ ਨੂੰ ਦਸਮੇਂ ਪਾਤਸ਼ਾਹ ਨੇ ਸਮੇਂ ਦੀਆਂ ਲੋੜਾਂ ਮੂਜਬ ਵਧਾਇਆ ਤੇ ਜੋ ਖਾਲਸੇ ਦਲਾਂ ਵਿਚ ਬੀ ਜਾਰੀ ਰਹੀ।
ਉਤਰਹਿਂ ਜਹਾਂ ਬਿਲੋਕਹਿਂ ਛਾਯਾ।
ਕਬਹੁਂ ਅਖੇਰ ਕਰਹਿਂ ਮਨ ਭਾਯਾ ॥੩੩॥
ਬਿੱਪ੍ਰ ਮਲਕ ਜਾਤੀ ਗੁਰ ਪ੍ਰੋਧਾ।
ਸ੍ਰੀ ਹਰਿਗੋਵਿੰਦ ਸੰਗੀ ਜੋਧਾ।
ਦਯਾਰਾਮ ਨੰਦਨ ਤਿਸ ਕੇਰਾ।
ਆਯੁਧ ਬਿੱਦਯਾ ਕਰਹਿ ਬਡੇਰਾ ॥੩੪॥
ਗੁਰ ਆਗਵਨ ਅਨੰਦਪੁਰਿ ਜਾਨਾ।
ਮਿਲਿ ਕੈ ਆਸ਼ਿਖਬਾਦ[1] ਬਖਾਨਾ।
[1]ਆਸ਼ੀਰਵਾਦ।
ਭਏ ਪ੍ਰਸੰਨ ਬਿਲੋਕਤਿ ਤਾਂਹੀ।
ਰਾਖਯੋ ਸਾਦਰ ਅਪਨੇ ਪਾਹੀ ॥੩੫॥
ਨਿਕਟਿ ਪਿਤਾਮੇ ਕੇ ਭਟ ਜੋਈ।
ਤਿਨ ਕੋ ਸੁਤ ਪੋਤਾ ਹੁਇ ਕੋਈ।

ਦੇਖਹਿ ਗੁਰੂ ਪ੍ਰਤਾਪ ਉਚੇਰਾ।
ਸ਼ਸਤ੍ਰਨ ਸੋਂ ਅੱਭਯਾਸ ਬਡੇਰਾ ॥੩੬॥
ਆਇ ਸਮੀਪ ਨੰਮ੍ਰਿ ਸਿਰ ਹੋਇ।
ਪ੍ਰਥਮ ਬਾਰਤਾ[1] ਭਾਖਹਿ ਸੋਇ।

[1]ਪਹਿਲੀ ਗਲ ਭਾਵ ਸ੍ਰੀ ਹਰਿਗੋਬਿੰਦ ਜੀ ਪਾਸ ਜਦ ਉਸਦਾ ਵੱਡਾ ਨੌਕਰ ਸੀ।

ਸੁਨਿ ਸਭਿ ਕੋ ਗੁਰ ਧੀਰਜ ਦੇਤਿ।
ਕਰਿ ਦਰਮਾਹਾਂ ਢਿਗ ਰਖਿ ਲੇਤਿ ॥੩੭॥
ਲਘੁ ਦੀਰਘ[1] ਜੋ ਗੁਰੁ ਢਿਗ ਰਹੈ।
ਸਭਿ ਕੇ ਰੋਜ ਰਜਤਪਣ ਕਹੈਂ।
ਦਿਨ ਪ੍ਰਤਿ ਭੀਰ ਹੋਤਿ ਅਧਿਕਾਈ।
ਹੇਤੁ ਜੀਵਕਾ ਨਰ ਸਮੁਦਾਈ ॥੩੮॥

[1]ਛੋਟਾ ਬਡਾ।

ਸਿਖ ਸੇਵਕ ਕੇਚਿਤ ਢਿਗ ਰਹੈਂ।
ਜਨਮ ਸੁਧਾਰਹਿਂ ਦਰਸ਼ਨ ਲਹੈਂ।
ਹੁਤੇ ਕਦੀਮੀ ਗੁਰ ਘਰ ਕੇਰੇ।
ਸੋ ਸਭਿ ਆਨਿ ਮਿਲੇ ਕਿਯ ਡੇਰੇ ॥੩੯॥
ਜਥਾ ਪਿਤਾਮੇ ਸੈਨ ਬਨਾਈ।
ਤਥਾ ਸੁਭਟ ਰਾਖੇ ਸਮੁਦਾਈ।
ਤਿਮ ਹੀ ਸਕਲ ਸਮਾਜ ਬਨਾਯੋ।
ਦਿਨ ਪ੍ਰਤਿ ਪੁਰਿ ਅਨੰਦ ਬਿਰਧਾਯੋ ॥੪੦॥
ਸ਼ਸਤ੍ਰਨਿ ਕੋ ਦੀਰਘ ਅੱਭਯਾਸਾ।
ਕਰਹਿਂ ਕਰਾਵਹਿਂ ਪਿਖਹਿਂ ਤਮਾਸ਼ਾ।
ਹਯਨਿ ਅਰੂਢਹਿਂ ਵਹਿਰ ਸਿਧਾਵਹਿਂ।
ਨਾਨਾ ਰੀਤਿ ਫੰਧਾਇ ਪਲਾਵਹਿਂ ॥੪੧॥
ਪਾਨ[1] ਕਮਾਨ ਤਾਨ ਕਰਿ ਬਾਨਾ।
ਕਰਹਿਂ ਦਿਖਾਵਨਿ ਹਤਹਿਂ ਨਿਸ਼ਾਨਾ।
ਤੋਮਰ ਤੁਪਕ ਸੁ ਤੇਗ਼ ਤਮਾਚਾ।
ਕਰਹਿਂ ਪ੍ਰੇਮ ਧਾਰਹਿ ਗੁਰ ਸਾਚਾ[1] ॥੪੨॥

[1]ਹੱਥ ਵਿੱਚ।

[1]ਪ੍ਰੇਮ ਨਾਲ ਸਚੇ ਗੁਰੂ ਜੀ ਧਾਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁੱਤੇ 'ਦਿੱਲੀ ਕੇਰ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

## ੯. [ਸਤਿਗੁਰੂ ਜੀ ਦੀ ਸਗਾਈ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਇਸੀ ਰੀਤਿ ਸਿਖ ਸੰਗਤਾਂ, ਨਿਤ ਪ੍ਰਤਿ ਦਰਸ਼ਨ ਆਇਂ।
ਦੇਸ਼ ਬਿਦੇਸ਼ਨ ਕੇ ਬਿਖੈ, ਜਜੋਂ ਜਜੋਂ ਸੁਧਿ ਗੁਰ ਜਾਇ ॥੧॥

ਚੌਪਈ:

ਰਾਮਕੁਇਰ ਭਾਖਤਿ ਸ਼ੁਭ ਕਥਾ।
ਸ਼੍ਰੋਤਾ ਸੁਨਹੁ ਗੁਰਨਿ ਕੀ ਜਥਾ।
ਮੋ ਕਹੁ ਨਿਕਟ ਆਪਨੇ ਰਾਖਾ।
ਕ੍ਰਿਪਾ ਕਰਹਿਂ ਲਖਿ ਮਮ ਅਭਿਲਾਖਾ
॥੨॥
ਕਬਿ ਕਬਿ ਮੈਂ ਗਮਨੌਂ ਨਿਜ ਗ੍ਰਾਮੂ।
ਸੰਗਤਿ ਹਮਰੀ ਆਇ ਸੁ ਧਾਮੂ।
ਬਹੁਰ ਸਮੀਪ ਗੁਰੂ ਕੇ ਜਾਵੌਂ।
ਬਹੁ ਬਿਲਾਸ ਹੇਰਤਿ ਹਰਖਾਵੌਂ ॥੩॥
ਦਿਨ ਪ੍ਰਤਿ ਅਧਿਕ ਅਧਿਕ ਅਧਿਕਾਈ।
ਸਭਿ ਸਮਾਜ ਕੋ ਗੁਰੂ ਬਧਾਈ।
ਸ਼ਸਤ੍ਰ ਤੁਰੰਗਮ ਜੋ ਸਿਖ ਲ੍ਯਾਵੈ।
ਅਰਪਹਿ ਆਗੈ ਸੀਸ ਨਿਵਾਵੈ ॥੪॥
ਹੁਇ ਪ੍ਰਸੰਨ ਦੇਂ ਖੁਸ਼ੀ ਘਨੇਰੀ।
ਪੁਰਵਹਿਂ ਤਿਸ ਅਭਿਲਾਖ ਬਡੇਰੀ।
ਦੂਰ ਦੂਰ ਤੇ ਨਿਤ ਸਿੱਖ ਆਵਹਿਂ।
ਦਰਸਹਿਂ ਗੁਰੂ ਅਨੰਦ ਉਪਾਵਹਿਂ ॥੫॥
ਸ਼੍ਰੀ ਮੁਖ ਤੇ ਸਭਿ ਮਹਿਂ ਫੁਰਮਾਵੈਂ।
'ਹਯ ਆਯੁਧ ਜੋ ਲੇ ਕਰਿ ਆਵੈ[1]।
ਸੋ ਸਿਖ ਖੁਸ਼ੀ ਗੁਰੂ ਕੀ ਲੈਹੈ।
ਮਨ ਬਾਂਛਤਿ ਪੁਨ ਕਜੋਂ ਨਹਿਂ ਪੈ ਹੈ' ॥੬॥
ਦੇਸ਼ ਬਿਦੇਸ਼ ਬਿਖੈ ਬਿਦਤਾਈ।
ਧਨ ਖਰਚਹਿਂ ਸਿਖ ਜਿਤ ਕਿਤ ਜਾਈ।
ਹਯ ਆਯੁਧ ਖੋਜਹਿਂ ਫਿਰ ਘਨੇ[1]।
ਅਰਪਹਿਂ ਆਨਿ ਪ੍ਰੇਮ ਪਗ ਸਨੇ ॥੭॥
ਦਿਨਪ੍ਰਤਿ ਹੁਇ ਉਤਸਾਹ ਬਿਸਾਲਾ।

[1]ਜੇ) ਕੋਈ ਲੈ ਆਵੇ ਤਾਂ।

[1]ਫਿਰਕੇ ਬਹੁਤਾ।

ਨਿਕਟਿ ਰਹਨਿ ਲਾਗੇ ਸਿਖ ਜਾਲਾ।
ਸ਼ਸਤ੍ਰਨਿ ਬਿੱਦਯਾ ਕਹੁ ਅੱਭਯਾਸਹਿਂ।
ਜਿਮ ਸਤਿਗੁਰ ਕੋ ਪਿਖਹਿਂ ਬਿਲਾਸਹਿਂ ॥੮॥
ਲਵਪੁਰਿ ਕੀ ਸੰਗਤਿ ਸਮੁਦਾਈ।
ਅਨਿਕ ਅਕੋਰਨਿ ਲੇ ਕਰਿ ਆਈ।
ਉਤਰਿ ਬਿਪਾਸਾ ਸਲਿਤਾ ਪਾਰਾ।
ਉਲੰਘੇ ਦ੍ਵਾਬਾ ਦੇਸ਼ੁ ਜੁ ਸਾਰਾ ॥੯॥
ਸਤੁੱਦ੍ਰਵ ਤੀਰ ਤਰੀ[1] ਕਉ ਪਾਇ।
ਪਾਰ ਪਰੇ ਆਨੰਦਪੁਰਿ ਆਇ।
ਧਰਮਸਾਲ ਮਹਿਂ ਡੇਰਾ ਕੀਨਿ।
ਭੋਜਨ ਖਾਨ ਦੇਗ਼ ਤੇ ਲੀਨਿ ॥੧੦॥
ਜਬਿ ਸਤਿਗੁਰ ਘਰ ਬਾਹਿਰ ਆਏ।
ਲਗੀ ਸਭਾ ਮਹਿਂ[1] ਬੈਠਿ ਸੁਹਾਏ।
ਦਰਸ਼ਨ ਕੇ ਹਿਤ ਸੰਗਤਿ ਜੋਈ।
ਭਈ ਇਕੱਤ੍ਰ ਕਿਤਿਕ ਦਿਨ ਸੋਈ ॥੧੧॥
ਸੁਨੇ ਗੁਰੂ ਜਬਿ ਆਨਿ ਬਿਰਾਜੇ।
ਬੈਠੇ ਦਰਸ ਦੇਨਿ ਕੋ ਕਾਜੇ।
ਲੇ ਲੇ ਭੇਟਨਿ ਪਹੁੰਚੇ ਜਾਈ।
ਧਰਿ ਧਰਿ ਆਗੈ ਗ੍ਰੀਵ ਨਿਵਾਈ ॥੧੨॥
ਗੋਤ ਸੁਭਿੱਖੀ ਛੱਤ੍ਰੀ ਏਕ।
ਸੋ ਦਰਸ਼ਨ ਕਰਿ ਜਲਧਿ ਬਿਬੇਕ[1]।
ਚਹਤਿ ਸੁਤਾ ਕੋ ਅਰਪਨ ਕਰਯੋ।
ਹਿਤ ਕੱਲਯਾਨ ਮਨੋਰਥ ਧਰਯੋ ॥੧੩॥
ਇਮ ਮਨ ਚਿਤਵਤਿ ਮਾਤਾ ਪਾਸ।
ਪਹੁੰਚਯੋ ਜਾਇ ਪੁਰਨਿ[1] ਨਿਜ ਆਸ।
ਕਰਿ ਬੰਦਨ ਅਰਦਾਸ ਉਚਾਰੀ।
'ਤਨੁਜਾ ਮੋਹਿ ਨਿਕੇਤ ਮਝਾਰੀ ॥੧੪॥
ਚਾਹਤਿ ਕਰਯੋ ਗੁਰੂ ਕੀ ਦਾਸੀ।
ਦੀਨ ਜਾਨਿ ਜਿਨ[1] ਠਾਨਹੁ ਹਾਸੀ।
ਗੁਰ ਕੋ ਘਰ ਨਿਤਾਨ ਕੋ ਤਾਨਾ।

[1]ਬੇੜੀ।

[1]ਲਗੀ ਹੋਈ ਸਭਾ ਵਿੱਚ।

[1]ਭਾਵ ਗੁਰੂ ਜੀ ਦਾ।

[1]ਪੂਰੀ ਕਰਨ ਲਈ।

[1]ਮਤਾਂ।

ਓਟ ਨਿਓਟਨਿ ਮਾਨ ਨਿਮਾਨਾ ॥੧੫॥
ਇਹ ਮਨ ਮਹਿਂ ਹਠ ਧਾਰਿ ਬਖਾਨਾ।
ਕਿਤ ਲਘੁ ਹਮ[1] ਕਿਤ ਗੁਰੂ ਮਹਾਨਾ।' — [1]ਅਸੀਂ ਤੁੱਛ ਕਿੱਥੇ।
ਸੁਨਿ ਦ੍ਵੈ ਮਾਤਨਿ ਤਿਹ ਸਨਮਾਨਾ।
ਕਰਨਿ ਸੰਬੰਧ ਨੀਕ ਹੀ ਮਾਨਾ ॥੧੬॥
ਇਮ ਠਹਿਰਾਇ ਸਿਵਰ ਨਿਜ ਆਯੋ।
ਬਹੁਰ ਗੁਰੂ ਕੋ ਦਰਸ਼ਨ ਪਾਯੋ।
ਹਾਥ ਜੋਰਿ ਕਰਿ ਠਾਢਿ ਅਗਾਰੀ।
'ਦਾਸੀ ਚਾਹਤਿ ਕਰਯੋ ਤੁਮਾਰੀ ॥੧੭॥
ਮਮ ਪੁੱਤ੍ਰੀ ਕੋ ਅੰਗੀਕਾਰਹੁ।
ਦੀਨ ਬੰਧੁ ਨਿਜ ਬਿਰਦ ਸੰਭਾਰਹੁ।'
ਕਹਯੋ ਕ੍ਰਿਪਾਲ[1] 'ਸਮੋ ਅਬਿ ਆਛੋ। — [1]ਮਾਮਾ ਕ੍ਰਿਪਾਲ ਜੀ ਨੇ।
ਕੀਜਹਿ ਨੀਕੇ ਜਿਮ ਉਰ ਬਾਂਛੋ' ॥੧੮॥
ਸ਼੍ਰੀ ਗੁਜਰੀ ਪੂਰਬ ਸਮੁਝਾਯੋ।
'ਲੀਜੈ ਲਵਪੁਰਿ ਸਾਕ ਜੁ ਆਯੋ।'
ਲਖਿ ਸ਼ੁਭ ਸਮਾ ਸਭਾ ਕੇ ਮਾਂਹਿ।
ਖਾਰਕ ਦੀਨਿ[1] ਗੁਰੂ ਕੇ ਪਾਹਿ ॥੧੯॥ — [1]ਛੁਹਾਰਾ ਦਿੱਤਾ।
ਅੰਗੀਕਾਰ ਜਬਹੁ ਕਰਿ ਲਯੋ।
ਰਿਦੇ ਸੁਭਿੱਖੀ ਬਹੁ ਹਰਖਯੋ।
ਨਿਕਟ ਮਾਤ ਕੇ ਅਧਿਕ ਬਧਾਈ।
ਦੇਤਿ ਤ੍ਰਿਯਾ ਪੁਰਿ ਕੀ ਸਮੁਦਾਈ ॥੨੦॥
ਸਰਬ ਰੀਤਿ ਕੇ ਮੰਗਲ ਸਾਜੇ।
ਲਘੁ ਦੁੰਦਭਿ ਕੀ ਨੌਬਤ ਬਾਜੇ।
ਜਨਨੀ ਗਨ ਅਨਵਾਏ ਮੋਦਕ[1]। — [1]ਲਡੂ।
ਬੰਟ ਦੀਨਿ ਉਤਸਵ ਭਾ ਮੋਦਕ[1] ॥੨੧॥ — [1]ਖੁਸ਼ੀ ਦੇਣ ਵਾਲਾ।
ਗਾਵਤਿ ਗੀਤ ਕੋਕਲਾ ਬੈਨੀ।
ਮਿਲੀ ਆਨਿ ਗਨ ਪੰਕਜ ਨੈਨੀ।
ਬਸਨ ਬਿਭੂਖਨ ਭੂਖਤਿ ਅੰਗ।
ਜ਼ਰੀ ਚੂਨਰੀ ਪਹਿਰਿ ਸੁਰੰਗ[1] ॥੨੨॥ — [1]ਸੁਹਣੇ ਰੰਗ ਦੀਆਂ ਗੋਟੇਦਾਰ ਚੁੰਨੀਆਂ।
ਮੰਗਤਿ ਗਨ ਜਨ ਦੇਖਨਿ ਕਰੇ।
ਮਾਤ ਅਨੰਦ ਬਿਲੰਦਹਿ ਧਰੇ।
ਸਾਦਰ ਧਨ ਸਭਿਹਿਨਿ ਕੋ ਦੇਤਿ।

ਭੀਰ ਭੂਰ ਭਰਿ ਰਹੀ ਨਿਕੇਤ ॥੨੩॥
ਢੋਲਕ ਆਨਿ ਬਜਾਵਤਿ ਕੋਈ।
ਕੋ ਤ੍ਰਿਯ ਗਾਵਤਿ ਆਨੰਦ ਹੋਈ।
ਇਸ ਤੇ ਆਦਿ ਕੀਨਿ ਉਤਸਾਹੂ।
ਗਯੋ ਸੁ ਖੱਤ੍ਰੀ ਲਵਪੁਰਿ ਮਾਂਹੂ ॥੨੪॥
ਭ੍ਰਾਤ ਸ਼ਰੀਕਨਿ ਮਹਿਂ ਸੁਧਿ ਦੀਨ।
ਸਭਿਨਿ ਸੁਨਾਵਤਿ ਮੰਗਲ ਕੀਨਿ।
ਬਹੁਰ ਸਲਾਹ ਕਰਹੁ ਕੀ ਠਾਨੀ।
ਮਿਲਿ ਨਰ ਨਾਰਿਨਿ ਤਬਹਿ ਬਖਾਨੀ ॥੨੫॥
'ਅਰਜ਼ ਬਜਾਹ ਗੁਰ ਅਗ੍ਰ ਸਿਧਾਰਹੁ।
-ਆਪ ਆਇ ਲਵਪੁਰੀ ਮਝਾਰਹੁ।
ਅਪਨੀ ਸੰਗਤਿ ਕਰਹੁ ਨਿਹਾਲ।
ਫੇਰੇ ਫਿਰਹੁ ਸੁ ਮਿਲਿ ਨਰ ਜਾਲ-' ॥੨੬॥
ਇਮ ਬਿਚਾਰ ਸੁਧਵਾਯਹੁ ਸਾਹਾ†।

†ਸ਼੍ਰੀ ਗੁਰੂ ਗ੍ਰੰਥ ਜੀ ਦਾ ਵਾਕ ਹੈ 'ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ' ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

ਗਮਨਜੋ ਆਪ ਗੁਰੂ ਕੇ ਪਾਹਾ।
ਪਹੁੰਚਜੋ ਆਨਿ ਅਨੰਦਪੁਰਿ ਸੋਇ।
ਸੁਨੀ ਬਜਾਹ ਕੀ ਸੁਧਿ ਸਭਿ ਕੋਇ ॥੨੭॥
ਪੂਰਬ ਮਾਤਾ ਕੋ ਸੁਧਿ ਦਈ।
ਸੁਨਤਿ ਅਨੰਦ ਬਿਲੰਦੈ ਭਈ।
ਸਾੜ ਮਾਸ ਤ੍ਰੈ ਬਿੰਸੁ ਪ੍ਰਵਿਸ਼ਟੇ[1]।
ਨਿਕਸਜੋ ਸਾਹਾ ਦੁਇ ਦਿਸ਼ਿ ਇਸ਼ਟੇ[1] ॥੨੮॥

[1]ਹਾੜ ਦਾ ਮਹੀਨਾ ੨੩ ਦਿਨ ਬੀਤੇ।

[1]ਦੁਹਾਂ ਧਿਰਾਂ ਨੂੰ ਚੰਗਾ ਲੱਗਣ ਵਾਲਾ।

ਬਹੁਰੁ ਸੁਭਿਖੀਆ ਗੁਰ ਢਿਗ ਗਯੋ।
ਅਪਨੀ ਬਿਨੈ ਸੁਨਾਵਤਿ ਭਯੋ।
'ਲਵਪੁਰਿ ਕੀ ਸੰਗਤਿ ਹੈ ਜੇਤੀ।
ਰਿਦੇ ਕਾਮਨਾ ਧਾਰਹਿ ਤੇਤੀ ॥੨੯॥
-ਸਜਹਿਂ ਬਰਾਤ ਗੁਰੂ ਨਿਜ ਸਾਰੀ।
ਇਸ ਪੁਰਿ ਆਵਹਿਂ ਕਰੁਨਾ ਧਾਰੀ।

ਕਰਹਿਂ ਢੁਕਾਇ ਬਜਾਹ ਲੇ ਜਾਹਿਂ-।
ਇਮ ਚਾਹਤਿ ਤੁਮ ਸੁਜਸੁ ਉਮਾਹਿਂ
॥ ੩੦ ॥
ਭ੍ਰਾਤ ਸ਼ਰੀਕਨਿ ਮਹਿਂ ਪ੍ਰਣ ਕਿੱਤਾ।
-ਲਵਪੁਰਿ ਮਹਿਂ ਬਜਾਹੌਂ ਨਿਜ ਸੁਤਾ[1]।
ਅਬਿ ਅਧੀਨ ਰਾਵਰ ਕੇ ਅਹੈ।
ਕਰੀ ਪ੍ਰਤੱਗਜਾ ਜੇ ਇਮ ਰਹੈ' ॥ ੩੧ ॥
ਸੁਨਿ ਕਲਗ਼ੀਧਰ ਤਿਸ ਕੋ ਭਾਖਾ।
'ਇਸ ਥਲ ਹੀ ਪੂਰਵਹਿਂ ਅਭਿਲਾਖਾ।
ਰਚੈਂ ਲਹੌਰ ਅਨੰਦਪੁਰਿ ਪਾਸ।
ਭ੍ਰਾਤਨਿ ਸਹਿਤ ਆਨਿ ਕਰਿ ਬਾਸ
॥ ੩੨ ॥
ਬਨਹਿ ਬਜ਼ਾਰ ਬਸਹਿਂ ਨਰ ਘਨੇ।
ਸੁਤ ਬਨਿਤਾ ਪਰਵਾਰਨਿ ਸਨੇ।
ਲਵਪੁਰਿ ਕੀ ਰਚਨਾ ਬਰ ਭਾਰੀ।
ਤਿਸ ਦਿਨਿ ਤੋਹਿ ਦਿਖਾਵਹਿਂ ਸਾਰੀ
॥ ੩੩ ॥
ਤੇਰੀ ਹੋਇ ਪ੍ਰਤੱਗਜਾ ਪੂਰੀ।
ਕਰਹੁ ਬਜਾਹ ਇਸ ਥਲ ਬਿਧਿ ਰੂਰੀ।'
ਸੁਨਿ ਬੋਲਜੋ ਖੱਤ੍ਰੀ ਕਰ ਜੋਰੇ।
'ਬਜਾਹ ਬਿਖੇ ਅਬਿ ਬਾਸੁਰ ਥੋਰੇ ॥ ੩੪ ॥
ਦੋਇ ਮਾਸ ਅਬਿ ਰਹੇ ਪਛਾਨੋ।
ਸਾੜ ਤ੍ਰਿਬਿੰਸਤ[1] ਸਾਹਾ ਜਾਨੋ।
ਰਾਵਰ ਕੋ ਲਵਪੁਰਿ ਕਬਿ ਬਸੈ।
ਐਸ ਨ ਹੋਇ ਮੋਹਿ ਨਰ ਹਸੈਂ' ॥ ੩੫ ॥
ਬੋਲੇ ਕਲਗ਼ੀਧਰ ਉਰ ਭਾਵੈ[1]।
'ਹਮ ਲਹੌਰ ਤਤਕਾਲ ਬਸਾਵੈਂ।
ਜਬਿ ਬਸਿ ਜਾਇ ਲਜਾਇ ਪਰਿਵਾਰ।
ਕੀਜਹਿ ਸਭਿ ਸਮਾਜ ਅਬਿ ਤਜਾਰ
॥ ੩੬ ॥
ਬਸਜੋ ਦੇਖਿ ਕੈ ਸਦਨ ਸਿਧਾਵਹੁ।
ਭ੍ਰਾਤਨਿ ਸਹਿਤ ਬਹੁਰ ਚਲਿ ਆਵਹੁ।'

[1]ਪੁੱਤ੍ਰੀ ਨੂੰ।
[1]ਹਾੜ ਦੀ ੨੩ ਦਾ।
[1]ਮਨ ਭਾਂਵਦੀ।

ਤਿਸ ਟਿਕਾਇ ਸ਼੍ਰੀ ਗੁਰ ਫੁਰਮਾਏ।
ਬ੍ਰਿੰਦ ਹੁਕਮਨਾਵੇ ਲਿਖਵਾਏ ॥੩੭॥
ਨਿਕਟ ਨਿਕਟ ਕੇ ਪੁਰਿ ਸਮੁਦਾਏ।
ਸਭਿਹਿਨਿ ਮਹਿਂ ਤਤਕਾਲ ਪਠਾਏ।
'ਜੋ ਸਿੱਖ ਹੋਇ ਕਰਹਿ ਬਿਵਹਾਰ।
ਸੋ ਅਬਿ ਆਇ ਗੁਰੂ ਦਰਬਾਰ ॥੩੮॥
ਲੇ ਪਹੁੰਚਹਿ ਜਿਸ ਢਿਗ ਧਨ ਹੋਇ।
ਆਨਿ ਦੁਕਾਨ ਕਰਹਿ ਨਰ ਸੋਇ।
ਜਿਸ ਕੇ ਸਦਨ ਦਰਬ ਨਹਿਂ ਪਾਇ।
ਲੇ ਗੁਰ ਘਰ ਤੇ ਬਨਜ ਚਲਾਇ ॥੩੯॥
ਬਜਾਹ ਸਮੈ ਲੌ ਖੁਲਹਿ ਬਜਾਰ[1]। [1]ਵਿਆਹ ਸਮੇਂ ਤਕ ਬਾਜ਼ਾਰ ਖੁੱਲ੍ਹਾ ਰਹੇਗਾ।
ਮਿਲਹਿ ਬ੍ਰਿੰਦ ਨਰ ਕਈ ਹਜ਼ਾਰ।
ਸਭਿ ਬਿਧਿ ਕਰਹਿਂ ਬੈਠਿ ਬਿਵਹਾਰੁ।
ਅੰਬਰ ਬ੍ਰਿੰਦ ਪਟੰਬਰ ਚਾਰੁ ॥੪੦॥
ਪਸ਼ਮੰਬਰ ਬਰ ਬਰਨ ਸੁ ਨਾਨਾ[1]। [1]ਸ੍ਰੇਸ਼ਟ ਰੰਗਾਂ ਰੰਗਾਂ ਦੇ।
ਮੁਕਤਾ ਬ੍ਰਿੰਦ, ਪ੍ਰਵਾਲ ਮਹਾਨਾ[1]। [1]ਸ੍ਰੇਸ਼ਟ ਮੂੰਗੇ।
ਅੰਨ ਅਨਿਕ, ਅਰੁ ਘ੍ਰਿਤ ਮਿਸ਼ਟਾਨਾ।
ਆਇਂ ਸਰਾਫ[1], ਬਜ਼ਾਜ਼[2] ਸੁਜਾਨਾ' ॥੪੧॥ [1]ਸੋਨਾ ਚਾਂਦੀ ਦੇ ਕੰਮ ਵਾਲੇ। [2]ਕੱਪੜੇ ਵਾਲੇ।
ਏਵ ਹੁਕਮਨਾਵੇ ਲਿਖਵਾਇ।
ਸਿੱਖ ਮਸੰਦਨ ਪ੍ਰਤੀ ਪਠਾਇ।
ਜਹਿਂ ਕਹਿਂ ਲੇ ਪਹੁੰਚੇ ਤਤਕਾਲਾ।
ਪਠਿ ਪਠਿ[1] ਸਮਝੇ ਕਾਜ ਬਿਸਾਲਾ ॥੪੨॥ [1]ਪੜ੍ਹ ਪੜ੍ਹਕੇ।
ਤਬਹਿ ਮਸੰਦਨ ਸੰਗਤਿ ਸਾਰੀ।
ਗੁਰੂ ਹੁਕਮ ਤੇ ਤੁਰਤ ਹਕਾਰੀ।
ਹੁਕਮ ਸੁਨਾਯੋ ਸਭਿ ਕੇ ਕਾਨ।
'ਪ੍ਰਥਮ ਬਜਾਹ ਉਤਸਵ ਬਡ ਜਾਨ ॥੪੩॥
ਦੇਖਹੁ ਸਰਬ ਬਜਾਹ ਕੀ ਲੀਲ੍ਹਾ।
ਪੁਨ ਖਾਟਹੁ ਧਨ ਲਾਭ ਗਹੀਲਾ[1]। [1]ਬਹੁਤ।
ਕੇਤਿਕ ਬਾਸੁਰ ਬਾਸਾ ਕਰੀਅਹਿ।

ਦਰਸਹੁ ਗੁਰੁ ਨਿਜ ਭਲਾ ਬਿਚਰੀਅਹਿ'
॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ
॥ ੯ ॥

## ੧੦. [ਗੁਰੂ ਕਾ ਲਾਹੌਰ ਵੱਸਣਾ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਸੁਨਿ ਸੁਨਿ ਗੁਰ ਕੇ ਬਚਨ ਕੋ, ਗ਼ਨੀ[1] ਗ਼ਰੀਬ ਬਿਸਾਲ। [1]ਧਨੀ।
ਬਜਾਹ ਉਛਾਹ ਪਛਾਨਿ ਕੈ, ਗਮਨ ਠਾਨਿ ਤਤਕਾਲ[1] ॥੧॥ [1]ਤੁਰਤ ਤੁਰ ਪਏ।

ਚੌਪਈ: [1]ਤੁਰਤ ਤੁਰ ਪਏ।

ਅਨਿਕ ਬਨਿਕ[1] ਰੋਪਰ ਤੇ ਆਏ।
ਸਕਲ ਭਾਂਤਿ ਕੋ ਸਉਦਾ ਲਜਾਏ।
ਪੁਰਿ ਹੁਸ਼ੀਆਰਿ ਆਦਿ ਜੇ ਹੁਤੇ।
ਤਿਨ ਮਹਿਂ ਤੇ ਆਵਤਿ ਭੇ ਇਤੇ[1] ॥੨॥ [1]ਇਧਰ।
ਕੇਤਿਕ ਗੁਰ ਸਿਖ ਸੰਗਤਿ ਆਵਹਿਂ।
ਤਿਨ ਕੇ ਸੰਗ ਅਪਰ ਮਿਲਿ ਜਾਵਹਿਂ।
-ਧਨ ਖਾਟਹਿਂਗੇ ਕਰਿ ਬਿਵਹਾਰੋ।
ਮੇਲਾ ਲਾਗਹਿ ਕਈ ਹਜ਼ਾਰੋ- ॥੩॥
ਸੁਨਿ ਸੁਨਿ ਨਰ ਗ੍ਰਾਮਨਿ ਸਮੁਦਾਏ।
ਕਰਿ ਚਿਤ ਚੌਂਪ ਤੁਰਤ ਚਲਿ ਆਏ।
ਹੁਤੋ ਨਗਰ ਸੀਰੰਦ[1] ਬਡੇਰੋ। [1]ਬਾਣੀਏ।
ਤਹਿਂ ਬਿਵਹਾਰੀ ਮਿਲੇ ਘਨੇਰੋ ॥੪॥
ਬਡੋ ਬਜ਼ਾਰ ਤਹਾਂ ਤੇ ਆਯੋ।
ਬਨਜ ਹੇਤੁ ਸਉਦਾ ਬਡ ਲਜਾਯੋ।
ਕੇਤਿਕ ਸਿੱਖ ਦਰਬ ਤੇ ਹੀਨੇ।
ਸੁਨਿ ਗੁਰ ਹੁਕਮ ਹਰਖ ਉਰ ਕੀਨੇ ॥੫॥
-ਗੁਰ ਘਰ ਤੇ ਧਨ ਲੇਹਿਂ ਸੁਖਾਰੇ।
ਖਾਟਹਿਂ ਲਾਭ ਕਰਹਿਂ ਬਿਵਹਾਰੇ।
ਉਤਸਵ ਮਹਾਂ ਬਜਾਹ ਕੋ ਹੋਵੈ।
ਬਹੁ ਦਿਨ ਲਗਿ ਗੁਰ ਦਰਸ਼ਨ ਜੋਵੈਂ ॥੬॥
ਬਹੁ ਗੁਨ ਹੈਂ ਅਨੰਦਪੁਰਿ ਜਾਨੇ[1]-। [1]ਜਾਣ ਵਿਚ।
ਮਿਲਿ ਕਰਿ ਸਜਾਨੇ ਸਭਿਹਿਨਿ ਜਾਨੇ[1]। [1]ਸਭਨਾਂ ਨੇ ਜਾਣਿਆ।
ਗਮਨੇ ਕਿਤਿਕ ਸਕਟ ਕਰਿ ਭਾਰੇ[1]। [1]ਕਿਰਾਏ ਕਰਕੇ।
ਆਪ ਅਰੂਢੇ ਲਾਦਜੋ ਭਾਰੇ[1] ॥੭॥ [1]ਭਾਰਾਂ ਨੂੰ ਲੱਦ ਕੇ।
ਨਿਕਟ ਨਿਕਟ ਜੇਤਿਕ ਥੇ[†] ਬਾਸੀ। [†]ਪਾ:-ਗਿਰ।

ਚਲਿ ਆਏ ਆਨੰਦਪੁਰਿ ਪਾਸੀ।
ਇਮ ਜਬਿ ਅਨਿਕ ਬਨਿਕ ਚਲਿ ਆਏ।
ਸ੍ਰੀ ਕਲਗ਼ੀਧਰ ਤਿਨ ਸੁਧਿ ਪਾਏ ॥ ੮ ॥
ਨਿਜ ਪੁਰਿ ਤੇ ਉੱਤਰ ਦਿਸ਼ਿ ਲਹਯੋ।
ਸੁਭ ਥਲ ਲਵਪੁਰਿ ਕਰਿਬੋ ਚਹਯੋ।
ਤਬਿ ਮਾਤੁਲ ਕੇ ਸੰਗ ਬਖਾਨਾ।
'ਹੁਕਮ ਮਸੰਦਨ ਦੇਹੁ ਸੁਜਾਨਾ ॥ ੯ ॥
ਤਿਸ ਥਲ ਜਾਇ ਕਰਾਵਹਿ ਆਹਰ[1]। — [1]ਉੱਦਮ।
ਜਿਸ ਬਿਧਿ ਨਗਰ ਬਸਹਿ ਬਡ ਜ਼ਾਹਰ।
ਬੀਚ ਬਜ਼ਾਰ ਬਿਲੰਦ ਬਨਾਵਹਿ।
ਬ੍ਰਿੰਦ ਬਰੋਬਰ ਛਾਪਰ ਛਾਵਹਿ ॥ ੧੦ ॥
ਲਾਇ ਮਿਹਨਤੀ ਨਰਨਿ ਹਜ਼ਾਰਹੁ।
ਧਰਿ ਤੂਰਨਤਾ ਠਾਨਹਿ ਤਯਾਰਹੁ[1]। — [1]ਤਿਆਰੀ ਕਰਨ।
ਜੋ ਬਿਵਹਾਰੀ ਚਲਿ ਕਰਿ ਆਵਹਿ।
ਦੇ ਤਿਸ ਕੋ ਸਨਮਾਨ ਬਸਾਵਹਿਂ ॥ ੧੧ ॥
ਆਪ ਰੋਜ਼ ਤਹਿਂ ਕੀਜਹਿ ਫੇਰਾ।
ਸੰਗਰ[1] ਦਿਹੁ ਬੰਧਵਾਇ ਚੁਫੇਰਾ।' — [1]ਵਾੜਾ, ਝਿੜਾ।
ਸੁਨਿ ਗੁਰ ਹੁਕਮ ਬਸਾਵਨਿ ਲਵਪੁਰਿ।
ਕਾਰਜ ਲੀਨਿ ਸੰਭਾਰਿ ਹਰਖ ਉਰ ॥ ੧੨ ॥
ਬ੍ਰਿੰਦ ਮਸੰਦਨ ਲਏ ਹਕਾਰਾ।
ਸਭਿ ਪ੍ਰਤਿ ਗੁਰ ਕੋ ਹੁਕਮ ਉਚਾਰਾ।
ਧਰਿ ਧਰਿ ਹਰਖ ਸਕਲ ਚਲਿ ਗਏ।
ਪੁੰਜ ਮਿਹਨਤੀ ਇਕ ਥਲ ਕਿਏ ॥ ੧੩ ॥
ਤੂਰਨ ਛਾਪਰ ਛਾਵਨਿ ਕਰੇ।
ਰੀਤਿ ਬਜਾਰਨਿ ਕੀ ਅਨੁਸਰੇ[1]। — [1]ਬਜ਼ਾਰਾਂ ਦੀ ਰੀਤ ਕੀਤੀ।
ਪਹੁੰਚੇ ਤਹਾਂ ਅਨਿਕ ਬਿਵਹਾਰੀ[1]। — [1]ਬਾਣੀਏਂ ਵਿਵਹਾਰ ਕਰਨ ਵਾਲੇ।
ਹੇਰਿ ਹੇਰਿ ਕਰਿ ਹਾਟ ਸੰਭਾਰੀ ॥ ੧੪ ॥
ਸ੍ਰੀ ਗੁਰੁ ਹਰਿ ਗੋਵਿੰਦ ਕੀ ਤਨੀਆ[1]। — [1]ਬੀਬੀ ਵੀਰੋ ਜੀ।
ਪੰਚ ਪੁੱਤ੍ਰ ਤਿਸ ਨੇ ਭਟ[1] ਜਨੀਆ। — [1]ਸੂਰਮੇ।
ਗੁਰੂ ਭਾਨਜੇ ਤਿਨ ਕੋ ਕਹੈਂ[1]। — [1]ਗੁਰੂ ਭਾਣਜੇ ਉਨ੍ਹਾਂ ਦੀ ਅੱਲ ਪੈ ਗਈ ਸੀ ਕਿਉਂਕਿ ਉਹ ਵਡੇ ਗੁਰੂ ਤੇਗ ਬਹਾਦਰ ਜੀ ਦੇ ਭਾਣਜੇ (ਭਣੇਵੇਂ) ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਓਹ ਭੂਆ ਦੇ ਪੁੱਤ੍ਰ ਭਰਾ ਸੇ।

ਮਹਾਂਬੀਰ ਸ਼ੁਭ ਮਤਿ ਮਹਿਂ ਅਹੈਂ ॥੧੫॥
ਨਾਮ ਬਡੇ ਕੋ ਸੰਗੋ ਧਰਜੋ।
ਸੋ ਗੁਰ ਨਿਕਟ ਹਕਾਰਨਿ ਕਰਜੋ।
ਤਿਸ ਕੋ ਕਾਜ ਦੀਨਿ ਸੰਭਾਰਨ।
'ਪੁਰਿ ਪੁਰਿ ਕੋ ਮੁਖਿ[1] ਕਰਹੁ ਹਕਾਰਨਿ ॥੧੬॥
ਪੂੰਜੀ ਕੇਤਿਕ ਲੈ ਹੈ ਕੋਇ।
ਤੇਤਿਕ ਦਰਬ ਦੇਹੁ ਹਿਤ ਸੋਇ।
ਖਾਵਹਿਂ ਲਾਭ ਸਦਨ ਲੇ ਜਾਇਂ।
ਸਉਦਾ ਕਰਹਿਂ ਬਨਕ ਸਮੁਦਾਇ ॥੧੭॥
ਸਭਿ ਕੋ ਸਾਦਰ ਤਹਾਂ ਬਸਾਵਹੁ।
ਨਿਰਧਨ ਕੋ ਧਨ ਦੇਹੁ ਬਿਠਾਵਹੁ।
ਸੁਧਿ ਕੋ ਲੇਹੁ ਫਿਰਹੁ ਥਲ ਸਾਰੇ।
ਥੁਰਜੋ ਨ ਰਹਿ, ਸਭਿ ਕਰਹੁ ਸੰਭਾਰੇ' ॥੧੮॥
ਇੱਤਜਾਦਿਕ ਕਾਰਜ ਜੇ ਔਰ।
ਸੌਂਪੇ ਸਭਿ ਸੋਢੀ ਸਿਰਮੌਰ।
ਨਿਜ ਨਿਜ ਕਾਰ ਕਰਨਿ ਕਉ ਲਾਗੇ।
ਦੇਤਿ ਤੁਰਤ ਜੋ ਚਹੀਅਹਿ ਮਾਂਗੇ ॥੧੯॥
ਨਿਜ ਪੁਰਿ ਤਜਿ ਤਜਿ ਨਰ ਗਨ ਆਏ।
ਦੇ ਕਰਿ ਧਨ ਸਨਮਾਨ ਬਿਠਾਏ।
ਦੇਖਿ ਸੁਭਿੱਖੀ ਖੱਤ੍ਰੀ ਤਬੈ।
ਪੁਰਿ ਬਸਿਬੇ ਕੋ ਉੱਦਮ ਸਬੈ ॥੨੦॥
ਚਲਜੋ ਹੁਕਮ ਨਾਮਾ ਲਿਖਵਾਇ।
ਲਵਪੁਰਿ ਨਿਜ ਘਰ ਪਹੁੰਚਜੋ ਜਾਇ।
ਸਭਿ ਸੰਗਤਿ ਕਰਿ ਕੈ ਇਕ ਥਾਈਂ।
ਸਤਿਗੁਰ ਮਰਜ਼ੀ ਤਬਹਿ ਸੁਨਾਈ ॥੨੧॥
'ਲਵਪੁਰਿ ਨਵੋਂ ਬਸਾਵਨਿ ਕਰਜੋ।
ਮੋਹਿ ਪ੍ਰਤੱਗਜਾ ਕੋ ਹਿਤ ਧਰਜੋ[1]।
ਚਲਹੁ ਸਕਲ ਹੀ ਤਿਸ ਥਲ ਮਾਂਹੂ।
ਰਚਹਿਂ ਸਮਾਜ ਅਨਿਕ ਬਿਧਿ ਬਜਾਹੂ

[1]ਨਗਰ ਨਗਰ ਦਾ ਮੁਖੀਆ।

[1]ਮੇਰੀ ਪ੍ਰਤੱਗਜਾ ਦੇ ਪੂਰਾ ਕਰਨ ਵਿਚ ਹਿਤ ਧਾਰਿਆ ਹੈ।

॥੨੨॥
ਭਲੇ ਭਾਗ ਅਪਨੇ ਕਰਿ ਲਖੋ।
ਗੁਰ ਢੁਕਾਉ ਕੇ ਕੌਤਕ ਪਿਖੋ।
ਹਮ ਹਿਤ ਨਗਰ ਨਵੋਂ ਬਸਵਾਯੋ।
ਅਨਿਕ ਉਪਾਇ ਠਾਨਿ ਧਨ ਲਾਯੋ
॥੨੩॥
ਸੁਨਿ ਸਤਿਗੁਰ ਕੇ ਚਰਿਤ ਅਨੰਦੇ।
ਲੇ ਲੇ ਆਪਨਿ ਦਰਬ ਬਿਲੰਦੇ।
ਸਕਟੇ ਬਹਿਲਨ ਕੋ ਜੁਰਵਾਇ।
ਸਦਨ ਸੌਜ ਸਗਰੀ ਲਦਵਾਇ ॥੨੪॥
ਲੋਕ ਹਜ਼ਾਰਹੁੰ ਲਵਪੁਰਿ ਕੇਰੇ।
ਗਵਨੇ ਲੀਨਿ ਸਮਾਜ ਘਨੇਰੇ।
ਬ੍ਰਿੰਦ ਕਾਮਨੀ[1] ਸਜੰਦਨ ਚਢੀ।
ਕੋ ਬਹਿਲਨ ਪਰ ਚੌਂਪਹਿ ਬਢੀ ॥੨੫॥
ਬਸਨ ਬਿਭੂਖਨ ਭੂਖਤਿ ਹੋਈ।
ਗੁਰ ਬਜਾਹਤਿ[1] ਮੁਦਤੇ ਸਭਿ ਕੋਈ।
ਸਨੇ ਸਨੇ ਸਭਿ ਮਗ ਉਲੰਘਾਏ।
ਸਤੁੱਦ੍ਰਵ ਉਤਰਿ ਅਨੰਦਪੁਰਿ ਆਏ
॥੨੬॥
ਜਿਹ ਠਾਂ ਲਵਪੁਰਿ ਗੁਰੂ ਬਸਾਯੋ।
ਪਹੁੰਚੇ ਤਹਾਂ ਸਮਾਜ ਟਿਕਾਯੋ।
ਕਰਜੋ ਖਰੀਦਨ ਘ੍ਰਿਤ ਮਿਸ਼ਟਾਨ।
ਲੀਨੋ ਨੀਕੋ ਅੰਨ ਮਹਾਨ ॥੨੭॥
ਮੇਵੇ ਬ੍ਰਿੰਦ ਮੋਲ ਲੇ ਧਰੇ।
ਬਾਸਨ[1] ਬਡੇ ਲਜਾਇਬੋ ਕਰੇ।
ਸੂਖਮ ਚਾਵਰ ਚਾਰੁ ਲੰਮੇਰੇ।
ਦੇ ਕਰਿ ਦਰਬ ਲੀਨਿ ਬਹੁਤੇਰੇ ॥੨੮॥
ਅੰਬਰ, ਪਸ਼ਮੰਬਰ, ਪਾਟੰਬਰ।
ਕਰੇ ਖਰੀਦਨਿ ਜੇ ਪਿਖਤੰਬਰ[1]।
ਦੀਹ ਕਰਾਹੇ ਦਏ ਧਰਾਇ।
ਅਨਿਕ ਭਾਂਤਿ ਪਕਵਾਨ ਬਨਾਇ
॥੨੯॥

[1]ਇਸਤ੍ਰੀਆਂ।

[1]ਵਿਵਾਹ ਕਰਕੇ।

[1]ਬਰਤਨ।

[1]ਜੋ ਸ੍ਰੇਸ਼ਟ ਦੇਖੀਦੇ ਹਨ। [ਪਿਖਤੰ+ਬਰ]।

ਮੋਦਕ ਕਰਤਿ ਮੋਦ[1] ਬਨਵਾਏ।
ਅਧਿਕ ਸਿਤਾ[1] ਕੋ ਬੀਚ ਮਿਲਾਏ।
ਦਾਖ, ਬਿਦਾਮਨ, ਗਰੀ ਸਬਾਈ।
ਕਰਿ ਕਰਿ ਤਯਾਰ ਧਰੇ ਸਮੁਦਾਈ ॥੩੦॥

[1]ਲਡੂ ਆਨੰਦ ਦੇਣ ਵਾਲੇ।
[1]ਖੰਡ।

ਨਾਗਰ ਨਾਰਿ ਮਿਲੀ ਗਨ ਆਇ।
ਭਾਂਤਿ ਭਾਂਤਿ ਕੇ ਗੀਤਨਿ ਗਾਇ।
ਕਿਤਿਕ ਢੋਲਕੀ ਕਰਹਿਂ ਬਜਾਵਨਿ।
ਨਾਚਹਿ ਮਾਚਹਿਂ ਰਾਚਹਿਂ ਚਾਵਨ[1] ॥੩੧॥

[1]ਉਤਸਾਹ ਵਿਚ ਰਚਦੀਆਂ ਹਨ।

ਗਨ ਨਗਰਨਿ ਕੇ ਬਹੁ ਹਲਵਾਈ।
ਭਾਂਤਿ ਭਾਂਤਿ ਕੀ ਕਰਤਿ ਮਿਠਾਈ।
ਬਡੇ ਜਲੇਬ ਪਕਾਵਨਿ ਕਰੈਂ।
ਆਛੀ ਰੀਤਿ ਸੁਧਾਰਤਿ ਧਰੈਂ ॥੩੨॥
ਨੁਗਦੀ, ਘੇਵਰ ਕੇ ਸਮੁਦਾਇ।
ਕਰਿ ਰਾਖੇ ਅੰਬਾਰ ਲਗਾਇ।
ਬਰੇ ਪਕੌਰੇ ਦਧੀ ਮਿਲਾਏ।
ਜੀਰਕ[1], ਧਨੀਆਂ, ਮਿਰਚਨਿ ਪਾਏ ॥੩੩॥

[1]ਜੀਰਾ।

ਦਧਿ ਮਹਿਂ ਅਧਿਕ ਸਾਵਗੀ ਪਾਈ।
ਬਨਯੋ ਰਾਇਤਾ[1] ਜੁਤਿ ਸਮੁਦਾਈ।
ਇੱਤਯਾਦਿਕ ਪਕਵਾਨ ਪਕਾਏ।
ਮਧੁਰ ਸਨਿਗਧ ਸ੍ਵਾਦ ਕਰਿਵਾਏ ॥੩੪॥

[1]ਸਾਵਗੀ ਦਾ ਰਾਇਤਾ ਅਕਸਰ ਮਿੱਠਾ ਹੁੰਦਾ ਹੈ।

ਪਰਯੋ ਬਜ਼ਾਰ ਹੋਤਿ ਬਿਵਹਾਰ।
ਕਰਹਿਂ ਖਰੀਦਨਿ ਵਸਤੁ ਉਦਾਰ।
ਖਾਨ ਪਾਨ ਕੇ ਕਾਰਨ ਕੋਈ।
ਚੂਨ ਘ੍ਰਿੱਤ ਆਦਿਕ ਲੇ ਸੋਈ ॥੩੫॥
ਕੇਤਿਕ ਬਸਤ੍ਰ ਪਹਿਰਿਬੇ ਹੇਤੁ।
ਲੇਤਿ ਅਨੂਠੇ[1] ਧਨ ਕੋ ਦੇਤਿ।
ਗੁਰੂ ਬਾਕ ਕੇ ਬਨਜ ਉਦਾਰ।
ਲੇਨਿ ਦੇਨਿ ਠਾਨਤਿ ਬਿਵਹਾਰ ॥੩੬॥

[1]ਅਜੀਬ (ਬਸਤ੍ਰ)।

ਗੁਰੂ ਬਰਾਤ ਸਮੇਤ ਉਤਰਿਬੇ।

ਬ੍ਰਿੰਦ ਛਾਪਰਨਿ ਛਾਵਨਿ ਕਰਿਬੇ।
ਤਪਤ ਬਿਦਾਰਨ[1] ਸੰਘਣੀ ਛਾਯਾ।
ਅਨਿਕ ਜਤਨ ਤੇ ਚਾਰੁ ਬਨਾਯਾ ॥੩੭॥
ਬਨੀ ਬੈਠਕਾਂ ਸੀਤਲ ਥਾਨ।
ਖਸ ਕੀ ਟਾਟੀ[1] ਲਾਇ ਮਹਾਨ।
ਕਰਤਿ ਕਾਰ ਕੋ ਪੁੰਜ ਪਹਾਰੀ।
ਸੰਧਜਾ ਕੋ ਸਭਿ ਪਾਇੰ ਦਿਹਾਰੀ ॥੩੮॥
ਗੁਰ ਕੋ ਲਵਪੁਰਿ ਬਸਜੋ ਮਹਾਨਾ।
ਜਹਿਂ ਕਹਿਂ ਲੇ ਬੈਠੇ ਧਨ ਧਾਨਾ।
ਭੀਰ ਬਜ਼ਾਰ ਬਿਖੈ ਬਹੁ ਹੋਈ।
ਬਜਾਹ ਪ੍ਰਤੀਖਤਿ ਭੇ ਸਭਿ ਕੋਈ ॥੩੯॥
ਨਰ ਨਾਰਿਨਿ ਕੇ ਅਤਿ ਚਿਤ ਚਾਊ।
ਪਿਖਿਨਿ ਬਰਾਤ ਨਰਨਿ ਸਮੁਦਾਊ।
ਕਹਜੋ ਨ ਜਾਇ ਕਰੀ ਬਹੁ ਤਜਾਰੀ।
ਭਯੋ ਬਾਸ ਤਹਿਂ ਆਨੰਦ ਭਾਰੀ ॥੪੦॥

[1]ਗਰਮੀ ਦੂਰ ਕਰਨ ਲਈ।
[1]ਖਸ ਦੀਆਂ ਟੱਟੀਆਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ ਪ੍ਰਸੰਗ ਲਵਪੁਰ ਬਸਾਵਨ' ਬਰਨਨੰ ਦਸਮੋ ਅੰਸੂ ॥੧੦॥

## ੧੧. [ਵਜਾਹ ਪ੍ਰਸੰਗ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਇਤਿ ਸਤਿਗੁਰ ਸਭਿ ਰੀਤਿ ਕਰਿ, ਜੁਗ ਮਾਤਨਿ ਹਰਖਾਇ।
ਕਰੀ ਬਜਾਹ ਤਜਾਰੀ ਸਕਲ, ਚਹੀਅਤਿ ਸੋ ਅਨਵਾਇ ॥੧॥

ਚੌਪਈ:

ਤਬਹਿ ਸੁਭਿਖੀਏ ਸ਼ਗਨ ਪਠਾਯੋ।
ਦਿਜ ਨਾਊ ਤਬਿ ਲੈ ਕਰਿ ਆਯੋ।
ਭਲੇ ਸਦਨ ਕਰਿਵਾਯਹੁ ਡੇਰਾ।
ਖਾਨ ਪਾਨ ਪੀਠ ਸ੍ਵਾਦ ਬਡੇਰਾ ॥੨॥
ਸ਼੍ਰੀ ਗੁਜਰੀ ਸੁਨਿ ਮੰਗਲ ਠਾਨਾ।
ਕਰਜੋ ਹਕਾਰਨਿ ਗਣਕ[1] ਸੁਜਾਨਾ। [1]ਜੋਤਸ਼ੀ।
'ਸ੍ਰੇਸ਼ਟ ਸਮਾਂ ਬਿਚਾਰ ਬਤਾਵਹੁ[†]।

[†]ਸਾਹਾ ਸੁਧਾਉਣਾ ਆਦਿ ਗੁਰੂ ਘਰ ਵਿਚ ਵਿਹਤ ਨਹੀਂ ਦੇਖੋ ਰਾਸ ੪ ਅੰਸੂ ੭ ਅੰਕ ੨੪ ਤੇ ਰਾਸ ੭ ਅੰਸੂ ੧ ਅੰਕ ੩੨ ਦੀਆਂ ਹੇਠਲੀਆਂ ਟੂਕਾਂ। ਫਿਰ ਏਥੇ ਹੀ ਦੇਖੋ ਕਿ ਅਗਲੀ ਤੁਕ ਵਿਚ ਜੋਤਸ਼ੀ ਗੁਰੂ ਜੀ ਨੂੰ ਮੰਗਲ ਮੂਲ ਵਿਘਨ ਬਿਨਾਸੀ ਤੇ ਸਾਰੇ ਦੇਵਤੇ ਉਹਨਾਂ ਦੇ ਅਧੀਨ ਦੱਸ ਰਿਹਾ ਹੈ।

ਮਮ ਸੁਤ ਮਸਤਕ ਤਿਲਕ ਕਢਾਵਹੁ' ॥੩॥
'ਪ੍ਰਾਤਿ ਪੰਚਮੀ' ਬਿੱਪ੍ਰ ਉਚਾਰੀ।
'ਕੀਜਹਿ ਮਾਤਾ ਸਗਰੀ ਤਜਾਰੀ।
ਤੁਮਰੋ ਨੰਦਨ ਮੰਗਲ ਮੂਲ।
ਸਕਲ ਗੀਰਬਾਨ ਅਨਕੂਲ[1] ॥੪॥ [1]ਦੇਵੇਤ (ਗੁਰੂ ਜੀ ਦੇ) ਅਨੁਸਾਰੀ ਹਨ।
ਨਾਮ ਗੁਰੂ ਕੋ ਬਿਘਨ ਬਿਨਾਸ਼ੀ।
ਪੂਰਨ ਹੋਤਿ ਮਨੋਰਥ ਰਾਸੀ[1]।' [1]ਸਾਰੇ।
ਸੁਨਿ ਗੁਜਰੀ ਮਨ ਹਰਖ ਨ ਥੋਰਾ।
ਭੇਜੀ ਸੁਧਿ ਸਭਿਹਿਨਿ ਕੀ ਓਰਾ ॥੫॥
ਕੀਰਤਪੁਰਿ ਤੇ ਸਕਲ ਹਕਾਰੀ।
ਮਿਲੀ ਅਨੇਕ ਨਗਰ ਕੀ ਨਾਰੀ।
ਬਾਦਿਤ ਅਨਿਕ ਰੀਤਿ ਬਜਵਾਏ।
ਗੁਰੂ ਪੌਰ ਕੇ ਅੱਗ੍ਰ ਸੁਹਾਏ ॥੬॥
ਨਿਸ ਮਹਿਂ ਮਿਲਹਿਂ ਚਾਰੁ ਗਨ ਨਾਰੀ।
ਇਕ ਨਾਚਤਿ ਹੈਂ ਦੇ ਕਰਿ ਤਾਰੀ।
ਸ਼੍ਰੀ ਗੁਜਰੀ ਸਭਿ ਕੋ ਸਨਮਾਨੈ।

ਮੁਖ ਤੇ ਕੋਮਲ ਬਾਤ ਬਖਾਨੈ ॥੭॥
ਆਜ ਦਿਵਸ ਪਰ ਮੈਂ ਬਲਿਹਾਰੀ।
ਸੁਤ ਸ਼ਾਦੀ ਹਿਤ ਹਰਖਤਿ ਨਾਰੀ।'
ਤਬਿ ਅਨਵਾਇ ਘਨੋ ਮਿਸ਼ਟਾਨਾ।
ਬੰਟਵਾਇਸਿ ਕਰਿ ਅਨੰਦ ਮਹਾਨਾ ॥੮॥
ਭਈ ਪ੍ਰਾਤਿ ਪੁਨਿ ਹਿਤ ਸਭਿ ਹੀ ਕਾ।
ਉਮਗਤਿ ਭਯੋ ਹਰਖ ਸਭਿ ਜੀ ਕਾ[1†]।
[1]ਸਾਰਿਆਂ ਦੇ ਦਿਲ ਦਾ ਪ੍ਰੇਮ ਉਛਲਿਆ। †ਪਾ:-ਹੀ ਕਾ।
ਨਾਰਿ ਸੁਹਾਗਣ ਬ੍ਰਿੰਦ ਹਕਾਰੀ।
ਬਸਨ ਬਿਭੂਖਨ ਸੁੰਦਰ ਧਾਰੀ ॥੯॥
ਮੰਗਲ ਸੂਲ ਧਰਾਇਸਿ ਢੋਲੂ[1]।
[1]ਰਖਵਾਇਆ ਢੋਲ।
ਬਾਜਨਿ ਲਗਯੋ ਗਾਇ ਸੁਠ ਬੋਲੂ।
ਲਘੁ ਨਿਸ਼ਾਨ ਅਰੁ ਬਜੀ ਨਫੀਰੈਂ।
ਪਹਿਰੇ ਚੀਰ ਨਵੀਨ ਸਰੀਰੈ ॥੧੦॥
ਕੋਕਿਲ ਕੰਠੀ ਮਿਲਿ ਮਿਲਿ ਟੋਲੀ।
ਉਮਗਤਿ ਅਨੰਦ ਬਧਾਈ ਬੋਲੀ।
ਮਾਨਿ ਸੌਗੁਨੀ ਸੀਸ ਚਢਾਵਤਿ[1]।
[1]ਸੌ ਗੁਣੀ (ਵਧਾਈ) ਮੰਨ ਕੇ ਸਿਰ ਮੱਥੇ ਤੇ ਧਰਦੀ ਹੈ।
ਗੁਜਰੀ ਅਨੰਦ ਕਹਯੋ ਨਹਿਂ ਜਾਵਤਿ ॥੧੧॥
ਬਾਦਿਤ ਬਜਤਿ ਸ੍ਰਵਣਿ ਸਭਿ ਪੂਰਾ[1]।
[1]ਕੰਨ ਭਰ ਗਏ।
ਜਹਿਂ ਕਹਿਂ ਉਤਸਵ ਮਾਚਤਿ ਰੂਰਾ।
ਸੂਖਮ ਬਸਤ੍ਰ ਕੁਸੰਭੀ ਬਰਨ[1]।
[1]ਸੂਹੇ ਰੰਗ ਦੇ।
ਪਹਿਰਨਿ ਕਰੇ ਚਾਰੁ ਆਭਰਨ[1] ॥੧੨॥
[1]ਸੁਹਣੇ ਗਹਿਣੇ।
ਮਧੁਰ ਬਚਨ ਤੇ ਚੰਪਕ ਬਰਨੀ[1]।
[1]ਚੰਪਕ ਦੇ ਰੰਗ ਵਾਲੀਆਂ।
ਗਾਰੀ ਦੇਤਿ ਮਿਲੀ ਗਨ ਤਰੁਨੀ[1]।
[1]ਇਸਤ੍ਰੀਆਂ।
ਪੁਨ ਗੁਜਰੀ ਨਿਜ ਪੁੱਤ੍ਰ ਹਕਾਰਾ।
ਬ੍ਰਿੱਪ੍ਰ ਜਾਇ ਸਭਿ ਭੇਵ ਉਚਾਰਾ ॥੧੩॥
ਲੇ ਕਰਿ ਸੰਗੋ ਸੰਗ ਕ੍ਰਿਪਾਲ[1]।
[1]ਮਾਮਾ ਕ੍ਰਿਪਾਲ ਜੀ।
ਆਏ ਮਾਤ ਸਮੀਪ ਕ੍ਰਿਪਾਲੁ[1]।
[1]ਭਾਵ ਗੁਰੂ ਜੀ।
ਚੌਕੀ ਚੰਦਨ ਚਾਰੁ ਡਸਾਈ।
ਕਹਿ ਤਿਸ ਪਰ ਗੁਰ ਦੀਨਿ ਬਿਠਾਈ ॥੧੪॥
ਸ਼ਗੁਨ ਥਾਰ ਮਹਿਂ[1] ਦਿਜਬਰ ਲਜਾਯੋ।
[1]ਥਾਲ ਵਿਚ ਸ਼ਗਨ ਰੱਖ ਕੇ।

ਕਰਮ ਜਥੋਚਿਤ ਸਭਿ ਕਰਿਵਾਯੋ।
ਬਹੁਰ ਨਿਕਾਸਜੋ ਮਸਤਕ ਟੀਕਾ।
ਅੱਛਤ[1] ਲਾਇ ਸੁਹਾਵਤਿ ਨੀਕਾ ॥੧੫॥ [1]ਚਾਵਲ।
ਕੇਸ[†] ਰਾਹੁ ਨੇ ਸਸਿ ਜਨੁ ਗਹਜੋ। [†]ਕਿਤੇ 'ਕੇਸ' ਦੀ ਥਾਂ ਪਾਠ 'ਕੇਤੁ' ਬੀ ਸੁਣੀਦਾ ਹੈ।
ਖੰਡ ਖੰਡ ਕਰਿ ਖੈਬੇ ਚਹਜੋ।
ਸੋਡ ਕਰੇ ਅੰਮ੍ਰਿਤ ਬਲ ਭਰੇ।
ਭਾਜਿ ਸਦਨ ਸੁਰਗੁਰ[1] ਕੇ ਬਰੇ[†] ॥੧੬॥ [1]ਬ੍ਰਹਸਪਤ।

[†]ਕੇਸਾਂ ਨੂੰ ਰਾਹੂ ਨਾਲ ਉਪਮਾ ਦਿੱਤੀ ਹੈ, ਰਾਹੂ ਦੇ ਰਥ ਨੂੰ ਅੱਠ ਕਾਲੇ ਘੋੜੇ ਖਿੱਚਦੇ ਹਨ, ਕੇਸ ਬੀ ਕਾਲੇ ਹਨ। ਬ੍ਰਹਸਪਤ ਦੇ ਰਥ ਨੂੰ ਅੱਠ ਪੀਲੇ ਘੋੜੇ ਖਿਚਦੇ ਹਨ, ਤਿਲਕ ਕੇਸਰ ਦਾ ਪੀਲਾ ਹੈ, ਇਸ ਕਰਕੇ ਬ੍ਰਹਸਪਤ ਦਾ ਘਰ ਉਸ ਨੂੰ ਦੱਸਿਆ ਹੈ। ਚਾਵਲ ਚਿੱਟੇ ਹਨ, ਚੰਦ ਚਿੱਟਾ ਹੈ, ਇਸ ਕਰਕੇ ਚੰਦ ਦੇ ਟੁਕੜਿਆਂ ਦੇ ਰੂਪਕ ਵਿਚ ਚਾਵਲਾਂ ਨੂੰ ਵਰਣਨ ਕੀਤਾ ਹੈ। ਉਂਞ ਨਵਾਂ ਗ੍ਰੈਹਾਂ ਦੇ ਰੰਗ ਤੇ ਪੂਜਾ ਭੀ:-ਰਾਹੂ = ਕਾਲਾ। ਚੰਦ = ਚਿੱਟਾ। ਬ੍ਰਹਸਪਤ = ਪੀਲਾ ਹਨ। ਵਿਸ਼ੇਸ਼:-ਜੋਤਿਸ਼ ਸ਼ਾਸਤ੍ਰ ਦੇ ਅਨੁਸਾਰ ਜਦ ਚੰਦ੍ਰਮਾ ਦੇ ਘਰ ਰਾਹੂ ਆਉਂਦਾ ਹੈ ਤਾਂ ਚੰਦ੍ਰਮਾਂ ਬ੍ਰਹਸਪਤੀ ਦੇ ਘਰ ਚਲਾ ਜਾਂਦਾ ਹੈ। ਭਾਵ ਇਉਂ ਹੈ ਕਿ ਜਦੋਂ ਤਿਲਕ ਮਸਤਕ ਤੇ ਲਗਾ ਤਾਂ ਚਾਵਲਾਂ ਦੇ ਉਪਰ ਸੀਸ ਦੇ ਕੇਸ ਲਗਕੇ ਚਾਵਲਾਂ ਨੂੰ ਖਿੰਡਾ ਕੇ ਡੇਗਣਾਂ ਚਾਹੁੰਦੇ ਹਨ ਪਰੰਤੂ ਕੇਸਰ ਦੇ ਜਲ ਨਾਲ ਚਾਵਲ ਲਿਪਟ ਕੇ ਮੱਥੇ ਤੇ ਚਿਮਟ ਗਏ ਹਨ।

ਜਬਿ ਦਿਜ ਦਿਯੋ ਬਦਨ ਮਹਿਂ ਮੋਦਕ।
ਭਯੋ ਸਮਾ ਸਭਿਹੂੰ ਤਬਿ ਮੋਦਕ[1]। [1]ਅਨੰਦ ਦਾਇਕ।
ਮਿਲਿ ਮਿਲਿ ਗੀਤ ਨਾਗਰੀ ਗਾਵਤਿ।
ਪਿਖਿ ਸਰੂਪ ਗੁਰ ਬਲ ਬਲ ਜਾਵਤਿ ॥੧੭॥
ਬਾਜਿ ਉਠੇ ਸੁੰਦਰ ਸ਼ਦਿਯਾਨੇ[1]। [1]ਖੁਸ਼ੀ ਦੇ ਵਾਜੇ।
ਭਾਟ ਕਬਿੱਤਨ ਕਰਿਤ ਬਖਾਨੇ।
ਬਜਹਿਂ ਪਖਾਵਜ ਗਨ ਤੰਬੂਰੇ।
ਗਾਵਤਿ ਚਾਵ[1] ਕਲਾਵਤਿ ਰੂਰੇ ॥੧੮॥ [1]ਚਾਉ ਨਾਲ।
ਦੀਹ ਦਮਾਮੇ ਬਾਜਤਿ ਸੁਤਰੀ[1]। [1]ਊਠਾਂ ਦੇ ਰੱਖਕੇ ਵਜਾਉਣ ਵਾਲੇ ਨਗਾਰੇ।
ਧੁਨਿ ਊਚੀ ਪੈ ਸ਼ੋਭਤਿ ਸੁਥਰੀ[†1]। [1]ਸਾਫ, ਸੁੰਦਰ। [†]ਪਾ:-ਸੁਤਰੀ।
ਜਨੁ ਮੰਗਲ ਕੈ ਸੰਗਲ ਡਾਰਾ[1]। [1]ਮਾਨੋਂ ਅਨੰਦ ਨੂੰ ਬੰਨ੍ਹ ਬਹਾਇਆ ਹੈ।
-ਥਿਰ ਰਹੁ ਘਿਰ ਜਿਨ ਤਜਿ ਤਿਨ ਦ੍ਵਾਰਾ[1†] ॥੧੯॥ [1]ਇਸੇ ਘਰ ਵਿਚ ਟਿਕਿਆ ਰਹੁ ਮਤਾਂ ਤਿਨਾਂ ਦਾ ਦ੍ਵਾਰਾ ਛੱਡੇਂ। [†]ਪਾ:-ਜਸ ਤਰ ਜੁਤਿ ਡਾਰਾ। ਪੁਨਾ:-ਜਿਸ ਤਰਜਤਿ ਡਾਰਾ।
ਚਮਰ ਚਾਰੁ ਚਾਲਿਤ ਦਿਸ਼ਿ ਦੌਨ।
ਮਨਹੁਂ ਮਰਾਲ ਉਡਤਿ ਹੁਇ ਔਨ[1]। [1]ਮਾਨੋ ਹੰਸ ਉਡਦੇ ਹਨ ਧਰਤੀ ਵਲ ਹੋਕੇ ਭਾਵ ਨੀਉਂਕੇ।
ਦਯਾਰਾਮ ਪ੍ਰੋਹਤ ਉਠਿ ਤਬੈ।
ਕੀਨੇ ਨੇਗ[1] ਜਥੋਚਿਤ ਸਬੈ ॥੨੦॥ [1]ਲਾਗ।
ਮੇਵੇ ਗਨ ਮੋਦਕ ਬਹੁ ਧਰੇ।

ਆਇਸੁ ਪਾਇ ਬ੍ਰਤਾਵਨਿ ਕਰੇ।
ਬ੍ਰਿੰਦ ਮਸੰਦ ਸੰਗਤਾਂ ਦਾਸ।
ਗਾਇੰ ਨਾਗਰੀ[1] ਬਜਾਹ ਬਿਲਾਸ ॥੨੧॥
[1]ਨਗਰ ਦੀਆਂ ਇਸਤ੍ਰੀਆਂ।
ਸਭਿਹਿਨਿ ਮਹਿਂ ਬਰਤਾਵਨਿ ਕੀਨਿ।
ਸੇਵਾ ਮੋਦਕ ਬ੍ਰਿੰਦਨ ਲੀਨਿ[1]।
[1]ਸਾਰਿਆਂ ਨੇ ਲਏ।
ਮਾਤੁਲ[1] ਗੁਰੂ ਕ੍ਰਿਪਾਲ ਅਨੰਦਾ।
[1]ਮਾਮਾ ਜੀ (ਅਤੇ)।
ਗਨ ਜਾਚਕ ਦੇ ਦਰਬ ਬਿਲੰਦਾ ॥੨੨॥
ਲੇ ਦਿਜ ਆਦਿਕ ਮੰਗਤ ਘਨੇ।
ਸ਼੍ਰੀ ਸਤਿਗੁਰ ਕੋ ਆਸ਼ਿਖ ਭਨੇ।
'ਚਿਰੰਜੀਵ ਸੋਢੀ ਕੁਲ ਟੀਕਾ।
ਗੁਰ ਗਾਦੀ ਮਾਲਿਕ ਉਸ਼ਨੀਕਾ[1] ॥੨੩॥
[1]ਗੁਰ ਗੱਦੀ ਤੇ ਗੁਰ ਦਸਤਾਰ ਦੇ ਮਾਲਕ (ਅ) ਸੁੰਦਰ।
ਤੇਗ ਬਹਾਦਰ ਗੁਰੂ ਸਪੂਤ।
ਜੋ ਜਗ ਭੋਗ ਭੁਗਤਿ ਅਵਧੂਤ[1]†।
[1]ਸੰਸਾਰ ਵਿਚ ਭੋਗ ਭੋਗਦੇ ਹੋਏ ਤਿਆਗੀ ਹਨ।
†ਪਾ:-ਜੋਗ ਭੋਗ ਭੋਗਤਿ ਅਵਧੂਤ।
ਅਤਿ ਉਦਾਰ ਜਸ ਚੰਦ[1] ਚਢਾਯੋ।
[1]ਜਸ ਦਾ ਚੰਦ੍ਰਮਾ।
ਹਿੰਦੁ ਧਰਮ ਕੋ ਰਾਖਨਿ ਆਯੋ' ॥੨੪॥
ਸੁਨਿ ਪ੍ਰਸੰਨ ਗੁਜਰੀ ਮਨ ਹੋਈ।
ਦੇਤਿ ਭਈ ਜਾਚੇ ਜੇ ਕੋਈ।
ਸੁਤ ਪਰ ਕਰੇ ਵਾਰਨੇ ਘਨੇ।
ਹੇਰਤਿ ਰਿਦਾ ਪ੍ਰੇਮ ਕੇ ਸਨੇ ॥੨੫॥
ਲੌਕਿਕ ਬੈਦਿਕ ਰੀਤਿ ਕਰਾਈ।
ਪੁਨ ਗ੍ਰਿਹ ਗਮਨੇ ਗੁਰ ਗੋਸਾਈਂ।
ਤਜਾਰੀ ਸਗਰੀ ਵਸਤੁ ਕਰੇ।
ਘ੍ਰਿਤ ਮਿਸ਼ਟਾਨਿ ਆਨਿ ਗੁਨ ਧਰੇ ॥੨੬॥
ਦੇ ਧਨ ਬਿੱਪ੍ਰ ਬਿਸਰਜਨ ਕੀਨਿ।
ਉਚਿਤ ਵਸਤੁ ਸਗਰੀ ਪਠਿ ਦੀਨਿ।
ਬੇਦੀ ਬ੍ਰਿੰਦ ਬੁਲਾਇ ਪਠਾਏ।
ਸਹਿਤ ਭਾਰਜਾ ਸੇ ਚਲਿ ਆਏ ॥੨੭॥
ਸਭਿ ਤੇਹਨ ਢਿਗ ਗਯੋ ਮਸੰਦ।
ਆਨੇ ਕਰਿ ਸਨਮਾਨ ਬਿਲੰਦ।
ਪੁਨ ਭੱਲਜਨਿ ਕੀ ਕੁਲ ਸਮੁਦਾਈ।

ਸੰਗ ਭਾਰਜਾ ਲੇ ਸਭਿ ਆਈ ॥੨੮॥
ਜਥਾ ਜੋਗ ਜਹਿਂ ਚਾਰੁ ਨਿਕੇਤ।
ਦੇਤਿ ਭਏ ਤਿਨ ਬਸਿਬੇ ਹੇਤੁ।
ਨੇਰੇ ਦੂਰ ਮਸੰਦ ਬਿਲੰਦ।
ਸੁਨਿ ਸੁਧਿ ਪਹੁੰਚੇ ਧਰਤਿ ਅਨੰਦ ॥੨੯॥
ਕੀਰਤਪੁਰਿ ਕੇ ਗਨ ਨਰ ਨਾਰੀ।
ਠਹਿਰੇ ਪੁਰਿ ਅਨੰਦ ਮੁਦ ਧਾਰੀ[1]। [1]ਪ੍ਰਸੰਨਤਾ ਧਾਰ ਕੇ।
ਭਈ ਭੀਰ ਭਾਰੀ ਪੁਰਿ ਬਿਖੈ।
ਬਿਸਮਤਿ ਜਨ ਲਵਪੁਰਿ ਨਵ ਪਿਖੈਂ[†] ॥੩੦॥ [†]ਪਾ:-ਲਵਪੁਰ ਹੀ ਵਿਖੈ।
ਬਨਯੋ ਬਰੋਬਰ ਬਡੋ ਬਜ਼ਾਰ।
ਅਨਿਕ ਬਨਿਕ ਠਾਨਤਿ ਬਿਵਹਾਰ।
ਭਾਂਤਿ ਭਾਂਤਿ ਪਕਵਾਨ ਬਨਾਏ।
ਧਰੇ ਦੁਕਾਨ ਲੇਤਿ ਕੋ ਖਾਏ ॥੩੧॥
ਉਤ ਲਵਪੁਰਿ ਮਹਿਂ ਮਿਲਿ ਮਿਲਿ ਨਾਰੀ।
ਗਾਵਤਿ ਦੇਖਿ ਪਰਸਪਰ ਗਾਰੀ।
ਪ੍ਰਮੁਦਾ ਪਾਇ ਪ੍ਰਮੋਦਹਿ[1] ਨਾਚਤਿ। [1]ਇਸਤ੍ਰੀਆਂ ਅਨੰਦ ਨੂੰ ਪਾਕੇ।
ਮਿਲੀ ਸੰਬੂਹ ਤਾਲ ਕਰ[1] ਬਾਜਤਿ ॥੩੨॥ [1]ਹੱਥ ਦੀਆਂ ਤਾਲੀਆਂ (ਗਿੱਧਾ)।
ਜੋ ਕੁਲ ਰੀਤਿ ਕਰਤਿ ਸਮੁਦਾਏ।
ਰਿਦੇ ਅਨੰਦਤਿ ਦਯੋਸ ਬਿਤਾਏ।
ਨਾਮ ਬਜਾਰ ਪ੍ਰਥਕ ਹੀ ਧਰੇ।
ਏਕ ਸਿਰੰਦੀ ਜਾਨਯੋਂ ਪਰੇ ॥੩੩॥
ਦੁਤੀਏ ਕਹਿਂ ਹੁਸ਼ੀਆਰਪੁਰੇ ਕੋ।
ਤ੍ਰਿਤਿਯ ਰੋਪਰੀ ਨਾਮ ਧਰੇ ਕੋ।
ਚਤੁਰਥ ਭਨੈਂ ਲਹੌਰੂ ਨਾਮੂ।
ਪਿਖਿਯਤਿ ਜੁਦੇ ਜੁਦੇ ਅਭਿਰਾਮੂ ॥੩੪॥
ਧਰਿ ਚਿਤ ਚਾਵ ਕਰਹਿਂ ਬਿਵਹਾਰ।
ਗੁਰ ਘਰ ਤੇ ਲਹਿਂ ਦਰਬ ਉਦਾਰ[1]। [1]ਬਹੁਤਾ।
ਖਾਟਹਿਂ ਲਾਭ ਸੁਜਸੁ ਕੌ ਕਹੈਂ।
'ਧੰਨ ਗੁਰੂ ਸਮਰਥ ਬਡ ਅਹੈਂ' ॥੩੫॥

ਪੋਸ਼ਿਸ਼ ਬਰਨ ਬਰਨ ਕੇ ਅੰਬਰ।
ਬਨਿਵਾਵਹਿਂ ਲੇ ਬ੍ਰਿੰਦ ਪਟੰਬਰ।
ਗੁਰ ਕੋ ਮਾਤੁਲ ਨਾਮ ਕ੍ਰਿਪਾਲ।
ਕਾਰ ਕਰਾਵਤਿ ਸਕਲ ਸੰਭਾਲਿ ॥੩੬॥
ਪੁਰਿ ਗ੍ਰਾਮਨ ਕੇ ਮਨੁਜ ਨਿਹਾਰੇ[†]।

[†]ਪਾ:-ਸੀਮਨਹਾਰੇ।

ਬੈਠੇ ਬ੍ਰਿੰਦ ਕਰਤਿ ਸਭਿ ਕਾਰੇ।
ਰੰਗਰੇਜ[1] ਗਨ ਰੰਗਤਿ ਚੀਰ।

[1]ਲਿਲਾਰੀ।

ਸਭਿ ਬਿਧਿ ਕੇ ਨਰ ਕੀ ਬਡ ਭੀਰ ॥੩੭॥
ਜ਼ੀਨ ਤੁਰੰਗਨਿ ਬਨਹਿਂ ਬਿਸਾਲਾ।
ਮਖ਼ਮਲ ਜ਼ਰੀ ਬਨਾਤੀ ਜਾਲਾ।
ਅਨਿਕ ਕਾਰਖਾਨੇ ਪੁਰ ਹੋਏ।
ਲੇਨਿ ਦੇਨਿ ਠਾਨਤਿ ਸਭਿ ਕੋਏ ॥੩੮॥
ਬ੍ਰਿੰਦ ਸੁਨਾਰ[1] ਬਿਭੂਖਨ ਘਰੈਂ।

[1]ਸੁਨਿਆਰੇ।

ਚਾਂਦੀ ਚਾਮੀਕਰ ਕੇ ਕਰੈਂ।
ਤੰਬੂ ਪੁੰਜ ਕਨਾਤ ਬਨਾਤੀ।
ਚੋਬ ਕਲਸ ਕੰਚਨ ਬਹੁ ਭਾਂਤੀ ॥੩੯॥
ਆਤਸ਼ਬਾਜੀ ਬਹੁ ਬਨਵਾਈ।
ਗਨ ਬਾਜੀਨ ਬਰੂਦ ਮਿਲਾਈ[1]।

[1]ਭਾਵ ਆਤਸ਼ਬਾਜ਼ੀ ਦੇ ਘੋੜਿਆਂ ਵਿਚ ਬਾਰੂਦ ਭਰਨ ਤੋਂ ਹੈ ਦੇਖੋ ਅੰਸੂ ੧੩ ਅੰਕ ੩੫।

ਦੇਵ ਦੇਵਣੀ, ਚਾਦਰ ਚਾਰੁ।
ਚਰਖੀ ਪੁੰਜ, ਮਤਾਬੀ, ਝਾਰ[1] ॥੪੦॥

[1]ਸਭ ਆਤਸ਼ ਬਾਜ਼ੀਆਂ ਦੇ ਨਾਮ ਹਨ।

ਕੌਨ ਕੌਨ ਗਿਨੀਅਹਿ ਪੁਰਿ ਸਾਰੇ।
ਨਰ ਨਾਰਿਨ ਕੀ ਭੀਰ ਉਦਾਰੇ।
ਅਸ ਰੌਣਕ ਇਕ ਮਾਸ ਮਝਾਰੀ।
ਗੁਰ ਬਚ ਤੇ ਹ੍ਵੈ ਗੀ ਇਕ ਬਾਰੀ ॥੪੧॥
ਬਾਜੇ ਬਜਹਿਂ ਗਾਇਬੋ ਕਰੈਂ।
ਜਹਿਂ ਕਹਿਂ ਮਿਲਿ ਮਿਲਿ ਮੁਦ ਉਰ ਧਰੈਂ।
ਪਹੁੰਚਯੋ ਦਿਵਸ ਬਯਾਹ ਕੋ ਆਇ।
ਨਿਤ ਪ੍ਰਤਿ ਉਤਸਵ ਮਾਤ ਕਰਾਇ ॥੪੨॥
ਢੋਲਕ, ਟਲਕਾ, ਘੁੰਘਰੂ, ਤਾਲੀ।

ਗਾਵਹਿਂ ਨਾਚਹਿਂ ਲੇਤਿ ਭਵਾਲੀ।
ਨਿਸ ਬਾਸੁਰ ਮਹਿਂ ਕੌਤਕ ਹੋਤਿ।
ਦੇਖਹਿਂ ਨਰ ਤ੍ਰਿਯ ਮੋਦ ਉਦੋਤਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥੧੧॥

## ੧੨. [ਬਰਾਤ ਦੀ ਚੜ੍ਹਾਈ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਦਿਵਸ ਬਜਾਹ ਕੋ ਆਇਗੋ, ਤਜਾਰੀ ਸਕਲ ਕਰਾਇ।
ਸਾਜੀ ਸਕਲ ਬਰਾਤ ਤਬਿ, ਦੇ ਪੋਸ਼ਿਸ਼ ਸਿਰੁਪਾਇ ॥੧॥

ਪਾਧੜੀ ਛੰਦ:

ਸ਼੍ਰੀ ਗੁਜਰੀ ਰਿਦ ਅਨੰਦ ਧਾਰਿ।
ਸਤਿਗੁਰੂ ਪੁੱਤ੍ਰ ਕੋ ਢਿਗ ਹਕਾਰਿ।
ਚੰਦਨ ਸੁ ਚਾਰੁ ਚੌਕੀ ਡਸਾਇ।
ਬਿਚ ਅਜਰ ਮਹਿਦ[1] ਦੀਨੇ ਬਿਠਾਇ ॥੨॥ — [1]ਵੇਹੜੇ ਵੱਡੇ ਵਿਚ।
ਬਰ ਨਾਰਿ ਸੁਹਾਗਣ ਗੀਤ ਗਾਇੰ।
ਚਹੁੰਦਿਸ਼ਿਨਿ ਆਨਿ ਪਰਵਾਰ ਪਾਇ[1]। — [1]ਘੇਰਾ ਪਾਕੇ।
ਮਰਦਨਿ ਕਰੰਤਿ ਬਟਣਾ ਸ਼ਰੀਰ।
ਜਿਸ ਮੈਂ ਸੁਗੰਧਿ ਮਹਿਕਤਿ ਗਹੀਰ[1] ॥੩॥ — [1]ਬਹੁਤ।
ਸਭਿ ਅੰਗ ਰੁਚਿਰ ਮਰਦਜੋ ਬਨਾਇ।
ਭੁਜਦੰਡ ਗਹੇ ਗਜ ਸੁੰਡ ਭਾਇ[1]। — [1]ਹਾਥੀ ਦੀ ਸੁੰਡ ਵਰਗੇ ਭੁਜਦੰਡੇ ਫੜਕੇ (ਵੱਟਣਾ ਮੱਲਿਆ)।
ਪੁਨ ਲਜਾਇ ਨੀਰ ਨੀਕੇ ਸ਼ਨਾਨ।
ਮੁਖ ਚੰਦ ਪਖਾਰਜੋ ਰੁਚਿਰ ਠਾਨਿ ॥੪॥
ਪਟ ਪੀਤ ਪਹਿਰ ਕਰਿ ਸਕਲ ਅੰਗ।
[1]ਕਰ ਬੰਧਿ ਕੰਗਣਾ ਸਗਨ ਸੰਗ। — [1]ਹੱਥ।
ਸ਼ੁਭ ਬਸਤ੍ਰ ਬਿਭੂਖਨ ਚਾਰੁ ਡਾਰਿ[1]। — [1]ਪਾਕੇ।
ਸਿਰਪੇਚ[1] ਸੀਸ ਪਰ ਦੁਤਿ ਉਦਾਰ ॥੫॥ — [1]ਪੱਗ, ਦਸਤਾਰ, ਚੀਰਾ [ਫਾ. ਸਰਪੇਚ]।
ਤਿਸ ਉਪਰ ਜਿਗਾ ਬਹੁ ਚਮਕਵੰਤਿ।
ਮੁਕਤਾ ਸੁ ਗੋਲ ਹੀਰਨਿ ਜਰੰਤਿ[1]। — [1]ਤੇ ਹੀਰਿਆਂ ਨਾਲ ਜੜੀ ਹੋਈ।
ਸਬਜ਼ੇ ਬਿਲੰਦ ਸਬਿ ਜੇ ਸੁਹਾਇ।
ਲਰਕੰਤਿ ਪੰਕਤੀ ਦੁਤਿ ਬਨਾਇ[1] ॥੬॥ — [1]ਵਡੇ ਵਡੇ ਪੰਨੇ (ਐਸੇ) ਸੁਹਣੇ ਸਨ ਕਿ ਓਹ ਸਾਰੇ ਕਤਾਰ ਬੰਨ੍ਹਵੀਂ ਸੁੰਦਰਤਾ ਨਾਲ ਲਟਕ ਰਹੇ ਸਨ।
ਕਲਗੀ ਉਤੰਗ ਜਿਸ ਜਗਤਿ ਜੋਤਿ[1]। — [1]ਪ੍ਰਕਾਸ਼ਦੀ ਹੈ।
ਮੁਕਤਾਨ ਗੁੱਛ, ਹੀਰਨ ਉਦੋਤਿ[1]। — [1]ਚਮਕ ਰਹੇ ਹਨ।
ਮੁਖ ਮੰਡਲ ਚੰਦ ਮਨਿੰਦ ਚਾਰੁ।

ਬਿਚ ਸੁਧਾ ਬਾਕ[1] ਮਾਧੁਰ ਅਪਾਰ ॥੭॥
[1]ਅੰਮ੍ਰਿਤ ਰੂਪੀ ਵਾਕ।

ਕੁੰਡਲ ਸੁ ਗੋਲ ਡੋਲਹਿਂ ਕਪੋਲ[1]।
[1]ਗੱਲ੍ਹਾਂ (ਉੱਪਰ)।

ਸ਼ੋਭਤਿ ਅਮੋਲ ਉਪਮਾ ਅਤੋਲ।
ਮੁਕਤਾਨ ਮਾਲ ਗਲ ਮੈਂ ਬਿਸਾਲ।
ਭੁਜਦੰਡਨ ਅੰਗਦ ਦੁਤਿ ਉਜਾਲ[1] ॥੮॥
[1]ਡੌਲਿਆਂ ਵਿਚ ਬਹੁਟਿਆਂ ਦੀ ਸੁੰਦਰਤਾ ਪ੍ਰਕਾਸ਼ਦੀ ਹੈ।

ਹਾਟਕ ਜੜਾਵ ਕਰ ਕਟਕ ਪਾਇ[1]।
[1]ਸੋਨੇ ਦੇ ਜੜਾਊ ਕੜੇ ਹੱਥ ਵਿਚ ਪਹਿਨੇ ਹੋਏ।

ਛਬਿ ਛਾਪ ਛਲਾਯਨ ਸ੍ਰਿਛ ਛਾਇ।
ਕਰ ਬੰਧਯੋ ਕੰਙਣਾਂ ਸ਼ੋਭ ਦੇਤਿ।
ਪਟ ਪੀਤ ਪਹਿਰਿ ਦੁਤਿ ਪਰਮ ਲੇਤਿ[1] ॥੯॥
[1]ਡਾਢੀ ਖੂਬਸੂਰਤੀ ਲੇ ਰਹੇ ਹਨ।

ਦੋਹਰਾ:
[1]ਜ਼ੇਵਰ ਜੇ ਵਰ ਜ਼ੇਬ ਜਿਨ,
ਜਬਰ ਜਵਾਹਰ ਜੋਤਿ।
ਜਰੇ ਜਰਾਇਨ ਜਾਂਬੁਨਦ,
ਪਹਿਰੇ ਸ਼ੋਭ ਉਦੋਤਿ[10] ॥੧੦॥

[1]ਗਹਿਣੇ ਜਿਨ੍ਹਾਂ ਦੀ ਜ਼ੇਬਾਇਸ਼ (ਸ਼ੋਭਾ) ਸ਼੍ਰੇਸ਼ਟ ਹੈ, ਜਿਨ੍ਹਾਂ ਵਿਚ ਜਵਾਹਰਾਂ ਦੀ ਜੋਤੀ ਜੋਰਾਵਰ ਹੈ (ਭਾਵ ਵਧੇਰੇ ਚਮਕ ਵਾਲੀ ਹੈ) (ਅਤੇ ਜੋ) ਸੋਨੇ ਦੀ ਜੜਤ ਵਿਚ ਜੜੇ ਹੋਏ ਹਨ, (ਜਿਨ੍ਹਾਂ ਦੇ) ਪਹਿਰਨ ਨਾਲ ਸ਼ੋਭਾ ਉਦੇ ਹੁੰਦੀ ਹੈ।

ਪਾਧੜੀ ਛੰਦ:
[†]ਪਾ:-ਫਿਰ ਫਿਰ।

ਝੁਲਿਯੰਤ ਛੱਤ੍ਰ ਸਿਰ ਪਰ[†] ਫਿਰਾਇ।
ਢੁਰਿੰਯਤ ਚਮਰ ਚਾਰੁ ਚਲਾਇ[1]।
[1]ਸੁਹਣਾ ਚਲਦਾ ਹੋਇਆ।

ਜਿਮ ਇੰਦ੍ਰ ਸਚੀ[1] ਕੇ ਬਜਾਹ ਹੇਤ।
[1]ਇੰਦ੍ਰਾਣੀ।

ਤਨ ਕੋ ਸ਼ਿੰਗਾਰ ਦੁਤਿ ਪਰਮ ਦੇਤਿ ॥੧੧॥
ਗੁਜਰੀ ਬਿਲੋਕਿ ਨਿਜ ਨੰਦ ਚੰਦ[1]।
[1]ਚੰਦ ਵਰਗਾ ਪੁੱਤ੍ਰ।

ਚਿਤ ਮਹਿਂ ਅਨੰਦ ਅਧਿਕਯੋ ਬਿਲੰਦ।
[1]ਤ੍ਰਿਯ ਤਰੁਨ, ਗੌਰ ਤਨ, ਬਸਨ ਝੀਨ।
ਗਨ ਅਲੰਕਾਰ ਧਰਿ ਹੇਮ ਭੀਨ[14] ॥੧੨॥

[1]ਤ੍ਰੀਮਤਾਂ ਜਵਾਨ ਤੇ ਗੋਰੇ ਸਰੀਰ ਵਾਲੀਆਂ ਮਹੀਨ ਬਸਤ੍ਰਾਂ ਵਾਲੀਆਂ, ਬਹੁਤੇ ਗਹਿਣੇ ਵਾਲੀਆਂ ਮਾਨੋਂ ਸੋਨੇ ਨਾਲ ਮੜ੍ਹੀਆਂ ਹੋਈਆਂ।

ਬਹੁ ਬਾਰ ਬਾਰ ਗਾਵੰਤਿ ਗੀਤ।
ਜਿਨ ਕੰਠ ਕੋਕਲਾ ਮੁਦਤਿ ਚੀਤ।
ਬਲਿਹਾਰ ਹੋਤਿ ਪਿਖਿ ਗੁਰ ਸਰੂਪ।
ਉਮਕੰਤਿ ਹੀਯ ਲਖਿ ਕਰਿ ਅਨੂਪ

॥ ੧੩ ॥
ਕੁਲ ਰੀਤਿ ਕੀਨਿ ਗੁਰ ਵਹਿਰ ਆਇ।
ਥਿਰ ਭਏ ਪੌਰ ਸੁੰਦਰ ਸੁਹਾਇ।
ਤਬਿ ਹਨੇ ਡੰਕ ਧੌਂਸਾ ਧੁੰਕਾਰ।
ਡਫ ਪਣਵ, ਪਟਹਿ ਧੁਨਿ ਭੀ ਉਦਾਰ
॥ ੧੪ ॥
ਤੁਰਰੀ, ਨਫੀਰ, ਛੈਣੇ ਬਜੰਤਿ।
ਗਨ ਢੋਲ ਬੰਸਰੀ ਰਵ[1] ਉਠੰਤਿ।
[1]ਆਵਾਜ਼, ਸ਼ਬਦ।
ਸਭਿ ਅੱਗ੍ਰ ਚਲੇ ਬਾਜਤਿ ਨਿਸ਼ਾਨ[1]।
[1]ਧੌਂਸੇ।
ਕੁਛ ਕਹੀ ਬਾਤ ਸੁਨੀਏਂ ਨ ਕਾਨ[1]
[1]ਕੰਨੀ ਸੁਣਾਈ ਨਹੀਂ ਦਿੰਦੀ।
॥ ੧੫ ॥
ਪਸ਼ਚਾਤ ਨਾਗਰੀ ਗਾਇੰ ਗਾਛ[1]।
[1]ਪਿਛੇ ਇਸਤ੍ਰੀਆਂ ਗਾਉਂਜੀਆਂ ਜਾ ਰਹੀਆਂ ਹਨ।
ਬਿਸਤਿਰਤ ਆਂਖ ਪੈਨੇ ਕਟਾਛ[1]।
[1]ਚੌੜੀਆਂ ਅੱਖਾਂ ਤੇ ਤਿੱਖੇ ਮਟਕਾਰੇ ਵਾਲੀਆਂ।
ਹਿਤ ਬ੍ਰਾਤ ਚਢਾਵਨਿ ਚਲਤਿ ਸੰਗ।
ਗਨ ਅਲੰਕਾਰ ਛਣਕੰਤਿ ਅੰਗ ॥ ੧੬ ॥
ਬਹੁ ਬਰਨ ਚੂਨਰੀ ਛੋਰਦਾਰ[1]।
[1]ਪੱਲਿਆਂ ਵਾਲੀਆਂ।
ਕੋ ਜ਼ਰੀਦਾਰ ਕੋ ਕੋਰਦਾਰ[†]।
[†]ਪਾ:-ਸ਼ੁਭ ਕਰੀ ਜ਼ਰੀ ਕੋ ਕੋਰਦਾਰ।
ਮੁਸਕਾਤ ਮੰਦ ਦਿਖੀਅੰਤਿ ਦੰਤ।
ਬਿਚ ਲਾਲ -ਅਧਰ ਕੇ ਇਮ ਸ਼ੁਭੰਤਿ
॥ ੧੭ ॥
ਸੰਪਟ ਪ੍ਰਵਾਲ ਦੁਤਿ ਲਾਲਵੰਤਿ[1]।
[1]ਜਿਵੇਂ) ਗੁਲੀਆਂ ਦੇ ਡਬੇ ਦੀ ਲਾਲ ਰੰਗ ਵਾਲੀ ਸ਼ੋਭਾ ਹੋਵੇ।
ਬਿਚ ਬੀਚ ਬੀਜਰੀ[†] ਗਾਡਿਯੰਤ[1]।
[1]ਤੇ ਵਿੱਚੋ ਵਿਚ ਬਿਜਲੀ ਗਡੀ ਹੋਈ ਹੋਵੇ (ਇਕੁਰ ਦੰਦ ਸ਼ੋਭ ਰਹੇ ਹਨ)। [†]ਪਾ:ਪਾਠਾਂਤ੍ਰ-ਬਿਚ ਬੀਜ ਬੀਜਰੀ-ਬੀ ਦੱਸੀਦਾ ਹੈ।
ਬੜਵਾ ਅਰੂਢਿ ਗੁਰ ਅੱਗ੍ਰ ਚਾਲਿ।
ਮੁਕਤਾਨ ਸੇਹਰਾ ਹੇਮ ਭਾਲ[1] ॥ ੧੮ ॥
[1]ਮੱਥੇ ਤੇ ਸੇਹਰਾ ਮੋਤੀਆਂ ਤੇ ਸੋਨੇ (ਦੀਆਂ ਤਾਰਾਂ) ਦਾ।
ਫਿਰਿਯੰਤਿ ਛਤ੍ਰ ਢੁਰਿਯੰਤਿ ਚੌਰ।
ਬਜਿਯੰਤਿ ਬਾਜ[1], ਪਰਿਯੰਤਿ ਰੌਰ।
[1]ਬਾਜੇ ਵਜਦੇ ਹਨ।
ਘਰ ਪੌਰ ਪੋਰ ਨਰਨਿ ਭੀਰ।
ਕੌਤਕ ਬਿਲੋਕਿ ਲੋਭਤਿ ਸਰੀਰ ॥ ੧੯ ॥
ਸਭਿ ਸਜਿ ਬਰਾਤ ਸੁਧਿ ਪਾਇ ਆਇ।
ਵਾਹਨ ਪਲਾਇ ਕੇਤਿਕ ਕੁਦਾਇ।

ਸ਼ੁਭ ਸਜਤਿ ਜ਼ੀਨ ਸੁੰਦਰ ਤੁਰੰਗ।
ਸਭਿ ਕਰੇ ਏਕ ਸਮ ਲਾਲ ਰੰਗ ॥੨੦॥
ਵਾਹਨ ਅਨੇਕ ਨਿਕਸੰਤਿ ਚਾਰੁ।
ਸਜੰਦਨ ਸੁਰੰਗ ਜ਼ਰਿ ਕੋ ਉਛਾਰ[1]।
[1]ਜ਼ਰੀ ਦੇ (ਕੰਮ ਵਾਲੇ) ਉਛਾੜ (ਵਾਲੇ)।
ਕਿਸਹੂੰ ਤੁਰੰਗ, ਕਿਸ ਬ੍ਰਿਖਭ ਜੋਰਿ[1]।
[1]ਜੋੜੇ ਹਨ।
ਜਿਨ ਕੇਰਿ ਪੁਸ਼ਟ ਤਨ ਮਹਿਦ ਜੋਰ[1] ॥੨੧॥
[1]ਜਿਨ੍ਹਾਂ ਦੇ ਤਨ ਮੋਟੇ ਤੇ ਬੜੇ ਬਲ ਵਾਲੇ ਹਨ।
ਘੰਟੇ ਠਣੰਕ, ਘੁੰਘਰ ਛਣੰਕ।
ਪ੍ਰੇਰਕ ਸ਼ਬਦ[1] ਤੋਰਤਿ ਨਿਸ਼ੰਕ।
[1]ਰਥਵਾਹੀ ਅਵਾਜ਼ ਦੇਕੇ।
ਬਹੁ ਬਹਿਲ ਬੇਗ ਤੇ ਬਲ ਬਿਲੰਦ।
ਸੁੰਦਰ ਸਿੰਗਾਰ ਪਿਖਿ ਦੇ ਅਨੰਦ ॥੨੨॥
ਇਕਸਾਰ ਲਾਲ ਸਭਿ ਪਰ ਉਛਾਰ।
ਪਟ ਪਹਿਰਿ ਰੁਚਿਰ ਭੂਖਨ ਸੁਧਾਰਿ।
ਸਭਿ ਬਨੇ ਛੈਲ ਛਬਿ ਤੇ ਸੁਹਾਇ।
ਤਬਿ ਪੰਚ ਭ੍ਰਾਤ ਤਹਿਂ ਆਇ ਧਾਇ ॥੨੩॥
ਚਢਿ ਚਪਲ ਚਾਲ ਬਾਜੀ ਕੁਦਾਇ।
ਜਿਨ ਜ਼ੀਨ ਰਜਤ ਅਰੁ ਰੁਕਮ ਲਾਇ[1]।
[1]ਚਾਂਦੀ ਤੇ ਸੋਨਾ ਲੱਗਾ ਹੈ।
ਤਿਨ ਨਾਮ ਸ਼ਾਹ ਸੰਗੋ ਭਿਰਾਮ।
ਅਰੁ ਮਾਹਰੀ ਚੰਦ, ਸੁ ਗੰਗ ਰਾਮ ॥੨੪॥
ਪੁਨ ਜੀਤ ਮੱਲ, ਗਾਜ਼ੀ[1] ਗੁਲਾਬ।
[1]ਸੂਰਮਾ, ਧਰਮੀ ਜੋਧਾ। [ਅ:, ਗਾਜ਼ੀ]।
ਗੁਰ ਨਿਕਟ ਆਇ ਪਹੁੰਚੇ ਸ਼ਿਤਾਬ।
ਦਿਜ ਦਯਾਰਾਮ ਬਸਤ੍ਰਨਿ ਸਜਾਇ।
ਧਰਿ ਖੜਗ ਸਿਪਰ ਹਯ ਕੋ ਧਵਾਇ ॥੨੫॥
ਸ਼ੁਭ ਸੂਰਜਮਲ ਕੇ ਪੌਤ੍ਰ ਦੋਇ।
ਅਸੁ ਪੈ ਅਰੂਢਿ ਸ਼ੁਭ ਬੇਸ ਹੋਇ।
ਬੇਦੀਨ ਬੰਸ ਸਜੰਦਨ ਸੁਧਾਰਿ।
ਤੇਹਣ ਸਮੂਹ ਤਿਮ ਅਨੰਦ ਧਾਰਿ ॥੨੬॥
ਭੱਲੇ ਚਢੇ ਸਜਿ ਜਾਨੁ ਸੋਹਿ[1]।
[1]ਸਵਾਰੀਆਂ ਤੇ ਸ਼ੋਭੇ।
ਰਥ ਬਹਿਲ ਬਹੁਰ ਕੈ ਹਯ ਅਰੋਹਿ[1]।
[1]ਸਵਾਰ ਹੋਏ।
ਦੇਸ਼ਨਿ ਬਿਦੇਸ਼ ਬ੍ਰਿੰਦੈ ਮਸੰਦ।

ਤਨ ਬਸਨ ਬਿਭੂਖਨ ਸਜਿ ਬਿਲੰਦ ॥੨੭॥
ਜਿਨ ਬਿਖੈ ਮੁੱਖਿ ਬਹੁ ਰਾਮਕੌਰ।
ਬ੍ਰਿਧ ਬੰਸ ਜਾਨੀਯਤਿ ਸਕਲ ਠੌਰ।
ਗਿਨੀਏ ਕਿਤੇਕ ਬਹੁ ਚਢਿ ਬਰਾਤ।
ਬਡ ਭਯੋ ਸ਼ਬਦ ਸਭਿ ਪੰਥ ਜਾਤਿ ॥੨੮॥
ਛੁੱਟੇ ਨਿਸ਼ਾਨ ਫਰਰੇ ਮਹਾਨ।
ਬਹੁ ਬਰਨ ਬਰਨ ਕੇ ਸ਼ੋਭਵਾਨ।
ਪਸ਼ਚਾਤ ਤਿਨਹੁ ਬਾਜੇ ਬਜੰਤ।
ਬਡ ਕਰਤਿ ਕੁਲਾਹਲ ਪਗ ਚਲੰਤਿ ॥੨੯॥
ਦੂਲੋ ਸੁਹਾਇ ਤਿਨ ਕੇ ਪਿਛਾਰ।
ਸਿਰ ਛਤ੍ਰ ਚਮਰ ਢੁਰ ਬਾਰਿ ਬਾਰਿ।
ਨਰ ਨਾਰਿ ਪਿਖੈਂ ਥਿਰ ਹੋਇ ਹੋਇ।
ਉਰ ਅਧਿਕ ਮੁਦਤਿ ਬਰ ਜੋਇ ਜੋਇ[1] ॥੩੦॥
[1]ਵਰ ਨੂੰ ਦੇਖ ਦੇਖ ਕੇ।
ਸ਼੍ਰੀ ਗੁਜਰੀ ਸਹਿਤ ਸਮੂਹ ਤ੍ਰੀਯ।
ਕਰਿ ਬਿਦਾ ਬਰਾਤ ਅਨੰਦ ਹੀਯ।
ਗਮਨੀ ਨਿਕੇਤ ਗਾਵੰਤਿ ਗੀਤ।
ਸੁਤ ਕੋ ਪ੍ਰਭਾਵ ਬਡ ਜਾਨਿ ਚੀਤ ॥੩੧॥

ਸ੍ਵੈਯਾ:
ਦੁੰਦਭਿ ਦੀਰਘ ਧੌਂਸ[1] ਬਜੈਂ
[1]ਧੌਂਸੇ।
ਚਢਿ ਵਾਹਿਨ ਚਾਰੁ ਮਿਲੇ[1] ਸਭਿ ਚਾਲੇ।
[1]ਮਿਲ ਕੇ।
ਕੇਤਿਕ ਸਜੰਦਨ ਜਾਤਿ ਪਲਾਵਤਿ,
ਕੇਤਿਕ ਬਾਜ[1] ਕੁਦਾਇੰ ਬਿਸਾਲੇ।
[1]ਘੋੜੇ।
ਕੇਤਿਕ ਬੈਲਨਿ ਕੀ ਬਹਿਲੇਂ
ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ[1]।
[1]ਬਲਵਾਨ ਸਰੀਰ ਵਾਲੇ ਬੈਲਾਂ ਦੀਆਂ ਬਹਿਲਾਂ ਦੌੜਦੀਆਂ ਹਨ।
ਘੁੰਘਰ ਕੀ ਛਨਕਾਰ ਮਹਾਂ
ਧੁਨਿ ਬਾਦਿਤ ਕੀ[1] ਮਿਲਿਕੈ ਤਿਸ ਨਾਲੇ ॥੩੨॥
[1]ਵਾਜਿਆਂ ਦੀਆਂ ਸੁਰਾਂ।

ਪਾਧੜੀ ਛੰਦ:

ਗਮਨੀ ਬਰਾਤ ਬਡ ਧੂਮ ਧਾਮ।
ਬਡ ਉਠੀ ਧੂਰ, ਰਹਿ ਦਿਵਸ ਜਾਮ[1]। — [1]ਪਹਿਰ ਦਿਨ ਰਹੇ।
ਲਵਪੁਰੀ ਜਾਇ ਪਹੁੰਚੇ ਸੁ ਪਾਸ।
ਥਿਰ ਬ੍ਰਿੰਦ ਨਾਰਿ ਨਰ ਪਿਖਿਨਿ ਆਸ ॥੩੩॥

ਇਕ ਦਿਸ਼ਾ ਬਜਤਿ ਬਾਜੇ ਉਦਾਰ।
ਇਕ ਦਿਸ਼ਾ ਗੀਤ ਗਨ ਗਾਇੰ ਨਾਰਿ।
ਛਣਕਾਰ ਰਥਨਿ ਮਗ ਅਧਿਕ ਹੋਇ।
ਇਕ ਦਿਸ਼ਾ ਕੁਦਾਵਤਿ ਹਯਨਿ ਕੋਇ ॥੩੪॥

ਬਡ ਸ਼ਬਦ ਭਯੋ ਚੱਕ੍ਰਨਿ[1] ਗੰਭੀਰ। — [1]ਪਹੀਆਂ ਦਾ।
ਜਿਮ ਚਢ੍ਯੋ ਗਰਜ ਨੀਰਧ ਸੁ ਨੀਰ[1]। — [1]ਸਮੁੰਦਰ ਦਾ ਪਾਣੀ।
ਨਰਬ੍ਰਿੰਦ ਕੁਲਾਹਲ ਬਹੁ ਕਰੰਤਿ।
ਹੁਇ ਹਯਨਿ ਹਿਰੇਖਾ ਰਵ[1] ਉਠੰਤਿ ॥੩੫॥ — [1]ਹਿਣਕਾਰ ਦਾ ਸ਼ਬਦ ਉਠਦਾ ਹੈ।

ਸ਼ੁਤਰਨ ਊਪਰ ਸੁਥਰੀ[1] ਬਜੰਤਿ। — [1]ਨਗਾਰੇ [ਸ਼ੁਤਰ = ਊਠ, ਜੋ ਵਾਜਾ ਊਠ ਉਤੇ ਧਰਕੇ ਵਜੇ ਸੋ ਸੁਤਰੀ, ਸੁਥਰੀ]।
ਕੁਛ ਕਹੀ ਬਾਤ ਕਿਸ ਨਹਿਂ ਸੁਨੰਤਿ।
ਗੁਰ ਪੁਰੀ ਛੋਟ, ਉਤਸਵ ਬਿਸਾਲ।
ਜਨੁ ਬਿਚ ਨ ਮੇਯ ਬਾਹਰ ਉਛਾਲ[1] ॥੩੬॥ — [1]ਮਾਨੋਂ (ਉਤਸਾਹ) ਵਿਚ ਸਮਾ ਨਹੀਂ ਸਕਦਾ ਉਸ ਨੂੰ ਬਾਹਰ ਉਛਾਲ ਦਿੰਦਾ ਹੈ।

ਗਨ ਆਇੰ ਜੁ ਮੰਗਤ ਊਚ ਨੀਚ।
ਸਭਿ ਲਹੈਂ ਦਰਬ ਹੁਇੰ ਊਚ ਨੀਚ[1]। — [1]ਨੀਵੇਂ ਤੋਂ ਉੱਚੇ ਹੋ ਜਾਂਦੇ ਹਨ।
ਬਹੁ ਕਰਤਿ ਸੁਜਸੁ ਗੁਰ ਦਾਨ ਪਾਇ।
'ਸਭਿ ਜਗਤ ਮਾਂਹਿ ਇਨ ਸਮ ਨ ਕਾਇ[†]' ॥੩੭॥ — [†]ਪਾ:-ਇਹ ਬਡੋ ਸਭਿਨਿ ਸਮ ਹ੍ਵੈ ਨ ਕਾਇ।

ਹਰਿਜਸ ਸਸੁਰ ਗੁਰ ਬੁੱਧਿਵਾਨ[1]। — [1]ਗੁਰੂ ਜੀ ਦਾ ਬੁੱਧੀਮਾਨ ਸਹੁਰਾ ਹਰਜਸ।
ਸੁਧਿ ਲਹੀ ਬ੍ਰਾਤ ਆਗਮ ਮਹਾਨ।
ਕਰਿ ਕੈ ਇਕੱਤ੍ਰ ਅਪਨੇ ਸੁ ਭ੍ਰਾਤ।
ਸਭਿ ਲੀਨਿ ਵਸਤੁ ਜੋ ਚਹਿਯ ਜਾਤਿ[1] ॥੩੮॥ — [1]ਜੋ ਨਾਲ ਜਾਣੀ ਚਾਹੀਦੀ ਸੀ।

ਖੱਤ੍ਰੀਨ ਮੇਲ ਠਾਨ੍ਯੋ ਬਿਸਾਲ।

ਬਿਵਹਾਰੁ ਗਜਾਤ[1] ਸਜਾਨੇ ਸੰਭਾਲ।
ਗੁਰੁ ਹਿਤ ਅਕੋਰ ਲੇ ਚੀਰ ਚਾਰੁ।
ਸਜਿ ਰਜਤ ਜ਼ੀਨ ਬਾਜੀਨ ਚਾਰੁ[1] ॥ ੩੯ ॥

[1](ਵਿਆਹ ਦੇ) ਵਿਹਾਰ (ਦੇ) ਜਾਣੂ।

[1]ਸੁਹਣੇ ਘੋੜੇ।

ਦੋਹਰਾ:

ਥਾਤੀ ਭਰਿ ਕਰਿ ਦਰਬ ਕੀ, ਵਸਤੁ ਅਪਰੁ ਸੰਭਾਰਿ।
ਚਲੇ ਹੇਤੁ ਸਨਮਾਨ ਕੇ, ਗੁਰ ਸ਼ਰਧਾ ਉਰ ਧਾਰਿ ॥ ੪੦ ॥
ਗੁਰ ਲਵਪੁਰਿ ਨਰ ਨਾਰਿ ਉਰ, ਹਰਖਤਿ ਚਿਤ ਸਮੁਦਾਇ।
ਧਰਤਿ ਬ੍ਰਾਤ ਪਰਤੀਖਣਾ, ਦੂਲਹੁ ਦੇਖਨਿ ਚਾਇ ॥ ੪੧ ॥
ਸੰਗਤਿ ਬਹੁ ਗੁਰ ਗ੍ਰਾਮ ਕੀ, ਸਗਰੀ ਤਹੀਂ ਉਤਾਰਿ[1]।
ਛਪਰਨਿ ਤੇ ਨਿਕਸੀ ਤਬਹਿ, ਧੁਨਿ ਬਾਜਨ ਸ੍ਰੁਤ ਧਾਰਿ[1]† ॥ ੪੨ ॥

[1]ਸ਼੍ਰੀ ਗੁਰੂ ਜੀ ਦੀ ਬਹੁਤੇ ਪਿੰਡਾਂ ਦੀ ਸੰਗਤਿ ਉਥੇ ਹੀ ਸਾਰੀ ਉਤਰੀ ਹੋਈ ਸੀ। ਪਰ ਸ਼ੁੱਧ ਪਾਠ-'ਪੁਰ ਗ੍ਰਾਮ' ਹੈ ਲਿਖਾਰੀ ਦੀ ਕਲਮ ਉਕਾਈ ਹੋਈ ਦਿੱਸਦੀ ਹੈ।

[1]ਵਾਜਿਆਂ ਦੀ ਧੁਨਿ ਕੰਨੀ ਸੁਣਕੇ। †ਇਕ ਲਿਖਤੀ ਨੁਸਖੇ ਵਿਚ ਇਸ ਤੋਂ ਅੱਗੇ ਇਕ ਹੋਰ ਦੋਹਰਾ ਬੀ ਹੈ:-ਬ੍ਰਿੰਦ ਥਾਨ ਅਬਲਾ ਖਰੀ ਬਸਤ੍ਰ ਬਿਭੂਖਨ ਚਾਰੁ ॥ ਗਾਇੰ ਗੀਤ ਬਹੁ ਪ੍ਰੀਤਿ ਤੇ ਰੀਤਿ ਬਜਾਹ ਕੀ ਧਾਰਿ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥ ੧੨ ॥

## ੧੩. [ਬਰਾਤ ਦਾ ਢੁਕਾਉ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਇਤ ਤੇ ਸਹਿਤ ਬਰਾਤ ਗੁਰ ਲਵਪੁਰਿ ਤੇ ਅਸ ਕੋਸ।
ਟਿਕੇ, ਸਕਲ ਤਜਾਰੀ ਕਰੀ ਨੇਗ ਲਾਗ ਕੇ ਜੋਸ[1] ॥੧॥

[1]ਲਾਗੀਆਂ ਦੇ ਜੀ ਵਿਚ ਲਾਗ ਲੈਣ ਦਾ ਚਾਉ (= ਜੋਸ਼) ਸੀ। (ਅ) ਨੇਗ ਲਾਗਕੇ ਜੋ ਸ = ਲਾਗੀਆਂ ਦੇ ਲਾਗ ਜੋ ਸਨ ਉਹਨਾਂ ਦੇ ਦੇਣੇ ਦੀ ਤਜਾਰੀ ਕੀਤੀ।

ਪਾਧੜੀ ਛੰਦ:

ਜੇ ਬ੍ਰਿਧ ਮਸੰਦ ਤਿਨ ਕੋ ਹਕਾਰਿ।
ਧਨ ਦੀਨਿ ਤਿਨਹੁੰ ਥਾਤੀਨ ਡਾਰਿ[1]। [1]ਥੈਲੀਆਂ ਵਿਚ ਪਾਕੇ।
'ਕਰਤੇ ਚਲੇਹੁ ਬਰਖਾ ਬਿਲੰਦ।
ਜਿਮ ਮੇਘ ਉਨਵਿ ਬਰਖਾਇ ਬੁੰਦ[1]' ॥੨॥ [1]ਬੂੰਦਾਂ, ਕਣੀਆਂ।
ਜਬਿ ਸੁਨੇ ਅਗਾਊ ਲੈਨਿ ਆਇ।
ਧੁਨਿ ਉਠੀ ਅਧਿਕ ਬਾਦਿਤ ਬਜਾਇ।
ਤਬਿ ਮਿਲਿਨਿ ਹੇਤੁ ਸਾਮੀਪ ਆਨਿ।
ਮਾਤੁਲ ਕ੍ਰਿਪਾਲ ਇਤ ਸਾਵਧਾਨ ॥੩॥
ਛੁਟੇ ਨਿਸ਼ਾਨ ਅਗਵਾਨ ਜਾਤਿ।
ਜਿਨ ਜ਼ਰੀ ਲਾਗ ਬਹੁ ਰੰਗ ਭਾਂਤਿ।
ਦਹਿ ਦਿਸ਼ਿਨਿ ਮੇਲ ਇਸ ਰੀਤ ਕੀਨਿ।
ਜਨੁ ਘੋਖ ਘੋਖ ਘਨ ਮਿਲਤਿ ਪੀਨ[1] ॥੪॥ [1]ਮਾਨੋਂ ਵਡੇ ਬੱਦਲ ਗੱਜ ਗੱਜ ਕੇ ਮਿਲ ਰਹੇ ਹਨ।
ਵਾਹਿਨ ਭਜਾਇ ਵਾਹਨ ਉਡਾਇ[1]। [1]ਸਵਾਰੀਆਂ ਭਜਾਉਂਦੇ ਹਨ ਤੇ ਬਾਹਾਂ ਉਲਾਰਦੇ ਹਨ।
ਮਿਲਿ ਆਪ ਮਾਂਹਿ ਆਨੰਦ ਉਪਾਇ।
ਜਨੁ ਨਦੀ ਹਰਖ ਕੀ ਉਮਡ ਦੋਇ।
ਹੁਇ ਸੰਗਮ, ਅੰਗ ਉਮੰਗ ਸੋਇ[1] ॥੫॥ [1]ਮਾਨੋਂ ਖੁਸ਼ੀ ਦੀਆਂ ਦੋ ਨਦੀਆਂ ਦਾ ਉਮੰਡ ਕੇ ਮਿਲਾਪ ਹੁੰਦਾ ਹੈ, ਜਿਨ੍ਹਾਂ ਦੇ ਅੰਗਾਂ ਵਿਚ ਚਾਉ (ਭਰਿਆ ਹੈ)।
ਗਨ ਵਸਤੁ ਅੱਗ੍ਰ ਗੁਰ ਕੇ ਟਿਕਾਇ।
ਸਭਿ ਪਰੇ ਪਾਇ ਚਿਤ ਚਾਇ ਚਾਇ।
ਬਹੁ ਬਿਨੈ ਭਨੀ ਸਭਿ ਹਾਥ ਬੰਦਿ।
'ਹਮ ਅਲਪ ਲਘੁ, ਤੁਮ ਬਡ ਬਿਲੰਦ[1] ॥੬॥ [1]ਵਡਿਆਂ ਤੋਂ ਵੱਡੇ।
ਨਿਜ ਦਾਸਿ ਜਾਨਿ ਪਤ ਲੇਹੁ ਰਾਖਿ।

ਅਬਿ ਕ੍ਰਿਪਾ ਕਰੀ ਪੂਰਨ ਭਿਲਾਖ।'
ਤਬਿ ਦਯਾਰਾਮ ਪ੍ਰੇਰਜੋ ਕ੍ਰਿਪਾਲ[1]। [1]ਮਾਮਾ ਕ੍ਰਿਪਾਲ ਜੀ ਨੂੰ ਬ੍ਰਿੱਪ ਦਯਾਰਾਮ ਨੇ ਸੱਦਿਆ।
'ਗੁਰ ਸਸੁਰ ਸਾਥ ਮਿਲਿ ਮੁਦ ਬਿਸਾਲ[1]' ॥੭॥ [1]ਮਿਲਨੀ ਕਰੋ ਬਹੁਤ ਖੁਸ਼ੀ ਨਾਲ।
ਸ਼ੁਭ ਬਸਤ੍ਰ, ਹਰਖ ਦੀਨਸਿ, ਤੁਰੰਗ।
ਗਰ ਮਿਲੇ ਜੁਗਲ ਮਨ ਧਰਿ ਉਮੰਗ।
ਸਨਮਾਨ ਜਾਨਿ ਗੁਰ ਤਿਨਹੁ ਕੇਰ।
ਪਕਵਾਨ ਲੀਨਿ, ਦਿਯ ਬਾਂਟ ਫੇਰ ॥੮॥
ਸਭਿ ਜਥਾ ਜੋਗ ਕਰਿ ਤਿਨਹੁ ਸਾਥ।
ਕਰਿਬੇ ਢੁਕਾਉ ਪੁਨ ਚਹਤਿ ਨਾਥ।
ਤਬਿ ਚਲੇ ਪੁਰੀ ਕੇ ਸਮੁਖ ਹੋਇ।
ਨਰ ਮਿਲੇ ਹਜ਼ਾਰਹੁ ਦਿਸ਼ਿਨਿ ਦੋਇ ॥੯॥
ਬਰਖੰਨ ਲਗਜੋ ਧਨ ਏਕਸਾਰ।
ਜਨੁ ਉਨਵਿ ਜਲਧ ਜਲ ਜਲਦ ਡਾਰ[1]। [1]ਮਾਨੋਂ ਨਿਉਂਕੇ ਬੱਦਲ ਜਲ ਨੂੰ ਛੇਤੀ ਵਸਾਂਦੇ ਹਨ।
ਗਨ ਬਜਤਿ ਬਾਜ ਭਈ ਧੁਮਧਾਮ।
ਬਡ ਉਠੀ ਧੂਲ ਲਿਯ ਛਾਦ ਧਾਮ ॥੧੦॥
ਚਢਿ ਕੈ ਉਤੰਗ[1] ਨਰ ਨਾਰਿ ਹੇਰਿ। [1]ਉੱਚੀਆਂ (ਥਾਂਵਾਂ) ਉਤੇ।
ਕਹਿਂ ਬਚ 'ਬਰਾਤ ਆਈ ਬਡੇਰ।
ਕਰਿ[1] ਰੰਕ ਤ੍ਰਿਪਤ ਧਨ ਕੋ ਬ੍ਰਖਾਇ।' [1]ਕੀਤੇ ਹਨ।
ਤਿਹ ਸਦਨ ਪੌਰ ਲਗਿ ਸਕਲ ਜਾਇ ॥੧੧॥
ਸਭਿ ਹਟੇ ਬਹੁਰ ਜਨਵਾਸ ਥਾਨ[1]। [1]ਜੰਞ ਦੇ ਵਾਸ ਥਾਨ ਵਲ।
ਗੁਰੁ ਕਰੇ ਖਰੇ ਜਹਿਂ ਪੌਰ ਜਾਨ[1]। [1]ਜਿੱਥੇ (ਅੰਦਰ) ਜਾਣ ਦਾ ਦਰਵਾਜ਼ਾ ਸੀ।
ਗਨ ਨਾਰਿ ਆਰਤੀ ਹਾਥ ਧਾਰਿ।
ਬਹੁ ਗਾਇੰ ਗੀਤ ਕਰਿ ਕਰਿ ਸਿੰਗਾਰ ॥੧੨॥
ਬੜਵਾ ਸੁ ਤਜਾਗਿ ਉਤਰੇ ਅਲੋਇ[1]। [1]ਅਸਚਰਜ ਰੂਪ (ਗੁਰੂ ਜੀ)।
ਚੌਕੀ ਡਸਾਇ ਤਿਸ ਪਰ ਖਰੋਇ।
ਕਰਨਿ ਨਮੋ, ਨਾਰਿ ਗੁਰ ਕੌ ਨਿਹਾਰਿ।
ਤਬਿ ਕਰੀ ਆਰਤੀ ਭੁਜ ਪਸਾਰਿ ॥੧੩॥

ਕੁਲ ਰੀਤਿ ਕਰੀ ਸਗਰੀ ਸੰਭਾਰਿ।
ਅਸਵਾਰ ਹੋਇ ਬਹੁਰੋ ਕ੍ਰਿਪਾਲ।
ਜਨਵਾਸ ਹੁਤੋ ਤਹਿਂ ਕਰਿ ਪਯਾਨ।
ਤੰਬੂ ਸ਼ਮਜਾਨ ਗਨ ਤਾਨਿ ਥਾਨ ॥੧੪॥
ਦੀਰਘ ਸੁਹਾਇਂ ਜਿਨ ਅਨਿਕ ਰੰਗ।
ਰੇਸ਼ਮ ਸੁ ਡੋਰ ਲਾਗੇ ਉਤੰਗ।
ਗੁਰ ਹਿਤ ਬਿਲੰਦ ਤੰਬੂ ਲਗਾਇ।
ਤਹਿਂ ਬਰੇ ਜਾਇ ਸਤਿਗੁਰ ਸੁਹਾਇ ॥੧੫॥

ਦੋਹਰਾ:

ਬੀਚ ਚੰਦੋਆ ਚਾਨਣੀ,
ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ,
ਸਭਿ ਮਖ਼ਮਲ ਚਹੁੰ ਓਰ ॥੧੬॥
ਤਜਿ ਤਜਿ ਵਾਹਿਨ ਸਕਲ ਹੀ, ਬੈਠੇ ਬ੍ਰਿੰਦ ਮਝਾਰ।
ਮਨਹੁ ਸੁਧਰਮਾ[1] ਸ਼ੋਭਤੀ, ਬਸਨ ਬਿਭੂਖਨ ਚਾਰੁ ॥੧੭॥

[1]ਇੰਦ੍ਰ ਸਭਾ।

ਚੌਪਈ:

ਲਾਵਾਂ ਲੇਨ ਸਮੈਂ ਤਬਿ ਆਯੋ।
ਧੇਨੁ ਧੂਲ ਵੇਲਾ[1] ਦਰਸਾਯੋ।
ਦਿਜ ਪਹੁੰਚਯੋ ਉਤਲਾਵਤਿ ਤਬੈ।
ਗੁਰ ਸਮੇਤ ਜਹਿਂ ਬੈਠੇ ਸਬੈ ॥੧੮॥
ਜਾਇ ਕ੍ਰਿਪਾਲ ਸਾਥ ਤਬਿ ਕਹਯੋ।
'ਲਾਵਾਂ ਲੇਨ ਸਮੈਂ ਅਬਿ ਲਗਯੋ।
ਤਯਾਰੀ ਕਰਿ ਬੈਠੇ ਹਮ ਭਵਨੁ।
ਕਰਹਿਂ ਪ੍ਰਤੀਖਨ ਤੁਮ ਆਗਵਨੁ' ॥੧੯॥
ਜਬਿ ਜਨਵਾਸ ਬਿਖੈ ਸੁਧਿ ਪਾਈ।
ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡ ਧੌਂਸ ਧੁੰਕਾਰੀ।
ਤੁਰਰੀ, ਮੁਰਲਿ[1], ਨਫੀਰ, ਸੰਭਾਰੀ ॥੨੦॥

[1]ਗਊ ਧੂੜ ਦਾ ਸਮਾਂ।

[1]ਮੁਰਲੀ।

ਪਟਹ, ਪਣਵ, ਬਡ ਢੋਲ ਬਜਾਏ।
ਸੁਨਵਤਿ ਉਠੇ ਤਤਛਿਨ ਸਮੁਦਾਏ।
ਗੁਰ ਨੰਦਨ ਸੁੰਦਰ ਸੁਖਕੰਦ।
ਦੂਲਹੁ ਦਿਪਤਿ ਸਰਦ[1]† ਜਨੁ ਚੰਦ ॥੨੧॥

[1]ਮਾਨੋਂ ਸਰਦ ਰਿਤੁ ਦਾ ਚੰਦ ਹੈ। †ਪਾ:-ਪੂਰਨ।

ਉਠੇ ਕ੍ਰਿਪਾਲ ਸੰਗ ਨਿਜ ਲੀਨੇ।
ਪੰਚਹੁੰ ਭ੍ਰਾਤ ਅਧਿਕ ਪਰਬੀਨੇ।
ਬਾਦਿਤ ਬਾਜਤਿ ਚਲੇ ਅਗਾਰੀ।
ਕੀਰਤਿ ਭਾਟ ਨਕੀਬ ਉਚਾਰੀ ॥੨੨॥
ਆਤਪੱਤ੍ਰ[1] ਦੂਲਹੁ ਸਿਰ ਫਿਰਿਹੀ।

[1]ਛਤ੍ਰ।

ਚਮਰ ਚਾਰੁ ਬਹੁਬਾਰਹਿਂ ਢੁਰਿਹੀ।
ਮਹਿਦ ਕੁਲਾਹਲ ਸਭਿ ਮਹਿਂ ਹੋਵਾ।
ਜਹਿਂ ਕਹਿਂ ਮਾਨੁਖ ਬ੍ਰਿੰਦ ਖਰੋਵਾ ॥੨੩॥
ਜ੍ਵਲਤਿ ਮਤਾਬੀ ਛੁਟਤਿ ਹਵਾਈ।
ਚਢੀ ਗਗਨ ਪੁਨ ਹਟਿ ਕਰਿ ਆਈ।
ਮਨਹੁਂ ਅਕਾਸ਼ ਲੋਕ ਸੁਧਿ ਦੈ ਕੇ।
ਅਵਨੀ ਪੁਰਿ ਪਹੁੰਚੀ ਪੁਨ ਐ ਕੈ† ॥੨੪॥

†ਕਵਿਤਾ ਦਾ ਕਮਾਲ ਹੈ।

ਇਮ ਹਰਖਤਿ ਉਲੰਘੇ ਸੁ ਬਜ਼ਾਰ।
ਪਹੁੰਚੇ ਗੁਰ, ਘਰ ਸਸੁਰ ਮਝਾਰ।
ਆਨਿ ਮਿਲੇ ਆਗੇ ਸਭਿ ਕੋਇ।
ਅੰਤਰ ਪ੍ਰਵਿਸ਼ੇ ਲੇ ਮੁਦ ਹੋਇ ॥੨੫॥
ਜਹਿਂ ਸੁੰਦਰ ਬੇਦੀ ਰਚਿ ਰਾਖੀ।
ਗਨ ਨਰ ਨਾਰਿ ਬਿਲੋਕਨਿ ਕਾਂਖੀ।
ਸਾਦਰ ਸਗਰੇ ਕਰੇ ਬਿਠਾਵਨਿ।
ਬਿੱਪ੍ਰ ਉਚਾਰਤਿ ਮੰਤ੍ਰਨਿ ਪਾਵਨ ॥੨੬॥
ਪੂਜਤਿ ਨਵ ਗ੍ਰਿਹ ਗਣਪਤਿ ਸਾਥ[1]†।
ਕਹੈਂ ਕ੍ਰਿੱਤ ਠਾਨਹਿਂ ਗੁਰੁ ਨਾਥ।

[1]ਗਣੇਸ਼ ਨਾਲ। †ਜਿਸ ਗੁਰੂ ਜੀ ਦਾ ਆਪਣਾ ਵਾਕ ਹੈ। 'ਮੈ ਨ ਗਣੇਸਹਿ ਪ੍ਰਥਮ ਮਨਾਊਂ ॥ ' ਉਸ ਗੁਰੂ ਜੀ ਨੂੰ ਗਣੇਸ਼ ਪੂਜਦੇ ਦੱਸਣਾ ਦਰੁਸਤ ਨਹੀਂ। ਇਹ ਪੂਜਾ ਤੇ ਹੋਰ ਧੂਮ ਧੜੱਕੇ ਸਿੱਖਰਾਜ ਗ੍ਰਿਹਾਂ ਦੇ ਨਕਸ਼ੇ ਹਨ ਜਿੱਥੇ ਬ੍ਰਹਮਣੀ ਜ਼ੋਰ ਪ੍ਰਬਲ ਹੋ ਗਿਆ ਸੀ। ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੪ ਅੰਕ ੩੯ ਦੀ ਹੇਠਲੀ ਟੂਕ।

ਪੁਨ ਬੇਦੀ ਮਹਿਂ ਰਾਖਿ ਹੁਤਾਸਨ।
ਡਾਰਤਿ ਸਰਪੀ[1] ਕੀਨਿ ਪ੍ਰਕਾਸ਼ਨਿ ॥੨੭॥ — [1]ਪਾਕੇ ਘਿਉ।
ਤਬਿ ਦੁਲਹਨਿ ਲੇ ਨਿਕਟ ਬਿਠਾਈ।
ਜਥਾ ਜੋਗ ਸਭਿ ਬਿਧਿ ਕਰਿਵਾਈ।
ਬਰ ਬਰ ਸੰਗ ਫੇਰ ਤਿਨ ਫੇਰੇ[1]। — [1]ਸ੍ਰੇਸ਼ਟ ਵਰ ਨਾਲ ਉਨਾਂ ਫੇਰੇ ਫੇਰਨੇ ਕੀਤੇ।
ਪਾਨਗ੍ਰਹਨ[1] ਕੀਨੋ ਤਿਸ ਬੇਰੇ ॥੨੮॥ — [1]ਹਥਲੇਵੇ।
ਮਿਲਿ ਸੁਰਬਧੂ ਕਰਹਿਂ ਛਲ ਬੇਸਾ।
ਆਨਿ ਪ੍ਰਵੇਸ਼ੀ ਰੂਪ ਬਿਸ਼ੇਸ਼ਾ[1]†। — [1]ਸੁਹਣੇ ਰੂਪ ਵਿਚ। †ਪਾ:-ਸੁਬੇਸਾ।
ਮਿਲਿ ਨਾਰਨਿ ਮਹਿਂ ਗੀਤਨ ਗਾਵਹਿਂ।
ਗੁਰ ਹਿਤ ਮੰਗਲ ਅਧਿਕ ਬਧਾਵਹਿਂ ॥੨੯॥
ਕਰਤਿ ਅਪਨਪੌਂ ਸਫਲ ਬਿਸ਼ਾਲਾ।
ਨਹੀਂ ਪਛਾਨ ਪਰਹਿਂ ਕਿਸ ਬਾਲਾ।
ਬ੍ਰਿੰਦ ਮੇਲ ਘਰ ਬਿਖੈ ਸਕੇਲਾ[1]। — [1]ਬਹੁਤ ਮੇਲ ਕੱਠਾ ਹੋ ਗਿਆ।
ਬਿਨ ਪਛਾਨ ਮੁਲ ਰੇਲ ਰੁ ਝੇਲਾ[1]† ॥੩੦॥ — [1]ਬਿਨਾਂ ਪਛਾਣੇ ਧੱਕਾ ਤੇ ਧੱਕਿਆਂ ਦਾ ਝੱਲਣਾ ਖੁਸ਼ੀ ਵਿਚ ਹੋ ਰਿਹਾ ਹੈ। ਭਾਵ ਭੀੜ ਬੜੀ ਹੈ, ਪਛਾਣ ਨਹੀਂ ਹੁੰਦੀ ਤੇ ਧੱਕੇ ਲਗਦੇ ਹਨ ਪਰ ਪਿਆਰ ਵਿਚ ਝੱਲੇ ਜਾ ਰਹੇ ਹਨ। †ਪਾ:-ਮੁਦਰੇ ਝਿਰਕੇਲਾ।

ਸੁਰ ਨਰ ਬੇਸ ਧਾਰਿ ਸਮੁਦਾਏ।
ਮਿਲੇ ਆਨਿ ਬਹੁ ਸੇਵ ਕਮਾਏ।
ਦਿਜ ਆਦਿਕ ਕੋ ਦਰਬ ਬਡੇਰਾ।
ਦੀਨਿ ਦਾਨਿ ਸਤਿਗੁਰ ਤਿਸ ਬੇਰਾ ॥੩੧॥
ਦਯਾਰਾਮ ਦਿਜ ਸਮੋ ਪਛਾਨਾ।
[†]ਭਾਵ ਇਹ ਹੈ ਕਿ ਐਸੀ ਸੁੰਦਰਤਾ ਤੱਕੀ ਕਿ ਦੇਸ਼ ਕਾਲ ਮੂਲੋਂ ਭੁੱਲ ਗਏ। ਇੱਥੇ ਕਵੀ ਜੀ ਦੀ ਵਿਸਮਾਦ ਰਸਾਂ ਵਿਚ ਗੰਮਤਾ ਦਾ ਪਤਾ ਲਗਦਾ ਹੈ। ਆਪ ਨੂੰ ਤਜਰਬਾ ਹੈ ਕਿ ਜਦੋਂ ਅਕਹਿ ਸੁੰਦਰਤਾ ਦਾ ਝਲਕਾ ਬੁੱਧੀ ਤੇ ਪੈਂਦਾ ਹੈ ਤਾਂ ਬੁੱਧੀ ਜੋ ਦੇਸ਼ਕਾਲ ਵਿਚ ਵਿਚਰਦੀ ਹੈ ਉਹ ਮਾਨੋਂ ਖੜੋ ਜਾਂਦੀ ਹੈ, ਇਸ ਨੂੰ ਦੇਸ਼ ਕਾਲ ਦਾ ਗਿਆਨ ਭੁੱਲ ਜਾਂਦਾ ਹੈ ਤੇ ਆਪਾ (ਅਨੰਤ) ਨਾਲ ਛੁਹ ਪਾ ਲੈਂਦਾ ਹੈ। ਜਦੋਂ ਫਿਰ ਬੁੱਧੀ ਸਫੁਰਨ ਹੁੰਦੀ ਹੈ ਤਾਂ 'ਵਾਹ ਵਾਹ' ਮੂੰਹੋਂ ਨਿਕਲਦਾ ਹੈ ਪਰ ਉਸ ਛੁਹ ਲੈਨ ਦੇ ਕਾਲ ਦਾ ਪਤਾ ਨਹੀਂ ਲੱਗਦਾ ਕਿਉਂਕਿ ਬੁੱਧੀ ਤਾਂ ਤਦੋਂ ਖੜੋ ਗਈ ਸੀ ਤੇ ਦੇਸ਼ਕਾਲ ਦਾ ਗਿਆਨ ਰਹਿ ਚੁਕਾ ਸੀ ਤਾਂ ਉਹ ਅਦੇਸ਼ ਤੇ ਅਕਾਲ ਅਵਸਥਾ ਦਾ ਪਤਾ ਕੀਕੂੰ ਦੇਵੇ। ਕਵਿ ਜੀ ਦੀ ਇਹ ਇਕ ਤੁਕ ਉਹਨਾਂ ਦੇ ਅੰਤ੍ਰੀਵ ਗਤੀਆਂ ਦੇ ਜਾਣੂ ਹੋਣ ਦੇ ਕਮਾਲ ਦੀ ਸਾਖ ਭਰਦੀ ਹੈ। ਅੰਕ ੨੩ ਵਿਚ ਫਿਰ ਇਸ ਵਿਸਮਾਦੀ ਡੋਬੇ ਦਾ ਇਸ਼ਾਰਾ ਕਰਦੇ ਹਨ:-'ਚਿਤ ਥਿਰ ਭੇ ਇਨ' = ਇਹਨਾਂ ਦੇ ਮਨ ਏਕਾਗ੍ਰ ਹੋ ਗਏ ਹਨ।

ਕਰਹਿਂ ਬਿਚਾਰਨਿ -ਅਰਸ਼ ਜਿ ਐਸ।
ਸੁਰਪਤਿ ਸੁਰ ਜੁਤਿ ਪ੍ਰਾਪਤਿ ਹੈਸ[1]- ॥ ੨੧ ॥

[1]ਜੇ ਸੁਰਗ ਐਸਾ ਹੀ ਹੈ ਤਾਂ ਇਸ ਵੇਲੇ ਇੰਦਰ ਤੇ ਦੇਵਤਿਆਂ ਸਮੇਤ (ਸਾਨੂੰ) ਪ੍ਰਾਪਤ ਹੈ ਭਾਵ ਦਿੱਸ ਰਿਹਾ ਹੈ।

ਇਤ ਉਤ ਦ੍ਰਿਗਨਿ ਚਲਾਵਤਿ ਰਹੇ।
ਲਖਹਿਂ ਕਿ ਜਨਮ ਲਾਭ ਹਮ ਲਹੇ।
ਤੰਬੂ ਸਹਿਤ ਕਨਾਤ ਨਿਹਾਰਿ।
ਤਨੀ ਚਾਨਣੀ ਕੋਰਨ ਚਾਰ[1] ॥੨੨॥
ਕਿਤਿਕ ਸਮੈ ਲਗਿ ਧਰਿ ਕਰਿ ਮੋਨ।
ਮੁਦਤਿ ਹੋਤਿ ਦੇਖ੍ਯੋ ਚਹੁੰ ਕੋਨ।
ਨਹਿਂ ਸਤਿਗੁਰ ਭੀ ਕੁਛ ਫੁਰਮਾਯੋ।
-ਚਿਤ ਥਿਰ ਭੇ ਇਨ- ਇਮ ਲਖਿ ਪਾਯੋ ॥੨੩॥
ਭੀਮਚੰਦ ਪਿਖਿ ਚੰਦ ਨੰਦ ਕੋ।
ਬੂਝੀ ਲਾਗਤਿ ਦਰਬ ਬ੍ਰਿੰਦਕੋ।
'ਕੌਨ ਦੇਸ਼ ਮਹਿਂ ਹਯੋਸਿ ਤਜਾਰੋ?
ਇਸ ਸਮ ਦੂਸਰ ਨਹੀਂ ਨਿਹਾਰੋਂ' ॥੨੪॥
ਸੁਨਿ ਕੈ 'ਪਸ਼ਚਮ ਦੇਸ਼' ਬਤਾਯੋ।
'ਤਹਾਂ ਮਸੰਦ ਤਜਾਰ ਕਰਿ ਲਜਾਯੋ।
ਲਗ੍ਯੋ ਦਰਬ ਇਸ ਲਾਖ ਅਢਾਈ।
ਤਿਤ ਹੀ ਕਾਰੀਗਰਨਿ ਬਨਾਈ[1] ॥੨੫॥
ਨਹਿਂ ਇਸ ਦੇਸ਼ ਬਨਾਵੈ ਕੋਈ।
ਇਕ ਨੌਰੰਗ ਢਿਗ, ਸਮ ਨਹਿਂ ਸੋਈ।'
ਨ੍ਰਿਪ ਕਹਿ 'ਇਤੋ ਦਰਬ ਭੀ ਥੋਰਾ।
ਬਨ੍ਯੋ ਅਜਾਇਬ ਬਰ ਚਹੁ ਕੋਰਾ' ॥੨੬॥
'ਸੁਨਹੁ ਗਿਰੇਸ਼੍ਵਰ! ਗੁਰ ਘਰ ਜੋਈ।
ਕਮਤੀ ਕਿਸੂ ਬਾਤ ਨਹਿਂ ਕੋਈ।
ਚਹੁੰਦਿਸ਼ਿ ਤੇ ਸਾਗਰ ਲਗਿ ਅਵਨੀ।
ਚਲਿ ਆਇਂ ਵਸਤੁ ਗਨ ਰਵਨੀ ॥੨੭॥
ਆਦਿ ਸਿੰਗਲਾਦੀਪ ਜਲਧ ਮਹਿਂ[1]।
ਗੁਰ ਸਿੱਖ ਆਨਤਿ ਸੁਧਿ[†] ਲਹਿ ਜਹਿਂ ਕਹਿਂ।'
ਏਵ ਬਿਲੋਕਤਿ ਬੋਲਤਿ ਜੌ ਲੌ।
ਆਯੋ ਝੂਲਤਿ ਕੁੰਚਰ ਤੌ ਲੌ ॥੨੮॥
ਸਭਿ ਬਿਧਿ ਸੁੰਦਰ ਸਜਤਿ ਸ਼ਿੰਗਾਰਾ।
ਖਰੇ ਹੋਇ ਕਰਿ ਬੰਦਨ ਧਾਰਾ।

[1]ਚਾਰ ਕੋਨਿਆਂ ਵਾਲੀ।

[1]ਉਧਰ ਦੇ ਹੀ ਕਾਰੀਗਰਾਂ ਨੇ ਬਨਾਈ ਹੈ (ਚਾਂਦਨੀ)।

[1]ਜੋ ਸਮੁੰਦਰ ਵਿਚ ਹੈ।

[†]ਪਾ:-ਸੁਖਿ।

ਜਿਤਿਕ ਰੋਟਕਾ ਕੇਰਿ ਅਕਾਰਾ।
ਸ਼ੋਭਤਿ ਤਿਤਿਕ ਸੁਪੈਦ ਲਿਲਾਰਾ[1] ॥੨੯॥

[1]ਮੱਥਾ।

ਤਹਿਂ ਤੇ ਧਾਰ ਤਰੇ ਕੋ ਚੀਨੀ।
ਸਿਤ ਹੀ ਚਲੀ ਜਹਾਂ ਲਗਿ ਬੀਨੀ[1]।

[1]ਚਿੱਟੀ ਹੀ ਚਲੀ ਗਈ ਜਿਥੋਂ ਤਕ ਸੁੰਡ ਦੀ ਨੋਕ ਹੈ [ਫਾ. ਬੀਨੀ = ਨੱਕ, ਭਾਵ ਸੁੰਡ]।

ਅਪਰ ਸ਼ਿੰਗਾਰ ਹਜ਼ਾਰਨਿ ਕੇਰਾ।
ਗਜਗਾਹਨ ਜੁਤਿ ਦਿਪਤਿ ਬਡੇਰਾ ॥੩੦॥
ਭੀਮਚੰਦ ਅਵਿਲੋਕ ਗਯੰਦ।
ਭਯੋ ਰਿਦੇ ਮਹਿਂ ਹਰਖ ਬਿਲੰਦ।
ਬਿਕਸਜੋ ਬਦਨ ਅਜਾਇਬ ਨਾਨਾ[1]।

[1]ਨਾਨਾ ਅਜੀਬ ਵਸਤੂਆਂ ਨੂੰ ਦੇਖ (ਭੀਮ ਚੰਦ ਦਾ) ਮੂੰਹ ਖਿੜਿਆ।

-ਅਧਿਕ ਦੂਰ ਤੇ ਕਿਨਹੂੰ ਆਨਾ- ॥੩੧॥
ਸ਼੍ਰੀ ਕਲਗ਼ੀਧਰ ਤਬਹਿ ਉਚਾਰਾ।
'ਇਕ ਤੌ ਗਜ ਕੌ ਅਜਬ ਅਕਾਰਾ।
ਪੁਨ ਗੁਨ ਗਨ ਕੋ ਇਸ ਮਹਿਂ ਲਹੀਯਤਿ।
ਕਰਹਿ ਕਾਰ ਜੋ ਮੁਖ ਤੇ ਕਹੀਅਤਿ ॥੩੨॥
ਸਭਿ ਮਤਿ ਯੁਤਿ ਚਤੁਰਈ ਵਿਸ਼ੇਖ।
ਜਿਮ ਮਾਨੁਖ ਕੀ ਲਖਿਯ ਅਸ਼ੇਖ।'
ਸੁਨਿ ਗੁਰ ਬਾਨੀ ਗਿਰਪਤਿ ਬੋਲਾ।
'ਇਹ ਕੁੰਚਰ ਪ੍ਰਭੁ ਅਹੈ ਅਮੋਲਾ ॥੩੩॥
ਜਿਸ ਕੇ ਸਮ ਦੂਸਰ ਨਹਿਂ ਔਰ।
ਦੇਸ਼ ਬਿਦੇਸ਼ ਅਨੇਕੈਂ ਠੌਰ।
ਅਦਭੁਤ ਗੁਨ ਹੈਂ ਜਥਾ ਬਤਾਵਹੁ।
ਕ੍ਰਿਪਾ ਧਾਰਿ ਕਰਿ ਸਭਿ ਦਿਖਰਾਵਹੁ' ॥੩੪॥
ਚੌਰ ਕਰੀ ਕਰ ਮੈਂ ਪਕਰਾਯੋ[1]।

[1]ਚੌਰ ਹਾਥੀ ਦੀ ਸੁੰਡ ਵਿਚ ਫੜਾਇਆ।

ਗੁਰ ਢਿਗ ਪਾਛੇ ਖਰੇ ਝੁਲਾਯੋ।
ਪੁਨ ਜਲ ਝਾਰੀ[1] ਕਰ ਗਹਿਵਾਈ।

[1]ਪਾਣੀ ਦੀ ਸੁਰਾਹੀ।

ਸਮ ਸੇਵਕ ਕੇ ਚਰਨ ਧੁਵਾਈ ॥੩੫॥

ਪਟ ਕੋ ਪਕਰਿ ਪੌਂਛਨਾ ਕਰੇ।
ਪਨਹੀ ਝਾਰਿ ਅਗਾਰੀ ਧਰੇ।
ਪੁਨ ਸਤਿਗੁਰ ਗਹਿ ਕਰਿ ਧਨੁ ਹਾਥ।
ਸਰ ਬਗਰਾਇ ਐਂਚਿ ਬਲ ਸਾਥ[1] ॥੩੬॥

[1]ਬਲ ਨਾਲ ਖਿੱਚ ਕੇ ਤੀਰ ਚਲਾਏ।

ਕੁੰਚਰ ਕੋ ਦਿਖਰਾਇ ਚਲਾਏ।
ਬੀਚ ਲੱਛ ਕੇ ਤਾਕਿ ਲਗਾਏ।
ਸ਼ੂੰਕਤ ਜਾਤਿ ਸਰਪ ਸਮ ਖਪਰੇ।
ਕੇਹਰਿ ਹਤਹਿਂ ਕਹਾਂ ਨਰ ਬਪੁਰੇ[1] ॥੩੭॥

[1]ਸ਼ੇਰ ਨੂੰ ਮਾਰਨ ਵਾਲੇ (ਤੀਰ) ਹੈਨ, ਮਨੁਖ (ਉਨ੍ਹਾਂ ਅੱਗੇ) ਕੀ ਵਿਚਾਰੇ ਹਨ।

ਪੁਨ ਕੁੰਚਰ ਕੋ ਸ਼ਾਰਤ[1] ਕੀਨਿ।
'ਗਮਨਹੁ', ਆਨਿ ਬਾਨ ਕੌ ਬੀਨਿ[1]।'
ਚਪਲ ਚਾਲ ਤੇ ਚਲਯੋ ਸੁਹਾਵਤਿ।
ਗਰ ਕੀ ਕਿੰਕਨਿ ਅਲਪ ਬਜਾਵਤਿ ॥੩੮॥

[1]ਸੈਨਤ।

[1]ਜਾਹ ਲਿਆ ਬਾਣਾਂ ਨੂੰ ਚੁਣਕੇ।

ਕੰਚਨ ਚੂੜ ਦਸਨ ਮਹਿਂ ਪਾਏ।
ਰਜਤ ਸ਼੍ਰਿੰਖਲਾ ਪਾਇ[1] ਸੁਹਾਏ।
ਉਤਲਾਵਤਿ ਪਹੁੰਚਯੋ ਤਹਿਂ ਜਾਈ।
ਗਡੇ ਖਰੇ ਜਹਿਂ ਸਰ ਸਮੁਦਾਈ ॥੩੯॥

[1]ਪੈਰੀਂ ਚਾਂਦੀ ਦੇ ਸੰਗਲ।

ਬੀਨ ਬੀਨ ਬੀਨੀ ਸੰਗ[1] ਬਾਨਾ।
ਕਰੇ ਬਟੋਰਨਿ ਜਿਸ ਬਰ ਬਾਨਾ[1]।
ਆਨਿ ਪ੍ਰਭੂ ਕੇ ਆਗੇ ਧਰੇ।
ਲੇ ਕਰਿ ਬਸਤ੍ਰ ਪੌਂਛਿਬੋ ਕਰੇਂ† ॥੪੦॥

[1]ਸੁੰਡ ਨਾਲ।

[1]ਜਿਸ (ਹਾਥੀ ਦਾ) ਸ੍ਰੇਸ਼ਟ ਲਿਬਾਸ ਹੈ।

†ਹਾਥੀ ਦੇ ਇਨ੍ਹਾਂ ਕਰਤਬਾਂ ਨੂੰ ਪੜ੍ਹਕੇ ਅਸੰਭਵ ਨਹੀਂ ਮੰਨਣਾ ਚਾਹੀਏ, ਹਾਥੀ ਬਹੁਤ ਸਿਆਣਾ ਪਸ਼ੂ ਹੈ ਤੇ ਸਿਖਾਏ ਬਹੁਤ ਕੁਛ ਸਿੱਖਦਾ ਹੈ। ਜਿਨ੍ਹਾਂ ਸਰਕਸ ਦੇ ਤਮਾਸ਼ੇ ਡਿੱਠੇ ਹਨ ਉਨ੍ਹਾਂ ਨੇ ਅਜ ਕਲ ਦੇ ਸਮੇਂ ਵਿਚ ਹਾਥੀਆਂ ਦੇ ਅਨੇਕ ਅਸਚਰਜ ਕਰਨ ਵਾਲੇ ਕਰਤਬ ਡਿੱਠੇ ਹੋਣਗੇ।

ਨਿਜ ਨਿਖੰਗ ਮਹਿ ਪੁਨ ਸਭਿ ਪਾਏ।
ਹੇਰਿ ਗਿਰੇਸ਼੍ਵਰ ਸਭਿ ਬਿਸਮਾਏ।
ਇਮ ਸਰੂਪ ਐਸ਼ਵਰਜ ਨਿਹਾਰਾ।
-ਬਨੌਂ ਸਿੱਖ ਮੈਂ- ਰਿਦੇ ਬਿਚਾਰਾ ॥੪੧॥
-ਜਿਨ ਕੋ ਅਸ ਪ੍ਰਤਾਪ ਜਗ ਸਾਰੇ।

ਕਰਾਮਾਤ ਸਾਹਿਬ ਗੁਨ ਭਾਰੇ।
ਲੋਕ ਪ੍ਰਲੋਕ ਸਹਾਇਕ ਹੋਇਂ।
ਦਰਸ਼ਨ ਤੇ ਅਘ ਰਹੈ ਨ ਕੋਇ- ॥੪੨॥
ਇਮ ਚਿਤਵਤਿ ਬਹੁ ਬਾਤਨਿ ਕਰੀ।
ਬੈਠੇ ਰਹੇ ਗੁਰੂ ਖਟ ਘਰੀ।
ਰੁਖ਼ ਲਖਿ ਭੀਮਚੰਦ ਕਰਿ ਨਮੋਂ।
ਉਠਯੋ ਸਭਾ ਤੇ ਚਲਿ ਤਿਹ ਸਮੋਂ ॥੪੩॥
ਅੰਤਰਜਾਮੀ ਗੁਰੂ ਬਿਚਾਰਾ।
-ਗਿਰਪਤਿ ਬਨੈ ਜਿ ਸਿੱਖ ਹਮਾਰਾ।
ਤਬਿ ਨਹਿਂ ਹੋਵਹਿਂ ਜੰਗ ਅਖਾਰੇ।
ਪੂਰਬ ਇਹ ਹਮ ਸੰਗ ਬਿਗਾਰੇ[1]- ॥੪੪॥
ਜਬਿ ਡੇਰੇ ਮਹਿਂ ਪਹੁਂਚਯੋ ਜਾਈ।
ਚਿਤਵਤਿ ਗਿਰਪਤਿ ਮਤਿ ਬਿਚਲਾਈ।
-ਜੇ ਗਿਰਪਤਿ ਹੈਂ ਭ੍ਰਾਤ ਹਮਾਰੇ।
ਬਨੌਂ ਸਿੱਖ ਸੋ ਕਹਾਂ ਉਚਾਰੇਂ ॥੪੫॥
ਕਰਹਿਂ ਹਾਸ ਮੋ ਕੋ ਮਿਲਿ ਕਰਿ ਕੈ।
ਲਿਯੋ ਕਹਾਂ ਮਤਿ ਗੁਰ ਕੋ ਧਰਿ ਕੈ।
ਰੀਤਿ ਅਜੋਗ ਜਾਨਿ ਕਰਿ ਮੇਰੀ।
ਕਹੈਂ ਅਲਪ ਮਤਿ ਹੈ ਇਸ ਕੇਰੀ- ॥੪੬॥
ਇੱਤਯਾਦਿਕ ਬਹੁ ਤਰਕ ਉਠਾਇ।
ਸਭਿ ਨ੍ਰਿਪ ਦਿਸ਼ਿ ਸੰਸੈ ਉਪਜਾਇ।
ਗਈ ਸੁਮਤਿ ਫਿਰਿ ਬਡ ਹੰਕਾਰੀ।
ਯਾਂ ਤੇ ਕਾਚੇ ਅਹੈਂ ਪਹਾਰੀ ॥੪੭॥

[1]ਭਾਵ ਗੁਰੂ ਜੀ ਨੇ ਅਗੰਮ ਵਾਚ ਲਿਆ ਕਿ ਸਭ ਤੋਂ ਪਹਿਲਾਂ ਇਹ ਸਾਡੇ ਨਾਲ ਵਿਗਾੜ ਕਰੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

## ੩੦. [ਭੀਮਚੰਦ ਵਿਦਾ। ਸ਼ਸਤ੍ਰ ਵਿੱਦਯਾ ਅੱਭ੍ਯਾਸ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਮੰਦ ਭਾਗ ਕੀ ਮਤਿ ਫਿਰੀ, ਗੁਰ ਸਿੱਖੀ ਨਹਿਂ ਭਾਇ।
ਜਿਮ ਚਾਹੈਂ ਪ੍ਰਭੁ ਤਿਮ ਕਰੈਂ, ਤਜੈਂ ਕਿਧੌਂ ਅਪਨਾਇਂ[1] ॥੧॥ [1]ਆਪਣਾ ਕਰ ਲੈਣ।

ਚੌਪਈ:

ਫਟਕ ਮਨਿੰਦ[1] ਹੁਤੀ ਮਤਿ ਕਾਚੀ। [1]ਬਲੌਰ ਵਾਂਗ।
ਢਿਗ ਸਤਿਸੰਗ ਰੰਗ ਸ਼ੁਭ ਰਾਚੀ[1]। [1]ਸਤਿਸੰਗ ਦੇ ਨੇੜੇ ਹੋਣ ਤੇ ਸ਼ੁਭ ਮਤ ਵਿਚ ਰਚ ਗਈ ਸੀ।
ਬਿਛੁਰਯੋ ਜਬਹਿ ਤਥਾ ਰਹਿ ਗਇਊ।
ਜਥਾ ਪ੍ਰਥਮ ਮੂਰਖ ਮਤਿ ਭਇਊ ॥੨॥
ਜਿਮ ਰਵਿ ਕਿਰਨ ਮੁਕਰ ਪਰ ਭਾਸਨਿ[1]। [1]ਆਤਸ਼ੀ) ਸ਼ੀਸ਼ੇ ਪਰ ਪ੍ਰਕਾਸ਼ਦੀਆਂ ਹਨ।
ਕਰਤਿ ਹੁਤਾਸਨ ਤੁਰਤ ਪ੍ਰਕਾਸ਼ਨਿ[1]। [1]ਭਾਵ ਅੱਗ ਪ੍ਰਕਾਸ਼ ਕਰ ਦਿੰਦੀਆਂ ਹਨ।
ਤੇਜ ਸਹਿਤ ਹੁਇ ਜਾਤਿ ਪ੍ਰਤਾਪੀ[1]। [1]ਉਹ ਸ਼ੀਸ਼ਾ) ਤੇਜ ਸੰਯੁਕਤ ਹੋ ਕੇ (ਅੱਗੋਂ) ਤਪਾਵਨ ਹਾਰ ਹੋ ਜਾਂਦਾ ਹੈ।
ਮੋਹ ਦਾਰ ਕੇ ਦੋਵਤਿ ਖਾਪੀ[1] ॥੩॥ [1]ਮੋਹ ਰੂਪੀ (ਦਾਰ =) ਲਕੜੀ ਨੂੰ ਸਾੜ ਦੇਂਦਾ ਹੈ ਭਾਵ ਆਤਸ਼ੀ ਸ਼ੀਸ਼ਾ ਹੇਠਾਂ ਪਈ ਲਕੜੀ ਨੂੰ ਸਾੜਦਾ ਹੈ ਤਿਵੇਂ ਗੁਰੂ ਤੇਜ ਦੀ ਸਮੀਪਤਾ ਬੁੱਧੀ ਨੂੰ ਆਤਮ ਤੇਜ ਨਾਲ ਭਰਕੇ ਅੰਦਰਲੇ ਮੋਹ ਨੂੰ ਸਾੜਦੀ ਹੈ।
ਜੇ ਰਵਿ ਕਿਰਨ ਛੁਅਹਿ ਨਹਿਂ ਤਾਂਹੂੰ[1][†]। [1]ਭਾਵ ਛੁਹਣੋ ਹਟ ਜਾਵੇ ਸ਼ੀਸ਼ੇ ਨੂੰ ਤਾਂ...। [†]ਪਾ:-ਕਾਹੂੰ।
ਰਹੈ ਤਥਾ ਹੁਇ ਕਾਜ ਨ ਕਾਹੂੰ।
ਤਿਮ ਸ਼ਰਧਾ ਉਰ ਤੇ ਗੁਰ ਹਰੀ।
ਰਹਯੋ ਪ੍ਰਥਮ ਸਮ ਕਯੋਂਹੂੰ ਨ ਸਰੀ ॥੪॥
ਦਿਵਸ ਆਗਲੇ ਰੁਖਸਦ ਜਾਚੀ।
ਹੰਕਾਰੀ ਮੂਰਖ ਮਤਿ ਕਾਚੀ।
ਗਿਰਪਤਿ ਕੋ ਆਸ਼ੈ ਪ੍ਰਭੁ ਜਾਨਾ।
ਕਰਨਿ ਬਿਸਰਜਨ ਕੋ ਹਿਤ ਠਾਨਾ ॥੫॥
ਬਾਸੁਰ ਜਾਮ ਰਹਯੋ ਜਬਿ ਆਈ।
ਪੁਨ ਸਤਿਗੁਰ ਨਿਜ ਸਭਾ ਲਗਾਈ।
ਪਠਿ ਮਾਨਵ ਕੋ ਮਹਿਪ ਹਕਾਰਾ।
ਆਯੋ ਲੇ ਸਮਾਜ ਭਟ ਭਾਰਾ ॥੬॥
ਨਿਜ ਦਲ ਬਲ ਕੋ ਕਰਹਿ ਦਿਖਾਵਨ।
ਜਿਸ ਤੇ ਬਡੇ ਲਖਹਿਂ ਗੁਰ ਪਾਵਨ[1]। [1]ਪਵਿੱਤ੍ਰ ਗੁਰੂ ਜੀ (ਮੈਨੂੰ) ਵੱਡਾ ਲਖ ਲੈਣ।
ਜੇਤਿਕ ਪ੍ਰਭੁਤਾ ਘਰ ਕੀ ਸਾਰੀ।

ਆਨੀ ਸੰਗ ਗਿਰੇਸ਼ ਹਕਾਰੀ ॥੭॥
ਨਮੋ ਕਰਤਿ ਪ੍ਰਭੁ ਕੇ ਢਿਗ ਥਿਰਯੋ।
ਬਿਨੈ ਸਹਿਤ ਮੁਖ ਬੋਲਨਿ ਕਰਯੋ।
ਰਾਜ ਸਾਜ ਕੀ ਅਨਿਕ ਪ੍ਰਕਾਰਾ।
ਕਹਤਿ ਬਾਤ ਬਨ ਖਿਲਿਨਿ ਸ਼ਿਕਾਰਾ ॥੮॥
ਦ੍ਵੈ ਘਟਿਕਾ ਜਬਿ ਬੈਠਿ ਬਿਤਾਈ।
ਨੰਦ ਚੰਦ ਦਿਸ਼ਿ ਦ੍ਰਿਸ਼ਟਿ ਚਲਾਈ।
ਕਹਯੋ ਪ੍ਰਭੁ 'ਉਠਿ ਆਨਹੁ ਜਾਈ।
ਸਿਰੇਪਾਉ, ਦੀਜੈ ਗਿਰਰਾਈ' ॥੯॥
ਸੁਨਤਿ ਹੁਕਮ ਕੋ ਤਤਛਿਨ ਆਨਾ।
ਪਸ਼ਮੰਬਰ ਜਿਸ ਮੋਲ ਮਹਾਨਾ।
ਜ਼ਰੀ ਛੋਰ ਜੁਗ ਜਾਂਹਿ[1] ਬਡੇਰੀ।
ਦੀਰਘ ਪਗੀਆ ਸੂਖਮ ਹੇਰੀ ॥੧੦॥
ਗੁਰ ਕੇ ਪਦ ਅਰਬਿੰਦ ਲਗਾਇ।
ਦੀਨੀ ਨੰਦ ਚੰਦ ਗਿਰਰਾਇ।
ਲੇ ਨਿਜ ਕਰ ਮਹਿਂ ਸੀਸ ਲਗਾਈ।
ਪੁਨ ਕੋਸ਼ਪ ਕੇ ਕਰ ਪਕਰਾਈ ॥੧੧॥
ਪੁਨ ਵਜ਼ੀਰ ਕੋ ਦੇ ਸਿਰੁਪਾਇ।
ਅਪਰ ਮੁਸਾਹਿਬ ਢਿਗ ਸਮੁਦਾਇ।
ਗੁਰ ਘਰ ਤੇ ਸਭਿਹਿਨਿ ਕੋ ਮਿਲਯੋ।
ਨਮੋ ਠਾਨਿ ਚਾਹਤਿ ਚਿਤ ਚਲਯੋ ॥੧੨॥
ਭੀਮਚੰਦ ਆਨੰਦ ਬਿਲੰਦਾ।
ਨਿਕਸਯੋ ਵਹਿਰ ਸੰਗ ਨਰ ਬ੍ਰਿੰਦਾ।
ਨਿਜ ਡੇਰੇ ਮਹਿਂ ਪਹੁੰਚਯੋ ਜਾਈ।
ਨਿਸਾ ਬਿਤਾਇਸਿ ਕੀਨਿ ਚਢਾਈ ॥੧੩॥
ਦੁੰਦਭਿ ਕੋ ਬਜਾਇ ਮਗ ਪਰਯੋ।
ਐਸ੍ਵਰਜ ਗੁਰੁ ਕੋ ਰਿਦੈ ਬਿਚਰਯੋ।
ਜਰ ਨਹਿਂ ਸਕਯੋ ਜਰਹਿ[1] ਉਰ ਮਾਂਹੀ।
ਸ਼ੰਕਤਿ ਚਿਤ ਸਿਖ ਹੋਯਸਿ ਨਾਂਹੀ ॥੧੪॥

[1]ਦੋਵੇਂ ਜ਼ਰੀਦਾਰ ਪੱਲੇ ਵੱਡੇ ਹਨ ਜਿਸ ਦੇ।

[1]ਸੜਦਾ ਹੈ।

ਗਟੀ ਅਟਪਟੀ[1] ਗਿਨਤਿ ਘਨੇਰੀ।
-ਗੁਰ ਢਿਗ ਵਸਤੁ ਅਜਾਇਬ ਹੇਰੀ।
ਮੋ ਕਹੁ ਕਿਮ ਇਹ ਪ੍ਰਾਪਤਿ ਹੋਇਂ।
ਜਿਸ ਤੇ ਜਸ ਜਗ ਮਹਿਂ ਬਡ ਜੋਇ ॥੧੫॥

[1]ਬਿਥਵੀਆਂ ਗਿਣਤੀਆਂ।

ਗਿਰਪਤਿ ਹੇਰਹਿਂ ਨਿਕਟਿ ਜਿ ਮੇਰੇ।
ਬਿਸਮਹਿਂ ਕਹਿਂ ਬਡਿਆਇ ਬਡੇਰੇ[1]।

[1]ਵਡੀ ਵਡਿਆਈ।

ਰਿਦੇ ਸਰਾਹਿਂ ਨ ਹੁਇਂ ਤਿਨ ਪਾਹੀ[1]।

[1]ਭਾਵ ਦਿਲ ਵਿਚ ਮੈਨੂੰ ਸਲਾਹੁਣਗੇ ਕਿਉਂਕਿ ਉਹਨਾਂ ਪਾਸ ਐਸੀਆਂ ਵਸਤੂਆਂ ਹਨ ਨਹੀਂ।

ਆਵਹਿਂ ਜਿਤਿਕ ਬਿਲੋਕਨਿ ਜਾਂਹੀ ॥੧੬॥
ਜੇ ਕਰਿ ਸਭਿ ਵਸਤੂ ਨਹਿਂ ਪਾਵੌਂ।
ਜਜੋਂ ਕਜੋਂ ਕਰਿ ਕੁੰਚਰ ਅਨਵਾਵੌਂ।
ਪ੍ਰਥਮ ਕਰੌਂ ਛਲ ਬੁਧਿ ਬਲ ਪਾਇ।
ਬਿਨਾ ਬਖੇਰੇ ਪਹੁੰਚਹਿ ਆਇ ॥੧੭॥
ਕਿਸੀ ਬਹਾਨੇ ਕਰਿਹਹੁ ਜਾਚੇ।
ਭਲੇ ਪੁਰਖ ਆਨਹਿਂ ਢਿਗ ਤਾਚੇ[1]।

[1]ਭਲੇ ਪੁਰਸ਼ ਤਿਨ੍ਹਾਂ (ਵਸਤੂਆਂ) ਨੂੰ ਮੇਰੇ ਪਾਸ ਲਿਆਉਣਗੇ।

ਜਜੋਂ ਕਜੋਂ ਕਰਿ ਇਕ ਬਾਰ ਜਿ ਪਾਵੌਂ।
ਫੇਰ ਨ ਦੈਹੌਂ ਗਜ ਅਪਨਾਵੌਂ ॥੧੮॥
ਰਾਜਨੀਤਿ ਜਾਨਹਿਂ ਜੇ ਸਜਾਨੇ।
ਜਤਨ ਕਰਨਿ ਸਭਿ ਬਿਧਿਨਿ ਬਖਾਨੇ।
ਕਜੋਹੂੰ[1] ਬਾਂਛਾ ਪੂਰਵਹਿ ਨਾਂਹੀ।

[1]ਜੇਕਰ) ਕਿਸੀ ਤਰ੍ਹਾਂ ਨਾਲ।

ਸ਼ਾਮ ਰੁ ਦਾਮ, ਭੇਦ ਕੇ ਮਾਂਹੀ ॥੧੯॥
ਕਰਨੋ ਬਨੈ ਦੰਡ ਪੁਨ ਆਛੋ।
ਬਲ ਦਲ ਨਿਜ ਪਰ ਲਖਿ ਕਰਿ ਆਛੋ[1]।

[1]ਪ੍ਰੰਤੂ) ਆਪਣਾ ਤੇ ਦੂਜੇ ਦਾ ਦੇਖਕੇ ਬਲ ਦਲ ਚੰਗੀ ਤਰ੍ਹਾਂ।

ਜਥਾਕਰਮ[1] ਇਨ ਕਰਹਿ ਬਨਾਈ।

[1]ਕ੍ਰਮਵਾਰ; ਇਕ ਦੇ ਮਗਰੋਂ ਦੂਸਰਾ।

ਪ੍ਰਥਮ ਸਾਮ ਮਿਲਿਬੋ ਬਨਿ ਆਈ[1] ॥੨੦॥

[1]ਪਹਿਲਾਂ ਹੈ, ਸਾਮ ਅਰਥਾਤ ਮਿਲਾਪ ਦਾ ਕਰਨਾ।

ਇਸ ਤੇ ਕਾਜ ਸੁਧਾਰਹਿ ਨਾਨਾ।
ਸੋ ਕਹੀਯਤਿ ਅਤਿਸ਼ੈ ਮਤਿਵਾਨਾ।
ਜੇ ਇਸ ਤੇ ਨਹਿਂ ਬਾਂਛਾ ਪੂਰੇ।
ਦਾਮ[1] ਦੇਨਿ ਕੋ ਸ਼ੁਭ ਮਤਿ ਧਰੈ ॥੨੧॥

[1]ਰੁਪੱਯਾ।

ਪਰ ਕੇ ਉਰ ਲਾਲਚ ਉਪਜਾਇ।
ਅਪਨੋ ਕਾਰਜ ਲਏ ਬਨਾਇ।
ਸੋ ਪੂਰਬ ਤੇ ਲਘੁ ਮਤਿ ਅਹਿਈ।
ਰਾਜਨੀਤਿ ਗਜਾਤਾ ਇਮ ਕਹਿਈਂ ॥੨੨॥
ਇਨ ਦੋਇਨ ਤੇ ਕਾਜ ਨ ਬਨੈ।
ਤ੍ਰਿਤਿਯ ਭੇਦ ਕਰਿਬੋ ਪੁਨ ਭਨੈਂ[1]।

[1]ਫਿਰ ਤੀਸਰਾ ਭੇਦ (ਕਰਨ ਨੂੰ) ਕਹਿੰਦੇ ਹਨ, (ਅਰਥਾਤ) ਭੇਦ (ਦੁਸ਼ਮਨ ਦੇ ਘਰ ਵਿਚ ਪਾਟਕ) ਪਾਉਣਾ।

[1]ਪਰ ਕੇ[†] ਭਟ ਕੈ ਸਚਿਵ ਸਯਾਨੇ।
ਕਿਧੌਂ ਮੁਸਾਹਿਬ ਸਖਾ ਪਛਾਨੇ ॥੨੩॥

[1]ਪਰਾਏ (ਭਾਵ ਸ਼ੱਤ੍ਰੂ ਦੇ) ਕਵੀ (ਯਾ ਯੋਧੇ) ਯਾ ਵਜ਼ੀਰ ਦਾਨੇ ਯਾ ਮੁਸਾਹਿਬ ਯਾ ਜੋ ਉਸ ਦੇ ਮਿੱਤ੍ਰ ਪਛਾਣ ਵਿੱਚ ਆਉਣ, ਇਸ ਤਰ੍ਹਾਂ ਦੇ (ਆਦਮੀ) ਪਰਾਏ ਦੇ ਅਪਣਾ ਲਵੇ, ਚਾਹੇ ਉਨ੍ਹਾਂ ਨੂੰ ਧਨ ਚਾਹੇ ਆਦਰ ਦੇਕੇ, ਇਸ ਤਰ੍ਹਾਂ ਆਪਣਾ ਕੰਮ ਕਰ ਲਵੇ। [†]ਪਾ:-ਪਠ ਕੇ।

ਇੱਤਯਾਦਿਕ ਪਰ ਕੇ[*] ਅਪਨਾਇ।
ਦਰਬ ਕਿ ਆਦਰ ਆਦਿਕ ਗਾਇ।
ਇਸ ਤੇ ਅਪਨੋ ਕਾਰਜ ਕਰੈ[2]।
ਜੋ ਮਹਿਪਾਲਕ ਸ਼ੁਭ ਮਤਿ ਧਰੈ ॥੨੪॥
ਜੇ ਤੀਨਹੁੰ ਤੇ ਪੁਰਹਿ ਨ ਲਾਲਸ।
ਬਹੁਰ ਨ ਕਰੈ ਲਰਨਿ ਕੋ ਆਲਸ।
ਚਾਰਹੁੰ ਮਹਿਂ ਜੇ ਪੁਰਖ ਸਯਾਨੇ।
ਕੂਰ ਕਪਟ ਕੋ ਨਿਪਟ[1] ਸੁ ਠਾਨੇਂ ॥੨੫॥

[1]ਅਤਿਸ਼ੈ ਕਰ।

ਇਨ ਤੇ ਹੀ ਕਾਰਜ ਸ਼ੁਭ ਬਨਿਹੀ।
ਪਰ ਕੇ ਸਾਥ ਰਹੈ ਛਲ ਸਨ ਹੀ[1]-।

[1]ਛਲ ਸਹਿਤ।

ਇੱਤਯਾਦਿਕ ਮਤਿ ਕੁਟਿਲ ਕਠੋਰਾ।
ਗਿਨਤਿ ਗਟੀ ਗਮਨਜੋਂ ਘਰ ਓਰਾ ॥੨੬॥
ਇਤ ਸਤਿਗੁਰ ਸੁਖ ਪਾਇੰ ਘਨੇਰੇ।
ਬਚਨ ਬਿਲਾਸ ਕਰਹਿਂ ਜੁਧ ਕੇਰੇ।
ਬੋਇ ਬੀਜ ਸੰਗ੍ਰਾਮ ਕਰਨਿ ਕੋ।
ਜਥਾ ਪਿਤਾਮਾ ਚਹੇ ਲਰਨਿ ਕੋ ॥੨੭॥
ਧਨੁ ਬਿੱਦਯਾ ਕੋ ਨਿਤ ਅੱਭਯਾਸਹਿਂ।
ਅਪਰ ਸਰਬ ਭਟ ਕਰਹਿਂ ਜਿ ਪਾਸਹਿਂ।

ਭੁਜਦੰਡਨ ਮਹਿਂ ਓਜ ਵਧਾਵਹਿਂ।
ਐਚਿ ਕਵਾਦਾ ਕਰਨਿ ਟਿਕਾਵਹਿਂ[1] ॥੨੮॥

[1]ਨਰਮ ਕਮਾਨਾਂ ਨੂੰ ਖਿੱਚ ਕੇ ਹੱਥਾਂ ਨੂੰ ਟਿਕਾਉਂਦੇ ਹਨ।

ਦੀਹ ਖਾਕ ਤੋਦਾ[1] ਬਨਵਾਵਹਿਂ।

[1]ਮਿੱਟੀ ਦਾ ਇਕ ਖਾਸ ਤਰ੍ਹਾਂ ਦਾ ਢੇਰ, ਜੋ ਤੀਰ ਚਲਾਉਣ ਦੀ ਮਸ਼ਕ ਵਾਸਤੇ ਬਣਾਉਂਦੇ ਹਨ। [ਫ਼ਾ. ਖਾਕ ਤੋਦਹ]।

ਬਲ ਤੇ ਲੈਸਾਂ[1] ਸਕਲ ਧਸਾਵਹਿਂ।

[1]ਤੀਰੰਦਾਜ਼ੀ ਸਿੱਖਣ ਲਈ ਅੱਭਯਾਸ ਕਰਨ ਦਾ ਤੀਰ ਜੋ ਮਾਮੂਲੀ ਤੀਰਾਂ ਤੋਂ ਲੰਮੇਰਾ ਤੇ ਮੋਟੀ ਨੋਕ ਦਾ ਹੁੰਦਾ ਹੈ। ਹੋਰ ਹਿੰਦੀ ਕਵੀਆਂ ਨੇ ਬੀ ਇਹ ਪਦ ਵਰਤਿਆ ਹੈ।

ਰਾਖਹਿਂ ਦੀਰਘ ਦੂਰ ਨਿਸ਼ਾਨਾ।
ਹਤਹਿਂ ਬੀਚ ਤੇ ਛੂਟਹਿ ਬਾਨਾ ॥੨੯॥
ਦੂਰ ਦਰਾਜ਼ੀ ਕਿਤਿਕ ਪ੍ਰਹਾਰਹਿਂ।
ਕੋਸਨਿ ਲਗਿ ਪਹੁੰਚਹਿਂ ਨ ਨਿਹਾਰਹਿਂ।
ਜਿਤਿਕ ਸਰਾਸਨ ਵਿੱਦਯਾ ਹੋਤਿ[1]।

[1]ਤੀਰੰਦਾਜ਼ੀ ਦੀ ਵਿਦਿਆ ਹੁੰਦੀ ਹੈ।

ਭਟਨ ਦਿਖਾਵਹਿ ਕਰਨਿ ਉਦੋਤ[1] ॥੩੦॥

[1](ਉਨ੍ਹਾਂ ਵਿਚ ਚਾਉਂ) ਉਦਯ ਕਰਨ ਲਈ।

ਹੇਰਿ ਹੇਰਿ ਨਰ ਗਨ ਬਿਸਮਾਵਹਿਂ।
'ਗੁਰ ਕਰਿ ਸਕਹਿਂ ਅਪਰ ਕਿਮ ਪਾਵਹਿਂ।'
ਜਹਿਂ ਕਹਿ ਤੀਰਨ ਕੇਰ ਪ੍ਰਸੰਗ।
ਪ੍ਰਗਟ ਭਯੋ ਜਗ ਮਹਿਂ ਰਿਪੁ ਭੰਗ[1] ॥੩੧॥

[1]ਸ਼ੱਤ੍ਰੂ ਦੇ ਨਾਸ਼ ਕਰਨਹਾਰੇ ਦਾ, ਭਾਵ ਗੁਰੂ ਜੀ ਦਾ। (ਅ) ਰਿਪੁ ਭੰਗ ਤੀਰਾਂ ਦਾ ਪ੍ਰਸੰਗ ਜਗ ਵਿਚ ਪ੍ਰਗਟ ਭਇਆ।

'ਗੁਰੂ ਬਾਨ ਕੇ ਆਨ ਸਮਾਨਾ।
ਨਹਿਂ ਦਿਖੀਯਤਿ ਬਿਚ ਸਰਬ ਜਹਾਨਾ।'
ਜਹਿਂ ਕਹਿਂ ਸੁਨਹਿ ਸੁਨਾਵਹਿ ਕੋਈ।
ਬਿੱਦਯਾ ਸਰਨਿ ਸਲਾਹਹਿ ਸੋਈ ॥੩੨॥
ਚਢਹਿਂ ਪ੍ਰਸਾਦੀ ਗਜ ਪਰ ਕਬੈ।
ਬਿਚਰਹਿਂ ਕਾਨਨ ਮਹਿਂ ਗੁਰ ਤਬੈ।
ਕਬਿਹੁਂ ਬਲੀ ਤੁਰੰਗ ਅਰੋਹੈਂ।
ਮੋਰ ਮਨਿੰਦ ਮੋਰ ਗਨ ਜੋਹੈਂ[1] ॥੩੩॥

[1]ਜਦ (ਘੋੜਾ) ਮੋੜਦੇ ਹਨ ਤਾਂ ਮੋਰ ਵਾਂਙ ਸਾਰੇ (ਲੋਕੀਂ) ਦੇਖਦੇ ਹਨ।

ਕਬਿਹੁਂ ਮਤੰਗ ਔਰ ਜੋ ਪਾਸ।
ਤਿਸ ਪਰ ਚਢਹਿਂ ਅਨੇਕ ਬਿਲਾਸ।
ਰਾਜ ਨੀਤਿ ਬਰਤਹਿਂ ਜਿਮ ਰਾਜਾ।
ਨਿਤ ਬਿਰਧਾਵਹਿਂ ਰਾਜ ਸਮਾਜਾ ॥੩੪॥
ਸਨੇ ਸਨੇ ਸਿਖ ਸੈਨ ਸਕੇਲੈਂ।

ਬਸਤ੍ਰ ਸ਼ਸਤ੍ਰ ਤੇ ਜੇ ਬਨਿ ਛੈਲੈਂ[1]। [1]ਬਾਂਕੇ ਭਾਵ ਤਯਾਰ ਬਰ-ਤਯਾਰ।
ਦੇਸ਼ ਬਿਦੇਸ਼ਨਿ ਤੇ ਨਰ ਆਵੈਂ।
ਆਯੁਧ ਹਯਨਿ ਉਪਾਇਨ ਲਯਾਵੈਂ ॥੩੫॥
ਵਧਹਿ ਤਬੇਲਾ ਦਿਨਪ੍ਰਤਿ ਘਨੋ।
ਦੇਤਿ ਅਹਾਰ ਸਿਤਾ ਘ੍ਰਿਤ ਸਨੋ।
ਖੁਲਹਿ ਦਿਹਾਰੀ ਲੇਂ ਸਮੁਦਾਇ[†]। [†]ਪਾ:-ਦੇਵਹਿਂ ਦਰਬ ਲੇਹਿਂ ਸਮੁਦਾਇ।
ਲੋਕ ਹਜ਼ਾਰਹੁ ਲੰਗਰ ਖਾਇਂ ॥੩੬॥
ਦੇਹਿਂ ਭਟਨ ਕੌ ਗਿਨਿ ਦਰਮਾਹਾਂ।
ਕਰਹਿਂ ਨੌਕਰੀ ਜੇ ਗੁਰ ਪਾਹਾ।
ਨਰ ਗਨ ਲੇ ਕੁਟੰਬ ਕੋ ਆਏ।
ਬਸਹਿਂ ਅਨੰਦਪੁਰਿ ਮੈਂ ਸੁਖ ਪਾਏ ॥੩੭॥
ਰਹੈ ਪੌਰ ਪਰ ਭੀਰ ਘਨੇਰੀ।
-ਦਰਸ਼ਨ ਦੇ[1] ਨਿਕਸਹਿਂ ਕਿਸ ਬੇਰੀ-। [1]ਦੇਣ ਲਈ।
ਸੰਗਤਿ ਬਹੁ ਇਕਠੀ ਹੁਇ ਜਾਇ।
ਦੇਸ਼ ਬਿਦੇਸ਼ਨ ਤੇ ਚਲਿ ਆਇ ॥੩੮॥
ਕਰ ਕੋ ਜੋਰਿ[1] ਮੇਵਰਾ ਕਹੈ। [1]ਹੱਥ ਜੋੜ ਕੇ।
'ਸਿੱਖ ਗਨ ਮਿਲੇ ਦਰਸ ਕੋ ਚਹੈਂ।'
ਦੁਇ ਤ੍ਰੈ ਬਾਰਿ ਕਰਹਿ ਸੁਧ ਆਛੇ[1]। [1]ਸ਼੍ਰੀ ਗੁਰੂ ਜੀ ਨੂੰ ਖਬਰ ਕਰਦਾ ਹੈ।
'ਜਗਤ ਆਪ ਕੇ ਦਰਸ਼ਨ ਬਾਂਛੇ' ॥੩੯॥
ਬਸਤ੍ਰ ਸ਼ਸਤ੍ਰ ਕੋ ਭਲੇ ਸਜਾਵੈਂ।
ਸ਼੍ਰੀ ਸਤਿਗੁਰ ਫਿਰ ਬਾਹਿਰ ਆਵੈਂ।
ਸੁੰਦਰ ਸਦਨ ਸਭਾ ਕੇ ਜਹਾਂ।
ਬੈਠਿ ਸਿੰਘਾਸਨ ਸ਼ੋਭਹਿ ਤਹਾਂ ॥੪੦॥
ਉਮਡਹਿ ਸੰਗਤਿ ਕਈ ਹਜ਼ਾਰਾਂ।
ਅਨਿਕ ਅਕੋਰਨ ਜੁਤਿ ਹੱਥਜਾਰਾਂ।
ਦਰਬ ਤੁਰੰਗ ਬਿਭੂਖਨ ਚੀਰ।
ਅਰਪਹਿਂ ਆਨਿ ਗੁਰੂ ਕੇ ਤੀਰ ॥੪੧॥
ਜਸ ਜਸ ਧਰੈਂ ਕਾਮਨਾ ਆਵੈਂ।
ਦਰਸ਼ਨ ਕਰਹਿਂ ਸਕਲ ਸੋ ਪਾਵੈਂ।
ਧਨ ਦਸੌਂਧ ਕੋ ਆਨਹਿ ਕੋਇ।

ਕਿਤਿਕ ਚਹਤਿ ਗੁਰ ਦਰਸ਼ਨ ਹੋਇ
॥੪੨॥
ਦੇਤਿ ਖੁਸ਼ੀ ਕੋ ਕਰਹਿਂ ਨਿਹਾਲ।
ਜਿਤ ਕਿਤ ਫੈਲਜੋ ਸੁਜਸੁ ਬਿਸਾਲ।
ਰਾਜ ਸਾਜ ਸਤਿਗੁਰ ਘਰ ਆਯੋ।
ਸਕਲ ਸਮਾਜ ਭਲੇ ਬਿਰਧਾਯੋ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ ਬਿਸਰਜਨ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਭੀਮਚੰਦ ਦਾ ਦੂਤ ਹਾਥੀ ਮੰਗਣ ਆਯਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕਰਤਿ ਅਨੇਕ ਬਿਲਾਸ।
ਕਰੀ ਪ੍ਰਸਾਦੀ ਪਰ ਚਢੈਂ ਮਹਿਦ ਸ਼ਿੰਗਾਰੈਂ ਤਾਸ ॥੧॥

ਚੌਪਈ:

ਬਨ ਮਹਿਂ ਬਿਚਰਹਿਂ ਪੁਨ ਪੁਰਿ ਆਵਹਿਂ।
ਅਨਿਕ ਅਖੇਰ ਘਾਤ ਕਰਿ ਲਜਾਵਹਿਂ।
ਜਿਨ ਜੀਵਨ ਕੇ ਪੁੰਨ ਪ੍ਰਕਾਸ਼ੇ।
ਸਤਿਗੁਰ ਹਾਥ ਬਨਹਿ ਤਿਨ ਨਾਸ਼ੇ ॥੨॥
ਤੇਜ ਤੁਰੰਗਮ ਪਰ ਆਰੋਹੈਂ।
ਚਲਤਿ ਫੰਦਾਵਤਿ ਮ੍ਰਿਗ ਜਿਮ ਸੋਹੈ।
ਬਹੁ ਸ਼ਸਤ੍ਰਨਿ ਅੱਭਜਾਸ ਕਮਾਵਹਿਂ।
ਨਰ ਢਿਗਵਰਤੀ ਕੋ ਸਿਖਰਾਵਹਿਂ ॥੩॥
ਤੋਮਰ, ਤੀਰ, ਤੁਪਕ, ਤਰਵਾਰ।
ਤਬਰ, ਤਮਾਂਚੇ, ਤੇਗ਼ੇ ਚਾਰੁ।
ਬਖਸ਼ਹਿਂ ਸੁਭਟਨਿ ਕੋ ਹਰਖਾਵਹਿਂ।
ਆਪ ਚਲਾਇ ਤਿਨਹੁਂ ਦਿਖਰਾਵਹਿਂ ॥੪॥
ਅਧਿਕ ਸੂਰਤਾ ਕਰਹਿਂ ਸਰਾਹਿਨਿ।
'ਲਰਕਤਿ ਹੋਇਂ ਲੋਕ ਭਟ ਬਾਹਨ[1]†।

'ਸੂਰਮੇ ਦੀਆਂ ਬਾਹਾਂ ਨਾਲ ਲੋਕ ਲਟਕਦੇ ਹੁੰਦੇ ਹਨ। ਪਰ ਜਾਪਦਾ ਹੈ ਕਿ ਅਸਲ ਪਾਠ ਹੋਣਾ ਹੈ 'ਲਰਕਤ ਦੋਇ ਲੋਕ ਭਟ ਬਾਹਨ' = ਸੂਰਮੇ ਦੀਆਂ ਬਾਹਾਂ ਨਾਲ ਦੋਏ ਲੋਕ ਲਟਕਦੇ ਹਨ, ਲਿਖਾਰੀ ਦੀ ਕਲਮ ਉਕਾਈ ਨੇ, 'ਦੋਇ' ਦਾ 'ਹੋਇ' ਕਰ ਦਿੱਤਾ ਹੈ। ਕਿਉਂਕਿ ਅਗੇ ਕਵਿ ਜੀ ਦੋਹੂੰ ਲੋਕਾਂ ਦਾ ਵੇਰਵਾ ਬੀ ਗਿਣਦੇ ਹਨ। ਅਤੇ ਅੱਗੇ ਕਈ ਥਾਈਂ ਇਹੋ ਖ਼ਯਾਲ ਕਵੀ ਜੀ ਦਾ ਆਉਣਾ ਬੀ ਹੈ।
†ਪਾ:-ਲਰਤਿਹੁ ਹੋਇ ਲੋਕ ਭਟ ਬਾਹਨ।

ਬਿਜੈ ਕਰਹਿ ਭੂਤਲ ਸੁਖ ਭੋਗਹਿਂ।
ਰਨ ਕਰਿ ਮਰਹਿਂ ਜਾਤਿ ਸੁਰ ਲੋਗਹਿਂ ॥੫॥
ਤਹਾਂ ਅਨੇਕ ਅਨੰਦ ਮਿਲੈ ਹੈਂ।
ਸੁਜਸੁ ਬਿਲੰਦ ਸਭਿਨਿ ਮਹਿਂ ਪੈ ਹੈ।'
ਦੇਸ਼ ਬਿਦੇਸ਼ਨ ਸੰਗਤਿ ਆਵਹਿ।

ਦਰਸਹਿ, ਮਨੋ ਕਾਮਨਾ ਪਾਵਹਿ ॥੬॥
ਸਿੱਖਨਿ ਕੋ ਸ਼ੁਭ ਮਤਿ ਨਿਤ ਦੇਤਿ।
ਭਗਤਿ ਗਜ਼ਾਨ ਵੈਰਾਗ ਸਮੇਤ।
ਇਸ ਪ੍ਰਕਾਰ ਨਿਤ ਸਮਾ ਬਿਤਾਵੈਂ।
ਭਏ ਤਰੁਨ ਗੁਰ ਰੂਪ ਸੁਹਾਵੈ ॥੭॥
ਕੇਤਿਕ ਸਮਾ ਬਿਤੀਤਨਿ ਭਯੋ।
ਜਬਿ ਕੋ ਭੀਮਚੰਦ ਮਿਲਿ ਗਯੋ।
ਮਨ ਮੂਰਖ ਕੇ ਚਿਤਵਨਿ ਸੋਈ।
ਲੈਬੇ ਦੁਰਦ ਪ੍ਰਸਾਦੀ ਜੋਈ ॥੮॥
ਅਨਿਕ ਜਤਨ ਕੋ ਚਿਤਵਤਿ ਰਹੈ।
-ਕਿਸ ਪ੍ਰਕਾਰ ਕਰਿ ਗੁਰ ਤੇ ਲਹੈਂ।
ਪ੍ਰਥਮ ਲਰਨਿ ਕੀ ਬਾਤ ਨ ਆਛੇ।
ਲੇਉਂ ਕਪਟ ਕਰਿ -ਨਿਤ ਮਨ ਬਾਂਛੇ ॥੯॥
ਇਕ ਦਿਨ ਬੈਠਿ ਸਭਾ ਕੇ ਮਾਂਹੀ।
ਸ਼ੁਭ ਮਤਿ[1] ਕਰੇ ਹਕਾਰਨਿ ਪਾਹੀ।
ਜਿਤਿਕ ਮੁਸਾਹਿਬ ਅਪਰ ਵਜ਼ੀਰ।
ਆਇ ਥਿਰੇ ਭੂਪਤਿ ਕੇ ਤੀਰ ॥੧੦॥
ਸਭਿ ਢਿਗ ਭਨਯੋ ਮਨੋਰਥ ਆਪਨ।
ਜਿਸ ਪ੍ਰਕਾਰ ਚਿਤਵਤਿ ਚਿਤ ਆਪਨ।
'ਮੈਂ ਚਾਹਿਤਿ ਗੁਰ ਤੇ ਗਜ ਲੀਨੋ।
ਅਚਰਜ ਮਹਾਂ ਬਿਲੋਕਨਿ ਕੀਨੋ ॥੧੧॥
ਕਿਸ ਤੇ ਆਗੇ ਸੁਨਯੋ ਨ ਐਸੇ।
ਪਿਖਿਨਿ ਬਿਲੋਚਨ ਤੌ ਹੁਇ ਕੈਸੇ।
ਲਾਇਕ ਪਤਿਸ਼ਾਹਨ ਕੇ ਪਾਸੀ।
ਪਰਚਤਿ ਚਿਤ ਜਿਸ ਪਿਖਤਿ ਹੁਲਾਸੀ[1] ॥੧੨॥
ਕੈ ਹਮ ਤੇ ਮਹਿਪਾਲਕ ਭਾਰੇ।
ਸ਼ੋਭਤ ਦੀਰਘ, ਥਿਰ ਹ੍ਵੈ ਦ੍ਵਾਰੇ[1]।
ਜਯੋਂ ਕਯੋਂ ਕਰਿ ਲੇਨੋ ਬਨਿ ਆਵੈ।
ਕਰਹਿਂ ਕਪਟ ਕਾਰਜ ਸਰ ਜਾਵੈ ॥੧੩॥
ਹੋਇ ਸਰਲ ਜੇ ਜਾਚਹਿਂ ਗੁਰ ਤੇ।

[1]ਬੁਧੀਮਾਨ।

[1]ਜਿਸ ਦੇ ਹੁਲਾਸ ਨੂੰ ਦੇਖਦਿਆਂ (ਅ) ··ਚਿਤ ਪਰਚਦਾ ਹੈ ਤੇ ਖੁਸ਼ ਹੁੰਦਾ ਹੈ।

[1]ਯਾ ਮੇਰੇ ਤੋਂ ਵਡੇ ਰਾਜਿਆਂ ਦੇ ਦ੍ਵਾਰੇ (ਇਹੋ ਜਿਹੀਆਂ ਵਸਤੂਆਂ) ਖਲੋਤੀਆਂ ਸ਼ੋਭਦੀਆਂ ਹਨ।

ਨਹਿ ਦੇ ਸਕਹਿਂ ਪ੍ਰੇਮ ਬਹੁ ਉਰਤੇ[1]। — [1]ਦਿਲੋਂ ਪਿਆਰ ਹੈ (ਹਾਥੀ ਨਾਲ ਗੁਰੂ ਜੀ ਦਾ)।
ਰਚਹੁ ਘਾਤ ਐਸੀ ਜਿਮ ਦੇਹਿਂ।
ਏਕਬਾਰ ਕਜੋਂਹੂੰ ਕਰ ਲੇਹਿਂ' ॥੧੪॥
ਭੀਮਚੰਦ ਕੋ ਸੁਨਿ ਕਰਿ ਆਸ਼ੈ।
ਕਰਿ ਬਿਚਾਰ ਪੁਨ ਬਚਨ ਪ੍ਰਕਾਸ਼ੈ।
'ਇਹ ਤੋ ਨਹੀਂ ਕਠਨ ਕੁਛ ਬਾਤ।
ਗਜ ਲੈਬੇ ਕੀ ਪ੍ਰਾਪਤਿ ਘਾਤ[1] ॥੧੫॥ — [1]ਦਾਉ ਪ੍ਰਾਪਤਿ ਹੈ:-।
ਜੋ ਰਾਵਰ ਕੋ ਨੰਦਨ ਟੀਕਾ[1]। — [1]ਆਪਦਾ ਜੋ ਟਿੱਕਾ ਪੁੱਤ੍ਰ ਹੈ।
ਤਿਸ ਉਮੈਦ ਹੈ ਆਵਨ ਟੀਕਾ[1]†। — [1]ਤਿਲਕ ਭਾਵ ਕੁੜਮਾਈ ਦਾ ਸ਼ਗਨ। †ਪਾ:-ਹੀਕਾ।
ਫਤੇਸ਼ਾਹ ਭੇਜਜੋ ਅਬਿ ਚਾਹਤਿ।
ਸੁਤਾ ਬਜਾਹ ਕੋ ਕਰਨਿ ਉਮਾਹਤਿ ॥੧੬॥
ਹਿਤ ਬਰਾਤ ਮੈਂ ਲੇ ਕਰਿ ਜਾਨੇ[1]। — [1]ਜੰਞ ਵਿੱਚ ਲੈ ਜਾਣ ਵਾਸਤੇ।
ਇਮ ਜਾਚੇ ਤੇ ਨਹਿ ਗੁਰ ਮਾਨੇ[1]। — [1]ਇਉਂ ਮੰਗਿਆਂ ਤੇ ਗੁਰੂ ਜੀ ਨਹੀਂ ਮੰਨਣਗੇ।
ਜਾਨੈ ਬਹੁਤ ਦਿਵਸ ਮੈਂ ਐਹੈ[1]। — [1]ਗੁਰੂ ਜੀ ਜਾਣ ਲੈਣਗੇ) ਕਿ ਬਹੁਤੇ ਦਿਨਾਂ ਨੂੰ ਆਵੇਗਾ ਹਾਥੀ (ਇਸ ਲਈ-)।
ਕਰਹਿ ਫਰੇਬ ਨ ਕੁੰਚਰ ਦੈਹੈਂ ॥੧੭॥
ਯਾਂ ਤੇ ਇਸ ਪ੍ਰਕਾਰ ਨਰ ਜਾਇ।
ਸਹਿਤ ਬੇਨਤੀ ਬਾਕ ਅਲਾਇ।
-ਸਿਰੀ ਨਗਰ ਤੇ ਸਾਕ ਹਮਾਰੇ।
ਲਾਗੀ ਪਠੇ ਆਇ ਇਸ ਬਾਰੇ ॥੧੮॥
ਤਿਨਹੁ ਦਿਖਾਵਨਿ ਕੇ ਹਿਤ ਚਹੀਅਹਿ।
ਵਸਤੁ ਅਜਾਇਬ ਤੁਮ ਢਿਗ ਲਹੀਅਹਿ।
ਕਰਹੁ ਕ੍ਰਿਪਾ ਜਾਚਜੋ ਗਜ ਦੀਜੈ।
ਰਾਜਨ ਕੋ[1] ਘਰ ਅਪਨਿ ਜਨੀਜੈ ॥੧੯॥ — [1]ਰਾਜੇ ਦਾ।
ਨਰ ਸਾਕਨਿ† ਕੇ ਤਿਨਹੁ ਦਿਖਾਇ। — †ਪਾ:-ਸਗਿਯਨਿ।
ਪੁਨ ਹਾਥੀ ਇਹ ਦੇਹਿਂ ਪੁਚਾਇ-।'
ਜਬਹਿ ਮੁਸਾਹਿਬ ਮੰਤ੍ਰ ਬਤਾਇਵ।
ਭੀਮਚੰਦ ਸੁਨਿ ਕੈ ਹਰਖਾਇਵ ॥੨੦॥
ਕਰੀ ਸਰਾਹਨਿ ਬੁੱਧਿ ਬਡੇਰੀ।
'ਇਸ ਬਿਧਿ ਹੀ ਆਵਤਿ ਮਤਿ ਮੇਰੀ।
ਏਕ ਬਾਰ ਕੁੰਚਰ ਸੋ ਪਾਊਂ।

ਬਹੁਰ ਨ ਦੇਉਂ ਨਿਕਟਿ ਰਖਵਾਊਂ' ॥੨੧॥
ਸਭਿਹੂੰ ਮਸਲਤ ਇਹ ਠਹਿਰਾਈ।
-ਗਜ ਪ੍ਰਾਪਤਿ ਹ੍ਵੈ- ਇਮ ਮਨ ਭਾਈ।
ਤਬਿ ਵਕੀਲ ਕੋ ਨਿਕਟਿ ਹਕਾਰਾ।
ਸਗਲ ਭੇਦ ਤਿਸ ਪਾਸ ਉਚਾਰਾ ॥੨੨॥
'ਗੁਰ ਢਿਗ ਜਾਹੁ ਪ੍ਰਸਾਦੀ ਲ਼ਾਵਹੁ।
ਅਪਨੀ ਬੁਧਿ ਬਿਸਾਲ ਉਪਜਾਵਹੁ।
ਬਿਨਤੀ ਸਹਿਤ ਰਚਹੁ ਚਤੁਰਾਈ।
ਜਿਸ ਤੇ ਨਿਜ ਕਾਰਜ ਬਨਿ ਆਈ ॥੨੩॥
ਕਹਹੁ ਕੂਰ ਬਡ ਕਪਟ ਸਮੇਤਾ।
ਜਯੋਂ ਕਯੋਂ ਆਨੋ ਕਰੀ ਨਿਕੇਤਾ।
ਜੇ ਕਰਿ ਇਹ ਕਾਰਜ ਕਰਿ ਲ਼ਾਵਹਿਂ।
ਬਹੁ ਬਖਸ਼ੀਸ ਮੋਹਿ ਤੇ ਪਾਵਹਿਂ ॥੨੪॥
ਜਾਨੀ ਜਾਇ ਸੁਮਤਿ ਜਿਮ ਤੇਰੀ।
ਸਕਲ ਪ੍ਰਕਾਰ ਖੁਸ਼ੀ ਹੁਇ ਮੇਰੀ।
ਜਿਮ ਦੇਖਹਿਂ ਗੁਰ ਕੋ ਰੁਖ ਮਹਾਂ।
ਹੁਇ ਅਨੁਸਾਰੀ ਬੋਲਹੁ ਤਹਾਂ' ॥੨੫॥
ਇੱਤਯਾਦਿਕ ਬਨਾਇ ਬਹੁ ਬਾਤੀ।
ਸਿਖਰਾਵਤਿ ਰਚਿਬੇ ਹਿਤ ਘਾਤੀ।
ਮਹਿਮਾ ਲਖਹਿ ਨ -ਇਹ ਜਗ ਸ੍ਵਾਮੀ।
ਸਕਲ ਘਟਨਿ ਕੋ ਅੰਤਰਿ ਜਾਮੀ ॥੨੬॥
ਅਤਿ ਮਤਿ ਕੇ ਰਤਨਾਕਰ ਪੂਰੇ[1]।
ਬਡ ਗੰਭੀਰ ਚਰਿਤ ਜਿਨ ਰੂਰੇ-।
ਰੰਚਕ ਭਰ ਚਾਤੁਰਤਾ ਪਾਇ।
ਛਲਯੋ ਚਹੈ ਤਿਨ ਲਖਿ ਅਲਪਾਇ[1] ॥੨੭॥
ਮਾਰਤੰਡ ਮੰਡਲ ਬਡ ਚੰਡੰ[1]।
ਜੋ ਦੀਪਤਿ ਬ੍ਰਹਮੰਡ ਅਖੰਡੰ[1]।
ਲਖਹਿਂ ਸੁਰਾਸੁਰ ਸਤਿਗੁਰ ਸਾਚਾ[1]।

[1]ਸਮੁੰਦਰ। (ਅ) ਰਤਨਾਂ ਦੀ ਖਾਣ ਹਨ।

[1]ਅਲਪੱਗਯ।

[1]ਬਡੇ ਤੇਜ ਵਾਲਾ ਜੋ ਸੂਰਜ ਮੰਡਲ ਹੈ।

[1]ਜੋ ਇਕ ਰਾਜ ਬ੍ਰਹਮੰਡ ਵਿਚ ਪ੍ਰਕਾਸ਼ਦਾ ਹੈ।

[1]ਸੂਰਜ ਸਮਾਨ ਸ਼੍ਰੀ ਗੁਰੂ ਜੀ ਨੂੰ) ਸੁਰ ਤੇ ਦੈਂਤ ਸੱਚਾ ਗੁਰੂ ਕਰਕੇ ਜਾਣਦੇ ਹਨ।

ਛਲਯੋ ਚਹਤਿ ਤਿਨ ਕੋ ਮਤਿ ਕਾਚਾ ॥੨੮॥
ਗਰਬ ਕਰਹਿ ਉਰ ਜਯੋਂ ਖੱਦਯੋਤ[1]। [1]ਟਟੈਹਣਾ।
ਉਡਿ ਉਡਿ ਨਿਜ ਦਿਖਰਾਇ ਉਦੋਤਿ[1]। [1]ਪ੍ਰਕਾਸ਼।
ਲੇ ਸਿੱਖਯਾ ਕੋ ਸਕਲ ਪ੍ਰਕਾਰੀ।
ਚਲਿਬੇ ਹਿਤ ਵਕੀਲ ਭਾ ਤਯਾਰੀ ॥੨੯॥
ਨਿਜ ਰਾਜੇ ਕੋ ਧੀਰਜ ਦੀਨਿ।
'ਕਰਹੁਂ ਫਰੇਬ ਅਨੇਕ ਪ੍ਰਬੀਨ।
ਆਨਯੋ ਹੀ ਜਾਨਹੁ ਮਨ ਮਾਂਹੀ।
ਤੁਮ ਇਕਬਾਲ[1] ਬਿਦਤਿ ਜਹਿਂ ਕਾਂਹੀ ॥੩੦॥ [1]ਪ੍ਰਤਾਪ।
ਸੈਲੇਂਦ੍ਰਨਿ ਬ੍ਰਿੰਦਨ ਕੋ ਟੀਕਾ[1]। [1]ਸਾਰੇ ਪਹਾੜੀ ਰਾਜਿਆਂ ਦੇ (ਆਪ) ਸ਼ਿਰੋਮਣਿ ਹੋ।
ਜਥਾ ਗਜਿੰਦ੍ਰ[1] ਮ੍ਰਿਗਨਿ ਮਹੁਂ ਨੀਕਾ। [1]ਸ਼ੇਰ। (ਅ) ਐਰਾਵਤ।
ਸਫਲਹਿਂ ਤੋਹਿ ਮਨੋਰਥ ਸਾਰੇ।'
ਇਮ ਤਰੀਫ ਕਰਿ ਚਹਤਿ ਪਧਾਰੇ ॥੩੧॥
ਨਮੋ ਕਰਤਿ ਹਯ ਤਬਹਿ ਅਰੂਢਾ।
ਗਮਨਯੋ ਪੰਥ ਚਿਤਹਿ ਛਲ ਗੂਢਾ।
ਪਹੁਂਚਯੋ ਆਨਿ ਅਨੰਦ ਪੁਰਿ ਥਾਨਾ।
ਕੀਨਸਿ ਡੇਰਾ ਹੇਰਿ ਮਕਾਨਾ ॥੩੨॥
ਧਰਿ ਕਰਿ ਚੀਰ ਸਰੀਰ ਅਛੇਰੇ।
ਸਤਿਗੁਰ ਪੌਰ ਪਹੁਂਚਿ ਤਿਸ ਬੇਰੇ।
ਦ੍ਵਾਰਪਾਲ ਕੋ ਭਨਤਿ ਜਨਾਈ।
'ਪਠਯੋ ਮੋਹਿ ਗੁਰ ਢਿਗ ਗਿਰਰਾਈ ॥੩੩॥
ਅੰਤਰ ਜਾਇ ਕਰਹੁ ਸੁਧਿ ਮੋਰੀ।
ਕਰਹੁ ਬੰਦਨਾ ਜੁਗ ਕਰ ਜੋਰੀ।'
ਸੁਨਤਿ ਪੌਰ ਪਤਿ[1] ਤਿਸ ਠਹਿਰਾਯੋ। [1]ਦਰਬਾਨ ਨੇ।
ਆਪ ਗਯੋ ਜਹਿਂ ਪ੍ਰਭੁ ਸੁਹਾਯੋ ॥੩੪॥
ਰੁਖ਼ ਕੋ ਦੇਖਿ ਜੋਰਿ ਕਰ ਬੋਲਾ।
'ਸ੍ਰੀ ਪ੍ਰਭੁ ਨਿਜ ਦਾਸਨਿ ਕੋ ਓਲਾ!

ਭੀਮ ਚੰਦ ਸੈਲਿੰਦ੍ਰ ਬਿਲੰਦੰ।
ਪਠਜੋ ਵਕੀਲ ਨਮਹਿ ਕਰ ਬੰਦੰ ॥੩੫॥
ਕਦਮ ਪਦਮ ਕੋ ਦਰਸ਼ਨ ਚਾਹਤਿ।
ਕੁਛ ਕਾਰਜ ਹਿਤ ਲਖਿਯ ਉਮਾਹਤਿ[1]। [1]ਉਤਸਾਹ ਵਾਲਾ ਦਿਸਦਾ ਹੈ।
ਥਿਰਜੋ ਪੌਰ ਪਰ ਯਥਾ ਹੁਕਮ ਹ੍ਵੈ।
ਕਰਹਿਂ ਸੁਨਾਵਨ, ਕ੍ਰਿਤੀ ਤਥਾ ਹ੍ਵੈ[1]' [1]ਉਵੇਂ ਹੀ ਕੀਤਾ ਜਾਵੇ।
॥੩੬॥
ਸ਼੍ਰੀ ਕਲਗ਼ੀਧਰ ਸਤਿਗੁਰ ਸਾਚੇ।
ਸੁਨਤਿ ਉਚਾਰੀ ਆਇਸੁ ਤਾਚੇ[1]। [1]ਤਿਸ ਨੂੰ।
'ਕਰਹਿਂ ਹਕਾਰਨਿ ਤਿਸ ਕੋ ਕਾਲੀ[1]। [1]ਕੱਲ ਨੂੰ।
ਦੇਗ਼ ਰਸਤ ਤੇ ਰਖਹੁ ਨ ਖਾਲੀ' ॥੩੭॥
ਦ੍ਵਾਰਪਾਲ ਤਬਿ ਆਨਿ ਸੁਨਾਈ।
ਆਛੀ ਮਾਨਿ ਗਯੋ ਨਿਜ ਥਾਂਈ।
ਕਹਿ ਪੁਨ ਰਸਤ ਪੁਚਾਵਨਿ ਕਰੀ।
ਖਾਨ ਪਾਨ ਕੀਨਸਿ ਬਿਧਿ ਖਰੀ ॥੩੮॥
ਥਿਤ ਡੇਰੇ ਹੁਇ ਨਿਸਾ ਬਿਤਾਈ।
ਜਾਗੇ ਪੁਨ ਪ੍ਰਭਾਤਿ ਹ੍ਵੈ ਆਈ।
ਸਤਿਗੁਰ ਕਰਿ ਸ਼ਨਾਨ ਸ਼ੁਭ ਨੀਰੰ।
ਬੈਠਿ ਸਮਾਧਿ ਲਗਾਇ ਗਹੀਰੰ ॥੩੯॥
ਚਾਰੁ ਸ਼ਰੀਰ ਚੀਰ ਬਿਧਿ ਨੀਕੰ।
ਬਾਂਧੀ ਜਿਗਾ ਰੁਚਿਰ ਉਸ਼ਨੀਕੰ।
ਉਦਜੋ ਦਜੋਸਪਤਿ[1] ਬਾਹਰਿ ਆਏ। [1]ਸੂਰਜ ਨਿਕਲੇ।
ਕਲ਼ਗੀ ਸੁੰਦਰ ਸ਼ੋਭ ਵਧਾਏ ॥੪੦॥
ਨੰਦ ਚੰਦ ਜੁਤਿ ਬ੍ਰਿੰਦ ਮਸੰਦੰ।
ਪਦ ਅਰਬਿੰਦ ਬੰਦਿ ਕਰ ਬੰਦੰ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ।
ਭਗਨੀ ਨੰਦ ਬੰਦਿ ਸੁਖ ਪਾਯੋ[1] ॥੪੧॥ [1]ਭਾਵ, ਮਾਮਾ ਕ੍ਰਿਪਾਲ ਜੀ ਨੇ ਆਪਣੀ ਭੈਣ ਦੇ ਸਪੁੱਤ੍ਰ (ਗੁਰੂ ਜੀ) ਨੂੰ ਮੱਥਾ ਟੇਕ ਕੇ ਸੁਖ ਪਾਯਾ।

ਪਾਂਚਹੁ ਬੀਰ ਭਾਣਜੇ ਆਏ।
ਬਸਤ੍ਰ ਸ਼ਸਤ੍ਰ ਤੇ ਅਧਿਕ ਸੁਹਾਏ।
ਦਰਸ਼ਨ ਕਾਂਖੀ ਸੰਗਤਿ ਜੇਤੀ।
ਲਏ ਉਪਾਇਨ ਪਹੁੰਚੀ ਤੇਤੀ ॥੪੨॥

ਹੋਨਿ ਲਗੀ ਅਰਦਾਸ ਅਗਾਰੀ।
ਹੇਰਿ ਹੇਰਿ ਹਰਖਤਿ ਹੁਇਂ ਵਾਰੀ।
ਸਿੰਘਾਸਨ ਥਿਤ ਢੁਰਤੋ ਚੌਰ।
ਬੈਠੇ ਕੁਲ ਸੋਢੀ ਸਿਰਮੌਰ ॥੪੩॥
ਦਾਸਨ ਕਰੈਂ ਭਾਵਨਾ ਪੂਰੀ।
ਸਭਿ ਤੇ ਭਈ ਸਭਾ ਸ਼ੁਭ ਪੂਰੀ।
ਕਰੁਨਾ ਭਰੇ ਬਿਲੋਚਨ ਕੋਰਹਿਂ'।  'ਨੇਤ੍ਰਾਂ ਦੇ ਕੋਨੇ।
ਹੇਰਹਿਂ ਪ੍ਰਿਯ ਸਿੱਖਨ ਕੀ ਓਰਹਿਂ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੂਤ ਆਵਨਿ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਵਕੀਲ ਵਾਪਸ ਗਿਆ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਨੰਦ ਚੰਦ ਕਰ ਬੰਦਿ ਕਹਿ, 'ਭੀਮਚੰਦ ਸੈਲਿੰਦ।
ਪਠਜੋ ਸੁ ਅਬਹਿ ਹਕਾਰੀਏ, ਦਰਸਹਿ ਪਦ ਅਰਬਿੰਦ' ॥੧॥

ਚੌਪਈ:

ਲੇ ਸ਼੍ਰੀ ਗੁਰ ਤੇ ਹੁਕਮ ਪਠਾਯੋ।
ਸੁਨਿ ਵਕੀਲ ਸੋ ਤਤਛਿਨ ਆਯੋ।
ਸਭਾ ਮਝਾਰ ਪ੍ਰਵੇਸ਼ਜੋ ਆਈ।
ਧਰਿ ਅਕੋਰ ਕੋ ਗ੍ਰੀਵ ਨਿਵਾਈ ॥੨॥
ਜਹਾਂ ਮੇਵਰੇ ਥਾਨ ਬਤਾਯੋ।
ਬੈਠਜੋ ਤ੍ਰਸਤਿ ਅੰਗ ਸੁਕਚਾਯੋ[1]।
ਦੀਹ ਪ੍ਰਤਾਪ ਦਿਖਤਿ ਪ੍ਰਭੁ ਕੇਰੋ।
ਜਥਾ ਇੰਦ੍ਰਾਸਣ ਇੰਦ੍ਰ ਸੁ ਹੇਰੋ[1] ॥੩॥
ਹਾਥ ਬੰਦਿ ਕਰਿ ਅਰਜ਼ ਗੁਜ਼ਾਰੀ।
'ਕਰੀ ਨਮੋ ਨ੍ਰਿਪ ਆਪ ਅਗਾਰੀ।
ਕਦਮ ਪਦਮ ਪਰ ਸਿਰ ਨਿਜ ਰਾਖਾ।
ਦਾਸਨ ਦਾਸ ਹੋਨਿ ਅਭਿਲਾਖਾ' ॥੪॥
ਫੁਰਮਾਯੋ ਸ਼੍ਰੀ ਮੁਖ ਅਰਬਿੰਦੰ।
'ਭੀਮਚੰਦ ਮਨੁਜੇਂਦ੍ਰ[1] ਬਿਲੰਦੰ।
ਕੁਸ਼ਲ ਸਮੇਤ ਕਹਾਂ ਅਬਿ ਥਿਰਜੋ?
ਇਤ ਤੇ ਜਾਇ ਗਮਨ ਕਿਤ ਕਰਜੋ?
॥੫॥
ਕਹੁ ਕਾਰਨ ਤੂੰ ਨਿਜ ਆਗਵਨੂ।
ਪਠਜੋ ਹੋਇ ਨ੍ਰਿਪ ਕਾਰਜ ਕਵਨੁ?'
ਸੁਨਤਿ ਦੂਤ ਨੇ ਕੁਸ਼ਲ ਜਨਾਈ।
'ਜਬਿ ਕੋ ਦਰਸ ਕੀਨਿ ਗਿਰਰਾਈ ॥੬॥
ਤਬਿ ਕੇ ਗੁਨ ਗਨ ਰਾਵਰ ਕੇਰੇ।
ਬਰਨਤਿ ਹੈ ਸਭਿ ਨਿਕਟ ਬਡੇਰੇ[1]।
-ਦੀਹ ਸੁਸ਼ੀਲ, ਗਹੀਲ ਰਸੀਲੇ[1]।
ਡੀਲ ਛਬੀਲਾ, ਹਰਤਾ ਹੀ ਲੇ[1] ॥੭॥
ਭਾਗ ਵਿਸ਼ੇਸ਼ ਦੇਸ਼ ਕੇ ਭਏ।

[1]ਡਰਦਾ ਅੰਗ ਸੰਕੋਚ ਕੇ ਬੈਠਾ।

[1]ਜਿਵੇਂ ਇੰਦ੍ਰ ਦੇ ਸਿੰਘਾਸਨ ਤੇ ਇੰਦ੍ਰ ਸ਼ੋਭਦਾ ਹੈ।

[1]ਰਾਜਾ।

[1]ਵਡੇ (ਗੁਣ)। (ਅ) ਵਡਿਆਂ ਪਾਸ।

[1]ਭਾਵ, ਬੜੇ ਪਿਆਰ ਵਾਲੇ। ['ਗਹੀਰ' ਦਾ ਹੀ ਦੂਸਰਾ ਰੂਪ 'ਗਹੀਲ' ਹੈ। ਗਹੀਰ = ਡੂੰਘਾ, ਵਡਾ]।

[1]ਹੀ =) ਦਿਲ ਹਰ ਲੈਣ ਵਾਲੇ।

ਕਦਮ ਪਦਮ ਗੁਰ ਕੇ ਜਬਿ ਅਏ।
ਸਭਿ ਲੋਕਨ ਕੋ ਹੋਤਿ ਭਲੇਰਾ।
ਕ੍ਵੈ ਸੁਨਿ ਸ਼ਬਦ[1] ਦਰਸ ਕ੍ਵੈ ਹੇਰਾ[2] ॥੮॥
ਪਾਪ ਕਲਾਪ ਆਪ ਛਪਿ ਜੈ ਹੈਂ।
ਜਹਿਂ ਕੇਹਰਿ ਤਹਿਂ ਨਹਿਂ ਗਜ ਭੈ ਹੈ।
ਸਭਿਹਿਨਿ ਦੁਰਲਭ ਦਰਸ਼ਨ ਜੋਯੋ।
ਭੂਤਲ ਇਤ ਕੋ ਪਾਵਨ ਹੋਯੋ ॥੯॥
ਇੱਤਯਾਦਿਕ ਮਹਿਮਾ ਗੁਨ ਬ੍ਰਿੰਦੰ।
ਸੁਨਤਿ ਰਹੇ ਸਭਿ ਕਹੇ ਨਰਿੰਦੰ[1]।
ਇਤ ਤੇ ਜਾਇ ਨ ਕਿਤਹੂੰ ਗਯੋ।
ਰਹ੍ਯੋ ਸਦਨ ਮਨ ਆਨੰਦ ਭਯੋ ॥੧੦॥
ਮਮ ਆਗਵਨ ਸੁਨਹੁ ਪ੍ਰਭੁ! ਕਾਰਨ।
ਰਾਵਰਿ ਕੰਨੈ[1] ਪਠ੍ਯੋ ਹਿਤ ਧਾਰਨ।
ਰਾਜੇ ਹਾਥ ਜੋੜਿ ਇਮ ਭਾਖਾ।
-ਚਰਨ ਕਮਲ ਮਹਿਂ ਪ੍ਰੀਤ ਭਿਲਾਖਾ[1] ॥੧੧॥
ਜੇਤਿਕ ਦੇਸ਼ ਰਾਜ ਮਮ ਸੈਲ[1]।
ਅਪਨੋ ਜਾਨ ਕਰਹਿਂ ਗੁਰ ਸੈਲ[1]।
ਜਿਮ ਅਪਨ੍ਯੋਂ ਪਰ ਹੁਕਮ ਬਖਾਨਹਿਂ।
ਤਿਮ ਹੀ ਮੋ ਪਰ ਕਰੁਨਾ ਠਾਨਹਿਂ ॥੧੨॥
ਗਜ ਬਾਜੀ ਆਦਿਕ ਘਰ ਮੇਰੇ।
ਕਰਹਿਂ ਮੰਗਾਵਨਿ ਲੇਂ ਸ਼ੁਭ ਹੇਰੇ-।
ਸਦਨ ਮਾਂਝ ਪਾਵਨ ਕੋ ਚਾਹਤਿ[1]।
ਮਿਲ੍ਯੋ ਜਬਹਿ ਕੋ, ਅਧਿਕ ਉਮਾਹਤਿ ॥੧੩॥
-ਅਬਿ ਜੋ ਵਸਤੁ ਅਹੈ ਘਰ ਮੋਹੀ।
ਗੁਰ ਉਰ ਅਭਿਲਾਖਾ ਜਿਸ ਹੋਹੀ।

[1]ਕੋਈ ਸੁਣਦਾ ਹੈ ਬਾਣੀ। [2]ਕੋਈ ਦਰਸ਼ਨ ਦੇਖਦਾ ਹੈ।

[1]ਰਾਜੇ ਦੇ ਇਸ ਤਰ੍ਹਾਂ ਦੇ ਆਖੇ ਹੋਏ (ਆਪ ਦੇ) ਸਾਰੇ ਗੁਣ (ਲੋਕੀਂ) ਸੁਣਦੇ ਰਹਿੰਦੇ ਹਨ।

[1]ਆਪ ਦੇ ਪਾਸ [ਪਹਾੜੀ ਬੋਲੀ]।

[1]ਪ੍ਰੀਤ ਦਾ ਚਾਹਵਾਨ ਹਾਂ।

[1]ਮੇਰਾ ਪਹਾੜ ਦੇਸ਼ ਦਾ ਰਾਜ ਹੈ।

[1]ਸੈਰ।

[1]ਘਰ ਵਿਚ ਆਪ ਦੇ ਚਰਣ (ਪਵਾਉਣੇ) ਚਾਹੁੰਦਾ ਹੈ ਪਰ ਜਾਪਦਾ ਹੈ ਕਿ ਇਥੇ ਪਾਠ 'ਸਦਨ ਸਾਂਝ' ਸੀ ਲਿਖਾਰੀ ਦੀ ਭੁੱਲ ਨੇ ਮਾਂਝ ਕੀਤਾ ਹੈ। 'ਸਦਨ-ਸਾਂਝ' ਦਾ ਅਰਥ ਹੈ ਕਿ ਘਰ ਵਾਲੀ ਵਰਤਣ ਆਪ ਨਾਲ ਪਾਉਣੀ ਚਾਹੁੰਦਾ ਹੈ, ਇਸ ਗਲ ਦੀ ਪ੍ਰੌਢਤਾ ਅੰਸੂ ੩੪ ਦੇ ਅੰਕ ੩੫ ਤੋਂ ਸਹੀ ਹੋ ਜਾਂਦੀ ਹੈ ਜਿੱਥੇ ਪਦ ਆਇਆ ਹੈ 'ਚਾਹਤ ਰਿਦੇ ਸਾਂਝ ਕੋ ਪਾਵਨ'।

ਬਿਨਾ ਅੰਤਰੇ ਅਪਨੀ ਜਾਨਹਿਂ।
ਨਿਜ ਘਰ ਸਮ ਅਨਵਾਵਨਿ ਠਾਨਹਿਂ ॥੧੪॥
ਹਰਖਤਿ ਹੋਇ ਤਬਹਿ ਮਨ ਮੇਰਾ-।
ਇਮ ਕਹਿ ਪਠਜੋ ਸੁ ਪ੍ਰੇਮ ਬਡੇਰਾ।'
ਕੂਰ ਕਪਟ ਕੋ ਮੂਢ ਬਖਾਨੈਂ।
ਨਿਜ ਰਾਜੇ ਸਮ ਪ੍ਰਭੁ ਕੋ ਜਾਨੈਂ ॥੧੫॥
ਮੋਰ ਮਨਿੰਦ ਅਨਿੰਦਤਿ[1] ਬਾਨੀ।
ਪਿਖਿਯਤਿ ਕ੍ਰਿਯਾ ਕੀਟ ਗਨ ਖਾਨੀ[1]।
ਕਰਹਿ ਜਨਾਵਨਿ ਮਿਤ੍ਰਤਾ ਆਪਨਿ।
ਚਹਤਿ ਕ੍ਰਿਆ ਕੁਟਲੀ ਬਨ ਸਾਪਨ[1] ॥੧੬॥
ਜਥਾ ਹਲਾਹਲ ਭਰਿ ਘਟ ਕੰਚਨ।
ਕਿਧੌਂ ਦੁਬਿਧਿ ਜੁਤਿ ਹੁਇ ਫਲ ਰੰਚਨ[1]।
ਵਹਿਰ ਬਾਕ ਬੋਲਹਿਂ ਬਹੁ ਮੋਲਾ।
ਅੰਤਰ ਭਰੇ ਗਰਲ ਜਿਮ ਘੋਲਾ[1] ॥੧੭॥
ਕੋ ਕੋ ਸਮਤਾ ਕਹਹਿਂ ਕਪਟ ਕੀ[1]।
ਪਟ ਕੀ ਓਟ ਜਥਾ ਕ੍ਰਿਤ ਨਟ ਕੀ[1]।
-ਜਿਸ ਬਿਧਿ ਦੇਹਿਂ ਪ੍ਰਭੁ ਇਹ ਕਰੀ[1]-।
ਕਰੀ ਬਾਤ ਤੈਸੀ ਛਲ ਭਰੀ ॥੧੮॥
ਸੁਨਿ ਕੈ ਨੰਦ ਚੰਦ ਤਬਿ ਕਹਜੋ।
'ਜੇ ਇਸ ਬਿਧਿ ਰਾਜੇ ਚਿਤ ਚਹਜੋ।
ਸੁਖਦਾਇਕ ਨਿਤ ਬਾਤ ਅਛੇਰੀ।

[1]ਨਾ ਨਿੰਦਣ ਯੋਗ ਭਾਵ ਸੁੰਦਰ।

[1]ਜੇ ਕਰਨੀ ਵਲ ਤੱਕੋ ਤਾਂ ਸਮੂਹ ਕੀੜੇ ਖਾਣ ਵਾਲੀ ਹੈ (ਮੋਰ ਕੀੜੇ ਖਾਂਦਾ ਹੈ)।

[1]ਸ਼ਾਇਦ ਉਸ ਕਹਾਣੀ ਵਲ ਇਸ਼ਾਰਾ ਹੈ ਕਿ ਬਨ ਅਗਨੀ ਵਿਚ ਘਿਰੇ ਇਕ ਸੱਪ ਨੇ ਇਕ ਸਵਾਰ ਰਾਹੀ ਨੂੰ ਮਿੱਤ੍ਰਤਾ ਦੇ ਬਚਨਾਂ ਨਾਲ ਨਰਮ ਕਰ ਲਿਆ ਸੀ ਕਿ ਕਿਵੇਂ ਮੈਨੂੰ ਅੱਗ ਵਿਚੋਂ ਕੱਢ ਲਵੇ। ਜਦ ਰਾਹੀ ਨੇ ਆਪਣੇ ਨੇਜ਼ੇ ਨਾਲ ਤੋਬਰਾ ਬੰਨ੍ਹਕੇ ਅੱਗ ਵਿਚ ਦੀ ਸੱਪ ਤੱਕ ਪੁਚਾਇਆ, ਸਪ ਵਿਚ ਵੜ ਗਿਆ ਤੇ ਰਾਹੀ ਨੇ ਉਸ ਨੂੰ ਬਾਹਰ ਕਢ ਲਿਆ, ਪਰ ਸੱਪ ਬਾਹਰ ਆਕੇ ਰਾਹੀ ਨੂੰ ਡੰਗਣ ਲਗਾ ਜਿਸ ਨੇ ਉਸ ਦੀ ਮਿੱਤ੍ਰਤਾ ਦੇ ਵਾਕਾਂ ਤੇ ਪਤੀਆ ਕਰਕੇ ਉਸ ਨੂੰ ਕੱਢਿਆ ਸੀ।

[1]ਯਾ (ਕੋਈ) ਫਲ ਦੋ ਤ੍ਰੀਕਿਆਂ ਨਾਲ ਰਚਿਆ ਹੋਵੇ। ਭਾਵ ਮਿਠਾਸ ਤੇ ਵਿਹੁ ਜਿਸ ਵਿਚ ਦੋਵੇਂ ਰਚੇ ਹੋਏ ਹੋਣ। ਸਵਾਦ ਮਿੱਠਾ ਤੇ ਤਾਸੀਰ ਜ਼ਹਿਰ ਹੋਵੇ ਐਸਾ ਫਲ। ਅਥਵਾ ਫਲ ਜੋ ਦਿੱਸਣ ਨੂੰ ਸੁਹਣਾ ਤੇ ਖਾਣ ਨੂੰ ਕੌੜਾ ਹੋਵੇ। (ਅ) ਕਿਤੇ ਬੀ (ਕੋਈ ਗਲ) ਦੋ ਬਿਧਾਂ ਵਾਲੀ ਹੋਵੇ ਉਸ ਦਾ ਫਲ (ਰੰਚ ਨ =) ਕੁਝ ਨਹੀਂ।

[1]ਘੋਲਿਆਂ ਹੋਇਆ ਵਿਹੁ।

[1]ਕਪਟ ਦੀ ਤੁੱਲਜਤਾ (ਉਪਮਾ) ਕੇਹੜੀ ਕੇਹੜੀ ਕਹਾਂ।

[1]ਬਸਤ੍ਰ ਦੇ ਉਹਲੇ ਜਿਵੇਂ ਨਟ ਦੀ ਕਾਰ ਹੁੰਦੀ ਹੈ (ਇਉਂ ਉਹ ਕਪਟ ਕਰਦਾ ਹੈ)।

[1]ਜਿਵੇਂ ਗੁਰੂ ਜੀ ਇਹ ਹਾਥੀ ਦੇ ਦੇਣ।

ਨਿਤ ਪ੍ਰਤਿ ਹ੍ਵੈ ਹੈ ਸੰਧਿ ਬਡੇਰੀ ॥੧੯॥
ਗੁਰ ਘਰ ਸੰਗ ਕਾਮਨਾ ਜੈਸੇ।
ਬਿਨਾ ਬਿਲੰਬ ਲਹੈ ਫਲ ਤੈਸੇ।
ਸਦਾ ਸਮੀਪ ਬਾਸ ਜਿਸ ਕੇਰਾ।
ਕਰੈ ਪ੍ਰੇਮ ਕੈ ਦ੍ਵੈਸ਼ ਬਡੇਰਾ ॥੨੦॥
ਤਿਸ ਤੇ ਹ੍ਵੈ ਸੁਖ ਕੈ ਦੁਖ ਨੀਤ।
ਹਰਖ ਸ਼ੋਕ ਕੇ ਰਹਿ ਬਸਿ ਚੀਤ।
ਰਾਵ ਕਿ ਰੰਕ ਭਲਾ ਜੋ ਚਹੈ।
ਸਦਾ ਸਰਲ ਉਰ ਗੁਰ ਸੰਗ ਰਹੈ' ॥੨੧॥
ਸੁਨਤਿ ਵਕੀਲ ਬਾਤ ਕੋ ਕਹ੍ਯੋ।
'ਗੁਰੂ ਕੰਨੇ[1] ਰਾਜੇ ਇਮ ਚਹ੍ਯੋ। — [1]ਗੁਰੂ ਜੀ ਪਾਸੋਂ।
-ਜਗ ਮਹਿਂ ਸ਼ੋਭਾ ਹੋਇ ਬਡੇਰੀ।
ਹੋਇ ਪ੍ਰਲੋਕ ਸੁਖਦ ਤਿਸ ਬੇਰੀ- ॥੨੨॥
ਅਬਿ ਸ਼ੋਭਾ ਹਿਤ ਮੋਹਿ ਪਠਾਯੋ।
ਲਖਹਿ ਸ਼ਗੁਨ ਨਿਜ ਸੁਤ ਕੋ ਆਯੋ[1]। — [1]ਆਪਣੇ ਪੁੱਤ੍ਰ ਦਾ ਸ਼ਗਨ ਆਇਆ ਜਾਣਕੇ।
ਫਤੇ ਸ਼ਾਹ ਸ਼੍ਰੀ ਨਗਰ ਨਰੇਸ਼ੁ।
ਰਾਜ ਸਮਾਜ ਪ੍ਰਤਾਪ ਵਿਸ਼ੇਸ਼ੁ ॥੨੩॥
ਤਨੁਜਾ ਕੋ ਸਬੰਧ ਕਿਯ ਤਾਂਹੀ।
ਅਬਿ ਸੋ ਬਜਾਹ ਦੇਨਿ ਚਿਤ ਚਾਹੀ।
ਸੁਨ੍ਯੋ ਪ੍ਰਥਮ ਲਾਗੀ ਆਗਵਨੂੰ।
ਤਿਨ ਹਿਤ ਤਯਾਰੀ ਰਹਿ ਨਿਜ ਭਵਨੂੰ ॥੨੪॥
ਉੱਤਮ ਵਸਤੁ ਉਤਸਵ ਮਾਂਹੀ।
ਜਾਚਹਿਂ ਹੋਤਿ ਸਦਨ ਜੇ ਨਾਂਹੀ[1]। — [1]ਮੰਗ ਲਈਦੀਆਂ ਹਨ ਜੇ ਘਰ ਨਾ ਹੋਵਣ ਤਾਂ।
ਰਾਵ ਰੰਕ ਸਭਿ ਹੈਂ ਇਕਸਾਰਾ।
ਜਾਚੇ ਬਿਨ ਨ ਚਲੈ ਬਿਵਹਾਰਾ[1] ॥੨੫॥ — [1](ਕਿਸੇ ਦਾ) ਵਿਹਾਰ ਨਹੀਂ ਟੁਰਦਾ।
ਅਪਰ ਸੈਲਪਤਿ ਮਤਿ ਕਰਿ ਹੇਰੇ[1]। — [1]ਵਿਚਾਰ ਕਰਕੇ ਵੇਖੇ ਹਨ ਕਿ ਹੋਰ ਰਾਜੇ।
ਹਮ ਰਾਜੇ ਤੇ ਕ੍ਵੈ ਨ ਵਡੇਰੇ।
ਲੈਬੇ ਉਚਿਤ ਵਸਤੁ ਕਿਸ ਪਾਹੀ।
ਅਪਨੇ ਤੇ ਸ਼ੁਭ ਲਖਿਯਤਿ ਨਾਂਹੀ ॥੨੬॥
ਚਿਤ ਬਿਚਾਰ ਕਰਿ ਦੇਖ੍ਯੋ ਜਬਿਹੂੰ।
ਬਿਨ ਰਾਵਰ ਤੇ ਨ੍ਰਿਪ ਲਘੁ ਸਭਿਹੂੰ।

ਜਥਾ ਪੁੱਤਰ ਹਮਰੋ ਤਿਮ ਗੁਰ ਕੋ।
ਇਮ ਧਾਰਜੋ ਨਿਸ਼ਚੈ ਦ੍ਰਿਢ ਉਰ ਕੋ ॥੨੭॥
ਤਬਿ ਮੋ ਕਹੁ ਤੁਮ ਨਿਕਟ ਪਠਾਯਹੁ।
ਸੁਜਸੁ ਮਹਾਨ ਬਖਾਨਿ ਸੁਨਾਯਹੁ।
-ਆਨਹੁ ਜਾਇ ਪ੍ਰਸਾਦੀ ਗਜ ਕੋ।
ਗੁਰੂ ਰਖਹਿੰਗੇ ਹਮਰੀ ਲਜ ਕੋ ॥੨੮॥
ਵਸਤੁ ਅਜਾਇਬ ਤਿਨਹੁ ਅਵਾਸਾ।
ਮੁਦਤਿ ਹੋਤਿ ਜਿਹ ਲਖਹਿਂ ਤਮਾਸ਼ਾ।
ਏਕ ਬਾਰ ਸੋ ਲੈ ਕਰਿ ਆਵਹੁ।
ਸਗਿਯਨਿ[1] ਕੇ ਲਾਗੀ ਦਰਸਾਵਹੁ ॥੨੯॥

[1]ਕੁੜਮਾਂ ਦੇ ਲਾਗੀਆਂ ਨੂੰ। [ਪੰਜਾ:, ਸਗਾ = ਕੁੜਮ]।

ਤਿਨ ਪੀਛੇ ਕੁੰਚਰ ਪਹੁੰਚਾਵਹਿਂ।
ਪਿਖਿ ਕਰਿ ਜਿਹ ਸਗਰੇ ਬਿਸਮਾਵਹਿਂ।
ਫਤੇਸ਼ਾਹ ਕੇ ਸਹਿਤ ਸੁਨਾਵਹਿਂ।
ਅਦਭੁਤ ਤੇ ਹਮ ਸੁਜਸੁ ਵਧਾਵਹਿਂ- ॥੩੦॥
ਇਸ ਪ੍ਰਕਾਰ ਤੇ ਮਮ ਆਗਵਨੂੰ।
ਪਠਜੋ ਨਰਿੰਦ ਨਿਕਟ ਸੁਖ ਭਵਨੂੰ।'
ਕਪਟ ਸਨੇ ਸੁਨਿ ਬੈਨ ਵਕੀਲੰ।
ਅੰਤਰਯਾਮੀ ਗੁਨੀ ਗਹੀਲੰ[1] ॥੩੧॥

[1]ਗੁਣਾਂ ਦੇ ਗਹੀਰ, ਗੁਣਾਂ ਦੇ ਸਮੁੰਦਰ।

ਲਗੇ ਪਹਾਰੀ -ਮਤਿ ਕੇ ਕਾਚੇ।
ਛਲ ਕੋ ਠਾਨਿ ਕਹਾਵਤਿ ਸਾਚੇ।
ਜੇ ਅਬਿ ਇਨ ਕੋ ਦੇਹਿਂ ਪ੍ਰਸਾਦੀ।
ਤਉ ਬਾਦ ਕਰਿ ਹੈਂ ਅਪਵਾਦੀ[1] ॥੩੨॥

[1]ਤਦ ਬੀ ਨਿੰਦਕ ਝਗੜਾ ਹੀ ਕਰਨਗੇ (ਕਿਉਂਕਿ)।

ਬਹੁਰ ਬਹੋਰਹਿਂ ਨਹਿਂ[1] ਮਤਿਮੰਦੇ।

[1]ਮੋੜਨਗੇ ਨਹੀਂ।

ਨਿਜ ਚਤੁਰਾਈ ਲਖਹਿਂ ਬਿਲੰਦੇ[1]।

[1]ਇਸ (ਛਲ ਖੇਡਣ ਵਿਚ) ਆਪਣੀ ਚਤੁਰਾਈ ਸਮਝਣਗੇ।

ਪੁਨ ਪਰਿ ਹੈ ਸੰਗ੍ਰਾਮ ਬਿਸਾਲਾ।
ਗਿਰਪਤਿ ਗਰਬਤਿ ਮਹਿਤ ਕੁਚਾਲਾ ॥੩੩॥
ਯਾਂ ਤੇ ਨਹਿਂ ਦੇਨੋ ਬਨਿ ਆਵੈ।

ਇਸ ਕੇ ਸੰਗ ਜੰਗ ਹੀ ਭਾਵੈ[1]-।

[1]ਦਿੱਤਿਆਂ ਮੁੜਕੇ ਲੈਣ ਲਈ ਸਾਨੂੰ ਜੰਗ ਕਰਨਾ ਪਵੇਗਾ, ਨਾ ਦਿੱਤਿਆਂ ਰਾਜਾ ਅਸਾਂ ਨਾਲ ਜੰਗ ਕਰੇਗਾ। ਦੋਹਾਂ ਤਰ੍ਹਾਂ ਜੰਗ ਹੀ ਹੋਣਾ ਹੈ ਇਸ ਰਾਜੇ ਨਾਲ, ਇਸ ਲਈ ਨਾ ਦੇਕੇ ਉਸ ਵੱਲੋਂ ਹੋਏ ਹਮਲੇ ਵਾਲਾ ਜੰਗ ਸ੍ਰੇਸ਼ਟ ਹੈ, ਇਸ ਤੁਕ ਹੇਠਾਂ ਇਹ ਨੀਤੀ ਹੈ।

ਇਮ ਬਿਚਾਰ ਕਰਿ ਜਗ ਗੁਰ ਭਾਖਾ।
'ਆਨਜੋਂ ਸਿਖ[1] ਗਜ ਧਰਿ ਅਭਿਲਾਖਾ[2] ॥ ੩੪ ॥

[1]ਭਾਵ, ਰਾਜਾ ਰਤਨ ਰਾਏ ਨੇ...। [2]ਇਹ) ਇੱਛਾ ਧਾਰਕੇ:-।

-ਰਾਖਹਿਂ ਨਿਕਟ ਉਚਿਤ ਇਹ ਗੁਰ ਕੋ-।
ਏਵ ਮਨੋਰਥ ਠਾਨਜੋਂ ਉਰ ਕੋ।
-ਨਹੀਂ ਅਪਰ ਕੋ ਦੈਬੋ ਕਰੈਂ।
ਪਰਚਹਿਂ ਆਪ ਕਿ ਊਪਰ ਚਰੈਂ- ॥ ੩੫ ॥
ਅਨਿਕ ਜਤਨ ਤੇ ਦੁਲਭ ਬਡੇਰੋ।
ਆਨਿ ਦੂਰ ਤੇ ਦਰਸ਼ਨ ਹੇਰੋ।
ਗੁਰ ਘਰ ਸਦਾ ਨੇਮ ਇਹ ਰਹਜੋ।
ਰਚਹਿਂ ਸੁ ਤਿਮ[1], ਜਿਮ ਪ੍ਰੇਮੀ ਚਹਜੋ ॥ ੩੬ ॥

[1]ਤਿਵੇਂ ਕਰਦੇ ਹਨ (ਗੁਰੂ ਜੀ)।

ਸਿਖ ਕੋ ਸਫਲ ਮਨੋਰਥ ਕਰੈਂ।
ਸੋ ਬਿਸਾਰ ਕਬਿ ਨਹਿਂ ਪਰਹਰੈਂ।
ਯਾਂ ਤੇ ਕਹਹੁ ਨ੍ਰਿਪਤਿ ਸੰਗ ਜਾਈ।
ਅਪਰ ਏਕ ਹਮ ਢਿਗ ਗਜਰਾਈ ॥ ੩੭ ॥
ਬੂਝਹੁ ਨਿਜ ਰਾਜੇ ਲੈ ਜਾਵਹੁ।
ਸਗਿਯਨਿ ਲਾਗੀ ਕੋ ਦਰਸਾਵਹੁ।'
ਸੁਨਿ ਕਰਿ ਤੂਸ਼ਨਿ ਦੂਤ ਕਰੀ ਹੈ।
ਜਾਨੀ -ਗੁਰ ਨਹਿਂ ਦੇਤੀ ਕਰੀ ਹੈ[1]- ॥ ੩੮ ॥

[1]ਜਾਣ ਲਿਆ ਕਿ ਗੁਰੂ ਜੀ ਹਾਥੀ ਨਹੀਂ ਦਿੰਦੇ।

ਰੁਖ਼ ਕੋ ਦੇਖਤਿ ਰੁਖ਼ਸਦ[1] ਹੋਯੋ।
ਬੰਦਨ ਕਰ ਗਮਨਜੋਂ ਮਗ ਜੋਯੋ।
ਰਿਦੇ ਬਿਸੂਰਤਿ ਮੁਖ ਮੁਰਝਾਵਤਿ।
ਬਨਜੋ ਨ ਕਾਰਜ, ਜਾਤਿ ਲਜਾਵਤਿ ॥ ੩੯ ॥

[1]ਵਿਦਾ।

ਅੰਤਰਜਾਮੀ ਗੁਰ ਕੋ ਜਾਨਾ।
ਗਿਰਪਤਿ ਕੋ ਸਭਿ ਕਪਟ ਪਛਾਨਾ।
ਜਾਇ ਪ੍ਰਵੇਸ਼ਜੋ ਅਪਨੇ ਪੁਰਿ ਮੈਂ।
ਅਨਿਕ ਕਲਪਨਾ ਠਾਨਤਿ ਉਰ ਮੈਂ
॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਵਕੀਲ ਆਵਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਭੀਮ ਚੰਦ ਦੀ ਸਲਾਹ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਭੀਮਚੰਦ ਸੈਲਿੰਦ੍ਰ ਜਬਿ, ਬੈਠ੍ਯੋ ਸਭਾ ਬਿਲੰਦ।
ਪਹੁੰਚ੍ਯੋ ਜਾਇ ਵਕੀਲ ਤਬਿ, ਬੰਦਤਿ ਭਯੋ ਨਰਿੰਦ ॥੧॥

ਚੌਪਈ:

ਦੇਖਤਿ ਬੋਲ੍ਯੋ ਮੁਖ ਮੁਰਝਾਯੋ।
'ਲਖੀਯਤਿ, ਕਰੀ ਨਹੀਂ ਸੰਗ ਲਜਾਯੋ।
ਕਿਮ ਗੁਰ ਭਾਖ੍ਯੋ ਦੇਹੁ ਬਤਾਈ?
ਰਖੀ ਕਿ ਨਹੀਂ ਮੋਹਿ ਬਡਿਆਈ?
॥੨॥
ਲਖ੍ਯੋ ਕਿ ਨਹਿਂ ਬਿਗਰਨ ਤੇ ਤ੍ਰਾਸਾ[1]? — [1]ਵਿਗਾੜ ਹੋਣ ਤੋਂ ਭੈ ਖਾਧਾ ਨੇ ਕਿ ਨਹੀਂ।
ਕੀਨਸਿ ਦੇਸ਼ ਹਮਾਰੇ ਬਾਸਾ।
ਕਿਧੌਂ ਆਰਬਲ ਅਹੈ ਨਵੀਨ?
ਗਰਬ ਕੀਨਿ ਹੱਥਜਾਰਨ ਲੀਨਿ[1]' ॥੩॥ — [1]ਹਥਿਯਾਰ ਫੜਨ ਦਾ ਹੰਕਾਰ ਕੀਤਾ ਨੇ।
ਭੀਮਚੰਦ ਤੇ ਸੁਨਿ ਕਹਿ ਦੂਤ।
'ਗੁਰ ਬੈਠ੍ਯੋ ਬਨਿ ਕੈ ਪੁਰਹੂਤ[1]। — [1]ਇੰਦ੍ਰ।
ਕਹਾਂ ਤ੍ਰਾਸ ਤਿਸ ਕੇ ਮਨ ਮਾਂਹੀ।
ਰੰਗ ਪ੍ਰਸੰਗ ਜੰਗ ਕੇ ਜਾਂਹੀ[1] ॥੪॥ — [1]ਜੰਗ ਦੇ ਪ੍ਰਸੰਗ ਵਿਚ ਜਿਨ੍ਹਾਂ ਦਾ ਪ੍ਰੇਮ ਹੈ।
ਤਹਿ ਲੋਕਨਿ ਤੇ ਸੁਨ੍ਯੋ ਬ੍ਰਿਤੰਤ।
ਤੀਰਨ ਬਿੱਦਜਾ ਸਦਾ ਕਰੰਤਿ।
ਕਥਾ ਪੁਰਾਨਨ ਤੇ ਜਿਮ ਸੁਨੈਂ[1]। — [1]ਭਾਵ ਅਸੀਂ ਸੁਣਦੇ ਆਏ ਹਾਂ।
ਤਿਮ ਸਰ ਗਨ ਕੋ ਧਨੁ ਤੇ ਹਨੈਂ ॥੫॥
ਪਿਖ੍ਯੋ ਨੈਨ ਤੇ ਤਥਾ ਸੁਨਾਇ।
ਬਡ ਬਹਾਦਰੀ ਮੁਖ ਦਿਪਤਾਇ।
ਕਹੌਂ ਕਹਾਂ ਮੈਂ, ਤੁਮ ਭੀ ਦੇਖਾ।
ਅਧਿਕ ਉੱਗ੍ਰਤਾ[1] ਤਬਹੁ ਪਰੇਖਾ ॥੬॥ — [1]ਬਲਵਾਨਤਾ, ਜਲਾਲ।
ਬਹੁ ਪ੍ਰਕਾਰ ਮੈਂ ਬਾਤ ਸੁਨਾਈ।
ਤੁਮ ਦਿਸ਼ਿ ਤੇ ਬਹੁ ਕੀਨਿ ਬਡਾਈ।
ਕਰਾਮਾਤ ਸਾਹਿਬ ਜੋ ਅਹੈਂ।
ਸਭਿ ਅੰਤਰਿ ਕੀ ਗਤਿ ਕੋ ਲਹੈਂ ॥੭॥
ਨਿਬਹੈ ਕਪਟ ਕਹਾਂ ਤਿਨ ਸੰਗ।

ਜਾਨਿ ਲਈ -ਨਹਿਂ ਮੁਰਹਿ ਮਤੰਗ[1]-। | [1]ਉਹਨਾਂ ਨੇ) ਜਾਣ ਲਿਆ ਕਿ ਹਾਥੀ (ਵਾਪਸ) ਨਹੀਂ ਮੁੜੇਗਾ।

ਮਮ ਜਾਚਾ ਕੋ ਸੁਨਿ ਫੁਰਮਾਯੋ।
-ਨ੍ਰਿਪ ਸ਼ਰਧਾਲੂ ਦੂਰ ਤੇ ਆਯੋ ॥੮॥
ਅਰਪਤਿ ਗਜ ਕੋ ਬਿਨੈ ਉਚਾਰੀ।
ਪੁਰਹੁ ਕਾਮਨਾ ਗੁਰੂ ਹਮਾਰੀ।
ਅਪਰ ਕਿਸੀ ਕੋ ਗਜ ਨਹਿਂ ਦੀਜੈ।
ਨਿਜ ਸਮੀਪ ਹੀ ਰਾਖਨਿ ਕੀਜੈ ॥੯॥
ਯਾਂ ਤੇ ਇਹ ਮਤੰਗ ਨਹਿਂ ਦੇਤਿ।
ਦੁਰਦ ਅਪਰ ਇਕ ਅਹੈ ਨਿਕੇਤ।
ਸੋ ਲੇ ਜਾਹੁ ਕਾਜ ਕੋ ਸਾਰਹੁ।
ਨਹਿ ਇਸ ਮਹਿਂ ਕੁਛ ਟਾਰ[1] ਬਿਚਾਰਹੁ- ॥੧੦॥ | [1]ਟਾਲਾ।

ਨਿਜ ਸਿੱਖਨ ਕੀ ਪੁਨਿ ਬਡਿਆਈ।
ਕਹਿ ਕਰਿ ਬਹੁ ਬਿਧਿ ਤੇ ਸਮੁਝਾਈ।
-ਪ੍ਰਿਯ ਕ੍ਰਿਪਾਲ ਕੋ ਭਗਤਿ ਜਥਾ ਹੈਂ[1]। | [1]ਪ੍ਰਮੇਸ਼ੁਰ ਨੂੰ ਪਿਆਰੇ ਹਨ ਜਿਵੇਂ ਭਗਤ।
ਗੁਰ ਘਰ ਮੈਂ ਸਿੱਖ ਲਿਖਹੁ ਤਥਾ ਹੈਂ ॥੧੧॥
ਤਿਨ ਕੋ ਕਹ੍ਯੋ ਨ ਮੋਰ੍ਯੋ ਜਾਈ।
ਯਾਂ ਤੇ ਗਜ ਨ ਦੈਨਿ ਬਨਿਆਈ-।
ਇਮ ਰੁਖ਼ ਲਖਿ ਮੈਂ ਰੁਖ਼ਸਦ ਲੀਨੀ।
ਇਹ ਨ ਦੇਹਿਂ ਕਬਿ, ਨਿਸ਼ਚੈ ਕੀਨੀ' ॥੧੨॥
ਭੀਮਚੰਦ ਸੈਲਿੰਦ੍ਰ ਬਿਲੰਦੈ।
ਮਨ ਗਿਰ ਕੋ ਬਚ ਬੱਜਰ ਮਨਿੰਦੈ[1]। | [1]ਰਾਜੇ ਦੇ) ਮਨ ਰੂਪੀ ਪਹਾੜ ਨੂੰ (ਵਕੀਲ ਦੇ) ਬਚਨ ਬੱਜ੍ਰ ਵਾਂਙੂ (ਲੱਗੇ)।

ਲਾਗਤਿ ਖਿਸ੍ਯੋ[†] ਦੂਖ ਕੋ ਪਾਯੋ[1]। | [1]ਗੁੱਸੇ ਵਿਚ ਆਇਆ ਤੇ ਦੁਖੀ ਹੋਇਆ। [†]ਪਾ:-ਲਾਗਤਿ ਖੁਨਸ੍ਯੋ।

ਹੋਇ ਪ੍ਰਿਥਕ ਪੁਨ ਮਤੋ ਪਕਾਯੋ ॥੧੩॥
ਇਕ ਵਜ਼ੀਰ ਦੂਸਰ ਕੁਟਵਾਲ।
ਦੁਇ ਤ੍ਰੈ ਅਪਰ ਨਿਕਟਿ ਬੈਠਾਲ।
ਰਿਦੇ ਕੋਪ ਜਿਸ ਕੇ ਬਹੁ ਜਾਗਾ।
[1] 'ਜਾਨਹੁਂ ਗੁਰੂ ਬਸੈ ਹਮ ਜਾਗਾ ॥੧੪॥ | [1]ਰਾਜੇ ਨੇ ਕਿਹਾ।

ਬਲ ਤੇ ਧਨ ਚਹੀਯਤਿ ਹਮ ਲੇਹਿਂ।
ਤੌ ਅਨੰਦ ਪੁਰਿ ਬਸਿਬੋ ਦੇਹਿਂ।
ਸੋ ਸਭਿ ਬਾਤ ਕਹੂੰ ਰਹਿ ਗਈ।
ਤਿਸ ਨੇ ਜਾਚੀ ਵਸਤੁ ਨ ਦਈ ॥੧੫॥
ਅਪਰ ਦੇਨਿ ਕੈਸੇ ਮਨ ਲਜਾਵਹਿ।
ਜਾਨੀ ਪਰੈ ਬਿਗਰ ਗੁਰ ਜਾਵਹਿ।
ਹੋਹਿ ਜੰਗ ਆਗੈ ਕੈ ਪਾਛੈ।
ਇਸ ਪ੍ਰਕਾਰ ਜੇ ਨਿਤ ਪ੍ਰਤਿ ਬਾਂਛੈ ॥੧੬॥
ਪ੍ਰਥਮ ਜਾਚਨਾ ਕੀਨਿਸਿ ਹਾਥੀ।
ਦਿਯੋ ਨਹੀਂ, ਰਸ ਰਖ੍ਯੋ ਨ ਸਾਥੀ[1]। [1]ਸਾਡੇ) ਨਾਲ।
ਯਾਂ ਤੇ ਸੰਧਿ[1] ਨਹੀਂ ਬਨਿ ਆਵਹਿ। [1]ਮੇਲ।
ਜੇ ਬਿਗਰੇ, ਨਹਿਂ ਬਸਿਬੇ ਪਾਵਹਿ ॥੧੭॥
ਅਬਿ ਮੈਂ[1] ਛਿਮਾ ਧਾਰਿ ਕਰਿ ਰਹੌਂ। [1]ਜੇ) ਮੈਂ ਹੁਣ।
ਪੁਨ ਅਨੀਤਿ ਠਾਨਹਿ ਕਿਮ ਸਹੌਂ।
ਦੇਸ਼ ਬਿਖੈ ਦੁੰਦਭਿ ਬਜਵਾਵਹਿ।
ਮਨ ਭਾਵਤਿ ਜਿਤ ਕਿਤ ਫਿਰਿ ਜਾਵਹਿ ॥੧੮॥
ਅਵਨੀ ਰੋਕਨਿ ਕੋ ਜਿਹ ਆਸ਼ੈ।
ਚਮੂੰ ਬਟੋਰਹਿ ਓਜ ਪ੍ਰਕਾਸ਼ੈ।
ਅਪਰ ਬਾਤ ਜਿਮ ਕਿਮ ਹੁਇ ਪਾਛੇ।
ਅਬਿ ਮਤੰਗ ਜੋ ਜਾਚਨਿ ਬਾਂਛੇ ॥੧੯॥
ਚਹੀਅਹਿ ਲੈਬੋ ਹਮਹਿਂ ਜ਼ਰੂਰਾ।
ਜਿਸ ਤੇ ਕਹਿਬੇ ਹੋਵਹਿ ਪੂਰਾ।
ਇਸ ਹਿਤ ਮਸਲਤ ਮੋਹਿ ਬਤਾਵਹੁ।
ਕੈ ਤੁਮ ਬਿਖੇ ਜਾਇ ਕੋ ਲਜਾਵਹੁ ॥੨੦॥
ਜੇ ਨ ਦੇਹਿ ਤੌ ਵਧਹਿ ਬਖੇਰਾ।
ਕਰਿ ਨਿਜ ਦਲ ਕੋ ਬਲ ਤਿਸ ਬੇਰਾ।
ਇਤਿ ਦਿਸ਼ਿ ਤੇ ਓਰੜ ਕਰਿ ਆਹਰ[1]। [1]ਉੱਦਮ ਕਰਕੇ ਚੜ੍ਹਾਈ (ਕਰੀਏ)।
ਗਿਰ ਦੇ ਦੇਸ਼[1] ਨਿਕਾਸਹਿਂ ਬਾਹਰ ॥੨੧॥ [1]ਪਹਾੜੀ ਦੇਸ਼ ਤੋਂ।
ਭੀਮ ਚੰਦ ਕੋ ਕਹਨਿ ਕੁਢਾਲਾ[1]। [1]ਖੋਟੀ ਤਰ੍ਹਾਂ ਦਾ ਕਹਿਣਾ।

ਸੁਨਜੋਂ ਮੁਸਾਹਿਬ ਸਭਿ ਤਿਸ ਕਾਲਾ।
ਰਾਜੇ ਤੀਰ ਵਜ਼ੀਰ ਸਧੀਰੰ।
ਬੋਲਜੋ ਦੈਬੋ ਬੁੱਧਿ ਗਹੀਰੰ ॥੨੨॥
'ਤੁਮ ਕੋ ਉਚਿਤ ਨਹੀਂ ਅਸ ਬਾਤੀ।
ਗੁਰ ਸੰਗ ਬੈਰ ਕਰਨਿ ਬੱਖਜਾਤੀ।
ਸ਼੍ਰੀ ਗੁਰੁ ਨਾਨਕ ਕੀ ਇਹ ਗਾਦੀ।
ਨਿੰਦਾ ਖੇਦ ਲਹਹਿ ਬਨਿ ਬਾਦੀ[1] ॥੨੩॥

[1](ਇਨ੍ਹਾਂ ਦੀ) ਨਿੰਦਾ ਤੇ ਲੜਾਈ ਕਰਨ ਵਾਲਾ ਦੁਖ ਪਾਉਂਦਾ ਹੈ।

ਕਰਾਮਾਤਿ ਸਾਹਿਬ ਅਵਤਾਰਾ।
ਜਿਨ ਆਗੈ ਨੰਮ੍ਰੀ ਜਗ ਸਾਰਾ।
ਦਾਸ ਬਨੇ ਬਾਂਛਤਿ ਸਭਿ ਪਾਵਹਿਂ।
ਬਾਦ ਕਰੇ ਢਿਗ ਕੀ ਨਸ਼ਟਾਵਹਿਂ[1] ॥੨੪॥

[1]ਝਗੜਿਆਂ ਜੋ ਕੋਲ (ਵਸਤੂਆਂ) ਹੋਣ ਸੋ ਬੀ ਨਸ਼ਟ ਹੋ ਜਾਂਦੀਆਂ ਹਨ।

ਕਹਾਂ ਬਾਤ ਕੁੰਚਰ ਕੀ ਅਹੈ।
ਤਿਸ ਬਿਨ ਅਟਕ ਕਾਜ ਕੋ ਰਹੈ।
ਤੁਮ ਰਾਜੇ ਪਾਲਹੁ ਨਿਜ ਧਰਨੀ[1]।
ਚਹੀਐ ਅਧਿਕ ਧੀਰ ਕੋ ਧਰਿਨੀ ॥੨੫॥

[1]ਆਪਣੀ ਧਰਤੀ (ਪ੍ਰਜਾ) ਨੂੰ ਪਾਲੋ।

ਰਾਜਨੀਤਿ ਕੇ ਬਰਤਨਵਾਰੇ।
ਸਰਬ ਸ਼ਾਸਤ੍ਰਨਿ ਸੁਨਹੁਂ ਸੁਧਾਰੇ।
ਦ੍ਵੈਸ਼ ਕਿ ਸੰਧਿ ਕਰਨਿ ਕਿਹ ਸੰਗਾ[1]।
ਉਚਿਤਾਨੁਚਿਤ ਬਿਚਾਰੁਹ ਚੰਗਾ ॥੨੬॥

[1]ਦ੍ਵੈਸ਼ ਕਿਸ ਨਾਲ ਕਰੀਦਾ ਹੈ ਤੇ ਮੇਲ ਕਿਸ ਨਾਲ।

ਬਨਹੁ ਬਿਰੋਧੀ ਗੁਰ ਕੇ ਜਬੈ।
ਹਾਸਲ ਕਹਾਂ[1] ਹੋਇ ਤੁਮ ਤਬੈ।
ਨਾਹਕ ਪਾਵਹੁ ਗਰੇ ਲਰਾਈ।
ਕੋ ਜਾਨੈ ਕੈ ਸਿਹੁਂ ਬਨਿ ਜਾਈ ॥੨੭॥

[1]ਕੀਹ।

ਅਪਰ ਸੁਨਹੁ ਤੁਮ, ਕਹੁਂ ਇਕ ਆਛੀ।
ਜੇ ਗੁਰ ਸੰਗ ਸੰਧਿ ਕਹੁ ਬਾਛੀ[1]।
ਆਇਂ ਗਿਰੇਸ਼ੁਰ ਜੇ ਮਹਿਪਾਲਾ।
ਤੁਮ ਪਰ ਸਕਹਿਂ ਨ ਬਲ ਕੋ ਘਾਲਾ ॥੨੮॥

[1]ਮੁਰਾਦ ਹੈ, ਜੇ ਮੇਲ ਰੱਖੀ ਰੱਖੋਗੇ ਤਾਂ।

ਕਲਗ਼ੀਧਰ ਕੌ ਰਹੈ ਦਬਾਉ।

| | |
|---|---|
| ਦੇਸ਼ ਨ ਘਾਲ ਸਕੈ ਕੋ ਪਾਊ। | |
| ਚਿਤ ਮਹਿਂ ਕਰਹੁ ਬਿਚਾਰ ਬਿਸਾਲਾ। | |
| ਰਾਜਨੀਤਿ ਕੀ ਹੈ ਜਿਮ ਚਾਲਾ ॥੨੯॥ | |
| ਬਡਭਾਗਨ ਜਾਨਹੁਂ ਇਹ ਧਰਾ[1]। | [1]ਧਰਤੀ। |
| ਜਿਸ ਤੇ ਆਨਿ ਗੁਰੂ ਪਗ ਧਰਾ। | |
| ਚਲਜੋ ਆਇ ਜਿਹ ਠਾਂ ਜਗ ਜਾਲਾ। | |
| ਜੋ ਚਾਹਤਿ ਬਚਿਬੇ ਜਮ ਜਾਲਾ ॥੩੦॥ | |
| ਜੋ ਪੁਰਵਤਿ ਮਨ ਬਾਂਛਾ ਕਰੀ[1]। | [1]ਜੋ ਮਨ ਦੀ ਇੱਛਾ ਪੂਰਨ ਕਰਦੇ ਹਨ। |
| ਤਿਨ ਆਗੇ ਬਪੁਰੋ ਕਜਾ ਕਰੀ[1]। | [1]ਹਾਥੀ। |
| ਘਟ ਘਟ ਭੇਵ ਨ ਤਿਨ ਕੋ ਛਾਨਾ। | |
| ਕਰਨਿ ਤੋਰ ਛਲ ਲੀਨਿ ਪਛਾਨਾ ॥੩੧॥ | |
| ਸਰਲ ਰਿਦੇ ਹੁਇ ਸੇਵਕ ਜਾਚੇ। | |
| ਤੌ ਦੇ ਦੇਤਿ ਦੁਰਦ ਗੁਰ ਸਾਚੇ। | |
| ਜੇ ਤੁਮ ਮਾਨਹੁਂਗੇ ਮਤ ਮੋਰਾ। | |
| ਕਰਨਿ ਕਪਟ ਤੇ ਲਿਹੁ ਮਨ ਮੋਰਾ[1] ॥੩੨॥ | [1]ਮੋੜ ਲਓ ਮਨ ਨੂੰ। |
| ਗੁਨ ਹੁਇ ਬ੍ਰਿੰਦ ਬਿਲੰਦ ਅਨੰਦੰ। | |
| ਗਮਨਹੁ ਦਰਸਹੁ ਪੁਰੀ ਅਨੰਦੰ। | |
| ਨਹਿਂ ਜੇ ਮਾਨਹੁ ਬੈਰ ਸੰਭਾਰੇ। | |
| ਭਾਰੇ ਅਵਗੁਨ ਪਰਹਿਂ ਬਿਗਾਰੇ ॥੩੩॥ | |
| ਸੇਵਹੁ ਲੇਹੁ ਪਦਾਰਥ ਚਾਰਾ। | |
| ਚਾਰਾ ਚਲਹਿ ਨ ਅਜ਼ਮਤਿਵਾਰਾ[1]। | [1]ਅਜ਼ਮਤ ਵਾਲਿਆਂ ਨਾਲ ਪੇਸ਼ ਨਹੀਂ ਜਾਂਦੀ। |
| ਵਾਰਾਸਾਰਾ[1] ਆਇ ਨ ਤਿਨ ਸੋਂ। | [1]ਸਾਰਾਵਾਰਾ = ਪੂਰੀ ਬਰੱਬਰੀ (ਅ) ਬਰਸਰੀ = ਮੁਕਾਬਲਾ। |
| ਤਿਨ ਸੋਂ ਬਨ ਕਰਿ ਜਾਚਨਿ ਜਿਨ ਸੋਂ[1]' ॥੩੪॥ | [1]ਜਿਨ੍ਹਾਂ ਤੋਂ ਮੰਗਣਾ ਹੈ ਤਿਨ੍ਹਾਂ ਨਾਲ ਬਣਾਕੇ ਹੀ ਰਖੀਏ। |
| ਇੱਤਜਾਦਿਕ ਸਿੱਖਜਾ ਕਹੁ ਦੀਨਿ। | |
| 'ਦੀਨ ਬਨਹੁ ਹੇ ਸੁਮਤਿ ਪ੍ਰਬੀਨ ! | |
| ਬੀਨ ਬੀਨ ਕਰਿ ਗੁਨ[†] ਮਤਿ ਲੀਨਿ[1]। | [1]ਗੁਣਾਂ ਵਾਲੀ ਮਤ ਪਰਖ ਪਰਖ ਕੇ ਲੈ ਲੈਣੀ ਚਾਹੀਦੀ ਹੈ। [†]ਪਾ:-ਗੁਰ। |
| ਲੀਨ ਅਨੰਦ ਜੇ ਗੁਰ ਰਸ ਭੀਨ[1]' ॥੩੫॥ | [1]ਜੋ ਗੁਰੂ ਦੇ ਰਸ ਵਿੱਚ ਭਿਜੇ ਉਹਨਾਂ ਨੇ ਅਨੰਦ ਲਿਆ ਹੈ। |
| ਭੀਮਚੰਦ ਮਤਿਮੰਦ ਨ ਮਾਨੀ। | |
| ਮਾਨੀ ਮਹਿਦ ਰਾਜ ਮਦ ਪਾਨੀ[1]। | [1]ਰਾਜ ਰੂਪ ਨਸ਼ੇ ਦੇ ਪੀਣ ਵਾਲੇ ਵਡੇ ਹੰਕਾਰੀ ਨੇ। |

ਪਾਨੀ ਬੂੰਦ ਚਿਕਨ ਘਟ ਸਾਨੀ[1]।
ਸਾਨੀ ਕਪਟ ਬੁਧ ਬਵਰਾਨੀ[1] ॥੩੬॥
ਸ੍ਰੀ ਕਲਗੀਧਰ ਜਿਸ ਮਨ ਫੇਰਾ[†]।
ਫੇਰਾ ਫਿਰਜੋ ਨ ਗੁਰ ਕੇ ਨੇਰਾ[1]।
ਚਾਹਤਿ ਉੱਤਰ ਦੇਤਿ ਵਜ਼ੀਰ।
ਜੀਰਨ ਬੈਸ ਜਾਨਿ ਬਿਨ ਧੀਰ[1] ॥੩੭॥
ਗੁਰ ਸ਼ਰਧਾ ਤੇ ਮਹਿਤ ਕਚੇਰਾ[1]।
ਚੇਰਾ ਬਨਜੋ ਨ, ਭਾਗ ਮੰਦੇਰਾ।
ਜਿਸ ਕੋ ਪ੍ਰਭੁ ਨੇ ਭਲਾ ਨ ਕਰਨਾ।
ਕਰੁਨਾ ਕਿਮਿ ਪ੍ਰਾਪਤਿ ਗੁਰ ਸਰਨਾ[1] ॥੩੮॥

[1]ਚਿਕਨਾਈ ਵਾਲੇ ਘੜੇ ਉੱਤੇ ਪਾਣੀ ਦੀ ਬੂੰਦ ਜੀਕੂੰ (ਨਹੀਂ ਟਿਕਦੀ)।

[1]ਕਪਟ ਨਾਲ ਮਿਲਕੇ ਬੁੱਧੀ ਕਮਲੀ ਹੋ ਗਈ।

[†]ਦਰਯੋਧਨ ਨੇ ਆਪਣੇ ਅੰਤ ਸਮੇਂ ਆਪਣੇ ਹਠ ਦੇ ਕਾਰਨ ਨੂੰ ਕ੍ਰਿਸ਼ਨ ਨੂੰ ਸਰੱਬਗਜ ਤੇ ਈਸ਼੍ਵਰ ਦੱਸਕੇ ਉਸੇ ਦੀ ਪ੍ਰੇਰਨਾ ਕਰਕੇ ਦੱਸਿਆ ਸੀ, ਉਸ ਵਾਂਙੂ ਕਵਿ ਜੀ ਰਾਜੇ ਦੀ ਕੁਮਤਿ ਦਾ ਕਾਰਨ ਈਸ਼੍ਵਰ ਵਲੋਂ ਦੱਸ ਰਹੇ ਹਨ ਜਿਸ ਦਾ ਵਿਦਤ ਸਰੂਪ ਸ੍ਰੀ ਗੁਰੂ ਜੀ ਹਨ। ਇਹ ਗਲ ਅਗਲੇ ਅੰਕ ੩੮ ਤੋਂ ਸਫੁਟ ਹੋ ਜਾਂਦੀ ਹੈ।

[1]ਵਜ਼ੀਰ ਦਾ) ਫੇਰਿਆ (= ਮੋੜਿਆ ਯਾ ਪ੍ਰੇਰਿਆ) ਨਾਂ ਮੁੜਿਆ ਗੁਰੂ ਵਲ ਨੂੰ।

[1]ਰਾਜਾ ਵਜ਼ੀਰ ਨੂੰ ਵੱਡੀ ਉਮਰਾ ਵਾਲਾ ਅਤੇ ਬੇ-ਹੌਸਲਾ ਜਾਣਕੇ ਉਤਰ ਦਿੱਤਾ ਚਾਹੁੰਦਾ ਹੈ।

[1]ਰਾਜਾ) ਕੱਚਾ ਹੈ।

[1]ਗੁਰ ਸ਼ਰਨ ਦੀ ਮੇਹਰ ਕਿਵੇਂ ਪ੍ਰਾਪਤ ਹੋ ਸਕੇ (ਉਸ ਨੂੰ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ ਮਸਲਤ ਕਰਨਿ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੩੩॥

## ੩੪. [ਕੁਟਵਾਰ ਦਾ ਆਉਣਾ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

[1]'ਸੁਨਿ ਵਜ਼ੀਰ! ਭਾਖਜੋ ਕਹਾਂ? ਮੋਹਿ ਪ੍ਰਤਾਪ ਘਟਾਇ। [1]ਭੀਮਚੰਦ ਬੋਲਿਆ।
ਜਿਹ ਸੋਂ ਵਧਜੋ ਵਿਰੋਧ ਬਹੁ, ਤਿਸ ਕੇ ਕਿਮ ਢਿਗ ਜਾਇੰ ॥੧॥

ਚੌਪਈ:

ਹਮ ਠਾਕੁਰ ਕੀ ਭਗਤਿ ਕਰੰਤੇ।
ਪ੍ਰਭੁ ਪ੍ਰਤਿਮਾ[1] ਕੋ ਨਿਤ ਅਰਚੰਤੇ। [1]ਮੂਰਤੀ।
ਜੇ ਸੈਲਨ ਕੀ ਸਭਿ ਠਕੁਰਾਈ[1]। [1]ਭਾਵ ਪਹਾੜਾਂ ਦੇ ਮਾਲਕ ਜੋ ਹਨ।
ਪੂਜਹਿਂ ਸਾਲਗਰਾਮ ਸਦਾਈ ॥੨॥
ਰਾਜਪੂਤ ਹਮ ਬੰਸ ਬਡੇਰੇ।
ਰਹੇ ਸਦੀਵ ਮੂਰਤਨਿ ਚੇਰੇ।
ਤਿਸ ਕੋ ਤਜਿ ਅਬਿ ਨਰ ਤਨ ਪਾਸ।
ਜਾਇ ਕਰਹਿਂ ਥਿਰ ਹ੍ਵੈ ਅਰਦਾਸ ॥੩॥
ਇਸ ਪ੍ਰਕਾਰ ਨਹਿਂ ਲਾਇਕ ਮੋ ਕਹੁ।
ਅਪਰ ਬਾਤ ਸਮੁਝਾਵਹੁ ਤੋ ਕਹੁ।
ਸਕਲ ਸੈਲਪਤਿ ਸਿੱਖ ਨ ਕੋਊ।
ਗੁਰੂ ਸਮੀਪ ਨ ਪਹੁੰਚਹਿ ਸੋਊ ॥੪॥
ਅਪਨਿ ਬਡਨ ਕੀ ਰੀਤਿ ਚਲੰਤੇ।
ਸਭਿ ਪ੍ਰਤਿਮਾ ਕੀ ਪੂਜ ਕਰੰਤੇ।
ਮੈਂ ਏਕਲ ਹੀ ਨਿਜ ਮਤ ਛੋਰਿ।
ਕੈਸੇ ਬਨੌਂ ਸਿੱਖ ਗੁਰ ਓਰ ॥੫॥
ਗਿਰਪਤਿ ਸਗਰੇ ਹਾਸ ਬਖਾਨਹਿਂ।
ਗਜ ਲੈਬੇ ਹਿਤ ਸਿੱਖ ਪਛਾਨਹਿਂ[1]। [1]'ਹਾਥੀ ਲੈਣ ਵਾਸਤੇ ਸਿਖ ਬਣ ਗਿਆ ਹੈ' ਇਉਂ ਸਮਝਣਗੇ।
ਜਬਹਿ ਕਦਾਚਿਤ ਬਨਹਿ ਸਮਾਜਾ।
ਜੇ ਨਿਜ ਧਰਮ ਬਿਖੈ ਦ੍ਰਿਢ ਰਾਜਾ[1] ॥੬॥ [1]ਰਾਜੇ ਹਨ।
ਮੋ ਕਹੁ ਕਹੈਂ ਤਰਕਨਾ ਸਾਥੀ।
-ਕਰਿ ਲਾਲਚ ਲੈਬੇ ਹਿਤ ਹਾਥੀ।
ਬਨਜੋ ਜਾਇ ਸਾਹਿਬ ਕੋ ਸਿੱਖਜ-।
ਇਸ ਪ੍ਰਕਾਰ ਹ੍ਵੈ ਬਾਤ ਭਵਿੱਖਜ ॥੭॥
ਲਖਹਿਂ -ਕਲੰਕਤਿ ਕੁਲ ਇਨਿ ਕੀਨਸਿ-
।

ਤੁਵ ਮਤਿ ਲੇਯ ਬਨਹੁ ਨਹਿਂ ਹੀਨਸਿ[1]।
[1]ਮੈਂ ਹੀਣਾਂ ਨਹੀਂ ਬਣਾਂਗਾ।

ਅਜ਼ਮਤਿ ਸਹਿਤ ਜਿ ਗੁਰੂ ਬਤਾਵੈਂ।
ਇਹੁ ਪ੍ਰਤੀਤ ਨਹਿਂ ਮੋ ਕਹੁ ਆਵੈ ॥੮॥
ਦਿੱਲੀ ਬਿਖੈ ਕੈਦ ਗੁਰ ਬਡੇ।
ਨਹਿਂ ਤੁਰਕੇਸ਼ੁਰ ਕੈ ਸਿਹੁਂ ਛਡੇ।
ਕਹਜੋ ਰਹਜੋ ਬਿਅਦਬੀ ਘਨੀ।
ਤਹਿਂ ਕੀ ਬਾਤ ਸਕਲ ਹਮ ਸੁਨੀ ॥੯॥
ਕਰਾਮਾਤ ਤਿਹ ਸਾਥ ਨ ਕਰੀ।
ਸਰਬ ਅਵੱਗਜਾ ਨਿਜ ਪਰ ਜਰੀ।
ਹਾਥ ਨ ਪਾਵ ਤਾਂਹਿ ਕੋ ਟੂਟਾ।
ਨਾਂਹਿਨ ਕਿਤ ਤੇ ਰਾਜ ਨਿਖੁਟਾ ॥੧੦॥
ਅਲਪ ਜਾਤਿ ਜੇ ਜਾਨਤਿ ਨਾਂਹੀ[1]।
[1]ਛੋਟੀਆਂ ਜਾਤੀਆਂ ਵਾਲੇ ਜੋ (ਕੁਝ) ਨਹੀਂ ਜਾਣਦੇ (ਓਹ...)।

ਮਿਲੇ ਹਜ਼ਾਰੋਂ ਤਿਨ ਕੇ ਪਾਹੀ।
-ਅਬਿਨਾਸ਼ੀ, ਕੋ ਗੁਰ ਅਵਤਾਰੁ-।
ਹਾਥ ਜੋਰਿ ਕਰਿ ਕਰਤਿ ਉਚਾਰੂ[1] ॥੧੧॥
[1]ਕੋਈ ਅਵਿਨਾਸ਼ੀ ਤੇ ਕੋਈ ਗੁਰ ਅਵਤਾਰ, ਹੱਥ ਜੋੜ ਜੋੜਕੇ ਪਏ ਕਹਿੰਦੇ ਹਨ। (ਅ) ਗੁਰੂ ਨੂੰ ਅਵਿਨਾਸ਼ੀ ਦਾ ਅਵਤਾਰ...।

ਪੈਸਾ ਕੌਡੀ ਆਨਿ ਚਢਾਵਤਿ।
ਝੂਠਹੁ ਕਹੈਂ ਕਿ ਬਾਂਛਤਿ ਪਾਵਤਿ।
ਜਾਟ ਗਵਾਰ, ਲੁਬਾਣੇ, ਬਣੀਏ।
ਝੀਵਰ ਆਦਿ ਕਹਾਂ ਲਗਿ ਭਣੀਏ ॥੧੨॥
ਮਿਲਿ ਕੈ 'ਗੁਰੂ ਗੁਰੂ' ਸਭਿ ਕਹੈਂ।
ਪ੍ਰਤਿਮਾ[1] ਕੀ ਪ੍ਰਭੁਤਾ ਨਹਿਂ ਲਹੈਂ।
[1]ਮੂਰਤੀ, ਬੁਤ।

ਹਮ ਤੋ ਰਾਜਪੂਤ ਬਡ ਗਜਾਤੇ।
ਸੁਨਿਬੇ ਕਥਾ ਪੁਰਾਨਨ ਰਾਤੇ[1] ॥੧੩॥
[1]ਪ੍ਰੇਮੀ ਹੋਏ ਹੋਏ ਹਾਂ।

ਬੈਰਾਗੀ ਸੰਨਜਾਸੀ ਸਾਧੂ।
ਰੰਗੇ ਬਸਤ੍ਰਨਿ ਕੋ ਮਗ ਲਾਧੂ[1]।
[1]ਰੰਗੇ ਬਸਤ੍ਰ ਵਾਲਿਆਂ ਦਾ ਰਾਹ ਲੱਭਣ ਵਾਲੇ ਹਾਂ।

ਕੰਨਪਾਟੇ ਜੋਗੀ ਬ੍ਰਹਮਚਾਰੀ।
ਇਨ ਪੂਜਨ ਕੇ ਹਮ ਅਧਿਕਾਰੀ ॥੧੪॥
ਗ੍ਰਹਸਤੀ ਗੁਰੂ ਮਨਿੰਦ ਹਮਾਰੇ।
ਰਾਜਪੂਤ ਪੁਨ ਜਾਤਿ ਉਦਾਰੇ।

ਕਿਮ ਪਾਹੁਲ ਹਮ ਲੈ ਹੈਂ ਜਾਇ।
ਨਹਿਂ ਪ੍ਰਤੀਤ ਮਨ ਮਹਿਂ ਉਪਜਾਇ ॥੧੫॥
ਸਿੱਖ ਹੋਨਿ ਮਹਿਂ ਅਵਗੁਨ ਘਨੇ।
ਕਰਿ ਬਿਚਾਰ ਹੇਰੇ ਨਿਜ ਮਨੇ।
ਕਰਿ ਦਲ ਬਲ ਕੋ ਦੁਰਦ ਮੰਗਵਾਹੁਂ।
ਨਾਤੁਰਿ ਪੁਰਿ ਅਨੰਦ ਛੁਟਕਾਵਹੁਂ ॥੧੬॥
ਉਤ ਹਜ਼ਰਤ ਬਿਗਰਜੋ ਇਨ ਸੰਗਾ†।
ਜੇ ਇਤ ਅਰਹਿਂ ਮਚਹਿ ਬਡ ਜੰਗਾ।
ਕਿਤ ਚਲ ਜਾਇਂ? ਨ ਥਿਰਬੇ ਥਾਈਂ[1]।
ਤਬਿ ਜਾਨੈਂ ਜਬਿ ਹ੍ਵੈ ਨ ਉਪਾਈ ॥੧੭॥
ਕਰਹੁ ਬਿਚਾਰ ਅਹੋ ਤੁਮ ਸਜਾਨੇ।
ਬਸਹਿ ਜਾਇ ਤਬਿ ਕੌਨ ਸਥਾਨੇ?
ਗੁਰਤਾ ਗਰਬ ਨਵੀਨੀ ਬੈਸ।
ਪੁਜਵਾਵਤਿ ਬ੍ਰਿੰਦਨ ਮਹਿਂ ਬੈਸਿ[1] ॥੧੮॥
ਯਾਂ ਤੇ ਨਹਿਂ ਮਾਨਹਿਂ, ਨਹਿਂ ਜਾਨਹਿਂ।
ਜਬਿ ਗਰ ਪਰੈ ਭਾਰ ਪਹਿਚਾਨਹਿ।
ਜੇ ਅਬਿ ਦੁਰਦ ਪ੍ਰਸਾਦੀ ਦੈ ਹੈ।
ਬੈਠਜੋ ਰਹੈ ਸਰਬ ਸੁਖ ਲੈ ਹੈ ॥੧੯॥
ਭੋ ਕੁਟਵਾਰ! ਅਬਹਿ ਤੂੰ ਜਾਹੁ।
ਪੁਰਿ ਅਨੰਦ ਸ਼੍ਰੀ ਸਤਿਗੁਰ ਪਾਹੁ।
ਜਜੋਂ ਮੈਂ ਕਹੀ ਸਕਲ ਸਮੁਝਾਵਹੁ।
ਬਿਨੈ ਭਨਹੁ ਬਲ ਅਧਿਕ ਜਨਾਵਹੁ ॥੨੦॥
-ਦਿਹੁ ਮਤੰਗ ਰਾਜੇ ਅਭਿਲਾਖਾ।
ਕਰਹੁ ਸੰਧਿ ਜਿਸ ਤੇ ਰਸ ਰਾਖਾ-।
ਨਾਂਹਿਤ ਗੁਰੂ ਕੰਨੈ ਇਮ ਕਹੀਅਹਿ।
-ਭਏ ਬਿਰੋਧ ਨ ਕਬਿ ਸੁਖ ਲਹੀਅਹਿ- ॥੨੧॥
ਭਏ ਨੰਮ੍ਰਿ, ਗਜ ਕਰਹਿ ਜਿ ਦੈਬੋ।
ਬਿਨੈ ਸਹਿਤ ਹੀ ਕੀਜੈ ਲੈਬੋ।

†ਪਾਤਸ਼ਾਹ ਦੇ ਵਿਗਾੜ ਦਾ ਇਸ਼ਾਰਾ ਦੱਸ ਰਿਹਾ ਹੈ ਕਿ ਰਾਜਾ ਤੁਰਕਾਂ ਵੱਲੋਂ ਚੁਕਿਆ ਹੋਇਆ ਹੈ।

[1]ਤੇ ਚਲੇ ਕਿੱਥੇ ਜਾਣਗੇ (ਉਨ੍ਹਾਂ ਨੂੰ ਤਾਂ) ਟਿਕਣ ਨੂੰ ਥਾਂ ਨਹੀਂ (ਲੱਭਣੀ)।

[1]ਬੈਠਕੇ।

ਨਾਂਹਿ ਤੇ ਦਲ ਬਲ ਐਸ਼੍ਰਜ ਮੇਰੋ।
ਕਰਹੁ ਸੁਨਾਵਨਿ ਜਥਾ ਬਡੇਰੋ ॥੨੨॥
ਜੇ ਸਭਿ ਸੈਲਨ ਧਾਰ ਬਾਈਸ[1]।
ਤਿਨ ਕੇ ਈਸ਼ਨਿ ਕੋ ਮੈਂ ਈਸ਼।
ਰਹੈਂ ਸਦਾ ਆਇਸੁ ਅਨੁਸਾਰੀ।
ਚਹੀਐ, ਪਹੁੰਚਿ ਚਮੂੰ ਲੈ ਸਾਰੀ[1]' ॥੨੩॥

[1]ਪਹਾੜਾਂ ਦੀਆਂ ਬਾਈ ਧਾਰਾਂ।

[1]ਜੇ ਲੋੜ ਪਵੇ ਤਾਂ ਸਾਰੀਆਂ ਸੈਨਾ ਲੈਕੇ (ਉਹ ਰਾਜੇ ਮੇਰੀ ਮਦਦ ਵਿਚ) ਪਹੁੰਚ ਜਾਣਗੇ।

ਸੁਨਿ ਕਰਿ ਭੀਮਚੰਦ ਕੇ ਬੈਨਾ।
ਰਹਯੋ ਵਜ਼ੀਰ ਨੀਚ ਕਰਿ ਨੈਨਾ।
ਅਪਰ ਮੁਸਾਹਿਬ ਸਭਿ ਸਨਮਾਨੇ।
'ਮਹਾਰਾਜ! ਤੁਮ ਅਧਿਕ ਸਿਆਨੇ ॥੨੪॥
ਆਨਿ ਬਸਯੋ ਰਾਵਰ ਕੇ ਦੇਸ਼ੂ।
ਬਿਚਰਤਿ ਕਰਤਿ ਅਖੇਰ ਹਮੇਸ਼ੂ।
ਚਾਰਹੁੰ ਕੁੰਟਨਿ ਤੇ ਧਨ ਆਵੈ।
ਨਾਨਾ ਵਸਤੁ ਉਪਾਇਨ ਲਯਾਵੈਂ ॥੨੫॥
ਕਹਾਂ ਭਯੋ ਗਜ ਜਾਚਯੋ ਏਕ।
ਦੇਹਿ ਤੁਮਹਿਂ, ਗੁਰ ਚਹਿਯ ਬਿਬੇਕ[1]।
ਅਲਪ ਵਸਤੁ ਹਿਤ ਬਾਦ ਬਡੇਰਾ।
ਸੁਨਹਿ ਸਮੂਹ ਨ ਭਨਹਿਂ ਅਛੇਰਾ' ॥੨੬॥

[1]ਗੁਰੂ ਜੀ ਨੂੰ ਵਿਚਾਰ ਚਾਹੀਦੀ ਹੈ।

ਸੁਨਿ ਕੁਟਵਾਰ ਜੋਰਿ ਕਰ ਕਹਯੋ।
'ਮੈਂ ਆਨਹੁਂ ਗਜ ਕੋ ਤੁਮ ਚਹਯੋ।'
ਭੀਮਚੰਦ ਕੋ ਬੰਦਨ ਕੀਨਿ।
ਨਿਕਸਯੋ ਪੌਰ ਚਲਨਿ ਚਿਤ ਦੀਨਿ ॥੨੭॥
ਤੁਰੰਗ ਮੰਗਾਇ ਅਰੂਢਿ ਸਿਧਾਰਾ।
ਕ੍ਰਮ ਤੇ ਪੰਥ ਉਲੰਘਯੋ ਸਾਰਾ।
ਆਨਿ ਅਨੰਦਪੁਰਿ ਅਨੰਦ ਬਿਲੋਕਾ।
ਜਹਿਂ ਬਿਚਰਤਿ ਗੁਰ ਸਿਮਰਤਿ ਲੋਕਾ[1] ॥੨੮॥
ਉਤਰਨਿ ਸਦਨ ਕੀਨਿ ਤਬਿ ਡੇਰਾ।

[1]ਗੁਰੂ ਜੀ ਨੂੰ ਯਾਦ ਕਰਦੇ ਲੋਕੀਂ ਫਿਰ ਟੁਰ ਰਹੇ ਹਨ।

ਹੋਇ ਸੁਚੇਤ ਭਲੇ ਤਿਸ ਬੇਰਾ।
ਪਾਨੀ ਤੇ ਪਗ ਪਾਨ ਪਖਾਰੇ।
ਸੂਖਮ ਬਸਤ੍ਰ ਪਹਿਰਿ ਤਨ ਸਾਰੇ ॥੨੯॥
ਜਬਿ ਗੁਰ ਕੋ ਲਾਗਜੋ ਦਰਬਾਰਾ।
ਸੁਨਿ ਕੈ ਸੁਧਿ ਕੁਟਵਾਰ ਪਧਾਰਾ।
ਪਹੁੰਚਿ ਪੌਰ ਪਰ ਕੀਨਿ ਬਤਾਵਨ।
'ਮਮ ਸੁਧਿ ਅੰਤਰ ਕਰਹੁ ਜਨਾਵਨ' ॥੩੦॥
ਦ੍ਵਾਰਪਾਲ ਚਲਿ ਕੈ ਤਤਕਾਲਾ।
ਅਰਜ਼ ਗੁਜਾਰੀ ਨਿਕਟਿ ਕ੍ਰਿਪਾਲਾ।
'ਪ੍ਰਭੁ ਜੀ! ਮਹਿਪਾਲਕ ਕੁਟਵਾਲ।
ਦਰਸ ਰਾਵਰੋ ਚਹੈ ਬਿਸਾਲ' ॥੩੧॥
ਹੁਕਮ ਕੀਨਿ 'ਆਵਨ ਦਿਹੁ ਤਾਂਹੀ।'
ਅੰਤਰ ਪ੍ਰਵਿਸ਼ਜੋ ਪਹੁਂਚਜੋ ਪਾਹੀ।
ਪਾਇਨ ਪਾਸ ਉਪਾਇਨ ਧਰਿ ਕੈ।
ਹਾਥਬੰਦਿ ਅਭਿਬੰਦਨ ਕਰਿ ਕੈ ॥੩੨॥
ਆਇਸੁ ਪਾਇ ਬੈਠਿ ਕਰਿ ਗਯੋ।
ਨ੍ਰਿਪ ਕੀ ਨਮੋ ਕਰਤਿ ਪੁਨ ਭਯੋ।
ਸ਼੍ਰੀ ਕਲਗ਼ੀਧਰ ਬਾਕ ਉਚਰਜੋ।
'ਕਹੁ ਕਿਮ ਰਾਜੇ ਭੇਜਨ ਕਰਜੋ?' ॥੩੩॥
ਜਾਨਿ -ਕਹਾਂ ਅਫਰਜੋ ਹੰਕਾਰੀ।
ਕਪਟ ਕਠੋਰ ਕੁਟਿਲਤਾ ਧਾਰੀ[1]-।

[1]ਪਰ) ਜਾਣਦੇ ਸਨ ਕਿਉਂ ਅਫਰ ਰਿਹਾ ਹੈ ਹੰਕਾਰੀ ਤੇ ਕਿਉਂ ਕਪਟ ਤੇ ਕਰੜੀ ਕੁਟਿਲਤਾ ਧਾਰਨ ਕੀਤੀ ਹੈ ਸੁ। [ਸੂਚਨਾ-ਇਨ੍ਹਾਂ ਦੋ ਤੁਕਾਂ ਨੂੰ ਗੁਰੂ ਜੀ ਦੇ ਪ੍ਰਤੱਖ਼ਜ ਵਾਕ ਸਮਝਣਾ ਠੀਕ ਨਹੀਂ, ਅਗਲੀ ਬਾਤ ਚੀਤ ਇਸ ਨੂੰ ਸਹੀ ਨਹੀਂ ਕਰਦੀ, ਇਸ ਕਰਕੇ 'ਜਾਨਿ' ਦਾ ਅਰਥ ਹੈ = ਜਾਣਦੇ ਸਨ]।

ਸੁਨਿ[1] ਕੁਟਵਾਰ ਭਨੀ ਮੁਖ ਬਾਨੀ।
'ਅੱਗ੍ਰ ਆਪ ਕੇ ਬਿਨੈ ਬਖਾਨੀ ॥੩੪॥

[1]ਇਹ ਗਲ ਸੁਣਕੇ ਕਿ ਰਾਜੇ ਨੇ ਕਿੰਵ ਭੇਜਿਆ ਹੈ।

ਅਹੈ ਸਰਲ ਤੁਮ ਪੰਥ ਭਲੇਰਾ[1]।

[1]ਭਾਵ (ਰਾਜਾ) ਤੁਹਾਡੀ ਭਲਿਆਈ ਦੇ ਰਾਹ ਵਿੱਚ ਸਰਲ ਹੈ।

ਜਸ ਕੋ ਉਚਰਤਿ ਸੰਝ ਸਵੇਰਾ।
ਰਾਵਰ ਕੋ ਪਾਵਨ ਲਖਿ ਪਾਵਨ[1]।
ਚਾਹਤਿ ਰਿਦੇ ਸਾਂਝ ਕੋ ਪਾਵਨਿ ॥੩੫॥

[1]ਆਪਦੇ ਚਰਨ ਪਵਿੱਤ੍ਰ ਜਾਣਕੇ।

ਆਨਿ ਪਰਯੋ ਕਾਰਜ ਅਬਿ ਐਸੋ।
ਪਠ੍ਯੋ ਵਕੀਲ, ਗਯੋ ਕਹਿ ਜੈਸੋ।
ਸਗਿਯਨਿ ਕੇ ਲਾਗੀ ਅਬਿ ਆਵੈਂ।
ਚਹਿਯ ਅਜਾਇਬ ਵਸਤੁ ਦਿਖਾਵੈਂ[1] ॥੩੬॥

[1]ਚਾਹੀਦਾ ਹੈ (ਕਿ ਅਸੀਂ) ਅਣੋਖੀਆਂ ਵਸਤੂਆਂ ਦਿਖਾਈਏ।

ਗੁਰ ਘਰ ਬਿਨਾ ਅਪਰ ਥਲ ਨਾਂਹੀ।
ਬਾਰ ਬਾਰ ਯਾਂ ਤੇ ਪਠਿ ਪਾਹੀ[1]।
ਬਨਹਿ ਆਪ ਕੋ ਭੀ ਅਬਿ ਐਸੇ।
ਰਾਜੇ ਸੰਗ ਰਹੈ ਰਸ ਜੈਸੇ ॥੩੭॥

[1]ਆਪਦੇ) ਪਾਸ ਭੇਜਦਾ ਹੈ।

ਜੇ ਬਾਈਸ ਧਾਰ ਕੇ ਈਸ਼।
ਸਭਿ ਕੇ ਸੀਸਨ ਪਰ ਆਧੀਸ਼[1]।
ਪਰਬਤਪਤਿ ਸਮਸਰ ਨਹਿਂ ਕੋਈ।
ਸਕਲ ਰੀਤਿ ਤੇ ਦੀਰਘ ਸੋਈ ॥੩੮॥

[1]ਮਹਾਂਰਾਜਾ ਹੈ।

ਉਚਿਤ ਆਪ ਕੋ ਰਸ ਹੀ ਰਾਖਨਿ।
ਪੂਰਹੁ ਸਭਿ ਹੀ ਕੀ ਅਭਿਲਾਖਨਿ।
ਦੁਹਿਂ ਦਿਸ਼ਿ ਸੰਧਿ ਰਹੈ ਸ਼ੁਭ ਬਾਤੀ।
ਡਰਹਿਂ ਜਿ ਸਗਰੇ ਬ੍ਰਿੰਦ ਅਰਾਤੀ ॥੩੯॥

ਕਾਰਜ ਪਰੈਂ ਪਰਸਪਰ ਘਨੇ।
ਸੋ ਸੁਖੇਨ ਹੀ ਤਤਛਿਨ ਬਨੇ।
ਇਹ ਸਭਿ ਰਾਵਰ ਕੇ ਬਸਿ ਅਹੈ।
ਰਾਖਨਿ ਰਸ, ਨਤੁ ਬੇਰਸ ਚਹੈਂ ॥੪੦॥

ਕਹਾਂ ਬਾਤ ਇਹ ਬਡੀ ਨ ਕੋਈ।
ਜਾਚੀ ਦੇਹੁ ਲੇਹੁ ਨਿਜ ਸੋਈ।
ਭੀਮਚੰਦ ਸੈਲੇਂਦ੍ਰ ਬਿਲੰਦ।
ਤੁਮਰੇ ਕਾਜ ਸੁਧਾਰਹਿ ਬ੍ਰਿੰਦ ॥੪੧॥

ਸੈਨਾ ਘਨੀ ਸਮੀਪ ਜਿਸੀ ਕੇ।
ਸੈਲ ਦੇਸ ਅਨੁਸਾਰਿ ਤਿਸੀ ਕੇ।
ਬਡੋ ਪ੍ਰਤਾਪ ਐਸ਼੍ਵਰਜ ਭਾਰੋ।
ਕਹੇ ਬਾਕ ਤੇ ਕਰਹਿ ਨ ਟਾਰੋ[1] ॥੪੨॥

[1]ਆਪਣੇ ਕਹੇ ਵਾਕ ਤੋਂ ਟਾਲਾ ਨਹੀਂ ਕਰੇਗਾ ਭਾਵ 'ਹਾਥੀ ਮੋੜ ਦੇਵਾਂਗਾ' ਇਹ ਗਲ ਕਹਿਕੇ ਮੁਕਰੇਗਾ ਨਹੀਂ। (ਅ) ਉਸਦੇ ਬਚਨ ਕਹੇ ਤੇ (ਕੋਈ) ਟਾਲਾ ਨਹੀਂ ਕਰ ਸਕਦਾ।

ਬਾਸ ਸਮੀਪੀ ਦੋਇਨ ਕੇਰਾ।

ਸੰਧਿ ਕਰੇ ਸੁਖਿ ਸਭਿਨਿ ਬਡੇਰਾ।
ਯਾਂ ਤੇ ਮੈਂ ਰਾਵਰਿ ਢਿਗ ਭੇਜਾ।
ਕਹਜੋ -ਸੰਦੇਸਾ ਅਸ ਅਬਿ ਲੇ ਜਾ-'
॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਕੁਟਵਾਰ ਆਵਨ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਕੁਟਵਾਲ ਨੇ ਆ ਕੇ ਗੁਰੂ ਜੀ ਦਾ ਜਸ ਕੀਤਾ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਨਿਪਟ[1] ਕਪਟ ਕੇ ਕੂੜ ਬਚ, ਸੁਨਿ ਕਲਗੀਧਰ ਧੀਰ। [1]ਅਤਿਯੰਤ।
ਬੋਲੇ ਬਚਨ ਅਦੀਨ[1] ਪ੍ਰਭੁ, 'ਜਬਿ ਤੂੰ ਗਿਰਪਤਿ ਤੀਰ[2] ॥੧॥
[1]ਨਿਰਭਯ। [2]ਜਦ ਤੂੰ ਰਾਜੇ ਪਾਸ ਸੈਂ (ਤਦ ਰਾਜੇ ਨੇ)।

ਚੌਪਈ:

ਕਿਮ ਨ੍ਰਿਪ ਭਨਜੋ ਸੁਨਜੋਂ ਤੈਂ ਕਹਾਂ।
ਗਰਬਤਿ ਬਚਨ ਕਹੇ ਤਿਨ ਜਹਾਂ।
ਤਿਨ ਸੋਂ ਕਿਮ ਹੁਇ ਮੇਲ ਹਮਾਰਾ।
ਕਰਹਿ ਕਪਟ ਕਪਟੀ ਕੁੜਿਆਰਾ ॥੨॥
ਕਹਜੋ ਕਿ -ਮੋ ਸੋਂ ਬਿਗਰੈ ਜਬੈ।
ਕਿਸ ਥਲ ਬਸੈ ਜਾਇ ਗੁਰ ਤਬੈ।
ਦਿੱਲੀਪਤਿ ਕੇ ਸੰਗ ਬਿਗਾਰੇ।
ਜਹਿਂ ਗੁਰ ਬਡੇ ਬਿਕੁੰਠ ਸਿਧਾਰੇ- ॥੩॥
ਸੋ ਆਸ਼ੈ ਕਜਾ ਸਮੁਝੈ ਮਾਨੀ।
-ਰਾਖਹਿਂ[1] ਹਿੰਦੁਨਿ ਲਾਜ ਮਹਾਨੀ। [1]ਰੱਖੀ ਹੈ।
ਸੀਸ ਦਿਲੀਸ਼ੁਰ ਕੇ ਹੁਇ ਆਪੇ[1]। [1]ਔਰੰਗ ਦੇ ਸਿਰ ਹੋਕੇ ਆਪ ਹੀ।
ਤਨ ਤਜਿ ਗਏ-, ਸੁਮਤਿ ਸੇ ਜਾਪੇ[1] ॥੪॥ [1]ਬੁੱਧੀਮਾਨ ਇਹ ਜਾਣਦੇ ਹਨ।
ਜਗ ਮਹਿਂ ਇਸਥਿਰਿ ਰਹਜੋ ਨ ਕੋਈ।
ਜੋ ਉਪਜਹਿ ਸਭਿ ਬਿਨਸਤਿ ਸੋਈ।
ਤਊ ਸੁਨਹੁ ਜੇ ਪਰਉਪਕਾਰੀ।
ਤਜਹਿਂ ਸਰੀਰ ਮਹਾਂ ਮਤਿ ਧਾਰੀ ॥੫॥
ਸੇ ਜਗ ਮਹਿਂ ਜੀਵਤ ਹੀ ਜਾਨਹੁ।
ਸੁਜਸੁ ਜਹਾਂ ਕਹਿਂ ਭਲੇ ਪ੍ਰਮਾਨਹੁ।
ਕਜੋਂ ਨ ਬਿਚਾਰ ਰਿਦੇ ਮਹਿਂ ਦੇਖਾ।
ਅਪਨਿ ਬਡੇ ਪਰ ਕਰਹੁ ਪਰੇਖਾ ॥੬॥
ਕੋ ਜੀਵਤਿ ਹੈ ਜਗਤ ਮਝਾਰੀ?
ਬਾਬਰ ਆਦਿਕ ਦਲ ਬਲ ਭਾਰੀ।
ਸਕਲ ਕਾਲ ਕੋ ਅਹੈ ਚਬੀਨਾ।
ਧੰਨ ਸਿ ਪ੍ਰਾਨੀ ਜਿਨ ਜਸੁ ਲੀਨਾ ॥੭॥
ਰਾਜੇ ਕੰਨੈ ਕਹੁ ਕੁਟਵਾਰ!

-ਕਰਾਮਾਤ ਹੈ ਕਹਿਰ ਉਦਾਰ।
ਕਪਟ ਕੂਰ ਕਰਿ ਕਹਿਰ ਨ ਜਾਚੋ।
ਸਰਲ ਰਿਦੇ ਹਰਿ ਸਿਮਰਨ ਰਾਚੋ ॥੮॥
ਗੁਰ ਘਰ ਸਰਬ ਵਸਤੁ ਤੇ ਪੂਰਨ।
ਸ਼ਰਧਾ ਤੇ ਪ੍ਰਾਪਤਿ ਹੁਇੰ ਤੂਰਨ।
ਜੇ ਕੋ ਬੁਰਾ ਕਰੈ ਕਿਸ ਭਾਂਤੀ।
ਲਹਿ ਸੰਕਟ ਕੋ ਭੂਮ ਪਪਾਤੀ[1] ॥੯॥
ਦੂਧ ਪੂਤ ਧਨ ਧਾਮ ਮਹਾਨੇ।
ਗਜ ਬਾਜੀ ਗਨ ਰਤਨ ਖਜ਼ਾਨੇ।
ਗੁਰ ਘਰ ਮਹਿਂ ਉੱਤਮ ਇਹ ਘਨੇ।
ਪਾਵਹਿ ਸੋ, ਸੇਵਕ ਜੋ ਬਨੇ ॥੧੦॥
ਹੁਇ ਹੰਕਾਰੀ ਓਜ ਜਨਾਵਹਿ।
ਗੁਰ ਤੇ ਪ੍ਰਤੀਕੂਲ ਬਨਿ ਆਵਹਿ।
ਬਲ ਤੇ ਕਰਹਿ ਜਾਚਨਾ ਜੋਇ।
ਖੜਗਧਾਰ ਤੇ ਪ੍ਰਾਪਤਿ ਸੋਇ-' ॥੧੧॥
ਭੀਮਚੰਦ ਜੋ ਬੈਠ ਇਕੰਤ।
ਕਰਜੋ ਅਮਾਤਨ ਸੰਗ[1] ਮਤੰਤ।
ਸ੍ਰੀ ਸਤਿਗੁਰ ਸਭਿ ਜਬੈ ਬਖਾਨਾ।
ਸੁਨਿ ਕੁਟਵਾਰ ਭਯੋ ਹੈਰਾਨਾ ॥੧੨॥
-ਮੋ ਤੇ ਪ੍ਰਥਮ ਨਹੀਂ ਕੋ ਆਯੋ।
ਥੋਰੇ ਨਰ ਸੋਂ ਮਤਾ ਪਕਾਯੋ।
ਘਟ ਘਟ ਕੋ ਇਹ ਅੰਤਰਜਾਮੀ।
ਤਹਿਂ ਕੀ ਕਹੀ ਲਖੀ ਸਭਿ ਸ੍ਵਾਮੀ-
॥੧੩॥
ਮਹਿਮਾ ਮਾਨਿ -ਮਹਿਦ ਮਹੀਆਨ[1]।
ਇਹ ਸਭਿ ਕੇ ਮਾਲਕ ਭਗਵਾਨ-।
ਬਿਨਤੀ ਕਰਤਿ ਉਠਜੋ ਤਤਕਾਲਾ।
ਖਰੇ ਹੋਇ ਕਰਿ ਸਮੁਖ ਕ੍ਰਿਪਾਲਾ ॥੧੪॥
ਕੀਨਸਿ ਮਨ ਮਲਿੰਦ ਮਾਨਿੰਦ[1]।
ਚਹਿ ਮਕਰੰਦ ਪਗਨਿ ਅਰਬਿੰਦ।
ਬੰਦਿ ਹਾਥ ਕੋ ਬੰਦਨ ਕੀਨਿ।
ਆਗੈ ਨੰਮ੍ਰਿ ਸੀਸ ਧਰਿ ਦੀਨਿ ॥੧੫॥

[1]ਜ਼ਮੀਨ ਤੇ ਡਿੱਗ ਕੇ।

[1]ਵਜ਼ੀਰਾਂ ਨਾਲ।

[1]ਮੰਨ ਗਿਆ ਕਿ (ਇਨ੍ਹਾਂ ਦੀ) ਮਹਿਮਾ ਵਡੀ ਤੋਂ ਵੱਡੀ ਹੈ।

[1]ਭੌਰੇ ਵਰਗਾ।

'ਛਿਮਹੁ ਅਵੱਗਯਾ ਜੇਤਿਕ ਮੇਰੀ।
ਕਹੀ ਕੁਟਿਲਤਾ ਕੂਰ ਕਰੇਰੀ[1]।
ਸਭਿ ਅਨਜਾਨ ਪਨੇ ਮਹਿਂ ਜਾਨਹੁਂ।
ਅਬਿ ਸੇਵਕ ਲਖਿ ਕਰੁਨਾ ਠਾਨਹੁਂ ॥੧੬॥

[1]ਝੂਠੀ ਤੇ ਕਰੜੀ।

ਤੁਮ ਸੋਂ ਕਪਟ ਰਚਹਿਂ ਅੱਗਜਾਨੀ।
ਖੋਟੇ ਭਾਗ ਨ ਮਹਿਮਾ ਜਾਨੀ।
ਕਿਮ ਛਲ ਪੁਜਹਿ ਆਪ ਕੇ ਸਾਥ।
ਬਿਦਤਿ ਤ੍ਰਿਲੋਕੀ ਜਿਮ ਫਲ ਹਾਥ[1] ॥੧੭॥

[1]ਹੱਥ ਉਪਰ (ਰਖੇ) ਫਲ ਵਾਂਙ ਤ੍ਰਿਲੋਕੀ ਪ੍ਰਤੱਖ ਹੈ।

ਪਰਾਧੀਨ ਹਮ ਭੂਪ ਸਦੀਵਾ।
ਬਰਤਹਿਂ ਅਨੁਸਾਰੀ ਹਿਤ ਜੀਵਾ[1]।
ਤਿਸ ਕਾਰਨ ਤੇ ਕਪਟ ਸਕੂਰ।
ਹੇ ਪ੍ਰਭੁ ! ਠਾਨਜੋਂ ਆਨਿ ਹਜ਼ੂਰ ॥੧੮॥

[1]ਰੋਜ਼ੀ ਦੇ ਵਾਸਤੇ।

ਕਰਜੋ ਇਕੰਤ ਮਤੰਤ ਨਰਿੰਦ।
ਨਰ ਪੰਚਨ ਢਿਗ[1], ਨਾਹਿਨ ਬ੍ਰਿੰਦ[2]।
ਸੋ ਸਭਿ ਰਾਵਰ ਕੇ ਮੁਖ ਸੁਨਜੋਂ।
ਸਭਿ ਤੇ ਪ੍ਰਥਕ ਹੋਇ ਜੋ ਭਨਜੋਂ ॥੧੯॥

[1]ਤੇ ਕੇਵਲ) ਮੁਖੀਏ ਨਰਾਂ ਪਾਸ। [2]ਜੇ ਬਹੁਤੇ ਨਹੀਂ ਸਨ।

ਦਿਢ ਪ੍ਰਤੀਤ ਅਬਿ ਰਹਿ ਚਿਤ ਮੇਰੋ।
ਪਰਜੋ ਸ਼ਰਨ ਜੁਗ ਚਰਨਨਿ ਹੇਰੋਂ।
ਭੀਮਚੰਦ ਮਤਿਮੰਦ ਗੁਮਾਨੀ।
ਭਯੋ ਕੁਭਾਗ ਨ ਮਹਿੰਮਾ ਜਾਨੀ ॥੨੦॥
ਦੁਰਦ ਪ੍ਰਸਾਦੀ ਹਿਤ ਹ੍ਵੈ ਬਾਦੀ।
ਭਨਜੋ ਵਜ਼ੀਰ -ਲਖਹੁ ਗੁਰ ਗਾਦੀ।
ਸੇਵਕੁ ਬਨਹੁ ਸਭੈ ਕੁਛ ਪਾਵਹੁ।
ਨਹਿਂ ਨਾਹਕ ਬਹੁ ਬੈਰ ਬਧਾਵਹੁ- ॥੨੧॥
ਮਾਨੀ ਨਹੀਂ[1], ਕਰੀ ਮਨ ਭਾਈ।
ਗਜ ਹਿਤ ਸਿੱਖਜਾ ਮੋਹਿ ਸਿਖਾਈ।
ਤੁਮ ਸਭਿ ਜਾਨਹੁ ਅੰਤਰਜਾਮੀ !
ਕਹਹੁ ਜਥਾ ਮੈਂ ਕਰਹੁਂ ਬਖਾਨੀ' ॥੨੨॥
ਤਬਿ ਸ਼੍ਰੀ ਸਤਿਗੁਰ ਮੁਖ ਫੁਰਮਾਯੋ।

[1]ਵਜ਼ੀਰ ਦੀ ਗੱਲ) ਨਹੀਂ ਮੰਨੀਂ।

| | |
|---|---|
| ''ਧਾਮ ਬਚੌਲੀ ਬੀਚ ਬਨਾਯੋ। | [1]ਬਚੌਲੀ ਪਿੰਡ ਵਿੱਚ (ਇਕ) ਘਰ ਬਣਾਇਆ ਸੀ ਓਥੇ ਤੂੰ ਸਾਡਾ ਇਕ ਦਾਸ ਸੀ ਪਿਛਲੇ ਜਨਮ (ਪਰ) ਹੁਣ ਤੈਨੂੰ ਸੋਝੀ ਆਈ ਹੈ। (ਅ) (ਤੂੰ ਤਾਂ) ਘਰ ਦਾ ਆਦਮੀ ਹੀ ਵਿਚੋਲਾ ਵਿਚ ਬਣਾਇਆ ਗਿਆ ਹੈਂ, ਤੂੰ ਤਾਂ ਸਾਡਾ ਹੀ ਇਕ ਦਾਸ ਪਹਿਲੋਂ ਤੋਂ ਓਥੇ ਸੈਂ, ਪਰ ਹੁਣ ਤੂੰ ਪਛਾਣੀ ਹੈ ਇਹ ਗਲ। |
| ਦਾਸ ਹਮਾਰੋ ਤੂੰ ਇਹ ਤਹਾਂ। | |
| ਅਹੋ ਪ੍ਰਥਮ ਤੇ ਤੈਂ ਅਬਿ ਲਹਾਂ੬ ॥੨੩॥ | |
| ਕਹਹੁ ਜਾਇ ਨ੍ਰਿਪ ਨਿਕਟ ਬਨਾਈ। | |
| ਸਿਖ ਕੀ ਕਹੀ ਨ ਜਾਇ ਮਿਟਾਈ। | |
| -ਗੁਰ ਘਰ ਬਿਨਾ ਨ ਦਿਹੁ ਕਿਤ ਹਾਥੀ। | |
| ਇਹੀ ਭਾਵਨਾ ਮਮ ਮਨ ਸਾਥੀ[1]- ॥੨੪॥ | [1]ਸਿਖ ਨੇ ਕਹਿਆ ਸੀ) ਇਹੀ ਮੇਰੇ ਮਨ ਸਾਥ ਭਾਵਨਾ ਹੈ। |
| ਸੁਨਿ ਕਰਿ ਹਮ ਤਿਹ[1] ਸੰਗ ਬਖਾਨਾ। | [1]ਤਿਸ (ਸਿਖ) ਨੂੰ। |
| -ਕਰਹਿਂ ਇਸੀ ਬਿਧਿ, ਦੇਹਿਂ ਨ ਆਨਾ-। | |
| ਸੋ ਨਿਜ ਬਾਕ ਨ ਕੂਰੋ ਠਾਨੈਂ। | |
| ਜ਼ਾਹਰ ਜਿਹ ਜਹਾਨ ਮਨ ਜਾਨੈ[1] ॥੨੫॥ | [1]ਜਿਸ (ਗਲ) ਨੂੰ ਸਾਰਾ ਜਹਾਨ ਪ੍ਰਤੱਖ ਜਾਣਦਾ ਹੈ। |
| ਨਹਿਂ ਗਜ ਦੈਬੇ ਮਹਿਂ ਇਹ ਕਾਰਨ। | |
| ਭੀਮਚੰਦ ਸੰਗ ਕਰਹੁ ਉਚਾਰਨਿ। | |
| ਇਮ ਸੁਨਿ ਜੇ ਉਰ ਕੋਪ ਉਪਾਵੈ। | |
| ਨਿਜ ਬਲ ਤੇ ਹਮ ਕੋ ਡਰਪਾਵੈ ॥੨੬॥ | |
| ਤੌ ਇਸ ਬਿਧਿ ਕੋ ਕਹਹੁ ਸੰਦੇਸਾ। | |
| -ਰਣ ਕੋ ਦੇ ਕਰਿ ਲੇਹਿ ਗਜੇਸ਼ਾ। | |
| ਇਹਾਂ ਕਲੀਵ[1] ਤ੍ਰਿਯਾ ਨਹਿਂ ਕੋਈ[2]। | [1]ਖੁਸਰੇ। [2]ਏਥੇ ਬੀ ਕੋਈ ਖੁਸਰੇ ਤੇ ਤ੍ਰੀਮਤਾਂ ਨਹੀਂ। (ਅ) ਡਰਪੋਕ ਤ੍ਰੀਮਤਾਂ। |
| ਜੰਗ ਪ੍ਰਸੰਗ ਸੁਨੇ ਡਰ ਹੋਈ ॥੨੭॥ | |
| ਹਮ ਸਮੇਤ ਸਭਿ ਸੁਭਟਨਿ ਕੇਰਾ। | |
| ਪਰਚਾ ਸ਼ਸਤ੍ਰਨਿ ਸਾਥ ਬਡੇਰਾ। | |
| ਕਰਹਿਂ ਚਲਾਵਨਿ ਹਤਹਿਂ ਨਿਸ਼ਾਨੇ। | |
| ਆਪਸ ਬਿਖੇ ਬੀਰਤਾ ਠਾਨੇ ॥੨੮॥ | |
| ਤਿਨ[1] ਪਰਖਨਿ ਹਿਤ ਚਿਤ ਚਹਿ ਮੋਰਾ। | [1]ਇਨ੍ਹਾਂ ਸੂਰਮਿਆਂ ਨੂੰ (ਅ) ਇਨ੍ਹਾਂ ਨਿਸ਼ਾਨਿਆਂ ਨੂੰ। |
| ਕਬਿ ਰਿਪੁ ਗਣ ਸੋਂ ਰਣ ਹੁਇ ਘੋਰਾ। | |
| ਹਮਰੇ ਦੁਊ ਬਾਰਤਾ[1] ਨੀਕੀ। | [1]ਜੰਗ ਕਰਨਾ ਤੇ ਸੰਧੀ ਕਰਨੀ। |
| ਕਰਹੁ ਨਰਿੰਦ! ਭਾਵਤੀ ਜੀ ਕੀ-' | |

॥੨੯॥
ਸੁਨਿ ਕੁਟਵਾਰ ਕਹ੍ਯੋ ਕਰ ਜੋਰਿ।
'ਕੌਨ ਸਕਹਿ ਪਿਖਿ ਰਾਵਰਿ ਓਰ।
ਜਿਸ ਕੇ ਭਲੇ ਭਾਗ ਹੁਇਂ ਨਾਂਹੀ।
ਬਨਹਿ ਬਿਰੋਧੀ, ਸੋ ਦੁਖ ਪਾਹੀ' ॥੩੦॥
ਇਮ ਕਹਿ ਰੁਖ਼ਸਦ ਹ੍ਵੈ ਕਰਿ ਚਾਲਾ।
ਨਿਕਸ੍ਯੋ ਨੰਮ੍ਰੀ ਭਯੋ ਬਿਸ਼ਾਲਾ।
ਗੁਰ ਮਹਿਮਾ ਕੋ ਜਾਤਿ ਬਿਚਾਰਤਿ।
-ਭੀਮਚੰਦ ਸਠ ਹਠ ਉਰ ਧਾਰਤਿ-
॥੩੧॥
ਪਹੁੰਚ੍ਯੋ ਪੁਨ ਬਿਲਾਸਪੁਰਿ ਜਾਈ।
ਮਿਲ੍ਯੋ ਤਬੈ ਜਹਿਂ ਥਿਰ ਗਿਰਰਾਈ।
ਠਾਨਿ ਬੰਦਨਾ ਬੈਠਿ ਸਮੀਪਾ।
ਪਿਖਿ ਕਰਿ ਛੂਛਾ, ਕਹ੍ਯੋ ਮਹੀਪਾ
॥੩੨॥
'ਕਹੁ ਕੁਟਵਾਰ ! ਗੁਰੂ ਕੰਨਿ ਜਾਈ।
ਭਯੋ ਸੰਬਾਦ ਸੁ ਦੇਹਿ ਸੁਨਾਈ।
ਮਾਨ੍ਯੋਂ, ਨਹੀਂ ਕਿ ਕੁੰਚਰ ਦੈਬੋ।
ਹਮ ਸੋਂ ਰਸ, ਕੈ ਬਿਰਸ ਚਹੈਬੋ[1]' ॥੩੩॥ [1]ਚਾਹਿਆ ਸੁ।
ਤਬਿ ਕਰ ਬੰਦਿ ਪ੍ਰਸੰਗ ਕਹੰਦਾ।
'ਦਿਲ ਅੰਦਰ ਕੀ ਗੁਰੂ ਲਖੰਦਾ।
ਤਿਨਹੁਂ ਅੱਗ੍ਰ ਨਹਿਂ ਕਪਟ ਚਲੰਦਾ।
ਜਿਨ ਤੇ ਸੁਨਤਿ ਸੁ ਮਨ ਬਿਸਮੰਦਾ
॥੩੪॥
ਹੋਇ ਇਕੰਤ ਮਤੰਤ ਪਕਾਯੋ[1]। [1](ਜੋ) ਮੰਤ੍ਰ (ਤੁਸਾਂ) ਪਕਾਇਆ ਸੀ।
ਸੋ ਸਗਰੋ ਮੁਝ ਸੰਗ ਸੁਨਾਯੋ।
ਅਪਰ ਬਾਕ ਪੁਨ ਭਨੇ ਅਨੇਕੂ।
ਜੋ ਰਤਨਾਕਰ ਅਨੰਦ ਬਿਬੇਕੂ[1] ॥੩੫॥ [1]ਜੋ ਅਨੰਦ ਤੇ ਵਿਚਾਰ ਦੇ ਸਮੁੰਦਰ ਹਨ।
ਨਿਜ ਆਸ਼ੈ ਕੋ ਬਹੁਰ ਬਖਾਨਾ।
ਲੇ ਗੁਰ ਘਰ ਤੇ ਦਾਸ ਮਹਾਨਾ।
ਜੋ ਜਾਚਹਿ ਗਰਬਤਿ ਬਲ ਧਾਰਾ।
ਧਾਰਾ ਖੜਗ ਦਿਖਹਿ ਭਟ ਭਾਰਾ ॥੩੬॥

ਹਮਰੇ ਦੇਰ ਨਹੀਂ ਕਿਸ ਕਾਲਾ।
ਕਾਲ ਕਰਹਿਂ[1] ਰਣ ਮਹਿਂ ਰਿਪੁ ਜਾਲਾ। [1]ਨਾਸ਼ ਕਰਾਂਗੇ।
ਜ਼ਾਲਮ ਜਬਰੀ ਜੋਰ ਉਪਾਇ[1]। [1]ਜ਼ਾਲਮ ਤੇ ਜ਼ਬਰਦਸਤੀ ਕਰਕੇ ਬਲ ਕਰਨ ਵਾਲਾ।
ਪਾਇ ਨ ਭਲੋ, ਪਰਾਜੈ ਪਾਇ[1] ॥੩੭॥ [1]ਹਾਰ ਹੀ ਪਾਏਗਾ।
ਮੋ ਮਤਿ ਮਹਿਂ ਨਹਿਂ ਨੀਕ ਬਖੇਰਾ।
ਖੇਰਾ ਆਨੰਦ ਪੁਰਿ ਮੈਂ ਹੇਰਾ[1]। [1]ਜੋ ਮੈਂ ਅਨੰਦ ਪੁਰ ਨਗਰ ਵਿੱਚ ਡਿੱਠਾ ਹੈ (ਇਹ ਹੈ)। (ਅ) ਆਨੰਦ ਪੁਰ ਵਿਚ ਅਨੰਦ ਹੀ ਮੈਂ ਡਿੱਠਾ ਹੈ।
ਸੁਭਟ ਸ਼ਸਤ੍ਰਧਰਿ ਕਿਧੌਂ ਤੁਰੰਗਾ।
ਰੰਗ ਰੰਗ ਸੁੰਦਰ ਸਰਬੰਗਾ ॥੩੮॥
ਜਿਮ ਰਜਧਾਨੀ ਭੂਪ ਮਹਾਨੀ।
ਹਾਨੀ ਸ਼ੱਤ੍ਰਨਿ ਪਰਹਿ ਪਛਾਨੀ।
ਛਾਨੀ ਨਹੀਂ ਬਿਦਤਿ ਤੁਮ ਜਾਨੀ।
ਕੋ ਕੋ ਗੁਰ ਕੀ ਕਹੌਂ ਕਹਾਨੀ ॥੩੯॥
ਜਜੋਂ ਕਜੋਂ ਕਰਿ ਗਜ ਕੋ ਨਹਿਂ ਦੇਤਿ।
ਨੀਕੇ ਪਾਇ ਲੀਨਿ ਮੈਂ ਭੇਤ।
ਤੁਮ ਭੀ ਮਨ ਤੇ ਤਜਹੁ ਬਿਰੋਧਾ।
ਸ੍ਰੀ ਕਲਗੀਧਰ ਦੀਰਘ ਜੋਧਾ ॥੪੦॥
ਬਾਤ ਕਹਾਂ ਇਹ ਬਪੁਰੋ ਕਰੀ[1]। [1]ਕੀ ਗਲ ਹੈ ਇਸ ਵਿਚਾਰੇ ਹਾਥੀ ਦੀ।
ਕਰੀ ਨ ਆਛੀ ਜ਼ਿਦ ਇਮ ਧਰੀ[1]। [1]ਅੱਛੀ (ਗਲ) ਨਹੀਂ ਹੈ ਇਉਂ ਜ਼ਿਦ ਕਰਨੀ।
ਅਬਿ ਭੀ ਸੰਧਿ ਅਨੰਦ ਉਪਾਵੋ।
ਪਾਵੋਂ ਮਨ ਬਾਂਛਤਿ ਹਰਖਾਵੋ' ॥੪੧॥
ਸੁਨਿ ਨਰਿੰਦ੍ਰ ਉਰ ਲਗਜੋ ਬਿਚਾਰਨਿ।
-ਚਾਰਨ ਜਿਉਂ ਜਸੁ ਕਰਹਿ ਉਚਾਰਨ[1]। [1]ਇਹ ਕੁਟਵਾਰ) ਭੱਟ ਵਾਂਗ (ਗੁਰੂ ਜੀ ਦਾ) ਜਸ ਕਹਿੰਦਾ ਹੈ।
ਚਾਰਨ ਪਠੌਂ ਰਖੌਂ ਸੁਧਿ ਸਾਰੀ[1]। [1]ਦੂਤ ਭੇਜਕੇ (ਹੁਣ) ਸਾਰੀ ਖਬਰ ਰੱਖਾਂਗਾ।
ਕੇਤਿਕ ਦਿਨ ਅਬਿ ਦੈਂ ਹੌਂ ਟਾਰੀ[1] ॥੪੨॥ [1]ਹੁਣ ਟਾਲ ਦੇਂਦਾ ਹਾਂ।
ਸੁਨਤਿ ਸਭਿਨਿ ਕੇ ਤਬਹਿ ਬਖਾਨਾ।
'ਮੈਂ ਅਬਿ ਕਹਜੋ ਤੁਮਾਰੋ ਮਾਨਾ।
ਧੀਰ ਵਜ਼ੀਰ, ਸੁਮਤਿ ਕੁਟਵਾਰ।
ਅਪਰ ਸਰਾਹਤਿ ਗੁਰੂ ਉਦਾਰ ॥੪੩॥
ਕੇਤਿਕ ਦਿਨ ਉਰ ਧੀਰਜ ਧਰੌਂ।
ਬਜਾਹ ਨਿਕਟ ਤਬਿ ਜਾਚਨਿ ਕਰੌਂ।

ਤਬਿ ਤੌ ਲੇਨੌ ਬਨੈ ਜ਼ਰੂਰ।
ਇਕ ਕੁੰਚਰ ਅਰੁ ਡੇਰੋ ਰੂਰ ॥੪੪॥
ਜਥਾ ਜੋਗ ਤਬਿ ਜਾਚਨਿ ਹੋਇ।
ਬਜਾਹ ਬਿਖੈ ਲੇਵਤਿ ਸਭਿ ਕੋਇ।
ਦੋਨਹੁਂ ਦਿਸ਼ਿ ਤੇ ਸੰਧਿ ਬਨੰਤੀ।
ਇਕ ਕੇ ਚਾਹੇ, ਨਹਿਂ ਸੁਧਰੰਤੀ ॥੪੫॥
ਤੁਮਰੇ ਕਹਯੋ ਕਰਯੋ ਮੈਂ ਟਾਰਾ।
ਪੁਨ ਆਨਹੁ ਦ੍ਵੈ ਵਸਤੁ ਉਦਾਰਾ।'
ਸੁਨਿ ਵਜ਼ੀਰ ਨ੍ਰਿਪ ਅਧਿਕ ਸਰਾਹਾ।
'ਇਮ ਹੀ ਆਛੀ ਜਿਮ ਤੁਮ ਚਾਹਾ'
॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਕੁਟਵਾਰ ਆਗਵਨਿ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਇਸ ਪ੍ਰਕਾਰ ਕੋ ਮਤ ਕਰਜੋ, 'ਬਜਾਹ ਨਿਕਟ ਪੁਨ ਜਾਇ।
ਇਕ ਡੇਰਾ ਅਰੁ ਦੁਰਦ ਕੋ, ਗੁਰ ਤੇ ਜਾਚਤਿ ਲਜਾਇੰ' ॥੧॥
ਚੌਪਈ:
ਭੀਮਚੰਦ ਇਮ ਟਰਿ ਕੁਛ ਰਹਜੋ।
ਬਜਾਹ ਪ੍ਰਤੀਖਤਿ ਆਨੰਦ ਲਹਜੋ।
ਇਤ ਕਲਗ਼ੀਧਰ ਕਰਹਿਂ ਬਿਲਾਸਾ।
ਸ਼ਸਤ੍ਰਨਿ ਕੋ ਨਿਤ ਹੁਇ ਅੱਭਜਾਸਾ
॥੨॥
ਦਿਨ ਪ੍ਰਤਿ ਰਾਖਹਿਂ ਆਯੁਧ ਧਾਰੀ।
ਮਹਾਂ ਸੁਭਟ ਜੇ ਜੰਗ ਮਝਾਰੀ।
ਤੋਮਰ ਤੀਰ ਤੁਪਕ ਚਲਿਵਾਵੈਂ।
ਬ੍ਰਿੰਦ ਤੁਰੰਗਮ ਮੋਲ ਅਨਾਵੈਂ ॥੩॥
ਭਈ ਕਲਮ ਜਾਰੀ[1] ਭਟ ਰਾਖੇ।

[1]'ਕਲਮ ਜਾਰੀ' ਹੋਣਾ ਇਕ ਮੁਹਾਵਰਾ ਹੈ ਭਾਵ ਹੈ ਫੌਜ਼ਾਂ ਭਰਤੀ ਕਰਨੀਆਂ।

ਬਿਦਤੀ ਜਗਤ, 'ਗੁਰੂ ਰਣ ਕਾਂਖੇ।'
ਬੀਰ ਸਧੀਰਨਿ ਕੀ ਬਡ ਭੀਰ।
ਗਹੈਂ ਤੁਫੰਗਨ, ਤੋਮਰ, ਤੀਰ ॥੪॥
ਬ੍ਰਿੰਦ ਮਸੰਦ ਬਿਲੰਦ ਅਤੰਕ[1]।

[1]ਡਰਦੇ ਹਨ।

-ਦੁੰਦਭਿ ਪਰੈ[1]- ਰਹੈਂ ਚਿਤ ਸ਼ੰਕ।

[1]ਭਾਵ (ਕਦੇ) ਜੰਗ ਪਵੇਗਾ।

-ਸ੍ਰੀ ਗੁਰ ਹਰਿਗੁਵਿੰਦ ਕੇ ਜੰਗ।
ਸੁਨੇ ਸਮੂਹ ਭਏ ਭਟ ਭੰਗ[1] ॥੫॥

[1]ਮਾਰੇ ਗਏ।

ਅਨਿਕ ਰੀਤਿ ਕੇ ਪਾਇ ਬਿਖਾਦੂ[1]।

[1]ਦੁੱਖ।

ਜਿਤ ਕਿਤ ਬਿਚਰਤਿ ਠਾਨਤ ਬਾਦੂ[1]।

[1]ਫਿਰਦੇ ਰਹੇ ਕਰਕੇ ਝਗੜਾ।

ਬਸਹਿਂ ਅਨੰਦਪੁਰਿ ਵਿਖੈ ਸੁਖਾਰੇ।
ਸੰਗਤਿ ਆਇ ਚਲੀ ਜਗ ਸਾਰੇ ॥੬॥
ਕਿਸ ਕੀ ਚਿੰਤ ਨਹੀਂ ਕਿਸ ਰੀਤਿ।
ਸਰਬ ਪਦਾਰਥ ਘਰ ਮੈਂ ਨੀਤ।
ਉਚਿਤ ਨਹੀਂ ਨਾਹਕ ਉਤਪਾਤੀ।
ਰਾਜੇ ਰਾਜਪੂਤ ਜਿਨ ਜਾਤੀ ॥੭॥
ਰਣ ਮਹਿਂ ਕਟਹਿਂ, ਨਹੀਂ ਮੁਖ ਮੋਰਹਿਂ।

ਸਿਰ ਭੀ ਦੇਤਿ ਨ ਹਠ ਕੋ ਛੋਰਹਿਂ।
ਯਾਂ ਤੇ ਸੰਧਿ ਕਰਨ ਹੀ ਆਛੀ।
ਬੁਰੀ ਲਰਾਈ ਜੇ ਉਰ ਬਾਂਛੀ' ॥ ੮ ॥
ਸ਼੍ਰੀ ਗੁਜਰੀ ਕੇ ਨਿਕਟ ਸਿਧਾਰੈਂ।
ਮਿਲਿ ਕਰਿ ਡਰ ਉਪਜਾਇ ਉਚਾਰੈਂ।
'ਉਤ ਚਵਗੱਤੇ ਸਾਥ ਬਿਰੁੱਧਾ।
ਇਕ ਗਿਰਪਤਿਨਿ ਸੰਗ ਹੁਇ ਕ੍ਰੁੱਧਾ ॥ ੯ ॥
ਡਰਹਿਂ ਸੰਗਤਾਂ ਆਇਂ ਨ ਇਤ ਕੋ।
ਆਨਹਿ ਕੌਨ ਕਾਰ ਬਹੁ ਬਿਤ ਕੋ।
ਜਬਹਿ ਆਮਦਨ ਧਨ ਹੁਇ ਥੋਰਾ।
ਚਲਹਿ ਖਰਚ ਕਿਮ, ਗਨ ਭਟ ਘੋਰਾ? ॥ ੧੦ ॥
ਅਨਗਨ ਮਨ[1] ਹੀ ਅੰਨ ਅਨਾਵੈਂ। [1]ਅਨਗਿਣਤ ਮਣ।
ਦੀਰਘ ਦੇਗ ਬਨਹਿ ਤ੍ਰਿਪਤਾਵੈਂ।
ਸ਼੍ਰੀ ਸਤਿਗੁਰ ਕੀ ਬੈਸ ਨਵੀਨਾ।
ਅਬਿ ਲੌਂ ਪਿਖ੍ਯੋ ਨਹੀਂ ਰਣ ਕੀਨਾ[1] ॥ ੧੧ ॥ [1]ਜੁੱਧ ਕਰਕੇ ਦੇਖਿਆ ਨਹੀਂ।
ਦਿਪਤਿ ਤੇਜ ਕਹਿ ਸਕਹਿ ਨ ਕੋਈ।
ਰੁਖ਼ ਅਨੁਸਾਰਿ ਸਮੀਪੀ ਹੋਈ[1]। [1]ਨੇੜੇ ਰਹਿਣ ਵਾਲੇ ਰੁਖ ਅਨੁਸਾਰ ਹਨ।
ਆਪ ਦਿਲਾਸਾ ਦੇ ਸਮੁਝਾਵਹੁ।
ਗਿਰਪਤਿ ਸੋਂ ਜਿਨ[1] ਬੈਰ ਬਢਾਵਹੁ ॥ ੧੨ ॥ [1]ਨਾਂ।
ਇੱਤਜਾਦਿਕ ਬਹੁ ਕਹੈਂ ਬਨਾਇ।
ਉਰ ਮਾਤਾ ਕੇ ਤ੍ਰਾਸ ਉਪਾਇ।
ਚਿੰਤਾ ਬਸਿ ਚਿਤਵਤਿ ਬਹੁ ਰਹੈ।
ਸੁਤ ਸੁਭਾਵ ਪਿਖਿ ਅਚਰਜ ਲਹੈ ॥ ੧੩ ॥
ਇਕ ਦਿਨ ਬੈਠੀ ਆਇ ਸਮੀਪ।
ਹੇਤੁ ਕਹਨਿ ਕੇ ਸੰਧਿ[†] ਮਹੀਪ[1]। [1]ਰਾਜੇ ਨਾਲ ਮੇਲ ਕਰਨ ਲਈ। [†]ਪਾ:-ਸਿਧ।
ਨੰਦਚੰਦ ਅਰੁ ਤਹਾਂ ਕ੍ਰਿਪਾਲ[1]। [1]ਮਾਮਾ ਕ੍ਰਿਪਾਲ ਜੀ।
ਸੇਵਕ ਕੇਤਿਕ ਦਾਸ ਕ੍ਰਿਪਾਲ[1] ॥ ੧੪ ॥ [1]ਗੁਰੂ ਜੀ ਦੇ।

'ਸੁਨਹੁ ਪੂਤ ! ਤੁਮ ਸਭਿ ਕੇ ਪੂਜ।
ਨਿਮਹਿ ਜਗਤ ਜਿਮ ਪਿਖਿ ਸਸਿ ਦੂਜ।
ਲਖਿ ਨਿਜ ਦਾਸ ਬਨਹੁ ਸੁਖਦਾਈ।
ਖੁਸ਼ੀ ਦੇਹੁ ਸਭਿ ਕੋ ਮਨ ਭਾਈ ॥੧੫॥
ਅਪਰਨ ਤੇ ਅਧਿਕਾਇ ਗਿਰੇਸ਼ੁ[1]।
ਕਯੋਂਕਿ ਸਮੀਪੀ ਬਸਤਿ ਹਮੇਸ਼ੁ।
ਲੈਨਿ ਦੇਨਿ ਬਸਤੁਨਿ ਕੋ ਆਛੇ।
ਹ੍ਵੈ ਹੈ ਕਈ ਬਾਰ ਚਿਤ ਬਾਂਛੇ ॥੧੬॥
ਜਿਨ ਕੀ ਸੰਧਿ, ਅਨੰਦ ਬਿਸਾਲਾ।
ਤਿਨਹੁਂ ਬਨਾਵਹੁ ਸ਼ੱਤ੍ਰ ਕਰਾਲਾ।
ਸਦਾ ਨਿਕਟ ਜੇ ਵਧਹਿ ਬਖੇਰਾ।
ਨਿਸ ਦਿਨ ਪਰਹਿ ਬਿਖਾਦ ਬਡੇਰਾ ॥੧੭॥
ਤਿਨ ਕੋ ਕਹਾਂ ਬਿਗਰ ਕੁਛ ਜਾਈ।
ਸੰਗਤਿ ਚਹੁਂਦਿਸ਼ਿ ਤ੍ਰਾਸ ਉਪਾਈ।
ਆਇ ਨ ਸਕਹਿ ਆਪ ਕੇ ਪਾਸੀ।
ਅਟਕਹਿ ਕਾਰ ਤਬਹਿ ਧਨ ਰਾਸੀ ॥੧੮॥
ਸਕਲ ਏਕ ਹੈਂ ਗਿਰਪਤਿ ਜੇਤੇ।
ਲਰਨ ਹੇਤੁ ਇਕਠੇ ਹੁਇਂ ਤੇਤੇ।
ਉਠਹਿ ਦੁੰਦ[1] ਤੌਂ ਨਾਹਿਨ ਆਛੇ।
ਹੇ ਸੁਤ ! ਸਦਾ ਸ਼ਾਂਤਿ ਚਿਤ ਬਾਛੇ ॥੧੯॥
ਨਿਜ ਦਾਸਨਿ ਕੋ ਕਰਹੁ ਉਧਾਰਾ।
ਚਹੁ ਦਿਸ਼ਿ ਕੇ ਚਲਿ ਆਇਂ ਹਜ਼ਾਰਾ।
ਉਚਿਤ ਸੰਧਿ ਸੈਲਿੰਦ੍ਰਨਿ ਸੰਗ।
ਕਿਮ ਸਮਤਾ ਹੁਇ ਠਾਨਹੁਂ ਜੰਗ ॥੨੦॥
ਜਿਤਿਕ ਸੈਲ ਕੋ ਦੇਸ਼ ਉਦਾਰਾ।
ਸਭਿ ਕੋ ਰਾਜ, ਲੇਤਿ ਧਨ ਸਾਰਾ।
ਚਮੂੰ ਤਿਨਹੁ ਸੰਗ ਭਟ ਸਮੁਦਾਯਾ।
ਲਰਤਿ ਮਰਤਿ ਨਿਤ ਸਮਾ ਬਿਤਾਯਾ ॥੨੧॥
ਪੁਨ ਤੁਮ ਅਪਨੀ ਸੈਨ ਬਿਲੋਕਹੁ।

[1]ਪਹਾੜੀ ਰਾਜੇ।

[1]ਫਸਾਦ।

ਰਣ ਘਮਸਾਨ ਰਿਪੁਨਿ ਕਿਮ ਰੋਕਹੁ।
ਹੇਰਿ ਹੇਰਿ ਕਰਿ ਸਕਲ ਮਸੰਦ।
ਸਕਹਿਂ ਨ ਕਹਿ ਕਰਿ ਤ੍ਰਾਸ ਬਿਲੰਦ ॥੨੨॥
ਆਛੀ ਬਾਤ ਬਿਚਾਰਨਿ ਕਰੀਅਹਿ।
ਬੁੱਧਿ ਬਖੇਰੇ ਕੀ ਪਰਿਹਰੀਅਹਿ।'
ਸੁਨਿ ਜਨਨੀ ਕੇ ਬੈਨਨ ਸ਼੍ਰੋਨ।
ਕਰੁਨਾ ਭੌਨ ਜਿਨਹੁਂ ਕਿਤ ਭੌ ਨ ॥੨੩॥
'ਸੁਨਹੁਂ ਮਾਤ ਮੈਂ ਜਨਮ ਸੁ ਧਾਰਾ।
ਦੁਸ਼ਟਨ ਕੋ ਦਿਖਾਉਂ ਖਰ ਧਾਰਾ[1]।

[1]ਤਿੱਖੀ ਧਾਰਾ।

ਉੱਤਮ ਰਣ ਜਿਮ ਸੁਰਸਰਿ ਧਾਰਾ[1]।

[1]ਜੱਗ ਉੱਤਮ ਹੈ ਜਿਵੇਂ ਗੰਗਾ ਦੀ ਧਾਰ ਹੁੰਦੀ ਹੈ।

ਤਿਸ ਤੇ ਨਿਜ ਜਨ[1] ਕਰੌਂ ਉਧਾਰਾ ॥੨੪॥

[1]ਆਪਣੇ ਦਾਸਾਂ ਦਾ।

ਕਰਹਿਂ ਕੁਟਿਲਤਾ ਜੇ ਮਦ ਮਾਨੀ।
ਤਿਨ ਬਾਨੀ ਹਮ ਕਯੋਂਹੁਂ ਨ ਮਾਨੀ।
ਸੋ ਨ ਲਖਹਿਂ ਕਿਹ ਅਪਨਿ ਸਮਾਨੀ[1]।

[1]ਓਹ ਕਿਸੇ ਨੂੰ ਆਪਣੇ ਤੁੱਲ ਨਹੀਂ ਸਮਝਦੇ।

ਮੈਂ ਤਿਨ ਕੋ ਕਰਿਹੌਂ ਅਪਮਾਨੀ ॥੨੫॥
ਨਹੀਂ ਦੂਰ ਕੋ ਬਨਹਿਂ ਬਿਰੋਧੀ।
ਗੁਰ ਸ਼ਰਧਾ ਮਧ ਜਿਨ ਬੁਧਿ ਰੋਧੀ[1]।

[1]ਸਗੋਂ ਦੂਰ ਦੇ ਵਿਰੋਧੀ ਨਹੀਂ ਹੋਏ ਜਿਨ੍ਹਾਂ ਦੀ ਬੁੱਧੀ ਗੁਰ ਸ਼ਰਧਾ ਵਿਚ (ਰੁਕੀ =) ਟਿਕੀ ਹੋਈ ਹੈ।

ਅਹੈਂ ਸਮੀਪੀ ਲਹੈਂ ਨ ਸੋਧੀ[1]।

[1]ਇਹ ਪਹਾੜੀਏ) ਸਮੀਪੀ ਹੋਣ ਤੇ ਬੀ ਸੋਝੀ ਨਹੀਂ ਲੈਂਦੇ।

ਧਰਿ ਅਹੰਕਾਰ ਸੁ ਉਧਤਿ ਅਬੋਧੀ[1] ॥੨੬॥

[1]ਹੰਕਾਰਾ ਕਰਕੇ ਉਹ ਮੂਰਖ ਉੱਚੇ ਹੋਏ ਹਨ [ਸੰਸ: ਉਦਤਿ = ਉਚਤਾਈ]।

ਹੇਮ ਕੁੰਟ ਪਰ ਮੈਂ ਤਪ ਕਰਤੇ।
ਲਿਯੋ ਹਕਾਰਿ ਸਕਲ ਜਗ ਕਰਤੇ[1]।

[1]ਸਾਰੇ ਜਗਤ ਦੇ ਸਿਰਜਨਹਾਰ ਨੇ।

ਕਰਯੋ ਪਠਾਵਨਿ ਜਗ ਮਹਿਂ ਮੋਹਿ।
ਜਾਨੇ ਦੁਸ਼ਟ ਜਿਨਹੁ ਮਨ ਮੋਹ[1] ॥੨੭॥

[1]ਜਿਨ੍ਹਾਂ ਦੇ ਮੰਨ ਵਿਚ ਅਗਯਾਨ ਹੈ।

ਦੰਡ ਦੇਨਿ ਹਿਤ ਮੈਂ ਚਲਿ ਆਯੋ।
ਦੁਸ਼ਟ ਗਿਰੇਸ਼ੁਰ ਚਹੈ ਦਬਾਯੋ।
ਜੇ ਮੁਹਿ ਪੂਜਹਿਂ ਤਿਨ ਰਖਵਾਰਾ।
ਰਾਖੌਂ ਹਲਤ ਰੁ ਪਲਤ ਸੁਖਾਰਾ ॥੨੮॥
ਜੇ ਠਾਨਹਿਂ ਬਿਧਿ ਬਹੁ ਬੁਰਿਆਈ[†]।

[†]ਜੇ ਠਾਨਹਿ ਬਿਧ ਬਹੁ ਬੁਰਿਆਈ' ਵਿਚ ਕਾਰਨ ਦਸ ਦਿੱਤਾ ਹੈ ਕਿ ਜੋ ਬਹੁਤ ਬਦੀ ਕਰਨਗੇ ਸੋ ਇਥੇ ਸੰਕਟ ਤੇ

ਮਰਕੇ ਨਰਕਾਂ ਨੂੰ ਜਾਣਗੇ।

ਸੰਗ ਤਿਨਹੁ ਕੇ ਕਰਵਿ ਲਰਾਈ।
ਇਸ ਜਗ ਬਡ ਦੇ ਸੰਕਟ ਤਾਂਹੀ।
ਮਰਹਿਂ, ਪਰਹਿ ਪੁਨ ਦੋਜ਼ਕ ਮਾਂਹੀ ॥੨੯॥
ਭੀਮਚੰਦ ਜੇ ਕਰਹਿ ਨ ਟਾਰਾ।
ਤੌ ਮੰਡੌਂ ਮੈਂ ਜੁੱਧ ਅਖਾਰਾ।
ਤ੍ਰਾਸ ਧਾਰਿ ਦਬਕਤਿ ਕਿਤ ਨਾਂਹੀ।
ਮੂਢ ਕਰਹਿ ਬਲ ਉਰ ਗਰਬਾਹੀ ॥੩੦॥
ਗਿਰਪਤਿ ਕੋ ਤੋਰੌਂ ਹੰਕਾਰਾ।
ਜਥਾ ਮਸਤ ਗਜ ਤਰੁ ਬਡ ਡਾਰਾ[1]।
ਸ਼ਕਤਿ ਸਜਾਲ ਬਪੁਰੇ ਕੀ ਕਹਾਂ।
ਸ਼ੇਰ ਡਰਾਵਤਿ ਗਰਬਤਿ ਮਹਾਂ ॥੩੧॥
ਬ੍ਰਿੰਦ ਮਸੰਦ ਅਧਿਕ ਧਨਵਾਨ।
ਖਾਇ ਵਧੇ ਨਿਤ ਪੂਜਾ ਧਾਨ।
ਕਾਤੁਰ ਚਿਤ ਕੇ ਜਿਮ ਬਨ ਹਰਣਾ[1]।
ਹਰਨਾ ਧੀਰਜ ਮਤਿ ਕੋ ਬਰਣਾ[1] ॥੩੨॥
ਅਸ ਮਸਲਤ ਕੇ ਨਹਿਂ ਅਧਿਕਾਰੀ[1]।
ਜਿਨਹੁ ਸੁਰਤਾ ਧੀਰ ਬਿਸਾਰੀ।
ਇਨ ਕੇ ਭਨੇ ਨ ਬਨੌਂ ਕਲੀਵਾ[1]।
ਬਸਨ ਕਹਾਂ ਹੁਇ ਰਿਪੁ ਤੇ ਨੀਵਾਂ[1] ॥੩੩॥
ਕਹਜੋ ਤੁਮਾਰੋ ਅਬਿ ਇਹ ਮਾਨਹਿ।
ਹਮ ਉਤਪਾਤ ਪ੍ਰਥਮ ਨਹਿਂ ਠਾਨਹਿ।
ਧਰਿ ਹੰਕਾਰ ਜਿ ਆਇ ਪਹਾਰੀ।
ਕਜੋਂ ਹੂੰ ਚਾਹੈ ਕਰਨਿ ਬਿਗਾਰੀ[1] ॥੩੪॥
ਬਹੁਰ ਨ ਹਮ ਤੇ ਹੋਵਹਿ ਟਾਰਾ।
ਮੋਰੌਂ, ਕਰਿ ਕੈ ਬਿਨ ਹੰਕਾਰਾ।'
ਸੁਨਿ ਜਨਨੀ ਨੰਦਨ ਕੇ ਬੈਨ।
ਜਥਾ ਜੋਗ, ਜਿਨ ਕੋ ਕਿਤ ਭੈ ਨਾ ॥੩੫॥
ਤਉ ਕਹਤਿ ਹੀ ਉਠਿ ਕਰਿ ਗਵਨੀ।
'ਇਤ ਸਭਿ ਭੀਮਚੰਦ ਕੀ ਅਵਨੀ[1]।

[1]ਜਿਵੇਂ ਮਸਤ ਹਾਥੀ ਵੱਡਾ ਬ੍ਰਿੱਛ ਤੋੜ ਦੇਂਦਾ ਹੈ।

[1]ਚਿੱਤ ਦੇ ਕਾਇਰ ਹਨ ਜਿਵੇਂ ਬਨ ਦੇ ਹਿਰਨ।

[1]ਧੀਰਜ ਨੂੰ ਹਰ ਲੈਣ ਵਾਲੀ ਮਤ ਨੂੰ ਵਰਣਨ ਕਰਦੇ ਹਨ।

[1]ਐਸੇ (ਲੋਕ) ਸਲਾਹ ਦੇਣ ਦੇ ਅਧਿਕਾਰੀ ਨਹੀਂ ਹਨ।

[1]ਡਰਾਕੁਲ ਨਹੀਂ ਬਣਾਂਗਾ।

[1]ਨੀਵੇਂ ਹੋਕੇ।

[1]ਜੇ ਕਿਸੇ ਤਰ੍ਹਾਂ ਬਿਗਾੜ ਕਰਨਾ ਚਾਹੇਗਾ ਤਾਂ।

[1]ਇਧਰ ਸਾਰੀ ਪ੍ਰਿਥਵੀ ਭੀਮਚੰਦ ਦੀ ਹੈ।

ਸ਼ਾਂਤਿ ਸਮੇਤ ਬਸਹੁ, ਸੁਖ ਪਾਵਹੁ।
ਨਹਿ ਨਿਜ ਤੇ ਉਤਪਾਤ ਉਠਾਵਹੁ'
॥੩੬॥
ਨੰਦ ਚੰਦ ਕਰ ਬੰਦਿ ਬਖਾਨੀ।
'ਮੂਰਖ ਮਨ ਮਹਿਂ ਮਾਨਹਿ ਮਾਨੀ।
ਮਾਨੀ[1] ਪਰਬਤ ਪਤਿ ਕੇ ਕਹੇ।
ਕਿਮ ਗਜ ਅਦਭੁਤ ਦੈਬੋ ਚਹੇਂ ॥੩੭॥
ਬਹੁਰ ਅਪਰ ਕੁਛ ਜਾਚਨਿ ਕਰੇ।
ਲੇ ਕਰਿ ਗਰਬ ਰਿਦੇ ਮਹਿਂ ਧਰੇ।
ਸਨੇ ਸਨੇ ਨਿਜ ਕਰ[1] ਠਹਿਰਾਵੈ।
-ਬਸਹਿਂ ਹਮਾਰੇ ਦੇਸ਼- ਬਤਾਵੈ ॥੩੮॥
ਇਸ ਕੋ ਦੈਬੋ ਨਾਂਹਿਨ ਆਛੇ।
ਪਰਹਿ ਬਿਗਾਰ ਜਾਨੀਅਹਿ ਪਾਛੇ।
ਯਾਂ ਤੇ ਆਪ ਪ੍ਰਥਮ ਹੀ ਹੋਟਾ[1]।
ਜਬਿ ਕਬਿ ਬਨੇ ਸਰਹਿ ਇਸ ਟੋਟਾ[1]†
॥੩੯॥
ਦਿਨ ਕਰ ਉਦਹਿ ਪ੍ਰਕਾਸ਼ ਮਹਾਨੇ।
ਤਿਸ ਆਗੈ ਕਜਾ ਗਰਬ ਟਨਾਨੇ।
ਸਾਗਰ ਤੀਰ ਬੂੰਦ ਹੰਕਾਰੈ[1]।
ਗਜ ਪਰ ਬਲ ਪਪੀਲਕਾ ਧਾਰੈ ॥੪੦॥
ਕਿਤ ਰੰਚਕ[1] ਕਿਤ ਕੰਚਨ ਮੇਰੁ।
ਕਹਾਂ ਮਸ਼ਕ[1] ਕਿਤ ਸ਼ੇਰ ਦਲੇਰੁ।
ਚਹਿ ਸਮਤਾ ਕੈ ਅਧਿਕ ਬਡਾਈ।
ਮੂਢ ਲਖਹਿਂ ਤਿਸ ਕੋ ਸਮੁਦਾਈ ॥੪੧॥
ਲਖਿ ਮਹਿਮਾ ਕੋ ਕਰਹਿ ਨ ਟਾਰੋ।
ਚਾਹੈ ਮੰਡਜੋ ਜੰਗ ਅਖਾਰੋ।
ਤੌ ਇਸ ਬਿਧਿ ਕੇ ਸ਼ਸਤ੍ਰ ਪ੍ਰਹਾਰੈਂ।
ਹਾਰੈ, ਭੇ ਤੇ ਸਦਨ ਸੰਭਾਰੈ[1] ॥੪੨॥
ਜਬਿ ਦੇਖਹਿਗੋ ਰਣ ਮਹਿਂ ਹਾਥ।
ਕਾਟੇ ਪਰੇ ਧਰਾ ਪਰ ਮਾਥ।
ਤਬਿ ਜਾਨਹਿਂ ਨਿਜ ਹਾਨ ਗੁਮਾਨੀ।
ਝੁਰਹਿ -ਮੈਂ ਮਹਿਮਾ ਨਹਿਂ ਜਾਨੀ-

[1]ਹੰਕਾਰੀ।

[1]ਕੱਰ = ਜਿਸ ਦੇ ਲੈਣ ਦਾ ਹੱਕ ਹੋਵੇ, ਮਸੂਲ (ਟੈਕਸ)।

[1]ਭਾਵ ਆਪ ਨੇ ਪਹਿਲੋਂ ਹੀ ਰੋੜ ਦਿੱਤਾ ਹੈ।

[1]ਜਦ ਕਦ (ਕੋਈ ਗਲ) ਬਣੀ ਇਸ ਤੋਂ ਟੋਟਾ (= ਨੁਕਸਾਨ) ਹੀ ਸਰੇਗਾ ਭਾਵ ਹੋਵੇਗਾ। †ਪਾ:-ਖੋਟਾ।

[1]ਸਮੁੰਦਰ ਪਾਸ ਜੇ ਬੂੰਦ ਹੰਕਾਰ ਕਰੇ।

[1]ਰੱਤੀ।

[1]ਮੱਛਰ।

[1]ਭਾਵ ਹਾਰਕੇ ਡਰਦਾ ਮਾਰਿਆ ਘਰ ਨੂੰ ਨੱਠ ਜਾਏਗਾ।

॥੪੩॥
ਕੇਤਿਕ ਨਰ ਕੋ ਹੋਤਿ ਸੁਭਾਊ।
ਮਾਰ ਖਾਇ ਸਮਝੈਂ ਪਛੁਤਾਊ।
ਤਿਨ ਮਹਿਂ ਭੀਮਚੰਦ ਹਮ ਜਾਨਾ।
ਗੁਰ ਪ੍ਰਭਾਉ ਮਦ ਕਰਿ ਨਹਿਂ ਮਾਨਾ'
॥੪੪॥
ਸੁਨਿ ਕ੍ਰਿਪਾਲ ਮਾਤੁਲ ਨੇ ਕਹਜੋ।
'ਨੰਦਚੰਦ ਜੋਧਾ ਬਡ ਲਹਜੋ।
ਬ੍ਰਿੰਦ ਮਸੰਦਨਿ ਤੇ ਇਹ ਨਜਾਰੋ।
ਸਤਿਗੁਰ ਆਸ਼ੇ ਲਖਿਬੇਵਾਰੋ' ॥੪੫॥
ਸ਼੍ਰੀ ਕਲਗ਼ੀਧਰ ਸੁਨਿ ਮੁਸਕਾਏ।
'ਨਿਸ਼ਚੇ ਇਮ ਹੀ ਜਥਾ ਬਤਾਏ।
ਹੱਥਜਾਰਨ ਕੋ ਹਾਥ ਗਹੰਤਾ।
ਨਿਤਪ੍ਰਤਿ ਬਹੁ ਅੱਭਜਾਸ ਚਹੰਤਾ'
॥੪੬॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁਤੇ 'ਸ਼੍ਰੀ ਗੁਜਰੀ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਨੰਦਚੰਦ ਨੂੰ ਦਿਵਾਨ ਦਾ ਰੁਤਬਾ। ਬਨ ਵਿਚ ਵਿਚਰਨਾ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਨੰਦਚੰਦ ਪਰ ਗੁਰ ਖੁਸ਼ੀ, ਜਾਨਜੋਂ ਲਾਇਕ ਬੀਰ।
ਚਾਹਜੋ ਕਰਜੋ ਦਿਵਾਨ ਕੋ, ਕ੍ਰਿਪਾਸਿੰਧੁ ਮਤਿਧੀਰ ॥੧॥

ਪਾਧੜੀ ਛੰਦ:

ਨਿਜ ਨਿਕਟ ਹਕਾਰਿ ਮਾਤੁਲ ਕ੍ਰਿਪਾਲ।
ਤਿਹ ਲਗੇ ਬੂਝਿਬੇ ਗੁਰ ਕ੍ਰਿਪਾਲ।
'ਇਹ ਨੰਦ ਚੰਦ ਮਤਿ ਕੋ ਬਿਲੰਦ।
ਬਹੁ ਸਾਵਧਾਨ ਗਨ ਰਿਪੁ ਨਿਕੰਦ ॥੨॥
ਨਿਤ ਸ਼ਸਤ੍ਰ ਧਰਨਿ ਅੱਭਜਾਸ ਕੀਨਿ।
ਇਸ ਸਮ ਮਸੰਦ ਨਹਿੰ ਅਪਰ ਚੀਨਿ।
ਗੁਰ ਬਡਨ[1] ਪਾਸ ਇਨ ਕੇ ਬਡੇਰ।
ਨਿਤ ਰਹੇ ਸੇਵਕੀ ਕਰਤਿ ਨੇਰ ॥੩॥
ਗੁਰ ਜਸੁ ਬਿਸਾਲ ਬਰ ਬੀਚ ਪੋਇ[1]। — [1]ਬਹੁਤ ਸ੍ਰੇਸ਼ਟ ਗੁਰੂ ਜਸ (ਇਸ ਰੁਤ) ਵਿਚ ਪਰੋਇਆ

ਹੈ।

ਸਿਖ ਪਠਤਿ ਸੁਨਤਿ, ਚਿਤ ਚਾਇ ਪਾਂਇ।
ਸਭਿ ਕਰੇ ਇਕਾਵਨਿ[1] ਇਮ ਧਿਆਇ [1]ਇਕਵੰਜਾ।
॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰੁਤੇ 'ਕੇਹਰਿ ਹਤਨਿ' ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

ਇਤਿ ਪ੍ਰਥਮ ਰੁਤ ਸਮਾਪਤੰ ਮਸਤ ਸੁਭ ਮਸਤ ॥

[ਪਹਿਲੀ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਦੂਸਰੀ Rut 2

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
Visit: www.ik13.com Email rarasahib@yahoo.com

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰੁਤਿ ਦੂਜੀ

## ਰੁਤਿ ਦੂਸਰੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

੨੧ ਜਨਵਰੀ ੨੦੦੫
ਰੰਧਾਵਾ

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰੁਤਿ ਦੂਸਰੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਦੂਜੀ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬ ੩੭ ੩੮ ੩੯ ੪੦ ੪੧
੪੨ ੪੩ ੪੪ ੪੫ ੪੬ ੪੭ ੪੮ ੪੯ ੫੦

# ਤਤਕਰਾ ਰੁਤਿ ਦੂਜੀ

ਦੂਸਰੀ ਰੁਤਿ


੧ ਅੰਸੂ ੧. [ਮੰਗਲ। ਖਾਨ ਨੌਕਰ ਰੱਖੇ]

੧. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

[ਬਿਨਯ]

੨ ੨. [ਰਾਮਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ]

੩ ੩. [ਬੇੜੀ ਉਤੇ ਰਾਮਰਾਇ ਨਾਲ ਮੇਲ]

੪ ੪. [ਕਪਾਲ ਮੋਚਨ]

੫ ੫. [ਰਾਜ ਕੌਰ ਦਾ ਹਾਲ]

੬ ੬. [ਰਾਮਰਾਇ ਜੀ ਦਾ ਅੰਤ]

੭ ੭. [ਪੰਜਾਬ ਕੌਰ ਦੀ ਸਤਿਗੁਰਾਂ ਨੂੰ ਚਿੱਠੀ]

੮ ੮. [ਗੁਰੂ ਜੀ ਡੇਹਰੇ ਆਏ। ਮਸੰਦਾਂ ਨੂੰ ਦੰਡ ਦੇਣ ਹਿਤ ਤਯਾਰੀ]

੯ ੯. [ਮਸੰਦਾਂ ਨੂੰ ਦੰਡ]

੧੦ ੧੦. [ਫਤੇਸ਼ਾਹ ਦੇ ਲਾਗੀ ਆਏ। ਤੰਬੋਲ ਦੀ ਤਿਆਰੀ]

੧੧ ੧੧. [ਨੰਦ ਚੰਦ ਤੰਬੋਲ ਲੈਕੇ ਗਿਆ। ਬਰਾਤ]

੧੨ ੧੨. [ਰਾਜੇ ਦਾ ਵਜ਼ੀਰ ਰਾਹ ਲੈਣ ਆਇਆ]

੧੩ ੧੩. [ਕੇਵਲ ਦੂਲਹੁ ਤੇ ਵਜ਼ੀਰ ਦੇ ਲੰਘਣ ਦੀ ਆਗਯਾ ਲੈਣੀ]

੧੪ ੧੪. [ਭੀਮਚੰਦ ਦਾ ਪੁੱਤ੍ਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ]

੧੫ ੧੫. [ਸਉਦਾਗਰ। ਬਰਾਤ ਸ੍ਰੀ ਨਗਰ]

੧੬ ੧੬. [ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ]

੧੭ ੧੭. [ਘਾਟ ਲੰਘਣਾ]

੧੮ ੧੮. [ਨੰਦ ਚੰਦ ਦਾ ਆਉਣਾ]

੧੯ ੧੯. [ਫਤੇਸ਼ਾਹ ਦਾ ਜੰਗ ਹਿਤ ਅੱਗੇ ਵਧਣਾ]

੨੦ ੨੦. [ਪਠਾਣਾਂ ਨੇ ਛੁੱਟੀ ਮੰਗਣੀ]

੨੧ ੨੧. [ਪਠਾਣ ਫਤੇਸ਼ਾਹ ਨੂੰ ਜਾ ਮਿਲੇ]

੨੨ ੨੨. [ਬੁੱਧੂ ਸ਼ਾਹ ਨੂੰ ਖ਼ਬਰ। ਕਾਲੇ ਖਾਂ]

੨੩ ੨੩. [ਉਦਾਸੀਆਂ ਦਾ ਖਿਸਕਣਾਂ]

੨੪ ੨੪. [ਮਹੰਤ ਕ੍ਰਿਪਾਲ। ਦਲ ਦੀ ਚੜ੍ਹਾਈ]

੨੫ ੨੫. [ਜੰਗ ਸ਼ੁਰੂ]

੨੬ ੨੬. [ਬੁੱਧੂਸ਼ਾਹ ਦੇ ਪੁੱਤ੍ਰਾਂ ਦਾ ਜੰਗ। ਇਕ ਸ਼ਹੀਦ ਹੋਯਾ]

੨੭ ੨੭. [ਕ੍ਰਿਪਾਲ ਮਹੰਤ ਨੇ ਹਯਾਤ ਖਾਂ ਨੂੰ ਮਾਰਨਾ]

੨੮ ੨੮. [ਸਾਹਿਬ ਚੰਦ। ਦਯਾਰਾਮ ਨੰਦ ਚੰਦ ਦਾ ਯੁੱਧ]

੨੯ ੨੯. [ਹਲਵਾਈ ਸਿੱਖ। ਜੀਤ ਮੱਲ ਬੱਧ। ਫਤੇ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ]

੩੦ ੩੦. [ਸੰਗੋਸ਼ਾਹ ਤੇ ਹਰੀਚੰਦ ਬੱਧ]
੩੧ ੩੧. [ਭੰਗਾਣੀ ਯੁੱਧ ਫਤਹ ਕੀਤਾ]
੩੨ ੩੨. [ਇਨਾਮ ਵੰਡੇ। ਪਾਂਵਟੇ ਤੋਂ ਤਿਆਰੀ]
੩੩ ੩੩. [ਅਨੰਦ ਪੁਰ ਦਾ ਸਫਰ। ਨਾਹਣੇਸ਼। ਲਾਹਾ ਤੇ ਟੋਟਾ ਗ੍ਰਾਮ ਦੇ ਚੋਰ]
੩੪ ੩੪. [ਰਾਇਪੁਰ ਦੀ ਰਾਣੀ]
੩੫ ੩੫. [ਕੀਰਤਿ ਪੁਰਿ। ਆਨੰਦ ਪੁਰਿ ਆਉਣਾ]
੩੬ ੩੬. [ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ]
੩੭ ੩੭. [ਭੀਮਚੰਦ ਮੇਲ ਹਿਤ ਆਇਆ। ਸਾਹਿਬ ਅਜੀਤ ਸਿੰਘ ਜਨਮ]
੩੮ ੩੮. [ਮੇਲੇ ਵਿਚੋਂ ਠੱਗ ਫੜਕੇ ਦੰਡ ਦਿੱਤਾ]
੩੯ ੩੯. [ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਪਰ ਚੜ੍ਹਾਈ]
੪੦ ੪੦. [ਨਾਦੌਣ ਦਾ ਜੰਗ ਆਰੰਭ]
੪੧ ੪੧. [ਬਿੱਝੜ ਵਾਲੀਆ ਦਜਾਲ ਬੱਧ]
੪੨ ੪੨. [ਜੰਗ ਜਿੱਤਣਾ। ਅਲਫ ਖਾਂ ਦਾ ਰਾਤੀਂ ਨੱਸਣਾ]
੪੩ ੪੩. [ਆਲਸੂਨ ਮਾਰਨਾ]
੪੪ ੪੪. [ਆਨੰਦਪੁਰ। ਬਾਬਾ ਜ਼ੋਰਾਵਰ ਸਿੰਘ ਜੀ ਜਨਮ]
੪੫ ੪੫. [ਸ਼੍ਰੀ ਗੁਰੂ ਜੀ ਦਾ ਪ੍ਰਤਾਪ]
੪੬ ੪੬. [ਦਿਲਾਵਰ ਖਾਂ ਦੇ ਪੁੱਤ੍ਰ ਦੀ ਚੜ੍ਹਾਈ]
੪੭ ੪੭. [ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ]
੪੮ ੪੮. [ਗੁਪਾਲ ਤੇ ਹੁਸੈਨੀ ਦੀ ਸੁਲਹ ਲਈ ਸੰਗਤੀਆ ਸਿੰਘ ਆਇਆ]
੪੯ ੪੯. [ਹੁਸੈਨੀ ਬੱਧ ਗੁਪਾਲ ਦੀ ਫਤਹ। ਜੁਝਾਰ ਸਿੰਘ ਜਨਮ]
੫੦ ੫੦. [ਕਵੀਆਂ ਦੀ ਕਦਰ। ਬਾਬਾ ਫਤਹ ਸਿੰਘ ਜਨਮ]

# ਦੂਜੀ ਰਿਤੁ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ਼੍ਰੀ ਵਾਹਿਗੁਰੂ ਜੀ ਕੀ ਫਤਹ ॥

## ਅਬ ਦੁਤਿਯ ਰੁੱਤ ਬਰਨਤੇ।

### ਅੰਸੂ ੧. [ਮੰਗਲ। ਖਾਨ ਨੌਕਰ ਰੱਖੇ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਕਬਿੱਤ:

ਜਪ ਗੁਰੂ ਨਾਨਕ ਮੁਕੰਦ, ਗੁਰੂ ਅੰਗਦ,
ਅਮਰ ਗੁਰੂ ਰਾਮਦਾਸ ਆਨੰਦ ਬਿਲੰਦ ਮੈਂ।
ਸਤਿਗੁਰੂ ਅਰਜਨ, ਸ਼੍ਰੀ ਹਰਿਗੋਵਿੰਦ ਚੰਦ,
ਗੁਰੂ ਹਰਿ ਰਾਇ ਬ੍ਰਿੰਦ ਬਿਘਨ ਨਿਕੰਦ ਮੈਂ।
ਸ਼੍ਰੀ ਹਰਿ ਕ੍ਰਿਸ਼ਨ, ਨਵਮ ਗੁਰ ਪਾਤਸ਼ਾਹ,
ਸ਼੍ਰੀ ਗੁਵਿੰਦ ਸਿੰਘ ਜੀ ਸਦੀਵ ਸੁਖਕੰਦ ਮੈਂ।
ਸਭਿ ਕੇ ਪਦਾਰਬਿੰਦ ਮਨ ਕੋ ਮਲਿੰਦ ਕਰਿ,
ਗਜਾਨ ਮਕਰੰਦ ਹਿਤ ਬੰਦੌਂ ਹਾਥ ਬੰਦਿਮੈਂ ॥੧॥

ਜਪ = ਜਪਦਾ ਹਾਂ, ਅਰਾਧਨਾ ਕਰਦਾ ਹਾਂ, ਸਿਮਰਨ ਕਰਦਾ ਹਾਂ।
ਮੈਂ = ਮੈਂ। (ਅ) ਜੇ 'ਮੈਂ' ਨੂੰ 'ਮਯ' ਸਮਝੀਏ ਤਾਂ ਅਰਥ ਬਣੂ:-ਵਾਲੇ। ਸਰੂਪ।
ਸੁਖਕੰਦ = ਸੁਖਾਂ ਦਾ ਮੂਲ। ਮਲਿੰਦ = ਭੌਰਾ।

ਅਰਥ:

ਮੈਂ ਸਿਮਰਨ ਕਰਦਾ ਹਾਂ ਮੁਕਤੀ ਦਾਤੇ ਗੁਰੂ ਨਾਨਕ ਜੀ ਦਾ, (ਅਤੇ) ਅਤਿ ਆਨੰਦ (ਦਾਤੇ) ਗੁਰੂ ਅੰਗਦ, ਸ਼੍ਰੀ ਗੁਰੂ ਅਮਰ ਦੇਵ ਤੇ ਗੁਰੂ ਰਾਮਦਾਸ ਜੀ ਦਾ, (ਫਿਰ) ਮੈਂ (ਸਿਮਰਨ ਕਰਦਾ ਹਾਂ) ਸਾਰੇ ਵਿਘਨਾਂ ਨੂੰ ਕੱਟਣ ਹਾਰੇ (ਸ਼੍ਰੀ) ਸਤਿਗੁਰੂ ਅਰਜਨ (ਦੇਵ ਜੀ), ਸ਼੍ਰੀ ਹਰਿ ਗੋਵਿੰਦ ਚੰਦ (ਅਤੇ) ਗੁਰੂ ਹਰਿ ਰਾਇ ਜੀ ਦਾ; (ਫਿਰ) ਮੈਂ (ਸਿਮਰਨ ਕਰਦਾ ਹਾਂ) ਸਦੀਵੀ ਸੁਖਦਾਤੇ ਸ਼੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ, ਸ਼੍ਰੀ) ਗੁਰੂ (ਤੇਗ ਬਹਾਦਰੁ ਜੀ) ਨੌਵੇਂ ਪਾਤਸ਼ਾਹ (ਤੇ) ਸ਼੍ਰੀ (ਗੁਰੂ) ਗੋਵਿੰਦ ਸਿੰਘ ਜੀ ਦਾ; (ਹਾਂ, ) ਮੈਂ ਸਾਰੇ (ਗੁਰੂ ਸਾਹਿਬਾਂ ਦੇ) ਚਰਨਾਂ ਕਮਲਾਂ ਦਾ (ਆਪਣੇ) ਮਨ ਨੂੰ ਭਉਰਾ ਬਣਾ ਕੇ ਗਜਾਨ (ਰੂਪ) ਮਕਰੰਦ (ਪ੍ਰਾਪਤ ਕਰਨ) ਲਈ (ਦੋਵੇਂ) ਹਥ ਜੋੜਕੇ (ਉਨ੍ਹਾਂ ਚਰਨਾਂ ਉਤੇ) ਨਮਸਕਾਰ ਕਰਦਾ ਹਾਂ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

ਸਾਰਦ ਬਾਰਦ ਭਾ ਰਦੀ; ਨਾਰਦ, ਪਾਰਦ, ਕੁੰਦ।
ਬਰਨ ਸਾਰਦਾ ਸਾਰਦਾ, ਪਦ ਅਰਵਿੰਦਨਿ ਬੰਦਿ ॥੨॥

ਸਾਰਦ ਬਾਰਦ = ਸਰਦ ਰੁੱਤ ਦਾ ਬੱਦਲ।
ਭਾ ਰਦੀ = ਸ਼ੋਭਾ ਰੱਦ ਕਰ ਦਿਤੀ ਹੈ, ਭਾਵ ਮਾਤ ਕਰ ਦਿਤੀ ਹੈ।
ਨਾਰਦ = ਨਾਰਦ, ਜਿਸ ਦਾ ਰੰਗ ਚਿੱਟਾ ਮੰਨਿਆ ਹੈ।

ਪਾਰਦ = ਪੂਰਾ। ਕੁੰਦ-ਮਰਤਬਾਨ ਦਾ ਫੁੱਲ ਜੋ ਚਿੱਟਾ ਹੁੰਦਾ ਹੈ।
ਬਰਨ ਸਾਰਦਾ = ਅਖਰਾਂ (ਦੁਆਰਾ ਵਿੱਦਜਾ ਵਿੱਗਜਾਨ ਰੂਪੀ) ਤੱਤ੍ਵ ਦੀ ਦਾਤੀ ਭਾਵ ਗਜਾਨ ਦਾਤੀ।
ਸਾਰਦਾ = ਸਰਸ੍ਵਤੀ।
ਬੰਦਿ = ਬੰਦਨਾ ਕਰਦਾ ਹਾਂ।
ਅਰਥ:
ਸਰਦ ਰਿਤੂ ਤੇ ਬੱਦਲ, ਨਾਰਦ, ਪਾਰੇ ਤੇ ਕੁੰਦ (ਦੀ) ਸ਼ੋਭਾ (ਜਿਸ ਨੇ) ਮਾਤ ਕਰ ਦਿਤੀ ਹੈ, (ਉਸ) ਗਜਾਨ ਦਾਤੀ ਸਰੱਸ੍ਵਤੀ ਦੇ ਚਰਨਾਂ ਕਵਲਾਂ ਪਰ ਬੰਦਨਾ ਕਰਦਾ ਹਾਂ।

## [ਬਿਨਯ]

ਉਚਰੋਂ ਰੁਤ ਅਬਿ ਦੂਸਰੀ, ਗੁਰ ਕੀ ਕਥਾ ਰਸਾਲ।
ਸੁਨੀਅਹਿ ਸ਼੍ਰੋਤਾ ਪ੍ਰੀਤਿ ਧਰਿ, ਹੁਇ ਸ਼ਰਧਾਲੁ ਬਿਸਾਲ ॥੩॥
ਰਸਾਲ ਰਸ+ਆਲਯ = ਰਸਾਂ ਦਾ ਘਰ, ਜਿਸ ਵਿਚ ਨਵੇਂ ਹੀ ਰਸ ਹੋਣ। (ਅ) ਅੰਬ, ਭਾਵ ਸ੍ਵਾਦੀਕ ਅਥਵਾ ਰੋਚਕ। (ੲ) ਸੁੰਦਰ।
ਅਰਥ:
ਹੁਣ ਮੈਂ ਦੂਸਰੀ ਰੁਤ ਵਿਖੇ (ਸ਼੍ਰੀ) ਗੁਰੂ (ਗੋਬਿੰਦ ਸਿੰਘ) ਜੀ ਦੀ ਰਸਮਈ ਕਥਾ ਉਚਾਰਦਾ ਹਾਂ, (ਹੇ ਸ਼੍ਰੋਤਾ ਜਨੋ ! ਤੁਸੀਂ) ਬੜੇ ਸ਼ਰਧਾਲੂ ਹੋਕੇ ਪ੍ਰੀਤੀ ਨਾਲ ਸੁਣੋ:
ਚੌਪਈ:
ਬੁੱਧੂਸ਼ਾਹਿ ਗਯੋ ਨਿਜ ਡੇਰੇ।
ਦਿਨ ਕੇਤਿਕ ਜਬਿ ਕੀਨਿ ਬਸੇਰੇ।
ਨਗਰ ਦਾਮਲਾ[1] ਏਕ ਸੁ ਜਾਨਿ। [1]ਨਾਮ ਹੈ ਨਗਰ ਦਾ, ਕਰਨਾਲ ਦੇ ਜ਼ਿਲੇ ਵਿਚ ਹੈ।
ਤਹਾਂ ਹੁਤੇ ਕੁਛ ਖਾਨਹਿ ਖਾਨ[1] ॥੪॥ [1]ਖਾਨਾਂ ਦੇ ਘਰ।
ਸਦਾ ਰਹਤਿ ਨੌਕਰ ਪਤਿਸ਼ਾਹੀ।
ਕਰਤਿ ਜੀਵਕਾ ਨਿਜ ਨਿਰਬਾਹੀ।
ਕੁਛ ਕਾਰਜ ਤਿਨ ਦੀਨਿ ਬਿਗਾਰੇ।
ਰਿਸਿ ਨੌਰੰਗ ਸੋ[1] ਵਹਿਰ ਨਿਕਾਰੇ ॥੫॥ [1]ਓਹ (ਪਠਾਣ)।
ਸਭਿ ਮਹਿਂ ਹੁਕਮ ਬਿਦਤਿ ਇਮ ਭਾਖੇ।
'ਇਨ ਕੋ ਚਾਕਰ ਨਹਿਂ ਕੋ ਰਾਖੇ।
ਖਤਾਵੰਦ[1] ਪਤਿਸ਼ਾਹੀ ਅਹੈਂ। [1]ਕਸੂਰਵਾਰ।
ਰਾਖਹਿ ਜੋ ਸਜ਼ਾਇ ਸੋ ਲਹੈ' ॥੬॥
ਭਏ ਬਿ ਨੌਕਰ ਰੋਜ਼ੀ ਹੀਨੇ।
ਫਿਰੇ ਬਹੁਤ, ਨਹਿਂ ਰਾਖਨਿ ਕੀਨੇ।
ਹੁਤੇ ਪੰਚ ਸੈ ਗਿਨਤੀ ਬਿਖੇ।
ਭਏ ਦੀਨ, ਜਬਿ ਨਹਿਂ ਕਿਹ ਰਖੇ ॥੭॥
ਬਿਚਰਤਿ ਪਹੁਂਚੇ ਸ਼ਹਿਰ ਸਢੌਰੇ।

ਡੇਰਾ ਕਰਯੋ ਵਹਿਰ ਕਿਸ ਠੌਰੇ।
ਜਾਨਿ ਪੀਰ ਨਿਜ ਬੁੱਧੂਸ਼ਾਹਾ।
ਜ਼ਾਰਤ ਹੇਤੁ[1] ਗਏ ਸਭਿ ਪਾਹਾ ॥੮॥
ਕੁਛ ਅਕੋਰ ਧਰਿ ਕੀਨਿ ਸਲਾਮੂ।
ਬੈਠੇ ਜਾਇ ਸਮੀਪ ਤਮਾਮੂ।
ਬੂਝਨ ਕਰਯੋ 'ਕਹਾਂ ਤੇ ਆਏ?'
ਤਿਨ ਬ੍ਰਿਤੰਤ ਸਭਿ ਦੀਨਿ ਸੁਨਾਏ ॥੯॥
'ਰੋਜ਼ੀ ਹੇਤੁ ਫਿਰੇ ਹਮ ਸਾਰੇ।
ਨਹਿਂ ਕਿਨ ਰਾਖਨਿ ਬਾਕ ਉਚਾਰੇ।
ਹੁਇ ਨਿਰਾਸ ਹਮ ਚਲੇ ਅਵਾਸ।
ਕਰਹਿਂ ਸ਼ਾਹ ਤੇ ਸਗਰੇ ਤ੍ਰਾਸ ॥੧੦॥
ਜੋ ਨੌਰੰਗ ਤੇ ਨਹਿਂ ਉਰ ਡਰੈ।
ਹਮਹਿਂ ਸਮੀਪ ਸੁ ਰਾਖਨਿ ਕਰੈ।
ਅਬਿ ਜਗ ਮਹਿਂ ਅਸ ਦਿਖਤਿ ਨ ਕੋਈ।
ਰਾਖਹਿ ਤ੍ਰਾਸ ਤਜਾਗ ਕਰਿ ਸੋਈ ॥੧੧॥
ਭਏ ਲਚਾਰ ਜੀਵਕਾ ਹੇਤੁ।
ਕਰਹਿਂ ਖੇਤ ਕ੍ਰਿਤ[1] ਜਾਇ ਨਿਕੇਤ।
ਵਸਤੂ ਆਦਿਕ ਅਧਿਕ ਦਰਬ ਕੋ।
ਖਰਚਯੋ ਪਹਿਰਨਿ ਖਾਨ ਸਰਬ ਕੋ[1] ॥੧੨॥
ਜੇ ਕਰਿ ਤੁਮ ਤੇ ਹੁਇ ਉਪਕਾਰ।
ਕਰੋ ਪੀਰ ਜੀ ਮਿਹਰ ਉਦਾਰ।'
ਅਰਜ਼ੀ ਸੁਨੀ ਭਨੀ ਹੁਇ ਦੀਨ।
ਬੁੱਧੂਸ਼ਾਹ ਬਿਚਾਰਨਿ ਕੀਨਿ ॥੧੩॥
-ਇਕ ਸ਼੍ਰੀ ਕਲਗ਼ੀਧਰ ਤੇ ਬਿਨੈ[1]।
ਅਪਰ ਨ ਸਮਰਥ ਰਾਖਨਿ ਇਨੈ-।
'ਸੁਨੋ ਖਾਨਜ਼ਾਦੇ[1]! ਮਮ ਬੈਨਾ।
ਕੋ ਅਸ ਜਾਇ[1†] ਸ਼ਾਹਿ ਜਿਸ ਭੈ ਨਾ ॥੧੪॥
ਸ਼੍ਰੀ ਨਾਨਕ ਗਾਦੀ ਪਰ ਅਹੈ।
ਸੋ ਨਹਿਂ ਤ੍ਰਾਸ ਕਿਸੂ ਤੇ ਲਹੈ।
ਰਾਖਿ ਸਕਹਿ ਤੁਮ ਕੋ ਗੁਰ ਸੋਈ।

[1]ਦਰਸ਼ਨ ਕਰਨ ਵਾਸਤੇ।

[1]ਖੇਤੀ ਦਾ ਕੰਮ।

[1]ਪਹਿਰਨੇ ਤੇ ਖਾਣੇ ਲਈ ਸਭ ਧਨ ਤੇ ਵਸਤਾਂ ਖਰਚ ਦਿੱਤੀਆਂ ਹੈਨ।

[1]ਬਿਨਾਂ।

[1]ਹੇ ਪਠਾਣਾਂ ਦੇ ਪੁੱਤ੍ਰੋ।

[1]ਕੇਹੜੀ ਐਸੀ ਜਗਾ ਹੈ (ਅ) ਕੌਣ ਐਸਾ ਜੰਮਿਆਂ ਹੈ?।
[†]ਪਾ:-ਸਾਹ।

ਅਪਰ ਬਿਖੈ ਨਿਸ਼ਚੈ ਨਹਿਂ ਕੋਈ ॥੧੫॥
ਦਲ ਕੋ ਕਰਹਿ ਸਕੇਲਨਿ ਬ੍ਰਿੰਦ।
ਪਰਖਿ ਸੁਭਟ ਦੇ ਦਰਬ ਬਿਲੰਦ।
ਕਿਤਿਕ ਦਿਵਸ ਮੈਂ ਤਿਨ ਢਿਗ ਰਹਜੋ[1]।
ਤਬਿ ਆਵਤਿ ਪਾਵਤਿ ਚਿਤ ਚਹਜੋ[1]' ॥੧੬॥
ਸੁਨਿ ਬੋਲਜੋ ਪੁਨ ਭੀਖਨ ਖਾਨ।
'ਤੁਮਰੇ ਸਕਲ ਮੁਰੀਦ ਪਠਾਨ।
ਜੇ ਇਨ ਕੋ ਰੋਜ਼ੀ ਸਿਰ[1] ਕਰਿਹੋ।
ਅਧਿਕ ਅਸਾਨ ਆਪਨੋ ਧਰਿ ਹੋ[1] ॥੧੭॥
ਪਰਉਪਕਾਰ ਸਬਾਬ[1] ਮਹਾਨਾ।
ਰਿਜ਼ਕ ਹੋਇ ਤੁਮ ਬਨਹੁ ਬਹਾਨਾ।
ਹਮਰੇ ਹੇਤੁ ਪਯਾਨਹੁ ਫੇਰ।
ਗੁਰ ਢਿਗ ਕਰਹੁ ਤਰੀਫ ਬਡੇਰ ॥੧੮॥
ਖਾਨ ਪੰਚ ਸੈ ਰੋਜ਼ੀ ਬਨੇ।
ਅਬਿ ਲਾਚਾਰ ਭਏ ਇਹ ਘਨੇ।'
ਕਾਲੇ ਖਾਂ ਹਯਾਤ ਖਾਂ ਕਹਜੋ।
'ਏਕ ਆਸਰਾ ਰਾਵਰਿ ਲਹਜੋ ॥੧੯॥
ਕਰਹੁ ਸਬਾਬ[11] ਦੇਹੁ ਰਖਵਾਇ।
ਨਤੁ ਹਯ ਸ਼ਸਤ੍ਰ ਬੇਚ ਕਰਿ ਖਾਇਂ।
ਬਹੁਰ ਨ ਬਾਨਾ ਬਨਹਿ ਸਿਪਾਹੀ।
ਰੁਲ ਜੈਹੈਂ ਕ੍ਰਿਤ ਕਰਿ ਕਰਿ ਖਾਹੀਂ ॥੨੦॥
ਗਮਨਹੁ ਤਹਿਂ ਲਗਿ ਸੰਗ ਹਮਾਰੇ।
ਦਿਹੁ ਰਖਵਾਇ ਮੁਰੀਦ ਤੁਮਾਰੇ[1]।'
ਇੱਤਜਾਦਿਕ ਜਬਿ ਬਹੁ ਘਿਘਿਆਏ।
ਬੁੱਧੂ ਸ਼ਾਹ ਮਿਹਰ ਮਨ ਲਜਾਏ ॥੨੧॥
ਕਹਜੋ ਕਿ 'ਮੈਂ ਚਾਲਹੁਂ ਤੁਮ ਸਾਥ।
ਗਹਿਵਾਵੌਂ, ਹਾਥਹਿ ਗੁਰ ਨਾਥ[1]।'
ਇਮ ਕਰਿ ਨਿਸਾ ਬਾਸ ਕੋ ਕੀਨਾ।
ਭਈ ਪ੍ਰਾਤਿ ਚਲਿਬੇ ਚਿਤ ਦੀਨਾ ॥੨੨॥

[1]ਭਾਵ ਮੈਂ ਗੁਰਾਂ ਪਾਸ ਰਹਿ ਆਇਆ ਹਾਂ।
[1]ਭਾਵ ਜੇ ਤੁਸੀਂ ਤਦੋਂ ਆ ਜਾਂਦੇ ਤਾਂ ਚਿਤ ਚਾਹੀ ਪਾ ਲੈਂਦੇ ਭਾਵ ਮੈਂ ਉਥੇ ਤੁਸਾਂ ਨੂੰ ਨੌਕਰ ਰਖਾ ਦੇਂਦਾ।
[1]ਰੋਜ਼ੀ ਦੇ ਸਿਰ।
[1]ਆਪਣਾ ਅਹਿਸਾਨ (ਸਾਡੇ ਤੇ) ਕਰੋਗੇ।
[1]ਪੁੰਨ।
[1]ਅਸੀਂ) ਤੁਸਾਂ ਦੇ ਮੁਰੀਦ ਹਾਂ।
[1]ਫੜਾਵਾਂਗਾ (ਤੁਹਾਡਾ) ਹੱਥ ਗੁਰੂ ਸੁਆਮੀ ਨੂੰ।

ਖਾਨ ਪੰਚਸੈ ਲੈ ਕਰਿ ਸੰਗ।
ਚਲ੍ਯੋ ਪਾਂਵਟੇ ਚਢੇ ਤੁਰੰਗ।
ਮਗ ਮਹਿਂ ਇਕ ਨਿਸ ਬਸਿ ਕਰਿ ਗਏ।
ਪਿਖਿ ਥਲ ਆਛੋ ਉਤਰਤਿ ਭਏ ॥੨੩॥
ਦੁੰਦਭਿ ਬਜਤਿ ਸੁਨ੍ਯੋ ਜਬਿ ਕਾਨ।
ਸੁਧਿ ਮੰਗਵਾਇ ਗੁਰੂ ਭਗਵਾਨ[1]।

[1]ਭਾਵ ਪਠਾਣਾਂ ਦਾ ਨਗਾਰਾ ਵਜਦਾ ਗੁਰੂ ਜੀ ਨੇ ਸੁਣਿਆਂ ਤਾਂ ਖਬਰ ਮੰਗਵਾਈ (ਕਿ ਕੌਣ ਆ ਗਿਆ ਹੈ ਤਾਂ ਇਹ ਖਬਰ ਆਈ ਕਿ.....)।

'ਹੇਤੁ ਨੌਕਰੀ ਰਹਿਬੇ ਆਏ।
ਬੁੱਧੂਸ਼ਾਹੁ ਸੰਗ ਨਿਜ ਲ੍ਯਾਏ' ॥੨੪॥
ਉਤਰਿ ਜਾਮਨੀ ਏਕ ਬਿਤਾਈ।
ਭਈ ਪ੍ਰਾਤਿ, ਨਿਜ ਵਜੀ† ਵਧਾਈ[1]।

[1]ਸਵੇਰ ਹੋਣ ਤੇ ਆਪਣੀ (ਵਲੋਂ) ਵਧਾਈ ਦਿਤੀ (ਭਾਵ ਪਠਾਣਾਂ ਨੇ ਸ਼ਦਯਾਨਾ ਵਜਾਇਆ) (ਅ) ਨਿਜ (ਆਪਣੀ ਭਾਵ ਗੁਰੂ ਜੀ ਦੀ) ਵਧਾਈ ਵੱਜੀ, ਧੌਂਸੇ ਆਦਿ ਵਜੇ।
†ਪਾ:-ਵਧੀ।

ਗੁਰ ਦਰਬਾਰ ਲਗ੍ਯੋ ਜਿਹ ਸਮੋ।
ਬੁੱਧੂਸ਼ਾਹਿ ਜਾਇ ਕਰਿ ਨਮੋ ॥੨੫॥
ਸਗਲੀ ਸੁਧਿ ਬੂਝੀ ਤਿਸ ਪਾਸ।
ਸੁਨਿ ਗੁਰ ਤੇ ਸਭਿ ਕੀਨਿ ਪ੍ਰਕਾਸ਼।
'ਹੇਤੁ ਚਾਕਰੀ ਏ ਚਲਿ ਆਏ।
ਰਹਨਿ ਹੇਤੁ ਮੋ ਕੋ ਸੰਗ ਲ੍ਯਾਏ ॥੨੬॥
ਲਰਿਬੇ ਕੋ ਪਠਾਨ ਹੁਇਂ ਗਾਢੇ[1]।

[1]ਤਕੜੇ ਹੁੰਦੇ ਹਨ।

ਰਣ ਮਹਿਂ ਰਿਪੁ ਆਗੇ ਰਹਿਂ ਠਾਢੇ।
ਹੱਥਜਾਰਨ ਕੋ ਬਹੁ ਅੱਭਯਾਸੈਂ।
ਪੁਸ਼ਤਨ ਲਗਿ ਇਨ ਸੰਘਰ ਆਸ਼ੈ[1]' ॥੨੭॥

[1]ਜੰਗ ਹੀ (ਇਹਨਾਂ ਦਾ) ਆਸ਼ਾ ਹੈ ਭਾਵ ਪੇਸ਼ਾ ਹੀ ਜੰਗ ਹੈ।

ਸੁਨਿ ਸਤਿਗੁਰ ਕਹਿ ਖ਼ਾਨ ਬੁਲਾਏ।
ਬ੍ਰਿੰਦ ਹਯਨਿ ਪਰ ਚਢਿ ਕਰਿ ਆਏ।
ਜਿਸ ਮਹਿਂ ਚਾਰ ਅਹੈਂ ਸਿਰਦਾਰ।
ਭੀਖਨਖਾਂ ਇਕ ਨਾਮ ਉਦਾਰ ॥੨੮॥
ਕਾਲੇਖਾਨ, ਨਿਜਾਬਤ ਖਾਨ।
ਚੌਥੇ ਕੋ ਹਯਾਤਖਾਂ ਜਾਨਿ।
ਹਯਨਿ ਸਮੇਤ ਸੈਨ ਲਖਿ[1] ਬਨੀ।

[1]ਦੇਖੀ (ਗੁਰੂ ਜੀ ਨੇ)।

ਪੁਨ ਬੁੱਧੂ ਫੁਰਮਾਇਸ਼ ਭਨੀ ॥੨੯॥

ਨੰਦ ਚੰਦ ਸੰਗ ਸਤਿਗੁਰ ਭਾਖਾ।
'ਚਿਹਰੇ[1] ਲਿਖਹੁ, ਲੇਹੁ ਇਨ ਰਾਖਾ। [1]ਹੁਲੀਏ।
ਏਕ ਰਜਤਪਣ ਇਕ ਅਸਵਾਰ।
ਪੰਚ ਪੰਚ ਸਿਰਦਾਰਨ ਚਾਰ[1]' ॥੩੦॥ [1]ਚਾਰੋਂ ਸਰਦਾਰਾਂ ਦੇ ਪੰਜ ਪੰਜ (ਰੁਪੱਯੇ ਰੋਜ਼ ਕਰ ਦਿੱਤੇ)।
ਭਯੋ ਹੁਕਮ ਹਰਖੇ ਉਰ ਖਾਨ।
'ਧੰਨ ਧੰਨ ਗੁਰ' ਕਰਹਿ ਬਖਾਨ।
ਬੁੱਧੂਸ਼ਾਹ ਪੀਰ ਰਖਵਾਏ।
ਰੋਜ਼ੀ ਕਰੀ ਫਿਰਤਿ ਅਕੁਲਾਏ ॥੩੧॥
ਨੰਦ ਚੰਦ ਹੁਇ ਖਰੋ ਕਿਨਾਰੇ।
ਲਿਖਨਿ ਹੇਤੁ ਸਭਿ ਨਿਕਟ ਹਕਾਰੇ।
ਚਿਹਰੇ[1] ਨਾਮ ਸਰਬ ਲਿਖਵਾਇ। [1]ਹੁਲੀਏ।
ਜਿਤ ਪ੍ਰਵਾਹਿ ਜਮਨਾ ਜਲ ਜਾਇ ॥੩੨॥
ਤਿਤ ਦਿਸ਼ਿ ਡੇਰਾ ਦੀਨਿ ਕਰਾਇ।
ਤੰਬੂ ਲਗੇ ਤੀਰ ਸਮੁਦਾਇ।
ਬੁੱਧੂ ਸ਼ਾਹ ਅਧਿਕ ਸਨਮਾਨਾ।
ਗੁਰ ਸੁਸ਼ੀਲ[1] ਤੇ ਉਰ ਹਰਖਾਨਾ ॥੩੩॥ [1]ਚੰਗੇ ਸੁਭਾਵ।
ਰਹਜੋ ਨਿਕਟ ਜੇਤਿਕ ਮਨ ਭਾਯੋ।
ਬਹੁਰ ਸਢੌਰੇ ਸ਼ਹਿਰ ਸਿਧਾਯੋ।
ਖਾਨ ਪਾਂਚ ਸੈ ਢਿਗ ਰਖਵਾਏ।
ਜਾਇ ਜਹਾਂ ਕਹਿ ਸੁਜਸੁ ਬਢਾਏ ॥੩੪॥
ਸਤਿਗੁਰ ਚਢਹਿ ਅਖੇਰ ਸਿਧਾਰਹਿਂ।
ਬੀਨ ਬੀਨ ਸ਼ੇਰਨਿ ਕਹੁ ਮਾਰੈਂ।
ਦੁਸ਼ਟ ਜੀਵ ਬਨਿ ਰਹਜੋ ਨ ਕੋਈ।
ਚਰਹਿਂ[1] ਮਹਿਖ ਗੋ ਚਿੰਤ ਨ ਕੋਈ ॥੩੫॥ [1]ਚਰਦੀਆਂ ਹਨ।
ਜਿਤ ਕਿਤ ਸੁਖੀ ਭਏ ਨਰ ਨਾਰੀ।
ਬਿਚਰਹਿਂ ਸਗਰੀ ਦੂਨ ਮਝਾਰੀ।
ਕਹੈਂ ਸਗਲ 'ਗੁਰ ਰੌਣਕ ਕੀਨੀ।
ਜਗੇ ਭਾਗ ਅਵਨੀ ਇਸ ਚੀਨੀ' ॥੩੬॥
ਪੁਨ ਸਤਿਗੁਰ ਥਿਰ ਹੋਇ ਮਦਾਨ।
ਸਭਿ ਸੁਭਟਨਿ ਸੋਂ ਕਰਹਿ ਬਖਾਨ।

'ਤੀਰ ਤੁਪਕ ਤੋਮਰ ਤਰਵਾਰੈਂ।
ਕਰਹੁ ਵਾਰ ਹਮ ਖਰੇ ਨਿਹਾਰੈਂ' ॥੩੭॥
ਮਾਤੁਲ ਸੰਗੋ ਆਦ ਕਰੰਤੇ।
ਪੁਨ ਪਠਾਨ ਗਨ ਹਯ ਧਾਵੰਤੇ।
ਤੁਪਕ ਚਲਾਇ ਤਾਕਿ ਲਛ[1] ਮਾਰੈਂ।
ਤਿਮ ਹੀ ਗੁਰ ਕੇ ਸਿੱਖ ਸਿਧਾਰੈਂ ॥੩੮॥
ਤੋਮਰ ਕੋ ਭਰਮਾਇ ਦਿਖਾਵੈਂ।
ਧਨੁ ਕੋ ਐਂਚਤਿ ਬਾਨ ਚਲਾਵੈਂ।
ਇਸ ਪ੍ਰਕਾਰ ਬਹੁ ਧਰਹਿਂ ਪ੍ਰਕਾਸ਼ਾ।
ਕਰਹਿਂ ਬਿਲੋਕਨਿ ਬੀਰ ਬਿਲਾਸਾ ॥੩੯॥
ਗੁਰ ਘਰ ਤੇ ਸਭਿ ਲੇਤਿ ਰੁਜ਼ੀਨਾ।
ਜਥਾ ਜੋਗ ਜਿਸ ਕੋ ਕਰਿ ਦੀਨਾ।
ਕੇਤਿਕ ਨਗਦੀ ਲੇ ਗੁਰ ਘਰ ਤੇ।
ਕਿਤਿਕ ਚੂਨ ਚਾਵਰ ਲੇ ਬਰਤੇਂ ॥੪੦॥
ਕਿਤਿਕ ਦੇਗ਼ ਤੇ ਅਚਹਿਂ ਅਹਾਰਾ।
ਰਾਜ ਸਮਾਜ ਬਧ੍ਯੋ ਤਬਿ ਭਾਰਾ।
ਦਰਬ ਇਕੱਤ੍ਰ ਅਧਿਕ ਚਹੁਂ ਦਿਸ਼ਿ ਤੇ।
ਭਯੋ ਕੋਸ਼ ਪਰਿਪੂਰਣ ਜਿਸ ਤੇ ॥੪੧॥
ਕਬਹੂੰ ਸੈਨਾ ਚਢਹਿ ਅਕੇਲੇ[1]।
ਬਾਂਛਤਿ ਜਿਤਿਕ ਅਖੇਰਹਿਂ ਖੇਲੇ।
ਸ਼ਲਖ ਬੰਦੂਕਨਿ ਕੀ ਮੁਚਕੰਤੀ[1]।
ਸ਼ਬਦ ਮਹਿਦ ਇਕ ਬਾਰ ਉਠੰਤੀ ॥੪੨॥
ਜਬਿ ਪ੍ਰਤਾਪ ਇਮ ਬਧ੍ਯੋ ਬਧੇਰਾ।
ਸ਼ੰਕਤਿ ਗਨ ਮਹੀਪ[1] ਤਿਸ ਬੇਰਾ।
'ਛੀਨ ਲੇਹਿਂ ਨਹਿਂ ਰਾਜ ਹਮਾਰਾ।
ਕੋ ਕਰਿ ਸਾਕਹਿ ਜੰਗ ਅਖਾਰਾ ॥੪੩॥
ਚਹੈਂ ਜਿ ਕਿਹ ਨ੍ਰਿਪ ਕੀ ਰਜਧਾਨੀ।
ਬਿਨਾਂ ਬਿਲਮ ਲੇਂ ਤਿਨ ਕਰਿ ਹਾਨੀ।
ਕੋ ਅਰ ਸਕਹਿ ਬੀਰਤਾ ਧਰਿ ਕੈ।
ਜਾਇ ਪਲਾਇ ਨਤੁ ਮਰਿ ਹੈ ਡਰਿ ਕੈ'

[1]ਨਿਸ਼ਾਨਾ।

[1]ਚੜ੍ਹਦੀ ਹੈ ਇਕੇਲੀ।

[1]ਛੱਡਦੇ ਹਨ।

[1]ਸ਼ੰਕਾਵਾਨ ਹੋਏ ਸਾਰੇ ਰਾਜੇ।

॥ ੪੪ ॥
ਸਭਿ ਕੇ ਮਨ ਖਟਪਟ ਹੁਇ ਆਈ?
ਲਖਹਿਂ ਸੁਭਟ ਗੁਰ ਕੋ ਅਧਿਕਾਈ।
ਦਿਨ ਪ੍ਰਤਿ ਦਲ ਬਧਾਇ ਬਲ ਭਾਰਾ।
ਗਿਰਪਤਿ ਸਗਰੇ ਕਰਹਿਂ ਬਿਚਾਰਾ
॥ ੪੫ ॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨ ਰਾਖਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ
॥ ੧ ॥

## ੨. [ਰਾਮਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਰਾਜ ਸਮਾਜ ਬ੍ਰਿਧਾਇ।
ਕਰੀ ਸਕੇਲਨਿ ਬਾਹਿਨੀ, ਤ੍ਰਾਸ ਨ੍ਰਿਪਨਿ ਉਪਜਾਇ ॥੧॥

ਚੌਪਈ:

ਸੁਨਿ ਸ਼੍ਰੀ ਰਾਮਰਾਇ ਬਡਿਆਈ।
-ਦਿਨ ਪ੍ਰਤਿ ਬਧਤਿ ਜਾਤਿ ਅਧਿਕਾਈ[1]-।
ਮਿਲਿਨਿ ਪਿਖਿਨਿ ਕੀ ਪ੍ਰੀਤਿ ਉਪਾਵੈ।
-ਕਹਨਿ ਸੁਨਨਿ ਹੁਇ- ਮਨ ਮਹਿਂ ਆਵੈ[1] ॥੨॥
ਕੇਤਿਕ ਦਿਨ ਲੌ ਰਹਯੋ ਬਿਚਾਰਤਿ।
ਕੁਛ ਜਗ ਦਿਸ਼ਿ ਤੇ ਸ਼ੰਕਾ ਧਾਰਤਿ।
-ਡੇਰੇ ਬਿਖੇ ਨ ਬਨਿ ਹੈ ਜਾਨ[1]।
ਅਲਪ ਲਖਹਿਂ ਮੋ ਕਹੁ ਸਭਿ ਥਾਨ ॥੩॥
ਸੋ ਸਭਿ ਬਿਧਿ ਤੇ ਅਹੈਂ ਬਿਸਾਲਾ।
ਅਹੌਂ ਭਤੀਜਾ, ਰਹੌਂ ਨਿਰਾਲਾ।
ਮੁਰ ਪਿਤ ਤੇ ਗੁਰਤਾ ਲਘੁ ਭਾਈ[1]।
ਤਿਨ ਤੇ ਪੁਨ ਇਨ ਕੇ ਘਰ ਆਈ ॥੪॥
ਅਹੈ ਜਥਾਰਥ ਇਹ ਸਭਿ ਬਾਤੀ।
ਤਊ ਅਧਿਕ ਮੈਂ ਜਗ ਬੱਖਯਾਤੀ[1]।
ਬ੍ਰਿੰਦ ਸੰਗਤਾਂ ਜੋ ਮੁਹਿ ਮਾਨਹਿਂ।
ਸਭਿ ਤੇ ਅਧਿਕ ਰਿਦੇ ਪਹਿਚਾਨਹਿਂ ॥੫॥
ਜੇ ਪਹੁਚੌਂ ਮੈਂ ਚਲਿ ਤਿਸ ਥਾਨ।
ਤਿਸ ਤੇ ਅਲਪ ਮੋਹਿ ਲੇਂ ਜਾਨਿ।
ਸਿੱਖ ਮਸੰਦ ਸੰਗਤਾਂ ਜੇਈ।
ਮਿਲਿ ਮਿਲਿ ਕਰਹਿਂ ਬਿਚਾਰਨ ਤੇਈ ॥੬॥
ਮਗ ਮਹਿਂ ਮੇਲ ਕਿਤਹੁੰ ਜੇ ਹੋਇ।
ਨਿਜ ਨਿਜ ਥਲ ਤੇ ਚਲਿ ਦਿਸ਼ਿ ਦੋਇ।

[1]ਬਹੁਤ ਵਧਦੀ ਜਾਂਦੀ ਹੈ (ਵਡਿਆਈ)।

[1]ਮਨ ਵਿਚ ਆਉਂਦੀ ਹੈ (ਰਾਮਰਾਇ ਦੇ)।

[1]ਗੁਰੂ ਜੀ ਦੇ ਡੇਰੇ ਵਿਚ ਤਾਂ ਜਾਣਾ ਨਹੀਂ ਬਣਦਾ।

[1]ਭਾਵ ਸ਼੍ਰੀ ਹਰਿਰਾਇ ਜੀ ਤੋਂ ਗੁਰਤਾ ਸ਼੍ਰੀ ਕ੍ਰਿਸ਼ਨ ਜੀ ਨੂੰ ਹੋਈ।

[1]ਤਾਂ ਬੀ ਮੈਂ ਜਗਤ ਵਿਚ ਵੱਡਾ ਪ੍ਰਗਟ ਹਾਂ।

ਤਬਿ ਸਮਤਾ ਮੇਰੀ ਰਹਿ ਆਵੈ।
ਹੋਇ ਮੇਲ ਸੰਸੈ ਨ ਉਠਾਵੈਂ- ॥੭॥
ਇਮ ਬਿਚਾਰ ਕਰਿ ਪਠਯੋ† ਮਸੰਦ।
ਦੇ ਕਰਿ ਤਿਸਹਿ ਸਮਾਜ ਬਿਲੰਦ।
ਬਸਤ੍ਰ ਬਿਭੂਖਣ ਨਰ ਸਮੁਦਾਯਾ।
ਸਕਲ ਭੇਵ ਕਹਿ ਤਬਹੁੰ ਪਠਾਯਾ ॥੮॥
ਸੋ ਚਲਿ ਕਰਿ ਆਯਹੁ ਤਤਕਾਲਾ।
ਪਿਖੀ ਪਾਂਵਟੈ ਭੀਰ ਬਿਸਾਲਾ।
ਦੂਰ ਦੂਰ ਲੌ ਸੁਭਟ ਤੁਰੰਗ।
ਉਤਰੇ ਧਰੇ ਸ਼ਸਤ੍ਰ ਨਿਜ ਅੰਗ ॥੯॥
ਪੌਰਦਾਰ ਢਿਗ ਮਨੁਜ ਪਠਾਯੋ।
'ਕਰੀਅਹਿ ਸੁਧਿ -ਮਸੰਦ ਚਲਿ ਆਯੋ-।'
ਸ਼੍ਰੀ ਕਲਗ਼ੀਧਰ ਸੁਨ ਕਰਿ ਕਹ੍ਯੋ।
'ਪ੍ਰਾਤਿ ਹਕਾਰਹਿਂ ਮਿਲਿਨਿ ਜਿ ਚਹ੍ਯੋ'
॥੧੦॥
ਨੰਦ ਚੰਦ ਸੋਂ ਹੁਕਮ ਬਖਾਨਾ।
'ਸਭਿ ਸੁਧਿ ਲੇਹੁ ਖਾਨ ਅਰੁ ਪਾਨਾ।'
ਤਿਸ ਕੋ ਕਹਿ ਡੇਰਾ ਕਰਿਵਾਯੋ।
ਬਾਂਛਤਿ ਏਕ ਬਾਰਿ ਪਹੁੰਚਾਯੋ ॥੧੧॥
ਨਿਸਾ ਬਿਤਾਇ ਕੀਨਿ ਦਰਬਾਰਾ।
ਦਰਸਹਿ ਸੰਗਤਿ ਮਿਲਿ ਹਜ਼ਾਰਾ।
ਲਗੇ ਅਕੋਰਨ ਕੇ ਅੰਬਾਰੇ।
ਖਰੋ ਮੇਵਰੋ ਅਰਜ਼ ਗੁਜ਼ਾਰੇ ॥੧੨॥
ਸੁਭਟਨਿ ਕੋ ਲਾਗ੍ਯੋ ਦੀਵਾਨ।
ਬੈਠੇ ਪਾਂਚਹੁ ਭ੍ਰਾਤ ਸੁ ਥਾਨ।
ਨਿਕਟ ਕ੍ਰਿਪਾਲ ਸੁ ਮਾਤੁਲ ਅਹੈ।
ਸਿੱਖਨ ਦਿਸ਼ਿ ਕ੍ਰਿਪਾਲ ਕਬਿ ਲਹੈਂ[1]
॥੧੩॥
ਨੰਦ ਚੰਦ ਕਰ ਬੰਦਿ ਬਖਾਨਾ।
'ਨਰ ਸ਼੍ਰੀ ਰਾਮਰਾਇ ਠਹਿਰਾਨਾ।
ਹੁਕਮ ਹੋਇ ਤਿਸ ਲੇਹਿਂ ਬੁਲਾਇ।
ਪਰਸਹਿ ਚਰਨ ਕਮਲ ਕੋ ਆਇ'

†ਪਾ:-ਗਯੋ।

[1]ਭਾਵ ਸ਼੍ਰੀ ਗੁਰੂ ਜੀ ਦੇਖਦੇ ਹਨ।

॥੧੪॥
ਆਇਸੁ ਦਈ 'ਹਕਾਰਹੁ ਤਾਂਹਿ।'
ਭੇਜਯੋ ਛਰੀਦਾਰ ਤਿਸ ਪਾਹਿ।
ਸੁਨਿ ਮਸੰਦ ਨਰ ਬ੍ਰਿੰਦ ਸਮੇਤ।
ਪਹੁੰਚਯੋ ਦਰਸ਼ਨ ਲੈਬੇ ਹੇਤੁ ॥੧੫॥
ਸਭਾ ਸੁਧਰਮਾ ਕੇ ਸਮ[1] ਹੇਰੀ।
ਸੁਰ ਸਿੱਖਨਿ ਤੇ ਸ਼ੁਭ ਤਿਸ ਬੇਰੀ।
ਇੰਦ੍ਰ ਮਨਿੰਦ ਪ੍ਰਤਾਪ ਬਿਲੰਦ।
ਸ੍ਰੀ ਗੋਬਿੰਦ ਸਿੰਘ ਦਿਪਤਿ ਮੁਕੰਦ ॥੧੬॥

[1]ਇੰਦ੍ਰ ਦੀ ਸਭਾ ਵਾਂਙ।

ਕਦਮ ਪਦਮ ਕੌਂ ਬੰਦਨ ਕੀਨਿ।
ਬੈਠਿ ਸਮੁਖ ਸ਼ੁਭ ਦਰਸ਼ਨ ਲੀਨਿ।
ਭਾਖਿ ਬੂਝਿ ਨਿਜ ਅਰਜ਼ ਗੁਜ਼ਾਰੀ।
'ਮੋਹਿ ਪਠਾਇਸਿ ਪਾਇ ਅਗਾਰੀ[1] ॥੧੭॥

[1]ਆਪ ਦੇ) ਚਰਨਾਂ ਅੱਗੇ।

ਰਿਦੇ ਪ੍ਰੇਮ ਧਰਿ ਗੁਰੂ ਹਮਾਰੇ[1]।
ਮਿਲਿਬੇ ਕੀ ਬਾਂਛਾ ਮਨ ਧਾਰੇ।
ਆਇ ਨ ਸਕਹਿਂ ਪਾਂਵਟਾ ਪੁਰਿ ਮੈਂ।
-ਦਰਸਹਿਂ ਅਨਤ ਥਾਨ ਇਹ ਉਰ ਮੈਂ ॥੧੮॥

[1]ਭਾਵ ਰਾਮਰਾਇ ਨੇ।

ਕੇਤੇ ਕਾਰਨ ਕਰਹਿਂ ਬਿਚਾਰਨ।
ਸੋ ਮੁਹਿ ਢਿਗ ਨਹਿਂ ਕੀਨਿ ਉਚਾਰਨਿ।
ਚਹਤਿ ਰਹਤਿ ਰਿਦ ਹੇਤਿ ਸਹਿਤ ਹੈਂ[1]।
ਇਤ ਆਵਨਿ ਚਿਤ ਮਹਿਂ ਨ ਲਹਿਤਿ ਹੈਂ ॥੧੯॥

[1]ਚਾਹੁੰਦੇ ਰਹਿੰਦੇ ਹਨ ਰਿਦੇ ਦੇ ਪਿਆਰ ਨਾਲ।

ਚਢਹੁ ਅਖੇਰ ਹੇਤੁ ਉਤਿ ਦਿਸਿ ਮੈਂ।
ਸੁਧ ਦਿਹੁ ਆਵਹਿਂ ਤਿਸੀ ਦਿਵਸ ਮੈਂ।
ਵਹਿਰ ਮੇਲ ਕਰਿ ਨਿਜ ਘਰ ਜਾਇਂ।
ਕਹਿਬੋ ਸੁਨਿਬੋ ਤਹਿਂ ਹੁਇ ਜਾਇ ॥੨੦॥
ਨਹਿਂ ਨਿਸ ਬਸਿਬੇ ਨਿਤ ਕੋ ਆਸ਼ੈ।
ਨਹਿ ਸਮੁਦਾਇ ਹੋਇਂ ਸਿਖ ਪਾਸੈ।

ਨਹਿਂ ਬਹੁ ਬਿਦਤਹਿ ਜਗ ਕੇ ਮਹੀਆ।
ਮੁਲਾਕਾਤ ਇਸ ਬਿਧਿ ਕੀ ਚਹੀਆ'
॥੨੧॥
ਹੁਇ ਮਸੰਦ ਇਮ ਨਿਕਟ ਬਖਾਨੀ।
ਗੁਰੁ ਅਰੁ ਗੁਰੁ ਮਾਤੁਲ ਸੁਨਿ ਕਾਨੀ।
ਨਹੀਂ ਅਪਰ ਕੋ ਕੀਨਿ ਸੁਨਾਵਨਿ।
ਸਨੇ ਸਨੇ ਸਭਿ ਕੀਨਿ ਬਤਾਵਨਿ ॥੨੨॥
ਸੁਨਿ ਕ੍ਰਿਪਾਲ ਮਾਤੁਲ ਨੇ ਕਹ੍ਯੋ।
'ਇਤੋ ਦੁਰਾਵ[1] ਕਰਨਿ ਕਯੋਂ ਚਹ੍ਯੋ? — [1]ਲੁਕਾਉ। ਪਾ:-ਗਯੋ।
ਸਗਰੋ ਇਕ ਘਰ ਹੈ ਗੁਰ ਕੇਰਾ।
ਸ੍ਰੀ ਹਰਿਗੋਬਿੰਦ ਬੰਸ ਬਡੇਰਾ ॥੨੩॥
ਅਰੁ ਕਲਗੀਧਰ ਬਡੋ ਸਥਾਨੇ।
ਬੈਠੇ ਤਖਤ ਸਗਲ ਜਗ ਜਾਨੇ।
ਬੇਦੀ ਤੇਹਣ ਭੱਲੇ ਜੇਯ।
ਧੀਰਮੱਲ ਬਿਨ ਸੋਢੀ ਵੇਯ[1] ॥੨੪॥ — [1]ਉਹ (ਹੋਰ ਸਾਰੇ)।
ਗੁਰ ਗਾਦੀ ਕੋ ਲਖਿ ਅਧਿਕਾਰਾ।
ਮਿਲੇ ਸਕਲ, ਨਹਿਂ ਸੰਸੈ ਧਾਰਾ।
ਆਇ ਪਾਂਵਟੇ ਮਿਲਿਬੋ ਠਾਨਹੁ।
ਕੋ ਦਿਨ ਬਸਹੁ ਰਸਹੁ ਸੁਖ ਮਾਨਹੁ
॥੨੫॥
ਜੋ ਸ੍ਰੀ ਰਾਮਰਾਇ ਵਡਿਆਈ।
ਛਪੀ ਨਹੀਂ ਸਭਿ ਜਗ ਬਿਦਤਾਈ।
ਦੇਸ਼ ਬਿਦੇਸ਼ਨਿ ਸੰਗਤਿ ਬ੍ਰਿੰਦ।
ਦਰਸਹਿਂ ਪੂਜਹਿਂ ਭਾਵ ਬਿਲੰਦ ॥੨੬॥
ਤੁਰਕੇਸ਼ੁਰ ਕੀ ਸਭਾ ਮਝਾਰੀ।
ਜੀਤੇ ਅਜ਼ਮਤਿ ਅਰੁ ਮਤਿਧਾਰੀ[1]। — [1]ਅਜ਼ਮਤੀ ਤੇ ਬੁੱਧੀਵਾਨ ਜਿੱਤੇ ਹਨ।
ਜਸੁ ਬਿਸਾਲ ਕੋ ਨਿਤਪ੍ਰਤਿ ਪਾਯੋ।
ਜਹਿਂ ਕਹਿਂ ਅਪਨੋ ਤੇਜ ਬਧਾਯੋ ॥੨੭॥
ਇਨ ਕੇ ਮਿਲਹਿ ਸੁ ਘਟਿ ਨਹਿਂ ਜਾਈ।
ਕਯੋਂ ਚਿਤ ਮਹਿਂ ਅਸ ਸ਼ੰਕ ਉਪਾਈ।'
ਪੁਨ ਮਸੰਦ ਬੋਲ੍ਯੋ ਕਰ ਜੋਰਿ।
'ਬਹੁ ਬਿਚਾਰ[1] ਭੇਜ੍ਯੋ ਇਤ ਓਰ ॥੨੮॥ — [1]ਵਿਚਾਰਾਂ ਕਰ ਕੇ।

ਪਾਵ ਨ ਬੀਚ ਪਾਂਵਟੇ ਘਾਲਹਿ।
ਵਹਿਰ ਮਿਲਨਿ ਕੀ ਰਿਦੇ ਸਮਾਲਹਿ[1]।

[1]ਭਾਵ ਬਾਹਰ ਮਿਲਨ ਦੀ (ਇੱਛਾ) ਰਿਦੇ ਵਿਚ ਕਰਦੇ ਹਨ।

-ਸ਼੍ਰੀ ਪ੍ਰਭੁ ਨਿਤ ਅਖੇਰ ਬਿਚਰੰਤੇ।
ਬਨਹਿ ਮੇਲ ਤਹਿਂ- ਇਮ ਚਿਤਵੰਤੇ ॥੨੯॥
ਪੁਰਹੁ ਮਨੋਰਥ ਇਮ ਹੀ ਤਿਨ ਕੋ।
ਤੁਮ ਹੋ ਬਡੇ ਅਨੰਦ ਦਿਹ ਮਨ ਕੋ।'
ਸੁਨਿ ਕਰਿ ਸ਼੍ਰੀ ਕਲਗੀਧਰ ਭਾਖਾ।
'ਕਰਹਿਂ ਤਥਾ ਹਮ ਤਿਨ ਅਭਿਲਾਖਾ ॥੩੦॥
ਸ਼੍ਰੀ ਜਮਨਾ ਕੇ ਰੁਚਿਰ ਪ੍ਰਵਾਹਾ।
ਥਿਰਹਿਂ ਤਰੀ[1] ਬਿਚਰਹਿਂ ਜਲ ਮਾਹਾ।

[1]ਬੇੜੀ ਪਰ।

ਆਇਤਵਾਰ ਦੁਜ ਤਿਥਿ ਜਾਨਹੁ।
ਤਿਸ ਦਿਨ ਆਇ ਮੇਲ ਕੋ ਠਾਨਹੁ ॥੩੧॥
ਸੰਗਤਿ ਰਾਮਰਾਇ ਕੀ ਖੋਟੀ।
ਬਿਨ ਉਪਦੇਸ਼ ਰਹੀ ਮਤਿ ਮੋਟੀ।
ਬਿਨਾ ਤ੍ਰਾਸ ਤੇ ਤਾਂਹਿ ਮਸੰਦ।
ਗਰਬੇ ਧਨ ਕੋ ਪਾਇ ਬਿਲੰਦ ॥੩੨॥
ਤਿਨ ਤੇ[1] ਸ਼ੰਕਤਿ ਹੈ ਚਿਤ ਸੋਇ।

[1]ਤਿਨਾਂ (ਮਸੰਦਾਂ) ਪਾਸੋਂ।

ਇਸ ਕਾਰਨ ਬਿਨ ਦੁਤਿਯ ਨ ਕੋਇ।
ਯਾਂ ਤੇ ਹਮ ਨੀਕੇ ਮਨ ਜਾਨੀ।
ਬਿਗਰੇ ਕਬਿ ਕਾਰਜ ਤੇ ਹਾਨੀ[1] ॥੩੩॥

[1]ਕਦੇ ਵਿਗੜਨਗੇ (ਤੇ) ਉਹਨਾਂ ਦੇ ਕੰਮ ਨੂੰ ਹਾਨੀ ਪੁਜੇਗੀ।

ਜਿਮ ਮਹਿਪਾਲਕ ਕੋ ਪਰਧਾਨ।
ਬਨਹਿਂ ਧਨੀ ਧਾਰਹਿਂ ਅਭਿਮਾਨ।
ਤਿਮ ਹੀ ਸੁਭਟ ਬਿਗਰ ਕਰਿ ਜਾਇਂ।
ਨਿਜ ਸ੍ਵਾਮੀ ਕੋ ਨਾਸ਼ ਉਪਾਇਂ ॥੩੪॥
ਯਾ ਤੇ ਰਾਮਰਾਇ ਕੋ ਕਹੋ।
-ਸਾਵਧਾਨ ਬਨਿ ਸਭਿ ਤੇ ਰਹੋ।
ਸ਼੍ਰੀ ਜਮਨਾ ਮਹਿਂ ਤਰਨੀ ਤਰੈਂ[1]।
ਤਿਹ ਠਾਂ ਆਇ ਮੇਲ ਕੋ ਕਰੈ-' ॥੩੫॥

[1]ਨੌਕਾ ਵਿਚ ਤਰਾਂਗੇ।

ਹਰਖਾਯੋ ਸੁਨਿ ਮਸੰਦ ਗੁਰ ਬਾਨੀ।
'ਰਾਵਰ ਭਨੀ ਸਕਲ ਹਮ ਮਾਨੀ।
ਅਭਿਲਾਖਾ ਸਭਿ ਪੂਰਨ ਕਰੀ।
ਚਲਯੋ ਚਹੌਂ ਤਿਤ ਮੈਂ ਇਸ ਘਰੀ' ॥੩੬॥
ਤਬਿ ਸਤਿਗੁਰ ਸਿਰੁਪਾਉ ਦਿਵਾਯੋ।
ਉਠਿ ਤਤਛਿਨ ਪਦ ਸੀਸ ਨਿਵਾਯੋ।
ਆਇ ਤੁਰੰਗ ਅਰੂਢਤਿ ਭਯੋ।
ਰਾਮਰਾਇ ਕੀ ਦਿਸ਼ਿ ਚਲਿ ਗਯੋ ॥੩੭॥
ਜਾਇ ਮਿਲਯੋ ਸਭਿ ਕਹਯੋ ਪ੍ਰਸੰਗ।
'ਜਮਨਾ ਮਹਿਂ ਮਿਲਿਬੋ ਹਿਤ ਸੰਗ।
ਹੁਇਂ ਨਉਕਾ ਮਹਿਂ ਮਾਨਵ ਥੋਰੇ।
ਆਦਿਤਵਾਰ ਚਲੌਂ ਤਿਸ ਓਰੇ ॥੩੮॥
ਉਤ ਤੇ ਹਿਤ ਅਖੇਰ ਚਲਿ ਆਵੈਂ।
ਕੁਛ ਮਾਨਵ ਅਪਨੇ ਸੰਗ ਲਜਾਵੈਂ।
ਜਿਸ ਪ੍ਰਕਾਰ ਮਿਲਿਬੇ ਅਭਿਲਾਖਾ।
ਗਮਨਤਿ ਮੋਹਿ ਜਥਾ ਤੁਮ ਭਾਖਾ ॥੩੯॥
-ਹੁਇ ਬਿਧਿ ਸੋਂ- ਰਚਿ ਮੈਂ ਚਤੁਰਾਈ*।
ਕਹਿ ਸ਼ੁਭ ਬਾਤਿ ਸੁ ਭਾਂਤਿ ਬਨਾਈ[1†]।'

'ਤੁਰਨ ਵੇਲੇ ਜਿਵੇਂ ਤੁਸਾਂ ਕਿਹਾ ਸੀ ਮੈਨੂੰ ਕਿ (ਮੇਰਾ ਮੇਲ ਇਸ) ਵਿਧਿ ਨਾਲ ਹੋਵੇ ਭਾਵ ਪਾਂਵਟੇ ਨਾ ਜਾਣਾ ਪਵੇ, ਕਿਤੇ ਰਾਹ ਖਹਿੜੇ ਮੇਲ ਹੋਵੇ (ਸੋ) ਤਿਵੇਂ ਮੈਂ ਚਤੁਰਾਈ ਕਰਕੇ ਸਭ ਗਲਾਂ ਕਰਕੇ ਉਸੀ ਭਾਂਤ (ਵਿਧੀ) ਬਨਾਈ ਹੈ। †ਐਉਂ ਅਹਿਲਕਾਰ ਗੱਲਾਂ ਬਨਾਕੇ ਆਪਣੀ ਕੀਮਤ ਮਾਲਕਾਂ ਪਾਸ ਵਧਾਕੇ ਉਹਨਾਂ ਦੀਆਂ ਵਾਗਾਂ ਹੱਥ ਲੈਂਦੇ ਹਨ।

ਸੁਨਿ ਸ਼੍ਰੀ ਰਾਮਰਾਇ ਹਰਖਾਯੋ।
ਤਿਸ ਮਸੰਦ ਕੁਛ ਦਰਬ ਦਿਵਾਯੋ ॥੪੦॥
ਆਦਿਤਵਾਰ ਪ੍ਰਤੀਖਤਿ ਰਹਯੋ।
ਪੁਨ ਸਮਾਜ ਬੂਝਨਿ ਕੋ ਕਹਯੋ।
'ਕੇਤਿਕ ਦਲ, ਕੇਤਿਕ ਉਤਸਾਹਾ।
ਕਿਤਿਕ ਅਕੋਰਨ ਅਰਪਹਿਂ ਪਾਹਾ' ॥੪੧॥
ਤਬਿ ਮਸੰਦ ਕਰ ਬੰਦਿ ਬਖਾਨਾ।
'ਦਿਨ ਪ੍ਰਤਿ ਬਧਤਿ ਸਮਾਜ ਮਹਾਨਾ।

ਜਥਾ ਅਧਿਕ ਮਹਿਪਾਲਨਿ ਕੇਰਾ।
ਖਰਚ ਆਮਦਨ ਤਥਾ ਬਡੇਰਾ ॥੪੨॥
ਪ੍ਰਥਮ ਗੁਰੂ ਸ਼੍ਰੀ ਹਰਿਗੋਵਿੰਦ।
ਸੁਨਜੋਂ ਜਥਾ ਉਤਸਾਹ ਬਿਲੰਦ।
ਤਿਨ ਤੇ ਦੂਨ ਚਉਨ ਬਿਸਾਲਾ।
ਵਧਤੋ ਜਾਤਿ ਸਰਬਥਾ ਕਾਲਾ ॥੪੩॥
ਕੌਨ ਕੌਨ ਗਿਨ ਭਨੌਂ ਸਮਾਜਾ।
ਸ਼ੋਭਤਿ ਬੈਠਿ ਜਥਾ ਮਹਾਰਾਜਾ।
ਗਰ ਸ਼ਮਸ਼ੇਰ ਦਿਪਤਿ ਸਮ ਸ਼ੇਰਿ।
ਊਚੀ ਦ੍ਰਿਸ਼ਟਿ ਲਖਹਿਂ ਸਭਿ ਜ਼ੇਰ[1] ॥੪੪॥

[1]'ਉਹਨਾਂ ਦੀ) ਨਿਗਾਹ ਉੱਚੀ ਹੈ ਹੋਰ ਸਾਰੇ ਉਸ ਨਿਗਾਹ ਦੇ ਹੇਠਾਂ (ਤਾਬੇ) ਨਜ਼ਰ ਪੈਂਦੇ ਹਨ। (ਇਹ ਚੜ੍ਹਦੀਆਂ ਕਲਾਂ ਸੂਚਿਤ ਕਰਾ ਰਿਹਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਮਾਨ ਦੁਤੀਓ ਅੰਸੂ ॥੨॥

## ੩. [ਬੇੜੀ ਉਤੇ ਰਾਮਰਾਇ ਨਾਲ ਮੇਲ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਦਿਵਸ ਜਾਨਿ ਕਰਿ ਜਾਨਿ ਕੋ[1], ਕੁਛਕ ਫਕੀਰਨਿ ਸੰਗ।

[1]ਗੁਰੂ ਜੀ ਨੂੰ ਮਿਲਨ) ਜਾਣ ਦਾ ਦਿਨ ਜਾਣਕੇ।

ਕੇਤਿਕ ਸਿਖ ਜੁਤਿ ਤਯਾਰ ਹੁਇ, ਚਢਿ ਕਰਿ ਚਲ੍ਯੋ[1] ਤੁਰੰਗ ॥੧॥

[1]ਰਾਮਰਾਇ) ਚਲਿਆ।

ਚੌਪਈ:

ਸਤਿਗੁਰ ਪੂਰਨ ਸ਼੍ਰੀ ਹਰਿਰਾਇ।
ਸੁਤ ਸ਼੍ਰੀ ਰਾਮਰਾਇ ਹਰਖਾਇ।
ਮਿਲਬੇ ਹਿਤ ਗਮਨੇਂ ਤਤਕਾਲਾ।
ਸੂਰਜ ਸੁਤਾ ਤੀਰ ਕੋ ਚਾਲਾ ॥੨॥
ਇਤਿ ਸ਼੍ਰੀ ਕਲ਼ਗੀਧਰ ਭੇ ਤਯਾਰ।
ਚਪਲ ਤੁਰੰਗਮ ਪਰ ਅਸਵਾਰ।
ਦਯਾਰਾਮ ਪ੍ਰੋਹਤ ਹੁਇ ਨਾਲੇ।
ਪੰਚਹੁਂ ਬੀਰ ਅਰੂੜ੍ਹਤਿ ਚਾਲੇ ॥੩॥
ਮਾਤੁਲ ਲੇ ਕ੍ਰਿਪਾਲ ਕੋ ਸਾਥ।
ਗਮਨ ਕੀਨ ਕਲ਼ਗੀਧਰ ਨਾਥ।
ਅਪਰ ਸੁਭਟ ਸਭਿ ਬਰਜਿ ਹਟਾਏ।
ਖਰੇ ਬਿਲੋਕਤਿ ਹ੍ਵੈ ਸਮੁਦਾਏ ॥੪॥
ਜਮਨਾ ਤੀਰ ਤੀਰ ਗਮਨੰਤੇ।
ਰੁਚਿਰ ਪ੍ਰਵਾਹ ਹੇਰਿ ਹਰਖੰਤੇ।
ਨੰਦ ਚੰਦ ਸੋਂ ਬੋਲਤਿ ਜਾਤੇ।
ਸੁੰਦਰ ਨਦੀ ਬਿਪਨ ਬਹੁ ਭਾਂਤੇ ॥੫॥
ਸੰਗੋਸ਼ਾਹਿ ਜੀਤਮਲ ਸੰਗ।
ਗੰਗਾਰਾਮ ਅਨੇਕ ਪ੍ਰਸੰਗ।
ਬਹੁਰ ਮਾਹਰੀਚੰਦ ਪ੍ਰਬੀਨ।
ਸੰਗ ਗੁਲਾਬ ਚੰਦ ਬਲ ਪੀਨ[1] ॥੬॥

[1]ਬੜਾ ਬਲਵਾਨ।

ਪੰਚਹੁਂ ਬੀਰਨਿ ਕੋ ਗੁਰ ਹੇਰਿ।
ਖਰੇ ਹੋਇ ਬੋਲੇ ਤਿਸ ਬੇਰ।
'ਹਯ ਧਵਾਇ ਹੱਥਯਾਰ ਪ੍ਰਹਾਰਨਿ।
ਕਰਹੁ ਕੁਵਾਇਦ ਅਬਹਿ ਦਿਖਾਰਨਿ'
॥੭॥

ਪਿਖਿ ਮਦਾਨ ਆਛੋ ਉਮਗਾਏ।
ਪ੍ਰਿਥਕ ਪ੍ਰਿਥਕ ਹਯ ਬਲੀ ਧਵਾਏ।
ਦੇਖਤਿ ਸਤਿਗੁਰ ਠਾਂਢੇ ਰਹੇ।
ਨਿਪੁਨ ਸ਼ਸਤ੍ਰ ਬਿੱਦਜਾ ਮਹਿਂ ਲਹੇ ॥੮॥
ਨੰਦਚੰਦ ਉਤਸਾਹ ਵਧਾਯੋ।
ਹੇਤੁ ਦਿਖਾਵਨਿ ਤੁਰੰਗ ਧਵਾਯੋ।
ਸ਼ਸਤ੍ਰ ਹਤਨਿ ਕੀ ਘਾਤ ਬਿਸਾਲਾ।
ਬਾਮ ਦਾਹਿਨੀ ਕਰਿ ਕਰਿ ਚਾਲਾ[1] ॥੯॥

[1]ਖੱਬੇ ਸੱਜੇ ਸ਼ਸਤ੍ਰ ਚਲਾਉਣ ਦੀਆਂ ਘਾਤਾਂ ਕਰ ਕਰਕੇ (ਦੱਸਦਾ) ਚਲਦਾ ਹੈ।

ਦਯਾਰਾਮ ਕੋ ਚਿਤ ਹੁਲਸਾਯੋ।
ਤੁੰਦ ਤੁਰੰਗਮ ਕਰਿ ਫੰਧਾਯੋ।
ਬਹੁਰ ਧਵਾਇ ਘਾਤ ਹੱਥਜਾਰ।
ਕਰੀ ਦਿਖਾਵਨਿ ਸਰਬ ਪ੍ਰਕਾਰ ॥੧੦॥
ਪੁਨ ਕ੍ਰਿਪਾਲ ਮਾਤੁਲ ਬਰ ਬੀਰ।
ਸਰਬ ਪ੍ਰਕਾਰਨਿ ਪੁਨ ਧਰਿ ਧੀਰ।
ਚੰਚਲ ਬਲੀ ਫੇਰ ਬਹੁ ਭਾਂਤਿ।
ਜਥਾ ਹੋਤਿ ਜੋਧਨਿ ਕੀ ਘਾਤ ॥੧੧॥
ਸਭਿ ਬਿਧਿ ਕੀ ਕਰਿ ਕਰਿ ਦਿਖਰਾਈ।
ਭਗਨੀ ਸੁਤ ਕੇ[1] ਖੁਸ਼ੀ ਉਪਾਈ।

[1]ਭਾਵ ਸਤਿਗੁਰੂ ਜੀ ਨੂੰ।

ਪ੍ਰਿਥਕ ਪਿਥਕ ਇਮ ਸਭਿ ਕੀ ਦੇਖਿ।
ਸ੍ਰੀ ਕਲਗੀਧਰ ਤੁਰੰਗ ਵਿਸ਼ੇਖ ॥੧੨॥
ਕਰਜੋ ਤੇਜ, ਪਗ ਮੋਰਤਿ ਦੌਨ[1]।

[1]ਘੋੜੇ ਨੇ) ਦੋਵੇਂ ਪੈਰ ਮੋੜੇ।

ਰਿਸਜੋ -ਨ ਗਮਨੈ ਅੱਗ੍ਰਯ ਪੌਨ[1]-।

[1]ਐਸਾ) ਗੁੱਸੇ ਵਿੱਚ ਆਇਆ ਕਿ (ਚਾਹੇ ਕਿ ਹਵਾ) ਬੀ (ਮੈਥੋਂ) ਅੱਗੇ ਨਾ ਲੰਘ ਸਕੇ।

ਅਹੈ ਕੌਨ ਮ੍ਰਿਗਛੌਨ ਪਲਾਵੈ[1]।

[1]ਹਿਰਨ ਦਾ ਬੱਚਾ ਕੌਣ ਹੈ (ਜੋ ਉਸ ਦੇ ਬਰਾਬਰ) ਦੌੜ ਸਕੇ।

ਫਾਂਧਿ ਉਤੰਗ[1] ਅਧਿਕ ਉਤਲਾਵੈ ॥੧੩॥

[1]ਉੱਚੀ ਛਾਲ।

ਤੀਰ ਤੁਫੰਗਨਿ ਤੋਮਰ ਮਾਰਨਿ।
ਹਾਥ ਸਿਪਰ ਧਰਿ ਖਿਚਿ ਤਰਵਾਰਨਿ।
ਸਕਲ ਕਵਾਇਦ ਕੀਨਿ ਬਿਲਾਸਾ[†]।

[†]ਇਥੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਆਪਣੇ ਦਲ ਨੂੰ ਆਪਣੀ ਕਿਸੇ ਕਵਾਯਦ ਨਾਲ ਕਵਾਯਦ ਦਾਨ ਬਣਾਇਆ ਹੋਯਾ ਸੀ।

ਥਲ ਸੁੰਦਰ ਜਮਨਾ ਤਟ ਪਾਸਾ ॥੧੪॥
ਕਰਹਿਂ ਪਰਸਪਰ ਅਧਿਕ ਸਰਾਹਨ।

'ਇਮ ਕੀਜਹਿ ਸ਼ੱਤ੍ਰੂ ਦਲ ਗਾਹਨ[1]।' — [1]ਨਾਸ਼।

ਤੀਰ ਤੀਰ ਰਵਿ ਤਨੁਜਾ ਗਏ[1†]। — [1]ਜਮਨਾ ਦੇ ਕਿਨਾਰੇ। [†]ਇਸ ਤੋਂ ਜਾਪਦਾ ਹੈ ਕਿ ਉਪਰਲੇ ਪਾਸੇ ਦੇ ਪਹਿਲੇ ਪੱਤਣ ਨੂੰ ਆਏ ਜੋ ਡੇਹਰਾਦੂਨ ਦੀ ਸਿੱਧੀ ਸੜਕ ਦੇ ਸਾਹਮਣੇ ਹੈ।

ਤਰਨੀ ਹੇਰਿ ਸਥਿਰਤਾ ਲਏ[1] ॥੧੫॥ — [1]ਬੇੜੀ ਵੇਖਕੇ ਠਹਿਰ ਗਏ।

ਉਤਰਿ ਤੁਰੰਗਨ ਤੇ ਹੁਇ ਤਰੇ[1]। — [1]ਹੇਠਾਂ ਉਤਰ ਕੇ।

ਤਰੇ ਚਹੰਤਿ, ਤੀਰ ਪਰ ਖਰੇ[1]। — [1]ਤਰਨਾ ਚਾਹੁੰਦੇ ਹਨ (ਪਰ ਅਜੇ) ਕੰਢੇ ਤੇ ਖੜੇ ਹਨ।

ਖਰੇ ਤਰੋਵਰ ਹੇਰਤਿ ਹਰੇ[1]। — [1]ਹਰੇ ਹਰੇ ਸੁਹਣੇ ਬ੍ਰਿੱਛ ਖੜੇ ਦੇਖ ਰਹੇ ਹਨ।

ਹਰੇ ਪਾਪ, ਜਲ ਜਿਹ ਥਲ ਢਰੇ[1] ॥੧੬॥ — [1]ਜਿੱਥੇ ਚਲਦਾ ਹੈ ਪਾਣੀ ਪਾਪਾਂ ਨੂੰ ਹਰਨ ਵਾਲਾ।

ਪਿਖਿ ਮਲਾਹ ਆਨੀ ਤਬਿ ਤਰਨੀ[†]। — [†]ਇਸ ਤੋਂ ਜਾਪਦਾ ਹੈ ਕਿ ਮੌਸਮ ਸਿਆਲੇ ਦਾ ਸੀ, ਕਿਉਂਕਿ ਏਥੇ ਹੁਨਾਲ ਵਿਚ ਸਰਨਾਂ ਅਤੇ ਤੁਲਿਹਾਂ ਆਦਿ ਨਾਲ ਪਾਰ ਹੁੰਦੇ ਹਨ, ਬੇੜੀ ਨਹੀਂ ਪਾਉਂਦੇ। ਬੇੜੀ ਬਰਸਾਤ ਮਗਰੋਂ ਪੈਂਦੀ ਹੈ। ਅਗਲੇ ਅੰਸੂ ਦੇ ਅੰਕ ੧੪ ਵਿਚ ਕੱਤਕ ਦੀ ਰੁੱਤ ਸਹੀ ਹੋ ਜਾਂਦੀ ਹੈ।

ਤਰਨੀ ਬਯ ਸੁਖ ਕੀ ਗੁਰ ਕਰਨੀ[1]। — [1]ਜੋਬਨ ਆਯੂ ਸ੍ਰੀ ਗੁਰੂ ਜੀ ਦੀ ਸੁਖਦਾਤੀ ਹੈ। (ਅ) ਜੁਆਨ ਅਵਸਥਾ ਵਾਲੇ ਗੁਰੂ ਜੀ ਨੂੰ ਸੁਖ ਦੇਣ ਵਾਲੀ ਬੇੜੀ

[1]ਕਰਨੀ ਕਰੀ ਪਗਨਿ ਗਨ ਖੋਜ। — [1]ਬਹੁਤ ਹਥਨੀਆਂ ਤੇ ਹਾਥੀਆਂ ਦੇ ਪੈਰਾਂ ਦਾ ਖੋਜ ਨੇਤ੍ਰ ਕਵਲ ਦੇ ਦੇਕੇ ਭਾਲਿਆ ਭਾਵ ਦੇਖਿਆ।

ਖੋਜਤਿ ਦੇ ਦੇ ਦ੍ਰਿਗਨਿ ਸਰੋਜ[੬] ॥੧੭॥

ਬੋਲੇ ਸਤਿਗੁਰ ਸਾਰੰਗਪਾਨੀ।

'ਪਾਨੀ ਪਿਯਬੇ ਥਾਇ ਪਛਾਨੀ[1]। — [1]ਹਾਥੀਆਂ ਦੇ) ਪਾਣੀ ਪੀਣ ਦੀ ਥਾਂ ਪਛਾਣੀ ਜਾ ਰਹੀ ਹੈ।

[1]ਛਾਨੀ ਨਹਿਂ, ਜਗ ਬਿਦਤ ਕਹਾਨੀ। — [1]ਗੁੱਝੀ ਬਾਤ ਨਹੀਂ (ਇਹ) ਜਗਤ ਵਿਚ ਗਲ ਪ੍ਰਸਿੱਧ ਹੈ ਕਿ (ਜਿੱਥੇ) ਹਾਥੀ ਪਾਣੀ ਪੀਣ ਉਸ ਥਾਂ ਤੇ ਬ੍ਰਿੱਛ ਟੁਟਦੇ ਹਨ। (ਅ) ਇਸ ਥਾਂ ਤੇ ਤਰਨੇ ਵਿਚ ਬਹੁਤ ਹਾਨੀ ਹੈ।

ਹਾਨੀ ਤਰਨਿ ਬਹੁਤ ਇਸ ਥਾਨੀ' ॥੧੮॥

ਇਮ ਬੋਲਤਿ ਸਭਿਹਿਨਿ ਲੇ ਸਾਥ।

ਨੌਕਾ ਪਰ ਅਰੋਹਿ ਗੁਰ ਨਾਥ।

ਠੇਲਿ ਨੀਰ ਪਰ ਕੀਨਿ ਚਲਾਵਨਿ।

ਲਾਵੰਨਤਾ[1] ਦੇਖਤਿ ਜਲ ਪਾਵਨ ॥੧੯॥ — [1]ਸੁੰਦਰਤਾ।

ਉਤ ਸ੍ਰੀ ਰਾਮਰਾਇ ਚਲਿ ਆਯੋ।

ਦੇਖਿ ਕਮਲ ਦ੍ਰਿਗ ਤੇ ਬਿਗਸਾਯੋ।

ਉਤਲਾਵਤਿ ਪਹੁਚਯੋ ਤਬਿ ਘੋਰਾ।

ਕੇਵਟ ਪ੍ਰੇਰਯੋ ਗੁਰ ਤਸਿ ਓਰਾ ॥੨੦॥

ਤਟ ਆਵਤਿ ਲੌਂ ਪਹੁੰਚੀ ਤਰੀ।

ਚਢਿਬੇ ਮਹਿਂ ਤੁਰਨਤਾ ਕਰੀ[1]।
[1](ਸ੍ਰੀ ਰਾਮਰਾਇ ਜੀ ਨੇ) ਛੇਤੀ ਕੀਤੀ।
ਬੰਦਿ ਦੁੰਦ ਕਰ ਪਦ ਅਰਬਿੰਦ।
ਬੰਦਨ ਕੀਨਿ ਬਿਲੰਦ ਅਨੰਦ ॥੨੧॥
ਸ੍ਰੀ ਕਲਗ਼ੀਧਰ ਬਹੁ ਸਨਮਾਨਾ।
ਨਿਕਟ ਬਿਠਾਵਨਿ ਅਪਨੇ ਠਾਨਾ।
ਦੇਖਤਿ ਚੰਦ ਬਦਨ ਕੀ ਓਰਾ।
ਲੋਚਨ ਮਨਹੁਂ ਚਕੋਰਨ ਜੋਰਾ[1] ॥੨੨॥
[1]ਜੋੜਾ।
[1]-ਦੀਰਘ ਦੀਪਤਿ ਤੇਜ ਉਚੇਰਾ[2]।
[1](ਰਾਮਰਾਇ ਜੀ ਨੇ ਇਹ ਕੁਛ ਡਿੱਠਾ:-)। [2](ਸ੍ਰੀ ਗੁਰੂ ਜੀ ਦਾ) ਉਚੇਰਾ ਤੇਜ।
ਭਰਜੋ ਸ਼ਕਤਿ ਥਲ ਬਿਖੈ ਬਡੇਰਾ।
ਉਚਿਤ ਪ੍ਰਤਾਪ ਬਧਾਵਨ ਮਾਂਹੀ।
ਚਹਹਿਂ ਸੁ ਕਰਹਿਂ ਮਿਟਹਿ ਕਿਮ ਨਾਂਹੀ- ॥੨੩॥
ਗੁਰਨੰਦਨ ਸ੍ਰੀ ਗੁਰ ਕੋ ਦੇਖਾ[1]।
[1]ਗੁਰੂ ਪੁਤ੍ਰ ਭਾਵ ਸ੍ਰੀ ਰਾਮਰਾਇ ਜੀ ਨੇ ਗੁਰੂ ਜੀ ਨੂੰ (ਐਸਾ) ਦੇਖਿਆ।
ਅਧਿਕ ਲਾਯਕੀ ਉਚਿਤ ਪਰੇਖਾ।
ਕੁਸ਼ਲ ਪ੍ਰਸ਼ਨ ਕਹਿ ਆਪਸ ਮਾਂਹੀ।
ਪ੍ਰੇਮ ਸਹਿਤ ਮੋਦ ਉਪਜਾਹੀ ॥੨੪॥
ਬਹਿਲੋ ਕਾ ਗੁਰਦਾਸ ਰੁ ਤਾਰਾ[1]।
[1](ਦੋਵੇਂ ਮਸੰਦ) ਗੁਰਦਾਸ ਤੇ ਤਾਰਾ।
ਇਕ ਦੁਇ ਨਿਕਟ ਮਸੰਦ ਉਦਾਰਾ।
ਸਤਿਗੁਰ ਸੰਗ ਅਸ਼ਟ ਇਹ ਬੀਰ।
ਅਪਰ ਖਰੇ ਸਭਿ ਜਮਨਾ ਤੀਰ ॥੨੫॥
[1]-ਬੰਧਨ[†] ਸੋਂ ਸ਼ਰੀਕਪਨ ਕਰਿਬੋ।
[1](ਇਹ ਵਿਚਾਰ ਕੇ ਕਿ:-) ਸਨਬੰਧੀਆਂ (ਸ੍ਰੀ ਹਰਿ ਕ੍ਰਿਸ਼ਨ ਜੀ ਭਿਰਾ ਤੇ ਗੁਰੂ ਤੇਗ ਬਹਾਦਰ ਜੀ ਬਾਬੇ) ਨਾਲ ਜੋ ਸ਼ਰੀਕਪੁਣਾ ਕਰਦਾ ਰਿਹਾ ਹਾਂ। [†]ਪਾ:-ਬੰਦਨ।
ਮਤਸਰ ਆਦਿ ਅਸੂਆ ਧਰਿਬੋ।
ਪੂਰਬ ਅਨਿਕ ਪ੍ਰਕਾਰ ਉਠਾਵਾ[1]-।
[1]ਉਠਾਏ (ਮਤਸਰ, ਅਸੂਯਾ ਆਦਿ)।
ਚਿਤ ਸ੍ਰੀ ਰਾਮਰਾਇ ਪਛੁਤਾਵਾ ॥੨੬॥
ਧਰੀ ਸਰਲਤਾ ਉਰ ਮਹਿਂ ਭਲੇ।
-ਭਈ ਸਫਲਤਾ ਗੁਰ[†] ਸੰਗ ਮਿਲੇ-।
[†]ਪਾ:-ਉਨ।
ਬੂਝਤਿ ਭਯੋ ਅਨੰਦਪੁਰ ਗਾਥਾ।
'ਕਿਮ ਬਿਰੋਧ ਉਪਜਜੋ ਨ੍ਰਿਪ ਸਾਥਾ? ॥੨੭॥

ਛਿਮਾ ਧਾਰਿ ਇਤ ਦਿਸ਼ ਕੋ ਆਏ।
ਨਹਿਨ ਜੰਗ ਤਿਨ ਸੰਗ ਮਚਾਏ।'
ਸੁਨਿ ਕਲਗ਼ੀਧਰ ਸਕਲ ਬਖਾਨਾ।
'ਮੂਢ ਚਹੈਂ ਹਮ ਸੋਂ ਛਲ ਠਾਨਾ ॥੨੮॥
ਕਪਟ ਸੰਗ ਚਹਿ ਲਹਯੋ ਮਤੰਗਾ।
ਗੁਰ ਘਰ ਸੋਂ ਕਿਮ ਪੁਜਹਿ ਕੁਢੰਗਾ[1]। — [1]ਕਿਵੇਂ ਖੋਟ ਪੁੱਜੇ।
ਸਰਬ ਪ੍ਰਕਾਰ ਭਈ ਰਣ ਤਯਾਰੀ।
ਮਿਲਿ ਭ੍ਰਾਤਨਿ ਸੋਂ ਤਬਹਿ ਬਿਚਾਰੀ[1] ॥੨੯॥ — [1](ਭੀਮਚੰਦ ਨੇ) ਵਿਚਾਰ ਕੀਤੀ।
-ਬਜਾਹ ਬਿਖੈ ਹੁਇ ਸ਼ੋਕ ਮਹਾਨਾ-।
ਟਰ ਕਰਿ ਗਯੋ ਬੀਰਰਸ ਹਾਨਾ[1]। — [1]ਬੀਰਰਸ ਨਾਸ਼ ਕਰਕੇ ਟਲ ਗਿਆ।
ਨਾਹਣੇਸ਼ ਇਤ ਹਮਹਿਂ ਬੁਲਾਯੋ।
ਚਹਤਿ ਆਪ ਕੇ ਨਿਕਟ ਟਿਕਾਯੋ ॥੩੦॥
ਜਮਨਾ ਤਟ ਸੁੰਦਰ ਕੋ ਹੇਰਾ।
ਘਾਲਯੋ ਆਨਿ ਆਪਨੋ ਡੇਰਾ[†]। — [†]ਪਾ:-ਰਚਿ ਕਰਿ ਕੋਟ ਕੀਯੋ ਤਹਿਂ ਡੇਰਾ।
ਕਾਰਨ ਅਨਿਕ ਜਾਨਿ ਕਰਿ ਆਏ।
ਬਸਤਿ ਸੁ ਬਿਹਰਤਿ[1] ਅਨੰਦ ਉਪਾਏ' ॥੩੧॥ — [1]ਵਸਦੇ ਤੇ ਵਿਚਰਦੇ ਹਾਂ।
ਸੁਨਿ ਸ੍ਰੀ ਰਾਮਰਾਇ ਪੁਨ ਭਾਖਾ।
'ਕ੍ਵੈ ਨ ਹਟਾਇ ਸਕਹਿ ਤੁਮ ਕਾਂਖਾ[1]। — [1]ਆਪਦੀ ਇੱਛਾ।
ਜਾਨੀ ਪਰੈ ਬੈਸ ਮਮ ਥੋਰੀ।
ਠਾਨਤਿ ਰਹੋ ਕ੍ਰਿਪਾ ਹਮ ਓਰੀ ॥੩੨॥
ਭੇਦ ਭਾਵ ਜੇ ਅਨਿਕ ਪ੍ਰਕਾਰੀ।
ਨਹਿਂ ਕੁਛ ਰਾਖਹੁ ਰਿਦੈ ਮਝਾਰੀ।
ਬਿਗਰੇ ਬ੍ਰਿੰਦ ਮਸੰਦ ਹਮਾਰੇ।
ਜੇ ਕਰਿ ਪੀਛੇ ਕਰਹਿਂ ਬਿਗਾਰੇ ॥੩੩॥
ਸਭਿ ਡੇਰੇ ਕੀ ਕਾਰ ਸੁਧਾਰਹੁ।
ਉਚਿਤ ਅਨੁਚਿਤ ਬਿਚਾਰਿ ਸੰਭਾਰਹੁ।
ਬੰਸ ਬਿਭੂਖਨ ਭਏ ਅਦੂਖਨ।
ਬਿਘਨ ਤਿਮਰ ਗਨ ਕੇ ਜਨੁ[†] ਪੂਖਨ[1] ॥੩੪॥ — [1]ਸੂਰਜ ਰੂਪ। [†]ਪਾ:-ਜਗ।

ਬਹੁ ਕਾਰਨ ਕਰਿ ਜਨਮ ਤੁਹਾਰਾ।
ਮੈਂ ਨਿਰਨੈ ਕਰਿ ਲੀਨਿ ਬਿਚਾਰਾ।
ਭਵਜਲ ਸਾਗਰ ਤਰਣ ਦੁਹੇਲਾ।
ਇਸ ਕੋ ਤਰਿਬੇ ਹੇਤੁ ਸੁਹੇਲਾ ॥੩੫॥
ਸ਼੍ਰੀ ਨਾਨਕ ਜੀ ਭਰਜੋ ਜਹਾਜਾ।
ਅਨਿਕ ਰੀਤਿ ਕੇ ਜੀਵ ਸਮਾਜਾ।
ਤਿਸ ਮਹਿਂ ਬਿਘਨ ਬਿਸਾਲ ਪ੍ਰਚੰਡ[1]। — [1]ਤਿੱਖੇ।
ਜਿਸ ਤੇ ਫਟਜੋ ਭਯੋ ਖੰਡ ਖੰਡ[1] ॥੩੬॥ — [1]ਟੁਕੜੇ ਟੁਕੜੇ (ਜਹਾਜ਼)।
ਤਿਹ ਸਕੇਲਿ[1] ਪੁਨ ਏਕ ਬਨਾਵਹੁ। — [1]ਇਕੱਠਾ ਕਰਕੇ।
ਭਰਜੋ ਜਹਾਜ ਪਾਰ ਉਤਰਾਵਹੁ।
ਪਿਤਾ ਗੁਰੂ[1] ਇਕ ਬਾਰਿ ਬਖਾਨੀ। — [1]ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ।
ਸਿਖ ਢਿਗ ਤੇ ਮੈਂ ਸੁਨਿਬੋ[1] ਬਾਨੀ† ॥੩੭॥ — [1]ਸੁਣੀ ਸੀ। †ਪਾ:-ਸਾਨੀ।
-ਗੁਰ ਕੋ ਭਰਜੋ ਜਹਾਜ ਉਦਾਰਾ।
ਲਾਇ ਧਜਾਨ ਕੋ ਹੇਰਿ ਬਿਚਾਰਾ।
ਭਾ ਬਹੁ ਖੰਡ ਮਿਲਹਿ ਪੁਨ ਸੋਈ।
ਹੁਇ ਅਸ ਪੁਰਖ ਮਿਲਾਵਹਿ ਜੋਈ- ॥੩੮॥
ਤਬਿ ਕੋ ਮੈਂ ਬਿਚਾਰਤੋ ਰਹਜੋ।
ਅਬਿ ਸੋ ਹੋਇ ਭਲੇ ਮੈਂ ਲਹਜੋ।
ਦਰਸ਼ਨ ਦੇਖਤਿ ਭਈ ਪ੍ਰਤੀਤ।
ਬਿਗਰੇ ਕਰਹੁ ਸੁਧਾਰਣ ਚੀਤ[1]" ॥੩੯॥ — [1]ਵਿਗੜੇ ਚਿੱਤਾਂ ਨੂੰ ਤੁਸੀਂ ਸੁਧਾਰੋਗੇ।
ਸੁਨਿ ਸ਼੍ਰੀ ਕਲਗੀਧਰ ਸਭਿ ਲਹਜੋ।
ਗੁਰ ਸੁਤ ਨਿਜ ਆਸ਼ੈ ਜਿਮ ਕਹਜੋ।
ਬੋਲੇ 'ਰਾਮਰਾਇ' ਗੁਰ 'ਸਾਚਾ[1]। — [1]ਗੁਰੂ ਜੀ ਬੋਲੇ ਰਾਮਰਾਇ ਸੱਚਾ ਹੈ। (ਅ) ਬੋਲੇ ਰਾਮਰਾਇ ਸਾਚਾ ਗੁਰੂ ਹੈ। 'ਗੁਰੂ' ਦਾ ਅਰਥ ਭਾਵ ਅਵਤਾਰ ਗੁਰੂ ਨਹੀਂ, ਪਰ ਆਪਣੀ ਸੰਗਤ ਦਾ ਮੁਹਰੀ ਯਾ ਮੁਰਸ਼ਿਦ ਜਿਵੇਂ ਮੰਜੀਆਂ ਦੀ ਬਖਸ਼ਸ਼ਾਂ ਵਾਲੇ ਹੁੰਦੇ ਸਨ। ਦੇਖੋ ਟੂਕ ਅਗਲਾ ਸਫਾ।
ਗੁਰ ਪਰ ਕੇ ਹਿਤ ਸੋਂ ਚਿਤ ਰਾਚਾ' ॥੪੦॥
ਪੁਨ ਤਟ ਦਿਸ਼ਾ ਦ੍ਰਿਸ਼ਟਿ ਗੁਰ ਪ੍ਰੇਰੀ।
ਕੇਤਿਕ ਸੰਗਤਿ ਥਿਤ ਤਿਸ ਕੇਰੀ।

ਬੇਮੁਖ ਹੁਇ ਕਰਿ ਖਰੇ ਕੁਚਾਰੀ[1]।
ਸਤਿਗੁਰ ਕੀ ਦਿਸ਼ਿ ਕੀਨਿ ਪਿਛਾਰੀ
॥ ੪੧ ॥

[1]ਖੋਟੀ ਚਾਲ ਵਾਲੇ।

ਮੰਦ ਭਾਗ ਮਤਿਮੰਦ ਮਲੀਨੇ।
ਸਨਮੁਖ ਹੋਇ ਨ ਦਰਸ਼ਨ ਕੀਨੇ।
ਗਨ ਪਾਪਨ ਅਸ ਫਲ ਉਪਜਾਯੋ।
ਜਿਸ ਤੇ ਨਹਿਂ ਗੁਰ ਦਰਸ਼ਨ ਪਾਯੋ
॥ ੪੨ ॥
ਪ੍ਰਭੁ ਬਿਲੋਕਿ ਤਿਨ ਕੋ ਮੁਸਕਾਨੇ।
ਸਭਿ ਕੇ ਸੁਨਤਜੋ ਪੁਨਹਿ ਬਖਾਨੇ।
'ਰਾਮਰਾਇ ਤੋ ਹੈ ਗੁਰ ਸਾਚੇ।*

*ਏਥੇ 'ਗੁਰੁ' ਦਾ ਅਰਥ ਗੁਰਮੁਖ ਯਾ ਮੁਰਸ਼ਿਦ ਹੈ, ਕਿ ਆਪਣੀ ਸੰਗਤ ਦੇ ਆਗੂ ਹਨ। ਇੱਥੇ ਗੁਰੂ ਅਵਤਾਰ ਤੋਂ ਭਾਵ ਨਹੀਂ ਹੈ। 'ਗੁਰ ਅਵਤਾਰ' ਤਾਂ ਕਦੇ ਦੋ ਹੋ ਨਹੀਂ ਸਕਦੇ, ਓਹ ਕੇਵਲ ਇਕ ਸਮੇਂ ਇਕ ਹੀ ਹੋ ਸਕਦਾ ਹੈ, ਜੋ ਇਸ ਵੇਲੇ ਕਲਗੀਧਰ ਜੀ ਆਪ ਹਨ, ਜਿਨ੍ਹਾਂ ਨੂੰ ਸ੍ਰੀ ਰਾਮਰਾਇ ਜੀ ਨੇ ਖੁਦ ਗੁਰੂ ਅਵਤਾਰ ਮੰਨਿਆ ਹੈ ਤੇ ਬੰਦਨਾਂ ਕੀਤੀ ਹੈ ਤੇ ਮੁਖੋਂ ਜਸ ਕਿਹਾ ਹੈ। ਦੇਖੋ ਅੰਕ ੨੧ ਅਤੇ ੩੮, ੩੯। 'ਬੋਲੇ ਰਾਮਰਾਇ ਗੁਰ ਸਾਚਾ' ਤੇ ਇਹ ਤੁਕ 'ਰਾਮਰਾਇ ਤੋਂ ਹੈਂ ਗੁਰ ਸਾਚੇ' ਇਨ੍ਹਾਂ ਤੁਕਾਂ ਦਾ ਇਹ ਭਾਵ ਭੀ ਜਾਪਦਾ ਹੈ ਕਿ ਪਿੱਛੇ ਤਾਂ ਸ੍ਰੀ ਰਾਮਰਾਇ ਜੀ ਭੀ ਗੁਰੂ ਘਰ ਨਾਲ ਵਿਰੋਧ ਕਰਕੇ ਵਿੱਥ ਤੇ ਰਹੇ ਹਨ ਹੁਣ ਪਿਛਲੀ ਭੁੱਲ ਤੇ ਪਛੁਤਾਵਾ (ਵੇਖੋ ਅੰਕ ੨੬ ਵਿਚ ਕਰਕੇ ਗੁਰੂ ਘਰ ਦੇ ਹਿਤੂ ਬਣਕੇ ਸਤਿਗੁਰੂ ਨਾਲ 'ਸੱਚੇ' ਹੋ ਗਏ ਹਨ, ਪਰ ਰਾਮਰਾਇ ਜੀ ਦੀ ਸੰਗਤ ਪਿੱਠ ਕਰਨ ਦੇ ਕਾਰਨ ਭੁਤਨੀ ਹੈ, ਭਾਵ ਸਤਿਗੁਰਾਂ ਤੋਂ ਬੇਮੁਖ ਹੀ ਰਹੀ ਹੈ। ਤੁਕ ਦਾ ਇਹ ਅਰਥ ਬਣੇਗਾ, ਕਿ (ਭੁੱਲ ਮੰਨਕੇ) ਸਚੇ ਹੋ ਗਏ ਹਨ।

ਇਸ ਕੇ ਸਿਖ ਮੂਰਖ ਮਤਿ ਕਾਚੇ ॥ ੪੩ ॥
ਅਹੇ ਭੂਤਨੀ ਸੰਗਤਿ ਸਾਰੀ।
ਜਿਨਹੁ ਗੁਰਨਿ ਦਿਸ਼ਿ[1] ਕੀਨਿ ਪਿਛਾਰੀ।

[1]ਜਿਨ੍ਹਾਂ ਨੇ ਗੁਰਾਂ ਵਲ ਭਾਵ ਆਪਣੇ ਮੁਰਸ਼ਿਦ ਤੇ ਗੁਰੂ ਅਵਤਾਰ ਦੋਹਾਂ ਵਲ।

ਗੁਰੂ ਪ੍ਰਲੋਕ ਨ ਬਨਹਿਂ ਸਹਾਈ।
ਇਹੈ ਕਾਮਨਾ ਕਛੁ ਲੇ ਪਾਈ[1]' ॥ ੪੪ ॥

[1]ਏਥੇ (ਮਾਤ ਲੋਕ ਵਿਚ) ਕੁਛ ਕਾਮਨਾ ਪਾ ਲੈਣਗੇ।

ਇਮ ਕਹਿ ਪੁਨ ਗੁਰਦਾਸਹਿਂ ਹੇਰਾ।
ਥਿਰ ਸ਼੍ਰੀ ਰਾਮਰਾਇ ਕੈ ਨੇਰਾ।
'ਸੁਨਿ ਬਹਿਲੋ ਕੇ ਹਮਹਿਂ ਬਤਾਵਹੁ।
ਹਮਰੇ ਸਨਮੁਖ ਤੀਰ ਚਲਾਵਹੁ? ॥ ੪੫ ॥
ਕਿਸ ਕੋ ਬਲ ਲੇ ਕਰਤਿ ਪ੍ਰਹਾਰਾ?
ਜਿਸ ਤੇ ਮਹਿਦ ਗਰਬ ਕੋ ਧਾਰਾ।'
ਤਬਿ ਲੱਜਤਿ ਹੋਯਸਿ ਗੁਰਦਾਸ।
ਤਰੇ ਦ੍ਰਿਸ਼ਟਿ ਕਰਿ ਹਿਰਦੇ ਤ੍ਰਾਸ ॥ ੪੬ ॥

ਹਹਿਰਤਿ ਬੋਲੵੋ ਦ੍ਵੈ ਕਰਿ ਜੋਰਿ।
'ਪ੍ਰਭੁ ਜੀ! ਹਮ ਕੌ ਤੁਮਰਾ ਜੋਰ।
ਲਘੁ ਦੀਰਘ ਜੋ ਕਾਰਜ ਸਾਰੇ।
ਹਮ ਕਰਿ ਸਕਹਿਂ ਪ੍ਰਤਾਪ ਤੁਮਾਰੇ' ॥੪੭॥
ਪੁਨ ਗੁਰ ਭਨੵੋ 'ਧਨੁਖ ਜਿਨ ਧਾਰਾ।
ਤਜਹਿ ਬਾਨ, ਇਹ ਨਾਮ ਸੁ ਤਾਰਾ।
ਉਦੈ ਭਯੋ ਤਬਿਹੂੰ ਤੇ ਕਹੵੋ[1]।
ਅਬਿ ਸੋ ਅਸਤ ਹੋਇ ਹਮ ਲਹੵੋ[1]' ॥੪੮॥
ਸੁਨਿ ਕਰਿ ਕੰਪਤਿ ਤੂਸ਼ਨਿ ਠਾਨੀ।
ਰਹੵੋ ਜੋਰਿ ਕਰ ਗੁਰ ਅਗੁਵਾਨੀ।
ਵਧਿ ਕੈ ਬਾਕ ਬਿਅਦਬੀ ਕਹੵੋ।
ਪਛੁਤਾਵਤਿ ਤਿਸ ਕੋ ਫਲ ਲਹੵੋ ॥੪੯॥
ਇਮ ਸ਼੍ਰੀ ਰਾਮਰਾਇ ਅਰੁ ਸਤਿਗੁਰ।
ਬਾਕ ਬਿਲਾਸ ਕਰੇ ਭਰਿ ਮੁਦ ਉਰ।
ਬੰਦਨ ਠਾਨਿ ਬਿਦਾ ਹੁਇ ਗਯੋ।
ਤੀਰ ਤੁਰੰਗ ਅਰੂਢਤਿ ਭਯੋ ॥੫੦॥
ਸਿਖ ਮਸੰਦ ਲੇ ਸੰਗ ਸਿਧਾਰਾ।
ਕਛੁ ਬ੍ਰਿਤੰਤ ਤਿਨ ਮਹਿਂ ਨ ਉਚਾਰਾ[1]।
ਜਾਇ ਪ੍ਰਵੇਸ਼ੵੋ ਆਪਨਿ ਡੇਰੇ।
ਉਤਰੵੋ ਹਯ ਤੇ ਕੀਨਿ ਬਸੇਰੇ ॥੫੧॥

[1]ਉਦੈ ਹੋਇਆ ਤਦ ਤੋਂ (ਜਦੋਂ ਤੂੰ ਉਹ) ਵਾਕ ਕਿਹਾ ਸੀ।
[1]ਹੁਣ ਓਹ ਛੁਪ ਗਿਆ ਅਸਾਂ ਡਿੱਠਾ ਹੈ।
[1]ਤਿਨ੍ਹਾਂ ਆਪਣੇ (ਮਸੰਦਾਂ) ਵਿਚ (ਮਿਲਣ ਦਾ) ਨਹੀਂ ਦੱਸਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਕਪਾਲ ਮੋਚਨ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸ਼੍ਰੀ ਕਲਗੀਧਰ ਤਰੀ ਕੋ, ਪ੍ਰੇਰਨਿ ਕਰਿ ਜਲ ਮਾਂਹਿ।
ਰਵਿ ਤਨੁਜਾ ਕੇ ਬੀਚ ਹੀ, ਚਲੇ ਆਇਂ ਹਰਖਾਹਿਂ ॥੧॥

ਚੌਪਈ:

ਚਲੇ ਨਊ ਜਲ ਕੇ ਅਨੁਕੂਲੰ[1]।
ਅਵਿਲੋਕਹਿਂ ਸੁੰਦਰ ਦ੍ਵੈ ਕੂਲੰ।
ਗਨ ਪੰਕਤਿ ਤਰੁਵਰੁ ਕੀ ਖਰੀ[1]।
ਹੇਰਹਿਂ ਹਰੀ ਹਰੀ ਜਬਿ ਖਰੀ[1] ॥੨॥
ਸਨੇ ਸਨੇ ਗਮਨੈ ਜਲ ਤਰਨੀ।
ਸ਼੍ਰੀ ਮੁਖ ਤੇ ਸ਼ੋਭਾ ਬਹੁ ਬਰਨੀ।
ਪੁਸ਼ਪਤਿ[1] ਬਨ ਕੋ ਕਰਹਿਂ ਦਿਖਾਵਨਿ।
ਤਰੁਵਰ ਕੀ ਬਹੁ ਜਾਤਿ ਬਤਾਵਨਿ ॥੩॥
ਬਿਨਾ ਪੰਕ[1] ਤੇ ਚਾਰੁ ਪ੍ਰਵਾਹੂ।
ਸ਼ਯਾਮਲ ਬਰਨ ਬਿਲੋਕਹਿਂ ਤਾਹੂ।
ਨਗਰ ਪਾਂਵਟਾ ਤਟ ਪਰ ਜਾਂ ਕੇ।
ਆਵਤਿ ਚਲੇ ਨੀਰ ਪਰ ਤਾਂ ਕੇ ॥੪॥
ਤੀਰ ਤੀਰ ਪਰ ਹਯ ਡੁਰਿਆਏ[1]।
ਸਭਿਹਿਨਿ ਕੇ ਸੇਵਕ ਲੈ ਧਾਏ।
ਜਹਿਂ ਬੈਠਨਿ ਕੀ ਰੁਚਿਰ ਸਥਾਈ।
ਸਿਲਾ ਬਿਸਾਲ ਪਰੀ ਤਟ ਛਾਈ ॥੫॥
ਅਬਿ ਲੌ ਥਲ ਬਿਨ ਕਰਦਮ ਸੋਊ।
ਦਿਖੀਅਤਿ ਹੈ ਸੁੰਦਰ ਤਟ ਦੋਊ।
ਕਰੀ ਖਰੀ ਤਰਨੀ ਤਹਿਂ ਆਇ।
ਸ਼੍ਰੀ ਗੋਬਿੰਦ ਸਿੰਘ ਉਤਰੇ ਰਾਇ ॥੬॥
ਖਾਨ ਪਾਨ ਕਰਿ ਨਿਸਾ ਬਿਤਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਪੂਰੇ।
ਕਵਿਤਾ ਕਰਨਿ ਲਗੇ ਪ੍ਰਭੁ ਰੂਰੇ ॥੭॥
ਪ੍ਰਥਮੈ ਸ਼੍ਰੀ ਕ੍ਰਿਸ਼ਨਾ ਅਵਤਾਰੂ।

[1]ਨਾਓ ਪਾਣੀ ਦੇ ਪ੍ਰਵਾਹ ਅਨਕੂਲ (ਹੇਠਾਂ ਨੂੰ) ਜਾ ਰਹੀ ਹੈ।

[1]ਖੜੀ ਹੈ।

[1]ਜਦ ਦੇਖਦੇ ਹਨ ਹਰੀ ਕਤਾਰ ਰੁੱਖਾਂ ਦੀ (ਤਾਂ) ਸਹੁਣੀ ਲਗਦੀ ਹੈ। [ਖਰੀ = ਸੁਹਣੀ]।

[1]ਫੁਲਾਂ ਨਾਲ ਭਰੇ ਹੋਏ।

[1]ਚਿਕੜ ਤੋਂ ਬਿਨਾਂ ਭਾਵ ਨਿਰਮਲ। ਚਿਕੜ ਬਿਨ ਪਾਣੀ ਵੀ ਸਿਆਲੇ ਦੀ ਨਿਸ਼ਾਨੀ ਹੈ।

[1]ਕੰਢੇ ਕੰਢੇ ਘੋੜੇ ਲਈ ਆਏ।

ਛੰਦ ਸਵੈਯੇ ਕਰਤਿ ਉਚਾਰੂ।
ਰੁਚਿਰ ਰਾਸ ਮੰਡਲ ਬਹੁ ਬਰਨਜੋਂ।
ਉਪਮਾਨਹਿਂ ਉਪਮੇਯਹਿ ਕਰਨਜੋ[1] ॥੮॥

[1]ਉਪਮਾਨ ਤੇ ਉਪਮੇਯ ਕਰਕੇ। (ਅ) ਉਪਮਾਂ ਨਹਿਂ = ਕਿਸੇ ਉਪਮੇਯ ਨਾਲ ਉਪਮਾ ਨਹੀਂ ਕਰੀ ਜਾ ਸਕਦੀ; ਭਾਵ ਬਾਣੀ ਅਲੌਕਿਕ ਹੈ। [ਉਪਮਾਨ = ਜਿਸ ਦੀ ਉਪਮਾ ਦਿੱਤੀ ਜਾਵੇ ਜੈਸੇ, ਚੰਦ। ਉਪਮੇਯ = ਜਿਸਨੂੰ ਉਪਮਾ ਦਿੱਤੀ ਜਾਵੇ। ਜੈਸੇ ਮੁਖ]।

ਕਰਿ ਸ਼ਨਾਨ ਬੈਠਹਿਂ ਤਿਸ ਤੀਰ।
ਸਿਲਾ ਸੰਗ ਖਸ[1] ਚਾਲਤਿ ਨੀਰ।
ਜਾਮ ਦਿਵਸ ਜਬਿ ਲੌ ਚਢਿ ਆਵੈ।
ਰਹੈਂ ਇਕਾਕੀ ਗਿਰਾ ਬਨਾਵੈਂ ॥੯॥

[1]ਖਹਿਕੇ।

ਨਹਿਂ ਕਿਸਹੂੰ ਕੋ ਦਰਸ਼ਨ ਹੋਇ।
ਦੂਰ ਦੂਰ ਰਹਿਂ ਥਿਰ ਸਭ ਕੋਇ।
ਮਨ ਟਿਕਾਇ ਬਰ ਬਾਨੀ ਰਚੈਂ।
ਕ੍ਰਿਸ਼ਨ ਬਿਲਾਸਾਦਿਕ ਬਿਧਿ ਸਚੈਂ[1] ॥੧੦॥

[1]ਅਸਲ ਵਿਧੀ ਪੂਰਬਕ (ਸੰਚਦੇ =) ਸੰਕਲਤ ਕਰਦੇ ਭਾਵ ਰਚਦੇ ਹਨ।

ਆਦਿ ਰਾਧਕਾ ਗੋਪੀ ਬ੍ਰਿੰਦ।
ਤਿਨ ਸੋਂ ਮਿਲਿ ਜਿਮ ਕੀਨਿ ਅਨੰਦ।
ਬਰਨਹਿ ਸਤਿਗੁਰ ਪ੍ਰੇਮ ਲਗਾਇ।
ਪੁਨ ਤੁਕਾਂਤ ਮਹਿਂ ਪੈਂਤੀ ਪਾਇ ॥੧੧॥
ਆਦਿ ਕਕਾਰ ਸੁ ਅੰਤ ੜਕਾਰ[1]।

[1]ਭਾਵ ਕ੍ਰਿਸ਼ਨਾ ਅਵਿਤਾਰ ਦੇ ਦਸਮ ਸਕੰਧ ਵਿਚ ਪਹਿਲੇ ਕਕਾ ਤੁਕ ਦੇ ਅੰਤ ਵਿਚ ਰੱਖਕੇ ੜਾੜੇ ਤਕ ਪੈਂਤੀ ਪੂਰੀ ਕੀਤੀ ਹੈ।

ਜਿਹ ਜੇ ਬਰਨ ਜਥਾ ਕ੍ਰਮ ਧਾਰ[1]।

[1]ਜੋ ਅੱਖਰ ਕ੍ਰਮ ਅਨੁਸਾਰ ਪਾਇਆ ਹੈ।

ਪਾਇ ਸਵੈਯਨਿ ਕੇ ਜੁਤਿ ਕ੍ਰਾਂਤਿ[1]।

[1]ਸ੍ਵੈਯਾਂ ਵਿੱਚ ਅੱਖਰ ਪਾਏ ਹਨ ਸ਼ੋਭਾ ਸਹਿਤ।

ਪਾਠਕ ਸੁਮਤਿ ਲਖੈ ਬੱਖਜਾਤ ॥੧੨॥
ਇੱਤਯਾਦਿਕ ਕੀ ਬਹੁ ਚਤੁਰਾਈ।
ਸੁੰਦਰ ਕਵਿਤਾ ਕਰਿ ਕਰਿ ਪਾਈ।
ਜਲ ਖਸਿ[1] ਚਲੈ ਸਿਲਾ ਕੇ ਸਾਥ।
ਤਹਾਂ ਬਿਰਾਜੈਂ ਸ੍ਰੀ ਜਗਨਾਥ ॥੧੩॥

[1]ਖਹਿਕੇ।

ਕਾਤਕ ਮਾਸ ਸੁੰਦਰੀ ਰੁਤ ਮੈਂ।
-ਚਢੈਂ ਅਖੇਰ ਅਬਹਿ- ਹੁਇ ਚਿਤ ਮੈਂ।
ਸਿੱਖ ਮਸੰਦਨ ਬ੍ਰਿੰਦਨਿ ਬ੍ਰਿੰਦ।
ਭਯੋ ਆਨਿ ਬਹੁ ਮੇਲ ਬਿਲੰਦ ॥੧੪॥

ਸਿਰੇ ਪਾਉ ਸਭਿਹਿਨਿ ਹਿਤ ਦੈਬੇ।
ਪਠੇ ਦਾਸ ਹਿਤ ਮੋਲਹਿ ਲੈਬੇ।
ਨਗਰ ਨਿਕਟ ਜੇਤਿਕ ਤਹਿਂ ਜਾਨੇ।
ਸਭਿਨਿ ਬਿਖੈ ਗਨ ਮਨੁਜ ਪਯਾਨੇ ॥੧੫॥
ਹੁਤੋ ਬੂੜੀਆ ਨਗਰ ਸਢੌਰਾ।
ਇੱਤਜਾਦਿਕ ਪਹੁੰਚੇ ਸਭਿ ਠੌਰਾ।
ਸੌ ਦੋ ਸੌ ਪਗੀਆ ਤਹਿਂ ਲੀਨਿ।
ਅਪਰ ਨ ਪ੍ਰਾਪਤਿ ਖੋਜਨ ਕੀਨਿ ॥੧੬॥
ਹਟਿ ਆਏ ਜਹਿਂ ਕਹਿਂ ਤੇ ਦਾਸਿ।
ਜੇਤਿਕ ਹੁਤੀ ਸੁ ਆਨੀ ਪਾਸ।
ਕਾਰਜ ਨਹੀਂ ਸਰਯੋ ਸਭਿ ਕੇਰਾ।
ਦਿਵਸ ਪੰਚਮੀ ਚਢੇ ਅਖੇਰਾ ॥੧੭॥
ਪੰਥ ਦੂਨ ਕੇ ਚਲਿ ਕਰਿ ਆਏ।
ਵਹਿਰਿ ਗਿਰਨ ਤੇ ਥਲ[1] ਦਿਖਰਾਏ।
ਇਕ ਸਮ ਅਵਨੀ ਮਹਿਂ ਕਰਿ ਡੇਰਾ।
ਬਿਚਰੇ ਕੇਤਿਕ ਦਿਵਸ ਅਖੇਰਾ ॥੧੮॥
ਇਕ ਕਪਾਲ ਮੋਚਨ[1] ਸ਼ੁਭ ਤਾਲ।
ਤਹਿਂ ਕੋ ਮੇਲਾ ਅਯੋ ਬਿਸਾਲ।
ਸੁਨਯੋਂ ਸੁ ਤੀਰਥ ਸਤਿਗੁਰ ਜਬੈ।
ਸਭਿਹਿਨਿ ਮਹਿਂ ਬੋਲਹਿਂ ਇਮ ਤਬੈ ॥੧੯॥
'ਚਲਹੁ ਕਰਹਿਂ ਮੇਲਾ ਤਿਸ ਥਾਨਾ।
ਆਵਤਿ ਖਿਲਹਿਂ ਅਖੇਰ ਮਹਾਨਾ।'
ਇਮ ਕਹਿ ਕਰਿ ਤਯਾਰੀ ਕਰਿਵਾਈ।
ਸੈਨਾ ਸੰਗਿ ਚਢੀ ਸਮੁਦਾਈ ॥੨੦॥
ਬਜਤਿ ਬਡੋ ਰਣਜੀਤ ਨਗਾਰਾ।
ਆਨਿ ਪਹੂੰਚੇ ਥਾਨ ਨਿਹਾਰਾ।
ਡੇਰਾ ਕਰਯੋ ਤਾਨਿ ਸ਼ਮਿਯਾਨੇ।
'ਸਤਿਗੁਰ ਥਿਰੇ ਸਭਿਨਿ ਸੁਨਿ ਕਾਨੇ ॥੨੧॥
ਸੇਵਕ ਸਿੱਖ ਆਨਿ ਪਗ ਪਰਸਹਿਂ।

[1]ਪਹਾੜਾਂ ਤੋਂ ਬਾਹਰ ਥਾਂ।

[1]ਨਾਮ ਹੈ ਤੀਰਥ ਦਾ, ਜਗਾਧਰੀ ਤੋਂ ਸਤ ਅੱਠ ਮੀਲ ਉੱਪਰ ਨੂੰ ਇਹ ਟਿਕਾਣਾ ਹੈ।

ਪਾਇੰ ਕਾਮਨਾ ਦਰਸ਼ਨ ਦਰਸਹਿ।
ਕਾਤਕ ਕੀ ਪੂਰਣਮਾ† ਨੇਰੇ‡।

†ਇਹੋ ਦਿਨ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਸੀ ਜੋ ਏਥੇ ਮਨਾਇਆ ਗਿਆ। ‡ਪਾ:-ਡੇਰੇ।

ਮੇਲਾ ਭਯੋ ਸਕੇਲ ਘਨੇਰੇ ॥੨੨॥
ਤਬਹਿ ਮਸੰਦਨ ਸਤਿਗੁਰ ਪਾਸ।
ਹਾਥ ਜੋਰਿ ਕੀਨਸਿ ਅਰਦਾਸ।
'ਮਹਾਰਾਜ ਹਮ ਬਹੁ ਪੁਰਿ ਫਿਰੇ।
ਪਗੀਯਾ ਥੋਰੀ ਲਜਾਵਨਿ ਕਰੇ ॥੨੩॥
ਖਰਚ ਹਜ਼ਾਰ ਪਾਗ ਕੋ ਅਬੈ।
ਕਰੇ ਉਪਾਇ ਨ ਪ੍ਰਾਪਤਿ ਸਬੈ।
ਹੁਕਮ ਆਪ ਕੋ ਹੋਇ ਸੁ ਕਰੀਅਹਿ।
ਕਿਤ ਤੇ ਆਨਹਿਂ? ਨਹੀਂ ਨਿਹਰੀਅਹਿ' ॥੨੪॥
ਤਬਿ ਸਤਿਗੁਰ ਉਰ ਚਰਿਤ ਬਿਚਾਰਾ।
-ਬਲ ਤੇ ਛੀਨਹਿਂ ਕਰਹਿਂ ਪੁਕਾਰਾ।
ਭਾਗਹ ਜਾਇੰ, ਮੇਲਾ ਡਰਪਾਵੈ।
ਬਿਗਰੇ, ਜੰਗ ਕਰਨਿ ਬਨਿ ਆਵੈ[1] ॥੨੫॥

[1]ਡਰ ਖਾਕੇ ਮੇਲਾ ਭਜ ਜਾਏਗਾ, ਜੇ ਵਿਗੜ ਖੜੋਤੇ ਤਾਂ ਜੰਗ ਕਰਨਾ ਪਵੇਗਾ।

ਤਊ ਨ ਸਰਿ ਹੈ ਕਾਰਜ ਕੋਊ।
ਕਰਹਿਂ ਸੁ ਇਮ ਸੁਖ ਤੇ ਸਿਧ ਹੋਊ-।
ਨਿਜ ਸੁਭਟਨ ਸੋਂ ਹੁਕਮ ਬਖਾਨਾ।
'ਬਿਚਰਹੁ ਮੇਲੇ ਮਹਿਂ ਸਵਧਾਨਾ ॥੨੬॥
ਕਰਹਿਂ ਬਿਅਦਬੀ ਤੀਰਥ ਕੇਰੀ।
ਤਜਾਗਹਿ ਲਘੁ ਸ਼ੰਕਾ[1] ਲਿਹੁ ਹੇਰੀ।

[1]ਪਿਸ਼ਾਬ।

ਨਿਕਟ ਤਾਲ ਕੇ ਜੋ ਨਰ ਹੋਇ।
ਕਰਹਿ ਪਖਾਰਨ† ਕਰ ਬਿਚ ਕੋਇ[1] ॥੨੭॥

[1]ਭਾਵ (ਤਾਲ) ਵਿਚ (ਜੋ) ਕੋਈ ਹੱਥ ਪਾਣੀ ਕਰੇ ਤਾਂ.....। †ਪਾ:-ਬਿਛਾਰਨਿ।

ਤਿਨ ਕੀ ਪਗੀਯਾ ਲੇਹੁ ਉਤਾਰੀ†।

†ਲੋਕੀ ਉਸੇ ਤਾਲ ਵਿਚੋਂ ਹੱਥ ਪਾਣੀ ਕਰਦੇ ਤੇ ਪੇਸ਼ਾਬ ਪਖਾਨਾ ਵੀ ਕਿਨਾਰੇ ਹੋਣ ਕਰਕੇ ਬੀਮਾਰੀ ਪਾ ਦਿਆ ਕਰਦੇ ਸਨ। ਗੁਰੂ ਜੀ ਦਾ ਸਫਾਈ ਰੱਖਣ ਲਈ ਹੁਕਮ ਸੀ ਕਿ ਤਾਲ ਤੋਂ ਦੂਰ ਦੂਰ ਮਲ ਮੂਤ੍ਰ ਤੇ ਸ਼ੌਚ ਕਰਨ, ਜੋ ਇਹ ਹੁਕਮ ਨਾ ਮੰਨੇ ਉਸ ਲਈ ਹਲਕੀ ਸਜ਼ਾ ਪੱਗ ਲਾਹ ਲੈਣ ਦੀ ਤਜਵੀਜ਼ ਕੀਤੀ। ਪਗਾਂ ਦੀ ਲੋੜ ਲਈ ਇਹ ਕੌਤਕ ਨਹੀਂ ਰਚਿਆ। ਇਹ ਹੁਕਮ ਯਾਤ੍ਰੂਆਂ ਦੇ ਆਪਣੇ ਭਲੇ ਲਈ ਸੀ, ਹਲਕੇ ਦੰਡ ਦਾ ਕਾਰਨ ਅੰਕ ੨੫ ਵਿਚ ਦੱਸਿਆ ਹੈ ਕਿ ਬਹੁਤਾ ਡਰ ਨਹੀਂ ਦੇਣਾ ਜੋ ਲੋਕੀ ਭੱਜ ਹੀ ਨਾਂ ਜਾਣ।

ਨਹਿਂ ਮਾਰਹੁ ਦੀਜਹਿ ਬਹੁ ਗਾਰੀ†।

†ਕਹਿੰਦੇ ਹਨ ਕਿ ਨਾ ਬਹੁਤੀਆਂ ਗਾਲਾਂ ਦਿਓ ਤੇ ਨਾ

ਮਾਰੋ। ਭਾਵ ਇਹ ਹੋਇਆ ਕਿ ਹਲਕੀ ਜੇਹੀ ਝਾੜ ਪਾਓ ਤੇ ਪੱਗ ਲਾਹ ਲਓ।

ਬਿਚਰਹੁ ਚਹੁੰਦਿਸ਼ਿ ਤੀਰਥ ਕੇਰ।
ਕਰਹਿ ਬਿਅਦਬੀ ਫਲ ਦਿਹੁ ਹੇਰਿ[1] ॥੨੮॥

[1]ਦੇਖਕੇ, ਭਾਵ ਸੁਣੇ ਸੁਣਾਏ ਤੇ ਦੰਡ ਨਹੀਂ ਦੇਣਾ, ਅੱਖੀਂ ਦੇਖਕੇ ਦੇਣਾ।

ਸੁਨਿ ਗੁਰ ਹੁਕਮ ਸੁਭਟ ਸਵਧਾਨੇ।
ਗਹੇ ਸਿਪਰ ਅਰੁ ਹਾਥ ਕ੍ਰਿਪਾਨੇ।
ਲਘੁ ਸ਼ੰਕਾ[1] ਤਜਾਗਤਿ ਜੋ ਨੇਰੇ।
ਬਿਚਰਤਿ ਜਿਤ ਕਿਤ ਨਰ ਕੌ ਹੇਰੇਂ ॥੨੯॥

[1]ਪਿਸ਼ਾਬ।

ਤਿਸ ਕੀ ਤੁਰਨ ਪਾਗ ਉਤਾਰੈਂ।
ਸਮੁਝਾਵਹਿ ਅਰੁ ਗਾਰਿ ਨਿਕਾਰੈਂ[†]।

[†]ਇਸ ਦਾ ਮਤਲਬ ਗਾਲੀ ਤੋਂ ਨਹੀਂ ਪਰ ਦਬਕੇ ਦੇਣ ਤੋਂ ਹੈ, ਗਾਲ ਦਾ ਨਮੂਨਾ ਅੱਗੇ ਨਾਲ ਹੀ ਹੈ।

'ਮੂਢਹੁ ! ਪਾਪ ਕਰਨਿ ਕੌ ਆਏ।
ਕੈ ਸ਼ਨਾਨ ਤੇ ਚਹਤਿ ਗਵਾਏ' ॥੩੦॥
ਸੁਨਿ ਤੂਸ਼ਨਿ ਹੁਇ ਕਰਤਿ ਨ ਬੈਨ।
ਭਾਜਹਿਂ ਇਤ ਉਤ ਕਰਿ ਤਰੁ ਨੈਨ[1]।

[1]ਅੱਖਾਂ ਨੀਵੀਆਂ ਕਰਕੇ।

-ਆਛੀ ਭਨਹਿਂ- ਸਕਲ ਮਨ ਜਾਨੈ[1]।

[1]ਸਾਰੇ ਸਮਝਦੇ ਹਨ ਕਿ ਇਹ ਠੀਕ ਗਲ ਕਹਿ ਰਹੇ ਹਨ।

ਪਾਗ ਛਿਨਾਇ ਕਛੂ ਨ ਬਖਾਨੈਂ ॥੩੧॥
ਇਮ ਲੇ ਲੇ ਜੋਧਾ ਬਲਵਾਨ।
ਕਰਹਿਂ ਸੰਭਾਰਨਿ ਕਰਿ ਇਕ ਥਾਨ।
ਤੀਨ ਦਿਵਸ ਲੌ ਬਿਚਰਤਿ ਐਸੇ।
ਪਗੀਆ ਕਰਹਿਂ ਉਤਾਰਨਿ ਤੈਸੇ ॥੩੨॥
ਸਭਿ ਨਰ ਜਹਿਂ ਕਹਿਂ ਮਿਲੈਂ ਅਲਾਵੈਂ।
'ਤੀਰਥ ਅਦਬ ਗੁਰੂ ਰਖਵਾਵੈਂ।
ਨਰ ਮੂਰਖ ਮਹਿਮਾਂ ਨਹਿਂ ਜਾਨਹਿਂ।
ਅਘ ਨਹਿਂ ਹਰਹਿ ਉਲਟ ਗਨ ਠਾਨਹਿਂ[1] ॥੩੩॥

[1]ਪਾਪਾਂ ਨੂੰ (ਤੀਰਥ ਤੇ ਆਕੇ) ਦੂਰ ਨਹੀਂ ਕਰਦੇ ਸਗੋਂ ਬਹੁਤੇ (ਪਾਪ) ਕਮਾਉਂਦੇ ਹਨ।

'ਧੰਨ ਧੰਨ' ਭਾਖਹਿਂ ਸਭਿ ਲੋਗ।
'ਸ਼੍ਰੀ ਗੋਬਿੰਦ ਸਿੰਘ ਠਾਨਹਿਂ ਜੋਗ।
[1]ਆਛੋ ਕਰਨ ਹੇਤੁ ਉਪਦੇਸ਼।
ਮਹਾਂ ਪੁਰਖ ਕੋ ਹੋਨਿ ਵਿਸੇਸ਼' ॥੩੪॥
ਇੱਤਜਾਦਿਕ ਕਹਿ ਮਿਲਿ ਸਮੁਦਾਏ।

[1]ਮੁਨਾਸਬ ਬਾਤ ਕਰ ਰਹੇ ਹਨ।

ਪਾਗ ਛਿਨਾਇ ਸੁ ਪੁਨ ਪਛੁਤਾਏ।
ਤੀਨ ਦਿਵਸ ਲਗਿ ਮੇਲ ਸਕੇਲੇ।
ਕਰਿ ਪਗੀਅਨਿ ਕੋ ਕਾਜ ਸੁਹੇਲੇ ॥੩੫॥
ਜਗ ਮਹਿਂ ਸੁਜਸੁ ਲੀਨਿ ਬਹੁਤੇਰੋ।
ਦਰਸਹਿਂ ਪੂਜਹਿਂ ਭਾਵ ਘਨੇਰੋ।
ਪਗੀਆ ਗਿਨੀ ਸਾਤ ਸੈ ਭਈ।
ਧੋਵਨ ਹਿਤ ਧੁਬੀਆ ਕੌ ਦਈ ॥੩੬॥
ਕਰਿ ਕੈ ਤਯਾਰ ਗੁਰੂ ਢਿਗ ਆਨੀ।
ਮਲ ਬਿਨ ਰੁਚਰ ਸੁਪੈਦ ਮਹਾਨੀ।
ਆਗਲ ਪਾਛਲ[1] ਕਰਿ ਇਕਠਾਈ।
ਗਨ ਮਸੰਦ ਸਿਖ ਲਏ ਬੁਲਾਈ ॥੩੭॥
ਸਭਿ ਕੇ ਸੀਸ ਦਈ ਬੰਧਵਾਇ।
ਇਸ ਪ੍ਰਕਾਰ ਦੇ ਕਰਿ ਸਿਰੁਪਾਇ।
ਸੰਗਤਿ ਬ੍ਰਿੰਦ ਮਸੰਦ ਜਿ ਆਏ।
ਕਰੇ ਬਿਦਾ ਸਭਿ ਸਦਨ ਸਿਧਾਏ ॥੩੮॥
ਕੇਤਿਕ ਦਿਨ ਰਾਖਯੋ ਤਹਿਂ ਡੇਰਾ।
ਕਈ ਬਾਰ ਚਢਿ ਗਏ ਅਖੇਰਾ।
ਅਨਿਕ ਬਿਧਿਨਿ ਕੇ ਕਰੇ ਬਿਲਾਸਾ।
ਜੁਗ ਤੀਰਥ[1] ਪਰ ਕੀਨਿਸਿ ਬਾਸਾ ॥੩੯॥
ਸੁਨਿ ਸੁਨਿ ਜਸੁ ਸੇਵਕ ਸਮੁਦਾਏ।
ਧਰਿ ਧਰਿ ਭਾਵ ਦਰਸ ਕੋ ਆਏ।
ਜਥਾ ਸ਼ਕਤਿ ਕੀ ਧਰਹਿਂ ਅਕੋਰ।
ਕਦਮ ਪਦਮ ਬੰਦਹਿਂ ਕਰ ਜੋਰਿ ॥੪੦॥
ਧਰਹਿਂ ਕਾਮਨਾ ਪਾਇ ਸਿਧਾਰਹਿਂ।
ਅਨਿਕ ਪ੍ਰਕਾਰ ਸੁਜਸੁ ਬਿਸਥਾਰਹਿਂ।
ਪੁਨ ਸਤਿਗੁਰ ਕਰਿ ਕੈ ਇਸ਼ਨਾਨਾ।
ਚਹਿਤਿ ਪਾਂਵਟੇ ਕਿਯਸਿ ਪਯਾਨਾ ॥੪੧॥
ਗਰਜਤਿ ਬਹੁ ਰਣਜੀਤ ਨਗਾਰਾ।
ਚਢੀ ਬਾਹਿਨੀ ਹੁਇ ਹੁਇ ਤਯਾਰਾ।
ਪੰਥ ਪਾਂਵਟੇ ਚਲਿ ਕਰਿ ਗਏ।

[1]ਪਹਿਲੀਆਂ ਤੇ ਮਗਰਲੀਆਂ।

[1]ਕਪਾਲ ਮੋਚਨ ਦੇ ਪਾਸ ਰਿਣ ਮੋਚਨ ਨਾਮੇ ਇਹ ਦੂਸਰਾ ਤਲਾਉ ਬੀ ਤੀਰਥ ਮੰਨਿਆ ਹੋਇਆ ਹੈ।

ਇਕ ਨਿਸ ਮਗ ਬਸਿ ਪਹੁੰਚਤਿ ਭਏ
॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਕਪਾਲ ਮੋਚਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਰਾਜ ਕੌਰ ਦਾ ਹਾਲ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਬਸੇ ਪਾਂਵਟੇ ਪੁਰਿ ਬਿਖੈ, ਹਯ ਸੈਨਾ ਸਮੁਦਾਇ।
ਮੰਗਲ ਅਨਿਕ ਪ੍ਰਕਾਰ ਕੇ, ਦਿਨ ਪ੍ਰਤਿ ਗਨ ਸੁਖਦਾਇ ॥੧॥

ਚੌਪਈ:

ਜਿਤ ਕਿਤ ਤੇ ਗਨ ਸੰਗਤਿ ਆਵੈ।
ਬਸਤ੍ਰ ਸ਼ਸਤ੍ਰ ਬਹੁ ਬਿਧਿ ਅਰਪਾਵੈ।
ਬਹੁ ਮੋਲੇ ਹਯ ਤੁਰਕੀ ਤਾਜ਼ੀ।
ਚਪਲ ਬਲੀ ਆਨਹਿਂ ਬਰ ਬਾਜੀ[1] ॥੨॥

[1]ਸ੍ਰੇਸ਼ਟ ਘੋੜੇ।

ਬਿਦਤ ਬਾਤ ਸਭਿ ਜਗਤ ਮਝਾਰ।
'ਸਤਿਗੁਰ ਚਾਹਤਿ ਹਯ ਹੱਥਯਾਰ।'
ਸੁਨਿ ਸੁਨਿ ਸਿਖ ਬਹੁ ਜਤਨ ਉਪਾਵੈਂ।
ਜਿਤ ਕਿਤ ਦਰਬ ਦੇਤਿ ਹਯ ਲਯਾਵੈਂ ॥੩॥
ਬ੍ਰਿੰਦ ਬਲਾਇਤ ਤੇ ਹੱਥਯਾਰ।
ਖਰਚਹਿਂ ਧਨ ਕੋ ਰੁਚਿਰ ਨਿਹਾਰਿ।
ਜਬਿ ਅਰਪਹਿਂ ਸਤਿਗੁਰ ਕੇ ਤੀਰ।
ਖੁਸ਼ੀ ਦੇਤਿ ਸਿੱਖਨ ਗੰਭੀਰ ॥੪॥
ਸੈਫ਼, ਤੁਫੰਗ, ਤਿਖੀ ਤਰਵਾਰੈਂ।
ਬਿਛੂਏ ਬਾਂਕ ਦੁਧਾਰਨਿ ਧਾਰੈਂ[1]।

[1]ਟੇਢੇ ਤੇ ਦੋ ਧਾਰਾਂ ਵਾਲੇ ਬਿਛੂਏ [ਬਿਛੂਆ ਇਕ ਪ੍ਰਕਾਰ ਦੀ ਕਟਾਰ ਹੈ ਜੋ ਬਿੱਛੂ ਦੇ ਡੰਗ ਵਾਂਙੂ ਟੇਢਦਾਰ ਹੁੰਦੀ ਹੈ। ਬਾਂਕ = ਟੇਢਾ]। (ਅ) ਬਾਂਕ = ਇਕ ਖਮਦਾਰ ਸ਼ਸਤ੍ਰ ਬੀ ਹੈ।

ਕੌਨ ਕੌਨ ਕੇ ਗਿਨੀਅਹਿ ਨਾਮੂ।
ਆਨਹਿ ਸ਼ਸਤ੍ਰ ਮਹਿਦ ਅਭਿਰਾਮੂ ॥੫॥
ਜਬਿ ਅਰਪਹਿਂ ਗੁਰ ਕਰ ਮਹਿਂ ਧਾਰੈਂ।
ਲੋਹਾ ਪਰਖਹਿਂ ਭਲੇ ਨਿਹਾਰੈਂ।
ਕਰਹਿ ਸਰਾਹਨਿ ਅਨਿਕ ਪ੍ਰਕਾਰਾ।
ਦੇਂ ਸਿਖ ਕੌ ਪੁਨ ਖੁਸ਼ੀ ਅਪਾਰਾ ॥੬॥
ਤਿਮ ਹੀ ਤਰਲ[1] ਤੁਰੰਗਮ ਹੇਰੈਂ।
ਜੋ ਆਨਹਿਂ ਦੇਂ ਖੁਸ਼ੀ ਬਡੇਰੈਂ।
ਯਾਂ ਤੇ ਚਿਤ ਮਹਿਂ ਚੌਪ ਚਹੰਤੇ।

[1]ਚੰਚਲ।

ਜਿਤ ਕਿਤ ਤੇ ਆਨਹਿਂ ਧਨਵੰਤੇ ॥੭॥
ਨਿਤਪ੍ਰਤਿ ਰਹਤਿ ਭੀਰ ਦਰਬਾਰ।
ਕਾਂਖੀ ਦਰਸ਼ਨ ਕਈ ਹਜ਼ਾਰ।
ਬਰ ਕੋ ਪਾਇ ਕਾਮਨਾ ਪੂਰਹਿਂ।
ਨਹਿਂ ਤ੍ਰਿਪਤਹਿਂ ਪਿਖਿ ਸ਼੍ਰੀ ਮੁਖ ਰੂਰਹਿਂ ॥੮॥
ਅਬਿ ਸ਼੍ਰੀ ਰਾਮਰਾਇ ਕੁਛ ਕਥਾ।
ਸੁਨੀਯਹਿ ਸ਼੍ਰੋਤਾ ਬੀਤੀ ਜਥਾ।
ਕਰਜੋ ਅਰਾਧਨ ਕਿਹ ਸਿਖ ਭੀਰ[1]।
ਅਧਿਕ ਦੂਰ ਕਿਤ ਸਿਮਰਜੋ ਧੀਰ ॥੯॥
ਚਿਤ ਮਹਿਂ ਚਾਹਤਿ -ਕਰਨ ਸਹਾਈ-।
ਦਾਸ ਜਾਨਿ ਮਨ ਰਹਜੋ ਨ ਜਾਈ[1]।
ਮਹਿਲਾ ਹੁਤੀ ਚਾਰ ਤਿਸ ਕੇਰੀ।
ਰਾਜਕੁਵਰ ਸਭਿ ਬਿਖੈ ਬਡੇਰੀ ॥੧੦॥
ਸੋ ਲਰਿ ਪਰੀ ਕੰਤ ਕੇ ਸੰਗ।
ਸੁਨਿ ਸ਼੍ਰੋਤਾ ਕੁਛ ਤਾਂਹਿ ਪ੍ਰਸੰਗ।
ਰਿਸ ਉਰ ਧਾਰਿ ਬਿਚਾਰਤਿ ਸੋਈ।
'ਮੇਰੋ ਰਹਨਿ ਨਹੀਂ ਅਬਿ ਹੋਈ ॥੧੧॥
ਬਨੌਂ ਇਕਾਂਕੀ ਹਰਿ ਗੁਨ ਗਾਵੌਂ।
ਪ੍ਰਿਥਕ[1] ਤੁਮਹਿ ਤੇ ਬੈਸ ਬਿਤਾਵੌਂ।'
ਸੁਨਿ ਕਰਿ ਰਾਮਰਾਇ ਤਬਿ ਕਹਜੋ।
'ਇਤ ਤੇ ਪਜਾਨ ਕਰਨਿ ਕੋ ਚਹਜੋ? ॥੧੨॥
ਜਹਿਂ ਸਿਖ ਸੰਗਤਿ ਹੋਇ ਹਮਾਰੇ।
ਤਹਿਂ ਹੀ ਬੈਠੇ ਕਰਹਿਂ ਗੁਜ਼ਾਰੇ।
ਅਪਰ ਕੌਨ ਸੇ ਥਲ ਚਲਿ ਜਾਵੈਂ।
ਮਮ ਸਿੱਖਨ ਤੇ ਆਪ ਪੁਜਾਵੈਂ ॥੧੩॥
[1]ਔਰ ਕਹਾਂ ਸ਼ਕਤੀ ਕੋ ਧਾਰਹਿਂ।
ਅਪਨੇ ਸਿੱਖ ਬਨਾਇ ਉਧਾਰਹਿਂ।'
ਸੁਨਿ ਪਤਿ ਤੇ ਰਿਸ ਅਤਿ ਉਪਜਾਈ।
ਮੁਖ ਤੇ ਮਹਿਦ ਕਠੋਰ ਅਲਾਈ ॥੧੪॥

[1]ਭੀੜ ਪਈ ਤੇ।

[1]ਰਾਮਰਾਇ ਜੀ ਕੋਲੋਂ।

[1]ਵੱਖਰੀ ਹੋਕੇ।

[1]ਹੋਰ ਤੂੰ ਕੇਹੜੀ ਤਾਕਤ ਰਖਦੀ ਹੈਂ ਜੋ ਆਪਣੇ ਸਿਖ ਬਣਾਕੇ ਉਧਾਰ ਕਰੇਂਗੀ?

'ਗ੍ਰਾਮ ਨਗਰ ਜਹਿਂ ਤੁਵ ਸਿਖ ਹੋਇ।
ਤਹਿਂ ਬਾਸਾ ਮੈਂ ਕਰੌਂ ਨ ਕੋਇ।
ਜਿਸ ਥਲ ਨਹੀਂ ਨਾਮ ਸਿਖ ਦਾਸ।
ਤਹਿਂ ਅਵਾਸ ਕਰਿ ਲੈਹੌਂ ਬਾਸ' ॥੧੫॥
ਇਮ ਪ੍ਰਨ ਕਰਿ ਕਸਵਾਯੋ ਡੇਰਾ।
ਲੇ ਕਛੁ ਦਾਸ ਚਲੀ ਗਿਰ ਓਰਾ।
ਤੀਰ ਤੀਰ ਸੈਲਨਿ ਕੇ ਜਾਤਿ।
ਉਤਰਹਿ ਕਹੂੰ ਬਸਨ ਹਿਤ ਰਾਤਿ ॥੧੬॥
ਬਸਹਿਂ ਸਿੱਖ ਤਹਿਂ ਸੁਨਿ ਕਰਿ ਆਵੈਂ।
ਜਥਾ ਸ਼ਕਤਿ ਕੁਛ ਭੇਟ ਚੜਾਵੈਂ।
ਤਹਿਂ ਤੇ ਪਿਖਿ ਉਠਿਵਾਵਹਿ ਡੇਰਾ।
ਨਹੀਂ ਲੇਤਿ ਕਿਸ ਪਾਸ ਅਕੋਰਾ ॥੧੭॥
ਕਿਤ ਕਿਤ ਨਿਸਾ ਬਸਹਿ ਤਮ ਹੋਏ।
ਖੋਜਤਿ ਥਲ ਜਹਿਂ ਸਿੱਖ ਨ ਕੋਏ।
ਬਹੁਤੇ ਗ੍ਰਾਮ ਨਗਰ ਫਿਰਿ ਹੇਰੇ।
ਇਮ ਚਲਿ ਆਈ ਦੂਰ ਬਡੇਰੇ ॥੧੮॥
ਮਿਲਿ ਸਿਖ ਜੂਥ[1] ਤੁਰਤ ਉਠਿ ਚਾਲਹਿ।
ਤਿਮਰ ਪ੍ਰਬਿਰਤੇ ਡੇਰਾ ਘਾਲਹਿ।
ਗਮਨਤਿ ਗਮਨਤਿ ਆਈ ਤਹਿਂਵਾ।
ਮਨਸਾ ਦੇਵੀ ਮੰਦਿਰ ਜਹਿਂਵਾ ॥੧੯॥
ਮਨੂਮਾਜਰਾ[1] ਪੁਰਿ ਤਿਹ ਪਾਸ।
ਉਤਰੀ ਤਹਾਂ ਜਾਇ ਤਿਹ ਬਾਸ।
'ਕੌਨ ਅਹੈ ਇਹ' ਬੂਝਯੋ ਆਨਿ।
ਮਾਨਵ ਮਿਲੇ ਕਿਤਿਕ ਤਿਸ ਥਾਨ ॥੨੦॥
ਕਹਯੋ ਕਹਾਰਨਿ ਬਚ ਤਿਸ ਬੇਰੀ।
'ਪਤਨੀ ਰਾਮਰਾਇ ਗੁਰ ਕੇਰੀ।
ਬਸਿਓ ਚਾਹਿਤਿ ਤੁਮਰੇ ਪੁਰਿ ਮਹਿਂ।
ਕਰਨਿ ਸਦਨ ਕੀ ਬਾਂਛਾ ਉਰ ਮਹਿਂ' ॥੨੧॥
ਸੁਨਿ ਕਰਿ ਨਰਨਿ ਅਨਾਦਰ ਕਰਯੋ।

[1]ਜਿੱਥੇ) ਸਿੱਖਾਂ ਦੀ ਭੀੜ ਮਿਲੇ (ਉਥੋਂ)।

[1]ਮਨੀਮਾਜਰਾ ਜੋ ਅੰਬਾਲੇ ਦੇ ਜ਼ਿਲੇ ਵਿੱਚ ਹੈ। ਇਹ ਥਾਂ ਕੈਥਲ ਵਾਂਗੂ ਕਦੇ ਸਿਖ ਰਿਆਸਤ ਸੀ।

'ਕੌਨ ਗੁਰੂ ਹਮ ਭਾਉ ਨ ਧਰਜੋ।
ਲੇ ਕਰਿ ਜਾਹੁ ਉਠਾਵਹੁ ਡੋਰਾ।
ਹਮ ਨਹਿਂ ਮਾਨਹਿਂ, ਹ੍ਵੈ ਕਿਸ ਓਰਾ[1] ॥੨੨॥
ਸੁਨਿ ਕੈ ਰਾਜ ਕੁਵਰ ਹਰਖਾਨੀ।
ਬਸਿਬੇ ਹੇਤੁ ਥਾਉਂ ਸੋ ਜਾਨੀ।
-ਇਸ ਪੁਰਿ ਮੋਂ ਨਹਿਂ ਗੁਰ ਕੋ[1] ਸਿੱਖ।
ਬੈਸ ਬਿਤਾਊਂ ਬੈਸਿ ਭਵਿੱਖ[1]- ॥੨੩॥
ਜਜੋਂ ਕਜੋਂ ਕਰਿ ਸੋ ਨਰ ਸਮੁਝਾਏ।
ਕਹਿ ਕਰਿ ਡੇਰਾ ਲੀਨਿ ਜਮਾਏ।
ਸਨੇ ਸਨੇ ਤਹਿਂ ਸਦਨ ਬਨਾਇ।
ਕੀਨਸਿ ਬਾਸ ਰਿਦੈ ਹਰਖਾਇ ॥੨੪॥
ਬਸਤਜੋ ਕੇਤਿਕ ਮਾਸ ਬਿਤਾਏ।
ਗ੍ਰੀਖਮ ਤੇ ਬਰਖਾ ਰਿਤੁ ਆਏ।
ਬਰਖਹਿ ਮੇਘ ਘਟਾ ਹੁਇ ਭਾਰੀ।
ਪਰਹਿ ਬਿਸਾਲ ਧਰਾ ਪਰ ਬਾਰੀ[1] ॥੨੫॥
ਅਰਧ ਰਾਤ੍ਰਿ ਬਹੁ ਬਰਖਤਿ ਨੀਰ।
ਗਯੋ ਛਾਤ ਕੋ ਟੂਟ ਛਤੀਰ।
ਜਲ ਘਰ ਬਿਖੈ ਪਰਨਿ ਬਹੁ ਲਾਗੇ।
ਠਾਨਹਿਂ ਜਤਨ ਦਾਸ ਤਿਸ ਜਾਗੇ ॥੨੬॥
ਰਾਜ ਕੌਰ ਲਖਿ ਬਿਘਨ ਬਡੇਰਾ।
ਹੁਤੋ ਚੌਧਰੀ ਬਡ ਪੁਰਿ ਕੇਰਾ।
ਕਹਿ ਕਰਿ ਤਹਾਂ ਪਠਾਇਸਿ ਦਾਸ।
'ਜਾਹਿ ਤੁਰਤ ਭਨੀਅਹਿ ਤਿਸ ਪਾਸ ॥੨੭॥
ਇਕ ਸ਼ਤੀਰ ਉਚਵਾਇ ਸੁ ਲਜਾਊ।
ਨਰ ਗਨ ਸੰਗ ਤੁਰਤ ਅਬਿ ਆਊ।
ਸਦਨ ਗਿਰ ਗਯੋ ਚਲੌ ਉਧਾਰਹੁ[1]।
ਪੂਰਹੁ ਕਾਮਨਾ ਜਿਮ ਉਰ ਧਾਰਹੁ' ॥੨੮॥
ਸੁਨਤਿ ਦਾਸ ਗਮਨਜੋ ਤਤਕਾਲਾ।

[1]ਹੋਊ ਕਿਸੇ ਪਾਸੇ (ਰਾਮਰਾਇ ਗੁਰੂ)। (ਅ) ਕਿਸ ਪਾਸੇ ਹੈ?

[1]ਭਾਵ ਰਾਮਰਾਇ ਦਾ।

[1]ਬੈਠਕੇ ਇਥੇ ਬਿਤਾਵਾਂਗੀ ਅਗਲੀ ਆਯੂ।

[1]ਜਲ।

[1]ਬਚਾਓ।

ਜਾਇ ਜਗਾਯੋ ਸਦਨ ਉਤਾਲਾ।
'ਘਰ ਮਾਤਾ ਕੋ[1] ਤੁਟ੍ਯੋ ਸ਼ਤੀਰ। [1]ਮਾਤਾ (ਰਾਜਕੌਰ) ਦੇ ਘਰ ਦਾ।
ਤੋਹਿ ਹਕਾਰ੍ਯੋ ਚਲੀਅਹਿ ਤੀਰ' ॥੨੯॥
ਅਪਰ ਬਾਰਤਾ ਸਕਲ ਸੁਨਾਈ।
ਹੁਤੋ ਧਨੀ ਕੁਛ ਮਨ ਨਹਿਂ ਭਾਈ।
[1] 'ਬਰਖਾ ਅਧਿਕ ਤਿਮਰ ਘਨ ਛਾਯੋ। [1]ਚੌਧਰੀ ਨੇ ਕਿਹਾ:-)।
ਜਤਨ ਨ ਬਨੈ ਅਬੈ ਕਿਤ ਜਾਯੋ[1]' ॥੩੦॥ [1]ਐਸ ਵੇਲੇ ਕਿੱਥੇ (ਕੋਈ) ਜਾਵੇ।
ਜਾਇ ਦਾਸ ਤਤਕਾਲ ਬਖਾਨੀ।
ਰਾਜਕੁਅਰ ਪੁਨ ਸੁਨਿ ਕਹਿ ਬਾਨੀ।
'ਅਲਪ[1] ਚੌਧਰੀ ਦੂਸਰ ਜੋਈ। [1]ਛੋਟਾ।
ਪਹੁੰਚਹੁ ਤੁਰਤ ਹਕਾਰਹੁ ਸੋਈ ॥੩੧॥
ਘਰ ਕੇ ਨਰ[1] ਅਰੁ ਲਜਾਇ ਸ਼ਤੀਰ[੧੦]। [1]ਚੌਧਰੀ) ਆਪਣੇ ਘਰ ਦੇ ਪੁਰਸ਼ ਤੇ ਸ਼ਤੀਰ ਲਿਆਵੇ।
ਤੂਰਨ ਆਇ, ਜਾਹੁ ਤਿਸ ਤੀਰ[1]।' [1]ਤਿਸ ਦੇ ਪਾਸ ਜਾਓ।
ਧਾਇ ਦਾਸ ਤਿਸ ਕੇ ਘਰ ਗਯੋ।
ਕਾਰਜ ਸਕਲ ਸੁਨਾਵਤਿ ਭਯੋ ॥੩੨॥
'ਚਲਹੁ ਜਤਨ ਕਰ ਛਾਤ ਸੁਧਾਰਹੁ।
ਪੁਰਵਹੁ ਅਭਿਲਾਖਾ ਜਿਮ ਧਾਰਹੁ।'
ਸੁਨਤਿ ਜਾਟ ਚਿਤ ਬਿਖੈ ਬਿਚਾਰੈ।
-ਮਮ ਕੁਲ ਰਾਜ ਕਰਹਿ ਦੁਖ ਟਾਰੈ- ॥੩੩॥
ਲੇ ਸ਼ਤੀਰ ਘਰ ਕੇ ਨਰ ਜਾਲਾ।
ਬਰਖਾ ਤਿਮਰ ਬਿਖੈ ਤਹਿਂ ਚਾਲਾ।
ਜਾਇ ਤੁਰਤ ਕਰ ਬੰਦਿ ਸੁਨਾਯੋ।
'ਫੁਰਮਾਵਹੁ ਮੈਂ ਲੇ ਕਰਿ ਆਯੋ' ॥੩੪॥
ਰਾਜਕੁਵਰ ਤਿਹ ਸਾਥ ਉਚਾਰਾ।
'ਛਾਤ ਬਨਾਵਹੁ ਤਿਸੀ ਪ੍ਰਕਾਰਾ।'
ਓਢਿ ਕਾਮਰੀ[1] ਲਗੇ ਬਨਾਵਨਿ। [1]ਕੰਬਲ ਉਪਰ ਲੈਕੇ।
ਪੂਰਬ ਦੀਪਕ ਕਰੇ ਜਲਾਵਨਿ ॥੩੫॥
ਕਰੇ ਉਪਾਵ ਸ਼ਤੀਰ ਟਿਕਾਵਾ।
ਊਪਰ ਗਨ ਕਾਸ਼ਟ ਤੇ ਛਾਵਾ।
ਮ੍ਰਿਤਕਾ ਖਨਿ ਖਨਿ ਤਿਸ ਪਰ ਪਾਈ।

ਹੋਤਿ ਪ੍ਰਾਤ ਲੌ ਭਲੀ ਬਨਾਈ ॥੩੬॥
ਰਾਜਕੁਵਰ ਪਿਖਿ ਹਰਖ ਉਪੰਨਾ।
ਕਹਜੋ 'ਲੇਹੁ ਬਰ' ਹੋਇ ਪ੍ਰਸੰਨਾ।
'ਜੋ ਇਸ ਸਮੈਂ ਜਾਚਨਾ ਕਹੈਂ।
ਨਿਹਸੰਸੈ ਮੁਝ ਤੇ ਸੋ ਲਹੈਂ[1]' ॥੩੭॥
ਸੁਨਤਿ ਜਾਟ ਕਰ ਜੋਰਿ ਬਖਾਨਾ।
'ਰੱਯਤ ਹੋਨਿ ਮਹਾਂ ਦੁਖ ਜਾਨਾ।
ਜੇ ਤੁਮਰੋ ਮਨ ਕਰੁਨਾ ਢਰਜੋ।
ਦੀਜਹਿ ਰਾਜ ਮਹਿਦ ਸੁਖ ਭਰਜੋ ॥੩੮॥
ਮਮ ਕੁਲ ਮਹਿਂ ਨਹਿਂ ਦਾਰਿਦ ਰਹੈ।
ਅਬਿ ਤੇ ਐਸ਼੍ਵਰਜ ਘਰ ਮਹਿਂ ਲਹੈਂ।'
ਸੁਨੀ ਕਾਮਨਾ ਜਾਚਨ ਕੀਨਿ।
ਰਾਜਕੁਅਰ ਸੋਈ ਬਰ ਦੀਨ ॥੩੯॥
'ਅਬਿ ਤੇ ਹੋਇ ਬੰਸ ਮਹਿਂ ਰਾਜਾ।
ਸਨੇ ਸਨੇ ਸਭਿ ਵਧੈ ਸਮਾਜਾ।
ਮੋਰ ਹਕਾਰਜੋ ਆਇ ਨ ਜੋਈ[1]।
ਰੱਯਤ ਬਨਹਿ ਤੋਹਿ ਕੁਲ ਸੋਈ[1]' ॥੪੦॥
ਇਮ ਬਰ ਦੇ ਕਰਿ ਕਰਜੋ ਨਿਹਾਲਾ।
ਵਧਨਿ ਲਗਜੋ ਐਸ਼੍ਵਰਜ ਬਿਸਾਲਾ।
ਮਨੂਮਾਜਰੇ ਮੈਂ ਸੋ ਰਾਜੇ।
ਅਬਿ ਲੌ ਲਖੀਅਤਿ ਅਧਿਕ ਸਮਾਜੇ[†] ॥੪੧॥
ਰਾਜਕੁਵਰ ਬਸਿ ਬੈਸ ਬਿਤਾਈ।
ਤਹਿਂ ਤਨ ਤਜਿ ਸੁਰ ਲੋਕ ਸਿਧਾਈ।
ਪੂਜਹਿਂ ਤਹਾਂ ਦੇਹੁਰਾ ਸੋਈ।
ਅਬਿ ਲੌ ਅਹੈ ਪਿਖਹਿਂ ਸਭਿ ਕੋਈ ॥੪੨॥
ਇਮ ਸ਼੍ਰੀ ਰਾਮਰਾਇ ਕੀ ਘਰਨੀ।
ਹੁਤੀ ਬਡੀ ਤਿਸ ਕੀ ਕਥ[1] ਬਰਨੀ।
ਅਪਰ ਤੀਨ ਮਹਿਲਾ ਤਿਸ ਕੇਰੀ।
ਬਸਤਿ ਨਿਕਟ ਕਰਿ ਪ੍ਰੀਤਿ ਬਡੇਰੀ

[1]ਦੇਖਾਂ।

[1]ਭਾਵ ਵੱਡਾ ਚੌਧਰੀ।

[1]ਰੱਯਤ ਬਣੇਗਾ ਤੇਰੀ ਕੁਲ ਦੀ ਉਹ ਭਾਵ ਵੱਡਾ ਚੌਧਰੀ।

[†]ਕਵੀ ਜੀ ਦੇ ਸਮੇਂ ਇਸ ਦੀ ਵੰਸ਼ ਦੇ ਸਿਖ ਰਾਜੇ ਰਾਜ ਕਰਦੇ ਸੀ। ਹੁਣ ਰਿਆਸਤ ਜ਼ਬਤ ਹੋ ਚੁਕੀ ਹੈ।

[1]ਕਥਾ।

॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਰਾਮਰਾਇ ਜੀ ਦਾ ਅੰਤ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਤੀਨੋ ਮਹਿਂ ਮੁਖਿ ਏਕ ਤ੍ਰਿਯ, ਨਾਮ ਕੁਵਰ ਪੰਜਾਬ[1]। [1]ਪੰਜਾਬ ਕੌਰ।

ਚਹਿਂ ਸਹਾਇਤਾ ਸਿੱਖ ਕੀ, ਨਿਕਟ ਬੁਲਾਇ ਸ਼ਿਤਾਬ[1] ॥੧॥

[1]ਸ਼੍ਰੀ ਰਾਮਰਾਇ ਜੀ) ਸਿੱਖ ਦੀ ਸਹਾਇਤਾ ਕਰਨੀ ਚਾਹੁੰਦੇ ਹਨ ਇਸ ਕਰਕੇ ਪਾਸ ਬੁਲਾਇਆ ਛੇਤੀ (ਪੰਜਾਬ ਕੁਇਰ) ਨੂੰ।

ਚੌਪਈ:

ਪਾਸ ਬਿਠਾਇ ਅਧਿਕ ਸਤਿਕਾਰੀ।
ਰਾਮਰਾਇ ਤਿਹ ਸਾਥ ਉਚਾਰੀ।
'ਅੰਤਰ ਕੋਸ਼ਠ[1] ਕੇ ਤਨ ਮੇਰੋ। [1]ਕੋਠੇ।
ਥਿਰਜੋ ਰਹੈ, ਕੋ ਇਸਹਿ ਨ ਹੇਰੋ[1] ॥੨॥ [1]ਕੋਈ ਦੇਖੇ ਨਾ ਇਸ ਨੂੰ।
ਮੋ ਕਹੁ ਕਾਰਜ ਹੈ ਅਤਿ ਭਾਰੀ।
ਬਹੁਰ ਆਇ ਕਰਿ ਲੇਹੁਂ ਸੰਭਾਰੀ।
ਕਿਸਹੂੰ ਨਿਕਟ ਨ ਆਵਨਿ ਦੀਜੈ।
ਸਭਿਹਿਨਿ ਤੇ ਰੱਖਯਾ ਤਨ ਕੀਜੈ' ॥੩॥
ਇਮ ਪੰਜਾਬ ਕੁਇਰ ਸਮੁਝਾਈ।
ਕੋਸ਼ਠ ਮਹਿਂ ਪ੍ਰਵਿਸ਼ਜੋ ਸਹਿਸਾਈ।
ਕਰੇ ਕਿਵਾਰ ਅਸੰਜਤਿ[1] ਠਾਢੇ। [1]ਬੰਦ।
ਅੰਤਰ ਸਾਂਕਰ ਦੇ ਕਰਿ ਗਾਢੇ[1] ॥੪॥ [1]ਸੰਗਲੀ ਮਾਰਕੇ ਚੰਗੀ ਤਰ੍ਹਾਂ।
ਆਸਤਰਨ[1] ਪਰ ਤਤਛਿਨ ਪਰਜੋ। [1]ਵਿਛੌਣ ਉਪਰ।
ਨਿਜ ਸ਼ਕਤੀ ਬਲ ਕੌ ਬਹੁ ਕਰਜੋ।
ਤਨ ਕੌ ਤਜਾਗਿ ਗਯੋ ਜਹਿ ਜਾਨਾ।
ਨਿਜ ਸਿਖ ਕੋ ਲਖਿ ਕਾਜ ਮਹਾਨਾ ॥੫॥
ਜਬਿ ਇਕ ਜਾਮ ਬਿਤੀਤਨਿ ਕਰਜੋ।
ਬੀਚ ਮਸੰਦਨ ਰੌਰਾ ਪਰਜੋ।
'ਨਹਿਂ ਨਿਕਸੇ ਗੁਰ ਵਹਿਰ ਹਮਾਰੇ।
ਜਥਾ ਦੇਤਿ ਨਿਤ ਦਰਸ ਉਦਾਰੇ ॥੬॥
ਕਹਾਂ ਭਯੋ ਕੁਛ ਜਾਇ ਨ ਜਾਨਾ।'
ਮਿਲਹਿਂ ਪਰਸਪਰ ਕਰਹਿਂ ਬਖਾਨਾ।
ਚਿਤਵਤਿ ਘਟਿਕਾ ਚਤੁਰ ਬਿਤਾਈ।
ਇਕ ਥਲ ਭੇ ਮਸੰਦ ਸਮੁਦਾਈ ॥੭॥
ਤਿਨ ਮਹਿਂ ਮੁੱਖਿ ਸੁ ਨਿਕਟਿ ਬੁਲਾਏ।

ਕਹਿ ਪੰਜਾਬ ਕੁਵਰ ਸਮੁਝਾਏ।
'ਇਮ ਕਰਿ ਹੁਕਮ ਗਏ ਜਿਤ ਜਾਨੋ।
ਨਹਿੰਨ ਬਿਲੋਕਹੁ ਚਿੰਤ ਨ ਠਾਨੋ ॥੮॥
ਤੂਸ਼ਨ ਰਹਹੁ ਲਖਹੁ ਉਰ ਐਸੇ।
ਕਾਰ ਕਰਹੁ ਨਿਜ ਪੂਰਬ ਜੈਸੇ।'
ਸੁਨਜੋਂ ਸੁ ਮਾਨਜੋਂ ਸਭਿ ਜਿਮ ਕਹਜੋ।
ਤਊ ਸਚਿੰਤ ਨਿਤਹਿ ਮਨ ਰਹਜੋ[1]† ॥੯॥

[1]ਤਿਨ੍ਹਾਂ ਦਾ ਮਨ ਚਿੰਤਾਤੁਰ ਰਿਹਾ। †ਪਾ:-ਤਨਹਿ ਮਨ ਰਹਯੋ।

ਬਚ ਪੰਜਾਬ ਕੁਵਰ ਜੋ ਭਾਖਾ।
ਦ੍ਰਿੜ੍ਹ ਨਿਸ਼ਚਾ ਨਹਿਂ ਤਿਸ ਪਰ ਰਾਖਾ।
ਦਿਵਸ ਬਿਤਜੋ ਸੋ ਨਿਸਾ ਬਿਤਾਈ।
ਮਿਲੇ ਮਸੰਦ ਪ੍ਰਾਤਿ ਸਮੁਦਾਈ ॥੧੦॥
ਕਹੈਂ ਸੁ 'ਹਮ ਗੁਰ ਤਨ ਤਜਿ ਗਯੋ।
ਸੋ ਅਬਿ ਲੌ ਨਿਕਸਤਿ ਨਹਿਂ ਭਯੋ।
ਜੋ ਸਹਾਇਤਾ ਕੌ ਕਿਤ ਜਾਤੇ।
ਤੌ ਉਠਿ ਦਰਸ਼ਨ ਦੇਤਿ ਪ੍ਰਭਾਤੇ ॥੧੧॥
ਕਹਾਂ ਪੰਜਾਬ ਕਵਰ ਲਖਿ ਭੇਵ।
ਅਚਰਜ ਚਰਿਤ ਕਰਹਿਂ ਗੁਰਦੇਵ।
ਤ੍ਰਿਯ ਕੇ ਤਨ ਮਹਿਂ ਹ੍ਵੈ ਨ ਮਹਾਨੀ[1]।

[1]ਇਸਤ੍ਰੀ ਸ਼ਰੀਰ ਵਿੱਚ ਵਿਸ਼ਾਲਤਾ ਨਹੀਂ ਹੁੰਦੀ ਮੁਰਾਦ ਹੈ ਕਿ ਇਸਤ੍ਰੀਆਂ ਮੁਆਮਲਾ ਫਹਿਮ ਨਹੀਂ ਹੁੰਦੀਆਂ। (ਅ) ਇਸਤ੍ਰੀ ਸਰੀਰ ਵਿੱਚ ਬਹੁਤੀ (ਬੁੱਧੀ) ਨਹੀਂ ਹੁੰਦੀ।

ਇਸ ਕੀ ਕਹੀ ਕਹਾਂ ਸਚ ਜਾਨੀ ॥੧੨॥
ਅਪਨਿ ਭੇਵ ਪਰਲੋਕ ਸਿਧਾਰਨ।
ਨਿਕਟਿ ਨ ਕਿਸ ਕੇ ਕੀਨਿ ਉਚਾਰਨ।
ਧੀਰਜ ਦੇਨ ਹੇਤੁ ਇਸ ਮਨ ਕੌ।
ਧਰਹਿ ਸ਼ੋਕ ਨਹਿਂ ਕਰਹਿ ਰੁਦਨ ਕੌ ॥੧੩॥
ਯਾਂ ਤੇ ਕਛੁ ਫਰੇਬ ਸੰਗ ਬਾਨੀ।
ਕਹੀ ਹੋਇਗੀ, ਨਹਿਂ ਇਸ ਜਾਨੀ।
ਕਰਹੁ ਜਤਨ ਜਿਮ ਖੁਲਹਿਂ ਕਿਵਾਰ।
ਸਭਿ ਮਿਲਿ ਕਜੋਂ ਨਹਿਂ ਲੇਤਿ ਨਿਹਾਰ' ॥੧੪॥
ਗਰਬਤਿ ਧਨੀ ਮਸੰਦ ਬਿਲੰਦ।

ਧਰਹਿਂ ਨ ਤ੍ਰਾਸ ਮਹਾਂ ਮਤਿ ਮੰਦ।
ਜਬਹਿ ਜਤਨ ਕਛੁ ਲਾਗਹਿਂ ਕਰਨੇ।
ਤੋਰ ਕਿਵਾਰਨ ਚਹਤਿ ਉਘਰਿਨੇ[1] ॥੧੫॥
ਸੁਨਿ ਪੰਜਾਬ ਕੁਵਰ ਤਬਿ ਦਾਸੀ।
ਭੇਜੀ ਤੂਰਨ ਤਿਨ ਕੇ ਪਾਸੀ।
ਕਰੇ ਹਟਾਵਨਿ 'ਤੁਮ ਕਜਾ ਕਰੋ।
ਗੁਰੂ ਹੁਕਮ ਕੋ ਤ੍ਰਾਸ ਨ ਧਰੋ ॥੧੬॥
ਮੁਝ ਸੋਂ ਕਹਿ ਕਰਿ ਆਪ ਸਿਧਾਰੇ।
ਬਰਜੇ ਕਯੋਂ ਨਹਿਂ ਰਹਿਤਿ ਹਮਾਰੇ।
ਪੁਨ ਆਵੈਂ ਨਿਜ ਦੇਹਿ ਸੰਭਾਰਹਿਂ।
ਬੈਠਿ ਸਭਾ ਮਹਿਂ ਦਰਸ ਦਿਖਾਰਹਿਂ' ॥੧੭॥
ਸੁਨਿ ਮਸੰਦ ਪੁਨ ਗਮਨੇ ਪਾਸ।
'ਗੁਰ ਬਚ ਮਹਿਂ ਕਿਮ ਧਾਰਤਿ ਆਸ।
ਰੁਦਨ ਸ਼ੋਕ ਨਹਿਂ ਉਪਜੈ ਤੋਹੀ।
ਹਿਤ ਧੀਰਜ ਕੇ ਭਾਖਯੋ ਹੋਹੀ ॥੧੮॥
ਕਯੋਂ ਗਤਿ ਕਰਨਿ ਦੇਤਿ ਨਹਿਂ ਆਛੇ।
ਅਜਹੁ ਜੀਵਬੋ ਪਤਿ ਕੋ ਬਾਂਛੇ।
ਆਠ ਪਹਿਰ ਬੀਤੇ ਤਨ ਤਜਾਗੇ।
ਅਬਿ ਦੁਰਗੰਧਤਿ ਹੋਵਨਿ ਲਾਗੇ ॥੧੯॥
ਕਯੋਂ ਸਸਕਾਰ ਨ ਦੇਤਿ ਸਰੀਰ।
ਕਹਾਂ ਕਹੇ ਪਰ ਬਾਂਧਤਿ ਧੀਰ[1]।
ਜਿਮ ਭਾਖੀ ਸੋ ਭੇਵ ਨ ਜਾਨਹਿਂ।
ਨਾਹਕ ਬੈਠੀ ਹਠ ਕੋ ਠਾਨਹਿਂ' ॥੨੦॥
ਸੁਨਿ ਪੰਜਾਬ ਕੁਵਰ ਪੁਨ ਕਹੀ।
'ਤਨ ਤਜਿਬੇ ਗਤਿ ਕੁਛ ਨਹਿਂ ਲਹੀ।
ਜੁਤਿ ਉਤਸਾਹ ਧੀਰ ਕੇ ਸਾਥ।
ਆਛੀ ਰੀਤਿ ਕਹਯੋ ਬਚ ਨਾਥ ॥੨੧॥
-ਨਹਿਂ ਕਿਵਾਰ ਕਿਮ ਖੋਲਨਿ ਕਰੀਅਹਿ-।
ਗੁਰ ਦਿਸ਼ ਤੇ ਡਰ ਉਰ ਮਹਿਂ ਧਰੀਅਹਿ।

[1]ਖੋਲ੍ਹਣੇ।

[1]ਸ਼੍ਰੀ ਰਾਮਰਾਇ ਜੀ ਦੇ ਕਹੇ ਪਰ ਕਿਉਂ ਧੀਰਜ ਬੰਨ੍ਹ ਰਹੀ ਹੈਂ।

ਨਾਂਹਿ ਤ ਸ੍ਰਾਪ ਦੇਹਿੰਗੇ ਭਾਰੇ।
ਲਖਹਿ ਅਵੱਗਯਾ ਜਰਹਿਂ[1] ਉਖਾਰੇ' [1]ਜੜਾਂ।
॥੧੧॥
ਨੀਠ ਨੀਠ ਇਮ ਬਰਜਿ ਹਟਾਏ।
ਚਾਹਤਿ ਚਿਤ ਅਬਿ ਦੇਹਿਂ ਜਰਾਏ।
ਰੌਰਾ ਕਰਤਿ ਰਹੇ ਦਿਨ ਸਾਰੇ।
ਪਰੀ ਜਾਮਨੀ ਤਿਮਰ ਪਸਾਰੇ ॥੨੩॥
ਮਿਲਿ ਮਸੰਦ ਤਬਿ ਮਤਾ ਪਕਾਏ।
'ਅਬਿ ਨਹਿਂ ਮਿਟਹੁ ਜਿ ਕਿਮਹੁ ਹਟਾਏ?
ਹੋਤਿ ਪ੍ਰਾਤਿ ਕੇ ਦਿਹੁ ਸਸਕਾਰ।
ਕੀਜਹਿ ਜਥਾ ਜੋਗ ਸਭਿ ਕਾਰ' ॥੨੪॥
ਕਰਿ ਮਸਲਤ ਇਮਨਿਸ ਮਹਿਂ ਸੋਏ।
ਉਠੇ ਪ੍ਰਾਤਿ ਅਰਣੋਦੈ ਹੋਏ।
ਤਤਛਿਨ ਤੋਰਿ ਕਿਵਾਰ ਉਘਾਰੇ।
ਸਿਹਜਾ ਊਪਰ ਪਰੇ ਨਿਹਾਰੇ ॥੨੫॥
ਕਹਿ ਪੰਜਾਬ ਕੁਵਰ ਬਹੁ ਰਹੀ।
ਗਰਬਤਿ ਮੂਢਨ ਮਾਨੀ ਨਹੀਂ।
ਮਿਲਿ ਸਭਿਹਿਨਿ ਤਨ ਲੀਨਿ ਉਚਾਈ।
ਸਸਕਾਰਨਿ ਤਯਾਰੀ ਕਰਿਵਾਈ ॥੨੬॥
ਆਦਿ ਪੰਜਾਬ ਕੁਇਰ ਰੁਦਨਾਵੈ।
ਦੇਖਿ ਦੇਖਿ ਬਡ ਸ਼ੋਕ ਬਧਾਵੈ।
ਦਿਨਕਰ ਚਢਯੋ ਬਿਮਾਨ ਬਨਾਯੋ।
ਅਧਿਕ ਦਰਬ ਤਿਹ ਊਪਰ ਲਾਯੋ
॥੨੭॥
ਦਾਸ ਮਸੰਦ ਸਿੱਖ ਸਮੁਦਾਏ।
ਸੁਨਿ ਸੁਨਿ ਜਿਤ ਕਿਤ ਤੇ ਸਭ ਆਏ।
ਫੂਲਨ ਮਾਲਾ ਚੰਦਨ ਆਨਯੋਂ।
ਸ਼ਬਦ ਕੀਰਤਨ ਮਿਲਤਿ ਬਖਾਨਯੋਂ
॥੨੮॥
ਕੇਤਿਕ ਰੋਦਤਿ ਸ਼ੋਕ ਵਧਾਵਹਿਂ।
ਗਨ ਧਨਵਾਨ ਮਸੰਦ ਅਲਾਵਹਿਂ।
'ਪਿਖਹੁ ਪੰਜਾਬ ਕੁਇਰ ਕਜਾ ਕੀਨਿ।

ਗੁਰ ਕੋ ਭੇਦ ਸਕੀ ਨਹਿਂ ਚੀਨ ॥੨੯॥
ਖੋੜਸ ਜਾਮ ਰਹਯੋ ਤਨ ਖਾਲੀ।
ਸਸਕਾਰਨਿ ਕੀ ਕੀਨਿ ਨ ਚਾਲੀ।
ਅਬਿ ਭੀ ਤਿਸ ਕੋ ਕਹਯੋ ਮਿਟਾਯੋ।
ਅੰਤਰ ਹੇਰਿ ਵਹਿਰ ਨਿਕਸਾਯੋ ॥੩੦॥
ਬਿਨਾ ਸ੍ਵਾਸ ਤੇ ਪਰਯੋ ਸਰੀਰ।
ਹਮ ਨੇ ਜਾਨ ਲੀਨਿ ਬਿਨ ਤੀਰ[1]।'
ਕਹਹਿਂ ਪਰਸਪਰ ਤਯਾਰੀ ਠਾਨਹਿਂ।
ਚੰਦਨ ਕਾਸ਼ਟ ਸੰਚਹਿਂ, ਆਨਹਿਂ ॥੩੧॥
ਪੁਨ ਮਸੰਦ ਮਿਲਿਕੇ ਸਮੁਦਾਏ।
ਹਿਤ ਸ਼ਨਾਨ ਕੇ ਜਲ ਸੁਚ ਲਯਾਏ।
ਹੁਤੇ ਮੁੱਖਿ ਤਨ ਤਿਨਹੁ ਉਠਾਯੋ।
ਜੀਵਤਿ ਮਨਹੁ ਸਭਿਨਿ ਦਰਸਾਯੋ ॥੩੨॥
ਪੁਨ ਪੰਜਾਬ ਕੁਇਰ ਬਚ ਭਾਖਾ।
'ਬੁਰਾ ਕੀਯੋ ਤੁਮ ਤਨ ਨਹਿਂ ਰਾਖਾ।
ਦੁਤਿ ਜੀਵਤਿ ਸਮ ਦੇਖੀ ਪਰੈ।
ਇਮ ਨਹਿਂ ਰਹੈ ਜਿ ਪ੍ਰਾਨੀ ਮਰੈ' ॥੩੩॥
ਚਿਤ ਮਹਿਂ ਲਗੀ ਅਰਾਧਨਿ ਪਤਿ ਕੋ।
-ਕਹਾਂ ਕੀਨਿ ਤੁਮ ਪਾਛਲ ਗਤਿ ਕੋ।
ਅਬਿ ਭੀ ਪਹੁੰਚਹੁ ਦੇਹ ਸੰਭਾਰੋ।
ਖੋਟ ਮਸੰਦਨ ਕੋ ਨਿਰਧਾਰੋ ॥੩੪॥
ਮੇਰੋ ਕਹਯੋ ਨ ਮੂਰਖ ਮਾਨਹਿਂ।
ਨਹਿਂ ਪ੍ਰਤਾਪ ਕੁਛ ਰਾਵਰਿ ਜਾਨਹਿਂ-।
ਲੋਚਨ ਮੂੰਦਿ ਧਯਾਨ ਜਬਿ ਠਾਨਾ।
ਲਗੇ ਕਰਾਵਨ ਤਨ ਇਸ਼ਨਾਨਾ ॥੩੫॥
ਜਲ ਘਟ ਕੋ ਜਲ ਊਪਰ ਡਾਰਾ।
ਅਰੁ ਸਾਧ੍ਵੀ[1] ਕਰਿ ਧਯਾਨ ਹਕਾਰਾ।
ਜਹਿਂ ਥਿਰ ਹੁਤੇ ਸਰਬਗਤਿ ਜਾਨੀ।
ਕੀਨਿ ਆਗਵਨ ਤੂਰਨ ਠਾਨੀ ॥੩੬॥
ਗਗਨਪੰਥ[1] ਮਹਿਂ ਤਤਛਿਨ ਆਏ।
ਦੇਖੇ -ਮਿਲੇ ਲੋਕ ਸਮੁਦਾਏ।

[1]ਕੋਲ ਹੋਏ ਤੋਂ ਬਿਨਾਂ।

[1]ਇਸਤ੍ਰੀ ਨੇ।

[1]ਆਕਾਸ਼ ਮਾਰਗ।

ਤਨ ਨਿਕਾਸ ਕਰਿਵਾਇ ਸ਼ਨਾਨਾ।
ਸਸਕਾਰਨ ਹਿਤ ਸਭਿ ਕੁਛ ਠਾਨਾ ॥੩੭॥
ਮਹਾਂ ਬਿਘਨ ਕੀਨਸਿ ਮਤਿਮੰਦਨਿ।
ਨਿਜ ਬਲ ਤੇ ਮਮ ਪ੍ਰਾਨ ਨਿਕੰਦਨ।
ਅਬਿ ਜੀਵਨ ਕੀ ਬਾਤ ਨ ਆਛੇ।
ਦੇਖਯੋ ਤਨ ਸਭਿਹਿਨਿ ਮੁਝ ਪਾਛੇ- ॥੩੮॥
ਪੁਨ ਪੰਜਾਬ ਕੁਵਰ ਦਿਸ਼ਿ ਹੇਰਾ।
ਖਿਰੀ ਧਜਾਨ ਉਰ ਸ਼ੋਕ ਬਡੇਰਾ।
ਮਹਾਂ ਕ੍ਰੋਧ ਤੇ ਸ਼ਬਦ ਸੁਨਾਯੋ।
'ਮਿਲਿ ਮੂਢਨਿ ਬਡ ਬਿਘਨ ਉਠਾਯੋ ॥੩੯॥
ਪਰਿਹੋ ਘੋਰ ਆਪਦਾ ਮਾਂਹੀ।
ਵਧਹਿ ਬਿਖਾਦ ਮਿਟਹਿ ਕਿਮ ਨਾਂਹੀ।
ਮਹਾਂ ਪਾਤਕੀ ਤੁਮ ਅਬਿ ਹੋਏ।
ਗੁਰ ਕੇ ਪ੍ਰਾਨ ਘਾਤਿ ਕਰਿ ਜੋਏ ॥੪੦॥
ਮ੍ਰਿੱਤੁ ਮਸੰਦਨ ਕੀ ਨਿਯਰਾਈ।
ਜਿਸ ਤੇ ਕੀਨ ਕੁਕਰਮ ਬਨਾਈ।'
ਬੋਲਤਿ ਸੁਨਯੋ ਸ਼ਬਦ ਤਹਿਂ ਮਾਨਵ।
ਤਊ ਨ ਤ੍ਰਾਸ ਰਿਦੈ ਕੁਛ ਠਾਨਵ ॥੪੧॥
ਪੁਨ ਪੰਜਾਬ ਕੁਵਰ ਸੋਂ ਭਾਖਾ।
'ਮਮ ਪਲਟੇ ਕੀ ਰਖਿ ਅਭਿਲਾਖਾ।
ਤੁਮ ਦੇਖਤਿ ਇਹ ਅਪਦਾ ਪਾਵੈਂ।
ਫਲ ਕੋ ਭੋਗੈਂ ਪ੍ਰਾਨ ਗਵਾਵੈਂ ॥੪੨॥
ਅਬਿ ਤੌ ਬੀਤ ਗਈ ਸਭਿ ਬਾਤੀ।
ਗੁਰਮਤਿ ਚਿਤ ਧਰਿ ਠਾਨਹੁ ਸ਼ਾਂਤੀ।
ਉੱਦਮ ਕਰਿ, ਪਲਟੇ ਕੋ ਪੈਹੈਂ।
ਨਾਂਹਿਤ ਇਹ ਤੁਝ ਬਹੁ ਦੁਖ ਦੈਹੈਂ ॥੪੩॥
ਤੇਜ ਪ੍ਰਤਾਪ ਸਮੇਤ ਉਦਾਰਾ।
ਤੋਹਿ ਸਮੀਪ ਬਸਹਿ ਗੁਰ ਭਾਰਾ।

ਤਿਨ ਸੋਂ ਕਹਿ ਆਪਨ ਬਿਰਤੰਤਾ।
ਸਭਿ ਮਸੰਦ ਕੌ ਕੀਜਹਿ ਅੰਤਾ' ॥੪੪॥
ਇਮ ਪੰਜਾਬ ਕੁਇਰ ਸਮੁਝਾਈ।
ਬਹੁਰ ਨ ਗਿਰਾ ਗਗਨ ਤੇ ਆਈ।
ਸੁਰ ਪੁਰਿ ਪਹੁੰਚੇ ਕੀਨਸਿ ਬਾਸਾ।
ਇਸ ਪ੍ਰਕਾਰ ਭਾ ਅਜਬ ਤਮਾਸ਼ਾ ॥੪੫॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਪੰਜਾਬ ਕੌਰ ਦੀ ਸਤਿਗੁਰਾਂ ਨੂੰ ਚਿੱਠੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਸੰਸਕਾਰ[†] ਸਮਿੱਗ੍ਰੀ ਸਹਿਤ ਤਨ, ਲੀਯੋ ਵਹਿਰ ਨਿਕਾਸ।
ਜਲ ਤੇ ਦਯੋ ਸ਼ਨਾਨ ਕਰਿ, ਪਿਖਿ ਗੁਰ ਪੁੱਤ੍ਰ ਉਦਾਸ ॥੧॥

[†]ਇਸ ਪਦ ਵਿਚ ਦੋ ਮਾਤ੍ਰਾਂ ਵਧ ਹਨ।

ਚੌਪਈ:

ਤਨ ਮਹਿਂ ਨਹਿਂ ਪ੍ਰਵੇਸ਼ ਪੁਨ ਕੀਨੋ।
ਹੁਇ ਨਿਰਾਸ ਸੁਰਿ ਪੁਰਿ ਮਗ ਲੀਨੋ।
ਭ੍ਰਾਤ ਗੁਰੂ ਕੋ ਸ੍ਰਾਪ ਚਿਤਾਰਾ।
ਨਹਿਂ ਜੀਵਨ ਮਹਿਂ ਨਿਜ ਮਨ ਧਾਰਾ ॥੨॥
ਗਗਨ ਗਿਰਾ[1] ਕਿਨ ਕਿਨ ਸੁਨਿ ਲੀਨੀ। [1]ਆਕਾਸ਼ ਬਾਣੀ।
ਗਰਬਤਿ ਮਹਿਦ ਮਸੰਦ ਨ ਚੀਨੀ[1]। [1]ਬਹੁਤੇ ਹੰਕਾਰੀ ਮਸੰਦਾਂ ਨੇ ਨਾ ਪਛਾਣੀ।
ਇਕ ਪੰਜਾਬ ਕੁਇਰ ਉਰ ਧਾਰੀ।
ਦੁਖਤਿ ਬਾਪੁਰੀ[1] ਭਈ ਲਚਾਰੀ ॥੩॥ [1]ਵਿਚਾਰੀ।
ਨਹਿਂ ਕੁਛ ਜਤਨ ਬਨਜੋ ਤਿਸ ਪਾਸਾ।
ਰੋਦਤਿ ਅਧਿਕ ਲੇਤਿ ਬਡ ਸ੍ਵਾਸਾ।
ਜੁਗ ਸੌਤਨ[1] ਜੁਤਿ ਬਿਲਪਹਿਂ ਦਾਸੀ। [1]ਦੋ ਸੌਂਕਣਾਂ।
ਸਭਿ ਕੋ ਆਨਿ ਪਰਜੋ ਦੁਖ ਰਾਸੀ ॥੪॥
ਬ੍ਰਿੰਦ ਮਸੰਦਨ ਕਰਿ ਸਭਿ ਤਜਾਰੀ।
ਦੇਹਿ ਚਿਖਾ ਪਰਿ ਧਰਿ ਕਰਿ ਜਾਰੀ।
ਮੱਜਨ ਕਰਿ ਬੈਠੇ ਸਮੁਦਾਏ।
ਪੁਨ ਉਠਿ ਉਠਿ ਨਿਜ ਸਦਨ ਸਿਧਾਏ ॥੫॥
ਦਰਬ ਆਦਿ ਵਸਤੁਨਿ ਸੰਭਾਰੇ।
ਲਗੇ ਦੁਰਾਵਨਿ ਜਿਸ ਅਨੁਸਾਰੇ।
ਸੁਰ ਪੁਰਿ ਰਾਮਰਾਇ ਚਲਿ ਗਏ।
ਅਪਰਨ ਤੇ ਨਹਿਂ ਤ੍ਰਾਸਤਿ ਭਏ ॥੬॥
ਜਹਿਂ ਜਹਿਂ ਛੋਰੇ ਹੁਤੇ ਮਸੰਦ।
ਸਿਖ ਸੰਗਤਿ ਤੇ ਲੇ ਧਨ ਬ੍ਰਿੰਦ।
ਹੁਤੇ ਪ੍ਰਥਮ ਹੀ ਤ੍ਰਾਸ ਨ ਮਾਨਤਿ।
-ਹਮਰੋ ਕਰਜੋ ਗੁਰੂ- ਯਹ ਜਾਨਤਿ[†] [†]ਇਸ ਤੋਂ ਸਪਸ਼ਟ ਹੈ ਕਿ ਮਸੰਦਾਂ ਨੇ ਜਾਣਕੇ ਰਾਮਰਾਇ

॥੭॥

ਜੀ ਨੂੰ ਸਾੜਿਆ ਸੀ ਕਿ ਅਸੀਂ ਮਾਲਕ ਬਣ ਜਾਈਏ ਥਾਓਂ ਥਾਈਂ।

ਗਰਬਤਿ ਰਿਦੇ ਸੁਨੀ ਪੁਨ ਐਸੇ[1]।

[1]ਫਿਰ ਇਸ ਤਰ੍ਹਾਂ ਸੁਣਕੇ (ਕਿ ਸ੍ਰੀ ਰਾਮਰਾਇ ਜੀ ਗੁਜ਼ਰ ਗਏ ਹਨ) ਰਿਦੇ ਵਿੱਚ (ਮਸੰਦ) ਹੰਕਾਰ ਕਰਨ ਲੱਗੇ।

ਅਬਿ ਹਮ ਕੋ ਡਰ ਰਹਯੋ ਨ ਕੈਸੇ+।
ਜਹਿਂ ਕਹਿਂ ਤੇ ਗਨ ਦਰਬ ਸੰਭਾਰਾ।
ਮਿਲਿ ਆਪਸ ਮਹਿਂ ਚੋਰਯੋ[1] ਸਾਰਾ ॥੮॥

[1]ਚੁਰਾਯਾ।

ਕਹੇ ਪੰਜਾਬ ਕੁਵਰ ਬਹੁਤੇਰੇ।
ਹਟਹਿਂ ਨ ਮਾਨਹਿਂ ਦੁਸ਼ਟ ਬਡੇਰੇ।
ਕੁਛ ਬਸ ਚਲੇ ਨ, ਭਈ ਲਚਾਰੀ।
ਨਹਿਂ ਮਾਨਹਿਂ ਬਿਨ ਦੰਡ ਕੁਚਾਰੀ ॥੯॥
ਗੁਰ ਕੇ ਤਰਫ ਲਿਖੀ ਤਬਿ ਅਰਜ਼ੀ।
'ਘਰ ਰਾਵਰਿ ਕੋ, ਹਮ ਇਹ ਅਰਜ਼ੀ[1]।

[1]ਬੇਨਤੀ ਹੈ।

ਹੁਤੇ ਭਤੀਜਾ, ਆਪ ਬਡੇਰੇ[1]।

[1]ਰਾਮਰਾਇ ਜੀ ਆਪ ਦੇ ਭਤੀਜੇ ਸਨ ਆਪ ਵਡੇ (ਥਾਂ) ਹੋ।

ਤੁਮ ਮਾਲਿਕ ਸਾਂਭਹੁ ਇਸ ਬੇਰੇ ॥੧੦॥
ਦੁਸ਼ਟ ਮਸੰਦਨ ਕੀਨਿ ਬਿਗਾਰਾ।
ਤਨਕ ਨ ਤ੍ਰਾਸ ਕਿਸਹੁ ਤੇ ਧਾਰਾ।
ਅਬਿ ਨਚਿੰਤ ਧਰਿ ਗਰਬ ਬਿਸਾਲੇ।
ਜਿਤ ਕਿਤ ਦਰਬ ਦੁਰਾਇ ਸੰਭਾਲੇਂ ॥੧੧॥
ਮੁਝ ਕੋ ਭਨੈਂ -ਤ੍ਰਿਯਾ ਤਨ ਤੇਰੋ।
ਲਖਹਿ ਕਹਾਂ ਅਸ ਭਾਵ† ਬਡੇਰੋ[1]-।

[1]ਤੇਰਾ ਇਸਤ੍ਰੀ ਸਰੀਰ ਹੈ ਐਸੇ ਮਹਾਨ ਭਾਵ ਨੂੰ ਤੂੰ ਕੀ ਸਮਝ ਸਕਦੀ ਹੈਂ ਅਰਥਾਤ ਸੰਗਤਾਂ ਦੇ ਸੰਭਾਲਣ ਆਦਿ ਨੂੰ। †ਪਾ:-ਭੇਵ।

ਕ੍ਰਿਪਾ ਧਾਰਿ ਆਵਹੁ ਜੇ ਆਪ।
ਦਿਹੁ ਫਲ ਇਨਹੁ ਕਿਯੋ ਜਿਮ ਪਾਪ ॥੧੨॥
ਦੰਡ ਉਚਿਤ ਜੇ ਦੰਡ ਨ ਪਾਯੋ।
ਉਲਟੇ ਮਿਲਿ ਸਭਿ ਗਰਬ ਬਢਾਯੋ।
ਮਨ ਭਾਵਤਿ ਕ੍ਰਿਤ ਕੋ ਸਭਿ ਕਰੈਂ।
ਵਸਤੁ ਦੁਰਾਵੈਂ ਲੈ ਲੈ ਧਰੈਂ ॥੧੩॥
ਅਬਿ ਤੁਮ ਬਿਨ ਨਹਿਂ ਕੋਇ ਹਮਾਰਾ।

ਦੁਖ ਸਮੁੰਦ੍ਰ ਤੇ ਕਰਹੁ ਉਧਾਰਾ।'
ਹੁਤੋ ਜੁ ਬਹਿਲੋ ਕੋ ਗੁਰਦਾਸਿ।
ਮਿਲਿ ਪੰਜਾਬ ਕੁਵਰ ਕੇ ਪਾਸ ॥੧੪॥
ਸਕਲ ਮਸੰਦਨ ਤੇ ਛਪਿ ਕਰਿ ਕੈ।
ਇਹ ਪੱਤ੍ਰੀ ਸਭਿ ਲਿਖੀ ਬਿਚਰਿ ਕੈ।
ਸਭਿਹਿਨਿ ਤੇ ਦੁਰਾਇ ਪਹੁੰਚਾਈ।
ਕਲਗ਼ੀਧਰ ਸਮੀਪ ਤਬਿ ਆਈ ॥੧੫॥
ਨੰਦ ਚੰਦ ਲੇ ਕਰਿ ਢਿਗ ਗਯੋ।
ਸਰਬ ਪ੍ਰਸੰਗ ਸੁਨਾਵਤਿ ਭਯੋ।
ਤਿਸ ਨਰ ਕੌ ਭੀ ਨਿਕਟ ਹਕਾਰਾ।
ਬੂਝਜੋ, ਤਾਂਹਿ ਬ੍ਰਿਤੰਤ ਉਚਾਰਾ ॥੧੬॥
'ਬਰਜ ਰਹੀ ਸਭਿ ਕੌ ਬਹੁ ਬਾਰੀ।
ਨਹਿਂ ਮਾਨੀ ਕਾਯਾਂ ਮਿਲਿ ਜਾਰੀ।
ਭੈ ਨਿਰਭੈ[1] ਮਨ ਭਾਵਤਿ ਕਰੈਂ।
ਦਰਬ ਚੁਰਾਵਹਿਂ ਨਿਜ ਨਿਜ ਧਰੈਂ[1] ॥੧੭॥
ਇਕ ਗੁਰਦਾਸ ਕੁਛਕ ਅਨੁਸਾਰੀ।
ਅਪਰ ਸੁ ਬਿਗਰੇ ਹੁਇ ਹੰਕਾਰੀ।
ਅਬਿ ਸਹਾਇਤਾ ਚਹੈਂ ਤੁਮਾਰੀ।
ਅਹੋ ਅਲੰਬ ਏਕ ਨਿਰਧਾਰੀ' ॥੧੮॥
ਸ਼੍ਰੀ ਕਲਗ਼ੀਧਰ ਸੁਨਤਿ ਬਿਚਾਰੇ।
-ਬ੍ਰਿੰਦ ਮਸੰਦ ਬਿਲੰਦ ਬਿਗਾਰੇ।
ਡਰਤਿ ਨ ਰਾਮਰਾਇ ਤੇ ਜੇਈ।
ਕਰੋਂ ਨ ਬੁਰਾ ਠਾਨਹਿਂ ਅਬਿ ਤੇਈ ॥੧੯॥
ਸ਼੍ਰੀ ਗੁਰ ਨਾਨਕ ਕੇ ਘਰ ਸਾਰੇ।
ਧਨੀ ਮਸੰਦ ਅਧਿਕ ਹੰਕਾਰੇ।
ਅਦਬ ਨ ਕਰਹਿਂ ਨ ਸ਼ਰਧਾ ਧਾਰਹਿਂ।
ਅਪਰ ਨਰਨਿ ਸਮ ਗੁਰੂ ਬਿਚਾਰਹਿਂ ॥੨੦॥
ਗਨ ਸਿੱਖਨ ਕੇ ਮਹਿਦ ਸੰਤਾਪੀ।
ਧਨ ਲੇ ਬਨਹਿਂ ਸੁਰਾਪੀ[1] ਪਾਪੀ।

[1]ਭੈ ਤੋਂ ਨਿਡਰ ਹੋਏ।
[1]ਆਪੋ ਆਪਣੇ (ਘਰੀਂ) ਰੱਖਦੇ ਹਨ।
[1]ਸ਼ਰਾਬ ਪੀਣ ਵਾਲੇ।

ਬੇਸਜਾ ਭੋਗਨਿ ਆਦਿ ਬਿਕਾਰਾ।
ਸਭਿ ਮਹਿਂ ਫਸਹਿਂ ਪੁਨਹਿਂ ਹੰਕਾਰਾ ॥੨੧॥
ਜਬਿ ਕਬਿ ਸਿੱਖੀ ਰੀਤਿ ਬਿਗਾਰੈਂ।
ਕਰਹਿਂ ਅਨਾਦਰ ਸਿੱਖਨ ਤਾਰੈਂ[1]। — [1]ਤਾੜਨਾ ਕਰਦੇ ਹਨ।
ਇਨ ਕੋ ਮੂਲ ਉਖਾਰਿ ਨ ਹੋਇ[1]। — [1]ਜੇ) ਨਾ ਪੁੱਟਿਆ ਗਿਆ।
ਸੁਖ ਪ੍ਰਾਪਤਿ ਸਤਿਸੰਗ ਨ ਸੋਇ[1]- ॥੨੨॥ — [1]ਸੁਖ ਨੂੰ ਪ੍ਰਾਪਤ ਕਰਨ ਵਾਲਾ ਸਤਿਸੰਗ ਨਹੀਂ ਦਿੱਸ ਸਕੇਗਾ।
ਇੱਤਯਾਦਿਕ ਗੁਰ ਰਿਦੈ ਬਿਚਾਰੀ।
ਪੱਤ੍ਰੀ ਲਿਖਿਬੇ ਹੇਤੁ ਉਚਾਰੀ।
'ਜਹਿਂ ਕਹਿਂ ਤੁਮਰੇ ਅਹੈਂ ਮਸੰਦ।
ਕਰਹੁ ਹਕਾਰਨਿ ਨਿਜ ਢਿਗ ਬ੍ਰਿੰਦ ॥੨੩॥
ਲਿਖਹੁ ਸਭਿਨਿ ਪ੍ਰਤਿ ਤੁਮ ਚਲਿ ਆਵਹੁ।
ਸਿਰੋ ਪਾਉ ਗੁਰ ਘਰ ਤੇ ਪਾਵਹੁ।
ਪੁਨ ਗਮਨਹੁ ਨਿਜ ਨਿਜ ਅਸਥਾਨ।
ਭੇਤ ਨ ਦੇਹੁ, ਨ ਲੇਹਿਂ ਪਛਾਨ ॥੨੪॥
ਜਬਹਿ ਆਨਿ ਮਿਲਿਹੈਂ ਸਮੁਦਾਇ।
ਹਮ ਸਮੀਪ ਦਿਹੁ ਸੁਧ ਪਹੁੰਚਾਇ।
ਤਤਛਿਨ ਚਢਿ ਕੈ ਆਇ ਸੁਧਾਰੈਂ।
ਜਿਮ ਕਹਿਬੋ ਹੁਇ ਤਥਾ ਬਿਚਾਰੈਂ' ॥੨੫॥
ਇੱਤਯਾਦਿਕ ਲਿਖਿ ਧੀਰਜ ਹੇਤੁ।
ਪਠੀ ਪੱਤ੍ਰਿਕਾ ਛਿੱਪ੍ਰ ਸਮੇਤ।
ਲੇ ਪਹੁੰਚਯੋ ਗੁਰਦਾਸਹਿ ਪਾਸ।
ਪਠਿ ਕਰਿ ਬਹੁ ਛਪਾਇ ਕਰਿ ਤਾਸ[1] ॥੨੬॥ — [1]ਤਿਸ ਨੇ।
ਜਾਇ ਪੰਜਾਬ ਕੁਇਰ ਸਮੁਝਾਈ।
'ਆਇ ਕਰਹਿਂ ਗੁਰ ਸਕਲ ਉਪਾਈ।'
ਨਿਕਟ ਮਸੰਦ ਜਿਤੇ ਕੁਰਿਆਰ[1]। — [1]ਝੂਠੇ।
ਗੁਰ ਸੁਤ ਤ੍ਰਿਯ ਨੇ[1] ਲਿਏ ਹਕਾਰ ॥੨੭॥ — [1]ਭਾਵ ਸ਼੍ਰੀ ਰਾਮਰਾਇ ਜੀ ਦੀ ਇਸਤ੍ਰੀ ਨੇ।

ਜੁਤਿ ਗੁਰਦਾਸ ਸਭਿਨਿ ਸੋਂ ਭਾਖਾ।
'ਚਹੀਅਹਿ ਰੀਤਿ ਕਰੀ ਇਮ ਕਾਂਖਾ[1]।
ਜਿਤਿਕ ਮਸੰਦ ਗੁਰੂ ਘਰ ਕੇਰੇ।
ਪਹੁੰਚਹਿੰ ਸਕਲ ਇਹਾਂ ਇਸ ਬੇਰੇ ॥੨੮॥
ਨਏ ਨਏ ਦੇ ਕਰਿ ਸਿਰੁਪਾਇ।
ਪੁਨ ਤਿਸ ਦੇਸ਼ਨਿ ਦੇਹਿਂ ਪਠਾਇ।
ਪ੍ਰਥਮ ਰੀਤਿ ਇਮ ਹੀ ਚਲਿ ਆਈ।
ਤੁਮ ਸਜਾਨੇ ਸਮਝਹੁ ਸਮੁਦਾਈ ॥੨੯॥
ਲਿਖਹੁ ਮਾਸ ਕੀ ਤਿਥ ਇਕ ਸਾਰੇ[1]।
ਮਿਲਹਿਂ ਆਨ ਤਿਸ ਦਿਵਸ ਹਕਾਰੇ।'
ਸੁਨਿ ਮਸਲਤ ਸਭਿਹਿਨਿ ਮਨ ਮਾਨੀ।
ਰੀਤਿ ਆਦਿ ਗੁਰ ਕੀ ਘਰ ਜਾਨੀ ॥੩੦॥
ਲਿਖੇ ਹੁਕਮਨਾਮੇ ਤਬਿ ਸਾਰੇ।
'ਪਹੁੰਚਹੁ ਇਸ ਥਲ ਬਿਲਮ ਬਿਸਾਰੇ।
ਗੁਰੁ ਘਰ ਤੇ ਬਡਤਾ ਅਬਿ ਪਾਵੋ।
ਪੁਨ ਸਿੱਖਨ ਤੇ ਧਨ ਉਗਰਾਵੋ ॥੩੧॥
ਜਹਿਂ ਕਹਿਂ ਲਿਖਿ ਕਰਿ ਤੁਰਤ ਪਠਾਏ।
ਪਠਿ ਪਠਿ ਹੁਕਮ ਸਕਲ ਚਲਿ ਆਏ।
ਹਰਖ ਉਪਾਇ ਅਧਿਕ ਮਨ ਮਾਂਹੀ।
'ਹਮ ਬਿਨ ਗੁਰੂ ਬਨੈ ਕਿਮ ਨਾਂਹੀ ॥੩੨॥
ਯਾਂ ਤੇ ਖਾਤਰ ਕਰਹਿਂ ਹਮਾਰੀ।
ਕਯੋਂ ਨ ਲੇਹੁ ਸਿਰੁਪਾਉ ਉਦਾਰੀ।'
ਦੇਸ਼ ਬਿਦੇਸ਼ਨਿ ਤੇ ਸਮੁਦਾਏ।
ਗਨ ਮਸੰਦ ਲਘੁ ਦੀਰਘ ਆਏ ॥੩੩॥
ਭਈ ਆਨਿ ਕਰਿ ਭੀਰ ਘਨੇਰੀ।
ਮਿਲਹਿਂ ਪਰਸਪਰ ਪ੍ਰੀਤਿ ਬਡੇਰੀ।
ਬਹੁ ਉਤਸਾਹ ਕਰਤਿ ਮਿਲਿ ਮਿਲਿ ਕੈ।
ਪਹੁੰਚੇ ਜਬਹਿ ਸਕਲ ਚਲਿ ਚਲਿ ਕੈ ॥੩੪॥
ਪੁਨ ਪੰਜਾਬ ਕੁਇਰ ਲਿਖਿ ਪਾਤੀ।

[1]ਮੇਰੀ ਇੱਛਾ ਹੈ ਇਸ ਤਰ੍ਹਾਂ ਰੀਤ ਕਰਨੀ ਚਾਹੀਦੀ ਹੈ।

[1]ਸਾਰਿਆਂ ਨੂੰ ਮਹੀਨੇ ਦੀ ਇੱਕੋ ਹੀ ਤਿੱਥ ਲਿਖੋ।

ਛਪਿ ਕਰਿ ਸਭਿ ਤੇ ਜੇਤਿਕ ਬਾਤੀ।
'ਮਿਲੇ ਆਨ ਕਰਿ ਦੁਸ਼ਟ ਮਸੰਦ।
ਧਨ ਪ੍ਰਾਪਤਿ ਤੇ ਅਨੰਦ ਬਿਲੰਦ ॥੩੫॥
ਬਿਨਾ ਬਿਲੰਬ ਆਪ ਚਲਿ ਆਵਹੁ।
ਬੁਧਿ ਬਲ ਤੇ ਸਭਿ ਜਤਨ ਬਨਾਵਹੁ।
ਏਕ ਆਸਰਾ ਰਾਵਰ ਕੇਰਾ।
ਨਹਿਂ ਇਸ ਸਮੈਂ ਅਪਰ ਕੋ ਮੇਰਾ' ॥੩੬॥
ਇੱਤਜਾਦਿਕ ਲਿਖਿ ਬਿਨੈ ਪਠਾਈ।
ਗਯੋ ਦੂਤ ਲੇ ਕਰਿ ਸਹਿਸਾਈ।
ਆਨਿ ਪਾਂਵਟੇ ਪਹੁੰਚਯੋ ਸੋਇ।
ਸਿੰਘ ਪੌਰ ਪਰ ਥਿਰ ਤਬਿ ਹੋਇ ॥੩੭॥
ਕਲਗ਼ੀਧਰ ਢਿਗ ਸੁਨਿ ਪਹੁੰਚਾਈ।
ਸੁਨਿ ਕਰਿ ਅੰਤਰ ਲੀਨਿ ਬੁਲਾਈ।
ਬੂਝਨਿ ਕੀਨਿ ਸਕਲ ਹੀ ਬਾਤਿ।
ਸਤਿਗੁਰ ਪਾਸ ਕਹੀ ਬੱਖਜਾਤਿ ॥੩੮॥
'ਜਿਤਕ ਮਸੰਦ ਅਹੈਂ ਤਿਸ ਘਰ ਕੇ।
ਲਿਏ ਬਟੋਰ ਹਕਾਰਨਿ ਕਰਿ ਕੇ।
ਰਾਵਰ ਕੀ ਪ੍ਰਤੀਖਨਾ ਕਰਿ ਹੀ।
ਸਿਖ ਸੰਗਤਿ ਅਭਿਲਾਖਾ ਧਰਿ ਹੀ ॥੩੯॥
ਬਿਨ ਬਿਲੰਬ ਅਬਿ ਕੀਜਹਿ ਤਯਾਰੀ।
ਦੇਖਤਿ ਹੈਂ ਸਭਿ ਦਿਸ਼ਾ ਤੁਮਾਰੀ।'
ਸੁਨਿ ਗੁਰ ਨੰਦਚੰਦ ਸੋਂ ਕਹਯੋ।
'ਸਮਾ ਚਹਤਿ ਸੋ ਅਬਿ ਹਮ ਲਹਯੋ ॥੪੦॥
ਪ੍ਰਾਤਿ ਹੋਤਿ ਹੀ ਕੀਜਹਿ ਤਯਾਰੀ।
ਕੇਤਿਕ ਸੈਨਾ ਲੇਹੁ ਸੰਗਾਰੀ।
ਅਪਰ ਟਿਕਹਿਂ ਸਭਿ ਧੀਰਜ ਦੀਜੈ।
ਅਬਿ ਤੇ ਸਕਲ ਬੁਲਾਇ ਭਨੀਜੈ[1]' ॥੪੧॥

[1]'ਹੁਣ ਤੋਂ ਸਾਰਿਆਂ ਨੂੰ ਬੁਲਾਕੇ ਕਹਿ ਦਿਓ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਮਰਾਇ ਪ੍ਰਲੋਕ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਗੁਰੂ ਜੀ ਡੇਹਰੇ ਆਏ। ਮਸੰਦਾਂ ਨੂੰ ਦੰਡ ਦੇਣ ਹਿਤ ਤਜਾਰੀ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਨਿਸਾ ਬਸੇ ਬਿਸਰਾਮ ਕਰਿ, ਸ੍ਰੀ ਗੁਰ ਕ੍ਰਿਪਾ ਨਿਧਾਨ।
ਬਡੀ ਪ੍ਰਾਤਿ ਤਜਾਰੀ ਕਰੀ, ਕਹਿ ਬਜਵਾਇ ਨਿਸ਼ਾਨ ॥੧॥

ਚੌਪਈ:

ਤਤਛਿਨ ਜ਼ੀਨ ਤੁਰੰਗਨਿ ਡਾਰੇ।
ਸ੍ਰੀ ਗੁਰ ਸ਼ਸਤ੍ਰ ਬਸਤ੍ਰ ਤਨ ਧਾਰੇ।
ਡੀਲ ਬਿਲੰਦ ਮਤੰਗ ਮੰਗਾਯੋ।
ਜ਼ਰੀਦਾਰ ਜਿਹ ਝੂਲ ਸੁਹਾਯੋ ॥੨॥
ਭਏ ਅਰੂਢਨਿ ਸ਼ੋਭਤਿ ਐਸੇ।
ਐਰਾਵਤਿ ਪਰ ਸੁਰਪਤਿ[1] ਜੈਸੇ। — [1]ਇੰਦ੍ਰ।
ਤਬਿ ਮਾਤੁਲ ਕਿਰਪਾਲ ਬੁਲਾਯੋ।
ਹਾਥੀ ਪਰ ਪਸ਼ਚਾਤਿ ਚਢਾਯੋ ॥੩॥
ਨੰਦ ਚੰਦ ਹੱਥਜਾਰਨਿ ਧਾਰੇ।
ਚਢਜੋ ਤੁਰੰਗਮ ਪਰ ਬਲ ਭਾਰੇ।
ਸੰਗੋ ਸੰਗ ਪੰਚ ਜੋ ਭ੍ਰਾਤਾ।
ਹਯ ਅਰੋਹਿ ਮਗ ਕੀਨਿ ਪ੍ਰਯਾਤਾ[1] ॥੪॥ — [1]ਘੋੜੇ ਤੇ ਸਵਾਰ ਹੋਕੇ ਰਸਤੇ ਤੇ ਤੁਰ ਪਏ।
ਸੈਨਾ ਸੰਗ ਪੰਚ ਸੈ ਔਰ।
ਗਮਨੇ ਕੁਲ ਸੋਢੀ ਸਿਰਮੌਰ।
ਅਪਰ ਸਭਿਨਿ ਕੋ ਨਗਰ ਟਿਕਾਯੋ।
ਚਲਤਿ ਭਏ ਦੁੰਦਭਿ ਗਰਜਾਯੋ ॥੫॥
'ਰਾਮਰਾਇ ਕੀ ਜਾਹਿਂ ਮੁਕਾਨ[1]।' — [1]ਮੁਕਾਣ ਦੇਣ ਚੱਲੇ ਹਨ।
ਮਿਲਹਿਂ ਜਹਾਂ ਕਹਿਂ ਕਰਹਿਂ ਬਖਾਨਿ[1]। — [1]ਇਸ ਤਰ੍ਹਾਂ) ਕਹਿੰਦੇ ਹਨ।
ਦੂਨ ਮਹਾਂ ਰਮਨੀਕ ਨਿਹਾਰਤਿ।
ਦਲ ਫਲ ਫੂਲ ਬ੍ਰਿੱਛ ਗਨ ਧਾਰਤਿ ॥੬॥
ਦੋਨਹੁਂ ਦਿਸ਼ਿ ਸੈਲਨਿ ਕੀ ਸੈਲ[1]। — [1]ਸੈਰ।
ਨੀਕੇ ਕਰਤਿ ਜਾਤਿ ਗੁਰ ਗੈਲ[1]। — [1]ਰਾਹ ਵਿਚ।
ਸਭਿ ਕੇ ਅੱਗ੍ਰ ਨਾਥ ਕੋ ਹਾਥੀ।
ਨਿਕਟ ਚਲਹਿਂ ਬੋਲਹਿਂ ਤਿਨ ਸਾਥੀ[1] ॥੭॥ — [1]ਜੇਹੜੇ ਨੇੜੇ ਨੇੜੇ ਜਾਂਦੇ ਹਨ ਤਿਨ੍ਹਾਂ ਨਾਲ ਗੱਲਾਂ ਕਰਦੇ ਜਾਂਦੇ ਹਨ (ਗੁਰੂ ਜੀ)।
ਪੰਕਤਿ ਕਰੇ ਬਾਹਨੀ[1] ਗਮਨੇ। — [1]ਸੈਨਾ ਕਤਾਰ ਵਿਚ ਕਰਕੇ।

ਸ਼ਸਤ੍ਰ ਬਸਤ੍ਰ ਹਯ ਤੇ ਭਟ ਰਵਨੇ।
ਕਿਤਿਕ ਅਖੇਰ ਕਰਤਿ ਗੁਰ ਚਾਲੇ।
ਕਰਹਿਂ ਪ੍ਰਹਾਰਨਿ ਬਾਨ ਬਿਸਾਲੇ ॥੮॥
ਸਗਰੇ ਦਿਨ ਇਮ ਕਰਤਿ ਪਯਾਨਾ।
ਪਹੁੰਚੇ ਰਾਮਰਾਇ ਅਸਥਾਨਾ।
ਅੱਗ੍ਰ ਪੰਜਾਬ ਕੁਇਰ ਸਭਿ ਤਯਾਰੀ।
ਕਰਤਿ ਰਹੀ, ਲਖਿ ਕਰਿ ਦਲ ਭਾਰੀ ॥੯॥
ਤ੍ਰਿਣ ਦਾਨਾ ਗਨ ਕੀਨਿ ਬਟੋਰਨਿ।
ਕਰੇ ਸੁਚੇਤ ਦਾਸ ਸਭਿ ਠੌਰਨਿ।
ਸਗਲ ਮਸੰਦ ਰਿਦੈ ਧਰਿ ਗ਼ਮ ਕੋ[1]।
-ਇਨ ਕੋ ਮੇਲ ਭਲੌ ਨਹਿਂ ਹਮ ਕੋ- ॥੧੦॥
ਮਿਲਹਿਂ ਬਿਚਾਰਹਿਂ ਕਰਹਿਂ ਉਚਾਰਨਿ।
'ਆਵਨਿ ਇਨ ਬਤਰਾਵਨਿ ਕਾਰਨ[1]।
ਬਹੁ ਦਿਨ ਠਹਿਰਨ ਹੋਇ ਨ ਇਨ ਕੋ।
ਅਧਿਕ ਖਰਚ ਸੰਗੀ ਦਲ ਗਨ ਕੋ' ॥੧੧॥
ਇੱਤਯਾਦਿਕ ਮਿਲਿ ਕਹੈਂ ਮਸੰਦ।
ਤਊ ਰਿਦੈ ਮਹਿਂ ਚਿੰਤ ਬਿਲੰਦ।
ਮਹਾਂ ਕੁਸ਼ਗਨ ਹੋਇਂ ਸਭਿਹੂੰਨਿ।
ਜਿਤ ਕਿਤ ਮਿਲਿ ਬੈਠਹਿਂ ਮਨਊਨ[1] ॥੧੨॥
ਸ੍ਰੀ ਕਲਗ਼ੀਧਰ ਪਹੁੰਚੇ ਜਾਇ।
ਕੇਤਿਕ ਆਨਿ ਮਿਲੇ ਅਗੁਵਾਇ।
ਜਲ ਛਾਯਾ ਕੋ ਸੁੰਦਰ ਹੇਰਾ।
ਸਹਿਤ ਬਾਹਿਨੀ ਕੀਨਸਿ ਡੇਰਾ ॥੧੩॥
ਗਜ ਤੇ ਉਤਰਿ ਗੁਰੂ ਕੁਛ ਥਿਰੇ।
ਸੁਭ ਨਰ ਨਿਕਟ ਹਕਾਰਨਿ ਕਰੇ।
ਸਭਿ ਸੁਭਟਨਿ ਕੋ ਭਲੇ ਟਿਕਾਇ।
ਅੰਤਰ ਆਪ ਪ੍ਰਵੇਸ਼ੇ ਜਾਇ ॥੧੪॥
ਪਰਦੇ ਮਹਿਂ ਪੰਜਾਬਿ ਕੁਇਰ ਥਿਰ।

[1]ਚਿੰਤਾ ਕਰਦੇ ਹਨ।

[1]ਰਾਮਰਾਇ ਦੇ ਮਰਨੇ ਤੇ) ਬੁਲਾਵਨ ਵਾਸਤੇ ਇਹਨਾਂ ਦਾ ਆਵਣਾ ਹੈ।

[1]ਉਦਾਸ ਮਨ।

ਮਹਾਂ ਫਰਸ਼ ਤੇ ਛਾਇ ਰਖੀ ਧਰ[1]।
ਤਨ ਕੇ ਪੁਸ਼ਟ ਮਸੰਦ ਬਿਲੰਦ।
ਬਨ ਬਨ ਜਹਿਂ[1] ਬੈਠੇ ਮਤਿਮੰਦ ॥੧੫॥
ਤੇਜ ਬਿਲੋਕਤਿ ਸ਼੍ਰੀ ਗੁਰ ਕੇਰਾ।
ਉਠੇ ਅੱਗ੍ਰ ਤੇ ਸਭਿ ਤਿਸ ਬੇਰਾ।
ਬੈਠੇ ਜਾਇ ਸਭਿਨਿ ਕੇ ਮਾਂਹਿ।
ਸੁਭਟ ਬਿਸਾਲ ਕਿਤਿਕ ਥਿਤ ਪਾਹਿ ॥੧੬॥
ਬੂਝੇ: 'ਕੋ ਕਾਰਨ ਤਨ ਭਯੋ?
ਜਿਸ ਤੇ ਸੁਰ ਪੁਰਿ ਕੋ ਚਲਿ ਗਯੋ।'
ਸੁਨਿ ਪੰਜਾਬ ਕੁਇਰ ਤਬਿ ਬੋਲੀ।
ਭਰੀ ਕਸ਼ਟ ਜਨੁ ਕੁਠੀਆ ਖੋਲੀ[1] ॥੧੭॥
'ਮੋ ਕਹੁ ਭਲੀ ਭਾਂਤਿ ਸਮੁਝਾਏ।
-ਤਨ ਕਉ ਰਾਖੌਂ- ਕਹਤਿ ਸਿਧਾਏ।
ਨਹੀਂ ਮਸੰਦਨਿ ਕੁਛ ਕਰਿ ਮਾਨਾ।
ਬਰਜ ਰਹੀ ਬਹੁ ਕਯੋਂਹੁੰ ਨ ਜਾਨਾ ॥੧੮॥
ਦ੍ਵਾਰ ਕਿਵਾਰ ਅਸੰਜਤਿ ਤੋਰੇ[1]।
ਪੌਢਯੋ ਤਨ ਦੇਖਯੋ ਤਿਸ ਠੌਰੇ।
ਲਿਯੋ ਉਠਾਇ ਵਹਿਰ ਕੋ ਆਨਾ।
ਕਰੇ ਅਰਾਧਨ ਮੈਂ ਧਰਿ ਧਯਾਨਾ ॥੧੯॥
ਗਗਨ ਪੰਥ ਤਤਛਿਨ ਚਲਿ ਆਏ।
ਲਖਿ ਕਸੂਤ ਰਿਸ ਵਾਕ ਸੁਨਾਏ[†]।
ਨਹੀਂ ਪ੍ਰਵੇਸ਼ਨਿ ਭਏ ਸਰੀਰ।
ਗਮਨੇ ਪੁਨ ਸੁਰ ਪੁਰਿ ਕੋ ਧੀਰ' ॥੨੦॥
ਪਿਖਿ ਮਸੰਦ ਦਿਸ਼ਿ ਗੁਰੂ ਬਖਾਨਾ।
'ਕਯੋਂ ਨ ਕਹਯੋ ਯਾ ਕੋ ਤੁਮ ਮਾਨਾ?
ਮਹਾਂਪੁਰਖ ਕੇ ਅਚਰਜ ਚਰਿਤਾ।
ਕਾਰਜ ਗਨ ਸਿੱਖਨ ਕੇ ਕਰਿਤਾ ॥੨੧॥
ਮਤਿਮੰਦਹੁ! ਤੁਮ ਕੀਨਿ ਕੁਕਰਮਾ।
ਜਿਸ ਤੇ ਬਡੋ ਨ ਅਪਰ ਅਧਰਮਾ।
ਨਿਜ ਗੁਰ ਕੌ ਤੁਮ ਭਲੋ ਨ ਚਾਹਾ।
ਜਿਯਤਿ ਸਰੀਰ ਚਿਖਾ ਧਰਿ ਦਾਹਾ'

[1]ਧਰਤੀ ਛਾ ਰਖੀ ਸੀ ਭਾਵ ਫਰਸ਼ ਕੀਤਾ ਹੋਇਆ ਸੀ।
[1]ਜਿੱਥੇ।
[1]ਕਸ਼ਟ ਦੀ ਭਰੀ ਹੋਈ ਕੋਠੀ ਮਾਨੋ ਖੋਹਲੀ ਹੈ।
[1]ਬੰਦ ਕੀਤੇ ਹੋਏ ਤੋੜੇ ਬੂਹੇ।
[†]ਪਾ:-ਬੈਕੁੰਠ ਸਿਧਾਏ।

॥੨੨॥
ਗੁਰ ਪ੍ਰਤਾਪ ਪਿਖਿ ਠਾਨੀ ਮੌਨ।
ਉੱਤਰ ਦਿਯੋ ਮਸੰਦ ਨ ਕੌਨ[1]।
ਪੁਨ ਧੀਰਜ ਦੁਤਿ ਬਾਕ ਅਲਾਇ।
ਜਿਸ ਤੇ ਡਰ ਕਰਿ ਭਾਜ ਨ ਜਾਇਂ ॥੨੩॥
'ਭਈ ਸੁ ਭਈ ਰਹਹੁ ਸਵਧਾਨਾ।
ਕਰਹੁ ਸੰਭਾਰਨਿ ਘਰ ਬਿਧਿ ਨਾਨਾ।'
ਭੀਰ ਮਸੰਦਨਿ ਬ੍ਰਿੰਦਨਿ ਹੇਰੀ।
ਜਹਿਂ ਕਹਿਂ ਥਿਰੀ ਹਜ਼ਾਰਨਿ ਕੇਰੀ ॥੨੪॥
ਚਲਿ ਆਏ ਕਲਗੀਧਰ ਡੇਰੇ।
ਕਰਿ ਬਿਸਰਾਮ ਰਹੇ ਤਿਸ ਬੇਰੇ।
ਤਬਿ ਪੰਜਾਬ ਕੁਇਰ ਪਠਿ ਦਾਸ।
ਤ੍ਰਿਣ ਦਾਨਾ ਪਠਿਯੋ ਸਭਿ ਪਾਸ ॥੨੫॥
ਨਾਨਾ ਬਿਧਿ ਕੀ ਸੇਵ ਕਰਾਈ।
ਲੇ ਲੇ ਪਹੁੰਚੇ ਨਰ ਸਮੁਦਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਇ।
ਉਠੇ[†] ਪ੍ਰਾਤਿ ਕਰਿ ਸ਼ੌਚ ਨਹਾਇ ॥੨੬॥
ਕੁਛ ਦਿਨ ਚਢੇ ਤਯਾਰ ਤਬਿ ਹ੍ਵੈ ਕੈ।
ਆਦਿ ਕ੍ਰਿਪਾਲ ਸੰਗ ਸਭਿ ਲੈ ਕੈ।
ਅੰਤਰ ਪਹੁੰਚੇ ਜਾਇ ਗੁਸਾਈਂ।
ਬ੍ਰਿੰਦ ਮਸੰਦਨ ਸਭਾ ਲਗਾਈ ॥੨੭॥
ਗਨ ਫਕੀਰ ਬੈਠੇ ਜਿਨ ਮਾਂਹੀ।
ਉਚੀ ਕੁਲਹਿ ਸੀਸ ਪਰ ਜਾਂਹੀ।
ਪਰਦੇ ਮਹਿਂ ਪੰਜਾਬ ਕੁਇਰ ਥਿਰ।
ਅਧਿਕ ਭੀਰ ਸੋਂ ਪਹੁੰਚੇ ਸਤਿਗੁਰ ॥੨੮॥
ਉਠਿ ਸਭਿਹਿਨਿ ਸਨਮਾਨਿ ਬਿਠਾਏ।
ਦੇਖਹਿਂ ਤ੍ਰਾਸ ਰਿਦੈ ਉਪਜਾਏ।
ਬਹੁਤ ਮੋਲ ਕੋ ਸੇਤ ਦੁਸ਼ਾਲਾ।
ਦਰਬ ਸਮੂਹ ਦੀਨਿ ਤਿਸ ਨਾਲਾ ॥੨੯॥

[1](ਕਿਸੇ) ਮਸੰਦ ਨੇ ਕੋਈ ਉੱਤਰ ਨਾ ਦਿੱਤਾ।

[†]ਪਾ:-ਬੈਠੇ।

ਉਠਿ ਕਰਿ ਦਯਾਰਾਮ ਕਰ ਲੀਨਿ।
ਜਾਇ ਪੰਜਾਬ ਕੁਇਰ ਕੌ ਦੀਨਿ।
ਤਤਛਿਨ ਲੇ ਕਰਿ ਸੀਸ ਚਢਾਯੋ।
ਬੰਦਨ ਕੀਨਿ ਭਾਵ ਬਿਰਧਾਯੋ ॥੩੦॥
ਨੰਦ ਚੰਦ ਢਿਗ ਲੀਨਿ ਬੁਲਾਇ।
ਅਪਨੋ ਸੰਕਟ ਸਕਲ ਸੁਨਾਇ।
'ਕਰਹੁ ਮਸੰਦਨ ਕੋ ਉਪਚਾਰ।
ਨਹਿਂ ਚਹੀਅਹਿ ਅਬਿ ਕਰੀ ਅਵਾਰ[1]' [1]ਦੇਰ।
॥੩੧॥
ਬੋਲਯੋ ਦਯਾਰਾਮ ਤਿਸ ਬੇਰੀ।
'ਇਮ ਮਰਜ਼ੀ ਹੈ ਸਤਿਗੁਰ ਕੇਰੀ।
-ਬੰਦੁ ਬਸਤ ਕਰਿ ਤਨਹੁ ਕਨਾਤ।
ਕੋਈ ਨ ਜਾਨਿ[1] ਸਕਹਿ ਬੱਖਜਾਤ [1]ਜਾਣਾ।
॥੩੨॥
ਦਰ ਪਰ ਸੁਭਟ ਰਹੈਂ ਸਵਧਾਨ।
ਹੁਇ ਮਸੰਦ ਇਕ ਇਕ ਕੋ ਜਾਨਿ।
ਸਿਰੇਪਾਉ ਕੋ ਮਿਸ ਕਰਿ ਧਾਰੇ।
ਇਮ ਸਭਿ ਪ੍ਰਥਕ ਸੁ ਲੇਹੁ ਹਕਾਰੇ
॥੩੩॥
ਬੰਧਿ ਬੰਧਿ ਕਰ ਪਗ[1] ਤਿਨ ਕੇਰਾ। [1]ਹੱਥ ਪੈਰ।
ਅੰਤਰ ਕੋਸ਼ਠ ਕੇ ਦਿਹੁ ਗੇਰਾ।
ਪੀਛੇ ਜਿਸ ਪ੍ਰਕਾਰ ਮਨ ਭਾਵੈ।
ਦਿਹੁ ਸਜ਼ਾਇ ਕੋ ਜੋ ਗਰਬਾਵੈ[1]- ॥੩੪॥ [1]ਜੋ ਹੰਕਾਰੀ ਹੋਏ ਸਨ।
ਇਹ ਮਸਲਤ ਨਿਸ ਮਹਿਂ ਗੁਰ ਕੀਨਿ।
ਇਕ ਇਕ ਕੋ ਪਕਰਨਿ ਸ਼ੁਭ ਚੀਨ।
ਹੋਤਿ ਪ੍ਰਾਤ ਕੇ ਕੀਜਹਿ ਤਯਾਰੀ।
ਨਹਿਂ ਆਛੀ ਅਬਿ ਕਰਨਿ ਅਵਾਰੀ'
॥੩੫॥
ਸੁਨਿ ਪੰਜਾਬ ਕੁਇਰ ਲਖਿ ਨਿਜ ਹਿਤ।
'ਜਿਮ ਗੁਰ ਠਟੀ ਰੁਚਹਿ ਸੋ ਮਮ ਚਿਤ।
ਬਹੁ ਜੋਧਾ ਲਖਿ ਪਰਾਤੀ ਆਵੈਂ।
ਪਕਰਨਿ ਕੋ ਸਭਿ ਬਯੋਂਤ ਬਨਾਵੈਂ

॥ ੩੬ ॥
ਮਮ ਅਨੁਸਾਰੀ ਨਰ ਕੁਛ ਥੋਰੇ।
ਅਸ ਨਹਿਂ ਹੋਹਿ ਪਰਹਿ ਬਡ ਰੌਰੇ।
ਬਿਗਰ ਨ ਜਾਇ ਗਹਿਨ ਮੈਂ ਬਾਤ[1]।
ਹੁਇ ਨ ਮਸੰਦਨ ਮੈਂ ਬੱਖਜਾਤ' ॥ ੩੭ ॥
ਇਸ ਪ੍ਰਕਾਰ ਕਰਿ ਨੀਕੇ ਮਤ ਕੋ।
ਅਰੁ ਸਤਿਸੰਗਤਿ[†] ਕੇ ਬਹੁ ਹਿਤ ਕੋ।
ਥਿਰੇ ਮਸੰਦਨ ਮਹਿਂ ਗੁਰ ਰਹੇ।
ਅਨਿਕ ਪ੍ਰਕਾਰਨਿ ਬਾਤਨਿ ਕਹੇ ॥ ੩੮ ॥
ਚਤੁਰ ਘਟੀ ਮਹਿਂ ਉਠਿਬੋ ਚਾਹੇ।
ਦਯਾਰਾਮ ਆਯੋ ਚਲਿ ਪਾਹੇ।
ਨੰਦ ਚੰਦ ਕੋ ਲੇ ਕਰਿ ਸਾਥ।
ਸੁਭਟਨ ਸਹਿਤ ਕਹਿਤਿ ਤਬਿ ਨਾਥ ॥ ੩੯ ॥
ਸਭਿਨਿ ਬਿਖੈ ਤਿਨ ਦਈ ਸੁਨਾਇ।
'ਸਿਰੇਪਾਉ ਸੰਚੇ ਸਮੁਦਾਇ।
ਹੋਤਿ ਪ੍ਰਾਤਿ ਕੌ ਦੈ ਹੈਂ ਆਇ।
ਨਿਜ ਨਿਜ ਦੇਸ਼ਨ ਤਥਾ ਪਠਾਇੰ' ॥ ੪੦ ॥
ਕੇਤਿਕ ਚਤਰ ਮਸੰਦਨਿ ਜਾਨਾ।
ਤਊ ਨ ਕਿਹ ਸੋਂ ਕਹੂੰ ਬਖਾਨਾ।
ਅਪਦਾ ਮੂਢਨ ਕੀ ਨਿਯਰਾਈ।
ਹਤੈ ਗੁਰੂ, ਕੋ ਸਕੈ ਬਚਾਈ[1]? ॥ ੪੧ ॥
ਸੇਵਾ ਸਰਬ ਭਾਂਤਿ ਲੇ ਸੁਧਿ ਕੋ।
ਕਹਿ ਪੰਜਾਬ ਕੁਵਰ ਕਰਿ ਬੁਧਿ ਕੋ।
ਸੋ ਦਿਨ ਬਹੁਰ ਬਿਤਾਵਨਿ ਕਰਜੋ।
ਰਚਹਿਂ ਉਪਾਇ ਜਥਾ ਚਿਤ ਧਰਜੋ ॥ ੪੨ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

[1]ਫੜਨ ਵਿਚ ਗਲ ਵਿਗੜ ਨਾ ਜਾਵੇ।

[†]ਪਾ:-ਕਰਿ ਮਤਿ ਸੰਗਤਿ।

[1]ਗੁਰੂ ਮਾਰੇ ਤਾਂ ਕੌਣ ਬਚਾ ਸਕੇ?

## ੯. [ਮਸੰਦਾਂ ਨੂੰ ਦੰਡ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਕਹ੍ਯੋ ਫਰਾਸ਼ਨ ਕੌ ਤਬੈ, 'ਤਨਹੁ ਕਨਾਤ ਬਨਾਇ।
ਦੂਰ ਦੂਰ ਥਲ ਘੇਰੀਯੇ, ਅੰਤਰ ਕੋਇ ਨ ਜਾਇ' ॥੧॥

ਚੌਪਈ:

ਬ੍ਰਿੰਦ ਕਰਾਹੇ ਤਹਿਂ ਧਰਿਵਾਏ।
ਤੇਲ ਬਿਸਾਲ ਸੰਗ ਭਰਿਵਾਏ।
ਬੰਦੁਬਸਤ ਨਰ ਗਨ ਕੋ ਭਯੋ।
ਅੰਤਰ ਪ੍ਰਵਿਸ਼ਨਿ ਕੋ ਨਹਿਂ ਦਯੋ ॥੨॥
ਈਂਧਨ ਅਧਿਕ ਮੰਗਾਇ ਧਰਾਏ।
ਰਸਰਨਿ[1] ਬ੍ਰਿੰਦ ਭਾਰੁ ਅਨਵਾਏ।
ਇਹ ਨਿਸ ਮਹਿਂ ਸਭਿ ਕੀਨਿਸਿ ਤਯਾਰੀ।
ਉਤ ਮਸੰਦ ਹਰਖਤਿ ਉਰ ਭਾਰੀ ॥੩॥
-ਭੋਰ ਹੋਤਿ ਲੇ ਕਰਿ ਸਿਰੁਪਾਉ।
ਨਿਜ ਨਿਜ ਸੰਗਤਿ ਬਿਖੈ ਸਿਧਾਉਂ-।
ਸੁਪਤਿ ਜਾਮਨੀ ਸਭਿਨਿ ਬਿਤਾਈ।
ਭਈ ਪ੍ਰਭਾਤਿ ਉਠੇ ਸਮੁਦਾਈ ॥੪॥
ਸੌਚ ਸ਼ਨਾਨ ਸਭਿਨਿਹੁਂ ਕੀਨਿ।
ਚੀਰ ਸ਼ਰੀਰ ਭਲੇ ਧਰਿ ਲੀਨਿ।
ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ।
ਲੇ ਮਾਤੁਲ ਕੋ ਸੰਗ ਸਿਧਾਏ ॥੫॥
ਨੰਦ ਚੰਦ ਅਰੁ ਪਾਂਚਹੁਂ ਭ੍ਰਾਤਾ।
ਦਯਾਰਾਮ ਆਯੁਧ ਧਰਿ ਗਾਤਾ।
ਇੱਤਯਾਦਿਕ ਲੇ ਜੋਧਾ ਔਰ।
ਪਹੁੰਚੇ ਬੰਦੁਬਸਤ ਕੇ ਠੌਰ ॥੬॥
ਅਪਰ ਸੈਨ ਸਵਧਾਨ ਬਨਾਈ।
ਸਗਰੇ ਦ੍ਵਾਰਨਿ ਥਾਨ ਟਿਕਾਈ।
ਪਰਦਾ ਕਰਿ ਸਤਿਗੁਰ ਕੇ ਨੇਰੇ।
ਥਿਰੀ ਪੰਜਾਬ ਕੁਇਰ ਤਿਸ ਬੇਰੇ ॥੭॥
ਭਾਈ ਬਹਿਲੋ ਕੋ ਗੁਰਦਾਸ।
ਤਾਂਹਿ ਬੁਲਾਇ ਬਿਠਾਯੋ ਪਾਸ।
ਇਸ ਤੇ ਆਦਿ ਜਿਤਿਕ ਅਨੁਸਾਰੀ।

[1]ਰੱਸਿਆਂ ਦੇ।

ਸੋ ਸਗਰੇ ਢਿਗ ਲੀਨਿ ਹਕਾਰੀ ॥ ੮ ॥
ਪਕਰਨਿ ਹੇਤੁ ਬਲੀ ਕੁਛ ਬੀਰ।
ਕਰੇ ਹਕਾਰਨਿ ਰਾਖੇ ਤੀਰ।
ਇੱਤਜਾਦਿਕ ਸਭਿ ਕਰਿ ਤਕਰਾਈ।
ਜੋ ਮਸੰਦ ਸਭਿ ਮਹਿਂ ਬਡਿਆਈ ॥ ੯ ॥
ਪਠਿ ਨਰ ਤਿਸ ਕੋ ਪ੍ਰਥਮ ਬੁਲਾਯੋ।
ਸਿਰੇਪਾਉ ਹਿਤ ਬਾਕ ਸੁਨਾਯੋ।
ਸੁਨਿ ਅਨੰਦ ਕਰਿ ਪਹੁੰਚਯੋ ਜਾਈ।
ਬੈਠੇ ਕਲਗ਼ੀਧਰ ਤਿਸ ਠਾਂਈ ॥ ੧੦ ॥
ਖਿਰਯੋ ਆਨ ਕਰਿ ਨਿਕਟੀ ਜਬੈ।
ਸ਼ਾਰਤ ਕਰੀ ਭਟਨ ਕੋ ਤਬੈ।
ਗਹਿ ਲੀਨੋ ਸਿਰ ਪਾਗ ਉਤਾਰੀ।
ਕਰ ਪਗ ਤੇ ਜੁਰਯੋ ਦ੍ਰਿੜ੍ਹ ਭਾਰੀ ॥ ੧੧ ॥
ਤਿਮ ਹੀ ਦੁਤੀ ਮਸੰਦ ਹਕਾਰਾ।
ਕਰ ਪਗ ਜੂੜਿ ਤਿਸੀ ਢਿਗ ਡਾਰਾ।
ਨਹਿਂ ਬੋਲਨ ਦੀਨੋ ਕਹਿ ਤ੍ਰਾਸ।
ਕੋਸ਼ਠ ਬਿਖੈ ਬਿਠਾਯੋ ਤਾਸ ॥ ੧੨ ॥
ਪੁਨ ਤੀਸਰ ਕੋ ਲੀਆ ਬੁਲਾਇ।
ਕਰ ਪਗ ਬਾਂਧੇ ਦੇਤਿ ਬਿਠਾਇ।
ਵਹਿਰ ਸਭਿਨਿ ਮਹਿਂ ਇਮ ਬਿਦਤਾਏ।
'ਦੈਬੋ ਕਰਹਿਂ ਬ੍ਰਿੰਦ ਸਿਰੁਪਾਏ' ॥ ੧੩ ॥
ਪਹਿਰ ਪਹਿਰ ਤਨ ਮਹਿਂ ਪਟ ਆਛੇ।
ਹਰਖ ਧਰਤਿ ਅੰਤਰ ਕੋ ਗਾਛੇ[1]।
ਇਕ ਦੁਇ ਤ੍ਰੈ ਮਿਲਿ ਨਿਕਟ ਸਿਧਾਏ।
ਪਕਰਹਿਂ ਅੰਤਰ ਦੇਤਿ ਗਿਰਾਏ ॥ ੧੪ ॥
ਆਵਤਿ ਹੋਤਿ ਪ੍ਰਵੇਸ਼ ਅਨੇਕ।
ਹਟਿ ਕਰਿ ਨਿਕਸੈ ਨਾਂਹਿ ਨ ਏਕ।
ਬਾਂਧਿ ਬਾਂਧਿ ਕੋਸ਼ਠ ਮਹਿਂ ਗੇਰਹਿਂ।
ਖਰੇ ਨਿਕਟ ਕਯੋਂਹੂੰ ਨਹਿਂ ਟੇਰਹਿਂ[1] ॥ ੧੫ ॥
ਜਬਿ ਗਹਿ ਮੁਸ਼ਕਹਿਂ ਦੇਤਿ ਗਿਰਾਵਹਿਂ।
ਤਬਿ ਪਕਰਨਿ ਕੀ ਸੁਧ ਕੋ ਪਾਵਹਿਂ।

[1]ਅੰਦਰ ਜਾਂਦੇ ਹਨ।

[1]ਸੂਰਮੇ) ਪਾਸ ਖਲੋਤੇ ਹਨ (ਇਸ ਲਈ) ਕਿਸੇ ਤਰ੍ਹਾਂ (ਕੋਈ) ਬੋਲ ਨਹੀਂ ਸਕਦਾ।

ਜਾਤਿ ਵਹਿਰ ਤੇ ਹਰਖ ਉਦੋਤਿ।
ਅੰਤਰ ਪ੍ਰਵਿਸ਼ਹਿਂ ਬੰਧਨ ਹੋਤਿ ॥੧੬॥
ਜਬਹਿ ਪੰਚ ਸੈ ਪਕਰੇ ਗਏ।
ਕਛੁ ਸੰਸੈ ਸ਼ੇਖਨ[1] ਕੋ ਭਏ। [1]ਬਾਕੀਆਂ ਨੂੰ।
ਸਭਿ ਢਿਗ ਪਹੁੰਚੇ ਭਟ ਸਵਧਾਨ।
'ਤੂਰਨ ਚਲੀਅਹਿ' ਕਰਤਿ ਬਖਾਨਿ ॥੧੭॥
ਘੇਰ ਘੇਰ ਸਭਿ ਅੰਤਰ ਕਰੇ।
ਰਸਰਨਿ ਸੰਗ[1] ਬੰਧ ਤਹਿਂ ਧਰੇ। [1]ਰੱਸਿਆਂ ਨਾਲ।
ਕਹੌਂ ਕਹਾਂ ਲਗਿ ਕਥਾ ਅਗੇਰੀ।
ਗਹੇ ਇਕਾਦਸ਼ ਸੌ ਤਿਸ ਬੇਰੀ ॥੧੮॥
ਬਹੁ ਕੋਠਨਿ ਮਹਿਂ ਗਹਿ ਗਹਿ ਪਾਏ।
ਦ੍ਵਾਰ ਕਿਵਾਰਨਿ ਕੁਲਫ ਲਗਾਏ।
ਦਿਨ ਮੱਧਜਾਨ ਭਯੋ ਗੁਰੁ ਜਾਨਾ।
ਉਠਿ ਕਲਗ਼ੀਧਰ ਕੀਨਿ ਪਯਾਨਾ ॥੧੯॥
ਸੁਭਟ ਸੈਂਕਰੇ ਤਹਿਂ ਠਹਿਰਾਏ।
ਗਈ ਪੰਜਾਬ ਕੁਇਰ ਨਿਜ[†] ਥਾਏ। [†]ਪਾ:-ਤਿਸ।
ਖਾਨ ਪਾਨ ਕਰਿ ਗੁਰ ਬਿਸਰਾਮੇ।
ਸਿਹਜਾ ਮਾਂਹਿ ਬਿਸਦ ਅਭਿਰਾਮੇ[1] ॥੨੦॥ [1]ਉੱਜਲ ਸੁੰਦਰ ਛੇਜਾ ਪਰ।
ਜਾਮ ਦਿਵਸ ਉਠਿ ਹੁਕਮ ਬਖਾਨਾ।
'ਕਰਹੁ ਮਸੰਦਨ ਤਾੜ ਮਹਾਨਾ।'
ਤਬਿ ਪੰਜਾਬ ਕੁਇਰ ਸੋਂ ਭਾਖਾ।
'ਲਿਹੁ ਪਲਟਾ ਜਿਮ ਉਰ ਅਭਿਲਾਖਾ' ॥੨੧॥
ਤਪਨ ਲਗੇ ਤਬਿ ਤੇਲ ਕੜਾਹੇ।
ਲਜਾਇ ਮਸੰਦਨ ਕੋ ਤਿਨ ਪਾਹੇ।
ਕਰਛੇ ਭਰਿ ਭਰਿ ਸਿਰ ਮਹਿਂ ਪਾਵੈਂ।
ਸੰਕਟ ਪਰੇ ਅਧਕ ਬਿਲਲਾਵੈਂ ॥੨੨॥
ਕਿਸਹੂੰ ਪਰ ਹੁਇ ਬੈਤਨ ਮਾਰ।
ਹਨਤਿ ਹਨਤਿ ਭੇ ਪ੍ਰਾਨ ਸੰਘਾਰਿ[1]। [1]ਨਾਸ਼।

ਬਡੇ ਮਸੰਦ ਬਡੇ ਅਪਰਾਧੀ।
ਬਡੀ ਸਜ਼ਾਇ ਪਾਇ ਮ੍ਰਿਤੁ ਲਾਧੀ ॥੨੩॥
ਨਿਸ ਦਿਨ ਬਨਹਿ ਤਾੜਨਾ ਭਾਰੀ।
ਮ੍ਰਿਤਕ ਭਏ ਬਾਹਿਰ ਦੇਂ ਡਾਰੀ।
ਕੇਤਿਕ ਦਿਨ ਗੁਰ ਰਾਖ੍ਯੋ ਡੇਰਾ।
ਸੇਵ ਪੰਜਾਬ ਕੁਇਰ ਬਹੁਤੇਰਾ ॥੨੪॥
ਬਾਰਿ ਬਾਰਿ ਕਹਿ ਰਖਹਿ ਮੁਕਾਮੂ।
'ਜਾਨ ਲੇਹੁ ਇਹ ਆਪਨ ਧਾਮੂ।'
ਕਹਿਂ ਲਗਿ ਕਹੌਂ ਸਜ਼ਾਇ ਮਸੰਦਨ।
ਜਿਹ ਹਨੀਯਤਿ ਭੇ ਪ੍ਰਾਨ ਨਿਕੰਦਨ ॥੨੫॥
ਕੋਠਨ ਤੇ ਬਾਹਰ ਗਹਿ ਲ੍ਯਾਵਹਿਂ।
ਤਪਤ ਤੇਲ ਬਹੁ ਊਪਰ ਪਾਵਹਿਂ।
ਕਿਤਿਕ ਬੰਧਿ ਸਿਰ ਤਰ[1] ਲਟਕਾਏ।
ਚਾਬਕ ਗਨ ਤੇ ਧਰ ਹਤਵਾਏ[1] ॥੨੬॥
ਜਸ ਅਪਰਾਧ ਕਰ੍ਯੋ ਹੰਕਾਰੇ।

[1]ਸਿਰ ਹੇਠਾਂ, ਭਾਵ ਪੁੱਠੇ।

[1]ਮਰਵਾਏ।

ਮਸੰਦਾਂ ਨੂੰ ਜਿਨਾਂ ਦੇ ਪਾਪ ਇੱਥੇ ਦੱਸੇ ਹਨ ਅਤੇ ਜਿਨ੍ਹਾਂ ਨੇ ਰਾਮਰਾਇ ਜੀ ਨੂੰ ਜੀਉਂਦਿਆਂ ਸਾੜ ਦਿਤਾ ਸੀ ਦੰਡ ਦੇਣਾ ਨੀਤੀ ਅਨਕੂਲ ਸੀ। ਇਹ ਗਲ ਕਿ ਕਿਤਨੇ ਮਸੰਦ ਸਨ ਤੇ ਕੀਹ ਕੀਹ ਸਜ਼ਾ ਸੀ ਇਸ ਪਰ ਇਹੋ ਤੁਕ ਕੁਛ ਰਸਤਾ ਪਈ ਦੇਂਦੀ ਹੈ 'ਜਸ ਅਪਰਾਧ ਕਰ੍ਯੋ ਹੰਕਾਰੇ' ਜੈਸਾ ਜੈਸਾ ਅਪਰਾਧ ਹੰਕਾਰੀਆਂ ਨੇ ਕੀਤਾ ਸੀ ਤੈਸਾ ਤੈਸਾ ਦੰਡ ਸੀ।
ਜਿਨ੍ਹਾਂ ਨੇ ਜੀਂਵਦੇ ਜੀ ਰਾਮਰਾਇ ਜੀ ਨੂੰ ਸਾੜ ਦਿਤਾ ਸੀ ਉਹਨਾਂ ਦਾ ਦੰਡ ਤਾਂ ਮੌਤ ਹੋਣਾ ਹੀ ਸੀ। ਉਹਨਾਂ ਨੇ ਆਪਣੇ ਅਪਰਾਧ ਦਾ ਇਕਰਾਰ ਨਹੀਂ ਸੀ ਕੀਤਾ। ਤਦੋਂ ਤੇਲ ਤੱਤਾ ਕਰਕੇ ਕਹਿਣਾ ਵਿਚ ਹੱਥ ਪਾ ਤਾਂ ਸੱਚ ਪਤੀਜੇਗਾ, ਇਹ ਆਮ ਤ੍ਰੀਕਾ ਸੀ ਅਪਰਾਧੀ ਪਰਖਣੇ ਦਾ। ਇਸ ਤਰ੍ਹਾਂ ਡਰਾ ਡਰਾ ਰਾਮਰਾਇ ਜੀ ਦੇ ਪ੍ਰਾਣਾਂਤ ਕਰਨ ਵਾਲੇ ਖੂਨੀ ਲੱਭਣ ਤੇ ਪਰਖਣ ਦਾ ਜਤਨ ਕੀਤਾ ਹੋਣਾ ਹੈ। ਇਸ ਤੋਂ ਸਮਾਂ ਪਾ ਕੇ ਰਵਾਯਤ ਚੱਲ ਪਈ ਕਿ ਸਾਰੇ ਤੇਲ ਪਾ ਪਾ ਸਾੜੇ। ਇਹ ਤਾਂ ਤ੍ਰੀਕਿਆਂ ਵਿਚ ਇਕ ਤ੍ਰੀਕਾ ਸੀ ਅਪਰਾਧ ਸਹੀ ਕਰਨੇ ਦਾ। ਸੋ ਜੋ ਮੌਤ ਦੀ ਸਜ਼ਾ ਦੇ ਲਾਇਕ ਸਨ ਉਹ ਮੌਤ ਦੀ ਸਜ਼ਾ ਨਾਲ ਦੰਡੇ ਗਏ ਤੇ ਬਾਕੀ ਦੇ ਆਪਣੇ ਆਪਣੇ ਅਪਰਾਧਾਂ ਮੁਜਬ ਸਜ਼ਾਯਾਬ ਹੋਏ। ਯਾਰਾਂ ਸੌ ਦਾ ਸਾੜੇ ਜਾਣਾ ਸਮਝ ਲੈਣਾ ਠੀਕ ਨਹੀਂ। ਯਾਰਾਂ ਸੌ ਮਸੰਦ ਗਿਣਤੀ ਵਿਚ ਹੋਣਾ ਬੀ ਸੰਸੇ ਵਾਲੀ ਗਲ ਹੈ। ਯਾਰਾਂ ਸੌ ਨੂੰ ਡੱਕਣ ਵਾਸਤੇ ਕੋਠੇ ਕਿੰਨੇ ਕੁ ਚਾਹੀਏ ਤੇ ਬੰਨ੍ਹਣ, ਨਿਆਂ ਕਰਨ ਤੇ ਸਾੜ ਦੇਣ ਵਾਸਤੇ ਵਕਤ ਕਿੰਨਾ ਕੁ ਲੋੜੀਏ? ਅੰਕ ੩੧ ਦੱਸਦਾ ਹੈ ਕਿ ਮਸੰਦ ਜੋ ਚੰਗੇ ਸਨ ਦੇਸਾਂ ਬਦੇਸ਼ਾਂ ਨੂੰ ਟੋਰੇ। ਸੋ ਸਹੀ ਹੋਇਆ ਕਿ ਚੋਖੇ ਮਸੰਦ ਬਚ ਰਹੇ ਜੋ ਪ੍ਰਦੇਸ਼ਾਂ ਨੂੰ ਟੋਰੇ ਤੇ ਅਦਾਲਤ ਬੀ ਜ਼ਰੂਰ ਹੋਈ। ਜਿਸ ਵਿਚ ਚੰਗੇ ਬੁਰੇ ਪਰਖੇ ਗਏ। ਤ੍ਵਾਰੀਖ ਖਾਲਸਾ ਦੇ ਲੇਖਕ ਨੇ ਬੀ ਤੇਲ ਵਿਚ ਸਾੜੇ ਜਾਣਾ ਸ੍ਵੀਕਾਰ ਨਹੀਂ ਕੀਤਾ। ਮਸੰਦਾਂ ਦੇ ਅਪਰਾਧ ਵਿਚਾਰਿਆਂ ਜੋ ਉਹਨਾਂ ਨੇ ਸੰਗਤਾਂ ਨੂੰ ਦੁੱਖ ਦਿਤੇ ਸਨ ਤੇ ਜੋ ਵਿਭਚਾਰ ਕਮਾਏ ਸਨ ਤੇ ਅੱਗੇ ਜਿਨ੍ਹਾਂ ਦੁਖਾਂ ਦੇ ਸੰਗਤਾਂ ਨੂੰ ਵਾਪਰਨ ਦਾ ਡਰ ਸੀ ਸੋ ਉਹਨਾਂ ਨੂੰ ਅਪਰਾਧ ਮੁਜਬ ਦੰਡ ਦੇਣਾ ਸੰਗਤਾਂ ਨਾਲ ਪਿਆਰ ਕਰਨਾ ਸਿੱਧ ਹੁੰਦਾ ਹੈ। ਦੇਖੋ ਅੰਸੂ ੮ ਅੰਕ ੩੮ ਦੀ ਤੁਕ 'ਅਰ ਸਤਿਸਗਤ ਕੇ ਬਹੁ ਹਿਤ ਕੋ ਤਥਾ ਅੰਸੂ ੧੦ ਦਾ ਅੰਕ ੧ 'ਨਿਜ ਸਿੱਖਨ ਕੋ ਸੁਖ ਦਯੋ ਬਿਗਰਤਿ ਪੰਥ ਸੁਧਾਰਿ। ' ਰਾਮਰਾਇ ਜੀ ਦੇ ਦੇਹੁਰੇ ਦੇ

ਨਾਲ ਹੀ ਉੱਤਰ ਦੇ ਪਾਸੇ ਉਹ ਟਿਕਾਣਾ ਹੈ ਜਿੱਥੇ ਬੈਠਕੇ ਸਤਿਗੁਰੂ ਜੀ ਨੇ ਨਿਆਂ ਕੀਤਾ ਸੀ, ਇਹ ਟਿਕਾਣਾ ਹੁਣ ਤਕ ਹੈ। ਪਹਿਲੋਂ ਮਹੰਤ ਜੀ ਤੇ ਸੇਵਾਦਾਰ ਆਪ ਜਗ੍ਹਾ ਦਿਖਾਲਦੇ ਤੇ ਦੱਸਿਆ ਕਰਦੇ ਸਨ ਕਿ ਐਥੇ ਦਸਮ ਗੁਰੂ ਜੀ ਬੈਠੇ ਸਨ, ਐਥੇ ਦਿਵਾਨ ਲਾਇਆ ਸੀ, ਐਥੇ ਦੰਡ ਦਿਤਾ ਸੀ, ਪਰ ਅਕਾਲੀ ਅੰਦੋਲਨ ਤੋਂ ਮਗਰੋਂ ਭੈ ਕਰਕੇ ਕਿ ਮਤਾਂ ਅਕਾਲੀ ਨਾਂ ਆ ਜਾਣ, ਟਿਕਾਣੇ ਦੱਸਣ ਵੇਲੇ ਹੁਣ ਕੁਛਕ ਸੰਕੋਚ ਤੋਂ ਕੰਮ ਲੈਂਦੇ ਹਨ।

ਤਸ ਦੁਖ ਦੇ ਕਰਿ ਪ੍ਰਾਨ ਸੰਘਾਰੇ।
ਇਮ ਮਾਰਤਿ ਮਾਰਤਿ ਮਰਿ ਗਏ।
ਮਹਾਂ ਪਾਪ ਤੇ ਬਚਤਿ ਨ ਭਏ ॥੨੭॥
ਗੁਰ ਪੂਜਾ ਕੋ ਲੇ ਧਨ ਪਾਪੀ।
ਭੋਗਹਿ ਬਾਰ-ਬਧੂਨ ਸੁਰਾਪੀ[1]।
ਸਿਖ ਕੋ ਕਰਹਿਂ ਅਨਾਦਰ ਭਾਰੀ।
ਜਯੋਂ ਕਯੋਂ ਲੇਤਿ ਦਰਬ ਦੇ ਗਾਰੀ ॥੨੮॥
ਬਹੁਰ ਗੁਰਨ ਕੀ ਮਮਤਾ ਚਹੈਂ।
-ਹਮ ਬਡਿਆਇਂ ਤ ਪੂਜਾ ਲਹੈਂ।
ਕਰਜੋ ਹਮਾਰੋ ਹੀ ਗੁਰ ਹੋਇ।
ਹਮਰੇ ਬਿਨ ਧਨ ਦੇਇ ਨ ਕੋਇ- ॥੨੯॥
ਇੱਤਜਾਦਿਕ ਹੰਕਾਰ ਅਫਾਰੇ।
ਪਾਪ ਬ੍ਰਿੰਦ ਨੇ ਅਵਗਤਿ ਡਾਰੇ।
ਛੁਟਜੋ ਨ ਕੋਊ ਜੋ ਗਹਿ ਲਏ।
ਹਨੀਅਤਿ ਇਮ ਹੀ ਮਰਿ ਮਰਿ ਗਏ ॥੩੦॥
ਹੁਤੇ ਪੰਜਾਬ ਕੁਵਰ ਅਨੁਸਾਰੀ।
ਤਿਨਹੁ ਮਸੰਦੀ ਦੇ ਤਿਸ ਬਾਰੀ।
ਦੇਸ਼ ਬਿਦੇਸ਼ਨਿ ਬਿਖੈ ਪਠਾਏ।
ਪਹੁੰਚਿ ਜਹਾਂ ਕਹਿਂ ਗੁਰ ਧਨ ਲਜਾਏ ॥੩੧॥
ਇਮ ਸਭਿ ਰੀਤਿ ਸੁਧਾਰਨਿ ਕੀਨੀ।
ਨਿਸ਼ਕੰਟਕ[1] ਤਿਸ ਕੋ ਕਰਿ ਦੀਨੀ।
ਮਨਭਾਵਤ ਕਰਿ ਹਰਖਤਿ ਹੋਈ।
ਕਾਰ ਕਰਨਿ ਲਾਗੇ ਸਭਿ ਕੋਈ ॥੩੨॥
ਬੰਦੁਬਸਤ ਸਭਿ ਘਰ ਕੋ ਕਰਜੋ।
ਮਾਨਵ ਦੁਸ਼ਟ ਨਿਕਾਰਨਿ ਕਰਜੋ।

[1]ਵੇਸ਼ਵਾ ਭੋਗਦੇ ਤੇ ਸ਼ਰਾਬ ਪੀਂਦੇ।

[1]ਵੈਰੀ ਰਹਿਤ।

ਚਿਤ ਕੀ ਚਿੰਤਾ ਦੂਰ ਬਿਦਾਰੀ।
ਪੁਨ ਕਲਗ਼ੀਧਰ ਕੀਨਸਿ ਤਜ਼ਾਰੀ ॥੩੩॥
ਦੁਸ਼ਟ ਮਸੰਦ ਪ੍ਰਹਾਰ ਸੰਘਾਰੇ[1]।
[1]ਮਾਰ ਮਾਰ ਕੇ ਮਾਰ ਦਿੱਤੇ।
ਅੰਤਰ ਸਤਿਗੁਰ ਬੈਠਿ ਉਚਾਰੇ।
'ਅਬਿ ਤੁਮ ਭਯੋ ਮਨੋਰਥ ਪੂਰਾ।
ਨਿਰਬਾਹਹੁ ਘਰ ਕਾਰਜ ਰੂਰਾ' ॥੩੪॥
ਬਿਨੈ ਪੰਜਾਬ ਕੁਇਰ ਬਹੁ ਕਹੀ।
'ਤੁਮ ਬਿਨ, ਕੋ ਕਰਿ ਸਕਿ ਇਮ ਨਹੀਂ।
ਬਡੇ ਆਪ, ਮਮ ਕਾਜ ਸੁਧਾਰੀ।
ਸਭਿ ਬਿਧਿ ਕੀ ਮਮ ਚਿੰਤ ਨਿਵਾਰੀ ॥੩੫॥
ਆਗੈ ਸਦਾ ਸੰਭਾਰਤਿ ਰਹੀਅਹਿ।
ਮੋ ਵਿਧਵਾ ਕੀ ਕਾਰ ਨਿਬਹੀਅਹਿ।'
ਸੁਨਿ ਕਲਗ਼ੀਧਰ ਧੀਰਜ ਦੀਨਿ।
'ਨਿਜ ਅਨੁਸਾਰਿ ਸਕਲ ਅਬਿ ਕੀਨਿ[1] ॥੩੬॥
[1]ਸਾਰੇ ਮਸੰਦ ਹੁਣ (ਤੁਹਾਡੇ) ਆਪਣੇ ਅਨੁਸਾਰੀ ਕਰ ਦਿੱਤੇ ਹਨ।
ਜਥਾ ਕਹੈਂ[1] ਤਿਮ ਕਾਰਜ ਕਰੈਂ।
[1]ਤੂੰ ਕਹੇਂਗੀ।
ਤ੍ਰਾਸ ਲਹੈਂ, ਨਹਿ ਬਿੱਪ੍ਰੈ ਧਰੈਂ[1]।'
[1]ਉਲਟਾ ਨਹੀਂ ਕਰਨਗੇ।
ਕਹਿ ਇੱਤਯਾਦਿ ਉਠੇ ਤਿਸ ਕਾਲਾ।
ਸ਼੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥੩੭॥
ਤਬਿ ਪੰਜਾਬ ਕੁਵਰ ਕਰ ਬੰਦੇ।
ਬੰਦਨ ਕਰੀ ਚਰਨ ਅਰਬਿੰਦੇ।
ਹੁਇ ਰੁਖ਼ਸਦ ਬਾਹਰ ਕੋ ਆਏ।
ਕਰਯੋ ਕੂਚ ਦੁੰਦਭਿ ਬਜਵਾਏ ॥੩੮॥
ਤਤਛਿਨ ਜ਼ੀਨ ਤਰੰਗਮ ਡਾਰੇ।
ਨਿਜ ਬਾਹਨ[1] ਪਰ ਹੁਇ ਅਸਵਾਰੇ।
[1]ਅਸਵਾਰੀ।
ਪਸ਼ਚਮ ਦਿਸ਼ਿ ਕੌ ਮੁਖ ਕਰਿ ਚਾਲੇ।
ਭਈ ਬਾਹਨੀ[1] ਨਾਲ ਬਿਸਾਲੇ ॥੩੯॥
[1]ਸੈਨਾ।
ਮਗ ਮਹਿਂ ਕਰਤਿ ਅਖੇਰ ਘਨੇਰੇ।
ਜਮਨਾ ਤੀਰ ਤੀਰ ਤਰੁ ਹੇਰੇ[1]।
[1]ਬ੍ਰਿੱਛ ਦੇਖੇ।
ਅਨਿਕ ਭਾਂਤਿ ਕੀ ਸ਼ੋਭਾ ਧਾਰਤਿ।

ਗਮਨਤਿ ਮਾਰਗ ਤਿਨਹੁਂ ਨਿਹਾਰਤਿ
॥੪੦॥
ਤੇਜ ਸਹਿਤ ਤੁਰਨਤਾ ਧਾਰੀ।
ਸ਼੍ਰੀ ਗੋਬਿੰਦ ਸਿੰਘ ਕੀ ਅਸਵਾਰੀ।
ਨਗਰ ਪਾਂਵਟੇ ਪਹੁਂਚਤਿ ਭਏ।
ਲੋਕ ਹਜ਼ਾਰਹੁਂ ਅੱਗ੍ਰੀ ਅਏ† ॥੪੧॥ †ਪਾ:-ਭਏ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਮਰਾਇ ਮਸੰਦ ਸਾੜਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

## ੧੦. [ਫਤੇਸ਼ਾਹ ਦੇ ਲਾਗੀ ਆਏ। ਤੰਬੋਲ ਦੀ ਤਿਆਰੀ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਦੁਸ਼ਟ ਮਸੰਦਨ ਮਾਰਿ।
ਨਿਜ ਸਿੱਖਨ ਕੋਂ ਸੁਖ ਦਿਯੋ, ਬਿਗਰਤਿ ਪੰਥ ਸੁਧਾਰਿ ॥੧॥

ਚੌਪਈ:

ਬਸੇ ਪਾਂਵਟੇ ਨਗਰ ਮਝਾਰਾ।
ਜਹਿਂ ਸ਼੍ਰੀ ਜਮੁਨਾ ਸੁੰਦਰ ਧਾਰਾ।
ਸ਼ਿਲਾ ਬਿਸਾਲ ਤੀਰ ਥਿਰ† ਜਹਾਂ[1]।
ਕਰਿ ਮੱਜਨ ਕੌ ਬੈਠੇ ਤਹਾਂ ॥੨॥
ਸ਼੍ਰੀ ਮੁਖ ਤੇ ਕਵਿਤਾ ਸ਼ੁਭ ਰਚੈਂ।
ਛੰਦ ਸਵੈਯੇ ਸ਼ੁਭ ਪਦ ਖਚੈਂ।
ਜਾਮ ਦਿਵਸ ਲੌ ਤਹਾਂ ਸੁਹਾਵੈਂ।
ਕੋ ਕਾਰਜ ਕਿਤ[1] ਨਿਕਟ ਨ ਆਵੈ ॥੩॥
ਲਿਖਿਬੇ ਹਿਤ ਇਕ ਥਿਰੇ ਲਿਖਾਰੀ।
ਹੋਇ ਇਕਾਂਕੀ ਕਰਹਿਂ ਬਿਚਾਰੀ।
ਪੁਨ ਉਠਿ ਮਹਾਰਾਜ ਗੁਰ ਪੂਰੇ।
ਅਚਹਿਂ ਅਸਨ ਨਾਨਾ ਬਿਧਿ ਰੂਰੇ ॥੪॥
ਵਰਤਹਿ ਦੇਗ ਅਤੋਟ ਭੰਡਾਰਾ।
ਖਾਇਂ ਅਹਾਰਨਿ ਸਿੱਖ ਹਜ਼ਾਰਾ।
ਆਵਹਿਂ ਜਾਇਂ ਨਿਤਾਪ੍ਰਤਿ ਨਏ।
ਦਰਸਹਿਂ ਚਰਨ ਕਮਲ ਸੁਕ ਮਏ ॥੫॥
ਪੁਨ ਕਲਗ਼ੀਧਰ ਕੇਤਿਕ ਸਮੈਂ।
ਥਿਰੇ ਪ੍ਰਯੰਕ ਆਇ ਨਰ ਨਿਮੈਂ।
ਨੰਦ ਚੰਦ ਸੰਗੋ ਤੇ ਆਦਿ।
ਬੰਦਤਿ ਬੈਠਹਿਂ ਧਰਿ ਅਹਿਲਾਦਿ ॥੬॥
ਰਾਜ ਸਾਜ ਕੀ ਬਾਤ ਅਨੇਕ।
ਕਰਹਿਂ ਬੂਝਿ ਕਰਿ ਜਲਧਿ ਵਿਵੇਕ।
ਅਪਰ ਪ੍ਰਸੰਗ ਕਹੈਂ ਮਨ ਭਾਏ।
ਹਾਸ ਬਿਲਾਸ ਅਨੰਦ ਕੋ ਪਾਏ ॥੭॥
ਪੁਨ ਸਤਿਗੁਰੁ ਕੁਛ ਕਰਹਿਂ ਅਰਾਮ।
ਪੌਢਹਿਂ ਬਡ ਪ੍ਰਯੰਕ ਅਭਿਰਾਮ।

[1]ਜਿੱਥੇ ਕਿਨਾਰੇ ਤੇ ਵੱਡੀ ਸ਼ਿਲਾ ਟਿਕੀ ਹੈ।
†ਪਾ:-ਸੁਤੀਰਥ।

[1]ਕਿਸੇ ਕਾਰਜ ਲਈ ਕੋਈ।

ਜਾਮ ਤੀਸਰੇ ਉਠੈਂ ਗੁਸਾਈਂ।
ਸੁੱਖਾ ਹੋਇ ਤਜਾਰ ਸਮੁਦਾਈ ॥ ੮ ॥
ਸਹਿਤ ਹਫੀਮ ਛਕਹਿੰ ਤਿਸ ਨਾਲੇ†।

†ਜਾਪਦਾ ਹੈ ਕਿ ਕਵਿ ਜੀ ਨੇ ਗੁਰ ਬਿਲਾਸ ਭਾਈ ਸੁੱਖਾ ਸਿੰਘ ਤੋਂ ਭੰਗ ਅਫੀਮ ਦਾ ਖਿਆਲ ਲੈਕੇ ਯਾ ਰਵਾਯਤਨ ਸੁਣਕੇ ਆਪਣੀ ਖੋਜ ਕੀਤੇ ਬਿਨਾਂ ਹੀ ਲਿਖਿਆ ਹੈ। ਬੀਸ ਕੁ ਬਰਸ ਦੀ ਉਮਰ ਵਿਚ ਅਫੀਮ ਦੀ ਲੋੜ ਕਦ ਪੈਂਦੀ ਹੈ ਤੇ 'ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ' ਮਹਾਂ ਵਾਕ ਦੇ ਜੀਵਨ ਵਾਲੇ ਪੈਗ਼ੰਬਰ ਅਵਤਾਰ ਤੇ ਗੁਰ ਪਰਮੇਸ਼ਰ ਕਦੇ ਇਹਨਾਂ ਦੁਖਦਾਈ ਚੀਜ਼ਾਂ ਦੇ ਮੁਥਾਜ ਹੋ ਸਕਦੇ ਸਨ? ਅਜੇ ਤਕ ਜੰਗ ਬੀ ਨਹੀਂ ਆਰੰਭ ਹੋਏ ਜੋ ਕੋਈ ਜੰਗ ਦਾ ਬਹਾਨਾ ਹੀ ਦੇ ਸਕੇ ਕਿ ਜੁੱਧ ਵੇਲੇ ਲੋੜ ਹੁੰਦੀ ਹੈ। ਦੇਖੋ ਰੁਤ ੩ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

ਚਢਹਿਂ ਤੁਰੰਗਮ ਬਾਹਰ ਚਾਲੇ।
ਕਿਤਿਕ ਦੂਰ ਪਸ਼ਚਮ ਦਿਸ਼ਿ ਤਹਾਂ।
ਲਗਵਾਯੋ ਉਪਬਨ ਤਰੁ ਮਹਾਂ[1] ॥ ੯ ॥ — [1]ਬਾਗ ਬਹੁਤੇ ਬ੍ਰਿੱਛਾਂ ਵਾਲਾ।
ਆਰੂ ਦਾਰਮ[1], ਬ੍ਰਿੰਦ ਰਸਾਲ[2]। — [1]ਅਨਾਰ। [2]ਅੰਬ।
ਆਮਰੂਦ, ਕਦਲੀ[1], ਗੁਲਲਾਲ[2]। — [1]ਕੇਲੇ। [2]ਲਾਲ ਫੁਲਾਂ (ਦੇ ਬੂਟੇ) ਜੈਸੇ ਜਾਪਾ ਕੁਸਮ। (ਅ) ਗੂੜ੍ਹੇ ਲਾਲ ਰੰਗ ਦਾ ਫੁਲ ਜਿਸ ਦੇ ਅੰਦਰ ਕਾਲਾ ਦਾਗ ਹੁੰਦਾ ਹੈ, ਜਿਸ ਨੂੰ ਗੁਲੇ ਲਾਲਾ ਕਹਿੰਦੇ ਹਨ। (ੲ) ਕਈ ਗਿਆਨੀ ਇਸ ਨੂੰ ਗੁਲ ਦੁਪਹਿਰੀ ਸਮਝਦੇ ਹਨ ਜੋ ਸਲੂਣਕ ਦੀ ਜਾਤ ਵਿਚੋਂ ਹੈ ਤੇ ਉਨ੍ਹਾਲੇ ਧੁੱਪ ਚੜ੍ਹਿਆਂ ਖਿਲਦਾ ਹੈ।
ਰਾਇਬੇਲ[1], ਚੰਬੇਲੀ ਘਨੀ। — [1]ਰਵੇਲ।
ਆਲਬਾਲ ਸੁੰਦਰ ਜਲ ਸਨੀ ॥ ੧੦ ॥
ਸੇਵ[1], ਸੇਵਤੀ[2], ਦਲ ਫਲ ਫੂਲ। — [1]ਸੋਉ। [2]ਚਿੱਟਾ ਗੁਲਾਬ ਜੋ ਅਕਸਰ ਖੁਦਰੌ ਤੇ ਇਕਹਿਰਾ ਤੇ ਖੁਸ਼ਬੂਦਾਰ ਹੁੰਦਾ ਹੈ; ਵੈਦ ਦਵਾਈਆਂ ਵਿਚ ਵਰਤਦੇ ਹਨ।
ਕਲਤਿ ਮਾਲਤੀ[1], ਤਰੁ ਦ੍ਰਿਢ ਮੂਲ[2]। — [1]ਸੁੰਦਰ ਮਾਲਤੀ। [2]ਬ੍ਰਿੱਛ ਪੱਕੀਆਂ ਜੜ੍ਹਾਂ ਵਾਲੇ।
ਅਬਿ ਲੌ ਥਲ ਤਿਸ ਖਰੇ ਰਸਾਲ[1]। — [1]ਅੰਬ।
ਕਹੈ ਸਿੰਘ ਕਵਿ ਪਿਖੇ ਬਿਸਾਲ† ॥ ੧੧ ॥ — †ਇਹ ਕਵਿ ਜੀ ਨੇ ਆਪ ਡਿੱਠਾ ਹੈ ਸਾਰਾ ਟਿਕਾਣਾ ਤੇ ਸਮਾਚਾਰ ਤੇ ਰਵਾਇਤਾਂ ਬੀ ਇਥੋਂ ਸਹੀ ਕੀਤੀਆਂ ਜਾਪਦੀਆਂ ਹਨ।
ਛਕਿ ਸੁੱਖਾ ਉਪਬਨ[1] ਕੋ ਆਵਹਿਂ। — [1]ਬਾਗ।
ਸੁਭਟ ਸੈਂਕਰੇ ਸੰਗ ਸਿਧਾਵਹਿਂ।
ਸੌਚ ਸ਼ਨਾਨ ਕਰਹਿਂ ਤਿਸ ਥਾਨ।
ਬੈਠਹਿਂ ਸਤਿਗੁਰ ਲਾਇ ਦਿਵਾਨ ॥ ੧੨ ॥
ਗਨ ਰਾਜਨਿ ਕੋ ਆਇਂ ਵਕੀਲ।
ਦਰਸ਼ਨ ਕਰਹਿਂ ਸਰਾਹਿਂ ਸੁਸ਼ੀਲ।
ਹੁਇ ਸ਼ਸਤ੍ਰਨਿ ਬਿੱਦਯਾ ਅੱਭਯਾਸ।
ਹਨਹਿਂ ਲੱਛ ਬਹੁ ਧਰਹਿਂ ਹੁਲਾਸ ॥ ੧੩ ॥

ਤੀਰ ਤੁਪਕ ਤੋਮਰ ਕੋ ਮਾਰਨਿ।
ਬਾਰਿ ਬਾਰਿ ਭਟਹੂੰਨ ਨਿਹਾਰਨ।
ਤੁਰੰਗ ਪਲਾਵਨ[1], ਕਬਹੁਂ ਫੰਧਾਵਨ[2]। [1]ਨਸਾਉਣੇ। [2]ਛਾਲਾਂ ਮਰਵਾਉਣੀਆਂ।
ਅਨਿਕ ਚਲਾਕੀ ਫੇਰਿ ਦਿਖਾਵਨਿ ॥੧੪॥
ਇਸ ਪ੍ਰਕਾਰ ਕੇ ਅਨਿਕ ਬਿਲਾਸਨਿ।
ਰਣ ਕਰਿਬੇ ਹਿਤ ਕਰਹਿਂ ਪ੍ਰਕਾਸ਼ਨਿ।
ਸਿੱਖਨ ਮਹਿਂ ਜਹਿਂ ਕਹਿਂ ਜਸ ਫੈਲਾ।
ਹਤੇ ਮਸੰਦ ਅਧਿਕ ਸੁਖਦੈਲਾ[1] ॥੧੫॥ [1]ਸੁਖ ਦੇਣ ਵਾਲੇ (ਸ੍ਰੀ ਗੁਰੂ ਜੀ ਨੇ)।
ਸੰਧ੍ਯਾ ਭਏ ਆਇ ਪੁਨ ਡੇਰੇ।
ਸੁਭਟ ਸ਼ਸਤ੍ਰ ਜੁਤਿ ਸੰਗ ਘਨੇਰੇ।
ਸ਼ਬਦ ਕੀਰਤਨ ਕਰਹਿਂ ਰਬਾਬੀ।
ਭਾਂਤਿ ਭਾਂਤਿ ਕੇ ਰਾਗ ਅਜਾਬੀ[1] ॥੧੬॥ [1]ਅਸਚਰਜ।
ਬਾਗ਼ ਬੀਚ ਇਕ ਬਾਸੁਰ ਬੈਸੇ।
ਸੁਰ ਸਿੱਖਨ† ਮਹਿਂ ਸੁਰਪਤਿ ਜੈਸੇ। †ਪਾ:-ਸਿੰਘਨ।
ਫਤੇਸ਼ਾਹਿ ਸ਼੍ਰੀਨਗਰ ਭੁਪਾਲਾ।
ਲਾਗੀ ਪਠੇ ਆਇ ਤਿਸ ਕਾਲਾ ॥੧੭॥
ਕਰਿ ਬੰਦਨ ਕੋ ਦੀਨਸਿ ਪਾਤੀ।
ਨ੍ਰਿਪ ਕੀ ਨਮੋ ਕੀਨਿ ਬੱਖਜਾਤੀ।
ਆਨਿ ਕਾਵਰਾਂ[1] ਅਨਿਕ ਕਹਾਰਨਿ[2]। [1]ਵਹਿਗੀਆਂ। [2]ਕਹਾਰਾਂ ਨੇ।
ਗੁਰ ਆਗੇ ਸਭਿ ਕੀਨਿ ਉਤਾਰਨਿ ॥੧੮॥
ਹਾਥ ਬੰਦਿ ਮਾਨਵ ਕਹਿਂ ਬਾਨੀ।
'ਮਹਿਪਾਲਕ ਬਹੁ ਬਿਨੈ ਬਖਾਨੀ।
ਗੰਠ[1] ਪੁੰਗ ਫਲ ਆਦਿ ਪਠਾਈ। [1]ਰਾਜੇ ਨੇ ਗੰਢ ਭੇਜੀ ਹੈ ਸੁਪਾਰੀ ਆਦਿਕ। [ਸੂਚਨਾ-ਮੌਲੀ ਸੁਪਾਰੀ ਆਦਿ ਚੀਜ਼ਾਂ ਭੇਜ ਦੇਣ ਨੂੰ ਗੰਢ ਘੱਲਣੀ ਕਹਿੰਦੇ ਹਨ। ਇਹ ਗੰਢ ਮੇਲ ਨੂੰ ਸੱਦਣ ਵਾਸਤੇ ਘੱਲੀਦੀ ਹੈ। ਹੁਣ ਆਮ ਮੁਹਾਵਰਾ ਹੋ ਗਿਆ ਹੈ ਫੁਲਾਣੇ ਨੇ ਗੰਢ ਘੱਲੀ ਹੈ ਭਾਵ ਮੇਲ ਸੱਦਿਆ ਹੈ]।
ਨਿਜ ਕੰਨ੍ਯਾ ਕੋ ਬ੍ਯਾਹ ਰਚਾਈ ॥੧੯॥
ਸਦਨ ਅਵਾਹਨ ਤੁਮ ਕੋ ਚਾਹਾ।
ਹਿਤ ਬਡਿਆਈ ਅਧਿਕ ਉਮਾਹਾ।
ਚਰਨ ਆਪ ਕੇ ਜਬਿ ਤਹਿਂ ਪਰੈਂ।

ਸਭਿ ਭ੍ਰਾਤਨਿ ਤੇ ਬਡਤਾ ਧਰੈਂ ॥੨੦॥
ਸੁਨਿ ਸਤਿਗੁਰ ਤਿਨ ਧੀਰਜ ਦੀਨੋ।
ਮਿਲਿ ਕਰਿ[1] ਵਾਸ ਪਾਂਵਟੇ ਕੀਨੋ।
ਭਈ ਭੋਰ ਨਿਜ ਨਿਕਟ ਬੁਲਾਇ।
ਕਰੇ ਬਿਸਰਜਨ ਦਰਬ ਦਿਵਾਇ ॥੨੧॥
'ਹਮਰੇ ਆਵਨਿ ਮਹਿਂ ਸੰਦੇਹੂ।
ਸੰਗ ਭੂਰ ਸਿਖ ਸੈਨ ਸਨੇਹੂ[1]।
ਕਾਰਨ ਘਨੇ ਅਪਰ ਕਹਿ ਕਹਾਂ।
ਰਾਜੇ ਅਨਿਕ ਆਇ ਹੈਂ ਜਹਾਂ ॥੨੨॥
ਹੁਇ ਨ ਪਰਹਿ ਕਿਸ ਸਾਥ ਬਖੇਰਾ।
ਕੇਤਿਕ ਪੁਰਬ ਬਾਢਯੋ ਝੇਰਾ।
ਨਿਜ ਦੀਵਾਨ ਪਠਾਵਨ ਕਰੈਂ।
ਕੇਤਿਕ ਸੈਨ ਤਿਨਹੁ ਸੰਗ ਕਰੈਂ ॥੨੩॥
ਇੱਤਯਾਦਿਕ ਸੋ ਨਰ ਸੁਨਿ ਕਾਨ।
ਬੰਦਤਿ ਨ੍ਰਿਪ ਢਿਗ ਕੀਨਿ ਪਯਾਨ।
ਜਾਇ ਪ੍ਰਸੰਗ ਸੁਨਾਵਨਿ ਕਰਯੋ।
ਬਚ ਕਲ਼ਗੀਧਰ ਜਥਾ ਉਚਰਯੋ ॥੨੪॥
ਸਕਲ ਭਾਂਤਿ ਤਯਾਰੀ ਕਰਿਵਾਈ।
ਫਤੇਸ਼ਾਹਿ ਉਰ ਮੋਦ ਬਢਾਈ।
-ਬਹੁਤੇ ਆਇਂ ਮੇਲ ਮਹਿਂ ਰਾਜੇ।
ਉਤ ਬਰਾਤ ਮਹਿਂ ਬ੍ਰਿੰਦ ਬਿਰਾਜੇ[1] ॥੨੫॥
ਸਕਲ ਗਿਰਨਧਾਰਾ ਪਤਿ ਮਿਲੇਂ।
ਹੁਇ ਉਤਸਾਹ ਬਯਾਹ ਕੌ ਭਲੇ-।
ਘਨੋ ਅੰਨ ਘ੍ਰਿਤ ਕੋ ਪਕਵਾਨ।
ਮਧੁਰ ਕਰਹਿਂ ਰਖਵਾਇ ਮਹਾਨ ॥੨੬॥
ਤ੍ਰਿਣ ਦਾਨਾ ਕੋ ਸੰਚਿ ਅੰਬਾਰ।
ਖਰਚਹਿਂ ਧਨ ਕੌ ਬਨਯੋ ਉਦਾਰਾ।
ਇਤ ਸਤਿਗੁਰ ਉਰ ਬਿਖੈ ਬਿਚਾਰਾ।
ਰਾਜਨੀਤਿ ਕੋ ਜਿਤਿਕ ਪ੍ਰਕਾਰਾ ॥੨੭॥
-ਕੰਨਯਾ ਬਯਾਹ ਬਿਖੈ ਕਛੁ ਦੇਨਾ।
ਜਗਤ ਰੀਤਿ ਠਾਨਹਿ, ਸਭਿ ਲੇਨਾ।

[1]ਮੁਲਾਕਾਤ ਤੋਂ ਮਗਰੋਂ (ਉਨ੍ਹਾਂ ਲਾਗੀਆਂ ਨੇ)।

[1]ਭਾਵ ਸਿੱਖ, ਫੌਜ ਤੇ ਮਿੱਤ੍ਰ ਸੰਬੰਧੀ (ਸੰਗੋ ਸ਼ਾਹ ਆਦਿਕ) ਬਹੁਤ ਨਾਲ ਹਨ।

[1]ਮੇਰੇ ਘਰ) ਮੇਲ (ਮਾਂਞੀ) ਬਣਕੇ ਬਹੁਤੇ ਰਾਜੇ ਆਉਣਗੇ, ਉਧਰੋਂ ਜੰਞ ਵਿਚ ਬੀ ਬਹੁਤੇ ਰਾਜੇ ਬਿਰਾਜਣਗੇ।

ਜਾਨਿ ਆਪਨੀ ਉਚ ਬਡਾਈ।
ਦੁਤੀਏ ਪਿਖਹਿਂ ਬ੍ਰਿੰਦ ਗਿਰਰਾਈ- ॥੨੮॥
ਬਹੁਰੋ ਚਿਤ ਉਦਾਰ ਗੁਰ ਕੇਰਾ।
ਯਾਂ ਤੇ ਚਾਹਤਿ ਦਿਯੋ ਘਨੇਰਾ।
ਜੇਵਰ ਜਰੇ ਜਰਾਵ[1] ਜਵਾਹਰ। [1]ਜੜਾਊ।
ਜਾਗਤਿ ਜ਼ੇਬ ਜਿਨਹੁ ਕੀ ਜ਼ਾਹਰ ॥੨੯॥
ਸੁੰਦਰ ਕੁੰਦਨ ਕੇ[1] ਕਰਿਵਾਏ। [1]ਖਾਲਸ ਸੋਨੇ ਦੇ।
ਬਹੁਤ ਦਰਬ ਜਿਨ ਊਪਰ ਲਾਏ।
ਪਸ਼ਮੰਬਰ ਪਾਟੰਬਰ ਘਨੇ।
ਗੋਟਾ ਜ਼ਰੀ ਲਾਗ ਬਰ ਬਨੇ ॥੩੦॥
ਬਾਸਨ[1] ਕੰਚਨ ਰਜਤ[2] ਘਰਾਏ। [1]ਭਾਂਡੇ। [2]ਸੋਨੇ ਚਾਂਦੀ ਦੇ।
ਕਾਰੀਗਰਨਿ ਅਨੇਕ ਬਨਾਏ।
ਇੱਤਜਾਦਿਕ ਦਾਇਜ ਕੇ ਹੇਤੁ।
ਧਨ ਗਨ ਦੀਨਸਿ ਕ੍ਰਿਪਾ ਨਿਕੇਤ ॥੩੧॥
ਸਵਾਲਾਖ ਕੋ ਕਰਿ ਤੰਬੋਲ[1]। [1]ਨਿਉਂਦ੍ਰਾ।
ਬਸਤੁ ਅਜਾਇਬ ਜਿਨ ਬਹੁ ਮੋਲ।
ਨੰਦਚੰਦ ਸਭਿ ਤਜਾਰ ਕਰਾਇ।
ਸ਼੍ਰੀ ਸਤਿਗੁਰ ਕੋ ਦੀਨਿ ਦਿਖਾਇ ॥੩੨॥
ਅਵਿਲੋਕਤਿ ਪ੍ਰਭੁ ਹੁਕਮ ਬਖਾਨਾ।
'ਦਯਾਰਾਮ ਪ੍ਰੋਹਤ ਮਤਿਵਾਨਾ!
ਤੋਹਿ ਸਹਿਤ ਲੈ ਚਮੂੰ ਘਨੇਰੀ।
ਪਹੁੰਚਨਿ ਬਨਹਿ ਬਜਾਹ ਜਿਸ ਬੇਰੀ ॥੩੩॥
ਸੈਲਪਤਨਿ ਕੇ ਗਨ ਜਬਿ ਮਿਲੈਂ।
ਕਰਹੁ ਦਿਖਾਵਨਿ ਤਬਿ ਸਭਿ ਭਲੇ।'
ਨੰਦ ਚੰਦ ਅਰੁ ਦਿਜ ਸੁਨਿ ਕਰਿ ਕੈ।
ਬੂਝਨਿ ਲਾਗੇ ਰਿਦੈ ਬਿਚਰਿ ਕੈ ॥੩੪॥
'ਪਰਬਤ ਪਾਲਿਕ[1] ਕਿਤਿਕ ਬਿਰੋਧੀ। [1]ਪਹਾੜੀ ਰਾਜੇ।
ਭੀਮ ਚੰਦ ਤੇ ਆਦਿ ਕਰੋਧੀ।
ਭਏ ਮੇਲ ਤੇ ਵਧਹਿ ਬਖੇਰਾ।
ਆਵਨ ਮੁਸ਼ਕਲ ਹੁਇ ਤਿਸ ਬੇਰਾ

॥੩੫॥
ਪੰਥ ਪਹਾਰਨ ਬਿਖਮ ਬਡੇਰੇ।
ਕੌਨ ਸਹਾਇਕ ਹੁਇ ਤਿਸ ਬੇਰੇ?'
ਸੁਨਿ ਕਲਗ਼ੀਧਰ ਹੁਕਮ ਬਖਾਨਾ।
'ਸੰਸ਼ਯ ਕਹਾਂ ਏਵ ਤੁਮ ਠਾਨਾ ॥੩੬॥
ਦ੍ਰਿੜ ਨਿਸ਼ਚਾ ਉਰ ਰਾਖਹੁ ਐਸੇ।
ਸਤਿਗੁਰ ਕਰਹਿਂ ਪਠਾਵਨਿ ਜੈਸੇ।
ਤਿਮ ਹੀ ਸਤਿਗੁਰ ਲਜਾਵਨਿ ਕਰੈਂ।
ਅਪਨੇ ਜਾਨਹਿਂ ਰੱਛਾ ਧਰੈਂ ॥੩੭॥
ਜੋ ਸਿਖ ਮੇਰੋ ਗਹੈ ਅਲੰਬ[1]। [1]ਆਸਰਾ।
ਕਰੈਂ ਮਿਟਾਵਨਿ ਬਿਘਨ ਕਦੰਬ[1]। [1]ਸਾਰੇ।
ਜੇ ਰਾਖਹਿਂ ਨਿਤ ਮੋਰ ਭਰੋਸਾ।
ਤਿਨ ਕੇ ਨਿਕਟ ਨ ਪਹੁੰਚੈ ਦੋਸ਼ਾ ॥੩੮॥
ਅੰਗ ਸੰਗ ਗੁਰ ਬਨਹਿਂ ਸਹਾਈ।
ਤਾਤੀ ਵਾਉ ਨ ਲਾਗਨਿ ਪਾਈ।
ਜੇ ਨਹਿਂ ਸਿਮਰਹਿਂ ਮੋ ਕਹੁ ਕਦੇ।
ਨਿਜ ਬਲ ਪਰ ਬਿਸਵਾਸੀ[1] ਰਿਦੇ ॥੩੯॥ [1]ਆਪਣੇ ਬਲ ਤੇ ਭਰੋਸੇ ਵਾਲੇ।
ਨਹਿਂ ਨਿਤ ਕੋ ਮੈਂ ਬਨਹੁਂ ਸਹਾਈ।
ਗੁਰ ਸੰਗੀ ਹੁਇਂ ਜੇ ਸ਼ਰਨਾਈ[1]। [1]ਜੋ ਸ਼ਰਨ ਹਨ ਗੁਰੂ ਉਹਨਾਂ ਦੇ ਸੰਗ ਹੈ।
ਯਾਂ ਤੇ ਸਦਾ ਰਾਖ ਬਿਸਵਾਸਹਿ।
ਪ੍ਰਭੁ ਹੁਇਂ ਸਦਾ ਦਾਸ ਕੇ ਪਾਸਹਿਂ' ॥੪੦॥
ਸੁਨਿ ਦੋਨਹੁਂ ਕੋ ਧੀਰਜ ਆਯੋ।
ਕਰਿ ਨਿਸ਼ਚਾ ਤਬਿ ਸੀਸ ਨਿਵਾਯੋ।
ਸਕਲ ਵਸਤੁ ਕੀ ਤਯਾਰੀ ਠਾਨਿ।
ਗੁਰ ਆਗਯਾ ਤੇ ਚਹਸਿ ਪਯਾਨ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨੰਦ ਚੰਦ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਨੰਦ ਚੰਦ ਤੰਬੋਲ ਲੈਕੇ ਗਿਆ। ਬਰਾਤ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਬੀਤ ਗਈ ਜਬਿ ਜਾਮਨੀ, ਉਠਹਿਂ ਪ੍ਰਾਤਿ ਕੋ ਪਾਇ।
ਠਾਨਜੋ ਸੌਚ ਸ਼ਨਾਨ ਕੋ, ਭਏ ਤਯਾਰ ਤਬਿ ਆਇ ॥੧॥

ਚੌਪਈ:

ਚਰਨ ਬੰਦਨਾ ਗੁਰ ਕੋ ਕਰਿ ਕੈ।
ਸਗਰੀ ਵਸਤੂ ਭਲੇ ਸੰਭਰਿ ਕੈ[1]। [1]ਸੰਭਾਲਕੇ।
ਸੰਗ ਪੰਚ ਸੈ ਲੇ ਅਸਵਾਰ।
ਧਾਰੇ ਧਨੁਖ ਬਾਨ ਹੱਥਯਾਰ ॥੨॥
ਤੋਮਰ ਤਰਵਾਰਨਿ ਕਰ ਧਰਿ ਕੈ।
ਗਮਨੇ ਚਪਲ ਤੁਰੰਗਮ ਚਰਿ ਕੈ।
ਸਵਾਲਾਖ ਕੋ ਲੇ ਤੰਬੋਲ[1]। [1]ਨਿਉਂਦ੍ਰਾ।
ਵਸਤੁ ਅਜਾਇਬ ਜਿਨ ਬਹੁ ਮੋਲ ॥੩॥
ਸਕਲ ਕਹਾਰਨਿ ਤੇ ਉਚਵਾਈ।
ਪ੍ਰਸਥਾਨੇ ਸ਼੍ਰੀ ਨਗਰ ਸਥਾਈ।
ਮਾਰਗ ਸਕਲ ਉਲੰਘਤਿ ਗਏ।
ਰਜਧਾਨੀ ਪੁਨ ਪਹੁੰਚਤਿ ਭਏ ॥੪॥
ਫਤੇਸ਼ਾਹਿ ਸੁਨਿ ਕੈ ਮਹਿਪਾਲ।
ਡੇਰੇ ਹੇਤੁ ਕਹਯੋ ਤਤਕਾਲ।
'ਪੁਰਿ ਅੰਤਰ ਇਕ ਸਦਨ ਬਿਸਾਲਾ।
ਤਹਾਂ ਦੇਹੁ ਡੇਰਾ ਜਿਨ ਘਾਲਾ' ॥੫॥
ਸਾਦਰ ਜਬਿ ਸੋ ਥਾਨ ਦਿਖਾਯੋ।
ਕਰਿ ਬਿਚਾਰ ਨੰਦਚੰਦ ਅਲਾਯੋ।
'ਸਤਿਗੁਰ ਕੇ ਸਿਖ ਸੰਗ ਹਮਾਰੇ।
ਉੱਗ੍ਰ[1] ਸੁਭਾਵ ਜਿਨਹੁ ਰਣ ਪਯਾਰੇ ॥੩॥ [1]ਤੇਜ਼।
ਅੰਤਰ ਨਗਰ ਹਰਖ ਨਹਿਂ ਮਾਨਹਿਂ।
ਥਾਨ ਕੁਸ਼ਾਦ[1] ਲੇਨਿ ਕੌ ਠਾਨਹਿਂ। [1]ਖੁੱਲ੍ਹਾ।
ਡੇਰਾ ਕਰਤਿ ਪਰਸਪਰ ਲਰਹਿਂ।
ਖੜਗ ਪ੍ਰਹਾਰਨਿ ਤੇ ਨਹਿਂ ਡਰਹਿਂ ॥੭॥
ਪੁਰਿ ਜਨ ਸੋਂ ਇਹ ਕਰਹਿਂ ਬਖੇਰਾ।
ਹੁਕਮ ਨ ਮਾਨਤਿ ਹੈਂ ਕਿਸ ਕੇਰਾ।

ਇਕ ਗੁਰ ਬਿਨਾ ਨ ਜਾਨਹਿਂ ਆਨ।
ਲਰਤਿ ਨ ਧਾਰਹਿਂ ਕਿਸ ਕੀ ਕਾਨ ॥੮॥
ਯਾਂ ਤੇ ਸਿਵਰ ਇਨਹੁ ਕੋ ਆਛੇ।
ਵਹਿਰ ਕੁਸ਼ਾਦ ਥਾਨ ਮਹਿਂ ਬਾਂਛੇ।
ਸੌਚ ਸ਼ਨਾਨ ਸੁਖੇਨ ਸੁ ਠਾਨਹਿਂ।
ਅੰਤਰ ਥਲ ਤੇ ਹਰਖ ਨ ਮਾਨਹਿਂ†' ॥੯॥

†ਕਵਿ ਜੀ ਇਥੇ ਨੰਦਚੰਦ ਦੀ ਨੀਤੀ ਨਿਪੁਨਤਾ ਦਿਖਾ ਰਹੇ ਹਨ।

ਸਿਵਰ ਕਰਾਵਣ ਹਾਰ ਜਿ ਆਇ।
ਸੁਨਿ ਕਰਿ ਨ੍ਰਿਪ ਕੋ ਜਾਇ ਸੁਨਾਇ।
'ਗੁਰ ਦਿਵਾਨ ਉਤਰਹਿ ਨਹੀਂ ਅੰਤਰ।
ਚਾਹਤਿ ਡੇਰਾ ਵਹਿਰ ਨਿਰੰਤਰ' ॥੧੦॥
ਫਤੇਸ਼ਾਹ ਸੁਨਿ ਕਰਿ ਪੁਨ ਭਾਖਾ।
'ਇਸ ਪ੍ਰਕਾਰ ਕੀ ਜੇ ਅਭਿਲਾਖਾ।
ਪੰਥ ਪਾਂਵਟੇ ਪਰ ਉਪਬਨ[1] ਹੈ।
ਤਹਾਂ ਉਤਾਰਹੁ ਜਿਮ ਸੁਖ ਮਨਿ ਹੈ' ॥੧੧॥

[1]ਬਾਗ।

ਇਮ ਸੁਨਿ ਨਰ ਬਹੋਰ ਕਰਿ ਲਜਾਏ।
ਬਾਗ਼ ਬਿਸਾਲ ਸਿਵਰ[1] ਕਰਿਵਾਏ।
ਦਾਵ ਘਾਵ ਆਪਨਿ ਰਖਿ ਸਾਰਾ।
ਸਤਿਗੁਰ ਦਲ ਡੇਰੋ ਪਿਖਿ ਡਾਰਾ ॥੧੨॥

[1]ਡੇਰਾ।

ਸੰਗਰ[1] ਲਯੋ ਅਧਿਕ ਬੰਧਵਾਇ।

[1]ਸੈਨਾ ਦੇ ਆਰਜ਼ੀ ਡੇਰੇ ਦੇ ਉਦਾਲੇ ਕੰਧ ਯਾ ਉੱਚਾ ਮਿੱਟੀ ਦਾ ਧੂੜਕੋਟ ਯਾ ਛਾਪਿਆਂ ਦੀ ਵਾੜ ਜੋ ਬਾਹਰੋਂ ਕਿਸੇ ਨੂੰ ਛੇਤੀ ਅੰਦਰ ਨਾ ਜਾਣ ਦੇਵੇ। [ਸੰਸ:, ਸੰਗਰ]।

ਨਿਜ ਤਕਰਾਈ ਭਲੇ ਕਰਾਇ।
ਇਕ ਜਾਮਨਿ ਕਰਿ ਬਾਸ ਬਿਤਾਈ।
ਗਏ ਪ੍ਰਾਤ ਮਿਲਿਬੇ ਗਿਰਰਾਈ ॥੧੩॥
'ਤੁਮ ਕੌ ਖੁਸ਼ੀ ਕਰੀ ਗੁਰ ਪੂਰੇ।
ਦਾਇਜ ਪਠਯੋ ਮੋਲ ਬਹੁ ਰੂਰੇ।
ਅਪਨੋ ਜਾਨਿ ਦਯਾ ਉਰ ਛਾਈ।
ਸਦਲ ਭੇਜ ਮੁਹਿ ਹਿਤ ਬਡਿਆਈ[1]' ॥੧੪॥

[1]ਆਪ ਦੀ ਵਡਿਆਈ ਵਾਸਤੇ ਮੈਨੂੰ ਫੌਜ ਸਣੇ ਘੱਲਿਆ ਹੈ।

ਫਤੇਸ਼ਾਹ ਕਰ ਜੋਰਿ ਉਚਾਰਾ।
'ਹਮ ਪਰ ਕਰਜੋ ਅਧਿਕ ਉਪਕਾਰਾ।

ਸੇਵਕ ਸਦਾ ਗੁਰੂ ਘਰ ਕੇਰੇ।
ਇਤੋ ਸੁਜਸੁ ਚਾਹਤਿ ਸੋ ਮੇਰੇ' ॥੧੫॥
ਇੱਤਜਾਦਿਕ ਕਹਿ ਆਪਸ ਮਹੀਆ।
ਆਏ ਸਿਵਰ ਪਰਜੋ ਨਿਜ ਜਹੀਆ।
ਨਿਤ ਭੂਪਤਿ ਸੇਵਾ ਕਰਿਵਾਵੈ।
ਤ੍ਰਿਣ ਦਾਨਾ ਇਨ ਸਕਲ ਪੁਚਾਵੈ ॥੧੬॥
ਖਾਨ ਪਾਨ ਕਰਿ ਸ੍ਵਾਦ ਮਹਾਨੇ।
ਨਿਸ ਦਿਨ ਬਨੇ ਰਹਿਤ ਸਵਧਾਨੇ।
ਫਤੇਸ਼ਾਹ ਨਿਤ ਪ੍ਰਤਿ ਸਤਿਕਾਰੀ।
ਹਿਤ ਬਰਾਤ ਕੇ ਠਾਨਹਿ ਤਜਾਰੀ ॥੧੭॥
ਇਸ ਪ੍ਰਕਾਰ ਇਤ ਕੋ ਬਿਰਤਾਂਤ।
ਉਤ ਕੀ ਸੁਨੀਅਹਿ ਆਇ ਬਰਾਤ।
ਭੀਮ ਚੰਦ ਸਭਿ ਨ੍ਰਿਪਤ ਪਹਾਰੀ।
ਮਿਲਜੋ ਮੇਲ ਜਹਿਂ ਕਹਿਂ ਤੇ ਭਾਰੀ ॥੧੮॥
ਬਹੁ ਧਾਰਨਿ ਕੋ ਮਹਿਪਤਿ ਆਏ।
ਨਿਜ ਨਿਜ ਦਲ ਸਕੇਲ ਧਰਿ ਲਜਾਏ।
ਬਸਤ੍ਰ ਸ਼ਸਤ੍ਰ ਤੇ ਬਨਿ ਠਨਿ ਭਲੇ।
ਆਨਿ ਆਨਿ ਚਹੁੰ ਦਿਸ਼ਿ ਤੇ ਮਿਲੇ ॥੧੯॥
ਦਲ ਸਕੇਲ ਬਹੁ ਸ਼ਗਨ ਮਨਾਇ।
ਗਨ ਨਾਰਿਨਿ ਤੇ ਗੀਤ ਗਵਾਇ।
ਬਡੀ ਬਰਾਤ ਜੋਰਿ ਕਰਿ ਚਢਜੋ।
ਬਾਜੇ ਬਹੁ ਬਜਾਇ ਮੁਦ ਬਢਜੋ ॥੨੦॥
ਮੰਗਲ ਕਰਿਤੇ ਅਨਿਕ ਪ੍ਰਕਾਰਾ।
ਉਲੰਘੇ ਪੰਥ ਬਿਖਮ ਸਮ ਸਾਰਾ[1]।
ਨਿਕਟ ਪਾਂਵਟੇ ਕੇ ਚਲਿ ਗਏ।
ਕੋਸ ਦੋਇ ਤ੍ਰੈ ਉਤਰਤਿ ਭਏ ॥੨੧॥
ਸੰਧਜਾ ਸਮੈ ਟਿਕਜੋ ਜਬਿ ਡੇਰਾ।
ਬਾਤ ਸੁਨੀ ਪ੍ਰਭੁ ਕੀ ਤਿਸ ਬੇਰਾ[†]।

[1]ਬਿਖੜਾ ਤੇ ਪੱਧਰਾ ਸਾਰਾ।

[†]ਗੁਰੂ ਜੀ ਦੀ ਪਾਉਂਟੇ ਹੋਣ ਦਾ ਪਤਾ ਤਾਂ ਪਹਿਲੋਂ ਤੋਂ ਜ਼ਰੂਰ ਹੋਣਾ ਹੈ ਪਰ ਫੌਜਾਂ ਸਹਿਤ ਹੋਣ ਦਾ ਤੇ ਦੁਰਗ ਰਚੇ ਹੋਣ ਦਾ ਵਿਸਥਾਰ ਦਾ ਪੂਰਾ ਪਤਾ ਭਾਵੇਂ ਇੱਥੇ ਆ ਕੇ ਪਤਾ ਲੱਗਾ ਹੋਵੇ।

-ਪੰਥ ਪ੍ਰਾਤਿ ਕੌ ਜਿਸ ਥਲ ਗਵਨੁ।
ਉਤਰੇ ਤਹਾਂ ਸਦਲ ਬਲ ਭਵਨੁ[1] ॥੨੨॥
ਸੁਨਿ ਕਰਿ ਚਿਤ ਉਪਜੀ ਦੁਚਿਤਾਈ[1]।
-ਕਿਸ ਪ੍ਰਕਾਰ ਹਮ ਉਲੰਘਹਿ ਜਾਈ-?
ਹੇਤੁ ਮੰਤ੍ਰ[1] ਕੇ ਸਕਲ ਬੁਲਾਏ।
ਭੀਮਚੰਦ ਢਿਗ ਗਿਰਪਤਿ ਆਏ ॥੨੩॥
ਇਕ ਗੁਲੇਰੀਆ ਨਾਮ ਗੁਪਾਲ।
ਮੰਡੀਪਤਿ, ਸੁਕੇਤ, ਜਸੁਵਾਲਿ।
ਆਦਿ ਹੰਡੂਲੀ ਜੇਤਿਕ ਸਾਥ।
ਸਭਿ ਮਿਲਿ ਥਿਰੇ ਵਹਿਰ† ਗਿਰਨਾਥ ॥੨੪॥
ਸਭਿ ਕੋ ਕਰਿ ਆਦਰ ਕਹਿਲੂਰੀ।
ਬੋਲਯੋ 'ਇਕ ਚਿੰਤਾ ਵਧਿ ਭੂਰੀ।
ਸ਼੍ਰੀ ਗੁਰ ਸੰਗ ਵਿਗਾਰ[1] ਹਮਾਰਾ।
ਭਯੋ ਪ੍ਰਥਮ ਰਣ ਕਯੋਹੂੰ ਟਾਰਾ[1] ॥੨੫॥
ਪੰਥ ਪ੍ਰਾਤਿ ਕੇ ਮਹਿਂ ਤਿਨ ਡੇਰਾ।
ਨੇਰ ਪਰੈ, ਹੁਇ ਹੈ ਭਟ ਭੇਰਾ।
ਉਤਸਵ ਬਜਾਹ ਜਾਨਿ ਕਰਿ ਟਾਰੇ।
ਅਬਿ ਕਿਮ ਉਲੰਘਹਿ ਦਲ ਬਲ ਭਾਰੇ' ॥੨੬॥
ਤਬਿ ਜਸੁਵਾਲਿ ਕੇਸਰੀ ਚੰਦ।
ਆਦਿ ਗੁਲੇਰੀ ਅਪਰ ਨਰਿੰਦ।
ਕਹਤਿ 'ਧੀਰ! ਕਯੋਂ ਚਿੰਤਾ ਠਾਨੀ।
ਕਿਤਕ ਸੈਨ ਗੁਰ ਕੇ ਸੰਗ ਜਾਨੀ? ॥੨੭॥
ਹਮ ਸਗਰੇ ਮਹਿਪਤਿ ਦਲ ਸੰਗ।
ਕਯੋਂ ਕਰਿ ਟਰਹਿਂ ਕਰਨਿ ਤੇ ਜੰਗ।
ਅਲਪ ਚਮੂੰ[1] ਤੇ ਤ੍ਰਾਸ ਨ ਮਾਨੈਂ।
ਨਿਜ ਬਲ ਤੇ ਆਗੈ ਪ੍ਰਸਥਾਨੈਂ ॥੨੮॥
ਅਬਿ ਤੁਮ ਪੂਰਬ ਪਠਹੁ ਵਜ਼ੀਰ।
ਜਾਨਹਿ ਭੇਦ ਜਿਤਿਕ ਭਟ ਭੀਰ।

[1]ਦਲ ਸਹਿਤ ਬਲ ਤੇ ਘਰ (ਸ਼੍ਰੀ ਗੁਰੂ ਜੀ)।
[1]ਚਿੰਤਾ।
[1]ਸਲਾਹ ਲਈ।
†ਪਾ:-ਬਹੁਰ।
[1]ਵਿਰੋਧ।
[1]ਕਿਵੇਂ ਨ ਕਿਵੇਂ ਟਾਲਿਆ ਹੈ।
[1](ਗੁਰੂ ਜੀ ਦੀ) ਥੋੜੀ ਫੌਜ ਤੋਂ। ਇਸ ਤੋਂ ਟਪਕ ਰਿਹਾ ਹੈ ਕਿ ਰਾਜਿਆਂ ਦੇ ਨਾਲ ਫੌਜ ਬਹੁਤ ਸੀ।

ਨਿਜ ਪ੍ਰਾਕ੍ਰਮ ਕੋ ਭਾਖਿ ਸੁਨਾਵੈ।
-ਦਿਹੁ ਮਗ ਨਤੁ ਡੇਰਾ ਲੁਟਿ ਜਾਵੈ-' ॥੨੯॥
ਭੀਮਚੰਦ ਸੁਨਿ ਰਾਜਨਿ ਬਾਨੀ।
ਨਿਜ ਉਤਸਵ ਲਖਿ ਤਿਨਹੁਂ ਬਖਾਨੀ।
'ਰਣ ਕਰਿਬੇ ਕੀ ਬਾਤ ਨ ਆਛੀ।
ਸ਼ਾਦੀ ਸੈਲਪਤਿਨਿ ਘਰ ਬਾਛੀ ॥੩੦॥
ਪਰੇ ਜੰਗ ਹੁਇ ਮਾਰਨ ਮਰਨੋ।
ਭਏ ਸ਼ੋਕ ਆਨੰਦ ਹੁਇ ਹਰਨੋ[1]।
ਨਿਸ਼ਚੈ ਲਰਜੋ ਚਹੈਂ ਇਕ ਬਾਰੀ।
ਸੁਤ ਸ਼ਾਦੀ ਤੇ ਲਖਹੁਂ ਪਿਛਾਰੀ ॥੩੧॥
ਯਾਂ ਤੇ ਕਰਜੋ ਪ੍ਰਥਮ ਮੈਂ ਟਾਰਾ।
ਏਵ ਮਤੋ ਉਰ ਜਾਨਿ ਹਮਾਰਾ।
ਅਬਿ ਤੌਂ ਬਿਨੈ ਕਰਨਿ ਹੀ ਬਨੈ।
ਜਿਸ ਤੇ ਜਾਨਹਿਂ ਪ੍ਰੇਮੀ ਸਨੈ ॥੩੨॥
ਅਪਰ ਥਾਨ ਕੋ ਪੰਥ ਨ ਨੇਰੇ।
ਜੇ ਕੋ ਅਹੈ ਪਰਤਿ ਬਡ ਫੇਰੇ[1]।
ਤਿਤ ਕੌਂ ਗਮਨਤਿ ਸਾਹਾ ਟਰੈ।
ਪੀਛੇ ਪਹੁੰਚਿ ਕਹਾਂ ਤਬਿ ਕਰੈਂ ॥੩੩॥
ਬਡੋ ਬਿਰਸ ਉਤਸਵ ਮਹਿਂ ਪਰਿਹੀ।
ਜੇ ਬਿਰੋਧ ਅਬਿ ਗੁਰ ਸੰਗ ਧਰਿਹੀ।
ਰਾਜ ਘਾਟ ਪਰ ਕੀਨਸਿ ਡੇਰਾ[1]।
ਆਪ ਸੂਰਮਾ ਬਲੀ ਬਡੇਰਾ ॥੩੪॥
ਸਭਿ ਬਿਧਿ ਕੀ ਹੁਇ ਹੈ ਤਕਰਾਈ।
ਬਲ ਤੇ ਕਜੋਂ ਹੂੰ ਦੇਹਿ ਨ ਜਾਈ।
ਸੁਮਤਿ ਬਿਚਾਰ ਕਰਹੁ ਛਲ ਐਸੇ।
ਇਸੀ ਪੰਥ ਮਹਿਂ ਗਮਨੈਂ ਜੈਸੇ ॥੩੫॥
ਸਾਥ ਸਾਮਤਾ[1] ਨੀਕੀ ਬਾਤ।
ਸੁਖ ਸੋਂ ਪਹੁੰਚੈ ਸਕਲ ਬਰਾਤ।'
ਭੀਮਚੰਦ ਤੇ ਸੁਨਿ ਕਰਿ ਬਾਨੀ।
ਕਰਿ ਲਗਿ ਗਰਬ[†] ਨ੍ਰਿਪਤ ਸਭਿ ਮਾਨੀ[1] ॥੩੬॥

[1]ਨਾਸ਼।

[1]ਫੇਰ ਪੈਂਦਾ ਹੈ ਭਾਵ ਰਾਹ ਲੰਮਾ ਹੈ।

[1]ਵਡੇ ਘਾਟ ਪਰ ਗੁਰੂ ਜੀ ਦਾ ਡੇਰਾ ਹੈ।

[1]ਸੁਲਹ ਨਾਲ।

[1]ਹੰਕਾਰ ਕਰਨ ਲਗੇ (ਪਰ) ਸਾਰੇ ਰਾਜਿਆਂ ਮੰਨ ਲਈ।
[†]ਜਾਪਦਾ ਹੈ ਕਿ 'ਕਰਿ ਲਗਿ' ਦੀ ਥਾਵੇਂ ਪਾਠ 'ਕਰਿ ਲਘੁ' ਹੋਣਾ ਹੈ, ਲਿਖਾਰੀਆਂ ਦੀ ਕਲਮ-ਉਕਾਈ ਹੋਈ ਹੈ।

'ਕਰਿ ਲਘੁ ਗਰਬ' ਦਾ ਅਰਥ ਹੈ ਆਪਣੇ ਹੰਕਾਰ ਨੂੰ ਘਟਾ ਕੇ। ਇਹ ਅਰਥ ਅੰਕ ੪੧ ਤੋਂ ਸਹੀ ਹੋ ਜਾਂਦਾ ਹੈ।

'ਪਠੌ ਵਜੀਰ ਕਰਨਿ ਕੌ ਬਿਨਤੀ।
ਪੀਛੇ ਲਰਹਿਂ' ਕੀਨਿ ਮਿਲਿ ਗਿਨਤੀ।
ਛਲਜੋ ਚਹੈਂ ਸਰਬੱਗਨ ਮਤਿ ਕੌ[1]।
ਬਲ ਚਾਤੁਰਤਾ ਲਖਿ ਨਿਜ ਮਤਿ ਕੋ ॥੩੭॥

[1]ਭਾਵ ਗੁਰੂ ਜੀ, ਜਿਨ੍ਹਾਂ ਦੀ ਬੁੱਧੀ ਸਰਬੱਗਜ ਹੈ।

ਭਾਵ ਹੀਨ ਮਤਿਮੰਦ ਪਹਾਰੀ।
ਕਿਨਹੁ ਨ ਨੀਕੀ ਰਿਦੈ ਬਿਚਾਰੀ।
ਸੁਮਤਿਵੰਤਿ ਨਿਜ ਸਚਿਵ ਬੁਲਾਯੋ।
ਸਾਦਰ ਸਭਿਨਿ ਬੀਚ ਬੈਠਾਯੋ ॥੩੮॥

ਨਿਜ ਆਸ਼ੈ ਸਗਰੋ ਸਮੁਝਾਵਾ।
'ਨਹੀਂ ਚਹੈਂ ਹਮ ਸੰਘਰ[1] ਪਾਵਾ।
ਜਜੋਂ ਕਜੋਂ ਕਰਿ ਮਾਰਗ ਇਹ ਲੈਨਾ।
ਸਾਚ ਝੂਠ ਹਿਤ ਚਹਿ ਕਰਿ ਦੇਨਾ[1] ॥੩੯॥

[1]ਜੰਗ।

[1]ਭਲੇ ਵਾਸਤੇ ਸੱਚ ਝੂਠ ਬੀ ਚਾਹੇ ਕਹਿ ਦੇਣਾ।

ਬਾਤਨ ਸੋਂ ਰਿਝਾਇ ਗੁਰ ਲੀਜੈ।
ਇਤ ਕੇ ਬਿਨੈ ਬਾਕ ਕਹਿ ਦੀਜੈ।
ਜੇ ਦਾਨਾਇ ਜਗਤ ਮਹਿਂ ਅਗਰੇ[1]।
ਬਿਬਸ ਲਖਹਿਂ ਕਾਰਜ ਕਛੁ ਬਿਗਰੇ[1] ॥੪੦॥

[1]ਚਤੁਰ। (ਅ) ਜੋ ਅੱਗੇ ਹੋ ਚੁਕੇ ਹਨ।

[1]ਕੁਛ ਕਾਰਜ ਵਿਗੜਨ ਦੀ ਲਚਾਰੀ ਨੂੰ ਜਦ ਲਖ ਲੈਂਦੇ ਹਨ ਤਾਂ.....।

ਅਲਪ ਬਨਹਿਂ[1], ਸੁਧਰਹਿਂ[2] ਜਿਸ ਰੀਤਿ।
ਠਾਨਹਿਂ ਤਿਮ ਹੀ ਤੂਰਨ ਨੀਤਿ।
ਕਜੋਂਹੂੰ[†] ਲਘੁ ਸੋ ਹੋਇ ਨ ਜਾਈ[1]।
ਸਜਾਨੇ ਜਾਨਹਿਂ ਤਿਹ ਅਧਿਕਾਈ' ॥੪੧॥

[1]ਨੀਵੇਂ ਬਣ ਜਾਂਦੇ ਹਨ। [2]ਕਾਰਜ)

[1]ਜੋ ਵਡਾ ਹੈ) ਉਹ ਕਿਵੇਂ ਬੀ ਛੋਟਾ ਨਹੀਂ ਹੋ ਜਾਂਦਾ।
[†]ਪਾ:-ਤੂੰ।

ਭੀਮਚੰਦ ਜਬਿ ਐਸੇ ਕਹਜੋ।
ਅਪਰ ਗਰਿੰਦਨ ਸੋ[1] ਨਹਿ ਸਹਜੋ।
'ਕਜੋਂ ਸਭਿ ਕੀ ਤੁਮ ਲਘੁਤਾ ਕਰੋ ?
ਬੁਧਿ, ਬਲ, ਦਲ ਕੋ ਦੀਰਘ ਧਰੋ' ॥੪੨॥

[1]ਭਾਵ ਪਿੱਛੇ ਕਹੀ ਗਲ।

'ਸੁਨਹੁ ਵਜੀਰ ! ਆਪਨੋ ਜੋਰ।

ਕਹੋ ਸਕਲ ਨ੍ਰਿਪ ਦਲ ਕੋ ਜ਼ੋਰ।
-ਤਜਿ ਮਗ ਕੋ ਅਬਿ ਕਰੋ ਕਿਨਾਰਾ।
ਮਿਲਹਿ ਸੈਨ ਤਬਿ ਹੋਇ ਬਿਗਾਰਾ ॥੪੩॥
ਅਸ ਨਹਿਂ ਬਨਹਿ ਜਾਇ ਲੁਟਿ ਡੇਰਾ।
ਯਾ ਤੇ ਸੁਧਿ ਕਰਿਬੇ ਮੁਝ ਪ੍ਰੇਰਾ-।
ਇੱਤਜਾਦਿਕ ਨਿਜ ਓਜ ਜਨਾਵਹੁ।
ਬਹੁ ਬਿਧਿ ਤੇ ਗੁਰ ਤ੍ਰਾਸ ਉਪਾਵਹੁ' ॥੪੪॥
ਭੀਮਚੰਦ ਸੁਨਿ ਬਹੁਰ ਬਖਾਨੀ।
'ਪ੍ਰਥਮ ਕਟਕ[1] ਨਹਿਂ ਭਾਖਹੁ ਬਾਨੀ। [1]ਕੌੜੀ।
ਸਹਿਤ ਸ਼ਾਮਤਾ[1] ਜੇ ਮਗ ਦੇਹਿਂ। [1]ਸੁਲਹ ਨਾਲ।
ਇਸ ਤੇ ਆਛੀ ਬਾਤ ਨ ਕੇਹ[1] ॥੪੫॥ [1]ਕੋਈ।
ਜੇ ਨਹਿਂ ਮਾਨਹਿਂ ਪੁਨ ਕਹਿ ਦੀਜੈ।
ਜਯੋਂ ਕਯੋਂ ਛਲ ਬਲ ਕਰਿ ਮਗ ਲੀਜੈ।'
ਸੁਮਤ ਵਜ਼ੀਰ ਜਾਨਿ ਅਭਿਪ੍ਰਾਯ[1]। [1]ਮਤਲਬ, ਤਾਤਪਰਯ।
'ਰਣ ਨ ਕਰਹੁ' ਸਭਿ ਕੌ ਸਮੁਝਾਯ ॥੪੬॥
ਆਪ ਚਲਨਿ ਕੌ ਕੀਨਸਿ ਤਯਾਰੀ।
ਸੰਗ ਸੁਭਟ ਲੇ ਖੋੜਸਚਾਰੀ[1]। [1]ਵੀਹ ਕੁ।
ਡੇਰਾ ਕਰਿ ਮੁਕਾਮ ਤਿਸ ਥਾਨ।
ਇਕ ਵਜੀਰ ਠਾਨਯੋਂ ਪ੍ਰਸਥਾਨ[1] ॥੪੭॥ [1]ਸਾਰੀ ਫੌਜ ਨੇ) ਉਥੇ ਡੇਰਾ ਕਰਕੇ ਟਿਕਾਉ ਕੀਤਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗ੍ਰਿੰਦ੍ਰਿਨ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥੧੧॥

## ੧੨. [ਰਾਜੇ ਦਾ ਵਜ਼ੀਰ ਰਾਹ ਲੈਣ ਆਇਆ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਨ੍ਰਿਭੈ ਹੋਇ ਹਿਤ ਸਾਮ ਕੇ, ਗੁਰ ਢਿਗ ਚਢ੍ਯੋ ਵਜ਼ੀਰ।
ਭੀਮਚੰਦ ਚਿਤ ਚਟਪਟੀ[1], ਬਡੀ ਚਿੰਤ ਨਹਿੰ ਧੀਰ ॥੧॥

[1]ਉਚਿੜ ਚਿੱਤੀ।

ਚੌਪਈ:

-ਕਲਗੀਧਰ ਬਡ ਤੇਜ ਪ੍ਰਤਾਪੀ।
ਨਹੀਂ ਨ੍ਯੂਨਤਾ[1] ਸਹਹਿ ਕਦਾਪੀ। — [1]ਛੁਟਿਆਈ।
ਕਿਮ ਹ੍ਵੈ ਹੈ[1], ਕਿਮ ਉਲੰਘਹਿ ਆਗੇ? — [1]ਕਿਵੇਂ ਹੋਵੇਗੀ।
ਮਹਾਂ ਬਿਘਨ ਹੁਇ ਜੇ ਰਣ ਜਾਗੇ ॥੨॥
ਗਿਰਪਤਿ ਮੇਲ ਬਿਖੈ ਗਨ ਆਏ।
ਹਟਹਿ ਕੁਸ਼ਲ ਸੋਂ ਨਰ ਸਮੁਦਾਏ।
ਗਾਵਹਿ ਗੀਤ ਉਛਾਹਿ ਬਿਸਾਲਾ।
ਕਰਿਬੋ ਜੰਗ ਸ਼ੋਕ ਕੀ ਸਾਲਾ[1] ॥੩॥ — [1]ਸ਼ੋਕ ਦਾ ਘਰ ਹੈ।
ਨਿਜ ਨਿਜ ਡੇਰੇ ਟਿਕੈਂ ਪਹਾਰੀ।
ਆਇ ਵਜ਼ੀਰ ਤੇ ਠਾਨਹਿ ਤਜਾਰੀ-।
ਇਮ ਪ੍ਰਤੀਖਨਾ ਧਰਿ ਟਿਕ ਰਹੇ।
'ਗੁਰ ਕਬਿ ਮਿਲਹਿੰ[1]' ਪਰਸਪਰ ਰਹੇਂ ॥੪॥ — [1]ਗੁਰੂ ਜੀ ਕਦੇ ਮਿਲਾਪ ਕਰ ਲੈਣ ਤਾਂ (ਚੰਗੀ ਗਲ ਹੈ)। (ਅ) ਗੁਰੂ ਜੀ ਨੇ ਕਦ ਮਿਲਣਾ ਹੈ?
ਉਤ ਕਲਗੀਧਰ ਲਗੇ ਦਿਵਾਨ।
ਬੈਠੇ ਸ਼ੋਭਤਿ ਇੰਦ੍ਰ ਸਮਾਨ।
ਸੁਧਿ ਪਹੁੰਚੀ ਗਿਰਰਾਜਨਿ ਕੇਰੀ।
'ਬਜਾਹ ਬਰਾਤਿ ਬਟੋਰਿ ਬਡੇਰੀ ॥੫॥
ਪਰ੍ਯੋ ਸਮੀਪ ਆਨਿ ਕਰਿ ਡੇਰਾ।
ਗਜ ਬਾਜੀ ਗਨ ਸੁਭਟਨਿ ਕੇਰਾ।
ਇਸ ਹੀ ਪੰਥ ਉਲੰਘ੍ਯੋ ਚਹੈਂ।
ਦਲ ਬਹੁ ਸੰਗ ਨ੍ਰਿਭੈ ਉਰ ਅਹੈਂ ॥੬॥
ਸੁਨਿ ਬੋਲੇ ਪ੍ਰਭੁ ਬਹੁ ਬਲ ਭਰਿ ਕੈ।
'ਕਿਹ ਦੁਇ ਸੀਸ ਉਲੰਘਹਿ ਅਰਿ ਕੈ[1]। — [1]ਕਿਸ ਦੇ ਦੋ ਸਿਰ ਹੈਨ ਕਿ ਜੰਗ ਕਰਕੇ ਲੰਘੇਗਾ?
ਤਜੌਂ ਧਨੁਖ ਤੇ ਬਾਨ ਕਰਾਰੇ।
ਗਿਰਹਿੰ ਖੇਤ ਰਣ ਜਥਾ ਮੁਨਾਰੇ ॥੭॥
ਸੁਪਤਹਿ ਬਡੀ ਨੀਂਦ ਮਹਿਂ ਜੋਧਾ[1]। — [1]ਭਾਵ ਮਰਨਗੇ।

| | |
|---|---|
| ਕੁਲਸਨਿ ਵਾਰਨਿ ਸਮ ਹੁਇ ਰੋਧਾ[1]। | [1]ਬੱਜਰ ਦੇ (ਬਾਰ-) ਤਖਤਿਆਂ ਵਾਂਙ ਹੋ ਕੇ ਰੋਕਾਂਗੇ। [ਸੰਸ:, ਕੁਲਿਸ਼ = ਵੱਜ੍ਰ] (ਅ) ਪਰ ਜਾਪਦਾ ਹੈ ਕਿ ਸ਼ੁੱਧ ਪਾਠ 'ਕੁਲਿਸ਼ ਕਿਵਾਰਨ' ਸੀ। |
| ਕਰਹਿਂ ਮਾਰ ਖੜਗਨਿ ਕੀ ਐਸੇ। | |
| ਤਰੁ ਕਾਨਨ ਕੌ ਖਾਤੀ ਜੈਸੇ[1] ॥੮॥ | [1]ਬਣ ਦੇ ਬ੍ਰਿੱਛਾਂ ਨੂੰ ਤਰਖਾਣ ਵਾਂਗ। |
| ਇਕ ਸੁਤ ਬਜਾਹ ਹੇਤ ਕੌ ਆਏ। | |
| ਰਚਹਿ ਬਜਾਹ ਹੂਰਨਿ ਸਮੁਦਾਏ[1]। | [1]ਸਾਰਿਆਂ ਦਾ ਬਜਾਹ ਰੂਹਾਂ (ਨਾਲ) ਰਚ ਦਿਆਂਗੇ। |
| ਰੁੰਡ ਮੁੰਡ ਰਨ ਬਿਖੈ ਬਿਥਾਰੌਂ। | |
| ਸ਼੍ਰੋਣਤ ਪੰਕ ਧਰਾ ਕਰਿ ਡਾਰੌਂ[1]' ॥੯॥ | [1]ਲਹੂ ਦਾ ਚਿੱਕੜ ਧਰਤੀ ਤੇ ਕਰ ਦਿਆਂਗਾ। |
| ਇੱਤਜਾਦਿਕ ਗੁਰ ਨਿਕਟ ਬ੍ਰਿਤੰਤਾ। | |
| ਤਜਾਰ ਸੁਭਟ ਕੀਨੇ ਭਗਵੰਤਾ। | |
| ਸਨੱਧ ਬੱਧ ਪੰਚ ਸੈ ਗਾਢੇ। | |
| ਕੋਸ ਅਗਾਰੀ[1] ਕੀਨਸਿ ਠਾਂਢੇ ॥੧੦॥ | [1]ਕੋਹ ਭਰ ਅੱਗੇ। |
| 'ਜਬਿ ਅਵਨੀਪ[1] ਸਮੀਪ ਬਿਲੋਕਹੁ। | [1]ਰਾਜੇ। |
| ਛੋਰਿ ਸ਼ਲਖ ਤਬਿ ਤਿਸ ਥਲ ਰੋਕਹੁ[1]। | [1]ਤੁਹਾਡਾ) ਜੰਗ (ਉਹਨਾਂ ਨਾਲ) ਮਚਦੇ ਸਾਰ (ਇਧਰੋਂ ਬਾਕੀ ਦਾ) ਸਾਰਾ ਦਲ ਚੜ੍ਹ ਆਵੇਗਾ (ਫਿਰ ਰਲ ਕੇ) ਸਾਰੇ ਵੈਰੀਆਂ ਨੂੰ ਮਾਰ ਲਵਾਂਗੇ, ਚੁਫੇਰਿਓਂ ਜੰਗ ਮਚਾਕੇ। [ਆ = ਸਰਬ ਓਰ ਤੇ। ਯੁਧ = ਜੰਗ]। (ਅ) ਆਯੁਧ ਪਾਉਣ ਵਾਲੇ ਭਾਵ ਸ਼ਸਤ੍ਰ ਧਾਰੀ ਸ਼ੱਤ੍ਰੂਆਂ ਨੂੰ ਮਾਰ ਲਵਾਂਗੇ। |
| ਮਚੈ ਜੰਗ ਸਭਿ ਦਲ ਚਢਿ ਆਵਹਿ। | |
| ਹਤਹਿਂ ਸ਼ੱਤ੍ਰੁ ਗਨ ਆਯੁਧ ਪਾਵਹਿਂ' ॥੧੧॥ | |
| ਇਤਨੇ ਮਹਿਂ ਵਜ਼ੀਰ ਚਲਿ ਆਯੋ। | |
| ਸੁਭਟ ਸਨੱਧਨਿ ਕੌ ਦਰਸਾਯੋ[1]। | [1]ਸਨੱਧ ਬੱਧ ਸੂਰਮਿਆਂ ਨੂੰ ਦੇਖਿਆ। |
| ਭਯ ਜੁਤਿ ਹੋਇ ਬੰਦਨਾ ਠਾਨਾ। | |
| 'ਕਰਨਿ ਸਾਮ ਹਿਤ ਚਲਨਿ[1]' ਬਖਾਨਾ ॥੧੨॥ | [1]ਸੁਲਹ ਵਾਸਤੇ ਮੇਰਾ (ਸ੍ਰੀ ਗੁਰੂ ਜੀ ਪਾਸ) ਜਾਣਾ ਹੈ। |
| 'ਸ੍ਰੀ ਸਤਿਗੁਰ ਕੇ ਢਿਗ ਮੈਂ ਜਾਨਾ। | |
| ਪਠਜੋ ਗਿਰਿੰਦ੍ਰਨਿ ਨੰਮ੍ਰ ਨਿਧਾਨਾ[1]।' | [1]ਨਿੰਮ੍ਰਤਾ ਦੀ ਨਿਧੀ ਭਾਵ ਅਤਿ ਨਿੰਮ੍ਰਤਾ ਵਾਲਿਆਂ ਰਾਜਿਆਂ ਨੇ। |
| ਇਮ ਕਹਿ ਉਲੰਘਜੋ ਸੁਭਟਨਿ ਠਟ[1] ਕੋ। | [1]ਭੀੜ। |
| ਗਿਨੈ ਗਨੀ -ਨਹਿਂ ਪੁਜਹਿ ਕਪਟ ਕੋ[1]- ॥੧੩॥ | [1]ਕਪਟ ਨਹੀਂ ਪੁੱਜਣਾ। |

ਸਿੰਘ ਪੌਰ ਬੀਰਨ ਜੁਤਿ ਜੋਵਾ।
ਉਤਰਿ ਤੁਰੰਗ ਕਰਿ ਨਮੋ ਖਰੋਵਾ।
ਦ੍ਵਾਰਪਾਲ ਸੰਗ ਸਕਲ ਸੁਨਾਵਾ।
'ਬ੍ਰਿੰਦ ਗਿਰਿੰਦ੍ਰਨਿ ਮੋਹਿ ਪਠਾਵਾ ॥੧੪॥
ਮਹਾਰਾਜ ਸਤਿਗੁਰ ਕੇ ਸਾਥ।
ਕਹੁ ਸੁਧ ਜਾਇ ਸਕਲ ਇਹ ਗਾਥ।
-ਬਹੁ ਗਿਰਧਾਰ ਬਰਾਤ ਬਟੋਰੀ।
ਡੇਰਾ ਪਰਜੋ ਨਿਕਟ ਇਤ ਓਰੀ-'
॥੧੫॥
ਸੁਨਿ ਇਮ ਅੰਤਰ ਤੂਰਨ ਗਯੋ।
'ਦ੍ਵੈ ਕਰ ਜੋਰਿ ਸੁਨਾਵਤਿ ਭਯੋ।
ਭੀਮਚੰਦ ਤੇ ਆਦਿ ਗਿਰੇਸ਼।
ਨਿਕਟ ਸਿਵਰ ਕੌ ਘਾਲਿ ਅਸ਼ੇਸ਼[1]
॥੧੬॥
ਪਠਜੋ ਵਜ਼ੀਰ ਪੌਰ ਪਰ ਖਰਜੋ।
ਦਰਸ਼ਨ ਕੀ ਲਾਲਸ ਉਰ ਧਰਜੋ।'
ਸ਼੍ਰੀ ਪ੍ਰਭੁ ਤਬਹਿ ਹਕਾਰਨਿ ਕੀਨੋ।
'ਆਨਹੁ ਸਭਾ ਤਿਸਹਿ' ਕਹਿ ਦੀਨੋ
॥੧੭॥
ਤਤਛਿਨ ਦ੍ਵਾਰਪਾਲ ਨਿਜ ਸਾਥ।
ਲੇ ਕਰਿ ਗਮਨਜੋਂ ਨਿਕਟ ਸੁ ਨਾਥ।
ਸੁਰ ਸਮਾਨ ਸਭਿ ਸਭਾ ਪ੍ਰਕਾਸ਼ਨਿ।
ਬੀਚ ਬਿਰਾਜਹਿ ਰੁਚਿਰ ਸਿੰਘਾਸਨ
॥੧੮॥
ਤਿਸ ਪਰ ਇੰਦ੍ਰ ਮਨਿੰਦ ਸੁਹਾਏ।
ਕਲਗੀ ਤੁੰਗ ਸ਼ੋਭ ਅਧਿਕਾਏ।
ਖਰ ਖਪਰਾ[1] ਇਕ ਕਰ ਮਹਿੰ ਧਾਰੈਂ।
ਬਾਰਹਿ ਬਾਰ ਭ੍ਰਮਾਇ ਨਿਹਾਰੈਂ ॥੧੯॥
ਧਨੁਖ ਕਠੋਰ ਅਗਾਰੀ ਧਰਜੋ।
ਆਵਤਿ ਨ੍ਰਿਪਤ ਵਕੀਲ ਨਿਹਰਜੋ।
ਨੰਮ੍ਰੀ ਬਨਤਿ ਹਾਥ ਜੁਗ ਜੋਰੇ।
ਪਹੁੰਚਜੋ ਜਬਿ ਹੀ ਜਾਇ ਨਿਹੋਰੇ ॥੨੦॥

[1]ਸਾਰਿਆਂ ਨੇ।

[1]ਤਿੱਖਾ ਬਾਣ।

ਸ਼੍ਰੀ ਗੁਰ ਮੰਦ ਮੰਦ ਮੁਸਕਾਨੇ।
ਕ੍ਰਿਪਾ ਧਾਰਿ ਗੁਰਦੇਵ ਬਖਾਨੇ।
'ਆਵਹੁ ਰਾਜੇ ਦਿਯਾ ਵਜ਼ੀਰਾ!
ਚਿਰੰਕਾਲ ਮਹਿਂ ਪਹੁੰਚਿਆ ਤੀਰਾ?' ॥੨੧॥
ਸੁਨਤਿ ਸੀਸ ਤੇ ਬੰਦਨ ਠਾਨੀ।
ਆਇਸੁ ਪਾਇ ਬੈਠਿ ਅਗਵਾਨੀ।
'ਕਹੁ ਨਿਜ ਰਾਜੇ ਕੇਰ ਬ੍ਰਿਤੰਤ।
ਕਿਮ ਤੋ ਕਹੁ ਕਹਿ ਪਠਯੋ ਮਤੰਤ?' ॥੨੨॥
ਸੁਨਿ ਵਜ਼ੀਰ ਕਰ ਜੋਰਤਿ ਬੋਲਾ।
'ਜਾਨ ਆਪ ਕੋ ਅਪਨੋ ਓਲਾ[1]।

[1]ਜਾਣਿਆਂ ਹੈ ਆਪ ਨੂੰ ਆਪਣਾ ਆਸਰਾ।

ਨਮੋ ਠਾਨਿ ਬਹੁ ਕਰੀ ਪ੍ਰਸੰਸਾ।
ਸਤਿਗੁਰ ਸੋਢੀ ਕੁਲ ਅਵਿਤੰਸ਼ਾ ॥੨੩॥
ਜਬਿ ਕੇ ਤੁਮ ਇਤ ਕੋ ਚਲਿ ਆਏ।
ਕਈ ਬਾਰ ਸਿਮਰਤ ਪਛੁਤਾਏ[1]।

[1]ਇਥੋਂ ਅੱਗੋਂ ਕੋਈ ਤੁਕ (ਯਾਂ ਤੁਕਾਂ) ਰਹੀ ਹੋਈ ਜਾਪਦੀ ਹੈ। ਗੁਰ ਬਿਲਾਸ ਵਿੱਚ ਇਹੋ ਪ੍ਰਸੰਗ ਹੈ, ਉਥੇ ਵਜ਼ੀਰ ਨੇ ਕਿਹਾ ਹੈ 'ਅਬ ਚਲੀਐ ਤਵਨੇ ਸਭ ਥਾਨਾ। ਆਨੰਦ ਪੁਰੇ ਬਿਮਲ ਅਸਥਾਨਾ'। ਇਥੇ ਉਪਰਲਾ ਭਾਵ ਰਹਿ ਗਿਆ ਇਸ ਗਲ ਤੋਂ ਸਹੀ ਹੋ ਜਾਂਦਾ ਹੈ ਕਿ ਅੱਗੇ ਅੰਕ ੨੬ ਵਿਚ ਗੁਰੂ ਜੀ ਇਸੇ ਗਲ ਦਾ ਉੱਤਰ ਦੇ ਰਹੇ ਹਨ ਜੋ ਗੁਰ ਬਿ: ਵਿਚ ਹੈ ਤੇ ਸੂ: ਪ੍ਰ: ਵਿਚ ਨਹੀਂ।

ਅਬਿ ਨਰਿੰਦਰ ਹਿਤ ਨੰਦਨ ਬਜਾਹੂ।
ਬ੍ਰਿੰਦ ਗਿਰਿੰਦ੍ਰਨਿ ਮੇਲ ਉਛਾਹੂ ॥੨੪॥
ਚਢਿ ਕਹਿਲੂਰ ਤਜਾਗ ਕਰਿ ਆਏ।
ਬਡੀ ਬਰਾਤ ਬਟੋਰਨ ਲਜਾਏ।'
[1] 'ਕਹੋ ਵਜ਼ੀਰ ਗਿਰੇਸ਼ਨ ਐਸੇ[2]।

[1]ਗੁਰੂ ਜੀ ਨੇ ਕਿਹਾ)। [2]ਹੇ ਵਜ਼ੀਰ! ਪਹਾੜੀ ਰਾਜਿਆਂ ਨੂੰ ਐਉਂ ਕਹੁ:-

-ਜੇ ਬਲ ਕੋ ਮਦ ਹੈ ਉਰ ਕੈਸੇ[1] ॥੨੫॥

[1]ਜੇ ਬਲ ਦਾ ਹੰਕਾਰ ਕਿਸੇ ਤਰ੍ਹਾਂ ਦਾ ਬੀ ਹੈ।

ਤੌ ਬਿਨ ਸ਼ੰਕ ਸਮੁਖ ਚਲਿ ਆਵੋ।
ਹਮ ਦਿਸ਼ ਤੇ ਨਹਿਂ ਦੇਰ ਲਗਾਵੋ।
[1]ਪਹੁੰਚਨਿ ਤੈਂ ਅਨੰਦਪੁਰਿ ਕਹਯੋ।

[1]ਵਜ਼ੀਰ ਨੇ ਗੁਰੂ ਜੀ ਨੂੰ ਮੁੜ ਅਨੰਦਪੁਰ ਚਲਣ ਲਈ ਕਿਹਾ ਹੋਸੀ, ਉਸ ਦੇ ਉੱਤਰ ਵਿਚ ਕਹਿੰਦੇ ਹਨ ਕਿ) ਤੂੰ ਸਾਨੂੰ ਕਿਹਾ ਹੈ ਕਿ ਅਨੰਦਪੁਰ (ਮੁੜ ਕੇ) ਚਲ ਪਹੁੰਚੋ ਐਉਂ (ਜਾਣਾ) ਸਾਨੂੰ ਚੰਗਾ ਨਹੀਂ ਲਗਦਾ, ਪਹਿਲਾਂ ਵੈਰੀ

ਨੂੰ ਜਿੱਤਾਂਗੇ ਫੇਰ ਆਪਣੇ ਸ਼ਹਿਰ ਚਲਾਂਗੇ।

ਇਸ ਬਿਧਿ ਹਮ ਨੇ ਨੀਕ ਨ ਲਹ੍ਯੋ ॥੨੬॥
ਬਿਜੈ ਕਰੈਂਗੇ ਪੂਰਬ ਅਰਿ ਕੋ।
ਪੁਨ ਗਮਨਹਿੰਗੇ ਆਪਨ ਪੁਰਿ ਕੌਂ[੧]।
ਦਗੇ ਬਾਜ਼ ਕੀ ਗੈਲ ਨ ਜਾਵੈਂ।
ਕਹੈਂ ਅਪਰ ਮੁਖ, ਅਪਰ ਕਮਾਵੈਂ[1] ॥੨੭॥

[1]ਮੂੰਹੋਂ ਹੋਰ ਕਹਿੰਦੇ ਹਨ ਤੇ ਕਮਾਉਂਦੇ ਹੋਰ ਹਨ।

ਅਪਨੇ ਬਲ ਆਸ਼੍ਰਯ ਹਮ ਰਹੈਂ।
ਜੇ ਨਿਰਬਲ ਤੇ ਪਰ[†] ਕੋ ਲਹੈਂ[1]।

[1]ਨਿਰਬਲ ਓਹ ਹਨ ਜੋ ਦੂਜੇ ਦਾ (ਆਸਰਾ) ਤੱਕਦੇ ਹਨ।
[†]ਪਾ:-ਪਦ।

ਉਛਲਤਿ ਮਮ ਤਰਕਸ਼ ਕੇ ਤੀਰ।
ਪ੍ਰਵਿਸ਼ਹਿਂ ਤੁਰਨ ਰਿਪੁਨਿ ਸਰੀਰ ॥੨੮॥
ਜਥੋਂ ਬਲਮੀਕ ਬਿਖੈ ਅਹਿ ਬਰੈਂ[1]।

[1]ਜਿਉਂ ਖੁੱਡਾਂ ਵਿਚ ਸਪ ਵੜਦੇ ਹਨ (ਇਉਂ)।

ਡਸੈਂ ਸ਼ੱਤ੍ਰ ਕੌਂ[1] ਤਤਛਿਨ ਮਰੈਂ।

[1]ਵੈਰੀ (ਦੇ ਸਰੀਰ ਵਿਚ ਧਸ ਕੇ) ਡਸਣਗੇ।

ਗਿਰਪਤਿ ਹਿਤ ਬਰਾਤ ਪਹੁਨਾਈ[1]।

[1]ਪ੍ਰਾਹੁਣਚਾਰੀ।

ਲਖਿ ਆਗਮਨ ਸੁਧਾਰਿ ਬਨਾਈ ॥੨੯॥
ਢਾਲ ਬਿਸਾਲ ਥਾਲ ਕਰਿ ਆਗੇ।
ਘੇਵਰ ਖੜਗ ਦੇਉਂ ਤਨ ਖਾਂਗੇ[1]।

[1]ਤਨ ਨੂੰ ਚੀਰਨ ਵਾਲੀ ਤਲਵਾਰ ਰੂਪੀ ਘੇਵਰ ਦਿਆਂਗਾ। (ਅ) ਖਾਂਗੇ = ਖਾਣ ਲਈ। (ੲ) ਖਾਂਗੇ = ਖੱਗ, ਖੜਗ।

ਗਨ ਗੁਲਕਾ ਬਹੁ ਸ਼ੱਕਰਪਾਰੇ।
ਖਪਰੇ ਬ੍ਰਿੰਦ ਜਲੇਬ ਉਤਾਰੇ ॥੩੦॥
ਸੂਰ ਸਮੂਹ ਪਰੋਸਨ ਹਾਰੇ।
ਤ੍ਰਿਪਤਾਵਹਿਂ ਬਹੁ ਭਾਂਤਿ ਕਰਾਰੇ[1]।

[1]ਬਹੁਤ ਤਰ੍ਹਾਂ ਕਰੜੇ।

ਰਖਹੁ ਬੀਰਤਾ ਛੁਧਾ[1] ਜਿ ਮਨ ਮੈਂ।

[1]ਸੂਰਮੱਤਣ ਰੂਪੀ ਭੁੱਖ।

ਬਿਨਾ ਬਿਲਮ ਪਹੁੰਚਹੁ ਅਬਿ ਰਨ ਮੈਂ ॥੩੧॥
ਨਾਤੁਰ ਗੀਦੀ ਮੂਢ ਗਵਾਰੋ।
ਅਪਰ ਪੰਥ ਕੋ ਦੇਖਿ ਸਿਧਾਰੋ।
ਸੁਨਹੁ ਵਜ਼ੀਰ ! ਜਥਾ ਹਮ ਕਰਨੀ।
ਸਭਿ ਨਿਸ਼ਕਪਟ ਤੋਹਿ ਢਿਗ ਬਰਨੀ

॥ ੩੨ ॥
ਚਹੋ ਜੰਗ ਤੌ ਇਤ ਚਲਿ ਆਵੋ।
ਬਹੁ ਦਿਵਸਨਿ ਕੋ ਛੋਭ ਮਿਟਾਵੋ।'
ਇਮ ਸਤਿਗੁਰ ਜਬਿ ਸਾਫ ਬਖਾਨੀ।
ਨਹਿਂ ਕਹਿ ਸਕਜੋ ਦੂਤ ਕਛੁ ਬਾਨੀ
॥ ੩੩ ॥
ਤਰੇ ਦ੍ਰਿਸ਼ਟਿ ਕਰਿ ਬੈਠਜੋ ਰਹਜੋ।
-ਘਟ ਘਟ ਕੋ ਗਜਾਤਾ ਪ੍ਰਭੁ- ਲਹਜੋ।
-ਕਪਟ ਗਿਰਿੰਦ੍ਰਨਿ ਕੋ ਮਨ ਜਾਨਾਂ।
ਕਿਮ ਸਹਿ ਸਕਹਿਂ ਆਪਨੀ ਹਾਨਾ[1]-
॥ ੩੪ ॥

[1]ਤੇ ਸੋਚਣ ਲਗਾ ਕਿ ਸ਼੍ਰੀ ਗੁਰੂ ਜੀ) ਆਪਣੀ ਹਾਨੀ ਕਿਸ ਤਰ੍ਹਾਂ ਸਹਾਰ ਸਕਦੇ ਹਨ।

ਇੱਤਜਾਦਿਕ ਬਿਚਾਰਿ ਮਨ ਮਾਂਹੀ।
ਨਿਸ਼ਚੈ ਲਖੀ ਪੰਥ ਦੈ ਨਾਂਹੀ[1]।

[1]ਰਾਹ ਨਹੀਂ ਦੇਣਗੇ।

ਜੁਗ ਕਰ ਜੋਰਿ ਬੰਦਨਾ ਠਾਨੀ।
ਉਠਿ ਚਹਿ ਗਮਨਜੋਂ ਚਿੰਤ ਮਹਾਨੀ
॥ ੩੫ ॥
ਸਰਬ ਸਭਾ ਕੌ ਕਰਿ ਕਰਿ ਨਮੋਂ।
ਨਿਕਸਿ ਦ੍ਵਾਰ ਹਯ ਚਢਿ ਤਿਹ ਸਮੋਂ।
ਜਹਿਂ ਕਹਿਂ ਬੀਰ ਬ੍ਰਿੰਦ ਬਰ ਹੇਰੇ।
ਪਿਖੇ ਪਠਾਨਨਿ ਕੇ ਬਹੁ ਡੇਰੇ ॥ ੩੬ ॥
ਆਯੁਧ ਅਧਿਕ ਮੋਲ ਕੇ ਧਰੈਂ।
ਚਪਲ ਬਲੀ ਹਯ ਊਪਰ ਚਰੈਂ।
ਸਿੱਖ ਸੁਭਟ ਸਮੁਦਾਇ ਸਿਵਰ ਮੈਂ।
ਜਥਾ ਸ਼ੇਰ ਕਾਨਨ ਗਿਰਵਰ ਮੈਂ[1] ॥ ੩੭ ॥

[1]ਪਹਾੜੀ ਜੰਗਲ ਵਿਚ।

ਤੁਰੰਗ ਤਬੇਲੇ ਥਿਤ ਗਨ ਲੈਨ[1]।

[1]ਕਤਾਰ, ਲਾਰ [ਅੰ:, ਲਾਈਨ Line]।

ਅਨਿਕ ਦੇਸ਼ ਕੇ ਭਟ ਬਿਨ ਚੈਨ[†]।

[†]ਪਾ:-ਥਿਤ ਹੈਨ।

ਨਾਨਾ ਰੀਤਿ ਦਿਪਤ ਹੱਥਜਾਰੰ।
ਹੇਰਤਿ ਹਹਿਰ[1] ਹਿਰਾਨ ਬਿਚਾਰੰ[2]
॥ ੩੮ ॥

[1]ਕੰਬਿਆ। [2]ਹੈਰਾਨ ਹੋਕੇ ਵਿਚਾਰਦਾ ਹੈ।

-ਦੁਰਗ ਮਹਾਂ ਦਿਢ ਦੀਰਘ ਦਿਪੈ।
ਥਲ ਥਲ ਥਿਰੇ ਸੁਚੇਤੀ ਥਪੈਂ[1]।

[1]ਸੁਚੇਤੀ ਕਰਦੇ ਹਨ।

ਬਸਜੋ ਨਗਰ ਬਹੁ ਬਿਚਰਤਿ ਮਾਨਵ।

| | |
|---|---|
| ਨਿਜ ਬਿਵਹਾਰ ਕਰਤਿ ਹਿਤ ਠਾਨਵ[1]- ॥੩੯॥ | [1]ਪ੍ਰੇਮ ਕਰਕੇ। |
| ਨਿਕਸਿ ਵਹਿਰ ਗਮਨਜੋਂ ਲਘੁ ਦੂਰੀ[1]। | [1]ਥੋੜੀ ਦੂਰ ਤਕ। |
| ਉਪਬਨ[1] ਪਿਖ੍ਯੋ ਰਚਨ ਜਿਸ ਰੂਰੀ। | [1]ਬਾਗ। |
| ਨਾਨਾ ਜਾਤਿ ਤਰੋਵਰੁ ਖਰੇ। | |
| ਸੁਮਨਸ ਖਰੇ ਸ਼ੁਭਨ ਖਗ ਰਰੇ[1] ॥੪੦॥ | [1]ਫੁਲਾਂ (ਦੇ ਬੂਟੇ) ਖੜੇ ਹਨ (ਤੇ) ਸ਼ੋਭਦੇ ਹਨ ਪੰਛੀ ਚਹਿਕਦੇ। |
| ਸੰਗੀ ਮਨੁਖਨਿ ਸੰਗ ਬਖਾਨਾ। | |
| 'ਗੁਰ ਪ੍ਰਤਾਪ ਤੁਮ ਪਿਖਹੁ ਮਹਾਨਾ। | |
| ਚਢਿ ਅਨੰਦਪੁਰ ਤੇ ਇਤ ਆਏ। | |
| ਗਿਰ ਕਾਨਨ ਮਹਿਂ ਨਗਰ ਬਸਾਏ ॥੪੧॥ | |
| ਥੋਰੇ ਦਿਵਸਨ ਮਹਿਂ ਅਸ ਰਚਨਾ। | |
| ਨਰਨਿ ਸਮਾਜ ਭਯੋ ਬਡ ਸਚਨਾ[1]। | [1]ਇਕੱਠਾ। |
| ਬ੍ਰਿੰਦ ਬਾਹਿਨੀ ਜਹਿਂ ਕਹਿਂ ਛਾਈ[1]। | [1]ਫੈਲੀ ਹੋਈ ਹੈ। |
| ਸ਼੍ਰੀ ਜਮਨਾ ਤਟ ਸੁੰਦਰ ਥਾਈਂ' ॥੪੨॥ | |
| ਇੱਤਜਾਦਿਕ ਕਹਿ ਕਰਿ ਚਲਿ ਜਾਵਤਿ। | |
| ਸਤਿਗੁਰ ਕੀਰਤਿ ਸਭਿਨਿ ਸੁਨਾਵਤਿ। | |
| ਪਹੁੰਚਯੋ ਸੈਲਪਤਿਨਿ ਜਹਿਂ ਡੇਰਾ। | |
| ਸਭਿਹਿਨਿ ਰਿਦੈ ਸੰਦੇਹ ਬਡੇਰਾ ॥੪੩॥ | |
| -ਕਲਗੀਧਰ ਮਗ ਦੇਹਿਂ ਕਿ ਨਾਂਹੀ। | |
| ਦਲ ਬਿਸਾਲ ਕੋ ਸੁਨਿ ਡਰਪਾਹੀਂ[1]-। | [1]ਸਾਡਾ) ਦਲ ਬਹੁਤਾ ਸੁਣਕੇ ਡਰਦੇ ਹਨ (ਕਿ ਨਹੀਂ ਗੁਰੂ ਜੀ)। |
| ਕੇਤਿਕ ਕਹੈਂ 'ਗੁਰੂ ਬਰ ਬੀਰ। | |
| ਕਿਮਹੁਂ ਨ ਉਲੰਘਨਿ ਦੇਹਿ ਬਹੀਰ ॥੪੪॥ | |
| ਨ੍ਰਿਭੈ ਰਹਤਿ ਹੈਂ ਜੇ ਬਡ ਜੋਧਾ। | |
| ਗਿਨਹਿਂ ਨ ਬਹੁਤ, ਕਰਹਿਂ ਰਣ ਕ੍ਰੋਧਾ[1†]। | [1]ਆਪ) ਜੁ ਵੱਡਾ ਜੋਧਾ ਹੈ ਨਿਰਭੈ ਰਹਿੰਦਾ ਹੈ, (ਜਦੋਂ) ਕ੍ਰੋਧ ਕਰਕੇ ਰਣ ਕਰਦਾ ਹੈ ਤਾਂ ਬਹੁਤਿਆਂ ਦੀ ਗਿਣਤੀ ਨਹੀਂ ਕਰਦਾ ਭਾਵ ਪ੍ਰਵਾਹ ਨਹੀਂ ਕਰਦਾ। (ਅ) ਜੋ ਵੱਡੇ ਵੱਡੇ ਜੋਧੇ (ਉਹਨਾਂ ਪਾਸ ਰਹਿੰਦੇ ਹਨ) ਓਹ (ਡਾਢੇ) ਕ੍ਰੋਧ ਨਾਲ ਲੜਦੇ ਹਨ, (ਸ਼ੱਤ੍ਰੂਆਂ ਦੀ) ਬੁਤੈਤ ਨੂੰ ਗਿਣਦੇ ਨਹੀਂ ਭਾਵ ਕੁਛ ਸ਼ੈ ਨਹੀਂ ਸਮਝਦੇ। [†]ਪਾ:-ਰੋਧਾ। |
| ਪੁਨ ਤਿਨ ਕੋ ਘਰ ਊਪਰ ਮਗ ਕੇ। | |

ਕਹੇ ਨ੍ਰਿਪਨ ਕੇ ਤਜਹਿਂ ਨ ਭਗ ਕੇ[1] ॥੪੫॥

[1]ਨੱਸਕੇ।

ਸ਼ਸਤ੍ਰ ਧਾਰੀਅਨਿ ਮਹਿਂ ਅਤਿ ਸ੍ਰੇਸ਼ਟ।
ਦੇਗ਼ ਤੇਗ਼ ਕੇ ਧਨੀ ਸੁ ਜੇਸ਼ਟ[1]।'
ਇੱਤਜਾਦਿਕ ਬੋਲਤਿ ਮਿਲਿ ਕਰਿ ਕੈ।
ਮਨੈ ਪਰਬਤੀ ਸੰਸੈ ਧਰਿ ਕੈ[1] ॥੪੬॥

[1]ਬੜੇ।

[1]ਪਰਬਤ ਵਾਸੀ ਮਨ ਵਿੱਚ ਸੰਸਾ ਧਾਰਕੇ ਮਿਲਿ ਮਿਲਿਕੇ ਗੱਲਾਂ ਕਰਦੇ ਹਨ। (ਅ) ਮਨੈ ਪਰਬਤੀ = ਪਰਬਤੀ ਮਾਣੂ = ਭਾਵ ਪਹਾੜੀ ਆਦਮੀ।

ਇਤਨੇ ਮਹਿਂ ਵਜ਼ੀਰ ਚਲਿ ਆਯੋ।
ਗੁਰ ਬਚ ਸੁਨਿਬੇ ਦਲ ਉਮਡਾਯੋ।
'ਦਿਯੋ ਕਿ ਨਹੀਂ ਪੰਥ ਹਿਤ ਜਾਨੈ[1]?
ਲਰਹਿ ਕਿ ਨਹੀਂ, ਮੇਲ ਕੋ ਠਾਨੈ?' ॥੪੭॥

[1]ਜਾਣ ਵਾਸਤੇ ਰਾਹ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਵਜ਼ੀਰ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

## ੧੩. [ਕੇਵਲ ਦੂਲਹੁ ਤੇ ਵਜ਼ੀਰ ਦੇ ਲੰਘਣ ਦੀ ਆਗਜਾ ਲੈਣੀ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਭੀਮਚੰਦ ਸੁਧਿ ਗੁਰੂ ਕੀ, ਕਰਤਿ ਪ੍ਰਤੀਖਨ ਚੀਤ।
ਗਮਨਜੋ ਸ਼ੀਘ੍ਰ ਢੁਕਾਉ ਹਿਤ, ਮਿਲਹਿਂ ਅਨਿਕ ਨ੍ਰਿਪ ਮੀਤਿ[1] ॥੧॥

[1]ਜੋ ਭੀਮਚੰਦ) ਜਾ ਰਿਹਾ ਸੀ ਅਨੇਕਾਂ ਰਾਜੇ ਮਿੱਤ੍ਰਾਂ ਨੂੰ ਨਾਲ ਮਿਲਾ ਕੇ ਢੁਕਾਉ ਲਈ।

ਚੌਪਈ:

ਉਤਰਿ ਤੁਰੰਗ ਤਤਕਾਲ ਵਜ਼ੀਰ।
ਪਹੁੰਚਜੋ ਚਲਿ ਗਿਰਪਤਿ ਕੇ ਤੀਰ।
ਮੁਸਕਾਵਤਿ ਮੁਖ ਨਿਕਟਿ ਬਿਠਾਰਾ।
[1] 'ਕਹੋ ਕਹਾਂ ਸਤਿਗੁਰੂ ਉਚਾਰਾ?' ॥੨॥

[1]ਭੀਮਚੰਦ ਨੇ ਪੁੱਛਿਆ।

ਸੁਨਿ ਮੰਤ੍ਰੀ ਕਰ ਜੋਰਿ ਬਖਾਨਾ।
'ਕਲਗ਼ੀਧਰ ਤੁਮਰੋ ਛਲ ਜਾਨਾ।
-ਅਪਨੋ ਅਰਥ[1] ਹੇਤੁ ਬਨ ਮੀਤਾ।
ਪੁਨ ਤਤਛਿਨ ਹੋਵਤਿ ਬਿਪਰੀਤਾ[1]- ॥੩॥

[1]ਅਪਣੇ ਮਤਲਬ।

[1]ਉਲਟ, ਵਿਰੋਧੀ।

ਸਾਹਿਬ ਕਰਾਮਾਤ ਗੁਰੁ ਪੂਰਾ।
ਕਿਮ ਪੁਜ ਸਕਹਿ ਤਿਨਹੁਂ ਢਿਗ ਕੂਰਾ।
ਕਹੀ ਜਾਇ ਕਰਿ ਅਧਿਕ ਪ੍ਰਸੰਸਾ।
ਸੁਨਿ ਕਰਿ ਸੋਢਿ ਬੰਸ ਅਵਤੰਸ਼ਾ ॥੪॥
ਕਪਟ ਸਮੇਤ ਜਾਨਿ ਨਹਿਂ ਮਾਨੀ।
ਭਰੀ ਬੀਰ ਰਸ ਗਿਰਾ ਬਖਾਨੀ।
-ਇਸ ਮਗ ਮਹਿਂ ਨਹਿਂ ਉਲੰਘਨ ਦੈ ਹੌਂ।
ਰੋਕਿ ਬਿਲੋਕਤਿ ਸ਼ੋਕ ਉਪੈ ਹੌਂ[1] ॥੫॥

[1]ਰੋਕਾਂਗਾ ਤੇ ਦੇਖਦਿਆਂ ਦੇਖਦਿਆਂ ਸ਼ੋਕ ਉਪਾਦਿਆਂਗਾ, ਭਾਵ ਸ਼ੱਤ੍ਰੂ ਨੂੰ ਨਾਸ਼ ਕਰਾਂਗਾ। (ਅ) (ਜੇ ਰਾਜੇ ਵਲੋਂ ਮੈਂ ਆਪਣੀ ਇਸ ਗਲ ਵਿਚ ਰੋਕ =) ਅੜੀ ਵੇਖਾਂਗਾ ਤਾਂ ਸ਼ੋਕ ਉਪਾਵਾਂਗਾ।

ਜੇ ਗਿਰ ਪਤਿਨਿ ਬਿਖੈ ਬਲ ਭਾਰੀ।
ਦਲ ਸਕੇਲ ਚਲਿ ਆਉ ਅਗਾਰੀ।
ਬਿਗਰੇ ਰਹਹੁ ਅਨੰਦ ਪੁਰਿ ਜਬਿ ਕੇ[1]।
ਲਰਿਬੇ ਤਜਾਰ ਅਹੈਂ ਹਮ ਤਬਿ ਕੇ ॥੬॥

[1]ਜਦ ਅਨੰਦਪੁਰ (ਸੀ) ਤਦ ਦੇ ਵਿਗੜੇ ਰਹਿੰਦੇ ਹੋ।

ਜੰਗ ਖੇਤ ਅਭਿਲਾਖਾ ਰਾਖੀ।
ਪੁਰਵਹੁ ਅਬਹਿ ਆਨਿ-ਗੁਰ ਭਾਖੀ।

| | |
|---|---|
| -ਕਰਨਿ ਸੰਧਿ[1] ਕੋ ਕਾਜ ਨ ਕੋਈ। | [1]ਮੇਲ। |
| ਬਨਹਿ ਮਿਲਹਿਂ ਗਨ ਸ਼ਸਤ੍ਰਨਿ ਸੋਂ ਈ[1] ॥੭॥ | [1]ਸਮੂਹ ਸ਼ਸਤ੍ਰਾਂ ਨਾਲ ਹੀ ਮੇਲ ਗੇਲ ਬਣੇਗਾ (ਹੁਣ)। |
| ਖਰੇ ਪੰਚ ਸੈ ਸੁਭਟ ਅਗਾਰੀ। | |
| ਕਰਹਿਂ ਪ੍ਰਤੀਖਨ ਤੁਮ ਅਸਵਾਰੀ। | |
| ਗੁਰ ਦਲ ਮਹਿਂ ਨਹਿਂ ਬਿਲਮ ਰਤੀ ਕੀ[1]। | [1]ਰਤੀ ਕੁ ਬੀ। |
| ਚਾਹਿ ਪਿਖਿਨਿ ਤੁਮ ਚਮੂੰ ਗਤੀ ਕੀ[1]' ॥੮॥ | [1]ਸੈਨਾਂ ਦੀ ਚਾਲ ਦੇਖਣ ਦੀ। |
| ਭੀਮਚੰਦ ਸੁਨਿ ਚਿੰਤ ਬਿਸਾਲਾ। | |
| -ਪਰਜੋ ਬਿਘਨ ਕਿਮ ਹੋਇ ਨ ਟਾਲਾ। | |
| ਬਜਾਹ ਦਿਵਸ ਅਬਿ ਆਇ ਨਜੀਕਾ। | |
| ਪਰਹਿ ਜੰਗ ਬਡ, ਹੋਹਿ ਨ ਠੀਕਾ ॥੯॥ | |
| ਅਪਰ ਪੰਥ ਜੈਬੇ ਕਹੁ ਨਾਂਹੀ। | |
| ਜੇ ਕੋ ਅਹੈ ਦੂਰ ਕੋ ਜਾਹੀ[1]। | [1]ਦੂਰ ਦੀ ਜਾਂਦਾ ਹੈ। |
| ਬਿਤ ਜੈ ਹੈ ਸਾਹੇ ਕੋ ਸਮੈਂ। | |
| ਆਨਿ ਬਨੀ ਅਸਮੰਜਸ[1] ਹਮੈਂ- ॥੧੦॥ | [1]ਅਣ ਬਣ। |
| ਚਿਤਵਤਿ ਗਿਰਪਤਿ ਸਕਲ ਬੁਲਾਏ। | |
| ਕਰਿ ਆਦਰ ਨਿਜ ਨਿਕਟਿ ਬਿਠਾਏ। | |
| 'ਮਿਲਿ ਮਸਲਤ ਕੀਜਹਿ ਅਬਿ ਕੈਸੇ। | |
| ਸਮਧੀ ਸਦਨ ਪਹੁੰਚਹਿਂ ਜੈਸੇ ॥੧੧॥ | |
| ਗੁਰੂ ਕੰਨੇ[1] ਤੇ ਇਹ ਸੁਧਿ ਆਈ। | [1]ਵਲੋਂ। |
| ਦੇਤਿ ਨ ਮਗ ਦਿਢ ਹੇਤੁ ਲਰਾਈ[1]।' | [1]ਲੜਾਈ ਕਰਨ ਲਈ ਦ੍ਰਿੜ ਹੈ। |
| ਸੁਨਿ ਸੈਲੇਂਦ੍ਰਨਿ ਕਰਿ ਹੰਕਾਰਾ। | |
| ਸਭਿਹਿਨਿ ਧੀਰਜ ਹੇਤੁ ਉਚਾਰਾ ॥੧੨॥ | |
| 'ਕਹਾਂ ਤ੍ਰਾਸ ਚਿਤ ਮੈਂ ਤੁਮ ਕੀਨੋ। | |
| ਇਤੋ ਕਟਕ[1] ਇਕੱਤ੍ਰ ਕਰਿ ਲੀਨੋ[†]। | [1]ਸੈਨਾ। [†]ਇਥੋਂ ਸਪਸ਼ਟ ਹੈ ਕਿ ਰਾਜਿਆਂ ਨਾਲ ਫੌਜ ਬਹੁਤ ਸੀ। |
| ਸੂਧੇ ਗਮਨਹਿਂ ਪੰਥ ਮਝਾਰੇ। | |
| ਬਨ ਅਰਿ ਅਰਹਿ ਜਿ ਆਇ ਅਗਾਰੇ[1] ॥੧੩॥ | [1]ਸ਼ੱਤ੍ਰ ਬਣਕੇ ਜੇ ਅੱਗੇ ਆਕੇ ਅੜੇਗਾ। |
| ਬੀਨ ਬੀਨ ਹਮ ਸੁਭਟ ਬਟੋਰੈਂ[1]। | [1]ਇਕੱਠੇ ਕਰਾਂਗੇ। |
| ਹੇਲ ਘਾਲਿ[1] ਰਿਪੁ ਊਪਰ ਦੌਰੈਂ। | [1]ਹੱਲਾ ਦੇਕੇ। |

ਸਭਿਨਿ ਧਕਾਵਹਿਂ ਕਰਹਿਂ ਕਿਨਾਰੇ[1]।
[1]ਪਾਸੇ ਕਰਾਂਗੇ (ਰਾਹ ਤੋਂ)।
ਦ੍ਰਿਢ ਹ੍ਵੈ ਕਰੈਂ, ਰਹੈਂ ਬਲਿ ਭਾਰੇ ॥੧੪॥
ਗੁਲਕਾਂ ਸ਼ਲਖਨਿ ਮਾਰਹਿਂ ਤਕਹੀ।
ਰਿਪੁ ਬਹੀਰ ਪਰ ਆਇ ਨ ਸਕਹੀ।
ਸਨੇ ਸਨੇ ਮਗ ਉਲੰਘਹਿ ਸਾਰੇ।
ਚਢਿ ਨੌਕਾ ਜਮੁਨਾ ਪਰਿ ਪਾਰੇ ॥੧੫॥
ਜਬਿ ਸਮਾਜ ਪਰਲੈ ਹੁਇ ਕੂਲ[1]।
[1]ਪਰਲੇ ਕਿਨਾਰੇ ਤੇ ਹੋ ਜਾਏਗਾ।
ਦੇ ਕਰਿ ਏਕ ਬਾਰ ਦਲ ਹੂਲ[1]।
[1]ਹੱਲਾ ਕਰਕੇ।
ਡੇਰੇ ਮਹਿਂ ਤਬਿ[†] ਕਰੀਅਹਿ ਛੂਟ[1]।
[1]ਧਾਵਾ (ਹੱਲਾ)। [†]ਪਾ:-ਹਥ।
ਸ਼ਸਤ੍ਰ ਬਸਤ੍ਰ ਧਨ ਲੀਜਹਿ ਲੂਟ ॥੧੬॥
ਦਲ ਬਲ ਤੇ ਗੁਰ ਸੈਨ ਹਟਾਇ।
ਲੂਟਤਿ ਚਲਹਿਂ ਨਿਸ਼ਾਨ ਬਜਾਇ।'
ਇਮ ਜਸਵਾਲ ਕੇਸਰੀ ਚੰਦ।
ਕਹ੍ਯੋ ਗੁਪਾਲ ਗੁਲੇਰ ਨਰਿੰਦ ॥੧੭॥
ਸੰਗ ਕ੍ਰਿਪਾਲ ਕਟੋਚਿਨ ਆਦਿ।
ਭਯੋ ਪਰਸਪਰ ਚਲਨਿ ਸੰਬਾਦ।
ਭੀਮਚੰਦ ਸਤਿਗੁਰ ਕੋ ਜਾਨਹਿ।
-ਆਯੁਧ ਧਾਰੀ ਬੀਰ- ਪਛਾਨਹਿ ॥੧੮॥
ਨਹਿਂ ਲਰਿਬੇ ਕੀ ਮਸਲਤ ਮਾਨੀ।
'ਨਹਿਂ ਆਛੀ, ਦੁਖਦਾਨ ਮਹਾਨੀ[1]।
[1]ਲੜਨ ਦੀ ਸਲਾਹ) ਚੰਗੀ ਨਹੀਂ ਦੁਖਦਾਈ ਹੈ ਬਹੁਤ।
ਕਹੁ ਵਜ਼ੀਰ! ਉਲੰਘਨ ਕੀ ਬਾਤ।
ਕਿਮ ਰਹਿ ਆਇ ਬਜਾਹ ਕੀ ਬਾਤ ॥੧੯॥
ਗੁਰ ਢਿਗ ਦਲ ਕੇਤਿਕ ਮਿਲਿ ਗਯੋ।
ਕਿਮ ਠਕੁਰਾਈ[1] ਠਾਨਤਿ ਭਯੋ।
[1]ਸਰਦਾਰੀ। (ਅ) ਰਜਧਾਨੀ ਸਾਜੀ ਹੈ।
ਤੁਮ ਮਤਿ ਮਹਿਂ ਆਵਤਿ ਕਹੁ ਕੈਸੇ?
ਬਿਘਨ ਨ ਪਰਹਿ ਆਨ ਕਰਿ ਜੈਸੇ' ॥੨੦॥
ਸੁਨਤਿ ਬੈਨ ਪਰਧਾਨ ਬਖਾਨੈ।
'ਸਭਿ ਗਿਰਿੰਦ੍ਰ ਤੁਮ ਬਹੁ ਬੁਧਿਵਾਨੈ।
ਨਿਕਟ ਚਮੂੰ ਭੀ ਅਹੈ ਮਹਾਨਾ[1]।
[1]ਬਹੁਤ ਹੈ (ਤੁਹਾਡੇ ਪਾਸ)।

ਤਊ ਨ ਹੋਵਹੁ ਗੁਰੂ ਸਮਾਨਾ ॥੨੧॥
ਲਾਖਹੁਂ ਨੰਮ੍ਰਿ ਹੋਇਂ ਨਰ ਪਾਇਨ।
ਆਨਹਿਂ ਅਰਪਹਿਂ ਅਨਿਕ ਉਪਾਇਨ।
ਸ਼੍ਰੀ ਨਾਨਕ ਕੀ ਗਾਦੀ ਸਾਥ।
ਕਿਮ ਸਮਸਰਤਾ ਹੁਇ ਗਿਰ ਨਾਥ! ॥੨੨॥
ਅਹਿ ਅਨੰਦ ਪੁਰਿ ਤੇ ਸੌ ਗੁਨਾ।
ਦਲ ਪ੍ਰਤਾਪ ਬਾਢ੍ਯੋ ਅਤਿ ਘਨਾ।
ਸੁਭਟ ਸ਼ਸਤ੍ਰ ਜੁਤਿ ਜਿਤ ਕਿਤ ਖਰੇ।
ਪੁਸ਼ਟ ਤੁਰੰਗਮ ਗਨ ਬਲ ਭਰੇ ॥੨੩॥
ਅਤਿ ਉਤਸਾਹ ਚਮੂੰ ਬਹੁ ਦੀਖਾ।
ਲਰਿ ਕਰਿ ਕੋਇ ਨ ਬਨੈ ਸਰੀਖਾ[1]।
ਜਮਨਾ ਤਟ ਲੌ ਦੇਹਿਂ ਨ ਜਾਨੇ।
ਵਧਹਿਂ ਅਗਾਊ ਕਰਿ ਘਮਸਾਨੇ[1] ॥੨੪॥
ਕਿਮ ਤਿਨ ਕੌ ਲੂਟਨਿ ਤੁਮ ਚਾਹਾ।
ਰਾਤਿ ਦਿਵਸ ਜਿਨ ਲਰਨਿ ਉਮਾਹਾ।
ਧਨ ਹੰਕਾਰ ਨ ਕੀਜਹਿ ਐਸੇ।
ਪਸ਼ਚਾਤਾਪ ਬਿਸੂਰਹ ਜੈਸੇ ॥੨੫॥
ਮੈਂ ਦੇਖੀ ਸਭਿ ਰੀਤਿ ਬਿਚਾਰੀ।
ਗੁਰੂ ਨ ਉਲੰਘਨਿ ਦੇਹਿ ਅਗਾਰੀ।
ਕਿਸ ਬਿਧਿ ਹੋਤਿ ਸਾਮਤਾ[1] ਨਾਂਹੀ।
ਲਰਿਬੇ ਬਿਜੈ ਨਹੀਂ ਰਨ ਮਾਂਹੀ ॥੨੬॥
ਔਰ ਉਪਾਵ ਏਕ ਮੈਂ ਜਾਨਾ।
ਦੂਲਹੁ ਇਸ ਮਗ ਕਰਹੁ ਪਯਾਨਾ।
ਇਕ ਦੁਇ ਸੇਵਕ ਲੇ ਕਰਿ ਸੰਗ।
ਸਨਮੁਖ ਗਮਨਜੋਂ ਜਾਇ ਨਿਸੰਗ[1] ॥੨੭॥
ਬਜਾਹ ਸਮੇਂ ਪਹੁੰਚੈ ਸਸੁਰਾਰੇ।
ਫੇਰੇ ਫਿਰਹਿ ਕਾਜ ਕੌ ਸਾਰੇ।
ਅਪਰ ਜਾਹਿਂ ਸਭਿ ਮਾਰਗ ਦੂਜੇ।
ਸਨੇ ਸਨੇ ਚਲਿ ਕੈ ਤਹਿਂ ਪੂਜੇ[1] ॥੨੮॥
ਆਛੋ ਜਤਨ ਅਹੈ ਇਕ ਏਹੀ।

[1]ਭਾਵ ਕੋਈ ਬਰਾਬਰ ਨਹੀਂ ਢੁੱਕ ਸਕਦਾ।

[1]ਅੱਗੇ ਵਧ ਕੇ ਘਮਸਾਨ ਕਰਨਗੇ।

[1]ਸੁਲਹ (ਅ) ਸਮਤਾ।

[1]ਸਾਹਮਣੇ (ਗੁਰੂ ਜੀ ਦੇ) ਨਿਸ਼ੰਗ ਹੋਕੇ ਟੁਰਿਆ ਜਾਵੇ।

[1]ਤਿਥੇ ਪੁੱਜਣ।

ਅਪਰ ਬਿਧੀ ਉਰ ਆਇ ਨ ਕੇਹੀ।'
ਸੁਨਤਿ ਕੇਸਰੀ ਅਪਰ ਗੁਪਾਲ।
ਸਭਾ ਬੀਚ ਬੋਲੇ ਤਿਸ ਕਾਲ ॥੨੯॥
ਕਹਾਂ ਬਾਤ ਤੈਂ ਕਹੀ ਵਜ਼ੀਰ?
ਹਮ ਕੋ ਨਾਂਹਿ ਨ ਜਾਨਜੋਂ ਬੀਰ।
ਕਰਿ ਕਾਤੁਰ ਸਭਿ ਚਹਤਿ ਹਟਾਇ[1]। [1]ਕਾਇਰ ਕਰਕੇ ਸਾਰਿਆਂ ਨੂੰ (ਜੰਗ ਤੋਂ) ਹਟਾਇਆ ਚਾਹੁੰਦਾ ਹੈ।
ਕਹਾਂ ਗੁਰੂ ਢਿਗ ਦੇਖਜੋ ਜਾਇ? ॥੩੦॥
ਕੌਨ ਜਾਤਿ ਕੇ ਹੈਂ ਬਰ ਬੀਰ?
ਕਟਕ[1] ਬਟੋਰਿ ਜੁ ਰਾਖਜੋ ਤੀਰ। [1]ਸੈਨਾ।
ਕੇਤਿਕ ਗਿਨਤੀ ਮਹਿਂ ਮਨੁ[1] ਜਾਨੇ? [1]ਮਨੁੱਖ, ਆਦਮੀ।
ਕੇਤਿਕ ਅਸੁ[1] ਕਿਸ ਬਿਧਿ ਸਵਧਾਨੇ?' [1]ਘੋੜੇ।
॥੩੧॥
ਸੁਨਿ ਵਜ਼ੀਰ ਗਿਰਨਾਥਹਿ ਸਾਥ।
ਕਹਤਿ ਭਯੋ ਗੁਰ ਦਲ ਕੀ ਗਾਥ।
'ਘਨੇ ਪਠਾਨ ਬਨ੍ਹੇ ਹਥਜਾਰ[1]। [1]ਹਥਜਾਰਬੰਦ।
ਸਭਿ ਤੇ ਉਰੇ ਪਰੇ[1] ਬਲ ਧਾਰਿ ॥੩੨॥ [1]ਡੇਰਾ ਪਾਈ) ਪਏ ਹੋਏ ਹਨ।
ਬਾਨ ਸਰਾਸਨ ਧਾਰਨਹਾਰੇ।
ਖੜਗ ਤੁਪਕ ਯੁਤ ਭਿੜਨਿ ਕਰਾਰੇ।
ਦੇਸ਼ ਬਿਦੇਸ਼ੀ ਭਟ ਸਿਖ ਸੰਗਤਿ।
ਥਲ ਥਲ ਥਿਰੇ ਪਿਖੀ ਬਹੁ ਪੰਗਤਿ
॥੩੩॥
ਬ੍ਰਿੰਦ ਉਦਾਸੀ ਬਿਚਰਤਿ ਹੇਰੇ।
ਖਾਇਂ ਕੜਾਹਿ ਸੁ ਪੁਸ਼ਟ[1] ਬਡੇਰੇ। [1]ਮੋਟੇ।
ਰਿਦੇ ਅਚੰਭ ਭਯੋ ਦਲ ਜੋਵਾ।
ਸੰਗ੍ਰਹਿ ਇਤੋ ਕਵਨ ਬਿਧਿ ਹੋਵਾ ॥੩੪॥
ਅਤਿ ਉਤਸਾਹ ਲਰਨ ਕੌ ਜਿਨ ਮੈਂ।
ਲਖੀਅਤਿ ਮਨੋ ਲਈ ਜੈ ਰਨ ਮੈਂ।
ਮੈਂ ਮਸਲਤ ਕਬਿ ਕਹੌਂ ਨ ਲਰਿਬੇ।
ਤੁਮ ਕਰੀਅਹਿ ਜਿਸ ਬਿਧਿ ਬੁਧਿ ਧਰਿਬੇ'
॥੩੫॥
ਸੁਨਿ ਵਜ਼ੀਰ ਤੇ ਗੁਰ ਕੀ ਗਾਥਾ।

ਠਾਨੀ ਮੌਨ ਜਿਤਿਕ ਗਿਰਨਾਥਾ।
ਭੀਮਚੰਦ ਕੋ ਚਿੰਤ ਬਿਲੰਦਾ।
-ਛੰਦ ਬੰਦ ਕੋ ਨਹੀ ਪੁਜੰਦਾ[1]- ॥੩੬॥ — [1]ਛਲ ਵਲ ਕੋਈ ਨਹੀਂ ਪੁਜਦਾ (ਗੁਰੂ ਜੀ ਨਾਲ)।
'ਸੁਨਿ ਵਜ਼ੀਰ ! ਤੈਂ ਮੰਤ੍ਰ[1] ਬਤਾਵਾ। — [1]ਸਲਾਹ।
ਦੂਲੋ ਏਕਲ ਚਹੈਂ ਪਠਾਵਾ।
ਜੇ ਸਤਿਗੁਰ ਗਹਿ ਕਰਿ ਹੈਂ ਕੈਦ।
ਬਹੁਰ ਛੁਟਾਵਨਿ ਕਹਾਂ ਉਮੈਦ ॥੩੭॥
ਪ੍ਰਿਯ ਸੁਤ ਕੋ ਇਮ ਬਿਘਨ ਬਿਸਾਲਾ।
ਮੋ ਤੇ ਸਹਜੋ ਨ ਜਾਇ ਕਰਾਲਾ।
ਅਪਜਸੁ ਜਗ ਮਹਿ ਭਾਖਹਿਂ ਸਾਰੇ।
ਬੁਧਿ ਅਰੁ ਬਲ ਮੇਰੋ ਧਿਧਕਾਰੇਂ[1] ॥੩੮॥ — [1]ਧ੍ਰਿਕਾਰਨਗੇ।
ਗੁਰ ਕੋ ਧਨ ਕੀ ਚਾਹਿ ਨ ਕੋਇ[1]। — [1]ਗੁਰੂ ਜੀ ਨੂੰ ਧਨ ਦੀ ਚਾਹ ਨਹੀਂ ਕੋਈ।
ਜਿਸ ਕੌ ਦੇ ਮੁਚਵਾਵੌਂ ਸੋਇ[1]। — [1]ਜਿਸ (ਧਨ) ਨੂੰ ਦੇਕੇ ਉਸ ਨੂੰ ਛੁਡਵਾ ਲਵਾਂਗਾ।
ਮਸਲਤ ਆਪ ਕਰੋ ਹਿਤ ਜਾਨੈ[1]। — [1]ਜਾਣੇ ਵਾਸਤੇ।
ਜਿਮ ਦੂਲਹੁ ਸ੍ਰੀ ਨਗਰ ਪਯਾਨੈ' ॥੩੯॥
ਸੁਨਿ ਪਰਧਾਨ ਬਖਾਨੇ ਬੈਨ।
'ਭੋ ਗਿਰਿੰਦ੍ਰ ! ਇਮ ਕੀਜੈ ਭੈਨ।
ਗੁਰੂ ਗੰਭੀਰ ਧੀਰ ਬਲਬੀਰ।
ਇਮ ਨਹਿਂ ਕਰਹਿ ਗਏ ਤੇ ਤੀਰ ॥੪੦॥
ਮਹਾਂ ਕ੍ਰਿਪਾਲੁ ਗਜਾਨਿ ਗੁਨਵੰਦ।
ਅਸ ਕਾਰਜ ਨਹਿਂ ਕਰਹਿ ਕਦੰਤ।
ਉਰ ਨਿਚਿੰਤ ਹੁਇ ਸੁਤ ਪਠਿ ਦੀਜੈ।
ਮਾਰਗ ਅਪਰ ਆਪ ਗਮਨੀਜੈ ॥੪੧॥
ਮਸਲਤ ਸਾਰ ਮਾਨਿ[1] ਇਹ ਮੇਰੀ। — [1]ਸਭ ਤੋਂ) ਉੱਤਮ।
ਜਾਨਿ ਆਪਨੀ ਛੇਮ[1] ਭਲੇਰੀ। — [1]ਸੁਖ।
ਅਪਰ ਉਪਾਇ ਨਹੀਂ ਬਨਿ ਆਵੈ।
ਜਿਸ ਤੇ ਸਿਰੀ ਨਗਰ ਮਹਿਂ ਜਾਵੈਂ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਮਸਲਤ ਕਰਨਿ' ਪ੍ਰਸੰਗ ਬਰਨਨੰ ਨਾਮ ਤ੍ਰਿਯੋਦਸਮੋ ਅੰਸੂ ॥੧੩॥

## ੧੪. [ਭੀਮਚੰਦ ਦਾ ਪੁੱਤ੍ਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਜਤਨ ਅਨੇਕ ਬਿਚਾਰਿ ਕੈ, ਭੀਮਚੰਦ ਗਿਰਰਾਇ।
ਮਾਨਜੋਂ ਮੰਤ੍ਰ ਵਜ਼ੀਰ ਕੋ, ਔਰ ਨ੍ਰਿਪਨ ਸਮੁਦਾਇ[1] ॥੧॥

[1]ਭੀਮ ਚੰਦ ਪਹਾੜੀ ਰਾਜੇ ਤੇ ਹੋਰ ਸਾਰਿਆਂ ਰਾਜਿਆਂ ਨੇ ਵਜ਼ੀਰ ਦੀ ਸਲਾਹ ਮੰਨ ਲਈ।

ਚੌਪਈ:

[1]'ਸੁਨੋ ਸੈਲਨਾਥਨ ! ਬਚ ਮੇਰੇ।
ਬਜਾਹ ਸਮੈ ਆਯੋ ਅਬਿ ਨੇਰੇ।
ਲਰਿਬੇ ਬਿਖੈ ਦਿਵਸ ਬਹੁ ਲਾਗੈਂ।
ਪਿਖਿ ਦਲ ਬਲ ਕੌ ਗੁਰ ਨਹਿਂ ਭਾਗੈ ॥੨॥

[1]ਭੀਮਚੰਦ ਕਹਿੰਦਾ ਹੈ:-

ਭੀਮ ਜੰਗ ਦੁਇ ਦਿਸ਼ਿ ਤੇ ਪਰੈ।
ਦੋਨਹੁਂ ਚਮੂੰ ਸੁਭਟ ਬਲ ਧਰੈਂ।
ਹਟ ਨਹਿਂ ਜਾਇਂ ਲਾਜ ਨਿਰਬਾਹੈਂ।
ਕੋ ਜਾਨੇ ਤਬਿ ਕਜਾ ਹੁਇ ਜਾਹੈ ॥੩॥
ਬਜਾਹ ਕਾਜ ਪੂਰਨ ਅਬਿ ਕਰੋ।
ਪੁਨ ਗੁਰ ਸੰਗ ਲਰੋ ਨਹਿਂ ਟਰੋ।
ਅਬਿ ਰਿਸ ਤਜਹੁ ਅਪਰ ਮਗ ਗਮਨਹੁ।
ਬਹੁਰ ਆਇ ਗੁਰ ਦਲ ਕੋ ਦਮਨਹੁ[1] ॥੪॥

[1]ਦੰਡ ਦਿਓ।

ਫਤੇਸ਼ਾਹ ਕੋ ਲੇ ਕਰਿ ਸੰਗ।
ਦਿਹੁ ਉਠਾਇ ਇਤ ਤੇ[1] ਕਰਿ ਜੰਗ।
ਸਭਿਨਿ ਬਿਰੋਦੀ ਬਨਜੋਂ ਮਹਾਨ।
ਕੈਸੇ ਬਸਨ ਦੇਹਿਂ ਇਸ ਥਾਨ ॥੫॥

[1]ਇਥੋਂ (ਪਾਂਵਟੇ) ਤੋਂ।

ਬਿਘਨ ਬਿਸਾਲ ਬਜਾਹ ਮਹਿਂ ਡਾਲਾ।
ਇਸ ਪਲਟੋਂ ਮੈਂ ਲੇਉਂ ਬਿਸਾਲਾ।'
ਇੱਤਜਾਦਿਕ ਕਹਿ ਨ੍ਰਿਪ ਸਮੁਝਾਏ।
ਲਰਿਬੇ ਤੇ ਤਿਸ ਸਮੈਂ ਹਟਾਏ ॥੬॥
ਕਰਜੋ ਤਜਾਰ ਸੁਤ ਹੇਤੁ ਪਠਾਵਨ।
ਨਿਕਟ ਅਮਾਤ[1] ਕੀਨਿ ਸਮੁਝਾਵਨਿ।

[1]ਵਜ਼ੀਰ।

'ਗਮਨਹੁ ਇਸੀ ਸੰਗ ਮਗ ਸੂਧੇ।
ਗੁਰੂ ਕਦਾਚਿਤ ਜੇ ਮਗ ਰੁਧੇ[1] ॥੭॥

[1]ਰੋਕੇ।

ਬਨਿ ਕੈ ਦੀਨ ਬਿਨੈ ਬਹੁ ਭਾਖੋ।
ਜਸੋਂ ਕਸੋਂ ਕਰਿ ਉਲੰਘਨ ਅਭਿਲਾਖੋ।
ਕਰ ਬੰਦਨ ਬੰਦਨ ਪਗ ਠਾਨਹੁ[1]। [1]ਹੱਥ ਜੋੜ ਕੇ ਚਰਨਾਂ ਤੇ ਨਮਸਕਾਰ ਕਰੋ।
ਹਮ ਦਿਸ਼ਿ ਤੇ ਬਹੁ ਅਰਜ਼ ਬਖਾਨਹੁ ॥ ੮ ॥
-ਨਹਿਂ ਮਗ ਦੀਯੋ ਨ ਆਯੋ ਰਾਜਾ।
ਸਕਲ ਸਹਾਰਯੋ ਬਨਯੋਂ ਕੁਕਾਜਾ।
ਤੁਮ ਸੰਗ ਲਰਯੋ ਨ ਚਾਹਤਿ ਸੋਈ।
ਠਾਨੀ ਨਮੋ, ਬੰਦਿ ਕਰ ਦੋਈ-' ॥ ੯ ॥
ਕਹਿ ਸੁਤ ਕੌ ਝੰਪਾਨ[1] ਚਢਾਵਾ। [1]ਪਾਲਕੀ ਉਪਰ।
ਰਿਦਾ ਹੌਲ ਜੁਤਿ ਪੰਥ ਪਠਾਵਾ।
ਇਕ ਦੁਇ ਦਾਸਿਕ ਸੰਗ ਵਜ਼ੀਰ[1]। [1]ਇਕ ਦੋ ਦਾਸ ਤੇ ਇਕ ਵਜ਼ੀਰ ਨਾਲ।
ਗਮਨੇ ਜਬਿ, ਨ੍ਰਿਪ ਹੋਤਿ ਅਧੀਰ ॥ ੧੦ ॥
ਸਨੇ ਸਨੇ ਸਨਮੁਖ ਜਬਿ ਗਏ।
ਗੁਰ ਦਲ ਕੇ ਸਮੀਪ ਜਬਿ ਭਏ।
ਦੇਖਤਿ ਜਾਨਯੋ -ਰਿਪੁ ਦਲ ਆਯੋ-।
ਚਢੇ ਤੁਰੰਗਨ ਉਰ ਉਮਗਾਯੋ ॥ ੧੧ ॥
ਤਜਾਰ ਤੁਫੰਗਨ ਕਰਤਿ ਧਵਾਏ[1]। [1]ਦੌੜਾਏ (ਘੋੜੇ।
ਭੀਮਚੰਦ ਨੰਦਨ ਪਿਖਿ ਜਾਏ[1]। [1]ਜਾਕੇ ਦੇਖਿਆ।
ਬਿਨਾ ਬਾਹਿਨੀ ਕੇ ਚਲਿ ਆਯੋ।
ਘੇਰ ਲਿਯੋ ਨਿਜ ਅੱਗ੍ਰ ਚਲਾਯੋ ॥ ੧੨ ॥
ਸਹਿਤ ਵਜ਼ੀਰ ਤਹਾਂ ਪਹੁੰਚਾਏ।
ਜਹਿਂ ਸਤਿਗੁਰ ਕੋ ਪੌਰ ਸੁਹਾਏ।
ਦ੍ਵਾਰਪਾਲ ਸੁਧਿ ਜਾਇ ਸੁਨਾਈ।
'ਨ੍ਰਿਪ ਸੁਤ ਕੋ ਸੈਨਾ ਗਹਿ ਲਜਾਈ ॥ ੧੩ ॥
ਜਾਤਿ ਹੁਤੋ ਹਿਤ ਬਜਾਹ ਅਗਾਰੀ।
ਸਚਿਵ ਏਕ ਦੁਇ ਨਰ ਸੰਗ ਧਾਰੀ।
ਡਰਿ ਧਰਿ ਕਰਿ ਸਗਰੇ ਮਹਿਪਾਲਾ।
ਸੈਨ ਸਮੇਤ ਸਮਾਜ ਬਿਸਾਲਾ ॥ ੧੪ ॥
ਅਪਰ ਪੰਥ ਕੋ ਸੇ ਚਲਿ ਗਏ।

ਦੂਲਹੁ ਮੰਤ੍ਰੀ ਇਤ ਕੋ ਅਏ।'
ਸੁਨਿ ਸਤਿਗੁਰ ਸੋ ਨਿਕਟਿ ਹਕਾਰਾ।
ਭਏ ਨੰਮ੍ਰਿ ਜਬਿ ਦਰਸ ਨਿਹਾਰਾ ॥੧੫॥
ਹਾਥ ਜੋਰਿ ਠਾਂਢੇ ਹੁਇ ਰਹੇ।
ਸ਼੍ਰੀ ਮੁਖ ਤੇ ਬਿਗਸਤਿ ਬਚ ਕਹੇ।
'ਕਹੁ ਬਾਲਿਕ! ਤੁਝ ਕਰਿ ਹੈਂ ਕੈਦ।
ਕਿਮ ਛੂਟਨਿ ਕੀ ਧਰਹਿਂ ਉਮੈਦ? ॥੧੬॥
ਤੋਰ ਪਿਤਾ ਹੈ ਸ਼ੱਤ੍ਰ ਹਮਾਰਾ।
ਸਾਧ ਲੇਹਿਂ ਨਿਜ ਬੈਰ ਉਦਾਰਾ[1]?
ਲਾਖਹੁਂ ਧਨ ਇਸ ਥਾਨ ਅਨਾਵੈਂ।
ਤੁਮ ਸੋਂ ਕਰਹਿਂ ਜਥਾ ਮਨ ਭਾਵੈ' ॥੧੭॥
ਜੋਰਤਿ ਹਾਥ ਵਜ਼ੀਰ ਉਚਾਰੇ।
'ਨ੍ਰਿਪ ਸੁਤ ਆਯੋ ਸ਼ਰਨਿ ਤੁਮਾਰੇ।
ਜੇਤਿਕ ਰਾਜ ਸਮਾਜ ਘਨੇਰਾ।
ਸਗਰੋ ਬਖਸ਼ਜੋ ਰਾਵਰ ਕੇਰਾ ॥੧੮॥
ਮੈਂ ਤੁਮਰੋ ਜਬਿ ਕਹਜੋ ਬਖਾਨਜੋ।
ਤਤਛਿਨ ਭੀਮਚੰਦ ਨ੍ਰਿਪ ਮਾਨਜੋ।
ਗਯੋ ਅਪਰ ਮਗ ਕੌ ਕਰਿ ਕੂਚ।
ਬਜਾਹ ਸਮੈ ਨਹਿਂ ਪੁੱਤ੍ਰ ਪਹੂਚਿ[1] ॥੧੯॥
ਯਾਂ ਤੇ ਇਸ ਮਗ ਕਰਜੋ ਪਠਾਵਨਿ।
ਤੁਮ ਆਗੇ ਕਰਿ ਸੀਸ ਨਿਵਾਵਨਿ।
ਬਿਰਦ ਕ੍ਰਿਪਾਲ ਆਪ ਕੋ ਸੁਨਜੋ।
ਗਿਰਪਤਿ ਕਛੂ ਨ ਮਨ ਮਹਿਂ ਗੁਨਜੋ ॥੨੦॥
ਨਹੀਂ ਸੰਦੇਹ ਆਪ ਤੇ ਠਾਨਾ।
ਪ੍ਰਿਯ ਸੁਤ ਕੋ ਇਤ ਕੀਨਿ ਪਯਾਨਾ।
ਕਹਜੋ -ਜਥਾ ਨੰਦਨ ਇਹ ਮੇਰੋ।
ਤਿਸ ਬਿਧਿ ਹੀ ਕਲ਼ਗੀਧਰ ਕੇਰੋ ॥੨੧॥
ਜੇ ਇਸ ਪੰਥ ਨ ਪਠਵਤਿ ਪੂਤੰ।
ਹੋਤਿ ਬਜਾਹ ਕੋ ਮਹਾਂ ਕੁਸੂਤੰ।
ਜਾਇ ਸਮੈ ਤਿਸ ਲੇ ਅਬਿ ਫੇਰੇ[1]।

[1]ਆਪਣਾ ਵੈਰ ਕੱਢ ਲਈਏ।

[1]ਨਹੀਂ ਪਹੁੰਚ ਸਕਦਾ ਸੀ।

[1]ਤਿਸ (= ਫੇਰਿਆਂ ਦੇ) ਸਮੇਂ ਸਿਰ ਪੁਜਕੇ ਫੇਰੇ ਲੈ ਲਵੇਗਾ।

ਬਿਨ ਬਰਾਤ ਭਾ ਬਿਘਨ ਬਡੇਰੇ-'
॥੨੨॥
ਸੁਨਿ ਬਿਨਤੀ ਕੋ ਪ੍ਰਭੁ ਗਹੀਰੰ।
ਹੇਰਯੋ ਜੋਰਤਿ ਹਾਥ ਵਜ਼ੀਰੰ।
ਨ੍ਰਿਪ ਸੁਤ ਜਥਾ ਨੰਮ੍ਰਿ ਹੁਇ ਰਹ੍ਯੋ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹ੍ਯੋ
॥੨੩॥
'ਭੀਮਚੰਦ ਦ੍ਰੋਹੀ ਜਿਮ ਝੂਠਾ।
[1]ਤਿਮ ਜੇ ਕਰਤੇ ਫਿਰਤਿ ਅਪੂਠਾ।

[1]ਜੇ ਉਸ ਨਾਲ ਤਿਮ =) ਉਸੇ ਤਰ੍ਹਾਂ ਦਾ (ਸਲੂਕ) ਕਰਦੇ ਤਾਂ (ਹੇ ਵਜ਼ੀਰ! ਤੈਨੂੰ) ਪੁੱਠਾ ਮੁੜਨਾ ਪੈਂਦਾ ਤੇ (ਟਿੱਕੇ ਨੂੰ) ਫੜ ਲੈਂਦੇ ਤੇ ਜੋ ਜੀ ਆਉਂਦੀ ਕਰਦੇ, ਫਿਰ ਦੂਸਰੇ ਰਸਤੇ ਰਾਜਿਆਂ ਤੇ ਸੈਨਾ ਲੰਘਣ ਦਾ ਕੀ ਗੁਣ ਹੁੰਦਾ, ਦੂਲੋ (ਦੇ ਪਹੁੰਚੇ) ਬਿਨਾ ਸਾਰਾ ਸਮਾਜ (ਸ੍ਰੀ ਨਗਰ ਅੱਪੜਿਆ) ਨਿਸ਼ਫਲ ਹੁੰਦਾ; (ਉਥੇ) ਸਾਰੇ ਰਾਜਿਆਂ ਦਾ ਮੇਲ ਫਿਰ ਕੀ ਕਹਿੰਦਾ।

ਗਹਿ ਅਬਿ ਲੇਤਿ ਕਰਤਿ ਜਿਮ ਕਾਂਖਾ।
ਕਹਾਂ ਹੋਤਿ ਮਗ ਦੁਤਿਯੇ ਨਾਖਾ ॥੨੪॥
ਬਿਨ ਦੂਲੋ ਤੇ ਨਿਫਲ ਸਮਾਜਾ।
ਕਹਿਤੇ ਕਹਾਂ, ਮੇਲ ਗਨ ਰਾਜਾ[੪]।
ਜਾਹੁ ਅਬਹਿ ਹਮ ਛੋਰਨਿ ਕਰਯੋ।
ਨ੍ਰਿਪ ਕਰਤਬ ਕੋ ਉਰ ਨਹਿਂ ਧਰਯੋ'
॥੨੫॥ [⚐]

[⚐]ਭੀਮ ਚੰਦ ਨਿਰੀ ਜੰਞ ਲੈਕੇ ਵਿਆਹ ਤੇ ਨਹੀਂ ਸੀ ਜਾ ਰਿਹਾ, ਨਾਂ ਹੀ ਇਤਨੀ ਥੋੜੀ ਫੌਜ ਨਾਲ ਜਾ ਰਿਹਾ ਸੀ ਕਿ ਜੋ ਕੇਵਲ ਰਾਜੇ ਦੇ ਇੱਜ਼ਤ ਲਈ ਤੇ ਰੱਯਤ ਦੀ ਰਾਖੀ ਲਈ ਕਾਫੀ ਹੋਵੇ, ਸਗੋਂ ਉਸ ਨਾਲ ਬਹੁਤ ਸਾਰੀ ਫੌਜ ਸੀ ਯਥਾ 'ਦਲ ਬਿਸਾਲ ਕੋ ਸੁਨਿ ਡਰਪਾਹੀ' (ਰੁਤ ੨ ਅੰਸੂ ੧੨, ਅੰਕ ੪੪) ਪੁਨਾ: 'ਚਮੂੰ ਅਧਿਕ ਸੋਂ ਬਸ ਨ ਬਸੈ ਹੈ' (ਰੁਤ ੨, ਅੰਸੂ ੧੫, ਅੰਕ ੬) ਅਰਥਾਤ ਰਾਜਿਆਂ ਕੋਲ ਫੌਜ ਬਹੁਤੀ ਸੀ। ਪੁਨਾ:-'ਆਇ ਮੇਲ, ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ' (ਰੁਤ ੧ ਅੰਸੂ ੪੨, ਅੰਕ ੨੮)। ਇਤਨੀ ਫੌਜ ਦਾ ਜੰਞ ਦੇ ਬਹਾਨੇ ਨਾਲ ਹੋਣਾ ਗੁਰੂ ਜੀ ਲਈ ਦਰੰਦੇਸ਼ੀ ਪੈਦਾ ਕਰਨ ਦਾ ਕਾਰਨ ਸੁਤੇ ਹੀ ਹੋਣਾ ਚਾਹੀਦਾ ਸੀ ਕਿ ਕੋਲੋਂ ਦੀ ਜੰਞ ਬਹਾਨੇ ਲੰਘਦਾ ਦੁਸ਼ਮਣ ਜੇ ਅਚੇਤ ਸਾਡੇ ਤੇ ਆ ਪਵੇ ਤਾਂ ਫੇਰ ਕੀ ਬਣੇ। ਇਸ ਡਰ ਦਾ ਸਬੂਤ ਰਾਜੇ ਨੇ ਆਪ ਦੇ ਦਿੱਤਾ ਹੈ, ਜਦ ਵਜ਼ੀਰ ਹੱਥ ਸੁਨੇਹਾ ਘੱਲਿਆ ਹੈ, ਤਾਂ ਵਿਚ ਆਪ ਦਾਬਾ ਦੇ ਘੱਲਿਆ ਹੈ। ਯਥਾ- 'ਦਿਹੁ ਮਗ ਨਤੁ ਡੇਰਾ ਲੁਟ ਜਾਵੈ' (ਅੰਸੂ ੧੧, ਅੰਕ ੨੯)। ਪੁਨਾ: 'ਤਜਿ ਮਗ ਕੋ ਅਬ ਕਰੋ ਕਿਨਾਰਾ। ਮਿਲੈ ਸੈਨ ਤਬਿ ਹੋਇ ਬਿਗਾਰਾ। ਅਸ ਨਹਿਂ ਬਨੈ ਜਾਇ ਲੁਟ ਡੇਰਾ' (ਅੰਸੂ ੧੧, ਅੰਕ ੪੩) ਇਸ ਦਾਏ ਦੇ ਅੱਪੜਨ ਤੋਂ ਪਹਿਲਾਂ ਸ਼ੱਤ੍ਰੂ ਦੇ ਦਾਵ ਘਾਵ ਨੂੰ ਸਮਝ ਲੈਣਾ ਤੇ ਤਯਾਰੀ ਕਰ ਰੱਖਣੀ ਦੂਰਦਰਸ਼ਤਾ ਤੇ ਫੌਜੀ ਜੀਵਨ ਦੀ ਆਵੱਸ਼ਕਤਾ ਸੀ। ਜਦ ਇਹ ਦਾਬਾ ਪੁੱਜ ਗਿਆ ਤਾਂ ਵੈਰੀ ਦਾ ਸੰਕਲਪ ਸਪਸ਼ਟ ਪਤਾ ਲਗ ਗਿਆ, ਹੁਣ ਦਾਬੇ ਅੱਗੇ ਨਿਉਂ ਜਾਣਾ ਬਿਨਾ ਹਾਰੇ ਹਾਰ ਮੰਨ ਲੈਣੀ ਹੋਈ। ਭੀਮਚੰਦ ਦਾ ਖੋਟ ਵਿਆਹ ਬਹਾਨੇ ਬਹੁਤੀ ਫੌਜ ਲੈ ਜਾਣ ਵਿਚ ਗੁਰੂ ਜੀ ਨੂੰ ਪ੍ਰਾਜੈ ਕਰ ਲੈਣ ਦਾ-ਅੰਸੂ ੧੯ ਅੰਕ ੨੮ ਵਿਚ ਉਸ ਦੇ ਮੂੰਹੋਂ ਨਿਕਲ

ਪੈਂਦਾ ਹੈ, ਯਥਾ 'ਬਜਾਹ ਬਹਾਨੇ ਨ੍ਰਿਪ ਗਨ ਆਏ। ਸਭ ਤੇ ਲੇਹੁ ਸੁਭਟ ਸਮੁਦਾਏ।....... ਦਿਹੁ ਉਠਾਇ ਇਤ ਤੇ ਸਭਿ ਡੇਰਾ।'

ਜੰਞ ਦੇ ਬਹਾਨੇ ਆਪਣੇ ਵੈਰੀ ਤੇ ਅੱਚਨਚੇਤ ਜਾ ਪੈਣ ਦੀ ਗਲ ਇਤਿਹਾਸ ਵਿਚ ਵਰਤ ਚੁਕੀਆਂ ਘਟਨਾਵਾਂ ਵਿਚੋਂ ਹੈ। ਸ਼ਾਇਸਤਾਂ ਖਾਂ ਮੁਗ਼ਲ ਜਰਨੈਲ ਸੇਵਾ ਜੀ ਨੂੰ ਦਬਾਉਂਦਾ ਪੂਨੇ ਅੱਪੜਕੇ ਉਸ ਘਰ ਵਿਚ ਉਤਰਿਆ ਜੋ ਕਦੇ ਸੇਵਾ ਜੀ ਦਾ ਵਸੇਬਾ ਸੀ। ਇਸ ਵੇਲੇ ਸੇਵਾ ਜੀ ੧੨ ਮੀਲ ਤੇ ਸਿੰਘ ਗੜ੍ਹ ਵਿਚ ਸੀ। ਇਕ ਹਨੇਰੀ ਰਾਤ ਨੂੰ ਸੇਵਾ ਜੀ ਟੁਰ ਪਿਆ। ਜਗ੍ਹਾ ਜਗ੍ਹਾ ਸਿਪਾਹੀ ਛੋੜਦਾ ਗਿਆ ਤੇ ਰਾਤ ਵੇਲੇ ੨੦ ਮਵਾਲੀਆਂ ਨਾਲ ਇਕ ਜੰਞ ਵਿਚ ਜਾਞੀ ਬਣਕੇ ਸ਼ਹਿਰ ਜਾ ਵੜਿਆ, ਜਾਂਞੀ ਦੀ ਹੈਸੀਯਤ ਵਿਚ ਕਿਸੇ ਨੂੰ ਸ਼ੁਬਹ ਨਾ ਪਿਆ, ਤੇ ਸੇਵਾ ਜੀ ਦਾਉ ਤਕਾ ਕੇ ਮਕਾਨ ਦੇ ਪਿਛਲੇ ਰਸਤੇ ਮਹਿਲ ਵਿਚ ਧਸ ਗਿਆ। ਸ਼ਾਇਸਤਾ ਖਾਂ ਨੱਠਕੇ ਬਚਿਆ ਪਰ ਦੋ ਉਂਗਲਾਂ ਕਟ ਗਈਆਂ, ਉਸ ਦਾ ਪੁੱਤ੍ਰ ਤੇ ਜਾਨਨਿਸਾਰ ਸਾਥੀ ਸਾਰੇ ਮਾਰੇ ਗਏ ਤੇ ਸੇਵਾ ਜੀ ਉਸੇ ਫੁਰਤੀ ਨਾਲ ਮੁੜ ਪਿਆ ਤੇ ਰਸਤੇ ਪਰ ਖੜੇ ਕੀਤੇ ਆਪਣੇ ਫੌਜੀ ਦਸਤਿਆਂ ਨਾਲ ਮੁੜ ਟਿਕਾਣੇ ਪੁੱਜ ਗਿਆ। ਸੋ ਜੰਞ ਦੇ ਬਹਾਨੇ ਆਏ ਵੈਰੀ ਦਲ ਨੂੰ ਰੋਕਣਾ, ਨਾ ਰੁਕੇ ਤਾਂ ਜੰਗ ਲਈ ਤਿਆਰ ਹੋਣਾ ਇਹ ਨੀਤੀ ਸੀ ਤੇ ਦਰੁਸਤ ਸੀ।

ਇਹ ਪ੍ਰਤੀਤ ਦੇਂਦਾ ਹੈ ਕਿ ਵਜ਼ੀਰ ਨੂੰ ਗੁਰੂ ਜੀ ਨੇ ਉਸਦੇ ਮਾਲਕ ਦੇ ਕੁਟਲ ਸਨੇਹਿਆਂ ਤੇ ਦਾਬਿਆਂ ਦੇ ਉਤਰ ਵਿਚ ਆਪਣੀ ਨੀਤੀ ਨਿਪੁਨਤਾ ਤੇ ਫੌਜੀ ਬਲ ਦੱਸ ਕੇ ਜੰਞ ਨੂੰ ਬਿਨਾ ਫੌਜ ਦੇ ਲੰਘ ਜਾਣ ਦੀ ਆਗਿਆ ਦੇ ਦਿਤੀ ਹੋਣੀ ਹੈ। ਪਰ ਭੀਮਚੰਦ ਨੇ ਫੌਜ ਬਿਨਾ ਆਪ ਤੇ ਰਾਜੇ ਲੈਕੇ ਲੰਘਣੇ ਗੁੱਸੇ ਵਿਚ ਜੋਗ ਨਹੀਂ ਸਮਝੇ ਕਿ ਕਿਵੇਂ ਆਪਣੇ ਰੋਸ ਦਾ ਅਸਰ ਫਤਹਸ਼ਾਹ ਤੇ ਜ਼ੋਰਦਾਰ ਕਰਕੇ ਪਾਵਾਂ। ਕੇਵਲ ਲਾੜੇ ਤੇ ਵਜ਼ੀਰ ਨੂੰ ਕੁਛ ਹੋਰ ਸਾਥੀਆਂ ਨਾਲ ਟੋਰਿਆ ਹੈ। ਕਿਉਂਕਿ ਅੰਸੂ ੧੪ ਅੰਕ ੨੪ ਵਿਚ ਗੁਰੂ ਜੀ ਕਹਿੰਦੇ ਹਨ ਕਿ ਜੰਞ ਦੇ ਦੂਸਰੇ ਰਸਤੇ ਲੰਘਣ ਦਾ ਕੀ ਫੈਦਾ ਹੁੰਦਾ ਜੇ ਅਸੀਂ ਹੁਣ ਦੂਲੋ ਨੂੰ ਨਾ ਲੰਘਣ ਦੇਵੀਏ ਤਾਂ। ਕਵਿ ਜੀ ਸਫੁਟ ਨਹੀਂ ਲਿਖ ਸਕੇ ਪਰ ਸਾਰੇ ਪ੍ਰਸੰਗ ਦੀ ਧ੍ਵਨੀ ਇਧਰ ਲੈ ਜਾਂਦੀ ਹੈ ਕਿ ਕੇਵਲ ਜਿੰਨੀ ਨੀਤੀ ਦੀ ਜ਼ਰੂਰਤ ਸੀ ਉਤਨੀ ਰੋਕ ਪਾਈ ਹੈ, ਕਿ ਫੌਜ ਦੂਜੇ ਰਸਤੇ ਜਾਵੇ ਤੇ ਵਾਧੂ ਰੋਕ ਨਹੀਂ ਕੀਤੀ। ਵਜ਼ੀਰ ਦਾ ਲਾੜੇ ਨੂੰ ਆਪੇ ਲੈ ਲੰਘਣਾ ਕਜਾਸ ਨਹੀਂ ਮੰਨਦਾ। ਵਜ਼ੀਰ ਲਾੜੇ ਨੂੰ ਲੰਘਾ ਲੈ ਜਾਣ ਦੀ ਆਗਜਾ ਪਹਿਲੀ ਮੁਲਾਕਾਤ ਵਿਚ ਲੈ ਗਿਆ ਹੈ, ਵਰਨਾ ਇਹ ਕਦ ਮੁਮਕਿਨ ਸੀ ਕਿ ਭੀਮਚੰਦ ਨਿਰੇ ਵਜ਼ੀਰ ਦੇ ਆਖੇ ਲਾੜੇ ਨੂੰ ਖ਼ਤਰੇ ਵਿਚ ਪਾਵੇ। ਵਜ਼ੀਰ ਨੇ ਜਦੋਂ ਰਾਜੇ ਨੂੰ ਆਖਿਆ ਹੋਊ ਕਿ ਗੁਰੂ ਜੀ ਆਗਜਾ ਦੇਂਦੇ ਹਨ ਤਾਂ ਰਾਜਾ ਨੇ ਮੰਨਿਆਂ ਤੇ ਪੁੱਤ ਨੂੰ ਟੋਰਿਆ ਹੀ ਹੋਣਾ ਹੈ। ਗੁਰੂ ਜੋ ਆਖੇ ਉਹ ਸੱਚ ਮੁੱਚ ਨਿਬਾਹੇਗਾ। ਇਹ ਗੁਰੂ ਕਿਆਂ ਦਾ ਤੇ ਸਿੱਖਾਂ ਦਾ ਆਚਰਨ ਉਸ ਸਮੇਂ ਜ਼ਮਾਨਾ ਸਾਰਾ ਮੰਨਦਾ ਸੀ। ਗੁਰੂ ਤੇ ਗੁਰੂ ਕੇ ਸਿੱਖਾਂ ਦੇ ਸੱਚ ਦਾ ਉਸ ਸਮੇਂ ਸਿੱਕਾ ਬੈਠਾ ਹੋਇਆ ਸੀ।

ਫਿਰ ਇਕ ਵਿਚਾਰ ਹੋਰ ਹੈ ਕਿ ਜਦੋਂ ਲਾੜਾ ਸ੍ਰੀ ਨਗਰ ਅੱਪੜਦਾ ਹੈ ਤੇ ਭੀਮਚੰਦ ਦੂਜੇ ਰਸਤੇ ਅੱਪੜਦਾ ਹੈ, ਵਜਾਹ ਹੋ ਜਾਂਦਾ ਹੈ ਤੇ ਫਤਹ ਸ਼ਾਹ ਗੁਰੂ ਕੇ ਤੰਬੋਲ ਨੂੰ ਖੱਟ ਦੇ ਵੇਲੇ ਲੈ ਕੇ ਆਪਣੀ ਇਜ਼ਤ ਅਫਜ਼ਾਈ ਸਮਝਦਾ ਹੈ ਤੇ ਆਪ ਕਿਸੇ ਗੁੱਸੇ ਵਿਚ ਨਹੀਂ ਆਉਂਦਾ, ਉਸ ਤੋਂ ਸਫੁਟ ਹੈ ਕਿ ਰਾਜਾ ਨੇ ਗੁਰੂ ਜੀ ਦੀ ਰੋਕ ਪਾਉਣ ਨੂੰ ਭਾਵੇਂ ਪਸੰਦ ਨਹੀਂ ਕੀਤਾ ਪਰ ਨੀਤੀ ਦੀ ਹੱਦ ਦੇ ਅੰਦਰ ਜਾਤਾ ਹੈ। ਰਾਜਾ ਫਤਹਸ਼ਾਹ ਜੰਗ ਲਈ ਕੇਵਲ ਤਦੋਂ ਤਯਾਰ ਹੁੰਦਾ ਹੈ ਜਦੋਂ ਕਿ ਉਸ ਨੂੰ ਭੀਮਚੰਦ ਡੋਲਾ ਮੋੜਨ ਦਾ ਡਰਾਵਾ ਦੇਂਦਾ ਹੈ। ਇਸ ਬਦਨਾਮੀ ਤੋਂ ਡਰਕੇ ਉਹ ਗੁਰੂ ਜੀ ਨਾਲ ਲੜਨਾ ਮੰਨਦਾ ਹੈ। ਇਹ ਬੀ ਗਲ ਸਾਫ ਦਿੱਸਦੀ ਹੈ ਕਿ ਭੀਮਚੰਦ ਘਰੋਂ ਹੀ ਗੁਰੂ ਜੀ ਨੂੰ ਪ੍ਰਾਜੇ ਕਰਨ ਦੀ ਵਿਉਂਤ ਧਾਰਕੇ ਗਿਆ ਹੈ। ਦੇਖੋ ਅੰਸੂ ੧੪ ਅੰਕ ੪-੫ ਵਿਚ ਘਰ ਦੀ ਗਿਣੀ ਮਿਥੀ ਗੱਲ ਸਾਫ ਮੂੰਹੋਂ ਪਈ ਨਿਕਲਦੀ ਹੈ ਕਿ ਫਤਹਸ਼ਾਹ ਨੂੰ ਨਾਲ ਲੈਕੇ ਲੜੋ। ਫਤਹਸ਼ਾਹ ਕਿਸੇ ਕਾਰਨ ਨੂੰ ਲੈ ਕੇ ਗੁਰੂ ਜੀ ਨਾਲ ਨਹੀਂ ਲੜਿਆ ਜਿਸ ਦਾ ਸਬੂਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ਼੍ਰੀ ਮੁਖਵਾਕ ਵਿਚ ਦਰਜ ਹੈ, (ਬਚਿ: ਨਾ:)-'ਫਤਹਸ਼ਾਹ ਕੋਪਾ ਤਬ ਰਾਜਾ। ਲੋਹ ਪਰਾ ਹਮ ਸੋਂ ਬਿਨ ਕਾਜਾ। ' ਇਸ ਤੋਂ ਸਾਨੂੰ ਗੁਰੂ ਜੀ ਦੀ ਆਪਣੀ ਉਗਾਹੀ ਮਿਲ ਗਈ ਕਿ ਅਸਾਂ ਫਤੇਸ਼ਾਹ ਨੂੰ ਕੋਈ ਖੇਚਲ ਨਹੀਂ ਦਿਤੀ ਸੀ, ਜਿਸ ਤੋਂ ਉਸ ਦਾ ਜੁੱਧ ਕਰਨਾ ਸਾਡੇ ਨਾਲ ਵਿਹਤ ਸੀ। ਉਹ ਅਕਾਰਨ ਸਾਡੇ ਨਾਲ ਲੜਿਆ ਹੈ।

**ਸੁਨਤਿ ਵਜ਼ੀਰ ਆਦਿ ਹਰਖਾਏ।**

**ਬਾਰਿ ਬਾਰਿ ਬੰਦਹਿਂ ਕਰ ਪਾਏ[1]।**

[1]ਬਾਰ ਬਾਰ ਜੋੜਕੇ ਹੱਥ ਚਰਨਾਂ (ਤੇ ਲਾਉਂਦੇ ਹਨ)।

'ਧੰਨ ਧੰਨ ਗੁਰ' ਕੋ ਕਹਿ ਚਾਲੇ।
ਮਨਹੁ ਮ੍ਰਿਤਕ ਕਰਿ ਕ੍ਰਿਪਾ ਜਿਵਾਲੇ ॥੨੬॥
ਸ੍ਰੀ ਜਮਨਾ ਜਲ ਉਤਰੇ ਪਾਰ।
ਗਮਨੇ ਪੰਥ ਸ਼ੀਘ੍ਰਤਾ ਧਾਰਿ।
ਗਏ ਉਲੰਘਿ ਕੈ ਗਿਰ ਬਨ ਦੇਸ਼।
ਪਹੁੰਚੇ ਪੁਰਿ ਸ੍ਰੀ ਨਗਰ ਬਿਸ਼ੇਸ਼ ॥੨੭॥
ਫਤੇਸ਼ਾਹ ਠਾਨਤਿ ਸਭਿ ਤਜਾਰੀ।
ਰਿਦੈ ਪ੍ਰਤੀਖ -ਬ੍ਰਾਤ ਹੁਇ ਭਾਰੀ।
ਦੁਦੰਭਿ ਆਦਿ ਬਜੇ ਬਹੁ ਬਾਜੇ।
ਐ ਹੈਂ ਗਨ ਸੈਲਨਿ ਕੇ ਰਾਜੇ- ॥੨੮॥
ਉਤਸਵ ਕੌ ਚਿਤਵਤਿ ਬਹੁ ਭਾਂਤੀ।
ਅਧਿਕ ਮੇਲ ਯੁਤਿ ਸੀਤਲ ਛਾਤੀ।
ਇਤਨੇ ਬਿਖੇ ਵਜ਼ੀਰ ਪਹੂੰਚਾ।
ਦੇਖਜੋ ਸਭਾ ਥਿਰਜੋ ਸਭਿ ਊਚਾ[1] ॥੨੯॥
ਸਮਧੀ ਕੋ[1] ਪਰਧਾਨ ਨਿਹਾਰਜੋ।
ਨਮੋ ਕਰਤਿ ਕਹੁ ਬਹੁ ਸਤਿਕਾਰਜੋ।
'ਕਹੁ ਸੁਧ ਕਿਤ ਬਰਾਤ ਸਮੁਦਾਈ।
ਮਾਨਵ ਪਠਜੋ ਨ ਕੋ ਅਗੁਵਾਈ?' ॥੩੦॥
ਸੁਨਿ ਵਜ਼ੀਰ ਸਭਿ ਗਾਥਾ ਕਹੀ।
'ਨਿਕਟਿ ਬਰਾਤ ਪਹੂੰਚਤਿ ਨਹੀਂ[1]।
ਪਰਜੋ ਪੰਥ ਮਹਿਂ ਬਿਘਨ ਬਿਸਾਲਾ।
ਕਲਗ਼ੀਧਰ ਰੋਕੇ ਨ੍ਰਿਪ ਜਾਲਾ ॥੩੧॥
ਇਕ ਨਰ ਭੀ ਨਹਿਂ ਉਲੰਘਨਿ ਦੀਨੋ।
ਦ੍ਵੈਸ਼ ਗਿਰੇਸ਼ਨ ਸਿਮਰਨ ਕੀਨੋ[1]।
ਦੀਨ ਹੋਇ ਹਮ ਬੈਨ ਬਖਾਨਜੋ।
ਨੀਠ ਨੀਠ ਕਰਿ ਦੂਲਹੁ ਆਨਜੋਂ ॥੩੨॥
ਸਾਹਾ ਸਮੈ ਨ ਟਰਿ ਕਰਿ ਜਾਈ।
ਯਾਂ ਤੇ ਪਹੁਚਜੋ ਠਾਨਿ ਉਪਾਈ।
ਵਹਿਰ ਜਮਾਤਾ ਬੈਠਜੋ ਆਇ।
ਸਾਦਰ ਆਨਹੁ ਸ਼ਗਨ ਮਨਾਇ ॥੩੩॥

[1]ਸਭ ਤੋਂ ਉੱਚਾ ਸਭ ਵਿਚ ਬੈਠਾ ਹੋਯਾ (ਫਤੇਸ਼ਾਹ)।
[1]ਕੁੜਮ ਦਾ।
[1]ਸਾਹੇ ਦੇ) ਨੇੜੇ ਬਰਾਤ ਨਹੀਂ ਪਹੁੰਚ ਸਕਦੀ।
[1]ਪਹਾੜੀ ਰਾਜਿਆਂ ਦੀ ਦ੍ਵੈਸ਼ ਚੇਤੇ ਕਰਕੇ।

ਸਭਿ ਗਿਰਨਾਥ ਬਰਾਤ ਬਡੇਰੀ।
ਗਏ ਦੂਸਰੇ ਮਾਰਗ ਹੇਰੀ।
ਕੇਤਿਕ ਦਿਨ ਮਹਿਂ ਪਹੁਂਚਹਿਂ ਆਈ।
ਤਬਿ ਕੀਜਹਿ ਜੈਸੇ ਮਨ ਭਾਈ' ॥੩੪॥
ਫਤੇਸ਼ਾਹ ਸੁਨਿ ਦਹਿਲ੍ਯੋ ਐਸੇ।
ਸੁਖ ਤੇ ਥਿਰ੍ਯੋ ਚੋਟ ਲਗਿ ਜੈਸੇ[1]।
ਬਿਘਨ ਬਜਾਹ ਮਹਿਂ ਜਾਨ੍ਯੋ ਹੋਵਾ।
ਅਪਨੇ ਸਚਿਵਨਿ ਕੀ ਦਿਸ਼ਿ ਜੋਵਾ ॥੩੫॥
ਕਹ੍ਯੋ 'ਜਾਹੁ ਸਭਿ ਦੂਲਹੁ ਪਾਸ।
ਆਨਹੁ ਕਰਿ ਸਨਮਾਨ ਅਵਾਸ।
ਤਯਾਰੀ ਅਪਰ ਸਕਲ ਠਹਿਰਾਵਹੁ।
ਜਬਿ ਨ੍ਰਿਪ ਆਵਹਿਂ ਤਬਹਿ ਸਜਾਵਹੁ' ॥੩੬॥
ਸੁਨਿ ਕੈ ਸਭਿਹਿਨਿ ਮਨ ਮੁਰਝਾਯੋ।
ਅੰਤਹਿਪੁਰ ਆਦਿਕ ਬਿਸਮਾਯੋ।
ਤੂਰਨ ਗਮਨੇ ਦੂਲਹੁ ਆਨ੍ਯੋਂ।
ਸੁੰਦਰ ਸਦਨ ਬਾਸ ਕੋ ਠਾਨ੍ਯੋਂ ॥੩੭॥
ਪਾਨ ਗ੍ਰਹਨ ਕੋ ਸਮੈ ਬਿਚਾਰਾ।
ਨ੍ਰਿਪ ਸੁਤ ਫੇਰੇ ਫਿਰਿ ਤਿਸ ਬਾਰਾ।
ਫਤੇਸ਼ਾਹ ਕੁਲ ਰੀਤਿ ਕਰਾਈ।
ਜਥਾ ਬ੍ਰਿਧਨਿ ਅਰੁ ਬਿੱਪ੍ਰ ਬਤਾਈ ॥੩੮॥
ਲੇਨਿ ਦੇਨਿ ਜੇਤਿਕ ਬਿਧਿ ਚੀਨੋ।
ਫਤੇਸ਼ਾਹ ਦੁਹੁਂ ਦਿਸ਼ਿ ਕੋ ਕੀਨੋ।
ਪੁਨ ਅਪਨੇ ਘਰ ਰਾਖਤਿ ਭਯੋ।
ਗੁਰੂ ਕਰਮ ਕੋ ਚਿਤਵਨਿ ਕਿਯੋ ॥੩੯॥
ਸਮਧੀ ਸਹਿਤ ਬਰਾਤ ਗਿਰੇਸ਼ਾ।
ਕਰਤਿ ਪ੍ਰਤੀਖਨ ਰਹਿਤ ਹਮੇਸ਼ਾ।
ਨੰਦਚੰਦ ਗੁਰ ਪ੍ਰੋਹਤ ਦੋਊ।
ਸੁਨ੍ਯੋ ਪ੍ਰਸੰਗ ਕਿਸੇ ਤੇ ਸੋਊ ॥੪੦॥
-ਬਧ੍ਯੋ ਬਖੇਰਾ- ਰਿਦੈ ਬਿਚਾਰਾ।

[1]ਸੁਖ ਨਾਲ ਬੈਠੇ ਨੂੰ ਜਿਵੇਂ ਚੋਟ ਲਗ ਜਾਵੇ।

ਇਕ ਦਿਨ ਗਏ ਭੂਪ ਕੇ ਦ੍ਵਾਰਾ।
ਸਾਦਰ ਅਪਨੇ ਨਿਕਟਿ ਬਿਠਾਏ।
ਦਯਾਰਾਮ ਕਹਿ ਬਾਕ ਸੁਨਾਏ ॥੪੧॥
'ਪਠਜੋ ਤੰਬੋਲ ਗੁਰੂ ਪ੍ਰਭੁ ਜੋਈ।
ਲੀਜਹਿ ਆਪ ਹਮਹੁਂ ਤੇ ਸੋਈ।
ਬਹੁ ਦਿਨ ਭਏ ਇਹਾਂ ਚਲਿ ਆਏ।
ਦੇ ਕਰਿ ਤੁਮ ਕੋ ਚਹਤਿ ਸਿਧਾਏ ॥੪੨॥
ਅਧਿਕ ਬਸਨ ਨੀਕੋ ਨ ਬਿਰਾਨੇ[1]। [1]ਬਿਗਾਨੀ ਥਾਂ ਤੇ ਬਹੁਤ ਵੱਸਣਾ ਚੰਗਾ ਨਹੀਂ।
ਨਿਜ ਨਿਜ ਥਲ ਬਸਿਬੋ ਸਭਿ ਠਾਨੇਂ।'
ਦਯਾਰਾਮ ਕੀ ਸੁਨਿ ਇਮ ਬਾਨੀ।
ਫਤੇਸ਼ਾਹ ਬਿਚ ਸਭਾ ਬਖਾਨੀ ॥੪੩॥
'ਲੇਨਿ ਦੇਨਿ ਕਾਰਜ ਜਿਸ ਕਾਲਾ।
ਸੋ ਤੌ ਨਹੀਂ ਭਯੋ ਦਰਹਾਲਾ[1]। [1]ਇਸ ਵੇਲੇ ਤਕ। (ਅ) ਛੇਤੀ।
ਸਿਮਰਨ ਦ੍ਵੈਸ਼ ਪਰਥਮ ਗੁਰ ਕੀਨੇ[1]। [1]ਗੁਰਾਂ ਨੇ। (ਭੀਮਚੰਦ ਦਾ ਅਨੰਦ ਪੁਰ ਵਾਲਾ) ਪਹਿਲਾ ਦ੍ਵੈਸ਼ ਯਾਦ ਕਰਕੇ......।
ਇਸ ਮਗ ਨ੍ਰਿਪ ਨਹਿ ਆਵਨ ਦੀਨੇ ॥੪੪॥
ਯਾਂ ਤੇ ਕੇਤਿਕ ਦਿਵਸ ਪਿਛਾਰੀ।
ਲੇਨਿ ਦੇਨਿ ਹੁਇ ਹੈ ਬਿਧਿ ਸਾਰੀ।
ਦੁਹਿ ਦਿਸ਼ਿ ਤੇ ਨ੍ਰਿਪ ਗਨ ਜਬਿ ਮਿਲੇਂ।
ਕਰਹੁ ਦਿਖਾਵਨਿ ਦੇਵਨਿ ਭਲੇ ॥੪੫॥
ਹਮਰੀ ਅਰੁ ਗੁਰ ਕੀ ਵਡਿਆਈ।
ਸਭਿ ਕੇ ਹੇਰਤਿ ਵਧਹਿ ਸਵਾਈ।
ਅਬਿ ਥੋਰੇ ਦਿਨ ਮਹਿਂ ਚਲਿ ਆਵਹਿਂ।
ਤੁਮ ਕੋ ਰੁਖ਼ਸ਼ਦ ਕਰਹਿਂ ਦਿਖਾਵਹਿਂ[1]' ॥੪੬॥ [1]ਕੁੜਮਾਂ ਨੂੰ ਤੰਬੋਲ) ਦਿਖਾ ਕੇ।
ਇੱਤਯਾਦਿਕ ਕਹਿ ਕਰਿ ਸਨਮਾਨੇ।
'ਰਾਖਹੁ ਕੰਨੇ, ਨਾਹਿਨ ਪਜਾਨੇ[1]।' [1]ਤੰਬੋਲ) ਪਾਸ ਰਖੋ ਤੇ ਜਾਓ ਨਹੀਂ।
ਉਠਿ ਦੋਨਹੁਂ ਡੇਰੇ ਨਿਜ ਆਏ।
ਨਿਤ ਸੁਚੇਤ ਹੁਇ ਰਹਤਿ ਸਵਾਏ ॥੪੭॥
[1] 'ਕਾਚੀ ਮਤਿ ਇਨ ਸਕਲ ਪਹਾਰੀ। [1]ਦੋਵੇਂ ਆਪੋ ਵਿਚ ਵਿਚਾਰਦੇ ਹਨ।

ਰਾਖਹੁ ਨਹਿਂ ਭਰੋਸ ਕੋ ਧਾਰੀ।
ਅਹੈ ਬਖੇਰਾ ਇਨ ਕੇ ਸੰਗਾ।
ਅਸ ਨ ਹੋਇ ਪਰਿ ਜੈ ਹੈ ਜੰਗਾ' ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨ੍ਰਿਪਸੁਤ ਬਜਾਹ' ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋ ਅੰਸੂ ॥੧੪॥

## ੧੫. [ਸਉਦਾਗਰ। ਬਰਾਤ ਸ਼੍ਰੀ ਨਗਰ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਕਲਗ਼ੀਧਰ ਰੋਕੇ ਜਬਹਿ, ਨ੍ਰਿਪ[†] ਸੁਤ ਦਿਯੋ ਪਠਾਇ। [†]ਪਾ:-ਨਿਜ।
ਭੀਮਚੰਦ ਸੁਧਿ ਪਾਇ ਸਭਿ, ਔਰ ਪੰਥ ਗਮਨਾਇ ॥੧॥

ਚੌਪਈ:

ਕ੍ਰਮ ਕ੍ਰਮ ਕਰੇ ਉਲੰਘਤਿ ਆਯੋ।
ਪਾਇ ਕਸ਼ਟ ਕਛੁ ਬਸ ਨ ਬਸਾਯੋ।
ਤਿਸ ਹੀ ਮਗ ਕੋ ਏਕ ਸੁਦਾਗਰ।
ਗੁਰ ਕੋ ਸਿਖ ਧਨਵਾਨ ਉਜਾਗਰ ॥੨॥
ਕਰੇ ਖਰੀਦਨ ਅਸ੍ਵ ਕਸ਼ਮੀਰ।
ਬਲੀ ਅਨਿਕ ਅਰੁ ਪੁਸ਼ਟ ਸਰੀਰ।
ਇਕ ਸੌ ਬੀਨ ਬੀਨ ਕਰਿ ਲਯਾਯੋ।
ਚਾਹਤਿ ਹੈ ਗੁਰ ਢਿਗ ਪਹੁੰਚਾਯੋ ॥੩॥
ਜਬਿ ਤਿਸ ਦੇਸ਼ ਬਿਖੈ ਚਲਿ ਆਵਾ।
ਬਜਾਹ ਪ੍ਰਸੰਗ ਸਕਲ ਸੁਨਿ ਪਾਵਾ।
-ਤਿਸ ਮਗ ਸਤਿਗੁਰ ਦੀਏ ਨ ਜਾਨ।
ਇਤ ਕੋ ਆਵਤਿ ਕਰਹਿਂ ਪਯਾਨ- ॥੪॥
ਰਿਦੈ ਬਿਚਾਰਯੋ -ਕੁਮਤਿ ਪਹਾਰੀ।
ਜੇ ਗੁਰ ਸੰਗ ਦ੍ਵੈਸ਼ ਕੋ ਧਾਰੀ।
ਤੌ ਮੁਝ ਸੰਗ ਬਿਗਰ ਕਰਿ ਜਾਇਂ।
ਹਯ ਛੀਨਹਿਂ ਨਿਜ ਬਲ ਦਿਖਰਾਇਂ ॥੫॥
ਨਹਿਂ ਗੁਰ ਕੇ ਢਿਗ ਪਹੁੰਚਨਿ ਦੈ ਹੈਂ।
ਚਮੂੰ ਅਧਿਕ ਸੋਂ ਬਸ ਨ ਬਸੈ ਹੈਂ-।
ਇਮ ਬਿਚਾਰ, ਕਰਿ ਕੂਚ ਬਡੇਰੇ।
ਪਹੁੰਚਯੋ ਸਿਰੀ ਨਗਰ ਕੇ ਨੇਰੇ ॥੬॥
ਤਹਾਂ ਸੁਨੀ 'ਸਤਿਗੁਰੂ ਦਿਵਾਨ।
ਪਠਯੋ ਗੁਰੂ ਕੋ ਉਤਰਯੋ ਆਨਿ।
ਸੰਗ ਪੰਚ ਸੈ ਜਿਸ ਅਸਵਾਰ।
ਦਿਢ ਸੈਨਾ ਬਾਂਧੇ ਹੱਥਯਾਰ' ॥੭॥
ਸੁਨਤਿ ਸੁਦਾਗਰ ਬੰਦਨ ਠਾਨੀ।
'ਧੰਨ ਧੰਨ ਸਤਿਗੁਰਨਿ' ਬਖਾਨੀ।

'ਅਪਨੀ ਵਸਤੁ ਸੰਭਾਰਹੁ ਆਪ।
ਲਖੀਅਤਿ ਜਿਤ ਕਿਤ ਅਧਿਕ ਪ੍ਰਤਾਪ' ॥੮॥
ਬਹਜੋ ਹੁਤੋ ਬਡ ਚਿੰਤਾ ਨਦੀ।
ਪ੍ਰਾਪਤਿ ਧੀਰਜ ਤਰਨੀ ਤਦੀ[1]।
ਕਰੇ ਤੁਰੰਗਮ ਤਜਾਰ ਬਡੇਰੇ।
ਪਹੁੰਚਜੋ ਜਾਇ ਸ਼ੀਘ੍ਰ ਗੁਰ ਡੇਰੇ ॥੯॥
ਮਿਲੇ ਪਰਸਪਰ ਬੰਦਨ ਕਰੇ।
ਕਰੇ ਬਿਲੋਕਨਿ ਹਯ ਸਤ[1] ਖਰੇ।
ਖਰੇ ਚਲਾਕ ਮਹਾਂ ਬਲ ਭਰੇ।
ਭਰੇ ਹਰਖ ਬਾਤਨ ਰਸ ਢਰੇ ॥੧੦॥
ਭਲੀ ਭਾਂਤਿ ਡੇਰਾ ਲਗਵਾਯੋ।
ਖਾਨ ਪਾਨ ਕੋ ਅਧਿਕ ਦਿਵਾਯੋ।
ਨਿਜ ਦ੍ਰਿੜ੍ਹਤਾ ਆਛੇ ਕਰਿਵਾਈ।
ਗੁਰ ਪ੍ਰੋਹਤ ਦਿਵਾਨ ਸੁਖਦਾਈ ॥੧੧॥
ਭੀਮਚੰਦ ਲੈ ਸੰਗ ਨਰਿੰਦੈ[1]।
ਪਹੁੰਚਜੋ ਆਇ ਸੁਨਜੋ ਸੁ ਨਰਿੰਦੈ।
ਅਪਨਿ ਮੇਲ ਕੇ ਨ੍ਰਿਪ ਸਮੁਦਾਇ।
ਲੇ ਪਰਧਾਨ ਗਯੋ ਸਮੁਹਾਇ ॥੧੨॥
ਸਮਧੀ ਮੇਲ ਭਯੋ ਸੁਖ ਪਾਯੋ।
ਕਰਜੋ ਢੁਕਾਉ ਦਰਬ ਬਰਖਾਯੋ।
ਅਨਿਕ ਬੈਰਖਾਂ[1] ਅਨਿਕ ਬਰਨ ਕੀ[2]।
ਜਗਮਗਾਤ ਕਰ ਲਗੇ ਤਰਨਿ ਕੀ[1] ॥੧੩॥
ਨਿਜ ਕੁਲ ਰੀਤਿ ਕਰੀ ਦਿਸ਼ ਦੋਇਨ।
ਬਾਜਤਿ ਬਾਜ ਸੁਨਤਿ ਬਚ ਕੋਇ ਨ।
ਸਿਵਰ ਕਰਾਇ ਸੁ ਪੁਰਿ ਜਨਬਾਸੇ[1]।
ਚਹੀਯਤਿ ਵਸਤੂ ਕਰੀ ਸੁਪਾਸੇ[1] ॥੧੪॥
ਨਾਨਾ ਬਿੰਜਨ ਕਰੇ ਪਰੋਸਨਿ।
ਭੱਖ ਭੋਜ ਲੇਹਜ ਅਰੁ ਚੋਸਨ।
ਦੁਹਿ ਦਿਸ਼ਿ ਦਿਯੇ ਲਾਗ ਮਨ ਭਾਏ?
ਇਸ ਬਿਧਿ ਕੇਤਿਕ ਦਿਵਸ ਬਿਤਾਏ

[1]ਧੀਰਜ ਰੂਪੀ ਬੇੜੀ ਤਦੋਂ ਮਿਲ ਗਈ।

[1]ਸੌ ਘੋੜੇ।

[1]ਰਾਜੇ (ਫਤੇਸ਼ਾਹ ਨੇ)।

[1]ਝੰਡੀਆਂ [ਅ੍ਰ. ਬੈਰਕ]। [2]ਅਨੇਕ ਰੰਗਾਂ ਦੀਆਂ।

[1]ਸੂਰਜ ਦੀਆਂ ਕਿਰਨਾਂ ਲਗਣ ਨਾਲ ਚਮਕਦੀਆਂ ਹਨ [ਸੰਸ:;ਕਰ = ਕਿਰਣ]।

[1]ਡੇਰਾ ਕਰਾਯਾ ਨਗਰ ਦੇ ਜੰਞ ਘਰ ਵਿੱਚ।

[1]ਸੋ ਕੋਲ ਪਹੁੰਚਾਈ।

॥੧੫॥
ਪੁਨ ਦਾਇਜ ਕੋ ਕੀਨ ਦਿਖਾਵਨਿ।
ਬਸਤ੍ਰ ਬਿਭੂਖਨ ਬਹੁ ਮਨ ਭਾਵਨ[1]। [1]ਭਾਂਡੇ।
ਹਾਥੀ ਹਯਨਿ ਸਾਜ ਸਿੰਗਾਰੇ।
ਭਾਵਨ ਧਰੇ ਅਨੇਕ ਪ੍ਰਕਾਰੇ ॥੧੬॥
ਦਯਾਰਾਮ ਸਤਿਗੁਰੂ ਦਿਵਾਨ।
ਤਿਸ ਛਿਨ ਤਹਿਂ ਪਹੁਚੇ ਬੁਧਿਵਾਨ।
ਸਵਾਲਾਖ ਕੋ ਲੇ ਤੰਬੋਲ।
ਜਿਸ ਪਰ ਲਗਯੋ ਦਰਬ ਬਹੁ ਮੋਲ ॥੧੭॥
ਜਹਿਂ ਬੈਠਯੋ ਰਾਜਨ ਸਮੁਦਾਇ।
ਦੁਹੂੰ ਦਿਸ਼ਿਨਿ ਕੇ ਸੈਲਨ ਰਾਇ।
ਡਸੇ ਫਰਸ਼ ਪਰ ਵਸਤੁ ਨਾਨਾ।
ਪ੍ਰਿਥਕ ਪ੍ਰਿਥਕ ਧਰਿ ਧਰਿ ਤਿਸ ਥਾਨਾ ॥੧੮॥
ਬਲੀ ਚਪਲ ਸੁੰਦਰ ਸਰਬੰਗ।
ਕੰਚਨ ਜ਼ੀਨ ਤੁਰੰਗਮ ਸੰਗ।
ਭਾਂਵਨ[1] ਹੇਮ ਰਜਤ ਕੇ ਧਰੇ। [1]ਭਾਂਡੇ।
ਇੱਤਯਾਦਿਕ ਸਭਿ ਹੇਰਨਿ ਕਰੇ ॥੧੯॥
ਦ੍ਰਿਸ਼ਟਿ ਲਗੀ ਜਬਿ ਸਭਿ ਗਿਰਰਾਈ।
ਭਾਟ ਪੁਕਾਰਤਿ ਊਚ ਸੁਨਾਈ।
'ਜਿਸ ਤੇ ਸਵਾਲਾਖ ਧਨ ਲਗਯੋ।
ਵਸਤੁ ਅਜਾਇਬ ਤੇ ਜਗਮਗਯੋ ॥੨੦॥
ਸ੍ਰੀ ਨਾਨਕ ਜਗ ਗੁਰ ਕੀ ਗਾਦੀ।
ਤਿਸ ਪਰ ਬੈਠਯੋ ਜਨ ਅਹਿਲਾਦੀ[1]। [1]ਦਾਸਾਂ ਨੂੰ ਅਨੰਦ ਦੇਣ ਵਾਲੇ।
ਫਤੇਸ਼ਾਹਿ ਗਿਰਪਤਿ ਭੁਜ ਭਾਰੀ।
ਤਿਸ ਪਰ ਕ੍ਰਿਪਾ ਦ੍ਰਿਸ਼ਟਿ ਨਿਜ ਧਾਰੀ ॥੨੧॥
ਦਾਇਜ ਹੇਤੁ ਪਠਯੋ ਇਹ ਆਯੋ।
ਗੁਰ ਦਿਵਾਨ ਅਰੁ ਪ੍ਰੋਹਤ ਲਯਾਯੋ।
ਸਭਿ ਤੇ ਸ੍ਰੇਸ਼ਟ ਬਡੋ ਤੰਬੋਲ।
ਨਾਨਾ ਵਸਤੂ ਜਿਨ ਬਹੁ ਮੋਲ' ॥੨੨॥

ਭੀਮਚੰਦ ਸੁਨਿ ਸਤਿਗੁਰ ਨਾਮੂ।
ਜਰ ਬਰ ਗਯੋ ਭਯੋ ਜਨੁ ਆਮੂ[1]।
ਖੁਨਸਜੋ, ਨਿਜ ਲੋਕਨਿ ਸੰਗ ਬੋਲਜੋ।
ਗੁਰੂ ਦ੍ਵੈਖ ਕੋ ਮੁਖ ਤੇ ਖੋਲਜੋ ॥੨੩॥
'ਦੇਖਹੁ ਇਹ ਅਚਰਜ ਕੀ ਬਾਤੀ।
ਸ਼੍ਰੀ ਗੋਬਿੰਦ ਸਿੰਘ ਮੋਹਿ ਅਰਾਤੀ[1]।
ਅਪਰ ਬਾਰਤਾ ਕਹੀਏ ਕਹਾਂ।
ਆਵਨਿ ਦਯੋ ਨ ਮੋ ਕਹੁ ਇਹਾਂ ॥੨੪॥
ਲਰਨਿ ਹੇਤੁ ਦਲ ਸਨਮੁਖ ਕਰਜੋ।
ਛਿਮਾ ਧਰੀ ਮੈਂ ਬਜਾਹ ਬਿਚਰਜੋ।
ਸਰਬ ਰੀਤਿ ਤੇ ਭਾ ਨੁਖਸਾਨ।
ਉਤਸਵ ਵਧਤਿ ਕਰਜੋ ਚਹਿ ਹਾਨਿ ॥੨੫॥
ਇਸ ਬਿਧਿ ਕੋ ਅਧਿਕਾਇ ਬਿਰੋਧੀ।
ਗਿਰ ਓਰਨਿ ਬਰਾਤ ਸਭਿ ਰੋਧੀ।
ਤਿਸ ਰਿਪੁ ਸੋਂ ਅਸ ਸਮਧੀ[1] ਮੇਰਾ।
ਭਾ ਸੰਗੀ ਜਨੁ ਮੀਤ ਬਡੇਰਾ ॥੨੬॥
ਜੌ ਗੁਰ ਸੰਗ ਸਖਾਪਨ ਰਖੈ।
ਤੌ ਇਸ ਕੌ ਨਿਜ ਸ਼ੱਤ੍ਰੂ ਲਖੈਂ।
ਰਿਪੁ ਕੋ ਮਿੱਤ੍ਰ ਸ਼ੱਤ੍ਰੂ ਸੋ ਭਾਰੋ[1]।
ਕਿਸ ਬਿਧਿ ਤੇ ਨਹਿਂ ਮੇਲ ਹਮਾਰੋ ॥੨੭॥
ਕਿਮ ਸਮਧਾਪਨ[1] ਕੋ ਨਿਰਬਾਹੈ।
ਜੋ ਹਮਰੇ ਰਿਪੁ ਕੋ ਪਖ ਚਾਹੈ।
ਨਿਕਟ ਹਮਹੁਂ ਤੇ[1] ਕਛੁ ਨ ਬਿਚਾਰਾ।
ਜਾਇਂ ਦੂਰ ਤੌ ਕਰਹਿ ਬਿਗਾਰਾ ॥੨੮॥
ਕਹਿਬੌ ਕਹਾਂ ਨ ਕਛੁ ਬਨਿ ਆਵੈ।
ਫਤੇਸ਼ਾਹਿ ਕੋ ਜੇ ਇਮ ਭਾਵੈ।
ਤਿਸ ਦੁਹਿਤਾ ਕੋ[1] ਤਜਿ ਦਿਹੁਂ ਡੇਰਾ।
ਕਰਹੁ ਕੂਚ ਗਮਨਹੁਂ ਘਰ ਓਰਾ' ॥੨੯॥
ਭੀਮਚੰਦ ਕੋ ਆਸ਼ੈ ਸੁਨਜੋਂ।
ਨ੍ਰਿਪ ਜਸਵਾਲ ਕਟੋਚੀ ਭਨਜੋ।

[1]ਮਾਨੋ ਰੋਗੀ ਹੋ ਗਿਆ।
[1]ਵੈਰੀ।
[1]ਕੁੜਮ।
[1]ਵੈਰੀ ਦਾ ਜੋ ਮਿੱਤ੍ਰ ਹੈ ਸੋ ਭਾਰੀ ਵੈਰੀ ਹੁੰਦਾ ਹੈ।
[1]ਕੁੜਮਾਚਾਰੀ।
[1]ਸਾਡੇ ਕੋਲ ਹੁੰਦਿਆਂ।
[1]ਪੁੱਤ੍ਰੀ ਦਾ।

'ਗੁਰ ਕੇ ਸੰਗ ਸ਼ੱਤ੍ਰੁਤਾ ਭਾਰੀ।
ਫਤੇਸ਼ਾਹ ਮਨ ਕਯੋਂ ਨ ਬਿਚਾਰੀ? ॥੩੦॥
ਕੈ ਅਨਜਾਨ ਪਨੇ ਮਹਿਂ ਰਹ੍ਯੋ।
ਤੁਮਰੀ ਦਿਸ਼ਿ ਕੋ ਰੋਸ ਨ ਲਹ੍ਯੋ[1]।
ਗੁਰ ਸੰਗ ਮੇਲ ਬਨੈ ਇਸ ਕੈਸੇ।
ਵਧ੍ਯੋ ਵਿਰੋਧ ਜੁ ਤੁਮ ਸੰਗ ਐਸੇ' ॥੩੧॥
ਸੁਨਿ ਗੁਲੇਰੀਆ ਕਹੈ ਗੁਪਾਲ।
'ਬੂਝੋਂ ਫਤੇਸ਼ਾਹ ਕੇ ਨਾਲ।
ਜੇ ਨ ਰਹਹਿ ਸਾਕਨਿ ਅਨੁਸਾਰੀ।
ਤੌ ਸਗੀਯਤਾ ਕਹਾਂ ਤੁਮਾਰੀ[1] ॥੩੨॥
ਜੇ ਮਾਨਹਿਂ, ਗੁਰ ਸੋਂ ਲਰ ਪਰੈ।
ਸਾਕ ਸਥਾਪਨ ਕੌ ਤਬਿ ਧਰੈ।
ਆਸ਼ੈ ਲਖਹਿ ਬਿਨਾ ਕਿਮ ਕ੍ਰੋਧਹੁ?
ਪਠਿ ਪਰਧਾਨ ਰਿਦਾ ਤਿਸ ਸੋਧਹੁ' ॥੩੩॥
ਸੁਨਿ ਇਮ ਭੀਮਚੰਦ ਮਨ ਮਾਨੀ।
ਇਕ ਜਸਵਾਲ ਪ੍ਰਧਾਨ ਬਿਨਾਨੀ[1]।
ਫਤੇਸ਼ਾਹ ਕੇ ਨਿਕਟ ਪਠਾਏ।
ਨਿਜ ਆਸ਼ੈ ਸਭਿ ਕਹ੍ਯੋ ਸੁਨਾਏ ॥੩੪॥
ਦਾਇਜ ਜਹਾਂ ਸੁਧਾਰਿ ਸੁਧਾਰਿ।
ਧਰਿਵਾਵਹਿ ਕਰਿ ਕਰਿ ਬਿਸਤਾਰ।
ਦੋਨਹੁਂ[1] ਜਾਇ ਜੁਦਾ ਤਿਸ ਕਰ੍ਯੋ।
ਥਿਰੇ ਇਕਾਂਕੀ ਬਾਕ ਉਚਰ੍ਯੋ ॥੩੫॥
'ਸੁਨਹੁ ਨਰਿੰਦ੍ਰ! ਕਹਾਂ ਤੈਂ ਚੀਨਾ।
ਗੁਰ ਕੇ ਸਾਥ ਮੇਲ ਇਮ ਕੀਨਾ।
ਸਮਧੀ ਦੇਖਤਿ ਕ੍ਰੋਧ ਬਧਾਯੋ।
ਕਹਿ ਤੰਬੋਲ ਕਹਾਂ ਅਨਵਾਯੋ ॥੩੬॥
ਅਧਿਕ ਸ਼ੱਤ੍ਰੁਤਾ ਜਿਨ ਕੇ ਸੰਗ।
ਸੰਧਜਾ ਪ੍ਰਾਤਿ ਕਰ੍ਯੋ ਚਹਿ ਜੰਗ।
ਆਵਤਿ ਕੋ ਜਿਨ ਪੰਥ ਨ ਦੀਨਾ।

[1]ਭਾਵ ਤੇਰੇ ਗੁਰੂ ਨਾਲ ਗੁੱਸੇ ਦਾ ਉਸਨੂੰ ਪਤਾ ਨਹੀਂ।

[1]ਤਾਂ ਤੁਹਾਡੀ ਕੁੜਮਾਚਾਰੀ ਕੀਹ ਹੋਈ?

[1]ਸੁਸਿੱਖਯਤ ਪ੍ਰਧਾਨ [ਸੰਸ:, ਵਿਨਯਨ = ਸਿਖ੍ਯਾ] (ਅ) ਪਰ ਸ਼ੁੱਧ ਪਾਠ 'ਬਿਯਾਨੀ' ਜਾਪਦਾ ਹੈ। ਬਿਯਾਨੀ = ਦੂਸ੍ਰਾ।

[1]ਦੋਹਾਂ ਭਾਵ ਜਸਵਾਲੀਏ ਤੇ ਮੰਤ੍ਰੀ ਨੇ।

ਅਧਿਕ ਦ੍ਵੈਸ਼ ਤੁਮ ਸਭਿ ਬਿਧਿ ਚੀਨਾ ॥੩੭॥

ਤਊ ਨ ਤਿਨ ਸੰਗ ਕੀਨਸਿ ਅੰਤਰ[1]। — [1]ਵਿੱਥ ਨਾ ਪਾਈ।
ਸ਼ਰਨਿ ਪਰਨਿ ਚਾਹਤਿ ਚਿਤ ਅੰਤਰ।
ਭੀਮਚੰਦ ਨ੍ਰਿਪ ਰਿਪੁ ਕੇ ਸਾਥੀ[1]। — [1]ਭੀਮਚੰਦ ਰਾਜੇ ਦੇ ਵੈਰੀ ਭਾਵ ਗੁਰੂ ਜੀ ਨਾਲ।
ਜੇ ਤੁਮ ਬਨੇ ਰਹੋ ਇਕ ਗਾਥੀ[1] ॥੩੮॥ — [1]ਇਕ ਗਲ ਵਾਲੇ।
ਲਰਹਿਂ ਨਹੀਂ, ਬਨ ਰਹਹਿਂ ਸਹਾਇ।
ਸਮਧਿਪਨੋ[1] ਸਗਰੋ ਟੁਟ ਜਾਇ। — [1]ਕੁੜਮਾਚਾਰੀ।
ਤਵ ਤਨੁਜਾ ਕਹੁ ਤਜਾਗਹਿ ਡੋਰਾ।
ਕਰਹੁ ਨਿਹੋਰਨਿ[1], ਹ੍ਵੈ ਨ ਨਿਹੋਰਾ[2] ॥੩੯॥ — [1]ਹੁਣ) ਬੇਨਤੀ ਕਰੇ (ਭੀਮਚੰਦ ਅੱਗੇ)। [2]ਫਿਰ ਤੇਰੀ) ਬੇਨਤੀ ਨਹੀਂ ਮੰਨਣੀ।
ਬਨਹਿਂ ਨ ਮੇਲ ਫਲਕ ਉਰ ਪਰੈ।
ਜੇ ਕਰਿ ਗਿਰਪਤਿ ਗਨ ਬਿਚ ਪਰੈਂ।
ਕ੍ਰੁੱਧਤਿ ਅਧਿਕ ਅਬਹਿ ਉਠ ਚਾਲਾ[1]। — [1]ਉਠ ਚੱਲਿਆ ਸੀ।
ਨੀਠ ਨੀਠ ਕਰਿ ਬਹੁਰ ਬਿਠਾਲਾ ॥੪੦॥
ਰਸ ਰਾਖਨਿ ਕੈ ਕਰਤਿ ਬਿਰਸ ਕੌਂ।
ਜਸ ਅਭਿਲਾਖਹੁ ਭਾਖਹੁ ਤਸ ਕੌਂ[1]।' — [1]ਰਸ ਰੱਖਣਾ ਕਿ ਬਿਰਸੀ ਕਰਨੀ ਜੇ? ਜੋ ਚਾਹੁੰਦੇ ਹੋ ਸੋ ਆਖੋ।

ਫਤੇ ਸ਼ਾਹ ਸੁਨਿ ਚਿੰਤ ਮਹਾਨੀ।
ਕਠਨ ਬਾਤ ਦੁਹੁੰਦਿਸ਼ਿ ਤੇ ਜਾਨੀ ॥੪੧॥
-ਸਮ ਰਸ ਗੁਰੁ ਸਨ ਹੈ ਬਹੁ ਭਾਂਤੀ[1]। — [1]ਗੁਰਾਂ ਨਾਲ (ਮੇਰਾ) ਬਹੁਤ ਤਰ੍ਹਾਂ ਦਾ ਮੇਲ ਹੈ।
ਹਿਤ ਠਾਨਤਿ ਮੇਰੋ ਦਿਨ ਰਾਤੀ।
ਕ੍ਰਿਪਾ ਕਰਹਿਂ ਰਾਖਹਿਂ ਸਨਮਾਨਾ।
ਪ੍ਰਥਮ ਬਿਰੋਧ ਮਿਟਾਇ ਮਹਾਨਾ[1]- ॥੪੨॥ — [1]ਨਾਹਨ ਨਾਲ ਸੁਲਹ ਵਲ ਇਸ਼ਾਰਾ ਹੈ।
'ਸੁਨਿ ਵਜ਼ੀਰ! ਤੂੰ ਸੁਮਤਿ ਸਯਾਨਾ।
ਵਧੈ ਵੈਰ, ਵਿੱਪ੍ਰੈ ਜਨ ਠਾਨਾ[1]। — [1]ਜਨ =) ਭਲੇ ਪੁਰਖ ਨਾਲ ਉਲਟੀ ਕੀਤਿਆਂ ਵੈਰ ਵਧਦਾ ਹੈ।
ਹਿਤ ਕੇ ਕਰਨਹਾਰ ਹੁਇੰ ਕੋਈ[1]। — [1]ਭਾਵ ਪਿਆਰ ਕਰਨ ਵਾਲੇ ਵਿਰਲੇ ਹੁੰਦੇ ਹਨ।
ਤਿਹ ਸਨ[1] ਲਰੇ ਪਾਪ ਬਡ ਹੋਈ ॥੪੩॥ — [1]ਸਾਥ।
ਕੌਨ ਬਿਗਾਰ ਜਾਨ ਕਰਿ ਮਨ ਮੈਂ।
ਲੇ ਦਲ ਸਮੁਖ ਬਨੋ[1] ਗੁਰ ਰਨ ਮੈਂ। — [1]ਮੁਕਾਬਲਾ ਕਰਨ ਵਾਲਾ ਬਣਾਂ।

ਨਾਹਕ ਤੁਮ ਨੇ ਰਚਜੋ ਬਖੇਰਾ।
ਕਰਾਮਾਤ ਸਾਹਿਬ ਸੰਗ ਝੇਰਾ ॥੪੪॥
ਜਾਚੀ ਵਸਤੁ ਨਹੀਂ ਜੇ ਦੀਨਿ।
ਤਊ ਪੂਜਿਬੇ ਥਾਨ ਪ੍ਰਬੀਨ।
ਬਨਹੁ ਨਿੰਮ੍ਰਿ ਇਮ ਹੀ ਬਨਿ ਆਵੈ।
ਬਧੈ ਵਿਰੋਧ ਨਹੀਂ ਕੁਛ ਪਾਵੈ[1] ॥੪੫॥
ਮੈਂ ਅੰਤਰ ਪਰ[1] ਮੇਲ ਕਰਾਵੌਂ।
ਗੁਰ ਤੇ ਕਹਿ ਕਰਿ ਸਭਿ ਬਖਸ਼ਾਵੌਂ।
ਭਈ ਸੁ ਭਈ ਜਾਨਿ ਅਬਿ ਦੀਜੈ।
ਬ੍ਰਿਥਾ ਬਿਰੋਧ ਬਾਦ ਕਜੋਂ ਕੀਜੈ' ॥੪੬॥

[1]ਵਿਰੋਧ ਵਧਿਆਂ ਕੁਛ ਮਿਲਣਾ ਨਹੀਂ।

[1]ਮੈਂ ਵਿਚ ਪੈਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਫਤੇਸ਼ਾਹ' ਪ੍ਰਸੰਗ ਬਰਨਨੰ ਨਾਮ ਪੰਚਦਸਮੋ ਅੰਸੂ ॥੧੫॥

## ੧੬. [ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਸੁਨਿ ਜਸਵਾਲ ਵਜ਼ੀਰ ਤਬਿ, ਫਤੇਸ਼ਾਹ ਕੇ ਬੈਨ।
ਭੀਮਚੰਦ ਕੇ ਢਿਗ ਗਏ, ਥਿਰ੍ਯੋ ਜਹਾਂ ਰਿਸ ਨੈਨ[1] ॥੧॥ [1]ਕ੍ਰੋਧੀ ਅੱਖਾਂ ਵਾਲਾ।

ਚੌਪਈ:

ਤਰਕਤਿ ਵਾਕ ਕਹ੍ਯੋ ਜਸਵਾਲ।
'ਤਵ ਸਮਧੀ ਕੋ ਰਸ ਗੁਰ ਨਾਲ।
ਉਲਟੋ ਤੁਮ ਕੌ ਚਹਹਿ ਮਿਲਾਯੋ[1]। [1]ਗੁਰੂ ਜੀ ਨਾਲ) ਮਿਲਾਯਾ ਚਾਹੁੰਦਾ ਹੈ।
ਲਖੀਅਤਿ ਗੁਰ ਕਰਾਹ ਕੁਛ ਖਾਯੋ ॥੨॥
ਕਰਾਮਾਤ ਸਾਹਿਬ ਪ੍ਰਭੁ ਜਾਨੈ[1]। [1]ਗੁਰੂ ਜੀ ਨੂੰ) ਜਾਣਦਾ ਹੈ।
ਤਿਨ ਸਨ ਦ੍ਵੈਸ਼ ਨਹੀਂ ਕਿਮ ਠਾਨੈ।
ਜਥਾ[1] ਬਨ੍ਯੋ ਗੁਰਸਿੱਖ ਬਿਸਾਲਾ। [1]ਮਾਨੋ।
ਤਿਮ[1] ਬੋਲਤਿ ਹਮ ਸੋਂ ਇਸ ਕਾਲਾ ॥੩॥ [1]ਐਉਂ।
ਰਾਵਰਿ ਕ੍ਰੋਧ ਨ ਜਾਨ੍ਯੋ ਘਨੇ।
ਫਿਰ੍ਯੋ ਨ ਗੁਰ ਤੇ, ਰਸ ਉਰ ਸਨੇ[1]। [1]ਭਾਵ ਦਿਲ ਵਿਚ ਪਯਾਰ ਹੈ।
ਜਥਾ ਆਇ ਤੁਮਰੇ ਮਨ ਮਾਂਹੀ।
ਕਰੋ ਤਥਾ ਕੋ ਬਰਜਤਿ ਨਾਂਹੀ' ॥੪॥
ਸੁਨਿ ਕਰਿ ਭੀਮਚੰਦ ਰਿਸ ਛਾਈ।
ਅਗਨਿ ਜ੍ਵਲਤਿ ਆਹੁਤਿ ਜਨੁ ਪਾਈ[1]। [1]ਅਹੂਤੀ ਮਾਨੋ ਪਾਈ ਹੈ।
ਕਹ੍ਯੋ 'ਦੇਹੁ ਕਰਿ ਕੂਚ ਨਗਾਰਾ।
ਮੈਂ ਨ ਕਰੌਂ ਕਛੁ ਅੰਗੀਕਾਰਾ ॥੫॥
ਆਨ ਥਾਨ ਨਿਜ ਨੰਦਨ ਬ੍ਯਾਹੌਂ।
ਇਸ ਕੇ ਦੇਸ਼ ਨ ਆਵਨਿ ਚਾਹੌਂ।
ਅਸ ਦੁਸ਼ਮਨ ਮੇਰੋ ਦੁਖਦਾਈ।
ਤਿਨ ਕੇ ਸੰਗ ਪ੍ਰੀਤਿ ਉਪਜਾਈ ॥੬॥
ਜਿਮ ਗੁਰ ਸ਼ੱਤ੍ਰੁ ਤਥਾ ਇਹ[1] ਮੇਰੋ। [1]ਭਾਵ ਫਤੇਸ਼ਾਹ।
ਲਰੌਂ ਦੁਹਨ ਸੋਂ ਪਰ੍ਯੋ ਬਖੇਰੋ।'
ਇਮ ਕਹਿ ਕਰਿ ਮਾਨਵ ਪਠਿ ਦੀਨੋ।
ਕਾਰਨ ਕੂਚ ਨਗਾਰਾ ਕੀਨੋ[1] ॥੭॥ [1]ਕੂਚ ਕਰਨ ਵਾਸਤੇ ਨਗਾਰਾ ਵਜਾਯਾ।
ਤਤਛਿਨ ਜ਼ੀਨ ਹਯਨਿ ਪਰ ਡਾਲੇ।

ਕਰੀ ਸ਼ਿੰਗਾਰਨ[1] ਕੀਨਿ ਉਤਾਲੇ।
ਇਮ ਜਬਿ ਤਜਾਰ ਅਰੂਢਨਿ ਭਯੋ।
ਫਤੇਸ਼ਾਹ ਕੇ ਨਰ ਸੁਨਿ ਲਯੋ ॥੮॥
ਮੰਤ੍ਰੀ ਆਦਿ ਉਤਾਇਲ ਧਾਏ।
ਨਿਜ ਰਾਜੇ ਕਨਿ[1] ਵਾਕ ਅਲਾਏ।
'ਤੂਟਨ ਸਮਧੀ ਸਾਥ ਤੁਮਾਰੋ।
ਕਿਮ ਬਨਿ ਆਵਹਿ, ਕਯੋਂ ਨ ਬਿਚਾਰੋ ॥੯॥
ਗੁਰ ਸੋਂ ਮੇਲ ਕਰਨਿ ਹੈ ਕਹਾਂ।
ਦਿਨ ਕੇਤਿਕ ਤੇ ਥਿਰ ਭੇ ਇਹਾਂ।
ਚਲਯੋ ਛੋਰ ਤਵ ਤਨੁਜਾ ਡੋਰਾ।
ਇਹ ਅਪਜਸੁ ਪਸਰੈ ਚਹੁੰ ਓਰਾ ॥੧੦॥
ਨਿਜ ਸਮਧੀ ਕੇ ਬਨਿ ਅਨੁਸਾਰੀ।
ਰਹਿ ਆਹਿ ਜਿਮ ਲਾਜ ਤਿਹਾਰੀ।'
ਸੁਨਿ ਕਰਿ ਨਿਜ ਸਚਿਵਨ ਕੀ ਬਾਨੀ।
ਸ਼ੰਕਤਿ ਚਿਤ ਮਹਿਂ ਤਬਹਿ ਬਖਾਨੀ ॥੧੧॥
'ਤੂਰਨ ਜਾਇ ਛਿਮਾ ਕਰਿਵਾਵੋ।
ਕਰੋ ਨਿਹੋਰਨਿ ਚੜ੍ਹਤਿ ਹਟਾਵੋ।
ਸ਼੍ਰੇਯ ਹੇਤੁ[1] ਮੈਂ ਤਿਨ ਸੋਂ ਕਹਯੋ।
ਕਯੋਂ ਤੂਟਨ[1] ਕਹੁ ਚਿਤ ਮਹਿਂ ਚਹਯੋ ॥੧੨॥
ਮੈਂ ਸਮਧੀ ਕੇ ਨਿਤ ਅਨੁਸਾਰੀ।
ਲਰੌਂ ਗੁਰੂ ਸੰਗ ਤਿਨਹੁਂ ਅਗਾਰੀ।
ਏਤੋ ਕੋਪ ਕਰਹੁ ਕਿਮ ਕੀਨੋ।
ਜਿਸ ਤੇ ਚਢਤਿ[1] ਪ੍ਰੀਤ ਹੁਇ ਹੀਨੋ' ॥੧੩॥
ਸੁਨਿ ਮੰਤ੍ਰੀ ਦੌਰੇ ਤਬਿ ਗਏ।
ਹਾਥ ਜੋਰਿ ਸਭਿ ਉਚਰਤਿ ਭਏ।
'ਸੁਮਤਿਵੰਤਿ ਤੁਮ ਕਯੋਂ ਨ ਬਿਚਾਰੋ।
ਫਤੇਸ਼ਾਹ ਨ੍ਰਿਪ ਤੁਵ ਅਨੁਸਾਰੋ ॥੧੪॥
ਜਿਮ ਰਨ ਹੋਇ ਨ, ਤਿਮ ਤਿਨ ਭਾਖੀ।

[1]ਹਾਥੀ (ਹੌਦੇ ਆਦਿ ਪਾਕੇ) ਸ਼ਿੰਗਾਰ ਲਏ।
[1]ਪਾਸ।
[1]ਭਲੇ ਵਾਸਤੇ।
[1]ਸੰਬੰਧ) ਤੋੜਨ ਨੂੰ।
[1]ਜਿਸ ਦੇ ਚੜ੍ਹਨੇ ਕਰ। (ਅ) ਜਿਸ (ਕ੍ਰੋਧ) ਦੇ ਕਾਰਨ ਚੜ੍ਹਾਈ ਕਰਦਾ ਹੈ (ਉਸ ਚੜ੍ਹਾਈ ਨਾਲ) ਪ੍ਰੀਤ ਹੀਨ ਹੁੰਦੀ ਹੈ।

ਨਿਸ਼ਚੈ ਲਰਨਿ ਜਿ ਤੁਮ ਅਭਿਲਾਖੀ।
ਤੌ ਸਭਿ ਆਗੇ ਗੁਰ ਕੇ ਸੰਗ।
ਸ੍ਰੀ ਨਗਰੇਸ਼੍ਵਰ ਘਾਲਹਿ ਜੰਗ ॥੧੫॥
ਲੈ ਹੈ ਛੀਨ ਪਾਂਵਟਾ ਥਾਨ।
ਡੇਰਾ ਲੂਟਹਿ ਵਸਤੁ ਮਹਾਨ।
ਥਿਰਹੁ ਆਪ ਮਸਲਤ ਮਿਲਿ ਠਾਨਹੁ।
ਸਾਕ ਬਿਸਾਲ ਆਪਨੋ ਜਾਨਹੁ ॥੧੬॥
ਐਸੀ ਬਾਤਿ ਨ ਉਚਿਤ ਤੁਹਾਰੇ।
ਹਸਹਿਂ ਲੋਕ ਅਪਵਾਦ ਉਚਾਰੇਂ।'
ਭੀਮਚੰਦ ਸੁਨਿ ਤਬਹਿ ਉਚਾਰੀ।
'ਗੁਰ ਸਨ ਲਰਹਿ ਜਿ ਹਮਹੁ ਅਗਾਰੀ ॥੧੭॥
ਤਬਿ ਪ੍ਰਤੀਤ ਹਮਰੇ ਉਰ ਆਵੈ।
ਮਿਲਿਬੇ ਕਹੁ ਸਨੇਹ ਉਪਜਾਵੈ[1]।'

[1]ਸਾਨੂੰ) ਮਿਲਣੇ ਦਾ ਸਨੇਹ ਉਪਜੇਗਾ। (ਅ) (ਤਦ ਸਮਝਾਂਗੇ ਕਿ ਸਾਡੇ ਨਾਲ) ਮਿਲਣੇ ਦਾ ਪਿਆਰ ਪੈਦਾ ਕੀਤਾ ਸੁ।

ਇਮ ਕਹਿ ਪਠੇ ਸਕਲ ਪਰਧਾਨ।
ਆਏ ਫਤੇਸ਼ਾਹ ਜਿਸ ਥਾਨ ॥੧੮॥
ਬੈਠੇ ਬਹੁਤ ਬਾਰਿ ਸਮੁਝਾਯੋ।
ਗੁਰ ਸਨ ਲਰਿਬੋ ਮਤ ਠਹਿਰਾਯੋ।
ਆਪਸ ਮਹਿਂ ਸਮਧੀ ਮਿਲਿ ਬਾਤਨ।
ਭਏ ਹਰਖ, ਕਰਿ ਹੈਂ ਪੁਨ ਘਾਤਨ[1] ॥੧੯॥

[1]ਦਾਉ ਘਾਉ।

'ਅਬਿ ਤੌ ਬਜਾਹ ਪ੍ਰਸੰਗ ਨਿਬੇਰੋ।
ਪਾਛੈ ਪਰਿ ਹੈ ਜੰਗ ਬਖੇਰੋ।'
ਫਤੇਸ਼ਾਹ ਨ੍ਰਿਪ ਇਮ ਠਹਿਰਾਇ।
ਉਠਿ ਆਯੋ ਪੁਨ ਦੂਸਰ ਠਾਇ ॥੨੦॥
ਗੁਰ ਪ੍ਰੋਹਤ ਅਰ ਜਹਾਂ ਦਿਵਾਨ।
ਦੀਨੋ ਚਹੈਂ ਤੰਬੋਲ ਮਹਾਨ।
ਕੇਤਿਕ ਸੁਭਟ ਜਿਨਹੁ ਕੇ ਸਾਥ।
ਆਦਿ ਖੜਗ ਤੇ ਆਯੁਧ ਹਾਥ ॥੨੧॥
ਗਿਰਪਤਿ ਦ੍ਰਿਸ਼ਟਿ ਸਮੁਖ ਨਹਿਂ ਕੀਨੀ[1]।
ਨੰਦਚੰਦ ਚਾਤੁਰ ਤਬਿ ਚੀਨੀ[1]।

[1]ਫਤੇਸ਼ਾਹ ਨੇ ਸਾਹਮਣੇ ਨਿਗਾਹ ਨ ਕੀਤੀ।

[1]ਗਲ) ਸਮਝ ਲਈ।

ਦਯਾਰਾਮ ਪ੍ਰੋਹਤ ਕੇ ਕਾਨਨ[1]। — [1]ਕੰਨਾਂ ਵਿਚ।
ਭਾਖੀ ਗਤਿ ਸਮੀਪ ਕਰਿ ਆਨਨ[1] ॥੨੨॥ — [1]ਮੂੰਹ ਨੇੜੇ ਕਰਕੇ।
'ਬਿਗਰੋ[1] ਲਖੀਯਤਿ ਦੁਸ਼ਟ ਪਹਾਰੀ। — [1]ਬਿਗੜਿਆ ਹੋਇਆ।
ਮਿਲ੍ਯੋ ਕੁਸੰਗ ਸੰਗ ਮਤਿ ਮਾਰੀ।
ਅਬਿ ਨ ਕਰੋ ਇਨ ਕੋ ਬਿਸ੍ਵਾਸ।
ਰਹਹੁ ਸੁਚੇਤ ਧਰਹੁ ਗੁਰ ਆਸ ॥੨੩॥
ਹੁਤੋ ਬਿਲੋਕਤਿ ਜਥਾ ਅਗਾਰੇ।
ਨਹੀਂ ਤੌਰ ਸੋ ਪਰਹਿ ਨਿਹਾਰੇ[1]। — [1]ਭਾਵ (ਪਿਆਰ ਵਾਲੇ) ਤੌਰ ਬਦਲ ਗਏ ਹਨ।
ਨਹਿ ਤੰਬੋਲ ਦਿਸ਼ਿ ਦ੍ਰਿਸ਼ਟਿ ਲਗਾਈ।
ਭਾਲ ਬਿਸਾਲ ਰਹ੍ਯੋ ਬਿਲਖਾਈ[1] ॥੨੪॥ — [1]ਮੱਥਾ ਬਹੁਤ ਸ਼ਰਮਿੰਦਾ ਹੋ ਰਿਹਾ (ਜਾਪਦਾ ਹੈ)।
ਤਨਕ ਨ ਰੁਖ਼ ਹਮਰੀ ਦਿਸ਼ਿ ਕੀਨਸਿ।
ਧਰੇ ਬੱਕ੍ਰਤਾ ਟਰਿ ਲੀਨਸਿ[1]। — [1]ਟੇਢਤਾਈ ਧਾਰਕੇ ਇਥੋਂ ਟਲ ਗਿਆ ਹੈ।
ਲਖੀ ਪਰੈ ਜਿਮ ਰਖੀ ਰੁਖਾਈ[1]। — [1]ਜਾਣੀ ਪੈਂਦੀ ਹੈ ਜਿਵੇਂ ਇਸ ਨੇ ਰੁੱਖਾ ਪਨ ਰਖਿਆ ਹੈ।
ਕਰ੍ਯੋ ਚਹੈ ਕੁਛ ਮੂਢ ਖੁਟਾਈ ॥੨੫॥
ਇਹਾਂ ਠਹਿਰਬੋ ਨਾਂਹਿਨ ਆਛੋ।
ਕਹਿਨ ਸੁਨਨਿ ਇਨ ਸਨ ਨਹਿ ਬਾਂਛੋ।
ਹੁਇ ਸਵਧਾਨ ਸਮਾਲਹੁ ਡੇਰਾ।
ਮੁਝ ਦੀਖਹਿ, ਹੁਇ ਪਰੈ ਬਖੇਰਾ ॥੨੬॥
ਸਰਬ ਗਿਰੇਸ਼ਨ ਕੀ ਬਹੁ ਸੈਨ।
ਬਹੁਰ ਦੇਸ਼ ਹਮਰੋ ਇਤ ਹੈ ਨ।'
ਦਯਾਰਾਮ ਸੁਨਿ ਕੈ ਪੁਨ ਬੋਲਾ।
'ਪਠ੍ਯੋ ਗੁਰੂ ਇਨ ਦੇਹੁ ਤੰਬੋਲਾ ॥੨੭॥
ਨਿਜ ਦਿਸ਼ਿ ਤੇ ਨੀਕਹਿ ਕਰਿ ਚਲੀਅਹਿ।
ਪੁਨ ਗਮਨਹੁਂ ਸਤਿਗੁਰ ਸਨ ਮਿਲੀਅਹਿ।
ਪ੍ਰਭੁ ਸੋਂ ਬੁਰਾ ਤਕਹਿ ਇਹ ਜੈਸੇ।
ਫਲ ਸੰਕਟ ਕੋ ਲਹਿਸਹਿ ਤੈਸੇ ॥੨੮॥
ਇਤੇ ਦਿਵਸ ਹਮ ਕੌ ਇਨ ਰਾਖਾ।
ਅਬਿ ਮੂਰਖ ਬਿਗਰਨਿ ਅਭਿਲਾਖਾ।
ਉਪਕਾਰੀ ਸਨ ਬਨਿ ਅਪਕਾਰੀ[1]।' — [1]ਵੈਰੀ।
ਮਤ ਮਾਰੀ ਦ੍ਰੋਹੀ ਸੁ ਪਹਾਰੀ' ॥੨੯॥

ਨੰਦ ਚੰਦ ਕਹਿ 'ਪ੍ਰੋਹਤ ! ਸੁਨੀਅਹਿ।
ਦੇਨਿ ਇਤੋ ਧਨ, ਕੋ ਗੁਨ ਗੁਨੀਅਹਿ[1] ?
ਇਹ ਨਿਸ਼ਚੈ ਬਿਗਰਹਿਂ ਮਤਿ ਮੂਢੇ।
ਸਾਢਸਤੀ[1] ਇਨ ਸੀਸ ਅਰੂਢੇ ॥੩੦॥

[1]ਇਤਨੇ ਧਨ ਦੇਣ ਦਾ ਸੋਚੋ ਕਿ ਕੀ ਗੁਣ ਹੈ?

[1]ਬਦ-ਕਿਮਸਤੀ। ਦੇਖੋ ਰਾਸ ੪ ਅੰਸੂ ੫੮ ਅੰਕ ੧੬ ਦਾ ਪ੍ਰਯਾਯ।

ਲਿਹੁ ਸਭਿ ਅਪਨੀ ਵਸਤੁ ਸੰਭਾਰਹਿ।
ਚਲਿ ਦੀਜਹਿ ਸਤਿਗੁਰੂ ਅਗਾਰਹਿ।
ਬਨੇ ਬਿਰੋਧੀ ਕੋ ਕਿਮ ਦੇਨਾ।
ਨਿਜ ਬਲ ਕਰਿ ਹਮ ਲੂਟ ਸੁ ਲੇਨਾ ॥੩੧॥
ਬਨਜੋਂ ਰਹਤਿ ਜੇ ਗੁਰੂ ਕੋ ਦਾਸ।
ਤੌ ਹਮ ਦੇਤਿ ਵਸਤੁ ਇਨ ਪਾਸ।
ਭਯੋ ਬਿਰਸ ਅਬਿ ਲੇਹੁ ਬਟੋਰਿ।
ਤੂਰਨ ਚਲੋ ਸਿਵਰ ਨਿਜ ਓਰ' ॥੩੨॥
ਦਯਾਰਾਮ ਆਸ਼ੈ ਲਖਿ ਪਾਯੋ।
ਸਭਿ ਤੰਬੋਲ ਇਕਠਾ ਕਰਿਵਾਯੋ।
ਤਤਛਿਨ ਹੁਇ ਸਵਧਾਨ ਬਿਸਾਲੇ।
ਵਸਤੁ ਸੰਭਾਰਨਿ ਗਨ ਹੁਇ[1] ਚਾਲੇ† ॥੩੩॥

[1]ਕੱਠੇ ਹੋਕੇ (ਸਾਰੇ)। †ਜਾਪਦਾ ਹੈ ਕਿ ਕੰਨੋਸੰਨੀ ਗਲ ਨੰਦਚੰਦ ਨੇ ਕੁੱਝ ਸੁਣ ਲਈ ਸੀ ਫਿਰ ਰਾਜੇ ਫਤਹ ਸ਼ਾਹ ਦੀ ਬੇ ਰੁਖੀ ਤੋਂ ਗੱਲ ਨਿਸ਼ਚੇ ਜਾਣ ਲਈ, ਫਿਰ ਵਕਤ ਸੰਭਾਲ ਲਿਆ, ਇਹ ਚਾਤੁਰਤਾ ਭਰੀ ਦੂਰੰਦੇਸ਼ੀ ਸੀ।

ਤੋਮਰ, ਤੁਪਕ, ਤਬਰ, ਤਰਵਾਰ।
ਹੁਇ ਸੁਚੇਤ ਹਾਥਨਿ ਮਹਿਂ ਧਾਰਿ।
ਹੁਇ ਇਕੱਤ੍ਰ ਡੇਰੇ ਚਲਿ ਆਏ।
ਤਤਛਿਨ ਜ਼ੀਨ ਤੁਰੰਗਮ ਪਾਏ ॥੩੪॥
ਤਯਾਰੀ ਕਰੀ ਅਰੂਢਨਿ ਹੇਤੁ।
ਹੁਇ ਸੁਚੇਤ ਬਹੁ ਸ਼ੀਘ੍ਰ ਸਮੇਤ।
ਦੋਨਹੁਂ ਸਮਧੀ ਮਿਲਿ ਜਬਿ ਥਿਰੇ।
ਬੋਲਨਿ ਮਿਲਨਿ ਪ੍ਰੇਮ ਤੇ ਭਰੇ ॥੩੫॥
ਧਾਇ ਨਰਨਿ ਸੁਧਿ ਤਬਹਿ ਸੁਨਾਈ।
'ਗੁਰ ਦਿਵਾਨ ਤਯਾਰੀ ਕਰਿਵਾਈ।
ਜੇਤਿਕ ਵਸਤੁ ਦੇਨ ਹਿਤ ਆਨੀ।
ਸਭਿ ਲੇ ਚਲਜੋ ਰਿਦੇ ਰਿਸ ਠਾਨੀ'

॥ ੩੬ ॥
ਭੀਮਚੰਦ ਕੈ ਛੋਭ ਬਿਸਾਲ।
ਕਰਤਿ ਸ਼ੀਘ੍ਰਤਾ ਕਹਿ ਤਿਸ ਕਾਲ।
'ਤੁਰਨ ਪਠਹੁ ਸੁਭਟ ਗਨ ਗਾਢੇ।
ਘਾਟਾ[1] ਰੋਕ ਲੇਹੁ ਦਿਢ ਠਾਂਢੇ ॥ ੩੭ ॥

[1]ਪਹਾੜਾਂ ਵਿੱਚ ਕੋਈ ਚੜ੍ਹਾਈ ਵਾਲਾ ਰਸਤਾ ਜੋ ਕਈ ਵੇਰ ਦੋ ਉੱਚੇ ਟਿੱਲਿਆਂ ਦੇ ਵਿੱਚ ਦੀ ਹੁੰਦਾ ਹੈ।

ਨਹਿਂ ਨਿਕਸਨਿ ਪਾਵਹਿਂ ਲਿਹੁ ਘੇਰੇ।
ਹਤਹੁ ਤੁਪਕ ਜਬਿ ਪਹੁੰਚੈ ਨੇਰੇ।
ਇਤਨ ਤੇ ਸਭਿ ਰਾਜਨ ਕੀ ਸੈਨਾ।
ਚਢਹਿ ਧਰਨਿ ਆਯੁਧ ਗਨ ਪੈਨਾ[1] ॥ ੩੮ ॥

[1]ਸਮੂਹ ਤਿੱਖੇ ਸ਼ਸਤ੍ਰ ਧਾਰਨ ਵਾਲੀ।

ਸੌ ਤੁਰੰਗ ਜੋ ਲਜਾਇ ਸੁਦਾਗਰ।
ਚਪਲ ਬਲੀ ਗੁਨ ਬ੍ਰਿੰਦ ਉਜਾਗਰ।
ਸਗਰੇ ਛੀਨ ਲੇਹੁ ਕਰਿ ਧਰਿ ਧਰਿ।
ਸ਼ਸਤ੍ਰ ਖਸੋਟਹੁ ਦੀਨਸਿ ਕਰਿ ਕਰਿ[1] ॥ ੩੯ ॥

[1]ਉਨ੍ਹਾਂ ਨੂੰ ਦੀਨ ਕਰ ਕਰਕੇ। (ਅ) ਹੱਥੋ ਹੱਥੀ।

ਪੁਨ ਘਾਟੇ ਤੇ ਵਹਿਰ ਨਿਕਾਸਹੁ।
ਹੁਇ ਸਨਮੁਖ[1] ਹਤਿ ਸ਼ਸਤ੍ਰ ਬਿਨਾਸਹੁ।
ਵਸਤੁ ਜਾਨੇ ਦੇਹੁ ਨ ਕੋਈ।
ਨਗਨ ਸੀਸ ਕਰਿ ਭੇਜੋ ਸੋਈ' ॥ ੪੦ ॥

[1]ਜੋ ਮੁਕਾਬਲਾ ਕਰੇ ਉਸ ਨੂੰ.....।

ਫਤੇਸ਼ਾਹ, ਸਮਧੀ ਤੇ[1] ਸੁਨਿ ਕਰਿ।
-ਲੇ ਸਭਿ ਚਲੇ- ਜਾਨਿ, ਇਮ ਰਿਸ ਧਰ।
ਕਰਜੋ ਹੁਕਮ 'ਘਾਟਾ ਲਿਹੁ ਰੋਕ।
ਘੇਰਹੁ ਚਢਿ ਕਰਿ ਭਲੇ ਬਿਲੋਕਿ ॥ ੪੧ ॥

[1]ਕੁੜਮ ਤੋਂ।

ਛੀਨ ਲੇਹੁ ਸਭਿ ਤਿਨ ਕੋ ਡੇਰਾ।
ਜਿਨਹੁਂ ਨਹੀਂ ਡਰ ਮਾਨਯੋਂ ਮੇਰਾ।
ਆਨਯੋ ਬਡ ਤੰਬੋਲ ਨਹਿਂ ਦੀਨਿ।
ਕੋਪ ਜਨਾਵਤਿ ਚਲਿਬੋ ਕੀਨਿ' ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਜਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

## ੧੭. [ਘਾਟ ਲੰਘਣਾ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਸੁਨਤਿ ਗਿਰਿੰਦਨ ਹੁਕਮ ਕੋ, ਸੁਭਟ ਪੰਚ ਸੈ ਜਾਇ।
ਘਾਟਾ ਰੋਕਯੋ ਅੱਗ੍ਰ ਤੇ, ਮਹਾਂ ਬਿਖਮ ਜਿਸ ਥਾਇਂ ॥੧॥

ਚੌਪਈ:

ਪੁਨ ਸਭਿ ਦਲ ਮਹਿਂ ਬਜੇ ਨਗਾਰੇ।
ਜੋਧਾ ਸਨਧਬੱਧ ਭੇ ਸਾਰੇ।
[1] 'ਸ਼ਸਤ੍ਰ ਗਹੈਂ ਜੇ ਸਨਮੁਖ ਹੋਇ।
ਤੌ ਹਤਿ ਦੇਇ, ਦੋਸ਼ ਨਹਿਂ ਕੋਇ ॥੨॥
ਜੇ ਹਥੀਆਰਨ ਮਹਿਂ ਦੇਂ ਡਾਰ[1]†।
ਹਾਥਨਿ ਜੋਰਹਿਂ ਮਾਨਹਿਂ ਹਾਰ।
ਛੀਨ ਛੀਨ ਤਬਿ ਦੇਹੁ ਨਿਕਾਸੀ†।'
ਸਭਿ ਸੁਭਟਨਿ ਮਹਿਂ ਏਵ ਪ੍ਰਕਾਸ਼ੀ ॥੩॥
ਸਤਿਗੁਰ ਦਲ ਮਹਿਂ ਸੁਧਿ ਤਬਿ ਗਈ।
'ਦੇਖਹੁ ਕਹਾਂ ਚਮੂੰ ਬਡ ਅਈ।
ਸੁਭਟ ਪੰਚ ਸੈ ਗਏ ਅਗਾਰੀ।
ਘਾਟਾ ਰੋਕਯੋ ਦ੍ਰਿੜ੍ਹਤਾ ਧਾਰੀ ॥੪॥
ਘੇਰਾ ਪਰਯੋ ਤੁਮਹਿਂ ਚਹੁੰਫੇਰੇ।
ਮੁਸ਼ਕਲ ਨਿਕਸਨਿ ਬਨੈ ਅਗੇਰੇ।
ਜੇ ਉਪਾਇ ਤੁਮ ਤੇ ਬਨਿ ਆਵੈ।
ਕਰਿ ਲੀਜੈ ਨਤੁ ਦਲ ਅਬਿ ਆਵੈ' ॥੫॥
ਸੁਨਿ ਸਚਿੰਤ ਸਭਿ ਕੇ ਮਨ ਹੋਏ।
ਰੁਕਿਬੇ ਤੇ ਡਰ ਧਰਿ ਸਭਿ ਕੋਏ।
'ਉਲੰਘਨ ਬਨਯੋ ਕਠਨ ਅਬਿ ਘਾਟਾ।
ਰਿਪੁ ਦਲ ਹਮ ਜਿਮ ਲੋਨ ਰੁ ਆਟਾ[1] ॥੬॥
ਕਵਨ ਜਤਨ ਹੁਇ ਚਹੁਂ ਦਿਸ਼ਿ ਘਿਰੇ।
ਗਿਰਪਤਿ ਕ੍ਰਿਤਘਨ ਸਭਿ ਮਨ ਫਿਰੇ।
ਜੇ ਕਰਿ ਘਾਟਾ ਹ੍ਵੈ ਨ ਅਗਾਰੇ।
ਤੌ ਹਮ ਜਾਹਿਂ ਸ਼ਸਤ੍ਰ ਰਿਪੁ ਮਾਰੇ' ॥੭॥

[1]ਇਹ ਹੁਕਮ ਮਿਲਿਆ ਸੈਨਾ ਨੂੰ।

[1]ਜੇ ਹਥਿਆਰ ਧਰਤੀ ਤੇ ਸੁੱਟ ਦੇਣ। (ਅ) (ਜੇ ਹਥੀਆ = ਜੇ ਹਥਯਾਰ ਰਣ ਵਿੱਚ ਸਿੱਟ ਦੇਣ। †ਪਾ:-ਕਹਿ ਲੇ ਡਾਰ।

†ਕਿਤਨੀ ਨੀਚਤਾ ਹੈ ਕਿ ਆਪ ਦਿੱਤਾ ਨਿਉਂਦ੍ਵਾ ਤਾਂ ਨ ਲਓ ਪਰ ਲੁੱਟ ਕੇ ਲੈ ਲਓ।

[1]ਆਟੇ ਵਿੱਚ ਲੂਣ।

ਦਯਾਰਾਮ ਅਰੁ ਆਦਿ ਦਿਵਾਨ।
ਮਿਲਿ ਮਿਲਿ ਮਸਲਤ ਕਰਹਿਂ ਬਖਾਨ।
ਇਕ ਸਿਖ ਗੁਰ ਸ਼ਰਧਾਲੁ ਬਡੇਰਾ।
ਸਭਿ ਮਹਿਂ ਕਰਜੋ ਬਾਕ ਤਿਸ ਬੇਰਾ ॥੮॥
'ਜਬਿ ਤੁਮ ਭਏ ਤਜਾਰ ਇਤ ਆਵਨ।
-ਗਿਰਪਤਿ ਰਿਪੁ ਹੈਂ- ਕਰੇ ਬਤਾਵਨਿ[1]।

[1]'ਜਦੋਂ ਤੁਸਾਂ ਗੁਰਾਂ ਨੂੰ) ਦੱਸਿਆ ਸੀ ਕਿ (ਕਈ) ਰਾਜੇ ਵੈਰੀ ਹਨ (ਤੇ ਉਥੋਂ ਆਉਣਾ ਮੁਸ਼ਕਲ ਹੋਵੇਗਾ)।

ਸੰਸੈ ਲਖਜੋ ਤੁਮਾਰੇ ਉਰ ਕੋ।
ਤਬਿ ਇਮ ਬਾਕ ਭਯੋ ਸਤਿਗੁਰ ਕੋ ॥੯॥
-ਆਪਾ ਨਹੀਂ ਜਨਾਵਨ ਕਰੀਅਹਿ।
ਏਕ ਭਰੋਸਾ ਗੁਰ ਕੋ ਧਰੀਅਹਿ।
[1]'ਜਿਸ ਪ੍ਰਭੁ ਨੇ ਹਮ ਕਰੇ ਪਠਾਵਨ।
ਸੋ ਸਤਿਗੁਰ ਹਮ ਕਰਿਹੈ ਲਜਾਵਨਿ- ॥੧੦॥

[1]ਇਹ ਭਰੋਸਾ ਕਰਨਾ ਕਿ....।

ਇਮ ਕਲ਼ਗੀਧਰ ਪਠਿਵਤਿ ਕਹਜੋ।
ਸੋ ਕਿਮ ਨਹਿ ਸਿਮਰਤਿ? ਦੁਖ ਲਹਜੋ[1]।

[1]ਸੋ (ਵਾਕ) ਕਿਉਂ ਨਹੀਂ ਯਾਦ ਕਰਦੇ (ਵਾਕ ਨੂੰ ਭੁਲਾਕੇ ਹੀ) ਦੁੱਖ ਲੈ ਰਹੇ ਹੋ।

ਸਭਿ ਤਜੀਅਹਿ ਚਿੰਤਾ ਸੰਦੇਹੂ।
ਕਜੋ ਨਹਿ ਉਠਹੁ ਨਾਮ ਗੁਰ ਲੇਹੂ' ॥੧੧॥
ਸਿਖ ਕੋ ਬਾਕ ਸ਼੍ਰਵਣ ਸਭਿ ਧਰਜੋ[1]।
ਬਿਸਰਜੋ ਦਰਬ ਮਨਹੁ ਕਰ ਪਰਜੋ।

[1]ਮਾਨੋਂ ਭੁੱਲਿਆ ਹੋਇਆ ਧਨ ਫੇਰ ਹੱਥ ਆ ਗਿਆ।

ਸਭਿ ਕੇ ਰਿਦੈ ਭਰੋਸਾ ਭਯੋ।
'ਜੈ ਸਤਿਗੁਰ ਕੀ' ਬਚ ਕਹਿ ਦਯੋ ॥੧੨॥
ਭਏ ਸੱਨਧਬੱਧ ਭਟ ਸਾਰੇ।
ਸਕਲ ਸਮਾਜ ਬਿਲੋਕਿ ਸੰਭਾਰੇ।
ਘੋਰਨ ਪਰ ਹ੍ਵੈ ਕੈ ਅਸਵਾਰਾ।
ਤੁਰਤ ਪਯਾਨੇ[1] ਬਜਜੋ ਨਗਾਰਾ ॥੧੩॥

[1](ਸਿਖ) ਛੇਤੀ ਤੁਰ ਪਏ।

ਖਟਸੈ ਤੁਰੰਗ ਬਜਤਿ ਹੈਂ ਪੌਰ[1]।

[1]ਛੇ ਸੌ ਘੋੜਿਆਂ ਦੇ ਕਦਮਾਂ ਦਾ ਸ਼ਬਦ ਹੁੰਦਾ ਹੈ (ਪੰਜ ਸੌ ਆਪਣਾ ਤੇ ਸੌ ਸੁਦਾਗਰ ਵਾਲੇ ਘੋੜਿਆਂ ਦਾ)।

ਛੋਰਿ ਤੁਫੰਗਨਿ ਗਨ ਤਿਸ ਠੌਰ।
ਹਯਨਿ ਕੁਦਾਵਤਿ ਆਗੇ ਗਏ।

ਘਾਟਾ ਜਾਇ ਬਿਲੋਕਤਿ ਭਏ ॥੧੪॥
ਕੁਛ ਈਖਦ ਹੀ ਆਇ ਪਹਾਰੀ[1]।
ਪਾਛੇ ਆਵਤਿ ਉਮਡੇ ਭਾਰੀ।
ਨੰਦਚੰਦ ਅਵਿਲੋਕਿ ਅਨੰਦਯੋ।
ਲੇ ਗੁਰ ਨਾਮ ਬੰਦਿ ਕਰ ਬੰਦਯੋ ॥੧੫॥
-ਚਢਤਯੋਂ ਬਿਲਮ ਲਗਤਿ ਕੁਛ ਔਰ।
ਤੌ ਮਿਲਿ ਜਾਤਿ ਸੁਭਟ ਇਸ ਠੌਰ।
ਜਿਮ ਪਪੀਲਕਾ ਲਾਗਯੋ ਲਾਰਾ।
ਆਵਤਿ ਬੀਰ ਬਿਲੰਦ ਹਜ਼ਾਰਾ ॥੧੬॥
ਘਾਟਾ ਰੁਕਤਿ ਹੋਤਿ ਤਕਰਾਈ।
ਤੌ ਮੁਸ਼ਕਲ ਹਮ ਉਲੰਘਨਿ ਪਾਈ।
ਆਨਿ ਭਏ ਸਤਿਗੁਰੁ ਸਹਾਈ।
ਮਤਿ ਹੀਨੇ ਕੀਨੇ ਰਿਪੁ ਰਾਈ[1]- ॥੧੭॥
ਇਮ ਲਖਿ ਨਿਜ ਸੁਭਟਨਿ ਲਲਕਾਰਯੋ।
'ਸ਼ੱਤ੍ਰਨਿ ਦਲ ਕੁਛ ਅਲਪ ਨਿਹਾਰਯੋ[1]।
ਹਤਹੁ ਤੁਰੰਗਨ, ਤੁਰਤ ਪਲਾਵਹਿਂ।
ਜੋ ਬਿਲਮਹੁ ਤੌ ਅਰਿ ਗਨ ਆਵਹਿਂ[1] ॥੧੮॥
ਸਤਿਗੁਰ ਭਏ ਸਹਾਇ ਤੁਮਾਰੇ।'
ਇਮ ਕਹਿ ਧਨੁ ਤੇ ਸਰ ਗਨ ਮਾਰੇ।
ਛੁਟੀ ਤੁਰੰਗਨ ਭਾ ਭਟ ਭੇਰੇ।
ਹੇਲਾ ਕਰਯੋ ਮਿਲੇ ਤਿਸ ਬੇਰੇ ॥੧੯॥
ਨੰਦਚੰਦ ਲੇ ਬੀਰ ਬਡੇਰੇ।
ਭਯੋ ਅੱਗ੍ਰ ਧਰਿ ਧੀਰ ਘਨੇਰੇ।
ਜਹਿਂ ਪਹਾਰੀਏ ਤੁਪਕ ਚਲਾਵਹਿਂ।
ਤਿਨ ਕੇ ਸਮੁਖ ਚਲੇ ਸਭਿ ਜਾਵਹਿ ॥੨੦॥
ਪਾਛੇ ਦਯਾਰਾਮ ਹੁਇ ਠਾਂਢੋ।
ਛੋਰੈ ਤੀਰ ਬੀਰ ਬਰ ਗਾਢੋ।
ਗਿਰਪਤਿ ਸੈਨਾ ਪਹੁੰਚੀ ਜਹਿਂ ਜਹਿਂ[1]।
ਚਲਹਿ ਤੁਪਕ ਪਿਖਿ ਠਾਢੀ ਤਹਿਂ ਤਹਿਂ[1]

[1]ਭਾਵ ਘਾਟੇ ਪਰ ਅੱਗੇ ਤਾਂ ਥੋੜੇ ਹੀ ਪਹਾੜੀਏ ਅਜੇ ਪਹੁੰਚੇ ਸਨ।

[1]ਵੈਰੀ ਰਾਜੇ।

[1]ਨਜ਼ਰ ਪੈਂਦਾ ਹੈ।

[1]ਪਿੱਛੋਂ) ਬਹੁਤ ਵੈਰੀ ਆ ਜਾਣਗੇ।

[1]ਜਿੱਥੇ ਜਿੱਥੇ ਪਹੁੰਚੀ ਹੋਈ ਸੀ।

[1]ਬੰਦੂਕਾਂ ਚਲਦੀਆਂ ਦੇਖਕੇ ਓਥੇ ਓਥੇ ਹੀ ਖੜੀ ਹੋ ਗਈ।

॥੨੧॥

| | |
|---|---|
| [1]-ਸਨਮੁਖ ਹਤਨਿ ਲਗੇ ਸਭਿ ਗੋਰੀ। | [1]ਘਾਟੇ ਪਰ ਖੜੋਤੇ ਪਹਾੜੀਏ ਸਿਪਾਹੀ ਸੋਚਦੇ ਹਨ ਕਿ:- |
| ਹੁਇ ਇਕੱਤ੍ਰ ਸੇ ਨਿਜ ਨਿਜ ਓਰੀ[1]। | [1]ਜਿੰਨੇ ਕੁ (ਸਿੱਖ ਕਠੇ ਹੋ ਗਏ ਹਨ ਸਾਹਮਣਿਓਂ ਆਪੋ ਆਪ ਗੋਲੀਆਂ ਮਾਰ ਰਹੇ ਹਨ। |
| ਬੰਧਹਿ ਟੋਲ ਕਰਹਿੰਗੇ ਰਨ ਕੋ[1]। | [1]ਜਿਸ ਵੇਲੇ) ਟੋਲ ਬੱਝ ਗਿਆ (ਸਾਰੇ ਇਕੱਠੇ ਹੋ ਗਏ ਤਾਂ ਅਸਾਂ ਨਾਲ) ਜੰਗ ਕਰਨਗੇ। |
| ਲਾਰਾ ਪਰਜੋ ਹਟਜੋ ਰਿਪੁ ਗਨ ਕੋ[1] ॥੨੨॥ | [1]ਵੈਰੀਆਂ ਦੀ ਵਹੀਰ ਪੈ ਗਈ ਹੈ ਤੇ ਸਾਰੇ ਇਧਰ ਨੂੰ ਹਟੇ ਆ ਰਹੇ ਹਨ। |
| ਜੇ ਘਾਟੇ ਪਰ ਪਹੁੰਚਤਿ ਭਏ। | |
| ਤੇਈ ਤਹਿਂ ਇਕਠੇ ਹ੍ਵੈ ਗਏ[1]। | [1]ਜੋ ਜੋ ਘਾਟੇ ਪਰ ਪਹੁੰਚੇ ਹਨ ਉਹ ਇਕੱਠੇ ਹੋ ਗਏ ਹਨ। |
| ਹਮ ਢਿਗ ਨਹਿਂ ਸਹਾਇਤਾ ਆਈ। | |
| ਗੁਰ ਦਲ ਨੇ ਕਰਿ ਬਲ† ਅਟਕਾਈ- ॥੨੩॥ | †ਪਾ:-ਥਲ ਥਲ। |
| ਇਮ ਬਿਚਾਰਿ ਕਰਿ ਤ੍ਰਾਸ ਬਡੇਰਾ। | |
| ਸਤਿਗੁਰ ਦਲ ਕੌ ਰਖਜੋ, ਘਨੇਰਾ[1]। | [1]ਇਉਂ ਵਿਚਾਰ ਕੇ ਸਤਿਗੁਰ ਦਲ ਦਾ ਬਹੁਤ ਡਰ ਧਾਰਿਆ (ਤੇ ਬੋਲੇ ਕਿ) ਘਨਾ (ਦਲ)....। |
| ਸਨਮੁਖ ਆਵਤਿ ਚਲਜੋ ਹਮਾਰੇ। | |
| ਬ੍ਰਿੰਦ ਤੁਫੰਗਨ ਕਰਤਿ ਪ੍ਰਹਾਰੇ ॥੨੪॥ | |
| ਨਹਿਂ ਘਾਟੇ ਪਰ ਹਮ ਤੇ ਰੁਕੈਂ। | |
| ਗਨ ਗੋਰੀ ਮਾਰਹਿ ਨਹਿਂ ਚੁਕੈਂ। | |
| ਕਜੋਂ ਨਾਹਕ ਤੁਮ ਦੇਤੇ ਪ੍ਰਾਨ। | |
| ਇਕ ਦਿਸ਼ਿ ਥਿਰਹੁ ਬਨੇ ਸਵਧਾਨ ॥੨੫॥ | |
| ਮਗ ਦਿਹੁ ਛੋਰਿ ਚਲੇ ਇਹ ਜਾਵੈਂ। | |
| ਰੁਕਹਿ ਤਬਹਿ ਜਬਿ ਗਿਰਪਤਿ ਆਵੈਂ[1]। | [1]ਇਹ ਤਾਂ ਤਾਂਹੀ ਰੁਕਣਗੇ ਜੇ ਰਾਜੇ ਆ ਪਹੁੰਚਣ। |
| ਹਮ ਹੈਂ ਅਲਪ ਰਹਜੋ ਦਲ ਪਾਛੇ। | |
| ਕਿਮ ਇਨ ਸਨ ਲਰਿਬੋ ਚਿਤ ਬਾਂਛੇ' ॥੨੬॥ | |
| ਜਹਿਂ ਜਹਿਂ ਹੁਤੇ ਭਏ ਥਿਰ ਤਹਾਂ। | |
| ਰਣ ਪਰਿਬੇ ਤੇ ਸੁਕਚਤਿ ਮਹਾਂ। | |
| ਭਟ ਘਾਟੇ ਪਰ ਗਿਨ ਇਮ ਗਟੀ। | |
| ਲਟੀ ਧੀਰ[1], ਮਗ ਛੋਡਨਿ ਠਟੀ ॥੨੭॥ | [1]ਘਾਟੇ ਪਰ (ਖਟ ਪਹਾੜੀ ਸੂਰਮਿਆਂ ਦੀ) ਇਉਂ ਗਿਣਤੀ ਗਿਣ ਕੇ ਧੀਰਜ ਛੁਟ ਗਈ। |
| ਹਟਿ ਹਟਿ ਸਨੇ ਸਨੇ ਪਿਛਵਾਈ। | |

ਰਾਖੀ ਤਜਾਰ ਨ ਤੁਪਕ ਚਲਾਈ।
-ਮਤ ਹਮਰੇ ਊਪਰ ਅਰਿ ਆਵੈ।
ਤਬਿ ਇਕ ਬਾਰਿ ਮਾਰ ਹਟਕਾਵੈਂ- ॥੨੮॥
ਭਟਨਿ ਆਗਲੇ ਜਬਿ ਅਸ ਕਰੀ।
ਪਿਛਲੀ ਚਮੂੰ ਸੁਥਲ ਥਲ ਥਿਰੀ[1]। [1]ਆਪੋ ਆਪਣੀ ਥਾਂ ਥਾਂ ਤੇ ਖੜੀ ਰਹੀ।
ਤੁਪਕ ਦੂਰ ਤੇ ਖਰੇ ਚਲਾਵਹਿਂ।
ਗਮਨਤਿ ਲਖਹਿਂ[1], ਨ ਆਗੇ ਆਵਹਿਂ ॥੨੯॥ [1](ਗੁਰੂ ਜੀ ਦੀ ਸੈਨਾ ਨੂੰ) ਜਾਂਦਿਆਂ ਵੇਖਦੇ ਹਨ, ਪਰ......।
ਇਮ ਪਹਾਰੀਅਨ ਜਬਿ ਮਤਿ ਮਾਰੀ।
ਕੋ ਭੂਪਤਿ ਨਹਿਂ ਜਿਨਹੁ ਮਝਾਰੀ।
ਨੰਦਚੰਦ ਭਟ ਬ੍ਰਿੰਦ ਅਨੰਦਜੋ।
'ਜੈ ਪ੍ਰਾਪਤਿ ਰਿਪੁ ਬਿਨਾ ਨਿਕੰਦਜੋ[1]' ॥੩੦॥ [1]ਵੈਰੀ ਮਾਰੇ ਬਿਨਾਂ ਫਤਹ ਮਿਲ ਗਈ।
ਪੁੰਜ ਤੁਫੰਗਨਿ ਚਲੇ ਚਲਾਵਤਿ।
ਸਾਵਧਾਨ ਘਾਟੇ ਮਗ ਜਾਵਤਿ।
ਪਿਖਹਿਂ ਪਹਾਰੀ ਅਰਹਿ ਨ ਕੋਈ।
ਖਟ ਸੈ ਸੁਭਟ ਗੋਲ[1] ਇਕ ਹੋਈ ॥੩੧॥ [1]ਟੋਲਾ।
ਸਭਿ ਵਸਤੂ ਕਰਿ ਅਪਨਿ ਮਝਾਰੀ[1]। [1]ਵਿਚਾਲੇ ਕਰਕੇ।
ਗਮਨਤਿ ਘਾਟੇ ਉਲੰਘਿ ਅਗਾਰੀ।
ਕੋ ਸ਼ੱਤ੍ਰੂ ਹੁਇ ਸਕਹੋ ਨ ਨੇਰੇ।
ਤਬਿ ਅਰਨੋ[1] ਹੁਇ ਕਹਾਂ ਅਗੇਰੇ ॥੩੨॥ [1]ਅੜਨਾ, ਮੁਕਾਬਲਾ ਕਰਨਾ।
ਸਕਲ ਸੰਭਾਰਤ ਉਲੰਘਤਿ ਘਾਟਾ।
ਸੁਭਟ ਥਿਰੇ ਤਬਿ ਕਰਨ ਜੁ ਠਾਟਾ[1]। [1]ਸਫ ਬੰਨ੍ਹਕੇ ਟੁਰਨ ਲਈ (ਰਤਾ ਕੁ) ਠਹਿਰੇ।
ਸਨੇ ਸਨੇ ਸਭਿ ਅਪਨ ਬਿਹੀਰ।
ਕਰਹਿਂ ਚਲਾਵਨਿ ਬੀਰ ਸਧੀਰ[1] ॥੩੩॥ [1]ਭਾਵ ਨੰਦ ਚੰਦ ਜੀ।
ਪਾਛੇ ਦਯਾਰਾਮ ਕਰਿ ਟੋਲ।
ਸਨੇ ਸਨੇ ਆਵਤਿ ਬਡ ਬੋਲਿ।
ਨਿਜ ਬਲ ਕੋ ਜਨਾਇ ਕਰਿ ਭਲੇ।
ਸਭਿਨਿ ਸੰਭਾਰਿਤ ਆਗੂ ਚਲੇ ॥੩੪॥
ਕਹਿ ਕਹਿ ਸਤਿਗੁਰ ਕੋ ਜੈਕਾਰ।
ਧੁਨਿ ਊਚੀ ਸਭਿ ਕੇ ਸ਼ੁਤਿ ਡਾਰਿ।

ਘਾਟਾ ਨਿਕਸਤਿ ਪੰਥ ਪਯਾਨੇ।
ਅਰੇ ਪਹਾਰੀ ਗੋਰਨ ਹਾਨੇ ॥੩੫॥
ਕਿਤਿਕ ਮਰੇ ਕਾਤੁਰ ਪਿਖਿ ਡਰੇ।
ਸ਼੍ਰੋਣਤਿ ਲਿਪਟੇ ਭੂਤਲ ਪਰੇ।
ਜੇ ਘਾਇਲ ਅਪਨੇ ਹੁਇ ਗਏ।
ਤਿਨਹੁੰ ਉਠਾਇ ਸੰਗ ਸਭਿ ਲਏ ॥੩੬॥
ਬਿਜੈ ਪਾਇ ਆਏ ਚਲਿ ਦੂਰ।
ਜਾਨਜੋ ਹਾਜ਼ਰ ਗੁਰੂ ਹਜ਼ੂਰ[1]।
ਕ੍ਰਮ ਕ੍ਰਮ ਸਕਲ ਪੰਥ ਉਲੰਘਾਏ।
ਨਗਰ ਪਾਂਵਟਾ ਗੜ੍ਹ ਨਿਯਰਾਏ ॥੩੭॥
ਦੁੰਦਭਿ ਊਚੀ ਧੁਨੀ ਬਜਾਵਤਿ।
ਨਿਕਟਿ ਦੂਰ ਕੇ ਨਰਨਿ ਸੁਨਾਵਤਿ।
ਪਹੁੰਚੇ ਸਤਿਗੁਰ ਕਹਿ ਜੈਕਾਰਾ।
ਉਤਰ ਪਰੈ ਸਗਲੇ ਅਸਵਾਰਾ ॥੩੮॥
ਪ੍ਰਭੁ ਨਿਕਟ ਜਬਿ ਸੁਧਿ ਪਹੁੰਚਾਈ।
ਸੁਨਿ ਦਿਵਾਨ ਦਿਜ[1] ਲਿਏ ਬੁਲਾਈ।
ਸੰਗ ਸੁਭਟਨ ਸਮੂਹ ਸਿਧਾਰਜੋ।
ਮੁਦਤਿ ਸਭਨਿ ਗੁਰ ਦਰਸ ਨਿਹਾਰਜੋ ॥੩੯॥
ਪਦ ਅਰਬਿੰਦਨ ਪਰ ਸਿਰ ਧਰਿ ਧਰਿ।
ਮੁਖ ਕੌ ਨਿਰਖਤਿ[1] ਮੁਦ ਉਰ ਭਰਿ ਭਰਿ।
ਮੁਸਕਾਵਤਿ ਸੁੰਦਰ ਦੁਤਿ ਦੇਤ।
ਬੋਲੇ ਸਤਿਗੁਰ ਆਦਰ ਹੇਤੁ ॥੪੦॥
'ਆਵਹੁ ਦਿਜ, ਦਿਵਾਨ! ਦਿਹੁ ਸੁਧਿ ਕੌ।
ਪਰਖਜੋ ਜਥਾ ਗਿਰੇਸ਼੍ਰਨ ਬੁਧਿ ਕੌ।
ਕਿਮ ਸਨਮਾਨ ਤੁਮਾਰੋ ਰਾਖਾ।
ਆਵਤਿ ਜਾਤਿ ਕਹਾਂ ਬਚ ਭਾਖਾ ॥੪੧॥
ਭੀਮਚੰਦ ਕਹਿਲੂਰੀ ਗਯੋ।
ਕਿਸ ਬਿਧਿ ਕੋ ਰਸ ਰਾਖਤਿ ਭਯੋ।
ਤੁਮ ਸਨ ਬੋਲਤਿ ਭਯੋ ਕਿ ਨਾਂਹਿ?
ਉਤਸਵ ਬਿਖੈ ਮਿਲੇ ਹੁਇ ਪਾਹਿ ॥੪੨॥
ਫਤੇਸ਼ਾਹ ਕੌ ਰੁਖ ਕਿਮ ਦੇਖਾ?

[1]ਗੁਰੂ ਜੀ ਨੂੰ ਹਾਜ਼ਰਾ ਹਜ਼ੂਰ ਜਾਣਿਆਂ।

[1]ਨੰਦ ਚੰਦ ਤੇ ਦਯਾ ਰਾਮ।

[1]ਦੇਖਦੇ ਹਨ।

ਹਮ ਸੋਂ ਰਸ ਕੈ ਬਿਰਸ ਪਰੇਖਾ।
ਕਿਸ ਪ੍ਰਕਾਰ ਵਰਤਜੋ ਤੁਮ ਸੰਗਾ?'
ਦਿਜ ਦਿਵਾਨ ਸਭਿ ਕਹਜੋ ਪ੍ਰਸੰਗਾ
॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਦੀਵਾਨ ਪੁਰੋਹਤ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥੧੭॥

## ੧੮. [ਨੰਦ ਚੰਦ ਦਾ ਆਉਣਾ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਸੁਨਿ ਕਲਗ਼ੀਧਰ ਪ੍ਰਸ਼ਨ ਕੋ, ਨੰਦ ਚੰਦ ਕਰ ਬੰਦਿ।
ਬਰਨਨ ਕਰਜੋ ਪ੍ਰਸੰਗ ਸਭਿ, ਕਥਾ† ਗਿਰੇਂਦ੍ਰਨ ਬ੍ਰਿੰਦ[1] ॥੧॥

[1]ਸਾਰੇ ਪਹਾੜੀਆਂ ਦੀ ਕਥਾ ਦਾ ਪ੍ਰਸੰਗ। †ਪਾ:-ਸੋ ਭਏ।

ਚੌਪਈ:

'ਹੌਂ ਅਲਪੱਗ ਲਾਜ ਉਰ ਲਾਗੇ।
ਤੁਮਰੀ ਬਾਤ ਕਹੌਂ ਤੁਮ ਆਗੇ।
ਜੇ ਗਿਰਪਤਿ ਹੈਂ ਮੂਢ ਗੁਮਾਨੀ।
ਸਾਥ ਰਾਵਰੇ ਬੈਰ ਮਹਾਨੀ ॥੨॥
ਤਊ ਆਪ ਕੇ ਬੂਝਨ ਕਰੇ।
ਕਹਿਬੇ ਕੋ ਮਮ ਚਿਤ ਅਨੁਸਰੇ।
ਕ੍ਰਿਪਾ ਧਾਰਿ ਤੁਮ ਦਾਇਜ ਦੀਨਾ।
ਹਮ ਕੌ ਨ੍ਰਿਪ ਢਿਗ ਭੇਜਨਿ ਕੀਨਾ ॥੩॥
ਮਿਲੇ ਜਾਇ ਆਦਰ ਬਡ ਠਾਨਾ।
ਹਮ ਕਹਿ ਸਿਵਰ ਕੀਨਿ ਮੈਦਾਨਾ।
ਰਾਵਰ ਰੋਕਿ ਬਰਾਤ ਹਟਾਈ।
ਸੁਧਿ ਸਭਿ ਸ੍ਰੀ ਨਗਰੈ ਸੁਨਿ ਪਾਈ ॥੪॥
ਭਏ ਤਯਾਰ ਹਮ ਆਵਨਿ ਇਤ ਕੋ।
ਰਾਖੇ ਫਤੇਸ਼ਾਹ ਕਰਿ ਹਿਤ ਕੋ।
-ਹੋਇ ਗਿਰੇਸ਼ਨ ਮੇਲ ਬਿਸਾਲਾ।
ਇਹ ਤੰਬੋਲ ਬਡ ਦਿਹੁ ਤਿਸ ਕਾਲਾ ॥੫॥
ਪਸਰਹਿ ਸੁਜਸੁ ਸਤਿਗੁਰੁ ਕੇਰਾ।
ਤਿਨ ਕੇ ਸਾਥ ਹੋਇ ਬਡ ਮੇਰਾ।
ਵਸਤੁ ਅਜਾਇਬ ਕੋ ਸਭਿ ਹੇਰਹਿਂ।
ਵਧਹਿ ਵਜਾਹਿ ਉਤਸਾਹ ਘਨੇਰਹਿ- ॥੬॥
ਇੱਤ੍ਯਾਦਿਕ ਮ੍ਰਿਦੁ ਬਾਕ ਬਖਾਨਹਿ।
ਸੁਨਿ ਹਮ ਰਹੇ, ਨੀਕ ਕਰਿ ਜਾਨਹਿਂ।
ਦਿਵਸ ਕਿਤਿਕ ਮਹਿਂ ਆਇ ਬਰਾਤੀ।
ਕਰਜੋ ਢੁਕਾਉ ਖਰਚ ਧਨ ਥਾਤੀ ॥੭॥

ਨਿਜ ਨਿਜ ਰੀਤਿ ਕੀਨਿ ਦਿਸ਼ਿ ਦੋਊ।
ਭਏ ਮੁਦਤਿ ਚਿਤ ਮਹਿਂ ਸਭਿ ਕੋਊ।
ਦਾਇਜ ਦੇਨ ਦਿਵਸ ਜਬਿ ਆਯੋ।
ਪਠਿ ਮਾਨਵ ਕੋ ਹਮਹਿਂ ਬੁਲਾਯੋ ॥੮॥
ਦਯੋ ਆਪ† ਕੋ ਹਮ ਲੈ ਗਏ।
ਫਰਸ਼ ਬਿਸਾਲ ਡਾਸਿ ਤਬਿ ਦਏ।
ਵਸਤੁ ਅਜਾਇਬ ਜਬਿ ਦਿਖਰਾਈ।
ਸਰਬ ਗਿਰਿੰਦ੍ਰਨਿ ਦ੍ਰਿਸ਼ਟਿ ਲਗਾਈ ॥੯॥
ਊਚ ਨੀਚ ਤਬਿ ਲਗੇ ਸਰਾਹਨਿ।
ਜਿਹ ਸਮ ਨ੍ਰਿਪ ਦਾਇਜ ਭੀ ਨਾਂਹਿਨ।
ਭੀਮਚੰਦ ਉਰ ਆਨੰਦ ਭਰੇ।
ਮਨੁਖ ਸਮੀਪੀ ਬੂਝਨਿ ਕਰੇ ॥੧੦॥
-ਪ੍ਰਿਥਕ ਦਿਖਾਇਵ[1] ਇਹ ਕਿਸ ਕੇਰਾ?
ਜਿਸ ਪਰ ਲਾਗਜੋ ਮੋਲ ਘਨੇਰਾ-।
ਤਬਿ ਲੌਂ ਭਾਟ ਪੁਕਾਰਿ ਸੁਨਾਯੋ।
-ਇਹ ਤੰਬੋਲ ਸਤਿਗੁਰੂ ਪਠਾਯੋ- ॥੧੧॥
ਸੁਨਿ ਖੁਨਸਜੋ ਮਨ, ਮੂਰਖ ਮਾਨੀ।
ਸਮਧੀ ਸਨ ਕਹਿ ਕਠਨ ਬਖਾਨੀ।
- ਦੁਸ਼ਮਨ ਅਧਿਕ ਬਿਘਨ ਜਿਸ ਕਿਯੋ।
ਇਤੁ ਐਬੇ ਕੋ ਪੰਥ ਨ ਦਿਯੋ ॥੧੨॥
ਤਿਸ ਕੇ ਸੰਗ ਸਖਾਪਨ ਠਾਨਾ।
ਇਹ ਭੀ ਮੇਰੋ ਸ਼ੱਤ੍ਰੁ ਮਹਾਨਾ।
ਡੇਰਾ ਤਜਾਗਿ ਚਲਹੁ ਨਿਜ ਦੇਸ਼-।
ਇਮ ਕਹਿ ਕੀਨਸਿ ਕੋਪ ਵਿਸੇਸ਼ ॥੧੩॥
ਤਬਹਿ ਕੂਚ ਬਜਵਾਇ ਨਗਾਰਾ।
ਫਤੇਸ਼ਾਹ ਸੁਨਿ ਕਰਿ ਡਰ ਧਾਰਾ।
ਦੀਨ ਬਾਕ ਤੇ ਕਹਿ ਸਨਮਾਨਾ।
ਭੀਮਚੰਦ ਤਬਿ ਤਾਂਹਿ ਬਖਾਨਾ ॥੧੪॥
-ਜੇ ਸਤਿਗੁਰ ਕੇ ਸੰਗ ਲਰੈਹੋ।
ਸੁਭਟਨਿ ਛੀਨ ਸ਼ਸਤ੍ਰ ਅਸੁ ਲੈਹੋ।

†ਪਾ:-ਗੁਰੁ।

[1]ਜਿਹੜਾ) ਵੱਖਰਾ ਦਿਖਾਇਆ ਗਿਆ ਹੈ।

ਤੌ ਰਸ ਰਹੈ ਤੋਰ ਅਰ ਮੋਰਾ।
ਨਤੁ ਮੈਂ ਛੋਰਿ ਚਲੌਂ ਇਤ ਡੋਰਾ- ॥੧੫॥
ਤਿਨ ਕੇ ਕਹੇ ਦੀਨ ਹੁਇ ਮਾਨੀ।
ਕਾਹਿਲੂਰਪਤਿ ਜਥਾ ਬਖਾਨੀ।
ਇਮ ਗਿਨਿ[1] ਫਤੇਸ਼ਾਹ ਜਬਿ ਆਯੋ।
ਹਮ ਦਿਸ਼ਿ ਮੁਖ ਰੁਖ਼ ਅਪਰ ਬਨਾਯੋ ॥੧੬॥
ਕ੍ਰਿਪਾ ਆਪ ਕੀ ਤੇ ਹਮ ਜਾਨਾ।
ਭਯੋ ਬਿਮੁਖ, ਰਿਪੁ ਕੋ ਬਚ ਮਾਨਾ[1]।
ਚਹਜੋ ਨੇ ਦੇਨਿ ਦਾਜ ਕੌ ਤਬੈ।
ਕਰਜੋ ਸਕੇਲਨਿ ਤੁਰਨ ਸਬੈ ॥੧੭॥
ਨਿਜ ਸੁਭਟਨ ਸਵਧਾਨ ਬਨਾਏ।
ਸਿਵਰ ਆਪਨੇ ਤਤਛਿਨ ਆਏ।
ਜ਼ੀਨ ਤੁਰੰਗਮ ਡਾਰਿ ਉਤਾਲੇ।
ਭਏ ਤਜਾਰ ਹੱਥਜਾਰ ਸੰਭਾਲੇ ॥੧੮॥
ਤਬਿ ਇਕ ਨਰ ਤੂਰਨ ਹੀ ਆਵਾ।
ਮੰਤ੍ਰ ਗਿਰੇਸ਼ਨ ਕੀਨਿ ਬਤਾਵਾ[1]।
-ਕਜੋਂ ਤੁਮ ਬਿਲਮੇ, ਕਰਹੁ ਪਯਾਨਾ।
ਨਤੁ ਘਾਟਾ ਰੋਕਨ ਕੌ ਠਾਨਾ ॥੧੯॥
ਸਭਿ ਰਾਜਨ ਕੀ ਸੈਨਾ ਤਜਾਰੀ।
ਕਰਜੋ ਚਹੈ ਸਭਿ ਲੂਟ ਤੁਮਾਰੀ।
ਹਯ ਹੱਥਜਾਰ ਜਾਨਿ ਨਹਿਂ ਦੈ ਹੈਂ।
ਰੁਕ ਜੈਹੈਂ, ਕੁਛ ਬਸ ਨ ਬਸੈ ਹੈ ॥੨੦॥
ਕੇਤਿਕ ਪਠਿ ਦੀਨੇ ਤਹਿਂ ਬੀਰ।
ਚਢਹੁ ਤੁਰਤ ਅਬਿ ਪਾਇ ਬਹੀਰ-।
ਹਮ ਚਿੰਤਾਤੁਰ ਅਤਿਸ਼ੈ ਭਏ।
ਬਾਕ ਤੁਮਾਰੇ ਸਿਮਰਨ ਕਿਏ ॥੨੧॥
ਤੁਰਤ ਅਰੋਹਿ, ਹੋਹਿ ਕਰਿ ਚਾਲੇ।
ਪਿਖੇ ਪਹਾਰੀ ਆਵਤਿ ਜਾਲੇ।
ਹਯਨਿ ਧਵਾਇ ਪੰਥ ਤਿਸ ਆਏ।
ਅਲਪ ਦੇਖਿ ਹਮ ਤੁਪਕ ਚਲਾਏ ॥੨੨॥

[1]ਸਲਾਹ ਕਰਕੇ।

[1]ਬਿਮੁਖ ਹੋਇਆ ਹੈ (ਫਤੇਸ਼ਾਹ) ਵੈਰੀ (ਭੀਮਚੰਦ) ਦਾ ਬਚਨ ਮੰਨ ਕੇ।

[1]ਜੋ ਪਹਾੜੀਆਂ ਨੇ ਸਲਾਹ ਕੀਤੀ ਸੀ (ਸਾਨੂੰ) ਦੱਸ ਦਿੱਤੀ।

ਜਬੈ ਸ਼ਲਖ ਕੋ ਸ਼ਬਦ ਉਠਾਵਾ।
ਥਲ ਥਲ ਮੈਂ ਦਲ ਅਟਕ ਰਹਾਵਾ[1]।
ਆਗੇ ਅਰੇ ਕੁਛਕ ਜੇ ਬੀਰ।
ਤਿਨ ਪਰ ਤਜਾਗੇ ਤੁਪਕ ਰੁ ਤੀਰ ॥੨੩॥
ਕਿਤਿਕ ਮਰੇ, ਘਾਇਲ ਕੋ ਭਏ।
ਹਮਰੋ ਆਗਾ ਤਜਿ ਕਰਿ ਗਏ।
ਫਤੇ ਪਾਇ, ਗੁਰ ਬਨੇ ਸਹਾਈ।
ਇਸ ਬਿਧਿ ਪਹੁੰਚੇ ਆਨਿ ਇਥਾਂਈ ॥੨੪॥
ਸਕਲ ਭੇਦ ਹਮ ਸੁਨਿ ਕਰਿ ਆਏ।
ਮੰਤ੍ਰ ਕੀਨਿ ਸਭਿ ਮਿਲਿ ਗਿਰ ਰਾਏ।
ਫਤੇਸ਼ਾਹਿ ਸੋਂ ਤਬਿ ਠਹਿਰਾਈ।
ਜਾਇ ਪ੍ਰਥਮ ਤੂੰ ਪਾਇ ਲਰਾਈ ॥੨੫॥
ਭੀਮਚੰਦ ਕੇ ਹਰਖ ਕਰਨਿ ਕੋ।
ਭਏ ਤਜਾਰ ਅਬਿ ਆਇ ਲਰਨ ਕੋ।
ਬਾਂਟ ਦੀਨਿ ਬਾਰੂਦ ਸੁ ਗੋਰੀ।
ਆਯੋ ਲਖੋ ਆਪ ਕੀ ਓਰੀ ॥੨੬॥
ਸਾਵਧਾਨ ਨਿਜ ਦਲ ਕੌ ਕਰੀਅਹਿ।
ਜੰਗ ਮਚਾਵਨਿ ਤਜਾਰੀ ਧਰੀਅਹਿ।
ਜਿਮ ਹਮ ਕੌ ਆਯੋ ਲਖਿ ਲੀਨੋ।
ਫਤੇਸ਼ਾਹ ਤੈਸੇ ਤੁਮ ਚੀਨੋ ॥੭॥
ਗਨ ਰਾਜਨ ਕੀ ਚਮੂੰ ਬਟੋਰੀ।
ਕਰਜੋ ਕੂਚ ਆਵਤਿ ਇਤ ਓਰੀ।'
ਕਲਗ਼ੀਧਰ ਸੁਨਿ ਕਰਿ ਤਿਸ ਕਾਲਾ।
ਫਰਕ ਉਠੀ ਜੁਗ ਭੁਜਾ ਬਿਸਾਲਾ ॥੨੮॥
ਗਰਜਤਿ ਸਭਾ ਬਿਖੈ ਬਚ ਭਾਖਾ।
'ਸ਼੍ਰੀ ਅਸਧੁਜ ਪੁਰਵਹਿ ਹਮ ਕਾਂਖਾ।
ਜਬਿ ਪਹੁੰਚੈਂ ਰਣਖੇਤ ਪਹਾਰੀ[1]।
ਇਮ ਕਰਿਹੌਂ ਸ਼ਸਤ੍ਰਨਿ ਗਨ ਮਾਰੀ ॥੨੯॥
ਸ਼੍ਰੋਣਤ ਪਾਨ ਕਰੈ ਬਹੁ ਧਰਨੀ।

[1]ਅਟਕ ਗਿਆ।

[1]ਪਹਾੜੀਏ।

ਹ੍ਵੈ ਜੈ ਹੈ ਤਹਿਂ ਲੋਹਿਤ ਬਰਨੀ।
ਰੁੰਡ ਮੁੰਡ ਗਨ ਕੈ ਕਰਿ ਦੈਹੋਂ।
ਹਾਥ ਪਾਇ ਕਾਟਤਿ ਬਿਥਰੈਹੌਂ ॥੩੦॥
ਬਹੁ ਦਿਨ ਕੋ ਮਮ ਕੋਪ ਬਿਸਾਲਾ।
ਫਤੇਸ਼ਾਹ ਪਰ ਤਜੌਂ ਕਰਾਲਾ।
ਭੀਮਚੰਦ ਕੋ ਜੇ ਇਕ ਬਾਰੀ।
ਕਰੌਂ ਬਿਲੋਕਨ ਜੰਗ ਮਝਾਰੀ ॥੩੧॥
ਐਸੇ ਤਜਿਹੌਂ ਬਾਨ ਕਰਾਰੇ।
ਬੇਧ ਸ਼ਰੀਰਨ ਪਰਿ ਹੈਂ ਪਾਰੇ।
ਥਿਰੇ ਅਗਾਰੀ ਦੈ ਹੈਂ ਪ੍ਰਾਨ।
ਨਤੁ† ਭਾਜਹਿ ਰਨ ਤਜਾਗਿ ਮਹਾਨ' ॥੩੨॥
ਇਮ ਕਹਿ ਕਰਿ ਗੁਰ ਸਭਾ ਮਝਾਰਾ।
ਸੰਗ ਮਸੰਦਨ ਹੁਕਮ ਉਚਾਰਾ।
'ਤਜਾਰੀ ਅਧਿਕ ਜੰਗ ਕੀ ਧਰੀਅਹਿ।
ਗੁਲਕਾਂ ਬ੍ਰਿੰਦ ਬਰੂਦਹਿ ਕਰੀਅਹਿ ॥੩੩॥
ਤੀਰ ਤੁਫੰਗਨ, ਤੋਮਰ, ਭਾਲੇ।
ਧਨੁਖ ਬਾਨ ਦੀਜਹਿ ਭਟ ਜਾਲੇ।'
ਇਮ ਬੋਲਤਿ ਬਹੁ ਉਦਜੋ ਪ੍ਰਤਾਪਾ।
ਜਿਸ ਤੇ ਸ਼ੱਤ੍ਰ ਬ੍ਰਿੰਦ ਹੁਇ ਖਾਪਾ ॥੩੪॥
ਮੁਖ ਗੁਰ ਕੋ ਇਮ ਦੀਖਨਿ ਲਾਗਾ।
ਮਨਹੁ ਬੀਰ ਰਸ ਸੁਪਤਜੋ ਜਾਗਾ।
ਦਯਾਰਾਮ ਪ੍ਰੋਹਿਤ ਇਮ ਬੋਲਾ।
'ਸੁਨਹੁ ਪ੍ਰਭੂ! ਭਾ ਰਾਜਨ ਟੋਲਾ ॥੩੫॥
ਦੀਰਘ ਭੀਮਚੰਦ ਕਹਿਲੂਰੀ।
ਜਿਸ ਢਿਗ ਭਈ ਬਾਹਨੀ ਭੂਰੀ।
ਸਭਿ ਗ੍ਰਾਮਨ ਕੀ ਛੇਰ ਹਕਾਰੀ।
ਸੁਨਿ ਪਹੁੰਚੀ ਗਨ ਸ਼ਸਤ੍ਰਨ ਧਾਰੀ ॥੩੬॥
ਪੁਨ ਕਟੋਚੀਆ ਨਾਮ ਕ੍ਰਿਪਾਲੰ।
ਅਰੁ ਗਲੇਰੀਆ ਸਦਲ[1] ਗੁਪਾਲੰ।

†ਪਾ:-ਤਜ।
[1]ਸਹਿਤ ਫੈਜ ਤੇ।

ਇਨ ਦੁਹੁੰਅਨਿ ਬਹੁ ਬੀਰ ਸਕੇਲੇ।
ਆਇ ਮਿਲੇ ਗਨ ਆਯੁਧ ਲੇ ਲੇ ॥੩੭॥
ਨ੍ਰਿਪ ਹੰਡੂਰੀਆ ਅਰੁ ਜਸੁਵਾਲ।
ਇਨ ਕੇ ਸੰਗ ਸੁਭਟ ਹੈਂ ਜਾਲ।
ਸਭਿ ਰਾਵਰ ਸੋਂ ਚਹੈਂ ਲਰਾਈ।
ਫਤੇਸ਼ਾਹ ਕੋ ਕਰਿ ਅਗੁਵਾਈ ॥੩੮॥
ਨਗਰ ਪਾਂਵਟੇ ਕੋ ਚਢਿ ਆਵੈਂ।
ਇਹ ਆਛੀ ਮੁਝ ਬਾਤ ਨ ਭਾਵੈ।
ਹਮਰੇ ਨਿਕਟ ਪਰਹਿ ਨਹਿਂ ਖੇਤ।
ਆਪ ਚਲਹੁ ਆਗੇ ਇਸ ਹੇਤ' ॥੩੯॥
ਸੁਨਿ ਕਰਿ ਸਤਿਗੁਰ ਬਿੱਪ੍ਰ ਸਰਾਹਾ।
'ਸੁਮਤਿਵੰਤ ਗਨ ਸੁਭਟਨਿ ਮਾਂਹਾ।
ਨਿਪੁਨ ਬੁੱਧਿ ਸੰਗ੍ਰਾਮ ਕਰਨ ਕੀ।
ਯਥਾ ਰੀਤਿ ਛੱਤ੍ਰੀ ਸੁ ਬਰਨ ਕੀ ॥੪੦॥
ਜਿਮ ਭਾਰਤ ਮਹਿਂ ਦ੍ਰੌਣ[1] ਪ੍ਰਬੀਨਾ।

[1]ਦ੍ਰੋਣਾਚਾਰਜ। ਕੈਰਵਾਂ ਪਾਂਡਵਾਂ ਦਾ ਸ਼ਸਤ੍ਰ ਵਿਦਯਾ ਦਾ ਉਸਤਾਦ ਜੋ ਮਹਾਂ ਭਾਰਤ ਵਿਚ ਕੈਰਵਾਂ ਦਾ ਜੋਧਾ ਸੀ।

ਹਤੇ ਅਨੇਕ ਸੱਤ੍ਰ ਜਸੁ ਲੀਨਾ।
ਤਥਾ ਗਿਰਿੰਦ੍ਰਨਿ ਕੇ ਰਨ ਲਰਿਬੇ।
ਬੁਧਿ ਬਲ ਸਾਥ ਕਰੋ ਰਿਪੁ ਹਰਿਬੇ ॥੪੧॥
ਨਗਰ ਪਾਂਵਟੇ ਨਿਕਟ ਨ ਲਰੈਂ।
ਕਹਾਂ ਤ੍ਰਾਸ ਸ਼ੱਤ੍ਰਨ ਤੇ ਧਰੈਂ।
ਗਾਡਹਿਂਗੇ ਰਣ ਖੰਭ[1] ਅਗਾਰੀ।

[1]ਜੁੱਧ ਦਾ ਨਿਸ਼ਾਨ।

ਜਹਿਂ ਸਮ ਥਲ ਕੋ ਲੇਹਿਂ ਨਿਹਾਰੀ ॥੪੨॥
ਰਿਪੁ ਆਗਮਨ ਸਮੁਖ ਜਿਤ ਹੋਇ।
ਪਿਖ੍ਯੋ ਪ੍ਰਥਮ, ਸੁਧਿ ਦੀਜਿਹਿ ਕੋਇ[1]।

[1]ਪਹਿਲੋਂ (ਜਿਸ ਨੇ) ਵੇਖਿਆ ਹੋਇਆ ਹੈ ਉਹ ਖਬਰ ਦੇਵੇ।

ਲੇ ਕਰਿ ਚਮੂੰ ਸੰਗ ਪ੍ਰਸਥਾਨੈਂ।
ਆਵਤਿ ਪਿਖਿ ਗੁਲਕਾਂ ਹਤਿ ਹਾਨੈਂ ॥੪੩॥
ਹਮ ਮੰਡਹਿਂ ਤਹਿਂ ਜੰਗ ਅਖਾਰਾ।
ਸ਼ਸਤ੍ਰ ਸਮੂਹਨਿ ਕੇਰ ਪ੍ਰਹਾਰਾ।

ਲਰਤਿ ਪਰਾਵਹਿਂ[1] ਡਰ ਧਰਿ ਚੀਤ।
ਨਤੁ ਸੰਘਾਰਹਿਂ ਪ੍ਰਾਪਤਿ ਜੀਤ[1]' ॥੪੪॥
ਸੁਨਿ ਕ੍ਰਿਪਾਲ ਮਾਤੁਲ ਗੁਰ ਕੇਰਾ।
ਸਭਾ ਮਝਾਰ ਕਹ੍ਯੋ ਤਿਸ ਬੇਰਾ।
'ਥਲ ਭੰਗਾਣੀ ਕੋ ਜਹਿਂ ਨੀਕਾ।
ਤਿਤ ਹੀ ਆਵਨ ਹੁਇ ਰਿਪੁ ਹੀ ਕਾ ॥੪੫॥
ਬਹੈ ਨਦੀ ਇਕ ਨਾਮ ਗਿਰੀ ਹੈ।
ਦਿਸ਼ਿ ਦੂਜੇ ਰਵਿ ਸੁਤਾ[1] ਢਰੀ ਹੈ।
ਰਾਜਪੁਰਾ ਤਹਿਂ ਪਰੈ[1] ਸੁ ਨਗਰਾ।
ਤਰੇ ਨਰਨ ਕੌ ਥਲ ਹੈ ਸਗਰਾ ॥੪੬॥
ਸ਼੍ਰੀ ਜਗ ਗੁਰ! ਗਾਡਹੁ ਰਨਥੰਭਾ।
ਤਹਾਂ ਪਿਖਹੁ ਸੰਗ੍ਰਾਮ ਅਚੰਭਾ।
ਨਗਰ ਪਾਂਵਟਾ ਤਜਿ ਖਟ ਕੋਸ।
ਤਹਿਂ ਥਿਰ ਹੋਇ ਹਤਹੁ ਰਿਪ ਰੋਸ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਰ ਢਿਗ ਨੰਦ ਚੰਦ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋਂ ਅੰਸੂ ॥੧੮॥

[1]ਭੱਜ ਜਾਣਗੇ।
[1]ਨਹੀਂ ਤਾਂ ਮਾਰਕੇ ਜਿੱਤ ਪ੍ਰਾਪਤ ਕਰਾਂਗੇ।
[1]ਜਮਨਾ।
[1]ਨੇੜੇ ਪੈਂਦਾ ਹੈ।

## ੧੯. [ਫਤੇਸ਼ਾਹ ਦਾ ਜੰਗ ਹਿਤ ਅੱਗੇ ਵਧਣਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਸੁਨਿ ਕ੍ਰਿਪਾਲ ਕੀ ਬਾਤ ਕੋ, ਸ਼੍ਰੀ ਸਤਿਗੁਰੂ ਕ੍ਰਿਪਾਲ।
ਮਨ ਮਾਨੀ, ਨੀਕੇ ਲਖੀ, ਮਸਲਤ ਠਾਨਿ ਅਟਾਲ ॥੧॥

ਚੌਪਈ:

ਨੰਦਚੰਦ ਪਿਖਿ ਗੁਰਮੁਖ ਓਰੀ।
ਬੋਲ੍ਯੋ ਬਹੁਰ ਜੁਗਮ ਕਰ ਜੋਰੀ।
'ਮਹਾਰਾਜ ! ਸਿਖ ਰਾਵਰ ਕੇਰਾ।
ਹਯਨਿ ਸੁਦਾਗਰ ਧਨੀ ਬਡੇਰਾ ॥੨॥
ਲੇ ਕਰਿ ਗਮਨ੍ਯੋ ਦਰਬ ਬਿਸ਼ੇਸ਼ੰ।
ਪਿਖਿ ਕਸ਼ਮੀਰ ਆਦਿ ਪੁਰਿ ਦੇਸ਼ੰ।
ਬੀਨ ਬੀਨ ਬਹੁ ਥਲ ਤੇ ਲੀਨਾ।
ਤਿਸੀ ਪੰਥ ਕੋ ਆਵਨ ਕੀਨਾ ॥੩॥
ਭੀਮਚੰਦ ਨ੍ਰਿਪ ਜਬਿ ਸੁਨਿ ਪਾਏ।
ਲੇਨਿ ਹੇਤੁ ਹਯ ਚਿਤ ਲਲਚਾਏ।
ਨਾਮ ਸੁਨ੍ਯੋ ਰਾਵਰ ਕੋ ਜਬੈ।
ਕਿਤਿਕ ਸੈਨ ਭੇਜੀ ਤਿਨ ਤਬੈ ॥੪॥
ਸਿਖ ਸੌਦਾਗਰ ਕੋ ਸੁਧਿ ਹੋਈ।
ਕਰਿ ਕੈ ਬੇਗ ਆਇ ਪੁਰਿ ਸੋਈ।
ਸੁਨਿ ਸ਼੍ਰੀਨਗਰ ਬਿਖੈ ਹਮ ਡੇਰਾ।
ਉਤਰ੍ਯੋ ਆਨਿ ਨਿਡਰ ਤਿਸ ਬੇਰਾ ॥੫॥
ਬਹੁਰ ਨ ਬਲ ਘਾਲ੍ਯੋ ਕਿਨ ਆਇ।
ਮਿਲ੍ਯੋ ਰਹ੍ਯੋ ਅਨੰਦ ਉਪਜਾਇ।
ਬਿਗਰ੍ਯੋ ਫਤੇਸ਼ਾਹ ਜਿਸ ਕਾਲਾ।
ਉਤਰੇ ਅਸ੍ਵ ਇਸਥਾਨ ਬਿਸਾਲਾ ॥੬॥
ਸੁਨਿ ਲਾਲਚ ਕਰਿ ਪੁਨ ਕਹਿਲੂਰੀ।
ਕਹਿ ਭੇਜ੍ਯੋ ਕਰਿ ਤੁਰਨ ਭੂਰੀ।
-ਤੁਰੰਗ ਬਿਸਾਲ ਮੋਲ ਬਡ ਕੇਰੇ।
ਛੀਨ ਲੇਹੁ ਨਹਿਂ ਦੀਜਹਿ ਫੇਰੇ- ॥੭॥
ਫਤੇਸ਼ਾਹ ਭਟ ਕੀਨਸਿ ਤਜ਼ਾਰੀ।
ਪਹੁੰਚੀ ਢਿਗ ਹਮਰੇ ਸੁਧ ਸਾਰੀ।
ਤਕਰੇ ਹੋਇ ਜ਼ੀਨ ਹਯ ਡਾਲੇ।

ਭਏ ਅਰੂਢਨਿ ਇਤ ਕੋ ਚਾਲੇ ॥੮॥
ਲਖ੍ਯੋ[†] ਪ੍ਰਤਾਪ ਗੁਰੂ ਕੋ ਮਹਾਂ। [†]ਪ:-ਭਯੋ।
ਪਹੁੰਚਿ ਨ ਸਕ੍ਯੋ ਆਇ ਕੋ ਤਹਾਂ।
ਬਡੇ ਜਤਨ ਕਰਿ ਸਭਿ ਹਯ ਲ੍ਯਾਏ।
ਰਾਵਰਿ ਕੀ ਸਹਾਇਤਾ ਪਾਏ ॥੯॥
ਕ੍ਰਿਪਾ ਕਰਹੁ ਸਭਿ ਦੇਖਨਿ ਕੀਜੈ।
ਬੀਰਨਿ ਕੋ ਰਨ ਹਿਤ ਅਬਿ ਦੀਜੈ।'
ਆਛੀ ਬਾਤਿ ਜਾਨਿ ਗੁਰ ਪੂਰੇ।
ਪਿਖੇ ਤੁਰੰਗਮ ਸਗਰੇ ਰੂਰੇ ॥੧੦॥
ਸਿਖ ਕੋ ਖੁਸ਼ੀ ਕਰੀ ਮਨ ਭਾਵਤਿ।
ਭਯੋ ਨਿਹਾਲ ਅਨੰਦ ਉਪਾਵਤਿ।
ਜੋ ਜਿਸ ਲਾਇਕ ਭਟ ਕੌ ਜਾਨਾ।
ਹੇਤੁ ਅਰੂਢਨਿ ਕੇ ਹਯ ਦਾਨਾ[1] ॥੧੧॥ [1]ਘੋੜੇ ਦਿਤੇ।
ਸੁੰਦਰ ਜ਼ੀਨ ਪਾਇ ਕਰਿ ਚਢੇ।
ਚਪਲ ਬਲੀ ਲਖਿ ਉਰ ਮੁਦ ਬਢੇ।
ਗੋਰੀ ਢਾਰਹਿਂ ਅਨਿਕ ਸੁਨਾਰੇ।
ਬ੍ਰਿੰਦ ਬਰੂਦ ਤਜਾਰ ਤਿਸ ਬਾਰੇ ॥੧੨॥
ਕਿਤਿਕ ਭਟਨਿ ਕੋ ਤੋਮਰ ਦਏ।
ਤੁਰੰਗ ਧਵਾਇ ਬਿਸਾਲ ਭ੍ਰਮਏ।
ਦਏ ਜ਼ਰਕਸ਼ੀ ਰੁਚਿਰ ਨਿਖੰਗ[1]। [1]ਤਿੱਲੇ ਦੇ ਕੱਢੇ ਹੋਏ ਸੁਹਣੇ ਭੱਥੇ।
ਕਰਿ ਪੂਰਨ ਖਰ ਖਪਰਨਿ ਸੰਗ ॥੧੩॥
ਕੇਤਿਕ ਸੁਭਟਨ ਧਨੁਖ ਕਠੋਰਾ।
ਲੇ ਜੋਧਾ ਐਂਚਤਿ ਕਰਿ ਜੋਰਾ।
ਲਾਂਬੀ ਸੁਲਗ ਤੁਫੰਗ ਅਨੇਕ[1]। [1]ਲੰਮੇ ਨਿਸ਼ਾਨੇ ਤੇ ਬੈਠਣ ਵਾਲੀਆਂ ਬੰਦੂਕਾਂ [ਪੰਜਾ:, ਸੁ+ਲਗ] (ਅ) ਲੰਮੀ ਨਾਲੀ ਵਾਲੀਆਂ ਬੰਦੂਕਾਂ।
ਬਖਸ਼ੀ ਜੋਧਨਿ[1] ਜਲਧਿ ਬਿਬੇਕ ॥੧੪॥ [1]ਜੋਧਿਆਂ ਨੂੰ।
ਗੁਰ ਦਲ ਮਹਿਂ ਉਤਸਾਹ ਬਿਸਾਲਾ।
ਬਿਚਰਤਿ ਧਰਿ ਹੱਥਜਾਰਨ ਜਾਲਾ।
ਮਾਰ ਬਕਾਰਾ ਬੋਲਤਿ ਭਾਰੀ।
'ਲੂਟ ਭਜਾਵਹੁ ਹਤਹੁ ਪਹਾਰੀ ॥੧੫॥
ਛੀਨਹੁ ਦੇਸ਼ ਨਿਕਾਰਹੁ ਬਾਹਰ।
ਬਿਦਤੈ ਬਹੁ ਸਤਿਗੁਰ ਜਸ ਜਾਹਰ।'

ਇਸ ਪ੍ਰਕਾਰ ਤਜਾਰੀ ਪ੍ਰਭੁ ਕਰੀ।
ਪ੍ਰਥਮ ਜੁੱਧ ਹਿਤ ਮਨਸਾ ਧਰੀ ॥੧੬॥
ਸ਼ਮਸ ਸਜਾਮਤਾ[1] ਮੁਖ ਪਰ ਸੋਹੈ।
ਕਮਲ ਪ੍ਰਫੁੱਲਜਤ ਅਲ ਜਨ ਜੋਹੈਂ[1]।
ਸਮ ਦੁੰਦਭਿ ਕੇ ਸ਼ਬਦ ਗੰਭੀਰ।
ਮਹਾਰਾਜ ਪ੍ਰਭੁ ਬੀਰਨਿ ਬੀਰ ॥੧੭॥
ਨਿਜ ਦਲ ਮਹਿਂ ਉਤਸਾਹ ਬਧਾਵਾ।
ਮਨੋ ਬੀਰ ਰਸ ਸੁਪਤਿ ਜਗਾਵਾ।
ਇਤ ਇਮ ਭਈ ਸੁਨੋ ਉਤ ਕੇਰੀ।
ਘਾਟੋ ਉਲੰਘਿ ਗਏ ਜਿਸ ਬੇਰੀ ॥੧੮॥
ਮੂਰਖ ਹਾਥਨਿ ਮਰਦਤਿ ਰਹੇ।
'ਰੁਕੇ ਨ ਕਜੋਂਹੁ' ਮਿਲਿ ਮਿਲਿ ਕਹੇਂ।
ਕਿਤਿਕ ਮ੍ਰਿਤਕ ਭੇ, ਲੋਥ ਉਠਾਈ।
ਕੋ ਘਾਇਲ ਗਮਨੇ ਨਿਜ ਥਾਈਂ ॥੧੯॥
ਹਟਜੋ ਜਹਾਂ ਕਹਿਂ ਤੇ ਦਲ ਸਾਰੋ।
ਸਭਿ ਰਾਜਨ ਕੇ ਨਿਕਟ ਉਚਾਰੋ।
'ਅਲਪ ਸੁਭਟ ਘਾਟੇ ਪਰ ਗਏ।
ਬਹੁਤ ਪੰਥ ਮੈਂ ਹੀ ਥਿਰ ਭਏ ॥੨੦॥
ਘਾਲਜੋ ਜ਼ੋਰ ਖਸ਼ਟ ਸੌਂ ਆਇ।
ਉਲੰਘ ਗਏ ਗਨ ਤੁਪਕ ਚਲਾਇ।
ਸਰਜੋ ਨ ਸੈਨਾ ਤੇ ਕੁਛ ਕਾਰ।
ਗਏ ਬਿਸਾਲ ਬੀਰਤਾ ਧਾਰਿ' ॥੨੧॥
ਭੀਮਚੰਦ ਸੁਨਿ ਕੈ ਰਿਸ ਘਨੀ।
ਸਭਿਨਿ ਸੁਨਾਵਤਿ ਊਚੇ ਭਨੀ।
'ਯੱਧੀ ਦੇ ਮਾਂ ਖੁਚਿ ਵੜ ਰਹੇ[1]†।
ਅਰੇ ਨ ਆਗੇ, ਧੀਰ ਨ ਗਹੇ ॥੨੨॥
ਰੁਕਤਿ ਜਿ ਘਾਟਾ ਭਟ ਹੁਇ ਗਾਢੇ।
ਹਤਿ ਤੁਫੰਗ ਤਿਨ ਰਾਖਤਿ ਠਾਂਢੇ।
ਇਤ ਤੇ ਦਲ ਸਗਰੋ ਕਰਿ ਜੋਰ।
ਘੇਰਤਿ ਇਤ ਉਤ ਹੁਇ ਚਹੂੰ ਓਰ

[1]ਦਾੜ੍ਹੀ ਦੀ ਕਾਲੋਂ।

[1]ਖਿੜੇ ਕਵਲ (ਪਰ ਮਾਨੋ) ਭੌਰੇ ਦਿੱਸਦੇ ਹਨ।

[1]ਇਹ ਪਹਾੜੀਆਂ ਦੀ ਬੜੀ ਗੰਦੀ ਗਾਲੀ ਹੈ। ਕਥਾ ਵੇਲੇ ਗਜਾਨੀ ਇਹ ਤੁਕ ਨਾਂ ਪੜ੍ਹੇ ਤੇ ਇਸ ਦੇ ਥਾਵੇਂ ਕੁਈ ਐਸੇ ਪਦ ਪੜ੍ਹ ਦੇਵੇ:-'ਕਾਇਰ ਗੀਦੀ ਸੁਪਤੇ ਰਹੇ?।
†ਪਾ:-ਮਾਖੁਟ ਰਹੇ।

॥੨੩॥
ਦੇ ਕਰਿ ਤ੍ਰਾਸ ਲੇਤਿ ਹੱਥਜਾਰੇ।
ਨਰ ਨਿਕਸਨਿ ਮਗ ਜਬਹੁਂ ਨਿਹਾਰੇ[1]।
ਨਹੀਂ ਸ਼ੀਘ੍ਰਤਾ ਕਰਿ ਭਟ ਧਾਏ।
ਜਿਸ ਤੇ ਨਿਕਸੇ ਸੁਖ ਮਨ ਭਾਏ[1] ॥੨੪॥
ਹੋਤਿ ਕਹਾਂ ਅਬਿ ਕਹੇ ਕਹਾਏ।
ਬੀਤੀ ਬਾਤ ਕਹਾਂ ਪਛੁਤਾਏ।
ਅਬਿ ਤੌਂ ਫਤੇਸ਼ਾਹ ਮਹਿਪਾਲਾ।
ਤਿਨ ਸੋਂ ਠਾਨੈ ਜੰਗ ਕਰਾਲਾ ॥੨੫॥
ਜਾਨੀ ਜਾਇ ਕਹਾਂ ਹੁਇ ਜੈ ਹੈ।
ਗੁਰ ਤੇ ਜੈ ਕਿ ਪਰਾਜਯ[1] ਪੈ ਹੈ।
ਕਹਹੁ ਜਾਇ ਅਬਿ ਕੀਜਹਿ ਤਜਾਰੀ।
ਨਹੀਂ ਨੀਕਤਾ ਬਿਲਮ ਜਿ ਧਾਰੀ ॥੨੬॥
ਤੁਮਰੀ ਸੀਮ[1] ਦੇਸ਼ ਕੀ ਤਹਾਂ।
ਨਗਰ ਪਾਂਵਟਾ ਘਾਲਜੋ ਜਹਾਂ।
ਲਰਿਬੋ ਹੱਕ ਤੁਮਹਿਂ ਬਨਿ ਆਵੈ।
ਆਨਿ ਵਹਿਰ ਜੋ ਭੂਮ ਦਬਾਵੈ ॥੨੭॥
ਬਜਾਹ ਬਹਾਨੇ ਨ੍ਰਿਪ ਗਨ ਆਏ।
ਸਭਿ ਤੇ ਲੇਹੁ ਸੁਭਟ ਸਮੁਦਾਏ।
ਪੁਨ ਗੁਰੁ ਚਮੂੰ ਕਹਾਂ ਰਣ ਮਾਂਹੀ।
ਸਨਮੁਖ ਠਹਿਰ ਸਕਹਿ ਕਿਮ ਨਾਂਹੀ ॥੨੮॥
ਦਿਹੁ ਉਠਾਇ ਇਤ ਤੇ ਸਭਿ ਡੇਰਾ।
ਨਿਜ ਦਲ ਤਹਿਂ ਠਹਿਰਾਇ ਬਡੇਰਾ।
ਨਾਹਣਪਤਿ ਕੌਂ ਦਾਬਾ ਦੇਹੁ।
ਕੈ ਨਿਜ ਸੰਗ ਮੇਲ ਕਰਿ ਲੇਹੁ' ॥੨੯॥
ਇਮ ਸਮੁਝਾਇ ਪਠਜੋ ਪਰਧਾਨ।
ਭੀਮਚੰਦ ਮਨ ਮਾਨਿ ਮਹਾਨ[1]।
ਫਤੇਸ਼ਾਹ ਕੇ ਨਿਕਟ ਸਿਧਾਰਾ।
ਪਿਖ 'ਜੈਦੇਵਾ' ਤਾਂਹਿ ਉਚਾਰਾ ॥੩੦॥
ਬੈਠਿ ਬੰਦਿ ਕਰ ਸਕਲ ਸੁਨਾਈ।

[1]ਜਦੋਂ (ਤੁਸੀਂ) ਦੇਖਿਆ ਸੀ ਕਿ ਆਦਮੀ ਰਸਤੇ ਤੋਂ ਨਿਕਲ ਟੁਰੇ ਹਨ ਤਦ......।

[1]ਮਨ ਭਾਂਵਦੇ ਸੁਖ ਪਾ ਕੇ (ਉਹ) ਨਿਕਲ ਗਏ।

[1]ਹਾਰ।

[1]ਹੱਦ।

[1]ਮਨ ਦੇ ਭਾਰੀ ਹੰਕਾਰ ਵਾਲੇ ਭੀਮਚੰਦ ਨੇ।

ਜੇ ਪੂਰਬ ਕਹਿ ਸੀਖ ਸਿਖਾਈ[1]।

[1]ਜੋ (ਫਤੇਸ਼ਾਹ ਨੂੰ) ਭੀਮ ਚੰਦ ਨੇ ਪਹਿਲੇ ਕਹਿਕੇ ਸਿੱਖਯਾ ਸਿਖਾਈ ਸੀ।

ਹਿਤ ਰਾਖਨਿ ਸਮਧੀ ਮਨ ਮਾਨੂ[1]।

[1]ਕੁੜਮ ਦਾ ਹਿਤ ਰੱਖਣ ਲਈ (ਫਤੇਸ਼ਾਹ ਨੇ) ਮਨ ਵਿਚ ਮੰਨ ਲਈ ਸੀ।

ਭਯੋ ਸੁਮਤਿ ਤੇ ਕੁਮਤਿ ਮਹਾਨੂ ॥੩੧॥
ਜਥਾ ਪ੍ਰਭੰਜਨ[1] ਮਿਲਿ ਬਦਬੋਇ।

[1]ਵਾਯੂ।

ਸਭਿ ਕੌ ਅਨਹਿਤ[1] ਕਰਤਾ ਹੋਇ[2]।

[1]ਬੁਰਾ। [2]ਸ੍ਰੀ ਗੁਰੂ ਜੀ ਦੀ ਮਹਿਮਾ ਤੇ (ਸਤਿਗੁਰੂ ਜੀ ਦੇ) ਸਾਰੇ ਉਪਕਾਰ (ਫਤੇਸ਼ਾਹ ਪਰ) ਇਹ ਵਾਯੂ ਸੀ ਮਾਨੋਂ, ਕਹਿਲੂਰੀ (ਭੀਮਚੰਦ ਰੂਪੀ ਬਦਬੋ ਨਾਲ) ਮਿਲਕੇ ਵਿਗੜ ਗਈ ਸੀ।

ਗੁਰ ਮਹਿਮਾ ਅਰੁ ਸਭਿ ਉਪਕਾਰਾ।
ਮਨੁ ਕਹਿਲੂਰੀ ਮਿਲੇ ਬਿਗਾਰਾ[11] ॥੩੨॥
ਗੋਰੀ ਗਨ ਬਰੂਦ ਬਰਤਾਈ।
ਕਹ੍ਯੋ ਸਭਿਨਿ ਸਨ 'ਪਰਹਿ ਲਰਾਈ।
ਬਾਂਛਤਿ ਸ਼ਸਤ੍ਰ ਤੁਰੰਗ ਜਿਸ ਹੋਇ।
ਮੁਝ ਤੇ ਜਾਚ ਲੇਹਿ ਸਭਿ ਕੋਇ' ॥੩੩॥
ਸਮਧੀ ਕੇ ਹਰਖਾਵਨਿ ਕਾਰਨ।
ਉਚੇ ਕੀਨਸਿ ਹੁਕਮ ਉਚਾਰਨਿ।
ਦੁਹਰਿ ਚੋਬ ਧੌਂਸਾ ਧੁੰਕਾਰਹੁ।
ਕਹ੍ਯੋ ਸਭਿਨਿ ਸੋਂ 'ਸ਼ਸਤ੍ਰ ਸੰਭਾਰਹੁ ॥੩੪॥
ਤਜਾਰੀ ਜਥੇਦਾਰ ਗਨ ਕਰੈਂ।
ਨਿਜ ਨਿਜ ਮਿਸਲ ਸੁਭਟ ਸਭਿ ਧਰੈਂ।
ਆਨਹੁ ਮੇਰੋ ਬਲੀ ਤੁਰੰਗ।
ਕੰਚਨ ਜ਼ੀਨ ਐਂਚਿ ਕਰਿ ਤੰਗ ॥੩੫॥
ਹੀਰਨ ਜੜਤੀ ਮੁਸ਼ਟ ਬਿਸਾਲਾ।
ਤੀਖਨ ਧਾਰਾ ਖੜਗ ਕਰਾਲਾ।
ਖਰ ਖਪਰਨਿ ਤੇ ਭਰ੍ਯੋ ਨਿਖੰਗਾ।
ਧਨੁਖ ਕਠੋਰ ਆਨੀਯਹਿ ਸੰਗਾ ॥੩੬॥
ਸਦਲ ਆਪ ਮੈਂ ਕਰੌਂ ਚਢਾਈ।
ਅਵਿਲੋਕਹੁਂ ਸਤਿਗੁਰੂ ਬਡਾਈ।'
ਇਮ ਕਹਿ ਫਤੇਸ਼ਾਹ ਕਰਿ ਤਜਾਰੀ।
ਸਾਜਤਿ ਭਯੋ ਸੰਗ ਦਲ ਬਾਰੀ ॥੩੭॥

ਬਲੀ ਤੁਰੰਗ ਨਿਕਟ ਜਬਿ ਆਯੋ।
ਉਠ੍ਯੋ ਸਭਾ ਮਹਿਂ ਨ੍ਰਿਪ ਦਰਸਾਯੋ।
ਖੜਗ ਨਿਖੰਗ ਪਾਇ ਕਟ ਬੰਧਿ।
ਲੀਨਸਿ ਧਨੁਖ ਸੁ ਦ੍ਰਿੜ੍ਹ ਸਰ ਸੰਧਿ
॥੩੮॥
ਅਧਿਕ ਮੋਲ ਕੀ ਸਿਪਰ ਸੰਭਾਰੀ।
ਡਾਰਿ ਸਿਕੰਧਹਿ ਬੰਧਿ ਪਿਛਾਰੀ।
ਹਯ ਚਲਚਾਲ ਅਰੂਢਨਿ ਹੋਵਾ।
ਮੂਰਖ ਨਹਿਂ ਬਿਚਾਰ ਕਰਿ ਜੋਵਾ ॥੩੯॥
ਜਗਤ ਪਤੀ ਕੀ ਸਮਤਾ ਚਾਹਤਿ।
ਚਲ੍ਯੋ ਪੰਥ ਲਰਿਬੇ ਸੁ ਉਮਾਹਤਿ।
ਦੁੰਦਭਿ ਬਜਤਿ ਬਾਹਨੀ[1] ਚਲੀ।
ਤੀਖਨ ਸ਼ਸਤ੍ਰਨ ਜੁਤਿ ਕਲਮਲੀ ॥੪੦॥
ਫਤੇਸ਼ਾਹ ਜਬਿ ਆਗੈ ਭਯੋ।
ਗਹੇ ਤੁਫੰਗਨ ਦਲ ਉਮਡਯੋ।
ਹਰੀਚੰਦ ਆਦਿਕ ਬਡ ਜੋਧੇ।
ਗੁਰ ਸੋਂ ਲਰਨਿ ਚਲੇ ਦਿਤ ਕ੍ਰੋਧੇ ॥੪੧॥
ਗਨ ਸੈਨਾ ਅਰੁ ਗ੍ਰਾਮਨਿ ਛੇਰ।
ਬੰਧੇ ਟੋਲ ਬ੍ਰਿੰਦ ਕੋ ਹੇਰਿ।
ਚਿਤ ਅਹੰਕਾਰ ਵਧ੍ਯੋ ਅਧਿਕਾਇ।
-ਲਰੋਂ ਗੁਰੂ ਸਨ ਕੋਪ ਵਧਾਇ ॥੪੨॥
ਬਾਂਮ ਬਿਲੋਚਨ ਫਰਕਤਿ ਖੋਟਾ[1]।
ਨਹਿਂ ਮਨ ਗਿਨਹਿ ਹਾਰ ਮਤਿ ਮੋਟਾ।
ਨਗਰ ਪਾਂਵਟੇ ਸਨਮੁਖ ਚਾਲਾ।
ਪੰਥ ਪਹਾਰਨ ਬਿਖਮ ਬਿਸਾਲਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਫਤੇਸ਼ਾਹ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥੧੯॥

[1]ਸੈਨਾ।

[1]ਖੋਟੇ ਦਾ (ਅ) (ਜੋ) ਖੋਟਾ (ਸ਼ਗਨ ਹੈ)।

## ੨੦. [ਪਠਾਣਾਂ ਨੇ ਛੁੱਟੀ ਮੰਗਣੀ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਫਤੇਸ਼ਾਹ ਆਵਗਨ ਕੌ, ਸੁਨਜੋਂ ਜਬਹਿ ਗੁਰ ਸੈਨ।
ਹਰਖ ਭਯੋ ਬੀਰਨ ਰਿਦੈ, ਧੀਰ ਸਹਿਤ ਚਿਤ ਭੈ ਨ ॥੧॥

ਚੌਪਈ:

ਕਾਤੁਰ ਕੰਪਤਿ ਹੀ ਧਰਿ ਤ੍ਰਾਸਾ।
-ਆਇ ਅਚਾਨਕ ਸਮੈ ਬਿਨਾਸਾ[1]।
ਸਭਿ ਰਾਜਨ ਕੀ ਫੌਜ ਬਡੇਰੀ।
ਕੋ ਲਰ ਸਕਹਿ ਅਲਪ ਨਿਜ ਹੇਰੀ[1]- ॥੨॥
ਹੁਤੇ ਪੰਚ ਸੈ ਰਖੇ ਪਠਾਨ।
ਚਾਰ ਖਾਨ ਸਿਰਦਾਰ ਮਹਾਨ।
ਅਪਰ ਮੁਖੀ ਮਿਲਿ ਕੈ ਸਭਿ ਇਕ ਥਲ।
ਲਗੇ ਬਿਚਾਰਨਿ ਪਰ ਬਲ ਨਿਜ ਬਲ ॥੩॥
'ਗੁਰ ਢਿਗ ਬਡ ਹਮਰੋ ਇਕ ਡੇਰਾ[1]।
ਭਾਰ ਲਰਨ ਕੋ ਪਰਹਿ ਘਨੇਰਾ[1]।
ਕੌਮ ਖਾਨ ਕੀ ਹੋਤਿ ਬਹਾਦਰ।
ਯਾਂ ਤੇ ਰਾਖਤਿ ਹੈਂ ਬਹੁ ਸਾਦਰ ॥੪॥
ਗੁਰੂ ਢਿਗ ਅਪਰ ਚਮੂੰ ਬਹੁ ਜਾਤੀ।
ਜਾਨਹਿਂ ਕਹਾਂ ਸ਼ਸਤ੍ਰ ਕੀ ਬਾਤੀ।
ਅਪਰ ਕਾਰ ਕੋ ਕਰਨੇ ਹਾਰੇ।
ਕਹਾਂ ਲਖਹਿਂ ਸੰਗ੍ਰਾਮ ਬਿਚਾਰੇ ॥੫॥
ਦੇਖਹਿਂ ਗਨ ਰਾਜਨ ਕੀ ਸੈਨਾ।
ਭਾਜਹਿਂ ਡਰਿ ਕਰਿ ਧੀਰਜ ਹੈ ਨਾ।
ਗੋਰੀ ਤੀਰਨਿ ਕੀ ਬਹੁ ਮਾਰ।
ਹਮ ਪਰ ਪਰੈ ਜਥਾ ਘਨ ਧਾਰ[1] ॥੬॥
ਘਰ ਕੇ ਘੋਰੇ ਤਹਿਂ ਮਰਿ ਜੈਹੈਂ।
ਬਹੁਰ ਗੁਰੂ ਦੈ ਹੈਂ ਕਿ ਨ ਦੈ ਹੈਂ।
ਨਿਜ ਜੀਵਨ ਮਹਿਂ ਸੰਸਾ ਜਾਨੋ।
ਅਪਜਸੁ ਪਸਰੈ ਹੋਇ ਪਲਾਨੋ[1] ॥੭॥

[1]ਸਾਡੇ) ਨਾਸ਼ ਦਾ ਸਮਾ ਅਚਾਨਕ ਆ ਗਿਆ ਹੈ।
[1]ਆਪਣੀ ਥੁਹੜੀ ਦਿੱਸ ਰਹੀ ਹੈ।
[1]ਇਕ ਸਾਡਾ ਹੀ ਡੇਰਾ ਵੱਡਾ ਹੈ।
[1]ਬਹੁਤਾ ਸਾਡੇ ਤੇ ਭਾਰ ਪਏਗਾ।
[1]ਬਦਲ ਦੀ ਧਾਰ ਭਾਵ ਮੀਂਹ ਵਾਂਙ।
[1]ਭੱਜ ਗਿਆਂ ਤੇ ਨਿੰਦਾ ਹੋਸੀ।

ਯਾਂ ਤੇ ਇਸ ਪ੍ਰਕਾਰ ਅਬਿ ਕੀਜੈ।
ਹਮ ਘਰ ਜਾਹਿਂ ਖੁਸ਼ੀ ਅਬਿ ਲੀਜੈ[1]।
ਰਣ ਲਰਿਬੇ ਮਹਿਂ ਹਾਨਿ ਹਮਾਰੀ।
ਹਟਿ ਅਬਿ ਰਹਹੁ ਸੁ ਨੀਕ ਬਿਚਾਰੀ ॥੮॥

[1]ਭਾਵ ਛੁਟੀ ਲਈਏ।

ਨਤੁਰ ਖਾਨਜ਼ਾਦੋ[1] ! ਸੁਨਿ ਲੀਜੈ।
ਬਾਈਸਿ ਧਾਰਿ ਗਿਰੀਸ਼ ਲਖੀਜੈ।
ਗ੍ਰਾਮਨਿ ਕੀ ਛੇਰਾਨਿ ਬਟੋਰਿ।
ਅਰੁ ਸਭਿ ਚਮੂੰ ਸੰਗ ਅਬਿ ਜੋਰਿ ॥੯॥

[1]ਹੇ ਪਠਾਣਾਂ ਦਿਓ ਪੁੱਤਰੋ।

ਸਭਿ ਕੇ ਆਗੇ ਬਨਹੁ ਨਿਸ਼ਾਨਾ।
ਪਰਹੁ ਖੇਤ ਮਹਿਂ ਹੁਇ ਬਿਨ ਪ੍ਰਾਨਾ।
ਥੋਰੇ ਕਾਲ ਲਯੋ ਦਰਮਾਂਹਾ।
ਨਾਹਕ ਮਰਿ ਜੈਹੋਂ ਰਨ ਮਾਹਾ ॥੧੦॥
ਅਬਿ ਰਚੀਅਹਿ ਕਛੁ ਏਵ ਉਪਾਈ।
ਜਿਸ ਤੇ ਚਲੀਅਹਿ ਕਾਨ ਕਢਾਈ[1]।
ਜਯੋਂ ਕਯੋਂ ਕਰਿ ਰੁਖ਼ਸਦ ਕੋ ਲੀਜੈ।
ਨਹਿਂ ਗੁਰ ਕਹਿਂ ਤੌ ਆਪ ਚਲੀਜੈ' ॥੧੧॥

[1](ਗੁਰੂ ਜੀ ਦੇ) ਕੰਨੋਂ ਗਲ ਕੱਢਕੇ ਚਲੀਏ। ਇਹ ਅਰਥ ਅੰਤਲੀ ਤੁਕ 'ਨਹਿਂ ਗੁਰ ਕਹਿਂ ਤੌ ਆਪ ਚਲੀਜੈ' ਤੋਂ ਸਪਸ਼ਟ ਹੁੰਦਾ ਹੈ: (ਅ) ਕੰਨੀ ਕਤਰਾਕੇ। ਇਹ ਅਰਥ ਅੰਸੂ ੨੩ ਅੰਕ ੧੧ ਤੋਂ ਸਹੀ ਹੁੰਦਾ ਹੈ।

ਕਾਲੇ ਖਾਂ ਤਿਨ ਬਿਖੇ ਪਠਾਨ।
ਬੋਲਯੋ ਲਖਿ ਕਰਿ ਬਿਨਾ ਇਮਾਨ[1]†।

[1](ਬਾਕੀ ਦੇ ਪਠਾਣਾਂ ਨੂੰ) ਬੇਈਮਾਨ ਹੋਏ ਦੇਖਕੇ ਬੋਲਿਆ:-। †ਤਵਾ: ਖਾ: ਵਿੱਚ ਲਿਖਿਆ ਹੈ ਕਿ ਦੁਸ਼ਮਣਾਂ ਵਲੋਂ ਪਠਾਣਾਂ ਨੂੰ ਵੱਢੀ ਦੇਕੇ ਬੇਈਮਾਨ ਬਣਾਇਆ ਗਿਆ ਸੀ। ਪਹਾੜੀਆਂ ਨਾਲ ਮਿਲਨ ਦੀ ਗਲ ਅਗਲੇ ਅੰਸੂ ਦੇ ਅੰਗ ੧੮, ੧੯ ਤੋਂ ਬੀ ਸਹੀ ਪਈ ਹੁੰਦੀ ਹੈ ਜਿੱਥੇ ਏਹ ਗੁਰੂ ਜੀ ਤੇ ਪਹਾੜੀਏ ਦੋਹਾਂ ਨੂੰ ਦਗਾ ਦੇਣਾ ਸੋਚਦੇ ਹਨ।

'ਨਹਿਂ ਆਛੀ ਇਹ ਮਸਲਤ ਕੀਨਿ।
ਨਿਮਕ ਹਰਾਮੀ ਖੋਵਨ ਦੀਨਿ ॥੧੨॥
ਲਰਨ ਹੇਤੁ ਹੀ ਹਮ ਕੋ ਰਾਖਯੋ।
ਪਰੇ ਕਾਮ ਭਾਜਨ ਅਭਿਲਾਖਯੋ।
ਆਨ ਪਠਾਨਨਿ[1] ਕੀ ਤੁਮ ਖੋਵਹੁ।
ਰਣ ਤੇ ਡਰ ਕਰਿ ਕਾਤੁਰ ਹੋਵਹੁ ॥੧੩॥

[1]ਭਾਵ ਪਠਾਣਾਂ ਦੀ ਅਬਰੋ।

ਨਹਿ ਆਗੇ ਕੇ ਕਰਹਿ ਭਰੋਸਾ।
ਨਹਿ ਰਾਖਹਿ ਨੌਕਰ ਲਖਿ ਦੋਸ਼ਾ।
ਅਪਜਸੁ ਪ੍ਰਾਪਤਿ ਦੁਨੀਆਂ ਬਿਖੈ।
ਮਰਿ ਦੋਜ਼ਕ ਮੈਂ ਸਾਸਨ ਪਿਖੈਂ ॥੧੪॥
ਸੁਨਿ ਬੋਲਜੋ ਤਬਿ ਭੀਖਨ ਖਾਨ।
'ਤੂ ਰਖਿ ਅਪਨੇ ਸੰਗ ਇਮਾਨ।
ਹਮ ਤੌ ਨਾਹਕ ਮਰਹਿਂ ਨ ਕੋਈ।
ਰਹੀਅਹਿ ਤੂ ਅਬਿ ਚਾਕਰ ਹੋਈ ॥੧੫॥
ਜੇਤਿਕ ਖੁਸ਼ੀ, ਰਹੇ ਢਿਗ ਗੁਰ ਕੇ[1]।
ਕਾਰਜ ਪਰੇ ਆਨਿ ਅਬਿ ਘਰ ਕੇ।
ਬਿਨਾ ਕਰੇ ਹਮ ਪਤ ਨਹਿਂ ਰਹੈ।
ਯਾਂ ਤੇ ਚਲਨਿ ਇਹਾਂ ਤੇ ਚਹੈਂ ॥੧੬॥
ਕਿਸ ਕੇ ਹਮ ਕੈਦੀ ਤੌ ਨਹੀਂ।
ਕਰੀ ਚਾਕਰੀ ਤੇਤਿਕ ਲਹੀ।'
ਕਾਲੇ ਖਾਂ ਸੁਨਿ ਰਿਸ ਤੇ ਜਰਜੋ।
'ਬੁਰੇ ਮਨੋਰਥ ਤੈਂ ਉਰ ਧਰਜੋ ॥੧੭॥
ਗੁਰ ਕੋ ਜੰਗ ਪਰਜੋ ਅਬਿ ਆਇ।
ਹਮ ਤੌ ਨਹੀਂ ਕਿਸੂ ਥਲ ਜਾਇਂ।
ਰਿਦੇ ਤੁਮਾਰੇ, ਤਜੋਂ ਤੁਮ ਕਰੀਅਹਿ।
ਭਾਜੇ ਅਜਸੁ[1], ਲਰਹਿਂ ਜਸੁ ਧਰੀਅਹਿ' ॥੧੮॥
ਇਮ ਕਹਿ ਬੈਠਜੋ ਤੂਸ਼ਨਿ ਹੋਇ।
ਨਿਮਕ ਹਲਾਲ ਕਰਨ ਕੌ ਸੋਇ।
ਭੀਖਨ ਕਾਂ ਹਯਾਤ ਖਾਂ ਆਦਿ।
ਤੀਨਹੁੰ ਮਿਲਿਕੈ ਕਰਿ ਇਕ ਵਾਦਿ[1] ॥੧੯॥
ਅਪਰ ਪਚਾਸਕ ਲੇ ਕਰਿ ਖਾਨ।
ਭਾਖਨ ਕੀ ਗਿਨਤੀ[1] ਮਨਿ ਠਾਨਿ।
ਜਹਿਂ ਬੈਠੇ ਸਭਿ ਜਗ ਸਿਰਮੌਰ।
ਉਪਰ ਝੁਲਤਿ ਚਾਰੁ ਸਿਤ ਚੌਰ ॥੨੦॥
ਦ੍ਵਾਰਪਾਲ ਕੇ ਹਾਥ ਬੁਝਾਇ[1]।
ਪਹੁੰਚੇ ਜਾਇ ਪ੍ਰਭੁ ਜਿਸ ਥਾਇਂ।

[1]ਜਿਤਨਾ (ਚਿਰ ਸਾਡੀ ਖੁਸ਼ੀ ਸੀ ਗੁਰਾਂ ਪਾਸ ਰਹੇ ਹਾਂ।)

[1]ਭੱਜਿਆਂ ਨਿੰਦਾ ਹੈ।

[1]ਇਕੋ ਗਲ (ਪਕਾ ਕੇ)।

[1]ਛੁੱਟੀ ਵਾਸਤੇ) ਕਹਿਣ ਦੀ ਸੋਚ।

[1]ਪੁੱਛ ਕੇ।

ਐਂਠਦਾਰ ਪਗੀਆਂ ਜਿਨ ਕੇਰ।
ਲਟਕਤਿ ਇਕ ਸਿਕੰਧ ਸ਼ਮਸ਼ੇਰ[1] ॥੨੧॥
ਬੈਠਿ ਗਏ ਸਭ ਕਰਿ ਕਰਿ ਨਮੋਂ।
ਭੀਖਨ ਖਾਂ ਬੋਲ੍ਯੋ ਤਿਸ ਸਮੋਂ।
'ਪ੍ਰਭੁ ਜੀ! ਘਰ ਤੇ ਅਬਿ ਸੁਧਿ ਆਈ।
ਕਰਿ ਕੈ ਬਹੁਤ ਤਗੀਦ ਪਠਾਈ ॥੨੨॥
-ਅਨਿਕ ਖਾਂਨ ਕੇ ਖਾਨਹਿ ਮਾਂਹਿਂ[1]।
ਲਰਕੀ ਲਰਕਨਿ ਕੇਰ ਨਿਕਾਹ।
ਆਵਹੁ ਜਲਦ ਨ ਬਿਲਮਹੁਂ ਕੈਸੇ-।
ਆਨਿ ਪਰ੍ਯੋ ਕਾਰਜ ਅਬਿ ਐਸੇ ॥੨੩॥
ਰੁਖਸਦ ਕੀ ਆਇਸੁ ਕਹੁ ਦੀਜੈ।
ਗਏ ਬਿਨਾਂ ਸਰਿ ਹੈ ਨ, ਲਖੀਜੈ।
ਕਿਤਿਕ ਪਠਾਨਨ ਕੇ ਘਰ ਬਜਾਹ।
ਬਾਕੀ ਰਹਤਿ ਪਿਛਾਰੀ ਨਾਂਹਿ ॥੨੪॥
ਚਾਹਤਿ ਹੈਂ ਹਿਸਾਬ ਕਰਿਵਾਯੋ।
ਨਿਜ ਕੁਟੰਬ ਕਾਰਜ ਬਨਿ ਆਯੋ।
ਆਵਹਿਂ ਬਹੁਰ ਲਿਖਾਵਹਿਂ ਚਿਹਰੇ[1]।
ਭਏ ਤਜਾਰ ਅਬਿ ਆਯੁਧ ਪਹਿਰੇ' ॥੨੫॥
ਸ਼੍ਰੀ ਪ੍ਰਭੁ ਗਤਿ ਅੰਤਰ ਕੀ ਜਾਨੀ।
ਧੀਰਜ ਦੈਬੇ ਹੇਤੁ ਬਖਾਨੀ।
'ਭੋ ਪਠਾਨ ਤੁਮ ਸੁਨੇ ਬਹਾਦੁਰ।
ਕੇ ਦਰਿ ਦਰਬ ਰਖੇ ਢਿਗ ਸਾਦਰ ॥੨੬॥
-ਸ਼ੱਤ੍ਰੁਨਿ ਸੰਗ ਜੰਗ ਕੇ ਪਰੇ।
ਆਵਹਿਂ ਕਾਮ -ਇਹੀ ਮਨ ਧਰੇ।
ਕੌਨ ਸਮਾ ਅਬਿ ਰੁਖ਼ਸਦ ਲੈਨ।
ਸ੍ਵਾਮੀ ਕਾਜ ਪਰ੍ਯੋ ਰਨ ਐਨ ॥੨੭॥
ਅਬਿ ਹੁਇ ਕਾਤੁਰ ਕਰੋ ਫਰੇਬ।
ਰਿਪੁ ਤੇ ਡਰਹੁ ਨ ਪਾਵਹੁ ਜ਼ੇਬ[1]।
ਲਰਨ ਹੇਤੁ ਦਲ ਗਨ ਚਢਿ ਆਏ।

[1]ਇਕ ਮੋਢੇ ਤੇ ਤਲਵਾਰ।

[1]ਘਰਾਂ ਵਿਚ।

[1]ਹੁਲੀਏ।

[1]ਸ਼ੋਭਾ [ਫਾ:, ਜ਼ੇਬ = ਸਜਾਵਟ]।

ਗਹਹੁ ਸ਼ਸਤ੍ਰ ਹੁਜੈ ਸਮੁਹਾਏ ॥੨੮॥

ਹਤਿ ਹੱਥਜਾਰਨਿ ਪਾਵਹੁ ਬਿਜੈ।

ਬਹੁਰ ਨਿਕੇਤ ਗਮਨ ਕੋ ਕਿਜੈ।

ਜੰਗ ਖੇਤ ਕੋ ਅਬਹਿ ਨਿਕਾਹੁ[1]।

[1]ਮੈਦਾਨ ਜੰਗ ਦਾ ਵਿਆਹ ਤਾਂ ਹੁਣ ਹੈ।

ਪ੍ਰਥਮ ਕਰਹੁ ਧਰਿ ਕੈ ਉਤਸਾਹੂ ॥੨੯॥

ਬਹੁਰ ਨਿਕਾਹੁ ਸਦਨ ਕੌ ਕਰੀਅਹਿ।

ਅਪਨਿ ਬੰਸ ਕੀ ਲੱਜਾ ਧਰੀਅਹਿ।

ਪੁਨ ਰੁਖ਼ਸਦ ਕੌ ਕਰਹਿਂ ਬਨਾਇ।

ਬ੍ਰਿੰਦ ਦਰਬ ਕੋ ਤੁਮਹਿਂ ਦਿਵਾਇੰ ॥੩੦॥

ਜੇ ਨ੍ਰਿਪ ਰਿਪੁ ਦਲ ਅਧਿਕ ਬਿਚਾਰੇ।

ਭਾਜੇ ਚਹਹੁ ਮਹਾਂ ਭਯ ਧਾਰੇ।

ਤੌ ਨਿਸਚੈ ਕੀਜਹਿ ਬਿੱਸ੍ਰਾਸ।

ਲੇਂ ਹਮ ਫਤੇ ਰਿਪੁਨ ਕੌ ਨਾਸ਼ ॥੩੧॥

ਸੁਭਟ ਲੱਛ ਅਪਰਨਿ ਕੇ ਆਇੰ[1]।

[1]ਲਖ ਸੂਰਮੇ ਹੋਰਨਾਂ ਦੇ (ਜੇ) ਆਵਣ।

ਗੁਰ ਘਰ ਕੇ ਹਜ਼ਾਰ ਸਮੁਹਾਇ[1]।

[1]ਹਜ਼ਾਰ ਹੀ ਸਾਹਮਣੇ ਹੋਣ.....।

ਤਊ ਨ ਬਿਜੈ ਪਾਇ ਕਰਿ ਜਾਵੈ।

ਚਢੀ ਆਇ ਉਤਰਾਇ ਸੁ ਜਾਵੈ[1] ॥੩੨॥

[1]ਜੋ (ਫੌਜ) ਚੜਕੇ ਆਵੇਗੀ ਸੋ ਉੱਤਰ ਕੇ (ਹਾਰ ਕੇ) ਜਾਵੇਗੀ।

ਸੁਨਿ ਪਠਾਨ, ਜਿਯ ਰਹਨਿ ਨ ਭਾਵੈ[1]।

[1]ਪਠਾਣਾਂ ਗਲ ਸੁਣੀ (ਪਰ) ਜੀ ਵਿਚ ਰਹਿਣਾ ਨਹੀਂ ਭਾਉਂਦਾ (ਤਦ)।

ਖਾਨ ਹਯਾਤ ਨਿਜਾਬਤ ਗਾਵੈ[1]।

[1]ਬੋਲੇ।

'ਆਪ ਗੁਰੂ ਜੀ ਨੀਕੀ ਕਹੋ।

ਤਊ ਸਬੰਧ ਜਗਤ ਕੇ ਲਹੋ ॥੩੩॥

ਸ਼ਾਦੀ ਗ਼ਮੀ ਪਰੈ ਜਬਿ ਆਈ।

ਜੇ ਕਰਿ ਮਿਲਹਿਂ ਨਹੀਂ ਤਬਿ ਜਾਈ।

ਸਗਿਯਨਿ ਮਹਿਂ ਮੁਖ ਕਾਰਖ ਲਾਗੇ।

ਜਿਸ ਤੇ ਬਨਹਿ ਨਹੀਂ[1] ਕਿਮ ਭਾਗੇ ॥੩੪॥

[1]ਭਾਵ ਮੁਨਾਸਬ ਨਹੀਂ।

ਲਰਕੀ ਲਰਕਨਿ ਕੋ ਜਿਨ ਮਾਂਹੀ।

ਕਰਨਿ ਸੰਬੰਧ ਸਦਾ ਚਿਤ ਚਾਹੀ।

ਇਕ ਦੁਇ ਨਹੀਂ ਨਿਕਾਹੁ ਹਮਾਰੇ।

ਬ੍ਰਿੰਦ ਕਰਨਿ ਕੌ ਸਭਿ ਮਨ ਧਾਰੇ ॥੩੫॥

ਆਜ ਚਲਹਿਂ ਤੌ ਪਹੁੰਚਹਿ ਜਾਇ।
ਨਾਂਹਿਤ ਸ਼ਾਦੀ ਤੇ ਰਹਿ ਜਾਇਂ।
ਸਗਰੀ ਬਯ ਮੈਂ ਰਹੈ ਕਲੰਕ।
ਤਹਿਂ ਕਿਮ ਤਜਾਗਹਿਂ ਬਨਹਿਂ ਨਿਸ਼ੰਗ ॥੩੬॥
ਧਨੀ ਗ੍ਰਾਮ ਮਾਲਿਕ ਜੇ ਖਾਨ।
ਤਿਨ ਕੇ ਸੰਗ ਸਬੰਧ ਮਹਾਨ।
ਐਸੇ ਸਮੈ ਜਿ ਮਿਲਿ ਹੈਂ ਨਾਂਹੀ।
ਪੁਨ ਕਿਮ ਪ੍ਰਵਿਸ਼ਨ ਦੇਂ ਨਿਜ ਮਾਂਹੀ ॥੩੭॥
ਯਾਂ ਤੇ ਕਠਨ ਪਰੀ ਅਬਿ ਆਇ।
ਜਿਸ ਤੇ ਇਕ ਨਿਸ ਬਸਜੋ ਨ ਜਾਇ।
ਕ੍ਰਿਪਾ ਕਰਹੁ ਰੁਖ਼ਸ਼ਦ ਹੀ ਦੀਜੈ।
ਕਜੋ ਹੂੰ ਰਹਿਬੋ ਨਹੀਂ ਲਿਖੀਜੈ' ॥੩੮॥
ਸੁਨਿ ਕਰਿ ਸ੍ਰੀ ਸਤਿਗੁਰੁ ਹਠੀਲਾ।
ਜਾਨਜੋ -ਕਰਹਿਂ ਪਲਾਵਨਿ ਹੀਲਾ[1]।
ਬਹੁ ਰਾਜਨ ਕੋ ਦਲ ਮਨ ਜਾਨਾ।
ਲਰਿਬੇ ਕੌ ਧੀਰਜ ਮਨ ਹਾਨਾ- ॥੩੯॥
ਬਿਰਧਾਵਨਿ ਉਤਸਾਹ ਦਲੇਰੀ।
ਬੋਲੇ ਕ੍ਰਿਪਾਦ੍ਰਿਸ਼ਟਿ ਕੌ ਹੇਰੀ।
'ਸੁਨੋ ਖਾਨ ! ਚਿੰਤਾ ਜਿਨ ਕੀਜੈ[1]।
ਸੁਧਰਹਿ ਕਾਜ ਸਰਬ ਲਖਿ ਲੀਜੈ ॥੪੦॥
ਪੂਰਬ ਸੱਤ੍ਰੁਨਿ ਤੇ ਲਿਹੁ ਬਿਜੈ।
ਪੁਨ ਧਨ ਗਨ ਲੇ ਕਾਰਜ ਕਿਜੈ।
ਤਜਾਗਹੁ ਸ਼ਸਤ੍ਰ ਧਰਮ ਕੌ ਨਾਂਹਿਨ।
ਸਨਮੁਖ ਬਨਹੁ ਕਰਹੁ ਦਲ ਗਾਹਨਿ[1] ॥੪੧॥
ਹੁਇ ਸ੍ਵਾਮੀ ਕੇ ਨਿਮਕ ਹਲਾਲ।
ਜੁਗ ਲੋਕਨ ਮਹਿਂ ਅਨੰਦ ਬਿਸਾਲ।
ਜੀਵਤਿ ਰਹੈਂ ਮਹਾਂ ਜਸੁ ਪਾਵੈਂ।
ਭੋਗਹਿ ਦਰਬ ਜਥਾ ਮਨ ਭਾਵੈ ॥੪੨॥

[1]ਨੱਠਣ ਦਾ ਬਹਾਨਾ ਕਰਦੇ ਹਨ।

[1]ਚਿੰਤਾ ਨਾ ਕਰੋ। (ਅ) ਚਿੰਤਾ ਜਿਨ੍ਹਾਂ ਕੰਮਾਂ ਦੀ ਕਰਦੇ ਹੋ।

[1]ਫੌਜਾਂ ਨੂੰ ਦਲ ਸਿਟੋ।

ਮਰਿ ਕਰਿ ਸੁਰਗ ਬਿਖੈ ਸੁਖ ਲਹੈਂ।
ਜੋ ਰਾਜਨ ਕੌ ਦੁਰਲਭ ਅਹੈ।
ਤਜਿ ਕਾਤੁਰਤਾ ਜੋਧਾ ਬਨਹੁ।
ਬੰਸ ਲਾਜ ਰਖਿ ਰਿਪੁ ਗਨ ਹਨਹੁ ॥੪੩॥
ਜੋ ਰਨ ਤੇ ਬਾਜਹਿ ਬੇਮੁਖ ਹ੍ਵੈ।
ਜਸੁ ਨਹਿਂ ਲੋਕ, ਪ੍ਰਲੋਕ ਨ ਸੁਖ ਹ੍ਵੈ।
ਕਾਤੁਰ ਮਾਸ ਗੀਧ ਨਹਿਂ ਖਾਵਹਿਂ।
ਕਾਤੁਰ ਮਰਿ ਕਰਿ ਨਰਕ ਸਿਧਾਵਹਿਂ ॥੪੪॥
ਕਾਤੁਰ ਕੋ ਜਗ ਕਰਹਿ ਧਿਕਾਰਾ।
ਗੀਧੀ ਗਾਦਰ ਸਰਸ ਉਚਾਰਾ[1†]।

[1]ਕਾਇਰ ਨੂੰ ਗਿਦੜ ਵਰਗਾ ਕਹਿੰਦੇ ਹਨ। [†]ਨਮਕ ਹਲਾਲ ਨਾਥੁ ਕਾ ਕਰੀਐ। ਮਰਨ ਜੀਵਨੁ ਅਸਿਪੁਜ ਪਰ ਧਰੀਐ। ਸ੍ਵਾਮੀ ਕਹਿ ਜੋ ਰਨ ਮਧ ਤਜਾਗੈ। ਈਹਾਂ ਨਿੰਦ ਨਰਕ ਤਿਹ ਆਗੈ ॥ ਤਾਂਕੋ ਮਾਸ ਗੀਧ ਨਹਿਂ ਲੇਹੀਂ। ਨਮਕ ਹਰਾਮ ਦਾਨ ਤਜਿ ਦੇਹੀਂ। ਆਗੈ ਸੁਰਗ ਨ ਈਹਾਂ ਜੱਸੁ। ਸਾਤ ਮੁਠੀ ਤਾਂਕੇ ਸਿਰ ਭੱਸੁ। [ਗੁਰਬਿਲਾਸ ਪਾ: ੧੦ ਧਿਆ ੬ ਛੰਦ ੧੯੭-੧੯੮।

ਅਪਰ ਸੁਨੋ ਜੇ ਲਾਲਚ ਚਾਹਾ।
ਹਮ ਕਰਿ ਦੇਹਿਂ ਅਧਿਕ ਦਰਮਾਹਾ ॥੪੫॥
ਜਿਨ ਕੋ ਇਕ ਇਕ ਦ੍ਵੈ ਦ੍ਵੈ ਲੈਹੋ।
ਪਾਂਚ ਲੇਇ ਜੋ ਦਸ ਦਸ ਪੈਹੋ।
ਅਪਰ ਜਿ ਲਾਲਚ ਧਰਹੁ ਬਿਸਾਲਾ।
ਤ੍ਰਿਗੁਨਾ ਧਨ ਲੀਜੈ ਇਸ ਕਾਲਾ ॥੪੬॥
ਇਸ ਪਰ ਭੀ ਠਹਿਰਹੁ ਜੇ ਨਾਂਹੀ।
ਚਾਰ ਚਾਰ ਲੀਜੈ ਨਿਜ ਪਾਹੀ।
ਇਸ ਤੇ ਭੀ ਜਿ ਲੋਭ ਬਡ ਕੀਜੈ।
ਪੰਚ ਪੰਚ ਦਿਨ ਪ੍ਰਤਿ ਕੇ ਲੀਜੈ ॥੪੭॥
ਜਿਨ ਕੇ ਪੰਚ ਪੰਚੀਸਹੁ ਪਾਇ।
ਬਨਹੁ ਬੀਰ ਉਰ ਧੀਰ ਟਿਕਾਇ।
ਜੁਗ ਲੋਕਨਿ ਕੋ ਆਨੰਦ ਘਨੋ।
ਨਹਿਂ ਤਜਾਗਹੁ ਨਹਿਂ ਕਾਤੁਰ ਬਨੋ' ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁੱਤੇ 'ਖਾਨਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਪਠਾਣ ਫਤੇਸ਼ਾਹ ਨੂੰ ਜਾ ਮਿਲੇ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਇਮ ਦੇਨੋ ਬਹੁ ਦਰਬ ਕੋ, ਸਤਿਗੁਰ ਕੀਨਿ ਬਖਾਨ।
ਸਮਝਾਏ ਬਹੁ ਭਾਂਤਿ ਕਰਿ, ਅਪਜਸੁ ਸੁਜਸੁ ਮਹਾਨ ॥੧॥

ਚੌਪਈ:

ਤਉ ਨ ਧੀਰ ਮੁਢਨਿ ਕੌ ਆਈ।
ਲਖਹਿਂ ਜੰਗ ਕੋ -ਮ੍ਰਿਤੁ ਨਿਯਰਾਈ-।
ਤੀਨਹੁੰ ਮੁਖਿ ਮੁਖ ਧਰੀ ਰੁਖਾਈ[1]।
[1]ਤਿੰਨਾਂ ਮੁਖੀਆਂ ਨੇ ਮੂੰਹ ਦਾ ਰੁੱਖਾ ਪਨ ਧਾਰਿਆ।
ਸਭਾ ਬਿਖੈ ਬੋਲੇ ਕਦਰਾਈ[1] ॥੨॥
[1]ਕਾਇਰਪਨੇ ਨਾਲ।
'ਨਿਜ ਸਗਿਯਨਿ ਤੇ ਜੋ ਟੁਟਿ ਗਯੋ।
ਬਹੁ ਧਨ ਪਾਇ ਕਹਾਂ ਕਰਿ ਲਯੋ।
ਦਰਬ ਬਟੋਰਨਿ ਜਿਨ ਹਿਤ ਕਰਨੋ।
ਤਿਨ ਸੋਂ ਭਯੋ ਪ੍ਰੇਮ ਸਭਿ ਹਰਨੋ ॥੩॥
ਬਨੇ ਰਹਹਿਂ ਜੇ ਸਗਿਯਨ[1] ਸੰਗ।
[1]ਸੰਬੰਧੀਆਂ।
ਬਿਨਾਂ ਦਰਬ ਹੀ ਸਭਿ ਸੁਖ ਰੰਗ।
ਕਯੋਂ ਹੂੰ ਰਹਯੋ ਜਾਇ ਅਬਿ ਨਾਂਹੀ।
ਦਿਹੁ ਰੁਖਸਦ ਨਿਜ ਘਰ ਕੋ ਜਾਹੀਂ' ॥੪॥
ਸੁਨਿ ਮਾਤੁਲ ਕ੍ਰਿਪਾਲ ਰਿਸ ਭਰਯੋ।
ਝਿਰਕਤਿ ਖਾਨਨਿ ਬਾਕ ਉਚਰਯੋ।
ਕਯੋਂ ਮੂਢਹੁ ਤੁਮ ਕਰਹੁ ਬਹਾਨਾ।
ਰਿਪੁ ਗਨ ਜਾਨੇ ਮਨ ਡਰ ਮਾਨਾ ॥੫॥
ਗੁਰ ਕੋ ਲਵਣ ਖਾਇ ਬਨਿ ਖੋਟੇ।
ਮੁਚਹੁ ਹਰਾਮ ਹੋਇ ਮਤਿ ਮੋਟੇ[1] !
[1]ਛਡਦੇ ਹੋ ਲੂਣ ਹਰਾਮੀ ਹੋਕੇ ਹੇ ਮੋਟੀ ਮਤ ਵਾਲਯੋ (ਮੂਰਖੋ)।
ਪ੍ਰਭੁ ਜੀ ! ਨਹਿਂ ਇਨ ਪਾਛਾ ਕਰੀਅਹਿ।
-ਗਮਹੁੰ ਮਲੇਛਹੁ ਦੂਰ- ਉਚਰੀਅਹਿ ॥੬॥
ਘਰ ਤੇ ਨਿਕਸੇ ਆਯੁਧ ਧਾਰੇ।
ਰਣ ਕੋ ਦੇਖਿ ਡਰੇ -ਹਮ ਮਾਰੇ-।
ਕਰਯੋ ਪਠਾਨ ਬੰਸ ਨਿਰਲਾਜਾ।
ਕੋ ਨਹਿ ਚਹੈ ਕਰਯੋ ਅਸ ਕਾਜਾ ॥੭॥

ਸਮੈ ਜੰਗ ਕੇ ਕਹੈਂ -ਬਿਦਾਈ[1]-।
ਸ੍ਵਾਮੀ ਕਾਜ ਪਰਜੋ ਅਬਿ ਆਈ।
ਕੋ ਕਰਿ ਸਕੈ ਧੀਰ ਇਮ ਹਰਨੀ।
ਬੇਖ ਸ਼ੇਰ ਕੋ ਗੀਦਰ ਕਰਨੀ[1]'' ॥੮॥
ਸੁਨਿ ਲੱਜਤਿ ਹੁਇ ਭੀਖਨ ਖਾਨ।
ਬੋਲਜੋ ਸਨੇ ਸਨੇ ਦੁਖ ਮਾਨਿ।
'ਜਿਮ ਚਿਤ ਆਇ ਤਥਾ ਤੁਮ ਕਹੋ।
ਕਜਾ ਹਮਰੇ ਕਾਰਜ ਉਰ ਲਹੋ[1] ॥੯॥
ਮਨ ਕੀ ਖੁਸ਼ੀ ਨੌਕਰੀ ਕਰੈਂ।
ਨਹੀਂ ਕਰੈਂ, ਘਰ ਅਪਨੇ ਥਿਰੈਂ।
ਗੁਰ ਕੋ ਕੁਛ ਲੇ ਜਾਹਿਂ ਤ ਡਰ ਹੈ।
ਨਹਿਂ ਲੇ ਜਾਹਿਂ ਦਰਸ ਪੁਨ ਕਰਿ ਹੈਂ ॥੧੦॥
ਸ਼ਾਦੀ ਕਿਧੌਂ ਗਮੀ ਕੇ ਹਾਲ।
ਬੈਠਨਿ ਮਿਲਿ ਬਿਰਾਦਰੀ ਨਾਲ।
ਜੌਂ ਨ ਬਨਹਿ ਤੌਂ ਹੋਵਹਿਂ ਹੀਨ।
ਐਸੀ ਬਾਤ ਜਾਤਿ ਕੀ ਚੀਨ' ॥੧੧॥
ਸੁਨਿ ਕਲਗ਼ੀਧਰ ਬਾਕ ਬਖਾਨੇ।
'ਨਿਕਸਹੁ ਗੀਦੀ ਮੂਢ ਮਹਾਨੇ !
ਅਸਿਧੁਜ[1] ਕਰਹਿ ਹੋਇ ਹੈ ਸੋਈ।
ਤੁਰਕਨਿ ਕੋ ਬਿਸ੍ਵਾਸ ਨ ਕੋਈ' ॥੧੨॥
ਭੀਖਨ ਖਾਨ ਨਿਜਾਬਤਖਾਨ।
ਉਠਜੋ ਹਯਾਤਖਾਨ ਮਤਿ ਹਾਨ।
ਨਮੋ ਠਾਨਿ ਕਰਿ ਨੀਚੀ ਗ੍ਰੀਵ।
ਲੱਜਤਿ ਭਏ ਨ ਆਂਖ ਉਠੀਵ ॥੧੩॥
ਤਜਿ ਦਰਬਾਰ ਦ੍ਵਾਰ ਕੋ ਆਏ।
ਨਿਜ ਡੇਰੇ ਪਹੁੰਚੇ ਉਤਲਾਏ।
ਬੈਠੇ ਪੁਨ ਮਸਲਤ ਮਨ ਠਾਨਤਿ।
'ਧਨ ਗਨ ਦੇਨਿ ਗੁਰੂ ਅਬਿ ਮਾਨਤਿ' ॥੧੪॥
ਕਹੈ ਹਯਾਤਖਾਨ 'ਢਿਗ ਰਹੋ।
ਦਰਬ ਬਿਸਾਲ ਨੌਕਰੀ ਲਹੋ।

[1]ਸਾਨੂੰ) ਵਿਦਾ ਕਰੋ।

[1]ਸ਼ੇਰ ਦਾ ਭੇਖ ਤੇ ਕਰਨੀ ਗਿੱਦੜ ਦੀ।

[1]ਸਾਡੇ ਕੰਮ ਤੁਸੀਂ ਕੀ ਜਾਣਦੇ ਹੋ?

[1]ਅਕਾਲ ਪੁਰਖ।

ਏਕ ਬਰਖ ਲੌ ਰਹਿ ਕਰਿ ਪਾਸ।
ਧਨ ਗਨ ਪੁਨ ਲੈ ਚਲਹਿਂ ਅਵਾਸਿ' ॥੧੫॥
ਸੁਨਿ ਕਰਿ ਬੋਲੵੋ ਭੀਖਨਖਾਨ।
'ਗੁਰ ਅਬਿ ਦੇਤਿ ਰਿਪੁਨ ਡਰ ਮਾਨਿ।
ਕਰਹਿਂ ਚਾਕਰੀ ਰਹਿਂ ਚਿਰਕਾਲ।
ਤੌ ਪ੍ਰਾਪਤਿ ਧਨ ਲੇਇਂ ਬਿਸਾਲ ॥੧੬॥
ਲਰਨੋ ਮਰਨੋ ਸਿਰ ਪਰ ਅਹੈ।
ਜਿਯਤਿ ਰਹੈ ਪਾਛੇ ਸੋ ਲਹੈ।
ਜੇ ਤੁਮਰੇ ਮਨ ਹੈ ਅਬਿ ਐਸੇ।
ਘਰ ਪਹੁੰਚਹਿਂ ਲੇ ਧਨ ਗਨ ਤੈਸੇ ॥੧੭॥
ਕੋਸ਼ ਗੁਰੂ ਕੋ ਭਰੵੋ ਘਨੇਰਾ।
ਭੇਤ ਭਲੇ ਹਮਨੈ ਸਭਿ ਹੇਰਾ।
ਬਨਹੁ ਬੀਰ ਧਰਿ ਧੀਰਜ ਭਲੇ।
ਸੈਲਪਤੀਨ ਸੰਗ ਲਿਹੁ ਮਿਲੇ† ॥੧੮॥

†ਇਹ ਠੀਕ ਨਹੀਂ। ਤਵਾ: ਖਾ: ਵਾਲਾ ਲੇਖ ਕਿ ਪਠਾਣਾਂ ਨੂੰ ਰਾਜਿਆਂ ਨੇ ਵਰਗਲਾ ਲਿਆ ਸੀ, ਸਹੀ ਜਾਪਦਾ ਹੈ।

ਲੂਟ ਮਾਫ ਤਿਨ ਤੇ ਲਿਖਵਾਵਹੁ।
ਮਿਲਿ ਰਾਜਨ ਸੋਂ ਜੰਗ ਮਚਾਵਹੁ[1]।

[1]ਰਾਜਿਆਂ ਨਾਲ ਮਿਲਕੇ (ਗੁਰਾਂ ਨਾਲ) ਜੰਗ ਮਚਾਵੋ।

ਲਰਹਿ ਪਹਾਰੀ ਹੋਇਂ ਅਗਾਰੀ।
ਤਾਕਤਿ ਰਹੀਅਹਿ[1] ਆਪ ਪਿਛਾਰੀ ॥੧੯॥

[1]ਤੱਕਦੇ ਰਹੀਏ।

ਗੁਰ ਕੀ ਸੈਨ ਪਲਾਵਹਿ ਜਬਿ ਹੀ।
ਸੂਧੇ ਪਰਹੁ ਕੋਸ਼ ਪਰ[1] ਤਬਿ ਹੀ।

[1](ਗੁਰੂ ਕੇ) ਖਜ਼ਾਨੇ ਪਰ।

ਏਕ ਬਾਰਿ ਨਿਜ ਹੇਲਾ ਘਾਲਹੁ।
ਧਨ ਜਹਿਂ ਧਰੵੋ ਆਨਿ ਕਰ ਡਾਲਹੁ[1] ॥੨੦॥

[1]ਜਿੱਥੇ ਧਨ ਧਰਿਆ ਹੈ ਆ ਹੱਥ ਪਾਓ ਭਾਵ ਕਾਬੂ ਕਰ ਲਓ।

ਜੇਤਿਕ ਘੋਰਾ ਸਕਹਿਂ ਉਠਾਇ।
ਤੇਤਿਕ ਲੀਜੈ ਮੋਦ ਵਧਾਇ।
ਲਾਦ ਘਰਨ ਕੌ ਇਤ ਤੇ ਚਲੋ।
ਪਨ ਗਿਰਪਤਿਨਿ ਸੰਗ ਕਰੋਂ ਮਿਲੋ ॥੨੧॥
ਜਿਸ ਕੇ ਹੇਤੁ ਨੌਕਰੀ ਚਾਹੋ।

ਸੋ ਇਕ ਦਿਨ ਮਹਿਂ ਇਸ ਬਿਧਿ ਪਾਹੋ।
ਨਹਿਂ ਪਹਾਰੀਅਨਿ ਕੋ ਇਹ ਭੇਤ।
ਲੇ ਧਨ ਗਨ ਕੌ ਚਲਹੁ ਨਿਕੇਤ ॥੨੨॥
ਇਮ ਕਾਰਜ ਤੁਮਰੇ ਸਮੁਦਾਇ।
ਪੂਰਵਨ ਹੋਵਹਿਂ ਮਦਤ ਖ਼ੁਦਾਇ।'
ਸੁਨਿ ਸਭਿ ਖਾਨਨ ਭਾ ਅਤਿ ਲੋਭ।
ਦਰਬ ਲੇਨਿ ਕੋ ਮਨ ਮਹਿਂ ਖੋਭ ॥੨੩॥
ਭੀਖਨ ਖਾਂ ਕੀ ਬੁੱਧਿ ਸਰਾਹੀ।
ਕਹੈਂ 'ਪਠਹੁ ਨਰ ਰਾਜਨ ਪਾਹੀ।'
ਪੰਚ ਸਉਰ ਚਢਾਵਨਿ ਕਰੇ।
ਗਏ ਧਵਾਇ ਉਤਾਇਲ ਧਰੇ ॥੨੪॥
ਕਹਿ ਕਰਿ ਫਤੇਸ਼ਾਹਿ ਸੋਂ ਮਿਲੇ।
ਸਭਿ ਖਾਨਨ ਦਿਸ਼ਿ ਤੇ ਉਰ ਭਲੇ[1]।

[1]ਭਲੇ ਦਿਲ ਵਾਲੇ ਮੁਰਾਦ ਹੈ ਖੋਟੇ ਦਿਲ ਵਾਲੇ ਇਹ ਵਕ੍ਰੋਕਤੀ ਹੈ ਜੋ ਕਥਨ ਤੋਂ ਉਲਟ ਭਾਵ ਨੂੰ ਸੂਚਨ ਕਰਦੀ ਹੈ।

'ਗੁਰ ਢਿਗ ਕਹਾਂ ਫੌਜ ਹੈ ਔਰ।
ਹੁਤੇ ਪਠਾਨ ਸੁ ਆਵਹਿਂ ਦੌਰ ॥੨੫॥
ਭੇਤੀ ਸਕਲ ਬਾਤ ਕੇ ਅਹੈਂ।
ਲੂਟ ਮਾਫ ਲਿਖਵਾਵਨਿ ਚਹੈਂ।
ਅਪਰ ਨ ਚਾਹਤਿ ਮੁਫਤੀ ਰਹੈਂ।
ਨਿਜ ਬਲ ਤੇ ਗੁਰ ਕੋ ਧਨ ਲਹੈਂ' ॥੨੬॥
ਫਤੇਸ਼ਾਹ ਸੁਨਿ ਕੈ ਮਨ ਫੂਲਾ।
-ਗੁਰ ਦਲ ਭਯੋ ਮੋਹਿ ਅਨੁਕੂਲਾ।
ਸੁਗਮ ਫਤੇ ਮੁਹਿ ਪ੍ਰਾਪਤਿ ਭਈ।
ਚਹਿ ਗਿਰਿੰਦ ਸਭਿ, ਕਿਨਹੁ ਨ ਲਈ[1] ॥੨੭॥

[1]ਜਿਸ ਫਤੇ ਨੂੰ ਸਾਰੇ ਰਾਜੇ ਚਾਹੁੰਦੇ ਰਹੇ ਪਰ ਕਿਸੇ ਨੇ ਨਾ ਲਈ।

ਸਭਿ ਮਹਿਂ ਸੁਜਸੁ ਫੈਲ ਹੈ ਮੇਰਾ।
ਲਹੈ ਪਰਾਜੈ ਗੁਰ ਇਸ ਬੇਰਾ-।
ਤਤਛਿਨ ਕਾਗਦ ਪਰ ਲਿਖਿ ਦੀਨਿ।
'ਲੂਟ ਮਾਫ ਸਭਿ ਤੁਮਰੀ ਕੀਨਿ ॥੨੮॥
ਬਿਜੈ ਭਈ ਤੌ ਦੇਹਿਂ ਇਨਾਮੁ।
ਭੂਖਨ ਪਟ ਲਿਹੁ ਗਮਨਹੁ ਧਾਮੁ।'
ਇਮ ਲਿਖਵਾਇ ਧਏ[†] ਅਸਵਾਰਾ[1]।

[1]ਹਟ ਆਏ ਅਸਵਾਰ। [†]ਪਾ:-ਭਏ।

ਮਿਲੇ ਆਨਿ ਜਹਿਂ ਖਾਨ ਉਦਾਰਾ
॥੨੯॥
ਸਭਿ ਸੁਨਾਇ ਕਰਿ ਬਾਤ ਅਦੋਸਾ।
ਆਛੀ ਬਿਧਿ ਤੇ ਦੀਨਿ ਭਰੋਸਾ।
ਭਏ ਤਯਾਰ ਤਬਿ ਜ਼ੀਨ ਤੁਰੰਗ।
ਸਜੇ ਸਕਲ ਸ਼ਸਤ੍ਰਨਿ ਕੇ ਸੰਗ ॥੩੦॥
ਕਾਲੇ ਖਾਂ ਪੁਨ ਦੇਖਤਿ ਬੋਲਜੋ।
'ਕਯੋਂ ਮੂਢਹੁ ਤੁਮਰੋ ਚਿਤ ਡੋਲਜੋ।
ਨਿਮਕ ਹਰਾਮੀ ਬਨਿ ਕੈ ਮਰਨਾ।
ਖੋਟ ਨਸੀਬ ਕਰਾਯੋ ਕਰਨਾ[1] ॥੩੧॥
ਗਮਨ ਘਰਨ ਕੌ ਪ੍ਰਥਮ ਉਮੰਗੇ।
ਅਬਿ ਤੁਮ ਚਹਜੋ ਲਰਨ ਗੁਰ ਸੰਗੇ।
ਕਰਾਮਾਤ ਸਾਹਿਬ ਬਲਵੰਤਾ।
ਬਨਹਿ ਸਰਬ ਸ਼ੱਤ੍ਰਨਿ ਕੋ ਹੰਤਾ ॥੩੨॥
ਕਹੇ ਬਚਨ ਜਿਸ, ਬਨਿ ਹੈ ਅਨਬਨ[1]।
ਰਨ ਮਹਿਂ ਰਿਪੁ ਗਨ ਡਾਰੈ ਹਨਿ ਹਨਿ।
ਤੁਮ ਗੀਦੀ ਹ੍ਵੈ ਕਰਿ ਮਤਿ ਮੋਟੇ।
ਦੋਜ਼ਕ ਹੇਤੁ ਸਹੇਰਜੋ ਖੋਟੇ[1] ॥੩੩॥
ਬੰਸ ਪਠਾਨ ਕਲੰਕਤਿ ਕੀਨਾ।
ਅਵਗਤਿ ਮਰਹੁ ਅਜਸੁ ਜਗ ਲੀਨਾ।'
ਸੁਨਿ ਭੀਖਨ ਖਾਂ ਤਰਜਤਿ ਬੋਲਾ।
'ਧਰ ਤੁਸ਼ਨਿ ਤੂੰ ਬੈਠਿ ਅਡੋਲਾ ॥੩੪॥
ਅਪਰਨਿ ਕੀ ਤੁਝ ਕੌ ਕਯਾ ਪਰੀ।
ਭਲੀ ਕਰੈ ਅਥਵਾ ਕੋ ਬੁਰੀ।'
ਉਤ ਸਤਿਗੁਰ ਸ਼੍ਰੀ ਮੁਖ ਤੇ ਭਾਖੇ।
'ਸੰਗੋਸ਼ਾਹ! ਜਾਹੁ ਲਿਹੁ ਰਾਖੇ ॥੩੫॥
ਕਹਹੁ -ਸਿਪਰ ਭਰਿ ਧਨ ਕੀ ਤਬੈ।
ਦੈ ਹੈਂ ਰਣ ਕਰਿ ਆਵਹਿਂ ਜਬੈ।
ਰਣ ਤੇ ਨਹੀਂ ਤ੍ਰਾਸ ਉਪਜਾਵਹੁ।
ਫਤੇ ਦਰਬ ਦ੍ਵੈ ਲੈ ਘਰ ਜਾਵਹੁ-' ॥੩੬॥
ਕਹਜੋ ਬਾਕ ਗੁਰ ਕੋ ਨਹਿਂ ਮੋਰਜੋ[1]।

[1]ਖੋਟਿਆਂ ਨਸੀਬਾਂ ਨੇ ਤੁਹਾਥੋਂ ਇਹ ਕਰਨੀ ਕਰਾਈ ਹੈ।

[1]ਜਿਸ ਦੇ ਬਚਨ ਕਹਿਣ ਨਾਲ ਅਣਬਣ ਭੀ ਬਣ ਜਾਂਦੀ ਹੈ।

[1]ਦੋਜ਼ਖ ਲਈ ਖੋਟ ਸਹੇੜਿਆ ਹੈ।

[1]ਸੰਗੋ ਨੇ।

-ਨਹਿਂ ਕੋ ਚਾਹਤਿ ਤਿਨਹੁ ਨਿਹੋਰਯੋ[1]।
[1]ਭਾਵੇਂ) ਪਠਾਣਾਂ ਨੂੰ ਕੋਈ ਮਨਾਉਣਾ ਨਹੀਂ ਸੀ ਚਾਹੁੰਦਾ (ਕਿਉਂਕਿ....)।

ਰਣ ਤੇ ਤ੍ਰਸਤਿ ਜਾਤਿ ਹੈਂ ਭਾਗੇ।
ਗੀਦੀ ਭਏ, ਨ ਚਹਿਂ ਮੁਖ ਲਾਗੇ[1]- ॥੩੭॥
[1]ਸਿਖ) ਪਠਾਣਾਂ ਦੇ ਮੂੰਹ ਲਗਣਾ ਨਹੀਂ ਸੀ ਚਾਹੁੰਦੇ।

ਗਯੋ ਬੈਠਿ, ਤਿਨ ਕੌ ਸਮੁਝਾਏ[1]।
[1]ਸਮਝਾਉਂਦਾ ਹੈ।

'ਭੀਖਨ ਖਾਂ ! ਤੁਮ ਕਯੋਂ ਡਰਪਾਏ?
ਸਤਿਗੁਰ ਕਹਯੋ -ਸਿਪਰ ਭਰਿ ਦੈ ਹੈਂ।
ਰਣ ਕਰਿ ਬਹੁਰ ਸਿਵਰ ਜਬਿ ਐਹੈਂ- ॥੩੮॥
ਨਹੀਂ ਮਰਦ ਕੌ ਲਾਯਕ ਐਸੇ।
ਜੰਗ ਪਰੇ ਤੁਮ ਤਜਾਗਯੋ ਜੈਸੇ।
ਅਬਿ ਲੌ ਮਿਹਰ ਕਰਤਿ ਗੁਰ ਪੂਰੇ।
ਕਾਰਜ ਸਭਿ ਸੁਧਰਹਿਂ ਬਿਧਿ ਰੂਰੇ' ॥੩੯॥
ਸੁਨਿ ਭੀਖਨ ਬੋਲਯੋ ਮਤਿ ਮੰਦਾ।
'ਹਮ ਸੋਂ ਭਾਖਤਿ ਡਰਤਿ ਬਿਲੰਦਾ।
ਤ੍ਰਾਸ ਕਰਤਿ ਗੁਰ ਭੀ ਇਸ ਕਾਲਾ।
ਦੇਨਿ ਦਰਬ ਕਹਿ ਪਠਤਿ ਬਿਸਾਲਾ ॥੪੦॥
ਮਰਿਬੋ ਕੌਨ ਚਹੈ? ਬਤਲਾਵਹੁ।
ਬਾਰਬਾਰ ਤੁਮ ਹਮਹਿ ਹਟਾਵਹੁ।
ਕੋਟ ਜਤਨ ਤੇ ਹਮ ਨਹਿਂ ਰਹੈਂ।
ਕਯੋਂ ਗੁਰ ਫੇਰ ਫੇਰ ਕਰਿ ਕਹੈਂ' ॥੪੧॥
ਸੁਨਿ ਕਰਿ ਸੰਗੋਸ਼ਾਹ ਸਿਧਾਰਾ।
'ਮਹਾਰਾਜ ! ਸੋ ਚਹਤਿ ਨਿਕਾਰਾ[1]।
[1]ਉਹ ਕੱਢ ਦੇਣੇ ਚਾਹੀਦੇ ਹਨ।

ਅਬਿ ਬੋਲਤਿ ਖੋਟੀ ਬਿਧਿ ਐਸੇ।
ਡੇਰਾ ਲੂਟ ਲੀਜੀਐ ਜੈਸੇ[1]' ॥੪੨॥
[1]ਜਿਵੇਂ (ਉਹ ਬੋਲਦੇ ਹਨ ਉਨ੍ਹਾਂ ਦਾ) ਡੇਰਾ ਲੁੱਟ ਲੈਣਾ ਚਾਹੀਦਾ ਹੈ।

ਸੁਨਤਿ ਛਿਮਾਨਿਧਿ ਛਿਮਾ ਉਪਾਈ।
ਕਹਯੋ 'ਜਾਨ ਦਿਹੁ, ਕਹੂੰ ਨ ਜਾਈਂ[1]।
[1]ਪਰ) ਕਿਤੇ ਨਹੀਂ ਜਾਣ ਲੱਗੇ।

ਇਨ ਕੇ ਸੀਸ ਚਢੀ ਮ੍ਰਿਤੁ ਆਇ।
ਕਿਮਹੁੰ ਨ ਜੀਵਨ ਸਾਕਹਿਂ ਪਾਇ

॥੪੩॥
ਅਬਿ ਕਹਿ ਪਠਹੁ -ਮੂਢ! ਚਲਿ ਜਾਵਹੁ।
ਬਿਲਮਹੁ ਨਹਿ ਦੁੰਦਭਿ ਉਲਟਾਵਹੁ[1]। [1]ਨਗਾਰੇ ਮੂਧੇ ਮਾਰਕੇ (ਜਾਓ)।
ਜੇ ਕਰਿ ਚੋਬ ਨਗਾਰੇ ਪਰੈ।
ਲੂਟ ਲੇਹਿੰਗੇ, ਲਰਹਿਂ ਤ ਮਰੈਂ[1]-' [1]ਲੜਨਗੇ ਤਾਂ ਮਾਰ ਦਿਆਂਗੇ।
॥੪੪॥
ਤੀਬ੍ਰ ਹੁਕਮ ਸੁਨਿ ਸੁਭਟ ਸਿਧਾਏ।
ਤਤਛਿਨ ਕਹਿ ਦੁੰਦਭਿ ਉਲਟਾਏ।
ਸ਼ੀਘ੍ਰ ਚਢਾਇ ਨਿਕਾਸੇ ਬਾਹਰ[†]। [†]ਅਜ ਕਲ ਜੇ ਰਣ ਮਚੇ ਤੇ ਕੋਈ ਪਿਠ ਦੇਵੇ ਤਾਂ ਛੁੱਟੀ ਨਹੀਂ ਪਰ ਕਰੜੇ ਦੰਡ ਦੇਂਦੇ ਹਨ।
ਚਲੇ ਤ੍ਰਾਸ ਜਿਮ ਪਿਖਿ ਮ੍ਰਿਗਨਾਹਰ[1] [1]ਸ਼ੇਰ ਨੂੰ ਦੇਖਕੇ ਹਰਨ।
॥੪੫॥
ਆਪਸ ਮਹਿਂ ਬੋਲਤਿ ਬਿਗਸੰਤੇ।
'ਸੁਨੋ ਖਾਨਜ਼ਾਦੇ ਬਲਵੰਤੇ!
ਬ੍ਰਿੰਦ ਰਜਤਪਣ ਗਨ ਦੀਨਾਰਾ।
ਮੁਕਤਾ ਹੀਰਾ ਆਦਿ ਉਦਾਰਾ ॥੪੬॥
ਲੂਟ ਕਰਹੁ ਚਿਤ ਭਾਵਤ ਗੁਰ ਕੀ।
ਪੁਰਵਹੁ ਸਕਲ ਭਾਵਨਾ ਉਰ ਕੀ[1]। [1]ਮਨ ਭਾਂਵਦੀ ਗੁਰਾਂ ਦੀ ਲੁੱਟ ਕਰੋ।
ਧਨੀ ਅਧਿਕ ਬਨਿ ਸਦਨ ਸਿਧਾਰਹੁ।
ਮਨ ਭਾਵਤਿ ਭੋਗਹੁ ਸੁਖ ਧਾਰਹੁ' ॥੪੭॥
ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਪਠਾਨਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

## ੨੨. [ਬੁੱਧੂ ਸ਼ਾਹ ਨੂੰ ਖ਼ਬਰ। ਕਾਲੇ ਖਾਂ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਨਿਕਸਿ ਗਏ ਜਬਿ ਖਾਨ ਇਮ, ਸਤਿਗੁਰ ਖ਼ਤ ਲਿਖਵਾਇ।
ਬੁੱਧੂਸ਼ਾਹਿ ਸਮੀਪ ਤਬਿ, ਤੂਰਨ ਦਯੋ ਪਠਾਇ ॥੧॥

ਚੌਪਈ:

ਉਪਾਲੰਭ ਬਹੁ ਤਿਸੈ ਪਠਾਏ।
'ਨੌਕਰ ਜੇ ਪਠਾਨ ਰਖਵਾਏ।
ਪਾਵਤਿ ਰਹੇ ਰੋਜ਼ ਦਰਮਾਹਾ।
ਧਨ ਗਨ ਲੀਨਸਿ ਅਪਨੇ ਪਾਹਾ ॥੨॥
ਅਬਹਿ ਜੰਗ ਕੋ ਕਾਰਜ ਪਰਜੋ।
ਦੇਖਿ ਗੀਦੀਅਨ ਕੋ ਮਨ ਡਰਜੋ।
ਲਖਿ ਰਾਜਨ ਕੀ ਸੈਨ ਘਨੇਰੀ।
ਬਨਿ ਕਾਤੁਰ ਚਢਿਗੇ ਤਿਸ ਬੇਰੀ ॥੩॥
ਜਾਇ ਗਿਰੇਸ਼ਨ ਸਾਥ ਮਿਲੇ ਹੈ।
ਅਸ ਨੌਕਰ ਰਖਵਾਇ ਭਲੇ ਹੈਂ।
ਭਏ ਮੂਢ ਮਤਿ ਨਿਮਕਹਰਾਮੀ।
ਨਹੀਂ ਕਾਮ ਆਏ ਨਿਜ ਸ੍ਵਾਮੀ[1]' ॥੪॥
ਬੁੱਧੂਸ਼ਾਹਿ ਪੜ੍ਹਜੋ ਖਤ ਜਬੈ।
ਧੁਨਜੋ ਸੀਸ ਜੁਤਿ ਚਿੰਤਾ ਤਬੈ।
-ਮੁਝ ਕੋ ਬੀਚ ਦੀਨਿ ਮਤਿ ਮੂਢੇ†।
ਰਣ ਤੇ ਡਰ ਕਰਿ ਗਏ ਅਰੂਢੇ ॥੫॥
ਉਪਾਲੰਭ ਸਤਿਗੁਰ ਕਹਿ ਸਾਚੋ।
ਜਿਸ ਤੇ ਪਰਜੋ ਤਿਨਹੁ ਸੰਗ ਕਾਚੋ[1]।
ਅਬਿ ਪੁਰਸ਼ਾਰਥ ਮੈਂ ਨਿਜ ਕਰੌਂ।
ਤਨ ਮਨ ਦੈ ਗੁਰ ਕਾਰਜ ਕਰੌਂ- ॥੬॥
ਚਹਤਿ ਪ੍ਰਭੂ ਢਿਗ ਅਪਨਿ ਰਸੀਦ[1]।
ਕਰੇ ਸਕੇਲਨਿ ਸਕਲ ਮੁਰੀਦ।
ਭਏ ਸਾਤ ਸੈ ਗਿਨਤੀ ਮਾਂਹਿ।
ਰਣ ਕਰਿਬੇ ਕੀ ਧਰਤਿ ਉਮਾਹਿ ॥੭॥
ਚਾਰ ਪੁੱਤ੍ਰ ਅਪਨੇ ਸੰਗ ਲੀਨੇ।
ਸਵਾਧਾਨ ਸ਼ਸਤ੍ਰਨਿ ਜੁਤਿ ਕੀਨੇ।

[1]ਆਪਣੇ ਸੁਾਮੀ ਦੇ।

†ਪਾ:-ਮੁਝ ਕੋ ਦੇ ਸ਼ਰਮਿੰਦਤ ਮੂਢੇ।

[1]ਮੈਂ ਜਿਨ੍ਹਾਂ ਅੱਗੇ ਕੱਚਾ (ਫਿੱਕਾ) ਪਿਆ ਹਾਂ।

[1]ਪਹੁੰਚਣਾ ਚਾਹੁੰਦਾ ਹੈ।

ਸ਼ਹਿਰ ਸਢੌਰੇ ਤੇ ਚਲਿ ਪਰਯੋ।
ਪ੍ਰੇਮ ਗੁਰੂ ਦਰਸ਼ਨ ਕੋ ਧਰਯੋ ॥੮॥
ਪਰਯੋ ਪੰਥ ਮਹਿਂ ਘਾਲਯੋ ਡੇਰਾ?
ਦੇ ਉਤਸਾਹ ਮੁਰੀਦਨਿ ਹੇਰਾ।
ਇਤ ਪਠਾਨ ਤੀਨਹੁਂ ਸਿਰਦਾਰ।
ਚਢਿ ਕਰਿ ਗਏ ਬਿਲੰਦ ਗਵਾਰ ॥੯॥
ਕਾਲੇ ਖਾਂ ਨਿਜ ਥਲ ਟਿਕ ਰਹਯੋ।
-ਨਿਮਕ ਹਲਾਲ ਬਨੌਂ- ਚਿਤ ਚਹਯੋ।
ਪ੍ਰਭੁ ਢਿਗ ਸੁਧਿ ਪਹੁੰਚੀ ਤਿਸ ਕਾਲ।
'ਗਏ ਖਾਨ ਧਰਿ ਤ੍ਰਾਸ ਬਿਸਾਲ ॥੧੦॥
ਤ੍ਰੈ[1] ਸਿਰਦਾਰ ਬਿਮੁਖ ਹੁਇ ਭਾਗੇ। [1]ਤਿੰਨ।
ਇਕ ਬੈਠਯੋ, ਨਹਿਂ ਧੀਰਜ ਤਯਾਗੇ।
ਜ਼ੀਨ ਤੁਰੰਗਨ ਪਰ ਨਹਿਂ ਡਾਲੇ।
ਚਢਨਿ ਹੇਤ ਨਹਿਂ ਸ਼ਸਤ੍ਰ ਸੰਭਾਲੇ' ॥੧੧॥
ਸੁਨਿ ਕਲਗ਼ੀਧਰ ਦਾਸ ਪਠਾਯੋ।
'ਬੂਝਹੁ -ਤੂੰ ਕਯੋਂ ਨਹੀਂ ਪਲਾਯੋ?
ਨਿਜ ਸੰਗਨਿ ਤੇ ਹੋਇ ਬਿਹੀਨ।
ਬੈਠਿ ਰਹਯੋ ਕਯਾ ਮਨ ਮਹਿਂ ਚੀਨਿ?-'
॥੧੨॥
ਜਾਇ ਸਿਖ ਨੇ ਬੂਝਨਿ ਕਰਯੋ।
ਕਾਲੇ ਖਾਂ ਬਿਰਤੰਤ ਉਚਰਯੋ।
'ਮੈਂ ਨਹਿਂ ਬਨਿ ਹੌਂ ਨਿਮਕ ਹਰਾਮੀ।
ਆਵਹੁਂ ਨਿਜ ਸ੍ਵਾਮੀ ਕੇ ਕਾਮੀ[1] ॥੧੩॥ [1]ਆਪਣੇ ਸ੍ਵਾਮੀ ਦੇ ਕੰਮ ਆਵਾਂਗਾ।
ਸੌ ਅਸਵਾਰ ਸੰਗ ਹੈਂ ਮੇਰੇ।
ਪਰੇ ਜੰਗ ਦੇਂ ਪ੍ਰਾਨ ਅਗੇਰੇ।
ਲਰਿ ਕਰਿ ਮਰਿ ਕਰਿ ਭਿਸਤ ਸਿਧਾਵੈਂ।
ਜੀਵਤਿ ਜੈ, ਗੁਰ ਤੇ ਧਨ ਪਾਵੈਂ ॥੧੪॥
ਪ੍ਰਭੁ ਕੋ ਕਰਿ ਹੈਂ ਨਿਮਕ ਹਲਾਲ।
ਦੀਨ ਦੁਨੀ ਸੁਧਰਾਇ ਬਿਸਾਲ।'
ਸੁਨਿ ਕਰਿ ਗਯੋ ਕਹੀ ਸਭਿ ਬਾਤ।
ਬੋਲਯੋ ਨੰਦ ਚੰਦ ਬੱਖਯਾਤ ॥੧੫॥
'ਅਬਿ ਬਿਸ੍ਵਾਸ ਤੁਰਕਨਿ ਕੋ ਨਾਂਹੀ।

ਕਰਹਿਂ ਦਗਾ ਰਹਿ ਕਰ ਹਮ ਪਾਹੀ।
ਪ੍ਰਭੁ ਜੀ ਕਿਸੁ ਨ ਰਾਖਨ ਕਰੀਅਹਿ।
ਤਿਨ ਕੋ ਹੀ ਇਹ ਭ੍ਰਾਤ ਬਿਚਰੀਅਹਿ'
॥ ੧੬ ॥
ਤਬਿ ਸਤਿਗੁਰ ਸਿੱਖ ਕੌ ਸਮੁਝਾਯੋ।
ਹੇਤੁ ਚਢਾਵਨਿ ਤੁਰਤ ਪਠਾਯੋ।
ਜਾਇ ਤੁਰਤ ਤਿਹ ਸਾਥ ਬਖਾਨੀ।
'ਸੁਨੋ ਖਾਨ ! ਭਾਖੀ ਗੁਰ ਬਾਨੀ ॥ ੧੭ ॥
ਜਥਾ ਕੂੰਜ ਬਿਛਰਹਿ ਨਿਜ ਡਾਰ।
ਬਿਲਪਤਿ ਹੈ ਅਨੰਦ ਕੋ ਡਾਰਿ।
ਰਹਤਿ ਰਹਤਿ ਜਬਿ ਕਬਿ ਤਹਿਂ ਮਿਲੇ[1]। — [1]ਰਹਿੰਦਿਆਂ ਰਹਿੰਦਿਆਂ ਜਦੋਂ ਕਦੋਂ (ਆਪਣੀ ਡਾਰ ਨਾਲ) ਜਾ ਮਿਲਦੀ ਹੈ।
ਬਿਨਾ ਮਿਲੇ ਨਹਿਂ ਭਾਵਤਿ ਭਲੇ[1] ॥ ੧੮ ॥ — [1]ਨਾ ਮਿਲਨਾ ਉਸ ਨੂੰ ਚੰਗਾ ਨਹੀਂ ਲੱਗਦਾ।
ਤਿਮ ਹੀ ਅਪਨੀ ਦਸ਼ਾ ਨਿਹਾਰਹੁ।
ਤੂਰਨ ਮਿਲਿਬੇ ਹੇਤੁ ਸਿਧਾਰਹੁ।
ਨਿਕਟ ਨ ਤੁਮ ਕੌ ਰਾਖਹਿਂ ਅਬੈ।
ਪਰੇ ਕਾਮ ਤੇ ਗੀਦੀ ਸਬੈ ॥ ੧੯ ॥
ਹਾਨ ਲਾਭ ਨਿਜ ਸੰਗਨਿ ਸੰਗ।
ਕਰੋਂ ਅਬਿ ਬੈਠੇ ਜਾਹੁ ਨਿਸ਼ੰਗ।'
ਸੁਨਿ ਕਾਲੇ ਖਾਂ ਬਹੁਰ ਬਖਾਨਾ।
'ਗੁਰ ਕੋ ਲਵਨ ਖਾਨ ਕਰਿ ਖਾਨਾ[1] — [1]ਗੁਰੂ ਜੀ ਦੇ ਘਰ ਦਾ ਲੂਣ ਖਾਧਾ ਹੈ ਮੈਂ।
॥ ੨੦ ॥
ਪਰੇ ਜੰਗ ਕੇ ਜਾਉਂ ਨ ਕੈਸੇ।
ਮੈਂ ਨ ਬਨਹੁਂ ਤਿਨਹੂੰ ਖਲ ਜੈਸੇ।
ਦੇਹਿਂ ਨ ਦੇਹਿਂ ਗੁਰੂ ਧਨ ਆਗੇ।
ਪਾਯੋ ਪ੍ਰਥਮ ਸਿਮਰ ਨਹਿਂ ਭਾਗੇ[1]' — [1]ਜਿਹੜਾ ਪਹਿਲੋਂ ਪਾਇਆ ਹੈ ਉਸ ਨੂੰ ਹੀ ਯਾਦ ਕਰਕੇ ਭੱਜਾਂਗੇ ਨਹੀਂ।
॥ ੨੧ ॥
ਇਮ ਕਹਿ ਰਹ੍ਯੋ ਸਥਿਰ ਤਹਿਂ ਹੋਇ।
ਸੁਨੀ ਬਾਰਤਾ ਸਤਿਗੁਰ ਸੋਇ।
ਹੁਇ ਪ੍ਰਸੰਨ ਤਿਹ ਨਿਕਟ ਹਕਾਰਾ।
'ਸਾਧ ਸਾਧ' ਕਹਿ ਬਹੁ ਸਤਿਕਾਰਾ
॥ ੨੨ ॥

ਕੰਚਨ ਕੇ ਕੰਕਨ ਤਿਸ ਕਾਲਾ।
ਕਰੇ ਦੇਨਿ ਇਕ ਸੰਗ ਦੁਸ਼ਾਲਾ।
ਕਹਜੋ ਬਹੁਰ 'ਸੁਨਿ ਬੀਰ ਪਠਾਨ !
ਤੇ ਪਰ ਅਹੈਂ ਪ੍ਰਸੰਨ ਮਹਾਨ ॥੨੩॥
ਨਿਮਕ ਹਲਾਲ ਭਯੋ ਅਬਿ ਤੇਰਾ।
ਜਿਸ ਤੇ ਚਾਹਜੋ ਜੰਗ ਬਡੇਰਾ।
ਹਮ ਨੇ ਰੁਖ਼ਸਦ ਕੀਨਸਿ ਤੋਹੀ।
ਯਾਂ ਤੇ ਨਹੀਂ ਦੋਸ਼ ਕੋ ਹੋਹੀ' ॥੨੪॥
ਕਰ ਬੰਦੇ ਕਾਲੇਖਾਂ ਕਹੇ।
'ਆਇਸੁ ਤੁਮ ਅਮੋਰ ਨਿਤ ਅਹੇ[1]।
ਤਊ ਨ ਤਿਨ ਕੇ ਮਿਲਿਹੌਂ ਸੰਗ।
ਕਹਾਂ ਕਰੌਂ ਮੈਂ ਤੁਮ ਸੋਂ ਜੰਗ[1]' ॥੨੫॥

[1]ਭਾਵ ਮੋੜਨੀ ਨਹੀਂ ਚਾਹੀਦੀ।

[1]ਉਨ੍ਹਾਂ ਨਾਲ ਮਿਲਕੇ) ਭਲਾ ਆਪ ਜੀ ਨਾਲ ਮੈਂ ਜੰਗ ਕਰਾਂਗਾ? ਭਾਵ ਨਹੀਂ ਕਰਾਂਗਾ।

ਇਮ ਕਹਿ ਬੰਦਨ ਕਰਿ ਤਿਹ ਕਾਲਾ।
ਕਾਲੇਖਾਨ ਵਹਿਰ ਕੌ ਚਾਲਾ।
ਨਹਿੰਨ ਗਿਰਿੰਦਨਿ ਸਮੁਖ ਸਿਧਾਰਾ।
ਅਪਰ ਥਾਨ ਡੇਰਾ ਕਿਤ ਡਾਰਾ ॥੨੬॥
ਅਬਿ ਸੁਨੀਏਂ ਜੇ ਗਏ ਪਠਾਨ।
ਫਤੇਸ਼ਾਹ ਉਤਰਜੋ ਜਿਸ ਥਾਨ।
ਕੇਤਿਕ ਦੂਰ ਸਿਵਰ ਕਹੁ ਘਾਲਾ।
ਹਯ ਲਗਾਇ ਮਿਲਿ ਇਕ ਥਲ ਜਾਲਾ ॥੨੭॥
ਸ਼ਸਤ੍ਰਨ ਸਹਿਤ ਸਭਾ ਕੌ ਗਏ।
ਗੁਰ ਦ੍ਰੋਹੀ ਜਹਿਂ ਇਕਠੇ ਭਏ।
ਫਤੇਸ਼ਾਹਿ ਥਿਤ ਸਭਾ ਮਝਾਰੀ।
ਜੋ ਸਭਿ ਬਿਧਿ ਠਾਨਤਿ ਰਣ ਤਯਾਰੀ ॥੨੮॥
ਕਈ ਹਜ਼ਾਰ ਪਹਾਰੀ ਬੀਰ।
ਧਰੇ ਤੁਪਕ ਤੋਮਰ ਅਸਿ ਤੀਰ।
ਝੁਕਿ ਸਲਾਮ ਕਰਿ ਥਿਰੇ ਅਗਾਰੀ।
ਸਾਦਰ ਭੂਪਤਿ ਗਿਰਾ ਉਚਾਰੀ ॥੨੯॥
ਸਭਿ ਬੈਠਾਵਨਿ ਕਰੇ ਸਮੀਪ।
ਹਰਖਤਿ ਬੂਝਨਿ ਲਗਜੋ ਮਹੀਪ।

'ਗੁਰ ਕੰਨੇ ਕੇਤਿਕ ਦਲ ਰਹਜੋ।
ਤੁਮ ਨੇ ਭੇਤ ਕਹਹੁ ਕਿਮ ਲਹਜੋ?
॥੩੦॥
ਲਰਹਿ ਕਿ ਨਹਿਂ ਚਢਿ ਮੋਰ ਅਗਾਰੀ?
ਤੁਮਰੇ ਉਠੇ ਹੋਇ ਧ੍ਰਿਤ ਹਾਰੀ[1]।
ਕੇਤਿਕ ਸੁਭਟ ਲਰਨਿ ਕੌ ਗਾਢੇ।
ਰਣ ਕੇ ਪਰੇ ਰਹੈਂ ਤਹਿਂ ਠਾਢੇ ॥੩੧॥
ਗੁਰ ਕੋ ਭੀ ਉਤਸਾਹੁ ਨਿਹਾਰਾ।
ਜਬਿ ਉਠਿ ਆਵਨਿ ਭਯੋ ਤੁਮਾਰਾ।'
ਭੀਖਨ ਖਾਨ ਤਨਕ ਮੁਸਕਾਵਤਿ।
ਗੁਰ ਘਰ ਕੋ ਸਭਿ ਭੇਦ ਬਤਾਵਤਿ
॥੩੨॥

[1]ਹੌਸਲਾ ਹਾਰ ਬੈਠਾ ਹੋਵੇਗਾ ਗੁਰੂ ਦਾ ਦਲ।

'ਗੁਰ ਘਰ ਅਪਰ ਸੈਨ ਹੈ ਕਹਾਂ।
ਪਿਖਿ ਖਾਨਨ ਢਿਗ, ਲਰਿਬੇ ਚਹਾ[1]।

[1]ਪਠਾਣਾਂ ਨੂੰ ਪਾਸ ਦੇਖਕੇ ਲੜਨਾ ਚਾਹੁੰਦੇ ਸਨ (ਤੁਹਾਡੇ ਨਾਲ)।

ਸੋ ਹਮ ਸਭਿ ਹੀ ਉਠਿ ਚਲਿ ਆਏ।
ਹਿਤ ਰਾਖਨ ਕੇ ਬਹੁਤ ਅਲਾਏ ॥੩੩॥
ਅਧਿਕ ਪੰਚ ਗੁਨ ਧਨ ਦੇ ਰਹੇ।
ਬਹੁਰ ਸਿਪਰ ਭਰ ਓਰਕ[1] ਕਹੇ।
ਤੁਮਤੇ ਤ੍ਰਸਤਿ ਬਿਸਾਲ ਬਖਾਨੀ[1]।
ਤਊ ਹਮਹੁੰ ਨੇ ਏਕ ਨ ਮਾਨੀ ॥੩੪॥

[1]ਓੜਕ ਨੂੰ।

[1]ਬੜਾ ਸਾਨੂੰ ਕਹਿਆ।

ਬਾਕੀ ਦਲ ਖ਼ੁਦਾਇ ਕੋ ਨਾਊ[1]।

[1]ਰਬ ਦਾ ਨਾਉਂ ਹੈ, ਬਦਕਿਸਮਤੀ ਨਾਲ ਇਸ ਫਿਕਰੇ ਦਾ ਅਰਥ 'ਕੁਛ ਨਹੀਂ' ਹੋ ਗਿਆ ਹੈ; ਅਸਲ ਮੁਰਾਦ ਇਹ ਹੈਸੀ ਕਿ ਰੂਪ ਧਾਰੀ ਵਸਤੂ ਕੋਈ ਨਹੀਂ ਅਰੂਪ ਵਸਤੂ ਰੱਬ ਦਾ ਨਾਉਂ ਉਥੇ ਹੈ।

ਮਿਲੇ ਗਵਾਰ ਲੋਕ ਸਮੁਦਾਊ।
ਹਸਿਬੇ ਜੋਗ ਜਾਤਿ ਤਿਨ ਕੇਰੀ।
ਮੋ ਤੇ ਸੁਨੋ ਕਹੌਂ ਇਸ ਬੇਰੀ ॥੩੫॥
ਘਨੇ ਜਾਤਿ ਹੈਂ ਅਧਿਕ ਗਵਾਰ।
ਨਾਈ, ਬਾਮਨ, ਸੂਦ, ਸੁਨਾਰ।
ਬਨੀਏ, ਰੋੜੇ, ਜਾਟ, ਲੁਹਾਰ।
ਝੀਵਰ ਜਾਤਿ, ਕਲਾਲ, ਕੁਮ੍ਹਾਰ ॥੩੬॥
ਖਾਤੀ[1], ਛੀਂਬੇ, ਔਰ ਲੁਬਾਣੇ।

[1]ਤਰਖਾਣ।

ਛੱਤੀਸ ਜਾਤਿ ਸਨਾਤ ਪਛਾਣੇ[1]।
ਅਪਰ ਕਹਾਂ ਲਗਿ ਕਰੌਂ ਉਚਾਰ।
ਹੈਂ ਹਲਾਲ ਖੁਰ ਨੀਚ ਚੁਮਾਰ[1] ॥੩੭॥
ਪਕਰੀ ਜਾਇਂ ਨ ਕਰ ਤਰਵਾਰੇਂ।
ਨਹਿਂ ਜਾਨਹਿਂ ਕਿਮ ਤੋਮਰ ਧਾਰੇਂ[1]।
ਤੀਰ ਤੁਫੰਗ ਪ੍ਰਹਾਰਨਿ ਜੋਇ।
ਇਹ ਬਿੱਦਯਾ ਤਿਨ ਕੇ ਕਿਮ ਹੋਇ[1] ॥੩੮॥
ਜੋਧਾ ਆਪ ਗੁਰੂ ਇਕ ਭਾਰੀ।
ਸੋ ਠਹਿਰੈਗੋ ਸਭਿਨਿ ਅਗਾਰੀ।
ਇਕ ਕ੍ਰਿਪਾਲ ਮਾਤੁਲ ਤਿਨ ਕੇਰਾ।
ਕਰਨਿ ਜੰਗ ਕੌ ਬੀਰ ਬਡੇਰਾ ॥੩੯॥
ਪੰਚ ਭਾਣਜੇ ਸੋ ਬਲਵੰਤੇ।
ਸ਼ਸਤ੍ਰਨਿ ਕੀ ਬਿੱਦਯਾ ਮਤਿਵੰਤੇ।
ਨੰਦਚੰਦ ਹੈ ਏਕ ਦਿਵਾਨ।
ਸੋ ਭੀ ਰਾਖੈ ਲਰਿਬੇ ਮਾਨ[1] ॥੪੦॥
ਦਯਾਰਾਮ ਪ੍ਰੋਹਤ ਦਿਜ ਸੋਈ।
ਅਪਰ ਨ ਬੀਰ ਬਿਲੋਕਯੋ ਕੋਈ।
ਘਨੇ ਫਕੀਰ ਨ ਰਨ ਕੋ ਆਵਹਿ[1]।
ਬੈਠੇ ਨਿਤ ਕਰਾਹਿ ਕੋ ਖਾਵਹਿਂ ॥੪੧॥
ਇਹ ਸੈਨਾ ਸੰਗੀ ਲਿਹੁ ਜਾਨ।
ਜੋ ਮੈਂ ਤੁਮ ਸੋਂ ਕੀਨਿ ਬਖਾਨ।
ਤੁਮ ਅਰੁ ਤੁਮਰੋ ਦਲ ਕਿਤ ਰਹੋ।
ਹਮ ਹੀ ਘਨੇ ਹਤਨਿ ਕੋ ਲਹੋ ॥੪੨॥
ਫਤੇ ਖ਼ੁਦਾਇ ਸੁਗਮ ਤੁਝ ਦਈ।
ਭੀਮਚੰਦ ਨਹਿਂ ਪ੍ਰਾਪਤਿ ਭਈ।
ਜੇ ਕਰਿ ਦੇਖਹੁ ਗੁਰੂ ਖਜ਼ਾਨਾ।
ਦੇਸ਼ਾਂਤਰ ਕੀ ਵਸਤੁ ਨਾਨਾ ॥੪੩॥
ਜੋ ਸ਼ਾਹਨਿ ਕੋ ਪ੍ਰਾਪਤਿ ਨਾਂਹੀ।
ਅਪਰ ਕਹਾਂ ਨਰ ਪਾਵਤਿ ਤਾਂਹੀ।
ਧਰੇ ਰਜਤਪਣ ਅਨਗਨ ਜਹਾਂ।

[1]ਛਤੀਸ ਨੀਚ ਜਾਤੀਆਂ।

[1]ਚੂਹੜੇ ਤੇ ਚਮਾਰ ਨੀਚ ਲੋਗ।

[1]ਨਹੀਂ ਜਾਣਦੇ ਕਿ ਕਿਵੇਂ ਤੋਮਰ ਫੜੀਦਾ ਹੈ।

[1]ਇਹ ਵਿਦਯਾ ਉਹਨਾਂ ਪਾਸ ਕਿਵੇਂ ਹੋ ਸਕਦੀ ਹੈ? ਭਾਵ ਨਹੀਂ ਹੈ।

[1]ਲੜਨੇ ਦਾ ਮਾਣ ਰਖਦਾ ਹੈ।

[1]ਜਿਨ੍ਹਾਂ) ਨੂੰ ਜੰਗ ਕਰਨਾ ਆਂਵਦਾ ਹੀ ਨਹੀਂ। (ਅ) ਜੰਗ ਵਿਚ ਨਹੀਂ ਆਉਣਗੇ।

ਦੀਰਘ ਦੀਨਾਰਨਿ ਗਨ ਚਹਾ[1] ॥੪੪॥
ਬਸਤ੍ਰ ਬਿਭੂਖਨ ਕਜਾ ਗਿਨ ਕਹੋਂ।
ਲਾਖਹੁੰ ਧਨ ਕੀ ਕੀਮਤਿ ਲਹੋਂ[1]।
ਸੋ ਸਭਿ ਲੂਟਹੁ ਭਰੇ ਖਜ਼ਾਨੇ।
ਜਰੇ ਜਵਾਹਰ ਅਜਬ ਮਹਾਨੇ ॥੪੫॥
ਤੁਮ ਤੇ ਹਮ ਨ ਚਾਕਰੀ ਲੈ ਹੈਂ।
ਲੂਟ ਆਪਨੀ ਕਿਸੂ ਨ ਦੈ ਹੈਂ।
ਕਰਿ ਕੈ ਮਾਰਨ ਮਰਨ ਮਹਾਨਾ।
ਲੈ ਹੈਂ ਗੁਰ ਕੋ ਲੂਟ ਖਜ਼ਾਨਾ ॥੪੬॥
ਪੁੱਤ੍ਰ ਪੌਤਰੇ ਤਕ ਰੁਜ਼ਗਾਰਾ।
ਜਾਨਿ[1] ਗੁਰੂ ਸੰਗ ਕੀਨਿ ਬਿਗਾਰਾ।
ਤੁਮ ਲੇ ਫਤੇ, ਦਰਬ ਲੇਂ ਹਮ ਹੀਂ।
ਲਰਨ ਬਿਖੈ ਆਏ ਇਮ ਸਮ ਹੀ[1] ॥੪੭॥
ਫਤੇ ਸ਼ਾਹ ਸੁਨਿ ਅਤਿ ਹਰਖਾਯੋ।
ਮਨਹੁ ਗੁਰੂ ਕੋ ਜੈ ਕਰਿ ਆਯੋ।
ਲਰਿਬੇ ਹੇਤੁ ਮਹਾਂ ਉਤਸਾਹਾ।
ਭੀਖਨ ਖਾਨ ਰਾਖਿ ਨਿਜ ਪਾਹਾ[1] ॥੪੮॥

[1]ਦੇਖਣੇ ਵਿਚ ਆਉਂਦੇ ਹਨ।
[1]ਜਾਣੋਂ।
[1]ਜਾਣਕੇ ਹੀ।
[1]ਇਕੋ ਜਿਹੇ ਹੋਕੇ।
[1]ਨੂੰ ਆਪਣੇ ਪਾਸ ਰਖਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨਨ ਪ੍ਰਸੰਗ' ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥੨੨॥

## ੨੩. [ਉਦਾਸੀਆਂ ਦਾ ਖਿਸਕਣਾਂ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਸਤਿਗੁਰ ਕੇ ਭਟ ਕੁਛ ਹੁਤੇ, ਜਹਿਂ ਭੰਗਾਣੀ ਥਾਨ।
ਫਤੇਸ਼ਾਹ ਆਗਮਨ ਕੋ, ਸੁਨਿ ਕਰਿ ਕੈ ਨਿਜ ਕਾਨ ॥੧॥

ਚੌਪਈ:

ਸੁਧਿ ਭੇਜੀ ਸਤਿਗੁਰ ਕੇ ਤੀਰ।
'ਆਯੋ ਨ੍ਰਿਪ ਲੈ ਅਨਗਨ ਬੀਰ।
ਉਰ ਅਹੰਕਾਰ ਅਧਿਕ ਜਿਨ ਧਰਜੋ।
ਭੋਰਿ ਹੋਤਿ ਹੀ ਚਾਹਤਿ ਲਰਜੋ ॥੨॥
ਆਪ ਕਰੋ ਤਯਾਰੀ ਸਭਿ ਰੀਤਿ।
ਆਵਹੁ ਲੇਹੁ ਤੁਰਤ ਰਿਪੁ ਜੀਤ[†]।

[†]ਭੰਗਾਣੀ ਵਲ ਜਦ ਡੇਹਰੇ ਵੱਲੋਂ ਦਰਿਆ ਪਾਰ ਕਰਕੇ ਆਓ ਤਾਂ ਇਕ ਲੰਮਾ ਮੈਦਾਨ ਹੈ ਦਰਿਆ ਦੇ ਕੰਢੇ ਕੰਢੇ, ਜੋ ਚੌੜਾ ਬਹੁਤ ਨਹੀਂ ਪਰ ਕਾਫੀ ਹੈ। ਇਹ ਮੈਦਾਨ ਚੌੜੇ ਦਾਓਂ ਜਿੱਥੇ ਮੁਕਦਾ ਹੈ ਅੱਗੇ ਕੁਛ ਉਚਾਈ ਉਤੇ ਫੇਰ ਪੱਧਰੀ ਧਰਤੀ ਦਾ ਮੈਦਾਨ ਹੈ, ਸਤਿਗੁਰਾਂ ਨੇ ਇਸ ਉੱਚੇ ਮੈਦਾਨ ਤੇ ਆਪਣੀ ਸੈਨਾ ਦਾ ਡੇਰਾ ਲਵਾਇਆ ਸੀ। ਹੁਣ ਤਕ ਇਸ ਉਚਾਈ ਤੋਂ ਧਾਵਾ ਕਰਨ ਵੇਲੇ ਹੇਠਾਂ ਜਾਣ ਲਈ ਗਊ ਘਾਟ ਰਸਤਾ ਮੌਜੂਦ ਹੈ? ਉਹ ਰੁੱਖ ਬੀ ਖੜਾ ਹੈ ਜਿਸ ਦੇ ਹੇਠਾਂ ਬੀਰਾਸਨ ਹੋਕੇ ਸਤਿਗੁਰਾਂ ਅਮੋਘ ਬਾਣ ਚਲਾਏ ਸਨ। ਅਸਲ ਵਿੱਚ ਇਥੇ ਖੜੋਕੇ ਹੀ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਰਣ ਵਿਦਯਾ ਦੇ ਕਿੰਨੇ ਪ੍ਰਬੀਨ ਸਨ। ਆਪ ਨੇ ਉਹ ਟਿਕਾਣਾ ਚੁਣਿਆ ਹੈ ਕਿ ਜਿੱਥੇ ਸ਼ੱਤ੍ਰੂ ਦਲ ਸਾਰਾ ਆਪਣੇ ਤੀਰ ਤੁਫੰਗ ਦੀ ਜ਼ਦ ਹੇਠਾਂ ਹੋ ਜਾਂਦਾ ਹੈ। ਇਹ ਮੋਰਚਾ ਜ਼ਰੂਰ ਕੁਛ ਦਿਨ ਪਹਿਲੋਂ ਪੱਕਾ ਕੀਤਾ ਹੋਣਾ ਹੈ। ਦੇਖੋ ਅੰਸੂ ੨੪ ਦਾ ਅੰਕ ੩੬ ਤੇ ੪੦ ਗੁਰੂ ਜੀ ਨੇ ਭੰਗਾਣੀ ਜੁੱਧ ਦਾ ਹਾਲ ਬਚਿੱਤ੍ਰ ਨਾਟਕ ਵਿੱਚ ਆਪ ਲਿਖਿਆ ਹੈ। ਉਸ ਵਿੱਚ ਜੰਗ ਦਾ ਵੇਰਵਾ ਤਾਂ ਹੈ ਪਰ ਭੀਮੇ ਆਦਿ ਦੇ ਕਾਰਣਾਂ ਦਾ ਜ਼ਿਕਰ ਕੋਈ ਨਹੀਂ। ਪਰ ਫਤੇਸ਼ਾਹ ਵੱਲੋਂ ਹਮਲਾ ਹੋਇਆ ਹੈ ਤੇ ਗੁਰੂ ਜੀ ਵੱਲੋਂ ਕੋਈ ਗਲ ਐਸੀ ਨਹੀਂ ਹੋਈ ਕਿ ਉਹ ਜੰਗ ਕਰੇ, ਇਹ ਗਲ ਇਕ ਸਤਰ ਵਿੱਚ ਸਤਿਗੁਰਾਂ ਨੇ ਆਪ ਉਥੇ ਐਉਂ ਦੱਸੀ ਹੈ 'ਫਤੇਸ਼ਾਹ ਕੋਪਾ ਤਬ ਰਾਜਾ ॥ ਲੋਹ ਪਰਾ ਹਮ ਸੋਂ ਬਿਨ ਕਾਜਾ ॥ '

ਇਸ ਮਹਿਂ ਦੇਰ ਨ ਜਾਨਹੁ ਕੋਈ।
ਨਿਸ਼ਚੇ ਪ੍ਰਾਤਿ[1] ਮਹਾਂ ਰਣ ਹੋਈ' ॥੩॥ [1]ਸਵੇਰੇ।
ਆਇ ਪਾਂਵਟੇ ਸਤਿਗੁਰ ਪਾਸ।
ਸਕਲ ਵਾਰਤਾ ਕੀਨਿ ਪ੍ਰਕਾਸ਼।
ਸੁਨਿ ਸਭਿ ਰੀਤਿ ਕੀਨਿ ਰਣ ਤਯਾਰੀ।
ਇਕ ਸਿਖ ਢਿਗ ਪਿਖਿ ਗਿਰਾ ਉਚਾਰੀ[1] [1]ਗੁਰੂ ਜੀ ਨੇ) ਆਗਯਾ ਕੀਤੀ।
॥੪॥
ਸਾਧ ਉਦਾਸੀ ਜੇ ਸਮੁਦਾਇ।
ਸਭਿ ਕੇ ਸੰਗ ਕਹੋ ਅਬਿ ਜਾਇ।
-ਸਿਰ ਪਰ ਬਾਂਧਿ ਲੇਹੁ ਦਸਤਾਰ।
ਕਰਿ ਉਤਸਾਹ ਸ਼ਸਤ੍ਰ ਲਿਹੁ ਧਾਰਿ ॥੫॥
ਸਮੈਂ ਜੁੱਧ ਕੋ ਅਬਿ ਬਿਦਤਾਯੋ।

ਭੋਗ ਮੋਖ ਦੋਨਹੁੰ ਕੋ ਪਾਯੋ[1]। — [1]ਪਾਓ।
ਜਿਮ ਜਿਮ ਕੇ ਪੁਰਸ਼ਾਰਥ ਧਰੈ।
ਵਧ ਵਧ ਅੱਗ੍ਰ ਰਿਪੁਨ† ਬਧ[1] ਕਰੈ ॥੬॥ — [1]ਨਾਸ਼। †ਪਾ:-ਪੁਨਰ।
ਤਿਮ ਤਿਮ ਦੀਰਘ ਪ੍ਰਾਪਤਿ ਰਾਜੂ।
ਗਨ ਗਜ ਬਾਜੀ ਸਹਿਤ ਸਮਾਜੂ[1]। — [1]ਸਮੂਹ ਹਾਥੀ ਘੋੜੇ ਸਹਿਤ ਸਮਾਜ (ਮਿਲੇਗਾ)।
ਲਘੁ ਕੋ ਕਰੈ, ਪਾਇ ਲਘੁ ਸੋਈ[1]। — [1]ਜੇ ਕੋਈ ਥੋੜਾ (ਪੁਰਸ਼ਾਰਥ) ਕਰੇਗਾ ਉਹ ਥੋੜਾ ਹੀ (ਫਲ) ਪਾ ਲਵੇਗਾ।
ਮਮ ਸਿੱਖਨ ਛਿਤ[1] ਰਾਜ ਸੁ ਹੋਈ ॥੭॥ — [1]ਧਰਤੀ ਤੇ।
ਜੋ ਨਿਸ਼ਕਾਮ ਮਰਹਿ ਰਣ ਮਾਂਹੀ।
ਤਿਸ ਕੌ ਜਗਤ ਫੇਰ ਫੇਰ ਨਾਂਹੀ[1]। — [1]ਜਗਤ ਵਿੱਚ ਮੁੜ ਫੇਰਾ ਨਹੀਂ ਪਵੇਗਾ।
ਦੀਨ ਦੁਨੀ ਮਹਿਂ ਬਨੌਂ ਸਹਾਇ।
ਬਖਸ਼ੌਂ ਭੋਗ ਮੋਖ ਇਸ ਭਾਇ-' ॥੮॥
ਸੁਨਿ ਕਰਿ ਗਯੋ ਉਦਾਸਨਿ ਪਾਸੀ।
ਸਤਿਗੁਰ ਕੀ ਤਿਹ ਗਿਰਾ ਪ੍ਰਕਾਸ਼ੀ।
'ਹੁਕਮ ਭਯੋ ਮਾਨਹੁ ਸੁਖ ਪਾਵਹੁ।
ਜਨਮ ਮਰਨ ਕੋ ਬੰਧ ਮਿਟਾਵਹੁ' ॥੯॥
ਪੁਨ ਸਭਿ ਸੁਭਟਨਿ ਹੁਕਮ ਸੁਨਾਵਾ।
'ਗੁਰ ਤੇ ਦਾਨ ਲੇਹੁ ਮਨ ਭਾਵਾ।
ਹੋਤਿ ਪ੍ਰਭਾਤਿ ਜੰਗ ਕੀ ਤਯਾਰੀ।
ਸ਼ਸਤ੍ਰ ਤੁਰੰਗਨਿ ਲੇਹੁ ਸੰਭਾਰੀ' ॥੧੦॥
ਸੁਨਿ ਸੂਰਨਿ ਕੇ ਚਿੱਤ ਉਮਾਹੇ।
ਬਾਂਛਤਿ ਵਸਤੁ ਲੀਨਿ ਗੁਰ ਪਾਹੇ।
ਕਾਤੁਰ ਡਰੇ ਮਨਹੁਂ ਮ੍ਰਿਤੁ ਆਈ।
ਚਲਯੋ ਚਹੈਂ ਨਿਤ ਕਾਨ ਕਢਾਈ[1] ॥੧੧॥ — [1]ਨਿਤ ਦੇ (ਪਾਸ ਰਹਿਣ ਵਾਲੇ) ਹੁਣ ਕੰਨੀ ਕਤਰਾਕੇ ਜਾਣਾ ਚਾਹੁੰਦੇ ਹਨ।
ਇਮ ਕਰਤੇ ਸੰਧਯਾ ਹੁਇ ਆਈ।
ਖਾਨ ਪਾਨ ਸਭਿ ਕੀਨਿ ਬਨਾਈ।
ਹੁਤੇ ਪੰਚ ਸੈ ਸਕਲ ਉਦਾਸੀ।
ਮਿਲਿ ਮਸਲਤ ਕੀਨਿਸਿ ਭਯ ਰਾਸੀ[1] ॥੧੨॥ — [1]ਸਾਰਿਆਂ ਨੇ ਡਰ ਕੇ।
'ਕਯੋਂ ਨਾਹਕ ਰਣ ਮਹਿਂ ਤੁਮ ਮਰੋ।
ਜਾਚਹੁ ਜਗਤ[1], ਜੀਵਕਾ ਕਰੋ। — [1]ਮੰਗ ਕੇ ਜਗਤ ਵਿਚੋਂ।
ਲਰਿਬੇ ਸੋਂ ਕਯਾ ਕਾਜ ਹਮਾਰਾ।

ਸਾਧ ਫਕੀਰ ਭੇਖ ਤਨ ਧਾਰਾ ॥੧੩॥
ਲਰੇ ਬਿਨਾਂ ਗੁਰ ਕਯੋਂਹੂੰ ਨ ਟਰੈ।
ਬਹੁਤ ਦਿਵਸ ਤੇ ਤਯਾਰੀ ਕਰੈ।
ਨਿਸਾ ਬਿਖੈ ਭਾਜਹੁ ਭਲਿਆਈ[1]।
ਨਤੁ ਪ੍ਰਭੁ ਕਰੈਂ ਕੈਦ ਬਰਿਆਈ[1]' ॥੧੪॥
ਇਮ ਕਹਿ ਨਿਕਸੇ ਨਿਸਾ ਅੰਧੇਰੀ।
ਡੇਰਾ ਤਯਾਗਿ ਗਏ ਬਿਨ ਬੇਰੀ[1]।
ਜੁਦੇ ਜੁਦੇ ਹੁਇ ਦੇਸ਼ ਮਝਾਰਾ।
ਜਾਚਿ ਜਾਚਿ ਕਰਿ ਖਾਇੰ ਅਹਾਰਾ ॥੧੫॥
ਜਿਸ ਰਣ ਤੇ ਉਤਸਾਹ ਬਿਹੀਨ।
ਫਿਰੇ, ਜਹਾਂ ਕਹਿਂ ਬਨਿ ਬਨਿ ਦੀਨਿ।
ਗਹਯੋ ਨ ਖੜਗ, ਭੂਮ ਜਿਸ ਬਸਿ ਹੈ[1]।
ਸੋ ਭੋਗਹਿ ਜੋ ਅਸਿ[1] ਕਟ ਕਸ ਹੈ[2] ॥੧੬॥
ਸਵਾ ਜਾਮ ਜਾਮਨਿ ਜਬਿ ਰਹੀ।
ਸੁਭਟਨਿ ਬਿਖੈ ਸੁਚੇਤੀ ਗਹੀ।
ਆਸਾਵਾਰ ਰਬਾਬੀ ਗਾਵੈਂ।
ਕੇਤਿਕ ਲੇ ਕਰਿ ਸੰਖ ਬਜਾਵੈਂ ॥੧੭॥
ਕਰਹਿਂ ਪਾਠ ਕੇਤਿਕ ਗੁਰਬਾਨੀ।
ਤਨੁ ਸ਼ਨਾਨਹਿ ਪਾਵਨ ਪਾਨੀ[1]।
ਦੀਪ ਜਗਾਵਤਿ ਧੂਪ ਧੁਖਾਵਹਿਂ।
ਪੁਸ਼ਪਾਂਜੁਲ ਸ਼ਸਤ੍ਰਨਿ ਅਰਪਾਵਹਿ ॥੧੮॥
ਦਲ ਮਹਿਂ ਜਿਤ ਕਿਤ ਅਤਿ ਜੈਕਾਰਾ।
ਉਤਸਾਹਤਿ ਭਟ ਕਰਹਿਂ ਉਚਾਰਾ।
ਸ੍ਰੀ ਕਲਗੀਧਰ ਸੌਚ ਸ਼ਨਾਨੇ।
ਆਸਨ ਪਰ ਅਸੀਨ ਕਰਿ ਧਯਾਨੇ ॥੧੯॥
ਨਿਜ ਸਰੂਪ ਮਹਿਂ ਰਹੇ ਸਮਾਇ।
ਜੋ ਸਤਿ ਚਿਤ ਆਨੰਦ ਸਦਾਇ।

[1]ਚੰਗੀ ਗਲ ਹੈ।
[1]ਜੋਰੋ ਜੋਰੀ।
[1]ਛੇਤੀ।
[1]ਜਿਸ (ਖੜਗ) ਦੇ ਵੱਸ ਵਿੱਚ ਭੂਮ ਹੈ ਉਹ ਖੜਗ ਫੜੀ ਨਾ।
[1]ਤਲਵਾਰ। [2]ਲੱਕ ਨਾਲ ਕੱਸਦਾ ਹੈ।
[1]ਪਵਿੱਤ੍ਰ ਪਾਣੀ ਨਾਲ ਸਰੀਰ ਨੂੰ ਸ਼ਨਾਨ ਕਰਵਾਂਦੇ ਹਨ।

ਜਗਤਾਧਾਰ ਮਹਿਦ ਮਹੀਆਨ[1]। [1]ਜਗਤ ਦਾ ਆਧਾਰ ਤੇ ਵਡਿਆਂ ਤੋਂ ਵਡਾ ਹੈ।
ਅਚਲ, ਅਨਾਸ਼ੀ, ਸਰਬ ਸਮਾਨ ॥੨੦॥
ਕਮਲ ਬਿਲੋਚਨ ਮੁੰਦ੍ਰਿਤ ਹੋਏ।
ਤਿਸ ਸਮਾਧਿ ਮਹਿਂ ਥਿਰਤਾ ਜੋਏ।
ਜੁਗਮ ਘਰੀ ਕੇ ਅੰਮ੍ਰਿਤ ਵੇਲਾ।
ਤਜਯੋ ਧਯਾਨ ਸਤਿਗੁਰੂ ਸੁਹੇਲਾ ॥੨੧॥
ਪੁਨ ਸੁੰਦਰ ਦਸਤਾਰ ਸਜਾਈ।
ਊਪਰ ਜਿਗਾ ਬਾਂਧਿ ਦਮਕਾਈ।
ਪੁਨ ਧਰਿ ਕਰਿ ਕਲਗੀ ਬਡ ਸ਼ੋਭਾ।
ਜਗਮਗਾਤ ਪਿਖਿ ਕੌਨ ਨ ਲੋਭਾ ॥੨੨॥
ਸੂਖਮ ਚੀਰ ਪਹਿਰਿ ਗਰ ਜਾਮਾ।
ਹੁਤੋ ਦਰਾਜ਼[1] ਸ਼ੁਭਤਿ ਅਭਿਰਾਮਾ। [1]ਲੰਮਾ।
ਨਵਰਤਨੇ, ਸੁੰਦਰ ਭੁਜਦੰਡੇ।
ਜਨੁ ਸੌਂਡੀ ਬਡ ਸੁੰਡ ਪ੍ਰਚੰਡੇ[1] ॥੨੩॥ [1]ਹਾਥੀ ਦੀ ਸੁੰਡ ਵਰਗੇ ਬਡੇ ਤੇ ਸੁੰਦਰ ਭੁਜਦੰਡਾਂ ਤੇ ਨਵਰਤਨੇ ਪ੍ਰਕਾਸ਼ ਰਹੇ ਹਨ। [ਸੌਂਡੀ-ਸੁੰਡ ਵਾਲਾ, ਹਾਥੀ]।
ਕੰਚਨ ਕੰਕਨ ਕੇ ਬਿਚ ਹੀਰੇ।
ਕੋਰਦਾਰ ਕਾਰੀਗਰ ਚੀਰੇ।
ਦੀਪਤਿ ਦੋਨਹੁ ਕਾਨਨ ਕੁੰਡਲ[1]। [1]ਪ੍ਰਕਾਸ਼ ਕਰਦੇ ਹਨ ਦੋਹਾਂ ਕੰਨਾਂ ਵਿਚ ਕੁੰਡਲ।
ਸ਼ਮਸ਼ ਤਨਕ[1] ਸ਼ੋਭਤਿ ਮੁਖਮੰਡਲ ॥੨੪॥ [1]ਦਾੜ੍ਹਾ ਛੋਟਾ ਜਿਹਾ।
ਇਮ ਪਹਿਰਤਿ ਪ੍ਰਕਾਸ਼ ਹੁਇ ਆਯੋ।
ਦਿਨਕਰ ਉਦਯੋ ਵਾਰ ਭੋਗਾਯੋ[1]। [1]ਸੂਰਜ ਚੜ੍ਹੇ ਵਾਰ (ਦਾ) ਭੋਗ ਪਿਆ।
ਭੀ ਅਰਦਾਸ ਸਭਿਨਿ ਸਿਰ ਨਾਵਾ।
ਤਬਿ ਇਕ ਸ਼ੀਘ੍ਰਹਿ ਬੈਨ ਅਲਾਵਾ ॥੨੫॥
'ਸੁਨੀਅਹਿ ਮਹਾਰਾਜ ! ਅਬਿਨਾਸ਼ੀ !
ਗਏ ਭਾਜ ਨਿਸ ਬਿਖੈ ਉਦਾਸੀ।
ਸ਼੍ਰੀ ਮੁਖ ਤੇ ਸੁਨਿ ਕੈ ਰਣ ਕਰਨੋ।
ਜਿਯਨ ਹੇਤੁ ਭਾ ਧੀਰਜ ਹਰਨੋ' ॥੨੬॥
ਬਿਕਸਿ ਬਦਨ ਅਰਬਿੰਦ ਬਖਾਨਾ।
'ਦੇਖਯੋ ਭਲੇ ਕਿ ਨਹਿਂ ਸੋ ਥਾਨਾ।

ਗਏ ਭਾਜ ਸਗਲੇ ਇਕ ਬਾਰੀ।
ਰਹਜੋ ਕਿ ਨਹਿਂ ਕੋ ਧੀਰਜ ਧਾਰੀ ॥੨੭॥
ਰਾਖਜੋ ਬੀਜ ਕਿ ਉਖਰਜੋ ਸਾਰੇ।
ਹੁਤੋ ਸਾਰ ਕੈ ਫੋਕਟ ਕਜਾਰੇ[1]।'

[1]ਖੇਤ ਵਿਚ ਸਫਲ) ਫਸਲ ਹੈਸੀ ਕਿ ਨਿਫਲੇ ਝਾੜਾਂ ਵਾਲੇ ਕਿਆਰੇ ਸਨ। [ਸਾਰ = ਤੱਤ੍ਵ ਵਾਲਾ। ਜੋ ਫ਼ਸਲੀ ਜ਼ਿਮੀਂ ਨੂੰ ਬੀ ਸਾਰ ਕਹਿੰਦੇ ਹਨ ਭਾਵ ਫਸਲ ਤੋਂ ਹੀ ਹੈ। ਫੋਕਟ = ਫੋਕੀਆਂ ਫਲੀਆਂ ਵਾਲੇ ਯਾ ਨਿਫਲੇ ਝਾੜ]।

ਸੁਨਿ ਸਿੱਖਨ ਕਰ ਜੋਰਿ ਉਚਾਰਾ।
'ਸਭਿਨਿ ਮਹੰਤ ਏਕ ਤਨ ਭਾਰਾ ॥੨੮॥
ਮੁੰਦ੍ਰਿਤ ਲੋਚਨ ਕਰਿ ਥਿਰ ਹੋਵਾ।
ਚੇਲਨ ਕੋਂ ਜੋ ਵਾਕ ਨ ਜੋਵਾ[1]।

[1]ਚੇਲਿਆਂ ਦੀ ਗਲ ਵਲ ਉਸ ਨਹੀਂ ਡਿੱਠਾ, ਪਰੰਤੂ ਸੁਧ ਪਾਠ ਚਾਹੀਦਾ ਹੈ 'ਚੇਲਨ ਕੋ ਜੋਵਾ ਕਿ ਨ ਜੋਵਾ' = (ਪਤਾ ਨਹੀਂ) ਚੇਲਿਆਂ ਨੂੰ ਭੱਜਦਿਆਂ (ਉਸ ਨੇ) ਡਿੱਠਾ ਹੈ ਕਿ ਨਹੀਂ। ਲਿਖਾਰੀ ਦੀ ਕਲਮ-ਉਕਾਈ ਜਾਪਦੀ ਹੈ।

ਨਾਮ ਕ੍ਰਿਪਾਲ ਮਨਹੁ ਸ਼ਿਵ ਬੈਸਾ।
ਥਿਰਜੋ ਅਡੋਲ ਸਮਾਧੀ ਹੈਸਾ[1]' ॥੨੯॥

[1]ਸਮਾਧੀ ਵਿਚ ਹੈ।

ਕਲਗ਼ੀਧਰ ਸ਼੍ਰੀ ਮੁਖ ਮੁਸਕਾਨੇ।
ਭਏ ਪ੍ਰਸੰਨ ਕ੍ਰਿਪਾ ਰਸ ਸਾਨੇ।
'ਰਹਜੋ ਮੂਲ ਤੋਂ ਸਭਿ ਕਿਛ ਹੋਵੈ।
ਸ਼ਾਖਾ ਪੱਤ੍ਰ ਫੂਲ ਫਲ ਜੋਵੈਂ ॥੩੦॥
ਜੇ ਕਰਿ ਜਰ[1] ਉਖਰਤਿ ਇਸ ਬਾਰਾ।

[1]ਜੜ੍ਹ।

ਬਹੁਰ ਨ ਬਨਤੋ ਕਛੂ ਅਕਾਰਾ।
ਗੁਰ ਘਰ ਤੇ ਜਾਤੇ ਇਹ ਟੂਟ।
ਭੇਖ ਨ ਚਲਤਿ ਹੋਤਿ ਹੈਂ ਹੂਟ[1] ॥੩੧॥

[1]ਨਿਖੁੱਟ ਜਾਂਦੇ।

ਜਬਿ ਲਗਿ ਹੈ ਜਿਸ ਕੋ ਸਿਰ ਕਾਇਮ।
ਜਗ ਜਾਨੈ ਤਬਿ ਲੌਂ ਜੰਗ ਦਾਇਮ[1]।

[1]ਇਹ ਇਕ ਕਹਾਵਤ ਹੈ:- ਸਿਰ ਕਾਇਮ ਤੇ ਜੰਗ ਦਾਇਮ। ਜੇ ਸਰਦਾਰ ਜੀਉਂਦਾ ਰਹੇ ਤਾਂ ਜੰਗ ਜਾਰੀ ਰਹਿ ਸਕਦਾ ਹੈ। ਭਾਵ ਇਹ ਕਿ ਮਹੰਤ ਨਹੀਂ ਭੱਜਿਆ ਤਾਂ ਸੰਪ੍ਰਦਾ ਨਾਲ ਨਹੀਂ ਟੁੱਟੀ, ਕਿਉਂਕਿ ਜੇ ਮਹੰਤ ਕਾਇਮ ਹੈ ਤਾਂ ਸੰਪ੍ਰਦਾ ਤਾਂ ਇਸ ਨੇ ਬਣਾ ਲੈਣੀ ਹੈ।

ਰਹਜੋ ਮਹੰਤ ਜਿ ਧੀਰ ਨ ਛੋਰਾ।
ਚੇਲਾ ਬਨਹਿ ਆਨਿ ਗਨ ਔਰਾ ॥੩੨॥
ਜਾਹੁ ਅਬਹਿ ਤਿਹ ਲੇਹੁ ਬੁਲਾਈ।
ਰਖੀ ਭੇਖ ਕੀ ਲਾਜ ਬਡਾਈ।'
ਹੁਕਮ ਸੁਨਤਿ ਗੁਰ ਕੋ ਸਿਖ ਗਯੋ।

ਧਜਾਨ ਬਿਖੈ ਥਿਤ ਦੇਖਤਿ ਭਯੋ ॥੩੩॥
ਅੰਗ ਹਿਲਾਇ ਸਮਾਧਿ ਛੁਟਾਈ।
ਬਿਕਸੇ ਲੋਚਨ ਜੁਤਿ ਅਰੁਨਾਈ।
ਮਸਤਕ ਟੇਕਿ ਕਹਜੋ ਸਿਖ ਤਬੈ।
'ਤੁਮ ਕੋ ਪ੍ਰਭੁ ਹਕਾਰਤਿ ਅਬੈ ॥੩੪॥
ਕਰਤਿ ਉਤਾਇਲ ਮੋਹਿ ਪਠਾਯੋ।
ਇਸ ਕਾਰਨ ਤੇ ਧਜਾਨ ਛੁਟਾਯੋ।
ਯਾਂ ਤੇ ਛਿਮਾ ਮੋਹਿ ਪਰ ਧਰੀਅਹਿ।
ਸ੍ਰੀ ਸਤਿਗੁਰ ਕੇ ਨਿਕਟਿ ਸਿਧਰੀਅਹਿ' ॥੩੫॥
ਤਤਛਿਨ ਉਠਜੋ ਹੁਕਮ ਸੁਨਿ ਗੁਰ ਕੋ।
ਕੇਹਰਿ ਸਮ ਉਤਸਾਹਤਿ ਉਰ ਕੋ।
ਸ਼ੀਘਰ ਕਰਤਿ ਗੁਰ ਨਿਕਟਿ ਸਿਧਾਰਾ।
ਪਹੁੰਚਜੋ ਦਰਸ਼ਨ ਚਾਰੁ[1] ਨਿਹਾਰਾ ॥੩੬॥

[1]ਸੁੰਦਰ।

ਦੋਨੋ ਹਾਥ ਜੋਰਿ ਕਰਿ ਨਮੋ।
ਆਇ ਮਿਲੇ ਬੈਠਜੋ ਤਿਹ ਸਮੋ।
ਦੀਰਘ ਜਟਾਜੂਟ ਸਿਰ ਬਾਧਾ[1]।

[1]ਜਟਾਵਾਂ ਦਾ ਜੂੜਾ ਸਿਰ ਤੇ ਬੱਧਾ ਹੋਇਆ।

ਰੋਕਿ ਰਿਖੀਕਨ[1] ਮਨ ਜਿਹ ਸਾਧਾ ॥੩੭॥

[1]ਇੰਦ੍ਰੀਆਂ।

ਸਰਬੰਗਨ ਮਹਿਂ ਲਗੀ ਬਿਭੂਤ।
ਸ਼ੋਭਤਿ ਮਨੋ ਦੱਤ ਅਵਧੂਤ[1]।

[1]ਦੱਤਾ ਤ੍ਰੇਯ [ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧਜਾ: ੬੫ ਅੰਕ ੫੭]।

ਤਪ ਕੋ ਤੇਜ ਦਿਪਤਿ ਹੈ ਐਸੇ।
ਰਿਖੀਅਨਿ ਮਹਿਂ ਘਟਨੰਦਨ ਜੈਸੇ[1] ॥੩੮॥

[1]ਘੜੇ ਤੋਂ ਜੰਮਿਆ ਰਿਖੀ ਭਾਵ ਅਗਸਤ।

ਬ੍ਰਹਮਚਰਜ ਮਹਿਂ ਬਡੋ ਸਪੁੱਤਾ[1]।

[1]ਅਬਰੋ ਵਾਲਾ। (ਅ) ਸ੍ਰੇਸ਼ਟ ਪਾਤ੍ਰ।

ਗੁਰ ਕੇ ਚਰਨ ਨਾਮ ਰਸ ਮੱਤਾ।
ਕਰ ਪਗ ਕੇ ਨਖ ਬਧੇ ਬਿਸਾਲਾ।
ਕਸੀ ਕੁਪੀਨ[1] ਦਿਪਤ ਬਡ ਭਾਲਾ ॥੩੯॥

[1]ਲੰਗੋਟੀ।

ਇਕ ਤੁੰਬਾ ਹਿਤ ਪੀਵਨ ਬਾਰੀ[1]।

[1]ਜਲ।

ਕੁਤਕਾ ਗਹੇ ਹਾਥ ਮੈਂ ਭਾਰੀ।

ਸ਼ਮਸ ਬਦਨ ਪਰ ਝਮਕਤਿ ਅਹੈ।
ਬਸਤ੍ਰ ਬਿਹੀਨ ਦਿਗੰਬਰ[1] ਰਹੈ ॥੪੦॥ — [1]ਨੰਗਾ।
ਤਨ ਸਥੂਲ[1] ਅਰੁ ਪੇਟ ਬਿਸਾਲਾ। — [1]ਮੋਟਾ।
ਲਾਂਬੀ ਭੁਜਾ ਮਹਾਂ ਬਲ ਵਾਲਾ।
ਸਤਿਗੁਰ ਸਨਮੁਖ ਮਹਿਦ ਸੁਹਾਯੋ।
ਮਨੋ ਗਜਾਨ[1] ਢਿਗ ਤਪ[2] ਚਲਿ ਆਯੋ ॥੪੧॥ — [1]ਭਾਵ ਗੁਰੂ ਜੀ। [2]ਭਾਵ ਮਹੰਤ।
ਕਿਧੌਂ ਬਿਸ਼ਨੁ ਕੇ ਦਰਸ਼ਨ ਕਾਰਨ।
ਮਹਾਂਦੇਉ ਬੈਠਜੋ ਰਿਪੁ ਦਾਰਨ[1]। — [1]ਦੱਲਨੇ ਵਾਲਾ। (ਯਾ) ਭਜਾਨਕ (ਕਾਮ) ਦਾ ਵੈਰੀ ਸ਼ਿਵਰ (ਮਾਨੋ) ਬੈਠਾ ਹੈ।
ਰਾਮਚੰਦ ਢਿਗ ਕਿਧੌਂ ਅਗਸਤ[1]। — [1]ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾ: ੧੪ ਅੰਕ ੫੭ ਵਿਚ ਇਸੇ ਖਿਆਲ ਨੂੰ ਇਸ ਤਰ੍ਹਾਂ ਕਥਨ ਕੀਤਾ:-'ਕੁੰਭਜ ਨਿਕਟ ਰਘੁਤਮ ਜੈਸੇ'।
ਇਮ ਅਵਲੋਕਤਿ ਸਿੱਖ ਸਮਸਤ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਕ੍ਰਿਪਾਲ ਮਹੰਤ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

## ੨੪. [ਮਹੰਤ ਕ੍ਰਿਪਾਲ। ਦਲ ਦੀ ਚੜ੍ਹਾਈ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਸ਼੍ਰੀ ਗੁਰੁ ਗੋਵਿੰਦ ਸਿੰਘ ਜੀ, ਸਨਮੁਖ ਦੇਖਿ ਮਹੰਤ।
ਮੁਸਕਾਵਤਿ ਬੋਲੇ ਬਚਨ, ਕਲ਼ਗੀ ਸੀਸ ਸੁਭੰਤਿ ॥੧॥

ਚੌਪਈ:

'ਕਹੋ ਮਹੰਤ! ਚੇਲਕਾ ਕਹਾਂ[1]?
ਨਿਤ ਜੋ ਅਚਹਿਂ ਤਿਹਾਵਲ ਮਹਾਂ।
ਖੇਤ ਮੁਲਾਇਮ ਚਰਬੇਹਾਰੇ।
ਪਸੁ ਹਰਿਆਉ[1] ਮਨਿੰਦ ਸਿਧਾਰੇ ॥੨॥

[1]ਚੇਲੇ ਕਿੱਥੇ ਹਨ?
[1]ਹਰੇ ਪੱਤੇ ਜਿੱਥੇ ਦਿੱਸਣ ਉਥੇ ਦੌੜ ਕੇ ਅੱਪੜਨ ਵਾਲਾ ਪਸੂ।

ਭੁਗਤਨ ਹਿਤ[1] ਕਰਾਹਿ ਨਿਤ ਬਾਂਛੇ[2]।
ਗਮਨਹਿ ਸੰਗਤਿ ਮਹਿਂ ਜਿਤ ਆਛੇ[1]।
ਕਾਰਜ ਪਰੇ ਛੋਰ ਇਮ ਗਏ।
ਜਿਮ ਪਾਹੁਨ ਨਿਸ ਬਸਿ ਸੁਖ ਲਏ[1] ॥੩॥

[1]ਖਾਣ ਵਾਸਤੇ। [2]ਚਾਂਹਵਦੇ ਸੀ।
[1]ਜਿੱਥੇ ਚੰਗੇ (ਪਦਾਰਥ ਦੇਖਦੇ ਸੀ)।
[1]ਜਿਵੇਂ ਪ੍ਰਾਹੁਣਾ ਸੁਖ ਲੈਕੇ ਰਾਤ ਬਿਤਾਕੇ (ਸਵੇਰੇ ਛੋੜ ਜਾਂਦਾ ਹੈ)।

ਕਹਾਂ ਭਯੋ ਜੋ ਉਡਗਨ[1] ਨਾਂਹੀ।
ਦਿਪਤੈ ਚੰਦ ਦਸੌਂ ਦਿਸ਼ਿ ਮਾਂਹੀ।'
ਸੁਨਤਿ ਕ੍ਰਿਪਾਲ ਮਹੰਤ ਉਚਾਰੀ।
'ਗੁਰ ਚੇਲੇ ਸਭਿ ਸ਼ਰਨਿ ਤੁਮਾਰੀ ॥੪॥

[1]ਤਾਰੇ (ਰੂਪੀ ਚੇਲੇ)।

ਭਲੇ ਬੁਰੇ ਸੰਭਾਰਨ ਵਾਰੇ।
ਤੁਮ ਹੋ, ਗੁਰ ਪੂਰਨ ਬਲਿ ਭਾਰੇ।
ਬਡੇ ਭਾਗ ਕੈ ਪ੍ਰਾਪਤਿ ਹੋਵਾ[1]।
ਸੰਕਟ ਜਨਮ ਮਰਨ ਕੋ ਖੋਵਾ ॥੫॥

[1]ਕਰਕੇ ਪ੍ਰਾਪਤ ਹੋਇਆ (ਆਪ ਦਾ ਦਰਸ਼ਨ ਅਸਾਂ ਨੂੰ)।

ਬ੍ਰਹਮਾਦਿਕ ਸਨਕਾਦਿਕ ਸਾਰੇ।
ਸ਼ੇਖ ਸਾਰਦਾ[1] ਪਾਇਂ ਨ ਪਾਰੇ[†]।
ਧ੍ਯਾਨ ਵਿਖੈ ਜੋਗੀਸ਼ਰ ਧ੍ਯਾਵੈਂ।
ਰਿਖਿ ਨਾਰਦ ਤੇ ਆਦਿਕ ਗਾਵੈਂ ॥੬॥
ਇੰਦ੍ਰਾਦਿਕ, ਸੁਰ, ਕਿੰਨਰ, ਜੱਛ।
ਬਿੱਦ੍ਯਾਧਰ, ਗੰਧ੍ਰਬ ਪ੍ਰਤੱਛ।
ਚਰਨ ਕਮਲ ਤੁਵ ਕਰਹਿਂ ਅਰਾਧਨ।

[1]ਸ਼ੇਸ਼ਨਾਗ ਅਤੇ ਸਰਸ੍ਵਤੀ। [†]ਕੋਟ ਬਿਸ਼ਨ ਬ੍ਰਹਮੇ ਤ੍ਰਿਪੁਰਾਰੀ। ਇਨ ਪਾਵੇਂ ਪਰ ਦਿਜਿਯੈ ਵਾਰੀ'। [ਸੰਤ ਕ੍ਰਿਪਾਲ ਜੀ ਦੀ ਜ਼ਬਾਨੀ, ਗੁਰ ਬਿਲਾਸ ਅੰਕ ੨੩੦ ਧਿਆ ੬।

ਤਪ ਆਦਿਕ ਸਾਧਹਿਂ ਗਨ ਸਾਧਨ ॥੭॥
ਹਮ ਲੋਕਨਿ ਕੇ ਭਾਗ ਬਡੇਰੇ।
ਲੋਚਨ ਗੋਚਰ ਤੁਮ ਕੌ ਹੇਰੇ।
ਮਨ ਬਾਨੀ ਕੋ ਬਿਸ਼ੈ ਨ ਹੋਈ।
ਭਾਖਤਿ ਸ਼੍ਰੁਤਿ ਸਿੰਮ੍ਰਿਤਿ ਸਭਿ ਕੋਈ ॥੮॥
ਅਸ ਪ੍ਰਭੁ ਪਾਇ ਕੌਨ ਤਜਿ ਸਕੈਂ।
ਜਿਸ ਕੇ ਪਦ ਸਰੋਜ ਸੁਰ ਤਕੈਂ[1]। [1]ਦੇਵਤੇ ਤੱਕਦੇ ਹਨ।
ਭੂਲ ਚੂਕ ਦਾਸਨ ਤੇ ਹੋਇ।
ਬਖਸ਼ਨਹਾਰ ਪ੍ਰਭੁ ਤੁਮ ਸੋਇ ॥੯॥
ਜਿਸ ਕੇ ਉਰ ਨਿਸ਼ਚਾ ਅਸ ਦੇਤਿ।
ਤਿਹ ਨਿਜ ਸੰਗ ਮਿਲਾਇ ਸੁ ਲੇਤਿ[1]। [1]ਮਿਲਾ ਲੈਂਦੇ ਹੋ (ਅੰਤ ਨੂੰ)।
ਕਹਾਂ ਬੁਧਿ ਹਮ, ਕਰੈਂ ਬਡਾਈ।
ਤੁਮਰੀ ਪ੍ਰਭਾ[1] ਤੁਮਹਿਂ ਬਨਿ ਆਈ' ॥੧੦॥ [1]ਸ਼ੋਭਾ, ਉਪਮਾ।
ਏਵ ਪ੍ਰਸ਼ੰਸ਼ਤਿ ਸਾਧ ਕ੍ਰਿਪਾਲ।
ਬਿਹਸ ਬਚਨ ਤਬਿ ਕਹ੍ਯੋ ਕ੍ਰਿਪਾਲ[1]। [1]ਭਾਵ ਗੁਰੂ ਜੀ ਨੇ।
'ਬ੍ਰਿੰਦ ਗਿਰਿੰਦਨ ਚਮੂੰ ਬਿਲਦ।
ਹਮ ਪਰ ਚਢਿ ਆਏ ਕਰਿ ਦੁੰਦ[1] ॥੧੧॥ [1]ਰੌਲਾ:, ਜ਼ੋਰ ਸ਼ੋਰ ਕਰਕੇ।
ਭੀਮਚੰਦ ਕੇ ਕਹੇ ਕਹਾਏ।
ਬਾਇਸ ਧਾਰ[1] ਨ੍ਰਿਪਤਿ ਸਮੁਦਾਏ। [1]ਬਾਈਧਾਰ।
ਸਭਿਨਿ ਸਕੇਲੀ ਅਨੀ ਘਨੇਰੀ।
ਫਤੇਸ਼ਾਹਿ ਲੇ ਸੰਗ ਬਡੇਰੀ ॥੧੨॥
ਬਿਨਾ ਕਾਜ[†] ਮੂਰਖ ਹੰਕਾਰੀ। [†]ਸ਼੍ਰੀ ਮੁਖ ਵਾਕ 'ਲੋਹ ਧਰਾ ਹਮ ਸੋਂ ਬਿਨ ਕਾਜਾ' ਵਲ ਇਸ਼ਾਰਾ ਹੈ।
ਲਰਿਬੇ ਹੇਤੁ ਕਰੀ ਅਸ ਤਯਾਰੀ[†]। [†]ਪਾ:-ਅਗਵਾਰੀ।
ਆਜ ਚਢੈਂ ਹਮ ਲੇ ਨਿਜ ਦਲ ਕੋ।
ਦੇਖਹਿਂ ਅਪਰ ਦਿਖਾਵਹਿਂ ਬਲ ਕੋ[1] ॥੧੩॥ [1]ਹੋਰਨਾਂ ਦਾ ਬਲ ਦੇਖੀਏ ਤੇ ਆਪਣਾ ਦਿਖਾਈਏ।
ਤੁਮ ਹੋ ਸੰਤ ਸਰੂਪ ਸਮਰੱਥ।
ਕਹੌ ਬਿਜੈ ਹੁਇ ਕਿਸ ਕੇ ਹੱਥ?
ਕੌਨ ਤਜੈ ਰਨਖੇਤ ਪਲਾਵਹਿ?
ਕੌਨ ਜੀਤ ਸ਼ੀਘਰ ਘਰ ਜਾਵਹਿ?

॥੧੪॥
ਨਾਮ ਕ੍ਰਿਪਾਲ ਕ੍ਰਿਪਾਲ ਸਰੂਪ[1]। — [1]ਕ੍ਰਿਪਾ ਦਾ ਰੂਪ ਕ੍ਰਿਪਾਲ ਨਾਮ ਵਾਲੇ ਹੋ।
ਕਹੋ ਬਤਾਵਨਿ ਬਾਤ ਅਨੂਪ।'
ਸੁਨਿ ਮਹੰਤ ਦ੍ਰਿਗ ਤੇ ਜਲ ਢੇਰੇ[1]। — [1]ਗੇਰਿਆ।
'ਕਹੌਂ ਬਾਕ ਸੁਨੀਅਹਿ ਪ੍ਰਭੁ ਮੇਰੇ ॥੧੫॥
ਖੇਲ ਅਨੇਕ ਰਚਹੁ ਮਨ ਭਾਏ।
ਨਰ ਲੀਲਾ ਅਨੁਸਾਰਿ ਬਨਾਏ।
ਪ੍ਰਥਮ ਸ਼ੱਤ੍ਰੁ ਮਧੁਕੈਟਭ ਭਾਰੀ।
ਬਿਧਿ ਸਹਾਇ ਹਿਤ[1] ਸੋ ਲਿਯ ਮਾਰੀ ॥੧੬॥ — [1]ਬ੍ਰਹਮਾਂ ਦੀ ਸਹਾਇਤਾ ਵਾਸਤੇ।
ਪੁਨ ਸਤਿਜੁਗ ਮਹਿਂ ਦਿਤੀ ਸੁ ਨੰਦ।
ਹਿਰਨਕਸ਼ਪ ਹਿਰਨਾਛ ਨਿਕੰਦ[1]। — [1]ਦਿੱਤੀ ਦੇ ਪੁੱਤ੍ਰ ਹਿਰਨਕਸ਼ਪ ਤੇ ਹਿਰਨਾਕਸ਼ ਨਾਸ਼ ਕੀਤੇ।
ਤ੍ਰੇਤੇ ਮਹਿਂ ਰਾਵਨ ਬਲਵਾਨਾ।
ਤੀਨ ਲੋਕ ਮਹਿਂ ਤਪਜੋ ਮਹਾਨਾ ॥੧੭॥
ਤਿਸ ਕੇ ਸੰਗ ਘਾਲਿ ਘਮਸਾਨਾ।
ਕੁੰਭਕਾਨ ਭ੍ਰਾਤਾ ਮਹੀਆਨਾ[1]। — [1]ਵੱਡਾ।
ਮੇਘਨਾਦ, ਅਤਿਕਾਇ[1] ਬਿਲੰਦੇ। — [1]ਰਾਵਣ ਦੇ ਇਕ ਪੁੱਤ੍ਰ ਦਾ ਨਾਮ ਅਤਿਕਾਇ ਸੀ ਜਿਸ ਨੂੰ ਲਛਮਨ ਨੇ ਮਾਰਿਆ ਸੀ।
ਸਭਿਨਿ ਸਮੇਤ ਬਿਨਾਸ਼ ਅਨੰਦੇ ॥੧੮॥
ਭਾਰਤ[1] ਦ੍ਵਾਪੁਰ ਮਹਿਂ ਬਡ ਘਾਲਾ। — [1]ਮਹਾਭਾਰਥ (ਦਾ ਜੁੱਧ)।
ਜਰਾਸੰਧ ਤੇ ਆਦਿ ਨ੍ਰਿਪਾਲਾ।
ਅਨ ਗਨ ਸੈਨਾ ਸਹਿਤ ਸੰਘਾਰਾ।
ਧਰਾ ਬਿਸਾਲ ਭਾਰ ਨਿਰਵਾਰਾ ॥੧੯॥
ਕਲੀ ਕਾਲ ਮਹਿਂ ਅਬਿ ਤਨ ਧਰਜੋ।
ਚਾਹਤਿ ਹੋ ਖਲ ਦਲ ਬਲ[1] ਹਰਜੋ। — [1]ਦੁਸ਼ਟਾਂ ਦੇ ਦਲ ਦਾ ਬਲ।
ਦਿਪਤ ਪ੍ਰਚੰਡ ਮਹਿਦ ਭੁਜਦੰਡੇ।
ਬਲ ਆਸ਼੍ਰੈ[†] ਰਿਪੁ ਗਨ ਕਰਿ ਖੰਡੇ[1] ॥੨੦॥ — [1]ਟੁਕੜੇ ਟੁਕੜੇ ਕਰ ਦੇਣ ਵਾਲੇ। [†]ਪਾ:-ਬਿਚ ਆਸ਼੍ਰੈ।
ਬ੍ਰਹਮਾਦਿਕ ਜਿਸ ਤੇ ਡਰਪਾਏ।
ਐਸੇ ਬਲੀ ਬਿਲੰਦ ਤੁਮ ਘਾਏ।
ਕਲਿ ਨਰ ਬਪੁਰੇ ਕਹਾਂ ਅਗਾਰੀ।
ਕੋ ਸਮਾਨ ਹੁਇ ਸਕੈ ਤੁਮਾਰੀ ॥੨੧॥

ਜੱਛ ਸੁਰਾਸੁਰ ਆਦਿ[†] ਪ੍ਰਚੰਡ। — [†]ਪਾ:-ਆਇ
ਸਭਿ ਪਰ ਅਹੈ ਆਪ ਕੋ ਦੰਡ।
ਬਿਜੈ ਲੱਛਮੀ[1] ਸੰਗ ਤੁਮਾਰੇ। — [1]ਜਿੱਤ ਦੀ ਦੇਵੀ।
ਸਦਾ ਬਸਹਿ, ਨਹੀਂ ਜਾਹਿ ਕਿਨਾਰੇ[1] ॥੨੨॥ — [1]ਲਾਂਭੇ ਨਹੀਂ ਹੁੰਦੀ।
ਮਿਲਹਿਂ ਮ੍ਰਿੱਗ ਜੇ ਸਗਰੇ ਕਾਨਨ।
ਕੇਹਰਿ ਨਾਦਿ ਸੁਨਹਿਂ ਜਬਿ ਕਾਨਨ[1]। — [1]ਜਦੋਂ ਕੰਨਾਂ ਵਿਚ।
ਹੋਇਂ ਪਲਾਇਨ, ਸਮੁਖ ਨ ਆਨਨ[1]। — [1]ਸਾਹਮਣੇ ਨਹੀਂ ਮੂੰਹ (ਕਰਦੇ)।
ਗਰਜਤਿ ਬਲ ਤੇ ਸਮਤਾ ਆਨ ਨ[1] ॥੨੩॥ — [1]ਉਸਦੇ ਸਮਾਨ ਬਲ ਨਾਲ ਹੋਰ (ਕੋਈ) ਨਹੀਂ ਗੱਜ ਸਕਦਾ।
ਤਿਮ ਨਹਿਂ ਠਹਿਰਹਿਂ ਜੰਗ ਪਹਾਰੀ।
ਪਿਖਿ ਤੁਮ ਭਾਜਹਿਂ ਲਾਜ ਬਿਸਾਰੀ।'
ਏਵ ਕ੍ਰਿਪਾਲ[1] ਕ੍ਰਿਪਾਲਹਿ ਸਾਥਾ[2]। — [1]ਮਹੰਤ। [2]ਭਾਵ ਗੁਰੂ ਜੀ ਨਾਲ।
ਬਚਨ ਬਿਲਾਸ ਕਰਹਿ ਰਣ ਗਾਥਾ ॥੨੪॥
ਇਤਨੇ ਮਹਿਂ ਦ੍ਵੈ ਸਿਖ ਚਲਿ ਆਏ।
ਧਰਹਿਂ ਉਤਾਇਲ ਬੰਦਨ ਗਾਏ[1]। — [1]ਛੇਤੀ ਨਾਲ ਨਮਸਕਾਰ ਕਰਕੇ ਕਹਿਣ ਲਗੇ।
'ਮਹਾਰਾਜ ! ਸੁਨੀਐ ਸਭਿ ਗਾਥਾ।
ਪਠਯੋ ਹੁਤੋ ਨਰ ਅਰਿ ਦਲ ਸਾਥਾ[1] ॥੨੫॥ — [1]ਸ਼ੱਤ੍ਰੂ ਦੀ ਸੈਨਾਂ ਵਿਚ।
ਸੋ ਤੁਰਨ ਹੀ ਚਲਿ ਕਰਿ ਆਯੋ।
[1]ਫਤੇਸ਼ਾਹ ਕੋ ਕੂਚ ਕਰਾਯੋ। — [1]ਤੇ ਨਰ ਇਹ ਖਬਰ ਦੇਂਦਾ ਹੈ ਕਿ)।
ਭੰਗਾਣੀ ਕੇ ਸਨਮੁਖ ਆਵਤਿ।
ਬ੍ਰਿੰਦ ਦੁੰਦਭੀ ਉਚ ਬਜਾਵਤਿ ॥੨੬॥
ਅਨ ਗਨ ਦਲ ਓਰੜ ਕਰਿ ਆਏ।
ਚਹਿਂ ਰਾਵਰ ਸੋਂ ਜੰਗ ਮਚਾਏ।
ਸੁਨਿ ਬ੍ਰਿਤੰਤ ਮੈਂ ਚਢ੍ਯੋ ਤੁਰੰਗ।
ਸੁਧ ਹਿਤ ਆਯੋ ਤੁਰਨ ਸੰਗ[1] ॥੨੭॥ — [1]ਛੇਤੀ ਨਾਲ।
ਆਗੇ ਜਿਮ ਸਾਹਿਬ ਮਨ ਭਾਵੈ।
ਤਥਾ ਬਰਤਿਬੇ ਮਹਿਂ ਸਭਿ ਆਵੈ।'
ਇਮ ਸੁਨਿ ਕਰਿ ਸਾਹਿਬ ਸਵਧਾਨਾ।
ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ ॥੨੮॥

'ਦਿਹੁ ਬਜਾਇ ਰਣਜੀਤ ਨਗਾਰਾ।
ਤਜਾਰ ਹੋਇ ਜਿਸ ਤੇ ਦਲ ਸਾਰਾ।'
ਤਤਛਿਨ ਅਪਨੇ ਸ਼ਸਤ੍ਰ ਮੰਗਾਏ।
ਤੁਰਤ ਦਾਸ ਲੇ ਪਾਸ ਟਿਕਾਏ ॥੨੯॥
ਪ੍ਰਥਮ ਗੁਰੂ ਭਗਵਤੀ ਮਨਾਈ।
ਸ਼੍ਰੀ ਨਾਨਕ ਸਿਮਰੰਤਿ ਸਹਾਈ।
ਹੀਰੇ ਕੰਚਨ ਮੁਸ਼ਟ[1] ਜਰਾਊ।
[1]ਮੁੱਠਾ।
ਨਿਰਮਲ ਖਰ ਧਾਰਾ ਚਮਕਾਊ ॥੩੦॥
ਐਸੇ ਖੜਗ ਦੀਹ ਗਰ ਪਾਯੋ[1]।
[1]ਗਲ ਵਿਚ ਪਾਇਆ।
ਪੁਨ ਤਰਕਸ਼[1] ਨਿਜ ਹਾਥ ਉਠਾਯੋ।
[1]ਭੱਥਾ।
ਮੁਕਤਾ ਗੁੱਛ ਲਰਕਤੇ ਸੰਗ।
ਦਿਢ ਦੀਰਘ ਖਰ[1] ਭਰੇ ਖਤੰਗ[2] ॥੩੧॥
[1]ਤਿੱਖੇ। [2]ਤੀਰ।
ਗਰ ਮਹਿਂ ਪਾਇ ਕਸਜੋ ਕਟ† ਸਾਥਾ।
†ਪਾ:-ਸਬ।
ਪੰਨਗ† ਸਦਨ ਕਿਧੌਂ ਦੁਤਿ ਭਾਥਾ[1]।
[1]ਭੱਥੇ ਦੀ ਸ਼ੋਭਾ ਐਉਂ ਹੈ ਕਿ ਇਹ ਮਾਨੋਂ ਸੱਪਾਂ ਦਾ ਘਰ ਹੈ। †ਪਾ:-ਪੰਕਤਿ
ਧਨੁਖ ਕਠੋਰ ਗਹਜੋ ਨਿਜ ਹਾਥਾ।
ਹਯ ਆਵਾਹਨ ਕੀਨਸਿ ਨਾਥਾ ॥੩੨॥
ਕੇਤਿਕ ਸੁਭਟ ਦੁਰਗ ਮਹਿਂ ਛੋਰੇ।
'ਹੁਇ ਸੁਚੇਤ ਰੱਛਹੁ ਚਹੁੰ ਓਰੇ।'
ਤਬਿ ਪਾਂਚਹੁ ਭ੍ਰਾਤਾ ਚਲਿ ਆਏ।
ਸ਼ਸਤ੍ਰ ਸੁਹਾਵਤਿ ਅੰਗ ਲਗਾਏ ॥੩੩॥
ਮਨੋ ਪੰਚ ਪਾਂਡਵ ਇਹ ਸੋਹੈਂ।
ਰਣ ਕੇ ਹੇਤੁ ਚਢੇ ਬਡ ਰੋਹੈਂ।
ਸੰਗੋ ਸ਼ਾਹ ਬਿਸਾਲ ਜਿਨਹੁ ਮੈਂ।
ਆਯੁਧ ਬਿੱਦਜਾ ਨਿਪੁਨ ਤਿਨਹੁ ਮੈਂ ॥੩੪॥
ਜੀਤਮੱਲ ਦੂਜੋ ਬਡ ਜੋਧਾ।
ਰਿਪੁਗਨ ਮ੍ਰਿਗਨ, ਸ਼ੇਰ ਜਿਮ ਕ੍ਰੋਧਾ।
ਨਾਮ ਗੁਲਾਬ ਚੰਦ ਹੈ ਤੀਜੋ।
ਜਿਹ ਸਮ ਤੁਪਕ ਹਤਹਿ ਨਹਿਂ ਬੀਜੋ[1] ॥੩੫॥
[1]ਦੂਜਾ।
ਚਤੁਰਥ ਗੰਗਾਰਾਮ ਸੁਹਾਯੋ।

ਸ਼ਸਤ੍ਰ ਸਜਾਇ ਜੰਗ ਹਿਤ ਆਯੋ।
ਪੰਚਮ ਚਢ੍ਯੋ ਮਾਹਰੀ ਚੰਦ।
ਚਹਤਿ ਉਤਾਇਲ[1] ਸ਼ੱਤ੍ਰ ਨਿਕੰਦ ॥੩੬॥
ਅਪਰ ਚਮੂੰ ਕੇਤਿਕ ਚਢਿ ਆਈ।
ਸਭਿ ਕੀ ਦਿਸ਼ਿ ਗੁਰ ਦ੍ਰਿਸ਼ਟਿ ਲਗਾਈ।
ਪਿਖਿ ਕਰਿ ਬੰਕੇ ਬੀਰ ਮਹਾਨਾ।
ਸੁਭਟ ਸੁਨਾਵਤਿ ਹੁਕਮ ਬਖਾਨਾ ॥੩੭॥
'ਭੰਗਾਣੀ ਗਾਡ੍ਯੋ ਰਣ ਥੰਭਾ।
ਹਿਤ ਲਰਿਬੇ ਸੋ ਥਾਨ ਅਚੰਭਾ।
ਉਤ ਤੇ ਕੂਚ ਕਰੇ ਰਿਪੁ ਆਏ।
ਇਤ ਤੇ ਤੁਮ ਗਮਨਹੁਂ ਅਗੁਵਾਏ ॥੩੮॥
ਰੋਕਹੁ ਆਗਾ ਸ਼ੱਤ੍ਰਨਿ ਕੇਰਾ।
ਤਹਿਂ ਘਾਲੋ ਘਮਸਾਨ ਘਨੇਰਾ।'
ਸੰਗੋਸ਼ਾਹ ਹੁਕਮ ਗੁਰ ਸੁਨਿ ਕੈ।
ਉਰ ਉਤਸਾਹ ਵਧ੍ਯੋ ਹਿਤ ਰਣ ਕੈ ॥੩੯॥
'ਮਹਾਰਾਜ ਕਜਾ ਅਹੈਂ ਪਹਾਰੀ।
ਠਹਿਰ ਨ ਸਕਹੈਂ ਜੰਗ ਮਝਾਰੀ।
ਇਕਠੇ ਬ੍ਰਿੰਦ ਭਏ ਤੌ ਕਹਾਂ।
ਮ੍ਰਿਗ ਸਮ ਚਲਹਿਂ ਸ਼ੇਰ ਪਿਖਿ ਮਹਾਂ' ॥੪੦॥
ਇਮ ਕਹਿ ਗਮਨ੍ਯੋ ਦਿਸ਼ਿ ਰਣ ਖੇਤ।
ਜਹਿਂ ਭੰਗਾਣੀ ਕੀਨਿ ਸੰਕੇਤ[1]†।
ਕਿਤਿਕ ਚਮੂੰ ਤਿਨ ਕੇ ਸੰਗ ਚਢੀ।
ਲਰਿਬੇ ਹੇਤੁ ਚੌਂਪ ਚਿਤ ਬਡੀ ॥੪੧॥
ਪਾਂਚਹੁ ਭ੍ਰਾਤ ਕੁਦਾਇ ਤੁਰੰਗ।
ਚਲੇ ਚਲਾਵਤਿ ਬ੍ਰਿੰਦ ਤੁਫੰਗ।
ਰੋਕ੍ਯੋ ਜਾਇ ਭੰਗਾਣੀ ਆਗਾ।
ਦੁਹਿ ਦਿਸ਼ਿ ਭੇਰ ਪਰਨ ਤਬਿ ਲਾਗਾ ॥੪੨॥

[1]ਛੇਤੀ।

[1]ਭੰਗਾਣੀ ਜਿੱਥੇ) ਥਾਂ ਮਿਥਿਆ ਹੋਇਆ ਸੀ। †ਇਸ ਤੋਂ ਸਪਸ਼ਟ ਹੈ ਕਿ ਭੰਗਾਣੀ ਪਰ ਪਹਿਲੋਂ ਤੋਂ ਤਿਆਰੀ ਕੀਤੀ ਹੋਈ ਸੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਫ਼ੌਜ ਚੜ੍ਹਨ' ਪ੍ਰਸੰਗ ਬਰਨਨੰ ਨਮ ਚਤੁਰ ਬਿੰਸਤੀ ਅੰਸੂ ॥੨੪॥

## ੨੫. [ਜੰਗ ਸ਼ੁਰੂ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਸ੍ਰੀ ਗੁਰ ਗੋਵਿੰਦ ਸਿੰਘ ਜੀ, ਰਣ ਸਮਾਜ ਕਰਿ ਤਯਾਰ।
ਭਏ ਅਰੋਹਨ ਬਾਜ ਪਰ, ਪ੍ਰਥਮ ਬੰਦਨਾ ਧਾਰਿ ॥੧॥

ਭੁਜੰਗ ਪ੍ਰਯਾਤ ਛੰਦ:

ਚਲੇ ਜੰਗ ਸੌਂਹਗੇ ਭਗੌਤੀ[1] ਮਨਾਈ।

[1]ਭਗੌਤੀ ਤੋਂ ਮੁਰਾਦ 'ਭਗੌਤੀ ਦੇ ਝੰਡੇ ਵਾਲੇ' ਅਸਿਧੁਜ = ਅਕਾਲ ਪੁਰਖ ਦੀ ਹੈ ਜਿਸ ਤਰ੍ਹਾਂ ਤਾਜ ਤੋਂ ਕਈ ਵੇਰ ਤਾਜਦਾਰ = ਪਾਤਸ਼ਾਹ ਦੀ ਮੁਰਾਦ ਹੁੰਦੀ ਹੈ। (ਅ) ਸ੍ਰੀ ਸਾਹਿਬ। (ੲ) ਭਗਵੰਤ ਦੀ ਸ਼ਕਤੀ (ਜੋ ਭਗਵੰਤ ਨਾਲ ਅਭੇਦ ਹੈ)।

ਸਜ਼ੋਰੰ ਦੁਚੋਬਾਨ[1] ਧੌਂਸੇ ਲਗਾਈ।

[1]ਜ਼ੋਰ ਨਾਲ ਦੁਹਰੀ ਚੋਬ।

ਉਠੀ ਬੰਬ[1] ਊਚੀ ਗਣੰ ਸੈਲ ਗਾਜੇ[2]।

[1]ਅਵਾਜ਼। [2]ਗੂੰਜ ਉਠੇ।

ਮਹਾਂਬੀਰ ਬੰਕੇ ਸਭੈ ਸ਼ਸਤ੍ਰ ਸਾਜੇ ॥੨॥
ਰਿਦੈ ਉਤਸਾਹੰ[†] ਤੁਰੰਗੀ ਅਰੋਹੇ।

[†]ਪਾ:-ਉਤਸਾਹਿ।

ਗੁਰੂ ਸੰਗ ਚਾਲੇ ਮਹਾਂ ਜੰਗ ਸੌਂਹੇ[1]।

[1]ਜੰਗ ਦੇ ਸਾਹਮਣੇ।

ਉਠੀ ਧੂਰ ਪੂਰੰ ਨਭੰ ਛਾਇ ਲੀਨਾ।
ਪ੍ਰਕਾਸ਼ੰ ਨ ਦੀਸੈ ਰਵੰ[1] ਢਾਂਪ ਲੀਨਾ ॥੩॥

[1]ਸੂਰਜ।

ਬਧੇ ਚੁੰਗ ਚੌਂਪੇ ਚਲਾਕੀ ਦਿਖਾਵਹਿਂ।
ਚਲੇ ਗੋਲ[1] ਆਗੇ ਕਿਕਾਨੰ ਕੁਦਾਵੈਂ।

[1]ਟੋਲੇ।

ਬਕੈਂ ਬੀਰ ਊਚੇ ਸੁ ਮਾਰਾ ਬਕਾਰਾ।
ਪ੍ਰਭੂ ਕੋ ਸੁਨਾਵਹਿ 'ਪਹਾਰੀ ਸੰਘਾਰਾ' ॥੪॥
ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ[1]।

[1]ਜਿਵੇਂ ਵਾਯੂ ਬੜੀ ਤੇਜ਼ੀ ਨਾਲ ਵਗਦੀ ਹੈ।

ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੁੱਠੇ[1] ਹੜੰ ਨੀਰ ਚਾਲੇ।

[1]ਵਰਖਣ ਤੇ।

ਪਰਾ ਬਾਂਧਿ[1] ਤੈਸੇ ਚਮੂੰ ਬੇਗ ਨਾਲੇ ॥੫॥

[1]ਪਰ੍ਹੇ ਬਨ੍ਹ ਕੇ।

ਭਏ ਸੌਨ[1] ਆਛੇ ਬਿਜੈ ਦੇਨ ਵਾਰੇ।

[1]ਸ਼ਗਨ।

ਬਹੀ ਪੌਨ ਪੀਛੇ ਰਿਦੇ ਮੋਦ ਧਾਰੇ।
ਭੁਜਾਦੰਡ ਦੋਨੋਂ ਪ੍ਰਭੂ ਕੇ ਫਰੰਕੇ।
ਮ੍ਰਿਗੰ ਮਾਲ ਦਾਏਂ ਪਲਾਈ ਅਤੰਕੇ[1] ॥੬॥

[1]ਡਰਦੀ ਹੋਈ।

ਇਸੀ ਰੀਤਿ ਚਾਲੇ ਪਹੂੰਚੇ ਭੰਗਾਣੀ।
ਦਯਾਰਾਮ ਦੇਖੀ ਗੁਰੂ ਸੋਂ ਵਖਾਣੀ।
'ਪਿਖੋ ਸ਼ੱਤ੍ਰੂ ਸੈਨਾ ਪਰਾ[1] ਬਾਂਧਿ ਠਾਢੀ।

[1]ਕਤਾਰ।

ਇਤੈ ਆਪਨੀ ਜੰਗ ਕੀ ਚੌਂਪ ਬਾਢੀ ॥੭॥
ਪਠਾਣੀ ਚਮੂੰ ਧਾਮ ਜਾਨੰ ਬਹਾਨੇ[1]। [1]ਘਰ ਜਾਣ ਦੇ ਬਹਾਨੇ।
ਮਿਲੀ ਆਨਿ ਰਾਜਾਨ ਬੈਰੀ[1] ਮਹਾਨੇ। [1]ਵੈਰੀ ਰਾਜਿਆਂ ਨਾਲ ਆ ਮਿਲੀ ਹੈ।
ਦਿਸ਼ਾ ਦਾਹਿਣੀ ਗੋਲ ਬਾਂਧੇ ਖਰੇਹੈਂ।
ਸੁ ਲੂਣੰ ਹਰਾਮੀ ਕੋ ਕਾਰਜ ਕਰੇ ਹੈਂ ॥੮॥
ਚਹੈਂ ਆਪਕੇ ਸਾਥ ਮਾਂਡੇ ਲਰਾਈ[1]। [1]ਲੜਾਈ ਕਰਨੀ।
ਮਹਾਂ ਦੁਸ਼ਟ ਦੋਖੀ ਨਹੀਂ ਲਾਜ ਆਈ।
ਸਭੋਂ ਕੇ ਪਿਛਾਰੀ ਫਤੇਸ਼ਾਹਿ ਠਾਂਢਾ।
ਨਹੀਂ ਅੱਗ੍ਰ ਆਵਾ ਰਿਦੈ ਤ੍ਰਾਸ ਬਾਢਾ ॥੯॥
ਹਰੀਚੰਦ ਰਾਜਾ ਹੰਡੂਰੀ ਸੁ ਜੋਧਾ।
ਚਹੈ ਜੰਗ ਕੋ ਅੰਗ੍ਰ ਮੈਂ ਠਾਂਢਿ ਕ੍ਰੋਧਾ।
ਬਡੀਬਾਨ ਬਿੱਦਜਾ ਜਿਸੀ ਪਾਸ ਆਵੈ।
ਲਗੈ ਅੰਗ ਜਾਂ ਕੇ ਤਿਸੀ ਕਾਲ ਘਾਵੈ[1] ॥੧੦॥ [1]ਮਾਰ ਦਿੰਦਾ ਹੈ।
ਮਹਾਂ ਸੂਰ[1] ਹੰਕਾਰ ਧਾਰੀ ਉਦਾਰਾ। [1]ਸੂਰਮਾ।
ਲਖੈ ਓਜ ਜਾਂ ਕੋ ਗਿਰੰ ਦੇਸ਼ ਸਾਰਾ[1]। [1]ਪਹਾੜੀ ਦੇਸ਼ ਸਾਰਾ।
ਕਈ ਬਾਰ ਰਾਜਾਨਸੋਂ ਮੇਲ ਮੇਰਾ[1]। [1]ਮੇਰਾ ਮੇਲ ਹੋਇਆ ਹੈ।
ਸਰਾਹਯੋ ਸਭੈ ਬੀਰ ਬਾਂਕੋ ਬਡੇਰਾ' ॥੧੧॥
ਦਯਾਰਾਮ ਭਾਖੀ ਸੁਨੀ ਬਾਤ ਸਾਰੀ।
ਪ੍ਰਭੂ ਠਾਂਢ ਹ੍ਵੈ ਕੈ ਬਿਲੋਕੀ ਅਗਾਰੀ।
ਇਤੀ ਬੇਰ ਬੀਤੇ[1] ਬਡੋ ਟੋਲ ਆਯੋ। [1]ਇੰਨੀ ਦੇਰ ਜਦ ਬੀਤੀ ਤਾਂ....।
ਤੁਫੰਗੈਂ ਚਲੰਤੀ ਸੁ ਨਾਦੰ ਉਠਾਯੋ ॥੧੨॥
ਤਬੈ ਨੰਦ ਚੰਦੰ ਭਨ੍ਯੋ ਹਾਥ ਬੰਦੰ।
'ਮਹਾਰਾਜ ! ਦੇਖਹੁ ਮਹਾਂ ਬੀਰ ਬ੍ਰਿੰਦੰ।
ਅਹੈਂ ਕੌਨ ਆਏ ਸੁ ਜਾਨੇ ਨ ਜਾਈਂ।
ਚਮੂੰ ਸੈਲ ਨਾਥਾਨ ਕੀ ਮਾਰਿ ਘਾਈ[1] ॥੧੩॥ [1]ਪਹਾੜੀ ਰਾਜਿਆਂ ਦੀ ਸੈਨਾ ਮਾਰ ਕੇ ਜ਼ਖਮੀ ਕਰ ਦਿਤੀ ਹੈ।
ਕਿਸੂ ਦੇਸ਼ ਤੇ ਸਿੱਖ ਕੈ ਔਰ ਕੋਈ।
ਦਿਸ਼ਾ ਹ੍ਵੈ ਹਮਾਰੀ ਚਹੈ ਅੱਗ੍ਰ ਢੋਈ[1]। [1]ਅੱਗੇ ਢੁੱਕਣਾ ਚਾਹੁੰਦਾ ਹੈ।
ਪਰ੍ਹਾ ਏਕ ਪਾਸੇ ਖਰੇ ਜੰਗ ਮੰਡੇ[1]। [1]ਕਤਾਰ ਇਕ ਪਾਸੇ ਬੰਨ੍ਹ ਕੇ ਜੰਗ ਰਚਿਆ ਹੈ।

ਪਹਾਰੀ ਰਿਪੂ ਪੈ ਤੁਫੰਗਾਨ ਛੰਡੇ' ॥੧੪॥
ਪ੍ਰਭੂ ਡੀਠਡਾਰੀ ਬਿਲੋਕੇ ਸਿਪਾਹੀ।
ਤਬੈ ਏਕ ਧਾਯੋ ਚਲ੍ਯੋ ਆਇ ਪਾਹੀ[1]।
[1]ਪਾਸ।
ਗੁਰੂ ਤੀਰ ਹ੍ਵੈ ਕੈ ਕਰੀ ਤਾਂ[1] ਸਲਾਮੰ।
[1]ਤਿਸ ਨੇ।
ਕਹ੍ਯੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੰ ॥੧੫॥
ਮੁਰੀਦੰ ਸਕੇਲੇ ਸਭੈ ਸਾਤ ਸੈਯਾ[1]।
[1]ਸੱਤ ਸੌ।
ਅਹੈਂ ਚਾਰ ਪੁੱਤ੍ਰੰ ਨਿਜੰ ਸੰਗ ਭੈਯਾ[1]।
[1]ਚਾਰ ਪੁੱਤ੍ਰ ਹਨ (ਉਹ ਬੀ) ਆਪਣੇ ਨਾਲ ਕਰ ਲਏ। (ਅ) ਚਾਰ ਪੁੱਤ੍ਰ ਤੇ ਆਪਣਾ ਭਰਾ ਨਾਲ ਹਨ [ਦੇਖੋ ਖਾ: ਤ੍ਵਾ:]।
ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ।
ਪਰ੍ਹਾ ਬੰਧਿ ਠਾਂਢੋ ਚਹੈ ਜੰਗ ਜੋਯੋ ॥੧੬॥
ਭਏ ਲੋਨ[1] ਖੈ ਕੈ ਹਰਾਮੀ ਪਠਾਨੰ।
[1]ਲੂਣ।
ਸੁਨੀ ਬਾਤ ਸਾਰੀ ਸੁ ਹੈਫੰ ਬਖਾਨੰ[1]।
[1]ਭਾਵ ਧਿਕਾਰ ਪਾਈ (ਪਠਾਣਾਂ ਨੂੰ)।
ਇਸੀ ਹੇਤੁ ਤੇ ਆਨਿ ਮੌਜੂਦ ਹੋਵਾ।
ਉਪਾਲੰਭ ਕੌ ਨ ਸਹ੍ਯੋ ਵਾਹਿ ਖੋਵਾ[1] ॥੧੭॥
[1]ਉਲਾਂਭੇ ਨੂੰ ਸਹਾਰਿਆ ਨਹੀਂ (ਉਲਾਂਭਾ) ਲਾਹ ਦਿੱਤਾ ਹੈ।
ਸੁਨ੍ਯੋ ਆਵਨੰ ਜੰਗ ਮੇਲਾ ਕਰਾਲਾ[1]।
[1]ਜੰਗ ਦੇ ਭਯਾਨਕ ਸਮੇਂ (ਬੁੱਧੂ ਸ਼ਾਹ) ਦਾ ਆਉਣਾ ਸੁਣਿਆ।
ਪ੍ਰਭੂ ਜੀ ਪ੍ਰਸੰਨੇ ਪਿਖੇ ਬੀਰ ਜਾਲਾ[1]।
[1]ਬਹੁਤੇ।
ਉਤੇ ਸ਼ਾਹ ਸੰਗੋ ਸੁ ਸੰਗ੍ਰਾਮ ਘਾਲੇ।
ਤਜੈ ਸ਼ੀਘ੍ਰ ਗੋਰੀ ਰਿਪੂ ਘਾਵ ਡਾਲੇ ॥੧੮॥
ਭਯੋ ਨਾਦ ਭਾਰੀ ਇਕੰ ਬਾਰ ਐਸੇ।
ਤਪੈ ਰੇਤ ਤੇ ਧਾਨ ਭੂਜੰਤਿ ਜੈਸੇ।
ਤੁਰੰਗਾਨ ਕੌ ਛੇਰਿ ਛੋਰੇ ਤੁਫੰਗਾ।
ਛਿਰੇ ਜੰਗ ਤੇ ਅੰਗ ਲਾਗੈ ਤ ਭੰਗਾ[1] ॥੧੯॥
[1]ਜੰਗ ਛਿੜੇ ਤੇ ਹੀ ਜਿਸ ਅੰਗ ਵਿਚ ਲਗਦੀਆਂ ਹਨ ਉਸ (ਅੰਗ) ਦਾ ਨਾਸ਼ ਹੋ ਜਾਂਦਾ ਹੈ।
ਫਤੇਸ਼ਾਹ ਪਾਛੇ ਬਿਲੋਕੀ ਲਰਾਈ।
ਹਰੀਚੰਦ ਤੇ ਆਦਿ ਜੈਸੇ ਲਗਾਈ[1]।
[1]ਜੈਸੇ (ਲੜਾਈ) ਛੇੜੀ ਹੈ।
ਭਨ੍ਯੋ ਮਾਨ ਸੰਗੰ 'ਗੁਰੂ ਸੈਨ ਭਾਰੀ।
ਕਹਾਂ ਤੇ ਬਟੋਰੀ ਸਮੂਹੰ ਨਿਹਾਰੀ ॥੨੦॥
ਹੁਤੇ ਪਾਂਚ ਸੈ ਖਾਨ ਸੋ ਛੋਰਿ ਆਏ।

ਹਮਾਰੀ ਦਿਸ਼ਾ ਹੋਇ ਸ਼ਸਤ੍ਰੰ ਚਲਾਏ।
ਅਬੈ ਹੋਇ ਆਗੈ ਕਰੋ ਜੰਗ ਭਾਰਾ।
ਪ੍ਰਹਾਰੋ ਭਲੀ ਭਾਂਤਿ ਤੇ ਲੋਹ ਧਾਰਾ' ॥੨੧॥
ਹਰੀਚੰਦ ਬੋਲਯੋ 'ਪਠਾਨੰ ਮਹਾਨਾ।
ਗੁਰੂ ਭੇਤ ਸਾਰੋ ਜਥਾ ਜੋਗ ਜਾਨਾ।
ਕਰੀ ਮਾਫ ਲੂਟੰ ਕਹੈਂ ਸੋ ਬਨਾਈ।
-ਬਿਨਾ ਆਨ ਸੈਨਾ, ਹਮਾਰੀ ਲਰਾਈ ॥੨੨॥
ਸਹੀ ਨਾਂਹਿ ਜਾਵੈ ਗੁਰੂ ਪਾਸ ਕੈਸੇ[1]।

[1]ਹੋਰ ਫੌਜ ਤੋਂ ਬਿਨਾਂ (ਕੇਵਲ) ਸਾਡੀ ਲੜਾਈ ਗੁਰੂ ਤੋਂ ਕਿਸੇ ਨਹੀਂ ਸਹੀ (ਝੱਲੀ) ਜਾਵੇਗੀ।

ਸਬਿੱਦਯਾ ਅਗਾਰੀ ਅਬਿੱਦਯਾਹਿ ਜੈਸੇ[1]।

[1]ਜਿਵੇਂ ਵਿਦਿਆਵਾਨ ਦੇ ਅੱਗੇ ਅਵਿੱਦਯਾ ਵਾਲਾ ਨਹੀਂ (ਠਹਿਰ ਸਕਦਾ)।

ਪੁਰਾ ਜੰਗ ਖਾਨਾਨ ਕੋ ਦੇਖਿ ਲੀਜੈ[1]।

[1]ਪਹਿਲੇ ਪਠਾਣਾਂ ਦਾ ਜੰਗ ਦੇਖ ਲਓ।

ਪੁਨੰ ਸੈਨ ਸਾਰੀ ਲਰੈ, ਧੀਰ ਕੀਜੈ' ॥੨੩॥
ਫਤੇਸ਼ਾਹ ਮਾਨੀ ਸੁਨੀ ਬਾਤ ਭਾਈ[1]।

[1]ਚੰਗੀ ਲਗੀ।

ਲਿਯੋ ਭੀਖਨੰ ਖਾਨ ਤੀਰੰ ਬੁਲਾਈ।
ਅਗਾਰੀ ਖਰੋ ਦੇਖਿ ਕੈ[1] ਭੂਪ ਬੋਲਾ।

[1]ਭੀਖਨ ਖਾਂ ਨੂੰ ਅੱਗੇ ਖਲੋਤਾ ਵੇਖਕੇ।

'ਕਹਾਂ ਦੇਰਿ ਕੀਨੀ, ਖਰੇ ਦੇਖਿ ਓਲਾ[1] ॥੨੪॥

[1]ਭਾਵ ਲੁਕਕੇ ਖੜੇ ਹੋ।

ਅਹੈ ਮਾਫ ਲੂਟੰ ਕਰੋ ਜੰਗ ਭਾਰਾ।
ਬਟੋਰੇ ਗੁਰੂ ਨੇ ਅਨੇਕੰ ਪ੍ਰਕਾਰਾ[1]।

[1]ਕਈ ਤਰ੍ਹਾਂ ਦੇ (ਲੋਕੀਂ)।

ਨਹੀਂ ਸ਼ਸਤ੍ਰਧਾਰੀ ਤਿਨੈ ਬੀਚ ਕੋਊ।
ਹਤੋ ਏਕ ਬਾਰੀ ਚਲੈ ਭਾਜ ਸੋਊ ॥੨੫॥
ਬਡੋ ਦਰਬ ਕੋ ਸੰਗ ਲੈ ਲੂਟ ਸਾਰੋ[1]।

[1]ਬਹੁਤਾ ਧਨ ਹੈ ਸਾਰਾ ਲੁੱਟ ਕੇ ਨਾਲ ਲੈ ਲਓ।

ਧਨੀ ਹੋਇ ਭਾਰੇ ਨਿਕੇਤੈਂ[1] ਸਿਧਾਰੋ।'

[1]ਘਰਾਂ ਨੂੰ।

ਸੁਨੀ ਭੀਖਨੰਖਾਨ ਮਾਨੀ ਸੁ ਬਾਨੀ।
ਚਲਯੋ ਜੰਗ ਸੌਹੇਂ ਮ੍ਰਿਤੰ ਨਿਯਰਾਨੀ ॥੨੬॥
ਪਠਾਣੀ ਚਮੂੰ ਸੰਗ ਲੀਨੀ ਹਕਾਰੇ।
ਕਹਯੋ 'ਹੇਲ ਕੀਜੈ' ਲਿਜੈ ਅੱਗ੍ਰ ਮਾਰੇ।
ਪਲਾਵੋ ਇਕੰ ਬਾਰ ਪੀਛੈ ਸਿਧਾਰੋ।

ਪੁਰੰ[1] ਪਾਂਵਟਾ ਜਾਤਿ ਹੀ ਲੂਟ ਮਾਰੋ ॥੨੭॥ — [1]ਪਹਿਲੇ (ਅ) ਸ਼ਹਿਰ।

ਜਥਾ ਸੈਨ ਸੰਚੀ ਸਮੂਹੰ ਗਵਾਰਾ[1]। — [1]ਗਵਾਰਾਂ ਦੀ ਸਾਰੀ ਸੈਨਾ ਕੱਠੀ ਕੀਤੀ ਹੈ।

ਤਥਾ ਜਾਨਤੇ ਹੋਇ ਹਾਰੇ ਬਿਚਾਰਾ[1]।' — [1]ਤੁਸੀਂ ਜਾਣਦੇ ਹੀ ਹੋ ਕਿ ਏਹ ਵਿਚਾਰੇ ਹਾਰ ਜਾਣਗੇ।

ਇਮੰ ਭਾਖਤੋ ਜੰਗ ਕੇ ਅੱਗ੍ਰ ਆਯੋ।
ਜਿਤੇ ਖਾਨ ਸੰਗੀ ਸਭੈ ਸੰਗ ਲਜਾਯੋ ॥੨੮॥
ਕਰਯੋ ਭੇਰ ਗਾਡੇ ਤਜਯੋ ਬਾਨ ਗੋਰੀ।
ਹਯੰ ਫੇਰਿ ਕੇ ਧਾਇ ਸੰਗ੍ਰਾਮ ਠੌਰੀ।
ਤਬੈ ਨੰਦ ਚੰਦੰ ਪ੍ਰਭੂ ਸੰਗ ਬੋਲਯੋ।

'ਦਲੰ ਖਾਨ ਢੂਕਯੋ, ਫਿਰੰ ਜੰਗ ਤੋਲਯੋ[1] ॥੨੯॥ — [1]ਫਿਰਕੇ ਜੰਗ ਨੂੰ ਜਾਚਦਾ ਹੈ।

ਇਤੇ ਆਪ ਭਾਖੋ ਰੁਕੇਂ[1] ਜਾਇ ਆਗਾ। — [1]ਰੋਕੀਏ।

ਹਤੌਂ ਖਾਨ ਦ੍ਰੋਹੀਨ ਕੋ ਦੋਸ਼ ਲਾਗਾ[1]। — [1]ਮੈਂ ਮਾਰਾਂ ਖਾਨਾਂ ਨੂੰ ਜਿਨ੍ਹਾਂ ਦ੍ਰੋਹੀਆਂ ਨੂੰ ਦੋਸ਼ ਲੱਗ ਰਿਹਾ ਹੈ (ਨਿਮਕਹਰਾਮੀ ਦਾ)।

ਖਰੇ ਆਪ ਦੇਖੋ ਪ੍ਰਭੂ ਜੀ ਤਮਾਸ਼ਾ।
ਛੁਟੇ ਤੀਰ ਗੋਰੀ ਰਿਪੂ ਬ੍ਰਿੰਦ ਨਾਸ਼ਾ' ॥੩੦॥

-ਲਰੈਂ ਖਾਨ ਆਈ[1]- ਸੁਨੇ ਬੈਨ ਕਾਨੰ। — [1]ਆਕੇ ਖਾਨ ਲੜਦੇ ਹਨ।

ਦਈ ਫੇਰ ਆਗਯਾ 'ਬਨੋ ਸਾਵਧਾਨੰ।
ਦਯਾਰਾਮ ਕੋ ਸੰਗ ਲੀਜੈ ਬੁਲਾਈ।'
ਦੁਊ ਬੀਰ ਬੰਕੇ ਚਲੇ ਸਾਮੁਹਾਈ ॥੩੧॥
ਧਰੇ ਚਾਂਪ ਹਾਥੰ ਰਿਦੇ ਚੌਂਪ ਸੰਗਾ।
ਸਰੰ ਸੰਧਿ ਐਂਚੇ ਹਨੇ ਸ਼ੱਤ੍ਰੂ ਅੰਗਾ।

ਸੁਬੇਗੰ ਚਲੈਂ ਸ਼ੁਕ ਐਸੇ ਬਿਲੋਕੈਂ[1]। — [1]ਐਉਂ ਦਿਖਾਈ ਦਿੰਦੇ ਹਨ।

ਉਡੈਂ ਪੰਖ ਸੋਂ ਨਾਗ ਦੌਰੈਂ ਅਰੋਕੈਂ[1] ॥੩੨॥ — [1]ਮਾਨੋਂ) ਖੰਭਾਂ ਵਾਲੇ ਨਾਗ ਉਡਦੇ ਹਨ (ਜਿਨ੍ਹਾਂ ਦੀ) ਦੌੜ (ਚਾਲ) ਅਰੋਕ ਹੈ।

ਤਨੰ ਖਾਨ ਬੀਧੇ ਪ੍ਰਵੇਸ਼ੇ ਸੁ ਧਾਈ।

ਗਿਰੇ ਘਾਇ ਲਾਗੇ[1] ਤਿਨੋ ਮਿੱਤ੍ਰੂ ਪਾਈ। — [1]ਜੇਹੜੇ ਜ਼ਖਮੀ ਹੋਕੇ ਡਿੱਗੇ।

ਤਹਾਂ ਲਾਲਚੰਦੰ ਗੁਰੂ ਤੀਰ ਠਾਂਢੋ।

ਹੁਤੋ ਮਾਹਿਖੀਪਾਲ[1] ਕੋ ਚਾਵ ਬਾਢੋ ॥੩੩॥ — [1]ਮਹੀਆਂ ਦਾ ਪਾਲਕ।

ਬਡੋ ਜੋਰ ਜਾ ਮੈਂ, ਕਰੰ ਜੋਰਿ ਭਾਖਾ[1]। — [1]ਹੱਥ ਜੋੜਕੇ ਆਖਿਆ।
'ਦਿਜੈ ਨਾਥ ਆਗਜਾ ਮਹਾਂ ਮੋ ਭਿਲਾਖਾ[1]। — [1]ਮੇਰੀ ਬੜੀ ਇੱਛਾ ਹੈ।
ਜਹਾਂ ਪੰਚ ਭ੍ਰਾਤਾ ਮਹਾਂ ਜੰਗ ਘਾਲਾ।
ਤਹਾਂ ਜਾਇ ਕੈ ਮੈਂ ਹਤੌਂ ਖਾਨ ਜਾਲਾ[1]' ॥੩੪॥ — [1]ਬਹੁਤੇ।
ਹਸੇ ਦੀਨ ਬੰਧੁ ਕਹਜੋ 'ਧਾਇ ਜਾਵੋ।
ਹਤੌਂ ਤੀਰ ਤੀਖੇ ਪਠਾਨੰ ਪਲਾਵੋ।'
ਸੁਨੇ ਬੈਨ ਸ਼੍ਰੋਨੰ ਚਲਜੋ ਚੌਂਪ ਸੰਗਾ।
ਸੰਭਾਰੇ ਕੁਦੰਡੰ[1] ਕੁਦਾਯੋ ਤੁਰੰਗਾ ॥੩੫॥ — [1]ਧਨੁਖ।
ਕੁਪਜੋ ਲਾਲਚੰਦੰ ਕਿਯੋ ਲਾਲ ਰੂਪੰ।
ਜਿਨੈ ਗੰਜਯੰ ਗਰਬ ਸਿੰਘੰ ਅਨੂਪੰ[1]। — [1]ਜਿਸਨੇ ਅਨੁਪਮ ਸ਼ੇਰਾਂ ਦੇ ਹੰਕਾਰ ਨੂੰ ਬੀ ਨਾਸ਼ ਕਰ ਦਿੱਤਾ ਹੈ।
ਜਹਾਂ ਸ਼ਾਹਿ ਸੰਗੋ ਖਰੋ ਤੀਰ ਮਾਰੈ।
ਤਹਾਂ ਹੋਇ ਆਗੈ ਪਠਾਨੰ ਬੰਗਾਰੈ ॥੩੬॥
ਬਡੇ ਓਜ ਤੇ ਬੋਲਿ ਐਸੇ ਸੁਨਾਯੋ।
ਮਨੋ ਮ੍ਰਿੱਗ ਪੁੰਜਾਨ ਮੈਂ ਸ਼ੇਰ ਆਯੋ।
ਭਯੋ ਕੋਪ ਤੇ ਲਾਲ ਰੰਗੰ ਸਰੀਰੰ।
ਕੁਦੰਡੰ ਕਠੋਰੰ ਖਿਚੇ ਛੋਰਿ ਤੀਰੰ ॥੩੭॥
ਗਿਰੇ ਖਾਨ ਕੇਤੇ ਹਯੰ ਛੂਛ ਛੋਰੇ।
ਦੁਹੂੰ ਓਰ ਕੇ ਬੀਰ ਅੰਗਾਨਿ ਫੋਰੇ।
ਚਲੀ ਲੋਹ ਧਾਰਾ ਕਰੈਂ ਮਾਰ ਮਾਰੰ।
ਰਿਦੇ ਭੀਰੁ[1] ਕੇਤੇ ਚਲੇ ਤ੍ਰਾਸ ਧਾਰੰ ॥੩੮॥ — [1]ਕਾਇਰ।
ਕੁਪਜੋ ਮਾਹਰੀਚੰਦ ਜੋਧਾ ਬਡੇਰਾ।
ਪ੍ਰਵੇਸ਼ਜੋ ਰਿਪੂ ਸੈਨ ਮੈਂ ਸਰਬ ਹੇਰਾ।
ਮਹਾਂਤੇਜ[†] ਘੋਰਾ ਬਰਜੋ ਬੀਚ ਜਾਏ। — [†]ਪਾ:-ਮਹਾਰਾਜ।
ਹਤੇ ਏਕ ਦੋ ਖਾਨ ਭੂ ਮੈਂ ਗਿਰਾਏ ॥੩੯॥
ਚਹੂੰ ਓਰ ਤੇ ਖਾਨ ਬਾਨੰ ਕਮਾਨਾ।
ਸੰਭਾਰੇ ਪ੍ਰਹਾਰੈਂ ਮਹਾਂ ਤਾਨ ਤਾਨਾ[1]। — [1]ਤਾਨ ਤਾਨ ਕੇ। (ਅ) ਬੜੇ ਬਲ ਨਾਲ ਤਾਣਕੇ।
ਹਯੰ ਕੀ ਚਲਾਕੀ ਇਤੈ ਉੱਤ ਜਾਵੈ।
ਰਿਪੂ ਘਾਵ ਕੌ ਦੇਖਿ ਸ਼ੀਘ੍ਰੰ ਬਚਾਵੈ

॥੪੦॥
ਘਿਰਜੋ ਬੀਚ ਖਾਨੰ ਰਣੰ ਰੰਗ ਰੁੱਝਜੋ।
ਭਯੋ ਸਾਮੁਹੇ ਸੋ ਝਟਾਪੱਟ ਜੁੱਝਜੋ।
ਪਿਖਜੋ ਸ਼ਾਹਿ ਸੰਗੋ ਰੁਕਜੋ ਭ੍ਰਾਤ ਏਕੌ।
ਖਤੰਗੈਂ ਪ੍ਰਹਾਰੈਂ ਪਠਾਨੰ ਅਰੇ ਕੌ[1] ॥੪੧॥

[1]ਅੜ ਰਹੇ ਪਠਾਣਾਂ ਨੂੰ ਤੀਰ ਮਾਰਦਾ ਹੈ।

ਲਿਯੇ ਸੈਨ ਕੋ ਸੰਗ ਹੇਲਾ ਸੁ ਘਾਲਾ।
ਛੁਟੇ ਤੀਰ ਗੋਰੀਨ ਰੌਰੰ ਬਿਸਾਲਾ।
ਕਿਤੇ ਖਾਨ ਮਾਰੇ ਕਿਤੇ ਭਾਜ ਚਾਲੇ।
ਮਿਲਜੋ ਮਾਹਰੀ ਚੰਦ ਆਪਾ ਸੰਭਾਲੇ ॥੪੨॥

ਦੋਹਰਾ:
ਅਲਪ ਘਾਵ ਹਯ ਕੋ ਲਗੇ, ਮਿਲਜੋ ਚਮੂੰ ਮਹਿਂ ਆਇ[1]।
ਮਾਰ ਪਠਾਨਿਨ ਕੌ ਤਬੇ, ਪ੍ਰਥਮ ਫਤੇ ਕੋ ਪਾਇ ॥੪੩॥

[1](ਮਾਹਰੀ ਚੰਦ) ਆ ਮਿਲਿਆ।

ਬਹੁਰ ਥਿਰੇ ਸਨਮੁਖ ਹਤੇ, ਗਨ ਗੋਰੀ ਅਰੁ ਬਾਨ।
ਦੁਹੁ ਦਿਸ਼ਿਤੇ ਛੁਟੈਂ ਲਗੈਂ, ਹੋਨਿ ਲਗਜੋ ਘਮਸਾਨ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਬੁੱਧੂਸ਼ਾਹ ਦੇ ਪੁੱਤ੍ਰਾਂ ਦਾ ਜੰਗ। ਇਕ ਸ਼ਹੀਦ ਹੋਯਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਇਕ ਦੁਇ ਹਤੇ ਪਠਾਨ ਰਨ, ਪੁਨ ਆਯੋ[1] ਸਵਧਾਨ। [1]ਮਾਹਰੀ ਚੰਦ ਆਯਾ।
ਦੇਖਿ ਸਭੈ ਬਿਸਮੈ ਰਹੇ, ਗਯੋ ਬੀਚ ਤੇ ਜਾਨ[1] ॥੧॥
[1]ਇਹ ਜਾਣਕੇ ਕਿ ਮਾਹਰੀ ਚੰਦ ਵਿਚੋਂ ਨਿਕਲ ਗਿਆ ਹੈ। (ਅ) ਸੁਧ ਪਾਠ 'ਜ੍ਵਾਨ' ਜਾਪਦਾ ਹੈ।

ਪਾਧੜੀ ਛੰਦ:

ਇਕ ਦਿਸ਼ਾ ਬਿਖੈ ਲੈ ਸੁਭਟ ਬ੍ਰਿੰਦ।
ਰੁਪ ਰਹ੍ਯੋ ਸ਼ਾਹਿ ਬੁੱਧੂ ਬਿਲੰਦ।
ਜੋ ਹੁਤੀ ਛੇਰ[1] ਗਿਰਪਤਿਨਿ ਕੇਰ। [1]ਇਹ ਬਾਕਾਇਦਾ ਫੌਜ ਨਹੀਂ ਹੁੰਦੀ ਗਿਰਾਵਾਂ ਦੇ ਸ਼ਸਤ੍ਰ ਵਾਹ ਸਕਣ ਵਾਲੇ ਲੜਾਕੇ ਜੁੱਧ ਵੇਲੇ ਇਕੱਠੇ ਕਰ ਲੈਂਦੇ ਹੁੰਦੇ ਸਨ ਜਿਵੇਂ ਅਜ ਕਲ ਰੀਜ਼ਰਵ ਸੈਨਾ ਹੁੰਦੀ ਹੈ।
ਛੋਰਤਿ ਤੁਫੰਗ ਤਿਨ ਰਖੀ ਘੇਰ ॥੨॥
ਨਹਿੰ ਆਨ ਥਾਨ ਦੀਨੇ ਸੁ ਜਾਨਿ[1]। [1]ਹੋਰ ਥਾਂ ਜਾਣ ਨਹੀਂ ਦਿੱਤੇ।
ਛੋਰੰਤਿ ਬਾਨ ਧਨੁ ਤਾਨ ਤਾਨ।
ਬਹੁ ਮਚ੍ਯੋ ਰੌਰ ਬਕ[1] 'ਮਾਰ ਮਾਰ।' [1]ਕਹਿੰਦੇ ਹਨ।
ਹੱਥਜਾਰ ਸਮੂਹ ਪ੍ਰਹਾਰ ਡਾਰਿ ॥੩॥
ਬਹੁ ਬਜਤਿ ਦੁੰਦਭੀ ਦਿਸ਼ਨਿ ਦੋਇ।
ਗਨ ਭੇਰਿ ਭੁਕਾਰਨ ਸ਼ਬਦ[1] ਹੋਇ। [1]ਭੇਰੀਆਂ ਦੇ ਵੱਜਣ ਦਾ ਸ਼ਬਦ।
ਭਟ ਛੇਰਨ ਅੱਗ੍ਰ[1] ਬਜੰਤਿ ਢੋਲ। [1]ਵਹੀਰਾਂ ਦੇ ਅੱਗੇ।
ਭਟ ਪਰੇ ਦਾਇ ਬਡ ਬੋਲਿ ਬੋਲਿ ॥੪॥
ਇਕ ਬਾਰਿ ਪਰੇ ਗਨ ਗਿਰਨ ਲੋਕ[1]। [1]ਬਹੁਤੇ ਪਹਾੜੀਏ ਲੋਕੀਂ।
ਗਨ ਗਿਰਨ ਲਗੇ ਕਰਿ ਦੁਵ ਢੋਕ[1]। [1]ਢੁਕ ਕੇ ਮੇਲ ਕੀਤਾ।
ਗੁਲਕਾਨ ਕੇਰਿ ਬਰਖਾ ਹੁਵੰਤਿ।
ਘਨ ਦੋਇ ਮਨੋ ਕਰਕਾ ਪਰੰਤਿ[1] ॥੫॥ [1]ਦੋ ਬਦਲਾਂ ਤੋਂ ਮਾਨੋ ਓਲੇ (ਗੜੇ) ਪੈਂਦੇ ਹਨ।
ਛਿਤ ਸ਼੍ਰੋਨਤ ਬਿਥਰ੍ਯੋ ਰੰਗ ਲਾਲ।
ਬਹੁ ਮਰੇ ਹੇਰਿ ਗ੍ਰਿੱਝੈਂ ਬਿਸਾਲ।
ਭਰਮੀ ਅਨੇਕ ਨਭ ਆਇ ਆਇ।
ਗਨ ਰਟੈਂ ਨਾਦ ਪਲ[1] ਖਾਇ ਖਾਇ ॥੬॥ [1]ਮਾਸ।
ਗਿਰ ਲੋਕਨ ਕਿਯ ਹੇਲਾ ਕਰਾਲ।
ਰੁਪ ਰਹ੍ਯੋ ਸ਼ਾਹਿ ਬੁੱਧੂ ਬਿਸਾਲ।
ਸਭਿ ਲੀਨਿ ਝਾਲ[1] ਪਗ ਨਾਂਹਿ ਹਾਲ[2]। [1]ਝੱਲ ਲਿਆ। [2]ਨਾ ਹਿੱਲਿਆ।
ਸਭਿ ਲੇ ਮੁਰੀਦ ਪਰਹਾਰ ਡਾਲਿ[1] ॥੭॥ [1]ਵਾਰ ਕੀਤੇ।

ਬਹੁ ਹਤੇ ਸ਼ੱਤ੍ਰ ਲਿਯ ਜੰਗ ਤੋਲ[1]।
[1]ਸਹਾਰ ਲਿਆ (ਅ) ਸਾਰਾ ਅੰਦਾਜ਼ਾ ਲਾ ਲਿਆ।

ਕਰਿ ਹਲਾਹੂਲ ਬਹੁ ਰੋਲ ਝੋਲ।
ਸੁਤ ਚਤਰ ਪੀਰ ਲੇ ਧਾਇ ਜਾਇ।
ਗੁਲਕਾਨ ਬ੍ਰਿੰਦ ਬਰਖਾ ਕਰਾਇ ॥੮॥
ਤਬਿ ਝਟਾ ਪੱਟ ਗਿਰ ਪਰੇ ਸੂਰ।
ਬਹੁ ਮਰੇ ਪਹਾਰੀ ਮਿਲੇ ਧੂਰ।
ਸਤਿਗੁਰੂ ਦਿਖਾਵਨਿ ਕੇਰਿ ਹੇਤੁ[1]।
[1]ਗੁਰੂ ਜੀ ਦੇ ਦਿਖਾਵਣ ਵਾਸਤੇ।

ਬਹੁ ਕਰਜੋ ਓਜ ਰੁਪਿ ਜੰਗ ਖੇਤ[1] ॥੯॥
[1]ਬੁਧੂ ਸ਼ਾਹ ਨੇ) ਮੈਦਾਨ ਜੰਗ ਵਿਚ ਅੜਕੇ।

ਪੁਨ ਧਾਇ ਕੀਨਿ ਹੇਲਾ ਕਰਾਲ।
ਲਰਿ ਮਰੇ ਮਾਰ ਕਰਿ ਭਟਨ ਜਾਲ[1]।
[1]ਸਾਰੇ।

ਕਰਵਾਰ ਨਿਕਾਰਿਯ ਏਕ ਵਾਰ।
ਗਿਰ ਨਰਨ ਨਿਕੰਦਤਿ ਵਾਰ ਵਾਰ ॥੧੦॥
ਨਹਿੰ ਜਮੇ ਪਾਇ ਚਾਲੇ ਪਲਾਇ।
ਗਿਰ ਤਰੁਨਿ ਓਟ[1] ਆਪਾ ਬਚਾਇ।
[1]ਬ੍ਰਿੱਛਾਂ ਦੀ ਓਟ ਵਿਚ।

ਤਬਿ ਪਿਖਿ ਗੁਲੇਰੀਆ ਨ੍ਰਿਪ ਗੁਪਾਲ।
ਤਿਤ ਗਯੋ ਧਾਇ ਲੇ ਭਟਨਿ ਜਾਲ ॥੧੧॥
ਗੁਲਕਾਨਿ ਪੁੰਜ ਬਰਖਾ ਸੁ ਕੀਨਿ।
ਬਕਿ 'ਮਾਰ ਮਾਰ' ਬਡ ਓਜ ਦੀਨਿ।
ਸੁਤ ਚਤੁਰ ਪੀਰ ਕੇ ਬਲਿ ਬਿਸਾਲ।
ਹੁਇ ਖਰੇ ਅੱਗ੍ਰ ਪਿਖਿ ਕੈ ਗੁਪਾਲ ॥੧੨॥
ਸ਼ਲਖੈਂ ਤੁਫੰਗ ਗੁਲਕਾਨ ਕੇਰਿ।
ਗਿਰ ਨਰਨਿ[1] ਮਾਰਿ ਥਿਰ ਹ੍ਵੈ ਦਿਲੇਰ।
[1]ਪਹਾੜੀ ਮਨੁੱਖਾਂ ਨੂੰ।

ਤਿਨ ਸੰਗ ਮੁਰੀਦ ਜਿ ਮੁਸਲਮਾਨ।
ਸਭਿ ਕੁਪੇ ਕੀਨਿ ਨੰਗੇ ਕ੍ਰਿਪਾਨ ॥੧੩॥
ਰਿਸ ਕਰਿ ਗੁਪਾਲ ਊਚੇ ਕਹੰਤਿ।
'ਕਿਮ ਭਾਜ ਪਾਇ ਚਾਲੇ ਡਰੰਤਿ?
ਅਬਿ ਹਟੌਂ ਬੀਰ! ਮੈਂ ਹੌਂ ਸਹਾਇ।
ਜੋ ਅਰੇ ਅੱਗ੍ਰ ਤਿਨ ਲੇਹਿੰ ਘਾਇ' ॥੧੪॥
ਬਚ ਸੁਨੇ ਨ੍ਰਿਪਤ ਕੇ ਹਟੇ ਬੀਰ।

ਛੋਰਤਿ ਤੁਫੰਗ ਗੁਲਕਾਨ ਤੀਰ।
ਬਡ ਹੇਲ ਕੀਨਿ ਪਰਿ ਧੂਮਧਾਮ।
ਢੋਲਨਿ ਬਜਾਇ ਡੰਕਤਿ ਦਮਾਮ[1] ॥੧੫॥
ਮਿਲਿ ਪਰੇ ਪਰਸਪਰ ਘਾਵ ਡਾਲਿ।
ਗਿਰ ਪਰੇ ਬੀਰ ਹ੍ਵੈ ਕੈ ਕਰਾਲ।
ਰਣ ਜੋਰ ਸਹਜੋ ਨਹਿਂ, ਭੇ ਪਲਾਇ[1]।
ਪਿਖਿ ਪੀਰ ਪੁੱਤ੍ਰ ਰਿਸ ਉਰ ਵਧਾਇ ॥੧੬॥
ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ।
ਸ਼ੱਤ੍ਰੁਨਿ ਮਾਰਿ ਰਨ ਮੈਂ ਖਰੋਇ।
ਜਹਿਂ ਨ੍ਰਿਪ ਗੁਪਾਲ ਤਹਿਂ ਤੀਰ ਜਾਇ।
ਬਹੁ ਉਛਰਿ ਉਛਰਿ ਕਰਿਯੰਤਿ ਘਾਇ ॥੧੭॥
ਇਤ ਉਤ ਫਿਰੰਤਿ ਗਹਿ ਖੜਗ ਢਾਲ।
ਕਰਿ ਪਟੇਬਾਜ ਬਿੱਦਜਾ ਬਿਸਾਲ।
ਰਿਪੁ ਮਾਰਿ ਬਚਾਵਤਿ, ਮਾਰ ਤਾਂਹਿ[1]।
ਬਹੁ ਗਿਰੀ ਲੋਥ ਰਣ ਖੇਤ ਮਾਂਹਿ ॥੧੮॥
ਗਿਰ ਨਰ ਅਚੰਭ ਕੌ ਧਾਰਿ ਧਾਰਿ।
ਬਹੁ ਉਮਡਿ ਉਮਡਿ ਘੇਰੋ ਸੁ ਡਾਰ।
ਨਹਿ ਤਊ ਵਾਰ ਕਿਸ ਤੇ ਸੁ ਖਾਇਂ।
ਤਨ ਕੌ ਬਚਾਇ ਰਿਪੁ ਘਾਇ ਘਾਇ[1] ॥੧੯॥
ਬਹੁ† ਦਿਸ਼ਿਨਿ ਕੇਰ ਭਟ ਹੇਰਿ ਹੇਰਿ।
ਕਹਿਂ 'ਸਾਧ ਸਾਧ' ਪੁਨ 'ਘੇਰ ਘੇਰ'[1]।'
ਬਹੁ ਮਚਜੋ ਰੌਰ ਗੁਰ ਸੁਨਤਿ ਕਾਨ।
ਬੂਝੈਂ 'ਇਤੋਕ ਕਿਨ ਜੰਗ ਠਾਨਿ?' ॥੨੦॥
ਇਕ ਸੁਭਟ ਭਨਜੋ 'ਚਹੁ ਪੁੱਤ੍ਰ ਪੀਰ[1]।
ਰਿਪੁ ਹਨੇ ਅਨਿਕ, ਬਿਚ ਥਿਰੇ ਧੀਰ।
ਤਿਨ ਪਰ ਗੁਲੇਰੀਆ ਧਾਇ ਜਾਇ।
ਲਿਯ ਘੇਰ ਬੀਚ ਸਮੁਦਾਇ ਆਇ

[1]ਦਮਾਮਿਆਂ ਤੇ ਚੋਬਾਂ ਵਜਦੀਆਂ ਹਨ।

[1]ਦੌੜ ਗਏ।

[1]ਸ਼ੱਤ੍ਰੂ ਦੀ ਮਾਰ ਬਚਾ ਕੇ (ਆਪ) ਤਿਨ੍ਹਾਂ ਨੂੰ ਮਾਰਦਾ ਹੈ।

[1]ਜ਼ਖਮੀ ਕਰਕੇ ਮਾਰਦਾ ਹੈ।

†ਪਾ:-ਗੁਰ।

[1]ਕਹਿੰਦੇ ਹਨ 'ਸ਼ਾਬਾਸ਼ ਸ਼ਾਬਾਸ਼' (ਤੇ) ਫਿਰ (ਕਹਿੰਦੇ ਹਨ) 'ਘਿਰ ਗਏ, ਘਿਰ ਗਏ'।

[1]ਪੀਰ ਦੇ ਚਹੁੰ ਪੁੱਤ੍ਰਾਂ ਨੇ।

॥੨੧॥
ਤਿਨ ਕੀ ਸਹਾਇ ਭੇਜੋ ਬਿਸਾਲ।'
ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ।
ਸੁਨਿ ਭੀਰ ਪਰੀ ਮਨ ਛੋਭ ਧਾਰਿ।
ਹਯ ਕੋ ਕੁਦਾਇ ਚਾਲਜੋ ਉਦਾਰ ॥੨੨॥
ਕਰ ਮੈਂ ਕੁਦੰਡ ਐਂਚਜੋ ਕਠੋਰ।
ਭੀਖਨ ਖਤੰਗ ਗੁਨ ਬੀਚ[1] ਜੋਰਿ।
ਪਹੁੰਚਜੋ ਤੁਰੰਤ ਕਹਿ 'ਮਾਰ ਮਾਰ।'
ਲਲਕਾਰ ਸਭਿਨਿ ਹੇਲਾ ਸੁ ਡਾਰਿ ॥੨੩॥

[1]ਚਿੱਲੇ ਵਿਚ।

ਜੇ ਹੁਤੇ ਤੁਰਕ[1] ਲਹਿ ਕਰਿ ਸਹਾਇ।
ਸਭਿ ਪਰੇ ਦੌਰ ਕਰਿ ਅਨਿਕ ਘਾਇ।
ਤੜਭੜ ਤੁਫੰਗ ਇਕ ਬਾਰਿ ਚਾਲ।
ਜੁਟ ਗਏ ਕ੍ਰਿਪਾਨਨ ਓਟ ਢਾਲ ॥੨੪॥

[1]ਭਾਵ ਮੁਰੀਦ ਬੁੱਧੂਸ਼ਾਹ ਦੇ।

ਤਬਿ ਪੁੱਤ੍ਰ ਪੀਰ ਕੇ ਦੋਇ ਘੇਰਿ।
ਗਨ ਰਿਪੁ ਸੰਭਾਰ ਕਰਿ ਫੇਰਿ ਫੇਰਿ[1]।
ਪਹੁੰਚਜੋ ਕ੍ਰਿਪਾਲ ਬਾਨਨਿ ਪ੍ਰਹਾਰ।
ਘੇਰੋ ਛੁਰਾਇ ਬਾਹਰ ਨਿਕਾਰਿ ॥੨੫॥

[1]ਫਿਰ ਫਿਰਕੇ ਸਾਰੇ ਵੈਰੀਆਂ ਤੋਂ ਸੰਭਾਲਦੇ ਹਨ (ਆਪਣੇ ਸਰੀਰ ਨੂੰ)।

ਬਹੁ ਰਿਸੇ ਪੀਰ ਕੇ ਪੁੱਤ੍ਰ ਫੇਰ।
ਬਾਹੇ ਕ੍ਰਿਪਾਨ ਹੁਇ ਫੇਰ ਨੇਰ[1]।
ਰਿਸ ਕਰਿ ਗੁਪਾਲ ਨੇ ਬਾਨ ਛੋਰਿ।
ਉਰ[2] ਤਾਤਕਾਲ ਹੀ ਦੀਨਿ ਫੋਰ ॥੨੬॥

[1]ਨੇੜੇ ਹੋਕੇ।

[2]ਛਾਤੀ।

ਜਬਿ ਗਿਰਜੋ ਬੀਰ ਰਨ ਖੇਤ ਮਾਂਹਿ।
ਦੁਹਿ ਦਿਸ਼ਨਿ ਸੁਭਟ ਲਖਿ ਲੋਥ ਤਾਂਹਿ।
ਉਮਡੇ ਅਨੇਕ ਹਿਤ ਲੇਨਿ ਆਪ।
ਕਰ ਧਰੇ ਤੀਰ ਤੋਮਰ ਕਲਾਪ[1] ॥੨੭॥

[1]ਸਮੂਹ।

ਜੁਟ ਗਏ ਬਹੁਰ ਕਾਢੇ ਕ੍ਰਿਪਾਨ।
ਤਨ ਕਾਟ ਕਾਠ ਜਿਮ ਗਨ ਤਿਖਾਨ।
ਗਿਰ ਗਏ ਲੋਥ ਪੋਥਨ ਬਿਸਾਲ।
ਨਹਿ ਤਜੀ ਥਾਇੰ ਭੀ ਅਤਿ ਕਰਾਲ ॥੨੮॥

ਮਾਤੁਲ ਕ੍ਰਿਪਾਲ ਤਜਿ ਤਜਿ ਖਤੰਗ।
ਜਹਿਂ ਥਿਤ ਗੁਪਾਲ ਤਹਿਂ ਅੰਗਭੰਗ।
ਗਨ ਗੇਰਿ ਗੇਰਿ ਦੀਨੇ ਉਥੱਲ[1]।
ਇਤ ਉਤ ਤਕਾਇ ਭਈ ਹੱਲ ਚੱਲ ॥੨੯॥

[1]ਉਲਟਾ ਕੇ ਡੇਗੇ।

ਨਹਿਂ ਥਿਰਨ ਦੇਤਿ ਇਕ ਥਲ ਸੁਭੱਟ।
ਹਯ ਕੌ ਚਲਾਇ ਕੇਤਿਕ ਦਬੱਟ[1]।
ਤਬਿ ਤੁਰਕ ਸਕਲ ਨਿਜ ਬਲ ਸੰਭਾਰਿ।
ਗੁਲਕਾਨ ਬ੍ਰਿੰਦ ਸਾਇਕ[1] ਪ੍ਰਹਾਰ ॥੩੦॥

[1]ਦਬਾਏ।
[1]ਬਾਨ।

ਗਿਰਪਤਿ ਗੁਪਾਲ ਕੇ ਨਿਕਟ ਬੀਰ।
ਹਲ ਪਰੇ ਚਾਲ ਨਹਿਂ ਧਰਤਿ ਧੀਰ।
ਡੀਠਨ ਬਚਾਇ ਇਤ ਉਤ ਪਲਾਇ।
ਕੋ ਤਰੁਨਿ ਓਟ[1] ਹੁਇ ਨਿਜ ਬਚਾਇ ॥੩੧॥

[1]ਬ੍ਰਿੱਛਾਂ ਦੇ ਓਲ੍ਹੇ।

ਇਮ ਪਰੀ ਲੋਹ ਕੀ ਮਾਰ ਭੂਰ।
ਬਿਨ ਲਾਜ ਤਜਾਗਿ ਰਣ ਖੇਤ ਸੂਰ।
ਪਿਖਿ ਕੈ ਕ੍ਰਿਪਾਲ ਕੇ ਖਰ ਖਤੰਗ।
ਗਿਰਪਤਿ ਗੁਪਾਲ ਰਿਸ ਰੰਗ ਸੰਗ ॥੩੨॥

ਸਹਿ ਸਕ੍ਯੋ ਨ, ਹਯ ਕੋ ਚਪਲ ਕੀਨਿ।
ਹੁਇ ਅੱਗ੍ਰ ਬਾਨ ਕੋ ਤਜਾਗ ਦੀਨ।
ਖਰ ਹੁਤੋ[1] ਸ ਮਾਤੁਲ ਓਰ ਆਇ।
ਖੁਭ ਗਯੋ ਜ਼ੀਨ ਮਹਿਂ ਬੇਗ ਪਾਇ ॥੩੩॥

[1]ਉਹ ਤੀਰ) ਤਿੱਖਾ ਸੀ।

ਦਿਖ ਕੈ ਕ੍ਰਿਪਾਲ ਊਚੈ ਅਲਾਇ।
'ਤੈਂ ਨਿਜ ਪ੍ਰਹਾਰ ਲੀਨੋ ਚਲਾਇ।
ਅਬਿ ਦੇਹੁ ਵਾਰ ਮੇਰੋ ਖਰੋਇ।
ਨਹਿਂ ਆਨ ਥਾਨ ਨਿਜ ਜਾਨ ਜੋਇ[1] ॥੩੪॥

[1]ਭਾਵ ਹੋਰਥੇ ਹੁਣ ਨਾ ਜਾਹੁ।

ਸਹਿ ਲੇਹੁ ਵਾਰ ਨਹਿਂ ਬਚਹਿਂ ਪ੍ਰਾਨ।
ਕੈਧੋਂ ਸੁ ਹਾਨ ਹ੍ਵੈ ਹੈ ਕਿਕਾਨ[1]।'
ਇਹ ਸੁਨਤਿ ਸੈਲਪਤਿ ਹਯ ਚਲਾਇ।

[1]ਯਾ ਘੋੜਾ ਮਰੇਗਾ।

ਕਰਿ ਚਪਲ ਅਧਿਕ ਜਿਮ ਹੈ ਬਚਾਇ ॥੩੫॥
ਤਬਿ ਛੁਟਿ ਕ੍ਰਿਪਾਲ ਤੇ ਬਾਨ ਚਾਲ।
ਤੀਖਨ ਸਮਾਨ ਪੰਨਗ ਬਿਸਾਲ।
ਉਛਰੰਤਿ ਤੁਰੰਗ ਕੇ ਕਰਨ ਮੂਲ[1]। [1]ਕੰਨ ਦੇ ਮੁੱਢ ਕੋਲ।
ਲਗਿ ਭਯੋ ਪਾਰ ਗਿਰ ਪਰਯੋ ਝੂਲਿ ॥੩੬॥
ਤਜਿ ਕਰਿ ਤੁਰੰਗ ਪੀਛੇ ਸਿਧਾਇ।
ਨਿਜ ਸੈਨ ਪ੍ਰਵੇਸ਼ਯੋ ਤਨ ਬਚਾਇ।
ਪੁਨ ਸਨੇ ਸਨੇ ਪਸ਼ਚਾਤ ਜਾਤਿ।
ਟਿਕ ਰਹਯੋ ਜੁੱਧਿ, ਥਿਰ ਕਰਹਿ ਘਾਤਿ ॥੩੭॥

ਦੋਹਰਾ:
ਹੌਰੇ ਕਰਿ ਗਿਰਪਤਿਨ ਭਟ, ਥਿਰ ਕਰਿ ਨਿਜ ਨਿਜ ਥਾਇ।
ਬੁੱਧੂਸ਼ਾਹ ਸਪੂਤ ਕੀ, ਲੋਥ ਓਜ ਕਰਿ ਲਜਾਇ ॥੩੮॥
ਇਮ ਸਹਾਇਤਾ ਕਰਿ ਭਲੇ, ਧੀਰਜ ਸਹਿਤ ਟਿਕਾਇ।
'ਤਜਹੁ ਤੁਰੰਗਨ ਕੋ' ਕਹਯੋ, 'ਗੁਲਕਾਂ ਗਨ ਬਰਖਾਇ' ॥੩੯॥
ਧੀਰ ਦਈ ਕਹਿ ਪੀਰ ਕੌਂ, ਮ੍ਰਿਦੁਲ ਬਾਕ ਤੇ ਬੀਰ[1]। [1]ਸੂਰਮੇ (ਕ੍ਰਿਪਾਲ ਜੀ ਨੇ)।
ਚਲਯੋ ਚਹਿਤਿ ਚਿਤ ਚੌਂਪ ਤੇ, ਭਗਨੀ ਸੁਤ ਕੇ ਤੀਰ[1] ॥੪੦॥ [1]ਭਾਵ ਗੁਰੂ ਜੀ ਪਾਸ।
ਹਤਯੋ ਤੁਰੰਗਮ ਸ਼ੱਤ੍ਰ ਕੇ, ਕਰਯੋ ਸੁ ਬਚ ਗੋਪਾਲ[1]। [1]ਪਰ) ਗੋਪਾਲ ਰਾਜੇ ਨੇ ਆਪਣਾ ਬਚਾ ਕਰ ਲਿਆ।
ਵਾਹਿਨ ਅਪਰ ਮੰਗਾਇ ਕੈ, ਭਯੋ ਅਰੂਢਿ ਭੁਵਾਲ[1] ॥੪੧॥ [1]ਰਾਜਾ।
ਕਲਗੀਧਰ ਕੇ ਨਿਕਟ ਸਭਿ, ਕਰਯੋ ਬ੍ਰਿਤੰਤ ਬਖਾਨ।
'ਸਾਧ ਸਾਧ ਬੁੱਧੂ ਸੁਭਟ, ਜਿਨ ਰਾਖੀ ਨਿਜ [1]ਪ੍ਰਤੱਗਜਾ, ਅਣਖ, ਇੱਜ਼ਤ।

ਆਨ[1] ॥੪੨॥
ਨ੍ਰਿਪ ਚੰਦੇਲ ਹੰਡੂਰੀਆ, ਲੇ ਕਰਿ ਦਲ ਸਮੁਦਾਇ।
ਚਹੈਂ ਗੁਰੂ ਦਿਸ਼ਿ ਜੰਗ ਕੌ, ਤੀਰ ਤੁਫੰਗ ਚਲਾਇ ॥੪੩॥
ਪੰਚਹੁੰ ਭ੍ਰਾਤਾ ਅਰ ਰਹੇ, ਦੇਤਿ ਚਮੂੰ ਕੇ ਜ਼ੋਰ।
ਦੀਹ ਦਮਾਮੇ ਡੰਕ ਦੈ, 'ਮਾਰ ਮਾਰ' ਕਰਿ ਸ਼ੋਰ ॥੪੪॥
ਖਰੇ ਬਿਲੋਕਤਿ ਸਤਿਗੁਰੂ, ਦਲ ਦੋਇਨ ਕੇ ਬੀਰ।
ਕਰਿ ਪੁਰਸ਼ਾਰਥ ਕੋ ਹਤਹਿਂ, ਗਨ ਗੁਲਕਾਂ ਅਰੁ ਤੀਰ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਖਟ ਬਿੰਸਤੀ ਅੰਸੂ ॥੨੬॥

## ੨੭. [ਕ੍ਰਿਪਾਲ ਮਹੰਤ ਨੇ ਹਯਾਤ ਖਾਂ ਨੂੰ ਮਾਰਨਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਭੀਖਮ ਖ਼ਾਨ, ਹਯਾਤਖਾਂ, ਤ੍ਰਿਤੀ ਨਿਜਾਬਤ ਖਾਨ।
ਫਤੇਸ਼ਾਹ ਇਨ ਕੇ ਨਿਕਟ, ਦੂਤ ਪਠ੍ਯੋ ਮਤਿਵਾਨ ॥੧॥

ਪਾਧੜੀ ਛੰਦ:

ਤਤਕਾਲ ਅਯੋ ਤਿਨ ਬਾਤ ਕਹੀ।
'ਤਨ ਕਯੋਂ ਰਣ ਖੇਤਹਿਂ ਦੇਤਿ ਨਹੀਂ[1]।
[1]ਭਾਵ ਤਨਦਿਹੀ ਦੇ ਨਾਲ ਲੜਾਈ ਕਿਉਂ ਨਹੀਂ ਕਰਦੇ।
ਕਿਸ ਕਾਰਨ ਆਪ ਬਚਾਵਤਿ ਹੋ?
ਗੁਲਕਾਂ ਸਰ ਕਯੋਂ ਨ ਚਲਾਵਤਿ ਹੋ?
॥੨॥
-ਗੁਰ ਤੀਰ ਗਵਾਰ- ਬਖਾਨਤਿ ਹੈਂ[1]।
[1]ਕਹਿੰਦੇ ਸਾਓ ਕਿ ਗੁਰੂ ਪਾਸ ਤਾਂ ਗਵਾਰ ਹਨ।
ਹੱਥਜਾਰਨਿ ਭੇਵ ਨ ਜਾਨਤਿ ਹੈਂ-।
ਕਰਿ ਹੇਲ ਮਿਲੋ ਦਲ ਕਯੋਂ ਨ ਅਬੈ[1]।
[1]ਭਾਵ ਹੁਣ ਹੱਲਾ ਕਿਉਂ ਨਹੀਂ ਕਰਦੇ।
ਲੁਟ ਮਾਫ ਕਰੀ, ਧਨ ਲੇਹੁ ਸਬੈ' ॥੩॥
ਸੁਨਿ ਭੀਖਨਖਾਨ ਬਖਾਨਿ ਕਰ੍ਯੋ।
'ਕੁਛ ਦੇਰਿ ਨਹੀਂ ਲਖਿ ਜੰਗ ਪਰ੍ਯੋ[1]।
[1]ਜੰਗ ਪਿਆ ਹੀ ਦੇਖੋ।
ਦਸ ਬੀਸਕਿ ਬੀਰ ਅਹੈਂ ਇਨ ਮੈਂ।
ਕਰਿ ਘਾਤ ਅਬੈ ਤਿਨ ਕੋ ਰਣ ਮੈਂ ॥੪॥
ਕਰਿ ਹੇਲ ਫਤੇ, ਨਹਿਂ ਚਿੰਤ ਕਰੇ[1]।
[1]ਹੱਲਾ ਕਰਕੇ ਫਤਹ ਕਰਾਂਗੇ ਚਿੰਤਾ ਨਾ ਕਰੋ।
ਰਣ ਕੇ ਹੁਇਂ† ਦਾਵ ਅਨੇਕ ਤਰੇ[1]।'
[1]ਅਨੇਕ ਤਰ੍ਹਾਂ ਦੇ। †ਪਾ:-ਦੁਇ।
ਇਮ ਭਾਖਤਿ, ਖਾਨ ਬਟੋਰ ਲਿਏ।
'ਇਕ ਹੇਲ ਕਰੋ ਸਭਿ ਜ਼ੋਰ ਦਿਏ' ॥੫॥
ਸੁਨਿ ਖਾਨ ਹਯਾਤ ਰਿਸ੍ਯੋ ਤਬਿਹੂੰ।
ਜੁਤਿ ਭੀਖਨ ਖਾਨ ਪਿਖੇ ਸਭਿਹੂੰ।
ਕਰਿ ਤੇਜ਼ ਤੁਰੰਗ ਧਵਾਇ ਪਰ੍ਯੋ।
ਹਤਿ ਬਾਨਨ ਕੌ ਦਲ ਸੰਗ ਅਰ੍ਯੋ ॥੬॥
ਪਸ਼ਚਾਤ ਪਠਾਨ ਸਮੂਹਨ ਹੈਂ।
'ਹਤਿ ਤੀਰ ਤੁਫੰਗਨ ਮਾਰਿ' ਕਹੈਂ।
ਇਤ ਤੇ ਉਤ ਧਾਇ ਪ੍ਰਹਾਰਤਿ ਹੈਂ।
ਪਿਖਿ ਅੱਗ੍ਰ ਵਧ੍ਯੋ ਤਿਸ ਮਾਰਤਿ ਹੈਂ
॥੭॥

ਬਡ ਦੁੰਦਭਿ ਬਾਜਤਿ, ਜੰਗ ਮਚਯੋ।
ਛਿਤ ਧੂਰਤ ਸੂਰਨ ਸ਼੍ਰੌਨ ਰਚਯੋ[1]।

[1]ਧਰਤੀ ਦੀ ਧੂੜ ਵਿੱਚ ਸੂਰਮਿਆਂ ਦਾ ਲਹੂ ਰਚਿਆ। (ਅ) ਧਰਤੀ ਹੋ ਗਈ ਲੋਹੇ ਦੇ ਜੰਗਾਰ ਦੇ ਰੰਗ ਦੀ ਜਦ ਸੂਰਮਿਆਂ ਦਾ ਲਹੂ ਰਚਿਆ ਉਸ ਵਿਚ। [ਸੰਸ:, ਧੂਰਤ = ਲੋਹੇ ਦਾ ਜੰਗਾਰ]।

ਮੁਖ 'ਮਾਰਹਿਂ ਮਾਰ' ਉਚਾਰਤਿ ਹੈਂ।
ਬਰਖਾ ਗੁਲਕਾਨਿ ਸੁ ਡਾਰਤਿ ਹੈਂ ॥੮॥
ਹੰਡਿਯਾ ਸਮ ਸੀਸ ਫੁਟੇ ਸੁ ਗਿਰੇ।
ਕਰਛੀ ਜਨੁ ਹਾਥ ਕਟੰਤਿ ਪਰੇ[1]।

[1]ਹੱਥ ਕੱਟੇ ਜਾਕੇ ਡਿੱਗੇ ਪਏ ਕੜਛੀ ਤੁੱਲ ਹਨ।

ਸਿਪਰੈਂ ਜਨੁ ਪਾਤਰ[1] ਤਾਂਹਿ ਧਰੀ।

[1]ਪੱਤਲਾਂ।

ਮਿਝ ਆਮਿਖ ਸ਼੍ਰੋਨ ਅਹਾਰ ਕਰੀ ॥੯॥
ਗਨ ਜੋਗਨ ਪ੍ਰੇਤ ਡਕਾਰਤਿ ਹੈਂ[1]।

[1]ਸੁੱਟਦੀਆਂ ਹਨ।

ਬਹੁ ਸੁਭਟਨਿ ਪਿੰਜਰ ਡਾਰਤਿ ਹੈਂ।
ਬਹੁ ਗੀਦਰ ਆਨਿ ਪੁਕਾਰ ਕਰੈਂ।
ਗ੍ਰਿਧ ਕੰਕ[1] ਭਖੈਂ ਪਲ[2] ਮੋਦ ਭਰੈਂ ॥੧੦॥

[1]ਗਿਰਝਾਂ ਤੇ ਚਿੱਟੀਆਂ ਇੱਲਾਂ। [2]ਮਾਸ।

ਕਿਤ ਘਾਇਲ ਹ੍ਵੈ ਜਲ ਜਾਚਤਿ ਹੈਂ।
ਇਕ ਲੋਟਤਿ ਸ਼੍ਰੋਨਤਿ ਰਾਚਤਿ ਹੈਂ।
ਬਹੁ ਖਾਨ ਮਰੇ ਗੁਲਕਾਨ ਲਗੇ।
ਤਰਵਾਰਨ ਸੋਂ ਜੁਟ ਬੀਰ ਜਗੇ ॥੧੧॥
ਤਬਿ ਖਾਨ ਹਯਾਤ ਹਨੈ ਸਰ ਕੋ।
ਗੁਰ ਕੇ ਦਲ ਕੌ ਬਹੁ ਦੈ ਡਰ ਕੋ।
ਨਿਜ ਅੰਗ ਬਚਾਇ ਪ੍ਰਹਾਰਤਿ ਹੈ।
ਹਯ ਤੇਜ ਕਰੇ ਲਲਕਾਰਤਿ ਹੈ ॥੧੨॥
ਦਲ ਮੈਂ ਬਲ ਦੀਹ ਦਿਖਾਰਤਿ ਹੈ।
ਜਿਸ ਤੀਰ ਹਨੈ ਤਿਸ ਮਾਰਤਿ ਹੈ।
ਗੁਰ ਪਾਸ ਮਹੰਤ ਕ੍ਰਿਪਾਲ ਖਰਯੋ।
ਅਵਿਲੋਕਤਿ ਕੋਪ ਬਿਸਾਲ ਭਰਯੋ ॥੧੩॥
'ਬਲ ਤੇਜ ਤੁਰੰਗਮ ਜੋਰ ਕਰੇ[1]।

[1]ਭਾਵ ਹਯਾਤ ਖਾਂ ਜੋਰ ਕਰਦਾ ਹੈ।

ਹਮਰੇ ਦਲ ਕੋ ਬਹੁ ਤਾਸ ਧਰੇ।
ਪ੍ਰਭੁ ਜੀ ! ਨਿਜ ਆਇਸੁ ਦੇਹ ਅਬੈ।
ਇਸ ਸੰਗ ਲਰੋਂ, ਨ ਟਰੋਂ ਸੁ ਕਬੈ ॥੧੪॥

ਭਟ ਬ੍ਰਿੰਦਨਿ ਕੋ ਰਨ ਮਾਰਤਿ ਹੈ।
ਨਿਜ ਅੰਗ ਬਚਾਇ ਪ੍ਰਹਾਰਤਿ ਹੈ।
ਹਤਿ ਪੂਰਬ ਮੈਂ ਰਿਪੁ ਪ੍ਰਾਨਨ ਕੋ।
ਪੁਨ ਆਨਿ ਬਿਲੋਕਹੁਂ ਆਨਨ ਕੋ[1]' ॥੧੫॥

[1]ਆਪਦੇ (ਕਵਲ) ਮੁਖ ਨੂੰ।

ਕਲਗੀਧਰ ਯੌਂ ਮੁਸਕਾਇ ਕਹ੍ਯੋ।
'ਤੁਮ ਬਾਕਨਿ ਕੇਰ ਪ੍ਰਤਾਪ ਲਹ੍ਯੋ।
ਬਰ ਦੇਹਿ, ਫਤੇ ਗੁਰ ਪਾਵਹਿਂਗੇ।
ਰਿਪੁ ਬ੍ਰਿੰਦ ਖਪਾਇਵ ਹਾਵਹਿਂਗੇ[1] ॥੧੬॥

[1]ਨਾਸ਼ ਕਰਕੇ ਖਪਾ ਦਿਆਂਗੇ।

ਇਹ ਸੰਤਨ ਕੀ ਨਿਤ ਰੀਤਿ ਅਹੈ।
ਹੁਇ ਹਾਰ ਬਿਜੈ, ਬਰ ਸ੍ਰਾਪ ਕਹੈਂ[1]।'

[1]ਸੰਤਾਂ ਦਾ ਕੰਮ ਜਿੱਤ ਕਿ ਹਾਰ ਲਈ ਵਰ ਯਾ ਸ੍ਰਾਪ ਦੇਣਾ ਹੀ ਹੈ। ਭਾਵ ਲੜਨਾਂ ਤੁਸਾਂ ਦਾ ਕੰਮ ਨਹੀਂ।

ਸੁਨਿ ਫੇਰ ਕ੍ਰਿਪਾਲ ਬਖਾਨਤਿ ਹੈ।
ਰਸ ਬੀਰ ਵਧ੍ਯੋ ਰਿਸ ਠਾਨਤਿ ਹੈ ॥੧੭॥
'ਪ੍ਰਭੁ ਜੀ! ਰਨ ਮਹਿਂ ਤੁਮ ਸੰਗ ਖਰ੍ਯੋ[1]।

[1]ਖੜਾ ਹਾਂ।

ਪਿਖਿ ਲੂਣਹਰਾਮ ਪਠਾਨ ਅਰ੍ਯੋ।
ਨਹਿਂ ਜਾਇ ਸਹ੍ਯੋ ਰਿਪੁ ਕੇ ਬਲ ਕੋ।
ਕਰਿ ਘਾਤ ਡਰਾਵਤਿ ਹੈ ਦਲ ਕੋ' ॥੧੮॥
ਕਲਗੀਧਰ ਯੌਂ ਜਬਿ ਬੈਨ ਸੁਨੇ।
ਉਰ ਹੋਇ ਪ੍ਰਸੰਨ ਬਿਸਾਲ ਭਨੇ।
'ਹੱਥਜਾਰ ਕਹਾਂ ਜੁ ਪ੍ਰਹਾਰਹੁਗੇ?
ਜਿਸ ਕੇ ਬਲ ਤੇ ਅਰਿ ਮਾਰਹੁਗੇ ॥੧੯॥
ਤਰਵਾਰ ਤੁਫੰਗ ਨ ਤੋਮਰ ਹੈ।
ਧਨੁ ਬਾਨ[1] ਮਹਾਨ ਨਹੀਂ ਕਰ ਹੈ[2]।

[1]ਧਨੁਖ ਤੇ ਬਾਨ। [2]ਹੱਥ ਵਿੱਚ ਨਹੀਂ ਹੈ।

ਨਹਿਂ ਢਾਰ ਬਚਾਵਨ ਅੰਗਨਿ ਕੋ।
ਕਿਮ ਜੰਗ ਚਹੌ ਅਰ ਭੰਗਨਿ ਕੋ ॥੨੦॥
ਸੁਨਿ ਸੰਤ ਕ੍ਰਿਪਾਲ ਕ੍ਰਿਪਾਲ ਲਹ੍ਯੋ[1]।

[1]ਕ੍ਰਿਪਾਲ ਸੰਤ ਨੇ ਸੁਣਕੇ ਕ੍ਰਿਪਾਲੂ (ਗੁਰੂ ਜੀ ਨੂੰ) ਦੇਖਿਆ।

ਢਿਗ ਮਾਤੁਲ ਬੀਰ ਕ੍ਰਿਪਾਲ ਚਹ੍ਯੋ[1]।

[1]ਪਾਸ ਖੜੇ ਮਾਮਾ ਕ੍ਰਿਪਾਲ ਜੀ ਵਲ ਦੇਖਿਆ।

'ਕੁਤਕਾ[1] ਇਹ ਕਾਂਧੇ ਮੋਹਿ ਕਹ੍ਯੋ[2]?

[1]ਲਮਾਣ ਵਿੱਚ ਛੋਟਾ ਪਰ ਮੁਟਾਈ ਵਿੱਚ ਮੋਟਾ ਡੰਡਾ। [2]ਕਾਹਦੇ ਵਾਸਤੇ ਹੈ।

ਮਮ ਆਯੁਧ ਦੀਰਘ ਹਾਥ ਗਹ੍ਯੋ ॥੨੧॥
ਇਕ ਸੰਗ ਹਯਾਤ ਪ੍ਰਹਾਰ ਕਰੌਂ।
ਤੁਮਰੋ ਬਲ ਪਾਇ ਰਤੀ ਨ ਡਰੌਂ।
ਜਹਿਂ ਲੌ ਚਲਿ ਜਾਇ ਨ ਛੋਰਹੁੰਗੋ।
ਇਕ ਵਾਰ ਕਰੌਂ ਸਿਰ ਫੋਰਹੁੰਗੋ' ॥੨੨॥
ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈ।
'ਤਪ ਤੇਜ ਬਿਸਾਲ ਕ੍ਰਿਪਾਲ[1] ਅਹੈ।
[1]ਕ੍ਰਿਪਾਲ ਸੰਤ ਦਾ।
ਕਹਿ ਦੇਹੁ ਕ੍ਰਿਪਾਲ[1] ! ਸੁ ਆਇਸੁ ਕੌਂ।
[1]ਹੇ ਗੁਰੂ ਜੀ।
ਰਣ ਸਾਥ ਪਠਾਣ ਪਿਖੌਂ ਇਸ ਕੌਂ[1]' ॥੨੩॥
[1]ਪਠਾਣ ਨਾਲ ਇਸ ਦਾ ਜੰਗ ਦੇਖੋ (ਹੇ ਗੁਰੂ ਜੀ)।
ਮੁਸਕਾਇ ਪ੍ਰਭੂ ਤਬਿ ਬਾਕ ਕਹ੍ਯੋ।
'ਹਤਿ ਖਾਨ ਹਯਾਤ ਰਿਦੈ ਜੁ ਚਹ੍ਯੋ।
ਬਿਦਤੀ ਜਗ ਮੈਂ ਜਿਮ ਭੀਮ ਗਦਾ।
ਕੁਤਕਾ[1] ਤਿਮ ਜਾਨਹਿਂ ਲੋਕ ਸਦਾ' ॥੨੪॥
[1]ਤੇਰਾ) ਡੰਡਾ।
ਗੁਰ ਕੇ ਸੁਨਿ ਬਾਕ ਅਨੰਦ ਭਯੋ।
ਬਲ ਸਾਥ ਸੁ ਹਾਥ ਸੰਭਾਰਿ ਲਯੋ।
ਜਿਹ ਦੀਰਘ ਦੇਹ ਸੁ ਪੇਟ ਮਹਾਂ।
ਭੁਜ ਲੰਬ[1] ਦੋਊ ਬਡ ਓਜ ਲਹਾ ॥੨੫॥
[1]ਲੰਮੀਆਂ।
ਜਟ ਜੂਟ ਜੁਟ੍ਯੋ[1] ਜਿਹ ਸੀਸ ਧਰੇ।
[1]ਜੜਾਵਾਂ ਦਾ ਜੂੜਾ ਵੱਟਿਆ ਹੋਇਆ।
ਸਭਿ ਅੰਗਨ ਬੀਚ ਬਿਭੂਤਿ ਧਰੇ।
ਨਿਜ ਤੇਜ ਤੁਰੰਗ ਧਵਾਇ ਚਲ੍ਯੋ।
ਦਲ ਖਾਨਨ ਕੋ ਤਤਕਾਲ ਦਲ੍ਯੋ ॥੨੬॥
ਤਨ ਭੈਰਵ ਭੇਖ ਸੁਪੈਦ ਕਰ੍ਯੋ[1]।
[1]ਭਯਾਨਕ ਭੇਖ ਚਿੱਟਾ (ਸਵਾਹ ਨਾਲ) ਕੀਤਾ ਹੋਇਆ ਸੀ।
ਦ੍ਰਿਗ ਆਨਨ ਲਾਲ ਸੁ ਕੋਪ ਭੁਰ੍ਯੋ।
ਡਰਪਾਇ ਪਠਾਨਨ ਅੱਗ੍ਰ ਭਯੋ[1]।
[1]ਡਰਾਕੇ ਪਠਾਣਾਂ ਨੂੰ ਅੱਗੇ ਹੋਇਆ।
ਤਤਕਾਲ ਹਯਾਤ ਬੰਗਾਰ ਲਯੋ ॥੨੭॥
'ਕਿਤ ਜਾਤਿ ਭਜ੍ਯੋ ਇਤ ਹੋਹੁ ਖਰ੍ਯੋ।
ਮਮ ਸਾਥ ਕ੍ਰਿਪਾਨ ਨਿਕਾਰ ਲਰ੍ਯੋ।
ਹਮਰੇ ਬਹੁ ਬੀਰ ਹਤੇ ਰਨ ਮੈਂ।
ਅਬਿ ਸਨਮੁਖ ਧੀਰ ਧਰੋ ਮਨ ਮੈਂ'

॥੨੮॥
ਸੁਨਿ ਖਾਨ ਮੁਰਜੋ ਲਲਕਾਰਤਿ ਹੀ।
ਜਿਮ ਨਾਗ ਕਿ ਪੁੰਛਹਿ ਦਾਬਤਿ ਹੀ[1]।
ਹੁਇ ਸੰਮੁਖ ਦੋਨਹੁ ਬੀਰ ਖਰੇ।
ਤਰਵਾਰ ਨਿਕਾਰਿਯ ਕੋਪ ਭਰੇ ॥੨੯॥
ਕੁਤਕਾ ਬਡ ਮੋਟ ਸੰਭਾਰਿ ਤਬੈ।
ਦਲ ਦੋਇਨ ਕੇ ਭਟ ਦੇਖਿ ਸਬੈ।
ਲਖਿ ਸਾਧ ਬਿਭੂਤਿ ਜਟਾਉ ਧਰੇ।
ਗਿਰਨਾਥ ਪਠਾਨ, ਦਿਸੰਤਿ[1] ਖਰੇ ॥੩੦॥
-ਇਹ ਜੁੱਧ ਭਲੋ ਹਠ ਸਾਧ ਕਿਯੋ।
ਹਿਤ ਮਾਰਨ ਕੇ ਕੁਤਕਾ ਸੁ ਲਿਯੋ-।
ਤਜਿ ਕੈ ਰਨ ਦੇਖਨਿ ਦੋਇਨ ਕੋ[1]।
ਇਮ ਪੂਰਬ ਕੀਨਸਿ ਕੋਇ ਨ ਕੋ[1] ॥੩੧॥
ਕਰਿ ਤੇਜ ਤੁਰੰਗ ਪਠਾਨ ਅਯੋ।
ਤਰਵਾਰ ਨਿਕਾਰਿ ਉਭਾਰਿ ਲਯੋ।
ਉਰ ਧੀਰਜ ਸੰਮੁਖ ਸਾਧ ਖਰਜੋ।
ਕੁਤਕਾ ਗਹਿ ਨੈਕ ਨ ਹੀਯ ਡਰਜੋ ॥੩੨॥
ਤਬਿ ਖਾਨਹਯਾਤ ਸਮੀਪ ਢੁਕਜੋ।
ਕਰਵਾਰ ਧਰੇ ਕਰ ਵਾਰ ਰੁਕਜੋ[1]।
ਕੁਤਕਾ ਕਰਿ ਅੱਗ੍ਰ ਬਚਾਇ ਭਲੇ।
ਅਸਿ ਟੂਟ ਤਬੈ ਗਿਰਿਗਾ ਸੁ ਤਲੇ ॥੩੩॥
ਭਭਕਜੋ ਸਮ ਕੇਹਰਿ ਸਾਧ ਤਬੈ।
ਦਲ ਦੋਇ ਬਿਲੋਕਤਿ ਬੀਰ ਸਬੈ।
ਕੁਤਕਾ ਬਲ ਸਾਥ ਸੰਭਾਰਿ ਲਯੋ।
ਸਿਰ ਖਾਨ ਹਯਾਤ ਕੇ ਝਾਰ ਦਯੋ ॥੩੪॥
ਪਗ ਕੋ[1] ਬਲ ਪਾਇ ਰਕਾਬਨ ਪੈ।
ਉਛਰਜੋ ਕੁਛ ਉਚਹਿ ਆਸਨ ਪੈ।

[1]ਜਿਵੇਂ ਪੂਛ ਦੇ ਦੱਬਿਆਂ ਨਾਗ ਮੁੜਦਾ ਹੈ।

[1]ਦੇਖਦੇ ਹਨ।

[1]ਸਾਰੇ ਜੰਗ ਛੋੜਕੇ ਇਨ੍ਹਾਂ ਦੁਹਾਂ ਦਾ ਜੁੱਧ ਦੇਖਣ ਲੱਗੇ।

[1]ਕਿਸੇ ਨੇ ਪਹਿਲੇ ਕਦੇ ਐਉਂ (ਜੁੱਧ) ਨਹੀਂ ਕੀਤਾ।

[1]ਤਲਵਾਰ ਫੜਕੇ ਵਾਰ ਕਰਕੇ ਫੇਰ ਰੁਕਿਆ (ਕਿਉਂਕਿ ਅਗੋਂ ਸਾਧੂ ਨੇ...)?

[1]ਪੈਰਾਂ ਦਾ।

ਸਗਰੇ ਤਨ ਓਜ ਲਗਾਇ ਬਡੋ।
ਕੁਤਕਾ ਜੁਗ ਹਾਥਨ ਸਾਥ ਛਡੋ[1] ॥੩੫॥ [1]ਮਾਰਿਆ।
ਇਸ ਭਾਂਤਿ ਲਗਜੋ ਸਿਰ ਫੋਰ ਦਯੋ।
ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ।
ਬਹੁ ਖੰਡ ਕਰੇ ਜਿਹ ਸੀਸਹਿਂ ਕੇ।
ਸਭਿ ਦੇਖਤਿ ਹੈਂ ਗਿਰ ਈਸ਼ਹਿਂ ਕੇ[1] ॥੩੬॥ [1]ਪਹਾੜਾਂ ਦੇ ਰਾਜੇ।
ਗੁਰ ਸ਼੍ਰੀ ਮੁਖ ਤੇ ਉਪਮਾ ਸੁ ਭਨੀ।
ਦਧਿ ਕੀ ਮਟਕੀ ਜਨੁ ਸ਼ਜਾਮ ਹਨੀ।
ਜਿਮ ਭੀਮ ਗਦਾ ਗਹਿ ਹਾਥਨ ਮੈਂ।
ਦੁਰਜੋਧਨ ਕੇ ਹਨੀ ਪਾਟਨ ਮੈਂ[1] ॥੩੭॥ [1]ਪੱਟਾਂ ਵਿੱਚ।

(ਬਚਿੱਤ੍ਰ ਨਾਟਕ ਵਿੱਚੋਂ) ਭੁਜੰਗ ਛੰਦ:
ਕ੍ਰਿਪਾਲ ਕੋਪੀਅੰ ਕੁੱਤਕੋ ਸੰਭਾਰੀ ॥
ਹਠੀ ਖਾਨ ਹਯਾਤ ਕੇ ਸੀਸ ਝਾਰੀ ॥
[1]ਉਠੀ ਛਿੱਛ ਇੱਛੰ ਕਢਾ ਮੇਝ ਜੋਰੰ ॥
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ ॥

[1]ਜ਼ੋਰ ਨਾਲ ਮਿਝ ਨਿਕਲੀ ਤੇ ਛਿੱਟਾਂ ਉਭਰੀਆਂ ਐਉਂ ਦਿੱਸੀਆਂ ਕਿ ਮਾਨੋ ਕ੍ਰਿਸ਼ਨ ਨੇ ਮੱਖਣ ਦੀ ਮੱਟਕੀ ਭੰਨੀ ਹੈ। [ਛਿੱਛ = ਛਿੱਟਾਂ। ਇੱਛੰ = ਈਕਸ਼ਣ = ਦੇਖਣਾ (ਅ) ਇਸ ਤਰ੍ਹਾਂ]।

ਪਾਧੜੀ ਛੰਦ:

[1]ਉਥਲਜੋ ਤਜਿ ਆਸਨ ਜ਼ੀਨ ਜਬੈ।

[1]ਅੰਕ ੩੬ ਵਿਚ ਕ੍ਰਿਪਾਲ ਆਸਨ ਤੋਂ ਉਛਲਕੇ ਹਯਾਤ ਦੇ ਸਿਰ ਕੁਤਕਾ ਮਾਰਦਾ ਹੈ, ਫਿਰ ਆਸਣ ਤੇ ਬੈਠਣ ਲਗਿਆਂ ਉਸਦੀ) ਕਾਠੀ ਤੋਂ ਆਸਨ ਛੁਟ ਗਿਆ ਤੇ ਉਲਟ ਕੇ ਧਰਤੀ ਤੇ ਡਿਗ ਪਿਆ, (ਪਰ ਉਹ) ਛੇਤੀ ਕਰਕੇ (ਉਠਿਆ, ਇੰਨੇ ਨੂੰ) ਘੋੜਾ ਛੁੱਟਕੇ ਤੇ ਭੱਜਕੇ ਦੂਰ ਚਲਾ ਗਿਆ। ਇਕ ਖਾਨ ਨੇ ਘੋੜੇ ਨੂੰ ਨਪੜ ਲਿਆ। (ਘੋੜੇ ਤੇ ਖਾਨ ਦੀ) ਲੜਾਈ ਦਾ ਖੂਬ ਡੰਡ ਰੌਲਾ ਪਿਆ। (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ। (ਅਥਵਾ ਜਦ ਕ੍ਰਿਪਾਲ ਦਾ ਘੋੜਾ ਦੂਰ ਭਜ ਗਿਆ ਤਾਂ ਕ੍ਰਿਪਾਲ ਨੇ) ਇਕ ਪਠਾਨ ਦਾ ਘੋੜਾ ਨਪੜ ਲਿਆ। (ਇਸ ਖਾਨ ਤੇ ਕ੍ਰਿਪਾਲ ਦੀ ਲੜਾਈ ਦਾ ਬੜਾ ਰੌਲਾ ਮਚਿਆ, (ਕ੍ਰਿਪਾਲ ਨੇ ਅੰਤ) ਅਸਵਾਰ ਨੂੰ ਮਾਰਕੇ ਘੋੜੇ ਤੇ ਦੋ ਲਤਾਂ ਦਿੱਤੀਆਂ (ਭਾਵ ਸਵਾਰ ਹੋ ਗਿਆ)। (ਅ) ਅੰਕ ੩੬ ਵਿਚ ਹਯਾਤ ਦੇ ਮਰਨ ਦਾ ਜ਼ਿਕਰ ਹੈ। ਉਹੋ ਜੇ ਹਯਾਤ ਦਾ ਜ਼ਿਕਰ ਇਸ ਛੰਦ ਵਿਚ ਜਾਰੀ ਸਮਝੀਏ ਤਾਂ ਅਰਥ ਐਉਂ ਲਗੇਗਾ:-(ਹਯਾਤ ਦਾ ਸਰੀਰ) ਜਦ ਜ਼ੀਨ ਦਾ ਆਸਣ ਛੱਡਕੇ ਉਲਟਿਆ ਤਦ ਛੇਤੀ ਨਾਲ ਧਰਤੀ ਤੇ ਡਿਗ ਪਿਆ। (ਉਸਦਾ) ਘੋੜਾ ਛੁਟਕੇ ਦੂਰ ਚਲਾ ਗਿਆ, ਇਕ ਪਠਾਨ ਨੇ ਇਹ ਘੋੜਾ ਨਪੜ ਲਿਆ, (ਖਾਨ ਤੇ ਘੋੜੇ ਦੀ) ਲੜਾਈ ਦਾ ਬੜਾ ਰੌਲਾ ਪੈ ਗਿਆ, (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ।

ਗਿਰ ਭੂਮ ਪਰਜੋ ਕਰਿ ਸ਼ੀਘ੍ਰ ਤਬੈ।
ਛੁਟਿ ਭਾਜ ਤੁਰੰਗਮ ਦੂਰ ਗਯੋ।
ਇਕ ਖਾਨ ਕਿਕਾਨ ਦਬਾਇ ਲਯੋ ॥੩੮॥
ਲਰ ਊਧਮ ਦੀਰਘ ਹੋਤਿ ਭਯੋ।

ਹਤਿ ਕੈ ਅਸਵਾਰ ਦੁਲਾਤ ਦਯੋ।
ਇਮ ਕੌਤਕ ਦੇਖਤਿ ਬੀਰ ਖਰੇ।
ਦੁਹੂੰ ਓਰਨ ਅਦਭੁਤ ਰੰਗ ਧਰੇ ॥੩੯॥
ਤਬਿ ਕੇਤਿਕ ਖਾਨ ਧਵਾਇ ਅਏ।
ਦਿਸ਼ ਚਾਰ ਮਹੰਤਹਿ ਘੇਰ ਲਏ।
ਤਬਿ ਕ੍ਰੋਧਤ ਸੰਮੁਖ ਧਾਇ ਪਰਜੋ।
ਇਕ ਸੀਸ ਤੁਰੰਗਹਿ ਘਾਤ ਕਰਜੋ[1] ॥੪੦॥
ਤਤਕਾਲ ਬਿਨਾ ਸੁਧ ਹੋਇ ਗਯੋ[1]।
ਅਸਵਾਰ ਸਮੇਤ ਗਿਰੰਤਿ ਭਯੋ।
ਮਲ ਜੀਤ ਸਹਾਇਕ ਹੋਇ ਤਬੈ[1]।
ਅਪਨੇ ਮਹਿਂ ਸਾਧੁ ਮਿਲਾਇ ਸਬੈ[1] ॥੪੧॥
ਗੁਲਕਾਂ ਗਨ ਤੀਨ ਚਲਾਵਤਿ ਹੈਂ।
ਦੁਹੂੰ ਓਰਨ ਬੀਰਨ ਘਾਵਤਿ ਹੈਂ।
ਹਯ ਛੂਛ ਫਿਰੇ ਹਿਹਨਾਵਤਿ ਹੈਂ।
ਭਟ ਭੂਮ ਪਰੇ ਤਰਫਾਵਤਿ ਹੈਂ ॥੪੨॥
ਬਡ ਨਾਦਤਿ ਦੁੰਦਭਿ ਵਾਵਤਿ ਹੈਂ।
ਗਨ ਗੀਦਰ ਕੂਕ ਸੁਨਾਵਤਿ ਹੈਂ।
ਭਖਿ ਜੋਗਨਿ ਮੋਦ ਵਧਾਵਤਿ ਹੈਂ।
ਬਹੁ ਸ਼੍ਰੋਣਤ ਪਾਨ ਕਰਾਵਤਿ ਹੈਂ ॥੪੩॥
ਦੋਹਰਾ:
ਇਸ ਪ੍ਰਕਾਰ ਰਨ ਮਚ ਰਹਜੋ, ਜੋਧੇ ਰਿਸ ਧਰਿ ਮਾਰਿ।
ਭਯੋ ਭੰਗਾਣੀ ਥਾਨ ਤਬਿ, ਦਾਰੁਨ ਲੋਥ ਬਿਥਾਰ[1] ॥੪੪॥

[1]ਇਕ (ਅਸਵਾਰ ਦੇ) ਘੋੜੇ ਦੇ ਸਿਰ ਤੇ ਮਾਰਿਆ (ਕੁਤਕਾ)।
[1]ਬੇਸੁਧ ਹੋ ਗਿਆ (ਘੋੜਾ)।
[1]ਕ੍ਰਿਪਾਲ ਸਾਧੂ ਦੇ) ਸਹਾਈ ਆ ਹੋਏ ਜੀਤ ਮੱਲ ਜੀ।
[1]ਸਾਰਿਆਂ ਨੇ ਆਪਣੇ ਵਿਚ ਰਲਾ ਲਿਆ ਸਾਧੂ ਨੂੰ।
[1]ਲੋਥਾਂ ਦਾ ਖਿਲੇਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹੱਯਾਤ ਖਾਨ ਬਧਹ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਸਾਹਿਬ ਚੰਦ। ਦਯਾਰਾਮ ਨੰਦ ਚੰਦ ਦਾ ਯੁੱਧ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਖਾਨ ਤੀਨ ਸਰਦਾਰ ਮੈਂ, ਇਕ ਜਬਿ ਲੀਨੋ ਮਾਰਿ।
ਅਪਰ ਪਠਾਨ ਪ੍ਰਹਾਰ ਭੇ[1], ਮਰੇ ਤੁਰੰਗ ਉਦਾਰ ॥੧॥ [1]ਨਾਸ਼ ਹੋਏ (ਤੇ ਨਾਲ....)

ਹਰਿਬੋਲਮਨਾ ਛੰਦ:

ਰਿਸ ਧਾਰਿ ਅਰੇ। ਹਥਿਆਰ ਕਰੇ।
ਗਨ ਬਾਨ ਚਲੇ। ਨਹਿਂ ਹੋਤਿ ਖਲੇ ॥੨॥
ਹਤਿ ਭਾਲਨ ਤੇ[1]। ਰੁਕਿ[2] ਢਾਲਨ ਤੇ। [1]ਭਾਲੇ ਮਾਰਦੇ ਹਨ (ਅ) ਸਿਰਾਂ ਤੇ ਮਾਰਦੇ ਹਨ। [2]ਰੋਕਦੇ ਹਨ।
ਗਹਿ ਤੋਮਰ ਕੌ। ਹਨਤੇ ਅਰਿ ਕੌ ॥੩॥
ਕਿਹ ਬਾਂਹ ਕਟੀ। ਕਿਸ ਟਾਂਗ ਟੁਟੀ।
ਕਟਿ ਮੁੰਡ ਲਏ। ਬਹੁ ਰੁੰਡ[1] ਭਏ ॥੪॥ [1]ਬਿਨਾਂ ਸੀਸ ਦੇ ਧੜ।
ਕਰਵਾਰ ਨਚੀ। ਰਜ ਸ਼੍ਰੋਣ ਰਚੀ[1]। [1]ਲਹੂ ਨਾਲ ਮਿੱਟੀ ਗੋਈ ਗਈ।
ਬਹੁ ਘਾਇ ਲਗੇ। ਤਰਫੈਂ ਗਿਰਗੇ[1] ॥੫॥ [1]ਤੜਫਦੇ ਗਿਰ ਗਏ।
ਹਯ ਧਾਵਤਿ ਹੈਂ। ਭਟ ਘਾਵਤਿ ਹੈਂ।
ਮਿਲਿ ਬੀਰ ਗਏ। ਅਸਿ ਢਾਲ ਲਏ[1] ॥੬॥ [1]ਤਲਵਾਰ ਢਾਲ ਲੈਕੇ।
ਕਰਿ ਹੇਲ ਘਨੇ। ਮੁਖ 'ਮਾਰ' ਭਨੇ।
ਕਟਿ ਲੋਥ ਪਰੀ[1]। ਗਨ ਧੂਰ ਭਰੀ ॥੭॥ [1]ਲੋਥਾਂ ਕੱਟਕੇ ਡਿਗ ਪਈਆਂ।
ਨਿਜ ਸ੍ਵਾਮਨ ਕੌ। ਕਰਿ ਕਾਮਨ ਕੌ[1]। [1]ਆਪਣੇ ਮਾਲਕ ਦਾ ਕਰਕੇ ਕੰਮ।
ਨਿਜ ਪ੍ਰਾਨ ਦਏ। ਸੁਰ ਲੋਕ ਗਏ ॥੮॥
ਤਨ ਜਾਂਹਿ ਕਟੇ[1]। ਨਹਿਂ ਪਾਛਿ ਹਟੇ। [1]ਤਨ ਕੱਟੇ ਜਾਂਦੇ ਹਨ (ਪਰ)।
ਗਨ ਖਾਨ ਅਰੇ। ਤਤਕਾਲ ਮਰੇ ॥੯॥
ਤੁਪਕਾਨ ਛੁਟੇ। ਉਰ ਸੀਸ ਫੁਟੇ।
ਬਮ[1] ਸ਼੍ਰੋਣ ਮਹਾਂ। ਗਿਰ ਜਾਇਂ ਤਹਾਂ ॥੧੦॥ [1]ਨਿਕਲਦਾ ਹੈ।

ਨਿਸਾਨੀ ਛੰਦ:

ਗੜ੍ਹ ਚਿਲਾਨ[1] ਇਕ ਥਾਨ ਹੈ ਕਾਸ਼ੀ ਜਿਤ ਦੇਸ਼ੁ।

[1]ਚੁਨਾਰਗੜ੍ਹ ਤੋਂ ਮੁਰਾਦ ਜਾਪਦੀ ਹੈ। ਇਹ ਟਿਕਾਣਾ ਮਿਰਜ਼ਾ ਪੁਰ ਜ਼ਿਲੇ ਵਿਚ ਕਾਂਸ਼ੀ ਤੋਂ ਪੰਦਰਾਂ ਵੀਹ ਮੀਲ ਤੇ ਗੰਗਾ ਦੇ ਕਿਨਾਰੇ ਹੈ, ਕਦੇ ਬੜਾ ਪੱਕਾ ਫੌਜੀ ਟਿਕਾਣਾ ਸੀ। ਹੁਣ ਬੀ ਏਥੇ ਕਿਲ੍ਹਾ ਤੇ ਸਿਲਹਖਾਨਾ ਹੈ। ਕਿਲ੍ਹਾ ਇਕ ਪਹਾੜੀ ਦੀ ਚੋਟੀ ਤੇ ਹੈ। ਅਭਾਗੀ ਮਹਾਰਾਣੀ ਜਿੰਦਾਂ ਨੂੰ ਅੰਗ੍ਰੇਜ਼ਾਂ ਨੇ ਇਸੇ ਕਿਲ੍ਹੇ ਵਿਚ ਕੈਦ ਕੀਤਾ ਸੀ ਜਿੱਥੋਂ ਕਿ ਉਹ ਆਪਣੀ ਚਾਤੁਰਤਾ ਨਾਲ ਨਿਕਲ ਕੇ ਨੈਪਾਲ ਜਾ ਪਹੁੰਚੀ ਸੀ।

ਤਿਸ ਥਲ ਕੋ ਇਕ ਸਿੱਖ ਹੈ ਜਿਹ ਸੁਮਤਿ ਵਿਸ਼ੇਸ਼ੂ।
ਰਾਮ ਸਿੰਘ[1] ਸ਼ੁਭ ਨਾਮ ਹੈ ਗੁਰ ਆਇਸੁ ਪਾਈ।
ਇਕ ਲਕਰਾ ਵਿਚ ਖੋਦਿ ਕੈ[1] ਬਡ ਤੋਪ ਬਨਾਈ ॥੧੧॥
ਊਚੇ ਥਲ ਸੋ ਧਰਿ ਦਈ, ਬਾਰੂਦ ਬਿਸਾਲਾ।
ਗੋਰਾ ਪਾਥਰ ਠੋਕਿ ਕੈ, ਸਨਮੁਖ ਰਿਪੁ ਜਾਲਾ।
ਗੁਰ ਆਗਜਾ ਲੇ ਕਰਿ ਤਬੈ, ਤਿਹ ਲਾਇ ਪਲੀਤਾ।
ਛੁਟਤਿ ਕਰਜੋ ਬਡ ਸ਼ਬਦ ਕੌ, ਜਨੁ ਬਿੱਜੁ ਗਜੀਤਾ[1] ॥੧੨॥
ਜਹਾਂ ਚੁੰਗ[1] ਬਾਂਧੇ ਖਰੇ, ਤਹਿਂ ਪਹੁੰਚਯੋ ਗੋਰਾ।
ਬਡੇ ਬੇਗ ਤੇ ਮਾਰਿ ਕੈ, ਇਕ ਭਟ ਅਰੁ ਘੋਰਾ।
ਗਿਰਜੋ ਹੇਰਿਅਰਿ ਗਨ ਭਜੇ, ਇਤ ਉਤ ਕੋ ਹੋਏ।
'ਬਿਜੈ ਹੋਇ ਸਤਿਗੁਰੂ ਕੀ', ਬੋਲੇ ਸਭਿ ਕੋਏ ॥੧੩॥
ਪੁਨ ਬਰੂਦ ਗੋਲਾ ਕਸਜੋ, ਤਤਕਾਲ ਚਲਾਈ।
ਜਹਿਂ ਇਕੱਤ੍ਰ ਗਨ ਸੂਰਮੇ, ਤਿਤ ਦਿਯ ਬਿਚਲਾਈ[1]।
ਬਿਸਮੈ ਗਿਰਪਤਿ ਦੇਖਿ ਕੈ, -ਇਹ ਅਜਬ ਤਮਾਸ਼ਾ।
ਤੋਪ ਚਲੀ ਬਡ ਕਾਠ ਕੀ, ਕਿਯ ਸੁਭਟ ਬਿਨਾਸ਼ਾ- ॥੧੪॥
ਸਾਹਿਬਚੰਦ ਬਿਲੰਦ ਬਲਿ, ਗੁਰ ਬੀਰ ਬਿਸਾਲਾ।

[1]ਸਿੰਘ ਪਦ ਨਾਵਾਂ ਨਾਲ ਪਹਿਲੋਂ ਬੀ ਟਾਵਾਂਟਾਵਾਂ ਹੁੰਦਾ ਸੀ, ਰਜਪੂਤਾਂ ਵਿਚ ਬੀ ਏਹ ਪਦ ਨਾਵਾਂ ਨਾਲ ਵਰਤੀਂਦਾ ਹੈ।

[1]ਇਕ ਲਕੜੀ ਨੂੰ ਵਿੱਚੋਂ ਖੋਦਕੇ।

[1]ਮਾਨੋਂ ਬਿਜਲੀ ਗੱਜੀ ਹੈ।

[1]ਟੋਲਾ।

[1]ਖਿੰਡਾ ਦਿਤੇ।

ਵਧੇ ਪਠਾਨ ਬਿਲੋਕਿ ਕੈ, ਬੋਲ੍ਯੋ ਤਿਸ ਕਾਲਾ।
'ਪ੍ਰਭੁ ਜੀ ਆਗਯਾ ਦੇਹੁ ਮੁਝ, ਉਮਡੇ ਇਤ ਆਵੈਂ।
ਪੰਚਹੁੰ ਭ੍ਰਾਤਾ ਉਤ ਖਰੇ, ਸੰਗ੍ਰਾਮ ਮਚਾਵੈਂ ॥੧੫॥
ਫਤੇਸ਼ਾਹ ਕੀ ਚਮੂੰ ਗਨ, ਓਰੜ ਇਹ ਆਈ।
ਗੁਲਕਾਂ ਤੋਮਰ ਤੀਰ ਕੀ, ਬਡ ਮਾਰ ਮਚਾਈ।'
ਜਥੇਦਾਰ ਤੇ[1] ਸਤਿਗੁਰੂ, ਸੁਨਿ ਕਰਿ ਲਲਕਾਰਾ।
'ਲੇਹੁ ਸੰਗ ਗਨ ਬੀਰ ਕੋ, ਰਨ ਕਰੋ ਉਦਾਰਾ ॥੧੬॥
ਇਤਿ ਦਿਸ਼ਿ ਹ੍ਵੈ ਕਰਿ ਹੇਲ ਕਰਿ, ਤਜਿ ਪੁੰਜ ਤੁਫੰਗੇ।
ਵਧੇ ਆਇ ਰੋਕਹੁ ਇਨੈਂ, ਗੇਰਹੁ ਬਿਚ ਜੰਗੇ।'
ਆਗਯਾ ਸੁਨਿ ਸਤਿਗੁਰੂ ਕੀ, ਸਾਹਿਬਚੰਦ ਚਾਲਾ।
ਭਈ ਤੜਾਭੜ ਤੁਪਕ ਕੀ, ਇਕ ਬਾਰਿ ਬਿਸਾਲਾ ॥੧੭॥
ਬਾਨ ਪ੍ਰਹਾਰੇ ਐਂਚਿ ਧਨੁ, ਹੇਲਾ ਬਡ ਘਾਲਾ[1]।
ਹਾਲ ਚਲੇ ਗਨ ਖਾਨ ਤਬਿ, ਪਿਖਿ ਜੰਗ ਕਰਾਲਾ।
ਘਾਇਲ ਹ੍ਵੈ ਗਿਰ ਗਿਰ ਪਰੈਂ, ਨਹਿਂ ਬਲ ਸੰਭਾਰੇ।
ਮ੍ਰਿਤੁ ਤੇ ਕਾਤੁਰ ਡਰ ਭਜੇ, ਮਰਿਗੇ ਬਿਨ ਮਾਰੇ ॥੧੮॥
ਭੀਖਨਖਾਂ ਦੇਖ੍ਯੋ ਤਬੈ, ਗਨ ਖਾਨ ਪਲਾਏ।
ਗੁਰ ਕੋ ਦਲ, ਉਮਡ੍ਯੋ ਅਧਿਕ, ਆਵਤਿ

[1]ਭਾਵ ਸਾਹਿਬ ਚੰਦ ਤੋਂ।

[1]ਹੱਲਾ ਕੀਤਾ।

ਅਗੁਵਾਏ।
ਭਟ ਹਯਾਤ ਖਾਂ ਮਰਿ ਗਯੋ, ਕੁਛ ਸਰਯੋ ਨ ਕਾਮਾ।
ਸਾਧ ਕਹਾਂ ਬਪੁਰੋ ਹੁਤੋ, ਜਿਨ ਪਠਿ ਜਮਧਾਮਾ[1] ॥੧੯॥

[1]ਜਿਸਨੇ ਭੇਜਿਆ ਜਮਧਾਮ (ਹੱਯਾਤ ਨੂੰ)।

[1] 'ਗੀਦੀ ਕਿਮ ਭਾਜਤਿ ਚਲੇ, ਕੁਲ ਕਾਨ ਬਿਚਾਰੋ।
ਹੇਲਾ ਘਾਲਹੁ ਸਮੁਖ ਗੁਰ, ਕਯੋਂ ਜੀਵਤਿ ਹਾਰੋ।

[1]ਭੀਖਨ ਖਾਂ ਬੋਲਿਆ।

ਗਈ ਪਠਾਨੋ ਆਨ ਅਬਿ, ਐਸਨ[1] ਤੇ ਹਾਰਾ।

[1]ਐਹੋ ਜਿਹਾਂ ਤੋਂ ਹਾਰ ਗਏ। ਪਿੱਛੇ ਕਿਹਾ ਹੈ 'ਸਾਧ ਕਹਾਂ ਬਪੁਰੋ ਹੁਤੋ' ਅੱਗੇ ਬੀ ਕਿਹਾ ਹੈ (ਅੰਕ ੨੧ ਵਿਚ) ਇਕਠੇ ਕਰੇ ਗਵਾਰ।

ਹਸਹਿਂ ਪਹਾਰੀ ਬੀਰ ਸਭਿ ਕਛੁ ਸਰੀ ਨ ਕਾਰਾ' ॥੨੦॥
ਇਮ ਬਿਚਾਰ ਭੀਖਨ ਰਿਦੈ[1] ਚਪਲਾਇ ਤੁਰੰਗਾ।

[1]ਰਿਦੇ ਵਿਚ ਵਿਚਾਰ ਕੇ ਭੀਖਨ ਖਾਂ ਨੇ।

ਸੰਗ ਨਿਜਾਬਤ ਖਾਨ ਕੌ ਲੇ ਕਹਯੋ ਉਤੰਗਾ[1]।

[1]ਉੱਚੀ ਕਿਹਾ।

'ਇਕਠੇ ਕਰੇ ਗਵਾਰ ਗਨ ਹੇਰੇ, ਤੁਮ ਪਾਛੇ।
ਹਥ੍ਯਾਰਨ ਕੋ ਪਕਰਨੋ ਨਹਿਂ ਆਵਤਿ ਆਛੇ' ॥੨੧॥
ਊਚੀ ਭੁਜਾ ਉਸਾਰਿ ਕੇ ਕਰਿ ਉਚ ਪੁਕਾਰੇ।
ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ।
ਸੰਗ ਨਿਜਾਬਤ ਖਾਨ ਲੇ, ਧਨੁ ਕਰ ਧਰਿ ਬਾਨਾ।
ਰਿਸ ਕਰਿ ਕਰਿ ਮਾਰਤਿ ਘਨੇ, ਪਿਖਿ ਸੁਭਟ ਨਿਸ਼ਾਨਾ ॥੨੨॥
ਸਾਹਿਬਚੰਦ ਬਿਲੋਕਿ ਤਬਿ, ਉਮਡੇ ਗਨ ਖਾਨੰ[1]।

[1]ਬਹੁਤੇ ਪਠਾਣਾਂ ਨੂੰ ਉਮਡਿਆ ਦੇਖ ਕੇ।

ਗਯੋ ਧੀਰ ਧਰਿ ਛਿੱਪ੍ਰ ਕਰਿ, ਛੋਰਤਿ ਖਰ ਬਾਨੰ।

ਸੁਭਟ ਤੁਰੰਗਮ ਕੇ ਲਗਹਿਂ, ਹੋਵਹਿਂ ਤਨ ਪਾਰੇ।
ਉਥਲ ਜਾਹਿਂ ਰਣਖੇਤ ਮਹਿਂ, ਜਨੁ ਦੀਹ ਮੁਨਾਰੇ ॥੨੩॥
ਬਰਖਾ ਗੁਲਕਾਂ ਸਰਨ ਕੀ[1], ਦਿਸ਼ਿ ਦੋਨਹੁਂ ਹੋਈ।
ਮਚਯੋ ਸ਼ੋਰ ਰਣਘੋਰ ਭਾ, ਜੁਟੇ ਸਭਿ ਕੋਈ।
ਅਟਕ ਰਹਯੋ ਜਬਿ ਜੰਗ ਬਡ, ਨ੍ਰਿਪ ਹੁਤੋ ਹੰਡੂਰੀ।
ਹਰੀਚੰਦ ਜਿਸ ਨਾਮ ਹੈ, ਰਿਸ ਕੀਨਸਿ ਭੂਰੀ ॥੨੪॥
ਧਨੁ ਬਿੱਦਯਾ ਮਹਿਂ ਨਿਪੁਨ ਬਹੁ, ਤਿਨ ਤੁਰੰਗ ਧਵਾਯੋ।
ਐਂਚਿ ਐਂਚਿ ਸਰ ਗਨ ਹਤੇ, ਦਲ ਗੁਰਨ[1] ਹਿਲਾਯੋ।
ਮਾਰੇ ਸੁਭਟ ਪਰੋਇ ਕਰਿ, ਬਹੁ ਗਿਰੇ ਤੁਰੰਗਾ।
ਹਰਖਯੋ ਭੀਖਨ ਖਾਨ ਤਬਿ, ਪਿਖਿ ਭੀਖਨ[1] ਜੰਗਾ ॥੨੫॥
ਹਰੀਚੰਦ ਕੇ ਨਿਕਟ ਹੁਇ, ਕਹਿ 'ਸਾਧ ਘਨੇਰਾ[1]।
ਤਜਹਿਂ[1] ਤੀਰ ਗੁਰ ਸੈਨ ਪਰ, ਦੇਂ ਤ੍ਰਾਸ ਬਡੇਰਾ।'
ਸਾਹਿਬਚੰਦ ਬਿਲੰਦ ਰਣ, ਪਿਖਿ ਕਰਤਿ ਉਪਾਯਾ।
ਦੇ ਬੀਰਨ ਕੌ ਧੀਰ ਤਬਿ, ਸਰ ਬ੍ਰਿੰਦ ਚਲਾਯਾ ॥੨੬॥
ਤਉ ਨ ਸੈਨਾ ਹੋਤਿ ਥਿਰ, ਹੇਰਤਿ ਗਨ ਬਾਨਾ।
ਹਰੀ ਚੰਦ ਸਰ ਗਨ ਤਜੈ, ਅਰੁ ਭੀਖਨਖਾਨਾ।
ਗੁਰ ਢਿਗ ਖਰੋ ਦਿਵਾਨ ਤਬਿ, ਨੰਦ ਚੰਦ

[1]ਗੋਲੀਆਂ ਤੇ ਤੀਰਾਂ ਦੀ।
[1]ਗੁਰਾਂ ਦਾ।
[1]ਭਿਆਨਕ।
[1]ਬਹੁਤ ਸ਼ਾਬਾਸ਼।
[1]ਛੱਡਦਾ ਹੈਂ (ਤੂੰ)।

ਪ੍ਰਬੀਨਾ।
'ਪ੍ਰਭੁ ਜੀ! ਆਗਜਾ ਦੇਹੁ ਮੁਝ, ਦਲ ਹਾਲਤਿ ਚੀਨਾ[1] ॥੨੭॥
ਸੁਰਖੇ ਬਲੀ ਤੁਰੰਗ ਪਰ ਗਿਰਨਾਥ ਹੰਡੂਰੀ।
ਭੀਖਨਖਾਨ ਸਮੇਤ ਹੈ, ਕਰਿ ਕੈ ਰਿਸ ਭੂਰੀ।
ਮਾਰੇ ਹਮਰੇ ਬੀਰ ਬਹੁ, ਥਿਤ ਰਹੇ ਨ ਆਗੇ।
ਮਰੇ ਬਿਲੋਕੇ ਬ੍ਰਿੰਦ ਹੀ, ਰਨ ਤੇ ਅਬਿ ਭਾਗੇ ॥੨੮॥
ਵਡੇ ਆਇ ਹੰਕਾਰ ਕਰਿ, ਦਲ ਚਹੈਂ ਪਲਾਯੋ।
ਸਾਹਿਬਚੰਦ ਨਿਕੰਦਤੋ[1], ਪਰ ਬਸ ਨ ਬਸਾਯੋ।'
ਸ਼੍ਰੀ ਕਲਗ਼ੀਧਰ ਸੁਨਿ ਤਬੈ, ਉਤ ਡੀਠ ਲਗਾਈ।
ਦਯਾਰਾਮ ਨੰਦ ਚੰਦ ਕੌ, ਆਇਸੁ ਫੁਰਮਾਈ ॥੨੯॥
'ਅਰਹੁ ਅੱਗ੍ਰ ਅਰਿ ਗਨ ਹਤਹੁ, ਵਧਿ ਆਇ ਅਗੇਰੇ।
ਆਇ ਨਿਜਾਬਤ ਖਾਨ ਉਤ, ਸੰਗ ਖਾਨ ਘਨੇਰੇ।'
ਸੁਨਿ ਦੋਨਹੁ ਗੁਰ ਸੂਰਮੇ, ਤਾਜੀ[1] ਸੁ ਤੁਪਾਏ।
ਸਨਮੁਖ ਗਮਨੇ ਅਰਿਨ ਕੇ, ਉਰ ਕ੍ਰੋਧ ਵਧਾਏ ॥੩੦॥
ਦਯਾਰਾਮ ਕਰਿ ਸ਼ੀਘ੍ਰਤਾ, ਬਹੁ ਬਾਨ ਚਲਾਏ।
ਦੇ ਧੀਰਜ ਨਿਜ ਭਟਨ ਕੌ, ਹਟਤੇ ਠਹਿਰਾਏ।
ਹੁਤੇ ਪਠਾਨ ਜਿ ਅੱਗ੍ਰ ਬਹੁ, ਹੇਲੇ ਹਿਤ

[1]ਆਪਣਾ) ਦਲ ਹੱਲਦਾ ਦਿੱਸਦਾ ਹੈ।
[1]ਮਾਰਦਾ ਹੈ।
[1]ਘੋੜੇ।

ਆਵਹਿਂ।
'ਮਾਰ ਮਾਰ' ਮੁਖ ਤੇ ਭਨਹਿਂ, ਹੱਥਜਾਰ ਚਲਾਵਹਿਂ ॥੩੧॥
ਨੰਦ ਚੰਦ ਸਹਿ ਨਾ ਸਕ੍ਯੋ, ਹਯ ਬਲੀ ਧਵਾਯੋ।
ਬਰਛੀ ਤਿਰਛੀ ਭ੍ਰਮਤਿ ਖਰ[1], ਧਰਿ ਹਾਥ ਉਠਾਯੋ।
ਮਾਰੀ ਜਾਇ ਪਠਾਣ ਕੇ, ਤਤਕਾਲ ਪਰੋਵਾ।
ਵੜਾ ਉਤਾਰਨਿ ਹੇਤੁ ਜਨੁ, ਅਯ ਸੀਖ ਧਸੋਵਾ[1] ॥੩੨॥
ਨਾਗਨ ਸੀ ਲਸ਼ਕਤ ਹੁਤੀ, ਵਰਮੀ ਤਨ ਖਾਨਾ[1]।
ਲਗੀ ਬੇਗ ਤੇ ਧਸ ਗਈ, ਹਯ ਤੇ ਉਥਲਾਨਾ।
ਪਿਖਿ ਪਠਾਨ ਓਰੜ ਪਰੇ, ਕਹਿ 'ਮਾਰੋ ਮਾਰੋ।'
ਨੰਦ ਚੰਦ ਖਰ ਖੜਗ ਕੌ, ਤਤਕਾਲ ਨਿਕਾਰੋ[1] ॥੩੩॥
ਹਤ੍ਯੋ ਖਾਨ ਤਬਿ ਦੂਸਰੋ, ਸਿਰ ਕਾਟਿ ਉਤਾਰਾ।
ਤ੍ਰਿਤੀਏ ਕਹੁ ਤੁਰਨ ਹਨ੍ਯੋ, ਖਗ ਨਿਰਮਲ ਧਾਰਾ।
ਆਗੈ ਕਰੀ ਤੁਫੰਗ ਤਿਨ, ਲਗਿ ਟੁਟ੍ਯੋ ਕ੍ਰਿਪਾਨਾ।
ਗਯੋ ਵਾਰ ਨਿਸ਼ਫਲ ਜਬੈ, ਰਿਸ ਵਧੀ ਮਹਾਨਾ ॥੩੪॥
ਜਮਧਰ ਲਈ ਨਿਕਾਰ ਤਬਿ, ਖਰ ਅਨੀ[1] ਬਿਸਾਲਾ।
ਉਤਰਿ[1] ਦਈ ਢੁਕ ਖਾਨ ਕੇ, ਮਾਰ੍ਯੋ ਤਿਸ ਕਾਲਾ।
ਦਯਾਰਾਮ ਸਨ ਸੁਭਟ ਗਨ, ਤਿਸ ਨਿਕਟ ਪਹੂੰਚਾ।

[1]ਤਿੱਖੀ।
[1]ਮਾਨੋ ਵੜੇ ਲਾਹੁਣ ਲਈ ਲੋਹੇ ਦੀ ਸੀਖ ਧਸਾਈ ਹੈ।
[1]ਖਾਨ ਦਾ ਸਰੀਰ ਇਹ ਖੁਡ ਹੈ।
[1]ਕਢਿਆ।
[1]ਤਿੱਖੀ ਨੋਕ।
[1]ਉਤਰ ਕੇ (ਘੋੜੇ ਤੋਂ)।

ਮਾਰੇ ਅਧਿਕ ਪਠਾਨ ਰਨ, ਨਾਦਤਿ ਬਡ ਊਚਾ ॥੩੫॥
ਕਰੇ ਹਟਾਵਨਿ ਜੇ ਵਧੇ, ਰਨ ਖੇਤ ਛੁਰਾਯੋ।
ਹਟੇ ਤੁਰਨ ਕੀ ਓਟ ਹ੍ਵੈ[1], ਨਿਜ ਗਾਤ ਬਚਾਯੋ।
ਹਰੀਚੰਦ ਇਤ ਤੇ ਫਿਰਯੋ, ਦੂਸਰ ਦਿਸ਼ਿ ਚਾਲਾ।
ਭੀਖਨਖਾਂ ਕੌ ਧੀਰ ਦੈ, ਥਿਰ ਕਰਿ ਤਿਸ ਕਾਲਾ ॥੩੬॥
ਸੰਗੋ ਆਦਿਕ ਜਿਤ ਦਿਸ਼ਾ, ਸੰਗ੍ਰਾਮ ਮਚਾਵਹਿਂ।
ਗਯੋ[1] ਤੁਰੰਗ ਧਵਾਇ ਕਰਿ, ਗਨ ਤੀਰ ਚਲਾਵਹਿ।
ਆਵਤਿ ਕੌ ਅਵਿਲੋਕਯੋ, ਹੰਡੂਰੀ ਰਾਜਾ[1]।
ਲਾਲ ਬਿਲੋਚਨ ਬਦਨ ਤੇ, ਭੀਖਨ[1] ਰਨ ਸਾਜਾ ॥੩੭॥
ਸੰਗੋਸ਼ਾਹਿ ਕੁਦੰਡ[1] ਗਹਿ, ਖਰ ਤੀਰ ਨਿਕਾਰੇ।
ਐਂਚਿ ਐਂਚਿ ਕਰਿ ਕਾਨ ਲਗ, ਰਿਪੁ ਸਨਮੁਖ ਮਾਰੇ।
ਇਤ ਉਤ ਬਿਚਰਤਿ[1] ਨਹਿਂ ਲਗਯੋ, ਬਲਿ ਚਪਲ ਤੁਰੰਗਾ।
ਆਗੇ ਪਰਬਤ ਕੇ ਸੁਭਟ, ਤਿਨ ਅੰਗਨਿ ਭੰਗਾ[1] ॥੩੮॥
ਇਤ ਜੋਧਾ ਇਹ ਅਰ ਪਰੇ[1], ਉਤ ਮਧਕਰ ਸ਼ਾਹਂ[2]।
ਸੰਗ ਚੰਦੇਲ ਸਿਪਾਹਿ ਗਨ ਰਿਪੁ ਕੈ ਰਨ ਮਾਹਂ।
ਦਯਾਰਾਮ ਨੰਦ ਚੰਦ ਸੋਂ, ਗੁਰ ਕੋ ਦਲ ਭਾਰੀ।
ਲਰੇ[1] ਤੀਰ ਗੁਲਕਾਨ ਸੋਂ, ਕਰਵਾਰ

[1]ਬ੍ਰਿੱਛਾਂ ਦੇ ਉਹਲੇ ਹੋਕੇ।

[1]ਹਰੀ ਚੰਦ) ਗਿਆ।

[1]ਸੰਗੋ ਨੇ) ਡਿੱਠਾ ਕਿ ਹੰਡੂਰੀ ਰਾਜਾ (ਹਰੀ ਚੰਦ) ਆ ਰਿਹਾ ਹੈ।

[1]ਭਿਆਨਕ।

[1]ਧਨੁਖ।

[1]ਹਰੀ ਚੰਦ) ਇਧਰ ਉਧਰ ਟਲ ਗਿਆ ਹੈ।

[1]ਪਰ ਉਹਨਾਂ ਤੀਰਾਂ ਨੇ) ਅਗੇ ਜਾਕੇ ਪਰਬਤੀ ਸੂਰਿਆਂ ਦੇ ਅੰਗ ਤੋੜੇ।

[1]ਅੜ ਖੜੋਤੇ। [2]ਨਾਮ ਹੈ ਚੰਦੇਲ ਦੇ ਰਾਜੇ ਦਾ।

[1]ਮਧਕਰ ਸ਼ਾਹ ਆਦਿ) ਲੜੇ।

ਨਿਕਾਰੀ ॥੩੯॥
ਪਰਜੋ ਦੂਰ ਲਗਿ ਖੇਤ ਬਡ, ਗਨ ਧੁਖਹਿਂ ਪਲੀਤੇ।
ਛਣੰਕਾਰ ਹੁਇਂ ਗਜਨ[1] ਕੇ, ਚਾਹਤਿ ਚਿਤ ਜੀਤੇ।
ਦਸਤ ਰਵਾਂ ਕਰਿ ਸ਼ੀਘ੍ਰਤਾ, ਛੋਰਹਿਂ ਰਿਪੁ ਮਾਰਹਿਂ।
ਐਂਚਿ ਐਂਚਿ ਤੀਰਨ ਹਤਹਿਂ, ਆਗੇ ਪਗ ਡਾਰਹਿਂ ॥੪੦॥
ਫਤੇਸ਼ਾਹ ਉਤ ਦੂਰ ਹੀ, ਥਿਰਿ ਜੰਗ ਬਿਲੋਕੇ।
ਭਾਜਹਿਂ ਜਬੈ ਪਹਾਰੀਏ, ਪਠਿ ਮਾਨਵ[1] ਰੋਕੇ।
ਪਿਖੈਂ ਤਮਾਸ਼ਾ ਗੁਰੂ ਇਤ, ਉਰ ਬਿਖੇ ਬਿਚਾਰੈਂ।
-ਅਧਿਕ ਵਧੈ ਜੋਧਾ ਜੁ ਬਡ, ਲਰਿ ਤਿਸ ਕੌ ਮਾਰੈਂ ॥੪੧॥
ਇਕ ਸੁ ਹਤਿ ਕੁਛ ਸੰਗ ਭਟ, ਥਿਤ ਬੁੱਧੂਸ਼ਾਹਾ।
ਰਨ ਮਹਿਂ ਤਨ ਦੇ ਲਰਤਿ ਹੈ, ਗੁਰ ਹਿਤ ਉਤਸਾਹਾ।
ਵਧਹਿ ਅੱਗ੍ਰ ਮਾਰਤਿ ਅਰਨਿ, ਗੁਲਕਾਂ ਮੁਚਕੰਤੇ[1]।
ਦੁਤਿਯ ਪੁੱਤ੍ਰ ਲਗਿ ਘਾਵ ਤਨ, ਗਾ ਭਿਸ਼ਤ ਲਰੰਤੇ[1] ॥੪੨॥

[1]ਉਹ ਗਜ ਜੋ ਉਸ ਸਮੇਂ ਦੀ ਬੰਦੂਕ ਵਿਚ ਫੇਰਦੇ ਸਨ।
[1]ਆਦਮੀ ਘੱਲ ਕੇ।
[1]ਛਡਦੇ ਹਨ।
[1]ਲੜਦਾ ਹੋਇਆ।

ਦੋਹਰਾ:
ਇਮ ਰਨ ਮਹਿਂ ਘਮਸਾਨ ਬਹੁ, ਮਰੇ ਦੁਹਨ ਦਿਸ਼ਿ ਬੀਰ।
ਛਿਦਤਿ ਸਰੀਰ, ਸਧੀਰ ਹ੍ਵੈ, ਹਤਿ ਗੁਲਕਾਂ ਗਨ ਤੀਰ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

## ੨੯. [ਹਲਵਾਈ ਸਿੱਖ। ਜੀਤ ਮੱਲ ਬੱਧ। ਫਤੇ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸ਼੍ਰੀ ਕਲਗੀਧਰ ਜਹਿਂ ਥਿਰੇ, ਹਲਵਾਈ ਸਿਖ ਏਕ।
ਹਾਥ ਜੋਰਿ ਬੋਲਤਿ ਭਯੋ, 'ਸੁਨੀਅਹੁ ਉਦਧਿ ਬਿਬੇਕ! ॥੧॥

ਸੈ੍ਯਾ ਛੰਦ:

ਅਧਿਕ ਲਾਲਸਾ ਮੋਹਿ ਰਿਦੇ ਮਹਿਂ
ਪ੍ਰਭੁ ਕੇ ਕਾਮ ਅਊਂ ਰਨ ਥਾਨਿ।
ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ[1]
ਤੋਮਰ ਤੁਪਕ ਨ ਬਾਨ ਕ੍ਰਿਪਾਨ।
ਤਊ ਹੋਤਿ ਉਤਸਾਹਿ ਬਡੋ ਉਰ
ਹਤੌਂ ਰਿਪੁ ਕੋ, ਕਰਹੁ ਬਖਾਨ।
[1]ਦੇਹੁ ਤੁਰੰਗਮ, ਤੇ ਅਰੂਢ ਹੁਇ[2]
ਖੜਗ ਦਿਹੋ ਪੁਨ ਸਿਪਰ ਮਹਾਨ' ॥੨॥
ਸ਼੍ਰੀ ਕਲਗੀਧਰ ਸੁਨਿ ਮੁਸਕਾਨੇ
ਕੋਤਲ[1] ਖਰੇ ਤੁਰੰਗਮ ਹੇਰਿ।
ਜਿਨ ਕੌ ਬਿਰਦ ਗਰੀਬ ਨਿਵਾਜਨਿ[1]
'ਲਿਹੁ ਕੁਮੈਤ ਚਢਿਯਹਿ ਬਿਨ ਦੇਰ।'
ਹੁਕਮ ਪਾਇ ਗਹਿ ਵਾਗ ਅਰੂਢਜੋ
'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।
ਤੋਮਰ ਕਿਧੌਂ ਤੁਪਕ ਧਨੁ ਤੀਰ,
ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥੩॥
ਬਿਗਸਤਿ ਖੜਗ ਸਿਪਰ ਤਬਿ ਬਖਸ਼ੇ
ਬੂਝਤਿ ਭਯੋ ਹਤਨ ਕੌ ਦਾਇ।
'ਕਿਸ ਕਰ ਸਿਪਰ ਗਹੌਂ? ਕਿਸ ਮੈਂ ਅਸਿ?
ਕਿਮ ਮਾਰੌਂ? ਮੁਹਿ ਦੇਹੁ ਬਤਾਇ।'
ਦੇਖਤਿ ਸੁਨਤਿ ਦੁਹਨ ਦਿਸ਼ਿ ਕੇ ਭਟ
ਹਸਹਿਂ ਪਰਸਪਰ ਪੁਨਿ ਬਿਸਮਾਇਂ।
ਅਜਬ ਚਰਿੱਤ੍ਰ ਪ੍ਰਭੁ ਕੇ ਲਖੀਯਤਿ
ਜਿਮ ਚਿਰੀਅਨਿ ਤੇ ਬਾਜ ਤੁਰਾਇ ॥੪॥

[1]ਫੜੇ ਨਹੀਂ ਕਦੇ (ਮੈਂ)।

[1]ਆਪ ਕਹਿ ਦਿਓ ਭਾਵ ਆਗਿਆ ਦਿਓ। [2]ਤਿਸ (ਘੋੜੇ) ਤੇ ਚੜ੍ਹਕੇ।

[1]ਜੋ ਜ਼ਰੂਰਤ ਲਈ ਖਾਲੀ ਘੋੜਾ ਖੜਾ ਹੋਵੇ।

[1]ਜਿਨ੍ਹਾਂ ਦਾ ਬਿਰਦ ਗਰੀਬ ਨਿਵਾਜ ਹੈ (ਤਿਨ੍ਹਾਂ ਕਹਿਆ)।

ਸਤਿਗੁਰ ਕਹੵੋ 'ਸਿਪਰ ਗਹੁ ਬਾਮੇ,
ਦਾਂਏ ਬਿਖੈ ਗਹੋ ਸ਼ਮਸ਼ੇਰ।
ਹਯ ਧਵਾਇ ਸਨਮਖ ਹੁਇ ਰਿਪੁ ਕੇ,
ਰੋਕਹੁ ਵਾਰ ਜਿ ਕਰੇ ਅਗੇਰ[1]। — [1]ਜੇ ਅਗੋਂ ਵੈਰੀ ਵਾਰ ਕਰੇ ਤਾਂ ਰੋਕੇ (ਨਹੀਂ ਤਾ....)।
ਬਲ ਤੇ ਖੜਗ ਮਾਰਿ ਨਿਜ ਕਰ ਤੇ
ਕਰੋ ਫਤੇ ਬਨਿ ਕੈ ਸ਼ਮਸ਼ੇਰ।'
ਹੁਕਮ ਪਾਇ, ਕਰ ਗਹਿ[1] ਸੁਚੇਤ ਭਾ — [1]ਹੱਥ ਵਿਚ ਫੜਕੇ।
ਰਣ ਸਨਮੁਖ ਹੁਇ ਚਲੵੋ ਦਲੇਰ ॥੫॥
ਹੁਤੋ ਮੀਰ ਖਾਂ ਨਾਮ ਖਰੋ ਰਣ
ਤਿਸ ਪਰ ਜਾਇ ਪਰੵੋ ਬਲਧਾਰ।
'ਤੁਰਕ ਹਰਾਮੀ ਲਵਣ! ਖਰੋ ਰਹੁ'
ਗਰਜੵੋ ਕੇਹਰਿ ਜਿਮ ਲਲਕਾਰ।
ਉਤ ਭੀਖਨ ਖਾਂ ਦੇਖਿ ਪੁਕਾਰੵੋ
'ਜਾਤਿ ਅਰੋੜਾ ਬਿਨ ਹਥਯਾਰ।
ਅਬਿ ਦੀਨੇ ਇਸ ਖੜਗ ਸਿਪਰ ਗੁਰ,
ਛੀਨਹੁਂ ਤੁਰੰਗ ਲੇਹੁ ਇਸ ਮਾਰ ॥੬॥
ਕਹਾਂ ਲਰਨ ਕੀ ਸਾਰ ਲਖੈ ਇਹੁ,
ਤਕਰੀ ਤੋਲਤ ਨਿਤ ਦ੍ਰਿਸ਼ਟਾਇ[1]। — [1]ਨਿਤ ਵੇਖੀਦਾ ਸੀ।
ਦਯੋ ਖ਼ੁਦਾਇ, ਮਾਰ ਲਿਹੁ ਆਯੁਧ[1]' — [1]ਮਾਰਕੇ ਸ਼ਸਤ੍ਰ ਖੋਹ ਲਓ।
ਸੁਨਤਿ ਮੀਰਖਾਂ ਓਜ ਵਧਾਇ।
ਨਿਜ ਸ਼ਮਸ਼ੇਰ ਨਿਕਾਸੀ ਤੀਖਨ
ਤੁਰੰਗ ਧਵਾਇ ਨੇਰ ਕੌ ਪਾਇ।
ਕਰਿ ਬਲ ਬਾਹੁ ਹਤੀ ਇਸ ਊਪਰ[1] — [1]ਭਾਵ ਹਲਵਾਈ ਉਪਰ।
ਰੋਕਯੋ ਢਾਲ ਕਰੀ ਅਗੁਵਾਇ ॥੭॥
ਬਹੁਰ ਸੰਭਾਰ ਰਹੵੋ ਹਿਤ ਮਾਰਨ
ਇਤ ਉਤ ਤਕਹਿ ਹਤਨ ਕੇ ਦਾਇ।
ਲਾਲਚੰਦ ਲਹਿ ਗੁਰ ਬਚ ਬਲਿ ਕੌ[1] — [1]ਗੁਰੂ ਬਚਨ ਦੇ ਬਲ ਨਾਲ।
ਤੂਰਨ ਕਰ ਤੇ ਖੜਗ ਚਲਾਇ।
ਗਰ ਤੇ ਸਿਰ ਤਤਕਾਲ ਉਤਾਰਯੋ,
ਸ਼ਾਖਾ ਤੇ[1] ਫਲ ਮਨੋਂ ਗਿਰਾਇ। — [1]ਡਾਲੀ ਤੋਂ ਮਾਨੋ......।
ਪਰਯੋ ਤੁਰੰਗ ਤੇ ਧਰ ਧਰ ਊਪਰ[1] — [1]ਧੜ ਧਰਤੀ ਉਤੇ।
ਹਯ ਗੇਰਤਿ ਹੀ ਗਯੋ ਪਰਾਇ[1] ॥੮॥ — [1]ਭੱਜ ਗਿਆ।

ਗੁਰ ਦਲ ਹਸਜੋ ਅਧਿਕ ਹੀ ਨਾਦਤਿ
'ਲਾਜ ਸਿੰਧ ਮਹਿਂ ਡੂਬ ਪਠਾਨ।
ਤਕਰੀ ਤੋਲਨਹਾਰ ਹਾਥ ਤੇ
ਮਰਜੋ ਖਾਨ ਬਲ ਬੀਰ ਮਹਾਨ।'
ਭੀਖਨ ਖਾਨ ਨਿਜਾਬਤ ਖਾਨਹਿ
ਸਭਿ ਖਾਨਨਿ ਸੋਂ ਕੀਨ ਬਖਾਨ।
'ਕਜੋਂ ਬਲ ਤਜਹੁ ਮਰਹੁ ਰਨ ਮਹੀਆ
ਸਮੁਖ ਹੇਲ ਘਾਲਹੁ ਘਮਸਾਨ ॥੯॥
ਕਾਤੁਰ ਸ਼ਸਤ੍ਰ ਨ ਜਾਨੈਂ ਪਕਰਨਿ
ਤਿਨ ਤੇ ਮਰਹੁ, ਨ ਬਨਿ ਸਵਧਾਨ।'
ਇਮ ਇਕਠੇ ਕਰਿ ਹਰੀਚੰਦ ਜੁਤਿ
ਮਧਕਰ ਸ਼ਾਹਿ ਚੰਦੇਲ ਸੁਜਾਨ।
ਓਰੜ ਪਰੇ ਗੁਰੂ ਦਲ ਊਪਰ
ਛੋਰਤਿ ਗੁਲਕਾਂ ਤੀਖਨ ਬਾਨ।
ਕੋ ਬਰਛੀ ਤੋਮਰ ਕਿਨ ਮਾਰਜੋ,
ਹੇਲਾ ਕਰਜੋ ਅਧਿਕ ਭਟ ਹਾਨ ॥੧੦॥
ਨੰਦਚੰਦ ਅਰੁ ਸਾਹਿਬ ਚੰਦਹਿ
ਦਯਾਰਾਮ ਪ੍ਰੋਹਤ ਬਲਵੰਤ।
ਸੰਗੋਸ਼ਾਹਿ ਜੀਤਮਲ ਮਿਲਿ ਕੈ
ਸਾਧ ਕ੍ਰਿਪਾਲ ਬਿਸਾਲ ਮਹੰਤ।
ਗੰਗਾਰਾਮ ਮਾਹਰੀਚੰਦਹਿ
ਬਹੁਰ ਗੁਲਾਬਚੰਦ ਮਤਿਵੰਤ।
ਲੇ ਕਰਿ ਦਲ ਕੌ ਅਰੇ ਅਰਿਨ ਸੋਂ
ਗਨ ਗੁਲਕਾਂ ਅਰੁ ਬਾਨ ਚਲੰਤਿ ॥੧੧॥
ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ
ਤੀਰਨ ਤੇ ਗਨ ਬੀਰ ਪਰੋਇ।
ਗਿਰੇ ਦੜਾਦੜ ਅਵਨੀ ਊਪਰ
ਸਮ ਰਨਥੰਭੇ ਰਹਜੋ ਖਰੋਇ[1]। [1]ਕ੍ਰਿਪਾਲ) ਖੜੋ ਰਿਹਾ।
ਜੁਟਜੋ ਜੀਤ ਮਲ ਹਰੀਚੰਦ ਸੋਂ
ਸਨਮੁਖ ਪਿਖਹਿਂ ਪਰਸਪਰ ਦੋਇ।
ਘਾਤਿ[1] ਕਰਨ ਹਿਤ ਘਾਤ[2] ਬਿਚਾਰਤਿ [1]ਨਾਸ਼। [2]ਦਾਉ।
ਚਪਲ ਚਲਾਕ ਤੁਰੰਗਮ ਹੋਇ ॥੧੨॥

ਸੰਗੋਸ਼ਾਹਿ ਨਿਜਾਬਤ ਸੰਗੇ
ਅਰੇ ਪਰਸਪਰ ਬੀਰ ਜੁਝਾਰ।
ਲਾਲ ਬਿਲੋਚਨ ਕ੍ਰੋਧ ਭਰੇ ਚਿਤ
ਚਹੈਂ ਆਪ ਮੈਂ ਕਰਨ ਪ੍ਰਹਾਰ।
ਇਤ ਉਤ ਬਿਚਰਤਿ ਹਤਹਿਂ ਤੀਰ ਤਿਤ,
ਕਬਿ ਦਾਂਏ ਕਬਿ ਬਾਂਮ ਸਿਧਾਰ।
ਮਹਾਂਬੀਰ ਬਰ ਉਰ ਹੰਕਾਰਤਿ
ਸ਼ਸਤ੍ਰਨ ਵਿੱਦਯਾ ਜਾਨਿ ਉਦਾਰ[1] ॥੧੩॥

[1]ਬੜੀ।

ਜੀਤਮੱਲ ਖਰ ਤੀਰ ਨਿਕਾਰਯੋ
ਧਨ ਮਹਿਂ ਜੋਰਿ ਖੈਂਚਿ ਕਰਿ ਤਾਨ।
ਹਰੀਚੰਦ ਕੋ ਤਾਕਿ ਨਿਸ਼ਾਨੋ
ਤਤਖਿਨ ਛੋਰਯੋ ਕਰਿਬੇ ਹਾਨ।
ਆਵਤਿ ਕੋ ਅਵਿਲੋਕਿ ਗਯੋ ਟਰ
ਸਰ ਨਿਸ਼ਫਲ ਤੇ ਕ੍ਰੋਧ ਮਹਾਨ।
'ਕਹਾਂ ਭਯਾ ਹਰੀ[1]† ਭਾਜਤਿ ਜੈਹੈਂ
ਅਬਿ ਕੈ ਹਾਨ ਦੇਉਂ ਤੁਵ ਪ੍ਰਾਨ' ॥੧੪॥

[1]ਕੀ ਹੋ ਗਿਆ ਹੇ ਹਰੀਚੰਦ!। †ਪਾ:-ਕਹਾਂ ਪਹਾੜੀ।

ਇਮ ਕਹਿ ਤੀਛਨ ਤੀਰ ਨਿਕਾਸਯੋ
ਉਤ ਤੇ ਹਰੀਚੰਦ ਲਿਯ ਬਾਨ।
ਦੋਨਹੁ ਕੇ ਧਨੁ ਤੇ ਛੁਟਿ ਚਾਲੇ
ਬਹੇ ਬੇਗ ਤੇ ਸਰਪ ਸਮਾਨ।
ਸਨਮੁਖ ਖਰੇ ਤੁਰੰਗਮ ਦੋਨਹੁ
ਲਗੇ ਭਾਲ ਮਹਿਂ ਇਕ ਬਿਰ ਤਾਨ[1]।

[1]ਇਕੋ ਵੇਰੀ ਤਾਣ ਕੇ (ਛਡੇ ਹੋਏ ਤੀਰ) ਘੋੜਿਆਂ ਦੇ ਮੱਥੇ ਵਿੱਚ ਜਾ ਲੱਗੇ।

ਦੋਨਹੁ ਗਿਰੇ ਧਰਾ ਪਰ, ਥਿਤ ਹ੍ਵੈ,
ਤਜੇ ਹਯਨ ਕੌਂ, ਪੁਨ ਸਵਧਾਨ ॥੧੫॥
ਦੋਨਹੁ ਧਨੁ ਵਿੱਦਯਾ ਮਹਿਂ ਚਾਤੁਰ
ਦੋਨਹੁ ਕੇ ਰਿਸ ਵਧੀ ਬਿਸਾਲ।
ਪੁਨ ਦੋਨਹੁ ਧਨ ਮਹਿਂ ਸਰ ਸੰਧੇ,
ਦੋਨਹੁ ਚਲੇ ਸਬੇਗ ਕਰਾਲ।
ਲਗੇ ਦੁਹਨ ਕੀ ਭੁਜ ਮਹਿ ਬੀਧੇ
ਛੁਟਯੋ ਸ਼੍ਰੋਨ ਬਾਗੇ ਤਨ[1] ਲਾਲ।
ਬਹੁਰ ਨ ਮਿਟੇ ਰਹੇ ਥਲ ਠਾਂਢੇ,

[1]ਤਨ ਦੇ ਪੁਸ਼ਾਕੇ।

ਘਾਇਲ ਹ੍ਵੈ ਕਰਿ ਹੇਰਤਿ ਜਾਲ ॥੧੬॥
ਬਹੁਰ ਜੀਤਮਲ ਤੀਰ ਨਿਕਾਸ੍ਯੋ
ਹਰੀਚੰਦ ਪਿਖਿ ਕੋਪ ਮਹਾਨ।
ਤੂਰਨ ਕਰਤਿ ਕਰ੍ਯੋ ਸਰ ਸੰਧਨਿ[1]
ਕਰ ਦੋਨਹੁਂ ਕੇ ਨਿਠੁਰ[1] ਕਮਾਨ।
ਐਂਚਿ ਐਂਚਿ ਚਿਰਝਾਵਤਿ ਨੀਕੇ
ਹਰੀਚੰਦ ਕੇ ਆਯੋ ਤੀਰ[1]।
ਰਿਦਾ ਬੇਧ ਕਰਿ ਜੀਤ ਮੱਲ ਕੋ
ਪਰ੍ਯੋ ਪਾਰ ਘੂਮ੍ਯੋ ਵਧਿ ਪੀਰ[1]।
ਦੰਤਨ ਚਰਬਤਿ ਹਤਨ ਸ਼ੱਤ੍ਰੁ ਕੌ
ਲਾਲ ਬਿਲੋਚਨ ਆਨਨ ਧੀਰ[1]।
ਸਨਮੁਖ ਗਿਰ੍ਯੋ ਨ ਪਰ੍ਯੋ ਪਿਛਾਰੀ।
ਧੰਨ ਪਿਤਾ ਮਾਤਾ ਬਰ ਬੀਰ! ॥੧੭॥
ਜੀਤਮੱਲ ਕੋ ਛੁਟ੍ਯੋ ਬਾਣ ਜੋ
ਮਰਮ ਸਥਲ ਮਹਿਂ ਲਾਗ੍ਯੋ ਸੋਇ।
ਛਾਤੀ ਬੇਧਿ ਪਾਰ ਸੋ ਨਿਕਸ੍ਯੋ
ਹਰੀਚੰਦ ਘੂਮ੍ਯੋ ਸੁ ਖਰੋਇ।
ਕਰਤਿ ਸੰਭਾਰਨ, ਭਈ ਮੂਰਛਾ,
ਪਰ੍ਯੋ ਧਰਾ ਪਰ ਜਨੁ ਛਿਤ ਸੋਇ[1]।
ਆਇ ਨਰਨ ਸੋ ਤੀਰ ਨਿਕਾਸ੍ਯੋ
ਬਾਂਧ੍ਯੋ ਘਾਵ ਕਰ੍ਯੋ ਦ੍ਰਿੜ੍ਹ ਜੋਇ ॥੧੮॥
ਸਨੇ ਸਨੇ ਤਿਹ ਪਵਨ ਝੁਲਾਈ
ਲੇ ਜਲ ਕੋ ਆਨਨ ਮਹਿਂ ਡਾਰ।
ਜੀਤਮੱਲ ਗੁਰ ਭਟਨ ਉਠਾਯੋ
ਜੋ ਪਹੁੰਚ੍ਯੋ ਸੁਖ ਸੁਰਗ ਮਝਾਰ।
ਲੋਥ ਆਪਨੇ ਦਿਸ਼ਿ ਲੇ ਰਾਖੀ
'ਧੰਨ ਧੰਨ' ਸਭਿ ਕਰਹਿਂ ਉਚਾਰ।
ਕਲ਼ਗੀਧਰ ਪਿਖਿ ਅਧਿਕ ਸਰਾਹ੍ਯੋ
'ਛੱਤ੍ਰੀਪਨੋ ਨਿਬਾਹਿ ਉਦਾਰ' ॥੧੯॥
ਜੀਤਮੱਲ ਜਬਿ ਸੁਰਗ ਸਿਧਾਰ੍ਯੋ
ਹਰੀਚੰਦ ਮੁਰਛਾ ਕੋ ਪਾਇ।
ਸੰਗੋਸ਼ਾਹ ਨਿਜਾਬਤ ਸੰਗੋ

[1]ਤੀਰ ਨੂੰ ਜੋੜਨਾ।
[1]ਕਠੋਰ।
[1]ਹਰੀਚੰਦ ਦਾ ਤੀਰ ਆਇਆ।
[1]ਪੀੜਾ ਵਧੀ।
[1]ਮੁਖ ਧੀਰਜ ਸਹਿਤ ਸੀ।
[1]ਮਾਨੋ ਜ਼ਮੀਨ ਤੇ ਸੌਂ ਗਿਆ।

ਅਰੇ ਪਰਸਪਰ ਕੋਪ ਵਧਾਇ।
ਗ੍ਰਿੱਧ ਕਾਕ ਗਨ ਬਾਇਸੁ ਆਮਿਖ
ਭਖਹਿਂ ਊਚ ਕਹਿ ਨਾਦ ਸੁਨਾਇ।
ਗਨ ਗੀਦਰ ਤ੍ਰਿਪਤਾਨੇ ਰਨ ਮਹਿਂ
ਸਿਵਾ[1] ਪੁਕਾਰ ਰਹੀ ਹਰਖਾਇ ॥੨੦॥ [1]ਗਿਦੜੀਆਂ।
ਫਤੇਸ਼ਾਹ ਇਕ ਥਾਨ ਖਰੋ ਤਹਿਂ,
ਹਰੀਚੰਦ ਕੌ ਮੂਰਛ ਹੇਰਿ।
ਜਿਸ ਕੇ ਨਿਕਟ ਖਰੇ ਭਟ ਪੁੰਜਹਿਂ
ਤਬਿ ਕਲਗ਼ੀਧਰ ਕਹ੍ਯੋ ਸੁ ਟੇਰ।
'ਜਹਿਂ ਸਮੁਦਾਇ ਮਿਲੇ ਇਕ ਥਲ ਭਟ
ਰਾਮ ਸਿੰਘ ! ਦੇਖਹੁ ਬਿਨ ਦੇਰ।
ਗੋਰਾ ਤਹਾਂ ਤੋਪ ਕੋ ਮਾਰਹੁ
ਤਿਨ ਸਭਿ ਕੌ ਦੇ ਤ੍ਰਾਸ ਬਡੇਰ' ॥੨੧॥
ਸੁਨਤੋਂ ਹੁਕਮ ਗੁਰ ਕੋ ਤਿਨ ਤਤਛਿਨ
ਤੋਪ ਹੁਤੀ ਪੂਰਬ ਹੀ ਤਯਾਰ।
ਦਈ ਪਲੀਤੇ ਅਗਨਿ, ਉਠੀ ਤਬਿ
ਗਰਜੀ ਭੈਰਵ ਸ਼ਬਦ ਉਦਾਰ।
ਗੋਰਾ ਲਗ੍ਯੋ ਚੁੰਗ[1] ਜਹਿਂ ਬਾਂਧ੍ਯੋ [1]ਟੋਲਾ।
ਦੁਇ ਤ੍ਰੈ ਨਰ ਕੋ ਕੀਨਿ ਸੰਘਾਰ।
ਸੁਕਚਿ ਸਰਬ ਹੀ ਇਤ ਉਤ ਦੌਰੇ
ਫਤੇਸ਼ਾਹ ਦੀਰਘ ਡਰ ਧਾਰਿ ॥੨੨॥
'ਹਰੀਚੰਦ ਇਕ ਹੁਤੋ ਸੂਰਮਾ
ਸੋ ਰਨ ਮਹਿਂ ਲਰਿ ਮੁਰਛਾ ਪਾਇ।'
ਅਪਰ ਸੁਭਟ ਗਨ ਮਰੇ ਦੇਖਿ ਕਰਿ
ਨਿਜ ਤੁਰੰਗ ਕੌ ਚਲ੍ਯੋ ਧਵਾਇ।
ਧਨੁਖ ਬਾਨ ਨਹਿਂ ਪਾਨ ਸੰਭਾਰੇ,
ਕਾਤੁਰ ਭਯੋ ਤ੍ਰਾਸ ਉਰ ਪਾਇ।
ਅਪਰ ਹੇਰਿ ਕਰਿ ਗਿਰਪਤਿ ਭਾਗ੍ਯੋ
ਤਜਿ ਤਜਿ ਕਰਿ ਰਣਖੇਤ ਪਰਾਇ
॥੨੩॥
ਜਸਵਾਲੀ ਡਢਵਾਲੀ ਜੇਤਿਕ
ਅਵਿਲੋਕਤਿ ਹੀ ਮਧਕਰਸ਼ਾਹ।

ਚਲੇ ਭਾਜ ਨਹਿਂ ਲਾਜ ਬਿਚਾਰੀ
ਸਮ ਨਾਰੀ ਕੇ ਡਰ ਉਰ ਮਾਂਹਿ।
ਗੋਰਾ ਗੋਰੀ ਤੀਰ ਨ ਪਹੁੰਚੇ,
ਥਿਰ ਤਹਿਂ ਦੂਰ ਭਯੋ ਨਰਨਾਹ[1]। [1](ਇਨੀ) ਦੂਰ ਜਾ ਖੜੇ ਹੋਏ ਰਾਜੇ।
-ਕਜੋਂ ਬਿਨ ਆਈ ਮਰਹਿਂ ਜੰਗ ਮਹਿਂ,
ਕਾਜ ਨ ਸਰਹਿ, ਲਰਹਿਂ ਹਮ ਕਾਹਿ[1]?- [1]ਕਿਸ ਲਈ।
॥੨੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੀਤਮਲ ਬੱਧ ਫਤੇਸ਼ਾਹ ਪਲਾਇ' ਪ੍ਰਸੰਗ ਬਰਨਨੰ ਨਾਮ ਉੱਨਤੀਸਮੋ ਅੰਸੂ ॥੨੯॥

## ੩੦. [ਸੰਗੋਸ਼ਾਹ ਤੇ ਹਰੀਚੰਦ ਬੱਧ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਫਤੇਸ਼ਾਹਿ ਭਾਜਜੋ ਪਿਖਜੋ, ਹਰੀਚੰਦ ਚੰਦੇਲ[1]। [1]ਹਰੀਚੰਦ ਤੇ ਚੰਦੇਲੀਏ ਨੇ।
ਚੱਕ੍ਰਿਤ ਚਿਤ ਚੌਂਪਜੋ ਚਪਜੋ[1], ਗਹੇ ਹਾਥ ਮਹਿਂ ਸੇਲ ॥੧॥
[1]ਚੱਕ੍ਰਿਤ ਹੋਕੇ ਚਿੱਤ ਵਿਚ ਉਤਸਾਹ ਆਇਆ ਤੇ ਕੋਪਵਾਨ ਹੋਕੇ।

ਰਸਾਵਲ ਛੰਦ:

ਦਯਾਰਾਮ ਬੀਰੰ। ਨੰਦੰ ਚੰਦ ਧੀਰੰ।
ਕੁਪਜੋ ਗੰਗਰਾਮੰ। ਗੁਲਾਬੰ ਸੁ ਨਾਮੰ ॥੨॥
ਮਰਜੋ ਜੀਤਮੱਲੰ। ਪਿਖਜੋ ਭੂਮਥੱਲੰ[1]। [1]ਪ੍ਰਿਥਵੀ ਤਲ ਤੇ।
ਸਭੈ ਕੋਪ ਧਾਏ। ਪਹਾਰੀ ਪਲਾਏ ॥੩॥
ਸਧੀਰੰ ਚੰਦੇਲੰ। ਧਰੇ ਹਾਥ ਸੇਲੰ।
ਅਰਜੋ ਅੱਗ੍ਰ ਆਈ। ਕੁਲੰ ਲਾਜ ਪਾਈ ॥੪॥
ਹਤਜੋ ਏਕ ਦ੍ਵੈ ਕੈ[1]। ਰਹਜੋ ਠਾਂਢ ਹ੍ਵੈ ਕੈ। [1]ਇਕ ਯਾ ਦੋ ਨੂੰ।
ਨਿਕਾਰੀ ਕ੍ਰਿਪਾਨਾ। ਚਹੈਂ ਸ਼ੱਤ੍ਰੁ ਹਾਨਾ ॥੫॥
ਦਯਾਰਾਮ ਆਦੰ। ਢੁਕੇ ਬੋਲਿ ਬਾਦੰ[1]। [1]ਬੋਲ ਕਹਿ ਕੇ।
ਕਰੈਂ ਖੱਗ ਘਾਤਾ। ਕਟਜੋ ਸ਼ੱਤ੍ਰੁ ਗਾਤਾ[1] ॥੬॥ [1]ਸਰੀਰ।
ਚਿਤੰ ਸ੍ਵਾਮ ਕਾਮੰ[1]। ਗਿਰਜੋ ਜੰਗ ਥਾਮੰ। [1]ਸ੍ਵਾਮੀ ਦਾ ਕੰਮ ਚਿਤਵਦਾ।
ਰਖਜੋ ਧਰਮ ਬੀਰੰ। ਤਜੀ ਹੈ ਨ ਧੀਰੰ ॥੭॥
ਭਯੋ ਟੂਕ ਟੂਕੰ[1]। ਪਰੀ ਕੂਕ ਕੂਕੰ। [1]ਟੁਕੜੇ ਟੁਕੜੇ।
ਗਯੋ ਭਾਜ ਰਾਜਾ। ਤਜਜੋ ਜੰਗ ਕਾਜਾ ॥੮॥
ਰਿਸੇ ਖਾਨਜ਼ਾਦੇ। ਬਜੇ ਦੀਹ ਬਾਜੇ।
ਫਿਰੇ ਫੇਰ ਸਾਰੇ। ਕਰੈਂ ਮਾਰ ਮਾਰੇ ॥੯॥
ਨਿਜਾਬੰ ਪਠਾਨਾ। ਸੰਗੋਸ਼ਾਹ ਜ੍ਵਾਨਾ।
ਅਰੇ ਆਪ ਮਾਂਹੀ। ਹਟੇਂ ਪੈਰ ਨਾਂਹੀ ॥੧੦॥
ਸਭਾ ਬੀਚ ਜੋਊ। ਹੁਤੋ ਮੇਲ ਦੋਊ[1]। [1]ਭਾਵ ਸੰਗੋਸ਼ਾਹ ਤੇ ਨਿਜਾਬਤ ਦਾ ਗੁਰੂ ਜੀ ਦੀ ਸਭਾ ਵਿਚ ਮੇਲ ਸੀ।

[1]ਪੁਰੰ ਥੀ ਚਿਨਾਰੀ। ਗੁਰੂ ਤੀਰਵਾਰੀ ॥੧੧॥

[1]ਪਹਿਲੋਂ ਗੁਰੂ ਜੀ ਦੇ ਪਾਸ ਸੀ ਜਦੋਂ ਤਦੋਂ ਦੀ ਬੀ ਪਛਾਣ ਸੀ।

ਦੋਹਰਾ:

ਕਰਤਿ ਹੁਤੇ ਰਨ ਬਾਤ ਕੌ[1],
ਘਾਤ ਅਨੇਕ ਉਪਾਯ।
ਮਾਨਤਿ ਭਟ ਬਡ ਆਪ ਕੌ,
ਦੋਨੋ ਸਹਿਜ ਸੁਭਾਇ ॥੧੨॥

[1]ਕਰਦੇ ਹੁੰਦੇ ਸਨ (ਪਹਿਲੋਂ) ਗੱਲਾਂ ਰਣ ਦੀਆਂ।

ਰਸਾਵਲ ਛੰਦ:

ਭਈ ਯਾਦ ਸੋਊ। ਭਿਰੇ ਬੀਰ ਦੋਊ।
ਕਰੈਂ ਸ਼੍ਰੀਘਤਾਈ। ਪਰਜੋ ਨੇਰ ਆਈ ॥੧੩॥
ਕ੍ਰਿਪਾਨੈਂ ਨਿਕਾਰੀ। ਭਯੋ ਭੇਰ ਭਾਰੀ।
ਧਰੀ ਢਾਲ ਆਗੈ। ਤਕੇ ਦਾਵ ਲਾਗੈ[1] ॥੧੪॥

[1]ਤੱਕਦੇ ਹਨ ਕਿ ਦਾਉ ਲਗੇ।

ਉਭਾਰੈਂ ਚਲਾਵੈਂ। ਸਰੀਰੰ ਬਚਾਵੈਂ।
ਖਰੰ ਖੱਗ ਧਾਰੈਂ। ਸੁ ਉਚੇ ਉਸਾਰੈਂ[1] ॥੧੫॥

[1]ਉੱਚਾ ਕਰਦੇ ਹਨ।

ਲਗੈਂ ਘਾਵ ਅੰਗਾ। ਭਏ ਲਾਲ ਰੰਗਾ।
ਬਹਜੋ ਸ਼੍ਰੋਣ ਜਾਈ। ਤਜੈਂ ਪੈ ਨ ਥਾਈ ॥੧੬॥
ਮਨੋ ਢਾਕ[1] ਫੂਲੇ। ਦੁਊ ਬੀਰ ਝੂਲੇ।

[1]ਪਲਾਸ।

ਰਣੰ ਰੰਗ ਸੋਹਾ। ਗੁਰੂ ਕੀਨਿ ਦੋਹਾ[1] ॥੧੭॥

[1]ਗੁਰੂ ਜੀ ਨੇ ਦੋਹਾ ਰਚਕੇ (ਹਾਲ ਦੱਸਿਆ ਹੈ)।

ਸ੍ਰੀ ਮੁਖਵਾਕ:

ਦੋਹਰਾ:

ਮਾਰਿ ਨਿਜਾਬਤ ਖਾਨ ਕੌ, ਸੰਗੋ ਜੁਝੈ ਜੁਝਾਰ[1]।
ਹਾ ਹਾ ਇਹ ਲੋਕੈਂ ਭਯੋ, ਸੁਰਗ ਲੋਕ ਜੈਕਾਰ ॥੨੩॥

[1]ਸ਼ਹੀਦ ਹੋ ਗਿਆ ਸੂਰਮਾਂ।

[1]ਪਿਖਿ ਪੁਰਸ਼ਾਰਥ ਬੀਰ ਕੋ, ਕਰਜੋ ਜੰਗ ਬਡ ਕਾਮ।

[1]ਇਹ ਅਗਲਾ ਦੋਹਾ ਕਵੀ ਜੀ ਦਾ ਹੈ।

ਸੰਗੋ ਕਾ ਸਤਿਗੁਰ ਧਰਜੋ, ਨਾਮ ਸ਼ਾਹ ਸੰਗ੍ਰਾਮ[1] ॥੧੮॥

[1]'ਸ਼ਾਹ ਸੰਗ੍ਰਾਮ' ਨਾਮ ਧਰਿਆ ਸੰਗੋ ਦਾ।

ਰਸਾਵਲ ਛੰਦ:

ਲਗੇ ਘਾਵ ਸੌਂਹੈਂ। ਚਢੀ ਬੰਕ ਭੌਹੈਂ।
ਗਿਰਜੋਂ ਜੰਗ ਮਾਂਹੀ। ਹਟਜੋ ਪੈਰ ਨਾਂਹੀ ॥੧੯॥
ਗਯੋ ਦੇਵ ਲੋਕੰ। ਜਹਾਂ ਨਾਂਹਿ ਸ਼ੋਕੰ।
ਗਿਰੇ ਬੀਰ ਦੋਈ। ਪ੍ਰਭੂ ਪੇਖਿ ਸੋਈ ॥੨੦॥
ਚਲੇ ਆਪ ਆਗੇ। ਰਿਦੇ ਕੋਪ ਜਾਗੇ।
ਸੰਭਾਰੇ ਕੁਦੰਡੰ। ਖਤੰਗੇ ਪ੍ਰਚੰਡੰ[1] ॥੨੧॥

[1]ਬਾਨ।

ਭਯੋ ਤੇਜ ਘੋਰਾ। ਜ਼ਰੀ ਜ਼ੀਨ ਬੋਰਾ[1]।

[1]ਜ਼ਰੀ ਵਿਚ ਕਾਠੀ ਡੁੱਬੀ ਹੋਈ ਭਾਵ ਮੜ੍ਹੀ ਹੋਈ।

ਖਰੇ ਖਾਨ ਖੂਨੀ। ਰਿਸੇ ਪੇਖਿ ਦੂਨੀ[1] ॥੨੨॥

[1]ਖੂਨੀ ਖਾਨ ਖੜੇ ਦੇਖਕੇ (ਗੁਰੂ ਜੀ) ਨੂੰ ਦੂਣਾ ਰੋਸ ਹੋਇਆ।

ਬਜੀ ਬੰਬ[1] ਭੂਰੀ। ਸੁਨੀ ਜਾਇ ਦੂਰੀ।
ਉਤੈ ਖਾਨ ਢੂਕੈਂ। ਮੁਖੰ 'ਮਾਰ' ਕੂਕੈਂ ॥੨੩॥

[1]ਭਾਵ ਨਗਾਰਿਆਂ ਦੇ ਸ਼ਬਦ ਬਹੁਤ ਹੋਏ।

ਗੁਰੂ ਬਾਨ ਲੀਨਾ। ਧਨੈਂ ਐਂਚਿ ਕੀਨਾ[†]।

[†]ਜਿਸ ਬ੍ਰਿੱਛ ਹੇਠ ਖੜੋਕੇ ਆਪ ਨੇ ਬਾਣ ਚਲਾਏ ਹਨ, ਹੁਣ ਤਕ ਖੜਾ ਹੈ। ਪਰ ਸ਼ੋਕ ਕਿ ਉਥੇ ਸ਼ਿਲਾਲੇਖ ਬੀ ਨਹੀਂ ਹੈ ਤੇ ਗੁਰਦਵਾਰਾ ਬੀ ਸਿੱਖਾਂ ਨੇ ਕੋਈ ਨਹੀਂ ਹੁਣ ਤਕ ਬਣਾਇਆ ਹੈ। ਲੋਕਾਂ ਨੂੰ ਅਜੇ ਤਕ ਟਿਕਾਣਾ ਯਾਦ ਹੈ। ਇਹ ਉਪਰਲੇ ਮੈਦਾਨ ਦੀ ਇਕ ਅੱਗੇ ਵਧਵੀਂ ਮਾਨੋ ਨੋਕ ਹੈ।

ਤਜਜੋ ਬੇਗ ਸੰਗਾ। ਲਗਜੋ ਖਾਨ ਅੰਗਾ ॥੨੪॥
ਗਿਰਜੋ ਜੰਗ ਖੇਤਾ। ਨਹੀਂ ਫੇਰ ਚੇਤਾ[1]।

[1]ਸਾਵਧਾਨ ਨਾ ਹੋਇਆ।

ਡਸਜੋ ਨਾਗ ਮਾਨੋ। ਕਰੇ ਪ੍ਰਾਨ ਹਾਨੋ ॥੨੫॥
ਦੁਤੀ ਬਾਣ ਲੈਕੇ। ਗੁਨੰ[1] ਜੋਰਿ ਕੈ ਕੈ।

[1]ਚਿੱਲੇ ਵਿਚ।

ਕਰਜੋ ਤਾਨ ਤਾਨਾ[1]। ਲਗਜੋ ਖਾਨ ਕਾਨਾ[2] ॥੨੬॥

[1]ਜ਼ੋਰ ਨਾਲ ਖਿੱਚਕੇ। [2]ਖਾਨ ਦੇ ਕੰਨ ਨੂੰ।

ਦੋਹਰਾ:
ਸਭਿ ਖਾਨਨ ਸਰਦਾਰ ਬਡ, ਨਾਮ ਜੁ ਭੀਖਨ ਖਾਂਨ।
ਨਿਮਕ ਹਰਾਮੀ ਜਾਨਿ ਕੈ, ਮਾਰਜੋ ਤੀਖਨ ਬਾਨ ॥੨੭॥
ਰਸਾਵਲ ਛੰਦ:

ਮੁਖੰ ਤਾਕਿ ਮਾਰਾ। ਮਨੋ ਨਾਗ ਕਾਰਾ।
ਚਲ੍ਯੋ ਸ਼ੂਕ ਆਗੈ। ਰਿਪੂ ਤ੍ਰਾਸ ਲਾਗੈ ॥੨੮॥
ਨਹੀਂ ਠਾਢ ਹੋਵਾ। ਪ੍ਰਭੂ ਭੀਮ ਜੋਵਾ[1]। [1]ਭਾਵ ਗੁਰੂ ਜੀ ਦਾ ਭੈ ਖਾਧਾ।
ਬਚ੍ਯੋ ਆਪ ਭਾਗ੍ਯੋ। ਤਰੰਗੈ ਸੁ ਲਾਗ੍ਯੋ ॥੨੯॥
ਪਰ੍ਯੋ ਪਾਰ ਜਾਈ। ਗਿਰ੍ਯੋ ਜੰਗ ਥਾਈ।
ਮਰ੍ਯੋ ਸੋ ਕਿਕਾਨੰ। ਚਲ੍ਯੋ ਤ੍ਯਾਗ ਖ਼ਾਨਾ ॥੩੦॥
ਗੁਰੂ ਬਾਨ ਆਨਾ[1]। ਤਜੈ ਹਾਨ ਖਾਨਾ[2]। [1]ਹੋਰ। [2]ਖਾਨ ਨੂੰ ਮਾਰਨ ਲਈ ਚਲਾਏ।
ਨੰਦੰ ਚੰਦ ਛਿੱਪ੍ਰੰ। ਦਯਾਰਾਮ ਬਿੱਪ੍ਰੰ ॥੩੧॥
ਗੁਰੂ ਕੋਪ ਹੇਰਾ। ਸੰਗ੍ਰਾਮੰ ਬਡੇਰਾ।
ਪਰੇ ਧਾਇ ਦੋਈ। ਹਨੈਂ ਖਾਨ ਸੋਈ ॥੩੨॥
ਕਰ੍ਯੋ ਜ਼ੋਰ ਹੱਲਾ। ਨਹੀਂ ਜਾਇ ਝੱਲਾ।
ਪਰ੍ਯੋ ਸ਼ੋਰ ਊਚਾ। ਸੁ ਦੂਰੇ ਪਹੂੰਚਾ ॥੩੩॥
ਟਿਕੇ ਖਾਂਨ ਨਾਂਹੀ[1]। ਰਿਦੇ ਤ੍ਰਾਸ ਮਾਂਹੀ। [1]ਭਾਵ ਭੀਖਨ ਖਾਨ ਨੂੰ ਭੱਜਾ ਜਾਂਦਾ ਦੇਖ ਕੇ ਪਠਾਨ ਸਾਰੇ ਭੱਜ ਉਠੇ।
ਪ੍ਰਹਾਰੇ ਸੁ ਭਾਗੇ[1]। ਬਡੇ ਘਾਵ ਲਾਗੇ ॥੩੪॥ [1](ਜਿਨ੍ਹਾਂ ਉਪਰ) ਵਾਰ ਕੀਤੇ ਸਨ (ਉਹ ਡਰ ਕੇ) ਭੱਜੇ।
ਭਯੋ ਜੰਗ ਭਾਰਾ। ਨ ਜਾਈ ਸਹਾਰਾ।
ਹਜ਼ਾਰੈਂ ਸੁ ਜੋਧਾ। ਭਜੇ ਤ੍ਯਾਗਿ ਕ੍ਰੋਧਾ ॥੩੫॥
ਮਿਲੇ ਭੂਤ ਪ੍ਰੇਤੰ। ਭਖੈਂ ਮਾਸ ਖੇਤੰ।
ਬਡੀ ਗ੍ਰਿੱਝ ਬੋਲੈਂ। ਬਿਸਾਲੀ ਕਲੋਲੈਂ ॥੩੬॥
ਫਿਰੇ ਆਨ ਸ੍ਯਾਰੰ[1]। ਪੁਕਾਰੈਂ ਪੁਕਾਰੰ[2]। [1]ਗਿੱਦੜ। [2]ਭਾਵ ਬਹੁਤ ਰੌਲਾ ਪਾਉਂਦੇ ਹਨ।
ਮਿਲੀ ਜੋਗਨੀਯਾ। ਮਹਾਂ ਸ਼੍ਰੌਨ[1] ਪੀਯਾ ॥੩੭॥ [1]ਲਹੂ।
ਡਕੀ ਡਾਕਣਾਈ[1]। ਡਕਾਰੈਂ ਅਘਾਈ। [1]ਬੋਲਦੀਆਂ ਹਨ ਡਾਕਣੀਆਂ।

ਭਯੋ ਭੀਮ ਥਾਨਾ। ਤ੍ਰਸੇ ਬ੍ਰਿੰਦ ਖਾਨਾ[1] ॥੩੮॥

[1]ਸਾਰੇ ਪਠਾਣ ਡਰੇ।

ਪਰੀ ਲੋਥ ਬ੍ਰਿੰਦਾ। ਬਿਲੰਦੈ ਨਿਕੰਦਾ[1]।

[1]ਬਹੁਤ ਕੱਟੇ ਗਏ।

ਪ੍ਰਿਥੀ ਸ਼੍ਰੋਣ ਫੈਲਾ। ਪਰਜੋ ਐਲ ਭੈਲਾ[1] ॥੩੯॥

[1]ਭਯਾਨਕ ਸ਼ੋਰ ਪੈ ਰਿਹਾ ਹੈ। [ਐਲ = ਸ਼ੋਰ। ਭੈਲਾ = ਭਯਾਨਕ]। (ਅ) ਸਾਰਿਆਂ ਨੂੰ ਭੈ ਪੈ ਗਿਆ [ਅ੍ਰ. ਐਲ = ਜਮਾਤਾਂ, ਸਮੂਹ]।

ਦੋਹਰਾ:

ਜੀਤਮੱਲ ਕੇ ਤੀਰ ਸੋਂ[1], ਹਰੀਚੰਦ ਮੁਰਝਾਇ[2]।

[1]ਤੀਰ ਨਾਲ। [2]ਮੂਰਛਾ ਹੋ ਗਿਆ ਸੀ।

ਸਨੇ ਸਨੇ ਲਹਿ ਚੇਤਨਾ, ਦੇਖੇ ਖਾਨ ਪਰਾਇ[1] ॥੪੦॥

[1]ਹੌਲੇ ਹੌਲੇ ਹੋਸ਼ ਵਿਚ ਆਕੇ ਉਸ ਨੇ ਖਾਨ ਨੱਸੇ ਜਾਂਦੇ ਦੇਖੇ।

-ਉਮਡਜੋ ਆਵਤਿ ਗੁਰੂ ਦਲ, ਜੰਗ ਫਤੇ ਕੋ ਪਾਇ-।

ਸਹਿ ਨ ਸਕਜੋ ਨਿਜ ਹਾਰ ਕੌਂ, ਘਾਵ ਸੁ ਦ੍ਰਿੜ ਬੰਧਵਾਇ[1] ॥੪੧॥

[1]ਜ਼ਖਮ ਨੂੰ ਚੰਗੀ ਤਰ੍ਹਾਂ ਬੰਨ੍ਹਵਾਇਆ।

ਰਸਾਵਲ ਛੰਦ:

ਹਰੀਚੰਦ ਜੋਧਾ। ਉਠਜੋ ਫੇਰ ਕ੍ਰੋਧਾ।

ਸੰਭਾਰਜੋ ਕੁਦੰਡਾ। ਸਰੰ ਸੰਧਿ ਛੰਡਾ ॥੪੨॥

ਪੁਨੰ ਆਨ ਲੀਨੇ[1]। ਤਜੇ ਓਜ ਕੀਨੇ।

[1]ਫਿਰ ਹੋਰ (ਤੀਰ) ਲਿਆ।

ਗੁਰੂ ਬੀਰ ਮਾਰੇ। ਜੁ ਆਗੇ ਪਧਾਰੇ ॥੪੩॥

ਜਿਸੈ ਅੰਗ[1] ਲਾਗੈ। ਤਬੈ ਪ੍ਰਾਨ ਤਯਾਗੈ।

[1]ਜਿਸ ਦੇ ਅੰਗਾਂ ਨੂੰ।

ਸੁਰੰ ਲੋਕ ਜਾਵੈ। ਬਰੈਂ ਹੂਰ ਆਵੈਂ ॥੪੪॥

ਤਊ ਬੀਰ ਭਾਰੇ। ਮਰੇ ਨ ਪਿਛਾਰੇ।

ਹਲੰ ਹਾਲ[1] ਘਾਲੇ। ਅਗੇ ਪਾਇ ਡਾਲੇ ॥੪੫॥

[1]ਹੱਲੇ ਤੇ ਹੱਲਾ।

ਹਰੀਚੰਦ ਹੇਰੇ। ਸੁ ਕੋਪਜੋ ਘਨੇਰੇ।

ਸੰਧੇ ਬਾਨ ਦੋਊ। ਕਰੇ ਓਜ ਸੋਊ ॥੪੬॥

ਹਤੈ ਏਕ ਬਾਰੀ। ਲਗੈ ਹੋਇ ਪਾਰੀ।

ਭਟੰ ਹੈ ਕਿ ਘੋਰਾ। ਪ੍ਰਹਾਰੈ ਸੁ ਜ਼ੋਰਾ[1] ॥੪੭॥

[1]ਜ਼ੋਰ ਨਾਲ ਮਾਰਦਾ ਹੈ।

ਤਨੰ ਫੋਰ ਦੇਤਾ। ਗਿਰੇ ਜੰਗ ਖੇਤਾ।

ਉਠੈ ਪੈ ਨ ਸੋਈ। ਮਹਾਂ ਨੀਂਦ ਸੋਈ ॥੪੮॥
ਗੁਰੂ ਹੇਰਿ ਤਾਂ ਕੋ। ਬਡੋ ਬੀਰ ਬਾਂਕੋ।
ਗਏ ਤਾਂਹਿ ਆਗੇ। ਜਿਸੇ ਕੋਪ ਜਾਗੇ[1] ॥੪੯॥
ਹਰੀਚੰਦ ਦੇਖੈ। ਪ੍ਰਭੂ ਜੀ ਪਰੇਖੈ[1]।
ਤਬੈ ਤਾਨਿ ਬਾਨੰ। ਬਲੀ ਬੀਰ ਜ੍ਵਾਨੰ ॥੫੦॥
ਗੁਰੂ ਓਰ ਮਾਰਾ। ਮਨੋ ਆਇ ਮਾਰਾ[1]।
ਗਯੋ ਹਾਥ ਠਾਗਾ[1]। ਹਯੰ ਅੰਗ ਲਾਗਾ ॥੫੧॥
ਕਛੂ ਘਾਵ ਥੋਰਾ[1]। ਪ੍ਰਭੂ ਕੇਰ ਘੋਰਾ।
ਤਿਮੰ ਬੇਗ ਧਾਰੇ। ਸੁ ਪੀਰਾ ਸਹਾਰੇ[10] ॥੫੨॥
ਰਿਸਜੋ ਸੈਲ ਰਾਜਾ। ਸਰਜੋ ਨਾਂਹਿ ਕਾਜਾ।
ਲਯੋ ਬਾਨ ਆਨਾ। ਸੁ ਚਾਂਪੰ ਸੰਧਾਨਾ ॥੫੩॥
ਗੁਰੂ ਬੀਰ ਭਾਰੀ। ਨਿਹਾਰੇ ਅਗਾਰੀ।
ਬਨਾਏ ਨਿਸ਼ਾਨਾ। ਤਜਜੋ ਤੀਖ ਬਾਨਾ ॥੫੪॥
ਗਯੋ ਹਾਥ ਹਾਲੀ[1]। ਭਯੋ ਵਾਰ ਖਾਲੀ।
ਛੁਹਜੋ ਸ਼੍ਰੋਣ ਸੰਗਾ[1]। ਪਰਜੋ ਸੋ ਖਤੰਗਾ ॥੫੫॥
ਕਛੂ ਘਾਵ ਹੋਵਾ। ਲਹੂ ਬ੍ਰਿੰਦ ਜੋਵਾ।
ਹਰੀਚੰਦ ਹੇਰੇ। ਬਿਸੰਮਜੋ ਘਨੇਰੇ ॥੫੬॥
-ਲਗੈ ਤੀਰ ਨਾਂਹੀ। ਭਯੋ ਮੋਹਿ ਕਾਹੀ[1]।
ਤੁਰੰਗੇ ਨ ਮਾਰਾ[1]। ਨ ਸ਼ੱਤ੍ਰੂ ਸੰਘਾਰਾ ॥੫੭॥
ਜੁ ਵਿੱਦਜਾ ਕਮਾਈ। ਨਹੀਂ ਕਾਮ ਆਈ।
ਗੁਰੂ ਸਾਵਧਾਨਾ। ਅਡੋਲੰ ਨਿਸ਼ਾਨਾ ॥੫੮॥

[1]ਜਿਸ (ਹਰੀਚੰਦ ਨੂੰ) ਕ੍ਰੋਧ ਜਾਗਿਆ ਹੋਇਆ ਸੀ।

[1]ਸਿਆਣ ਲਏ।

[1]ਮਾਨੋ ਸੱਪ ਆਉਂਦਾ ਹੈ।

[1]ਠਗਿਆ ਗਿਆ ਭਾਵ ਹਿੱਲ ਗਿਆ। (ਅ) ਭਾਵ ਗੁਰੂ ਜੀ ਦੇ ਹੱਥ ਨੂੰ ਛੂਹ ਕੇ ਲੰਘ ਗਿਆ।

[1]ਤਿਵੇਂ (ਪਹਿਲੋਂ ਵਾਂਙ) ਪੀੜਾ ਸਹਾਰਕੇ (ਬੇਗ ਨਾਲ ਉਸੇ ਤਰ੍ਹਾਂ) ਚਲਦਾ ਰਿਹਾ ਘੋੜਾ ਪ੍ਰਭੂ ਜੀ ਦਾ।

[1]ਹਿੱਲ ਗਿਆ।

[1]ਕੰਨ ਨਾਲ ਜ਼ਰਾ ਕੁ ਛੁਹਿਆ।

[1]ਮੈਨੂੰ ਕੀ ਹੋ ਗਿਆ ਹੈ।

[1]ਘੋੜਾ ਭੀ ਨਾ ਮਰਿਆ।

ਤਉ ਮੈਂ ਨ ਹਾਨਾ[1]। ਰਹ੍ਯੋ ਧਾਰਿ ਪ੍ਰਾਨਾ-। [1]ਨਾ ਮਾਰ ਸਕਿਆ।
ਬਿਚਾਰੈ ਉਦਾਰਾ[1]। ਮਨੋ ਜੁੱਧ ਹਾਰਾ ॥੫੯॥ [1]ਬਹੁਤ ਸੋਚਦਾ ਹੈ।

ਪੁਨੰ ਦੇਖ ਨੈਨਾ। ਲਯੋ ਬਾਨ ਪੈਨਾ[1]। [1]ਤਿੱਖਾ।
ਤਕ੍ਯੋ ਬੀਚ ਛਾਤੀ। ਲਗੇ ਪ੍ਰਾਨ ਘਾਤੀ[1] ॥੬੦॥ [1]ਜੋ ਲੱਗਿਆਂ ਪ੍ਰਾਣ ਨਾਸ਼ ਕਰੇ।

ਕਰੇ ਓਜ ਛੋਰਾ। ਚਲ੍ਯੋ ਸੁਕਿ ਘੋਰਾ[1]। [1]ਭਿਆਨਕ।
ਹੁਤੀ ਬੰਧ ਪੇਟੀ। ਚਹੁ ਓਰੇ ਲਪੇਟੀ[1] ॥੬੧॥ [1]ਪੇਟ ਦੇ ਚਾਰੋਂ ਪਾਸੇ ਲਪੇਟੀ ਹੋਈ।

ਸਰੰ ਅੰਗ ਘਾਤੀ[1]। ਲਗ੍ਯੋ ਬੀਚ ਛਾਤੀ। [1]ਜ਼ਖਮ ਕਰਨ ਵਾਲਾ ਤੀਰ।
ਤਹਾਂ ਦ੍ਵਾਲ ਭਾਥਾ[1]। ਸੁ ਪੇਟੀ ਕੇ ਸਾਥਾ ॥੬੨॥ [1]ਤਸਮਾ (ਜਿਸ ਨਾਲ) ਭੱਥਾ (ਬੱਧਾ ਹੋਇਆ ਸੀ)। [ਫਾ:, ਦੁਵਾਲ-ਚਮੜੇ ਦਾ ਤਸਮਾ]।

ਗਯੋ ਬੇਧਿ ਦੋਊ। ਚੁਭ੍ਯੋ ਚਰਮ ਸੋਊ[1]। [1]ਉਹ (ਤੀਰ ਫਿਰ) ਮਾਸ ਵਿਚ ਜਾ ਚੁਭਿਆ।
ਗੁਰੂ ਕਾਢਿ ਗੇਰਾ। ਕਹ੍ਯੋ ਤਾਂਹਿ ਬੇਰਾ ॥੬੩॥

ਦੋਹਰਾ:

'ਸਾਧ ਸਾਧ ਬਲ ਤੋਹਿ ਕੌ,
ਜਿਸ ਪਰ ਧਰਤਿ ਗੁਮਾਨ।
ਬਿੱਦਯਾ ਸੀਖੀ ਇਤਿ ਕਹੀ,
ਕਹਾਂ ਓਜ ਤਜਿ ਬਾਨ[1]? ॥੬੪॥ [1]ਬਾਨ ਤਜਣ ਦਾ ਤੇਰੇ ਵਿਚ ਕਿੱਥੇ ਬਲ ਹੈ।

ਸ਼ੱਤ੍ਰੂ ਹਤਨ ਤੇ ਕਿਤ ਰਹ੍ਯੋ,
ਘਾਵ ਤਨਕ ਨਹਿਂ ਪਾਇ।
ਕਹਾਂ ਕਰਹਿਂ ਬਿਸਵਾਸ ਕੋ,
-ਲੇਉਂ ਬਿਜੈ ਅਰਿ ਘਾਇ[1]- ॥੬੫॥ [1]ਤੂੰ ਆਪਣੀ ਅਮੋਘ ਵਿਦਿਆ ਤੇ) ਕੀਹ ਭਰੋਸਾ ਕਰ ਰਿਹਾ ਹੈਂ ਕਿ ਮੈਂ ਵੈਰੀ ਨੂੰ ਮਾਰਕੇ ਬਿਜੈ ਲਵਾਂਗਾ।

ਤੀਨ ਵਾਰ ਤੈਂ ਕਰਿ ਚੁਕ੍ਯੋ,
ਅਬਿ ਦਿਹੁ ਮੇਰੋ ਵਾਰ।
ਦੇਖੋ ਵਿੱਦਯਾ ਧਨੁਖ ਕੀ,
ਜਿਮ ਭਟ ਕਰਹਿਂ ਉਚਾਰ' ॥੬੬॥

ਲਗ੍ਯੋ ਬਾਣ ਕਾਢ੍ਯੋ ਜਬੈ[1], [1]ਗੁਰੂ ਜੀ ਨੇ ਕੱਢਿਆ।
ਨਿਕਸੀ ਸ਼੍ਰੋਣਤ ਬੁੰਦ[1]। [1]ਲਹੂ ਦੀ ਬੂੰਦ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ,

ਹਰਖੇ ਰਿਦੈ ਬਿਲੰਦ ॥੬੭॥
ਛੱਤ੍ਰਿ ਧਰਮ ਕੋ ਧਾਰਿ ਕੈ,
ਭੈ ਨ ਕਰਹਿ ਬਰ ਬੀਰ।
ਪੁਨ ਰਿਪੁ ਸਨਮੁਖ ਦੇਖਿ ਕੈ,
ਖਰੋ ਖੇਤ ਧਰਿ ਧੀਰਿ ॥੬੮॥

ਰਸਾਵਲ ਛੰਦ:

ਜਬੈ ਬਾਨ ਲਾਗਜੋ। ਪਿਖੇ ਕੋਪ ਜਾਗਜੋ†।

†ਇਹ ਫਿਕਰਾ 'ਜਬੈ ਬਾਨ ਲਾਗੇ। ਤਬੈ ਰੋਸ ਜਾਗੇ' ਹੁਣ ਕਹਾਵਤ ਹੋ ਚੁਕੀ ਹੈ। ਦਸ਼ਮੇਸ਼ ਜੀ ਦਾ ਇਹ ਇਸ ਵੇਲੇ ਦਾ ਵਾਕ ਹੈ। ਆਪ ਨੇ ਕਿਹਾ ਹੈ 'ਜਬੈ ਬਾਣ ਲਾਗਜੋ। ਤਬੈ ਰੋਸ ਜਾਗਜੋ। ' ਕਟਾਖਜ ਵਿਚ ਇਹ ਬੀ ਹੈ ਕਿ ਆਪ ਜੀ ਦੇ ਹ੍ਰਿਦੇ ਬੀਰਰਸ ਦਾ ਸਥਾਈ ਭਾਵ ਸੀ, ਇਸ ਵਿਚ ਕ੍ਰੋਧ ਸੰਚਾਰੀ ਭਾਵ ਹੋਕੇ ਆਇਆ ਹੈ। ਕ੍ਰੋਧ ਸਥਾਈ ਭਾਵ ਹੈ ਰੌਦਰ ਰਸ ਦਾ ਪਰ ਬੀਰਰਸ ਵਿਚ ਸੰਚਾਰੀ ਭਾਵ ਹੋਕੇ ਆਉਂਦਾ ਹੈ ਅਰ ਕਈ ਵੇਰ ਸਥਾਈ ਹੋਕੇ ਰੌਦ੍ਰ ਰਸ ਬਣਾ ਦੇਂਦਾ ਹੈ।

ਲਯੋ ਚਾਂਪ ਆਪੂ। ਮਹਾਂ ਸ਼ੱਤ੍ਰੁ ਖਾਪੂ
॥੬੯॥
ਕਢਜੋ ਤੀਰ ਤੀਖਾ। ਜੁ ਸਾਂਪੰ ਸਰੀਖਾ।
ਗੁਨੰ[1] ਜੋਰਿ ਤਾਨਾ। ਲਗਜੋ ਪਾਨ ਕਾਨਾ[2] [1]ਚਿੱਲੇ ਵਿੱਚ। [2]ਹੱਥ ਕੰਨ ਨੂੰ ਜਾ ਲੱਗਾ।
॥੭੦॥
ਹਰੀਚੰਦ ਹੇਰਾ। ਨਿਸ਼ਾਨੋ ਬਡੇਰਾ।
ਰਿਦੇ ਤਾਕਿ ਆਛੇ। ਰਿਪੁ ਨਾਸ਼ ਬਾਛੇ
॥੭੧॥
ਤਜਜੋ ਸ਼ੀਘ੍ਰ ਧਾਰੀ। ਗਯੋ ਬੇਗ ਭਾਰੀ।
ਡਸਜੋ[1] ਨਾਗ ਮਾਨੋ। ਗਿਰਜੋ ਪ੍ਰਾਨ ਹਾਨੋ [1]ਭਾਵ ਹਰੀ ਚੰਦ ਨੂੰ ਡੱਸਿਆ।
॥੭੨॥
ਰਿਦਾ ਫੋਰਿ ਪਾਰਾ। ਪਰਜੋ ਜਾਇ ਨਜਾਰਾ।
ਤਰੂ[1] ਜਜੋਂ ਪੁਰਾਨਾ। ਮਨੋ ਬਾਯੁ ਹਾਨਾ [1]ਬ੍ਰਿੱਛ।
॥੭੩॥
ਪਿਖਜੋ ਦੌਨ ਓਰਾ। ਕਰਜੋ ਭੂਰ ਸ਼ੋਰਾ।
ਭਟੰ ਹੇਲ ਘਾਲਾ। ਪਠਾਨੇ ਬਿਸਾਲਾ
॥੭੪॥
ਗੁਰੂ ਬਾਨ ਮਾਰੇ। ਅਨੇਕੈਂ ਸੰਘਾਰੇ।
ਚਲਜੋ ਅੱਗ੍ਰ ਆਯੋ। ਸੁ ਜਾਨੈ ਨ ਪਾਯੋ
॥੭੫॥
ਘਨੇ ਘਾਇ ਗੇਰੇ। ਤ੍ਰਸੇ ਮ੍ਰਿੱਤੁ ਹੇਰੇ।
ਲਿਏ ਸੂਰ ਮਾਰੀ। ਭਜੇ ਭੀਰੁ ਭਾਰੀ

॥੨੬॥

ਕਹਾ ਲੌ ਉਚਾਰੈਂ। ਪਰੀ ਲੋਹ ਮਾਰੈ।

ਗੁਰੂ ਜੀਤ ਹੋਈ। ਦਲੰ ਜਾਨਿ ਦੋਈ[1] [1]ਦੋਨੋ ਸੈਨਾਂ ਦੇ ਜਾਣ ਲਈ।

॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹਰੀਚੰਦ ਬੱਧ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਭੰਗਾਣੀ ਯੁੱਧ ਫਤਹ ਕੀਤਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਭਾਗਜੋ ਸ਼ਾਹ ਪਹਾਰ ਕੌ, ਫਤੇਸ਼ਾਹ ਧਰਿ ਤ੍ਰਾਸ।
ਮਾਰੇ ਗਏ ਪਠਾਨ ਗਨ, ਹਰੀਚੰਦ ਪੁਨ ਨਾਸ਼ ॥੧॥
ਮਰੇ ਹਜ਼ਾਰੋਂ ਬੀਰ ਜਿਹ, ਜੀਵਤ ਚਲੇ ਪਲਾਇ[1]। [1]ਜੋ ਜੀਉਂਦੇ ਸਨ ਉਹ ਭੱਜ ਗਏ।
ਗਿਰਪਤਿ ਸੰਗ ਸਿਧਾਰਿ ਲੇ, ਗਏ ਤੁਰੰਗ ਧਵਾਇ ॥੨॥

ਤੋਮਰ ਛੰਦ:

ਸਰਿਤਾ ਗਿਰੀ[1] ਜਿਸ ਨਾਇ। [1]ਨਾਮ ਹੈ ਨਦੀ ਦਾ ਜੋ ਭੰਗਾਣੀ ਤੋਂ ਉਪਰ ਜਮਨਾ ਵਿੱਚ ਆ ਮਿਲਦੀ ਹੈ। ਇਹ ਜੁੱਧ ਜਮਨਾ ਦੇ ਕਿਨਾਰੇ ਹੋਇਆ ਹੈ।
ਤਿਸ ਮੈਂ ਗਿਰੇ ਬਹੁ ਜਾਇ।
ਤਰ ਹੋਇ ਪਾਰਹਿ ਕੋਇ।
ਬਿਚ ਡੂਬਿ ਗੇ ਤਿਸ ਜੋਇ ॥੩॥
ਗਿਰ ਪੈ ਚਢੇ ਕਿਤ ਜਾਇ।
ਜਹਿਂ ਰਾਜਪੁਰਾ[1] ਬਸਾਇ। [1]ਇਹ ਉਹ ਰਾਜਪੁਰਾ ਹੈ ਜਿੱਥੋਂ ਮਸੂਰੀ ਦੀ ਚੜ੍ਹਾਈ ਅੱਜ ਕਲ ਚੜ੍ਹਦੇ ਹਨ।
ਜਮਨਾ ਨਦੀ ਦਿਸ਼ ਹੋਇ।
ਡਰ ਭਾਜਿਗੇ ਤਰਿ[1] ਕੋਇ ॥੪॥ [1]ਤੈਰ ਕੇ।
ਨਹਿਂ ਆਪ ਮੈਂ ਸੰਭਾਰ।
ਰਣ ਤਜਾਗ ਹੈਂ ਬਿਕਰਾਰ।
ਮਰਿਗੇ ਪਲਾਵਤਿ ਕੋਇ[1]। [1]ਭਜਦੇ ਮਰ ਗਏ।
ਜਲ ਮੈਂ ਡੁਬੇ ਡਰ ਹੋਇ ॥੫॥
ਪਹੁੰਚੀ ਤਿਨਹੁ ਸੁਧ ਧਾਮ।
'ਗੁਰ ਪਾਇ ਕੈ ਸੰਗ੍ਰਾਮ।
ਸਰ ਮਾਰਿ ਕੈ ਹਤਿ ਪ੍ਰਾਨ।
ਰਣਖੇਤ ਰਾਖਿ ਨਿਦਾਨ[1]' ॥੬॥ [1]ਅੰਤ ਨੂੰ।
ਸੁਨਿ ਸ਼ੋਕ ਭਾ ਬਿਸਤਾਰ।
ਦ੍ਰਿਗ ਰੋਦਤੀ ਜਲ ਧਾਰ।
ਬਹੁ ਪੀਟਤੀ ਤਨ ਨਾਰ।
ਸਿਰ ਬਾਰ[1] ਬ੍ਰਿੰਦ ਉਖਾਰਿ ॥੭॥ [1]ਸਿਰ ਦੇ ਵਾਲ।
ਗਿਰ ਦੇਸ਼ ਬਾਇਸ ਧਾਰ[1]। [1]ਬਾਈ ਧਾਰਾਂ ਦੇ।
ਰੁਦਨੰਤਿ ਕੂਕਨ ਮਾਰਿ।
ਸਭਿ ਧਾਮ ਧਾਮਨਿ ਮਾਂਹਿ।

ਤ੍ਰਿਯ ਬ੍ਰਿੰਦ ਹੁਇ ਬਿਲਪਾਹਿਂ ॥੮॥
ਇਮ ਸ਼੍ਰੀ ਗੁਰੂ ਰਣ ਜੀਤ।
ਬਜਿ[1] ਦੁੰਦਭੈ ਰਣਜੀਤ। — [1]ਵਜਿਆ।
ਜੁਗ ਭ੍ਰਾਤ[1] ਲੋਥ ਉਠਾਇ। — [1]ਭਾ। ਸੰਗੋਸ਼ਾਹ ਤੇ ਜੀਤ ਮੱਲ ਦੀ।
ਪੁਰਿ ਪਾਵਟੇ ਪਹੁੰਚਾਇ ॥੯॥
ਸਸਕਾਰ ਕੀਨਿ ਬਨਾਇ।
ਸੁਰ ਲੋਕ ਬਾਸਾ ਪਾਇ।
ਭਟ ਘਾਇਲੰ ਰਣ ਥਾਨ।
ਉਚਵਾਇ ਕੈ ਪੁਰਿ ਆਨ[1] ॥੧੦॥ — [1]ਆਂਦੇ।
ਹੜ ਬੋਲਤੇ ਜਿਸ ਠੌਰ[1]। — [1]ਜਿੱਥੇ (ਮਸਾਣ) ਹੜ ਹੜ ਕਰਕੇ ਬੋਲਦੇ ਹਨ ਵੀ ਕਹਿੰਦੇ ਹਨ ਕਿ ਕਈ ਵੇਰ ਰਣ ਵਿਚ ਤਾਜ਼ੇ ਮਰੇ ਜੋਧਿਆਂ ਦਿਆਂ ਸਰੀਰਾਂ ਤੋਂ ਹੜ ਹੜ ਦੀ ਧੁਨਿ ਸੁਣਾਈ ਦਿੰਦੀ ਹੈ। (ਅ, ਹੜ = ਗਿੱਧ)।
ਮਿਲ ਪਾਇਂ ਜੰਬੁਕ ਰੌਰ।
ਪੁਨ ਭੀਖਨਾ ਹੁਇ ਸਾਂਝ[1]। — [1]ਭਯਾਨਕ ਸੰਝਾਂ ਵੇਲਾ ਹੋਇਆ।
ਬਹੁ ਲੋਥ ਹੈਂ ਰਣ ਮਾਂਝ ॥੧੧॥
ਤਰਫੰਤਿ ਘਾਇਲ ਕੋਇ।
ਰਿਪੁ ਭਾਜਿਗੇ ਡਰਿ ਸੋਇ।
ਉਚਵਾਇ ਕਾਹੁ ਨ[1] ਲੀਨਿ। — [1]ਕਿਸੇ ਨੂੰ ਬੀ।
ਤਹਿ ਤ੍ਰਾਸ ਤੇ ਬਨਿ ਦੀਨ ॥੧੨॥
ਦੁਖ ਪਾਇ ਭੈ ਮ੍ਰਿਤੁ ਸੋਇ।
ਜਿਨ ਕੌ ਉਠਾਇ ਨ ਕੋਇ।
ਤਬਿ ਸ਼੍ਰੀ ਗੁਰੂ ਹਟਿ ਆਇ।
ਜਯ ਲਹਿ ਮਹਾਂ ਅਰਿ ਘਾਇ[1] ॥੧੩॥ — [1]ਨੂੰ ਨਾਸ਼ ਕਰਕੇ।
ਜਯ ਕੋ ਸੁਨਾਇ ਬਖਾਨ।
ਹਰਖਾਇ ਬੀਰ ਮਹਾਨ।
ਰਣ ਬਾਤ ਭਾਖਤਿ ਬ੍ਰਿੰਦ।
ਗਿਰਨਾਥ ਤ੍ਰਾਸ ਬਿਲੰਦ ॥੧੪॥
ਚਲਿ ਮੰਦ ਮੰਦਹਿ ਆਇ।
ਮਿਲਿ ਪੁੰਜ ਦੇਤਿ ਵਧਾਇ[1]। — [1]ਵਧਾਈਆਂ।
ਨਿਸ ਬੀਤਗੀ ਘਟਿ ਚਾਰ।
ਉਤਰੇ ਗੁਰੂ ਨਿਜ ਦ੍ਵਾਰ[†] ॥੧੫॥

†ਭੰਗਾਣੀ ਜਿਸ ਥਾਂ ਗੁਰੂ ਜੀ ਦਾ ਡੇਰਾ ਸੀ, ਹੁਣ ਤਕ ਪੱਕਾ ਥੜਾ ਹੈ। ਨੇੜੇ ਪੁਜਾਰੀ ਦਾ ਘਰ ਹੈ। ਪਰ ਸਿਖ ਕੌਮ ਲਈ ਲੱਜਯਾ ਦੀ ਬਾਤ ਹੈ ਕਿ ਇਸ ਥੜੇ ਨੂੰ ਗੁਰਦਵਾਰਾ ਨਹੀਂ ਬਣਾਇਆ, ਨਿਸ਼ਾਨ ਪੱਕੇ ਨਹੀਂ ਕੀਤੇ। ਪਾਸ ਸਿੱਖਾਂ ਦੇ ਗ੍ਰਾਮ ਹਨ, ਪਰ ਸਭ ਗ੍ਰੀਬ ਹਨ। ਇਹ ਬੀ ਖਯਾਲ ਹੈ ਕਿ ਉਥੇ ਗੁਰੂ ਜੀ ਇਕ ਦੋ ਦਿਨ ਟਿਕੇ ਹਨ, ਆਪਣੇ ਪਰਾਏ ਘਾਇਲਾਂ ਦੀ ਸੇਵਾ ਕਰਵਾਈ ਹੈ। ਰਣ ਭੂਮੀ ਆਪ ਦੇ ਹੱਥ ਵਿਚ ਸੀ, ਵੈਰੀ ਦਲ ਦੇ ਮੋਏ ਸੂਰਮੇ, ਠਾਕੁਰਾਂ ਰਾਜਿਆਂ ਤੇ ਰਾਜਕੁਮਾਰਾਂ ਦੀਆਂ ਰਾਣੀਆਂ ਨੇ ਅਗਲੇ ਦਿਨ ਸ਼ਰਨ ਮੰਗ ਕਰਕੇ ਆਪਣੇ ਪਤੀਆਂ ਦੇ ਸਰੀਰ ਸਸਕਾਰ ਕਰਨ ਵਾਸਤੇ ਮੰਗੇ, ਗੁਰੂ ਜੀ ਨੇ ਦੇ ਦਿੱਤੇ ਪਰ ਸਤੀ ਹੋਣੋਂ ਵਰਜਕੇ। ਪਰ ਰਾਣੀਆਂ ਤੇ ਠਕੁਰਾਣੀਆਂ ਦਾਉ ਪਾਕੇ ਚਿਖਾ ਵਿੱਚ ਕੁੱਦਕੇ ਸਤੀ ਹੋ ਗਈਆਂ। ਸਤੀਆਂ ਦੇ ਮਠ ਉਸ ਹੇਠਲੇ ਮੈਦਾਨ ਵਿੱਚ ਪੱਕੇ ਬਣੇ ਹੋਏ ਹੁਣ ਤਕ ਖੜੇ ਹਨ।

ਸਭਿ ਸ਼ਸਤ੍ਰ ਬਸਤ੍ਰ ਉਤਾਰਿ।
ਇਸ਼ਨਾਨ ਆਦਿਕ ਧਾਰਿ।
ਚਿਤਵੰਤਿ[1] ਸੰਗੋਸ਼ਾਹ। — [1]ਯਾਦ ਕਰਦੇ ਹਨ।
ਅਰੁ ਜੀਤਮੱਲ ਸੁਬਾਹ[1] ॥੧੬॥ — [1]ਸੂਰਮੇ ਨੂੰ। (ਅ) ਸ੍ਰੇਸ਼ਟ ਭੁਜਾਂ ਵਾਲੇ ਨੂੰ।
ਸਭਿ ਆਪ ਆਪਨ ਡੇਰ।
ਉਤਰੇ ਅਨੰਦ ਬਡੇਰ।
ਰਣਗਾਥ ਥਾਨਹਿ ਥਾਨ[1]। — [1]ਥਾਂ ਥਾਂ ਤੇ।
ਮਿਲਿ ਬੀਰ ਬ੍ਰਿੰਦ ਬਖਾਨਿ ॥੧੭॥
ਰਣ ਭੀਰੁ ਤਜਾਗਿ ਪਰਾਇ।
ਜਿਨ ਸੂਰ ਕੀਨਸਿ ਘਾਇ[1]। — [1]ਨਾਸ਼।
ਸਭਿ ਕੀ ਕਹੈਂ ਕਰਤੂਤ।
ਗੁਰ ਕੌ ਮਹਾਂ ਜਸੁ ਪੂਤ ॥੧੮॥
ਨਿਸ ਮੈਂ ਟਿਕੇ ਸਭਿ ਬੀਰ।
ਸੁਪਤੇ ਜਥਾ ਸੁਖ ਧੀਰ।
ਭੁਨਸਾਰ ਜਾਨਿ ਮਹਾਨ।
ਗੁਰਬਾਨਿ[1] ਕੌ ਕਰਿ ਗਾਨ[2] ॥੧੯॥ — [1]ਗੁਰਬਾਣੀ। [2]ਗਾਇਨ।
ਮੁਖ ਪਾਠ ਕੇਤਿਕ ਕੀਨ।
ਕਰਿ ਪ੍ਰੇਮ ਜਯੋਂ ਜਲ ਮੀਨ।
ਕਰਿ ਸੌਚ ਮੱਜਨ ਨੀਰ।
ਗੁਰ ਬੈਠਿਗੇ ਬਰ ਬੀਰ ॥੨੦॥
ਭਟ ਬ੍ਰਿੰਦ ਆਯੁਧ ਧਾਰਿ।
ਸਭਿ ਕੀਨਿ ਆਨਿ ਦਿਦਾਰ।
ਲਗ ਗਾ ਦਿਵਾਨ ਮਹਾਂਨ।
ਬਿਚ ਸ਼ੋਭਤੇ ਸੁਖਦਾਨ[1] ॥੨੧॥ — [1]ਭਾਵ ਗੁਰੂ ਜੀ।

ਹਾਕਲ ਛੰਦ:

ਤਬਿ ਆਯੋ ਬੁੱਧੂਸ਼ਾਹਾ।
ਜਿਹ ਸੰਗ ਸੁਭਟ ਗਨ ਆਹਾ।

ਦ੍ਵੈ ਪੁੱਤ੍ਰ ਗਏ ਰਣ ਮਾਰੇ।
ਦੁਇ ਜੀਵਤਿ ਸੰਗ ਨਿਹਾਰੇ ॥੨੨॥
ਸਭਿ ਸ਼ਸਤ੍ਰ ਅੰਗ ਮਹਿਂ ਲਾਏ।
ਹਿਤ ਦਰਸ਼ਨ ਮੋਦ ਬਧਾਏ।
ਜਬਿ ਚਲਿ ਕਰਿ ਆਯੋ ਨੇਰੇ।
ਗੁਰ ਊਚੇ ਕਹਿ ਤਿਸ ਬੇਰੇ ॥੨੩॥
'ਢਿਗ ਆਵਹੁ ਬੁੱਧੂ ਸ਼ਾਹਾ !
ਤੁਮ ਪੀਰ ਸਾਚ ਕੇ ਆਹਾ।'
ਸਭਿ ਸੁਨਤਜੋਂ ਆਇ ਨਜੀਕਾ।
ਕਰ ਜੋਰਤਿ ਜਿਸ ਉਰ ਨੀਕਾ ॥੨੪॥
ਝੁਕਿ ਕੀਨਸਿ ਤਬੈ ਸਲਾਮੂ।
ਪੁਨ ਕਰਜੋ ਮੁਰੀਦ ਤਮਾਮੂ[1]। [1]ਫਿਰ ਸਾਰੇ ਮੁਰੀਦਾਂ ਨੇ ਝੁਕ ਕੇ ਸਲਾਮ ਕੀਤੀ।
ਸੁਨਿ ਕਲਗ਼ੀਧਰ ਕੇ ਬੈਨਾ।
ਕਰ ਜੋਰੇ ਸੰਮੁਖ ਨੈਨਾ ॥੨੫॥
ਮੁਖ ਬੋਲਜੋ ਅਰਜ਼ ਗੁਜ਼ਾਰੀ।
'ਮੁਹਿ ਸ਼ੋਕ ਨ, ਰਿਦੈ ਮਝਾਰੀ।
ਸੋ ਕਾਰਨ ਸੁਨਹੁ ਗੁਸਾਈਂ !
ਸਿਰ ਮਰਨੋ ਸਭਿ ਬਨਿ ਆਈ ॥੨੬॥
ਮਮ ਪੁੱਤ੍ਰ ਮਰੇ ਸ਼ੁਭ ਥਾਨਾ।
ਇਕ ਤੌਂ ਰਨਖੇਤ ਮਹਾਂਨਾ।
ਪੁਨ ਕਾਰਜ ਤੁਮਰੇ ਆਏ।
ਇਵ ਕਰਿ ਵੈ[1] ਭਿਸਤ ਸਿਧਾਏ ॥੨੭॥ [1]ਇਉਂ ਕਰਨ ਤੇ ਓਹ......
ਤਹਿਂ ਭੋਗਹਿਂ ਅਨੰਦ ਬਿਸਾਲਾ।
ਤੁਮ ਕਰੁਨਾ ਕਰਹੁ ਕ੍ਰਿਪਾਲਾ।
ਇਹ ਜਾਨਜੋਂ ਲਾਭ ਬਡੇਰਾ।
ਨਹਿਂ ਸ਼ੋਕ ਕਰੈ ਮਨ ਮੇਰਾ' ॥੨੮॥
ਸੁਨਿ ਸ਼੍ਰੀ ਪ੍ਰਭੁ ਬਹੁਰ ਬਖਾਨਜੋ।
'ਹੈ ਨਿਸ਼ਚੇ ਇਮ ਜਿਸ ਜਾਨਜੋਂ[1]। [1]ਠੀਕ ਇਵੇਂ ਹੈ ਕਿ ਜਿਸ ਤਰ੍ਹਾਂ (ਤੁਸਾਂ) ਜਾਣਿਆ ਹੈ। (ਅ) ਇੱਥੇ ਸੁਧ ਪਾਠ 'ਜਿਸ' ਦੀ ਥਾਂ 'ਜਿਮ' ਚਾਹੀਦਾ ਹੈ ਅਰਥ:-ਜਿਵੇਂ ਤੁਸਾਂ ਜਾਣਿਆ ਹੈ ਪੱਕ ਇਸੇ ਤਰ੍ਹਾਂ ਹੀ ਹੈ। ਲਿਖਾਰੀ ਦੀ ਕਲਮ ਉਕਾਈ ਨਾਲ 'ਜਿਮ' ਦਾ 'ਜਿਸ' ਬਣ ਗਿਆ ਹੈ।
ਪਰ ਤਊ ਪਛਾਨਹੁ ਮਨ ਮੈਂ।

ਜੁਗ ਰਹੇ ਭਾਣਜੇ† ਰਨ ਮੈਂ ॥੨੯॥

†ਭਾਣਜੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਨ ਤੇ ਕਲਗ਼ੀਧਰ ਜੀ ਦੇ ਭੂਆ ਦੇ ਪੁੱਤ੍ਰ ਭਰਾ ਲਗਦੇ ਸਨ।

ਲਰ ਸਨਮੁਖ ਤਜਾਗੇ ਪ੍ਰਾਨਾ।
ਰਖਿ ਛੱਤ੍ਰੀ ਧਰਮ ਸੁਜਾਨਾ।
ਤਿਨ ਤੇ ਬਡ ਸ਼ੋਕ ਉਪੰਨਾ।
ਚਿਤ ਹੋਤਿ ਹਮਾਰੋ ਖਿੰਨਾ[1] ॥੩੦॥

[1]ਉਦਾਸ।

ਗੁਨ ਸਿਮਰਤਿ ਹੈ ਮਨ ਮੇਰਾ।
ਜਿਨ ਮਹਿਂ ਉਤਸਾਹਿ ਬਡੇਰਾ।
ਨਿਤ ਮਿਲਤਿ ਖਿਲਤਿ[1] ਹਮ ਸੰਗੇ।
ਬਨ ਗਮਨਤਿ ਚਢੈਂ ਤੁਰੰਗੇ†' ॥੩੧॥

[1]ਖੇਡਦੇ ਸਨ।

†ਇਹ ਪ੍ਰੇਮ ਸਮਰਣ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ' ॥ ਆਪ ਉਹਨਾਂ ਦੇ ਗੁਣਾਂ ਨੂੰ ਯਾਦ ਕਰ ਰਹੇ ਹਨ, ਇਸ ਪਿਆਰ ਭਰੀ ਯਾਦ ਨਾਲ ਉਹਨਾਂ ਦੀ ਕਲਯਾਨ ਹੋ ਰਹੀ ਹੈ। ਗੁਰੂ ਜੀ ਦਾ ਇਹ ਪ੍ਰੇਮ ਭਾਵ ਇਨਸਾਨੀ ਹਮਦਰਦੀ ਤੇ ਪਿਆਰ ਦਾ ਕਮਾਲ ਹੈ, ਦੂਜੇ ਪਾਸੇ ਉਹਨਾਂ ਦੀ ਉੱਚੀ ਆਤਮ ਦ੍ਰਿਸ਼ਟੀ ਦਾ ਕਮਾਲ ਹੈ ਜੋ ਕਵਿ ਜੀ ਨੇ ਇਨ੍ਹਾਂ ਹੀ ਭਾਣਜਿਆਂ ਦੀ ਸ਼ਹਾਦਤ ਪਰ ਅੱਗੇ ਅੰਸੂ ੩੨ ਦੇ ਅੰਕ ੬-੭ ਵਿਚ ਦਰਸਾਇਆ ਹੈ। ਬੁੱਧੂਸ਼ਾਹ ਪੁੱਤ੍ਰਾਂ ਦੇ ਮਰਨ ਤੇ ਇਸੇ ਤਰ੍ਹਾਂ ਗੁਣ ਸਮਰਣ ਹੀ ਕਰ ਰਿਹਾ ਹੈ। ਉਹ ਇਹ ਗਲ ਵਿਚ ਧੀਰਜ ਧਾਰ ਰਿਹਾ ਹੈ ਕਿ ਮਹਾਨ ਉੱਤਮ ਸੇਵਾ ਵਿਚ ਸਨਮੁਖ ਜੂਝ ਕੇ ਮੇਰੇ ਪੁੱਤ੍ਰ ਸਫਲ ਹੋਏ ਹਨ।

ਸੁਨਿ ਬੁੱਧੂਸ਼ਾਹਿ ਬਖਾਨਾ।
'ਤੁਮ ਸਭਿ ਬਿਧਿ ਅਹੋ ਮਹਾਂਨਾ।
ਜਿਮ ਚਾਹਹੁ ਰਚਹੁ ਗੁਸਾਈਂ।
ਸਭਿ ਬਾਤਿ ਤੁਮਹੁਂ ਬਨਿ ਆਈ ॥੩੨॥
ਸ਼ੁਭ ਭਾਗ ਜਿ ਭਏ ਹਮਾਰੇ।
ਮਿਲਿ ਕਦਮ ਸੁ ਪਦਮ ਤੁਮਾਰੇ[1]।

[1]ਆਪਜੀ ਦੇ ਚਰਨਾਂ ਕਮਲਾਂ ਨਾਲ ਮੇਲ ਹੋਇਆ।

ਅਬਿ ਸਫਲ ਭਏ ਸਭਿ ਰੀਤੀ।
ਰਣ ਪਹੁੰਚੇ ਆਨਿ ਸ ਪ੍ਰੀਤੀ ॥੩੩॥
ਗਨ ਖਾਨ ਪ੍ਰਥਮ ਰਖਵਾਏ।
ਗੁਰ ਘਰ ਸੇ ਧਨ ਗਨ ਪਾਏ।
ਪੁਨ ਹੋਏ ਨਿਮਕ ਹਰਾਮੀ।
ਸਭਿ ਕੀਨੀ ਕਾਰ ਗ਼ੁਲਾਮੀ[1] ॥੩੪॥

[1]ਭਾਵ ਉਨ੍ਹਾਂ ਨੀਚਾਂ ਵਾਲੀ ਕਾਰ ਕੀਤੀ।

ਲਖਿ ਉਪਾਲੰਭ ਪਠਿ ਜੋਊ।
ਮੈਂ ਲੱਜਤਿ ਸੁਨਿ ਕਰਿ ਸੋਊ।
ਸੈ ਸਪਤ[1] ਮੁਰੀਦ ਬਟੋਰੇ।

[1]ਸੱਤ ਸੌ।

ਚਲਿ ਪਰਜੋ ਤੁਰਤ ਤੁਮ ਓਰੇ ॥੩੫॥
ਪੁਰਿ ਪਾਂਵਟ ਮੈਂ ਜਬਿ ਆਯੋ।
-ਤੁਮ ਚਢੇ ਜੰਗ- ਸੁਨਿ ਪਾਯੋ।

ਨਹਿਂ ਕੀਨਸਿ ਮੈਂ ਤਬਿ ਡੇਰਾ।
ਰਣ ਕਾਜ ਪਰਜੋ ਅਬਿ ਹੇਰਾ ॥੩੬॥
ਮੈਂ ਗਮਨਜੋਂ ਤੁਮ ਪਸ਼ਚਾਤੀ।
ਸਭਿ ਖਰੇ ਹੁਤੇ ਭਲਿ ਭਾਂਤੀ।
ਇਕ ਪਾਸਾ ਰਣ ਕੋ ਰੋਕਾ।
ਰਿਪੁ ਪੁੰਜ ਖਰੋ ਅਵਿਲੋਕਾ ॥੩੭॥
ਤਬਿ ਛੁਟਨਿ ਲਗੀ ਤੁਫੰਗੈਂ।
ਗਿਰਪਤੀ ਲਰੇ ਹਮ ਸੰਗੈ।
ਬਹੁ ਮਾਰੇ ਤਹਾਂ ਪਹਾਰੀ।
ਥਿਰ ਹ੍ਵੈ ਕਰਿ ਧੀਰਜ ਧਾਰੀ ॥੩੮॥
ਨਹਿਂ ਪਾਉਂ ਪਿਛਾਊਂ ਘਾਲਾ।
ਰਣ ਡਾਰਿ[1] ਬਿਸਾਲ ਕਰਾਲਾ। [1]ਜੰਗ ਕਰਕੇ।
ਸੁਤ ਦੋਇ ਮੁਰੀਦ ਸਮੇਤਾ।
ਲਰਿ ਪਹੁੰਚੇ ਭਿਸਤਿ ਨਿਕੇਤਾ ॥੩੯॥
ਤੁਮ ਦਿਸ਼ਾ ਪਠਾਨ ਅਰੇ ਹੈਂ।
ਸਭਿ ਹੋਇ ਹਰਾਮ ਮਰੇ ਹੈਂ।
ਤਜਿ ਸ੍ਵਾਮੀ ਬੇਮੁਖ ਜੈਸੇ।
ਫਲ ਪਾਇ ਲੀਨਿ ਤਿਨ ਤੈਸੇ' ॥੪੦॥
ਸੁਨਿ ਧੀਰ ਪੀਰ ਕੀ ਕਾਨਾ[1]। [1]ਕੰਨੀ।
ਸ੍ਰੀ ਮੁਖ ਤੇ ਤਬੈ ਬਖਾਨਾ।
'ਤੁਹਿ ਸਾਧ ਸਾਧ ਬਡ ਸਾਧੂ!
ਪਦ ਉੱਤਮ ਮਹਿਂ ਥਿਤ ਲਾਧੂ[1]' ॥੪੧॥ [1]ਟਿਕਾਉ ਪਾਇਆ ਹੈ।
ਇੱਤਜਾਦਿਕ ਅਧਿਕ ਬਡਾਈ।
ਸ੍ਰੀ ਮੁਖ ਤੇ ਭਾਖਿ ਸੁਨਾਈ।
ਸਨਮਾਨ ਸਹਿਤ ਬੈਠਾਯੋ।
ਅਨੁਕੰਪਾ ਧਰਿ ਦ੍ਰਿਸ਼ਟਾਯੋ[1] ॥੪੨॥ [1]ਮੇਹਰ ਦੀ ਨਜ਼ਰ ਨਾਲ ਤੱਕਿਆ।

ਦੋਹਰਾ:
ਸ੍ਰੀ ਸਤਿਗੁਰ ਤਿਹ ਸਮੇਂ ਮੈਂ, ਕੰਘਾ ਕਰਤਿ ਸੁ ਕੇਸ਼।
ਦਾਸ ਚੁਨੀ ਦਸਤਾਰ ਸ਼ੁਭ, ਆਗੇ ਧਰੀ ਵਿਸ਼ੇਸ਼ ॥੪੩॥
'ਬੁੱਧੂ ਸ਼ਾਹ! ਸੁਨੀਜੀਏ, ਧਨ ਆਦਿਕ ਵਥੁ

ਜੋਇ।
ਚਿਰੰਕਾਲ ਨਹਿਂ ਰਹਿਤ ਹੈ, ਖਰਚੀ ਜੈ ਹੈ ਸੋਇ ॥੪੪॥
ਬਹੁਤ ਪੁਸ਼ਤ ਕੇ ਕਾਮ ਜੋ, ਆਵਹਿ ਵਸਤੁ ਉਦਾਰ।
ਸੋ ਬਖਸ਼ਹਿਂ ਅਬਿ ਤੋਹਿ ਕੌਂ, ਰਖੀਅਹਿ ਆਪਿ ਸੰਭਾਰਿ' ॥੪੫॥
ਇਮ ਕਹਿ ਗਹਿ ਦਸਤਾਰ ਕੌਂ, ਸ਼ੁਭ ਕਕਰੇਜ਼ੀ ਰੰਗ[1]।

[1]ਲਾਲ ਭਾਹ ਵਾਲਾ ਕਾਲਾ ਰੰਗ। ਆਲ ਨਾਮੇ ਬੂਟੇ ਦੇ ਰੰਗ ਵਿੱਚ ਲਾਲ ਰੰਗ ਦੇਕੇ ਫਿਰ ਲੋਹੇ ਦਾ ਕਾਲਾ ਰੰਗ ਦੇਂਦੇ ਹਨ। ਕਈ ਕਹਿਂਦੇ ਹਨ ਕਿ ਮਾਈਂ ਫਟਕੜੀ ਦੀ ਪਾਹ ਦੇਕੇ ਮਜੀਠ ਦਾ ਰੰਗ ਦੇਕੇ ਫਿਰ ਸੁਰਮੇ ਦਾ ਡੋਬਾ ਦੇਂਦੇ ਹਨ।

ਕੰਘਾ ਸਹਿਤ ਸੁ ਕੇਸ ਹੀ, ਗਹੀ ਕਰਦ ਤਿਨ ਸੰਗ ॥੪੬॥
ਬਖਸ਼ੀ ਬੁੱਧੂਸ਼ਾਹ ਕੌਂ ਲੇ, ਨਿਜ ਸੀਸ ਚਢਾਇ।
ਬਾਰ ਬਾਰ ਬੰਦਨ ਕਰੈ, ਰਿਦੈ ਰਹਯੋ ਹਰਖਾਇ ॥੪੭॥
'ਰਾਖੋ ਭਲੇ ਸੰਭਾਰ ਕਰਿ, ਵਧੈ ਖਾਲਸੇ ਰਾਜ।
ਤਬਿ ਤੁਵ ਸੰਤਤਿ ਕੇ ਅਧਿਕ, ਆਵਹਿ ਨਿਤ ਪ੍ਰਤਿ ਕਾਜ' ॥੪੮॥
ਇਮ ਕਹਿ ਦਰਬ ਅਨਾਇ ਕਰਿ, ਦੀਨਸਿ ਪੰਚ ਹਜ਼ਾਰ[1]।

[1]ਏਹ ਪ੍ਰਸਾਦ ਮਾਤ੍ਰ ਬਖਸ਼ਿਸ਼ ਸੀ।

ਦੇਹੁ ਮੁਰੀਦਨਿ ਸਭਿਨਿ ਕੌਂ, ਜਿਨਹੁ ਕਰੀ ਰਨ ਕਾਰ ॥੪੯॥
ਸਿਰੇਪਾਉ ਸਮੁਦਾਇ ਦੇ, ਕਰਿ ਸੰਤੁਸ਼ਟ ਬਿਸਾਲ[1]।

[1]ਸਾਰਿਆਂ ਨੂੰ ਬੜਾ ਪ੍ਰਸੰਨ ਕਰਕੇ।

ਰੁਖ਼ਸਦ ਕੀਨੋ ਮਾਨ ਜੁਤਿ, ਅਧਿਕ ਹਰਖ ਕੇ ਨਾਲ ॥੫੦॥
ਬਾਰਿ ਬਾਰਿ ਕਰਿ ਬੰਦਨਾ, ਗਯੋ ਸਢੌਰੇ ਧਾਮ।
ਪੂਰ ਮੁਰੀਦਨਿ ਕਾਮਨਾ, ਸਰੇ ਸਭਿਨਿ ਕੇ

ਕਾਮ ॥੫੧॥
ਕੰਧ ਬਿਖੈ ਰਖਿ ਤਾਂਹਿ ਕੌ, ਤਾ ਮਹਿਂ ਦੀਨ ਚਿਨਾਇ।
ਅਠਦਸ ਸੈ ਸੱਤ੍ਰਹ[1] ਬਿਖੈ, ਔਚਕ ਗਿਰੀ ਸੁ ਜਾਇ[2†] ॥੫੨॥

[1]੧੯੭੦ ਵਿੱਚ। ਇਸ ਨੂੰ ੧੯੧੭ ਨਹੀਂ ਸਮਝਣਾ ਚਾਹੀਏ ਕਿਉਂਕਿ ਕਵੀ ਜੀ ਦਾ ਜਨਮ ੧੮੪੫ ਦੇ ਕ੍ਰੀਬ ਦਾ ਹੈ। [2]ਉਹ (ਕੰਧ) ਡਿੱਗ ਪਈ।

[†]ਬੁਧੂਸ਼ਾਹ ਪੁਰ ਜੋ ਅਤਯਾਚਾਰ ਰਾਜ ਵਲੋਂ (ਅਸਮਾਨ ਖਾਨ ਹਾਕਮ ਸਢੌਰਾ ਵਲੋਂ) ਹੋਏ ਸਨ, ਉਸ ਸਮੇਂ ਇਹ ਸਭ ਤੋਂ ਕੀਮਤੀ ਸ਼ੈ ਕੰਧ ਵਿੱਚ ਚਿਣੀ ਗਈ ਹੋਣੀ ਹੈ, ਜੋ ਕਿਵੇਂ ਏਹ ਬਚ ਰਹੇ। ਸੋ ਗੁਰੂ ਮਿਹਰ ਨਾਲ ਬਚ ਰਹੀ। ਅਸਮਾਨ ਖਾਨ ਨੂੰ ਬਾਬੇ ਬੰਦੇ ਨੇ ਬੁੱਧੂਸ਼ਾਹ ਦੇ ਮਾਰਨ ਦੇ ਅਪ੍ਰਾਧ ਵਿੱਚ ਫਾਹੇ ਦਿੱਤਾ ਸੀ।

ਨਿਕਸੀ ਤਬਿ ਸੰਦੂਕਰੀ, ਹੁਕਮ ਪੱਤ੍ਰ[1] ਪਠਿ ਜਾਨ।

[1]ਹੁਕਮਨਾਮਾ।

ਰਹਿਤ ਹੁਤੇ ਕਵਿ[1] ਜਿਸ ਨਿਕਟ, ਸੋ ਸਰਦਾਰ ਮਹਾਨ ॥੫੩॥

[1]ਭਾਵ ਭਾਈ ਸੰਤੋਖ ਸਿੰਘ ਜੀ।

ਪੂਰਬ ਲਜਾਏ ਸੋ ਤਹਾਂ, ਦੇਖੀ ਸਭਿਨਿ ਪਛਾਨ।
ਮਾਨੀ ਸਿਰ ਧਰਿ ਦੇਤਿ ਭੇ, ਸਿਖ ਬਹੁ ਧਨ ਕੋ ਦਾਨ ॥੫੪॥
ਸੰਤਤਿ ਬੁੱਧੂਸ਼ਾਹਿ ਕੀ, ਅਬਿ ਲੌ ਤਹਾਂ ਅਲੰਬ[1]।

[1]ਤਿਸ ਦੇ ਆਸਰੇ।

ਕਰਤਿ ਜੀਵਕਾ ਤਿਸੀ ਤੇ, ਪਾਵਤਿ ਦਰਬ ਕਦੰਬ[1] ॥੫੫॥

[1]ਸਮੂਹ।

ਸੰਮਤ ਬੀਤੇ ਆਇ ਸੋ, ਹਮ ਕੌ ਦਰਸ ਦਿਖਾਇ[1]।

[1]ਸਾਲ ਬੀਤਿਆ ਹੈ ਕਿ (ਉਨ੍ਹਾਂ ਨੇ ਫੇਰ) ਆਕੇ ਉਹਨਾਂ (ਚੀਜ਼ਾਂ ਦਾ) ਸਾਨੂੰ ਦਰਸ਼ਨ ਕਰਾਇਆ ਸੀ।

ਬੁੱਧੂਸ਼ਾਹਿ ਪ੍ਰਸੰਗ ਕੋ, ਭਾਖ੍ਯੋ ਸਕਲ ਬਨਾਇ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਸ੍ਰੀ ਗੁਰ ਬਿਜੈ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

## ੩੨. [ਇਨਾਮ ਵੰਡੇ। ਪਾਂਵਟੇ ਤੋਂ ਤਿਆਰੀ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਸ੍ਰੀ ਸਤਿਗੁਰ ਤਬਿ ਕੇਸਰੀ, ਅਪਰ ਬੰਧਿ ਦਸਤਾਰਿ।
ਜਿਗਾ ਬਾਂਧਿ ਕਲਗੀ ਧਰੀ, ਸ਼ੋਭਾ ਉਦਤਿ ਉਦਾਰ ॥੧॥

ਨਿਸਾਨੀ ਛੰਦ:

ਲਗਜੋ ਦਿਵਾਨ ਮਹਾਨ ਭਟ, ਬਡ ਹੋਤਿ ਅਨੰਦੇ।
ਸਾਧ ਕ੍ਰਿਪਾਲ ਮਹੰਤ ਤਬਿ, ਆਯੋ ਗੁਰ ਬੰਦੇ।
ਸਭਾ ਬਿਖੈ ਸਨਮਾਨ ਕਰਿ, ਪ੍ਰਭੁ ਤਾਂਹਿ ਬਿਠਾਯੋ।
'ਸਾਧ ਸਾਧ' ਸ੍ਰੀ ਮੁਖ ਕਹਜੋ, 'ਸਾਧੂ ਮੁਖ ਪਾਯੋ[1]' ॥੨॥

[1]ਪਾਓਗੇ।

ਬਖ਼ਸ਼ਿਸ਼ ਹੇਤੁ ਬਿਚਾਰ ਕਰਿ, ਜਗ ਮਹਿਂ ਵਡਿਆਈ।
ਅਰਧ ਪਾਰਿ[1] ਦਸਤਾਰ ਕੋ, ਦੇ ਸੀਸ ਬੰਧਾਈ।

[1]ਪਾੜਕੇ।

ਕੁਲਹਾ[1] ਕੇ ਊਪਰ ਬੰਧੀ, ਦੁਤਿ ਹੁਇ ਗਈ ਦੂਨੀ।
ਗਜਾਨ ਸੱਚਿਦਾਨੰਦ ਮਹਿਂ, ਬ੍ਰਿਤਿ ਟਿਕੀ ਚਊਨੀ ॥੩॥

[1]ਉਦਾਸੀਆਂ ਦੀ ਟੋਪੀ ਚੌਕਲੀ ਜੋ ਵਿੱਚੋਂ ਉੱਚੀ ਹੁੰਦੀ ਹੈ। [ਫਾ:, ਕੁਲਹ = ਟੋਪੀ, ਤਾਜ]।

'ਤਕਮਾ[1] ਇਹ ਤਵ ਪੰਥ ਕੋ, ਜਗ ਸਜੈ ਨਿਰਾਲਾ।
ਦੋਨਹੁਂ ਲੋਕ ਸੁਧਾਰ ਦਿਯ, ਗੁਰ ਬਖਸ਼ ਬਿਸਾਲਾ[†]।'

[1]ਮਰਾਤਬੇ ਦਾ ਚਿੰਨ੍ਹ (ਪੱਗ ਸਹਿਤ ਟੋਪੀ।)

[†]ਦੇਖੋ ਉਦਾਸੀ ਕਿਸ ਤਰ੍ਹਾਂ ਗੁਰੁ ਘਰ ਨਾਲ ਮਿਲੇ ਆ ਰਹੇ ਹਨ। ਜੋ ਉਦਾਸੀ ਆਪ ਨੂੰ ਗੁਰੂ ਗ੍ਰਿਹ ਤੋਂ ਦੂਰ ਦੱਸਦੇ ਹਨ ਉਹ ਇਤਿਹਾਸ ਵਿਰੁੱਧ ਜਾ ਰਹੇ ਹਨ। ਗੁਰੂ ਕੀ ਮਿਹਰ ਹੋ ਰਹੀ ਹੈ ਤੇ ਉਦਾਸੀ ਵਡਕਾ ਸੇਵਾ ਵਿਚ ਸਨਮੁਖ ਨਿਭ ਰਿਹਾ ਹੈ, ਤੇ ਸੰਪ੍ਰਦਾ ਸਮੇਤ ਉਸਤੇ ਬਖਸ਼ਸ਼ ਕਰ ਰਹੇ ਹਨ।

'ਨਿਤਪ੍ਰਤਿ ਦੇਗ ਕਰਾਹਿ ਕੀ, ਦੀਜਹਿ ਸੰਗ ਚੇਲੇ।'
ਕਾਰਦਾਰ ਪਰ ਗੁਰ ਹੁਕਮ, ਹੋਯੋ ਤਿਸ ਬੇਲੇ ॥੪॥

ਦਯਾਰਾਮ ਪ੍ਰੋਹਤ ਬਲੀ, ਕੀਨੋ ਰਣ ਭਾਰੀ।
ਕਰਤਿ ਭਏ ਬਖ਼ਸ਼ਸ਼ ਤਬੈ, ਤਿਸ ਓਰ ਨਿਹਾਰੀ।
ਢਾਲਾ ਬਖਸ਼ਜੋ ਆਪਨੋ, ਪੁਨ ਪਟਾ ਲਿਖਾਯੋ।
'ਇਨ ਪੂਜਹਿ ਦਰਸ਼ਨ ਕਰੈ, ਪਾਵਹਿ ਮਨ ਭਾਯੋ' ॥੫॥
ਤੀਨਹੁ ਬੈਠੇ ਭਾਨਜੇ, ਦੀਨੀ ਬਹੁ ਧੀਰਾ।
'ਦੋਨਹੁ ਭ੍ਰਾਤਾ ਸੁਰਗ ਗੇ, ਜਿਹ ਗਤਿ ਬਡ ਬੀਰਾ[1]।

[1]ਜਿਨ੍ਹਾਂ ਦੀ ਗਤੀ ਬੜੇ ਸੂਰਮਿਆਂ ਵਾਲੀ ਹੋਈ।

ਸਫਲ ਮਰਨ ਛੱਤ੍ਰੀਨ ਕੋ, ਰਿਪੁ ਮਾਰਤਿ ਮਰਿਬੋ।
ਕ੍ਰੁੱਧਤਿ ਹੁਇ ਆਗੇ ਚਲਨਿ, ਪਗ ਪਾਛ ਨ ਧਰਿਬੋ ॥੬॥
ਨਹੀਂ ਸੋਚਿਬੇ ਜੋਗ[1] ਸੋ, ਨਿਜ ਧਰਮ ਸਮੇਤਾ।

[1]ਸ਼ੋਕ ਕਰਨ ਯੋਗ।

ਸੁਜਸੁ ਹਲਤ ਮਹਿਂ, ਪਲਤ ਸੁਖ, ਥਿਤ ਦੇਵ ਨਿਕੇਤਾ[1]।

[1]ਸੁਰਗ ਵਿਚ।

ਪਰਨ ਮੰਚ ਪਰ ਮਰਨ ਹੁਇ, ਭਟ ਕੌ ਨਹਿਂ ਨੀਕੋ[1]।

[1]ਮੰਜੇ ਉਤੇ ਪੈਕੇ ਮਰਨਾ ਸੂਰਮੇ ਲਈ ਚੰਗਾ ਨਹੀਂ। ਭਾਵ ਸੂਰਮੇ ਨੂੰ ਸ਼ਸਤ੍ਰ ਦੀ ਮੌਤ ਹੀ ਠੀਕ ਹੈ, ਰੋਗ ਗ੍ਰਸਤ ਹੋਕੇ ਮਰਨਾ ਠੀਕ ਨਹੀਂ।

ਦੁਰਲਭ ਪਾਵਨ ਸੁਰਗ ਕੋ, ਨਹਿਂ ਜਸੁ ਕੋ ਟੀਕੋ[1]' ॥੭॥

[1]ਸੁਰਗ ਦਾ ਪਾਉਣਾ ਦੁਰਲਭ ਹੋ ਜਾਂਦਾ ਹੈ ਤੇ ਨਾਂ ਹੀ ਜਸ ਦਾ ਟਿੱਕਾ ਮਿਲਦਾ ਹੈ।

ਤੀਨਹੁ ਭ੍ਰਾਤਨਿ ਬੰਦਿ ਕਰ, ਗੁਰ ਸੰਗ ਬਖਾਨਾ।
'ਸ੍ਵਾਮੀ ਤੁਮ ਦ੍ਵੈ ਲੋਕ ਕੇ, ਬਖਸ਼ਹੁ ਸੁਖ ਨਾਨਾ।
ਦੁਰਲਭ ਰਾਵਰ ਕੀ ਖੁਸ਼ੀ, ਪ੍ਰਾਪਤਿ ਬਡ ਭਾਗੇ।
ਜਗ ਕੇ ਹਤਹੁ ਕੁਬੰਧਨਾ, ਤੁਮ ਪਗ ਅਨੁਰਾਗੇ ॥੮॥
ਕਹੋ ਆਪ ਸੋ ਸ਼੍ਰੇਯ ਹੈ, ਸਭਿ ਜੀਵਨ ਕੇਰੀ।
ਰਣ ਮਹਿ ਮਰਿਬੋ ਮਾਰਿਬੋ, ਬੀਰਨ ਗਤਿ

ਹੇਰੀ।
ਹਮਰੇ ਸ਼ੋਕ ਨ ਹੋਤਿ ਹੈ, ਆਏ ਤੁਮ ਕਾਜੇ[1]।
ਦੀਨ ਦੁਨੀ ਪਤਿਸ਼ਾਹ ਹੋ, ਨਿਜ ਦਾਸ ਨਿਵਾਜੇ' ॥੯॥
ਸੁਨਿ ਪ੍ਰਸੰਨ ਸਤਿਗੁਰ ਭਏ, ਬਹੁ ਬਖਸ਼ਿਸ਼ ਦੀਨੀ।
ਜੇਵਰ ਜਰੇ ਜਵਾਹਰਨ, ਜਿਨ ਕੀ ਦੁਤਿ ਪੀਨੀ[1]।
ਸਿਰੇਪਾਉ ਬਡ ਮੋਲ ਕੇ, ਬਡ ਦੁਲਭ ਦੁਸ਼ਾਲੇ।
ਕਹਾਂ ਕਹੌਂ ਧਨ ਦੀਨਿ ਗਨੌਂ, ਲੇ ਹਰਖ ਬਿਸਾਲੇ ॥੧੦॥
ਅਪਰ ਸਰਬ ਜੇ ਸੂਰਮਾ, ਰਨ ਲਰੇ ਬਿਸਾਲਾ।
ਬਖਸ਼ਸ਼[†] ਦੀਨੀ ਸਭਿਇਨ ਕੋ, ਕਰਿ ਦਏ ਨਿਹਾਲਾ।
ਮਾਨ ਆਦਿ ਦੇ ਦਾਨ ਬਹੁ, ਹਰਖਾਇ ਸੁ ਬੀਰੰ।
ਪ੍ਰਥਮ ਲਰਾਈ ਬਿਜੈ ਕਰਿ, ਆਨੰਦ ਗਹੀਰੰ ॥੧੧॥
ਹੁਤੇ ਜੁ ਕਾਤੁਰ ਲਰਨ ਤੇ, ਸੋ ਬਹੁਤ ਧਿਕਾਰੇ।
ਖੁਸ਼ੀ ਨ ਗੁਰ ਕੀ ਤਿਨਹੁ ਪਰ, ਦਲ ਵਹਿਰ[1] ਨਿਕਾਰੇ।
ਬਿਜੈ ਗੁਰੂ ਕੀ ਦੇਸ਼ ਮਹਿਂ, ਪਸਰੀ ਤਿਸ ਕਾਲਾ।
'ਹਤੇ ਪਹਾਰੀ ਭਾਜਿਗੇ, ਕਰਿ ਤ੍ਰਾਸ ਬਿਸਾਲਾ' ॥੧੨॥
ਜਹਿਂ ਕਹਿਂ ਤੇ ਸੁਨਿ ਸੁਜਸੁ ਕੋ, ਜਾਚਕ ਚਲਿ ਆਏ।
ਡੋਮ ਭਾਟ ਤੇ ਆਦਿ ਗਨ, ਗੁਰ ਕੇ ਗੁਨ ਗਾਏ।

[1]ਆਪ ਦੇ ਕੰਮ ਆਏ ਹਨ।

[1]ਬਹੁਤ।

[†]ਬਚਿੱਤ੍ਰ ਨਾਟਕ:- ਧਨੰ ਧਾਰ ਬਰਖੇ। ਸਭੈ ਸੂਰ ਹਰਖੇ।

[1]ਦਲ ਤੋਂ ਬਾਹਰ।

ਕਿਤਿਕ ਕਵੀਸ਼ੁਰ ਆਇਗੇ, ਰਚਿ ਰੁਚਿਰ ਕਵਿੱਤੰ।
ਬਖਸ਼ਹਿਂ ਦਿਨ ਪ੍ਰਤਿ ਸਤਿਗੁਰੂ, ਮਨ ਭਾਵਤਿ ਬਿੱਤੰ[1] ॥੧੩॥

[1]ਧਨ ਨੂੰ।

ਭੂਖਨ ਪਾਇ ਸੁਵਰਨ ਕੇ, ਹਯ ਅਧਿਕ ਸਜਾਵੈਂ।
ਜਿਸ ਪਰ ਹੋਇਂ ਪ੍ਰਸੰਨ ਗੁਰ, ਤਤਕਾਲ ਦਿਵਾਵੈਂ।
ਕਰਹਿਂ ਚੋਜ ਬਹੁ ਮੌਜ ਕੇ, ਸਭਿ ਰੋਜ ਗੁਸਾਈਂ।
ਚਲੀ ਦਾਨਧਾਰਾ† ਮਹਾਂ, ਕੋ ਸਕਹਿ ਗਿਨਾਈ ॥੧੪॥

†ਬਚਿੱਤ੍ਰ ਨਾਟਕ:- ਧਨੰ ਧਾਰ ਬਰਖੇ। ਸਭੈ ਸੂਰ ਹਰਖੇ।

ਦੇਸ਼ ਦੇਸ਼ ਤੇ ਸੰਗਤਾਂ ਆਵਹਿਂ ਗਨ ਰਾਗੀ।
ਸ਼ਸਤ੍ਰ ਤੁਰੰਗਮ ਅਰਪਤੇ, ਦਰਸਤਿ ਬਡਭਾਗੀ।
ਪੂਰਵਹਿਂ ਮਨ ਕੀ ਕਾਮਨਾ, ਜਸੁ ਗਾਵਤਿ ਜਾਤੇ।
ਅਧਿਕੈ ਵਧਯੋ ਪ੍ਰਤਾਪ ਤਬਿ, ਸਿਖ ਜਨ ਸੁਖ ਰਾਤੇ[1] ॥੧੫॥

[1]ਸੁਖਾਂ ਦੇ ਵਿਚ ਰੱਤੇ ਗਏ।

ਗਾਵਹਿਂ ਢਾਢੀ ਵਾਰ ਕੌਂ, ਜਸੁ ਕਹੈਂ ਬਨਾਈ।
ਸੁਨਤਿ ਹੋਤਿ ਉਤਸਾਹ ਉਰ, ਭਟ ਬੈਠਹਿਂ ਆਈ।
ਮਾਰ ਬਕਾਰਾ ਬਹੁ ਕਰਹਿਂ, ਸਤਿਗੁਰਨ ਸੁਨਾਵੈਂ[1]।

[1](ਸੂਰਮੇ) ਸੁਣਾਉਂਦੇ ਹਨ।

'ਲੂਟਹਿਂ ਅਬਿ ਸ੍ਰੀ ਨਗਰ ਕੌਂ, ਸ੍ਰੀ ਮੁਖ ਫਰਮਾਵੈਂ[1] ॥੧੬॥

[1]ਜੇ ਸ੍ਰੀ ਮੁਖੋਂ (ਗੁਰੂ ਜੀ) ਫੁਰਮਾ ਦੇਣ ਤਾਂ।

ਫਤੇਸ਼ਾਹਿ ਕੌ ਪਕਰਿ ਕੈ, ਪ੍ਰਭੁ ਚਰਨੀ ਪਾਵੈਂ।
ਬਾਇਸਧਾਰ ਪਹਾਰ ਕੀ, ਜੀਤਹਿਂ ਫਿਰਿ ਆਵੈਂ।
ਛੀਨਹਿਂ ਤੁਰਕਨਿ ਰਾਜ ਕੌਂ, ਨੀਹਲ[1] ਸਭ

[1]ਨੀਵਾਂ ਦੇਸ਼ ਜਿੱਥੇ ਪਹਾੜ ਮੁਕਦੇ ਹਨ, ਉਹ ਲਾਗ ਲਾਗ

| | |
|---|---|
| ਦੇਸ਼ਾ। | ਦਾ ਦੇਸ਼ ਸ਼ਿਵਾਲਕ ਤੇ ਹਿਮਾਲਯ ਦੇ ਵਿਚਾਲੇ ਤੇ ਸ਼ਿਵਾਲਕ ਦੇ ਉਦਾਲੇ। |
| ਜਿਣ ਹੈਂ[1†] ਬੁਰੀਆ[2] ਦਾਮਲਾ[3], ਪੁਰਿ ਅਪਰ ਵਿਸ਼ੇਸ਼ਾ ॥੧੭॥ | [1]ਜਿੱਤਾਂਗੇ। [2]ਬੂੜੀਆ ਜਿੱਥੇ ਕਵੀ ਜੀ ਆਪ ਰਹਿ ਆਏ ਸਨ। [3]ਉਹ ਪਿੰਡ ਜਿੱਥੋਂ ਵਾਲੇ ਪਠਾਨ ਭੰਗਾਣੀ ਜੁੱਧ ਸਮੇਂ ਬੇਈਮਾਨ ਹੋਏ ਸਨ। ਇਹ ਥਾਂ ਕਰਨਾਲ ਜ਼ਿਲੇ ਵਿੱਚ ਹੈ, ਬਾਬੇ ਬੰਦੇ ਨੇ ਇਨ੍ਹਾਂ ਨਿਮਕ ਹਰਾਮੀਆਂ ਨੂੰ ਦੰਡ ਦਿੱਤਾ ਸੀ। [†]ਪਾ:-ਜਿਨਹਿਂ। |
| ਪੁਨ ਲਹੌਰ ਕੋ ਲੂਟ ਕਰਿ, ਦਿੱਲੀ ਹਮ ਜਾਵੈਂ। | |
| ਪਾਇੰ ਠੌਰ ਤੁਰਕਾਨ ਪੁਰਿ[1], ਰਨ ਕਰਿ ਕਰਿ ਘਾਵੈਂ। | [1]ਭਾਵ ਤੁਰਕਾਣੀ ਜ਼ੋਰ ਵਾਲੇ ਨਗਰਾਂ ਵਿੱਚ ਠਾਣਾਂ ਪਾਵਾਂਗੇ। |
| ਹੁਕਮ ਨ ਕਰਹੁ ਜਿ ਦੂਰ ਕੌ, ਤੌ ਏਤਿਕ ਦੇਸ਼ਾ। | |
| ਆਨੰਦ ਪੁਰਿ ਲਗਿ ਪਾਂਵਟਾ, ਇਕ ਰਾਜ ਅਸ਼ੇਸ਼ਾ[1] ॥੧੮॥ | [1]ਸਾਰਾ। |
| ਠਕੁਰਾਈ ਇਨ ਬੀਚ ਜੇ, ਸਭਿ ਮਾਰ ਨਿਕਾਰੈਂ। | |
| ਸੁਖ ਸੋਂ ਆਵਨਿ ਜਾਨਿ ਹੁਇ, ਨਿਜ ਦੇਸ਼ ਮਝਾਰੈਂ। | |
| ਪ੍ਰਭੁ ਜੀ ਦੀਜਹਿ ਹੁਕਮ ਕੋ, ਉਮਡੈ ਦਲ ਸਾਰਾ। | |
| ਫਤੇ ਕਰਹਿਂ ਜਬਿ ਬਜਹਿਗੋ, ਰਣਜੀਤ ਨਗਾਰਾ' ॥੧੯॥ | |
| ਸੁਰ ਚਲਾਕਨਿ ਬਾਕ ਕੋ[1], ਸੁਨਿ ਪ੍ਰਭੁ ਦੇਂ ਧੀਰਾ। | [1]ਸੂਰਿਆਂ ਦੇ ਚਤੁਰਾਈਆਂ ਦੇ ਵਾਕਾਂ ਨੂੰ। (ਅ) ਚਲਾਕ ਸੂਰਮਿਆਂ ਦੇ ਵਾਕਾਂ ਨੂੰ। |
| 'ਪਿਖਹੁ ਖੇਲ ਕਰਤਾਰ ਕੇ, ਠਹਿਰਹੁ ਬਰ ਬੀਰਾ ! | |
| ਨਹਿਂ ਧਾਰਹੁ ਬਹੁ ਸ਼ੀਘ੍ਰਤਾ, ਅਸਕੇਤੁ[1] ਰਜਾਈ। | [1]ਅਕਾਲ ਪੁਰਖ ਦੀ। |
| ਜਥੋਂ ਜਥੋਂ ਹੁਇ ਤਥੋਂ ਤਥੋਂ ਕਰਹੁ, ਸਿਮਰਹੁ ਸੁਖਦਾਈ ॥੨੦॥ | |
| ਕਹਾਂ ਬਾਤ ਇਸ ਦੇਸ਼ ਕੀ, ਜੋ ਚਾਹਤਿ ਲੀਨਾ। | |
| ਧਰਾ ਰਾਜ ਲੈ ਦੇਯ ਹੌਂ, ਭੋਗਹੁ ਸੁਖ ਪੀਨਾ। | |

ਕਿਲੇ ਕੋਟ ਕਾਇਮ ਕਰਹਿ, ਦਲ ਵਧਹਿ ਬਿਸਾਲਾ।
ਜਹਿਂ ਜਹਿਂ ਮੇਰੇ ਦਾਸ ਬਡ, ਫੈਲਹਿਂ ਜਗ ਜਾਲਾ ॥੨੧॥
ਜੋ ਰਾਜਾ ਹੁਇਂ ਚੌਧਰੀ, ਭਰਿ ਹੈਂ ਸਭਿ ਹਾਲਾ।
ਵਧਹਿ ਪ੍ਰਤਾਪ ਬਿਲੰਦ ਹੀ, ਐ ਹੈ ਜਬਿ ਕਾਲਾ[1]।
ਸਾਚੇ ਸਾਹਿਬ ਕੇ ਤੁਮਹਿ, ਦੈਹੌਂ ਲਰ ਲਾਏ।
ਸਦਾ ਸਹਾਇਕ ਹੋਹਿਂਗੇ, ਸਿਮਰਹੁ ਸਚ ਨਾਏ ॥੨੨॥
ਹਲਤ ਬਿਖੈ ਜਗ ਰਾਜ ਲਿਹੁ, ਰਹਿਨੀ[1] ਨਿਤ ਰਾਖਹੁ।
ਗੁਰਮੁਖ ਧਰਮ ਨ ਛੋਰੀਅਹਿ[1], ਉਰ ਮਹਿਂ ਅਭਿਲਾਖਹੁ।
ਪਲਤ ਬਿਖੈ ਰੱਛਜਾ ਕਰੌਂ, ਸੁਖ ਪਾਇ[1] ਵਿਸ਼ੇਸ਼ਾ।
ਜਿਸ ਕਾਰਜ ਕੌ ਅਵਿਤਰਜੋ, ਸੋ ਕਰੌਂ ਅਸ਼ੇਸ਼ਾ[1]' ॥੨੩॥
ਸੁਨਿ ਸਤਿਗੁਰ ਕੇ ਵਾਕ ਕੌ, ਭਾਖਹਿਂ ਸਿਖ ਬੀਰਾ।
'ਤੁਮ ਸਭਿ ਬਖਸ਼ਨ ਜੋਗ ਹੋ, ਹਮ ਸਭਿ ਕੇ ਧੀਰਾ[1]।
ਤਊ ਸੁਨਹੁ ਮਹਾਂਰਾਜ ਜੀ! ਜੇ ਦੁਰਗ ਨਜੀਕਾ।
ਛੀਨ ਲੇਹੁ ਇਨ ਸਭਿਨਿ ਕੋ, ਕਰਿ ਕਰਿ ਰਣ ਨੀਕਾ ॥੨੪॥
ਕਾਇਮ ਕਰਿ ਸਭਿਹੁੰਨ ਕੌ, ਦਿਢ ਦੇਹੁ ਚਿਨਾਏ।
ਦਲ ਆਗਹਿ ਨਹਿਂ ਅਰ ਸਕਹਿਂ, ਲੇ ਸ਼ੀਘ੍ਰ ਸੁ ਜਾਏ[1]।
ਸਨੇ ਸਨੇ ਪੁਨ ਆਨਿ ਕੋ, ਲੈਹੈਂ ਬਲ ਪਾਏ।

[1]ਸਮਾਂ।

[1]ਗੁਰਸਿੱਖੀ ਦੀ ਰਹੁਰੀਤ।

[1]ਤਾਕੀਦ ਕਰਦੇ ਹਨ ਕਿ ਰਾਜ ਪਾਕੇ ਵਾਹਿਗੁਰੂ ਨਾਲ ਸਨਮੁਖ ਰਹਿਣ ਦਾ ਧਰਮ ਨਾ ਗੁਆ ਦੇਣਾ।

[1]ਪਾਓਗੇ।

[1]ਸਾਰਾ।

[1]ਧੀਰਜ ਦੇਣ ਵਾਲੇ।

[1]ਛੇਤੀ ਹੀ ਜਾਕੇ ਲੈ ਸਕਦੇ ਹਾਂ ਥਾਂ।

ਹੁਕਮ ਦੇਨਿ ਕੀ ਦੇਰਿ ਇਕ, ਲੈਂ ਅਬੈ ਛੁਟਾਏ' ॥੨੫॥
ਸੁਨਤਿ ਬਿਚਾਰੵੋ ਸਤਿਗੁਰੂ, -ਰਣਜੀਤ ਬਿਸਾਲਾ[1]।
ਟਿਕਹਿਂ ਨਹੀਂ ਇਨ ਪਾਵ ਕੋ, ਅਬਿ ਲਰਹਿਂ ਕਰਾਲਾ।
ਦੁਰਗਨ ਕੋ ਨਹਿਂ ਛੋਰਿਹੈਂ, ਕਰਿ ਛੇਰ ਲਰਾਈ।
ਵਧੵੋ ਅਧਿਕ ਉਤਸਾਹ ਉਰ, ਹਤਿ ਹੈਂ ਰਿਪੁ ਧਾਈ ॥੨੬॥
ਮਿਸ[1] ਅਖੇਰ ਕੇ ਵਹਿਰ ਫਿਰ[2], ਘਾਲਹਿਂ ਰਣ ਭਾਰੀ।
ਅਬਿ ਤੋ ਸਭਿ ਨਹਿਂ ਮਾਰਣੈ[1], -ਗੁਰ ਭਲੇ ਬਿਚਾਰੀ।
-ਚਲਹਿਂ ਅਨੰਦਪੁਰਿ ਆਪਨੇ, ਹੁਇ ਹੈ ਤਹਿਂ ਸ਼ਾਂਤੀ।
ਲਗੵੋ ਬੈਰ ਇਸ ਦੇਸ਼ ਮਹਿਂ, ਭੇ ਬ੍ਰਿੰਦ ਅਰਾਤੀ[1]- ॥੨੭॥
ਤਬਿ ਸਭਿ ਸੁਭਟਨਿ ਸੋਂ ਭਨੵੋ, 'ਉਰ ਧੀਰਜ ਧਾਰੋ।
ਚਲਹੁ ਅਨੰਦਪੁਰਿ ਅਨੰਦ ਧਰਿ, ਨਿਜ ਨਗਰ ਸੰਭਾਰੋ।
ਤਿਤ ਹੀ ਦਿਸ਼ਿ ਜੀਤੋ ਪ੍ਰਥਮ, ਅਰੁ ਗੁਰ ਦਰਬਾਰਾ।
ਕਰਹਿਂ ਨਮੋ ਗਮਨਹਿਂ ਅਬਹਿ, ਇਹ ਭਲੀ ਬਿਚਾਰਾ' ॥੨੮॥
ਸ਼੍ਰੀ ਮੁਖ ਤੇ ਸਮੁਝਾਇ ਕਰਿ, ਬਹੁ ਬੀਰ ਹਟਾਏ।
ਹੁਕਮ ਦਯੋ 'ਤਯਾਰੀ ਕਰਹੁ, ਰਣਜੀਤ ਬਜਾਏ।
ਉਸ਼ਟਰੁ ਆਨਹੁਂ ਸੈਂਕਰੇ, ਸਭਿ ਦਲਹਿ ਸਮਾਜਾ।

[1]ਬੜਾ ਰਣ ਜਿਤ ਲੈਣ ਕਰਕੇ।

[1]ਬਹਾਨੇ। [2]ਫਿਰ ਕਰਕੇ।

[1]ਹੁਣੇ ਹੀ ਸਭ ਨੂੰ ਨਹੀਂ ਮਾਰ ਦੇਣਾ।

[1]ਵੈਰੀ ਬਹੁਤੇ ਹੋ ਗਏ ਹਨ।

ਗਹਹੁ ਬਿਗਾਰੀ ਗ੍ਰਾਮ ਨਰ, ਜੈ ਹੈਂ ਨਹਿ
ਭਾਜਾ†' ॥੨੯॥

†ਬਿਗਾਰ ਦਾ ਖ਼ਯਾਲ ਕਵਿ ਜੀ ਦੇ ਗਿਰਦ ਵਰਤ ਰਹੇ ਰਾਜ ਘਰਾਂ ਦੇ ਵਰਤਾਰੇ ਦੀ ਸੰਭਾਵਨਾ ਹੈ, ਸਤਿਗੁਰ ਜਗਤ ਦੀ ਵਿਗਾਰ ਕੱਟਣ ਹਾਰੇ ਸਨ। ਉਹਨਾਂ ਦੇ ਵਰਤਾਰੇ ਵਿੱਚ ਬਿਗਾਰ ਦੀ ਸੰਭਾਵਨਾ ਸੰਭਵ ਨਹੀਂ, ਕਿਸੇ ਕਿਰਤੀ ਦੀ ਘਾਲ ਐਵੇਂ ਜਾਵੇ ਇਹ ਅਸੂਲ ਹੀ ਸਤਿਗੁਰਾਂ ਦਾ ਨਹੀਂ ਸੀ 'ਇਕ ਤਿਲੁ ਨਹੀਂ ਭੰਨੈ ਘਾਲੇ' ਦੇ ਬਿਰਦ ਵਾਲੇ ਕੰਮ ਕਰਨ ਵਾਲਿਆਂ ਨੂੰ ਮਜੂਰੀਆਂ ਤੋਂ ਵੱਖਰੇ ਇਨਾਮਾਂ ਨਾਲ ਮਾਲਾ ਮਾਲ ਕਰਦੇ ਹੁੰਦੇ ਸਨ।

ਸੁਨਿ ਸਤਿਗੁਰ ਕੇ ਹੁਕਮ ਕਉ ਚਢਿ ਕਰਿ
ਅਸਵਾਰਾ।
ਗਰਾਮ ਅਨੇਕਨ ਕੇ ਗਹੇ ਨਰ ਆਨਿ
ਹਜ਼ਾਰਾ।
ਬੰਧੇ ਭਾਰ ਸਮਾਜ ਕੇ, ਸਿਰ ਦੇ ਉਚਵਾਏ।
ਗਮਨਜੋ ਪ੍ਰਥਮ ਬਿਹੀਰ ਸਭਿ, ਉਸ਼ਟਰ
ਲਦਵਾਏ ॥੩੦॥
ਸ਼ਮਿਯਾਨੇ ਤੰਬੂ ਘਨੇ, ਗਨ ਫਰਸ਼
ਬਿਸਾਲੇ।
ਸ਼ਤਰੰਜੀ, ਬਹੁ ਜਾਜਮਾਂ[1], ਬਾਸਨ[2] ਬਡ
ਜਾਲੇ।

[1]ਛਾਪਿਆ ਹੋਇਆ ਕਪੜਾ। [2]ਬਰਤਨ।

ਖੱਚਰ ਪਰ ਲਾਦੇ ਅਧਿਕ, ਧਨ ਕੋਸ਼
ਮਹਾਨਾ।
ਬਧੇ ਭਾਰ ਸੰਭਾਰ ਕੇ, ਜੇ ਵਸਤੂ ਨਾਨਾ
॥੩੧॥
ਭਾਰ ਉਚਾਵਨਹਾਰ ਜੇ, ਸਭਿ ਚਲੇ ਹਜ਼ਾਰੇ।
ਆਗੇ ਪਾਛੇ ਸੁਭਟ ਗਨ, ਗਮਨੇ ਰਖਵਾਰੇ।
ਸਨੇ ਸਨੇ ਵਥੁ ਸਕਲ ਕਉ, ਸੰਭਾਰਿ
ਲਦਾਈ।
ਮਾਰਗ ਮਹਿੰ ਬਹੁ ਚਲਿ ਪਰੇ, ਹੇਰੇ†
ਸਮੁਦਾਈ ॥੩੨॥

†ਪਾ:-ਲਾਗੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁੱਤੇ 'ਸ੍ਰੀ ਗੁਰ ਬਿਜੈ' ਪ੍ਰਸੰਗ ਬਰਨਨੰ ਨਾਮ ਦ੍ਵੈ ਤ੍ਰਿੰਸਤੀ ਅੰਸ ॥੩੨॥

## ੩੩. [ਅਨੰਦ ਪੁਰ ਦਾ ਸਫਰ। ਨਾਹਣੇਸ਼। ਲਾਹਾ ਤੇ ਟੋਟਾ ਗ੍ਰਾਮ ਦੇ ਚੋਰ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਜੁੱਧ ਜੀਤ ਆਏ ਜਬੇ, ਟਿਕੇ ਨ ਤਿਨ ਪੁਰਿ ਪਾਵ।

ਦੇਖੋ ਅੰਸੂ ਦੇ ਅਖੀਰ ਵਿੱਚ ਆਉਣ ਵਾਲੀ ਨਿਸ਼ਾਨ ਦੀ ਟੂਕ।

ਦੀਨਸਿ ਕੂਚ ਕਰਾਇ ਗੁਰ, ਤਜਜੋ ਪਾਂਵਟਾ ਥਾਂਵ† ॥੧॥

†ਰੁਤ ੧ ਅੰਸੂ ੪੭ ਅੰਕ ੪੨ ਵਿਚ ਅਸੀਂ ਦੱਸ ਆਏ ਹਾਂ ਕਿ ਅਨੰਦ ਪੁਰ ਤੋਂ ਟੁਰਕੇ ਜਿਥੇ ਪਾਉਂ ਟਿਕਾਏ ਉਸ ਦਾ ਨਾਉਂ ਪਾਉਂਟਾ ਧਰਿਆ। ਇਹ ਥਾਂ ਲਗ ਪਗ ੧੭੪੨ ਬਿ: ਵਿਚ ਗੁਰੂ ਜੀ ਨੇ ਬੱਧਾ ਸੀ। †ਗੁਰੂ ਜੀ ਨੇ ਕਦੇ ਕਿਸੇ ਪਰ ਧਰਮ ਵਿਰੁੱਧ ਜ਼ੋਰ ਨਹੀਂ ਪਾਇਆ, ਜੈਸੇ ਕਿ ਦੌਲਤ ਰਾਏ ਇਕ ਸਮਾਜੀ ਮੁਅੱਰਖ ਨੇ ਆਪਣੀ ਕਿਤਾਬ ਦੇ ਸਫਾ ੨੨੧-੨੨ ਤੇ ਲਿਖਿਆ ਹੈ।

ਨਿਸ਼ਾਨੀ ਛੰਦ:

ਸੈਨ ਸਹਿਤ ਗੁਰ ਥਿਤ ਕਰੇ, ਡੇਰਾ ਲਦਵਾਯੋ।
ਸਨੇ ਸਨੇ ਸਭਿ ਚਲਿ ਪਰੇ, ਨੀਕੇ ਲਖਿ ਪਾਯੋ।
ਭਏ ਪ੍ਰਭੂ ਅਸਵਾਰ ਤਬਿ, ਰਣਜੀਤ ਨਗਾਰਾ।
ਬਾਜ ਉਠਜੋ ਬਡ ਬੰਬ[1] ਜੁਤਿ, ਨਿਜ ਸ਼ਬਦ ਪਸਾਰਾ ॥੨॥

[1]ਅਵਾਜ਼।

ਗਿਰ ਗਿਰ ਮਹਿਂ ਪ੍ਰਤਿ ਧੁਨਿ[1] ਉਠੀ, ਕੰਪੇ ਗਿਰਨਾਥਾ।
-ਗੁਰੂ ਛੁਟਾਇ ਨ ਰਾਜ ਕੌ[1]-, ਇਮ ਡਰ ਕੇ ਸਾਥਾ।
ਜਿਤ ਕਿਤ ਤੇ ਪਠਿ ਨਰਨਿ ਕੋ, ਸੁਧਿ ਸਭਿਨਿ ਮੰਗਾਈ।
-ਆਨੰਦਪੁਰ ਕੋ ਕੂਚ ਕਰਿ, ਗਮਨੇ ਗੋਸਾਈਂ- ॥੩॥

[1]ਮੁੜਵੀਂ ਧੁਨਿ, ਗੂੰਜ।

[1]ਕਿਤੇ ਖੋਹ ਨਾ ਲੈਣ ਰਾਜ ਨੂੰ।

ਸੁਪਤੇ ਸੁਖ ਕੀ ਨੀਂਦ[1] ਸਭਿ, ਨਤੁ ਡਰਹਿਂ ਬਿਸਾਲਾ।
ਚਢੇ ਪਾਂਵਟੇ ਨਗਰ ਤੇ, ਇਸ ਰੀਤਿ ਕ੍ਰਿਪਾਲਾ।
ਉਠੀ ਧੂਲ ਨਭ ਮਹਿਂ ਉਡੀ, ਢਾਂਪਜੋ ਰਵਿ ਜਾਈ।

[1](ਰਾਜੇ) ਸੁਖ ਦੀ ਨੀਂਦ ਸੁੱਤੇ।

ਛੁਟੇ ਤੜਾਕੇ ਤੁਪਕ ਕੇ, ਬਡ ਸ਼ਬਦ ਉਠਾਈ ॥੪॥
ਕੂਦਤ ਜਾਤਿ ਤੁਰੰਗ ਗਨ, ਕਰਿ ਬੇਗ ਪਲਾਵੈਂ।
ਪੌਰ ਪਰਹਿਂ[1] ਦਿਢ ਠੌਰ ਮਹਿਂ, ਨਾਦਤਿ[2] ਮਗ ਜਾਵੈਂ।
ਭਏ ਸਿੱਖ੍ਯ ਘਾਇਲ ਸੁਭਟ, ਸੇ ਚਲਹਿਂ ਉਠਾਏ।
ਗ੍ਰਾਮਨਿ ਕੇ ਨਰ ਬ੍ਰਿੰਦ ਹੀ, ਸਿਰ ਧਰਿ ਗਮਨਾਏ ॥੫॥
ਖਾਨ ਪਾਨ ਕੀ ਸੁਧਿ ਸਕਲ, ਭਾਖੀ[1] 'ਬਹੁ ਲੀਜੈ।
ਬਾਂਛਤਿ ਇਨ ਕੋ ਨਿਸ ਦਿਵਸ, ਹਾਜ਼ਰ ਕਰਿ ਦੀਜੈ।
ਅਲਪ ਸੈਲ ਕੁਛ ਪੰਥ ਮੈਂ, ਕ੍ਰਮ ਕ੍ਰਮ ਉਲੰਘੈ ਕੈ।
ਵਹਿਰ ਆਇ ਡੇਰਾ ਕਰ੍ਯੋ, ਸੁਠ ਥਲ ਪਿਖਿ ਕੈ ਕੈ ॥੬॥
ਉਤਰੇ ਤਜ੍ਯੋ ਤੁਰੰਗ ਪ੍ਰਭੁ, ਪਰਯੰਕ ਸੁਹਾਏ।
ਸ਼ਮਿਯਾਨੇ ਤੰਬੂ ਤਨੇ, ਤਤਛਿਨ ਤਿਸ ਥਾਏਂ।
ਤ੍ਰਿਨ ਦਾਨੇ ਕੋ ਲ੍ਯਾਇ ਕਰਿ, ਕਰਿ ਤੁਰੰਗਨਿ ਦੀਨਾ।
ਦੇਗ ਦੀਰਘਾ ਤ੍ਯਾਰ ਭੀ, ਗੁਰ ਅਚਵਨਿ ਕੀਨਾ ॥੭॥
ਖਾਨ ਪਾਨ ਕਰਿ ਸਕਲ ਦਲ, ਸੁਖ ਤੇ ਸੁਪਤਾਏ।
ਨਿਸਾ ਬਿਖੈ ਬਿੱਸ੍ਰਾਮ ਤੇ, ਸ਼੍ਰਮ ਦੀਹ[1] ਨਸਾਏ।
ਅੰਮ੍ਰਿਤ ਵੇਲਾ ਜਾਗਿ ਕੈ, ਕਰਿ ਸੌਚ ਸ਼ਨਾਨਾ।

[1]ਕਦਮ (ਘੋੜਿਆਂ ਦੇ)। [2]ਸ਼ਬਦ ਕਰਦੇ।

[1]ਗੁਰੂ ਜੀ ਨੇ ਕਹਿਆ।

[1]ਬਹੁਤ ਥਕਾਨ।

ਬਸਤ੍ਰ ਸ਼ਸਤ੍ਰ ਤਨ ਪਹਿਰ ਕੈ, ਪ੍ਰਭੁ ਕੀਨਸਿ ਪਯਾਨਾ ॥੮॥
ਤਯਾਰ ਹੋਇ ਸਭਿ ਦਲ, ਚਢ੍ਯੋ ਧੌਂਸਾ ਧੁੰਕਾਰੇ।
-ਮਾਰਗ ਪ੍ਰਸਥਾਨੇ ਪ੍ਰਭੂ-, ਬਿਦਤ੍ਯੋ ਜਗ ਸਾਰੇ।
ਸ਼ਹਿਰ ਸਢੌਰੇ ਨਿਕਟਿ ਕੌ, ਆਗੈ ਜਬਿ ਚਾਲੇ।
ਨਾਹਣ ਕੇ ਨ੍ਰਿਪ ਜਬਿ ਸੁਨ੍ਯੋਂ, -ਗੁਰੁ ਕੂਚ ਸੰਭਾਲੇ ॥੯॥
ਇਸਮ[1] ਅਨੰਦਪੁਰਿ ਅਪਨਿ ਕੌ, ਕਰਿ ਹੈਂ ਤਹਿਂ ਬਾਸਾ।
ਚਲੇ ਜਾਤਿ ਜੁਤਿ ਬਾਹਿਨੀ[1]-, ਸੁਨਿ ਮਿਦਨ ਪ੍ਰਕਾਸ਼ਾ[2]।
ਤੂਰਨ ਪਠ੍ਯੋ ਵਕੀਲ ਕੌ, ਕਹਿ ਸਭਿ ਸਮੁਝਾਈ।
ਆਗੇ ਮਿਲ੍ਯੋ ਸੁ ਆਇ ਕਰਿ, ਪਗ[1] ਗ੍ਰੀਵ ਨਿਵਾਈ ॥੧੦॥
ਹਾਥ ਜੋਰਿ ਬੋਲਤਿ ਭਯੋ, 'ਨਾਹਿਣ ਕੇ ਰਾਜਾ[1]।
ਪਠ੍ਯੋ ਸ਼ੀਘ੍ਰ ਢਿਗ ਆਪ ਕੇ, ਸੁਨੀਅਹਿ ਮਹਾਰਾਜਾ!
ਚਰਨ ਕਮਲ ਪਰ ਬੰਦਨਾ, ਕਰ ਬੰਦਿ ਬਖਾਨੀ।
-ਚਢੇ ਅਚਾਨਕ ਆਪ ਪ੍ਰਭੁ, ਹਮ ਸੁਨ੍ਯੋਂ ਨ ਕਾਨੀ ॥੧੧॥
ਲਾਹਿੜਪੁਰਿ ਕੇ ਨਿਕਟਿ ਅਬਿ, ਡੇਰਾ ਨਿਜ ਪਾਵੋ।
ਮੈਂ ਆਵਹੁ ਦਰਸ਼ਨ ਕਰਨਿ ਪੁਨ ਅੱਗ੍ਰ ਸਿਧਾਵੋ।
ਦਾਸ ਕਦੀਮੀ ਆਪ ਕੋ, ਡੇਰਾ ਅਬਿ ਕੀਜੈ।
ਅਪਨੋ ਸੇਵਕ ਜਾਨਿ ਕਰਿ, ਦਰਸ਼ਨ ਮੁਹਿ

[1]ਜੋ ਪੂਰੇ ਹੱਕ ਮੂਜਬ ਆਪਣੀ ਹੋਵੇ। [ਅ਼. ਇਸਮ = ਨਾਮ ਨਾਲ ਲੱਗੀ ਹੋਈ ਹੱਕ ਦੀ ਜਾਇਦਾਦ]।

[1]ਸੈਨਾ। [2]ਮੇਦਨੀ ਪ੍ਰਕਾਸ਼ ਨਾਮ ਸੀ ਨਾਹਣ ਦੇ ਰਾਜੇ ਦਾ।

[1]ਚਰਨਾਂ ਤੇ।

[1]ਦੇ ਰਾਜਾ ਨੇ।

ਦੀਜੈ ॥੧੨॥
ਰਖਹੁ ਲਾਜ ਅਬਿ ਬਿਰਦ ਕੀ, ਤੁਮ ਅੰਤਰਜਾਮੀ।
ਮੈਂ ਸੇਵਕ ਤੁਮਰੀ ਸ਼ਰਨਿ, ਸਭਿ ਘਟ ਕੇ ਸ੍ਵਾਮੀ!
ਕੁਛ ਮਸਲਤ ਕਰਨੀ ਹਮਹਿਂ, ਰਾਜਨ ਕੇ ਕਾਜੂ[1]।
ਅਹੈ ਭਰੋਸਾ ਆਪ ਕੋ, ਨਿਤ ਪ੍ਰਤਿ ਮਹਾਰਾਜੂ! ॥੧੩॥
ਜਾਨਿ ਆਪਨੋ ਗੁਰੂ ਜੀ, ਕਰੁਨਾ ਅਬਿ ਧਾਰੋ।
ਇਕ ਦੁਇ ਦਿਵਸ ਨਿਵਾਸ ਕੈ, ਮਿਸ ਖਿਲਨਿ ਸ਼ਿਕਾਰੋ[1]-।'
ਸੁਨਿ ਬਿਨਤੀ ਪ੍ਰਭੁ ਨ੍ਰਿਪਤ ਕੀ, ਨਿਜ ਸਿਵਰ ਉਤਾਰਾ।
ਸੈਲ ਸਮੀਪ ਸਥਾਨ ਸ਼ੁਭ ਜਲ ਚਲਤਿ ਨਿਹਾਰਾ ॥੧੪॥
ਆਯੋ ਬੁੱਧੂਸ਼ਾਹਿ ਤਬਿ, ਪ੍ਰਭੁ ਮਿਲਿਬੇ ਹੇਤਾ।
ਉਤਰੇ ਨਿਕਟ ਹਕਾਰ ਕਰਿ, ਬੈਠੇ ਕੁਲ ਕੇਤਾ[1]।
ਜਿਤ ਕਿਤ ਛਾਯਾ ਦੇਖਿ ਕਰਿ, ਉਤਰੇ ਬਰ ਬੀਰਾ।
ਸੁੰਦਰ ਪਿਖਯੋ ਸਥਾਨ ਕੋ, ਕਛੁ ਚਾਲਤਿ ਨੀਰਾ ॥੧੫॥
ਤੰਬੂ ਸ਼ਮਿਯਾਨੇ ਤਨੇ, ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਨਿਸਾ ਮਹਿਂ, ਸ਼੍ਰਮ ਸਭਿ ਕੋ ਹਾਨਾ।
ਅੰਮ੍ਰਿਤ ਵੇਲਾ ਜਾਗ ਕਰਿ, ਗੁਰ ਸੌਚ ਸ਼ਨਾਨੇ।
ਨੰਦਚੰਦ ਸੋਂ ਤਬਿ ਪ੍ਰਭੁ, ਇਮ ਬੈਨ ਬਖਾਨੇ

[1]ਰਾਜਸੀ (ਯਾ ਰਾਜਿਆਂ ਦੇ) ਕਾਰਜਾਂ ਲਈ ਕੁਛ ਸਲਾਹ ਕਰਨੀ ਹੈ।

[1]ਸ਼ਿਕਾਰ ਖੇਡਣ ਦੇ ਬਹਾਨੇ।

[1]ਸੋਢੀ) ਕੁਲਕੇਤ ਭਾਵ ਗੁਰੂ ਜੀ।

॥ ੧੬ ॥
'ਡੇਰਾ ਸਗਰੋ ਤੋਰੀਅਹਿ, ਅਰੁ ਘਾਇਲ[1] ਜੇਤੇ।
ਕਛੁ ਭਟ ਰਾਖੋ ਸੰਗ ਮਹਿਂ, ਸਭਿ ਚਲਹਿਂ ਅਗੇਤੇ।
ਇਹਾਂ ਦੇਰ ਹਮ ਕੌ ਲਗਹਿ, ਕੇਤਿਕ ਦਿਨ ਬਾਸਹਿਂ[1]।
ਪਹੁੰਚਹਿਂ ਅਪਰ ਅਨੰਦਪੁਰਿ, ਥਿਤ ਲਹੈਂ ਅਵਾਸਹਿਂ[1]' ॥ ੧੭ ॥
ਸੁਨਤਿ ਹੁਕਮ ਦੀਵਾਨ ਤਬਿ, ਸਭਿਹੂੰਨਿ ਸੁਨਾਯਾ।
ਕਹਿ ਤਯਾਰੀ ਕਰਿ ਸਿਵਰ ਕੀ, ਤਤਕਾਲ ਚਢਾਯਾ।
ਮਾਤੁਲ ਪ੍ਰਭੁ ਕ੍ਰਿਪਾਲ ਕੌ[1], ਸੌਂਪਜੋ ਸਭਿ ਡੇਰਾ।
'ਮਗ ਮਹਿਂ ਅਰੁ ਪੁਰਿ ਪਹੁੰਚ ਕਰਿ, ਪ੍ਰਤਿਪਾਲ ਬਡੇਰਾ ॥ ੧੮ ॥
ਜਥਾ ਜੋਗ ਸਭਿਹੂੰਨ ਕੀ, ਸੁਧ ਨਿਤਪ੍ਰਤਿ ਲੀਜੈ।
ਘਾਇਲ ਨਿਕਟ ਜਰਾਹੁ[1] ਕੌ, ਸੁਧ ਹੇਤੁ ਪਠੀਜੈ।
ਤੁਮ ਸਯਾਨੇ ਸਭਿ ਜਗਤ ਮਹਿਂ, ਮਗ ਚਲੀਅਹਿ ਥੋਰਾ।
ਜਿਸ ਤੇ ਬਹੁ ਸ਼੍ਰਮ ਪਾਇ ਨਹਿਂ, ਨਹਿਂ ਆਤਪ ਜੋਰਾ[1]' ॥ ੧੯ ॥
ਸੁਨਿ ਭਗਨੀਸੁਤ[1] ਹੁਕਮ ਕੋ, ਹੁਇ ਤਯਾਰ ਪਯਾਨਾ।
ਸਗਰੋ ਸਿਵਰ ਸੰਭਾਰਿ ਕੈ, ਸੁਧ ਹਿਤ ਸਵਧਾਨਾ।
ਸਨੇ ਸਨੇ ਮਾਰਗ ਪਰਜੋ, ਮਗ ਅਲਪ ਚਲੰਤਾ।
ਉਤਰਹਿ ਹਿਤ ਬਿਸਰਾਮ ਕੇ, ਸੁਧ

[1]ਜ਼ਖਮੀ।
[1]ਵੱਸਾਂਗੇ।
[1]ਘਰਾਂ ਵਿਚ।
[1]ਗੁਰੂ ਜੀ ਨੇ ਮਾਮਾ ਕ੍ਰਿਪਾਲ ਜੀ ਨੂੰ।
[1]ਮੱਲ੍ਹਮ ਪੱਟੀ ਲਾਉਣ ਵਾਲੇ।
[1]ਧੁੱਪ ਦਾ ਜ਼ੋਰ ਨਾਂ (ਸਤਾਵੇ)।
[1]ਭੈਣ ਦੇ ਪੁੱਤ੍ਰ ਭਾਵ ਗੁਰੂ ਜੀ।

ਸਭਿਨਿ ਲਹੰਤਾ ॥੨੦॥
ਖਾਨ ਪਾਨ ਪੋਖਨਿ ਕਰਹਿਂ, ਦਿਨ ਹੋਤਿ ਪਯਾਨੇ।
ਕ੍ਰਮ ਕ੍ਰਮ ਕਰਿ ਮਗ ਉਲੰਘ ਕਰਿ, ਪਹੁੰਚੇ ਨਿਜ ਥਾਨੇ।
ਜਥਾ ਜੋਗ ਕਹਿ ਸਭਿਨਿ ਕੌਂ, ਕਰਿਵਾਏ ਡੇਰੇ।
ਨਿਤਪ੍ਰਤਿ ਲੇ ਸੁਧਿ ਸਭਿਨਿ ਕੀ, ਦੇ ਅਨੰਦ ਘਨੇਰੇ ॥੨੧॥
ਸੁਨੋ ਗੁਰੂ ਕੀ ਬਾਰਤਾ, ਤਹਿਂ ਚਢੈਂ ਅਖੇਰਾ।
ਮਨ ਭਾਵਤਿ ਕਾਨਨ ਫਿਰੈਂ ਸੁੰਦਰ ਥਲ ਹੇਰਾ।
ਅਨਿਕ ਮ੍ਰਿਗਨ, ਝੰਖਾਰ ਬਡ, ਗਨ ਸਸੇ ਪ੍ਰਹਾਰੇ।
ਰਾਜਰਿਖੀ ਸਮ ਸਤਿਗੁਰੂ, ਨਿਜ ਧਰਮ ਸੰਭਾਰੇ ॥੨੨॥
ਆਤਪ ਤੀਛਨ ਜਬਿ ਭਈ, ਹਟਿ ਆਇਂ ਸੁ ਡੇਰੇ।
ਬਿਸਰਾਮੇ ਕਰਿ ਖਾਨ ਕੌਂ, ਤਿਮ ਸੁਭਟ ਘਨੇਰੇ।
ਤ੍ਰਿਤੀ ਪਹਿਰ ਸੁੱਖਾ ਛਕਹਿਂ†, ਪੁਨ ਸੌਚਹਿ ਧਾਰਹਿਂ।
ਕਰਿ ਸ਼ਨਾਨ ਤਿਹ ਸਮੈ ਕੋ, ਬੈਠਹਿਂ ਪਰਵਾਰਹਿਂ[1] ॥੨੩॥
ਲਗਤਿ ਸਭਾ ਸਭਿ ਸੁਭਟ ਕੀ, ਸੰਗਤਿ ਜੋ ਆਵੈ।
ਦਰਸਹਿ ਧਰਿ ਕੈ† ਕਾਮਨਾ, ਬਾਂਛਤਿ ਮਨ ਪਾਵੈਂ।
ਨਿਤਪ੍ਰਤਿ ਨਾਹਣਪਤੀ ਕੌਂ, ਤਬਿ ਦੂਤ ਸੁ ਆਵੈ।
'ਰਾਜਾ ਹਮਰੋ ਮਹਾਰਾਜ! ਬੰਦਨ ਕੌ ਗਾਵੈ ॥੨੪॥

†ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

[1]ਭਾਵ ਆਲੇ ਦੁਆਲੇ ਸੰਗਤਾਂ ਦੇ ਵਿਚਕਾਰ।

†ਪਾ:-ਪਰਸੈ।

ਐਬੋ ਕੌ ਹੁਇ ਤਜਾਰ ਜਬਿ, ਕਾਰਜ ਪਰਿ ਜਾਈ।
ਪਹੁੰਚੇ ਗੋ ਉਰ ਭਾਵ ਧਰਿ, ਰਾਵਰਿ ਸ਼ਰਣਾਈ।'
ਇਮ ਕਹਿ ਕਰਿ ਬਹੁ ਭਾਂਤਿ ਕੋ, ਪੁਨ ਨਾਹਣ ਜਾਵੈ[1]।
ਸ਼ੰਕੈ[1] ਮੇਦਨਿ ਪ੍ਰਕਾਸ਼ ਬਹੁ, ਨਹਿਂ ਮਿਲਿਬੇ ਆਵੈ ॥੨੫॥
-ਫਤੇਸ਼ਾਹਿ ਤੇ ਆਦਿ ਇਤ, ਗੁਰ ਦ੍ਰੋਹੀ ਸਾਰੇ।
ਭੀਮਚੰਦ ਤੇ ਆਦਿ ਉਤ, ਬੈਰੀ ਰਿਸ ਧਾਰੇ।
ਮੈਂ ਏਕਲ ਗੁਰ ਸੋਂ ਮਿਲੋਂ, ਬਿਦਤੈ ਸਭਿ ਮਾਂਹੀ।
ਸੁਨਿ ਦ੍ਵੈਸ਼ੀ ਮਮ ਹੋਹਿਂਗੇ, ਛਾਨੀ ਰਹਿ ਨਾਂਹੀ ॥੧੬॥
ਜੇ ਨ ਮਿਲੋਂ ਅਬਿ ਜਾਇ ਕੈ, ਟੂਟਹਿ ਗੁਰ ਪ੍ਰੀਤੀ-।
ਇੱਤਜਾਦਿਕ ਸੰਸਾ ਕਰਹਿ ਮਤਿ, ਹੁਇ ਨ ਅਭੀਤੀ[1]।
ਆਜ ਕਾਲ ਕਰਤੇ ਤਿਸੈ, ਦ੍ਵਾਦਸ਼ ਦਿਨ ਬੀਤੇ।
ਕਹਿ ਕਹਿ ਬਿਨੈ ਪਠਾਵਨੋ ਮਨ ਹੁਇ ਬਿਪਰੀਤੇ ॥੨੭॥
ਬੂਝੇ ਨਿਜ ਪਰਧਾਨ ਸਭਿ 'ਮੈਂ ਕਰਿਹੌਂ ਕੈਸੇ।
ਦੁਹਿ ਦਿਸ਼ਿ ਤੇ ਰਸ ਕੋ ਰਖਹਿਂ, ਕਰੀਅਹਿ ਕੁਛ ਐਸੇ।'
ਤਬਿ ਸਮੁਝਾਯੋ ਡਰਤਿ ਉਰ, 'ਤੁਮ ਮਿਲੌ ਨ ਜਾਈ।
ਪਠਹੁ ਦਿਵਾਨ ਜੁ ਆਪਨੋ, ਭੇਟੈਂ ਸਮੁਦਾਈ[1] ॥੨੮॥

[1]ਦੂਤ) ਚਲਾ ਜਾਂਦਾ ਹੈ।

[1]ਸੰਗਦਾ ਹੈ।

[1]ਬੁੱਧੀ ਬਿਨਾ ਡਰ ਦੇ ਨਹੀਂ ਹੁੰਦੀ।

[1]ਸਾਰੀਆਂ ਭੇਟਾਂ ਜਾ ਦੇਵੇ।

ਨਤੁ ਰਾਜੇ ਗਿਰਪਤਿ ਸਕਲ, ਤੁਝ ਕੌ ਰਿਪੁ ਜਾਨੈਂ।
ਕਾਰਜ ਦੇਹਿਂ ਬਿਗਾਰ ਕਰਿ, ਲਰਿ ਕੈ ਰਣ ਹਾਨੈਂ।
ਸਭਿ ਭ੍ਰਾਤਨ ਤੇ ਤੁਟਿਬੇ, ਤੁਝ ਨਹਿਂ ਬਨਿ ਆਵੈ।
ਜਥਾ ਬਿਦੇਸ਼ੀ ਗੁਰੂ ਇਮ, ਜਿਤ ਕਿਤ ਚਢਿ ਜਾਵੈ[1]" ॥੨੯॥

[1]ਜਿਵੇਂ ਬਿਦੇਸ਼ੀ ਹੁੰਦਾ ਹੈ ਗੁਰੂ ਤਿਵੇਂ ਹੈ ਜਿਧਰ ਕਿਧਰ (ਜੀ ਕੀਤਾ) ਤੁਰ ਪਏ।

ਇਮ ਸੁਨਿ ਕੈ ਮੰਤ੍ਰੀਨ ਤੇ, ਮਸਲਤ ਠਹਿਰਾਈ।
ਪਠਿ ਵਕੀਲ ਸਤਿਗੁਰੂ, ਢਿਗ ਨਿਜ ਬਾਤ ਸੁਨਾਈ।
ਸੁਨਿ ਕਿਛੁ ਰਿਸ ਧਰਿ ਪ੍ਰਭੁ ਭਨਜੋਂ, 'ਗੀਦੀ ਇਮ ਹੋਵਾ।
ਹਮ ਕੌ ਇਤਿ ਠਹਿਰਾਇ ਕਰਿ, ਪਾਛੈ ਡਰ ਜੋਵਾ ॥੩੦॥
ਨਹਿ ਮੇਲਹਿਂ ਪਰਧਾਨ[1] ਕੌ, ਕਹੁ ਇਤਹੁੰ ਨ ਆਵੈ।
ਪਠਹਿ ਜਿ ਲੂਟਹਿਂ ਸੁਭਟ ਮਮ, ਨਹਿਂ ਕੋ ਅਟਕਾਵੈ।'

[1]ਮਿਲਾਂਗੇ ਨਹੀਂ ਪਰਧਾਨ ਨੂੰ।

ਬਰਜ ਪਠਜੋ ਸੁਨਿ -ਭੀਰੁ ਨ੍ਰਿਪ[1], ਨਹਿਂ ਧੀਰਜ ਰਾਖੀ।
ਸ਼ੰਕਜੋ ਅਪਰਨਿ ਨ੍ਰਿਪਨਿ ਤੇ, ਨਹਿਂ ਦਰਸ ਭਿਲਾਖੀ- ॥੩੧॥
ਅਲਪ ਗ੍ਰਾਮ ਤਹਿਂ ਦ੍ਵੈ ਬਸਹਿਂ, ਜਿਹ ਠਾਂ ਗੁਰ ਡੇਰਾ।
ਇਕ ਮਹਿਂ ਰੰਘਰ ਰਹਿਤ ਹੈਂ, ਇਕ ਫਕਰਨ ਕੇਰਾ।
ਬਨ ਕਰਿ ਤਸਕਰ ਉਸ਼ਟ ਦ੍ਵੈ, ਪ੍ਰਭੁ ਕੇਰ ਚੁਰਾਏ।
ਨਰ ਤਬਿ ਦੋਨਹੁੰ ਗ੍ਰਾਮ ਕੇ, ਗੁਰ ਨਿਕਟ ਬੁਲਾਏ ॥੩੨॥

[1](ਗਲ) ਸੁਣਕੇ ਵਰਜ ਭੇਜਿਆ (ਵਕੀਲ ਨੂੰ ਤੇ ਸਮਝ ਲਿਆ ਕਿ) ਰਾਜਾ ਕਾਇਰ ਹੈ.......।

'ਜੇ ਤੁਮਨੇ ਉਸ਼ਟਰ ਲੀਏ, ਦੀਜੈ ਅਬਿ ਫੇਰੇ।
ਖੋਜਹੁ ਅਪਨੇ ਗ੍ਰਾਮ ਕੌਂ, ਹੁਇ ਚੋਰ ਬਡੇਰੇ[1]।'
ਹਾਥ ਜੋਰਿ ਬੋਲੇ ਤਬੈ, 'ਇਤ ਨਹੀਂ ਚੁਰਾਏ।
ਅਪਰ ਚੋਰ[†] ਕੋ ਲੇ ਗਯੋ, ਹਮ ਨਹਿ ਦ੍ਰਿਸ਼ਟਾਏ[1]' ॥੩੩॥
ਜੁਦੇ ਜੁਦੇ ਕਰਿ ਤਿਨਹੁ ਕੋ, ਗੁਰ ਬੂਝਨਿ ਕੀਨੇ।
ਨਹੀਂ ਬਤਾਵਹਿ ਅੰਧ ਮਤਿ, ਬਡ ਕਪਟ ਪ੍ਰਬੀਨੇ।
ਚਲੇ ਗਏ ਨਿਜ ਘਰਨ ਕੋ, ਤਬਿ ਏਕ ਫਕੀਰਾ।
ਅਪਨਿ ਸਮੀਪ ਹਕਾਰਿ ਕੈ, ਬੋਲੇ ਗੁਰ ਧੀਰਾ ॥੩੪॥
'ਮਾਂਗਨ ਕੇ ਮਿਸ ਕਰਿ ਸਦਨ, ਰੰਘ੍ਰਨ ਕੇ ਹੇਰੋ।
ਉਸ਼ਟਰ ਖੋਜਹੁ ਜਾਇ ਕਰਿ, ਆਵਹੁ ਬਿਨ ਦੇਰੋ।'
ਸੁਨਿ ਕਰਿ ਤੂਰਨ ਤਬਿ ਗਯੋ, ਭਿੱਛਜਾ ਹਿਤ ਲੈਬੇ।
ਹੁਤੇ ਸ਼ੁਤਰ[1] ਤਹਿ ਬਰ ਗਯੋ, ਜੁਗ[2] ਖਰੇ ਦਿਖੈਬੇ[3] ॥੩੫॥
ਆਇ ਫਕੀਰ ਬਤਾਇ ਦਿਯ, 'ਜੁਗ ਉਸ਼ਟਰ ਠਾਂਢੇ।
ਸ਼ੁਤਰ ਸਦਨ ਮਹਿ ਥਿਰ ਕਰੇ, ਬਾਂਧੇ ਤਹਿ ਗਾਢੇ।'
ਬਹੁਰੋ ਲੋਕ ਸੁ ਗ੍ਰਾਮ ਕੇ, ਨਰ ਸਰਬ ਹਕਾਰੇ।
ਤਸਕਰ ਰੰਘਰ ਜਾਨਿ ਕੈ, ਗੁਰ ਬਾਕ ਉਚਾਰੇ ॥੩੬॥
ਨਾਮ ਧਰੇ ਦੁਇ ਗ੍ਰਾਮ ਕੇ, ਇਕ 'ਸ਼ੁਭ'

[1]ਕੁਈ ਵੱਡਾ ਚੋਰ (ਤੁਹਾਡੇ ਵਿਚ ਹੀ) ਹੋਣਾ ਹੈ।

[1]ਅਸੀਂ ਨਹੀਂ ਦੇਖੇ। [†]ਪਾ:-ਦੂਰ।

[1]ਊਠ। [2]ਦੋ। [3]ਦੇਖੇ।

[1]ਫਕੀਰਾਂ) ਦਾ ਸ਼ੁਭ ਤੇ (ਰੰਘਰਾਂ ਦਾ) ਖੋਟਾ।

ਇਕ 'ਖੋਟਾ'[1]।
'ਫਕਰਨ' ਕੌ 'ਲਾਹਾ', ਸਦਾ ਰੰਘ੍ਰਨ ਕੌ 'ਤੋਟਾ।'
'ਜਾਹੁ ਤੁਰਤ ਹੀ ਆਨੀਏ, ਨਤੁ ਘਰ ਲੁਟ ਜੈ ਹੈਂ।
ਕੂਟਨ ਤਸਕਰ ਤੁਮ ਸਕਲ, ਨਾਂਹਿਤ ਗਹਿ ਲੈ ਹੈਂ[1]' ॥੩੭॥

[1]ਹੇ ਕੁੱਟਣੋਂ ਤੁਸੀਂ ਸਾਰੇ ਚੋਰ ਹੋ (ਛੇਤੀ ਲਿਆਓ ਉਠ) ਨਹੀਂ ਤਾਂ ਫੜ ਲਵਾਂਗੇ ਸਭ ਨੂੰ।

ਰੰਘਰ ਡਰ ਧਰਿ ਉਰ ਬਿਖੈ, ਤਤਛਿਨ ਲੇ ਆਏ।
ਉਸ਼ਟਜੋ ਸੌਂਪੇ ਜੋਰਿ ਕਰ, ਪੁਨਿ ਬਹੁ ਘਿਘਿਆਏ।
ਅਬਿ ਲੌ ਦੋਨਹੁ ਗ੍ਰਾਮ ਕੌ, ਨਾਮ ਸੁ ਬਿਦਤਾਯੋ।
ਫਕਰਨ ਕੋ 'ਲਾਹਾ' ਘਨੋ†, ਸਭਿਹਿਨਿ ਸੁਖ ਪਾਯੋ ॥੩੮॥

†ਪਾ:-ਅਹੈ।

'ਟੋਟਾ' ਰੰਘਰ ਗ੍ਰਾਮ ਕੋ ਕਰਿ ਨਾਮ ਉਚਾਰੇ।
ਦਾਰਿਦ ਜਿਨ ਕੇ ਘਰ ਬਿਖੈ, ਹੁਇ ਅਲਪ ਅਹਾਰੇ।
ਸਤਿਗੁਰ ਕੋ ਜਿਮ ਬਾਕ ਹੁਇ, ਨਹਿਂ ਨਿਸ਼ਫਲ ਜਾਈ।
ਚਹਜੋ ਚਢਨ ਪੁਰਿ ਅਨੰਦ[1] ਕੋ, ਤਹਿਂ ਤੇ ਸੁਖਦਾਈ ॥੩੯॥

[1]ਅਨੰਦ ਪੁਰ ਨੂੰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਾਹਿਣੇਸ਼' ਪ੍ਰਸੰਗ ਬਰਨਨੰ ਨਾਮ ਤ੍ਰੈ ਤ੍ਰਿੰਸਤੀ ਅੰਸੂ ॥੩੩॥

⚐ਹਰ ਤੂਫਾਨ ਦੇ ਬਾਦ ਟਿਕਾਉ ਆਉਂਦਾ ਹੈ ਤੇ ਇਸੇ ਤਰ੍ਹਾਂ ਹਰ ਲੜਾਈ ਦੇ ਬਾਦ ਸ਼ਾਂਤੀ ਸੁਲਹ ਦਾ ਅਵਸਰ ਬਣਦਾ ਹੈ। ਭੰਗਣਾ ਦੇ ਜੁੱਧ ਬਾਦ ਬੀ ਐਸਾ ਹੀ ਹੋਇਆ ਹੈ। ਗੋ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ (ਦੇਖੋ ਇਸੇ ਰੁਤ ਦਾ ਅੰਸੂ ੩੬, ੩੭ ਕਿ ਇਹ ਅਵਸਰ ਗੁਰੂ ਜੀ ਦੇ ਅਨੰਦਪੁਰ ਪਹੁੰਚਣ ਤੋਂ ਮਗਰੋਂ ਤੇ ਫੇਰ ਨਵੇਂ ਸਿਰੇ ਰਾਜੇ ਦੇ ਰਾਜ ਵਿਚ ਮਾਰੇ ਬਕਾਰੇ ਕਰਦੇ ਰਹਿਣ ਤੋਂ ਆਯਾ ਤੇ ਰਾਜੇ ਨੇ ਤੰਗ ਆਕੇ ਸੁਲਹ ਦੀ ਪੇਸ਼ਕਦਮੀ ਕੀਤੀ ਤੇ ਸੁਲਹ ਹੋਈ। ਹਰ ਹਾਲ ਸੁਲਹ ਦਾ ਸਮਾਂ ਆਇਆ। ਇਤਿਹਾਸਕ ਖੋਜ ਇਸ ਬਾਰੇ ਹੋਰ ਹੋਣੀ ਚਾਹੀਦੀ ਹੈ। ਤਾਂ ਜੋ ਠੀਕ ਵਾਕਿਆ ਦਾ ਪਤਾ ਲੱਗ ਸਕੇ ਕਿ ਸੁਲਹ ਕਿਥੇ ਹੋਈ। ਕਿਉਂਕਿ ਮੌਜੂਦਾ ਸਾਮਾਨ ਤੋਂ ਇਹ ਸੰਭਾਵਨਾ ਹੁੰਦੀ ਹੈ ਕਿ ਇਹ ਅਵਸਰ ਜੁੱਧ ਦੇ ਬਾਦ ਭੰਗਾਣੀ-ਪਾਂਵਟੇ ਹੀ ਆ ਗਿਆ ਸੀ*। ਪਰ ਜੈਸਾ ਕਿ ਗੁ: ਪ੍ਰ: ਸੂ: ਵਿਚ ਲਿਖਿਆ ਹੈ ਕਿ ਸੁਲਹ ਦਾ ਹੋਣਾ ਅਨੰਦਪੁਰ ਜਾਕੇ ਹੋਇਆ ਹੈ ਮੰਨ ਲਈਏ ਤਾਂ ਬੀ ਹੱਲੇ ਗੁੱਲੇ ਮਚਾਉਣ ਦੇ ਨਤੀਜੇ ਵਿਚ ਹੀ ਹੋਇਆ ਹੈ, ਗੋਯਾ ਸੁਲਹ ਮਾਰੇ ਬਕਾਰੇ ਲੜਾਈ ਕਰਨ ਨਾਲ ਹੀ ਹੋਈ। ਜੇ ਖਿਆਲ ਕਰੀਏ ਕਿ ਸੁਲਹ ਭੰਗਾਣੀ ਹੋਈ ਤਾਂ ਬੀ ਜੁੱਧ ਦੇ ਨਤੀਜੇ ਵਿਚ ਹੀ ਹੋਈ। ਦੋਹਾਂ

ਹਾਲਤਾਂ ਵਿਚ ਲੜਾਈ ਦਾ ਅੰਤ ਹੀ ਸੁਲਹ ਹੋਇਆ ਹੈ। ਅਨੰਦਪੁਰ ਵਿਚ ਕੇਵਲ ਪਰਜਾ ਨੂੰ ਘਾਹ ਰਸਦ ਆਦਿ ਦੇਣ ਲਈ ਮਾਰੇ ਬਕਾਰੇ ਕਰਨ ਪਰ ਅਤੇ ਭੰਗਾਣੀ ਪੂਰਨ ਕਾਮਯਾਬੀ ਤੇ ਰਾਜਿਆਂ ਨੂੰ ਸ਼ਿਕਸਤ ਫਾਸ਼ ਦੇਣੇ ਪਰ। ਸੋ ਭੰਗਾਣੀ ਵਾਲਾ ਅਵਸਰ ਨੀਤੀ ਦੇ ਨੁਕਤੇ ਤੋਂ ਬੀ ਤੇ ਇਖ਼ਲਾਕ ਦੇ ਨੁਕਤੇ ਤੋਂ ਬੀ ਵਧੇਰੇ ਢੁਕਾਉ ਖਾਂਦਾ ਹੈ। ਜਦ ਗੁਰੂ ਜੀ ਪਾਂਵਟੇ ਨਹੀਂ ਆਏ ਸਨ ਤਾਂ ਭੀਮਚੰਦ ਗੁਰੂ ਜੀ ਦਾ ਅਨੰਦਪੁਰ ਰਹਿਣਾ ਆਪਣੀ ਰਈਅਤ ਦੀ ਹੈਸੀਅਤ ਵਿਚ ਮੰਨਦਾ ਸੀ ਤੇ ਉਨ੍ਹਾਂ ਤੋਂ ਉਹ ਮੰਗਾਂ ਕਰਦਾ ਸੀ ਜੋ ਇਕ ਜਾਬਰ ਰਾਜਾ ਆਪਣੀ ਦਬੇਲ ਪਰਜਾ ਤੋਂ ਕਰਦਾ ਹੈ। ਪਰ ਗੁਰੂ ਜੀ ਅਨੰਦਪੁਰ ਆਪਣੀ ਜ਼ਰਖਰੀਦ ਜਾਇਦਾਦ ਦੇ ਮਾਲਕ ਸਨ ਤੇ ਪਿਛਲੇ ਰਾਜੇ ਤੋਂ ਖਰੀਦ ਵੇਲੇ ਦੇ ਹੋਏ ਅਹਿਦ ਪਰ, ਕਿ ਗੁਰੂ ਜੀ ਸੁਤੰਤ੍ਰ ਮਾਲਕ ਹੋਣਗੇ ਤੇ ਕੋਈ ਕਰ ਮਸੂਲ ਨਜ਼ਰ ਭੇਟ ਰਾਜਸੀ ਦੇ ਦੇਣਹਾਰ ਨਹੀਂ ਹੋਣਗੇ, ਨਿਜ ਨੂੰ ਸੁਤੰਤ੍ਰ ਮੰਨਦੇ ਸੇ। ਪਿਛੇ ਹਾਲ ਆ ਚੁੱਕੇ ਹਨ ਜਿਨ੍ਹਾਂ ਕਰਕੇ ਗੁਰੂ ਜੀ ਅਨੰਦਪੁਰ ਛੋੜਕੇ ਪਾਉਂਟੇ ਆ ਟਿਕੇ ਸਨ। ਏਥੇ ਆਕੇ ਆਪਣੀ ਫੌਜੀ ਤਾਕਤ ਗੁਰੂ ਜੀ ਨੇ ਬਹੁਤ ਵਧਾ ਲਈ ਸੀ। ਏਥੇ ਟਿਕਿਆਂ ਜਦੋਂ ਸ੍ਰੀ ਨਗਰ ਦਾ ਰਸਤਾ ਮੰਗਣ ਵਾਸਤੇ ਭੀਮ ਚੰਦ ਦਾ ਵਜ਼ੀਰ ਆਇਆ ਹੈ ਤਾਂ ਉਸ ਨੇ ਕਿਹਾ ਕਿ ਤੁਸੀਂ ਅਨੰਦਪੁਰ ਚੱਲ ਰਹੋ ਤਾਂ ਗੁਰੂ ਜੀ ਨੇ ਕਿਹਾ ਹੈ ਕਿ ਹਾਂ ਅਸੀਂ ਚਲਾਂਗੇ, ਪਰ ਤੇਰੇ ਰਾਜੇ ਨੂੰ ਜਿੱਤਕੇ। ਇਸ ਕਹਿਣ ਵਿਚ ਬੀ ਇਹੋ ਬੂ ਹੈ ਕਿ ਅਸੀਂ ਜਦੋਂ ਬਾਹੂ ਬਲ ਨਾਲ ਰਾਜੇ ਨੂੰ ਪ੍ਰਾਜੈ ਕਰਕੇ ਆਪਣਾ ਹੱਕ ਮੰਨਵਾ ਸਕਾਂਗੇ ਤਦੋਂ ਹੀ ਚੱਲਾਂਗੇ। ਹੁਣ ਜਦੋਂ ਭੰਗਾਣੀ ਦੇ ਜੁੱਧ ਪਰ ਗੁਰੂ ਜੀ ਦੀ ਨਿਰਵਿਵਾਦ ਫਤੇ ਹੋ ਗਈ ਹੈ ਤੇ ਰਾਜੇ ਮੈਦਾਨ ਛੱਡਕੇ ਜਮਨਾ ਦੇ ਉਸ ਪਾਰ ਜਾ ਖੜੋਤੇ ਹਨ ਤੇ ਸਭਨਾਂ ਨੇ ਘਰੀਂ ਜਾਣਾ ਹੈ ਤੇ ਜੰਞ ਡੋਲਾ ਬੀ ਲਿਜਾਣਾ ਹੈ ਤੇ ਮਰਿਆਂ ਦੇ ਸਸਕਾਰ ਬੀ ਕਰਨੇ ਹਨ ਤਾਂ ਮਸਲਿਹਤ ਵਕਤ ਹੈ ਕਿ ਰਾਜੇ ਸੁਲਹ ਕਰਨ, ਤੇ ਇਹ ਮਨੋਰਥ ਪੂਰੇ ਕਰਨ। ਇਧਰ ਗੁਰੂ ਜੀ ਨੂੰ ਫਤੇਮਾਨ ਹੋਕੇ ਅਵਸਰ ਹੈ ਆਪਣੀ ਗੱਲ ਨੂੰ ਮਨਾ ਲੈਣ ਦਾ. ਤਾਕਿ ਇਖ਼ਲਾਕੀ ਤੌਰ ਤੇ ਉਨ੍ਹਾਂ ਦਾ ਅਨੰਦਪੁਰ ਵਿਚ ਸੁਤੰਤ੍ਰ ਰਹਿਣਾ ਬਿਨਾਂ ਕਿਸੇ ਕਰ ਹੇਠ ਆਏ ਦੇ, ਅਤੇ ਬਨਾਂ ਦੇ ਸ਼ਿਕਾਰ ਦੀ ਖੁੱਲ੍ਹ ਦੇ, ਜੋ ਉਨ੍ਹਾਂ ਦਾ ਹੱਕ ਹੈਸੀ ਮੁੜ ਤਸਲੀਮ ਹੋ ਜਾਏ ਤੇ ਰਸਦ ਤੇ ਘਾਹ ਆਦਿ ਗਿਰਾਵਾਂ ਤੋਂ ਲੈ ਸਕਣ ਵਿਚ ਉਨ੍ਹਾਂ ਨੂੰ ਰੋਕ ਨਾ ਪਿਆ ਕਰੇ। ਜੇ ਗੁਰੂ ਜੀ ਨੇ ਅਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਇਹ ਗੱਲਾਂ ਮਨਾਉਣੀਆਂ ਸਨ ਤਾਂ ਦੁਸ਼ਮਨ ਨੂੰ ਸ਼ਿਕਸਤ ਫਾਸ਼ ਦੇਕੇ ਮਨਾ ਲੈਣ ਦਾ ਮੌਕਾ ਹਥੋਂ ਗੁਵਾ ਲੈਣਾ ਕਿਵੇਂ ਜੋਗ ਸੀ? ਆਖਰ ਅਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਰਾਜੇ ਤੋਂ ਇਸੀ ਪ੍ਰਕਾਰ ਦੀਆਂ ਗੱਲਾਂ ਹੀ ਤਾਂ ਮਨਾਈਆਂ ਹਨ। ਰਾਜਿਆਂ ਨੂੰ ਹਾਰ ਦੇਕੇ ਲਾਭ ਨਾ ਉਠਾਉਣਾ ਤੇ ਪਰਜਾ ਪਰ ਧੱਕਾ ਕਰਕੇ ਰਾਜੇ ਨੂੰ ਸੁਲਹ ਲਈ ਮਜਬੂਰ ਕਰਨਾ ਗੁਰੂ ਸਾਹਿਬ ਦੀ ਗੁਰਿਆਈ, ਅਲੂਹੀਅਤ ਤੇ ਇਖ਼ਲਾਕ ਨੂੰ ਸ਼ੋਭਨੀਕ ਨਹੀਂ। ਨਾ ਹੀ ਨੀਤੀ ਦੇ ਨੁਕਤੇ ਤੋਂ ਹੀ ਠੀਕ ਢੁਕਦਾ ਦਿੱਸਦਾ ਹੈ। ਫਿਰ ਜੈਸਾ ਕਿ ਉੱਪਰ ਦੱਸ ਆਏ ਹਾਂ ਕਿ ਭੰਗਾਣੀ ਦੀ ਹਾਰ ਹੋਣ ਪਰ ਰਾਜਿਆਂ ਨੂੰ ਉਸ ਵਕਤ ਦੀਆਂ ਲੋੜਾਂ ਕਰਕੇ ਗੌਂ ਹੈਸੀ ਸੁਲਹ ਲਈ ਕੋਸ਼ਸ਼ ਕਰਨ ਦੀ। ਉਨ੍ਹਾਂ ਨੇ ਘਰੀਂ ਜਾਣਾ ਹੈ, ਜੰਞ ਡੋਲਾ ਲਿਜਾਣਾ ਹੈ, ਜੋ ਠਾਕੁਰ ਤੇ ਰਾਜੇ ਰਾਣੇ ਮਾਰੇ ਗਏ ਹਨ, ਗੁਰੂ ਜੀ ਤੋਂ ਲੈਣੇ ਹਨ ਤੇ ਸਸਕਾਰਨੇ ਹਨ। ਸਾਨੂੰ ਮੁੱਦਤ ਹੋਈ ਹੈ ਕਿ ਜਦੋਂ ਭੰਗਾਣੀ ਗਏ ਸਾਂ ਤੇ ਸਾਰੇ ਥਾਂ ਆਪ ਦੇਖੇ ਤੇ ਤਦੋਂ ਤਕ ਯਾਦ ਰਹੇ ਜ਼ਬਾਨੀ ਹਾਲ ਲੋਕਾਂ ਤੋਂ ਸੁਣੇ ਸਨ ਤਾਂ ਖਿਆਲ ਪੈਂਦਾ ਹੈ ਕਿ ਤਦੋਂ ਪਤਾ ਲਗਾ ਸੀ ਜੋ ਰਾਜਿਆਂ ਰਾਣੀਆਂ ਨੇ ਹਰੀਚੰਦ ਤੇ ਹੋਰ ਠਾਕੁਰਾਂ ਦੀਆਂ ਲਾਸ਼ਾਂ ਮੰਗੀਆਂ ਸਨ ਤੇ ਗੁਰੂ ਜੀ ਨੇ ਦਿੱਤੀਆਂ ਸਨ। ਫਿਰ ਰਸਤਾ ਬੀ ਜ਼ਰੂਰ ਮੰਗਿਆ ਹੋਉ। ਇਸ ਆਰਜ਼ੀ ਲੋੜ ਦੇ ਨਾਲ ਭੀਮਚੰਦ ਨੇ ਇਹ ਪੱਕੀ ਲੋੜ ਬੀ ਦੇਖ ਲਈ ਕਿ ਗੁਰੂ ਬਲਵਾਨ ਹੈ, ਇਹ ਮਿੱਤ੍ਰ ਹੋਕੇ ਭਾਰੀ ਕੁਮਕ ਹੈ ਤੇ ਸ਼ੱਤ੍ਰੂ ਰਹੇ ਤਾਂ ਘਾਟਾ ਹੈ। ਇਸ ਦਾ ਸਬੂਤ ਇਹ ਪੱਕਾ ਹੈ ਕਿ ਥੋੜੇ ਹੀ ਚਿਰ ਬਾਦ ਨਦੌਨ ਦੇ ਜੁੱਧ ਵਾਸਤੇ ਭੀਮਚੰਦ ਗੁਰੂ ਜੀ ਨੂੰ ਆਪਣੀ ਕੁਮਕ ਤੇ ਲੈ ਜਾਂਦਾ ਹੈ ਤੇ ਗੁਰੂ ਜੀ ਜਾਂਦੇ ਹਨ ਤੇ ਫਤੇ ਹੁੰਦੀ ਹੈ। ਇਸ ਤਰ੍ਹਾਂ ਦੀ ਦੂਰਦਰਸ਼ਤਾ ਵਾਲੀਆਂ ਤੇ ਸਮੇਂ ਦੀਆਂ ਦੋ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਵਿਚਾਰ ਕੇ ਭੀਮ ਚੰਦ ਨੂੰ ਉਸੇ ਵੇਲੇ ਸੁਲਹ ਕਰਨ ਦੀ ਲੋੜ ਵਧੇਰੇ ਸੰਭਵ ਹੈ। ਵਜ਼ੀਰ ਦਾ ਆਉਣ ਜਾਣ ਗੁਰੂ ਜੀ ਪਾਸ ਹੈਗਾ ਹੀ ਸੀ, ਇਸ ਕਰਕੇ ਫੌਰਨ ਉਸ ਦੀ ਰਾਹੀਂ ਗੱਲ ਬਾਤ ਹੋ ਜਾਣੀ ਕਠਨ ਨਹੀਂ ਸੀ। ਜੇ ਅਸੀਂ ਭੀਮ ਚੰਦ ਦਾ ਸੁਭਾਵ ਦੇਖੀਏ ਤਾਂ ਉਹ ਸੁਲਹ ਲਈ ਉਤਾਵਲਾ ਲੱਭਦਾ ਹੈ। ਭਲਾ ਹਾਰ ਖਾ ਕੇ ਤਾਂ ਹੁੰਦਾ ਹੈ ਜਿੱਤਕੇ ਵੀ ਉਹ ਚੱਟਪੱਟ ਸੁਲਹ ਵਲ ਦੌੜਦਾ ਹੈ। ਨਾਦੌਣ ਜੰਗ ਵਿਚ ਫਤੇ ਪਾਕੇ ਬਹੁਤ ਛੇਤੀ ਤੇ ਸਤਿਗੁਰ ਤੋਂ ਚੋਰੀ ਉਹ ਕਟੋਚ ਦੀ ਮਾਰਫਤ ਅਲਫਖਾਂ ਨਾਲ ਸੁਲਹ ਕਰਦਾ ਹੈ। ਦੇਖੋ ਇਸੇ ਰੁਤ ਦਾ ਅੰਸੂ ੪੪ ਅੰਕ ੬ ਤੋਂ ੧੨। ਇਸ ਤੋਂ ਵੀ ਸੰਭਾਵਨਾ ਹੁੰਦੀ ਹੈ ਕਿ ਭੰਗਾਣੀ ਹਾਰ ਖਾਕੇ ਬੀ ਸੁਲਹ ਵਿਚ ਦੇਰ ਪਾਉਣੀ ਉਸ ਦੇ ਸੁਭਾਵ ਵਿਰੁੱਧ ਹੈ।

ਹੁਣ ਜੇ ਅਸੀਂ ਅਨੰਦਪੁਰ ਜਾਕੇ ਪ੍ਰਜਾ ਉਤੇ ਹੱਲੇ ਗੁੱਲੇ ਧਾਵੇ ਕਰਕੇ ਊਧਮ ਮਚਾਉਣ ਨੂੰ ਸੁਲਹ ਦਾ ਕਾਰਨ ਮੰਨ ਲਈਏ ਤਾਂ ਗੁ: ਪ੍ਰ: ਸੂ: ਵਿਚ ਹੀ ਗੁਰੂ ਸਾਹਿਬ ਜੀ ਦੀ ਆਪਣੀ ਜ਼ਬਾਨੀ ਉਸ ਦੀ ਤਰਦੀਦ ਹੋ ਜਾਂਦੀ ਹੈ। ਜੈਸਾ ਕਿ ਜਦ ਪ੍ਰਜਾ ਦੇ ਸਤਾਏ ਜਾਣ ਦੇ ਬਾਦ ਵਜ਼ੀਰ ਗੁਰੂ ਸਾਹਿਬ ਪਾਸ ਆਉਂਦਾ ਹੈ ਤੇ ਸ਼ਿਕਾਇਤਾਂ ਕਰਦਾ ਹੈ ਤਾਂ ਗੁਰੂ ਜੀ ਆਖਦੇ ਹਨ:-

ਕਹਾਂ ਬਿਗਰਾਯੋ, ਕੋ ਦੁਰਗ ਨਹਿਂ ਛੀਨ ਲੀਯੋ,
ਗ੍ਰਾਮਹੂੰ ਨ ਲੂਟਯੋ ਕੋਈ, ਲੀਨ ਕਹਾਂ ਖਿਤ ਹੈ?
ਪੰਥ ਨੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ,
ਕੌਨ ਸੋ ਬਿਗਾਰ ਕੀਨ, ਜਾਂਤੇ ਦੁਖ ਚਿਤ ਹੈ?
ਭੀਮਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ,
ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।
ਰਹੋ ਨਿਜ ਦੇਸ਼, ਕਰੋ ਰਾਜ ਕੋ ਅਸ਼ੇਸ਼ ਬੈਠਿ,
ਹਮਰੋ ਨ ਦ੍ਵੈਸ਼ ਨਹਿਂ ਕਾਜ ਬਿਗਰਾਯੋ ਹੈ।

[ਰੁਤ ੨ ਅੰਸੂ ੩੬ ਅੰਕ ੨੩-੨੪]

ਇਸ ਤੋਂ ਸਪੱਸ਼ਟ ਹੋ ਗਿਆ ਕਿ ਸਿੱਖਾਂ ਨੇ ਰਾਜੇ ਦੇ ਕਿਸੇ ਕਿਲੇ ਤੇ ਧਾਵਾ ਨਹੀਂ ਕੀਤਾ, ਪਿੰਡ ਨਹੀਂ ਕੋਈ ਮਾਰਿਆ, ਧਨ ਨਹੀਂ ਲੁੱਟਿਆ, ਵਪਾਰੀਆਂ ਮੁਸਾਫਰਾਂ ਦਾ ਰਾਹ ਨਹੀਂ ਰੋਕਿਆ, ਖੇਤੀਆਂ ਨਹੀਂ ਵਿਗਾੜੀਆਂ। ਜਦ ਏਹ ਗੱਲਾਂ ਕੋਈ ਨਹੀਂ ਹੋਈਆਂ, ਹੱਲਾਗੁੱਲਾਂ, ਹਮਲਾ, ਧਾਵਾ ਯਾ Raid ਕਿਸ ਗੱਲ ਨੂੰ ਕਿਹਾ ਜਾ ਸਕਦਾ ਹੈ ਜਿਸ ਤੋਂ ਡਰਕੇ ਰਾਜਾ ਸੁਲਹ ਕਰਦਾ ਹੈ। ਸਿਰਫ ਜੰਗਲ ਵਿਚ ਸ਼ਿਕਾਰ ਕਰਨ ਆਉਣਾ ਤੇ ਘਾਸ ਯਾ ਬੱਕਰੇ ਲੈਣਾ ਇੰਨੀ ਗਲ ਤੋਂ ਰਾਜਾ ਦੀਨ ਹੋਕੇ ਆਪਣੇ ਵਜ਼ੀਰ ਨੂੰ ਸੁਲਹ ਲਈ ਯਾਚਨਾ ਕਰਨ ਘੱਲਦਾ ਹੈ? ਇਹ ਕੁਛ ਬੜੀ ਦਲੀਲ ਨਹੀਂ ਜਾਪਦੀ। ਫਿਰ ਅਗਲਬ ਨਹੀਂ ਜਾਪਦਾ ਕਿ ਜਿਹੜੇ ਗੁਰੂ ਜੀ ਮਹਾਂਭਾਰਥ ਦੇ ਇਕ ਪਰਬ ਦੇ ਟੀਕਾਕਾਰ ਨੂੰ ਸੱਠ ਹਜ਼ਾਰ ਰੁੱਪਯਾ ਇਨਾਮ ਦੇ ਦੇਂਦੇ ਹਨ, ਓਹ ਬਿਨਾਂ ਮੁੱਲ ਦਿੱਤੇ ਕੁਝ ਖੋਹਕੇ ਲੈਂਦੇ ਹੋਣ, ਤੇ ਨਾਹੀਂ ਉਹਨਾਂ ਦੀ ਧਰਮ ਅਵਤਾਰਤਾ ਤੋਂ ਅਤੇ ਉਹਨਾਂ ਦੀ ਨੀਤੀ ਨਿਪੁਨਤਾ ਤੋਂ ਅਗ਼ਲਬ ਜਾਪਦਾ ਹੈ ਕਿ ਸਿਖ ਘਾਹ ਤੇ ਬੱਕਰੇ ਕੀਮਤ ਪੇਸ਼ ਕੀਤੇ ਬਿਨਾਂ ਲੈਂਦੇ ਹੋਣਗੇ। ਇਨ੍ਹਾਂ ਸਾਰੀਆਂ ਗੱਲਾਂ ਦੇ ਵਿਚਾਰ ਕਰਨ ਤੋਂ ਪ੍ਰਜਾ ਉੱਤੇ ਹੱਲੇ ਕਰਨ ਦੀ ਗੱਲ ਲੇਖਕਾਂ ਦੇ ਆਪਣੇ ਲਿਖੇ ਤੋਂ ਰੱਦ ਹੋ ਜਾਂਦੀ ਹੈ। ਜਦ ਕਿ ਗੁਰੂ ਜੀ ਅਖੀਰ ਵਿਚ ਕਹਿ ਦੇਂਦੇ ਹਨ ਕਿ ਰਾਜਾ ਆਪਣੇ ਰਾਜ ਵਿਚ ਬੈਠਾ ਰਾਜ ਕਰੇ, ਸਾਡਾ ਕੋਈ ਦ੍ਵੈਸ਼ ਨਹੀਂ ਤੇ ਨਾ ਹੀ ਅਸਾਂ ਉਸ ਦਾ ਕੋਈ ਕੰਮ ਵਿਗਾੜਿਆ ਹੈ। ਸੋ ਅਨੰਦਪੁਰ ਆਕੇ ਹੱਲੇ ਗੁੱਲੇ ਨੂੰ ਕਾਰਨ ਮੰਨਣਾ ਆਪੇ ਹੀ ਰੱਦ ਹੋ ਗਿਆ, ਜਿਸ ਤੋਂ ਸੰਭਾਵਨਾ ਭੰਗਾਣੀ ਯੁੱਧ ਦੇ ਅੰਤ ਪਰ ਸੁਲਹ ਹੋਈ ਵਲ ਲੈ ਜਾਂਦੀ ਹੈ। ਇਕ ਫਿਕਰਾ ਇਸੇ ਉਪਰਲੇ ਕਵਯੋਕਤ ਗੁਰੂ ਵਾਕ ਵਿੱਚ ਹੋਰ ਪਿਆ ਹੈ ਜਿਸਦੇ ਅਰਥ ਗਿਆਨੀਆਂ ਨੂੰ ਸੰਦਿਗਧ ਰਹਿੰਦੇ ਸਨ, ਪਰ ਜਿਸ ਅਰਥ ਨੂੰ ਫਾਰਸੀ ਅਰਬੀ ਦੇ ਕੋਸ਼ਾਂ ਨੇ ਸਾਫ ਕਰ ਦਿੱਤਾ ਹੈ। ਉਹ ਫਿਕਰਾ ਇਹ ਹੈ ਜੋ ਕਵੀ ਜੀ ਗੁਰੂ ਜੀ ਦੀ ਜ਼ੁਬਾਨੀ ਲਿਖਦੇ ਹਨ:-

'ਭੀਮ ਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ ਨਾਲ ਬੰਦੀ ਆਦਿ ਧਨ ਕਛੂ ਨ ਪੁਚਾਯੋ ਹੈ।'

ਕਿ ਰਾਜੇ ਨੇ ਘੋੜੇ ਬੀ ਕੋਈ ਨਹੀਂ ਘੱਲੇ ਤੇ ਨਾਲਬੰਦੀ ਦਾ ਧਨ ਬੀ ਨਹੀ ਪੁਚਾਇਆ। 'ਨਾਅਲ ਬਹਾ' ਯਾ 'ਨਾਅਲ ਬੰਦੀ ਦਾ ਧਨ' ਉਹ ਹੈ ਜੇ ਕੋਈ ਛੋਟਾ ਰਾਜਾ ਵਡੇ ਨੂੰ ਇਕ ਪ੍ਰਕਾਰ ਦੇ ਹਲਕੇ ਕਰ (ਖਿਰਾਜ) ਵਜੋਂ ਦੇਂਦਾ ਹੈ ਅਤੇ ਕਦੇ ਕਿਸੇ ਸਾਹਬੇ ਫੌਜ ਨੂੰ ਆਪਣੇ ਬਚਾਉ ਲਈ ਥੋੜਾ ਧਨ ਦੇਕੇ ਸੁਲਹ ਕਰ ਲੈਣ ਦੇ ਅਰਥ ਬੀ ਰਖਦਾ ਹੈ। ਸੋ ਸੰਭਾਵਨਾ ਹੋ ਸਕਦੀ ਹੈ ਕਿ ਭੰਗਾਣੀ ਦੀ ਹਾਰ ਪਰ ਰਾਜੇ ਨੇ ਕੁਛ ਘੋੜੇ ਤੇ ਕੁਛ ਜੰਗ ਦੇ ਖਰਚ ਵਜੋਂ ਧਨ ਦੇਣਾ ਬੀ ਮੰਨਿਆ ਹੋਵੇ, ਜਿਸ ਦਾ ਜ਼ਿਕਰ ਗੁਰੂ ਜੀ ਇਸੇ ਫਿਕਰੇ ਵਿਚ (ਨਾਅਲ ਬੰਦੀ ਦਾ ਧਨ ਕਹਿਕੇ) ਕਰਦੇ ਹੋਏ ਆਪਣੀ ਸੁਲਹ ਕੁੱਲੀ ਦਾ ਸਬੂਤ ਅਗਲੀ ਸਤਰ ਵਿਚ ਦੇਂਦੇ ਹਨ ਕਿ ਸਾਡਾ ਫਿਰ ਬੀ ਕੋਈ ਦ੍ਵੈਸ਼ ਨਹੀਂ, ਰਾਜਾ ਅੰਮੀ ਜੰਮੀ ਰਾਜ ਪਿਆ ਕਰੇ।

ਜੰਗ ਦੇ ਮਗਰੋਂ ਗੁਰੂ ਜੀ ਪਾਂਵਟੇ ਤੋਂ ਛੇਤੀ ਟੁਰ ਪਏ। ਆਪ ਬੀ ਗੁਰੂ ਜੀ ਕਹਿੰਦੇ ਹਨ ਕਿ ਜੁੱਧ ਦੇ ਮਗਰੋਂ ਪਾਉਂਟੇ ਟਿਕ ਕੇ ਰਹਿਣਾ ਨਾ ਹੋ ਸਕਿਆ, ਅਨੰਦਪੁਰ ਆ ਗਏ ਤੇ ਉਸ ਨੂੰ ਬੱਧਾ। ਇਹ ਕਾਹਲੀ ਇਸ ਗੱਲ ਦੀ ਸੂਚਕ ਹੈ ਕਿ ਰਾਜਿਆਂ ਦੇ ਆਪੋ ਆਪਣੇ ਰਾਜਾਂ ਵਿਚ ਪਹੁੰਚ ਨਵੀਆਂ ਗੋਦਾਂ ਗੁੰਦ ਕੇ ਮੁੜ ਕੋਈ ਸੰਗਮ

ਬਣਾ ਲੈਣ ਤੋਂ ਪਹਿਲਾਂ ਪਹਿਲਾਂ ਗੁਰੂ ਜੀ ਅਨੰਦ ਪੁਰ ਪਹੁੰਚ ਕੇ ਕਬਜ਼ਾ ਕਰ ਲੈਣਾ ਚੰਗਾ ਸਮਝਦੇ ਸਨ, ਕਿਉਂਕਿ ਰਾਜਿਆਂ ਦੀ ਸੁਲਹ ਤਾਂ ਸਮੇਂ ਦਾ ਨਿਬਾਹ ਹੁੰਦਾ ਹੈ, ਉਹਨਾਂ ਦੀ ਸੁਲਹ ਕਦੇ ਪ੍ਰੇਮ ਨਹੀਂ ਹੋਇਆ। ਭੰਗਾਣੀ ਤੇ ਜੇ ਕੋਈ ਅਹਿਦ ਹੋਇਆ ਤਾਂ ਬਲ ਪਾਕੇ ਰਾਜਿਆਂ ਦਾ ਤੋੜਨਾ ਮਾਮੂਲੀ ਗਲ ਸੀ। ਅਨੰਦਪੁਰ ਅੱਪੜ ਕੇ ਹੋਈ ਦੱਸੀ ਜਾ ਰਹੀ ਸੁਲਹ ਦੇ ਬਾਦ, ਨਾਦੌਨ ਜੁੱਧ ਵਿਚ ਅਮਲੀ ਮਦਦ ਲੈ ਚੁੱਕਣ ਦੇ ਬਾਵਜੂਦ, ਹੁਸੈਨ ਖਾਂ ਦੇ ਹੱਲੇ ਵੇਲੇ ਰਾਜੇ ਗੁਰੂ ਜੀ ਦੇ ਵਿਰੁੱਧ ਹੁਸੈਨ ਨਾਲ ਰਲ ਗਏ ਸਨ। ਸੋ ਜੇ ਕੋਈ ਅਹਿਦ ਭੰਗਾਣੀ ਹੋਇਆ ਤਾਂ ਬਾਵਜੂਦ ਉਸ ਦੇ ਹੋਣ ਦੇ ਗੁਰੂ ਜੀ ਦਾ ਛੇਤੀ ਤੋਂ ਛੇਤੀ ਅਨੰਦ ਪੁਰ ਅੱਪੜਨਾ ਇਸ ਗੱਲ ਦੀ ਦਲੀਲ ਹੈ ਕਿ ਕਾਗਜ਼ਾਂ ਤੇ ਯਾ ਜ਼ਬਾਨੀ ਪ੍ਰਾਪਤ ਕੀਤੇ ਬਿਜੈ ਦੇ ਫਲ ਨੂੰ ਆਪਣੇ ਬਾਹੂ ਬਲ ਨਾਲ ਅਮਲੀ ਤੌਰ ਤੇ ਕਬਜ਼ੇ ਵਿਚ ਲੈ ਆਵੀਏ, ਉਸ ਤੋਂ ਪਹਿਲਾਂ ਕਿ ਦੁਸ਼ਮਨ (ਜੇ ਅਹਿਦ ਤੇ ਕਾਇਮ ਨਾ ਰਹੇ ਤਾਂ) ਕੋਈ ਰੋਕ ਪੇਸ਼ ਕਰ ਸਕੇ ਤੇ ਮੁੜ ਨਵਾਂ ਜੰਗ ਰਚਾਕੇ ਅਹਿਦ ਨੂੰ ਮਨਾਉਣਾ ਪਵੇ। ਜ਼ੁਬਾਨੀ ਤੇ ਲਿਖਤਾਂ ਦੇ ਹੁੰਦਿਆਂ ਸੰਦਿਆਂ ਬੀ ਹੱਥਾਂ ਦਾ ਕਬਜ਼ਾ ਅਸਲੀ ਕਬਜ਼ਾ ਹੁੰਦਾ ਹੈ। ਸੋ ਬੂਟੇ ਸ਼ਾਹ ਦਾ ਇਹ ਲਿਖਣਾ ਕਿ ਗੁਰੂ ਜੀ ਰਾਜਿਆਂ ਦੇ ਘਰੀਂ ਅੱਪੜਨ ਤੋਂ ਪਹਿਲਾਂ ਅਨੰਦਪੁਰ ਪੁੱਜ ਗਏ, ਇਸ ਗੱਲ ਦਾ ਕੋਈ ਕਮਾਹੱਕਾ ਸਬੂਤ ਨਹੀਂ ਕਿ ਭੰਗਾਣੀ ਜੁੱਧ ਪਰ ਸੁਲਹ ਯਾ ਅਹਿਦ ਕੋਈ ਨਹੀਂ ਹੋਇਆ।

ਜੋ ਸੁਲਹ ਪ੍ਰਜਾ ਪਰ ਧੱਕੇ ਧੋੜੇ ਕਰਕੇ ਪ੍ਰਾਪਤ ਕੀਤੀ ਗਈ ਲਿਖੀ ਹੈ, ਉਸ ਨੂੰ ਗੁਰੂ ਜੀ ਦਾ ਬਲਵਾਨ ਹੋਣਾ ਸਮਝਣਾ ਤੇ ਜੋ ਅਨੇਕ ਰਾਜਿਆਂ ਦੀ ਤੇ ਮਿਲਵੀਂ ਫੌਜ ਨੂੰ ਸ਼ਿਕਸਤਫਾਸ਼ ਦੇ ਕੇ ਪ੍ਰਾਪਤ ਕੀਤੀ ਗਈ ਹੋਵੇ ਉਸ ਨੂੰ ਸਮਝਣਾ ਕਿ ਇਸ ਨਾਲ ਗੁਰੂ ਜੀ ਦੇ ਬਲਵਾਨ ਹੋਣ ਵਿਚ ਕੁਛ ਕਮੀ ਹੁੰਦੀ ਹੈ, ਠੀਕ ਨਹੀਂ।

ਸਰੰ ਚਾਂਪ ਸੰਗਾ। ਕਸੀ ਹੈਂ ਤੁਫੰਗਾ।
-ਕਰੈਂਗੇ ਲਰਾਈ-। ਸੁ ਤਯਾਰੀ ਬਨਾਈ ॥੫॥

-ਢੁਕੈ ਨੇਰ ਜੋਈ[1]। ਹਤੈਂ ਛੋਰਿ ਸੋਈ[2]-।
ਬਜਾਵੈਂ ਨਗਾਰੇ। ਕਰ੍ਯੋ ਬਾਰ ਟਾਰੇ[1] ॥੬॥

[1]ਜੋ ਕੋਈ ਵਾੜੇ ਦੇ) ਨੇੜੇ ਢੁੱਕੇਗਾ। [2]ਭਾਵ ਬੰਦੂਕਾਂ ਛੱਡਕੇ ਮਾਰਾਂਗੇ ਉਸ ਨੂੰ।
[1]ਵਾੜੇ ਦਾ ਬਹਾਨਾ (ਉਹਲਾ) ਬਣਾਕੇ।

ਗਯੋ ਭੀਮ ਚੰਦੰ। ਪਿਖ੍ਯੋ ਬ੍ਰਿੰਦ ਬ੍ਰਿੰਦੰ[1†]।
-ਥਿਰ੍ਯੋ ਥਾਨ ਊਚੇ[1]। ਖਰੇ ਕਾਠ ਮੂਚੇ[2] ॥੭॥

[1]ਸਭਨਾਂ ਦੇ ਇਕੱਠ ਨੂੰ ਡਿੱਠਾ। [†]ਪਾ:ਬੰਦ ਬੰਦੰ।
[1]ਵੈਰੀ ਖੜਾ ਹੈ ਉੱਥੇ ਥਾਂ ਤੇ। [2]ਬਹੁਤ।

ਕਰੀ ਓਟ ਮੋਟੀ। ਲਗੈ ਨਾਂਹਿ ਚੋਟੀ-।
ਤਊ ਹੋਇ ਆਗੇ। ਪਲੀਤੇ ਸੁ ਦਾਗੇ ॥੮॥

ਛੁਟੀ ਬ੍ਰਿੰਦ ਗੋਰੀ। ਗਈ ਬਾਰ ਓਰੀ[1]।
ਲਗੈ ਕਾਠ ਮਾਂਹੀ। ਮਰੈਂ ਸ਼ੱਤ੍ਰੁ ਨਾਂਹੀ ॥੯॥

[1]ਕਾਠ ਦੀ) ਵਾੜ ਵੱਲ।

ਕ੍ਰਿਪਾਲੰ[1] ਕਟੋਚੀ। ਤੁਫੰਗਾਨਿ ਮੋਚੀ[2]।
ਛੁਟੇ ਤੀਰ ਗੋਰੀ। ਸੁ ਅੰਗਾਨਿ ਫੋਰੀ[†] ॥੧੦॥

[1]ਉਪਰੋਂ) ਕ੍ਰਿਪਾਲ ਨੇ। [2]ਛੱਡੀਆਂ।
[†]ਪਾ:-ਮੋਰੀ।

ਰਣੰ ਰੰਗ ਹੋਵਾ। ਦੁਹੂੰ ਓਰ ਜੋਵਾ।
ਭਨਜੋ ਭੀਮਚੰਦੰ। 'ਮਿਲਜੋ ਬੀਰ ਬ੍ਰਿੰਦੰ[1] ॥੧੧॥ — [1]ਮਿਲੋ ਹੇ ਸਾਰੇ ਸੂਰਮਿਓਂ।
ਕਰੋ ਹੇਲ ਧਾਯੰ। ਚਢੋ ਊਚ ਥਾਯੰ।
ਲਿਜੈ ਮਾਰ ਬਾਰਾ। ਹਥਜਾਰੇ ਸੰਭਾਰਾ ॥੧੨॥
ਪਿਖੋ ਠਾਂਢ ਕੈਸੇ[1]। ਹਤੋ ਕਜੋਂ ਨ ਐਸੇ?' — [1]ਖੜੇ ਕੀ ਵੇਖਦੇ ਹੋ।
ਸੁਨਜੋਂ ਬ੍ਰਿੰਦ ਬੀਰੰ। ਤੁਫੰਗਾਨਿ ਤੀਰੰ ॥੧੩॥
ਪ੍ਰਹਾਰੇ ਸਮੂਹੰ। ਦਈ ਦੀਹ ਹੂਹੰ[1]। — [1]ਭਾਰੀ ਹੱਲਾ।
ਚਲੇ ਬਾਰ ਨੇਰੇ। ਚਹੂੰ ਓਰ ਘੇਰੇ ॥੧੪॥
ਕੜਾ ਕਾੜ ਗੋਰੀ। ਛੁਟੀ ਦੌਨ ਓਰੀ।
ਬਿਲੋਕੈ ਕ੍ਰਿਪਾਲੰ। -ਭਏ ਆਲ ਬਾਲੰ[1] ॥੧੫॥ — [1]ਆਲੇ ਦੁਆਲੇ (ਭੀਮ ਚੰਦ ਦੇ ਸੂਰਮੇ)।
ਢੁਕੇ ਆਇ ਨੇਰੇ-। ਕਹਜੋ ਤਾਂਹਿ ਬੇਰੇ।
'ਕਹਾਂ ਬੀਰ ਦੇਖੋ? ਸਮੀਪੀ ਬਿਸ਼ੇਖੋ ॥੧੬॥
ਤਜੋ ਕਜੋਂ ਨ ਗੋਰੀ। ਰਿਪੂ ਅੰਗ ਫੋਰੀ।
ਕ੍ਰਿਪਾਨੈ ਚਲਾਵੋ। ਪ੍ਰਹਾਰੋ ਹਟਾਵੋ' ॥੧੭॥
ਪਿਖਜੋ ਹੇਲ ਮੇਲਾ[1]। ਚਹੈਂ ਰੇਲ ਪੇਲਾ[2]। — [1]ਵੈਰੀ ਨੇ) ਹਮਲਾ ਆ ਪਹੁੰਚਾ ਡਿੱਠਾ। [2]ਹੱਲੇ ਨੂੰ ਧੱਕ ਦੇਣਾ ਚਾਹੁੰਦੇ ਹਨ।
ਤਜੈਂ ਬਾਰ ਆਏ[1]। ਤੁਫੰਗੈਂ ਚਲਾਏ ॥੧੮॥ — [1]ਵੈਰੀ) ਵਾੜਾ ਛੱਡਕੇ (ਬਾਹਰ) ਆਏ।
ਦੜਾ ਦਾੜ ਗੇਰੇ। ਹਤੇ ਤੁੰਡ ਫੇਰੇ[1]। — [1]ਮਾਰਕੇ ਮੂੰਹ ਫੇਰ ਦਿੱਤੇ।
ਨਹੀਂ ਜਾਤਿ ਆਗੇ[1]। ਵਡੇ ਘਾਵ ਲਾਗੇ ॥੧੯॥ — [1]ਭੀਮ ਚੰਦ ਦੇ ਸੂਰਮੇ) ਅੱਗੇ ਨਹੀਂ ਵਧਦੇ (ਹੁਣ)।
ਤਨੰ ਫੋਰਿ ਫੋਰੇ। ਹਟੇ ਸੋ ਪਿਛੋਰੇ।
ਘਨੇ ਘਾਵ ਘਾਲੇ[1]। ਹਤੇ ਭੂਮ ਡਾਲੇ ॥੨੦॥ — [1]ਬਹੁਤ ਜ਼ਖਮ ਖਾਧੇ।

ਸੈਯਾ:

ਕਹਲੂਰਪਤੀ ਅਵਿਲੋਕਤਿ ਹੈ

-ਬਸ ਨਾਂਹਿ ਚਲੈ ਕਛੁ ਬੀਰਨਿ ਕੌ।
ਗਿਰ ਊਪਰ ਬੰਬ ਬਜਾਵਤਿ ਹੈਂ[1],
[1]ਵੈਰੀ) ਵਜਾਉਂਦੇ ਹਨ।
ਲਹਿਂ ਓਟ ਪ੍ਰਹਾਰ ਤਿਤੀਰਨ ਕੌਂ[1]।
[1]ਵਾੜ ਦਾ ਆਸਰਾ ਲੈ ਕੇ ਤੀਰ ਮਾਰਦੇ ਹਨ।
ਗੁਲਕਾਂ ਬਰਖਾਵਤਿ ਘਾਵਤਿ ਹੈਂ,
ਨਹਿਂ ਪਾਵਤਿ ਦਾਵ ਅਭੀਰਨ ਕੋ[1]।
[1]ਮੇਰੇ) ਸੂਰਮੇ (ਵੈਰੀ ਦੇ ਮਾਰਨੇ ਦਾ) ਦਾਉ ਨਹੀਂ ਪਾ ਸਕਦੇ। [ਅਭੀਰ = ਜੋ ਕਾਇਰ ਨਾ ਹੋਵੇ, ਸੂਰਮਾਂ]।

ਨਿਜ ਦੰਤਨ ਪੰਕਤਿ ਪੀਸਤਿ ਹੈਂ,
ਨਹਿਂ ਦੀਸਤਿ ਢੁਕਤਿ ਤੀਰਨ ਕੌਂ[1]- ॥੨੧॥
[1]ਮੇਰੇ ਸੂਰਿਆਂ ਨੂੰ) ਨੇੜੇ ਢੁੱਕਣਾ (ਵਾੜ ਦੇ) ਨਜ਼ਰ ਨਹੀਂ ਪੈਂਦਾ ਭਾਵ ਨੇੜੇ ਢੁੱਕਣ ਦੀ ਜੁਗਤ ਨਹੀਂ ਸੁਝਦੀ।
ਬੀਰ ਹਟੇ, ਪਿਖਿ ਭੀਮ ਸਸੀ[1]
[1]ਭੀਮ ਚੰਦ ਨੇ ਦੇਖਕੇ।
ਹਿਤ ਮੋਰਨ ਕੇ ਕਹਿ ਕੈ ਲਲਕਾਰੇ।
'ਹੇਲ ਕੈ ਮੇਲਹੁ ਪੇਲਹੁ ਸ਼ੱਤ੍ਰਨਿ[1],
[1]ਹੱਲਾ ਕਰਕੇ ਮਿਲੋ ਤੇ ਵੈਰੀ ਨੂੰ ਦਬਾਓ।
ਝੇਲਹੁ, ਅੱਗ੍ਰ ਚਲਹੁ ਪਗ ਧਾਰੇ[1]।
[1]ਪੈਰ ਵਧਾਕੇ।
ਘੇਰਹੁ ਬਾਰਿ ਬਡੇ ਬਰਿਆਰਹਿ[1],
[1]ਵਡੇ ਵਾੜੇ ਨੂੰ ਬੜੇ ਜ਼ੋਰ ਨਾਲ ਘੇਰ ਲਓ।
ਪ੍ਰੇਰਹੁ ਬੀਰਨ ਕੌ ਅਗਵਾਰੇ।'
ਫੇਰ ਹਟੇ ਸੁਨਿ ਕੈ ਭਟ ਜੇ
ਬਡ ਬਾਹੂ ਝਟਾਪਟ ਜੁਝਤਿ ਡਾਰੇ[1] ॥੨੨॥
[1]ਸੁਣਕੇ ਜੋ ਬਡੇ ਬਡੇ ਸੂਰਮੇ ਸਨ ਫਿਰ ਪਿੱਛੇ ਜੰਗ (ਕਰਨ) ਨੂੰ ਹਟੇ ਤੇ ਝਟਾਪੱਟ ਲੜਨ ਲੱਗ ਪਏ।
ਆਵਤਿ ਹੇਲ ਬਿਲੋਕਿ ਕੈ ਰੋਕਨ[1]
[1]ਰੋਕਣ ਲਈ।
ਬੀਰ ਕਟੋਚੀਆ[1] ਮਾਰ ਮਚਾਈ।
[1]ਕ੍ਰਿਪਾਲ ਨੇ।
ਊਪਰ ਤੇ ਗੁਲਕਾਂ ਬਰਖਾਵਤਿ
ਤੋਮਰ ਤੀਰ ਅਨੀ ਦਿਖਰਾਈ[1]।
[1]ਤੋਮਰ ਤੇ ਤੀਰਾਂ ਦੀਆਂ ਅਣੀਆਂ ਦਿਖਾਈਆਂ।
ਪ੍ਰੇਰਤਿ ਫੇਰ ਦਿਯੋ ਤਬਿ ਹੇਲ,
ਸਮੀਪ ਨ ਹੋਨਿ ਦਏ ਸਮੁਦਾਈ।
ਘਾਇਲ ਹ੍ਵੈ ਗਿਰ ਭੂਮ ਪਰੇ
ਭਟ ਬ੍ਰਿੰਦ ਮਰੇ ਬਡ ਕੀਨਿ ਲਰਾਈ ॥੨੩॥
ਭੀਮ ਨਿਸ਼ੇਸ਼ ਨਿਹਾਰਿ ਅਸ਼ੇਸ਼[1]
[1]ਭੀਮ ਚੰਦ ਨੇ ਚੰਗੀ ਤਰ੍ਹਾਂ ਡਿੱਠਾ ਕਿ:-
-ਵਿਸ਼ੇਸ਼ ਉਤੰਗ ਸਥਾਨ[1] ਮਵਾਸਾ।
[1]ਉੱਚਾ ਹੈ ਥਾਉਂ।
ਬੀਰਨ ਕੌ ਬਸ ਨਾਂਹਿ ਚਲੈ,
ਲਰਿ ਸੰਮੁਖ ਆਯੁਧ ਹੋਤਿ ਬਿਨਾਸ਼ਾ[1]-।
[1]ਜੰਗ ਵਿਚ ਸਨਮੁਖ ਲੜਕੇ (ਉਹ ਬੀਰ) ਬਿਨਾਸ਼ ਹੋ ਜਾਂਦੇ ਹਨ। [ਆਯੁਧਨ = ਜੰਗ]।

ਸ਼ੋਕ ਕੇ ਸੰਗ ਬਿਲਕੋਤਿ, ਰੋਕਤਿ

'ਕਯੋਂ ਨ ਥਿਰੋ ਰਨ, ਹੋਵਤਿ ਹਾਸਾ।'
ਮਾਰਨ ਹੇਤੁ ਅਨੇਕ ਉਪਾਵਨ
ਭੂਪ ਰਿਦੈ ਚਿਤਵੈ ਚਹੂੰ ਆਸਾ[1] ॥੨੪॥ [1]ਚਹੁੰ ਤਰਫੀਂ।
ਕੋਪ ਕੈ ਆਪ ਕਹਲੂਰ ਪਤੀ
ਹਨੁਮਾਨ ਕੌ ਮੰਤ੍ਰ ਜਪਯੋ ਮੁਖ ਮਾਂਹੀ।
ਔਰ ਹੁਤੇ ਗਿਰਨਾਥ ਸਹਾਇਕ
ਤੂਰਨ ਕੀਨਿ ਹਕਾਰਨ ਤਾਂਹੀ।
ਭੂਪ ਪ੍ਰਿਥੀਸਸਿ[1] ਔ ਜਸਰੋਟੀਆ [1]ਪ੍ਰਿਥੀ ਚੰਦ।
ਔ ਜਸਵਾਰੀਆ ਸਾਥ ਸਿਪਾਹੀ[1]। [1]ਫੌਜ ਸਮੇਤ।
ਲੈ ਉਮਡਯੋ ਹਿਤ ਬਾਰਿ ਕੇ ਮਾਰਨ[1] [1]ਵਾੜੇ ਦੇ ਮਾਰਨ ਲਈ।
ਸੰਮੁਖ ਹੋਹਿ ਹਟੇ ਪਗ ਨਾਂਹੀ ॥੨੫॥
ਨਾਂਹਿ ਚਲਯੋ ਬਸ, ਚਿੰਤ ਲਯੋ ਗ੍ਰਸਿ,
ਸ਼੍ਰੀ ਗੁਰ ਕੋ ਸਿਮਰਯੋ ਤਿਸ ਕਾਲਾ[†]।

[†]ਜਾਪਦਾ ਹੈ ਕਿ ਭੀਮ ਚੰਦ ਗੁਰੂ ਜੀ ਦੀ ਬਹਾਦਰੀ ਦੇ ਰੋਅਬ ਦਾ ਲਾਭ ਉਠਾਇਆ ਚਾਹੁੰਦਾ ਸੀ, ਪਰ ਐਨ ਜੰਗ ਵਿਚ ਜਿਥੋਂ ਤਕ ਵਾਹ ਚਲੇ ਗੁਰੂ ਜੀ ਨੂੰ ਸ਼ਾਮਲ ਨਾ ਕਰੇ ਤਾਕਿ ਲਾਭ ਉਹਨਾਂ ਦੇ ਆਉਣ ਦਾ ਹੋ ਜਾਵੇ, ਖਾਸ ਜੰਗ ਦੀ ਫਤਹ ਦਾ ਸਿਹਰਾ ਗੁਰੂ ਸਾਹਿਬ ਨੂੰ ਨਾ ਜਾਵੇ। ਪਰ ਹੁਣ ਜਦ ਆ ਬਣੀ ਹੈ ਤੇ ਫਤਹ ਦਾ ਰਾਹ ਨਹੀਂ ਦਿੱਸਦਾ ਤਾਂ ਗੁਰੂ ਜੀ ਨੂੰ ਸੱਦਿਆ ਹੈ। ਆਪ ਗੁਰੂ ਸਾਹਿਬ ਬੀ ਰਣ ਦੇ ਜੋਧੇ ਇਕ ਉਚੇ ਟਿਕਾਣੇ ਰਣ ਦਾ ਰੰਗ ਦੇਖ ਰਹੇ ਸੇ ਕਿ ਸਜਣਾਂ ਦੇ ਵੰਗਾਰਿਆਂ ਯਾ...... ਹੁੰਦੀ ਦੇਖਕੇ ਵੇਲੇ ਸਿਰ ਚੱਲ ਬਾਹੁੜਾਂਗੇ।

ਏਕ ਸਊਰ ਸੁ ਤੂਰਨ ਹੀ ਪਠਿ
'ਜਾਹੁ ਪ੍ਰਭੂ ਢਿਗ ਥਾਨ ਉਤਾਲਾ।
ਸ਼੍ਰੀ ਮੁਖ ਤੇ ਬਰ ਦੀਨਿ ਬਿਜੈ ਕਹੁ,
ਸੋ ਅਬਿ ਸਾਚ ਕਰਹੁ ਬਲ ਨਾਲਾ।
ਹੌਂ ਸ਼ਰਨਾਗਤਿ ਰਾਵਰ ਕੀ
ਜਸੁ ਦੇਹੁ ਸਹਾਇਕ ਹ੍ਵੈ ਰਿਪੁ ਕਾਲਾ[1]' [1]ਵੈਰੀ ਨੂੰ ਮਾਰਕੇ।
॥੨੬॥
ਆਨਿ ਤਬੈ ਅਸਵਾਰ ਪ੍ਰਭੂ ਢਿਗ
ਬੇਨਤਿ ਕੀਨਿ ਉਚਾਰਨ ਕੌ।
'ਭੂਪਤਿ ਹੋਇ ਲਚਾਰ ਰਹਯੋ,
ਰਨ ਬੀਚ ਜੁਟਯੋ ਰਿਪੁ ਮਾਰਨ ਕੌ।
ਆਪ ਕੀ ਸ਼ਾਮ ਗਹੀ ਕਰਿ ਭਾਵ[1] [1]ਸ਼ਰਧਾ ਨਾਲ।
ਬਿਜੈ ਹਿਤ ਕੀਨਿ ਹਕਾਰਨ ਕੌ।
ਆਯੁਧ ਧਾਰਿ ਚਲੋ ਅਗਵਾਰਿ
ਮਹਾਂ ਬਲਿ! ਬਾਰਿ[1] ਪ੍ਰਹਾਰਨ ਕੌ' [1]ਵਾੜੇ ਨੂੰ।

॥੨੭॥
ਸ਼੍ਰੀ ਗੁਰ ਤੇਗ ਬਹਾਦਰ ਨੰਦਨ
ਤੇਗ ਬਹਾਦਰ[1] ਯੌਂ ਸੁਧ ਪਾਈ। — [1]ਤੇਗ ਦੇ ਬਹਾਦਰ (ਗੁਰੂ ਜੀ ਨੇ)।
-ਥਾਨ ਉਤੰਗ ਪੈ ਜੰਗ[1] ਪਰਜੋ, — [1]ਉਚੇ ਥਾਂ ਤੇ ਜੰਗ।
ਭਟ ਭੰਗ ਭਏ ਬਡਿ ਮਾਰ ਮਚਾਈ-।
ਆਯੁਧ ਧਾਰਿ ਲਿਯੇ ਤਤਕਾਲ
ਭਏ ਅਸਵਾਰ ਗਏ ਸਮੁਦਾਈ।
ਤੁੰਦ ਤੁਰੰਗਮ ਕੀਨਿ ਤਬੈ
ਰਣ ਰੰਗ ਬਿਖੈ ਹੁਇ ਕੈ ਸਮੁਹਾਈ
॥੨੮॥
ਸ਼੍ਰੀ ਪ੍ਰਭੁ ਕੋ ਨ੍ਰਿਪ ਆਵਤਿ ਦੇਖਿ
ਪਠਾਇ ਸਊਰ ਬਿਨੰਤਿ ਉਚਾਰੀ।
'ਆਪ ਬਹਾਦਰ ਧੀਰ ਬਡੇ
ਸਗਰੇ ਦਲ ਕੇ ਅਬਿ ਹੋਇ ਅਗਾਰੀ[†]। — [†]ਭਾਵ ਜੰਗ ਸਾਰੇ ਦੀ ਅਗੁਵਾਈ ਆਪਦੇ ਹੱਥ ਦੇ ਦਿੱਤੀ।
ਹੇਲ ਕਰਾਵਹੁ ਆਯੁਧ ਘਾਵਹੁ,
ਬੀਰ ਚਲੈਂ ਗਨ ਆਨਿ ਪਿਛਾਰੀ।
ਲੇਹੁ ਬਿਜੈ ਕਰਿ, ਕ੍ਵੈ ਨ ਰਹੈ ਅਰ[1], — [1]ਕੋਈ ਨਾ ਅੜ ਰਹੇਗਾ।
ਜੈ ਲਛਮੀ ਛਬਿ ਪਾਇ ਤਿਹਾਰੀ[1]' — [1]ਬਿਜੈ ਲੱਛਮੀ ਨੂੰ ਆਪਣੀ ਛਬੀ ਲਾ ਦਿਓ।
॥੨੯॥
ਸ਼੍ਰੀ ਕਲਗ਼ੀਧਰ ਬੇਨਤਿ ਕੌ ਸੁਨਿ
ਦੇਖਿ ਮਚਯੋ ਬਡ ਜੰਗ ਕਰਾਲਾ।
ਜਯੋਂ ਰਸ ਬੀਰ ਹੁਤੋ ਸੁਪਤਯੋ
ਤਤਕਾਲ ਹੀ ਜਾਗ ਉਠਯੋ ਬਲਵਾਲਾ।
ਸ਼੍ਰੀ ਮੁਖ ਪੈ ਉਤਸਾਹਿ ਸੁਹਾਵਤਿ
ਜਯੋਂ ਅਰਣੋਦਯ ਕੋ ਰੰਗ ਲਾਲਾ।
ਹੇਲ ਕਰਯੋ ਹੁਇ ਸੰਮੁਖ ਬਾਰਿ ਸੁ[1], — [1]ਉਸ ਵਾੜੇ ਦੇ ਸਾਹਮਣੇ ਹੋਕੇ।
ਪੇਲ ਦਏ ਭਟ ਭੀਮ ਬਿਸਾਲਾ[1] ॥੩੦॥ — [1]ਪ੍ਰੇਰ ਦਿੱਤੇ ਸੂਰਮੇ ਭੀਮਚੰਦ ਦੇ (ਗੁਰੂ ਜੀ ਨੇ)।

ਭੁਯੰਗ ਪ੍ਰਯਾਤ ਛੰਦ:
ਤੁਫੰਗੈਂ ਕਸੀ ਪਾਇ ਬਾਰੂਦ ਗੋਰੀ।
ਛਣੰਕੇ ਦਣੰਕੇ ਭਏ ਦੋਨ ਓਰੀ[1][†]। — [1]ਭਾਵ ਦੁਹਾਂ ਪਾਸਿਆਂ ਦੇ (ਗਜ ਛਣਕੇ)। [†]ਪਾ:-ਬੋਰੀ।
ਕਲਾ ਪੈ ਜੜੇ ਤੋੜੇ ਧੁਖੰਤੇ[1]। — [1]ਕਲਾਂ ਮੋੜਕੇ ਵਿਚ ਜੜੇ ਤੋੜੇ ਧੁਖਦੇ ਹਨ।
ਧਰੇ ਹਾਥ ਪੈ ਸ਼ੱਤ੍ਰੂ ਸੌਂਹੀ ਡਭੰਤੇ[1] ॥੩੧॥ — [1]ਵੈਰੀ ਦੇ ਸਾਹਮਣੇ ਧਰਕੇ ਤੋੜੇ ਨੂੰ ਅੱਗ ਲਾਈ।

| | |
|---|---|
| ਪਲੀਤੇ ਉਠੇ ਨਾਦ ਊਚੇ ਭੜਾਕੇ। | |
| ਦਿਪੀ ਜ੍ਵਾਲਮਾਲਾ ਸੁ ਗੋਰੀ ਸੜਾਕੇ[1]। | [1]ਅਗਨੀ ਦੀ ਲੜੀ ਪ੍ਰਕਾਸ਼ੀ ਤੇ ਗੋਲੀਆਂ ਦੇ ਸੜਾਕੇ ਵੱਜੇ। (ਅ) (ਬੰਦੂਕਾਂ ਦੀ ਅਗਨੀ) ਪ੍ਰਕਾਸ਼ੀ ਤੇ ਗੋਲੀਆਂ ਚਲੀਆਂ। [ਜ੍ਵਾਲਮਾਲਾ = ਬੰਦੂਕ]। |
| ਲਗੇ ਬੀਰ ਅੰਗਾਨਿ ਬੇਗੰ[1] ਬਿਸਾਲਾ। | [1]ਛੇਤੀ ਛੇਤੀ। |
| ਰਿਦੈ ਮੁੰਡ ਫੋਰੇ ਪ੍ਰਚੰਡੇ ਕਰਾਲਾ[1] ॥੩੨॥ | [1]ਭਯਾਨਕ ਤੇਜ਼ੀ ਨਾਲ। |
| ਛੁਟ੍ਯੋ ਸ਼੍ਰੋਣ ਘਾਯੰ ਭਕਾਭੱਕ ਬੋਲੈਂ। | |
| ਧਕਾਧੱਕ ਬੀਰੰ ਇਤੈ ਉਤ ਡੋਲੈਂ। | |
| ਝੱਟਾਪੱਟ[1] ਜੁੱਟੇ ਲਟਾਪੱਟ ਹੋਏ[2]। | [1]ਛੇਤੀ। [2]ਲਿਪਟ ਗਏ। |
| ਸਟਾਪੱਟ ਸੌਂਹੇ ਕੱਟਾਕੱਟ ਸੋਏ[1] ॥੩੩॥ | [1]ਭਾਵ ਕੱਟਦੇ ਕਟਾਂਦੇ ਛੇਤੀ ਹੀ ਸਾਹਮਣੇ (ਜਾ ਪੁੱਜੇ ਗੁਰੂ ਜੀ ਦੇ ਪਾਸੇ ਦੇ ਸਿਪਾਹੀ)। |
| ਕਰੀ ਢੋਇ ਢੁਕੇ[1] ਗੁਰੂ ਕੇ ਸਹਾਈ। | [1]ਭਾਵ ਹੱਲਾ ਜਾ ਕੀਤਾ। |
| ਹੁਤੇ ਬਾਹਿਰੇ ਬੀਰ ਦੀਨੇ ਭਜਾਈ[1]। | [1]ਜੋ ਬਾਹਰ ਸਨ (ਬਾੜੇ ਤੋਂ) ਸੂਰਮੇ ਸੋ ਭੱਜਾ ਦਿੱਤੇ। |
| ਬਰੇ ਬਾਰਿ ਮੈਂ ਬਾਰ ਬਾਰੀ ਬਿਲੋਕੇਂ[1]। | [1]ਵਾੜੇ ਵਿਚ ਵੜ ਗਏ ਦਰਵਾਜ਼ਾ ਵਾੜੇ ਦਾ ਦੇਖਕੇ। (ਅ) ਵਾੜੇ ਵਿੱਚ ਵੜਕੇ ਵਾਰ ਵਾਰ ਤੱਕਦੇ ਹਨ। |
| ਢੁਕੇ ਨੇਰ ਪਾਯੋ ਨਹੀਂ ਜਾਇੰ ਰੋਕੇ[1]– ॥੩੪॥ | [1]ਕਿ (ਵੈਰੀ) ਨੇੜੇ ਆ ਢੁੱਕੇ ਹਨ ਸਾਥੋਂ ਰੋਕੇ ਨਹੀਂ ਜਾ ਰਹੇ। |
| ਤੜਾਤਾੜ ਗੋਰੀਨ ਕੀ ਮਾਰ ਮਾਚੀ। | |
| ਮਿਲੀ ਜੋਗਨੀ ਸ਼੍ਰੋਣ ਪੀਵੈਂ ਸੁ ਨਾਚੀ। | |
| ਨਭੰ ਗੀਧ ਆਈ ਭ੍ਰਮੈਂ ਬਾਰ ਬਾਰੀ[1]। | [1]ਫਿਰ ਫਿਰ। |
| ਭਖੈਂ ਮਾਸ ਕੌ ਚੀਂਕ ਉਚੈ ਪੁਕਾਰੀ ॥੩੫॥ | |
| ਰਿਦੇ ਕੋਪ ਧਾਰੇ ਮਹਾਂ ਬੀਰ ਢੁਕੇ[1]। | [1]ਗੁਰੂ ਪੱਖ ਦੇ) ਮਹਾਂਬੀਰ ਪਹੁੰਚ ਪਏ। |
| ਚਹੈਂ ਬਾਰ ਕੌ ਬਾਰਿਬੇ ਜਯੋਂ ਭਭੂਕੇ[1]। | [1]ਵਾੜੇ ਨੂੰ ਬਾਲਨਾ ਚਾਹੁੰਦੇ ਹਨ ਭਭੂਕੇ ਵਾਂਙੂ। |
| ਲਿਯੇ ਚਾਂਪ ਚੌਂਪੇ ਚਲੇ ਚੁੰਗ ਊਚੇ[1]। | [1]ਚੌਂਪ ਨਾਲ ਧਨੁਖ ਲੈ ਕੇ ਟੋਲੇ (ਗੁਰੂ ਪੱਖ ਦੇ) ਉੱਚੇ ਥਾਂ ਚਲੇ ਗਏ। |
| ਚਲਾ ਚਾਲ ਹੋਈ ਚਪੇ ਲਾਜ ਮੂਚੇ[1] ॥੩੬॥ | [1]ਵੈਰੀ ਵਿੱਚ) ਪਿਛੇ ਹਟਣ ਦੀ ਚਾਲ ਹੋਈ, ਬਹੁਤੀ ਸ਼ਰਮ ਵਿਚ ਖਿਝੇ। |
| ਛੁਟੇ ਤੀਰ ਤੀਖੇ ਬਡੇ ਬੇਗ ਵਾਰੇ। | |
| ਲਗੇ ਅੰਗ ਮੈਂ ਫੋਰਿ ਪ੍ਰਾਨੈ ਨਿਕਾਰੇ। | |
| ਸਟਾਸੱਟ ਸੇਲੇ[1] ਭਈ ਰੇਲ ਪੇਲਾ[2]। | [1]ਸੇਲਿਆਂ ਦੀ। [2]ਧਕਾਧਕ। |
| ਫਿਰੈਂ ਆਲਬਾਲੇ ਬਡੋ ਘਾਲਿ ਹੇਲਾ[1] ॥੩੭॥ | [1]ਭਾਰੀ ਹੱਲਾ ਕਰਕੇ। |
| ਕਿਤੇ ਮੂਰਛਾ ਖਾਇ ਬੰਕੇ[1] ਸਿਪਾਹੀ। | [1]ਸੁੰਦਰ। |

ਕਿਤੇ ਘੂਮ ਝੂਮੇ ਘਨੇ† ਘਾਵ ਖਾਹੀ। †ਪਾ:-ਸਨੇ।
ਭਈ ਲੋਥ ਪੋਥਾਨ[1] ਦੀਹੰ ਕਰਾਲਾ। [1]ਲੋਥਾਂ ਦੇ ਢੇਰ।
ਭਖੈਂ ਮਾਸ ਕੌ ਸਜਾਲ ਬੋਲੈਂ ਬਿਸਾਲਾ ॥੩੮॥
ਡਕੀ ਡਾਕਣੀ ਡਾਰ ਡੋਲੈਂ ਡਕਾਰੈ।
ਪਲੰ ਹੇਤੁ ਲੇਤੀ ਕਿਤੇ ਦੇਹਿ ਫਾਰੈਂ[1]। [1]ਮਾਸ ਦੇ ਵਾਸਤੇ ਕਈ ਦੇਹਾਂ ਲੈ ਕੇ ਫਾੜਦੀਆਂ ਹਨ।
ਭਈ ਭੀਮ ਭੂਮੀ ਭਯੰ ਭੂਰ ਭ੍ਰਾਂਤੇ[1]। [1]ਪ੍ਰਿਥਵੀ ਡਰ ਦੇਣ ਵਾਲੀ ਬੜੀ ਭਜਾਨਤ ਤਰ੍ਹਾਂ (ਵਾਲੀ) ਹੋ ਗਈ।
ਨਚੈਂ ਭੂਤ ਪੇਤੰ ਫਿਰੈਂ ਮਾਸ ਖਾਤੇ ॥੩੯॥
ਗੁਰੂ ਸੰਗ ਹੋਏ ਮਚਯੋ ਜੰਗ ਭਾਰਾ[1]। [1]ਜਦ ਤੋਂ) ਗੁਰੂ ਜੀ ਨਾਲ ਹੋਏ (ਤਦ ਤੋਂ) ਭਾਰੀ ਜੰਗ ਮਚਿਆ।
ਭਟੰ ਅੰਗ ਭੰਗੇ ਸੁਰੰਗੇ ਅਖਾਰਾ।
ਇਸੀ ਰੀਤਿ ਘੇਰਯੋ ਜਬੈ ਬਾਰਿ ਜਾਈ।
ਢੁਕੇ ਕੋਪ ਕੈ ਦੀਹ ਮਾਚੀ† ਲਰਾਈ ॥੪੦॥ †ਪਾ:-ਮਾਰੀ।

ਦੋਹਰਾ:
ਜੇ ਗਿਰੇਸ਼ ਬਿਚ ਬਾਰਿ ਕੇ, ਬੀਰ ਧੀਰ ਕੌ ਧਾਰਿ[1]। [1]ਜੇਹੜੇ ਗਿਰੇਸ਼ (ਕ੍ਰਿਪਾਲ ਦੇ ਪੱਖੀ) ਤੇ ਸੂਰਮੇ ਵਿਚ ਵਾੜ ਦੇ (ਸਨ ਓਹ) ਧੀਰਜ ਧਾਰ ਕੇ.......।
ਢੁਕੇ ਨਿਕਟ ਰਿਪੁ ਜਾਨਿ ਕੈ, ਕੇਤਿਕ ਪਿਖੇ ਸੁਮਾਰਿ[1] ॥੪੧॥ [1]ਜ਼ਖਮੀ ਹੋਏ ਵੇਖੇ (ਆਪਣੇ ਸੂਰਮੇ)।
ਲਖੀ ਪਰਾਜਯ[1] ਅਪਨੀ, -ਲਾਜ ਬੰਸ ਕੀ ਜਾਤਿ-। [1]ਹਾਰ।
ਆਪਸ ਮਹਿਂ ਮਿਲਿ ਕਹਤਿ ਭੇ, 'ਇਮ ਹੋਵਹਿਂ ਸਭਿ ਘਾਤ[1] ॥੪੨॥ [1]ਨਾਸ਼।
ਬਲ ਸੰਭਾਰੋ ਆਪਨੋ, ਨਿਕਸਿ ਲਰੋ ਬਰ ਬੀਰ !'
ਮੰਤ੍ਰ ਪਕਾ ਇਵ ਜੰਗ ਕੋ, ਪੁਨ ਉਮਡੇ ਧਰਿ ਧੀਰ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਾਦੌਣ ਜੰਗ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

## ੪੧. [ਬਿੱਝੜ ਵਾਲੀਆ ਦਜਾਲ ਬੱਧ]

੪੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਬਿੱਝੜਵਾਲੀਆ ਗਿਰਪਤੀ, ਬੀਰ ਸੁ ਬਲੀ ਬਿਸਾਲ।
ਜੰਗ ਘਾਤ ਜਾਨੈ ਅਨਿਕ, ਨਾਮ ਕਹੈਂ ਤਿਸ ਦਜਾਲ ॥੧॥

ਭੁਜੰਗ ਛੰਦ:

ਮਿਲ੍ਯੋ ਸੋ ਕਟੋਚੀ ਕ੍ਰਿਪਾਲੰ ਕਿ ਸਾਥਾ।
ਕਹੇ ਬਾਕ ਤਾਂ ਕੌ 'ਲਖੋ ਜੰਗ ਗਾਥਾ।
ਗੁਰੂ ਸੰਗ ਆਨ੍ਯੋ ਕਲੂਰੀ ਭੁਵਾਲੇ।
ਢੁਕੇ ਬਾਰਿ ਨੇਰੇ ਭਏ ਆਲ ਬਾਲੇ[1] ॥੨॥ — [1]ਭਾਵ ਘੇਰਾ ਪਾ ਲਿਆ ਨੇ।
ਤਜੈਂ ਓਜ ਤੇ ਨਾਂਹਿਨੈ ਨੀਕ ਬਾਤੀ[1]। — [1]ਵੈਰੀ ਦੇ) ਓਜ ਕਰਕੇ (ਜੇ ਵਾੜਾ ਹੁਣ) ਛੱਡ ਦੇਵੀਏ ਤਾਂ ਗੱਲ ਠੀਕ ਨਹੀਂ।
ਸਵਾਧਾਨ ਹੁਜੇ ਬਨੋ ਸ਼ੱਤ੍ਰ ਘਾਤੀ।
ਪਰਾਜੈ ਕਰੈ ਭੀਮਚੰਦੰ ਜਿ ਈਹਾਂ[1]। — [1]ਸਾਨੂੰ ਜਿੱਤ ਲਵੇ ਤਾਂ......।
ਹਸੈਂ ਭੂਪ ਸਾਰੇ ਮਿਲੈਂ ਜਾਇ ਕੀਹਾਂ[1] ॥੩॥ — [1]ਭਾਵ ਜਿੱਥੇ ਕਿੱਥੇ ਮੇਲ ਗੇਲ ਹੋਸੀ ਸਾਰੇ ਰਾਜੇ ਹੱਸਣਗੇ।
ਅਬੈ ਦੇਖਿ ਮੋ ਕੌ ਕਰੌਂ ਜੁੱਧ ਭਾਰੀ।
ਚਲੇ ਆਇੰ ਜੋਊ ਸਭੈ ਦਜੋਂ ਨਿਵਾਰੀ।'
ਕ੍ਰਿਪਾਲੰ ਕਹ੍ਯੋ 'ਮੈਂ ਰਹੌਂ ਤੋਹਿ ਸੰਗਾ।
ਹਤੌਂ ਭੀਮਚੰਦੰ ਭਟੰ ਅੰਗ ਭੰਗਾ' ॥੪॥
ਦੁਹੂੰ ਭੂਪ ਐਸੇ ਜਬੈ ਮੰਤ੍ਰ ਕੀਨਾ।
ਬਡੋ ਜੰਗ ਮਾਚ੍ਯੋ ਨਿਜੰ ਹੀਨ ਚੀਨਾ[1]। — [1]ਆਪਣਾ (ਪੱਖ) ਘਟਦਾ ਦੇਖਕੇ।
ਧਰੇ ਚਾਂਪ ਆਪੇ ਨਿਕਾਸੇ ਖਤੰਗਾ।
ਹਕਾਰੇ ਮਹਾਂ ਬੀਰ ਲੇ ਆਪ ਸੰਗਾ ॥੫॥
ਗਹੇ ਬ੍ਰਿੰਦ ਸੇਲੇ ਤੁਫੰਗੈਂ ਸੰਭਾਰੀ।
ਬਰੂਦੈਂ ਕਸੀ ਠੋਕਿ ਗੋਰੀ ਦੁ ਡਾਰੀ।
ਭ੍ਰਮਾਏ ਉਤੰਗੇ ਧਰੇ ਹਾਥ ਨੇਜੇ।
ਹਤੈਂ ਸ਼ੱਤ੍ਰ ਸੌਹੈਂ ਜਮੰ ਧਾਮ ਭੇਜੇ ॥੬॥
ਚਲੇ ਬਾਰ ਛੋਰ੍ਯੋ ਤਬੈ ਬਾੜ ਲਜਾਏ[1]। — [1]ਭਾਵ ਬਾਹਰ ਨਿਕਲਿ ਵਾੜਾ ਛੱਡ ਟੁਰੇ (ਸੈਨਾ ਨੂੰ ਬੀ) ਬਾਹਰ ਲੈ ਗਏ (ਟਾਕਰਾ ਕਰਨ ਵਾਸਤੇ)। [ਸੰਸ:, ਵਾਹਜ ਤੋਂ ਬਾੜ ਬਣਿਆ ਹੈ]।
ਬਕੈਂ 'ਮਾਰ ਮਾਰੰ' ਖਤੰਗੈਂ ਚਲਾਏ।
ਰਿਦੇ ਕੋਪ ਹ੍ਵੈ ਕੈ ਕਟੋਚੀ ਕ੍ਰਿਪਾਲੰ।
ਚਲ੍ਯੋ ਜੰਗ ਕੋ ਬਾਦ ਬਾਜੇ ਬਿਸਾਲੰ[1] — [1]ਬੜੇ ਬਾਜੇ ਬੱਜੇ। +ਪਾ:-ਮਾਰੀ।

॥੭॥
ਲਗੇ ਢੋਲ ਡੰਕੇ ਸੁ ਧੌਂਸੇ ਧੁੰਕਾਰੇ।
ਮਿਲੇ ਆਪ ਮਾਂਹੀ ਬਕੈਂ ਮਾਰ ਮਾਰੇ।
ਕਰਾਚੋਲ[1] ਕਾਢੇ ਖਿਮੰਕੇ[2] ਕਰਾਲੇ।
[1]ਸ੍ਰੀ ਸਾਹਿਬ। [2]ਚਮਕੇ।
ਕਟੇ ਅੰਗ ਬੀਰੰ ਘਨੇ ਘਾਵ ਡਾਲੇ ॥੮॥
ਭਏ ਛਿੰਨ ਭਿੰਨਾਂ ਛਿਦੇ ਛਿੱਪ੍ਰ ਬੀਰੰ[1]।
[1]ਭਾਵ ਸੂਰਮੇ ਕੱਟੇ ਵੱਢੇ ਗਏ ਤੇ ਜ਼ਖਮੀ ਹੋਏ।
ਕਿਸੂ ਹਾਥ ਕਾਟੇ ਕਿਸੂ ਕੰਧ[1] ਚੀਰੰ।
[1]ਮੋਢਾ।
ਕਿਤੇ ਪਾਂਵ ਕਾਟੇ, ਕਰਾਹੇਂ[1] ਕਰਾਲਾ।
[1]ਕੁਰਲਾ ਰਹੇ, ਦੁਖੀ ਹੋਕੇ ਰੋ ਰਹੇ।
ਕਟੇ ਮੁੰਡ[1] ਕਾਂ ਕੇ ਪਰੇ ਰੁੰਡ ਮਾਲਾ[2]† ॥੯॥
[1]ਸਿਰ। [2]ਧੜਾਂ ਦੀ ਪੰਗਤੀ। †ਪਾ:-ਲਾਲਾ।
ਜਥਾ ਭਾਠ ਮੈਂ ਧਾਨ ਭੁੰਜੰਤਿ ਕੋਈ।
ਤੁਫੰਗੈਂ ਛੁਟੀ ਕੋ ਤਥਾ ਨਾਦ ਹੋਈ।
ਪਲੀਤੇ ਧੁਖੇ ਦੌਨ ਓਰੀ ਸਮੂਹਾ।
ਜੁਟੇ ਆਪ ਮਾਂਹੀ ਦਈ ਦੀਹ ਹੂਰਾ[1] ॥੧੦॥
[1]ਬੜੀ ਰੌਲੀ ਮਚੀ। (ਅ) ਭਾਰੀ ਹੱਲਾ ਕਰਕੇ।
ਚਲੇ ਤੀਰ ਤੀਖੇ ਕਮਾਨੈਂ ਕੜੰਕੀ।
ਭਏ ਹੱਥਵੱਥੰ[1] ਕ੍ਰਿਪਾਨੈ ਸੜੰਕੀ।
[1]ਹੱਥੋ ਹੱਥੀ ਹੋ ਪਏ।
ਛੁਟਯੋ ਸ਼੍ਰੋਣ ਘਾਵੰ ਭਏ ਲਾਲ ਬਾਗੇ।
ਅਪਾਤੰ ਪਲਾਸੀ[1] ਮਨੋ ਫੂਲ ਲਾਗੇ ॥੧੧॥
[1]ਪੱਤਿਆਂ ਬਿਨਾਂ ਛਿੱਛੜੇ ਨੂੰ।
ਕਟੋਚੀ ਕ੍ਰਿਪਾਲੰ ਕੁਪਯੋ ਕ੍ਰੂਰ ਤੁੰਡੰ[1]।
[1]ਕਰੜਾ ਮੁਖ ਕਰਕੇ।
ਪ੍ਰਹਾਰੇ ਕ੍ਰਿਪਾਨੰ ਕਿਏ ਰੁਡੰ ਮੁੰਡੰ।
ਭਏ ਸਾਮੁਹੇ ਤੁੰਦ ਤਾਜੀ ਤੁਪਾਯੋ।
ਕੁਦੰਡੰ ਸਰੰ ਸੰਧਿ ਬ੍ਰਿੰਦੰ ਚਲਾਯੋ[1] ॥੧੨॥
[1]ਧਨੁਖ ਵਿਚ ਤੀਰ ਸੰਨ੍ਹਕੇ ਬਹੁਤੇ ਚਲਾਏ।
ਮਰੇ ਬੀਰ ਘੂਮੈ ਪਰੀ ਲੋਥ ਭੂਮੈ।
ਚਲੈਂ ਬਾਨ ਗੋਰੀ ਭਟੰ ਪ੍ਰਾਨ ਹੁ ਮੈਂ[1]।
[1]ਸੂਰਮਿਆਂ ਦੇ ਪ੍ਰਾਣਾਂ ਵਿਚ (ਅ) ਸੂਰਮੇ (ਆਪਣੇ) ਪ੍ਰਾਣ (ਹੁਮੈਂ =) ਹੋਮ ਦੇ ਭਾਵ ਤਜਾਗਦੇ ਹਨ।
ਰੁਪੇ ਬੀਰ ਧੀਰੰ ਖਰੇ ਘਾਵ ਖਾਏ।
ਕਟੇ ਕੋਪ ਕੈ ਕੈ ਤਜੀ ਪੈ ਨ ਥਾਏ ॥੧੩॥
ਉਤੈ ਬਿੱਝੜੰ ਵਾਲੀਆ ਨਾਮ ਦਜਾਲੰ।
ਘਨੇ ਵਾਰ ਕੀਨੇ ਬਿਸਾਲੇ ਕਰਾਲੰ।
ਲਈ ਸੈਨ ਸਾਰੀ ਮਹਾਂ ਰੌਰ ਪਾਏ।

ਬਕੈਂ 'ਮਾਰ ਮਾਰੇ' ਹੁਤੇ ਅੱਗ੍ਰ ਆਏ ॥੧੪॥
ਚਲਾਕੀ ਕਰੈਂ ਸ਼ੀਘ੍ਰਤਾ ਮਾਰਿਬੇ ਕੀ।
ਕਰੈਂ ਹੇਲ ਸ਼ੱਤ੍ਰੂਨਿ ਕੌ ਟਾਰਿਬੇ ਕੀ।
ਹਟੇ ਪੈਰ ਪਾਛੇ ਪਿਖੇ ਭੀਮ ਚੰਦੰ[1]।
ਪ੍ਰਿਥੀਚੰਦ ਬੋਲਯੋ[1] 'ਬਲੀ ਤੂੰ ਬਿਲੰਦੰ ॥੧੫॥
ਕਰੋ ਧੀਰ ਬੀਰਾਨ ਕੌ ਹੋਇ ਆਗੇ[1]।
ਪਰਯੋ ਜੋਰ ਜੁੱਧੰ ਨਹੀਂ ਜਾਇਂ ਭਾਗੇ।
ਕ੍ਰਿਪਾਲੰ ਸੁ ਦਯਾਲੰ ਕਰਯੋ ਹੇਲ ਆਏ।
ਹਮਾਰੇ ਵਧੇ ਸੂਰ ਪਾਛੇ ਹਟਾਏ' ॥੧੬॥
ਸੁਨਯੋ ਡੱਢਵਾਲੰ ਪ੍ਰਿਥੀਚੰਦ ਗਾਜਾ।
'ਕਰੌਂ ਜੁੱਧ ਕ੍ਰੁੱਧੰ ਪਿਖੋ ਆਪ ਰਾਜਾ[1] !'
ਦਈ ਧੀਰ ਐਸੇ ਗਯੋ ਆਪ ਆਗੇ।
ਬਿੰਗਾਰੇਂ ਸਭੈ[1] 'ਜੰਗ ਕਯੋਂ ਤਯਾਗ ਭਾਗੇ? ॥੧੭॥
ਥਿਰੋ ਬੀਰ ! ਮਾਰੋ ਧਰੋ ਧੀਰ ਆਛੇ।
ਬਿਗਾਰੌਂ[1] ਦੁਹੂੰ ਲੋਕ ਕੋ ਹੋਤਿ ਪਾਛੇ।
ਰਜੌਤੀ[1] ਨਿਬਾਹੋ ਕੁਲੰ ਕੇਰ ਲਾਜਾ।
ਜਸੰ ਪਾਇ ਲੀਜੈ ਕਰੇ ਕਾਜ ਰਾਜਾ[1]' ॥੧੮॥
ਪ੍ਰਿਥੀਚੰਦ ਕੇ ਬਾਕ ਕੌ ਸ੍ਰੂਯ ਬੀਰੰ[1]।
ਫਿਰੇ ਫੇਰ[1] ਪਾਛੇ ਸਹੇ ਅੰਗ ਤੀਰੰ।
ਮਨੋ ਬਾਯੁ ਪ੍ਰੇਰੇ ਚਲੇ ਮੇਘ ਆਏ।
ਸਰੰ ਬ੍ਰਿੰਦ ਗੋਰੀਨ ਵੁੱਠੇ ਸਬਾਏ[1] ॥੧੯॥
ਹਟੇ ਹੇਲ ਘਾਲੇ[1] ਮਹਾਂ ਬੀਰ ਢੁਕੇ।
ਬਕੈਂ 'ਮਾਰ ਮਾਰੰ' ਇਕੰ ਬਾਰ ਕੂਕੇ।
ਬਜੇ ਢੋਲ ਧੌਂਸੇ ਸੁ ਭੇਰੀ ਭੁੰਕਾਰੇ।
ਭਿਰੈਂ ਹੋਇ ਸੌਂਹੇ ਬਿਸਾਲੰ ਬਿੰਗਾਰੇ ॥੨੦॥
ਬਡੋ ਸੂਰ ਦਯਾਲੰ ਹੁਤੋ ਬਿੱਝੜ ਵਾਰਾ।

[1]ਪਿਛੇ ਪੈਰ ਹਟਦੇ ਡਿੱਠੇ ਭੀਮਚੰਦ ਨੇ (ਆਪਣੀ ਸੈਨਾ ਦੇ)।
[1]ਭੀਮਚੰਦ ਪ੍ਰਿਥੀਚੰਦ ਨਾਲ ਬੋਲਿਆ।
[1]ਬੀਰਾਂ ਨੂੰ ਧੀਰਜ ਦੇਹ ਅੱਗੇ ਹੋ ਕੇ।
[1]ਭਾਵ ਹੇ ਭੀਮਚੰਦ !
[1]ਵੰਗਾਰਿਆ ਸਾਰੇ (ਪਿਛੇ ਹਟਦਿਆਂ ਨੂੰ)।
[1]ਵਿਗਾੜ ਲਓਗੇ ਦੋਵੇਂ ਲੋਕ ਜੇ ਪਿੱਛੇ ਹਟੋਗੇ।
[1]ਰਾਜਪੂਤ ਪਨ।
[1]ਰਾਜੇ ਦਾ ਕਾਜ ਕਰਕੇ।
[1]ਸੁਣਕੇ ਬੀਰਾਂ ਨੇ।
[1]ਫੇਰ ਮੁੜੇ।
[1]ਸਭਨਾਂ (ਸੂਰਮਿਆਂ ਰੂਪੀ ਬੱਦਲਾਂ ਨੇ) ਤੀਰਾਂ ਤੇ ਗੋਲੀਆਂ ਦੀ ਵਰਖਾ ਕੀਤੀ।
[1]ਭਾਵ ਮੁੜਕੇ ਹਮਲਾ ਕੀਤਾ (ਭੀਮਚੰਦੀਆਂ) ਨੇ।

ਪਲਾਏ, ਮਰੇ, ਹੇਲ ਕੀਨੋ ਨਿਹਾਰਾ[1]।
[1]ਉਸ ਨੇ ਡਿੱਠਾ ਕਿ (ਫਿਰ) ਹਮਲਾ ਕੀਤਾ ਹੈ (ਵੈਰੀ ਨੇ ਤਾਂ ਸਾਡੇ ਆਦਮੀ) ਮਰ ਰਹੇ ਤੇ ਭੱਜ ਰਹੇ ਹਨ।

ਤਬੈ ਕੋਪ ਕੈ ਕੈ ਸੁ ਊਚੇ ਪੁਕਾਰਯੋ।
'ਕਟੋਚੀ ਕ੍ਰਿਪਾਲੰ ਮਹਾਂ ਹੇਲ[1] ਡਾਰਜੋ ॥੨੧॥
[1]ਹੱਲਾ।

ਉਤੈ ਬੀਰ ਸਾਰੇ ਸਕੇਲੇ ਬਿਸਾਲਾ।
ਪ੍ਰਹਾਰੋ ਤੁਫੰਗਾਨਿ ਤੀਰਾਨਿ ਜਾਲਾ।
ਥਿਰੋ ਧੀਰ ਧਾਰੋ ਭਟੰ ਬੀਚ ਆਪੇ।
ਜਮੇ ਪੈਰ ਰਾਖੋ ਸਭੀ ਥਾਨ ਥਾਪੇ[1] ॥੨੨॥
[1]ਟਿਕਾਕੇ।

ਪਿਖੋ ਓਰ ਮੋਰੀ[1] ਹਤੌਂ ਬ੍ਰਿੰਦਬਾਨਾ।
[1]ਮੇਰੀ ਵਲ ਤੱਕੋ।

ਬਧੌਂ ਸ਼ੱਤ੍ਰ ਕੌ ਅੰਗ ਆਗੇ ਨਿਸ਼ਾਨਾ[1]।'
[1]ਨਿਸ਼ਾਨਾ (ਬਣਾਕੇ)।

ਕ੍ਰਿਪਾਲੰ ਸੁਨਜੋ ਤੇਜ ਤਾਜੀ ਤੁਪਾਏ।
ਭਏ ਸਾਮੁਹੇ ਚਾਂਪੁ ਐਂਚੰ ਚਲਾਏ ॥੨੩॥
ਦਿਸ਼ਾ ਦੌਨ ਤੇ ਸਾਮੁਹ ਭੇੜ ਐਸੇ।
ਮਹਾਂ ਜੁੱਧ ਕੀਨੋ ਥਿਰੇ ਥੰਭ ਜੈਸੇ।
ਛੁਟੇ ਬਾਨ ਗੋਰੀ ਫਟੇ ਅੰਗ ਸੂਰੇ।
ਕੜਾਕਾੜ ਮਾਚੀ ਰਿਦੇ ਰੋਸ ਪੂਰੇ ॥੨੪॥
ਪ੍ਰਿਥੀ ਚੰਦ[1] ਆਗੇ ਜਬੈ ਬੀਰ ਲੀਨੇ[2]।
[1]ਇਹ ਭੀਮਚੰਦ ਦੇ ਪਾਸੇ ਦਾ ਹੈ)। [2]ਜਦੋਂ ਸੂਰਮੇ ਅਗੇ ਲਾ ਲਏ।

ਕ੍ਰਿਪਾਨੈਂ ਨਿਕਾਸੀ ਰਣੰ ਰੰਗੁ ਭੀਨੇ।
ਮਹਾਂ ਓਰੜੇ ਸੇਲ[1] ਸਾਂਗੰ[2] ਚਲਾਏ।
[1]ਨੇਜੇ। [2]ਬਰਛੇ।

ਹਲਾਹਾਲ ਬੋਲੈਂ ਚਹੈਂ ਸੋ ਹਲਾਏ[1] ॥੨੫॥
[1]ਵੈਰੀ ਦੇ ਪੈਰ ਹਿਲਾ ਦੇਣੇ ਚਾਹੁੰਦੇ ਹਨ।

ਦੁਚੋਬੈਂ ਲਗੀ ਦੁੰਦਭੀ ਊਚ ਬਾਜੇ।
ਉੱਛਲੇ ਛਲੰਗੀ[1] ਛੁਭੇ ਛਾਲ ਗਾਜੇ[2]।
[1]ਛਾਲ ਮਾਰਨ ਵਾਲੇ ਭਾਵ (ਸੂਰਮੇ)। (ਅ) ਛੈਲ ਅੰਗੀ = ਸੁਹਣੇ ਅੰਗਾਂ ਵਾਲੇ। ਮੁਰਾਦ ਸੁਹਣੇ ਸੂਰਮਿਆਂ ਤੋਂ ਹੈ। [2]ਗੁੱਸੇ ਵਿਚ ਛਾਲ ਮਾਰਕੇ ਗੱਜੇ।

ਹਥਾ ਹੱਥ ਹੋਏ ਗਿਰੇ ਜੰਗ ਕੇਤੰ[1]।
[1]ਕਈ ਜੰਗ ਵਿਚ ਡਿੱਗੇ।

ਪਰੇ ਹੂਹ[1] ਦੈ ਓਜ ਤੇ ਜੀਤ ਖੇਤੰ ॥੨੬॥
[1]ਹੱਲਾ।

ਕਟੋਚੀ ਕ੍ਰਿਪਾਲੰ[1] ਜਮੇ ਪਾਇ ਹਾਲੇ।
[1]ਕ੍ਰਿਪਾਲ (ਦੇ)।

ਪਿਖਜੋ ਦਜਾਲ ਨੇ ਤੀਰ ਤੀਖੇ ਸੰਭਾਲੇ।
ਤਜੇ, ਚਾਂਪ ਐਂਚੇ ਅਰੀ ਜਾਇ ਲਾਗੇ।
ਸਭੈ ਸੂਰ ਰੋਕੇ ਕਹਾਂ ਜਾਇਂ ਭਾਗੇ ॥੨੭॥
ਜਿਤੇ ਓਰੜੇ ਮਾਰਿ ਦੀਨੇ ਹਟਾਈ।

ਖਰੋ ਊਚ ਗਾਜਯੋ ਮਨੋਂ ਜੀਤ ਪਾਈ।
ਪਿਖ੍ਯੋ ਭੀਮਚੰਦੰ ਅਰਯੋ ਸੂਰ ਦਜਾਲੰ।
ਗੁਰੂ ਪਾਸ ਆਯੋ ਕਹ੍ਯੋ ਤਾਂਹਿ ਕਾਲੰ ॥੨੮॥
ਫਤੇ ਕਯੋਂ ਨ ਲੇਤੇ ਕਰੋ ਆਪ ਟਾਰਾ।
ਅਰਯੋ ਏਕ ਬੀਰੰ ਇਸੇ ਲੇਹੁ ਮਾਰਾ।
ਰਖੋ ਲਾਜ ਮੋਰੀ ਲਖੋ ਆਪਨੋਈ।
ਅਹੋ ਬੀਚ ਠਾਂਵੇ ਤੁਮੈ ਨਾਮ ਜੋਈ[1]' ॥੨੯॥

[1]'ਜੰਗ ਵਿਚ ਆਪ ਖੜੇ ਹੋ, ਜਿੱਤ ਹਾਰ ਵਿਚ ਨਾਮ ਆਪਦਾ ਹੀ ਜੁੜਨਾ ਹੈ।

ਸੁਨੀ ਬੇਨਤੀ ਸ਼੍ਰੀ ਗੁਰੂ ਬੀਰ ਭਾਰੀ।
ਲਈ ਦਾਸ ਤੇ ਸੋ ਤੁਫੰਗੈਂ ਸੰਭਾਰੀ।
ਕਸੀ ਪਾਇ ਬਾਰੂਦ ਗੋਰੀ ਸੁ ਡਾਰੀ।
ਗਹ੍ਯੋ ਮੋੜ ਤੋੜਾ ਕਲਾ ਪੈ ਸੁਧਾਰੀ[1] ॥੩੦॥

[1]ਤੋੜਾ ਫੜਕੇ ਮੋੜ ਕੇ ਕਲਾ ਤੇ ਧਰਿਆ।

ਪਲੀਤਾ ਜਮਾਯੋ ਭਲੀ ਭਾਂਤਿ ਆਪੇ।
ਕਰੀ ਤਯਾਰ ਨੀਕੇ ਰਿਪੂ ਹੇਤੁ ਥਾਪੇ।
ਲਖ੍ਯੋ -ਜੰਗ ਥੰਭਾ ਇਹੀ ਬੀਰ ਠਾਂਢੋ।
ਪਲਾਵੈਂ ਨਹੀਂ, ਮਾਰਤੋ ਤੀਰ ਗਾਢੋ ॥੩੧॥
ਹਤੇ ਯਾਂਹਿ ਕੇ ਹ੍ਵੈ ਫਤੇ ਫੇਰ ਸਾਰੀ-।
ਪ੍ਰਭੂ ਹੇਰਿ ਨੀਕੇ ਰਿਦੇ ਯੌਂ ਬਿਚਾਰੀ।
ਕਰ੍ਯੋ ਤੇਜ ਘੋਰਾ ਇਤੈ ਉੱਤ ਫੇਰਾ।
ਨਿਸ਼ਾਨੋ ਮਹਾਨੋ ਤਕ੍ਯੋ ਨੀਕ ਹੇਰਾ ॥੩੨॥
ਕਰ੍ਯੋ ਨੇੜ ਜਾਈ ਫਿਰੇ ਜੰਗ ਮਾਂਹੀ।
ਚਲੈਂ ਬਾਨ ਗੋਰੀ ਰਿਸੇ ਬੀਰ ਜਾਂਹੀ।
ਵਧਾਯੋ ਤੁਰੰਗੈ ਸੰਭਾਰੀ ਤੁਫੰਗਾ।
'ਸਵਾਧਾਨ ਹੂਜੇ' ਬਿੰਗਾਰ੍ਯੋ ਉਤੰਗਾ[1] ॥੩੩॥

[1]ਉੱਚੇ ਖੜੇ ਨੂੰ ਵੰਗਾਰਿਆ।

'ਘਨੇ ਬੀਰ ਮਾਰੇ ਅਰ੍ਯੋ ਕੋ ਨਾ ਆਗੇ।
ਅਬੈ ਤੋਹਿ ਮਾਰੌਂ ਇਕੰ ਵਾਰ ਲਾਗੇ।'
ਸੁਨੀ ਦਜਾਲ ਨੇ ਤੀਰ ਤੀਖੇ ਚਲਾਏ।

ਪ੍ਰਭੁ ਫੇਰ ਘੋਰਾ ਸਭੇ ਹੀ ਬਚਾਏ[1] ॥੩੪॥ [1]ਸਾਰੇ ਤੀਰਾਂ ਤੋਂ ਹੀ) ਬਚਾ ਕਰ ਗਏ।
'ਸਹੋ ਮੋਰ ਤੀਰੰ, ਬਚੋ ਆਪ ਨਾਂਹੀ।'
ਕਰਜੋ ਬੋਲ ਊਚੇ ਗਜਜੋ[1] ਜੰਗ ਮਾਂਹੀ। [1]ਦਜਾਲ) ਗੱਜਿਆ।
ਗੁਰੂ ਸ੍ਰੁਯ[1] ਕੈ ਬੇਗ ਤਜਾਰੀ ਤੁਫੰਗਾ। [1]ਗੁਰੂ ਜੀ ਨੇ ਸੁਣਕੇ।
ਚਲੀ ਸ੍ਰੂਕਿ ਗੋਰੀ ਲਗੀ ਜਾਇ ਅੰਗਾ ॥੩੫॥
ਗਿਰਜੋ ਭੂਮ ਬੀਚੰ ਮਹਾਂ ਰੋਸ ਰਾਚਾ।
ਰਿਦੈ ਫੇਰ ਡਾਰਜੋ ਨਹੀਂ ਪਾਨ ਜਾਚਾ[1]। [1]ਪਾਣੀ ਤੱਕ ਨਾ ਮੰਗਿਆ।
ਮਨੋ ਬ੍ਰਿੱਛ ਟੂਟਜੋ ਬਡੀ ਬਾਇ[1] ਸੰਗਾ। [1]ਹਵਾ ਨਾਲ।
ਖਿੰਡੇ ਹਾਥ ਪੈਰੰ ਕਰੇ ਪ੍ਰਾਨ ਭੰਗਾ ॥੩੬॥
ਪਰਜੋ ਤੁੰਡ ਬਾਯੋ[1] ਭਯੋ ਸੀਸ ਨੰਗਾ। [1]ਮੂੰਹ ਟੱਡਿਆ।
ਪ੍ਰਿਥੀ ਸ਼੍ਰੋਨ ਫੈਲਜੋ ਭੰਗੇ ਤਾਂਹਿ ਅੰਗਾ।
ਗਤੀ ਸੂਰਮੇ ਕੀ ਲਹੀ ਦੇਵ ਲੋਕੰ।
ਮਿਲੀ ਆਨਿ ਦੇਵੰਬਧੂ ਕੈ ਅਸ਼ੋਕੰ[1] ॥੩੭॥ [1]ਅਨੰਦ ਮੰਗਲ ਕਰਕੇ।
ਮਰਜੋ ਮਾਰ ਮਾਰੰ ਬਕੰਤੰ ਸਰੋਸੰ।
ਦਿਯੋ ਪ੍ਰਾਨ ਸੌਂਹੰ ਮਿਟੇ ਪਾਪ ਦੋਸ਼ੰ।
ਜਬੈ ਦਜਾਲ ਮਾਰਜੋ ਪਿਖੀ ਸੈਨ ਸਾਰੀ[1]। [1]ਸਾਰੀ ਸੈਨਾ ਨੇ ਦਿਆਲ ਮਰਿਆ ਡਿੱਠਾ।
ਲਰੈਂ ਬੀਰ ਠਾਂਢੇ ਤਊ ਧੀਰ ਹਾਰੀ ॥੩੮॥
ਕਟੋਚੀ ਕ੍ਰਿਪਾਲੰ ਬਿਲੋਕਜੋ ਦਯਾਲਾ[1]। [1]ਦਜਾਲ ਨੂੰ (ਮਰਿਆ) ਦੇਖਕੇ।
ਹੁਤੇ ਔਰ ਸੈਲੰਪਤੀ ਧੀਰ ਹਾਲਾ।
ਮਨੋ ਜੰਗ ਕੇ ਤੋਰ ਡਾਰੇ ਕਪਾਟੰ।
ਕਿਧੌਂ ਥੰਭ ਗਾਡਜੋ ਪ੍ਰਭੂ ਨੇ ਉਪਾਟੰ[1] ॥੩੯॥ [1]ਉਖੇੜਿਆ ਹੈ।
ਭਯੋ ਸ਼ੋਕ ਸ਼ੱਤ੍ਰਾਨ ਕੇ ਬੀਚ ਸਾਰੇ।
ਹੁਤੀ ਕੋਟ ਕੀ ਓਟ ਮਾਨੋ ਬਿਦਾਰੇ[1]। [1]ਮਾਨੋ ਕਿਲ੍ਹੇ ਦੀ ਓਟ ਸੀ ਜੋ ਢਹਿ ਗਈ ਹੈ।
ਪਿਖਜੋ ਭੀਮਚੰਦ ਬਡੰ ਜੰਗ ਮਾਨੀ[1]। [1]ਜੰਗ ਦਾ ਮਾਨੀ (ਸੀ ਦਜਾਲ) ਉਸ ਨੂੰ.....[1]
ਹਤਜੋ ਸ਼੍ਰੀ ਗੁਰੂ ਨੈ ਫਤੇ ਲੀਨਿ ਜਾਨੀ- ॥੪੦॥
ਪ੍ਰਿਥੀਚੰਦ ਆਦੰ ਅਨੰਦੇ ਬਿਲੰਦੇ।
ਅਬੈ ਹ੍ਵੈਂ ਨ ਠਾਂਢੇ ਡਰੈਂ ਸ਼ੱਤ੍ਰੂ ਮੰਦੇ[1]। [1]ਹੁਣ ਮੰਦੇ ਵੈਰੀ ਡਰ ਜਾਣਗੇ ਤੇ ਸਾਹਮਣੇ ਖੜੋਨਗੇ

ਨਹੀਂ।

ਚਲਾਈ ਤੁਫੰਗੈਂ ਕੜਾਕਾੜ ਛੋਰੀ।
ਮਨੋ ਮੇਘ ਓਰੇ ਪਰੇ ਪੁੰਜ ਗੋਰੀ ॥੪੧॥
ਬਲੰ ਆਪਨੋ ਓਜ ਦੋਨੋ ਲਗਾਏ।
ਖਿੰਚੈਂ ਚਾਂਪ ਕੌ ਤੀਰ ਤੀਖੇ ਚਲਾਏ।
ਖਰੰ ਸੇਲ ਠੇਲੇ[1] ਭਈ ਰੇਲ ਪੇਲਾ[2]।

[1]ਤਿੱਖੇ ਨੇਜ਼ੇ ਅੱਗੇ ਕੀਤੇ। [2]ਧਕੇਲਣ ਅਤੇ ਹੱਕਣ ਦੀ ਕ੍ਰਿਯਾ।

ਮਿਲੇ ਤੁੰਡ ਬੈਰੀਨ ਕੇ ਹੇਲ ਝੇਲਾ[1] ॥੪੨॥

[1]ਹੱਲੇ ਝੱਲਿਆ।

ਇਸੀ ਰੀਤਿ ਮਾਚਯੋ ਮਹਾਂ ਜੰਗ ਰੌਰਾ।
ਲਹੂ ਮਾਸ ਤੇ ਦਾਰੁਨੰ ਭੂਰ ਠੌਰਾ[1]।

[1]ਸਾਰੀ ਥਾਂ ਭਜਾਨਕ ਹੋ ਗਈ।

ਮਰੇ ਪੁੰਜ ਬਾਜੀ[1], ਪਰੇ ਖੇਤ ਮਾਂਹੀ।

[1]ਘੋੜੇ।

ਲਗੇ ਘਾਇ ਘੂਮੇ ਘਨੇ ਧੂਮ ਤਾਂਹੀ[1] ॥੪੩॥

[1]ਉਸ ਹਮਲੇ ਵਿਚ [ਹਿੰਦੀ, ਧੂਮ = ਰੌਲਾ, ਹਮਲਾ]।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਦਯਾਲ ਬੱਧ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥੪੧॥

## ੪੨. [ਜੰਗ ਜਿੱਤਣਾ। ਅਲਫ ਖਾਂ ਦਾ ਰਾਤੀਂ ਨੱਸਣਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਕਛੁਕ ਧੀਰ ਧਰਿ ਅਰ ਰਹੇ, ਲਖਿ ਸ੍ਰੀ ਗੋਬਿੰਦ ਸਿੰਘ[1]।

[1]ਵੈਰੀ ਕੁਛ ਧੀਰਜ ਧਾਰਕੇ ਅੜ ਰਹੇ ਹਨ, ਭੱਜੇ ਨਹੀਂ (ਇਹ ਗਲ) ਜਾਣਕੇ ਸ੍ਰੀ ਗੁਰੂ ਗੋਵਿੰਦ ਸਿੰਘ ਜੀ ਨੇ.....[1]

ਦੀਨ ਤੁਫੰਗ ਸੁ ਦਾਸ ਕੌ, ਗਰਜੇ ਸ੍ਰੀ ਰਣ ਸਿੰਘ[1] ॥੧॥

[1]ਸਤਿਗੁਰੂ ਜੀ ਜੁੱਧ ਵਿਚ ਸ਼ੇਰ ਵਾਂਙ ਗੱਜੇ।

ਪਾਧੜੀ ਛੰਦ:

ਧਰਿ ਚਾਂਪ ਹਾਥ ਹਯ ਕੋ ਫੰਧਾਇ।
ਰਿਪੁ ਸਮੁਖ ਹੋਇ ਕਰਿ ਜੀਤ ਚਾਇ†। — †ਪਾ:-ਜਾਇ।
ਬਡ ਬੇਗ ਸਾਥ ਭਾਥਾ ਮਝਾਰ[1]। — [1]ਭੱਥੇ ਵਿਚੋਂ।
ਕਾਢਜੋ ਖਤੰਗ ਖਰ ਮਨੋ ਮਾਰ[1] ॥੨॥ — [1]ਸਰਪ ਵਰਗਾ।
ਗੁਨ ਬਿਖੈ ਸੰਧਿ ਕਰਿ ਤਾਨ ਤਾਨ[1]। — [1]ਚਿੱਲੇ ਵਿਚ ਸੰਨ੍ਹਕੇ ਤੇ ਜ਼ੋਰ ਨਾਲ ਤਾਣਕੇ।
ਰਿਸ ਧਰਿ ਬਿਸਾਲ ਮੁਚਕੰਤਿ ਬਾਨ[1]। — [1]ਛੱਡ ਦਿੱਤਾ ਤੀਰ।
ਤਬਿ ਗਯੋ ਸੂਕ ਕਰਿ ਬੇਗ ਭੂਰ।
ਜਿਸ ਪੇਖਿ ਭਏ ਭੈ ਭੀਤ ਸੂਰ ॥੩॥
ਸ਼ੱਤ੍ਰੁਨਿ ਬੀਚ ਕਰਿ ਰੌਰ ਡਾਰ।
ਇਤ ਉਤ ਤਕਾਹਿ ਉਰ ਧੀਰ ਹਾਰ।
ਪੁਨ ਅਪਰ ਤੀਰ ਸਤਿਗੁਰ ਨਿਕਾਸਿ।
ਧਰ ਜੇਹ ਜੋਰਿ ਕਰ ਜੋਰ ਤਾਸ[1] ॥੪॥ — [1]ਚਿੱਲੇ ਵਿਚ ਹੱਥ ਦੇ ਜ਼ੋਰ ਨਾਲ ਜੋੜਕੇ ਤਿਸ (ਤੀਰ) ਨੂੰ।
ਚਰੜੰਤਿ ਚਾਂਪ ਬਰਖੰਤਿ ਤੀਰ[1]†। — [1]ਧਨੁਖ ਨੇ ਚਿਰੜ ਕੀਤੀ ਤੇ ਤੀਰ ਛੁੱਟੇ। †ਪਾ:-ਬੀਰ।
ਸਰੜੰਤਿ ਜਾਤਿ ਬਰੜੰਤਿ ਬੀਰ[1]। — [1]ਸ਼ੂਕਦੇ ਜਾਂਦੇ ਹਨ (ਤੀਰ, ਜਿਨ੍ਹਾਂ ਨੂੰ ਲਗਦੇ ਹਨ ਉਹ) ਚੀਕਦੇ ਹਨ ਸੂਰਮੇ। (ਅ) ਸ਼ੂਕਦੇ ਤੀਰ ਵੜਦੇ ਹਨ ਸੂਰਮਿਆਂ (ਦੀਆਂ ਦੇਹਾਂ ਵਿਚ)।
ਤਰਯੰਤਿ ਸ਼ੱਤ੍ਰੁ[1] ਹਤਯੰਤਿ ਜੰਗ। — [1]ਤਕਦੇ ਹਨ ਗੁਰੂ ਜੀ) ਵੈਰੀਆਂ ਨੂੰ।
ਅਤਿਯੰਤਿ ਤ੍ਰਾਸਿ ਥਰਰੰਤਿ[1] ਅੰਗ ॥੫॥ — [1]ਕੰਬਦੇ ਹਨ।
ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ[1]। — [1]ਗੁਰੂ ਜੀ ਹੋਰ) ਬਾਣ ਛੇਤੀ ਕਢਦੇ ਹਨ।
ਖਿਚਯੰਤਿ ਚਾਂਪ ਲਗਯੰਤਿ ਕਾਨਿ[1]। — [1]ਲਗਦਾ ਹੈ ਕੰਨ ਤੱਕ।
ਮੁਚਕੰਤਿ ਜਾਤਿ, ਬਰਿਯੰਤਿ ਧਾਇ[1]। — [1]ਵੜਦਾ ਹੈ (ਸਰੀਰ ਵਿਚ ਵੈਰੀ ਦੇ) ਜਾਕੇ।
ਗਿਰਯੰਤਿ ਬੀਰ ਬਕਯੰਤਿ 'ਹਾਇ'[1] ॥੬॥ — [1]'ਹਾਇ' ਕਹਿੰਦੇ ਹਨ।
ਇਮ ਚਾਰ ਬਾਨ ਦਾਏਂ ਸੁ ਹਾਥ।
ਬਿਚ ਸ਼ੱਤ੍ਰੁਨਿ ਮਾਰੇ ਕੋਪ ਸਾਥਿ।
[1]ਪੁਨ ਬਾਮ ਹਾਥ ਤੇ ਐਂਚਿ ਚਾਪ। — [1]ਫਿਰ ਆਪ ਨੇ ਜੋ ਧਨੁਖ ਬਾਣ ਦੀ ਵਿੱਦਯਾ ਵਿਚ ਪ੍ਰਬੀਨ

ਹਨ ਖੱਬੇ ਹੱਥ ਨਾਲ ਕਮਾਨ ਖਿੱਚੀ।

ਬਿੱਦਜਾ ਪ੍ਰਬੀਨ ਧਨੁ ਬਾਨ ਆਪ† ॥੭॥

†ਸ੍ਰੀ ਗੁਰੂ ਜੀ ਦਾ ਮੁਖਵਾਕ ਕਥਨ ਹੈ ਇਸ ਮੌਕੇ ਬਾਬਤ: "ਤਵੰ ਕੀਟ ਤੌ ਲੌ ਤੁਫੰਗੰ ਸੰਭਾਰੇ ॥ ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੇ ॥ ਗਿਰਿਯੋ ਭੂੰਮ ਭੂਮੈ ਕਰਿਯੋ ਜੁੱਧ ਸੁੱਧੰ ॥ ਤਊ ਮਾਰਿ ਬੋਲਯੋ ਮਹਾਂ ਮਾਨਿ ਕ੍ਰੁੱਧੰ ॥੧੭॥" ਫਿਰ ਆਪ ਦੱਸਦੇ ਹਨ ਕਿ ਬੰਦੂਕ ਛੱਡਕੇ ਅਸਾਂ ਤੀਰ ਕਮਾਨ ਫੜਿਆ:- "ਤਜਿਯੋ ਤੁੱਪਕੰ ਬਾਨ ਪਾਨੰ ਸੰਭਾਰੇ ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ ॥ ਤ੍ਰਿਤਿਯੋ ਬਾਂਣ ਲੈ ਬਾਂਮ ਪਾਂਣੰ ਚਲਾਏ"। [ਸੱਬਯ = ਸੱਜਾ। ਬਾਮ = ਖੱਬਾ]।

ਛੋਰੇ ਖਤੰਗ ਭਟ ਅੰਗ ਬੰਗ।
ਮੁਖ ਰਕਤ ਮਨੋ ਰਸ ਬੀਰ ਰੰਗ।
ਦਲ ਅਰਿਨਿ[1] ਸਮੁਖ ਕਰਿ ਕੈ ਪਯਾਨ।
ਚਪਲਾਇ ਤੁਰੰਗਮ ਕੋ ਮਹਾਨ ॥੮॥
ਬਡ ਹੇਲ ਘਾਲਿ ਕਰਿ ਧੂਮ ਧਾਮ।
ਪਹੁੰਚੇ ਸਮੀਪ ਨਹਿੰ ਦੈ ਅਰਾਮ[1]।
ਧੀਰਜ ਛੁਰਾਇ ਦਲ ਕੌ ਭਜਾਇ।
ਕਰ ਬਾਮ ਬਾਨ ਤ੍ਰੈ ਕੋ ਚਲਾਇ[1] ॥੯॥
ਗੁਰ ਕੀ ਸਹਾਇ ਲੈ ਭੀਮਚੰਦ।
ਬੀਰਨਿ ਬਿੰਗਾਰ ਧੀਰਜ ਬਿਲੰਦ।
ਘੋਰਨਿ ਚਲਾਇ ਮੋਰਨਿ ਮਨਿੰਦ।
ਕਹਿ 'ਮਾਰ ਮਾਰ' ਉਮਡੇ ਨਰਿੰਦ ॥੧੦॥
ਜੇ ਹੁਤੇ ਕਟੋਚ ਕ੍ਰਿਪਾਲ ਆਦਿ।
ਹਲਿ ਗਏ ਪਾਇ ਪਾਛੇ ਬਿਬਾਦਿ[1]।
ਭਟ ਬਲੀ ਗਯੋ ਮਰਿ ਭਿਰਹਿ ਕੋਇ[1]।
ਗੁਰੁ ਕੋ ਪ੍ਰਤਾਪ ਨਹਿੰ ਸਹਹਿੰ ਸੋਇ ॥੧੧॥
ਤਜਿ ਖੇਤ, ਬਾਰ[1] ਕੀ ਕਰਿ ਸੰਭਾਰ।
ਹਤਿ ਸਨੇ ਸਨੇ ਲਰਤੇ ਜੁਝਾਰ।
ਕਠ ਗੜ੍ਹ[1] ਉਤੰਗ ਥਲ ਗਾਢਿ[2] ਜੋਇ।
ਤਹਿੰ ਭਾਜਿ ਪ੍ਰਵੇਸ਼ੇ ਜਾਇ ਸੋਇ ॥੧੨॥
ਕੇਤਿਕ ਥਿਰੰਤਿ ਬਾਹਿਰ ਸੁਭੱਟ।
ਪਿਖਿ ਹਿਲੇ ਪਾਇ ਤਿਨ ਕੋ ਦਬੱਟਿ[1]।
ਇਕ ਬਾਰ ਕੜਾਕੜ ਛੁਟਿ ਤੁਫੰਗ।
ਗੁਲਕਾਨਿ ਲਗਤਿ ਕਰਿ ਅੰਗ ਭੰਗ ॥੧੩॥

[1]ਵੈਰੀਆਂ ਦੇ।

[1]ਕੋਲ ਪਹੁੰਚ ਕੇ ਵੈਰੀ ਨੂੰ ਆਰਾਮ ਨਹੀਂ ਲੈਣ ਦਿੱਤਾ ਭਾਵ ਸਾਹ ਨਹੀਂ ਲੈਣ ਦਿੱਤਾ।

[1]ਖੱਬੇ ਹੱਥ ਤੋਂ ਤਿੰਨੇ ਤੀਰ ਚਲਾ ਕੇ।

[1]ਲੜਦਿਆਂ।

[1](ਹੁਣ) ਕੌਣ ਭਿੜੇ?।

[1]ਵਾੜੇ ਦੀ।

[1]ਕਾਠ ਦੇ ਵਾੜੇ ਵਿੱਚ। [2]ਮਜ਼ਬੂਤ।

[1]ਦਬਾਉਣ ਲਈ।

ਕਾਢੇ ਕ੍ਰਿਪਾਨ ਕਾਟੇ ਸਰੀਰ।
ਬਾਢੇ ਉਮੰਗ ਲਖਿ ਜੀਤ ਬੀਰ।
ਬਹੁ ਬਜਨ ਬਾਜ[1] ਉਤਸਾਹ ਹੇਤੁ। — [1]ਵਾਜੇ ਵੱਜੇ।
ਸਭਿ ਵਧੇ ਅੱਗ੍ਰ ਲਿਯ ਜੁੱਧ ਖੇਤ ॥੧੪॥
ਬਹੁ ਭਈ ਲੋਥ ਪੋਥਨ ਕਰਾਲ।
ਗਨ ਮਾਸ ਖਾਤਿ ਕੂਕਰ ਸ੍ਰਿੰਗਾਲ।
ਗਨ ਗ੍ਰਿੱਧ ਬ੍ਰਿੱਧ ਭਰਮਤਿ ਅਕਾਸ਼।
ਭਰਿ ਚੋਂਚ ਮਾਸ ਕੇ ਕਰਤਿ ਗ੍ਰਾਸ ॥੧੫॥
ਮਿਲਿ ਕੰਕ ਬੰਕ ਅਰੁ ਕਾਕ ਕੂਕ[1]। — [1]ਕੂਕਦੇ ਹਨ।
ਕੂਕਰ ਕਰਾਲ[1] ਢਿਗ ਢੂਕ ਢੂਕਿ। — [1]ਭਯਾਨਕ ਕੁੱਤੇ।
ਬਹੁ ਕਰਤਿ ਜੋਗਨੀ ਸ਼੍ਰੋਨ ਪਾਨ।
ਨਾਚੰਤਿ ਫਿਰਤਿ ਮੁਖ ਕਰਤਿ ਗਾਨ
॥੧੬॥
ਲੀਨੇ ਧਕਾਇ ਕਰਿ ਨੇਰ ਨੇਰ[1]। — [1]ਏਹ ਧੱਕਾ ਦੇ ਦੇਕੇ ਨੇੜਾ ਹੀ ਨੇੜਾ ਕਰਦੇ ਆਉਂਦੇ ਹਨ)।
ਤਹਿਂ ਅਰੇ[1] ਬੀਰ ਲਰਿ ਫੇਰ ਫੇਰ। — [1]ਅੜੇ।
ਚਹੁੰ ਦਿਸ਼ਨਿ ਬਿਖੈ ਰਿਪੁ ਘੇਰ ਘੇਰ।
ਗੁਲਕਾਨਿ ਬਾਨ ਹਤਿ ਹੇਰਿ ਹੇਰਿ
॥੧੭॥
ਕਰਤੇ ਪ੍ਰਹਾਰ ਭਟ ਦੌਰਿ ਦੌਰਿ।
ਤ੍ਰਾਸਹਿ ਉਪਾਇ ਫਿਰਿ ਠੌਰ ਠੌਰ।
ਸ਼ਸਤ੍ਰਨਿ ਪ੍ਰਹਾਰਿ ਬਹੁ ਮਾਰਿ ਮਾਰਿ।
ਜੇ ਅਰੇ ਸ਼ਤ੍ਰੁ ਤਿਨ ਟਾਰਿ ਟਾਰਿ[1] ॥੧੮॥ — [1]ਹਟਾ ਹਟਾ ਕੇ।
ਪ੍ਰਭੁ ਸਪਤ ਬਾਨ ਤੇ ਜੀਤ ਜੁੱਧ।
ਪ੍ਰਵਿਸ਼ਾਇ ਦੀਏ ਬਿਚ ਬਾਰਿ ਕ੍ਰੁੱਧ[1]†। — [1]ਵਾੜ ਵਿਚ ਵੈਰੀ ਕ੍ਰੋਧ ਨਾਲ ਵਾੜ ਦਿੱਤੇ।

†ਸ਼੍ਰੀ ਗੁਰੂ ਜੀ ਦੀ ਸ਼ੁੱਧ ਸਚਾਈ ਦਾ ਭਾਵ ਤੱਕੇ: ਜਦੋਂ ਗੋਲੀ ਰਾਜੇ ਨੂੰ ਵੱਜਦੀ ਹੈ ਤੇ ਆਪ ਨੇ ਵਜਦੀ ਵੇਖ ਲਈ ਹੈ ਤਾਂ ਕਹਿੰਦੇ ਹਨ ਕਿ ਮੇਰੀ ਗੋਲੀ ਰਾਜੇ ਨੂੰ ਵੱਜੀ। ਪਰ ਸੱਤ ਤੀਰ ਕਿਸੇ ਨੂੰ ਵੱਜੇ ਕਿ ਨਹੀਂ ਇਸ ਗਲ ਵਿਚ ਆਪ ਨਿਸ਼ਚਿਤ ਨਹੀਂ ਹੋਏ ਤਾਂ ਕਹਿੰਦੇ ਹਨ ਪਤਾ ਨਹੀਂ ਕਿਸ ਕਿਸ ਦੇ ਜਾਕੇ ਵੱਜੇ ਹਨ। ਵੱਜੇ ਜ਼ਰੂਰ ਸਰਦਾਰਾਂ ਤੇ ਆਗੂਆਂ ਨੂੰ ਹੋਣਗੇ ਕਿਉਂਕਿ ਆਪ ਦੱਸਦੇ ਹਨ ਕਿ ਇਸ ਦੇ ਮਗਰੋਂ ਵੈਰੀ ਨੂੰ ਹਾਰ ਹੋ ਗਈ, ਪਰ ਆਪ ਨਿਸ਼ਚਿਤ ਨਾ ਹੋਣ ਕਰਕੇ ਅਨਿਸ਼ਚਤ ਬਾਤ ਹੀ ਕਹਿੰਦੇ ਹਨ ਕਿ: "ਲਗੇ ਯਾ ਲਗੇ ਨਾ ਕਛੂ ਜਾਨ ਪਾਏ ॥ ੧੯ ॥ ਸੁ ਤਉ ਲਉ ਦਈਵ ਜੁੱਧ ਕੀਨੇ ਉਝਾਰੰ ॥ ਤਿਨੈ ਖੇਦ ਕੇ ਬਾਰ ਕੇ ਬੀਚ ਡਾਰੰ" ॥ [ਬ: ਨਾ:

ਨਹਿਂ ਥਿਰਯੋ ਗਯੋ ਬਾਹਿਰ ਬਿਸਾਲ।
ਕਠਗੜੇ ਬਿਖੈ ਬੜਿਗੇ ਉਤਾਲ ॥੧੯॥
ਬਿਚ ਬਰੇ ਬਾਰਿ ਪਿਖਿ ਬਾਰਿ ਬਾਰਿ[1]। — [1]ਵਾੜੇ ਵਿਚ ਵੜੇ ਹੋਏ ਫੇਰ ਦੇਖਦੇ ਹਨ।

ਅਰ ਰਹੇ ਓਜ ਅਰਿ ਧਾਰਿ ਧਾਰਿ।
[1]ਛੂਟੇ ਤੁਫੰਗ ਬੁੰਗੇਰ ਫੇਰ।
ਬਿਚ ਥਿਰ ਕਟੋਚੀਆ ਲੀਨਿ ਘੇਰ[10] ॥੨੦॥
ਪੁਨ ਭਯੋ ਜੁੱਧ ਕ੍ਰੁੱਧਤਿ ਕਰਾਰ-।
ਛੁਟਕੰਤਿ ਬਾਨ ਗੋਰੀ ਹਜ਼ਾਰ।
ਥਿਰ ਭਏ ਬੀਚ ਸ਼ੱਤ੍ਰੁਨਿ ਬਿਲੋਕਿ।
ਤਬਿ ਸੁਭਟ ਆਪਨੇ ਲੀਨਿ ਰੋਕ ॥੨੧॥
-ਅਬਿ ਗਏ ਹਾਰ, ਬਿਚ ਹੋਇ ਗਾਢ।
ਨਿਕਸਹਿਂ ਨ ਵਹਿਰ ਬਡ ਤ੍ਰਾਸਿ ਬਾਢਿ-।
ਇਮ ਫਤੇ ਲੀਨਿ ਪ੍ਰਭੁ ਰਨ ਮਝਾਰ।
ਦੁਇ ਦਿਸ਼ਿਨਿ ਬੀਰ ਲਖਿ ਕੈ ਉਦਾਰ ॥੨੨॥
ਨਹਿਂ ਰਿਦੇ ਤ੍ਰਾਸ ਜਿਨ ਕੇ ਕਦਾਪਿ।
ਰਿਪੁ ਕੋ ਪਲਾਇ ਹਤਿ ਤੀਰ ਆਪ।
'ਜਿਮ ਪ੍ਰਥਮ ਪਾਂਵਟਾ ਜੀਤ ਜੰਗ।
ਗਨ ਸੈਲਪਤੀ ਕਰਿ ਤ੍ਰਾਸ ਸੰਗ ॥੨੩॥
ਅਬਿ ਤਿਸੀ ਰੀਤਿ ਇਹ ਜੀਤ ਪਾਇ।
ਗੁਰ ਬੀਰ ਬਹਾਦੁਰ ਬਹੁ ਬਡਾਇ।'
ਇਮ ਕਰਤਿ ਕੀਰਤੀ ਸੁਭਟ ਬ੍ਰਿੰਦ।
ਹਟਿ ਪਰੇ ਸਿਵਰ ਨਿਜ, ਕਰਿ ਅਨੰਦ ॥੨੪॥
ਸ਼ੱਤ੍ਰੁਨਿ ਭਜਾਇ ਬਿਚ ਬਾਰ ਬਾਰਿ[1]।
ਤਬਿ ਆਨਿ ਕਰਯੋ ਡੇਰਾ ਸੁਧਾਰਿ।
ਦੁੰਦਭਿ ਬਜਾਇ ਹਰਖੰਤਿ ਬੀਰ।
ਸਭਿ ਉਤਰ ਪਰੇ ਨਿਜ ਲੇ ਬਿਹੀਰ ॥੨੫॥
ਸਤਿਗੁਰੂ ਸਿਵਰ ਆਪਨਿ ਲਗਾਇ।
ਉਤ ਭੀਮਚੰਦ ਕੁਛ ਦੂਰ ਜਾਇ।

[1]ਫੇਰ ਗੋਲੀਆਂ ਚਲਾਈਆਂ ਬੁੰਗੇ ਵੱਲ ਨੂੰ ਭਾਵ ਕਾਠਗੜੇ ਉਪਰ ਤੇ ਉਸ ਵਿਚ ਟਿਕੇ ਕਟੋਚੀਏ ਨੂੰ ਘੇਰ ਲਿਆ। (ਅ) ਬੁੰਗੇ ਦਾ ਅਰਥ ਬੁਰਜ ਬੀ ਕਰਦੇ ਹਨ ਪਰ 'ਬਿਚ ਥਿਰ' ਤੋਂ ਸਹੀ ਪਿਆ ਹੁੰਦਾ ਹੈ 'ਕਾਠਗੜ' ਯਾ 'ਵਾੜਾ'। (ੲ) ਬੁੰਗੇ ਦਾ ਅਰਥ ਫੌਜ ਦੀ ਬਾਰ ਬਰਦਾਰੀ ਬੀ ਹੁੰਦਾ ਹੈ।

[1]ਵਿਚ ਵਾੜੇ ਦੇ ਵਾੜਕੇ।

ਡੇਰਾ ਉਤਾਰਿ ਆਨੰਦ ਧਾਰਿ।
ਬਿੱਸ੍ਰਾਮ ਕੀਨਿ ਨਿਸ ਤਮ ਗੁਜ਼ਾਰਿ[1] ॥੨੬॥ — [1]ਅੰਧੇਰੀ ਰਾਤ ਗੁਜ਼ਾਰਨ ਨੂੰ।
ਨਹਿਂ ਦਿਸਹਿ ਨਿਕਟ ਤੇ ਜਾਤਿ ਕੋਇ।
ਸਭਿ ਖਾਨ ਪਾਨ ਕਰਿ ਅਰਧ ਸੋਇ[1]। — [1]ਅਧੀ (ਰਾਤ ਤਕ) ਸੌਂ ਕੇ। (ਅ) ਅੱਧੇ ਸੌਂ ਗਏ।
ਤਬਿ ਅਲਫਖਾਨ ਕਾਟੋਚ ਸੰਗ[1]। — [1]ਤਦ ਅਲਫ ਖਾਨ ਨੇ ਕਟੋਚੀਏ ਨਾਲ।
ਮਿਲਿ ਮੰਤ੍ਰ ਕੀਨਿ 'ਨਹਿਂ ਬਨਹਿ ਜੰਗ ॥੨੭॥
ਤਜਿ ਬਾਰਿ[1] ਚਲਹੁ ਇਸ ਬਾਰ[2] ਆਪ। — [1]ਵਾੜਾ ਛਡ ਕੇ। [2]ਇਸ ਵੇਰੀ ਭਾਵ ਹੁਣੇ।
ਮਰਿ ਬਿਝੜਵਾਲੀਆ, ਸੁਭਟ ਖਾਪ[1]। — [1]ਸੂਰਮੇ ਖਪ ਗਏ, ਬਿਝੜ ਵਾਲੀਆ ਮਾਰਿਆ ਗਿਆ।
ਗੁਰ ਬਡੋ ਬੀਰ ਇਨ ਕੋ ਸਹਾਇ।
ਹਤਿ ਇਕ ਤੁਫੰਗ ਤੇ ਜੀਤ ਪਾਇ ॥੨੮॥
ਜਬਿ ਹੋਇ ਪ੍ਰਾਤਿ ਘਮਸਾਨ ਘੋਰ।
ਰਿਪੁ ਪਰਹਿਂ ਆਨ ਚਹੁੰ ਓਰ ਜੋਰ।
ਲਰਿ ਮ੍ਰਿੱਤੁ ਪਾਇ ਨ੍ਰਿਪ ਕੈ ਸੁਭੱਟ[1]। — [1]ਜੋ) ਲੜੇਗਾ (ਉਹ) ਮਰੇਗਾ (ਚਾਹੇ) ਰਾਜਾ ਚਾਹੇ ਸੂਰਮਾ ਹੋਵੇ।
ਬਿਨ ਦਯਾਲ ਭਿਰੈ ਤਹਿਂ ਕੋ ਦਬੱਟ[1]? ॥੨੯॥ — [1]ਦਿਆਲ ਤੋਂ ਬਿਨਾਂ ਦਬਾਉਣ ਵਾਲਾ ਓਥੇ ਕੌਣ (ਜੰਗ ਵਿਚ) ਭਿੜੇਗਾ।
ਗੁਰ ਬਰੇ ਬੀਚ ਕਰਿ ਰੇਲ ਪੇਲ[1]। — [1]ਗੁਰੂ ਜੁੱਧ ਵਿਚ ਵੜੇਗਾ ਤੇ ਰੇਲ ਪੇਲ ਕਰ ਦੇਵੇਗਾ ਭਾਵ ਭਾਜੜ ਸਾਡੇ ਵਿਚ ਪਾ ਦੇਵੇਗਾ।
ਹੁਇ ਖਰੋ ਕੌਨ ਤਿਨ ਹੇਲ ਝੇਲ[1]। — [1]ਉਨ੍ਹਾਂ ਦਾ ਕੌਣ ਹੱਲਾ ਝੱਲੇਗਾ।
ਨਾਹਕ ਮਰੰਤਿ[1], ਤਜਿ ਦੇਹੁ ਜੁੱਧ। — [1]ਨਾਹਕ ਮਰਦੇ ਹੋ।
ਗੁਰ ਬਿਨਾਂ ਇਨਹੁ ਪਰ ਪੁਨਹ ਕ੍ਰੁੱਧ[1] ॥੩੦॥ — [1]ਭਾਵ (ਜਦੋਂ ਏਹ) ਗੁਰੂ ਤੋਂ ਬਿਨਾਂ (ਹੋਣਗੇ ਤਦੋਂ) ਫੇਰ ਲੜਾਂਗੇ।
ਕਰਿ ਮਹਾਂ ਜੰਗ ਜੀਤੈਂ ਨਿਸੰਗ[1]। — [1]ਨਿਸੰਗ ਹੋਕੇ ਜਿੱਤਾਂਗੇ।
ਇਕ ਰੰਗ ਸਦਾ ਹਮ ਤੋਹਿ ਸੰਗ।'
ਇਮ ਚਲਤਿ[1] ਬਾਤਿ ਸੁਨਿ ਅਲਫਖਾਨ। — [1]ਚਲਣ ਦੀ ਬਾਤ।
ਮਨ ਜਾਨਿ[1] ਮਾਨਿ ਸਨਮਾਨ ਠਾਨਿ ॥੩੧॥ — [1]ਮਨ ਵਿਚ (ਚੰਗੀ ਗਲ) ਮੰਨਕੇ।
'ਨੀਕੀ ਭਨੰਤਿ ਹਮ ਆਇਂ ਫੇਰ।
ਬਹੁ ਦੇਇਂ ਦੰਡ ਇਨ ਘੇਰਿ ਘੇਰਿ।'
ਇਮ ਮੰਤ੍ਰ ਠਾਨਿ ਸਵਧਾਨ ਹੋਇ।

ਬਨਿ ਸ਼ੀਘ੍ਰ ਤਜਾਰ ਇਸ ਰੀਤਿ ਸੋਇ
॥੩੨॥
ਇਕ ਨਰ ਬਿਠਾਇ ਊਚੇ ਸਥਾਨ।
ਤਿਸ ਅੱਗ੍ਰ ਧਰਜੋ ਦੁੰਦਭਿ ਮਹਾਨ।
'ਸਭਿ ਨਿਸਾ ਬਜਾਵਤਿ ਰਹੌ ਏਹੁ।
ਜਬਿ ਲਖਹਿਂ ਪ੍ਰਾਤਿ[1] ਉਠਿ ਤਜਾਗ ਦੇਹੁ
॥੩੩॥
ਚਲਿ ਆਉ ਭਾਜ' ਸਮੁਝਾਇ ਤਾਂਹਿ।
ਚਢਿ ਹਯਨਿ ਪਯਾਨੇ ਸ਼ੀਘ੍ਰ ਮਾਂਹਿ।
ਤਸਕਰਨਿ ਗਤੀ[1] ਸਭਿ ਅਪਨ ਧਾਰਿ।
ਕਰਿ ਮੌਨ ਵਹਿਰ ਨਿਕਸੇ ਪਧਾਰਿ
॥੩੪॥
ਨਹਿਂ ਲਖੇ ਜਾਤਿ ਗਮਨੇ ਸੁ ਧਾਮ।
ਗੁਰੁ ਆਦਿ ਇਨਹੁ ਸਭਿ ਕਰਿ ਅਰਾਮ[1]।
ਜਬਿ ਭਈ ਭੋਰੁ ਦੁੰਦਭਿ ਸੁਨੰਤਿ।
'ਬਿਚ ਹੈਂ ਮਵਾਸ' ਸਗਰੇ ਭਨੰਤਿ ॥੩੫॥
ਤਬਿ ਗਯੋ ਬਜਾਵਨਹਾਰ ਭਾਜਿ।
ਅਵਿਲੋਕ ਲੀਨਿ ਸੂਨੋ ਸਮਾਜ।
ਰਿਪੁ ਗਏ ਭਾਗ ਤਜਿ ਲਾਜ ਦੀਨਿ।
ਗਾ ਅਲਫਖਾਨ ਖਾਨਾਨਿ ਲੀਨ[1] ॥੩੬॥
ਨਹਿਂ ਥਿਰ ਕਟੋਚੀਆ ਧੀਰ ਧਾਰਿ।
ਨਹਿਂ ਅਰੇ ਮੂਢ ਗੀਦੀ ਗਵਾਰ।
ਤਬਿ ਸਰਬ ਬਾਹਿਨੀ ਕੇਰ ਬੀਰ।
ਹੁਇ ਸਨਧਬੱਧ ਗੇ ਬਾਰਿ ਤੀਰ ॥੩੭॥
ਸਭਿਹੂੰਨ ਜਾਇ ਲੀਨੋ ਨਿਹਾਰ।
ਉਰ ਭੀਰੁ ਭੂਰ[1] ਭਾਜੇ ਬਿਚਾਰ।
ਮਨ ਹਰਖ ਧਾਰਿ ਕਰਿ ਜੀਤਿ ਬਾਤਿ[1]।
ਸੁਨਿ ਭੀਮ ਚੰਦ ਆਨੰਦ ਗਾਤਿ ॥੩੮॥
ਤਬਿ ਨਿਕਟ ਨਦੌਣ ਡੇਰਾ ਸੁ ਡਾਰਿ।
ਨਿਸ਼ਚਿੰਤ ਹੋਇ ਲਹਿ ਜੀਤ ਸਾਰਿ।
ਸੁੰਦਰ ਤਰੰਗ ਸਰਿਤਾ ਬਿਲੋਕਿ।
ਜਲ ਬਿਮਲ ਬਿਪਾਸਾ ਚਲਿ ਅਰੋਕ

[1]ਜਦੋਂ ਸਵੇਰ ਹੋਈ ਦੇਖੋ।
[1]ਚੋਰਾ ਵਾਂਗ।
[1]ਗੁਰੂ ਆਦਿ (ਇਸ ਪਾਸੇ ਦੇ) ਆਰਾਮ ਵਿਚ ਸਨ।
[1]ਪਠਾਣਾਂ ਨੂੰ ਲੈਕੇ।
[1]ਦਿਲ ਦੇ ਡਾਢੇ ਕਾਇਰ।
[1]ਜਿੱਤ ਦੀਆਂ ਗੱਲਾਂ ਕਰਦੇ ਹਨ।

॥ ੩੯ ॥
ਤਿਸ ਤੀਰ ਧੀਰ ਗੁਰ ਥਾਂਨ ਨੀਕ।
ਪਿਖਿ ਸਿਵਰ ਕੀਨਿ ਉਤਰੀ ਅਨੀਕ[1]। [1]ਸੈਨਾ।
ਜਸੁ ਕਰੈਂ ਸਕਲ ਪ੍ਰਭੁ ਕੋ ਬਿਸਾਲ।
'ਸੇਵਕ ਨਿਵਾਜ ਰਿਪੁ ਕੋ ਕਰਾਲ' ॥ ੪੦ ॥
ਇਕ ਦਿਨ ਬਿਤਾਇ ਕਰਿ ਖਾਨ ਪਾਨ।
ਸਤਿਗੁਰ ਬਿਰਾਜਿ ਊਚ ਸਥਾਨ।
ਬਹੁ ਖਰੇ ਤਰੋਵਰ ਸਹਿਤ ਸੈਲ।
ਸਲਿਤਾ ਸਬੇਗ ਕੀ ਕਰਤਿ ਸੈਲ ॥ ੪੧ ॥
ਦਿਨ ਕਿਤਿਕ ਕੀਨਿ ਡੇਰਾ ਮੁਕਾਮ।
ਰਾਜਨ[1] ਦਿਖਾਇ ਅਪਨੇ ਸੁ ਧਾਮ। [1]ਰਾਜਿਆਂ ਨੇ।
ਪ੍ਰਭੁ ਕੋ ਪ੍ਰਸੰਨ ਸਭਿ ਭਾਂਤਿ ਕੀਨਿ।
ਬਹੁ ਸੁਜਸੁ ਕਹੈਂ ਬਨਿ ਅੱਗ੍ਰ ਦੀਨ ॥ ੪੨ ॥
'ਰਿਪੁ ਬ੍ਰਿੰਦ ਸਰਬ ਭੈ ਭੀਤ ਹੋਇ।
ਤੁਮਰੇ ਪ੍ਰਤਾਪ ਭਾਗੇ ਸੁ ਜੋਇ।'
ਇਸ ਰੀਤਿ ਦਯੋਸ ਕੇਤਿਕ ਬਿਤਾਇ।
ਗੁਰ ਕਰਤਿ ਅਨੰਦ ਜਲ ਤਟ ਸੁਹਾਇ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਫਤੇ ਲੈਣ' ਪ੍ਰਸੰਗ ਬਰਨਨੰ ਨਾਮ ਦੁਇ ਚਤਵਾਰਿੰਸਤੀ ਅੰਸੂ ॥ ੪੨ ॥

## ੪੩. [ਆਲਸੂਨ ਮਾਰਨਾ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਦ੍ਵੈ ਬਿਸੰਤ ਗਿਨਤੀ ਬਿਖੈ, ਧਾਰਿ ਪਹਾਰਨਿ ਕੇਰਿ।
ਮਹਾਂ ਬਹਾਦਰ ਬਿਦਤ ਭੇ, ਸਤਿਗੁਰ ਬੀਰ ਬਡੇਰ ॥੧॥

ਸੈਯਾ ਛੰਦ:

[1]ਸ਼੍ਰੀ ਗੁਰੂ ਜੀ ਦੇ ਮਿਤ੍ਰ ਵਾ ਸ਼ੱਤ੍ਰੂ ਪਹਾੜੀ ਰਾਜੇ।

ਸ਼ੱਤ੍ਰ ਮਿੱਤ੍ਰ ਗਿਰਪਤੀ[1], ਪਹਾਰੀ
ਸਭਾ ਲਗਾਹਿਂ ਬੀਰ[1] ਜਿਸ ਥਾਨ[2]।

[1]ਪਹਾੜੀ ਸੂਰਮੇ। [2]ਜਿੱਥੇ ਸਭਾ ਲਾ (ਬੈਠਦੇ) ਹਨ।

ਜਹਿ ਸੰਗ੍ਰਾਮ ਬਾਰਤਾ ਹੋਵਹਿਂ
ਸ਼ਸਤ੍ਰ ਪ੍ਰਹਾਰਨਿ ਕਰਹਿਂ ਬਖਾਨ।
ਤਹਾਂ ਪ੍ਰਥਮ ਗਿਨਤੀ ਮਹਿਂ ਸਗਰੇ
ਕਲ਼ਗੀਧਰ ਕੋ ਗਿਨਹਿਂ ਮਹਾਨ।
'ਜੁੱਧ ਪ੍ਰਬਿਰਤੇ ਨਾਮ ਜਿ ਸਿਮਰਹਿਂ
ਸੋ ਭੀ ਬਿਜੈ ਪਾਇਂ ਰਿਪੁ ਹਾਨਿ[1] ॥੨॥

[1]ਐਉਂ ਕਹਿੰਦੇ ਹਨ ਕਿ ਜੇ ਕੋਈ) ਜੁੱਧ ਵਿਚ ਰਚਿਆਂ (ਕਲ਼ਗੀਧਰ ਜੀ ਦਾ) ਨਾਮ ਹੀ ਸਿਮਰ ਲਏਗਾ ਉਹ ਬੀ ਜਿੱਤ ਪਾਏਗਾ ਤੇ ਵੈਰੀ ਨੂੰ ਨਾਸ਼ ਕਰੇਗਾ। ਫਿਰ ਦੇਖੋ ਕਿ ਆਪ.....)।

ਬ੍ਰਿੰਦ ਸ਼ੱਤ੍ਰ ਹੁਇਂ, ਗਿਨਹਿਂ ਨ ਮਨ ਮਹਿਂ,
ਥੋਰਨਿ ਸਾਥ ਹਤਹਿਂ ਹਥੀਆਰ[1]।

[1]ਚਾਹੋ ਕਿੰਨੇ ਵੈਰੀ ਹੋਣ ਮਨ ਵਿਚ ਪ੍ਰਵਾਹ ਨਹੀਂ ਕਰਦੇ, ਥੋੜਿਆਂ ਨਾਲ ਹੀ ਹਥ਼ਜਾਰ ਵਾਹੁੰਦੇ ਹਨ।

ਨਿਰਭੈ ਹੋਇ ਪ੍ਰਵੇਸ਼ਤਿ ਰਨ ਮਹਿਂ,
ਅਰਹਿ ਬੀਰ ਤਿਸ ਮਾਰਹਿਂ ਡਾਰ।
ਰਿਪੁ ਨਹਿਂ ਠਹਿਰਹਿਂ ਭੈ ਧਰਿ ਭਾਜਹਿਂ,
ਬਿਜੈ ਲੱਛਮੀ ਲੇਤਿ ਉਦਾਰ।'
ਇੱਤਯਾਦਿਕ ਬਹੁ ਕਰਹਿਂ ਸੁਜਸੁ ਕੋ,
ਦਰਸਹਿਂ ਬੰਦਹਿਂ ਆਨੰਦ ਧਾਰਿ ॥੩॥
ਪੁਰਿ ਨਦੌਣ ਮਹਿਂ ਭੌਨ ਚੁਕੋਨੇ
ਚੁਨੇ ਸੰਗ ਚਿਨਹਿ ਬਹੁ ਭਾਇ[1]।

[1]ਚਿਣੇ ਹੋਏ ਸਨ ਬਹੁਤ ਤਰ੍ਹਾਂ ਦੇ।

ਸੁੰਦਰ ਦਰ ਬਰ[1] ਬ੍ਰਿੰਦ ਬਨੇ† ਜਿਨ

[1]ਸ਼੍ਰੇਸ਼ਟ। †ਪਾ:-ਪਟੇ।

ਉਚੇ ਪੌਰ[1] ਕੌਰ[2] ਛਬਿ ਛਾਇ।

[1]ਦਰਵਾਜੇ। [2]ਕੌਲੇ।

ਥਲ ਭੀ ਤੁੰਗ ਬੰਗਲੇ ਸ਼ੋਭਤਿ
ਊਪਰ ਕਲਸ ਰਖੇ ਦਿਪਤਾਇ।
ਚਿੱਤ੍ਰਤਿ ਬਹੁਤ ਬਚਿੱਤ੍ਰ ਬਨਾਏ
ਬਿਸਦ[1] ਬੈਠਕਾ ਬਿਸਤਰ ਥਾਇਂ[2] ॥੪॥

[1]ਚਿੱਟੇ। [2]ਖੁੱਲ੍ਹੀ ਥਾਂ ਵਿਚ।

ਨਦੀ ਬਿਪਾਸਾ ਕੇ ਤਟ ਸੁੰਦਰ
ਮੰਦਿਰ ਬਨੇ ਅਨੇਕ ਪ੍ਰਕਾਰ।
ਜਿਤੇ ਗਿਰੇਸ਼ੂਰ ਪ੍ਰਭੁ ਕੋ ਸਾਦਰ
ਹੇਤੁ ਦਿਖਾਵਨ ਬਿਨਤੀ ਧਾਰਿ।
ਲੇ ਕਰਿ ਸੰਗ ਆਇ ਨਿਜ ਘਰ ਮਹਿਂ
ਫਿਰ ਫਿਰ ਊਚੇ ਥਾਇਂ ਨਿਹਾਰ।
ਹਰਖਾਵਤਿ ਹੈਂ ਸਕਲ ਪਛਾਨਹਿਂ
ਮਾਨਹਿਂ ਦੇਤਿ ਅਕੋਰ ਉਦਾਰ ॥ ੫ ॥
ਅਸ਼ਟ ਦਿਵਸ ਲੌ ਪ੍ਰਭੁ ਮੁਕਾਮ ਕਰਿ
ਰਹੇ ਹੇਰਿ ਕਰਿ ਥਲ ਰਮਣੀਕ।
ਬਰ ਮੰਦਰ ਅਰੁ ਸੁੰਦਰ ਸੈਲਨ
ਕਰੈਂ ਸੈਲ ਜਿਤ ਕਿਤ ਬਿਧਿ ਨੀਕ।
ਕਲ ਸਲਿਤਾ ਸੁੰਦਰ[1] ਜਲ ਚਲਤਾ
[1]ਸੁੰਦਰ ਨਦੀ ਦਾ ਸੁੰਦਰ (= ਨਿਰਮਲ) ਜਲ।
ਊਪਰ ਥਲ ਊਚੇ ਕਿਤਹੀ ਕ[1]।
[1]ਕਿਤਨੇ ਹੀ ਤੀਕਰ।
ਨਾਦਤਿ ਮਗ[1] ਤੇ ਉਰ ਅਹਿਲਾਦਤਿ,
[1]ਰਾਹ ਤੋਂ (ਡਿਗਦਾ) ਸ਼ਬਦ ਕਰਦਾ ਹੈ।
ਅਵਲੋਕਤਿ ਗੁਰ ਥਿਰਹਿਂ ਨਜੀਕ ॥ ੬ ॥
ਗਿਰਵਰ ਪਰ ਤਰੁਵਰ ਬਹੁ ਪੁਸ਼ਪਤਿ[1],
[1]ਫੁੱਲਾਂ ਦੇ (ਭਰੇ ਹੋਏ)।
ਕਰਤਿ ਸੈਲ ਬਹੁ ਦਿਵਸ ਬਿਤਾਇ।
ਭੀਮਚੰਦ ਨ੍ਰਿਪ ਸੰਗ ਕਟੋਚੀ
ਸੰਧਿ ਕਰਨ ਕੋ ਨਰਨ ਪਠਾਇ।
ਇਕ ਦੁਇ ਬਾਰਿ ਫਿਰੇ ਜੁਗ ਅੰਤਰ
ਸਰਬ ਅੰਤਰੋ ਨਿਕਸ ਬਿਲਾਇ[1]।
[1]ਕਟੋਚੀਏ ਦੇ ਆਦਮੀ) ਇਕ ਦੋ ਵਾਰ ਦੋਹਾਂ ਦੇ ਵਿਚ ਫਿਰੇ ਤੇ ਸਾਰਾ ਫਰਕ ਦੂਰ ਹੋ ਗਿਆ। (ਅ) ਫਿਰਕੇ ਸਾਰਾ ਭੇਤ ਲੈ ਗਏ [ਅੰਤਰਾ = ਫਰਕ। ਭੇਤ]।
ਠਹਿਰਜੋ ਮੇਲ ਪਰਸਪਰ ਕਰਨੇ,
ਹਰਨੋ ਦ੍ਵੈਸ਼ ਰਿਦੇ ਹਰਖਾਇ ॥ ੭ ॥
ਰਣ ਪ੍ਰਿਯ ਸਤਿਗੁਰ ਕੋ ਨਹਿਂ ਬੂਝਜੋ
ਜਿਨਹੁੰ ਬਿਜੈ ਲੈ ਦਈ ਮਹਾਨ।
ਕੇਤਿਕ ਦਿਨ ਮੈਂ ਸੁਨੀ[1] ਸ਼੍ਰੋਨ ਸੁਧਿ
[1]ਗੁਰੂ ਜੀ ਨੇ) ਸੁਣੀ।
'ਮਿਲਨਿ ਗਿਰੇਸ਼ਨ ਠਹਿਰਜੋ ਆਨ।'
ਮਹਾਰਾਜ ਤਬਿ ਕੁਛ ਉਰ ਰਿਸ ਧਰਿ
-ਬੇਮੁਖ ਭਾ ਪਹਾਰੀਆ- ਜਾਨਿ।
ਗੀਦੀ ਡਰਤਿ ਜੰਗ ਤੇ ਮਿਲਿਗੇ

ਹਮ ਤੇ ਭੇਦ ਰਾਖਿਬੋ ਠਾਨਿ ॥੮॥
ਤਜਾਰੀ ਕੂਚ ਕਰਨਿ ਕੀ ਕੀਨਸਿ,
ਬਜ੍ਯੋ ਦਮਾਮਾ ਤਬਿ ਰਣਜੀਤ।
ਸਭਿ ਰਾਜਨ ਕੇ ਸ਼੍ਰੋਣ ਪਰੀ ਧੁਨਿ
'ਕੈਸੇ ਬਾਜ੍ਯੋ?' ਸੰਸੈ ਚੀਤ।
'ਪਰਿ ਬਿਗਾਰ ਹਿਤ ਰਨ ਕੇ ਹੋਯੋ
ਕੈ[1] ਨਿਜ ਪਰਿ ਚਾਲਨ ਹਿਤ ਕੀਤਿ?
ਪ੍ਰਥਮ ਨ ਸੁਨੀ, ਅਚਾਨਕ ਕਿਮ ਭਾ?
ਭੀਮਚੰਦ ਸੋਂ ਬਿਰਸ ਲਖੀਤਿ[1]' ॥੯॥
ਸੁਨਿ ਕਹਿਲੂਰਪਤੀ ਕਰਿ ਤੂਰਨ
ਪਠ੍ਯੋ ਆਪਨੋ ਤਬਹਿ ਵਜ਼ੀਰ।
'ਸ੍ਰੀ ਪ੍ਰਭੁ ਸੋਂ ਬੂਝੋ ਸਭਿ ਕਾਰਨ
ਕਿਮ ਧੁਨਿ ਕੀਨਿ ਨਿਸ਼ਾਨ ਗੰਭੀਰ।'
ਧਾਇ ਉਤਾਇਲ ਆਇਸਿ[1] ਤਤਛਿਨ,
ਮਿਲ੍ਯੋ ਨਮੋ ਕਰਿ ਚਰਨਨਿ ਧੀਰ।
'ਭੀਮਚੰਦ ਸੈਲੇਂਦ੍ਰ ਬੰਦਨਾ
ਕਰੀ ਆਪ ਕੋ ਪਠਿ ਮੁਝ ਤੀਰ ॥੧੦॥
ਸੰਸ਼ਯ ਭਯੋ ਕੀਨ ਧੁਨਿ ਕੈਸੇ
ਹਿਤ ਬੂਝਨਿ ਕੇ ਤੂਰਨ ਆਇ।'
ਸ਼੍ਰੀ ਕਲਗੀਧਰ ਕਹ੍ਯੋ ਕੋਪ ਕਰਿ
'ਹਮ ਕਿਹ ਹਿਤ ਆਨ੍ਯੋਂ ਸਹਿਸਾਇ[1]।
ਫਤੇ ਭਈ ਲਖਿ ਗਰਬ੍ਯੋ ਮਾਨੀ,
ਪ੍ਰਥਮ ਬਾਰਤਾ ਕੋ ਬਿਸਰਾਇ।
ਹਮ ਕੋ ਸੁਧਿ ਭੀ ਕਰੀ ਨਹੀਂ ਕਿਮ,
ਸ਼ੱਤ੍ਰੁਨਿ ਸੰਗ ਸੰਧਿ ਠਹਿਰਾਇ ॥੧੧॥
ਅਬਿ ਅਰੂਢ ਕਰਿ ਗਮਨਹਿਂ ਹਮ ਪੁਰਿ,
ਨਾਹਕ ਕ੍ਯੋਂ ਬੈਠਹਿਂ ਇਸ ਥਾਇਂ।
ਰਹ੍ਯੋ ਨ ਕਾਜ ਨਰੇਸ਼ੁਰ ਕੋ ਅਬਿ,
ਕਰ੍ਯੋ ਸੰਪੂਰਨ ਜਿਸ ਹਿਤ ਆਇ।'
ਸੁਨਿ ਵਜ਼ੀਰ ਕਰਿ ਬੰਦਨ ਗਮਨ੍ਯੋ
ਕਹ੍ਯੋ ਜਾਇ ਰਾਜੇ ਸਮੁਝਾਏ।

[1]ਕੋਈ) ਵਿਗਾੜ ਪੈ ਗਿਆ ਹੈ ਤੇ ਜੰਗ ਕਰਨ ਦੇ ਵਾਸਤੇ (ਧੌਂਸੇ ਦਾ ਸ਼ਬਦ) ਹੋਇਆ ਹੈ ਯਾ.....[1]

[1]ਬਿਰਸੀ ਜਾਣੀ ਪੈਂਦੀ ਹੈ।

[1]ਆਯਾ।

[1]ਛੇਤੀ ਆਂਦਾ।

'ਕਲਗੀਧਰ ਰਿਸ ਕਰਿ ਕੁਛ ਚਿਤ ਮਹਿਂ
ਚਹਤਿ ਅਨੰਦਪੁਰਿ ਕੌ ਅਬਿ ਜਾਇ'
॥ ੧੨ ॥
ਸੁਨਿ ਰਾਜੇ ਕਹਿ ਬਿਨੈ ਪਠਾਈ
'ਹਮ ਤੇ ਭੂਲ ਚੂਕ ਹੁਇ ਜਾਇ।
ਠਹਿਰਹੁ ਗਮਨਹਿਂ ਸੰਗ ਸਰਬ ਹੀ
ਬਖਸ਼ਹੁ ਆਪ ਖ਼ਤਾ ਜੁ ਕਰਾਇ[1]।' [1]ਕੀਤੀ ਹੈ (ਮੈਂ)।
ਆਨਿ ਕਹਜੋ ਜਬਿ ਗੁਰੂ ਨ ਮਾਨੀ
'ਹਮਰੋ ਠਹਿਰਨਿ ਨਹਿਂ ਕਿਸ ਭਾਇ।'
ਜਬਿ ਨਿਸ਼ਚੇ ਚਿਤ ਲਖਜੋ ਨ ਟਿਕ ਹੈਂ
ਭੀਮਚੰਦ ਆਯੋ ਉਤਲਾਇ ॥ ੧੩ ॥
ਪਦ ਅਰਬਿੰਦ ਬੰਦਨਾ ਠਾਨੀ
ਅਰਪਨਿ ਕੀਨਿ ਅਕੋਰ ਤੁਰੰਗ।
ਸੁੰਦਰ ਜ਼ੀਨ ਸੁ ਚਾਮੀਕਰ ਕੋ
ਛਾਦਜੋ ਬਸਨ ਰੇਸ਼ਮੀ ਸੰਗ।
ਬਸਤ੍ਰ ਦਿਯੋ ਪਸ਼ਮੰਬਰ ਨੀਕੋ
ਰੁਖ਼ਸਦ ਭਏ ਪ੍ਰਭੁ ਨਹਿਂ ਰੰਗ[1]। [1]ਪਰ) ਪ੍ਰਸੰਨ ਨਹੀਂ ਸਨ।
ਹਯ ਅਰੂਢ ਕਰਿ ਗਮਨੇ ਮਾਰਗ,
ਬਜਤਿ ਨਗਾਰੇ ਧੁਨੀ ਉਤੰਗ ॥ ੧੪ ॥
ਚਢੀ ਬਾਹਿਨੀ ਸੰਗ ਸੂਰਮੇ
ਮਾਰ ਬਕਾਰਾ ਕਰਤੇ ਚਾਲ[1]। [1]ਸੂਰਮੇ ਕਹਿੰਦੇ ਹਨ:-)।
'ਕਾਚੀ ਮਤਿ ਪਹਾਰੀਏ ਕਾਚੇ,
ਹੈਂ ਮਤਲਬ ਕੇ ਮੀਤ[1] ਬਿਸਾਲ। [1]ਗੌਂ ਦੇ ਯਾਰ।
ਪ੍ਰਭੁ ਜੀ ! ਇਨ ਸੋ ਕਹਾਂ ਮਿੱਤ੍ਰਤਾ
ਜੇ ਨਹਿਂ ਰਾਖਹਿਂ ਧਰਮ ਸੰਭਾਲਿ।'
ਦਯਾਰਾਮ ਜਬਿ ਇਸ ਬਿਧਿ ਭਾਖੀ
ਨੰਦ ਚੰਦ ਬੋਲਜੋ ਗੁਰ ਨਾਲ ॥ ੧੫ ॥
'ਗਏ ਬਜਾਹ ਮਹਿ ਕਰਨਿ ਭਲੇਰੋ
ਸਵਾ ਲਾਖ ਤੰਬੋਲ ਬਡੇਰ।
ਭੇ ਬਿਪਰੀਤ ਹੇਤ ਬੁਰਿਆਈ,
ਕੁਟਿਲ ਮੂਢ ਬਾਂਛਤਿ ਲੇ ਘੇਰ[1]। [1]ਚਾਹੁੰਦੇ ਸੀ ਘੇਰ ਲੈਣਾ।
ਰਾਵਰ ਕੀ ਸਹਾਇਤਾ ਹੁਇ ਜਹਿਂ

ਕੌਨ ਸ਼ੱਤ੍ਰ ਹੁਇ ਸਾਕਹਿ ਨੇਰ।
ਕਰਿ ਬਲ ਘਾਟਾ ਆਨਿ ਛੁਰਾਯੋ
ਉਲਟੇ ਸਭਿ ਸੁਖੇਨ ਹੀ ਫੇਰ[1] ॥੧੬॥

[1]ਅਸਾਂ ਨੇ) ਬਲ ਕਰਕੇ ਘਾਟਾ ਆਕੇ ਛੁਡਾ ਲਿਆ ਤੇ ਸੌਖ ਨਾਲ ਹੀ ਅਸੀਂ ਸਾਰੇ ਪਰਤ ਆਏ।

ਦੇਖਹੁ ਫਤੇਸ਼ਾਹਿ ਕਜਾ ਕੀਨਸਿ
ਕਹੇ ਸਬੰਧਿਨਿ ਕੇ ਮਤਿ ਹੀਨ।
ਭਿਰ੍ਯੋ ਆਪ ਕੇ ਸੰਗ ਜੰਗ ਮਹਿਂ,
ਪਾਇ ਪਰਾਜਯ ਅਪਜਸ ਲੀਨਿ।
ਰਹ੍ਯੋ ਬਿਸੂਰਤ, ਸਰ੍ਯੋ ਨਹੀਂ ਕਛੁ
ਤੁਮਰੀ ਮਹਿਮਾ ਲਖੀ ਨ ਪੀਨ[1]।

[1]ਭਾਰੀ।

ਭੀਮਚੰਦ ਅਬਿ ਮਨ ਬਿਲੰਦ ਛਲ,
ਸੰਧਿ ਆਪ ਹੀ ਰਿਪੁ ਸੋਂ ਕੀਨਿ ॥੧੭॥
ਜੌ ਕਰਿ ਨਹੀਂ ਸੰਘਾਰਹੁ ਦਯਾਲਹਿ
ਤੌ ਇਹ ਹਾਰ ਪਾਇ ਬਿਚ ਜੰਗ[1]।

[1]ਜੇ ਕਰ (ਆਪ) ਦਿਆਲ ਨੂੰ ਨਾ ਮਾਰਦੇ ਤਾਂ ਇਹ (ਜ਼ਰੂਰ) ਜੰਗ ਵਿਚ ਹਾਰ ਪਾਂਵਦਾ।

ਬ੍ਰਿੰਦ ਦਰਬ ਦੈਹੈ[1] ਹਿਤ ਦੰਡਹਿ

[1]ਭੀਮ ਚੰਦ) ਦੇਂਦਾ।

ਅਲਫ ਖਾਨ ਲੇਤੋ ਬਲਿ ਸੰਗ।
ਕਰਿ ਸਹਾਇ ਕੌ ਰਖਿ ਬਚਾਇ ਕਰਿ,
ਪੀਛੇ ਰਾਖ੍ਯੋ ਇਸ ਬਿਧਿ ਰੰਗ।
ਬਿਨ ਰਾਵਰ ਕੀ ਮਰਜ਼ੀ ਪੂਛੇ
ਕਰੀ ਬਾਰਤਾ ਅਬਹਿ ਕੁਢੰਗ' ॥੧੮॥
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ
'ਪਰਬਤ ਬਾਸੀ ਨਰ ਸਮੁਦਾਇ।
ਪਾਥਰ ਪੂਜਕ ਪਾਥਰ ਬੁੱਧੀ,
ਜਲ ਮਹਿਂ ਪਾਥਰ ਰਹੈ ਸਦਾਇ।
ਨਹਿਂ ਭੀਜਹਿ ਅਤਿ ਧਰਹਿ ਨਿਠੁਰਤਾ[1],

[1]ਕਠੋਰਤਾ।

ਤ੍ਯੋਂ ਮਨਮੁਖ ਇਹ ਜਾਨੇ ਜਾਇਂ।
ਬਿਨ ਮਤਲਬ ਇਹ ਮੀਤ ਨ ਕਿਸ ਕੇ,
ਬਿਨਸੇ ਕੂਰੇ ਸਹਿਜ ਸੁਭਾਇ'' ॥੧੯॥

[1]ਮਤਲਬ ਦੇ) ਦੂਰ ਹੋਇਆਂ ਸੁਭਾਵਕ ਹੀ ਝੂਠੇ ਹਨ। (ਅ) ਝੂਠੇ ਆਪੇ ਨਾਸ਼ ਹੋ ਜਾਣਗੇ।

ਇਸ ਬਿਧਿ ਕਰਤਿ ਬਾਰਤਾਲਾਪਹਿ
ਚਲੇ ਆਇਂ ਸਤਿਗੁਰ ਭਗਵਾਨ।
ਆਲਸੂਨ[1] ਇਕ ਗ੍ਰਾਮ ਨਿਹਾਰ੍ਯੋ

[1]ਨਾਮ ਹੈ ਪਿੰਡ ਦਾ।

ਹੁਤੋ ਪੰਥ ਮਹਿ ਬਸੈ ਮਹਾਨ।
ਦੁੰਦਭਿ ਬਜਤਿ ਲੋਕ ਨਿਕਸੇ ਸਨਿ
ਬਾਲਿਕ ਬੂਢੇ ਜੇਤਿਕ ਜ੍ਵਾਨ।
ਉਚੇ ਥਾਨ ਥਿਰੇ ਅਵਿਲੋਕਤਿ
ਅਸਵਾਰੀ ਪ੍ਰਭੁ ਕੀ ਦੁਤਿਖਾਨ[1] ॥੨੦॥ — [1]ਸ਼ੋਭਾ ਦੀ ਖਾਣ।
ਆਨ ਅਕੋਰ ਨ ਆਗੇ ਅਰਪੀ,
ਨਮੋ ਨ ਕੀਨੀ ਜੋਰੇ ਹਾਥ।
ਮਤਿ ਮੂਰਖ ਨਿਜ ਰਾਜੇ ਕੇ ਬਲ
ਮਦ ਕਰਿ ਨਹਿਂ ਪ੍ਰਤਾਪ ਲਖਿ ਨਾਥ[1]। — [1]ਸ੍ਰੀ ਕਲਗੀਧਰ ਜੀ ਦਾ।
ਹੁਤੋ ਹੁਤਾਸਨ ਕੋਪ ਅੱਗ੍ਰ ਕਿਛ[1] — [1]ਅੱਗੇ ਹੀ ਕ੍ਰੋਧ ਰੂਪ ਅੱਗ ਕੁਛਕ ਸੀ।
ਗਿਰਪਤਿ ਭੀਮਚੰਦ ਕੇ ਸਾਥ।
ਮਨੋ ਅਹੂਤੀ ਪਰੀ ਦਿਪਤਹਿਤ[1] — [1]ਪ੍ਰਕਾਸ਼ਨ ਵਾਸਤੇ।
ਨਹਿਂ ਗ੍ਰਾਮੀਨ[1] ਨਿਮਾਯੋ ਮਾਥ ॥੨੧॥ — [1]ਪੇਂਡੂਆਂ ਨੇ।
ਆਲਸੂਨ ਕੀ ਦਿਸ਼ਿ ਅਵਲੋਕਯੋ,
ਗੁਰੂ ਪ੍ਰਤਾਪੀ ਆਇਸੁ ਦੀਨ[†]।

[†]ਤ੍ਵਾਰੀਖ ਖਾਲਸਾ ਵਿੱਚ ਲਿਖਿਆ ਹੈ ਕਿ ਆਲਸੂਨ ਵਾਲੇ ਭੀਮਚੰਦ ਦੇ ਪੱਖੀ ਸਨ ਤੇ ਸਿੱਖਾਂ ਨਾਲ ਕ੍ਰੋਧ ਰਖਦੇ ਸੀ, ਉਹਨਾਂ ਦੋ ਤਿੰਨ ਵਾਰ ਅੱਗੇ ਸੰਗਤ ਬੀ ਲੁਟੀ ਸੀ ਤੇ ਹੁਣ ਉਨ੍ਹਾਂ ਨੇ ਸਿੱਖਾਂ ਨੂੰ ਵੱਧ ਘੱਟ ਬੋਲ ਕੇ ਖਿਝਾਇਆ, ਇਸ ਕਰਕੇ ਦੀਵਾਨ ਨੰਦ ਚੰਦ ਨੇ ਹੱਲਾ ਬੋਲ ਕੇ ਉਹਨਾਂ ਨੂੰ ਠੀਕ ਕੀਤਾ, ਇਸਤ੍ਰੀ ਬਾਲਿਕ ਬ੍ਰਿੱਧ ਨੂੰ ਸਿੱਖਾਂ ਨੇ ਕੁਛ ਨਾ ਕਿਹਾ। ਸੁਰੇਂਦ੍ਰ ਸ਼ਰਮਾ ਦੇ ਲਿਖੇ ਦਸਮ ਗੁਰੂ ਜੀ ਦੇ ਜੀਵਨ ਵਿਚ ਐਉਂ ਲਿਖਤ ਹੈ:-ਰਾਸਤੇ ਮੇਂ ਭੀਮ ਕੇ ਘਰਾਣੇ ਕੇ ਕੁਛ ਰਾਜਪੂਤੋਂ ਨੇ ਸਿੱਖੋਂ ਸੇ ਛੇੜ ਛਾੜ ਕੀ। ਇਸ ਗਾਂਵ ਮੇਂ ਅਨੇਕ ਅਵਸਰੋਂ ਪਰ ਪਹਿਲੇ ਬੀ ਸਿੱਖ ਯਾਤ੍ਰੀਓਂ ਕੋ ਤੰਗ ਕੀਆ ਗਿਆ ਥਾ, ਇਨ ਲੋਗੋਂ ਸੇ ਅੱਛੀ ਤਰ੍ਹਾਂ ਸੁਲਝ ਲੇਨੇ ਕਾ ਸਿੱਖੋਂ ਕੋ ਇਸ ਸਮੇਂ ਉਚਿਤ ਅਵਸਰ ਮਿਲ ਗਿਆ। ਕਵੀ ਸੰਤੋਖ ਸਿੰਘ ਜੀ ਨੇ ਬੀ ਅੱਗੇ ਰੁਤ ੩ ਅੰਸੂ ੩੩ ਅੰਕ ੩ ਤੋਂ ੬ ਵਿੱਚ ਪਤਾ ਦਿੱਤਾ ਹੈ ਕਿ ਜਿੱਥੋਂ ਦੇ ਲੋਕ ਸੰਗਤ ਨੂੰ ਲੁਟਿਆ ਕਰਦੇ ਸਨ ਯਥਾ: "ਪੰਥ ਬਿਸਾਲ ਬਿਦਤ ਨਿਤ ਭਯੋ। ਸਭਿਨਿ ਚੁਗਿਰਦੇ ਡਰ ਉਪਜਯੋ। ਸਿੰਘਨ ਕੋ ਸੰਘਰ ਲਖਿ ਗਾਢੋ। ਕੋ ਨ ਸੁਭਟ ਆਗੇ ਹੁਇ ਠਾਂਢੋ ॥ ੩ ॥ ਹਤਹਿਂ ਤੁਫੰਗਨਿ ਕੋ ਕਰਿ ਹੇਲਾ। ਊਪਰ ਪਰਹਿਂ ਰੇਲ ਅਰੁ ਪੇਲਾ। ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ। ਸੰਗਤ ਕੋ ਨ ਕਹੈਂ ਕਿਸ ਕਾਲਾ ॥ ੪ ॥ ਸੰਧਜਾ ਸੁਬਹਿ ਚਲੀ ਮਗ ਆਵੈ। ਦੁਸ਼ਟ ਮਿਲਹਿ ਕੋ ਹਾਥ ਨ ਪਾਵੈ। ਪ੍ਰਥਮੈ ਆਲਸੂਨ ਕਹੁ ਮਾਰਾ। ਨੂਹ ਬਜਰੂੜ ਬਹੁਰ ਸੰਘਾਰਾ ॥ ੫ ॥ ਜੋ ਅਬਿ ਸੰਗਤ ਕੋ ਕਰਿ ਪਾਵੈ। ਤਿਨ ਮਾਨਿੰਦ ਆਪ ਉਜਰਾਵੈ। ਲੇਨਿ ਰਹੈ ਦੇਨੋ ਬਨ ਜਾਇ। ਮਰਨ ਹੋਇ ਪੁਨ ਘਰ ਉਪਜਾਇਂ" ॥ ੬ ॥

'ਨੰਦ ਚੰਦ ਲੇ ਬ੍ਰਿੰਦ ਬਾਹਿਨੀ
ਲੂਟਹੁ ਗ੍ਰਾਮ ਵਸਤੁ ਲਿਹੁ ਛੀਨ।
ਅਰਹਿ ਪ੍ਰਹਾਰਹੁ, ਵਹਿਰ ਨਿਕਾਰਹੁ,
ਦੇਹੁ ਤਿਦਾਰਕ[1] ਕੁਮਤਿ ਮਲੀਨ। — [1]ਸਜ਼ਾ।
ਰਾਜਾ ਮੂਢ ਪ੍ਰਜਾ ਜੁਤਿ ਜਾਨਹਿ
ਸਹਹਿ ਅਵੱਗਯਾ ਕੋ ਦੁਖ ਪੀਨ' ॥੨੨॥
ਸੁਨਿ ਦਿਵਾਨ ਰਿਸ ਠਾਨਿ ਮਹਾਨੀ

| | |
|---|---|
| ਮਾਨ ਹੁਕਮ ਲੈ ਸੁਭਟਨ ਜਾਲ। | |
| ਭਯੋ ਪ੍ਰਵੇਸ਼ ਬਖਾਨਜੋਂ ਊਚੇ | |
| 'ਲੂਟ ਲੇਹੁ ਇਨ ਕੌ ਧਨ ਮਾਲ।' | |
| ਸੁਨਿ ਜੋਧਾ ਤਬਿ ਧਾਮ ਧਰੇ ਸਭਿ | |
| ਬਾਸਨ[1] ਬਸਨ[2] ਸਮਾਜ ਬਿਸਾਲ। | [1]ਰੋਕ। [2]ਭਾਂਡੇ। |
| ਬਸਤ੍ਰ ਬਿਭੂਖਣ ਮਹਿਖਿ ਤਰੁਗੰਨਿ | |
| ਛੀਨ ਲੀਨਿ ਸਭਿ ਬਲ ਕੇ ਨਾਲ ॥੨੩॥ | |
| ਜੋ ਅਰ ਪਰੇ[1] ਸੁ ਅਰਿ ਕਰਿ[2] ਮਾਰੇ | [1]ਬਸਤਰ। [2]ਅੜੇ। |
| ਕਾਤੁਰ ਕਟੇ ਤਰਜਨਾ ਸੰਗ[1]। | [1]ਵੈਰੀ (ਜਾਣਕੇ)। |
| ਕੇਤਿਕ ਡਰ ਕਰਿ ਘਰ ਮਹਿਂ ਦੁਰ ਕਰਿ | |
| ਦਬਕ ਰਹੇ ਉਸਕੇ ਨਹਿਂ ਅੰਗ[1]। | [1]ਤਾੜਨਾ ਕੀਤੀ। |
| ਕੋ ਦੂਰ ਦੂਰ ਕਰਿ[1] ਗਏ ਭਾਜ ਕਰਿ | [1]ਹਿਲਾਏ ਨਹੀਂ। |
| ਬਹੁਰ ਨ ਮੁਰੇ ਮਹਾਂ ਦੁਖ ਢੰਗ। | |
| ਕੋ ਘਾਇਲ ਹ੍ਵੈ ਤਰਫਤਿ ਮੁਰਛਤਿ, | |
| ਕੋ ਸ਼੍ਰੋਣਤ ਕਰਿ ਭਏ ਸੁਰੰਗ[1] ॥੨੪॥ | [1]ਛੁਪ ਛੁਪ ਕੇ। |
| ਕਿਤਿਕ ਸਮੁਖ ਹੁਇ ਪ੍ਰਾਨਨ ਕੌ ਤਜਿ | |
| ਮਰਿ ਸ਼ਸ਼ਤ੍ਰਨ ਤੇ ਹ੍ਵੈ ਕਰਿ ਘਾਤਿ[1]। | [1]ਲਾਲ। |
| ਛੋਰਿ ਸਦਨ ਚਹੂੰ ਓਰ ਪਲਾਏ | |
| ਜਮ ਸਮ ਜਾਨਿ ਰਿਦੈ ਡਰਪਾਤਿ[1]। | [1]ਸ਼ਸਤ੍ਰਾਂ ਨਾਲ ਜ਼ਖਮੀ ਹੋ ਕੇ ਮਰੇ। |
| ਲੁਟਜੋ ਦਲ ਨੇ ਗ੍ਰਾਮ ਵਸਤੁ ਸਭਿ | |
| ਕਰਿ ਉਜਾਰ ਕੀ ਸਮ ਮਗ ਜਾਤਿ[1]। | [1]ਡਰੇ। |
| ਫਤੇ ਕੀਨਿ ਰਿਪੁ ਹਤੇ ਜਿਤੇ ਤਹਿਂ, | |
| ਦੁੰਦਭਿ ਬਜੇ ਸੁਨਤਿ ਥਰਕਾਤਿ[1] ॥੨੫॥ | [1]ਰਾਹੇ ਟੁਰ ਪਾਏ। (ਅ) ਰਸਤੇ ਜਾਂਦਿਆਂ। |
| ਸ਼੍ਰੀ ਸਤਿਗੁਰ ਕੌ ਇਮ ਪ੍ਰਤਾਪ ਲਖਿ | |
| ਨਿਕਟ ਨਿਕਟ ਕੇ ਗ੍ਰਾਮ ਜਿ ਬ੍ਰਿੰਦ। | |
| ਤ੍ਰਾਸ ਧਾਰਿ ਹੰਕਾਰ ਤਜਾਗ ਕਰਿ | |
| ਦੇ ਦੇ ਮਿਲਹਿਂ ਅਕੋਰ ਬਿਲੰਦ। | |
| -ਪ੍ਰਭੁ ਕੇ ਕ੍ਰੋਧ ਬਚੇ ਨਹਿਂ ਕਯੋਂ ਹੂੰ, | |
| ਨਹਿ ਸਹਾਇਤਾ ਹੋਇ ਨਰਿੰਦ[1]। | [1]ਕੰਬੇ। |
| ਦੁਗਧ ਦਧੀ ਸਿਖ ਲੇਤਿ ਸਭਿਨਿ ਤੇ | |
| ਸਮੁਖ ਨ ਬੋਲਹਿਂ ਕਰਹਿਂ ਨਿਕੰਦ[1] ॥੨੬॥ | [1]ਰਾਜਾ ਦੀ। |

ਦੋਹਰਾ:

ਮਾਰਿ ਗ੍ਰਾਮ ਕੌਂ† ਲੇ ਫਤੇ, ਧਰਤਿ ਅਨੰਦ
ਬਿਲੰਦ।

†ਆਲਸੂਨ ਪਿੰਡ ਵਿੱਚ ਸਿੱਖਾਂ ਤੇ ਸੰਗਤਾਂ ਦੀ ਲੁੱਟ ਦਾ ਮਾਲ ਬਹੁਤ ਸੀ ਤੇ ਘਰ ਘਰ ਜਮਾ ਸੀ, ਜੈਸਾ ਤਵਾ: ਖਾਲਸਾ ਤੇ ਹੋਰ ਥੋਂ ਪਤਾ ਲਗਦਾ ਹੈ ਕਿ ਉਹ ਸਦਾ ਲੁਟਦੇ ਰਹਿੰਦੇ ਸਨ, ਸੋ ਉਹ ਮਾਲ ਜੋ ਲੁੱਟਾਂ ਦਾ ਉਨ੍ਹਾਂ ਪਾਸ ਸੀ, ਸਿਖ ਉਹ ਲੁੱਟਕੇ ਲਿਆਏ ਸੀ ਤੇ ਹੋਰ ਕੁਛ ਦੰਡ ਵਜੋਂ ਬੀ ਲੁਟਿਆ ਹੋਊ। ਛੇਵੇਂ ਸਤਿਗੁਰਾਂ ਦੇ ਵੇਲੇ ਤੋਂ ਲੁੱਟ ਮਨ੍ਹੇਂ ਸੀ। ਜਿਥੇ ਕਿਤੇ ਲੁਟ ਲੈਣ ਦਾ ਜ਼ਿਕਰ ਆਇਆ ਹੈ ਓਥੇ ਲੁੱਟੇ ਸਾਮਾਨ ਵਾਪਸ ਲੈਣ ਦਾ ਯਾ ਦੁਸ਼ਟਾਂ ਤੇ ਕੀਤੇ ਅਤਜਾਚਾਰਾਂ ਦਾ ਦੰਡ ਦੇਣ ਕਾਰਨ ਲੁੱਟ ਦਾ ਸਦੀਵ ਸਮਝ ਲੈਣਾ ਚਾਹੀਏ। ਅਕਰਾਣ ਕਿਸੇ ਨੂੰ ਕਦੇ ਮਾਰਨ ਲੁੱਟਣ ਦੀ ਆਗਜ਼ਾ ਨਹੀਂ ਹੋਈ।

ਪ੍ਰਵਿਸ਼ੇ ਸ਼੍ਰੀ ਆਨੰਦਪੁਰਿ, ਤੇਗ ਬਹਾਦਰ
ਨੰਦ ॥੨੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਆਲਸੂਨ ਲੁਟਨ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾਰਿਸੰਤੀ ਅੰਸੂ ॥੪੩॥

## ੪੪. [ਆਨੰਦਪੁਰ। ਬਾਬਾ ਜ਼ੋਰਾਵਰ ਸਿੰਘ ਜੀ ਜਨਮ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਸੁਨਿ ਸਤਿਗੁਰ ਆਗਵਨ ਕੌ, ਪੁਰਿ ਜਨ ਉਰ ਹਰਖਾਇ।
ਨਿਕਸੇ ਆਗੂ ਲੇਨਿ ਹਿਤ, ਸਾਦਰ ਮਿਲੇ ਸੁ ਆਇ ॥੧॥

ਨਿਸ਼ਾਨੀ ਛੰਦ:

ਲੇ ਲੇ ਅਨਿਕ ਅਕੋਰ ਕੋ, ਕਰਿ ਗੁਰ ਸੋਂ ਮੇਲਾ।
ਦਰਸ਼ਨ ਕੌ ਆਨੰਦ ਲੇ, ਕਰਿ ਜਨਮ ਸੁਹੇਲਾ।
ਧੁਨਿ ਦੁੰਦਭਿ ਰਣਜੀਤ ਕੀ, ਸੁਨਿ ਸੁਨਿ ਗਨ ਆਵਹਿਂ।
ਦੌਰ ਦੌਰ ਪੁਰਿ ਪੌਰ ਤਜਿ, ਦਲ ਯੁਤਿ ਦਰਸਾਵੈਂ ॥੨॥
ਮੰਗਲ ਅਨਿਕ ਪ੍ਰਕਾਰ ਕੇ, ਪੁਰਿ ਬਿਖੈ ਰਚੰਤੀ।
ਪੌਰ ਪੌਰ ਪਰ ਸਸਿਮੁਖੀ[1], ਥਿਰ ਹੁਇ ਦਰਸੰਤੀ।
ਪ੍ਰਵਿਸ਼ੇ ਪ੍ਰਭੁ ਬਜ਼ਾਰ ਮਹਿਂ, ਦੇਖਤਿ ਨਰ ਨਾਰੀ।
ਗਨ ਚਕੋਰ ਜਨੁ ਚੰਦ ਕੋ, ਆਗਮਨ ਬਿਚਾਰੀ ॥੩॥
ਪੁਸ਼ਪਨ ਕਉ ਬਰਖਾਵਹੀਂ, ਗੁੰਦਤਿ ਦੈਂ ਮਾਲਾ[1]।
ਗ੍ਰਹਨ ਕਰਤਿ ਲਖਿ ਭਾਵ ਕਉ, ਹੁਇ ਹਰਖ ਬਿਸਾਲਾ।
ਚਖ ਬਿਸਤਿਰਤਿ ਸਰੋਜ ਤੇ[1], ਸਭਿ ਕੀ ਦਿਸ਼ਿ ਦੇਖੈਂ।
ਕੁਸ਼ਲ ਪ੍ਰਸ਼ਨ ਸਭਿ ਸੋਂ ਕਰਹਿਂ, ਦੇ ਮੋਦ ਬਿਸ਼ੇਖੈਂ ॥੪॥
ਭਾਟ ਨਕੀਬ ਪੁਕਾਰਤੇ, ਸਭਿ ਅੱਗ੍ਰ ਚਲੰਤੇ।

[1]ਚੰਦ੍ਰ ਮੁਖੀ (= ਇਸਤ੍ਰੀਆਂ)।

[1]ਗੁੰਦੀਆਂ ਮਾਲਾ ਦਿੰਦੀਆਂ ਹਨ।

[1]ਖਿੜੇ ਹੋਏ ਕਮਲ ਵਤ ਨੇਤ੍ਰਾਂ ਨਾਲ।

ਸੁਜਸੁ ਬਖਾਨਤਿ ਪ੍ਰਭੂ ਕਉ, ਸਭਿਹੂੰਨ ਸੁਨੰਤੇ।
ਪ੍ਰਵਿਸ਼ਹਿਂ ਸਤਿਗੁਰ ਦੁਰਗ ਮਹਿਂ, ਜੋ ਬਨਜੋ ਨਵੀਨਾ।
ਭਾਂਤ ਭਾਂਤ ਕੇ ਗ੍ਰਿਹ ਰਚੇ, ਸੁਖਦਾ ਦੁਤਿ ਭੀਨਾ ॥੫॥
ਉਤਰਿ ਤੁਰੰਗਮ ਤੇ ਗਏ, ਸੁੰਦਰ ਘਰ ਮਾਂਹੀ।
ਪੀਠ ਪਲੰਘ ਕੀ ਪਰ ਥਿਰੇ, ਧਰਿ ਆਯੁਧ ਪਾਹੀ।
ਨੰਦ ਚੰਦ ਪ੍ਰੋਹਤ ਦੁਤੀ, ਅਰੁ ਤੀਨਹੁ ਭ੍ਰਾਤਾ।
ਆਇਸੁ ਤੇ ਨਿਜ ਨਿਜ ਸਿਵਰ, ਉਤਰੇ ਸੁਖਦਾਤਾ[1]† ॥੬॥
ਸਭਿ ਸੈਨਾ ਕੇ ਸੂਰਮੇ, ਆਇ ਸੁ ਲੁਟ ਲਜਾਏ[1]†।
ਵਸਤੁ ਸੰਭਾਰ ਉਤਾਰ ਕਰਿ, ਨਿਜ ਸਿਵਰ ਸੁਹਾਏ।
ਖਾਨ ਪਾਨ ਕਰਿ ਜਾਮਨੀ, ਹੁਇ ਸੁਪਤ ਬਿਤਾਈ।
ਟਿਕੇ ਸਕਲ ਸੁਖ ਪਾਇ ਕਰਿ, ਜੋਧਾ ਸਮੁਦਾਈ ॥੭॥
ਭਈ ਪ੍ਰਾਤਿ ਜਾਗੇ ਪ੍ਰਭੂ, ਕਰਿ ਸੌਚ ਸ਼ਨਾਨਾ।
ਚਾਰ ਘਰੀ ਦਿਨ ਚਰੇ ਤੇ, ਨਿਜ ਲਾਇ ਦਿਵਾਨਾ।
ਚਹੁੰਦਿਸ਼ਿ ਕੀ ਗਨ ਸੰਗਤਾਂ, ਇਕਠੀ ਪੁਰਿ ਹੋਈ।
ਕਰਜੋ ਹੁਕਮ 'ਅਬਿ ਆਇ ਕੈ, ਦਰਸਹਿ ਸਭਿ ਕੋਈ' ॥੮॥
ਗਯੋ ਮੇਵਰਾ ਸਭਿਨਿ ਪਹਿ, ਗੁਰ ਆਇਸੁ ਗਾਈ।

[1]ਸੁਖਦਾਤੇ ਦੀ ਆਗਿਆ ਨਾਲ। †ਪਾ:-ਸੁਖਗਾਤਾ।

[1]ਨਾਲ) ਜੋ ਲੁੱਟ ਲਿਆਏ ਸੀ। †ਦੇਖੋ ਪਿਛਲੇ ਪੰਨੇ ਦੀ ਟੂਕ।

ਸੁਨਿ ਸ਼੍ਰੋਨਨ ਮਹਿਂ ਅਨੰਦ ਭਾ, ਤੂਰਨ ਸਮੁਦਾਈ।
ਨਾਨਾ ਲੀਨਿ ਅਕੋਰ ਕਉ, ਉਤਲਾਵਤਿ ਆਏ।
ਮਨੋ ਤ੍ਰਿਖਾਤੁਰ ਤਾਲ ਕੀ, ਸੁਧਿ ਸੁਨਿ ਕਰਿ ਧਾਏ ॥੯॥
ਚਮਰ ਚਲਾਚਲ ਚਾਰੁ ਹ੍ਵੈ, ਜਨੁ ਕਿਰਨ ਸਕੇਲੀ[1]।
ਝੁਲਤਿ ਕਲਗ਼ੀ ਸੀਸ ਪਰ, ਦਮਕਤਿ ਦੁਤਿ ਮੇਲੀ[1]।
ਰੰਗਦਾਰ ਦਸਤਾਰ ਕੋ, ਬੰਧੇਜ[1] ਅਨੂਠੋ।
ਜਿਗਾ ਜਵਾਹਰ ਜਗਮਗੈ, ਜ਼ਾਹਰ ਛਬਿ ਵੂਠੋ[1] ॥੧੦॥
ਬਦਨਚੰਦ ਅਹਿਲਾਦ ਕਰਿ[1], ਮੰਡਲ ਬਡ ਰੂਰਾ।
ਕੁੰਡਲ ਡੋਲਤਿ ਕਰਨ ਯੁਗ, ਸ਼ੋਭਤਿ ਗੁਰ ਸੂਰਾ।
ਕਮਲ ਪਾਂਖਰੀ ਆਂਖ ਜੁਗ, ਪੈਨੀ ਜੁਗ ਕੋਰਾ[1]।
ਲਾਜ ਜਹਾਜ ਕ੍ਰਿਪਾ ਭਰੇ, ਦੇਖਤਿ ਸਿਖ ਓਰਾ ॥੧੧॥
ਸ਼ਮਸ ਸਜਾਮ ਸੁੰਦਰ ਗਿਰਦ, ਲਘੁ ਲਘੁ ਸਮੁਦਾਈ।
ਸਹਿਜ ਸੁ ਚਿੱਕ੍ਰਨ ਕੇਸ਼ ਸ਼ੁਭ, ਅਸ ਉਪਮਾ ਗਾਈ।
ਰਤਨ ਉਡਗ, ਮੁਖ ਚੰਦ ਢਿਗ, ਪਸਰਜੋ ਤਮ ਜਾਲਾ[1]।
ਦਿਪਤਿ ਦਸਨ ਮੁਸ਼ਕਜਾਨ ਜੁਤਿ, ਦੁਤਿ ਚਾਰੁ ਬਿਸਾਲਾ ॥੧੨॥

[1]ਮਾਨੋ ਕਿਰਨਾਂ ਇਕੱਠੀਆਂ ਕੀਤੀਆਂ ਹਨ।

[1]ਮੇਲਕੇ।

[1]ਬੰਨ੍ਹਕੇ, ਬੰਦਸ਼।

[1]ਛਬੀ ਵੱਸ ਰਹੀ ਹੈ।

[1]ਅਨੰਦ ਕਰਨ ਵਾਲਾ।

[1]ਕੋਨਿਆਂ ਤੋਂ।

[1]ਭਾਵ ਰਤਨ ਤਾਰੇ ਹਨ, ਚੰਦ੍ਰਮਾਂ ਮੁਖੜਾ ਹੈ ਦਾੜ੍ਹਾ ਹਨੇਰਾ ਹੈ। [ਸਾਫੇ ਦੇ ਲੜ ਤੇ ਜੋ ਮੱਥੇ ਤੇ ਪਲਮਦ ਹੈ ਉਸਦੀ ਝਾਲਰ ਅੱਗੇ ਮੋਤੀ ਲਗੇ ਹਨ, ਉਹਨਾਂ ਰਤਨਾਂ ਵਲ ਇਸ਼ਾਰਾ ਜਾਪਦਾ ਹੈ ਜਿਗਾ ਵਿੱਚ ਬੀ ਜ੍ਵਾਹਰ ਪਿਛੇ ਦੱਸ ਆਏ ਹਨ। ਕਰਨ ਕੁੰਡਲਾਂ ਵਿਚ ਜੋ ਰਤਨ ਹੁੰਦੇ ਹਨ ਉਹਨਾਂ ਤੋਂ ਬੀ ਮੁਰਾਦ ਹੋ ਸਕਦੀ ਹੈ।

ਮਨਹੁ ਸੁਰਨਿ ਕੀ ਸਭਾ ਮਹਿਂ, ਕਮਲਾਸਨ ਬੈਸੇ।
ਸਿਖ ਸੰਗਤਿ ਕੇ ਬੀਚ ਪ੍ਰਭੁ, ਸ਼ੋਭਤਿ ਦੁਤਿ ਐਸੇ।
ਦਰਸ਼ਨ ਕਰਿ ਕਰਿ ਬੰਦਨਾ, ਗਨ ਅਰਪਿ ਅਕੋਰੈਂ।
ਬੈਠਤਿ ਹੈਂ ਚਹੁੰਦਿਸ਼ਾ ਮਹਿਂ, ਦੋਨਹੁ ਕਰ ਜੋਰੈਂ ॥੧੩॥
ਜਸ ਜਸ ਧਰਿ ਧਰਿ ਭਾਵਨਾ, ਸਤਿਗੁਰੁ ਦਰਸੰਤੇ।
ਤਸ ਤਸ ਪੁਰਵਤਿ ਸੰਗਤਾਂ, ਅਰਦਾਸ ਕਰੰਤੇ।
ਕ੍ਰਿਪਾ ਦ੍ਰਿਸ਼ਟਿ ਸਭਿਹੂੰਨ ਪਰ, ਡਾਰਤਿ ਦਿਸ਼ਿ ਚਾਰੇ।
ਮਨਹੁਂ ਸ੍ਰਿਸ਼ਟ ਕਰ ਉਤਪਤੀ, ਬਿਧ ਤਿਨਹੁ ਨਿਹਾਰੇ[1] ॥੧੮॥
ਜਾਮ ਥਿਰੇ ਬਿਚ ਸਭਾ ਕੇ, ਦਰਸ਼ਨ ਕੋ ਦੀਨਾ।
ਕਰਿ ਨਿਹਾਲ ਤਬਿ ਸੰਗਤਾਂ, ਉਠਿਬੇ ਮਨ ਕੀਨਾ।
ਅਪਨ[†] ਸਦਨ ਮਹਿਂ ਪੁਨ ਗਏ, ਬੈਠੇ ਗੁਨਖਾਨੀ।
ਭੋਜਨ ਥਾਰ ਪਰੋਸਜੋ, ਆਨਜੋਂ ਤਿਹ ਥਾਨੀ ॥੧੫॥
ਅਚਜੋ ਸ੍ਵਾਦ ਮਨ ਭਾਵਤੇ, ਛੁਧਤੇ ਤ੍ਰਿਪਤਾਏ।
ਢਰੇ ਦੁਪਹਿਰੇ ਸਤਿਗੁਰੂ ਲੋਚਨ ਅਲਸਾਏ।
ਪੌਢੇ ਮ੍ਰਿਦੁਲ ਪ੍ਰਯੰਕ ਕਰ, ਕੁਛ ਕੀਨਿ ਅਰਾਮੂ।
ਸਵਾ ਜਾਮ ਦਿਨ ਕੇ ਰਹੇ, ਜਾਗੇ ਸੁਖ ਧਾਮੂ ॥੧੬॥
ਗਰੀ ਬਦਾਮਨ ਆਇ ਗਨ, ਰਗੜੀ

[1]ਮਾਨੋਂ (ਰਚ ਕੇ ਸ੍ਰਿਸ਼ਟੀ ਨੂੰ) ਬ੍ਰਹਮਾ ਦੇਖਦਾ ਹੈ।

[†]ਪਾ:-ਅਪਰ।

ਸ਼ਰਦਾਈ।
ਬਿਜੀਆ ਆਦਿਕ ਜਿਹ ਅਧਿਕ, ਤਿਸ ਬੀਚ ਘੁਟਾਈ।
ਆਨੀ ਦਾਸਨ ਤਜਾਰ ਕਰਿ, ਪਿਖਿ ਹੁਕਮ ਬਖਾਨਾ।
'ਹੁਤੀ ਅਫੀਮ ਬਿਦੇਸ਼ ਕੀ, ਜਿਮ ਅਮਲ ਮਹਾਨਾ ॥੧੭॥
ਬਹੁ ਤਰੀਫ ਸਿਖ ਨੇ ਕਰੀ, ਸੋ ਕੋਸ਼ ਮਝਾਰਾ।
ਆਨੋ ਇਹਾਂ ਨਿਕਾਸ ਕਰਿ, ਜਿਸ ਅਮਲ ਕਰਾਰਾ।'
ਕੋਸ਼ਪ[1] ਢਿਗ ਸੇਵਕ ਗਯੋ, ਸਭਿ ਬਾਤਿ ਜਨਾਈ।
ਕਹਿ ਕਰਿ ਪਤੇ ਬਿਦੇਸ਼ ਕੇ, ਤਿਸ ਛਿਨ ਨਿਕਸਾਈ ॥੧੮॥
ਆਨੀ ਤੁਰਤ ਸਮੀਪ ਗੁਰ, ਕਰ ਧਰੀ ਨਿਹਾਰੀ।
ਦ੍ਵੈ ਰੰਚਕ[1] ਪਰਮਾਨ ਸਮ, ਅੰਗੁਰੀਨ ਸੁਧਾਰੀ।
ਕਰਿ ਗੁਲਕਾ ਕਰ ਤਰ ਧਰੀ[1] ਲੇ ਬਹੁਰ ਕਟੋਰਾ।
ਕਰਜੋ ਖਾਨ ਪਾਨ ਸੁਖਾ ਤਬੈ, ਹਿਤ ਮਾਦਕ ਜੋਰਾ[1] ॥੧੯॥
ਮਾਵਾ ਖਾਇ ਅਫੀਮ ਕੋ[1]†, ਪੁਨ ਸੌਚ ਸ਼ਨਾਨੇ।

[1]ਖਜ਼ਾਨਚੀ

[1]ਦੋ ਰਤੀ ਭਰ।

[1]ਗੋਲੀ ਬਣਾਕੇ ਹੱਥ ਦੀ ਤਲੀ ਤੇ ਧਰੀ।

[1]ਜ਼ੋਰ ਦਾ ਨਸ਼ਾ ਲੈਣ ਲਈ।

[1]ਅਫੀਮ ਦਾ ਮਾਵਾ ਖਾਕੇ।

†ਹਿਸਾਬ ਕਰਨ ਤੇ ਗੁਰੂ ਜੀ ਦੀ ਉਮਰਾ ਇਸ ਵੇਲੇ ੨੩, ੨੪ ਬਰਸ ਦੀ ਨਿਕਲਦੀ ਹੈ, ਇਸੇ ਵੇਲੇ ਅਫੀਮ ਲਗ ਜਾਣੀ ਕਿਵੇਂ ਬੀ ਸੰਭਵ ਨਹੀਂ। ਪੰਜਾਬ ਵਿਚ ਅਕਸਰ ਅਫ਼ੀਮ ਬੁਢੇਪੇ ਵਿਚ ਸ਼ੁਰੂ ਹੁੰਦੀ ਹੈ। ਚੜ੍ਹਦੀ ਜਵਾਨੀ ਹੈ, ਬਲ ਅਮਿੱਤ ਹੈ, ਸੁਰਮਗਤੀ ਕਮਾਲ ਦੀ ਹੈ, ਆਪ ਅਵਤਾਰ ਹਨ, ਨਸ਼ਿਆਂ ਤੋਂ ਮਨ੍ਹੇ ਕਰਦੇ ਹਨ, ਤਮਾਕੂ ਤੱਕ ਦਾ ਵਰਤਣਾ ਹਰਾਮ ਕਰਾਰ ਦੇਂਦੇ ਹਨ, ਕੈਮੁੱਤਿਕ ਨਜਾਜ ਅਨੁਸਾਰ ਉਨ੍ਹਾਂ ਨੂੰ ਭੰਗ ਤੇ ਅਫੀਮ ਦਾ ਨਸ਼ਾ ਕੀਕੂੰ ਚੰਗਾ ਲੱਗ ਸਕਦਾ ਹੈ? ਫਿਰ ਦੇਖੋ ਅਫੀਮ ਖਜ਼ਾਨੇ ਵਿਚੋਂ ਕਢਵਾਈ ਹੈ, ਕਦੇ ਪਹਿਲੋਂ ਦੀ ਕੋਈ ਸਿੱਖ ਲਿਆਇਆ ਸੀ ਤੇ ਉਹ ਪਈ ਸੀ। ਇਸ ਤੋਂ ਪਤਾ ਲਗਾ ਕਿ ਇਸ ਤੋਂ ਪਹਿਲੋਂ ਗੁਰੂ ਜੀ ਖਾਂਦੇ ਸਨ, ਕਿਉਂਕਿ ਸਿਖ ਢੂੰਡਕੇ ਚੀਜ਼ਾਂ ਓਹ ਲਿਆਂਉਂਦੇ ਸਨ ਜੋ ਗੁਰੂ ਜੀ ਵਰਤਦੇ ਸਨ, ਜੋ ਗੁਰੂ ਜੀ ਨਹੀਂ ਸਨ ਖਾਂਦੇ ਤਾਂ ਕਿਸੇ ਸਿੱਖ ਨੇ ਲਿਆਉਣੀ ਕਿਉਂ ਸੀ ਤੇ ਤਰੀਫ ਕਿਉਂ ਕਰਨੀ ਸੀ? ਸੋ ਇਸ ਗਲ ਤੋਂ ਪਹਿਲੇ ਦੇ ਖਾਂਦੇ ਸਹੀ ਹੁੰਦੇ ਸਨ, ਪਰ ਕਵੀ ਜੀ ਕਹਿੰਦੇ ਹਨ ਕਿ ਅੱਜ ਹੀ ਸ਼ੁਰੂ ਹੋਈ ਹੈ ਇਹ ਪਰਸਪਰ ਵਿਰੋਧੀ ਗਲ ਹੋ ਗਈ। ਕਿਸੇ ਅਫੀਮ ਭੰਗ ਦੇ ਪ੍ਰੇਮੀ ਬੁੱਢੇ ਸਿੰਘ ਨੇ ਕਵਿ ਜੀ ਨੂੰ ਇਹ

ਸਾਖੀ ਸੁਣਾਈ ਹੈ ਤੇ ਉਨ੍ਹਾਂ ਨੇ ਬਿਨ ਪੜਤਾਲੇ ਲਿਖ ਲਈ ਹੈ। ਕਵਿ ਜੀ ਦੇ ਸਮੇਂ ਨਿਹੰਗਾਂ ਵਿਚ ਸੁੱਖਾ ਆਮ ਸੀ ਤੇ ਰਾਜ ਘਰਾਂ ਵਿਚ ਸਰਦਾਈ ਸਾਦੀ ਯਾ ਸੁੱਖੇ ਵਾਲੀ ਤੇ ਅਫੀਮਾਂ ਦੇ ਰਿਵਾਜ ਟੁਰ ਪਏ ਸਨ। ਉਸ ਕਰਕੇ ਕਵੀ ਜੀ ਨੂੰ ਇਹ ਸਾਖੀ ਉਸ ਵੇਲੇ ਓਪਰੀ ਨਹੀਂ ਭਾਸੀ ਹੋਣੀ। ਸਿੱਖਾਂ ਵਿਚ ਭੰਗ ਸੁਖੇ ਦਾ ਰਿਵਾਜ ਸਤਿਗੁਰੂ ਜੀ ਤੋਂ ਢੇਰ ਚਿਰ ਬਾਦ ਪੰਥ ਦੀਆਂ ਘਾਲਾਂ ਕੁਰਬਾਨੀਆਂ ਥਕੇਵਿਆਂ ਸਰੀਰਕ ਟੋਟਾਂ ਵੇਲੇ ਪਹਿਲਾਂ ਦਵਾਈ ਮਾਤ੍ਰ ਟੁਰ ਗਿਆ ਸੀ, ਐਸ਼੍ਵਰਜ ਤੇ ਸੁਖ ਵੇਲੇ ਆਕੇ ਫਿਰ ਨਸ਼ੇ ਪਾਣੀ ਦੀ ਹੈਸੀਅਤ ਵਿਚ ਵਧਿਆ। ਨਿਹੰਗ ਸਿੰਘਾਂ ਦੀ ਬੇਨਜ਼ੀਰ ਤੇ ਸਤਿਕਾਰ ਯੋਗ ਜਥੇਬੰਦੀ ਨੂੰ ਤੇ ਲਗ ਪਗ ਸੰਪ੍ਰਦਾਇ ਨੂੰ ਇਹ ਸੁਖਾ ਖਾ ਗਿਆ ਹੈ। ਨਾ ਅਫੀਮ ਨਾ ਸੁੱਖਾ ਨਾ ਸ਼ਰਾਬ ਗੁਰੂ ਘਰ ਵਿਚ ਕੋਈ ਬੀ ਵਿਹਤ ਨਹੀਂ ਹਨ। ਕਵੀ ਜੀ ਆਪ ਭੀ ਅੱਗੇ ਜਾਕੇ ਰੁਤ ੫ ਅੰਸੂ ੨੮ ਅੰਕ ੨੩ ਵਿਚ ਲਿਖਦੇ ਹਨ:-'ਮਦਰਾ ਦਹਿਤਾ ਸਪਤ ਕੁਲ ਭੰਗ ਦਹੈ ਤਨ ਏਕ'। ਇੱਥੇ ਗੁਰਮਤ ਵਿਚ ਤਾਂ ਨਾਮ ਦਾ ਆਦਰਸ਼ਕ ਨਸ਼ਾ ਵਿਹਤ ਹੈ। ਫਿਰ ਪਹਿਲੇ ਦਿਨ ਹੀ ਦੋ ਰਤੀਆਂ ਖਾ ਲੈਣੀ ਬੀ ਇਕ ਅਤਯੋਕਤੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਤਬਿ ਕੇ ਲਾਗੇ ਖਾਨ ਪਾਨ, ਦਿਨ ਪ੍ਰਤਿ ਅਧਿਕਾਨੇ।
ਕਿਤਿਕ ਦਯੋਸ ਬੀਤੇ ਜਬਹਿ, ਇਕ ਦਿਨ ਤਬਿ ਆਈ।
ਪਤਿਬਰਤਾ ਜੀਤੋ ਸੁ ਬ੍ਰਿਤ[1], ਲੱਜਾ ਅਧਿਕਾਈ ॥੨੦॥

[1]ਸ੍ਰੇਸ਼ਟ ਬ੍ਰਿਤੀ ਵਾਲੀ, ਸੁਹਣੇ ਆਚਾਰ ਵਾਲੀ।

ਪਤਿ ਕਉ ਪਾਇ ਇਕੰਤ ਮੈਂ, ਕਰਿ ਜੋਰਿ ਖਰੀ ਹੈ।
ਅਵਨੀ ਖਨਤਿ ਅੰਗੂਠ ਪਗ, ਤਰ[1] ਦ੍ਰਿਸ਼ਟਿ ਕਰੀ ਹੈ।

[1]ਨੀਵੀਂ।

ਚਿਤ ਮਹਿਂ ਦ੍ਰਿੜ੍ਹ ਮੂਰਤਿ ਬਸੈ, ਨਹਿਂ ਸਮੁਖ ਬਿਲੋਕੈ।
ਐਂਚਿ ਪ੍ਰੇਮ ਕੀ ਏਕ ਦਿਸ਼ਿ, ਦੂਜੇ ਲਜ ਰੋਕੈ[1] ॥੨੧॥

[1]ਲਜਿਆ ਰੋਕਦੀ ਹੈ।

ਬਡਭਾਗਣ ਜਗ ਮਾਤਿ ਇਮ, ਗੁਰ ਕੀ ਪਟਰਾਨੀ।
ਮ੍ਰਿਦੁਲ ਸੁਸ਼ੀਲਾ ਗੁਣ ਨਿਧਾ, ਸ਼ੁਭ ਮਤਿ ਮੈਂ ਸਜਾਨੀ।
ਪ੍ਰਭੁ ਕ੍ਰਿਪਾਲ ਬਿਲੋਕਿ ਕਰਿ, ਥਿਰ[1] ਨੰਮ੍ਰਿ ਬਿਸਾਲਾ।

[1]ਖੜੀ ਹੈ।

ਜਾਨਿ ਕਾਮਨਾਵਾਨ ਮਨ, ਬੋਲੇ ਤਿਸ ਕਾਲਾ ॥੨੨॥
'ਘਰਵਾਲਨ ਕੀ ਸੁਧ ਕਹਾਂ, ਅਭਿਲਾਖਾ ਕੋ ਹੈ?
ਕਹੋ ਮਨੋਰਥ ਆਪਨੋ, ਅਬਿ ਬਾਂਛਤਿ ਜੋ

ਹੈ।
ਜਿਸ ਹਿਤ ਕਰਿ ਆਗਵਨ ਕੋ, ਥਿਰ ਭਈ ਸਲਾਜਾ।
ਕਹੁ ਸੁਮੱਧਮੇਂ[1] ! ਬਾਰਤਾ, ਜਿਸ ਬਿਧਿ ਕੋ ਕਾਜਾ' ॥੨੩॥

[1]ਹੇ ਸੁਪਤਨੀ ! (ਅ) ਐਉਂ ਬੀ ਲਾਉਂਦੇ ਹਨ, ਸੁ ਮੱਧ ਮੇਂ ਬਾਰਤਾ = (ਜੋ) ਗਲ ਹੈ ਸੁਹਣੇ ਦਿਲ ਵਿੱਚ।

ਹਾਥ ਬੰਦਿ ਬੰਦਤਿ ਬਦਤਿ[1], 'ਪ੍ਰਭੁ ਅੰਤਰਜਾਮੀ !
ਜਗਤ ਗੁਰੂ ਜਾਨੋ ਸਕਲ, ਘਟਿ ਘਟਿ ਕੇ ਸ੍ਵਾਮੀ।
ਚਾਰੋਂ ਚੱਕਨਿ ਸੰਗਤਾਂ, ਚਾਹਤਿ ਚਿਤ ਪਾਵੈਂ।
ਸਾਗਰਾਂਤਿ[1] ਅਵਨੀ ਜਿਤਿਕ, ਤੁਮ ਚਰਨ ਮਨਾਵੈਂ ॥੨੪॥

[1]ਕਹਿਣ ਲਗੇ (ਸ਼੍ਰੀ ਜੀਤੋ ਜੀ)।

[1]ਸਮੁੰਦਰ ਦੇ ਅੰਤ ਤਕ।

ਪੁਰਵਹੁ ਸਭਿ ਕੀ ਕਾਮਨਾ, ਨਹਿਂ ਊਨ ਖਜ਼ਾਨਾ।
ਹੇਰੋ ਜਸ ਜਸ ਭਾਵਨਾ, ਦਿਹੁ ਫਲ ਤਿਮ ਨਾਨਾ।
ਤ੍ਰਿਯ ਸਰੀਰ ਕੀ ਮਤ ਗਤੀ[1], ਜਿਮ ਹੁਇ ਤਿਮ ਜਾਨੋ।
ਤੁਮ ਤੇ ਸੁਤ ਸਪਤਨਿ[1] ਲਹਜੋ, ਦੁਤਿਵਾਨ ਮਹਾਨੋ ॥੨੫॥

[1]ਗਤਿਮਿਤ, ਹਾਲਤ।

[1]ਸਉਕਣ ਨੇ।

ਬਿਨ ਨੰਦਨ ਅਨੰਦ ਨਹਿਂ, ਘਰ ਸੁੰਨ ਸਮਾਨਾ[1]।
ਦੀਪਕ ਜਥਾ ਪ੍ਰਕਾਸ਼ ਕਰਿ, ਤਿਮ ਕਹਿਂ ਮਤਿਵਾਨਾ।
ਪੂਖਨ[1] ਕਰੇ ਪ੍ਰਕਾਸ਼ ਦਿਨ, ਸਭਿ ਜਗ ਸੁਖਪਾਵੈ।
ਨਿਸ ਕਾ ਦੀਪਕ ਚੰਦ ਹੈ, ਤਮ ਦੂਖ ਨਸਾਵੈ' ॥੨੬॥

[1]ਸੁੰਞ ਸਮਾਨ ਹੈ।

[1]ਸੂਰਜ।

ਭਾਖਜੋ ਕ੍ਰਿਪਾਨਿਧਾਨ 'ਕਰਿ, ਸਿਖ ਸੰਤਨਿ ਸੇਵਾ।
ਭੋਜਨ ਨਾਨਾ ਭਾਂਤਿ ਕੇ, ਦੇ ਬਿਨ

ਅਹੰਮੇਵਾ।
ਪ੍ਰਾਪਤਿ ਹੁਇ ਸਭਿ ਕਾਮਨਾ, ਸਤਿਸੰਗਤ ਪਾਸੀ।
ਲਹੈਂ ਅਨੰਦ ਜੁਗ ਲੋਕ ਕੌ, ਜੇ ਕਰਹਿਂ ਹੁਲਾਸੀ[1]" ॥੧੭॥

[1]ਖੁਸ਼ੀ ਨਾਲ।

ਸੁਨਿ ਕਰਿ ਮਾਨਜੋਂ ਹੁਕਮ ਕੌ, ਕਰਿ ਨਮੋ ਸਿਧਾਰੀ?
ਹਿਤ ਅਹਾਰ ਬਹੁ ਭਾਂਤਿ ਕੇ, ਕਰਿਵਾਇਸੁ ਤਜਾਰੀ।
ਅਥਿਤ ਸੰਤ ਸਿਖ ਜੇ ਹੁਤੇ, ਤਿਨ ਕੌ ਤ੍ਰਿਪਤਾਵੈ।
ਮਨ ਮਹਿਂ ਧਰਿ ਸੁਤ ਕਾਮਨਾ, ਸਤਿਗੁਰੂ ਰਿਝਾਵੈ ॥੨੮॥
ਨਿਤ ਨਵੀਨ[1] ਅਨਵਾਇ ਕਰਿ, ਤਿਨ ਚਰਨ ਪਖਾਰੇ।

[1]ਨਵੇਂ (ਸਿਖ ਸੰਗਤ)।

ਲੇ ਕਰਿ ਬਿਜਨਾ ਹਾਥ ਮੈਂ, ਸੁਖ[1] ਪੌਨ ਝੁਲਾਰੇ।

[1]ਸੁਖਦਾਈ।

ਇੱਤਜਾਦਿਕ ਸੇਵਾ ਅਧਿਕ, ਕਿਯ ਜੀਤੋ ਰਾਨੀ।
ਪ੍ਰਭੁ ਮਨ ਪਰਮ ਪ੍ਰਸੰਨ ਭੇ, ਸਗਰੇ ਸੁਖਦਾਨੀ ॥੨੯॥
ਬੀਤਜੋ ਆਦਿਤਵਾਰ ਜਬਿ, ਨਿਸ ਬਿਖੈ ਗੁਸਾਈਂ।
ਬਸੇ ਮਹਿਲ ਹਿਤ ਪੁੱਤ੍ਰ ਕੇ, ਬਸਿ ਪ੍ਰੇਮ ਸਦਾਈ।
ਸ਼੍ਰੀ ਜੀਤੋ ਕੀ ਕਾਮਨਾ, ਤਬਿ ਪੂਰਨ ਕੀਨੀ।
ਧਰਜੋ ਗਰਭ ਹਰਖਤਿ ਭਈ, ਪਤਿ ਸੇਵ ਪ੍ਰਬੀਨੀ ॥੩੦॥
ਬਡਭਾਗਨ ਅਨੁਰਾਗਨੀ[1], ਉਰ ਕੰਤ ਬਸਾਯੋ।
ਨਿਸ ਬਾਸੁਰ ਚਿਤਵਤਿ ਸੁਮਤਿ, ਅਤਿ ਪ੍ਰੇਮ ਵਧਾਯੋ।

[1]ਪ੍ਰੇਮਣ ਨੇ।

ਦਿਨਪ੍ਰਤਿ ਬ੍ਰਿੱਧਾ[1] ਗਰਭ ਕੀ, ਦੁਤਿ ਹ੍ਵੈ ਅਧਿਕਾਈ। [1]ਵਧਣ ਨਾਲ।
ਮਨੋ ਦੂਜ ਤੇ ਚੰਦ੍ਰਮਾ, ਪੁਰਵਤਿ[1] ਸੁਖਦਾਈ ॥੩੧॥ [1]ਪੂਰਣ ਹੋ ਰਿਹਾ ਹੈ।
ਜਿਸ ਮੰਦਰ ਮਹਿਂ ਮੁਦਿਤ ਚਿਤ, ਥਿਰਤਾ ਕੋ ਧਾਰੈ।
ਅਧਿਕ ਲਹੈ ਸ਼ੋਭਾ ਤਬਹਿ, ਬਡਿ ਕਰਿ ਉਜਿਯਾਰੈ।
ਬੀਤ ਗਏ ਨਵ ਮਾਸ ਇਮ, ਹਰਖਤਿ ਪਰਿਵਾਰਾ।
ਸਹਿਤ ਪੁੱਤ੍ਰ ਪਰਤੀਖਨਾ, ਉਤਸਵ ਹੁਇ ਭਾਰਾ ॥੩੨॥
ਚੇਤ ਸੁਦੀ ਥਿਤ ਸਪਤਮੀ, ਕੁਜ ਬਾਸੁਰ[1] ਆਵਾ। [1]ਮੰਗਲਵਾਰ।
ਸੱਤ੍ਰਾਂ ਸੈ ਸੰਤਾਲੀਏ, ਸੰਮਤ ਮੁਦ ਛਾਵਾ।
ਭਲੇ ਲਗਨ ਗ੍ਰਹ ਉਚ ਕਛੁ, ਜਨਮਯੋ ਸੁਖ ਪਾਏ।
ਸੇਬਜਮਾਨ ਗਨ ਧਾਇ[1] ਤੇ, ਬਹੁ ਦੀਪ ਜਗਾਏ ॥੩੩॥ [1]ਦਾਈਆਂ।
ਮੰਗਲ ਮੰਗਲਵਾਰ ਮੈਂ, ਬਜਿ ਉਠੀ ਬਧਾਈ।
ਬਾਦਿਤ ਅਨਿਕ ਪ੍ਰਕਾਰ ਕੇ, ਦਰ ਪਰ ਸਮੁਦਾਈ।
ਸ਼੍ਰੀ ਗੁਜਰੀ ਬਹੁ ਭਾਂਤਿ ਕਰਿ, ਉਤਸਵ ਕੋ ਠਾਨਾ।
ਮੰਗਤਿ ਗਨ ਜਨ ਸੁਨਤਿ ਹੀ, ਦੌਰੇ ਹਿਤ ਦਾਨਾ ॥੩੪॥
ਭਈ ਭੀਰ ਬਡ ਪੌਰ ਪਰ, ਧਨ ਪਾਇਂ ਉਦਾਰਾ।
'ਚਿਰੰਜੀਵ ਗੁਰ ਪੁੱਤ੍ਰ ਹੁਇ', ਸਭਿ ਬਾਕ ਉਚਾਰਾ।
ਇਤ ਕਲਗ਼ੀਧਰ ਕੇ ਨਿਕਟ, ਪਾਵਹਿਂ ਮਨ

ਭਾਯੋ।
ਆਸ਼ਿਖ ਕੀਰਤਿ ਕੇ ਇਹ ਸਹਿਤ, ਸਭਿ ਕਹਤਿ ਸੁਨਾਯੋ ॥੩੫॥
ਇਕ ਗੁਜਰੀ ਕੇ ਜਾਇ ਢਿਗ, ਬਹੁ ਦੇਤਿ ਬਧਾਈ।
ਹਰਿਤ ਦੂਰਬਾ ਅਰਪਿ ਕਰਿ, ਪ੍ਰਾਪਤਿ ਮਨ ਭਾਈ[1]।
ਫੂਲਨਿ ਮਾਲ ਬਿਸਾਲ ਕੌਂ, ਅਰੁ ਬੰਦਨਵਾਲਾ[1]।
ਸਭਿ ਦਰ ਪਰ ਬੰਧਨਿ ਕਰੀ ਦਲ ਹਰਿਤ ਬਿਸਾਲਾ[1] ॥੩੬॥
ਮੁਕਤਾਂ ਲਰੀਅਨ ਪੋਇ ਕਰਿ ਵਿਚ ਕੰਚਨ ਸੂਤਾ[1]।
ਬਾਂਧੀ ਦ੍ਵਾਰੇ ਚਾਰੁ[1] ਪਰ ਜਹਿਂ ਜਨਮ ਸਪੂਤਾ।
ਸੋਢਿ ਬੰਸ ਕੀ ਰੀਤਿ ਸਭਿ ਕਹਿ ਕਰਿ ਕਰਿਵਾਈ।
ਪੌਤ੍ਰ ਜਨਮ ਤੇ ਮੋਦ ਮਨ ਗੁਜਰੀ ਸੁਖਪਾਈ ॥੩੭॥
ਦੂਸਰ ਜੰਗ ਨਦੌਣ ਕੋ ਜਯ ਲੈ ਕਰਿਆਏ।
ਜਨਮ ਪੁੱਤ੍ਰ ਭਾ ਦੂਸਰੇ ਬਹੁ ਬਜੇ ਵਧਾਏ।
ਰਿਦੈ ਬਿਚਾਰਜੋ ਸਤਿਗੁਰੂ ਧਰਿਬੇ ਹਿਤ ਨਾਮੂ।
'ਜੋਰਾਵਰ ਸਿੰਘ' ਤਬਿ ਕਹਜੋ ਬਿਦਤਜੋ ਸੁਖ ਧਾਮੂ ॥੩੮॥ ⚐

[1]ਹਰਾ ਖੱਬਲ ਘਾਸ ਸਮਰਪਨ ਕਰਕੇ ਪ੍ਰਾਪਤ ਕਰਦੇ ਹਨ ਮਨੋ ਕਾਮਨਾ।
[1]ਤੋਰਣ।
[1]ਸਾਰੇ ਦਰਾਂ ਤੇ ਹਰੇ ਪੱਤੇ ਬਹੁਤੇ ਬੰਨ੍ਹੇ।
[1]ਭਾਵ ਮੋਤੀਆਂ ਦੀਆਂ ਲੜੀਆਂ ਪ੍ਰੋਤੀਆਂ ਹਨ ਤਿੱਲੇ ਦੇ ਸੂਤ ਵਿਚ।
[1]ਸੁੰਦਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜ਼ੋਰਾਵਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥੪੪॥

⚐ਸਾਹਿਬਜ਼ਾਦਿਆਂ ਦੇ 'ਜਨਮ-ਕ੍ਰਮ' ਪਰ ਕੁਛ ਰਾਇ ਦਾ ਵਖੇਵਾਂ ਹੈ, ਸਾਰੀ ਖੋਜ ਇਸ ਪ੍ਰਕਾਰ ਹੈ:
੧. ਕਵਿ ਸੰਤੋਖ ਸਿੰਘ ਜੀ ਦੇ ਦਿਤੇ ਜਨਮ ਤਿੱਥਾਂ ਦੇ ਹਿਸਾਬ ਸਾਹਿਬਜ਼ਾਦਿਆਂ ਦਾ ਕ੍ਰਮ ਇਕੁੱਰ ਹੈ:-
ਬਾਬਾ ਅਜੀਤ ਸਿੰਘ ਜੀ, ਮਾਘ ਸੁਦੀ ਚੌਥ ਸੰਮਤ ੧੭੪੩,
ਮਾਤਾ ਸੁੰਦਰੀ ਜੀ ਦੇ ਉਦਰੋਂ।
ਬਾਬਾ ਜ਼ੋਰਾਵਰ ਸਿੰਘ ਜੀ, ਚੇਤ ਸੁਦੀ ਸੱਤਮੀ ਸੰਮਤ ੧੭੪੭,
ਮਾਤਾ ਜੀਤੋ ਜੀ ਦੇ ਉਦਰੋਂ।

ਬਾਬਾ ਜੁਝਾਰ ਸਿੰਘ ਜੀ, ਮਾਘ ਸੁਦੀ ਏਕਮ ਸੰਮਤ ੧੯੫੩,

ਮਾਤਾ ਜੀਤੋ ਜੀ ਦੇ ਉਦਰੋਂ।

ਬਾਬਾ ਫਤਹ ਸਿੰਘ ਜੀ, ਫਗਨ ਸ਼ੁਦੀ ਇਕਾਦਸ਼ੀ ਸੰਮਤ ੧੭੫੫,

ਮਾਤਾ ਜੀਤੋ ਜੀ ਦੇ ਉਦਰੋਂ।

ਇਸ ਮੁਜਬ ਆਪ ਨੇ ਏਥੇ ਵਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਉਨ੍ਹਾਂ ਤੋਂ ਛੋਟੇ ਜੋਰਾਵਰ ਸਿੰਘ ਜੀ ਦੀ ਸ਼ਹਾਦਤ ਚਮਕੌਰ ਦੱਸੀ ਹੈ ਤੇ ਬਾਬਾ ਜੁਝਾਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਦੀ ਸ਼ਹਾਦਤ ਸਰਹਿੰਦ ਵਿਚ ਦੱਸੀ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ੧੯੦੦ ਵਿਚ ਮੁਕਾ ਹੈ।

੨. ਗੁਰਬਿਲਾਸ ਭਾਈ ਸੁੱਖਾ ਸਿੰਘ ਜੀ ਜੋ ਸਮੰਤ ੧੯੫੪ ਵਿਚ ਲਿਖਿਆ ਗਿਆ, ਇਸ ਵਿਚ ਸ਼ਹਾਦਤ ਦੇ ਪ੍ਰਸੰਗ ਵਿਚ ਸੂਰਜ ਪ੍ਰਕਾਸ਼ ਵਾਲਾ ਹੀ ਕ੍ਰਮ ਦਿੱਤਾ ਹੈ। ਇਸ ਤੋਂ ਪਤਾ ਲੱਗਾ ਕਿ ਕਵੀ ਸੰਤੋਖ ਸਿੰਘ ਜੀ ਨੇ ਆਪਣਾ ਕ੍ਰਮ ਇਸੇ ਗੁਰ ਬਿਲਾਸ ਤੋਂ ਲੀਤਾ ਹੈ।

੩. ਸੌ ਸਾਖੀ ਵਿਚ ਮਾਤਾ ਜੀਤੋ ਜੀ ਦੇ ਸਪੁਤ੍ਰਾਂ ਦਾ ਕ੍ਰਮ ਇਹ ਦਿੱਤਾ ਹੈ:-ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਤੇ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਬੇਟੇ ਦੱਸੇ ਹਨ, ਪਰ ਇਸ ਨੇ ਤ੍ਰਿਹਾਂ ਪਹਿਲਿਆਂ ਦੀ ਸਾਖੀ ਪਹਿਲੋਂ ਦਿੱਤੀ ਹੈ ਤੇ ਬਾਬਾ ਅਜੀਤ ਸਿੰਘ ਜੀ ਦੀ ਪਿਛੋਂ ਦਿੱਤੀ ਹੈ, ਜਿਸ ਤੋਂ ਜਾਪਦਾ ਹੈ ਕਿ ਏਹ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਨੂੰ ਛੋਟੇ ਗਿਣਦਾ ਹੈ। ਸੋ ਇਸ ਦਾ ਸਾਰਾ ਕ੍ਰਮ ਇੱਕੁਰ ਹੋਇਆ:-

ਬਾਬਾ ਜੁਝਾਰ ਸਿੰਘ ਜੀ।

ਬਾਬਾ ਜੋਰਾਵਰ ਸਿੰਘ ਜੀ।

ਬਾਬਾ ਫਤਹ ਸਿੰਘ ਜੀ।

ਬਾਬਾ ਅਜੀਤ ਸਿੰਘ ਜੀ।

੪. ਕਵਿ ਸੈਨਾਪਤੀ ਦਾ ਕ੍ਰਮ ਪਹਿਲੋਂ ਤਾਂ ਇਹ ਜਾਪਦਾ ਹੈ:-ਬਾਬਾ ਰਣਜੀਤ ਯਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ, ਪਰ ਅੱਗੇ ਜਾਕੇ ਗੜਬੜ ਪੈ ਜਾਂਦੀ ਹੈ। ਉਹਨਾਂ ਦਾ ਚਮਕੌਰ ਜੁਧ ਬਾਬਤ ਦੋਹਾ ਹੈ:-

'ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੂਚਿਓ ਆਨ।

ਦੌਰਿਓ ਦਲ ਮੈਂ ਧਾਇ ਕੈ ਕਰ ਮੈਂ ਗਹੀ ਕਮਾਨ।'

ਫਿਰ ਅੱਗੇ ਇਕ ਦੋ ਵੇਰ ਜੁਝਾਰ ਨਾਮ ਆਕੇ ਅੰਕ ੬੨, ੬੪ ਵਿਚ ਜ਼ੋਰਾਵਰ ਸਿੰਘ ਜੀ ਲੜਦੇ ਜਾਪਦੇ ਹਨ। ਪਰ ਅੰਕ ੭੩ ਵਿਚ ਜੋ ਸਾਹਿਬਜ਼ਾਦੇ ਸਰਹਿੰਦ ਆਏ ਹਨ, ਉਹਨਾਂ ਵਿਚ ਦੱਸਦੇ ਹਨ ਕਿ-

'ਭਾਰੀ ਜਵਾਬ ਜੁਝਾਰ ਦਏ ਸੁਨਿ ਕੈ ਸਭ ਦੂਤਨ ਅੰਗ ਪਿਰਾਏ।'

ਫਿਰ ਅੰਕ ੭੫ ਵਿਚ ਸਰਹਿੰਦ ਵਿਚ ਪ੍ਰਾਣ ਤਜਣ ਵਾਲੇ ਸਾਹਿਬਜ਼ਾਦਿਆਂ ਦੇ ਨਾਮ ਐਉਂ ਦਿਤੇ ਹਨ:

'ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।

ਪਰਗਟ ਭਏ ਇਹ ਲੋਕ ਮੈਂ ਜਾਨਤ ਸਕਲ ਜਹਾਨ।'

ਸੋ ਇਨ੍ਹਾਂ ਦੇ ਲਿਖੇ ਵਿਚ ਟਪਲਾ ਹੀ ਲਗਦਾ ਹੈ, ਪਹਿਲਾਂ ਜੁਝਾਰ ਸਿੰਘ ਜੀ ਨੂੰ ਚਮਕੌਰ ਲੜਦੇ ਦੱਸਦੇ ਹਨ ਫੇਰ ਸਰਹੰਦ ਵਿਚ ਜਵਾਬ ਕਰਦੇ ਤੇ ਪ੍ਰਾਣ ਤਜਦੇ ਦੱਸਦੇ ਹਨ।

ਇਹ ਖਿਆਲ ਭੀ ਕੀਤਾ ਜਾਂਦਾ ਹੈ ਕਿ ਜੁਝਾਰ ਸਿੰਘ ਜ਼ੋਰਾਵਰ ਸਿੰਘ ਜੀ ਇਕੋ ਸਾਹਿਬਜ਼ਾਦੇ ਜੀ ਦੇ ਦੋ ਨਾਮ ਸਨ, ਇਕ ਨਾਮ ਹੈ ਤੇ ਇਕ ਅੱਲ ਹੈ। ਪਰ ਇਹ ਗਲ ਜ਼ਫਰਨਾਮੇ ਵਿਚ ਆਏ ਸ੍ਰੀ ਮੁਖ ਵਾਕ ਤੋਂ ਗ਼ਲਤ ਹੋ ਜਾਂਦੀ ਹੈ ਜਿੱਥੇ ਸਾਹਿਬਜ਼ਾਦੇ ਚਾਰ ਗਿਣੇ ਹਨ:-

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ ਚਾਰ।

ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ। [ਹਿ: ੧-੭੮.

੫. ਭਾਈ ਰਤਨ ਸਿੰਘ ਜੀ ਭੰਗੂ ਨੇ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਨਾਮ ਬਾਬਾ ਜੁਝਾਰ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਜੀ ਦਿੱਤੇ ਹਨ। ਸਰਹਿੰਦ ਦੇ ਸ਼ਹੀਦ ਬਾਬਿਆਂ ਦੇ ਨਾਮ ਨਹੀਂ ਦਿੱਤੇ। ਸੋ ਇਨ੍ਹਾਂ ਦੇ ਹਿਸਾਬ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਛੋਟੇ ਸਹੀ ਹੁੰਦੇ ਹਨ ਜਿਨ੍ਹਾਂ ਨੂੰ ਆਪ ਸ਼ੀਰ ਖੋਰ ਕਹਿੰਦੇ ਤੇ ਨਾਮ ਨਹੀਂ ਦਿੰਦੇ। ਸੌ ਸਾਖੀ ਨਾਲ ਇਹ ਗਲ ਮੇਲ ਖਾਂਦੀ ਹੈ।

੬. ਮਹਿਮਾ ਪ੍ਰਕਾਸ਼ (ਬਾ: ਸਰੂਪ ਦਾਸ ਵਾਲੇ) ਤੋਂ ਬੀ ਇਹੋ ਗਲ ਸਹੀ ਹੁੰਦੀ ਹੈ ਜੋ ਰਤਨ ਸਿੰਘ ਜੀ ਭੰਗੂ ਨੇ ਲਿਖੀ ਹੈ। ਉਹਨਾਂ ਨੇ ਲਿਖਿਆ ਹੈ ਕਿ 'ਦੋਨੋ ਛੋਟੇ ਸ੍ਰੀ ਬਾਬਾ ਫਤਹ ਸਿੰਘ ਜੀ ਸ੍ਰੀ ਬਾਬਾ ਰਣਜੀਤ ਸਿੰਘ ਜੀ ਕੋ ਹੁਕਮ ਹੁਆ ਜੋ ਤੁਸੀਂ ਆਗੇ ਚਲੋ। ਔਰ ਦੋਨੋਂ ਸਾਹਿਬਜ਼ਾਦੇ ਬੜੇ ਜੋ ਥੇ ਆਗੇ ਸ਼ਹੀਦ ਹੋ ਚੁਕੇ ਥੇ। ਚਮਕੌਰ ਜੀ ਦੇਹੁਰਾ ਹੈ ਦੋਨੋਂ ਸਾਹਿਬਾਂ ਦਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਸ੍ਰੀ ਬਾਬਾ ਜ਼ੋਰਾਵਰ ਸਿੰਘ ਜੀ।' ਮਹਿਮਾ ਪ੍ਰਕਾਸ਼ ਦਾ ਸੰਮਤ ੧੯੩੩ ਬਿਕ੍ਰਮੀ ਹੈ।

੭. ਤਵਾਰੀਕ ਖਾਲਸਾ ਵਿਚ ਇਹ ਕ੍ਰਮ ਦਿੱਤਾ ਹੈ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੮. ਮਿ: ਮੈਕਾਲਫ ਤੇ ਸ: ਖਜ਼ਾਨ ਸਿੰਘ ਜੀ ਨੇ ਜੋ ਕ੍ਰਮ ਦਿੱਤਾ ਹੈ ਸੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਾਲਾ ਹੀ ਹੈ।

੯. ਕਨ੍ਹੱਯਾ ਲਾਲ, ਦੌਲਤ ਰਾਏ, ਸਾਧੂ ਗੋਬਿੰਦ ਸਿੰਘ ਜੀ ਆਦਿਕ ਲੇਖਕਾਂ ਨੇ ਇਹ ਕ੍ਰਮ ਦਿੱਤਾ ਹੈ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੧੦. ਜੋ ਕ੍ਰਮ ਸਰਹਿੰਦ ਵਿਚ ਸੀਨੇ ਬਸੀਨੇ ਸੇਵਾਦਾਰਾਂ ਦੇ ਯਾਦ ਆ ਰਿਹਾ ਹੈ* ਸੋ ਇਹ ਹੈ ਜੋ ਉਪਰ ਅੰਕ ੭ ਤੇ ੯ ਵਿਚ ਆਇਆ ਹੈ।

੧੧. ਮਹਿਮਾ ਪ੍ਰਕਾਸ਼ ਵਾਰਤਕ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਇਨ੍ਹਾਂ ਨੇ ਪੁਸਤਕ ਦੇ ਅੰਤ ਵਿਚ ਬੰਸਾਵਲੀ ਗੁਰੂ ਘਰ ਦੀ ਦਿਤੀ ਹੈ ਉਸ ਵਿਚ ਕ੍ਰਮ ਇਹੋ ਦਿੱਤਾ ਹੈ ਜੋ ਸਰਹਿੰਦ ਵਿਚ ਸੀਨੇ ਬਸੀਨੇ ਆ ਰਿਹਾ ਹੈ। ਯਥਾ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

ਹੁਣ ਤਕ ਦੀਆਂ ਮਿਲੀਆਂ ਗਵਾਹੀਆਂ ਤੋਂ ਇਹ ਉਗਾਹੀ ਸਭ ਤੋਂ ਪੁਰਾਤਨ ਹੈ ਤੇ ਲਿਖਣ ਵਾਲੇ ਨੇ ਸਪਸ਼ਟ ਲਿਖਿਆ ਹੈ, ਗੁਰ ਸ਼ੋਭਾ ਦੇ ਲੇਖ ਵਾਂਙੂ ਭਰਮ ਕੋਈ ਨਹੀਂ ਪੈਂਦਾ ਇਸ ਕਰਕੇ ਇਸੇ ਕ੍ਰਮ ਨੂੰ ਸਹੀ ਮੰਨਣਾ ਠੀਕ ਹੈ।

## ੪੫. [ਸ਼੍ਰੀ ਗੁਰੂ ਜੀ ਦਾ ਪ੍ਰਤਾਪ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਜ਼ੋਰਾਵਰ ਸਿੰਘ ਨਾਮ ਧਰਿ, ਸੁਨਿ ਹਰਖ਼ੇ ਪਰਵਾਰ।
ਉਤ ਅਜੀਤ ਸਿੰਘ ਖੇਲਤੇ, ਭੂਖਨ ਸ਼ਬਦ ਸੁ ਧਾਰਿ ॥੧॥

ਚੌਪਈ:

ਸਤਿਗੁਰੂ ਘਰ ਜੁਗ ਸਾਹਿਬਜ਼ਾਦੇ।
ਮਾਤ ਬਿਲੋਕਤਿ ਚਿਤ ਅਹਿਲਾਂਦੇ।
ਬਸਨ ਬਿਭੂਖਨ ਪਾਇ ਨਵੀਨੇ।
ਡੀਠ ਨ ਲਗਹਿ ਦਿਠੌਨਾ ਦੀਨੇ[1] ॥੨॥

[1]ਇਸ ਕਰਕੇ) ਕਾਲਾ ਦਾਗ਼ ਲਾਇਆ।

ਕਰਹਿ ਦੁਲਾਰਨ ਦਾਈ ਦਾਏ[1]।

[1]ਦਾਈ = ਪਾਲਣ ਵਾਲੀ। ਦੁੱਧ ਚੁੰਘਾਉਣ ਵਾਲੀ। ਦਾਇਆ = ਖਿਡਾਵਾ। ਜਬਾਨੀ ਸਰਦਾਰ ਮਾਨ ਸਿੰਘ ਜੀ।

ਪੁਰਿ ਨਰ ਨਾਰਿ ਹੇਰਿ ਹਰਖਾਏ।
ਸੰਗਤਿ ਸਹਿਤ ਮਸੰਦਨਿ ਬ੍ਰਿੰਦ।
ਸੁਨਹਿਂ ਜਨਮ ਗੁਰ ਨੰਦ ਅਨੰਦ ॥੩॥
ਅਲੰਕਾਰ ਰਚਨਾ ਬਿਧਿ ਨਾਨਾ।
ਸੁਧਰਾਵਹਿਂ[1] ਦੇ ਦਰਬ ਮਹਾਨਾ।

[1]ਬਣਵਾਉਂਦੇ ਹਨ।

ਭਾਂਤਿ ਭਾਂਤਿ ਕੇ ਬਸਨ ਬਨਾਵਹਿਂ।
ਗੁਰੂ ਰਿਝਾਵਨਿ ਕਾਰਨ ਲਜਾਵਹਿਂ ॥੪॥
ਕਲਗ਼ੀਧਰ ਘਰ ਉਤਸਵ ਘਨੇ।
ਦਿਨ ਪ੍ਰਤਿ ਹੋਤਿ ਅਨੰਦ ਕੋ ਜਨੇ[1]।

[1]ਜਣਾਵਣ ਵਾਲੇ।

ਦਿਵਸ ਬਸੋਏ[1] ਕੋ ਬਡ ਮੇਲਾ।

[1]ਵਸਾਖੀ।

ਚਹੁੰ ਦਿਸ਼ਿ ਤੇ ਨਰ ਨਾਰਿ ਸਕੇਲਾ ॥੫॥
ਸ਼ਸਤ੍ਰ ਸਜਾਇ ਉਚ ਥਲ ਬੈਸੇ।
ਬੀਚ ਸਭਾ ਕੇ ਰਘੁਵਰ ਜੈਸੇ।
ਵਸਤੁ ਅਜਾਇਬ ਪੁੰਜ ਅਕੋਰ।
ਅਰਪਤਿ ਆਨਿ ਦੁਊ ਕਰ ਜੋਰਿ ॥੬॥
ਜੁਗ ਲੋਕਨਿ ਕੀ ਚਹਿਂ ਕੱਲਜਾਨਾ।
ਦਰਸ਼ਨ ਦਰਸਹਿਂ ਭਾਵ ਮਹਾਨਾ।
ਸੁਤ ਬਿਤ ਆਦਿ ਰਿਦੇ ਕਰਿ ਆਸ।
ਖਰੇ ਹੋਇ ਭਾਖਤਿ ਅਰਦਾਸ ॥੭॥
ਤਨ ਅਰੋਗਤਾ ਜਾਚਤਿ ਸੇਈ।

ਭਗਤਿ ਗਜਾਨ ਚਹਿਂ ਸੇਵਤਿ ਕੇਈ।
ਲੋਕ ਹਜ਼ਾਰਹੁਂ ਦਰਸ਼ਨ ਕਰਿ ਕਰਿ।
ਲਹੈਂ ਕਾਮਨਾ ਮੁਦ ਉਰ ਧਰਿ ਧਾਰਿ ॥੮॥
ਆਪ ਆਪਨੇ ਸਦਨ ਸਿਧਾਰੈਂ।
ਚਹੁਂ ਦਿਸ਼ਿ ਮਹਿਂ ਸ਼ੁਭ ਸੁਜਸੁ ਪਸਾਰੈਂ।
ਕੇਚਿਤ ਰਹੈਂ ਸਮੀਪ ਗੁਸਾਈਂ।
ਸੇਵਤਿ ਚਰਨ ਕਮਲ ਸੁਖਦਾਈ ॥੯॥
ਸਾਹਿਬਜ਼ਾਦਨ ਕੌ ਦਰਸੰਤੇ।
ਕਰਹਿਂ ਦੁਲਾਰਨਿ ਅਨੰਦ ਵਧੰਤੇ।
ਪੌਤ੍ਰਨ ਕੋ ਪ੍ਰਤਿਪਾਰਨ ਆਛੇ।
ਸ਼੍ਰੀ ਗੁਜਰੀ ਨਿਤ ਸ਼੍ਰੇਯਹਿ ਬਾਛੇ[1] ॥੧੦॥
ਧਰਹਿ ਪ੍ਰੇਮ ਨਿਜ ਅੰਕ ਬਿਠਾਰਹਿ।
ਬਾਰਿ ਬਾਰਿ ਮੁਖ ਕਮਲ ਨਿਹਾਰਹਿ।
-ਸੁਤ ਕੋ ਬੰਸ ਬ੍ਰਿੱਧਤਾ ਪਾਵਹਿ-।
ਰਿਦੈ ਬਿਚਾਰਤਿ ਮੋਦ ਉਪਾਵਹਿ ॥੧੧॥
ਸ਼੍ਰੀ ਅਜੀਤ ਸਿੰਘ ਆਂਗਨ ਮਾਂਹੀ।
ਪਾਇ ਬਿਭੂਖਨ ਸ਼ਬਦ[†] ਉਠਾਹੀਂ।
ਕਰਹਿਂ ਹਕਾਰਨਿ ਨਿਕਟ ਬਿਠਾਵਹਿਂ।
ਤਊ ਦੌਰਿ ਖੇਲਨਿ ਹਿਤ ਜਾਵਹਿਂ ॥੧੨॥
ਮਾਤ ਸੁੰਦਰੀ ਸੁੰਦਰ ਨੰਦਨ।
ਅਵਿਲੋਕਤਿ ਕਰਤਾ ਅਭਿਬੰਦਨ[1]।
ਰੱਛਾ ਠਾਨਤਿ ਅਨਿਕ ਪ੍ਰਕਾਰਨਿ।
ਦਧਿ ਓਦਨ[1] ਅਚਵਾਇ ਅਹਾਰਨਿ ॥੧੩॥
ਪਿਤਾ ਸਮੀਪ ਜਾਤਿ ਜਿਹ ਸਮੋਂ।
ਦੇਖਿ ਅਪਰ ਕੋ ਠਾਨਤਿ ਨਮੋ[1]।
ਬਾਲਿਕ ਲੀਲਾ ਕਰਤਿ ਦਿਖਾਵਤਿ।
ਸਭਿਹਿਨ ਕੇ ਮਨ ਮੋਦ ਉਪਾਵਤਿ ॥੧੪॥
ਸ਼੍ਰੀ ਜ਼ੋਰਾਵਰ ਸਿੰਘ ਲਘੁ ਬਯ ਮੈਂ।

[1]ਸੁਖ ਮੰਗਦੀ ਹੈ।

[†]ਪਾ:-ਬਸਤ੍ਰ।

[1]ਦੇਖਣ ਵਾਲੇ ਨਮਸਕਾਰ ਕਰਦੇ ਹਨ।

[1]ਦਹੀਂ ਚਾਵਲ।

[1]ਹੋਰ (ਸਿੱਖਾਂ)ਨੂੰ (ਨਮੋ ਕਰਦਿਆਂ) ਦੇਖਕੇ ਨਮਸਕਾਰ ਕਰਦੇ ਹਨ (ਅ) (ਜੇਹੜਾ) ਕੋਈ (ਸਾਹਿਬਜ਼ਾਦਿਆਂ ਨੂੰ) ਦੇਖਦਾ ਹੈ ਨਮਸਕਾਰ ਕਰਦਾ ਹੈ।

ਰਹੈਂ ਸਦਨ ਮਹਿ ਬ੍ਰਿੰਦਨ ਤਿਯ ਮੈਂ।
ਵਧਤਿ ਦੇਹਿ ਨਿਸ ਦਿਨ ਪ੍ਰਤਿਪਾਰਹਿਂ।
ਦਾਸੀ ਦੇਤਿ ਦਿਲਾਸ ਉਚਾਰਹਿਂ ॥੧੫॥
ਇਸ ਬਿਧਿ ਦ੍ਵੈ ਕਲਗੀਧਰ ਨੰਦਨ।
ਦਰਸ਼ਨ ਦੇਤਿ ਕਰਤਿ ਅਭਿਬੰਦਨ।
ਹਸਤਿ ਹਸਾਵਤਿ ਲੀਲਾ ਠਾਨਤਿ।
ਦਾਸ ਅਨੇਕ ਸਾਥ ਅਨੁਮਾਨਤਿ[1]- ॥੧੬॥

[1]ਨਾਲ ਦੇ ਦਾਸ ਅਨੇਕ ਤਰ੍ਹਾਂ ਨਾਲ ਅਨੁਮਾਨ ਕਰਦੇ ਹਨ (ਅ)...... ਸਤਿਕਾਰ ਕਰਦੇ ਹਨ।

ਜਬਿ ਸਤਿਗੁਰ ਅਲਸੁਨ ਉਜਾਰਾ।
ਪਰੀ ਧਾਂਕ ਤਬਿ ਬਾਇਸ ਧਾਰਾ।
ਸਰਬ ਧਾਰ[1] ਤੇ ਤ੍ਰਾਸਤਿ[†] ਰਿਦੇ।

[1]ਸਾਰੀਆਂ ਧਾਰਾਂ (ਦੇ ਰਾਜੇ)। [†]ਪਾ:-ਸਰਬ ਤ੍ਰਾਸ ਕੋ ਧਾਰਤਿ।

-ਛੀਨਹਿ ਰਾਜ ਗੁਰੂ ਜਦ ਕਦੇ- ॥੧੭॥
ਕੇਤਿਕ ਸੰਧਿ ਕਰੀ ਮਿਲਿ ਗਏ।
ਸਾਹਿਬ ਕਰਾਮਾਤ ਲਖਿ ਲਏ।
ਪਠਹਿਂ ਮੁਸਾਹਿਬ ਕੈ ਚਲਿ ਆਪ।
ਦਰਸਹਿਂ ਬਦਨ ਪਾਪ ਗਨਖਾਪ ॥੧੮॥
ਅਨਿਕ ਪ੍ਰਕਾਰ ਉਪਾਇਨ ਆਛੇ।
ਪਠਤਿ ਰਹੇ ਗੁਰ ਸੋਂ ਰਸ ਬਾਂਛੇ।
ਜੋ ਸੈਲਨ ਕੀ ਵਸਤੁ ਅਜਾਇਬ।
ਬਾਰਿ ਬਾਰਿ ਭੇਜਹਿਂ ਢਿਗ ਸਾਹਿਬ ॥੧੯॥
ਤਿਨ ਕੇ ਸੰਗ ਤਿਸੀ ਹੀ ਰੀਤ।
ਕਲਗੀਧਰ ਵਰਤਹਿਂ ਹਿਤ ਚੀਤ।
ਕ੍ਰਿਪਾ ਦ੍ਰਿਸ਼ਟਿ ਕੌ ਧਾਰਨ ਕਰੈਂ।
ਰਾਜਨੀਤ ਕੇ ਬਜੋਂਤ ਉਚਰੈਂ ॥੨੦॥
ਕੇਤਿਕ ਧਰਹਿਂ ਦੁਸ਼ਟਤਾ ਮੰਦੇ।
ਤੇ ਨਿਤ ਰਹਿਂ ਸਵਧਾਨ ਬਿਲੰਦੇ।
ਦੇ ਬੀਰਨਿ ਕੋ ਜੰਗ ਸਮਾਜੂ।
ਰਾਖਹਿਂ ਤਯਾਰ -ਹੋਹਿਂ[1] ਕਬਿ ਕਾਜੂ- ॥੨੧॥

[1]ਹੋਣਗੇ।

ਨਰ ਅਨੰਦ ਪੁਰਿ ਬੇਮੁਖ ਜੇਈ।
ਗੁਰ ਮਹਿਮਾਂ ਕੋ ਲਖੈਂ ਨ ਤੇਈ।

ਉਰ ਮਹਿਂ ਡਰ ਧਰਿ ਕੁਮਤਿ ਗਵਾਰੇ।
ਛੋਰਿ ਸ਼ਹਿਰ ਕੋ ਭਾਜਿ ਸਿਧਾਰੇ ॥੨੨॥
ਅਪਰ ਗ੍ਰਾਮ ਪੁਰਿ ਮਹਿਂ ਚਲਿ ਬਾਸੇ।
ਦੇਖਤਿ ਲੋਕ ਕਰਹਿਂ ਸਭਿ ਹਾਸੇ।
ਕਹੂੰ ਜੀਵਕਾ ਹਾਥ ਨ ਆਈ।
ਹਾਰੇ ਕਰਿ ਕਰਿ ਅਨਿਕ ਉਪਾਈ ॥੨੩॥
ਜਿਨ ਪਰ ਕੋਪ ਗੁਰਨਿ ਕੋ ਹੋਵੈ।
ਲੋਕ ਪ੍ਰਲੋਕ ਤਿਨਹੁ ਕੋ ਖੋਵੈ[1]। — [1]ਨਾਸ਼ ਹੋ ਜਾਂਦਾ ਹੈ।
ਇਹਾਂ[1] ਸਦਾ ਦਾਰਿਦ ਬਸਿ ਰਹੈਂ। — [1]ਇਸ ਲੋਕ ਵਿਚ।
ਮਾਂਗਹਿ ਨਹਿਂ ਬਿਰਾਟਕਾ[1] ਲਹੈਂ ॥੨੪॥ — [1]ਕੌਡੀ।
ਤਜੈਂ ਪ੍ਰਾਨ ਜਮਦੂਤ ਹਰੰਤੇ[1]। — [1]ਪਕੜਦੇ ਹਨ।
ਨਰਕ ਜਾਤਨਾ[1]† ਘਨੀ ਸਹੰਤੇ। — [1]ਤਾੜਨਾ। †ਪਾ:-ਜਾਚਨਾ।
ਜਿਨ ਤੇ ਲੇਹਿਂ ਗੁਰੂ ਮੁਖ ਫੇਰੀ।
ਪ੍ਰਥਮ ਮਿੱਤ੍ਰ ਤਿਨ ਬਨਿ ਹੈਂ ਬੈਰੀ[1] ॥੨੫॥ — [1]ਪਹਿਲਾਂ ਤਾਂ ਉਹਨਾਂ ਦੇ ਮਿੱਤ੍ਰ ਹੀ ਵੈਰੀ ਬਣ ਜਾਂਦੇ ਹਨ।
ਜਹਾਂ ਜੇਵਰੀ ਪਿਖਿ ਕਰ ਘਾਲਹਿ[1]। — [1]ਜਿੱਥੇ ਵੇਖਕੇ ਰੱਸੀ ਹੱਥ ਪਾਉਂਦੇ ਹਨ।
ਤਹਿਂ ਤੁਰਨ ਦਾਰੁਨ ਹ੍ਵੈ ਬਜਾਲਹਿ[1]। — [1]ਸਰਪ।
ਜਹਾਂ ਲੇਨਿ ਹਿਤ ਕੰਚਨ ਤਾਕਹਿਂ।
ਤਹਿਂ ਤਤਕਾਲ ਮੂਠ ਹ੍ਵੈ ਖਾਕਹਿ ॥੨੬॥
ਦੌਰਤਿ ਇਹਾਂ ਲਖਹਿਂ ਮੁਦ ਲੈ ਹੈਂ[1]। — [1]ਦੌੜਦੇ ਹਨ ਇਹ ਜਾਣਕੇ ਕਿ ਇੱਥੇ ਤਾਂ ਆਨੰਦ ਲਵਾਂਗੇ।
ਅਨਿਕ ਭਾਂਤਿ ਤਹਿਂ ਸਾਸਨ ਪੈ ਹੈਂ।
ਦੁਖ ਦਾਇਕ ਹ੍ਵੈ ਹੈਂ ਸੁਰ ਸਾਰੇ।
ਜਥਾ ਚੋਰ ਕੋ ਚਹਿਂ ਸਭਿ ਮਾਰੇ ॥੨੭॥
ਛੋਰਿ ਅਨੰਦਪੁਰਿ ਕੋ ਜੋ ਗਏ।
ਤਿਨ ਕੌ ਦੁਖਦ ਸਕਲ ਥਲ ਭਏ।
ਨਹਿਂ ਕਿਨਹੂੰ ਕੀਨੋ ਸਨਮਾਨੁ।
ਦੁਖਤਿ ਛੁਧਤਿ ਸੇ ਭਏ ਮਹਾਨੂੰ ॥੨੮॥
ਥਕਤਿ ਹੋਇ ਥਿਰ ਕੈ ਜਹਿਂ ਕਹਾਂ।
ਚਿੰਤਾਤੁਰ ਵਜਾਕੁਲ ਮਨ ਮਹਾਂ।
ਬਹੁਰ ਅਨੰਦਪੁਰਿ ਕੌ ਚਲਿ ਆਏ।
ਪਰੀ ਬਿਪਤ ਦੀਰਘ ਡਰਪਾਏ ॥੨੯॥

ਹੁਇ ਨਿਰਲਾਜ ਬਸੇ ਹਿਤ ਜੀਵਾ।
ਲਾਗੇ ਕਰਨ ਅਹਾਰ ਸਦੀਵਾ।
ਕਿਤਿਕ ਬਰਖ ਇਸ ਭਾਂਤਿ ਬਿਤਾਏ।
ਚੁਨਿ ਚੁਨਿ ਚੋਰ ਸਭੈ ਗਹਿ ਘਾਏ ॥੩੦॥
ਜੇਤਿਕ ਭਾਜ ਸ਼ਹਿਰ ਤੇ ਗਏ।
ਭੂਖ ਮਰਤਿ ਫਿਰ ਆਵਤਿ ਭਏ।
ਦਿਨ ਪ੍ਰਤਿ ਅਧਿਕ ਅਧਿਕ ਪਰਤਾਪਾ।
ਵਧੈ ਗੁਰਨਿ ਕੋ ਦੁਸ਼ਟਨਿ ਖਾਪਾ ॥੩੧॥
ਕਬਹੂੰ ਘਨੀ ਸੈਨ ਹੁਇ ਜਾਵੈ।
ਰਹੈਂ ਨਿਕਟ ਚਹੁ ਦਿਸ਼ਿ ਸਿਖ ਆਵੈਂ।
ਕਬਿਹੂੰ ਅਪਨੇ ਸਦਨ ਸਿਧਾਰਹਿਂ।
ਸੁਤ ਬਨਿਤਾ ਕੋ ਨੇਹ ਸੰਭਾਰਹਿਂ ॥੩੨॥
ਚਾਕਰ ਕਬਹੁ ਘਨੇ ਹੁਇ ਜਾਇਂ।
ਕਬਹੁ ਦਰਬ ਲੇ ਘਰਹੁ ਸਿਧਾਇਂ।
ਗੁਰ ਕੇ ਸੰਗ ਜੰਗ ਕਬਿ ਹੋਇ।
ਕਬਹੂੰ ਕਰਹਿਂ ਸੰਧਿ ਰਿਪੁ ਜੋਇ ॥੩੩॥
ਕਬਹੁ ਅਖੇਰ ਬ੍ਰਿਤ ਕੋ ਕਰੈਂ।
ਦੁੰਦਭਿ ਬਜਹਿ ਸੁਭਟ ਸੰਗ ਚਰੈਂ।
ਮਨ ਭਾਵਤਿ ਬਿਚਰਤਿ ਬਹੁ ਕਾਨਨ।
ਸ਼ੱਤ੍ਰਨਿ ਤ੍ਰਾਸ ਨਾਦ ਸੁਨਿ ਕਾਨਨਿ ॥੩੪॥
ਗ੍ਰਾਮ ਨਗਰ ਜੋ ਮਗ ਮਹਿਂ ਆਵੈ।
ਮਿਲਹਿ ਭਟ ਦੇ ਸੀਸ ਨਿਵਾਵੈ।
ਸੋ ਅਪਨੀ ਰੱਛਜਾ ਕਰਿ ਲੇਤਿ।
ਤਿਹ ਕੋ ਸੁਭਟ ਤ੍ਰਾਸ ਨਹਿਂ ਦੇਤਿ ॥੩੫॥
ਅਕਰੈ[1] ਅਹੰਕਾਰ ਤੇ ਜੋਇ।
ਆਗੇ ਨਿਕਸ ਨ ਨਰਮੀ[†] ਹੋਇਂ।
ਤਿਨ ਘਰ ਤੇ ਦਧਿ ਦੁਗਧ ਨਿਕਾਰੈਂ।
ਗਹੈਂ ਛਾਂਗ[1] ਜੇਤਿਕ ਹੁਇਂ, ਮਾਰੈਂ ॥੩੬॥
ਕਾਸ਼ਟ ਘਾਸ ਜਿ ਸੰਚਜੋ ਹੋਇ।
ਛੀਨ ਲੇਤਿ ਬਸ ਚਲੈ ਨ ਕੋਇ।

[1]ਆਕੜੇ।
[†]ਸ਼ੁਧ ਪਾਠ-ਨੰਮ੍ਰੀ-ਜਾਪਦਾ ਹੈ।
[1]ਬੱਕਰੇ।

ਕਰਤੈ ਰਹੈਂ ਉਤੰਗ ਪੁਕਾਰ।
ਬੋਲੈ ਬਹੁਤ, ਖਾਹਿ ਸੋ ਮਾਰ[1] ॥੩੭॥
ਇਸ ਪ੍ਰਕਾਰ ਨਿਜ ਤੇਜ ਟਿਕਾਯੋ।
ਸਭਿ ਰਾਜਨਿ ਮਨ ਤ੍ਰਾਸ ਉਪਾਯੋ।
ਸਿਖ ਸੰਗਤਿ ਨਿਤ ਵਧਹਿ ਬਿਸਾਲਾ।
ਸਤਿਗੁਰ ਦਰਸ਼ਨ ਕਰਹਿਂ ਸੁਖਾਲਾ ॥੩੮॥
ਦੀਪਮਾਲ ਵੈਸਾਖੀ ਜੋਇ।
ਦਿਨ ਇੱਤਜਾਦਿ ਪੁਰਬ ਕੋ ਹੋਇ।
ਚਹੁੰ ਦਿਸ਼ਿਨਿ ਤੇ ਚਲਿ ਚਲਿ ਆਵਹਿਂ।
ਕਰਿ ਦਰਸ਼ਨ ਬਾਂਛਤਿ ਕੌ ਪਾਵਹਿਂ ॥੩੯॥
ਬਸਨ ਬਿਭੂਖਨ ਦਰਬ ਬਿਸਾਲਾ।
ਹਯ ਹੱਥਜਾਰ ਆਦਿ ਵਥੁ ਜਾਲਾ।
ਅਰਪਹਿਂ ਗੁਰ ਪਗ ਪੰਕਜ ਪਾਸ।
ਅਨਿਕ ਬਿਧਿਨਿ ਕੀ ਕਰਿ ਅਰਦਾਸ ॥੪੦॥
ਕੋ ਤੂਸ਼ਨ ਹੀ ਮਨ ਕਰਿ ਜਾਚੇ।
ਕੋ ਕਰ ਜੋਰਤਿ ਬਾਕ ਉਬਾਚੇ।
ਸਗਰੇ ਪਾਇਂ ਕਾਮਨਾ ਗੁਰ ਤੇ।
ਕਰਹਿਂ ਪ੍ਰੇਮ ਪਦ ਪੰਕਜ ਉਰ ਤੇ ॥੪੧॥
ਕੇਤਿਕ ਸੁਮਤਿ ਭਗਤਿ ਕੋ ਪਾਵੈਂ।
ਸਤਿ ਸੰਗਤਿ ਮਿਲਿ ਦਿਵਸ ਬਿਤਾਵੈਂ।
ਕੇਚਿਤ ਕਰਤਿ ਪ੍ਰੇਮ ਤੇ ਸੇਵਾ।
ਜਿਸ ਤੇ ਰੀਝਹਿਂ ਸ਼੍ਰੀ ਗੁਰਦੇਵਾ ॥੪੨॥
ਕਰਾਮਾਤਿ ਆਦਿਕ ਸਭਿ ਪਾਇ।
ਬ੍ਰਹਮ ਗਜਾਨ ਮਹਿਂ ਰਹਿਂ ਲਿਵਲਾਇ।
ਸ਼ੱਤ੍ਰ ਮਿੱਤ੍ਰ ਮਹਿਂ ਬ੍ਰਿਤੀ ਸਮਾਨਾ।
ਰਾਚੇ ਏਕ ਰੰਗ ਤਜਿ ਨਾਨਾ ॥੪੩॥
ਕੋ ਕੋ ਗਿਨੀਅਹਿ, ਤਰੇ ਅਨੇਕ।
ਭਉਜਲ ਉਬਰੇ ਪਾਇ ਬਿਬੇਕ।
ਸਿੱਧਾਂ ਸਰਬ ਪਾਇ[†] ਆਨੰਦੇ।

[1]ਜੋ ਬਹੁਤ ਬੋਲੇ ਉਹ ਮਾਰ ਖਾਂਦਾ ਹੈ।

[†]ਪਾ:-ਤਜਾਗ।

ਗੁਰ ਸੇਵੇ ਜਿਨ, ਭਾਗ ਬਿਲੰਦੇ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਗੁਰ ਪ੍ਰਤਾਪ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

## ੪੬. [ਦਿਲਾਵਰ ਖਾਂ ਦੇ ਪੁੱਤ੍ਰ ਦੀ ਚੜ੍ਹਾਈ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਸ਼੍ਰੀ ਜੀਤੋ ਸਤਿਸੰਗ ਕੋ, ਸੇਵਹਿ ਤਿਸਹਿ ਪ੍ਰਕਾਰ।
ਅਸਨ ਬਸਨ ਕੌ ਦੇਤਿ ਹੈ, ਕਰਿ ਉਰ ਭਾਵ ਉਦਾਰ† ॥੧॥

†ਸਤਿਸੰਗ ਦੀ ਸੇਵਾ ਸਤਿਗੁਰਾਂ ਨੇ ਆਪਣੇ ਮਹਿਲਾਂ ਤੋਂ ਹੀ ਕਰਵਾਈ ਹੈ। ਕਿਤਨਾ ਵਧੀਕ ਗੁਰ ਸਿੱਖਾਂ ਵਿਚ ਇਹ ਭਾਵ ਲੋੜੀਏ।

ਚੌਪਈ:

ਮਧੁਰ ਸਲਵਨ ਤੁਰਸ਼ ਯੁਤਿ ਸ੍ਵਾਦ।
ਕਰਵਹਿਂ ਬਿੰਜਨ ਚਾਵਰ ਆਦਿ।
ਪਾਇਸ ਬਨਹਿ ਪਾਇ ਬਿਚ ਮੇਵੇ।
ਅਥਿਤਨ ਕੌ ਹਕਾਰਿ ਬਹੁ ਦੇਵੇ ॥੨॥
ਚਾਹਤਿ ਚਿਤ ਪ੍ਰਸੰਨਤਾ ਪਤਿ ਕੀ।
ਨਿੰਮ੍ਰੀ ਰਹੈ ਸਦਾ ਗਤਿ ਮਨ ਕੀ।
ਪਿਖਹਿ ਨਗਨ ਕੋ ਬਸਨ ਉਢਾਵਹਿ।
ਇਮ ਸੰਤਨਿ ਸਿਖ ਸੇਵ ਕਮਾਵਹਿ ॥੩॥
ਪਤਿ ਮੂਰਤਿ ਉਰ ਮਹਿਂ ਦ੍ਰਿੜ੍ਹ ਵਾਸੀ।
ਨਿਸ ਦਿਨ ਪ੍ਰੇਮ ਵਧਯੋ ਅਬਿਨਾਸ਼ੀ।
ਅਧਿਕ ਰਹੈ ਦਰਸ਼ਨ ਕੀ ਲਾਲਸ।
ਸੇਵਾ ਕਰਤਿ ਨ ਠਾਨਹਿਂ ਆਲਸ ॥੪॥
ਇਮ ਸ਼੍ਰੀ ਜੀਤੋ ਕੋ ਲਖਿ ਭਾਉ।
ਬਸੀ ਪ੍ਰੇਮ ਗੁਰ ਸਹਿਜ ਸੁਭਾਉ।
ਮੰਦਿਰ ਤਿਸ ਕੇ ਚਲਿ ਕਰਿ ਆਏ।
ਅਭਿਲਾਖਾ ਪੂਰਨ ਸਮੁਦਾਏ ॥੫॥
ਤਿਥ ਨਵਮੀ ਤਬਿ ਸੁਰ ਗੁਰ ਵਾਰ[1]।
ਬਸੇ ਨਿਸਾ ਮਹਿਂ ਕਰੁਨਾ ਧਾਰਿ।
ਸੰਤਤਿ ਕੇਰ ਕਾਮਨਾ ਜਾਨੀ।
ਪ੍ਰੇਮ ਬਸੀ ਹੁਇ ਪੂਰਨ ਠਾਨੀ ॥੬॥
ਦੀਨ ਰਿਦੇ ਤਹਿ ਮੋਦ ਘਨੇਰਾ।
ਸਫਲ ਮਨੋਰਥ ਕਰਿ ਤਿਸ ਬੇਰਾ।
ਸਕਲ ਜਾਮਨੀ ਮਹਿਲ ਬਿਤਾਈ।
ਆਏ ਵਹਿਰ ਹੋਤਿ ਅਰੁਣਾਈ ॥੭॥
ਸੌਚ ਸ਼ਨਾਨ ਠਾਨਿ ਗੁਰ ਪੂਰੇ।

[1]ਵੀਰਵਾਰ।

ਬੈਠੇ ਦੇ ਦਰਸ਼ਨ ਮੁਖ ਰੂਰੇ।
ਭਈ ਸਗਰਭਾ ਦੂਜੀ ਵਾਰ।
ਸ਼੍ਰੀ ਜੀਤੋ ਮਨ ਅਨੰਦ ਉਦਾਰ ॥ ੮ ॥
ਜ਼ੋਰਾਵਰ ਸਿੰਘ ਸੁੰਦਰ ਸੋਹੇ।
ਖੇਲਤਿ ਬਿਚਰਤਿ ਪਗ ਬਲ ਹੋਹੇ।
ਜ਼ੇਵਰ ਜ਼ੇਬ ਜਵਾਹਰ ਜਰੇ।
ਦੌਰਤਿ ਅੰਗਨਿ ਨਾਦਤਿ ਖਰੇ[1] ॥ ੯ ॥ [1]ਚੰਗੀ ਤਰ੍ਹਾਂ ਸ਼ਬਦ ਕਰਦੇ ਹਨ (ਜ਼ੇਵਰ)।
ਦੁਤੀ ਅਜੀਤ ਸਿੰਘ ਬਿਚਰੰਤੇ।
ਦਾਸੀ ਦਾਸ ਸਾਥ ਰਖਿਯੰਤੇ।
ਮਿਲ ਦ੍ਵੈ ਭ੍ਰਾਤਾ ਖੇਲਤਿ ਕਬੈ।
ਸੁੰਦਰਤਾ ਸਰੀਰ ਮੈਂ ਸਬੈ ॥ ੧੦ ॥
ਪਿਖਹਿ ਸਗੰਤਾਂ ਹਰਖਹਿ ਬੰਦਹਿ।
ਸੁੰਦਰ ਸਤਿਗੁਰ ਬੰਸ ਬਿਲੰਦਹਿ।
ਜਹਿਂ ਕਹਿਂ ਦੇਸ਼ ਬਿਦੇਸ਼ਨਿ ਬਿਖੈ।
ਕਰਹਿਂ ਸਰਾਹਨ ਪੁਨ ਪੁਨ ਪਿਖੈਂ ॥ ੧੧ ॥
ਸ਼੍ਰੀ ਗੁਜਰੀ ਜੁਗ ਪੌਤ੍ਰ ਹਕਾਰੈ।
ਬਾਰਿ ਬਾਰਿ[1] ਕਰਿ ਪਾਸਿ ਬਿਠਾਰੈ। [1]ਬਲਿਹਾਰ ਬਲਿਹਾਰ ਹੋਕੇ।
ਬਸਨ ਬਿਭੂਖਨ ਅੰਗ ਸੁਧਾਰਹਿ।
ਹੇਰਿ ਹੇਰਿ ਕਰਿ ਆਨੰਦ ਧਾਰਹਿ ॥ ੧੨ ॥
ਨਿਜ ਹਾਥਨਿ ਅਚਵਾਇ ਅਹਾਰਾ।
ਕਰਹਿ ਸਪ੍ਰੇਮ ਪੌਤ੍ਰ ਪ੍ਰਤਿਪਾਰਾ।
ਦੋਨਹੁ ਬਿਚਰਤਿ ਕਬਿ ਚਲਿ ਆਵੈਂ।
ਸਾਥ ਅਦਾਬ ਪਿਤਹਿ[1] ਸਿਰ ਨਜਾਵੈਂ ॥ ੧੩ ॥ [1]ਅਦਬ ਨਾਲ ਪਿਤਾ ਜੀ ਨੂੰ।
ਨਿਕਟ ਬਿਠਾਇ ਕਹੈਂ ਗੁਰ ਪੂਰੇ।
'ਹੋਹਿਂ ਸ਼ਸਤ੍ਰ ਧਾਰੀ ਜੁਗ ਸੂਰੇ।
ਤੁਰਕ ਰਿਪੁਨ ਕੌ ਦੈ ਹੈਂ ਤ੍ਰਾਸਾ।
ਰਣ ਠਾਨਹਿਂ ਬਹੁ ਕਰਹਿਂ ਬਿਨਾਸ਼ਾ' ॥ ੧੪ ॥
ਇਸ ਪ੍ਰਕਾਰ ਜੁਗ ਸਾਹਿਬਜ਼ਾਦੇ।
ਬਧਹਿ ਸ਼ਰੀਰ ਹੋਹਿਂ ਅਹਿਲਾਦੇ।

ਸ੍ਰੀ ਕਲਗ਼ੀਧਰ ਸੈਨ ਸਮੇਤਾ।
ਚਢਹਿਂ ਅਖੇਰ ਬ੍ਰਿੱਤ ਕੇ ਹੇਤਾ ॥੧੫॥
ਬੇਮੁਖ ਹੋਹਿਂ ਲੂਟ ਤਿਹ ਲੇਹੀ।
ਰੱਛਹਿਂ, ਮਿਲਹਿ ਆਨਿ ਕਰਿ ਜੇਹੀ।
ਦੂਰ ਦੂਰ ਲੌਂ ਤੇਜ ਬਿਸਾਲਾ।
ਬਿਦਤ ਭਯੋ ਸਭਿ ਮਹਿ ਤਿਸ ਕਾਲਾ ॥੧੬॥
'ਭੀਮਚੰਦ ਕੀ ਕਰੀ ਸਹਾਇ।
ਅਲਫ ਖਾਨ ਕੋ ਦੀਨਿ ਭਜਾਇ।'
ਤਿਸ ਕੋ[1] ਤੁਰਕ ਬਿਚਾਰਤਿ ਰਹੇ।
ਲਰਨਿ ਗੁਰੂ ਸੰਗ ਕੋ ਚਿਤ ਚਹੇ ॥੧੭॥
ਮਹਾਂਬੀਰ ਬਰ ਜਾਨਹਿਂ ਮਨ ਮਹਿਂ।
ਦੇਤਿ ਨ ਅਰਨ[1] ਅਰਿਨਿ ਕੋ[2] ਰਨ ਮਹਿਂ।
ਹੁਤੋ ਦਿਲਾਵਰ ਖਾਨ ਪਠਾਨ।
ਪੰਚ ਹਜ਼ਾਰੀ ਮਨਸਬਵਾਨ[1] ॥੧੮॥
ਸੁਨਿ ਗੁਰ ਜਸੁ ਕੌ ਤਿਸਹਿ ਨ ਸਹਜੋ।
'ਪਠੌਂ ਬਾਹਿਨੀ ਮੈਂ' ਤਬਿ ਕਹਜੋ।
ਇਮ ਕਹਿ ਤਯਾਰੀ ਕੀਨਿ ਬਿਲੰਦ।
ਬਹੁ ਸਮੁਝਾਇ ਪਠਾਯੋ ਨੰਦ[1] ॥੧੯॥
'ਜਾਹੁ ਸੈਨ ਲੈ ਸੁਭਟ ਹਜ਼ਾਰ।
ਲਰਿ ਕਰਿ ਲੇਹੁ ਅਨੰਦਪੁਰਿ ਮਾਰਿ।
ਜੇ ਕਰਿ ਦੈਹੈਂ ਦਰਬ ਘਨੇਰੇ।
ਲੈ ਕਰਿ ਤਜਿ ਆਵਹੁ ਤਿਸ ਬੇਰੇ ॥੨੦॥
ਨਤੁ ਸੰਗ੍ਰਾਮ ਕੀਜੀਅਹਿ ਭਾਰੀ।'
ਸੁਨਿ ਪਿਤ ਤੇ ਹੋਯੋ ਤਬਿ ਤਯਾਰੀ।
ਗੁਲਕਾਂ ਗਨ ਬਰੂਦ ਬਰਤਾਈ।
ਬੀਨ ਬੀਨ ਜੋਧਾ ਸਮੁਦਾਈ ॥੨੧॥
ਦੁੰਦਭਿ ਕੋ ਬਜਾਇ ਤਬਿ ਚਾਲਾ।
ਮਗ ਅਨੰਦ ਪੁਰਿ ਕੇ ਪਗ ਘਾਲਾ।
-ਸਭਿ ਗਿਰਪਤਿ ਤੇ ਧਨ ਕੌ ਲੈਨਾ-।
ਆਦਿ ਦਿਲਾਵਰ ਖਾਂ ਬਡ ਸੈਨਾ[1] ॥੨੨॥

[1]ਤਿਸ (ਬਾਤ) ਨੂੰ।

[1]ਅੜਨ। [2]ਵੈਰੀ ਨੂੰ।

[1]ਔਹਦੇ ਵਾਲਾ।

[1]ਪੁੱਤ੍ਰ ਨੂੰ।

[1]ਦਿਲਾਵਰ ਦੀ ਵੱਡੀ ਸੈਨਾ ਆਦਿਕ ਨੇ ਅਨੰਦਪੁਰ ਦੇ

ਰਸਤੇ ਪੈਰ ਰੱਖੇ ਕਿ ਸਾਰਿਆਂ ਰਾਜਿਆਂ ਤੋਂ ਧਨ ਲੈਣਾ ਹੈ।

ਗੁਰ ਦਿਸ਼ਿ ਪਠ੍ਯੋ ਪੁੱਤ੍ਰ ਕੋ ਪਹਿਲੇ।
-ਇਤ ਤੇ ਜ਼ੋਰ ਸਰਬ ਕੌ ਲਹਿ ਲੇ[1]-।

[1]ਇਧਰੋਂ ਭਾਵ ਗੁਰੂ ਜੀ ਵਲੋਂ ਸਾਰਿਆਂ ਦੇ ਜ਼ੋਰ ਦਾ ਪਤਾ ਲਗ ਜਾਏਗਾ।

ਇਹ ਬਿਧਿ ਉਰ ਮਹਿਂ ਧਾਰਿ ਗੁਮਾਨੀ।
ਭੇਜ੍ਯੋ ਨੰਦਨ ਕਰਿ ਅਗੁਵਾਨੀ ॥੨੩॥
'ਜਾਇ ਅਨੰਦ ਪੁਰਿ ਨਿਸ ਮਹਿਂ ਲਰਿਈ।
ਸਭਿ ਇਕ ਬਾਰਿ ਹੇਲ ਕੋ ਕਰਿਈ।'
ਇਹ ਮਸਲਤ ਕਰਿ ਪੂਤ ਪਠਾਨ।
ਭਯੋ ਅਰੂਢਨਿ ਸੈਨ ਮਹਾਨ[1] ॥੨੪॥

[1]ਮਹਾਨ ਸੈਨਾ ਸਮੇਤ।

ਸਰਿਤਾ ਪਾਰ ਹੁਤੋ ਤਿਸ ਡੇਰਾ।
ਭਈ ਜਾਮਨੀ ਤਿਮਰ ਘਨੇਰਾ।
ਦ੍ਵੈਕ ਘਰੀ ਬੀਤੀ ਜਬਿ ਜਾਨੀ।
ਸ਼ੀਘ੍ਰ ਤਯਾਰ ਭੀ ਚਮੂੰ ਮਹਾਨੀ ॥੨੫॥
ਚਲਿ ਕਰਿ ਸਰਿਤਾ ਕੇ ਤਟ ਆਏ।
ਸੀਤ ਕਾਲ ਠਰਿਗੇ ਕਰ ਪਾਏ[1]।

[1]ਹੱਥ ਪੈਰ ਠਰ ਗਏ।

ਕੋ ਨਰ ਹੇਰਿ ਅਨੰਦ ਪੁਰਿ ਆਯੋ।
ਪਹੁੰਚ੍ਯੋ ਜਹਿਂ ਗੁਰ ਪੌਰ ਸੁਹਾਯੋ ॥੨੬॥
ਚਹੁੰ ਦਿਸ਼ਨਿ ਮਹਿਂ ਬਹੁ ਤਕਰਾਈ।
ਚੌਂਕੀ ਦੇਤਿ ਬੀਰ ਸਮੁਦਾਈ।
ਦ੍ਵਾਰਪਾਲ ਆਲਮ ਤਹਿਂ ਖਰ੍ਯੋ।
ਤਿਹ ਕੇ ਸੰਗ ਜਸੂਸ[1] ਉਚਰ੍ਯੋ ॥੨੭॥

[1]ਖੁਫੀਆ ਖਬਰ ਲਿਆਉਣ ਵਾਲੇ ਨੇ।

'ਕਹਾਂ ਪਰੇ ਹੋ ਸੁਪਤਿ ਸੁਖਾਰੇ?
ਆਯੋ ਤੁਰਕਨ ਦਲ ਬਲ ਭਾਰੇ।
ਸੁਧਿ ਹਜ਼ੂਰ ਕੌ ਦਿਹੁ ਇਸ ਕਾਲਾ।
ਬਨੈਂ ਸੁਚੇਤ ਸਮੈਂ ਨ ਬਿਸਾਲਾ[1]' ॥੨੮॥

[1]ਬਹੁਤ ਸਮਾਂ ਨਹੀਂ (ਹੁਣ)।

ਸੁਨਿ ਆਲਮ ਦਲ ਕੋ ਆਗਵਨੂ।
ਤੂਰਨ ਪ੍ਰਵਿਸ਼੍ਯੋ ਅੰਤਰ ਭਵਨੂ।
ਕਰੁਨਾ ਸਿੰਧੁ ਪ੍ਰਯੰਕ ਸੁਹਾਏ।
ਹੁਤੇ ਮਹਾਂ ਸੁਖ ਮੈਂ ਸੁਪਤਾਏ ॥੨੯॥
ਚਰਨ ਕਮਲ ਸੁੰਦਰ ਜੁਗ ਦਰਸੇ।
ਮਰਦਤਿ ਸਨੇ ਸਨੇ ਕਰ ਪਰਸੇ।
ਭਏ ਪ੍ਰਬੋਧਤਿ[1] ਅੰਗ ਹਿਲਾਏ।

[1]ਸਾਵਧਾਨ ਹੋਏ, ਜਾਗੇ।

ਬੂਝਯੋ 'ਕਵਨ ਚਰਨ ਕਰ ਲਾਏ?'
॥੩੦॥
ਹ੍ਵੈ ਠਾਂਢੋ ਕਰਿ ਜੋਰਿ ਅਲਾਯੋ।
'ਪ੍ਰਭੁ ਜੀ ਤੁਰਕਨ ਕੋ ਦਲ ਆਯੋ।
ਚਹਤਿ ਅਨੰਦਪੁਰਿ ਬਿਖੈ ਪ੍ਰਵੇਸ਼ਾ।
ਠਾਂਢੋ ਸਰਿਤਾ ਪਾਰ ਅਸ਼ੇਸ਼ਾ[1] ॥੩੧॥ [1]ਸਾਰਾ ਹੀ।
ਹੁਕਮ ਆਪਨੋ ਸੁਭਟਨ ਦੀਜੈ।
ਬਨਹਿਂ ਸੁਚੇਤ ਹੇਤ ਰਣ ਕੀਜੈ।'
ਸ਼੍ਰੀ ਮੁਖ ਤੇ ਤਤਛਿਨ ਫੁਰਮਾਯੋ।
'ਨਰ ਗਨ ਪਠਿ ਸਭਿ ਦੇਹੁ ਜਗਾਯੋ'
॥੩੨॥
ਸੁਨਿ ਕਰਿ ਆਲਮ ਤੂਰਨ ਧਰਿ ਕੈ।
ਚਮੂੰ ਬਿਲੰਦ ਜਗਾਵਨ ਕਰਿ ਕੈ।
ਬਾਜ ਉਠਯੋ ਰਣਜੀਤ ਨਗਾਰਾ।
ਪਰਯੋ ਸ਼ੋਰ ਪੁਰਿ ਮੈਂ ਤਬਿ ਭਾਰਾ ॥੩੩॥
ਨੰਦਚੰਦ ਤੇ ਆਦਿਕ ਜੋਧਾ।
ਤਤਛਿਨ ਸਾਜੀ ਹੁਇ ਧਰਿ ਕ੍ਰੋਧਾ[1]। [1]ਕ੍ਰੋਧ ਧਾਰ ਕੇ (ਫ਼ੌਜ) ਤਿਆਰ ਕਰ ਲਈ।
ਦਯਾਰਾਮ ਪ੍ਰੋਹਤ ਜੁਤਿ ਆਯੋ।
ਕਲਗ਼ੀਧਰ ਢਿਗ ਸੀਸ ਨਿਵਾਯੋ ॥੩੪॥
ਦੇਖਤਿ ਹੁਕਮ ਕੀਨਿ ਗੁਰ ਪੂਰੇ।
'ਗਮਹੁ ਅੱਗ੍ਰ ਲੈ ਕਰਿ ਸਭਿ ਸੂਰੇ।
ਮਾਰਹੁ ਦੁਸ਼ਟਨਿ ਸਮੁਖ ਤੁਫੰਗੇ।
ਤੀਨੋ ਤਹਾਂ ਭਾਨਜੇ ਸੰਗੇ' ॥੩੫॥
ਅਪਰ ਮੁਖੀ ਜੋਧਾ ਸਭਿ ਚਾਲੇ।
ਬਾਜੇ ਦੁੰਦਭਿ ਨਾਦ ਬਿਸਾਲੇ।
ਸ਼ਲਖੈਂ ਛੁਟੀ ਤੁਫੰਗਨ ਕੇਰੀ।
ਤੜਭੜ ਭੀ ਇਕ ਬਾਰ ਘਨੇਰੀ ॥੩੬॥
ਗਰਜੇ ਜੋਧਾ ਸ਼ਬਦ ਉਤੰਗਾ।
ਪਰਯੋ ਸ਼ੋਰ ਭਾਰੋ ਇਕ ਸੰਗਾ[1]। [1]ਇਕੱਠਾ ਹੀ।
ਨਿਕਸੇ ਵਹਿਰ ਨਗਰ ਤੇ ਤਬੈ।
ਸ਼ਲਖ ਤੁਫੰਗਨ ਕੀ ਕਰਿ ਸਬੈ ॥੩੭॥
ਸ਼੍ਰੀ ਪ੍ਰਭੁ ਮਾਨਵ ਅਪਰ ਪਠਾਯੋ।

ਸਕਲ ਬਾਹਿਨੀ ਕੌ ਸਮੁਝਾਯੋ।
-ਰੋਕਹੁ ਦੁਸ਼ਟਨ ਕੋ ਚਲਿ ਆਗਾ।
ਹਤੋ ਤੁਫੰਗ ਜੰਗ ਬਡ ਜਾਗਾ[1] ॥੩੮॥

[1]ਗੋਲੀਆਂ ਮਾਰੋ (ਤੇ) ਜੰਗ ਵਡੇ ਥਾਂ (ਤੇ ਮਚਾਓ) ਭਾਵ ਸ਼ਹਿਰੋਂ ਦੂਰ ਅਗੇ ਵਧਕੇ (ਅ) ਵਡਾ ਜੰਗ ਲੱਗਣ ਲੱਗਾ ਹੈ।

ਸੁਨਿ ਸੁਨਿ ਬੀਰ ਚੌਂਪ ਕਰਿ ਭਲੇ।
ਸਵਾਧਾਨ ਬਨਿ ਆਗੇ ਚਲੇ।
ਬਾਜੇ ਭੇਰਨਿ ਕੇ ਭੁੰਕਾਰਾ।
ਊਚੇ ਧੌਂਸਨਿ ਕੇ ਧੁੰਕਾਰਾ ॥੩੯॥
ਬੀਰ ਬ੍ਰਿੰਦ ਕੇ ਬੋਲ ਬਕਾਰਾ[1]।

[1]ਸੂਰਮਿਆਂ ਦਾ ਉਤਸਾਹ ਭਰਿਆ ਸ਼ੋਰ। [ਸੰਸ:, ਬੁਕਾਰ = ਸ਼ੇਰ ਦੀ ਗੱਜ]।

ਉਠੇ ਤੁਰੰਗਨਿ ਕੇ ਹਿਣਕਾਰਾ।
ਤੁਪਕ ਅਵਾਜ਼ ਉਠੇ ਇਕ ਵਾਰਾ।
ਉਠਯੋ ਨਾਦ ਸਰਿਤਾ ਕੋ ਪਾਰਾ ॥੪੦॥
ਇਕ ਤੌ ਸੀਤ ਕਾਲ ਬਡ ਪਾਰਾ[1]।

[1]ਪਾਲਾ।

ਭਏ ਪਿੰਗ ਸਮ ਥਿਰ ਜਲ ਪਾਰਾ[1]।

[1]ਜਲ ਦੇ ਪਾਰ ਖੜੇ (ਵੈਰੀ) ਪਿੰਗਲੇ ਵਾਂਗੂ ਹੋ ਰਹੇ ਹਨ।

ਹਾਥ ਪਾਵ ਜੜ੍ਹ ਸਮ ਹੁਇ ਗਏ।
ਸ਼ਸਤ੍ਰ ਉਠਾਇ ਸਕੇ ਨਹਿਂ ਲਏ[1] ॥੪੧॥

[1]ਸ਼ਸਤ੍ਰ ਚਾ ਕੇ ਹੱਥਾਂ ਵਿਚ ਫੜ ਨਹੀਂ ਸਕਦੇ।

ਦੁਤੀਏ ਗੁਰ ਦਲ ਕੌ ਬਡ ਸ਼ੋਰ।
ਏਕੈ ਬਾਰਿ ਭਯੋ ਬਡ ਜ਼ੋਰ[1]।

[1]ਬੜੇ ਜ਼ੋਰ ਦਾ।

ਹੁਇ ਭੈ ਭੀਤ ਜੀਤ ਨਹਿਂ ਜਾਨੀ।
-ਨਾਹਕ ਹੋਇ ਸਭਿਨਿ ਕੀ ਹਾਨੀ- ॥੪੨॥
ਖਾਨ ਦਿਲਾਵਰ ਸੁਤ ਕੇ ਪਾਸ।
ਅਸ ਮਸਲਤ ਬੋਲੇ ਧਰਿ ਤ੍ਰਾਸ।
'ਗੁਰ ਕੇ ਸੰਗ ਜੰਗ ਕੋ ਕਰਨੋ।
ਨਹਿਂ ਆਛੀ ਲਖਿ ਹੁਇ ਅਬਿ ਮਰਨੋ ॥੪੩॥
ਸੁੰਨ ਭਏ[1] ਤਨ ਪਾਰੇ[2] ਪਰੇ।

[1]ਸੁੰਨ ਹੋ ਗਏ। [2]ਪਾਲੇ।

ਸ਼ਸਤ੍ਰ ਨ ਉਠਹਿਂ ਉਚ ਕਰ ਕਰੇ[1]।

[1]ਹੱਥ ਉੱਚਾ ਕਰਕੇ ਸ਼ਸਤ੍ਰ ਨਹੀਂ ਫੜੇ ਜਾਂਦੇ।

ਸਰਿਤਾ ਬਿਖੈ ਬਰਹਿਂ ਜਿਸ ਕਾਲ।
ਬਿਨ ਹੀ ਮਾਰੇ ਹੁਇਂ ਭਟ ਕਾਲ[1] ॥੪੪॥

[1]ਮੂਰੇ ਮਰਨਗੇ।

ਕਯੋਂ ਨਾਹਕ ਦੇਤੇ ਹੋ ਪ੍ਰਾਨ।

ਉਤ ਤੇ ਪਹੁੰਚੀ ਸੈਨ ਮਹਾਨ।
ਜਿਸ ਮਹਿਂ ਊਚੀ ਪਰੀ ਪੁਕਾਰ।
ਕੋ ਜਾਨਹਿਂ ਹੁਇਂ ਕਿਤਿਕ ਹਜ਼ਾਰ
॥੪੫॥
ਛੀਨ ਲੇਹਿਂਗੇ ਲਯ ਹਥਿਯਾਰ।
ਕਰੋ ਸਮੁਖ ਸੋਂ ਲੈਹੈਂ ਮਾਰ।
ਤੁਝ ਕੋ ਭਾਖਹਿਂ[1] ਸਭਿ ਅਨਜਾਨ। [1]ਕਹਿਣਗੇ।
ਨਾਹਕ ਦਏ ਜਾਇ ਜਿਸ ਪ੍ਰਾਨ' ॥੪੬॥
ਮਿਲਿ ਖਾਨਨਿ ਸਮੁਝਾਵਨਿ ਕਰਜੋ।
ਲਖਿ ਗੁਰ ਬੀਰ ਬਲੀ ਉਰ ਡਰਜੋ।
ਰਹਜੋ ਠਟਕ ਤਬਿ ਨਦੀ ਕਿਨਾਰੇ।
ਨਹੀਂ ਪਾਵ[1] ਕੋ ਜਲ ਮਹਿਂ ਡਾਰੇ ॥੪੭॥ [1]ਪੈਰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਦਿਲਾਵਰ ਖਾਨ ਪੁੱਤਰ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤ੍ਵਾਰਿੰਸਤੀ ਅੰਸੂ ॥੪੬॥

## ੪੭. [ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਪੁੱਤ੍ਰ ਦਿਲਾਵਰ ਕੋ ਤਬੈ, ਬਨਿ ਕਾਤੁਰ ਭੈ ਭੀਤ।
ਗੁਰ ਪ੍ਰਤਾਪ ਦੀਰਘ ਲਖ੍ਯੋ, ਤਜੀ ਆਸ ਨਹਿਂ ਜੀਤ[1] ॥੧॥

[1]ਲੜਾਈ ਛਡ) ਦਿੱਤੀ (ਕਿ) ਜਿੱਤ ਦੀ ਆਸ ਨਹੀਂ ਹੈ। (ਅ) ਜਿੱਤ ਨਾ ਹੁੰਦੀ (ਦੇਖ ਕੇ) ਲੜਾਈ ਦੀ ਆਸ ਛਡ ਦਿੱਤੀ।

ਭੁਜੰਗ ਪ੍ਰਯਾਤ ਛੰਦ:

ਪਰ੍ਯੋ ਭੂਰ ਪਾਰੋ[1] ਸੁ ਪਿੰਗੰ[2] ਸਮਾਨੰ।
ਸੁਨ੍ਯੋਂ ਸ਼ੋਰ ਦੂਜੇ ਚਮੂੰ ਕੇ ਮਹਾਨੰ।
ਬਿਨਾ ਜੰਗ ਤੇ ਤ੍ਰਾਸ ਕੋ ਭੂਰ ਧਾਰੇ।
ਮਿਲੇ ਸੂਮ ਸੋਫੀ[1] ਸਿਪਾਹੀ ਡਰਾਰੇ ॥੨॥

[1]ਪਾਲਾ। [2]ਪਿੰਗਲੇ।

[1]ਅ੍ਰ. ਸ਼ੂਮ = ਭੈੜੇ ਸ਼ਗਨਾਂ ਵਾਲਾ। ਸੂਫੀ = ਪਸ਼ਮ ਪਹਿਨਣ ਵਾਲਾ। ਸੂਫੀ ਨਾਮ ਫਕੀਰ ਦਾ ਬੀ ਹੈ। ਪੰਜਾਬੀ ਦੇ ਮੁਹਾਵਰੇ ਵਿਚ ਸੂਮ = ਬਖੀਲ, ਕੰਜੂਸ ਨੂੰ ਕਹਿੰਦੇ ਹਨ ਤੇ ਸੋਫ਼ੀ = ਨਸ਼ਾ ਨਾ ਪੀਣ ਵਾਲੇ ਨੂੰ। ਸ਼ੂਮ ਸੋਫੀ ਇਕੱਠੇ ਪਦ ਦਾ ਭਾਵ ਹੈ ਬਦਸ਼ਗਨਾ ਤੇ ਕੰਜੂਸ ਕਿਉਂਕਿ ਦਾਰੂ ਪੀਣ ਵਾਲੇ ਸੂਫੀ ਨੂੰ ਆਪਣੇ ਵਿਚ ਕੰਟਕ ਤੇ ਬਦਸ਼ਗਨਾ ਸਮਝਦੇ ਹਨ ਤੇ ਸ਼ੂਮ ਨੇ ਵੀ ਪੀਣੀ ਨਹੀਂ ਕਿਉਂਕਿ ਫੇਰ ਪਿਆਉਣੀ ਪੈਂਦੀ ਹੈ ਤੇ ਪਿਆਉਂਣੀ ਨਹੀਂ ਕਿਉਂਕਿ ਪੈਸੇ ਖਰਚਣੇ ਪੈਂਦੇ ਹਨ। ਕਵੀ ਜੀ ਦਾ ਕਟਾਖਸ਼ ਇਹ ਹੈ:-ਸ਼ੂਮ = ਓਹ ਆਦਮੀ ਜੋ ਬੀਰਤਾ ਦੇ ਕੰਮਾਂ ਵਿਚ ਬਦਸ਼ਗਨਾ ਹੈ ਤੇ ਸੋਫੀ ਜੋ ਬੀਰਤਾ ਰੂਪੀ ਨਸ਼ੇ ਤੋਂ ਸੱਖਣਾ ਹੈ। (ਅ) ਦੂਜੇ ਵਾਸਤੇ ਤਾਂ ਖਰਚੇ ਕੁਛ ਨਾਂ ਤੇ ਆਪ ਬਨ ਠਨ ਕੇ ਰਹੇ ਇਹੋ ਜਿਹੇ ਆਦਮੀ ਲਈ ਬੀ ਮੁਹਾਵਰਾ ਹੈ ਕਿ ਇਹ ਤਾਂ ਸ਼ੂਮਸੋਫੀ ਹੈ।

ਬਿਨਾ ਸ਼ਸਤ੍ਰ ਝਾਰੇ ਭਏ ਏਣੁ[1] ਜੈਸੇ।
ਮਹਾਂ ਮੂੜ੍ਹ ਗੀਦੀ ਚਲੇ ਭਾਜਿ ਤੈਸੇ।
'ਗੁਰੂ ਜੰਗ ਬੀਚਂ ਜਬੈ ਆਪ ਆਵੈ।
ਕਹੋ ਕੌਨ ਜੋਧਾ[1] ਸੁ ਬੀਰੰ ਥਿਰਾਵੈ ॥੩॥

[1]ਹਿਰਨ। ਭਾਵ ਕਮਜ਼ੋਰ ਦਿਲ।

[1]ਜੁੱਧ ਕਰਨ ਵਾਲਾ।

ਪਰਾਜੈ ਕਰੈ[1] ਛੋਰਿ ਤੀਖੇ ਸੁ ਤੀਰੰ।'
ਇਮੰ ਬੋਲਤੇ ਜਾਤਿ ਭਾਜੇ ਸੁ ਬੀਰੰ।
ਯਥਾ ਸ਼ੇਰ ਸੁਤੋ ਉਠਹਿ ਜਾਗ ਸੋਈ।
ਕਰੀ[1] ਬ੍ਰਿੰਦ ਭਾਗੈਂ ਬਿਨਾ ਲਾਜ ਹੋਈ ॥੪॥

[1]ਹਰਾ ਦੇਂਦਾ ਹੈ, ਜਿਤ ਲੈਂਦਾ ਹੈ।

[1]ਹਾਥੀ।

ਦੋਹਰਾ:

ਚਲਤਿ[1] ਪੰਥ ਮੈਂ ਆਇਗੋ, ਬਰਵਾ ਗ੍ਰਾਮ ਸੁ ਨਾਮ।
ਕਰਿ ਮਸਲਤ ਲੂਟ੍ਯੋ ਤਬੈ, ਬਸਹਿਂ ਜਿਤਿਕ ਤਹਿਂ ਧਾਮ ॥੫॥

[1]ਪਠਾਣਾਂ ਨੂੰ) ਜਾਂਦਿਆਂ।

ਭੁਜੰਗ ਪ੍ਰਯਾਤ ਛੰਦ:

ਨਹੀਂ ਲੋਕ ਜਾਨੈ ਭਜੇ ਭੀਰੁ ਹ੍ਵੈ ਕੈ।

ਲੁਟਯੋ ਗ੍ਰਾਮ ਕੋ ਜੋਰ ਮੂਢੰ ਜਨੈਕੈ[1]।
ਗੁਰੂ ਊਪਰੇ ਓਜ ਲਾਗਯੋ ਨ ਕੋਈ।
ਬਲੰ ਹੀਨ ਜਾਨਯੋ ਲੁਟਯੋ ਗ੍ਰਾਮ ਸੋਈ[1] ॥੬॥

[1]ਮੂਰਖਾਂ ਨੇ ਜੋਰ ਜਣਾਕੇ।

[1]ਪਿੰਡ ਨੂੰ ਬਲਹੀਨ ਜਾਣਕੇ ਲੁੱਟਿਆ।

ਜਥਾ ਬਾਨੀਓ, ਮਾਸ ਕੋ ਨਾਂਹਿ ਖਾਵੈ।
ਚਹੈ ਸ੍ਵਾਦ ਕੌ, ਰੋਰ ਕੋ ਰਿੰਧ ਖਾਵੈ[1]।

[1]ਰੋੜਾਂ ਨੂੰ ਰਿੰਨ੍ਹ ਕੇ ਖਾਂਦਾ ਹੈ ਇਹ ਉਦਾਹਰਨ ਬਚਿੱਤ੍ਰ ਨਾਟਕ ਵਿਚੋਂ ਹੈ:-ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ।

ਤਥਾ ਮੂਢ ਕੀਨੀ, ਉਜਾਰਯੋ ਸੁ ਗ੍ਰਾਮੰ।
ਲਹਯੋ ਅੰਨ ਆਦਿਕ, ਜਿਤੀ ਸੌਜ ਧਾਮੰ ॥੭॥

ਜਥਾ ਮੱਤ ਹਾਥੀ, ਡਰੇ ਸ਼ੇਰ ਹੇਰੇ[1]।
ਮ੍ਰਿਗੀ ਔਰ ਪੈ, ਜ਼ੋਰ ਘਾਲੈ ਘਨੇਰੇ[1]।
ਦਰੈ ਪਾਇ ਸੰਗਾ[1], ਤਥਾ ਗ੍ਰਾਮ ਮਾਰਾ।
ਗੁਰੂ ਸਾਵਧਾਨੀ, ਪਿਖੀ[1] ਤ੍ਰਾਸ ਧਾਰਾ ॥੮॥

[1]ਸ਼ੇਰ ਵੇਖਕੇ ਡਰਿਆ ਹੋਇਆ।

[1]ਬਹੁਤ ਜ਼ੋਰ ਪਾਂਵਦਾ ਹੈ (ਹਾਥੀ)।

[1]ਪੈਰਾਂ ਨਾਲ ਦਲਣਾ ਕਰੇ (ਹਾਥੀ)।

[1]ਸ੍ਰੀ ਗੁਰੂ ਜੀ ਦੀ ਸਾਵਧਾਨਤਾ ਦੇਖਕੇ।

ਨਰਾਜ ਛੰਦ:

ਭਲਾਨ[1] ਆਨ ਗ੍ਰਾਮ ਕੋ, ਬਿਲੋਕਿ ਡੇਰ ਕੀਨਿਓ।
ਗੁਰੂ ਗੁਬਿੰਦ ਸਿੰਘ ਕੀ, ਨ ਓਰ ਡੀਠ ਦੀਨਿਓਂ।
ਕ੍ਰਿਪਾ ਨਿਕੇਤ ਕੀ ਕ੍ਰਿਪਾ†, ਕ੍ਰਿਪਾਨ ਕੇਤੁ ਜਾਂਹਿ ਕੇ[1]।
ਕਹੋ ਸੁ ਕੌਨ ਦੂਸਰੋ, ਬਿਗਾਰ ਕਾਜ ਤਾਂਹਿ ਕੇ ॥੯॥

[1]ਨਾਮ ਪਿੰਡ ਦਾ।

[1]ਜਿਸ ਦੇ ਝੰਡੇ ਵਿਚ ਕ੍ਰਿਪਾਨ (ਦਾ ਚਿੰਨ੍ਹ) ਹੈ ਉਸ (ਕਲਗੀਧਰ ਪਰ) (ਕ੍ਰਿਪਾ ਦੇ ਨਿਕੇਤ =) ਕ੍ਰਿਪਾ ਦੇ ਘਰ ਵਾਹਿਗੁਰੂ ਦੀ ਕ੍ਰਿਪਾ ਹੈ। (ਅ) ਕ੍ਰਿਪਾਨ ਕੇਤੁ = ਅਸਿਧੁਜ ਭਾਵ) ਅਕਾਲ ਪੁਰਖ ਜੋ (ਕ੍ਰਿਪਾ ਨਿਕੇਤ =) ਕ੍ਰਿਪਾ ਦਾ ਘਰ ਹੈ ਉਸ ਦੀ ਕ੍ਰਿਪਾ ਜਿਸ ਦੇ ਉੱਤੇ ਹੈ।
†ਪਾ:-ਕ੍ਰਿਪਾ ਨਿਕੇਤ ਗੋਪਤਾ।

ਭਲਾਨ ਗ੍ਰਾਮ ਮੈਂ ਮੁਕਾਮ, ਏਕ ਦੋਇ ਕੀਨਿਯਾਂ।
ਪਲਾਇ ਫੇਰ ਮੂਢ ਗੇ, ਸੁ ਧੀਰ ਛੋਰਿ ਦੀਨਿਯਾਂ।
ਪਿਤਾ ਸਮੀਪ ਜਾਇ ਕੈ, ਨਿਵਾਇ ਸੀਸ

ਬੈਠਿਓ।
ਨ ਬਾਕ ਆਇ ਤੁੰਡ ਤੇ, ਸਲਾਜ ਧਾਮ ਪੈਠਿਓ[1] ॥੧੦॥

[1]ਸਹਿਤ ਲੱਜਿਆ ਦੇ ਘਰ ਵਿਚ ਵੜਿਆ।

ਸਭਾ ਮਝਾਰ ਖਾਨ ਕੀ, ਜਬੈ ਨ ਬੈਨ ਪ੍ਰਾਹਿ ਕੋ[1]।

[1]ਕਹਿਆ ਕੋਈ।

ਗੁਲਾਮ ਧਾਮ ਤੌਨ ਕੋਂ, ਹੁਸੈਨ ਨਾਮ ਤਾਂਹਿ ਕੋ[1]।

[1]ਤਿਸ ਦੇ ਘਰ ਦਾ ਨੌਕਰ ਹੁਸੈਨ ਨਾਮ ਸੀ ਤਿਸ ਦਾ।

ਦਿਲਾਵਰੰ ਪਠਾਨ ਪਾਸ, ਓਜ ਆਪ ਤੋਲਿਓ।
ਹੰਕਾਰ ਧਾਰਿ ਭੂਰ ਕੋ[1], ਗ਼ਰੂਰ ਸੰਗ ਬੋਲਿਓ ॥੧੧॥

[1]ਬਹੁਤੇ ਹੰਕਾਰ ਨੂੰ ਧਾਰਕੇ।

'ਗੁਰੂ ਗੁਬਿੰਦ ਸਿੰਘ ਪੈ, ਪੁਰੇ ਅਨੰਦ ਜਾਇ ਹੌਂ।
ਬਰੌਂ[1] ਸੁ ਦੂਣ ਤਾਂਹਿ, ਮਾਰਿ ਦੂਨ ਦ੍ਰਬ[2] ਲਜਾਇ ਹੌਂ।

[1]ਪ੍ਰਵੇਸ਼ ਕਰਕੇ। [2]ਦੁਗਣਾ ਧਨ।

ਕਰੌਂ ਸੁ ਜੀਤ ਜ਼ੇਰ[1] ਮੈਂ, ਬਿਲੰਦ ਦੰਡ ਦੇਇ ਹੈ[2]।

[1]ਜਿੱਤ ਕੇ ਅਧੀਨ ਕਰਾਂਗਾ। [2]ਬਹੁਤ ਦੰਡ (ਦਾ ਧਨ) ਦੇਵੇਗਾ।

ਨਹੀਂ ਤ ਲੋਹ ਕ੍ਰੋਹ ਕੋ, ਸੁ ਸੀਸ ਆਪ ਲੇਇ ਹੈ[1] ॥੧੨॥

[1]ਲੋਹ (= ਸ਼ਸਤ੍ਰਾਂ) ਦਾ ਕ੍ਰੋਧ ਆਪਣੇ ਸਿਰ ਤੇ ਲਵੇਗਾ।

ਸੁ ਦੇਇ ਮੋਹਿ ਆਗਿਆ, ਸਮੇਤ ਬ੍ਰਿੰਦ ਬਾਹਿਨੀ।
ਸਿਧਾਇ ਸ਼ੀਘ੍ਰ ਜੀਤ ਹੌਂ, ਫਰੰਕ ਬਾਹਿ ਦਾਹਣੀ[1]।'

[1]ਫਰਕਦੀ ਹੈ ਭੁਜਾ ਸੱਜੀ (ਮੇਰੀ)।

ਦਿਲਾਵਰਾ ਪਠਾਨ, 'ਸਾਧ ਸਾਧ' ਤਾਂਹਿ ਭਾਖਿਯੋ।
ਉਛਾਹਿ ਕੋ ਬਿਸਾਲ ਧਾਰਿ, ਜੰਗ ਕੋ ਭਿਲਾਖਯੋ ॥੧੩॥
ਸਮੂਹ ਸੈਨ ਤਜਾਰ, ਦ੍ਵੈ ਹਜ਼ਾਰ ਸੰਗ ਦੀਨਿਯਾਂ।
ਬਰੂਦ ਬ੍ਰਿੰਦ ਗੋਰੀਯਾਂ, ਖਤੰਗ, ਚਾਂਪ ਚੀਨਿਯਾਂ[1]।

[1]ਧਨੁਖ ਦੇਖੇ। (ਅ) ਚੀਨੀ ਧਨੁਖ।

ਗ਼ਰੂਰ ਭੂਰ ਸੂਰਮਾਨ, ਬੀਨ ਬੀਨ

ਲੀਨਿਯੋਂ।
ਤੁਰੰਗ ਜ਼ੀਨ ਤੰਗ ਐਂਚਿ, ਐਂਚਿ[1] ਤਜਾਰ ਕੀਨਿਯੋ ॥੧੪॥

[1]ਖਿੱਚ ਖਿੱਚ ਕੇ।

ਅਰੂਢ ਹ੍ਵੈ ਬਜਾਇ, ਦੁੰਦਭਾਨ ਬ੍ਰਿੰਦ ਚਾਲਿਯੋ।
ਪੁਰੇ ਅਨੰਦ ਸ਼੍ਰੀ ਗੁਰੂ, ਅਨੰਦ ਮੈਂ ਬਿਸ਼ਾਲਯੋ[1]।

[1]ਬੜੇ ਅਨੰਦ ਵਿਚ (ਹਨ)।

ਜਬੈ ਪਠਾਨ ਪੂਤ ਸ੍ਰੂਯ[1], ਸ਼ੋਰ ਕੋ ਮਹਾਨਯੋ।

[1]ਸੁਣਿਆਂ।

ਅਧੀਨ ਹੋਇ ਭੀਰੁ ਭੇ, ਭਲਾਨ ਕੌ ਪਲਾਨਯੋਂ ॥੧੫॥
ਬਿਲੋਕਿ ਦੂਰ ਦੂਰ ਲੌ, ਦਿਵਾਨ ਨੰਦ ਚੰਦ ਹੀ।
ਥਿਰੇ ਲਰੰਨ ਹੇਤੁ ਸੋ, ਲਏ ਚਮੂੰ ਬਿਲੰਦ ਹੀ।
ਉਡੀਕ ਕੀਨਿ ਸ਼ੱਤ੍ਰੁ ਕੀ, ਬਚਿੱਤ੍ਰ[1] ਜੰਗ ਦੇਨ ਕੋ।

[1]ਸੁਹਣਾ।

ਪਰਾ[1] ਬਨਾਇ ਸੈਨ ਕੋ, ਅਗਾਊ ਆਇ ਲੈਨ ਕੋ ॥੧੬॥

[1]ਸਫ ਬੰਨ੍ਹ ਕੇ।

ਸੁਨਯੋ ਜਬੈ ਪਲਾਇਗੋ, ਬਿਜੈ ਲਈ ਮਹਾਨ ਕੋ।
ਅਨੰਦ ਹ੍ਵੈ ਸੁ ਜੀਤ ਕੋ, ਬਜਾਇ ਕੈ ਨਿਸ਼ਾਨ[1] ਕੋ।

[1]ਧੌਂਸੇ।

ਤੁਫੰਗ ਬ੍ਰਿੰਦ ਛੋਰਿਯਾਂ, ਅਵਾਜ਼ ਦੂਰ ਦੂਰ ਮੇਂ।
ਗ਼ਰੂਰ ਭੂਰ ਪੂਰ ਕੈ, ਗਰੂਰ† ਨੂਰ ਸੂਰਮੇ[1] ॥੧੭॥

[1]ਭਾਰੇ (ਗ਼ਰੂਰ =) ਹੰਕਾਰ ਵਿਚ ਭਰੇ ਜਾ ਕੇ ਰਣ ਦੇ ਵਡੇ ਬਲਵਾਨ ਸੂਰਮੇ [ਅ. ਗ਼ਰੂਰ = ਹੰਕਾਰ। ਹਿੰ: ਗ਼ਰੂਰ ਨੂਰ = ਗੁਰੁ+ਗਨ+ਉਰ। ਗੁਰੁ = ਭਾਰੇ। ਰਨ = ਮੈਦਾਨ ਜੰਗ। ਉਰ = ਉਰਜ = ਬਲ]। (ਅ) ਵਡੇ ਹੰਕਾਰ ਵਿਚ ਭਰਕੇ ਵਡੇ ਚਮਕਾਰ ਵਾਲੇ ਸੂਰਮੇ। (ੲ) ਵਡੇ ਹੰਕਾਰ ਨਾਲ ਭਰਕੇ ਹੰਕਾਰ ਦੇ ਨੂਰ ਨਾਲ (ਚਮਕਦੇ) ਸੂਰੇ।
†ਪਾ:-ਕਰੂਰ।

ਸਮਾਜ ਪੁੰਜ ਗਾਮ ਕੈ[1], ਪੁਰੇ ਅਨੰਦ ਕੋ ਮੁਰੇ।

[1]ਸਮੂਹ ਸੂਰਮਿਆਂ ਦਾ ਸਮਾਜ ਗੱਜ ਕੇ।

ਧਰੇ ਅਨੰਦ ਕੋ ਸਬੈ, ਜੈਕਾਰ ਦੀਹ ਕੋ

ਕਰੇਂ।
ਪ੍ਰਵੇਸ਼ ਹ੍ਵੈ ਅਸ਼ੇਸ਼ ਹੀ, ਵਿਸ਼ੇਸ਼ ਜੀਤ ਪਾਇ ਕੈ।
ਤੁਰੰਗ ਆਪ ਆਪਨੇ, ਸੁ ਥਾਨ ਮੈਂ ਟਿਕਾਇ ਕੈ ॥੧੮॥
ਰਹੀ ਸੁ ਜਾਮ ਜਾਮਨੀ, ਕ੍ਰਿਪਾ ਨਿਕੇਤ[1] ਜਾਨਿ ਕੈ।
ਤਬੈ ਸੁ ਤਜਾਗਿ ਨੀਂਦ ਕੌ, ਸ਼ਨਾਨ ਸੌਚ ਠਾਨਿ ਕੈ।
ਧਰੇ ਸ਼ਰੀਰ ਚੀਰ ਕੋ, ਸੁ ਬੀਰ ਦੇਹਿ ਧੀਰਜੰ।
ਸਜਾਇ ਆਯੁਧਾਨ ਕੌ, ਬਿਸਾਲ ਜਾਂਹਿ ਬੀਰਜੰ[1] ॥੧੯॥
ਪ੍ਰਤੀਖਤੰ ਨਿਜੰ ਦਲੰ, ਬਲੰ ਬਿਲੰਦ ਜੰਗ ਕੋ[1]।
ਪ੍ਰਭਾਤਿ ਲੌ ਪ੍ਰਭੂ ਥਿਰੇ, ਨ ਜਾਨ ਕੌਨ ਢੰਗ ਕੋ[1]।
ਅਰੁਢਿ ਮਾਰਤੰਡ[1] ਤੇ, ਪ੍ਰਚੰਡ ਸੂਰ[2] ਆਇ ਕੈ।
ਅਨੰਦ[1] ਨੰਦ ਚੰਦ ਆਦਿ, ਬੰਦਨਾ ਸੁ ਗਾਇ ਕੈ ॥੨੦॥
ਸੁਨਾਇੰ ਜੰਗ ਬਾਰਤਾ, 'ਉਡੀਕ ਸ਼ੱਤ੍ਰੁ ਕੀਨਿਯਾ।
ਭਯੋ ਨ ਆਇ ਸਾਮੁਹੇ, ਬਿਸਾਲ ਤ੍ਰਾਸ ਭੀਨਿਯਾ।
ਪ੍ਰਤਾਪੁ ਦੀਹ ਆਪ ਕੋ, ਸਕੈ ਨ ਆਇ ਤੀਰ ਕੋ।
ਪ੍ਰਸਿੱਧ ਦੇਸ਼ ਬ੍ਰਿੰਦ ਮੈਂ, ਸਹੈ ਸੁ ਕੌਨ ਤੀਰ ਕੋ ॥੨੧॥

[1]ਭਾਵ ਸ੍ਰੀ ਕਲਗ਼ੀਧਰ ਜੀ।

[1]ਜਿਸਦਾ ਮਹਾਂ ਬਲ ਹੈ।

[1]ਉਡੀਕਦੇ ਹਨ ਆਪਣੇ ਦਲ ਨੂੰ ਜਿਸਦਾ ਬਲ ਜੰਗ ਲਈ ਬਹੁਤ ਵਡਾ ਹੈ।

[1]ਸਵੇਰ ਤਾਈਂ ਖੜੇ ਰਹੇ (ਯਾ ਟਿਕੇ ਰਹੇ) ਕੋਈ ਨਹੀਂ ਜਾਣਦਾ ਜੋ ਕਿਸ ਲਈ (ਖੜੇ ਹਨ), ਕਵੀ ਜੀ ਦੱਸਦੇ ਹਨ ਕਿ ਕਿਸੇ ਨੂੰ ਪਤਾ ਨਹੀਂ ਲਗਾ ਕਿ ਸ਼ਸਤ੍ਰ ਧਾਰਕੇ ਪਹਿਰ ਭਰ ਕਿਉਂ (ਖੜੇ) ਰਹੇ, ਹੁਣ ਸਮਝ ਸੱਕਣਾ ਤਾਂ ਖਰਾ ਕਠਨ ਹੈ। ਖਿਆਲ ਹੋ ਸਕਦਾ ਹੈ ਕਿ ਆਤਮ ਬਲ ਆਪਣੀ ਸੈਨਾ ਵਿਚ ਧਿਆਨ ਨਾਲ ਭਰਦੇ ਰਹੇ ਹਨ।

[1]ਸੂਰਜ ਚੜ੍ਹੇ ਤੇ। [2]ਤੇਜ ਵਾਲੇ ਸੂਰਮੇ।

[1]ਅਨੰਦ ਸਮੇਤ।

ਨਦੀ ਕਿਨਾਰ ਪਾਰ ਕੋ, ਨ ਪਾਇ ਨੀਰ ਬੋਰਿਓ[1]।
ਅਧੀਰ ਭੀਰੁ ਭੂਰ ਹ੍ਵੈ, ਉਛਾਹਿ ਜੁੱਧ ਛੋਰਜੋ।'

[1]ਨਦੀ ਦੇ ਪਾਰਲੇ ਕਿਨਾਰੇ ਤੇ (ਰਿਹਾ) ਉਸ ਨੇ ਜਲ ਵਿਚ ਪੈਰ ਬੀ ਨਾ ਡੋਬਿਆ।

ਕ੍ਰਿਪਾ ਨਿਧਾਨ ਸ੍ਰਯ[1] ਕਾਨ, ਬੈਨ ਕੋ ਬਖਾਨਿਓ।
'ਸਹਾਇ ਸ੍ਰੀ ਅਕਾਲ ਕੀ, ਬਿਸ਼ਾਲ ਤੇ[1] ਪਲਾਨਿਓ[†] ॥੨੨॥

[1]ਸੁਣ ਕੇ।

[1]ਭਾਰੀ ਸਹਾਇਤਾ ਨਾਲ। [†]ਕਿੰਨਾਂ ਨਿੰਮ੍ਰਤਾ ਭਰਿਆ ਭਰੋਸਾ ਸਿਖਾ ਰਹੇ ਹਨ।

ਮਹਾਨ ਮਾਨ ਹਾਨਿਯੇ[1], ਕ੍ਰਿਪਾਨ ਬਾਨ ਸੰਗ ਹੀ।
ਬਹੋਰ ਸ਼ੱਤ੍ਰ ਆਇ ਹੈਂ[1], ਮਚਾਇ ਦਾਇ ਜੰਗ ਹੀ[2]।
ਸਮੇਤ ਬ੍ਰਿੰਦ ਸੈਨ, ਸਾਵਧਾਨ ਹੀ ਰਹੀਜਿਯੇ।
ਤੁਰੰਗ ਆਯੁਧਾਨ ਕੋ, ਭਟਾਨ ਬਾਂਟ ਦੀਜਿਯੇ' ॥੨੩॥

[1]ਹੰਕਾਰ ਨੂੰ ਨਾਸ਼ ਕਰਨਾ।

[1]ਫੇਰ ਵੈਰੀ ਔਣਗੇ। [2]ਜੰਗ ਦਾ ਦਾਉ ਲਗਾ ਕੇ।

ਪੁਰੇ ਅਨੰਦ ਮੈਂ ਅਨੰਦ, ਯੌਂ ਬਿਲੰਦ ਹੋਇਓ।
ਦਿਵਾਨ ਮੈਂ ਦਿਵਾਨ ਸਾਥ[1], ਯੌਂ ਪ੍ਰਭੂ ਪ੍ਰਭੋਇਓ[2]।
ਉਤੈ ਪਠਾਨ ਕੋ ਗੁਲਾਮ, ਜ਼ੋਰ ਸੈਨ ਆਇਓ[1]।
ਹੁਸੈਨ ਨਾਮ ਜਾਸ ਕੌ, ਪ੍ਰਤਾਪ ਕੋ ਜਨਾਇਓ ॥੨੪॥

[1]ਸਭਾ ਵਿਚ ਦਿਵਾਨ ਨੰਦ ਚੰਦ ਨਾਲ। [2]ਕਹਿਆ।

[1]ਭਾਵ ਦਿਲਾਵਰਖਾਨ ਪਠਾਣ ਦਾ ਨੌਕਰ ਜੋੜ ਕੇ ਸੈਨਾ ਆ ਰਿਹਾ ਹੈ।

ਪੁਰਾ ਪਯਾਨਿ[1] ਆਨਿ ਕੈ, ਅਵਾਨ ਗ੍ਰਾਮ[2] ਲੁਟਿਓ।
ਭਯੋ ਜੁ ਕੋਇ ਸਾਮੁਹੇ, ਸੁ ਠਾਨਿ ਜੰਗ ਕੁਟਿਓ।
ਸਮਾਜ ਗ੍ਰਾਮ ਧਾਮ ਕੋ[1], ਸੁ ਛੀਨ ਛੀਨ ਲੀਨਿਓ।
ਜਨਾਇ ਜ਼ੋਰ ਆਪਨੋ, ਹੰਕਾਰ ਪੀਨ ਕੀਨਿਓ ॥੨੫॥

[1]ਪਹਿਲਾਂ ਚਲ ਕੇ। [2]ਨਾਮ ਹੈ ਪਿੰਡ ਦਾ।

[1]ਪਿੰਡ ਦੇ ਘਰਾਂ ਦਾ।

ਬਹੋਰ ਡੱਢਵਾਰਿਯਾ[1], ਸੰਗ੍ਰਾਮ ਘਾਲਿ[2] ਜੀਤਿਓ।

[1]ਫਿਰ ਡਢਵਾਲੀਏ ਨੂੰ। [2]ਕਰ ਕੇ।

ਸੁ ਦੰਡ ਲੀਨ ਦਰਬ ਕੋ, ਕੁਨੀਤਿ ਮੈਂ ਪ੍ਰਤੀਤਯੋ[1]।

[1]ਕੁਨੀਤੀ ਵਿਚ ਭਰੋਸੇ ਵਾਲਾ ਹੋਇਆ (ਹੁਸੈਨੀ) ਭਾਵ ਜ਼ੁਲਮ ਕਰਨ ਲੱਗਾ।

ਕਿਤੇ ਕ ਸੈਲ ਰਾਜ, ਮੇਲ ਹੇਤੁ ਪਾਸ ਆਵਹੀਂ।
ਸਮੂਹ ਤੇ ਸੁ ਲੇਤਿ, ਦਾਮ[1] ਦੰਡ ਕੋ ਚੁਕਾਵਹੀ ॥੨੬॥

[1]ਦਮੜੇ, ਰੁਪੱਯੇ।

ਕਿਤੇਕ ਸੈਲਪਾਲ ਕੇ, ਸੁ ਨੰਦ ਬੰਦ ਮੈਂ ਕਿਯੋ[1]।

[1]ਪਹਾੜੀ ਰਾਜਿਆਂ ਦੇ ਪੁੱਤ੍ਰ ਕੈਦ ਕੀਤੇ।

'ਬਿਲੰਦ ਦਰਬ ਦੇਹਿੰਗੇ, ਤੇ ਛੋਰਿਹੈਂ' ਸੁਨੈ ਦਿਏ।
ਕਟੋਚੀਆ ਕ੍ਰਿਪਾਲ, ਭੀਮਚੰਦ ਕੋ ਕਲੁਰਿਯਾ।
ਮਿਲੇ ਅਕੋਰ ਦੇਇ ਦੇਇ, ਹੇਰਿ ਓਜ ਪੂਰਿਯਾ[1]† ॥੨੭॥

[1]ਪੂਰਾ ਬਲ ਵਾਲਾ ਦੇਖਕੇ। †ਪਾ:-ਹੇਰਿਯੋ ਸੁ ਘੂਰਿਆ।

ਬਿਸਾਲ ਦੂਨ ਮੈਂ ਪ੍ਰਵੇਸ਼, ਲੂਟ ਲੂਟ ਲੀਨਿਓਂ।
ਸਤ੍ਰਾਸ ਭੀਰ ਭੂਰ ਹ੍ਵੈ, ਕਿਸੂ ਨ ਜੰਗ ਕੀਨਿਓਂ।
ਮਹਾਨ ਅੰਨ ਛੀਨ ਛੀਨ, ਸੈਨ ਬਾਂਟ ਦੀਨਿਯੰ।
ਰਿਦੇ ਗੁਰੂ ਪੁਰੇਨ ਕੌ[1], ਪ੍ਰਭਾਵ ਨਾਂਹਿ ਚੀਨਿਯੰ ॥੨੮॥

[1]ਪੂਰਨ ਗੁਰੂ ਦਾ।

ਕਰੰਤਿ ਕਾਜ ਖੋਟ ਕੌ, ਬਿਚਾਰ ਕੌ ਨ ਠਾਨਿਯੰ।
ਬਿਸਾਲ ਮੂਢ ਆਤਮਾ, ਗ਼ੁਲਾਮ ਬੁੱਧਿਵਾਨਯੰ[1]।

[1]ਗੁਲਾਮਾਂ ਵਾਲੀ ਬੁੱਧੀ ਰੱਖਣ ਵਾਲਾ। (ਖੋਟੇ ਕਾਜ ਕਰਨ ਵਿਚ)।

ਨਿਵੇਸ ਘਾਲਿ ਦੂਨ ਮੈਂ, ਜਨਾਇ ਜੋਰ ਆਪਨੋ।
ਖਸੋਟ ਲੇਤਿ ਕਾਂਹੁ ਕੌ, ਮਹਾਨ ਦੇਤਿ ਤਾਪਨੋ[1] ॥੨੯॥

[1]ਸਜ਼ਾ।

ਬਿਨਾਇ ਦ੍ਵੈਸ਼ ਕੇਤਨੰ†, ਕਰੰਤਿ ਓਤਪਾਤਿ ਕੌ[1]।

[1]ਬਿਨਾਂ ਦ੍ਵੈਸ਼ ਕਰਨ ਦੇ ਬੀ ਕਿੰਨਿਆਂ ਨਾਲ ਉਪੱਦ੍ਰਵ ਕੀਤੇ। †ਪਾ:-'ਬਿਹਾਇ ਦਜ਼ੋਸ ਕੇਤਨੈ' ਅਤੇ 'ਬਿਤਾਇ ਦਜ਼ੋਸ ਕੇਤਨੈ' ਬੀ ਦੋ ਪਾਠਾਂਤ੍ਰ ਹੋਰ ਦੱਸੀਦੇ ਹਨ। ਛਾਪੇ ਵਿਚ ਪਾਠ ਹੈ:- ਬਿਜਾਇ ਦ੍ਵੈਸ਼ ਕੇਤਨੇ।

ਸਤ੍ਰਾਸ ਹੋਇ ਦੂਣ ਮੈਂ, ਨ ਕੋਪ ਧਾਰਿ ਘਾਤ ਕੌ[1]।

[1]ਕਿਸੇ (ਪਹਾੜੀਏ) ਨੂੰ (ਉਨ੍ਹਾਂ ਨੂੰ) ਮਾਰਨ ਲਈ ਕ੍ਰੋਧ ਨਾ ਆਇਆ।

ਮਿਲੈਂ ਅਨੇਕ ਆਨਿ ਕੈ, ਅਕੋਰ ਹਾਥ ਜੋਰਿ ਕੈ।

ਕਿਤੇਕ ਭਾਜਿ ਜਾਤਿ ਹੈਂ, ਕਿਤੇਕ ਲੈਂ ਨਿਹੋਰਿ ਕੈ[1] ॥੩੦॥

[1]ਕਿੰਨੇ ਕੁ ਬੇਨਤੀ ਕਰਕੇ (ਭੇਟਾ) ਲੈਕੇ (ਮਿਲਦੇ ਹਨ)।

ਦੋਹਰਾ:

ਇਸ ਪ੍ਰਕਾਰ ਸਭਿ ਦੂਣ ਮਹਿਂ,
ਘਾਲਜੋ ਜੋਰ ਸੁਜੋਰ[1]।

[1]ਭਾਵ ਬਹੁਤਾ ਜ਼ੋਰ। (ਅ) (ਹੋਰਨਾਂ ਨੂੰ ਨਾਲ) ਜੋੜਕੇ ਜ਼ੋਰ ਪਾਇਆ।

ਅਭਿਲਾਖਤਿ ਮੂਰਖ ਰਿਦੇ,
-ਚਲੌਂ ਅਨੰਦਪੁਰਿ ਓਰ- ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹੁਸੈਨੀ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

## ੪੮. [ਗੁਪਾਲ ਤੇ ਹੁਸੈਨੀ ਦੀ ਸੁਲਹ ਲਈ ਸੰਗਤੀਆ ਸਿੰਘ ਆਇਆ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਭੂਪ ਕ੍ਰਿਪਾਲ ਕਟੋਚੀਆ, ਭੀਮਚੰਦ ਤੇ ਆਦਿ।
ਮਿਲੇ ਸੁ ਰਾਖਹਿਂ ਨਿਕਟ ਤਿਸ, ਕਹਿ ਸਾਦਰ ਸੰਬਾਦ[1] ॥੧॥

[1]ਜੋ ਮੇਲ ਕਰਦਾ ਹੈ ਉਸ ਨੂੰ ਆਦਰ ਨਾਲ ਪਾਸ ਰੱਖਦੇ ਹਨ ਤੇ ਦੱਸਦੇ ਹਨ (ਗੁਰੂ ਜੀ ਨਾਲ) ਝਗੜੇ ਦੀ ਗਲ। (ਅ) ਮਿਲੇ ਹਨ (ਹੁਸੈਨੀ ਨਾਲ) (ਜੋ ਉਨ੍ਹਾਂ ਨੂੰ ਆਦਰ ਨਾਲ ਕੋਲ ਰੱਖਦਾ ਹੈ ਉਸ ਨੂੰ (ਉਹ ਰਾਜੇ ਗੁਰੂ ਜੀ ਨਾਲ) ਝਗੜੇ ਦੀ ਗਲ ਕਹਿੰਦੇ ਹਨ।

ਚੌਪਈ:

ਇਕਠੀ ਸੈਨ ਕਰਿਤ ਸਮੁਦਾਯਾ।
ਚਹੈ ਅਨੰਦ ਪੁਰਿ ਗੁਰੂ ਢਿਗ ਆਯਾ।
-ਸੰਘਰ ਘਾਲ[1] ਘਨੋ ਘਮਸਾਨਾ। [1]ਜੰਗ ਕਰਾਂਗਾ ਵਡੇ ਘਮਸਾਨ ਦਾ। (ਅ) ਘੇਰਾ ਪਾਕੇ ਘਮਸਾਨ ਕਰਾਂਗਾ।
ਕਰੋਂ ਪਰਾਜਯ, ਕੈ ਹੁਇ ਹਾਨਾ[1] ॥੨॥ [1]ਜਿੱਤ ਲਵਾਂਗਾ ਜਾਂ ਮਾਰਿਆ ਜਾਏਗਾ।
ਦੇਉਂ ਚਮੂੰ ਕੋ ਜ਼ੋਰ ਬਡੇਰਾ।
ਮਿਲਹਿ ਤ ਲੈਹੋਂ ਦਰਬ ਘਨੇਰਾ।
ਭੇਜਯੋ ਪੁੱਤ੍ਰ ਦਿਲਾਵਰ ਖਾਨ।
ਜਿਨ ਤੇ ਡਰ ਹਟਿ ਗਯੋ ਨਿਦਾਨ[1] ॥੩॥ [1]ਮੂਰਖ (ਦਿਲਾਵਰ ਦਾ ਪੁੱਤ੍ਰ)।
ਤਿਸ ਕਾਰਨ ਤੇ ਮੈਂ ਚਢਿ ਆਯੋ।
ਸੰਚਿ[1] ਘਨੋ ਦਲ ਸੰਗ ਪਠਾਯੋ। [1]ਇਕੱਠਾ ਕਰਕੇ।
ਨਹੀਂ ਅਨੰਦਪੁਰਿ ਮਾਰੌਂ ਜਾਵਦ।
ਬਨੈ ਨ ਹਟਿ ਕਰਿ ਜੈਬੋ ਤਾਵਦ ॥੪॥
ਲਰਿਬੇ ਕੋ ਬਲ ਕੇਤਿਕ ਧਰੈਂ।
ਦੇਖੋਂ ਅਬਿ ਜੇਤੋ ਰਣ ਕਰੈਂ-।
ਇਮ ਗਿਨਿ ਗਿਨਿ ਮਨ ਠਾਨਹਿ ਤਯਾਰੀ।
ਦਿਨ ਪ੍ਰਤਿ ਮੇਲ ਕਿਯੋ[1] ਦਲ ਭਾਰੀ ॥੫॥ [1]ਕੱਠ ਕੀਤਾ।
ਤਯੋਂ ਤਯੋਂ ਕਰਿ ਹੰਕਾਰ ਘਨੇਰਾ।
ਚਹੈਂ ਅਨੰਦਪੁਰਿ ਪਾਵਨ ਘੇਰਾ।
ਨੰਦ ਚੰਦ ਤੇ ਆਦਿ ਮਸੰਦ।
ਸ੍ਰੀ ਗੁਜਰੀ ਯੁਤਿ ਦੁਖਿਤਿ ਬਿਲੰਦ ॥੬॥
ਤੀਨ ਭਾਨਜੇ ਪ੍ਰੋਹਿਤ ਔਰ।
ਸਮੁਝਾਵਹਿਂ ਸੋਢੀ ਕੁਲ ਮੌਰ।
'ਮਹਾਰਾਜ! ਤੁਮ ਅਹੋ ਨਿਚਿੰਤ।
ਪਰਯੋ ਨੇਰ ਸ਼ੱਤ੍ਰ ਬਲਵੰਤ ॥੭॥

ਤੁਮ ਸੋਂ ਚਾਹਤਿ ਕਰਜੋ ਲਰਾਈ।
ਆਜ ਕਾਲ ਮੈਂ ਦੇਰ ਨ ਕਾਈ।
ਸਭਿ ਗਿਰਪਤਿ ਦੈ ਦੈ ਬਹੁ ਧਨ ਕੌ।
ਮਿਲੇ ਜਾਤਿ ਹਤਿ ਧੀਰਜ ਮਨ ਕੋ ॥ ੮ ॥
ਕਜੋਂ ਨ ਕਰੋ ਅਪਨੀ ਤਕਰਾਈ।
ਕੈ ਮਸੰਦ ਦਿਹੁ ਅੱਗ੍ਰ ਪਠਾਈ।
ਸੰਧਿ ਕਰਹੁ ਨਹਿਂ ਬੈਰ ਵਧਾਵਹੁ।
ਜਜੋਂ ਕਜੋਂ ਕਰਿ ਇਤ ਤੇ ਉਲਟਾਵਹੁ ॥ ੯ ॥
ਸੈਨ ਘਨੀ ਸੰਗ, ਕਰੋ ਨ ਰਨ ਕੋ[1]।
ਫੇਰ ਦੇਹੁ ਕੁਛ ਦੇ ਕਰਿ ਧਨ ਕੋ।'
ਗੁਜਰੀ ਆਦਿਕ ਜਬਿ ਇਮ ਕਹਜੋ।
ਮਿਲਨਿ ਹੇਤੁ ਸਭਿਹਿਨਿ ਕਹਿ ਲਹਜੋ[1] ॥ ੧੦ ॥
ਗਰਜੇ ਸਭਾ ਬੀਚ ਬਲ ਭਾਰੀ।
'ਹਮ ਇਨ ਕੀ ਜੜ ਦੇਇਂ ਉਖਾਰੀ।
ਰਾਜ ਪ੍ਰਤਾਪ ਦੂਰ ਸਭਿ ਜੈ ਹੈ।
ਨਹੀਂ ਨਗਾਰਬੰਦ ਕੋ ਹ੍ਵੈ ਹੈ ॥ ੧੧ ॥
ਧਨ ਗਨ ਛੀਨਹਿਂ ਰੰਕ ਬਨਾਵਹਿਂ।
ਨਿਜ ਦਾਸਨ ਕੋ ਰਾਜ ਵਧਾਵਹਿਂ।
ਜੇ ਗ਼ੁਲਾਮ ਲੇ ਦਲ ਸਮੁਦਾਈ।
ਆਇ ਕਰੈ ਹਮ ਸੰਗ ਲਰਾਈ ॥ ੧੨ ॥
ਇਮ ਰਣ ਕਰਹਿਂ ਉਪਾਵਹਿਂ ਤ੍ਰਾਸਾ।
ਹੱਥਜਾਰਨ ਤੇ ਹੋਇ ਬਿਨਾਸ਼ਾ।
ਖੜਗਕੇਤੁ ਕੋ ਕੌਤਕ ਪਿਖੋ।
ਕਹਾਂ ਕਰਤਿ ਹੈ ਸੁਖ ਸੋਂ ਲਖੋ ॥ ੧੩ ॥
ਅਪਰ ਥਾਨ ਹੀ ਮਰਿ ਕਰਿ ਰਹੇ।
ਹਮਰੀ ਨਹਿਂ ਸਮੀਪਤਾ ਲਹੇ।
ਘਟਾ ਸਮਾਨ ਬਨਾਵਤਿ ਆਵੈ।
ਕਾਲ ਕਰਮ ਕੋ ਮਰਮ ਨ ਪਾਵੈ ॥ ੧੪ ॥
ਬਾਯੁ ਮਨਿੰਦ ਉਡਾਇ ਖਪਾਵੈ[1]।

[1]ਸ਼ੱਤ੍ਰੂ ਪਾਸ) ਸੈਨਾ ਬਹੁਤੀ (ਹੈ ਤਾਂਤੇ ਉਸ ਨਾਲ) ਜੰਗ ਨਾ ਕਰੋ।

[1]ਕਹਿੰਦੇ ਹਨ ਸਾਰੇ (ਏਹ) ਜਾਣਿਆਂ (ਗੁਰੂ ਜੀ ਨੇ)।

[1]ਨਾਸ਼ ਕਰੇਗਾ (ਪਰਮੇਸ਼ੁਰ)।

ਪਿਖਿਨਿ ਰਹੇ ਕਿਤ, ਸੁਨਿਯ ਨ ਜਾਵੈ[1]।
ਤਊ ਨੰਦ ਚੰਦ! ਸੁਨੀਯਹਿ ਕਾਨ।
ਰਨ ਸਮਾਜ ਕਰਿ ਬਨਿ ਸਵਧਾਨ ॥੧੫॥
ਗੁਲਕਾਂ ਗਨ ਬਰੂਦ ਬਰਤਾਵੋ।
ਸੁਧਿ ਕੋ ਰਖੋ ਜਸੂਸ ਪਠਾਵੋ।
ਸਰਬ ਪ੍ਰਕਾਰ ਧਰਿ ਤਕਰਾਈ।
ਆਵਹਿ ਰਣ ਕਰਿ ਹੈਂ ਅਗਵਾਈ[1]' ॥੧੬॥
ਇਸਿ ਬਿਧਿ ਕਥਾ ਅਨੰਦਪੁਰਿ ਕੇਰੀ।
ਦ੍ਰਿੜ੍ਹਤਾ ਕਰਹਿ ਦਿਵਾਨ ਬਡੇਰੀ।
ਚਮੂੰ ਬ੍ਰਿੰਦ ਕੋ ਰਾਖਿ ਬਟੋਰੀ।
ਬਿਚਰਤਿ ਹੈਂ ਅਰੂਢਿ ਚਹੁੰ ਓਰੀ ॥੧੭॥
ਉਤੇ ਹੁਸੈਨ ਖਾਨ ਹੰਕਾਰੀ।
ਕੇਰ ਬਟੋਰਨ ਭਾ ਦਲ ਭਾਰੀ।
ਭਯੋ ਸੁ ਤਯਾਰ ਅਨੰਦ ਪੁਰਿ ਆਵਨ।
ਤਬਿ ਗੁਪਾਲ[1] ਨਰ ਕੀਨਿ ਪਠਾਵਨ ॥੧੮॥
'ਤ੍ਰਾਸ ਗੁਲੇਰੀਆਨ ਕੇ ਮਨ ਕੋ।
ਮਿਲਜੋ ਚਹਿਤ ਦੇ ਕਰਿ ਕੁਛ ਧਨ ਕੋ।'
ਸੁਨਿ ਹੁਸੈਨ ਤਿਨ ਨਿਕਟ ਹਕਾਰਾ।
[1] 'ਮਿਲਹੁ ਮੋਹਿ ਕੌ ਬਿਨਾ ਅਵਾਰਾ ॥੧੯॥
ਜਥਾ ਅਪਰ ਨ੍ਰਿਪ ਦੀਨਸਿ ਦਰਬਾ।
ਤਿਮ ਇਹ[1] ਦੇਹਿ ਮਿਲਹੁ ਸੰਗ ਸਰਬਾ[2]।
ਸੈਨ ਸਮੇਤ ਕਟੋਚੀ ਜੈਸੇ।
ਭੀਮਚੰਦ ਕਹਿਲੂਰੀ ਤੈਸੇ ॥੨੦॥
ਤਥਾ ਗੁਪਾਲ ਗੁਲੇਰੀ ਆਇ।
ਰਹੈ ਸੰਗ ਮਮ ਜਿਤ ਚਢਿ ਜਾਇ[1]।'
ਇਮ ਸੁਨਿ ਦੂਤ ਗਯੋ ਨ੍ਰਿਪ ਤੀਰ।
ਕਥ ਹੁਸੈਨ ਕੀ ਕਹੀ ਸੁ ਧੀਰ[1] ॥੨੧॥
ਸੁਨਿ ਗੋਪਾਲ ਲੀਨਿ ਕੁਛ ਦਰਬ।
ਚਢਿ ਕਰਿ ਚਲਜੋ ਸੰਗ ਲੇ ਸਰਬ।

[1]ਦੇਖਣਾ ਤਾਂ ਕਿਤੇ ਰਹਿਆ ਸੁਣਿਆਂ ਨਹੀਂ ਜਾਵੇਗਾ।

[1]ਜੇ ਆਵੇ ਤਾਂ ਅੱਗੋਂ ਜੰਗ ਕਰਾਂਗੇ। (ਅ) ਜੇ ਜੰਗ ਕਰਨ ਆਵੇ ਤਾਂ ਅਗਵਾਈ ਕਰਾਂਗੇ, ਭਾਵ ਵਧ ਕੇ ਲੜਾਂਗੇ।

[1]ਰਾਜਾ ਗੁਪਾਲ ਨੇ।

[1]ਦੂਤ ਨੂੰ ਹੁਸੈਨਾ ਕਹਿੰਦਾ ਹੈ।

[1]ਗੁਪਾਲ। [2]ਸਾਰਿਆਂ ਨਾਲ ਮਿਲ ਜਾਓ।

[1]ਜਿਧਰ ਮੈਂ ਚੜ੍ਹ ਜਾਵਾਂ।

[1]ਧੀਰਜ ਨਾਲ।

ਰਾਮ ਸਿੰਘ ਇਕ ਸੈਲਪ ਆਨ[1]। — [1]ਪਹਾੜੀ ਰਾਜਾ ਹੋਰ ਸੀ।
ਚਲ੍ਯੋ ਗੁਪਾਲ ਸੰਗ ਹਿਤ ਠਾਨਿ ॥੨੨॥
[1]ਜੇ ਕਰਿ ਇਹ ਨਹਿਂ ਹੋਤਿ ਬਖੇਰਾ[2]। — [1]ਕਵੀ ਕਹਿੰਦਾ ਹੈ। [2]ਇਸ ਬਖੇੜੇ ਦਾ ਅਗੇ ਵਰਨਨ ਆਵੇਗਾ।
ਖਾਨ ਹੁਸੈਨ ਗੁਮਾਨ ਘਨੇਰਾ।
ਤੌ ਦਿਨ ਦੋ ਇਕ ਮੈਂ ਕਰਿ ਤਜਾਰੀ।
ਹੁਤੋ ਸਕੇਲ੍ਯੋ ਦਲ ਭਟ ਭਾਰੀ ॥੨੩॥
ਆਇ ਅਨੰਦਪੁਰਿ ਘਾਲਤਿ ਜ਼ੋਰ।
ਲੇ ਗਿਰਪਤਿ ਸਭਿ ਅਪਨੀ ਓਰ।
ਹੋਤਿ ਘੋਰ ਘਮਸਾਨ ਘਨੇਰਾ[1]। — [1]ਭਾਵ, ਬੜਾ ਭਯਾਨਕ ਜੰਗ ਹੁੰਦਾ।
ਲਸ਼ਕਰ ਜਿਸ ਕੇ ਸੰਗ ਬਡੇਰਾ ॥੨੪॥
ਹੋਇ ਪਰਤ ਜਿਮ ਸਤਿਗੁਰ ਕਰਤੇ[1]। — [1]ਜਿਵੇਂ ਸਤਿਗੁਰ ਕਰਦੇ ਤਿਵੇਂ ਹੀ ਹੋ ਜਾਂਦੀ।
ਕਿਯ ਸਹਾਇ ਅਬਿ ਅਸਿਧੁਜ ਕਰਤੇ[1]। — [1]ਹੁਣ ਪ੍ਰਮਾਤਮਾਂ ਕਰਤੇ ਨੇ (ਸ੍ਰੀ ਕਲਗ਼ੀਧਰ ਜੀ ਦੀ) ਸਹਾਇਤਾ ਕੀਤੀ।
ਭਾ ਪਹਾਰੀਅਨਿ ਸੰਗ ਬਖੇਰਾ।
ਪਰ੍ਯੋ ਗਰੇ[†] ਤਿਨ ਜੰਗ ਬਡੇਰਾ ॥੨੫॥ — [†]ਪਾ:-ਹੁਤੋ।
ਕਾਲ ਕਰਮ ਸੋ ਪ੍ਰੇਰਨ ਕਰੇ।
ਆਪਸ ਬਿਖੈ ਸਪਰਧਾ[1] ਧਰੇ। — [1]ਈਰਖਾ।
ਰਾਮ ਸਿੰਘ ਕੇ ਸਹਿਤ ਗੁਪਾਲ।
ਆਨਿ ਪਹੁੰਚ੍ਯੋ ਤਹਿਂ ਜਿਸ ਕਾਲ ॥੨੬॥
ਬਾਸੁਰ ਜਾਮ ਰਹ੍ਯੋ ਤਬਿ ਆਯੋ।
ਪਿਖਿ ਹੁਸੈਨ ਮਨ ਬਹੁ ਗਰਬਾਯੋ।
ਭੀਮਚੰਦ ਜਿਹ ਸੰਗ ਕਹਲੂਰੀ।
ਅਰੁ ਕਟੋਚ ਸੰਗ ਸੈਨਾ ਭੂਰੀ ॥੨੭॥
ਲਖੈ -ਕਿ ਮਹਿਂ ਮਹਿਂ[1] ਮੋ ਸਮ ਔਰ ਨ। — [1]ਪ੍ਰਿਥਵੀ ਵਿਚ।
ਭਯੋ ਤ੍ਰਾਸ ਮੋ ਤੇ ਸਭਿ ਠੌਰਨ।
ਚਹੌਂ ਰਾਜ ਜਿਹ ਛੀਨ ਨਿਕਾਰੌਂ।
ਜਿਹ ਕੋ[1] ਚਹੌਂ ਬਾਂਧਿ ਕਰਿ ਡਾਰੌਂ ॥੧੭॥ — [1]ਜਿਸ ਨੂੰ।
ਦਰਬ ਦੰਡ ਕੋ ਪੂਰਬ ਲੈ ਕੇ।
ਦਲਜੁਤਿ ਪੁਨ ਗੁਪਾਲ ਸੰਗ ਕੈ ਕੈ।
ਲਰਿ ਹੌਂ ਸ੍ਰੀ ਗੁਬਿੰਦ ਸਿੰਘ ਸੰਗ।
ਬਡ ਲਸ਼ਕਰ ਤੇ ਘਾਲਹੁਂ ਜੰਗ ॥੨੯॥
ਛੀਨ ਅਨੰਦ ਪੁਰਿ ਵਹਿਰ ਨਿਕਾਰੋਂ।

ਨਿਜ ਸ੍ਵਾਮੀ ਕੀ ਕਾਰ ਸੁਧਾਰੋਂ-।
ਨਿਜ ਮੰਤ੍ਰੀਨ ਸੰਗ ਇਮ ਕਹੈ।
ਲਰਨਿ ਗੁਰੂ ਸੰਗ ਨਿਸ ਦਿਨ ਚਹੈ ॥੩੦॥
ਮਿਲ੍ਯੋ ਗੁਪਾਲ ਹੁਸੈਨੀ ਸਾਥ।
ਦੇਨਿ ਲਗ੍ਯੋ ਧਨ ਲ੍ਯਾਇ ਜੁ ਹਾਥ।
ਗਰਬਤਿ ਕੇ[1] ਪਸੰਦ ਨਹਿਂ ਆਵਾ।
ਕਹਤਿ ਭਯੋ 'ਇਹ ਥੋਰੋ ਲ੍ਯਾਵਾ ॥੩੧॥
ਇਸ ਤੇ ਦੁਗਨ ਆਨਿ ਜਬਿ ਦੀਜੈ।
ਪੀਛੇ ਮੇਲ ਮੋਹਿ ਸੰਗ ਕੀਜੈ।
ਜੇ ਨਹਿਂ ਦੇਹੁ ਤੋਹਿ ਰਜਧਾਨੀ।
ਛੀਨੌਂ ਜਾਨਿ ਕਰੌਂ ਸਭਿ ਹਾਨੀ[2]' ॥੩੨॥
ਸੁਨਿ ਗੁਪਾਲ ਨ੍ਰਿਪ ਸੋ ਨਹਿਂ ਮਾਨੀ।
ਕਪਟ ਠਾਨਿ ਕਰਿ ਗਿਰਾ ਬਖਾਨੀ।
'ਆਨੌਂ ਜਾਇ ਸਦਨ ਕਉ ਹੇਰਿ।
ਲੇ ਧਨ ਮਿਲਹਿਂ ਪਹੁੰਚ ਕਰਿ ਫੇਰ' ॥੩੩॥
ਰਿਪੁ ਤੇ ਦੂਰ ਨਿਕਸ ਜਬਿ ਗਯੋ।
ਸਭਿ ਧਨ ਸਾਂਭ ਪਯਾਨਾ ਕਿਯੋ।
ਕਹਤਿ ਭਯੋ, 'ਇਹ ਭੀ ਨਹਿਂ ਦੈ ਹੈਂ।
ਸਮੁਖ ਹੋਇ ਕਰਿ ਲੋਹ ਬਜੈ ਹੈਂ' ॥੩੪॥
ਇਮ ਕਹਿ ਪਹੁੰਚ੍ਯੋ ਜਾਇ ਗੁਲੇਰ।
ਤਕਰਾਈ ਬਹੁ ਕਰਿ ਤਿਸ ਬੇਰ।
ਲਖ੍ਯੋ ਹੁਸੈਨਖਾਨ ਜਬਿ ਐਸੇ।
ਜਗ੍ਯੋ ਕ੍ਰੋਧ ਹੁਇ ਪਾਵਕ ਜੈਸੇ ॥੩੫॥
ਲੋਚਨ ਬਦਨ ਲਾਲ ਹੁਇ ਗਯੋ।
ਭਲਾ ਬੁਰਾ ਕਛੁ ਲਖਤਿ ਨ ਭਯੋ।
ਕਹ੍ਯੋ 'ਤੁਰਤ ਦੁੰਦਭਿ ਬਜਵਾਇ।
ਸਕਲ ਅਰੂਢਹੁ ਬਿਲਮ ਬਿਹਾਇ' ॥੩੬॥
ਚਢ੍ਯੋ ਚਮੂੰ ਲੈ ਬਜ੍ਯੋ ਨਗਾਰਾ।
ਜਾਇ ਤਹਾਂ ਪੁਰਿ ਘੇਰੋ ਡਾਰਾ।

[1]ਹੰਕਾਰੀ ਦੇ।

[2]ਜਾਣ ਲੈ ਕਿ ਖੋਹਕੇ ਸਾਰੀ ਨਾਸ਼ ਕਰ ਦਿਆਂਗਾ।

ਵਸਤੁ ਵਹਿਰ ਤੇ ਪਹੁੰਚਤਿ ਅੰਤਰ[1]।
ਰਾਖੀ ਸਗਰੀ ਬਰਜਿ ਨਿਰੰਤਰ ॥੩੭॥
ਤ੍ਰਿਣ ਅੰਨਾਦਿਕ ਸਕਲ ਹਟਾਯੋ।
'ਹਤੋ ਹੇਲ ਕਰਿ[1]' ਭਾਖਿ ਪਠਾਯੋ।
ਜਬਿ ਕਛੁ ਪਹੁੰਚਨਿ ਦਿਯੋ ਨ ਅੰਤਰ।
ਸੁਰ ਸਮੂਹ ਰਿਸਾਇ ਨਿਰੰਤਰ ॥੩੮॥
ਕਹਜੋ ਗੁਪਾਲ ਸੰਗ 'ਰਣ ਕਰੈਂ।
ਨਿਕਸਿ ਵਹਿਰ ਹਮ ਹਤਿ ਹਤਿ ਲਰੈਂ[1]।'
ਨ੍ਰਿਪ ਸੁਨਿ 'ਧੀਰਜ' ਭਟਨਿ ਅਲਾਯੋ।
ਸੰਧਿ ਕਰਨਿ ਕੋ ਦੂਤ ਪਠਾਯੋ ॥੩੯॥
ਹੁਤੋ ਗ਼ੁਲਾਮ ਦਿਲਾਵਰਖਾਨਾ।
ਹੇਰਿ[1] ਹੁਸੈਨਖਾਨ ਗਰਬਾਨਾ।
ਸੈਨ ਪਠਾਨੀ ਜਾਨ ਮਹਾਨੀ।
'ਲਰਿ ਕਰਿ ਮਾਰੋ' ਮਸਲਤ ਠਾਨੀ ॥੪੦॥
ਦੂਤ ਆਨਿ ਜਬਿ ਬਾਤ ਸੁਨਾਈ।
ਨਹਿਂ ਮਾਨੀ ਰਿਸ ਧਾਰਿ ਅਲਾਈ।
'ਦਸ ਹਜ਼ਾਰ ਅਬਿ ਧਨ ਗਿਨ ਲੈਹੌਂ।
ਤੌ ਗੁਪਾਲ ਕੋ ਰਸ ਰਖਵੈਹੌਂ ॥੪੧॥
ਨਾਂਹਿ ਤ ਲਰ ਕਰਿ ਛੀਨੌਂ ਰਾਜ।
ਲੂਟ ਲੇਇ ਹੌਂ ਸਕਲ ਸਮਾਜ।'
ਇਸ ਪ੍ਰਕਾਰ ਜਬਿ ਫਿਰੇ ਦੁਬਾਰੇ[†]।
ਸ੍ਰੀ ਗੁਰ ਕੇ ਭਟ ਕਿਤਿਕ ਹਕਾਰੇ[1] ॥੪੨॥
ਆਨਿ ਬੇਨਤੀ ਜਬਹਿ ਉਚਾਰੀ।
'ਨ੍ਰਿਪ ਗੁਪਾਲ ਹੈ ਸ਼ਰਣ ਤੁਹਾਰੀ।
ਪਠੋ ਦਾਸ ਪਰਧਾਨ ਜੁ ਹੋਇ।
ਤੁਰਕਨਿ ਸੰਗ ਮਿਲਾਵਹਿਂ[1] ਸੋਇ' ॥੪੩॥
ਸ੍ਰੀ ਕਲ਼ਗੀਧਰ ਸੁਨਤਿ ਬਿਚਾਰਾ।
ਸੰਗਤੀਆ ਸਿੰਘ ਨਿਕਟ ਹਕਾਰਾ।
ਸਪਤ ਸਊਰ ਤਾਂਹਿ ਸੰਗ ਕੀਨੇ।

[1]ਜੋ ਅੰਦਰ ਪਹੁੰਚਦੀ ਸੀ।
[1]ਮਾਰੋ ਹੱਲਾ ਕਰਕੇ।
[1](ਸ਼ਸਤ੍ਰ) ਮਾਰ ਮਾਰਕੇ ਲੜਾਂਗੇ।
[1]ਦੇਖ ਕੇ (ਦੂਤ ਨੂੰ)।
[†]ਪਾ:-ਨਿਹਾਰੇ।
[1](ਗੁਪਾਲ ਨੇ) ਸੱਦੇ।
[1]ਮੇਲ ਕਰਾ ਦੇਵੇ।

'ਗਮਨਹੁਂ ਨ੍ਰਿਪ ਗੁਪਾਲ ਢਿਗ ਚੀਨੇ ॥੪੪॥
ਜਿਮ ਗੁਲੇਰੀਏ ਕੋ ਹੁਇ ਭਲੋ।
ਤਿਮ ਸਭਿ ਕਰੋ, ਤਾਂਹਿ ਸੰਗ ਮਿਲੋ[1]।' — [1]ਨਾਲ ਮਿਲ ਕੇ।
ਪ੍ਰਭੁ ਤੇ ਰੁਖਸਦ ਹੁਇ ਕਰਿ ਗਯੋ।
ਤਿਸੀ[1] ਸੈਨ ਮਹਿਂ ਮਿਲਤੋ ਭਯੋ ॥੪੫॥ — [1]ਭਾਵ ਹੁਸੈਨੀ ਦੀ ਸੈਨਾ ਵਿਚ।
ਭੀਮਚੰਦ ਅਰੁ ਦੁਤੀ ਕ੍ਰਿਪਾਲ।
ਮੇਲ ਕਰਾਵਨਿ ਚਹਯੋ ਗੁਪਾਲ।
ਸੰਗਤੀਆ ਸਿੰਘ ਦੁਹਨ ਹਕਾਰਾ[1]। — [1]ਦੁਹਾਂ (ਕ੍ਰਪਾਲ ਤੇ ਭੀਮਚੰਦ ਨੇ) ਬੁਲਾਇਆ।
ਪਠਨਿ ਹੇਤੁ ਕਹੁ[1] ਬਾਕ ਉਚਾਰਾ ॥੪੬॥ — [1]ਭੇਜਣ ਦੇ ਵਾਸਤੇ।
'ਦੇ ਕਰਿ ਧਰਮ[1] ਲਜਾਉ ਤੂੰ ਜਾਇ। — [1]ਭਾਵ ਧਰਮ ਦੀ ਸੌਂਹ।
ਸੰਗ ਹੁਸੈਨ ਸੁ ਦੇਹੁ ਮਿਲਾਇ।
ਗੁਰ ਕੋ ਦਾਸ ਪਤਜਾਵਹਿ ਤੋਹੀ[1]†। — [1]ਤੂੰ ਗੁਰੂ ਦਾ ਦਾਸ ਹੈਂ। (ਇਉਂ) ਭਰੋਸਾ ਕਰੇਗਾ ਤੇਰੇ ਪਰ। †ਲੋਕਾਂ ਦੇ ਦਿਲਾਂ ਵਿਚ ਗੁਰੂ ਕੇ ਸਿੱਖਾਂ ਦਾ ਕਿੰਨਾ ਭਰੋਸਾ ਸੀ।
ਕਰਹਿ ਕਾਜ ਇਮ ਸ਼ਾਂਤਿ ਸੁ ਹੋਹੀ ॥੪੭॥

ਦੋਹਰਾ:
ਕਹੋ ਸਕਲ ਕੇ ਧਰਮ ਕਰਿ[1], ਆਛੀ ਰੀਤਿ ਪਕਾਇ।' — [1]ਸਾਰਿਆਂ ਦੇ ਧਰਮ ਦੀ ਸੌਂਹ ਦੇ ਕਰਿਕੇ।
ਸੰਗਤੀਆ ਸਿੰਘ ਤਬਿ ਗਯੋ, ਜਹਿਂ ਗੁਪਾਲ ਗਿਰਰਾਇ† ॥੪੮॥ — †ਗੁਰੂ ਸਾਹਿਬ ਦਾ ਹੁਕਮ ਸੰਗਤੀਆ ਸਿੰਘ ਨੂੰ ਇਹ ਸੀ ਕਿ ਹਰ ਤਰ੍ਹਾਂ ਗੁਪਾਲ ਦੀ ਸਹਾਇਤਾ ਕਰਨੀ ਹੈ; ਜਿਸ ਵਿਚ ਇਸ ਦਾ ਭਲਾ ਹੋਵੇ। ਗੁਪਾਲ ਨੇ ਆਪਣਾ ਭਲਾ ਇਸ ਵੇਲੇ ਸੁਲਹ ਵਿਚ ਜਾਤਾ ਹੈ, ਇਸ ਕਰਕੇ ਸੰਗਤੀਆਂ ਸਿੰਘ ਨੇ ਵਿਚ ਹੋਕੇ ਸਹਾਇਤਾ ਕੀਤੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਪਾਲ ਹੁਸੈਨੀ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥੪੮॥

## ੪੯. [ਹੁਸੈਨੀ ਬੱਧ ਗੁਪਾਲ ਦੀ ਫਤਹ। ਜੁਝਾਰ ਸਿੰਘ ਜਨਮ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਭੇਜਯੋ ਸਭਿਹਿਨਿ ਕੋ ਜਬੈ, ਮਿਲਯੋ ਗੁਪਾਲਹਿ ਜਾਇ।
ਆਸ਼ੈ ਕਹਯੋ ਸੁਨਾਇ ਕਰਿ, 'ਚਲਹੁ ਮਿਲਹੁ ਗਿਰਰਾਇ ॥੧॥

ਚੌਪਈ:

ਤੋਹਿ ਭਲੇ ਹਿਤ ਮੋਹਿ ਪਠਾਯੋ।
ਯਾਂ ਤੇ ਧਰਮ ਹੇਤੁ ਕਰਿ ਆਯੋ[1]। [1]ਧਰਮ (ਮੈਂ ਜਾਮਨੀ) ਵਿਚ ਦੇਕੇ ਆਇਆ ਹਾਂ।
ਨਹਿਂ ਬਿਗਰਹਿਂਗੇ ਸੰਗ ਤਿਹਾਰੇ।
ਕਰੀ ਬਾਤ ਮੈਂ ਅਨਿਕ ਪ੍ਰਕਾਰੇ ॥੨॥
ਜੇ ਕਰਿ ਧਰਮ ਜਾਹਿਂਗੇ ਹਾਰ।
ਸ਼੍ਰੀ ਸਤਿਗੁਰ ਮੈਂ ਦੀਨਿ ਮਝਾਰ।
ਤਉ ਫਤੇ ਤੇਰੀ ਤਬਿ ਹੋਇ।
ਧਰਮ ਹੀਨ ਰਿਪੁ ਹਾਰਹਿਂ ਸੋਇ' ॥੩॥
ਇੱਤਯਾਦਿਕ ਨ੍ਰਿਪ ਕੋ ਸਮੁਝਾਯੋ।
ਗੁਰ ਕੋ ਨਾਮ ਸੁਨਤਿ ਹੁਲਸਾਯੋ।
ਕਹਤਿ ਭਯੋ 'ਜੇ ਪ੍ਰਭੁ ਬਿਚ ਆਏ।
ਤੌ ਸੰਦੇਹ ਨਹਿਂ ਮੁਝ ਬਨਿ ਆਏ' ॥੪॥
ਸੰਗਤੀਆ ਸਿੰਘ ਕੇ ਸੰਗ ਭਯੋ।
ਵਹਿਰ ਨਿਕਸਿ ਗਨ ਦਲ ਯੁਤਿ ਅਯੋ।
ਭੀਮਚੰਦ ਅਰੁ ਜਹਾਂ ਕ੍ਰਿਪਾਲ।
ਤਹਾਂ ਆਨਿ ਕਰਿ ਮਿਲਯੋ ਗੁਪਾਲ ॥੫॥
ਬੈਠੇ ਸਭਿ ਮਸਲਤ ਕੌ ਕੀਨਿ।
ਖਾਨ ਹੁਸੈਨ ਸੰਗ ਬਡ ਲੀਨਿ।
'ਦਸ ਹਜ਼ਾਰ ਦੀਜੈ ਧਨ ਆਨਿ।
ਤੌ ਮੇਲਹਿਂ ਇਹ ਨਿਸ਼ਚੈ ਜਾਨਿ' ॥੬॥
ਸੁਨਿ ਗੁਪਾਲ ਬੋਲਯੋ 'ਧਨ ਏਤੋ।
ਹੌਂ ਨਹਿ ਦੇਤਿ ਲਰੈ ਰਿਪੁ ਕੇਤੌ[1]।' [1]ਇਤਨਾ ਧਨ ਮੈਂ (ਕਦੇ) ਨਹੀਂ ਦਿਆਂਗਾ (ਭਾਵੇਂ) ਵੈਰੀ ਕਿਤਨਾ ਹੀ ਲੜੇ।
ਜਬਿ ਕ੍ਰਿਪਾਲ ਹੁਇ ਬੈਠਸਿ ਨਜਾਰੋ।
ਭੀਮਚੰਦ ਕੇ ਸੰਗ ਬਿਚਾਰੋ ॥੭॥
'ਐਸ ਘਾਤਿ[1] ਫਿਰਿ ਹਾਥ ਨ ਐਹੈ। [1]ਦਾਉ।
ਸਭਿਹੂੰ ਫੇਰਿ ਸਮੌਂ ਛਲਿ ਜੈਹੈ[1]। [1]ਇਹ ਸਾਰਾ ਸਮਾਂ ਫਿਰ ਛਲ ਜਾਏਗਾ।

ਗੋਪਾਲੈ ਸੁ ਅਬੈ ਗਹਿ ਲੀਜੈ।
ਕੈਦ ਕੀਜੀਐ ਕੈ ਬਧ ਕੀਜੈ'' ॥੮॥ [1]ਇਹ ਸ੍ਰੀ ਮੁਖਵਾਕ ਹੈ ਦੇਖੋ ਬਚਿੱਤਰ ਨਾਟਕ ਧਿਆ ੧੧ ਛੰਦ ੧੪ ਤੇ ੧੫।

ਤਿਨ ਸੁਧਿ ਜਬਹਿ ਤਨਕ ਸੁਨਿ ਪਾਈ।
ਨਿਜ ਦਲ ਬਿਖੈ ਗਯੋ ਨ੍ਰਿਪ ਧਾਈ।
ਲਖ੍ਯੋ ਕ੍ਰਿਪਾਲ -ਭਾਜਿ ਇਹ ਚਾਲਾ-।
ਕੋਪ੍ਯੋ ਹਿੰਮਤ ਸਹਿਤ ਬਿਸਾਲਾ ॥੯॥
ਖਾਨ ਹੁਸੈਨ ਘਾਲਿ ਘਮਸਾਨਾ।
ਲਰੇ ਸਰਬ ਹੀ ਬਜੇ ਨਿਸ਼ਾਨਾ[1]। [1]ਨਗਾਰੇ।
ਇਤ ਨ੍ਰਿਪ ਦੁਇ ਜਸਵਾਲ ਗੁਪਾਲ[1]। [1]ਰਾਮ ਸਿੰਘ ਤੇ ਗੁਪਾਲ।
ਸਨਮੁਖ ਲੋਹਾ ਲੀਨਿ ਕਰਾਲ[1] ॥੧੦॥ [1]ਭਾਵ ਜੰਗ ਅਰੰਭਿਆ।
ਉਤ ਤੀਨਹੁਂ, ਇਕ ਖਾਨ ਹੁਸੈਨ।
ਭੀਮਚੰਦ ਦੂਸਰ ਬਡ ਸੈਨ।
ਤ੍ਰਿਤੀਆ ਬਡੋ ਕ੍ਰਿਪਾਲ ਕਟੋਚ।
ਬਰਛੀ ਗੁਲਕਾਂ ਬਾਨਨ ਮੋਚ[1] ॥੧੧॥ [1]ਛੱਡੋ।
ਦਾਰੁਨ ਜੰਗ ਭਯੋ ਇਨ ਕੇਰਾ।
ਕਾਰਚੋਲ[1] ਚਮਕੇ ਤਿਸ ਬੇਰਾ। [1]ਸ੍ਰੀ ਸਾਹਿਬ।
ਹਥਾਵੱਥ[1] ਮਿਲਿਗੇ ਇਕ ਵਾਰੀ। [1]ਹੱਥੋ ਹੱਥੀ।
ਮਰੇ ਛਿਨਕ ਮਹਿਂ ਗਨ ਭਟਭਾਰੀ ॥੧੨॥
ਸਭਿ ਰਣ[1] ਗੁਰ ਗੁਬਿੰਦ ਸਿੰਘ ਕਹ੍ਯੋ। [1]ਭਾਵ ਜੁੱਧ ਦਾ ਹਾਲ ਗੁਰੂ ਜੀ ਨੇ ਲਿਖਿਆ ਹੈ।
ਬੀਚ ਬਚਿੱਤ੍ਰ ਨਾਟਕੇ ਲਹ੍ਯੋ।
ਸਪਤ ਸਊਰਨ ਸਹਿਤ ਸੁ ਲਰ੍ਯੋ।
ਸੰਗਤੀਆ ਸਿੰਘ ਰਣ ਮਹਿਂ ਮਰ੍ਯੋ ॥੧੩॥
ਜੰਗ ਹੁਸੈਨੀ ਘਾਲ੍ਯੋ ਘਨੋ।
ਲਰਤਿ ਬਿਸਾਲ ਤਹਾਂ ਹੀ ਹਨੋ[1]। [1]ਓਥੇ ਹੀ ਮਾਰਿਆ ਗਿਆ।
ਪੁਨ ਕਟੋਚੀਆ ਬਲੀ ਕ੍ਰਿਪਾਲ।
ਪੁਰਸ਼ਾਰਥ ਜਿਨ ਕੀਨਿ ਬਿਸਾਲ ॥੧੪॥
ਸੋ ਭੀ ਮਾਰਿ ਲੀਨਿ ਰਣ ਮਾਂਹੀ।
ਕਟ੍ਯੋ ਕ੍ਰਿਪਾਨ ਸੰਗ ਸਿਰ ਜਾਂਹੀ।
ਹਿੰਮਤ ਕਿੰਮਤ[1] ਸਹਿਤ ਸੰਘਾਰਾ। [1]ਦੋ ਪਹਾੜੀਏ ਜੋਧੇ।

| | |
|---|---|
| ਤੀਨੋ ਜਬਿ ਮਾਰੇ ਸਰਦਾਰਾ[1] ॥੧੫॥ | [1]ਹੁਸੈਨੀ ਤੋਂ ਵਖਰੇ ਇਹ ਤਿੰਨ ਪਹਾੜੀਏ ਸੈਨਾਪਤਿ ਅਰਥਾਤ:-੧. ਰਾਜ ਕ੍ਰਿਪਾਲ,। ੨. ਹਿੰਮਤ। ੩. ਕਿੰਮਤ। |
| ਤਬਿ ਗੁਲੇਰੀਆ ਹੇਰਿ ਕ੍ਰਿਪਾਲ[1]। | [1]ਕ੍ਰਿਪਾਲ (ਕਟੋਚੀਏ ਨੂੰ ਮਰਿਆ) ਦੇਖਕੇ। |
| ਲੇ ਰਣ ਕੀ ਜੈ[1] ਹਰਖ ਬਿਸਾਲ। | [1]ਰਣ ਦੀ ਜੈ ਲੈਕੇ। |
| ਬਜੇ ਫਤੇ ਕੇ ਉਚ ਨਗਾਰੇ। | |
| ਰਿਪੁ ਦਲ ਭਾਜਿ ਚਲਯੋ ਬਿਨ ਮਾਰੇ ॥੧੬॥ | |
| ਬਿਨ ਸਰਦਾਰ ਲਰੈ ਕੋ ਰਨ ਮੈਂ। | |
| ਦਾਰੁਨ ਮਾਚੇ[1] ਧੀਰ ਨ ਮਨ ਮੈਂ। | [1]ਭਾਵ ਭਯਾਨਕ ਜੰਗ ਮਚਿਆਂ ਯਾ ਭਯਾਨਕਤਾ ਛਾਇਆਂ। |
| ਆਪ ਆਪਨੇ ਥਾਨ ਸਿਧਾਰੇ। | |
| ਮਿਲਯੁ ਜੁ ਬਹੁ ਦਲ, ਭਯੋ ਕਿਨਾਰੇ[1] ॥੧੭॥ | [1]ਜੋ ਮਿਲਿਕੇ ਦਲ ਬਹੁਤ ਹੋਇਆ ਸੀ ਕਿਨਾਰੇ ਹੋ ਗਿਆ ਭਾਵ ਖਿੰਡ ਗਿਆ। |
| ਸ੍ਰੀ ਸਤਿਗੁਰ ਪਰ ਰਿਪੁ ਚਢਿ ਆਯੋ। | |
| ਚਾਹਤਿ ਪੁਰਿ ਅਨੰਦ ਛੁਰਵਾਯੋ। | |
| ਲਸ਼ਕਰ ਘਨੋ ਬਟੋਰਤਿ ਆਨਯੋ। | |
| ਕਰਤਾ ਪੁਰਖ ਸੁ ਤਤਛਿਨ ਹਾਨਯੋ ॥੧੮॥ | |
| ਰਾਖਿ ਲਓ ਗੁਰ ਕੋ ਜਗਰਾਈ। | |
| ਲੋਹ ਘਟਾ ਅਨਤੈ ਬਰਸਾਈ[1]†। | [1]ਸ਼ਸਤ੍ਰਾਂ ਦੀ ਘਟਾ ਹੋਰ ਥੇ ਵੱਸ ਪਈ। †ਸ੍ਰੀ ਮੁਖ ਵਾਕ ਇੰਞ ਹੈ: 'ਰਾਖ ਲੀਓ ਹਮ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ।' |
| ਕਰਿ ਹੰਕਾਰ ਜੁ ਦਲ ਬਲ ਕੇਰਾ। | |
| ਸ੍ਰੀ ਪ੍ਰਭੁ ਸਨ[1] ਚਹਿ ਕਰਨ ਬਖੇਰਾ ॥੧੯॥ | [1]ਸਾਥ। |
| ਸੋ ਪੂਰਾ ਉਤਰਹਿ ਕਿਮ ਨਾਂਹੀ। | |
| ਮਰਿ ਪਚ ਜਾਹਿ ਬਾਦ[1] ਜਗ ਮਾਂਹੀ। | [1]ਬਿਅਰਥ। |
| ਕਰਯੋ ਧਰਮ ਨਿਬਹਯੋ ਨ ਕ੍ਰਿਪਾਲ। | |
| ਸੋ ਰਣ ਮਹਿ ਹਤਿ ਦਿਯੋ ਗੁਪਾਲ[1] ॥੨੦॥ | [1]ਗੁਪਾਲ ਨੇ (ਮਾਰ ਲਿਆ ਕ੍ਰਿਪਾਲ ਕਟੋਚੀਆ)। |
| ਫਤੇ ਪਾਇ ਕਰਿ ਗੁਰ ਢਿਗ ਗਯੋ[1]। | [1]ਗੁਪਾਲ) ਆਯਾ। |
| ਡੇਰਾ ਪੁਰਿ ਅਨੰਦ ਕਰਿ ਦਯੋ। | |
| ਸਭਾ ਸਥਾਨ ਪ੍ਰਭੂ ਚਲਿ ਆਏ। | |

ਸੁਭਟ ਮਸੰਦ ਥਿਰੇ ਸਮੁਦਾਏ ॥੨੧॥
ਚਮਰ ਚਰਾਚਰ[1] ਸਿਰ ਪਰ ਢੋਰਤਿ।
ਚਹੂੰ ਓਰ ਸਭਿ ਚਰਨ ਨਿਹੋਰਤਿ।
ਤਬਿ ਗੁਲੇਰੀਆ ਗੁਰੂ[1] ਬੁਲਾਯੋ।
ਹਿਤ ਦਰਸ਼ਨ ਕੇ ਹਰਖਤਿ ਆਯੋ ॥੨੨॥
ਧਰਿ ਅਕੋਰ ਕਰ ਜੋਰਿ ਪ੍ਰਨਾਮੂ।
ਮੁਸਕਾਵਤਿ ਸ਼੍ਰੀ ਪ੍ਰਭੁ ਅਭਿਰਾਮੂ।
'ਆਵਹੁ ਬਡ ਜੈਤਾ ਬਰ ਬੀਰ।
ਦੁਸ਼ਮਨ ਨਾਸ਼ ਕਰੇ ਧਰਿ ਧੀਰ' ॥੨੩॥
ਆਇਸੁ ਪਾਇ ਸੁ ਬੈਠਜੋ ਪਾਸ।
ਸਰਬ ਬਾਰਤਾ ਕਰੀ ਪ੍ਰਗਾਸ।
'ਦਗ਼ਾ ਕਰਤਿ ਮੋ ਕੌ ਚਹਿ ਗਹਜੋ।
ਸੋ ਫਲ ਤਾਤਕਾਲ ਹੀ ਲਹਜੋ ॥੨੪॥
ਰਾਵਰ ਕੀ ਸਹਾਇਤਾ ਪਾਇ।
ਹਤੇ ਸ਼ੱਤ੍ਰ ਗਨ ਖੜਗ ਚਲਾਇ।
ਤਜੀ ਨ ਥਾਉਂ ਕਟੇ ਗਿਰ ਮਰੇ[1]।
ਭੀਮ ਭੂਰ ਸੰਘਰ ਕੌ ਕਰੇ[1] ॥੨੫॥
ਆਗਜਾ ਦੇਹੁ ਅਬੈ ਪੁਰਿ ਜਾਵੌਂ।
ਘਾਇਲ ਭਟਨ ਸੇਵ ਕਰਿਵਾਵੌਂ।'
ਤਬਿ ਸਤਿਗੁਰ ਦੇ ਕਰਿ ਸਿਰੁਪਾਉ।
ਰੁਖਸਦ ਕਰਜੋ ਚਢਜੋ ਹਰਖਾਉ ॥੨੬॥
ਇਮ ਕਲਗ਼ੀਧਰ ਆਨੰਦ ਧਾਰੇ।
ਦਾਸ ਉਬਾਰਿ ਸ਼ੱਤ੍ਰ ਨਿਰਵਾਰੇ।
ਮਾਘ ਮਾਸ ਪਾਛਲ ਪਖ ਆਯੋ।
ਬਾਸੁਰ ਆਦਿਤਵਾਰ ਸੁਹਾਯੋ ॥੨੭॥
ਏਕਮ ਥਿਤ ਨਿਸ ਦੋਇ ਘਟੀ ਜਬਿ।
ਸ਼੍ਰੀ ਜੀਤੋ ਤੇ ਪੁੱਤ੍ਰ ਭਯੋ ਤਬਿ।
ਸੇਬਜਮਾਨਿ[1] ਧਾਇਨ ਤੇ ਹੋਏ।
ਸੁਨਿ ਉਤਸਾਹਿ ਹਰਖਿ ਸਭਿ ਕੋਏ ॥੨੮॥

[1]ਚੰਚਲ।

[1]ਗੁਰੂ ਜੀ ਨੇ।

[1]ਭਾਵ ਆਪਦਾ ਘੱਲਿਆ ਸਰਦਾਰ ਸੰਗਤੀਆਂ ਤੇ ਉਸ ਦੇ ਸਾਥੀ।

[1]ਡਾਢਾ ਭਯਾਨਕ ਜੁੱਧ ਕਰਕੇ (ਉਹ ਮਰੇ)।

[1]ਸੇਵਾ ਕਰਨ ਯੋਗ।

ਬਾਜ ਉਠੇ ਦਰ ਪਰ ਸ਼ਦਿਯਾਨੇ[1]।
ਤੋਪ ਬੰਦੂਕਨਿ ਸ਼ਲਖ ਮਹਾਨੇ।
ਭਯੋ ਕੁਲਾਹਲ ਆਨੰਦਪੁਰਿ ਮੈਂ।
ਆਨੰਦ ਭਾ ਨਰ ਨਾਰਿਨ ਉਰ ਮੈਂ ॥੨੯॥

[1]ਖੁਸ਼ੀ ਦੇ ਵਾਜੇ।

ਗਾਵਤਿ ਗੀਤ ਬ੍ਰਿੰਦ ਪਿਕ ਬੈਨੀ[1]।
ਮਿਲੀ ਆਨਿ ਗੁਰ ਘਰ ਮ੍ਰਿਗ ਨੈਨੀ।
ਸ੍ਰੀ ਗੁਜਰੀ ਕੋ ਦੇਤਿ ਬਧਾਈ।
ਮਾਨਹਿ ਮਾਨ ਸਹਿਤ ਮੁਦ ਪਾਈ ॥੩੦॥

[1]ਭਾਵ ਇਸਤ੍ਰੀਆਂ।

ਮੰਗਲ ਵਸਤੁ ਅਨੇਕ ਪ੍ਰਕਾਰਨਿ।
ਸਭਿ ਹੀ ਕਰਤਿ ਦਿਖਾਇ ਸੁ ਨਾਰਨਿ।
ਹਰਖਤਿ ਇਮ ਪ੍ਰਭਾਤਿ ਹੁਇ ਆਈ।
ਭਈ ਦਿਵਸ ਮਹਿਂ ਦੁਗਨ ਬਧਾਈ ॥੩੧॥

ਜਾਚਕ ਭੀਰ ਆਇ ਦਰ ਹੋਈ।
ਦਰਬ ਪਟਾਦਿ ਪਾਇ ਸਭਿ ਕੋਈ।
'ਚਿਰੰਜੀਵ ਹੁਇ' ਆਸ਼ਿਖ ਦੇਤਿ।
ਕੀਰਤਿ ਕਰਤਿ ਜਾਤਿ ਧਨ ਲੇਤਿ ॥੩੨॥

ਆਨ ਹੀਜ ਦ੍ਵੈ ਹਾਥਨਿ ਤਾਲੀ।
ਢੋਲਕ ਟਲਕਾ ਬਜਤਿ ਬਿਸਾਲੀ।
ਗਾਵਤਿ ਨਾਚਤਿ ਲੇਤਿ ਭਵਾਲੀ।
ਤਾਲ ਮਿਲਾਇ ਘੁੰਗਰੂ ਨਾਲੀ ॥੩੩॥

ਇੱਤਜਾਦਿਕ ਉਛਾਹਿ ਬਡ ਹੋਵਾ।
ਮਿਲਿ ਮਿਲਿ ਮੇਲ ਸਭਿਨਿਹੁਂ ਜੋਵਾ।
ਨਿਜ ਕੁਲ ਰੀਤਿ ਕੀਨਿ ਬਡ ਮਾਤਾ।
ਮਿਲੀ ਆਨਿ ਗਨ ਨਾਗਰਿ ਕਾਂਤਾ[1] ॥੩੪॥

[1]ਨਗਰ ਦੀਆਂ ਇਸਤ੍ਰੀਆਂ।

ਸ੍ਰੀ ਸਤਿਗੁਰ ਤਬਿ ਨਾਮ ਬਿਚਾਰਾ।
ਰਿਪੁ ਦਲ ਸਕਲ ਦੂਰ ਹੀਟਾਰਾ।
ਨਿਕਟ ਨ ਆਇ ਅਪਰ ਹੀ ਮਾਰਜੋ।

ਇਮ 'ਜੁਝਾਰ ਸਿੰਘ†' ਨਾਮ ਉਚਾਰਯੋ‡ ॥੩੫॥

†ਸਾਹਿਬਜ਼ਾਦਿਆਂ ਦੇ ਨਾਮ ਕ੍ਰਮ ਤੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰੁਤ ਦੇ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ।
‡ਨਦੌਣ ਵਿਖੇ ਤਾਂ ਜੁੱਧ ਹੋਇਆ ਸੀ, ਉਸ ਦੀ ਫਤੇ ਮਗਰੋਂ ਅਵਤਰੇ ਸਾਹਿਬਜ਼ਾਦੇ ਦਾ ਨਾਮ ਜੁਝਾਰ ਸਿੰਘ ਢੁੱਕਦਾ ਹੈ। ਹੁਣ ਤਾਂ ਅਸਿਧੁਜ ਦੇ ਬਲ (= ਜ਼ੋਰ) ਨਾਲ ਬਲਾ ਟਲੀ ਹੈ ਇਸ ਬੇਟੇ ਦਾ ਨਾਉਂ ਜ਼ੋਰਾਵਰ ਸਿੰਘ ਹੀ ਢੁਕਦਾ ਹੈ।

ਸੁਨਿ ਪਰਵਾਰ ਅਨੰਦਤਿ ਹੋਵਾ।
ਤੀਨੋ ਗੁਰੁ ਨੰਦਨ ਕੋ ਜੋਵਾ।
ਬਿਚਰਹਿਂ ਅਜਰ ਬਿਖੈ ਹਰਖੰਤੇ।
ਧਾਵਤਿ ਭੂਖਨ ਸ਼ਬਦ ਉਠੰਤੇ ॥੩੬॥
ਸ਼੍ਰੀ ਅਜੀਤ ਸਿੰਘ ਚਢਹਿ ਤੁਰੰਗਮ।
ਸੇਵਕ ਹੁਇਂ ਸੰਬੂਹ ਤਬਿ ਸੰਗਮ[1]।

[1]ਤਦ ਸੇਵਕ ਨਾਲ ਬਹੁਤ ਹੁੰਦੇ ਹਨ।

ਤਿਮ ਜੋਰਾਵਰ ਸਿੰਘ ਮੁਖ ਸੁੰਦਰ।
ਬਿਚਰਤਿ ਬਾਹਰ ਅੰਦਰ ਮੰਦਰ ॥੩੭॥
ਬਹੁ ਜੁਝਾਰ ਸਿੰਘ ਕੋ ਦੁਲਰਾਵੈਂ।
ਦਾਈ ਦਾਯਾ ਅੰਕ ਉਠਾਵੈਂ।
ਅਨਿਕ ਬਰਨ ਕੇ ਬਸਨ ਬਨਾਵਤਿ।
ਗੋਟਾ ਦਮਕਤਿ ਦੁਤਿ ਚਿਤ ਭਾਵਤਿ ॥੩੮॥
ਤੀਨਹੁ ਕੇ ਸਰੀਰ ਬਿਰਧੰਤੇ।
ਜਨੁ ਤ੍ਰੈ ਬਿਧਿ ਪਾਵਕ[1] ਲਖਿਯੰਤੇ।

[1]ਤਿੰਨ ਤਰ੍ਹਾਂ ਦੀਆਂ ਅਗਨੀਆਂ। ਦੇਖੋ ਅਗਲੇ ਅੰਸੂ ਦਾ ਅੰਕ ੩੯।

ਤੁਰਕ ਤਰੁਨਿ[1] ਕੀ ਜਰ ਕੌ ਜਾਰਨਿ।

[1]ਤੁਰਕਾਂ ਰੂਪ ਬ੍ਰਿੱਛਾਂ ਦੀ।

ਨਿਜ ਸਿੱਖਨ ਕੇ ਸੁਖ ਕੋ ਕਾਰਨ ॥੩੯॥
ਜੋਧਾ ਬਲੀ ਹੋਹਿਂਗੇ ਰਨ ਮੈਂ।
ਪ੍ਰਾਨ ਤਜਨ ਲੌਂ ਧੀਰਜ ਮਨ ਮੈਂ।
ਗੁਰ ਨੰਦਨ ਅਬਿ ਬੰਦਨ ਜੋਗ।
ਸਿਖ ਪਰਵਾਰ ਆਦਿ ਸਭਿ ਲੋਗ ॥੪੦॥
ਸ਼੍ਰੀ ਗੁਜਰੀ ਕੋ ਅਧਿਕ ਸਨੇਹੂ।
ਪ੍ਰਤਿਪਾਰਨ ਪੌਤ੍ਰਾਨਿ ਅਛੇਹੂ[1]।

[1]ਨਿਰੰਤਰ, ਬਹੁਤ।

ਕਰਿ ਇਕਠੇ ਨਿਜ ਨਿਕਟਿ ਬਿਠਾਵਹਿ।
ਪਰਚਾਵਤਿ ਭੋਜਨ ਅਚਵਾਵਹਿ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਜੁਝਾਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਏਕੋਨ ਪੰਚਾਸਤੀ ਅੰਸੂ ॥੪੯॥

## ੫੦. [ਕਵੀਆਂ ਦੀ ਕਦਰ। ਬਾਬਾ ਫਤਹ ਸਿੰਘ ਜਨਮ]

੪੯<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>

ਦੋਹਰਾ:

ਸ੍ਰੀ ਕਲਗ਼ੀਧਰ ਅਨੰਦਪੁਰ, ਬਿਲਸਤਿ ਬਹੁਤ ਬਿਲਾਸ।
ਜਿਤ ਕਿਤ ਤੇ ਬਹੁ ਗੁਨੀ ਨਰ, ਸੁਨਿ ਜਸੁ ਆਵਤਿ ਪਾਸ ॥੧॥

ਚੌਪਈ:

ਚਹੁਂ ਕੁੰਟਨ ਤੇ ਦੂਰ ਕਿ ਨੇਰੇ।
ਹੋਇ ਕਿਸੂ ਗੁਨ ਬਿਖੈ ਬਡੇਰੇ।
ਇਕ ਤੌ ਦਰਬ ਲਾਲਸਾ ਧਰੈਂ।
ਦੁਤੀਏ ਗੁਰ ਦਰਸ਼ਨ ਮੁਦ ਧਰੈਂ ॥੨॥
ਪਾਵਹਿਂ ਸੌਜ[1] ਪਸਾਰਹਿਂ ਜਸੁ ਕੌ। — [1]ਸਾਜ ਸਮਾਨ।
ਤ੍ਯੋਂ ਤ੍ਯੋਂ ਆਇ ਸੁਨਾਵਹਿਂ ਰਸ ਕੌ[1]। — [1](ਕਵਿਤਾ ਵਿਚ ਰਚੇ) ਰਸਾਂ ਨੂੰ।
ਪੂਰਬ ਦੱਛਨ ਪੱਛਮ ਉੱਤਰ।
ਪੰਡਤ ਕਰਤਿ ਪ੍ਰਸ਼ਨ ਦੈਂ ਉੱਤਰ[1] ॥੩॥ — [1](ਗੁਰੂ ਜੀ) ਦਿੰਦੇ ਹਨ ਉੱਤਰ।
ਕਵਿਤਾ ਕਾਵ੍ਯ ਬਨਾਵਹਿਂ ਜੋਈ।
ਨਵ ਰਸ ਸਹਿਤ ਬਿਭੂਖਨ[1] ਕੋਈ। — [1]ਅਲੰਕ੍ਰਿਤ, ਫਬੀ ਹੋਈ।
ਸੋ ਆਏ ਚਲਿ ਸਤਿੁਗਰ ਦ੍ਵਾਰੇ।
ਰੁਚਿਰ ਕਵਿੱਤ ਬਨਾਇ ਉਚਾਰੇਂ ॥੪॥
ਸੁਨਿ ਪ੍ਰਸੰਨ ਹ੍ਵੈ ਦੈਂ ਧਨ ਰਾਸ।
ਸਾਦਰ ਨਿਤ ਰਾਖਤਿ ਗੁਰ ਪਾਸਿ।
ਕੇਸ਼ਵ ਦਾਸ ਹੁਤੋ ਕਵਿ ਜੋਇ।
ਭਯੋ ਬੁੰਦੇਲ ਖੰਡ ਮਹਿਂ ਸੋਇ ॥੫॥
ਤਿਸ ਕੋ ਪੁੱਤ੍ਰ ਕੁਵਰ ਹੈ ਨਾਮੂ।
ਸੋ ਭੀ ਰਚਤਿ ਗਿਰਾ ਅਭਿਰਾਮੂ।
ਤੁਰਕ ਕਰਨ ਨਵਰੰਗ ਚਿਤ ਚਹ੍ਯੋ[1]। — [1]ਨੁਰੰਗੇ ਨੇ (ਉਸ ਨੂੰ) ਤੁਰਕ ਕਰਨਾ ਚਾਹਿਆ।
ਗੁਨੀ ਅਧਿਕ ਹਿੰਦੁਨਿ ਮਹਿਂ ਲਹ੍ਯੋ[1] ॥੬॥ — [1]ਹਿੰਦੂਆਂ ਵਿਚ ਬੜਾ ਗੁਣੀ ਜਾਣ ਕੇ।
ਜਬਹਿ ਕੁਵਰ ਸੁਧ ਇਸ ਬਿਧਿ ਪਾਈ।
ਤ੍ਯਾਗਿ ਦੇਸ਼ ਘਰ ਗਯੋ ਪਲਾਈ।
ਰਿਦੇ ਬਿਚਾਰ੍ਯੋ ਬਸਨ ਸਥਾਨ।
ਨਹਿਂ ਪ੍ਰਾਪਤਿ ਭਾ ਬੀਚ ਜਹਾਨ ॥੭॥
ਸੁਨੀ ਹੁਤੀ ਸੁਧਿ ਸ੍ਰੀ ਗੁਰ ਕੇਰੀ।

-ਇਕ ਸਮ ਨਿਬਹੈ ਸ਼ਕਤਿ ਘਨੇਰੀ[1]-।

[1]ਇਕ (ਗੁਰੂ ਜੀ ਹੀ ਨੁਰੰਗੇ ਦੇ) ਸਮ ਬਹੁਤੀ ਸ਼ਕਤੀ ਵਾਲੇ ਹਨ ਨਿਬਾਹੁਣਗੇ (ਮੇਰਾ ਧਰਮ)। (ਅ) ਜਿਨ੍ਹਾਂ ਦੀ ਬਹੁਤੀ ਸ਼ਕਤੀ ਇਕ ਤਾਰ ਨਿਭਦੀ ਹੈ।

ਦੂਰਿ ਕਰਿ ਦੂਰ ਦੂਰ[1] ਨਿਤ ਚਲਿ ਕਰਿ।
ਪਹੁੰਚਯੋ ਆਨਿ ਅਨੰਦਪੁਰਿ ਹਿਤ ਕਰਿ ॥੮॥

[1]ਭਾਵ ਆਮ ਰਸਤਿਆਂ ਤੋਂ ਦੁਰੇਡੇ ਦੁਰੇਡੇ ਟੁਰ ਕੇ।

ਰੁਚਿਰ ਕਵਿੱਤ ਕਿਤੂ ਕੇ[1] ਕਰਿ ਕੈ[2]।
ਮਿਲਯੋ ਗੁਰੂ ਸਨ ਤਬਹਿ ਉਚਰਿ ਕੈ।
'ਬਿਨਾ ਆਸਰੇ ਗਹਯੋ ਅਲੰਬ।
ਜਗਤ ਗੁਰੂ ! ਗੁਨ ਧਰਹੁ ਕਦੰਬ[1] ॥੯॥

[1]ਕੀਰਤੀ ਦੇ। (ਅ) ਕਿੰਨੇ ਕੁ। [2]ਰਚਕੇ।

[1]ਸਮੂਹ ਗੁਣਾਂ ਨੂੰ ਧਾਰਦੇ ਹੋ।

ਸੁਨਾ ਨਿਥਾਵਨ ਕੇ ਤੁਮ ਥਾਨ।
ਸਦਾ ਨਿਮਾਨਨ ਕੇ ਬਡ ਮਾਨ।
ਅਹੋ ਨਿਤਾਨਨ ਕੇ ਤੁਮ ਤ੍ਰਾਨ।
ਅਸ ਸ਼ੋਭਾ ਕੋ ਕਥਹਿ ਜਹਾਨ' ॥੧੦॥
ਸੁਨਿ ਸ੍ਰੀ ਪ੍ਰਭੁ ਸਾਦਰ ਬੈਠਾਯੋ।
ਨਿਜ ਪ੍ਰਸੰਗ ਤਬਿ ਬਿੱਪ੍ਰ ਸੁਨਾਯੋ।
'ਤੁਰਕ ਤੇਜ ਤੇ ਬਿਨ ਬਲ ਹਿੰਦੂ[1]।
ਧਰਮ ਬਿਨਾਸਤਿ ਮੇਲਤਿ ਬ੍ਰਿੰਦੂ[1] ॥੧੧॥

[1]ਹਿੰਦੂ ਬਲਹੀਨ ਹੋਏ ਹਨ।

[1]ਬਹੁਤਿਆਂ ਦਾ ਧਰਮ ਨਾਸ਼ ਕਰਕੇ ਮੇਲਦੇ ਹਨ (ਆਪਣੇ ਮਜ਼ਹਬ ਵਿਚ)।

ਮਹਾਂ ਤ੍ਰਾਸ ਤੇ ਮੈਂ ਚਲਿ ਆਯੋ।
ਚਹਤਿ ਆਪਨੋ ਧਰਮ ਬਚਾਯੋ।'
ਸੁਨਿ ਸ੍ਰੀ ਸਤਿਗੁਰ ਧੀਰਜ ਦੀਨਾ।
ਰੋਜ ਰਜਤਪਣ ਪੰਚ ਸੁ ਕੀਨਾ ॥੧੨॥
ਕਹਯੋ 'ਤੋਹਿ ਪਿਤ ਕਵੀ ਬਿਸਾਲਾ।
ਰਚੀ ਆਦਿ[1] ਕਵਿਪ੍ਰਿਯਾ[2] ਰਸਾਲਾ।

[1]ਪਹਿਲਾਂ। [2]ਨਾਮ ਹੈ ਗ੍ਰੰਥ ਦਾ।

ਗ੍ਰੰਥ ਮਹਾਂਭਾਰਤ ਮਨ ਭਾਵੈ[1]।

[1]'ਮਹਾਂ ਭਾਰਤ' ਦਿਲ ਨੂੰ ਚੰਗਾ ਲੱਗਣ ਵਾਲਾ ਹੈ (ਜੰਗਾਂ ਕਰਕੇ)।

ਕਵਿ ਗਨ ਤੇ ਭਾਖਾ ਬਨਵਾਵੈਂ[1]' ॥੧੩॥

[1]ਬਨਵਾਵਾਂਗੇ।

ਇਮ ਕਹਿ ਰਾਖਯੋ ਨਿਕਟ ਹਮੇਸ਼ਾ।
ਸੁਨਿ ਕਵਿ ਆਵਨਿ ਲਗੇ ਵਿਸ਼ੇਸ਼ਾ।
ਦਰਬ ਬ੍ਰਿੰਦ ਦੇ ਰਾਖਹਿਂ ਤੀਰ।
ਪਰਚਹਿਂ ਤਿਨ ਕੇ ਸੰਗ ਸਧੀਰ ॥੧੪॥
ਬਾਨੀ ਸ੍ਰੀ ਗੁਰ ਆਪ ਬਨਾਵੈਂ।

ਚੰਡਿ ਚਰਿੱਤ੍ਰ ਆਦਿ ਗਨ ਭਾਵੈਂ[1]।
ਰਿਦੇ ਬਿਚਾਰਹਿਂ ਬਹੁਤ ਕ੍ਰਿਪਾਲਾ।
-ਚਹੈਂ ਰਚਨਿ ਕੋ ਪੰਥ ਬਿਸਾਲਾ ॥੧੫॥
ਸੁਨਿ ਅੱਨਜਾਇ ਤੁਰਕ ਕੋ ਭਾਰੀ।
ਦੇਤਿ ਜਗਤ ਕੌ ਦੁਖ ਬੁਰਿਆਰੀ।
ਰਾਜ ਤੇਜ ਜਿਮ ਸਰਬ ਬਿਨਾਸੈ।
ਪੰਥ ਖਾਲਸਾ ਸੁਖਦ ਪ੍ਰਕਾਸ਼ੈ ॥੧੬॥
ਰਕਤਬੀਜ[1] ਕੋ ਜੁੱਧ ਕਰਾਲਾ।
ਸਿਮਰਨ ਕੀਨਸਿ ਭਲੋ ਸੁ ਕਾਲਾ।
ਜਗਤਮਾਤ ਕੌ ਬਰ ਤਿਹ ਸਮੋਂ।
ਪੰਥ ਕਰਨ ਕੋ ਦੀਨਸਿ ਹਮੋਂ ॥੧੭॥
ਬਿਦਤ ਹੋਇ ਕਰਿ ਬਰ ਤਬਿ ਦੇਊ।
ਸੋ ਅਬਿ ਸਮਾ ਭਯੋ ਬਿਦਿ ਤੇਊ।
ਹੋਇ ਬਿੱਪ੍ਰ ਬਰ ਅਸ ਕਿਸ ਦੇਸ਼।
ਪੂਜਹਿਂ, ਹੋਮ ਕਰਾਇ ਵਿਸ਼ੇਸ਼ ॥੧੮॥
ਜਥਾ ਜੋਗ ਬਿਧ[1] ਤੇ ਕਰਿਵਾਵਹਿਂ।
ਕਲੀ ਕਾਲ ਦੇਵੀ ਬਿਦਤਾਵਹਿਂ।
ਕਰਿ ਦਰਸ਼ਨ ਪੂਰਬ ਬਰ ਲੈ ਹੈਂ।
ਪੀਛੇ ਪੰਥ ਖਾਲਸਾ ਕੈ ਹੈਂ[†] ॥੧੯॥

[1]ਆਦਿਕ (ਬੀਰ ਰਸ ਉਤਪਤ ਕਰਨ ਵਾਲੇ) ਸਾਰੇ (ਗ੍ਰੰਥ) ਚੰਗੇ ਲਗਦੇ ਹਨ।

[1]ਨਾਮ ਦੈਂਤ ਦਾ।

[1]ਰੀਤੀ ਸਹਿਤ।

[†]ਇਹ ਕਥਨ ਜੇ ਕਵੀ ਜੀ ਦਾ ਹੈ ਤਾਂ ਵਦਤੋਵਜਾਘਤ ਹੈ ਪਿਛੇ ਰੁਤ ੨ ਅੰਸੂ ੨੪ ਅੰਕ ੬ ਵਿੱਚ ਕਹਿ ਆਏ ਹਨ:-'ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਸ਼ ਸਾਰਦਾ ਪਾਇਂ ਨ ਪਾਰੇ'। ਜੇ ਸਾਰਦਾ ਤੇ ਸ਼ੇਸ਼ਨਾਗ ਆਦਿ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕ ਹਨ ਤਦ ਫੇਰ ਗੁਰੂ ਜੀ ਨੂੰ ਆਪਣੇ ਸੇਵਕਾਂ ਵਿਚੋਂ ਕਿਸੇ ਇਕ ਦੀ ਉਪਾਸਨਾ ਦੀ ਕੀ ਲੋੜ ਹੈ?

ਰੱਛਕ ਹਿੰਦੁ ਧਰਮ ਕੇ ਬਨੈਂ।
ਦੁਸ਼ਟ ਅਰਿਸ਼ਟਿ[1] ਪ੍ਰਬਲ ਕੋ ਹਨੈਂ-।
ਇੱਤਜਾਦਿਕ ਪ੍ਰਭੁ ਚਿਤਵਤਿ ਰਹੈਂ।
ਬਿੱਪ੍ਰ ਖੋਜਿਬੇ ਹਿਤ ਕਬਿ ਕਹੈਂ ॥੨੦॥
ਚਹੁੰ ਕੁੰਟਨਿ ਤੇ ਨਰ ਗਨ ਆਵੈਂ।
ਅਨਿਕ ਅਕੋਰਨਿ ਕੋ ਅਰਪਾਵੈਂ।
ਬਸਨ ਬਿਭੂਖਨ ਹਯ ਹੱਥਜਾਰ।
ਵਸਤੁ ਅਜਾਇਬ ਦਰਬ ਉਦਾਰ ॥੨੧॥
ਮਨੋ ਕਾਮਨਾ ਪਾਇ ਸਿਧਾਰੈਂ।

[1]ਉਪੱਦ੍ਰਵੀ।

ਕੀਰਤਿ ਚਾਰੋਂ ਬਰਨ ਉਚਾਰੈਂ।
ਪੀਰ ਅਜ਼ਮਤੀ ਆਇਂ ਅਨੇਕੇਂ।
ਬਪੁ ਖ਼ੁਦਾਇ ਲਖਿ ਮਸਤਕ ਟੇਕੈਂ ॥੨੨॥
ਪ੍ਰਸ਼ਨੋਤਰ ਕਰਿ ਉਰ ਹਰਖਾਵੈਂ।
ਕਿਤਿਕ ਨਿਕਟ ਰਹਿ ਸੇਵ ਕਮਾਵੈਂ।
ਤਿਮ ਹੀ ਬਹੁਤ ਜੋਗੀ ਸੰਨਜਾਸੀ।
ਦਿਪਤਿ ਤੇਜ ਤੇ ਆਵਹਿਂ ਪਾਸੀ ॥੨੩॥
ਜਪੀ ਤਪੀ ਬਹੁ ਭੇਖ ਵਿਰਾਗੀ।
ਦਰਸਹਿਂ ਪ੍ਰਭੁ ਕੋ ਜੋ ਬਡਭਾਗੀ।
ਰਚਹਿਂ ਅਨਿਕ ਛੰਦਨ ਕੀ ਬਾਨੀ।
ਸੁੰਦਰ ਰਸ ਸ਼ਿੰਗਾਰ ਕੇ ਸਾਨੀ[1] ॥੨੪॥
[1]ਵਾਲੀ, ਮਿਲੀ ਹੋਈ।
ਬਰਣਨ ਕਰੈਂ ਬਹੁਤ ਰਸਬੀਰ[1]।
[1]ਬੀਰ ਰਸ।
ਬਿਚ ਸੰਗ੍ਰਾਮ ਧਰਨ ਭਟ ਧੀਰ[1]।
[1]ਸੂਰਮਿਆਂ ਦਾ ਧੀਰਜ ਧਰਨਾ।
ਅਧਿਕ ਰੌਦ੍ਰ ਪੁਰਖਾਰਥ ਜੋਧਾ[1]।
[1]ਰੌਦ੍ਰਰਸ ਤੇ ਜੋਧਿਆਂ ਦਾ ਪੁਰਸ਼ਾਰਥ।
ਲਗਹਿ ਸ਼ਸਤ੍ਰ ਜਿਮ ਬਢ ਹੈ ਕ੍ਰੋਧਾ ॥੨੫॥
ਜਿਸ ਤੇ ਬਕਤਾ ਅਰੁ ਸ਼੍ਰੋਤਾਨ।
ਵਧੈ ਬੀਰਤਾ ਮਨ ਮਹਿਂ ਆਨ।
ਕੋ ਅਸ ਕਾਇਰ ਹ੍ਵੈ ਜਗ ਮਾਂਹੀ।
ਸੁਨਿ ਪਠਿ ਹ੍ਵੈ ਉਤਸਾਹ ਨ ਜਾਂਹੀ ॥੨੬॥
ਰਣ ਮਹਿੰਮਾ ਕੋ ਕਹੈਂ ਮਹਾਨੀ।
ਚਹਿਬੋ ਸਭਿ ਨਰ ਆਯੁਧ ਪਾਨੀ[1]।
[1]ਚਾਹੁੰਦੇ ਹਨ ਕਿ ਸਾਰੇ ਪੁਰਸ਼ ਹੱਥ ਵਿਚ ਸ਼ਸਤ੍ਰ ਧਾਰੀ ਹੋ ਜਾਣ।
ਆਨ[1] ਕਵੀ ਬਹੁ ਪਾਸ ਥਿਰੇ ਹੈਂ।
[1]ਹੋਰ।
ਅਨਿਕ ਭਾਂਤਿ ਕੀ ਗਿਰਾ ਕਰੇ ਹੈਂ ॥੨੭॥
ਮਨ ਭਾਵਤ ਬਹੁ ਲਹੈਂ ਪਦਾਰਥ।
ਦਰਬ ਦੀਹ ਲੇ ਪੂਰਵਹਿਂ ਸ੍ਵਾਰਥ।
ਭਾਰਤ ਕੇ ਗਨ ਪਰਬ ਉਦਾਰਾ[1]।
[1]ਮਹਾਂਭਾਰਤ (ਗ੍ਰੰਥ) ਦੇ ਸਾਰੇ ਅਧਯਾਯ।
ਜਿਨ ਮਹਿਂ ਬਰਨਜੋਂ ਜੰਗ ਅਖਾਰਾ

॥੨੮॥
ਸੋ ਕਵੀਅਨਿ ਤੇ ਕਹਿ ਬਨਵਾਏ।
ਅਨਿਕ ਛੰਦ ਸੁੰਦਰ ਬਿਧਿ ਗਾਏ।
ਸ੍ਰੀ ਅਜੀਤ ਸਿੰਘ ਅਨੰਦ ਬਿਲੰਦ।
ਬੈਠਹਿਂ ਨਿਕਟ ਪਿਤਾ ਸੁਖਕੰਦ ॥੨੯॥
ਖੇਲਤਿ ਸ੍ਰੀ ਜੁਝਾਰ ਸਿੰਘ ਆਵੈਂ।
ਪਿਤਾ ਸਮੀਪ ਥਿਰਹਿਂ ਹਰਖਾਵੈਂ।
ਅੰਕ ਬਿਖੈ ਦਾਯਾ ਲੇ ਆਵਹਿ।
ਸ੍ਰੀ ਜ਼ੋਰਾਵਰ ਸਿੰਘ ਸੁਹਾਵਹਿਂ† ॥੩੦॥

†ਏਥੇ ਕਵੀ ਜੀ ਕੋਲੋਂ ਬੀ ਜੁਝਾਰ ਸਿੰਘ ਜੀ ਖੇਲਦੇ ਤੇ ਜ਼ੋਰਾਵਰ ਸਿੰਘ ਜੀ ਕੁੱਛੜ ਚੁਕੇ ਆਏ ਕਹਿਣ ਤੋਂ ਜੁਝਾਰ ਸਿੰਘ ਜੀ ਦੂਸਰੇ ਬੇਟੇ ਸਹੀ ਹੋਏ।

ਹੇਰਿ ਹੇਰਿ ਹੋਵਤਿ ਬਲਿਹਾਰੀ।
ਕਰਹਿਂ ਸਰਾਹਨਿ ਬਹੁ ਨਰ ਨਾਰੀ।
ਜ਼ੇਵਰ ਜਬਰ ਜੋਤਿ ਜਿਨ ਜ਼ਾਹਰ।
ਜਗਮਗ ਜ਼ਾਹਰ ਜਰੇ ਜਵਾਹਰ ॥੩੧॥
ਸ੍ਰੀ ਜੀਤੋ ਕੀ ਬਹੁ ਅਭਿਲਾਖਾ।
ਗੁਰ ਪਤਿ ਬਿਖੈ ਭਾਵ ਨਿਤ ਰਾਖਾ।
ਮਾਨਹਿ ਸਦਾ ਜਥਾ ਪ੍ਰਭੁ ਕਹੈਂ।
ਤਿਮ ਸੇਵਤਿ ਸਤਿ ਸੰਗਤਿ ਰਹੈ ॥੩੨॥
ਪਤਿ ਮੂਰਤਿ ਕੋ ਰਿਦੈ ਬਸਾਵੈ।
ਥਿਰ ਕਰਿ ਮਨ ਕੋ ਮੋਦ ਉਪਾਵੈ।
ਬਹੁ ਅਭਿਲਾਖਾ ਲਖਿ ਕਰਿ ਸ੍ਵਾਮੀ।
ਤਿਸ ਕੇ ਮੰਦਿਰ ਅੰਤਰਜਾਮੀ ॥੩੩॥
ਵਾਰ ਸਨਿਸ਼ਚਰ ਕੀ ਨਿਸ ਜਬੈ।
ਬਸੇ ਜਾਇ ਜੀਤੋ ਗ੍ਰਿਹ ਤਬੈ।
ਕਰਿ ਕੈ ਮੰਗਲ ਅਨਿਕ ਪ੍ਰਕਾਰੇ।
ਸੇਵਹਿ ਚਰਨ ਕਮਲ ਹਿਤ ਧਾਰੇ ॥੩੪॥
ਚੌਥੀ ਵਾਰ ਨੰਦ[1] ਚੌਥੇ ਹਿਤ।
ਨਿਜ ਘਰ ਬਸੇ ਅਨੰਦ ਦੈਬੇ ਹਿਤ।
ਪੰਚਮ ਬੇਰਿ ਨ ਬਸੇ ਗੁਸਾਈਂ।
ਬ੍ਰਹਮਚਰਜ ਧਰਿ ਬੈਸ ਬਿਤਾਈ ॥੩੫॥
ਇਕ ਸੀਤਾ ਬਿਨ ਜਿਮ ਰਘੁਬੀਰ।
ਸਰਬ ਆਰਬਲ ਰਾਖੀ ਧੀਰ।

[1]ਪੁੱਤ੍ਰ।

ਪ੍ਰਾਤਿ ਆਇ ਕਰਿ ਸੌਚ ਸ਼ਨਾਨੇ।
ਜੀਤੋ ਗਰਭ ਧਰਜੋ ਸਭਿ ਜਾਨੇ ॥੩੬॥
ਕਰੇ ਬਿਤਾਵਨ ਨਵਮ ਮਹੀਨੇ।
ਫਾਗਨ ਸੁਦਿ ਬੁਧਵਾਰ ਸੁ ਚੀਨੇ।
ਸੰਮਤ ਹੁਤੋ ਸਤਾਰਾਂ ਸੈਯਾ।
ਪਚਵੰਜਾ[1] ਊਪਰ ਬਿਤ ਵੈਯਾ ॥੩੭॥

[1]੧੭੫੫।

ਚਤੁਰਥ ਪੁੱਤ੍ਰ[†] ਜਨਮ ਕੋ ਲੀਨਾ।

[†]ਸਾਹਿਬਜ਼ਾਦਿਆਂ ਦੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰਾਸਿ ਦੇ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ ਤੇ ਇਸੇ ਅੰਸੂ ਦਾ ਅੰਕ ੩੦।

ਬਜੀ ਵਧਾਈ ਉਮਰ ਨਵੀਨਾ।
ਤਿਥ ਇਕਾਦਸ਼ੀ ਉਤਸਵ ਕਿਤੋ[1]।

[1]ਕੀਤਾ।

ਤਬਿ ਨਖੱਤ੍ਰ ਅਨੁਰਾਧਾ ਹੁਤੋ ॥੩੮॥
ਤੀਨ ਪੁੱਤ੍ਰ ਸ੍ਰੀ ਜੀਤੋ ਕੇਰੇ।
ਤੀਨ ਅਗਨਿ[1†] ਤਨ ਦਿਪਤਿ ਬਡੇਰੇ।

[1]ਤ੍ਰੈ ਅਗਨੀਆਂ ਰੂਪ।

[†]ਕਰਮ ਕਾਂਡ ਨੇ ਛੇ ਅਗਨੀਆਂ ਮੰਨੀਆਂ ਹਨ:-'ਗਾਰ੍ਹਪਤਜ, ਆਹਵਨੀਯ, ਦਕਸ਼ਨਾਗਨਿ, ਸਭਜਾਗਨਿ, ਆਵਸਥਜ ਤੇ ਔਪਾਸਨਾਗਨਿ। ਇਹਨਾਂ ਵਿਚੋਂ ਪਹਿਲੀਆਂ ਤਿੰਨ ਮੁੱਖ ਹਨ।
੧. ਗਾਰ੍ਹਪਤਜ ਉਹ ਅਗਨੀ ਹੈ ਜਿਸ ਨਾਲ ਜੱਗ ਦੇ ਭਾਂਡੇ ਗਰਮ ਕੀਤੇ ਜਾਂਦੇ ਹਨ। ਜੱਗ ਲਈ ਰੋਟੀ ਪਕਾਉਣ ਤੋਂ ਲੈ ਸੰਸਕਾਰ ਤਕ ਸਾਰੀ ਕ੍ਰਿੱਤ ਇਸੇ ਅਗਨੀ ਨਾਲ ਕਰਦੇ ਹਨ। ਹਰੇਕ ਗ੍ਰਿਹਸਥੀ ਨੂੰ ਇਸ ਅਗਨੀ ਦੀ ਰਖਜਾ ਕਰਨੀ ਮੰਨੀ ਗਈ ਹੈ।
੨. ਦਕਸ਼ਨਾਗਨਿ ਉਹ ਹੈ ਜੋ ਜੱਗ ਦੇ ਮੰਡਪ ਵਿਚ ਗਾਰ੍ਹਪਤਜ ਅਗਨੀ ਦੇ ਦੱਖਣ ਪਾਸੇ ਵੱਲ ਥਾਪੀ ਜਾਂਦੀ ਹੈ।
੩. ਆਹਵਨੀਯ ਅਗਨੀ ਉਹ ਹੈ ਜੋ ਗਾਰ੍ਹਪਤਜ ਅਗਨੀ ਵਿਚੋਂ ਲੈ ਕੇ ਮੰਤ੍ਰ ਉਚਾਰ ਕੇ ਮੰਡਪ ਵਿਚ ਪੂਰਬ ਦੇ ਪਾਸੇ ਸਥਾਪਨ ਕੀਤੀ ਜਾਂਦੀ ਹੈ। ਹਵਨ ਇਸ ਨਾਲ ਹੁੰਦਾ ਹੈ। ਇਸ ਨੂੰ ਕਵੀ ਜੀ ਨੇ ਮਹਾਂਪ੍ਰਸਤ ਲਿਖਿਆ ਹੈ। (ਅ) ਤ੍ਰੈ ਅਗਨੀਆਂ ਚਕਿਤਸਾ ਵਾਲਿਆਂ ਨੇ ਬੀ ਮੰਨੀਆਂ ਹਨ, ਓਹ ਏਹ ਹਨ:-੧. ਭੌਮ = ਜੋ ਲਕੜੀ ਆਦਿ ਤੋਂ ਬਾਲੀ ਦੀ ਹੈ। ੨. ਦਿਵਜ = ਜੋ ਬਿਜਲੀ ਵਿਚ ਹੁੰਦੀ ਹੈ। ੩. ਜਠਰ = ਜੋ ਪੇਟ ਵਿਚ ਭੋਜਨ ਪਚਾਉਂਦੀ ਹੈ। ਪਰ ਏਥੇ ਇਹਨਾਂ ਤੋਂ ਕਵੀ ਜੀ ਦੀ ਮੁਰਾਦ ਨਹੀਂ ਹੈ। ਕਵੀ ਜੀ ਨੇ ਇਹ ਸੌ ਸਾਖੀ ਦੀ ਸਾਖੀ ੫੨ ਤੋਂ ਲੈ ਕੇ ਲਿਖਿਆ ਹੈ।

ਇਕ ਦਖਣਾਤਜ, ਗ੍ਰਾਹਿਪਤਜ ਬੀਜੀ।
ਮਹਾਂ ਪ੍ਰਸਥ ਅਵਤਾਰੀ[1] ਸੁ ਤੀਜੀ ॥੩੯॥

[1]ਪ੍ਰਗਟ ਹੋਈ।

ਤਰਕਨਿ ਤੇਜ ਮਹਿਦ ਬਨ ਜੋਵਾ।
ਇਨ ਅਪਰਾਧ[1] ਦਗਧ ਸੋ ਹੋਵਾ।

[1]ਸਾਹਿਬਜ਼ਾਦਿਆਂ ਦਾ ਅਪਰਾਧ ਕਰਨੇ ਤੇ (ਉਹਨਾਂ ਦਾ ਤੇਜ) ਦਗਧ ਹੋਇਆ, ਗੋਇਆ, ਇਹਨਾਂ ਨੂੰ ਮਾਰਨਾਂ ਤੁਰਕਾਂ ਲਈ ਤ੍ਰੈ ਹੋਮ ਅਗਨੀਆਂ ਪ੍ਰਜ੍ਵਲਤ ਕਰਨੀਆਂ ਸਨ ਜਿਨ੍ਹਾਂ ਵਿਚ ਉਨ੍ਹਾਂ ਦਾ ਰਾਜ ਤੇਜ ਅਹੂਤੀ ਹੋ ਗਿਆ।

ਸਿੰਘਨ ਕੇ ਦਾਰਿਦ ਬਡ ਸੀਤ।
ਇਨ ਤੇ ਸ਼ੀਘ੍ਰ ਗਯੋ ਬਹੁ ਬੀਤ ॥੪੦॥
ਮਾਤ ਸੁੰਦਰੀ ਕੋ ਸੁਤ ਸੂਰਾ।

ਸ਼ਸਤ੍ਰਨਿ ਕੀ ਬਿੱਦਜਾ ਮਹਿਂ ਪੂਰਾ।
ਰਣ ਮਹਿਂ ਅਨਗਨ ਤੁਰਕ ਪ੍ਰਹਾਰੇ।
ਨਹਿਂ ਠਹਿਰਨ ਕੋ ਦੀਨਿ ਅਗਾਰੇ ॥੪੧॥
ਚਾਰਹੁੰ ਕੇ ਸਰੂਪ ਦੁਤਿ ਚਾਰੂ।
ਚਤੁਰ ਸੁਮਤਿ ਕੇ ਮਨਹੁਂ ਪਹਾਰੂ।
ਦਿਨ ਪ੍ਰਤਿ ਸ਼ਸਤ੍ਰਨਿ ਕੋ ਅੱਭਜਾਸਾ।
ਪਿਤ ਕੀ ਆਇਸੁ ਮੈਂ ਜਿਮ ਦਾਸਾ ॥੪੨॥
ਰੁਤਿ ਦੂਜੀ ਅਬਿ ਪੂਰਨ ਹੋਈ।
ਕਹੌਂ ਕਥਾ ਪੁਨ ਆਗਲ ਜੋਈ।
ਦਸਹੁਂ ਗੁਰਨ ਕੇ ਚਰਨ ਮਨਾਇ।
ਜਥਾ ਸ਼ਕਤਿ ਸਭਿ ਦੇਉਂ ਸੁਨਾਇ ॥੪੩॥

## [ਅਰਦਾਸ]

ਕਬਿੱਤ:

ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ,
ਰਮਜੋਂ ਨਿਤ ਪਾਪਨਿ ਮੋਂ, ਮਿਲਜੋ ਕਬਿ ਧੀਰ ਨਾ।
ਧੀਰ ਨਾ ਧਰਤਿ ਕਾਮ ਲੰਪਟ ਕਠੋਰ, ਕੂਰ
ਬੋਰਜੋ† ਮੈਂ ਬਿਕਾਰਨ ਮੈਂ, ਭਯੋ ਮਨ ਤੀਰ ਨਾ। †ਪਾ:-ਬੈਠਜੋ।
ਤੀਰ ਨਾ ਪਛਾਨਜੋ ਤੁਮੈਂ, ਦੂਰ ਕਰਿ ਜਾਨਜੋ ਪ੍ਰਭੁ !
ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ,
ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ ॥ ੪੪ ॥

ਸੀਰ = ਹਿੱਸਾ, ਸੰਬੰਧ, ਮੇਲ [ਹਿੰਦੀ, ਮੀਰ = ਸਾਂਝ। ਪੰਜਾ:, ਸੀਰ = ਹਿੱਸਾ]।
ਸੁਸੰਗ = ਸ੍ਰੇਸ਼ਟ ਸੰਗ, ਭਾਵ ਨਾਮੀ ਪੁਰਖਾਂ ਦਾ ਸੰਗ। ਬੋਰਜੋ = ਡੋਬ ਰਿਹਾ ਹੈ।
ਤੀਰ = ਤੀਰ, ਤੀਰ ਵਰਗਾ ਭਾਵ ਸਿੱਧਾ। ਤੀਰ = ਨੇੜੇ।
ਤਤਬੀਰ = ਜੁਗਤਿ, ਉਪਾਉ। [ਫਾ: ਤਦਬੀਰ] ਬੀਰ = ਸੂਰਮਾਂ, ਬਹਾਦਰ। ਮੁਰਾਦ ਹੈ ਕਿ ਦਇਆ ਦਾਨ ਉਤਸਾਹ ਤੇ ਸੂਰਮਗਤੀ ਦੇ ਕੰਮ ਮੈਂ ਨਹੀਂ ਕੀਤੇ।
ਤਕਸੀਰ = ਗੁਨਾਹ, ਪਾਪ, [ਫਾ:, ਤਕਸੀਰ]।

ਅਰਥ:

(ਹੇ ਪ੍ਰਭੂ ! ) ਮੈਂ ਸੰਤੋਖ ਸਿੰਘ ਨੇ ਸਤਿਸੰਗਤ ਨਾਲ ਕਦੀ ਮੇਲ ਨਹੀਂ (ਰਖਿਆ ਤੇ ਸਦਾ) ਕੁਸੰਗ ਵਿਚ (ਮੇਲ ਰਖਿਆ ਹੈ), ਪਾਪਾਂ ਵਿਚ ਮੈਂ ਨਿਤ ਪ੍ਰਵਿਰਤ ਰਿਹਾ ਹਾਂ, (ਮੈਨੂੰ) ਕਦੇ ਧੀਰਜ ਨਹੀਂ ਪ੍ਰਾਪਤਿ ਹੋਇਆ। ਹਾਂ, (ਮੇਰਾ) ਮਨ ਧੀਰਜ ਨਹੀਂ ਧਰਦਾ, (ਇਹ) ਕਠੋਰ ਕਾਮ ਵਿਚ ਲੰਪਟ ਹੈ। (ਮੈਨੂੰ) ਝੂਠੇ ਵਿਕਾਰਾਂ ਵਿਚ ਡੋਬ ਰਿਹਾ ਹੈ, (ਕਿਸੇ ਉਪਾਉ ਨਾਲ ਅਜੇ ਤੱਕ ਇਹ ਮਨ ਸਿੱਧਾ) ਤੀਰ ਨਹੀਂ ਹੋਇਆ। ਹੇ ਪ੍ਰਭੂ ਤੈਨੂੰ (ਮੈਂ) ਨੇੜੇ ਨਾ ਪਛਾਣਿਆਂ ਤੇ (ਸਦਾ) ਦੂਰ ਹੀ ਕਰਕੇ ਜਾਣਦਾ ਰਿਹਾ (ਤੇ ਆਪਣੇ) ਉਧਾਰ ਦੀ (ਕਦੇ ਕੋਈ) ਜੁਗਤ ਨਾ ਵਿਚਾਰੀ। (ਹੇ ਪ੍ਰਭੂ !) ਜਿਵੇਂ ਉਹ (ਤਰਖਾਣ ਪੁੱਤ੍ਰ) ਨਾ ਸੂਰਮਾਂ ਤੇ ਨਾਂ (ਤੇਰਾ ਮੁੱਢ ਤੋਂ) ਭਗਤ ਸੀ (ਕੇਵਲ) ਨਾਰੀ ਦੇ ਵਾਸਤੇ (ਉਸ ਨੇ ਵਿਸ਼ਨੂੰ ਦਾ) ਭੇਖ ਧਾਰਿਆ (ਹੋਇਆ ਸੀ) (ਤੇ ਤੂੰ) ਉਸ ਦੀ ਪੈਜ ਰੱਖੀ ਸੀ ਤਿਵੇਂ ਹੀ ਮੇਰੀ ਕੋਈ ਤਕਸੀਰ ਨਾ ਵੇਖੋ (ਤੇ ਪੈਜ ਰੱਖ ਦਿਖਾਓ)।

ਚੌਥੀ ਸਤਰ ਵਿਚ ਦਿਤੇ ਇਸ਼ਾਰੇ ਦੀ ਕਥਾ:

ਇਕ ਰਾਜ ਕੰਨਯਾਂ ਨੇ ਵਿਸ਼ਨੂੰ ਜੀ ਦਾ ਸਰੂਪ, ਜਸੁ ਤੇ ਬਲ ਸੁਣਕੇ ਪ੍ਰਣ ਕੀਤਾ ਕਿ ਮੈਂ ਵਿਸ਼ਨੂੰ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਨਹੀਂ ਕਰਨਾ। ਇਕ ਚਤੁਰ ਜੁਆਨ ਸੁੰਦਰ ਲੜਕੇ ਨੇ ਜੋ ਤਰਖਾਣੀ ਕਾਰੀਗਰੀ ਦਾ ਕਮਾਮ ਕਰਦਾ ਸੀ ਰਾਜ ਕੰਨਜਾਂ ਨੂੰ ਵੇਖਕੇ ਉਸ ਨਾਲ ਵਿਆਹ ਕਰਨ ਦੀ ਪੱਕੀ ਧੁਨ ਲਾ ਲਈ ਸੀ। ਗਰੀਬ ਆਦਮੀ ਦੇ ਯਤਨ ਨਿਸ਼ਫਲ ਜਾਣੇ ਹੀ ਸਨ, ਪਰ ਅੰਤ ਉਸ ਨੂੰ ਰਾਜ ਕੰਨਜਾਂ ਦੇ ਪ੍ਰਣ ਦਾ ਪਤਾ ਲੱਗਾ, ਤਦ ਉਸ ਨੇ ਇਕ ਹਵਾ ਵਿਚ ਉਡਣ ਵਾਲਾ ਗਰੁੜ ਬਣਾਇਆ, ਦੋ ਬਾਹਾਂ ਬਨਾਉਟੀ ਲਾਈਆਂ ਤੇ ਵਿਸ਼ਨੂੰ ਦਾ ਵੇਸ ਧਾਰਕੇ ਉੱਡਕੇ ਰਾਜ ਮਹਿਲ ਆ ਪੁਹੰਚਾ। ਭੇਖ ਨਿਭ ਗਿਆ ਵਿਆਹ ਹੋ ਗਿਆ। ਵੱਖਰੇ ਮਹਿਲ ਵਿਚ ਰਹਿਣ ਬਹਿਣ ਲੱਗੇ, ਬਨਾਵਟੀ ਵਿਸ਼ਨੂੰ ਨੇ ਪੱਜ ਬਣਾ ਲਿਆ ਕਿ ਰਾਜ ਕੰਨਜਾਂ ਦੇ ਅਤੀ ਪ੍ਰੇਮ ਦੇ ਕਾਰਨ ਮੈਂ ਮਨੁੱਖ ਰੂਪ ਵਿਚ ਹੀ ਇਸ ਦੇ ਜੀਉਂਦੇ ਜੀ ਇਸ ਪਾਸ ਰਹਾਂਗਾ। ਕੁਛ ਸਮਾਂ ਪਾ ਕੇ ਉਸ ਕੰਨਜਾਂ ਦੇ ਪਿਤਾ ਰਾਜਾ ਤੇ ਕਿਸੇ ਹੋਰ ਰਾਜਾ ਵਲੋਂ ਹਮਲਾ ਹੋਇਆ, ਹਾਰ ਦੀਆਂ ਸੂਰਤਾਂ ਤੱਕ ਕੇ ਰਾਜਾ ਤੇ ਦਰਬਾਰੀ ਇਸ ਵਿਸ਼ਨੂੰ ਦੀ ਪੈਰੀਂ ਆ ਪਏ ਕਿ ਆਪ ਲਾਜ ਰੱਖੋ। ਉਸ ਨੇ ਕਿਹਾ ਚਿੰਤਾ ਨਾ ਕਰੋ, ਕੱਲ ਜੀਤ ਹੋਇਗੀ। ਰਾਜਾ ਤੇ

ਦਰਬਾਰੀ ਤਾਂ ਚਲੇ ਗਏ, ਪਰ ਬਨਾਵਟੀ ਵਿਸ਼ਨੂੰ ਜੀ ਇਤਨੇ ਡਰੇ ਅਰ ਸਹਿਮੇ ਕਿ ਸੁਰਤ ਸੰਕੁਚਦੀ ਸੰਕੁਚਦੀ ਜੁੜ ਗਈ, ਅਰਦਾਸ ਵਿਚ ਲੀਨ ਹੋ ਗਈ, ਸਮੇਂ ਦੀ ਔਕੜ ਪੈ ਜਾਣ ਤੇ ਭੈ ਦੀ ਪ੍ਰਬਲਤਾ ਕਰਕੇ ਚਿਤ ਨਿਰਮਲ ਹੋ ਕੇ ਜੁੜਦਾ ਜੁੜਦਾ ਇਕ ਚਿਤ ਇਕ ਛਿਨ' ਵਾਲੀ ਏਕਾਗ੍ਰਤਾ ਵਿਚ ਚਲਾ ਗਿਆ। ਅਗਲੇ ਦਿਨ ਜੁੱਧ ਵਿਚ ਗ਼ੈਬੀ ਮਦਦ ਆਈ ਤੇ ਜੁੱਧ ਫਤਹ ਹੋ ਗਿਆ। ਇਹ ਪ੍ਰਮਾਣ ਦੇਕੇ ਵਾਹਿਗੁਰੂ ਜੀ ਅੱਗੇ ਭਗਤ ਜੀ ਨੇ ਅਰਦਾਸ ਕੀਤੀ ਹੈ ਜੋ ਭਗਤ ਬਾਣੀ (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਆਈ ਹੈ। ਉਸ ਵੱਲ ਇਸ਼ਾਰਾ ਕਰਕੇ ਕਵੀ ਜੀ ਬਿਨੈ ਕਰਦੇ ਹਨ ਕਿ ਹੇ ਵਾਹਿਗੁਰੂ! ਆਪ ਅਰਦਾਸ ਪਾਪੀਆਂ ਦੀ ਬੀ ਸੁਣ ਲੈਂਦੇ ਹੋ, ਮੇਰੀਆਂ ਬੀ ਤਕਸੀਰਾਂ ਨਾ ਤੱਕੋ ਤੇ ਤ੍ਰੁਠ ਕੇ ਮੇਰੇ ਇਸ ਕਾਰਜ ਨੂੰ ਸਿਰੇ ਚਾੜ੍ਹੋ ਤੇ ਸ਼ੁਭਗਤੀ ਦਾਨ ਕਰੋ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਫਤੇ ਸਿੰਘ ਜੀ ਜਨਮ ਪ੍ਰਸੰਗ' ਬਰਨਨੰ ਕਵੀ ਸੰਤੋਖ ਸਿੰਘ ਬਿਰਚਤਾਯਾਂ ਭਾਂਖਾਯਾਂ ਨਾਮ ਪੰਚਾਸਤੀ ਅੰਸੂ ॥੫੦॥

[ਦੂਜੀ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰੁਤਿ ਤੀਸਰੀ Rut 3

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
*Visit: www.ik13.com* *Email rarasahib@yahoo.com*
Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰੁਤਿ ਤੀਜੀ

## ਰੁਤਿ ਤੀਸਰੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ — ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ

'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੁਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ

ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰੁਤਿ ਤੀਸਰੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਤੀਜੀ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਤਤਕਰਾ ਰੁਤਿ ਤੀਜੀ

## ਤੀਸਰੀ ਰੁਤਿ


੧ ਅੰਸੂ ੧. [ਮੰਗਲ। ਬ੍ਰਾਹਮਣਾਂ ਦੀ ਪ੍ਰੀਖਯਾ]

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਨ ਦਾ-ਮੰਗਲ।

੨ ੨. [ਸੰਗਤਾਂ ਦੇ ਮੇਲੇ ਤੇ ਚਾਉ, ਉਤਸਾਹ ਹੋਲੀ]

੩ ੩. [ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ]

੪ ੪. [ਕੇਸ਼ਵ ਦਾਸ ਮਿਲਨਾ]

੫ ੫. [ਸਮਿੱਗ੍ਰੀ ਮੰਗਾਉਣੀ]

੬ ੬. [ਨੈਣੇ ਦਾ ਟਿੱਲਾ]

੭ ੭. [ਹਮਨ ਅਰੰਭ]

੮ ੮. [ਸ਼ਿਕਾਰ। ਹੋਮ]

੯ ੯. [ਸ੍ਵਪਨ ਦਰਸ਼ਨ]

੧੦ ੧੦. [ਪ੍ਰਗਟ ਹੋਣ ਦੇ ਚਿੰਨ੍ਹ]

੧੧ ੧੧. [ਦੇਵੀ ਦਾ ਪ੍ਰਗਟ ਹੋਣਾ]

੧੨ ੧੨. [ਕੇਸ਼ੋ ਦਾਸ ਦਾ ਰੁੱਸਣਾ]

੧੩ ੧੩. [ਪਹਾੜੀ ਰਾਜਿਆਂ ਨੂੰ ਉਪਦੇਸ਼]

੧੪ ੧੪. [ਮਸੰਦਾਂ ਦੇ ਖੋਟ। ਚੇਤੋ]

੧੫ ੧੫. [ਚੇਤੋ ਮਸੰਦ ਦਾ ਖੋਟ]

੧੬ ੧੬. [ਚੇਤੋ ਮਸੰਦ ਦਾ ਖੋਟ। ਸਜ਼ਾ]

੧੭ ੧੭. [ਸਿੱਖੀ ਪਰਖਣ ਦੇ ਤਾਉ ਤੇ ਕਸਵੱਟੀਆਂ]

੧੮ ੧੮. [ਪੰਜ ਪਿਆਰੇ]

੧੯ ੧੯. [ਅੰਮ੍ਰਿਤ ਛਕਾਇਆ]

੨੦ ੨੦. [ਗੁਰੂ ਜੀ ਨੇ ਅੰਮ੍ਰਿਤ ਛਕਣਾ]

੨੧ ੨੧. [ਖਾਲਸੇ ਦਾ ਵਧਣਾ]

੨੨ ੨੨. [ਖਾਲਸੇ ਦਾ ਆਦਰਸ਼। ਸ਼ੇਰ ਦੇ ਵੇਸ ਗਧੇ ਦਾ ਦ੍ਰਿਸ਼੍ਟਾਂਤ]

੨੩ ੨੩. [ਨੁਹ ਗ੍ਰਾਮ ਨੂੰ ਦੰਡ]

੨੪ ੨੪. [ਭਾਈ ਨੰਦ ਲਾਲ]

੨੫ ੨੫. [ਭਾਈ ਨੰਦ ਲਾਲ ਜੀ ਮਾਇਨੇ ਦੱਸੇ]

੨੬ ੨੬. [ਭਾਈ ਨੰਦਲਾਲ ਗੁਰੂ ਜੀ ਦੇ ਹਜ਼ੂਰ]

੨੭ ੨੭. [ਭਾਈ ਨੰਦਲਾਲ ਜੀ। ਹੋਲੀ]

੨੮ ੨੮. [ਭਾਈ ਦਯਾ ਸਿੰਘ ਜੀ ਦਾ ਜੰਞੂ]

੨੯ ੨੯. [ਚੱਧੇ ਮੱਘੇ ਮਸੰਦ ਨੂੰ ਦੰਡ। ਮਸੰਦਾਂ ਦੀ ਨਕਲ]

| | |
|---|---|
| ੩੦ | ੩੦. [ਭਾਈ ਤਖਤ ਮਲ ਫੇਰੂ। ਭਾਈ ਰਾਉ ਆਦਿ ਮਸੰਦ] |
| ੩੧ | ੩੧. [ਨੰਦ ਚੰਦ ਸ੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਸਿਆ] |
| ੩੨ | ੩੨. [ਭਾਈ ਗੁਰਦਾਸ ਮਸੰਦ। ਬਜਰੂੜ ਨੂੰ ਦੰਡ] |
| ੩੩ | ੩੩. [ਹੋਲੀ ਉੱਪਰ ਦੋ ਇਸਤ੍ਰੀਆਂ। ਹਿੰਦੂ ਤੇ ਮੁਸਲਮਾਨ ਵਡਕੇ] |
| ੩੪ | ੩੪. [ਚਬੀਣੀ ਤੇ ਪ੍ਰਸ਼ਾਦ। ਅਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਦੰਡ। ਸਿੱਖੀ] |
| ੩੫ | ੩੫. [ਪਾਹੁਲ ਭੇਦ। ਦੇਵੀ। ਦੁਸ਼ਟ ਦਮਨ] |
| ੩੬ | ੩੬. [ਹੁਸ਼ਨਾਕ ਸਿੰਘ, ਫੂੰਗੀ, ਫਰਾਂਸੀਸੀ] |
| ੩੭ | ੩੭. [ਭਵਿੱਖਤ ਵਾਕ] |
| ੩੮ | ੩੮. [ਲੇਪਣੀ ਸਿੰਘ ਨੂੰ ਤਮਾਚਾ] |
| ੩੯ | ੩੯. [ਮਾਤਾ ਗੁਜਰੀ ਜੀ ਨੂੰ ਦੇਵੀ ਦਾ ਪ੍ਰਸੰਗ ਸੁਣਾਇਆ] |
| ੪੦ | ੪੦. [ਲਾਂਗਰੀ ਤਕਰਾਰੀ। ਕਹੀ ਲੋਕਾਈ। ਲੰਗਰ ਅਟਕਾ] |
| ੪੧ | ੪੧. [ਸ਼ਹੀਦ] |
| ੪੨ | ੪੨. [ਇਕ ਸੁਨਿਆਰੇ ਲੜਕੇ ਦਾ ਪ੍ਰਸੰਗ] |
| ੪੩ | ੪੩. [ਇਕ ਅਨਪੜ੍ਹ ਸਿੱਖ। ਕਬੀਰ ਜੀ ਦੇ ਸਮੇਂ ਦਾ ਪਾਤਸ਼ਾਹ] |
| ੪੪ | ੪੪. [ਲੰਗਰ ਦੀ ਸੇਵਕ ਇਕ ਸਿੱਖਣੀ] |
| ੪੫ | ੪੫. [ਪੰਮਾ ਵਜ਼ੀਰ ਦਤ ਹੋਕੇ ਰਿਹਾ। ਕੜਾਹ ਪ੍ਰਸ਼ਾਦ ਚਰਚਾ] |
| ੪੬ | ੪੬. [ਮੇਲੇ ਤੇ ਸੰਗਤ ਰੋਕ ਰਖੀ] |
| ੪੭ | ੪੭. [ਭਾਈ ਅਨੰਦ ਸਿੰਘ] |
| ੪੮ | ੪੮. [ਭਾਈ ਅਨੰਦ ਸਿੰਘ] |
| ੪੯ | ੪੯. [ਮਾਲਾ ਸਿੰਘ ਤੇ ਲਾਹੌਰਾ ਸਿੰਘ] |
| ੫੦ | ੫੦. [ਮੁਕਤਿ ਨਾਮਾ] |
| ੫੧ | ੫੧. [ਮੋਮਨੀ ਵੱਸ ਸਿੱਖਣੀ] |

# ਤੀਜੀ ਰਿਤੁ ਚੱਲੀ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤੇ॥

## ਅਥ ਤ੍ਰਿਤਿਯ ਰੁਤ ਕਥਨੰ।

### ਅੰਸੂ ੧. [ਮੰਗਲ। ਬ੍ਰਾਹਮਣਾਂ ਦੀ ਪ੍ਰੀਖਯਾ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

ਸਾਰਦ ਬਾਰਦ ਨਾਰਦਹਿ, ਪਾਰਦ ਇੰਦ ਮਨਿੰਦ।
ਬਰਣ ਰੂਪ ਕੋ ਬਰਣ ਬਰ, ਨਮੋ ਚਰਣ ਅਰਬਿੰਦ ॥੧॥

ਸਾਰਦ ਬਾਰਦ = ਸਰਦ ਰੁਤ ਦਾ ਬੱਦਲ। ਪਾਰਦ = ਪਾਰਾ। ਬਰਣ = ਰੰਗ।
ਬਰਣ = ਵਰਣਨ ਹੁੰਦਾ ਹੈ। ਕਥਨ ਕੀਤਾ ਜਾਂਦਾ ਹੈ। ਬਰ = ਸ੍ਰੇਸ਼ਟ।

ਅਰਥ:

(ਜਿਸ ਸਰਸ੍ਵਤੀ ਦਾ) ਸਰਦ ਰੁਤ ਦੇ ਬੱਦਲ, ਨਾਰਦ, ਪਾਰੇ ਤੇ ਚੰਦ੍ਰਮਾਂ ਵਰਗਾ ਸ੍ਰੇਸ਼ਟ ਰੰਗ ਰੂਪ ਕਥਨ ਕੀਤਾ ਜਾਂਦਾ ਹੈ, ਤਿਸਦੇ ਚਰਨਾਂ ਕਵਲਾਂ (ਉਪਰ ਮੇਰੀ) ਨਮਸਕਾਰ ਹੈ।

੨. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਨ ਦਾ-ਮੰਗਲ।

ਸ੍ਰੀ ਨਾਨਕ, ਅੰਗਦ, ਅਮਰ, ਰਾਮਦਾਸ, ਅਰਜੰਨ।
ਹਰਿਗੋਬਿੰਦ, ਹਰਿਰਾਇ ਗੁਰ, ਹਰਿਕ੍ਰਿਸ਼ਨ ਪਗ ਮੰਨ ॥੨॥
ਤੇਗ ਬਹਾਦਰ, ਦਸਮ ਗੁਰ, ਸਭਿਕੇ ਚਰਨ ਮਨਾਇ।
ਰੁਤ ਬਰਨੋਂ ਅਬਿ ਤੀਸਰੀ, ਜਿਮ ਦੇਵੀ ਬਿਦਤਾਇ ॥੩॥

ਅਰਥ:

ਸ੍ਰੀ (ਗੁਰ) ਨਾਨਕ (ਦੇਵ, ਸ੍ਰੀ ਗੁਰ) ਅੰਗਦ (ਦੇਵ, ਸ੍ਰੀ ਗੁਰ) ਅਮਰ (ਦਾਸ, ਸ੍ਰੀ ਗੁਰ) ਰਾਮ ਦਾਸ, (ਸ੍ਰੀ ਗੁਰ) ਅਰਜਨ (ਦੇਵ, ਸ੍ਰੀ ਗੁਰ) ਹਰਿਗੋਬਿੰਦ, (ਸ੍ਰੀ ਗੁਰਹਰਿ ਰਾਇ (ਤੇ ਸ੍ਰੀ ਗੁਰ) ਹਰਿ ਕ੍ਰਿਸ਼ਨ ਜੀ ਦੇ ਚਰਨਾਂ ਨੂੰ ਮਨਾਉਂਦਾ ਹਾਂ ॥ ੨ ॥ (ਤੇ ਫਿਰ ਸ੍ਰੀ ਗੁਰ) ਤੇਗ ਬਹਾਦਰ, ਦਸਮ ਗੁਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਤੱਕ ਸਾਰੇ (ਗੁਰਾਂ) ਦੇ ਚਰਨਾਂ ਨੂੰ ਪੂਜ ਕੇ ਹੁਣ ਤੀਸਰੀ ਰੁਤ ਕਥਨ ਕਰਦਾ ਹਾਂ ਜਿਵੇਂ ਦੇਵੀ ਪ੍ਰਗਟਾਈ ਸੀ।

ਦਿਜ ਖੋਜਨ ਹਿਤ ਸਤਿਗੁਰੂ,
ਚਿਤਵਤਿ ਅਨਿਕ ਉਪਾਇ।
ਮਖ ਮਿਸ[1] ਕਰਿ ਬਹੁ ਦੇਸ਼ ਤੇ,
ਲੀਨੇ ਬ੍ਰਿੰਦ ਬੁਲਾਇ ॥੪॥

[1]ਯੱਗ ਦੇ ਸਾਂਗੇ, ਯੱਗ ਦੇ ਬਹਾਨੇ।

ਤੋਟਕ ਛੰਦ:

'ਧਨ ਦੇਹਿੰ ਘਨੋ' ਸਭਿ ਸੰਗ ਭਨਜੋ।

ਇਮ ਦੇਸ਼ ਬਿਦੇਸ਼ ਮਝਾਰ ਸੁਨੇਂ।
ਦ੍ਵਿਜ ਆਗਮ ਬੇਦ ਸ਼੍ਰੁਤੀ ਬਿਤ ਜੇ[1]।
ਬਿਤ ਭੇਦ ਖੜੰਗਨ ਕੇ ਜਿਤ ਜੇ[1] ॥੫॥

[1]ਸ਼ਾਸਤ੍ਰਾਂ ਤੇ ਵੇਦ ਦੀਆਂ ਸ਼੍ਰੁਤੀਆਂ ਦੇ ਵੇਤਾ ਸਨ ਜੇਹੜੇ ਦਿਜ।
[1]ਵੇਦ ਦੇ ਛੇ ਅੰਗਾਂ ਦੇ ਭੇਦ ਜਾਣਨ ਵਾਲਿਆਂ ਨੂੰ ਬੀ ਜਿੱਤ ਲੈਣ ਵਾਲੇ ਜੋ (ਬ੍ਰਾਹਮਣ ਹਨ)। ਛੇ ਅੰਗ ਵੇਦ ਦੇ ਇਹ ਹਨ:- ਸਿਖ੍ਯਾ, ਕਲਪ, ਵ੍ਯਾਕਰਣ, ਨਿਰੁਕਤ, ਛੰਦ, ਜ੍ਯੋਤਿਸ਼।

ਸਭਿ ਬੇਦ ਸੁ ਮੰਤ੍ਰਨਿ ਗ੍ਯਾਤ ਧਰੈਂ।
ਜਿਨ ਕੋ ਪਠਿ ਦੇਵ ਪ੍ਰਸੰਨ ਕਰੈਂ।
ਹਵਨਾਦਿਕ ਰੀਤਿ ਪਛਾਨਤਿ ਹੈਂ।
ਸਭਿ ਪੂਜਨ ਕੀ ਬਿਧਿ ਜਾਨਤਿ ਹੈਂ ॥੬॥
ਪੁਰਿ ਗ੍ਰਾਮਨ ਮਾਨਵ ਭੇਜਿ ਦਿਯੇ।
ਨਿਜ ਨੇਰ ਕੀ ਦੂਰਹਿ ਜਾਨਿ ਲਿਯੇ।
ਸਭਿ ਕੋ ਬੁਲਿਵਾਇ ਅਨੰਦਪੁਰੇ।
ਬਹੁ ਆਵਤਿ ਭੇ ਬਡ ਮੇਲ ਕਰੇ ॥੭॥
ਦਿਸ਼ ਪੂਰਬ ਕੇ ਪੁਰਿ ਕੌਨ ਗਨੇ।
ਸ਼ਿਵ ਕੋ ਪੁਰਿ ਔ ਮਥਰਾਦਿ ਘਨੇ।
ਪੁਨ ਔਧ, ਪ੍ਰਯਾਗ, ਦਿਲੀ ਜੁ ਭਲੇ।
ਸੁਨਿ ਕੈ ਗੁਰ ਕੋ ਮਖ ਆਇਂ ਚਲੇ ॥੮॥
ਕਸ਼ਮੀਰ, ਲਹੌਰ ਜਿ ਔਰ ਘਨੇ।
ਬਹੁ ਥਾਵਨਿ ਕੇ ਨਹਿਂ ਸੋਇ ਗਨੇ।
ਬਿਤ ਬੇਦਨ ਕੇ ਦਿਜ[1] ਆਵਤਿ ਹੈਂ।
ਪੁਰਿ ਆਨੰਦ ਮਾਨਹਿ[1] ਪਾਵਤਿ ਹੈਂ ॥੯॥

[1]ਵੇਦ ਵੇਤਾ ਬ੍ਰਹਮਨ।
[1]ਆਦਰ।

ਦੋਹਰਾ:

ਬੇਤਾ ਬਿੱਦ੍ਯਾ ਸਕਲ ਕੇ,
ਸੋ ਆਵਤਿ ਚਿਤ ਚਾਇ।
ਕਰਦ ਸ਼ਨਾਸੀ[1] ਸਤਿਗੁਰੂ,
ਦੇਹਿਂ ਦਰਬ ਸਮੁਦਾਇ ॥੧੦॥

[1]ਕਦਰ ਪਛਾਣਨ ਵਾਲੇ।

ਤੋਟਕ ਛੰਦ:

ਕਿਹ ਲੌਂ ਗਨੀਅਹਿ ਦਿਜ ਆਇ ਗਏ।

ਪੁਰਿ ਆਨੰਦ ਮੈਂ ਬਿਸਰਾਮ ਕਿਏ।
ਸਭਿ ਚਾਵਰ ਚੂਨ ਘ੍ਰਿਤਾਦਿ ਲਹੈਂ।
ਕਰਿ ਭੋਜਨ ਕੋ ਦਰਸੰਨ ਚਹੈ ॥੧੧॥
ਦਿਜ ਪੁੰਜਹਿ ਪੁੰਜ ਸੁ ਡੇਰ ਕਿਯੇ[1]।
ਬਿਨ ਬਿੱਦਜ ਸਬਿੱਦਜ ਮਿਲੰਤਿ ਭਏ[1]।
-ਪਰਖੈਂ ਇਨ ਕੋ- ਇਮ ਠਾਨਿ ਮਨੰ[1]।
ਗੁਰ ਆਇਸੁ ਦੀਨਿ ਮਹਾਨ ਜਨੰ[1] ॥੧੨॥
'ਗਨ ਭੋਜਨ ਪਾਕ[1] ਅਨੇਕ ਕਰੋ।
ਮਿਸ਼ਟਾਨ ਸਲੌਨਹਿ ਸ੍ਵਾਦ ਧਰੋ।'
ਸੁਨਿ ਆਇਸੁ ਬ੍ਰਿੰਦ ਮਸੰਦ ਲਗੇ।
ਨਿਸ ਬਾਸੁਰ ਮੈਂ ਚਿਰਕਾਲ ਜਗੇ ॥੧੩॥
ਭਰਿ ਭੋਜਨ ਤਯਾਰ ਅਨੇਕ ਬਿਧੀ।
ਧਰਿ ਲਾਇ ਅੰਬਾਰ ਬਨੰਤਿ ਸਿਧੀ[1]।
ਭਰਿ ਕੋਸ਼ਠ ਮੋਦਕ ਸੰਗ ਘਨੇ।
ਗਨ ਪੂਪਨਿ ਪਾਕ ਸੁ ਕੌਨ ਗਨੇ[1] ॥੧੪॥
ਬਰ ਪੂਰ ਕਚੌਰ ਮਸਾਲਨ ਤੇ।
ਕਰਿ ਲੀਨਿ[1], ਬਰੇ[2] ਦਧੀ ਡਾਲਨ ਤੇ।
ਮਿਰਚਾਂ ਗਨ ਜੀਰਕ ਤੇ ਧਨੀਆ।
ਘ੍ਰਿਤ ਤੇ ਸਭਿ ਪਾਕ ਭਲੋ ਬਨੀਆਂ ॥੧੫॥
ਨਰ ਸੈਂਕਰਿ ਨੀਤ ਬਨਾਵਤਿ ਹੈਂ।
ਕਰਿ ਕੋਸ਼ਠ ਪੂਰ ਟਿਕਾਵਤਿ ਹੈਂ।
ਬਹੁ ਕੀਨਿ ਤਿਹਾਵਲ[1] ਤਯਾਰ ਜਬੈ।
ਸਭਿ ਕੋ ਬੁਲਵਾਇ ਸੁ ਲੀਨਿ ਤਬੈ ॥੧੬॥

**ਸ੍ਵੈਯਾ ਛੰਦ:**

ਪਠਯੋ ਮੇਵੜਾ ਸ਼੍ਰੀ ਕਲਗ਼ੀਧਰ

[1]ਝੁੰਡਾਂ ਦੇ ਝੁੰਡ ਬ੍ਰਾਹਮਣਾਂ ਨੇ ਡੇਰੇ ਕਰ ਲਏ।
[1]ਵਿਦਿਆਂ ਤੋਂ ਬਿਨਾਂ ਤੇ ਵਿਦਵਾਨ ਇਕੱਠੇ ਹੋਏ।
[1]ਮਨ ਵਿਚ।
[1]ਵਡੇ ਸੇਵਕਾਂ ਨੂੰ।
[1]ਭੋਜਨ ਤੇ ਪਕਵਾਨ। (ਅ) ਪੱਕੀ ਰਸੋਈ।
[1]ਜਦ ਤਿਆਰ ਹੋ ਜਾਂਦੇ ਹਨ ਤਾਂ ਮਾਨੋ ਢੇਰ ਲਾ ਦਿੰਦੇ ਹਨ।
[1]ਪੂੜੇ (ਆਦਿਕ) ਸਾਰੇ ਪਕਵਾਨ ਕੌਣ ਗਿਣੇ।
[1]ਪੂਰੀਆਂ ਕਚੌਰੀਆਂ ਚੰਗੇ ਮਸਾਲਿਆਂ ਨਾਲ ਭਰ ਲਈਆਂ (ਭਾਵ ਪੀਠੀ ਲੂਣ ਮਸਾਲੇ ਆਦਿ ਪਾਕੇ)। [2]ਵੜੇ।
[1]ਕੜਾਹ ਪ੍ਰਸਾਦਿ।

ਤਿਸ ਨੇ ਊਚੇ ਭਨਯੋਂ ਸੁਨਾਇ।
'ਹੁਕਮ ਕਰਯੋ ਸ੍ਰੀ ਸਤਿਗੁਰੁ ਪੂਰੇ,
ਸੁਨਿਬੇ ਜੋਗ ਬਿੱਪ੍ਰ ਸਮੁਦਾਇ[1]। — [1]ਜੋ ਸਾਰੇ ਬ੍ਰਾਹਮਣਾਂ ਦੇ ਸੁਣਨੇ ਯੋਗ ਹੈ।
ਖੀਰ ਖੰਡ ਜੋ ਖਾਇ ਅਹਾਰੈ
ਪੰਜ ਰਜਤਪਣ ਸੋ ਅਬਿ ਪਾਇ।
ਆਮਿਖ ਅਚਵੈ ਪੰਚ ਅਸ਼ਰਫੀ
ਗੁਰ ਢਿਗ ਤੇ ਲੇ ਸਦਨ ਸਿਧਾਇ'
॥੧੭॥
ਬਹੁਤ ਬਾਰਿ ਸਭਿਹੂੰਨ ਸੁਨਾਯੋ
ਦ੍ਵੈ ਪੰਕਤਿ ਭਰਿ ਦੀਨਿ ਬਿਠਾਇ।
ਲੋਭ ਗ੍ਰਸੇ ਬਹੁ ਬਿੱਪ੍ਰ ਹਰੀ ਮਤਿ[1] — [1]ਮੱਤ ਮਾਰੀ ਗਈ।
ਮਾਸ ਅਸਨ ਕੋ ਮਨ ਲਲਚਾਇ।
ਧਰਮ ਛੋਰਿ ਕਰਿ ਥਿਰੇ ਆਨਿ ਤਹਿਂ
ਜਹਾਂ ਮੁਹਰ ਕੋ ਪੰਚ ਅਲਾਇ।
ਖੀਰ ਖਾਨ ਹਿਤ ਰਹੇ ਅਲਪ ਹੀ
ਜਾਨਯੋਂ ਜਿਨਹੁਂ -ਪ੍ਰਲੋਕ ਗਵਾਇ[1]- — [1]ਗੁਵਾਚਦਾ ਹੈ।
॥੧੮॥
ਆਮਿਖਹਾਰੀ ਭਏ ਹਜ਼ਾਰੋਂ
ਥਿਰ ਪੰਕਤਿ ਕਰਿ ਕੈ ਬਰਤਾਇ।
ਇਕ ਦਿਸ਼ਿ ਗਨ ਪਕਵਾਨ ਪਰੋਸੇ
ਜੇ ਬਹੁ ਦਿਨ ਕੇ ਰਖੇ ਬਨਾਇ।
ਦੋਨਹੁਂ ਪੰਕਤਿ ਕੋ ਮਨਭਾਵਤਿ
ਦੀਨਿ ਅਸਨ ਆਛੇ ਤ੍ਰਿਪਤਾਇ।
ਜੇਤਿਕ ਚਹਯੋ ਅਰਪ ਸਭਿਹਿਨਿ ਕੌ
ਜਲ ਤੇ ਚੁਰਾ ਕਰਯੋ ਸਮੁਦਾਇ ॥੧੯॥
ਪ੍ਰਭੁ ਸੋਂ ਭਨਯੋਂ 'ਸੁਨਹੁ ਸ੍ਰੀ ਸਤਿਗੁਰ
ਆਮਿਖ ਹਾਰੀ ਦਿਜ ਸਮੁਦਾਇ[1]। — [1]ਭਾਵ ਬਹੁਤੇ ਹਨ।
ਤਿਨ ਤੇ ਅਲਪ ਅਚਯੋ ਪਕਵਾਨਹਿਂ[1], — [1]ਉਨ੍ਹਾਂ ਨਾਲੋਂ ਥੋੜਿਆਂ ਨੇ (ਦੂਸਰੇ) ਪਕਵਾਨ ਛਕੇ ਹਨ।
ਅਬਿ ਦਛਨਾ ਕੋ ਥਿਰੇ ਸਬਾਇ।'
ਉਠਿ ਕਰਿ ਗਏ ਬਿਲੋਕਨ ਕੀਨੇ
ਜਿਨਹੁਂ ਲੋਭ ਤੇ ਧਰਮ ਗਵਾਇ।

ਬਾਰਹਿ ਬਾਰ ਉਚਾਰਿ ਧਿਕਾਰਹਿਂ
'ਨਹੀਂ ਬਿੱਪ੍ਰ ਤੁਮ ਦੰਭ ਕਮਾਇ
॥੨੦॥
ਅਪਕਰਮੀ ਨਿਜ ਧਰਮਹਿਂ ਭ੍ਰਿਸ਼ਟੀ,
ਬਿਗਰੇ ਆਪ ਬਿਗਾਰਹਿਂ ਔਰ।
ਉਚਿਤ ਸਜ਼ਾਇ ਦੇਨਿ ਕੇ ਤੁਮ ਸਭਿ,
ਦੇਹਿਂ ਅਬਹਿ, ਬਡ ਮਾਚਹਿ ਰੌਰ।
-ਪ੍ਰਥਮ ਬੁਲਾਇ ਦੰਡ ਗੁਰ ਦੀਨੋ-
ਭਲੋ ਬੁਰੋ ਭਾਖੈਂ[1] ਸਭਿ ਠੌਰ।

[1]ਕੋਈ ਭਲਾ ਕੋਈ ਬੁਰਾ ਕਹੇਗਾ (ਕਿ ਨਾਲੇ) ਪਹਿਲੋਂ (ਘਰ) ਸੱਦੇ ਹੈਨੇ ਤੇ (ਨਾਲੇ ਫੇਰ) ਗੁਰੂ ਜੀ ਨੇ ਦੰਡ ਦਿੱਤਾ।

ਯਾਂ ਤੇ ਛਿਮਾਧਰੀ ਮਨ ਜਾਨਹੁਂ,
ਨਹਿਂ ਪ੍ਰਲੋਕ ਜਾਨਜੋ ਮਤਿ ਬੌਰ[1]'
॥੨੧॥

[1](ਤੁਸਾਂ) ਮਤ ਦੇ ਬਾਵਲਿਆਂ ਨੇ ਪ੍ਰਲੋਕ ਦਾ ਖਯਾਲ ਨਹੀਂ ਕੀਤਾ।

ਇੱਤਜਾਦਿਕ ਬਹੁ ਕਰਜੋ ਧਿਕਾਰੇ
ਬਹੁਰ ਦੱਛਨਾ ਹਿਤ ਫੁਰਮਾਇ।
'ਪੰਚ ਪੰਚ ਇਨ ਦੇਹੁ ਰਜਤਪਣ[1]
ਨਹਿਂ ਛੂਛੇ ਨਿਜ ਸਦਨ ਸਿਧਾਇਂ†।

[1]ਰੁਪਏ।

†ਇਉਂ ਬੀ ਸ਼੍ਰੋਤ ਹੈ ਕਿ ਇਕ ਇਕ ਮੋਹਰ ਦੇਣੀ ਕੀਤੀ ਸੀ ਮਾਸ ਅਹਾਰੀਆਂ ਨੂੰ ਸੋ ਉਨ੍ਹਾਂ ਨੂੰ ਤਾਂ ਇੰਨੀ ਹੀ ਮਿਲੀ ਤੇ ਨਾ ਮਾਸ ਖਾਣ ਵਾਲਿਆਂ ਨੂੰ ਪੰਜ ਪੰਜ ਰੁਪੱਯੇ ਕਹੇ ਸਨ ਉਨ੍ਹਾਂ ਨੂੰ ਇੰਨੀ ਦੱਛਣਾ ਤੇ ਪੰਜ ਪੰਜ ਮੁਹਰਾਂ ਇਨਾਮ ਮਿਲੀਆਂ। ਇਹ ਖਿਆਲ ਕਰਨਾ ਕਿ ਜੋ ਕੁਛ ਮੂੰਹੋਂ ਕਿਹਾ ਸੀ ਉਸ ਤੋਂ ਘਟ ਦਿੱਤਾ ਸਜ਼ਾ ਵਜੋਂ, ਗਲਤ ਹੈ ਕਿਉਂਕਿ ਦੰਡ ਯੋਗ ਸਮਝਕੇ 'ਛਿਮਾਧਾਰੀ' ਲਿਖਿਆ ਹੈ। ਛਿਮਾਧਾਰੀ ਤਾਂ ਜੋ ਮੁਖਵਾਕ ਸੀ ਸੋ ਦਿੱਤਾ। ਪਰ ਜਿੰਨਾਂ ਪਰ ਖੁਸ਼ ਹੋਏ ਉਨ੍ਹਾਂ ਨੂੰ ਹੋਰ ਵੱਧ ਇਨਾਮ ਦਿੱਤੇ, ਇਹ ਮਿਹਰ ਹੈ।

ਪੁਨਪੰਕਤਿ ਦੂਜੀ ਮਹਿਂ ਗਮਨੇ
'ਸਾਧ ਸਾਧ' ਸ੍ਰੀ ਬਦਨ ਅਲਾਇ।
'ਧਰਿ ਸੰਤੋਸ਼ ਧਰਮ ਨਹਿਂ ਛੋਰਜੋ
ਜੋ ਪ੍ਰਲੋਕ ਮਹਿਂ ਕਰਹਿਂ ਸਹਾਇ'
॥੨੨॥
ਪੰਚ ਪੰਚ ਦੀਨਾਰ ਦੀਨਿ ਤਿਨ
ਸਿਵਰ ਕਰਾਯਹੁ ਪੁਨ ਸਨਮਾਨ।
ਆਮਿਖ ਹਾਰੀ ਰੁਖਸਦ ਕੀਨੇ

ਪਹੁੰਚੇ ਆਪ ਆਪਨੇ ਥਾਨ।
ਪਛੁਤਾਵਤਿ ਬਹੁ ਹਾਸ ਹੁਯੋ ਤਿਨ,
ਸਰਜੋ ਨ ਕਾਰਜ ਸੰਕਟ ਮਾਨਿ।
ਧਰਮ ਸਹਿਤ ਜੋ ਭਏ ਪ੍ਰਫੁੱਲਤ,
ਰਖਿ ਪ੍ਰਲੋਕ ਪਾਯੋ ਧਨ ਪਾਨ[1] ॥੨੩॥
ਕਲਗ਼ੀਧਰ ਕੇ ਕੌਤਕ ਐਸੇ
ਬਿਦਤ ਭਯੋ ਤਬਿ ਸਕਲ ਜਹਾਨ।
ਇਮ ਪਰਖਨ ਕਰਿ ਦਿਜਬਰ ਰਾਖੇ
ਸੁਧਿ ਤਿਨ ਕੀ ਲੇ ਖਾਨ ਰੁ ਪਾਨ।
ਦਿਨ ਪ੍ਰਤਿ ਕਰਹਿਂ ਦਿਵਾਵਨ ਨੀਕੇ
ਕੇਤਿਕ ਸਮੈਂ ਬਿਤਯੋ ਮਨ ਜਾਨਿ।
ਬਸੇ ਅਨੰਦਪੁਰਿ ਉਰ ਅਨੰਦ ਕਰਿ[†]
ਗੁਰ ਜਸੁ ਉਚਰਤਿ ਰਹੇ ਮਹਾਨ
॥੨੪॥
ਕਰੇ ਅਵਾਹਨ ਇਕ ਦਿਨ ਦਿਜਬਰ
ਸਰਬ ਪੁਰਿਨਿ ਕੇ ਬਹੁ ਬੁਧਿਵੰਤ।
ਸਾਦਰ ਕੀਨਿ ਬਿਠਾਵਨਿ ਤਿਨ ਕੋ
ਕਰਿ ਆਸ਼ਿਖ ਪ੍ਰਭੁ ਕੋ ਸੁਖਵੰਤ[1]।
'ਚਿਰ ਜੀਵਹੁ ਤੁਮ ਗੰਗ ਜਮਨ ਲਗਿ
ਤੇਜ ਪ੍ਰਤਾਪ ਬਢੈ ਅਤਿਯੰਤ।
ਅਸ਼ਟਹੁੰ ਦਿਗਪਾਲਨ ਕੇ ਸਮ ਤੁਮ
ਰਾਜ ਸਾਜ ਮਹਿਂ ਬਡ ਬਲਵੰਤ'
॥੨੫॥
ਸਭਿ ਸੋਂ ਪ੍ਰਸ਼ਨ ਕਰਯੋ ਕਲਗ਼ੀਧਰ
'ਸੁਨਹੁ ਬਿੱਪ੍ਰ ਬਰ ਬਿੱਦਯਾਵੰਤ!
ਸ਼੍ਰੀ ਜਗਮਾਤ ਚੰਡਕਾ ਕਾਲੀ
ਤਿਸ ਪੂਜਨ ਕੋ ਹਮ ਚਿਤਵੰਤਿ[†]।
ਜਥਾ ਪ੍ਰਯੋਗ ਮੰਤ੍ਰ ਜਪ ਦੇ ਬਲਿ[1]
ਆਗਮ ਨਿਗਮ ਬਿਖੈ ਲਖਿਯੰਤਿ।
ਤਥਾ ਭਨਹੁ ਹਮ ਸੰਗ ਸਰਬ ਹੀ

[1]ਧਨ ਬੀ ਪਾ ਲਿਆ ਤੇ ਪ੍ਰਲੋਕ ਬੀ ਰੱਖ ਲਿਆ।

[†]ਪਾ:-ਪੁਰ।

[1]ਗੁਰੂ ਜੀ ਨੂੰ ਸੁਖ ਵਾਲੀ ਅਸ਼ੀਰਵਾਦ ਦਿੱਤੀ।

[†]ਦੇਵੀ ਪੂਜਨ ਸੰਬੰਧੀ ਉੱਧਾਰ ਦੇਵੀ ਦੇ ਪ੍ਰਸੰਗ ਦੀ ਸਮਾਪਤੀ ਪਰ ਆਵੇਗਾ। ਦੇਖੋ ਇਸੇ ਰੁਤ ਦੇ ਅੰਸੂ ੧੨ ਦੇ ਅੰਤ।

[1]ਜਿਵੇਂ ਮੰਤ੍ਰ ਜਾਪ ਤੇ ਬਲੀਆਂ ਦੇਣੀਆਂ।

ਜਿਮ ਜਾਨਤਿ ਹੋ ਸਕਲ ਮਤੰਤ'
॥੨੬॥
ਮੁੱਖਜ ਬਿੱਪ੍ਰ ਬਰ ਬਹੁ ਬਿਚਾਰ ਕਰਿ
ਸਤਿਗੁਰ ਸੰਗ ਸੁਨਾਵਨ ਕੀਨਿ।
'[1]ਬਰਨੀ ਕਰਨਿ, ਪ੍ਰਯੋਗ ਮੰਤ੍ਰ ਕੋ

[1]ਸਾਧਨ, ਉਪਚਾਰ, ਵਰਨੀਆਂ ਕਰਕੇ ਤੇ ਮੰਤ੍ਰ ਦੇ ਪ੍ਰਯੋਗ (ਕਰਕੇ) ਆਪਣੇ ਕਾਰਜ ਨੂੰ ਚੰਗੀ ਵਿਧੀ ਨਾਲ ਸਿਰੇ ਚਾੜ੍ਹ ਦੇਣ ਵਾਲੇ (ਜੋ ਹਨ ਸੋ) ਇਸ ਤਰ੍ਹਾਂ ਦੇ ਬ੍ਰਾਹਮਣ ਅਨੇਕ ਹੁਣ (ਬੀ) ਹਨ। ਭਾਵ ਵਰਨੀਆਂ ਤੇ ਪ੍ਰਯੋਗ ਕਰਨ ਵਾਲੇ ਬ੍ਰਾਹਮਣ ਮਿਲ ਜਾਂਦੇ ਹਨ। [ਵਰਨੀ = ਪੂਜਾ, ਮੰਤ੍ਰਾਂ ਦਾ ਉਚਾਰ, ਮੰਗਲ ਕਾਰਜ ਕਰਾਉਣ ਵਾਲੇ ਨੂੰ ਦਾਨ ਆਦਿ। ਜਾਂ ਇਉਂ ਬੀ ਕਹਿੰਦੇ ਹਨ ਕਿ ਮੰਤ੍ਰ ਉਚਾਰਣ ਦੀ ਇਕ ਮਾਲਾ ਜਦ ਹਜ਼ਾਰ ਵਾਰ ਫਿਰ ਜਾਵੇ ਤਾਂ ਇਕ ਵਰਨੀ ਕਹੀਦੀ ਹੈ। ਪ੍ਰਯੋਗ ਮੰਤ੍ਰ ਕੇ = ਮੰਤ੍ਰਾਂ ਦੇ ਸਿੱਧ ਕਰਨ ਦੇ ਉਪਚਾਰ]। ਇਸ ਤੁਕ ਦਾ ਕੁਛ ਭਾਵ ਅੰਕ ੨੯ ਦੀ ਦੂਜੀ ਤੁਕ ਵਿਚ ਕਵੀ ਜੀ ਨੇ ਖੋਹਲ ਦਿੱਤਾ ਹੈ।

ਨਿਜ ਕਾਰਜ ਸਾਧਿਕ ਬਿਧਿ ਪੀਨ।
ਇਸ ਪ੍ਰਕਾਰ ਕੇ ਅਬਿ ਅਨੇਕ ਦਿਜ[੪]
ਖੋਜਹੁ ਪ੍ਰਾਪਤਿ ਹੋਇਂ ਪ੍ਰਬੀਨ।
ਦੁਗਨ ਚੌਗੁਨੀ ਪੂਜਾ ਕਰਿਬੇ
ਕਾਰਜ ਸਧਹਿ[1], ਆਪ ਲਿਹੁ ਚੀਨ
॥੨੭॥

[1]ਪੂਜਾ ਕਰਨੇ ਤੇ ਕਾਰਜ ਸਿੱਧ ਹੋ ਜਾਂਦਾ ਹੈ।

ਪ੍ਰੋਖ ਦੇਤਿ ਬਰ ਕਾਰਜ ਹੋਵਤਿ[1],

[1]ਦੇਵੀ) ਲੁਕਕੇ ਵਰ ਦੇਂਦੀ ਹੈ ਤੇ ਕਾਰਜ ਹੋ ਜਾਂਦਾ ਹੈ।

ਇਤ ਹੌਂ ਬਾਤਿ ਸਰਬ ਬਨਿ ਆਇ।
ਕਰਨਿ ਪ੍ਰਤੱਖ ਪਾਵਨੋ ਦਰਸ਼ਨ,
ਇਹ ਦੁਰਲਭ, ਕਿਮ ਹ੍ਵੈ ਨ ਉਪਾਇ।
ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ
ਮ੍ਰਿੱਤੁ ਲੋਕ ਨਹਿਂ ਬਿਦਤ ਦਿਖਾਇ[1]।

[1]ਸਤਜੁਗ ਤ੍ਰੇਤਾ ਦੁਆਪਰ ਵਿਚ ਮਾਤ ਲੋਕ ਤੇ (ਕਦੇ ਵੀ ਕਿਸੇ) ਪ੍ਰਗਟ ਨਹੀਂ (ਕਰ) ਦਿਖਾਈ (ਅ)...... ਪ੍ਰਗਟ ਹੋਕੇ ਦਿੱਸੀ ਨਹੀਂ।

ਅਬਿ ਤੌਂ ਕਲਜੁਗ ਕਹਾਂ ਸਧਹਿ ਬਿਧਿ,
ਹਮਰੇ ਮਨ ਮਹਿਂ ਇਸ ਬਿਧਿ ਆਇ
॥੨੮॥
ਆਪ ਸਰਬ ਹੀ ਸਮਰਥ ਧਰਤੇ[1],

[1]ਸਾਰੀਆਂ ਤਾਕਤਾਂ ਦੇ ਧਾਰਨ ਵਾਲੇ ਹੋ।

ਕਰਹੁ ਚਹਹੁ ਦੁਰਲਭ ਭੀ ਪਾਇ।

ਪੂਜਨਿ, ਮੰਤ੍ਰ ਪਠਨਿ, ਆਰਾਧਨਿ,
ਇਕ ਕਾਸ਼ੀ ਮੈਂ ਹੈ ਦਿਜਰਾਇ।
ਕੇਸ਼ੋਦਾਸ ਨਾਮ ਜਿਸ ਬਿਦਤਜੋ
ਅਪਰ ਨ ਸਮਸਰ ਤਿਸ ਕੇ ਕਾਇ[1]। [1]ਕੋਈ ਬੀ।
ਸੋ ਆਵਹਿ ਧਨ ਅਨਗਨ ਪਾਵਹਿ
ਕਰਿਵਾਵਹਿ ਬਿਧਿ ਜਿਮ ਬਨਿਆਇ
॥੨੯॥
ਜੇ ਰਾਵਰ ਕੇ ਹੈ ਬਹੁ ਲਾਲਸ
ਜਜੋਂ ਕਜੋਂ ਕਰਿ ਦਿਜ ਲੇਹੁ ਬੁਲਾਇ।
ਤੁਮ ਸਮਰੱਥ ਅਕਰਨ ਭਿ ਕਰਿ ਲਿਹੁ
ਅਪਰ ਜਿ ਪੰਡਿਤ ਕੈ ਨਰਰਾਇ[1]। [1]ਰਾਜਾ।
ਕਰਿਬੋ ਕਹੂੰ ਰਹਜੋ ਤਿਨਹੂੰ ਤੇ
ਨਹੀਂ ਨਾਮ ਲੇ ਸਕਹਿਂ, ਲਜਾਇ[1]।' [1]ਇਸ ਤਰ੍ਹਾਂ ਦਾ ਕੰਮ) ਕਰਨਾ ਤਾਂ ਉਨ੍ਹਾਂ ਤੋਂ ਕਿਤੇ ਰਿਹਾ ਨਾਮ ਹੀ ਨਹੀਂ ਲੈ ਸਕਦੇ (ਸਗੋਂ ਨਾਮ ਲੈਣ ਤੇ ਬੀ) ਲੱਜਾ ਕਰਦੇ ਹਨ।

ਸ੍ਰੀ ਕਲਗੀਧਰ ਸੁਨਿ ਦਿਜ ਗਨ ਤੇ,
ਲੋਕ ਰੀਤਿ ਜਿਮ ਭੇ ਹਰਖਾਇ[1]
॥੩੦॥

[1]ਲੋਕ ਰੀਤੀ ਰੱਖਣ ਲਈ ਖੁਸ਼ ਹੋਏ ਅਰਥਾਤ ਅੰਦਰੋਂ ਖੁਸ਼ੀ ਨਹੀ ਸਨ ਗੇ। ਭਾਵ ਇਹ ਹੈ ਕਿ ਆਪ ਨੂੰ ਲੋੜ ਕੋਈ ਨਹੀਂ ਦੇਵੀ ਅਰਾਧਨ ਦੀ, ਐਵੇ ਇਕ ਚੋਜ ਕਰਦੇ ਹਨ ਤੇ ਖੁਸ਼ੀ ਦੀ ਲੋਕ ਰੀਤੀ ਵਾਂਙ ਹੱਸੇ ਹਨ, ਵਿਚੋਂ ਨਹੀਂ, ਕਿਉਂਕਿ ਆਪ ਦੇਵੀ ਤੋਂ ਵੱਡੇ ਹਨ।

ਦੋਹਰਾ:
ਉਠੇ ਪ੍ਰਭੂ ਮਜਲਸ ਤਜੀ ਮੰਦਿਰ ਪ੍ਰਵਿਸ਼ੇ
ਜਾਇ।
ਨਿਜ ਨਿਜ ਥਲ ਸਿਖ ਦਾਸ ਦਿਜ ਪਹੁੰਚੇ
ਬਹੁ ਜਸੁ ਗਾਇ ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਜੱਗ ਕਰਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਸੰਗਤਾਂ ਦੇ ਮੇਲੇ ਤੇ ਚਾਉ, ਉਤਸਾਹ ਹੋਲੀ]

੧<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਮਾਸ ਬਿਤੇ ਕੇਤਿਕ ਜਬਹਿ, ਦਿਨਪ੍ਰਤਿ ਚਹਤਿ ਵਿਸ਼ੇਸ਼।
-ਬਿਦਤਹਿ ਦੇਵੀ ਚੰਡਕਾ, ਉਪਜਹਿ ਪੰਥ ਅਸ਼ੇਸ਼- ॥੧॥

ਚੌਪਈ:

ਆਯੋ ਫਾਗੁਣ ਮਾਸ ਸੁਹਾਵਤਿ।
ਗਾਵਤਿ ਰਿਦੈ ਪ੍ਰਮੋਦ ਬਧਾਵਤਿ।
ਸਭਿ ਮਹਿਂ ਕਰਿ ਬਸੰਤ ਪਰਧਾਨ।
ਅਪਰ ਰਾਗ ਸਭਿ ਗਾਇਂ ਸੁਜਾਨ ॥੨॥
ਪੁਰਿ ਅਨੰਦ ਆਨੰਦ ਬਿਲੰਦਜੋ।
ਜਹਿਂ ਕਹਿਂ ਗਾਵਹਿਂ ਗੁਰ ਪਦ ਬੰਦਜੋ।
ਚਲਿ ਆਯਹੁ ਹੋਲੇ ਕਉ ਮੇਲਾ।
ਚਹੁੰ ਦਿਸ਼ਿ ਤੇ ਨਰ ਭਏ ਸਕੇਲਾ ॥੩॥
ਚਾਰਹੁੰ ਬਰਨ ਸਿੱਖ ਗੁਰ ਕੇਰੇ।
ਦਰਸ਼ਨ ਚਾਹਤਿ ਆਇਂ ਘਨੇਰੇ।
ਪੂਰਬ[1] ਜਗੰਨਾਥ ਲਗਿ ਸੰਗਤਿ। [1]ਪੂਰਬ ਵੱਲੋਂ।
ਅਪਰ ਟਾਪੂਅਨਿ ਕੀ ਮਿਲਿ ਪੰਗਤਿ ॥੪॥
ਦੱਖਣ ਮਹਿਂ ਦੁਵਾਰਕਾ ਤਾਂਈ।
ਪਹੁੰਚੇ ਸਿੱਖ ਆਨਿ ਸਮੁਦਾਈ।
ਪਸ਼ਚਮ ਬਲਖ ਬੁਖਾਰਾ ਆਦਿ।
ਆਵਹਿਂ ਸਿੱਖ ਧਰਹਿਂ ਅਹਿਲਾਦ ॥੫॥
ਤਿਮ ਹੀ ਉੱਤਰ ਦਿਸ਼ਾ ਬਹੀਰਾ।
ਆਇਂ ਕਮਾਊਂ ਅਰੁ ਕਸ਼ਮੀਰਾ।
ਕਹਿਂ ਲੌਂ ਦੇਸ਼ ਨਗਰ ਕੌਂ ਗਿਨੀਅਹਿ।
ਕਹਿਂ ਲੌਂ ਸੰਗਤਿ ਨਾਮ ਸੁ ਭਨੀਅਹਿ ॥੬॥
ਦਸਮੇ ਪਾਤਸ਼ਾਹੁ ਜਸੁ ਦੂਨਾ।
ਸੁਨਹਿ ਚਗੂੰਨ ਕਹੂੰ ਦਸ ਗੂਨਾ[1]। [1]ਚੌਗੁਣਾਂ ਤੇ ਕਿਤੇ ਦਸ ਗੁਣਾਂ।

ਉਪਜਹਿ ਦਰਸ਼ਨ ਕੀ ਅਭਿਲਾਖਾ।
ਆਵਹਿਂ ਚਲੇ ਭਾਉ ਬਡ ਰਾਖਾ ॥੭॥
ਜਥਾ ਸ਼ਕਤਿ ਲੇ ਲੇ ਉਪਹਾਰ।
ਚਹੈਂ ਸੁ ਅਰਪਨਿ ਗੁਰ ਦਰਬਾਰ।
ਦਿਨ ਹੋਲੀ ਕੋ ਕਰਹਿਂ ਉਦੇਸ਼[1]।

[1]ਨਿਯਤ ਕਰਦੇ ਹਨ [ਸੰਸ., ਉਦਿ੍ਖ੍ਯ = ਅੰਗਿਆ ਹੋਇਆ]।

ਚਲਹਿਂ ਘਰਨਿ ਤੇ ਸਿੱਖ ਅਸ਼ੇਸ਼ੁ ॥੮॥
ਆਨਿ ਅਨੰਦ ਪੁਰਿ ਮੈਂ ਕਿਯ ਡੇਰਾ।
ਜਹਿਂ ਮੰਗਲ ਨਿਤ ਹੋਤਿ ਘਨੇਰਾ।
ਸ਼ਬਦ ਕੀਰਤਨ ਕੀ ਧੁਨਿ ਉਠੇ।
ਜਨੁ ਇਕ ਸਮ ਘਨ ਅੰਮ੍ਰਿਤੁ ਵੁਠੇ ॥੯॥
ਹੋਤਿ ਕੁਲਾਹਲ ਜਹਿਂ ਤਹਿਂ ਭਾਰੋ।
ਬਜਤਿ ਮ੍ਰਿਦੰਗ[1] ਰਬਾਬ ਉਦਾਰੋ।

[1]ਇਕ ਪਤਲੇ ਸਿਰਿਆਂ ਵਾਲੀ ਢੋਲਕੀ ਜਿਸ ਦੇ ਦੋਵੇਂ ਪੁੜੇ ਜੋੜੀ ਵਾਂਙੂ ਇਕ ਕਾਲਾ ਤੇ ਇਕ ਆਟਾ ਲਾਉਣ ਵਾਲਾ ਹੁੰਦਾ ਹੈ।

ਚਾਰੁ ਸਿਤਾਰ, ਦੁਤਾਰ[1], ਸਿਰੰਦਾ।

[1]ਦੁਤਾਰਾ ਨਾਮੇ ਸਾਜ਼।

ਬਜਹਿ ਤਾਲ ਮਿਲਿ ਦੇਤਿ ਅਨੰਦਾ ॥੧੦॥
ਸ੍ਰੀ ਗੁਰ ਤੇਗ ਬਹਾਦਰ ਕੇਰਾ।
ਜਹਿਂ ਸ਼ੋਭਤਿ ਦਰਬਾਰ ਬਡੇਰਾ।
ਤਹਿਂ ਸੰਗਤ ਕੋ ਮੇਲ ਉਦਾਰਾ।
ਗਾਵਹਿਂ ਨਟ, ਸਾਰੰਗ, ਮਲਾਰਾ[1] ॥੧੧॥

[1]ਤ੍ਰੈਏ ਰਾਗਾਂ ਦੇ ਨਾਮ ਹਨ।

ਜੈਤਸਿਰੀ, ਸ੍ਰੀ ਰਾਗ, ਧਮਾਰ[1]।

[1]ਹੋਲੀ ਵਿਚ ਗਾਉਣ ਦਾ ਇਕ ਗੀਤ ਤੇ ਇਕ ਤਾਰ ਦਾ ਵੀ ਨਾਮ ਹੈ।

ਗੌੜੀ, ਮਾਝ, ਬਿਭਾਸ[1], ਬਹਾਰ[2]।

[1]ਅੰਮ੍ਰਿਤ ਵੇਲੇ ਦਾ ਇਕ ਰਾਗ। ਪ੍ਰਭਾਤੀ ਬਿਭਾਸ ਨਾਮ ਗੁਰਬਾਣੀ ਵਿਚ ਬੀ ਆਯਾ ਹੈ। [2]ਬਸੰਤ ਨਾਲ ਮਿਲਦੀ ਇਕ ਰਾਗਨੀ।

ਸੂਹੀ, ਸੋਰਠ, ਦੇਵ ਗੰਧਾਰ।
ਆਸਾ, ਰਾਮਕਲੀ, ਬੈਰਾਰ[1] ॥੧੨॥

[1]ਬੈਰਾੜੀ।

ਲਲਿਤ, ਬਿਲਾਵਲ, ਜੈਜਾਵੰਤੀ।
ਗੁਜਰੀ, ਅਰੁ ਕਿਮਾਚ ਧਨਵੰਤੀ[1]।

[1]ਧੰਨਜਤਾ ਜੋਗ ਖਮਾਚ ਤੇ ਗੁਜਰੀ ਰਾਗਣੀਆਂ। ਇਥੇ ਧਨਵੰਤੀ ਸੰਗਯਾ ਪਦ ਨਹੀਂ ਵਿਸ਼ੇਸ਼ਣ ਹੈ।

ਦੀਪਕ, ਭੈਰਉ, ਸ਼ੁਭ ਹਿੰਡੋਲ।
ਗਾਵਤਿ ਪਰਜ[1], ਤਿਲੰਗ[†] ਕਲੋਲ[2] ॥੧੩॥

[1]ਨਾਮ ਰਾਗ ਦਾ। [2]ਭਾਵ ਤਾਨਾਂ ਸਹਿਤ। [†]ਪਾ:-'ਗਾਵਤਿ ਪਰਜਤਿ ਸੰਗ' ਪਰ ਇਹ ਛਾਪੇ ਵਾਲਿਆਂ ਦੀ ਭੁੱਲ ਹੈ।

ਮਾਲਕੌਂਸ, ਕਲਿਯਾਨ, ਕਿਦਾਰਾ।
ਗੌਂਡ, ਤੁਖਾਰੀ, ਮੇਘ ਉਦਾਰਾ।
ਮਾਲਸਿਰੀ, ਸੁ ਬਸੰਤ, ਬਿਹਾਗ।
ਅਰੁ ਸੁਘਰਈ[1] ਰਾਗ ਅਨੁਰਾਗ[2] ॥੧੪॥

[1]ਇਕ ਰਾਗਣੀ ਦਾ ਨਾਮ ਜੋ ਸੰਪੂਰਣ ਜਾਤ ਦੀ ਹੈ, ਕਾਨੜੇ ਨਾਲ ਮਿਲਦੀ ਹੈ। [2]ਪ੍ਰੇਮ ਕਰਕੇ।

ਇੱਤਜਾਦਿਕ ਰਾਗਨਿ ਕੋ ਗਾਵੈਂ।
ਮਿਲਿ ਮਿਲਿ ਗੁਨੀ ਮੋਦ ਉਪਜਾਵੈਂ।
ਜਹਾਂ ਜਹਾਂ ਬੈਠਨਿ ਗੁਰ ਥਾਨ।
ਤਹਾਂ ਲਾਇ ਕੈ ਅਧਿਕ ਦਿਵਾਨ ॥੧੫॥
ਸੰਗਤਿ ਘਨੀ ਭਈ ਤਬਿ ਆਇ।
ਬਜਹਿਂ ਮ੍ਰਿਦੰਗਨ ਧੁਨੀ ਸੁਹਾਇ।
ਦਰਸ਼ਨ ਕਹੁ ਚਾਹਤਿ ਕਿਯ ਡੇਰੇ।
ਭੀਰ ਅਨੰਦਪੁਰਿ ਭਈ ਘਨੇਰੇ ॥੧੬॥
ਮਹਾਂ ਕੁਲਾਹਲ ਜਹਿਂ ਕਹਿਂ ਹੋਵਤਿ।
ਸੰਗਤਿ ਮਿਲਹਿ ਪਰਸਪਰ ਜੋਵਤਿ।
ਬੰਦੈਂ, ਕੁਸ਼ਲ ਪ੍ਰਸ਼ਨ ਕੋ ਕਰੈਂ।
ਦੂਰਿ ਦੂਰਿ ਕੇ ਮਿਲਿ ਹਿਤ ਧਰੈਂ ॥੧੭॥
ਸਾਚੋ ਸਾਕ ਜਾਨ ਗੁਰਭਾਈ[1]।
ਬੈਠਿ ਪਰਸਪਰ ਪ੍ਰੀਤਿ ਵਧਾਈ।
ਨਿਕਸਹਿਂ ਵਹਿਰ ਪ੍ਰਤੀਖਤਿ ਗੁਰ ਕੋ।
ਦਰਸ਼ਨ ਕਰਨਿ ਮਨੋਰਥ ਉਰ ਕੋ ॥੧੮॥

[1](ਸਿੱਖਾਂ ਨੇ) ਗੁਰ ਭਾਈਆਂ ਨੂੰ ਸੱਚੇ ਸਾਕ ਜਾਣਕੇ.........।

ਕੇਤਿਕ ਕਰਤਿ ਪਾਠ ਗੁਰਬਾਨੀ।
ਕੇਚਿਤ ਅਰਥਨਿ ਕਰਤਿ ਵਖਾਨੀ।
ਕੇਚਿਤ ਸੁਨਹਿਂ, ਕਮਾਵਹਿਂ ਕੇਈ।
ਕੇਚਿਤ ਸੱਤਿਨਾਮ ਸਿਮਰੇਈਂ ॥੧੯॥

ਕੇਚਿਤ ਅਰਥਨਿ ਪਠਿ ਸੰਬਾਦਹਿ[1]। — [1]ਚਰਚਾ ਕਰਦੇ ਹਨ।
ਕਿਤਿਕ ਸਰਾਹਤਿ ਪ੍ਰਾਪਤਿ ਸਾਦਹਿ[1]। — [1]ਕਈ ਸਲਾਹੁੰਦੇ ਹਨ (ਬਾਣੀ ਦਾ ਜੋ ਉਨ੍ਹਾਂ ਨੂੰ) ਸੁਾਦ ਪ੍ਰਾਪਤ ਹੁੰਦਾ ਹੈ।
ਅਧਿਕ ਰੰਗ ਸੰਗਤਿ ਮਹਿਂ ਹੋਤਿ।
ਕਰਿ ਕਰਿ ਪੰਗਤ ਅਨੰਦ ਉਦੋਤਿ ॥੨੦॥
ਕਰਹਿਂ ਤਿਹਾਵਲ ਬਹੁ ਧਨ ਕੇਰਾ।
ਗੁਰ ਅਰਦਾਸ ਉਚਰਿ ਤਿਸ ਬੇਰਾ।
ਸਿੱਖ ਜੋਰਿ ਕਰ ਹੁਇ ਸਮੁਦਾਈ।
ਇਕ ਸਮ ਬਾਂਟ ਬੰਟ ਕਰਿ ਖਾਈਂ[1] ॥੨੧॥ — [1]ਇੱਕੋ ਜਿਹਾ ਹਿੱਸਾ ਵੰਡਕੇ ਖਾਂਦੇ ਹਨ।
ਕਹੂੰ ਪੁਰਾਨਨ ਕੀ ਹੁਇ ਕਥਾ।
ਪ੍ਰਥਮ ਭਟਨ ਕੇ ਰਨ ਭੇ ਜਥਾ[†]। — [†]ਜੁੱਧ ਦਾ ਚਾਉ ਤੇ ਬੀਰ ਰਸੀ ਉਮਾਹ ਪੈਦਾ ਕਰਨ ਲਈ ਪੁਰਾਣਾਂ ਵਿੱਚ ਕਥੇ ਸੂਰਮਿਆਂ ਦੇ ਜੁੱਧਾਂ ਦੇ ਹਾਲਾਂ ਦੀ ਕਥਾ।
ਮਿਲੇ ਕਵੀ ਗਨ ਕਾਵ੍ਯ ਬਨਾਵਹਿਂ।
ਧਨ ਸਮੁਦਾਇ ਰੋਜ਼ ਕੋ ਪਾਵਹਿਂ ॥੨੨॥
ਗੁਨੀ ਲੁਹਾਰ ਲੋਹ ਕੋ ਘਰਤੇ।
ਸ਼ਸਤ੍ਰ ਅਜਾਇਬ ਬਹੁ ਬਿਧਿ ਕਰਤੇ।
ਤੋਮਰ, ਤੀਰ, ਤੁਪਕ, ਤਰਵਾਰ।
ਘਰਿ ਘਰਿ[1] ਅਰਪਤਿ ਹੈਂ ਹੱਥ੍ਯਾਰ ॥੨੩॥ — [1]ਘੜ ਘੜ ਕੇ।
ਜਿਤਿਕ ਜਗਤ ਮਹਿਂ ਗੁਨੀ ਜਿ ਨਾਨਾ।
ਨਿਜ ਨਿਜ ਬਿੱਦ੍ਯਾ ਕਰਹਿਂ ਮਹਾਨਾ।
ਅਰਪਨਿ ਕਰਿ ਕਰਿ ਗੁਰੂ ਰਿਝਾਵੈਂ।
ਮਨ ਭਾਵਤਿ ਧਨ ਗਨ ਕੋ ਪਾਵੈਂ ॥੨੪॥
ਸੁਨਿ ਜਸੁ ਦੂਰ ਦੂਰ ਤੇ ਆਇ।
ਬਨਹਿਂ ਧਨਾਢਿ ਨਿਕੇਤ ਸਿਧਾਇਂ।
ਸਭਿ ਮਿਲਿ ਫਾਗਨ ਮਾਸ ਬਿਤਾਯੋ।
ਖੇਲਤਿ ਫਾਗ[1] ਅਨੰਦ ਉਪਾਯੋ ॥੨੫॥ — [1]ਹੋਲੀ।
ਅਲਤਾ ਗਨ ਅੰਬੀਰ ਗੁਲਾਲ[1]। — [1]ਹੋਲੀਆਂ ਵਿਚ ਉਡਾਏ ਜਾਣ ਵਾਲੇ ਲਾਲ ਧੂੜੇ ਨੂੰ

ਗੁਲਾਲ ਤੇ ਅਲਤਾ ਕਹਿੰਦੇ ਹਨ। ਗੁਲਾਲ ਅਕਸਰ ਸਿੰਘਾੜੇ ਦੇ ਆਟੇ ਦਾ ਬਣਦਾ ਹੈ। ਅਲਤਾ ਵਧੇਰੇ ਬਰੀਕ ਹੁੰਦਾ ਹੈ ਤੇ ਲਾਖ ਦੇ ਰੰਗ ਤੋਂ ਬਣਦਾ ਹੈ। [ਅਲਤਾ ਦਾ ਮੂਲ ਅਲਕ੍ਤ ਹੈ। ਸੰਸ:, ਅਲਕ੍ਤ = ਲਾਖ। 'ਅਲਕ੍ਤ' ਪਦ 'ਅਰਕ੍ਤ' ਦਾ ਹੀ ਦੂਸਰਾ ਰੂਪ ਹੈ। ਅ+ਰਕ੍ਤ = ਜਿਸ ਤੋਂ ਵਧੀਕ ਲਾਲ ਹੋਰ ਨਾ ਹੋਵੇ, ਸੋ ਲਾਖ]।

ਲਾਲ ਪ੍ਰੀਤ ਭਰਿ ਰੰਗ ਬਿਸਾਲ।
ਮਿਲਤਿ ਖੁਸ਼ੀ ਹੁਇ ਊਪਰ ਡਾਰਹਿਂ।
ਨਾਨਾ ਰੰਗ ਬਸਤ੍ਰ ਕੇ ਧਾਰਹਿਂ ॥੨੬॥
ਜਮਹਿ[†] ਸਭਿਨਿ ਕੇ ਬਦਨ ਗੁਲਾਲ।
ਪਰਹਿਂ ਪਛਾਨਹਿਂ ਨਹਿਂ ਤਿਸ ਕਾਲ।
ਇਕ ਸਮ ਹੋਇ ਫਿਰਹਿਂ ਜਨੁ ਮਾਤੇ।
ਗਾਇਂ ਸ਼ਬਦ ਮੁਖ ਪ੍ਰੇਮ ਸੁ ਰਾਤੇ ॥੨੭॥
ਗੀਰ ਗਰੀ ਆਨੰਦਪੁਰਿ ਕੇਰੀ।
ਇਕ ਸਮ ਲਾਲ ਭਈ ਤਿਸੁ ਬੇਰੀ।
ਮਾਨੋ ਘਟਾ ਧਰਜੋ ਰੰਗ ਲਾਲ।
ਉਡਤਿ ਬਿਲੰਦਹਿ ਬ੍ਰਿੰਦ ਗੁਲਾਲ ॥੨੮॥
ਗਹਿ ਗਹਿ ਮਾਰਤਿ ਹੈਂ ਪਿਚਕਾਰੀ।
ਨਾਨਾ ਰੰਗ ਮਹਾਂ ਛਬਿ ਧਾਰੀ।
ਇਕ ਸਨਮੁਖ ਹੁਇ ਊਪਰ ਡਾਲਹਿਂ।
ਬਿਨਾ ਓਟ ਇਕ ਮੁਖ ਪਰ ਝਾਲਹਿ ॥੨੯॥
ਇਸ ਪ੍ਰਕਾਰ ਸਿਖ ਸੰਗਤਿ ਬਾਹਰ।
ਚਾਚਰਿ[੧] ਖੇਲਤਿ ਮਿਲਿ ਮਿਲਿ ਜ਼ਾਹਰ।
ਦਰਸ਼ਨ ਦੇਨਿ ਹੇਤੁ ਗੁਰ ਪੂਰੇ।
ਬੋਲੇ ਬਾਕਨਿ ਸ਼੍ਰੀ ਮੁਖ ਰੂਰੇ ॥੩੦॥
'ਅਧਿਕ ਉਤੰਗ ਦਮਦਮਾਂ ਜਹਾਂ।
ਰਚਹੁ ਫਰਸ਼ ਕੋ ਅਦਭੁਤ ਤਹਾਂ।
ਅਪਰ ਸਕਲ ਹੀ ਕੀਜਹਿ ਤਜਾਰੀ।
ਰੰਗ ਅਨਿਕ ਬਿਧਿ ਲੇਹੁ ਨਿਕਾਰੀ

[†]ਪਾ:-ਪਰਹਿ।

॥੩੧॥
ਅਨਗਨ ਅਲਤਾ ਕਰਹੁ ਗੁਲਾਲ[2]।
ਤਹਿਂ ਹੀ ਧਰੀਐ ਲਜਾਇ ਉਤਾਲ।
ਸਭਿ ਸੰਗਤਿ ਕੇ ਗਮਨਹਿਂ ਡੇਰੇ।
ਸੁਧ ਦਰਸ਼ਨ ਕੀ ਕਹਿ ਇਸ ਬੇਰੇ
॥੩੨॥
ਕਰਹਿਂ ਮੇਵਰਾ ਇਹ ਸਭਿ ਕਾਰ।
ਕੀਜਹਿ ਸਕਲ ਸਮਾਜ ਤਯਾਰ।'
ਸੁਨਿ ਕਰਿ ਦਾਸ ਹੁਕਮ ਗੁਰ ਕੇਰੇ।
ਗਏ ਦਮਦਮੇ ਉਚ ਬਡੇਰੇ ॥੩੩॥
ਜੋ ਜੋ ਆਇਸੁ ਤਤਛਿਨ ਕਰੀ।
ਖੇਲਹਿਂ ਫਾਗ ਸੌਜ ਸਭਿ ਧਰੀ।
ਸਭਿ ਸੰਗਤਿ ਕੌ ਸੁਧਿ ਤਬਿ ਹੋਈ।
ਭਏ ਅਨੰਦ ਆਇ ਸਭਿ ਕੋਈ ॥੩੪॥
ਅਪਨੀ ਅਪਨੀ ਲੀਨਿ ਅਕੋਰੀ।
ਪੁਨ ਸਮਾਜ ਖੇਲਨ ਕੋ ਹੋਰੀ।
ਸੇਤ ਪੁਸ਼ਾਕ ਸਕਲ ਗੁਰ ਪਹਿਰੀ।
ਅਦਭੁਤ ਦੁਤਿ ਸਭਿ ਤਨ ਪਰ ਠਹਿਰੀ
॥੩੫॥
ਮੁਕਤਾ ਹੀਰੇ ਲਗੇ ਜਾਵਹਰ।
ਅਲੰਕਾਰ ਪਹਿਰੇ ਦੁਤਿ ਜ਼ਾਹਰ।
ਨਿਕਸੇ ਮੰਦਰ ਤੇ ਚਲਿ ਆਏ।
ਭਾਟ ਨਕੀਬ ਬੋਲਿ ਅਗਵਾਏ ॥੩੬॥
ਸਿਰ ਪਰ ਚਵਰ ਢੁਰਤਿ ਬਡ ਸ਼ੋਭਾ।
ਪਿਖਿ ਪ੍ਰਭੁ ਪ੍ਰਭਾ[1] ਕੌਨ ਨਹਿਂ ਲੋਭਾ। [1]ਗੁਰ ਜੀ ਦੀ ਸ਼ੋਭਾ।
ਮੰਦ ਮੰਦ ਤਹਿਂ ਕੋ ਚਲਿ ਆਏ।
ਜਹਾਂ ਦਮਦਮਾ ਉਚ ਸੁਹਾਏ ॥੩੭॥
ਊਪਰ ਚਢੇ ਸੁਪਾਨ[1] ਘਨੇਰੀ। [1]ਪੌੜੀਆਂ।
ਪਾਛੇ ਗਮਨਤਿ ਸਿਖ ਤਿਸ ਬੇਰੀ।
ਸੂਰਨ ਸਿੰਘਾਸਨ ਡਾਸਜੋ ਰੂਰੇ।
ਊਪਰ ਬੈਠਿ ਗਏ ਗੁਰ ਪੂਰੇ ॥੩੮॥
ਚਮਰਦਾਰ ਪਾਛੇ ਹੁਇ ਖਰਜੋ।

ਬਾਰਿ ਬਾਰਿ ਢੋਰਨਿ ਕੋ ਕਰਜੋ।
ਸਿਖ ਮਸੰਦ ਸਮੀਪੀ ਆਏ।
ਚਹੁੰ ਦਿਸ਼ਿ ਬੈਠੇ ਬੀਚ ਸੁਹਾਏ ॥੩੯॥
ਸੰਗਤਿ ਬ੍ਰਿੰਦ ਆਵਨੇ ਲਾਗੀ।
ਦੇਤਿ ਦਰਸ ਪ੍ਰਭੁ ਲਖਿ ਅਨੁਰਾਗੀ।
ਅਰਪਨ ਲਗੇ ਅਨੇਕ ਅਕੋਰ।
ਬਾਰਿ ਬਾਰਿ ਬੰਦਹਿਂ ਕਰਿ ਜੋਰ ॥੪੦॥
ਪੁਨ ਪ੍ਰਭੁ ਪਰ ਗੁਲਾਲ ਛਿਰਕਾਏ।
ਅਲਤਾ ਗਨ ਸੁਗੰਧ ਮਹਿਂ ਪਾਏ।
ਆਪਸ ਮਹਿਂ ਸਿਖ ਖੇਲਨਿ ਲਾਗੇ।
ਰੰਗ ਅਨੇਕਨ ਮਹਿਂ ਪਟ ਪਾਗੇ[1] ॥੪੧॥
ਕਹੌਂ ਕਹਾਂ ਲਗਿ ਕੌਤਕ ਘਨੇ।
ਰਿਦੈ ਅਨੰਦ ਬਿਲੰਦੈ ਸਨੇ।
ਕਰੀ ਕਾਮਨਾ ਪੂਰਨ ਉਰ ਕੀ।
ਜੋ ਜੋ ਚਹਤਿ ਹੁਤੇ, ਢਿਗ ਗੁਰ ਕੀ ॥੪੨॥
ਦਰਸ਼ਨ ਬਦਨ ਚੰਦ ਕੋ ਕਰੈਂ।
ਬ੍ਰਿੰਦ ਚਕੋਰ ਤ੍ਰਿਪਤਿ ਨਹਿਂ ਧਰੈਂ।
ਮੋਹਿਤ ਮਨ ਕੌ ਸੁੰਦਰਤਾਈ।
ਕੋ ਅਸ ਮੰਦ ਜੁ ਨਹਿਂ ਬਿਰਮਾਈ[1] ॥੪੩॥
ਬਡ ਉਤਸਵ ਕਰਿ ਖੇਲਨ ਫਾਗ।
ਦੇਖਿ ਬਧੇ ਸਿੱਖਨਿ ਅਨੁਰਾਗ।
ਆਛੀ ਰੀਤਿ ਦਰਸ ਕੋ ਦੀਨਿ।
ਪੁਨ ਉਠਿਬੇ ਚਿਤ ਸਤਿਗੁਰ ਕੀਨਿ ॥੪੪॥
ਮੰਦਿਰ ਅਪਨੇ ਜਾਇ ਸੁਹਾਏ।
ਸਿਤ ਘਨ ਮਹਿਂ ਜਿਮ ਸਸਿ ਪ੍ਰਵਿਸਾਏ[1]।
ਸੰਗਤਿ ਗਈ ਸਕਲ ਨਿਜ ਡੇਰੇ।

[1]ਬਸਤ੍ਰ ਰੰਗੇ ਗਏ।

[1]ਮੋਹਿਤ ਨਾ ਹੋ ਜਾਵੇ।

[1]ਚਿਟੇ ਬੱਦਲ ਵਿਚ ਚੰਦ ਵਾਂਙੂ ਜਾ ਪ੍ਰਵੇਸ਼ੇ।

ਗੁਨ ਗਨ ਬਰਨਨਿ ਕਰਤਿ ਬਡੇਰੇ
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸੰਗਤਿ ਮੇਲਾ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਸਤਿਗੁਰ ਕ੍ਰਿਪਾਨਿਧਾਨ ਜੀ, ਕਰਤਿ ਅਨੇਕ ਬਿਲਾਸ।
ਚਾਹਤਿ ਧਰਮ ਸਥਾਪਨੇ, ਦੁਸ਼ਟਨਿ ਕਰਨ ਬਿਨਾਸ਼ ॥੧॥

ਚੌਪਈ:

ਜਬਹਿ ਬਸੋਏ[1] ਕੋ ਦਿਨ ਆਵੈ।
ਚਹੁ ਦਿਸ਼ਿ ਤੇ ਸੰਗਤਿ ਉਮਡਾਵੈ।
ਜਿਮ ਗ੍ਰੀਖਮ ਬੀਤੇ ਜਿਸ ਕਾਲ।
ਚਹੁੰ ਦਿਸ਼ਿ ਉਮਡਹਿਂ ਘਟਾ ਬਿਸਾਲ ॥੨॥

[1]ਵੈਸਾਖੀ।

ਪ੍ਰੇਮ ਧਰੇ ਆਨੰਦਪੁਰਿ ਆਵਤਿ।
ਸ਼ਬਦ ਅਖੰਡ ਕੀਰਤਨ ਗਾਵਤਿ।
ਜਨੁ ਚਾਖਤਿ ਹੈਂ ਅੰਮ੍ਰਿਤਧਾਰਾ।
ਦਰਸ਼ਨ ਕਰਹਿਂ ਅਨੰਦ ਉਦਾਰਾ ॥੩॥
ਧੰਨੀ ਘੇਪ ਸੁ ਝੰਗ ਸਿਆਲਾ।
ਆਵਤਿ ਲੰਮੇ ਦੇਸ਼ ਬਿਸਾਲਾ।
ਪੁਰਿ ਮੁਲਤਾਨ ਦੇਸ਼ ਮਨ ਕੇਰਾ[1]।
ਨਰ ਪਸ਼ੌਰ ਕੇ ਪ੍ਰੇਮ ਘਨੇਰਾ ॥੪॥

[1]ਜ਼ਿਲਾ ਮੀਆਂ ਵਾਲੀ ਵਿਚ ਭੱਖਰ ਤੋਂ ਵੀਹ ਮੀਲ ਪੁਰ ਮਨਕੇਰਾ ਇਕ ਨੱਗਰ ਕੋਟ ਵਿਚ ਵੱਸਦਾ ਹੈ, ਇਲਾਕੇ ਵਿਚ ਗੁਰੂ ਕੀਆਂ ਸੰਗਤਾਂ ਹਨ। ਸਿੱਖ ਰਾਜ ਸਮੇਂ ਇਹ ਨਗਰ ਸਿੱਖ ਰਾਜ ਵਿਚ ਸੀ।

ਕਾਬਲ, ਖੁਰਾਸਾਨ, ਕੰਧਾਰਾ।
ਬਲਖ, ਬੁਖਾਰਾ ਆਇ ਹਜ਼ਾਰਾ।
ਕਹਿਂ ਲਗਿ ਗਿਨੀਅਹਿ ਪਸ਼ਚਮ ਬਾਸੀ।
ਆਇਂ ਸੰਗਤਾਂ ਹੋਤਿ ਹੁਲਾਸੀ ॥੫॥
ਸਫਲ ਜਨਮ ਦਰਸ਼ਨ ਕਰਿ ਜਾਨਹਿਂ।
ਬਹੁ ਮੋਲੀ ਭੇਟਾ ਗਨ ਆਨਹਿਂ।
ਸੁਤ ਬਨਿਤਾ ਕੋ ਲੇ ਕਰਿ ਸਾਥ।
ਪਰਮ ਪੁਨੀਤ ਹੋਇਂ ਪਿਖਿ ਨਾਥ ॥੬॥
ਚਲੀ ਸੰਬੂਹ ਸੰਗਤਾਂ ਆਵੈਂ।
ਹਿੰਦੁ ਤੁਰਕ ਉਰ ਕਿਸ ਨਹਿਂ ਭਾਵੈਂ।
ਜੋ ਸਿਰ ਤੇ ਗੰਜਾ ਹੁਇ ਲਾਲ[1]।

[1]ਟੋਟਣ ਜਿਸ ਦਾ) ਲਾਲ ਹੋਵੇ ਗੰਜ ਦੀ ਬੀਮਾਰੀ ਨਾਲ।

ਤਿਸਹਿ ਸੁਹਾਇੰ ਨ ਕੇਸ ਬਿਸਾਲ ॥੭॥
ਕਿਸ ਬਿਧਿ ਕਰਿ ਜੋ ਕਾਨੋ ਹੋਇ।
ਤਿਸ ਨ ਸੁਖਾਵੈ ਸੁਠਿ ਦ੍ਰਿਗ ਜੋਇ[1]।

[1]ਜਿਸ ਦੇ ਨੇਤ੍ਰ ਸੁਹਣੇ (ਸਲਾਮਤ) ਹੋਣ ਉਹ ਉਸ ਨੂੰ ਨਹੀਂ ਸੁਖਾਉਂਦਾ।

ਜਹਿਂ ਨਕਟੇ ਹੋਵਹਿਂ ਸਮੁਦਾਇ।
ਸੁੰਦਰ ਨਾਕ ਨ ਤਹਾਂ ਸੁਹਾਇ ॥੮॥
ਤਿਮ ਸ਼੍ਰੀ ਸਤਿਗੁਰ ਕੀ ਸ਼ੁਭ ਸੰਗਤਿ।
ਦਿਨਪ੍ਰਤਿ ਨਿਕਸਤਿ ਨਈ ਸੁ ਰੰਗਤ।
ਗਾਵਤਿ, ਭੋਜਨ ਕਰਤਿ ਗੁਰ ਆਵੈਂ।
ਤੁਰਕ ਮੁਲਖ ਪਤਿ[1] ਕੋ ਨਹਿਂ ਭਾਵੈਂ ॥੯॥

[1]ਪਾਤਸ਼ਾਹ ਨੂੰ।

ਦੇਖਤਿ ਹਿੰਦੂ ਨਕਲ ਬਨਾਵਤਿ[1]।

[1]ਨਕਲ ਬਣਾਂਵਦੇ ਹਨ (ਸਿੱਖਾਂ ਦੀ)।

ਕਰਿ ਕਰਿ ਆਪਸ ਮਹਿਂ ਹਰਖਾਵਤਿ[1]।

[1]ਭਾਵ ਨਕਲਾਂ ਲਾਕੇ ਖੁਸ਼ ਹੁੰਦੇ ਹਨ।

ਜਿਸ ਕਿਸ ਬਿਧਿ ਤੇ ਤੁਰਕ ਬਿਸਾਦ[1]।

[1]ਵਿਖਾਂਧ ਕਰਦੇ ਹਨ।

ਪਿਖਿ ਸਿੱਖੀ ਕੋ ਬਾਦਤਿ ਬਾਦ[1] ॥੧੦॥

[1]ਵਿਅਰਥ ਝਗੜੇ ਕਰਦੇ ਹਨ।

[1]ਇਮ ਪਿਖਿ ਸੰਗਤਿ ਜਾਨੀ ਮਨ ਮੈਂ।

[1]ਐਉਂ (ਤੁਰਕਾਂ ਨੂੰ ਵਿਖਾਂਧ ਤੇ ਹਿੰਦੂਆਂ ਨੂੰ ਮਖੌਲ ਕਰਦਿਆਂ) ਦੇਖਕੇ ਸੰਗਤ ਨੇ ਮਨ ਵਿਚ ਜਾਣਿਆਂ ਕਿ (ਸਾਡੇ) ਦੁਇ ਦੁਸ਼ਮਨ ਹਨ, (ਸਾਨੂੰ) ਤੱਕਕੇ ਇਨ੍ਹਾਂ ਵਿਚ ਖੁਸ਼ੀ ਨਹੀਂ ਰਹਿੰਦੀ। ²

-ਦ੍ਵੈ ਰਿਪੁ, ਦੇਖਿ ਹਰਖ ਨਹਿਂ ਇਨ ਮੈਂ[9]।
ਜਰੇ ਜਾਹਿਂ ਪਿਖਿ ਜਰੈਂ ਨ[1] ਏਹੀ।

[1]ਏਹ (ਸੰਗਤ ਨੂੰ) ਦੇਖਕੇ ਸੜਦੇ ਜਾਂਦੇ ਹਨ ਸਹਾਰਦੇ ਨਹੀਂ।

ਜਨੁ[†] ਐਸ਼੍ਵਰਜੁ ਇਨਹੁ ਕੋ ਲੇਹੀ[1]- ॥੧੧॥

[1]ਮਾਨੋ ਇਨ੍ਹਾਂ ਦਾ ਐਸ਼੍ਵਰਜ (ਸਿਖ) ਖੋਹ ਰਹੇ ਹਨ। [†]ਪਾ:-ਜਰ।

ਗੁਰ ਢਿਗ ਸਗਰੀ ਸੰਗਤਿ ਆਈ।
ਦਰਸਤਿ ਦ੍ਰਿਗ ਭਰਿ ਅਭਿਮਤਿ[1] ਪਾਈ।

[1]ਮਨ ਦੀ ਚਾਹੀ ਗਲ। ਅਭਿਲਾਖਾ।

ਪੁਨ ਕਰ ਜੋਰਿ ਕਰੀ ਅਰਦਾਸ।
ਸ਼੍ਰੀ ਸਤਿਗੁਰ ਸਾਹਿਬ ਕੇ ਪਾਸ ॥੧੨॥
'ਹਿੰਦੁ ਤੁਰਕ ਆਵਤਿ ਕੋ ਹੇਰੈਂ।
ਬਿਨ ਕਾਰਨ ਤੇ ਖਿਝਹਿਂ ਘਨੇਰੈ।

ਕਿਸ ਕੇ ਸੰਗ ਨ ਬੈਰ ਹਮਾਰੇ।
ਆਵਤਿ ਜਾਤਿ ਤੂਸ਼ਨੀ ਧਾਰੇਂ ॥੧੩॥
ਟਰਹਿਂ ਹੇਰਿ ਹਮ, ਕਰੈਂ ਨ ਕੈਸੇ।
ਸੋ ਦੁਖ ਪਾਇਂ ਸ਼ੱਤ੍ਰ ਹ੍ਵੈ ਜੈਸੇ।
ਆਵਨ ਜਾਨਿ ਖੇਦ ਕਰਿ ਹੋਵਤਿ[1]।
ਹਿੰਦੂ ਤੁਰਕ ਬਿਪਰਜੈ ਹੋਵਤਿ ॥੧੪॥
ਬਿਨ ਕਾਰਨ ਦ੍ਰੋਹੀ ਮਦ ਮੱਤੇ।
ਹਸਹਿਂ ਸੰਗ ਤਿਨ ਆਪ ਕੁਪੱਤੇ।
ਪ੍ਰਭੁ ਕੋ ਸਿਮਰਨ ਕਰਜੋ ਨ ਭਾਵੈ।
ਅਪਨੋ ਲੋਕ ਪ੍ਰਲੋਕ ਗਵਾਵੈਂ' ॥੧੫॥
ਸੁਨਿ ਕਲਗੀਧਰ ਬਚਨ ਬਖਾਨੇ।
'ਤੁਮ ਗੁਰਮੁਖ ਸਿਖ ਸੁਨਹੁਂ ਸਿਆਨੇ।
ਮਗ ਮਹੁਂ ਚਲਤਿ ਸ਼ਸਤ੍ਰ ਤੇ ਹੀਨ।
ਮਹਾਂਬਲੀ ਭੀ ਦੀਖਤਿ ਦੀਨ ॥੧੬॥
ਗਮਨ ਬਿਦੇਸ਼ ਸ਼ਸਤ੍ਰ ਨਹਿਂ ਰਾਖਹੁ।
ਜਿਹਬਾ ਬਿਨ ਜਬਾਬ ਕਿਮ ਭਾਖਹੁ।
[1]ਸ਼ਸਤ੍ਰ ਸਮੇਤ ਸ਼ੱਤ੍ਰ ਜੋ ਹੇਰਹਿ।
ਸ਼ਕਤਿ ਬਿਨਾ ਨ ਪ੍ਰਹਾਰ ਬਡੇਰਹਿ[2] ॥੧੭॥
ਜੇ ਪ੍ਰਹਾਰ ਹੁਇ, ਕਰਹੁ ਲਰਾਈ।
ਲੇਹੁ ਬਿਜੈ, ਗੁਰ ਹੋਇਂ ਸਹਾਈ।
ਅਬਿ ਕੇ ਮੇਲੇ ਦਰਸ਼ਨ ਆਵਹੁ।
ਅਪਨੇ ਅੰਗਨਿ ਸ਼ਸ਼ਤ੍ਰ ਲਗਾਵਹੁ ॥੧੮॥
ਸਭਿ ਜੁਗ ਮਹਿੰਮਾ ਸ਼ਸਤ੍ਰ ਮਹਾਨ।
ਕਲਿ ਮੈਂ ਅਤਿਸ਼ੈ ਖੜਗ ਪ੍ਰਧਾਨ।
ਪਿਖਹਿਂ ਪ੍ਰਤਾਪ ਦਬਕ ਰਿਪੁ ਜਾਵਹਿਂ।
ਮਿੱਤ੍ਰ ਸ਼ੱਤ੍ਰ ਸਭਿ ਮਿਲਿ ਹਰਖਾਵਹਿਂ ॥੧੯॥
ਨਿਤਪ੍ਰਤਿ ਸ਼ਸਤ੍ਰ ਕਰਹੁ ਅਭਜਾਸ।

[1]ਦੁੱਖ ਨਾਲ ਹੁੰਦਾ ਹੈ।

[1]ਸ਼ਸਤ੍ਰ ਸਮੇਤ ਤੁਸਾਨੂੰ ਵੇਖਕੇ ਸ਼ੱਤ੍ਰ ਦੀ ਤਾਕਤ ਨਹੀਂ ਕਿ ਤੁਸਾਂ ਪਰ ਵੱਡਾ ਵਾਰ ਕਰ ਸਕੇ। (ਅ)...... ਸ਼ਕਤਿ ਹੀਨ (ਹੋ ਜਾਏਗਾ) ਤੇ ਵਾਰ ਨਹੀਂ ਕਰੇਗਾ।

ਦੋਨਹੁਂ ਲੋਕ ਦੇਤਿ ਸੁਖ ਰਾਸ।
ਸਮੁਖ ਮਰੇ ਤੇ ਸੁਰਗ ਸਿਧਾਵੈਂ।
ਸੁਖ ਕੋ ਅਨਿਕ ਪ੍ਰਕਾਰ ਬਿਹਾਵੈਂ[1] ॥੨੦॥
ਜੀਵਤ ਜੀਤਹਿ ਸ਼ੱਤ੍ਰ ਬਡੇਰੇ।
ਮਹਿ ਮਹਿਂ[1] ਸੁਖ ਕੋ ਭੋਗ ਘਨੇਰੇ।
ਸ਼ਸਤ੍ਰ ਮਹਾਤਮ ਮਹਾਂ ਮਹਾਨੋ।
ਯਾਂ ਤੇ ਸ਼ਸਤ੍ਰ ਗਹਿਨ ਕੋ ਠਾਨੋ' ॥੨੧॥
ਸੁਨਿ ਕਰਿ ਸ੍ਰੀ ਸਤਿਗੁਰ ਉਪਦੇਸ਼।
ਭਈ ਸੰਗਤਾਂ ਬਿਦਾ ਅਸ਼ੇਸ਼।
ਅਪਨੇ ਸਦਨ ਗਏ ਸੁਖ ਪਾਇ।
ਪੁਨ ਸੰਚੈ ਹੱਥਜਾਰ ਕਰਾਇ ॥੨੨॥
ਕਿਤਿਕ ਮਾਸ ਕੇ ਬਿਤੇ ਪਿਛਾਰੀ।
ਗੁਰ ਦਰਸ਼ਨ ਕੀ ਕੀਯਨਿ ਤਯਾਰੀ।
ਨਿਜ ਨਿਜ ਅੰਗਨਿ ਸ਼ਸਤ੍ਰ ਲਗਾਏ।
ਖੜਗ ਗਾਤਰੇ, ਸਿਪਰ ਉਠਾਏ ॥੨੩॥
ਕਿਨਹੂੰ ਤਰਕਸ਼ ਗਹੀ ਕਮਾਨ।
ਪੇਸ਼ਕਬਜ਼[1], ਜਮਦਾੜ੍ਹ[2] ਮਹਾਨ।
ਸਮ ਸੈਨਾ ਕੇ ਸੰਗਤਿ ਹੋਈ।
ਗਮਨੀ ਮਗ ਦੇਖਤਿ ਸਭਿ ਕੋਈ ॥੨੪॥
ਹਿੰਦੂ ਤੁਰਕ ਅਲਪ ਜੇ ਹੇਰੈਂ।
ਤ੍ਰਾਸਤਿ ਹੋਇ ਸਕਹਿਂ ਨਹਿਂ ਨੇਰੈ।
ਜਿਸ ਥਲ ਬ੍ਰਿੰਦ ਹਿੰਦੁ ਕੈ ਤੁਰਕਾ।
ਤਹਿਂ ਰਣ ਕਰਹਿਂ ਧਾਰਿ ਬਲ ਗੁਰ ਕਾ ॥੨੫॥
ਕੇਤਿਕ ਸਿੱਖਯ ਮਰੇ ਲਰਿ ਤਹਾਂ।
ਹਿੰਦੂ ਤੁਰਕ ਹੁਤੇ ਨਰ ਜਹਾਂ।
ਕੇਤਿਕ ਘਾਇਲ ਗ੍ਰਾਮਨ ਛੋਰੇ।
ਬਚੇ ਸੁ ਆਏ ਸ੍ਰੀ ਗੁਰ ਓਰੇ ॥੨੬॥

[1]ਅਨੇਕ ਪ੍ਰਕਾਰ ਦੇ ਸੁਖਾਂ ਵਿਚ ਬੀਤਦੀ ਹੈ, ਭਾਵ ਸੁਖ ਭੋਗਦਾ ਹੈ।

[1]ਪ੍ਰਿਥਵੀ ਵਿਚ।

[1]ਕਟਾਰ [ਫਾ. ਪੇਸ਼ਕਬਜ਼]। [2]ਜਮਧਰ। ਤ੍ਰਿਖੀ ਤੇ ਮੁੜਵੀਂ ਨੋਕ ਵਾਲੀ ਕਟਾਰ।

ਪਹੁੰਚੇ ਪੁਰਿ ਅਨੰਦ ਗੁਰ ਦਰਸੇ।
ਧਰੇ ਹਰਖ ਪਗ ਪੰਕਜ ਪਰਸੇ।
ਜਿਮ ਮਾਰਗ ਮਹਿਂ ਮਚੀ ਲਰਾਈ।
ਸਗਰੀ ਸਤਿਗੁਰ ਨਿਕਟ ਸੁਨਾਈ ॥੨੭॥
ਸੁਨਿ ਸ਼੍ਰੀ ਕਲ਼ਗੀਧਰ ਹਰਖਾਏ।
ਸਿੱਖਨ ਕੇ ਉਤਸਾਹ ਬਧਾਏ।
'ਇਮ ਹੀ ਸ਼ੱਤ੍ਰੁਨ ਸੋਂ ਬਨਿ ਆਵੈ।
ਡਰਹਿਂ, ਬਹੁਰ ਨਹਿਂ ਨਰ ਕਰਾਵੈਂ ॥੨੮॥
ਅਪਨੋ ਦਾਉ ਘਾਉ ਸੰਭਾਰਹੁ।
ਕਰਹਿਂ ਬਧੀਕੀ ਸ਼ਸਤ੍ਰ ਪ੍ਰਹਾਰਹੁ।'
ਸੁਨਿ ਸਤਿਗੁਰ ਤੇ ਸਿੱਖਜਾ ਸਾਰੇ।
ਸਭਿਨਿ ਸਿੱਖਜ ਗਨ ਸ਼ਸਤ੍ਰ ਸੰਭਾਰੇ ॥੨੯॥
ਆਵਹਿਂ ਦਰਸ਼ਨ ਕੀ ਕਰਿ ਆਸਾ।
ਨਹੀਂ ਕਾਲ ਕੋ ਧਾਰਹਿਂ ਤ੍ਰਾਸਾ।
ਅਪਰ ਤੀਨ ਦਿਸ਼ ਕੇ ਨਰ ਆਏ।
ਸੈਨਾ ਕੇ ਸਮ ਸ਼ਸਤ੍ਰ ਸਜਾਏ ॥੩੦॥
ਭੇ ਇਕੱਤ੍ਰ ਸਿਖ ਪਸ਼ਚਮ ਵਾਸੀ।
ਖੜਗ ਸਿਪਰ ਰਾਖਹਿਂ ਨਿਜ ਪਾਸੀ।
ਬ੍ਰਿੰਦ ਬ੍ਰਿੰਦ ਹੁਇ ਆਵਤਿ ਮਗ ਮੈਂ।
ਸਿੱਖਜ ਸੂਰਮੇ ਬਿਦਤੇ ਜਗ ਮੈਂ ॥੩੧॥
ਕਰਤਿ ਭਜਨ ਕੋ ਪ੍ਰੇਮ ਵਧਾਵੈਂ।
ਚਾਂਪੈ ਪਗ, ਜੋ ਮਗ ਥਕ ਜਾਵੈ।
ਭਾਉ ਪਰਸਪਰ ਭਾ ਅਧਿਕਾਈ।
ਨਿਜ ਕਰਿ ਸਿਖ[1] ਸਿਖ ਕੇ ਮੁਖ ਪਾਈ ॥੩੨॥
ਆਪਸ ਮਹਿਂ ਮਰਦਤਿ ਹੈਂ ਅੰਗ[1]।
ਮੱਜਨ ਕਰਿਵਾਵਹਿਂ ਹਿਤ ਸੰਗ।
ਸਿਖ ਕੇ ਲੈ ਸਿਖ ਬਸਤ੍ਰ ਪਖਾਰੈਂ।

[1]ਆਪਣੇ ਹੱਥੀਂ ਸਿੱਖ।

[1]ਭਾਵ ਥਕਾਨ ਵੇਲੇ ਮਾਲਸ਼ਾਂ ਕਰਦੇ ਹਨ।

ਹਸ ਕਰਿ ਮਿਲਹਿਂ ਪ੍ਰੇਮ ਉਰ ਧਾਰੈਂ ॥੩੩॥
ਭੋਜਨ ਇਕ ਸਥਾਨ ਸਭਿ ਕਰਿਹੀਂ।
ਕਰਿ ਅਰਦਾਸ ਧਯਾਨ ਕੋ ਧਰਿਹੀਂ।
ਉਠੈਂ ਪ੍ਰਾਤਿ ਬਡ ਕਰੈਂ ਸ਼ਨਾਨ।
ਬਸਤ੍ਰ ਸ਼ਸਤ੍ਰ ਤੇ ਹੁਇ ਸਵਧਾਨ ॥੩੪॥
ਇਮ ਸੁਚੇਤ ਹੁਇ ਮਗ ਮਹੁ ਚਲੈਂ।
ਜਹਾਂ ਸਿੱਖ ਕਰਿ ਭਾਉ ਸੁ ਮਿਲੈਂ।
ਚਲਤਿ ਪੰਜਾਬ ਦੇਸ਼ ਮੋਂ ਆਏ।
ਦੇਖਿ ਬ੍ਰਿੰਦ ਸਿਖ, ਤੁਰਕ ਰਿਸਾਏ ॥੩੫॥
ਹਿੰਦੂ ਮਿਲਿ ਮਿਲਿ ਹਾਸੀ ਠਾਨਹਿਂ।
ਬਹੁ ਪ੍ਰਕਾਰ ਕੀ ਨਕਲ ਬਖਾਨਹਿਂ।
ਖਿਝਹਿਂ ਤੁਰਕ ਸਿੱਖਨ ਗਨ ਜੋਈ।
ਹੋਨਹਾਰ ਹੋਵਤਿ ਹੈ ਸੋਈ ॥੩੬॥
ਕਿਸ ਮਾਨਸ ਕੇ ਬਸਿ ਮਹਿਂ ਨਾਂਹਿ।
ਹੋਇ ਅਵੱਸਯ ਜੁ ਭਾਵੀ ਆਹਿ।
ਕਿਤ ਕਿਤ ਨੋਕ ਚੋਕ[1] ਮਗ ਭਈ।
ਸੁਲਗਤਿ ਅਗਨਿ ਅਧਿਕ ਹੁਇ ਗਈ[1] ॥੩੭॥
ਚਲੇ ਸ਼ਸਤ੍ਰ ਕੀਨਸਿ ਘਮਸਾਨਾ।
ਕਾਟੇ ਗਨ ਸ਼ੱਤ੍ਰੂ ਬਲਵਾਨਾ।
ਗੁਰ ਸਹਾਇਤਾ ਐਸੀ ਕਰੀ।
ਜਿਸਤੇ ਚਮੂੰ ਬੈਰੀਯਨਿ ਦਰੀ ॥੩੮॥
ਸਿਰ ਧਰ ਕਰ ਕੈ ਧਰਨਿ ਗਿਰਾਏ[1]।
ਦੇਖਿ ਤੇਜ ਪੁਨ ਚਲੇ ਪਲਾਏ।
ਬਹੁਰ ਤ੍ਰਾਸ ਧਰਿ ਨੇਰ ਨ ਕਰੈਂ।
ਮਰੇ ਹੇਰਿ ਬਹੁ ਹਿਰਦੈ ਡਰੈਂ ॥੨੯॥
ਦੁਇ ਤ੍ਰੈ ਵਾਰ ਜੁੱਧ ਕਰਿ ਕ੍ਰੋਧਾ।
ਬਢਤਿ ਬਢਤਿ ਬਹੁ ਬਢਯੋ ਬਿਰੋਧਾ।

[1]ਬੋਲੀ ਠੋਲੀ।

[1]ਧੁਖਦੀ ਅੱਗ ਵਧ ਗਈ।

[1]ਸਿਰ, ਧੜ, ਹੱਥ (ਵੱਖ ਵੱਖ) ਕਰਕੇ ਧਰਤੀ ਤੇ ਡੇਗੇ।

ਪਿਖਿ ਸਮੂਹ ਕੋ ਸੰਗਤਿ ਅਰੀ[1]। — [1]ਭਾਵ ਬਹੁਤਿਆਂ ਵਿਰੋਧੀਆਂ ਨੂੰ ਦੇਖ ਕੇ ਬੀ ਸੰਗਤ ਅੜ ਖੜੋਂਦੀ ਹੈ।

ਨਹਿਂ ਰੋਕਹਿਂ ਧਰਿ ਕਰਿ ਉਰ ਅਰੀ[1] ॥੪੦॥ — [1](ਵੈਰੀ ਅੱਗੇ ਵਾਂਗ ਹੁਣ) ਚਿਤ ਵਿਚ ਅੜੀ ਧਾਰਕੇ ਰੋਕਦੇ ਨਹੀਂ।

ਕੀਰਤਨ ਕਰਤਿ ਅਨੰਦਤਿ ਉਰ ਮੈਂ।
ਸੰਗਤਿ ਪਹੁੰਚੀ ਆਨੰਦਪੁਰਿ ਮੈਂ।
ਸ੍ਰੀ ਸਤਿਗੁਰ ਕੋ ਪੂਜਨ ਕਰਜੋ।
ਤਨ ਮਨ ਧਨ ਅਰਪਨ ਸਭਿ ਕਰਜੋ ॥੪੧॥
ਖੁਸ਼ੀ ਕਰੀ ਸਤਿਗੁਰ ਬਿਗਸਾਏ।
'ਤੁਮ ਨਿਹਾਲ ਭੇ' ਬਾਕ ਅਲਾਏ।
ਬੂਝਜੋ 'ਮਗ ਬ੍ਰਿਤੰਤੁ ਕਿਮ ਭਯੋ?'
ਜਿਮ ਬੀਤਜੋ ਸਿੱਖਨ ਕਹਿ ਦਯੋ ॥੪੨॥
'ਬਡੀ ਸਪਰਧਾ ਬਢੀ ਗੁਸਾਈਂ!
ਤੁਮ ਬਿਨੁ ਹਮਰੋ ਕੋ ਨ ਸਹਾਈ।
ਆਵਨਿ ਜਾਨਿ ਕਠਨ ਬਡ ਭਯੋ।
ਹਿੰਦੂ ਤੁਰਕ ਬੈਰ ਬਧਿ ਗਯੋ ॥੪੩॥

ਕੋ[1] ਸਿਖ ਮਰੇ ਲਰਾਈ ਲਰਿ ਕੈ। — [1]ਕਈ ਕੁ।

ਰਾਵਰਿ ਚਰਨ ਧਜਾਨ ਉਰ ਧਰਿ ਕੈ।
ਕੇਤਿਕ ਘਾਇਲ ਗ੍ਰਾਮਨਿ ਛੋਰੇ।

ਹੋਇ ਅਬ੍ਰਿਣ[1] ਆਵਹਿਂ ਤੁਮ ਓਰੇ ॥੪੪॥ — [1]ਜ਼ਖਮ ਰਹਿਤ ਹੋਕੇ ਭਾਵ ਰਾਜ਼ੀ ਹੋ ਕੇ।

ਕਿਸਹੁੰ ਨ ਜਾਨਹਿਂ, ਹਮ ਪਰਦੇਸੀ।
ਹਿੰਦੁ ਤੁਰਕ ਰਿਪੁ ਵਧੇ ਵਿਸ਼ੇਸ਼ੀ।
ਤੁਮ ਸਿੱਖਨ ਕੇ ਹੋਹੁ ਸੁਆਮੀ।
ਜਾਨਤਿ ਸਭਿ ਕੀ, ਅੰਤਰਜਾਮੀ ॥੪੫॥
ਰੱਛਾ ਕਰਹੁ ਆਪ ਦੇ ਹਾਥ।
ਤੁਮ ਅਲੰਬ ਇਕ ਸਿੱਖਜਨਿ ਸਾਥ।
ਬਨਹੁ ਸਹਾਇਕ ਤੌ ਇਹ ਰਹੇਂ।
ਅਪਰ ਉਪਾਵ ਨ ਕੋਊ ਲਹੇ' ॥੪੬॥

ਸਿੱਖਜਨ ਕੋ ਦੁਖ ਸੁਨਿ ਕਰਿ ਨਾਥ।
ਚਿਤ ਮਹਿਂ ਚਿਤਵਹਿਂ ਚਿੰਤਾ ਸਾਥ।
ਦ੍ਵੈ ਘਟਿਕਾ ਲਗਿ ਧਾਰੀ ਮੌਨ।
ਭਰੀ ਸਭਾ ਨਹਿਂ ਬੋਲ੍ਯੋ ਕੌਨ ॥੪੭॥
ਪੁਨ ਪ੍ਰਯੰਕ ਪਰ ਪੌਢੇ ਦਯਾਲ।
ਸਿੱਖਜਨਿ ਰੱਛ੍ਯਾ ਚਿਤਹਿਂ ਬਿਸਾਲ।
-ਅਜ਼ਮਤਿ ਕੋ ਬਲ ਕਰਨੋ ਨਾਂਹੀ।
ਇਸ ਬਿਨ ਸਿੱਧ ਕਾਜ ਨਹਿਂ ਆਹੀ[1] ॥੪੮॥

[1]ਭਾਵ ਕਰਾਮਾਤ ਬਿਨਾ ਕਾਜ ਸਿੱਧ ਨਹੀਂ ਹੋਵੇਗਾ।

ਕੋ ਬਿਧ ਕਰਹਿਂ-? ਬਿਚਾਰਤਿ ਏਵ।
ਪੰਥ ਸ਼ਸਤ੍ਰ ਧਰਿ ਚਹਿਂ ਗੁਰਦੇਵ।
-ਕਰਾਮਾਤ ਬਲ ਬਨਹਿ ਨ ਕਰਿਬੋ-।
ਸ਼ਸਤ੍ਰ ਪ੍ਰਹਾਰਨਿ ਇੱਛਾ ਧਰਿਬੋ ॥੪੯॥
ਜਿਮ ਸ੍ਰੀ ਰਾਮਚੰਦ ਰਣ ਕਰ੍ਯੋ।
ਅਜ਼ਮਤਿ ਬਿਨ ਸ਼ਸਤ੍ਰਨਿ ਸੰਗ ਲਰ੍ਯੋ।
ਜਿਮ ਸ੍ਰੀ ਕ੍ਰਿਸ਼ਨ ਲਰੇ ਬਹੁ ਬਾਰੀ।
ਬਲ ਧਰਿ ਕੀਨੇ ਸ਼ੱਤ੍ਰ ਪ੍ਰਹਾਰੀ ॥੫੦॥
ਸੋ ਮਿਰਜਾਦਾ ਰਖਿਬੇ ਚਾਹਤਿ।
ਹਤੌਂ ਤੁਰਕ ਰਣ ਹੇਤ ਉਮਾਹਤਿ।
ਬਹੁਤ ਬਿਚਾਰਤਿ ਪੁਨ ਚਿਤ ਆਈ।
-ਸ਼ਸਤ੍ਰਨ ਧਾਰੀ ਚੰਡਿ ਮਨਾਈ[1] ॥੫੧॥

[1]ਸ਼ਸਤ੍ਰਧਾਰੀਆਂ ਨੇ ਚੰਡੀ ਹੀ ਮਨਾਈ ਹੈ।

ਸੁਭਟ ਸ਼ਿਰੋਮਨਿ ਸ਼ਕਤਿ ਮਹਾਨੀ।
ਮਹਾਂ ਜੋਗਮਾਯਾ[1] ਜਗ ਰਾਨੀ।

[1]ਏਥੇ ਈਸ਼੍ਵਰ ਦੀ ਸ਼ਕਤੀ ਤੋਂ ਮੁਰਾਦ ਹੈ। ਵਿਸ਼ੇਸ਼ ਲਈ ਦੇਖੋ, ਰਾਸ ੧੦ ਅੰਸੂ ੪੮ ਅੰਕ ੧੪ ਦੀ ਹੇਠਲੀ ਟੂਕ।

ਬਨੈ ਅਰਾਧਨ ਤਿਸ ਕੋ ਅਬੈ।
ਰਣ ਕੇ ਕਾਜ ਕਰਹਿ ਸਿਧ ਸਬੈ ॥੫੨॥
ਦੁਰਗਾ ਜਿਨ ਕੇ ਭਈ ਸਹਾਇ।
ਰਣ ਤੇ ਬਿਜੈ ਲਈ ਤਿਨ ਪਾਇ।

ਹਮਰੇ ਮਾਤ ਪਿਤਾ ਇਹ ਦੋਊ।
ਪੁਰਖ ਅਕਾਲ ਚੰਡਿਕਾ ਜੋਊ ॥੫੩॥
ਇਨ ਕੀ ਹਮਹੁ ਉਪਾਸਨ ਭਾਵੈ।
ਅਪਰਨਿ ਤੇ ਕਜਾ ਕਰ ਮਹਿਂ ਪਾਵੈਂ।
ਕਰਾਮਾਤ ਜੇ ਜਗ ਬਿਦਤਾਵੌਂ।
ਇਕ ਦਿਨ ਗਨ ਤੁਰਕਨਿ ਬਿਨਸਾਵੌਂ ॥੫੪॥
ਹਿੰਦੂ ਜਬਰ ਜ਼ੇਰ ਕਰਿ ਲੇਊਂ[1]।
ਸਕਲ ਰਾਜ ਸਿੱਖਜਨਿ ਕੌ ਦੇਊਂ।
ਅਜ਼ਮਤ ਬਿਦਤਹਿ ਬ੍ਰਤ[1] ਹੁਇ ਨਾਸ਼।
ਯਾਂ ਤੇ ਨਾਂਹਿਨ ਬਨੈ ਪ੍ਰਕਾਸ਼ੁ ॥੫੫॥
ਜਗ ਕਾਰਨ ਤਾਰਨ ਜਗ ਮਾਤਾ।
ਸੰਤ ਸਹਾਇ ਸਦਾ ਸੁਖਦਾਤਾ।
ਖੜਗ ਜੁੱਧ ਜਗ ਮਹਿਂ ਬਿਦਤਾਵੌਂ।
ਸਨੇ ਸਨੇ ਕਰਿ ਸਭਿਨਿ ਖਪਾਵੌਂ ॥੫੬॥
ਛਿਤ ਛੱਤ੍ਰੀ ਧ੍ਰਮ ਹੁਇ ਪਰਕਾਸ਼।
ਸਭਿ ਦੁਰਬੁੱਧਿ ਮਲੇਛ ਬਿਨਾਸ਼ੁ-।
ਇਮ ਬਿਚਾਰਿ ਕਰਵਟ ਲੇ ਉਠੇ।
ਸਿੱਖਜਨ ਸੌਂ ਬੋਲੇ ਉਰ ਤੁਠੇ[†] ॥੫੭॥

'ਤੁਮਰੇ ਹਿਤ ਜਗ ਮਾਤ ਮਨਾਵੌਂ।
ਪੂਜ ਮਹਾਂ ਕਲਿ ਮਹਿਂ ਬਿਦਤਾਵੌਂ।
ਰਣ ਕਰਤੇ ਨਿਤ ਬਨਹਿਂ ਸਹਾਈ।
ਸ਼ੱਤ੍ਰਨਿ ਸਗਰੇ ਦੇਹਿ ਖਪਾਈ' ॥੫੮॥
ਇੱਤਜਾਦਿਕ ਕਹਿ ਧੀਰਜ ਦੀਨਾ।
ਸਿੱਖਜਨ ਕੋ ਮਨ ਆਨੰਦ ਭੀਨਾ।
ਆਪ ਪੁਜਿਬੇ ਉੱਦਮ ਕੀਨਾ।
ਸ੍ਰੀ ਕਲਗੀਧਰ ਗੁਰੂ ਪ੍ਰਬੀਨਾ ॥੫੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀ ਰੁਤੇ 'ਸਿੱਖਨ ਲਰਿ ਆਵਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

[1]ਜਰਵਾਣੇ ਹਿੰਦੂਆਂ ਨੂੰ ਅਧੀਨ ਕਰ ਲਵਾਂ।

[1]ਕਰਾਮਾਤ ਨਾ ਦੱਸਣ ਦਾ) ਨਿਯਮ।

[†]ਇਹ ਉਥਨਕਾ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਦੀ ਹੈ, ਵਾਰਤਕ ਮਹਿਮਾਂ ਪ੍ਰਕਾਸ਼ ਵਿਚ ਜੋ ਉਸ ਤੋਂ ਪੁਰਾਤਨ ਹੈ ਦੇਵੀ ਦਾ ਪ੍ਰਸੰਗ ਹੀ ਨਹੀਂ ਹੈ।

## ੪. [ਕੇਸ਼ਵ ਦਾਸ ਮਿਲਨਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਚਿਤਵਤ ਬਿਦਤਨਿ ਚੰਡਕਾ, ਸ੍ਰੀ ਸਤਿਗੁਰ ਮਹਾਰਾਜ।
ਸੁਪਤਿ ਜਥਾ ਸੁਖ ਨਿਸ ਬਿਖੈ, ਬਡੇ ਗ਼ਰੀਬ ਨਿਵਾਜ ॥੧॥

ਪਾਧੜੀ ਛੰਦ:

ਉਠਿਯੰਤਿ ਤੇਜ† ਤੇ ਤੇਜ ਰੂਪ[1]।
ਖੁਲਿਯੰਤਿ ਪਲਕ ਲੋਚਨ ਅਨੂਪ।
ਪਢਿਯੰਤਿ ਸ਼ਬਦ ਚਹੁੰ ਓਰ ਜੋਰ[1]।
ਧੁਨਿ ਰਾਗ ਸੁ ਮਧੁਰ ਮ੍ਰਿਦੰਗ ਘੋਰ ॥੨॥

[1]ਤੇਜ ਦਾ ਹੀ ਤੇਜ ਰੂਪ ਗੁਰੂ ਜੀ ਜਾਗੇ। †ਪਾ:-ਸ਼ੁਧ ਪਾਠ:-ਸੇਜ-ਜਾਪਦਾ ਹੈ।
[1]ਜ਼ੋਰ ਨਾਲ।

ਝਰਣੰਤਿ ਤਾਰ ਬਾਜੰਤਿ ਬੈਨ[1]।
ਗਾਵੰਤਿ ਗਜਾਨ ਦਾ ਗੁਰਨਿ ਬੈਨ[1]।
ਧਰਿਯੰਤਿ ਰਿਦੈ ਜਿਨ ਕੋ ਬਿਚਾਰ।
ਨਸ਼ਟੰਤਿ ਕਾਮ ਆਦਿਕ ਬਿਕਾਰ ॥੩॥

[1]ਸਾਜ਼ਾਂ ਦੀਆਂ ਤਾਰਾਂ ਦੀ ਝਰਨਾਟ ਪੈਂਦੀ ਹੈ (ਤੇ ਸਾਜ਼ਾਂ ਵਿਚੋਂ) ਬੋਲ ਵਜਦੇ ਹਨ।
[1]ਗੁਰਬਾਣੀ।

ਝੜਿਯੰਤਿ ਡੰਕ ਨੌਬਤ ਬਜੰਤਿ[1]।
ਤ੍ਰਸਿਯੰਤਿ ਸ਼ੱਤ੍ਰ ਸ੍ਰੌਨੇ ਸੁਨੰਤਿ[1]।
ਬੋਲਤਿ ਨਕੀਬ ਸਤਿਗੁਰ ਪ੍ਰਤਾਪ।
ਜਹਿਂ ਕਹਾਂ ਹੋਤਿ ਕਰਤਾਰ ਜਾਪ ॥੪॥

[1]ਡੰਕੇ ਪੈਕੇ ਧੌਂਸੇ ਵਜ ਰਹੇ ਹਨ।
[1]ਵੈਰੀ ਕੰਨੀ ਸੁਣਕੇ ਡਰਦੇ ਹਨ।

ਡੰਕੇ ਰਣੰਕ, ਖੜਕੈਂ, ਘੜਿਯਾਲ[1]।
ਦਰ ਪਢਹਿਂ ਭਾਟ ਕੀਰਤਿ ਬਿਸਾਲ।
ਬਜਿਯੰਤਿ ਸੰਖ ਤੁਰਰੀ ਅਨੇਕ।
ਸੁਨਿ ਉਠਤਿ ਸਿੱਖ ਧਾਰਤਿ ਬਿਬੇਕ[1] ॥੫॥

[1]ਡੰਕੇ ਵਜਦੇ ਹਨ ਘੜਯਾਲ ਖੜਕਦੇ ਹਨ।
[1]ਹੁਸ਼ਿਆਰ ਹੋ ਜਾਂਦੇ ਹਨ।

ਮੰਗਲ ਮਹਾਨ ਮੰਦਰ ਸੁ ਪੌਰ।
ਤਜਾਗੰਤਿ ਨੀਂਦ ਹਿੰਦਵਾਨ ਮੌਰ[1]।
ਤਿਸ ਕਾਲ ਅਲੰਕ੍ਰਿਤ[1] ਆਇ ਦਾਸ।
ਲੇ ਸ਼ਾਤ ਕੁੰਭ ਕੋ ਕੁੰਭਪਾਸ[1]† ॥੬॥

[1]ਭਾਵ ਗੁਰੂ ਜੀ।
[1]ਵਰਦੀ ਆਦਿਕ ਨਾਲ) ਸਜਿਆ ਫਬਿਆ।
[1]ਸੋਨੇ ਦਾ ਘੜਾ ਨਾਲ ਲੈ ਕੇ [ਸੰਸ. ਸ਼ਾਤਕੰਭ = ਸੋਨਾ। ਸ਼ਤਕੁੰਭ ਨਾਮ ਪਰਬਤ ਦਾ ਹੈ, ਜਿਥੋਂ ਸੋਨਾ ਨਿਕਲਦਾ ਹੈ। ਸ਼ਤਕੁੰਭ ਤੋਂ ਜੋ ਨਿਕਲੇ ਸੋ ਸ਼ਾਤਕੁੰਭ]।

†ਪਾ:-ਸ਼ਾਂਤਿ ਕੁੰਭ' ਪਾਠ ਕਰਕੇ ਸ਼ਾਂਤੀ ਦਾ ਘੜਾ (ਗੁਰੂ ਜੀ) ਅਰਥ ਕਰਨਾ ਗ਼ਲਤੀ ਹੈ। ਲਿਖਾਰੀਆਂ ਨੇ ਭੁੱਲ ਨਾਲ ਕਿਤੇ ਪਾਠ 'ਸ਼ਾਂਤਿ ਕੁੰਭ' ਬੀ ਕੀਤਾ ਹੈ।

ਅਧਿਕੈ ਸੁਗੰਧਿ ਮਹਿਕਾਰ ਸੰਗ।
ਬਹੁ ਰਗੜ ਬਿਦਾਮਨਿ ਸਹਿਤ ਭੰਗ।
ਏਲਾ[1] ਲਵੰਗੁ[2] ਮਿਰਚਾਂ ਨਿਕਾਰਿ[3]।
ਮੇਲਜੋ ਗੁਲਾਬ ਬਿਚ ਸਰਦ ਬਾਰਿ ॥੭॥

[1]ਲਾਚੀ। [2]ਲੌਂਗ। [3]ਕਾਲੀਆਂ ਮਿਰਚਾਂ।

ਜੁਤਿ ਛੱਤ੍ਰਧਾਰਿ[1] ਸਤਿਗੁਰ ਛਕਾਇ[†]।

[1]ਅਫੀਮ ਦੇ ਨਾਲ ਪੋਸਤ ਦੇ ਡੋਡੇ ਤੇ ਛਤਰ ਹੁੰਦਾ ਹੈ। (ਅ) ਨਿਹੰਗ ਸਿੰਘ ਅਫੀਮ ਛਕ ਕੇ ਪਾਤਸ਼ਾਹੀ ਬੇਪ੍ਰਵਾਹੀ ਦੀ ਮੌਜ ਲੁੱਟਣ ਕਰਕੇ ਬੀ ਛਤਰਧਾਰ ਨਾਮ ਦੱਸਦੇ ਹਨ।

[†]ਸ਼ਾਯਦ ਕਵੀ ਜੀ ਗੁਰਬਿਲਾਸ ਕ੍ਰਿਤ ਭਾ: ਸੁਖਾ ਸਿੰਘ ਦੇ ਮਗਰ ਚਲ ਰਹੇ ਹਨ। ਆਪ ਖੋਜ ਨਹੀਂ ਕੀਤੀ। ਸਿੱਖ ਜਦ ਰਾਜ ਸਾਜ ਵਿਚ ਆ ਗਏ ਤਦ ਦੇ ਵਰਤਾਰੇ ਹਨ, ਉਦਯ ਬਲ ਦੇ ਸਮੇਂ ਏਹ ਵਰਤਾਰੇ ਨਹੀਂ ਸਨ। ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਤੇ ਰੁਤ ੨ ਅੰਸੂ ੪੪ ਅੰਕ ੨੦ ਦੀਆਂ ਹੇਠਲੀਆਂ ਟੂਕਾਂ।

ਪੁਨ ਸੌਚ ਨਾਨ ਕਰਿਤੇ ਬਨਾਇ।
ਬਹੁ ਦੂਰ ਦੇਸ਼ ਕੇ ਬਸਤ੍ਰ ਆਇ।
ਸੂਖਮ ਬਿਸਾਲ ਮੁਲ ਕੋ ਮੰਗਾਇ ॥੮॥
ਪੋਸ਼ਿਸ਼ ਨਵੀਨ ਪਹਿਰੇ ਪ੍ਰਭਾਤਿ।
ਪੁਨ ਅਲੰਕਾਰ ਸ਼ੋਭੰਤਿ ਗਾਤਿ।
ਦਿਨ ਚਰਜੋ ਸਿੰਘਾਸਨ ਪਰ ਥਿਰੰਤਿ।
ਜੁਤਿ ਬਸਤ੍ਰ ਸ਼ਸਤ੍ਰ ਅਤਿਸ਼ੈ ਸੁਭੰਤਿ ॥੯॥
ਤਬਿ ਏਕ ਸਿੱਖ ਗੁਰ ਨਿਕਟ ਆਇ।
ਕਰਿ ਜੋਰਿ ਅਰਜ਼ ਐਸੇ ਸੁਨਾਇ।
'ਗੁਰ ਪਾਤਿਸ਼ਾਹ! ਦਿਜ ਜਹਿਂ ਸਰਾਹਿ।
ਰਾਵਰਿ ਸਮੀਪ ਕਹਿ ਗਾਥ ਜਾਹਿ ॥੧੦॥
ਪੁਰਿ ਮਹਾਂਦੇਵ[1] ਕੇ ਬਸਤਿ ਜੋਇ।

[1]ਕਾਂਸ਼ੀ।

ਚਲਿ ਆਇ ਬਾਗ ਮਹਿਂ ਉਤਰ ਸੋਇ।
ਕਹਿਂ ਜਾਂਹਿ ਸੁ ਕੇਸ਼ਵ ਦਾਸ ਨਾਮ[†]।

[†]ਗੁਰ ਬਿਲਾਸ ਸੁਖਾ ਸਿੰਘ ਨੇ ਦੱਤਾ ਨੰਦ ਉਜੈਨੀ ਲਿਖਿਆ ਹੈ। ਬਾਵਾ ਸੁਮੇਰ ਸਿੰਘ ਜੀ ਨੇ ਆਪਣੇ ਗੁਰ ਬਿਲਾਸ ਵਿਚ ਦੋਹਾਂ ਤੋਂ ਵੱਖਰਾ ਕਾਲੀ ਦਾਸ ਗੁਜਰਾਤੀ ਲਿਖਿਆ ਹੈ।

ਬਿਧਿ ਚੰਡ ਪੂਜਿਬੇ ਗੁਨਨ ਧਾਮ[1] ॥੧੧॥

[1]ਬਿਧੀ ਨਾਲ ਚੰਡੀ ਨੂੰ ਪੂਜਣ ਵਿਚ ਗੁਣ ਦਾ ਘਰ ਹੈ ਜੋ।

ਜਿਹ ਸੰਗ ਬ੍ਰਿੰਦ ਨਰ ਜੁਤਿ ਪ੍ਰਤਾਪ।
ਜਗਮਾਤ[1] ਸੁ ਜਾਤ੍ਰਾ ਜਾਤਿ ਆਪ।

[1]ਜਵਾਲਾ ਜੀ।

ਮੁਝ ਕੋ ਬੁਲਾਇ ਬੂਝਯੋ ਬ੍ਰਿਤੰਤ।
ਮੈਂ ਕਹਯੋ ਆਪ ਕੋ ਸਭਿ ਮਤੰਤ ॥੧੨॥
ਸੁਨਿ ਅਨੰਦ ਧਾਰਿ ਪੁਨ ਪੁਨ ਬੁਝੇਇ।
ਚਿਤ ਚਹਤਿ ਕਿ -ਗੁਰੂ ਬੁਲਾਇ ਲੇਇਂ।
ਕਰਿ ਦਰਸ ਪ੍ਰਭੂ ਕੋ ਜਾਉਂ ਫੇਰ-।
ਇਹੁ ਆਸ਼ੈ ਪਰਖ੍ਯੋ ਤਾਂਹਿ ਹੇਰਿ[1] ॥੧੩॥

[1]ਤਿਸ ਨੂੰ ਵੇਖਕੇ।

ਚਲਿ ਆਇ ਆਪ ਤੇ ਲਖਿਯ ਨਾਂਹਿ[1]।

[1]ਇਹ ਗਲ ਮਲੂਮ ਨਹੀਂ ਹੁੰਦੀ ਕਿ ਆਪੇ ਟੁਰਕੇ ਆਪ ਪਾਸ ਆਵੇ। (ਅ) ਪਤਾ ਨਹੀਂ ਲਗਦਾ ਕਿ ਸੱਦੇ ਬਿਨਾਂ ਆਪੇ (ਕੀਕੂੰ) ਆ ਗਿਆ ਹੈ।

ਚਿਤ ਚਹਤਿ ਅਧਿਕ ਹੁਇ ਮੇਲ ਪਾਹਿ[1]।

[1]ਪਰ) ਚਿਤ ਵਿਚ ਬਹੁਤ ਚਾਹੁੰਦਾ ਹੈ (ਕਿ ਸਤਿਗੁਰੂ) ਨਾਲ ਮੇਰਾ ਮੇਲ ਹੋਵੇ।

ਪ੍ਰਭੁ ਤੁਮ ਸਮ੍ਰੱਥ ਮਨ ਫੇਰ ਲੀਨਿ।
ਬਾਂਛਤਿ ਜੁ ਰਿਦੈ ਆਗਵਨ ਕੀਨਿ[1]' ॥੧੪॥

[1]ਜਿਸ ਨੂੰ ਆਪ ਚਾਹੁੰਦੇ ਸੀ ਰਿਦੇ ਵਿਚ (ਓਹ) ਆ ਗਿਆ ਹੈ।

ਸੁਨਿ ਸ਼੍ਰੌਨ ਬੈਨ ਗੁਰ ਹਰਖ ਧਾਰਿ।
'ਧੰਨ ਧੰਨ ਖੜਗ ਕੇਤੈ' ਉਚਾਰਿ।
'ਨਿਜ ਸੇਵਕਾਨ ਕੇ ਕਰਤਿ ਕਾਜ।
ਘਟ ਘਟ ਬਿਆਪ ਰਾਜਾਨਿ ਰਾਜ' ॥੧੫॥
ਤਬਿ ਦਯਾਰਾਮ ਅਰ ਨੰਦ ਚੰਦ।
ਨਿਜ ਢਿਗ ਹਕਾਰ ਕਰਿ, ਕਹਿਂ ਮੁਕੰਦ।
'ਉਪਬਨਹਿ ਬਿਖੈ ਬਰ ਬਿੱਪ੍ਰ ਆਇ।
ਸਨਮਾਨ ਕਰਹੁ ਤਿਸ ਨਿਕਟ ਜਾਇ ॥੧੬॥
ਸਭਿ ਖਾਨ ਪਾਨ ਤ੍ਰਿਣ ਲਗਿ ਜਿਤੇਕ।
ਗੁਰ ਦੇਗ ਭਾਖਿ ਦੀਜੈ ਤਿਤੇਕ।
ਬਿਨ ਮਿਲੇ ਅੱਗ੍ਰ ਨਹਿਂ ਉਚਿਤ ਜਾਨ[1]।

[1]ਸਾਨੂੰ) ਮਿਲੇ ਬਿਨਾ (ਉਸ ਦਾ) ਅੱਗੇ ਜਾਣਾ ਯੋਗ ਨਹੀਂ।

ਕਿਤ ਕੋ ਪਯਾਨ? ਸਭਿ ਲੇਹੁ ਜਾਨ' ॥੧੭॥
ਸੁਨਿ ਦੁਊ ਸੁਮਤਿ ਗਮਨੇ ਸ਼ਿਤਾਬ।

ਜਹਿਂ ਅਬ ਸਹਿਤ ਉਪਬਨ ਅਜਾਬ[1]। [1]ਅਜੀਬ।
ਤਹਿਂ ਪਿਖਯੋ ਬਿੱਪ੍ਰ ਬੈਠਯੋ ਸਮਾਨ[1]। [1]ਸਹਿਜ ਹੀ, ਭਾਵ ਕੋਈ ਆਸਨ ਤਕੀਏ ਲਾ ਕੇ ਨਹੀਂ ਸੀ ਬੈਠਾ ਹੋਇਆ। (ਅ) ਮਾਨ ਸਹਿਤ।
ਤਰੁ ਤਰੇ ਸਥੰਡਲ[1] ਸ਼ੁਭ ਮਹਾਨ ॥੧੮॥ [1]ਬ੍ਰਿੱਛ ਦੇ ਹੇਠਾਂ ਥੜੇ ਤੇ।
ਮਣ ਪੰਚ ਮੋਦਕ ਧਰਿ ਅੱਗ੍ਰ ਤਾਂਹਿ।
ਕਰ ਬੰਦਿ ਬੰਦਨਾ ਬੈਠਿ ਪਾਹਿ।
'ਦਿਜ ਜੂ! ਗੁਰੂ ਕੀ ਦੇਗ ਲੇਹੁ।
ਸਭਿ ਰੰਕ ਰਾਵ ਲੇ ਖਾਤਿ ਏਹੁ ॥੧੯॥
ਪ੍ਰਭੁ ਪਠਯੋ ਹਮਹਿ ਤੁਮ ਕਰਨਿ ਮਾਨ।
ਕਿਸ ਦੇਸ਼ ਅੱਗ੍ਰ ਕਰਿ ਹੌ ਪਯਾਨ?
ਕਿਸ ਨੱਗ੍ਰ ਦੇਸ਼ ਰਾਵਰਿ ਨਿਕੇਤ?
ਪ੍ਰਸਥਾਨ ਕਰਨਿ ਕੌ ਕੌਨ ਹੇਤੁ?' ॥੨੦॥
ਸੁਨਿ ਬਿੱਪ੍ਰ ਭਨਯੋਂ 'ਸ਼ਿਵ ਨਗਰ[1] ਬੀਚ। [1]ਕਾਂਸ਼ੀ।
ਘਰ ਤਹਾਂ ਮੋਖ ਜਹਿਂ ਉਚ ਨੀਚ।
ਚਿਰਕਾਲ ਬਿਤਯੋ ਚਿਤ ਚਹਤਿ ਭੂਰ।
ਜ੍ਵਾਲਾਮੁਖੀ ਪਰਸਨਿ ਜ਼ਰੂਰ ॥੨੧॥
ਔਚਕ ਸੁ ਭਈ ਅਬਿ ਕੇ ਬਿਸਾਲ।
ਬਿਨ ਇੱਛ ਤਜਾਰ ਭੇ ਲੋਕ ਜਾਲ।
ਮਹਿੰਮਾ ਹਮਹਿਂ ਸੁ ਗੁਰ ਕੀ ਸੁਨੰਤਿ।
ਨਿਤ ਦੇਤਿ ਦਾਨ ਕੀਰਤਿ ਲਹੰਤਿ ॥੨੨॥
ਅਬਿ ਆਨਿ ਭਯੋ ਤਿਨ ਨਗਰ ਡੇਰ।
ਮਿਲਿ ਕਰਿ ਕ੍ਰਿਪਾਲ ਗਮਨੈਂ ਸੁ ਫੇਰ।
ਹਮਰੋ ਬਖਾਨ ਆਸ਼ੀਰਬਾਦ।
ਪ੍ਰਭੁ ਮਿਲਉਂ ਆਨਿ, ਜਬਿ ਕਰਹਿਂ ਯਾਦ' ॥੨੩॥
ਸੁਨਿ ਦਯਾਰਾਮ ਅਰੁ ਨੰਦਚੰਦ।
ਸਭਿ ਭਨੀ ਗਾਥ, ਢਿਗ ਗੇ ਮੁਕੰਦ।
ਗੁਰ ਕਹਯੋ 'ਫੇਰ ਸੁਧਿ ਲੇਹੁ ਸਰਬ।
ਸਹਿ ਬਿੱਦਯ ਗੁਨੀ ਕੈ ਹੋਤਿ ਗਰਬ[1]' [1]ਭਾਵ ਵਿਦਯਾ ਵਾਲਾ ਗੁਣੀ ਹੰਕਾਰੀ ਹੁੰਦਾ ਹੈ।

॥੨੪॥
ਸੁਨਿ ਕੈ ਦਿਵਾਨ ਸਭਿ ਕਿਛ ਪੁਚਾਇ।
ਬਾਂਛਤਿ ਜਿ ਵਸਤੁ ਜੋ ਜੋ ਬਤਾਇ।
ਦਿਨ ਗਯੋ ਬੀਤ ਰਹਿ ਜਾਮ ਏਕ।
ਕੁਛ ਕਰਿ ਅਰਾਮ ਸਾਗਰ ਬਿਬੇਕ
॥੨੫॥
ਸੁੱਖਾ ਅਫੀਮੁ ਛਕਿ ਸੌਚ ਠਾਨਿ†।

†ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਤੇ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

ਤਿਸ ਕਾਲ ਬਹੁਰ ਕਰਿ ਕੈ ਸ਼ਨਾਨ।
ਤਨ ਬਸਤ੍ਰ ਸ਼ਸਤ੍ਰ ਕੋ ਪਹਿਰ ਲੀਨ।
ਕਲਗ਼ੀ ਸੁ ਜਿਗਾ ਸਿਰ ਧਰਨਿ ਕੀਨਿ
॥੨੬॥
ਮੰਦਿਰ ਸੁਵਰਨ ਮੁਕਰਨਿ ਜਰਾਇ।
ਤਿਹ ਹੇਮ ਸਿੰਘਾਸਨ ਕੋ ਡਸਾਇ।
ਸਿਤ ਆਸਤਰਨ ਬੰਧਾਨ ਕੀਨਿ।
ਰੇਸ਼ਮ ਸੁ ਡੋਰ ਗੁੰਫਾਨਿ ਪੀਨ ॥੨੭॥
ਤਿਸ ਪਰ ਬਿਰਾਜਿ ਕਰੁਨਾ ਨਿਧਾਨ।
ਸਭਿ ਥਿਰੇ ਸਮੀਪੀ ਨਿਕਟ ਆਨਿ।
ਗੁਣਵਾਨ ਚਤੁਰ ਕਵਿ ਬੁੱਧਿਵੰਤ।
ਜੋ ਲਖਹਿਂ ਭੇਦ ਬਡ ਗਜਾਤਵੰਤ
॥੨੮॥
ਤਬਿ ਦਯਾਰਾਮ ਕੋ ਢਿਗ ਬੁਲਾਇ।
'ਦਿਜ ਲਜਾਉ ਜਾਉ, ਨਹਿਂ ਬਿਲਮ ਲਾਇ।'
ਸੁਨਿ ਹੁਕਮ ਗਯੋ ਅਸਵਾਰ ਹੋਇ।
ਤਿਸ ਨਿਕਟ ਜਾਇ ਕਹਿ ਬਾਕ ਸੋਇ[1]

[1]ਉਸ ਨੇ।

॥੨੯॥
'ਗੁਰ ਕਰਤਿ ਯਾਦ, ਚਲੀਅਹਿ ਹਜ਼ੂਰ।
ਤਤਕਾਲ ਚਢਯੋ ਸੁਨਿ ਬਹਿਲ ਰੂਰ।
ਆਯੋ ਸਮੀਪ ਨਰ ਕਿਤਿਕ ਸਾਥ।
ਪਠਿ ਆਸ਼ਿਖ[1] ਸ੍ਰੀ ਫਲ ਲੀਨਿ ਹਾਥ

[1]ਆਸ਼ੀਰਬਾਦ ਪੜ੍ਹੀ।

॥੩੦॥

ਗੁਰ ਅੱਗ੍ਰ ਅਰਪਿ ਕਰਿ ਦਰਸ ਕੀਨਿ।
ਤਬਿ ਚੌਕੀ ਦਾਸ ਡਸਾਇ ਦੀਨਿ[†]।

[†]ਬ੍ਰਾਹਮਣਾਂ ਦਾ ਇੰਨਾ ਸਤਿਕਾਰ ਕਿ ਸਤਿਗੁਰ ਦੇ ਹਜ਼ੂਰ ਚੌਂਕੀ ਡਾਹ ਕੇ ਕੋਈ ਬੈਠ ਸਕੇ ਤਦੋਂ ਰਿਵਾਜ ਨਹੀਂ ਸੀ। ਇਹ ਬੀ ਬ੍ਰਾਹਮਣਾਂ ਦੇ ਜ਼ੋਰ ਸਮੇਂ ਦਾ ਤ੍ਰੀਕਾ ਸੀ ਜੋ ਏਥੇ ਕਲਪ ਲਿਆ ਗਿਆ ਹੈ। ਅਗਲੀਆਂ ਤੁਕਾਂ ਵਿਚ ਬ੍ਰਾਹਮਣ ਗੁਰੂ ਜੀ ਨੂੰ ਸਮਰਥ ਤੇ ਅਵਤਾਰ ਮੰਨ ਲੈਂਦਾ ਹੈ, ਫਿਰ ਕਿਵੇਂ ਬਰਾਬਰੀ ਵਿਚ ਬੈਠ ਸਕਦਾ ਹੈ। ਫਿਰ ਪੰਜਵੀਂ ਰੁਤ ਦੇ ਕਬਿੱਤਾਂ ਵਿਚ ਬੜੇ ਬੜੇ ਕਵੀ ਤੇ ਬ੍ਰਾਹਮਣ ਪੰਡਿਤ ਸਤਿਗੁਰੂ ਜੀ ਨੂੰ ਗੁਰ ਅਵਤਾਰ ਤੇ ਗੋਬਿੰਦ ਅਵਤਾਰ ਪ੍ਰਤੱਖਜ ਵੇਖਕੇ ਮੰਨ ਰਹੇ ਹਨ, ਅਵਤਾਰ ਮੰਨ ਨੇ ਚੌਂਕੀ ਤੇ ਬੈਠਣ ਦਾ ਹੀਆ ਕੌਣ ਕਰ ਸਕਦਾ ਹੈ।

ਬਰ ਬਿੱਪ੍ਰ ਬੈਠਿ ਅਵਿਲੋਕਿ ਰੂਪ[1]। [1]ਬ੍ਰਾਹਮਣ ਨੇ ਬੈਠਕੇ ਡਿੱਠਾ ਗੁਰੂ ਜੀ ਦਾ ਰੂਪ।
-ਮਨ ਮੋਹਨ ਕ੍ਰਿਸ਼ਨ ਕਿ ਤਨ ਅਨੂਪ
॥੩੧॥

ਜਿਮ ਕਹੀਓ ਪੁਰਾਨਨਿ ਮਹਿਂ ਸੁਭਾਇ।
ਤਿਮ ਸੁੰਦਰ ਤਨ ਗੁਨ ਜੁਤਿ ਸੁਹਾਇ।
ਆਕਰਖ ਸੁ ਚਿਤ ਬਰਬਸਹਿਂ ਲੇਤਿ[1]-। [1]ਮੱਲੋਮਲੀ ਚਿਤ ਨੂੰ ਖਿੱਚ ਲੈਂਦੇ ਹਨ।
ਗੁਰ ਕੋ ਸਮਰਥ ਲਖਿ ਬਲ ਨਿਕੇਤ
॥੩੨॥

ਤਬਿ ਦਯਾਸਿੰਧੁ ਬੂਝਯੋ ਸੁ ਤੌਨ।
'ਦਿਜ ਜੂ! ਕਹਹੁ ਤੁਮ ਇਸ਼ਟ ਕੌਨ?
ਕਿਹ ਕੋ ਅਰਾਧ ਸੇਵਤਿ ਮਹਾਨ?
ਕਿਸ ਨਿਕਟ ਚਹਤਿ ਆਪਨ ਕਲਜਾਨ?
॥੩੩॥

ਦਿਜ ਕਹੈ ਸੁ ਕੇਸ਼ਵ ਦਾਸ ਫੇਰ।
'ਹਮ ਇਸ਼ਟ ਚੰਡਿਕਾ ਸਭਿ ਬਡੇਰ।
ਜਿਹ ਨਿਕਟ ਜਾਚਤੇ ਦੇਵ ਸਰਬ।
ਜਿਹ ਖੰਡ ਕੀਨਿ ਸ਼ੱਤ੍ਰੂਨਿ ਗਰਬ[†]
॥੩੪॥

[†]ਕਵੀ ਜੀ ਪਿਛੇ ਰਾਸਿ ੧੧ ਅੰਸੂ ੫੦ ਅੰਕ ੧੨, ੧੩, ੧੫, ੧੭ ਵਿੱਚ ਦੱਸ ਆਏ ਹਨ ਕਿ ਦੇਵੀ ਦੈਂਤਾਂ ਤੋਂ ਨੱਸ ਕੇ ਛਪਦੀ ਫਿਰੀ ਤੇ ਦਸ਼ਮੇਸ਼ ਜੀ (ਦੁਸ਼ਟ ਦਮਨ ਨੇ ਉਸ ਦੀ ਰੱਖਯਾ ਕੀਤੀ, ਹੁਣ ਕੇਸ਼ਵ ਦਾਸ ਜੀ ਦੱਸ ਰਹੇ ਹਨ ਕਿ ਉਸ ਨੇ ਸਾਰੇ ਵੈਰੀਆਂ ਦਾ ਗਰਬ ਦੂਰ ਕੀਤਾ ਸੀ, ਪਿਛਲੇ ਲੇਖ ਨਾਲ ਏਹ ਢੁਕਦਾ ਨਹੀਂ। ਫਿਰ ਦੇਖੋ ਜਿਸ ਦੀ ਰੱਖਯਾ ਗੁਰੂ ਜੀ ਨੇ ਕੀਤੀ ਉਸ ਨੂੰ ਅਜਿੱਤ ਸਮਝਕੇ ਸੱਦਣ ਦੀ ਕੀ ਲੋੜ ਹੈ ਤੇ ਜੇ ਉਹ ਹੈ ਤੇ ਕ੍ਰਿਤੱਗਯ ਹੈ ਤਾਂ ਆਪਣੇ ਰੱਖਣ ਹਾਰ ਦੀ ਕੁਮਕ ਲਈ ਆਪੇ ਆਵੇ, ਅਰਾਧਨਾ ਦੀ ਖੇਚਲ ਕਿਉਂ ਦੇਵੇ?

ਤਿਸ ਜਗਤ ਮਾਤ ਕੋ ਮੁੱਖਯ ਥਾਨ।
ਜ੍ਵਾਲਾਮੁਖੀ ਸੁ ਬਿਦਤਯੋ ਜਹਾਨ।
ਤਿਸ ਦਰਸ ਪਰਸਿਬੇ ਹਰਸ਼[1] ਧਾਰਿ। [1]ਅਨੰਦ।
ਘਰ ਦੇਸ਼ ਦੂਰ ਤਜਿ ਕੈ ਪਧਾਰਿ

॥੩੫॥
ਸਭਿ ਆਦਿ ਸ਼ਕਤਿ ਦੇਵਾਨ ਦੇਵ।
ਬ੍ਰਹਮਾਦਿ ਜਾਂਹਿ ਕੀ ਕਰਤਿ ਸੇਵ।
ਲਿਵ ਲਗੀ ਸਦਾ ਤਿਸ ਨਾਮ ਕੇਰ।
ਮੈਂ ਕਰੌਂ ਧਜਾਨ ਪੂਜਾ ਘਨੇਰ' ॥੩੬॥
ਸੁਨਿ ਗੁਰੂ ਬੂਝਨਾ ਕੀਨਿ ਤਾਂਹਿ।
'ਜਗ ਮਾਤ ਪੂਜਿਬੇ ਹਮਹਿਂ ਚਾਹਿ।
ਜਿਸ ਤੇ ਪ੍ਰੱਤਛ ਹੁਇ ਦਰਸ ਦੇਹਿ।
ਹਮ ਹੇਰਿ ਰੂਪ ਬਰ ਮਾਂਗ ਲੇਹਿ†
॥੩੭॥

†ਇਹ ਵਾਕ ਦਸਮ ਸਤਿਗੁਰੂ ਜੀ ਦੇ ਜਾਪਦੇ ਨਹੀਂ ਕਿਉਂਕਿ ਆਪ ਸ਼੍ਰੀ ਅਕਾਲ ਪੁਰਖ ਜੀ ਨੂੰ ਸਨਮੁਖ ਕਰਕੇ ਆਖ ਰਹੇ ਹਨ:-'ਤੁਮਹਿ ਛਾਡ ਕੋਈ ਅਵਰ ਨ ਧਿਆਊਂ ॥ ਜੋ ਬਰ ਚਹੌਂ ਸੁ ਤੁਮ ਤੇ ਪਾਊ' ॥ [ਚੌ: ਅੰਕ ੪] ਪੁਨ:-'ਨ ਨਾਮ ਆਨਕੋ ਜਪੌਂ..... ਨ ਧਿਆਨ ਆਨ ਕੋ ਧਰੋਂ' ॥ [ਬਚਿ: ਨਾ: ੩੬-੩੭-੩੮]।

ਤੁਮ ਪੈ ਬਿਧਾਨ ਇਹ ਸਕਲ ਆਇ।
ਕੀਜੈ ਪ੍ਰਯੋਗ ਸਭਿ ਬਿਧਿ ਬਨਾਇ।
ਚਹੀਏ ਸਮਿੱਗ੍ਰੀ ਤਬਿ ਜਿਤੇਕ†।
ਜੋ ਦੁਲਭ ਹੋਇ ਕਹੀਯਹਿ ਤਿਤੇਕ
॥੩੮॥

†ਪਾਠਾਂਤ੍ਰ-'ਤਿਹ ਹਿਤ ਸਮਿੱਗ੍ਰੀ ਚਹਿ ਜਿਤੇਕ'।

ਜਿਮ ਮੰਤ੍ਰ ਪਾਠ ਅਰੁ ਹਮਨ ਹੋਇ।
ਰਹਿ ਕਿਤਿਕ ਕਾਲ ਲਗਿ, ਕਹਹੁ ਸੋਇ।
ਜਨ ਦਿਜਨ ਭਨੀ ਮਹਿਮਾ ਤੁਮਾਰ।
ਬਿਧਿ ਚੰਡਿ ਪੂਜਿਬੇ ਮਹਿਂ ਉਦਾਰ
॥੩੯॥

ਦੋਹਰਾ:
ਪ੍ਰਾਪਤਿ ਹੋਇਓ ਆਨ ਕਰਿ, ਹੈ ਜਿ ਬਿਧਾਨ ਪ੍ਰਬੀਨ[1]।
ਕਰਹੁ ਬਿਦਤਿ ਸ਼੍ਰੀ ਚੰਡਿਕਾ, ਤੇਜ ਤੁਰਕ ਹਿਤ ਹੀਨ[1]' ॥੪੦॥

[1]ਬਿਧੀ (= ਤ੍ਰੀਕਾ) ਵਿਚ ਪ੍ਰਬੀਨ।

[1]ਤੁਰਕਾਂ ਦੇ ਤੇਜ ਦੇ ਨਾਸ਼ ਵਾਸਤੇ।

ਸ਼੍ਰੀ ਕਲਗ਼ੀਧਰ ਕੇ ਬਚਨ, ਸੁਨਿ ਕਰਿ ਸਭਿ ਦਿਜ ਰਾਇ।
ਕੇਤਿਕ ਸਮੈਂ ਬਿਚਾਰ ਕਰਿ, ਬੋਲਨ

ਚਾਹਿ ਉਠਾਇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਕੇਸ਼ਵ ਦਾਸ ਦਿਜ ਮਿਲਨ ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਸਮਿੱਗ੍ਰੀ ਮੰਗਾਉਣੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

'ਸ੍ਰੀ ਸਤਿਗੁਰ ਮਹਾਂਰਾਜ ਪ੍ਰਭੁ! ਸੁਨਿਯਹਿ ਹੇਤੁ ਜਿਤੇਕ।
ਹਮਨ ਕਰਨਿ ਅਰੁ ਬਲੀ ਮਹਿਂ, ਸੰਚਹਿ ਬਨਹਿ ਤਿਤੇਕ[1] ॥੧॥

[1]ਇਕੱਠਾ ਕਰਨਾ ਬਣਦਾ ਹੈ ਤਿਤਨਾ ਕੁ।

ਚੌਪਈ:

ਪ੍ਰਥਮੈ ਘਨੋ ਦਰਬ ਹੀ ਚਹੀਯਹਿ।
ਜਿਸ ਤੇ ਸਭਿ ਕਾਰਜ ਨਿਰਬਹੀਯਹਿ।
ਲਾਖ ਅਹੂਤੀ ਦੈਬੇ ਹੇਤੁ।
ਮੋਲ ਸਮਿੱਗ੍ਰੀ ਲੇ ਧਨ ਦੇਤਿ ॥੨॥
ਲਾਖਹੁ ਕੀ ਗਿਨਤੀ ਤਬਿ ਹੋਇ।
ਸਧਹਿ ਹਜ਼ਾਰਨਿ ਤੇ ਨਹਿਂ ਸੋਇ[1]।

[1]ਹਜ਼ਾਰਾਂ ਰੁਪੱਯਾਂ ਨਾਲ ਸੋ (ਉਹ ਕਾਰਜ) ਨਹੀਂ ਸਿੱਧ ਹੋਵੇਗਾ।

ਪੁਨ ਛੱਤ੍ਰੀ ਸ਼ੁਧ[1] ਸਭਿ ਬਿਧਿ ਜਾਨੋ।
ਨ੍ਰਿਭੈ ਆਦਿ ਗੁਣ ਮੈਂ ਜਿਸ ਮਾਨੋ ॥੩॥

[1]ਭਾਵ ਜੋ ਪਵਿੱਤ੍ਰ ਹੋਵੇ।

ਜਬਿ ਤੇ ਹਮਨ ਕਰਨਿ ਲਗਿ ਪਰੈਂ।
ਤਬਿ ਤੇ ਨੇਮ ਬਿਖਮ ਸਭਿ ਧਰੈ[1]।

[1]ਕਠਨ ਨੇਮ (ਜੋ ਅਸੀਂ ਦੱਸਦੇ ਹਾਂ) ਧਾਰਨ ਕਰੇ (ਉਹ ਖੱਤ੍ਰੀ)।

ਬ੍ਰਹਮਚਰਜ ਤੇ ਆਦਿਕ ਜੇਈ।
ਮਨ ਦ੍ਰਿੜ ਰਾਖਿ, ਨ ਡੋਲਨਿ ਦੇਈ[†] ॥੪॥

[†]ਪਾ:-ਮਨ ਦ੍ਰਿੜ ਰਾਖਨਿ, ਡੋਲ ਨ ਦੇਈ।

ਸਰਬ ਰਿਖੀਕ ਜੀਤ ਕਰਿ ਰਹੈ।
ਸੁਨਹਿਂ ਨ ਬਹੁ ਕਿਛ ਮੁਖ ਨਹਿਂ ਕਹੈ।
ਸੰਜਮ ਮਹਿਂ ਤਨ ਮਨ ਕੋ ਰਾਖੈ।
ਏਕ ਅਰਾਧਨ ਮੈਂ ਅਭਿਲਾਖੈ ॥੫॥
ਅਬਿ ਕਲਜੁਗ ਕੌ ਕਾਲ ਕਰਾਲਾ।
ਨਹਿਂ ਮਨ ਸੁਧਰਹਿ ਧਰਹਿ ਬਿਕਾਲਾ[1]।

[1]ਵਿਕਾਰਾਂ ਨੂੰ ਧਾਰਦਾ ਹੈ।

ਪੂਜਾ ਕਰਨਿ ਕਰਾਵਨਹਾਰੇ।
ਦੋਨਹੁੰ ਨੇਮ ਨ੍ਰਿਬਾਹਹਿਂ ਸਾਰੇ ॥੬॥
ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ।
ਸੁਗਮ ਚੰਡਿਕਾ ਦਰਸ਼ਨ ਨਾਂਹੀ।

ਅਬਿ ਕਲਿਕਾਲ ਪ੍ਰਬਿਰਤਜੋ ਭਾਰੀ।
ਭਈ ਭ੍ਰਿਸ਼ਟ ਬਹੁ ਸ੍ਰਿਸ਼ਟੀ ਸਾਰੀ ॥੭॥
ਤਜਿ ਤਜਿ ਮ੍ਰਿੱਤੁ ਲੋਕ ਸੁਰ ਸਾਰੇ।
ਮੇਰੁ ਆਦਿ ਗਿਰ ਬਿਖੈ ਪਧਾਰੇ।
ਗੋਰਖ ਆਦਿ ਸਿੱਧ ਜਗ ਫਿਰਤੇ।
ਪਿਖਿ ਅਧਰਮ ਕੋ ਅਬਿ ਨ ਬਿਚਰਤੇ ॥੮॥
ਯਾਂ ਤੇ ਬਹੁ ਦੁਹਸਾਧਯਾ ਦੇਵੀ[1]।

[1]ਕਠਨਤਾ ਨਾਲ ਸਾਧੀ ਜਾਣ ਵਾਲੀ ਹੈ ਦੇਵੀ।

ਦਰਸ ਪ੍ਰਤੱਛ ਦਿਖਾਇ ਅਭੇਵੀ[1]।

[1]ਪ੍ਰਤੱਖਯ ਦਰਸ਼ਨ ਦਿਖਾਉਣ ਦੇ ਭੇਤ ਨੂੰ ਨਾ ਦੇਣ ਵਾਲੀ ਹੈ। [ਸੰਸ., ਭੇਵ = ਭੇਦ, ਮਰਮ। (ਅ) [ਹਿੰਦੀ ਭੇਵਨਾਂ ਤੋਂ ਭੇਵ। ਅਭੇਵੀ = ਨਾ ਭਿੱਜਣ ਵਾਲੀ]।

ਧਨ ਕੀ ਸੁਨਹੁ ਕਹਾਂ ਤੇ ਆਵੈ।
ਨਹੀ ਰਸਾਇਨ ਕੋ ਜੁ ਬਨਾਵੈ ॥੯॥
ਤੁਮ ਢਿਗ ਰਾਜ ਨ ਅਵਨੀ ਕੇਰਾ।
ਜਿਸ ਕਰਿ ਆਵੈ ਦਰਬ ਘਨੇਰਾ।
ਤੁਰਕ ਤੇਜ ਤਪ ਰਹਜੋ ਬਿਸਾਲਾ।
ਕਰਹਿ ਕਰਾਵਹਿ ਪਾਪ ਕੁਚਾਲਾ ॥੧੦॥
ਇਸ ਬਿਧਿ ਬਹੁਤ ਬਿਖਮ ਹੀ ਜਾਨੋ।
ਸ਼ਕਤਿ ਧਰਹੁ ਤੁਮ ਚਹਹੁ ਜਿ ਠਾਨੋ।'
ਸੁਨਿ ਕਰਿ ਦਯਾਰਾਮ ਤਬਿ ਬੋਲਾ।
'ਪ੍ਰਭੁ ਦਿਸ਼ਿ ਤੇ ਚਿਤ ਰਖਹੁ ਅਡੋਲਾ ॥੧੧॥
ਧਨ ਕੀ ਕਮੀ ਨ ਇਨ ਕੋ ਕੋਈ।
ਜਿਨ ਕੋ ਕਰ ਪਾਰਸ ਹੀ ਹੋਈ[1]।

[1]ਜਿਨ੍ਹਾਂ ਦਾ ਹੱਥ ਹੀ ਪਾਰਸ ਹੈ।

ਛੱਤ੍ਰੀ ਸ਼ੁੱਧ ਮਹਾਨ ਮਹਾਨੇ।
ਪ੍ਰਥਮ ਜੁਗਨਿ ਨਹਿਂ ਇਨਹਿਂ ਸਮਾਨੇ ॥੧੨॥
ਸੂਰਜਬੰਸ ਬਿਖੈ ਜਨਮਏ।
ਜਿਸ ਮਹਿਂ ਮਹਾਂ ਧਨੁਰ ਧਰ[1] ਥਿਏ।

[1]ਧਨੁਖ ਧਾਰੀ।

ਰਾਮਚੰਦ ਆਦਿਕ ਬਲਵੰਤੇ।

ਰਘੁ, ਦਿਲੀਪ, ਨ੍ਰਿਪ ਸਗਰ[1] ਭਨੰਤੇ ॥੧੩॥
[1]ਰਾਜਿਆਂ ਦੇ ਨਾਮ ਹਨ।

ਇੰਦ੍ਰੈਜਿਤ ਇਨ ਕੋ ਨ ਸਮਾਨਾ।
ਗਿਨੀਐ ਕੌਨ ਮਹਾਨ ਮਹਾਨਾ[1]।
[1]ਵਡਿਆਂ ਤੋਂ ਵੱਡਾ।

ਚਤੁਰਪੁੱਤ੍ਰ ਹਿਤ ਚਾਰਹੁੰ ਬਾਰੀ[1]।
[1]ਚਾਰ ਬਾਰ (ਗ੍ਰਿਹਸਥ ਕੇਵਲ ਕੀਤਾ ਹੈ)।

ਬ੍ਰਹਮਚਰਜ ਬੀਤੀ ਬਯ ਸਾਰੀ ॥੧੪॥
ਜਿਸ ਕੋ ਬਚਨ ਕਰਹਿਂ ਇਕ ਬਾਰੇ।
ਤਿਸ ਕੋ ਮਨ ਟਿਕ ਜਾਹਿ ਸੁਖਾਰੇ।
ਨਿਜ ਮਨ ਬਸ ਕਰਿਬੇ ਕਜਾ ਕਹੀਯਹਿ।
ਜਨਕ ਸਮਾਨ ਬ੍ਰਿਤੀ ਜਿਨ ਲਹੀਯਹਿ[†] ॥੧੫॥
[†]ਭਾਈ ਨੰਦ ਲਾਲ ਨੇ ਤਾਂ ਸਭ ਤੋਂ ਉੱਚੇ ਆਪ ਨੂੰ ਦੱਸਿਆ ਹੈ।

ਸਤਿਗੁਰ ਦਿਸ਼ਿ ਤੇ ਰਖਹੁ ਭਰੋਸਾ।
ਜਿਨ ਮਹਿਂ ਲਖਹੁ ਆਦਿ ਸੰਤੋਸ਼ਾ[1]।
[1]ਸੰਤੋਖ ਆਦਿ ਗੁਣ।

ਆਪ ਕਰੋ ਕੇਤਿਕ ਦਿਨ ਡੇਰਾ।
ਕਹ੍ਯੋ ਨ ਮਾਨਹੁੰ ਲਿਹੁ ਦ੍ਰਿਗ ਹੇਰਾ' ॥੧੬॥
ਇਮ ਸਤਿਗੁਰ ਕੇ ਰੁਖ ਕੋ ਜਾਨਿ।
ਦਯਾਰਾਮ ਨੇ ਕੀਨਿ ਬਖਾਨ।
ਸ੍ਰੀ ਪ੍ਰਭੁ ਕਹ੍ਯੋ 'ਸਿਵਰ ਕੋ ਘਾਲਹੁ।
ਤੁਰਕਨਿ ਛੈ ਕੌ ਕਾਜ ਬਿਸਾਲਹੁ ॥੧੭॥
ਜੋ ਤੁਮ ਕਾਂਖਹੁ ਭਾਖਹੁ ਜੈਸੇ।
ਤੂਰਨ ਸਭਿ ਤਯਾਰੀ ਹੁਇ ਤੈਸੇ।
ਹੋਤਿ ਪ੍ਰਾਪਤਿ ਧਨ ਤੁਮਹਿਂ ਦਿਖਾਵਹਿਂ।
ਸਕਲ ਸੌਜ ਤਤਕਾਲ ਅਨਾਵਹਿਂ[†] ॥੧੮॥
[†]ਪੰਡਿਤ ਦੀ ਤਸੱਲੀ ਲਈ ਧਨ ਦਿਖਾਉਣਆ ਇਕ ਨਿਊਨਤਾ ਹੈ ਜੋ ਮਾਮੂਲੀ ਜਿਹਾ ਅਮੀਰ ਬੀ ਨਹੀਂ ਸਹਿ ਸਕਦਾ, ਫੇਰ ਗੁਰੂ ਜੀ ਕਦ ਏਡੇ ਨੀਵੇਂ ਜਾ ਸਕਦੇ ਹਨ?

ਅਪਰ ਕਹਾਂ ਕਹਿਯੈ ਤੁਮ ਤਾਂਈ।
ਰਹਹੁ ਪਰਖਿਯੇ ਲਖੇ ਸੁ ਜਾਈਂ[1]।'
[1]ਰਹੋ ਪਰਖੋ (ਆਪੇ) ਜਾਣ ਲਓਗੇ।

ਕੇਸ਼ਵਦਾਸ ਸੁਨਤਿ ਪੁਨ ਕਹ੍ਯੋ।
'ਅਤਿ ਦੁਹੁਸਾਧ ਕਰਮ ਸਭਿ ਲਹ੍ਯੋ ॥੧੯॥

ਤੁਮ ਸਮਰਥ ਤੇ ਸਭਿ ਬਨਿ ਆਵੈ।
ਕਰਹੁ ਅਕਰਨ ਜਥਾ ਮਨ ਭਾਵੈ।
ਆਛੀ ਬਾਤ, ਕਰੋਂ ਮੈਂ ਡੇਰਾ।
ਕਾਜ ਸਿੱਧ ਇਹੁ ਪੁੰਨ ਬਡੇਰਾ ॥੨੦॥
ਬਿਦਤਿ ਹੋਇ† ਤੁਮ ਕੋ ਜਗਮਾਤਾ। †ਪਾ:-ਹੋਨਿ।
ਜਗ ਤੁਰਕਾਨ ਤੇਜ ਪੁਨ ਹਾਤਾ।
ਹਿੰਦੁ ਧਰਮ ਕੋ ਹੈ ਇਹ ਬਾਰਾ[1]। [1]ਏਹ ਵੇਲਾ ਹੈ। (ਅ) ਵਾੜਾ ਭਾਵ ਰੱਖਯਕ ਹੈ ਗੁਰੂ ਸਿੱਖੀ ਦਾ ਮੰਡਲ।
ਨਾਂਹਿਤ ਜਾਤਿ ਨਸ਼ਟ ਹ੍ਵੈ ਸਾਰਾ[1]' ॥੨੧॥ [1]ਸਾਰਾ ਨਸ਼ਟ ਹੋ ਜਾਂਦਾ।
ਇਮ ਕਹਿ ਬਿੱਪ੍ਰ ਬਾਗ ਮਹਿਂ ਆਯੋ।
ਡੇਰਾ ਕਰਿ ਮੁਕਾਮ ਹਰਖਾਯੋ।
ਉਤ ਸਤਿਗੁਰ ਚਾਹਿਤਿ ਕ੍ਰਿਤ ਕੀਨਾ।
ਸਿੱਧ ਮਨੋਰਥ ਹ੍ਵੈ ਹਿਤ ਭੀਨਾ ॥੨੨॥
ਪਰੀ ਨਿਸਾ ਕਰਿ ਖਾਨੁ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ।
ਪਹਿਰੇ ਬਸਤ੍ਰ ਸ਼ਸਤ੍ਰ ਦੁਤਿਵਾਨੇ ॥੨੩॥
ਦਿਨਪਤਿ[1] ਉਦੇ ਭਯੋ ਹਰਖਾਏ। [1]ਸੂਰਜ।
ਸਿੱਖ ਮਸੰਦ ਦਾਸ ਭਟ ਆਏ।
ਕਰਿ ਪਗ ਬੰਦਨ ਪਾਸ ਥਿਰੇ ਹੈਂ।
ਸ੍ਰੀ ਕਲਗੀਧਰ ਹੁਕਮ ਕਰੇ ਹੈਂ ॥੨੪॥
'ਕਾਰਦਾਰ ਗੁਰ ਘਰ ਕੇ ਜੇਤੇ।
ਇਕ ਥਲ ਮਿਲਿ ਕਰਿ ਅਬਿ ਤੁਮ ਤੇਤੇ।
ਪਰਸੋਂ ਜੇਤਿਕ ਚਢੀ ਅਕੋਰ।
ਸਭਿ ਕੋ ਕਰੋ ਏਕ ਥਲ ਜੋਰ ॥੨੫॥
ਆਨ ਸੁਨਾਵਹੁ ਧਨ ਹ੍ਵੈ ਕੇਤਾ।
ਅਬਿ ਕੇ ਮੇਲੇ ਆਯਹੁ ਜੇਤਾ।
ਸੁਨਿ ਕਰਿ ਹੁਕਮ ਮਿਲੇ ਤਬਿ ਸਾਰੇ।
ਸਭਿ ਅਕੋਰ ਕੋ ਕੀਨਿ ਸ਼ੁਮਾਰੇ[1] ॥੨੬॥ [1]ਗਿਣਤੀ।

ਧਨ ਨੌ ਲਾਖ ਕਰੀ ਮਿਲਿ ਗਿਨਤੀ।
ਪ੍ਰਭੁ ਢਿਗ ਭਨੀ ਜੋਰਿ ਕਰ ਬਿਨਤੀ।
ਸ੍ਰੀ ਮੁਖ ਹੁਕਮ ਕਰਜੋ ਸੁਨਿ ਲੀਜੈ।
'ਸਕਲ ਕੋਸ਼ ਮਹਿਂ ਜਮਾ ਕਰੀਜੈ ॥੨੭॥
ਸੰਗਤਿ ਅਰੁ ਮਸੰਦ ਜਿਸੁ ਦੇਸ਼।
ਨਹਿਂ ਆਏ ਸੋ ਲਖਹੁ ਅਸ਼ੇਸ਼ੁ।
ਲਿਖਹੁ ਹੁਕਮਨਾਮੇ ਤਿਨ ਤਾਂਈਂ।
ਗੁਰ ਧਨ ਸਗਰੇ ਦੇਹੁ ਪੁਚਾਈ ॥੨੮॥
ਜੇਤਿਕ ਸਿਖ ਸੰਗਤਿ ਅਬਿ ਆਏ।
ਕਰਹੁ ਬਿਸਰਜਨ[1] ਦੇ ਸਿਰੁਪਾਏ। [1]ਵਿਦਾ।
ਸੁਭਟਨਿ ਕੌ ਦੀਜੈ ਦਰਮਾਹਾਂ।
ਰੁਖਸਦ ਕਰਹੁ ਜਾਹਿਂ ਘਰ ਮਾਹਾਂ[†] ॥੨੯॥ [†]ਰਾਜਸੀ ਠਾਠ ਰਚਕੇ ਰਾਜਧਾਨੀ ਨੂੰ ਸੂਰਮਿਆਂ ਤੋਂ ਖਾਲੀ ਕਰ ਲੈਣ, ਏਹ ਗੁਰੂ ਜੀ ਕਦੇ ਨਹੀਂ ਸਨ ਕਰ ਸਕਦੇ।
ਕੇਤਿਕ ਸਮੈਂ ਬਸਹਿਂ ਪੁਨ ਆਵੈਂ।
ਨਿਜ ਕੁਟੰਬ ਮਹਿਂ ਬੈਸ ਬਿਤਾਵੈਂ।'
ਸਚਿਵ, ਮਸੰਦ, ਖਵਾਸ[1], ਦਿਵਾਨ। [1]ਨਫਰ।
ਸੁਨਿ ਗੁਰੁ ਕਾਜ ਭਏ ਸਵਧਾਨ ॥੩੦॥
ਜਥਾ ਜੋਗ ਮਿਲਿ ਸਭਿਹਿਨਿ ਕੀਨਾ।
ਦੇਨਿ ਲੇਨਿ ਜਿਸ ਬਿਧਿ ਕੋ ਚੀਨਾ।
ਰੁਖਸਦ ਕਰੇ ਦਏ ਸਿਰੁਪਾਊ।
ਲੇ ਕਰਿ ਗਮਨੇ ਸਿਖ ਸਮੁਦਾਊ ॥੩੧॥
ਜੇਤਿਕ ਚਹੀਅਹਿ ਕਾਰਜ ਹੇਤੁ।
ਕਹਿ ਸਤਿਗੁਰ ਸੋ ਰਖੇ ਨਿਕੇਤ[1]। [1]ਘਰ ਵਿਚ।
ਸਭਿ ਬਿਧਿ ਸੁਚਿਤ ਹੋਇ ਗੋਸਾਈਂ।
ਪਠਜੋ ਸਿੱਖ ਦਿਜ ਲੀਨਿ ਬੁਲਾਈ ॥੩੨॥
ਆਸ਼ਿਖਬਾਦ[1] ਆਨਿ ਕਰਿ ਦੀਯਸ। [1]ਆਸ਼ੀਰਵਾਦ।
'ਅਵਨਿ ਸਿੰਧੁ ਬਿਚ ਜੇਤਿਕ ਲੀਯਸ[1]। [1]ਸਮੁੰਦਰ ਨੇ ਜਿਤਨੀ ਕੁ ਧਰਤੀ ਆਪਣੇ ਵਿਚ ਲਈ ਹੋਈ ਹੈ ਭਾਵ ਸਾਰੀ ਧਰਤੀ ਉੱਤੇ।
ਤਿਸ ਮਹਿਂ ਤਪਹੁ ਤੇਜ ਅਤਿ ਤੈ ਕੈ[1]। [1]ਤਿਸ ਥਾਂ ਵਿਚ ਆਪਦਾ ਵੱਧ ਤੋਂ ਵੱਧ ਤੇਜ ਤਪੇ।

ਜਿਮ ਬ੍ਰਿਖ ਰਾਸ਼ਿ ਬਿਖੈ ਰਵਿ ਐ ਕੈ[1]' ॥੩੩॥

[1]ਜਿਵੇਂ ਕਿ ਬ੍ਰਿਖ ਰਾਸ਼ੀ ਵਿਚ ਆਕੇ ਸੂਰਜ (ਅਤਿ ਤੇਜ ਧਾਰੀ ਹੁੰਦਾ ਹੈ)। [ਬ੍ਰਿਖ ਰਾਸ਼ੀ ਵਿਚ ਸੂਰਜ ਜੇਠ ਮਹੀਨੇ ਹੁੰਦਾ ਹੈ]।

ਬੈਠਯੋ ਨਿਕਟ ਬਿੱਪ੍ਰ ਬਰ ਗੁਰ ਕੇ।
ਉਚਰੇ[1] ਤਬਹਿ ਮਨੋਰਥ ਉਰ ਕੇ।
'ਦਿਜ ਜੁ! ਸੌਜ ਲਿਖਾਵਹੁ ਸਾਰੀ।
ਹਮਨ ਕਰਨ ਕੀ ਆਹੁਤਵਾਰੀ[1] ॥੩੪॥

[1]ਗੁਰੂ ਜੀ ਨੇ) ਆਖੇ।

[1]ਅਹੂਤੀਆਂ ਵਾਲੀ (ਸਮੱਗ੍ਰੀ)।

ਬਾਂਛਤਿ ਜਿਤਿਕ ਤਾਂਹਿ ਤੇ ਦੂਣੀ।
ਕਿਸੂ ਵਸਤੁ ਤੇ ਹੋਇ ਨ ਊਣੀ।
ਸਰਫੇ ਸਾਥ ਕਹਹੁ ਕਿਛੁ ਨਾਂਹੀ।
ਕੋਸ਼ ਅਤੁਟ ਦੀਨਸਿ ਗੁਰ ਪਾਹੀ' ॥੩੫॥

ਕੇਸ਼ੋਦਾਸ ਬਿਚਾਰੀ ਤਬੈ।
ਜਿਤਿਕ ਪ੍ਰਮਾਣ[1] ਅਹੂਤੀ ਸਬੈ।
ਤਿਸ ਅਨੁਸਾਰ ਘ੍ਰਿੱਤ ਜਵ ਤਿਲੈ।
ਤੰਦੁਲ, ਮੇਵਾ, ਖੰਡ ਸੁ ਮਿਲੈ ॥੩੬॥

[1]ਅੰਦਾਜ਼ਾ।

ਪਿਸਤਾ, ਗਰੀ, ਬਿਦਾਮ, ਸੁਪਾਰੀ।
ਖਾਰਕ[1] ਖੋਪਾ[2], ਦਾਖ ਸੁਧਾਰੀ।
ਧੂਪ ਧੁਖਾਵਨਿ ਕੇ ਹਿਤ ਘਨੀ।
ਅਨਿਕ ਸੁਗੰਧੈਂ ਚੰਦਨ ਸਨੀ ॥੩੭॥

[1]ਛੁਹਾਰੇ। [2]ਗਰੀ।

ਸੀਸੇ ਭਰੇ ਗੁਲਾਬ ਸੁ ਕੇਰੇ।
ਅਪਰ ਗੰਧ ਘਨਸਾਰ[1] ਘਨੇਰੇ।
ਸਭਿਹਿਨਿ ਕੋ ਪ੍ਰਮਾਨ ਲਿਖਿ ਕਰਿ ਕੇ।
ਦਯੋ ਬਿੱਪ੍ਰ ਬਰ ਕਰ ਸਤਿਗੁਰ ਕੇ ॥੩੮॥

[1]ਕਪੂਰ [ਸੰਸ., ਘਨਰਸ, ਘਨਸਾਰ]।

ਅਪਰ ਬਾਰਤਾ ਕਹੀ ਕਹਾਈ।
ਜਿਸ ਪ੍ਰਕਾਰ ਬਿਦਤਹਿ ਜਗ ਮਾਈ।
ਖਾਤਰ ਜਮਾ[1] ਬਿੱਪ੍ਰ ਕੀ ਹੋਈ।
-ਗੁਰ ਸਮਰਥ ਕਰਿ ਸਕ ਹੈਂ ਸੋਈ- ॥੩੯॥

[1]ਤਸੱਲੀ।

ਸਰਬ ਰੀਤਿ ਮਨ ਅਪਨ ਜਮਾਯਹੁ[1]।

[1]ਭਾਵ ਤਸੱਲੀ ਕਰ ਲਈ।

ਜਿਮ ਨਿਸ਼ਚੈ ਚਾਹਤਿ ਤਿਮ ਪਾਯਹੁ।
ਉਰ ਧਰਿ ਹਰਖ ਕਹਤਿ 'ਪ੍ਰਭੁ ਸੁਨੀਅਹਿ।
ਅਤਿ ਉੱਤਮ ਬਿਧਿ ਚਿਤ ਮਹਿਂ ਗੁਨੀਅਹਿ ॥੪੦॥
ਬੇਦ ਉਕਤਿ ਸ਼ਾਸਤ੍ਰੋਂ ਕਤਿ ਸਾਰ[1]।
ਮੈਂ ਸਭਿ ਖੋਜਿ ਧਰੀ ਨਿਰਧਾਰਿ।
ਤੰਤ੍ਰ ਸ਼ਾਸਤ੍ਰ ਮੈਂ ਬਿਧਾਂ ਹਜ਼ਾਰੇ।
ਲਾਖਹੁਂ ਪਢੇ ਸ਼ਲੋਕ ਬਿਚਾਰੇ ॥੪੧॥
ਅਗਨੀ ਆਦਿ ਦੇਵਤਾ ਜੇਈ।
ਪਢਿ ਕਰਿ ਬਿਦਤਾਵਨਿ ਕਰਿ ਸੇਈ।
ਅਬਿ ਕਰਤਾ ਦੁਰਲਭ ਜਗ ਹੋਯੋ[1]।
ਯਾਂ ਤੇ ਮੰਤ੍ਰ ਫੁਰਤਿ ਨਹਿਂ ਕੋਯੋ ॥੪੨॥
ਅਬਿ ਜਗਮਾਤਿ ਕ੍ਰਿਪਾ ਜੇ ਕਰੈ।
ਤੁਮ ਸਰੀਰ ਤੇ ਪੂਰੀ ਪਰੈ[1]।
ਸਿੱਧ ਹੋਇ ਸੰਕਲਪ ਤੁਮਾਰਾ।
ਇਹ ਗਜਾਨੀ ਕੋ ਲੱਛਣ ਸਾਰਾ[1]' ॥੪੩॥
ਸਤਿਗੁਰ ਕਹਜੋ 'ਮਿਸਰ ਜੁ! ਐਸੇ।
ਹੁਇ ਹੈ ਸਚ ਅਬਿ ਭਾਖਤਿ ਜੈਸੇ।
ਸਮਾ ਸਮਾਜ ਮਿਲਜੋ ਸਭਿ ਆਈ।
ਕਜੋਂ ਨ ਕਾਜ ਪੂਰਨ ਹੁਇ ਜਾਈ' ॥੪੪॥
ਹੁਕਮ ਪਾਇ ਦਿਜਬਰ ਨਿਜ ਡੇਰੇ।
ਗਮਨਜੋਂ ਚਿਤਵਤਿ ਚਿਤ ਬਹੁਤੇਰੇ।
ਮਹਾਰਾਜ ਨਰ ਮੁੱਖਜ ਬੁਲਾਏ।
ਲਜਾਵਨ ਹੇਤੁ ਸੌਜ ਸਮੁਦਾਏ ॥੪੫॥
ਧਨ ਕੀ ਹੁੰਡੀ ਨਗਰਨਿ ਮਹੀਆ।
ਤਤਛਿਨੁ ਦੇ ਕਰਿ ਪਠਿ ਜਹਿਂ ਕਹੀਆ।
ਤੁਰਨ ਪਠੇ ਸਕਟ ਭਰਿ ਲਜਾਯੋ।
ਮੇਵਾ ਘ੍ਰਿਤ ਆਦਿਕ ਸਮੁਦਾਯੋ ॥੪੬॥

[1]ਵੇਦ ਉਕਤੀ ਤੇ ਸ਼ਾਸਤ੍ਰ ਉਕਤੀ ਦਾ ਸਾਰ ਹੈ।

[1]ਭਾਵ ਪ੍ਰਗਟ ਕਰਾਵਣੇ ਵਾਲਾ ਜੈਸੇ ਆਪ ਹੋ, ਵੈਸਾ ਜਗ ਤੇ ਕੋਈ ਨਹੀਂ।

[1]ਭਾਵ ਦੇਵੀ ਪ੍ਰਗਟ ਹੋਵੇ।

[1]ਗਜਾਨੀ ਦਾ ਇਹ ਲੱਛਣ ਸਾਰ ਹੈ (ਜੋ ਸੰਕਲਪ ਕਰਦਾ ਹੈ ਉਹ ਪੂਰਾ ਹੋ ਜਾਂਦਾ ਹੈ)।

ਚਤੁਰ ਬਨਜ ਮਹਿਂ[1] ਗਮਨੇ ਸੋਈ।
ਕਰੇ ਖਰੀਦਨ ਜਹਿਂ ਜਹਿਂ ਹੋਈ।
ਸੰਚੈ ਸਕਲ ਵਸਤੁ ਕੋ ਆਏ।
ਨਗਰ ਸਮੂਹਨ ਮਹਿਂ ਫਿਰ ਲਜਾਏ
॥੪੭॥

[1]ਵਿਹਾਰ ਵਿਚ ਸਿਆਣੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਸੌਜ ਅਨਾਵਨ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਨੈਣੇ ਦਾ ਟਿੱਲਾ]

ਪ<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਕੇਸਰ, ਏਲਾ ਜੁਗਮ ਬਿਧਿ[1], ਖਾਰਕ, ਦਾਖਨਿ ਬ੍ਰਿੰਦ।

[1]ਲਾਚੀਆਂ ਦੋਹਾਂ ਤਰ੍ਹਾਂ ਦੀਆਂ (ਛੋਟੀਆਂ, ਵੱਡੀਆਂ)।

ਖੋਪਾ, ਗਰੀ, ਬਿਦਾਮ ਕੀ, ਆਨੇ ਸਕਟ ਬਿਲੰਦ ॥੧॥

ਚੌਪਈ:

ਜਹਿਂ ਕਹਿਂ ਤੇ ਘ੍ਰਿਤ ਸੈਂਕਰ ਮਨੇ[1]। — [1]ਸੈਂਕੜੇ ਮਨ।

ਤਿਲ, ਜਵ, ਤੰਦੁਲ ਲੇ ਕਰਿ ਘਨੇ।

ਸੰਚੈ ਭਯੋ ਅਨੰਦਪੁਰਿ ਆਇ।

ਚਹੈਂ ਸੁ ਵਸਤੂ[1] ਸਕਲ ਅਨਾਇ ॥੨॥ — [1]ਸਾਰੀ ਚਾਹੀਦੀ ਵਸਤੂ।

ਸਰਬ ਸਮਿੱਗ੍ਰੀ ਹੋਯਸਿ ਤਜਾਰੀ।

ਲਿਯੋ ਬਿੱਪ੍ਰ ਕੋ ਨਿਕਟ ਹਕਾਰੀ।

ਆਸ਼ਿਖ ਦੇ ਕਰਿ ਬੈਠਜੋ ਪਾਸੀ।

ਸ਼੍ਰੀ ਕਲਗੀਧਰ ਗਿਰਾ ਪ੍ਰਕਾਸ਼ੀ ॥੩॥

'ਦਿਜਬਰ! ਸੁਨੋ ਜੁ ਆਇਸੁ ਦਈ।

ਸਕਲ ਵਸਤੁ ਇਕਠੀ ਹੁਇ ਗਈ।

ਹਮਨਿ ਕਰਨਿ[1] ਪਠਿ ਮੰਤ੍ਰਨਿ ਸੰਗ। — [1]ਹਵਨ ਕਰਨਾ।

ਤਿਥ ਸ਼ੁਭ ਪਿਖਿ ਤੁਮ ਕਰਹੁ ਅਭੰਗ[1]' ॥੪॥ — [1]ਇਕ ਰਸ।

ਕੇਸ਼ਵ ਕਹਜੋ 'ਬਿਧਾਨ ਕਰੈਹੌਂ[1]। — [1]ਸਭ ਕੁਛ) ਵਿਧੀ ਸਹਿਤ ਕਰਾਂਗਾ (ਪਰ)।

ਲਾਖ ਦਰਬ ਕੀ ਦਛਨਾ ਲੈਹੌਂ†। — †ਧਨ ਦੇ ਯਾਚਕ (ਪੰਡਤਾਂ) ਪ੍ਰਤੀ ਸ਼੍ਰੀ ਮੁਖ ਵਾਕ ਇਹ ਹਨ:-ਲਾਗਿ ਫਿਰਿਓ ਧਨ ਆਸ ਜਿਤੈ ਤਿਤ ਲੋਕ ਗਯੋ ਪਰਲੋਕ ਗਵਾਯੋ ॥ ੩ ॥ [੩੩ਸਵਯੇ]।

ਜੇਤਿਕ ਬਿਧਿ ਬੇਦੋਕਤਿ ਅਹੈ।

ਤੰਤ੍ਰੋਕਤਿ ਸ਼ਾਸਤ੍ਰ ਮਹਿਂ ਕਹੈ ॥੫॥

ਜਥਾ ਕਰਮ ਸਗਰੀ ਕਰਿਵਾਵੌਂ।

ਮਹਾਂ ਅਰੰਭ ਸਰਬ ਪੁਰਵਾਵੌਂ।

ਬਿਦਤਿ ਹੋਨਿ ਕੈਧੌਂ ਹੁਇ ਨਾਹੀ।

ਇਹ ਸਭਿ ਸ਼ਕਤਿ ਆਪ ਕੇ ਪਾਹੀ ॥੬॥

ਇਸ ਮਹਿਂ ਭਲਾ ਬੁਰਾ ਜੋ ਕਰਮ।

ਸਰਬ ਤੁਮਾਰੇ ਕਰ, ਬਿਨ ਭਰਮ[1]†। — [1]ਇਹ ਸਭ ਕੁਛ ਆਪਦੇ ਹੱਥ ਵਿੱਚ ਹੈ ਨਿਸ਼ਚੇ ਹੀ।

†ਫਿਰ ਸਵਾ ਲੱਖ ਕਿਸ ਗੱਲ ਦਾ ਮੰਗਦਾ ਹੈ?

ਮੈਂ ਤੌਂ ਹਮਨ ਕਰਾਵਨ ਪਰ ਹੌਂ।
ਬਿਧੀ ਬਤਾਵਨਿ ਕ੍ਰਮ ਤੇ ਕਰਿਹੌਂ ॥੭॥
ਇਕ ਮਨ ਹੋਇ ਮੰਤ੍ਰ ਕੋ ਪਠਨੌਂ।
ਬਿਨ ਸੰਕਲਪ ਧ੍ਯਾਨ ਕੋ ਠਟਨੌਂ।
ਤਨ ਮਨ ਤੇ ਸ਼ੁਧ ਰਹਨਿ ਹਮੇਸ਼ਾ।
ਤੁਮ ਅਧੀਨ ਇੱਤ੍ਯਾਦਿ ਅਸ਼ੇਸ਼ਾ ॥੮॥
ਅਸ਼ਟ ਪ੍ਰਕਾਰ ਕਾਮ ਕੋ ਤ੍ਯਾਗਨ।
ਬ੍ਰਹਮਚਰਜ ਹੁਇ ਇਕ ਲਿਵਲਾਗਨ।'
ਸੁਨਿ ਸ਼੍ਰੀ ਮੁਖ ਤੇ ਧੀਰਜ ਕੈ ਹੈਂ[1]।
'ਸੇਵਾ ਲੱਛ ਦੱਛਣ ਹਮ ਦੈ ਹੈਂ ॥੯॥

[1]ਧੀਰਜ ਦੇਂਦੇ ਹਨ।

ਅਪਰ ਕਰਮ ਜੇਤਿਕ ਤੁਮ ਭਨੇ।
ਹਮ ਸੰਚੈ ਕਿਯ, ਮਨ ਗੁਨ ਘਨੇ[1†]।

[1]ਮਨ ਵਿਚ ਜਾਣ ਲੈ ਕਿ (ਅਸਾਂ) ਸਾਰੇ ਸੰਚੇ ਕੀਤੇ ਹੋਏ ਹਨ। †ਪਾ:-ਭਨੇ।

ਇਤ ਦਿਸ਼ਿ ਕੀ ਚਿੰਤਾ ਨ ਕਰੀਜੈ।
ਸਰਬ ਕਾਜ ਪਰ ਉਰ ਪਰਖੀਜੈ[1] ॥੧੦॥

[1](ਸਾਡੇ) ਸਾਰੇ ਕੰਮਾਂ ਵਿਚ ਜਾਚ ਕਰਕੇ ਰਿਦੈ ਦੀ (ਤਸੱਲੀ ਕਰ ਲੈਣੀ)।

ਨਿਜ ਕ੍ਰਿਤ ਪਰ ਤੁਮ ਬਨਹੁ ਸੁਚੇਤ।
ਕਰਹੁ ਸਕਲ ਬਿਦ੍ਤਨ ਕੇ ਹੇਤ।
ਨੀਕੋ ਦਿਨ ਅਬਿ ਲੇਹੁ ਬਿਚਾਰ।
ਪ੍ਰਥਮ ਅਰੰਭ[1] ਲਗਹਿ ਜਬਿ ਕਾਰ ॥੧੧॥

[1]ਪਹਿਲੋਂ (ਜਿਸ ਦਿਨ) ਆਰੰਭ ਹੋਵੇ।

ਹਮਨ ਵਸਤੁ ਕੀ ਕਮੀ ਨ ਕਾਈ।
ਆਨਤਿ ਰਹੈਂ ਸਿੱਖ ਸਮੁਦਾਈ।'
ਲਖਿ ਉਦਾਰਤਾ[1] ਪ੍ਰਭੁ ਕੀ ਘਨੀ।
ਕੇਸ਼ਵ ਅਨੰਦ ਰਿਦੈ ਭਰਿ ਭਨੀ ॥੧੨॥

[1]ਬਖਸ਼ਸ਼।

'ਧੰਨਿ ਗੁਰੂ ਕਲਿ ਕਾਲ ਮਝਾਰਾ।
ਦੇਵਿ ਅਰਾਧਨ ਉੱਦਮ ਧਾਰਾ।
ਤੁਰਕ ਤੇਜ ਛੈ, ਹਿੰਦੁ ਉਬਾਰਨਿ।
ਕਰਹੁ ਕ੍ਰਿਤੀ ਉਪਕਾਰ ਕਿ ਕਾਰਨ†

†ਗੁਰੂ ਜੀ ਦੇ ਉਪਕਾਰ ਵਿੱਚ ਪੰਡਤ ਕੀਹ ਕੁਰਬਾਨੀ ਕਰ ਰਿਹਾ ਹੈ। ਸਵਾ ਲੱਖ ਲੈਕੇ ਹਿੰਦੂ ਰੱਖਜ਼ਾ ਦਾ ਕੰਮ

ਕਰਾਉਣਾ ਪੰਡਤ ਦੀ ਖ਼ੁਦਗਰਜ਼ੀ ਦਾ ਸੂਚਕ ਹੈ।

॥੧੩॥

ਨਿਸ ਦਿਨ ਰਹਿਬੋ ਬਨੈ ਸੁਚੇਤ।
ਮਮ ਕਹਿਨੋ ਸਭਿ ਤੁਮਰੇ ਹੇਤ।
ਅਲਪ ਅਹਾਰ ਘ੍ਰਿਤ ਤਿਲੁ ਕੇਰਾ।
ਅਲਸਾਵਹੁ ਨਹਿਂ, ਜਾਗ ਘਨੇਰਾ' ॥੧੪॥

ਇਮ ਕਹਿ ਪੱਤ੍ਰਾ ਬਿੱਪ੍ਰ ਨਿਕਾਰਾ।
ਭਲੋ ਮਹੂਰਤ ਹੇਰਿ ਬਿਚਾਰਾ।
ਮਾਸ ਮਾਧਵਾ[1][†] ਪੂਰਨਮਾਸ਼ੀ।
ਪੁਖ ਨਿਛੱਤ੍ਰ ਨੰਦਾ ਤਿਥ ਭਾਸੀ[1] ॥੧੫॥

[1]ਵਿਸਾਖ। [†]ਪਾ:-ਮੇਖਵਾ।

[1]ਪੰਡਤ ਨੂੰ) ਵਿਸਾਖ ਦਾ ਮਹੀਨਾ ਪੁੱਖ ਨਿਛੱਤ੍ਰ ਪੂਰਨ ਮਾਸ਼ੀ ਸੁਭਾਗ ਥਿਤ ਹੋਕੇ ਭਾਸੀ (= ਜਾਣ ਪਈ)। ਨੰਦਾ ਪਦ ਦਾ ਅਰਥ ਹੈ ਸੁਭਾਗ, ਖੁਸ਼ੀ ਵਾਲੀ। ਉਂਞ ਹਰ ਪੱਖ ਦੀ ਏਕਮ, ਛਟ, ਤੇ ਏਕਾਦਸ਼ੀ ਨੂੰ ਬੀ ਨੰਦਾ ਤਿਥ ਕਹਿੰਦੇ ਹਨ। ਇਹ ਤਿਥਿ ਵੀ ਕਵੀ ਜੀ ਨੇ ਸੌ ਸਾਖੀ ਤੋਂ ਲਈ ਹੈ।

'ਹੈ ਗੁਰਵਾਰ[1] ਗੁਰੂ ਸਮ ਜਾਨੋ।
ਪ੍ਰਥਮ ਅਰੰਭ ਤਿਸੀ ਦਿਨ ਠਾਨੋ।
ਰਹੇ ਕਿਤਿਕ ਦਿਨ ਕੀਜਹਿ ਤਯਾਰੀ।
ਥਲ ਇਕਾਂਤ ਕੋ ਲੇਹੁ ਬਿਚਾਰੀ ॥੧੬॥

[1]ਵੀਰਵਾਰ।

ਸੋ ਸੁਧਰਾਇ ਸੌਜ ਧਰਿਵਾਵਹੁ।
ਪਾਵਨ ਥਾਨ ਜੁ ਮੋਹਿ ਬਤਾਵਹੁ।'
ਸੁਨਿ ਦਿਜ ਤੇ ਸਤਿਗੁਰੂ ਬਿਚਾਰਾ।
'ਗਿਰ ਪਰ ਥਾਨ', ਪ੍ਰਸੰਗ ਉਚਾਰਾ[1] ॥੧੭॥

[1]ਉਸਦਾ) ਪ੍ਰਸੰਗ ਆਖਿਆ:-।

'ਕੁਛਕ ਸੈਲ ਪਰ ਰਾਹਕ ਰਹੈਂ।
ਫਿਰ ਤਹਿਂ ਪਸੂ ਚਰਾਵਤਿ ਅਹੈਂ।
ਏਕ ਧੇਨੁ ਸੁੰਦਰ ਸਰਬੰਗ।
ਪਾਵਨ ਬਹੁ ਕਪਲਾ[1] ਤਿਸ ਰੰਗ ॥੧੮॥

[1]ਭੂਰੇ ਰੰਗ ਦੀ (ਅ) ਚਿਟੀ।

ਹਰਿਤ ਹਰਿਤ ਤ੍ਰਿਣ ਚਰਤਿ ਉਚੇਰੇ[1]।

[1]ਉਚੇਰੇ ਥਾਂ ਭਾਵ ਪਹਾੜ ਦੇ ਉਪਰ ਨੂੰ ਜਾਕੇ (ਅ) ਉਚੇ ਉਗੇ ਹੋਏ ਹਰੇ ਹਰੇ ਤ੍ਰਿਣ।

ਗਿਰ ਕੇ ਸ਼ਿਖ਼ਰ ਜਾਇ ਇਕ ਬੇਰੇ।
ਸਭਿ ਥਲ ਪਰ ਥਿਰ ਹ੍ਵੈ ਕਰਿ ਰਹੈ।

ਦੁਗਧ ਸ੍ਰਵਤਿ[1] ਅਸਥਨ ਤੇ ਅਹੈ ॥੧੯॥
ਜੇਤਿਕ ਪੈ ਹੋਵਤਿ ਤਿਸ ਕੇਰਾ।
ਸੀਂਚਤ ਹੈ ਸੋ ਥਾਨ ਭਲੇਰਾ।
ਬਹੁਰ ਮਿਲੈ ਸਭਿ ਧੇਨੁਨਿ ਸੰਗ।
ਹ੍ਵੈ ਸੰਧਜਾ ਤਜਿ ਸੈਲ ਉਤੰਗ ॥੨੦॥
ਚਲਿ ਆਵਿਤ ਪੁਨ ਅਪਨੇ ਧਾਮੂ।
ਜਿਸ ਢਿਗ ਧੇਨੁ ਸੁ ਨੈਨਾ ਨਾਮੂ[1]।
ਚੋਵਨਿ ਲਗੇ ਬੈਠਿ ਕਰਿ ਤਰੇ।
ਅਸਥਨਿ ਛੂਛੇ ਹੇਰਨਿ ਕਰੇ ॥੨੧॥
ਕਾਰਨ ਕੋਇ ਨ ਮਨ ਮੈ ਪਾਯੋ।
-ਕਿਨਹੁ ਨਿਕਾਸਯੋ ਪੈ? -ਬਿਸਮਾਯੋ।
ਦਿਵਸ ਆਗਲੇ ਤਿਮ ਹੀ ਹੋਈ।
ਨੈਣੇ ਛੀਰ ਨ ਪਾਯੋ ਕੋਈ ॥੨੨॥
ਬੂਝ ਰਹਯੋ ਕਿਨਹੂੰ ਨ ਬਤਾਯੋ।
ਖੋਜਿ ਰਹਯੋ ਕਿਛ ਭੇਵ ਨ ਪਾਯੋ।
ਛੋਰੀ ਧੇਨੁ ਪ੍ਰਭਾਤੀ ਕਾਲ।
ਛਪਿ ਕੈ ਚਲਯੋ ਪਿਖਿਨਿ ਹਿਤ ਨਾਲ ॥੨੩॥
ਦੂਰ ਦੂਰ ਸੋ ਦੇਖਤਿ ਰਹਯੋ।
ਤੀਨ ਪਹਿਰ ਲਗਿ ਨਹਿਂ ਕਛੁ ਲਹਯੋ।
ਚਾਰ ਘਰੀ ਦਿਨ ਜਬਹੂੰ ਜਾਨਾ।
ਪਹੁੰਚੀ ਸੁਰਭੀ ਤਾਂਹਿ ਸਥਾਨਾ ॥੨੪॥
ਊਪਰ ਖਰੀ ਸ੍ਰਵੇ ਥਨ ਤਬੇ।
ਨਿਕਸਯੋ ਦੁਗਧ ਸੀਂਚ ਥਲ ਸਬੈ।
ਤੀਨ ਪ੍ਰਕ੍ਰਮਾ ਫਿਰ ਕਰਿ ਕਰੀ।
ਸੀਸ ਨਿਵਾਇ ਸਦਨ ਕੌ ਫਿਰੀ ॥੨੫॥
ਪੁਨ ਨੈਣਾ ਗਮਨਯੋ ਤਿਸ ਥਾਨਾ।
ਅਵਿਲੋਕਤਿ ਮਨ ਭਯੋ ਹਿਰਾਨਾ।
ਨਮੋ ਕੀਨਿ ਘਰ ਕੋ ਚਲਿ ਆਯੋ।
ਬੁਧਿਵੰਤਨਿ ਕੇ ਨਿਕਟਿ ਬਤਾਯੋ

[1]ਚੋਂਦਾ ਰਿਹਾ।
[1]ਨਾਮ ਨੈਨਾ ਸੀ।

॥੨੬॥
ਸ਼ਕਤਿਵੰਤਿ ਸੋ ਥਾਨ ਪਛਾਨਾ।
ਨੈਣੇ ਤਬੈ ਸੁਧਾਰਨਿ ਠਾਨਾ।
ਜਾਨਿ ਚੰਡਿਕਾ ਤਹਾਂ ਮਨਾਈ।
ਪੂਜਨ ਲਗੇ ਲੋਕ ਸਮੁਦਾਈ† ॥੨੭॥

†ਇਹ 'ਨੈਣਾਂ ਦੇਵੀ' ਵਾਲੇ ਟਿੱਲੇ ਦੀ ਪ੍ਰਸਿੱਧਤਾਈ ਦਾ ਮੂਲ ਦੱਸਿਆ ਹੈ। ਨੈਣੇ ਨਾਮ ਵਾਲੇ ਮਨੁੱਖ ਦੀ ਗਾਂ ਸੀ, ਦੁੱਧ ਆਪੇ ਚੋ ਜਾਂਦਾ ਸੀ, ਆਪੇ ਮਿਥ ਲਿਆ ਕਿ ਚੰਡਕਾ ਦਾ ਥਾਂ ਹੋਣਾ ਹੈ। ਨੈਣੇ ਦੇ ਨਾਂ ਤੋਂ ਨੈਣਾਂ ਦੇਵੀ ਦੀ ਥਾਂ ਬਣ ਗਿਆ। ਇਥੋਂ ਇਹ ਬੀ ਸਹੀ ਹੋ ਗਿਆ ਕਿ ਏਥੇ ਮੰਦਰ ਕੋਈ ਨਹੀਂ ਸੀ ਕੇਵਲ ਕਿਸੇ ਨੈਣੇ ਗੁੱਜਰ ਦੇ ਨਾਮ ਕਰਕੇ ਟਿੱਲੇ ਦਾ ਨਾਂ ਸੀ। ਜੈਸੇ ਵਾਕ ਬੀ ਹੈ 'ਨੇਤ੍ਰ ਤੁੰਗਕੇ ਚਰਨ ਤਰ = ਨੈਣਾ (ਨਾਮੇ) ਟਿੱਲੇ ਦੇ ਹੇਠਾਂ। ਅਗੇ ਅੰਕ ੩੬, ੩੭, ੩੮ ਵਿਚ ਇਹੋ ਪਤਾ ਲਗਦਾ ਹੈ ਕਿ ਮੰਦਰ ਕੋਈ ਨਹੀਂ ਸੀ। ਸੌ ਸਾਖੀ ਦੇ ਕਰਤਾ ਨੇ (ਸਾਖੀ ੧੭ ਵਿੱਚ) 'ਨੈਣੂ ਪੁੱਤ੍ਰੀ' ਬੀ ਲਿਖਿਆ ਹੈ। 'ਚੰਡਿਕਾ' ਤਾਂ ਨੈਣੇ ਦੀ ਪੁੱਤ੍ਰੀ ਕਦੇ ਨਹੀਂ ਸੀ। 'ਨੈਣੂ ਪੁੱਤ੍ਰੀ' ਤੋਂ ਨੈਣੂ ਦੀ ਪੁਤਲੀ ਭੀ ਅਰਥ ਨਹੀਂ ਹੋ ਸਕਦਾ ਕਿਉਂਕਿ ਮੂਰਤੀ ਓਥੇ ਕੋਈ ਪਹਿਲਾਂ ਹੈਸੀ, ਇਹ ਗਲ ਕਿਤੇ ਬੀ ਦੱਸੀ ਹੀ ਨਹੀਂ ਗਈ।

ਜਨਨ[1] ਕਾਮਨਾ ਪੂਰਨ ਕਰੈ।
ਜਥਾ ਭਾਵਨਾ ਤਿਸ ਥਲ ਧਰੈ।
ਗਿਰਿਨਿ ਬ੍ਰਿੰਦ ਮਹਿਂ ਗਿਰ ਸੇ ਊਚੇ।
ਬਿਖਮ ਪੰਥ ਤੇ ਹ੍ਵੈ ਨ ਪਹੂਚੇ ॥੨੮॥
ਪਾਵਨ ਮਹਾਂ ਇਕੰਤ ਭਲੇਰਾ।
ਇਸ ਕਾਰਜ ਕੋ ਨੀਕੋ ਹੇਰਾ[1]।
ਚਲੋ ਪ੍ਰਾਤਿ ਕੋ ਹੇਰਨਿ ਕਰੀਅਹਿ।
ਪੁਨ ਸੁਧਾਰਿਬੇ ਹੇਤੁ ਉਚਰੀਅਹਿ'
॥੨੯॥
ਸੁਨਿ ਕੇਸ਼ਵ ਨੀਕੇ ਮਨ ਮਾਨੀ।
'ਭਲੀ ਬਾਤ' ਇਮ ਕਹਿ ਕਰਿ ਬਾਨੀ।
ਆਇਸੁ ਪਾਇ ਗਯੋ ਨਿਜ ਡੇਰੇ।
ਚਿਤਵਤਿ ਦੇਵੀ ਕਾਜ ਬਡੇਰੇ ॥੩੦॥
ਅਗਲੀ ਪ੍ਰਾਤਿ ਭਈ ਜਬਿ ਆਇ।
ਗਏ ਗੁਰੂ ਦਿਜ ਲੀਨਿ ਬੁਲਾਇ।
ਸਨੇ ਸਨੇ ਪਰਬਤ ਪਰ ਚਢੇ।
ਸਥਾਨ ਦੇਖਿ ਉਰ ਆਨੰਦ ਬਢੇ
॥੩੧॥
ਕਰਿ ਪਸੰਦ ਸੋ ਥਾਨ ਮਹਾਨਾ।
ਹਰਖਤਿ ਕੇਸ਼ੋ ਦਾਸ ਬਖਾਨਾ।

[1]ਦਾਸਾਂ ਦੀ।

[1]ਇਹ ਸਬਬ ਕਰਕੇ (ਉਸ ਥਾਂ) ਨੂੰ ਚੰਗਾ ਪਛਾਣਿਆ ਹੈ।

‘ਭਲੋ ਸਥਲ ਹੋਮਨ ਕੋ ਪਾਯੋ।
ਜਿਸ ਤੇ ਮਮ ਅਸ ਨਿਸ਼ਚੇ ਆਯੋ ॥੩੨॥
ਹੋਇ ਬਿਦਤ ਜਗਦੰਬਾ[1] ਜੈਸੇ।
[1]ਦੇਵੀ।
ਸਕਲ ਸਮਾਜ ਮਿਲਤਿ ਹੈ ਐਸੇ[1]।
[1]ਸਾਰੇ ਸਮਾਜ ਇਸ ਤਰ੍ਹਾਂ (ਆਪੇ) ਮਿਲਦੇ ਹਨ।
ਅਚਲ ਅਨਾਸੀ ਸੁਜਸੁ ਤੁਮਾਰਾ।
ਪਸਰਹਿਗੋ ਸਭਿ ਜਗਤ ਮਝਾਰਾ ॥੩੩॥
ਚੱਕ੍ਰਵਰਤਿ ਭੂਪਤਿ ਬਹੁ ਭਏ।
ਧਰਤਾ ਸਰਬ ਸ਼ਕਤਿ ਉਪਜਏ।
ਕਿਸ ਤੇ ਕਾਜ ਨ ਐਸੇ ਸਰਜੋ।
ਜਸ ਉਤਸਾਹ ਆਪ ਨੇ ਧਰਜੋ ॥੩੪॥
ਆਦਿ ਸ਼ਕਤਿ, ਮਧੁਕੈਟਭ ਮਰਦਨ।
ਰਕਤਬੀਜ ਸੁੰਭਾਦਿਕ ਅਰਦਨ[1]।
[1]ਦਮਨ ਕਰਨ ਵਾਲੀ।
ਬਿਸ਼ੈ ਬਿਲੋਚਨ ਕੇ ਸੋ ਕਰਨੀ[1]।
[1]ਨੇਤ੍ਰਾਂ ਦੇ ਵਿਸ਼ਯ ਭਾਵ ਪ੍ਰਤੱਖ ਤਿਸ (ਦੇਵੀ) ਦਾ ਕਰਨਾ।
ਕੌਨ ਸਕੈ ਕਰਿ ਐਸੀ ਕਰਨੀ’ ॥੩੫॥
ਤਬਿ ਸਿੱਖਨਿ ਸੋਂ ਗੁਰੂ ਬਖਾਨਾ।
‘ਕਰਹੁ ਸੁਧਾਰਨਿ ਭਲੇ ਸਥਾਨਾ।
ਸੁੰਦਰ ਮੰਦਿਰ ਦਿਹੁ ਬਨਵਾਇ।
ਜਹਾਂ ਸਮਿੱਗ੍ਰੀ ਦੇਹਿ ਟਿਕਾਇ ॥੩੬॥
ਹਮਨਿ ਕੁੰਡ ਕੋ ਜਥਾ ਅਕਾਰਾ।
ਕਾਰੀਗਰ ਸੋਂ ਬਿੱਪ੍ਰ ਉਚਾਰਾ।
ਦੂਰ ਉਰੈਂ ਚੌਂਕੀ ਨਰ[1] ਥਿਰੈ।
[1]ਪੁਰਸ਼ਾਂ ਦੀਆਂ।
ਜੇ ਸਭਿ ਰੀਤਿ ਸੁਚੇਤੀ ਧਰੈਂ ॥੩੭॥
ਰਚਹੁ ਸਥਲ’ ਇੱਤਜਾਦ ਬਤਾਇ।
ਆਏ ਪੁਰਿ ਗੁਰ ਬਿੱਪ੍ਰ ਮਿਲਾਇ।
ਤੂਰਨ ਤਜਾਰੀ ਸਭਿ ਕਰਿਵਾਈ।
ਹਮਨ ਸਮਿੱਗ੍ਰੀ ਤਹਾਂ ਪੁਚਾਈ ॥੩੮॥
ਦਿਵਸ ਪ੍ਰਤੀਖਨਿ ਲਗੇ ਕ੍ਰਿਪਾਲਾ।
ਕਰਹਿਂ ਅਰੰਭ ਪ੍ਰਥਮ ਜਿਸ ਕਾਲਾ।
ਨਿਤ ਪ੍ਰਤਿ ਦਿਜਬਰ ਪਹੁੰਚੇ ਪਾਸ।

ਕਰਹਿਂ ਬਾਰਤਾਲਾਪ ਪ੍ਰਕਾਸ਼ ॥੩੯॥
ਪੂਜਨਿ ਹਮਨ ਕਰਨਿ ਬਿਧਿ ਸਾਰੀ।
ਕਹਿ ਕਹਿ ਸਭਿ ਕਿਛੁ ਠਾਨਸਿ ਤਯਾਰੀ।
ਸ਼ੈਂਕਰ ਮਨ ਮੇਵਾ ਮਿਸ਼ਟਾਨ।
ਤਿਲ ਘ੍ਰਿਤ, ਜਵ ਤੰਦੁਲ ਸਭਿ ਆਨਿ ॥੪੦॥
ਕਹਿ ਕਹਿ ਪ੍ਰਭੁ ਸੋ ਤਹਾਂ ਪੁਚਾਏ।
ਥਾਨ ਸੁਧਾਰਯੋ ਨੀਕ ਬਨਾਏ।
ਹਮਨ ਕੁੰਡ ਜਿਸ ਜੁਗਤਿ ਬਿਤਾਯੋ।
ਸੋ ਭੀ ਭਲੀ ਭਾਂਤਿ ਕਰਿਵਾਯੋ† ॥੪੧॥

†ਪਰੰਤੂ ਗੁਰ ਬਿਲਾਸ ਵਿਚ ਦੋ ਢਾਈ ਵਰ੍ਹਾ ਪਹਿਲਾਂ ਨਦੀ ਕਿਨਾਰੇ ਹਵਨ ਨਾਕਾਮਯਾਬ ਹੋਇਆ ਤਾਂ ਫਿਰ 'ਨੈਣਾ ਟਿੱਲਾ' ਚੁਣਿਆ ਗਿਆ ਦੱਸਿਆ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਹਮਨ ਤਯਾਰੀ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਹਮਨ ਅਰੰਭ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਪੂਰਨਮਾ ਵੈਸਾਖ ਕੀ, ਜਬਿ ਦਿਨ ਆਯੋ ਸੋਇ।
ਮੰਗਲ ਕਰੇ ਅਨੇਕ ਬਿਧਿ, ਹਰਖਤਿ ਭੇ ਸਭਿ ਕੋਇ ॥੧॥

ਚੌਪਈ:

ਨੌਬਤ ਬਾਜਤਿ ਪ੍ਰਭੁ ਦਰਬਾਰਾ।
ਲਘੁ ਦੁੰਦਭਿ ਕੋ ਸ਼ਬਦ ਉਦਾਰਾ।
ਸੰਖ ਨਫੀਰਨ ਫੂਕ ਭਰੀ ਹੈ।
ਧੁਨੀ ਉਠਾਵਨਿ ਉਚ ਕਰੀ ਹੈ ॥੨॥
ਪਣਵ ਪਟਹਿ ਅਰੁ ਢੋਲ ਬਿਸਾਲੇ।
ਮੁਰਲੀ ਗੋਮੁਖ[1] ਸ਼ਬਦ ਉਠਾਲੇ।
'ਜੈ ਜਗਦੰਬਾ' ਊਚ ਉਚਾਰੇ।
ਰੰਕਨ ਗਨ ਦੇ ਦਰਬ ਉਦਾਰੇ ॥੩॥
ਸਭਿਹੂੰ 'ਜੈ ਗੁਰ' ਬਾਕ ਸੁਨਾਯਹੁ।
ਬਾਰਹਿ ਬਾਰ ਪ੍ਰਸ਼ਾਦ ਬ੍ਰਤਾਯਹੁ।
ਧੂਪ ਧੁਖਾਵਤਿ ਫੂਲਨ ਮਾਲਾ।
ਚੰਦਨ ਆਦਿ ਸੁਗੰਧਤਿ ਸਾਲਾ[1] ॥੪॥
ਸਮਾ ਜਾਨਿ ਦਿਜ ਕੇਸ਼ਵ ਆਯਹੁ।
ਆਸ਼ਿਖ 'ਤਤਪਤਿ ਤੇਜ[1]' ਸੁਨਾਯੋ।
ਅਪਰ ਬਿੱਪ੍ਰ ਜੇ ਸਤਿਗੁਰ ਪਾਸ।
ਬੇਦ ਘੋਖ ਕੇ ਕਰਤਿ ਪ੍ਰਕਾਸ਼[1] ॥੫॥
ਸਭਿ ਹਿੰਦੁਵਾਇਨ ਸਿਰ ਕੋ ਮੌਰ।
ਖਰੇ ਕਰੇ[†] ਦਿਜ ਪੂਰਨ ਪੌਰ[1]।
ਭਯੋ ਕੁਲਾਹਲ ਅਨਿਕ ਪ੍ਰਕਾਰਾ।
ਕੇਸ਼ਵ ਕਹੈ ਸੁ ਕੀਨੀ ਕਾਰਾ[1] ॥੬॥
ਗਮਨੇ ਪੁਨ ਪ੍ਰਭੁ ਦਿਜ ਸੰਗ ਲੀਨੇ।
ਆਸ਼ਿਖ ਬਾਦ ਮਾਤ ਮਿਲਿ ਦੀਨੇ।
'ਪੁਰੇ ਮਨੋਰਥ ਨੌ ਗੁਰ ਆਇ।
ਜਗ ਮਾਤਾ ਤੁਮ ਹੋਹਿ ਸਹਾਇ ॥੭॥
ਸਫਲੋ ਕ੍ਰਿੱਤ ਕਰਜੋ ਜੇ ਚਾਹਤਿ।

[1]ਨਰਸਿੰਗੇ (ਰਣ ਸਿੰਗੇ)।

[1]ਉਹ) ਥਾਂ ਸੁਗੰਧਤਿ ਕਰ ਦਿੱਤੀ।

[1]ਆਪ ਦਾ) ਤੇਜ ਪ੍ਰਕਾਸ਼ੇ, ਅਸੀਸ ਸੁਣਾਈ।

[1]ਵੇਦ ਧੁਨੀ ਨੂੰ ਪ੍ਰਗਟ ਕਰਦੇ ਹਨ।

[1]ਸਾਰੇ ਬ੍ਰਾਹਮਣ ਡਿਉਢੀ ਵਿਚ ਖੜੇ ਕੀਤੇ।
[†]ਪਾ:-ਕਹੈਂ।

[1]ਜੋ ਕੇਸ਼ਵ ਨੇ ਕਹੀ ਓਹ ਕਾਰ ਕੀਤੀ।

ਕਾਰਨ ਪਰਉਪਕਾਰ ਉਮਾਹਤਿ।'
ਧੁਖਤਿ ਧੂਪ ਚਾਲਤਿ ਗੁਰ ਆਗੈ।
ਪੁਸ਼ਪਨਿ ਬਰਖਾ ਮੋਚਨਿ ਲਾਗੇ ॥੮॥
ਨੇਮ ਸਮੇਤ ਬਿੱਪ੍ਰ ਲੈ ਨਾਲ।
ਗਮਨੇ ਮੰਗਲ ਹੋਤਿ ਕ੍ਰਿਪਾਲ।
ਸਿੱਖ ਮਸੰਦ ਹਜ਼ਾਰਹੁੰ ਸੰਗ।
ਦਿਜਬਰ ਗੁਨੀ ਸੁ ਪਾਵਨ ਅੰਗ ॥੯॥
ਗਿਰ ਕੇ ਨਿਕਟ ਪਹੁੰਚੇ ਜਾਇ।
ਖਰੇ ਭਏ ਨਰ ਜੁਤਿ ਸਮੁਦਾਇ[1]। [1]ਸਾਰੇ ਪੁਰਸ਼ਾਂ ਸਮੇਤ।
ਜਥਾ ਜੋਗ ਸਭਿਹਿਨਿ ਸੋਂ ਕਰਿ ਕਰਿ।
ਦੈਕੈ ਹੁਕਮ ਕਰੇ ਤਹਿਂ ਇਸਥਿਰ ॥੧੦॥
ਹਯ ਆਰੂਢਿ ਅਰੂਢਤਿ ਸੈਲ[1]। [1]ਪਹਾੜ ਪਰ ਚੜ੍ਹੇ।
ਗਮਨੇ ਗੁਰੂ ਬਿਖਮ ਬਡ ਗੈਲ[1]। [1]ਰਾਹ ਬੜਾ ਔਖਾ ਸੀ।
ਕੁਛ ਜੋਧੇ ਤਹਿਂ ਕਰੇ ਟਿਕਾਵਨ।
'ਆਵਹਿ ਕੋਇ ਤ ਕਰਤਿ ਹਟਾਵਨਿ' ॥੧੧॥
ਗਿਰ ਪਰ ਚਢੇ ਤੁਰੰਗ ਉਤੰਗ।
ਦਿਜ ਕੇਸ਼ਵ ਪਿਖਿ ਅਚਰਜ ਸੰਗ।
ਨਰ ਭੀ ਨੀਠ ਨੀਠ ਧਰਿ ਪਾਇ।
ਗਹਿ ਗਹਿ ਤ੍ਰਿਣਨਿ ਨੀਠ ਹੀ ਜਾਇਂ ॥੧੨॥
ਹਯ ਪਰ ਚਢਿ ਗਮਨੇ ਤਹਿਂ ਕੋਇ।
ਇਕ ਕਲਗੀਧਰ ਹੀ ਇਮ ਹੋਇ।
ਸ਼ਿਖਰ ਸੈਲ ਕੇ ਪਹੁੰਚੇ ਜਾਇ।
ਉਤਰੇ ਹਯ ਪਰ ਤੇ ਸੁਖਦਾਇ ॥੧੩॥
ਪਹੁੰਚਯੋ ਬਿੱਪ੍ਰ ਜਾਇ ਤਿਸ ਥਾਨ।
ਕਰੀ ਬਤਾਵਨ ਹਮਨ ਬਿਧਾਨ[1]। [1]ਹਵਨ ਦੀ ਵਿਧੀ।
ਸਕਲ ਸਮਿੱਗ੍ਰੀ ਲੇ ਸਮੁਦਾਈ।
ਗਨ ਦਾਸਨਿ[1] ਪ੍ਰਭੁ ਢਿਗ ਪਹੁੰਚਾਈ ॥੧੪॥ [1]ਬਹੁਤੇ ਦਾਸਾਂ ਨੇ।

ਹਮਨ ਕੁੰਡ ਕੀ ਪਸ਼ਚਮ ਦਿਸ਼ਿ ਮੈਂ।
ਦੱਖਨ ਦਿਸ਼ਿ ਦਿਜ ਉਪ ਉਰ ਬਿਸਮੈਂ।
ਕਰ ਪਗ ਕਰੇ ਪਖਾਰਨਿ ਦੋਇਨ।
ਬਰਜੇ ਅਪਰ, ਰਹਜੋ ਤਹਿਂ ਕੋਇ ਨ ॥੧੫॥
ਸੋਲਹਿ ਅੱਖਰ[†] ਮੰਤ੍ਰ ਬਤਾਯੋ।

[†]ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ। ਦੇਖੋ ਇਸੇ ਰੁਤ ਦਾ ੩੯ ਅੰਸੂ ਤੇ ੧੭ ਅੰਕ। ਇਹ ਮੰਤ੍ਰ ਸੌ ਸਾਖੀ ਦੀ ਸਤਾਰ੍ਹਵੀਂ ਸਾਖੀ ਤੋਂ ਲਿਆ ਜਾਪਦਾ ਹੈ।

'ਇਕ ਮਨ ਹੁਇ ਪਠੀਯਹਿ[†]' ਸਿਖਰਾਯੋ।

[†]ਪਰ ਦਸਮ ਗੁਰੂ ਜੀ ਦੇ ਸ਼੍ਰੀ ਮੁਖਵਾਕ ਏਹ ਹਨ:-'ਨ ਜਾਪ ਆਨ ਕੋ ਜਪੋਂ'। ਪੁਨਾ-'ਨ ਨਾਮ ਆਨ ਉਚਰੋਂ' [ਬਚਿੱਤ੍ਰ ਨਾਟਕ ੬. ੩੬-ਤੋਂ-੪੦]।

'ਸ੍ਵਾਹਾ ਕਹੋ ਮੰਤ੍ਰ ਪਠਿ ਜਬੈ।
ਅਗਨਿ ਅਹੁਤੀ ਪਾਵਹੁ ਤਬੈ' ॥੧੬॥
ਇੱਤ੍ਯਾਦਿਕ ਬਿਧਿ ਅਪਰ ਬਤਾਈ।
ਬਿੱਪ੍ਰ ਹੁਤਾਸਨ ਕੁੰਡ ਜਗਾਈ।
ਸ਼ੁੱਧ ਮਹਾਂ ਸੁਰ ਮੰਤ੍ਰ ਉਚਾਰੇ[1]।
'ਸ੍ਵਾਹਾ' ਕਹਿ ਆਹੁਤਿ ਕੋ ਡਾਰੇ ॥੧੭॥

[1]ਉਚੀ ਸੁਰ ਨਾਲ ਸ਼ੁੱਧ ਮੰਤ੍ਰ ਉਚਾਰੇ।

ਸੁਮਨਸੁ[1] ਅਰਪਤਿ ਧੂਪ ਧੁਖਾਵਤਿ।
ਘ੍ਰਿਤ ਕੇ ਦੀਪਕ ਕਿਤਿਕ ਜਗਾਵਤਿ।
ਚੰਦਨ ਚਰਚਹਿ ਛਿਰਕਿ ਗੁਲਾਬ।
ਚਹੁੰ ਦਿਸ਼ਿ ਮਹਿਕਤਿ ਗੰਧਿ ਸ਼ਿਤਾਬ ॥੧੮॥

[1]ਫੂਲ।

ਧੂਮ ਹੋਮ ਕੋ ਉਠ੍ਯੋ ਉਚੇਰੇ।
ਧਾਰ ਗਗਨ ਪਹੁੰਚੀ ਸੁਰ ਨੇਰੇ।
ਮੰਤ੍ਰ ਪਾਠ ਕੋ ਭਾਖਤਿ ਜਯੋਂ ਜਯੋਂ।
ਆਹੁਤਿ ਪਰਹਿ ਹੁਤਾਸਨ ਤਯੋਂ ਤਯੋਂ ॥੧੯॥
ਆਦਿ ਸ਼ਕਤਿ ਕੋ ਧਾਰਤਿ ਧ੍ਯਾਨਾ।
ਇਕ ਤੋ ਚਤੁਰਭੁਜੀ ਬਲਵਾਨਾ।
ਚੰਦ੍ਰਸ਼ੇਖਰੀ[1], ਆਯੁਧ ਧਰਨੀ।

[1]ਮੱਥੇ ਤੇ ਚੰਦ੍ਰਮਾਂ ਵਾਲੇ (ਸ਼ਿਵ) ਦੀ ਸ਼ਕਤੀ ਦੁਰਗਾ। (ਅ) ਮੱਥੇ ਤੇ ਚੰਦ੍ਰਮਾਂ ਵਾਲੀ (ਦੇਖੋ ਰੁਤ ੩ ਅੰ: ੧੦, ਅੰਕ ੨੫)।

ਉੱਗ੍ਰ ਤੇਜ ਦੁਸ਼ਟਨ ਕੋ ਦਰਨੀ[1] ॥੨੦॥ — [1]ਨਾਸ਼ਕ।

ਕ੍ਰਿਪਾ ਠਾਨਿ ਦਾਸਨ ਕੀ ਰੱਖਯਕ।
ਕ੍ਰੋਧ ਭੂਰ ਤੇ ਦੁਰਜਨ ਭੱਖਯਕ।
ਤਿਸ ਤੇ ਅੱਸ਼ਟਭੁਜੀ ਕੋ ਧ੍ਯਾਨਾ।
ਜ੍ਵਾਲਾ ਮੁਖ ਤੇ ਬਮਤਿ[1] ਮਹਾਨਾ ॥੨੧॥ — [1]ਮੂੰਹੋਂ ਅੱਗ ਕੱਢਦੀ ਹੈ।

ਲਾਲ ਬਿਲੋਚਨ ਮੁੰਡਨ ਮਾਲੀ[1]। — [1]ਸਿਰਾਂ ਦੀ ਮਾਲਾ ਧਾਰਨ ਵਾਲੀ।
ਛੂਟੇ ਬਾਲ ਕਰਾਲ ਬਿਸਾਲੀ।
ਦਾਰੁਣ ਤੁੰਡਾ ਚੰਡਿ ਕਪਾਲੀ[1]। — [1]ਖੱਪਰ (ਰੱਖਣ) ਵਾਲੀ।
ਅੰਗ ਦਿਗੰਬਰ ਭੀਖਨ ਕਾਲੀ ॥੨੨॥
ਦਾੜ੍ਹਨ ਦੀਰਘ[1] ਪੰਕਤਿ ਵਾਲੀ। — [1]ਦਾੜ੍ਹਾਂ ਵੱਡੀਆਂ।
ਸਰਪ ਫੁੰਕਾਰੇ ਹਾਥ ਕਰਾਲੀ[1]। — [1]ਹੱਥ ਵਿਚ ਭ੍ਯਾਨਕ ਸੱਪ ਫੁੰਕਾਰੇ ਮਾਰਦਾ ਹੈ।
ਚਰਮੰ ਸ਼ੁਸ਼ਕਾ ਨਖਨ ਬਿਸਾਲੀ[1]। — [1]ਵਡੇ ਵਡੇ ਨਹੁੰਆਂ ਵਾਲੀ।
ਅਧਿਕ ਉਗਾਲਤਿ ਜ੍ਵਾਲਾ ਮਾਲੀ[1][†] ॥੨੩॥ — [1]ਅੱਗ ਦੀਆਂ ਲਾਟਾਂ।

[†]ਕਿਤਨਾ ਭ੍ਯਾਨਕ ਰੂਪ ਬੱਧਾ ਹੈ। ਕੌਣ ਉੱਜਲਤਾ ਦਾ ਪ੍ਰੇਮੀ ਐਸਾ ਧ੍ਯਾਨ ਕਰ ਸਕਦਾ ਹੈ? ਦਸਮੇਸ਼ ਜੀ ਦਾ ਅਪਨਾ ਸ੍ਰੀ ਮੁਖਵਾਕ ਹੈ:-'ਨ ਧਿਆਨ ਆਨ ਕੋ ਧਰੋਂ'। ਪੁਨਾ:-'ਪਰੱਮ ਧਿਆਨ ਧਾਰੀਯੰ' ਪੁਨਾ:-'ਤੁਮੇਵ ਰੂਪ ਰਾਚਯੰ' [ਬਚਿ: ਨਾ: ੬. ੩੬ ਤੋਂ-੪੦] ਹਾਂ, ਦੇਵੀ ਦੇ ਬੀਰਤਾ ਦੇ ਹਾਲਾਤ ਸੁਣਾ ਪੁਛਾਕੇ ਬੀਰ ਤੇ ਰੌਦ੍ਰ ਰਸੀ ਉਮਾਹ ਉਦੀਪਨ ਕਰਨੇ ਹੋਰ ਬਾਤ ਹੈ।

ਇੱਤ੍ਯਾਦਿਕ ਧਰਿ ਧ੍ਯਾਨ ਦੁਹਲ ਕੋ[†]। — [†]ਧਿਆਨ ਤਾਂ ਇਕ ਨੁਕਤੇ ਤੇ ਟਿਕਿਆਂ ਸਿੱਧ ਹੁੰਦਾ ਹੈ, ਦੋਹਾਂ ਅੱਡ ਅੱਡ ਸਰੂਪਾਂ ਦਾ ਧ੍ਯਾਨ ਕੀਕੂੰ ਥਿਰ ਹੁੰਦਾ ਹੈ? ਇਥੇ ਦੇਵੀਆਂ ਬੀ ਦੋ ਹੋ ਗਈਆਂ ਹਨ, ਇਕ ਨਹੀਂ ਰਹੀ।

ਥਿਰਤਾ ਦੇ ਕਰਿ ਚੰਚਲ ਮਨ ਕੋ।
ਹਮਨ ਕਰਤਿ ਉਠਿ ਲਾਟ ਉਚੇਰੀ।
ਸੌਂਜ ਘ੍ਰਿਤਾਦਿਕ ਪਰਤਿ ਘਨੇਰੀ ॥੨੪॥
ਪ੍ਰਥਮ ਦਿਵਸ ਬੈਠੇ ਇਕ ਆਸਨ।
ਏਕ ਆਸ ਬਿਨ ਦੂਜੀ ਆਸ ਨ।
ਪਾਂਚ ਪਹਿਰ ਲਗਿ ਇਕ ਸ੍ਰਮ ਕੀਨੋ।
ਹੋਤਿ ਨਿਰੰਤਰ ਹੋਮ ਪ੍ਰਬੀਨੋ ॥੨੫॥
ਸਹਿਤ ਮੰਤ੍ਰ ਕੇ ਜੇਤਿਕ ਭਯੋ।

ਤੇਤਿਕ ਸੌਂਜ ਹਮਨ ਕਰਿ ਦਯੋ।
ਬਿੱਪ੍ਰ ਸਮੇਤ ਉਠੇ ਪ੍ਰਭੁ ਫੇਰ।
ਕਰਿ ਅਰਾਮ ਨਿਸ ਭਈ ਸਬੇਰ
॥੨੬॥
ਸੌਚ ਸ਼ਨਾਨ ਠਾਨਿ ਗੁਰ ਤਹਾਂ।
ਤਿਮ ਹੀ ਬਿੱਪ੍ਰ ਕਰੀ ਸੁਧ ਮਹਾਂ।
ਬਹੁਰ ਬੈਠਿ ਕਰਿ ਤਿਸ ਹੀ ਆਸਨ।
ਕਰਨਿ ਲਗੇ ਸ੍ਰੀ ਚੰਡਿ ਉਪਾਸਨ
॥੨੭॥
ਮੰਤ੍ਰਨਿ ਕੋ ਉਚਾਰ ਬਹੁ ਬਾਰੀ।
ਕਰ ਪੰਕਜ ਤੇ ਆਹੁਤਿ ਡਾਰੀ।
ਉਠਤਿ ਧੂਮ ਬਹੁ ਚਢ੍ਯੋ ਅਕਾਸ਼ਾ।
ਤਿਲ ਘ੍ਰਿਤ ਪਰੇ ਸੁ ਲਾਟ ਪ੍ਰਕਾਸ਼ਾ
॥੨੮॥
ਕੇਸ਼ਵ ਦਾਸ ਪਠਹਿ ਮੁਖ ਜਜੋਂ ਜਜੋਂ।
ਪਾਇੰ ਅਹੂਤੀ ਸ਼੍ਰੀ ਪ੍ਰਭੁ[1] ਤਜੋਂ ਤਜੋਂ। [1]ਗੁਰੂ ਜੀ।
ਆਸਨ ਸਾਧਿ[1] ਏਕ ਰਸੁ ਬੈਸੇ। [1]ਆਸਨ ਲਗਾਕੇ।
ਚੰਡਿ ਪਰਾਯਨ[1] ਕਰਿ ਮਨ ਤੈਸੇ [1]ਆਸਰੇ।
॥੨੯॥
ਨਿੰਦ੍ਰਾ, ਛੁਧਾ, ਗਿਰਾ ਨਿਜ ਜੀਤ[1]। [1]ਨੀਂਦ, ਭੁੱਖ ਤੇ ਬੋਲਨਾ ਜਿੱਤਿਆ।
ਆਸਨ ਬੈਠੇ ਪਰਮ ਪੁਨੀਤ।
ਪ੍ਰਥਮ ਦਿਵਸ ਜਿਵ ਦੂਸਰ ਦਿਨ ਕੋ।
ਕਰੀ ਸੁ ਕ੍ਰਿੱਤ ਸਥਿਰ ਕਰਿ ਮਨ ਕੋ
॥੩੦॥
ਪੰਚ ਜਾਮ ਲੌ ਹੋਮ ਅਰੰਭਾ।
ਦਾਸ ਬਿਲੋਕਤਿ ਭਏ ਅਚੰਭਾ।
ਸੁਖੀ ਆਰਬਲ ਸਕਲ ਬਿਤਾਈ।
ਕਠਨ ਕ੍ਰਿਆ ਇਕ ਬਾਰਿ ਉਠਾਈ
॥੩੧॥
ਭੂਮ ਸੇਜ ਕਰਿ[1], ਭੋਜਨ ਬਰਜਜੋ। [1]ਭੁੰਞੇ ਸੌਣਾ।
ਪੰਚ ਪਹਿਰ ਲਗਿ ਬੈਠਨ ਸਿਰਜਜੋ[1]। [1]ਬੈਠਣਾ ਕੀਤਾ।
ਏਕ ਜਾਮੁ ਜਬਿ ਨਿਸਾ ਬਿਤਾਈ।

ਕਰਨਿ ਅਰਾਮ ਉਠੇ ਗੋਸਾਈਂ ॥੩੨॥
ਕੁਛ ਫਿਰ ਕਰਿ ਇਤ ਉਤ ਤਿਸ ਥਾਨ।
ਪੌਢੇ ਬਿਨਾ ਨੀਂਦ ਭਗਵਾਨ।
ਦੇਵੀ ਰੂਪ ਬਿਖੈ ਲਿਵ ਲਾਗੀ।
ਛੁਧਾ ਪਿਪਾਸਾ ਨਿੰਦ੍ਰਾ ਤਜਾਗੀ ॥੩੩॥
ਪੁਨ ਪ੍ਰਭਾਤਿ ਉਠਿ ਸੌਚ ਸ਼ਨਾਨੇ।
ਬੈਠਿ ਹਮਨ ਕੀ ਕ੍ਰਿਤ ਕੋ ਠਾਨੇ।
ਦਿਜਬਰ ਤੇ ਕ੍ਰਿਤ ਹੋਇ ਨ ਏਤੀ†।

†ਜਦ ਪੰਡਤ ਵਿਚ ਤਪੱਸਜਾ ਕਰਨ ਦਾ ਬਲ ਇੰਨਾ ਘਟ ਹੈ ਤਾਂ ਦੇਵੀ ਪ੍ਰਤੱਖਜ ਕਰਨ ਦਾ ਮਾਨ ਕਿਸ ਗੱਲੇ ਕਰਦਾ ਸੀ ਤੇ ਸਵਾ ਲੱਖ ਕਿਸ ਮੇਹਨਤ ਦਾ ਮੰਗਦਾ ਸੀ?

ਕਰਤਿ ਹਮਨ ਪ੍ਰਭੁ ਪਠਿ ਕਰਿ ਤੇਤੀ ॥੩੪॥
ਇਸੀ ਪ੍ਰਕਾਰ ਕਿਤਿਕ ਦਿਨ ਕਰਨੀ।
ਕਰੀ ਬਿਖਮ ਤਪ ਤੇ ਜਿਮ ਬਰਨੀ[1]।

[1]ਜਿਵੇਂ ਵਰਣਨ ਕੀਤੀ ਹੈ, ਕਈ ਦਿਨ ਕਠਨ ਤਪੱਸਜਾ ਨਾਲ ਕਰਨੀ (= ਕ੍ਰਿਤ) ਇਉਂ ਕੀਤੀ।

ਹਮਨ ਵਸਤੁ ਸਗਰੀ ਚਲਿ ਆਵੈ।
ਧਰੇ ਮੌਨ ਸੇਵਕ ਧਰਿ ਜਾਵੈ ॥੩੫॥
ਘ੍ਰਿੱਤ ਸੈਂਕਰੇ ਮਨ ਪਹੁੰਚੇ ਹੈ।
ਤਿਲ, ਜਵ, ਮੇਵਾ, ਤੰਦੁਲ ਲਜੈਹੈਂ।
ਬਹੁ ਸਰਕਰਾ[1] ਆਨਿ ਕਰਿ ਧਰੈਂ।

[1]ਖੰਡ।

ਬਿੱਪ੍ਰ ਹੁਕਮ ਤੇ ਮੇਲਨਿ ਕਰੈਂ ॥੩੬॥
ਬਾਸਨ ਭਰੇ ਉਠਾਵੈਂ ਦੋਊ[1]।

[1]ਦੋ (ਸੇਵਕ)।

ਜਾਇ ਟਿਕਾਵੈਂ ਗੁਰ ਢਿਗ ਸੋਊ।
ਪਰਹਿ ਅਹੁਤੀ ਹੋਇ ਸੁ ਰੀਤੋ[1]।

[1]ਖਾਲੀ।

ਤਿਮ ਹੀ ਭਰੈਂ ਸੌਜ ਜਿਮ ਕੀਤੋ[1] ॥੩੭॥

[1]ਸਮਿੱਗ੍ਰੀ ਨਾਲ ਉਵੇਂ ਭਰਦੇ ਹਨ ਜਿਵੇਂ ਕਿ (ਖਾਲੀ) ਕੀਤਾ ਸੀ।

ਜਿਤਿਕ ਪ੍ਰਮਾਣ ਅਹੁਤੀ ਕੇਰਾ।
ਲੇਹਿਂ ਤਿਤਿਕ ਨਹਿਂ ਘਾਟ ਘਨੇਰਾ।
ਮੁਖ ਤੇ ਪੜਹਿਂ ਮੰਤ੍ਰ ਕੋ ਜਬੈ।
ਅੰਤ੍ਰ[1] ਅਹੂਤੀ ਡਾਰੈਂ ਤਬੈ ॥੩੮॥

[1](ਕੁੰਡ) ਵਿਚ।

ਇਸੀ ਰੀਤਿ ਕਰਤੇ ਪ੍ਰਭੁ ਰਹੇ।
ਬਿਦਤਿ ਜਗਤ ਮਹਿਂ ਜਿਤ ਕਿਤ ਲਹੇ।

ਜਿਤਿਕ ਬਿੱਪ੍ਰ ਤੇ ਬੈਠਜੋ ਜਾਇ।
ਤਿਤਿਕ ਕਰਾਇ ਬਹੁਰ ਉਠਿ ਜਾਇ*
॥੩੯॥
ਪ੍ਰਭੁ ਇਕ ਆਸਨ ਪਾਤੀ ਬੈਸੇ।
ਜਾਮ ਰਾਤਿ ਲੌ ਇਸਥਿਰੁ ਤੈਸੇ।
ਪਠਨਿ ਹਮਨ, ਮਨ ਕਰਿਬੋ ਧਜਾਨ।
ਏਕਲ ਕਰਤੇ ਗੁਰ ਭਗਵਾਨ ॥੪੦॥

ਦੋਹਰਾ:
ਏਕ ਅਰਾਧਨ ਚੰਡਿਕਾ, ਭਏ ਪਰਾਯਨ[1]
ਧੀਰ।
ਬਿਦਤਹਿ ਦੈਬੇ ਹੇਤੁ ਬਰ, ਪੰਥ ਕਰਨ ਕੋ
ਬੀਰ[1] ॥੪੧॥

[1]ਚੰਡਿਕਾ ਅਰਾਧਨ ਦੇ ਪਰਾਯਨ (ਆਸ਼੍ਰੇ)।

[1]ਸੂਰਬੀਰ ਪੰਥ ਦੇ ਰਚਣੇ ਨੂੰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤੇ 'ਦੇਵੀ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਸ਼ਿਕਾਰ। ਹੋਮ]

੭<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਪੰਚ ਪਹਿਰ ਲੌ ਕਿਤਿਕ ਦਿਨ, ਕਰਿ ਕੈ ਹਮਨ ਪ੍ਰਕਾਰ।
ਸਵਾ ਪਹਿਰ ਕੋ ਨੇਮ ਪੁਨ, ਕੀਨਿਸਿ ਬਿੱਪ੍ਰ ਉਚਾਰਿ ॥੧॥

ਚੌਪਈ:

'ਸ਼੍ਰੀ ਪ੍ਰਭੁ! ਕਿਰਤ ਘਨੀ ਇਹ ਜਾਨੋ।
ਲਾਖਹੁਂ ਪਰੈਂ ਅਹੂਤੀ ਮਾਨੋ।
ਇਤੋ ਬਿਖਮ ਤਪੁ ਕਰੀਅਹਿ ਨਾਹਿ ਨ।
ਸਨੇ ਸਨੇ ਪੂਰਵਹੁ ਨਿਜ ਚਾਹਿਨ'
॥੨॥
ਪੁਨ ਸਤਿਗੁਰ ਕਰਿ ਸੌਚ ਸ਼ਨਾਨ।
ਸਵਾ ਪਹਿਰ ਬੈਠੈਂ ਇਕ ਥਾਨ।
ਪਰੈ ਅਹੂਤੀ ਜੇਤਿਕ ਜਬੈ।
ਮੰਤ੍ਰ ਪਠਨ ਕਰਿ ਹੋਮਹਿਂ ਤਬੈ ॥੩॥
ਅਲਪ ਅਹਾਰ ਕਰਹਿਂ ਪ੍ਰਭੁ ਨੀਤ।
ਪਾਇਸੁ ਆਦਿ ਸ਼ਾਂਤਕੀ ਚੀਤ[1]।

[1]ਚਿਤ ਨੂੰ ਸਤੋਗੁਣੀ ਰੱਖਣ ਵਾਲੇ ਖੀਰ ਆਦਿਕ (ਸੂਖਮ) ਭੋਜਨ ਖਾਂਦੇ ਹਨ।

ਨਹਿਂ ਬਹੁ ਬੋਲੈਂ ਨਿਸ ਦਿਨ ਮਾਂਹੀ।
ਚਿਤਵੈਂ ਚੰਡੀ ਚਿਤ, ਅਨ ਨਾਂਹੀ[1]
॥੪॥

[1]ਹੋਰ ਨਹੀਂ।

ਇਕ ਦਿਨ ਪ੍ਰਭੁ ਪਾਛਲੇ ਜਾਮੁ।
ਸੁੱਖਾ ਛਕਿ ਅਫੀਮ ਸੁਖ ਧਾਮੁ[†]।

[†]ਸੋ ਸਾਖੀ ਵਿਚ ਹੀ ਲਿਖਿਆ ਹੈ 'ਮਦਰਾ ਦਹਿਤਾ ਸਪਤ ਕੁਲ ਭੰਗ ਦਹੈ ਤਨ ਏਕ'। ਇਹ ਉਥੇ ਗੁਰੂ ਹੁਕਮ ਕਰਕੇ ਦੱਸਿਆ ਹੈ। ਦੂਸਰੇ ਹੋਮ ਕਰਨ ਕਰੌਣ ਵਾਲੇ ਲਈ ਨਸ਼ੇ ਮਨ੍ਹਾਂ ਹਨ। ਪੰਡਤ ਨੇ ਅੱਗੇ ਜਾਕੇ ਸ਼ਿਕਾਰ ਤੇ ਇਤਰਾਜ਼ ਕੀਤਾ ਹੈ ਪਰ ਭੰਗ ਅਫੀਮ ਤੇ ਕਿਉਂ ਨਹੀਂ ਕੀਤਾ?

ਸੌਚ ਸ਼ਨਾਨ ਠਾਨਿ ਕਰਿ ਚਹਜੋ।
ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹਜੋ:-
॥੫॥
'ਹਯ ਪਰ ਜ਼ੀਨ ਪਾਇ ਤਤਕਾਲਹਿ।
ਆਨਹੁਂ ਨਿਕਟ ਅਖੇਰਹਿ ਚਾਲਹਿਂ।'
ਸੁਨਤਿ ਦਾਸ ਆਨਜੋ ਕਰਿ ਤਜਾਰ।

ਤਤਛਿਨ ਭਏ ਪ੍ਰਭੁ ਅਸਵਾਰ ॥੬॥
ਗਏ ਬਿਪਨ ਕੋ ਗਹਿਵਰ ਜਬੈ[1]। [1]ਸੰਘਣੇ ਬਨ ਵਿਚ।
ਜੋਧਾ ਸੰਗ ਹਯਨ ਚਢਿ ਤਬੈ।
ਕਰੀ ਅਖੇਰ ਬ੍ਰਿੱਤ ਮ੍ਰਿਗ ਮਾਰੇ।
ਜਾਤਿ ਪਲਾਏ ਤੀਰ ਪ੍ਰਹਾਰੇ ॥੭॥
ਕਾਨਨ ਕੋ ਅਵਿਗਾਹਿਨ[1] ਕਰਿ ਕੈ। [1]ਗਾਹ ਕਰਕੇ।
ਜੁਰਰੇ ਬਾਜ ਉਡਾਏ ਧਰਿ ਕੈ।
ਲਗਰ, ਝਗਰ[1], ਬਾਸ਼ੇ ਅਰੁ ਸ੍ਵਾਨ। [1]ਇਕ (ਸ਼ਿਕਾਰੀ) ਪੰਛੀ, ਲਗਰ ਦਾ ਨਰ।
ਚੀਤਨ ਕੇ ਕਰਿ ਖੇਲ ਮਹਾਨ ॥੮॥
ਘਟਿਕਾ ਦਿਵਸ ਰਹੇ ਤਬਿ ਆਏ।
ਆਨੰਦ ਪੁਰਿ ਆਨੰਦ ਉਪਜਾਏ।
ਕਰੇ ਬਿਲੋਕਨਿ ਕੇਸ਼ਵ ਦਾਸ।
ਗਨ ਜੀਵਨ ਕੋ ਕੀਨਿ ਬਿਨਾਸ਼ ॥੯॥
ਕੋਲ[1] ਸਸੇ ਇੱਤਜਾਦਿਕ ਮਾਰੇ। [1]ਸੂਰ।
ਤੀਤਰ, ਲਵੇ, ਬਟੇਰ ਪ੍ਰਹਾਰੇ।
ਬੰਧ ਮਤੰਗਨਿ ਪਰ ਲਟਕਾਏ।
ਹਯਨਿ ਕੁੰਜ[1] ਕੇ ਭਟ ਗਨ ਲਜਾਏ ॥੧੦॥ [1]ਕਾਠੀ ਦੇ) ਕੁੰਡਿਆਂ ਨਾਲ ਲਟਕਾਏ।
ਬ੍ਰਿੰਦ ਜੀਵ ਮ੍ਰਿਤੁ ਪੇਖੇ ਜਬੈ।
ਕ੍ਰਿਪਾ ਅਧੀਨ ਭਯੋ ਦਿਜ ਤਬੈ।
ਦਰਸ਼ਨ ਕਰਨ ਸਮਾ ਨਿਜ ਜਾਨੇ।
ਚਲਿ ਆਯੋ ਸਤਿਗੁਰ ਜਿਸ ਥਾਨੇ ॥੧੧॥
ਆਸ਼ਿਖ ਬਾਦ ਉਚਾਰਨਿ ਕਰਜੋ।
ਹੁਕਮ ਪਾਇ ਚੌਂਕੀ ਪਰ ਥਿਰਜੋ।
ਲਖਿ ਅਵਸਰ ਕੋ ਬਾਕ ਬਖਾਨਾ।
'ਨ੍ਰਿਪ ਕੋ ਸੇਵਨ ਕਠਨ ਮਹਾਨਾ[1] ॥੧੨॥ [1]ਰਾਜੇ ਦੀ ਸੇਵਾ (ਨੌਕਰੀ ਕਰਨੀ) ਬੜੀ ਔਖੀ ਹੈ।
ਤਉ ਜਿ ਕੁਛ ਬੂਝਜੋ ਨ੍ਰਿਪ ਚਹੈ।
ਮਤਿ ਅਨੁਸਾਰ ਸੁਮਤਿ ਤਬਿ ਕਹੈ।
ਬਿਨਾ ਬੂਝਿਬੇ ਕਹਨ ਨ ਬਨੇ।
ਨਹਿਂ ਸਨਮਾਨਹਿ, ਜੇ ਇਮ ਭਨੇ[1] [1]ਐਵੇਂ ਜੇ ਆਖੇ।

॥੧੩॥

ਧੀਰ ਪੁਰਸ਼[1] ਕੀ ਹੈ ਅਸ ਚਾਲ। [1]ਬੁਧੀਮਾਨ।
ਤਉ ਜਿ ਹੁਇ ਉਪਕਾਰ ਬਿਸਾਲ।
ਬਿਨਾ ਬੂਝਿਬੇ ਬੁੱਧਿ ਜਨ ਕਹੈਂ।
ਮਾਨਹਿ ਨ੍ਰਿਪ ਕੈਧੌਂ ਨਹਿਂ ਚਹੈ[1] [1]ਚਾਹੇ ਰਾਜਾ ਮੰਨੇ ਯਾ ਨਾ (ਮੰਨੇ)।

॥੧੪॥

ਮਹਾਂ ਪ੍ਰਯੋਗ ਬਨੇ ਤੁਮ ਕਰਤਾ।
ਬਿਘਨ ਨ ਪਰੈ, ਚਹੌਂ ਗਨ ਹਰਤਾ[1]। [1]ਮੈਂ ਚਾਹੁੰਦਾ ਹਾਂ ਕਿ ਸਾਰੇ (ਵਿਘਨ) ਨਾਸ਼ ਹੋਣ।
ਮੰਗਲ ਆਦਿ ਪੁੰਨ ਬਹੁ ਦਾਨ।
ਕਰਿਬੇ ਬਨਹਿਂ ਕਾਜ ਸਿਧ ਠਾਨਿ

॥੧੫॥

ਤੁਮ ਗਨ ਮ੍ਰਿਗਨਿ ਪੰਛੀਅਨਿ ਘਾਯੋ।
ਨਾਹਕ ਹਿੰਸਾ ਕਰਮ ਕਮਾਯੋ।
ਬਡ ਬੁਧਿਵੰਤਨ ਕੇ ਸਿਰਮੌਰ।
ਰਿਦੈ ਬਿਚਾਰਹੁ ਹਰਿ ਸਿਰਮੌਰ[1] [1]ਹਰੀ ਜੀ ਸਾਰਿਆਂ ਦਾ ਸ਼ਿਰੋਮਣੀ ਹੈ।

॥੧੬॥

ਸਭਿ ਜੀਵਨ ਮਹਿਂ ਬਯਾਪਯੋ ਸੋਇ।
ਜਿਤਿਕ ਜਗਤ ਦੀਖਤਿ ਸਭਿ ਕੋਇ।
ਹਿੰਸਾ ਕਰਨੀ ਨਾਹਿਨ ਨੀਕੀ।
ਜੋ ਤੁਮ ਕਰੀ ਖਗਨਿ ਮ੍ਰਿਗ ਜੀ ਕੀ

॥੧੭॥

ਮੈਂ ਚਾਹੌਂ ਹੁਇ ਪੂਰ ਪ੍ਰਯੋਗ।
ਨਾਂਹਿ ਤ ਕਰੈਂ ਹਾਸ ਸਭਿ ਲੋਗ।
ਦੇਵਿ ਅਰਾਧਨ ਤਤਪਰ ਰਹੀਅਹਿ।
ਜਿਸ ਤੇ ਬਿਦਤਹਿ ਤਿਮ ਤੁਮ ਚਹੀਯਹਿ

॥੧੮॥

ਹਿੰਸਾ ਕੇ ਸਮ ਦੋਸ਼ ਨ ਕੋਈ।
ਆਗੇ ਜਯੋਂ ਰਾਵਰਿ ਇਛ ਹੋਈ।
ਤਥਾ ਕਰਹੁ ਮਨ, ਸਮੁਝਿ ਬਿਚਾਰਹੁ।
ਮਮ ਬਚ ਭਲੋ ਬੁਰੋ ਨਿਰਧਾਰਹੁ[†]'

॥੧੯॥

†ਕਾਲੀ ਜਿਸ ਦੀ ਅਰਾਧਨਾ ਹੋ ਰਹੀ ਹੈ, ਰਾਖਸ਼ਭੱਖਣੀ ਹੈ, ਇਸ ਦੀ ਮੂਰਤੀ ਅੱਗੇ ਸੰਢੇ ਬੱਕਰੇ ਰੋਜ਼ ਭੇਟਾ ਹੁੰਦੇ ਹਨ, ਵਿੰਧਜਾ ਵਾਲੇ ਕਾਲੀ ਮੰਦਰ ਵਿਚ ਲਹੂ ਨਹੀਂ ਸੁੱਕਦਾ, ਜੁਆਲਾ ਜੀ ਬਕਰਿਆਂ ਦਾ ਭੋਗ ਲਗਦਾ ਹੈ, ਇਹੋ ਹਾਲ ਕਾਲੀ ਬਾੜੀ ਕਲਕਤੇ ਹੈ। ਫਿਰ ਜੁੱਧਾਂ ਜੰਗਾਂ ਦੇ ਲਹੂ ਦੇਵੀ ਨੂੰ ਅਰਪਨ ਹੁੰਦੇ ਹਨ। ਗੁਰੂ ਜੀ ਤੋਂ ਪ੍ਰਗਟ ਹੋਣ ਵੇਲੇ ਦੇਵੀ ਲਹੂ ਦੀ ਭੇਟ ਲੈਂਦੀ ਹੈ ਫਿਰ ਏਥੇ ਕੇਸ਼ਵ ਦਾਸ ਜੀ ਐਉਂ ਜਣਾਉਂਦੇ ਹਨ ਕਿ ਮਾਨੋ ਦੇਵੀ ਕੋਈ 'ਜੈਨੀ' ਵਜਕਤੀ ਹੈ। ਪ੍ਰਗਟ ਹੋਕੇ ਬੀ ਤਾਂ ਦੇਵੀ ਨੇ ਕ੍ਰਿਪਾਨ ਦੇਣੀ ਤੇ ਤੁਰਕ ਮਾਰਨੇ ਦੱਸਣੇ ਹਨ। ਦੇਵੀ ਨੂੰ ਸ਼ਿਕਾਰ ਤੱਕ ਕੇ ਖੁਸ਼ ਹੋਣਾ ਚਾਹੀਦਾ ਸੀ ਕਿ ਨਰਾਜ਼? ਦੇਵੀ ਪ੍ਰਗਟਾਉਣ ਦੇ ਪ੍ਰਸੰਗਾਂ ਵਿਚ ਐਸੀਆਂ ਅਸੰਗਤੀਆਂ ਅਨੇਕਾਂ ਹਨ।

ਸੁਨਿ ਕਰਿ ਦਿਜਬਰ ਕੇ ਅਸ ਬੈਨ।
ਮਨ ਮੁਰਝਾਨੋ ਕਰੁਨਾ ਨੈਨ[1]। — [1]ਬ੍ਰਾਹਮਣ ਦਾ ਮਨ ਮੁਰਝਾਇਆ (ਦੇਖਿਆ) ਗੁਰੂ ਜੀ ਨੇ।
ਸਭਿ ਸੁਭਟਨ ਸੋਂ ਬਚਨ ਬਖਾਨਾ।
'ਕਰ ਦਿਹੁ ਮ੍ਰਿਗ ਖਗ ਬੰਧਨ ਹਾਨਾ ॥੨੦॥
ਪੰਡਤ ਕੋ ਪ੍ਰਮੋਦ[1] ਹਮ ਰਾਖਨਿ। — [1]ਖੁਸ਼ੀ।
ਕਹ੍ਯੋ[1] ਮਾਨੀਐ ਕਰਿ ਅਭਿਲਾਖਨ।' — [1](ਇਸ ਦਾ) ਕਿਹਾ।
ਤਤਛਿਨ ਭਟਨਿ ਛੋਰਿ ਜਬਿ ਦੀਏ।
ਮਰੇ ਹੁਤੇ ਸਮੁਦਾਇ ਸੁ ਜੀਏ ॥੨੧॥
ਕੋ ਉਡਿ ਚਢੇ ਅਕਾਸ਼ ਮਝਾਰਾ।
ਕੋ ਦੌਰੇ ਭੁ ਪਰ ਡਰ ਧਾਰਾ।
ਕੇਚਿਤ ਬਾਂਏ ਕੇਚਿਤ ਦਾਂਏ।
ਧਾਏ ਜਨੁ[1] ਜੀਵਤ ਗਹਿ ਲਜਾਏ ॥੨੨॥ — [1]ਜਾਣੋ ਇਉਂ ਦੌੜੇ...।
ਕੇਸ਼ਵ ਅਵਿਲਕੋਤਿ ਬਿਸਮਾਯੋ।
'ਧੰਨ ਧੰਨ' ਕਹਿ ਜਸੁ ਬਿਰਧਾਯੋ।
'ਪੂਰਨ ਪੁਰਖ ਅਹੋ ਸਮਰੱਥ।
ਮਾਰਨ ਜੀਵਾਲਨਿ ਤੁਮ ਹੱਥ ॥੨੩॥
ਮੈਂ ਨਹਿਂ ਜਾਨਿ ਸਕ੍ਯੋ ਅਸ ਭੇਵ।
ਜਗਤ ਈਸ਼ ਤੁਮ ਦੇਵਨ ਦੇਵ।
ਜਥਾ ਜੋਗ ਰਾਵਰਿ ਗੁਰਿਆਈ[1]। — [1]ਭਾਵ ਆਪ ਦੀ ਗੁਰਿਆਈ ਠੀਕ ਠੀਕ ਗੁਰਿਆਈ ਹੈ। (ਅ) ਗੁਰਿਆਈ ਦੇ ਆਪ ਲਾਇਕ ਹੋ।
ਮਾਨਹਿਂ ਬੈਨ ਦਾਸ ਸਮੁਦਾਈ ॥੨੪॥
ਕ੍ਯੋਂ ਨਹਿਂ ਸਿਖ ਕੋ ਕਸ਼ਟ ਮਿਟਾਵਹੁ।
ਅੰਤਕ[1] ਦੁਖ ਤੇ ਅੰਤ ਬਚਾਵਹੁ। — [1]ਜਮ ਦੇ।
ਪੁੰਨ ਪਾਪ ਕੋ ਲਗਹਿ ਨ ਲੇਸ਼ੂ।

ਨਰ ਲੀਲਾ ਠਾਨਹੁ ਜਗਤੇਸ਼ੂ! ॥੨੫॥
ਜਿਸ ਪਰ ਕ੍ਰਿਪਾ ਆਪ ਕੀ ਹੋਇ।
ਪ੍ਰਭੁ ਸਰੂਪ ਤੁਮ ਜਾਨਹਿਂ ਸੋਇ।
ਅਬਿ ਨਿਸ਼ਚਾ ਮੇਰੇ ਮਨ ਆਯੋ।
ਧਰਮ ਹੇਤੁ ਤਨ ਕੋ ਤੁਮ ਪਾਯੋ†' ॥੨੬॥

†ਜੋ ਸਮਰਥ ਮਾਰੇ ਜੀਵ ਜਿਵਾ ਸਕਦਾ ਹੈ ਉਸ ਦੀ ਸ਼ਕਤੀ ਵਿਚ ਕਿਸ ਥਾਵੇਂ ਨਯੂਨਤਾ ਹੈ ਕਿ ਦੇਵੀ ਨੇ ਜੋ ਪੂਰੀ ਕਰਨੀ ਹੈ? ਤੇ ਜਿਸ ਨੂੰ ਫਿਰ ਕੇਸ਼ੋ ਦਾਸ ਜੈਸੇ ਜੀਵ ਦੀ ਸਹਾਇਤਾ ਦੀ ਲੋੜ ਹੈ।

ਸੁਨਿ ਪ੍ਰਭੁ ਕਹਯੋ 'ਤੁਮਹਿ ਅਨੁਸਾਰੇ।
ਕਰਮ ਕਰਨਿ ਸਭਿ ਹਮ ਉਰ ਧਾਰੇ।
ਜੇ ਤੁਮ ਕਹੁ ਇਹ ਲਗਹਿਂ ਨ ਆਛੇ।
ਨਹੀਂ ਕਦਾਚਿਤ ਹਮ ਕਹੁ ਬਾਂਛੇ' ॥੨੭॥
ਸੁਨਿ ਹਰਖਾਇ ਗਯੋ ਨਿਜ ਡੇਰੇ।
ਰਿਦੈ ਬਿਚਾਰ ਕਰਤਿ ਬਹੁਤੇਰੇ।
-ਇਸ ਜਗ ਮਹਿਂ ਧਨ ਪਾਵਨ ਆਦਿ।
ਇਨ ਤੇ ਬਨਹਿ ਮੋਹਿ ਅਹਿਲਾਦ ॥੨੮॥
ਦੁਤੀਏ ਜਸੁ ਪਾਵੋਂ ਅਬਿਨਾਸ਼ੀ।
ਜਿਤ ਕਿਤ ਜਗ ਮਹਿਂ ਗੁਰਸਿਖ ਰਾਸੀ।
ਤ੍ਰਿਤੀਏ ਇਨ ਸੰਗ ਨਾਮ ਜੁ ਮੇਰਾ।
ਰਹੇ ਸਦਾ ਥਿਰ ਜਗਤ ਬਡੇਰਾ ॥੨੯॥
ਇਨ ਕੀ ਕਥਾ ਕਰਹਿਂ ਕਵਿ ਜੇਈ।
ਜਗਦੰਬਾ ਜਗ ਮਹਿਂ ਬਿਦਤੇਈ।
ਤਹਾਂ ਨਾਮ ਮੇਰੋ ਬਰਨੈਂਗੇ।
ਲੋਕ ਹਜ਼ਾਰਹੁਂ ਸੁਨਹਿਂ ਭਨੈਂਗੇ ॥੩੦॥
ਨਿਸ਼ਚੈ ਅਸਿਧੁਜ ਕੋ ਗੁਰਨੰਦ†।

†ਜੋ ਵਾਹਿਗੁਰੂ ਦਾ ਪੁੱਤ੍ਰ ਹੈ ਉਸ ਨੂੰ ਆਦਿ ਸ਼ਕਤੀ ਜੋ ਮਾਤਾ ਹੈ ਕਿਵੇਂ ਪ੍ਰੋਖ ਹੋ ਸਕਦੀ ਹੈ? ਕਦੇ ਪੁੱਤ੍ਰ ਨੂੰ ਮਾਂ ਪਿਉ ਵੀ ਉਹਲੇ ਹੁੰਦੇ ਹਨ।

ਸੁਜਸੁ ਬਿਦਤ ਜਿਮ ਪੂਰਨਚੰਦ।
ਪੁਨ ਪਰਲੋਕ ਬਿਖੈ ਸੁਖ ਪਾਇ।
ਸਕਲ ਰੀਤਿ ਕੀ ਕਰਹਿਂ ਸਹਾਇ ॥੩੧॥

ਦੀਰਘ ਹੁਤੇ ਭਾਗ ਮਮ ਪੂਰਬ।
ਮਿਲťਯੋ ਅਚਾਨਕ ਪ੍ਰਭੁ ਅਪੂਰਬ[1]।
ਜਗਦੰਬਾ ਕੇ ਬਿਦਤਨ ਮਾਂਹੀ।
ਅਬਿ ਸੰਦੇਹ ਬਨੈ ਕਿਮ ਨਾਂਹੀ ॥੩੨॥
ਨਰ ਲੀਲਾ ਕੇ ਹੁਇ ਅਨੁਸਾਰੀ।
ਮੁਹਿ ਜਸੁ ਦੈਨ ਆਦਿ ਕ੍ਰਿਤ ਕਾਰੀ[†]-।
ਇਮ ਦਿਜਿੰਦ੍ਰ ਆਨੰਦ ਬਿਲੰਦ।
ਕਰਤਿ ਬਿਚਾਰਨਿ ਕਿੱਤ ਮੁਕੰਦ[1†] ॥੩੩॥
ਨਿਸਾ ਭਈ ਕਰਿ ਖਾਨ ਰੁ ਪਾਨ।
ਸੁਪਤਿ ਜਥਾ ਸੁੱਖ ਕ੍ਰਿਪਾ ਨਿਧਾਨ।
ਜਾਮ ਜਾਮਨੀ ਤੇ ਉਠਿ ਜਾਗੇ।
ਸੌਚ ਸ਼ਨਾਨ ਕਰਨ ਤਬਿ ਲਾਗੇ ॥੩੪॥
ਸੁੱਖਾ ਅਰੁ ਅਫੀਮ ਛਕਿ ਕਰ ਕੈ।
ਬਸਤ੍ਰ ਸ਼ਸਤ੍ਰ ਦੁਤਿਵੰਤ ਪਹਿਰਿ ਕੈ।
ਬਿੱਪ੍ਰ ਹਕਾਰਤ ਸੰਗ ਮਿਲਾਏ।
ਚਢਿ ਤੁਰੰਗ ਗਮਨੇ ਸੁਖਦਾਇ ॥੩੫॥
ਕੇਸ਼ੋ ਦਾਸ ਅਰੂਢਿ ਝੰਪਾਨ[1]।
ਨੈਣਾਦੇਵੀ ਕੀਨਿ ਪਯਾਨ।
ਸੌਜ ਸਮਾਜ ਹਮਨ ਕੋ ਸਾਰਾ।
ਰਾਖťਯੋ ਦਾਸਨ ਬਹੁ ਕਰਿ ਤਯਾਰਾ ॥੩੬॥
ਉਤਲਾਵਤਿ ਪਹੁੰਚੇ ਗੋਸਾਈਂ।
ਦਿਵਸ ਚਢੇ ਲਗਿ ਥਿਰੇ ਸਥਾਈ[1]।
ਸਵਾ ਪਹਿਰ ਕੋ ਹਮਨ ਕਰੰਨ।
ਨੇਮ ਸਹਿਤ ਸੋ ਮੰਤ੍ਰ ਪਠੰਨ ॥੩੭॥
ਦੁਹਿਦਿਸ਼ਿ ਹਮਨ ਕੁੰਡ ਕੇ ਆਸਨ।
ਏਕ ਬਿਨਾਂ ਜਿਨ ਦੂਜੀ ਆਸ ਨ।
ਬੈਠੇ ਦਿਜ ਸਮੇਤ ਬਿਧਿ ਸੰਗ।

[1]ਅਸਚਰਜ।

[†]ਜੇ ਕਿਸੇ ਨੂੰ ਜਸ ਦੇਣ ਤੇ ਜਗਤ ਲੀਲ੍ਹਾ ਕਰਨ ਲਈ ਹੀ ਸਾਰਾ ਕੁਛ ਕਰ ਰਹੇ ਹਨ ਤਾਂ ਸਹੀ ਹੋ ਗਿਆ ਕਿ ਆਪ ਨੂੰ ਦੇਵੀ ਪ੍ਰਗਟਾਉਣ ਦੀ ਆਵੱਸ਼ਕਤਾ ਨਹੀਂ ਸੀ ਇਹ ਇਕ ਚੋਜ ਸੀ, ਤਾਂ ਵੀ ਆਪਦਾ ਇਸ਼ਟ ਦੇਵੀ ਸਿੱਧ ਨਹੀਂ ਹੁੰਦਾ।

[1]ਮੁਕੰਦ (ਗੁਰੂ ਜੀ ਦੀ) ਕੀਰਤੀ ਵਿਚਾਰਦਾ ਹੈ। [†]ਪਾ:-ਕਰਤਿ ਬਿਚਾਰ ਸੁ ਕ੍ਰਿੱਤ ਮੁਕੰਦ।

[1]ਪਾਲਕੀ ਤੇ।

[1]ਉਸ ਥਾਂ ਤੇ। (ਅ) ਟਿਕਕੇ।

ਸੁਚ ਹ੍ਵੈ ਕਰਿ ਜਲ ਤੇ ਸਰਬੰਗ ॥੩੮॥
ਧ੍ਯਾਨ ਭਗਵਤੀ ਕੋ ਤਬਿ ਠਾਨਾ।
ਦੁਹਿਨ ਬਦਨ ਤੇ ਮੰਤ੍ਰ ਬਖਾਨਾ।
ਪਾਵਕ ਬਿਖੈ ਅਹੁਤਿ ਕਰਿ ਪਾਵਨ।
ਕੀਨਿ ਹੁਤਾਸਨ ਲਾਟ ਉਠਾਵਨਿ ॥੩੯॥
ਵਹਿਰ ਕੁੰਡ ਤੇ ਚਰੂ[1] ਨ ਪਰੈ।
ਬਿਧਿ ਸੋਂ ਗੁਰੂ ਪਾਇਬੋ ਕਰੈਂ।
ਹਮਨ ਸੁ ਲੱਛਨ ਹੋਵਤਿ ਜਯੋਂ ਜਯੋਂ।
ਬਿੱਪ੍ਰ ਅਨੰਦ ਧਰਤਿ ਹੈ ਤਯੋਂ ਤਯੋਂ ॥੪੦॥
ਪਠਨਿ ਮੰਤ੍ਰ ਕੋ ਨੇਮ ਜਿਤੇਕ।
ਬਿਧਿ ਸੋਂ ਹੋਮਤਿ ਪਠਯੋ ਤਿਤੇਕ।
ਬਹੁਰ ਉਠੇ ਪ੍ਰਭੁ ਪੁਰਿ ਕੋ ਆਏ।
ਮੰਗਲ ਮੋਦ ਹੋਤਿ ਸਮੁਦਾਏ ॥੪੧॥
ਅਲਪ ਅਹਾਰ ਕਰੈਂ ਪ੍ਰਭੁ ਤਬੈ।
ਅਲਪ ਬੋਲਿਬੋ ਸੁਨਿਬੋ ਸਬੈ।
ਨਿੰਦ੍ਰਾ ਅਲਪ, ਸੁ ਜਾਗਤਿ ਰਹੈਂ।
ਦੇਵੀ ਬਿਦਤਿਨਿ ਕੋ ਚਿਤ ਚਹੈਂ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਅਖੇਰ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

[1]ਅਹੁਤੀ ਦੇਣ ਵਾਸਤੇ ਤਿਆਰ ਕੀਤਾ ਅੰਨ [ਸੰਸ., ਚਰੁ]।

## ੯. [ਸ੍ਵਪਨ ਦਰਸ਼ਨ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਕਰਤੇ ਹਮਨ ਬਿਧਾਨ ਕੋ, ਬੀਤ ਗਏ ਪੰਚ ਮਾਸ।
ਸੌਂਜ ਹਜ਼ਾਰਹੁਂ ਮਣ ਪਰੀ, ਪਾਵਕ ਭਏ ਪ੍ਰਕਾਸ਼ ॥੧॥

ਚੌਪਈ:

ਮਾਸ ਅਸੌਜ ਸੁਕਲ ਪਖ ਆਯੋ।
ਨੌਮੀ ਦਜੋਸ ਅਨੰਦ ਉਪਾਯੋ।
ਸਰਬ ਠੌਰ ਤੇ ਪੂਜ ਬਡੇਰੀ[1]। — [1]ਸਾਰੇ ਥਾਂਵਾਂ ਤੇ (ਦੇਵੀ) ਬਹੁਤ ਪੂਜੀ ਦੀ ਹੈ।
ਹਮਨ ਸੁ ਮੰਤ੍ਰ ਕੀਨ ਬਹੁ ਬੇਰੀ ॥੨॥
ਪੰਚ ਪਹਿਰ ਕੌਂ, ਨਉ ਦਿਨ ਹੋਵਾ[1]। — [1]ਪੰਜ ਪਹਿਰ (ਰੋਜ਼ ਪੂਜਾ ਕਰਦਿਆਂ) ਨੌ ਦਿਨ ਹੋ ਗਏ ਸਨ (ਨੌਮੀ ਥਿਤ ਵਾਲੇ ਦਿਨ)।
ਨਿਸ ਮਹਿਂ ਦੇਵੀ ਦਰਸ਼ਨ ਜੋਵਾ।
ਸੁਪਨ ਬਿਖੇ ਮਿਲਿ ਕਰਿ ਜਗਮਾਈ।
ਨਿਜ ਆਵਨਿ ਕੋ ਦਿਯੋ ਬਤਾਈ ॥੩॥
'ਹੇ ਸੁਤ! ਹੋਮਹੁ ਮੰਤ੍ਰ ਸਮੇਤਾ।
ਧਰਹੁ ਧਜਾਨ ਮੁਝ ਆਵਨਿ ਹੇਤਾ।
ਸਮੋ ਹੋਇ ਦਰਸ਼ਨ ਕੋ ਜਬੈ।
ਏਕ ਵਾਰ ਆਵੌਂ ਚਲਿ ਤਬੈ ॥੪॥
ਸਫਲ ਮਨੋਰਥ ਕਰਹੁਂ ਤੁਹਾਰਾ।
ਦੈ ਹੋਂ ਬਰ ਜਿਮ ਰਿਦੈ ਮਝਾਰਾ।'
ਸੁਪਤਹਿਂ ਸਵਾ ਜਾਮ ਕੈ ਜਾਮੂ।
ਉਠੇ ਸ੍ਵਪਨ ਜਾਨਜੋ ਅਭਿਰਾਮੂ[1] ॥੫॥ — [1]ਸੁਤੇ ਹੋਏ ਸਵਾ ਪਹਿਰ ਰਾਤ ਰਹਿੰਦੀ ਉਠੇ, (ਉਸ) ਸੁਪਨੇ ਨੂੰ ਚੰਗਾ ਜਾਣਿਆ।
ਸੌਚ ਸ਼ਨਾਨੇ ਆਨੰਦ ਮਹਾਨਾ।
ਬਸਤ੍ਰ ਸ਼ਸਤ੍ਰ ਬੈਠੇ ਸਵਧਾਨਾ।
ਦਿਜਬਰ ਮਿਲਜੋ ਆਨਿ ਥਿਰ ਹੋਵਾ।
ਕਹਜੋ ਗੁਰੂ ਜਿਮ ਸੁਪਨਾ ਜੋਵਾ ॥੬॥
ਸੁਨਿ ਕਰਿ ਕੇਸ਼ਵਦਾਸ ਅਨੰਦਜੋ।
'ਜੈ ਜਗਦੰਬਾ' ਕਹਿ ਕਹਿ ਬੰਦਜੋ।
'ਸਫਲਹਿਗੀ ਸਭਿ ਕ੍ਰਿੱਤ ਹਮਾਰੀ।
ਜਿਸ ਦਿਨ ਦਰਸ ਲੇਹੁ ਇਕ ਬਾਰੀ ॥੭॥

ਸੁਨਹੁ ਗੁਰੂ ਜੀ! ਅਧ† ਕ੍ਰਿਤ[1] ਹੋਈ।
ਬਿਦਤਹਿ ਜਿਸ ਦਿਨ ਪੂਰਨ ਸੋਈ[1]।
ਨੇਮ ਸਮੇਤ ਹਮਨ ਕੋ ਕਰਹੁ।
ਧਜਾਨ ਜਥਾਵਤ ਨਿਤਪ੍ਰਤਿ ਧਰਹੁ ॥੮॥
ਪਠਿ ਪਠਿ ਮੰਤ੍ਰ ਹੋਮ ਹੁਇ ਜੇਤਾ।
ਕਾਰਜ ਬਨਜੋਂ ਜਾਨੀਐ ਤੇਤਾ।'
ਸੁਨਿ ਦਿਜ ਤੇ ਸਤਿਗੁਰੂ ਚਿਰਕਾਲਾ।
ਲਗੇ ਬੈਠਿਬੇ ਤਬਹਿ ਬਿਸਾਲਾ ॥੯॥
ਦ੍ਵਾਦਸ਼ ਜਾਮਹਿ ਕੋ ਇਕ ਆਸਨ[1]।
ਹੋਮ ਕਰਹਿਂ ਬਡ ਲਾਟ ਪ੍ਰਕਾਸ਼ਨਿ।
ਅੰਮ੍ਰਿਤ ਵੇਲੇ ਬੈਠਨਿ ਕਰੇ।
ਸੰਧਜਾ ਲਗਿ ਇਕ ਸਮ ਹੀ ਥਿਰੇ ॥੧੦॥
ਸਰਬ ਨਿਸਾ ਪੁਨ ਪਠਤੇ ਰਹੈਂ।
ਅਗਲੇ ਦਿਵਸ ਹਮਨ ਹੀ ਚਹੈ।
ਸੰਧਜਾ ਦੁਤੀ ਹੋਇ ਤਬ ਹਟੈਂ।
ਦ੍ਵਾਦਸ਼ ਪਹਿਰ ਮੰਤ੍ਰ ਹੀ ਰਟੈਂ† ॥੧੧॥
ਤਬਿ ਕਿਛ ਖਾਨ ਪਾਨ ਕੋ ਕਰੈਂ।
ਨਿੰਦ੍ਰਾ ਅਲਪ ਭੂਮ ਪਰ ਥਿਰੈਂ।
ਚਤੁਰ ਪਹਿਰ ਬਿਸਰਾਮ ਕਰੰਤੇ।
ਅੰਮ੍ਰਿਤ ਵੇਲੇ ਉਠਤਿ ਪਠੰਤੇ ॥੧੨॥
ਤਿਮ ਹੀ ਹਮਨ ਅਗਨਿ ਮਧ ਕਰੈਂ।
ਚਰੂ ਸੁ ਕਰ ਪੰਕਜ ਮਹੁਂ ਧਰੈਂ[1]।
ਦ੍ਵਾਦਸ਼ ਪਹਿਰ ਹੋਮ ਆਰੰਭਾ।
ਸਕਲ ਬਿਲੋਕਤਿ ਭਏ ਅਚੰਭਾ ॥੧੩॥

[1]ਅੱਧੀ ਕਾਰ। † ਪਾ:-ਅਬ।
[1]ਜਿਸ ਦਿਨ ਪ੍ਰਗਟੇਗੀ ਉਸ ਦਿਨ ਪੂਰੀ ਹੋਵੇਗੀ।
[1]ਬਾਰਾਂ ਪਹਿਰ ਦਾ ਇਕ ਆਸਨ।
†੧੨ ਪਹਿਰ ਯਾ ੩੬ ਘੰਟੇ ਦਾ ਇਕ ਆਸਨ, ਬਿਨਾ ਨਿੰਦ੍ਰਾ ਤੇ ਅੰਨ ਜਲ ਦੇ ਹੋ ਸਕਣਾ ਗੁਰੂ ਜੀ ਲਈ ਮੁਮਕਿਨ ਤਾਂ ਹੈ ਪਰ ਅਤਯੰਤ ਕਸ਼ਟ ਵਾਲਾ ਹੈ। ਅੱਗ ਦੇ ਸਾਹਮਣੇ ਬੈਠਣਾ, ਸਹਿਜਾਨੰਦ ਵਿਚ ਰਹਿਣ ਵਾਲੇ ਰਾਜ ਜੋਗ ਵਾਲੇ ਅਵਤਾਰ, ਜਨਮ ਤੋਂ ਸਿੱਧੀਆਂ ਦੀ ਪ੍ਰਾਪਤੀ ਵਾਲੇ ਕਿਵੇਂ ਇੰਨੇ ਕਸ਼ਟ ਵਿਚ ਨਿਜ ਨੂੰ ਪਾ ਸਕਦੇ ਹਨ? ਕਵੀ ਜੀ ਪੰਡਤ ਜੀ ਦਾ ੩੬ ਘੰਟੇ ਨਾਲ ਬੈਠਣਾ ਨਹੀਂ ਦੱਸ ਰਹੇ।
[1]ਹੱਥ ਕਵਲ ਵਿਚ ਧਾਰਦੇ ਹਨ ਚਰੂ।

ਮਹਾਂ ਉੱਗ੍ਰ ਤਪ ਤਾਪਨ ਕਰਿਹੀਂ।
ਰੈਨ ਦਿਨਾ ਮਨ ਧਜਾਨ ਸੁ ਧਰਿਹੀਂ।
ਚਤਰਭੁਜੀ ਮਹਿਂ ਬ੍ਰਿਤਿ ਠਹਿਰਾਈ।
ਭੇ ਇਕ ਰੂਪ ਨ ਅੰਤਰ ਰਾਈ ॥੧੪॥
ਕੇਤਿਕ ਦਿਨ ਇਸ ਬਿਧਿ ਕੋ ਕਰਿ ਕੈ।
ਕਰਤਿ ਪ੍ਰਸੰਨ ਚੰਡਿ ਹਿਤ ਧਰਿ ਕੈ।
ਪੁਨ ਗੁਰ ਅਪਰ ਨੇਮ ਕੋ ਲਾਗੇ।
ਸਵਾ ਜਾਮ ਜਾਮਨਿ ਤੇ ਜਾਗੇ ॥੧੫॥
ਦ੍ਵੈ ਘਟਿਕਾ ਮਹਿਂ ਸੌਚ ਸ਼ਨਾਨੈ।
ਜਾਮ ਰਹੀ ਤੇ ਹੋਮਨਿ ਠਾਨੈਂ।
ਸਵਾਜਾਮ ਦਿਨ ਆਵਹਿ ਜਾਵਦ।
ਬੈਠੇ ਰਹੈਂ ਏਕ ਰਸ ਤਾਵਦ ॥੧੬॥
ਗਿਰ ਪਰ ਹੀ ਬਾਸਾ ਬਹੁ ਕਰੇਂ।
ਆਇਂ ਕਦਾਚਿਤ ਆਨੰਦਪੁਰੇ।
ਪੂਰਬ ਦੇਸ਼ ਆਦਿ ਬੰਗਾਲਾ।
ਉਤ ਕੀ ਸੰਗਤਿ ਮੇਲ ਬਿਸਾਲਾ ॥੧੭॥
ਬ੍ਰਹਮਪੁੱਤ੍ਰ ਲਗਿ ਢਾਕਾ ਆਦਿ।
ਪਟਣਾ ਅਰੁ ਮਖਸੂਦਾਵਾਦ।
ਦਰਸ਼ਨ ਹੇਤੁ ਅਨੰਦਪੁਰਿ ਆਏ।
ਅਨਿਕ ਅਕੋਰਨਿ ਅਰਪਨਿ ਲਜਾਏ ॥੧੮॥
ਆਨਿ ਅਨੰਦਪੁਰਿ ਡੇਰਾ ਕੀਨਾ।
ਸਿੱਖ ਹਜ਼ਾਰਹੁੰ ਬਡੇ ਪ੍ਰਬੀਨਾ।
ਸੁਨਜੋਂ ਸਭਿਨਿ 'ਸਤਿਗੁਰ ਗਿਰ ਪਰ ਹੈਂ।
ਜਗਦੰਬਾ ਕੋ ਪੂਜਨਿ ਕਰਿਹੈਂ' ॥੧੯॥
ਲਯੋ ਮਸੰਦ ਸੰਗ ਤਬਿ ਸੰਗਤਿ।
ਦਰਸ਼ਨ ਚਹੈਂ ਪ੍ਰੇਮ ਮਨ ਰੰਗਤਿ।
ਗਏ ਸਕਲ ਚਲਿ ਕੈ ਤਿਸ ਥਾਨਾ।
ਜਹਾਂ ਬਿਰਾਜਤਿ ਕ੍ਰਿਪਾ ਨਿਧਾਨਾ

॥੨੦॥
ਮੰਤ੍ਰ ਪਾਠ ਕਰਿ ਲੀਨਿ ਹਮਨ ਜਬਿ।
ਉਠੇ ਭਵਨ ਤੇ ਆਨਿ ਪ੍ਰਭੁ ਤਬਿ।
ਨਾਨਾ ਚਿੱਤ੍ਰਤਿ ਫਰਸ਼ ਮਹਾਨਾ।
ਬੈਠਿ ਬਿਰਾਜਤਿ ਭੇ ਤਿਸ ਥਾਨਾ
॥੨੧॥
ਹੁਕਮ ਭਯੋ 'ਸੰਗਤਿ ਅਬਿ ਆਵੈ।
ਮਾਨੋ ਕਾਮਨਾ ਦਰਸ਼ਨ ਪਾਵੈ।'
ਜਾਇ ਮੇਵਰੇ ਤੁਰਤ ਹਕਾਰੇ।
ਸਹਿਤ ਮਸੰਦਨ ਸਿੱਖ ਹਜ਼ਾਰੇ ॥੨੨॥
ਹਰਖਤਿ ਹੁਇ ਕਰਿ ਅਨਿਕ ਅਕੋਰ।
ਆਏ ਸ਼ੀਘ੍ਰ ਦਰਸ਼ ਕੀ ਲੋਰ।
ਜੋਰਿ ਜੋਰਿ ਕਰ, ਪਗ ਸਿਰ ਧਰਿ ਧਰਿ।
ਅਰਪਹਿਂ ਅੱਗ੍ਰ ਬੇਨਤੀ ਕਰਿ ਕਰਿ
॥੨੩॥
ਇਕ ਮਾਲੀ ਪਟਨੇ ਬਸ ਕੀਨ[1]।
ਬੰਦਤਿ ਚਰਨ ਦਰਸ ਕੋ ਕੀਨਿ।
ਤਿਸ ਕੋ ਦੇਖਤਿ ਪ੍ਰਭੁ ਬਖਾਨਾ।
'ਕਯਾ ਤੁਵ ਨਿਕਟ ਭੇਟ ਹਿਤ ਆਨਾ?'
॥੨੪॥
'ਮਹਾਰਾਜ ਮੈਂ ਬਾਗ ਲਗਾਯੋ।
ਹਿਤ ਰਾਵਰ ਕੇ ਤਰੁਵਰ ਲਜਾਯੋ।
ਉੱਤਮ ਬਡ ਰਸਾਲ ਕੋ ਅਹੈ।
ਲਗਹਿ ਤਹਾਂ ਜਿਹਠਾਂ ਪ੍ਰਭੁ ਕਹੈਂ'
॥੨੫॥
ਸੁਨਿ ਸਤਿਗੁਰ ਨਿਜ ਧਨੁਖ ਸੰਭਾਰਾ।
ਖੈਂਚਤਿ ਤਬਹਿ ਬਾਨ ਕੋ ਮਾਰਾ।
ਸਵਾ ਕੋਸ ਪਰ ਉਤਰਯੋ ਜਾਈ।
ਤਿਤ ਦਿਸ਼ਿ ਤਿਸ ਕੋ ਦੀਨਿ ਬਤਾਈ
॥੨੬॥
ਸੇਵਕ ਲੇ ਕਰਿ ਸੰਗ ਸਿਧਾਏ।
ਗਡਯੋ ਤੀਰ ਜਹਿਂ ਬਾਨ ਦਿਖਾਏ।

[1]ਦਾ ਵੱਸਣ ਵਾਲਾ।

ਤਹਾਂ ਅਰੋਪਨਿ ਕੀਨਸਿ ਮਾਲੀ।
ਪ੍ਰਤਿਪਾਲਾ ਪੁਨ ਭਈ ਬਿਸਾਲੀ
॥੨੭॥
ਅਬਿ ਲੌ ਖਰਜੋ ਸੁਨਜੋ ਹਮ ਜੋਇ।
ਨਹਿਂ ਲੋਚਨ ਤੇ ਦੇਖਜੋ ਸੋਇ।
ਸਭਿ ਸੰਗਤਿ ਕੋ ਖੁਸ਼ੀ ਬਿਸਾਲਾ।
ਸਤਿਗੁਰ ਕਰਤਿ ਭਏ ਤਿਸ ਕਾਲਾ
॥੨੮॥
ਜਥਾਜੋਗ ਦੈ ਦੈ ਸਿਰੁਪਾਊ।
ਪੁਰਹਿਂ ਕਾਮਨਾ ਭਏ ਬਿਦਾਊ।
ਹੋਇ ਨਿਹਾਲ ਸੁਜਸੁ ਕੋ ਕਰਿਤੇ।
ਦੂਣ ਚਊਣ ਭਾਉ ਕੋ ਧਰਿਤੇ ॥੨੯॥
ਅਧਿਕ ਅਨੰਦਤਿ ਸਦਨ ਸਿਧਾਰੇ।
ਜਹਿਂ ਕਹਿਂ ਗੁਰੂ ਬ੍ਰਿਤੰਤ ਉਚਾਰੇ।
'ਰਾਖਹਿਂ ਪੈਜ ਹਿੰਦੂਅਨਿ ਕੇਰੀ।
ਤੁਰਕ ਰਾਜ ਕੀ ਜਰਾਂ ਉਖੇਰੀ ॥੩੦॥
ਕਠਨ ਅਧਿਕ ਤਪ ਤਨ ਮਹਿਂ ਧਾਰਜੋ।
ਨਿੰਦਰਾ ਅਸਨ ਅਲਪ ਨਿਰਧਾਰਜੋ।'
ਬ੍ਰਹਮ ਪੁੱਤ੍ਰ ਲਗਿ ਇਹੀ ਪ੍ਰਸੰਗਾ।
ਉਚਰਤਿ ਗਮਨੇ ਲੋਕ ਨਿਸੰਗਾ ॥੩੧॥
ਇਤ ਸਤਿਗੁਰ ਨਿਤ ਪਾਠ ਕਰੰਤੇ।
ਡਾਰਿ ਅਹੂਤੀ 'ਜੈ' ਉਚਰੰਤੇ।
ਪਾਨੀ ਪੀਵਨ ਅਸਨ ਅਚਨ ਕੋ।
ਸੰਜਮ ਬਿਖਮ[1] ਰੋਕ ਰਖਿ ਮਨ ਕੋ
॥੩੨॥
ਘਾਮ ਸੀਤ ਝਾਲਹਿਂ ਬਹੁ ਤਨ ਪਰ।
ਨਾਨਾ ਭਾਂਤਿਨ ਕੇ ਸੁਖ ਪਰਹਰਿ।
ਭੁਖ ਪਜਾਸ ਤੇ ਡੋਲਤਿ ਨਾਂਹੀ।
ਭਏ ਜਿਤੇਂਦ੍ਰੀ ਏਕੋ ਚਾਹੀ ॥੩੩॥
ਗਿਰ ਪਰ ਬਾਸਾ ਕਰਹਿਂ ਘਨੇਰੇ।
ਇਕ ਲਿਵਲਾਗੀ ਵਧਹਿਂ ਵਧੇਰੇ।
ਸੁਰਤਿ ਸੰਕੋਚਿ, ਦ੍ਵਾਰ ਦਸ ਸ੍ਵਾਸ।

[1]ਕਠਨ ਸੰਜਮ ਕਰਦੇ ਹਨ।

ਕਰਹਿ ਟਿਕਾਵਨਿ[1] ਧ੍ਯਾਨ ਪ੍ਰਕਾਸ਼ ॥੩੪॥ — [1]ਦਸਵੇਂ ਦੁਆਰ ਸੁਆਸ ਟਿਕਾਉਂਦੇ ਹਨ।

ਏਕ ਰੂਪ ਹੁਇ ਅੰਤਰ ਹਰ੍ਯੋ[1]। — [1]ਭੇਦ ਦੂਰ ਕੀਤਾ।
ਸੁਰਨਿ ਬਿਖੈ ਖਰਭਰ ਤਬਿ ਪਰ੍ਯੋ।
ਸ਼ਕਤਿ ਇੰਦ੍ਰਾਣੀ ਆਦਿਕ ਜੇਈ।
ਆਇ ਅਗਾਰੀ ਥਿਰ ਹ੍ਵੈ ਤੇਈ ॥੩੫॥

ਨਿਜ ਪ੍ਰਭਾਵ ਕੋ ਕਰਤਿ ਬਖਾਨੀ।
'ਹਮਰੋ ਦਰਸ ਦੁਲਭ ਲਿਹੁ ਮਾਨੀ।'
ਧਨਦ[1] ਸ਼ਕਤਿ ਨਿਜ ਕਹੈਂ ਪ੍ਰਭਾਊ। — [1]ਕੁਬੇਰ ਦੀ।
'ਨਵ ਨਿੱਧਨ ਹਮ ਤੇ ਲਿਹੁ ਪਾਊ' ॥੩੬॥

ਸਿੱਧ ਅਸ਼ਟ ਦਸ਼ ਕਰਹਿਂ ਉਚਾਰੀ।
'ਕ੍ਯੋਂ ਤੁਮ ਤਾਪ ਤਪਹੁ ਤਨ ਭਾਰੀ।
ਹਮ ਸਗਰੀ ਰਾਵਰਿ ਅਨੁਸਾਰੀ।
ਚਹਹੁ ਸੁ ਕਰਹਿਂ ਨ ਲਾਗ ਅਵਾਰੀ' ॥੩੮॥

ਕੌਨ ਕੌਨ ਗਿਨੀਅਹਿ ਸਭਿ ਆਈ।
ਤਿਨ ਦਿਸ਼ਿ ਨਹਿਂ ਗੁਰ ਦ੍ਰਿਸ਼ਟਿ ਚਲਾਈ।
ਮਨ ਅਡੋਲ ਰਾਖ੍ਯੋ ਤਿਸ ਬੇਰਾ।
ਚਲੇ ਪੌਨ[1] ਜਿਮ ਅਚਲ ਸੁਮੇਰਾ ॥੩੭॥ — [1]ਪੌਣ ਚੱਲਣ ਨਾਲ।

ਜੋ ਪ੍ਰਮੇਸ਼ੁਰੀ[1] ਆਦਿ ਸ਼ਕਤਿ ਹੈ। — [1]ਮਹਾਂ ਮਾਇਆ।
ਤਿਸੀ ਧ੍ਯਾਨ ਮਹਿਂ† ਚਿਤ ਅਸ਼ਕਤ ਹੈ[1]। — [1]ਮਗਨ, ਤਦਾਕਾਰ। †ਪਾ:-ਤਿਸ ਮਹਿਂ ਨਿਸ ਦਿਨ
ਜਿਸਹਿ ਅਰਾਧਹਿਂ ਸ਼ਿਵ, ਬਿਧਿ, ਬਿਸ਼ਨੁ।
ਬਰਨ[1], ਕੁਬੇਰ, ਸੂਰ, ਸਸਿ, ਜਿਸ਼ਨੁ[2] ॥੩੯॥ — [1]ਵਰੁਣ। [2]ਇੰਦ੍ਰ।

ਸਭਿ ਸੁਰ ਰੱਛਕ, ਭੱਛਕ ਦੁਸ਼ਟਨਿ।
ਜਨ ਕੇ ਸੁਖਦਾ, ਕਟਹਿਂ ਅਰਿਸ਼ਟਨਿ[1]। — [1]ਉਪੱਦ੍ਰਵ, ਕਸ਼ਟ, ਬਿਪਤਾ।

ਸ਼ੇਖ਼ਸ਼ਾਇੰ ਮਹਿੰ ਜੋ ਲੈ ਭਈ[1]। — [1]ਸ਼ੇਸ਼ਨਾਗ ਪਰ ਸੈਨ ਵਾਲੇ (= ਵਿਸ਼ਨੂੰ) ਵਿੱਚ ਜੋ ਲੀਨ ਹੋਈ।

ਬਿਧਿ[1] ਕੀ ਰੱਛਜਾ ਹਿਤ ਨਿਕਸਈ ॥੪੦॥ — [1]ਬ੍ਰਹਮਾ।

ਮਧੁਕੈਟਭ ਕੀ ਮਰਦਨ ਕਰਤਾ।
ਪੁਨ ਮਹਿਖਾਸੁਰ ਕੀ ਰਣ ਦਰਤਾ।
ਧੂੰਮ੍ਰਨੈਣ ਕੀ ਪ੍ਰਾਨਨਿ ਹਰਤਾ।
ਚੰਡਮੁੰਡ[1] ਕੀ ਓਜ ਨਿਵਰਤਾ[2] ॥੪੧॥ — [1]ਨਾਮ ਦੋ ਦੈਂਤਾਂ ਦਾ। [2]ਬਲ ਨਾਸ਼ ਕਰਨ ਵਾਲੀ।

ਸ਼ੁੰਭ ਨਿਸ਼ੁੰਭ ਸੰਘਾਰਨ ਕਾਲੀ।
ਨਾਸੇ ਅਨਗਨ ਦੁਸ਼ਟ ਕੁਚਾਲੀ।
†ਜਗ ਕਰਤਾ ਪ੍ਰਿਤਪਾਲ ਬਿਸਾਲੀ।

†ਹੁਣ ਇਥੋਂ ਦੇਵੀ ਨੂੰ ਅਕਾਲ ਪੁਰਖ ਦੇ ਲੱਛਣ ਦਿੱਤੇ ਜਾ ਰਹੇ ਹਨ:-ਜਗਤ ਕਰਤਾ, ਪ੍ਰਤਿਪਾਲਕ, ਸੰਘਾਰਨ ਵਾਲੀ, ਆਦਿ ਅੰਤ ਤੋਂ ਰਹਿਤ ਭਾਵ ਬੇਅੰਤ, ਪਾਰ ਤੋਂ ਰਹਿਤ ਭਾਵ ਅਪਾਰ, ਪਰਮ ਜਯੋਤੀ ਸਰੂਪ ਦੀ ਜਯੋਤ ਰੂਪ ਭਾਵ ਪ੍ਰਕਾਸ਼ ਰੂਪ। ਜਯੋਤ ਕਦੇ ਜਯੋਤੀ ਸਰੂਪ ਤੋਂ ਵੱਖਰੀ ਸ਼ਖਸੀਅਤ ਨਹੀਂ ਰੱਖਦੀ, ਸੂਰਜ ਤੇ ਧੁੱਪ ਦੋ ਸ਼ਖ਼ਸੀਅਤਾਂ ਨਹੀਂ ਹਨ। ਫਿਰ ਜਿਸਨੂੰ ਅਪਾਰ ਤੇ ਬੇਅੰਤ ਕਿਹਾ ਹੈ ਉਹ ਇਕੋ ਹੋ ਸਕਦਾ ਹੈ, ਦੋ ਨੂੰ ਅਪਾਰ ਤੇ ਬੇਅੰਤ ਕਹਿਣਾ ਦੋਹਾਂ ਨੂੰ ਪਾਰ ਵਾਲੇ ਤੇ ਅੰਤ ਵਾਲੇ ਕਹਿਣ ਤੁਲ ਹੈ। ਇਸ ਲਈ ਜੇ ਦੇਵੀ ਤੇ ਅਕਾਲ ਪੁਰਖ ਦੁਇ ਅਪਾਰ ਤੇ ਬੇਅੰਤ ਹਨ ਤਾਂ ਇੱਕੋ ਵਜੂਦ ਹੈ ਦੋ ਨਹੀਂ। ਜੇ ਦੋ ਹਨ ਤਾਂ ਦੋਵੇਂ ਅਪਾਰ ਤੇ ਬੇਅੰਤ ਨਹੀਂ ਹੋ ਸਕਦੇ, ਦੇਵੀ ਫਿਰ ਬ੍ਰਹਮਾ ਬਿਸ਼ਨੁ ਮਹੇਸ਼ ਵਾਂਙੂ ਇਕ ਰਚੀ ਹੋਈ ਸ਼ਖਸੀਅਤ ਕਲਪਣੀ ਪਊ।

ਸਭਿ ਸੰਘਾਰਨਿ ਪ੍ਰਲੈ ਕਰਾਲੀ[1] ॥੪੨॥ — [1]ਭਯਾਨਕ ਪ੍ਰਲੈ ਕਰਨੇ ਵਾਲੀ।

ਜਿਸ ਕੋ ਆਦਿ ਨ ਅੰਤ ਕਦਾਈ।
ਕਿਸ ਤੇ ਪਾਰ ਨ ਪਾਯੋ ਜਾਈ।
ਪਰਮ ਜੋਤਿ ਕੀ ਜੋਤਿ ਮਹਾਨੀ†। — †ਦੇਖੋ ਉਪਰ ਵਾਲੀ ਟੂਕ।

ਸਿਮਰੇ ਜਹਾਂ ਕਹਾਂ ਬਰ ਦਾਨੀ ॥੪੩॥
ਤਾਂਹਿ ਅਰਾਧਨਿ ਤਤਪਰ ਹੋਇ।
ਤਪਹਿੰ ਤਪਨਿ, ਜਾਵਦ ਨਹਿੰ ਜੋਇ[1]। — [1]ਜਦ ਤਕ ਨਹੀਂ ਦੇਖਦੇ (ਦਰਸ਼ਨ)।

ਧਜਾਨ ਪਰਾਯਨ ਕਰਨਿ ਪ੍ਰਤੱਛ[1]। — [1]ਪ੍ਰਤੱਖ ਕਰਨ ਦੇ ਧਿਆਨ ਪਰਾਇਣ ਹੋਏ।

ਦਰਸ ਬਿਲੋਚਨ ਗੋਚਰ ਸ੍ਵੱਛ[1] ॥੪੪॥ — [1]ਪਵਿੱਤ੍ਰ ਦਰਸ ਨੂੰ ਨੇਤ੍ਰਾਂ ਨਾਲ ਕਰਿਆ ਚਾਹੁੰਦੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਦੇਵੀ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

## ੧੦. [ਪ੍ਰਗਟ ਹੋਣ ਦੇ ਚਿੰਨ੍ਹ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਮੰਤ੍ਰ ਪਢਤਿ ਕਰਤੇ ਹਮਨ, ਕਰਤਿ ਧਜਾਨ ਦਿਨ ਰੈਨ।
ਕਰਨਿ ਪ੍ਰਸ਼ੰਸ਼ਾ, ਗੁਨ ਕਥਨਿ, ਕਰਹਿਂ ਸੁਨੈ ਨਹਿਂ ਬੈਨ ॥੧॥

ਚੌਪਈ:

ਕਰਤਿ ਸੁ ਬਿਧਿ ਪ੍ਰਯੋਗ[1] ਗੁਰ ਪੂਰੇ।
ਸਰਬ ਪ੍ਰਕਾਰ ਤਪੇ ਤਪ ਰੂਰੇ।
ਬੀਤ ਗਏ ਨਉ ਮਾਸ ਕਰੰਤੇ।
ਦਸਵੇਂ ਬਿਖੈ ਅਧਿਕ ਥਿਤਵੰਤੇ[1] ॥੨॥

[1]ਵਿਧੀ ਸਹਿਤ ਪ੍ਰਯੋਗ।

[1]ਬਹੁਤ ਬੈਠਣ ਲਗੇ।

ਫਾਗਨ ਮਾਸ ਤਥਾ ਬਿਧਿ ਕਰੈਂ।
ਹੋਮਤਿ ਚਰੁ ਮੰਤ੍ਰ ਕੋ ਰਰੈਂ।
ਨਿਸ ਦਿਨ ਬਾਸ ਸੈਲ ਪਰ ਕੈ ਕੈ।
ਖਾਨ ਪਾਨ ਕੋ ਸੰਜਮ ਪੈ ਕੈ[1] ॥੩॥

[1]ਖਾਨ ਪਾਨ ਸੰਜਮ ਦਾ ਪਾਕੇ।

ਜਾਗਤਿ ਰਹੈਂ ਨੀਂਦ ਤਜਿ ਦੀਨੀ।
ਏਕ ਅਰਾਧਨ ਪਰ ਮਤਿ ਭੀਨੀ।
ਉਸਤਤਿ ਕਰਤਿ ਅਨੇਕ ਪ੍ਰਕਾਰਾ।
ਬ੍ਰਹਮ ਕਵਚ[1] ਕੋ ਜਾਪ ਉਚਾਰਾ ॥੪॥

[1]ਦੁਰਗਾ ਤੇ ਨਾਵਾਂ ਦਾ ਮੰਤ੍ਰ। ਕਹਿੰਦੇ ਹਨ ਕਿ ਇਹ ਬ੍ਰਹਮਾਂ ਨੇ ਮਾਰਕੰਡੇ ਨੂੰ ਦੱਸਿਆ ਸੀ। ਇਹ ਅੰਗਾਂ ਦੀ ਰੱਖਿਆ ਕਰਨ ਵਾਸਤੇ ਹੈ। ਤੰਤ੍ਰ ਸ਼ਾਸਤ੍ਰਾਂ ਵਿਚ ਸਰੀਰ ਦੇ ਅੱਡ ਅੱਡ ਅੰਗਾਂ ਦੀ ਰੱਖਿਆ ਵਾਸਤੇ ਅੱਡ ਅੱਡ ਮੰਤ੍ਰ ਪੜ੍ਹੇ ਜਾਂਦੇ ਹਨ, ਜਿਨ੍ਹਾਂ ਨੂੰ ਕਵਚ ਆਖਦੇ ਹਨ।

ਚੰਡੀ ਪਾਠ ਜਪਹਿਂ ਬਹੁ ਬਾਰੀ।
ਨਾਮ ਹਜ਼ਾਰਹੁਂ ਕਰਹਿਂ ਉਚਾਰੀ।
ਛੰਦ ਅਚਕੜੇ ਗ੍ਰੰਥ ਮਝਾਰਾ[1]।
ਆਦਿ ਮੋਹਿਨੀ ਛੰਦ ਉਚਾਰਾ ॥੫॥

[1]ਪਾਰਸ ਨਾਥ ਗ੍ਰੰਥ ਵਲ ਇਸ਼ਾਰਾ ਹੈ ਜਿੱਥੇ ਅਚਕੜੇ ਛੰਦ ਵਿਚ ਦੇਵੀ ਦੇ ਨਾਮ ਆਏ ਹਨ। ਅਚਕੜਾ ਇਕ ਛੰਦ ਦਾ ਨਾਮ ਹੈ ਜਿਸ ਵਿਚ ਚਾਰ ਰਗਣ ਇਕ ਤੁਕ ਵਿਚ ਹੁੰਦੇ ਹਨ (SIS SIS SIS SIS) ਯਥਾ:- ਭੈਰਵੀ ਭੈਹਰੀ ਭੂਚਰਾ ਭਾਵਨੀ ॥ ਤ੍ਰਿੱਕਟਾ ਚਰਪਟਾ ਚਾਵਡਾ ਮਾਨਵੀ। ਜੋਬਨਾ ਜੈਕਰੀ ਜੰਭਰੀ ਜਾਲਪਾ ॥ ਤੋਤਲਾ ਤੁੰਦਲਾ ਦੰਤਲੀ ਕਾਲਕਾ [ਪਾਰਸ ਨਾਥ ੬੯ ॥ ]

ਤਿਨ ਮਹਿਂ ਭਨਹਿਂ ਨਾਮ ਜੇ ਬ੍ਰਿੰਦਾ।
ਗੁਰ ਕਵਿਤਾ ਮਹਿਂ ਬਨੇ ਬਿਲੰਦਾ।
ਸੋ ਸਭਿ ਨਾਮ ਰਟਹਿਂ ਬਹੁ ਬਾਰੀ।

ਨਮੋ ਕਰਨਿ ਤਿਨ ਸੰਗ ਉਚਾਰੀ ॥੬॥
ਜਾਨੀ ਪਰੀ ਬਿਦਤ ਅਬਿ ਹੁਇ ਹੈ।
ਸਫਲ ਕਰੇਗੀ ਕ੍ਰਿਤ ਸਭਿ ਕੁਇ ਹੈ[1]।
ਇਮ ਹੀ ਫਾਗਣ ਮਾਸ ਬਿਤਾਯੋ।
ਚਢ੍ਯੋ ਚੇਤ ਸੁੰਦਰ ਦਰਸਾਯੋ ॥੭॥
ਕੁਸਮਤਿ[1] ਕਾਨਨ ਭੇ ਸਭਿ ਥਾਈਂ।
ਭੌਰ ਗੁੰਜਾਰਤਿ ਹੈਂ ਸਮੁਦਾਈ।
ਫੂਲ ਪ੍ਰਫੁੱਲਜਤਿ ਬਰਨ ਬਰਨ ਕੇ।
ਭਾਸਤਿ ਚਾਰੁ[1] ਅਕਾਰ ਤਰਨਿ ਕੇ[2] ॥੮॥
ਉਚੇ ਗਿਰ ਕੇ ਸ਼ਿਖਰ ਸਥਿਰ ਹੈਂ।
ਅਵਿਲੋਕਤਿ ਤਰੁਵਰ ਤਰ ਤਰ ਹੈਂ[1]।
ਮਾਸ ਇਕਾਦਸ਼ਮੋ ਤਬਿ ਆਯੋ।
ਚਾਹਤਿ ਸ਼੍ਰੀ ਚੰਡੀ ਬਿਦਤਾਯੋ ॥੯॥
ਹਮਨ ਕਰਿਨਿ ਲਾਗੇ ਪੁਨ ਘਨੋ।
ਮੇਵਾ ਅਧਿਕ ਘ੍ਰਿੱਤ ਕੇ ਸਨੋ।
ਸਗਨ ਹੋਨਿ ਲਾਗੇ ਸ਼ੁਭ ਸਾਰੇ।
ਲਾਟ ਦਾਹਨੀ ਦਿਸ਼ਾ ਉਸਾਰੇ[1] ॥੧੦॥
ਆਹੁਤਿ ਜੋ ਕਰ ਕਮਲ ਮਝਾਰੇ।
ਸਮੁਖ ਆਇ ਹਿਤ ਲੇਨਿ ਅਹਾਰੇ[1]।
ਇੱਤਯਾਦਿਕ ਪਿਖਿ ਬਿੱਪ੍ਰ ਪ੍ਰਬੀਨੋ।
-ਹੁਇ ਹੈ ਬਿਦਤ- ਰਿਦੈ ਇਮ ਚੀਨੋ ॥੧੧॥
ਪ੍ਰਭੁ ਸੋਂ ਕਰੀ ਜਨਾਵਨ ਸੋਈ।
'ਕਾਜ ਸਿੱਧ ਭਾ ਬਿਲਮ ਨ ਕੋਈ।
ਆਪ ਸੁਚੇਤ ਬਨਹੁ ਸਭਿ ਭਾਂਤੀ।
ਬਿਦਤਹਿ ਮਾਸ ਦਿਵਸ ਕੈ ਰਾਤੀ ॥੧੨॥
ਅੱਗ੍ਰ ਥਿਰਹੁ ਧੀਰਜ ਉਰ ਧਰਨੀ।
ਹਾਥਨਿ ਜੋਰਿ ਪ੍ਰਸ਼ੰਸ਼ਾ ਕਰਨੀ।
ਬਰ ਜਾਚਹੁ ਜਬਿ ਮਾਤਾ ਕਹੈ।

[1]ਸਾਰੀ ਕ੍ਰਿਤ ਨੂੰ ਸਫ਼ਲ ਕਰੇਗੀ।

[1]ਭਾਵ ਫੁੱਲ ਖਿੜ ਪਏ।

[1]ਸੁਹਣੇ। [2]ਸੂਰਜ ਦੀ ਸ਼ਕਲ ਦੇ। (ਅ) ਬ੍ਰਿਛਾਂ ਦੇ ਨਜ਼ਾਰੇ।

[1]ਦੇਖਦੇ ਹਨ ਬ੍ਰਿੱਛਾਂ ਨੂੰ (ਜੋ) ਹੇਠਾਂ (ਵਲ ਨੂੰ) ਬਹੁਤੇ (ਨਜ਼ਰ ਪੈਂਦੇ ਹਨ)।

[1]ਨਿਕਲਣ ਲਗੀ।

[1]ਲਾਟ ਆਪ) ਸਾਹਮਣੇ ਆਕੇ ਲੈਂਦੀ ਹੈ।

ਕਰੋ ਮਨੋਰਥ ਜੋ ਅਬਿ ਅਹੈ ॥੧੩॥
ਅਰਪਨ ਕਰਹੁ ਭੇਟ ਜੋ ਤਬੈ।
ਤਜਾਰੀ ਕਰਿ ਰਾਖਹੁ ਅਬਿ ਸਬੈ।'
ਸੁਨਿ ਸਤਿਗੁਰੂ ਅਨੰਦ ਉਪਾਯੋ।
ਪੁਨ ਕੇਸ਼ਵ ਕੋ ਬਾਕ ਸੁਨਾਯੋ ॥੧੪॥
'ਤੁਮ ਹੀ ਹੋ ਇਕ ਓਟ ਹਮਾਰੀ[†]।

[†]ਇਹ ਵਾਕ ਗੁਰੂ ਜੀ ਕਦ ਕਹਿ ਸਕਦੇ ਹਨ ਜਿਨ੍ਹਾਂ ਨੇ ਕਿਹਾ ਹੈ:- "ਪਾਇੰ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਿਓ।" ਪਿੱਛੇ ਕਵੀ ਜੀ ਕਹਿ ਆਏ ਹਨ ਕਿ ਸਾਰਦਾ ਆਦਿ ਗੁਰੂ ਕੇ ਦਾਸ ਹਨ। ਦੇਖੋ ਰੁਤ ੨ ਅੰਸੂ ੩੪ ਅੰਕ ੬ ਤੇ ੭। ਤਦ ਇਕ ਜੀਵ ਨੂੰ ਕਦ ਆਪਣਾ ਆਸਰਾ ਕਹਿ ਸਕਦੇ ਹਨ। ਕੇਸ਼ਵ ਦਾਸ ਉਨ੍ਹਾਂ ਨੂੰ ਅਵਿਤਾਰ ਤੇ ਵਾਹਿਗੁਰੂ ਦਾ ਪੁੱਤ੍ਰ ਮੰਨ ਆਇਆ ਹੈ। (ਦੇਖੋ ਏਸੇ ਰੁਤ ਦਾ ਅੰਸੂ ੮ ਅੰਕ ੨੪ ਤੋਂ ੨੬)। ਫਿਰ ਕੇਸ਼ਵਦਾਸ ਨੇ ਕੀਹ ਖਾਸ ਗਲ ਕੀਤੀ ਹੈ ਉਹ ਗਲ ਕੋਈ ਨਹੀਂ ਆਈ। ਉੱਗ੍ਰ ਤਪ ਸੰਜਮ ਖਰਚ ਸਭ ਆਪ ਕਰ ਰਹੇ ਹਨ, ਕਿਹੜੀ ਗੱਲੇ ਐਡੀ ਵਡਿਆਈ ਦਾ ਹੱਕਦਾਰ ਹੋ ਗਿਆ ਹੈ। ਤਾਂਤੇ ਇਹ ਗੁਰਵਾਕ ਨਹੀਂ ਸਮਝਣੇ ਚਾਹੀਏ।

ਨਿਜ ਛੱਤਰੀ ਕੇ ਦਿਜ ਰਖਵਾਰੀ।
ਪਿਤਾ ਸਮਾਨ ਸਦਾ ਹੀ ਕਰਤੇ।
ਬਿੱਪ੍ਰ ਸਾਰਸੁਤ ਸਭਿ ਇਮ ਧਰਤੇ ॥੧੫॥
ਭੇਟ ਦੇਨ ਤੇ ਆਦਿਕ ਕਰਿਬੋ।
ਸਭਿ ਤੁਮ ਹੀ ਤੇ ਕਾਰਜ ਸਰਬੋ।'
ਸੁਨਿ ਦਿਜਬਰ ਬਹੁ ਪ੍ਰੇਮ ਉਪਾਯੋ।
'ਧੰਨ ਧੰਨ ਗੁਰ' ਬੈਨ ਸੁਨਾਯੋ ॥੧੬॥
'ਤੁਰਕਨਿ ਜਰਾਂ ਉਖਾਰਨਿ ਹੇਤੁ।
ਚੰਡਿ ਅਰਾਧੀ ਹੋਇ ਸੁਚੇਤ।
ਇਮ ਹੀ ਕਰਤਿ ਅਮੱਸਯਾ ਆਈ।
ਤਬਿ ਤੇ ਪੂਜਾ ਗੁਰੂ ਵਧਾਈ ॥੧੭॥
ਪਾਂਚ ਪਹਿਰ ਲੌ ਹਮਨ ਕਰੰਤੇ।
ਤੀਨ ਪਹਿਰ ਬਿੱਸ੍ਰਾਮ ਧਰੰਤੇ।
ਪਾਛਲ ਪਖ ਨੌਰਾਤ੍ਰੇ ਆਏ।
ਧਰਜੋ ਬਰਤ ਕੁਛ ਪੀਯ ਨ ਖਾਏ ॥੧੮॥
ਇਕ ਆਸਨ ਪਰ ਦਿਵਸ ਬਿਤਾਵੈਂ।
ਮੰਤ੍ਰ ਸਮੇਤ ਅਹੁਤੀ ਪਾਵੈਂ।
'ਜੈ ਦੇਵੀ! ਜੈ ਚੰਡ ਕਰਾਲੀ!

ਜੈ ਜੈ ਅੰਬੇ[1] ਬਾਹੁ ਬਿਸਾਲੀ ॥੧੯॥
[1]ਮਾਤਾ।

ਧਰਨੀ ਮਹਿਂ ਜਸੁ ਉੱਤਮ ਕਰਨੀ।
ਕਰਨੀ[1] ਸਮ ਰਿਪੁ ਤਰੁ ਕੋ ਹਰਨੀ[2]।
[1]ਹਸਤਨੀ। [2]ਵੈਰੀ ਰੂਪੀ ਬ੍ਰਿੱਛ ਨੂੰ ਹਥਨੀ ਵਤ ਨਾਸ਼ ਕਰਨ ਵਾਲੀ।

ਹਰਨੀ ਸਮ ਦ੍ਰਿਗ, ਕੰਚਨ ਬਰਨੀ[1]।
[1]ਸੋਨੇ ਦੇ ਰੰਗ ਵਾਲੀ।

ਬਰਨੀ[1] ਬੇਦਨਿ ਆਯੁਧ ਧਰਨੀ[2] ॥੨੦॥
[1]ਕਹੀ ਹੈ। [2]ਸ਼ਸਤ੍ਰ ਧਾਰੀ।

ਭਰਨੀ[1] ਜਗਤ ਸਦਾ ਬਯ ਤਰਨੀ[2]।
[1]ਪੋਖਣ ਵਾਲੀ, ਪਾਲਣ ਵਾਲੀ। [2]ਜਵਾਨ ਆਯੂ ਵਾਲੀ।

ਤਰਨੀ ਸਮ ਜਗ ਕਾਰਜ ਕਰਨੀ।
ਕਰ ਨੀਰਜ ਤੇ ਦੁਸ਼ਟ ਨਿਵਰਨੀ[1]।
[1]ਹਥਾਂ ਕਵਲਾਂ ਨਾਲ ਦੁਸ਼ਟਾਂ ਦੇ ਨਾਸ਼ ਕਰਨ ਵਾਲੀ। (ਅ) (ਕਰਨੀ+ਰਜ =) (ਦੁਸ਼ਟਾਂ ਨੂੰ ਮਾਰਕੇ) ਧੂੜ ਕਰ ਦੇਣ ਵਾਲੀ।

[1]ਵਰਨੀ ਬੱਕ੍ਰ, ਸੁਭਤਿ ਆਭਰਨੀ[10†] ॥੨੧॥
[1]ਝਿਮਣੀਆਂ ਟੇਢੀਆਂ ਹਨ, ਗਹਿਣੇ ਸ਼ੋਭਦੇ ਹਨ। †ਰਾਸ ੧ ਅੰਸੂ ੧ ਅੰਕ ੭ ਵਿੱਚ ਦੇਵੀ ਦੀ ਇਸ ਤਰ੍ਹਾਂ ਦੀ ਉਸਤਤ ਥੋੜੇ ਥੋੜੇ ਪਦਾਂ ਦੇ ਫਰਕ ਤੇ ਅੱਗੇ ਬੀ ਆ ਚੁੱਕੀ ਹੈ।

ਨਮੋ ਨਮੋ ਤੁਵ ਪਦ ਅਰਬਿੰਦਾ।
ਨਮੋ ਨਮੋ ਕੋ ਹ੍ਵੈ ਨ ਮਨਿੰਦਾ।
ਨਮੋ ਨਮੋ ਮਧੁ ਕੈਟਭ ਮਾਰਨਿ[1]।
[1]ਮਾਰਨੇ ਵਾਲੀ।

ਨਮੋ ਨਮੋ ਪਿੰਗਾਛ[1] ਪ੍ਰਹਾਰਨਿ[2] ॥੨੨॥
[1]ਨਾਮ ਦੈਂਤ। [2]ਮਾਰਨ ਵਾਲੀ।

ਨਮੋ ਨਮੋ ਹੇ ਰਾਮ[1] ਸਰੂਪਾ[†]।
[1]ਰਾਮਚੰਦ੍ਰ। †ਰਾਮ ਤੇ ਕ੍ਰਿਸ਼ਨ ਸਰੂਪ ਕਹਿਣ ਤੋਂ ਸਾਫ ਹੈ ਕਿ ਇਹ ਕੇਵਲ ਵਿਸ਼ਨੂੰ ਜੀ ਨੂੰ ਹੀ ਇਸਤ੍ਰੀ ਲਿੰਗ ਵਿੱਚ ਵਰਣਨ ਕਰਨਾ ਹੈ।

ਨਮੋ ਨਮੋ ਸ਼੍ਰੀ ਕ੍ਰਿਸ਼ਨ ਅਨੂਪਾ[+]।
ਨਮੋ ਨਮੋ ਜਨ ਕੋ ਬਰਦਾਨੀ।
ਨਮੋ ਨਮੋ ਦੁਰਗੇਯ ਭਵਾਨੀ ॥੨੩॥
ਜੈ ਜੈ ਲੋਚਨ ਲੋਹਿਤ ਕਾਲੀ[1]।
[1]ਹੇ ਕਾਲੀ ਲਾਲ ਰੰਗ ਦੇ ਨੇਤ੍ਰਾਂ ਵਾਲੀ।

ਜੈ ਦਿਗੰਬਰਾ, ਆਨਨ ਜ੍ਵਾਲੀ।
ਜੈ ਜੈ ਅਸ਼ਟ ਭੁਜਾ ਬਲਵਾਲੀ।
ਜੈ ਜੈ ਭੀਮਾ ਮੁੰਡਨਿ ਮਾਲੀ[1] ॥੨੪॥
[1]ਭੈ ਦਾਇਕ, (ਗਲੇ ਵਿਚ) ਸਿਰਾਂ ਦੀ ਮਾਲਾ ਵਾਲੀ।

ਜੈ ਜੈ ਭੱਦ੍ਰਾ ਲਘੁ ਸਸਿ ਭਾਲੀ[1]।
[1]ਕਲਜਾਨ ਰੂਪ ਤੇ ਮੱਥੇ ਵਿੱਚ ਛੋਟਾ ਚੰਦ੍ਰਮਾ ਹੈ ਜਿਸਦੇ।

ਭਵਾ ਭੈਹਰਾ[1] ਭੂਰ ਕ੍ਰਿਪਾਲੀ।
[1]ਕਲਜਾਨ ਰੂਪ ਤੇ ਭੈ ਦੂਰ ਕਰਨ ਵਾਲੀ ਯਾ ਸੰਸਾਰ ਦੇ ਭੈ ਹਰਨ ਵਾਲੀ।

ਛੁਟੇ ਸਿਰ ਪਰ ਬਾਲ ਬਿਸਾਲੀ।
ਜੈ ਜੈ ਰਣ ਮਹਿਂ ਰੂਪ ਕਰਾਲੀ'

॥੨੫॥
ਕਹਿਂ ਲਗਿ ਕਹੌਂ ਨਾਮ ਜਗ ਮਾਤਾ।
ਸਿਮਰਤਿ ਗੁਰ ਏਕੋ ਰੰਗ ਰਾਤਾ।
ਭੂਖ ਪਿਆਸਾ ਲਖੈਂ ਨ ਦੋਈ।
ਇਸ ਬਿਧਿ ਪ੍ਰੇਮ ਪਰਾਇਣ ਹੋਈ
॥੨੬॥
ਉਚਰਹਿਂ ਉਸਤਤਿ ਅਨਿਕ ਪ੍ਰਕਾਰੀ।
ਗੁਨ ਗਨ ਸਿਮਰਤਿ ਪਰਉਪਕਾਰੀ।
ਹਮਨ ਕਰਤਿ ਹੈਂ ਮੰਤ੍ਰ ਉਚਾਰਤਿ।
ਨਿਸ ਦਿਨ ਧਜਾਨ ਚੰਡਿ ਕੋ ਧਾਰਤਿ
॥੨੭॥
ਦਿਵਸ ਅਸ਼ਟਮੀ ਕੋ ਜਬਿ ਆਵਾ।
ਬਾਰਿ ਬਾਰਿ ਭੂਚਾਲ ਜਨਾਵਾ।
ਜੇਤਿਕ ਦਾਸ ਨਿਕਟ ਹਿਤ ਸੇਵਾ।
ਸ਼ਾਰਤ ਕਰੀ ਤਿਨਹਿਂ ਗੁਰਦੇਵਾ
॥੨੮॥
ਪ੍ਰਭੁ ਰੁਖ ਲਖਿ ਕਰਿ ਤੁਰਤ ਸਿਧਾਰੇ।
ਗਿਰਵਰ ਤੇ ਉਤਰੇ ਤਬਿ ਸਾਰੇ।
ਇਕ ਦਿਜ ਦੂਜੇ ਆਪ ਗੁਸਾਈਂ।
ਲੱਛਨ ਬਿਦਤਨ ਕੇ ਸਮੁਦਾਈ ॥੨੯॥
ਲਖਿ ਕਰਿ ਬਿੱਪ੍ਰ ਧੀਰ ਉਰ ਹਾਲਾ।
ਨਿਜ ਜੀਵਨ ਕੋ ਤ੍ਰਾਸ ਬਿਸਾਲਾ।
ਮਨ ਮਹਿਂ ਗਿਨ ਕਰਿ ਗਟੀ ਅਨੇਕੂ।
ਬੋਲਜੋ 'ਸੁਨੀਐ ਜਲਧਿ ਬਿਬੇਕੂ!
॥੩੦॥
ਅਬਿ ਬਿਦਤਨ ਮਹਿਂ ਬਿਲਮ ਨ ਜਾਨੋ।
ਜਬਿ ਸਨਮੁਖ ਹੁਇ ਰੂਪ ਭਯਾਨੋ।
ਮਾਂਗਹਿ ਭੇਟ ਪ੍ਰਸੰਨ ਬਹੁ ਹੋਇ।
ਦੇਨੀ ਚਹਿਯਤਿ ਹਮ ਕੋ ਸੋਇ[1] ॥੩੧॥
ਯਾਂ ਤੇ ਕਹੌਂ ਮਨੋਰਥ ਅਪਨਾ।
ਜਾਗ੍ਰਤ ਹੀ ਮੁਝ ਆਯੋ ਸੁਪਨਾ।

[1]ਭੇਟਾ ਲਿਆਉਣ ਦੇ ਬਹਾਨੇ ਖਿਸਕਣ ਲਗਾ ਹੈ।

ਆਨਹੁਂ ਭੇਟ ਜਾਇ ਕਰਿ ਸੋਊ।
ਜਿਸ ਤੇ ਸਿੱਧ ਕਾਜ ਸਭਿ ਹੋਊ
॥੩੨॥
ਸੰਧਜਾ ਆਜ ਹੋਇ ਹੈਂ ਦਰਸ਼ਨ।
ਕੈਧੌਂ ਹੋਇਂ ਪ੍ਰਭਾਤੈ ਪਰਸਨ।'
ਇਸ ਬਿਧਿ ਭਾਖਿ ਬਾਕ ਤਿਸ ਠੌਰਾ।
ਚਲਜੋ ਮਿਸਰ ਕਛੁ ਮਨ ਭਜੋ ਥੋਰਾ[1]
॥੩੩॥
ਕਰਤਿ ਉਤਾਇਲ ਉਲੰਘਤਿ ਗੈਲ।
ਤਤਛਿਨ ਉਤਰਿ ਆਇ ਸਭਿ ਸੈਲ[1]।
ਇਕ ਸ਼੍ਰੀ ਸਤਿਗੁਰ ਆਪੇ ਰਹੇ।
ਅਪਰ ਨ ਖਗ ਮਿਗ ਕੋ ਤਹਿਂ ਲਹੇ
॥੩੪॥
ਬੀਤਜੋ ਦਿਵਸ ਪ੍ਰਭੁ ਅਨੁਰਾਗੇ।
ਪਰੀ ਜਾਮਨੀ ਏਕਲ ਜਾਗੇ।
ਪੰਚ ਕੋਸ ਲਗਿ ਜੀਵ ਨ ਕੋਊ।
ਬਿਦਤਨਿ ਰਿਦੈ ਪ੍ਰਤੀਖਤਿ ਸੋਊ
॥੩੫॥
ਮੰਤ੍ਰ ਪਠਤਿ ਹੈਂ ਹਮਨ ਕਰੰਤੇ।
ਇਕ ਆਸਨ ਪਰ ਸੁਚਿਤ ਥਿਰੰਤੇ।
ਬਹੁਰ ਪ੍ਰਭਾਤਿ ਭਈ ਜਬਿ ਆਇ।
ਆਦਿਤ ਵਾਰ ਅਦਿਤ ਉਦਤਾਇ[1]
॥੩੬॥
ਭਯੋ ਪ੍ਰਕਾਸ਼ ਅਪੂਰਬ ਹੇਰਾ।
ਗਰਜਜੋ ਸ਼ਬਦ ਅਕਾਸ਼ ਬਡੇਰਾ।
ਤੜਿਤਾ ਸਮ ਥਰਕਤਿ ਦਰਸਾਵੈ।
ਬਾਰਿ ਬਾਰਿ ਭੁ ਕੰਪਨ ਆਵੈਂ ॥੩੭॥
ਪੌਨ ਪ੍ਰਚੰਡ ਬਿਸਾਲੇ ਚਾਲਾ।
ਗਰਜਤਿ ਘਨ ਕੀ ਘਟਾ ਕਰਾਲਾ।
ਤੁਰਤ ਅਕਾਸ਼ ਬਿਮਲ ਹੁਇ ਗਯੋ।
ਅਧਿਕ ਪ੍ਰਕਾਸ਼ ਦਸੋ ਦਿਸ਼ ਭਯੋ
॥੩੮॥

[1]ਸੌ ਸਾਖੀ ਦੇ ਵਾਕ ਹਨ।

[1]ਬਹਾਨਾ ਬਣਾਕੇ ਬ੍ਰਾਹਮਣ ਖਿਸਕ ਗਏ ਹਨ ਸੱਭੇ।

[1]ਐਤਵਾਰ ਨੂੰ ਸੂਰਜ ਉਦੇ ਹੋਇਆ।

ਇਕ ਸਮ ਬੈਠੇ ਧੀਰਜ ਧਾਰੀ।
ਪਠਤਿ ਮੰਤ੍ਰ ਅਰੁ ਆਹੁਤਿ ਡਾਰੀ।
ਕਈ ਬਾਰ ਦਾਮਨ[1] ਸੀ ਦਮਕਤਿ।
ਗਿਰ ਕੇ ਸ਼ਿਖ਼ਰ ਨਿਕਟ ਹ੍ਵੈ ਚਮਕਤਿ ॥੩੯॥

[1]ਬਿਜਲੀ।

ਕਈ ਬਾਰਿ ਘਟ ਸਮ ਬਨ ਜਾਇ।
ਕੜ ਕੜ ਭੈਰਵ[1] ਨਾਦ ਉਠਾਇ।
ਕਈ ਬਾਰਿ ਸਭਿ ਕਿਛ ਹ੍ਵੈ ਸ਼ਾਂਤਿ।
ਅਵਨੀ ਸੁੰਦਰ ਨਭ ਜਿਸ ਭਾਂਤਿ ॥੪੦॥

[1]ਭਜਾਨਕ।

ਰਹੇ ਅਡੋਲ, ਉਠੇ ਨਹਿਂ ਕੈਸੇ।
ਹੋਮਹਿਂ ਪਠਤਿ ਮੰਤ੍ਰ ਕੋ ਤੈਸੇ।
-ਅਬਿ ਪ੍ਰਗਟਹਿਗੀ- ਧਰਤਿ ਉਡੀਕੀ।
-ਦਰਸ਼ਨ ਕਰਹਿਂ ਦੇਵਿ ਬਿਧਿ ਨੀਕੀ- ॥੪੧॥

ਦੋਹਰਾ:
ਢਰਜੋ ਦੁਪਹਿਰਾ ਇਮ ਜਬੈ ਇਕ ਰਸ ਰਹੇ ਕ੍ਰਿਪਾਲੁ।
ਹੋਤਿ ਭਯੋ ਤ੍ਰਿਤੀਓ ਪਹਿਰ ਬਹੁਰੋ ਆਇ ਭੁੰਚਾਲ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਦੇਵੀ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਦੇਵੀ ਦਾ ਪ੍ਰਗਟ ਹੋਣਾ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਡੇਢ ਪਹਿਰ ਦਿਨ ਕੇ ਰਹੇ, ਨੌਮੀ ਆਦਿਤਵਾਰ।
ਚੇਤ ਮਾਸ ਪਖ ਸੁਕਲ ਮਹਿਂ, ਬਿਦਤੀ ਜਗਤ ਅਧਾਰ[1] ॥੧॥ [1]ਜਗਤ ਦਾ ਆਸਰਾ ਰੂਪ।

ਸ੍ਵੈਯਾ: [1]ਪੌਣ ਸਭ ਦਿਸ਼ਾ ਵਿਚ ਇਕੋ ਜੇਹੀ ਤੇਜ਼ (ਹੋ ਗਈ)।

ਪੌਨ ਪ੍ਰਚੰਡ ਅਖੰਡ ਦਿਸ਼ਾ[1],
ਮਹਿ ਮੰਡਲ ਮਹਿਂ ਬਡ ਧੂਲ ਉਡਾਈ[†]। [†]ਪਾ:-ਉਠਾਈ।
ਘੋਰ ਘਟਾ ਚਹੁੰ ਓਰ ਘਨਾ ਘਨ
ਘੋਖਤਿ ਘੋਖ ਘਨੋ ਘੁਮਡਾਈ[1]। [1]ਭਜਾਨਕ ਘਟਾ ਚਾਰ ਪਾਸਿਆਂ ਤੋਂ ਸੰਘਣੀਆਂ ਤੋਂ ਸੰਘਣੀਆਂ ਹੁੰਦੀਆਂ ਘੁੰਮ ਕੇ ਉਮਡੀਆਂ ਆ ਰਹੀਆਂ ਤੇ ਕਠੋਰ ਅਵਾਜ਼ ਨਾਲ ਗਰਜਦੀਆਂ ਹਨ। [ਘੋਰ = ਭਜਾਨਕ। ਘਨਾਘਨ = ਸੰਘਣੀਆਂ ਤੋਂ ਸੰਘਣੀਆਂ। ਘੋਖਤ = ਗਜਦੀਆਂ। ਘੋਖ = ਅਵਾਜ਼। ਘਨੋ = ਕਠੋਰ। ਜ਼ੋਰ ਦੀ। ਘੁਮਡਾਈ = ਘੁੰਮ ਕੇ ਉਮਡੀਆਂ। (ਅ) ਘਨਾਘਨ = ਘਨ ਤੇ ਅਘਨ = ਅਹਰਣ ਤੇ ਹਥੌੜਾ ਜਿਵੇਂ ਵੱਜਦਾ ਹੈ]।
ਦੀਰਘ ਦਾਰੁਣ ਨਾਦ ਦਸੋ ਦਿਸ਼ਿ
ਯੌਂ ਕੜਕੇ ਤੜਿਤਾ ਤੜਫਾਈ[1]। [1]ਬਿਜਲੀ ਤੜਫਕੇ ਐਉਂ ਕੜਕੀ ਕਿ ਭਜਾਨਕ ਨਾਦ ਹੋਇਆ।
ਏ ਸਭਿ ਲੱਛਨ ਬੀਚ ਅਕਾਸ਼
ਪ੍ਰਕਾਸ਼ ਭਏ ਡਰ ਦੇ ਸਮੁਦਾਈ[1] ॥੨॥ [1]ਡਰ ਦੇਣ ਵਾਲੇ ਸਾਰੇ ਲੱਛਣ......।
ਭੂਮ ਬਿਖੈ ਭੁਵਚਾਲ[1] ਬਿਸਾਲ [1]ਭੁੰਚਾਲ।
ਕਰਾਲ ਭਯੋ ਭਯ ਦਾ ਸਮੁਦਾਈ[1]। [1]ਸਾਰਿਆਂ ਨੂੰ ਡਰਾ ਦੇਣ ਵਾਲਾ।
ਡੋਲ ਡਗਾ ਮਗ ਭੇੜ ਪਹਾੜ
ਦੜਾ ਦੜ ਸ਼੍ਰਿੰਗ ਟੁਟੇ ਅਧਿਕਾਈ[1]। [1]ਪਹਾੜ ਡਗਮਗਾ ਕੇ ਡੋਲਦੇ ਹਨ ਮਾਨੋ (ਭੇੜ =) ਜੰਗ ਹੋ ਰਿਹਾ ਹੈ ਤੇ ਕਈ ਚੋਟੀਆਂ ਡਿੱਗ ਰਹੀਆਂ ਹਨ।
ਸਿੰਧ ਨਦੀ[1] ਉਛਲੈਂ ਛਲਿਕੈਂ [1]ਸਮੁੰਦਰ ਤੇ ਨਦੀਆਂ।
ਮਛ ਕੱਛਪ ਰਾਛਸ ਯੌਂ ਡਰਪਾਈ।
ਕਾਨਨ ਤੇ ਉਖਰੇ ਤਰੁ ਦੀਰਘ
ਮੂਲ ਮਹਾਂ ਦ੍ਰਿਢ ਕਾਂਡ ਬਡਾਈ[1] ॥੩॥ [1]ਟਾਹਣੇ ਵਡੇ।
ਯੌਂ ਨਭ ਭੂਮ ਮੈਂ ਸ਼ੋਰ ਪਰਜੋ
ਚਹੁੰ ਚੱਕਨ ਤ੍ਰਾਸ ਪ੍ਰਲੈ ਕਹੁ ਮਾਨਜੋ।
ਦੀਰਘ ਨਾਦ ਸੁਨਜੋਂ ਸਭਿ ਹੂੰ
ਬਿਸਮੈ -ਮਤਿ ਹੋਇ ਕਛੂ ਨਹਿਂ ਜਾਨਜੋਂ।

| | |
|---|---|
| -ਫੂਟ ਪਰੈ ਬ੍ਰਹਮੰਡ ਅਖੰਡ ਹੀ? | |
| ਕੈ ਬਚ ਜਾਇ? ਕਿਨੂੰ ਬਲ ਠਾਨਜੋ[1]? | [1]ਕਿਸ ਨੇ ਬਲ (ਐਸਾ) ਕੀਤਾ ਹੈ? ਕਿ ਬ੍ਰਹਮੰਡ ਹੁਣ ਬਚੇਗਾ ਕਿ ਫੁੱਟ ਹੀ ਜਾਏਗਾ? |
| ਕੋ ਉਤਪਾਤ ਕੋ ਹੇਤੁ ਮਹਾਨ | |
| ਭਯਾਨ ਬਿਨਾਸ਼ ਸਮਾਨ ਪਛਾਨਜੋ[1] ॥੪॥ | [1]ਕਿਸੇ ਮਹਾਨ ਉਪਦ੍ਰਵ ਦੇ ਵਾਸਤੇ ਭਯਾਨਕ ਪ੍ਰਲੈ (ਆਈ) ਵਾਂਗ ਪਛਾਣਿਆ ਜਾਂਦਾ ਹੈ। |
| ਤ੍ਰਿਭੰਗੀ ਛੰਦ: | |
| ਪ੍ਰਗਟੀ ਜਗਰਾਨੀ, ਸਭਿ ਗੁਨ ਖਾਨੀ, | |
| ਜਨ ਬਰਦਾਨੀ, ਭੂਰ ਪ੍ਰਭਾ[1]। | [1]ਬੜੀ ਸ਼ੋਭਾ ਵਾਲੀ। |
| ਕਯਾ ਸੂਰਜ ਇੰਦੈ, ਹੈ ਨ ਮਨਿੰਦੈ, | |
| ਪਿਖਿ ਦ੍ਰਿਗ ਮੁੰਦੈ ਦੇਵ ਸਭਾ[1]। | [1]ਦੇਖ ਕੇ ਨੇਤ੍ਰ ਮੀਚ ਲੈਂਦੀ ਹੈ ਦੇਵਤਿਆਂ ਦੀ ਸਭਾ। |
| ਕਯਾ ਪਾਵਕ ਰਾਸੈ[1], ਤੜਿਤਾ ਭਾਸੈ, | [1]ਸਾਰੀਆਂ। |
| ਕਹਾਂ ਪ੍ਰਕਾਸੈ, ਹ੍ਵੈ ਸਮ ਨਾ[1]। | [1]ਬਰਾਬਰ ਨਹੀਂ ਹੋ ਸਕਦੀਆਂ। |
| ਕਿਹ ਨਦਰ ਨ ਠਹਿਰੈ, ਝਾਂਕਤਿ ਹਹਿਰੈ, | |
| ਅੰਗਨਿ ਥਹਿਰੈ, ਧ੍ਰਿਤ ਜਮ ਨਾ[1] ॥੫॥ | [1]ਤਕਦਿਆਂ ਕਾਂਬਾ ਛਿੜਦਾ ਹੈ, ਅੰਗ ਥਿੜਕਦੇ ਹਨ, (ਐਸੇ ਕਿ) ਜਮ ਬੀ ਧੀਰਜ ਨਹੀਂ ਧਾਰ ਸਕਦਾ। (ਅ) ਧੀਰਜ ਨਹੀਂ ਜੰਮਦਾ। |
| ਜੁਗ ਚਰਨ ਬਿਸਾਲਾ, ਨਖਨ ਕਰਾਲਾ, | |
| ਜੰਘਨਿ ਤਾਲਾ ਤਰੁ ਜਥਾ[1]। | [1]ਤਾੜ ਬ੍ਰਿਛ ਵਾਂਙੂ ਜੰਘਾਂ। |
| ਕਟ ਮੈਂ ਅਲ ਬਾਲਾ ਹਾਡਿਨਿ ਮਾਲਾ[1] | [1]ਲੱਕ ਦੇ ਚਾਰੋਂ ਪਾਸੇ ਹੱਡਾਂ ਦੀ ਮਾਲਾ ਹੈ। |
| ਪਿਖਿ ਡੈਹਾਲਾ ਉਦਰ ਤਥਾ[1]। | [1]ਤਿਵੇਂ ਪੇਟ ਭੀ (ਭਯਹਾਲਾ =) ਭਿਆਨਕ ਦਿੱਸਦਾ ਹੈ। (ਅ) (ਐਸੀ ਸੂਰਤ ਵੇਖ ਕੇ) ਉਦਰ ਭਾਵ ਰਿਦਾ ਡਰ ਨਾਲ ਹਿੱਲ ਜਾਂਦਾ ਹੈ। |
| ਪ੍ਰਿਸਟੀ ਪਰ ਬਾਲਾ[1] ਲਟਕੇ ਜਾਲਾ | [1]ਵਾਲ। |
| ਦੀਰਘ ਕਾਲਾ ਰੰਗ ਸਜਾ। | |
| ਤਰੁ ਕੇ ਜਨੁ ਡਾਲਾ, ਸੁੰਡ ਕਿ ਬਜਾਲਾ, | |
| ਕੈ ਬਡ ਬਜਾਲਾ ਅਸ਼ਟ ਭੁਜਾ[1] ॥੬॥ | [1]ਅੱਠ ਬਾਹਾਂ ਮਾਨ ਬ੍ਰਿੱਛ ਦੇ ਡਾਲ ਹਨ ਯਾ ਮਸਤ ਹਾਥੀਆਂ ਦੇ ਸੁੰਡ ਹਨ ਯਾ ਵੱਡੇ ਵੱਡੇ ਮਾਨੋਂ ਸੱਪ ਹਨ [ਸੰਸ., ਵਜਾਲ = ਸਪ, ਮਸਤ ਹਾਥੀ]। |
| ਗਰ ਮੈਂ ਧਰਿ ਮਾਲਾ ਮੁੰਡਨ ਜਾਲਾ[1] | [1]ਧਾਰੀ ਹੋਈ ਬਹੁਤੇ ਸਿਰਾਂ ਦੀ ਮਾਲਾ। |
| ਬਹੁਤ ਕਰਾਲਾ ਦਾੜ੍ਹ ਬਡੀ। | |
| ਦੰਤਨ ਕੀ ਪਾਲਾ ਖਰੀ ਕੁਢਾਲਾ, | |
| ਦੀਰਘ ਜ੍ਵਾਲਾ ਤੁੰਡ ਛਡੀ[1]। | [1]ਮੂੰਹ ਤੋਂ ਅੱਗ ਛਡ ਰਹੀ ਹੈ। |

ਭ੍ਰਿਕੁਟੀ ਚਢਿ ਭਾਲਾ, ਲੋਚਨ ਲਾਲਾ,
ਸੀਸ ਬਿਸਾਲਾ ਬਾਲ ਮਹਾਂ[1]।
[1]ਸਿਰ ਵਡਾ ਵਾਲ ਬੁਹਤੇ।
ਤਨ ਸਭਿ ਬਿੱਕ੍ਰਾਲਾ, ਦਿਸ਼ ਪਟਵਾਲਾ,
ਕਰ ਕਰਵਾਲਾ ਲਾਹ ਲਹਾਂ[1] ॥੭॥
[1]ਦਿਸ਼ਾਂ ਹੀ ਬਸਤ੍ਰ ਹਨ (ਭਾਵ ਨੰਗੀ ਹੈ) ਤੇ ਹੱਥ ਵਿਚ ਤਲਵਾਰ ਲਹਿ ਲਹਿ (ਕਰਦੀ ਭਾਵ ਚਮਕਦੀ) ਹੈ।

ਗਨ ਜੋਗਨਿ ਸੰਗਾ ਤਨ ਜਿਨ ਨੰਗਾ
ਮਹਾਂ ਕੁਰੰਗਾ[1] ਨਾਚਤਿ ਹੈਂ।
[1]ਭੈੜੇ ਰੰਗ ਵਾਲੀਆਂ।
ਬਹੁ ਭੂਤ ਸੁ ਪ੍ਰੇਤਾ ਕੇਤਿਕ ਕੇਤਾ
ਗਹਿ ਕਰ ਲੇਤਾ ਮਾਚਤਿ ਹੈਂ[1]।
[1]ਕਿਤਨਿਆਂ ਦੇ ਹਥਾਂ ਵਿਚ ਝੰਡੀਆਂ ਫੜੀਆਂ ਹਨ। (ਤੇ ਓਹ ਸ਼ੋਰ) ਮਚਾਂਵਦੇ ਹਨ। (ਅ) ਪ੍ਰਕਾਸ਼ਦੇ ਹਨ।

ਮੁਖ ਹੜ ਹੜ ਹਾਸੈਂ ਬਾਕ ਪ੍ਰਕਾਸ਼ੈਂ
ਫਿਰ ਚਹੁੰ ਪਾਸੈ ਕ੍ਰੀੜ ਕਰੈਂ।
ਬਹੁ ਬੀਰ ਬਿਲਾਸੈਂ ਦੋਇ ਪਚਾਸੈ[1]
[1]ਬਵੰਜਾ ਬੀਰ।
ਅੱਗ੍ਰ ਪ੍ਰਭਾਸੈਂ[1] ਮੋਦ ਧਰੈਂ ॥੮॥
[1]ਅੱਗੇ ਪ੍ਰਕਾਸ਼ਦੇ ਹਨ।
ਕਰਤੀ ਭੁਮਚਾਲਾ[1], ਸੈਲ ਬਿਸਾਲਾ
[1]ਭੂੰਚਾਲ।
ਸ੍ਰਿੰਗ ਉਤਾਲਾ[1] ਫੋਰਤਿ ਹੈ।
[1]ਉੱਚੀਆਂ ਚੋਟੀਆਂ ਨੂੰ।
ਗਰਜਤਿ ਰਵ[1] ਭਾਰੀ ਭੀਖਨ ਕਾਰੀ
[1]ਆਵਾਜ਼ ਨਾਲ।
ਗਣਨਿ ਅਗਾਰੀ ਤੋਰਤਿ ਹੈ[1]।
[1]ਕਾਲੀ (ਆਪਣੇ) ਗਣਾਂ ਨੂੰ ਅੱਗੇ ਤੋਰਦੀ ਹੈ।
ਜਿਤ ਕਿਤ ਦਮਕੰਤੀ, ਜ੍ਵਾਲ ਬਮੰਤੀ,
ਭੈ ਬਰਧੰਤੀ ਆਵਤਿ ਹੈ।
ਕਿਲਕਿਲ ਕਿਲਕਾਰੀ ਡਾਕਨ ਡਾਰੀ[1]
[1]ਡੈਣਾਂ ਦੀ ਡਾਰ।
ਬੇਗ ਜੁ ਧਾਰੀ ਪਾਵਤਿ ਹੈਂ[1] ॥੯॥
[1]ਧਮਾਲ ਪਾਉਂਦੀਆਂ ਹਨ।

ਦੋਹਰਾ:

ਭੀਮ ਭੇਖ ਤੇ ਭੈ ਹਰਾ[1],
[1]ਭਯਾਨਕ ਰੂਪ ਵਾਲੀ ਤੇ ਭੈ ਦਾਇਕ [ਸੰਸ., ਭੈ ਹਰਾ = ਭੈ ਹਰਨ ਵਾਲੀ। ਪੁਨਾ:-ਪੰਜਾ: ਭੈਹਰਾ = ਡਰਾਉਣੀ, ਭਯਾਨਕ]।
ਗਿਰ ਕੇ ਸਿਰ ਪਰ ਆਇ।
ਖਰੀ ਭਈ 'ਬਰੰ ਬ੍ਰੂਹ[1]' ਬਚ,
[1]ਵਰ ਮੰਗ।
ਊਚੇ ਕਹ੍ਯੋ ਸੁਨਾਇ ॥੧੦॥

ਚੌਪਈ:

'ਜੈ ਜਗਦੰਬਾ' ਕਹਿ ਗੁਰ ਖਰੇ।
ਸਕਲ ਰੂਪ ਕੋ ਦੇਖਨਿ ਕਰੇ।
ਏਕ ਬਾਰ ਨਖ ਸ਼ਿਖ ਤੇ ਹੇਰਿ।
ਨਮੋ ਕਰਤਿ ਚਖ ਮੀਚੇ ਫੇਰ ॥੧੧॥

ਹਾਥ ਜੋਰਿ ਸਨਮੁਖ ਹੀ ਰਹੇ।
ਰਿਦੇ ਮਨੋਰਥ ਦੇਵੀ ਲਹੇ[1]।
ਪਲਟਯੋ ਚਤਰਭੁਜੀ ਪੁਨ ਰੂਪ।
ਕੰਚਨ ਬਰਨੀ ਭਈ ਅਨੂਪ ॥੧੨॥

[1]ਰਿਦੇ ਦਾ ਮਨੋਰਥ ਦੇਵੀ ਨੇ ਜਾਣਿਆਂ।

ਚੜ੍ਹੀ ਸਿੰਘ ਪਰ ਆਯੁਧ ਧਰੇ।
ਚਾਰ ਚੰਦ੍ਰ ਭਾਲਾ ਛਬਿ ਭਰੇ[1]।
'ਮਾਂਗ ਪੁੱਤ੍ਰ ! ਦੇਵੋਂ ਅਬਿ ਤੋਹੀ।
ਸੇਵਾ ਕਰਤਿ ਰਿਝਾਯੋ ਮੋਹੀ ॥੧੩॥

[1]ਸੁਹਣਾ ਚੰਦ੍ਰਮਾ ਮੱਥੇ ਵਿਚ ਛਬੀ ਨੂੰ ਭਰ ਰਿਹਾ ਹੈ।

ਪ੍ਰਥਮ ਪ੍ਰਤੱਗਜਾ ਸਿਮਰੌਂ ਸੋਇ।
ਚਹਹੁ ਸੁ ਕਹੌਂ ਸੰਪੂਰਨ ਹੋਇ।'
ਮ੍ਰਿਦੁ ਬਚ ਮੋਦ ਭਰੇ ਸੁਨਿ ਫੇਰਾ।
ਖੋਲਿ ਬਿਲੋਚਨ ਦਰਸ਼ਨ ਹੇਰਾ ॥੧੪॥
'ਦਿਹੁ ਬਰ ਮਾਤਾ ਪੰਥ ਉਪਾਵਉਂ[†]।

[†]ਬਚਿੱਤ੍ਰ ਨਾਟਕ ਵਿਚ ਸ੍ਰੀ ਮੁਖਵਾਕ ਹੈ ਕਿ ਅਕਾਲ ਪੁਰਖ ਨੇ ਗੁਰੂ ਜੀ ਨੂੰ ਆਪ ਸੱਦ ਕੇ ਕਿਹਾ ਕਿ ਪੰਥ ਚਲਾਓ, ਯਥਾ:- "ਤਪ ਸਾਧਤ ਹਰਿ ਮੋਹਿ ਬੁਲਾਇਓ" ਪੁਨਾ:- "ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਿਬੇ ਕਹੁ ਸਾਜਾ ॥ ਜਾਹਿ ਤਹਾਂ ਤੈ ਧਰਮ ਚਲਾਇ ॥ ਕੁਬੁਧ ਕਰਨ ਤੇ ਲੋਕ ਹਟਾਇ ॥੨੯॥" ਸਤਿਗੁਰੂ ਜੀ ਨੇ ਬਿਨੈ ਕੀਤੀ ਕਿ ਆਪ ਸਹਾਇਤਾ ਕਰੋ ਤਾਂ ਪੰਥ ਚਲ ਸਕਦਾ ਹੈ:- "ਠਾਢ ਭਇਓ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ ॥ ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ ॥੩੦॥" ਕਵਿ ਜੀ ਦੇ ਕਥਨ ਅਨੁਸਾਰ ਗੁਰੂ ਜੀ ਨੂੰ ਪੰਥ ਚਲਾਉਣ ਦਾ ਸ਼ੌਕ ਹੈ ਤੇ ਮਾਤਾ ਕੋਲੋਂ ਆਪ ਇਸ ਲਈ ਵਰ ਮੰਗਦੇ ਹਨ। ਇਸ ਤਰ੍ਹਾਂ ਕਹਿਣ ਨਾਲ ਬਚਿੱਤ੍ਰ ਨਾਟਕ ਦੇ ਕਥਨ ਨਾਲ ਉਲਟ ਪੱਖ ਹੋ ਜਾਂਦਾ ਹੈ। ਦੁਹਾਂ ਵਿਚੋਂ ਪ੍ਰਮਾਣਿਕ ਵਾਕ ਸ੍ਰੀ ਮੁਖਵਾਕ ਹੈ। ਇਸ ਕਰਕੇ ਇੱਥੇ ਦੱਸਿਆ ਪ੍ਰਸੰਗ ਗ਼ਲਤ ਹੈ। ਫਿਰ ਇਹ ਦੇਵੀ ਜੋ ਅਕਾਲ ਪੁਰਖ ਦੀ ਹੀ ਸ਼ਕਤੀ ਸੀ ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਮੇਰੇ ਮਾਲਕ ਨੇ ਆਪ ਤਾਂ ਇਹਨਾਂ ਨੂੰ ਘੱਲਿਆ ਹੈ, ਤੇ ਸਹਾਈ ਹੋਣ ਦਾ ਵਰ ਦੇਕੇ ਘੱਲਿਆ ਹੈ। ਪਤੀ ਦੇ ਵਰ ਨਾਲ ਭੂਸ਼ਤ ਹੋ ਚੁਕੇ ਨੂੰ ਮੁੜ ਆਪਣੇ ਅੱਗੇ ਕਸ਼ਟ ਤਪ ਕਰਨ ਤੇ ਪ੍ਰਾਰਥਨਾ ਕਰਾਉਣ ਵਿਚ ਦੇਵੀ ਆਪਣੇ ਮਾਲਕ ਦੀ ਅਵੱਗਜਾ ਕਰ ਰਹੀ ਹੈ। ਦੂਸਰੇ ਵਿਚਾਰ ਯੋਗ ਬਾਤ ਇਹ ਹੈ ਕਿ ਜੋ ਧੁਰੋਂ ਵਰ ਲੈਕੇ ਆਏ ਹਨ, ਉਹਨਾਂ ਨੂੰ ਫੇਰ ਵਰਾਂ ਦੀ ਕੀ ਲੋੜ ਬਾਕੀ ਹੈ। ਸ੍ਰੀ ਗੁਰ ਨਾਨਕ ਦੇਵ ਜੀ ਨੇ ਬੀ ਕਿਹਾ ਹੈ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਜਦ ਉਥੋਂ ਵਰ ਮਿਲਿਆ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੋਰ ਕਿਸੇ ਤੋਂ ਏਥੇ ਆਕੇ ਵਰ ਨਹੀਂ ਮੰਗੇ। ਤਿਵੇਂ ਦਸਮੇ ਜਾਮੇ ਵਿਚ ਵਰ ਲੈਕੇ ਆਏ ਹੋਇਆਂ ਕਿਸੇ ਹੋਰਸ ਤੋਂ ਵਰ ਮੰਗਣ ਦੀ ਕੀ ਲੋੜ ਸੀ?

ਤੁਰਕ ਰਾਜ ਕੋ ਤੇਜ ਖਪਾਵਉਂ।
ਹਿੰਦੁ ਧਰਮ ਨਿਤ ਹੋਇ ਬਿਨਾਸ਼ੇ।
ਜਿਹ ਬਚਾਇ ਪੁਨ ਕਰੌਂ ਪ੍ਰਕਾਸ਼ੇ ॥੧੫॥
ਤੁਮ ਕਰ ਤੇ ਅਸ ਆਯੁਧ[1] ਪਾਵਉਂ।
ਜਿਹ ਪਖਾਰਿ ਨਿਜ ਪੰਥ ਪਿਲਾਵੌਂ[1]।

[1]ਐਹੋ ਜਿਹਾ ਹਥਯਾਰ।

[1]ਜਿਸ ਨੂੰ ਧੋ ਕੇ (ਪਿਲਾ ਕੇ ਲੋਕਾਂ ਨੂੰ) ਆਪਣੇ ਪੰਥ ਵਿੱਚ ਰਲਾਵਾਂ।

ਜਿਸ ਤੇ ਧਾਰਹਿ ਤੇਜ ਕਰਾਲਾ।
ਜੀਤਹਿ ਸ਼ੱਤ੍ਰਨਿ ਬਲੀ ਬਿਸਾਲਾ ॥੧੬॥
ਸਦਾ ਸਹਾਇ ਪੰਥ ਕੀ ਕੀਜੈ।
ਦਿਨ ਪ੍ਰਤਿ ਵਧੈ ਇਹੀ ਬਰ ਦੀਜੈ।
ਤੋਹਿ ਚਰਿੱਤ੍ਰ ਬਸਹਿਂ ਮਨ ਮੇਰੇ।
ਸਿਮਰੌਂ ਜਿਨ ਕੌ ਸੰਝ ਸਵੇਰੇ ॥੧੭॥
ਰਚਨ ਪੰਥ ਅਰੁ ਤੁਰਕਨਿ ਖੋਇ।
ਕਰਹੁ ਕ੍ਰਿਪਾ ਬਰ ਦੀਜਹੁ ਦੋਇ।'
ਇਮ ਸੁਨਿ ਹਸੀ ਬਾਕ ਸ਼ੁਭ ਕੀਨੋ।
'ਪੰਥ ਸਕੇਸ ਪੁੱਤ੍ਰ! ਮੈਂ ਦੀਨੋ ॥੧੮॥
ਇਸ ਮਹਿਂ ਭੇਦ ਇਤਿਕ ਰਹਿ ਗਇਊ।
ਪ੍ਰਥਮ ਦਰਸ ਦ੍ਰਿਗ ਮੀਚਤਿ ਭਇਊ।
ਯਾਂ ਤੇ ਤੁਮ ਤਨ ਤਜਾਗਨ ਪਾਛੇ[1]।
ਚਾਲੀ ਬਰਸ ਬਿਤੈਂ ਜਬਿ ਆਛੇ ॥੧੯॥

[1]ਨੈਣ ਮੀਚਣ ਦੇ ਹੋਰ ਕਾਰਨ ਅਗਲੇ ਅੰਸੂ ਦੇ ਅੰਕ ੪੦ ਵਿਚ ਦੱਸਣਗੇ।

ਵਧਹਿ ਪੰਥ ਜਗ ਵਿਖੈ ਬਿਸਾਲਾ।
ਤੇਜ ਤੁਰਕ ਤਬਿ ਹਤਹਿ ਕਰਾਲਾ।
ਪੂਰਨ ਹੁਇ ਅਭਿਲਾਖ ਤੁਮਾਰੀ।
ਸਾਚ ਹੋਇ ਸਭਿ ਜਥਾ ਉਚਾਰੀ' ॥੨੦॥
ਨਿਜ ਕਰ ਤੇ ਸਤਿਗੁਰ ਕੋ ਦਈ।
ਯਾਂ ਤੇ ਕਰਦ ਨਾਮ ਬਿਦਤਈ[†]।

[†]ਇਹ ਵਿਤਪਤੀ ਕਵਿ ਜੀ ਦੀ ਆਪਣੀ ਕਾਢ ਹੈ, ਅਸਲ ਵਿਚ ਕਰਦ ਪਦ ਫਾਰਸੀ 'ਕਾਰਦ' ਦਾ ਪੰਜਾਬੀ ਰੂਪ ਹੈ। ਫਾਰਸੀ ਵਿਚ ਕਾਰਦ ਇਕ ਪ੍ਰਕਾਰ ਦੀ ਛੁਰੀ ਯਾ ਇਕ ਪ੍ਰਕਾਰ ਦੇ ਮੁੜਨ ਵਾਲੇ ਚਾਕੂ ਨੂੰ ਕਹਿੰਦੇ ਹਨ। ਕਰਦ ਜੋ ਖਾਲਸੇ ਵਿਚ ਵਰਤੀਂਦੀ ਹੈ ਉਸਦੀ ਸ਼ਕਲ ਕ੍ਰਿਪਾਨ ਤੇ ਤਲਵਾਰ ਤੋਂ ਕੁਛ ਜੁਦਾ ਹੈ। ਦੇਖੋ ਹੇਠਲੀ ਟੂਕ, ਅੰਸੂ ੧੯ ਅੰਕ ੧੨ ਦੀ

'ਇਹ ਲੇ ਕਰਿ ਜਲ ਜੁਤਿ ਮਿਸ਼ਟਾਨ।
ਫੇਰਨ ਕਰਹੁ ਆਪਨੇ ਪਾਨ ॥੨੧॥
ਸੂਰ ਹੋਹਿਗਾ ਸਿਦਕ ਤੁਮਾਰਾ[1]।
ਹੇਰਿ ਸ਼ੱਤ੍ਰ ਭਾਜਹਿਂ ਡਰ ਧਾਰਾ।
ਅਬਿ ਦੀਜਹਿ ਕੁਛ ਭੇਟ ਹਮਾਰੀ।
ਹੇ ਸੁਤ! ਜਿਸ ਤੇ ਹੁਇ ਸੁਖ ਭਾਰੀ'

[1]ਤੁਹਾਡਾ (ਪੰਥ) ਸਿਦਕਵਾਨ ਤੇ ਸੂਰਮਾਂ ਹੋਵੇਗਾ।

॥੨੨॥
ਸੁਨਿ ਗੁਰ ਕਰਦ ਕਰੀ ਕਰ ਧਾਰਨ।
ਹਤਿ ਨਿਜ ਤਨ ਕਿਯ ਰਕਤ ਨਿਕਾਰਨਿ।
ਸੋ ਲੇ ਕਰਿ ਜਗ ਮਾਤ ਪ੍ਰਸੰਨ।
ਪੁਨ ਗੁਰ ਦੇਨਿ ਭੇਟ ਕਰ ਅੰਨ[1] ॥੨੩॥

[1]ਫੇਰ ਗੁਰੂ ਜੀ ਨੇ ਦੂਜੀ ਭੇਟ ਦੇਣੀ ਕੀਤੀ। (ਅ) ਇਉਂ ਭੀ ਲਾਉਂਦੇ ਹਨ :-ਫੇਰ ਗੁਰੂ ਜੀ ਨੇ ਭੇਟ ਦੇਣ ਲਈ ਦੂਜੇ ਹੱਥ ਨਾਲ (ਚੁਲੀ ਦਿੱਤੀ)।

'ਸ਼ਸਤ੍ਰਨਿ ਸੋਂ ਹਤਿ ਹੁਇੰ ਬਿਚ ਬਾਦੇ[1]।
ਚਾਰਹੁੰ ਦੀਨੇ ਸਾਹਿਬਜ਼ਾਦੇ।
ਲਾਖਹੁੰ ਸਿੰਘ ਧਰਹਿੰ ਉਰ ਕ੍ਰੁੱਧ।
ਹੁਇ ਤੁਮ ਭੇਟ ਮ੍ਰਿਤਕ ਬਿਚ ਜੁੱਧ[1]' ॥੨੪॥

[1]ਜੋ ਜੰਗ ਵਿਚ ਮਰਨਗੇ ਸ਼ਸਤ੍ਰਾਂ ਨਾਲ

[1]ਜੁੱਧ ਵਿਚ ਮਰਕੇ ਤੁਹਾਡੀ ਭੇਟਾ ਹੋਣਗੇ।

ਇਮ ਬਰ ਦੇਤਿ, ਲੇਤਿ ਨਿਜ ਭੇਟ।
ਤਤਛਿਨ ਅਪਨਿ ਪ੍ਰਕਾਸ਼ ਸਮੇਟਿ।
ਅੰਤਰਧਜਾਨ ਭਈ ਜਗ ਮਾਈ।
ਤਬਿ ਲੰਕੁੜੀਏ[1] ਗਿਰਾ ਅਲਾਈ ॥੨੫॥

[1]ਦੇਵੀ ਦਾ ਚੋਬਦਾਰ [ਸੰ: ਲਗੁੜ = ਚੋਬ, ਸੋਟਾ। ਲਗੁੜ ਤੋਂ ਲਗੁੜੀਆ, ਲੰਕੜੀਆ, ਲੌਂਕੜਾ, ਲੰਕੁਰਾ ਆਦਿ ਪਦ ਬਣੇ ਹਨ]।

'ਮਮ ਬਾਨਾ ਕਛਨੀ ਇਹੁ ਲੀਜੈ।
ਅਪਨੇ ਸਰਬ ਪੰਥ ਮੈਂ ਦੀਜੈਂ।
ਜੰਗ ਸਮੈਂ ਕੋ ਹੈ ਇਹ ਬਾਨਾ।
ਯਾਂ ਤੇ ਹੁਇ ਹੈ ਤੇਜ ਮਹਾਨਾ ॥੨੬॥
ਪੰਥ ਤੁਮਾਰੇ ਬਲ ਬਿਰਧਾਊਂ।
ਜੁੱਧ ਸਹਾਇ ਹੇਤੁ ਮੈਂ ਆਊਂ।'
ਇਮ ਕਹਿ ਲੋਪ ਭਯੋ ਤਤਕਾਲਾ।
ਕਰਦ ਹਾਥ ਧਰਿ ਥਿਰੇ ਕ੍ਰਿਪਾਲਾ ॥੨੭॥
ਬਰ ਲੈ ਕਰਿ ਬਹੁ ਮੁਖ ਪਰ ਲਾਲੀ।
ਜਾਗਤਿ ਜੋਤਿ ਤੇਜ ਬਹੁ ਵਾਲੀ।
ਨੇਤ੍ਰ ਖੁਮਾਰੀ ਸੋਂ ਚਢਿ ਰਹੇ।
ਰਿਦੇ ਪ੍ਰਮੋਦ ਅਧਿਕ ਹੀ ਲਹੇ ॥੨੮॥
ਕਮਰ ਕਸੇ ਜੁਤਿ ਤਰਕਸ਼ ਅਸੀ[1]।

[1]ਕਿਰਪਾਨ।

ਹਾਥ ਕਮਾਨ ਕਠਨ ਅਤਿ ਲਸੀ[1]।
ਕਰਿ ਇੱਛਾ ਪੂਰਨ ਉਠਿ ਚਲੇ।
ਸਨੇ ਸਨੇ ਗਿਰਵਰ ਕੇ ਤਲੇ ॥੨੯॥
ਭਏ ਸ਼ਬਦ ਭੁੰਚਾਲ ਘਨੇਰੇ।
ਘਨੇ ਲੋਕ ਆਨੰਦਪੁਰਿ ਕੇਰੇ।
ਸੁਨਿ ਲਖਿ ਹਿਤ[1†] ਤਿਤ ਕੋ ਚਲਿ ਆਏ।
ਸੈਲ ਤਰੇ ਥਿਰ ਭੇ ਸਮੁਦਾਏ ॥੩੦॥
ਧਰੇ ਸ਼ਸਤ੍ਰ ਬੈਠੇ ਭਟ ਜਹਾਂ।
ਮਨੋ ਪੌਰ ਸੋ ਬਨ ਕਰਿ ਰਹਾ[1]।
ਉਲੰਘ ਅਗਾਰੀ ਜਾਇ ਨ ਕੋਈ।
ਸਭਿ ਕੋ ਰੋਕਤਿ ਹੈਂ ਤਹਿਂ ਸੋਈ ॥੩੧॥
ਕੇਸ਼ਵਦਾਸ ਅਗਾਰੀ ਹੋਵਾ।
ਲਾਲ ਗੁਲਾਲ ਦਰਸ ਕੋ[1] ਜੋਵਾ।
ਦਈ ਅਸੀਸ 'ਸੁਖੀ ਨਿਤ ਰਹੀਅਹਿ।
ਦੇਵੀ ਬਿਦਤ ਪ੍ਰਸੰਗ ਸੁ ਕਹੀਅਹਿ ॥੩੨॥
ਮਨ ਬਾਂਛਤਿ ਜੈਸੇ ਬਰ ਲੀਨੋ।
ਜਗਦੰਬਾ ਜਿਮ ਦਰਸ਼ਨ ਦੀਨੋ।
ਕਹਨਿ ਸੁਨਨ ਜਿਮ ਆਪਸ ਮਾਂਹੀ।
ਕ੍ਰਿਪਾ ਕਰਹੁ ਭਾਖਹੁ ਮੁਝ ਪਾਹੀ' ॥੩੩॥
ਸ੍ਰੀ ਮੁਖ ਤੇ ਤਬਿ ਸਰਬ ਸੁਨਾਯੋ।
ਪ੍ਰਥਮ ਸਰੂਪ ਦਰਸ ਜਿਮ ਪਾਯੋ।
'-ਬਰੰਬ੍ਰੂਹ- ਸ੍ਰੀ ਬਦਨ ਉਬਾਚੇ।
ਤਬਿ ਹਮ ਇੱਛਤ ਚਿਤ ਕੇ ਜਾਚੇ ॥੩੪॥
-ਏਵੇ ਮਸਤੁ[1]- ਕਹਿ ਭੇਟ ਸੁ ਲੈ ਕੈ।
ਅੰਤਰ ਧਯਾਨ ਭਈ ਬਰ ਦੈ ਕੈ।
ਲਘੁ ਕ੍ਰਿਪਾਨ ਇਹੁ ਕਰ ਤੇ ਦੀਨਿ।
ਅਤਿ ਅਨੰਦ ਤੇ ਸਿਰ ਧਰਿ ਲੀਨਿ

[1]ਚਮਕ ਰਹੀ ਹੈ।

[1]ਸੁਣਕੇ ਦੇਖਣ ਲਈ। [†]ਪਾ:-ਕਰਿ।

[1]ਮਾਨੋ (ਸਿਖ ਰੱਖਿਆ ਲਈ) ਡਿਉਢੀ ਬਣ ਰਹੇ ਹਨ।

[1]ਗੁਲਾਲ ਵਤ ਦਰਸ਼ਨ (ਸ੍ਰੀ ਗੁਰੂ ਜੀ ਦਾ)।

[1]ਇਵੇਂ ਹੀ ਹੋਵੇ [ਸੰਸ., ਏਵੰ ਅਸ੍ਤੁ]।

॥੩੫॥
ਬਿੱਪ੍ਰ ! ਤੁਹਾਰੀ ਕਰੁਨਾ ਪਾਇ[†]।
ਕਾਰਜ ਸਿੱਧ ਭਏ ਸਮੁਦਾਇ।'
ਇੱਤਜਾਦਿਕ ਸਭਿ ਭਨਤੋ ਪ੍ਰਸੰਗ।
ਸੁਨਿ ਕੇਸ਼ਵ ਚਿਤ ਆਨੰਦ ਸੰਗ
॥੩੬॥
'ਧੰਨ ਧੰਨ ਤੁਮ ਸਤਿਗੁਰ ਪੂਰੇ।
ਪਿਖਿ ਪ੍ਰਮੇਸਰੀ[1] ਦਰਸ਼ਨ ਰੂਰੇ।
ਇਸ ਪ੍ਰਕਾਰ ਨਹਿਂ ਕਿਨਹੁਂ ਨਿਹਾਰੀ।
ਭਏ ਸ਼ਕਤਿ ਜੁਤਿ ਬਡ ਅਵਤਾਰੀ
॥੩੭॥
ਕਸ਼ਟ ਅਨਿਕ ਸਹਿ ਕੈ ਤਪ ਘਾਲਾ।
ਹਮਨ ਜੱਗਜ ਜਿਨ ਕੀਏ ਬਿਸਾਲਾ।
ਜਪ ਕੋ ਜਾਪਤਿ ਬੈਸੁ ਬਿਤਾਈ।
ਕਿਨਹੁ ਨ ਇਮ ਦੇਖੀ ਜਗ ਮਾਈ
॥੩੮॥
ਕਲੀ ਕਾਲ ਮਹਿਂ ਦਰਸ਼ਨ ਭਯੋ।
ਤੁਮ ਸਮ ਜਗ ਮਹਿਂ ਅਪਰ ਨ ਥਿਯੋ।
ਸੋਢਿਬੰਸ ਅਵਿਤੰਸ਼ ਬਿਸਾਲੇ।
ਕੋ ਮਹਿੰਮਾ ਕਹੀਐ ਇਸ ਕਾਲੇ
॥੩੯॥
ਅਬਿ ਚਲਿ ਅਨੰਦ ਪੁਰੇ ਆਨੰਦ।
ਦਿਜ ਦੀਨਨ ਦਿਹੁ ਦਾਨ ਬਿਲੰਦ।
ਪੂਰਨ ਭਈ ਸਗਲ ਅਭਿਲਾਖਾ।'
ਮਹਾਂ ਮਹਾਤਮ ਇਮ ਦਿਜ ਭਾਖਾ
॥੪੦॥
ਲੇ ਤਿਹ ਸਾਥ ਨਾਥ ਤਬਿ ਚਲੇ।
ਗਿਰਵਰ ਕੇ ਉਤਰਤਿ ਭੇ ਤਲੇ।
ਬਦਨ ਬਿਸਾਲ ਲਾਲ ਹੁਇ ਰਹਯੋ।
ਜੋ ਕਿਸ ਹੂੰ ਤੇ ਜਾਤਿ ਨ ਲਹਯੋ[1]

[†]ਡਰਦਾ ਮਾਰਿਆ ਕੇਸ਼ੋਦਾਸ ਤਾਂ ਪਹਿਲੋਂ ਤੋਂ ਭੱਜਾ ਫਿਰਦਾ ਹੈ ਇਸਦੀ ਕ੍ਰਿਪਾ ਨਾਲ ਕਾਰਜ ਸਿੱਧ ਕੀਕੂੰ ਹੋਇਆ ਹੈ?

[1]ਦੇਵੀ ਦਾ।

[1]ਡਿੱਠਾ ਨਹੀਂ ਜਾਂਦਾ।

॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ਼੍ਰੀ ਦੇਵੀ ਪ੍ਰਗਟ ਹੋਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

## ੧੨. [ਕੇਸ਼ੋ ਦਾਸ ਦਾ ਰੁੱਸਣਾ]

੧੧<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਸਿਖ ਸੰਗਤਿ ਭਟ ਸ਼ਸਤ੍ਰ ਧਰਿ, ਦਰਸ ਕਰਨਿ ਕੇ ਚਾਇ।
ਖਰੇ ਹੁਤੇ ਪਹੁੰਚੇ ਤਹਾਂ, ਬਦਨ ਜੋਤਿ ਦਿਪਤਾਇ ॥੧॥

ਚੌਪਈ:

ਧਾਇ ਧਾਇ ਹੁਇ ਕਰਿ ਅਗਵਾਏ।
ਨਮੋ ਕਰਨ ਕੋ ਨਰ ਉਤਲਾਏ।
ਦਿਪਤ ਤੇਜ[1] ਕੇ ਚਰਨਨ ਪਰੈਂ।
ਦਰਸ ਅਪੂਰਬ ਗੁਰ ਕੇ ਕਰੈਂ ॥੨॥
ਉੱਗ੍ਰ[†] ਤੌਰ ਗੁਰ ਕੌ ਤਬਿ ਦੇਖਾ।
ਰਹੇ ਤੂਸ਼ਨੀ ਠਾਨਿ ਅਸ਼ੇਖਾ।
ਅਦਬ ਸਾਥ ਸੁਕਚਿਤ ਹੁਇ ਦੂਰ।
ਪਾਛੇ ਗਮਨੈਂ ਸੰਕਤਿ ਭੂਰ ॥੩॥
ਕੇਤਿਕ ਦਿਜ ਆਸ਼ਿਖ ਕੋ ਦੇਤੇ।
ਭਨਹਿਂ ਬਧਾਈ ਮੰਗਲ ਕੇਤੇ।
ਭਏ ਤੁਰੰਗਮ ਪਰ ਅਸਵਾਰ।
ਨਰ ਕਰਿ ਦਰਸ਼ਨ ਹੋਵਤਿ ਲਾਰ ॥੪॥
ਸੰਧਜਾ ਸਮੈਂ ਹੋਤਿ ਲੌ ਆਏ।
ਆਨੰਦਪੁਰਿ ਮੈਂ ਹੋਤਿ ਬਧਾਏ।
ਸ੍ਰੀ ਗੁਜਰੀ ਢਿਗ ਜਿਸ ਨਰ ਕਹਜੋ।
ਚਿਤ ਮਹਿਂ ਚਹਜੋ ਪਦਾਰਥ ਲਹਜੋ ॥੫॥
ਤਿਮ ਹੀ ਦੋਨਹੁ ਮਹਿਲ ਅਨੰਦੇ।
ਧਨ ਭੂਖਨ ਦੇ ਬਸਤ੍ਰ ਬਿਲੰਦੇ।
ਪੁੱਤ੍ਰ ਅਜੀਤ ਸਿੰਘ ਹੁਇ ਆਗੇ।
ਬਿਛਰੇ ਚਿਰ ਕੇ ਪਿਤ ਪਗ ਲਾਗੇ ॥੬॥
ਜਿਤ ਦੇਖਹਿਂ ਤਿਤ ਸਹਿਜ ਸੁਭਾਏ।
ਲੋਕ ਹਜ਼ਾਰਹੁਂ ਸੀਸ ਨਿਵਾਏਂ।
ਜ਼ੋਰਾਵਰ ਸਿੰਘ ਤਬਿ ਚਲਿ ਆਏ।
ਸੰਗ ਜੁਝਾਰ ਸਿੰਘ ਹਰਖਾਏ ॥੭॥
ਬੰਦਨ ਕਰਤਿ ਸੰਗ ਹੀ ਚਲੇ।

[1]ਪ੍ਰਕਾਸ਼ ਦੇ ਤੇਜ ਵਾਲੇ (ਸ੍ਰੀ ਗੁਰੂ ਜੀ ਦੇ)।

[†]ਪਾ:-ਔਰ।

ਪੁਰਿ ਨਰ ਨਾਰਿ ਦਰਨ[1] ਹ੍ਵੈ ਖਲੇ।
ਕਰ ਬੰਦਹਿਂ ਅਰੁ ਸੀਸ ਨਿਵਾਵਹਿਂ।
ਔਰ ਤੌਰ ਪਰਖਹਿਂ ਬਿਸਮਾਵਹਿਂ ॥੮॥
ਕਹਨਿ ਸੁਨਨਿ ਕਿਹ ਸੋਂ ਨਹਿਂ ਕਰਿਹੀਂ।
ਰਸ ਭਰਿ ਦ੍ਰਿਗ ਨਹਿਂ ਕਿਸਹੁੰ ਨਿਹਰਿਹੀਂ।
ਉਦਾਸੀਨ ਸਭਿ ਸੋਂ ਰਸੁ ਏਕ।
ਤੇਜ ਉੱਗ੍ਰ ਭੇ ਜਲਧ ਬਿਬੇਕ ॥੯॥
ਪੁਰਿ ਮਹਿਂ ਮੰਗਲ ਅਨਿਕ ਪ੍ਰਕਾਰਾ।
ਗੁਰ ਆਗਮਨ ਜਲਦ[1] ਜਨੁ ਭਾਰਾ।
ਜਲ ਪ੍ਰਮੋਦ ਕੋ[1] ਬਹੁ ਬਰਖਾਯੋ।
ਤਪਤ ਹੁਤੀ ਊਪਰ ਰਹਿ ਛਾਯੋ ॥੧੦॥
ਮੰਦਿਰ ਸੁੰਦਰ ਅੰਦਰ ਗਏ।
ਚਾਰੁ ਸਿੰਘਾਸਨ ਬੈਠਤਿ ਭਏ।
ਪੰਚਾਂਮ੍ਰਿਤ ਘਰਿ ਘਰਿ ਪ੍ਰਤਿ ਹੋਵਾ।
ਅਤਿ ਪ੍ਰਿਯ ਗੁਰ ਕੋ ਦਰਸ਼ਨ ਜੋਵਾ ॥੧੧॥
ਆਨਿ ਕਰਾਵਤਿ ਸਿਖ ਅਰਦਾਸ।
ਧਰਹਿਂ ਤੁਸ਼ਨੀ ਬੈਠਹਿਂ ਪਾਸ।
ਦੀਪਕਮਾਲਾ ਸਭਿਹਿਨ ਕਰੀ।
ਘਰ ਘਰ ਕੇ ਸ਼ਿਖਰਨ[1] ਪਰ ਧਰੀ ॥੧੨॥
ਨੌਬਤ ਬਾਜਤਿ ਦੀਰਘ ਪੌਰ।
ਸੰਖ ਨਫੀਰਨਿ ਕੇ ਗਨ ਸ਼ੋਰ।
ਅਤਿ ਉਤਸਵ ਭਾ ਨਗਰ ਮਝਾਰੀ।
'ਜੈ ਸਤਿਗੁਰ ਕੀ' ਕਹਿਂ ਨਰ ਨਾਰੀ ॥੧੩॥
ਖਾਨ ਪਾਨ ਕਰਿ, ਕਰਿ ਗੁਰ ਬਾਤੀ।
ਸਗਰੇ ਸੁਪਤਿ ਜਥਾ ਸੁਖ ਰਾਤੀ।
ਬਡੀ ਪ੍ਰਾਤਿ ਤੇ ਸਤਿਗੁਰ ਜਾਗੇ।
ਸੌਚ ਸ਼ਨਾਨ ਕਰਨਿ ਪ੍ਰਭੁ ਲਾਗੇ ॥੧੪॥

[1]ਦਰਵਾਜ਼ਿਆਂ ਵਿਚ।
[1]ਬੱਦਲ।
[1]ਖੁਸ਼ੀ ਰੂਪੀ ਜਲ।
[1]ਉਪਰਲੀਆਂ ਛੱਤਾਂ।

ਬਸਤ੍ਰ ਸ਼ਸਤ੍ਰ ਸਭਿ ਅੰਗ ਸਜਾਏ।
ਲੈਨਹਾਰ ਜੇ ਧਨ ਗਨ ਆਏ।
ਸਭਿ ਕੋ ਦੀਨਸਿ ਦਾਨ ਘਨੇਰੇ।
ਲੇ ਕਰਿ ਸਭਿ ਕੇ ਅਨੰਦ ਘਨੇਰੇ ॥੧੫॥
ਹੁਕਮ ਜੱਗਜ ਕਰਿਬੇ ਕਹੁ ਦਯੋ।
ਅਨਿਕ ਅਹਾਰ ਸਨਿਗਧੈ[1] ਭਯੋ। [1]ਘਿਉ ਵਿਚ ਤਲਿਆ ਹੋਇਆ।
ਪੂਪ ਪੂਰਕਾ ਬਹੁ ਪੰਚਾਂਮ੍ਰਿਤ।
ਬਿੱਪ੍ਰ ਸਾਧ ਬੋਲੇ ਪਠਿ ਜਿਤ ਕਿਤ[1] ॥੧੬॥ [1]ਸੱਦ ਭੇਜੇ ਜਿੱਥੋਂ ਕਿੱਥੋਂ।
ਮਨ ਭਾਵਤਿ ਭੋਜਨ ਕੋ ਖਾਯਹੁ।
ਅਧਿਕ ਦਾਨ ਸਭਿਹਿਨਿ ਕਹੁ[1] ਪਾਯਹੁ। [1]ਸਭਨਾਂ ਨੇ।
ਪਿਖਿ ਉਦਾਰਤਾ[1] ਗੁਰ ਉਰ ਕੇਰੀ। [1]ਬਖਸ਼ਿਸ਼।
ਬਿਸਮ ਕੁਬੇਰ ਸੁਮੇਰ ਬਡੇਰੀ[1] ॥੧੭॥ [1]ਸੁਮੇਰ ਕੁਬੇਰ ਬਹੁਤ ਅਸਚਰਜ (ਹੋਕੇ ਕਹਿੰਦੇ ਹਨ:-)
-ਜੇ ਰੁਖ ਕਰਿ ਇਤ ਕੋ ਬਲ ਧਰੈਂ।
ਹਮ ਕੋ ਲਟ ਬਾਂਟਿਬੋ ਕਰੈਂ-।
ਬ੍ਰਿੰਦ ਅਸ਼ਰਫੀ ਘਨੇ ਰਜਤਪਨ।
ਜਾਚਕ ਕਰੇ ਨਿਹਾਲ ਅਨਿਕ ਗਨ[1] ॥੧੮॥ [1]ਅਨੇਕਾਂ ਜਾਚਕਾਂ ਦੇ ਸਮੂਹ ਨਿਹਾਲ ਕੀਤੇ।
ਦਾਨ ਦੇਖਿ ਬਿਸਮਤਿ ਨਰ ਨਾਰੀ।
ਭਯੋ ਕੁਲਾਹਲ ਪੁਰਿ ਮਹਿਂ ਭਾਰੀ।
ਦਿਜ ਕੇਸ਼ਵ ਤਬਿ ਨਹੀਂ ਬੁਲਾਯੋ।
ਬਿਦਤਨ ਸਮੈ ਜੁ ਉਠਿ ਕਰਿ ਆਯੋ ॥੧੯॥
ਤਿਨ ਸੁਨਿ ਅਧਿਕ ਰੁਸਬੋ ਲੀਨਾ[1]। [1]ਰੁੱਸਣਾ ਕੀਤਾ।
-ਮੁਹਿ ਨ ਹਕਾਰਜੋ[1] ਇਹੁ ਕਜਾ ਕੀਨਾ-। [1]ਬੁਲਾਇਆ।
ਸ੍ਰੀ ਅੰਤਰਜਾਮੀ ਸਭਿ ਜਾਨੀ।
ਨੰਦਚੰਦ ਸੋਂ ਗਿਰਾ ਬਖਾਨੀ ॥੨੦॥
‘ਅਬਿ ਪੰਡਤ ਕੋ ਆਨਿ ਹਕਾਰੀ।
ਅਸ ਕਹੁ -ਬਿਸਰ ਗਯੋ ਤਿਸ ਬਾਰੀ†।’

†ਜੇ ਪੰਡਤ ਦੀ ਵਿਧੀ ਕਾਮਯਾਬ ਹੋਈ ਹੁੰਦੀ ਤਾਂ ਇਹ ਬ੍ਰਾਹਮਣ ਤੇ ਹੋਰ ਪੰਡਿਤ ਪਹਿਲਾਂ ਪੂਜੇ ਜਾਂਦੇ। ਸਿੱਖਾਂ ਨੂੰ ਪਹਿਲੇ ਬੁਲਾਉਣਾ ਬ੍ਰਾਹਮਣਾਂ ਨੂੰ ਭੁੱਲ ਜਾਣਾ ਇਹ ਸੂਚਕ ਹਨ ਇਸ ਗੱਲ ਦੇ ਕਿ ਬ੍ਰਾਹਮਣ ਦੀ ਰਚਾਈ ਖੇਲ ਕਾਮਯਾਬ ਨਹੀਂ ਹੋਈ। ਕਿਉਂਕਿ ਚੇਤਿਓਂ ਭੁੱਲਦਾ ਉਹ ਹੈ ਜਿਸਦਾ ਸਤਿਕਾਰ ਯਾ ਅਹਿਸਾਨ ਡੂੰਘੇ ਚਿੱਤ ਵਿਚ ਨਾ ਹੋਵੇ।

ਸੁਨਿ ਕਰਿ ਹੁਕਮ ਗੁਰੂ ਕਹੁ ਐਸੋ।
ਤਹਿਂ ਗਮਨਜੋਂ ਜਹਿਂ ਪੰਡਤ ਬੈਸੋ
॥੨੧॥
‘ਦਿਜ ਜੂ! ਸਤਿਗੁਰ ਤੁਮਹਿਂ ਹਕਾਰਾ।
ਸਹਿਤ ਦੱਛਨਾ ਲੇਹੁ ਅਹਾਰਾ।’
ਬਿੱਪ੍ਰ ਕਹਜੋ ‘ਅਹਿ ਹੌਂ ਨਹਿਂ ਜਾਵੌਂ।
ਨਹੀਂ ਸੁ ਭੋਜਨ ਸੁਖ ਮਹਿਂ ਪਾਵੌਂ
॥੨੨॥
ਪ੍ਰਥਮ ਬਿੱਪ੍ਰ ਸਿਖ ਸਾਧ ਜਿਵਾਏ।
ਪਾਛੇ ਤੇ ਮੁਝ ਬੋਲਿ ਪਠਾਏ।
ਸਹੀ ਨ ਜਾਇ ਬਿਪਰੀਤ ਬਡੇਰੀ।
ਹੁਤੋ ਮੁੱਖਜ ਸੁਧਿ ਨਹਿਂ ਤਿਸ ਕੇਰੀ
॥੨੩॥
ਕਰਮ ਜਿ ਉੱਤਮ ਜਗਤ ਮਝਾਰੀ।
ਸਰਬ ਬਿਖੈ ਹਮ ਰਹਤਿ ਅਗਾਰੀ।
ਅਬਿ ਪਸ਼ਚਾਤੀ ਕਿਮ ਨਹਿਂ ਜਾਊਂ।
ਅਚਉਂ ਅਸਨ ਬ੍ਰਹਿਮੱਤ[1] ਲਜਾਊਂ [1]ਬ੍ਰਹਮਨ ਪੁਣਾ।
॥੨੪॥
ਨਿਜ ਗੁਰ ਢਿਗ ਕਹੀਏ ਅਰਦਾਸਾ।
ਦਿਜ ਨਹਿਂ ਆਇ ਤੁਮਾਰੇ ਪਾਸਾ।’
ਸੁਨਿ ਕੈ ਨੰਦਚੰਦ ਕਹਿ ਬਾਨੀ।
‘ਧੀਰਜ ਧਰੀਏ ਤੁਮ ਗੁਨਖਾਨੀ
॥੨੫॥
ਤਜਹੁ ਕੋਪ ਤਬਿ ਰਹੇ ਨ ਯਾਦੂ।
ਅਬਿ ਤੁਮ ਚਲਿ ਕੈ ਅਚਹੁ ਪ੍ਰਸਾਦੂ।
ਨਰ ਸਮਾਨ ਸਤਿਗੁਰ ਨ ਪਛਾਨਹੁ।
ਜਗਤ ਈਸ਼ ਅਵਤਾਰ ਪ੍ਰਮਾਨਹੁ
॥੨੬॥
ਤਿਨ ਸੰਗ ਰੂਸਨਿ ਕਿਮ ਬਨਿ ਆਵੈ।

ਤਸ ਕਰੀਐ ਜਸ ਉਨ ਮਨ ਭਾਵੈ।
ਜਾਤਿ ਹੰਕਾਰ ਕਰਹੁ ਸਭਿ ਨਾਸ਼ੀ।
ਉਠਿ ਕਰਿ ਗਮਨਹੁ ਹਰਖਤਿ ਪਾਸੀ' ॥੨੭॥
ਸੁਨਿ ਬੋਲਯੋ ਦਿਜ 'ਇਮ ਨ ਉਚਰੀਅਹਿ।
ਨਿਜ ਗੁਰ ਬਾਕ ਬਿਚਾਰਨਿ ਕਰੀਅਹਿ।
ਦੋਸ਼ ਲਗੇ, ਬੋਲਤਿ ਰਹੁ ਜੈਸੇ।
ਕਲਗ਼ੀਧਰ ਬਰਨਯੋਂ ਨਿਜ ਐਸੇ ॥੨੮॥

ਜੋ ਹਮ ਕੋ ਪਰਮੇਸਰ ਉਚਰਿ ਹੈ ॥
ਤੇ ਸਭ ਨਰਕਿ ਕੁੰਡ ਮਹਿ ਪਰਿਹੈ ॥
ਮੋ ਕੋ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥

ਦੂਜੇ ਔਰ ਸੁਨਹੁ ਦੇ ਕਾਨਾ।
ਜਬਿ ਪ੍ਰਗਟੀ ਚੰਡੀ ਖਲਖੰਡਾ।
ਭੇਖ ਭਯਾਨ ਚਕਿਤ ਨਵਖੰਡਾ[1] ॥੨੯॥ [1]ਨਵਖੰਡਾਂ ਨੂੰ ਹੈਰਾਨ ਕਰਨ ਵਾਲੀ।
ਤਬਿ ਧੀਰਜ ਉਰ ਰਹ੍ਯੋ ਨ ਕੋਈ।
ਦੇਖਤਿ ਨੈਨ ਮੁੰਦ ਲਿਯ ਦੋਈ[†]।

[†]ਕੇਸ਼ੋ ਕਿਸ ਹੌਂਸਲੇ ਨਾਲ ਕਹਿ ਰਿਹਾ ਹੈ, ਆਪ ਤਾਂ ਪ੍ਰਗਟਣ ਤੋਂ ਪਹਿਲਾਂ ਹੀ ਭੱਜ ਆਯਾ ਹੈ। ਫਿਰ ਕਵਿ ਜੀ ਦੱਸ ਆਏ ਹਨ ਕਿ ਇੱਕ ਵੇਰ ਦੇਖਕੇ ਨੇਤ੍ਰ ਮੁੰਦੇ ਸਨ, ਪਹਿਲੋਂ ਹੀ ਤਾਂ ਨਹੀਂ ਮੁੰਦੇ। ਸੌ ਸਾਖੀ ਨੇ ਬੀ ਲਿਖ੍ਯਾ ਹੈ:-ਨਿਰਖੀ ਏਕ ਬਾਰ ਮੁਖ ਰਾਂਡਾ।

ਜੇ ਅਵਤਾਰ[†] ਹੁਤੇ ਤਿਸ ਕਾਲਾ।

[†]ਇਹ ਪੰਡਤ ਦਾ ਵਦਤੋਵ੍ਯਾਘਾਤ ਯਾ ਝੂਠ ਬੋਲਨ ਤੁੱਲ ਹੈ। ਪਿਛੇ ਪੂਰੇ ਸਿਦਕ ਨਾਲ ਮੰਨ ਆਇਆ ਕਿ 'ਜਗਤ ਈਸ਼ ਤੁਮ ਦੇਵਨ ਦੇਵ' ਤਥਾ:-'ਨਰ ਲੀਲਾ ਠਾਨਹੁ ਜਗਤੇਸ਼ੂ।... ਅਬਿ ਨਿਸਚਾ ਮੇਰੇ ਮਨ ਆਯੋ' [ਅੰਸੂ ੮ ਅੰਕ ੨੪]। ਕੋਈ ਜਾਣੇ 'ਨੈਣ ਮੁੰਦਣੇ' ਨਰ ਲੀਲਾ ਤੋਂ ਬਾਹਰ ਹਨ।

ਧੀਰਜ ਧਾਰਤਿ ਰਿਦੈ ਬਿਸਾਲਾ ॥੩੦॥
ਯਾਂ ਤੇ ਮੋਹਿ ਪ੍ਰਤੀਤ ਨ ਆਵੈ।
ਤੂੰ ਸਭਿ ਜਾਨੇ ਬਿਨਾਂ ਅਲਾਵੈਂ।'
ਨੰਦ ਚੰਦ ਤਬਿ ਬਾਕ ਬਖਾਨਾ।
'ਸੁਨਹੁ ਬਿੱਪ੍ਰ! ਤੁਮ ਭੇਵ ਨ ਜਾਨਾ ॥੩੧॥
ਤਿਸ ਹੀ ਤੇ ਸੰਸਾ ਉਰ ਤੋਰੇ।
ਨਿਰਨੈ ਕਰਿ ਗੁਨੀਐ ਬਚ ਮੋਰੇ।

ਗੁਰੂ ਭਗਤਿ ਬਪੁ ਭੇ ਅਵਤਾਰਾ[1]। — [1]ਗੁਰੂ ਜੀ ਭਗਤੀ ਦਾ ਰੂਪ ਧਾਰਕੇ ਅਵਤਾਰ ਹੋਏ ਹਨ।
ਪੂਰਬ ਰੂਪਨ ਕਰਹਿਂ ਉਚਾਰਾ[1] ॥੩੨॥ — [1]ਇਸ ਕਰਕੇ ਆਪਣੇ) ਪਹਿਲੇ (ਪਰਮੇਸੁਰ ਰੂਪ) ਦਾ ਨਾਉਂ ਨਹੀਂ ਲੈਂਦੇ।

ਜਥੋਂ ਸ੍ਵਾਂਗੀ ਜਗ ਸ੍ਵਾਂਗ ਬਨਾਵੈ।
ਤਸ ਕਿਰਿਆ ਕਰਿ ਤਥਾ ਅਲਾਵੈ।
[1]ਸੂਕਰ ਰੂਪ ਧਰਾ ਗੁਨ ਖਾਨੀ। — [1]ਹੁਣ ਬ੍ਰਾਹਮਣ ਨੂੰ ਉਸਦੇ ਘਰ ਦੇ ਪ੍ਰਮਾਣ ਦੇਂਦੇ ਹਨ।
ਘੁਰ ਘੁਰ ਸ਼ਬਦ ਕ੍ਰਿਯਾ ਇਸ ਠਾਨੀ ॥੩੩॥
ਨਰਸਿੰਘ ਰੂਪ ਬਨਾਇ ਬਹੋਰੀ।
ਗਰਜ ਕ੍ਰਿਆ ਤਸ ਕਰੀ, ਨ ਔਰੀ[1]। — [1]ਹੋਰ ਨਾ ਕੀਤੀ।
ਤਿਸ ਬਿਧਿ ਲਖੀ ਅਹੁ ਗਤਿ ਇਨ ਕੇਰੀ।
ਭਗਤਿ ਰੀਤਿ ਕੀ ਰਹਤਿ ਘਨੇਰੀ ॥੩੪॥
ਰੂਪ ਵਾਸਤਵ ਨਹੀਂ ਲਖਾਯੋ।
ਆਸ਼ੈ ਅਪਰ, ਸੁ ਨਹਿਂ ਤੁਮ ਪਾਯੋ[1]। — [1]ਆਸ਼ਾ ਹੋਰ ਸੀ ਸੋ ਤੈਂ ਨਹੀਂ ਪਾਇਆ।
ਬ੍ਰਹਮਾ ਵਿਸ਼ਨੁ ਰੁੱਦ੍ਰ ਮਹੀਆਨ[1]। — [1]ਵਡੇ।
ਇਨ ਪਰ ਤਰਕ ਕਰੀ[1] ਤਿਸ ਥਾਨ ॥੩੫॥ — [1]ਤਰਕ ਕੀਤੀ ਹੈ (ਗੁਰੂ ਜੀ ਨੇ ਆਪਣੀ ਬਾਣੀ ਵਿਚ)।
ਤਹਾਂ ਆਪ ਕੋ ਨਹਿਂ ਇਮ[1] ਕਹਿਤੇ[†]। — [1]ਭਾਵ ਦਾਸਾਭਾਵ ਵਿੱਚ। [†]ਪਾ:-ਕਰਤੇ।
ਤੌ ਬਹੁ ਲੋਕ ਰਿਦੈ ਇਮ ਲਹਿਤੇ।
ਸਭਿ ਕੋ ਤਰਕਤਿ ਭੇ ਇਸ ਥਾਂਈ।
ਪਰਮੇਸ਼ੁਰਤਾ ਅਪਨਿ ਜਨਾਈ ॥੩੬॥
ਇਮ ਬਿਚਾਰ ਕਰਿ ਤਹਾਂ ਬਖਾਨਾ।
ਜੇ ਅਵਤਾਰ ਸੁ ਦਾਸੁ ਸਮਾਨਾ[1]। — [1]ਜੇਹੜੇ ਅਵਤਾਰ ਹੋਏ ਹਨ (ਪ੍ਰਮੇਸ਼੍ਵਰ ਅੱਗੇ) ਦਾਸ ਸਮਾਨ ਹਨ।

ਨਿਜ ਸਰੂਪ ਪਰਮੇਸ਼ੁਰ ਕੇਰਾ।
ਧਜਾਵਤਿ ਰਹੇ ਸੁ ਸੰਝ ਸਵੇਰਾ ॥੩੭॥
ਇਹ ਭੀ ਤਿਹ ਸਥਾਨ ਬਚ ਕਹਜੋ।
ਜਿਸ ਤੇ ਆਸ਼ੈ ਬੁਧਿ ਜਨ ਲਹਜੋ।

ਇਹ ਬਿਧ ਕਰਤ ਤਪੱਸਜਾ ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥੩੮॥

ਅਰੁ ਲੋਚਨ ਮੁੰਦਨ ਕੀ ਰੀਤਾ।

ਸੋ ਸੁਨਿ ਧਰੀਅਹਿ ਚੀਤ ਪ੍ਰਤੀਤਾ।
ਪ੍ਰਗਟੀ ਜਬਿ ਜਗ ਮਾਤ ਅਗਾਰੀ।
ਦਰਸ਼ਨਿ ਦੇਖਿ ਹਰਖ ਭਾ ਭਾਰੀ ॥੩੯॥
ਰਿਦੈ ਬਿਚਾਰਯੋ -ਕਿਸ ਅਸ ਥਾਂਏ[1]। [1]ਅੰਗਾਂ ਵਿਚ ਯੋਗ) ਕੇਹੜਾ ਐਸਾ ਥਾਂ ਹੈ (ਜਿੱਥੇ ਇਸ ਦੇਵੀ ਦਾ ਰੂਪ ਬਸਾਈਏ)।
ਉਚਿਤ ਅੰਗ ਜਹਿਂ ਰੂਪ ਬਸਾਏਂ-।
ਸਭਿ ਤਨ ਮਹਿਂ ਪਾਵਨ ਹੈਂ ਨੈਨਾ।
ਤਹਾਂ ਬਾਸ ਦੀਨਸਿ ਗੁਨ ਐਨਾ[1] ॥੪੦॥ [1]ਭਾਵ ਗੁਰੂ ਜੀ ਨੇ।
-[1]ਪੰਥ ਅਗਾਰੀ ਟਿਕੈ ਨ ਕੋਊ। [1]ਗੁਰੂ ਜੀ ਵਿਚਾਰਦੇ ਹਨ ਕਿ:-
ਜੋਤਿ ਤੇਜ ਲੋਚਨ ਧਰਿ ਸੋਊ[1]। [1]ਉਹ ਜੋਤੀ ਦਾ ਤੇਜ (ਪੰਥ) ਨੇਤ੍ਰਾਂ ਵਿੱਚ ਧਾਰਨ ਕਰੇਗਾ।
ਰਹਿਤਵਾਨਿ ਸਿਖ ਸਿੰਘ ਜੁ ਮੇਰੇ।
ਦੁਸ਼ਟੈਂ ਨਸ਼ਟੈਂ ਦ੍ਰਿਸ਼ਟਿ[†] ਸੁ ਹੇਰੇ[1] ॥੪੧॥ [1]ਦ੍ਰਿਸ਼ਟੀ ਦੇ ਦੇਖਣ ਨਾਲ ਦੁਸ਼ਟਾਂ ਦਾ ਨਾਸ਼ ਕਰਨਗੇ। [†]ਪਾ:-ਸ੍ਰਿਸ਼ਟ।
ਬਹੁ ਤੁਰਕਨਿ ਸੰਗ ਏਕ ਲਰਾਊਂ।
ਅਸ ਪ੍ਰਤਾਪ ਜੁਤਿ ਪੰਥ ਚਲਾਊਂ-।
ਇਹ ਕਾਰਨ ਦ੍ਰਿਗ ਕਰੇ ਮਿਲਾਵਨ।
ਦੇਖਿ ਦੇਵਿ ਕੋ ਬਾਸਿ ਬਸਾਵਨ[1]' ॥੪੨॥ [1]ਦੇਖਕੇ ਦੇਵੀ ਨੂੰ (ਨੇਤ੍ਰਾਂ ਰੂਪ) ਘਰ ਵਿੱਚ ਬਸਾਇਆ।
ਇਸ ਬਿਧਿ ਨੰਦ ਚੰਦ ਬਹੁ ਭਾਂਤੀ।
ਕਰੀ ਅਸ਼ਰਧਾ ਦਿਜ ਉਰ ਹਾਤੀ।
ਲੀਨਿ ਮਨਾਇ ਸੰਗ ਲੇ ਗਮਨਾ।
ਜਹਾਂ ਬਿਰਾਜਤਿ ਸ੍ਰੀ ਗੁਰ ਭਵਨਾ ॥੪੩॥
ਕਲਗੀਧਰ ਬਡ ਆਦਰ ਦੀਨਾ।
ਨਿਕਟਿ ਬਿਠਾਇ ਤੋਖ[1] ਬਹੁ ਕੀਨਾ। [1]ਪ੍ਰਸੰਨ।
ਨੰਦਚੰਦ ਸਭਿ ਭਨਜੋਂ ਪ੍ਰਸੰਗਾ।
ਬਾਨੀ ਛੰਦ ਸਵੈਯਨ ਸੰਗਾ ॥੪੪॥

ਸ੍ਰੀ ਮੁਖਵਾਕ:
ਸ੍ਵੈਯਾ[1]:
ਜੋ ਕਛੁ ਲੇਖ ਲਿਖਿਯੋ ਬਿਧਨਾ, ਸੋਊ ਪਾਈਯਤ ਮਿਸਰ ਜੂ! ਸੋਕ ਨਿਵਾਰੋ ॥

[1]ਭਾਵ ਗੁਰੂ ਜੀ ਨੇ ਸ੍ਵੱਯੇ ਛੰਦਾਂ ਵਿਚ ਬਾਣੀ ਰਚਕੇ ਦੱਸਿਆ ਹੈ।

ਮੇਰੋ ਕਛੂ ਅਪਰਾਧ ਨਹੀ, ਗਯੋ ਯਾਦ ਤੇ ਭੂਲਿ, ਨ ਕੋਪ ਚਿਤਾਰੋ ॥
ਬਾਗੋ[1] ਨਿਹਾਲੀ ਪਠੈ ਦਿਯੋਂ ਆਜ, ਭਲੇ ਤੁਮ ਕੋ ਨਿਸਚੈ ਜੀਅ ਧਾਰੋ ॥ [1]ਪੁਸ਼ਾਕ।
ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ, ਇਨ੍ਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ[1] ॥੧॥

[1]ਛੱਤ੍ਰੀਆਂ ਦੀ ਸਾਰੀ ਕ੍ਰਿੱਤ (ਬੀਰਤਾ) ਬ੍ਰਾਹਮਣਾਂ ਦੇ ਵਾਸਤੇ ਹੈ; ਭਾਵ ਬ੍ਰਾਹਮਣ ਰੱਖ੍ਯਾ ਵਾਸਤੇ (ਇਸ ਕਰਕੇ ਬੀ ਤੁਹਾਨੂੰ ਵਾਜਬ ਹੈ ਕਿ) ਇਹਨਾਂ ਤੇ ਕ੍ਰਿਪਾ ਦ੍ਰਿਸ਼ਟੀ ਰੱਖਿਆ ਕਰੋ।

ਜੁੱਧ ਜਿਤੇ ਇਨਹੀ[†] ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥

[†]ਇਨਹੀ ਤੋਂ ਛੱਤ੍ਰੀ ਮੁਰਾਦ ਹੈ ਤੇ ਛੱਤ੍ਰੀਆਂ ਤੋਂ ਭਾਵ ਸਿੱਖਾਂ ਦੀ ਹੈ ਜੋ ਸ਼ਸਤ੍ਰ ਧਾਰੀ ਹਨ, ਤੇ ਬ੍ਰਾਹਮਣਾਂ ਤੋਂ ਪਹਿਲਾਂ ਅੰਨ ਪਾ ਚੁਕੇ ਹਨ ਤੇ ਉਹਨਾਂ ਪਰ ਕੇਸ਼ੋ ਦਾਸ ਜੀ ਕੋਪ ਹੋ ਰਹੇ ਹਨ। ਜੇ ਇਹ ਵਾਕ ਬ੍ਰਾਹਮਣਾਂ ਪ੍ਰਤੀ ਹੁੰਦੇ ਤਾਂ ਸੁਣਕੇ ਮਿਸਰ ਜੀ ਨੂੰ ਚਟਪਟੀ ਨਾ ਲਗਦੀ, ਨਾ ਸੜਦੇ ਤੇ ਨਾ ਕ੍ਰੋਧ ਚੜ੍ਹਦਾ ਤੇ ਨਾ ਰੋਜ਼ੀ ਦੇ ਫਿਕਰ ਵਿੱਚ ਪੈ ਕੇ ਰੋ ਪੈਂਦੇ।

ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕ੍ਰਿਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥
ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦੀਯੋ ਇਨ ਹੀ ਕੋ ਭਲੋ, ਅਰ ਆਨ ਕੋ ਦਾਨ ਨਾ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਸੋ ਗ੍ਰਹ ਮੈ ਮਨ ਤੇ ਤਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥

ਦੋਹਰਾ:

[1]ਕੱਖਾਂ ਵਾਂਗੂ (ਕੱਖ ਅੱਗ ਨਾਲ ਛੇਤੀ ਭੜਕਦੇ ਹਨ)।

ਚਟਪਟਾਇ ਚਿਤ ਮੇ ਜਰਯੋ, ਤ੍ਰਿਣ ਜਿਉ[1] ਕ੍ਰੁੱਧਤਿ ਹੋਇ।
ਖੋਜ ਰੋਜ ਕੇ ਹੇਤ ਲਗ, ਦਯੋ ਮਿਸਰ ਜੁ ਹੋਇ[1†] ॥੪॥

[1]ਖੋਜ ਰੋਜ = ਨਿੱਤ ਦੀ ਪਈ ਪਿਰਤ ਦੇ (ਗੁਆਚ ਜਾਣ) ਕਾਰਨ ਬ੍ਰਾਹਮਨ ਰੋ ਪਿਆ। [ਖੋਜ = ਪੈਰਾਂ ਦੀ ਪੈਖੜ ਨਾਲ ਪੈ ਗਿਆ ਰਸਤਾ ਭਾਵ ਪਿਰਤ। ਰੋਜ = ਰੋਜ਼ = ਹਰ ਦਿਨ, ਨਿੱਤਜ]। (ਅ) (ਹੁਣ ਨਵੇਂ) ਰੁਜ਼ਗਾਰ ਦੀ ਢੂੰਡ (ਕਰਨੀ ਪਏਗੀ ਇਸ) ਕਾਰਨ ਬ੍ਰਾਹਮਣ ਰੋ ਪਿਆ। [ਰੋਜ = ਰੋਜ਼ੀ, ਗੁਜ਼ਗਾਰ। ਖੋਜ = ਢੂੰਡ, ਭਾਲ]। [†]ਇਸ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਬ੍ਰਾਹਮਣ ਦਾ ਰੁਜ਼ੀਨਾ ਬੰਦ ਹੋਇਆ ਹੈ। ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਰੋਣਾ ਸੂਚਕ ਹੈ ਉਸ ਦੇ ਅਨਾਦਰ ਦਾ, ਅਨਾਦਰ ਸੂਚਕ ਇਸ ਗਲ ਦਾ ਹੈ ਕਿ ਦੇਵੀ ਪ੍ਰਗਟੀ ਨਹੀਂ। ਜੇ ਪ੍ਰਗਟੀ ਹੁੰਦੀ ਤਾਂ ਨਵੇਂ ਰੁਜ਼ੀਨੇ ਲਗਦੇ, ਨਾ ਕਿ ਅਗਲੇ ਬੀ ਬੰਦ ਹੁੰਦੇ।

ਚੌਪਈ:

ਸਾਦਰ ਬਹੁਰ ਅਹਾਰ ਖਵੱਯਾ।
ਦਖਨਾ ਲੱਛ ਸਵਾ ਸੁ ਰੁਪੱਯਾ।
ਦਰਬ ਪਠਯੋ ਸਭਿ ਅਪਨੇ ਧਾਮ।
ਰਹਯੋ ਕੁਛਕ ਗੁਰ ਢਿਗ ਬਿਸ੍ਰਾਮ ॥੪੫॥
ਪੁਨ ਵਰ ਲੈਬੇ ਹੇਤੁ ਉਚਾਰਾ।

'ਸ੍ਰੀ ਗੁਰ ਜੀ ਹੁਇ ਪੰਥ ਤੁਮਾਰਾ।
ਕਰਹਿ ਜੰਗ ਤੁਰਕਨਿ ਕੌ ਮਾਰੈ।
ਬਿਜੈ ਪਾਇ ਸਭਿ ਵਸਤੁ ਸੰਭਾਰੈ ॥੪੬॥
ਅਵਨੀ ਰਾਜ ਕਰਹਿ ਬੁਹਤੇਰਾ।
ਤਿਨ ਮਹਿਂ ਜਨਮ ਹੋਇ ਪੁਨ ਮੇਰਾ।'
ਸੁਨਿ ਕਲਗੀਧਰ ਭਏ ਪ੍ਰਸੰਨ।
'ਸਿੰਘ ਬਨਨਿ ਚਾਹਜੋ ਤੂੰ ਧੰਨ ॥੪੭॥
ਤੀਨ ਵਾਰ ਹੁਇ ਪੰਥ ਮਝਾਰੀ।
ਲੈ ਹੈਂ ਸਿੰਘਨ ਮਹਿਂ ਸਿਰਦਾਰੀ†।'

†ਇਹ ਬੀ ਕਵਿ ਜੀ ਨੇ ਸੌ ਸਾਖੀ ਤੋਂ ਲਿਆ ਹੈ, ਸੌ ਸਾ: ਨੇ ਤੀਸਰੇ ਜਨਮ ਇਸ ਨੂੰ ਲਾਹੌਰ ਦਾ ਮਾਲਕ ਹੋਣਾ ਤੇ ਰਣ ਸਿੰਘ (ਰਣਜੀਤ ਸਿੰਘ) ਨਾਮ ਵਾਲਾ ਹੋਣਾ ਲਿਖਿਆ ਹੈ।

ਇਹੁ ਬਰ ਪਾਇ ਹਰਖ ਕੋ ਧਰਿ ਕੈ।
ਬਿੱਪ੍ਰ ਕਲੇਵਰ ਕੋ ਤਜਿ ਕਰਿ ਕੈ ॥੪੮॥
ਭਯੋ ਖਾਲਸੇ ਮਹਿਂ ਸਰਦਾਰ।
ਹਨੇ ਤੁਰਕ ਬਹੁ ਜੰਗ ਮਝਾਰ।
ਬ੍ਰਿੰਦ ਭੋਗ ਭੋਗੇ ਸੁਖ ਪਾਇ।
ਕਥਾ ਬਿੱਪ੍ਰ ਕੀ ਭੀ ਇਸ ਭਾਇ† ॥੪੯॥

†ਇਹ ਪਿਛਲਾ ਦੇਵੀ ਅਵਾਹਨ ਦਾ ਸਾਰਾ ਪ੍ਰਸੰਗ ਡਾਢਾ ਗੁੰਝਲਾਦਰ ਤੇ ਖੋਜ ਦਾ ਮੁਥਾਜ ਹੈ, ਇਸ ਕਰਕੇ ਇਸ ਵਿਸ਼ੇ ਤੇ ਜੋ ਖੋਜ ਕੀਤੀ ਗਈ ਹੈ ਅਗਲੇ ਪੰਨਿਆਂ ਤੇ ਦਿੱਤੀ ਹੈ। ਇਸ ਖੋਜ ਤੋਂ ਬਾਦ ਫਿਰ ਮੂਲ ਪਾਠ ਤੇਰ੍ਹਵੇਂ ਅੰਸੂ ਦਾ ਅਰੰਭ ਹੋਵੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤੇ 'ਬਿੱਪ੍ਰ' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅੰਸੂ ॥੧੨॥

# ਦੇਵੀ ਪੂਜਨ ਨਿਰਣਯ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪਿਛੇ ਆਏ ਦੇਵੀ ਦੇ ਪ੍ਰਸੰਗ ਪਰ ਖੋਜ

ਦੇਵੀ [ਕਾਲੀ, ਦੁਰਗਾ, ਹਿਮ ਪੁੱਤ੍ਰੀ, ਭਵਾਨੀ ਆਦਿ]

ਦੇਵੀ ਸਬੰਧੀ ਖੋਜ ਕਰਨ ਵਿਚ ਅਸੀਂ ਇਸਦੇ ਤ੍ਰੈ ਪਹਿਲੂ ਵਿਚਾਰੇ ਹਨ:-

(੧) ਦੇਵੀ ਹਿੰਦੂ ਮਤ ਦੀ ਪੂਜੀ ਜਾ ਰਹੀ ਇਕ ਪ੍ਰਸਿੱਧ ਵਕਤੀ ਹੈ। ਇਸ ਲਈ ਪਹਿਲੀ ਖੋਜ 'ਹਿੰਦੂ ਮਤ ਵਿਚ ਦੇਵੀ' ਦੇ ਵਿਸ਼ੇ ਪਰ ਹੋਵੇ।

(੨) ਇਸਤੋਂ ਬਾਦ 'ਸਿੱਖ ਧਰਮ ਵਿਚ ਦੇਵੀ ਦੀ ਕੀਹ ਜਗਾ ਹੈ' ਇਸ ਪਰ ਖੋਜ ਕੀਤੀ ਜਾਵੇ।
(੩) ਇਸਤੋਂ ਮਗਰੋਂ ਇਸ ਘਟਨਾ ਦੀ ਖੋਜ ਕੀਤੀ ਜਾਵੇ ਕਿ 'ਦਸ਼ਮੇਸ਼ ਜੀ ਨੇ ਕੋਈ ਦੇਵੀ ਨੈਣੇ ਦੇ ਟਿੱਲੇ ਉਤੇ ਪ੍ਰਗਟਾਈ ਕਿ ਨਹੀਂ?'
ਇਸ ਤੀਸਰੇ ਵਿਸ਼ੇ ਤੇ ਜੋ ਕੁਛ ਖੋਜ ਨਾਲ ਲੱਭਾ ਹੈ ਉਸ ਨੂੰ ਬੀ ਤ੍ਰੈ ਅੰਗਾਂ ਵਿਚ ਵੰਡਕੇ ਲਿੱਖਾਂਗੇ।
(ੳ) ਪਹਿਲੇ ਵਿਚ ਗੁਰੂ ਸਾਹਿਬ ਜੀ ਦੇ ਵਕਤ ਤੋਂ ਲਗਪਗ ਚਾਲੀ ਵਰ੍ਹੇ ਬਾਦ ਤੱਕ ਦੇ ਲੇਖਕਾਂ ਦੀ ਪੜਤਾਲ, ਫਿਰ
(ਅ) ਲਗਪਗ ਸੰਮਤ ੧੯੪੬ ਬਿ: ਤੱਕ ਦੇ ਲੇਖਕਾਂ ਦੀ ਪੜਤਾਲ।
(ੲ) ਫਿਰ ਉਸਦੇ ਬਾਦ ਤੋਂ ਹੁਣ ਦੇ ਜ਼ਮਾਨੇ ਤਕ ਦੇ ਲੇਖਕਾਂ ਦੀ ਪੜਤਾਲ। ਇਸ ਵਿਉਂਤ ਨੂੰ ਅੱਗੇ ਰੱਖਕੇ ਹੇਠਾਂ ਅਸੀਂ ਆਪਣੀ ਖੋਜ ਸੰਖੇਪ ਕਰਕੇ ਦੇਂਦੇ ਹਾਂ।

## ੧. ਹਿੰਦੂ ਮਤ ਵਿਚ ਦੇਵੀ।

ਜਿਵੇਂ ਕਿਸੇ ਬੀ ਹਿੰਦੂ ਪੂਜਯ ਵ੍ਯਕਤੀ ਦੀ ਅਸਲੀਅਤ ਖੋਜਣ ਲਗਿਆਂ ਮੁਸ਼ਕਲਾਂ ਦਾ ਸਾਹਮਣਾ ਪੈਂਦਾ ਹੈ ਤਿਵੇਂ ਦੇਵੀ ਦੀ ਅਸਲੀਅਤ ਲੱਭਣ ਦਾ ਮਾਮਲਾ ਹੈ। ਜਿੰਨਾ ਢੂੰਡੋ, ਲੱਭੋ, ਉਤਨੇ ਹੀ ਗੁੰਝਲ ਆਉਂਦੇ ਹਨ। ਬੜੀ ਢੂੰਡ ਭਾਲ ਦੇ ਬਾਦ ਜੇ ਕੁਛ ਸਮਝ ਗੋਚਰਾ ਖਿਆਲ ਬਨਾਉਣ ਵਲ ਪਈਏ ਤਾਂ ਜਾਪਦਾ ਹੈ ਕਿ ਆਰਯ ਕੌਮ ਦੇ ਹਿੰਦ ਵਿਚ ਆਉਣ ਤੋਂ ਪਹਿਲਾਂ ਜੋ ਕਾਲੇ ਰੰਗ ਦੇ ਅਸਲੀ ਲੋਕ ਏਥੇ ਵਸਦੇ ਸਨ ਉਨ੍ਹਾਂ ਵਿਚੋਂ ਵਿੰਧ੍ਯਾਚਲ ਪਰਬਤ ਦੇ ਕੋਈ ਵਾਸੀ 'ਕਾਲੀ' ਦੇ ਉਪਾਸਕ ਸਨ। ਕਾਲੀ ਉਨ੍ਹਾਂ ਲੋਕਾਂ ਦੀ ਪੂਜਯ ਮੂਰਤੀ ਸੀ। ਖਾਸ ਕਰ ਉਹ ਲੋਕ ਜਿੰਨ੍ਹਾਂ ਨੂੰ 'ਠੱਗ' ਆਖਦੇ ਸਨ ਇਸ ਦੇ ਉਪਾਸਕ ਸਨ। ਵਿੰਧ੍ਯਾਚਲ ਨਾਲ ਦੇਵੀ ਦਾ ਇਹ ਸੰਬੰਧ ਹਿੰਦੂ ਖਿਆਲ ਵਿਚ ਹੁਣ ਤੱਕ ਮੌਜੂਦ ਹੈ ਤੇ ਭਾਈ ਸੰਤੋਖ ਸਿੰਘ ਨੇ ਭੀ ਰਾਸ ੧੧ ਅੰਸੂ ੫੦ ਅੰਕ ੧੪ ਵਿਚ ਲਿਖਿਆ ਹੈ ਕਿ ਦੈਤਾਂ ਨੂੰ ਮਾਰਦੀ ਦੇਵੀ ਹਾਰ ਤੇ ਥੱਕ ਕੇ ਵਿੰਧ੍ਯਾਚਲ ਤੇ ਜਾਕੇ ਛੋਟੀ ਮੂਰਤ ਧਾਰਕੇ ਟਿਕ ਗਈ, ਇਸ ਕਰਕੇ 'ਵਿੰਧ੍ਯਾਚਲ ਵਾਸਣੀ' ਬੀ ਇਸਦਾ ਇਕ ਨਾਮ ਹੈ। ਜਿੱਥੇ ਕੁ ਵਿੰਧ੍ਯਾ ਪਰਬਤ ਗੰਗਾ ਵਲ ਨੂੰ ਨੇੜੇ ਢੁਕਦੇ ਹਨ ਓਥੇ ਕੁ ਇਸੇ ਨਾਮ ਦੇ ਟਿਕਾਣੇ ਇਸ ਦੀ ਪੂਜਾ ਹੁੰਦੀ ਹੈ, ਜੋ ਮਿਰਜ਼ਾ ਪੁਰ ਦੇ ਲਾਗੇ ਕਰਕੇ ਹੈ। ਕਹਿੰਦੇ ਹਨ ਕਿ ਏਥੇ ਇਸਦੀ ਮੂਰਤੀ ਦੇ ਅੱਗੇ ਜੋ ਬਲੀਆਂ ਹੁੰਦੀਆਂ ਹਨ ਉਨ੍ਹਾਂ ਦਾ ਲਹੂ ਕਦੇ ਸੁੱਕਣਾ ਨਹੀਂ ਪਾਉਂਦਾ†। ਕਈ ਲੋਕਾਂ ਨੇ ਖਿਆਲ ਦੁੜਾਇਆ ਹੈ ਕਿ ਇਹ ਕਾਲੀ ਸ਼ਾਇਦ ਕੋਈ ਵਿੰਧ੍ਯਾਚਲ ਦੇ ਕਾਲੇ ਰੰਗ ਦੇ ਵਾਸੀਆਂ ਦੀ ਮਹਾਰਾਣੀ ਸੀ ਜੋ ਪਿੱਛੋਂ ਦੇਵਤਾ ਮੰਨੀ ਗਈ। ਉਹ ਆਰਯ ਕੁਲ ਦੇ ਹਮਲਾਆਵਰਾਂ ਨਾਲ ਲੜਦੀ ਰਹੀ ਹੈ। ਉਨ੍ਹਾਂ ਦੇ ਵਡਕਿਆਂ ਨੂੰ ਉਹ ਲੋਕ ਅਸੁਰ ਕਹਿੰਦੇ ਰਹੇ ਹਨ। ਏਸ ਖਿਆਲ ਵਾਲੇ ਲੋਕੀ ਕਹਿੰਦੇ ਹਨ ਕਿ ਦੇਵੀ ਦਾ ਰੰਗ ਕਾਲਾ ਹੈ ਤੇ ਜੋ ਦੇਵੀ ਦੇ ਹੱਥੀਂ ਵੱਢੇ ਹੋਏ ਸਿਰ ਸ਼ੱਤ੍ਰੂਆਂ ਦੇ ਦਿਖਾਏ ਜਾਂਦੇ ਹਨ ਓਹ ਚਿੱਟੇ ਰੰਗ ਦੇ (ਭਾਵ ਆਰਯ ਲੋਕਾਂ ਦੇ ਸਿਰ) ਹਨ‡।

†ਡਊਸਨ = 'ਕਲਾਸੀਕਲ ਡਿ: ਆਫ ਹਿੰਦੂ ਮਾਈਥਾਲੋਜੀ'। ‡ਵੂਡਰਫ-'ਸ਼ਕਤੀ ਐਂਡ ਸ਼ਕਤਾ'।

ਵਿੰਧ੍ਯਾਚਲ ਵਾਸਣੀ ਕਾਲੀ ਦੀ ਉਪਾਸਨਾਂ 'ਠੱਗ' ਕੌਮ ਵਿਚ ਨਿਰਸੰਸੇ ਰਹੀ ਹੈ। ਠੱਗ ਲੋਕ ਇਕ ਪੁਰਾਣਾ ਫਿਰਕਾ ਸੀ, ਜਿਸ ਵਿਚ ਮੁਸਲਮਾਨ ਭੀ ਪਿੱਛੋਂ ਆਕੇ ਸ਼ਾਮਲ ਹੋਏ ਸਨ, ਪਰ ਮੁਸਲਮਾਨਾਂ ਤੋਂ ਪਹਿਲਾਂ ਇਹ ਫਿਰਕਾ ਬਲਕਿ ਆਰਯਾਂ ਤੋਂ ਭੀ ਪਹਿਲੇ ਮੌਜੂਦ ਸੀ। ਇਹ ਲੋਕ ਵਿਸਾਹ ਕੇ ਲੋਕਾਂ ਨੂੰ ਲੁੱਟਣਾ ਤੇ ਗਲ ਵਿੱਚ ਦੁੱਪਟਾ ਯਾ ਫਾਹੀ ਪਾਕੇ ਮਾਰ ਦੇਣਾ ਆਪਣਾ ਕਮਾਮ ਸਮਝਦੇ ਸਨ ਅਤੇ ਇਸ ਨੂੰ ਪਾਪ ਨਹੀਂ ਸਨ ਜਾਣਦੇ। ਸਗੋਂ ਮਾਰਕੇ ਉਹ ਕੋਈ ਧਾਰਮਕ

ਰਸਮਾਂ ਕਰਦੇ ਸਨ, ਜਿੰਨ੍ਹਾਂ ਵਿੱਚ ਕੁਹਾੜੇ ਦੀ ਪੂਜਾ ਬੀ ਹੁੰਦੀ ਸੀ; ਪਰ ਵਿਸ਼ੇਸ਼ ਕਰਕੇ ਦੇਵੀ ਦਾ ਆਰਾਧਨ ਹੁੰਦਾ ਸੀ ਤੇ ਲੁੱਟ ਦਾ ਬਹੁਤਾ ਮਾਲ ਦੇਵੀ ਦੇ ਅਰਪਨ ਕਰਦੇ ਸਨ। ਏਹ ਲੋਕ ਸਮਝਦੇ ਸਨ ਕਿ ਅਸੀਂ 'ਕਾਲੀ' ਦੀ ਆਗਜ਼ਾ ਵਿੱਚ ਇਹ ਸਭ ਕੁਝ ਕਰਦੇ ਹਾਂ†। ਚੀਨੀ ਮੁਸਾਫਰ ਹਯੂਨਤਸੈਂਗ ਨੇ ਸਿਰ ਬੀਤੀ ਦੱਸੀ ਹੈ ਕਿ ਅਜੁੱਧਿਆਂ ਤੋਂ ਜਦ ਉਹ ਹਯਮੁਖ ਨੂੰ ਟੁਰਿਆ ਤਾਂ ਰਸਤੇ ਵਿਚ ਠੱਗਾਂ ਨੇ ਉਸ ਨੂੰ ਆ ਫੜਿਆ ਤੇ ਦੇਵੀ ਅੱਗੇ ਬਲੀ ਦੇਣ ਲਈ ਚੁਣਿਆਂ‡। ਸੋ ਇਸ ਤਰ੍ਹਾਂ ਕਾਲੀ ਇਕ ਪੁਰਾਤਨ ਪੂਜਯ ਪਰ ਭੈਦਾਯਕ ਮੂਰਤੀ ਅਸਲੀ ਵਸਨੀਕਾਂ ਦੀ ਪੂਜ ਦੇਵੀ ਸਹੀ ਹੁੰਦੀ ਹੈ।

†ਐਨਸਾਈਕਲੋਪੀਡੀਆ ਬ੍ਰਿਟੈਨੀਕਾ ੯ ਐ:। ‡ਹਿੰਦ ਦਾ ਪੁਰਾਤਨ ਇਤਿਹਾਸ' ਟ੍ਰੈਕਟ ਨੰ: ੪੪੨ ਸਫਾ ੧੩ ਖਾ: ਟ੍ਰੈ: ਸੁ:।

'ਆਰਯ ਹਿੰਦੂ' ਪਾਸੇ ਵਲੋਂ ਜਦ ਖੋਜ ਕਰੋ ਤਾਂ ਵੇਦ ਵਿਚ ਪਦ 'ਕਾਲੀ' ਆਇਆ ਤਾਂ ਹੈ ਪਰ ਦੇਵੀ ਦੇ ਅਰਥਾਂ ਵਿਚ ਨਹੀਂ ਸਗੋਂ ਅਗਨੀ ਦੀਆਂ ਸੱਤ ਜੀਭਾਂ ਵਿਚੋਂ ਇਕ ਦਾ ਨਾਮ 'ਕਾਲੀ' ਹੈਸੀ ਜੋ ਕਿ ਹੋਮ ਦੀਆਂ ਆਹੂਤੀਆਂ ਨੂੰ ਲੈਂਦੀ ਸੀ। ਅਗਨੀ ਦੀਆਂ ਸੱਤ ਜੀਭਾਂ ਵਿੱਚੋਂ 'ਕਾਲੀ' ਭਿਆਨਕ ਯਾ ਕਾਲੇ ਰੰਗ ਦੀ ਜੀਭ ਸੀ†। ਵੇਦਾਂ ਦੇ ਦੇਵਤੇ ਅਕਸਰ ਪ੍ਰਕਾਸ਼ ਸਰੂਪ ਹਨ। ਕੁਛ ਜ਼ਿਕਰ ਵੇਦਾਂ ਤੋਂ ਪਹਿਲੇ ਸਮੇਂ ਦਾ ਯਾ ਉਹਨਾਂ ਦੇ ਆਰੰਭ ਸਮੇਂ ਦਾ ਇਨਸਾਨੀ ਕੁਰਬਾਨੀ ਬਾਬਤ ਤਾਂ ਹੈ‡। ਪਰ ਇਸ ਦੀ ਥਾਵੇਂ ਪਿੱਛੋਂ ਵੇਦਿਕ ਰਿਖੀਆਂ ਨੇ ਅਸ੍ਵਮੇਧ ਥਾਪ ਲਿਆ ਸੀ। ਸਮੁੱਚੇ ਤੌਰ ਤੇ ਵੇਦਕ ਦੇਵਤੇ 'ਪ੍ਰਕਾਸ਼ ਮਈ' ਸਨ, ਖੂੰਖਾਰ ਨਹੀਂ ਸਨ। ਦੇਵ ਦਾ ਅਰਥ (ਦਿਵ = ਪ੍ਰਕਾਸ਼) ਹੈ। ਇਉਂ ਜਾਪਦਾ ਹੈ ਕਿ ਦੇਵੀ ਦਾ ਖਿਆਲ ਹਿੰਦੂਆਂ ਵਿਚ ਕੁਛ ਸਮਾਂ ਪਾ ਕੇ ਇਸ ਤਰ੍ਹਾਂ ਉਤਪਤ ਹੋਇਆ ਸੀ ਕਿ ਵੇਦਕ ਦੇਵਤਿਆਂ ਦੇ ਮਗਰੋਂ ਉਹਨਾਂ ਨੇ ਤ੍ਰੈ ਮੁੱਖ ਦੇਵਤਾ ਮੰਨੇ, ਫਿਰ ਸਮਾਂ ਪਾਕੇ ਤ੍ਰੈ ਦੇਵਤਿਆਂ ਦੀਆਂ ਉਹਨਾਂ ਨੇ ਤ੍ਰੈ ਸ਼ਕਤੀਆਂ ਮੰਨੀਆਂ††। ਵੇਦ ਵਿੱਚ ਜੋ 'ਰੁੱਦ੍ਰ' ਦੇਵਤਾ ਹੈ ਉਹ ਅਸਲ ਵਿਚ 'ਗਰਜ ਦੇ ਤੂਫਾਨ' ਦਾ ਦੇਵਤਾ ਹੈ, ਮਗਰੋਂ ਓਹ ਹਿੰਦੂ ਤ੍ਰਿਧਾ ਮੂਰਤੀ ਦਾ 'ਸ਼ਿਵ' ਮੰਨਿਆਂ ਗਿਆ, ਜਿਸ ਦੇ ਵੱਸ ਵਿੱਚ ਸੰਘਾਰ ਤੇ ਪ੍ਰਲਯ ਹੋਈ। ਜਦੋਂ ਤ੍ਰੈ ਮੁੱਖੀ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ, ਤੇ ਤ੍ਰੈ ਇਨ੍ਹਾਂ ਦੀਆਂ ਸ਼ਕਤੀਆਂ ਮੰਨੀਆਂ ਗਈਆਂ ਤਾਂ ਪਾਰਬਤੀ ਸ਼ਿਵ ਦੀ ਸ਼ਕਤੀ ਬਣੀ ਤੇ ਸ਼ਿਵ ਦੀ ਪ੍ਰਲਯ ਤੇ ਸੰਘਾਰ ਵਾਲੇ ਗੁਣਾਂ ਨੂੰ ਉਨ੍ਹਾਂ ਦੀ ਸ਼ਕਤੀ ਵਿਚ ਮੰਨਿਆ ਗਿਆ। †ਡਊਸਨ। ‡ਦੇਖੋ ਰਿਗ ਵੇਦ ਅਸ਼ਟਕ ੧. ਅਜੀਗ੍ਰਤ ਦੇ ਪੁਤਰ ਸ਼ੁਨਾਸ਼ੇਪ ਦੇ ਪ੍ਰਾਰਥਨਾ ਵਿਚ ਉਚਾਰੇ ਗਏ ਮੰਤ੍ਰ ਤੇ ਬਾਲਮੀਕੀ ਰਾਮਾਯਣ ਬਾਲ ਕਾਂਡ ਅਧਜਾਯ ੬੧, ੬੨ ਤੇ ਭਾਗਵਤ ਮਨੂਸਿੰਮ੍ਰਤੀ, ਵਿਸ਼ਨੂੰ ਪੁਰਾਣ ਆਦਿ ਜਿਨ੍ਹਾਂ ਵਿਚ ਇਹ ਪ੍ਰਸੰਗ ਆਇਆ ਹੈ। ††ਐਨਸਾਈਕਲੋਪੀਡੀਆ ਬ੍ਰਿਟੈਨੀਕਾ ੯ ਐ:।

ਮਹਾਂ ਭਾਰਤ ਵਿਚ ਅਸੀਂ ਦੇਵੀ ਦਾ ਜ਼ਿਕਰ ਸ਼ਿਵ ਦੀ ਵਹੁਟੀ ਦੀ ਹੈਸੀਅਤ ਵਿਚ ਕਈ ਨਾਵਾਂ ਹੇਠ ਪੜ੍ਹਦੇ ਹਾਂ, ਪ੍ਰੰਤੂ ਦੇਵੀ ਦੀ ਮੁੱਖਤਾ ਤੇ ਸ਼ਾਕਤਕ ਮਤ ਦੇ ਤ੍ਰੀਕਿਆਂ ਤੇ ਪੂਜਾ ਦੇ ਪ੍ਰਕਾਰ ਤੇ ਹੋਰ ਵਾਧੇ ਏਹ ਸਭ ਹੋਰ ਪੁਰਾਣਾਂ ਦੇ ਸਮੇਂ ਹੋਏ ਹਨ†। †ਡਊਸਨ।

ਚਾਹੇ ਮਹਾਂ ਭਾਰਤ ਵਿਚ ਸਤੋਤ੍ਰ ਹਨ ਜਿਨ੍ਹਾਂ ਵਿਚ ਦੇਵੀ ਨੂੰ ਮਾਸ ਸ਼ਰਾਬ ਦੀਆਂ ਬਲੀਆਂ ਲੈਣ ਵਾਲੀ ਦੱਸਿਆ ਹੈ ਪਰ ਉਥੋਂ ਇਹ ਨਹੀਂ ਸਹੀ ਹੁੰਦਾ ਕਿ 'ਸ਼ਾਕਤਕ ਮਤ' ਯਾ 'ਤਾਂਤ੍ਰਿਕ ਮਤ' ਤਦੋਂ ਜਾਰੀ ਸੀ, ਕਿਉਂਕਿ ਚੀਨੀ ਮੁਸਾਫਰਾਂ ਦੇ ਸਫਰ ਨਾਮੇ ਪੜ੍ਹੋ ਤਾਂ ਉਨ੍ਹਾਂ ਵਿਚ ਤਾਂਤ੍ਰਿਕਾਂ ਦਾ ਜ਼ਿਕਰ ਨਹੀਂ ਹੈ ਤੇ ਅਮਰ ਕੋਸ਼ (ਜੋ ਈ: ਸੰਨ ਤੋਂ ਕੁਛ ਸਾਲ ਪਹਿਲਾਂ ਯਾ ਸ਼ਾਇਦ ਪੰਜਵੀਂ ਸਦੀ ਵਿਚ ਬਣਿਆ ਸੀ) ਵਿਚ ਇਸ ਪਦ ਦਾ ਅਰਥ ਕਿਸੇ 'ਮਤ' ਯਾਂ ਕਿਸੇ

'ਮਤਾਵਲੰਬੀ ਸ਼ਾਸਤ੍ਰ' ਦੇ ਅਰਥਾਂ ਵਿਚ ਨਹੀਂ ਆਇਆ†। †ਸਰ ਚਾਰਲਸ ਏਲੀਅਟ-'ਹਿੰਦੂਇਜ਼ਮ ਐਂਡ ਬੁੱਧਿਜ਼ਮ'।

ਇਹ ਬੀ ਖਿਆਲ ਕੀਤਾ ਜਾਂਦਾ ਹੈ ਕਿ ਦੇਵੀ ਹਿੰਦੂ ਜਾਤੀ ਵਿਚ ਕਈ ਜੋਧਾ ਮਹਾਂਬੀਰ ਹੋਈ ਹੈ ਜੋ ਸ਼ਾਕਾ ਹਮਲਾ ਆਵਰਾਂ ਨਾਲ ਲੜਦੀ ਤੇ ਉਨ੍ਹਾਂ ਅਸੁਰਾਂ ਦੇ ਵੱਡੇ ਮਾਰਦੀ ਰਹੀ, ਉਸ ਦੀ ਬੀਰਤਾ ਦੇ ਗੀਤਾਂ ਤੇ ਕਹਾਣੀਆਂ ਨੇ ਉਸ ਨੂੰ ਦੇਵੀ ਰੁਪਤਾ ਦਿੱਤੀ ਹੈ। 'ਸ਼ਾਕਾ ਜੁੱਧ' ਅਕਸਰ ਉੱਤਰੀ ਹਿੰਦ ਵਿਚ ਹੋਏ ਹਨ ਤੇ ਇੱਥੇ ਹੀ ਇਸ ਦਾ ਸ਼ੇਰ ਤੇ ਚੜ੍ਹਨਾ, ਬਲਵਾਨ ਹੋਣਾ ਤੇ ਰਾਖਸ਼ਾਂ ਨੂੰ ਮਾਰਨਾਂ ਵਧੇਰੇ ਪ੍ਰਸਿੱਧ ਹੈ। ਭਾਈ ਦਿੱਤ ਸਿੰਘ ਜੀ ਨੇ ਸੰਭਾਵਨਾ ਕੀਤੀ ਹੈ ਕਿ ਦੇਵੀਆਂ ਰਾਜਪੂਤਾਨੇ ਦੀਆਂ ਬੀਰਰਾਜ ਕੰਨਿਆਂ ਸਨ। ਰਾਖਸ਼ ਮਰਹਟੇ ਸਨ ਜੋ ਰਾਜਪੂਤਾਂ ਦੀਆਂ ਸੁੰਦਰ ਕੰਨਿਆਂ ਨੂੰ ਲੈਣ ਆਉਂਦੇ ਸਨ। ਅੱਗੋਂ ਜੋ ਜੋ ਰਾਜਪੂਤ ਕੰਨਿਆਂ ਬੀਰ ਰਸ ਵਿਚ ਆਕੇ ਇਨ੍ਹਾਂ ਨਾਲ ਲੜੀਆਂ ਤੇ ਫਤਹਯਾਬ ਹੋਈਆਂ ਉਹ ਪ੍ਰਸਿੱਧ ਤੇ ਪੂਜ ਹੋ ਗਈਆਂ, ਸੋ ਇਹ ਇਤਿਹਾਸਕ ਰਾਜ ਕੰਨਜਾਂ ਹੀ ਦੇਵੀ ਦਾ ਮੂਲ ਹਨ। ਰਾਖਸ਼ਾਂ ਦੇ ਨਾਮ ਸ਼ੁੰਭ, ਨਿਸ਼ੁੰਭ, ਚੰਡ, ਆਦਿਕਾਂ ਦਾ ਮਰਹਟੇ ਨਾਮਾਂ ਦਾ ਸੰਭਾਜੀ ਚਾਂਡੂ ਜੀ ਆਦਿਕਾਂ ਨਾਲ ਮਿਲਨਾ ਦੱਸਕੇ ਇਸ ਦੇ ਸਬੂਤ ਵਿਚ ਪੇਸ਼ ਕੀਤਾ ਹੈ ਤੇ ਫਿਰ ਦੱਸਿਆ ਹੈ ਕਿ ਦਸਮ ਗ੍ਰੰਥ ਵਿਚ ਜੋ ਮਾਰਕੰਡੇ ਪੁਰਾਣ ਦੇ ਆਧਾਰ ਤੇ ਚੰਡੀ ਦਾ ਪ੍ਰਸੰਗ ਹੈ ਉਸ ਵਿਚ ਦੇਵੀ ਦਾ ਵਰਣਨ ਜੁਆਨ ਸੁੰਦਰ ਇਸਤ੍ਰੀ ਵਤ ਹੀ ਹੈ। ਉਹ ਬੈਠੀ ਹੋਈ ਸੀ ਕਿ ਸ਼ੁੰਭ ਦੈਂਤ ਦਾ ਭਰਾ ਆ ਗਿਆ, ਉਸਦਾ ਰੂਪ ਦੇਖਕੇ ਆਪਣੇ ਭਰਾ ਨਾਲ ਵਿਆਹ ਕਰ ਲੈਣ ਲਈ ਉਸਨੂੰ ਪ੍ਰੇਰਨ ਲਗਾ। ਇਹ ਵਾਰਤਾ ਬੀ ਐਉਂ ਦੀ ਹੀ ਸਹੀ ਹੁੰਦੀ ਹੈ ਜਿਵੇਂ ਦੇਵੀ ਕਿਸੇ ਬੀਰ ਰਾਜ ਕੰਨਿਆਂ ਦਾ ਅਪਣੇ ਸਤ ਰੱਖਣ ਲਈ ਕਿਸੇ ਜਰਵਾਣੇ ਰਾਜੇ ਨਾਲ ਲੜ ਕੇ ਫਤਹ ਪਾਉਣ ਦਾ ਕੋਈ ਵਾਕਿਆ ਦੇਵੀ ਦਾ ਮੁੱਢ ਹੈ। ਗਜਾਨੀ ਗਿਆਨ ਸਿੰਘ ਜੀ ਨੇ ਸੰਭਾਵਨਾ ਕੀਤੀ ਹੈ ਕਿ ਸੰ: ੬੬੫ ਈ: ਤੋਂ ਪਹਿਲਾਂ ਈਰਾਨ ਦੀ ਰਾਣੀ 'ਸਮੀਰਮਾ' ਉੱਤਰੀ ਹਿੰਦ ਤੇ ਕਾਬਜ਼ ਹੋ ਗਈ ਸੀ, ਉਸੇ ਨਾਲ ਹਿਠਾੜ ਦੇ ਰਾਜੇ ਸ਼ੁੰਭ ਨਸ਼ੁੰਭ ਦੀ ਲੜਾਈ ਹੁੰਦੀ ਰਹੀ। ਕੀ ਜਾਣੀਏ ਕਿ ਉਸੇ 'ਸਮੀਰਮਾ' ਨੂੰ ਦੇਵੀ ਕਹਿਕੇ ਉਸ ਦੇ ਜੰਗਾਂ ਨੂੰ ਵਰਣਨ ਕਰਕੇ ਪਦਮ ਪੁਰਾਣ ਬਣਾਇਆ ਗਿਆ ਹੋਵੇ ਤੇ ਪਹਾੜਾਂ ਦੀ ਰਾਣੀ ਵਿਸੇਸ਼ ਕਰਕੇ ਓਹੋ ਪ੍ਰਸਿੱਧ ਹੋਈ ਹੋਵੇ। ਉਪਰਲੇ ਹਾਲ ਤੋਂ ਪਤਾ ਲਗਾ ਕਿ 'ਕਾਲੀ' ਤਾਂ ਹਿੰਦ ਤੇ ਪੁਰਾਣੇ ਅਸਲੀ ਵਸਨੀਕਾਂ ਦੀ ਇਕ ਪੂਜਜ ਮੂਰਤੀ ਹੈਸੀ ਤੇ ਆਰੀਆਂ ਵਿਚ ਕਿਸੇ ਵੀਰ ਵਜਕਤੀ ਦੇ ਕਰਤਬਾਂ ਤੋਂ ਅਤੇ ਫਿਰ ਦੇਵਤਿਆਂ ਦੀਆਂ ਸ਼ਕਤੀਆਂ ਦੇ ਖਿਆਲ ਤੋਂ ਦੇਵੀ ਦਾ ਇਕ ਖਿਆਲ ਟੁਰ ਪਿਆ।

ਇਹ ਬੀ ਯਾਦ ਰਹੇ ਕਿ ਸ਼ਿਵਜੀ ਦੀ ਵਹੁਟੀ ਦੱਸੀ ਜਾਣ ਵੇਲੇ ਪਾਰਬਤੀ ਕਨਖਲ ਦੇ ਆਰਯ ਰਾਜਾ ਦੱਖਜ ਪ੍ਰਜਾਪਤਿ ਦੀ ਬੇਟੀ ਦੱਸੀ ਜਾਂਦੀ ਹੈ, ਜਿਸ ਤੋਂ ਬੀ ਅਨੁਮਾਨ ਹੁੰਦਾ ਹੈ ਕਿ ਮ੍ਰਿਦੁਲ ਦੇਵੀ† ਆਰਯ ਖਿਆਲ ਦੀ ਜਾਈ ਹੈ ਤੇ ਭਿਆਨਕ ਦੇਵੀ ਪੁਰਾਣੇ ਦੱਸਜੁ (ਕਾਲੇ) ਲੋਕਾਂ ਦੀ ਕਾਲੀ ਮਾਈ ਹੈ। ਪਾਰਬਤੀ ਦਾ ਪਿਤਾ ਹਿਮਾਲਯ ਪਹਾੜ ਬੀ ਮੰਨਿਆ ਗਿਆ ਹੈ, ਇਸ ਤੋਂ ਬੀ ਹਿਮਾਲਯ ਦੀ ਜਾਈ ਆਰਯ ਦੇਵੀ ਸਹੀ ਹੋਈ ਤੇ ਵਿੰਧਿਆਚਲ ਪਰਬਤ ਵਾਸਨੀ 'ਕਾਲੀ' ਪੁਰਾਤਨ ਅਸਲੀ ਵਸਨੀਕਾਂ ਦੀ ਦੇਵੀ ਸਹੀ ਹੋਈ। †ਉਤਰੀ ਪਹਾੜਾਂ ਵਿਚ ਵੈਸ਼ਨੋ ਦੇਵੀ, ਖੀਰ ਭਵਾਨੀ, ਚਿੰਤਪੁਰਨੀ ਆਦਿ ਮ੍ਰਿਦੁਲ ਮੂਰਤੀਆਂ ਦੇ ਵੱਖਰੇ ਟਿਕਾਣੇ ਅਜੇ ਬੀ ਹਨ।

ਜਦੋ ਆਰਯ ਲੋਕ ਅਸਲੀ ਕੌਮਾਂ ਨਾਲ ਖਲਤ ਮਲਤ ਹੋਏ ਤੇ ਉਨ੍ਹਾਂ ਦੇ ਵੇਦਕ ਮਤ ਉਨ੍ਹਾਂ ਲੋਕਾਂ ਨੇ ਗ੍ਰਹਿਣ ਕੀਤੇ ਤਦ ਉਨ੍ਹਾਂ ਦੀਆਂ ਪੂਜਾ ਬੀ ਇਨ੍ਹਾਂ ਨਾਲ ਵਿਚ ਖਲਤ ਮਲਤ ਹੋਈਆਂ। ਇਸ ਤਰ੍ਹਾਂ ਹਿਮਾਲਯ ਦੀ 'ਗਿਰਜਾ' ਤੇ ਬਿੰਧੀਆਚਲ ਵਾਸਣੀ ਕਾਲੀ ਦੋ ਦੇਵੀਆਂ ਦੇ ਖਿਆਲ ਇਕ ਥਾਵੇਂ ਆ ਜੁੜੇ, ਪਰ ਦੁਹਾਂ ਦੇ ਦੋ ਰੰਗ ਰੂਪ ਅੱਡ ਅੱਡ ਦਿਖਾਏ ਗਏ।

ਹਰ ਹਾਲ ਇਹ ਜਾਪਦਾ ਹੈ ਕਿ ਕਾਲੇ ਪੁਰਾਤਨ ਹਿੰਦਵਾਸੀਆਂ ਤੇ ਆਰਯ ਕੁਲ ਦੇ ਸੂਰਬੀਰਾਂ ਦੇ ਜੰਗਾਂ, ਸੁਲਹਾਂ, ਕੱਠੇ ਰਹਿਣ, ਇਕ ਦੂਜੇ ਤੇ ਅਸਰ ਪਾਉਣ ਦੇ ਮਿਲ- ਗੋਭਿਆਂ ਦੇ ਸਮੇਂ ਦੁਇ ਦੇਵੀਆਂ ਦੇ ਖਿਆਲ ਮਿਲਕੇ ਇਕੋ ਦੇਵੀ ਬਣ ਗਈ, ਜਿਸ ਦੇ ਰੂਪ ਦੋ ਮੰਨੇ ਗਏ, ਇਕ ਮ੍ਰਿਦੁਲ ਤੇ ਇਕ ਭਿਆਨਕ। ਇਸ ਦੀ ਮ੍ਰਿਦੁਲ ਰੂਪਤਾ ਦੇ ਨਾਮ ਹਨ: (ਉਮਾ = ਰੌਸ਼ਨ), (ਗੌਰੀ = ਗੋਰੇ ਰੰਗ ਵਾਲੀ), (ਪਾਰਬਤੀ = ਪਰਬਤ ਦੀ ਬੇਟੀ), (ਜਗਦੰਬਾ = ਜਗਤ ਦੀ ਮਾਤਾ) ਤੇ ਭਵਾਨੀ ਆਦਿ†। †ਡਊਸਨ।

ਦੇਵੀ ਨੂੰ ਭਿਆਨਕ ਰੂਪਤਾ ਵਿਚ ਇਸ ਕਿਸਮ ਦੇ ਨਾਮ ਦਿੱਤੇ ਗਏ ਹਨ:-ਕਾਲੀ, ਸਯਾਮਾ, ਚੰਡੀ, (ਚੰਡਿਕਾ = ਤੁੰਦ), (ਭੈਰਵੀ = ਭਿਆਨਕ)। ਇਸ ਦੇ ਇਸ ਸਰੂਪ ਨੂੰ ਬੱਕਰਿਆਂ ਝੋਟਿਆਂ ਆਦਿਕਾਂ ਦੀਆਂ ਖ਼ੂਨੀ ਬਲੀਆਂ ਦਿੱਤੀਆਂ ਜਾਂਦੀਆਂ ਹਨ, ਤੇ ਇਹ ਬੀ ਪਤਾ ਲਗਦਾ ਹੈ ਕਿ ਕਈ ਵੇਰ ਪਿਛਲੇ ਸਮੇਂ ਮਨੁੱਖ ਬਲੀਆਂ ਬੀ ਦਿੱਤੀਆਂ ਗਈਆਂ ਹਨ। ਤਾਂਤ੍ਰਿਕ ਲੋਕ ਜੋ ਕੁਝ ਆਮ ਤੌਰ ਤੇ ਕਰਦੇ ਹਨ ਉਨ੍ਹਾਂ ਦਾ ਸਾਰਾ ਜ਼ਿਕਰ ਕੁਝ ਸੁਖਦਾਈ ਨਹੀਂ, ਇਸ ਕਰਕੇ ਉਨ੍ਹਾਂ ਕਰਨੀਆਂ ਦਾ ਵੇਰਵਾ ਛੋੜਦੇ ਹਾਂ। ਕਾਲੀ ਦੀ ਪੁਸ਼ਾਕ ਕਾਲੀ ਖੱਲ ਹੈ, ਭਿਆਨਕ ਰੂਪ ਹੈ, ਲਹੂ ਚੋਂਦਾ ਹੈ, ਸੱਪ ਤੇ ਖੋਪਰੀਆਂ ਗਲੇ ਲਟਕਦੀਆਂ ਹਨ। (ਦੁਰਗਾ = ਜੋ ਕਠਨਤਾ ਨਾਲ ਮਿਲੇ) ਦਾ ਰੂਪ ਸੁਹਣਾ ਗੋਰਾ ਦੱਸਦੇ ਹਨ ਤੇ ਸ਼ੇਰ ਤੇ ਸਵਾਰ ਪਰ ਬੜੇ ਤੇਜ ਤੁੰਦ ਪ੍ਰਭਾਉ ਵਾਲੀ।

ਭਵਾਨੀ, ਉਮਾ, ਪਾਰਬਤੀ, ਦੁਰਗਾ, ਚੰਡੀ, ਕਾਲੀ, ਇਨ੍ਹਾਂ ਚੇਵੀ-ਖਿਆਲਾਂ ਦੀ ਜੋ ਬੀ ਅਸਲੀਅਤ ਹੋਵੇ ਹਿੰਦ ਵਿਚ ਇਸ ਨੇ ਹਿੰਦੂਆਂ ਦੇ ਫਿਲਸਫਾਨਾ ਖਿਆਲਾਤ ਦੇ ਵਧਣ ਨਾਲ ਕੀਹ ਸ਼ਕਲ ਇਖਤਿਆਰ ਕੀਤੀ ਜੋ ਉੱਚੇ 'ਤੰਤ੍ਰ ਸ਼ਾਸਤ੍ਰਾਂ' ਦੇ ਕਾਰਕਾਂ ਨੇ ਫਿਲਸਫੇ ਦੇ ਰੰਗ ਵਿਚ ਵਰਣਨ ਕਰਨ ਦਾ ਜਤਨ ਕੀਤਾ ਹੈ, ਸੋ ਹੁਣ ਵਿਚਾਰਨੇ ਯੋਗ ਹੈ। ਹਿੰਦੂ ਦਿਮਾਗ ਨੇ ਦੇਵੀ ਦੀ ਵਯਕਤੀ ਤੋਂ ਉਠਕੇ ਇਸ ਖਿਆਲ ਨੂੰ ਇਕ ਦਾਰਸ਼ਨਕ ਰੂਪ ਬੀ ਦਿਤਾ ਹੈ ਤੇ ਉਹ ਇਹ ਹੈ ਕਿ 'ਜਨਮ ਤੇ ਮੌਤ' ਦੋਵੇਂ ਜੋੜੇ ਹਨ। ਜਿਸ ਸੁੰਦਰ ਦਿਆਲ ਮੂਰਤੀ ਤੋਂ ਜਨਮ ਜੀਵਨ ਤੇ ਜੀਵਨ ਰਸ ਮਿਲਦੇ ਹਨ, ਉਸ ਤੋਂ ਹੀ ਮੌਤ ਵਰਗੀ ਭਿਆਨਕ ਸ਼ੈ ਮਿਲਦੀ ਹੈ। ਅਤੇ ਇਹ ਕਿ ਉਹ ਬ੍ਰਹਮ ਵਰਗੀ ਹੈਸੀਅਤ ਵਿਚ ਨਿਰਗੁਣ ਤੇ ਨਿਰਲੇਪ ਹੈ ਤੇ ਉਸ ਦੀ ਸ਼ਕਤੀ ਮ੍ਰਿਦੁਲ ਰੂਪ ਧਾਰਕੇ ਸ਼ਕਤੀ ਹੋਕੇ ਜੀਵਨ ਦੇ ਰਹੀ ਹੈ ਤੇ ਭਿਆਨਕ ਰੂਪ ਵਿਚ ਲਯ ਰਹੀ ਹੈ†। †ਸਰ ਚਾਰਲਸ ਏਲੀਅਟ।

†ਦਾਰਸ਼ਨਿਕ ਖਿਆਲ ਵਿਚ ਵਰਣਨ ਕਰਨ ਵਾਲੇ ਕਹਿੰਦੇ ਹਨ 'ਕਾਲੀ' ਪਦ 'ਕਾਲ' ਤੋਂ ਹੈ, ਜੋ ਕੁੱਛ ਸ਼ਕਤੀ ਕਾਲ (ਸਮੇਂ, Time) ਵਿਚ ਪ੍ਰਗਟ ਕਰਦੀ ਹੈ ਉਸੇ ਨੂੰ ਆਪਣੇ ਵਿੱਚ ਖਿੱਚ ਲੈਂਦੀ ਹੈ। ਇਹ ਕਾਲ (ਸਮੇਂ) ਨੂੰ ਬੀ ਖਾ ਜਾਂਦੀ ਹੈ। ਇਸ ਕਰਕੇ ਕਾਲੀ ਹੈ। ਐਉਂ ਕਾਲੀ 'ਕਾਲ ਰਹਿਤ' ਅਰਥਾਂ ਵਿਚ ਮਾਨੋ ਇਕ ਬ੍ਰਹਮ ਦਾ ਬੀ ਵਾਚਕ ਹੋ ਗਈ। ਕਾਲੀ ਖੋਪਰੀਆਂ ਮੁਰਦਿਆਂ ਮਸਾਣਾਂ ਦੇ ਅਲੰਕਾਰ ਵਿਚ ਇਸ ਕਰਕੇ ਦੱਸੀ ਜਾਂਦੀ ਹੈ ਕਿ ਉਹ ਸਾਰੀ ਰਚਨਾ ਨੂੰ ਲਯ ਕਰ ਲੈਣ ਵਾਲੀ ਸ਼ਕਤੀ ਹੈ। ਦੇਵੀ ਨੂੰ ਕਾਲੇ ਰੰਗ ਦੀ ਤਾਂ ਕਹਿੰਦੇ ਹਨ ਕਿ ਉਹ ਸਭ ਦ੍ਰਿਸ਼ਟਮਾਨ ਨੂੰ ਸ਼ੂਨਯ ਵਿਚ ਦੇਸ਼ ਕਾਲ ਤੋਂ ਪਰੇ ਲੈ ਜਾਂਦੀ ਹੈ‡। ਫਿਰ ਓਹ ਦਿਗੰਬਰੀ ਹੈ-ਦਿਸ਼ਾ ਦੇ ਕਪੜਿਆਂ ਵਾਲੀ ਭਾਵ ਨੰਗੀ, ਕਿਉਂਕਿ ਕਪੜੇ ਪਹਿਨਣ ਨਾਲ ਹਦ ਬੰਦੀ ਲੱਗ ਗਈ, 'ਨਾਂ ਕਪੜਿਆਂ ਵਾਲੀ' ਕਹਿਣ ਤੋਂ ਉਹ 'ਅਨੰਤ' ਸਹੀ ਹੋਈ। ਫਿਰ ਉਹ ਮਾਇਆ ਹੈ ਜਿਸ ਤੋਂ ਜਗਤ ਰਚਿਆ ਜਾਂਦਾ ਹੈ, ਇਸ ਤਰ੍ਹਾਂ ਉਹ ਨਿਰਗੁਣ ਪਾਰਬ੍ਰਹਮ ਦੀ ਇਕ ਸ਼ਕਤੀ ਹੈ ਜੋ ਰਚਣਹਾਰ ਹੈ। ਇਸ ਕਰਕੇ ਉਹ ਕਦੇ ਸ਼ਿਵ ਦੀ ਚਿੱਟੀ ਲੋਥ ਪਰ ਖੜੀ ਦੱਸੀ ਜਾਂਦੀ ਹੈ। ਸ਼ਿਵ

ਚਿੱਟਾ ਹੈ ਕਿਉਂਕਿ ਉਹ ਸ਼ੁੱਧ ਚੇਤਨਤਾ ਦਾ ਸਰੂਪ ਹੈ। ਲੋਥ ਦੀ ਸ਼ਕਲ ਮੁਰਦਾ ਪਨ ਦੱਸਣ ਵਾਸਤੇ ਨਹੀਂ ਪਰ ਉਸ ਦੇ ਅਤੀਤ, ਅਲੇਪ, ਅਬਦਲ, ਇਕਰਸ, ਨਿਰਵਿਕਾਰ ਸਰੂਪ ਦੱਸਣ ਤੋਂ ਹੈ ਤੇ ਦੇਵੀ ਜੋ ਲੋਥ ਪਰ ਖੜੀ ਹੈ ਸੋ ਬਦਲਣ ਵਾਲਾ, ਰਚਨ ਵਾਲਾ, ਸੰਹਾਰ ਕਰਨ ਵਾਲਾ ਸਰੂਪ ਹੈ ਤੇ ਉਸੇ ਅਬਦਲ ਦੀ ਸ਼ਕਤੀ ਦੀ ਮੂਰਤੀ ਹੈ। ਅਸਲ ਵਿਚ ਦੋਵੇਂ ਇਕ ਹਨ, ਇਕ ਵਜੂਦ ਦੇ ਦੋ ਰੰਗ ਹਨ, ਇਹ ਨਿਰਵਿਕਾਰ, ਇਕ ਰਸ, ਅਬਦਲ ਤੇ ਦੂਸਰਾ ਬਦਲਨੇ ਵਾਲਾ ਜੋ ਅਬਦਲ ਦਾ ਹੀ ਸਰਗੁਣ ਰੂਪ ਹੈ। †ਵੁਡਰਫ। ‡ਕਿਸੇ ਥਾਵੇਂ ਅੰਤ੍ਰੀਵ ਦੱਸਣ ਵਾਲੇ ਤਾਂਤ੍ਰਿਕ ਦਾਨਿਆਂ ਨੇ ਸਿਰਾਂ ਦਾ ਅਰਥ ਦੱਸਿਆ ਹੈ:-ਬਦੀ ਦੇ ਪਹਿਲੂ ਜੋ ਦੇਵੀ ਨੇ ਫਤੇ ਕੀਤੇ ਹਨ। ਫਿਰ ਮੁੰਡਨਮਾਲਾ ਜੋ ੫੧ ਯਾ ੫੨ ਸਿਰਾਂ ਦੀ ਖੋਪਰੀਆਂ ਦੀ ਹੈ ਉਸ ਬਾਬਤ ਕਹਿੰਦੇ ਹਨ ਕਿ ਉਹ ਵਰਣਮਾਲਾ ਦੇ ੫੧ ਯਾ ੫੨ ਅੱਖਰ ਹਨ (ਸਸੰਕ੍ਰਿਤ ਪੈਂਤੀ ਦੇ ਅੱਖਰ ੫੦, ੫੧ ਯਾ ੫੨ ਹਨ।) ਇਹ ਵਰਣਮਾਲਾ 'ਨਾਮ ਰੂਪ' ਵਾਲੇ ਸੰਸਾਰ ਦੀ ਲਖਾਯਕ ਹੈ। ਬਹੈਸੀਅਤ ਰਚਨਹਾਰ ਦੇ ਓਹ ਇਹ ਅੱਖਰਾਂ ਦੀ ਮਾਲਾ ਪਹਿਨ ਰਹੀ ਹੈ, ਬਹੈਸੀਅਤ ਲਯ ਕਰਨਹਾਰ ਓਹ ਇਨ੍ਹਾਂ ਨੂੰ ਬੀ ਲਯ ਕਰ ਜਾਂਦੀ ਹੈ। [ਵੁਡਰੂਫ

ਹੁਣ ਵਿਚਾਰ ਜੋਗ ਇਹ ਬਾਤ ਹੈ ਕਿ ਇਕ ਪਾਸੇ ਤਾਂ ਅਸਲੀ ਰੂਪ ਵਿਚ ਮਿਰਜ਼ਾ ਪੁਰ ਦੇ ਲਾਗਲਾ ਵਿੰਧਯਾ ਦਾ ਮੰਦਰ ਅਤੇ ਕਲਕਤੇ ਵਿਚ ਕਾਲੀ ਬਾੜੀ ਦੇ ਮੰਦਰਾਂ ਦੀ ਭਯਦਾਇਕ ਦਸ਼ਾ ਤੇ ਦੇਵੀ ਦਾ ਬੁੱਤ ਹੈ ਤੇ ਦੇਵੀ ਪੂਜਾ ਦੇ ਨਾਮ ਤੇ ਤਾਂਤ੍ਰਿਕ ਰਸਮਾਂ ਤੇ ਹੋਰ ਜਾਦੂ ਟੂਣੇ ਆਦਿਕ ਵਹਿਮੀ ਕੰਮ ਹਨ, ਦੂਜੇ ਪਾਸੇ ਉਪਰ ਦੱਸੀ 'ਖਯਾਲੀ ਦੇਵੀ' ਦੀ ਬਾਬਤ ਉਪਰ ਕਥੇ ਖਿਆਲ ਹਨ। ਦੋਵੇਂ ਇਕ ਅਚਰਜ ਵਿਰੋਧੀ ਭਾਵ ਹਨ, ਜਿਨ੍ਹਾਂ ਵਿਚ ਅਮਿਣਵਾਂ ਫਾਸਲਾ ਹੈ। ਸੋਚ ਕਰਨ ਵਾਲਾ ਕੀਹ ਸੋਚ ਕਰੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਵੀਆਂ ਦੇ ਲਿਖੇ ਮੂਜਬ ਕਿਸ ਦਾ ਆਵਾਹਨ ਕੀਤਾ, ਕਿਉਂਕਿ ਗੁਰਬਿਲਾਸ ਤੇ ਗੁਰ ਪ੍ਰਤਾਪ ਸੂਰਜ ਆਦਿਕਾਂ ਦੇ ਲੇਖਕ ਸਾਰੇ ਖਿਆਲਾਂ ਦੀ ਖਿਚੜੀ ਜੇਹੀ ਪੇਸ਼ ਕਰਦੇ ਹਨ।

ਕਾਲੀ ਦਾ ਪੁਰਾਤਣ ਜਾਂਗਲੀ ਲੋਕਾਂ ਦੀ ਪੂਜਯ ਹੋਣਾ ਤੇ ਕਈ ਵੇਰ ਬੇਗੁਨਾਹਾਂ ਦੇ (ਠੱਗਾਂ ਆਦਿਕਾਂ ਦੇ ਹੱਥੋਂ) ਖੂਨ ਦਾ ਇਸ ਦੀ ਮੂਰਤੀ ਅੱਗੇ ਅਰਪਨ ਹੋਣਾ, ਇਧਰੋਂ ਦੁਰਗਾ ਆਦਿ ਦੇ ਬੀਰਰਸੀ ਕੰਮ, ਉਧਰ ਤਾਂਤ੍ਰਿਕ ਰਸਮਾਂ ਦੇ ਹਾਲ ਜਿਹੇ ਕੁ ਹਨ ਸਭ ਨੂੰ ਨਜ਼ਰ ਅੰਦਾਜ਼ ਕਰਕੇ ਜੇ ਨਿਤਾਰ ਕੇ ਦੇਵੀ ਉਪਾਸਕਾਂ ਦਾ ਉੱਚੇ ਤੋਂ ਉੱਚਾ ਖਿਆਲ ਲਈਏ ਤਾਂ ਪਤਾ ਲਗਦਾ ਹੈ ਕਿ ਏਹ ਲੇਖਕ ਖਿੱਚ ਖਿੱਚ ਕੇ ਤੇ ਵਿਚਾਰਾਂ ਨਾਲ ਪੁਣ ਪੁਣ ਕੇ ਦੇਵੀ ਦੇ ਖਿਆਲ ਨੂੰ ਫਿਲਸਫੇ ਦੇ ਖਿਆਲ ਵਿਚ ਲੈ ਗਏ ਹਨ ਕਿ ਜਿਵੇਂ ਕਈਆਂ ਨੇ ਫਿਲਸਫੇ ਵਿਚ ਬ੍ਰਹਮ ਦੇ ਹੇਠਾਂ ਸੰਸਾਰ ਦੇ ਰਚਣ, ਪਾਲਣ ਤੇ ਸੰਹਾਰ ਕਰਨ ਵਾਲੀ ਇਕ ਸਰਗੁਣ ਵਯਕਤੀ 'ਈਸ਼੍ਵਰ' ਮੰਨੀ ਹੈ, ਜਿਵੇਂ ਵੈਸ਼ਨਵਾਂ ਵਿਚ ਨਿਰਗੁਣ ਪ੍ਰਮਾਤਮਾਂ ਦੇ ਹੇਠਾਂ ਉਸੇ ਤੋਂ ਹੋਈ ਜਗਤ ਪ੍ਰਬੰਧ ਕਰਨ ਵਾਲੀ ਤੇ ਧਿਆਨ ਜੋੜਨ ਲਈ ਮੰਨੀ ਗਈ ਇਕ ਸਰਗੁਣ ਵਿਯਕਤੀ ਹੈ, ਜਿਸ ਨੂੰ 'ਵਿਸ਼ਨੂੰ' ਸੱਦਦੇ ਹਨ, ਤਿਵੇਂ ਉੱਚੇ ਤੇ ਫਿਲਸਫਾਨਾ ਸ਼ਾਕਤਕ ਮਤ ਵਿਚ 'ਦੇਵੀ' ਇਕ ਸਰਗੁਣ ਵਯਕਤੀ ਹੈ ਜੋ ਨਿਰਗੁਣ ਪ੍ਰਮਾਤਮਾ ਦੇ ਅਲੋਪ ਹੋਣ ਕਰਕੇ ਜਗਤ ਦਾ ਰਚਨ ਪਾਲਨ ਤੇ ਸੰਹਾਰ ਕਰਦੀ ਮੰਨੀ ਗਈ ਹੈ।

ਹੁਣ ਅਸਾਂ ਗੁਰਮਤ ਵਿਚ ਦੇਵੀ ਦੀ ਥਾਂ ਲੱਭਣੀ ਹੈ। ਇਸ ਕਰਕੇ ਦੇਵੀ ਦੇ ਇਸ ਉੱਚੇ ਖਿਆਲ ਨੂੰ ਜੋ ਹਿੰਦੂ ਫਿਲਸਫਾ ਨੇ 'ਸਰਗੁਣ ਈਸ਼੍ਵਰੱਤ' ਦਾ ਦਿੱਤਾ ਹੈ ਲੈਕੇ ਟੁਰਦੇ ਹਾਂ:-

## ੨. ਗੁਰਮਤ ਵਿਚ ਦੇਵੀ।

ਗੁਰੂ ਘਰ ਵਿਚ ਅਕਾਲ ਪੁਰਖ ਨੂੰ 'ਕਾਦਿਰ ਤੇ ਕਰਤਾ ਤੇ ਫੇਰ ਅਲੋਪ†' ਮੰਨਿਆਂ ਹੈ।

†ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ' ॥ [ਵਾ: ਆ: ਮ: ੧

ਨਿਰਗੁਨ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ† ॥

†ਗਉ: ਸੁਖ: ਮ: ੫।

ਉਸੇ ਨੂੰ ਹੀ ਮੰਨਿਆ ਹੈ:-

ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ* ॥

ਪੁਨਾ:-

ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ*।

ਪੁਨਾ:-

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਅਪਨੈ ਭਾਣੈ ਲਏ ਸਮਾਏ* ॥

ਇਨ੍ਹਾਂ ਸਭਨਾਂ ਤੁਕਾਂ ਵਿਚ ਅਕਾਲ ਪੁਰਖ ਨਿਰਗੁਣ ਪ੍ਰਮਾਤਮਾ ਵਲ ਇਸ਼ਾਰਾ ਹੈ। ਕਿਉਂਕਿ ਅਗਲੀਆਂ ਤੁਕਾਂ ਵਿਚ ਉਸ ਰਚਨਹਾਰ ਨੂੰ ਅਛਲ, ਅਛੇਦ, ਅਭੇਦ, ਏਕ, ਬੇਅੰਤ, ਉਚ ਤੇ ਉਚਾ, ਬੇਸ਼ੁਮਾਰ, ਅਥਾਹ, ਅਗਣਤ ਅਤੋਲ ਕਹਿ ਰਹੇ ਹਨ। ਇਹ ਕਰਤੱਵਜ (ਰਚਨ ਪਾਲਨ ਸੰਹਾਰ ਆਦਿ) ਵੱਖਰੇ ਸਰਗੁਣ ਸਰੂਪ 'ਈਸ਼੍ਵਰ' ਯਾ 'ਵਿਸ਼ਨੂੰ' ਯਾ 'ਭਵਾਨੀ' ਦੇ ਨਹੀਂ ਆਖੇ, ਸ਼ੁੱਧ ਚੇਤਨ ਅਕਾਲ ਪੁਰਖ ਦੇ ਕਹੇ ਹਨ। ਜਿਸ ਨੂੰ ਨਿਰਗੁਣ ਨਿਰੰਕਾਰ ਕਹਿੰਦੇ ਹਨ ਗੁਰੂ ਜੀ ਉਸੇ ਨੂੰ ਕਹਿੰਦੇ ਹਨ:-

ਦੁਹੂ ਪਾਖ ਕਾ ਆਪਹਿ ਧਨੀ।*

ਪੁਨਾ:-

ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ* ॥

ਪੁਨਾ:-

ਕੇਵਲ ਕਾਲ ਈ ਕਰਤਾਰ ॥ ਆਦਿ ਅੰਤ ਅਨੰਤਿ ਮੂਰਤਿ ਗੜਨ ਭੰਜਨ ਹਾਰ† ॥

†ਸ਼: ਹਜ਼ਾ: ਪਾ: ੧੦।

ਤੇ ਨਾਲ ਦੱਸਦੇ ਹਨ ਕਿ

ਕਰਨਹਾਰੁ ਨਾਨਕ ਇਕੁ ਜਾਨਿਆ*।

ਕਰਨਹਾਰ ਓਹੀ ਇਕੋ ਆਪ ਹੈ ਤੇ ਜਦ 'ਭਾਵੇ' ਸ੍ਰਿਸ਼ਟੀ ਉਹ ਆਪ ਰਚਦਾ ਹੈ ਤੇ ਅਪਣੇ 'ਹੁਕਮ' ਮਾਤ੍ਰ ਨਾਲ ਸਾਰੀ ਰਚਨਾਂ ਕਰਦਾ ਹੈ ਯਥਾ:-'ਹੁਕਮੀ ਹੋਵਨਿ ਆਕਾਰ।' ਫਿਰ ਜੇ ਸੋਚੀਏ ਕਿ ਹੁਕਮ ਦੇਣ ਕਰਕੇ ਉਹ ਵਿਕਾਰੀ ਹੋ ਜਾਏਗਾ ਤਾਂ ਅੱਗੇ ਦੱਸਿਆ ਹੈ ਕਿ 'ਹੁਕਮੁ ਨ ਕਹਿਆ ਜਾਈ।' ਅਰਥਾਤ ਅਕਾਲ ਪੁਰਖ ਰਚਨਹਾਰ ਹੈ, ਹੁਕਮ ਨਾਲ ਰਚਦਾ ਹੈ; 'ਹੁਕਮ ਕਰਨਾ' ਵਿਕਾਰੀ ਹੋਣਾ ਨਹੀਂ ਕਿਉਂਕਿ ਜਿਵੇਂ ਉਹ ਆਪ ਕਥਨ ਤੋਂ ਪਰੇ ਹੈ ਉਸ ਦਾ ਹੁਕਮ ਬੀ ਕਥਨ ਤੋਂ ਪਰੇ ਹੈ, ਅਸੀਂ ਉਸਦੇ ਹੁਕਮ ਨੂੰ ਕਥਨ ਨਹੀਂ ਕਰ ਸਕਦੇ, ਉਸਨੂੰ ਵਿਕਾਰ ਆਦਿ ਕੁਛ ਨਹੀਂ ਕਹਿ ਸਕਦੇ। ਉਹ ਆਪ ਸੱਤਜ ਹੈ ਉਸਦਾ ਹੁਕਮ ਸੱਤਜ ਹੈ। ਯਥਾ:-

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।

ਭਾਵ ਜਿਵੇਂ ਉਹ ਆਪ ਸੱਤਜ ਹੈ ਤਿਵੇਂ ਫੁਰਮਾਣ ਸੱਤਜ ਹੈ। ਜਿਸ ਨੂੰ ਸੱਤਜ ਕਿਹਾ ਜਾਵੇ ਉਹ ਵਿਕਾਰ ਨਹੀਂ ਕਿਹਾ ਜਾ ਸਕਦਾ।

ਅਸੀਂ ਆਪਣਾ ਹੁਕਮ, ਫੁਰਨਾ, ਵਿਚਾਰ ਸਾਈਂ ਵਿਚ ਅਰੋਪ ਕੇ ਉਸ ਦਾ ਵਿਕਾਰੀ ਹੋਣਾ ਖਿਆਲ ਕਰਦੇ ਹਾਂ, ਪਰ ਉਸ ਦਾ 'ਹੁਕਮ' ਤਾਂ ਉਸਦੇ 'ਸਰੂਪ' ਵਾਂਙੂ ਸਾਡੀ ਸਮਝ ਤੇ ਕਥਨ ਤੋਂ ਪਰੇ ਹੈ। ਉਹ ਆਪਣੇ ਹੁਕਮ ਨੂੰ -ਕਰਨੀ ਕਰਤਬ ਨੂੰ- ਆਪ, ਕੇਵਲ ਆਪ ਜਾਣਦਾ ਹੈ 'ਅਪਨੇ ਕਰਤਬ ਜਾਨੈ ਆਪਿ*।' ਜਦ ਅਸੀਂ ਕਹਿੰਦੇ ਹਾਂ ਕਿ ਉਸ ਵਿਚ ਹੁਕਮ ਨਹੀਂ,

ਭਾਣਾ ਨਹੀਂ, ਕਰਤਬ ਨਹੀਂ, ਤਾਂ ਅਸੀਂ ਉਸ ਹੁਕਮ, ਭਾਣੇ ਤੇ ਕਰਤਬ ਦੀ ਗੱਲ ਕਰਦੇ ਹਾਂ ਜਿਸ ਦੇ ਅਸੀਂ ਜਾਣੂ ਹਾਂ। ਜਿਸ ਦੇ ਅਸੀਂ ਜਾਣੂ ਨਹੀਂ ਉਸ ਦਾ ਇਹ ਵੇਰਵਾ ਅਸੀਂ ਕਿਵੇਂ ਦੱਸ ਸਕਦੇ ਹਾਂ, ਕਿ ਜੇ ਉਸ ਵਿਚ ਹੁਕਮ ਹੋਵੇਗਾ ਤਾਂ ਉਹ ਵਿਕਾਰੀ ਹੋ ਜਾਏਗਾ?

ਜਦ ਉਹ ਸੱਤਜ ਤੇ ਚੇਤਨ ਫਿਰ ਪ੍ਰਿਯ (ਆਨੰਦ) ਮੰਨਿਆ ਜਾਂਦਾ ਹੈ ਤਦ ਜ਼ਰੂਰ ਉਸ ਦਾ ਕੋਈ ਆਪਣਾ ਕਾਰਯ ਕਰਤਬ ਹੈ ਜਿਸ ਦੇ ਅਸੀਂ ਜਾਣੂ ਨਹੀਂ। ਜੋ ਚੇਤਨ ਹੈ ਉਹ ਮੂਲੋਂ ਹੀ ਜੜ੍ਹ ਪਦਾਰਥ ਵਾਂਙੂੰ ਅੱਕ੍ਰੈ ਕੀਕੂੰ ਹੋ ਸਕਦਾ ਹੈ? ਹਾਂ ਉਸ ਦੀ ਕ੍ਰਿਯਾ ਸਾਡੀ ਕ੍ਰਿਯਾ ਸਮਾਨ ਨਹੀਂ ਉਹ ਜੋ ਕੁਛ ਹੈ ਉਸੇ ਵਰਗਾ ਸੱਤਜ ਹੈ। ਮਤਲਬ ਇਹ ਕਿ ਗੁਰੂ ਜੀ ਨੇ ਅਪਣੇ ਅਕਾਲ ਪੁਰਖ ਨੂੰ ਨਿਰੰਕਾਰ ਤੇ ਕਰਤਾ ਕਾਦਰ ਤੇ ਫਿਰ ਅਲੇਪ ਕਿਹਾ ਹੈ, ਜਗਤ ਦਾ ਰਚਨਹਾਰ ਕਹਿਕੇ ਵਿਚੇ ਵੱਸਣ ਵਾਲਾ ਕਿਹਾ ਹੈ। ਜਗਤ ਕੋਠੜੀ ਤੇ ਸੱਚੇ ਨੂੰ ਵਿਚ ਰਹਿਣ ਵਾਲਾ ਦੱਸਿਆ ਹੈ ਤੇ 'ਬਲਿਹਾਰੀ ਕੁਦਰਤਿ ਵਸਿਆ' ਦੱਸਿਆ ਹੈ, ਉਸ ਦੀ ਕੋਈ ਸ਼ਕਤੀ ਉਸ ਤੋਂ ਭਿੰਨ ਨਹੀਂ†। ਕਿਸੇ ਸ਼ਕਤੀ ਦਾ ਉਸ ਨਾਲ ਵਹੁਟੀ ਗੱਭਰੂ ਦਾ ਸੰਬੰਧ ਨਹੀਂ‡। ਸਰਬ ਸ਼ਕਤੀਮਾਨ ਹੈ ਤੇ ਜੋ ਕੁਝ ਕਰਦਾ ਹੈ ਹੁਕਮ ਨਾਲ ਕਰਦਾ ਹੈ, ਹੁਕਮੀ ਹੈ ਤੇ ਫੇਰ ਅਲੇਪ ਤੇ ਇਕੋ ਹੈ††, ਅਨੰਤ ਹੈ, ਅਨਾਦਿ ਹੈ, ਬ੍ਰਹਮ ਹੈ, ਪਾਰਬ੍ਰਹਮ ਹੈ। ਗੁਰਮਤ ਦਾ ਇਹ ਵਰਣਨ ਕੀਤਾ ਵਾਹਿਗੁਰੂ ਜੀ ਦਾ ਸਰੂਪ ਗੁੰਜਾਇਸ਼ ਨਹੀਂ ਰਹਿਣ ਦੇਂਦਾ ਕਿ ਉਸਨੂੰ ਭੀ ਕਿਸੇ ਨਰ ਸਰੂਪ (ਬ੍ਰਹਮਾ, ਵਿਸ਼ਨੂੰ ਮਹੇਸ਼) ਯਾ ਨਾਰੀ (ਦੇਵੀ) ਰੂਪਤਾ ਵਿਚ ਅਲੱਗ ਅਰਾਧਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਦ ਦੇਵੀ ਨੂੰ -ਕਲਕੱਤੇ ਯਾ ਵਿੰਧ੍ਯਾਚਲ ਵਾਲੀ ਦੇਵੀ ਨਾਂ ਪਰ ਫਿਲਸਫਾਨਾ ਖਿਆਲ ਦੀ ਦੇਵੀ ਦੀ- ਪੂਜਾ ਤੋਂ ਮਨ੍ਹੇ ਕੀਤਾ ਹੈ ਤਾਂ ਦੇਵੀ ਨੂੰ 'ਆਦਿ ਭਵਾਨੀ' ਕਿਹਾ ਹੈ। ਅਰਥਾਤ ਫਿਲਸਫੇ ਦੇ ਖਿਆਲ ਵਾਲੀ ਦੇਵੀ ਦੀ ਪੂਜਾ ਬੀ ਨਹੀਂ ਦੱਸੀ ਤੇ ਫੁਰਮਾਇਆ ਹੈ:-

†ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥' [ਗਉੜੀ ਸੁਖਮਨੀ ਮ: ੫।

‡ਤਹ ਮਾਤ ਨ ਬੰਧੁ ਨ ਮੀਤ ਨ ਜਾਇਆ' ॥ [ਜਾਇਆ = ਇਸਤ੍ਰੀ]। [ਮਾਰੂ ਮ: ੫

ਤਥਾ: 'ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ।' [ਆ: ਮ: ੧

ਤਥਾ:-'ਤੇਜ ਕੋ ਪ੍ਰਚੰਡ ਹੈ ਅਖੰਡਣ ਕੋ ਖੰਡ ਹੈ, ਮਹੀਪਨ ਕੋ ਮੰਡ ਹੈ ਕਿ ਇਸਤ੍ਰੀ ਹੈ ਨ ਨਰੁ ਹੈ' ॥ ੯ ॥ [ਅਕਾਲ ਉਸਤਤਿ।

††ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ [ਵਾਰ ਆਸਾ ਮ: ੧

ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ [ਗੋਂਡ ਨਾਮ:

ਫੇਰ ਇਤਿਹਾਸਕ ਪੱਖ ਵਿਚ ਢੂੰਡਿਆਂ ਭਾਈ ਭਗੀਰਥ ਦੀ ਸਾਖੀ ਬੀ ਇਹੋ ਗਲ ਦੱਸਦੀ ਹੈ ਕਿ ਧਿਆਨ ਵਿਚ ਵਸਾਈ ਦੇਵੀ ਨੇ ਉਸਨੂੰ ਗੁਰੂ ਨਾਨਕ ਵਲ ਘੱਲਿਆ ਤੇ ਆਪ ਨੂੰ ਮੁਕਤੀ ਦੇਣੋ ਅਸਮਰੱਥ ਦੱਸਿਆ†। ਦੂਸਰੇ ਗੁਰੂ ਜੀ ਨੂੰ ਜੋ ਪਹਿਲਾਂ ਦੇਵੀ ਦੇ ਉਪਾਸ਼ਕ ਸਨ ਗੁਰੂ ਨਾਨਕ ਦੇ ਦੁਆਰੇ ਝਾੜੂ ਦੇਂਦੀ ਦੇਵੀ ਦੇ ਦਰਸ਼ਨ ਹੋਏ‡। ਫਿਰ ਭਾਈ ਭੈਰੋਂ ਦੀ ਦੇਵੀ ਵਾਲੀ ਸਾਖੀ ਜੋ 'ਦਬਿਸਤਾਨੇ ਮਜ਼ਾਹਬ' ਵਾਲੇ ਨੇ ਲਿਖੀ ਹੈ ਜਿਸ ਵਿਚ ਭੈਰੋ (ਯਾ ਫੇਰੂ) ਨਾਮੇ ਸਿੱਖ ਨੇ ਦੇਵੀ ਦੀ ਮੂਰਤ ਦਾ ਨੱਕ ਕੱਟ ਦਿੱਤਾ ਸੀ। ਫਿਰ ਨੌਵੇਂ ਸਤਿਗੁਰੂ ਜੀ ਦਾ ਮੁਕਾਬਲਾ ਕਰਨੋ ਦੇਵੀ ਅਸਮ੍ਰੱਥਾ ਦੱਸਦੀ ਹੈ††। ਫਿਰ ਦਸਵੇਂ ਪਾਤਸ਼ਾਹ ਦਾ ਪੰਥ ਨੂੰ 'ਇਕ ਅਕਾਲ ਪੁਰਖ ਦਾ ਉਪਾਸ਼ਕ ਬਨਾਉਣਾ' 'ਵਾਹਿਗੁਰੂ ਜੀ ਕੀ ਫਤਹ ਸਿਖਾਲਣੀ, 'ਵਾਹਿਗੁਰੂ ਜੀ ਕਾ ਖਾਲਸਾ' ਦੱਸਣਾ, ਇਨ੍ਹਾਂ ਸਾਰੇ ਵਾਕਿਆਤ ਤੋਂ ਪਤਾ ਲੱਗਾ ਕਿ ਵਾਹਿਗੁਰੂ ਦੀ ਕਿਸੇ ਸ਼ਕਤੀ ਨੂੰ ਵਾਹਿਗੁਰੂ ਤੋਂ ਨਿਖੇੜਕੇ ਪੂਜਣਾ ਦਸਾਂ ਸਤਿਗੁਰਾਂ ਦੀ ਸਿੱਖ੍ਯਾ ਵਿਚ ਨਹੀਂ ਹੈ। †ਦੇਖੋ ਸ੍ਰੀ ਗੁਰ ਨਾ: ਪ੍ਰਕਾਸ਼ ਪੂਰਬਾਰਧ ਅਧ੍ਯਾ: ੨੭ ਅੰਕ ੧੫, ੧੬, ੧੭ ਤੇ ੨੪। ‡ਦੇਖੋ ਤਵਾਰੀਖ ਖਾਲਸਾ ਹਿਸਾ ੧ ਨੰ: ੨ ਪੰਨਾ ੫੧੪ ਤੀ: ਐ:। ††ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੧੨ ਅੰਸੂ ੯ ਅੰਕ ੨੯ ਤੋਂ ੩੬ ਤੱਕ।

ਗੁਰੂ ਜੀ ਨੇ ਵਾਹਿਗੁਰੂ ਜੀ ਵਿਚ 'ਲਿੰਗ ਭੇਦ' ਨਹੀਂ ਮੰਨਿਆ। ਜਿਸ ਦਾ ਕੋਈ ਲਿੰਗ ਨਹੀਂ ਉਸ ਨੂੰ ਕਿਸੇ ਲਿੰਗ ਵਿਚ ਸੰਬੋਧਨ ਕਰ ਲੈਣਾ ਲਿੰਗ ਰਹਿਤ ਮੰਨਣ ਤੁੱਲ ਹੈ। ਉਸ ਨੂੰ ਪਿਤਾ ਕਹਿ ਲੈਣਾ ਵੈਸਾ ਹੀ ਹੈ ਜੈਸਾ ਮਾਤਾ ਕਹਿਣਾ। ਇਸ ਤਰ੍ਹਾਂ ਦੀ ਉਪਾਸਨਾ ਗੁਰਬਾਣੀ ਵਿਚ ਆਈ ਹੈ; ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:-

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ [ਮਾਝ ਮ: ੫

ਇਸ ਵਿਚ ਅਕਾਲਪੁਰਖ ਦੇ ਅਖੰਡ ਸਰੂਪ ਦੀ ਹੀ ਉਪਾਸਨਾ ਹੈ, ਕੋਈ ਸ਼ਕਤੀ ਉਸ ਤੋਂ ਨਿਖੇੜਕੇ ਉਸ ਦੀ ਵੱਖਰੀ ਵਜਕਤੀ ਫਰਜ਼ ਕਰਕੇ ਨਹੀਂ ਅਰਾਧੀ ਜਾ ਰਹੀ।

ਦਸਮੇਂ ਪਾਤਸ਼ਾਹ ਜੀ ਨੇ ਬੀ ਆਪਣੇ ਅਰਾਧਨਾ ਯੋਗ ਇਸ਼ਟ ਅਕਾਲ ਪੁਰਖ ਜੀ ਨੂੰ ਅਛੇਦ, ਅਰੂਪ, ਅਨਾਦ, ਅਭੂਤ, ਅਖੰਡ, ਅਛਿੱਜ, ਅਭੇਦ ਆਦਿ ਗੁਣਾਂ ਨਾਲ ਗਾ ਕੇ ਉਸਦੇ ਇਕੋ ਅਖੰਡ ਰੂਪ ਦਾ ਪਤਾ ਦਿੱਤਾ ਹੈ† ਤੇ ਉਸੇ ਨੂੰ ਹੀ

†ਦਸਮ ਗੁਰਵਾਕ: ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸਟ ਜਲ ਥਲਿ ਕਰਣ ॥ ਅੱਚੁਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ ॥੧॥੩੨॥ [ਗਜਾਨ ਪ੍ਰਬੋਧ

ਪੁਨਾ: ਨਮੋ ਨਾਥ ਪੂਰੇ ਸਦਾ ਸਿੱਧ ਕਰਮੰ ॥ ਅਛੇਦੀ ਅਭੇਦੀ ਸਦਾ ਏਕ ਧਰਮੰ ॥ ਕਲੰਕੰ ਬਿਨਾਂ ਨਿਹਕਲੰਕੀ ਸਰੂਪੇ ॥ ਅਛੇਦੰ ਅਭੇਦੰ ਅਖੇਦੰ ਅਨੂਪੇ ॥ [ਗਜਾਨ ਪ੍ਰਬੋਧ

ਪੁਨਾ: ਬੇਦ ਕਤੇਬ ਕੇ ਬੇਦ ਸਬੈ ਤਜ, ਕੇਵਲ ਕਾਲ ਕ੍ਰਿਪਾ ਨਿਧ ਮਾਨਿਯੋ। [੩੩ ਸ੍ਵੈਯੇ

'ਕੇਵਲ' ਕਹਿਣ ਨਾਲ ਅਕਾਲ ਪੁਰਖ ਨੂੰ ਵਾਹਦ, ਇੱਕੋ, ਅਦ੍ਵੈਤ ਸਿੱਧ ਕਰ ਰਹੇ ਹਨ।

ਯਥਾ: ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥ ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥੩੭॥ ਬਿਅੰਤਿ ਨਾਮੁ ਧਿਆਇ ਹੌ ॥ ਪਰਮ ਜੋਤਿ ਪਾਇ ਹੌ ॥ ਨ ਧਿਆਨ ਆਨ ਕੋ ਧਰੌ ॥ ਨ ਨਾਮ ਆਨ ਉਚਰੌ ॥੩੮॥ ਤਵੱਕ ਨਾਮ ਰਤਿੰਯ। ਨ ਆਨ ਮਾਨ ਮਤਿਯੰ ॥ ਪਰੱਮ ਧਿਆਨ ਧਾਰੀਯੰ ॥ ਅਨੰਤ ਪਾਪ ਟਾਰੀਯੰ ॥੩੯॥ ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥ ਤਵੱਕ ਨਾਮੁ ਉਚਾਰੀਯੰ ॥ ਅਨੰਤ ਦੂਖ ਟਾਰੀਯੰ ॥੪੦॥

[ਬਚਿੱਤ੍ਰ ਨਾਟਕ ਧਿ: ੬

ਨਮੋ ਪਰਮ ਗਜਾਤਾ ॥ ਨਮੋ ਲੋਕ ਮਾਤਾ ॥ [ਜਾਪੁ]

ਆਖਿਆ ਹੈ। ਫਿਰ ਦੂਸਰੀਆਂ ਵਜਕਤੀਆਂ ਨੂੰ ਸਪਸ਼ਟ ਨਾਮ ਦੇ ਦੇ ਕੇ 'ਪਾਇ ਗਹੇ ਜਬ ਤੇ ਤੁਮਰੇ' ਵਿਚ ਖੋਹਲਕੇ ਪੂਜਨ ਤੋਂ ਵਰਜਿਆ ਹੈ ਤੇ ਇਉਂ ਬੀ ਕਿਹਾ ਹੈ 'ਬ੍ਰਹਮਾਦਿਕ ਸਬ ਹੀ ਪਚ ਹਾਰੇ। ਬਿਸਨੁ ਮਹੇਸ਼੍ਵਰ ਕੌਨ ਬਿਚਾਰੇ। ਚਉ: ਅ:]' ਜਿਸ ਤੋਂ ਸਿੱਧ ਹੈ ਕਿ ਆਪ ਇਕ ਅਖੰਡ ਅਕਾਲ ਮੂਰਤੀ ਦੇ ਉਪਾਸਕ ਹਨ। ਉਸੇ ਨੂੰ ਪਿਤਾ ਉਸੇ ਨੂੰ ਮਾਤਾ ਕਹਿਕੇ ਪਿਆਰ ਕਰਨਾ ਇਹ ਸਿੱਧਾਂਤ ਦਸਾਂ ਹੀ ਗੁਰੂ ਸਾਹਿਬਾਂ ਦਾ ਸਿੱਧ ਹੁੰਦਾ ਹੈ। ਸੋ

(੧) ਗੁਰਬਾਣੀ ਵਿਚ ਜਿੱਥੇ ਕਿਤੇ ਪਰਮੇਸ਼ੁਰ ਦੀ ਤਾਕਤ, ਸੱਤਜ, ਬਲ, ਸਮਰੱਥਾ ਸ਼ਕਤੀ ਦੇ ਅਰਥਾਂ ਵਿਚ ਭਵਾਨੀ ਆਦਿ ਕੋਈ ਪਦ ਆਇਆ ਹੈ ਸੋ ਅਕਾਲ ਪੁਰਖ ਦੇ ਵਜੂਦ ਤੋਂ ਅਭਿੰਨ ਹੋਣ ਕਰਕੇ ਉਸੇ ਦਾ ਬੋਧਕ ਹੈ। ਸੱਤਜਾ ਯਾ ਸ਼ਕਤੀ 'ਸ਼ਕਤੇ' ਤੋਂ ਭਿੰਨ ਹੋਕੇ ਵਜੂਦ ਨਹੀਂ ਰਖਦੀ ਜਿਵੇਂ ਦਸਮੇਸ਼ ਜੀ ਨੇ ਫੁਰਮਾਇਆ ਹੈ:-

ਪ੍ਰਥਮ ਕਾਲ ਸਭ ਜਗ ਕੋ ਤਾਤਾ ॥ ਤਾਂ ਤੇ ਭਯੋ ਤੇਜ ਬਿਖਜਾਤਾ ॥
ਸੋਈ ਭਵਾਨੀ ਨਾਮ ਕਹਾਈ ॥ ਜਿਨ ਸਗਰੀ ਯਹ ਸ੍ਰਿਸਟਿ ਉਪਾਇ ॥ ੨੯ ॥

[ਚਉ ਅਵਤਾ:

ਇਥੇ ਭਵਾਨੀ ਕੋਈ ਵੱਖਰੀ ਵਜਕਤੀ ਨਹੀਂ ॥ ਇਸੇ ਭਾਵ ਦਾ ਇਕ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ:-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ [ਪ੍ਰਭਾਤੀ ਕਬੀਰ ਜੀ

'ਪ੍ਰਥਮ ਕਾਲ ਸਭ ਜਗ ਕੋ ਤਾਤਾ' ਤੋਂ 'ਤੇਜ' ਉਤਪਤ ਹੋਣਾ ਤੇ ਉਸ ਤੋਂ ਜਗਤ ਰਚਨਾ ਹੋਈ ਤੇ 'ਅਵਲਿ ਅਲਹ' ਨੇ 'ਨੂਰ' ਪੈਦਾ ਕਰਨਾ ਤੇ ਨੂਰ ਤੋਂ ਸਾਰੀ ਰਚਨਾ ਰਚੀ ਇਕੋ ਭਾਵ ਦੇ ਖਿਆਲ ਹਨ, ਦੁਹਾਂ ਵਿਚ ਵਾਹਿਗੁਰੂ ਅਛੇਦ ਦੇ ਅਖੰਡ ਹੈ ਤੇ ਅਲਗ ਵਜਕਤੀ ਤੇਜ ਨੂੰ ਯਾਂ ਟੂਰ ਨੂੰ ਨਹੀਂ ਕਿਹਾ। ਗੁਰੂ ਜੀ ਸਦਾ ਆਪਣੇ ਅਕਾਲ ਪੁਰਖ ਨੂੰ 'ਅਚੁੱਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ' ਆਖਦੇ ਹਨ। ਉਸ ਨੂੰ ਆਪ ਕਦੇ ਦੋ ਰੂਪਾਂ ਵਿਚ ਵੰਡੀਂਦਾ ਨਹੀਂ ਕਹਿੰਦੇ†। ਇਸੇ ਭਾਵ ਵਿਚ ਦਸਮ ਗੁਰੂ ਜੀ ਦੇ ਏਹ ਵਾਕ ਹਨ:-

†ਇਕ ਬਿਨ ਦੂਸਰ ਸਿਉ ਨ ਚਿਨਾਰ ॥ [ਸ਼: ਹਜ਼ਾਰੇ ਪਾ: ੧੦
ਪੁਨਾ: ਆਦਿ ਪੁਰਖ ਜਿਨ ਏਕ ਪਛਾਨਾ ॥ ਦੁਤੀਆ ਭਾਵ ਨ ਮਨ ਮਹਿ ਆਨਾ ॥੨੧॥
ਜੇ ਜੇ ਭਾਵ ਦੁਤਿਯ ਮਹਿ ਰਾਚੇ ॥ ਤੇ ਤੇ ਮੀਤ ਮਿਲਨ ਤੇ ਬਾਚੇ ॥
ਏਕ ਪੁਰਖ ਜਿਨ ਨੈਕ ਪਛਾਨਾ ॥ ਤਿਨ ਹੀ ਪਰਮ ਤੱਤ ਕਹ ਜਾਨਾ ॥੨੨॥ [ਚਉ: ਅਵ:

ਨਮੋ ਪਰਮ ਗਯਾਤਾ ॥ ਨਮੋ ਲੋਕ ਮਾਤਾ ॥ [ਸ੍ਰੀ ਜਾਪੁ ਜੀ
'ਸਰਬ ਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ' ॥ [ਬਚਿੱ: ੧੪. ੫

ਇਸ ਵਿਚ ਕਾਲਕਾ ਦੇਬਿ ਕਹਿਕੇ ਉਸੇ ਮਹਾਂ ਕਾਲ ਨੂੰ ਜਣਾਇਆ ਹੈ। 'ਮਾਤ' ਇਸਤ੍ਰੀ ਲਿੰਗ ਪਦ ਵਰਤਕੇ ਇਸਦੇ ਸੰਬੰਧ ਕਾਰਕ ਦੀ ਵਿਭਕਤੀ 'ਹਮਾਰਾ' ਪੁਲਿੰਗ ਵਰਤਿਆ ਹੈ। ਪੁਲਿੰਗ ਪਦ 'ਹਮਾਰਾ' ਵਰਤਣ ਤੋਂ ਪ੍ਰਯੋਜਨ ਇਹੋ ਗਲ ਜਨਾਉਣ ਦਾ ਹੈ ਕਿ ਸਰਬ ਕਾਲ ਤੇ ਦੇਬਿ ਕਾਲਕਾ ਇਕੋ ਨੂੰ ਕਹਿ ਰਹੇ ਹਨ, ਵੱਖਰੀ ਵਜਕਤੀ ਨਹੀਂ ਮੰਨ ਰਹੇ। ਫਿਰ ਇਸ ਤਰ੍ਹਾਂ ਕਿਹਾ ਹੈ:-

ਤਹ ਹਮ ਅਧਿਕ ਤਪੱਸਯਾ ਸਾਧੀ ॥ ਮਹਾ ਕਾਲ ਕਾਲਕਾ ਅਰਾਧੀ ॥੧॥
ਇਹਿ ਬਿਧਿ ਕਰਤ ਤਪੱਸਯਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ [ਬਚਿ: ਨਾ:

ਇਸ ਵਿਚ ਬੀ 'ਮਹਾਂ ਕਾਲ ਕਾਲਕਾ' ਇੱਕੋ ਅਭੇਦ ਵਜਕਤੀ ਦੇ ਵਾਚਕ ਹਨ। ਜੇ ਕਦੇ ਮਹਾਂ ਕਾਲ ਕਾਲਕਾ ਦੋ ਅੱਡ ਅੱਡ ਵਜਕਤੀਆਂ ਹਨ ਤਾਂ ਅਰਾਧਕ ਜੀ ਨੂੰ ਕਹਿਣਾ ਚਾਹੀਦਾ ਸੀ ਕਿ 'ਤ੍ਰੈ ਤੇ ਏਕ ਰੂਪ ਹੁਇ ਗਇਓ।' ਦ੍ਵੈ ਕਹਿਣ ਤੋਂ ਸਪਸ਼ਟ ਹੈ ਕਿ ਮਹਾਂ ਕਾਲ ਕਾਲਕਾ ਇਕ ਅਭੇਦ ਵਜਕਤੀ ਹੈ†। ਜੇ ਆਪ ਕਾਲਕਾ ਵੱਖਰੀ ਮੰਨਦੇ ਤਾਂ ਅੱਗੇ ਉਸੇ ਨੂੰ 'ਅਲਖ ਗੁਰਦੇਵ ਤੇ ਪ੍ਰਭੁ' ਇਉਂ ਕਿਉਂ ਲਿਖਦੇ, ਯਥਾ:-

†ਕਵੀ ਜੀ ਨੇ ਬੀ ਜਦ ਸਤਿਗੁਰੂ ਜੀ ਦੇ ਇਸ ਤਪ ਦਾ ਹਾਲ ਲਿਖਿਆ ਹੈ ਤਾਂ ਸਤਿਗੁਰ ਜੀ ਦੇ ਵਾਹਿਗੁਰੂ ਵਿਚ ਲੀਨ ਹੋਣ ਬਾਬਤ ਐਉਂ ਕਿਹਾ ਹੈ: ਜੀਤਜੋ ਮਨ ਹੁਇ ਧਯਾਨ ਪਰਾਇਨ ਕਰਤਾ ਪੁਰਖ ਸਾਥ ਲਿਵ ਲਾਇ ॥ ਸਰਬ ਜੋਤਿ ਕੀ ਜੋਤਿ ਓਦੋਤਕ ਅਸ ਸਰੂਪ ਮਹਿਂ ਰਹੇ ਸਮਾਇ ॥ ਏਕ ਰੂਪ ਹੁਇ ਤਨ ਸੁਧ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ ॥ ਬੀਤੇ ਬਰਖ ਅਸੰਖ ਏਕ ਭੇ ਮੂਰਤ ਤਪ ਕੀ ਤਨੁ ਸੁਹਾਇ ॥੩੦॥ [ਰਾਸ ੧੧ ਅੰਸੂ ੪੯

ਜਿਸਦਾ ਸਪਸ਼ਟ ਅਰਥ ਇਹ ਹੈ ਕਿ ਸ੍ਰੀ ਗੁਰੂ ਜੀ ਨੂੰ ਇਸ ਵੇਲੇ 'ਕਰਤਾ ਪੁਰਖ ਸਰਬ ਜੋਤੀ ਮਯ, ਜਯੋਤੀ ਪ੍ਰਕਾਸ਼ ਦੇਣ ਵਾਲੇ ਪਾਰਬ੍ਰਹਮ ਪਰਮੇਸੁਰ' ਵਿਚ ਸਮਾ ਗਏ ਦੱਸ ਰਹੇ ਹਨ। ਇਹ ਉਹੋ ਵਕਤ ਹੈ ਜਿਸ ਵੇਲੇ ਬਾਬਤ ਸ੍ਰੀ ਮੁਖਵਾਕ ਹੈ: ਤਹ ਹਮ ਅਧਿਕ ਤਪੱਸਯਾ ਸਾਧੀ ॥ ਮਹਾਂ ਕਾਲ ਕਾਲਕਾ ਅਰਾਧੀ ॥ ਇਹਿ ਬਿਧਿ ਕਰਤਿ ਤਪੱਸਯਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ' ॥ ਭਾਵ ਹੈ ਕਿ ਕਵੀ ਜੀ 'ਮਹਾਂ ਕਾਲ ਕਾਲਕਾ' ਦਾ ਅਰਥ 'ਕਰਤਾ ਪੁਰਖ, ਜਯੋਤੀਆਂ ਨੂੰ ਜਯੋਤੀ ਦਾਤਾ, ਪਾਰਬ੍ਰਹਮ, ਪਰਮੇਸੁਰ' ਕਰ ਰਹੇ ਹਨ। ਮਹਾਂ ਕਾਲ ਤੇ ਕਾਲਕਾ ਦੇਵੀ ਦੋ ਵਜਕਤੀਆਂ ਅਰਥ ਨਹੀਂ ਕਰ ਰਹੇ। ਤੇ ਅੱਗੇ ਇਸੇ ਪ੍ਰਸੰਗ ਵਿਚ ਅਕਾਲ ਪੁਰਖ ਹੀ ਗੁਰੂ ਜੀ ਨੂੰ ਸੱਦਦੇ, ਵਰ ਭੁਸ਼ਤ ਕਰਦੇ ਤੇ ਜਗਤ ਵਲ ਟੋਰਦੇ ਦੱਸਦੇ ਹਨ, ਯਥਾ:- ਮੈਂ ਅਪਨਾ ਸੁਤ ਤੋਹਿ ਨਿਵਾਜਿਓ

ਪੰਥ ਪ੍ਰਚੁਰ ਕਰੀਅਹਿ ਜਗ ਜਾਇ ॥੨੦॥ ਇਸ ਪਰ ਗੁਰੂ ਜੀ ਨੇ ਜੋ ਕੁਛ ਕੀਤਾ ਸੋ ਕਵੀ ਜੀ ਐਉਂ ਦੱਸਦੇ ਹਨ: ਆਇਸੁ ਮਾਨਿ ਸੀਸ ਪਰ ਪ੍ਰਭੁ ਕੀ ਬਾਰਬਾਰ ਅਭਿਬੰਦਨ ਕੀਨਿ ॥ ਕਰਤਾ ਪੁਰਖ ਅਕਾਲ ਕ੍ਰਿਪਾਲੰ ਏਕੰਕਾਰ ਸੁ ਗੁਰੂ ਪ੍ਰਬੀਨ ॥੩੪॥ [ਰਾ: ੧੧

ਇਨ੍ਹਾਂ ਪ੍ਰਮਾਣਾਂ ਤੋਂ ਬੀ ਇਹੋ ਸਿੱਧਾਂਤ ਨਿਕਲਦਾ ਹੈ ਕਿ ਕਵੀ ਜੀ ਆਪ ਬੀ 'ਮਹਾਂ ਕਾਲ ਕਾਲਕਾ' ਦਾ ਅਰਥ 'ਪ੍ਰਭੂ, ਕਰਤਾ ਪੁਰਖ, ਅਕਾਲ, ਏਕੰਕਾਰ' ਕਹਿ ਰਹੇ ਹਨ।

'ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਤੇ ਭਏ ਪ੍ਰਸਿੰਨ ਗੁਰਦੇਵਾ' ॥ [ਬਚਿ: ਨਾ:

ਕਿਉਂਕਿ ਅੱਗੇ ਦੱਸਦੇ ਹਨ

ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥

ਉਸ ਪ੍ਰਭੂ ਨੇ ਜਦ ਮੈਨੂੰ ਆਗਿਆ ਦਿਤੀ ਜਿਸ ਨੂੰ 'ਮਹਾਂ ਕਾਲ ਕਾਲਕਾ' ਕਹਿ ਆਏ ਹਨ, ਹੁਣੇ ਉਸੇ ਨੂੰ ਅਲਖ ਗੁਰਦੇਵ ਤੇ ਪ੍ਰਭੂ ਕਹਿ ਰਹੇ ਹਨ।

ਫਿਰ ਅੱਗੇ ਕਿਹਾ ਹੈ:-

ਅਕਾਲ ਪੁਰਖ ਬਾਚ ॥
ਮੈਂ ਅਪਨਾ ਸੁਤ ਤੋਹਿ ਨਿਵਾਜਾ ॥

ਇਥੇ ਕੇਵਲ ਅਕਾਲ ਪੁਰਖ ਜੀ ਨੇ ਕਿਹਾ ਹੈ ਕਿ ਮੈਂ ਤੈਨੂੰ ਆਪਣਾ ਪੁੱਤ੍ਰ ਨਿਵਾਜਿਆ, ਜੇ ਕਾਲਕਾ ਵੱਖਰੀ ਹੁੰਦੀ ਤਾਂ ਨਾਲ ਕਾਲਕਾ ਬਾਚ ਬੀ ਹੁੰਦਾ, ਫਿਰ ਧਿਆ ਦੇ ਅੰਤ ਵਿਚ ਲੇਖ ਹੈ:-

ਆਗਿਆ ਕਾਲ ਜਗ ਪ੍ਰਵੇਸ਼ ਕਰਨੰ।

ਫਿਰ ਕਹਿੰਦੇ ਹਨ:-

ਜੋ ਨਿਜ ਪ੍ਰਭੁ ਮੋ ਸੋਂ ਕਹਾ ਸੋ ਕਹਿਹੋਂ ਜਗ ਮਾਹਿ ॥

ਇਹ ਅਸੀਂ ਦੱਸ ਆਏ ਹਾਂ ਕਿ ਲਿੰਗ ਰਹਿਤ ਅਕਾਲ ਪੁਰਖ ਨੂੰ ਸਰਬ ਲਿੰਗ ਵਿਚ ਕਹਿ ਜਾਣਾ ਉਸ ਨੂੰ ਅਲਿੰਗ ਕਹਿਣ ਦੇ ਹੀ ਤੁੱਲ ਹੈ। ਪਰ ਜਿੱਥੇ (੨) ਦੇਵੀ ਦੀ ਅਲੱਗ ਰੂਪਤਾ ਆਵੇਗੀ ਓਥੇ ਦੇਵਤਿਆਂ ਵਾਂਙੂ ਉਹ ਵਜਕਤੀ ਅਕਾਲ ਪੁਰਖ ਤੋਂ ਨੀਵੀਂ, ਉਸ ਦੇ ਚਰਨਾਂ ਵਿਚ ਵੱਸਣ ਵਾਲੀ ਵਰਣਨ ਹੋਵੇਗੀ, ਯਥਾ:-

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥ [ਅਕਾ: ਉਸ: ੫

ਇਥੇ ਵਾਹਿਗੁਰੂ ਜੀ ਨੂੰ ਦੇਸ਼ ਕਾਲ ਤੋਂ ਪਰੇ ਦੱਸ ਕੇ ਭਵਾਨੀ ਨੂੰ ਚਰਨਾਂ ਵਿਚ ਵੱਸਣ ਵਾਲੀ ਦੱਸਿਆ ਹੈ, ਫਿਰ ਦਸਮ ਗੁਰੂ ਜੀ ਫੁਰਮਾਉਂਦੇ ਹਨ:-

ਕਈ ਦੇਵਿ ਆਦਿ ਕੁਮਾਰ†। ਕਈ ਕਿਸਨ ਬਿਸਨੁ ਅਵਤਾਰ ॥ [ਅਕਾ:-੩੯

†ਆਦਿ ਕੁਆਰ ਦੇਵੀਆਂ। ਆਦਿ ਕੁਮਾਰ ਦਾ ਅਰਥ 'ਸਨਤ ਕੁਮਾਰ' ਲਾਉਣੇ ਦਾ ਖਿਆਲ ਆ ਸਕਦਾ ਹੈ, ਪਰ ਗਿਆਨੀ ਸਮੂਹ ਦੀ ਸੋਧੀ ਹੋਈ ਬੀੜ ਵਿਚ 'ਦੇਵਿ' ਦੇ 'ਵ' ਨੂੰ ਸਿਆਰੀ ਹੈ ਜਿਸਦਾ ਸਪਸ਼ਟ ਅਰਥ ਦੇਵੀ ਹੈ, 'ਆਦਿ ਕੁਮਾਰ' ਇਸ ਦਾ ਵਿਸ਼ੇਸ਼ਨ ਹੈ।

ਪੁਨਾ:-

ਲਖ ਲਖਮੀ ਲਖ ਬਿਸਨ ਕਿਸਨ ਕਈ ਨੇਤਿ ਬਤਾਵਹਿੰ† ॥

[ਗਜਾਨ ਪ੍ਰਬੋਧ

†ਇਸੇ ਛੰਦ ਦੇ ਅਖੀਰ ਵਿਚ ਆਪ ਨੂੰ ਜਿਸ ਦੀ ਸ਼ਰਣ ਦੱਸਦੇ ਹਨ ਉਸ ਦਾ ਸਰੂਪ ਐਉਂ ਕਹਿੰਦੇ ਹਨ:- "ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸਟ ਜਲ ਥਲਿ ਕਰਣ ॥ ਅੱਚੁਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ" ॥੧॥੩੨॥ ।ਗਿਆਨ ਪ੍ਰਬੋਧ

ਪੁਨਾ:-

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈਹੀਂ ਦੁਰਗਾ ਸਾਜਿਕੈ ਦੈਤਾ ਦਾ ਨਾਸ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥੨॥

[ਭਗਉਤੀ ਕੀ ਵਾਰ

ਇਹੋ ਸਿਧਾਂਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਯਥਾ:-

ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥ [ਰਾਮ: ਮ: ੫

ਤਥਾ:-

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ... [ਆਸਾ ਮ: ੧

ਪੁਨਾ:-

ਕੋਟਿ ਦੇਵੀ ਜਾਕਉ ਸੇਵਹਿ ਲਖਿਮੀ ਅਨਿਕ ਭਾਤਿ ॥ [ਆਸਾ ਮ: ੫

ਤਥਾ:-

ਅਨਿਕ ਦੇਵੀ ਦੇਵਾ ਬਹੁ ਭਾਂਤਿ ॥ [ਸਾਰੰਗ ਮ: ੫

ਤਥਾ:-

ਦੁਰਗਾ ਕੋਟਿ ਜਾਕੈ ਮਰਦਨੁ ਕਰੈ ॥

ਪੁਨਾ:-

ਕੋਟਿ ਸਕਤਿ ਸਿਵ ਆਗਿਆਕਾਰ ॥

ਪੁਨਾ:-

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ [ਜਪੁਜੀ

ਫਿਰ ਇਨ੍ਹਾਂ ਵਜਕਤੀਆਂ ਨੂੰ ਅਕਾਲ ਪੁਰਖ ਦੀ ਤਰ੍ਹਾਂ ਸਰਵੱਗਜ ਨਹੀਂ ਮੰਨਿਆਂ ਸਗੋਂ ਅੱਗਜਾਨ ਦਾ ਹਨੇਰਾ -ਚਾਹੇ ਕਿਸੇ ਤਰ੍ਹਾਂ ਦਾ ਹੋਵੇ- ਇਨ੍ਹਾਂ ਦੇ ਦੁਆਲੇ ਦੱਸਿਆ ਹੈ।

ਯਥਾ:-

ਦੇਵੀ ਦੇਵਾ ਮੂਲੁ ਹੈ ਮਾਇਆ ॥

ਪੁਨਾ:-

ਭਰਮੇ ਸੁਰਿ ਨਰ ਦੇਵੀ ਦੇਵਾ ॥ [ਸੁਖ:

ਪੁਨਾ:-

ਮਾਇਆ ਮੋਹੇ ਦੇਵੀ ਸਭਿ ਦੇਵਾ ॥

ਪੁਨਾ:-

ਦੇਵੀਆ ਨਹੀ ਜਾਨੈ ਮਰਮ ॥

ਪੁਨਾ:-

ਦੇਵੀ ਮਰਮੁ ਨ ਪਾਇਆ ॥ [ਪ੍ਰਭਾ: ਮ: ੫

ਫਿਰ ਇਨ੍ਹਾਂ ਦੀ ਉਪਾਸਨਾ ਕਰਨ ਬਾਬਤ ਇਹ ਵਾਕ ਹੈਨ:-

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ [ਸੋਰ: ਮ: ੫

ਪੁਨਾ:-

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥
[ਗਉੜੀ ਮ: ੧

ਪੁਨਾ:-

ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥ [ਭੈਰ: ਮ: ੫

ਪੁਨਾ:-

ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥ [ਗਉੜੀ ਕਬੀਰ

ਪੁਨਾ:-

ਮਹਾ ਮਾਈ ਕੀ ਪੂਜਾ ਕਰੈ। ਨਰ ਸੈ ਨਾਰਿ ਹੋਇ ਅਉਤਰੈ ॥ [ਗੋਂਡ ਨਾਮ:

(੩) ਤੀਸਰਾ ਰੂਪ ਦੇਵੀ ਦਾ ਮਿੱਟੀ, ਪੱਥਰ, ਕਾਠ ਦੀ ਮੂਰਤੀ ਹੈ, ਉਸ ਸੰਬੰਧੀ ਗੁਰਵਾਕ ਇਉਂ ਹਨ:-

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ [ਗਉ: ਕਬੀਰ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਰ ਪ੍ਰਕਾਰ ਦੀ ਮੂਰਤੀ ਪੂਜਨ ਮਨ੍ਹੇ ਹੈ ਤੇ ਦਸਮ ਗੁਰੂ ਜੀ ਨੇ ਮੂਰਤੀ ਪੂਜਾ ਦੇ ਉਲਟ ਕਹਿੰਦਿਆਂ ਆਪ ਨੂੰ 'ਬੁਤਸ਼ਿਕਨ' ਕਿਹਾ ਹੈ। ਸੋ ਦੇਵੀ ਦੀ ਕਾਸ਼ਟ, ਮ੍ਰਿਤਕਾ, ਪਖਾਣ ਕਾਗਜ਼ ਦੀ ਮੂਰਤੀ-ਪੂਜਾ ਦਸਾਂ ਹੀ ਸਤਿਗੁਰਾਂ ਦੇ ਮਤ ਵਿਚ ਨਹੀਂ ਹੈ,

ਯਥਾ:-

ਪਖਾਣ ਪੂਜ ਹੌ ਨਹੀਂ। [ਬਚਿੱਤ੍ਰ ਨਾਟਕ ੬-੩੫

ਪੁਨਾ:-

ਪਾਹਨ ਕੌ ਅਸਥਾਲਯ ਕੋ ਸਿਰ ਨਿਯਾਇ ਫਿਰਿਓ ਕਛੁ ਹਾਥ ਨ ਆਇਯੋ [੩੩ ਸ੍ਵੱਯੇ

ਸੋ ਸਿੱਖ ਸ਼ਾਸਤ੍ਰਾਂ ਅਤੇ ਲਿਟ੍ਰੇਚਰ ਦੀ ਪੜਤਾਲ ਕਰਨ ਤੇ ਦੇਵੀ ਦੇ ਤ੍ਰੈ ਪੱਖ ਐਉਂ ਸਿੱਧ ਹੋਏ:-

੧. ਅਕਾਲ ਪੁਰਖ ਸਰਬ ਸ਼ਕਤੀਮਾਨ ਹੋਣ ਕਰਕੇ ਉਸ ਦੀ ਸ਼ਕਤੀ ਉਸੇ ਦੇ ਨਾਲ ਅਭੇਦ ਹੈ। ਸ਼ਕਤਾ ਤੇ ਸ਼ਕਤੀ ਇਕ ਰੂਪ ਹਨ। ਸ਼ਕਤੇ ਤੋਂ ਸ਼ਕਤੀ ਨਿੱਖੜਕੇ ਵੱਖਰਾ ਰੂਪ ਧਾਰਕੇ ਉਸ ਤੁੱਲ੍ਯ ਅਲੱਗ ਵ੍ਯਕਤੀ ਨਹੀਂ ਧਾਰਦੀ। ਅਕਾਲ ਪੁਰਖ ਵਿਚ ਲਿੰਗ ਭੇਦ ਨਾ ਹੋਣ ਕਰਕੇ ਗੁਰ ਸਿੱਖੀ ਵਿਚ ਉਸ ਨੂੰ ਮਾਤਾ ਪਿਤਾ ਦੋਹਾਂ ਹੀ ਸੰਬੋਧਨਾਂ ਨਾਲ ਯਾਦ ਕੀਤਾ ਗਿਆ ਹੈ। 'ਅੱਲਾ ਤੇ ਅੱਲਾ ਦਾ ਨੂਰ' 'ਜਗਤ ਦਾ ਤਾਤ ਤੇ ਉਸ ਦਾ ਤੇਜ' ਦੋ ਵ੍ਯਕਤੀਆਂ ਨਹੀਂ ਹਨ, ਇਕੋ ਅੱਦ੍ਵੈ ਅਖੰਡ, ਅਛੇਦ, ਅਭੇਦ ਸਰੂਪ ਹੈ। 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਤੇ 'ਤੁਮ ਮਾਤ ਪਿਤਾ ਹਮ ਬਾਰਿਕ ਤੇਰੇ' ਆਦਿਕ ਸੰਬੋਧਨ ਉਸੇ ਦੇ ਹਨ।

੨. ਇਕ ਐਸੀ ਵ੍ਯਕਤੀ ਨੂੰ ਜੋ ਅਲੱਗ ਰੂਪ ਵਾਲੀ ਹੋਵੇ ਤੇ ਆਪਣਾ ਭਿੰਨ ਵਜੂਦ ਰੱਖਦੀ ਹੋਵੇ 'ਓਹੁ ਵੇਖੈ ਓਨਾ ਨਦਰਿ ਨ ਆਵੈ' 'ਲਖ ਬ੍ਰਹਮੇ ਬਿਸਨ ਮਹੇਸ' 'ਦੇਵੀਆ ਨਹੀ ਜਾਨੈ ਮਰਮ' ਆਖਿਆ ਹੈ। ਇਸੇ ਵੱਖਰੇ ਵਜੂਦ ਲੈਣ ਵਾਲੀ ਵ੍ਯਕਤੀ ਨੂੰ ਵਾਹਿਗੁਰੂ ਦੇ ਦਰਬਾਰ ਸ਼ਰਨ ਵਿਚ ਵੱਸਣ ਵਾਲੀ ਜਨਾਂ ਵਾਂਙੂ ਚੇਰੀ ਕਿਹਾ ਹੈ†। ਏਸ ਦੇ ਪ੍ਰਮਾਣ ਪਿਛੇ ਦੇ ਆਏ ਹਾਂ। ਗੁਰ ਬਿਲਾਸ ਗੁਰ ਪ੍ਰਤਾਪ ਸੂਰਜ ਆਦਿਕਾਂ ਨੇ ਜੇ ਪਹਿਲੇ ਅੰਕ ਵਿਚ ਕਥਨ ਕੀਤਾ ਪੱਖ ਲਿਆ ਹੈ ਤਾਂ ਗੁਰਮਤ ਵਿਰੁੱਧ ਨਹੀਂ, ਪਰ ਉਨ੍ਹਾਂ ਲੇਖਕਾਂ ਨੇ ਪੱਖ

ਇਹ ਦੂਸਰਾ ਲਿਆ ਹੈ। ਦੇਵੀ ਨੂੰ ਸ਼ਕਤੀ, ਜਯੋਤੀ ਸਰੂਪ ਦੀ ਜਯੋਤਿ ਮੰਨਕੇ ਵੱਖਰੀ ਵਜਕਤੀ ਕਲਪਿਆ ਹੈ ਤੇ ਕੇਵਲ ਆਤਮਕ ਵਜਕਤੀ ਮਾਤ੍ਰ ਨਹੀਂ ਕਲਪਿਆ ਸਗੋਂ ਉਸਨੂੰ ਸ਼ਰੀਰਕ ਆਕਾਰ, ਰੰਗ ਰੂਪ ਰੇਖ ਦਿਤੇ ਹਨ। ਨਾ ਕੇਵਲ ਗੁਪਤ ਜਗਤ ਵਿਚ ਲਿੰਗ ਸ੍ਰੀਰ ਵਰਗੇ ਚਿਹਨ ਚੱਕ੍ਰ ਦਿਤੇ ਹਨ, ਸਗੋਂ ਲਹੂ ਦੀ ਭੇਟਾ ਲੈਕੇ, ਚੱਟਕੇ ਖੁਸ਼ ਹੋਣ ਵਾਲੀ ਤੇ (ਸ਼ਰੀਰਕ) ਹੱਥਾਂ ਨਾਲ ਲੋਹੇ ਦੀ ਕਰਦ ਦੇਣ ਵਾਲੀ ਬੀ ਦੱਸਿਆ ਹੈ।

†ਫਿਰ ਅਕਾਲ ਪੁਰਖ ਨੂੰ ਅਜੂਨੀ ਕਿਹਾ ਹੈ, ਯਥਾ:-'ਅਜੋਨੀ। ਅਮੋਨੀ'। ਤੇ ਇਹ ਸਾਰੇ ਜੂਨਾਂ ਵਿਚ ਕਹੇ ਹਨ। ਯਥਾ:-'ਜੈਸਿ ਜੁਨਿ ਇਕ ਦੈਤ ਬਖਨਿਯਤ ॥ ਤਯੋਂ ਇਕ ਜੁਨਿ ਦੇਵਤਾ ਜਨਿਯਤ ॥ '

ਇਸ ਹਾਲਤ ਵਿਚ ਦੇਵੀ ਗੁਰਬਾਣੀ ਦੇ ਇਸ ਅਸੂਲ ਹੇਠਾਂ ਆ ਗਈ 'ਦੇਵੀਆ ਨਹੀਂ ਜਾਨੈ ਮਰਮ।' ਜੀਕੂੰ ਬ੍ਰਹਮਾ, ਵਿਸ਼ਨੂੰ ਸ਼ਿਵ, ਅਕਾਲ ਪੁਰਖ ਨੂੰ ਨਹੀਂ ਵੇਖਦੇ ਪਰ ਓਹ ਉਨ੍ਹਾਂ ਨੂੰ ਵੇਖਦਾ ਹੈ† ਤਿਵੇਂ ਦੇਵੀ ਦਾ ਦਰਜਾ ਹੋ ਗਿਆ। ਓਹ ਅਕਾਲ ਪੁਰਖ ਨਹੀਂ ਪਰ ਓਹ ਉਸਦੇ ਚੇਲੇ‡ ਤੇ ਚੇਰੀਆਂ†† ਵਿਚ ਆ ਗਈ। ਗੁਰੂ ਮਤ ਵਿਚ ਅਕਾਲ ਪੁਰਖ ਤੋਂ ਹੇਠਾਂ ਕਿਸੇ 'ਕੀਤੇ' ਦੀ ਪੂਜਾ ਵਿਹਤ ਨਹੀਂ †ਓਹੁ ਵੇਖੈ ਓਨਾ ਨਦਰਿ ਨ ਆਵੈ ॥ [ਜਪੁਜੀ-੩੦। ‡ਤਿਨਿ ਚੇਲੇ ਪਰਵਾਣੁ ॥ ††ਦੁਰਗਾ ਕੋਟਿ ਜਾਕੈ ਮਰਦਨੁ ਕਰੈ ॥

ਬਿਨ ਕਰਤਾਰ ਨ ਕਿਰਤਮ ਮਾਨੋ ॥

ਆਦਿ ਅਜੋਨ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥ [ਸ:ਹ:ਪਾ:੧੦]

ਇਸ ਕਿਸਮ ਦੀ ਦੇਵੀ ਲਈ ਸ੍ਰੀ ਗੁਰੂ ਗ੍ਰੰਥ ਜੀ ਦਾ ਵਾਕ ਹੈ:-

ਤੂੰ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥

ਆਦਿ ਗੁਰੂ ਸਾਹਿਬਾਂ ਦੀ ਬਾਣੀ ਤੇ ਦਸਮੇਂ ਗੁਰਾਂ ਦੀ ਆਪਣੀ ਬਾਣੀ ਭਰਪੂਰ ਹੈ ਇਨ੍ਹਾਂ ਪ੍ਰਮਾਣਾਂ ਨਾਲ ਜਿਨ੍ਹਾਂ ਦਾ ਭਾਵ ਹੈ ਕਿ ਐਸਿਆਂ ਨੂੰ ਅਸੀਂ 'ਆਂਖ ਤਰੇ ਨਹੀ ਆਨਯੋ।' ਜਿਸ ਤੋਂ ਸੰਭਵ ਨਹੀਂ ਭਾਸਦਾ ਕਿ ਦਸਮੇਸ਼ ਗੁਰੂ ਜੀ ਨੇ ਦੇਵੀ ਉਪਾਸਨਾ ਕੀਤੀ ਹੋਵੇ।

ਬੀਰਰਸ ਤੇ ਜੁੱਧ ਵਿਦਿਆ ਦੇ ਸਿਖਾਂ ਵਿਚ ਆਦਿ ਕਰਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਸਮੇਂ ਕਵਿ ਜੀ ਆਪ ਗਿਣਕੇ ਦੱਸ ਆਏ ਹਨ ਕਿ ਸਾਰੇ ਦੇਵੀ ਦੇਵਤੇ ਆਏ ਤੇ ਗੁਰੂ ਜੀ ਦਾ ਪੂਜਨ ਕੀਤਾ ਤੇ ਕਿਹਾ ਕਿ 'ਆਪ ਦਾ ਅਵਤਾਰ ਤੁਰਕਾਂ ਦੇ ਨਾਸ਼ ਹੇਤ ਹੋਇਆ ਹੈ, ਸਾਨੂੰ ਹੁਕਮ ਕਰੋ, ਜੋ ਕਹੇ ਕਰੀਏ' ਯਥਾ:-

'ਜਯੋਂ ਹੁਇ ਆਇਸੁ ਰਾਵਰ ਕੀ ਹਮ ਕਾਜ ਕਰੈਂ ਤਿਮ ਦਿਓ ਫੁਰਮਾਏ' ॥

ਫਿਰ ਦੇਵਤੇ ਤੇ ਜੋਗਨੀਆਂ ਆਦਿ ਕੁਛ ਮੰਗਦੇ ਹਨ, ਗੁਰੂ ਜੀ ਦੇਂਦੇ ਹਨ, ਉਨ੍ਹਾਂ ਵਿਚ ਕਾਲੀ ਨੂੰ ਕਹਿੰਦੇ ਹਨ:-'ਕਾਲੀ! ਕਪਾਲ ਭਰੋ ਅਪਨੋ ਪਲ ਸ਼੍ਰੋਣਤ ਸੰਗ ਉਮੰਗ ਬਿਸਾਲਾ। '

ਏਥੇ ਕਾਲੀ, ਰੁੱਦ੍ਰ, ਨਾਰਦ, ਜੋਗਨੀਆਂ, ਬੀਰ ਬਵੰਜਾ ਸਾਰੇ ਦਾਸ ਬਣਕੇ ਆਉਂਦੇ ਹਨ, ਹੱਥ ਜੋੜਦੇ ਮੱਥੇ ਟੇਕਦੇ ਤੇ ਪੂਜਨ ਕਰਦੇ ਹਨ ਤੇ ਗੁਰੂ ਜੀ ਮਾਲਕ ਦੀ ਹੈਸੀਅਤ ਵਿਚ ਹੁਕਮ ਦੇਂਦੇ ਤੇ ਦਾਨ ਕਰਦੇ ਹਨ। ਸਿੱਖ ਮਤ ਅਨੁਸਾਰ ਇਹੋ ਹੀ ਦਰਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੇਵਤਿਆਂ ਨਾਲ ਹੈ। ਕਵਿ ਜੀ ਆਪ ਦੇਵੀ ਦੇਉਤਿਆਂ ਨੂੰ ਗੁਰੂ ਜੀ ਦੀ ਅਰਾਧਨਾ ਕਰਨ ਵਾਲੇ ਦੱਸਦੇ ਹਨ। ਫਿਰ ਸੌ ਸਾਖੀ ਤੇ ਹੋਰ ਲੇਖਕਾਂ ਦਾ ਐਵੇਂ ਹੀ ਪਾਸਾ ਪਲਟਾ ਦੇਣਾ ਤੇ ਯਕਾਯਕ ਦੇਵੀ ਨੂੰ ਪੂਜਾ ਯੋਗ ਬਣਾ ਦੇਣਾ ਤੇ ਗੁਰੂ ਜੀ ਦਾ ਸੰਕਟਾਂ ਵਿਚ ਪੈਕੇ ਉਸ ਨੂੰ ਪ੍ਰਗਟਾਉਂਦੇ ਦੱਸਣਾ ਯੁਕਤੀ ਸਿੱਧ ਨਹੀਂ ਰਹਿੰਦਾ। ਜਿਹੜੀ 'ਕਾਲੀ' ਛੇਵੇਂ ਜਾਮੇਂ ਤਾਂ ਬਿਨਾਂ ਆਵਾਹਨ, ਬਿਨਾਂ ਪ੍ਰਯੋਗ, ਆਪੇ ਪਈ ਪ੍ਰਗਟ ਹੁੰਦੀ ਹੈ ਤੇ ਹਾਜ਼ਰ ਹੋਕੇ ਯਾਚਨਾ ਕਰ ਰਹੀ ਹੈ ਤੇ ਗੁਰੂ ਜੀ ਉਸਨੂੰ ਕਹਿ ਰਹੇ ਹਨ:-'ਲਹੂ ਦੇ ਖੱਪਰ ਭਰੋ', ਉਹੋ ਦਸਮੇਂ ਜਾਮੇਂ ਪ੍ਰਗਟਣ ਲਈ

ਇਤਨੇ ਖੇਚਲੇ ਦੇਂਦੀ ਹੈ ਤੇ ਫੇਰ ਪ੍ਰਗਟ ਹੋਕੇ ਬੀ ਭੇਟਾ ਮੰਗਦੀ ਹੈ, ਇਹ ਗੱਲ ਅਟਪਟੀ ਹੋਣ ਦੇ ਸਿਵਾ ਦਲੀਲ ਦੀ ਕਸਵੱਟੀ ਤੇ ਕੋਈ ਹੋਰ ਕਸ ਨਹੀਂ ਦੇਂਦੀ। ਦਸਵੇਂ ਗੁਰਾਂ ਦੀ ਦੇਵੀ ਤੋਂ ਉੱਚੀ ਪਦਵੀ ਬਾਬਤ ਕਵੀ ਸੰਤੋਖ ਸਿੰਘ ਜੀ ਆਪ ਲਿਖਦੇ ਹਨ:-

ਯਥਾ:- ਬ੍ਰਹਮਾਦਿਕ ਸਨਕਾਦਿਕ ਸਾਰੇ ॥ ਸ਼ੇਖ ਸਾਰਦਾ ਪਾਇੰ ਨ ਪਾਰੇ ॥ ੫ ॥
ਧਜਾਨ ਵਿਖੇ ਜੋਗੀਸ਼ੁਰ ਧਜਾਵੈਂ ॥ ਰਿਖਿ ਨਾਰਦ ਤੇ ਆਦਿਕ ਗਾਵੈਂ ॥
ਇੰਦ੍ਰਾਦਿਕ ਸੁਰ ਕਿੰਨਰ ਜੱਛ ॥ ਬਿੱਦਜਾਧਰ ਗੰਧਰਬ ਪ੍ਰਤੱਛ ॥ ੬ ॥
ਚਰਨ ਕਵਲ ਤੁਵ ਕਰਹਿ ਅਰਾਧਨ ॥ ਤਪ ਆਦਿਕ ਸਾਧਹਿ ਗਨ ਸਾਧਨ ॥੭॥

[ਰੁਤ ੨ ਅੰਸੂ ੨੪.

ਫਿਰ ਇੰਨੇ ਉੱਚੇ ਹੋਕੇ ਆਪਣੇ ਤੋਂ ਨੀਵੇਂ ਦੀ ਉਪਾਸਨਾ ਕਰਨ ਦੀ ਕੀ ਲੋੜ ਸੀ। ਕੰਮ ਸੀ ਤਾਂ ਆਗਿਆ ਕਰ ਘੱਲਦੇ ਉਹ ਹਾਜ਼ਰ ਹੋ ਜਾਂਦੀ। ਐਸੀਆਂ ਯੁਕਤੀਆਂ ਪਰ ਲੇਖਕਾਂ ਨੇ ਵਿਵੇਚਨਾ ਕੋਈ ਨਹੀਂ ਕੀਤੀ ਜਾਪਦੀ ਤੇ ਸੁਭਾਵਕ ਹੀ ਆਪਣਾ ਖੰਡਨ ਆਪ ਕਰਦੇ ਗਏ ਤੇ ਕਹੀ ਗਏ ਹਨ ਕਿ ਬੀਰਰਸ ਉਤਪੰਨ ਕਰਨ ਵਾਸਤੇ ਵਾਹਿਗੁਰੂ ਜੀ ਦੀ ਬੀਰਰਸੀ ਸ਼ਕਤੀ ਨੂੰ ਪ੍ਰਗਟ ਕਰਨ ਦੀ ਲੋੜ ਸੀ। ਇਸ ਵਿਚ ਬੀ ਫਿਰ ਵਦਤੋਵਜਾਘਾਤ ਹੁੰਦਾ ਚਲਾ ਗਿਆ ਹੈ। ਕਿਉਂਕਿ ਅਰੂਪ ਅਰੇਖ ਅਰੰਗ ਸ਼ਕਤੀ ਦੀ ਉਪਾਸਨਾਂ ਹੀ ਨਹੀਂ ਹੋਈ, ਇਸ ਲਈ ਕਿ ਦੇਵੀ ਜਿਸਦਾ ਕਵੀਆਂ ਨੇ ਗੁਰ ਬਿਲਾਸ ਤੇ ਗੁਰ ਪ੍ਰਤਾਪ ਸੂਰਜ ਸੌ ਸਾਖੀ ਆਦਿਕਾਂ ਵਿਚ ਵਰਣਨ ਕੀਤਾ ਹੈ, ਉਹ ਤਾਂ ਨਾ ਕੇਵਲ ਸਰਗੁਣ ਮਾਤ੍ਰ ਹੈਸੀ ਸਗੋਂ ਸ਼ਰੀਰ ਧਾਰੀ ਬੀ ਸੀ ਕਿਉਂਕਿ ਉਸਨੂੰ ਤਾਂ ਉਹ ਉਂਗਲੀ ਤੋਂ ਭੇਟਾ ਦਿੱਤੀ ਲਹੂ ਦੀ ਬੂੰਦ ਨੂੰ ਚੂਸ ਲੈਣ ਵਾਲੀ (ਜਿਹਬਾ ਅੰਗ ਵਾਲੀ), ਝੋਲੀ ਵਿਚ ਲੈਕੇ ਪਿਆਰ ਕਰਨ ਵਾਲੀ, ਹੱਥੋਂ ਕਰਦ ਦੇਣ ਵਾਲੀ ਦੱਸ ਕੇ ਨਿਰਾ ਸ਼ਕਤੀ ਮਾਤ੍ਰ ਨਹੀਂ ਨਿਰੀ ਅਰੂਪ ਰੂਪਾ ਬੀ ਨਹੀਂ ਪਰ ਸ਼ਰੀਰਕ ਅੰਗਾਂ ਵਾਲੀ ਸਿੱਧ ਕਰ ਰਹੇ ਹਨ। ਤਾਂ ਤੇ ਕਵੀ ਸ਼ਕਤੀ ਮਾਤ੍ਰ ਹੀ ਨਹੀਂ ਦੱਸ ਰਹੇ, ਪਰ ਇਕ ਵੱਖਰੀ ਵਜਕਤੀ ਜਿਸਦੀ ਸਰਗੁਣਤਾ ਸ਼ਰੀਰ ਧਾਰੀ ਹੋਣ (ਸਾਕਾਰਤਾ) ਤੱਕ ਅੱਪੜਦੀ ਹੈ। ਇਹ ਅਸੀਂ ਦੱਸ ਆਏ ਹਾਂ ਕਿ ਐਸੀਆਂ ਕ੍ਰਿਤ ਵਜਕਤੀਆਂ ਨੂੰ ਪਰਮੇਸੁਰ ਤੁੱਲ ਕਰਤਾ ਮੰਨਕੇ ਪੂਜਣਾ, ਗੁਰੂ ਸਿੱਧਾਂਤ ਵਿਚ ਮਨ੍ਹੇ ਹੈ।

ਹੁਣ ਅਸੀਂ ਇਹ ਦੇਖਣਾ ਹੈ ਕਿ ਆਇਆ ਬੀਰਰਸੀ ਸਹਾਇਤਾ ਦੀ ਮੰਗ ਸਤਿਗੁਰ ਜੀ ਆਪਣੇ ਆਦਰਸ਼, ਆਪਣੇ ਇਸ਼ਟ ਅਕਾਲਪੁਰਖ ਪਾਸੋਂ ਕਰਦੇ ਹਨ ਕਿ ਨਹੀਂ ਕਿ ਜਿਸ ਪਾਸੋਂ ਹੋਰ ਸਾਰੀਆਂ ਮੰਗਾਂ ਮੰਗਦੇ ਹਨ। ਅਰਥਾਤ ਜਿਸਨੂੰ ਸਰਬ ਸ਼ਕਤੀਮਾਨ ਕਹਿੰਦੇ ਹਨ ਉਸ ਵਿਚ 'ਬਲਬੀਰਤਾ' ਦਾ ਨਿਵਾਸ ਮੰਨਦੇ ਹਨ ਕਿ ਨਹੀਂ? ਉਸੇ ਤੋਂ ਬੀਰ ਰਸ ਦੀ ਦਾਤ ਲੈਂਦੇ, ਅਤੇ ਮਿਲੀ ਤੇ ਸ਼ੁਕਰਾਨੇ ਕਰਦੇ ਹਨ ਕਿ ਨਹੀਂ? ਕਿਉਂਕਿ ਜੇ ਉਸੇ ਤੋਂ ਇਹ ਲੋੜ ਪੂਰੀ ਕਰਦੇ ਲੱਭ ਪੈਣ ਤਦ ਫਿਰ ਕਿਸੇ ਹੋਰ ਵੱਖਰੀ ਬੀਰਰਸੀ ਸ਼ਕਤੀ ਦੀ ਉਪਾਸਨਾ ਆਪੇ ਹੀ ਵਾਧੂ ਤੇ ਨਿਰ ਅਰਥਕ ਦਿੱਸ ਪਵੇਗੀ। ਅਕਾਲ ਪੁਰਖ ਵਿਚ 'ਬੀਰਤਾ ਸ਼ਕਤੀ' ਪਰਥਾਇ ਵਾਕ:। -

ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭੁ ਕੀ ਕਲਾ ਬਿਨਾ ਕਹਿ ਧਾਵੈ ॥

[ਸੁਖਮਨੀ।

ਪੁਨਾ:-

ਦਾਨ ਕੇ ਦਿਵੱਯਾ ਮਹਾ ਮਾਨ ਕੇ ਬਢੱਯਾ ਅਵਸਾਨ ਕੇ ਦਿਵੱਯਾ ਹੋ ਕਟੱਯਾ ਜਮ ਜਾਲ ਹੈ ॥
ਜੁੱਧ ਕੇ ਜਿਤੱਯਾ ਅਬਿਰੁੱਧ ਕੇ ਮਿਟੱਯਾ ਮਹਾ ਬੁੱਧਿ ਕੇ ਦਿਵੱਯਾ ਮਹਾ ਮਾਨ ਹੂੰਕੇ ਮਾਨ ਹੈ ॥

[ਅਕਾਲ ਉਸਤਤ ੨੫੩

ਪੁਨਾ:-

ਜੁੱਧ ਕੇ ਜਿਤਈਆ, ਰੰਗ ਭੂਮ ਕੇ ਭਵਈਆ
ਭਾਰ ਭੂਮ ਕੇ ਮਿਟਈਆ ਨਾਥ ਤੀਨ ਲੋਕ ਗਾਈਐ ॥
[ਗਿਆਨ ਪ੍ਰਬੋਧ ੧. ੪੩.

ਪੁਨਾ:-

ਗਾਲਬ ਗਿਰੰਦਾ ਜੀਤ ਤੇਜਕੇ ਦਿਹੰਦਾ... ॥ [ਗਿਆਨ ਪ੍ਰਬੋਧ ੩. ੪੫.

ਪੁਨਾ:-

ਜੋਤ ਕੋ ਜਗਿੰਦਾ ਜੰਗ ਜਾਫਰੀ ਦਿਹੰਦਾ...॥ [ਗਿਆਨ ਪ੍ਰਬੋਧ ੧. ੪੬.

ਪੁਨਾ:-

ਅਕਾਲ ਪੁਰਖ ਕੀ ਰੱਛਾ ਹਮਨੈ ॥ ਸਰਬ ਲੋਹ ਦੀ ਰੱਛਿਆ ਹਮਨੈ ॥
ਸਰਬ ਕਾਲ ਜੀ ਦੀ ਰੱਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈ† ॥

†ਗੁਰੂ ਜੀ ਦਾ ਜੀਵਨ ਘੋਖਣ ਨਾਲ ਪਤਾ ਲਗਦਾ ਹੈ ਕਿ ਆਪ ਨੇ ਜੋ ਤ੍ਰੀਕਾ ਬੀਰ ਰਸ ਉਤਪਤ ਕਰਨ ਦਾ ਵਰਤਿਆ ਉਹ ਇਹ ਸੀ ਕਿ ਇਕ ਅਕਾਲ ਪੁਰਖ ਨੂੰ ਹੀ ਬੀਰ ਰਸ ਪ੍ਰਦਾਤਾ ਦੱਸਿਆ, ਕਿਉਂਕਿ ਉਹ ਸਰਬ ਸ਼ਕਤੀਮਾਨ ਹੈ, ਉਸ ਵਿਚ ਸਾਰੇ ਬਲ ਤੇ ਸਾਰੀਆਂ ਸ਼ਕਤੀਆਂ ਹਨ। ਫਿਰ ਆਪ ਨੇ ਬੀਰਰਸੀ ਬਾਣੀ ਰਚੀ ਜਿਸ ਨੇ ਉਤਸਾਹ ਭਰਿਆ। ਫਿਰ ਅੰਮ੍ਰਿਤ ਛਕਾਕੇ ਸਭਨਾਂ ਵਿਚ ਵਾਹਿਗੁਰੂ ਸਿਮਰਨ ਤੇ ਪ੍ਰੇਮ, ਭ੍ਰਾਤ੍ਰੀ ਪਿਆਰ ਉੱਦਮ ਤੇ ਉਤਸਾਹ ਦਾਨ ਕੀਤਾ। ਫਿਰ ਲੰਗਰ ਸਾਂਝਾ ਕਰਕੇ ਜਾਤ ਪਾਤ ਮੇਟਕੇ ਸ਼ਸਤ੍ਰ ਵਿੱਦਿਆ ਸਿਖਾਕੇ ਆਪ ਕਰਕੇ ਤੇ ਆਪਣੇ ਸਾਹਮਣੇ ਕਰਾਕੇ ਸਿੱਖਾਂ ਨੂੰ ਆਪਣੇ ਆਪ ਦੇ ਆਸਰੇ ਉੱਠਣਾ ਸਿਖਾਲਿਆ। ਨਾਮ ਨਾਲ ਸਾਈਂ ਨਾਲ ਜੁੜੇ ਰਹਿਕੇ ਤੇ ਤੇਗ਼ ਨਾਲ ਸ੍ਵੈਸਹਾਰੇ ਤੇ ਟਿਕਕੇ ਸੁਖਦਾਈ ਬੀਰ ਬਣਾਇਆ। ਸ਼ਸਤ੍ਰਾਂ ਦਾ ਭਰੋਸਾ ਇੰਨਾ ਵਧਾਇਆ ਕਿ ਅਕਾਲ ਪੁਰਖ ਦੇ ਨਾਵਾਂ ਵਿਚ ਸ਼ਸਤ੍ਰਾਂ ਦੇ ਨਾਮ ਵਰਤੇ। ਭਾਵ ਇਹ ਸੀ ਕਿ ਧਜਾਨ ਅੰਦਰੋਂ ਅਕਾਲ ਪੁਰਖ ਵੱਲ ਰਹੇ ਤੇ ਬਾਹਰ ਹੱਥ ਸ਼ਸਤ੍ਰ ਤੇ ਜਾਵੇ। ਅੰਦਰ ਲਿਵ ਜੁੜੀ ਰਹੇ ਤੇ ਬਾਹਰ ਉਸੇ ਸਾਈਂ ਦਾ ਤੇਜ ਤੇ ਬਲ ਤੇ ਉਸ ਦਾ ਪ੍ਰਕਾਸ਼ ਸ਼ਸਤ੍ਰਾਂ ਵਿਚ ਚਮਕਾਰੇ ਮਾਰੇ। ਆਪਣੇ ਡੌਲੇ ਫਰਕਨ ਪਰ ਝੂਠੀ ਹਉਮੈਂ ਨਾ ਆਵੇ, ਸ਼ੁੱਧ ਬੀਰਰਸ ਤੇ ਭਰੋਸੇ ਵਾਲਾ ਬੀਰਰਸ ਤੇ ਜਗਤ ਨੂੰ ਸੁਖ ਦੇਣ ਵਾਲਾ ਬੀਰਰਸ ਉਦਜਤ ਰਹੇ। ਜੈਸੇ ਤੇਗ ਉਪਲਖਿਤ ਅਕਾਲਪੁਰਖ ਦੀ ਮਹਿਮਾ ਕਰਦੇ ਹਨ:- ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥ ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥ ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਵਿਖ ਹਰਣੰ ਅਸ ਸਰਣੰ ॥ ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥ [ਬ: ਨਾਟਕ

ਇਸੀ ਤਰ੍ਹਾਂ ਜੋ ਜੁੱਧਾਂ ਜੰਗਾਂ ਦੀ ਕਾਮਯਾਬੀ ਯਾ ਰੱਖਿਆ ਹੋਣ ਪਰ ਯਾ ਜੁੱਧਾਂ ਵਿਚੋਂ ਅਤਿ ਵਿਰੋਧੀ ਹਾਲਤ ਵਿੱਚੋਂ ਆਪ ਸਹੀ ਸਲਾਮਤ ਬਚ ਜਾਣ ਪਰ ਆਪਦੇ ਸ੍ਰੀ ਮੁਖਵਾਕ ਅਕਾਲ ਪੁਰਖ ਦੇ ਸ਼ੁਕ੍ਰਾਨੇ ਤੇ ਟੇਕ ਦੇ ਹੀ ਮਿਲਦੇ ਹਨ, ਜੋ ਦੱਸਦੇ ਹਨ ਕਿ ਭੰਗਾਣੀ ਤੋਂ ਲੈਕੇ ਚਮਕੌਰ ਸਾਕੇ ਤਕ ਦੇ ਮਾਰਕਿਆਂ ਵਿਚ ਇੱਕੋ ਰਵਸ਼ ਗੁਰੂ ਸਾਹਿਬ ਜੀ ਦੀ 'ਅਕਾਲ ਪੁਰਖ ਦੇ ਸ਼ੁਕਰੀਏ ਤੇ ਟੇਕ ਦੀ' ਰਹੀ ਹੈ ਤੇ ਕਿਤੇ ਫਰਕ ਨਹੀਂ ਆਇਆ, ਯਥਾ ਸ੍ਰੀ ਮੁਖਵਾਕ:-

੧. ਜੰਗ ਭੰਗਾਣੀ ਫਤੇ ਹੋਣ ਪਰ ਸ੍ਰੀ ਮੁਖਵਾਕ:-

ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥

੨. ਖਾਨਜ਼ਾਦੇ ਦੇ ਭੱਜ ਜਾਣ ਪਰ:-

ਪ੍ਰਭ ਬਲ ਹਮੈ ਨ ਛੁਇ ਸਕੈ ਭਾਜਤ ਭਏ ਨਿਦਾਨ ॥

੩. ਹੁਸੈਨੀ ਜੁੱਧ ਫਤੇ ਹੋਣ ਪਰ:-

ਰਾਖਿ ਲਿਯੋ ਹਮ ਕੋ ਜਗਰਾਈ ॥ ਲੋਹ ਘਟਾ ਅਨਤੈ ਬਰਸਾਈ ॥ ੬੯ ॥

੪. ਸ਼ਾਹਜ਼ਾਦੇ ਦੇ ਆਉਣ ਪਰ:-

ਸੰਤਨ ਕਸ਼ਟ ਨ ਦੇਖਨ ਪਾਯੋ। ਆਪ ਹਾਥ ਦੈ ਨਾਥ ਬਚਾਯੋ ॥

੫. ਚਮਕੌਰ ਤੋਂ ਸਲਾਮਤ ਬਚ ਜਾਣ ਪਰ ਜ਼ਫਰਨਾਮੇ ਵਿਚ:-

ਅਗਰ ਬਰਯਕ ਆਯਦ ਦਹੋ ਦਸ ਹਜ਼ਾਰ ॥
ਨਿਗਾਹਬਾਨ ਓਰਾ ਸ਼ਵਦ ਕਿਰਦਗਾਰ† ॥
†ਮੇਰਾ ਰਾਖਾ ਕਰਤਾਰ ਹੈ।
ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ॥
ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ† ॥
†ਅਕਾਲ ਪੁਰਖ ਦੇ ਸ਼ੁਕਰ ਦੀ ਟੇਕ ਹੈ ਮੈਨੂੰ।
ਕਿ ਓਰਾ ਗ਼ਰੂਰਸਤ ਬਰ ਮੁਲਕੋ ਮਾਲ ॥
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ† ॥
†ਅਕਾਲ ਪੁਰਖ ਦੀ ਮੈਨੂੰ ਪਨਾਹ ਹੈ।

ਪੁਨਾ:-

ਨ ਪੇਚੀਦ ਮੂਏ ਨ ਰੰਜੀਦ ਤਨ ॥
ਕਿ ਬੇਰੂੰ ਬੁਦਾ ਬੁਰਦ ਦੁਸ਼ਮਨ ਸ਼ਿਕਨ† ॥੪੪॥
†ਅਰਿ ਨਾਸ਼ਕ ਵਾਹਿਗੁਰੂ ਨੇ ਮੈਨੂੰ ਵਾਲ ਵਿੰਗਾ ਹੋਏ ਬਿਨਾਂ ਕੱਢ ਆਂਦਾ।

ਸਾਰੇ ਬੀਰ ਰਸੀ ਜੁੱਧ ਜੰਗ ਦੇ ਸਮਿਆਂ ਪਰ ਆਪਣੀ ਟੇਕ ਤੇ ਰੱਖਿਆ ਤੇ ਕਾਮਯਾਬੀ ਦਾ ਦਾਤਾ ਅਕਾਲ ਪੁਰਖ ਨੂੰ ਦੱਸ ਰਹੇ ਹਨ। ਜਿਸ ਤੋਂ ਆਪ ਜੀ ਦੀ ਅਹਿੱਲ ਟੇਕ ਉਸੇ ਤੇ ਹੀ ਸਹੀ ਹੋ ਰਹੀ ਹੈ ਤੇ ਉਸ ਨੂੰ ਬੀਰਰਸ ਦਾਤਾ ਸਿੱਧ ਕਰ ਰਹੇ ਹਨ।

ਇਕ ਹੋਰ ਪਹਿਲੂ ਬੀ ਇਸੇ ਸਿਲਸਿਲੇ ਵਿੱਚ ਤੱਕਣਾ ਹੈ:-

ਬੀਰ ਰਸ ਛੇਵੇਂ ਸਤਿਗੁਰੂ ਜੀ ਆਪ ਪ੍ਰਗਟ ਕਰ ਚੁਕੇ ਸਨ। ਓਦੋਂ ਕੋਈ ਦੇਵੀ ਨਹੀਂ ਸੀ ਅਰਾਧੀ ਗਈ। ਫਿਰ ਬੀਰਰਸ ਭੰਗਾਣੀ ਦੇ ਜੁੱਧ ਵਿਚ ਲਾਲ ਚੰਦ ਜੀ ਹਲਵਾਈ ਵਰਗਿਆਂ ਅੰਦਰ ਸ਼੍ਰੀ ਕਲਗੀਧਰ ਜੀ ਆਪ ਪ੍ਰਗਟ ਕਰ ਚੁਕੇ ਸਨ, ਫਿਰ ਦੇਵੀ ਅਰਾਧ ਕੇ ਬੀਰਰਸ ਪ੍ਰਗਟ ਕਰਨ ਦੀ ਲੋੜ ਲੇਖਕਾਂ ਦਾ ਪੂਰਬ ਅਪਰ ਵਦਤੋਵਝਾਘਾਤ ਹੈ। ਫਿਰ ਅਕਾਲ ਪੁਰਖ ਦੀਆਂ ਹੋਰ ਸ਼ਕਤੀਆਂ ਨੂੰ ਅਲਗ ਅਲਗ ਕਰਕੇ, ਵੱਖਰੇ ਵਜੂਦ ਦੇਕੇ ਪੂਜਣ ਦੀ ਬੀ ਕੋਈ ਮਿਸਾਲ ਗੁਰੂ ਘਰ ਵਿਚ ਨਹੀਂ ਮਿਲਦੀ। ਕਿਸੇ ਗੁਰੂ ਸਾਹਿਬ ਜੀ ਨੇ ਸਿੱਖੀ ਦੀ ਪ੍ਰਤਿਪਾਲਾ, ਰਿਜ਼ਕ ਰੋਟੀ ਦੀ ਬਾਹੁਲਤਾ ਵਾਸਤੇ 'ਵਿਸ਼ਨੂੰ ਸ਼ਕਤੀ' ਯਾ 'ਵਿਸ਼ਨੂੰ ਵਜਕਤੀ' ਦੀ ਵੱਖਰੀ ਪੂਜਾ ਨਹੀਂ ਕੀਤੀ। ਆਪ ਨੇ ਸਿੱਖਾਂ ਦੀ ਸੰਤਾਨ ਬ੍ਰਿਧੀ ਲਈ ਬ੍ਰਹਮਾ ਯਾ 'ਬ੍ਰਹਮਾ ਸ਼ਕਤੀ' ਦੀ ਵੱਖਰੀ ਉਪਾਸਨਾ ਨਹੀਂ ਕੀਤੀ। ਆਪਣੇ ਸਿੱਖਾਂ ਨੂੰ ਬ੍ਰਿੱਧਾਯੂ ਕਰਨ ਲਈ ਸ਼ਿਵ ਕਿ 'ਸ਼ਿਵ ਸ਼ਕਤੀ' ਦੀ ਵੱਖਰੀ ਉਪਾਸਨਾ ਨਹੀਂ ਕੀਤੀ ਕਿ ਮੇਰੇ ਸਿੱਖਾਂ ਨੂੰ ਛੇਤੀ ਨਾ ਮਾਰਿਆ ਕਰ, ਕੇਵਲ 'ਕਾਲੀ' ਸ਼ਕਤੀ ਦੀ ਨਿਖੇੜਵੀਂ ਪੂਜਾ ਦੀ ਕਿਉਂ ਲੋੜ ਪਈ?

ਫਿਰ ਕਵੀਆਂ ਦੇ ਲਿਖੇ ਮੁਜਬ ਪਿਛਲੇ ਜਨਮ ਦੇਵੀ ਰਾਖਸ਼ਾਂ ਤੋਂ ਹਾਰਕੇ ਬਿੰਧਯਾਚਲ ਵਿੱਚ ਜਾਕੇ ਮੂਰਤੀ ਬਣ ਗਈ ਸੀ, ਉਸ ਦੇ ਸ਼ੱਤ੍ਰੂਆਂ ਨੂੰ ਗੁਰੂ ਜੀ ਨੇ ਮਾਰਿਆ ਸੀ ਤੇ ਦੇਵੀ ਉਨ੍ਹਾਂ ਦੀ ਸਹਾਇਤਾ ਕਰਨੇ ਤੇ ਸ਼ੁਕਰ ਗੁਜ਼ਾਰ ਹੋਈ ਸੀ। ਇਸ ਹਾਲ ਵਿਚ ਉਨ੍ਹਾਂ ਨੂੰ ਦੇਵੀ ਦੀ ਪੂਜਾ ਕਰਨ ਦੀ ਕੀ ਲੋੜ ਸੀ, ਜੇ ਦੇਵੀ ਨੇ ਕ੍ਰਿਤਗਜਤਾ ਪ੍ਰਗਟ ਕਰਨੀ ਸੀ ਤੇ ਗੁਰੂ ਜੀ ਦੇ ਅਹਿਸਾਨ ਦੇ ਬਦਲੇ ਕਲਜੁਗ ਵਿਚ ਮਦਦ ਕਰਨੀ ਸੀ ਤਾਂ ਆਪੇ ਕਿਉਂ ਨਾ ਆ ਗਈ, ਇਤਨੇ ਕਠਨ ਤਪ ਕਿਉਂ ਕਰਵਾਏ ਤੇ ਐਤਨੀਆਂ ਬਲੀਆਂ ਕਿਉਂ ਮੰਗੀਆਂ? ਪਿਛਲੇ ਜਨਮ ਦੀ ਗੁਰੂ ਜੀ ਦੀ ਕੀਤੀ ਸਹਾਇਤਾ ਦੀ ਕ੍ਰਿਤੱਗਜਤਾ ਦੇਵੀ ਨੇ ਕੀਹ ਦਿਖਾਈ? ਤੇ ਵਰ ਦਿੱਤਾ ਤਾਂ ਕੀਹ ਦਿੱਤਾ? ਚਾਰੋਂ ਪੁੱਤ੍ਰ ਬਲੀ ਦਿਓ, ਲੱਖਾਂ ਸਿਖ ਬਲੀ ਦਿਓ, ਆਪਣਾ ਲਹੂ ਦਿਓ, ਚਾਲੀ ਵਰ੍ਹੇ ਦੁੱਖ ਪਾਓ ਤਾਂ

ਪੰਥ ਕੁਛ ਕਾਮਯਾਬ ਹੋਣ ਲਗੇਗਾ, ਇੰਨਾ ਚਿਰ ਤੁਰਕ ਸਿੱਖਾਂ ਦੀ ਖ਼ੂਬ ਅਲਖ ਮੁਕਾਉਂਦੇ ਰਹਿਣਗੇ। ਇਹ ਵਰ ਸੀ ਕਿ ਸ੍ਰਾਪ? ਸਗੋਂ ਇਸ ਤੋਂ ਤਾਂ ਦੇਵੀ ਦੀ ਕਰੜਾਈ ਪ੍ਰਗਟ ਹੁੰਦੀ ਹੈ।

ਉਪਰਲੀਆਂ ਸਾਰੀਆਂ ਵਿਚਾਰਾਂ ਤੋਂ ਸਪਸ਼ਟ ਸਿੱਧ ਹੁੰਦਾ ਹੈ ਕਿ ਵੱਖਰੀ ਵਯਕਤੀ ਦੇਵੀ ਦੀ ਪੂਜਾ ਗੁਰਮਤ ਵਿਚ ਨਹੀਂ ਹੈ ਤੇ ਨਾਂ ਹੀ ਗੁਰੂ ਦਸ਼ਮੇਸ਼ ਦੇ ਵਾਕਾਂ ਵਿੱਚ ਹੈ।

ਦੇਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਇਸ਼ਟ ਪੂਜਜ ਮੰਨਣੋ ਕਵਿ ਸੰਤੋਖ ਸਿੰਘ ਜੀ ਆਪ ਬੀ ਇਨਕਾਰ ਕਰਦੇ ਹਨ। ਇਕ 'ਅਨੰਦ ਘਨ' ਨਾਮੇ ਸਾਧੂ ਨੇ ਜਪੁਜੀ ਦੀ ਅਨਰਥਾਂ ਵਾਲੀ ਟੀਕਾ ਕੀਤੀ ਸੀ, ਉਸ ਵਿੱਚ ਉਸ ਨੇ 'ਗੁਰ ਈਸਰੁ ਗੁਰੁ ਗੋਰਖੁ ਬਰਮਾਂ ਗੁਰੁ ਪਾਰਬਤੀ ਮਾਈ' ਦੇ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਦੱਸੇ ਸਨ। ਕਵੀ ਜੀ ਨੇ ਫਿਰ 'ਗਰਬ ਗੰਜਨੀ ਟੀਕਾ' ਜਪੁ ਸਾਹਿਬ ਦੀ ਤਿਆਰ ਕੀਤੀ, ਉਸ ਵਿਚ ਇਸ ਦਾ ਖ਼ੂਬ ਰੱਦ ਕੀਤਾ ਤੇ ਦਸਾਂ ਗੁਰੂ ਸਾਹਿਬਾਂ ਦਾ ਇਸ਼ਟ 'ਦੇਵੀ' ਆਦਿਕ ਕੋਈ ਸਾਬਤ ਨਹੀਂ ਕੀਤਾ ਯਥਾ:-''ਜੇਕਰ ਅਪਨੋ ਗੁਰਬ੍ਰਹਮਾਂ ਕੋ ਮਾਨਤੇ ਸ੍ਰੀ ਗੁਰੂ ਜੀ ਤੋ ਐਸੇ ਬ੍ਰਹਮਾਂ ਕੋ ਅਪਣੀ ਬਾਣੀ ਮੈਂ ਨਹੀਂ ਕਹਿਤੇ।

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ

ਇਤਿਆਦੀ ਸ਼ਬਦੋਂ ਮੈਂ ਤਰਕਤ ਹੀ ਰਹੇ। ਜੇਕਰ ਇਨ ਛਿਅਨ ਕੋ ਗੁਰੂ ਮਾਨਤੇ, ਕਿਤੇ ਤੋ ਕਹਿਤੇ 'ਹੇ ਸਿਖ ਬ੍ਰਹਮਾ ਕੋ ਭਜਨ ਕਰ।' ਵਾ 'ਸ਼ਿਵਜੀ ਕੇ ਲਿੰਗ ਕੀ ਪੂਜਾ ਕੋ ਅਧਿਕ ਫਲ ਹੈ, ਸੋ ਕਰਤ ਰਹੁ।' ਵਾ 'ਤੀਨੋ ਦੇਵੀਆਂ ਕੀ ਉਪਾਸਨਾਂ ਕਰ†।' ਜੋ ਸਿੱਖਯ ਹੋਤ ਹੈਂ ਸੋ ਅਪਨੇ ਗੁਰਨ ਕੋ ਉਪਦੇਸ਼ ਬਤਾਵਤ ਹੈਂ। ਜੈਸੇ ਸ੍ਰੀ ਅਰਜਨ ਜੀ ਪੰਜਵੇਂ ਪਾਤਸ਼ਾਹ ਨੇ ਅਨੇਕ ਸਥਾਨ ਬਿਖੈ ਗੁਰ ਨਾਨਕ ਜੀ ਕੀ ਮਹਿੰਮਾ ਕੋ ਬਰਨਯੋ ਹੈ। [ਪ੍ਰਮਾਣ]

†ਦੇਖੋ ਏਥੇ ਸਿੱਖਾਂ ਵਿੱਚ ਤਿੰਨਾਂ ਦੇਵੀਆਂ ਦੀ ਪੂਜਾ ਦਾ ਕਵੀ ਸੰਤੋਖ ਸਿੰਘ ਜੀ ਆਪ ਖੰਡਨ ਕਰ ਰਹੇ ਹਨ, ਜਿਨ੍ਹਾਂ ਵਿੱਚ ਦੁਰਗਾ ਸ਼ਾਮਿਲ ਹੈ।

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

ਇਤਿਆਦੀ ਅਨੇਕ ਵਾਰ ਕਹਯੋ ਹੈ। ਗ੍ਰੰਥ ਸਾਹਿਬ ਕੇ ਪੜ੍ਹਨ ਵਾਰੇ ਜੋ ਸਿਖ ਹੈਂ ਸੋ ਸਰਬ ਜਾਨਤ ਹੈਂ। ਔਰ ਅਬ ਤੀਕ ਗੁਰੂ ਜੀ ਕੋ ਉਪਦੇਸ਼ ਸਿੱਖ ਕਮਾਵਤ ਹੈਂ। ਬਿਸ਼ਨ ਸ਼ਿਵ ਕੀ ਪੂਜਾ, ਪਾਹਨ ਕੀ ਜੋ ਹੈ, ਤਿਸ ਕੋ ਬਿਵਰਜਤਿ ਕਰਨੋ ਹੈ [ਪ੍ਰਮਾਨ]

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ' ॥

ਲਿੰਗ ਸਾਲਿਗਰਾਮ ਪਾਹਨ ਕੋ ਜੋ ਪੂਜਨ ਹੈ ਤਿਨੋ ਤੇ ਅਪਣੇ ਪੰਥ ਕੋ ਬਰਜਯੋ ਹੈ। ਸਤਿਗੁਰਨ ਕੇ ਹਜ਼ੂਰ ਭੀ ਸਾਖੀ ਨਹੀਂ ਕੋਈ ਲਿਖੀ ਹੋਈ ਹੈ। ਸ੍ਰਵਨ ਭੀ ਕੋਈ ਨਹੀਂ ਕਰੀ ਹੈ: ਜੋ ਬ੍ਰਹਮਾ ਸ਼ਿਵ ਆਦਿ ਕੀ ਉਪਾਸਨਾ ਕਰਹੁ। ਐਸੇ ਉਪਦੇਸ਼ ਗ੍ਰੰਥ ਜੀ ਬਿਖੇ ਭੀ ਨਹੀਂ ਲਿਖਯੋ। ਮਨ ਕੀ ਮਤਿ ਕਰ ਜੋ ਅਨੰਦ ਘਨ ਲਿਖ ਗਯੋ ਹੈ ਤਿਸ ਤੇ ਕਿਸੀ ਨੇ ਮਾਨ ਕਰ ਅੰਗੀਕਾਰ ਬੀ ਨਹੀਂ ਕਰ ਲਯੋ ਹੈ। ਜੋ ਰੁਦ੍ਰਾਛ ਤੁਲਸੀ ਮਾਲਾ ਧਾਰਿ ਕੈ ਤਿਲਕ ਆਦਿ ਕਰਣ ਲਗ ਪਰੇ ਹੈਂ। ਯਾਂਹੀ ਤੇ ਕਹਯੋ ਅਨੰਦਘਨ ਨੀਰ ਮਥ ਗਯੋ ਹੈ। ਸਤਿਗੁਰੂ ਕੋ ਉਪਦੇਸ਼ ਹੈ ਜਿਸ ਰੀਤਿ ਕੋ ਤੋ ਸਿੰਘ ਕੀ ਰੀਤਿ ਸੋਂ ਗਰਜਤਿ ਹੈ ਦੇਸਨ ਪਰਦੇਸ਼ਨ ਮੈਂ:-ਭਾਣਾ ਮਾਨਣੋ, ਹਉਮੈ ਕੋ ਤਜਣੋ, ਸਤਿਨਾਮ ਕੋ ਸਿਮਰਨ, ਸਰੂਪ ਕੀ ਪ੍ਰਾਪਤਿ ਇਹ ਮਤਿ ਸਤਿਗੁਰਨ ਕੋ। ਜੰਬੁਕ ਜੈਸੇ ਅਪਰ ਮਤ ਜੋ ਹੈਂ ਤਿਨ੍ਹੋਂ ਮੈਂ ਕੈਸੇ ਮਿਲਤ ਹੈਂ। ਹੈਰੰਨਗਰਭ ਭੀ ਬ੍ਰਹਮਾ ਕੇ ਸੇਵਕਨ ਕੋ ਮਤ। ਸ਼ੈਵੀਨ ਸ਼ਿਵ ਕੀ ਉਪਾਸਕੀ, ਤਿਨ ਕੌ ਮਤ। ਤੀਨੋ ਦੇਵਨ ਕੇ ਮਤ ਆਦਿ ਔਰ ਅਨੇਕ ਹੈਂ ਪਰਸਪਰ

ਬਿਰੋਧੀ ਏਕ ਦੂਸਰੇ ਕੋ ਖੰਡਨ ਕਰਤ ਹੈਂ। ਤਿਸ ਕੇ ਔਰ ਖੰਡਤ ਹੈਂ। ਅਪਨੇ ਪਖ ਬਾਦ ਕੇ ਹੇਤ ਅਨੇਕਾਨ ਅਨੇਕ ਤਰਕ ਉਠਾਵਤ ਹੈਂ, ਅਪਨ ਮਤ ਕੇ ਅਨੁਸਾਰ ਬੇਦ ਕੀ ਸ੍ਰਤੀ ਖੋਜ ਖੋਜ ਰਾਖੀ ਹੈਂ, ਔਰ ਕੇ ਖੰਡਬੇ ਹਿਤ ਖੋਜ ਲਈ ਹੈਂ। ਆਪਨੇ ਸਤਿਗੁਰ ਨਿਰਵੈਰ ਜਿਸ ਮੈਂ ਜੀਵਨ ਕੋ ਕੱਲਜਾਨ ਹੋਇ ਸੋ ਕਹਿ ਗਏ ਹੈਂ ਸੂਧੀ ਬਾਤ। ਜਿਸ ਕੋ ਇਸ ਰੀਤਿ ਕੀ ਗਿਆਤਾ ਨਹੀਂ ਸੋ ਅਨੇਕ ਕਲਪਨਾ ਉਠਾਵਤ ਹੈਂ। ਜਿਨੋ ਨੇ ਇਹ ਸਮਝ ਰਾਖੀ ਹੈ ਬਹੁਰ ਸਤਿਗੁਰ ਕੋ ਉਪਦੇਸ਼ ਕਮਾਵਤੇ ਹੈ, ਤਿਨ ਕੋ ਮੁਕਤਿ ਪ੍ਰਾਪਤ ਸੁਖੈਨ ਹੀ ਹੁਇ ਆਵਤ ਹੈ। ਔਰ ਜੇ ਸ਼ਾਸਤ੍ਰਨ ਮੈਂ ਹੋਕਰ ਪਖਬਾਦ ਕੋ ਉਠਾਵਤ ਹੈਂ ਬਹੁਰ ਸਤਿਗੁਰ ਕੇ ਮਤ ਕੋ ਰਲਾਯੋ ਚਾਹਤਿ ਹੈਂ ਸੋ ਅਨਜਾਨ ਹੀ ਠਗਜੋ ਜਾਯਗੋ, ਨਿਸ਼ਚੇ ਵਾਰੇ ਜੋ ਸਿੱਖ ਹੈਂ ਸੋ ਤੋ ਸੁਪਨ ਮਾਤ੍ਰ ਭੀ ਤਿਨਕੋ ਕਹਿਨੋ ਨਹੀਂ ਮਨੈਂਗੇ। ਐਸੀ ਐਸੀ ਤਰਕਾਂ ਅਨੰਦਘਨ ਕੇ ਅਰਥ ਕਰਨੇ ਪਰ ਔਰ ਅਨੇਕ ਉਠਤਿ ਹੈਂ। ਸ੍ਰੀ ਗੁਰੂ ਦਸਵੀਂ ਪਾਤਸ਼ਾਹੀ ਇਸੀ ਬਾਤ ਤੇ ਭਵਿੱਖਤ ਬਿਚਾਰ ਕੇ ਅਪਨੇ ਗੁਰਨ ਕੋ ਨਿਰਨਾ ਕਰ ਗਏ ਹੈਂ। ਜੋ ਲੋਕ ਆਸ਼ੇ ਤੋ ਸਤਿਗੁਰਨ ਕੋ ਸਮਝਹਿੰਗੇ ਨਹੀਂ, ਕੋਈ ਕਿਸੀ ਕੇ ਮਤ ਕੋ ਅਨੁਮਾਨ ਕਰੈਗੋ ਕੋਈ ਕਿਸੀ ਕੋ ਕਹੈਗੋ। ਯਾਂਹੀ ਤੇ ਗੁਰ ਬਤਾਇ ਗਏ ਹੈਂ ਸੇਈ ਕਹਤਿ ਹੈਂ-

ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝੀਅਹੁ ਹਮਾਰਾ ॥

ਅਰੁ ਦੇਵੀ ਜੇ ਪ੍ਰਤੱਖ ਕਰੀ ਕਹਿਤੇ ਹੈਂ, ਸੋ ਕੈਸੇ ਜੋ ਅਨੇਕ ਸਥਾਨ ਬਿਖੈ ਅਪਨੀ ਬਾਣੀ ਮੈਂ ਉਸਤਤਿ ਚੰਡਿਕਾ ਕੀ ਕਰੀ ਹੈ†, ਤਿਸ ਕੋ ਸੁਨਕੈ ਪੀਛੈ ਤੇ ਲੋਕ ਅਨੰਦ ਘਨ ਜੈਸੇ ਕਹਿਤੇ ਹੈਂ ਜੋ ਦਸਵੀਂ ਪਾਤਸ਼ਾਹੀ ਕੋ ਗੁਰੂ ਦੇਵੀ ਹੈ. ਤਹਾਂ ਭੀ ਨਿਰਨੈਂ ਕਰ ਗਏ ਹੈਂ ਪ੍ਰਮਾਣ:-

†ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਦੀ ਹੋਂਦ ਨੂੰ ਹੀ ਕਈ ਆਦਮੀ ਦੇਵੀ ਪੂਜੇ ਜਾਣ ਦਾ ਸਬੂਤ ਦੱਸਦੇ ਹਨ। ਪ੍ਰੰਤੂ ਦਸਮ ਗ੍ਰੰਥ ਵਿਚ ਚੰਡੀ ਚਰਿੱਤ੍ਰ ਤੋਂ ਛੁੱਟ ੨੪ ਅਵਤਾਰਾਂ ਦੇ ਪ੍ਰਸੰਗ ਵੀ ਦਿੱਤੇ ਹਨ ਤੇ ਇਹ ਬੀ ਉਸੇ ਤਰ੍ਹਾਂ ਰਾਮਾਯਨ ਤੇ ਭਾਗਵਤ ਆਦਿਕ ਗ੍ਰੰਥਾਂ ਦੇ ਸੁਤੰਤ੍ਰ ਉਲਥੇ ਹਨ ਜਿਵੇਂ ਮਾਰਕੰਡੇ ਪੁਰਾਣ ਦੇ ਵਿੱਚੋਂ ਚੰਡੀ ਚਰਿੱਤ੍ਰ ਆਦਿਕ ਦੇ ਉਲਥੇ ਕੀਤੇ ਗਏ ਹਨ। ਜਿਵੇਂ ਚੰਡੀ ਚਰਿੱਤ੍ਰ ਵਿਚ ਚੰਡੀ ਦੀ ਮਹਿਮਾ ਹੈ ਤਿਵੇਂ ਹੀ ਰਾਮਾਇਨ ਤੇ ਭਾਗਵਤ ਆਦਿਕ ਦੇ ਉਲਥਿਆਂ ਵਿਚ ਸ੍ਰੀ ਰਾਮ ਚੰਦਰ ਤੇ ਕ੍ਰਿਸ਼ਨ ਜੀ ਦੀ ਉਸਤੁਤਿ ਹੈ, ਏਹ ਉਸਤਤੀਆਂ ਬੀ ਮੂਲ ਗ੍ਰੰਥਾਂ ਦੇ ਭਾਵਾਂ ਅਨੁਸਾਰ ਹਨ। ਸੋ ਜਿਸ ਤਰ੍ਹਾਂ ੨੪ ਅਵਤਾਰਾਂ ਦੇ ਪ੍ਰਸੰਗ ਦਸਮ ਗ੍ਰੰਥ ਵਿਚ ਹੋਣ ਤੋਂ ਗੁਰੂ ਜੀ ਇਨ੍ਹਾਂ ਦੇ ਉਪਾਸ਼ਕ ਨਹੀਂ ਸੇ ਤਿਵੇਂ ਹੀ ਚੰਡੀ ਚਰਿੱਤ੍ਰ ਆਦਿਕ ਦਾ ਰਚਿਆ ਜਾਣਾ ਇਹ ਕਿਸੇ ਤਰ੍ਹਾਂ ਵੀ ਸਿੱਧ ਨਹੀਂ ਕਰ ਸਕਦਾ ਕਿ ਗੁਰੂ ਜੀ ਦੇਵੀ ਭਗਤ ਸੇ, ਜੈਸਾ ਕਿ ਉੱਪਰ ਦੱਸੇ ਕਵਿ ਸੰਤੋਖ ਸਿੰਘ ਜੀ ਦੇ ਪ੍ਰਮਾਣ ਵਿਚ ਕਵਿ ਜੀ ਆਪ ਹੀ ਮੰਨ ਰਹੇ ਹਨ ਕਿ ਦਸੋ ਗੁਰੂ ਸਾਹਿਬ ਦੇਵੀ ਦੇਵਾਂ ਦੇ ਉਪਾਸਕ ਨਹੀਂ ਸਨ। ਇਨ੍ਹਾਂ ਉਲਥਿਆਂ ਦੇ ਅੰਤ ਵਿਚ ਉਲਥੇ ਕਰਨ ਦਾ ਆਸ਼ਯ ਵੀ ਦੱਸਿਆ ਹੈ ਜਿਹਾ ਕਿ ਚੰਡੀ ਦੇ ਅੰਤ ਵਿਚ ਲਿਖਿਆ ਹੈ:- ਸੁਨੈ ਸੂੰਮ ਸੋਫੀ ਲਰੈ ਜੁੱਧ ਗਾਵੈ ॥ ੨੬੦॥ ਅਤੇ ਕ੍ਰਿਸ਼ਨਾ ਅਵਤਾਰ ਦੇ ਅੰਤ ਵਿਚ ਲਿਖਿਆ ਹੈ:- ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥ ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ ਆਦਿ

ਅਰੁ ਸਿੱਖ ਹੌ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥

'ਮਨ' ਨਾਮ ਗੁਰ ਕੋ ਹੈ ਸੋ ਪ੍ਰਥਮ ਪਾਤਸ਼ਾਹੀ ਤੇ ਦਸਵੀਂ ਪ੍ਰਯੰਤ ਸਰਵ ਕੋ ਏਕ ਆਸ਼ੇ ਹੈ। ਏਕ ਹੀ ਇਨ ਕੋ ਗੁਰ ਹੈ। ਏਕ ਹੀ ਇਨ ਕੋ ਸਰੂਪ ਹੈ। ਮੁਕਤਿ ਹਿਤ ਏਕ ਹੀ ਉਪਦੇਸ਼ ਹੈ। ਜੋ ਬਿਲੱਖਣ ਸਮਝਤ ਹੈ ਤਿਨੋਂ ਤੇ ਮੂਰਖ ਅਧਿਕ ਔਰ ਕੌਨ ਹੈ?''

ਕਵਿ ਸੰਤੋਖ ਸਿੰਘ ਜੀ ਦੀ ਇਹ ਲਿੱਖਤ ਨਿਰਸੰਸੇ ਕਰਦੀ ਹੈ ਕਿ ਆਪ ਗੁਰੂ ਜੀ ਨੂੰ ਦੇਵੀ ਪੂਜਾ ਕਰਨ ਵਾਲਾ ਨਹੀਂ ਮੰਨਦੇ। ਦਸਾਂ ਗੁਰੂ ਸਾਹਿਬਾਂ ਦਾ ਪੂਜਕ ਇਕ ਅਕਾਲ ਨੂੰ ਮੰਨਦੇ ਹਨ।

ਕੌਤਕ (ਦੇਵੀ ਸਿੱਧ ਕੀਤੀ) ਦਾ ਪ੍ਰਸੰਗ ਲਿਖਦੇ ਹੋਏ ਕਵੀ ਲੋਕ ਦੇਖਦੇ ਹਨ ਕਿ ਗੁਰੂ ਘਰ ਵਿਚ ਅਕਾਲ ਪੂਜਾ ਤੋਂ ਛੁੱਟ ਹੋਰ ਕੁਛ ਨਹੀਂ ਫਿਰ ਗੁਰੂ ਜੀ ਨੂੰ ਮਹਾਨ ਜਯੋਤੀ ਗੋਬਿੰਦ ਰੂਪ ਮੰਨਦੇ

ਹਨ ਤੇ ਦੇਵੀ ਨੂੰ ਛੋਟੀ ਵਜਕਤੀ ਗੁਰਬਾਣੀ ਵਿਚ ਪੜ੍ਹਦੇ ਹਨ, ਤੇ ਆਪ ਬੀ ਲਿਖਦੇ ਹਨ। ਅਕਾਲ ਪੁਰਖ ਨੂੰ ਸਰਬ ਸਮਰੱਥ ਤੇ ਸ਼ਕਤੀਮਾਨ ਮੰਨਦੇ ਹਨ ਫਿਰ ਕੋਈ ਲੋੜ ਨਹੀਂ ਰਹਿੰਦੀ ਕਿ ਦੇਵੀ ਕਿਉਂ ਪੂਜਣੀ ਸੀ, ਤਦੋਂ ਇਸ ਗਲ ਨੂੰ ਇਕ 'ਕੌਤਕ ਮਾਤ੍ਰ' ਕਹਿਕੇ ਯੁਕਤੀ ਦਾ ਹਥਿਆਰ ਹੱਥੋਂ ਛੱਡ ਦੇਂਦੇ ਹਨ, ਯਥਾ:-

ਦੇਵੀ ਦੇਵ ਕਿਤਿਕ ਜੋ ਆਹੀ। ਪਦ ਪੰਕਜ ਗੁਰ ਮੱਧ ਸਮਾਹੀਂ।
ਇਹ ਭੀ ਇਕ ਕੌਤਕ ਕੋ ਕਾਜਾ। ਕਰਤਿ ਚਰਿੱਤ੍ਰ ਗਰੀਬ ਨਿਵਾਜਾ ॥
[ਗੁ:ਬਿ: ਸੁਖਾ ਸਿੰਘ ਪੰਨਾ ੨੦੩

ਅਰਥਾਤ ਦੇਵੀ ਦੇਵ ਜਿਤਨੇ ਬੀ ਹਨ, ਗੁਰੂ ਜੀ ਦੇ ਪਗਪੰਕਜ ਵਿਚ ਸਮਾਏ ਹੋਏ ਹਨ, ਇਹ ਗੁਰੂ ਜੀ ਇਕ ਕੌਤਕ ਦਾ ਕੰਮ ਕਰਦੇ ਹਨ, ਭਾਵ ਕੋਈ ਖੇਡ ਮਾਤਰ ਚੋਜ ਸੀ।

ਕੌਤਕ ਨਾਮ ਹੈ ਤਮਾਸ਼ੇ ਦਾ, ਯਥਾ:- 'ਕੌਤਕ ਕੋਡ ਤਮਾਸਿਆ' ਸੋ ਜੇ ਫਰਜ਼ ਕਰ ਲਈਏ ਕਿ ਕੋਈ ਗਲ ਹੋਈ ਹੈ ਤਾਂ ਦੇਵੀ ਦਾ ਪ੍ਰਗਟਾਉਣਾ ਇਕ ਤਮਾਸ਼ੇ ਮਾਤ੍ਰ ਸੀ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਦਰਬਾਰ ਵਿਚ ਕੱਠੇ ਹੋ ਗਏ ਸ਼ਾਕਤਕ ਮਤ ਦੇ ਪੰਡਤਾਂ ਦੇ ਕਹਿਣੇ ਪਰ ਕਿ ਆਪ ਬੀਰ ਰਸ ਪੈਦਾ ਕਰ ਰਹੇ ਹੋ ਕਦੇ ਦੇਵੀ ਪ੍ਰਗਟਾਓ ਤਾਂ ਕਾਰਜ ਸੁਖੈਨ ਹੋ ਜਾਵੇ। ਇਸ ਗਲ ਪਰ ਅਮੰਨਾ ਨਾ ਕਰਕੇ ਗੁਰੂ ਜੀ ਦਾ ਪ੍ਰੀਖਿਆ ਹਿਤ ਕਹਿ ਦੇਣਾ ਕਿ ਕਰਕੇ ਦਿਖਾਓ, ਤੇ ਉਨ੍ਹਾਂ ਦੀ ਕਹੀ ਸਾਰੀ ਲੋੜ ਪੂਰੀ ਕਰ ਦੇਣੀ ਤੇ ਤਮਾਸ਼ਾ ਦੇਖੀ ਚੱਲਣਾ ਤੇ ਅੰਤ ਸਿੱਧ ਨਾ ਹੋਣ ਤੇ ਤਲਵਾਰ ਨੂੰ ਹੀ ਪਰਤੱਖ ਸ਼ਕਤੀ ਦਿਖਾਕੇ ਤੇ ਅਪਣੇ ਤਿਆਰ ਕੀਤੇ ਸਿੱਖਾਂ ਦਾ ਬਾਹੂਬਲ ਹੀ ਤਾਕਤਵਰ ਦੱਸਕੇ ਉਨ੍ਹਾਂ ਨੂੰ ਸਤਿਕਾਰਨਾ ਤੇ ਯੱਗ ਕਰਕੇ ਸਨਮਾਨਤ ਕਰਨਾ ਅਤੇ ਨਾਕਾਮਯਾਬ ਹੋਏ ਬ੍ਰਾਹਮਣਾਂ ਨੂੰ ਨਾ ਸੱਦਣਾ ਤੇ ਉਨ੍ਹਾਂ ਦਾ ਗੁੱਸਾ ਤੇ ਨਿਰਾਸਤਾ ਉਸ ਪਰ ਸ੍ਰੀ ਮੁਖਵਾਕ 'ਜੋ ਕੁਛ ਲੇਖ ਲਿਖ੍ਯੋ ਬਿਧਨਾ' ਦੱਸ ਰਿਹਾ ਹੈ ਕਿ ਆਪ ਨੇ ਸਿਖਾਂ ਨੂੰ ਹੀ ਵਿਸ਼ੇਸ਼ਤਾ ਦਿੱਤੀ ਹੈ। ਕੌਤਕ ਦਾ ਭਾਵ ਲੈਕੇ ਜੇ ਫਰਜ਼ ਹੀ ਕਰ ਲਈਏ ਤਾਂ ਇਸ ਯਾ ਇਸ ਕਿਸਮ ਦੇ ਕਿਸੇ ਹੋਰ ਚੋਜ ਵੱਲ ਲੈ ਜਾਂਦਾ ਹੈ, ਸੋ ਕੌਤਕ ਲਈ ਕਰਨਾ ਬੀ ਦੇਵੀ ਨੂੰ 'ਗੁਰੂ ਜੀ ਦੀ ਪੂਜਯ' ਅਰ ਉਨ੍ਹਾਂ ਤੋਂ ਅਰਾਧੀ ਗਈ ਸਿੱਧ ਨਹੀਂ ਕਰਦਾ†। †ਇਸ ਤੇ ਵਿਸ਼ੇਸ਼ ਵੀਚਾਰ ਅਗਲੇ ਅੰਕ ਵਿਚ ਆਵੇਗੀ।

ਅੰਤ ਵਿਚ ਇਕ ਹਾਸੇ ਵਾਲੀ ਗੱਲ ਇਸ ਪੱਖ ਵਿਚ ਲਿਖਣੀ ਜ਼ਰੂਰੀ ਬਣਦੀ ਹੈ ਕਿ ਅਕਸਰ ਗਿਆਨੀ 'ਪ੍ਰਕ੍ਰਿਤੀ, ਮਾਇਆ' ਨੂੰ ਤੇ ਇਸ ਦੇਵੀ ਯਾ ਸ਼ਕਤੀ ਨੂੰ ਇੱਕੋ ਗੱਲ ਦੱਸਦੇ ਹਨ। ਪਰ ਇਹ ਸ਼ਕਤੀ ਜੋ ਦੇਵੀ ਹੋ ਕੇ ਪ੍ਰਗਟੀ ਦੱਸੀ ਜਾਂਦੀ ਹੈ, ਸਜੀਵ ਹੈ, ਚੇਤਨ ਵਜੂਦ (ਵਜਕਤੀ) ਰੱਖਦੀ ਹੈ, ਤੇਜ ਇਸਦਾ ਅਸਲਾ ਹੈ, ਫਿਰ ਏਹ ਸ਼ੁੱਧ ਚੇਤਨ ਨਾਲ ਅਭੇਦ ਬੀ ਬਾਜ਼ੇ ਵੇਲੇ ਦੱਸੀ ਜਾਂਦੀ ਹੈ†। ਪ੍ਰੰਤੂ ਸਾਂਖ ਵਾਲੀ 'ਪ੍ਰਕ੍ਰਿਤੀ' ਤੇ ਵੇਦਾਂਤ ਵਾਲੀ 'ਮਾਯਾ' ਜੜ੍ਹ ਹਨ, ਉਪਾਧੀਆਂ ਹਨ। ਸਾਂਖ ਦੀ ਪ੍ਰਕ੍ਰਿਤੀ ਪੁਰਖ ਨੂੰ ਆਛਾਦਨ ਕਰਨ ਵਾਲੀ ਤੇ ਫਸਾਉਣ ਵਾਲੀ ਹੈ। ਵੇਦਾਂਤ ਦੀ ਮਾਇਆ ਭੁਲੇਵਾ ਤੇ ਭੁਲੇਖਾ ਦੇਣ ਵਾਲੀ, ਅਗਜਾਨ ਤੇ ਅੰਧੇਰਾ ਹੈ। ਫਿਰ ਪ੍ਰਕ੍ਰਿਤੀ ਤੇ ਮਾਇਆ ਨੂੰ ਮਾੜਾ ਕਿਹਾ ਜਾਂਦਾ ਹੈ। ਇਸ ਨੂੰ ਦੂਰ ਕਰਨਾ, ਇਸ ਤੇ ਬਿਜੈ ਪਾਉਣੀ, ਇਸ ਦੇ ਫੰਧੇ ਤੋਂ ਛੁੱਟਣਾ ਜੀਵਨ ਦਾ ਪਰਮਾਰਥ ਸਮਝਿਆ ਜਾਂਦਾ ਹੈ। ਉਧਰ ਦੇਵੀ ਯਾ ਸ਼ਕਤੀ ਪੂਜਨੀਕ ਕਹੀ ਦੀ ਹੈ, ਸਤਿਕਾਰ ਯੋਗ ਦੱਸੀਦੀ ਹੈ, ਧਿਆਨ ਯੋਗ ਦੱਸੀ ਜਾਂਦੀ ਹੈ। ਫਿਰ ਦੋਹਾਂ ਨੂੰ ਇਕ ਕਿਵੇਂ ਕਯਾਸ ਕੀਤਾ ਜਾਂਦਾ ਹੈ? ਸੋ ਜੇ ਦੈਵੀ ਨੂੰ ਪ੍ਰਕ੍ਰਿਤੀ ਤੇ ਮਾਇਆ ਨਾਲ ਪ੍ਰਯਾਯਵਾਚੀ ਸਮਝਿਆ ਜਾਏਗਾ ਤਾਂ ਆਪੇ ਹੀ ਉਹ ਤਿਆਗਣੇ ਯੋਗ ਤੇ ਨਾਂ ਪੂਜਣੇ ਯੋਗ ਸਿੱਧ ਹੋ ਗਈ। ਉਸ ਤੋਂ ਜਗਤ ਨੂੰ ਉਡਾਵਣ ਵਾਸਤੇ ਹੀ ਆਪ ਆਏ ਸਨ। ਉਸਦੀ ਪੂਜਾ ਦਸਮੇਂ ਗੁਰੂ

ਜੀ ਨੇ ਕਾਸ ਨੂੰ ਕਰਨੀ ਸੀ। †ਦੇਖੋ ਭਾਈ ਸੰਤੋਖ ਸਿੰਘ ਜੀ ਦਾ ਇਹ ਵਾਕ:- ਪਰਮ ਜਗੋਤਿ ਕੀ ਜੋਤਿ ਮਹਾਨੀ ॥ ਸਿਮਰੇ ਜਹਾਂ ਤਹਾਂ ਬਰਦਾਨੀ ॥ [ਰੁਤ ੩ ਅੰਸੂ ੯ ਅੰਕ ੪੩

੩. ਤੀਸਰਾ ਸਰੂਪ ਦੇਵੀ ਦਾ ਦੇਵੀ ਦੀ ਮੂਰਤੀ ਹੈ। ਸੋ ਸਿਖ ਲੇਖਕਾਂ ਨੇ, ਜਿਨ੍ਹਾਂ ਦੇ ਜ਼ਿਕਰ ਅਸਾਂ ਪਿੱਛੇ ਕੀਤੇ ਹਨ, ਕਿ ਜਿਨ੍ਹਾਂ ਨੇ ਦੇਵੀ ਪੂਜਾ ਲਿਖੀ ਹੈ ਉਨ੍ਹਾਂ ਨੇ ਦੇਵੀ ਦੀ ਮੂਰਤੀ ਦੀ ਪੂਜਾ ਕੀਤੀ ਗਈ ਦਾ ਜ਼ਿਕਰ ਨਹੀਂ ਕੀਤਾ। ਉਨ੍ਹਾਂ ਨੇ ਨਹੀਂ ਦੱਸਿਆ ਕਿ ਕਿਸੇ ਪੱਥਰ, ਮਿੱਟੀ, ਕਾਠ ਯਾ ਧਾਤੂ ਆਦਿ ਦੀ ਘੜੀ ਮੂਰਤੀ ਜੋ ਵਿੰਧਯਾਚਲ ਤੇ ਕਾਲੀ ਬਾੜੀ ਤੇ ਹੋਰ ਥਾਈਂ ਪੂਜੀ ਜਾ ਰਹੀ ਹੈ ਗੁਰੂ ਜੀ ਨੇ ਪੂਜੀ ਸੀ। ਇਸ ਕਰਕੇ ਇਸ ਤੇ ਬਹਿਸ ਦੀ ਲੋੜ ਨਹੀਂ। ਉਹ ਗਯਾਨੀ ਜੋ ਕਥਾ ਵਾਰਤਾ ਕਰਦੇ ਹਨ ਉਹ ਬੀ ਦੇਵੀ ਦੀ ਮੂਰਤੀ ਦੀ ਪੂਜਾ ਕੀਤੀ ਗਈ ਸ੍ਵੀਕਾਰ ਨਹੀਂ ਕਰਦੇ। ਦੇਵੀ ਦੀ ਮੂਰਤੀ ਦਾ ਪੂਜਨ ਨਾ ਗੁਰਬਾਣੀ ਵਿੱਚ ਹੈ, ਨਾ ਗੁਰ ਇਤਿਹਾਸ ਵਿਚ ਹੈ, ਨਾ 'ਦੇਵੀ ਪ੍ਰਗਟ ਕਰਨਾ, ਸਿੱਧ ਕਰਨ ਵਾਲੇ ਉਪਰਲੇ ਲੇਖਕਾਂ ਦੀ ਰਚਨਾ ਵਿੱਚ ਹੈ। ਇਸ ਲਈ ਦੇਵੀ ਦਾ ਇਹ ਪੱਖ ਹੋਰ ਵਿਚਾਰ ਗੋਚਰਾ ਨਹੀਂ।

## ੩. ਇਤਿਹਾਸਕ ਪਹਿਲੂ

ਇਸ ਪਾਸੇ ਦੀ ਖੋਜ ਕਰਨ ਵਿਚ ਤ੍ਰੈ ਸਮੇਂ ਨਿਯਤ ਹੁੰਦੇ ਹਨ,

(ੳ) ਗੁਰੂ ਜੀ ਦੇ ਸਮੇਂ ਤੋਂ ੧੮੩੩ ਤਕ ਦਾ ਸਮਾਂ

(ਅ) ੧੮੩੩ ਤੋਂ ੧੯੪੬ ਤੇ

(ੲ) ੧੯੪੬ ਤੋਂ ਹੁਣ ਤਕ ਦਾ ਸਮਾਂ†।

†ਇਹ ਸਮੇ ਦੀ ਵੰਡ ਉਨ੍ਹਾਂ ਇਤਿਹਾਸਕ ਸਾਮਾਨਾਂ ਤੇ ਕੀਤੀ ਗਈ ਹੈ ਜੋ ਇਸ ਲੇਖ ਦੇ ਲਿਖਣ ਤਕ ਦੇਖਣ ਵਿੱਚ ਆਏ।

### (ੳ) ਗੁਰੂ ਜੀ ਦਾ ਆਪਣਾ ਤੇ ਉਸ ਤੋਂ ਪਿੱਛੋਂ ਸੰ: ੧੮੩੩ ਤੱਕ ਦਾ ਸਮਾਂ

ਹੁਣ ਅਸਾਂ ਖੋਜ ਕਰਨੀ ਹੈ ਕਿ ਗੁਰੂ ਜੀ ਦੇ ਦੇਵੀ ਪੂਜਣ ਤੇ ਪ੍ਰਗਟਾਉਣ ਸੰਬੰਧੀ ਇਤਿਹਾਸਕਿ ਖੋਜ ਖੋਜੀ ਨੂੰ ਕਿੱਥੇ ਲੈ ਜਾਂਦੀ ਹੈ। ਅਰਥਾਤ ਕਿ ਇਹ ਗਲ ਅਮਰ ਵਾਕਿਆ ਸਿੱਧ ਹੁੰਦੀ ਹੈ ਕਿ ਨਹੀਂ ਕਿ ਨੈਣੇ ਦੇ ਟਿੱਲੇ† ਤੇ ਦੇਵੀ ਅਰਾਧੀ ਗਈ ਤੇ ਪ੍ਰਗਟ ਹੋਈ ਤੇ ਉਸਨੇ ਵਰ ਦਿੱਤੇ ਆਦਿ? †ਕਵਿ ਜੀ ਨੇ ਨੈਣੇ ਗੁੱਜਰ ਦੇ ਨਾਮ ਤੋਂ ਟਿੱਲੇ ਦਾ ਇਹ ਨਾਉਂ ਬਣਿਆ ਦੱਸਿਆ ਹੈ।

#### ਦਸਮ ਗ੍ਰੰਥ:

ਸਭ ਤੋਂ ਪਹਿਲਾਂ ਸਾਨੂੰ ਦਸਮ ਗੁਰਬਾਣੀ ਤੇ ਖਾਸ ਕਰ ਬਚਿੱਤ੍ਰ ਨਾਟਕ ਵਿੱਚ ਖੋਜ ਕਰਨੀ ਚਾਹੀਦੀ ਹੈ। ਉਸ ਵਿਚ ਪਹਿਲੇ ਕਿਸੇ ਜਨਮ ਦੇ ਜ਼ਿਕਰ ਵਿੱਚ ਪਦ 'ਮਹਾਂ ਕਾਲ ਕਾਲਕਾ†' ਆਇਆ ਹੈ ਜਿਸ ਦੀ ਵੀਚਾਰ ਪਿੱਛੇ ਕਰ ਆਏ ਹਾਂ। ਫਿਰ ਬੀਰਰਸ ਉਦੀਪਕ ਚੰਡੀ ਦੇ ਤ੍ਰੈ ਲੇਖ-ਚਰਿੱਤ੍ਰ ਤੇ ਵਾਰ ਆਦਿਕ-ਹਨ, ਓਹ ਸੰਸਕ੍ਰਿਤ ਪੁਸਤਕਾਂ (ਮਾਰਕੰਡੇ ਪੁਰਾਣ ਆਦਿਕ) ਦੇ ਸੁਤੰਤ੍ਰ ਤੇ ਸੰਖੇਪ ਤਰਜਮੇ ਹਨ ਤੇ ਉਨ੍ਹਾਂ ਵਿੱਚ ਬੀ ਇਹ 'ਅਮਰ ਵਾਕਿਆ' ਕਿਤੇ ਨਹੀਂ ਆਉਂਦਾ ਕਿ ਅਸਾਂ ਨੇ ਨੈਣੇ ਦੇ ਟਿੱਲੇ ਤੇ ਦੇਵੀ ਪੂਜੀ ਤੇ ਪ੍ਰਗਟਾਈ। ਇਨ੍ਹਾਂ ਵਿੱਚ ਬੀਰਰਸ ਦੇ ਨਕਸ਼ੇ ਕਮਾਲ ਦੇ ਬੱਧੇ ਹਨ ਤੇ ਪ੍ਰਯੋਜਨ ਇਹ ਹੈ ਕਿ ਬੀਰਰਸੀ ਸਾਹਿਤਯ ਪੜ੍ਹ ਸੁਣਕੇ ਖਾਲਸੇ ਵਿੱਚ ਬੀਰਰਸ ਦਾ ਉਤਸਾਹ ਵਧੇ, ਜੈਸਾ ਕਿ ਲਿਖਿਆ ਹੈ:-''ਸੁਨੈ ਸੂਮ ਸੋਫੀ‡ ਲਰੈ ਜੁੱਧ ਗਾਵੈ'' [ਚੰਡੀ ਚਰਿਤ੍ਰ-੨]। ਫਿਰ ਪਹਿਲੇ ਚੰਡੀ ਚਰਿੱਤ੍ਰ ਵਿਚ ਮਾਰਕੰਡੇ ਪੁਰਾਣ ਦਾ ਪਤਾ ਧਿਆਵਾਂ ਦੇ ਨਾਲੋ ਨਾਲ ਦਿਤਾ ਤੇ ਅੰਤ ਵਿਚ ਕਿਹਾ ਹੈ, 'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ।' ਖੋਜ ਕਰਨ ਤੇ ਤ੍ਰੈਏ ਪ੍ਰਸੰਗ ਪੌਰਾਣਕ ਸੰਖੇਪ ਤਰਜਮੇ

ਹਨ, ਇਥੋਂ ਤਾਈਂ ਕਿ ਅੰਤਲੀਆਂ ਮਹਾਤਮ ਦੀਆਂ ਤੁਕਾਂ ਬੀ ਮੂਲ ਦੇ ਹੀ ਭਾਵ ਤਰਜਮਾ ਹੋਏ ਹਨ। ਇਨ੍ਹਾਂ ਵਿੱਚ 'ਚੰਡੀ ਚਰਿੱਤ੍ਰ ਉਕਤ ਬਿਲਾਸ' ਪਦ ਕਿਤੇ ਮੁੱਢ ਵਿਚ ਤੇ ਕਿਤੇ ਧਿਆਵਾਂ ਦੇ ਅੰਤ ਪਰ ਆਉਂਦਾ ਹੈ, ਜਿਸਦਾ ਮਤਲਬ ਹੈ ਕਿ ਇਹ ਤਰਜਮਾ ਹੈ ਅਥਵਾ ਬਿਲਾਸ ਦੀ ਖ਼ਾਤਰ ਕਿਹਾ ਜਾ ਰਿਹਾ ਹੈ†† ਤੇ ਅੰਤ ਵਿੱਚ 'ਕਉਤਕ ਹੇਤ ਕਰੀ ਕਵਿ ਨੇ' ਆਉਣ ਤੋਂ ਇਨ੍ਹਾਂ ਦਾ ਲਿਖਿਆ ਜਾਣਾ ਇਸ਼੍ਰਾਪਤੀ ਦਾ ਪ੍ਰਯੋਜਨੀਯ ਸਿੱਧ ਨਹੀਂ ਹੁੰਦਾ। ਚੰਡੀ ਚਰਿੱਤ੍ਰ ਪਹਿਲੇ ਦੇ ਮੁੱਢ ਵਿਚ ਅਕਾਲ ਪੁਰਖ ਦਾ ਸਪਸ਼ਟ ਮੰਗਲ ਕੀਤਾ ਹੈ ਤੇ ਮਗਰੋਂ ਇਹ ਤੁਕ ਬੀ ਪਈ ਹੈ:-'ਕ੍ਰਿਪਾ ਸਿੰਧ! ਤੁਮਰੀ ਕ੍ਰਿਪਾ ਜੋ ਕੁਛ ਮੋ ਪਰਿ ਹੋਇ ॥ ਰਚੋਂ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ' ਜਿਸ ਤੋਂ ਸਪਸ਼ਟ ਹੈ ਕਿ ਅਪਣਾ ਇਸ਼ਟ 'ਅਕਾਲ ਪੁਰਖ' ਹੈ, ਜਿਸ ਦੀ ਸਹਾਇਤਾ ਮੰਗ ਰਹੇ ਤੇ ਇਹ ਕਥਾ ਜੰਗ ਕਰਨ ਦਾ ਉਤਸਾਹ ਤੇ ਰੌਦ੍ਰ ਰਸ ਭਰਨ ਲਈ ਲਿਖਣ ਲਗੇ ਹਨ ਤੇ ਅੰਤ ਵਿਚ 'ਕਉਤਕ ਹੇਤ ਕਰੀ' ਕਹਿਕੇ ਅਪਨੀ ਜ਼ਿਮੇਂਵਾਰੀ ਤੋਂ ਅਲਹਿਦਗੀ ਸਾਫ ਸਾਫ ਦੱਸ ਰਹੇ ਹਨ। ਬਚਿੱਤ੍ਰ ਨਾਟਕ ਤੋਂ ਜੋ ਹੋਰ ਉਗਾਹੀ ਮਿਲਦੀ ਹੈ ਸੋ ਏਹ ਹੈ: †ਗਿਆਨੀ ਦਿੱਤ ਸਿੰਘ ਜੀ ਨੇ ਇਸ ਦਾ ਤਰਜਮਾ 'ਕਾਲ ਕਾ ਮਹਾਂ ਕਾਲ' ਕੀਤਾ ਹੈ ਤੇ 'ਅਰਾਧੀ' ਦਾ ਅਰਥ ਕੀਤਾ ਹੈ 'ਅਰਾਧਨ ਵਾਲਾ'। ‡ਕਾਇਰ। ††ਉਕ੍ਤ = ਕਹੀ ਹੋਈ। (ਪਹਿਲਾਂ ਕਿਸੇ ਦੀ) ਆਖੀ ਹੋਈ। ਬਿਲਾਸ = ਪ੍ਰਸੰਨ ਕਰਨੇ ਵਾਲੀ ਕ੍ਰਿਯਾ (ਯਾ ਕਥਾ)। (ਉਕ੍ਤ ਬਿਲਾਸ = ਪਹਿਲਾਂ ਕਹੀ ਹੋਈ (ਦੇਵੀ ਦੀ) ਕਰਨੀ ਜੋ ਪੜ੍ਹਿਆਂ ਪ੍ਰਸੰਨਤਾ ਦੇਵੇ। ਇਸ ਦਾ ਮਤਲਬ ਸਾਫ ਹੈ ਕਿ ਸੰਸਕ੍ਰਿਤ ਵਿਚ ਕਹੇ ਗਏ ਦੇਵੀ ਦੇ ਕਾਰਨਾਮਿਆਂ ਦੀ ਕਥਾ ਦਾ ਇਹ ਤਰਜੁਮਾ ਯਾ ਉਲਥਾ ਹੈ। (ਅ) ਉਕਤ ਬਿਲਾਸ = ਕਥਾ ਜੋ ਬਿਲਾਸ ਮਾਤ੍ਰ ਲਈ ਆਖੀ ਗਈ ਹੋਵੇ।

ਗੁਰੂ ਜੀ ਫੁਰਮਾਉਂਦੇ ਹਨ:-

(ੳ) ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥ ੨੮ ॥

ਅਕਾਲ ਪੁਰਖ ਬਾਚ ਚੌਪਈ ॥

(ਅ) ਮੈਂ ਅਪਨਾ ਸੁਤਿ ਤੋਹਿ ਨਿਵਾਜਾ ॥ ਪੰਥ ਪ੍ਰਚੁਰਿ ਕਰਿਬੇ ਕਹੁ ਸਾਜਾ ॥<br>
ਜਾਹਿ ਤਹਾਂ ਤੈ ਧਰਮੁ ਚਲਾਇ ॥ ਕੁਬੁੱਧਿ ਕਰਨ ਤੇ ਲੋਕ ਹਟਾਇ ॥ ੨੯ ॥

ਕਬਿਬਾਚ ਦੋਹਰਾ:-

(ੲ) ਠਾਂਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ ॥<br>
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥ ੩੦ ॥

ਚੌਪਈ:-

(ਸ) ਇਹ ਕਾਰਨਿ ਪ੍ਰਭ ਮੋਹਿ ਪਠਾਇਓ ॥ ਤਬ ਮੈਂ ਜਗਤ ਜਨਮੁ ਧਰਿ ਆਇਓ ॥

(ਹ) ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰੁਦੇਵ ਪਠਾਏ ॥<br>
ਜਹਾਂ ਤਹਾਂ ਤੁਮ ਧਰਮੁ ਬਿਥਾਰੋ ॥ ਦੁਸ਼ਟ ਦੋਖੀਯਨਿ ਪਕਰਿ ਪਛਾਰੋ ॥ ੪੨ ॥

(ਕ) ਇਹੈ ਕਾਜ ਧਰਾ ਹਮ ਜਨਮੰ ॥ ਸਮੁਝਿ ਲੇਹੁ ਸਾਧੂ ਸਭ ਮਨਮੰ ॥<br>
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨਿ ॥

ਇਨ੍ਹਾਂ ਵਾਕਾਂ ਵਿਚ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾਂ, ਪੰਥ ਰਚਨ ਦਾ ਹੁਕਮ ਦੇਣਾ, ਪੁੱਤ੍ਰ ਹੋਣ ਦਾ ਮਾਣ ਬਖਸ਼ਣਾ, ਧਰਮ ਚਲਾਉਣ ਤੇ ਦੁਸ਼ਟਾਂ ਦਾ ਮੂਲ ਪੱਟਣ ਆਦਿਕ ਬਾਬਤ ਹੁਕਮ ਦੇਣੇ, ਸ਼ਾਂਤਿ ਤੇ ਬੀਰਰਸੀ ਵਰ ਦੇਣੇ ਤਾਂ ਇਕ 'ਅਮਰ ਵਾਕਯਾ' ਦੀ ਤਰ੍ਹਾਂ ਅਰਥਾਤ ਇਕ ਇਤਿਹਾਸਕ ਹੋਈ ਘਟਨਾ ਦੇ ਰੂਪ ਵਿਚ ਸਫੁਟ ਲਿਖੇ ਹਨ ਪਰ ਕੇਸ਼ੋ ਦਾਸ ਨੂੰ ਲੈਕੇ ਹਵਨ ਕਰਕੇ ਦੇਵੀ ਦਾ ਆਵਾਹਨ, ਪ੍ਰਗਟਣਾ ਤੇ ਉਸਦਾ ਕਹਿਣਾ ਕਿ ਪੰਥ ਰਚੋ ਆਦਿ ਕੋਈ ਵਾਕਯਾ ਇਸ ਉਪਰਲੇ ਵਾਕਯਾ ਵਾਂਙੂ ਇਤਿਹਾਸਿਕ ਘਟਨਾ ਦੇ ਰੂਪ ਵਿਚ ਨਹੀਂ ਮਿਲਦਾ।

ਦਸਮ ਗ੍ਰੰਥ ਸਾਰੇ ਪਰ ਅਸੀਂ ਇਸ ਵੇਲੇ ਇਤਿਹਾਸਿਕ ਯਾ ਭਾਵ ਬੋਧਕ ਵਿਵੇਚਨਾ ਨਹੀਂ ਕਰ ਰਹੇ। ਸਮੁਚੇ ਸੰਚਯ ਵਿਚ ਜਿਵੇਂ ਕਿ ਹੈ ਅਸੀਂ ਇਸ ਪੱਖ ਦੀ ਟੋਲ ਕਰਦੇ ਹਾਂ ਤਾਂ ਦੇਵੀ ਪੂਜਨ ਦੀ ਘਟਨਾ 'ਇਤਿਹਾਸਿਕ ਹੋਈ ਘਟਨਾ' ਦੇ ਰੂਪ ਵਿਚ ਕਿਤੇ ਨਹੀਂ ਮਿਲਦੀ। ਜਿਵੇਂ ਚੰਡੀ ਦੀ ਵਾਰ ਵਿਚ ਦੇਵੀ ਦੇ ਪ੍ਰਸੰਗ ਹੈਨ, ਤਿਵੇਂ ਅਵਤਾਰਾਂ† ਦੇ ਸੰਚੇ ਤੇ 'ਚਰਿੱਤ੍ਰਾਂ' ਵਿਚ ਬੀ ਕਿਤੇ ਕਿਤੇ ਦੇਵੀ ਦੇ ਜ਼ਿਕਰ ਮਿਲਦੇ ਹਨ ਪਰ ਇਨ੍ਹਾਂ ਵਿਚ ਬੀ 'ਦੇਵੀ ਸਤਿਗੁਰਾਂ ਨੇ ਆਪ ਪੂਜੀ ਹੈ' ਦੀ ਕੋਈ ਇਤਿਹਾਸਿਕ ਘਟਨਾ ਵਾਲੀ ਲਿਖਤ ਨਹੀਂ ਮਿਲਦੀ। ਚਰਿੱਤ੍ਰਾਂ ਵਿਚ ਦਿੱਤੀਆਂ ਕਹਾਣੀਆਂ ਵਿਚ ਜੇ ਕਿਸੇ ਨਾਯਕ ਨਾਯਕਾ ਦੇ ਦੇਵੀ ਪੂਜਨ ਯਾ ਵਰ ਪ੍ਰਾਪਤੀ ਆਦਿ ਦਾ ਜ਼ਿਕਰ ਆਇਆ ਹੈ ਤਾਂ ਉਹ ਉਸੇ ਕਹਾਣੀ ਵਿਚ ਕਥੇ ਅਨ੍ਯ ਪੁਰਖਾਂ ਦੇ ਧਰਮ ਵਿਸ਼੍ਵਾਸ਼ ਤੇ ਕਰਤੱਤ੍ਵ ਦਾ ਸੂਚਕ ਹੈ, ਪਰ ਗੁਰੂ ਜੀ ਦਾ ਵਿਸ਼੍ਵਾਸ ਯਾ ਗੁਰੂ ਜੀ ਦੇ ਨਿਜ ਨਾਲ ਵਰਤੀ ਘਟਨਾ ਦਾ ਸਬੂਤ ਨਹੀਂ ਹੈ। ਫਿਰ ਜਦ ਚਰਿੱਤ੍ਰਾਂ ਦੀ ਹੋਰ ਖੋਜ ਕਰੀਏ ਤਾਂ ਸਗੋਂ ਉਥੋਂ ਹੀ ਦੇਵਤਿਆਂ ਦੇ ਸਿਧ ਕਰਨ ਕਰਾਵਨ ਵਾਲਿਆਂ ਦੇ ਉਲਟ ਬੀ ਸਾਮਾਨ ਮਿਲ ਜਾਂਦਾ ਹੈ, ਜੋ ਦੱਸਦਾ ਹੈ ਕਿ ਮੰਤ੍ਰ ਪ੍ਰਯੋਗ ਆਦਿ ਨਾਲ ਦੇਵਤਿਆਂ ਨੂੰ ਸਿੱਧ ਕਰਨ ਦੀਆਂ ਜੁਗਤਾਂ ਪੁਰ ਮਖੌਲ ਉਡਾਏ ਗਏ ਹਨ। ਦੇਖੋ ਚਰਿੱਤ੍ਰ ੨੬੬ ਜਿਸ ਵਿਚ ਐਉਂ ਲਿਖਿਆ ਹੈ:-

†ਇਹ ਬੀ ਪੌਰਾਣਕ ਪ੍ਰਸੰਗਾਂ ਦੇ ਆਧਾਰ ਤੇ ਲਿਖੀਆਂ ਕਥਾਂ ਹਨ।

ਸੁਨਹੁ ਬਿੱਪ੍ਰ ਤੁਮ ਮੰਤ੍ਰ ਦੇਤਿ ਜਿਹ ॥ ਲੂਟ ਲੇਤ ਤਿਹ ਘਰ ਬਿਧਿ ਜਿਹ ਕਿਹ ॥
ਤਾਂ ਕਹਿ ਕਛੂ ਗਯਾਨ ਨਹਿ ਆਵੈ ॥ ਮੂਰਖ ਅਪਨਾ ਮੂੰਡ ਮੁੰਡਾਵੈ ॥੨੯॥
ਤਿਹ ਤੁਮ ਕਹਹੁ ਮੰਤ੍ਰ ਸਿਧਿ ਹ੍ਵੈ ਹੈ ॥ ਮਹਾਂ ਦੇਵ ਤੋ ਕੌ ਬਰੁ ਦੈ ਹੈ ॥
ਜਬ ਤਾਂ ਤੇ ਨਹਿ ਹੋਤ ਮੰਤ੍ਰ ਸਿਧਿ ॥
ਤਬ ਤੁਮ ਬਚਨ ਕਹਤ ਹੌ ਇਹ ਬਿਧਿ ॥੩੦॥
ਕਛੁ ਕੁਕ੍ਰਿਯਾ ਤੁਮ ਤੇ ਭਯੋ ॥ ਤਾਂ ਤੇ ਦਰਸ ਨ ਸਿਵਜੂ ਜਯੋ ॥
ਅਬ ਤੈ ਪੁੰਨਯ ਦਾਨ ਦਿਜ ਕਰੁ ਰੇ ॥ ਪੁਨ ਸਿਵ ਕੈ ਮੰਤ੍ਰੁਹ ਅਨੁਸਰੁ ਰੇ ॥੩੧॥
ਉਲਟੋ ਡੰਡ ਤਿਸੀ ਤੇ ਲੇਹੀ ॥ ਪੁਨ ਤਿਹ ਮੰਤ੍ਰ ਰੁਦ੍ਰ ਕੋ ਦੇਹੀ ॥
ਭਾਂਤਿ ਭਾਂਤਿ ਤਾ ਕੋ ਭਟਕਾਵੈਂ ॥ ਅੰਤ ਬਾਰ ਇਮ ਭਾਖਿ ਸੁਨਾਵੈਂ ॥੩੨॥
ਤੋ ਤੇ ਕਛੂ ਅੱਛਰ ਰਹਿ ਗਯੋ ॥ ਕੈ ਕਛੁ ਭੰਗ ਕ੍ਰਿਯਾ ਤੇ ਭਯੋ ॥
ਤਾਂ ਤੇ ਤੁਹਿ ਬਰੁ ਰੁੱਦ੍ਰ ਨ ਦੀਨਾ ॥ ਪੁੰਨਯ ਦਾਨ ਚਹੀਯਤ ਪੁਨਿ ਕੀਨਾ ॥੩੩॥
ਇਹ ਬਿਧਿ ਮੰਤ੍ਰ ਸਿਖਾਵਤਿ ਤਾ ਕੋ ॥ ਲੂਟਾ ਚਹਿਤ ਬਿੱਪ੍ਰ ਘਰ ਜਾ ਕੋ ॥
ਜਬ ਵਹੁ ਦਰਬ ਰਹਿਤ ਹ੍ਵੈ ਜਾਈ ॥ ਔਰ ਧਾਮ ਤਬ ਚਲਤ ਤਕਾਈ ॥੩੪॥
ਦੋਹਰਾ ॥ ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ ਜੌ ਇਨ ਮਹਿ ਕਛੁ ਹੋਇ ॥
ਹਜ਼ਰਤਿ ਹ੍ਵੈ ਆਪਹਿ ਰਹਹਿ ਮਾਗਤ ਫਿਰਤ ਨ ਕੋਇ'' ॥੩੫॥

ਇਸ ਵਿਚ ਹੁਣ ਦੇਵਤਾ ਸਿੱਧ ਕਰਨ ਦੇ ਦਾਵੇਦਾਰਾਂ ਦੀਆਂ ਚਲਾਕੀਆਂ ਦੱਸੀਆਂ ਗਈਆਂ ਤੇ ਅੰਤ ਵਿਚ ਗੱਜ ਵੱਜ ਕੇ ਕਹਿ ਦਿੱਤਾ ਹੈ ਕਿ ਜੰਤ੍ਰਾਂ ਮੰਤ੍ਰਾਂ ਵਿਚ ਐਸੀਆਂ ਸਿੱਧੀਆਂ ਏਹ ਲੋਕ ਰਖਦੇ ਹਨ ਤਾਂ ਦਰ ਦਰ ਮੰਗਦੇ ਕਿਉਂ ਫਿਰਦੇ ਹਨ, ਹਜ਼ਰਤ ਬਣਕੇ ਕਿਉਂ ਨਹੀਂ ਬੈਠ ਜਾਂਦੇ। ਫਿਰ ਇਸੇ ਚਰਿੱਤ੍ਰ ਵਿਚ ਪ੍ਰਯੋਗ ਆਦਿ ਦਾ ਆਪ ਖੰਡਨ ਕੀਤਾ ਹੈ:-

ਧਨੀ ਪੁਰਖ ਕਹੁ ਲਖਿ ਦਿਜ ਦੋਖ ਲਗਾਵਹੀ ॥
ਹੋਮ ਜਗਯ ਤਾਂ ਤੇ ਬਹੁ ਭਾਂਤ ਕਰਾਵਹੀ ॥
ਧਨਿਯਹਿ ਕਰਿ ਨਿਰਧਨੀ ਜਾਤ ਧਨ ਖਾਇ ਕੈ ॥

ਹੋ ਬਹੁਰ ਨ ਤਾਕੋ ਬਦਨ ਦਿਖਾਵਤ ਆਇ ਕੈ ॥੭੩॥
ਚੌਪਈ ॥
ਕਾਹੂ ਲੈ ਤੀਰਥਨ ਸਿਧਾਵੈ ॥ ਕਾਹੂ ਅਫਲ ਪ੍ਰਯੋਗ ਬਤਾਵੈਂ ॥
ਕਾਕਨ ਜਸੋਂ ਮਿੰਡਰਾਤ ਧਨੁ ਪਰ ॥ ਜਸੋ ਕਿਲਕਿਲਾ ਮਛਰੀਯੈ ਦੂ ਪਰ ॥੭੭॥

ਫਿਰ ਇਨ੍ਹਾਂ ਚਰਿੱਤ੍ਰਾਂ ਦੇ ਅੰਤ ਵਿਚ ਇਕ ਰੋਮਾਂਚਿਕ (Romantic) ਕਹਾਣੀ ਬੀਰ ਰਸੀ ਜੋਸ਼ ਪੈਦਾ ਕਰਨੇ ਵਾਲੀ ਲਿਖੀ ਗਈ ਮਿਲਦੀ ਹੈ। ਇਸ ਵਿਚ ਦੋ ਵੈਰੀ ਦਲਾਂ ਦੀ ਕ੍ਰੋਧ ਅਗਨੀ ਤੋਂ ਇਕ ਤ੍ਰੀਮਤ ਉਪਜ ਪੈਂਦੀ ਹੈ ਤੇ ਉਹ 'ਸਾਈਂ' ਜੀ ਨਾਲ ਵਿਆਹ ਕਰਨ ਲਈ ਤਪ ਕਰਦੀ ਹੈ। 'ਸਾਈਂ' ਜੀ ਉਸ ਨੂੰ ਵਰ ਦੇਂਦੇ ਹਨ ਕਿ ਜਦ ਤੂੰ ਸ੍ਵਾਸਬੀਰਜ ਰਾਖਸ਼ ਨੂੰ ਮਾਰ ਲਵੇਂਗੀ ਤਾਂ ਤੇਰੀ ਮੁਰਾਦ ਪੁੱਗੇਗੀ। ਇਹ ਅਲੰਕਾਰਿਕ ਤ੍ਰੀਮਤ ਫੇਰ ਦੇਵੀ ਨੂੰ ਅਰਾਧਦੀ ਹੈ। ਇਹ ਤ੍ਰੀਮਤ ਰਾਖਸ਼ ਨਾਲ ਜੁੱਧ ਕਰਕੇ ਕਾਮਯਾਬ ਨਹੀਂ ਹੁੰਦੀ। ਜੰਗ ਦੇ ਹਾਲਾਤ ਬੜੇ ਜੋਸ਼ਦਾਰ ਬੀਰ ਤੇ ਰੌਦ੍ਰ ਰਸ ਦੇ ਪ੍ਰਭਾਵਸ਼ਾਲੀ ਹਨ। ਅੰਤ ਵਿਚ 'ਸਾਈਂ' ਜੀ-ਸ੍ਰੀ ਅਸਿਕੇਤ ਜੀ-ਆਪ ਰਾਖਸ਼ ਨੂੰ ਮਾਰਨ ਵਿਚ ਕਾਮਯਾਬ ਹੁੰਦੇ ਹਨ, ਪਰ ਫਿਰ ਉਸ ਅਲੰਕਾਰਕ ਤ੍ਰੀਮਤ ਦਾ ਜ਼ਿਕਰ ਨਹੀਂ ਆਉਂਦਾ। ਰੌਦ੍ਰ ਤੇ ਬੀਰ ਰਸੀ ਉਮਾਹ ਤੇ ਜੋਸ਼ ਵਰਣਨ ਵਿਚ ਕਹਾਣੀ ਦਾ ਸਿਲਸਿਲਾ ਹੀ ਲੋਪ ਹੋ ਜਾਂਦਾ ਹੈ†। ਫਿਰ ਇਸ ਕਹਾਣੀ ਦੇ ਅੰਤ ਪਰ ਸ੍ਰੀ ਗੁਰੂ ਜੀ ਦੀ ਪ੍ਰਸਿੱਧ ਚੌਪਈ ਆਉਂਦੀ ਹੈ। ਇਹ ਚੌਪਈ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਕਿ ਸ੍ਵੈਯਾ 'ਪਾਇ ਗਹੇ ਜਬਤੇ ਤੁਮਰੇ' ਰਾਮਾਵਤਾਰ ਦੇ ਅੰਤ ਪਰ ਯਾ 'ਮੈ ਨ ਗਨੇਸਹਿ' ਕ੍ਰਿਸ਼ਨਾਵਤਾਰ ਵਿਚ ਆਉਂਦੇ ਹਨ। ਇਸ ਚੌਪਈ ਵਿਚ ਵਾਕ ਆਉਂਦੇ ਹਨ: †ਅਸਲ ਵਿਚ ਇਹ ਚਰਿੱਤ੍ਰ ਪ੍ਰਬੋਦ ਚੰਦ੍ਰ ਨਾਟਕ ਵਾਂਙੂ ਹੈ। ਇਸਦਾ ਸਾਹਿੱਤਜ ਸਾਰਾ ਬੀਰ ਰਸੀ ਹੈ ਤੇ ਅੰਤ੍ਰੀਵ ਭਾਵ ਹੋਰ ਹੈ। ਆਸੁਰੀ ਦੈਵੀ ਸੰਪਦਾ ਦੇ ਜੁੱਧ ਤੋਂ ਸ਼ੁੱਧ ਬੁੱਧੀ ਦੀ ਉਤਪਤੀ ਤੇ ਉਸਦਾ ਬ੍ਰਹਮ ਵਿਦਿਆ ਨੂੰ ਦੇਵੀ ਰੂਪ ਵਿਚ ਆਰਾਧਨ ਤੇ ਹਰ ਸ੍ਵਾਸ ਵਿਚ ਪੈ ਰਹੀ ਮਾਨਸਿਕ ਮੈਲ ਨਾਲ ਜੁੱਧ ਤੇ ਅੰਤ ਰੱਬ ਜੀ ਦੇ ਆਪਣੇ ਬਲ ਨਾਲ ਇਸ ਮਾਇਆ ਦਾ ਅੰਤ ਹੋਕੇ ਆਤਮਾ ਦੀ ਅਗਿਆਨ ਪਰ ਜੈ ਤੇ ਪ੍ਰਮਾਤਮਾ ਵਿਚ ਸ਼ੁੱਧ ਬੁੱਧੀ ਦੀ ਅਜਾਣੇ ਲਯਤਾ ਆਦਿਕ ਵਿਸ਼ੇ ਦਰਸਾਏ ਹਨ।

'ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ ॥ ਜੋ ਬਰ ਚਹੌ ਸੁ ਤੁਮਤੇ ਪਾਊਂ' ॥

ਇਸ ਚੌਪਈ ਵਿਚ ਬ੍ਰਹਮਾ, ਸ਼ਿਵ, ਵਿਸ਼ਨੂ ਆਦਿਕਾਂ ਨੂੰ ਕਾਲ ਦੇ ਕੀਤੇ ਹੋਏ (ਕ੍ਰਿਤ) ਦੱਸਿਆ ਹੈ ਤੇ ਇਨ੍ਹਾਂ ਦੇ ਕਰਨਹਾਰ ਨੂੰ ਆਪਣਾ ਪੂਜਯ ਦੱਸਿਆ ਹੈ। ਯਥਾ:-

ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥....... '
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥

ਇਸ ਵਿਚ ਉਸੇ ਸਿਰਜਣਹਾਰ ਕਰਤਾਰ ਨੂੰ ਨਿਰਲੇਪ ਨਿਰੰਕਾਰ ਕਹਿਕੇ ਨਿਰਗੁਣ ਸਰੂਪ ਵਾਲਾ ਦੱਸਦੇ ਹਨ। ਯਥਾ:-

ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥
ਨਿਰੰਕਾਰ ਨਿਰਬਿਕਾਰ ਨ੍ਰਿਲੰਭ ॥ ਆਦਿ ਅਨੀਲ ਅਨਾਦਿ ਅਸੰਭ ॥

ਇਸੇ 'ਦੁਹੂੰ ਪਾਖਕਾ ਆਪਹਿ ਧਨੀ' ਦੇ ਅੱਗੇ ਫੇਰ ਬੀਰ ਰਸੀ ਸਹਾਯਤਾ ਲਈ ਅਰਦਾਸ ਕਰਦੇ ਹਨ†:- †ਭਾਈ ਅਵਤਾਰ ਸਿੰਘ ਜੀ ਵਹੀਰੀਏ ਨੇ ਦੇਵੀ ਦੇ ਖਯਾਲ ਨੂੰ ਉੱਚਾ ਕਰਨ ਦੇ ਜਤਨ ਵਿਚ ਉਸ ਨੂੰ ਵਾਹਿਗੁਰੂ ਜੀ ਨਾਲ ਇਕ ਰੂਪ ਦਸਦਿਆਂ ਦੇਵੀ ਨੂੰ ਗੁਰੂ ਜੀ ਦਾ ਜੁੱਧ ਦੇਵਤਾ War God ਕਲਪਿਆ ਹੈ। ਪਰ ਇਸ ਚੌਪਈ ਵਿਚ ਗੁਰੂ ਜੀ ਨੇ ਨਿਰੰਕਾਰ ਨੂੰ ਹੀ 'ਨਿਰਬਿਕਾਰ, ਨਿਰਲੰਭ, ਆਦਿ, ਅਨੀਲ, ਅਨਾਦ, ਅਸੰਭ, ਬ੍ਰਹਮਾ ਵਿਸ਼ਨੂੰ ਦਾ ਸਿਰਜਨਹਾਰ' ਦੱਸਦੇ ਹੋਏ ਆਪਣਾ ਜੁੱਧ ਦੇਵ ਮੰਨ ਕੇ ਉਸੇ ਅੱਗੇ ਬੀਰਰਸੀ ਅਰਦਾਸ ਕੀਤੀ ਹੈ।

ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖਯ ਉਬਾਰ ਅਸਿੱਖਯ ਸੰਘਰੋ ॥

ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣਘਾਤਾ ॥

ਫਿਰ ਅਪਣੇ ਅਸੂਲ ਮੂਜਬ ਕਿ ਵਾਹਿਗੁਰੂ ਨੂੰ ਹਰ ਲਿੰਗ ਵਿਚ ਵਰਣਨ ਕਰਨਾ ਅਲਿੰਗ ਵਰਣਨ ਕਰਨ ਤੁੱਲ ਹੈ, ਆਪ ਨੇ ਕਿਹਾ ਹੈ:-

ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥
ਕਿਲਬਿਖ ਸਕਲ ਦੇਹ ਕੋ ਹਰਤਾ† ॥ ਦੁਸ਼ਟ ਦੋਖਿਯਨ ਕੋ ਛੈ ਕਰਤਾ++ ॥

†ਕਰਤਾ' 'ਹਰਤਾ' ਪਦ ਹਿੰਦੀ ਸ਼ਬਦ ਸਾਗਰ ਕੋਸ਼ ਵਿਚ ਪੁਲਿੰਗ ਲਿਖੇ ਹਨ। ਬਾਬਾ ਠਾਕਰ ਸਿੰਘ ਜੀ ਭਲੇ ਨੇ ਅਪਣੇ ਦਸਮ ਗ੍ਰੰਥ ਦੇ ਪ੍ਰਯਾਵਾਂ ਵਿਚ ਇਥੇ ਜਗਮਾਤਾ ਦਾ ਅਰਥ ਕੀਤਾ ਹੈ:-ਜਗਤ ਕੇ ਮਾਤਾ ਪਿਤਾ ਰੂਪ'। ਐਉਂ ਬੀ ਕਹਿੰਦੇ ਹਨ:-''ਜਗਤ ਨੂੰ ਜਨਮ ਦੇਣ ਵਾਲਾ ॥ ''

ਇਥੇ ਉਸਨੂੰ ਜਗਮਾਤਾ ਕਹਿਕੇ ਪੁਲਿੰਗ ਵਾਚੀ ਪਦਾਂ 'ਕੋ ਹਰਤਾ' ਤੇ 'ਕੋ ਕਰਤਾ' ਨਾਲ ਯਾਦ ਕੀਤਾ ਹੈ ਤੇ ਅੱਗੇ ਇਸੇ ਜਗਮਾਤਾ ਨੂੰ ਪੁਲਿੰਗ ਵਾਚਕ ਪਦਾਂ ਨਾਲ ਯਾਦ ਕਰੀ ਟੁਰੀ ਜਾਂਦੇ ਹਨ:-

ਸ੍ਰੀ ਅਸਿਧੁਜ ਜਬ ਭਏ ਦਿਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥

ਇਹ ਬੇਨਤੀ ਵਾਲੀ ਚੌਪਈ ਅਸਿਕੇਤੁ ਸੰਗ੍ਰਾਮ ਚਰਿੱਤ੍ਰ ਦੇ ਅਖੀਰ ਪਰ ਅਰ ਚਰਿੱਤ੍ਰਾਂ ਦੇ ਗ੍ਰੰਥ ਦੇ ਅਖੀਰ ਪਰ ਰੱਖਕੇ ਜਣਾ ਦਿੱਤਾ ਹੈ ਕਿ ਗ੍ਰੰਥ ਵਿਚ ਆਏ ਕਿੱਸੇ ਕਹਾਣੀਆਂ ਤੋਂ ਮੇਰੇ ਇਸ਼ਟ, ਮੇਰੇ ਗੁਰੂ, ਮੇਰੇ ਜੁੱਧ ਦੇਵ War God ਦਾ ਭੁਲੇਖਾ ਨਾ ਖਾ ਜਾਣਾ। ਏਹ ਕਿੱਸੇ ਕਹਾਣੀਆਂ ਬੁੱਧੀ ਦੀ ਤੀਖਣਤਾ† ਤੇ ਬੀਰਰਸੀ ਉਮਾਹ ਲਈ ਹਨ। ਇਹ ਚੌਪਈ ਲਿਖ ਦੇਣ ਨਾਲ ਚਰਿੱਤ੍ਰਾਂ ਵਿਚ ਕਿ ਸਾਰੇ ਸੰਚਯ ਵਿਚ ਕਿਤੇ ਬੀ ਆਏ ਦੇਵੀ ਦੇ ਜ਼ਿਕਰ ਨੂੰ ਗੁਰੂ ਜੀ ਦਾ ਇਸ਼ਟ ਲਖਾਯਕ ਸਮਝਣ ਦੀ ਮਨਾਹੀ ਆ ਗਈ। ਅਚਰਜ ਨਹੀਂ ਕਿ ਸਾਰੇ ਸੰਜਯ ਨੂੰ ਤਰਤੀਬ ਦੇਣ ਵਾਲਿਆਂ ਦਾ ਇਸ ਚਰਿੱਤ੍ਰ ਪਖ੍ਯਾਨ ਨੂੰ ਸਾਰੇ ਦੇ ਅਖੀਰ ਪਰ (ਕੇਵਲ ਜ਼ਫਰਨਾਮੇ ਤੋਂ ਪਹਿਲਾਂ) ਰੱਖਣ ਵਿਚ ਇਹੋ ਭਾਵ ਹੋਵੇ ਕਿ ਇਸ ਚੌਪਈ ਦੇ ਪਾਠ ਤੋਂ ਸਪਸ਼ਟ ਹੋ ਜਾਵੇ ਕਿ ਗੁਰੂ ਜੀ ਦਾ ਅਰਾਧਿਆ ਗਿਆ, ਪੂਜਿਆ ਗਿਆ ਤੇ ਜੰਗ ਲਈ ਆਵਾਹਨ ਕੀਤਾ ਗਿਆ ਦੇਵ ਇੱਕੋ ਅਕਾਲ ਪੁਰਖ ਹੈ, ਤਾਂਕਿ ਪਾਠਕਾਂ ਨੂੰ ਕਦੇ ਭੁਲੇਵਾ ਨਾਂ ਪਵੇ।

†ਯਾਦ ਰਹੇ ਕਿ ਚਰਿੱਤ੍ਰਾਂ ਵਿਚ ਇਨ੍ਹਾਂ ਦੀ ਉਥਾਨਕਾ ਦਿੱਤੀ ਹੈ ਕਿ ਇਕ ਰਾਜਾ ਅਪਨੀ ਛਲਨੀ ਇਸਤ੍ਰੀ ਦੇ ਕਹੇ ਲੱਗਕੇ ਆਪਣੇ ਪੁੱਤ੍ਰ ਨੂੰ ਫਾਂਸੀ ਦੇਣ ਲਗਾ ਸੀ ਤਾਂ ਮੰਤ੍ਰੀ ਨੇ ਉਸ ਭੁਲ ਤੋਂ ਬਚਾਉਣ ਲਈ ਉਸ ਨੂੰ ਤ੍ਰਿਯਾ ਚਰਿੱਤ੍ਰ ਸੁਨਾਏ। ਇਸ ਉਥਾਨਕਾ ਤੋਂ ਵਿਰੁਧ ਹੋਰ ਕੋਈ ਚਰਿੱਤ੍ਰਾਂ ਦੇ ਭਾਵ ਕੱਢਣੇ ਠੀਕ ਨਹੀਂ। ਦੂਜੀ ਗਲ ਇਹ ਕਿ ਚਰਿੱਤ੍ਰਾਂ ਨੂੰ 'ਪੱਖ੍ਯਾਨ' ਕਿਹਾ ਹੈ। 'ਪਖ੍ਯਾਨ' ਪਦ ਦਾ ਸੰਸਕ੍ਰਿਤ ਰੂਪ ਉਪਾਖ੍ਯਾਨ ਹੈ, ਇਸ ਦਾ ਅਰਥ ਹੈ ਕਿੱਸਾ, ਕਹਾਣੀ, ਉਹ ਕਹਾਣੀ ਜੋ ਕਿਸੇ ਤੋਂ ਸੁਣੀ ਹੋਈ ਹੋਵੇ, (ਦੇਖੋ ਮੋ: ਮੋ: ਵਿਲੀਅਮ ਕੋਸ਼), ਸੋ ਚਰਿੱਤ੍ਰ ਕਈ ਸੋਮਿਆਂ ਤੋਂ ਆਈਆਂ ਕਹਾਣੀਆਂ ਹਨ।

ਸੋ ਇਸ ਤੇ ਹੋਰ ਰਚਨਾਂ ਵਿੱਚੋਂ ਬੀ ਸਾਨੂੰ ਇਤਿਹਾਸਕ ਘਟਨਾ ਦਾ ਕੋਈ ਲੇਖ ਨਾਂ ਮਿਲਿਆ, ਸਗੋਂ ਇਹ ਥਹੁ ਲੱਗਾ ਕਿ 'ਗੁਰੂ ਜੀ ਦਾ ਇਸ਼ਟ ਅਕਾਲ ਪੁਰਖ ਹੈ', ਤੇ ਇਹ ਬੀ ਸੂੰਹ ਪੈ ਗਈ ਕਿ ੧੭੫੩ ਵਿਚ, ਜਦੋਂ ਕਿ ਕਵੀ ਸੁੱਖਾ ਸਿੰਘ ਜੀ ਮੰਨਦੇ ਹਨ ਕਿ ਦੇਵੀ ਪੂਜੀ ਜਾ ਰਹੀ ਸੀ†, ਉਸੇ ੧੭੫੩ ਵਿਚ ਮੁੱਕੇ ਚਰਿੱਤ੍ਰ ਪਖ੍ਯਾਨ ਨਾਮੇ ਗ੍ਰੰਥ ਵਿਚ ਦੇਵਤਾ ਪ੍ਰਗਟ ਕਰਨ ਦੇ ਦਾਵੇਦਾਰਾਂ ਦੀਆਂ ਚਲਾਕੀਆਂ ਦਾ ਪਾਜ ਬੀ ਖੁਹਲਿਆ ਗਿਆ ਹੈ ਤੇ ਉਸ ਵਿਚ ਦੱਸੇ ਹਥਕੰਡੇ ਕੇਸ਼ੋਦਾਸ ਦੇ ਬਹਾਨਿਆਂ ਨਾਲ ਅਚਰਜ ਟਾਕਰਾ ਖਾਂਦੇ ਹਨ। ਯਥਾ:-ਢਾਈ ਸਾਲ ਬਾਦ ਆਖਿਆ ਕਿ ਏਕਾਂਤ ਨਹੀਂ ਹੁਣ ਟਿੱਲੇ ਤੇ ਚੱਲੋ, ਹਾਲਾਂਕਿ ਪਹਿਲੇ ਥਾਂ ਆਪ ਲੱਭਾ ਸੀ। ਫਿਰ ਕਿਹਾ ਕਿ ਤੁਸੀਂ ਸ਼ਿਕਾਰ ਖੇਡਦੇ ਹੋ ਇਹ ਛੱਡੋ ਤਾਂ ਪ੍ਰਗਟੇਗੀ; ਹਾਲਾਂਕਿ ਦੇਵੀ ਸੰਢਿਆਂ ਤੇ ਬੱਕਰਿਆਂ ਦੀਆਂ

ਬਲੀਆਂ ਆਪ ਲੈਂਦੀ ਹੈ। ਫਿਰ ਕਿਹਾ ਪੁੱਤ੍ਰ ਬਲੀ ਦੇਵੋ। ਜਦ ਸਭਨੀ ਗੱਲੀਂ ਰੁਕ ਗਏ ਤਾਂ ਬਹਾਨਾ ਬਣਾਕੇ ਪੰਡਤ ਹੇਠਾਂ ਉਤਰ ਆਏ।

†੧੭੫੬ ਦੀ ਵਿਸਾਖੀ ਨੂੰ ਖਾਲਸਾ ਪ੍ਰਗਟਾਇਆ। ਸਾਰੇ ਲੇਖਕ ਸਹਿਮਤ ਹਨ ਕਿ ਦੇਵੀ ਇਸ ਤੋਂ ਪਹਿਲੇ ਆਵਾਹਨ ਹੋਈ। ਭਾਈ ਸੰਤੋਖ ਸਿੰਘ ਜੀ ਚੇਤ ਵਿਚ ਦੇਵੀ ਪ੍ਰਗਟੀ ਤੇ ਵਿਸਾਖ ਵਿਚ ਅੰਮ੍ਰਿਤ ਜਾਰੀ ਕੀਤਾ ਦਸਦੇ ਹਨ। ਇਸ ਹਿਸਾਬ ੧੭੫੫ ਦੇ ਵਿਸਾਖ ਵਿਚ ਹਵਨ ਜਾਰੀ ਹੋਇਆ। ਤਵਾ: ਖਾ: ਨੇ ਚੇਤ ੧੭੫੪ ਦਿੱਤਾ ਹੈ (ਸੰ: '੫੪ ਚੇਤ ਵਿਚ ਮੁਕਾ ਤੇ ੫੫ ਚੇਤ ਵਿਚ ਹੀ ਚੜ ਪਿਆ)। ਸੂ: ਪ੍ਰ: ਤੇ ਤਵਾ: ਖਾ: ਆਦਿਕਾਂ ਨੇ ਲਗ ਪਗ ਇਕ ਸਾਲ ਦੇ ਅੰਦਰ ਦਾ ਅਰਸਾ ਹਵਨ ਦਾ ਦਿੱਤਾ ਹੈ, ਪਰ ਭਾਈ ਸੁਖਾ ਸਿੰਘ ਜੀ ਨੇ ਹਵਨ ਕਰਦਿਆਂ ਢਾਈ ਸਾਲ ਕੁਛ ਨਾ ਬਣਿਆ ਤਾਂ ਪਹਾੜੀ ਤੇ ਜਾਕੇ ਹਵਨ ਕਰਨਾ ਦੱਸਿਆ ਹੈ, ਗੋਯਾ ਸਾਰਾ ਅਰਸਾ ਸਾਢੇ ਤ੍ਰੈ ਕੁ ਸਾਲ ਹੋ ਗਿਆ। ਗੁਰੁ ਬਿਲਾਸ (ਭਾ: ਸੁਖਾ ਸਿੰਘ) ਵਿਚ ਲਿਖਿਆ ਹੈ ਕਿ ਢਾਈ ਸਾਲ ਹਵਨ ਹੋ ਚੁਕਣੇ ਪਰ ਬ੍ਰਾਹਮਨ ਨੇ ਕਿਹਾ:-'ਚਹੀਐ ਸੁਨ ਨਾਥ: ਸਾਲੰ ਸੁ ਚਾਰੌ। ਤਬੈ ਕਾਜ ਪੂਰਾ ਹੁਵੇਗਾ ਤਿਹਾਰੋ'। ਇਸ ਹਿਸਾਬ ਹਵਨ ਪਰ ੪ ਸਾਲ ਲੱਗੇ, ਤਾਂਤੇ ੧੭੫੨ ਦੇ ਸ਼ੁਰੂ ਵਿਚ ਹਵਨ ਅਰੰਭ ਹੋਇਆ ਤੇ ੧੭੫੩ ਵਿਚ ਹੋ ਰਿਹਾ ਸੀ ਅਤੇ ੧੭੫੩ ਵਿਚ ਹੀ 'ਚਰਿੱਤ੍ਰਾਂ' ਦਾ ਸੰਚਯ ਭਾਦੋਂ ਮਹੀਨੇ ਮੁੱਕਾ ਹੈ।

ਇਸੇ ਤਰ੍ਹਾਂ ਰਾਮਾਵਤਾਰ ੧੭੫੫ ਹਾੜ ਵਿਚ ਮੁੱਕਾ ਹੈ। ਜੇ ਹਵਨ ਨੇ ਤ੍ਰੈ ਚਾਰ ਸਾਲ ਲਏ ਤਦ ਬੀ, ਜੇ ਇਕ ਸਾਲ ਲਿਆ ਤਦ ਬੀ ੧੭੫੫ ਦੇ ਹਾੜ ਵਿਚ ਹਵਨ ਹੋ ਰਿਹਾ ਸੀ। ਸੋ ਲਿਖਤਾਂ ਲਿਖੀਆਂ ਜਾ ਰਹੀਆਂ ਦੇ ਸਮੇਂ ਬੀ ਸਾਨੂੰ ਉਨ੍ਹਾਂ ਦਿਨਾਂ ਵਿਚ ਹੋ ਰਹੇ ਹਵਨ ਦਾ ਯਾਂ ਦੇਵੀ ਪ੍ਰਗਟ ਦਾ ਕੋਈ ਸਬੂਤ ਕਿਸੇ ਲਿਖਤ ਵਿਚੋਂ ਨਹੀਂ ਮਿਲਦਾ ਸਗੋਂ ਰਾਮਾਵਤਾਰ ਦੇ ਅਖੀਰ ਪਰ ਇਹ ਸ੍ਵੈਯਾ ਮਿਲਦਾ ਹੈ:-

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨਾ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ ॥੮੬੩॥

ਇਸ ਸ੍ਵੈਯੇ ਤੋਂ ਪਤਾ ਲਗਾ ਕਿ ੧੭੫੫ ਵਿੱਚ, ਜਦੋਂ ਕਿ ਸਾਰੇ ਸਹਿਮਤ ਹਨ ਕਿ ਹਵਨ ਹੋ ਰਿਹਾ ਸੀ, ਉਦੋਂ ਉਸੇ ੧੭੫੫ ਦੇ ਹਾੜ ਮਹੀਨੇ ਗੁਰੂ ਜੀ ਇਹ ਸ੍ਵੈਯਾ ਰਚ ਰਹੇ ਹਨ ਜਿਸ ਵਿਚ ਕਿ ਰਾਮ, ਰਹੀਮ, ਪੁਰਾਨ, ਕੁਰਾਨ, ਸਿੰਮ੍ਰਿਤ, ਸ਼ਾਸਤ੍ਰ, ਬੇਦ, ਪੁਰਾਣ ਆਦਿ ਸਾਰਿਆਂ ਦਾ ਮੰਨਣਾ ਮਨ੍ਹੇ ਕਰ ਰਹੇ ਹਨ, ਜਿਸਤੋਂ ਬੀ ਇਹੀ ਸਿੱਧ ਹੁੰਦਾ ਹੈ ਕਿ ਪੁਰਾਣੋਕਤਿ ਕਿਸੇ ਦੇਵੀ ਦੇਵਤੇ ਦੇ ਆਵਾਹਨ ਕਰਨ ਵਿਚ ਪ੍ਰਵਿਰਤ ਹੋਣਾ ਸੰਭਵ ਨਹੀਂ ਕਿ ਇਸ ਪਾਸੇ ਤਾਂ ਆਪ ਪੂਜਾ ਕਰ ਰਹੇ ਹੋਣ ਤੇ ਦੂਜੇ ਪਾਸੇ ਦੇਵੀ ਪੂਜਾ ਪ੍ਰਤਿਪਾਦਨ ਗ੍ਰੰਥਾਂ ਦਾ ਤਿਆਗ ਕੀਤਾ ਜਾ ਰਿਹਾ ਹੋਵੇ।

## ਭਾਈ ਨੰਦ ਲਾਲ:

ਹੋਰ ਤਲਾਸ਼ ਅਸੀਂ ਭਾਈ ਨੰਦ ਲਾਲ ਜੀ ਦੀ ਰਚਨਾ ਵਿਚ ਕਰ ਸਕਦੇ ਹਾਂ ਜੋ ਗੁਰੂ ਜੀ ਦੇ ਸਮੇਂ ਹੋਏ ਹਨ। ਆਪ ਖਾਲਸਾ ਰਚਨ ਤੋਂ ਪਹਿਲੇ ਤੇ ਉਸ ਵੇਲੇ ਅਨੰਦਪੁਰ ਸਾਹਿਬ ਸਨ†। ਸਗੋਂ ਦੇਵੀ ਦੇ ਪ੍ਰਗਟਣ ਤੋਂ ਬਾਦ ਰੁੱਸੇ ਬ੍ਰਾਹਮਣਾਂ ਨੂੰ ਮਨਾਉਣ ਵੇਲੇ ਨੰਦ ਲਾਲ ਜੀ ਗਏ ਦਾ ਪਤਾ ਬੀ ਚਲਦਾ ਹੈ‡। ਸੋ ਐਨ ਮੌਕੇ ਤੇ ਆਪ ਓਥੇ ਮੌਜੂਦ ਸਨ। ਫਿਰ ਗੁਰੂ ਸਾਹਿਬ ਜੀ ਨੂੰ ਬਹਾਦਰ ਸ਼ਾਹ ਦਾ ਸੰਦੇਸ ਲੈਕੇ ਮਿਲੇ ਹਨ। ਆਗਰੇ ਤੋਂ ਸਾਹਿਬ ਦੱਖਣ ਵਲ ਗਏ ਹਨ ਤੇ ਨੰਦ ਲਾਲ ਜੀ ਆਪ ਤੋਂ ਵਿਛੜਕੇ ਦੇਸ਼ ਨੂੰ ਮੁੜੇ ਤੇ ਕੁਛ ਸਮੇਂ ਮਗਰੋਂ ਪ੍ਰਲੋਕ ਗਏ ਹਨ। ਇਨ੍ਹਾਂ ਦੀ ਰਚਨਾ ਵਿਚ ਬੀ ਸਾਨੂੰ ਇਸ ਘਟਨਾ ਦਾ ਕੋਈ ਲੇਖ ਨਹੀਂ ਮਿਲਦਾ। ਹਾਂ ਗੁਰੂ ਜੀ ਨੂੰ ਸਾਰੇ ਦੇਵੀ ਦੇਵਤਿਆਂ ਤੋਂ ਉੱਚਾ ਲਿਖਿਆ ਤਾਂ ਮਿਲਦਾ ਹੈ ਪਰ ਇਸ ਵਾਕਿਆ ਦਾ ਕੋਈ ਹਾਲ ਨਹੀਂ

ਖੁਲ੍ਹਦਾ। ਭਾਈ ਸਾਹਿਬ ਜੀ 'ਤੌਂਸੀਫੋਸੁਨਾ' ਦੀ 'ਸਲਤਨਤ ਦਹਮ' ਵਿੱਚ ਇਸ ਪ੍ਰਕਾਰ ਲਿਖਦੇ ਹਨ:- †ਦੇਖੋ ਗੁ: ਬਿਗ਼ ਬਾਬਾ ਸੁਮੇਰ ਸਿੰਘ। ‡ਤਾਰੀਖ ਬੂਟੇ ਸ਼ਾਹ।

ਸਦਾ ਹਜ਼ਾਰਾਂ ਈਸ਼ਰੋ ਬ੍ਰਹਮਾਓ ਅਰਸ਼ੋ
ਕੁਰਸੀ ਖ੍ਵਾਹਿੰਦਾਏ ਪਨਾਹਸ਼....

ਲੱਖਾਂ ਈਸ਼ਰ (ਸ਼ਿਵ) ਤੇ ਬ੍ਰਹਮਾਂ, ਅਰਸ਼ਾਂ ਕੁਰਸਾਂ ਦੇ ਵਾਸੀ ਉਸ ਦੀ ਪਨਾਹ ਚਾਹੁਣ ਵਾਲੇ ਹਨ।

ਵ ਸਦ ਹਜ਼ਾਰਾਂ ਰਾਮੋ ਰਾਜਾ ਕਾਹਨੋ
ਕਿਸ਼ਨ ਖ਼ਾਕਬੋਸਿ ਅਕ਼ਦਾਮਸ਼.....

ਤੇ ਲੱਖਾਂ ਸ੍ਰੀ ਰਾਮਚੰਦ੍ਰ ਜੀ ਰਾਜੇ ਤੇ ਕਾਨ੍ਹ ਕ੍ਰਿਸ਼ਨ ਜੀ ਉਸ ਦੇ ਚਰਨਾਂ ਦੀ ਧੂੜੀ ਚੁੰਮਣ ਵਾਲੇ।

ਵ ਸਦ ਹਜ਼ਾਰਾਂ ਇੰਦਰੋ ਮਾਰੇ ਹਜ਼ਾਰ ਜ਼ੁਬਾਂ ਤੌਂਸੀਫ ਗੋਇਸ਼।
ਵ ਸਦ ਹਜ਼ਾਰਾਂ ਈਸ਼੍ਵਰੋ ਬ੍ਰਹਮਾਂ ਅਕ਼ੀਦਤ ਪਯਵਹਸ਼।
ਵ ਸਦ ਹਜ਼ਾਰਾਂ ਉੱਮਿ ਕੁਦਸੀ ਦਰਖਿਦਮਤਸ਼..

ਲਖਾਂ ਇੰਦਰ ਤੇ ਸ਼ੇਸ਼ਨਾਗ ਹਜ਼ਾਰਾਂ ਜ਼ਬਾਨਾਂ ਨਾਲ ਉਸ ਦੀ ਸਿਫਤ ਕਰਨ ਵਾਲੇ, ਲਖਾਂ ਈਸ਼ਰ (ਸ਼ਿਵ) ਤੇ ਬ੍ਰਹਮਾ ਉਸ ਦਾ ਨਿਸ਼ਚਾ ਢੂੰਡਣ ਵਾਲੇ ਤੇ ਲੱਖਾਂ ਦੇਵੀਆਂ ਉਸ ਦੀ ਟਹਿਲ ਵਿਚ ਹਨ।

ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ।
ਬਰ ਤਰੀਂ ਮਿਅ਼ਰਾਜ ਗੁਰ ਗੋਬਿੰਦ ਸਿੰਘ।
ਉ ਮਿ ਕੁਦਸ ਬਕਾਰ ਗੁਰ ਗੋਬਿੰਦ ਸਿੰਘ।
ਗ਼ਾਸ਼ੀਆ ਬਰਦਾਰ ਗੁਰ ਗੋਬਿੰਦ ਸਿੰਘ।

ਸਰਦਾਰਾਂ ਦੇ ਤਾਜ ਗੁਰੂ ਗੋਬਿੰਦ ਸਿੰਘ ਜੀ ਹਨ। ਉੱਚੇ ਤੋਂ ਉੱਚੇ ਆਦਰਸ਼ ਵਾਲੇ ਹਨ ਅਤੇ ਦੇਵੀਆਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵਿਚ ਹਨ ਤੇ ਓਹ ਕਾਠੀ ਦਾ ਝਾੜਨ ਚੁੱਕਣ ਵਾਲੀਆਂ (ਟਹਿਲ ਵਾਲੀਆਂ) ਹਨ।

ਜੁਮਲਾਦਰ ਫੁਰਮਾਨ ਗੁਰ ਗੋਬਿੰਦ ਸਿੰਘ।
ਬਰਤਰਾਮਦ ਸ਼ਾਨਿ ਗੁਰ ਗੋਬਿੰਦ ਸਿੰਘ।

ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਵਿਚ ਹਨ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਸਭ ਤੋਂ ਉਚੇਰੀ ਹੈ।

ਬਰ ਦੋ ਆਲਮ ਦਸਤ ਗੁਰ ਗੋਬਿੰਦ ਸਿੰਘ।
ਜੁਮਲਾ ਉਲਵੀ ਪਸਤ ਗੁਰ ਗੋਬਿੰਦ ਸਿੰਘ।
[ਤੋਸੀਫੋ ਸਨਾ

ਉਪਰ ਦੋ ਜਹਾਨਾਂ ਦੇ ਹੱਥ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਸਾਰੇ ਉੱਚੇ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਨੀਵੇਂ ਹਨ।

ਹਜ਼ਾਰਾਂ ਚੁ ਧ੍ਰੂ ਹਜ਼ਾਰਾ ਚੁ ਵਿਸ਼ਨ।
ਬਸੇ ਰਾਮ ਰਾਜਾ ਬਸੇ ਕਾਨ੍ਹ ਕ੍ਰਿਸ਼ਨ।
ਹਜ਼ਾਰਾਂ ਚੁ ਦੇਵੀ ਚੁ ਗੋਰਖ ਹਜ਼ਾਰ।
ਕਿ ਪੇਸ਼ੇ ਕਦਮਹਾਏ ਓ ਜਾਂ ਸਿਪਾਰ।
[ਜੋਤ ਬਿਕਾਸ।

ਹਜ਼ਾਰਾਂ ਧ੍ਰੂ, ਹਜ਼ਾਰਾਂ ਵਿਸ਼ਨ, ਬਹੁਤੇ ਰਾਮ ਰਾਜੇ, ਬਹੁਤੇ ਕਾਨ੍ਹ ਕ੍ਰਿਸ਼ਨ, ਹਜ਼ਾਰਾਂ ਦੇਵੀਆਂ, ਹਜ਼ਾਰਾਂ ਗੋਰਖ ਉਨ੍ਹਾਂ ਦੇ ਕਦਮਾਂ ਅੱਗੇ ਜਾਨਾਂ ਵਾਰਦੇ ਹਨ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਦੇ ਇਹ ਵਾਕ ਦਸਮ ਪਾਤਸ਼ਾਹ ਦੀ ਹਜ਼ੂਰੀ ਵਿਚ ਦੇਵੀ ਦਾ ਉਹ ਦਰਜਾ ਦੱਸਦੇ ਹਨ ਜੋ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਝਾੜੂ ਦੇਣ ਦਾ ਤਵਾ: ਖਾ: ਨੇ ਦੱਸਿਆ ਹੈ ਤੇ ਭਾ: ਗੁਰਦਾਸ ਜੀ ਨੇ ਬੀ ਲਿਖਿਆ ਹੈ:-

ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭਿ ਧਿਆਵਹਿ† [ਕਬਿੱਤ ਸ੍ਵੈਯੇ-੬

†ਸੀਨੇ ਬਹੀਨੇ ਇਕ ਆਰਤਾ ਗੁਰ ਨਾਨਕ ਦੇਵ ਜੀ ਦਾ ਚਲਾ ਆਇਆ ਹੈ, ਜਿਸ ਨੂੰ ਬਾਬੇ ਸ੍ਰੀ ਚੰਦ ਜੀ ਦਾ ਦੱਸਿਆ ਜਾਂਦਾ ਹੈ, ਉਸ ਵਿਚ ਛਾਪ ਬੀ ਸ੍ਰੀ ਚੰਦ ਜੀ ਦੀ ਹੈ। ਖੋਜ ਕਰਨ ਤੇ ੧੫੦ ਬਰਸ ਪਿਛੇ ਤਕ ਦੀ ਸੀਨਾ ਬਸੀਨਾ ਗੁਵਾਹੀ ਇਸ ਦੇ ਤਦੋਂ ਤੇ ਉਸ ਤੋਂ ਪਹਿਲੋਂ ਬੀ ਪੜ੍ਹੇ ਜਾਣ ਦੀ ਲੱਭਦੀ ਹੈ। ਇਸ ਵਿੱਚ ਬੀ ਦੇਵੀ ਨੂੰ ਗੁਰੂ ਜੀ ਅੱਗੇ ਜੋਤਾਂ ਜਗਾਉਣ ਵਾਲੀ, ਦੱਸਿਆ ਹੈ ਯਥਾ:-ਕੋਟਿ ਦੇਵੀ ਜਾਂ ਕੀ ਜੋਤਿ ਜਗਾਵੈਂ ॥ ਇਸ ਆਰਤੇ ਦਾ ਮੁੰਢ ਹੈ "ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ" ਤੇ ਹੁਣ ਤੱਕ ਅਨੇਕ ਧਰਮਸਾਲਾਂ ਅਖਾੜਿਆਂ ਤੇ ਗੁਰ ਮੰਦਰਾਂ ਵਿੱਚ ਇਹ ਰੋਜ਼ ਉਚਾਰਿਆ ਜਾਂਦਾ ਹੈ।

ਜੇ ਐਸਾ ਮਹਾਨ ਵਾਕਿਆ ਕੋਈ ਹੋਇਆ ਹੁੰਦਾ ਕਿ ਜਿਸ ਵਿੱਚ ਗੁਰੂ ਸਾਹਿਬ ਦੇਵੀ ਦੀ ਪੂਜਾ ਕਰਦੇ ਤਾਂ ਭਾਈ ਨੰਦ ਲਾਲ ਜੀ ਜੋ ਪੱਕੇ ਸਿੱਖ ਤੇ ਉਸ ਵੇਲੇ ਪਾਸ ਮੌਜੂਦ ਸਨ ਤੇ ਦ੍ਰਿਸ਼ਟਾ ਸਨ ਸਾਰੀ ਗਲ ਦੇ, ਉਹ ਐਸੇ ਵਾਕਿਆ ਦੀ ਹੋਂਦ ਦੇ ਸਾਹਮਣੇ ਦੇਵੀ ਨੂੰ ਗੁਰੂ ਸਾਹਿਬ ਦੇ ਕਦਮਾਂ ਦੀ ਪੂਜਕ ਕਿਵੇਂ ਆਖ ਸਕਦੇ? ਭਾਈ ਸਾਹਿਬ ਆਪਣੀ ਰਚਨਾ ਗੁਰੂ ਸਾਹਿਬ ਜੀ ਨੂੰ ਸੁਣਾਇਆ ਬੀ ਕਰਦੇ ਸਨ। ਗੁਰੂ ਸਾਹਿਬ ਜੀ ਕੀਕੂੰ ਦੇਵੀ ਦੀ ਸ਼ਾਨ ਵਿੱਚ ਇਹ ਗਲ ਸੁਣਦੇ ਤੇ ਭਾਈ ਜੀ ਦੀ ਰਚਨਾਂ ਵਿਚ ਲਿੱਖੀ ਰਹਿਣ ਦੇਂਦੇ?

## ਗੁਰ ਸ਼ੋਭਾ:

ਫਿਰ ਸਾਨੂੰ 'ਗੁਰ ਸ਼ੋਭਾ' ਨਾਮੇ ਗ੍ਰੰਥ ਮਿਲਦਾ ਹੈ ਜਿਸ ਦੇ ਸ਼ੁਰੂ ਵਿਚ ਸੰਨ ੧੭੫੮ ਦਿੱਤਾ ਹੈ ਜਿਸਤੋਂ ਜਾਪਦਾ ਹੈ ਕਿ ਇਹ ਪੁਸਤਕ ਆਰੰਭ ਕਰਨ ਦਾ ਸੰਮਤ ਹੈ। ਇਸ ਹਿਸਾਬ ਏਹ ਲੇਖਕ, ਕਵਿ ਸੈਨਾਪਤ, ਜੋ ਗੁਰੂ ਜੀ ਦਾ ਆਪਣਾ ਦਰਬਾਰੀ ਕਵੀ ਸੀ, ਆਨੰਦਪੁਰ ਮੌਜੂਦ ਸੀ। ਇਹ ਅੰਮ੍ਰਿਤ ਛਕਾਉਣ ਤੇ ਖਾਲਸਾ ਪ੍ਰਗਟਾਉਣ ਦਾ ਜ਼ਿਕਰ ਦੇਂਦਾ ਹੈ, ਪਰ ਇਹ ਲੇਖਕ ਹੋਮ ਤੇ ਦੈਵੀ ਪ੍ਰਯੋਗ ਕੁਛ ਨਹੀਂ ਦੇਂਦਾ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪ੍ਰਗਟ ਹੋਣ ਪਰ ਐਉਂ ਲਿਖਦਾ ਹੈ:-

ਜੈ ਜੈ ਜੈ ਦੇਵ ਕਰੈਂ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ।

ਅਰਥਾਤ ਸਾਰੇ ਦੇਵਤੇ ਗੁਰੂ ਜੀ ਦੇ ਸ਼ਰਨ ਆ ਪਏ ਤੇ ਜੈ ਜੈ ਕਰਨ ਲਗੇ। ਇਹ ਸੱਜਨ ਜੋ ਦਰਬਾਰ ਵਿੱਚ ਮੌਜੂਦ ਹੈ, ਅੰਮ੍ਰਿਤ ਤੇ ਖਾਲਸਾ ਰਚਨ ਦਾ ਹਾਲ ਦੱਸਦਾ ਹੈ, ਇਸ ਦਾ ਇਹ ਕੁਛ ਤਾਂ ਦੱਸਣਾ ਪਰ ਦੇਵੀ ਦਾ ਹਾਲ ਨਾ ਲਿਖਣਾ ਤੇ ਗੁਰੂ ਜੀ ਨੂੰ ਦੇਵਤਿਆਂ ਤੋਂ ਵਡਾ ਦੱਸਣਾ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਜਾਂਦਾ ਹੈ। ਕਦੇ ਹੋ ਸਕਦਾ ਹੈ ਕਿ ਇੱਡਾ ਵੱਡਾ ਵਾਕਿਆ ਜੇ ਹੋਇਆ ਹੁੰਦਾ ਤਾਂ ਇਸਨੂੰ ਇਹ ਲੇਖਕ ਭੁੱਲ ਜਾਂਦਾ, ਅੰਮ੍ਰਿਤ ਤੇ ਖਾਲਸੇ ਦਾ ਹਾਲ† ਤਾਂ ਲਿਖੇ ਤੇ ਹੋਮ ਅਰ ਦੇਵੀ ਦੇ ਵਡੇ ਵਾਕਿਆ ਨੂੰ ਨਜ਼ਰ ਅੰਦਾਜ਼ ਕਰੇ। ਸੋ ਸਭ ਤੋਂ ਪੁਰਾਣੇ ਇਤਿਹਾਸਕਾਰ ਦੀ ਜੋ ਨਿਕਟ ਵਰਤੀ ਸੀ ਚੁੱਪ ਇਕ ਭਾਰੀ ਸਬੂਤ ਹੈ ਦੇਵੀ ਪ੍ਰਗਟਣ ਦੇ ਵਿਰੁੱਧ ਫਿਰ ਨਿਰੀ ਚੁੱਪ ਹੀ ਨਹੀਂ ਸੈਨਾਪਤਿ ਜੀ ਆਪਣੀ ਪੁਸਤਕ ਵਿਚ ਚੰਡੀ ਨੂੰ ਉਨ੍ਹਾਂ ਦੀ ਗਿਣਤੀ ਵਿਚ ਗਿਣਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਜੀ ਅਪਣੇ ਨਾਲ ਅਨਿੰਨ ਨਾ ਰਹਿਣ ਕਰਕੇ ਮਨਸੁਖ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਹੇ ਗੁਰੂ ਗੋਬਿੰਦ ਸਿੰਘ। ਤੈਨੂੰ ਮੈਂ 'ਮੇਰਾ ਪੰਥ'

ਬਨਾਉਣੇ ਲਈ ਰਚਿਆ ਹੈ (ਦੇਖੋ ਸਫਾ ੬)। ਜੇ ਕਦੀ ਚੰਡੀ ਪੂਜੀ ਗਈ ਹੁੰਦੀ ਤਾਂ ਕਵੀ ਸੈਨਾਪਤਿ ਜੀ ਉਸਨੂੰ ਮਨਸੁਖ ਹੋਈਆਂ ਦੀ ਫਹਿਰਿਸਤ ਵਿਚ ਨਾ ਦਰਜ ਕਰਦੇ। ਇਸੇ ਤਰ੍ਹਾਂ ਸਫਾ ੧੧੧ ਪਰ ਦੇਵੀਆਂ ਆਦਿਕਾਂ ਤੋਂ ਬਡਾ 'ਕੇਵਲ ਪੂਜਾ ਜੋਗ' ਹਰ ਪ੍ਰਭੂ ਨੂੰ ਦੱਸਿਆ ਨੇ। ਫਿਰ ਖਾਲਸੇ ਨੂੰ 'ਵਾਹਿਗੁਰੂ ਨੂੰ ਮਨਾਕੇ' (ਸਫਾ ੪੪) ਜੁੱਧ ਕਰਦਾ ਦੱਸਿਆ ਹੈ, ਦੇਵੀ ਮਨਾਕੇ ਨਹੀਂ ਦੱਸਿਆ। ਮਾਨੋਂ ਵਾਹਿਗੁਰੂ ਨੂੰ ਹੀ ਸਿੱਖਾਂ ਦਾ ਜੁੱਧ ਦੇਵਤਾ ਕਿਹਾ ਹੈ। ਫਿਰ ਕਵਿ ਸੈਨਾਪਤਿ ਨੇ ਪਦ 'ਭਗਵਤੀ' ਤਲਵਾਰ ਅਰਥਾਂ ਵਿਚ ਵਰਤਿਆ ਹੈ (ਸਫਾ ੮੬)

†ਚਾਣਾਕਾ ਨੀਤੀ ਦੇ ਤਰਜਮੇ ਵਿਚ ਕਵਿ ਸੈਨਾਪਤ ਨੇ ਗੁਰੂ ਜੀ ਦੇ ਦਰਬਾਰ ਵਿਚ ਆਪਣੇ ਕਵੀ ਹੋਣ ਦਾ ਆਪ ਪਤਾ ਦਿੱਤਾ ਹੈ। ਗੁਰ ਸ਼ੋਭਾ ਦਾ ਸੰਮਤ ਆਪ ਨੇ ਦਿੱਤਾ ਹੈ 'ਸੰਮਤ ਸਤ੍ਰਹ ਸੈ ਭਏ ਬਰਖ ਅਠਾਵਨ ਬੀਤ' ਇਸ ਨੂੰ ਕਈ ਪਾਠਕ 'ਅਠਾਨਵ' (੧੭੯੮) ਬੀ ਪੜ੍ਹਦੇ ਹਨ, ਤਦ ਬੀ ਇਹ ਵਾਰਤਕ ਮਹਿਮਾ ਪ੍ਰਕਾਸ਼ ਤੋਂ ਮਗਰੋਂ ਦਾ ਨਾ ਹੋਇਆ। ਪਰ ਸਹੀ ਗਲ ਇਉਂ ਜਾਪਦੀ ਹੈ ਕਿ ਆਪ ਨੇ ੧੭੫੮ ਵਿਚ ਗ੍ਰੰਥ ਸ਼ੁਰੂ ਕੀਤਾ ਹੈ ਤੇ ਮੁਕਾਇਆ ੧੭੬੫ ਤੋਂ ਬਾਦ ਕਦੇ ਹੈ।

## ਅਖਬਾਰ ਨਵੀਸ ਔਰੰਗਜ਼ੇਬ

ਭਾਈ ਰਾਮ ਕਿਸ਼ਨ ਸਿੰਘ ਜੀ ਹਿਸਟੋਰੀਅਨ (ਧੂਰੀ) ਨੇ ਮੁੱਦਤ ਹੋਈ ਇਕ ਐਲਾਨ ਖੋਜਕੇ ਲੱਭਾ ਸੀ ਤੇ ਦੱਸਿਆ ਸੀ ਕਿ ਇਹ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ, ਜੋ ਅਨੰਦਪੁਰ ਸੀ, ਓਦੋਂ ਲਿਖਕੇ ਅੰਮ੍ਰਿਤ ਛਕਾਉਣ ਦੇ ਸਮਾਚਾਰ ਔਰੰਗਜ਼ੇਬ ਨੂੰ ਲਿਖਣ ਵੇਲੇ ਘੱਲਿਆ ਸੀ। ਇਸ ਦੀ ਇਬਾਰਤ ਅਸੀਂ ਹੇਠਾਂ ਦੇਂਦੇ ਹਾਂ†:-

†ਇਹੋ ਐਲਾਨ ਮਿ: ਮੈਕਾਲਫ ਨੇ ਅਪਣੀ ਪੁਸਤਕ 'ਸਿਖ ਰਿਲੀਜਨ' ਦੀ ਜਿ: ੫ ਸਫਾ ੯੩ ਪਰ ਦਿੱਤਾ ਹੈ, ਤੇ ਇਹੋ ਭਾ: ਦਿੱਤ ਸਿੰਘ ਜੀ ਨੇ ਛਾਪਿਆ ਹੈ, (ਦੇਖੋ ਦੁਰਗਾ ਪ੍ਰਬੋਧ ਸ: ੪੨੮)। ਫਿਰ ਐਵੇਂ ਜ਼ਰਾ ਜ਼ਰਾ ਫਰਕ ਤੇ ਇਹੋ ਇਬਾਰਤ 'ਉਮਦਹਤੁਲ ਤਵਾਰੀਖ' ਦੇ ਦਫਤਰ ਅੱਵਲ ਦੇ ਤਤਿੱਮੇ ਵਿੱਚ ਬੀ ਲਿਖੀ ਹੈ, ਭਾਵ ਸਾਰਾ ਇਹੋ ਹੈ।

ਹਮਹ ਹਾ ਦਰਯਕ ਮਜ਼ਹਬ ਦਰਇੰਦ ਕਿ ਦੂਈ ਅਜ਼ ਮਿਆਂ ਬਰਖੇਜ਼ਦ, ਵ ਹਰ ਚਹਾਰ ਬਰਨ ਕੌਮੇ ਹਨੂਦ ਅਜ਼ ਬ੍ਰਹਮਨ ਵ ਛੱਤ੍ਰੀ ਵ ਸ਼ੂਦ੍ਰ ਵ ਵੈਸ਼ ਕਿ ਹਰ ਯਕੇ ਰਾ ਦਰ ਧਰਮ ਸ਼ਾਸਤ੍ਰ ਦੀਨ ਇਲਹਦਾ ਮੁਕਰਰਸਤ, ਆਂ ਰਾ ਤਰਕ ਦਾਦਹ ਬਰ ਯਕ ਤਰੀਕੰ ਸਲੂਕ ਨੁਮਾਇੰਦ। ਵ ਹਮਹ ਬਰਾਬ੍ਰੰਦ, ਵ ਯਕੇ ਖੁਦ ਰਾ ਬਰ ਦੀਗਰੇ ਤਰ-ਜੀਹ ਨ ਦਿਹਦ, ਵ ਆਂ ਅਮਲੇ ਕੇਸ਼ ਅਜ਼ ਮਿਆਂ ਬਰਦਾਸ਼ਤਹ ਤਰੱਕੀ ਬਯਾਬੰਦ ਵ ਤੀਰਥਹਾਏ ਮਾਨਿੰਦ ਗੰਗ ਵਗੈਰਾ ਆਂ ਕਿ ਦਰ ਵੇਦ ਵ ਸ਼ਾਸਤ੍ਰ ਤਾਲੀਮੇ ਆਂਹਾ ਤਾਕੀਦ ਰਫਅਤ ਅਸਤ ਅਜ਼ ਖਾਤਿਰ ਬਦਰ ਕੁਨੰਦ। ਵ ਸਿਵਾਏ ਅਜ਼ ਗੁਰੂ ਨਾਨਕ ਵ ਖ਼ਲਫਾਏ ਓ ਬਦੀਗਰ ਅਜ਼ ਸਨਾਵੀਦੇ ਹਨੂਦ ਮਿਸਲ ਰਾਮ, ਕਿਸ਼ਨ, ਵ ਬ੍ਰਹਮਾ ਵ ਦੇਵੀ ਇਅਤਕਾਦ ਨ ਨੁਮਾਇੰਦ। ਵ ਪਾਹੁਲੇ ਮਨ ਗ੍ਰਿਫਤਹ ਮਰਦੁਮਾਂ ਹਰ ਚਹਾਰ ਬਰਨ ਦਰ ਯਕ ਜ਼ਰਫ ਬਿਖੁਰੰਦ, ਵ ਅਜ਼ ਯਕ ਦਿਗਰ ਇਸਲਾ ਨ ਬੁਰੰਦ। ਹਮਚੁਨੀ ਸੁਖਨਾਨ ਬਿਸਿਯਾਰ ਗੁਫਤੰਦ। ਚੂੰ ਮਰਦੁਮਾਂ ਬਿਸ਼ੁਨੀਦੰਦ ਬਿਸਿਯਾਰੇ ਅਜ਼ ਬ੍ਰਹਮਨਾਂ ਵ ਛੱਤ੍ਰੀਆਂ ਬਰਖਾਸਤੰਦ ਵ ਗੁਫਤੰਦ, ਕਿ ਮਾ ਮਜ਼ਹਬੇ ਕਿ ਗੁਰੂ ਨਾਨਕ ਵ ਹਮਹ ਗੁਰੂਆਂ ਬਦਾਂ ਕਾਯਲ ਨ ਸ਼ੁਦਹ ਬਾਸ਼ੰਦ ਵ ਮਹਜ਼ਬੇ ਕਿ ਮੁਖਾਲਫੇ ਵੇਦ ਸ਼ਾਸਤ੍ਰ ਬਵਦ ਹਰਗਿਜ਼ ਕਬੂਲ ਨਮੇ ਕੁਨੇਮ, ਵ ਮਜ਼ਹਬੇ ਕੁਹਨਾ ਰਾ ਕਿ ਪੇਸ਼ੀਨਾਨ ਬਰ ਆਂ ਅਕਦਾਮ ਨਮੂਦਹਅੰਦ ਬਗੁਫਤਹ ਕੋਦਕੇ ਅਜ਼ਾਂ ਦਸਤ ਨ ਦਿਹੇਮ। ਈਂ ਬਿਗੁਫਤੰਦ ਮਗਰ ਬਿਸਤ ਹਜ਼ਾਰ ਕਸ ਰਜ਼ਾ ਦਾਦੰਦ ਵ ਮੁਤਾਬਿਅਤ ਬਰ ਜ਼ੁਬਾਂ ਆਵੁਰਦੰਦ ॥

**ਅਰਥ:**

'ਸਾਰੇ ਇਕ ਮਜ਼ਹਬ ਵਿਚ ਆ ਜਾਣ ਤਾਂ ਜੋ ਦੂਈ ਵਿਚੋਂ ਉਠ ਜਾਏ। ਹਿੰਦੂ ਕੌਮ ਦੇ ਚਾਰੇ ਵਰਨ ਬ੍ਰਾਹਮਣ, ਛੱਤਰੀ, ਵੈਸ਼ ਤੇ ਸ਼ੂਦਰ ਕਿ ਧਰਮ ਸ਼ਾਸਤਰ ਵਿਚ ਹਰ ਇਕ ਦਾ ਧਰਮ

ਅਲਹਿਦਾ ਨੀਯਤ ਹੈ ਉਸਨੂੰ ਛੱਡਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਤੇ ਕੋਈ ਇਕ ਆਪਣੇ ਆਪ ਨੂੰ ਦੂਜੇ ਨਾਲੋਂ ਵਡਾ ਨਾ ਸਮਝੇ ਤੇ ਉਨ੍ਹਾਂ ਰਸਮਾਂ ਰਿਵਾਜਾਂ ਨੂੰ ਛੱਡਕੇ ਤਰੱਕੀ ਕਰਨ। ਤੇ ਤੀਰਥ, ਜਿਹਾ ਕਿ ਗੰਗਾ ਆਦਿਕ, ਇਨ੍ਹਾਂ ਦੀ ਮਹੱਤਤਾ ਵੇਦਾਂ ਸ਼ਾਸਤ੍ਰਾਂ ਵਿਚ ਮੌਜੂਦ ਹੈ ਦਿਲ ਵਿਚੋਂ ਕੱਢ ਦੇਣ, ਗੁਰੂ ਨਾਨਕ ਤੇ ਉਨ੍ਹਾਂ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਂ ਤੋਂ ਸਿਵਾ ਹਿੰਦੂਆਂ ਦੇ ਹੋਰ ਦੇਵੀ ਦੇਵਤੇ ਜਿਹਾ ਕਿ ਰਾਮ ਕ੍ਰਿਸ਼ਨ ਬ੍ਰਹਮਾ ਦੇਵੀ ਉਪਰ ਭਰੋਸਾ ਨਾ ਲਿਆਉਣ। ਮੇਰੀ ਪਾਹੁਲ ਲੈਕੇ ਚਾਰ ਵਰਨ ਇਕ ਬਰਤਨ ਵਿਚ ਛਕਣ ਤੇ ਇਕ ਦੂਜੇ ਤੋਂ ਘ੍ਰਿਣਾਂ ਨਾ ਕਰਨ। ਇਸ ਤਰ੍ਹਾਂ ਬਹੁਤ ਸਾਰੀਆਂ ਗਲਾਂ ਆਖੀਆਂ। ਜਦ ਲੋਕਾਂ ਨੇ ਸੁਣੀਆਂ, ਛੱਤ੍ਰੀਆਂ ਤੇ ਬ੍ਰਾਹਮਣਾਂ ਵਿਚੋਂ ਬਹੁਤ ਸਾਰੇ ਉਠ ਖੜੋਤੇ† ਤੇ ਕਹਿਣ ਲਗੇ ਕਿ ਅਸੀਂ ਉਸ ਮਜ਼ਹਬ ਨੂੰ, ਜੋ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਂ ਨੇ ਨਹੀਂ ਧਾਰਿਆ ਤੇ ਵੇਦਾਂ ਸ਼ਾਸਤ੍ਰਾਂ ਦੇ ਉਲਟ ਹੈ ਉੱਕਾ ਹੀ ਨਹੀਂ ਮੰਨਾਂਗੇ ਤੇ ਪੁਰਾਣਾ ਮਜ਼ਹਬ, ਜਿਸ ਤੇ ਕੇ ਵਡੇ ਪਾਬੰਦ ਰਹੇ ਹਨ, ਇਕ ਮੁੰਡੇ ਦੇ ਕਹਿਣ ਤੇ ਨਹੀਂ ਛੱਡਾਂਗੇ, ਐਉਂ ਆਖਿਓ ਨੇ, ਪਰ ਵੀਹ ਹਜ਼ਾਰ ਆਦਮੀਆਂ ਨੇ ਪਰਵਾਨ ਕਰ ਲਿਆ ਤੇ ਗੁਰੂ ਜੀ ਦੇ ਫੁਰਮਾਨ ਨੂੰ ਮੰਨ ਲਿਆ।' †ਮੁਰਾਦ ਅਸ਼ਰਧਕਾਂ ਤੋਂ ਹੈ।

ਇਸਨੂੰ ਪੜ੍ਹਕੇ ਬੀ ਇਹੋ ਸਿੱਟਾ ਨਿਕਲਦਾ ਹੈ ਕਿ ਖਾਲਸਾ ਸਾਜਣ ਵੇਲੇ ਗੁਰੂ ਜੀ ਨੇ ਆਪਣੀ ਉੱਮਤ ਨੂੰ ਹਿੰਦੂ ਬੰਧਨਾਂ ਤੋਂ ਅਲਗ ਕਰ ਲਿਆ ਸੀ। ਜੇ ਕਦੀ ਦੇਵੀ ਪੂਜੀ ਤੇ ਪ੍ਰਗਟਾਈ ਹੁੰਦੀ ਤਾਂ ਇਸ ਵੇਲੇ ਹਿੰਦੂ ਧਰਮ ਦੇ ਇਸ ਕਮਾਲ ਦੇ ਕਾਯਲ ਹੋਏ ਹੋਏ ਗੁਰੂ ਜੀ ਹਿੰਦੂ ਧਰਮ ਦਾ ਵਧੇਰੇ ਸਤਿਕਾਰ ਪ੍ਰਗਟ ਕਰਦੇ, ਪਰ ਇਸਦੇ ਉਲਟ ਹਿੰਦੂ ਅਵਤਾਰਾਂ ਤੇ ਦੇਵੀ, ਹਿੰਦੂ ਪੁਸਤਕਾਂ, ਹਿੰਦੂ ਤੀਰਥਾਂ ਤੇ ਰਸਮਾਂ ਦਾ ਤਿਆਗ ਇਕ ਤਟਸਥ ਉਗਾਹੀ ਹੈ ਜੋ ਦੱਸਦੀ ਹੈ ਕਿ ਹਿੰਦੂ ਮਤ ਦੀ ਪੂਜਯ ਦੇਵੀ ਨਹੀਂ ਪੂਜੀ ਗਈ।

### ਵਾਰਤਿਕ ਮਹਿਮਾ ਪ੍ਰਕਾਸ਼

ਇਸਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਅਰਥਾਤ ਗੁਰੂ ਜੀ ਦੇ ਸਚ ਖੰਡ ਪਾਯਨ ਤੋਂ ੩੩ ਸਾਲ ਮਗਰੋਂ। ਇਸ ਵਿਚ ਵੀ ਦੇਵੀ ਦਾ ਪ੍ਰਸੰਗ ਨਹੀਂ ਹੈ ਕੇਵਲ ਇਤਨੀ ਇਬਾਰਤ ਮਿਲਦੀ ਹੈ:- "ਏਕ ਬੇਰ ਗੁਰੂ ਜੀ ਕਾਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ।" ਇਸ ਗ੍ਰੰਥ ਵਿਚ ਦੇਵੀ ਪ੍ਰਗਟਾਉਣ ਦਾ ਕੋਈ ਜ਼ਿਕਰ ਨਹੀਂ, ਸੰਭਵ ਹੈ ਕਿ ਇਹੋ ਦੋ ਫਿਕਰੇ ਹੀ ਮੁੱਢ ਹੋਏ ਹੋਣ ਅੱਗੇ ਦੀ ਸਾਰੀ ਕਥਾ ਘੜੀ ਜਾਣ ਦੇ। ਪਰੰਤੂ ਇਸ ਪੁਸਤਕ ਵਿਚ ਦੇਵੀ ਨੂੰ ਗੁਰੂ ਸਾਹਿਬਾਨ ਦੀ ਉਪਾਸਕ ਸਾਫ ਸਾਫ ਲਿਖਿਆ ਹੈ ਯਥਾ:-'ਸਰਬ ਦੇਵੀ ਦੇਵਤਾ ਸਿਧ ਮੁਨ ਜਨ ਦਰਸ਼ਨ ਕੋ ਆਏ।' [ਸਾ:੧]

## ਅ. (੧੯੩੩ ਤੋਂ ਲਗਪਗ ੧੯੪੬ ਤੱਕ ਦਾ ਸਮਾਂ)।

### ਮਹਿਮਾ ਪ੍ਰਕਾਸ਼ (ਛੰਦਾ ਬੰਦੀ):

ਇਹ ਗ੍ਰੰਥ ੧੯੩੩ ਦਾ ਲਿਖਤਿ ਹੈ. ਇਸਦੇ ਲੇਖਕ ਬਾਵਾ ਸਰੂਪ ਦਾਸ ਜੀ ਭੱਲੇ ਹੈਨ। ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਦੇਵੀ ਦਾ ਪ੍ਰਸੰਗ ਹੈ†। ਆਪਦੇ ਲਿਖੇ ਦਾ ਸੰਖੇਪ ਇਹ ਹੈ:- ਕਿ ਸੰਗਤ ਦੇ ਇਕੇਰਾਂ ਲੁੱਟੇ ਮਾਰੇ ਜਾਣ ਦੀ ਖਬਰ ਸੁਣਕੇ ਗੁਰੂ ਜੀ ਉਦਾਸ ਹੋਏ, ਚੁਪ ਰਹੇ, ਤੇ ਮੰਜੇ ਤੇ ਲੇਟ ਸੋਚਦੇ ਰਹੇ ਕਿ ਜੇ ਸਿੱਧੀ ਨਾਂ ਵਰਤੀਏ ਤਾਂ ਕਾਰਜ ਸਿਰੇ ਨ ਚੜ੍ਹੂ, ਜੇ ਵਰਤੀਏ ਤਾਂ ਸਿੱਧੀ ਦੱਸਣੀ ਨਹੀਂ ਇਉਂ ਇਹ ਪ੍ਰਣ ਭੰਗ ਹੁੰਦਾ ਹੈ ਤਾਂ ਤੇ ਚੰਡੀ ਪ੍ਰਗਟਾਉਣ ਦੀ ਸੋਚ ਕੇ ਪਰਬਤ ਦੇ ਸ਼ਿਖਰੇ ਜਾ ਚੜ੍ਹੇ, ਪੰਡਤ ਸਮੱਗ੍ਰੀ ਲਿਆਏ ਤੇ ਹੋਮ ਅਰੰਭਿਆ। ਪੰਡਤ ਨੇ ਕਿਹਾ ਕਿ ਦੇਵੀ ਪ੍ਰਗਟ ਹੋਈ ਤਾਂ ਅਸੀਂ ਮੂਰਛਾ ਹੋ ਜਾਵਾਂਗੇ ਤੁਸੀਂ ਸਮਰਥ ਹੋ ਦਰਸ਼ਨ ਕਰੋਗੇ, ਅਸੀਂ ਭੋਗ

ਦਾ ਥਾਲ ਤਿਆਰ ਕਰ ਦੇਂਦੇ ਹਾਂ, ਤੁਸਾਂ ਇਹ ਭੇਟਾ ਅੱਗੇ ਧਰ ਦੇਣੀ ਤੇ ਪ੍ਰਸੰਨ ਕਰਕੇ ਕਾਰਜ ਬਨਾ ਲੈਣਾ। ਸੋ ਦੇਵੀ ਪ੍ਰਗਟੀ, ਪ੍ਰਕਾਸ਼ ਹੋਇਆ, ਅੱਠ ਭੁਜਾਂ ਸਨ, ਅੱਠ ਹਥਿਆਰ ਹੱਥ ਵਿੱਚ ਸਨ, ਸੂਰਜ ਵਰਗਾ ਪ੍ਰਕਾਸ਼ ਸੀ। ਫਿਰ 'ਲੇ ਭੇਟ ਭੋਗ ਮਾਤਾ ਬਿਗਸਾਨੀ ॥ ਤਹਿਂ ਭਈ ਅਲੋਪ ਜਹਿਂ ਤੇ ਪ੍ਰਗਟਾਨੀ।' [ਸਾ: ੨੦੫

[†]ਅਜ ਕਲ ਹੀ (ਇਸ ਗ੍ਰੰਥ ਦੀ ਦੂਜੀ ਐਡੀਸ਼ਨ ਛਪਦਿਆਂ ਸੰਨ ੧੯੩੫ ਵਿਚ) ਇਕ ਹੋਰ ਲਿੱਖਿਤ ਨਜ਼ਰੋਂ ਗੁਜ਼ਰੀ ਹੈ, ਇਸ ਦਾ ਸੰਮਤ ਯਾ ੧੯੦੮ ਹੈ ਯਾ ੧੯੧੯ ਬਿ:। ਹਰ ਹਾਲ ਇਹ ਮਹਿਮਾ ਪ੍ਰਕਾਸ਼ (ਛੰਦਾਬੰਦੀ) ਤੋਂ ਪਹਿਲੋਂ ਦੀ ਲਿਖਤ ਹੈ ਅਰ ਗੁਰ ਸ਼ੋਭਾ ਤੇ ਵਾਰਤਿਕ ਮਹਿਮਾ ਪ੍ਰਕਾਸ਼ ਤੋਂ ਮਗਰਲੀ। ਇਸ ਵਿਚ ਦੇਵੀ ਦਾ ਪ੍ਰਸੰਗ ਗੁਰ ਬਿਲਾਸ ਭਾ: ਸੁਖਾ ਸਿੰਘ ਨਾਲ ਕੁਛ ਕੁਛ ਮਿਲਦਾ ਵਰਣਿਤ ਹੈ। ਇਸ ਗ੍ਰੰਥ ਵਿਚ ਬੀ ਉਹੋ ਕੌਤਕ ਵਾਲੀ ਗਲ ਲਿਖੀ ਹੈ, ਯਥਾ:- 'ਏਹ ਭੀ ਕੌਤਕ ਕੀਨ ਹੈ ਜੋ ਮਨ ਪਰਉਪਕਾਰ ॥ ਆਪ ਨਿਆਰੋ ਹੋਇ ਕੈ ਧਰ ਦੇਵੀ ਸਿਰ ਭਾਰ ॥' ਫਿਰ ਇਸ ਲੇਖਕ ਨੇ ਬੀ ਗੁਰੂ ਜੀ ਨੂੰ ਦੇਵੀ ਤੋਂ ਵਡਾ ਤੇ ਦੇਵੀ ਦਾ ਪੂਜਯ ਮੰਨਿਆ ਹੈ, ਯਥਾ:- ਕੋਟ ਸੁਰਗ ਔ ਤਖਤ ਹਜਾਰਾ। ਯਾ ਚਰਨਨਿ ਮਹਿ ਪ੍ਰਗਟ ਨਿਹਾਰਾ। ਦੇਵੀ ਦੇਵ ਕੋਟ ਬਰ ਬਾਹੀ। ਪਦ ਪੰਕਜ ਗੁਰ ਕੇ ਸਮ ਨਾਂਹੀ।

ਪਰ ਸਭ ਤੋਂ ਵਡੀ ਭੁੱਲ ਇਸ ਲੇਖਕ ਦੀ ਇਹ ਹੈ ਕਿ ਇਹ ਦੇਵੀ ਦੇ ਪ੍ਰਗਟ ਕਰਨ ਦਾ ਹਵਨ ੧੭੪੨ ਵਿਚ ਅਰੰਭਿਆ ਤੇ ੪ ਬਰਸ ਹੋਇਆ ਲਿਖਦਾ ਹੈ। ਅਰਥਾਤ-੧੭੪੨-੪੬ ਦਾ ਸਮਾਂ। ਹੁਣ ਤਕ ਦੀ ਖੋਜ ਦੱਸਦੀ ਹੈ ਕਿ ਇਸ ਸਮੇਂ ਸਤਿਗੁਰ ਪਾਂਵਟੇ ਸਨ। ਕ੍ਰਿਸ਼ਨਾ ਅਵਤਾਰ ਪਾਂਵਟੇ ਰਚਿਆ, ਇਸ ਦਾ ਸੰਮਤ ੧੭੪੫ ਅਖੀਰ ਪਰ ਦਿੱਤਾ ਹੈ। ਸੋ ਨਿਸ਼ਚਿਤ ਤਦੋਂ ਗੁਰੂ ਜੀ ਅਨੰਦ ਪੁਰ ਨਹੀਂ ਸੇ। ੧੭੪੨ ਵਿਚ ਪਾਂਵਟੇ ਗਏ ਤੇ ੧੭੪੬ ਵਿਚ ਵਾਪਸ ਆਏ। ਦੇਵੀ ਦਾ ਮਾਜਰਾ ਅਨੰਦ ਪੁਰ ਦਾ ਹੈ ਸੋ ਏਹ ਲੇਖਕ ਵੀ ਇਤਬਾਰ ਜੋਗ ਨਾ ਰਿਹਾ ਤੇ ਦੂਸਰੇ ਦੇਵੀ ਪ੍ਰਗਟਣ ਦਾ ਸੰਮਤ ਹੁਣ ਤਕ ਦੀ ਖੋਜ ਵਿਚ ਚੇਤ੍ਰ ੧੭੫੫ ਹੈ, ਵਿਸਾਖ ੧੭੫੬ ਵਿਚ ਖਾਲਿਸਾ ਸਾਜਿਆ ਹੈ, ਸੋ ਇਸ ਲੇਖਕ ਨੇ ਸਮਾਂ ਤੇ ਥਾਂ ਦੁਇ ਗ਼ਲਤ ਦਿੱਤੇ ਹਨ। ਫੇਰ ਏਸ ਲੇਖਕ ਨੇ ਭੰਗਾਣੀ ਤੇ ਨਾਦੌਣ ਦੇ ਜੁੱਧ ਸੰਮਤ ੧੭੪੨ ਤੋਂ ਮੁਹਰੇ ਰੱਖੇ ਹਨ ਇਹ ਵੀ ਇਤਿਹਾਸ ਵਿਰੁੱਧ ਹੈ।

ਤਦ ਸਤਿਗੁਰੂ ਪੰਡਤ ਜਗਾਏ ਕੁੰਡ ਵਿਚ ਜਲ ਦੁੱਧ ਪਾਯਾ, ਉਸ ਵਿਚੋਂ ਦੁਧਾਰਾ ਖੰਡਾ ਨਿਕਲਿਆ। ਪਰ ਇਸੇ ਪੁਸਤਕ ਵਿਚ ਦੇਵੀ ਨੂੰ ਸਤਿਗੁਰ ਦੀ ਆਨ ਮੰਨਣ ਵਾਲੀ ਲਿਖਿਆ ਹੈ, ਫਿਰ ਪੂਜੀ ਗਈ ਪਤਾ ਨਹੀਂ ਕਿਵੇਂ ਲਿਖਿਆ ਹੈ? ਯਥਾ:-'ਮਾਨੁਖ ਦੇਵੀ ਦੇਵਤੇ ਸਭਿ ਰਾਖਤ ਗੁਰ ਕੀ ਆਨ।' [ਸਾ: ੨੦੭

## ਵਾਰ ਭਗਉਤੀ ਪਾ: ੧੦ ਕ੍ਰਿਤ ਭਾਈ ਗੁਰਦਾਸ ਦੂਜਾ-[ਸੰਮਤ ੧੯੪੪ ਤੋਂ ਮਗਰੋਂ]

ਇਹ ਵਾਰ ਭਾਈ ਗੁਰਦਾਸ ਦੇ ਅੰਤ ਤੇ ਲਿਖੀ ਮਿਲਦੀ ਹੈ, ਨਾਲ ਟੂਕ ਦਿੱਤੀ ਹੈ 'ਇਹ ਵਾਰ ਭਾਈ ਗੁਰਦਾਸ ਦੂਜੇ ਦੀ ਹੈ।' ਇਸ ਵਿਚ ਕੇਵਲ ਇਕ ਤੁਕ ਮਿਲਦੀ ਹੈ:-

'ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।' ਹੋਰ ਪ੍ਰਸੰਗ ਕੋਈ ਨਹੀਂ।

ਇਸ ਵਾਰ ਨੂੰ ਅਸਾਂ ਇਸ ਦੀ ਅੰਦਰਲੀ ਉਗਾਹੀ ਤੋਂ ਇਸ ਦਾ ਸਮਾਂ ਲੱਭਣ ਲਈ ਹੁਣ ਫੇਰ ਗਹੁ ਨਾਲ ਖੋਜਿਆ ਹੈ ਤਾਂ ਇਸ ਵਿਚ ਇਕ ਤੁਕ ਮਿਲੀ ਹੈ ਜੋ ਐਉਂ ਹੈ:

'ਯਹ ਬਾਰਾਂ ਸਦੀ ਨਿਬੇੜ ਕਰ ਗੁਰ ਫਤੇ ਬੁਲਾਏ।'

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਲੇਖਕ ਜੀ ਬਾਰ੍ਹਵੀਂ ਸਦੀ ਨਿਬੜੀ ਨੂੰ ਦੇਖ ਰਹੇ ਹਨ। ਇਸ ਬਿਧਿ ਇਹ ਵਾਰ ੧੯੪੪ ਬਿੱਕ੍ਰਮੀ ਦੇ ਮਗਰੋਂ ਦੀ ਰਚਨਾ ਜਾ ਟਿਕੇਗੀ। ਇਸ ਵਾਰ ਵਿਚ ਸੁਲਤਾਨਾਂ ਦਾ ਮਾਰਨਾ, ਛੱਤ੍ਰਪਤੀ ਚੁਣ ਚੁਣ ਮਾਰਨੇ, ਤੁਰਕਾਂ ਦਾ ਦਬ ਜਾਣਾ, ਬਾਂਗਾਂ ਦਾ ਰੋਕੇ ਜਾਣਾ, ਖਾਲਸੇ ਦੀਆਂ ਕਾਮਯਾਬੀਆਂ ਆਦਿਕ ਗੱਲਾਂ ਬੀ ਇਸੇ ਪਾਸੇ ਲੈ ਜਾਂਦੀਆਂ ਹਨ ਕਿ ਇਹ ੧੯੪੪ ਦੇ ਸਮੇਂ ਦੇ ਮਗਰੋਂ ਦੀ ਹੈ, ਕਿਉਂਕਿ ਇਹ ਘਟਨਾ ਗੁਰੂ ਜੀ ਦੇ ਸਮੇਂ ਦੀਆਂ ਨਹੀਂ ਹਨ, ਇਸੇ ਸਮੇਂ ਦੀਆਂ ਹਨ। ਸਰਬ ਲੋਹ ਗ੍ਰੰਥ ਦਾ ਸੰਮਤ (ਜੋ ਸਾਡੇ ਪਾਸ ਹੈ) ੧੭੫੫ ਦਿੱਤਾ ਹੈ। ੧੭੫੫ ਦੇ ਲਿਖੇ ਗ੍ਰੰਥ ਵਿਚ ੧੭੫੭ ਦੀ ਰਚਨਾ ਕਿਵੇਂ ਆ ਗਈ? ਫਿਰ ਇਥੇ ਇਸ ਵਾਰ ਨੂੰ

ਬੋਲਣਾ ਭਾਈ ਗੁਰਦਾਸ ਭੱਲੇ ਦਾ ਲਿਖਿਆ ਹੈ ਜੋ ਗ਼ਲਤ ਹੈ। ਆਮ ਪੋਥੀਆਂ ਵਿਚ ਨਾ ਇਹ ਦੋਹਾ ਸੰਮਤ ਦਾ ਹੈ ਤੇ ਨਾ ਬੋਲਣਾ ਭਾਈ ਗੁਰਦਾਸ ਭੱਲੇ ਦਾ ਲਿਖਿਆ ਹੈ। ਤਾਂ ਤੇ ਵਿਚਲੀ (ਉਗਾਹੀ) 'ਬਾਰਾਂਸਦੀ ਨਿਬੇੜ ਕਰ' ਵਾਲੀ ਵਧੀਕ ਪੱਕੀ ਹੈ।

## ਸੌ ਸਾਖੀ-[ਲਗ ਪਗ ਸੰਮਤ ੧੮੯੦-੯੪]

ਇਸ ਵਿਚ ਹੋਰ ਸਾਖੀਆਂ ਵਾਂਙੂ ਲੇਖਕ ਵਲੋਂ ਦੇਵੀ ਦੀ ਸਾਖੀ ਨਹੀਂ ਦਿੱਤੀ ਹੋਈ, ਸਗੋਂ ਇਕ ਦਿਨ ਗੁਰੂ ਜੀ ਆਪ ਮਾਤਾ ਜੀ ਦੇ ਪੁੱਛਣ ਪਰ ਉਨ੍ਹਾਂ ਨੂੰ ਦੇਵੀ ਪ੍ਰਗਟਾਉਣ ਦੀ ਸਾਖੀ ਸੁਣਾਉਂਦੇ ਹਨ। ਉਸ ਵਿਚ ਹੀ ਅੱਖ ਮੀਟਣ ਤੇ ਚਾਲੀ ਵਰ੍ਹੇ ਮਗਰੋਂ ਪੰਥ ਦੇ ਜ਼ੋਰ ਫੜਨ ਦਾ ਜ਼ਿਕਰ ਹੈ। ਅਸਲ ਵਿਚ ਭਾਈ ਸੰਤੋਖ ਸਿੰਘ ਜੀ ਨੇ ਸਾਰਾ ਮਸਾਲਾ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਗੁਰ ਬਿਲਾਸ ਭਾਈ ਸੁੱਖਾ ਸਿੰਘ ਤੇ ਸੌ ਸਾਖੀ ਤੋਂ ਲਿਆ ਹੈ†।

†ਅੱਖ ਮੀਟਨ ਤੇ ਚਾਲੀ ਵਰ੍ਹੇ ਨੂੰ ਭਾਈ ਦਿੱਤ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਜੀ ਦੀ ਮਨੋਕਤਿ ਲਿਖਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਨੇ ਇਹ ਖਿਆਲ ਸੌ ਸਾਖੀ ਤੋਂ ਲਿਆ ਹੈ।

ਸੌ ਸਾਖੀ ਦੀ ਆਪਣੀ ਰਚਨਾ ਦੱਸਦੀ ਹੈ ਕਿ ਇਸ ਵਿਚ ਇਕ ਬ੍ਰਹਮਣ ਮਥੁਰਾ ਨਾਮੇ ਦਾ ਹੱਥ ਹੈ, ਫਿਰ ਕੋਈ ਨਰਾਇਣ ਦਾਸ ਮਿਸਰ ਮੰਨਦਾ ਹੈ ਕਿ ੧ ਸਾਖੀ ਦੇ ੪ ਦੋਹੇ ਮੈਂ ਪਾਏ ਹਨ, ਉਹ ਗੁਰੂ ਕਾ ਸਿੱਖ ਹੈ ਤੇ ਸਿਦਕ ਵਾਲਾ ਹੈ ਪਰ ਬ੍ਰਾਹਮਣੀ ਵਡੱਤ ਉਸ ਵਿਚ ਕਮਾਲ ਹੈ। ਸਿੱਖ ਹੋਏ ਬ੍ਰਾਹਮਣਾਂ ਨੂੰ ਉਹ ਉੱਚਾ ਥਾਪਦਾ ਹੈ ਤੇ ਹੋਰ ਬੀ ਸ਼ਾਸਤ੍ਰਕ ਵਿਸ਼ਵਾਸ਼ ਤੇ ਰੀਤਾਂ ਰਸਮਾਂ ਗੁਰਮਤ ਵਿਚ ਪਾਉਂਦਾ ਹੈ ਜੋ ਪੰਜਵੀਂ ਰੁਤ ਵਿਚ ਆਉਂਦੀਆਂ ਹਨ। ਸਤਾਰ੍ਹਵੀਂ ਸਾਖੀ ਦੇ ਅੰਤ ਵਿਚ ਜਿਸ ਵਿਚ ਦੇਵੀ ਦਾ ਜ਼ਿਕਰ ਹੈ ਬ੍ਰਹਮਣ ਜੀ ਦੱਸਦੇ ਹਨ ਕਿ ਕੇਸ਼ਵ ਬ੍ਰਹਮਣ ਨੂੰ ਸਤਿਗੁਰਾਂ ਨੇ ਵਰ ਦਿੱਤਾ ਕਿ ਇਹ ਤੀਸਰੇ ਜਨਮ ਲਾਹੌਰ ਜਾਵੇਗਾ, ਸਾਡਾ ਸਿੱਖ ਹੋਕੇ ਅਵਤਰੇਗਾ, ਇਸ ਦਾ ਨਾਮ ਰਣ ਸਿੰਘ (ਭਾਵ ਰਣਜੀਤ ਸਿੰਘ) ਹੋਵੇਗਾ, ਬਹੁਤਿਆਂ ਨਾਲ ਜੰਗ ਕਰਕੇ ਰਾਜ ਕਰੇਗਾ, ਉਸ ਤੀਸਰੇ ਜਨਮ ਲਾਹੌਰ ਜਾਕੇ ਸ਼ਰਨ ਆਕੇ ਉਧਰੇਗਾ। ਇੰਨੀ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਖੁਸ਼ ਕਰਨ ਵਾਸਤੇ ਇਹ ਸਾਖੀ ਘੜੀ ਗਈ ਸੀ ਕਿ ਤੁਸੀਂ 'ਕੇਸ਼ੂ ਦਾਸ' ਪੰਡਤ ਦੇ ਅਵਤਾਰ ਹੋ, ਜਿਸ ਤੋਂ ਮਹਾਰਾਜਾ ਸਾਹਿਬ ਨੂੰ ਬ੍ਰਾਹਮਣਾਂ ਵਲ ਝੁਕਾ ਲੈਣ ਦਾ ਪ੍ਰਯੋਜਨ ਸੀ। ਇਹੋ ਲੀਲਾ ਅਕਬਰ ਨੂੰ ਬ੍ਰਾਹਮਣ ਦਾ ਅਵਤਾਰ ਦੱਸਣ ਵਿਚ ਵਰਤੀ ਗਈ ਸੀ।

ਫਿਰ, ਸੌ ਸਾਖੀ ਵਿਚ ਇਸਦੇ ਰਚੇ ਜਾਣ ਦੇ ਦੋ ਸੰਮਤ ਆਏ ਹਨ। ਮੁੱਢ ਵਿਚ ਲੇਖਕ ਦਸਦਾ ਹੈ ਕਿ ੧੭੯੧ ਵਿਚ ਲਿਖੀ ਗਈ। ਵਿਚਕਾਹੇ ਦਸਦਾ ਹੈ ਕਿ ੧੭੮੧ ਜੇਠ ਵਿਚ ੫੦ ਸਾਖੀਆਂ ਮੁੱਕੀਆਂ, ਅੰਤ ਤੇ ਜਾਕੇ ਫੇਰ ਦੱਸਦਾ ਹੈ ਕਿ ੧੭੮੧ ਵਿਚ ਸਾਰੀ ਮੁੱਕੀ। ਮੁੱਢ ਵਿਚ ੯੧, ਮੱਧ ਤੇ ਅੰਤ ਵਿਚ ੮੧, ਕੇਡੀ ਭੁੱਲ ਹੈ। ਸੰਮਤਾਂ ਦੀ ਇਹ ਗ਼ਲਤੀ ਆਖੇਪਕਾਰਾਂ ਦੀ ਹੱਥ ਚਲਾਕੀ ਦੀ ਭਾਰੀ ਦਲੀਲ ਹੈ। ਸਾਖੀ ੫੮ ਅੰਕ ੧੪, ੧੫ ਵਿਚ ਲੇਖਕ ਜੀ ਲਿਖਦੇ ਹਨ ਕਿ ਅਸਾਂ ਨਾਦਰ ਦਾ ਹਮਲਾ ਆਪ ਡਿੱਠਾ ਹੈ। ਨਾਦਰ ਦਾ ਹੱਲਾ ੧੭੯੬ ਬਿ: ਵਿਚ ਹੋਇਆ ਹੈ। ਜੇ ਸੌ ਸਾਖੀ† ੧੭੯੧ ਵਿਚ ਲਿਖੀ ਜਾ ਚੁਕੀ ਸੀ ਤਾਂ ਉਸ ਵਿਚ ਦਾ ਲੇਖਕ ੧੭੯੬ ਦੀ ਅੱਖੀਂ ਦੇਖੀ ਘਟਨਾ ਕੀਕੂੰ ਲਿਖ ਸਕਦਾ ਹੈ? ਸੋ ੮੧ ਵਿਚ ਮੁੱਕੀ ਯਾ ੯੧ ਵਿਚ ਮੁੱਕੀ ਵਿਚ ੯੬ ਦੀ ਘਟਨਾ ਨਹੀਂ ਆ ਸਕਦੀ। ਇਹ ਬੀ ਦਲੀਲ ਹਸਤਾਖੇਪਾਂ ਦੀ ਹੈ।

†ਭਾਈ ਸੁਖਾ ਸਿੰਘ ਨੇ ਦੇਵੀ ਦਾ ਪ੍ਰਸੰਗ ਸੁਣਿਆ ਸੁਣਾਯਾ ਲਿਖਿਆ ਦੱਸਿਆ ਹੈ। ਇਸਤੋਂ ਪਤਾ ਲੱਗਾ ਕਿ ਇਹ ਸੌ ਸਾਖੀ ਉਸ ਵੇਲੇ (੧੮੫੪ ਵਿਚ) ਹੈ ਨਹੀਂ ਸੀ। ਕਿਉਂਕਿ ਜੋ ਸ਼ੈ ਇਸ ਵੇਲੇ ਇੱਡੀ ਪ੍ਰਸਿੱਧੀ ਰਖਦੀ ਹੈ ਓਹ ਤਦੋਂ ਕਿਵੇਂ ਇੰਨੀ ਗੁੰਮਨਾਮ ਰਹਿ ਸਕਦੀ ਸੀ, ਕਿ ਇਤਿਹਾਸਕਾਰ ਤੇ ਵਿਦ੍ਵਾਨ ਸਿੱਖ ਨੂੰ ਜੋ ਪ੍ਰਸੰਗ ਲੱਭ ਲੱਭ

ਕੇ ਲਿਖ ਰਿਹਾ ਹੈ ਤੇ ਇਕ ਤਖਤ ਸਾਹਿਬ ਤੇ ਬੈਠਾ ਹੈ, ਜਿਥੇ ਪੁਸਤਕਾਂ ਤੇ ਸੋਢੀਆਂ ਦਾ ਪੁਸਤਕਾਲਯ ਤੇ ਤਖਤ ਸਾਹਿਬ ਦੇ ਗ੍ਰੰਥ ਮੌਜੂਦ ਹੋਣ: ਓਥੇ ਇਹ ਪੋਥੀ ਨਾ ਹੋਵੇ, ਜੇ ਹੋਵੇ ਤਾਂ ਭਾਈ ਜੀ ਦੀ ਵਾਕਫੀ ਤੋਂ ਉਹਲੇ ਰਹੇ।

ਇਸੇ ਪੋਥੀ ਦੀ ੯੩ ਸਾਖੀ ਵਿਚ ਲਿਖਿਆ ਹੈ ਕਿ ਸਾਖੀਆਂ ਪੰਜ ਸੌ ਹਨ, ਸੌ ਸਾਖੀ ਸਾਹਿਬ ਰਾਮ ਕੌਰ ਜੀ ਨੂੰ ਮਿਲੀ, ਸੌ ਕਾਬਲੀ ਮਲ ਨੂੰ, ਸੌ ਸੁਲਤਾਨੀ ਸੂਰੈ ਨੂੰ, ੧੦੦ ਰਤੀਏ ਪੂਰਬ ਭੱਲ ਨੂੰ ਤੇ ਸੌ ਸੁਚਤ ਸਿੰਘ ਆਗਰੇ ਵਾਲੇ ਨੂੰ। ਇਹ ਗੱਲ ਭੀ ਸਾਖੀਆਂ ਦੀ ਪੋਥੀ ਦੀ ਭੰਨਘੜ ਦੀ ਦਲੀਲ ਹੈ।

ਇਸ ਵਿਚ ਸੰਸ਼ਜ ਨਹੀਂ ਕਿ ਸਾਹਿਬ ਰਾਮ ਕੌਰ ਜੀ ਨੇ ਸੰਗਤ ਨੂੰ ਸਾਖੀਆਂ ਸੁਣਾਈਆਂ ਤੇ ਉਹ ਕਿਸੇ ਵੇਲੇ ਲਿਖੀਆਂ ਗਈਆਂ ਹੋਣ ਤਾਂ ਬੀ ਅਚਰਜ ਨਹੀਂ। ਪਰ ਉਹ ਅਸਲ ਕਾਪੀ ਨਹੀਂ ਮਿਲਦੀ। ਅਸਲ ਕੀਹ ਸੰਨ ੧੯੦੫ ਤੋਂ ਪਹਿਲੇ ਦੀ ਲਿਖੀ ਹੋਈ ਕਾਪੀ ਬਹੁਤ ਕੋਸ਼ਿਸ਼ ਕਰਨ ਤੇ ਬੀ ਸਾਡੇ ਦੇਖਣ ਵਿਚ ਨਹੀਂ ਆਈ। ੧੮੭੩ ਈ: (੧੯੩੦ ਬਿ:) ਵਿਚ ਸਰ ਸ: ਅਤਰ ਸਿੰਘ ਜੀ ਨੂੰ ਬੀ ੧੮੯੪ ਬਿ: ਤੋਂ ਪੁਰਾਣੀ ਪੋਥੀ ਨਹੀਂ ਮਿਲੀ। ਇਸ ਤੋਂ ਮਗਰਲੇ ਕਿਸੇ ਸੰਮਤ ਦੀ ਮਿਲੀ ਹੋਉ ਜਿਸ ਤੋਂ ਓਹ ਇਸ ਦੇ ਰਚੇ ਜਾਣ ਦਾ ਸੰਮਤ ੧੮੯੪ ਅੰਗਦੇ ਹਨ। ਜਾਪਦਾ ਐਉਂ ਹੈ ਕਿ ਅਸਲ ਪੋਥੀ ਵਿਚ ਦੋ ਤ੍ਰੈ ਵਾਰੀ ਨਵੇਂ ਮਜ਼ਮੂਨ ਪੈਂਦੇ ਰਹੇ ਹਨ। ਬਾਬਾ ਸਾਹਿਬ ਸਿੰਘ, ਬਾਬਾ ਰਾਮ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ ਬਾਬਤ ਇਸ਼ਾਰੇ ਪਤੇ ਦੇਣੇ ਦੱਸਦੇ ਹਨ ਕਿ ਮੌਜੂਦਾ ਪਰਵਿਰਤ ਪੋਥੀ ੧੯੦੪-੫ ਤੋਂ ਪੁਰਾਣੀ ਨਹੀਂ ਹੈ। ਪਰ ਜੋ ਪੋਥੀ ਕਵੀ ਸੰਤੋਖ ਸਿੰਘ ਜੀ ਪਾਸ ਸੀ ਸੋ ੧੮੯੦ ਯਾ ੧੮੯੪ ਦੇ ਵਿਚਕਾਰ ਦੀ ਲਿਖੀ ਹੋਈ ਹੋਣੀ ਹੈ। ਜਦ ਤਕ ੧੮੯੦ ਤੋਂ ਪੁਰਾਣੀ ਪੋਥੀ ਲਿਖਤੀ ਨਾਂ ਮਿਲੇ ਤਦ ਤੱਕ ਇਹ ਸੰਭਾਵਨਾ ਸੱਚ ਤੋਂ ਦੂਰ ਨਹੀਂ ਹੋਵੇਗੀ, ਕਿ ਕਵੀ ਜੀ ਨੂੰ ਮਿਲੀ ਸੂਰਤ ਵਾਲੀ ਪੋਥੀ ਪੁਰਾਣੀ ਤੋਂ ਪੁਰਾਣੀ ੧੮੯੦ ਤੋਂ ੧੮੯੪ ਦੇ ਵਿਚ ਦੀ ਹੈ ਤੇ ਹੋਰ ਇਸ ਤੋਂ ਬੀ ਮਗਰੋਂ ਦੀਆਂ ਹੋਣਗੀਆਂ। ਜਦ ਤੱਕ ਕੋਈ ਨੁਸਖਾ ਪਹਿਲੇ ਦਾ ਲਿਖਿਆ ਨਾ ਮਿਲੇ ਤਦ ਤਕ ਹੁਣ ਵਾਲਿਆਂ ਨੂੰ ੧੭੮੧ ਯਾ ੧੭੯੧ ਦੇ ਸਮਝਣਾ ਭੁਲੇਵਿਆਂ ਵਿੱਚ ਪਾਉਣ ਵਾਲਾ ਹੈ। ਅਸਾਂ ਇਸ ਕਰਕੇ ਇਸ ਦਾ ਸਮਾਂ ੧੮੯੪ ਦੇ ਲਗਪਗ ਦਾ ਹਾਲੇ ਸਮਝਿਆ ਹੈ, ਕਿਉਂਕਿ

ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ਨਿਰਸੰਸੇ ਸਹੀ ਹੋ ਰਿਹਾ ਹੈ ਕਿ ਪੋਥੀ ਕਵੀ ਜੀ ਪਾਸ ਹੈਗੀ ਸੀ ਤੇ ਗੁਰ ਪ੍ਰਤਾਪ ਸੂਰਜ ਲਗਪਗ ੧੮੯੨ ਤੋਂ ਆਰੰਭ ਹੋਕੇ ੧੯੦੦ ਵਿਚ ਮੁੱਕਾ ਹੈ।

ਸੌ ਸਾਖੀ ਵਿਚ ਦੇਵੀ ਦੇ ਪ੍ਰਸੰਗ ਹਨ, ਇਕ ਪਿਛਲੇ ਜਨਮ ਦਾ ਤੇ ਇਕ ਇਸ ਜਨਮ ਦਾ, ਇਸੇ ਵਿਚ ਦੇਵੀ ਪ੍ਰਗਟਾਉਣ ਦੀ ਸਾਖੀ ਮਿਲਦੀ ਹੈ। ਪਰ ਵੀਚਾਰ ਕਰਨ ਤੇ ਇਹ ਸਾਖੀ ਬਨਾਵਟੀ ਸਹੀ ਹੋ ਜਾਂਦੀ ਹੈ। ਅਸੀਂ ਗੁ: ਪ੍ਰ: ਸੂਰਜ, ਰਾ: ੧੧ ਅੰਸੂ ੫੧-੯ ਦੀ ਟੂਕ ਵਿਚ ਗੁਰੂ ਜੀ ਦੇ ਪਿਛਲੇ ਜਨਮ ਸੰਬੰਧੀ ਬਚਿੱਤ੍ਰ ਨਾਟਕ ਵਿਚ ਆਪ ਦੱਸੇ ਹਾਲਾਤ ਤੇ ਸੌ ਸਾਖੀ ਦੇ ਹਾਲਾਤ ਦਾ ਪਰਸਪਰ ਵਿਰੋਧ ਨਰੋਤਮ ਤਾਰਾ ਸਿੰਘ ਜੀ ਲਿਖਤ ਦੁਆਰਾ ਦਿਖਾ ਆਏ ਹਾਂ। ਗੁਰੂ ਜੀ ਹੇਮ ਕੁੰਟ ਦਾ ਪਤਾ ਹਿਮਾਲੇ ਵਿਚ ਦੱਸਦੇ ਹਨ ਤੇ ਸੌ ਸਾਖੀ ਵਾਲਾ ਵਿੰਧਯਾਚਲ ਵਿਚ। ਦੋਹੀਂ ਥਾਈਂ ਕਥਨ ਕਰਨ ਵਾਲੇ ਗੁਰੂ ਜੀ ਹਨ ਸੋ ਗੁਰੂ ਜੀ ਇਕ ਮਾਜਰੇ ਨੂੰ ਕਿਤੇ ਹਿਮਾਲਯ ਵਿਚ ਤੇ ਕਿਤੇ ਵਿੰਧਯਾਚਲ ਵਿਚ ਨਹੀਂ ਦੱਸ ਸਕਦੇ ਤਾਂ ਤੇ ਸੌ ਸਾਖੀ ਦਾ ਲੇਖ ਬਨਾਵਟੀ ਹੈ। ਫਿਰ ਇਸ ਸੰਬੰਧ ਵਿਚ ਦੇਖੋ ਰੁਤ ੩ ਅੰਸੂ ੩੫-੪੧ ਦੀ ਹੇਠਲੀ ਟੂਕ।

ਦੇਵੀ ਪੂਜਨ ਦਾ ਹੁਣ ਤਕ ਲੱਭਾ ਆਦਿ ਲੇਖਕ ਮਹਿਮਾ ਪ੍ਰਕਾਸ਼ ਛੰਦਾਬੰਦੀ ਹੈ। ਉਸ ਨੇ ਦੇਵੀ ਪੂਜਨ ਦੀ ਉਥਾਨਕਾ ਸੰਗਤ ਪਰ ਤੁਰਕਾਂ ਦੀ ਵਧੀਕੀ ਤੋਂ ਗੁਰੂ ਜੀ ਦਾ ਉਦਾਸ ਹੋਕੇ ਬੀਰਰਸ ਉਪਜਾਵਨ ਲਈ ਏਹ ਵਿਚਾਰ ਕਰਨਾ ਦੱਸਿਆ ਹੈ, ਪਰ ਸੌ ਸਾਖੀ ਨੇ ਘਾੜਤ ਹੋਰ

ਘੜੀ ਹੈ ਜੋ ਇਤਿਹਾਸ ਦੇ ਬੀ ਵਿਰੁੱਧ ਹੈ। ਸੌ ਸਾਖੀ ਕਹਿੰਦੀ ਹੈ ਕਿ ਪਾਉਂਟੇ ਤੋਂ ਤੁਰੇ ਤਾਂ ਕੇਸ਼ੋਦਾਸ ਸੱਦਿਆ ਫੇਰ ਕਪਾਲ ਮੋਚਨ ਜਾ ਲੁਕੇ ਉਥੇ ਤੁਰਕ ਸੈਨਾ ਢੂੰਡਦੀ ਆਈ ਪਰ ਕਿਵੇਂ ਟਲ ਗਈ। ਫੇਰ ਨ੍ਰੈਣ ਪੁਰ ਆ ਗਏ, ਉਥੇ ਮਥਰਾ ਬ੍ਰਾਹਮਨ ਮਿਲਿਆ, ਫੇਰ ਧੁਨਕੀ ਆਏ ਸੱਤ ਦਿਨ ਬਾਦ ਮਤਾ ਕੀਤਾ ਕਿ ਨੈਣੂ ਪੁਤਰੀ† ਦੀ ਸੇਵਾ ਕੀਤੀ ਜਾਵੇ, ਫੇਰ ਪਹਾੜ ਜਾ ਚੜੇ ਤੇ ਪੰਜ ਪਹਿਰ ਦਾ ਹੋਮ ਅਰੰਭਿਆ। ਇਹ ਸਾਰੀ ਗਲ ਇਤਿਹਾਸ ਵਿਰੁੱਧ ਹੈ:-ਪਾਉਂਟੇ ਤੋਂ ਗੁਰੂ ਸਾਹਿਬ ਜੀ ੧੭੪੬ ਵਿਚ ਟੁਰੇ ਹਨ, ਖਾਲਸਾ ਵਿਸਾਖ ੧੭੫੬ ਵਿਚ ਪ੍ਰਗਟਿਆ। ਸਾਰੇ ਲੇਖਕ ਦੇਵੀ ਦਾ ਵਾਕਿਆ ਉਸ ਤੋਂ ਪਹਿਲੇ ਚੇਤ ਵਿਚ ਰੱਖਦੇ ਹਨ, ਸੋ ੧੭੫੫ ਹੋਇਆ। ਸੌ ਸਾ: ਵਾਲਾ ੧੭੫੫ ਦੀ ਘਟਨਾ ਨੂੰ ੧੭੪੬ ਵਿਚ ਲੈ ਗਿਆ ਹੈ, ੯ ਬਰਸ ਦਾ ਟਪਲਾ ਘਾੜਤ ਘੜਨ ਵਿਚ ਖਾ ਗਿਆ ਹੈ। ਗੁਰੂ ਜੀ ਕਪਾਲ ਮੋਚਨ ਮੇਲੇ ਪਰ ਗਏ ਸਨ ਤੇ ਮੁੜਕੇ ਪਾਂਵਟੇ ਗਏ, ਫਿਰ ਭੰਗਾਣੀ ਜੁੱਧ ਹੋਇਆ, ਫੇਰ ਅਨੰਦਪੁਰ ਗਏ ਪਰ ਸੌ ਸਾਖੀ ਵਾਲਾ ਕਪਾਲ ਮੋਚਨ ਤੋਂ ਹੀ ਨੈਣਾਂ ਟਿੱਲੇ ਤੇ ਲੈ ਜਾਂਦਾ ਹੈ। ਇਸ ਤਰ੍ਹਾਂ ਦੀ ਇਤਹਾਸ ਵਿਰੁੱਧਤਾ ਤੋਂ ਇਸ ਸਾਖੀ ਦਾ ਕਿਸੇ ਇਤਿਹਾਸ ਤੋਂ ਨਾਵਾਕਫ ਦੇ ਹਥੀਂ ਠੱਪੇ ਜਾਣਾ ਸਹੀ ਹੋ ਗਿਆ। ਸੌ ਸਾਖੀ ਸਾਹਿਬ ਰਾਮ ਕੌਰ ਜੀ ਦੀ ਰਚਨਾ ਦੱਸੀ ਜਾਂਦੀ ਹੈ। ਜੇ ਇਹ ਸਾਖੀ ਸਾਹਿਬ ਰਾਮ ਕੌਰ ਜੀ ਨੇ ਲਿਖੀ ਹੁੰਦੀ ਤਾਂ ਉਹ ਸਤਿਗੁਰ ਜੀ ਦੇ ਹਜ਼ੂਰੀਏ ਇੱਡੀਆਂ ਭਾਰੀਆਂ ਇਤਿਹਾਸਿਕ ਭੁੱਲਾਂ ਕਦੇ ਨਾ ਕਰਦੇ। ਫਿਰ ਇਸੇ ਸੌ ਸਾਖੀ ਪੋਥੀ ਵਿੱਚ ਸਿੱਖਾਂ ਦੀਆਂ ਰਹਿਤਾਂ ਆਦਿਕ ਦੱਸਣ ਵੇਲੇ ਸਿੱਖਾਂ ਨੂੰ ਸੀਤਲਾ ਪੂਜਣ ਤੋਂ ਵਰਜਿਆ ਹੈ। ਸੀਤਲਾ ਦੁਰਗਾ ਦਾ ਹੀ ਰੂਪ ਮੰਨੀ ਜਾਂਦੀ ਹੈ‡। ਸੌ ਸਾਖੀ ਦੀ ੬੨ਵੀਂ ਸਾਖੀ ਵਿੱਚ ਗੁਰੂ ਸਾਹਿਬ ਜੀ ਦੀ ਜ਼ਬਾਨੀ ਐਉਂ ਲਿਖਿਆ ਹੈ:- "ਮੇਰਾ ਸਿਖ ਸੀਤਲਾ ਨਾ ਮਾਨੈ"

†ਸੌ ਸਾਖੀ ਦੇ ਏਹ ਲਫਜ਼ ਬੀ ਅਟਪਦੇ ਹਨ 'ਨੈਣਾਂ' ਤਾਂ ਇਕ ਗੁਜਰ ਸੀ ਦੁਰਗਾ ਉਸ ਦੀ ਪੁੱਤ੍ਰੀ ਕਿਵੇਂ?।

‡ਗੁਰੂ ਹਰਿ ਗੋਬਿੰਦ ਜੀ ਦੀ ਸੀਤਲਾ ਪੁਜਨ ਸਮੇਂ ਕਵੀ ਜੀ ਨੇ ਦੁਰਗਾ ਪੁਜਨ ਜਾਣਾ ਦੱਸਕੇ ਸੀਤਲਾ ਤੇ ਦੁਰਗਾ ਨੂੰ ਇੱਕੋ ਦਾ ਰੂਪ ਦੱਸਿਆ ਹੈ। ਦੇਖੋ ਰਾਸ ੩ ਅੰਸੂ ੧੨।

ਇਹ ਵਾਕ ਉਸੇ ਵਾਕ ਦੇ ਅਨਕੂਲ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ:-

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨ ਉਹੁ ਛਾਰ ਉਡਾਵੈ ॥੧॥
ਹਉ ਤਉ ਏਕ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤਿ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

[ਗੋਂਡ ਨਾਮ ਦੇਵ ਜੀ।

ਉਪਰਲੀ ਵੀਚਾਰ ਤੋਂ ਸੌ ਸਾਖੀ ਦੇ ਏਹ ਪ੍ਰਸੰਗ ਬਨਾਵਟੀ ਹੋਣੇ ਸਹੀ ਹੋ ਗਏ ਤੇ ਫਿਰ ਉਸੇ ਸੌ ਸਾਖੀ ਵਿਚੋਂ ਦੇਵ ਦੀ ਪੂਜਾ ਦੀ ਮਨਾਹੀ ਬੀ ਮਿਲ ਗਈ।

## ਗੁਰ ਬਿਲਾਸ ਭਾਈ ਸੁਖਾ ਸਿੰਘ ਜੀ [੧੮੫੪]

ਇਹ ਪੁਸਤਕ ਗੁਰੂ ਜੀ ਦੇ ਹਾਲਾਤ ਦੱਸਦੀ ਹੈ ਤੇ ਲਗਪਗ ਸੰਮਤ ੧੮੫੪ ਵਿਚ ਅਨੰਦਪੁਰ ਸਾਹਿਬ ਲਿਖੀ ਗਈ ਹੈ।

ਇਸ ਵਿੱਚ ਦੇਵੀ ਦਾ ਪ੍ਰਸੰਗ ਹੈ ਪਰ ਅਧਜਾਯ ਦੇ ਅੰਤ ਵਿੱਚ ਇਸ ਦੇ ਕਰਤਾ ਭਾਈ ਸੁੱਖਾ ਸਿੰਘ ਜੀ ਦੱਸਦੇ ਹਨ ਕਿ ਇਹ ਪ੍ਰਸੰਗ ਉਨ੍ਹਾਂ ਨੇ ਰਵਾਇਤਾਂ ਤੋਂ ਲਿਆ ਹੈ। ਯਥਾ:- 'ਪ੍ਰਗਟ ਕਥਾ ਜਿਮ ਜਗਤ ਮੈਂ ਗਾਵਤ ਗੁਨੀ ਸੁਧੀਰ ॥ ਤਿਹ ਪ੍ਰਸਾਦ ਵਰਨਨ ਕਰੀ ਤੈਸ ਭਾਂਤ

ਇਨ ਕੀਰ। ' ਇਸਤੋਂ ਪਤਾ ਲੱਗਾ ਕਿ ਆਪਦੀ ਲਿੱਖਤ ਸੁਣੀ ਸੁਣਾਈ ਰਵਾਯਤ ਦੇ ਅਧਾਰ ਤੇ ਹੈ। ਕਿਸੇ ਆਪ ਕੀਤੀ ਇਤਿਹਾਸਕ ਖੋਜ ਦਾ ਸਿੱਟਾ ਨਹੀਂ ਹੈ।

### ੧੧. ਸ੍ਰੀ ਗੁਰ ਪ੍ਰਤਾਪ ਸੂਰਜ-[੧੯੦੦]

ਇਸ ਦੇ ਪਾਠ ਦੇ ਮੁਕਾਬਲੇ ਕਰਨ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ ਆਪ ਦੇ ਪਾਸ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਹੈਸੀ, ਗੁਰਬਿਲਾਸ ਭਾ: ਸੁੱਖਾ ਸਿੰਘ ਦਾ ਬੀ ਹੈਸੀ ਤੇ ਸੌ ਸਾਖੀ ਦੀ ਪੋਥੀ ਬੀ ਹੈਸੀ। ਇਨ੍ਹਾਂ ਤੋਂ ਹਾਲ ਲੈਕੇ ਆਪ ਨੇ ਲਿਖਿਆ ਹੈ, ਆਪਣੀ ਖਾਸ ਖੋਜ ਕੀਤੀ ਦਾ ਕੋਈ ਇਸ਼ਾਰਾ ਆਪ ਨੇ ਨਹੀਂ ਦਿੱਤਾ।

'ਦਸਮ ਗੁਰੂ ਜੀ ਦਾ ਇਸ਼ਟ ਯਾ ਗੁਰੂ ਦੇਵੀ ਨਹੀਂ ਸੀ' ਇਹ ਗਲ ਅਸੀਂ ਪਿੱਛੇ ਕਵੀ ਜੀ ਦੀ ਆਪਣੀ ਲਿਖਤ ਤੋਂ ਸਾਬਤ ਹੁੰਦੀ ਵੇਖ ਆਏ ਹਾਂ, ਦੇਖੋ ਪੰਨਾ ੪੯੮੨-੮੩ ਤੇ-੮੬-੮੭. ਆਪ ਨੇ ਦੇਵੀ ਨੂੰ ਗੁਰੂ ਚਰਨਾਂ ਵਿੱਚ ਵੱਸਣ ਵਾਲੀ ਦੱਸਿਆ ਹੈ।

### ਗੁਰ ਬਿਲਾਸ ਕ੍ਰਿਤ ਬਾਬਾ ਸੁਮੇਰ ਸਿੰਘ ਜੀ [ਲਗ ਪਗ ਸੰਮਤ ੧੯੩੯]

ਆਪ ਦੇ ਦੇਵੀ ਸੰਬੰਧੀ ਲੇਖ ਦਾ ਆਧਾਰ ਮਹਿਮਾ ਪ੍ਰਕਾਸ਼, ਗੁਰਬਿਲਾਸ ਤੇ ਗੁਰ ਪ੍ਰਤਾਪ ਸੂਰਜ ਤੇ ਹੈ। ਅਪਣੀ ਖੋਜ ਯਾ ਕਿਸੇ ਇਨ੍ਹਾਂ ਤੋਂ ਪੁਰਾਤਨ ਨੁਸਖੇ ਦੇ ਆਧਾਰ ਤੇ ਕੁਛ ਲਿਖਿਆ ਇਨ੍ਹਾਂ ਦੇ ਪੁਸਤਕ ਤੋਂ ਸਹੀ ਨਹੀਂ ਹੁੰਦਾ।

### ਪੰਥ ਪ੍ਰਕਾਸ਼
### [ਭੰਗੂ ਰਤਨ ਸਿੰਘ ਜੀ ਦਾ ਸੰਮਤ ੧੮੯੮।
### ਭਾਈ ਗਿਆਨ ਸਿੰਘ ਗਿਆਨੀ ਜੀ ਦਾ ਸੰਮਤ ੧੯੪੬†]।

†ਇਸ ਤੋਂ ਪਹਿਲਾਂ ੧੯੩੫ ਬਿ: ਦਾ ਪਤਾ ਚਲਦਾ ਹੈ ਕਿ ਉਸ ਸੰਮਤ ਵਿਚ ਇਹ ਪਹਿਲਾਂ ਛਪਿਆ ਸੀ, ਉਹ ਨੁਸਖਾ ਸਾਨੂੰ ਮਿਲਿਆ ਨਹੀਂ, ੧੯੪੬ ਦਾ ਅਸਾਂ ਪਾਸ ਹੈ।

ਗਿਆਨੀ ਗਿਆਨ ਸਿੰਘ ਜੀ ਦੇ ਪੱਥਰ ਤੇ ਛਾਪੇ (ਸੰਮਤ ੧੯੪੬) ਵਿੱਚ ਛਪੇ ਪੰਥ ਪ੍ਰਕਾਸ਼ ਵਿੱਚ ਦੇਵੀ ਪ੍ਰਗਟਾਈ ਲਿਖੀ ਹੈ। ਉਸ ਵਿੱਚ ਉਨ੍ਹਾਂ ਨੇ ਇਕ ਇਕਤਬਾਸ ਦਿੱਤਾ ਹੈ ਜੋ ਆਪਣੀ ਇਬਾਰਤ ਤੋਂ ਖਿਆਲ ਦੇ ਸਕਦਾ ਹੈ ਕਿ ਉਹ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਤੋਂ ਲੀਤਾ ਗਿਆ ਹੈ। ਅਸਲ ਵਿੱਚ ਗਿਆਨੀ ਜੀ ਦਾ ਪੰਥ ਪ੍ਰਕਾਸ਼ ਭੰਗੂ ਜੀ ਦੇ ਪੰਥ ਪ੍ਰਕਾਸ਼ ਦੀ ਹੀ ਕਾਇਆਂ ਪਲਟ ਹੈ। ਅਸਾਂ ਨੂੰ ਇਹ ਉਪਰ ਦੱਸੀ ਇਬਾਰਤ, ਭੰਗੂ ਰਤਨ ਸਿੰਘ ਜੀ ਦੇ ਗ੍ਰੰਥ ਵਿੱਚ ਜੋ ਸਾਡੇ ਪਾਸ ਹੈ, ਨਹੀਂ ਮਿਲੀ। ਰਤਨ ਸਿੰਘ ਜੀ ਆਪਣਾ ਪੰਥ ਪ੍ਰਕਾਸ਼ ਕਪਤਾਨ ਮਰੇ ਨੂੰ ਸਿੱਖ ਇਤਿਹਾਸ ਸੁਣਾਕੇ ਲਿਖਦੇ ਹੁੰਦੇ ਸਨ। ਉਨ੍ਹਾਂ ਦੀ ਪੋਥੀ ਵਿਚ ਕਈ ਵੇਰ ਕਪਤਾਨ ਮਰੇ ਦਾ ਨਾਮ ਆਉਂਦਾ ਹੈ, ਜੋ ਇਸ ਇਬਾਰਤ ਵਿੱਚ ਬੀ ਆਇਆ ਹੈ ਜਿਸਦਾ ਸੰਖੇਪ ਭਾਵ ਐਉਂ ਹੈ:-'ਕਿ ਮਰੇ ਨੇ ਸਾਨੂੰ ਪੁੱਛਿਆ ਕਿ ਜਦ ਗੁਰੂ ਜੀ ਇਕ ਅਕਾਲ ਉਪਾਸਿਕ ਸਨ ਤਾਂ ਦੇਵੀ ਕਿਉਂ ਪੂਜੀ, ਅਸਾਂ ਉੱਤਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਭਾ ਵਿੱਚ ਬ੍ਰਾਹਮਣਾਂ ਨੇ ਕਿਹਾ ਕਿ ਕਲਜੁਗ ਵਿੱਚ ਦੇਵਤਾ ਪ੍ਰਗਟ ਨਹੀਂ ਹੋ ਸਕਦੇ ਤੇ ਗੁਰੂ ਜੀ ਨੇ ਕਿਹਾ ਕਿ ਨਹੀਂ, ਹੋ ਸਕਦਾ ਹੈ। ਬ੍ਰਾਹਮਣਾਂ ਨੇ ਹਠ ਕੀਤਾ ਤੇ ਗੁਰੂ ਜੀ ਨੇ ਆਪਣਾ ਵਾਕ ਪੂਰਾ ਕਰਨ ਲਈ ਪ੍ਰਗਟਾਕੇ ਵਿਖਾ ਦਿੱਤਾ।' ਇਹ ਗਲ ਭਾਈ ਗਿਆਨ ਸਿੰਘ ਨੇ ਆਪਣੀ ਵੱਲੋਂ ਦਿੱਤੀ ਹੈ, ਰਤਨ ਸਿੰਘ ਜੀ ਤੋਂ ਲਈ ਹੋਈ ਨਹੀਂ ਦੱਸੀ ਤੇ ਨਾ ਹੀ ਸਾਨੂੰ ਆਪਣੇ ਪਾਸ ਦੇ ਨੁਸਖੇ ਵਿੱਚ ਮਿਲੀ ਹੈ। ਇਸ ਲਈ ਇਹੋ ਖਿਆਲ ਕਰਨਾ ਚਾਹੀਏ ਕਿ ਰਤਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਦੇਵੀ ਦਾ ਪ੍ਰਸੰਗ ਨਹੀਂ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਇਸ ਪੰਥ ਪ੍ਰਕਾਸ਼ ਵਿਚ ਇਥੇ ਉਹੋ ਉਪਰਲਾ ਹੀ ਕਾਰਨ ਦੱਸਿਆ ਤੇ ਅੱਗੇ ਦੇਵੀ ਪ੍ਰਗਟ ਹੋਣ ਦੀ ਵਾਰਤਾ ਲਿਖੀ ਹੈ। ਪੜ੍ਹਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪ ਨੇ ਜੋ ਕੁਛ ਲਿਖਿਆ ਹੈ ਸੋ ਸ੍ਰੀ ਗੁਰੂ ਪ੍ਰਤਾਪ ਸੂਰਜ ਤੇ ਗੁਰਬਿਲਾਸ ਭਾਈ ਸੁੱਖਾ ਸਿੰਘ ਆਦਿਕਾਂ ਦੇ ਆਧਾਰ ਤੇ ਲਿਖਿਆ ਹੈ। ਕੋਈ ਨਵੀਂ ਲਿੱਖਤ ਯਾ ਇਸ ਖੋਜ ਵਿਸ਼ੇ ਪਰ ਇਨ੍ਹਾਂ ਨੂੰ ਨਹੀਂ ਮਿਲੀ†। †ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਮੁੜਕੇ ਛਾਪਣ ਵੇਲੇ ਦੇਵੀ ਦੇ ਪ੍ਰਸੰਗ ਵਿਚ ਅਦਲਾ ਬਦਲੀ ਕੀਤੀ ਹੈ ਤੇ ਅੰਤ ਵਿੱਚ ਜੋ ਕੁਝ ਉਨ੍ਹਾਂ ਨੇ ਤਵਾਰੀਖ ਖਾਲਿਸਾ ਵਿੱਚ (ਜੋ ਉਨ੍ਹਾਂ ਨੇ ਸਭ ਤੋਂ ਮਗਰੋਂ ਦੀ ਐਡੀਸ਼ਨ ਵਿਚ) ਲਿਖਿਆ ਹੈ, ਪਹਿਲੇ ਆਪਣੇ ਲਿਖੇ ਦਾ ਖੰਡਨ ਕਰਦਾ ਹੈ। ਇਹ ਲੇਖ ਅਸੀਂ ਅਗਲੇ ਅੰਕ (ੲ) ਵਿਚ ਦਿਆਂਗੇ, ਦੇਖੋ ਪੰਨਾ ੫੦੦੮।

## ੧੪. ਇਸ ਸਮੇਂ ਦੇ ਹੋਰ ਲੇਖਕ:

ਇਸ ਸਮੇਂ ਦੇ ਖਿਆਲ ਦੇ ਅਨੁਯਾਈ ਲੇਖਕ ਪੰਡਤ ਤਾਰਾ ਸਿੰਘ ਜੀ (੧੯੩੪ ਬਿ:) ਨੇ 'ਗੁਰਮਤ ਨਿਰਣਯ ਸਾਗਰ' ਵਿੱਚ ਤੇ ਪੰਡਤ ਹਰਾ ਸਿੰਘ ਜੀ ਨੇ (੧੯੪੧ ਬਿ:) 'ਗੁਰੂ ਸਿਧਾਂਤ ਪਾਰਿਜਾਤ' ਸੰਸਕ੍ਰਿਤ ਵਿੱਚ ਤੇ ਪੰਡਤ ਸਾਧੂ ਸਿੰਘ ਜੀ (੧੯੪੬ ਬਿ:) 'ਗੁਰ ਸਿੱਖਿਆ ਪ੍ਰਭਾਕਰ' ਵਿੱਚ ਦੇਵੀ ਆਰਾਧਨ ਬਾਬਤ ਸੰਖੇਪ ਕਰਕੇ ਲਿਖਿਆ ਹੈ, ਇਨ੍ਹਾਂ ਦਾ ਵੇਰਵਾ ਅਗਲੇ ਨਕਸ਼ੇ ਵਿਚ ਆਵੇਗਾ।

ਹੋਰ ਬੀ ਕੋਈ ਲੇਖਕ ਇਸ ਪੱਖ ਦੇ ਹੋ ਸਕਦੇ ਹਨ ਪਰ ਸਭ ਦਾ ਸਮਾਂ ਇਸੇ ਸਮੇਂ ਵਿਚ ਆ ਜਾਂਦਾ ਹੈ।

ਉਪਰ ਲਿਖੇ ਲੇਖਕਾਂ ਦੇ ਲਿਖੇ ਦੇਵੀ ਪ੍ਰਗਟਣ ਦੇ ਹਾਲਾਤ ਦੇ ਵੇਰਵਿਆਂ ਵਿੱਚ ਪ੍ਰਸਪਰ ਵਿਰੋਧ ਹੈਨ, ਇਨ੍ਹਾਂ ਵਿਰੋਧਾਂ ਨੂੰ ਸਫੁਟ ਸਮਝਣ ਲਈ ਅਸੀਂ ਅੱਗੇ ਇਕ ਨਕਸ਼ਾ ਦੇਂਦੇ ਹਾਂ।

ਇਕ ਮਾਜਰੇ ਦੇ ਵਰਣਨ ਦੇ ਵੇਰਵੇ ਵਿਚ ਜੋ ਲੇਖਕ ਪਰਸਪਰ ਵਿਰੋਧੀ ਗੱਲਾਂ ਲਿਖਣ ਤਾਂ ਉਨ੍ਹਾਂ ਦੇ ਦੱਸੇ ਸਾਰੇ ਹਾਲ ਸੱਚੇ ਨਹੀਂ ਕਰਾਰ ਦਿੱਤੇ ਜਾ ਸਕਦੇ। ਸਗੋਂ ਓਹ ਦਲੀਲ ਹੁੰਦੇ ਹਨ ਸਾਰੇ ਮਾਮਲੇ ਦੇ ਯਾ ਬਹੁਤ ਸਾਰੇ ਦੇ ਬਨਾਵਟੀ ਹੋਣ ਦੇ।

ਇਹ ਨਕਸ਼ਾ ਦੱਸਦਾ ਹੈ ਕਿ ਇਨ੍ਹਾਂ ਸਾਰੇ ਲੇਖਕਾਂ ਦਾ ਦੇਵੀ ਪੂਜਨ ਦੇ ਪ੍ਰਸੰਗ ਵਰਣਨ ਕਰਨ ਦੇ ਵੇਰਵਿਆਂ ਵਿਚ ਇਖਤਲਾਫ ਹੈ। ਇਹ ਇਖਤਿਲਾਫ ਇਸ ਗਲ ਦਾ ਸੂਚਕ ਹੈ ਕਿ ਇਨ੍ਹਾਂ ਲੇਖਕਾਂ ਦੇ ਲੇਖ ਸੁਣੀਆਂ ਸੁਣਾਈਆਂ ਯਾਂ ਪਿੱਛੇ ਲਿਖੀਆਂ ਪਰ ਫੁਲ ਚੜ੍ਹਾਉਣ ਅਥਵਾ ਖਿਆਲੀ ਭੱਜ ਤ੍ਰੂਕ ਮਾਤ੍ਰ ਹਨ। ਫਿਰ ਜਦ ਨਾਲ ਇਹ ਗਲ ਦੇਖੀ ਜਾਵੇ ਕਿ ਛੇਤੀ ਤੋਂ ਛੇਤੀ ਦਾ ਲਿਖਤੀ ਹਾਲ ਸਾਨੂੰ ਮਿਲਦਾ ਹੈ ਸੋ ੧੮੩੩ ਅਰਥਾਤ ਦੇਵੀ ਪ੍ਰਗਟਾਉਣ ਦੇ ਦੱਸੇ ਸੰਮਤ ੧੭੫੫ ਤੋਂ ਲਗਪਗ ਅਠੱਤਰ ਸਾਲ ਮਗਰੋਂ ਤੋਂ ਮਿਲਨਾ ਆਰੰਭ ਹੁੰਦਾ ਹੈ ਤੇ ਉਹ ਲੇਖਕ ਬੀ ਉਸੇ ਪੁਸਤਕ ਵਿਚ ਦੇਵੀ ਨੂੰ ਗੁਰੂ ਜੀ ਦੀ ਆਨ ਮੰਨਣ ਵਾਲੀ ਤੇ ਪੂਜਕ ਆਪ ਪਿਆ ਲਿਖਦਾ ਹੈ। ੭੮ ਸਾਲ ਦੇ ਪਹਿਲੇ ਅਰਸੇ ਵਿਚ ਲਿਖਤੀ ਨਿਸ਼ਚਿਤ ਸਬੂਤ ਕੋਈ ਨਹੀਂ ਮਿਲਦਾ ਸੋ ਏਨੇ ਬਰਸ ਮਗਰੋਂ ਦੀ ਲਿਖਤ ਵਿਚ ਆਉਣ ਵਾਲੀ ਗਲ ਤੇ ਲਿਖਣ ਵਾਲੇ ਲੇਖਕਾਂ ਦੇ ਪਰਸਪਰ ਵਿਰੋਧਾਂ ਤੇ ਦੇਵੀ ਨੂੰ ਗੁਰੂ ਜੀ ਦੀ ਪੂਜਕ ਆਪੇ ਮੰਨਣ ਤੋਂ ਦੇਵੀ ਆਰਾਧਨ, ਪੂਜਨ, ਪ੍ਰਗਟ ਕਰਨ ਦੇ ਵਾਕਿਆ ਦੀ ਦਰੁਸਤੀ ਪਰ ਇਕ ਨਿਰਪੱਖ ਖੋਜੀ ਨੂੰ ਐਸਾ ਪ੍ਰਬਲ ਸੰਸਾ ਉਪਜਦਾ ਹੈ ਕਿ ਜੋ ਸਚਾਈ ਨੂੰ ਮੂਲੋਂ ਹਿਲਾ ਦੇਂਦਾ ਹੈ†। †੧੮੦੮ ਯਾ ੧੮੧੯ ਦੀ ਲਿਖਤ ਅਸੀਂ ਪਿਛੇ ਦੱਸ ਆਏ ਹਾਂ ਕਿ ਅਪਨੇ ਗ਼ਲਤ ਸੰਮਤਾਂ ਤੋਂ ਹੀ ਬੇਇਤਬਾਰ ਹੋ ਜਾਂਦੀ ਹੈ। (ਦੇਖੋ ਹੇਠਲੀ ਟੂਕ ਸਫਾ ੪੯੯੯ ਨਿਸ਼ਾਨ+)।

## ੲ. (ਲਗਪਗ ੧੯੪੬ ਤੋਂ ਹੁਣ ਤੱਕ ਦੇ ਲੇਖਕ)

ਹੁਣ ਅਸਾਂ ੧੯੪੬ ਤੋਂ ਮਗਰੋਂ ਦੇ ਇਤਿਹਾਸਕਾਰਾਂ ਦੇ ਲੇਖ ਦੇਖਣੇ ਹਨ।

### ਤਵਾਰੀਖ ਖਾਲਸਾ-[ਸੰ: ੧੯੫੪ ਤੋਂ ਮਗਰਲੇ ਕਈ ਐਡੀਸ਼ਨ]

ਇਸ ਦੇ ਕਰਤਾ ਭਾਈ ਗਿਆਨ ਸਿੰਘ ਜੀ ਗਿਆਨੀ ਹਨ, ਇਨ੍ਹਾਂ ਦੇ ਪੰਥ ਪ੍ਰਕਾਸ਼ ਦਾ ਹਾਲ ਪਿਛਲੇ ਅੰਕ 'ਅ੍. ੧੩' ਵਿਚ ਦੇ ਆਏ ਹਾਂ। ਆਪ ਨੇ ਉਸ ਲੇਖ ਵਿਚ ਆਪਣੇ (ਪੰਥ ਪ੍ਰਕਾਸ਼ ਦੀ ਛੇਵੀਂ ਐਡੀਸ਼ਨ ਵਿਚ) ਲਿਖੇ ਬਿਰਤੰਤ ਨੂੰ ਅਗਿਆਨ ਦੇ ਕਾਰਣ ਦਸਿਆ ਹੈ ਯਥਾ:-

ਏਹੋ ਬਾਤ ਜਗਤ ਬਿਦਤਾਈ ॥ ਜੋ ਅਬ ਲੌਂ ਹੈ ਫੈਲ ਰਹਾਈ ॥
ਸਿੱਖਨ ਪੁਸਤਕੋਂ ਮੈਂ ਲਿਖ ਰਾਖੀ ॥ ਸੋਈ ਪਿਖ ਮਾਖੀ ਪਰ ਮਾਖੀ ॥
ਮੈਂ ਭੀ ਮਾਰੀ ਭੁਲਕੈ ਖਾਸ ॥ ਪਹਿਲੇ ਬੀਚ ਪੰਥ ਪਰਕਾਸ਼ ॥
ਸੋ ਫੈਲਜੋ ਬਹੁ ਜਗਤ ਮਝਾਰੀ ॥ ਅਬ ਸਤਿਗੁਰ ਜਬ ਕਿਰਪਾ ਧਾਰੀ ॥
ਬਖਸ਼ੀ ਸੁੱਧ ਬੁੱਧਿ ਦਿਢ ਸਾਚੀ ॥ ਆਪੇ ਪ੍ਰੇਰਜੋ ਸਤਿਗੁਰ ਸਾਛੀ ॥
ਸਾਚੀ ਸਾਖੀ ਤਬ ਫੁਰਿ ਆਈ ॥ ਲਿਖੀ ਸੋਊ ਜੌ ਗੁਰੂ ਲਿਖਾਈ ॥

[ਪੰਨਾ ੧੯੫

ਫਿਰ ਆਪ ਆਪਣੀ ਰਚੀ ਤ੍ਵਾਰੀਖ ਖਾਲਸਾ (ਸਫਾ ੧੬੭੦) ਐਡੀਸ਼ਨ ਤੀਜੀ) ਵਿਚ ਲਿਖਦੇ ਹਨ:-'ਪੋਥੀਆਂ ਕਿਤਾਬਾਂ ਵਿਚ (ਜੋ ਔਦੂੰ ਪਿਛੋਂ ਲੋਕਾਂ ਨੇ ਬਣਾਈਆਂ ਹਨ) ਬਿਨਾਂ ਬਿਚਾਰੇ ਇਹ ਲਿਖ ਛਡਿਆ ਹੈ ਕਿ ਗੁਰੂ ਜੀ ਨੇ ਦੇਵੀ ਨੂੰ ਇਸ਼ਟ ਮੰਨਕੇ ਉਪਾਸ਼ਨਾ ਕੀਤੀ ਹੈ। ਉਨ੍ਹਾਂ ਪੋਥੀਆਂ ਕਿਤਾਬਾਂ ਨੂੰ ਹੀ ਪੜ੍ਹ ਸੁਣਕੇ ਤੇ ਹਿੰਦੂਆਂ ਦੇ ਬਹਿਕਾਏ ਹੋਏ ਕੱਚੇ ਸਿੱਖ ਗੁਰੂ ਜੀ ਨੂੰ ਦੇਵੀ ਦਾ ਉਪਾਸ਼ਕ ਮੰਨੀ ਬੈਠੇ ਹਨ। ਓਹ ਇਹ ਨਹੀਂ ਸਮਝਦੇ ਕਿ ਜਿਸ ਗੁਰੂ ਨਾਨਕ ਸਾਹਿਬ ਜੀ ਦੇ ਦਰਵਾਜ਼ੇ ਅੱਗੇ ਝਾੜੂ ਦਿੰਦੀ ਦੇਵੀ ਨੂੰ ਸਿਖ ਦੇਖਦੇ ਰਹੇ ਹਨ, ਫੇਰ ਉਸੇ ਟਹਿਲਣੀ ਦੀ ਸੇਵਾ ਉਸੇ ਗੁਰੂ ਜੀ ਦੀ ਗੱਦੀ ਦੇ ਮਾਲਕ, ਅਕਾਲ ਪੁਰਖ ਦੇ ਪੁੱਤ੍ਰ ਸ੍ਰੀ ਕਲਗੀਧਰ ਜੀ ਕਰ ਸਕਦੇ ਹਨ? ਕਦੀ ਨਹੀਂ ਕਰ ਸਕਦੇ ਤੇ ਨਾ ਹੀ ਕੀਤੀ। ' ਸੋ ਇਸ ਲੇਖਕ ਜੀ ਨੇ ਆਪਣੀ ਪਹਿਲੀ ਲਿਖੀ ਵਾਰਤਾ ਨੂੰ ਤੇ ਪਿਛਲਿਆਂ ਸਾਰਿਆਂ ਦੀਆਂ ਲਿਖੀਆਂ ਵਾਰਤਾਂ ਨੂੰ ਬਨਾਵਟੀ ਤੇ ਝੂਠਿਆਂ ਸਿੱਧ ਕਰ ਦਿੱਤਾ ਹੈ।

### ਮੈਕਾਲਿਫ਼- [ਸੰਨ ੧੯੦੯ ਈ: ੧੯੬੬ ਬਿ:]

ਆਪ ਨੇ ਦੇਵੀ ਦਾ ਪ੍ਰਸੰਗ ਤ੍ਵਾਰੀਖ ਖਾਲਸਾ ਦੇ ਆਖਰੀ ਐਡੀਸ਼ਨ ਵਾਂਙੂ ਦਿੱਤਾ ਹੈ, ਕੋਈ ਬਹੁਤਾ ਫਰਕ ਨਹੀਂ। ਆਖਰੀ ਪੈਰਾ ਉਨ੍ਹਾਂ ਦਾ ਇਹ ਹੈ:-

After Kesho had thus absconded, the Guru ordered that the material which had been collected for the ceremony shuld be thrown into the Hompit. Upon this a great flame shot up towards the heavens. When this was seen from afar, all the spectators felt certain that the Guru himself had caused Durga to appear. The Guru drew his sword and set out for Anandpur. When the people asked if the goddess had appeared to him, he raised his sword aloft, in as much as to say that by God's assistance his sword whould perform the deeds which the Brahmans attributed to Durga. The people them erroneously believed that the goddess had given him the sword.

[Vol. 5, Page 65]

ਅਰਥਾਤ-ਜਦ ਕੇਸ਼ੋ ਐਉਂ ਭੱਜ ਗਿਆ ਤਾਂ ਗੁਰੂ ਜੀ ਨੇ ਆਗਿਆ ਕੀਤੀ ਕਿ ਸਾਰੀ ਸਮੱਗ੍ਰੀ ਜੋ ਜਮਾਂ ਹੈ ਹਵਨ ਕੁੰਡ ਵਿਚ ਪਾ ਦਿਓ। ਤਦੋਂ ਭਾਰੀ ਭਾਂਬੜ ਅਸਮਾਨਾਂ ਵਿਚ ਉਠਿਆ। ਜਦੋਂ ਇਹ ਮਹਾਨ ਸ਼ੁਅਲਾ ਦੂਰੋਂ ਦਿੱਸਿਆ ਲੋਕਾਂ ਨਿਸ਼ਚੇ ਜਾਤਾ ਕਿ ਗੁਰੂ ਜੀ ਨੇ ਆਪ ਦੁਰਗਾ ਨੂੰ ਪ੍ਰਗਟਾ ਲਿਆ ਹੈ। ਗੁਰੂ ਜੀ ਤਲਵਾਰ ਧੂ ਕੇ ਅਨੰਦਪੁਰ ਆਏ। ਜਦੋਂ ਲੋਕੀ ਪੁਛਣ ਕਿ ਕੀਹ ਦੁਰਗਾ ਪ੍ਰਗਟੀ ਹੈ ਤਾਂ ਤਲਵਾਰ ਉਚੀ ਉਠਾ ਦੱਸਣ, ਜਿਸ ਦਾ ਭਾਵ ਇਹ ਕਹਿਣੇ ਤੁੱਲ ਸੀ ਕਿ ਵਾਹਿਗੁਰੂ ਦੀ ਸਹਾਇਤਾ ਨਾਲ ਮੇਰੀ ਤਲਵਾਰ ਉਹ ਕੁਛ ਕਰੇਗੀ ਜੋ ਬ੍ਰਹਮਣ ਦੱਸਦੇ ਹਨ ਕਿ ਦੁਰਗਾ ਕਰਦੀ ਹੈ, ਲੋਕਾਂ ਨੇ ਤਦ ਗ਼ਲਤੀ ਨਾਲ ਮੰਨ ਲਿਆ ਕਿ ਦੇਵੀ ਆਪ ਨੂੰ ਤਲਵਾਰ ਦੇ ਗਈ ਹੈ†। †ਲਗ ਪਗ ਇਸੇ ਕਿਸਮ ਦਾ ਹਾਲ ਸਾਧੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ ਜੋ ਇਸੇ ਸਮੇਂ ਵਿਚ ਹੋਏ ਹਨ।

## ਲਾਲਾ ਦੌਲਤ ਰਾਇ ਜੀ

'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਵਿਚ ਲਿਖਦੇ ਹਨ:-"ਗੁਰੂ ਗੋਬਿੰਦ ਸਿੰਘ ਕੇ ਗ੍ਰੰਥ ਮੇਂ ਜੋ ਦਸਵੀਂ ਪਾਤਸ਼ਾਹੀ ਕਾ ਗ੍ਰੰਥ ਸਾਹਿਬ ਮਸ਼ਹੂਰ ਹੈ, ਏਕ ਬੜਾ ਹਿੱਸਾ ਦੇਵੀ ਦੁਰਗਾ ਔਰ ਰਾਖਸ਼ੋਂ ਕੇ ਜੰਗ ਸੇ ਪੁਰ ਹੈ। ਜਿਸ ਕੀ ਜ਼ਬਾਨ ਕੀ ਬਰਜੁਸਤਗੀ ਔਰ ਅਲਫਾਜ਼ ਕੀ ਚੁਸਤੀ, ਤਰਜ਼ਿ-ਬਿਆਨ ਕਾ ਜ਼ੋਰ, ਇਸ਼ਾਰਾਤ ਕਾ ਜੋਸ਼ ਇਸ ਤਰੀਕੇ ਸੇ ਬਿਆਨ ਕੀਆ ਗਿਆ ਹੈ, ਕਿ ਸਰਦੀਓਂ ਮੇਂ ਬੀ ਗਰਮੀ ਆ ਜਾਤੀ ਹੈ। ਚੂੰਕਿ ਇਸ ਗ੍ਰੰਥ ਸਾਹਿਬ ਮੇਂ ਇਕ ਬੜਾ ਹਿੱਸਾ ਦੇਵੀ ਕੇ ਜੰਗ ਕੇ ਕਾਰਨਾਮੋਂ ਸੇ ਮਾਮੂਰ ਹੈ ਇਸ ਸੇ ਯਿਹ ਨਤੀਜਾ ਨਿਕਾਲਨੇ ਕੀ ਕੋਸ਼ਿਸ਼ ਕੀ ਗਈ ਕਿ ਗੁਰੂ ਗੋਬਿੰਦ ਸਿੰਘ ਦੇਵੀ ਕੇ ਪੁਜਾਰੀ ਥੇ, ਮਗਰ ਯਿਹ ਗ਼ਲਤ ਹੈ, ਵੋਹ ਸਿਵਾਏ ਏਕ ਨਿਰੰਕਾਰ ਔਰ ਅਕਾਲ ਈਸ਼੍ਵਰ ਕੇ ਔਰ ਕਿਸੀ ਕੀ ਪੂਜਾ ਨਾ ਕਰਤੇ ਥੇ। ਔਰ ਨਾ ਕਿਸੀ ਦੇਵੀ ਦੇਵਤਾ ਕੀ ਪੂਜਾ ਜਾਇਜ਼ ਬਤਲਾਤੇ ਥੇ, ਬਲਕਿ ਉਸਕੇ ਬਰਖਿਲਾਫ ਹਮੇਸ਼ ਉਪਦੇਸ਼ ਕਰਤੇ ਥੇ। ਇਸ ਗ੍ਰੰਥ ਸਾਹਿਬ ਮੇਂ ਜੋ ਨਜ਼ਮ ਰਜ਼ਮੀਆ ਮਾਬੈਨ ਦੇਵੀ ਔਰ ਰਾਖਸ਼ੋਂ ਕੇ ਦਰਜ ਹੈਂ ਉਸ ਮੇਂ ਦੇਵੀ ਕੀ ਤਾਰੀਫ ਔਰ ਬਹਾਦਰੀ ਕੇ ਕਾਰਨਾਮੇ ਕੇ ਜ਼ਿਕਰ ਕਰਨੇ ਕਾ ਏਕ ਔਰ ਬਾਇਸ ਹੈ, ਜਿਸ ਕੋ ਹਮ ਬਿਆਨ ਕਰਤੇ ਹੈਂ। ਦੇਵੀ ਕੋ ਉਸ ਜੋਸ਼ਦਾਰ ਨਜ਼ਮ ਮੇਂ ਰਾਖਸ਼ੋਂ ਪਰ ਫਤਹਯਾਬ ਕਰਨੇ ਕੇ ਲੀਏ ਏਕ ਹੀਰੋ ਫਰਜ਼ ਕੀਆ ਗਿਆ ਹੈ। ਔਰ ਬਮੁਕਾਬਲਾ ਦੁਸ਼ਮਣ ਕੇ ਉਸ ਹੀਰੋ ਦੇਵੀ ਕੀ ਤਾਰੀਫ ਬਹਾਦਰੀ ਔਰ ਖੂੰਨਖਾਰੀ ਵਗੈਰਾ ਵਗੈਰਾ ਕੀ ਗਈ ਹੈ। ਔਰ ਇਸ ਵਜਾ ਸੇ ਕਿ ਇਸ ਮੇਂ ਦੇਵੀ ਕੀ ਤਾਰੀਫ ਕੀ ਗਈ ਥੀ, ਯਿਹ ਕਹਾ ਜਾਤਾ ਹੈ ਕਿ ਵੋਹ ਦੇਵੀ ਪੂਜਕ ਥੇ, ਹਾਲਾਂਕਿ ਦੇਵੀ ਕੋ ਹੀਰੋ ਬਨਾਨੇ ਮੇਂ ਮਸਲਿਹਤ ਵਕਤ ਮੁਕਤਜ਼ੀ ਥੀ। ਔਰ ਹੀਰੋ ਬਨਾਨੇ ਕੀ ਜ਼ਰੂਰਤ ਮੇਂ ਜੈਸਾ ਕਿ ਹੂਆ ਕਰਤਾ ਹੈ ਹੀਰੋ ਕੀ ਤਾਰੀਫ ਔਰ ਤੌਸੀਫ ਬੀ ਲਾਜ਼ਮੀ ਹੋਤੀ ਹੈ, ਵਰਨਾ ਦੇਵੀ ਕੇ ਪੁਜਾਰੀ ਹਰਗਿਜ਼ ਨਾ ਥੇ, ਔਰ ਨਾ ਉਸ ਕੀ ਪੂਜਾ ਕੋ ਕਿਸੀ ਤਰ੍ਹਾਂ ਕਾਇਮ ਕਰਨਾ ਚਾਹਤੇ ਥੇ, ਬਲਕਿ ਏਕ ਅਕਾਲ ਪੁਰਖ ਈਸ਼੍ਵਰ ਕੇ ਬਾਦ ਐਸੀ ਦੇਵੀ ਦੇਵਤਾਓਂ ਕੀ ਪੂਜਾ ਕੋ ਗੁਨਾਹ ਸਮਝਤੇ ਥੇ। ਜੈਸਾ ਕਿ ਉਸ ਕੀ ਮਜ਼ਹਬੀ ਇਸਲਾਹ ਕਾ ਜ਼ਿਕਰ ਕਰਤੇ ਹੁਏ ਪਹਿਲੇ ਸਫੋਂ ਮੇਂ (ਹਮ) ਜ਼ਿਕਰ ਕਰ ਆਏ ਹੈਂ। ਲੇਕਨ ਬਾਵਜੂਦ ਉਨ ਕੇ ਇਸ ਨਜ਼ਮ ਮੇਂ ਜੋ ਦੀਗਰ ਸ਼ੁਅਰਾ ਕੀ ਬਨੀ ਹੁਈ ਹੈਂ ਔਰ ਸ੍ਰੀ ਮੁਖਬਾਕ ਯਾਨੀ ਖੁਦ ਗੁਰੂ ਗੋਬਿੰਦ ਸਿੰਘ ਕਾ ਅਪਨਾ ਕਲਾਮ ਨਹੀਂ ਹੈ, ਦੇਵੀ ਕੋ ਹੀਰੋ ਬਨਾਕਰ ਬਮੁਕਾਬਲਾ ਰਾਖਸ਼ੋਂ ਕੇ ਕਾਇਮ ਕੀਆ ਗਿਆ ਹੈ ਔਰ ਉਨ ਕੋ ਮੈਦਾਨਿ ਜੰਗ ਮੇਂ ਅਗਰ ਖੂਨ ਖਾਰੀ ਕੇ ਨਮੂਨੇ ਔਰ ਦੇਵੀ ਕੀ ਤਾਕਤ ਔਰ ਫਤਹ ਕੀ ਮਿਸਾਲੇਂ ਬਿਆਨ ਕੀ ਗਈ ਹੈਂ ਜੈਸਾ ਕਿ ਦੀਗਰ ਕੌਮੋ ਪਰ ਚੰਦ ਮਹਾਂ ਭਾਰਤ ਔਰ ਰਾਮਾਇਨ ਕੇ ਵਾਕਯਾਤ ਸੇ ਕ੍ਰਿਸ਼ਨ ਔਰ ਰਾਮਚੰਦ੍ਰ ਕੀ ਬਹਾਦਰੀਓਂ ਕੇ ਨਮੂਨੇ ਜ਼ਬਰਦਸਤ

ਦੇਸ਼ ਭਾਸ਼ਾ ਨਜ਼ਮ ਮੇਂ ਬਿਆਨ ਕੀਏ ਗਏ ਹੈਂ। ਗ਼ਰਜ਼ ਤੋ ਯਿਹ ਥੀ ਕਿ ਸਿੱਖੋਂ ਕੋ ਜੋਸ਼ਦਾਰ ਦੇਸ਼ ਭਾਸ਼ਾ ਮੇਂ ਨਜ਼ਮ ਕੇ ਪੈਰਾਯਾ ਮੇਂ ਉਭਾਰਾ ਜਾਵੇ ਔਰ ਆਇੰਦਾ ਮਾਅ੍ਰਕਾ ਜੰਗ ਕੇ ਲੀਏ ਤਿਆਰ ਕੀਆ ਜਾਏ। ਔਰ ਮਹਿਜ਼ ਭਗਤੀ ਕੇ ਸਾਥ ਉਠ ਕੇ ਖਿਆਲਾਤ ਭੀ ਗਰਮ ਕੀਏ ਜਾਵੇਂ। ਅਗਰ ਕੋਈ ਹੀਰੋ ਕਰਾਰ ਨ ਦੀਆ ਜਾਤਾ ਤੋ ਭੀ ਖਿਆਲੀ ਬਾਤੇਂ ਮੁਸ਼ਕਲ ਸੇ ਜ਼ਹਨ ਨਸ਼ੀਨ ਹੋਤੀਂ। ਇਸ ਲੀਏ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਜ਼ਮ ਮੇਂ ਜੰਗ ਕਾ ਫਤਹਯਾਬ ਹੀਰੋ ਦੇਵੀ ਕੋ ਕਾਯਮ ਕੀਆ।" [ਸਫਾ ੧੨੦

## ਗੁਰੂ ਗੋਬਿੰਦ ਸਿੰਘ ਕ੍ਰਿਤ ਸ੍ਰੀ ਸੁਰੇਂਦਰ ਸ਼ਰਮਾ (ਹਿੰਦੀ):-

"ਏਕ ਦਿਨ ਮਹਾਂ ਭਾਰਤ ਕੀ ਕਥਾ ਪੜ੍ਹੀ ਜਾ ਰਹੀ ਥੀ। ਉਸ ਮੇਂ ਹਵਨ ਕਾ ਬੜਾ ਮਹਾਤਮ ਨਿਕਲਾ। ਕਥਾ ਵਾਚਕ ਏਕ ਪੁਰਾਣੇ ਢੰਗ ਕੇ ਪੰਡਤ ਥੇ। ਉਨ੍ਹੋਂ ਨੇ ਕਥਾ ਕਹਿਤੇ ਕਹਿਤੇ ਯਿਹ ਕਹਿ ਦਿਯਾ ਕਿ ਯਦੀ ਕੋਈ ਕਾਲੀ ਕੋ ਹਵਨ ਸੇ ਪ੍ਰਸੰਨ ਕਰ ਬੁਲਾਵੇ ਤੋ ਕਾਲੀ ਕਾ ਦਰਸ਼ਨ ਹੋ ਸਕਤਾ ਹੈ। ਉਸਕੀ ਆਸ਼ੀਰਵਾਦ ਸੇ ਸਭ ਮਨੋਰਥ ਸਿੱਧ ਹੋ ਸਕਤੇ ਹੈਂ। ਇਸ ਪਰ ਬਹੁਤ ਸੇ ਲੋਗੋਂ ਨੇ ਗੁਰੂ ਗੋਬਿੰਦ ਸਿੰਘ ਜੀ ਪਰ ਬਹੁਤ ਜ਼ੋਰ ਡਾਲਾ ਇਸ ਲਿਯੇ ਕਿ ਵੋਹ ਹਵਨ ਕਰਕੇ ਕਾਲੀ ਮਾਈ ਕੋ ਬੁਲਾਏਂ, ਗੁਰਦੇਵ ਇਨ ਬਾਤੋਂ ਸੇ ਘ੍ਰਿਣਾ ਕਰਤੇ ਥੇ...। ਲਗ ਪਗ ਏਕ ਬਰਖ ਤਕ ਯੱਗ ਬਰਾਬਰ ਹੋਤਾ ਰਹਾ। ਯੱਗ ਕੇ ਪ੍ਰਧਾਨ ਪੁਰੋਹਿਤ ਪੰਡਤ ਕੇਸ਼ਵ ਦੇਵ ਥੇ। ਇਤਨਾ ਅਧਿਕ ਸਮਯ ਬੀਤ ਜਾਨੇ ਪਰ ਭੀ ਜਬ ਕਾਲੀ ਪ੍ਰਗਟ ਨਾ ਹੁਈ ਤਬ ਗੁਰੂ ਜੀ ਨੇ ਪ੍ਰੋਹਤ ਸੇ ਕਹਾ-ਕਹੀਏ ਆਪਕਾ ਵਿਸ਼ਵਾਸ਼ ਝੂਠਾ ਨਿਕਲਾ ਨਾ?...... ਗੁਰੂ ਗੋਬਿੰਦ ਸਿੰਘ ਕੀ ਯਹ ਬਾਤ ਸੁਨ ਕਰ ਪ੍ਰੋਹਤ ਕੇ ਹੋਸ਼ ਉਡ ਗਏ। ਵੈ ਰਾਤ ਹੀ ਕੋ 'ਯਗ ਸ਼ਾਲਾ' ਛੋਲ ਕਰ ਕਹੀਂ ਭਾਗ ਗਏ। ਦੂਸਰੇ ਦਿਨ ਖੋਜਨੇ ਪਰ ਉਸ ਕਾ ਕਹੀਂ ਪਤਾ ਨਾ ਚਲਾ, ਗੁਰਦੇਵ ਨੇ ਯੱਗ ਸ਼ਾਲਾ ਮੇਂ ਉਪਸਥਿਤ ਸਭ ਲੋਗੋਂ ਕੋ ਸਿੱਖਿਆ ਦਈ ਕਿ ਇਸ ਪ੍ਰਕਾਰ ਕੀ ਝੂਠੀ ਔਰ ਅਗਿਆਨ ਪੂਰਨ ਬਾਤੋਂ ਕਾ ਕਬੀ ਵਿਸ਼ਵਾਸ ਮਤ ਕਰੋ।" [ਪੰਨਾ-੨੨

## ਸਿੱਖੋਂ ਕਾ ਪ੍ਰੀਵਰਤਨ-ਕ੍ਰਿਤ ਡਾ: ਗੋਕਲ ਚੰਦ ਜੀ ਐਮ. ਏ.

ਗੁਰੂ ਕੋ ਏਕ ਅਮਰ ਤਥਾ ਸੱਤਜ ਈਸ਼੍ਵਰ ਕੇ ਅਤਿਰਿਕਤ, ਔਰ ਕਿਸੀ ਦੇਵੀ ਦੇਵਤਾ ਮੇਂ ਵਿਸ਼੍ਵਾਸ ਨਾ ਥਾ! ਪ੍ਰੰਤੂ (ਜੈਸਾ ਕਿ ਸਭ ਇਤਿਹਾਸ ਲੇਖਕ ਲਿਖਤੇ ਹੈਂ) ਇਸ ਮੇਂ ਕੁਛ ਸੰਦੇਹ ਨਹੀਂ ਕਿ ਗੁਰੂ ਨੇ ਦੇਵੀ ਸਾਖਸ਼ਾਤ ਕਰਨੇ ਕੇ ਸਪਸ਼ਟ ਉਦੇਸ਼ਜ ਸੇ ਏਕ ਬੜਾ ਯੱਗਜ ਰਚਾਇਆ ਪ੍ਰਤੀਤ ਹੋਤਾ ਹੈ। ਗੁਰੂ ਨੇ ਯਿਹ ਯੱਗਜ ਇਸ ਬਾਤ ਕੇ ਦਿਖਲਾਨੇ ਕੇ ਲੀਏ ਰਚਾਇਆ ਕਿ ਐਸੀ ਸ਼ਕਤੀ ਹੀ ਕੋਈ ਨਹੀਂ ਕੇਵਲ ਪਰਜਾ ਕੀ ਸਰਵਪ੍ਰਿਯਾ ਦੇਵੀ ਕਾ ਆਪਨੇ ਆਪ ਕੋ ਅਨੁਗ੍ਰਪਾਤ੍ਰ ਦਰਸਾ ਕਰ ਜਨ ਸਮੂਹ ਕੀ ਸਹਾਨੁਭੂਤਿ ਤਥਾ ਸ਼੍ਰਧਾ ਕੋ ਅਪਨੀ ਓਰ ਕਰਨੇ ਕੇ ਲੀਏ ਯਹਿ ਉਪਾਇ ਕੀਆ†। ਕਹਿਤੇ ਹੈਂ ਕਿ ਇਸ ਯੱਗ ਮੇਂ ਏਕ ਬਰਖ ਲਗ ਗਿਆ।...... ਗੁਰੂ ਨੇ ਸਮਸਤ ਬਚੀ ਹੁਈ ਸਾਮੱਗਰੀ ਅਗਨੀ ਮੇਂ ਡਾਲ ਦੀ ਔਰ ਪਰਦੋਂ ਕੇ ਪੀਛੇ ਸੇ ਨੰਗੀ ਤਲਵਾਰ ਚਮਕਾਤੇ ਹੁਏ ਬਾਹਰ ਆਏ.... ਇਸ ਮੇਂ ਸੰਦੇਹ ਨਹੀਂ ਕਿ ਗੁਰੂ ਨੇ ਲੋਗੋਂ ਕੋ ਖੜਗ ਕੇ ਪੂਜਨ ਕਰਨੇ ਕਾ ਉਪਦੇਸ਼ ਕੀਆ। ਕਿਉਂਕਿ ਗੁਰੂ ਕੇ ਅਨੁਸਾਰ ਉਨ ਦਿਨੋਂ ਕੇਵਲ ਖੜਗ ਹੀ ਏਕ ਐਸੀ ਦੇਵੀ ਥੀ ਜੋ ਉਨ ਕੀ ਰੱਖਯਾ ਕਰ ਸ਼ਕਤੀ ਥੀ।

†ਲੇਖਕ ਦਾ ਇਹ ਅਨਮਾਨ ਮਾਤ੍ਰ ਹੈ, ਇਤਿਹਾਸਕ ਸਬੂਤ ਇਸਦਾ ਆਪ ਪਾਸ ਕੋਈ ਨਹੀਂ।

[ਪੰਨਾ ੧੩੧-੩੨

ਇਸ ਜ਼ਮਾਨੇ ਵਿਚ ਕਈ ਇਕ ਹੋਰ ਛੋਟੇ ਵਡੇ ਇਤਿਹਾਸਕਾਰ ਹੋਏ ਹਨ, ਜਿਨ੍ਹਾਂ ਨੇ ਉੱਪਰ ਦਿੱਤੇ ਲੇਖਕਾਂ ਦੇ ਵਾਂਙ ਹੀ ਇਸ ਪ੍ਰਸੰਗ ਨੂੰ ਦਰਸਾਇਆ ਹੈ।

## ਦੁਰਗਾ ਪ੍ਰਬੋਧ ਕ੍ਰਿਤ ਗਿਆਨੀ ਦਿੱਤ ਸਿੰਘ ਜੀ ਸੰ: [੧੯੫੬]

ਇਹ ਗ੍ਰੰਥ ਗੁਰ ਬਿਲਾਸ ਵਾਂਙੂ ਗੁਰ ਇਤਿਹਾਸ ਵਰਣਨ ਦਾ ਨਹੀਂ ਹੈ, ਪਰ ਦੇਵੀ ਪੂਜਣ ਦੇ ਇਤਿਹਾਸਿਕ ਪਹਿਲੂ ਪਰ ਵਿਚਾਰ ਖੋਜ ਬਹਿਸ ਦਾ ਹੈ। ਇਸ ਵਿਚ ਛੋਟੇ ਆਕਾਰ ਦੇ ਪੰਜ ਸੌ ਸਫਿਆਂ ਤੇ ਇਸ ਵਿਸ਼ੇ ਪਰ ਨਾਨਾਂ ਪਹਿਲੂਆਂ ਤੇ ਵਿਚਾਰ ਕੀਤੀ ਗਈ ਹੈ, ਆਪ ਦੀ ਵਿਚਾਰ ਦੇ ਸਿੱਧਾਂਤ ਬੜੀ ਮਿਹਨਤ ਤੇ ਵਿਦਵਤਾ ਨਾਲ ਲਿਖੇ ਹੋਏ ਹਨ। ਸਾਰੇ ਨੂੰ ਦੇਖਣ ਲਈ ਸਾਰਾ ਗ੍ਰੰਥ ਪੜ੍ਹਨਾ ਚਾਹੀਏ। ਨਮੂਨੇ ਮਾਤ੍ਰ ਅੱਗੇ ਦਿਖਾਲਦੇ ਹਾਂ:-

ਇਹ ਸਾਰੇ ਪ੍ਰਸੰਗ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਨੂੰ ਜੋ ਕੁਛ ਕਰਨਾ ਪਿਆ ਸੋ ਬ੍ਰਾਹਮਣਾਂ ਦੇ ਪਾਖੰਡ ਜਾਲ ਦੇ ਤੋੜਨੇ ਪਿੱਛੇ ਕਰਨਾ ਪਿਆ, ਅਰ ਗੁਰੂ ਜੀ ਨੇ ਇਹ ਅੱਛੀ ਤਰ੍ਹਾਂ ਵਿਚਾਰ ਲੀਤਾ ਸੀ ਕਿ ਦੁਰਜਨ ਤੋਖ ਨਜਾਯ ਦ੍ਵਾਰਾ ਇਨ੍ਹਾਂ ਨੂੰ ਝੂਠੇ ਕਰਕੇ ਤਜਾਗਣਾ ਚਾਹੀਦਾ ਹੈ, ਜਿਸ ਪਰ ਇਨ੍ਹਾਂ ਦਾ ਕੋਈ ਉਜ਼ਰ ਬਾਕੀ ਨਾ ਰਹਿ ਜਾਏ।

ਇਨ੍ਹਾਂ ਤੋਂ ਮਗਰੋਂ ਭਾਈ ਸੰਤੋਖ ਸਿੰਘ ਜੀ ਨੇ ਸੰਮਤ ੧੯੦੦ ਬਿੱਕ੍ਰਮੀ ਵਿਚ ਸੂਰਜ ਪ੍ਰਕਾਸ਼ ਬਨਾਇਆ ਇਸ ਵਾਸਤੇ ਇਹ ੧੪੫ ਸਾਲ ਮਗਰੋਂ ਰਚਿਆ ਹੈ, ਜਿਸ ਤੋਂ ਦੇਖ ਸਕੀਦਾ ਹੈ ਕਿ ਇਤਨੇ ਚਿਰ ਮਗਰੋਂ ਅਰਥਾਤ ਇਕ ਸੌ ਪੰਨਤਾਲੀ ਸਾਲ ਮਗਰੋਂ ਉਨ੍ਹਾਂ ਨੂੰ ਕਿਆ ਪਤਾ ਲਗ ਸਕਦਾ ਸੀ ਕਿ ਉਸ ਵੇਲੇ ਕਿਆ ਗਲ ਸੀ।

ਇਨ੍ਹਾਂ ਤੋਂ ਮਗਰੋਂ ਗਿਆਨੀ ਗਿਆਨ ਸਿੰਘ ਜੀ ਨੇ ੧੯੩੫ ਬਿਕ੍ਰਮੀ ਵਿਚ ਪੰਥ ਪ੍ਰਕਾਸ਼ ਲਿਖਿਆ ਸੋ ਗੁਰੂ ਜੀ ਮਹਾਰਾਜ ਦੇ ੧੮੦ ਸਾਲ ਮਗਰੋਂ ਇਹ ਕਥਾ ਲਿਖੀ ਗਈ।

ਇਸ ਤਰ੍ਹਾਂ ਬਾਬਾ ਸੁਮੇਰ ਸਿੰਘ ਜੀ ਨੇ ੧੯੩੯ ਬਿਕ੍ਰਮੀ ਵਿਚ ਅਪਨਾ ਗੁਰਬਿਲਾਸ ਬਣਾਇਆ ਜਿਸਤੇ ਉਨ੍ਹਾਂ ਨੇ ੧੮੪ ਸਾਲ ਮਗਰੋਂ ਇਸੇ ਪ੍ਰਸੰਗ ਨੂੰ ਅਪਨੇ ਖਿਆਲ ਮੂਜਬ ਲਿਖਿਆ।

ਹੁਣ ਜਦ ਅਸੀਂ ਇਨ੍ਹਾਂ ਕਵੀਆਂ ਦੇ ਪੁਸਤਕਾਂ ਨੂੰ ਉਸ ਦੇਵੀ ਵਾਲੇ ਕਾਰਜ ਥੋਂ ਸਦੀਆਂ ਮਗਰੋਂ ਲਿਖੇ ਵੇਖਦੇ ਹਾਂ ਤਦ ਫਿਰ ਕਿਸ ਤਰ੍ਹਾਂ ਮੰਨ ਲਈਏ ਕਿ ਇਹ ਸਭ ਸੱਚੇ ਹਨ ਯਾਂ ਇਨ੍ਹਾਂ ਦਾ ਪਰਸਪਰ ਵਿਰੋਧ ਨਾ ਹੋਵੇ। ” [ਪੰਨਾ ੪੯੮

ਪਹਿਲੇ ਤਾਂ ਗੁਰੂ ਜੀ ਨਾਲ ਇਹ (ਭਾਵ ਬ੍ਰਹਮਣ) ਝਗੜਾ ਕਰਦੇ ਰਹੇ ਕਿ ਦੇਵਤਾ ਬਿਧਿ ਵਤ ਕ੍ਰਿਯਾ ਕਰਨ ਤੇ ਪ੍ਰਗਟ ਹੋ ਜਾਂਦਾ ਹੈ। ਜਦ ਗੁਰੂ ਜੀ ਨੇ ਆਖਿਆ ਕਰਕੇ ਵਿਖਾਓ। ਤਦ ਸਿੱਧ ਕਰਨ ਵਾਲੇ ਵਡੇ ਵਿਦ੍ਵਾਨ ਪੰਡਤਾਂ ਦੇ ਹੋਣੇ ਦੀ ਢੁੱਚਰ ਡਾਹੀ। ਜਦ ਉਹ ਬੀ ਆ ਗਏ ਤਦ ਸਵਾ ਲੱਖ ਰੁਪਏ ਦੀ ਸਾਮਿਗਰੀ ਮੰਗੀ ਜੋ ਇਕ ਵੱਡੀ ਭਾਰੀ ਰਕਮ ਸੀ। ਫਿਰ ਜਦ ਉਹ ਭੀ ਮਨਜ਼ੂਰ ਹੋਈ ਤਦ ਸਵਾ ਲੱਖ ਰੁਪੱਯਾ ਦੱਖਣਾ ਦਾ ਮੰਗਿਆ ਅਰ ਮਨਜ਼ੂਰ ਕਰਾਯਾ, ਫਿਰ ਸਵਾ ਲੱਖ ਰੁਪੱਯੇ ਨਾਲ ਬ੍ਰਾਹਮਣਾਂ ਨੂੰ ਯੱਗ ਕਰਨਾ ਦੱਸਿਆ ਜਿਸ ਵਿਚ ਮਾਸ ਅਰ ਖੀਰ ਦੀ ਪ੍ਰੀਖਯਾ ਹੋਈ। ਉਸ ਤੋਂ ਮਗਰੋਂ ਨਦੀ ਦੇ ਕਿਨਾਰੇ ਹਵਨ ਕਰਨ ਦੀ ਜਗਾ ਬਨਾਉਣਾ ਆਖਿਆ ਜੋ ਬਨਵਾ ਲਈ। ਉਸ ਜਗਾ ਪਰ ਜਦ ਹਵਨ ਹੋਣ ਲਗਾ ਅਤੇ ਢਾਈ ਸਾਲ ਗੁਜਰੇ ਕੁਛ ਨਾ ਹੋਇਆ ਤਦ ਉਥੋਂ ਇਹ ਬਹਾਨਾ ਕਰਕੇ ਕਿ ਇਥੇ ਰੌਲਾ ਪੈਂਦਾ ਹੈ, ਕਿਤੇ ਇਕਾਂਤ ਸਥਾਨ ਚਲੀਏ, ਨੈਣਾਂ ਦੇਵੀ ਦੇ ਟਿੱਲੇ ਪੁੱਜੇ, ਉਥੇ ਜਾਕੇ ਗੁਰੂ ਜੀ ਦਾ ਸ਼ਿਕਾਰ ਖੇਲਨਾ ਹਟਾਇਆ ਅਤੇ ਅਹਿੰਸਾ ਪਰਮ ਧਰਮ ਬਤਾਇਆ।

ਇਸ ਤੇ ਮਗਰੋਂ ਗੁਰੂ ਜੀ ਨੂੰ ਭੀ ਇਹ ਕਿਹਾ ਕਿ ਸਾਰੇ ਇੰਦਰੇ ਮਨ ਸਮੇਤ ਵਸ ਅਤੇ ਪਵਿੱਤ੍ਰ ਕਰਕੇ ਜਾਪ ਕਰੋ ਤਾਂ ਪ੍ਰਗਟੇਗੀ। ਸੋ ਭੀ ਕਰਨਾ ਪਿਆ ਅਰ ਪ੍ਰਿਥੀ ਪਰ ਆਸਨ ਕੀਤੇ, ਘਰ ਬਾਰ ਛੋੜ ਦਿਤਾ ਅਰ ਐਥੋਂ ਤਕ ਦੁਖ ਦਿੱਤਾ ਜੋ ਭੋਜਨ ਬੀ ਛੁਡਾ ਦਿੱਤਾ। ਅੰਤ ਨੂੰ ਜਦ

ਕੁਝ ਨਾ ਬਣਿਆ ਤਦ ਪੁੱਤ੍ਰਾਂ ਦੇ ਸੀਸ ਮੰਗੇ ਜੋ ਇਕ ਓੜਕ ਦੀ ਗਲ ਸੀ, ਜਿਸ ਪਰ ਗੁਰੂ ਜੀ ਨੇ ਸਮਝ ਲੀਤਾ ਕਿ ਇਨ੍ਹਾਂ ਦਾ ਸਾਰਾ ਪਖੰਡ ਹੈ। ਅਰ ਭਾਈ ਸੁੱਖਾ ਸਿੰਘ ਦੇ ਕਥਨਾਂ ਅਨੁਸਾਰ ਇਹ ਆਖਿਆ ਕਿ ਆਪ ਜਿਤਨੇ ਸਿੱਖਾਂ ਦੇ ਸੀਸ ਚਾਹੁੰਦੇ ਹੋ ਲੈ ਲਵੋ ਜਦ ਅੰਤ ਨੂੰ ਕੁਛ ਨਾ ਹੋਇਆ ਤਦ ਬੱਦਲਾਂ ਦੀ ਘਨਘੋਰ ਪਉਣ ਦਾ ਜ਼ੋਰ, ਜੋ ਚੇਤਰ ਦੇ ਮਹੀਨੇ ਅਕਸਰ ਹੁੰਦਾ ਹੈ, ਦੇਖਕੇ ਇਹ ਬਹਾਨਾ ਕਰਕੇ ਕਿ ਸਾਥੋਂ ਦੇਵੀ ਦਾ ਪਰਤਾਪ ਨਹੀਂ ਝੱਲਿਆ ਜਾਵੇਗਾ, ਪਹਾੜ ਦੇ ਹੇਠਾਂ ਉਤਰ ਆਏ, ਜਿਸ ਤੇ ਗੁਰੂ ਜੀ ਹੀ ਕੱਲੇ ਰਹਿ ਗਏ, ਜਿਨ੍ਹਾਂ ਦੇ ਇਸ ਛਲ ਪਰ ਗੁਰੂ ਜੀ ਮਹਾਰਾਜ ਨੂੰ ਅਤਯੰਤ ਹੀ ਕ੍ਰੋਧ ਆਇਆ ਅਰ ਤੇਗ਼ ਹੱਥ ਵਿਚ ਲੈਕੇ ਪਹਾੜੀ ਤੇ ਨੀਚੇ ਉਤਰ ਆਏ ਅਤੇ ਸਭ ਡੇਰਾ ਭੀ ਉਸ ਜਗ੍ਹਾ ਤੇ ਉਠਾਕੇ ਅਨੰਦਪੁਰ ਲੈ ਆਂਦਾ।

ਪ੍ਰੰਤੂ ਸਿੱਖਾਂ ਨੂੰ ਉਸ ਵਿਅਰਥ ਕੰਮ ਕਰਨੇ ਦੇ ਦਿਨਾਂ ਵਿਚ ਬਹੁਤ ਕਸ਼ਟ ਹੋਇਆ ਸਾ। ਇਸ ਵਾਸਤੇ ਉਹ ਸਾਰਾ ਗੁਦਾਮ ਜੋ ਉਸ ਡੇਰੇ ਦਾ ਬਾਕੀ ਸਾ, ਹੁਕਮ ਦਿੱਤਾ ਕਿ ਸਿੱਖਾਂ ਨੂੰ ਲੰਗਰ ਛਕਾ ਦੋ, ਜਿਸ ਪਰ ਵੱਡਾ ਭਾਰੀ ਯੱਗ ਹੋ ਗਿਆ ਅਰ ਆਪਣੀ ਸੰਗਤ ਨੂੰ ਛਕਾਇਆ ਪਰੰਤੂ ਉਹ ਬ੍ਰਾਹਮਣ ਜੋ ਹਵਨ ਕਰਾਉਂਦੇ ਕਰਾਉਂਦੇ ਡਰਦੇ ਹੇਠਾਂ ਉਤਰ ਆਏ ਸਨ ਸੋ ਬਾਗ਼ ਵਿਚ, ਜਿਥੇ ਉਨ੍ਹਾਂ ਦਾ ਅਸਲੀ ਡੇਰਾ ਸਾ ਭੁੱਖੇ ਬੈਠੇ ਰਹੇ। ਜਿਨ੍ਹਾਂ ਨੂੰ ਗੁਰੂ ਜੀ ਨੇ ਬੁਲਾਉਣਾ ਤਾਂ ਕਿਤੇ ਰਿਹਾ ਪੁਛਿਆ ਭੀ ਨਾ।

ਦੋਹਰਾ ॥ ਐਸੀ ਦੁਰਦਿਸ਼ ਦੇਖਕੇ ਤਦ ਉਹ ਬਿੱਪਰ ਲੋਗ ॥
ਮਹਾਂ ਦੁਖੀ ਮਨ ਮਹਿੰ ਭਏ ਵਰਤ ਗਿਆ ਮਨ ਸੋਗ ॥ ੨੫੦ ॥
ਲੱਗੇ ਕਰਨ ਵਿਚਾਰ ਮਨ ਭਿਆ ਨਿਰਾਦਰ ਭਾਰ ॥
ਸਾਨੂੰ ਤਾਂ ਪੁਛਿਆ ਨਹੀਂ ਦੇਵਨ ਅੰਨ ਅਹਾਰ ॥ ੨੫੧ ॥
ਮਨ ਵਿਚ ਗੁੱਸਾ ਖਾਇਕੇ ਗਏ ਗੁਰੂ ਕੇ ਪਾਸ।
ਰੋਣਾ ਰੋਯਾ ਆਪਣਾ ਹੋਕੇ ਖਰੇ ਉਦਾਸ ॥ ੨੫੨ ॥

ਭਾਵ-ਜਦ ਗੁਰੂ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੋਜਨ ਲਈ ਬੀ ਨਾ ਪੁੱਛਿਆ ਤਦ ਓਹ ਗੁਰੂ ਜੀ ਦੇ ਪਾਸ ਜਾਕੇ ਸ਼ਿਕਾਇਤ ਕਰਨ ਲਗੇ ਕਿ ਮਹਾਰਾਜ ਆਪ ਨੇ ਗੁਵਾਰਾਂ ਸ਼ੂਦਰਾਂ ਅਤੇ ਵੈਸ਼ਾਂ ਨੂੰ ਤਾਂ ਵਡੇ ਆਦਰ ਨਾਲ ਭੋਜਨ ਛਕਾਏ ਅਰ ਅਸੀਂ ਬ੍ਰਾਹਮਣ ਜੋ ਭਗਵਾਨ ਦਾ ਮੁਖ ਹਾਂ ਭੁੱਖੇ ਬੈਠੇ ਰਹੇ, ਸਾਨੂੰ ਪੁਛਿਆ ਬੀ ਨਾ।

ਇਸਦਾ ਉੱਤਰ ਗੁਰੂ ਜੀ ਮਹਾਰਾਜ ਨੇ ਵਡੀ ਧੀਰਜ ਨਾਲ ਉਨ੍ਹਾਂ ਨੂੰ ਦਿੱਤਾ ਅਰ ਆਖਿਆ ਕਿ ਇਹ ਸ਼ੂਦਰ ਵੈਸ਼ ਹੁਣ ਨਹੀਂ ਰਹੇ ਕਿੰਤੂ ਇਹ ਮੇਰਾ ਰੂਪ ਹਨ ਅਰ ਮੈਂ ਇਨ੍ਹਾਂ ਦੇ ਬਲ ਨਾਲ ਬਹੁਤ ਕੁਛ ਕੰਮ ਕੀਤੇ ਹਨ ਅਰ ਓਹ ਸਵੈਯੇ ਏਹ ਹਨ ਜੋ ਉਸ ਵੇਲੇ ਦੀ ਗੁਵਾਹੀ ਦੇਂਦੇ ਹਨ:- ਯਥਾ:

### ਸ੍ਵੈਯੇ ਪਾਤਸ਼ਾਹੀ ੧੦

ਜੋ ਕਛੁ ਲੇਖ ਲਿਖਿਓ ਬਿਧਨਾ ਸੋਊ ਪਾਈਯਤ ਮਿਸਰ ਜੂ ਸ਼ੋਕ ਨਿਵਾਰੋ ॥
ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲਿ ਨ ਕੋਪ ਚਿਤਾਰੋ ॥
ਬਾਗੋ ਨਿਹਾਲੀ ਪਠੈ ਦਿਯੋਂ ਆਜ ਭਲੇ ਤੁਮ ਕੋ ਨਿਹਚੈ ਜੀਆ ਧਾਰੋ ॥
ਛੱਤ੍ਰੀ ਸਭੈ ਕ੍ਰਿਤ ਬਿਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ ॥ ੧ ॥
ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕਿ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ ॥

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੇ ਗਰੀਬ ਕਰੋਰ ਪਰੇ ॥ ੨ ॥
ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੇ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰੈਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥ ੩ ॥

ਦੋਹਰਾ:

ਚਟਪਟਾਇ ਚਿਤ ਮੈਂ ਜਰਯੋ ਤ੍ਰਿਣ ਜਿਉ ਕ੍ਰੁੱਧਿਤ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸਰ ਜੁ ਰੋਇ ॥ ੪ ॥

ਇਨ੍ਹਾਂ ਸ਼੍ਰੀ ਮੁਖਵਾਕਾਂ ਤੋਂ ਇਹ ਪਾਇਆ ਜਾਂਦਾ ਹੈ ਕਿ ਉਨ੍ਹਾਂ ਬ੍ਰਾਹਮਣਾਂ ਨੂੰ ਜੋ ਇਹ ਉਮੈਦ ਸੀ ਕਿ ਸਾਨੂੰ ਧਾਮੇ ਛਕਾਉਣਗੇ ਅਰ ਵਡੀ ਵਡੀ ਭਾਰੀ ਦੱਖਣਾ ਦੇਕੇ ਵਿਦਾ ਕਰਨਗੇ ਸੋ ਪੂਰੀ ਨਾ ਹੋਈ ਬਲਕਿ ਗੁਰੂ ਜੀ ਨੇ ਉਨ੍ਹਾਂ ਨੂੰ ਬੁਲਾਇਆ ਭੀ ਨਾ ਜਿਸ ਪਰ ਤੰਗ ਆਕੇ ਗੁਰੂ ਜੀ ਪਾਸ ਕੌੜੇ ਕੌੜੇ ਬਚਨ ਬੋਲਨ ਲਗੇ ਅਤੇ ਸਿੱਖਾਂ ਦੀ ਨਿੰਦਿਆ ਕੀਤੀ ਜਿਸ ਨੂੰ ਸੁਣਕੇ ਗੁਰੂ ਜੀ ਨੇ ਉਹਨਾਂ ਨੂੰ ਇਤਨਾਂ ਕਹਿਕੇ ਟਾਲ ਦਿੱਤਾ ਕਿ ਸਾਡੇ ਤੁਸੀਂ ਯਾਦ ਨਹੀਂ ਰਹੇ। ਇਸ ਵਾਸਤੇ ਡੇਰੇ ਚਲੋ ਤੁਹਾਨੂੰ ਉਥੇ ਹੀ ਅੰਨ ਤੇ ਬਸਤਰ ਪਹੁੰਚਾ ਦੇਵਾਂਗੇ ਅਰ ਆਪ ਨੂੰ ਐਡਾ ਗੁੱਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਤੁਸੀਂ ਸਾਡੇ ਯਾਦ ਨਹੀਂ ਆਏ। ਇਸਤੇ ਬਿਨਾਂ ਇਹ ਬੀ ਆਖਿਆ ਕਿ ਜੋ ਤੁਹਾਡੇ ਨਸੀਬਾਂ ਵਿਚ ਸਾ ਸੋਈ ਤੁਹਾਨੂੰ ਮਿਲ ਗਿਆ ਹੈ, ਅਰ ਸਾਡਾ ਤਾਂ ਤਨ ਮਨ ਧਨ ਸਭ ਸਿੱਖਾਂ ਦਾ ਹੀ ਹੈ। ਅਰ ਇਨ੍ਹਾਂ ਦੇ ਪਰਤਾਪ ਨਾਲ ਅਸੀਂ ਸਭ ਮਨੋਰਥ ਸਫਲੇ ਕੀਤੇ ਹਨ ਜਿਸਤੇ ਅਸੀਂ ਇਨ੍ਹਾਂ ਨੂੰ ਹੀ ਦਾਨ ਦੇਣਾ ਅੱਛਾ ਜਾਣਦੇ ਹਾਂ ਅਰ ਹੋਰ ਨੂੰ ਦੇਣਾ ਨਿਸ਼ਫਲ ਸਮਝਦੇ ਹਾਂ। ਜਿਸ ਉੱਤਰ ਨੂੰ ਸੁਣਕੇ ਉਹ ਮਿਸਰ ਇਸ ਤਰ੍ਹਾਂ ਜਲ ਬਲ ਗਿਆ ਜਿਸ ਤਰ੍ਹਾਂ ਅੱਗ ਲਗੀ ਤੋਂ ਕੱਖ ਬਲ ਉਠਦੇ ਹਨ ਅਰ ਅਪਣਾ ਹਮੇਸ਼ ਦਾ ਰੋਜ਼ੀਨਾ ਬੰਦ ਹੋਇਆ ਸੁਣਕੇ ਰੋ ਪਿਆ ਅਰ ਨਿਰਾਸ ਹੋ ਗਿਆ ॥ ” [ਪੰਨਾ ੪੩੯ ਤੋਂ ੪੪੨।

ਭਾਵ ਇਸ ਪ੍ਰਸੰਗ ਨੂੰ ਜੇ ਯੁਕਤੀਆਂ ਉਕਤੀਆਂ ਨਾਲ ਭੀ ਵਿਚਾਰਿਆ ਜਾਏ ਤਾਂ ਭੀ ਸਾਨੂੰ ਇਤਨੀਆਂ ਮਿਲ ਸਕਦੀਆਂ ਹਨ ਜਿਨ੍ਹਾਂ ਨੂੰ ਸੁਣ ਸੁਣਕੇ ਮਨ ਥੱਕ ਜਾਂਦਾ ਹੈ। ਜਿਨ੍ਹਾਂ ਵਿਚੋਂ ਕੁਛਕ ਏਥੇ ਪ੍ਰਗਟ ਕੀਤੀਆਂ ਜਾਂਦੀਆਂ ਹਨ।

੧. ਪਹਿਲੇ ਜੇ ਦੇਵੀ ਦਾ ਪ੍ਰਗਟ ਹੋਣਾ ਸੱਚ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਆਪਣੇ ਸ਼੍ਰੀ ਮੁਖ ਵਾਕ ਤੇ ਗ੍ਰੰਥ ਵਿਚ ਲਿਖਦੇ ਕਿਉਂਕਿ ਉਹਨਾਂ ਦੇ ਜੀਵਨ ਵਿਚ ਇਹ ਇਕ ਸਭ ਤੋਂ ਵੱਡਾ ਪ੍ਰਸਿੱਧ ਅਚੰਭੇ ਵਾਲਾ ਕੰਮ ਸੀ, ਪਰੰਤੂ ਇਹ ਕਿਤੇ ਭੀ ਦਰਜ ਨਹੀਂ।

੨. ਜਿਨ੍ਹਾਂ ਬ੍ਰਾਹਮਣਾਂ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿੱਧ ਹੋਈ ਸੀ ਉਨ੍ਹਾਂ ਦੇ ਨਾਮ ਅਰ ਉਨ੍ਹਾਂ ਦੀ ਬੁੱਧਿ ਵਿਦਿਆ ਅਤੇ ਮੰਤ੍ਰ ਜੰਤ੍ਰ ਵਿਚ ਨਿਪੁਨਤਾ ਜ਼ਰੂਰ ਹੀ ਪ੍ਰਗਟ ਕਰਦੇ ਅਰ ਅੱਗੇ ਨੂੰ ਖਾਲਸਾ ਲਈ ਬ੍ਰਾਹਮਣਾਂ ਦਾ ਪੂਜਨ ਦੱਸ ਜਾਂਦੇ, ਪ੍ਰੰਤੂ ਦਸਮ ਗ੍ਰੰਥ ਵਿਚ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਨਿੰਦਾ ਹੀ ਮਿਲਦੀ ਹੈ ਅਰ ਹਵਨ ਕਰਾਉਣ ਵਾਲਿਆਂ ਦਾ ਨਾਮ ਨਿਸ਼ਾਨ ਭੀ ਨਹੀਂ ਹੈ।

੩. ਜਿਸ ਤਰ੍ਹਾਂ ਮਾਛੀਵਾੜੇ ਵਾਲੇ ਅਤੇ ਮਾਲੇਰੀਆਂ ਪਠਾਣਾਂ ਪਾਸ ਅਜ ਤਕ ਹੁਕਮਨਾਮੇ ਹਨ ਅਤੇ ਹਰ ਇਕ ਪੁਰਖ ਇਸ ਬਾਤ ਨੂੰ ਜਾਣਦਾ ਹੈ ਕਿ ਇਹ ਉਨ੍ਹਾਂ ਦੀ ਕੁਲ ਵਿੱਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਨੇ ਸਮੇਂ ਸਹਾਇਤਾ ਦਿੱਤੀ ਸੀ ਯਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ

ਸਮੇਂ ਆਹ ਦਾ ਨਾਰਾ ਮਾਰਿਆ ਸੀ। ਇਸੇ ਤਰ੍ਹਾਂ ਉਹਨਾਂ ਬ੍ਰਾਹਮਣਾਂ ਦੇ ਪਾਸ ਭੀ ਗੁਰੂ ਮਹਾਰਾਜ ਵਲੋਂ ਹੁਕਮਨਾਮੇ ਹੁੰਦੇ, ਜਿਸ ਤੇ ਖਾਲਸਾ ਜਾਣਦਾ ਕਿ ਇਹ ਉਸ ਦੱਤਾਨੰਦ ਉਜੈਨੀ ਯਾਂ ਕਾਂਸ਼ੀ ਵਾਲੇ ਕੇਸ਼ਵ ਅਤੇ ਗੁਜਰਾਤੀ ਕਾਲੀਦਾਸ ਦੇ ਖਾਨਦਾਨ ਵਿੱਚੋਂ ਹਨ, ਜਿਨ੍ਹਾਂ ਨੇ ਗੁਰੂ ਜੀ ਨੂੰ ਦੇਵੀ ਪ੍ਰਗਟ ਕਰਕੇ ਤਲਵਾਰ ਦਿਵਾਈ ਸੀ ਸੋ ਇਹ ਭੀ ਅੱਜ ਤੱਕ ਕਿਤੋਂ ਨਾਮ ਨਿਸ਼ਾਨ ਤਕ ਨਹੀਂ ਸੁਣਿਆ ਜਾਂਦਾ।

੪. ਜਿਨ੍ਹਾਂ ਵੇਦਾਂ ਤੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੇ ਪ੍ਰਗਟ ਕੀਤੀ ਸੀ ਅਰ ਉਨ੍ਹਾਂ ਮੰਤ੍ਰਾਂ ਵਿਚ ਇਤਨੀ ਸਮਰਥਾ ਸੀ ਤਾਂ ਗੁਰੂ ਜੀ ਵੇਦਾਂ ਅਤੇ ਮੰਤ੍ਰਾਂ ਯੰਤ੍ਰਾਂ ਦਾ ਖੰਡਨ ਨਾ ਕਰਦੇ ਸਗੋਂ ਆਖਦੇ ਕਿ ਇਨ੍ਹਾਂ ਦੇ ਮੰਨਣੇ ਯਾਂ ਵਿਧਿ ਵਤ ਕਰਮ ਕਰਨ ਤੇ ਫਲ ਮਿਲਦਾ ਹੈ, ਇਸ ਵਾਸਤੇ ਖਾਲਸਾ ਇਨ੍ਹਾਂ ਨੂੰ ਜ਼ਰੂਰ ਮੰਨੇ।

੫. ਜਿਸ ਜਨੇਊ ਦੇ ਪਹਿਰਨ ਅਰ ਜਿਸ ਗਾਇਤ੍ਰੀ ਦੇ ਜਾਪ ਕਰਨ ਤੇ ਹਵਨ ਕਾਰਕਾਂ ਨੂੰ ਕਰਕੇ ਦੇਵਤਾ ਪ੍ਰਗਟ ਕਰਨ ਦੀ ਸ਼ਕਤੀ ਦਿੱਤੀ ਸੀ ਉਸ ਜਨੇਊ ਅਰ ਗਾਇਤ੍ਰੀ ਦਾ ਖਾਲਸਾ ਵਿਚੋਂ ਰਿਵਾਜ ਕਿਉਂ ਹਟਾਇਆ ਅਰ ਅੰਮ੍ਰਿਤਪਾਨ ਸਮੇਂ ਕਿਉਂ ਤੁੜਵਾਯਾ।

੬. ਜਿਨ੍ਹਾਂ ਲੋਕਾਂ ਨੂੰ ਹਵਨ ਵਿਚ ਸ਼ੂਦਰ ਜਾਣਕੇ ਵੜਨ ਦਿੱਤਾ ਨਹੀਂ ਆਖਦੇ ਅਰ ਬਾਵਾ ਸੁਮੇਰ ਸਿੰਘ ਜੀ ਦੱਸਦੇ ਹਨ ਕਿ ਬਾਹਰ ਰੋਕਣ ਲਈ ਰਾਖੇ ਬਿਠਾਏ ਸਨ ਸੋ ਜੇ ਇਹ ਗੱਲ ਸੱਚ ਹੁੰਦੀ ਤਾਂ ਗੁਰੂ ਜੀ ਉਨ੍ਹਾਂ ਹੀ ਸ਼ੂਦਰਾਂ ਨੂੰ ਅੰਮ੍ਰਿਤ ਵਿਚ ਸ਼ਾਮਲ ਕਰਕੇ ਵਰਨ ਵਿਵਸਥਾ ਕਿਉਂ ਤੋੜਦੇ? ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਜੀ ਅਕਾਲ ਪੁਰਖ ਦੇ ਰਚੇ ਹੋਏ ਮਨੁਖਾਂ ਨੂੰ ਹਿੰਦੂਆਂ ਵਾਂਗ ਹਕਾਰਤ ਦੀ ਨਿਗਾਹ ਨਾਲ ਨਹੀਂ ਦੇਖਦੇ ਸੇ ਸਗੋਂ ਆਪਣੇ ਅੰਗ ਜਾਣਕੇ ਪਿਆਰ ਕਰਦੇ ਸਨ ਅਰ ਛੱਤ੍ਰੀ ਬਣਾਉਂਦੇ ਸਨ।

੭. ਜੋ ਲੋਗ ਏਹ ਲਿਖਦੇ ਹਨ ਕਿ ਦੇਵੀ ਨੇ ਜੰਗ ਵਿਚ ਫਤੇ ਦੇਣ ਲਈ ਤਲਵਾਰ ਯਾਂ ਕਰਦ ਦਿੱਤੀ ਸੀ ਤਾਂ ਗੁਰੂ ਜੀ ਨੇ ਖਾਲਸੇ ਨੂੰ ਤਲਵਾਰ ਦਾ ਜੋ ਦੇਵੀ ਦੇ ਵਰ ਤੋਂ ਮਿਲੀ ਸੀ ਅੰਮ੍ਰਿਤ ਕਿਉਂ ਨਾ ਛਕਾਇਆ ਇਸਦੇ ਉਲਟ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ ਸੀ। ਅਤੇ ਅੱਜ ਤੱਕ ਇਹ ਪ੍ਰਚਲਤ ਰੀਤੀ ਹੈ।

੮. ਫਿਰ ਜਦ ਗੁਰੂ ਜੀ ਮਹਾਰਾਜ ਆਪਣੀ ਪੁਰੀ ਨੂੰ ਅਸਵਾਰਾ ਕਰਨ ਲਗੇ ਤਦ ਭੀ ਖਾਲਸਾ ਨੂੰ ਏਹੋ ਆਗਿਆ ਕੀਤੀ ਕਿ 'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਗੁਰੂ ਜੀ ਨੇ ਦੇਵੀ ਤੋਂ ਵਰ ਲੈ ਕੇ ਪੰਥ ਬਣਾਇਆ ਹੁੰਦਾ ਤਾਂ ਇਸ ਤਰ੍ਹਾਂ ਨਾ ਹੁਕਮ ਦੇਂਦੇ ਸਗੋਂ ਇਸ ਤਰ੍ਹਾਂ ਉਚਾਰਨ ਕਰਦੇ ਯਥਾ:-'ਆਗਿਆ ਦੁਰਗਾ ਨੇ ਜਈ ਤਬੀ ਚਲਾਯੋ ਪੰਥ। ਕਰੋ ਕੜਾਹੀ ਓਸਦੀ ਭੇਟਾਂ ਦੇ ਪੜ ਗ੍ਰੰਥ। ' ਪ੍ਰੰਤੂ ਇਸ ਤਰ੍ਹਾਂ ਕੋਈ ਦੇਵੀ ਦੇਵਤਾ ਦਾ ਕਥਨ ਨਹੀਂ ਹੈ।

੯. ਜੇ ਗੁਰੂ ਜੀ ਦਾ ਦੇਵੀ ਪੂਜਨ ਕਰਨ ਦਾ ਸਿਧਾਂਤ ਸੀ ਤਾਂ ਪੰਜ ਕੱਕਿਆਂ ਦਾ ਧਾਰਨ ਅਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਉਸਦੀ ਬਾਣੀ ਪਰ ਵਿਸ਼ਵਾਸ਼ ਕਰਨ ਦਾ ਉਪਦੇਸ਼ ਕਿਉਂ ਕੀਤਾ ਅਰ ਨਵੀਂ ਸੂਰਤ ਸ਼ਕਲ ਦਾ ਪੰਥ ਕਿਉਂ ਸਾਜਿਆ ਕਿੰਤੂ ਉਨ੍ਹਾਂ ਛੈਣੇ ਕੁੱਟਾਂ ਨਾਲ ਸਿੱਖਾਂ ਨੂੰ ਮਿਲਾਕੇ ਅੱਟੇ ਧਾਰਨ ਦਾ ਹੁਕਮ ਕਿਉਂ ਨਾ ਦਿੱਤਾ।

੧੦. ਨੈਣਾਂ ਦੇਵੀ ਦੇ ਭੌਨ ਪਰ ਜਿਥੋਂ ਦੇਵੀ ਪ੍ਰਗਟ ਹੋਈ ਦੱਸਦੇ ਹਨ ਜਾਕੇ ਪੂਜਾ ਕਰਨ ਦੀ ਆਗਿਆ ਕਿਉਂ ਨਾ ਦਿੱਤੀ ਅਰ ਕਿਉਂ ਨਾ ਦੱਸਿਆ ਕਿ ਜ਼ਰੂਰ ਪੰਥ ਨੈਣਾਂ ਦੇਵੀ ਦਾ ਦਰਸ਼ਨ ਕਰੇ।

੧੧. ਸਾਰੇ ਗੁਰਬਿਲਾਸਾਂ ਵਿੱਚ ਬਿਨਾਂ ਹਵਨ ਤੋਂ ਹੋਰ ਕੋਈ ਸਾਬਤ ਨਹੀਂ ਕਰਦਾ ਕਿ ਗੁਰੂ ਜੀ ਕਦੇ ਨੈਨਾਂ ਦੇਵੀ† ਪਰ ਗਏ ਹੋਣ ਅਰ ਕਿਸੇ ਮੇਲੇ ਮੁਸਾਹਬੇ ਪਰ ਜਾਕੇ ਕੁਛ ਭੇਟਾ ਦਿੱਤੀ ਹੋਵੇ, ਕੇਵਲ ਇਹ ਇਕੋ ਵੇਰ ਦੀ ਗੱਲ ਦੱਸਦੇ ਹਨ, ਇਸ ਤੋਂ ਭੀ ਸਿੱਧ ਹੁੰਦਾ ਹੈ ਕਿ ਜੇ ਗੁਰੂ ਜੀ ਦੇਵੀ ਦੇ ਸ਼ਰਧਾਲੂ ਹੁੰਦੇ ਤਾਂ ਹਫਤੇ ਵਿਚ ਨਹੀਂ ਤਾਂ ਮਹੀਨੇ ਵਿਚ ਤਾਂ ਜ਼ਰੂਰ ਹੀ ਜਾਕੇ ਦਰਸ਼ਨ ਕਰਦੇ।"

[ਦੁਰਗਾ ਪ੍ਰਬੋਧ ਪੰਨਾ ੪੯੦-੯੫

†ਸੌ ਸਾਖੀ ਤੇ ਗੁ: ਪ੍ਰ: ਸੂਰਜ ਵਿਚ ਨੈਣੇ ਗੁੱਜਰ (ਯਾ ਜਾਟ) ਦੇ ਨਾਮ ਤੋਂ ਟਿੱਲੇ ਦਾ ਨਾਮ ਪਿਆ ਸਹੀ ਹੁੰਦਾ ਹੈ ਨਾਂਕਿ ਨੈਣਾਂ ਦੇਵੀ ਤੋਂ।

੧੨. ਇਸੀ ਤਰ੍ਹਾਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਨੇ ਦਸਮ ਗ੍ਰੰਥ ਦੀਆਂ ਬਾਣੀਆਂ ਪਰ ਟਿੱਪਣੀਆਂ ਦੇਂਦਿਆਂ ਚੰਗੀ ਵਿੱਦ੍ਵਤਾ ਨਾਲ ਦੇਵੀ ਦਾ ਨਾ ਪੂਜੇ ਜਾਣਾ ਸਿੱਧ ਕੀਤਾ ਹੈ ਤੇ ਦੱਸਿਆ ਹੈ ਕਿ ਦੇਵੀ ਦੇ ਪ੍ਰਸੰਗ ਤੇ ਉਸਤੁਤੀ ਸੰਸਕ੍ਰਿਤ ਅਸਲੀ ਗ੍ਰੰਥਾਂ ਦੇ ਭਾਵ ਤਰਜਮੇ ਹਨ, ਜੋ ਬੀਰ ਰਸੀ ਉਮਾਹ ਲਈ ਲਿਖੇ ਗਏ ਕਿੱਸੇ ਕਹਾਣੀਆਂ ਹਨ। ਏਹ ਗੁਰੂ ਜੀ ਨੂੰ ਦੇਵੀ ਪੂਜਕ ਹਰਗਿਜ਼ ਸਿੱਧ ਨਹੀਂ ਕਰਦੇ। ਦੇਖੋ ਗੁਰਮਤ ਸੁਧਾਕਰ ਆਦਿ।

## ਸਿੱਧਾਂਤ

ਪਿਛਲੇ ਸਾਰੇ ਲੇਖ ਨੂੰ ਫੇਰ ਥੋੜੇ ਪਦਾਂ ਵਿਚ ਦੁਹਰਾਕੇ ਵਿਚਾਰ ਕਰੀਏ ਤਾਂ ਸਮਝ ਵਿਚ ਪੈਂਦਾ ਹੈ ਕਿ 'ਕਾਲੀ' ਅਪਣੇ ਅਰੰਭ ਵਿਚ ਹਿੰਦੂ (ਆਰਯ) ਦੇਵਤਾ ਨਹੀਂ, ਪਰ ਇਥੋਂ ਦੇ ਪਹਿਲੇ ਅਸਲੀ ਕਾਲੇ ਰੰਗ ਵਾਲੇ ਵਾਸੀਆਂ ਦੀ ਪੂਜਯ ਮੂਰਤੀ ਸੀ, ਜਿਨ੍ਹਾਂ ਨੂੰ ਆਰਯ ਲੋਕ ਯਾ ਪੁਰਾਤਨ ਹਿੰਦੂ ਦਸ੍ਯੂ ਤੇ ਰਾਖਸ਼ ਕਿਹਾ ਕਰਦੇ ਸਨ। ਆਰਯ ਵਡਕਿਆਂ ਵਿੱਚ ਆਪਣੇ ਦੇਵਤਿਆਂ ਦੀਆਂ ਸ਼ਕਤੀਆਂ ਦਾ ਖਿਆਲ ਤੇ ਉਸ ਨੂੰ ਉਨ੍ਹਾਂ ਦੀਆਂ ਇਸਤ੍ਰੀਆਂ ਦੇ ਰੂਪ ਵਿਚ ਵ੍ਯਾਖ੍ਯਾ ਦੇਣੀ ਹਿੰਦੂਆਂ ਦਾ ਮਗਰੋਂ ਦਾ ਖਿਆਲ ਹੈ। ਇਨ੍ਹਾਂ ਵਿਚ ਜੋ ਬੀਰ ਰਸੀ ਦੁਰਗਾ ਦਾ ਖਿਆਲ ਹੈ, ਚਾਹੋ ਉਹ ਕਿਵੇਂ ਉਪਜਿਆ ਕਾਲੀ ਪੂਜਣ ਵਾਲੇ ਅਸਲੀ ਵਸਨੀਕਾਂ ਦੀ ਪੂਜਯ ਮੂਰਤੀ ਦੇ ਖਿਆਲ ਨਾਲ ਖਲਤ ਮਲਤ ਹੋ ਕੇ ਸ਼ਾਕਤਿਕ ਯਾ ਤਾਂਤ੍ਰਿਕ ਮਤ ਦਾ ਮੂਲ ਮੁੱਢ ਬੱਝਾ ਤੇ ਅਨੇਕ ਤਰ੍ਹਾਂ ਦੀਆਂ ਨਾ ਕਥਨੇ ਯੋਗ ਲੀਲ੍ਹਾਂ ਦੇ ਮਗਰੋਂ ਇਹ ਮਤ ਹਠ ਯੋਗ ਦਿਆਂ ਕਈ ਸਾਧਨਾਂ ਵੱਲ ਉਠਦਾ ਅੰਤ ਫਿਲਸਫਾ ਦੇ ਖਿਆਲਾਂ ਨਾਲ ਜਾ ਮਿਲਿਆ ਤੇ ਦਰੁਗਾ ਦਾ ਖ੍ਯਾਲ ਆਦਿ ਭਵਾਨੀ ਵਿਚ ਆਕੇ ਈਸ਼੍ਵਰੱਤ ਦੇ ਦਰਜੇ ਤਾਈਂ ਅੱਪੜਿਆ।

ਗੁਰਮਤ ਵਿਚ ਦੇਵੀ ਉਪਾਸਨਾ ਮੁੱਢ ਤੋਂ ਨਹੀਂ ਹੈ, ਨਾ ਕਾਲੀ ਦੀ ਸੂਰਤ ਵਿਚ, ਨਾ ਦੁਰਗਾ ਦੀ ਸੂਰਤ ਵਿੱਚ ਤੇ ਨਾ ਆਦਿ ਭਵਾਨੀ ਦੇ ਖਿਆਲਾਂ ਵਿਚ। ਬਲਕਿ ਜੋ ਸਮਾਂ ਭਗਤਾਂ ਦਾ ਗੁਜ਼ਰਿਆ ਹੈ ਉਹ ਭੀ ਇਸ ਤੋਂ ਇਨਕਾਰ ਕਰਦੇ ਰਹੇ ਹਨ† ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਮਾਣੀਕ ਬਾਣੀ ਹੋਕੇ ਚੜ੍ਹੀ। ਗੁਰ ਇਤਿਹਾਸ ਵਿਚ ਭੀ ਦੇਵੀ ਪੂਜਾ ਦੀ ਮਨਾਹੀ ਦੇ ਵਾਕਿਆਤ ਕਈ ਹਨ। ਦਸਮ ਗੁਰੂ ਜੀ ਦੇ ਵਾਕ ਬੀ ਇਕ ਅਕਾਲ ਦੀ ਪੂਜਾ ਦੇ ਬਿਨਾ ਕਿਸੇ ਹੋਰ ਦੀ ਪੂਜਾ ਪ੍ਰਤਿਸ਼ਟਾ ਇਸ਼ਟ ਭਾਵਨਾ ਦੇ ਐਤਨੇ ਮਿਲਦੇ ਹਨ ਕਿ ਕੋਈ ਸੱਤਜ ਦਾ ਖੋਜੀ ਉਨ੍ਹਾਂ ਨੂੰ ਪੜ੍ਹਕੇ ਇਸ ਸਿੱਟੇ ਤੇ ਪੁਜੇ ਬਿਨਾਂ ਨਹੀਂ ਰਹਿ ਸਕਦਾ ਕਿ ਓਹ ਇਕ ਅਕਾਲ ਪੁਰਖ ਦੇ ਉਪਾਸਕ ਸੇ ਅਤੇ ਤਾਂਤ੍ਰਿਕ ਯਾ ਸ਼ਾਕਤਿਕ ਮਤ ਦੀ ਸ਼ਕਤੀ ਦੇ ਉਪਾਸਕ ਕਦੇ ਨਹੀਂ† ਸੇ।

†ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂੰ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥

†ਦੇਖੋ ਪਿਛੇ ਪੰਨਾ ੪੯੯੭ ਜਿੱਥੇ ਕਵੀ ਸੰਤੋਖ ਸਿੰਘ ਜੀ ਨੇ ਦੱਸਿਆ ਹੈ ਕਿ ਦਸਮ ਗੁਰਬਾਣੀ ਵਿਚ ਦੇਵੀ ਦੀ ਸਤੁਤੀ ਆਉਣ ਤੋਂ ਉਨ੍ਹਾਂ ਨੂੰ ਦੇਵੀ ਉਪਾਸਕ ਮੰਨਣਾ ਭੁੱਲ ਹੈ। ਇਸੇ ਤਰ੍ਹਾਂ ਦੌਲਤ ਰਾਇ ਵਰਗੇ ਇਤਰ ਮਤਾਵਲੰਬੀਆਂ ਨੇ ਬੀ ਦਸਮ ਗੁਰਬਾਣੀ ਪੜ੍ਹਕੇ ਦੇਵੀ ਦੇ ਵਿਸ਼ੇ ਤੇ ਏਹੋ ਹੀ ਰਾਇ ਕਾਇਮ ਕੀਤੀ ਹੈ। ਦੇਖੋ ਪਿੱਛੇ ਸਫਾ ੫੦੦੯ ਅੰਕ ੧੭।

ਗੁਰ ਸਾਹਿਬਾਨ ਨੇ ਕਦੇ ਬੀ ਕ੍ਰਿਤਮ ਵਸਤੂ ਯਾ ਵਜਕਤੀ ਨੂੰ ਆਪਣਾ ਇਸ਼ਟ ਨਹੀਂ ਮੰਨਿਆ। ਕੀਤੇ ਹੋਇਆਂ ਨੂੰ, ਚਾਹੋ ਕਿੰਨੇ ਉੱਚੇ ਹੋਣ, ਆਪ ਨੇ 'ਓਹੁ ਵੇਖੈ ਓਨਾ ਨਦਰਿ ਨ ਆਵੈ' ਦੱਸਿਆ ਹੈ, ਜਿਨ੍ਹਾਂ ਵਿਚ ਦੇਵੀ ਦਾ ਬੀ ਜ਼ਿਕਰ ਆਇਆ ਹੈ:-

'ਦੇਵੀਆ ਨਹੀਂ ਜਾਨੈ ਮਰਨ ॥ ਸਭ ਉਪਰਿ ਅਲਖ ਪਾਰਬ੍ਰਹਮ ॥'

ਉਧਰ ਸਾਖੀਆਂ ਵਿਚ ਦੇਵੀ ਪੂਜਾ ਦੀਆਂ ਮਨਾਹੀ ਦੀਆਂ ਸਾਖੀਆਂ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਪਸ਼ਟ ਵਾਕ 'ਮਹਾਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥' ਆਦਿ ਮੌਜੂਦ ਹਨ ਕਿ ਜਿਨ੍ਹਾਂ ਦਾ ਵੇਰਵਾ ਪਿਛੇ ਅੰਕ ੨ ਵਿਚ ਵਿਸਥਾਰ ਨਾਲ ਕਹਿ ਆਏ ਹਾਂ। ਸੋ ਸਭ ਤੋਂ ਪ੍ਰਗਟ ਹੈ ਕਿ ਇਸ ਮਤ ਵਿਚ ਦੇਵੀ ਦੀ ਮੂਰਤੀ ਦੀ, ਕਿ ਸ਼ਕਤੀ ਰੂਪ ਦੇਵੀ ਦੀ, ਕਿ ਸ਼ਾਕਤਿਕ ਤੇ ਤਾਂਤ੍ਰਿਕ ਮਤ ਦੀ ਕਿਸੇ ਬੀ ਸੂਰਤ ਵਿਚ ਮੰਨੀ ਗਈ ਦੇਵੀ ਦੀ ਪੂਜਾ ਯਾ ਇਸ਼ਟ ਭਾਵਨਾ ਦਾ ਆਦਰਸ਼ ਮੰਨਣਾਂ ਜਾਇਜ਼ ਤੇ ਵਿਹਤ ਨਹੀਂ।

ਗੁਰੂ ਸਾਹਿਬ ਜੀ ਦੇ 'ਅਸੂਲ ਪੜਤਾਲ' ਦੇ ਨੁਕਤੇ ਤੋਂ ਜੇ ਅਸੀਂ ਏਥੇ ਦੇਵੀ ਪ੍ਰਗਟਾਉਣ ਦੇ ਪ੍ਰਯੋਗ ਤੇ ਆਵਾਹਨ ਦੇ ਪ੍ਰਸੰਗ ਨੂੰ ੭ ਅੰਗਾਂ ਵਿਚ ਵੰਡਕੇ ਦਸਵੇਂ ਸਤਿਗੁਰਾਂ ਦੇ ਅਪਣੇ ਸ਼੍ਰੀ ਮੁਖਵਾਕਾਂ ਨਾਲ ਕਸਵਟੀ ਤੇ ਲਾਈਏ ਤਾਂ ਬੀ ਜੋ ਕੱਸ ਲਗਦੀ ਹੈ ਉਹ ਦੇਵੀ ਨੂੰ ਦਸਮ ਗੁਰੂ ਜੀ ਦਾ ਪੂਜਯ ਸਿੱਧ ਨਹੀਂ ਕਰਦੀ ਤੇ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਸਿੱਟਾ ਕੱਢਦੀ ਹੈ। ਯਥਾ:-

## ੧. ਹੋਮ:

ਹੋਮ ਕਰਨਾ ਸਭ ਤੋਂ ਵੱਡਾ ਅੰਗ ਦੇਵੀ ਆਵਾਹਨ ਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਤੇ ਭਾਈ ਗੁਰਦਾਸ ਜੀ ਦੇ ਵਾਕ ਇਸ ਕਰਮ ਕਰਨ ਵਿਰੁੱਧ ਤਾਂ ਅਨੇਕਾਂ ਹਨ, ਪਰ ਸ਼੍ਰੀ ਮੁਖਵਾਕ ਪਾ: ੧੦ ਬੀ ਇਸੀ ਪ੍ਰਕਾਰ ਦੇ ਹਨ, ਯਥਾ:-'ਕਈ ਅਗਨ ਹੋਤ੍ਰ ਕਰੰਤ ॥.. ਸਭ ਕਰਮ ਫੋਕਟ ਮਾਨ ॥ ' ਪੁਨਾ:-'ਬਹੁ ਕਰਤ ਹੋਮ ਅਰੁ ਜੱਗ ਦਾਨ ॥ ਬਿਨ ਏਕ ਨਾਮ ਇਕ ਚਿੱਤ ਲੀਨ ॥ ਫੋਕਟੋ ਸਰਬ ਧਰਮਾ ਬਿਹੀਨ' ॥ ਫਿਰ ਕਿਵੇਂ ਸਮਝੀਏ ਕਿ ਜਿਸ ਕਰਮ ਨੂੰ ਆਪ ਫੋਕਟ ਕਹਿ ਰਹੇ ਹਨ ਉਸ ਨੂੰ ਆਪ ਨੇ ਕੀਤਾ ਹੋਵੇ।

## ੨. ਬਲੀ:

ਕਿਹਾ ਜਾਂਦਾ ਹੈ ਕਿ ਇਸ ਆਵਾਹਨ ਵਿਚ ਬ੍ਰਹਮਣ ਨੇ ਬਲੀ ਦੇਣੀ ਜ਼ਰੂਰੀ ਦੱਸੀ, ਤੇ ਗੁਰੂ ਜੀ ਨੇ ਆਪਣੀ ਉਂਗਲੀ ਦਾ ਲਹੂ ਦਿੱਤਾ ਤੇ ਕਈ ਲੱਖ ਖਾਲਸੇ ਦੀ ਬਲੀ ਦੇਣ ਦਾ ਦੇਵੀ ਨਾਲ ਇਕਰਾਰ ਕੀਤਾ। ਬਲੀ ਦੇਣ ਪਰ ਸ਼੍ਰੀ ਮਖਵਾਕ ਪਾ: ੧੦ ਇਉਂ ਹੈ:- 'ਤੇ ਬੀ ਬਲਿ ਪੂਜਾ ਉਰਝਾਏ ॥ ' ਇਸ ਵਿਚ ਬਲੀਆਂ ਲੈਣ ਵਾਲੇ ਦੇਵਤੇ ਦਸਮੇ ਗੁਰੂ ਜੀ ਨੇ ਆਪ 'ਵਾਹਿਗੁਰੂ ਦੇ ਦਰ ਅੱਪ੍ਰਵਾਣ ਹੋ ਗਏ' ਕਥਨ ਕੀਤੇ ਹਨ, ਫਿਰ ਕੀਕੂੰ ਹੋ ਸਕਦਾ ਹੈ ਕਿ ਆਪ ਨੇ ਕਿਸੇ ਦੇਵੀ ਨੂੰ ਬਲੀ ਦੇਣੀ ਜਾਇਜ਼ ਸਮਝੀ ਹੋਵੇ।

## ੩. ਹੋਤਾ (ਰਿਤ੍ਵਜ):

ਅਰਥਾਤ ਹੋਮ ਕਰਾਉਣ ਵਾਲਾ ਬ੍ਰਹਮਣ-ਇਹ ਬ੍ਰਹਮਣ ਪਹਿਲਾਂ ਦੱਖਣਾ ਖਰੀ ਕਰਦਾ ਹੈ, ਫਿਰ ਪਹਿਲਾਂ ਗੁਰੂ ਜੀ ਨੂੰ 'ਜਗਤ ਈਸ਼ ਤੁਮ ਦੇਵਨ ਦੇਵ' ਕਹਿੰਦਾ ਹੈ ਤੇ ਫੇਰ ਜੱਗ ਵੇਲੇ

ਆਪਣੀ ਬੇ ਸਤਿਕਾਰੀ ਦੇ ਗੁੱਸੇ ਵਿਚ ਗੁਰੂ ਜੀ ਨੂੰ ਅਵਤਾਰ ਕਹਿਣੋ ਸਿਰ ਫੇਰਦਾ ਤੇ ਕਹਿੰਦਾ ਹੈ 'ਜੇ ਅਵਤਾਰ ਹੁਤੇ ਕਿਸ ਕਾਲਾ.... ਯਾਂ ਤੇ ਮੋਹਿ ਪ੍ਰਤੀਤ ਹੋ ਆਵੈ' ਇਸ ਤੋਂ ਬ੍ਰਾਹਮਣ ਲਾਲਚੀ ਤੇ ਅਸੱਤਜਵਾਦੀ ਸਿੱਧ ਹੁੰਦਾ ਹੈ, ਐਸੇ ਬ੍ਰਹਮਣ ਨੂੰ ਹੋਤਾ ਥਾਪਣਾ ਯੋਗ ਨਹੀਂ ਕਿਉਂਕਿ ਕਵੀ ਜੀ ਦੇ ਲਿਖੇ ਅਨੁਸਾਰ ਗੁਰੂ ਜੀ ਬੀ ਆਪ ਪਹਿਲਾਂ ਮਾਸਾਹਾਰੀ ਬ੍ਰਹਮਣਾਂ ਨੂੰ ਮੋਹਰ ਤੇ ਨਾ ਮਾਸਾਹਾਰੀਆਂ ਨੂੰ ਰੁੱਪਯਾ ਦੱਖਣਾ ਦੇਣ ਵਿਚ ਲਾਲਚੀ ਬ੍ਰਾਹਮਣਾਂ ਦਾ ਪਾਜ ਉਘੇੜ ਆਏ ਹਨ ਤੇ ਫੇਰ ਲਾਲਚੀ ਤੇ ਡੋਲਣੇ ਨਿਸ਼ਚੇ ਵਾਲੇ ਨੂੰ ਰਿਤ੍ਵਜ ਕਿਸ ਤਰ੍ਹਾਂ ਥਾਪਨਾ ਸੀ? ਤੇ ਸੱਚੇ ਬ੍ਰਾਹਮਣ ਦੇ ਲੱਛਣ ਗੁਰਬਾਣੀ ਵਿਚ ਲਿਖੇ ਹੋਏ ਹੈਸਨ ਹੀ। ਫਿਰ ਬ੍ਰਹਮਣ ਨੂੰ 'ਚਟਪਟਾਇ ਚਿਤ ਮੈਂ ਜਰਯੋ ਤ੍ਰਿਣ ਜਯੋਂ ਕ੍ਰੁਧਤ ਹੋਇ' ਸ਼੍ਰੀ ਮੁਖਵਾਕ ਵਿਚ ਅਤਿ ਕ੍ਰੋਧੀ ਦੱਸਿਆ ਹੈ। ਕ੍ਰੋਧੀ ਬ੍ਰਹਮਣ ਤੋਂ ਹੋਮ ਕਰਵਾਉਣਾ ਦਰੁਸਤ ਨਹੀਂ, ਫਿਰ ਕਈ ਵੇਰ ਬ੍ਰਹਮਨ ਨੇ ਅਪਨੀ ਅਸਮਰਥਾ ਦੱਸੀ ਹੈ ਤੇ ਅੰਤ ਉਹ ਕੱਸਾ ਹੀ ਨਿਕਲਿਆ। ਐਸਾ ਬ੍ਰਹਮਣ ਜੋ 'ਦੇਵੀ ਪ੍ਰਗਟੇਗੀ' ਤਾਂ ਕਹਿੰਦਾ ਹੈ ਪਰ ਦੇਵੀ ਪ੍ਰਗਟਣ ਦੀ ਝਾਲ ਆਪ ਨਹੀਂ ਝੱਲ ਸਕਦਾ, ਕਰਨੀ ਹੀਨ ਬ੍ਰਹਮਣ ਹੈ, ਕਰਨੀ ਹੀਨ ਤੋਂ ਹੋਮ ਸਤਿਗੁਰਾਂ ਨੇ ਕੀਕੂੰ ਕਰਵਾਯਾ†?

†ਦੇਖੋ ਰੁਤ ੫. ਅੰਸੂ ੧ ਵਿਚ ਅਧਿਕਾਰੀ ਬ੍ਰਹਮਣ ਦੇ ਲੱਛਣ ਦੱਸੇ ਹਨ ਜੋ ਕਵੀ ਸੰਤੋਖ ਸਿੰਘ ਜੀ ਨੇ ਗੁਰੂ ਕੇ ਦਰਬਾਰ ਨਿਰਣਯ ਹੋਏ ਲਿਖੇ ਹਨ।

## ੪. ਮੰਤ੍ਰ:

ਦੇਵੀ ਪ੍ਰਗਟਾਉਣ ਲਈ ਮੰਤ੍ਰ ਪੜ੍ਹਿਆ ਜਾਂਦਾ ਰਿਹਾ ਦੱਸਿਆ ਹੈ। ਉਹ ਮੰਤ੍ਰ 'ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ' ਦਿੱਤਾ ਹੈ। ਇਹ ਗੁਰਬਾਣੀ ਨਹੀਂ, ਇਹ ਮੰਤ੍ਰ ਅਨਯ ਮੰਤ੍ਰ ਹੈ, ਓਪਰਾ ਮੰਤ੍ਰ ਹੈ। ਇਸ ਪਰ ਸ਼੍ਰੀ ਮੁਖਵਾਕ ਪਾ:੧੦ ਇਹ ਹੈ:-'ਨਾ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥ ' ਪੁਨਾ:-'ਕਾਮਕਾ ਮੰਤ੍ਰ ਕਸੀਰੇ ਕੇ ਕਾਮ ਨ ॥ ' ਕਾਮਕਾ ਅਰਥਾਤ (ਕਾਮਨਾ ਲਈ ਤੰਤ੍ਰ ਸ਼ਾਸਤ੍ਰਾਂ ਦੇ) ਜਪੇ ਮੰਤ੍ਰ ਦਮੜੀ ਮੁੱਲ ਨਹੀਂ ਰਖਦੇ।

ਪੁਨਾ:-'ਬਿਨਾ ਸਰਨ ਤਾਂ ਕੀ ਨਹੀਂ ਅਉਰ ਓਟੰ ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ ॥ '

ਪੁਨਾ:-'ਭਜੋ ਸੁ ਏਕ ਨਾਮਯੰ ॥ ਜੋ ਕਾਮ ਸਰਬ ਠਾਮਯੰ।'

## ੫. ਧਯਾਨ:

ਇਥੇ ਧਯਾਨ ਦੇਵੀ ਦਾ ਧਰਕੇ ਆਵਾਹਨ ਹੁੰਦਾ ਦੱਸਿਆ ਗਿਆ ਹੈ। ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰਸ ਦਾ ਧਯਾਨ ਧਰਨ ਪਰ ਸ਼੍ਰੀ ਮੁਖਵਾਕ ਪਾ: ੧੦ ਇਉਂ ਹੈ:-'ਨ ਧਿਆਨ ਆਨ ਕੋ ਧਰੌ ॥ ਨ ਨਾਮ ਆਨ ਉਚਰੌ। ' ਪੁਨਾ:-'ਜੇ ਜੇ ਅਉਰ ਧਿਆਨ ਕੋ ਧਰਹੀ ॥ ਬਹਿਸ ਬਹਿਸ ਬਾਦਨ ਤੇ ਮਰਹੀ ॥ '

## ੬. ਵਰ:

ਪ੍ਰਯੋਗ ਵਰ ਪ੍ਰਾਪਤੀ ਲਈ ਸੀ ਤੇ ਵਰ ਦੇਵੀ ਤੋਂ ਲੈਣਾ ਸੀ, ਇਸ ਪਰ ਸ੍ਰੀ ਮੁਖਵਾਕ ਅਕਾਲ ਪੁਰਖ ਨੂੰ ਸਨਮੁਖ ਕਰਕੇ ਐਉਂ ਹੈ: ਤੁਮਹਿ ਛਾਡ ਕੋਈ ਅਵਰ ਨ ਧਯਾਊਂ ॥ ਜੋ ਬਰ ਚਹੌ ਸੁ ਤੁਮ ਤੇ ਪਾਊਂ ॥

ਕਵੀ ਜੀ ਨੇ ਦੇਵੀ ਤੋਂ ਦੋ ਵਰ ਮੰਗਦੇ ਗੁਰੂ ਜੀ ਨੂੰ ਦੱਸਿਆ ਹੈ। ਯਥਾ:-'ਰਚਨ ਪੰਥ ਅਰੁ ਤੁਰਕਨ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ ॥' [ਰੁਤ ੩-੧੧-੧੮

ਪਰ ਗੁਰੂ ਜੀ ਆਪ ਸਿੱਧਾ ਅਕਾਲ ਪੁਰਖ ਤੋਂ ਇਹ ਦੋਵੇਂ ਵਰ ਮੰਗ ਰਹੇ ਹਨ। ਯਥਾ:-(ੳ) 'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥ '

(ਅ) 'ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਗਲ ਮਲੇਛ ਕਰੋ ਰਣ ਘਾਤਾ ॥ '

ਪੁਨਾ:-'ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥ '

ਕਵੀ ਸੰਤੋਖ ਸਿੰਘ ਜੀ ਆਪ ਬੀ ਇਸੇ ਗਲ ਦੀ ਪ੍ਰੌਢਤਾ ਕਰਦੇ ਹਨ, ਗੁਰੂ ਜੀ ਦੀ ਜ਼ੁਬਾਨੀ ਦੱਸਦੇ ਹਨ ਕਿ 'ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ' [ਰੁ: ੩ ਅੰਸੂ ੨੦ ਅੰਕ ੫] ਜਿਸ ਤੋਂ ਸਾਫ ਹੈ ਕਿ ਜਦ ਅਕਾਲ ਪੁਰਖ ਦਾ ਹੁਕਮ ਪ੍ਰਾਪਤ ਹੈ ਤਾਂ ਫਿਰ ਕਿਸੇ ਇਤਰ ਦੇਵ ਤੋਂ ਇਹ ਵਰ ਮੰਗਣਾ ਅਸੰਗਤਿ ਹੈ।

## ੭. ਪ੍ਰਯੋਜਨ:

ਜਿਨ੍ਹਾਂ ਸੱਜਨ ਲੇਖਕਾਂ ਨੇ ਦੇਵੀ ਪੂਜਨ ਦਾ ਸਾਰਾ ਪ੍ਰਸੰਗ ਲਿਖਿਆ ਹੈ ਉਸ ਵਿਚ ਸਾਰ ਸਿੱਧਾਂਤ ਦੀ ਗਲ ਆਵਾਹਨ ਦੇ ਅੰਤ ਪਰ ਦੇਵੀ ਦਾ ਪ੍ਰਗਟ ਹੋਣਾ ਦੱਸਿਆ ਹੈ। ਪਰੰਤੂ ਇਹੋ ਲੇਖਕ ਇਕ ਐਸੀ ਗਲ ਪੇਸ਼ ਕਰ ਜਾਂਦੇ ਹਨ ਕਿ ਜਿਸ ਤੋਂ ਸ੍ਰੀ ਮੁਖਵਾਕਾਂ ਦ੍ਵਾਰਾ ਹੀ ਘਟ ਤੋਂ ਘਟ ਦੇਵੀ ਦਾ ਪ੍ਰਗਟ ਹੋਣਾ (ਜੋ ਪ੍ਰਯੋਜਨ ਸੀ ਆਵਾਹਨ ਦਾ) ਆਪੇ ਖੰਡਨ ਹੋ ਜਾਂਦਾ ਹੈ। ਪ੍ਰਯੋਗ ਦੇ ਅੰਤ ਪਰ ਜੇ ਦੇਵੀ ਪ੍ਰਗਟ ਹੋ ਜਾਂਦੀ ਤਾਂ ਹੋਮ ਯੱਗ ਪ੍ਰਯੋਗ ਸਭ ਸਫਲ ਹੁੰਦੇ, ਇਸ ਸਫਲਤਾ ਦੇ ਅੰਤ ਪਰ ਹੋਤਾ ਜੀ ਨੂੰ ਦਾਨ ਸਨਮਾਨ ਤੇ ਅੱਗੋਂ ਦੀ ਪ੍ਰਤਿਪਾਲਾ ਨਾਲ ਸਨਮਾਨਿਆ ਜਾਂਦਾ ਤੇ ਉਹ ਖੁਸ਼ ਹੁੰਦਾ, ਪਰ ਕਵੀ ਜੀ ਆਪ ਦਸ਼ਮੇਸ਼ ਜੀ ਦੇ ਉਸ ਸਮੇਂ ਦੇ ਉਚਾਰੇ ਹੋਏ ਸ੍ਵੈਯੇ ਪੇਸ਼ ਕਰਦੇ ਹਨ (ਦੇਖੋ ਪਿਛੇ ਸਫਾ ੪੯੬੭)। ਉਨ੍ਹਾਂ ਸ੍ਵੈਯਾਂ ਵਿਚ ਬ੍ਰਹਮਣ ਨੂੰ ਸਿੱਖਾਂ ਦੇ ਪ੍ਰਸਾਦ ਵੇਲੇ ਜੱਗ ਵਿਚ ਨਾ ਬੁਲਾਉਣਾ, ਉਸਦਾ ਗੁੱਸੇ ਹੋ ਜਾਣਾ, ਫੇਰ ਸੱਦਣਾ, ਉਸ ਨੂੰ ਸਿੱਖਾਂ ਦੀ ਮਹਿਮਾ ਤੇ ਵਿਸ਼ੇਸ਼ਤਾ ਸ੍ਰੀ ਮੁਖ ਤੋਂ ਦੱਸਣੀ, ਯੋਗਾ ਬ੍ਰਹਮਣਾਂ ਨੂੰ ਗੌਣ ਵਰਣਨ ਕਰਨਾ, ਫੇਰ ਬ੍ਰਹਮਣ ਦਾ ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਇਸ ਬੱਝੀ ਪਿਰਤ ਦੇ ਬੰਦ ਹੋਣ ਪਰ ਕ੍ਰੋਧ ਵਿਚ ਖਿਝਕੇ ਰੋ ਪੈਣਾ, ਸਾਰੇ ਇਸ ਗਲ ਦੇ ਸੂਚਕ ਹਨ ਕਿ ਜੇ ਦੇਵੀ ਆਵਾਹਨ ਕੀਤੀ ਗਈ ਸੀ ਤਾਂ ਦੇਵੀ ਪ੍ਰਗਟੀ ਨਹੀਂ, ਹੋਤਾ ਅਪਣੇ ਕਥਨ ਤੇ ਦਾਵੇ ਵਿਚ ਨਾਕਾਮਯਾਬ ਰਿਹਾ ਹੈ, ਇਸ ਕਰਕੇ ਸਤਿਗੁਰਾਂ ਉਸਨੂੰ ਭੁਲਾਯਾ ਹੈ ਤੇ ਉਹ ਰੋਜ਼ੀ ਬੰਦ ਹੋਣੇ ਪਰ ਰੋਯਾ ਹੈ। ਜੇ ਪ੍ਰਯੋਗ ਸਿੱਧੀ ਨੂੰ ਪ੍ਰਾਪਤ ਹੁੰਦਾ ਤਾਂ ਬ੍ਰਹਮਣ ਦਾਨ ਮਾਨ ਰੁਜ਼ੀਨਿਆਂ ਨਾਲ ਸਨਮਾਨਿਆ ਜਾਂਦਾ ਤੇ ਉਸਨੂੰ ਹਰ ਤਰ੍ਹਾਂ ਪ੍ਰਸੰਨ ਕੀਤਾ ਜਾਂਦਾ। ਹੋਤਾ ਜੀ ਨਾਲ ਹੋਯਾ ਸਲੂਕ ਤੇ ਉਸਦੀ ਨਿਰਾਸਤਾ ਸਬੂਤ ਹਨ ਉਸ ਵਲੋਂ ਗੁਰੂ ਜੀ ਦੀ ਉਪ੍ਰਾਮਤਾ ਦੇ। ਇਹ ਇੱਕੋ ਗੱਲ ਦੇਵੀ ਦੇ ਨਾ ਪ੍ਰਗਟ ਹੋਣੇ ਦੀ ਦ੍ਰਿੜ੍ਹ ਦਲੀਲ ਤੇ ਪੱਕਾ ਸਬੂਤ ਸਾਫ ਦਿੱਸ ਰਹੀ ਹੈ। ਇਹ ਗਲ ਪਿਛੇ ਸਿੱਧ ਕਰ ਆਏ ਹਾਂ ਕਿ ਕੋਈ ਸ੍ਰੀ ਮੁਖਵਾਕ ਇਸ ਘਟਨਾ ਦੇ ਹੋਣ ਦੇ ਨਹੀਂ ਮਿਲਦੇ।

ਸੋ ਦਸਮ ਗੁਰੂ ਜੀ ਦਾ ਸਿੱਧਾਂਤ ਜੋ 'ਜਾਗਤ ਜੋਤ ਜਪੈ ਨਿਸਬਾਸੁਰ' ਸ੍ਵੈਯੇ ਵਿਚ ਹੈ ਉਹ ਆਦਿ ਗੁਰੂ ਸਾਹਿਬਾਂ ਦੇ ਸਿੱਧਾਂਤ ਨਾਲ ਇਕ ਮਿਕ ਹੈ ਕਿ ਨਾਮ ਜਪਣ ਵਾਲਾ ਤੇ ਕ੍ਰਿਤਮ ਪਦਾਰਥ ਨੂੰ ਇਸ਼ਟ ਕਰ ਨਾ ਪੂਜਣ ਵਾਲਾ ਸਿੱਖ ਹੈ, ਖਾਲਸਾ ਹੈ। ਖਾਲਸੇ ਨੂੰ ਸ਼ਸਤ੍ਰ ਵਿੱਦਯਾ ਬੀ ਸਿਖਾਈ ਤੇ ਪ੍ਰਗਟ ਸ਼ਰੀਰਕ ਸ਼ਕਤੀ ਤਲਵਾਰ (ਸ਼ਸਤ੍ਰ) ਨੂੰ ਕਿਹਾ। ਮਾਨਸਿਕ ਸ਼ਕਤੀ ਦਾ ਆਧਾਰ ਤੇ ਸੋਮਾ 'ਨਾਮ' ਤੇ ਸ਼ਰੀਰਕ ਸ਼ਕਤੀ ਦਾ ਆਧਾਰ 'ਕ੍ਰਿਪਾਣ' ਨੂੰ ਕਿਹਾ ਹੈ, ਇਥੋਂ ਤਾਈਂ ਕਿ 'ਭਗਉਤੀ' ਆਦਿ ਤਪ ਬੀ ਤਲਵਾਰ ਲਈ ਹੀ ਵਰਤਿਆ ਹੈ ਯਥਾ:-"ਲਈ ਭਗਉਤੀ ਦੁਰਗ ਸਾਹ ਵਰ ਜਾਗਨ ਭਾਰੀ ॥ ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ। " ਨਾਮ ਦਾ ਮਾਲਿਕ 'ਨਾਮੀ' ਅਕਾਲ ਪੁਰਖ ਤੇ ਬਾਹੂ ਬਲ ਤੇ ਸ਼ਸਤ੍ਰ ਦਾ ਮਾਲਿਕ ਉਹੋ ਅਸਿਕੇਤ ਅਕਾਲ ਪੁਰਖ ਮੰਨਿਆ ਹੈ। ਸਰੀਰਕ ਤੇ ਮਾਨਸਿਕ ਸ਼ਕਤੀਆਂ ਦਾ ਮਾਲਿਕ ਓਹ ਆਪ ਤੇ ਸਰੀਰਕ ਤੇ ਮਾਨਸਿਕ ਸ਼ਕਤੀਆਂ ਦੇ ਲਖਾਯਕ 'ਸ਼ਸਤ੍ਰ' ਤੇ 'ਨਾਮ' ਦੱਸੇ; ਇਸੇ ਵਾਸਤੇ ਨਾਮ

ਬਾਬਤ ਕਿਹਾ ਹੈ, 'ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ' ॥ ਤੇ ਸ਼ਸਤ੍ਰ ਨੂੰ ਬੀ ਸਰੀਰਕ ਸ਼ਕਤੀ ਦਾਤੇ ਦਾ ਰੂਪ ਕਹਿਕੇ 'ਖਗ ਖੰਡ ਬਿਹੰਡੰ' ਆਦਿਕ ਛੰਦਾਂ ਵਿਚ ਸੰਬੋਧਨ ਕੀਤਾ ਹੈ।

ਜਦ ਦਸਮ ਗੁਰੂ ਜੀ ਦੇ ਦੇਵੀ ਪੂਜਨ ਦੇ ਇਤਿਹਾਸਕ ਪੱਖ ਵਿਚ ਖੋਜ ਕਰੀਦੀ ਹੈ ਤਾਂ ਉਨ੍ਹਾਂ ਦੀ ਰਚਨਾ ਵਿਚ ਜਾਂ ਉਸ ਵੇਲੇ ਦੀ ਰਚਨਾ ਵਿਚ ਜੋ ਉਨ੍ਹਾਂ ਦੇ ਦਰਬਾਰ ਹੁੰਦੀ ਰਹੀ, ਜਿਸ ਦੇ ਪਤੇ ਕਿ ਹਾੜ ੧੭੫੫ ਤੱਕ ਦੇ ਅਤੇ ਚਮਕੌਰ ਜੁੱਧ ਦੇ ਮਗਰੋਂ ਤੱਕ ਦੇ ਮਿਲਦੇ ਹਨ ਇਸ ਵਾਕਿਆ ਦੇ ਵਰਣਨ ਦਾ ਜ਼ਿਕਰ ਨਹੀਂ ਹੈ। ਦੇਵੀ ਦੇ ਪੌਰਾਣਕ ਕਿੱਸੇ ਕਹਾਣੀਆਂ ਬੀਰ ਰਸੀ ਉਤਸਾਹ ਪੈਦਾ ਕਰਨ ਵਾਲੇ ਰੰਗਾਂ ਵਿਚ ਲਿਖੇ ਤਾਂ ਕਈ ਮਿਲਦੇ ਹਨ ਪਰ 'ਦੇਵੀ ਪੂਜਾ, ਪ੍ਰਗਟਾਈ, ਵਰ ਦਾਨ ਲਿਆ' ਇਸ ਅਮਰ ਵਾਕਿਆ ਦਾ ਜ਼ਿਕਰ ਕੋਈ ਨਹੀਂ ਮਿਲਦਾ। ੧੭੫੨-੫੩ ਵਿਚ ਹਵਨ ਅਰੰਭ ਤੇ ੧੭੫੫ ਬਿ: ਦੇਵੀ ਪ੍ਰਗਟਨ ਦੇ ਸੰਮਤ ਕਵੀਆਂ ਨੇ ਦਿਤੇ ਹਨ, ੧੭੫੬ ਵਿਚ ਗੁਰੂ ਜੀ ਦਾ ਸੱਚਖੰਡ ਗਮਨ ਹੈ। ਪਿੱਛੇ ਅਸੀਂ ਤੱਕ ਆਏ ਹਾਂ ਕਿ ੧੭੫੨ ਤੋਂ ੧੯੩੩ ਤਕ† ਕੋਈ ਲਿਖਤੀ ਸਬੂਤ ਨਹੀਂ ਮਿਲਦਾ ਕਿ ਦੇਵੀ ਪੂਜੀ, ਦੇਵੀ ਪ੍ਰਗਟੀ ਤੇ ਕ੍ਰਿਪਾਨ ਤੇ ਵਰ ਦੇ ਗਈ। †ਦੇਖੋ ਹੇਠਲੀ ਟੂਕ ਨਿਸ਼ਾਨ+ ਪੰਨਾ ੪੯੯੯ ਦੇ ਨਿਸ਼ਾਨ ਪੰਨਾ ੫੦੦੮।

੧੭੫੮ ਵਿਚ ਲਿਖਣਾ ਅਰੰਭ ਹੋਇਆ ਗੁਰਸ਼ੋਭਾ ਨਾਮੇ ਗ੍ਰੰਥ, -ਇਸ ਵਿਚ ਗੁਰੂ ਜੀ ਦੇ ਇਤਿਹਾਸਿਕ ਵਾਕਜਾਤ ਹਨ ਤੇ ਆਪ ਦੇ ਦਰਬਾਰ ਦੇ ਕਵੀ ਸੈਨਾਪਤ ਨੇ ਲਿਖਿਆ ਹੈ, ਇਸ ਵਿਚ ਬੀ ਇਸ ਵਾਕਿਆ ਦਾ ਜ਼ਿਕਰ ਨਹੀਂ ਹੈ। ਹਾਲਾਂਕਿ ਅੰਮ੍ਰਿਤ ਤੇ ਖਾਲਸੇ ਦਾ ਸਾਰਾ ਪ੍ਰਸੰਗ ਹੈ ਤੇ ਦੇਵੀ ਨੂੰ ਇਹ ਲੇਖਕ ਵਾਹਿਗੁਰੂ ਵਲੋਂ ਮਨਮੁਖ ਹੋਇਆਂ ਦੀ ਫਹਿਰਿਸਤ ਵਿਚ ਗਿਣ ਰਿਹਾ ਹੈ। ਵਾਰਤਿਕ ਮਹਿਮਾ ਪ੍ਰਕਾਸ਼ ਇਸ ਤੋਂ ਮਗਰੋਂ ਦਾ ਲਿਖਿਆ ਗਿਆ ਗ੍ਰੰਥ ਹੈ। ਇਸ ਮਹਿਮਾ ਪ੍ਰਕਾਸ਼ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਇਸ ਵਿੱਚ ਕੇਵਲ ਇਤਨੀ ਬਾਤ ਲਿਖੀ ਹੈ:-"ਏਕ ਬੇਰ ਗੁਰੂ ਜੀ ਕਾਂਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ। " ਇਸ ਵਿੱਚ ਦੇਵੀ ਪੂਜਨ, ਪ੍ਰਗਟਨ, ਵਰ ਤੇ ਕ੍ਰਿਪਾਣ ਦੇਣ ਦਾ ਕੋਈ ਜ਼ਿਕਰ ਨਹੀਂ, ਸਗੋਂ ਦੇਵੀ ਨੂੰ ਗੁਰੂ ਕੀ ਉਪਾਸਕ ਇਸ ਨੇ ਲਿਖਿਆ ਹੈ ਤੇ ਭਗਉਤੀ ਪਦ ਨੂੰ ਤਲਵਾਰ ਅਰਥਾਂ ਵਿਚ ਵਰਤਿਆ ਹੈ ਯਥਾ 'ਅਬ ਮੈਂ ਸੰਗਤ ਕਉ ਭਗਉਤੀਆਂ ਫੜਾਵਾਂਗਾ।' ਇਸ ਤੋਂ ਸਿੱਧ ਹੈ ਕਿ ਇਸ ਸਮੇਂ ਤੱਕ, ਸਿੱਖ ਲੇਖਕਾਂ ਤੇ ਇਤਿਹਾਸਕਾਰਾਂ ਵਿੱਚ ਗੁਰੂ ਜੀ ਦੇ ਦੇਵੀ ਪੂਜਣ ਯਾ ਪ੍ਰਗਟ ਕਰਨ ਦਾ ਖਿਆਲ ਪੈਦਾ ਨਹੀਂ ਸੀ ਹੋਇਆ। ਹੋ ਸਕਦਾ ਹੈ ਕਿ ਇਸ ਖਿਆਲ ਤੋਂ ਕਿ 'ਹੋਮ ਕਰਾਇਆ' (ਜੋਂ ਕਵਿ ਸੈਨਾਪਤ ਨੇ ਤਾਂ ਨਹੀਂ ਦਿੱਤਾ) ਅੱਗੇ ਸਾਰੀਆਂ ਸਾਜਨਾਂ ਸਾਜੀਆਂ ਗਈਆਂ ਹੋਣ। 'ਹੋਮ ਕਰਾਇਆ' ਲਫਜ਼ ਕਾਰਨ ਹੋਏ ਹੋਣ ਸਾਰੇ ਵਿਸਥਾਰ ਦੇ। ਮਹਿੰਮਾ ਪ੍ਰਕਾਸ਼ ਸਰੂਪ ਦਾਸ ਵਾਲੇ (੧੯੩੩ ਬਿ:) ਨੇ ਸ਼ਾਇਦ ਪਹਿਲੇ ਵਾਰਤਿਕ ਮਹਿੰਮਾ ਪ੍ਰਕਾਸ਼ ਤੋਂ ਹੋਮ ਦਾ ਖਿਆਲ ਲੈ ਕੇ ਦੇਵੀ ਆਵਾਹਨ ਵਿਚ ਆਪੂੰ ਲਿਖਿਆ ਹੋਵੇ। ਯਾ ੧੯੦੮-੧੯ ਵਾਲੀ ਲਿਖਿਤ ਤੋਂ ਲਿਆ ਹੋਵੇ। ਭਾ: ਸੁੱਖਾ ਸਿੰਘ ਜੀ ਨੇ (੧੯੫੪ ਬਿ:) ਗੁਰ ਬਿਲਾਸ ਵਿਚ ਤਾਂ ਆਪ 'ਰਵਾਇਤ ਸੁਣਕੇ ਲਿਖਿਆ' ਆਪੇ ਮੰਨਿਆ ਹੈ†। ਲਿਖਤੀ ਸਬੂਤ ਆਪ ਨੂੰ ਕੋਈ ਨਹੀਂ ਮਿਲਿਆ ਦੱਸਿਆ। ਓਹ ਇਸ ਦੀ ਪੂਰੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈ ਰਹੇ। ਹੋ ਸਕਦਾ ਹੈ ਕਿ ਯੱਗ ਦਾ ਖਿਆਲ ਪਹਾੜੀ ਹਿੰਦੂ ਵਸੋਂ ਵਿੱਚ ਜਿੱਥੇ ਸਿੱਖ ਅਤਿ ਥੋੜੇ ਸਨ, ਸੀਨੇ ਬਸੀਨੇ ਦੇਵੀ ਦੇ ਖਿਆਲਾਂ ਵਿਚ ਬਦਲਦਾ ਤੇ ਵਧਦਾ ਸੁੱਖਾ ਸਿੰਘ ਜੀ ਤੱਕ ਅੱਪੜਿਆ ਹੋਵੇ। ਅੱਗੋਂ ਦੇ ਲਿਖਾਰੀਆਂ ਨੂੰ ਫਿਰ ਇਹ ਮਸਾਲਾ ਕਾਫੀ ਸੀ ਹੋਰ ਅਲੰਕਾਰ ਰਚਨਾ ਵਿਚ ਵਾਧੇ ਕਰਨ ਤੇ ਲਿਖਣ ਦਾ। ਐਉਂ ਸਿੱਖਾਂ ਵਿਚ ਇਸ ਗੱਲ ਦਾ ਚਾਉ ਉਸ ਸਮੇਂ ਵਧ

ਗਿਆ ਹੋਣਾ ਹੈ ਜਦੋਂ ਕਿ ਹਿੰਦੂਆਂ ਨੂੰ ਖੁਸ਼ ਕਰਕੇ ਉਨ੍ਹਾਂ ਤੋਂ ਵਡਿਆਈ ਪ੍ਰਾਪਤ ਕਰਨ ਦਾ ਸ਼ੌਕ ਸਿੱਖਾਂ ਵਿਚ ਆਇਆ ਹੈ। ਤਦੋਂ ਗੁਰੂ ਜੀ ਦੀ ਸਮਰੱਥਾ ਦੱਸਣ ਲਈ ਦੇਵੀ ਦੀ ਰਵਾਯਤ ਇਕ ਸਬੂਤ ਬਣ ਗਈ ਕਿ ਦੇਖੋ ਉਨ੍ਹਾਂ ਕਲਜੁਗ ਵਿਚ ਦੇਵੀ ਪ੍ਰਗਟ ਕਰ ਲਈ ਜੋ ਕੰਮ ਕਿ ਅਵਤਾਰ ਸ਼ਿਰਮੋਣਿ ਦੇ ਸਿਵਾ ਕੋਈ ਨਹੀਂ ਕਰ ਸਕਦਾ। ਇਸ ਚਾਉ ਨੇ ਸਾਰੀ ਵਿਵੇਚਨਾ ਤੇ ਵਿਤ੍ਰਕ ਵਾਲੀ ਪੜਚੋਲ ਬੁੱਧੀ ਨੂੰ ਚੁੱਪ ਕਰਾਕੇ ਇਸ ਪੱਖ ਸਿੱਧੀ ਤੇ ਕਲਮਾਂ ਦੁੜਾ ਦਿੱਤੀਆਂ। ਪਰ ਜੇ ਅਸੀਂ ਦੇਵੀ ਦੇ ਪ੍ਰਗਟਾਉਣ ਵਾਲੇ ਲੇਖਕਾਂ ਨੂੰ ਸਮੇਤ ਗੁਰ ਪ੍ਰਤਾਪ ਸੂਰਜ ਦੇ ਪੜਤਾਲਦੇ ਹਾਂ ਤਾਂ ਅਸਲੀ ਪ੍ਰਯੋਜਨ ਦੀ ਕਾਮਯਾਬੀ ਬੀ ਨਜ਼ਰ ਨਹੀਂ ਪੈਂਦੀ ਕਿਉਂਕਿ ਹਵਨ ਦੀ ਸਮਾਪਤੀ ਵਿਚ ਇਨ੍ਹਾਂ ਲੇਖਕਾਂ ਦੇ ਆਪਣੇ ਲਿਖੇ ਮੂਜਬ ਕਈ ਬਰਸ ਲਗੇ ਤਾਂ ਕੁਝ ਨਾ ਬਣਿਆ, ਫਿਰ ਥਾਂ ਦਾ ਕਸੂਰ ਲੱਭਾ, ਜਦ ਉਚੇ ਤੇ ਏਕਾਂਤ ਥਾਂ ਤੇ ਗਏ ਤਾਂ ਕਦੇ ਬ੍ਰਹਮਚਰਯ ਦਾ ਬਹਾਨਾ, ਕਦੇ ਅਹਿੰਸਾ ਦਾ ਬਹਾਨਾ, ਆਖਰ ਪੁੱਤ੍ਰ ਬਲੀ ਦੇਣਾ ਕਹਿਣ ਤੇ ਗੁਰੂ ਜੀ ਨੂੰ ਦਮੋਂ ਕੱਢਣ ਦਾ ਜਤਨ ਕਰਨਾ ਤੇ ਛੇਕੜ ਹੋਤਾ ਜੀ ਦਾ ਬਹਾਨਾ ਬਣਾਕੇ ਟੁਰ ਆਉਣਾ, ਦਲੀਲਾਂ ਹਨ ਇਸ ਗਲ ਦੀਆਂ ਕਿ ਦੇਵੀ ਕੋਈ ਨਹੀਂ ਪ੍ਰਗਟੀ, ਨਾ ਸ਼ੇਰ ਤੇ ਚੜ੍ਹਕੇ ਗਣ ਲੈਕੇ ਮੈਦਾਨ ਵਿਚ ਉਤਰੀ ਤੇ ਨਾ ਸੁੰਭ ਨਿਸੁੰਭ ਆਦਿਕਾਂ ਵਾਂਗ ਔਰੰਗਜ਼ੇਬ ਤੇ ਉਸ ਦੇ ਰਾਖਸ਼ ਦਲ ਨੂੰ ਸੰਘਾਰਿਆ। ਪਿਛੋਂ ਬ੍ਰਾਹਮਣਾਂ ਨੇ ਅਪਣੀ ਵਡਿਆਈ ਲਈ ਜਾਂ ਸਮਾਂ ਪਾਕੇ ਬਾਜ਼ੇ ਸਿੱਖਾਂ ਦਾ ਇਹ ਵਡਿਆਈ ਲੈਣ ਲਈ, ਕਿ ਸਾਡੇ ਗੁਰੂ ਜੀ ਨੇ ਕਲਜੁਗ ਵਿਚ ਦੇਵੀ ਪ੍ਰਗਟਾ ਹੀ ਲਈ ਜੋ ਕਿ ਅਵਤਾਰ ਦਾ ਕੰਮ ਹੈ, ਕਹਿ ਦੇਣਾ ਕਿ ਪ੍ਰਗਟੀ ਸੀ ਕੁਛ ਔਖਾ ਨਹੀਂ। ਵਿਚਾਰ ਜੋਗ ਬਾਤ ਇਹ ਹੈ ਕਿ ਜੇ ਲੜਨਾ ਮਰਨਾ ਸਿੱਖ ਨੇ ਹੀ ਸੀ ਤੇ ਦੇਵੀ ਨੇ ਨਿਰਾ ਵਰ ਹੀ ਦੇਣਾ ਸੀ ਜਾਂ ਜੁੱਧ ਵੇਲੇ ਉਤੋਂ ਪ੍ਰਭਾਵ ਮਾਤ੍ਰ ਹੀ ਦੇਣਾ ਸੀ ਤਾਂ ਉਹੋ ਪ੍ਰਭਾਵ ਸਿੱਧਾ ਅਕਾਲ ਪੁਰਖ ਤੋਂ ਲੈਣ ਵਿਚ ਕੀ ਕਮੀ ਸੀ, ਜਦ ਕਿ ਦੇਵੀ ਆਪ ਉਸੇ ਅਕਾਲ ਪੁਰਖ ਤੋਂ ਸਤਜਾ ਲੈਣ ਦੀ ਮੁਥਾਜ ਹੈ। ਜੇ ਦੇਵੀ ਸੁੰਭ ਨਿਸੁੰਭ ਆਦਿਕਾਂ ਨਾਲ ਲੜਨ ਸਮੇਂ ਸਰੀਰ ਧਾਰੀ ਹੋਈ ਸੀ ਤੇ ਦੇਵੀ ਨੇ ਕਿਸੇ ਅਸਥੂਲ ਤੱਤਾਂ ਵਾਲੇ ਸਰੀਰ ਵਿਚ ਤਦੋਂ ਕਾਰਨਾਮੇ ਕੀਤੇ ਸਨ ਤੇ ਸੁੰਭ ਨਿਸੁੰਭ ਆਦਿਕਾਂ ਦੇ ਸੀਸ ਕੱਟੇ ਸਨ ਤਦ ਹੁਣ ਬੀ ਉਸੇ ਤਰ੍ਹਾਂ ਸਾਰਾ ਜੰਗ ਦਾ ਕੰਮ ਆਪ ਕਰਨਾ ਸੀ। ਕਿਉਂਕਿ ਸੁੰਭ ਨਿਸੁੰਭ ਵੇਲੇ ਕਿਸੇ ਦੇ ਸਿਰ ਤੇ ਪ੍ਰਭਾਵ ਪਾ ਕੇ ਆਪ ਅਰਸ਼ਾਂ ਵਿਚ ਨਹੀਂ ਸੀ ਖੜੋਤੀ ਰਹੀ, ਪ੍ਰਤੱਖ ਮੈਦਾਨੇ ਜੰਗ ਵਿਚ ਆਕੇ ਲੜੀ ਸੀ। ਜੇ ਉਹ ਆਦਿ ਭਵਾਨੀ ਤੇ ਜਜੋਤ ਮਹਾਨੀ ਤੇ ਮਹਾਂ ਸ਼ਕਤੀ ਤੇ ਰਚਨ ਪਾਲਨ ਸੰਹਾਰ ਕਰਤਾ ਸੀ ਤਦ ਉਸ ਲਈ ਸਰੀਰ ਧਾਰਕੇ ਪ੍ਰਗਟ ਹੋਣਾ ਖੱਬੇ ਹੱਥ ਦਾ ਕਰਤਬ ਸੀ, ਉਸ ਮਹਾਂ ਕਾਲ ਦੀ ਸ਼ਕਤੀ ਪਰ ਕੋਈ ਕਾਲ, ਕੋਈ ਜੁਗ, ਕੋਈ ਸਮਾਂ ਪ੍ਰਬਲ ਨਹੀਂ ਹੋ ਸਕਦਾ ਕਿ ਕਲਜੁਗ ਉਸ ਨੂੰ ਸਰੀਰ ਧਾਰਨੋ ਵਰਜ ਸਕਦਾ ਹੈ। ਇਹ ਗਲ ਕਿ ਉਹ ਪ੍ਰਗਟ ਹੋਕੇ ਗਣਾਂ ਸਮੇਤ ਗੁਰੂ ਜੀ ਦੇ ਪੱਖ ਤੇ ਤੁਰਕਾਂ ਨਾਲ ਲੜੀ ਹੋਵੇ, ਯਾ ਏਸ ਤਰ੍ਹਾਂ ਦੀ ਕੋਈ ਹੋਰ ਗਲ ਹੋਈ ਹੋਵੇ, ਸਾਰੇ ਹੀ ਲੇਖਕ ਮੰਨਦੇ ਹਨ ਕਿ ਕੋਈ ਐਸੀ ਘਟਨਾ ਨਹੀਂ ਹੋਈ ਕਿ ਦੇਵੀ ਮੈਦਾਨ ਵਿਚ ਉਤਰਕੇ ਆਪ ਲੜੀ ਹੋਵੇ। ਦੇਵੀ ਦੀ ਨਿਰਾ ਵਰ ਮਾਤ੍ਰ ਦੇਣ ਦੀ ਵਿਅਰਥਤਾ ਗੁਰੂ ਜੀ ਦੇ ਅਪਣੇ ਵਾਕਾਂ ਤੋਂ ਸਿੱਧ ਹੋ ਰਹੀ ਹੈ ਕਿ ਜਿਨ੍ਹਾਂ ਨੇ ਅਦ੍ਰਿਸ਼ਯ ਸੰਸਾਰ ਵਿਚੋਂ ਸਭ ਤੋਂ ਵੱਡੇ ਅਕਾਲ ਪੁਰਖ ਤੋਂ 'ਵਰ' ਪ੍ਰਾਪਤ ਕਰ ਲਿਆ ਹੋਇਆ ਸੀ। ਲਗਪਗ ਸਾਰੇ ਗੁਰੂ ਜੀ ਨੂੰ ਦੇਵੀ ਤੋਂ ਉੱਚਾ ਤੇ ਦੇਵੀ ਨੂੰ ਕਈ ਵੇਰ ਉਨ੍ਹਾਂ ਦਾ ਅੰਤ ਨਾ ਪਾ ਸਕਣ ਵਾਲੀ ਉਨ੍ਹਾਂ ਦੇ ਮੁਕਾਬਲੇ ਤੇ ਅਲਪੱਗ ਮੰਨਦੇ ਹਨ, ਦੁਸ਼ਮਣਾਂ ਤੋਂ ਹਾਰ ਗਈ ਤੇ ਗੁਰੂ ਜੀ ਦੀ ਸਹਾਇਤਾ ਦੀ ਲੋੜਵੰਦ ਹੋਈ, ਗੱਲਾਂ ਮੰਨਦੇ ਹਨ। ਇਹ ਬੀ ਮੰਨ ਜਾਂਦੇ ਹਨ ਕਿ ਗੁਰੂ ਜੀ ਨੂੰ ਲੋੜ ਕੋਈ ਨਹੀਂ ਸੀ। ਕਵੀ ਸੰਤੋਖ ਸਿੰਘ ਜੀ ਨੇ ਤਾਂ ਜਪੁਜੀ ਦੇ ਟੀਕੇ ਵਿਚ ਆਪ ਸਿੱਧ ਕੀਤਾ ਹੈ ਕਿ ਦੇਵੀ ਗੁਰੂ ਜੀ ਦਾ ਇਸ਼ਟ ਨਹੀਂ ਸੀ।

ਫਿਰ ਕਹਿੰਦੇ ਹਨ ਕਿ 'ਕੌਤਕ ਹੇਤ' ਗੁਰੂ ਜੀ ਨੇ ਹਵਨ ਤੇ ਆਵਾਹਨ ਦਾ ਖੇਲ ਰਚਾਇਆ ਸੀ। ਇਹ 'ਕੌਤਕ' ਪਦ ਸਭਨਾਂ ਨੇ ਲਗਪਗ ਵਰਤਿਆ ਹੈ ਤੇ ਚੰਡੀ ਚਰਿੱਤ੍ਰ ਦੇ ਅਖੀਰ ਪਰ ਵੀ ਲਫਜ਼ ਕੌਤਕ ਹੀ ਆਇਆ ਹੈ:-

†ਦੇਵੀ ਦੇ ਵਾਕਿਆ ਤੋਂ ਇਹ ਗ੍ਰੰਥ ੯੯ ਬਰਸ ਮਗਰੋਂ ਲਿਖਿਆ ਗਿਆ।

ਯਥਾ:-'ਕਉਤਕ ਹੇਤ ਕਰੀ ਕਵੀ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ ॥ '†

†ਮਾਰਕੰਡੇ ਪੁਰਾਣ ਵਿਚੋਂ ਚੰਡੀ ਚਰਿੱਤ੍ਰ ਤੇ ਚੰਡੀ ਦੀ ਵਾਰ ਦੇ ਖਿਆਲ ਲਏ ਹਨ। ਦੁਰਗਾ ਸਪਤਸ਼ਤੀ ਦਾ ਖੁੱਲ੍ਹਾ ਅਨੁਵਾਦ ਕਰਕੇ 'ਸਤਸਯਕੀ ਕਥਾ' ਇਸ ਨੂੰ ਕਿਹਾ ਹੈ ਦੇਖੋ ਮਾਰਕੰਡੇ ਪੁਰਾਣ ਅੱਧਜਾਯ ੮੧ ਤੋਂ ਅੱਗੇ।

ਜਿਸਦਾ ਭਾਵ ਇਹ ਹੈ ਕਿ ਦੇਵੀ ਦੀ ਵਾਰ ਤੇ ਚਰਿੱਤ੍ਰ ਆਦਿ ਅਨੁਵਾਦ ਤਾਂ ਕੀਤੇ ਹਨ ਪਰ ਇਹ ਟਪਲਾ ਨਾ ਲਗੇ ਕਿ ਉਪਾਸਕ ਹੋਕੇ ਤਰਜਮੇ ਕੀਤੇ ਯਾ ਕਰਾਏ ਹਨ। ਇਸ ਲਈ ਆਪ ਨੇ ਇਹ ਅੰਤ ਪਰ ਦੱਸ ਦਿੱਤਾ ਕਿ ਏਹ 'ਕਉਤਕ ਹੇਤ' ਤਰਜਮਾ ਕੀਤਾ ਗਿਆ ਹੈ। ਇਸੀ ਤਰ੍ਹਾਂ ਕਵੀ ਕਹਿੰਦੇ ਹਨ ਕਿ ਦੇਵੀ ਪ੍ਰਗਟਾਉਣੀ ਬੀ 'ਕੌਤਕ ਮਾਤ੍ਰ' ਹੈ। ਕੌਤਕ ਦਾ ਮਤਲਬ ਹੈ ਤਮਾਸ਼ਾ, ਦਿਲਲਗੀ, ਐਸਾ ਕੰਮ ਜਿਸ ਵਿਚ ਓਪਰੇ ਦਿਲੋਂ ਕਿਸੇ ਚੋਜ ਲਈ ਲਗਿਆ ਜਾਵੇ। ਜੋ ਕੰਮ ਕੌਤਕ ਲਈ ਕੀਤਾ ਜਾਵੇ ਉਸ ਵਿਚ ਇਸ਼ਟਾਪਤੀ ਕਦੇ ਸ਼ਾਮਲ ਨਹੀਂ ਹੋ ਸਕਦੀ।

ਸੋ ਜੇ ਪਹਿਲੇ 'ਕੌਤਕ' ਲਈ ਲਿਖਕੇ ਲੇਖਕ ਸੱਜਨ ਘਟਨਾ ਵਰਣਨ ਕਰਨ ਵੇਲੇ ਬੀ ਕੌਤਕ ਮਾਤ੍ਰ ਦਿਖਾਲਦੇ ਤਾਂ ਉਨ੍ਹਾਂ ਦੇ ਲਿਖੇ ਵਿਚ ਵਦਤੋਵਜਾਘਾਤ ਨਾ ਪੈਂਦਾ, ਪਰ ਉਨ੍ਹਾਂ ਕੌਤਕ ਮਾਤ੍ਰ ਕਹਿੰਦਿਆਂ ਹੋਇਆਂ ਫੇਰ ਐਸੇ ਹਰਫ ਪਾਏ ਹਨ ਜਿਨ੍ਹਾਂ ਤੋਂ ਸ਼ਰਧਾ, ਭਾਵਨਾ ਤੇ ਪੂਜਾ ਪਈ ਸਪਸ਼ਟ ਸਿੱਧ ਹੁੰਦੀ ਹੈ, ਨਾ ਕੇਵਲ ਗੁਰੂ ਜੀ ਦੀ ਪਰ ਲੇਖਕਾਂ ਦੀ ਆਪਣੀ ਬੀ। ਇਹ ਅਸੀਂ ਦੱਸ ਆਏ ਹਾਂ ਕਿ ਇਨ੍ਹਾਂ ਲੇਖਕਾਂ ਪਾਸ ਕੋਈ ਲਿਖਤੀ ਪੱਕਾ ਸਬੂਤ ਦੇਵੀ ਪੂਜਨ ਦਾ ਹੈ ਨਹੀਂ ਸੀ। ਜਾਪਦਾ ਹੈ ਕਿ ਮਹਿਮਾ ਪ੍ਰਕਾਸ਼, ਗੁਰ ਬਿਲਾਸ ਤੇ ਸੌ ਸਾਖੀ† ਆਦਿਕ ਦੇ ਲੇਖ ਹੀ ਗੁਰ ਪ੍ਰਤਾਪ ਸੂਰਜ ਦਾ ਆਧਾਰ ਹਨ।

†ਇਤਨਾ ਛਪ ਚੁਕਣੇ ਪਰ ਐਡੀਟਰ ਖਾ: ਸਮਾਚਾਰ ਦੇ ਉੱਦਮ ਨਾਲ ਸਾਨੂੰ ਨਾਮਧਾਰੀ ਦਰਬਾਰ ਦੇ ਰਾਮਹਰੀ ਪੁਸਤਕਾਲਯ ਵਿਚ ਜੋ ਸੌ ਸਾਖੀ ਦੀ ਪੋਥੀ ਹੈ ਦਰਬਾਰ ਦੀ ਕ੍ਰਿਪਾਲਤਾ ਨਾਲ ਉਸਦੇ ਦੇਖਣ ਦਾ ਅਵਸਰ ਮਿਲਿਆ ਹੈ। ਇਸਦੇ ਅਖੀਰ ਪਰ ਇਹਦੇ ਲਿਖੇ ਜਾਣ ਦਾ ਸੰਮਤ ੧੯੪੭ ਦਿੱਤਾ ਹੈ, ਪਰੰਤੂ ਇਹ ਗੱਲ ਵੀ ਦੱਸੀ ਹੈ ਕਿ ਇਹ ਸੰ: ੧੯੦੪ ਵਾਲੀ ਪੋਥੀ ਦਾ ਉਤਾਰਾ ਹੈ, ਇਸ ਨੁਸਖੇ ਤੋਂ ਬੀ ੧੯੦੪ ਤਕ ਦਾ ਹੀ ਪਤਾ ਲਗਾ। ੧੯੦੫ ਦਾ ਨੁਸਖਾ ਅਸਾਂ ਪਾਸ ਹੈ ਹੀ ਜਿਸ ਦਾ ਜ਼ਿਕਰ ਕਿ ਅਸੀਂ ਪਿਛੇ ਸਫਾ ੫੦੦੨ ਤੇ ਕਰ ਆਏ ਹਾਂ। ਇਹ ੧੯੦੫ ਦੀ ਲਿਖਤੀ ਸੌ ਸਾਖੀ ਸਾਨੂੰ ਭਾਈ ਕਨ੍ਹੱਯਾ ਸਿੰਘ ਜੀ ਸਪੁੱਤ੍ਰ ਭਾਈ ਸੁਖਾ ਸਿੰਘ ਜੀ ਗ੍ਰੰਥੀ ਬੁੰਗਾ ਮ: ਲਹਿਣਾ ਸਿੰਘ ਜੀ ਮਜੀਠੀਆ ਤੋਂ ਉਨ੍ਹਾਂ ਦੀ ਕ੍ਰਿਪਾਲਤਾ ਨਾਲ ਪ੍ਰਾਪਤ ਹੋਈ ਹੈ। ਇਹ ਪੋਥੀ ਉਨ੍ਹਾਂ ਦੇ ਪਿਤਾਮਾ ਭਾਈ ਪ੍ਰੇਮ ਸਿੰਘ ਜੀ ਗ੍ਰੰਥੀ ਉਕਤ ਬੁੰਗਾ ਦੀ ਆਪਣੀ ਲਿਖੀ ਹੋਈ ਹੈ।

ਕੌਤਕ ਮਾਤ੍ਰ ਦੇ ਲੇਖਕਾਂ ਨੇ ਕੌਤਕ ਪਦ ਨੂੰ ਸਫਲ ਕਰਨ ਦਾ ਯਤਨ ਕੀਤਾ ਹੈ ਜੋ ਪਿਛੇ (ਸਫਾ ੫੦੦੮ ਤੋਂ ੫੦੧੬ ਪਰ) ਉਨ੍ਹਾਂ ਲੇਖਕਾਂ ਦੇ ਪ੍ਰਮਾਣਾਂ ਵਿਚ ਅਸੀਂ ਦਿਖਾ ਆਏ ਹਾਂ। ਗੁਰੂ ਜੀ ਨੇ ਕੌਤਕ ਹੇਤ 'ਸਤ ਸਯ' ਦੀ ਕਥਾ ਉਲਥਾ ਕੀਤੀ ਆਪ ਬੀ ਦੱਸੀ ਹੈ, ਉਸ ਭਾਵ ਦੀ ਸਫਲਤਾ ਲਈ ਇਸ ਸਮੇਂ ਦੇ ਲੇਖਕਾਂ ਨੇ ਦਸਮ ਗੁਰੂ ਜੀ ਦੀ ਬਾਣੀ ਨੂੰ ਵੀਚਾਰਕੇ ਜਿਸ ਵਿਚ ਆਵਾਹਨ ਦੀ ਘਟਨਾ ਦਾ ਕੋਈ ਜ਼ਿਕਰ ਨਹੀਂ ਤੇ ਬੀਰਰਸ ਉਦੀਪਕ ਸਾਹਿੱਤ ਵਿਚ ਬੀ ਕੇਵਲ ਕੌਤਕ ਮਾਤ੍ਰ ਲਈ ਲਿਖਿਆ ਪੜ੍ਹਕੇ ਆਪੋ ਆਪਣੀਆਂ ਸੰਭਾਵਨਾਂ ਕਹੀਆਂ ਹਨ। ਇਸ ਪ੍ਰਕਾਰ ਦੀਆਂ ਸੰਭਾਵਨਾਂ ਹੋਰ ਬੀ ਹੋ ਸਕਦੀਆਂ ਹਨ। ਮਸਲਤ ਇਹ ਕਿ ਸ਼ਾਕਤਿਕ ਮਤ ਦੇ ਵਿਦਵਾਨਾਂ ਤੇ ਦਾਨਿਆਂ ਨੇ ਆਪਣੇ ਨਿਸ਼ਚੇ ਮੂਜਬ ਆਪ ਦੇਵੀ ਪ੍ਰਯੋਗ ਕਰਨੇ ਲਈ ਆਨੰਦਪੁਰ ਟਿਕਾਣਾ

ਪਸੰਦ ਕਰਕੇ ਆਗਿਆ ਮੰਗੀ ਹੋਵੇ ਤੇ ਗੁਰੂ ਜੀ ਨੇ 'ਧਰਮ ਵਿਚ ਸੁਤੰਤ੍ਰਤਾ' ਦੇ ਅਸੂਲ ਮੁਜਬ ਦੁਖੀ ਜਾਣਕੇ ਆਗਿਆ ਅਰ ਮਾਲੀ ਸਹਾਇਤਾ ਬੀ ਦੇ ਦਿੱਤੀ ਹੋਵੇ, ਪ੍ਰੰਤੂ ਇਨ੍ਹਾਂ ਵਿਚੋਂ ਕਿਹੜੀ ਸੰਭਾਵਨਾ ਕਿਸੇ ਵਿਸ਼ੇਸ਼ ਇਤਿਹਾਸਕ ਸਬੂਤ ਦੇ ਆਧਾਰ ਤੇ ਇਨ੍ਹਾਂ ਨੇ ਲਿਖੀ ਹੈ ਇਸਦਾ ਕੋਈ ਵੇਰਵਾ ਕਿਸੇ ਨਹੀਂ ਦੱਸਿਆ। ਗੁਰੂ ਜੀ ਦੀ ਆਪਣੀ ਲਿਖੀ ਯਾ ਨਿਸ਼ਚੇ ਯੋਗ ਕਿਸੇ ਸਮਕਾਲੀ ਦੀ ਲਿਖੀ ਕੋਈ ਗਲ ਨਹੀਂ ਮਿਲਦੀ। ਸੋ ੧੯੪੬ ਤੋਂ ਮਗਰੋਂ ਦੇ ਲੇਖਕਾਂ ਨੇ ਪਹਿਲੇ ਲੇਖਕਾਂ ਦੇ ਲਿਖੇ ਨੂੰ ਇਕ ਅਮਰ ਵਾਕਜਾ ਸਮਝਕੇ ਤੇ ਦੂਜੇ ਪਾਸੇ ਗੁਰੂ ਰਚਿਤ ਬਾਣੀ ਤੋਂ ਗੁਰੂ ਜੀ ਦਾ ਨਿਸ਼ਚਾ

ਇਕ ਅਕਾਲ ਪੁਰਖ ਤੇ ਅਡੋਲ ਪਰਖਕੇ ਤੇ ਹਰ ਪ੍ਰਕਾਰ ਦੇ ਕ੍ਰਿਤਮ ਪੂਜਾ ਦੇ ਵਿਰੁੱਧ ਉਨ੍ਹਾਂ ਦੇ ਜ਼ੋਰਦਾਰ ਸੰਭਾਸ਼ਨ ਪੜ੍ਹਕੇ ਅਪਣੀ ਵਿੱਤ੍ਰੇਕ ਬੁੱਧੀ ਤੇ ਵਿਵੇਚਨਾ ਸ਼ਕਤੀ ਨਾਲ ਅਨੁਮਾਨ ਕੀਤਾ ਹੈ ਕਿ ਇਸ ਪ੍ਰਕਾਰ ਆਵਾਹਨ ਦਾ ਹੋਣਾ ਤੇ ਕੌਤਕ ਹੇਤ ਹੋਣਾ ਸੰਭਵ ਹੋ ਸਕਦਾ ਹੈ। ਪਰ ਆਪ ਸਾਹਿਬਾਂ ਨੇ ਬੀ ਆਪਣੀ ਪੱਖ ਸਿੱਧੀ ਲਈ ਕੋਈ ਅਹਿੱਲ ਧ੍ਰੁਵਾ ਨਹੀਂ ਦੱਸਿਆ।

ਪਿਛੇ ਅਸੀਂ ਦੱਸ ਆਏ ਹਾਂ ਕਿ ੧੯੩੩ ਤਕ ਕੋਈ ਲਿਖਤੀ ਉਗਾਹੀ ਦੇਵੀ ਪ੍ਰਗਟਣ ਦੀ ਨਹੀਂ ਮਿਲਦੀ। ੧੭੯੮ ਵਿਚ ਕੇਵਲ 'ਹੋਮ' ਮਾਤ੍ਰ ਦਾ ਜ਼ਿਕਰ ਮਿਲਦਾ ਹੈ†, ਪਰ ਅਸੀਂ ਪਿਛੇ ਦਿਖਾ ਆਏ ਹਾਂ ਕਿ ਇਹ ਲੇਖਕ ਵੀ ਉਸੇ ਪੋਥੀ ਵਿਚ ਲਿਖਦਾ ਹੈ ਕਿ 'ਸਰਬ ਦੇਵੀ ਦੇਵਤਾ ਸਿੱਧ ਮੁਨਿ ਜਨ ਦਰਸ਼ਨ ਕੋ ਆਏ' ਜਿਸ ਤੋਂ ਦਿੱਸ ਪਿਆ ਕਿ ਏਹ ਲੇਖਕ ਜੇ ਦੇਵੀ ਨੂੰ ਗੁਰੂ ਜੀ ਦਾ ਇਸ਼ਟ ਸਮਝਦਾ ਹੁੰਦਾ ਤਾਂ ਦੇਵੀ ਨੂੰ ਗੁਰੂ ਜੀ ਦੇ ਦਰਸ਼ਨਾਂ ਲਈ ਆਈ ਕਹਿਣੋਂ ਸੰਕੋਚਦਾ ਅਤੇ ਜੇ ਦੇਵੀ ਪ੍ਰਗਟੀ ਸੀ ਤਾਂ ਇਹ ਆਮ ਪ੍ਰਸਿੱਧ ਬਾਤ ਹੋਣੀ ਸੀ, ਇਸ ਲੇਖਕ ਨੂੰ ਕਿਵੇਂ ਨਾ ਪਤਾ ਲਗਦਾ ਤੇ ਪਤਾ ਲਗਦਾ ਤਾਂ ਇਹ ਲਿਖਣੋਂ ਸੰਕੋਚ ਨਾ ਕਰਦਾ ਤੇ ਨਿਰਾ 'ਹੋਮ ਕਰਾਇਆ' ਮਾਤ੍ਰ ਲਿਖਕੇ ਨਾ ਰੁਕ ਜਾਂਦਾ। ਇਸੇ ਤਰ੍ਹਾਂ ਹੁਣ ਸਾਡੀ ਨਜ਼ਰੋਂ ਗੁਜ਼ਰੀ ੧੯੦੮ ਯਾ ੧੯੧੯ ਵਾਲੀ ਲਿੱਖਤ ਸੰਮਤ ਗ਼ਲਤ ਦੱਸਦੀ ਹੈ, ਕੌਤਕ ਮਾਤ੍ਰ ਮੰਨਦੀ ਹੈ ਤੇ ਦੇਵੀ ਨੂੰ ਗੁਰੂ ਜੀ ਦੀ ਪੂਜਾ ਕਰਨ ਵਾਲੀ ਦੱਸਦੀ ਹੈ।

†ਸੇਵਾ ਦਾਸ ਦੀਆਂ ਪਰਚੀਆਂ ਵਿਚ ਭੀ ਇਹੋ ਹੁਬਹੂ ਮਹਿਮਾ ਪ੍ਰਕਾਸ਼ ਵਾਲੀ ਇਬਾਰਤ ਹੈ।

ਇਸ ਸਿਲਸਿਲੇ ਵਿਚ ਏਥੇ ਚਾਰ ਉਗਾਹੀਆਂ ਵਿਸ਼ੇਸ਼ ਵਿਚਾਰਨੇ ਯੋਗ ਹਨ। ਯਥਾ:-

(ੳ) ੧੭੫੫ ਦੇ ਹਾੜ ਵਿਚ ਰਾਮਾਵਤਾਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਇਹ ਸ੍ਵੈਯਾ ਆਪਣਾ ਲਿਖਿਆ ਹੈ:-

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ ॥

dyvI pygIAN dy sry lyKk hvn arMB dIaW qrIKW ivc qW Prk rKdy hn, pr hV 1755 ivc hvn h irh sI, ies pr sry simq hn†[ ies sYXy ivc grU jI iek akI prK q Ct sry msImn iMdU eqkdW q ap L sqMq dsdy hn[ hN scN dI gI hY ik jd ap prNW L nhI mMndy qW dyvI pUjn qW prNW d iek vf ihs hY[ ieh kIkUM h skd hY ik iek psy hvn dyvI d prNk rIqI nI h irh hvy dUjy psy rm rhIm prn krn siraW dy mMnN q ienkr kr rhy hN[

†ਨਵੀਨ ਲਿਖਤ ਵਾਲਾ ਸੰਮਤ ੧੭੪੨-੪੬ ਦੇਂਦਾ ਹੈ, ਪਰ ਤਦੋਂ ਗੁਰੂ ਜੀ ਪਾਉਂਟੇ ਸਨ ਤੇ ੧੭੪੫ ਸੰਮਤ ਕ੍ਰਿਸ਼ਨਾਂ ਅਵਤਾਰ ਦਾ ਪਾਉਂਟੇ ਵਿਚ ਬਹਿਕੇ ਲਿਖਣ ਦਾ ਉਸਦੇ ਅੰਦਰੋਂ ਮਿਲਦਾ ਹੈ, ਸੋ ੧੮੪੨-੪੬ ਵਿਚ ਦੇਵੀ ਦਾ ਸੰਮਤ ਗ਼ਲਤ ਹੋ ਗਿਆ।

ਅਰਥਾਤ ਸਿੰਮ੍ਰਤੀਆਂ, ਸ਼ਾਸਤ੍ਰ ਬੇਦ ਤੇ ਇਨ੍ਹਾਂ ਦੇ ਪ੍ਰਭੇਦ ਸਾਰਿਆਂ ਤੋਂ ਇਨਕਾਰ ਜ਼ੋਰ ਨਾਲ ਕਹੀ ਜਾਣ ਤੇ ਉਪਰ ਉਨ੍ਹਾਂ ਹੀ ਸ਼ਾਸਤ੍ਰਾਂ ਦੀ ਉਕਤ ਦੇਵੀ ਪੂਜੀ ਜਾਣ। ਗੁਰੂ ਜੀ ਦਾ ਰਵੱਯਾ ਸਦਾ ਸੰਗਤ (ਪਰਸਪਰ ਵਿਰੋਧ ਨਾ ਰੱਖਣ ਵਾਲਾ Consistent ) ਰਿਹਾ ਹੈ, ਇਹ ਚਾਲ ਉਨ੍ਹਾਂ ਦੀ ਲਗਤਾਰ ਟੁਰੀ ਆਈ ਹੈ, ਦੇਖੋ ਜੇ ਸੰਮਤ ੧੭੪੫ ਵਿਚ ਕ੍ਰਿਸ਼ਨਾਵਤਾਰ ਰਚਿਆ ਤਾਂ ਉਸ ਵਿਚ ਆਪ ਨੇ ਇਹੋ ਹੀ ਆਖਿਆ ਹੈ:-

ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨਸੋ ॥ ਲਿਵ ਲਾਗੀ ਮੋਰੀ ਪਗ ਇਨਸੋ ॥ ੪੩੩ ॥
ਮਹਾ ਕਾਲ ਰਖਵਾਰ ਹਮਾਰੋ ॥ ਮਹਾ ਲੋਹ ਮੈ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥ ਬਾਹ ਗਹੇ ਕੀ ਲਾਜ ਬਿਚਾਰ" ॥ ੪੩੪ ॥

ਤੇ ਅੰਤ ਵਿਚ ਲਿਖਿਆ:-

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥

ies I qrW 1753 ivc mk cirqW d aMq pr cpeI ilKk apN pUjÎ ieSt q jD d dvq akI prK d pq dk apNI algq q iek akI ApSn dI Acq drseI hY[

ਜੇ ਮਾਰਕੰਡੇ ਪੁਰਾਣ ਦੀ ਦੁਰਗਾ ਸਤਸਈ ਤਰਜਮਾ ਹੋਈ ਤਾਂ ਉਸ ਦੇ ਅਖੀਰ ਤੇ 'ਕਉਤਕ ਹੇਤ ਕਰੀ ਕਵਿਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ' ਲਿਖਕੇ ਅਪਣੀ ਅਲੱਗਤਾ ਤੇ ਉੱਚਤਾ ਤੇ 'ਇਕ ਦੀ ਉਪਾਸਨਾ' ਦੇ ਪਹਿਲੂ ਲਗਾਤਾਰ ਇਕ ਰਸ ਇਕੋ ਦਿਖਾਲਦੇ ਚਲੇ ਗਏ ਹਨ। ਫਿਰ ਸਾਰੇ ਜੁੱਧਾਂ ਦੇ ਅੰਤ ਪਰ ਚਮਕੌਰ ਜੁੱਧ ਤਕ ਇਕ ਅਕਾਲ ਦੀ ਸਹਾਯਤਾ ਤੇ ਮੇਹਰ ਪੱਖ ਦਾ ਹੀ ਜ਼ਿਕਰ ਕਰਦੇ ਗਏ ਹਨ। (ਦੇਖੋ ਸਫਾ ੪੯੮੪-੮੫)।

ਸੋ ਸਿੱਧ ਹੋਇਆ ਕਿ ੧੭੫੫ ਦਾ ਵਾਕ 'ਪਾਇ ਗਹੇ' ਵਾਲਾ ਜੋ ਉਨ੍ਹਾਂ ਦੇ ਇਸ਼ਟ ਦਾ ਸੂਚਕ ਹੈ ਅਰੰਭ ਤੋਂ ਅੰਤ ਤੱਕ ਲਗਾਤਾਰੀ ਖਿਆਲ ਹੈ ਜੋ ਲਖਾਯਕ ਹੈ ਇਸ ਗਲ ਦਾ ਕਿ ੧੭੫੫ ਵਿਚ ਦੇਵੀ ਇਸ਼ਟ ਜਾਣਕੇ ਵਰ ਲੈਣ ਲਈ ਪੂਜੀ ਨਹੀਂ ਗਈ।

(ਅ) ਜਿਸ ਸਮੇਂ ਨੂੰ ਦੇਵੀ ਪ੍ਰਗਟਣ ਦਾ ਅੰਤ ਤੇ ਉਸ ਸਮੇਂ ਕਵੀਆਂ ਨੇ ਜੱਗ ਕਰਨਾ ਲਿਖਿਆ ਹੈ। ਉਸ ਸਮੇਂ ਦੀ ਫੇਰ ਇਕ ਉਗਾਹੀ ਗੁਰੂ ਜੀ ਦੀ ਸ੍ਰੀ ਮੁਖਵਾਕ ਮੌਜੂਦ ਹੈ ਜੋ ਕਵੀ ਸੱਜਣ ਆਪ ਪੇਸ਼ ਕਰਦੇ ਹਨ। ਦੇਖੋ ਪਿੱਛੇ ਪੰਨੇ ੪੯੬੭ ਪਰ 'ਜੋ ਕਿਛੁ ਲੇਖ ਲਿਖਿਓ' ਵਾਲਾ ਸ੍ਵੈਯਾ।

ਇਨ੍ਹਾਂ ਸਾਰੇ ਸ੍ਵੈਯਾਂ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਕਿਸੇ ਪੰਡਿਤ ਦੇ ਆਦਰ ਦੇ ਨਹੀਂ ਪਰ ਤ੍ਰਿਸਕਾਰ ਦੇ ਸੂਚਕ ਹੈਨ। ਜੋ ਦੇਵੀ ਇਸ਼ਟ ਜਾਣ ਕੇ ਪੂਜੀ ਹੁੰਦੀ ਤੇ ਪ੍ਰਗਟ ਹੋਈ ਹੁੰਦੀ ਤਾਂ ਕਦੇ ਹੋਤਾ ਪੰਡਿਤ ਚੇਤਿਓਂ ਭੁੱਲ ਸਕਦਾ ਹੈ? ਫਿਰ ਜਦ ਓਹ ਸ਼ਿਕਵਾ ਕਰਦਾ ਹੈ ਕਿ ਤੁਸਾਂ ਬ੍ਰਾਹਮਣਾਂ ਨੂੰ ਗੌਣ ਕਰ ਦਿੱਤਾ ਹੈ ਛੱਤ੍ਰੀਆਂ† ਨੂੰ ਮੁੱਖਤਾ ਦੇ ਦਿੱਤੀ ਹੈ ਤਾਂ ਗੁਰੂ ਜੀ ਸਿੱਖਾਂ ਦੀ ਪ੍ਰੌਢਤਾ ਕਰਦੇ ਹੋਏ ਦੱਸਦੇ ਹਨ ਕਿ 'ਜੁੱਧ ਇਨ੍ਹਾਂ ਦੀ ਹੀ ਕ੍ਰਿਪਾ ਨਾਲ ਜਿੱਤੇ ਹਨ।' ਇਸ ਤੇ ਵੀ ਸਪਸ਼ਟ ਹੈ ਕਿ ਜੇ ਦੇਵੀ ਪ੍ਰਗਟੀ ਸੀ ਤਾਂ ਦੇਵੀ ਤੇ ਉਸ ਦੇ ਪ੍ਰਗਟਾਉਣ ਵਾਲੇ ਹੋਤਾ ਦੀ ਪ੍ਰਸ਼ੰਸਾ ਦਾ ਇਹ ਵੇਲਾ ਸੀ ਨਾ ਕਿ ਤ੍ਰਿਸਕਾਰ ਦਾ ਤੇ ਸਿੱਖਾਂ ਦੀ ਬੀਰ ਰਸੀ ਕਰਨੀ ਦੀ ਪ੍ਰਸ਼ੰਸਾ ਦੀ? ਸਗੋਂ ਇਥੋਂ

ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਉਹੋ ਆਪਣਾ ਅਸੂਲ ਪ੍ਰਤਿਪਾਦਨ ਕਰ ਰਹੇ ਹਨ ਕਿ ਸ਼ਸਤ੍ਰ ਤੇ ਸ਼ਸਤ੍ਰਧਾਰੀ (ਜੋ ਅੰਦਰੋਂ ਨਾਮ ਰੰਗ ਨਾਲ ਰੱਤਾ ਹੈ) ਦੁਇ ਹੀ ਦੇਵੀ ਦੇ ਦੇਵਗਣ ਹਨ। ਬਰਿਰਸੀ ਪਹਿਲੂ ਤੇ ਅੱਗੇ ਦਾਨ ਦੇ ਅਧਿਕਾਰੀ ਤੇ ਜਿਨ੍ਹਾਂ ਨੂੰ ਦਾਨ ਦਿੱਤਾ ਅਗੇ ਫਲਦਾ ਹੈ ਸਿੱਖਾਂ ਨੂੰ ਵਰਣਨ ਕੀਤਾ ਹੈ। ਇਹ ਸਪਸ਼ਟ ਬ੍ਰਹਮਣ ਦਾ ਨਿਰਾਦਰ ਹੋ ਗਿਆ ਹੈ। ਅੰਤ ਦੇ ਦੋਹਿਰੇ ਵਿਚ ਸਾਫ ਦੱਸਦੇ ਹਨ ਕਿ ਮਿਸਰ ਜੀ ਕ੍ਰੋਧਾਤੁਰ ਹੋਕੇ ਖਿਝੇ ਤੇ ਰੋਜੀ ਦੇ ਮਾਰੇ ਜਾਣ ਦੇ ਖਿਆਲ ਵਿਚ ਪੈਕੇ ਰੋ ਪਏ। ਇਹ ਦਸ਼ਾ ਕਦੇ ਉਸ ਹੋਤਾ ਦੀ ਹੋ ਸਕਦੀ ਹੈ ਕਿ ਜਿਸਦੇ ਇਸ਼ਟ ਨਾਲ ਜਜਮਾਨ ਇਕ ਇਸ਼ਟ ਹੋਵੇ ਅਰ ਜਿਸ ਹੋਤਾ ਦੇ ਹੋਮ ਨਾਲ ਦੇਵਤਾ ਪ੍ਰਗਟ ਹੋ ਗਿਆ ਹੋਵੇ? †ਸਿੱਖਾਂ ਨੂੰ ਛੱਤ੍ਰੀ ਧਰਮ ਵਾਲੇ ਹੋਣ ਕਰਕੇ ਛੱਤ੍ਰੀ ਕਹਿ ਰਿਹਾ ਹੈ।

(ੲ): ਤੀਜੀ ਉਗਾਹੀ ਬਾਹਰਲੀ ਹੈ, ਇਹ ਸ਼ੁਰੂ ੧੭੫੬ ਸੰਮਤ† ਦੀ ਹੈ। ਉਹ ਐਲਾਨ ਜੋ ਗੁਰੂ ਜੀ ਨੇ ਅੰਮ੍ਰਿਤ ਸਮੇਂ ਦਿੱਤਾ ਤੇ ਜਿਸ ਦਾ ਫਾਰਸੀ ਵਿਚ ਵੇਰਵਾ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਔਰੰਗਜ਼ੇਬ ਨੂੰ ਘੱਲਿਆ ਜੋ ਪਿਛੇ ਪੰਨਾ ੪੬੯੮ ਪਰ ਤਰਜਮੇ ਸਮੇਤ ਆ ਚੁੱਕਾ ਹੈ*। ਉਸ ਵਿਚ ਗੁਰੂ ਜੀ ਦਾ ਗੰਗਾ ਆਦਿ ਤੀਰਥਾਂ ਤੋਂ ਹੋੜਨਾ, ਪੌਰਾਣਾਂ ਆਦਿਕਾਂ ਤੋਂ ਛੁਡੌਣਾ ਤੇ ਰਾਮ ਕ੍ਰਿਸ਼ਨ ਅਵਤਾਰਾਂ ਤੇ ਦੇਵੀ ਦੀ ਪੂਜਾ ਤੋਂ ਵਰਜਨਾ ਸਾਫ ਹੈ ਕਿ ਕੋਈ ਦੇਵੀ ਨਹੀਂ ਪੂਜੀ ਗਈ ਕਿਉਂਕਿ ਜੇ ਕਿਸੇ ਹਿੰਦੂ ਦੇਵਤਾ ਨੇ ਪ੍ਰਤੱਖ ਹੋਕੇ ਜ਼ਾਹਿਰੀ ਕਰਾਮਾਤ ਵਿਖਾਈ ਸੀ ਤੇ ਹਵਨ ਜੈਸੀ ਵਿਧੀ ਕਾਮਯਾਬ ਹੋਈ ਸੀ, ਕ੍ਰਿਪਾਨ ਆਦਿ ਪਦਾਰਥ ਤੇ ਵਰ ਮਿਲੇ ਸਨ ਤਾਂ ਪੌਰਾਣਕ ਤ੍ਰੀਕਿਆਂ ਨਾਲ ਜੋੜ ਤੇ ਸੰਮਤੀ ਦੱਸੀ ਜਾਂਦੀ ਤੇ ਬ੍ਰਹਮਣ ਤੇ ਉਨ੍ਹਾਂ ਦੇ ਸਨਮਾਨ ਦੇ ਉਪਦੇਸ਼ ਹੁੰਦੇ, ਨਾਕਿ ਹੁਕਮ ਹੁੰਦਾ ਕਿ ਸਿਵਾਇ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਦੇ ਕਿਸੇ ਹੋਰ ਨੂੰ ਨਾ ਮੰਨੋ ਅਤੇ ਜ਼ਾਤ ਪਾਤ ਤੋੜਕੇ ਇਕ ਭਾਈ ਹੋ ਜਾਓ। ਅਰਥਾਤ ਹਿੰਦੂ ਮਤ ਦੀ ਰੀੜ੍ਹ ਦੀ ਹੱਡੀ-ਵਰਨਾਸ਼੍ਰਮ-ਨਾਲੋਂ ਟੁੱਟ ਜਾਓ। ਖਾਲਸਾ ਸਾਜਣਾ ਤੇ ਇਨ੍ਹਾਂ ਅਸੂਲਾਂ ਤੇ ਸਾਜਣਾ ਜਿਸਦਾ ਲਿਖਤੀ ਸਿੱਧਾਂਤ ਬਾਹਰ ਦੀ ਗਵਾਹੀ ਤੋਂ ਬੀ ਇਹੀ ਪਿਆ ਮਿਲਦਾ ਹੈ ਕਿ ‘ਸ਼ਾਕਤਿਕ ਮਤ ਦੀ ਦੇਵੀ ਨੂੰ ਇਸ਼ਟ ਮੰਨਕੇ ਅਰਾਧਨਾ ਤੇ ਦੇਵੀ ਦਾ ਵਰ ਦੇਣਾ’ ਐਸੀ ਗਲ ਕੋਈ ਨਹੀਂ ਹੋਈ।

†੧੭੫੫ ਦੇ ਹਾੜ ਵਿਚ ਆਖਿਆ ‘ਪਾਇ ਗਹੇ’ ਤੇ ੧੭੫੬ ਦੇ ਸ਼ੁਰੂ ਵਿਚ ਦਿੱਤਾ ਇਹ ਐਲਾਨ ਇਕ ਭਾਵ ਦੇ ਹਨ। ਗੋਯਾ ੧੭੫੫ ਦੇ ਹਾੜ ਤੇ ੧੭੫੬ ਦੀ ਵੈਸਾਖੀ ਵਿਚ ਗੁਰੂ ਜੀ ਦਾ ਖਿਆਲ ਲਗਾਤਾਰ ਇਕੋ ਹੀ ਸਾਬਤ ਹੋ ਰਿਹਾ ਹੈ।

(ਸ) ਇਸ ਸਬੂਤ ਵਿਚ ਚੌਥੀ ਗਵਾਹੀ ਇਹ ਮਿਲਦੀ ਹੈ ਕਿ ਰਹਿਤਨਾਮੇ ਆਦਿਕ ਜੋ ਦੇਵੀ ਪ੍ਰਗਟ ਦੇ ਦੱਸੇ ਜਾ ਰਹੇ ਸੰਮਤਾਂ ਤੋਂ ਮਗਰੋਂ ਦੇ ਲਿਖੇ ਗਏ ਹਨ, ਆਪਣੇ ਵਿਚ ਸਫੁਟ ਹੁਕਮ ਰੱਖਦੇ ਹਨ ਜੋ ਦੇਵੀ ਦੀ ਮਾਨਤਾ ਦੇ ਵਿਰੁੱਧ ਹਨ। ਜੇ ਕਦੇ ਦੇਵੀ ਪੂਜਾ ਪ੍ਰਗਟਾਈ ਹੁੰਦੀ ਤਾਂ ਇਹ ਸੱਜਣ ਮਾਨਤਾ ਦੇ ਵਾਕ ਤੇ ਹਦਾਯਤਾਂ ਲਿਖਦੇ, ਵਿਰੋਧਤਾ ਦੇ ਵਾਕ ਕਦੇ ਨਾ ਲਿਖਦੇ। ਵੰਨਗੀ ਮਾਤ੍ਰ ਪ੍ਰਮਾਣ ਇਉਂ ਹਨ:-

੧. ਰਹਿਤਨਾਮਾ ਚੌਪਾ ਸਿੰਘ ਜੀ:-

“ਗੁਰੂ ਕਾ ਸਿੱਖ ਗੋਰ, ਮੜ੍ਹੀ, ਮਸੀਤ, ਮੁੱਲਾਂ, ਕਾਜੀ, ਬਾਹਮਣ ਆਦਿਕ ਨੂੰ ਨਹੀਂ ਮੰਨੇ। ”

੨. ਰਹਿਤਨਾਮਾ ਭਾਈ ਦਯਾ ਸਿੰਘ ਜੀ:-

“ਗੁਰੂ ਕਾ ਸਿੱਖ ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ ਪੁੱਛਣਾ, ਤਰਪਨ, ਗਾਯਤ੍ਰੀ ਕਿਤੇ ਵਲ ਚਿਤ ਦੇਵੈ ਨਾਹੀ”।

੩. ਰਹਿਤਨਾਮਾ ਭਾਈ ਪ੍ਰਹਲਾਦ ਸਿੰਘ ਜੀ:-

"ਅਕਾਲ ਪੁਰਖ ਕੋ ਛਾਡ ਕਰਿ ਭਜੈ ਦੇਵ ਕੁਈ ਔਰ। ਜਨਮ ਮਰਨ ਭ੍ਰਮਤਾ ਫਿਰੈ ਲਹੈ ਨ ਸੁਖ ਕੀ ਠੌਰ ॥ ੧੬ ॥ ਮੜ੍ਹੀ ਗੋਰ ਦੇਵਲ ਜੋ ਮਾਨੇ। ਪਰ ਪੰਥਨ ਕੋ ਊਚ ਬਖਾਨੇ। ਸੋ ਸਾਕਤ ਗੁਰ ਕਾ ਸਿਖ ਨਾਹੀਂ। ਫਾਸ ਪਿਓ ਜਮ ਕੰਕਰ ਪਾਹੀ ॥ ੨੨ ॥ ਬਾਝ ਗੁਰੂ ਸਿੱਖਨ ਕੀ ਸੇਵਾ। ਮਿੱਥਿਆ ਮਾਨੋ ਸੁਰ ਨਰ ਦੇਵਾ। ਲੈਣਾ ਦੇਣਾ ਖਾਲਸੇ ਆਨ ਦੇਵ ਸਭ ਝੂਠ। ਅਉਰ ਦੇਵ ਇਉਂ ਮਾਨੀਏ ਜਿਓ ਬਾਰੂ ਕੀ ਮੂਠ" ॥ ੨੯ ॥

੪. ਪ੍ਰੇਮ ਸੁਮਾਰਗ (੧੮੮੦ ਬਿ:):-

"ਮਠ, ਮੜ੍ਹੀ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਪੁਰਖ, ਬ੍ਰਹਮਣ ਪੁੱਛਣਾ, ਤਰਪਨ ਕਰਨਾ, ਗਾਯਤ੍ਰੀ, ਸ੍ਰਾਧ, ਹੋਰਤ ਕਿਤੇ ਵਲ ਦੇਖੇ ਨਾਹੀ"। [ਧਿਆ ੧

ਪੁਨਾ:-"ਦੇਵੀ ਦੇਵਤੇ ਦੇ ਇਸ਼ਟ ਪ੍ਰਸ਼ਾਦ ਨਾ ਖਾਏ"।

੫. ਮੁਕਤਨਾਮਾ:-

"ਤਜੈ ਸੀਤਲਾ ਭੋਗ"। ਪੁਨਾ:-"ਮੇਰਾ ਸਿਖ ਸੀਤਲਾ ਨਾ ਮਾਨੈ"।

ਏਹ ਸਾਰੇ ਪ੍ਰਮਾਣ ਵੀ ਦਲੀਲ ਇਸੇ ਗੱਲ ਦੀ ਹਨ ਕਿ ਦੇਵੀ ਗੁਰੂ ਜੀ ਦਾ ਇਸ਼ਟ ਪੂਜਯ ਕਦੇ ਨਹੀਂ ਸੀ ਤੇ ਨਾਹੀ ਇਹ ਜਾਣਕੇ ਅਰਾਧੀ ਤੇ ਪ੍ਰਗਟਾਈ ਗਈ ਹੈ।

॥ ਇਤਿ ॥

## ੧੩. [ਪਹਾੜੀ ਰਾਜਿਆਂ ਨੂੰ ਉਪਦੇਸ਼]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:
ਭੈਰਵ ਸ਼ਬਦ ਉਤੰਗ ਤੇ, ਅਰੁ ਹੋਵਨਿ ਭੁਵਚਾਲ।
ਸੈਲਪਤੀ ਸਭਿਹੂੰ ਲਖ੍ਯੋ, ਬਿਦਤਨਿ ਕਾਲੀ ਕਾਲ ॥੧॥
ਚੌਪਈ:
ਬਹੁਰ ਸੁਨ੍ਯੋਂ ਬਰ ਲੇ ਗੁਰ ਆਏ।
ਅਦਭੁਤ ਲਖਿ ਕਰਿ ਉਰ ਬਿਸਮਾਏ।
ਭੀਮਚੰਦ ਤੇ ਆਦਿਕ ਜੇਈ।
ਦਰਸ਼ਨ ਕਰਿਬੋ ਚਾਹਤਿ ਸੇਈ ॥੨॥
ਪਠਿ ਪਾਠਿ ਕਰਿ ਬਹੁ ਬਿਧਿ ਉਪਹਾਰ।
ਆਇ ਪਹੂਚੇ ਗੁਰ ਦਰਬਾਰ।
ਸਭਾ ਸਥਾਨ ਬਿਸਾਲ ਸੁਹਾਵਾ।
ਅਨਿਕ ਰੰਗ ਕੋ ਫਰਸ਼ ਡਸਾਵਾ ॥੩॥
ਬੀਚ ਸਿੰਘਾਸਨ ਸਤਿਗੁਰ ਕੇਰਾ।
ਸੁਭਟ ਸਿੱਖ ਬੈਠੇ ਚਹੁੰ ਫੇਰਾ।
ਚੇਤੋ ਆਦਿਕ ਬਡੇ ਮਸੰਦ।
ਥੂਲ ਦੇਹਿ ਅਰੁ ਧਨੀ ਬਿਲੰਦ ॥੪॥
ਕਵਿ ਗੁਨ ਜਨ ਸੋਂ ਸਭਾ ਸਪੂਰਨ।
ਬੈਠੇ ਸ਼ੋਭਤਿ ਹੈਂ ਬਿਧਿ ਰੂਰਨ।
ਭੀਮਚੰਦ ਤੇ ਆਦਿਕ ਰਾਜੇ।
ਪਹੁੰਚੇ ਪ੍ਰਭੂ ਮਿਲਨਿ ਕੇ ਕਾਜੇ ॥੫॥
ਰਿਦੇ ਰਾਜ ਮਦ ਧਰੇ ਬਿਸਾਲਾ।
ਸ਼ਸਤ੍ਰ ਬਿਭੂਖਨ ਜੁਤਿ ਭਟ ਜਾਲਾ।
ਕਰ ਬੰਦੇ ਬੰਦਨ ਕਹੁ ਕਰੀ।
ਧਨ ਕੀ ਭੇਟ ਅੱਗ੍ਰ ਕਰਿ ਧਰੀ ॥੬॥
ਆਇਸੁ ਲੇ ਬੈਠੇ ਗੁਰ ਤੀਰ।
ਖੜਗ ਸਿਪਰ ਕਹੁ ਧਰੇ ਸਰੀਰ।
ਦੇਵੀ ਬਿਦਤਨਿ ਤੇ ਬਿਸਮਾਏ।
ਸਭਾ ਮਝਾਰ ਥਿਰੇ ਸਮੁਦਾਏ ॥੭॥
ਲਾਲ ਗੁਲਾਲ ਗੁਰੂ ਕੋ ਰੰਗ।
ਖੜਗ ਬਿਸਾਲ ਕਸੇ ਕਟ ਸੰਗ।

ਤੀਖਨ ਤੀਰਨਿ ਭਰਜੋ ਨਿਖੰਗ।
ਧਨੁਖ ਦਰਾਜ਼ ਨਿਠੁਰ ਬਰ ਅੰਗ ॥੮॥
ਢੁਰਤਿ ਚਮਰ ਸੁੰਦਰ ਬਹੁ ਬਾਰੀ।
ਝੁਲਤਿ ਕਲ਼ਗੀ ਅਤਿ ਛਬਿ ਵਾਰੀ।
ਬਸਤ੍ਰ ਸ਼ਸਤ੍ਰ ਬਹੁ ਮੋਲ ਬਿਭੂਖਨ।
ਸੁਭਹਿਂ ਸਿੰਘਾਸਨ ਪਰ ਬਿਨ ਦੂਖਨ ॥੯॥
ਕੁਸ਼ਲ ਪ੍ਰਸ਼ਨ ਰਾਜਨ ਸਨ[1] ਕੀਨਾ।
ਹਾਥ ਜੋਰਿ ਸਭਿਹਿਨਿ ਭਨਿ ਦੀਨਾ।
'ਮਹਾਰਾਜ! ਦੇਵੀ ਬਿਦਤਾਈ।
ਤੁਮਰੇ ਬਿਨ ਕਰਿ ਕੌਨ ਸਕਾਈ ॥੧੦॥
ਦਰਸ਼ਨ ਕਰਿ ਬਾਂਛਤਿ ਬਰ ਲੀਨਾ।
ਭੀਮ ਭੁੰਚਾਲ ਆਦਿ ਸਭਿ ਚੀਨਾ।
ਤੁਰਕ ਤੇਜ ਤਪਤਜੋ ਜਗ ਭਾਰੀ।
ਬਿਨ ਰਾਵਰਿ ਕੋ ਕਰਿ ਨਿਰਵਾਰੀ[1]? ॥੧੧॥
ਰਿਦੈ ਮਨੋਰਥ ਪੰਥ ਕਰਨਿ ਕੋ।
ਸਫਲਹਿ ਜਬਿ ਦਿਹੁ ਰਾਜ ਧਰਨਿ ਕੋ।'
ਇੱਤਜਾਦਿਕ ਗਿਰਨਾਥ ਉਚਾਰੇ।
ਸੁਨਿ ਗੁਰ ਭਏ ਪ੍ਰਸੰਨ ਉਦਾਰੇ ॥੧੨॥
ਦੋਹਰਾ:
'ਸਿੱਖੀ ਗੁਰ ਕੀ ਗ੍ਰਹਨ ਤੁਮ, ਕਰਹੁ ਸਕਲ ਮਿਲਿ ਆਪ।
ਪਾਹੁਲ ਖੰਡੇ ਕੀ ਲਵੋ, ਵਧਿ ਹੈ ਅਧਿਕ ਪ੍ਰਤਾਪ ॥੧੩॥
ਚੌਪਈ:
ਅਵਨੀ ਘਨੀ ਰਾਜ ਲੈ ਦੇਹੀਂ।
ਅਪਰ ਨ੍ਰਿਪਤ ਸਭਿ ਸੇਵ ਕਰੇਹੀਂ।
ਦਿਨ ਪ੍ਰਤਿ ਐਸ਼੍ਵਰਜ ਵਧਹਿ ਬਿਸਾਲਾ।
ਕਰਹੁ ਸਦਾ ਧ੍ਰਮ ਕੀ ਪ੍ਰਤਿਪਾਲਾ' ॥੧੪॥

[1]ਰਾਜਿਆਂ ਨਾਲ।
[1]ਕੌਣ ਦੂਰ ਕਰੇ।

ਸੁਨ ਰਾਜਨਿ ਮਿਲਿ ਕਿਯਸਿ ਬਿਚਾਰਾ।
ਏਕ ਮਤੋ ਕਰਿ ਸਭਿਨਿ ਉਚਾਰਾ।
'ਲਾਂਗ, ਉਪਵੀਤ, ਸਿਖਾ ਦਿਹੁ ਰਹਿਨੀ[1]।
ਅਪਰ ਸਰਬ ਮਾਨਹਿਂ ਤੁਮ ਕਹਿਨੀ ॥੧੫॥

[1]ਧੋਤੀ ਦੇ ਲਾਂਗੜ, ਜੰਞੂ ਤੇ ਬੋਦੀ (ਇਹ) ਰਹਿਣ ਦਿਓ।

ਇਹ ਹਿੰਦੂ ਕੋ ਧਰਮ ਬਡੇਰਾ।
ਸਰਹਿ ਨਹੀਂ ਇਸ ਬਿਨ ਕਿਸ ਬੇਰਾ[†]।
ਪਾਤਕ[1] ਬਿਖੈ ਭੱਦ੍ਰ[2] ਭੀ ਕਰਨਾ।
ਤਰਪਨਿ ਆਦਿ ਜਨੇਊ ਬਰਨਾ[1] ॥੧੬॥

[†]ਪਾ:-ਕੇਰਾ।

[1]ਮਰਨੇ। [2]ਸੀਸ ਆਦਿਕ ਮੁਨਾਵਣਾ।

[1]ਤਰਪਨ ਆਦਿ ਕ੍ਰਿਯਾ ਲਈ ਜਨੇਊ (ਜ਼ਰੂਰੀ) ਕਿਹਾ ਹੈ (ਸ਼ਾਸਤ੍ਰ ਵਿਚ)।

ਜੇ ਨਹਿ ਧਰਹਿਂ ਧਰਮ ਨਹਿਂ ਰਹੈ।
ਕਰਿ ਉਪਹਾਸ[1] ਅਪਰ ਨਰ ਕਹੈਂ।
ਜਗਤ ਕਾਨ ਨਹਿਂ ਰਹੈ ਹਮਾਰੀ।
ਜਿਸ ਕੇ ਬਰਤਹਿਂ ਹੁਇ ਅਨੁਸਾਰੀ ॥੧੭॥

[1]ਮਖੌਲ।

ਪਾਹੁਲ ਦੇਹੁ ਆਪ ਕੀ ਜੋਊ।
ਬਨਹਿਂ ਸਿੱਖ ਤੁਮਰੇ ਸਭਿ ਕੋਊ।
ਰਾਵਰਿ ਰੀਤਿ ਬਤਾਵਹੁ ਜੈਸੇ।
ਅੰਗੀਕਾਰ ਕਰਹਿਂ ਸਭਿ ਤੈਸੇ' ॥੧੮॥
ਕਲਗ਼ੀਧਰ ਬਿਗਸੇ ਸੁਨਿ ਬੈਨਾ।
ਬੋਲੇ ਕ੍ਰਿਪਾ ਭਿਗੋਏ ਨੈਨਾ।
'ਖਟ ਦਰਸ਼ਨ ਤੇ ਆਦਿਕ ਅਪਰੇ[1]।
ਦੇਤਿ ਚਿੰਨ੍ਹ ਨਿਜ ਸੰਗਤਿ ਕਪਰੇ[1] ॥੧੯॥

[1]ਖਟ ਦਰਸ਼ਨ ਵਾਲੇ ਤੇ ਹੋਰ (ਮਤਾਂ ਦੇ ਸਾਧੂ)।

[1]ਆਪਣਾ ਚਿੰਨ੍ਹ ਤੇ ਰੰਗੇ ਹੋਏ ਕਪੜੇ ਦੇਂਦੇ ਹਨ।

ਪੂਰਬਲੇ ਬ੍ਰਹਮੈ ਕੀ ਕਾਨ[1]।
ਸਕਲ ਮਿਟਾਇ ਦੇਤਿ ਮਤਿ ਆਨ[1]।
ਹਮ ਤੌ ਤੁਮ ਕੌ ਰੀਤਿ ਭਲੇਰੀ।
ਦੇਤੇ ਹੈਂ, ਸਭਿ ਲੇ ਤਿਨਿ ਹੇਰੀ ॥੨੦॥

[1]ਪਹਿਲੀ ਬ੍ਰਹਮੇ ਦੀ ਕਾਣ (ਜਨੇਊ ਬੋਦੀ ਆਦਿ)।

[1]ਹੋਰ ਮਤਾਂ ਵਾਲੇ।

ਜੋ ਸਰੂਪ ਪਰਮੇਸ਼ੁਰ ਦੀਨਸਿ।
ਰਾਖਹੁ ਕੇਸ਼ ਮੁਹਰ ਗੁਰ ਕੀਨਸਿ[1]।

[1]ਮੋਹਰ ਛਾਪ ਲਾਈ ਹੈ ਭਾਵ ਵਾਹਿਗੁਰੂ ਦੀ ਦਾਤ ਨੂੰ ਹੀ ਮੁਹਰ ਬਨਾਯਾ ਹੈ।

ਖੜਗ ਜਨੇਊ ਹਿਤ ਇਸ ਲੋਗ[1]।

[1]ਖੜਗ ਰੂਪੀ ਜਨੇਊ (ਦਿੱਤਾ ਹੈ) ਇਸ ਲੋਕ ਵਿਚ (ਭਲੇ ਲਈ)।

ਹਨਹੁ ਦੁਸ਼ਟ ਭੋਗਹੁ ਛਿਤ ਭੋਗ ॥੨੧॥
ਹਿਤ ਪ੍ਰਲੋਕ ਕੇ ਗਜਾਨ ਜਨੇਊ।
ਪਹਿਰਹੁ ਪਾਇ ਸਰਬ ਸੁਖ ਜੇਊ।
ਸਿੰਘ ਨਾਮ ਧਰਵਾਇ ਸਪ੍ਰੀਤੀ।
ਪਹਿਰਹੁ ਕਾਛ ਸੁ ਪੂਰਬ ਰੀਤੀ ॥੨੨॥
ਦ੍ਵੈ ਹਜ਼ਾਰ ਸੰਮਤਿ ਬਿਤ ਗਯੋ।
ਤਬਿ ਇਕ ਨੰਦ ਨ੍ਰਿਪਤਿ ਜਗ ਭਯੋ।
ਤਿਨ ਬਿੱਪ੍ਰਨ ਤੇ ਭੈ ਕੁਛ ਮਾਨਾ।
-ਬਰਨੀ ਕਰਹਿਂ ਮੰਤ੍ਰ ਪਢਿ ਨਾਨਾ[1] ॥੨੩॥

[1]ਕਿ ਨਾਨਾ ਮੰਤ੍ਰ ਪੜ੍ਹ ਕਰਕੇ ਬਰਨੀ ਕਰਦੇ ਹਨ (ਬ੍ਰਾਹਮਨ)।

ਕਾਰਜ ਸਿੱਧ ਲੇਤਿ ਕਰਿ ਸੋਇ।
ਮੋਹਿ ਬਿਗਾਰੈਂ ਅਸ ਨਹਿਂ ਹੋਇ[1]।

[1]ਕਿਤੇ ਐਸਾ ਨਾ ਹੋਵੇ ਕਿ ਮੇਰਾ ਕੁਛ ਵਿਗਾੜ ਕਰ ਦੇਣ (ਬ੍ਰਾਹਮਨ)।

ਬਰਨੀ ਕਰਹਿ ਰਾਜ ਉਲਟਾਵੈਂ।
ਰਿਪੁ ਦਿਸ਼ਿ ਹੁਇ ਜਬਿ ਧਨ ਕਛੁ ਪਾਵੈਂ[1]- ॥੨੪॥

[1]ਭਾਵ, ਮਤਾਂ ਧਨ ਲੈ ਕੇ ਵੈਰੀ ਨਾਲ ਰਲ ਜਾਣ ਤੇ ਵਰਨੀ ਕਰਕੇ ਮੇਰਾ ਰਾਜ ਉਲਟਾ ਦੇਣ।

ਇਮ ਬਿਚਾਰ ਤਿਨ ਬਿੱਪ੍ਰ ਬੁਲਾਏ।
ਕੁਛ ਧਨ ਦੇ ਕਰਿ ਸਿਰ ਮੁੰਡਵਾਏ।
ਪੁਨ ਸ਼ਲੋਕ ਤਿਸ ਬਿਧਿ ਕੇ ਕਰੇ।
ਧਰਮ ਸ਼ਸਤ੍ਰਨਿ ਮੈਂ ਲੇ ਧਰੇ ॥੨੫॥
ਜਹਿਂ ਕਹਿਂ ਸਿਰ ਮੁੰਡਵਾਵਨਿ ਲਾਗੇ।
ਰੀਤਿ ਬਿਪਰਜੈ ਇਮ ਭੀ ਆਗੇ।
ਐਸੇ ਭਰਮ ਤਜਹੁ, ਰਖਿ ਕੇਸ਼।⚐

⚐ਇਹ ਗਲ ਨਿਰਵਿਵਾਦ ਸੱਚ ਹੈ ਕਿ ਕੇਸ਼ ਮਨੁੱਖ ਦੇ ਸਿਰ ਤੇ ਆਦਿ ਕਾਲ ਤੋਂ ਹਨ। ਹਰ ਮੁਲਕ ਵਿਚ, ਹਰ ਕੌਮ ਤੇ ਹਰ ਨਸਲ ਦੇ ਸਿਰ ਤੇ ਹਨ, ਸੰਸਾਰ ਭਰ ਦਾ ਸਾਹਿਤਜ ਦੱਸਦਾ ਹੈ ਕਿ ਧਾਰਮਕ ਭਾਵਾਂ ਵਾਲੇ ਮਨੁਖ ਖਾਸ ਕਰਕੇ ਤੇ ਆਮ ਲੋਕੀਂ ਆਮ ਕਰਕੇ ਕੇਸ਼ਾਂ ਨੂੰ ਬੜੀ ਗੌਰਵਤਾ ਦੀ ਚੀਜ਼ ਸਮਝਦੇ ਤੇ ਮੰਨਦੇ ਚਲੇ ਆ ਰਹੇ ਹਨ। ਸੰਸਾਰ ਦੇ ਇਤਿਹਾਸ ਵਿਚ ਸਭ ਤੋਂ ਪੁਰਾਣੀ ਪੁਸਤਕ ਜੋ ਇਸ ਵੇਲੇ ਤਕ ਮਿਲੀ ਹੈ ਉਹ ਰਿਗਵੇਦ ਹੈ, ਹਿੰਦੂ ਤੇ ਆਰੀਆ ਸਮਾਜੀ ਇਸ ਨੂੰ ਅਕਾਸ਼ ਬਾਣੀ ਮੰਨਦੇ ਹਨ, ਰਿਗਵੇਦ ਮੰਡਲ ੮ ਸੂਤਕ ੧੭ ਦੇ ਵਿਚ ਦੂਜਾ ਮੰਤਰ ਇਹ ਹੈ:-
ਆਤ੍ਵਾ ਬ੍ਰਹਯੁਜਾ ਹਰੀ ਵਹਤਾਂਮਿੰਦ੍ਰ ਕੇਸ਼ਿਨਾ। ਉਪ ਬ੍ਰਹਾਣਿ ਨ: ਸ਼੍ਰਿਣੁ।
ਅਰਥ:

(ਇੰਦ੍ਰ) ਪ੍ਰਮਾਤਮਾ (ਕੇਸ਼ਿਨਾ) ਕੇਸ਼ਾਂ ਵਾਲੇ (ਬ੍ਰਹਮਯੁਜਾ) ਬ੍ਰਹਮ ਵਿਚ ਅਭੇਦ ਹੋਣ ਵਾਲੇ (ਹਰੀ) ਆਤਮਾਂ ਤੇ ਮਨ ਦੋਵੇਂ (ਤ੍ਰਾ) ਆਪਨੂੰ (ਆ ਵਹਤਾਮ) ਪ੍ਰਵਾਨ ਕਰੋ। ਇਸ ਮੰਤ੍ਰ ਵਿਚ ਪ੍ਰਮਾਤਮਾਂ ਨੂੰ ਕੇਸ਼ਾਂ ਵਾਲੇ ਕਹਿਕੇ ਪ੍ਰਾਰਥਨਾ ਕੀਤੀ ਹੈ। ਇਸੇ ਤਰ੍ਹਾਂ ਨਾਲ ਰਿਗਵੇਦ ਮੰਡਲ ੬ ਸੂਕਤ ੫੫ ਮੰਤਰ ੨ ਵਿਚ ਬ੍ਰਹਮਚਾਰੀਆਂ ਦਾ ਜਟਾ ਜੂਟ ਹੋਣਾ ਮੰਨਿਆਂ ਹੈ। ਰਿਗ ਮੰਡਲ ੧ ਸੂਕਤ ੧੧੪ ਮੰਤਰ ੫ ਵਿਚ ਬ੍ਰਹਮਚਾਰੀਆਂ ਦੇ ਕੇਸ਼ਾਂ ਵਾਲੇ ਹੋਣ ਦੀ ਪ੍ਰਸ਼ੰਸ਼ਾ ਕੀਤੀ ਗਈ ਹੈ। ਰਿਗਵੇਦ ਦੇ ਵਿਚ ਅਜੇਹੇ ਕਾਫੀ ਮੰਤ੍ਰ ਹਨ ਜਿਨ੍ਹਾਂ ਵਿਚ ਵੇਦਾਂ, ਵਿਦਵਾਨਾਂ, ਧਨੀਆਂ ਤੇ ਪ੍ਰਮਾਤਮਾਂ ਦੇ ਪਿਆਰਿਆਂ ਦੇ ਸਿਰ ਤੇ ਕੇਸ਼ ਹੋਣਾ ਮੰਨਿਆਂ ਹੈ।

ਯਜੁਰ ਵੇਦ ਅਧਜਾਯ ੧੯ ਮੰਤ੍ਰ ੯੨ ਐਉਂ ਹੈ:-

"ਅਤਮਨ੍ਹਪਸਥੇ ਨ ਵ੍ਰਿਕਸਜ ਲੋਮ ਮੁਖੇ ਸ਼ਮਸ਼੍ਰੁਣਿ ਨ ਵਜਾਘ੍ਰ ਲੋਮ।
ਕੇਸ਼ੋ ਨ ਸ਼ੀਰ੍ਖਨਜਸ਼ਸੇ ਸ਼੍ਰਿਯੈ ਸ਼ਿਖਾ ਸਿਗ੍ਹਸਜ ਲੇਮ ਤ੍ਵਿਸ਼ਿਰਿੰਦ੍ਰਯਾਣਿ"

ਇਸ ਮੰਤ੍ਰ ਵਿਚ ਦੱਸਿਆ ਹੈ ਕਿ ਜੇਹੜਾ ਆਦਮੀ ਸਿਰ ਤੇ ਕੇਸ਼ ਰੱਖਦਾ ਹੈ ਉਹ ਤੇਜ ਪ੍ਰਤਾਪ ਤੇ ਐਸ਼੍ਵਰਜਵਾਨ ਹੁੰਦਾ ਹੈ। ਯਜੁਰ ਵੇਦ ਅਧਜਾਯ ੨੦ ਮੰਤ੍ਰ ੫ ਵਿਚ ਕੇਸ਼ਾਂ ਤੇ ਦਾੜ੍ਹੇ ਨੂੰ ਨੂਰਾਨੀ ਦੱਸਿਆ ਗਿਆ ਹੈ। ਇਕ ਦਰਜਨ ਤੋਂ ਵਧੀਕ ਮੰਤ੍ਰ ਯਜੁਰ ਵੇਦ ਵਿਚ ਹਨ ਜਿਨ੍ਹਾਂ ਵਿੱਚ ਕੇਸ਼ਾਂ ਦੀ ਮਹਿਮਾ ਕੀਤੀ ਗਈ ਹੈ।

ਸ਼ਾਮ ਵੇਦ ਦੇ ਪ੍ਰਪਾਠਕ ੩ ਅਧਜਾਯ ੨ ਦਾ ਮੰਤ੍ਰ ੨ ਐਉਂ ਹੈ:-

"ਐਤੁਸਵ੍ਾ ਗੀਰ੍ਭਿਰ੍ਦਜੁਗਦਿੰਦ੍ਰ ਕੇਸ਼ਿਭਿ: ਸੁਤਾਵਾਂ ਆਵਿਵਾਸਤਿ ॥ "

ਇਹਦੇ ਵਿਚ ਜਿੰਨ੍ਹਾਂ ਰਿਤ੍ਵਿਜਾਂ ਦੀ ਪ੍ਰਾਰਥਨਾਂ ਕਬੂਲ ਹੁੰਦੀ ਹੈ ਉਨ੍ਹਾਂ ਦੇ ਸਿਰਾਂ ਤੇ ਕੇਸ਼ਾਂ ਦਾ ਹੋਣਾ ਲਿਖਿਆ ਹੈ।

ਅਥਰਵ ਵੇਦ ਵਿਚ ੨੪ ਦੇ ਕਰੀਬ ਅਜਿਹੇ ਮੰਤਰ ਹਨ ਜਿਨ੍ਹਾਂ ਵਿਚ ਵਾਹਿਗੁਰੂ ਅਗੇ ਪ੍ਰਾਰਥਨਾ ਕੀਤੀ ਗਈ ਹੈ ਕਿ ਸਾਡੇ ਸਿਰ ਤੇ ਕੇਸ਼ ਲੰਮੇ ਤੇ ਅਨਭੂਰ ਹੋਣ; ਰਿਸ਼ੀਆਂ ਤੋਂ ਮੰਗ ਕੀਤੀ ਗਈ ਹੈ ਕਿ ਉਹ ਦਵਾਈਆਂ ਦੱਸੋ ਜਿਨ੍ਹਾਂ ਦੇ ਵਰਤਣ ਨਾਲ ਸਿਰ ਤੇ ਕੇਸ਼ ਸਰਕਟ ਘਾਸ ਵਾਂਗ ਵਧਣ[†]।

[†]ਵਿਸ਼ੇਸ਼ ਲਈ ਵੇਖੋ:-ਰਿਗ ੬-੫੫-੨, ੩੯-੪੧- ੯, ੩-੪੫-੧, ੫-੭-੭, ੫-੮-੨, ੩-੧੪-੧, ੩-੧੭-੧, ੮-੧੪-੧, ੬-੧੫-੧, ੪੪-੧੬੪-੧, ੬-੨-੩, ਆਦਿਕ। ਯਜੁਰ-੨੫-੩, ੨੦-੧, ੧੬-੨੯, ੧੬-੬੯, ੧੬-੧੦, ੧੧-੫੬, ੧੬-੪੦, ੪੩, ੨੦-੫, ੨੦-੫੩, ਸਾਮ-੩-੨-੮-੨, ੧-੯-੧-੧੮ ਅਥਰਵ-੬-੧੩੭-੧, ੧੧-੫-੬, ੧੯-੩੨-੨, ੧੯-੬-੧, ੧-੨੮-੪, ੬-੯-੧, ੬-੧੩੬-੨, ੬-੧੩੭-੨, ੬-੧੩੭-੩, ੧੪-੨-੬੮, ੧੧-੮-੧੧, ੧੧-੮-੧੨ ਆਦਿ।

ਉਪਨਿਸ਼ਦਾ ਵਿਚ ਵੀ ਕੇਸ਼ਾਂ ਦੀ ਬੇਅੰਤ ਮਹਿੰਮਾ ਕੀਤੀ ਗਈ ਹੈ, ਛਾਂਦੋਗਜ ਉਪਨਿਸ਼ਦ ਵਿਚ ਪ੍ਰਪਾਠਕ ੧ ਖੰਡ ੬ ਪ੍ਰਵਾਕ ੬ ਐਉਂ ਹੈ:-

"ਅਥ ਯਦੇਵੈਤਦਾਦਿਤਜਸਜ ਸ਼ੁਕੰ੍ਲ ਭਾ: ਸੈਵ ਸਾऽਥ ਯੰਨੀਲੰ ਪਰ: ਕ੍ਰਿਸ਼ਣੰ
ਤਦਮਸੁਤ੍ਸਾਮ। ਅਥ ਯ ਏਸ਼ੋऽ ਨ੍ਤਰਾਦਿਤਜੇ ਹਿਰ੍ਣਮਯ: ਪੁਰੁਸ਼ੋ ਦ੍ਰਿਸ਼ਜਤੇ
ਹਿਰਣ੍ਜਸ਼ਮਸ਼੍ਰੁਰਿ੍ ਹਿਰ੍ਣਜਕੇਸ਼ ਆਪ੍ਰਣਖਾਤ੍ਰ ਸਰ੍ਵ ਏਵ ਸੁਵਰ੍ਣ: ॥"

(ਅੰਤਰਾਦਿਤਜੇ) ਇਸ ਦ੍ਰਿਸ਼ਟਮਾਨ ਜਗਤ ਵਿਚ (ਹਿਰ੍ਣਮਯ:) ਨੂਰਾਨੀ (ਪੁਰੁਸ਼ੋ) ਪ੍ਰਮਾਤਮਾਂ (ਦ੍ਰਿਸ਼ਜਤੇ) ਦਿਖਾਈ ਦੇਂਦਾ ਹੈ (ਹਿਰ੍ਣਜਸ਼ਮਸ਼੍ਰੁ) ਜਿਸ ਦੀਆਂ ਦਾੜ੍ਹੀ ਤੇ ਮੁੱਛਾਂ ਸੁਨਹਿਰੀ ਰੰਗ ਦੀਆਂ ਹਨ ਤੇ (ਹਿਰ੍ਣਜਕੇਸ਼) ਸੁਨਹਿਰੀ ਰੰਗ ਦੇ ਕੇਸ਼ ਹਨ।

ਮਨੂੰਸਿੰਮ੍ਰਤ੍ਰੀ ੪-੮੩ ਵਿਚ ਕੇਸ਼ਾਂ ਤੋਂ ਫੜਨਾ ਵਰਜਤ ਦੱਸਿਆ ਹੈ। ੮-੨੮੩ ਵਿੱਚ ਲਿਖਿਆ ਹੈ ਕਿ ਕੇਸ਼ਾਂ ਤੋਂ ਫੜਨ ਵਾਲੇ ਦੇ ਦੋਨੋਂ ਹੱਥ ਬਿਨਾ ਕਿਸੇ ਵਿਚਾਰ ਦੇ ਕਟਵਾ ਦਿੱਤੇ ਜਾਣ। ੭-੯੧ ਵਿਚ ਸਿਪਾਹੀਆਂ ਦੇ ਕੇਸ਼ ਹੋਣੇ ਮੰਨਿਆ ਹੈ। ੬-੨ ਵਿਚ ਗ੍ਰਹਸਤੀਆਂ ਦਾ ਕੇਸ਼ਧਾਰੀ ਹੋਣਾ ਮੰਨਿਆ ਹੈ। ੬-

੬ ਵਿਚ ਲਿਖਿਆ ਹੈ ਕਿ ਬਾਨਪ੍ਰਸਤੀ ਜ਼ਰੂਰੀ ਕੇਸ਼ ਰੱਖਣ। ਇਸੇਤਰ੍ਹਾਂ ਵੇਦ ਉਪਨਿਸ਼ਦਾਂ ਸਿੰਮ੍ਰਤੀਆਂ ਤੇ ਪੁਰਾਣਾਂ ਵਿਚ ਕੇਸ਼ਾਂ ਦਾ ਰਖਣਾ ਜ਼ਰੂਰੀ ਦੱਸਿਆ ਗਿਆ ਹੈ ਤੇ ਕੇਸ਼ਾਂ ਦਾ ਕਤਲ ਕਰਾਉਣਾ ਮੌਤ ਦੀ ਸਜ਼ਾ ਬਰਾਬਰ ਕਰਾਰ ਦਿੱਤਾ ਗਿਆ ਹੈ।

ਆਦਿ ਵੇਦ ਤਿੰਨ ਹਨ। ਮੰਨੁਸਿੰਮ੍ਰਤੀ ਤੇ ਗੀਤਾ ਵਿਚ ਵੇਦ ਤਿੰਨ ਦੱਸੇ ਹਨ, ਇਸੇ ਤਰ੍ਹਾਂ ਪੁਰਾਤਨ ਕਿਸੇ ਕਿਸੇ ਸ਼ਾਸਤ੍ਰ ਵਿਚ ਬੀ ਤਿੰਨ ਹੀ ਹਨ, ਤਿੰਨਾਂ ਵਿਚ ਕੇਸ਼ ਜਾਨ ਬਰਾਬਰ ਪ੍ਰਿਯ ਦੱਸੇ ਹਨ। ਅਥਰਵ ਵੇਦ ਬਹੁਤ ਪਿਛੋਂ ਦੀ ਸ਼ੈ ਹੈ। ਉਸ ਦੇ ਵਿਚ ਵੀ ਕੇਸਾਂ ਦੇ ਵਧਣ, ਪੱਕੇ ਹੋਣ, ਅਨਭੁਰ ਹੋਣ ਤੇ ਕਾਲੇ ਹੋਣ ਲਈ ਪ੍ਰਾਰਥਨਾਂ ਹਨ, ਪਰ ਇਸ ਵਿਚ ਕੇਵਲ ਇਕ ਮੰਤ੍ਰ ("ਯੇਨਾ ਵਪਤ੍ਰ ਸਵਿਤਾ ਛੁਰੇਣ ਸੋਮਸਜ ਰਾਜਜੋ ਵਰੁਣਸਜ ਵਿਦ੍ਵਾਨ। ਤੇਨ ਬ੍ਰਹਮਾਣੋ ਵਪਤੇ ਦਮਸਜ ਗੋਮਾਨਸ਼੍ਵਾਨਯਮਸ੍ਤੁ ਪ੍ਰਜਾਵਾਨ"। [ਅਥਰਵ ਕਾਂਡ ੬ ਸੂਕਤ ੬੮ ਮੰ: ੩।] ਆਯਾ ਹੈ, ਜਿਸ ਵਿਚ ਜ਼ਿਕਰ ਹੈ ਕਿ ਇਸ ਬਾਲ ਦੇ ਕੇਸ਼ ਸੋਮਰਾਜਾ ਵਾਂਙੂ ਮੁੰਨੋ।

'ਸੋਮਰਾਜ' ਬਾਬਤ ਜ਼ਿਕਰ ਹੈ (ਦੇਖੋ ਹਿੰਦੂ ਕਲਾਸੀਕਲ ਡਿਕਸ਼ਨਰੀ) ਕਿ ਉਸ ਨੇ ਬ੍ਰਹਸਪਤੀ ਦੀ ਤੀਵੀਂ ਕੱਢੀ ਸੀ, ਤਿਵੇਂ 'ਉਤਸਾ' ਨਾਮ ਦੇ ਬ੍ਰਾਹਮਨ ਦੀ ਭੱਦ੍ਰਾ ਨਾਮੇ ਤੀਵੀਂ ਵਰਨ ਦੇਵ ਨੇ ਕੱਢੀ ਸੀ। ਤਦੋਂ ਪ੍ਰਾਈ ਤੀਵੀਂ ਕੱਢਣ ਵਾਲੇ ਨੂੰ ਜੀਉਂਦਾ ਫੂਕਦੇ ਸਨ (ਦੇਖੋ ਮੰਨੂ ਅ: ੮, ਮੰ: ੩੭੨। ):-ਪੁਮਾਂਸੰ ਦਾਹਸੇਤ੍ਪਾਪੰ ਸ਼ਯਨੇ ਤਪ੍ਤ ਆਯਸੇ। ਅਭਯਾਦਧੁਸ੍ਤੁ ਕਾਸ੍ਠਾਨਿ ਤਤ੍ਰ ਦਹਜੇਤ ਪਾਪ ਕ੍ਰਿਤ੍" ਸੋ ਸੋਮਰਾਜ ਤੇ ਵਰਨਦੇਵ ਨੂੰ ਇਹ ਸਜ਼ਾ ਮਿਲਨੀ ਸੀ। ਬ੍ਰਹਮਣ ਹੋਣ ਕਰਕੇ ਕੇਸ ਕਤਲ ਦੀ ਸਜ਼ਾ ਮਿਲੀ ਕਿਉਂਕਿ ਬ੍ਰਹਮਣ ਨੂੰ ਫਾਂਸੀ ਦੀ ਥਾਵੇਂ ਇਹ ਸਜ਼ਾ ਮਿਲਦੀ ਸੀ। ਯਥਾ:-"ਮੌਣ੍ਡਜੰ ਪ੍ਰਾਣਾਂਤਿ ਕੋਦੰਡੋ ਬ੍ਰਾਹਮਣਸਯ ਵਿਧੀਯਤੇ। ਇਤਰੇਸ਼ਾਂਤੁ ਵਰ੍ਣਾਨਾਂ ਦੰਡ: ਪ੍ਰਾਣਾਂਤਿ ਕੋ ਭਵੇਤ੍" [ਅ: ੮ ਮੰ: ੩੭੯]। ਅਰਥਾਤ-ਬ੍ਰਾਹਮਣ ਦਾ ਸਿਰ ਮੁੰਨਣਾਂ ਹੀ ਉਸ ਦਾ ਕਤਲ ਕਰਨਾ ਮੰਨਿਆ ਹੈ, ਦੂਜੇ ਵਰਣਾਂ ਦਾ ਕਤਲ ਕਰਨਾ ਮਾਰਨਾ ਹੀ ਹੈ। ਸੋ ਅਥਰਵ ਵੇਦ ਵਿਚ ਜੋ ਪ੍ਰਮਾਣ ਆਯਾ ਹੈ ਇਨ੍ਹਾਂ ਅਪ੍ਰਾਧੀਆਂ ਦੇ ਅਪ੍ਰਾਧ ਵਿਚ ਕਟੇ ਗਏ ਕੇਸ਼ਾਂ ਦਾ ਪ੍ਰਮਾਣ ਹੈ।

ਜਾਪਦਾ ਹੈ ਕਿ ਇਕ ਤਾਂ ਇਸ ਪ੍ਰਕਾਰ ਸਜ਼ਾਵਾਂ ਵਿਚ ਕੇਸ਼ ਹੀਨ ਹੋਏ ਲੋਕਾਂ ਤੇ ਉਨ੍ਹਾਂ ਦੀ ਉਲਾਦ ਤੋਂ ਇਹ ਭੈੜੀ ਰਵਸ਼ ਟੁਰੀ, ਦੂਜਾ ਪਤਾ ਕਵੀ ਜੀ† ਨੇ ਦਿੱਤਾ ਹੈ। ਨੰਦ ਖਾਨਦਾਨ ਦਾ ਮਗਧ ਵਿਚ ਰਾਜ ਚੰਦ੍ਰ ਗੁਪਤ ਤੋਂ ਪਹਿਲੇ ਨੱਵੇ ਇਕਾਨਵੇਂ ਬਰਸ ਤਕ ਰਿਹਾ ਹੈ। ਇਨ੍ਹਾਂ ਨੰਦਾਂ ਦੀ ਹੀ ਸਮਾਪਤੀ ਤੇ ਚੰਦ੍ਰ ਗੁਪਤ ਮੋਰਯ ਨੇ ਰਾਜ ਸਾਂਭਿਆ ਸੀ।

†ਕਵੀ ਜੀ ਨੇ ਅੱਗੇ ਜਾਕੇ ਐਨ ੧ ਅੰਸੂ ੪੭ ਵਿਚ ਵੀ ਕੇਸ਼ਾਂ ਬਾਬਤ ਖੋਲ੍ਹਕੇ ਲਿਖਿਆ ਹੈ।

ਬੁੱਧ ਜੀ ਕੇਸ਼ਾਧਾਰੀ ਸਨ, ਪਰ ਉਨ੍ਹਾਂ ਦੇ ਭਿੱਖੂ ਤਜਾਗ ਦੇ ਬਹੁਤੇ ਜੋਸ਼ ਵਿਚ ਤੇ ਸਰੀਰਕ ਖੂਬਸੂਰਤੀ ਨੂੰ ਖਰਾਬ ਕਰਨ ਲਈ (ਇਸੇ ਤਰ੍ਹਾਂ ਜੈਨੀ ਭਿੱਖੂ) ਸਿਰ ਮੁੰਨਣ ਲਗ ਪਏ ਸੇ। ਇਥੋਂ ਰੀਸ ਵਧਦੀ ਗਈ। ਨੰਦ ਰਾਜਿਆਂ ਵਿਚੋਂ ਜੋ ਕਿਸੇ ਦਾ ਬ੍ਰਹਮਣਾਂ ਨੂੰ ਰਿਸ਼ਵਤ ਦੇ ਕੇ ਮੁੰਡਨ ਦੇ ਸਲੋਕ ਰਚਵਾਉਣੇ, ਸ਼ਾਸਤ੍ਰਾਂ ਵਿਚ ਆਖੇਪ ਕਰਵਾਉਣੇ ਤੇ ਉਨ੍ਹਾਂ ਨੂੰ ਬਲਹੀਨ ਕਰਨ ਵਾਸਤੇ ਲਾਲਚ ਨਾਲ ਕੇਸ਼ ਹੀਨ ਕਰਨਾ, ਇਹ ਪਤਾ ਕਵੀ ਜੀ ਨੇ ਉਪਰ ਦਿੱਤਾ ਹੈ। ਇਹ ਰਾਜੇ ਉਂਞ ਬੀ ਸ਼ੂਦਰ ਮੰਨੇ ਜਾਂਦੇ ਸਨ ਤੇ ਇਹ ਕੋਈ ਚਾਲ ਹਿੰਦੂਆਂ ਨੂੰ ਪਤਿਤ ਕਰਨ ਦੀ ਇਨ੍ਹਾਂ ਨੇ ਵਰਤੀ ਦਾ ਪਤਾ ਕਵੀ ਜੀ ਨੇ ਦਿੱਤਾ ਹੈ। ਵਿਸ਼ਨੂੰ ਪੁਰਾਣ ਵਿਚ 'ਮਹਾਂ ਪਦਮ ਨੰਦ' ਖਤ੍ਰੀਆਂ ਦਾ ਨਾਸ਼ ਕਰਤਾ ਲਿਖਿਆ ਹੈ। ਬੋਧ ਤੇ ਜੈਨ ਗ੍ਰੰਥਾਂ ਵਿਚ ਬੀ 'ਮਹਾਂ ਪਦਮ ਨੰਦ' ਨੂੰ ਨੀਚ ਕੁਲ ਦਾ ਮੰਨਿਆ ਹੈ।

ਇਸੇ ਤਰ੍ਹਾਂ ਇਬ੍ਰਾਨੀ ਤੇ ਇਸਲਾਮ ਦੇ ਪੈਗ਼ੰਬਰ ਤੇ ਈਸਾ ਜੀ ਕੇਸ਼ਾਧਾਰੀ ਸਨ। ਕੇਸ਼ਾਂ ਦੇ ਬਲਦਾਤਾ ਹੋਣ ਦਾ ਜ਼ਿਕਰ ਪੁਰਾਣੇ ਅਹਦਨਾਮੇ ਵਿਚ ਹੈ। ਵਿਸ਼ੇਸ਼ ਲਈ ਦੇਖੋ ਕਾਜ਼ੀਯੂੰ, ਬਾਬ ੧-੩ ਤੋਂ ੧੬।

**ਪਹਿਰਹੁ ਕਾਢ ਸੁਭਟ ਬਰ ਬੇਸ ॥੨੬॥**

**ਜੇ ਅਸ ਨੀਕੋ ਬੇਖ ਨ ਭਾਵੈ।**

**ਤਬਿ ਕਰੀਅਹੁ ਜਸ ਤੁਮ ਮਨ ਭਾਵੈ।**

ਜੇ ਨਹਿਂ ਲੇਵਹੁ ਇਹੁ ਮਗ ਪਾਵਨ।
ਹਮ ਤੋ ਨਿਸ਼ਚੈ ਪੰਥ ਚਲਾਵਨਿ ॥੨੭॥

ਦੋਹਰਾ:
ਕਿਰਤ ਕਰਤਿ ਚਾਰਹੁੰ ਬਰਨ ਬਨਿ ਤੁਰਕਨ ਤੇ ਦੀਨ।
ਤਿਨ ਕੋ ਪਾਹੁਲ ਦੇਹਿਂ ਹਮ ਛਿਤਪਤਿ ਕਰਹਿਂ ਪ੍ਰਬੀਨ ॥੨੮॥

ਚੌਪਈ:
ਸ਼ੁਭ ਕ੍ਰਿਤ ਬਿਨ ਬਲ ਹੀਨ ਅਨਾਥਾ।
ਹਮ ਧਰਿ ਤਿਨ ਮਾਥੇ ਪਰ ਹਾਥਾ।
ਤੁਰਕਨ ਕੋ ਦੇਂ ਤੁਰਤ ਤੁਰਾਈ[1]। [1]ਨਾਸ਼।
ਮੁਗ਼ਲ ਚਮੂੰ ਦੇਂ ਗਰਦ ਮਿਲਾਈ ॥੨੯॥
ਸਿਵਕਾ ਘੋਰੇ ਗਜ ਅੰਬਾਰੀ।
ਤੰਬੂ, ਭੇਰਿ, ਦਮਾਮੇ ਭਾਰੀ।
ਰੁਪਾ, ਕੰਚਨ, ਬੱਜ੍ਰ[1] ਖਜਾਨਾ। [1]ਕੀਮਤੀ ਪੱਥਰ ਹੀਰੇ ਆਦਿ।
ਰਾਜ ਸਾਜ ਔਰੇ ਬਿਧਿ ਨਾਨਾ ॥੩੦॥
ਹੁਕਮ ਚਲਤਿ ਹੈ ਜਹਿਂ ਕਹਿਂ ਜਿਨ ਕੋ।
ਖੋਜਯੋ ਖੋਜ ਨ ਪਾਵਹਿ ਤਿਨ ਕੋ'[†]। [†]ਇਸ ਵੇਲੇ ਮੁਗ਼ਲਾਂ ਦੀ ਕੈਸੀ ਸਮਾਪਤੀ ਹੋਈ ਹੈ।
ਭੀਮਚੰਦ ਸੁਨਿ ਮਾਨਿ ਅਚੰਭਾ।
ਕਹਨਿ ਲਗਯੋ 'ਇਹ ਬਾਤ ਅਸੰਭਾ[1] ॥੩੧॥ [1]ਅਨਹੋਨੀ।
ਇਕ ਇਕ ਛਾਂਗ ਲੇਤਿ ਇਕ ਖਾਹੀ[1]। [1]ਇਕ ਇਕ (ਤੁਰਕ) ਇਕ ਇਕ ਬੱਕਰਾ ਖਾ ਜਾਂਦਾ ਹੈ।
ਵੇਤੇ ਸ਼ਸਤ੍ਰਨਿ ਵਿੱਦਯਾ ਮਾਂਹੀ।
ਬਲ ਦੀਰਘ ਅਰੁ ਬੁੱਧਿ ਮਹਾਨੇ।
ਰਾਜ ਸਾਜ ਗਿਨਤੀ ਨਹਿਂ ਜਾਨੇ[1] ॥੩੨॥ [1]ਤੁਰਕ ਰਾਜ ਸਾਜ ਦੀ ਗਿਣਤੀ ਤਾਂ ਜਾਣੀ ਹੀ ਨਹੀਂ ਜਾਂਦੀ।
ਬਾਜ ਸਮਾਨ[1] ਜੁੱਧ ਮਹਿਂ ਮਾਨੀ। [1]ਬਾਜਾਂ ਵਾਂਗ।
ਚਤੁਰ ਬਰਨ ਚਟਕਾ ਸਮ ਜਾਨੀ[1]। [1]ਚਿੜੀਆਂ ਵਤ (ਤੁੱਛ) ਜਾਣਦੇ ਹਨ ਚਹੁੰਆਂ ਵਰਨਾਂ ਨੂੰ।
ਤਿਨ ਤੇ ਸੋ ਕਿਮ ਦੇਹੁ ਤੁਰਾਈ?
ਇਹ ਨਿਸ਼ਚੈ ਹਮ ਮਨ ਨਹਿਂ ਆਈ'

॥੩੩॥
ਸੁਨਿ ਰਾਜਨ ਤੇ ਪ੍ਰਭੁ ਬਤਾਵਹਿਂ।
'ਹਮ ਚਿਰੀਅਨਿ ਤੇ ਬਾਜ ਤੁਰਾਵਹਿਂ।
ਜਿਮ ਸ਼੍ਰੀ ਰਾਮਚੰਦ ਜਗ ਹੋਏ।
ਕਥਾ ਲਖਹਿ ਤਿਨ ਕੀ ਸਭਿ ਕੋਏ
॥੩੪॥
ਬਨਚਰ ਬਾਨਰ[1] ਕਜਾ ਤੁਛ ਜਾਤੀ। [1]ਬਾਂਦਰ।
ਸੇ ਬਟੋਰ ਕਰਿ[1] ਅਧਿਕ ਜਮਾਤੀ। [1]ਇਕੱਠੇ ਕਰਕੇ।
ਤੀਨਲੋਕ ਪਤਿ ਰਾਵਨ ਭਾਰੇ।
ਜਿਸ ਤੇ ਸਰਬ ਸੁਰਾਸੁਰ ਹਾਰੇ ॥੩੫॥
ਤਿਨ ਬਾਨਰ ਤੇ ਨਾਸ਼ ਕਰਾਯੋ।
ਬਿਨਾ ਬਿਲਮ ਦਲ ਯੁਕਤ ਖਪਾਯੋ।
ਤਿਮ ਹਮ ਧਰਿ ਰੰਕਨ ਸਿਰ ਹਾਥਾ।
ਪਾਹੁਲ ਦੇਹਿਂ ਤੇਜ ਕੇ ਸਾਥਾ ॥੩੬॥
ਸ਼ਸਤ੍ਰ ਗਹਾਇ ਅਨੇਕ ਪ੍ਰਕਾਰਾ।
ਦੇਂ ਉਤਸਾਹ ਜੰਗ ਕੋ ਭਾਰਾ।
ਅਬਿ ਅਵਨੀਪਤਿ ਤੁਰਕ ਬਡੇਰਾ।
ਤਿਸ ਕੇ ਸੰਗ ਬਧਾਵੈਂ ਬੈਰਾ ॥੩੭॥
ਲਰਹਿਂ ਮਰਹਿਂ ਮਾਰਹਿਂ ਤੁਰਕਾਨੇ।
ਕੇਤਿਕ ਬਾਸੁਰ ਮਹਿਂ ਕਰਿ ਹਾਨੇ।
ਵਧਹਿ ਖਾਲਸਾ ਪਾਵਹਿ ਰਾਜੂ।
ਹੁਇ ਅਵਨੀਸ਼ਨਿ ਕੇਰ[1] ਸਮਾਜੂ [1]ਰਾਜਿਆਂ ਵਰਗਾ।
॥੩੮॥
ਜੇ ਅਬਿ ਮਰਦ ਗਰਦ ਮਿਲ ਜੈ ਹੈਂ।
ਸਿੰਘ ਸੂਰਮੇ ਜਗ ਬਿਦਤੈ ਹੈਂ।
ਤੁਮ ਭੀ ਤਿਨ ਕੇ ਬਨਹੁ ਅਧੀਨ।
ਜੇ ਨ ਬਨਹੁ, ਅਵਨੀ ਲੇਂ ਛੀਨ'
॥੩੯॥
ਭੀਮਚੰਦ ਆਦਿਕ ਸੁਨਿ ਕਰਿ ਕੈ।
ਸਹਿ ਨ ਸਕਹਿਂ ਕਛੁ ਰਿਸ ਉਰ ਧਰਿ
ਕੈ।
ਕਹਿਤ ਭਯੇ 'ਹਮ ਤੋ ਨਹਿਂ ਮਾਨੈਂ।

ਬੇਸ ਕੁ ਕੇਸ਼ ਕਾਛ ਨਹਿਂ ਠਾਨੈਂ ॥੪੦॥
ਆਗੈ ਜਿਮ ਜਾਨਹੁਂ ਤਿਮ ਕਰਹੁ।
ਚਤੁਰ ਬਰਨ ਪਰ ਨਿਜ ਕਰ[1] ਧਰਹੁ।' [1]ਹੱਥ।
ਸੁਨਿ ਸਤਿਗੁਰ ਬੋਲੇ ਤਿਸ ਕਾਲਾ।
'ਤੁਮਹਿ ਰਾਜ ਕੋ ਮਦ ਗਿਰਪਾਲਾ ॥੪੧॥
ਸਿਖ ਜੇ ਬਨਤਿ ਰਾਜ ਵਧ ਜਾਤੇ।
-ਬਲ ਕਰਿ ਲੀਨਿ- ਕਹਤਿ ਗਰਬਾਤੇ[1]। [1]ਬਲ ਕਰਕੇ ਲਿਆ ਹੈ ਇਹ ਹੰਕਾਰੀ ਹੋਕੇ ਤੁਸਾਂ ਕਹਿਣਾ ਸੀ।
ਦਯੋ ਗੁਰੂ ਕੋ ਜਾਨਤਿ ਨਾਂਹੀ।
-ਰਾਜ ਪੁਸ਼ਤ ਕੋ- ਮਦ ਚਿਤ ਮਾਂਹੀ[1] ॥੪੨॥ [1]ਪੁਸ਼ਤਾਂ ਤੋਂ ਰਾਜੇ ਹਾਂ ਇਸ ਗਲ ਦਾ ਮਦ ਹੈ।
ਚਾਰਹੁਂ ਬਰਨ ਰੰਕ ਜੇ ਲੈ ਹੈਂ।
ਸਭਿ ਬਿਧਿ ਕੋ ਸਮਾਜ ਬਿਰਧੈ ਹੈ।
ਜਾਨੈਂ ਕਹੈਂ -ਗੁਰੂ ਇਹ ਦੀਨੋ।
ਗੁਰ ਪ੍ਰਤਾਪ ਬਲ ਤੇ ਹਮ ਲੀਨੋ- ॥੪੩॥
ਜਬਿ ਦੀਨਨਿ ਤੇ ਰਾਜ ਕਰਾਊਂ।
ਦੀਨਬੰਧੁ ਗੁਰ ਤਦਿਨ[1] ਕਹਾਊਂ। [1]ਤਿਸ ਦਿਨ।
ਰੰਕਨ ਕੇ ਸਰਿ ਪਰ ਕਰ ਧਾਰੌਂ।
ਸ੍ਰੀ ਅਸਿਕੇਤੁ ਚਰਨ ਪਰ ਡਾਰੌਂ ॥੪੪॥
ਯਾਂ ਤੇ ਹੋਨਹਾਰ ਤੁਮ ਪ੍ਰੇਰੇ।
ਭਲੋ ਆਪਨੋ ਨਾਂਹਿ ਨ ਹੇਰੇ।
ਲੇਹਿ ਖਾਲਸਾ ਰਾਜ ਤਿਹਾਰੋ।
ਪਛੁਤੈਹਹੁ[1] ਅਬਿ ਨਹੀਂ ਸੰਭਾਰੋ' ॥੪੫॥ [1]ਪਛਤਾਓਗੇ।
ਇੱਤਯਾਦਿਕ ਕਹਿਬੋ ਅਰੁ ਸੁਨਿਬੋ।
ਭਯੋ ਭਲੇ, ਤੱਦਯਪਿ ਨਹਿਂ ਮਨਿਬੋ[1]। [1]ਤਦ ਬੀ ਨਾ ਮੰਨੇ।
ਕਿਤਿਕ ਸਮੈਂ ਦਰਸ਼ਨ ਕੋ ਕਰਜੋ।
ਪੁਨ ਕਰ ਜੋਰਿ ਉਠਠਿ ਚਿਤ ਧਰਜੋ ॥੪੬॥

ਬੰਦਨ ਕਰਿ ਗਮਨੇ ਨਿਜ ਡੇਰੇ।
ਕਰਤਿ ਬਿਚਾਰਨਿ -ਬਚਨ ਬਡੇਰੇ।
ਰੰਗ ਅਜਾਇਬ ਕੀ ਕਰਿ ਬਾਤਿ[1]।
ਭਯੋ ਗੁਰੂ ਕੁਛ ਔਰੇ ਭਾਂਤਿ[1]- ॥੪੭॥

[1]ਭਾਵ, ਗੁਰੂ ਜੀ ਉਚੇ ਉਚੇ ਵਾਕ ਤੇ ਅਸਚਰਜ ਰੰਗ ਦੀਆਂ ਗਲਾਂ ਕਰਦੇ ਹਨ।

[1]ਹੋਰ ਹੀ ਤਰ੍ਹਾਂ ਦਾ ਗੁਰੂ ਦਾ (ਸੁਭਾਵ) ਹੋ ਗਿਆ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸੈਲ ਪਤਨ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋਂ ਅੰਸੂ ॥੧੩॥

## ੧੪. [ਮਸੰਦਾਂ ਦੇ ਖੋਟ। ਚੇਤੋ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਜਥਾ ਧਨੀ ਨਿਜ ਦਰਬ ਕੋ, ਸਾਧਨ ਸੋਧਨ ਕੀਨ[1]।

[1]ਇਧਰ ਉਧਰ) ਸੋਧ ਸਾਧ ਕਰਦਾ ਹੈ ਭਾਵ ਚੰਗੀ ਤਰ੍ਹਾਂ ਵਿਚਾਰਦਾ ਹੈ।

ਘਾਟ ਬਾਢ ਕੋ ਸਮੁਝਿ ਕੈ, ਕਹੂੰ ਲੀਨ ਕਹੂੰ ਦੀਨ ॥੧॥

ਚੌਪਈ:

ਤਜੋਂ ਕਲਗ਼ੀਧਰ ਲਗਹਿਂ ਸੰਭਾਰਨਿ।
ਸੰਗਤਿ ਚਹੁੰ ਦਿਸ਼ਿ ਕੀ ਜਿਸ ਪਾਰ ਨ[1]। [1]ਜਿਸ ਦਾ ਪਾਰ (ਅੰਤ) ਨਹੀਂ।
ਕਾਰਦਾਰ ਲਖਿ ਬਡੇ ਮਸੰਦ†। †ਪਾ:-ਬਡ ਲਗੇ ਮਸੰਦ।
ਇਨ ਪੀਛੇ ਸਗਰੇ ਸਿਖ ਬ੍ਰਿੰਦ ॥੨॥
ਲਿਖੇ ਹੁਕਮਨਾਮੇ ਸਭਿ ਥਾਨ।
'ਪੁਰਬ ਬਸੋਏ ਕੋ ਬਡ ਜਾਨਿ।
ਸਭਿ ਆਵਹਿਂ ਸਤਿਗੁਰ ਕੇ ਦਰਸ਼ਨ।
ਸੰਗ ਸੰਗਤਾਂ ਲੈ ਮਸੰਦ ਗਨ' ॥੩॥
ਦੇਸ਼ ਬਿਦੇਸ਼ਨਿ ਲਿਖੇ ਪਠਾਏ।
ਸਭਿਹਿਨਿ ਕੌ ਗੁਰ ਹੁਕਮ ਸੁਨਾਏ।
ਸੁਨਿ ਸਿੱਖਨ ਕੈ ਹਰਖ ਸੁ ਹੋਏ।
'ਗੁਰ ਦਰਸ਼ਹਿਂ ਜਬਿ ਦਿਵਸ ਬਸੋਏ' ॥੪॥
ਕਰਤਿ ਪ੍ਰਤੀਖਨਿ ਸੋ ਦਿਨ ਆਵਾ।
ਚਲਿਬੇ ਹਿਤ ਸਭਿ ਮਨ ਲਲਚਾਵਾ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ।
ਮਗ ਅਨੰਦਪੁਰਿ ਚਲੇ ਮਸੰਦ ॥੫॥
ਅਧਿਕ ਦਰਬ ਨਿਜ ਗ੍ਰਿਹਿ ਪਹੁੰਚਾਏ।
ਦੇਨਿ ਹੇਤੁ ਗੁਰ ਅਲਪ ਸੁ ਲਜਾਏ।
ਆਪਸ ਮਹਿਂ ਮਸੰਦ ਮਿਲਿ ਗਏ।
ਚੋਰ ਚੋਰ ਸਭਿ ਇਕਠੇ ਭਏ ॥੬॥
ਨਹੀਂ ਤ੍ਰਾਸ ਗੁਰ ਕੋ ਉਰ ਧਰੈਂ।
-ਹਮਰੇ ਬਿਨ ਬੈਠੇ ਕਯਾ ਕਰੈਂ[1]। [1]ਗੱਦੀ ਤੇ) ਬੈਠੇ ਸਾਡੇ ਬਿਨਾਂ (ਗੁਰੂ ਜੀ) ਕੀ ਕਰਨਗੇ।
ਦਰਬ ਸਕੇਲਹਿਂ ਹਮ ਫਿਰਿ ਸਾਰੇ।
ਅਰਪਹਿਂ ਗੁਰ ਕੇ ਜਾਇ ਅਗਾਰੇ-

॥੭॥
ਮੋਹ ਮਹਾਂ ਮਨ ਧਾਰ
ਜੋ ਭਰਮ[1]।
ਭਰਮ ਭਯੋ ਤਬਿ ਨਾਸ਼ਜੋ ਧਰਮ।
ਧਰਮ ਛੁਟੇ ਬੇਮੁਖ ਹੁਇ ਗਏ।
ਲੋਕ ਪ੍ਰਲੋਕ ਨਾਸ਼ ਸੁਖ ਕਏ[1] ॥੮॥
ਕਾਲ ਕਰਮ ਕੋ ਮੇਟ ਨ ਸਾਕੇ।
ਆਨ ਨਰਨਿ ਜਿਮ ਗੁਰ ਕੋ ਤਾਕੇ[1]।
ਅੰਤਰਯਾਮੀ ਨੇ ਸਭਿ ਜਾਨਜੋ।
-ਦਰਬ ਮਸੰਦਨਿ ਮਨ ਬਿਰਮਾਨਜੋਂ ॥੯॥
ਮਮ ਸੰਗਤਿ ਕੋ ਸੰਕਟ ਦੇਤਿ।
ਜਜੋਂ ਕਜੋਂ ਕਰਿ ਧਨ ਕੋ ਹਿਰਿ ਲੇਤਿ।
ਮੋ ਬਿਨ ਰੱਛਕ ਤਿਨਹੁੰ ਨ ਕੋਈ।
ਗਰਬ ਮਸੰਦਨਿ ਕੇ ਬਡ ਹੋਈ ॥੧੦॥
ਸਭਿ ਸੰਗਤਿ ਇਨ ਕੇ ਅਨੁਸਾਰੀ।
ਫੇਰ ਦੇਤਿ ਮਨ ਕੁਟਿਲ ਕੁਚਾਰੀ।
ਤਊ ਨ ਦੋਸ਼ ਸੰਗਤਾਂ ਕੇਰ।
ਏ ਮੂਰਖ ਲੋਭੀ ਧਨ ਹੇਰਿ ॥੧੧॥
ਬਾਕ ਕਰਜੋ ਸਪਤਮ ਪਤਿਸ਼ਾਹੂ।
'ਗੁਰ ਜਹਾਜ ਫੂਟਜੋ ਬਹੁ ਰਾਹੂ[1]।'
ਸੋ ਅਬਿ ਬਚਨ ਬਿਦਤ ਹੀ ਭਯੋ।
ਆਪ ਆਪ ਕੋ ਮਗ ਸਭਿ ਲਯੋ ॥੧੨॥
ਸਗਰੀ ਸੰਗਤਿ ਹਮਰੇ ਸ਼ਰਨੀ।
ਉਚਿਤ ਰੱਛ ਤਿਸ ਕੀ ਹਮ ਕਰਨੀ।
ਫੂਟਜੋ ਜਹਾਜ ਕਰੋਂ ਇਕ ਥਾਇੰ।
ਦੁਰਬੁੱਧਿਨਿ ਕੋ ਦੇਉਂ ਸਜ਼ਾਇ ॥੧੩॥
ਨਹੀਂ ਅਵਸਥਾ[1] ਮੇਰੀ ਜਾਨੈਂ।
ਜਿਮ ਚਾਹਤਿ ਤਿਮ ਕਰੈਂ, ਬਖਾਨੈਂ।
ਗੁਰ ਕੋ ਭੈ ਤਜਿ ਕਰਹਿਂ ਅਨਾਦਰ।
ਆਪ ਪੁਜਾਵਹਿਂ[1] ਸੰਗਤਿ ਸਾਦਰ- ॥੧੪॥

[1]ਮਹਾਂ ਮੋਹ ਧਾਰਕੇ (ਮਨ ਵਿਚ) ਭਰਮ ਧਾਰਿਆ।
[1]ਦੇ ਸੁਖ ਨਾਸ਼ ਹੋਏ।
[1]ਤੱਕਿਆ।
[1]ਬਹੁਤਿਆਂ ਥਾਵਾਂ ਤੋਂ।
[1]ਵਾਸਤਵ ਰੂਪ।
[1]ਆਪਣੀ ਪੂਜਾ ਕਰਾਉਂਦੇ ਹਨ।

ਇੱਤਯਾਦਿਕ ਗੁਰ ਬਹੁਤ ਬਿਚਾਰੈਂ।
-ਬਧੇ ਮਸੰਦਨਿ ਗਰਬ ਪ੍ਰਹਾਰੈਂ।
ਪਾਤਿਸ਼ਾਹ ਜਿਮ ਛੋਟਾ ਹੋਇ।
ਮੂਢ ਬਿਅਦਬੀ ਕਰਿ ਹੈਂ ਸੋਇ ॥੧੫॥
ਦਰਬ ਲੋਭ ਤੇ ਰਿਦੇ ਹੰਕਾਰੇ।
ਧਰਮ ਅਧਰਮ ਨ ਕਛੂ ਬਿਚਾਰੇਂ-।
ਚਿਤ ਚਿਤਵਤਿ ਨਿਤ ਸਤਿਗੁਰ ਪੂਰੇ।
-ਇਹ ਕਰਨੋ ਹੈ ਕਾਜ ਜ਼ਰੂਰੇ- ॥੧੬॥
ਦਿਵਸ ਬਸੋਏ ਕੋ ਤਬਿ ਆਯੋ।
ਪ੍ਰਭੁ ਵਹਿਰ ਦੀਵਾਨ ਲਗਾਯੋ।
ਸੁੰਦਰ ਬਹੁ ਬਿਧਿ ਫਰਸ਼ ਕਰਾਯਹੁ।
ਗਿਲਮ ਗ਼ਲੀਚੇ ਬਹੁਤ ਡਸਾਯਹੁ ॥੧੭॥
ਸ਼ਸਤ੍ਰ ਬਸਤ੍ਰ ਨਿਜ ਅੰਗ ਸਜਾਯਹੁ।
ਚਾਰੁ ਬਿਭੂਖਨ ਕੋ ਦਿਪਤਾਯਹੁ।
ਕੰਚਨ ਰੁਚਿਰ ਪ੍ਰਯੰਕ ਡਸਾਯਹੁ।
ਆਸਤਰਨ ਕੋਮਲ ਕਰਿ ਛਾਯਹੁ ॥੧੮॥
ਤਾਂ ਪੁਰ ਬੈਠੇ ਪ੍ਰਭੂ ਸੁਹਾਯਹੁ।
ਚਾਰੁ ਚਮਰ ਦਿਸ਼ਿ ਦੌਨ ਢੁਰਾਯਹੁ।
ਆਨਿ ਆਨਿ ਸੰਗਤ ਦਰਸਾਯਹੁ।
ਮਨ ਬਾਂਛਤਿ ਕੋ ਤਤਛਿਨ ਪਾਯਹੁ ॥੧੯॥
ਆਵਤਿ ਭਏ ਮਸੰਦ ਬਿਲੰਦ।
ਮਹਾਂ ਅਨੰਦਤਿ ਗਰਬਤਿ ਬ੍ਰਿੰਦ।
ਜਿਨ ਕੇ ਸੰਗ ਸੰਗਤਾਂ ਗਨ ਹੈਂ।
ਗੁਰ ਕੋ ਅਰਪਤਿ ਅਨਗਨ ਧਨ ਹੈਂ ॥੨੦॥
ਬਸਤ੍ਰ ਬਿਭੂਖਨ ਚਢੇ ਘਨੇਰੇ।
ਸਭਿ ਕੀ ਪੂਜਾ ਲੇ ਤਿਸ ਬੇਰੇ।
ਸਕਲ ਉਪਾਇਨ ਕਰਿ ਇਕ ਥਾਈਂ।
ਤਿਸ ਕੋ ਹੇਰਤਿ ਗੁਰ ਗੋਸਾਈਂ ॥੨੧॥

ਅਗਲੇ ਦਿਵਸ ਮਸੰਦ ਹਕਾਰੇ।
ਸਭਿ ਬਿਠਾਇ ਕਰਿ ਬਾਕ ਉਚਾਰੇ।
'ਤੁਮ ਸਗਰੇ ਮੇਰੇ ਹਿਤਕਾਰੀ।
ਮਮ ਸੰਗਤ ਤੁਮਰੇ ਅਨੁਸਾਰੀ ॥੨੨॥
ਦਰਬ ਚਢਯੋ ਮਮ ਆਗੈ ਥੋਰਾ।
ਕਹਹੁ ਕਵਨ ਬਿਧਿ ਕਿਨਹਿ ਬਹੋਰਾ[1]।
ਕਿਮ ਪੂਜਾ ਮਹਿਂ ਅਟਕ ਪਰੀ ਹੈ।
ਅਲਪ ਚਢੀ, ਨਹਿਂ ਸਮੁਝ ਪਰੀ ਹੈ ॥੨੩॥
ਕੋ ਕਾਰਨ ਭਾ ਇਸੇ ਮਝਾਰੀ?
ਬੂਝਤਿ ਹੌਂ ਇਹ ਨਿਕਟ ਤੁਮਾਰੀ।'
ਸੁਨਤਿ ਮਸੰਦਨ ਅਰਜ਼ ਗੁਜ਼ਾਰੀ।
ਮਿਲ ਕਰਿ ਜੇ ਸਭਿ ਹੁਤੇ ਅਗਾਰੀ ॥੨੪॥
'ਜੇ ਸਿੱਖ ਹੁਤੇ ਅਧਿਕ ਧਨਵੰਤੇ।
ਗੁਰ ਹਿਤ ਬਹੁ ਧਨ ਕੋ ਅਰਪੰਤੇ।
ਸੋ ਮਰਿ ਗਏ ਨਹੀਂ ਕੋ ਰਹਯੋ।
ਦੇਸ਼ ਬਿਦੇਸ਼ਨਿ ਹਮ ਹੂੰ ਲਹਯੋ ॥੨੫॥
ਅਬਿ ਗੁਰਸਿਖ ਗ਼ਰੀਬ ਜਗ ਮਾਂਹੀ।
ਕਰਹਿਂ ਜਤਨ ਕੋ ਦਰਬ ਨ ਪਾਹੀਂ।
ਤਿਨ ਪਰ ਆਪ ਕਰਹੁ ਅਬਿ ਕਰੁਨਾ।
ਸਫਲਹਿ ਤਿਨਹੁ ਜਤਨ ਕਾ ਕਰਨਾ ॥੨੬॥
ਧਨੀ ਹੋਇਂ ਤੌ ਬਹੁਤ ਚਢਾਵਹਿਂ।
ਸ਼ਕਤਿ ਤੁਮਾਰੀ ਤੇ ਧਨ ਪਾਵਹਿਂ।
ਕਰਹੁ ਨ ਕਰੁਨਾ, ਕਾਰਨ ਏਹੀ[1]।
ਪੂਜਾ ਅਲਪ ਸਿੱਖ ਇਮ ਦੇਹੀਂ' ॥੨੭॥
ਸੁਨਿ ਗੁਰ ਕਹਹਿਂ 'ਤਜਹੁ ਚਤੁਰਾਈ।
ਜਥਾ ਭੇਟ ਪੂਰਬ ਠਹਿਰਾਈ।
ਦੇਤਿ ਰਹੇ ਸੋਈ ਅਬਿ ਦੀਜੈ।
ਪੂਰਾ ਕਰਹੁ ਨ ਘਾਟਾ ਕੀਜੈ ॥੨੮॥

[1]ਕਿਸ ਨੇ ਰੋਕਿਆ ਹੈ (ਧਨ)।

[1]ਆਪ ਕ੍ਰਿਪਾ ਨਹੀਂ ਕਰਦੇ ਇਹੋ ਹੀ ਕਾਰਨ ਹੈ।

ਫਿਕਰ ਕਰੋ ਜੇਤਾ ਧਨ ਰਹਜੋ।
ਸੰਗਤਿ ਨਿਕਟ ਜੁ ਤੁਮ ਨੇ ਲਹਜੋ।
ਸੋ ਅਬਿ ਦੇਹੁ, ਲੋਭ ਨਹਿਂ ਧਾਰਹੁ।
ਕਹਜੋ ਹਮਾਰੋ ਦ੍ਰਿੜ੍ਹ ਬੀਚਾਰਹੁ' ॥੨੯॥
ਸੁਨਿ ਮਸੰਦ ਸਤਿਗੁਰ ਤੇ ਆਏ।
ਚਿਤਵਤਿ ਚਿੰਤਾ ਰਚਹਿਂ ਉਪਾਏ।
-ਕਿਸੀ ਗੁਰੂ ਨੇ ਇਮ ਨਹਿਂ ਕਹਜੋ।
ਜੇਤੋ ਦੇਤਿ ਤਿਤੋ ਹੀ ਲਹਜੋ- ॥੩੦॥
ਕਰਿ ਮਸਲਤ ਸਭਿ ਹੁਇ ਇਕ ਠਾਏ।
'ਚੇਤੋ ਮਹਾਂ ਮਸੰਦ ਸਦਾਏ।
ਹੁਤੋ ਮਸੰਦਨਿ ਕੋ ਅਗੁਵਾਈ।
ਲੇਨਿ ਦੇਨਿ ਕੀ ਬਹੁ ਬਡਿਆਈ ॥੩੧॥
ਤਿਸ ਗ੍ਰਿਹ ਸਭਿ ਮਸੰਦ ਚਲਿ ਗਏ।
ਨਿਜ ਨਿਜ ਭੇਟ ਅਰਪਤੇ ਭਏ।
ਪੁਨ ਗੁਰ ਕੀ ਗਾਥਾ ਸਮੁਝਾਈ।
'ਹਮ ਕੋ ਨਿਸ਼ਠੁਰ ਗਿਰਾ ਅਲਾਈ ॥੩੨॥
ਕਹੈਂ -ਦਰਬ ਕਹਿ ਦਿਹੁ ਅਬਿ ਪੂਰਾ।
ਸੰਗਤਿ ਅਰਪਜੋ ਥੋਰ ਹਦੂਰਾ-।
ਹਮ ਸਭਿ ਨੇ ਕਹਿ ਕੈ ਸਮੁਝਾਏ।
ਨਹਿਂ ਮਾਨਹਿਂ, ਕਹਿਂ[1] -ਦਿਹੁ ਧਨ ਲਜਾਏ- ॥੩੩॥
ਤੂੰ ਪਤਿ ਸਕਲ ਮਸੰਦਨਿ ਕੇਰੀ।
ਕਰਹੁ ਇਲਾਜ, ਬਨਹੁਂ ਇਸ ਬੇਰੀ[1]।
ਨਾਂਹਿ ਤ ਬਿਗਰ ਪਰੈਂ ਜਿਸ ਕਾਲਾ।
ਪੁਨਹਿ ਨ ਬਨਜੋ ਜਾਇ ਰਖਵਾਲਾ' ॥੩੪॥
ਸਰਬ ਮਸੰਦਨਿ ਤੇ ਸੁਨਿ ਚੇਤਾ।
ਆਸ੍ਵਾਸਨ ਕਰਿ ਧੀਰਜ ਦੇਤਾ[1]।

[1]ਕਹਿੰਦੇ ਹਨ ਗੁਰੂ ਜੀ।

[1]ਇਸ ਵੇਲੇ ਬਣੋ (ਪਤ ਸਾਰਿਆਂ ਦਾ ਭਾਵ ਪਤ ਰੱਖਣ ਵਾਲੇ ਬਣੋ)।

[1]ਦਿਲਾਸਾ ਦੇਕੇ ਧੀਰਜ ਦਿੰਦਾ ਹੈ।

'ਬਾਲਕ ਜੁਵਾ ਅਵਸਥਾ ਜੋਇ।
ਇਨ ਕੋ ਅਸ ਸੁਭਾਵ ਹੀ ਹੋਇ
॥੩੫॥
ਜੋ ਮਨ ਉਪਜੈ ਕਹਤਿ ਬਚਨ ਕੋ।
ਨਹੀਂ ਬਿਚਾਰਤਿ ਗੁਨ ਅਵਗੁਨ ਕੋ।
ਮੈਂ ਤੁਮਰੇ ਹਿਤ ਬਹੁ ਸਮੁਝਾਵਹੁਂ।
ਸਭਿਹਿਨਿ ਕੇ ਅਨੁਸਾਰਿ ਬਨਾਵਹੁਂ'
॥੩੬॥
ਸੁਨਿ ਮਸੰਦ ਸਗਰੇ ਹਰਖਾਏ।
ਪਾਇ ਦਿਲਾਸੇ ਕੋ ਸਮੁਦਾਏ।
ਅਗਲੇ ਦਿਨ ਚੇਤੋ ਚਲਿ ਗਯੋ।
ਕਰਿ ਬੰਦਨ ਕੋ ਬੈਠਤਿ ਭਯੋ ॥੩੭॥
ਸਤਿਗੁਰ ਸਾਹਿਬ ਸੋਂ ਤਬਿ ਕਹੀ।
'ਸਭਿ ਮਸੰਦ ਤੁਮ ਸੇਵਾ ਗਹੀ।
ਦੇਸ਼ ਬਿਦੇਸ਼ਨ ਤੇ ਧਨ ਲ੍ਯਾਵੈਂ।
ਆਪ ਅਗਾਰੀ ਇਹ ਅਰਪਾਵੈਂ ॥੩੮॥
ਇਨ ਕੋ ਭੀ ਸਭਿ ਬਿਧਿ ਕੱਲ੍ਯਾਨ।
ਬਖਸ਼ਤਿ ਹੋ ਤੁਮ ਖਾਨ ਰੁ ਪਾਨ।
ਇਨ ਪਰ ਕਰਤਿ ਰਹਹੁ ਨਿਜ ਕਰੁਨਾ।
ਬਖਸ਼ਹੁ ਸਦਾ ਰਾਖਿ ਕਰਿ ਸ਼ਰਨਾ
॥੩੯॥
ਸਰਬ ਗੁਰਨਿ ਕੇ ਆਗ੍ਯਾਕਾਰੀ।
ਕਰਤੇ ਰਹੇ ਸੇਵ ਕੋ ਭਾਰੀ।
ਅਬਿ ਰਾਵਰ ਕੇ ਸਭਿ ਅਨੁਸਾਰੀ।
ਜੋ ਆਨਹਿਂ ਸੋ ਦੇਹਿਂ ਅਗਾਰੀ'
॥੪੦॥
ਸੁਨਿ ਚੇਤੋ ਤੇ ਗੁਰ ਬਿਕਸਾਏ।
ਕਹਤਿ ਭਏ ਬਚ ਸਹਿਜ ਸੁਭਾਏ।
'ਸੁਨਿ ਭਾਈ ਚੇਤੋ! ਇਨ ਬਾਤਨਿ[1]।
ਤੂੰ ਮਸੰਦ ਹੈਂ ਬਡੋ ਪੁਰਾਤਨ ॥੪੧॥
ਮੋਹਿ ਮਸੰਦ ਕਰਹਿਂ ਬਿਰਮਾਵਨ।
ਇਸ ਬਿਧਿ ਮੁਖ ਤੇ ਕਰਹਿਂ ਬਤਾਵਨਿ।

[1]ਇਨ੍ਹਾਂ ਦੀਆਂ ਗਲਾਂ ਸੁਣ।

-ਧਨੀ ਸਿੱਖ ਸਗਰੇ ਮਰਿ ਗਏ।
ਜੋ ਗ਼ਰੀਬ ਅਬਿ ਜੀਵਤਿ ਭਏ ॥੪੨॥
ਪੂਰੀ ਕਾਰ ਨਹੀਂ ਕੋ ਦੇਤਿ।
ਸਭਿ ਤੇ ਅਲਪ ਜਾਇ ਹਮ ਲੇਤਿ-।
ਇਹ ਦੁਰਬਾਕ ਨ ਭਾਵਹਿਂ ਮੋਹੀ।
ਮਮ ਸੰਗਤਿ ਨਿਤ ਨਵਤਨ[1] ਹੋਹੀ ॥੪੩॥

[1]ਨਵੀਨ ਭਾਵ ਪ੍ਰਫੁੱਲਥ ਦਸ਼ਾ ਵਿਚ।

ਦਿਨ ਪ੍ਰਤਿ ਬਹੁ ਧਨਾਢ ਹੁਇ ਜੈ ਹੈਂ।
ਜਿਨ ਕੀ ਸਮਤਾ ਕੋਇ ਨ ਪੈ ਹੈ।
ਰਿਦੈ ਲੋਭ, ਬੋਲਹਿਂ ਦੁਰਬੈਨਾ।
-ਸੰਗਤਿ ਬਿਖੈ ਧਨੀ ਅਬਿ ਹੈ ਨਾ- ॥੪੪॥
ਦਰਬ ਲੋਭ ਨੇ ਮਹਾਂ ਦਬਾਏ।
ਕਾਰ ਗੁਰੂ ਕੀ ਥੋਰ ਲਿਆਏ।
ਧਨ ਪੂਜਾ ਕੋ ਬਹੁਰ ਚੁਰਾਯੋ।
ਮਤਿ ਹਤਿ ਹੋਇ, ਸੋ[1] ਇਨ ਖਾਯੋ ॥੪੫॥

[1]ਭਾਵ ਪੂਜਾ ਦਾ ਧਨ।

ਇਕ ਤੋ ਦੋਸ਼ ਚੁਰਾਵਨਿ ਕੇਰੋ।
ਦੁਤੀਏ ਕਰਜੋ ਤ੍ਰਾਸ ਨਹਿਂ ਮੇਰੋ।
ਕੂਰ ਬਾਰਤਾ ਕਰਹਿਂ ਸੁਨਾਵਨਿ।
ਯਾਂ ਤੇ ਲਖੀਯਤਿ ਇਨ ਕੇ ਭਾਵ ਨ[1]' ॥੪੬॥

[1]ਇਸ ਤੋਂ ਜਾਣੀਦਾ ਹੈ ਕਿ ਇਨ੍ਹਾਂ ਦੇ ਸ਼ੁਧਾ ਨਹੀਂ ਹੈ।

ਪੁਨ ਚੇਤੋ ਸਮੁਝਾਵਨਿ ਕਰੈ।
'ਸਭਿ ਮਸੰਦ ਰਾਵਰਿ ਅਨੁਸਰੈਂ।
ਇਨ ਕੋ ਦੇਹੁ ਅਬੈ ਬਡਿਆਈ।
ਜਯੋਂ ਸੰਗਤਿ ਮਾਨਹਿ ਸਮੁਦਾਈ ॥੪੭॥
ਬਹੁਰ ਦਰਬ ਕੋ ਲਯਾਇੰ ਘਨੇਰਾ।
ਖਰਚ ਸੰਭਾਰਹਿਂ ਗੁਰ ਗ੍ਰਿਹ ਕੇਰਾ।
ਨਹੀਂ ਅਨਾਦਰ ਤ੍ਰਾਸ ਦਿਖਾਵਹੁ[1]।
ਗੁਰ ਦਯਾਲ ਹ੍ਵੈ ਏਵ ਲਖਾਵਹੁ'

[1]ਅਨਾਦਰ ਤੇ ਡਰ ਨਾ ਦਿਖਾਵੋ।

॥੪੮॥
ਕਹ੍ਯੋ ਗੁਰੂ 'ਹਮ ਨੇ ਸਭਿ ਜਾਨੀ।
ਜਿਮ ਪੱਖੀ ਹ੍ਵੈ ਗਿਰਾ ਬਖਾਨੀ।
ਦੋਨਹੁੰ[1] ਦੋਸ਼ ਤੋਹਿ ਮੈਂ ਭਾਰੀ।
ਤਿਨ ਕੇ ਸਮ ਤੇਰੀ ਮਤਿ ਮਾਰੀ ॥੪੯॥
ਕਾਰ ਚੁਰਾਵਨਿ ਬੋਲਨਿ ਕੂਰ।
ਨ੍ਰਿਭੈ ਹੋਇ ਕਰਿ ਕਹਨਿ ਹਦੂਰ।'
ਸੁਨਤਿ ਦੁਖ੍ਯੋ ਚੇਤਾ ਚਿਤ ਮਾਂਹੀ।
ਸ੍ਵਾਮੀ ਮਹਿਂ ਨਿਸ਼ਚਾ ਉਰ ਨਾਂਹੀ[1] ॥੫੦॥
[1] 'ਬਾਲ ਬੈਸ ਕੀ ਬੁੱਧਿ ਨ ਧਰੀਅਹਿ।
ਹਮ ਸਮ ਕੋ ਇਨ ਨਹੀਂ ਉਚਰੀਅਹਿ।
ਸ੍ਰੀ ਗੁਰ ਰਾਮਦਾਸ ਤੇ ਆਦਿ।
ਰਹੇ ਮਸੰਦ ਕਰਤਿ ਮਿਰਜਾਦ ॥੫੧॥
ਮਨ ਭਾਵਤਿ ਲਜਾਵਤਿ ਅਰ ਖਰਚਹਿਂ।
ਸੰਗਤਿ ਸਗਰੀ ਤਿਨ ਕੌ ਅਰਚਹਿਂ।
ਅਬਿ ਲੌ ਨਹੀਂ ਆਪ ਨੇ ਜਾਨੀ।
ਧਰਹਿਂ ਧੀਰ ਸਭਿ ਲੇਹੁ ਪਛਾਨੀ' ॥੫੨॥
ਸੁਨਿ ਸਤਿਗੁਰ ਨੇ ਨਿਸ਼ਚੇ ਕਰੇ।
-ਧਨ ਤੇ ਅੰਧ ਮਹਾਂ ਮਦ ਭਰੇ।
ਸਰਬ ਗੁਰਨਿ ਕੇ ਆਗੇ ਏਹੀ।
ਦਰਬ ਚੁਰਾਵਤਿ ਸਦਾ ਰਹੇਹੀ ॥੫੩॥
ਮੁਝ ਕੋ ਬਾਲਿਕ ਬੁੱਧਿ ਪਛਾਨਤਿ।
ਸਤਿਗੁਰ ਭੇਦ ਨਹੀਂ ਮਨ ਮਾਨਤਿ।
ਉਚਿਤ ਸਜ਼ਾਇ ਮਹਾਂ ਅਪਰਾਧੀ।
ਸ਼ਰਧਾ ਕੀ ਨ ਸਾਧਨਾ ਸਾਧੀ[1]- ॥੫੪॥
ਇਮ ਵਿਚਾਰ ਕਰਿ ਤੁਸ਼ਨਿ ਧਾਰੀ।
ਅਪਰ ਪ੍ਰਸੰਗਨਿ ਬਾਤ ਉਚਾਰੀ।

[1]ਭਾਵ ਧਨ ਦਾ ਚੁਰਾਵਨਾ ਤੇ ਭੈ ਬਿਨਾਂ ਹੋਕੇ ਝੂਠ ਬੋਲਨਾ।

[1](ਚੇਤੋ ਦੇ) ਅੰਦਰ ਗੁਰੂ ਜੀ ਤੇ ਭਰੋਸਾ ਨਹੀਂ ਹੈ।

[1]ਮਸੰਦ ਕਹਿੰਦਾ ਹੈ।

[1]ਸ਼ਰਧਾ ਦੀ ਸਾਧਨਾ ਨਹੀਂ ਸਾਧੀ।

ਚਹਤਿ ਬਿਨਾਸ਼ਨ ਮੂਢ ਗੁਮਾਨੀ।
ਮਹਾਂ ਲੋਭ ਤੇ ਜਿਨ ਮਤਿ ਹਾਨੀ
॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਚਤੁਰਦਸ਼ਮੋਂ ਅੰਸੂ ॥੧੪॥

## ੧੫. [ਚੇਤੋ ਮਸੰਦ ਦਾ ਖੋਟ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਚਹੁੰਦਿਸ਼ਿ ਸੰਗਤਿ ਦੁਖੀ ਲਖਿ, -ਕੂਰ ਮਸੰਦ ਬਿਲੰਦ।
ਸ਼ਰਧਾ ਰਹਿਬੇ ਦੇਤਿ ਨਹਿਂ, ਲੇ ਧਨ ਤਾੜਤਿ ਮੰਦ† ॥੧॥ †ਪਾ:-ਤਾੜ ਬਿਲੰਦ।

ਚੌਪਈ:

ਅਨਿਕ ਪ੍ਰਕਾਰਨਿ ਕੇ ਸਿਖ ਮੇਰੇ।
ਘਾਟ ਬਾਢ ਕੋ ਨੀਚ ਉਚੇਰੇ।
ਕੇਚਿਤ ਨਿਰਧਨ ਕੋ ਧਨਵਾਨ।
ਕੋ ਪ੍ਰੇਮੀ, ਕੋ ਨੇਮੀ ਮਾਨ ॥੨॥
ਕੇਚਿਤ ਕੋਮਲ ਪਰਉਪਕਾਰੀ।
ਕੇਚਿਤ ਅਨਖੀ ਨਹਿਂ ਨ ਸਹਾਰੀ[1]। [1]ਜ਼ਰਾ ਜਿੰਨੀ ਗਲ ਨਹੀਂ ਸਹਾਰਦੇ।
ਕੇਚਿਤ ਮੂਰਖ, ਕੇਚਿਤ ਪੰਡਤ।
ਗੁਰਮੁਖ ਸਨਮੁਖ, ਪਰਮਤਿ ਖੰਡਤਿ[1] ॥੩॥ [1]ਕਈ) ਪਰਾਏ ਮਤਾਂ ਨੂੰ ਖੰਡਨ ਕਰਨ ਵਾਲੇ।
ਸ਼ਰਧਾ ਦ੍ਰਿੜ, ਅਨ† ਦ੍ਰਿੜ ਉਰ ਧਾਰੀ[1]‡। [1]ਕਈ) ਪੱਕੀ ਸ਼ਰਧਾ ਰਿਦੇ ਵਿਚ ਧਾਰਨ ਵਾਲੇ (ਤੇ ਕਈ) ਕੱਚੀ (ਸ਼ਰਧਾ ਵਾਲੇ ਹਨ)। †ਪਾ:-ਮਨ। ‡ਪਾ:-ਉਪਕਾਰੀ।
ਕੋ ਕਠੋਰ ਕੋ ਕਰਤਿ ਉਚਾਰੀ।
ਬਸੀ ਮਸੰਦਨਿ ਸੰਗਤਿ ਰਹੀ।
ਤੌਂ ਸਿੱਖੀ ਨਿਬਹੈ ਜਗ ਨਹੀਂ ॥੪॥
ਹਮ ਸ਼ਰੀਰ ਲਗਿ ਗੁਰੂ ਰਹੇ ਹੈਂ।
ਸੁਧਿ ਸੰਗਤਿ ਕੀ ਸਦਾ ਲਹੇ ਹੈਂ।
ਇਸ ਬਿਧਿ ਹਮਰੇ ਰਹੇ ਪਿਛਾਰੀ[1]। [1]ਜੇ ਇਸੇ ਤਰ੍ਹਾਂ ਰਹੇ ਸਾਡੇ ਪਿਛੋਂ।
ਨ੍ਰਿਭੈ ਹੋਇ ਦੁਖ ਦੇਂ ਪੁਨ ਭਾਰੀ ॥੫॥
ਇਨ ਤੇ ਸੰਗਤਿ ਸਰਬ ਛੁਰਾਵੈਂ।
ਦੇਂ ਸਿਖ ਕਾਰ ਆਪ ਹੀ ਆਵੈਂ[1]-। [1]ਆਪ ਹੀ ਆਕੇ ਸਿੱਖ ਕਾਰ ਦੇਵਨ।
ਇਮ ਚਿਤਵਤਿ ਬੀਤਯੋ ਕਿਤ ਕਾਲਾ।
ਸਦਾ ਸੰਗਤਾਂ ਆਇਂ ਬਿਸਾਲਾ ॥੬॥
ਬਡੀ ਮਾਤ ਅਰੁ ਗੁਜਰੀ ਪਾਸ।
ਚੇਤੋ ਆਦਿਕ ਕਹਿਂ ਅਰਦਾਸ।
'ਗੁਰ ਕੀ ਬੈਸ ਬਾਲ ਬੁਧਿ ਅਹੈ†। †ਚੇਤੋ ਨੇ ਕਿੰਨੀ ਵੇਰ ਸਤਿਗੁਰਾਂ ਨੂੰ ਬਾਲਕ ਕਿਹਾ ਹੈ, ਇਸ ਤੋਂ ਸ਼ੱਕ ਪੈਂਦਾ ਹੈ ਕਿ ਮਸੰਦਾਂ ਦਾ ਸੁਧਾਰ ਇਸ

ਤੋਂ ਪਹਿਲੋਂ ਹੋ ਚੁੱਕਾ ਹੈ, ਕਿਉਂਕਿ ਇਸ ਵੇਲੇ ਗੁਰੂ ਜੀ ਦੀ ਆਰਬਲਾ ਤ੍ਰੀਹਾਂ ਦੇ ਲਗਪਗ ਹੈ।

ਨਿਠੁਰ ਮਸੰਦਨਿ ਕੋ ਬਚ ਕਹੈਂ ॥੭॥
ਜਿਨ ਅਧੀਨ ਹੈ ਸੰਗਤਿ ਸਾਰੀ।
ਬਿਗਰਿ ਮਸੰਦ ਸੁ ਦੇਹਿਂ ਬਿਗਾਰੀ।
ਯਾਂ ਤੇ ਤੁਮ ਸੁਤ ਕੋ ਸਮੁਝਾਵਹੁ।
ਚਹੁੰ ਦਿਸ਼ਿਨਿ ਮਹਿਂ ਨਹਿਂ ਬਿਗਰਾਵਹੁ ॥੮॥
ਕਰਿਬੋ ਗੁਰੂ ਮਸੰਦਨ ਹਾਥ।
ਨਾਥ ਬਨਾਇ[1] ਨਿਵਾਵਹਿਂ ਮਾਥ।

[1]ਸ੍ਵਾਮੀ ਬਣਾਕੇ (ਗੁਰੂ ਜੀ ਨੂੰ)।

ਸੋਈ ਗੁਰੁ, ਪੂਜਹਿਂ ਤਿਸ ਆਇ।
ਗਨ ਮਸੰਦ ਜਿਹ ਸੀਸ ਨਿਵਾਇਂ ॥੯॥
ਪੂਰਬ ਗੁਰ ਨਹਿਂ ਕਿਨਹੁਂ ਬਿਗਾਰੇ।
ਰਹੇ ਮਸੰਦਨਿ ਕੇ ਅਨੁਸਾਰੇ।
ਜਿਸ ਕੋ ਚਾਹਤਿ ਰਹੇ ਪੁਜਾਵਤਿ।
ਸਭਿ ਗੁਰ ਬੰਸ ਗੁਰੂ ਕਹਿਲਾਵਤਿ ॥੧੦॥
ਇਹ ਰੁਖ਼ ਫਿਰੇ ਰਹਤਿ, ਨਹਿਂ ਮੇਲਹਿਂ।
ਦੇਨਿ ਲੇਨਿ ਹਿਤ ਨਹਿਂਨ ਸਕੇਲਹਿਂ[1]।

[1]ਏਹ (ਗੁਰੂ ਜੀ ਮਸੰਦਾਂ ਨਾਲ) ਰੁਖ ਫੇਰੀ ਰਖਦੇ ਹਨ, ਮਿਲਾਪ ਨਹੀਂ ਕਰਦੇ; (ਸਿਰੋਪਾ) ਦੇਣ (ਤੇ ਭੇਟਾ) ਲੈਣ ਵਾਸਤੇ (ਮਸੰਦਾਂ ਨੂੰ) ਇਕੱਤ੍ਰ ਨਹੀਂ ਕਰਦੇ। (ਅ) ਗਿਆਨੀ ਐਉਂ ਬੀ ਲਾਉਂਦੇ ਹਨ:-(ਜੇ) ਏਹ (ਮਸੰਦ) ਮੂੰਹ ਫੇਰੀ ਰੱਖਣਗੇ ਤਾਂ ਮੇਲੇ ਨਹੀਂ ਹੋਣਗੇ ਤੇ ਗੁਰੂ ਜੀ ਨੂੰ ਭੇਟਾ ਦੇਣ ਤੇ ਸਿਰੋਪਾ ਲੈਣ ਲਈ (ਸੰਗਤਾਂ) ਇਕੱਤ੍ਰ ਨਹੀਂ ਕਰਨਗੇ ਤਾਂ......।

ਕਿਮ ਨਿਰਬਾਹ ਹੋਇਗੋ ਐਸੇ?
ਰਹੈਂ ਮਸੰਦਨ ਸੋਂ ਅਬਿ ਜੈਸੇ[1]' ॥੧੧॥

[1]ਜੇ ਮਸੰਦਾਂ ਨਾਲ ਗੁਰੂ ਜੀ ਐਉਂ ਰਹੇ ਜਿਵੇਂ ਹੁਣ (ਰਹਿੰਦੇ ਹਨ)।

ਸੁਨਿ ਮਾਤਾ ਤਿਨ ਕੋ ਲਖਿ ਸਾਚੇ।
ਪੁੱਤ੍ਰ ਨਿਕਟ ਹੁਇ ਗਿਰਾ ਉਬਾਚੇ।
'ਚਹੁੰ ਦਿਸ਼ ਮਹਿਂ ਸਿਖ ਸੇਵਕ ਬ੍ਰਿੰਦ।
ਕੋ ਸਮੀਪ ਕੋ ਦੂਰ ਬਿਲੰਦ ॥੧੨॥
ਕੋ ਪ੍ਰੇਮੀ ਦਰਸ਼ਨ ਹਿਤ ਆਵੈ[1]।

[1]ਕੋਈ (ਕੋਈ) ਪ੍ਰੇਮੀ ਦਰਸ਼ਨ ਵਾਸਤੇ ਆਂਵਦਾ ਹੈ।

ਨਾਤੁਰੁ ਕਾਰ ਜੁ ਗੁਰ ਅਰਪਾਵੈਂ[1]।

[1]ਨਹੀਂ ਤਾਂ ਜੇਹੜੀ ਕਾਰ (ਸਿੱਖ ਦੂਰ ਦੇ) ਗੁਰੂ ਜੀ ਨੂੰ ਅਰਪਦੇ ਹਨ।

ਸੋ ਸਭਿ ਸੰਚਯ ਕਰਹਿਂ ਮਸੰਦ।
ਦੇਸ਼ ਬਿਦੇਸ਼ਨ ਦੂਰ ਬਿਲੰਦ ॥੧੩॥
ਅਪਨੋ ਖਾਨ ਪਾਨ ਭੀ ਕਰੈਂ।
ਅਪਰ ਲਜਾਇ ਤੁਮ ਆਗੈ ਧਰੈਂ।
ਇਹ ਕਦੀਮ ਗੁਰ ਘਰ ਕੀ ਰੀਤਿ।
ਕਰਹੁ ਆਪ ਭੀ ਇਸ ਮਹੁੰ ਪ੍ਰੀਤਿ’ ॥੧੪॥
ਸ੍ਰੀ ਗੁਰ ਭਨਜੋਂ ‘ਸੰਗਤਾਂ ਮੇਰੀ।
ਕੀਨਿ ਮਸੰਦਨਿ ਦੁਖੀ ਘਨੇਰੀ।
ਇਹ ਗਤਿ ਮੋ ਤੇ ਸਹਜੋ ਨ ਜਾਇ।
ਨਿਸ ਬਾਸੁਰ ਸਿਖ ਗੁਰੂ ਧਿਆਇਂ’ ॥੧੫॥
ਇਸ ਪ੍ਰਕਾਰ ਮਾਤਾ ਬਹੁ ਬਾਰੀ।
ਹੇਤੁ ਮਸੰਦਨਿ ਕਰਹਿ ਉਚਾਰੀ।
ਕੇਤਿਕ ਸਮਾ ਬਿਤਾਵਨਿ ਕੀਨਾ।
ਆਵਹਿ ਸੰਗਤਿ ਨੀਤ ਨਵੀਨਾ ॥੧੬॥
ਜਿਸ ਤੇ ਚੇਤੋ ਲੇਤਿ ਅਕੋਰ।
ਸੋ ਸਿਖ ਆਯਹੁ ਦਰਸ਼ਨ ਲੋਰਿ।
ਆਗੇ ਸੁੰਦਰ ਭੇਟ ਪਠਾਈ।
ਪੁਨ ਆਯੋ ਗੁਰ ਦੇਖਨਿ ਤਾਂਈ ॥੧੭॥
ਇਕ ਚੂਰਾ ਗੈਂਡੇ[1] ਕੋ ਬਨਜੋ।

[1]ਗੈਂਡੇ (ਦੇ ਚੰਮ) ਦਾ ਚੂੜਾ। ਗੈਂਡਾ ਇਕ ਵੱਡਾ ਪਸ਼ੂ ਹੈ ਜਿਸ ਦੇ ਨੱਕ ਪੁਰ ਸਿੰਗ ਹੁੰਦਾ ਹੈ। ਇਸ ਦਾ ਚਮੜਾ ਡਾਢਾ ਸਖਤ ਹੁੰਦਾ ਹੈ, ਢਾਲਾਂ ਇਸੇ ਦੀਆਂ ਬਣਦੀਆਂ ਸਨ। ਕਈ ਵੇਰ ਸੋਟੀਆਂ ਤੇ ਹੋਰ ਕੀਮਤੀ ਚੀਜ਼ਾਂ ਸੋਨੇ ਦੀ ਜੜਤ ਵਾਲੀਆਂ ਬੀ ਇਸ ਤੋਂ ਬਣਾਉਂਦੇ ਹਨ। ਹਿੰਦੂ ਇਸ ਦੇ ਚਮੜੇ ਨੂੰ ਪਵਿੱਤ੍ਰ ਮੰਨਦੇ ਹਨ।

ਜਰਜੋ ਜਰਾਉ ਸੁ ਹੀਰਨਿ ਸਨਜੋ।
ਅਦਭੁਤ ਸੁੰਦਰ ਅਧਿਕ ਸੁਹਾਯੋ।
ਕਿਸ ਕਾਰਨ ਸਿਖ ਕੇ ਕਰ ਆਯੋ ॥੧੮॥
ਬਸਤੁ ਅਮੋਲਕ ਮਹਾਂ ਜਰਾਉ।
ਨਿਰਧਨ ਸਿਖ ਲੇ ਕੀਨਿ ਦੁਰਾਉ।

ਤੁਰਕ ਨਹੀਂ ਕੋ ਬਲ ਕਰਿ ਲੇਈ।
ਇਸ ਕਾਰਨ ਤੇ ਨਹੀਂ ਦਿਖੇਈ ॥੧੯॥
ਦੁਰਜੋ ਦੁਰਜੋ ਬੇਚਨ ਕੋ ਚਹਜੋ[1]।
ਬਿਕਜੋ ਨ ਕਿਤ, ਨਹਿਂ ਧਨ ਕੋ ਲਹਜੋ।
ਚਿਰੰਕਾਲ ਕੋ ਘਰ ਮੈਂ ਧਰਜੋ।
ਏਕ ਦਿਵਸ ਸਿਖ ਰਿਦੈ ਬਿਚਰਜੋ ॥੨੦॥
-ਇਹ ਗੁਰ ਘਰ ਕੇ ਲਾਇਕ ਅਹੈ।
ਅਪਰ ਥਾਨ ਨਹਿਂ ਉਚਿਤਾ ਲਹੈ-।
ਤਬਿ ਮਸੰਦ ਚੇਤੋ ਤਹਿਂ ਗਯੋ।
ਉਗਰਾਹਤਿ ਗੁਰ ਕਾ ਰਸੁ ਭਯੋ ॥੨੧॥
ਸਿਖ ਨੇ ਗੁਰ ਮਸੰਦ ਕੋ ਜਾਨਿ।
ਸੋ ਚੂਰਾ ਦੀਨਸਿ ਇਸ ਪਾਨ।
ਕਹਜੋ ਕਿ 'ਗੁਰ ਕੀ ਮਾਤਾ ਹਾਥ[1]।
ਤਿਨ ਹਿਤ ਦੀਨਿ ਪ੍ਰੇਮ ਕੇ ਸਾਥ ॥੨੨॥
ਮਮ ਦਿਸ਼ਿ ਤੇ ਬੰਦਨ ਕਰਿ ਨੀਕੇ।
ਅਰਪਹੁ ਸ਼੍ਰੀ ਗੁਰ ਚਰਨ ਨਜੀਕੇ।'
ਅਪਰ ਕਾਰ ਧਨ ਗਨ ਕੋ ਲੈ ਕੈ।
ਅਰੁ ਚੂਰਾ ਲੀਨਸਿ ਹਰਖੈ ਕੈ ॥੨੩॥
ਆਨਿ ਅਨੰਦਪੁਰਿ ਬਿਖੈ ਪ੍ਰਵੇਸ਼ਾ।
ਨਿਜ ਘਰਿ ਮਹਿਂ ਬਸਿ ਨਿਸਾ ਅਸ਼ੇਸ਼ਾ।
ਨਿਜ ਇਸਤ੍ਰੀ ਕੋ ਤਬਹਿ ਦਿਖਾਯੋ।
ਦੇਖਤਿ ਹੀ ਤਿਹ ਚਿਤ ਬਿਰਮਾਯੋ ॥੨੪॥
'ਇਹ ਚੂਰਾ ਮੁਝ ਕੋ ਪਤਿ! ਦੀਜੈ।
ਮਹਾਂ ਅਮੋਲਕ ਰੁਚਿਰ ਲਖੀਜੈ।'
ਤਿਯ ਕੇ ਕਹੇ ਗਈ ਮਤਿ ਮਾਰੀ।
ਪਹਿਰਾਇਸੁ ਤਿਹ ਹਾਥ ਮਝਾਰੀ ॥੨੫॥
ਕੁਛ ਧਨ ਲੇ ਨਿਜ ਘਰਿ ਮਹਿਂ ਰਾਖਾ।

[1]ਚੋਰੀ ਚੋਰੀ ਵੇਚਣਾ ਚਾਹਿਆ।

[1]ਹੱਥ ਵਿਚ (ਪਹਿਨਣ ਵਾਸਤੇ)।

ਹੋਤਿ ਪ੍ਰਾਤਿ ਗੁਰ ਦਰਸੁ ਭਿਲਾਖਾ।
ਦੀਨਸਿ ਕਾਰ ਖਜ਼ਾਨੇ ਪਾਇ।
ਰਹਜੋ ਸਮੀਪ ਬਹੁਰ ਤਿਸ ਭਾਇ
॥੨੬॥
ਜਿਸ ਸਿਖ ਨੇ ਚੂਰਾ ਕਰ ਦੀਨ।
ਸੋ ਆਯੋ ਦਰਸ਼ਨ ਇਛ ਕੀਨਿ।
ਪ੍ਰਥਮ ਮਿਲਜੋ ਚੇਤੋ ਕੇ ਸਾਥ।
ਬੂਝਨਿ ਕੀਨਿ ਭੇਟ ਕੀ ਗਾਥ ॥੨੭॥
'ਗੁਰ ਢਿਗ ਕਰੀ ਕਿ ਨਹੀਂ ਪੁਚਾਵਨਿ।
ਮੈਂ ਜੋ ਦਯੋ ਧਾਰਿ ਮਨ ਭਾਵਨਿ।'
ਸੁਨਿ ਚੇਤੋ ਕਹਜੋ 'ਤੈਂ ਜੋ ਦੀਨਿ।
ਸੋ ਮੈਂ ਗੁਰੂ ਅਰਪਬੋ ਕੀਨ ॥੨੮॥
ਬਹੁਤ ਖੁਸ਼ੀ ਗੁਰ ਕੀ ਤਬਿ ਹੋਈ।
ਸੁਖ ਭੋਗਹੁ ਨਹਿਂ ਸੰਸੈ ਕੋਈ।'
ਕੂਰ ਕਹਜੋ ਮੂਰਖ ਨੇ ਜਬੈ।
ਚਿੰਤਾ ਬਜਾਪੀ ਚਿਤ ਅਤਿ ਤਬੈ
॥੨੯॥
-ਅਸ ਚੂਰਾ ਬਹੁਮੋਲਾ ਸੁੰਦਰ।
ਅਪਰ ਨਹੀਂ ਸਿੱਖੀ ਕੇ ਅੰਦਰ।
ਸਤਿਗੁਰ ਨਿਕਟ ਜਾਇ ਮਤ ਕਹੈ।
ਤੌ ਮਮ ਭੇਤ ਸਕਲ ਜਨ ਲਹੈਂ[1] [1]ਸਾਰੇ ਲੋਕੀ ਜਾਣ ਲੈਣਗੇ।
॥੩੦॥
ਯਾਂ ਤੇ ਜਤਨ ਕਰਹੁਂ ਅਬਿ ਐਸੇ।
ਇਹ ਸਿਖ ਗੁਰ ਢਿਗ ਜਾਇ ਨ ਜੈਸੇ-।
ਮਿਲਜੋ ਸੁ ਦ੍ਵਾਰਪਾਲ ਸੰਗ ਜਾਇ।
ਕਛੁਕ ਦਰਬ ਦੇ ਕਹਜੋ ਸੁਨਾਇ
॥੩੧॥
'ਇਹ ਸਿਖ ਅੰਤਰ ਪ੍ਰਵਿਸ਼ਹਿ ਨਾਂਹੀ।
ਦੇਖਿ ਰਖਹੁ ਸਿਮਰਹੁ ਮਨ ਮਾਂਹੀ[1]। [1]ਭਾਵ ਯਾਦ ਰੱਖਣਾ।
ਇਹ ਸਤਿਗੁਰ ਕੋ ਜਾਇ ਅਕਾਵੈ।
ਮਤਿ ਹੀਨਾ ਮਾਂਗਨਿ ਚਲਿ ਆਵੈ
॥੩੨॥

ਅੱਗਜਾਨੀ ਜਾਨਤਿ ਕੁਛ ਨਾਂਹੀ।
ਨਹਿਂ ਚੁਪ ਰਹਿਤ ਗੁਰੂ ਕੇ ਪਾਹੀ।
ਨਹਿਂ ਕਿਸ ਕਾਲ ਪ੍ਰਵੇਸ਼ਨਿ ਦੀਜੈ।
ਦ੍ਰਿਸ਼ਟ ਬਿਖੈ ਇਸ ਕੋ ਰਖਿ ਲੀਜੈ'
॥੩੩॥
ਇਸ ਪ੍ਰਕਾਰ ਬਹੁ ਕਰਿ ਤਕਰਾਈ।
ਚੇਤੋ ਚਿਤ ਮੇਟੀ ਦੁਚਿਤਾਈ।
ਦੇਖਿ ਸਮੋਂ ਸਿਖ ਜਾਵਨਿ ਲਾਗਜੋ।
ਦ੍ਵਾਰਪਾਲ ਹਟਕਤਿ ਤਿਹ ਆਗਜੋ[1]
॥੩੪॥
ਚੇਤੋ ਸਾਥ ਮਿਲਜੋ ਬਚ ਮਾਨੇ।
ਸਿਖ ਕੋ ਅੰਤਰ ਦੇਇ ਨ ਜਾਨੇ।
ਇਕ ਦੁਇ ਦਿਨ ਸਿਖ ਫਿਰਿ ਫਿਰਿ
ਗਯੋ।
ਨਹੀਂ ਗੁਰੂ ਕੋ ਦਰਸ਼ਨ ਭਯੋ ॥੩੫॥
ਅਤਿ ਮੁਰਝਾਇ ਬਿਸੂਰਤ ਉਰ ਮੈਂ।
-ਦਰਸ਼ਨ ਹਿਤ ਮੈਂ ਆਨੰਦਪੁਰਿ ਮੈਂ।
ਚਲਿ ਆਯੋ ਕਰਿ ਪ੍ਰੇਮ ਬਿਸਾਲਾ।
ਕੋ ਕਾਰਨ ਭਾ ਮੁਝ ਕੋ ਟਾਲਾ ॥੩੬॥
ਅਪਰ ਸਿੱਖ ਗਨ ਦਰਸ਼ਨ ਪਾਵਹਿਂ।
ਇਕ ਆਵਹਿਂ ਇਕ ਚਲਿ ਪੁਨ
ਜਾਵਹਿਂ।
ਗੁਰ ਸਰਬੱਗਜ ਅਵੱਗਜਾ ਮੇਰੀ।
ਬਰਜਜੋ ਦਰਸ਼ਨ ਤੇ ਕੋ ਹੇਰੀ[1]-
॥੩੭॥
ਰਿਦੈ ਬਿਚਾਰਤਿ ਆਰਤ[1] ਹੋਵਤਿ।
ਨਿਜ ਮਹਿਂ ਦੋਸ਼ ਨਹੀਂ ਕੋ ਜੋਵਤਿ।
ਜਹਿਂ ਬੈਠਜੋ ਤਹਿਂ ਬੈਠਜੋ ਰਹੈ।
ਜਿਤ ਦੇਖਤਿ, ਦੇਖਤਿ ਨਹਿਂ ਲਹੈ[1]
॥੩੮॥
ਹੁਇ ਦਿਲਗੀਰ ਵਹਿਰ ਕੋ ਗਯੋ।

[1]ਅੱਗੋਂ।

[1]ਕੇਹੜੀ ਵੇਖਕੇ (ਅਵੱਗਜਾ)।

[1]ਦੁਖੀ।

[1]ਜਿੱਧਰ ਦੇਖਦਾ ਹੈ ਦੇਖਦਿਆਂ ਨਹੀਂ ਜਾਣਦਾ (ਕਿ ਕੀ ਵੇਖਦਾ ਹਾਂ)।

ਇਕ ਤਰੁ ਤਰੇ ਜਾਇ ਥਿਤ ਭਯੋ।
ਚਿਤਵਤਿ ਗੁਰ ਮੂਰਤਿ ਚਿਤ ਮਾਂਹੀ।
ਪ੍ਰਾਪਤਿ ਭਯੋ ਸ਼ਾਂਤਿ ਕੋ ਨਾਂਹੀ ॥੩੯॥
ਗਿਨਤੀ ਗਿਨਤਜੋ ਬਿਨਤੀ ਭਨੈ।
'ਹੇ ਪ੍ਰਭੁ! ਆਪ ਕ੍ਰਿਪਾ ਕੇ ਸਨੈ।
ਅੰਤਰਜਾਮੀ ਜਾਨਹੁ ਸਾਰੇ।
ਜੇ ਅਵਗਨ ਮਮ ਬਡੋ ਚਿਤਾਰੇ ॥੪੦॥
ਮੁਝ ਕੋ ਸੁਧ[1] ਕਿਸ ਬਿਧਿ ਕਰਿ ਦੇਵੈਂ।
ਦਾਸ ਆਪਨੋ ਉਰ ਲਖਿ ਲੇਵੈਂ।'
ਇੱਤਜ਼ਾਦਿਕ ਮਨ ਤੇ ਕਰਿ ਬਿਨਤੀ।
ਚਰਨ ਕਮਲ ਚਿਤਵਤਿ ਅਤਿ ਗਿਨਤੀ ॥੪੧॥
ਦਾਸ ਰਿਦੇ ਕੀ ਸਭਿ ਬਿਧਿ ਜਾਨੀ।
ਖੋਟ ਮਸੰਦਨ ਜੇ ਮਨ ਮਾਨੀ[1]।
ਤਾਤਕਾਲ ਇਕ ਸਿੱਖ ਪਠਾਯੋ।
ਤਿਸ ਤਰੁ ਕੇ ਤਰ, ਪਤੋ ਬਤਾਯੋ[1] ॥੪੨॥
ਜਾਇ ਬਿਲੋਕਜੋ ਬੈਠਜੋ ਤਹਾਂ।
ਬਦਨ ਮਲੀਨ ਦੀਨ ਮਨ ਮਹਾਂ।
'ਚਲਹੁ ਬੁਲਾਵਹਿਂ ਸਤਿਗੁਰ ਤੋਹੀ।
ਕੋ ਜਾਨੈ ਕੋ ਕਾਰਜ ਹੋਹੀ' ॥੪੩॥
ਸੁਨਿ ਹਰਖਜੋ ਉਠਿ ਸੰਗ ਸਿਧਾਰਾ।
ਚਲਿ ਆਯੋ ਸਤਿਗੁਰ ਕੇ ਦ੍ਵਾਰਾ।
ਦ੍ਵਾਰਪਾਲ ਕਹਿ 'ਜਾਨ ਨ ਪਾਵਹਿ।'
ਸਿਖ ਕਹਿ 'ਸਾਹਿਬ ਆਪ ਬੁਲਾਵਹਿਂ' ॥੪੪॥
ਅੰਤਰ ਜਾਇ ਪ੍ਰਵੇਸ਼ਤਿ ਭਯੋ।
ਅੰਤ ਮਸੰਦਨ ਕੋ ਜਨੁ ਅਯੋ।
ਕੂਰਨ ਕੋ ਕਿਦਾਰ ਜਨੁ ਹਰਜੋ[1]।
ਕਰਕਾ ਗਨ ਸਿਖ ਆਵਨ ਕਰਜੋ[1] ॥੪੫॥

[1]ਖਬਰ। (ਅ) ਮਨ ਨੂੰ ਸ਼ੁਧ ਕਰ ਦਿਹੋ।

[1]ਮਨ ਦੇ ਜੋ ਹੰਕਾਰੀ ਹਨ (ਮਸੰਦ)।

[1]ਤਿਸ ਬ੍ਰਿੱਛ ਦੇ ਹੇਠ ਦਾ ਪਤਾ ਦੱਸਿਆ (ਦਾਸ ਨੂੰ)।

[1]ਮਾਨੋ ਝੂਠਿਆਂ ਦਾ ਖੇਤ ਹਰਿਆ ਸੀ।

[1]ਮਾਨੋਂ ਗੜਿਆਂ ਦਾ ਬਦਲ ਰੂਪੀ ਸਿੱਖ (ਹਰਾ ਖੇਤ ਨਾਸ਼ ਕਰਨ ਨੂੰ) ਆਇਆ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥੧੫॥

## ੧੬. [ਚੇਤੋ ਮਸੰਦ ਦਾ ਖੋਟ। ਸਜ਼ਾ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਸਿੱਖ ਪ੍ਰਵੇਸ਼ਜੋ ਅੰਤਰੇ, ਪ੍ਰੇਮ ਨਿਰੰਤਰ ਧਾਰਿ।
ਕਲਗ਼ੀਧਰ ਦਰਸਜੋ ਤਬਹਿ, ਲਖਿ ਸਭ ਜਗ[1] ਕਰਤਾਰ ॥੧॥ [1]ਜਗਤ ਦਾ।

ਚੌਪਈ:

-ਪਾਰਬ੍ਰਹਮ ਕੀ ਮੂਰਤਿ ਜੋਤਿ-।
ਲਖਿ ਕਰਿ[1] ਸਿਖ ਕੇ ਪ੍ਰੇਮ ਉਦੋਤ। [1]ਪਾਰਬ੍ਰਹਮ ਦੀ ਜਯੋਤ ਹੀ (ਇਹ) ਮੂਰਤ ਹੈ ਐਸਾ ਲਖਕੇ।
ਪਰਜੋ ਚਰਨ ਪਰ ਬੰਦਨ ਕੀਨਿ।
ਪੁਨ ਸਨਮੁਖ ਬੈਠਜੋ ਸੁਖ ਲੀਨ ॥੨॥
ਕ੍ਰਿਪਾ ਧਾਰਿ ਗੁਰ ਮ੍ਰਿਦੁਲ ਅਲਾਯੋ।
'ਹੇ ਪ੍ਰਿਯ ਸਿਖ! ਹਮ ਹਿਤ ਕਯਾ ਲਯਾਯੋ?'
ਸੁਨਤਿ ਹਾਥ ਜੋਰੇ ਤਬਿ ਕਹਜੋ।
'ਅਦਭੁਤ ਚੂਰਾ[1] ਮੈਂ ਕਿਤ ਲਹਜੋ[2] ॥੩॥ [1]ਚੂੜਾ। [2]ਵੇਖਿਆ ਸੀ।
ਲਾਯਕ ਜਾਨਿ ਆਪ ਕੇ ਘਰ ਕੀ।
ਪ੍ਰਥਮ ਪਠਜੋ ਮੈਂ, ਪ੍ਰੀਤੀ ਉਰ ਕੀ।
ਗੁਰ ਕੁਦਰਤਿ ਤੇ[1] ਮਮ ਕਰ ਆਯੋ। [1]ਭਾਵ ਆਪਦੀ ਸ਼ਕਤੀ ਕਰਕੇ।
ਰੁਚਿਰ ਜਰਾਉ ਜਰਜੋ ਦਿਪਤਾਯੋ ॥੪॥
ਜਬਰ ਜਵਾਹਰ ਜਿਸ ਪਰ ਜਰੇ।
ਕਿਸ ਕਾਰੀਗਰ ਨੇ ਸ਼ੁਭ ਕਰੇ।
ਅਬਿ ਮਨ ਦਰਸ਼ਨ ਕੋ ਲਲਚਾਵਾ।
ਰਹਜੋ ਨ ਗਯੋ ਆਪ ਚਲਿ ਆਵਾ' ॥੫॥
ਸ਼੍ਰੀ ਗੁਰ ਕਹਜੋ 'ਨ ਹਮ ਨੇ ਹੇਰਾ।
ਹੁਤੋ ਬਿਭੂਖਨ ਪਠਜੋ ਜੁ ਤੇਰਾ।
ਕਿਸ ਕੋ ਦਯੋ? ਬਤਾਵਨਿ ਕਰੀਐ।
ਨਹੀਂ ਦੁਰਾਵਨ ਤਿਸਹਿ ਬਿਚਰੀਅਹਿ[1]' ॥੬॥ [1]ਉਸਦਾ (ਨਾਮ) ਲੁਕਾਉਣ ਦੀ ਨਾ ਸੋਚ ਕਰਨੀ।
[1] 'ਮਹਾਂਰਾਜ ਜੀ! ਮਹਾਂ ਮਸੰਦ। [1]ਸਿਖ ਨੇ ਕਿਹਾ।

ਜੋ ਗੁਰ ਕਾਰ ਲੇਤਿ ਹੈ ਬ੍ਰਿੰਦ।
ਚੇਤੋ ਨਾਮ ਮੋਟ ਤਨ ਜਾਂਹੀ।
ਮੈਂ ਸੰਭਾਰ ਦੀਨਸਿ ਤਿਸ ਪਾਂਹੀ ॥੭॥
ਲੇ ਸੰਗਤਿ ਤੇ ਬ੍ਰਿੰਦ ਅਕੋਰ।
ਗ੍ਰਹਣ ਕਰੇ ਆਯੋ ਤੁਮ ਓਰ।'
[1]ਜਿਮ ਨਹਿਂ ਜਾਨਹਿਂ ਸਭਿ ਕਿਛ ਜਾਨਿ।
ਸਿਖ ਭੇਜਯੋ 'ਚੇਤੋ ਇਤ ਆਨ'
॥੮॥
ਬੈਠਯੋ ਹੁਤੋ ਨਿਕੇਤ ਮਝਾਰੇ।
ਕਹਯੋ 'ਚਲਹੁ ਸਤਿਗੁਰੂ ਹਕਾਰੇ।'
ਸੁਨਤਿ ਸਚਿੰਤ ਉਠਯੋ ਤਤਕਾਲਾ।
ਸਿਖ ਕੇ ਸੰਗ ਗੁਰੂ ਢਿਗ ਚਾਲਾ ॥੯॥
ਜਾਇ ਪ੍ਰਭੂ ਕੇ ਖਰੋ ਅਗਾਰੀ।
ਗੁਰ ਆਸ਼ਯ ਲਖਿ ਸਿੱਖ ਉਚਾਰੀ।
'ਸੁਨਿ ਭਾਈ! ਮੈਂ ਚੂਰਾ ਦੀਨਾ।
ਗੁਰ ਘਰ ਹਿਤ ਸਮੁਝਾਵਨ ਕੀਨਾ
॥੧੦॥
ਆਨਯੋ ਗੁਰੂ ਕਾਰ ਕੇ ਸਾਥ।
ਅਰਪਨ ਕਰਯੋ ਕਿ ਨਹਿਂ ਢਿਗ ਨਾਥ?
ਇਨਹਿਂ ਨਿਹਾਰਨਿ ਕਯੋਂਹੁ ਨ ਕੀਨਾ[1]?
ਸੋ ਤੈਂ ਆਨਿ ਕਹਹੁ ਕਿਸ ਦੀਨਾ?
॥੧੧॥
ਕਿਸ ਕਾਰਨ ਤੇ ਦਯੋ ਜਿ ਨਹਿਂ ਤਬਿ?
ਆਨ ਅਰਪਨਾ ਕਰੀਅਹਿ ਸੋ ਅਬਿ।'
ਗੁਰ ਮਾਯਾ ਚੇਤੋ ਬਿਰਮਾਯੋ।
ਲੋਭ ਲਹਿਰ ਮਹਿਂ ਗ਼ੋਤਾ ਖਾਯੋ ॥੧੨॥
ਜਿਸ ਨੇ[1] ਬਡੇ ਬਡੇ ਡਹਿਕਾਏ।
ਕਯਾ ਬਪੁਰਾ ਚੇਤੋ ਠਹਿਰਾਏ।
ਨਟ ਕਰਿ[1] ਕਹਨਿ ਲਗਯੋ ਮੁਖ ਕੂਰ।
'ਮੂਰਖ! ਕਰਹਿ ਨ ਤ੍ਰਾਸ ਹਜ਼ੂਰ?

[1]ਸਭ ਕੁਛ ਜਾਣਨਹਾਰ (ਗੁਰੂ ਜੀ ਨੇ ਐਉਂ ਕਿ ਮਾਨੋਂ) ਨਹੀਂ ਜਾਣਦੇ (ਇਕ) ਸਿੱਖ ਘੱਲਿਆ ਕਿ ਚੇਤੋ ਨੂੰ ਲਿਆਓ ਏਧਰ।

[1]ਇਨ੍ਹਾਂ (ਮਹਾਰਾਜ ਜੀ ਨੇ) ਕਿਵੇਂ ਨਹੀਂ ਦੇਖਿਆ?

[1]ਭਾਵ ਜਿਸ ਮਾਇਆ ਨੇ।

[1]ਮੁੱਕਰ ਕੇ।

॥੧੩॥
ਭੋ ਸਿਖ! ਤੂੰ ਭੋਰਾ ਮਤਿ ਹਉਰਾ।
ਬਿਸਰਜੋ ਹੋਇ, ਦੀਨਿ ਕਿਸ ਔਰਾ।
ਸਿਮਰਨ ਕਰਿ, ਦੀਨੋ ਕਿਸ ਹਾਥ?
ਮਹਾਂ ਮੇਲ ਹੋਤੋ ਜਿਹ ਸਾਥ' ॥੧੪॥
ਸੁਨਿ ਕਲਗ਼ੀਧਰ ਮ੍ਰਿਦੁਲ ਉਚਾਰੇ।
'ਭੋ ਚੇਤੋ! ਤੂੰ ਸਤਿਗੁਰ ਪਜਾਰੇ।
ਸਿਖ ਨੇ ਕੀਨਿ ਭਾਵਨਾ ਜੋਇ।
ਮੁਝ ਸੋਂ ਦੇਹੁ, ਪੁਰੀਅਹਿ ਸੋਇ ॥੧੫॥
ਲੀਜਹਿ ਫਿਰ, ਇਕ ਦੁਇ ਦਿਨ ਮਾਂਹੀ।
ਦੇਖਿ ਰਖਹਿਂ ਤੁਝ ਤੇ ਹਮ ਨਾਂਹੀ।'
ਨਿਡਰ ਹੋਇ ਕਰਿ ਕੋਪ ਉਚਾਰਜੋ।
'ਇਹੁ ਤੋਂ ਸਾਕਤ ਗੁਰ ਕੋ ਮਾਰਜੋ
॥੧੬॥
ਆਇ ਹਜ਼ੂਰ ਕੂਰ ਬਡ ਕਹਜੋ।
ਸਮੁਝ ਬਿਨਾ ਗੁਰ! ਸਚ ਕਹਿ ਗਹਜੋ[1]।

[1]ਹੇ ਗੁਰੂ ਜੀ ਆਪਨੇ ਸਮਝੇ ਬਿਨਾ ਸੱਚ ਕਰ ਮੰਨਿਆ ਹੈ।

ਸਿਖ ਬਪੁਰਾ ਕਜਾ ਇਸ ਕੋ ਭਾਖੋ[1]।

[1]ਸਿਖ ਕੰਗਲਾ ਹੈ ਇਸਦੇ ਕਹੇ ਦਾ ਕੀ (ਵਜ਼ਨ) ਹੈ [ਬਪੁਰਾ = ਵਿਚਾਰਾ, ਕੰਗਲਾ।

ਹਮ ਕੋ ਝੂਠ ਜਾਨਿ ਗੁਰ ਕਾਖੋ[1] ॥੧੭॥

[1]ਕਖ ਵਾਂਙੂ ਹੌਲਾ) ਕਰ ਰਹੇ ਹੋ (ਅ) ਗੁੱਸੇ ਹੋ ਰਹੇ ਹੋ।

ਲਾਖਹੁਂ ਲਜਾਵਹਿਂ ਦਰਬ ਅਗਾਰੀ।
ਹਮਰੀ ਸਭਿ ਦੇਸ਼ਨਿ ਪਤ ਭਾਰੀ।
ਜੌਂ ਨ ਦੇਤਿ ਸੋ ਭਿ ਪਿਖਿ ਦੇਵੈ[1]।

[1]ਜੇ (ਹੋਰ ਕਿਸੇ ਨੂੰ) ਨਾ ਦੇਵੇ (ਸਾਨੂੰ) ਦੇਖਕੇ ਉਹ ਬੀ ਦੇ ਦਿੰਦਾ ਹੈ।

ਆਗੈ ਧਰਿ ਸ਼ਰਧਾ ਗੁਰ ਸੇਵੈਂ ॥੧੮॥
ਹਮ ਬਹੁਤੇ ਨਿਜ ਕਾਜ ਸੁਧਾਰੈਂ।
ਨਹਿਂ ਕੀਮਤਿ ਉਰ ਗੁਰੂ ਬਿਚਾਰੈਂ।
ਝੂਠ ਸਾਚ ਕੋ ਬਹੁ ਬਿਵਹਾਰ।
ਨਹਿਂ ਜਾਨੈ ਗੁਰ ਇਨ ਕੀ ਸਾਰ
॥੧੯॥
ਕਜਾ ਸਿਖ ਰੰਕ ਕੂਰ ਇਹੁ ਕਹੈ।
ਹਮ ਕੋ ਤਸਕਰ ਸਮ ਗੁਰ ਲਹੈਂ।
ਵਸਤੁ ਸੈਂਕਰੇ ਹਮ ਨਿਤ ਲਜਾਵੈਂ।

ਦਿਖਰਾਵਹਿ ਕੋ ਨਹੀਂ ਦਿਖਾਵਹਿ ॥੨੦॥
ਗੁਰੂ ਖ਼ਜ਼ਾਨੇ ਅਰਪਨਿ ਕਰੈਂ।
ਸਭਿ ਗੁਰ ਨਿਕਟ ਰੀਤ ਇਮ ਧਰੈਂ।'
ਸੁਨਿ ਸਕੋਪ ਸਤਿਗੁਰੂ ਉਚਾਰੀ।
'ਲੋਭ ਲਹਿਰ ਚੇਤੋ! ਮਤਿ ਮਾਰੀ ॥੨੧॥
ਝੂਠ ਸਾਚ ਬਿਵਹਾਰ ਘਨੇਰੇ।
ਪਰਖਨਿ ਹੈ ਕਿ ਨਹੀਂ ਮਤ ਮੇਰੇ[1]।

[1]ਸਾਡੀ ਬੁੱਧੀ ਵਿੱਚ (ਉਨ੍ਹਾਂ ਝੂਠੇ ਸੱਚੇ ਦੀ) ਪਰਖਨਾ ਹੈ ਕਿ ਨਹੀਂ।

ਸੋ ਅਬਿ ਸਗਰੀ ਤੋਹਿ ਦਿਖਾਵਹੁ।
ਕਰਿ ਕੀਮਤਿ ਕੋ ਫਲ ਪਹੁੰਚਾਵਹੁ ॥੨੨॥
ਜਥਾ ਭਾਵਨੀ ਤਯੋਂ ਫਲ ਪਾਵੈਂ।
ਅਬਿ ਹਮ ਦੇਹਿਂ, ਨ ਦੇਰ ਲਗਾਵੈਂ।'
ਪੰਚ ਸਿੱਖ ਸਤਿਗੁਰੂ ਬੁਲਾਏ।
ਬਡ ਮਸੰਦ ਕੇ ਸਦਨ ਪਠਾਏ ॥੨੩॥
'ਇਸ ਕੇ ਘਰ ਪਰ ਅਹੈ ਚੁਬਾਰਾ।
ਤਿਸ ਮਹੁਂ ਤਾਕੀ ਲਗਹਿ ਕਿਵਾਰਾ।
ਪਟ[1] ਲਪੇਟ ਤਹਿਂ ਰਾਖਯੋ ਚੂਰਾ।

[1]ਰੇਸ਼ਮ ਵਿੱਚ (ਅ) ਕਪੜੇ ਵਿਚ।

ਸਿਖ ਕੋ ਦਿਯੋ ਹੁਤੋ ਜੋ ਰੂਰਾ' ॥੨੪॥
ਹੁਕਮ ਸੁਨਤਿ ਸਿਖ ਪੰਚਹੁਂ ਧਾਏ।
ਤਬਿ ਚੇਤੋ ਨਿਜ ਗ੍ਰੀਵ ਨਿਵਾਏ।
ਅਵਨੀ ਖਨਤਿ ਨ ਨੈਨ ਉਠਾਏ।
ਅੰਤ ਸਮਾ ਜਿਸ ਪਹੁੰਚਯੋ ਆਏ ॥੨੫॥
ਘਰ ਮਹਿਂ ਪ੍ਰਵਿਸ਼ੇ ਚਰ੍ਹੇ ਚੁਬਾਰੇ।
ਤੋਰੀ ਸਾਂਕਰ ਖੋਲਿ ਕਿਵਾਰੇ।
ਤਤਛਿਨ ਚੂਰਾ ਲਯੋ ਨਿਕਾਸ।
ਆਨਯੋਂ ਕਲ਼ਗੀਧਰ ਕੇ ਪਾਸ ॥੨੬॥
ਅਦਭੁਤ ਚੂਰਾ ਸੁੰਦਰ ਦੇਖਾ।
ਸਿਖ ਪਰ ਕੀਨੀ ਖੁਸ਼ੀ ਵਿਸ਼ੇਖਾ।

'ਭਯੋ ਨਿਹਾਲ ਸਕਲ ਦੁਖ ਮੇਟਾ।
ਅੰਤ ਬਿਖੈ ਹੋਇ ਨ ਜਮ ਭੇਟਾ' ॥੨੭॥
ਪੁਨ ਚੇਤੋ ਕੋ ਬੂਝਨਿ ਕਿਯੋ।
'ਤਸਕਰ ਪਾਪੀ! ਇਹ ਕਹਾ ਭਯੋ?
ਨਹਿਂ ਮੇਰੋ ਪਰਤਾਪ ਪਛਾਨਾ?
ਚੂਰੇ ਬਿਖੈ ਲੋਭ ਕੋ ਠਾਨਾ ॥੨੮॥
ਤਊ ਚੁਰਾਵਤਿ ਮੂਢ ਹਮੇਸ਼।
ਰਹੇ ਛਿਮਾ ਕਰਿ ਗੁਰੂ ਅਸ਼ੇਸ਼।
ਅਬਿ ਇਹ ਸਿਖ ਕੋ ਝੂਠਾ ਕਹੇ।
ਬਾਰ ਬੁੱਧਿ[1] ਮੋ ਕਉ ਉਰ ਲਹੇ ॥੨੯॥
ਤਾੜਤਿ ਸਿਖ ਕੋ ਮੋਹਿ ਹਦੂਰਾ।
ਕੂਰੇ ਆਪ, ਕਹੈ ਇਸ -ਕੂਰਾ-।
ਸਾਕਤ ਆਪ, ਕਹੈ -ਸਿਖ ਸਾਕਤ[†]-।
ਮਤਿ ਹਤਿ ਨਿਜ -ਇਸ ਮਤਿ ਹਤਿ- ਭਾਖਤਿ ॥੩੦॥
ਭਰੇ ਗਰਬ ਗੁਰ ਦਰਬ ਚੁਰਾਏ।
ਮਮ ਸੰਗਤਿ ਕੋ ਬਹੁ ਦੁਖਦਾਏ[†]।
ਅਬਿ ਮੈਂ ਅਪਨੀ ਜੋ ਬੁਧਿ ਬਾਲ।
ਕਰਿ ਦਿਖਰਾਵਹੁਂ ਇਸੈ ਬਿਸਾਲ' ॥੩੧॥
ਭਾਖਯੋ ਹੁਕਮ 'ਕਰਾਹਾ ਲਯਾਵਹੁ।
ਗੁੜ ਜਲ ਪਾਵਹੁ ਬਹੁੜ ਤਪਾਵਹੁ।
ਚੇਤੋ ਕੌ ਇਸ਼ਨਾਨ ਕਰਾਵਹੁ।
ਹੈ ਪਲੀਤ ਅਬਿ ਪਾਕ ਬਨਾਵਹੁ ॥੩੨॥
ਬਾਲ ਬੁੱਧਿ ਕੇ ਲਖਹੁ ਸੁਭਾਊ।
ਜਸ ਕਛੁ ਕਰਯੋ ਸੁ ਤਸ ਫਲ ਪਾਊ।'
ਗਹਿ ਸਿੱਖਨ ਤਿਸ ਵਹਿਰ ਨਿਕਾਰਾ।
ਗੁੜ ਤਪਾਇ ਬਹੁ ਊਪਰ ਡਾਰਾ ॥੩੩॥
ਕੜਛਾ ਭਰਿ ਭਰਿ ਊਪਰ ਪਾਵਹਿਂ।

[1]ਬਾਲ ਬੁੱਧੀ ਵਾਲਾ।

[†]ਸਿਖੀ ਦੇ ਦੁੱਖ ਪਰ ਕਿਸ ਤਰ੍ਹਾਂ ਪੀੜਤ ਹੋ ਰਹੇ ਹਨ।

[†]ਸਿਖੀ ਦੇ ਦੁੱਖ ਪਰ ਕਿਸ ਤਰ੍ਹਾਂ ਪੀੜਤ ਹੋ ਰਹੇ ਹਨ।

ਬਹੁ ਪਾਪਨ ਕੀ ਮੈਲ ਮਿਟਾਵਹਿਂ।
ਕਿਤਿਕ ਕਾਲ ਮਹਿਂ ਨਿਕਸੇ ਪ੍ਰਾਨਾ†।

†ਦੋਸ਼ੀਆਂ ਨੂੰ ਦਬਕਾਉਣ ਲਈ ਤੇ ਦਬਕਾਕੇ ਬਕਾਉਣ ਲਈ ਇਸ ਤਰ੍ਹਾਂ ਦੇ ਪਰਤਾਵੇ ਤੇ ਡਰ ਪਿਛਲੇ ਸਮੇਂ ਦਿਤੇ ਜਾਇਆ ਕਰਦੇ ਸਨ। ਚਾਹੇ ਚੇਤੂ ਕਿਤਨਾ ਪਾਪੀ ਸੀ ਇਹ ਸਜ਼ਾ ਉਸ ਨੂੰ ਮਿਲੀ ਨਹੀਂ ਜਾਪਦੀ। ਤਵਾ: ਖਾਲਸਾ ਵਿਚ ਐਉਂ ਲਿਖਿਆ ਹੈ:-''ਉਸ ਦੀ (ਚੇਤੋ ਦੀ) ਇਸਤ੍ਰੀ ਨੇ ਜਾ ਕੇ ਮਾਤਾ ਜੀ ਦੇ ਚਰਨ ਫੜ ਲਏ। ਭਾਵੇਂ ਮਾਤਾ ਜੀ ਨੇ ਉਸ ਦੀ ਇਸਤ੍ਰੀ ਤੇ ਦਇਆ ਕਰਕੇ ਚੇਤੋ ਨੂੰ ਗੁਰੂ ਜੀ ਪਾਸੋਂ ਛੁਡਾ ਦਿਤਾ ਪਰ ਤਾੜਨਾ ਸਭਨਾਂ ਮਸੰਦਾਂ ਨੂੰ ਬਹੁਤ ਹੋਈ''।

ਦੇਖਤਿ ਸਭਿ ਨੇ ਉਰ ਡਰ ਮਾਨਾ ॥੩੪॥

ਦਬਕੇ[1] ਸਗਰੇ ਖੋਟ ਕਰਨਿ ਤੇ।
ਡਰੇ ਗੁਰੂ ਕੇ ਕ੍ਰੋਧ ਧਰਨ ਤੇ।
ਸਭਿ ਮਸੰਦ ਮਨ ਖੋਟੇ ਹੋਇ[1]।
-ਮਹਾਂ ਮਸੰਦ ਹਤਜੋ ਜਿਨ ਸੋਇ ॥੩੫॥

[1]ਡਰੇ।

[1]ਸੋਚਦੇ ਹਨ ਕਿ....।

ਦਰਸ ਚੰਡਕਾ ਉਲਟੋ ਪਰਜੋ।
ਮਾਰਨ ਲਗਜੋ ਨਰਨਿ ਰਿਸ ਭ੍ਰਜੋ।
ਮ੍ਰਿਦੁਲ ਬਾਕ ਕਿਸ ਸੋ ਨਹਿਂ ਕਹੈਂ।
ਫਿਰੇ ਤੌਰ ਸਭਿਹਿਨਿ ਸੋਂ ਰਹੈਂ ॥੩੬॥
ਬਰਣ ਬਦਨ ਕੋ ਅਰੁਨ ਬਡੇਰੇ।
ਉੱਗ੍ਰ ਬਿਲੋਚਨ ਤੇ ਸਭਿ ਹੇਰੇਂ-।
ਪ੍ਰਤਿ ਉੱਤਰ ਕੋ ਕਹਿ ਨ ਸਕੰਤੇ[1]।
ਆਪ ਆਪਨੇ ਚਿਤ ਡਰਪੰਤੇ[1] ॥੩੭॥

[1]ਅਗੋਂ ਪਰਤਕੇ ਉਤਰ ਕੋਈ ਨਹੀਂ ਦੇ ਸਕਦਾ।

[1]ਐਉਂ ਸੋਚਕੇ) ਆਪਣੇ ਚਿੱਤਾਂ ਵਿਚ ਡਰਦੇ ਹਨ ਪਰ ਪ੍ਰਤਿਉਤਰ ਨਹੀਂ ਕੋਈ ਦੇ ਸਕਦਾ।

ਪੁਨ ਸੋਧਨਿ ਸੰਗਤਿ ਗੁਰ ਚਾਹਤਿ।
ਪਰਖਨਿ ਸਿੱਖੀ ਬੀਚ ਉਮਾਹਤਿ।
-ਖੋਜਨਿ ਕਰਿ ਕੈ ਪੰਥ ਚਲਾਵਨਿ।
ਅਜਬ ਖਾਲਸਾ ਕਰੌਂ ਉਪਾਵਨ- ॥੩੮॥
ਰਿਦੈ ਮਨੋਰਥ ਕੋ ਧਰਿ ਐਸੇ।
ਚਿਤਵਤਿ ਸ਼੍ਰੀ ਸਤਿਗੁਰ ਬਿਧਿ ਤੈਸੇ।
ਦੂਰ ਦੂਰ ਤੇ ਸੰਗਤਿ ਆਈ।
ਜਿਸ ਮਹਿਂ ਪ੍ਰੇਮੀ ਸਿਖ ਸਮੁਦਾਈ ॥੩੯॥

ਚਹੁੰ ਦਿਸ਼ਿਨਿ ਤੇ ਗੁਰੂ ਹਕਾਰੇ।
ਪਠੇ ਹੁਕਮਨਾਮੇ ਪੁਰਿ ਸਾਰੇ।
ਧਰਿ ਧਰਿ ਸ਼ਸਤ੍ਰ ਤਜਾਗਿ ਨਿਜ ਘਰ
ਕੋ।
ਪ੍ਰਸਥਾਨੇ ਸਭਿ ਆਨੰਦ ਪੁਰਿ ਕੋ
॥੪੦॥
ਜਥਾਸ਼ਕਤਿ ਕਰ ਲੀਨਿ ਅਕੋਰ।
ਸੁਨਿ ਸੁਨਿ ਹੁਕਮ ਚਲੇ ਗੁਰ ਓਰ।
ਆਨਿ ਅਨੰਦਪੁਰਿ ਮੇਲਾ ਭਯੋ।
ਸ੍ਰੀ ਕਲ਼ਗੀਧਰ ਕੋ ਪਿਖਿ ਲਯੋ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਚੇਤੋ ਮਸੰਦ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

## ੧੭. [ਸਿੱਖੀ ਪਰਖਣ ਦੇ ਤਾਉ ਤੇ ਕਸਵੱਟੀਆਂ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਭਯੋ ਮੇਲ ਜਬਿ ਅਨੰਦਪੁਰਿ, ਚਹੁੰਦਿਸ਼ਿ ਤੇ ਸਿਖ ਆਇ।
ਭਈ ਭੀਰ ਦੀਰਘ ਤਹਾਂ, ਦਰਸ ਚਾਹਿ ਅਧਿਕਾਇ ॥੧॥

ਚੌਪਈ:

ਤਬਹਿ ਮੇਵਰੋ ਗੁਰ ਢਿਗ ਗਯੋ।
ਥਿਰ ਹ੍ਵੈ ਅਰਜ਼ ਗੁਜ਼ਾਰਤਿ ਭਯੋ।
'ਮਹਾਰਾਜ! ਸੰਗਤਿ ਸਮੁਦਾਈ।
ਸੁਨਿ ਆਇਸੁ ਚਹੁੰਦਿਸ਼ਿ ਤੇ ਆਈ
॥੨॥
ਬਾਂਛਤਿ ਦਰਸ਼ਨ ਚੰਦ ਤੁਹਾਰੋ।
ਜਿਮ ਚਕੋਰ ਤਿਮ ਮਿਲੇ ਹਜ਼ਾਰੋਂ।
ਸਾਗਰ ਸਮ ਉਮਡੇ ਗਨ ਆਏ।
ਚਹੁੰਦਿਸ਼ਿ ਪੁਰਿ ਕੇ ਡੇਰੇ ਪਾਏ' ॥੩॥
ਸੁਨਿ ਕਲਗੀਧਰ ਹੁਕਮ ਬਖਾਨਾ।
'ਜਹਾਂ ਦਮਦਮਾ ਊਚ ਮਹਾਨਾ।
ਤਿਸ ਕੇ ਨਿਕਟ ਉਤੰਗ[1] ਸਥਾਨਾ। [1]ਉੱਚਾ।
ਤਹਾਂ ਸੁਧਾਰਹੁ ਬਹੁ ਮੈਦਾਨਾ ॥੪॥
ਪੁਨ ਸ਼ਮਿਯਾਨੇ ਤਹਾਂ ਲਗਾਵਹੁ।
ਤੰਬੂ ਰੁਚਿਰ ਕਨਾਤ ਤਨਾਵਹੁ।'
ਸੁਨਤਿ ਮੇਵਰੋ ਬਾਹਿਰ ਆਯੋ।
ਸਭਿ ਕੋ ਹੁਕਮ ਹਜ਼ੂਰ ਸੁਨਾਯੋ ॥੫॥
ਤੂਰਨ ਦਾਸ ਸੰਭਾਰਨਿ ਕੀਨੇ।
ਹੁਇ ਆਇਸੁ ਅਨੁਸਾਰਿ ਪ੍ਰਬੀਨੇ।
ਲਗਿ ਨਰ ਗਨ ਸੋ ਥਾਇੰ ਸੁਧਾਰੀ।
ਬਿਖਮ ਹੁਤੀ ਕੀਨੀ ਸਮ ਸਾਰੀ ॥੬॥
ਪੁਨ ਤੰਬੂ ਇਕ ਰੁਚਿਰ ਲਗਾਯੋ।
ਬਹੁਤ ਦਰਬ ਜਿਸ ਊਪਰ ਲਾਯੋ।
ਦੀਰਘ ਚਹੁੰਦਿਸ਼ਿ ਤਨੀ ਕਨਾਤ।
ਲਾਲ ਰੰਗ ਕੀ ਸ਼ੁਭਤਿ ਬਨਾਤ ॥੭॥
ਤਾਂਨਿ ਚਾਨਣੀ ਲਗਿ ਚਹੁੰ ਓਰ।

ਰੇਸ਼ਮ ਜ਼ਰੀ ਲਗੀ ਜਿਸ ਡੋਰ।
ਕਲਸ ਚੋਬ ਕੰਚਨ ਕੇ ਬਨੇ।
ਦਮਕਤਿ ਹੀਰੇ ਉਜਲ ਘਨੇ ॥੮॥
ਮੁਕਤਾ ਝਾਲਰ ਸੁੰਦਰ ਸੋਹੈ।
ਅਵਿਲੋਕਤਿ ਸਭਿ ਕੋ ਮਨ ਮੋਹੈ।
ਰਾਖ੍ਯੋ ਬੀਚ ਬਿਸਾਲ ਮਦਾਨੇ।
ਏਕ ਪੌਰ ਹਿਤ ਆਵਨ ਜਾਨੇ ॥੯॥
ਕਰਿ ਸਭਿ ਕਿਰਤ ਜਾਇ ਤਬਿ ਦਾਸ।
ਸਤਿਗੁਰ ਪਾਸ ਕਰੀ ਅਰਦਾਸ।
ਸੁਨਿ ਪ੍ਰਭੁ ਸੇਵਕ ਔਰ ਬੁਲਾਯੋ।
ਏਕਾਕੀ ਹ੍ਵੈ ਅਸ ਫੁਰਮਾਯੋ ॥੧੦॥
'ਪਰੇ ਨਿਸਾ ਤਮ ਦੀਰਘ ਛਾਈ।
ਪੰਚ ਛਾਂਗ ਲਿਹੁ ਸੰਗ ਛਪਾਈ।
ਤੁਝ ਬਿਹੀਨ[1] ਕੋ ਦੇਖੈ ਨਾਂਹੀ।
ਜਾਇ ਸੁ ਬੰਧਹੁ ਤੰਬੂ ਮਾਂਹੀ' ॥੧੧॥
ਰਜਨੀ ਪਰੀ ਦਾਸ ਨੇ ਤੈਸੇ।
ਕਰੀ ਕਿਰਤ ਭਾਖੀ ਗੁਰ ਜੈਸੇ।
ਕਾਹੂੰ ਨਰ ਨਹਿਂ ਭੇਵ ਲਖਾਯੋ।
ਬਾਂਧਿ ਛਾਂਗ ਅੰਤਰ ਸੋ ਆਯੋ ॥੧੨॥
ਜਲ ਦਾਨਾ ਧਰਿ ਕਰਿ ਤਿਨ ਨੇਰੇ।
ਨਿਕਸ੍ਯੋ ਵਹਿਰ ਸੁ ਰੱਛਕ ਹੇਰੇ।
ਤਿਨ ਸੋਂ ਗੁਰ ਕੋ ਹੁਕਮ ਸੁਨਾਵੈ।
'ਨਹਿਂ ਅੰਤਰਿ ਕੋ ਪਰਵਿਸ਼ਨ ਪਾਵੈ'
॥੧੩॥
ਖਾਨ ਪਾਨ ਕਰਿ ਕੈ ਸਮੁਦਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਭੋਰ ਸਤਿਗੁਰ ਫੁਰਮਾਯੋ।
'ਸਭਿ ਸੰਗਤ ਕੋ ਦੇਹੁ ਸੁਨਾਯੋ ॥੧੪॥
-ਦਰਸ਼ਨ ਕਰਹੁ ਸਕਲ ਹਰਖਾਏ।
ਬਾਂਛਤਿ ਲੇਹੁ ਕਾਮਨਾ ਪਾਏ-।'
ਸੁਨਿ ਨਕੀਬ ਸਭਿਹਿਨਿ ਕੇ ਡੇਰੇ।
ਜਹਿਂ ਕਹਿਂ ਹੁਕਮ ਸੁਨਾਯੋ ਟੇਰੇ ॥੧੫॥

[1]ਤੇਰੇ ਬਿਨਾਂ।

'ਛੋਟੋ, ਬਡੋ, ਧਨੀ ਸਿਖ, ਨਿਰਧਨ।
ਸਭਿ ਪਹੁੰਚਹਿਂ ਸਤਿਗੁਰ ਕੇ ਦਰਸ਼ਨ।'
ਬਸਤ੍ਰ ਸ਼ਸਤ੍ਰ ਸਭਿ ਪਹਿਰਿ ਸਰੀਰ।
ਚਲੇ ਗੁਰੂ ਸਿੰਘ ਰਵਨ ਸਧੀਰ[1] ॥੧੬॥
[1]ਸ਼ੇਰ ਦੀ ਚਾਲ ਵਾਲੇ ਧੀਰਜਵਾਨ ਗੁਰੂ ਜੀ ਚੱਲੇ।

ਚਮਰ ਚਾਰੁ ਢੁਰਤੋ ਚਿਤ ਚੋਰਤਿ।
ਕਲਗ਼ੀ ਝੁਲਤਿ ਝਲਕ ਛਬਿ ਛੋਰਤਿ।
ਸੰਗ ਬਹੁਤ ਸਿੱਖਨ ਭਟ ਭੀਰਾ।
ਡੇਰੇ ਮਹਿਂ ਗੇ ਗੁਨੀ ਗਹੀਰਾ ॥੧੭॥
ਗਿਲਮ ਗ਼ਲੀਚ[1] ਫਰਸ਼ ਰਮਣੀਕਾ।
[1]ਉੱਨ ਦੇ ਬਿਛੌਣੇ ਤੇ ਗ਼ਲੀਚੇ [ਫਾ. ਗਲੀਮ = ਉੱਨ ਦਾ ਵਿਛੌਣਾ। ਮੁਲਤਾਨ ਸ਼ੁਜਾਵਾਦ ਵਾਲੇ ਪਾਸੇ ਗਿਲਮ ਦਰੀ ਨੂੰ ਬੀ ਕਹਿੰਦੇ ਹਨ]।

ਪਸ਼ਮ ਰੰਗ ਨਾਨਾ ਬਿਧਿ ਨੀਕਾ।
ਹੀਰੇ ਜਰਤਿ ਪੁਰਟ[1] ਕੇ ਪਾਵੇ।
[1]ਸੋਨੇ ਦੇ [ਸੰਸ., ਪੁਰਟ]।

ਸੁੰਦਰ ਬੀਚ ਪ੍ਰਯੰਕ ਸੁਹਾਵੇ ॥੧੮॥
ਤਿਸ ਪਰ ਚਢਿ ਬੈਠੇ ਦੁਤਿ ਪਾਵਤਿ।
ਆਵਤਿ ਚਲੇ ਸਿਖ ਹਰਖਾਵਤਿ।
ਦਰਸ ਲਾਲਸਾ ਰਿਦੈ ਨ ਥੋਰੀ।
ਆਨਿ ਪਹੂਚੇ ਸ਼੍ਰੀ ਪ੍ਰਭੁ ਓਰੀ ॥੧੯॥
ਸੋਹਤਿ ਸੁਠ ਸੋਢੀ ਕੁਲ ਟੀਕਾ।
ਦਰਸ਼ਨ ਕਰਹਿਂ ਭਾਵ ਧਰਿ ਜੀ ਕਾ।
ਜੁਗਲ ਚਰਨ ਅੰਬੁਜ ਅਰੁਨਾਰੇ।
ਨਖ ਪਿਖਿ ਸਸਿ ਟੁਕਰਾ ਦੁਤਿਹਾਰੇ[1] ॥੨੦॥
[1]ਚੰਦ ਦੀਆਂ ਟੁਕੜੀਆਂ ਨਹੁਵਾਂ ਨੂੰ ਦੇਖਕੇ ਆਪਣੀ ਦੁਤੀ ਹਾਰ ਦੇਣ।

ਮ੍ਰਿਦੁਲ ਅਧਿਕ ਰੇਖਾ ਜੁਤਿ ਤਰਵਾ[1]।
[1]ਤਲੀਆਂ।

ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ[1]।
[1]ਜਿਸਨੇ ਡਿੱਠੀਆਂ ਹਨ।

ਜੁਗਲ ਜੰਘ ਕਦਲੀ ਇਕਸਾਰੀ[1]।
[1]ਕੇਲੇ ਵਾਂਗੂ ਇਕਸਾਰ ਹਨ।

ਕਟ ਮਹਿਂ ਕਾਛੀ ਕਛੀ ਛਬਿ ਨਜਾਰੀ ॥੨੧॥
ਕੁੰਭੀ ਡਿੰਭੁ ਸੁੰਡ ਭੁਜਦੰਡੇ[1]।
[1]ਭੁਜਦੰਡੇ ਹਾਥੀ ਦੇ ਬੱਚੇ ਦੀ ਸੁੰਡ ਵਰਗੇ ਹਨ। [ਸੰਸ., ਕੁੰਭੀ = ਹਾਥੀ। ਸੰਸ:, ਡਿਭ = ਬੱਚਾ (ਅ) ਬਨਾਵਟ]।

ਕੰਚਨ ਅੰਗਦ ਮੰਡਨ ਮੰਡੇ[1]।
[1]ਸੋਨੇ ਦੇ ਬਣਾਏ ਹੋਏ ਬਹੁੱਟੇ ਸ਼ੋਭ ਰਹੇ ਹਨ। (ਅ) ਮੰਡਨ = ਬਹੁੱਟਾ ਨਾਮੇ ਗਹਿਣਾ। ਮੰਡੇ = ਸਜ ਰਹੇ ਹਨ।

ਕਟ ਮਹਿਂ ਜਟਤਿ ਤੁਨੀਰ[1] ਸੁਹਾਯੋ। [1]ਜੜਾਊ ਭੱਥਾ।
ਚੰਦ੍ਰਹਾਸੁ ਇਕ ਦਿਸ਼ਿ ਛਬਿ ਪਾਯੋ ॥੨੨॥
ਧਨੁਖ ਕਠੋਰ ਸਕੰਧੇ ਧਾਰਾ।
ਕੋਸਨ ਲਗਿ ਜਿਸ ਕੀ ਹੈ ਮਾਰਾ।
ਪੰਕਜ ਪਾਨ ਬਾਨ ਇਕ ਲੀਨੇ।
ਕਬਿ ਕਬਿ ਫੇਰਿ ਪਿਖਹਿਂ ਦ੍ਰਿਗ ਦੀਨੇ ॥੨੩॥
ਅੰਸ ਉਤੰਗ[1] ਸਿੰਘ ਕੀ ਨਜਾਈ। [1]ਮੋਢੇ ਉਚੇ ਹਨ। [ਸੰਸ, ਅੰਸ਼]।
ਜਾਮਾ ਗਰੇ ਬਿਮੋਲ ਸੁਹਾਈ।
ਉਰ ਬਿਸਤਾਰ[1] ਮੋਤੀਅਨਿ ਮਾਲਾ। [1]ਚੌੜੀ ਛਾਤੀ ਪਰ।
ਝੁਲਤਿ ਝਮਕ ਦੁਤਿ ਹੋਤਿ ਉਜਾਲਾ ॥੨੪॥
ਸ਼ਮਸ ਬਦਨ ਪਰ ਸੁੰਦਰ ਸੋਹੀ।
ਮਧੁਪਾਵਲ ਪੰਕਜ ਪਰ ਹੋਹੀ[1]। [1]ਜਿਵੇਂ) ਭੌਰਿਆਂ ਦੀ ਪੰਗਤੀ ਕਵਲ ਪਰ ਹੁੰਦੀ ਹੈ।
ਕੁੰਡਲ ਚੰਚਲ ਕਾਨਨ ਮਾਂਹੀ।
ਮੁਖ ਮੰਡਲ ਪਰ ਸ਼ੋਭਤਿ ਛਾਹੀ[1] ॥੨੫॥ [1]ਉਨ੍ਹਾਂ ਦੀ) ਝਲਕ।
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ।
ਚਿਤਵਨ ਤਿਰਛੇ ਛਕਤਿ ਛਬੀਲੇ।
ਬਿਨ ਗੁਨ ਧਨੁਖ ਕੁਟਲ ਅਸ ਭੌਹੈਂ[1]। [1]ਭੌਹਾਂ ਐਸੀਆਂ ਟੇਢੀਆਂ ਹਨ ਜਿਵੇਂ ਚਿੱਲੇ ਬਿਨਾਂ ਧਨੁਖ।
ਭਾਲ ਭਾਗ ਭਰਿ ਹੁਇ ਸਭਿ ਸੌਹੈਂ ॥੨੬॥
ਚਿਕਨੇ ਕੇਸ ਪਾਸ ਸਰੁਸਾਏ[1]। [1]ਫਾਹੀ ਦੇ ਸਦਰਸ਼ ਹੈਨ।
ਜਨੁ ਪੰਨਗ ਛੌਨਾ[1] ਸਮੁਦਾਏ। [1]ਸੱਪ ਦੇ ਬੱਚੇ।
ਸੀਸ ਬੰਧੀ ਉਸ਼ਨੀਕ[1] ਸੁਹਾਈ। [1]ਦਸਤਾਰ।
ਊਪਰ ਜਿਗਾ ਅਧਿਕ ਛਬਿ ਛਾਈ ॥੨੭॥
ਕਲਗ਼ੀ ਝੁਲਤਿ ਉਤੰਗ ਸੁਰੰਗਾ[1]। [1]ਸੁਹਣੇ ਰੰਗ ਵਾਲੀ।
ਜਟਤਿ ਜਵਾਹਰ ਜੇ ਬਹੁ ਰੰਗਾ।
ਪੁਰਟ ਦੰਡ ਜਟਤੀ ਬਹੁ ਜਾਂਹੀ।

ਢੁਰਤਿ ਚੌਰ ਚਾਰਹੁੰ ਦਿਸ਼ਿ ਮਾਂਹੀ[1] ॥੨੮॥
ਜਗਮਗ ਭੂਖਨ ਕਰਤਿ ਸਰੀਰਾ।
ਬੈਠੇ ਬਿਕਸਤਿ ਮੁਖ ਬਰ ਬੀਰਾ।
ਹਿੰਦੁ ਧਰਮ ਰੱਛਕ ਗੁਨ ਸਾਗਰ।
ਤੁਰਕ ਤਰੁਨਿ ਤੋਰਨਿ ਗਜ ਨਾਗਰ ॥੨੯॥
ਜੇ ਅਸ ਧ੍ਯਾਨ ਰਿਦੇ ਮਹੁਂ ਧਰਿਹੀਂ।
ਬਿਨੁ ਪ੍ਰਯਾਸ ਜਗ ਸਾਗਰ ਤਰਿਹੀਂ।
ਤਬਿ ਸੰਗਤਿ ਸਗਰੀ ਚਲਿ ਆਈ।
ਪਦ ਪੰਕਜ ਬੰਦਹਿਂ ਸਿਰ ਨ੍ਯਾਈ ॥੩੦॥
ਕ੍ਰਿਪਾ ਦ੍ਰਿਸ਼ਟਿ ਸੋਂ ਪਿਖਹਿਂ ਗੁਸਾਈਂ।
ਬੈਠੇ ਸੁੰਦਰ ਸਭਾ ਲਗਾਈ।
ਹੁਤੋ ਹਾਥ ਮਹਿਂ ਤੀਛਨ ਤੀਰਾ।
ਸੋ ਪ੍ਰਵੇਸ਼ ਕਰਿ ਬੀਚ ਤੁਨੀਰਾ[1] ॥੩੧॥
ਖੜਗ ਖੈਂਚਿ ਕਰ ਲੀਨਸਿ ਚਮਕਤਿ।
ਥਹਿਰਤਿ ਮਨਹੁਂ ਦਾਮਨੀ ਦਮਕਤਿ।
ਘਨ ਸੁਰ ਸਮ ਬੋਲੇ ਗੁਨ ਖਾਨੀ।
'ਸਭਿ ਸੰਗਤਿ ਗੁਰ ਪ੍ਰਿਯਾ ਮਹਾਨੀ ॥੩੨॥
ਅਤਿ ਪ੍ਰਿਯ ਸਿੱਖ ਅਹੈ ਕੋ ਮੇਰਾ?
ਅਪਨੋ ਸੀਸ ਦੇਹਿ ਇਸ ਬੇਰਾ।
ਕਾਰਜ ਪਰਜੋ ਆਨ ਇਸ ਕਾਲਾ।
ਪੂਰਵਹਿ ਸਿਰ ਦੇ ਅਬਹਿ ਬਿਸਾਲਾ' ॥੩੩॥
ਅਸ ਕਹਿ ਤੂਸ਼ਨ ਕੀਨ ਗੁਸਾਈਂ।
ਕਰਾਚੋਲ[1] ਪਰ ਦ੍ਰਿਸ਼ਟਿ ਲਗਾਈ।
ਸੁਨਤਿ ਬਾਤ ਸਗਰੇ ਬਿਸਮਾਏ।
ਧੀਰਜ ਤ੍ਯਾਗ ਦੀਨਿ ਸਿਰ ਨ੍ਯਾਏ ॥੩੪॥
ਗੁਰ ਦਿਸ਼ਿ ਦੇਖਿ ਸਕੈ ਨਹਿਂ ਕੋਊ।

[1]ਸੋਨੇ ਦੀ ਡੰਡੀ ਵਾਲਾ, ਜੜਾਊ ਚੌਰ ਚਾਰੋਂ ਪਾਸੇ ਢੁਰ ਰਿਹਾ ਹੈ [ਸੰਸ., ਪੁਰਟ = ਸੋਨਾ]।

[1]ਭੱਥੇ ਵਿਚ।

[1]ਤਲਵਾਰ।

ਉੱਗ੍ਰ ਤੇਜ ਮੁਖ ਰਕਤੇ ਹੋਊ।
ਖਜਾਲ ਟਲਾਇ ਪ੍ਰਭੁ ਕੁਛ ਕਾਲਾ।
ਪੁਨ ਬੋਲੇ 'ਸੁਨਿ ਸੰਗਤਿ ਜਾਲਾ!
॥੩੫॥
ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ।
ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।
ਦੇਹ ਅਹੰ ਕਹੁ ਤਜਿ ਕਰਿ ਦੂਰ।
ਧੀਰਜ ਧਰਿ ਦੇ ਸੀਸ ਹਜ਼ੂਰ' ॥੩੬॥
ਪੁਨ ਸੁਨਿ ਸੰਗਤਿ ਤੂਸ਼ਨ ਕੀਨਾ।
ਸਨਮੁਖ ਹੋਇਂ ਨ[1], ਮਨ ਨ ਪਤੀਨਾ।

[1]ਭਾਵ ਹੈ, ਸਨਮੁਖ ਤੱਕਣ ਨਾਂ।

ਚਮਕੈ ਚੰਦ੍ਰਹਾਸ ਕਰ ਮਾਂਹੀ।
ਧਾਰ ਸਕਯੋ ਧੀਰਜ ਕੋ ਨਾਂਹੀ ॥੩੭॥
ਬੈਠੇ ਕਿਤਿਕ ਬੇਰ ਜਬਿ ਬੀਤੀ।
ਕਹਯੋ ਬਚਨ ਤ੍ਰਿਤੀਆ ਤਿਸ ਰੀਤੀ।
ਪਰਖਹਿਂ ਸਿੱਖਨਿ ਕੋ ਸੁਖਦਾਨੀ।
-ਲਾਖਹੁੰ ਸੰਗਤਿ ਮਹਿਦ ਮਹਾਂਨੀ
॥੩੮॥
ਬੀਜ ਅਹੈ ਕੈਧੋਂ ਰਹਿ ਨਾਂਹੀ।
ਜਿਸ ਤੇ ਹੋਇ ਸਰਬ ਨਿਰਬਾਹੀ।
ਕੇਹਰਿ ਹੋਤਿ ਏਕ ਹੀ ਬਨ ਮੈਂ।
ਕ੍ਵੈ ਨ ਪ੍ਰਵੇਸ਼ੈ ਡਰ ਧਰਿ ਮਨ ਮੈਂ
॥੩੯॥
ਤ੍ਰਿਤੀ ਬਚਨ ਜੇ ਪਰਤਉ ਖਾਲੀ।
ਪੁਨ ਕੋ ਹੋਤਿ ਸੰਗਤਿ ਤਿਸੁ ਵਾਲੀ[1]-।

[1]ਉਸ ਵੇਲੇ ਯਾ) ਉਸ ਸੰਗਤ ਦਾ ਫਿਰ ਵਾਲੀ ਕੌਣ ਹੁੰਦਾ।

ਦਯਾ ਸਿੰਘ[†] ਇਕ ਬਸੈ ਲਹੌਰ।

[†]ਇਥੇ ਪੰਜ ਪਿਆਰਿਆਂ ਦੇ ਪਹਿਲੇ ਨਾਮ ਬੀ ਸਿੰਘ ਹੀ ਦਰਸਾਏ ਹਨ, ਅਸਲ ਵਿਚ ਸਿੰਘ ਪਦ ਨਾਵਾਂ ਦੇ ਨਾਲ ਅੰਮ੍ਰਿਤ ਛਕਾਕੇ ਸਤਿਗੁਰਾਂ ਨੇ ਮਗਰੋਂ ਲਾਇਆ ਸੀ। ਜੀਵਨ ਭਾਈ ਬੁੱਢਾ (ਕ੍ਰਿਤ: ਭਾ: ਮੰਗਲ ਸਿੰਘ) ਵਿੱਚ ਪਹਿਲੇ ਪੰਜੇ ਨਾਉਂ ਐਉਂ ਦਸੇ ਹਨ, ਦਇਆ ਰਾਮ, ਧਰਮਦਾਸ, ਮੁਹਕਮ ਚੰਦ, ਸਾਹਿਬ ਚੰਦ ਤੇ ਹਿੰਮਤ ਜੀ।

ਛੱਤ੍ਰੀ ਸਭਿ ਸਿੰਘਨਿ[†] ਸਿਰਮੌਰ
॥੪੦॥

[†]ਸ਼ੁਧ ਪਾਠ 'ਸਿਖਨ' ਚਾਹੀਦਾ ਹੈ।

ਰਿਦੈ ਬਿਚਾਰ ਕੀਨਿ ਤਬਿ ਤਾਂਹੀ।
-ਰੇ ਜਿਯ! ਜਿਯਤਿ ਸਦਾ ਕੋ ਨਾਂਹੀ।

ਐਸੋ ਸਮੋਂ ਨਹੀ ਪੁਨ ਪਾਵੈ।
ਸਤਿਗੁਰ ਕਾਜ ਸੀਸ ਤੁਵ ਆਵੈ
॥੪੧॥
ਇਤੀ ਬਿਲੰਬ ਕੀਨਿ ਧਿਕ ਤੋਹੀ।
ਸ੍ਵਾਮੀ ਬਚਨ ਨ ਸਨਮੁਖ ਹੋਹੀ[1]-।

[1]ਸ੍ਵਾਮੀ ਦੇ ਬਚਨ (ਕਰਦਿਆਂ ਹੀ ਕਿਉਂ) ਨਾ ਸਨਮੁਖ ਜਾ ਹੋਇਆ।

ਇਮ ਬਿਚਾਰ ਕਰਿ ਤੂਰਨ ਠਾਂਢਾ।
ਰਿਦੈ ਬਿਖੈ ਧੀਰਜ ਧਰਿ ਗਾਢਾ ॥੪੨॥
ਬਿਨਤੀ ਭਨੀ ਜੋਰਿ ਜੁਗ ਕਰ ਕੋ।
'ਲੀਜਹਿ ਸਤਿਗੁਰ! ਮੇਰੇ ਸਿਰ ਕੋ।'
ਸੁਨਿ ਕਲਗੀਧਰ ਤਜਜੋ ਪ੍ਰਯੰਕਾ।
[1]'ਦੇਨੋ ਸਿਰ ਤੋ ਆਇ ਨਿਸ਼ੰਕਾ'
॥੪੩॥

[1]ਅਤੇ ਬੋਲੇ:-)।

ਇਮ ਕਹਿ ਗਹੀ ਬਾਂਹੁ ਤਿਸ ਕੇਰੀ।
ਤੰਬੂ ਮਹਿਂ ਲੈ ਗੇ ਬਿਨ ਦੇਰੀ।
ਹੁਤੋ ਫਰਸ਼ ਬਿਚ ਦਯੋ ਬਿਠਾਈ।
ਕਹਜੋ 'ਬੈਠਿ ਕਿਮ ਹ੍ਵੈ ਨ ਲਖਾਈ
॥੪੪॥
ਇਕ ਬਕਰੇ ਪਰ ਖੜਗ ਚਲਾਯੋ।
ਸੀਸ ਜੁਦਾ ਕਰਿ ਰਕਤ ਬਹਾਯੋ।
ਲੋਚਨ ਸ਼੍ਰਵਣ ਕਰੇ ਸਵਧਾਨਾ।
ਗੁਰ ਦਿਸ਼ਿ ਪਿਖਹਿਂ ਸਭਿਨਿ ਡਰ ਮਾਨਾ
॥੪੫॥
ਸ਼ਬਦ ਸੁਨਜੋ ਅਜ ਕਾਟਨਿ ਕੇਰਾ।
ਤੰਬੂ ਵਹਿਰ ਰਕਤ ਕੋ ਹੇਰਾ।
ਦੋਨਹੁ ਪਤੇ ਪਰਖ ਕਰਿ ਜਾਨਾ।
ਸੰਘਾਰਜੋ ਸਿਖ- ਅਚਰਜ ਠਾਨਾ
॥੪੬॥
ਬਦਨ ਪੀਤ ਸਭਿ ਧੀਰਜ ਹਾਲੇ।
ਕੌਨ ਗੁਰੂ ਕੇ ਚਲਿਤ ਸੰਭਾਲੇ।
ਥਰਹਰਿ ਕੰਪੇ, ਹਹਿਰਹਿਂ ਉਰ ਮਹਿਂ।
ਅਨਿਕ ਕਲਪਨਾ ਕਲਪਤਿ ਗੁਰ ਮਹਿਂ

॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

## ੧੮. [ਪੰਜ ਪਿਆਰੇ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਦਯਾ ਸਿੰਘ ਕੋ ਧੀਰ ਦੇ, ਤੰਬੂ ਬਿਖੈ ਬਿਠਾਇ।
ਸਭਿਹਿਨਿ ਕੋ ਸੋ ਸੁਨੈ† ਬੁਲਾਵੈ ॥੪॥

†ਪਾ:-ਲੇ ਕੋਲ।

ਨਹੀਂ ਤਸੱਲਾ ਕਿਸ ਤੇ ਹੋਈ।
ਮਤਿ ਅਨੁਸਾਰ ਕਹੈ ਸਭਿ ਕੋਈ।
ਫਿਕਰਵੰਦ ਨੌਰੰਗ ਬਹੁ ਰਹੈ।
'ਕਰੇ ਮਾਯਨਾ' ਸਭਿ ਸੋਂ ਕਹੈ ॥੫॥
ਅਨਿਕ ਇਲਮ ਕੇ ਆਲਮ† ਜਾਵੈਂ।

†ਪਾ:-ਆਮਲ।

ਕਰਹਿਂ ਬਿਚਾਰਨਿ ਭਾਖਿ ਸੁਨਾਵੈਂ।
ਤਊ ਨ ਕਿਸ ਤੇ ਆਯੋ ਸੋਇ।
ਕਰਿ ਬੁਧਿ ਹਾਰਿ ਰਹੇ ਸਭਿ ਕੋਇ ॥੬॥
ਗਯੋ ਪਦਰ ਢਿਗ[1] ਇਕ ਦਿਨ ਮਾਂਹੂ।

[1]ਬਾਪ ਪਾਸ।

ਬੈਠਜੋ ਜਾਇ ਬਹਾਦਰ ਸ਼ਾਹੂ।
ਬਹੁਤ ਮੁਲਾਨੇ ਬੈਠੇ ਤੀਰ।

ਕਹਹਿ ਕਰੈਂ ਨਿਜ ਨਿਜ ਤਤਬੀਰ[1] ॥੭॥
[1]ਗ਼ੌਰ ਕੀਤੀ ਹੋਈ ਗਲ।

ਕਿਸ ਕੋ ਕਹਜੋ ਨ ਖਾਤਰ ਲਜਾਵੈ[1]।
[1]ਕਿਸੇ ਦਾ ਕਹਿਆ ਦਿਲ ਵਿਚ ਨਾ ਲਿਆਵੇ ਭਾਵ ਪਸੰਦ ਨਾ ਕਰੇ (ਤੇ ਆਖੇ:-)।

'ਨਹੀਂ ਮਾਯਨਾ ਇਹ ਬਨਿ ਆਵੈ।'
ਦੀਦਸ਼ ਚਸ਼ਮ ਤਬੈ ਫਰਜ਼ੰਦ[1]।
[1]ਉਸ ਨੇ ਤਦ ਅੱਖ (ਉਠਾ ਕੇ) ਪੁੱਤ੍ਰ ਵਲ ਤੱਕਿਆ।

'ਅਰਜੋ ਮਾਯਨਾ ਏਹੁ ਬਿਲੰਦ ॥੮॥
ਕਰਹੁ ਸ਼ਜ਼ਾਦਾ ਤੁਮ ਮਤਿ ਪਾਵਹੁ[1]।
[1]ਤੂੰ ਅਰਥ) ਕਰ ਜੋ ਤੇਰੀ ਮਤਿ ਵਿਚ ਪ੍ਰਾਪਤ ਹੁੰਦਾ ਹੈ, ਭਾਵ ਜੋ ਤੂੰ ਸਮਝਦਾ ਹੈਂ।

ਕਰਿ ਸਾਬਤ ਮਖਸੂਦ ਸੁਨਵਾਹੁ[1]।
[1]ਜੋ (ਠੀਕ) ਮੁਰਾਦ ਹੈ ਉਹ ਸਾਬਤ (ਬੀ) ਕਰਕੇ ਦੱਸੋ [ਅ:, ਮਕ਼ਸੂਦ = ਮੁਰਾਦ]।

ਇਲਮ ਅਕਲ ਮਹਿਂ ਬਡੇ ਕਹਾਵੌਂ।
ਤਬਿ ਜਾਨੌਂ ਮੈਂ ਇਸੇ ਬਤਾਵੌਂ' ॥੯॥
ਸੁਨਤਿ ਫਿਕਰ ਸ਼ਹਜ਼ਾਦੇ ਕੀਆ।
ਅਕਲ ਬਿਖੇ ਕੁਛ ਸਮਝ ਨ ਲੀਆ[1]।
[1]ਸਮਝ ਨਾ ਆਇਆ।

ਪਦਰ ਅਗਾਰੀ ਅਰਜ਼ ਗੁਜ਼ਾਰੀ।
'ਆਇ ਸਿਪਹਿਰੀ ਕਰੌਂ ਉਚਾਰੀ[1]' ॥੧੦॥
[1]ਤੀਜੇ ਪਹਿਰ ਆਕੇ ਦੱਸਾਂਗਾ।

ਆਯੋ ਸਦਨ ਬਹਾਦਰਸ਼ਾਹੂ।
ਨੰਦਲਾਲ ਬੈਠਜੋ ਤਬਿ ਪਾਹੂ।
ਰਿਦਾ ਫਿਕਰ ਮਹਿਂ ਬਹੁ ਗ਼ਲਤਾਨੇ।
ਪਿਖ ਤਿਨ ਚਖਸੋਂ[†] ਸੁਨਤਿ ਨ ਕਾਨੇ ॥੧੧॥
[†]ਪਾ:-ਚਸ਼ਮੇ।

ਮੁਖ ਤੇ ਕਹੈ ਨ ਕਿਹ ਸੰਗ ਬਾਤੀ।
ਅੰਗ ਅਡੋਲ ਦੇਖਿ ਇਸ ਭਾਂਤੀ।
ਨੰਦਲਾਲ ਬੁਧਿਵੰਤ ਪਰੇਖਾ।
-ਇਸ ਕੇ ਉਰ ਕੋ ਫਿਕਰ ਵਿਸ਼ੇਖਾ- ॥੧੨॥
ਬੂਝਨਿ ਕੀਨਸਿ 'ਕਸ ਮਨ ਚਿੰਤਾ?
ਕੋ ਕਾਰਜ ਬਿਗਰਜੋ ਹਿਤਵੰਤਾ[1]।
[1]ਹਿਤ ਵਾਲਾ ਕੰਮ।

ਕਹਾਂ ਪਦਰ[1] ਨੇ ਤੁਮਹਿਂ ਸੁਨਾਯਹੁ।
[1]ਬਾਪ।

ਕਾਰਜ ਕਠਨ ਕਹਾਂ ਫੁਰਮਾਯੋ? ॥੧੩॥

ਜੋ ਤੁਝ ਤੇ ਹੁਇ ਆਵਤਿ ਨਾਂਹੀ।
ਬੈਠਯੋ ਮਹਾਂ ਫਿਕਰ ਕੇ ਮਾਂਹੀ।'
ਨੰਦਲਾਲ ਦਾਨਸ਼ਵੰਦ ਮਹਾਂ।
ਲਖਿਤਿ ਸ਼ਜ਼ਾਦੇ ਸੋ ਤਬਿ ਕਹਾ[1] ॥੧੪॥
'ਸੁਨਹੁ ਮੀਰ ਮੁਨਸ਼ੀ! ਮੈਂ ਗਯੋ।
ਪਦਰ ਹਜ਼ੂਰ ਬੈਠਤੋ ਭਯੋ।
ਨਹੀਂ ਮਾਯਨਾ ਕਿਸ ਤੇ ਆਯੋ।
ਬਹੁ ਦਿਨ ਤੇ ਸਭਿਹੂੰਨਿ ਸੁਨਾਯੋ ॥੧੫॥
ਮੋ ਸੰਗ ਕਹਯੋ ਕਿ ਇਹ ਤੁਮ ਕਰੋ।
ਇਲਮ ਅਕਲ ਕੋ ਜੇ ਬਹੁ ਧਰੋ।
ਕਰਿ ਤਕਰਾਰ ਸਿਪਹਿਰੀ ਕੇਰਾ[1]।
ਮੈਂ ਆਯੋ, ਉਰ ਫਿਕਰ ਬਡੇਰਾ' ॥੧੬॥
ਜਬਿ ਸ਼ਹਿਜ਼ਾਦੇ ਭਾਖਯੋ ਸੋਈ।
ਨੰਦਲਾਲ ਚਿਤਵਤਿ ਚਿਤ ਹੋਈ।
ਤਤਛਿਨ ਕਰਯੋ ਮਾਯਨਾ ਨੀਕੇ।
ਆਵਤਿ ਜੋ ਨ ਰਿਦੇ ਕਿਸ ਹੀ ਕੇ ॥੧੭॥
ਸੁਨ ਕਰਿ ਬਹੁਤ ਅਨੰਦਤਿ ਹੋਵਾ।
ਅਤਿ ਦਾਨਸ਼ਵੰਦ ਸਭਿ ਤੇ ਜੋਵਾ।
ਕਰੀ ਸਰਫਰਾਜ਼ੀ[1] ਤਿਸ ਕਾਲਾ।
ਖੁਸ਼ ਹ੍ਵੈ ਦੀਨਸਿ ਖਿਲਤ[1] ਬਿਸਾਲਾ ॥੧੮॥
ਭਈ ਸਿਪਹਿਰੀ ਗਯੋ ਸ਼ਜ਼ਾਦਾ।
ਬੈਠਯੋ ਜਾਇ ਮਹਿਦ ਅਹਿਲਾਦਾ।
ਪਦਰ ਮੁਲਾਨੇ ਅਨਿਕ ਮਝਾਰ।
ਬੈਠੇ ਕਰਤਿ ਉਚਾਰ ਬਿਚਾਰ ॥੧੯॥
ਸੁਨਯੋਂ ਮਾਯਨਾ ਇਨਹੁ ਬਖਾਨਾ[1]।
ਤੌ ਨੌਰੰਗ ਮਨ ਮਹਿਂ ਬਿਸਮਾਨਾ।

[1]ਸ਼ਜ਼ਾਦੇ ਨੇ ਭਾਈ ਨੰਦ ਲਾਲ ਜੀ ਨੂੰ ਬਹੁਤ ਸਿਆਣਾ ਜਾਣਕੇ ਤਦੋਂ ਸੋ (= ਉਹ ਗਲ) ਕਹੀ।

[1]ਇਕਰਾਰ ਤੀਜੇ ਪਹਿਰ ਦਾ ਕਰਕੇ।

[1]ਵਡਿਆਈ, ਇਜ਼ਤ ਵਧਾਉਣੀ [ਫਾ. ਸਰਫਰਾਜ਼ੀ = ਰੁਤਬਾ ਵਧਣਾ]।

[1]ਸਿਰੋਪਾ, ਖਿਲਅਤ।

[1]ਇਸ ਦਾ ਕਿਹਾ ਅਰਥ ਜਦ (ਔਰੰਗੇ ਨੇ) ਸੁਣਿਆ।

-ਇਸ ਮਹਿਂ ਅਕਲ ਨ ਏਤੀ ਅਹੈ।
ਜਥਾ ਬਨਾਇ ਬਦਨ ਤੇ ਕਹੈ ॥੨੦॥
ਦਾਨਸ਼ਵੰਦ ਜਿਤਿਕ ਸੋ ਜਾਨੌਂ[1]।
ਇਤੀ ਸਮਝ ਇਸ ਮੈਂ ਨ ਪਛਾਨੋਂ-।
ਇਮ ਬਿਚਾਰਿ ਨੌਰੰਗ ਨੇ ਕਹ੍ਯੋ।
'ਇਹ ਅਪਨੀ ਬੁਧਿ ਤੇ ਕਰਿ ਲਹ੍ਯੋ?
॥੨੧॥
ਕਿਧੌਂ ਅਪਰ ਨੇ ਤੋਹਿ ਬਤਾਵਾ।
ਠੀਕ ਮਾਯਨਾ ਨੀਕ ਅਲਾਵਾ।'
ਕਹ੍ਯੋ ਸ਼ਜ਼ਾਦੇ 'ਮੈਂ ਨਹਿਂ ਚੀਨਾ।
ਮੋਹਿ ਨਿਕਟ ਇਕ ਰਹਤਿ ਪ੍ਰਬੀਨਾ
॥੨੨॥
ਅਹੈ ਮੀਰ ਮੁਨਸ਼ੀ ਦਾਨਾਇ।
ਤਾਂਹਿ ਮਾਯਨਾ ਦਿਯੋ ਬਤਾਇ।'
ਸੁਨਤਿ ਸ਼ਾਹੁ ਮਨ ਮਹਿਂ ਹਰਖਾਵਾ।
ਸੰਗ ਸ਼ਜ਼ਾਦੇ ਬਾਕ ਅਲਾਵਾ ॥੨੩॥
'ਨਿਕਟ ਹਕਾਰਿ ਦਿਖਾਵਹੁ ਮੋਹੀ।
ਅਕਲ ਕਮਾਲ ਰਿਦੇ ਮੌਂ ਹੋਹੀ।'
ਨੰਦਲਾਲ ਕੋ ਲੀਨਿ ਬੁਲਾਈ।
ਲਖਿ ਹਿੰਦੂ ਕੋ ਸ਼ਿਦਤ[1] ਉਠਾਈ
॥੨੪॥
ਕਰਿ ਸਲਾਮ ਇਹੁ[1] ਠਾਂਢੋ ਰਹ੍ਯੋ।
'ਸਦਾ ਆਫਰੀਂ[1]' ਹਜ਼ਰਤ ਕਹ੍ਯੋ[2]।
ਪੁਨ ਡੇਰੇ ਕੋ ਚਲਿ ਕਰਿ ਆਯੋ।
ਸੰਗ ਸ਼ਜ਼ਾਦੇ ਸ਼ਾਹੁ ਅਲਾਯੋ ॥੨੫॥
'ਇਹ ਤੌ ਹਿੰਦੂ ਹੈ ਮਤਿਵੰਦਾ।
ਹੈ ਅਨੀਤਿ, ਮੁਝ ਨਹੀਂ ਸੁਹੰਦਾ।
ਦੀਨ ਬਿਖੈ ਇਸ ਕੌ ਲੇ ਆਵਹੁ।
ਜਤੋਂ ਕਤੋਂ ਕਰਿ ਨੀਕੇ ਸਮੁਝਾਵਹੁ
॥੨੬॥
ਅਸ ਨਰ ਦੀਨ ਬਿਖੈ ਜਬਿ ਹੋਇ।

[1]ਜਿਤਨਾ ਕੁ (ਇਹ) ਬੁੱਧੀਵਾਨ ਹੈ (ਮੈਂ) ਜਾਣਦਾ ਹਾਂ [ਫਾ. ਦਾਨਸ਼ਮੰਦ]।

[1]ਜ਼ਿਦ [ਅ:, ਸ਼ਿੱਦਤ = ਸਖਤੀ। ਪੰ:, ਜ਼ਿਦ]।

[1]ਨੰਦ ਲਾਲ।

[1]ਸੌ ਵੇਰ ਸ਼ਾਬਾਸ਼ ਹੈ। [2]ਪਾਤਸ਼ਾਹ ਨੇ ਕਿਹਾ।

ਚਲੈ ਸ਼ਰ੍ਹਾ ਮਹਿਂ ਸਭਿ ਹੀ ਕੋਇ।
ਹਿੰਦੁਨਿ ਮਹਿਂ ਮਤਿਵੰਤ ਨ ਚਹੀਅਹਿ।
ਕਰਹਿ ਧਰਮ ਦ੍ਰਿਢ ਤਿਨ ਕੋ, ਲਹੀਅਹਿ[1] ॥੨੭॥
ਤੁਰਕ ਦੀਨ ਮੈਂ ਜਬਿ ਅਸ ਆਵੈ।
ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ।'
ਏਵ ਸ਼ਜ਼ਾਦੇ ਕੋ ਸਮੁਝਾਇ।
'ਜਗੋਂ ਕਗੋਂ ਦੀਨ ਬਿਖੈ ਇਸ ਲਜਾਇ' ॥੨੮॥
ਗਯੋ ਬਹਾਦਰ ਸ਼ਾਹ ਨਿਕੇਤੁ।
ਬੋਲਿ ਲਿਯੋ[1] ਨੰਦਲਾਲ ਸਹੇਤ[2]।
ਕਹੀ ਪਦਰ ਕੀ ਸਕਲ ਬਤਾਈ।
'ਭਈ ਬਿਪਰਜੈ ਮਹਾਂ ਬਡਾਈ ॥੨੯॥
ਕਹਜੋ -ਤੁਰਕ ਇਸ ਲੇਹੁ ਬਨਾਇ-।
ਅਪਰ ਬਿਧਿਨਿ ਤੇ ਬਹੁ ਸਮੁਝਾਇ।
ਮੇਰੋ ਜ਼ੋਰ ਔਰ ਨਹਿਂ ਕੋਊ।
ਸੁਧਿ ਕਰਿ ਦੀਨਿ ਪਾਸ ਤਵ ਜੋਊ ॥੩੦॥
ਰਹਿਬੋ ਇਹਾਂ, ਪਲਾਇਨ ਕਰਿਬੋ।
ਤੁਵ ਅਧੀਨ ਹੈ ਜਿਮ ਉਰ ਧਰਿਬੋ।
ਮਿੱਤ੍ਰ ਜਾਨਿ ਮੈਂ ਦਯੋ ਬਤਾਇ।
ਅਪਰ ਨ ਮੋ ਤੇ ਕੁਛ ਕਿਯ ਜਾਇ' ॥੩੧॥
ਸੁਨਿ ਨੰਦ ਲਾਲ ਸਲਾਮੀ ਭਯੋ[1]।
ਮਿਲਜੋ ਦਰੋਗ਼ੇ ਸੋਂ ਹਿਤ ਕਿਯੋ।
ਕਹਜੋ ਤਾਂਹਿ ਸੋਂ 'ਮੈਂ ਅਬਿ ਜਾਊਂ।
ਗੁਰ ਬਿਨ ਓਟ ਅਪਰ ਨਹਿਂ ਪਾਊਂ ॥੩੨॥
ਨਾਂਹਿ ਤ ਬਾਦੀ ਸ਼ਾਹੁ ਬਿਸਾਲਾ।
ਸੁਨਹਿ ਗਹਾਇ ਲੇਹਿ ਤਤਕਾਲਾ।
ਗੁਰ ਬਿਹੀਨ ਰਾਖਾ ਨਹਿਂ ਦੂਆ।

[1]ਤਿਨ੍ਹਾਂ ਦਾ ਧਰਮ ਪੱਕਾ ਕਰੇਗਾ ਇਹ ਜਾਣ।

[1]ਬੁਲਾ ਲਿਆ। [2]ਪ੍ਰੇਮ ਨਾਲ।

[1]ਸਲਾਮ ਕਰਨ ਵਾਲਾ ਹੋਇਆ ਭਾਵ ਵਿਦਾ ਹੋ ਗਿਆ।

ਜਿਸ ਕੀ ਸ਼ਰਨ ਪਰਯੋ, ਸਿਖ ਹੂਆ ॥੩੩॥
ਦੁਹੂੰ ਲੋਕ ਤੇ ਮੋਹਿ ਬਚਾਵੈਂ।
ਬਿਘਨ ਅਨੇਕ ਛੁਵਨਿ ਨਹਿਂ ਪਾਵੈਂ।
ਹੁਤੋ ਮਹਾਂ ਮੇਲੀ ਤੂੰ ਮੇਰਾ।
ਜਾਤਿ[1] ਮਿਲਯੋ ਕਰਿ ਪ੍ਰੇਮ ਘਨੇਰਾ' ॥੩੪॥

[1]ਜਾਂਦਿਆਂ ਹੋਇਆਂ।

ਸੁਨਤਿ ਦਰੋਗ਼ਾ ਬਹੁ ਪਛੁਤਾਵਾ।
ਕਹੈ 'ਮੋਹਿ ਲਿਹੁ ਸੰਗ ਰਲਾਵਾ।
ਤੁਵ ਕਰੁਨਾ ਤੇ ਮਨ ਸੁਧ ਮੋਹੀ।
ਤੁਵ ਕਰੁਨਾ ਤੇ ਸਭਿ ਸੁਖ ਹੋਹੀ ॥੩੫॥
ਅਪਨੋ ਮੁਰਸ਼ਿਦ ਤੋਹਿ ਪਛਾਨੋਂ।
ਦਿਨ ਪ੍ਰਤਿ ਚਿਤ ਬਿਕਾਰ ਤੇ ਹਾਨੋਂ।
ਨਿਤ ਖ਼ੁਦਾਇ ਕੋ ਸਿਮਰਨ ਕਰਤਾ।
ਅੰਤ ਸਹਾਇਕ ਹੋਹਿ[1], ਬਿਚਰਤਾ[2] ॥੩੬॥

[1]ਤੁਸੀਂ ਹੋਵੋਗੇ। [2]ਵਿਚਾਰਦਾ ਹਾਂ।

ਨਿਜ ਗੁਰ ਸੰਗ ਮਿਲਾਵੌਂ ਮੋਹਿ।
ਜਨਮ ਸਫਲ ਜਿਸ ਤੇ ਸਭਿ ਹੋਹਿ।
ਮੈਂ ਨ ਰਹੌਂ ਇਸ ਪਾਪੀ ਪਾਸ।
ਪਰੀ ਸ਼ਰ੍ਹਾ ਗਰ ਜਿਸ ਕੇ ਫਾਸ ॥੩੭॥
ਲਗਨ ਬਿਸਾਲ ਅਗਾਰੀ ਮੇਰੇ[1]।

[1]ਪਹਿਲੋਂ ਹੀ (ਗੁਰੂ ਚਰਨਾਂ ਦੀ) ਲਗਨ ਮੈਨੂੰ ਲੱਗੀ ਹੋਈ ਸੀ।

ਅਰਪੌਂ ਤਨ ਮਨ ਗੁਰੂ ਅਗੇਰੇ।
ਅਬਹਿ ਅਚਾਨਕ ਬਿਧਿ ਬਨਿ ਆਈ।
ਤੋਹਿ ਸੰਗ ਹੁਇ ਮਿਲਿਨਿ ਤਹਾਂਈ' ॥੩੮॥
ਇਮ ਕਹਿ ਭਯੋ ਦਰੋਗਾ ਤਯਾਰ।
ਹਿਤ ਕਰਿ ਪਹੁੰਚਨਿ ਗੁਰ ਦਰਬਾਰ।
ਸੱਯਦ ਹੁਤੋ ਪ੍ਰੇਮ ਰੰਗ ਰਾਤਾ।
ਮਗ ਖ਼ੁਦਾਇ ਕੇ ਮਿਲਿਬੇ ਜਾਤਾ[1] ॥੩੯॥

[1]ਖ਼ੁਦਾ ਦੇ ਮਿਲਨ ਦੇ ਰਸਤੇ ਤੁਰਨ ਵਾਲਾ ਸੀ। (ਅ) ਖ਼ੁਦਾ ਦੇ ਰਸਤੇ ਤੁਰ ਪਿਆ।

ਦਲ ਛੋਰਤਿ ਹੀ ਨਿਕਸੇ ਦੋਈ।
ਸਤਿਗੁਰ ਦਰਸ਼ਨ ਚਿਤਵਤਿ ਸੋਈ।
-ਕਬਹਿ ਮਿਲਹਿਂ ਹਮ ਹੋਹਿਂ ਨਿਹਾਲੂ।
ਬੈਠਿ ਸਮੀਪੀ ਮੋਦ ਬਿਸਾਲੂ- ॥੪੦॥
ਮਗਿ ਮਹਿਂ ਸਤਿਗੁਰ ਕੇ ਗੁਨ ਕਹਿਤੇ।
ਆਵਤਿ ਚਲੇ ਮਿਲਨਿ ਕੋ ਚਹਿਤੇ।
ਜਾਗੇ ਜਿਨ ਕੇ ਭਾਗ ਬਿਲੰਦੇ।
ਪਹੁੰਚਤਿ ਭੇ ਜਹਿਂ ਨਗਰ ਅਨੰਦੇ[1] [1]ਅਨੰਦ ਪੁਰ।
॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਨੰਦ ਲਾਲ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਭਾਈ ਨੰਦਲਾਲ ਗੁਰੂ ਜੀ ਦੇ ਹਜ਼ੂਰ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਆਇ ਮਿਲੇ ਸ੍ਰੀ ਗੁਰ ਨਿਕਟ, ਦੇਖਯੋ ਪ੍ਰੇਮ ਬਿਸਾਲ।
ਪਰੇ ਚਰਨ ਕਰ ਜੋਰਿ ਕਰਿ ਲਖੇ ਸੁ ਪ੍ਰਭੁ ਕ੍ਰਿਪਾਲ ॥੧॥

ਦੋਹਰਾ:

ਨੰਦਲਾਲ ਨੇ ਭੇਟ ਚੜ੍ਹਾਈ।
ਬੀਚ ਫਾਰਸੀ ਬੈਤ ਬਨਾਈ[1]।
ਸਤਿਗੁਰ ਸਿਫਤ ਬ੍ਰਹਮ ਕੋ ਗਜਾਨ।
ਜੁਗਤਿ ਉਕਤਿ ਬਹੁ ਰੀਤਿ ਬਖਾਨ ॥੨॥

[1]ਭਾਵ ਜ਼ਿੰਦਗੀ ਨਾਮੇ ਤੋਂ ਹੈ।

ਮੁਸਕਾਵਤਿ ਦਸਮੇ ਪਤਿਸ਼ਾਹੂ।
ਕ੍ਰਿਪਾ ਕਰਤਿ ਬੂਝਤਿ ਭੇ ਤਾਹੂ।
'ਆਨਯੋਂ ਕਹਾਂ ਸੁਨਾਵਹੁ ਪਜਾਰੇ।
ਕਯਾ ਇਸ ਪੋਥੀ ਬੀਚ ਉਚਾਰੇ' ॥੩॥
ਕਿਤਿਕ ਬੈਤ ਨੰਦ ਲਾਲ ਸੁਨਾਈ।
ਕਰੇ ਮਾਯਨੇ ਨੀਕ ਬਨਾਈ।
'ਕਰਯੋ ਬੰਦਗੀ ਨਾਮਾ ਮੋਹਿ।
ਮਹਿਮਾ ਗਿਰ ਤੇ ਕਨ ਸਮ ਹੋਹਿ[1] ॥੪॥

[1](ਇਸ ਵਿੱਚ) ਆਪਦੀ ਮਹਿਮਾਂ ਪਹਾੜ ਵਿੱਚੋਂ (ਇੱਕ) ਕਿਣਕਾ (ਵਰਣਨ ਕਰਨ) ਤੁੱਲ (ਵਰਣਨ) ਹੁੰਦੀ ਹੈ।

ਅਹੈ ਜਥਾ ਮਤਿ ਤਥਾ ਬਨਾਈ।
ਕਰਿਬੇ ਹਿਤ ਬਾਨੀ ਸਫਲਾਈ[1]।
ਗੁਨ ਸਮੁੰਦ੍ਰ ਕੋ ਲਖੈ ਤੁਮਾਰੇ?
ਜਲ ਪਰੰਤੁ ਲੇ ਕਾਜੁ ਸੁਧਾਰੇ[1] ॥੫॥

[1](ਆਪਣੀ) ਬਾਣੀ ਸਫਲ ਕਰਨ ਵਾਸਤੇ (ਰਚੀ) ਹੈ।

[1]ਤੁਹਾਡੇ ਸਮੁੰਦਰ ਵਤ (ਅਥਾਹ) ਗੁਣਾਂ ਨੂੰ ਕੌਣ ਲਖ ਸਕਦਾ ਹੈ ਪ੍ਰੰਤੂ (ਉਸ ਵਿੱਚੋਂ) ਜਲ ਮਾਤ੍ਰ ਲੈਕੇ ਕੰਮ ਸੁਆਰ ਲਈਦਾ ਹੈ।

ਕਰਹਿ ਸ਼ਨਾਨ ਆਦਿ, ਮਲ ਹਰੇ[1]।
ਲਹੈ ਨ ਪਾਰ, ਜਥਾਮਤਿ ਰਰੇ[1]।
ਦੀਨ ਬੰਧੁ ਨਿਜ ਬਿਰਦ ਸੰਭਾਰਹੁ।
ਹਮ ਸੇ ਅਧਮ ਜੀਵ ਕੋ ਤਾਰਹੁ' ॥੬॥
ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ।
ਬਹੁ ਪ੍ਰਸੰਨ ਹ੍ਵੈ ਕਰਤਿ ਬਖਾਨ।

[1]ਮੈਲ ਦੂਰ ਕਰੇ।

[1]ਜੈਸੀ ਮਤਿ ਹੈ ਤੈਸੇ ਕਹੇ ਹਨ (ਆਪ ਦੇ ਗੁਣ)।

'ਰਚਜੋ ਬੰਦਗੀ ਨਾਮਾ ਜੋਇ।
ਅਹੈ ਜ਼ਿੰਦਗੀ ਨਾਮਾ ਸੋਇ' ॥੭॥
ਕਰਜੋ ਸਰਾਹਨਿ 'ਨੀਕੇ ਬਨਜੋਂ।
ਪਠਤਿ ਸੁਨਤਿ ਹਿਤ ਦਾਯਕ[1]' ਭਨਜੋਂ। [1]ਸੁਖ ਦੇਣ ਵਾਲਾ।
ਮੀਰ ਦਰੋਗ਼ਾ ਸੱਯਦ ਸਾਹਿਬ।
ਨੰਦਲਾਲ ਕੋ ਸਿੱਖ ਅਜਾਇਬ ॥੮॥
ਡੇਢ ਹਜ਼ਾਰ ਮੁਹਰ ਧਰਿ ਆਗੇ।
ਕਲ਼ਗੀਧਰ ਕੀ ਚਰਨੀ ਲਾਗੇ।
ਮਹਾਂ ਪ੍ਰੇਮ ਤੇ ਜਲ ਭਰਿ ਨੈਨ।
ਮੁਖ ਤੇ ਨਹਿਂ ਨਿਕਸਤਿ ਕਛੁ ਬੈਨ ॥੯॥
ਦਰਸ਼ਨ ਕਰਤਿ ਅਮੀ ਜਨੁ ਪੀਵਤਿ।
ਲੋਚਨ ਡੋਨੇ ਕਰਿ ਥਿਰ ਥੀਵਤਿ।
ਭਯੋ ਮਗਨ ਮਨ ਦੇਖਤਿ ਰਹਜੋ।
ਲਖਹਿ ਕਿ -ਤਨ ਖ਼ੁਦਾਇ ਮੈਂ ਲਹਜੋ[1]- ॥੧੦॥ [1]ਡਿੱਠਾ ਹੈ।
ਦਸ਼ਾ ਦੇਖਿ ਕਰਿ ਪਰਮ ਕ੍ਰਿਪਾਲੁ।
ਬੋਲੇ ਮੁਸਕਾਵਤਿ ਤਿਸ ਕਾਲ।
'ਬੈਠਹੁ ਨਿਕਟ ਕਹਹੁ ਨਿਜ ਬਾਤੀ[†]। [†]ਪਾ:-ਰਖਹੁ ਨਿਜ ਥਾਤੀ।
ਕਿਸ ਕੋ ਤੂੰ ਮੁਰੀਦ ਬੱਖਜਾਤੀ? ॥੧੧॥
ਕਿਸ ਮੁਰਸ਼ਿਦ[1] ਕੇ ਹੈਂ ਅਨੁਸਾਰੀ? [1]ਗੁਰਮੁਖ।
ਜਿਸਤੇ ਚਾਹਤਿ ਭਲੋ ਅਗਾਰੀ।'
ਸੁਨਿ ਸੱਯਦ ਬੋਲਜੋ ਤਿਸ ਬੇਰਾ।
'ਨੰਦ ਲਾਲ ਹੈ ਇਹ ਗੁਰ ਮੇਰਾ[1] ॥੧੨॥ [1]ਗੁਰ ਤੋਂ ਮਤਲਬ ਮੁਰਸ਼ਿਦ ਹੈ।
ਸਿਖ ਮੈਂ ਬਨਜੋਂ ਲਯੋ ਉਪਦੇਸ਼।
ਜਿਸ ਤੇ ਹਤੇ ਕਲੇਸ਼ ਅਸ਼ੇਸ਼।'
ਆਲਮ ਸਿੰਘ ਨਚਨਾ ਜਿਸ ਕਹੈਂ।
ਤਬਹਿ ਸਮੀਪ ਗੁਰੂ ਕੇ ਅਹੈ[1] ॥੧੩॥ [1]ਸੀਗਾ।
ਸੁਨਿ ਕਰਿ ਤਰਕ ਕਰਤਿ ਸੋ ਬੋਲਾ।

'ਐਸੋ ਬਾਕ ਨ ਕਹੀਐ ਹੌਲਾ।
ਤੀਨ ਲੋਕ ਪਤਿ ਗੁਰ ਵਿਦਮਾਨੋ।
ਸਿੱਖਜਨ ਕੋ ਤੁਮ ਗੁਰੂ ਬਖਾਨੋ ॥੧੪॥
ਕਹਨਿ ਹਜ਼ੂਰ ਨ ਇਹੁ ਅਧਿਕਾਰਾ।
ਉਚਰਨਿ ਕੀਜੈ ਰਿਦੈ ਬਿਚਾਰਾ[1]।'

[1]ਰਿਦੇ ਵਿਚ ਵਿਚਾਰ ਕੇ ਕਹੋ।

ਸੁਨਿ ਸੱਯਦ ਤੁਸ਼ਨ ਹੁਇ ਰਹਜੇ।
ਸ੍ਰੀ ਸਤਿਗੁਰ ਤਿਸ ਕੋ[1] ਮਨ ਲਹਜੇ ॥੧੫॥

[1]ਭਾਵ ਦਰੋਗੇ ਦਾ।

'ਆਲਮ ਸਿੰਘ! ਨ ਹਟਕ ਪ੍ਰਬੀਨਾ।
ਨੰਦ ਲਾਲ ਕੋ ਗੁਰ ਪਦ ਦੀਨਾ।
ਮੈਂ ਬਖਸ਼ੀਸ਼ ਕੀਨਿ ਇਸ ਤਾਈਂ।
ਆਇ ਬਨੈ ਸਿਖ, ਸੋ ਸੁਖ ਪਾਈ ॥੧੬॥
ਨੰਦਲਾਲ ਨੇ ਮੋ ਕਉ ਜਾਨਜੋਂ।
ਮੇਰੋ ਭਲੋ ਸਰੂਪ ਪਛਾਨਜੋਂ।
ਯਾਂ ਤੇ ਇਸ ਕੋ ਗੁਰ ਪਦ[1] ਹੋਵਾ।

[1]ਗੁਰਮੁਖ ਪਦ ਅਰਥਾਤ ਮੁਰਸ਼ਿਦ ਹੋਣ ਦਾ ਰੁਤਬਾ ਇਸ ਦਾ ਭਾਵ ਹੈ, 'ਗੁਰ ਅਵਤਾਰ' ਤੋਂ ਭਾਵ ਨਹੀਂ ਹੈ, ਜਿਵੇਂ ਪਹਿਲੇ ਸਤਿਗੁਰ ਮੰਜੀਆਂ ਬਖਸ਼ਦੇ ਸਨ ਜੋ ਗੁਰਗਾਦੀ ਦੇ ਤਾਬਿਆ ਹੁੰਦੇ ਸਨ ਤਿਵੇਂ ਇਹ ਪਦ ਹੈ।

ਭਗਤਿ ਗਜਾਨ ਕੋ ਰਸ ਇਨ ਜੋਵਾ' ॥੧੭॥
ਸਤਿਗੁਰ ਮੇਹਰ ਨਦਰ ਕੀ ਧਾਰੇ।
ਅਨਿਕ ਗੁਰੂ ਕਰਿ ਜਗ ਬਿਸਤਾਰੇ[1]।

[1]ਗੁਰੂ ਜੀ (ਜਿਨ੍ਹਾਂ ਪਰ) ਮਿਹਰ ਦੀ ਨਿਗਾਹ ਧਾਰਨ ਅਨੇਕਾਂ ਗੁਰੂ (ਗੁਰਮੁਖ) ਕਰਕੇ ਜਗਤ ਵਿਚ ਫੈਲਾ ਦੇਣ।

ਆਲਮ ਸਿੰਘ ਸੋਂ ਕਰਜੋ ਬਖਾਨ।
'ਮੀਰ ਸੁ ਬਡੇ ਮਰਾਤਬ ਦਾਨ[1] ॥੧੮॥

[1]ਇਹ ਦਰੋਗਾ ਜੀ) ਮੀਰ (= ਸੱਯਦ ਹਨ ਤੇ) ਵੱਡੇ ਰੁਤਬੇ ਵਾਲੇ (ਫਕੀਰ) ਹਨ।

[1]ਪ੍ਰੇਮੀ ਮਗ ਖ਼ੁਦਾਇ ਕੋ ਅਹੈ।

[1]ਹਾਂ) ਰੱਬ ਦੇ ਰਸਤੇ ਦਾ ਪ੍ਰੇਮੀ ਹੈ ਤੇ ਨੰਦ ਲਾਲ ਤੋਂ ਸਿਖਿਆ ਲੈਂਦਾ ਹੈ, (ਫਿਰ ਦੁਨੀਆਂ ਵਿਚ) ਮੀਰ (ਦਰੋਗਾ ਹੈ, ਇਹ) ਸੁਜਾਨ ਹੈ ਤੇ ਮਰਤਬੇ ਵਾਲਾ ਹੈ, ਪਾਤਸ਼ਾਹ ਦੇ ਬੜਾ ਨੇੜੇ ਰਹਿਣ ਵਾਲਾ ਹੈ। ਭਾਵ ਦੀਨ ਤੇ ਦੁਨੀਆਂ ਵਿਚ ਸਤਿਕਾਰ ਜੋਗ ਹੈ [ਮੀਰ = ਸਰਦਾਰ। ਹਾਕਮ। ਸੱਯਦਾਂ ਦਾ ਖਿਤਾਬ। ਮਰਤਾਬ ਦਾਨ = ਸ਼ਰੀਅਤ, ਤ੍ਰੀਕਤ, ਮਾਰਫਤ, ਹਕੀਕਤ ਚੌਹਾਂ

ਦੀ ਸਮਝ ਵਾਲਾ, ਜੋ ਹਕ਼ੀਕ਼ਤ ਵਿਚ ਜਾ ਟਿਕੇ।

ਨੰਦ ਲਾਲ ਤੇ ਸਿੱਖਯਾ ਲਹੈ।
ਮੀਰ ਮਰਾਤਬਦਾਨ ਸੁਜਾਨਾ।
ਪਾਤਸ਼ਾਹਿ ਕੇ ਨਿਕਟ ਮਹਾਨਾ[੪] ॥੧੯॥
ਤੂੰ ਮੁਖ ਮੋਟੀ ਬਾਤ ਪ੍ਰਕਾਸ਼।
ਖਰੋ ਕਰਤਿ ਹੈਂ ਹਾਸ ਬਿਲਾਸ।'
ਇਮ ਕਹਿ ਗੁਰੂ ਕ੍ਰਿਪਾ ਬਹੁ ਕਰੀ।
ਪ੍ਰੇਮਾ ਭਗਤਿ ਰਿਦੈ ਤਿਸ ਧਰੀ ॥੨੦॥
ਭਯੋ ਨਿਹਾਲ ਪਾਇ ਗੁਰ ਕਰੁਨਾ।
ਸੰਕਟ ਹਰਯੋ ਜਨਮ ਅਰੁ ਮਰਨਾ।
ਨੰਦਲਾਲ ਗੁਰ ਕੇ ਢਿਗ ਰਹੈ।
ਬ੍ਰਹਮਗਯਾਨ ਮਹਿਂ ਨਿਸ਼ਚੈ ਲਹੈ ॥੨੧॥
ਧਨ ਅਪਨੋ ਸੰਤਨਿ ਕੋ ਦੇਵੈ।
ਗੁਰ ਸਿੱਖਨ ਕੋ ਹਿਤ ਕਰਿ ਸੇਵੈ।
ਬਿਦਾ ਹੋਇ ਕਬਿ ਘਰ ਕੋ ਜਾਇ।
ਧਰਤ ਧ੍ਯਾਨ ਉਰ ਬਿਖੈ ਬਸਾਇ[1] ॥੨੨॥

[1]ਰਿਦੇ ਵਿਚ ਵਸਾ ਕੇ ਧਿਆਨ।

ਬਹੁਰ ਨਿਕਟ ਰਹਿਬੇ ਕੋ ਆਵੈ।
ਦਰਬ ਬਿਸਾਲ ਅਕੋਰ ਚਢਾਵੈ।
ਇਸੇ ਬਹਾਦਰ ਸ਼ਾਹ ਚਿਤਾਰੈ।
ਬਡਾ ਵਲੀ[1†] ਬਹੁ ਸਤੁਤਿ ਉਚਾਰੇ ॥੨੩॥

[1]ਰੱਬ ਦੇ ਨਿਕਟ ਵਰਤੀ, ਸੰਤ [ਅ:, ਵਲੀ]।
[†]ਪਾ:-ਬਲੀ।

ਇਸ ਤੇ ਸੁਨਿ ਕਰਿ ਕੈ ਉਪਦੇਸ਼।
ਗੁਰ ਕੀ ਮਹਿੰਮਾ ਲਖਹਿ ਵਿਸੇਸ਼।
ਮਹਾਂ ਸ਼ਰੀਯਨ[1] ਤੇ ਡਰਪਾਵੈ।
ਪਦਰ ਤ੍ਰਾਸ[1] ਕੋ ਰਿਦੈ ਬਸਾਵੈ ॥੨੪॥
ਨਹਿਂ ਮਿਲਿ ਸਕਹਿ ਜਾਨਿ ਇਸ ਕਾਰਨ[1]।
ਰਿਦੈ ਲਖਹਿ -ਗੁਰ ਕਰਹਿਂ ਉਧਾਰਨ-।
ਬੀਚ ਅਨੰਦਪੁਰ ਬਡੇ ਅਨੰਦ।

[1]ਸ਼ਰਾ ਵਿਚ ਜੋ ਬੜੇ ਹਠ ਧਾਰੀ ਹੋਣ।
[1]ਪਿਉ ਦੇ ਡਰ ਨੂੰ।
[1]ਇਸ ਕਾਰਨ ਨੂੰ ਜਾਣਕੇ ਮਿਲ ਨਹੀਂ ਸਕਦਾ।

ਮਿਲੇ ਆਨਿ ਗਨ ਸਿੱਖ ਬਿਲੰਦ
॥੨੫॥
ਸਭਿ ਡੇਰਨਿ ਮਹਿਂ[1] ਲੰਗਰ ਹੋਇ।
ਭੂਖਾ ਰਹਨਿ ਨ ਪਾਵੈ ਕੋਇ।
ਭਈ ਗੁਰੂ ਢਿਗ ਇਕ ਦਿਨ ਚਰਚਾ।
ਹਿਤ ਦੇਗਨਿ ਕੇ ਸਭਿ ਧਨ ਖਰਚਾ
॥੨੬॥
ਨਿਜ ਨਿਜ ਡੇਰੇ ਸਗਰੇ ਕਰਿਹੀਂ।
ਭਾਉ ਭਗਤਿ ਕੋ ਨੀਕੇ ਧਰਿਹੀਂ।
ਭਲੇ ਭਲੇ ਸਿਖ ਕਰਹਿਂ ਬਖਾਨ।
'ਗੁਰ ਜੀ ਲੰਗਰ ਹੋਹਿ ਮਹਾਨ'
॥੨੭॥
ਕਲਗ਼ੀਧਰ ਕਹਿਂ 'ਕਰਹਿਂ ਸੁ ਆਛੇ।'
ਤਊ ਆਪ ਦੇਖੈਂ ਉਰ ਬਾਂਛੇ।
ਬੀਤ ਗਏ ਕੇਤਿਕ ਦਿਨ ਪਾਛੇ।
ਅਪਰ ਬੇਸ ਨਿਜ ਤਨ ਮੈਂ ਕਾਛੇ[1]
॥੨੮॥
ਜਿਸ ਤੇ ਜਾਨ ਸਕਹਿ ਨਹਿਂ ਕੋਏ।
ਇਸ ਪ੍ਰਕਾਰ ਕੇ ਸ੍ਰੀ ਪ੍ਰਭੁ ਹੋਏ।
ਸਿੱਖਜਨ ਕੇ ਡੇਰੇ ਜਬਿ ਗਏ।
'ਦਿਉ ਅਹਾਰ ਮੋ ਕਉ ਛੁਧ ਭਏ'
॥੨੯॥
'ਕਿਤਿਕ ਕਾਲ ਮਹਿਂ ਹੋਵਹਿ ਤਯਾਰ।
ਬੈਠਹੁ ਬਨਿ ਹੈ ਲੇਹੁ ਅਹਾਰ।'
ਅਪਰ ਸਿੱਖ ਕੇ ਪਹੁੰਚੇ ਜਾਇ।
ਜਾਚਯੋ ਅਪਨੀ ਛੁਧਾ ਜਨਾਇ ॥੩੦॥
ਬੋਲਯੋ 'ਸੂਪ ਹੋਨਿ ਕੀ ਦੇਰ[1]।
ਭੋਜਨ ਲੇਹੁ ਆਨ ਕਰਿ ਫੇਰ।'
ਤਿਸ ਤੇ ਸੁਨਿ ਤੀਸਰ ਕੇ ਗਏ।
'ਦਿਹੁ ਅਹਾਰ ਕੋ' ਜਾਚਤਿ ਭਏ
॥੩੧॥

[1]ਭਾਵ ਸਿੱਖਾਂ ਦੇ ਡੇਰਿਆਂ ਵਿੱਚ।

[1]ਪਹਿਨ ਕੇ।

[1]ਕੁਝਕੁ ਦੇਰ ਹੈ ਸਲੂਣੇ ਵਿਚ ਯਾ ਰਸੋਈ ਵਿਚ।

ਸੋ ਕਹਿ 'ਪਢਨੋ ਰਹਿਓ ਅਨੰਦ।
ਲੀਜਹਿ ਫੇਰ ਠਹਿਰ ਇਕ ਬਿੰਦ[1]।'
ਪੁਨ ਤਿਸ ਤੇ ਆਗੇ ਚਲਿ ਖਰੇ।
ਤਿਸੀ ਪ੍ਰਕਾਰ ਜਾਚਿਬੋ ਕਰੇ ॥੩੨॥
ਕਹ੍ਯੋ 'ਬੈਠਿ ਸੰਗਤਿ ਨਹਿਂ ਆਈ।
ਮਿਲਹਿਂ ਸਕਲ ਪੁਨ ਲੀਜੈ ਖਾਈ।'
ਫਿਰੇ ਬਹੁਤ ਥਲ ਹਾਥ ਨ ਆਯੋ।
ਡੋਲਤਿ ਘਰ ਘਰ ਗੁਰ ਅਕੁਲਾਯੋ ॥੩੩॥
ਉਪਜ੍ਯੋ ਕ੍ਰੋਧ[†] ਜੁ ਫਿਰੇ ਬਿਸਾਲ।
ਚਲਿ ਆਏ ਪੁਨ ਜਹਿਂ ਨੰਦਲਾਲ।
ਸਿੱਖ੍ਯ ਸਰੂਪ ਦੇਖਿ ਕਰਿ ਭਾਈ।
ਨਿਕਟ ਹੋਇ ਕਰਿ ਗ੍ਰੀਵ ਨਿਵਾਈ ॥੩੪॥
ਬੂਝ੍ਯੋ 'ਕਿਸ ਕਾਰਜ ਕੋ ਆਏ?'
ਗੁਰ ਬਚ ਕਹ੍ਯੋ 'ਛੁਧਾ ਅਕੁਲਾਏ।'
ਸੁਨਤਿ ਗਯੋ ਲੰਗਰ ਮੈਂ ਧਾਇ।
ਭੋਜਨ ਮਾਤ੍ਰ[1] ਸੁ ਲੀਨਿ ਉਚਾਇ ॥੩੫॥
ਗੁੰਧ੍ਯੋ ਆਟਾ ਭੀਗੀ ਦਾਲ।
ਲੋਨ ਘੀਯ ਲੇ ਸਮਧਾ ਨਾਲ।
ਆਨਿ ਸਿੱਖ ਕੇ ਆਗੇ ਧਰੀ।
ਬਹੁਰ ਖਰੇ ਹੁਇ ਬਿਨਤੀ ਕਰੀ ॥੩੬॥
'ਲੇਹੁ ਅਬੈ ਇਹ ਹਾਜ਼ਰ ਅਹੈ।
ਅਪਰ ਤਯਾਰ ਹੋਵਤਿ ਜੇ ਬਹੈ[1]।
ਅਭਿਲਾਖਤਿ ਕੀਜਹਿ ਤਜਿ ਖੇਦ[1]।'
ਹਟੇ ਹਰਖ ਧਰਿ ਗੁਰੂ ਅਭੇਦ[1] ॥੩੭॥

[1]ਥੋੜਾ ਜਿਹਾ, ਬਿੰਦ ਭਰ।

[†]ਇਹ ਜੋ ਸਾਂਗ ਹੈ ਇਸ ਵੇਲੇ ਗੁੱਸਾ ਕਰਨਾ ਉਸ ਸਾਂਗ ਦਾ ਧਰਮ ਹੈ। ਇਹ ਗਲ ਅੰਕ ੪੧ ਤੋਂ ਸਹੀ ਹੋ ਜਾਂਦੀ ਹੈ।

[1]ਛਕਣੇ ਜੋਗਾ ਭੋਜਨ।

[1]ਜੇ ਬੈਠ ਜਾਓ ਤਾਂ।

[1]ਜੋ ਚੰਗਾ ਲਗੇ ਸੋ ਕਰ ਲਓ ਜੇ ਖੇਦ ਨ ਰਹੇ, ਭਾਵ ਜੇ ਹਾਜ਼ਰ ਲੈਣਾ ਹੈ ਤਾਂ ਭਿੱਜੀ ਹੋਈ ਦਾਲ, ਗੁੱਧਾ ਆਟਾ ਆਦਿਕ ਹਾਜ਼ਰ ਹਨ ਪਰ ਜੇ ਬੈਠ ਸਕਦੇ ਹੋ ਤਾਂ ਤਿਆਰ ਭੋਜਨ ਲੈ ਲੈਣਾ, ਜਿਸ ਗਲ ਵਿਚ ਖੇਦ ਨਾ ਹੋਵੇ ਸੋ ਕਰ ਲਓ।

[1]ਜਿਨ੍ਹਾਂ ਦਾ ਭੇਦ ਨਾ ਪਾਇਆ ਜਾ ਸਕੇ।

ਸੋ ਲੇ ਕਰਿ ਨਿਜ ਨਿਕਟ ਰਖਾਏ।
ਸੋ ਸਰੂਪ ਸਤਿਗੁਰ ਪਲਟਾਏ।
ਪਹਿਰੇ ਭੂਖਨ ਬਸਤ੍ਰ ਬਿਸਾਲ।
ਸਭਾ ਆਨਿ ਬੈਠੇ ਤਿਸ ਕਾਲ ॥੩੮॥
ਪੁਨ ਚਰਚਾ ਬਿਚ ਸਭਾ ਚਲਾਈ।
ਆਪ ਆਪਨੀ ਦੇਗ਼ ਬਤਾਈ।
'ਇਤੋ ਅੰਨ ਲੰਗਰ ਹੁਇ ਤਯਾਰ।
ਸਿਖ ਸੰਗਤਿ ਸਭਿ ਕਰਹਿਂ ਅਹਾਰ' ॥੩੯॥
ਸੁਨਿ ਕਲਗ਼ੀਧਰ ਸਭਿ ਬਿਦਤਾਈ।
'ਬਿਚਰੇ ਹਮ ਡੇਰਨਿ ਸਮੁਦਾਈ।
ਕਿਨਹੁਂ ਕਹਯੋ ਕੁਛ ਦੇਰ ਸੁਨਾਵੈ[1]।
ਅੰਨ ਸਿੱਧ ਨਹਿਂ[1], ਅਨਤਹਿ ਲਯਾਵੈ[2] ॥੪੦॥
ਸਭਿ ਸਿੱਖਨ ਕੇ ਛੁਧਾ ਜਨਾਈ।
ਕਿਸ ਕੇ ਬੈਠਿ ਨ ਕੁਛ ਮੁਖ ਪਾਈ।
ਪੁਨ ਹਮ ਨੰਦ ਲਾਲ ਕੇ ਗਏ।
ਛੁਧਾ ਬਿਸਾਲ ਜਨਾਵਤਿ ਭਏ ॥੪੧॥
ਸੁਨਤਿ ਪੇਮ ਕਰਿ ਲੰਗਰ ਗਯੋ।
ਤਹਿਂ ਤੇ ਆਨਿ ਦੇਤਿ ਇਹ ਭਯੋ।'
ਸਭਿ ਸਿੱਖਨ ਕੋ ਸੋ ਦਿਖਲਾਯੋ।
'ਇਹੁ ਜੋ ਅੰਨ ਜਾਚ ਕਰਿ ਲਯਾਯੋ ॥੪੨॥
ਨੰਦਲਾਲ ਭਾ ਹਮਰੋ ਦਾਤਾ।
ਭਗਤਿ ਭਾਉ ਸੰਤਨ ਮਨ ਰਾਤਾ।
ਛੁਧਿਤਿ ਨ ਦੇਖ ਸਕਹਿ ਚਿਰਭਾਰੋ[1]।
ਦੇਗ਼ ਕਰਤਿ ਸੋਈ ਮਮ ਪਯਾਰੋ ॥੪੩॥
ਸਿਖ ਕੋ ਦੇਖਹਿ ਛੁਧਾ ਬਿਸਾਲਾ।
ਤਿਸਹਿ ਬਤਾਵਹਿ ਨਹਿਂ ਚਿਰਕਾਲਾ[1]।
ਜਯੋਂ ਕਯੋਂ ਕਰਿ ਪੋਖਨ ਕੋ ਕਰੈ।
ਸੋ ਸਿਖ ਮੋਹਿ ਪ੍ਰਸੰਨਤਾ ਧਰੈ ॥੪੪॥
ਅੰਨ ਦਾਨ ਸਮ ਨਾਂਹਿਨ ਅੰਨ[1]।

[1]ਕਿਸੇ ਨੇ ਕਹਿਕੇ ਕੁਛ ਦੇਰ ਸੁਣਾਈ।

[1]ਪੱਕਾ ਯਾ ਤਿਆਰ ਨਹੀਂ। [2]ਹੋਰ ਥਾਂ ਤੋਂ ਲੈ ਲਓ। (ਅ) (ਅਸਾਂ ਸੋਚਿਆ ਕਿ) ਹੋਰ ਥੋਂ ਲਿਆਈਏ।

[1]ਬਹੁਤਾ ਚਿਰ।

[1]ਤਿਸ ਨੂੰ ਭੋਜਨ ਤਿਆਰੀ ਵਿਚ ਦੇਰੀ ਨਾ ਦੱਸੇ।

[1]ਹੋਰ (ਦਾਨ) ਨਹੀਂ।

ਛੁਧਿਤ ਪਿਖਤਿ ਹੀ ਦੇ ਨਰ ਧੰਨ।
ਅੰਨਦਾਨ ਨਹਿਂ ਸਮੋ ਬਿਚਾਰੈ।
ਰੈਨ ਕਿਧੌਂ ਦਿਨ ਸੰਝ ਸਕਾਰੈ ॥੪੫॥
ਪੁੰਨਜੋ ਦਰਸ ਆਦਿ ਜੇ ਪਰਬ।
ਨਹਿਂਨ ਪ੍ਰਤੀਖਹਿ ਤਜਾਗਹਿ ਸਰਬ।
ਪਾਤ੍ਰ ਅਪਾਤ੍ਰ ਨ ਹੇਰਤਿ ਕੋਇ।
ਊਚ ਨੀਚ ਕੈਸੋ ਨਰ ਹੋਇ ॥੪੬॥
ਦੇਖਤਿ ਛੁਧਿਤਿ ਅੰਨ ਕੌ ਦੇਯ।
ਸਕਲ ਦਾਨ ਤੇ ਫਲ ਅਧਿਕੇਯ।
ਮਮ ਸਿਖ ਪਿਜਾਰੋ ਦੇਗ[1] ਜੁ ਕਰੈ। [1]ਲੰਗਰ।
ਛੁਧਤਿ ਨਰਨ ਕੀ ਛੁਧਾ ਸੁ ਹਰੈ
॥੪੭॥
ਸਭਿ ਦਾਨਨ ਤੇ ਉੱਤਮ ਦਾਨ।
ਜਿਸ ਕੇ ਦਿਏ ਬਚਤਿ ਹੈਂ ਪ੍ਰਾਨ।
ਯਾਂ ਤੇ ਇਸ ਸਮਾਨ ਨਹਿਂ ਆਨ।
ਲੇਹੁ ਮਹਾਂ ਫਲ ਸਿੱਖ ਸੁਜਾਨ' ॥੪੮॥
ਸ੍ਰੀ ਮੁਖ ਤੇ ਮਹਿਂਮਾ ਸੁਨਿ ਐਸੇ।
ਭਏ ਸੁਚੇਤ ਸਿੱਖ ਜੇ ਬੈਸੇ।
ਭਾਉਭਗਤਿ ਕੋ ਹਿਰਦੈ ਧਾਰਾ।
ਚਹਿਂ ਪ੍ਰਸੰਨਤਾ ਗੁਰੂ ਉਦਾਰਾ ॥੪੯॥
ਦੇਗ ਬਿਖੈ ਜਬਿ ਕੋ ਚਲਿ ਆਵੈ।
ਬਿਨਾ ਦੇਰ ਤਤਕਾਲ ਛਕਾਵੈਂ।
ਛੁਧਤਿ ਨ ਰਹਹਿ ਪਰਨ ਕੋ ਧਾਰਾ[1]। [1]ਨੇਮ ਧਾਰਿਆ।
ਮਹਾਂ ਦਾਨ ਕੋ ਸੁਫਲ ਬਿਚਾਲਾ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਲੰਗਰ' ਪ੍ਰਸੰਗ ਬਰਨਨੰ ਨਾਮ ਖਟ ਬਿੰਸਤੀ ਅੰਸੂ ॥੨੬॥

## ੨੭. [ਭਾਈ ਨੰਦਲਾਲ ਜੀ। ਹੋਲੀ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਗਈ ਸੀਤ ਰੁਤ ਜਗਤ ਤੇ, ਆਯੋ ਫਾਗਨ ਮਾਸ।
ਹੋਤਿ ਹਰਖ ਨਾਰੀ ਨਰਨਿ, ਕਰਤੇ ਹਾਸ ਬਿਲਾਸ ॥੧॥

ਸੈਯਾ:

ਦੇਖਿ ਅਜਾਇਬ ਕੋ ਰੁਤ ਫਾਗਨ
ਸਾਹਿਬ ਆਇਸੁ ਆਪ ਉਚਾਰੀ।
ਕੋਸ਼ਪ ਕੋ ਬੁਲਵਾਇ ਹਦੂਰ ਕਹ੍ਯੋ
'ਸਭਿ ਕੀਜੀਐ ਫਾਗ[1] ਕੀ ਤਜਾਰੀ।' [1]ਹੋਲੀ।
ਔਰ ਕਹ੍ਯੋ ਸਭਿ ਸਿੱਖਨ ਸੰਗ
'ਜਥਾ ਸ਼ਕਤੀ ਕਰਿ ਸੌਜਨਿ ਸਾਰੀ[1]। [1]ਸਾਰੀ ਸਮੱਗ੍ਰੀ (ਇਕੱਠੀ) ਕਰੋ।
ਲਾਲ ਗੁਲਾਲ ਬਿਸਾਲ ਅੰਬੀਰਨਿ,
ਰੰਗ ਨਿਕਾਰ ਅਨੇਕ ਪ੍ਰਕਾਰੀ' ॥੨॥
ਰੰਗ ਪਤੰਗ ਸੁਰੰਗ ਕਿਯੋ ਬਹੁ,
ਕਿੰਸਕ ਫੂਲਨਿ ਪੀਤ ਨਿਕਾਰਾ[1]। [1]ਵਕਮ ਵਿੱਚੋਂ ਸੁਹਣਾ (ਲਾਲ) ਰੰਗ ਤਿਆਰ ਕੀਤਾ ਤੇ ਕੇਸੂ ਫੁਲਾਂ ਨੂੰ (ਭਿਉਂਕੇ) ਵਿਚੋਂ ਪੀਲਾ ਰੰਗ ਕੱਢਿਆ।
ਡਾਰਿ ਮਹਾਂ ਖੁਸ਼ਬੋਇ ਮਝਾਰ,
ਪਰੈ ਜਬਿ ਚੀਰ, ਉਠੈ ਮਹਿਕਾਰਾ।
ਸਿੱਖਜਨਿ ਕੀਨਿ ਮਹਾਂ ਧਨ ਦੇ ਕਰਿ
ਆਪਨੇ ਆਪਨੇ ਥਾਨ ਸੁਧਾਰਾ।
'ਆਪ ਗੁਰੂ ਅਬਿ ਕੇ[1] ਅਨੁਰਾਗਤਿ [1]ਐਤਕਾਂ।
ਖੇਲਹਿੰਗੇ ਸੁਭ ਫ਼ਾਗ ਉਦਾਰਾ' ॥੩॥
ਬ੍ਰਿੰਦ ਭਏ ਸਿਖ ਸੰਗਤਿ ਆਇ
ਅਨੰਦ ਬਿਲੰਦ ਗੁਰੂ ਦਰਬਾਰਾ।
ਲੰਗਰ ਹੋਤਿ ਅਤੋਟ ਜਹਾਂ ਕਹਿੰ
ਜੋ ਜਿਹ ਚਾਹਤਿ ਖਾਇ ਅਹਾਰਾ।
ਭੂਰ ਮਿਲੇ ਚਹੁੰ ਕੋਦ ਤੇ ਮੋਦਤਿ
ਆਵਤਿ ਹੈਂ ਮਿਲਿ ਟੋਲ ਹਜ਼ਾਰਾ।
ਭੀਰ ਭਈ ਭਰਪੂਰ ਭਯੋ ਪੁਰਿ
ਭਾਉ ਭਰੇ ਭਲ ਭਾਗ ਲਿਲਾਰਾ ॥੪॥
ਤਾਲ, ਰਬਾਬ, ਪਖਾਵਜ ਕੇ ਬਹੁ

ਬਾਦਤਿ ਬਾਜਤਿ ਹੈਂ ਧੁਨਿ ਭਾਰੀ।
ਗਾਵਤਿ ਰਾਗਨਿ ਰਾਗਨੀ ਕੋ ਜਨ
ਆਇ ਖਰੇ ਨਿਜ ਮੂਰਤ ਧਾਰੀ।
ਜਯੋਂ ਸੁਰਲੋਕ ਬਿਖੈ ਸੁਰ ਮੋਦਤਿ
ਆਪਸ ਮੈਂ ਮਿਲਿ ਕੈ ਹਿਤਕਾਰੀ।
ਤਯੋਂ ਸਿਖ ਸੰਗਤਿ ਪੰਕਤਿ ਕੋ ਕਰਿ,
ਹੇਰਿ ਗੁਰੂ ਹਰਖੈਂ ਉਰ ਭਾਰੀ ॥੫॥
ਬਾਜਤਿ ਹੈਂ ਸਿੰਘ ਪੌਰ ਕੇ ਠੌਰਨਿ,
ਨੌਬਤ ਸ਼੍ਰੌਨ ਅਨੰਦ ਉਪਾਵੈਂ।
ਝੰਡੇ ਉਚੇਰੇ ਖਰੇ ਬਹੁ ਝੂਲਤਿ,
ਧੌਂਸੇ ਧੁੰਕਾਰਤਿ ਨਾਦ ਉਠਾਵੈਂ।
ਹੋਤਿ ਉਛਾਹ ਜਹਾਂ ਕਹਿਂ ਡੋਲਤਿ
ਬੋਲਤਿ ਹੈਂ ਜੈਕਾਰ ਸੁਨਾਵੈਂ।
ਮੇਲ ਸਕੇਲ ਭਯੋ ਰੰਗ ਮੇਲਤਿ[1]
ਭੀਰ ਧਕੇਲਤਿ ਪੇਲਤਿ ਜਾਵੈਂ ॥੩॥

[1]ਮੇਲਾ ਇਕੱਠਾ ਹੋਇਆ ਤੇ ਰੰਗ ਪਾਉਂਦੇ ਹਨ।

[1]ਫੇਟਨ ਕੋ ਭਰਿ ਕੈ ਸਭਿ ਆਪ
ਅੰਬੀਰ ਗੁਲਾਲ ਕੋ ਡਾਰਤਿ ਹੈਂ[੧]।
ਹਾਥਨਿ ਮੈਂ ਪਿਚਕਾਰੀ ਭਰੇ
ਬਹੁ ਊਪਰ ਗੇਰ ਨ੍ਹਵਾਲਤਿ ਹੈਂ[1]।
ਪੀਤ ਭਏ, ਬਹੁ[1] ਅੰਬਰ ਲਾਲ
ਬਿਸਾਲ ਸੁ ਬੇਗ ਤੇ ਚਾਲਤਿ ਹੈਂ।
ਏਕ ਨਿਹਾਲਤਿ ਹੈਂ[1] ਇਕ ਭਾਲਤਿ[2],
ਏਕ ਸੰਭਾਲ ਉਤਾਲਤਿ ਹੈਂ[1] ॥੭॥

[1]ਭਾਵ ਲੱਕ ਨਾਲ ਬੱਧੇ ਝੋਲੇ ਨੂੰ ਗੁਲਾਲ ਨਾਲ ਭਰਕੇ ਉਸ ਵਿੱਚੋਂ ਮੁੱਠਾਂ ਭਰ ਭਰਕੇ ਦੂਜਿਆਂ ਤੇ ਪਾਉਂਦੇ ਹਨ। [ਹਿੰਦੀ, ਫੇਂਟ = ਲੱਕ ਦਾ ਘੇਰਾ]। ਜਿਨ੍ਹਾਂ ਨੇ ਗੁਲਾਲ ਉਡਦੇ ਖਾਲਸੇ ਦੇ ਦੀਵਾਨਾਂ ਵਿਚ ਨਵੀਨ ਅਕਾਲੀ ਅੰਦੋਲਨ ਤੋਂ ਪਹਿਲਾਂ ਵੇਖੇ ਹਨ, ਉਹਨਾਂ ਨੂੰ ਯਾਦ ਹੋਊ, ਲੱਕ ਅਗੇ ਝੋਲਾ ਗੁਲਾਲ ਭਰਿਆ ਬੰਨ੍ਹਕੇ ਉਸ ਵਿਚੋਂ ਮੁੱਠਾਂ ਭਰ ਭਰ ਉਡਾਉਂਦੇ ਹੁੰਦੇ ਸਨ। ਉਸ ਨੂੰ ਫੇਂਟ ਯਾ ਫੇਂਟਾ ਕਹਿੰਦੇ ਸਨ। (ਅ) ਫੈਂਟਾ ਸਿਰ ਤੇ ਬੰਨ੍ਹੇ ਜਾਣ ਵਾਲੇ ਛੋਟੇ ਦੁਪੱਟੇ ਨੂੰ ਭੀ ਕਹਿੰਦੇ ਹਨ।

[1]ਮਾਨੋ) ਸ਼ਨਾਨ ਕਰਾ ਦਿੰਦੇ ਹਨ।

[1]ਤੇ ਬਹੁਤਿਆਂ ਦੇ।

[1]ਦੇਖਦੇ ਹਨ। [2]ਇਕ ਢੂੰਡਦੇ ਹਨ।

[1]ਛੇਤੀ ਨਾਲ ਸੰਭਾਲਦੇ ਹਨ।

ਕਬਿੱਤ:
ਸ੍ਰੀ ਗੁਬਿੰਦ ਸਿੰਘ ਕਰਿ ਹੋਰੀ ਕੋ ਬਿਲੰਦ

ਸਾਜ
ਹਾਥ ਪਿਚਕਾਰੀ ਸਭਿਹੂੰਨ ਭਰਿ
ਲੀਨਿਓਂ।
ਭਲੇ ਭਲੇ ਸਿੱਖ ਆਇ ਧਾਰਤਿ ਭਗਤਿ
ਭਾਇ
ਪ੍ਰਿਥਮ ਗੁਰੂ ਕੇ ਪਾਇ ਬੰਦਨਾ ਕੋ
ਕੀਨਿਓ।
ਉਡਜੋ ਏਕ ਬਾਰ ਹੀ ਗੁਲਾਲ ਲਾਲ ਘਟਾ
ਮਾਨੋ
ਰੰਗਨਿ ਕੀ ਬੂੰਦ ਬਰਖਤਿ ਇਮ
ਚੀਨਿਓ।
ਰੰਗਦਾਰੁ ਅੰਬਰ ਕੈ ਰੰਗਦਾਰ ਅੰਬਰ ਕੈ
ਮੂਠ ਭਰਿ ਮਾਰੈਂ, ਰੰਗ ਡਾਰਤਿ
ਨਵੀਨਿਓਂ[1†] ॥੮॥

[1]ਮੁੱਠਾਂ ਭਰਕੇ ਮਾਰਦੇ ਹਨ (ਗੁਲਾਲ ਜਿਸ ਨਾਲ) ਅਕਾਸ਼ ਬੀ ਰੰਗਦਾਰ ਹੋ ਗਿਆ ਤੇ ਰੰਗ ਪਾਉਂਦੇ ਹਨ ਨਵਾਂ (ਪਿਚਕਾਰੀ ਨਾਲ ਜਿਸ) ਨਾਲ ਕਪੜੇ ਰੰਗੇ ਜਾ ਰਹੇ ਹਨ। ਇਹੋ ਅਰਥ ਪਿਛਲੀ ਤੁਕ ਨੂੰ ਭੀ ਸਫਲ ਕਰਦਾ ਹੈ ਕਿ ਲਾਲ ਘਟਾ ਗੁਲਾਲ ਦੀ ਉਠੀ ਹੈ ਤੇ ਵਿਚ ਰੰਗ ਦੀਆਂ ਬੂੰਦਾਂ ਪੈ ਰਹੀਆਂ ਹਨ [‘ਨਵਾਂ ਰੰਗ’ ਪੰਜਾਬੀ ਮੁਹਾਵਰੇ ਵਿਚ ਸੂਹੇ ਰੰਗ ਨੂੰ ਕਹਿੰਦੇ ਹੁੰਦੇ ਸਨ]। [†]ਪਾ: ਰੰਗਦਾਰ ਅੰਬਰ ਕੈ ਮੂਠ ਭਰਿ ਮਾਰੈਂ ਰੰਗ ਡਾਰਤਿ ਨਵੀਨ ਹੈਂ ਸੁ ਚੀਰ ਸਭਿ ਭੀਨਿਓਂ।

**ਸ੍ਵੈਯਾ:**

ਬ੍ਰਿੰਦੁ ਗੁਲਾਲ ਅੰਬੀਰ ਉਡੈ,
ਗਹਿ ਕੇਸਰ ਕੀ ਗਿਰਵੈਂ[1] ਪਿਚਕਾਰੀ।
ਸੰਗਤਿ ਸ਼੍ਰੀ ਗੁਰ ਪੈ ਅਲਤਾ ਕਰ
ਕੋ ਡਰਿ ਡਾਰਤਿ[1] ਪੂਰਬ ਵਾਰੀ[2]।
ਆਪਸ ਮੈਂ ਪੁਨ ਗੇਰਤਿ ਹੈਂ
ਪਟ ਲਾਲ ਭਏ ਸਭਿ ਕੇ ਇਕਸਾਰੀ।
‘ਧੰਨ ਗੁਰੂ ਸਿਖ ਕੀਨਿ ਨਿਹਾਲ,
ਕ੍ਰਿਪਾਲ ਬਿਸਾਲ’ ਸੁਨਾਇ ਉਚਾਰੀ[1]
॥੯॥

[1]ਗਿਰਦੀਆਂ ਹਨ, ਭਾਵ ਮਾਰਦੇ ਹਨ।

[1]ਭਾਵ ਅਲਤੇ ਦੀ ਮੁੱਠ ਭਰਕੇ। [2]ਪਹਿਲੀ ਵਾਰ।

[1]ਸਿੱਖ) ਸੁਣਾ ਕੇ ਕਹਿੰਦੇ ਹਨ।

**ਕਬਿੱਤ:**

ਬਾਦਰ ਗੁਲਾਲ ਕੇ ਕਰਤਿ ਜਾਤਿ ਚਲੇ
ਗੁਰ,
ਸੰਗਤਿ ਮੈਂ ਧੂੰਮ ਪਈ -ਫਾਗ ਬਡੇ

ਖੇਲਤੇ-।
ਘੇਰਿ ਘੇਰਿ ਬਦਨ ਪੈ ਗੇਰਿ ਗੇਰਿ ਫੇਰ
ਫੇਰ,
ਹੇਰਿ ਹੇਰਿ ਹਰਖਤਿ ਨੇਰੇ ਹੁਇ ਮੇਲਤੇ।
ਉਠੈ ਮਹਿਕਾਰ ਗੰਧ ਪਾਈ ਪੌਨ ਮੰਦਮੰਦ
ਸੀਤਲ ਬਹਿਤ ਸਿਖ ਅੰਗਨ ਮੈਂ
ਝੇਲਤੇ[1]।
ਨਿਕਸੇ ਆਨੰਦ ਪੁਰ ਮਾਨਤਿ[†] ਅਨੰਦ
ਬ੍ਰਿੰਦ,
ਤੀਰ ਸਤੁਦ੍ਰਵ ਕੇ ਗਏ ਹੈਂ ਰੇਲ ਪੇਲਤੇ[1]
॥੧੦॥
ਕੀਨੇ ਸਿਖ ਸੰਗਤਿ ਦੁਪਾਸ ਖਰੇ[1] ਆਪਸ
ਮੈਂ
ਡਾਰਿ ਡਾਰਿ ਮੂਠ ਪਿਚਕਾਰੀ ਸੋਂ ਭਿਰਤਿ
ਹੈਂ[1]।
ਬਿਦਨ ਸ਼ਮਸ਼ ਅਰੁ ਕੇਸਨਿ ਪੈ ਗਯੋ ਜਮ
ਰੰਗ ਕੀ ਫੁਹਾਰ ਫੇਰ ਊਪਰ ਢਰਤਿ ਹੈ।
ਹੋਤਿ ਨ ਚਿਨਾਰੀ ਇਕ ਸਾਰੀ ਸਭਿ
ਹੋਇ ਗਏ,
ਰੌਰ ਕੋ ਮਚਾਵੈਂ ਦੌਰ ਠੌਰ ਨ ਟਰਤਿ ਹੈਂ।
ਬਿਸਦ ਬਰਨ ਕੇ ਬਸਨ, ਸੋ ਅਰੰਨ
ਭਏ[1],
ਮਾਨੋ ਜੰਗ ਜੀਤ ਕੈ ਬਿਲਾਸਨਿ ਕਰਤਿ
ਹੈਂ ॥੧੧॥
**ਸ੍ਵੈਯਾ:**
ਸ੍ਰੀ ਕਲਗੀਧਰ ਸੰਗਤਿ ਮੈਂ
ਸੁਰ ਬ੍ਰਿੰਦ ਜਥੋਂ ਇੰਦ੍ਰ ਬਿਰਾਜਤਿ ਹੈਂ।
ਜਾਦਵ ਮੈਂ ਜਿਮ ਸ੍ਰੀ ਘਨ ਸ਼ਜਾਮ
ਮਹਾਨ ਹੀ ਕੌਤਕ ਸਾਜਤਿ ਹੈਂ।
ਕੈ ਰਘੁਬੀਰ ਨਰੇਸ਼ਨਿ ਮੈਂ
ਮਿਲਿ ਮੋਦ ਮਹਾਂ ਉਪਰਾਜਤਿ ਹੈਂ।

[1]ਸਿੱਖਾਂ ਦੇ ਅੰਗਾਂ ਵਿਚ ਝੁੱਲ ਰਹੀ ਹੈ।
[†]ਪਾ:-ਆਰਤਿ।
[1]ਧੱਕਮਧੱਕੀ ਹੁੰਦੇ। (ਅ) ਖੇਡਦੇ ਖਾਡਦੇ।
[1]ਦੋ ਪਾਸੀ ਖੜੇ ਕੀਤੇ।
[1]ਭਿੜਦੇ ਹਨ।
[1]ਚਿੱਟੇ ਰੰਗਾਂ ਦੇ ਕਪੜੇ ਲਾਲ ਹੋ ਗਏ।

ਕੈ ਭਗਤੀ ਸੁਰਸੰਪਦਾ[1] ਕੇ ਜੁਤਿ
ਸ੍ਰੀ ਬ੍ਰਹਮਗਯਾਨ ਸੋਂ ਛਾਜਤਿ ਹੈਂ
॥੧੨॥
ਸ੍ਰੀ ਗੁਰ ਗੋਬਿੰਦ ਸਿੰਘ ਬਿਲਾਸਤਿ
ਜੇ ਸਿਖ ਹੈਂ ਮਨ ਜੀਤ ਬਿਕਾਰੇ[1]।
ਤਾ ਮੁਖ ਪੈ ਨਿਜ ਹਾਥ ਗੁਲਾਲ ਲੇ,
ਲਾਲ ਬਿਸਾਲ ਕ੍ਰਿਪਾ ਕਰਿ ਡਾਰੇ।
ਦੀਸਤਿ ਦੰਤ ਜਥੋਂ ਹੀਰਨਿ ਪੰਤ[1]
ਸੁਭੈ ਮੁਸ਼ਕੰਤਿ ਸੁ ਸੰਤਨ ਪਯਾਰੇ।
ਪੰਕਜ ਪਾਂਖਰੀ ਆਂਖ ਪਿਖੈਂ ਜਿਤ,
ਹੋਤਿ ਨਿਹਾਲ ਕਲੂਖਨ ਟਾਰੇ ॥੧੩॥

ਕਬਿੱਤ:
ਨੇਰੇ ਭਏ ਨੰਦ ਲਾਲ ਲਾਲ ਲੇ ਗੁਲਾਲ[1] ਤਬਿ
ਭਾਲ ਪੈ ਕ੍ਰਿਪਾਲ ਨੇ ਬਿਸਾਲ ਮੇਲ ਦੀਨਿਓ।
ਏਕ ਸੰਗ ਰੰਗੁ ਭਏ, ਸਭਿ ਕੇ ਸੁਰੰਗ ਅੰਗ,
ਅੰਬਰ ਧਰੇ ਜੁ ਨਿਚੁਰਤਿ ਅਤਿ ਚੀਨਿਓ।
ਅਵਨੀ ਅਕਾਸ਼ ਲਾਲ ਮਈ ਸਭਿ ਭਾਸੁ ਰਹੀ
ਮਾਨੋ ਅਨੁਰਾਗ ਨਿਜ ਰੂਪ ਧਰਿ ਲੀਨਿਓ[1]।
ਸੰਗਤਿ ਕੇ ਬੀਚ ਨਿਜ ਕ੍ਰਿਪਾ ਜਲ ਸੀਂਚਿ ਸੀਂਚਿ,
ਸਿੱਖੀ ਫੁਲਵਾਰੀ ਮੈਂ ਬਿਲਾਸੁ[†] ਬਡੋ ਕੀਨਿਓ ॥੧੪॥
ਭਾਈ ਨੰਦ ਲਾਲ, ਸਭਿ ਬੁੱਧਿ ਮੈਂ ਬਿਸਾਲ ਜੋਇ,
ਸਗਰੇ ਕ੍ਰਿਪਾਲ ਕੇ ਬਿਲਾਸੁ ਹੇਰ ਹੇਰਿ ਕੈ।

[1]ਦੈਵੀ ਗੁਣਾਂ ਸਹਿਤ।
[1]ਮਨ ਦੇ ਵਿਕਾਰਾਂ ਨੂੰ ਜਿੱਤਣ ਵਾਲੇ।
[1]ਹੀਰਿਆਂ ਦੀ ਪੰਕਤੀ।
[1](ਗੁਰੂ ਜੀ ਨੇ) ਗੁਲਾਲ ਲਾਲ ਲੈ ਕੇ।
[1]ਮਾਨੋਂ ਪ੍ਰੇਮ ਨੇ ਆਪਣਾ ਰੂਪ ਹੀ ਧਾਰ ਲਿਆ ਹੈ।
[†]ਪਾ:-ਬਿਸਾਲ।

ਪਾਰਸੀ ਮਹਿਂ ਕਵਿਤਾ ਬਨਾਇ ਕੈ
ਰੁਚਿਰ ਛਬਿ,
ਗੁਰੂ ਗੁਰ ਸਿੱਖਨਿ[1] ਸੁਨਾਈ ਫੇਰਿ ਫੇਰਿ
ਕੈ।
ਰਾਗਨ ਮੈਂ ਗਾਈ ਪ੍ਰੇਮ ਰਸ ਬਰਸਾਇ
ਕਰਿ
ਸੁਨੈ ਮਨ ਭਾਈ ਔਰ ਗਾਵੈਂ ਬੇਰਿ ਬੇਰਿ
ਕੈ।
ਸਾਹਿਬ ਪ੍ਰਸੰਨ ਭਏ ਮੌਜ ਦੇ ਨਿਹਾਲ
ਕਿਏ[1],
ਅਲਿਤਾ ਗੁਲਾਬ ਸ਼ੋਭਿ ਜੋਇ ਗੇਰਿ ਗੇਰਿ
ਕੈ ॥੧੫॥

[1]ਗੁਰੂ ਜੀ ਅਤੇ ਗੁਰ ਸਿਖਾਂ ਨੂੰ।

[1]ਬਖਸ਼ਸ਼ ਦੇਕੇ ਨਿਹਾਲ ਕੀਤਾ।

ਜਥਾ ਯਾਂ ਹੋਲੀ ਗੁਲੇ ਹੋਲੀ ਬਬਾਗ਼ੇ ਦਹਰ ਈਂ ਬਿਸ਼ਗੁਫਤਾ।
ਲਬੇ ਚੂੰ ਗੁੰਚਹ ਰਾ ਫਰਖੁੰਦਹ ਖ਼ੁ ਕਰਦ[1]।

[1]ਹੋਲੀ ਦਾ ਫੁਲ ਇਸ ਦੁਨੀਆਂ ਦੇ ਬਾਗ਼ ਵਿਚ ਖਿੜ ਪਿਆ, ਬੁੱਲ੍ਹਾਂ ਨੂੰ ਕਲੀ ਵਾਂਙ ਮੁਬਾਰਕ ਸੁਭਾਵ ਵਾਲਾ ਕਰ ਦਿਤਾ ਹੈ ਭਾਵ ਹਰੇਕ ਦੇ ਬੁੱਲ ਮੁਸਕਰਾ ਰਹੇ ਹਨ।

ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ[1]।

[1]ਗੁਲਾਬ, ਅੰਬਰ, ਕਸਤੂਰੀ, ਤੇ ਅੰਬੀਰ ਮੀਂਹ ਵਾਂਙੂ ਚਾਰ ਪਾਸਿਓਂ ਵਰਖਾ ਕਰ ਰਹੇ ਹਨ।

ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ।
ਜ਼ਮੀਨੋਂ ਆਸਮਾਂ ਰਾ ਸੁਰਖ਼ਰੂ ਕਰਦ[1]।

[1]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਮੁਬਾਰਿਕ ਹੱਥਾਂ ਦਾ ਗੁਲਾਲ ਉਡਾਉਣਾ ਜ਼ਮੀਨ ਤੇ ਅਸਮਾਨ ਨੂੰ ਲਾਲ ਰੰਗਾ ਕਰ ਰਿਹਾ ਹੈ, ਜ਼ਿਮੀਂ ਮੈਲੀ ਤੇ ਅਸਮਾਨ ਕਾਲਾ ਹੈ, ਗੁਰੂ ਜੀ ਦੀ ਗੁਲਾਲ ਅਫਸ਼ਾਨੀ ਨੇ ਦੁਹਾਂ ਨੂੰ ਲਾਲ ਰੰਗੇ ਕਰ ਦਿਤਾ ਹੈ। ਸੁਰਖਰੂ ਹੋਣਾ ਕਿਸੇ ਜ਼ਿੰਮੇਂਵਾਰੀ ਤੋਂ ਯਾ ਕਿਸੇ ਪਾਪ ਤੋਂ ਛੁਟਕਾਰਾ ਪਾਉਣ ਦਾ ਬੀ ਮੁਹਾਵਰਾ ਹੈ।

ਜ਼ਹੇ ਪਿਚਕਾਰੀਏ ਪੁਰ ਜ਼ਅਫਰਾਨੀ।
ਕਿ ਹਰ ਬੇਰੰਗ ਦਾ ਖ਼ੁਸ਼ਰੰਗ ਰੂ ਕਰਦ[1]।

[1]ਵਾਹਵਾ ਹੈ ਓਸ ਕੇਸਰ ਰੰਗ ਨਾਲ (ਭਰੀ) ਪਿਚਕਾਰੀ ਨੂੰ (ਜੋ ਕਲਗੀਧਰ ਜੀ ਦੇ ਹਥ ਵਿਚ ਹੈ) ਕਿ ਜਿਸ ਨੇ ਹਰ ਬੇ ਰੰਗ ਨੂੰ ਖੁਸ਼ ਰੰਗ ਚਿਹਰੇ ਵਾਲਾ ਬਣਾ ਦਿਤਾ ਹੈ (ਬੇ ਰੰਗ ਬੀਮਾਰ ਯਾ ਉਦਾਸ ਹੁੰਦਾ ਹੈ)।

ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼।
ਚੁ ਸ਼ਾਹਿਮ ਜਾਮਹ ਰੰਗੀਂ ਦਰ ਗਲੂ ਕਰਦ[1]।

[1]ਉਸ ਗੁਰੂ ਦੀ) ਤੁਫੈਲ ਅਜ ਦੋਂਹ ਜਹਾਨਾਂ ਨੂੰ ਰੰਗ ਲਗ ਗਿਆ ਹੈ, (ਜਦੋਂ ਕਿ ਮੇਰੇ) ਸ਼ਾਹ ਨੇ ਰੰਗ ਭਰਿਆ ਕਪੜਾ ਗਲੇ ਵਿਚ ਪਹਿਨਿਆ ਹੋਇਆ ਹੈ।

ਕਸੇ ਕੋ ਦੀਦਾਹ ਦੀਦਾਰੇ ਮੁਕੱਦਸ।
ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ[1]।

[1]ਜਿਸ ਕਿਸੇ ਨੇ ਇਹ ਪਵਿੱਤ੍ਰ ਦੀਦਾਰ (ਗੁਰੂ ਜੀ ਦਾ) ਡਿੱਠਾ ਹੈ ਉਸ ਨੇ ਆਪਣੀ ਉਮਰ ਦੀ ਮੁਰਾਦ ਚੰਗੀ ਤਰ੍ਹਾਂ ਪਾ ਲਈ ਹੈ।

ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ!

ਦਿਲੇ 'ਗੋਇਆ' ਹਮੀਂ ਰਾ ਆਰਜ਼ੂ ਕਰਦ[†][1]।

[1]ਮੈਂ ਸਾਧ ਸੰਗਤ ਦੀ ਖਾਕ ਤੋਂ ਸਦਕੇ ਹੋ ਰਿਹਾ ਹਾਂ, ਗੋਯਾ (ਭਾਵ ਨੰਦ ਲਾਲ) ਦਾ ਦਿਲ ਇਸੇ (ਵਕਤ) ਨੂੰ ਤਰਸ ਰਿਹਾ ਸੀ। [†]ਭਾਈ ਨੰਦ ਲਾਲ ਜੀ ਦੀ ਇਹ ਉਗਾਹੀ ਇਤਿਹਾਸਕ ਸਬੂਤ ਹੈ ਹੋਲੇ ਦੇ ਹੋਣ ਦਾ। ਅਲਤਾ, ਅਤਰ, ਅੰਬੀਰ, ਗੁਲਾਬ, ਗੁਲਾਲ, ਦੀਵਾਨ, ਕੀਰਤਨ, ਮਹੱਲਾ ਚੜ੍ਹਨਾ, ਇਹ ਕੌਤਕ ਗੁਰੂ ਕੇ ਦਰਬਾਰ ਵਿਚ ਹੁੰਦੇ ਰਹੇ ਹਨ। ਨਵੀਨ ਅਕਾਲੀਆਂ ਨੇ ਸ੍ਰੀ ਹਰਿਮੰਦਰ ਵਿਚੋਂ ਕੁਰੀਤੀਆਂ ਕਢਦਿਆਂ ਹੋਇਆਂ ਕਈ ਪੁਰਾਤਨ ਰੀਤੀਆਂ ਤੇ ਕਈ ਸ਼ੁਭ ਰੀਤੀਆਂ ਬਿਨਾਂ ਪੰਥਕ ਆਗਜ਼ਾ ਦੇ ਦੂਰ ਕੀਤੀਆਂ ਹਨ, ਗ਼ਾਲਬਨ ਗੁਰ ਇਤਿਹਾਸ ਤੋਂ ਨਾਵਾਕਫੀ ਵਿਚ ਯਾ ਪੱਛਮੀ ਰੌਸ਼ਨੀ ਦੇ ਚੁੰਧਿਆਏ ਘਬਰਾ ਵਿਚ। ਜੇ ਕੁਛ ਹੋਲੇ ਲਈ ਕੀਤਾ ਗਿਆ ਹੈ ਉਹ ਭਾਈ ਨੰਦ ਲਾਲ ਜੀ ਦੇ ਅੱਖੀਂ ਡਿੱਠੇ ਗੁਰੂ ਦਰਬਾਰ ਦੇ ਵਰਤਾਰ ਦੇ ਉਲਟ ਹੈ। ਦੂਰ ਕਰਨ ਵਾਲੀ ਗਲ ਗੰਦ ਮੰਦ ਤੇ ਵਹਿਸ਼ੀਪੁਣਾ ਸੀ, ਪਰੰਤੂ ਆਨੰਦ ਹੁਲਾਸ ਤੇ ਬਸੰਤ ਰੁਤ ਦੇ ਖੇੜੇ ਦੇ ਸਾਮਾਨ ਤੇ ਚੜ੍ਹਦੀਆਂ ਕਲਾਂ ਦੇ ਪ੍ਰਕਾਸ਼, ਅਰ ਸਭਯਤਾ ਨੂੰ ਨਾ ਦੂਰ ਕਰਕੇ ਉਮਾਹ ਦੇਣ ਵਾਲੇ ਉਛਾਲੇ ਸਤਿਸੰਗ ਦੇ ਰੰਗ ਵਾਲੇ ਕਾਇਮ ਰਹਿਣੇ ਚਾਹੀਏ। ਮਹੱਲੇ ਦਾ ਚੜ੍ਹਨਾ ਤਾਂ ਸਿੰਘ ਸਭਾ ਦੇ ਉੱਦਮ ਨਾਲ ਮੁੜ ਜਾਰੀ ਹੋ ਪਿਆ ਹੈ ਤੇ ਮਹੱਲੇ ਵਾਲੇ ਦਿਨ ਮੰਦਰ ਦੇ ਇਸ਼ਨਾਨ ਦਾ ਰਿਵਾਜ ਬੀ ਸੰਗਤ ਤੇ ਜ਼ੋਰ ਦੇਣ ਕਰਕੇ ਫਿਰ ਖੁੱਲ੍ਹ ਪਿਆ ਹੈ।

ਚੌਪਈ:

ਸੁਨਤਿ ਪ੍ਰਸੰਨ ਗੁਰੂ ਅਭਿਰਾਮ।
ਧਰਿ 'ਦਿਵਾਨ ਗੋਯਾ' ਤਿਸੁ ਨਾਮ।
ਪੁਨ ਸੰਗਤਿ ਪਰ ਦ੍ਰਿਸ਼ਟਿ ਚਲਾਈ।
ਅਰਣ ਬਰਣ ਇਕ ਸਮ ਸਮੁਦਾਈ ॥੧੬॥

ਜਨੁ ਕਿੰਸਕ ਕੋ ਬਨ ਬਿਗਸੰਤਿ[1]।
ਇਕ ਸਮ ਸੁਮਨਸੁ ਪਾਇ ਬਸੰਤ[1]।
ਸੁੰਦਰ ਸ਼ੋਭਾ ਰਹੀ ਪ੍ਰਕਾਸ਼।
ਬਿਕਸਤਿ ਸਤਿਗੁਰ ਹੇਰਿ ਬਿਲਾਸ ॥੧੭॥

[1]ਕੇਸੂਆਂ ਦਾ ਬਨ ਮਾਨੋਂ ਖਿੜਿਆ ਹੋਇਆ ਹੈ।

[1]ਬਸੰਤ ਰੁਤ ਵਿਚ।

ਹਟਿ ਪੁਰਿ ਆਇ ਸਭਾ ਸਭਿ ਥਿਰੀ।
ਸਤਿਗੁਰ ਦ੍ਰਿਸ਼ਟਿ ਸਕਲ ਪਰ ਕਰੀ।
ਇਤਨੇ ਮਹਿਂ ਸੁਥਰਾ ਚਲਿ ਆਯੋ।
ਨਖ ਸ਼ਿਖ ਕਾਰਸ ਦੇਹ ਲਗਾਯੋ ॥੧੮॥

ਹੋਤਿ ਦੇਗ਼ ਤਹਿਂ ਕਾਰਸੁ[1] ਲਈ।
ਇਕ ਸਮ ਕਾਰੀ ਕਾਯਾਂ ਕਈ।
ਬਹੁ ਸੁਰਮਾਂ ਮੁਖ ਸਿਰ ਪਰ ਲਾਯੋ।
ਆਇ ਭਿਆਨਕ ਭੇਖ ਦਿਖਾਯੋ ॥੧੯॥

[1]ਕਾਲਖ।

ਸ੍ਰੀ ਸਤਿਗੁਰ ਸਭਿ ਸੰਗਤਿ ਹੇਰਿ।
ਫਿਰਜੋ ਚੁਗਿਰਦੇ ਇਕ ਦੁਇ ਫੇਰ[1]।

[1]ਚੱਕਰ।

ਸ੍ਰੀ ਕਲਗੀਧਰ ਦੇਖਿ ਹਸੇ ਹੈਂ।
ਬਿਦਤਿ ਦਸਨ ਭੇ ਬਿਸਦ ਲਸੇ ਹੈਂ[1] ॥੨੦॥
ਬਿਕਸਤਿ ਅਪਨੇ ਨਿਕਟ ਬੁਲਾਯੋ।
ਬੂਝਯੋ 'ਬੇਖ ਕਹਾਂ ਕਰਿ ਆਯੋ?'
ਹਾਥ ਜੋਰਿ ਅਰਦਾਸ ਬਖਾਨੀ।
'ਸਤਿਗੁਰ ਸੰਗਤਿ ਸ਼ੁਭਤਿ ਮਹਾਨੀ ॥੨੧॥
ਜਿਹ ਸਮ ਜਗ ਮਹਿਂ ਅਪਰ ਨ ਕੋਈ।
ਦਿਪਤਿ ਮਹਾਂ ਦੁਤਿ ਕੇ ਜੁਤਿ ਹੋਈ।
ਡੀਠ[1] ਪਹਾਰੀਅਨਿ ਕੀ ਹੈ ਬੁਰੀ।
ਜਿਸ ਲਗਿ ਜਾਇ ਮਨਹੁਂ ਖਰ ਛੁਰੀ[1] ॥੨੨॥
ਯਾਂ ਤੇ ਮੈਂ ਬਿਚਾਰ ਕਰਿ ਆਯੋ।
ਨਖ ਸ਼ਿਖ ਕਾਰੋ ਬੇਖ ਬਨਾਯੋ।
ਤਿਨ ਕੀ ਨਜ਼ਰ ਲਗਹਿ ਅਬਿ ਨਾਂਹੀ।
ਕਾਰੋ ਬਦਨ[1] ਹੋਇ ਤਿਨ ਜਾਹੀ ॥੨੩॥
ਜਿਮ ਬਾਲਿਕ ਸੁੰਦਰ ਸ਼ਿੰਗਾਰੇ।
ਚਾਰੁ ਬਿਭੂਖਨ ਬਸਤ੍ਰਨਿ ਧਾਰੇ।
ਬ੍ਰਿੰਦੁ ਸ਼ਜਾਮਤਾ ਮਾਤ ਲਗਾਵੈ[1]।
-ਨਹੀਂ ਨਦਰ ਕਿਸ ਕੀ ਲਗ ਜਾਵੈ- ॥੨੪॥
ਸੁੰਦਰ ਅਪਨੋ ਸਦਨ ਚਿਨਾਵੈਂ[1]।
ਅੰਤਰ ਬਾਹਿਰ ਬਿਸਦ ਬਨਾਵੈਂ।
ਨਦਰ ਨਹੀਂ ਕਿਹ ਕੀ ਲਗਿ ਜਾਇ[1]।
ਕਾਰੀ ਹੰਡੀਆ ਧਰਹਿਂ ਬਨਾਇ ॥੨੫॥
ਨਜ਼ਰ ਕਰਹਿ ਸੰਗਤਿ ਪਰ ਜੋਇ।
ਤਜਿ ਸੰਗਤਿ ਮੁਝ ਲਾਗਹਿ ਸੋਇ।
ਮੈਂ ਹਾਂਡੀ ਬਨ ਲੇਉਂ ਸੰਭਾਰ।
ਬੁਰੀ ਨਜ਼ਰ ਜੇ ਬਸਹਿਂ ਪਹਾਰਿ[1]'

[1]ਉਜਲ ਦੰਦ ਪ੍ਰਗਟ ਹੋਕੇ ਪ੍ਰਕਾਸ਼ੇ ਗੁਰੂ ਜੀ ਦੇ।

[1]ਨਜ਼ਰ।

[1]ਮਾਨੋਂ ਤਿੱਖੀ ਛੁਰੀ ਹੈ।

[1]ਮੂੰਹ।

[1]ਕਾਲੀ ਬਿੰਦੀ (ਮੱਥੇ ਵਿਚ) ਮਾਂ ਲਾ ਦਿੰਦੀ ਹੈ।

[1]ਲੋਕੀ) ਉਸਾਰਦੇ ਹਨ।

[1]ਇਸ ਲਈ ਕਿ) ਕਿਸੇ ਦੀ ਨਜ਼ਰ ਨਾ ਲਗ ਜਾਵੇ।

[1]ਜੋ ਪਹਾੜ ਵਿਚ ਵਸਦੇ ਹਨ ਉਨ੍ਹਾਂ ਦੀ ਬੁਰੀ ਨਜ਼ਰ ਹੈ।

॥੨੬॥

ਸੁਨਿ ਕਰਿ ਹਸੇ ਕ੍ਰਿਪਾ ਤੇ ਜੋਵਾ।
'ਮਮ ਸੰਗਤਿ ਕੋ ਰੱਖਜਕ ਹੋਵਾ।'
ਅਧਿਕ ਖੁਸ਼ੀ ਸੁਥਰੇ ਪਰ ਕਰੀ।
'ਇਹ ਮਮ ਸਿੱਖਜ ਭਲੀ ਉਰ ਧਰੀ[1]

[1]ਚੰਗੀ ਦਿਲ ਵਿਚ ਧਾਰੀ ਹੈ।

॥੨੭॥

ਸਭਿ ਪਰ ਬਲੀ ਰਹੈ ਬਲ ਧਰਿ ਹੈ[1]।
ਹਿੰਦੂ ਤੁਰਕ ਨ ਸਮਤਾ ਕਰਿ ਹੈਂ।
ਨਹਿਂ ਇਸ ਕੇ ਟਿਕ ਸਕਹਿਂ ਅਗਾਰੀ।
ਸਭਿ ਪਰ ਠਹਿਰਾਵਹਿ ਨਿਜ ਕਾਰੀ[1]'

[1]ਭਾਵ ਖਾਲਸਾ ਪੰਥ। (ਅ) ਸੁਥਰਾ।

[1]ਆਪਣੀ ਕਾਰ ਮਨਾਉਣਗੇ।

॥੨੮॥

ਜੋ ਜਾਚਜੋ ਸੁਥਰੇ ਕੋ ਦਯੋ।
ਸਿਰੋਪਾਉ ਪੁਨ ਹੋਵਤਿ ਭਯੋ।
ਅਦਭੁਤ ਹੋਰੀ[†] ਸਤਿਗੁਰ ਕਰੀ।

[†]ਹਿੰਦੂਆਂ ਦੀ ਹੋਲੀ ਜਿਸ ਵਿਚ ਦੁਰਬਚਨ ਤੇ ਭਲਿਆਂ ਨੂੰ ਕਲਪਾਉਣ ਵਾਲੇ ਤੇ ਵਿਕਾਰੀਆਂ ਦੇ ਵਿਕਾਰ ਵਧਾਉਣ ਵਾਲੇ ਮਾੜੇ ਕਰਮ ਹੁੰਦੇ ਹਨ, ਉਹ ਹੋਲੀ ਤਾਂ 'ਹਿੰਦੁਨਿ ਕੇ ਦਿਨ ਹੋਲਿ ਦੀਵਾਲੀ। ਇਤਜ਼ਾਦਿਕ ਦਿਨ ਚਲਹਿਂ ਕੁਚਾਲੀ। ਬਿਨਾ ਲਾਜ ਤੇ ਹੁਇ ਨਰ ਨਾਰੀ। ਕਰਹਿਂ ਖਰਾਬਾ ਕਾਢਤ ਗਾਰੀ', ਇਸੇ ਰੁਤ ਦੇ ਅੰਸੂ ੩੩ ਛੰਦ ੨੭ ਵਿਚ ਤੇ ਅੰਕ ੩੦ ਵਿਚ ਸਤਿਗੁਰ ਜੀ ਨੇ ਵਰਜੀ ਹੈ, ਪਰ ਇਹ ਉਤਸਾਹ ਜਨਕ ਗੁਰਬਾਣੀ ਦੇ ਕੀਰਤਨ ਨਾਲ ਮਿਲਿਆ, ਜੋ ਵਿਛੜੇ ਸਤਿਸੰਗੀਆਂ ਦੇ ਮੇਲੇ ਕਰਾਉਣ ਵਾਲਾ ਅਦਭੁਤ ਹੋਲਾ ਅਤੇ ਨਾਲ ਬੀਰ ਰਸੀ ਮਹੱਲਾ ਹੈ, ਸਤਿਗੁਰ ਜੀ ਨੇ ਪ੍ਰਗਟ ਕੀਤਾ ਹੈ।

ਸੰਗਤਿ ਕਰਿ ਦਰਸ਼ਨ ਮੁਦ ਭਰੀ

॥੨੯॥

ਕੌਨ ਸਕਹਿ ਕਰਿ ਅਸ ਕਲਿਕਾਲ।
ਸਤਿਗੁਰ ਸਕਲ ਸ਼ਕਤਿ ਕੇ ਨਾਲ।
ਸਗਰੀ ਸੰਗਤਿ ਕੋ ਸੁਖ ਦਏ।
ਅਨਿਕ ਬਿਲਾਸਨਿ ਬਿਲਸਤਿ ਭਏ

॥੩੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਹੋਰੀ ਕੋ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਭਾਈ ਦਯਾ ਸਿੰਘ ਜੀ ਦਾ ਜੰਞੂ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਅਚਰਜ ਬਿਦਤਜੋ ਪੰਥ ਜਗ, ਕਿਸਹੁਂ ਨ ਮਾਨਹਿਂ ਕਾਨ।
ਦੇਗ਼ ਤੇਗ਼ ਕੇ ਬਲੀ ਬਡ, ਬਾਂਕੇ ਬੀਰ ਸੁਜਾਨ ॥੧॥

ਚੌਪਈ:

ਕਹਜੋ ਕਿਸੁ ਕੋ ਕਜੋਂਹੂੰ ਨ ਮਾਨਹਿਂ।
ਗੋਰ ਮੜੀਨ[1] ਅਨਾਦਰ ਠਾਨਹਿਂ। [1]ਕਬਰਾਂ, ਸਮਾਧਾਂ।
ਗੁਰ ਕੀ ਆਇਸੁ ਕੋ ਦਿ੍ਢ ਰਾਖਹਿਂ।
ਸਦਾ ਜੰਗ ਕੋ ਉਰ ਅਭਿਲਾਖਹਿਂ ॥੨॥
ਉਚੋ ਮਤਿ ਸਭਿ ਤੇ ਸੁਚਿ ਰਹੈਂ।
ਤਰਕ ਤੁਰਕ ਹਿੰਦੁਨਿ ਪਰ ਕਹੈਂ।
ਦੇਖਿ ਜਗਤ ਕੇ ਲੋਕ ਖਿਸਾਨਹਿਂ[1]। [1]ਖਿਝਦੇ ਹਨ। (ਅ) ਸ਼ਰਮਿੰਦੇ ਹੁੰਦੇ ਹਨ।
ਅਪਨੇ ਤੇ ਅਚਾਰ ਸ਼ੁਭ ਜਾਨਹਿਂ ॥੩॥
ਨਿਸ ਦਿਨ ਭਜਨ ਪ੍ਰਤਾਪ ਬਧੰਤਾ।
ਸੱਤਿਨਾਮ ਸਿਮਰਹਿਂ ਸੁਖਵੰਤਾ।
ਹਿੰਦੂ ਤੁਰਕ ਹੇਰਿ ਦੁਖ ਪਾਵਹਿਂ।
ਸ਼ੁਭ ਸਰੂਪ ਚਿਤ ਜਰਜੋ ਨ ਜਾਵਹਿ ॥੪॥
ਜਥਾ ਆਂਖ ਮਹਿਂ ਤ੍ਰਿਣ ਪਰ ਜਾਇ।
ਚੁਭਤਿ ਅਧਿਕ ਨਹਿਂ ਨਿਕਸਨ ਪਾਇ।
ਇਕ ਦਿਨ ਸ਼੍ਰੀ ਕਲ਼ਗੀਧਰ ਪਾਸ।
ਇਹ ਬ੍ਰਿਤੰਤ ਬਹੁ ਕਰਹਿਂ ਪ੍ਰਕਾਸ਼ ॥੫॥
ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਏ।
ਸਰਬ ਸਰੀਰ ਬੀਰ ਰਸ ਛਾਏ।
ਬਿਕਸਤਿ ਬੋਲੇ ਬਚਨ ਕ੍ਰਿਪਾਲੂ।
'ਦੁਹ ਆਂਖਨ[1] ਤ੍ਰਿਣ ਪਰਜੋ ਬਿਸਾਲੂ ॥੬॥ [1]ਦੁਹਾਂ ਦੀਆਂ ਅੱਖਾਂ ਵਿੱਚ।
ਪਰਜੋ ਸੁ ਪਰਜੋ ਨ ਨਿਕਸਨ ਹੋਵੈ।
ਰੈਨ ਦਿਨਾ ਜਜੋਂ ਜਲ ਤਜਿ ਰੋਵੈਂ[1]। [1]ਰਾਤ ਦਿਨੇ (ਨੇਤ੍ਰਾਂ ਤੋਂ) ਜਲ ਗੇਰ ਗੇਰ ਰੋਣਗੇ।
ਫੂਟ ਜਾਇਗੀ ਦੁਸ਼ਟਨਿ ਆਂਖ।

ਅੰਧੇ ਹੋਹਿਂ ਨ ਪੂਰਵਹਿ ਕਾਂਖ[1] ॥੭॥
ਕਰਤਿ ਉਪਾਇ ਦੁਸ਼ਟ ਦੁਖ ਭਰੇ।
ਪਲ ਪਲ ਬਿਖੈ ਸਵੱਯਾ ਚਰੇ[1]।
ਹਿੰਦੂ ਤੁਰਕਨਿ ਕੇ ਹੁਇਂ ਨਾਥ।
ਕਰੈਂ ਬਸੀ ਗਹਿ ਦੰਡੇ ਸਾਥ ॥੮॥
ਜੇ ਜੇ ਗੁਰ ਸੰਗ ਧਰਹਿਂ ਬਿਰੋਧ।
ਕਰਹਿ ਖਾਲਸਾ ਤਿਨ ਕੀ ਸੋਧ।
ਹੋਇ ਅਧੀਨ ਜੀਵਕਾ ਕਰੈਂ।
ਸਿੰਘਨਿ ਤੇ ਮ੍ਰਿਗ ਸਮ ਹੁਇ ਡਰੈਂ' ॥੯॥
ਅਪਨਿ ਪੰਥ ਕੇ ਗੁਨ ਇੱਤਜਾਦਿ।
ਬਰਨਨ ਕਰੇ ਧਰੇ ਅਹਿਲਾਦ।
ਸਭਿ ਦੇਸ਼ਨਿ ਕੇ ਬਿਖੈ ਪ੍ਰਕਾਸ਼ੇ।
ਹੇਰਿ ਹੇਰਿ ਬਿਸਮਾਹਿਂ ਹਿਰਾਸੇ[1] ॥੧੦॥
ਸ਼ਸਤ੍ਰ ਸਮੇਤ ਸਦਾ ਰੰਗ ਰਾਤੇ।
ਬਿਨਾ ਰਾਜ ਰਾਜੇ ਨਿਤ ਮਾਤੇ[1]।
ਬਿਨ ਧਨ ਤੇ ਬਡ ਧਨੀ ਬਨੇ ਹੈਂ।
ਇਕ ਸਤਿਗੁਰ ਕੇ ਪ੍ਰੇਮ ਸਨੇ ਹੈਂ ॥੧੧॥
ਮਹਾਂ ਨਿਡਰ ਰਸ ਬੀਰ ਭਰੇ ਹੈਂ।
ਨਹੀਂ ਕਿਸੂ ਕੋ ਸੰਗ ਕਰੇ ਹੈਂ।
ਸਿੰਘ ਬਿਨਾ ਮਿਲਿ ਹਰਖਹਿਂ ਨਾਹੀ[1]।
ਮਨ ਮੇਲਨਿ ਤੌਂ ਹੋਹਿ ਕਹਾਂ ਹੀ[1] ॥੧੨॥
ਰਹਹਿਂ ਮਗਨ ਪਰਵਾਹੁ ਨ ਕਾਹੂੰ।
ਭੂਮ ਬਿਨਾ ਭੂਪਤਿ ਮਦ ਮਾਹੂੰ।
ਦੋਨਹੁਂ ਸਮੈ ਸੁਚੇਤਾ[1] ਕਰਿਬੋ।
ਭਾਂਤਿ ਭਾਂਤਿ ਤਨ ਸ਼ਸਤ੍ਰਨਿ ਧਰਬੋ ॥੧੩॥
ਸ਼ਮਸ਼ ਕੇਸ਼ ਤੇ ਸ਼ੁਭਤਿ ਬਿਸਾਲੇ।

[1]ਇੱਛਾ।
[1]ਸਵਾਯਾ (ਪ੍ਰਤਾਪ ਖਾਲਸੇ ਦਾ) ਚੜ੍ਹੇਗਾ।
[1]ਡਰਦੇ ਹੋਏ (ਲੋਗ)।
[1]ਮਸਤੇ ਹੋਏ (ਖਾਲਸੇ)।
[1]ਸਿੰਘ ਦੇ ਮਿਲੇ ਬਿਨਾਂ ਪ੍ਰਸੰਨ ਨਹੀਂ ਹੁੰਦੇ।
[1]ਹੋਰ ਕਿਸੇ ਨਾਲ) ਮਨ ਮੇਲਣਾ ਤਾਂ ਕਿਤੇ ਰਿਹਾ।
[1]ਸ਼ਨਾਨ ਆਦਿਕ।

ਬਾਂਕੇ ਬੀਰ ਹਠੀ ਮੁਛਿਆਲੇ।
ਸਜਹਿਂ ਤੁਰੰਗ ਅਰੂਢਹਿਂ ਐਸੇ।
ਹਿੰਦੂ ਤੁਰਕ ਨ ਕਬਿ ਹੁਇ ਕੈਸੇ[1] ॥੧੪॥
ਸ਼ਸਤ੍ਰ ਸਜਾਇ ਗੁਰੂ ਕੋ ਦਰਸੈਂ।
ਹੇਰਿ ਪੰਥ ਕੋ ਅਦਭੁਤ ਹਰਸ਼ੈਂ।
ਰਟਹਿਂ ਰੈਨ ਦਿਨ ਸ਼੍ਰੀ ਗੁਰਬਾਨੀ।
ਸਭਿ ਤੇ ਅਤਿ ਸ੍ਰੇਸ਼ਟ ਸੁਖ ਖਾਨੀ ॥੧੫॥
ਇਕ ਦਿਨ ਸਤਿਗੁਰ ਚਢੇ ਅਖੇਰ।
ਭਏ ਤੁਰੰਗ ਅਰੂਢ ਸਬੇਰ।
ਸੁਭਟ ਸਿੰਘ ਦਲ[1] ਸੰਗ ਸੁਹੰਤਾ।
ਸਭਿ ਕੇ ਬੀਚ ਚਲਹਿਂ ਭਗਵੰਤਾ ॥੧੬॥
ਸਭਿ ਕੈ ਸ਼ਸਤ੍ਰ ਸਜਹਿਂ ਸ਼ੁਭ ਰੰਗ।
ਖੜਗ ਰੁ ਸਿਪਰ ਸਿਕੰਧ ਤੁਫੰਗ।
ਬਨ ਮਹਿਂ ਕਰਜੋ ਅਖੇਰ ਘਨੇਰਾ।
ਉਤਰੇ ਪ੍ਰਭੁ ਬਿਰਖ ਸ਼ੁਭ ਹੇਰਾ ॥੧੭॥
ਕਿਤਿਕ ਕਾਲ ਬੈਠੇ ਕਰਿ ਸੈਲ।
ਸਤੁੱਦ੍ਰਵ ਤੀਰ ਖਰੇ ਜਹਿਂ ਸੈਲ[1]।
ਉਠੇ ਪ੍ਰਭੁ ਹਯ ਕੀਨਿਸਿ ਆਗੇ।
ਦੇ ਰਕਾਬ ਪਦ ਚਢਿਬੇ ਲਾਗੇ ॥੧੮॥
ਸ਼ੁਭਤਿ ਕ੍ਰਿਪਾਨ ਬਨਜੋ ਮਧ ਮਜਾਨ।
ਕਸੀ ਕਮਰ ਕੇ ਸੰਗ ਸੁਜਾਨ।
ਚੰਚਲ ਬਾਜੀ ਬਹੁ ਬਲ ਭਰਜੋ।
ਪਗਨ ਚਪਲਤਾ ਉਛਲਨਿ ਕਰਜੋ ॥੧੯॥
ਨਿਕਸੇ ਵਹਿਰ ਮਜਾਨ ਤੇ ਹੇਰਿ।
ਖੜਗ ਸੰਭਾਰਜੋ ਗੁਰ ਤਿਸ ਬੇਰ।
ਰੋਕਨ ਕੋ[1] ਜਾਚਜੋ ਪ੍ਰਭੁ ਡੋਰਾ[2]।
ਸੁਨਿ ਸਭਿ ਸਿੱਖਜਨਿ ਕੀਨਿ ਢੰਡੋਰਾ ॥੨੦॥

[1]ਕਿਸੇ ਤਰ੍ਹਾਂ ਕਦੇ ਬੀ।

[1]ਸੂਰਮੇ ਸਿੰਘਾਂ ਦਾ ਦਲ।

[1]ਪਹਾੜ।

[1]ਭਾਵ (ਤਲਵਾਰ) ਬੰਨ੍ਹਣ ਲਈ। [2]ਰੱਸੀ।

ਖੋਜਤਿ ਭਲੇ ਨਹੀਂ ਜਬਿ ਪਾਯੋ।
ਸਿੱਖਜਨਿ ਤੇ ਨ ਕਾਜ ਸਰ ਆਯੋ।
ਦਯਾ ਸਿੰਘ ਤਬਿ ਰਿਦੈ ਬਿਚਾਰਾ।
ਅਪਨੋ ਜਗਜ਼ੁਪਵੀਤ[1] ਉਤਾਰਾ ॥੨੧॥ [1]ਜੰਞੂ।
ਡੋਰਾ ਕਰਿ ਕ੍ਰਿਪਾਨ ਹਿਤ ਦੀਨਾ।
ਸ੍ਰੀ ਕਲਗੀਧਰ ਪਾਵਨ ਕੀਨਾ।
ਚਲਿ ਆਏ ਸਭਿ ਹੀ ਨਿਜ ਡੇਰੇ।
ਸ੍ਰੀ ਗੁਰ ਮੰਦਿ ਚਰੇ ਉਚੇਰੇ ॥੨੨॥
ਕਿਤਿਕ ਦੇਰ ਮਹਿਂ ਸਿੱਖਨਹੇਰਾ।
ਦਯਾਸਿੰਘ ਗਰ ਜੰਞੂ ਨ ਗੇਰਾ[1]। [1]ਗਲ ਵਿਚ ਜੰਞੂ ਨਹੀਂ ਪਾਇਆ।
ਸਮੁਦਾਇਨ[1] ਮਿਲਿ ਬੂਝਨ ਕਰਜੋ। [1]ਸਾਰਿਆਂ ਨੇ।
'ਕਜੋਂ ਨ ਜਨੇਊ ਤੁਮ ਗਰ ਧਰਜੋ?'
॥੨੩॥
ਸੁਨਤਿ ਸਭਿਨਿ ਕੌ ਉੱਤਰ ਦਯੋ।
'ਸਤਿਗੁਰ ਕੋ ਸਾਮਰਪਨਿ ਕਿਯੋ।
ਅਜਰ ਅਮਰ ਅਬਿ ਸੋ ਹੁਇ ਗਯੋ।
ਜਿਸ ਤੇ ਕਾਜ ਗੁਰਨ ਕੋ ਭਯੋ' ॥੨੪॥
ਪੁਨ ਸਿੱਖਨ ਸਮੁਝਾਵਨਿ ਕਰਜੋ।
'ਭਯੋ ਭਯੋ ਗੁਰ ਕਾਰਜ ਸਰਜੋ।
ਅਪਰ ਜਨੇਊ ਲੈ ਕਰਿ ਧਾਰੋ।
ਧਰਮ ਆਪਨੋ ਹਿਤ ਕਰਿ ਪਾਰੋ'
॥੨੫॥
ਕਹਿ ਬਹੁ ਰਹੇ ਨਹੀਂ ਤਿਨ ਮਾਨਜੋ।
ਜਾਇ ਸਿੱਖ ਗੁਰ ਸਾਥ ਬਖਾਨਜੋ।
ਸ੍ਰੀ ਪ੍ਰਭੁ ਦਯਾ ਸਿੰਘ ਨਹਿਂ ਮਾਨੈਂ।
ਨਯੋ ਆਪਨੋ ਮਤ ਕੋ ਠਾਨੈ ॥੨੬॥
ਹਿਤ ਡੋਰੇ ਤੁਮਕੋ ਤਬਿ ਦੀਨੋਂ।
ਅਬਿ ਕਹਿ -ਮੈਂ ਗੁਰ ਅਰਪਨ ਕੀਨੋਂ-।
ਜਗਜ਼ੁਪਵੀਤ ਨ ਪਾਵਤਿ ਗਰ ਮੈਂ।
ਕਹਜੋ ਨ ਮਾਨੈ ਕਜਾ ਤਿਸ ਉਰ ਮੈਂ!'
॥੨੭॥

ਸਿੱਖਜਨਿ ਸੰਗ ਕਹ੍ਯੋ ਗੁਰ ਪੂਰੇ।
'ਪਹਿਰਾਵਹੁ ਤਿਸ ਜਾਇ ਜ਼ਰੂਰੇ।
ਜਯੋਂ ਕਯੋਂ ਕਰਿ ਨੀਕੇ ਸਮੁਝਾਵਹੁ।
ਅਪਨੀ ਦਿਸ਼ਿ ਤੇ ਭੈ ਦਿਖਰਾਵਹੁ†' ॥੨੮॥ †ਵਯੰਗਵਾਕ ਹੈ।
ਸਿੱਖ ਜਾਇ ਪੁਨ ਬਹੁ ਸਮੁਝਾਯੋ।
'ਕੈਸੇ ਕਰਹਿਂ ਅਪਨਿ ਮਨ ਭਾਯੋ।
ਹਮ ਸਭਿ ਕਹੈਂ ਮਾਨ ਬਚ ਲੀਜੈ।
ਜਗਯੁਪਵੀਤ ਪਾਵਨੋ ਕੀਜੈ' ॥੨੯॥
ਦਯਾ ਸਿੰਘ ਮਾਨੈਂ ਨ ਬਖਾਨਾ।
'ਸੁਨਹੁ ਸਿੱਖ ਤੁਮ ਸਭਿ ਸੁਰ ਗਯਾਨਾ[1]। [1]ਹੇ ਦਿੱਵ ਗਿਆਨੀਓ।
ਮਨ ਤਨ ਤੇ ਮੈਂ ਅਰਪਨ ਠਾਨਾ।
ਸ੍ਰੀ ਗੁਰ ਕਲਗ਼ੀਧਰ ਬਿਦਮਾਨਾ[1]' ॥੩੦॥ [1]ਪ੍ਰਗਟ ਹੀ।
ਸੁਨਿ ਸਿੱਖਨ ਗੁਰ ਸੋਂ ਪੁਨ ਕਹ੍ਯੋ।
'ਮਾਨੈ ਨਹਿਂ ਨ, ਕਰਹਿ ਨਿਜ ਕਹ੍ਯੋ।'
ਸੁਨਿ ਕਰਿ ਕਲਗ਼ੀਧਰ ਮੁਸਕਾਨੇ।
ਤਿਨ ਸਿੱਖਨ ਸੋਂ ਬਾਕ ਬਖਾਨੇ ॥੩੧॥
'ਮੋਹਿਂ ਨਿਕਟ ਆਨਹੁਂ ਅਬਿ ਜਾਇ।
ਦਯਾਸਿੰਘ ਕੋ ਦੇਂ ਸਮੁਝਾਇ।
ਕਯੋਂ ਨਹਿਂ ਪਹਿਰਤਿ ਤਿਸ ਤੇ ਸੁਨੈਂ।
ਕੌਨ ਗਯਾਨ ਕੋ ਮਨ ਮਹਿਂ ਗੁਨੈਂ' ॥੩੨॥
ਗਏ ਸੁ ਤਤਛਿਨ ਜਾਇ ਉਚਾਰ੍ਯੋ।
'ਉਠਿ ਕਰਿ ਗਮਨਹੁਂ, ਗੁਰੂ ਹਕਾਰ੍ਯੋ।
ਸ੍ਰੀ ਮੁਖ ਕਰਹਿਂ ਭਲੇ ਫੁਰਮਾਵਨਿ।
ਤਬਹਿ ਜਨੇਊ ਪਾਵਨ ਪਾਵਨ[1]' ॥੩੩॥ [1]ਤਦ ਪਵਿੱਤ੍ਰ ਜਨੇਊ ਪਾਓਗੇ।
ਸੁਨਤਿ ਦਯਾਸਿੰਘ ਉਠਿ ਭਾ ਖਰੋ।
ਜਾਇ ਪਾਇ ਪੰਕਜ ਮੈਂ ਪਰੋ।
ਸਤਿਗੁਰ ਗਯਾਨੀ ਮੁਖਹੁਂ ਬਖਾਨੀ।

'ਸਿੱਖਜਨਿ ਬਾਨੀ ਕ੍ਯੋਂ ਨਹਿਂ ਮਾਨੀ?
॥੩੪॥
ਕ੍ਯੋਂ ਨ ਰੁਚਹਿ ਐਸੀ ਬਿਧਿ ਤੇਰੇ?
ਰਹ੍ਯੋ ਸਦਾ ਜ੍ਯੋਂ ਧਾਰਿ ਅਗੇਰੇ।'
ਦਯਾ ਸਿੰਘ ਕਰ ਜੋਰਿ ਉਚਾਰਾ।
'ਸ਼੍ਰੀ ਸਤਿਗੁਰ ਜੀ ਬਾਕ ਤੁਮਾਰਾ
॥੩੫॥
ਆਸਾਵਾਰ ਮਝਾਰ ਸੁਨਾਵਨ।
ਜੱਗਜ਼ੁਪਵੀਤ ਕਰੇ ਜਿਮ ਪਾਵਨਿ।
ਸੋ ਮੈਂ ਲਖਿ ਕਰਿ ਅਰਪਨਿ ਕਰ੍ਯੋ।
ਰਾਵਰਿ ਕਰੁਨਾ ਤੇ ਸੋ ਧਰ੍ਯੋ ॥੩੬॥
ਸ੍ਰੀ ਮੁਖਵਾਕ:

ਸਲੋਕੁ ਮਃ ੧ ॥
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਪੁਨਾ:-

ਮਃ ੧ ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ[1] ॥੧॥ [1]ਜਨੇਊ।

ਚੌਪਈ:

ਇਤ੍ਯਾਦਿਕ ਤਬਿ ਬਰਨ੍ਯੋ ਤਹਾਂ।
ਜਗਜ਼ੁਪਵੀਤ ਸੁਖਦ ਸਚ ਮਹਾਂ।
ਮਨ ਮਤਿ ਕਰਿ ਮੈਂ ਤ੍ਯਾਗ੍ਯੋ ਨਾਂਹੀ।
ਖੋਜ ਲੀਨਿ ਗੁਰ ਆਸ਼ੈ ਮਾਂਹੀ ॥੩੭॥
ਰਾਵਰ ਕੀ ਆਇਸੁ ਸਿਰ ਧਰੈਂ।
ਉਚਰਹੁ ਅਬਿ ਤੈਸੇ ਸਭਿ ਕਰੈਂ।'
ਦਯਾ ਸਿੰਘ ਕੋ ਸੁਨ੍ਯੋਂ ਸੁ ਆਸ਼ੈ।
ਪ੍ਰੇਮ ਪਰਖਿ ਕਰਿ ਗੁਰੂ ਪ੍ਰਕਾਸ਼ੈ[1] [1]ਗੁਰੂ ਜੀ ਨੇ ਕਿਹਾ:-।
॥੩੮॥
'ਇਹ ਮੇਰੋ ਸਿਖ ਦਿਢ ਬ੍ਰਹਮ ਗ੍ਯਾਨੀ।
ਸ਼ੁਭ ਬਾਨੀ ਸਤਿਗੁਰ ਕੀ ਮਾਨੀ।
ਹਮਰੀ ਭਗਤਿ ਵਿਖੇ ਮਨ ਭੀਨਾ।

ਅਤਿ ਉੱਤਮ ਨਿਸ਼ਚੈ ਮਨ ਕੀਨਾ
॥੩੯॥
ਅਬਿ ਤੇ ਆਗੇ ਜੋ ਸਿਖ ਮੇਰੋ।
ਰਹਤਿ ਕਹਤਿ ਕੇ ਸਹਿਤ ਬਡੇਰੋ।
-ਪਾਵਹੁ ਕੰਠ ਜਨੇਊ- ਕਹੈ।
ਸੋ ਤਨਖਾਹੀ ਨਿਜ ਕੋ ਲਹੈ ॥੪੦॥
ਹਾਥ ਜੋਰਿ ਅਰਦਾਸ ਕਰਾਵੈ।
ਦੇ ਤਨਖਾਹ ਆਪ ਬਖਸ਼ਾਵੈ।
ਹਿੰਦੂ ਤੁਰਕ ਦੁਹਨ ਤੇ ਨਜਾਰੀ।
ਧਰਹਿ ਖਾਲਸਾ ਰਹਿਤ ਸੁਚਾਰੀ[1] [1]ਸ੍ਰੇਸ਼ਟ ਆਚਾਰ ਵਾਲੀ।
॥੪੧॥
ਜਗਤ ਕਾਨ ਤਜਿ ਹੋਹਿ ਨਿਰਾਲਾ।
ਗੁਰਮਤਿ ਧਾਰਹਿ[†] ਉਦਤਿ ਬਿਸਾਲਾ[1]। [1]ਬੜਾ ਪ੍ਰਗਟੇਗਾ।

[†]ਜੰਞੂ ਸਤਿਗੁਰਾਂ ਨੇ ਅਪਣੇ ਸਿੱਖਾਂ ਲਈ ਦੁਤਿਯ ਜਨਮ ਦੀ ਨਿਸ਼ਾਨੀ ਨਹੀਂ ਸੀ ਰਖਿਆ, ਗੁਰੂ ਸ਼ਰਨ ਪ੍ਰਾਪਤ ਹੋਕੇ ਗੁਰ ਸਿਖ ਦ੍ਵਿਜ ਹੋ ਜਾਂਦਾ ਸੀ। 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ' ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ। ਫਿਰ ਜਦ ਅੰਮ੍ਰਿਤ ਛਕਾਇਆ ਤਾਂ ਪੁਰਾਤਨ ਰੀਤੀ, ਸਿਖਾ, ਸੂਤ ਧੋਤੀ ਆਦਿ ਉਡਾਕੇ, ਹੋਰਨਾਂ ਸਭ ਪੂਜਾ ਤੋਂ ਵਰਜ ਕੇ ਇਕ ਅਕਾਲ ਦੇ ਲੜ ਲਾਇਆ। ਜੇ ਫਰਜ਼ ਕਰ ਲਓ ਕਿ ਕਿਸੇ ਕਿਸੇ ਨੇ ਜੰਞੂ ਨਹੀਂ ਸੀ ਲਾਹਿਆ ਤਾਂ ਇਸ ਸਾਖੀ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਦੀ ਨਿਜ ਆਗਿਆ ਹੈ ਕਿ ਜੰਞੂ ਪਹਿਨਣਾਂ ਤਨਖਾਹੀਏ ਹੋਣਾ ਹੈ। ਹੁਕਮ ਇਹ ਹੈ ਕਿ ਹਿੰਦੂ ਤੁਰਕ ਦੋਹਾਂ ਤੋਂ ਵੱਖਰੀ ਖਾਲਸੇ ਦੀ ਆਪਣੀ ਰਹਿਤ ਧਾਰਨੀ ਅੰਮ੍ਰਿਤ ਛਕਣਾ 'ਦ੍ਵਿਜਨਮੇ' ਹੋ ਜਾਣਾ ਹੈ।

ਜਗ ਮਹਿਂ ਜੇ ਮਲੇਛ ਬਲਵਾਨਾ।
ਮਨ ਮਹਿਂ ਅਹੈ ਬਿਕਾਰ ਮਹਾਨਾ
॥੪੨॥
ਸਿੰਘ ਸੂਰਮੇ ਗੁਰਮਤਿ ਧਰੈਂ।
ਇਨ ਦੋਨਹੁਂ ਕੋ ਨਾਸ਼ਨਿ ਕਰੈਂ[1]। [1]ਭਾਵ ਮਲੇਛਾਂ ਤੇ ਵਿਕਾਰਾਂ ਨੂੰ।
ਦੋਨਹੁਂ ਲੋਕ ਲਹੈਂ ਸੁਖ ਭਾਰੀ।
ਮੈਂ ਤਿਨ ਕੋ ਸੰਗੀ ਮੁਦਕਾਰੀ[1] ॥੪੩॥ [1]ਅਨੰਦ ਦੇਣ ਵਾਲਾ।
ਹੋਇ ਖਾਲਸਾ ਮੇਰੋ ਰੂਪ।
ਹਿਤ ਮਿਰਜਾਦਾ ਕਰਹਿ ਅਨੂਪ।
ਸੋ ਸੋ ਸਭਿ ਕੇ ਅੰਗੀਕਾਰ।
ਤਿਨ ਸਿੱਖਜਨ ਕੇ ਮੈਂ ਅਨੁਸਾਰਿ'
॥੪੪॥
ਇਮ ਕਲਗੀਧਰ ਸਿਖ ਸਮੁਝਾਏ।

ਅਪਰ ਖਜਾਲ ਬਹੁ ਪੁਨ ਬਿਰਮਾਏ।
ਸ਼ਸਤ੍ਰਨ ਕੋ ਹੇਰਤਿ ਹਰਖਾਵਹਿਂ।
ਫੂਲਨ ਮਾਲਾ ਧੂਪ ਧੁਖਾਵਹਿਂ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਦਯਾ ਸਿੰਘ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

## ੨੯. [ਚੱਯੇ ਮੱਯੇ ਮਸੰਦ ਨੂੰ ਦੰਡ। ਮਸੰਦਾਂ ਦੀ ਨਕਲ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸਤਰਾਂ ਸੈ ਪਚਵੰਜਵੇਂ, ਸ਼੍ਰੀ ਦੇਵੀ ਬਿਦਤਾਇ।
ਸਤਿਵੰਜੇਂ ਮਹਿਂ ਸਤਿਗੁਰੂ, ਗਹੇ ਮਸੰਦ ਝੁਠਾਇ[1] ॥੧॥ [1]ਝੂਠੇ ਮਸੰਦ।

ਚੌਪਈ:

ਪੂਰਬ ਦਿਸ਼ ਮੈਂ ਨਗਰ ਬਿਸਾਲੇ।
ਕਾਂਸ਼ੀ ਪਟਨਾ ਸਿੱਖ ਬੰਗਾਲੇ।
ਗਾਜ਼ੀ ਪੁਰਿ, ਢਾਕਾ, ਮੁੰਗੇਰ।
ਰਾਜਮਹਿਲ, ਮਿਰਜ਼ਾਪੁਰ ਹੇਰਿ ॥੨॥
ਫਰਕਾਬਾਦ, ਮਖਸੂਦਾਬਾਦਿ।
ਬ੍ਰਹਮ ਪੁੱਤ੍ਰ ਬਡ ਨਦ ਤੇ ਆਦਿ।
ਕਹਿਂ ਲਗਿ ਗਿਨੀਐ ਪੂਰਬ ਦਿਸ਼ਿ ਕੇ।
ਦੇਤਿ ਕਾਰ ਗੁਰ ਪਾਇੰ[1] ਪਰਸ ਕੇ ॥੩॥ [1]ਚਰਨ।
ਦ੍ਵੈ ਮਸੰਦ ਉਤ ਤੇ ਧਨ ਲਜਾਵੈਂ।
ਅਧਿਕ ਅਰਧ ਤੇ ਆਪ ਛਪਾਵੈਂ।
ਕੁਛ ਅਰਪਹਿਂ ਸਤਿਗੁਰੂ ਖਜ਼ਾਨੇ।
ਬਹੁ ਧਨ ਤੇ ਜਿਨ ਗਰਬ ਮਹਾਨੇ ॥੪॥
ਹੀਰੇ ਮੁਕਤਾ ਆਦਿ ਜਵਾਹਰ।
ਆਨਹਿ ਰਾਖਹਿਂ ਪਾਸ ਅਜ਼ਾਹਰ[1]। [1]ਲੁਕਾਕੇ।
ਬਸਤ੍ਰ ਬਿਭੂਖਨ ਮੋਲ ਬਡੇਰੇ।
ਸਿਖਨ ਤੇ ਲੇ ਰਾਖਤਿ ਡੇਰੇ ॥੫॥
ਪੂਜਾ ਦਰਬ ਖਾਇੰ ਬਯਸਾਰੀ।
ਸ਼ਰਧਾ ਛੋਰਿ ਗਈ ਮਤਿਮਾਰੀ।
-[1]ਹਮ ਸਕੇਲ ਗੁਰ ਕੋ ਧਨ ਦੈਹੈਂ। [1](ਮਸੰਦ ਇਉਂ ਵਿਚਾਰਦੇ ਹਨ:-)
ਨਤੁ ਘਰ ਬੈਠੇ ਕਿਤ ਤੇ ਪੈਹੈਂ- ॥੬॥
ਇੱਤਜਾਦਿਕ ਮਨ ਜਾਨਤਿ ਗਰਬੈਂ।
ਲਾਖਹੁਂ ਨਿਜ ਘਰ ਰਾਖਹਿਂ ਦਰਬੈ।
ਸਿੱਖ ਬੰਗਾਲੇ ਤੇ ਇਕ ਆਯੋ।
ਥਾਨ ਬਾਦਲਾ ਕੋ[1] ਇਕ ਲਜਾਯੋ ॥੭॥ [1]ਇਕ ਪਟ ਦਾ ਕੱਪੜਾ ਜੋ ਤਿੱਲੇਤਾਰਾਂ ਪਾਕੇ ਉਣੀਂਦਾ ਹੈ।

ਕਰਜੋ ਆਨਿ ਆਨੰਦਪੁਰਿ ਡੇਰਾ।
ਔਰ ਸੰਗ ਜਿਹ ਸੰਗ ਘਨੇਰਾ।
ਜਬਿ ਸਤਿਗੁਰ ਨੇ ਸਭਾ ਲਗਾਈ।
ਦੇਨਿ ਲਗੇ ਦਰਸ਼ਨ ਸਮੁਦਾਈ ॥੮॥
ਪੂਰਬ ਕੀ ਸੰਗਤਿ ਜੋ ਭਾਰੀ।
ਅਨਿਕ ਅਕੋਰਨਿ ਕੋ ਕਰ ਧਾਰੀ।
ਪਹੁੰਚਿ ਕਰਜੋ ਦਰਸ਼ਨ ਗੁਰ ਕੇਰਾ।
ਬੰਦਨ ਕਰਿ ਕਰਿ ਭਾਉ ਘਨੇਰਾ ॥੯॥
ਸਰਬ ਅਕੋਰ ਅਰਪ ਕਰਿ ਆਗੇ।
ਧਰਜੋ ਥਾਨ ਜਗਮਗ ਦੁਤਿ ਜਾਗੇ।
ਸਭਾ ਸਰਬ ਅਵਿਲੋਕਤਿ ਕਹਜੋ।
'ਵਸਤੁ ਅਜਾਇਬ ਇਕ ਇਹ ਲਹਜੋ
॥੧੦॥
ਆਗੈ ਇਸ ਕੇ ਸਮ ਨਹਿਂ ਦੇਖਾ।
ਲਗਜੋ ਹੋਇਗੋ ਦਰਬ ਬਿਸ਼ੇਖ਼ਾ।'
ਜਬਿ ਸਤਿਗੁਰ ਤਿਸ ਓਰ ਨਿਹਾਰਾ।
ਹਾਥ ਜੋਰਿ ਤਿਨ ਬਾਕ ਉਚਾਰਾ ॥੧੧॥
'ਹੇ ਪ੍ਰਭੁ ਪਠਜੋ ਥਾਨ ਇਕ ਆਗੇ।
ਇਸ ਕੀ ਸਮ ਜਿਸ ਕੋ ਧਨੁ ਲਾਗੇ।
ਹੁਤੋ ਜ਼ਨਾਨਾ ਇਹੁ ਮਰਦਾਨਾ।
ਰਾਵਰਿ ਪਹਿਰਨਿ ਹਿਤ ਮੈਂ ਆਨਾ
॥੧੨॥
ਪੂਰਬ ਪਠਜੋ ਜ਼ਨਾਨਾ ਜੋਇ।
ਪਹਿਰਜੋ ਮਾਤ ਕਿਧੌਂ ਨਹਿਂ ਸੋਇ?
ਕਰਹੁ ਭਾਵਨਾ ਪੂਰਨ ਮੇਰੀ।
ਪਹਿਰਹੁ ਬਸਤ੍ਰ ਆਪ ਇਕ ਬੇਰੀ'
॥੧੩॥
ਸ੍ਰੀ ਕਲਗੀਧਰ ਸੁਨਿ ਕਰਿ ਕਹਜੋ।
'ਪ੍ਰਥਮ ਥਾਨ ਤੌ ਹਮ ਨਹਿਂ ਲਹਜੋ।
ਪੂਛਹੁ ਕੋਸ਼ਪਤੀ ਕੋ ਸੋਇ।
ਆਯਹੁ ਧਰਜੋ ਪਹੁੰਚਿਓ ਹੋਇ'
॥੧੪॥

ਗਯੋ ਦਾਸ ਖੋਜਯੋ ਥਲ ਸਾਰੇ।
ਸਭਿਨਿ ਕਹਯੋ 'ਹਮ ਨਹੀਂ ਨਿਹਾਰੇ।'
ਸਿਖ ਕੋ ਬੂਝਯੋ 'ਤੈਂ ਕਿਸ ਦੀਨਾ?
ਕਿਨਹੁਂ ਨ ਆਨਯੋਂ, ਹੇਰਨਿ ਕੀਨਾ[1]' ॥੧੫॥
ਸੁਨਤਿ ਬੰਗਾਲੀ ਕਹਯੋ ਪ੍ਰਕਾਸ਼।
'ਪ੍ਰਥਮ ਮਸੰਦ ਬੁਲਾਕੀ ਦਾਸ।
ਸੋ ਗੁਰ ਕਾਰ ਤਹਾਂ ਤੇ ਲੇਤਿ।
ਗੁਰ ਕੇ ਨਿਕਟ ਆਨਿ ਸਭਿ ਦੇਤਿ ॥੧੬॥
ਮਰਯੋ ਸੁ ਪਾਛੈ ਚੈਯਾ ਮੈਯਾ।
ਆਨਹਿ ਸਕਲ ਕਾਰ ਦ੍ਵੈ ਭੈਯਾ[1]।
ਬਹੁ ਤਾਗੀਦ ਕੀਨਿ ਮੈਂ ਦੇਤਿ-।
ਅਰਪਹੁ ਜਾਤੇ ਗੁਰੂ ਨਿਕੇਤ- ॥੧੭॥
ਨਿਕਟ ਹਕਾਰਿ ਬੂਝੀਅਹਿ ਤਾਂਹੀ।
ਦਿਯੋ ਬਾਦਲਾ ਕਿਸ ਕਰ ਮਾਂਹੀ।'
ਸੁਨਤਿ ਪ੍ਰਭੂ ਕੈ ਕੋਪ ਬਿਸਾਲਾ।
ਕਰਯੋ ਹੁਕਮ ਆਨਯੋਂ ਤਤਕਾਲਾ ॥੧੮॥
ਗਯੋ ਸੁਭਟ ਬੈਠੇ ਜਹਿਂ ਪਾਯਹੁ।
ਆਨਿ ਸਭਾ ਮੈਂ ਸੋ ਠਹਿਰਾਯਹੁ[1]।
ਬੂਝਯੋ 'ਕਹਾਂ ਥਾਨ ਤੈਂ ਆਨਾ?'
ਤਿਸ ਛਿਨ ਇਕ ਸਿਖ ਊਚ ਬਖਾਨਾ ॥੧੯॥
'ਮਹਾਂਰਾਜ! ਇਕ ਦਿਨ ਮੈਂ ਦੇਖਾ।
ਪਹਿਰਯੋ ਇਸ ਕੀ ਤ੍ਰਿਯਾ ਵਿਸ਼ੇਖਾ।
ਚਲੀ ਜਾਤਿ ਕਿਹ ਬਜਾਹ ਸਮਾਜਾ।
ਅਦਭੁਤਿ ਦੁਤਿ ਬਹੁ ਧਨ ਤੇ ਸਾਜਾ' ॥੨੦॥
ਨਹਿਂ ਬੋਲਯੋ ਚੈਯਾ ਧਰਿ ਮੌਨ।
ਪਠੇ ਸੁਭਟ ਤਬਿ ਤਿਸ ਕੇ ਭੌਨ।

[1](ਖਜ਼ਾਨਾ) ਦੇਖਿਆ ਹੈ।

[1]ਦੋਵੇਂ ਭਿਰਾ।

[1]ਖੜਾ ਕੀਤਾ।

ਖੋਜਜੋ ਭਲੇ ਨਿਕਾਸਜੋ ਸੋਇ।
ਆਨਜੋਂ ਸਭਾ ਬਿਖੇ ਜਬਿ ਸੋਇ ॥੨੧॥
ਦੇਖਤਿ ਸਗਰੇ ਥਾਨ ਮਿਲਾਯੋ।
ਦੋਨਹੁੰ ਕੋ ਇਕ ਸਮ ਦਰਸਾਯੋ।
ਕਰਜੋ ਹੁਕਮ 'ਇਸ ਦਿਹੁ ਲਟਕਾਇ।
ਸਿਰ ਤਰ ਕਰਿ ਕੈ ਦੇਹੁ ਸਜ਼ਾਇ ॥੨੨॥
ਪਾਪ ਬਿਲੰਦ ਮਸੰਦਨਿ ਕਰੇ।
ਹੋਹਿਂ ਪਵਿੱਤ੍ਰ ਮਾਰਤਉ ਮਰੇ[1]।'

[1]ਮਾਰਨ ਨਾਲ ਸੁੱਛ ਹੋ ਜਾਏਗਾ।

ਸੁਨਿ ਗੁਰ ਹੁਕਮ, ਜਾਟ ਸੋ ਚੈਯਾ।
ਗਹਿ ਦਿਢ ਬੰਧ ਦੇਹਿ ਲਟਕੈਯਾ[1] ॥੨੩॥

[1]ਉਸ ਜੱਟ ਚੈਂਯੇ ਨੂੰ ਪਕੜ ਕੇ ਜਕੜ ਕੇ ਲਟਕਾ ਦਿੱਤਾ। (ਅ) ਜੱਟਾਂ (ਸਿੰਘਾਂ) ਨੇ.....।

ਦੇ ਸਜ਼ਾਇ ਬੰਧਨ ਕਰਿ ਰਾਖਾ[†]।

[†]ਜਾਪਦਾ ਹੈ ਕਿ ਥੋੜੀ ਦੇਰ ਲਟਕਾ ਕੇ ਜੋ ਲੋਕੀ ਖੋਟੇ ਮਸੰਦ ਦੀ ਸਜ਼ਾ ਤੱਕ ਲੈਣ, ਫੇਰ ਛਡ ਦਿੱਤਾ, ਕਿਉਂਕਿ ਅਗਲੀ ਸਜ਼ਾ ਵਿਚ ਦੱਸਿਆ ਹੈ ਕਿ ਉਸ ਨੂੰ ਬੰਗਾਲ ਦੇਸ਼ ਜਾਣੋ ਰੋਕ ਦਿੱਤਾ, ਇਉਂ ਉਸ ਦੀ ਸ਼ਰਧਾ ਹੀਣਤਾ ਸਾਰੇ ਪਤਾ ਲਗ ਗਈ ਤੇ ਕੱਢਿਆ ਗਿਆ।

ਸ਼ਰਧਾ ਹੀਨ ਸਭਿਨਿ ਨੇ ਲਾਖਾ।
ਅੰਤ ਮਸੰਦਨ ਕੋ ਗੁਰ ਚਹਾ।
ਜੇ ਕਰਤੇ ਸਿੱਖਨ ਦੁਖ ਮਹਾਂ ॥੨੪॥
ਇਕ ਦਿਨ ਸਭਾ ਬਿਥੈ ਗੁਰ ਪੂਰੇ।
ਊਚੇ ਤਖਤ ਸੁਹਾਵਤਿ ਰੂਰੇ।
ਸ੍ਵਾਂਗੀ ਭਾਂਡ ਆਇ ਕਹਿ ਪਾਸਾ।
'ਹੁਕਮ ਹੋਇ ਤਾਂ ਕਰਹਿਂ ਤਮਾਸਾ' ॥੨੫॥
ਸੁਨਿ ਪ੍ਰਭੁ ਕਹਜੋ 'ਮਸੰਦ ਬਨਾਵਹੁ।
ਸ੍ਵਾਂਗ ਕ੍ਰਿਯਾ ਇਨ ਕੀ ਦਿਖਰਾਵਹੁ।'
ਸੁਨਿ ਆਇਸੁ ਇਕ ਬਨਜੋਂ ਮਸੰਦ।
ਜਾਮਾ ਪਾਯਹੁ ਗਰੇ ਬਿਲੰਦ ॥੨੬॥
ਬੇਸ੍ਵਾ ਸੰਗ ਲੀਨਿ, ਚਢਿ ਘੋਰੀ।
ਚਲਜੋ ਕਾਰ ਉਗਰਾਹਨਿ ਓਰੀ।
ਸਿਖ ਸ਼ਰਧਾਲੂ ਨਿਰਧਨ ਕੇ ਘਰ।
ਉਤਰਜੋ ਜਾਇ ਸੰਗ ਦ੍ਵੈ ਨਫਰ ॥੨੭॥

ਪਿਖਿ ਸਿਖ ਤਤਛਿਨ ਫਿਕਰ ਉਦਾਰਾ।
ਲੀਨਿ ਰਜਤਪਣ ਕਿਤਹੁੰ ਉਧਾਰਾ।
ਧਰਿ ਆਗੇ ਤਿਨ ਬੰਦਨ ਕਰੀ।
ਕਹ੍ਯੋ ਮਸੰਦ ਰਿਦੈ ਰਿਸ ਭਰੀ ॥੨੮॥
'ਕਜਾ ਕੀਨਸਿ ਮੂਰਖ ਤੈਂ ਏਹੁ।
ਪੰਜ ਰਜਤਪਣ ਕਯੋਂ ਨਹਿਂ ਦੇਹੁ।'
ਗਾਰਿ ਨਿਕਾਰ ਰਜਤਪਣ ਲੈ ਕੇ।
ਬਾਰਬਧੂ ਦਿਸ਼ਿ ਦਯੋ ਬਗੈ ਕੇ ॥੨੯॥
ਸਿਖ ਦੁਖ ਪਾਇ ਗਯੋ ਘਰ ਮਾਂਹੀ।
ਅਸਨ ਹੇਤੁ ਕੁਛ ਪਾਵਤਿ ਨਾਂਹੀ।
ਤ੍ਰਿਯ ਕੀ ਨਾਥ ਅਲਪ ਧਨ ਕੇਰੀ।
ਧਰੀ ਦੁਕਾਨ ਜਾਇ ਤਿਸ ਬੇਰੀ ॥੩੦॥
ਦਾਲ ਉਰਦ ਕੀ ਛਮਕ ਬਨਾਈ[1]।
ਗੋਧੁਮ ਕੇ ਫੁਰਕੇ[1] ਸਮੁਦਾਈ।
ਕਰਿ ਕੈ ਤਯਾਰ ਗਯੋ ਕਰਿ ਜੋਰੇ।
'ਅਚਹੁ ਅਸਨ ਚਲੀਐ ਗ੍ਰਿਹ ਓਰੇ' ॥੩੧॥
ਸੁਰਾਪਾਨ ਤੇ ਮਸਤ ਮਹਾਨਾ।
ਘੂਮਤਿ ਕੀਨੋ ਸਦਨ ਪਯਾਨਾ।
ਚੌਕੀ ਪਰ ਬਿਠਾਇ ਸੋ ਲਯਾਯੋ।
ਦੇਖਤਿ ਕ੍ਰੋਧਯੋ ਕ੍ਰੂਰ ਅਲਾਯੋ ॥੩੨॥
'ਕਹਾਂ ਅਸਨ ਗੁਰ ਮਾਰੇ ਆਨਾ?
ਇਹ ਨਹਿਂ ਖਾਹਿਂ ਹਮਾਰੇ ਸ੍ਵਾਨਾ।
ਪਾਪੀ! ਤੁਵ ਘਰ ਮਹਿਂ ਗੁਰ ਆਯੋ।
ਕਹਾਂ ਭਾਉ ਕਰਿ ਅਸਨ ਅਚਾਯੋ?' ॥੩੩॥
ਫੁਰਕੇ ਕੂਕਰ ਦਿਸ਼ਾ ਬਗਾਏ।
ਦਾਰ ਗੇਰਿ ਤਹਿਂ ਦੀਨਿ ਬਹਾਏ।
ਰਿਸ ਤੇ ਉਠਯੋ ਸਿੱਖ ਕਰਿ ਜੋਰਤਿ।
ਮਸਤਕ ਟੇਕਤਿ ਬਹੁਰ ਨਿਹੋਰਤਿ ॥੩੪॥

[1]ਮਹਾਂ ਦੀ ਦਾਲ ਘਿਉ ਵਿਚ ਭੁੰਨ ਕੇ ਬਨਾਈ।
[1]ਕਣਕ ਦੇ ਫੁਲਕੇ।

'ਕਹਹੁ ਆਪ, ਸੋ ਅਸਨ ਬਨਾਵਹੁਂ।
ਨਹਿਂ ਉਧਾਰ ਨਿਰਧਨ ਮੈਂ ਪਾਵਹੁਂ[1]।'
ਕਹਿ ਮਸੰਦ 'ਸੁਨਿ ਸਿੱਖ ਹਮਾਰੇ!
ਕਰਹੁ ਤਿਹਾਵਲ ਆਮਿਖ ਤਜਾਰੇ ॥੩੫॥

[1]ਮੈਂ ਨਿਰਧਨ ਹਾਂ ਮੈਨੂੰ ਉਧਾਰ ਨਹੀਂ ਮਿਲਦਾ।

ਆਨ ਬਾਰਨੀ[1] ਪੂਰ ਸੁਰਾਹੀ।
ਚਾਵਰ ਸੂਖਮ ਕਰਿ ਤੌਂ ਖਾਹੀਂ।
ਨਤੁ ਸਿੱਖੀ ਤੇ ਖਾਰਜ ਕਰੌਂ।
ਦੋਸ਼ ਅਨੇਕ ਤੋਹਿ ਪਰ ਧਰੌਂ' ॥੩੬॥

[1]ਸ਼ਰਾਬ।

ਸੁਨਿ ਸਿੱਖਨ ਕਰ ਜੋਰਿ ਮਨਾਯੋ।
ਨੱਥ ਬੇਚ ਸੋ ਸਗਲ ਬਨਾਯੋ।
ਖਾਯੋ ਬੇਸ੍ਵਾ ਸਹਿਤ ਮਸੰਦ।
ਤਊ ਤਾੜਨਾ ਕਰਤਿ ਬਿਲੰਦ ॥੩੭॥
ਅਚਵਹਿ ਮਾਸ ਬਾਰਨੀ ਪੀਵਤਿ।
ਕਰਿ ਕਰਿ ਹੁਕਮ ਹੰਕਾਰੀ ਥੀਵਤਿ।
ਕਹਤਿ ਭਯੋ 'ਅਬਿ ਦੇਹੁ ਬਿਦਾਈ।
ਗੁਰੂ ਨਿਕਟ ਜੋ ਲੇ ਕਰਿ ਜਾਈਂ' ॥੩੮॥
ਸਿਖ ਸਚਿੰਤ ਸੁਨਿ ਕੈ ਅਤਿ ਹੋਵਾ।
ਦੇਨਿ ਹੇਤੁ ਕੁਛ ਘਰ ਨਹਿਂ ਜੋਵਾ।
ਤਬਿ ਲਹਿੰਗਾ ਤ੍ਰਿਯ ਕੋ ਲੇ ਗਯੋ।
ਏਕ ਰਜਤਪਣ ਆਨਤਿ ਭਯੋ ॥੩੯॥
ਮੱਤ ਸੁਰਾ ਕਰ ਦੇਨਿ ਜੁ ਲਾਗਜੋ[1]।
ਦੇਖਤਿ ਕ੍ਰੋਧ ਮੂੜ ਕੇ ਜਾਗਜੋ।
ਸਿੱਖ ਪਰਜੋ ਪਾਇਨ ਪਰ ਜਬੈ।
ਲਾਤ ਪ੍ਰਹਾਰ ਕਰਤਿ ਭਾ ਤਬੈ ॥੪੦॥

[1]ਸ਼ਰਾਬ ਵਿੱਚ ਮਸਤ ਦੇ ਹੱਥ ਜਦ ਦੇਣ ਲੱਗਾ।

'ਧਿਕ ਧਿਕ ਤੈਂ ਇਮ ਜਨਮ ਗਵਾਯੋ।
ਗੁਰ ਕੀ ਕਾਰ ਕਹਾਂ ਇਕ ਲਜਾਯੋ।'
ਲਿਯੋ ਰਜਤਪਣ ਨਫਰ[1] ਉਠਾਇ।
ਗਾਰਿ ਨਿਕਾਰਿਤ ਸਿਖ ਕੋ ਜਾਇ ॥੪੧॥

[1]ਨੌਕਰ ਨੇ।

ਬੇਸਜਾ ਕੋ ਕੌਰੀ ਭਰਿ ਚਲ੍ਯੋ।
ਰਹ੍ਯੋ ਬਿਸੂਰਤਿ ਸਿਖ ਦੁਖ ਭਰ੍ਯੋ।
ਕਰਿ ਕਰਿ ਸ੍ਵਾਂਗ ਭਾਂਡ ਪਿਖਰਾਵੈਂ।
ਕ੍ਰਿਆ ਬੇਖ ਸਗਰੀ ਦਿਖਰਾਵੈਂ†
॥੪੨॥

†ਭੰਡਾਂ ਨੇ ਨਾਟਕ ਜੋ ਕਰਨਾ ਹੈ ਉਸ ਵਿਚ ਘੱਟ ਵਰਤ ਰਹੀ ਗਲ, ਯਾ ਸਾਧਾਰਨ ਵਰਤ ਰਹੀ ਗਲ ਨਹੀਂ ਦੱਸਣੀ ਪਰ ਜਿਸ ਵਿਗਾੜ ਨੂੰ ਦੱਸਣਾ ਹੈ ਉਸਦਾ ਅਤਿਸ਼ੈ ਬੁਰਾ ਨਮੂਨਾ ਦੱਸਣਾ ਹੈ। ਮਸੰਦ ਬਹੁਤ ਨੀਚ ਹੋ ਗਏ ਹੋਣਗੇ ਤਾਂ ਹੀ ਭੰਡਾਂ ਨੇ ਨਕਲਾਂ ਵਿਚ ਅਤਿਸੈਤਾ ਦਿਖਲਾਈ, ਜਿਸ ਤੇ ਸੋਧ ਤੇ ਤਾੜਨਾ ਸ਼ੁਰੂ ਹੋਈ, ਪਰ ਵਿਚਲੇ ਮੇਲ ਦੇ ਤੇ ਕੁਛ ਚੰਗੇ ਤੇ ਵਿਚ ਵਿਚ ਬਹੁਤੇ ਚੰਗੇ ਬੀ ਸਨ, ਜਿਨ੍ਹਾਂ ਦਾ ਵੇਰਵਾ ਅਗੇ ਪ੍ਰਸੰਗਾਂ ਵਿਚ ਆਉਂਦਾ ਹੈ, ਸੋ 'ਪਾਪੀ ਡੰਡੇ ਤੇ ਪੁੰਨੀ ਨਿਵਾਜੇ'। ਤੀਹਵੇਂ ਅੰਸੂ ਵਿਚ ਭਲਿਆਂ ਮਸੰਦਾਂ ਦੇ ਪ੍ਰਸੰਗ ਆਉਣਗੇ। ਪੂਜਾ ਦਾ ਧਾਨ ਜੋ ਨਿਡਰ ਹੋਕੇ ਵਰਤੇ ਉਸਦੀ ਮਤਿ ਕਾਇਮ ਨਹੀਂ ਰਹਿੰਦੀ, ਚਾਹੋ ਮਸੰਦ ਹੋਵੇ, ਚਾਹੋ ਮਹੰਤ ਚਾਹੋ ਸੰਤ ਹੋਵੇ ਚਾਹੋ ਅਕਾਲੀ, ਭਾਈ ਸਾਹਿਬ ਜੀ ਦਾ ਵਾਕ ਹੈ 'ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ' [ਭਾ: ਗੁ: ੩੫-੨.

ਚਲੇ ਗਰਬ ਤੇ ਗਾਰਿ ਨਿਕਾਰਤਿ।
ਏਕ ਭਾਂਡ ਸਿਖ ਬਨਿ ਹ੍ਵੈ ਆਰਤਿ।
ਗੁਰ ਸਮੇਤ ਪਿਖਿ ਸਭਾ ਅਚੰਭਾ।
-ਕਰਤਿ ਮਸੰਦ ਇਤਿਕ ਬਡ ਦੰਭਾ-!
॥੪੩॥
ਸੁਨਿ ਸਿੱਖਨਿ ਕੋ ਦੁਖ ਤਿਸ ਕਾਲਾ।
ਕਲਗ਼ੀਧਰ ਉਰ ਕ੍ਰੋਧ ਬਿਸਾਲਾ।
ਰਕਤ ਨੇਤ੍ਰ ਕਰਿ ਹੁਕਮ ਬਖਾਨਾ।
'ਗਹਹੁ ਮਸੰਦਨਿ ਜੋ ਜਿਸ ਥਾਨਾ
॥੪੪॥
ਮੁਸ਼ਕੈਂ ਦੈ ਦੈ ਆਨਹੁ ਜਾਇ।
ਬੰਧਿ ਕੈਦ ਮਹਿਂ ਦੇਹੁ ਸਜ਼ਾਇ।
ਪ੍ਰਾਨ ਸਮਾਨ ਸਿੱਖ ਮਮ ਪਜਾਰੇ।
ਇਤੌਂ ਕਸ਼ਟ ਦੀਨਸਿ ਹੱਤਜਾਰੇ ॥੪੫॥
ਤਉ ਧੰਨ ਸਿਖ ਸਿੱਖੀ ਰਾਖੇ।
ਸਹਿ ਸੰਕਟ ਗੁਰ ਸ਼ਰਨ ਸੁ ਕਾਂਖੇ।
ਖੋਟੇ ਕਰਮ ਕਰਤਿ ਨਿਤ ਰਹੇ।
ਅਬਿ ਲੌ ਨਹਿਂ ਕੁਚਾਲ ਇਨ ਲਹੇ[1]
॥੪੬॥
ਚਹੁੰ ਦਿਸ਼ਨਿ ਮਹਿਂ ਲਿਖੇ ਪਠਾਏ।

[1]ਹੁਣ ਤਕ ਇਨ੍ਹਾਂ ਦੀ ਕੁਚਾਲ ਵੱਲ ਨਹੀਂ ਡਿੱਠਾ (ਸਿੱਖਾਂ ਨੇ)। (ਅ) ਜਾਣੀ ਨਹੀਂ ਗਈ।

ਦੂਰ ਦੂਰ ਤੇ ਗਹਿ ਗਹਿ ਲਜਾਏ।
ਬੰਧਿ ਬੰਧਿ ਕਰਿ ਬ੍ਰਿੰਦ ਮਸੰਦਨਿ।
ਦੁਖ ਬਿਲੰਦ ਦੇ ਕਰੇ ਨਿਕੰਦਨ[1] [1]ਦੂਰ ਕਰ ਦਿੱਤੇ,।
॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਏਕਊਨ ਤ੍ਰਿੰਸਤੀ ਅੰਸੂ ॥੨੯॥

## ੩੦. [ਭਾਈ ਤਖਤ ਮਲ ਫੇਰੂ। ਭਾਈ ਰਾਊ ਆਦਿ ਮਸੰਦ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਗਾਹਨਿ ਗਏ[1] ਕੇਤਿਕ ਡਰੇ, ਸ਼ਰਨ ਪਰੇ ਘਿਘਿਆਇ। [1]ਫੜਨ ਗਿਆਂ।
ਖੋਟ ਅਲਪ ਤੇ[1] ਬਚ ਰਹੇ, ਕ੍ਰਿਪਾ ਕਰੀ ਗੁਰਰਾਇ ॥੧॥ [1]ਥੋੜਾ ਖੋਟ ਹੋਣ ਕਰਕੇ।

ਚੌਪਈ:

ਇਕ ਨੱਕੇ ਮਹਿਂ ਹੁਤੋ ਮਸੰਦ।
ਤਿਸੀ ਦੇਸ਼ ਲੇ ਕਾਰ ਬਿਲੰਦ।
ਪਾਇ ਤ੍ਰਾਸ ਆਨੰਦਪੁਰਿ ਆਯੋ।
ਸਭਿ ਇਸਤ੍ਰੀ ਕੋ ਬੇਖ ਬਨਾਯੋ ॥੨॥
ਪਹਿਰ ਘਾਘਰੋ ਸਿਰ ਗੁੰਦਵਾਇ।
ਮਾਤਨਿ ਪਾਸ ਪ੍ਰਵੇਸ਼ਯੋ ਜਾਇ।
ਨਾਮ ਤਖਤਮਲ ਕਹੀਅਹਿ ਤਾਂਹਿ।
ਗੁਰ ਤੇ ਧਰਯੋ ਤ੍ਰਾਸ ਮਨ ਮਾਂਹਿ ॥੩॥
ਤਬਿ ਜੀਤੋ ਸੁੰਦਰੀ ਤਿਸ ਹੇਰਾ।
ਪਰਯੋ ਸ਼ਰਨ ਭੈ ਭੀਤ ਬਡੇਰਾ।
ਰੱਛਾ ਕਰਨਿ ਉਚਿਤ ਮਨ ਜਾਨਾ।
ਧੀਰਜ ਦੈਬੇ ਹੇਤੁ ਬਖਾਨਾ ॥੪॥
'ਤਜਾਗ ਦੇਹ ਤੂੰ ਅਬਿ ਡਰ ਗਿਨਤੀ।
ਹਮ ਪ੍ਰਭੁ ਸਾਥ ਭਨਹਿਂ ਬਹੁ ਬਿਨਤੀ।
ਜਯੋਂ ਕਯੋਂ ਕਰਹਿਂ ਬਚਾਵਨ ਤੇਰੋ।
ਉਰ ਸਿਮਰਹੁ ਗੁਰ ਨਾਮ ਬਡੇਰੋ' ॥੫॥
ਇਕ ਕੋਸ਼ਠ ਮਹਿਂ ਤਾਂਹਿ ਬਿਠਾਏ।
ਗਈ ਇਕੰਤ ਕੰਤ ਕੌ ਪਾਏ।
ਹਾਥ ਜੋਰਿ ਕਰਿ ਬਿਨੈ ਬਖਾਨੀ।
'ਸ਼੍ਰੀ ਪ੍ਰਭੁ ਤੁਮ ਤੇ ਕਛੂ ਨ ਛਾਨੀ ॥੬॥
ਰਿਦੈ ਦੀਨ ਹੁਇ ਪਰੈ ਜੁ ਸ਼ਰਨੀ।
ਤਿਸ ਕੀ ਕਰਨ ਗੋਪਤਾ ਬਰਨੀ[1]। [1]ਰਖਿਆ ਕਰਨੀ ਕਹੀ ਹੈ।
ਇਮ ਉਪਦੇਸ਼ਹੁ ਅਰ ਪ੍ਰਣ ਧਾਰਹੁ।
ਅਹੈ ਧਰਮ ਇਮ ਪਰਉਪਕਾਰਹੁ ॥੭॥
ਕਹੈਂ ਕਹਾਂ, ਜੋ ਨੱਕੇ ਦੇਸ਼।
ਹੁਤੋ ਮਸੰਦ ਸਤ੍ਰਾਸ ਵਿਸ਼ੇਸ਼।

ਧਰਿ ਤ੍ਰੀਮਤ ਕੋ ਤਨ ਮਹਿਂ ਬੇਸਾ।
ਅੰਤਹਿਪੁਰ ਮਹਿਂ ਆਨਿ ਪ੍ਰਵੇਸ਼ਾ ॥੮॥
ਅਬਿ ਲੌ ਨਹੀਂ ਸ਼ਮਸ਼ ਮੁਖ ਆਈ।
ਤ੍ਰਾਸ ਆਪ ਕੌ ਪਾਇ ਗੁਸਾਈਂ।
ਛਪਯੋ ਸਦਨ ਮਹਿਂ ਸ਼ਰਨੀ ਪਰਯੋ।
ਜੇ ਅਪਰਾਧ ਬਹੁਤ ਹੀ ਕਰਯੋ ॥੯॥
ਤਉ ਬਖਸ਼ਿਬੇ ਉਚਿਤ ਬਖਾਨੋ।
ਆਨਿ ਹਮਾਰੇ ਢਿਗ ਘਿਘਿਆਨੋ।'
ਸੁਨਿ ਕਰਿ ਕਰਮ ਮਸੰਦ ਜੁ ਕੀਨਿ।
ਬਿਗਸੇ ਸਤਿਗੁਰ ਬਖਸ਼ਿ ਸੁ ਦੀਨਿ† ॥੧੦॥
ਅਬਿ ਲੌ ਸੁਨੀ ਜਾਇ ਤਿਨ ਰੀਤਿ।
ਗਾਦੀ ਬੈਠਤਿ ਹੈਂ ਇਸ ਰੀਤਿ।
ਏਕ ਬਾਰ ਤ੍ਰਿਯ ਬੇਸ ਬਨਾਵੈਂ।
ਮਸਤਕ ਟੇਕਿ ਫੇਰ ਉਤਰਾਵੈਂ ॥੧੧॥
ਇਸ ਬਿਧਿ ਕੇਚਿਤ ਡਰਤਿ ਮਸੰਦ।
ਸ਼ਰਨ ਪਰੇ ਸ਼ਰਧਾਲੁ ਬਿਲੰਦ।
ਸੋ ਬਖਸ਼ੇ ਭੇ ਗੁਰ ਅਨੁਸਾਰੀ।
ਤਜਿ ਹੰਕਾਰ ਸੁਮਤਿ ਉਰਧਾਰੀ ॥੧੨॥
ਨਹਿਂ ਅਪਰਾਧ ਪ੍ਰਥਮ ਸਮ ਕਰਯੋ।
ਸਿੱਖੀ ਭਾਉ ਭਲੇ ਚਿਤ ਧਰਯੋ।
ਇਕ ਦਿਨ ਆਲਮ ਸਿੰਘ ਨਜੀਕਾ।
ਬੈਠਯੋ ਸਭਾ ਲਗੀ ਜਹਿਂ ਨੀਕਾ ॥੧੩॥
ਗੁਰੂ ਸੁਨਾਵਨਿ ਹੇਤੁ ਬਖਾਨਾ।
'ਨੱਕੇ ਬਿਖੈ ਮਸੰਦ ਮਹਾਨਾ।
ਫੇਰੂ ਨਾਮ ਅਧਿਕ ਧਨ ਪਾਵੈ।
ਤਿਸ ਹੀ ਦੇਸ਼ ਰਹੈ ਹਰਖਾਵੈ ॥੧੪॥
ਅਬਿ ਲੌ ਨਹਿਂ ਹਜ਼ੂਰ ਮਹਿਂ ਆਯੋ।
ਹੋਇ ਦੀਨ ਨਹਿਂ ਨਿਜ ਬਖਸ਼ਾਯੋ।
ਪਈ ਮਸੰਦਨਿ ਏਤਿਕ ਮਾਰਾ।
ਸੁਨਿ ਕਰਿ ਨਹੀਂ ਤ੍ਰਾਸ ਉਰ ਧਾਰਾ' ॥੧੫॥

†ਇਹ ਕਵੀ ਜੀ ਨੇ ਕੁਛਕ ਮਸੰਦਾਂ ਦੇ ਭੈ ਖਾਕੇ ਸੁਧਰ ਜਾਣ ਦੀ ਵੰਨਕੀ ਦੱਸੀ ਹੈ।

ਤਬਿ ਸਤਿਗੁਰ ਸਿਖ ਪੰਚ ਪਠਾਏ।
'ਬਿਨਾਂ ਬਿਲਮ ਤਿਸ ਗਹੀਅਹਿ ਜਾਏ।
ਕਰਿ ਬੰਧਨ ਕੋ ਦੋਨਹੁਂ ਹਾਥ।
ਪਕਰਹੁ ਸ਼ਮਸ ਓਜ ਕੇ ਸਾਥ ॥੧੬॥
ਬੈਠਜੋ ਉਠਜੋ ਹੋਇ ਜਿਸ ਬੇਸ।
ਹਮ ਢਿਗ ਆਨਹੁ ਜਲਦ[1] ਵਿਸ਼ੇਸ਼। [1]ਛੇਤੀ।
ਲਿਖਜੋ ਹੁਕਮਨਾਮਾ ਬਿਧਿ ਸੋਈ।
ਲੇ ਕਰਿ ਚਲੇ ਉਤਾਇਲ ਹੋਈ ॥੧੭॥
ਜਥਾ ਕਰਮ[1] ਮਗ ਉਲੰਘਨ ਕਰੇ। [1]ਯਥਾਕ੍ਰਮ। ਲਗਾਤਾਰ।
ਦੇਸ਼ ਦੁਆਬਾ ਤਜਿ ਕਰਿ ਚਲੇ।
ਪੁਨ ਮਾਝੇ ਕੋ ਉਲੰਘਤਿ ਭਏ।
ਕੇਤਿਕ ਮਜਲ ਅਗਾਰੀ ਗਏ ॥੧੮॥
ਪਹੁਤੇ ਜਾਇ ਹੁਤੋ ਜਹਿਂ ਡੇਰਾ।
ਫੇਰੂ ਸਾਧ ਮਸੰਦ ਬਡੇਰਾ।
ਕਰ ਤੂੰਬੀ ਲੇ ਕਰਿ ਤਿਸ ਕਾਲਾ।
ਜਾਤਿ ਹੁਤੋ ਉਦਿਆਨ ਬਿਸਾਲਾ ॥੧੯॥
ਮਾਰਗ ਬਿਖੈ ਸਿੱਖ ਮਿਲਿ ਪਰੇ।
ਦਯੋ ਹੁਕਮਨਾਮਾ ਕਰਿ ਖਰੇ[1]। [1]ਖੜਾ ਕਰਕੇ।
ਮਸਤਕ ਟੇਕਿ ਲਯੋ ਨਿਜ ਹਾਥ।
'ਕਹਾਂ ਲਿਖਜੋ ਕਲਗੀਧਰ ਨਾਥ?' ॥੨੦॥
ਪਠਜੋ ਜਬੈ ਸੋ ਹਿਤ ਕਰਿ ਮਾਨਜੋ।
ਹਾਥ ਜੋਰਿ ਤਿਨ ਸੰਗ ਬਖਾਨਜੋ।
'ਜਿਮ ਸਤਿਗੁਰ ਕੀ ਆਇਸੁ ਹੋਈ।
ਸੋ ਬਿਧਿ ਕਰੀਐ ਸੰਸ ਨ ਕੋਈ' ॥੨੧॥
ਤਬਿ ਸਿੱਖਨਿ ਲਖਿ ਸਾਧੁ ਮਹਾਨਾ।
'ਸੁਨਹੁ ਕਾਨ ਜਿਮ ਹੁਕਮ ਬਖਾਨਾ।
ਬੰਦਨ ਕਰਿ ਕੈ ਹਾਥ ਤਿਹਾਰੇ।
ਸ਼ਮਸ ਹੋਇਗੀ ਹਾਥ ਹਮਾਰੇ ॥੨੨॥
ਆਨੰਦਪੁਰਿ ਲਗਿ ਲੇ ਕਰਿ ਚਲੈਂ।

ਚਹੈਂ ਸੁ ਕਰੈਂ ਗੁਰੂ ਜਬਿ ਮਿਲੈਂ।'
ਸੁਨਿ ਗੁਰ ਹੁਕਮ ਸਾਧ ਸ਼ੁਭ ਫੇਰੂ।
ਹਾਥ ਜੋਰਿ ਬੋਲਯੋ ਤਿਸ ਬੇਰੂ ॥੨੩॥
'ਮੈਂ ਨਿਤ ਗੁਰ ਆਇਸੁ ਅਨੁਸਾਰੀ।
ਕਰਹੁ ਤਥਾ ਪ੍ਰਭੁ ਜਥਾ ਉਚਾਰੀ।
ਮੈਂ ਨਹਿਂ ਕਿਤੇ ਪਲਾਇਨ ਹੋਵੌਂ।
ਬਨਿ ਕੈਦੀ ਬਰ ਦਰਸ਼ਨ ਜੋਵੌਂ ॥੨੪॥
ਮੈਂ ਬਿਰਮਯੋ[1] ਇਤ, ਗਯੋ ਨ ਪਾਸ।
ਤਜਾਗਯੋ ਧਰਮ ਧਰਹਿ ਜੋ ਦਾਸ।
ਖਤਾਵੰਦ ਮੁਹਿ ਜਾਨਿ ਸੰਭਾਰਯੋ।
ਲਖਿ ਕਰਿ ਅਪਨੋ ਅਬਹਿ ਹਕਾਰਯੋ' ॥੨੫॥

[1]ਭੁੱਲ ਗਿਆ।

ਸੁਨਿ ਸਿੱਖਨ ਬਚ ਸਰਲ ਸੁਭਾਊ।
ਸਾਧ ਬੇਖ ਤਨ ਛਲ ਨਹਿਂ ਕਾਊ।
ਕਹਨਿ ਲਗੇ 'ਇਮ ਕਰਹਿਂ ਨ ਕੈਸੇ।
ਗਮਨਹੁ ਸੰਗ ਹਮਾਰੇ ਐਸੇ ॥੨੬॥
ਜਾਨਯੋਂ ਮਾਰਗ ਦੂਰ ਘਨੇਰੋ।
ਚਲਿਬੇ ਸੰਕਟ ਸਹੈ ਬਡੇਰੋ।
ਜੇ ਹਠ ਧਰਹਿਂ ਕਰਨਿ ਕਹੁ ਵੈਸੇ।
ਆਨੰਦਪੁਰਿ ਢਿਗ ਚਲਿ ਕਰਿ ਤੈਸੇ ॥੨੭॥
ਹੋਤਿ[1] ਕੁਟਲ ਮਤਿ ਕੂਰ ਮਸੰਦ।
ਤੌ ਚਾਲਤਿ ਦੇ ਕਸ਼ਟ ਬਿਲੰਦ।
ਸਾਧ ਬੇਸ ਸਚਿਆਰ ਉਦਾਰਾ।
ਦੁਖ ਦੈਬੇ ਚਿਤ ਚਹਿ ਨ ਹਮਾਰਾ' ॥੨੮॥

[1](ਜੇ) ਹੁੰਦਾ।

ਇਮ ਸੁਨ ਕਰਿ ਡੇਰੇ ਨਹਿਂ ਗਯੋ।
ਸਿੰਘਨਿ ਸੰਗ ਵਹਿਰ ਤੇ ਭਯੋ।
ਆਨੰਦਪੁਰਿ ਮਹਿਂ ਆਨਿ ਪਹੂਚੇ।
ਸ਼ਰਧਾਲੂ ਫੇਰੂ ਮਨ ਸੂਚੇ ॥੨੯॥
ਬਾਮ ਦਾਹਿਨੇ ਦ੍ਵੈ ਸਿਖ ਹੋਏ।

ਅਰਧੋ ਅਰਧ ਸ਼ਮਸ਼ ਗਹਿ ਦੋਏ।
ਪਕਰੇ ਇਮ ਹਜ਼ੂਰ ਮਹਿਂ ਗਏ।
ਸਰਬ ਸਭਾ ਸਭਿ ਦੇਖਤਿ ਭਏ ॥੩੦॥
ਹਾਥ ਬੰਦਿ ਬੰਦਨ ਕੋ ਠਾਨੀ।
ਬਿਕਸਤਿ ਸਤਿਗੁਰ ਗਿਰਾ ਬਖਾਨੀ।
'ਨਹਿਂ ਮਸੰਦ ਸਮ ਇਹ ਚਿਤ ਖੋਟਾ।
ਲੰਗਰ ਕਰਤਿ ਗੁਰੂ ਰਖਿ ਓਟਾ'
॥੩੧॥
ਸਿਰੇਪਾਉ ਛੁਟਵਾਇ, ਦਿਵਾਯੋ।
ਮਨ ਪ੍ਰਸੰਨ ਹ੍ਵੈ ਬਾਕ ਅਲਾਯੋ।
'ਸ਼੍ਰੀ ਹਰਿਰਾਇ ਕਹ੍ਯੋ ਤਿਸ ਬੇਰਾ।
ਮਮ ਖੀਸਾ ਖਰਚੋ ਕਰ ਤੇਰਾ[1] ॥੩੨॥
ਅਬਿ ਤੇ ਖੀਸਾ ਭੀ ਹੁਇ ਤੋਹੀ।
ਕਰਹੁ ਦੇਗ਼ ਸਤਿਸੰਗਤ ਹੋਹੀ।'
ਬਨ੍ਯੋ ਦੀਨ ਫੇਰੂ ਪੁਨ ਕਹੈ।
'ਖੀਸਾ ਕਰ ਤੁਮਰੋ ਸਭਿ ਅਹੈ ॥੩੩॥
ਜੇ ਮੇਰੋ ਅਵਗੁਨ ਕੁਛ ਪਾਵਹੁ।
ਸ੍ਵਾਮੀ ਹੁਇ ਸਜ਼ਾਇ ਫੁਰਮਾਵਹੁ।
ਇਸੀ ਰੀਤਿ ਅਘ ਓਘ ਮਿਟਾਇ।
ਬਖਸ਼ਹੁ ਲੀਜੈ ਚਰਨ ਮਿਲਾਇ ॥੩੪॥
ਹੇ ਪ੍ਰਭੁ! ਖੋਟੇ ਖਰੇ ਤੁਮਾਰੇ।
ਦਾਸ ਸਦਾ ਹੈਂ ਅਵਗੁਨਿਆਰੇ।'
ਏਕ ਮਸੰਦ ਕੰਬੋਯਨਿ ਕੇਰਾ।
ਗਹਿ ਕਰਿ ਤਹਿਂ ਆਨ੍ਯੋ ਤਿਸ ਬੇਰਾ
॥੩੫॥
ਪ੍ਰਭੁ ਜਬਿ ਬੂਝ੍ਯੋ 'ਕੋ ਤੂੰ ਅਹੈਂ?'
'ਮੈਂ ਮਸੰਦ ਨਹਿਂ' ਤ੍ਰਾਸਤਿ ਕਹੈ।
ਇਨ ਆਗੇ[1] ਅਰਪਤਿ ਧਨ ਰਹ੍ਯੋ।
ਮੈਂ ਏਕਲ ਹ੍ਵੈ ਕਿਤਹੂੰ ਨ ਲਹ੍ਯੋ ॥੩੬॥
ਰਾਉ ਨਾਮ ਕਹਤਿ ਹੈਂ ਮੇਰੋ।
ਲੰਗਰ ਕਰਤਿ ਨਾਮ ਪ੍ਰਭੁ ਤੇਰੋ।

[1]ਖੀਸਾ ਸਾਡਾ ਤੇ ਹੱਥ ਤੇਰਾ ਖਰਚੀ ਜਾਹ।

[1]ਭਾਵ ਫੇਰੂ ਜੀ ਅਗੇ।

ਸੰਗਤ ਜੋ ਕੰਬੋਅਨਿ ਕੇਰੀ।
ਮੈਂ ਉਗਰਾਹਤਿ ਕਾਰ ਘਨੇਰੀ ॥੩੭॥
ਹੈ ਦਿਪਾਲ ਪੁਰਿ ਮੇਰੋ ਬਾਸਾ†।

†ਪਾ:-ਅਹੈ ਦਿਯਾਲ ਪੁਰੇ ਮੋ ਬਾਸਾ। ਪ੍ਰੰਤੂ ਦਿਪਾਲ ਪੁਰ ਤਸੀਲ ਵਿਚ ਰਾਵਾਂ ਕੇ ਪਿੰਡ ਹੈ, ਉਥੇ ਭਾਈ ਰਾਉ ਜੀ ਦੀ ਪੱਕੀ ਸਮਾਧ ਹੈ; ਤੇ ਉਨ੍ਹਾਂ ਦੀ ਉਲਾਦ ਬੀ ਓਥੇ ਹੈ, ਜਿਨਾਂ ਦਾ ਸਤਿਕਾਰ ਬੀ ਹੁੰਦਾ ਹੈ। ਪਿੰਡ ਵਿਚ ਤੇ ਇਲਾਕੇ ਵਿਚ ਕਮੋ ਜਾਤੀ ਦੇ ਸਿੰਘ ਫੈਲੇ ਹੋਏ ਹਨ, ਭਾਈ ਰਾਉ ਜੀ ਬੀ ਕਮੋ ਸਨ।

ਰਾਵਰਿ ਆਸ ਸਦਾ ਭਰਵਾਸਾ।'
ਸੁਨਿ ਸਤਿਗੁਰ ਫੇਰੂ ਦਿਸ਼ਿ ਲਹਜੋ।
'ਹੈ ਪ੍ਰਭੁ ਇਸੀ ਰੀਤਿ ਜਿਮ ਕਹਜੋ'
॥੩੮॥
ਕੋਟ ਕਮਾਲਿਯ† ਜੋਧ ਮਸੰਦ।

†ਕਸਬਾ ਹੈ ਜੋ ਹੁਣ ਲਾਇਲਪੁਰ ਦੇ ਜ਼ਿਲੇ ਵਿਚ ਹੈ। ਇਥੇ ਭਾਈ ਜੋਧ ਜੀ ਦਾ ਟਿਕਾਣਾ ਹੈ, ਧਰਮਸਾਲਾ ਭੀ ਹੈ, ਉਨ੍ਹਾਂ ਦੀ ਸੰਤਾਲ ਭੀ ਕਮਾਲੀਏ ਵਸਦੀ ਹੈ। ਦੂਜਾ ਟਿਕਾਣਾ ਮਖਦੂਮ ਪੁਰ ਵੀ 'ਡੇਰਾ ਭਾਈ ਜੋਧ' ਨਾਮ ਕਰਕੇ ਪ੍ਰਸਿੱਧ ਹੈ, ਇਹ ਥਾਂ ਜ਼ਿਲੇ ਮੁਲਤਾਨ ਵਿਚ ਹੈ।

ਸੋ ਆਨਜੋ ਸਿੰਘਨ ਕਰ ਬੰਧਿ।
ਬੂਝਜੋ ਤਿਸ ਕੋ ਪਿਖਤਿ ਗੁਸਾਈਂ।
'ਕੋ ਹੈਂ ਤੂੰ ਕਿਸ ਨਗਰ ਬਸਾਈ?'
॥੩੯॥
ਤ੍ਰਾਸ ਪਾਇ ਤਿਨ ਜੋਰੇ ਹਾਥ।
'ਨਾਮ ਮੋਹਿ ਜੁਹਦੀ ਕਹਿਂ, ਨਾਥ!
ਜ਼ੁਹਦ[1] ਕਰੌਂ ਮੈਂ ਦੇਗ ਅਚਾਵੌਂ।
ਯਾਂ ਤੇ ਜ਼ੁਹਦੀ ਨਾਮ ਕਹਾਵੌਂ' ॥੪੦॥
ਪਿਖਿ ਫੇਰੂ ਦਿਸ਼ਿ ਸੋ ਭਿ ਛੁਟਾਯੋ।
ਛੁਟਤਿ ਨਮੋ ਕਰਿ ਕਰਿ ਹਰਖਾਯੋ।
ਇਕ ਮਸੰਦ ਜਗਤਾ ਜਿਸ ਨਾਮੂ।
ਲਵਪੁਰਿ ਆਦਿਕ ਸਿੱਖ ਜਿ ਧਾਮੂ
॥੪੧॥
ਤਿਨ ਤੇ ਉਗਰਾਹਤਿ ਗੁਰ ਕਾਰ।
ਸੋ ਗਹਿ ਕਰਿ ਆਨਜੋਂ ਦਰਬਾਰ।
ਬੂਝੇ ਤੇ ਹੁਇ ਦੀਨ ਉਚਾਰਾ।
'ਹੇ ਪ੍ਰਭੁ ਲੇ ਕਰਿ ਨਾਮ ਤੁਮਾਰਾ
॥੪੨॥
ਮਾਂਗਿ ਮਾਂਗਿ ਗੁਜ਼ਰਾਨ ਚਲਾਵੌਂ।

[1]ਬੰਦਗੀ।

ਨਹਿਂ ਮਸੰਦ ਮੈਂ, ਨਾਮ ਕਹਾਵੌਂ।
ਬਿੱਪ੍ਰ ਜਾਤਿ ਮੇਰੀ ਸਭਿ ਜਾਨੈਂ।
ਨਾਮ ਗੁਰੂ ਲੈਬੇ ਮੁਝ ਮਾਨੈਂ' ॥੪੩॥
ਕ੍ਰਿਪਾਨਿਧਾਨ ਸੁਨਤਿ ਮੁਚਵਾਏ[1]। [1]ਛੁਡਾ ਦਿਤੇ।
ਸਭਿ ਫੇਰੂ[†] ਕੇ ਸੰਗ ਮਿਲਾਏ।

[†]ਫੇਰੀ ਕਰਕੇ ਵਪਾਰ ਕਰਦਾ ਇਕ ਵਪਾਰੀ ਗੁਰੂ ਹਰਿ ਰਾਇ ਜੀ ਦਾ ਸਿੱਖ ਹੋਇਆ ਸੀ, ਇਹ ਗਜਾਤਗੇਯ ਹੋਕੇ ਗੁਰੂ ਜੀ ਵਲੋਂ ਨੱਕੇ ਦਾ ਮਸੰਦ ਥਾਪਿਆ ਗਿਆ, ਇਹ 'ਫੇਰੂ' ਸੀ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਸ ਵੇਲੇ ਇਨ੍ਹਾਂ ਦੀ ਸਰਲਤਾ ਤੇ ਆਤਮ ਅਵਸਥਾ ਤੇ ਖੁਸ਼ ਹੋਕੇ 'ਫੇਰੂ ਮਚਦਾੜੀ' ਤੇ 'ਸੰਗਤ ਸਾਹਿਬ' ਦਾ ਵਰ ਦਿੱਤਾ। ਇਨ੍ਹਾਂ ਦਾ ਡੇਰਾ ਪਿੰਡ ਮੀਏਂ ਕੇ ਮੌੜ ਦੁਣੀਆਂ ਦੀ ਤਸੀਲ ਵਿਚ ਹੁਣ ਤੱਕ ਹੈ, ਜਿਸ ਨਾਲ ਬਹੁਤ ਜ਼ਿਮੀਂ ਤੇ ਜਗੀਰ ਬੀ ਹੈ। ਭਾਈ ਫੇਰੂ ਜੀ ਕਵੀ ਬੀ ਹੋਏ ਹਨ, ਉਨ੍ਹਾਂ ਦੇ ਲਿਖੇ ਛੰਦ ਟੋਲਨ ਯੋਗ ਹਨ, ਦੋ ਇੱਕ ਜੋ ਹੱਥ ਆਏ ਹਨ, ਇਥੇ ਦਿੰਦੇ ਹਾਂ:-
ਰਾਗ ਸ਼ਾਮ ਕਲਜਾਨ:
ਸਾਡੇ ਸਜਨਾ ਜੀ ਸਾਨੂੰ ਤੇਰੀ ਮਣੀ। ਨਿਮਾਣਿਆਂ ਦਾ ਮਾਣ ਸੁਣੀਵੇਂ ਸਾਡੀ ਬੀ ਤਾਂਘ ਤਣੀ। ਤੈਂ ਜੇਹਾ ਸਾਨੂੰ ਹੋਰ ਨ ਕੋਈ ਅਸੀ ਢੂੰਡੀ ਵਣੀ ਵਣੀ। ਫੇਰੂ ਜਾਨ ਸਜਨ ਤੋਂ ਵਾਰੀ ਤਾਂ ਭਲੀ ਬਣੀ ॥
ਰਾਗ ਕਾਨੜਾ:
ਮਾਏ ਨੀ ਮੇਰਾ ਕਉਣ ਕੱਤੇ ਹੁਣ ਪੂਣੀਆਂ। ਸੁਧ ਬਿਸਰੀ ਮੇਰੀ ਮਤ ਬਉਰਾਨੀ ਪ੍ਰੀਤਮ ਪ੍ਰੇਮ ਝੰਝੂਣੀਆਂ। ਨੇਹੁੰ ਲਗਾ ਲਗ ਟੁਟਦਾ ਨਾਂਹੀ ਸ਼ਹੁ ਬਾਝੋਂ ਗਲਾਂ ਊਣੀਆਂ। ਫੇਰੂ ਜੀਉਂਦਿਆਂ ਨੇਹੁ ਵਿਸਰੈ ਨਾਂਹੀ ਮੁਇਆਂ ਬਿ ਦੂਣ ਚਉਣੀਆਂ।
ਰਾਗ ਸੂਹੀ ਲਲਿਤ:
ਸ਼ਹੁ ਦੀਆਂ ਰਜ਼ਾਈਂ ਮੰਨ ਵੇ ਅੜਿਆ। ਦਰਦ ਵੰਦਾਂ ਦੇ ਦਰ ਤੇ ਧੁਏਂ ਧੁਖਣ ਸੰਝ ਸਬਾਹੀਂ ਵੇ ਅੜਿਆ। ਡਰਦਾ ਰਹੇਂ ਤੂੰ ਜਬ ਲਗ ਜੀਵੇਂ ਓਹ ਭਾਣੇ ਦਾ ਸਾਈਂ ਵੇ ਅੜਿਆ। ਯਾਦ ਕਰੀਂ ਇੱਕ ਪਲ ਨ ਵਿਸਾਰੀਂ ਕਦੇ ਨ ਕੰਡ ਵਲਾਈਂ ਵੇ ਅੜਿਆ। ਫੇਰੂ ਹਾਸਲ ਥੀਆਂ ਲੋੜੇਂ ਤ ਮੂਲ ਨ ਕੱਢੇਂ ਆਹੀਂ ਵੇ ਅੜਿਆ ॥

ਇਤਨੇ ਮਹਿਂ ਫਕੀਰ ਮਿਲਿ ਚਾਰ।
ਆਏ ਜਹਾਂ ਲਗਯੋ ਦਰਬਾਰੁ ॥੪੪॥
ਫੇਰੂ ਕੇ ਚੇਲੇ ਸੁਨਿ ਪਾਛੇ[1]। [1]ਫੇਰੂ ਜੀ ਦੇ ਟੁਰ ਆਉਣ ਮਗਰੋਂ (ਉਨ੍ਹਾਂ ਦੇ ਚਾਰ) ਚੇਲੇ ਸੁਣਕੇ......।
ਪਹੁੰਚੇ ਲੇ ਅਕੋਰ ਕੋ ਆਛੇ।
ਚਰਨ ਦਾਸ, ਬਿੰਦ੍ਰਾਬਨ ਦੋਇ।
ਖਾਨਸ਼ਾਹਿ, ਅਰੁ ਚੂਖਾ ਸੋਇ ॥੪੫॥
ਬੜਲਾ ਚਪਲ[1] 'ਸੁਹੇਲੀ' ਨਾਮ। [1]ਚੰਚਲ।
ਖਰੀ ਕਰੀ ਆਗੈ ਅਭਿਰਾਮ।
ਅਪਰ ਵਸਤੁ ਸਭਿ ਆਗੈ ਧਰੀ।
ਸ਼੍ਰੀ ਸਤਿਗੁਰ ਕੋ ਅਰਪਨ ਕਰੀ ॥੪੬॥
ਪੋਤਾ ਚੇਲਾ[1] ਨਾਮ ਸੁ 'ਮਾਲੀ।' [1]ਭਾਈ ਫੇਰੂ ਦੇ ਚੇਲੇ ਦਾ ਚੇਲਾ।
ਜਗਤ, ਭਗਤ[1] ਦੋਨਹੁ ਲੇ ਨਾਲੀ। [1]ਜਗਤਾ ਤੇ ਭਗਤਾ।

ਆਇ ਗੁਰੂ ਕੋ ਬੰਦਨ ਕੀਨਿ।
ਤਿਹ ਛਿਨ ਸਕਲ ਬਖਸ਼ ਕਰਿ ਦੀਨਿ
॥੪੭॥
ਡੇਰਾ ਕਰਜੋ ਉਤਰਿਬੇ ਥਾਨ।
ਹੋਤਿ ਭਈ ਗੁਰ ਖੁਸ਼ੀ ਮਹਾਨ।
ਇਹ ਮਸੰਦ ਹੋਏ ਬਡ ਦੀਨ।
ਲਘੁ ਅਪਰਾਧ ਜਿਨਹੁ ਮੈਂ ਚੀਨ
॥੪੮॥
ਤਜਾਗ ਦਏ, ਬੰਧੇ ਨਹਿਂ ਮਾਰੇ[1]।
[1]ਨਾ ਬੰਨ੍ਹੇ ਤੇ ਨਾ ਹੀ ਮਾਰੇ।
ਲਈ ਨ ਸੰਗਤਿ ਕਾਰ ਅਗਾਰੇ।
ਇਕ ਸਾਲ੍ਹੋ ਕੀ ਲਖਿ ਬਡਿਆਈ।
ਰਾਮਦਾਸ ਗੁਰ ਸੇਵ ਕਮਾਈ ॥੪੯॥
ਦੁਨੀਚੰਦ ਤਿਸ ਪੌਤਾ ਜਾਨਜੋ[1]।
[1]ਭਾਈ ਸਾਲ੍ਹੋ ਦਾ ਪੋਤ੍ਰਾ ਦੁਨੀ ਚੰਦ।
ਹਤਜੋ ਨ ਸੋ, ਬੰਧਜੋਂ ਨਹਿਂ ਆਨਜੋਂ।
ਸ੍ਰੀ ਅੰਮ੍ਰਿਤਸਰ ਬਾਸ ਸਦਾਈ।
ਕਾਰ ਲੇਤਿ ਮਾਝੇ ਸਮੁਦਾਈ[†] ॥੫੦॥

[†]ਜਸਵਾਰੀਆਂ ਦੇ ਹਾਥੀ ਵਾਲੇ ਜੁੱਧ ਵਿਚ ਇਹ ਮਾਝੇ ਦੀ ਇਕ ਸੈਨਾ ਦਾ ਜਥੇਦਾਰ ਸੀ, ਹਾਥੀ ਨਾਲ ਲੜਨੋਂ ਡਰਕੇ ਰਾਤ ਨੂੰ ਨੱਠਾ ਤਾਂ ਟੰਗ ਟੁੱਟ ਗਈ ਸੀ। ਇਸ ਦੇ ਪੋਤੇ ਸਰੂਪ ਸਿੰਘ ਆਦਿਕਾਂ ਨੇ ਦਸਮੇਂ ਪਾਤਸ਼ਾਹ ਦੇ ਹਜ਼ੂਰ ਹਾਜ਼ਰ ਹੋਕੇ ਭੁੱਲ ਬਖਸ਼ਵਾਈ ਤੇ ਜੁੱਧਾਂ ਜੰਗਾਂ ਵਿਚ ਬਹੁਤ ਸੇਵਾ ਕੀਤੀ।

ਨੰਦ ਚੰਦ ਸੰਘਰ ਮੈਂ ਜੋਧਾ।
ਲਰਜੋ ਰਿਪੁਨ ਸੋਂ ਧਰਿ ਧਰਿ ਕ੍ਰੋਧਾ।
ਰਾਖ ਨਿਕਟਿ ਸੋ ਨਾਂਹਿ ਨ ਮਾਰਾ।
ਤਉ ਤਿਸੁ ਭਾਵੀ ਪਕਰ ਸੰਘਾਰਾ[†]
॥੫੧॥

[†]ਨੰਦ ਚੰਦ ਗੁਰੂ ਸੈਨਾ ਦਾ ਸੈਨਾਪਤੀ ਤੇ ਦੀਵਾਨ ਸੀ, ਇਹ ਭੰਗਾਣੀ ਦੇ ਜੁੱਧ ਵਿਚ ਬੀਰਤਾ ਨਾਲ ਲੜਿਆ ਸੀ, ਗੁਰੂ ਘਰ ਵਿਚ ਵਡਾ ਇਤਬਾਰੀ ਤੇ ਸਨਮਾਨਤ ਸੀ। ਨੰਦ ਚੰਦ ਡਰੋਲੀ ਦੇ ਮਸੰਦ ਉਮਰਾ ਸ਼ਾਹ ਦਾ ਪੋਤਰਾ ਸੀ। ਇਸ ਦੇ ਬੇਮੁਖ ਹੋਣ ਦਾ ਪ੍ਰਸੰਗ ਅਗਲੇ ਅੰਸੂ ਵਿਚ ਹੈ।

ਯੌਂ ਜਰ ਗਈ ਮਸੰਦਨ ਕੇਰੀ।
ਜਿਨਹੁ ਸਕੇਲੀ ਕਾਰ ਘਨੇਰੀ।
ਸਿਖ ਸੰਗਤਿ ਪੰਕਤਿ ਦੁਖ ਦਾਨੀ[1]।
[1]ਦੁਖ ਦੇਣ ਵਾਲੇ।
ਗੁਰ ਗੋਬਿੰਦ ਸਿੰਘ ਕੀਨੇ ਹਾਨੀ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਨੰਦ ਚੰਦ ਸ੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਸਿਆ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਨੰਦ ਚੰਦ ਕੀ ਬਾਰਤਾ, ਸੁਨੀਅਹਿ ਭਯੋ ਬਿਨਾਸ।
ਰਾਖੇ ਭੀ ਸੋ ਨਾ ਰਹੇ, ਭਾਵੀ ਭਈ ਪ੍ਰਕਾਸ਼[1] ॥੧॥

[1]ਜੋ ਮਸੰਦ ਬਚਾ ਕੇ ਰੱਖੇ ਪਰ ਤਾਂ ਬੀ ਨਾ ਬਚੇ ਰਹੇ ਭਾਵੀ ਐਸੀ ਹੋਈ।

ਚੌਪਈ:

ਹੁਤੇ ਉਦਾਸੀ ਸਾਧ ਸੁਜਾਨਾ।
ਲਿਖੵੋ ਗ੍ਰੰਥ ਸਾਹਿਬ ਨਿਜ ਪਾਨਾ।
ਪੂਰਨ ਕਰਿ ਅਨੰਦਪੁਰਿ ਆਏ।
ਇਕ ਤੌ ਦਰਸ਼ਨ ਚਾਉ ਬ੍ਰਿਧਾਏ ॥੨॥
ਦੁਤੀਏ ਅੱਖਰ ਸਤਿਗੁਰ ਕਰ ਕੇ।
ਲਿਖਵੈਹੈਂ ਢਿਗ ਬਿਨਤੀ ਕਰਿਕੇ।
ਨੰਦ ਚੰਦ ਕੋ ਮਿਲੇ ਸੁ ਆਇ।
ਨਿਜ ਕਾਰਜ ਕੋ ਦਯੋ ਸੁਨਾਇ ॥੩॥
'ਲਿਖੵੋ ਗ੍ਰੰਥ ਸਾਹਿਬ ਹਮ ਆਛੇ।
ਦਸਖਤ ਪ੍ਰਭੁ ਕੇ ਇਸ ਮਹਿਂ ਬਾਂਛੇ।
ਹਮ ਤੇ ਕਹੵੋ ਜਾਇ ਕਿਮ ਨਾਂਹੀ।
ਤੁਮ ਕਹੀਅਹਿ ਰਹਤੈ ਨਿਤ ਪਾਹੀ'
॥੪॥
ਨੰਦ ਚੰਦ ਸੋ ਗ੍ਰੰਥ ਮੰਗਾਯੋ।
ਸੁੰਦਰ ਲਿਖਤ ਦੇਖ ਬਿਰਮਾਯੋ।
ਆਪ ਰਖਨਿ ਕੋ ਇੱਛਾ ਠਾਨੀ।
ਸਾਧਨਿ ਸੰਗ ਭਨੀ ਪੁਨ ਬਾਨੀ ॥੫॥
'ਬੈਠਹੁ ਤੁਮ ਨਿਚਿੰਤ ਪੁਰਿ ਬਾਸੋ।
ਜਬਿ ਗੁਰ ਢਿਗ ਦੇਖਹੁਂ ਅਵਿਕਾਸ਼ੋ।
ਬਿਨੈ ਭਨਹੁਂ ਮੈਂ ਦਿਉਂ ਲਿਖਵਾਇ।
ਦੇਰ ਲਗਹਿ ਕਾਰਜ ਹੁਇ ਜਾਇ'
॥੬॥
ਇਮ ਸੁਨਿ ਸਾਧ ਗ੍ਰੰਥ ਤਿਸ ਦੀਨਿ।
-ਦਸਖਤ ਕਰਿਵੈ ਹੈ-, ਚਿਤ ਚੀਨ।
ਬੀਤੵੋ ਮਾਸ ਸਾਧ ਨਿਤ ਆਵੈ।

ਨਿਜ ਕਾਰਜ ਸਿਮਰਨਿ ਕਰਿਵਾਵੈ
॥੭॥
ਫੋਕੇ ਬਾਕ ਤਿਨਹੁਂ ਸੰਗ ਕਹੈ।
'ਨਹਿਂ ਅਵਕਾਸ਼ ਮੋਹਿ ਕੌ ਲਹੈ।
ਧਰਹੁ ਧੀਰ ਮੈਂ ਦਿਉਂ ਲਿਖਵਾਇ।
ਜਬਹਿ ਬਿਲੋਕਹੁਂ ਦਯਾਲ ਸੁਭਾਇ
॥੮॥
ਦਿਨ ਦੁਇ ਚਾਰ ਦੇਖੀਐ ਔਰ।
ਲਿਖੈਂ ਬਚਨ ਸੋਢੀ ਸਿਰ ਮੌਰ।'
ਸੁਨਿ ਕਰਿ ਸਾਧ ਗਏ ਨਿਜ ਡੇਰੇ।
ਕੇਤਿਕ ਦਿਨ ਬਿਤਾਇਗੇ ਫੇਰੇ ॥੯॥
ਆਲਾ ਟਾਲਾ ਕਰਿ ਪੁਨ ਮੋਰੇ।
ਇਸ ਪ੍ਰਕਾਰ ਦਿਨ ਬਿਤੇ ਨ ਥੋਰੇ।
ਆਵਤਿ ਜਾਤੇ ਖਸ਼ਟ ਮਹੀਨੇ।
ਕਰੇ ਬਿਤਾਵਨਿ ਗ੍ਰੰਥ ਨ ਦੀਨੇ ॥੧੦॥
ਆਜ ਕਾਲ ਕੋ ਦੇਤਿ ਬਤਾਈ।
ਸ੍ਰੀ ਗੁਰ ਤੇ ਨਹਿਂ ਸਹੀ ਪਵਾਈ।
-ਰਾਖੋਂ ਗ੍ਰੰਥ ਪਾਸ ਮੈਂ ਅਪਨੇ।
ਸਾਧਨ ਕੌ ਨਹਿਂ ਦੇਵਹੁਂ ਸੁਪਨੇ ॥੧੧॥
ਆਛੀ ਲਿਖਤ ਘਾਟ ਬਢ ਨਾਂਹੀ।
ਲਿਖ੍ਯੋ ਨ ਜਾਇ ਅਪਰ ਕੈ ਪਾਹੀ-।
ਪੁਨ ਇਕ ਦਿਵਸ ਸਾਧ ਚਲਿ ਗਏ।
ਕੁਛ ਕਠੋਰ ਬਚ ਬੋਲਤਿ ਗਏ ॥੧੨॥
ਸੁਨਿ ਕੈ ਕਹ੍ਯੋ 'ਔਰ ਲਿਖਿ ਲੀਜੈ।
ਲਾਗਤਿ ਮੈਂ ਦੇਵਹੁਂ ਕਹਿ ਦੀਜੈ।
ਲਿਖਿ ਆਨੋ ਤਿਸ ਪਰ ਗੁਰ ਦਸਖਤ।
ਮੈਂ ਕਰਵਾਇ ਦੇਉਂ ਭਰਿ ਹਰਖਤਿ†
॥੧੩॥
ਲੇ ਕਰਿ ਜਾਹੁ ਆਪਨੇ ਡੇਰੇ[1]।
ਰਹਿਬੋ ਉਚਿਤ ਨਹੀਂ ਇਸ ਬੇਰੇ।
ਨਹਿਂ ਮਾਨਹੁਂ ਮੈਂ ਦੇਉਂ ਕਢਾਇ।

†ਪਾ:-ਬਿਨ ਹਰਕਤ।

[1]ਉਹ ਜੋ ਤੁਸੀਂ ਦੂਸਰਾ ਲਿਖਵਾਕੇ ਲਿਆਓਗੇ) ਆਪਣੇ ਡੇਰੇ ਲੈ ਜਾਣਾ।

ਨਤੁ ਲੇ ਜਾਹੁ ਜੁ ਦਰਬ ਦਿਵਾਇ[1]' ॥੧੪॥

[1]ਨਹੀਂ ਤਾਂ (ਇਸ ਦਾ) ਜੋ ਮੁੱਲ ਦੇਂਦਾ ਹਾਂ ਲੈ ਕੇ ਚਲੇ ਜਾਓ।

ਸਾਧੁ ਗ਼ਰੀਬ ਸੁਨਤਿ ਦੁਖ ਪਾਯੋ।
ਰਿਸੇ ਬਹੁਤ ਪਰ ਬਸ ਨ ਬਸਾਯੋ।
ਇਕ ਦਿਨ ਸਾਹਿਬ ਚਢੇ ਅਖੇਰ।
ਕਰੀ ਪੁਕਾਰ ਹੋਇ ਤਬਿ ਨੇਰ ॥੧੫॥
ਸੁਨਿ ਪ੍ਰਭੁ ਸੇਵਕ ਤਬਹਿ ਪਠਾਯੋ[1]।

[1]ਪੁਕਾਰ ਸੁਣਕੇ ਸਾਧਾਂ ਵਲ) ਦਾਸ ਘੱਲਿਆ (ਕਿ ਕੀਹ ਬਾਤ ਹੈ)?

ਸੁਨਿ ਕੈ ਸਭਿ ਪ੍ਰਸੰਗ ਸੋ[1] ਆਯੋ।

[1]ਉਹ ਦਾਸ।

'ਨੰਦ ਚੰਦ ਢਿਗ ਗ੍ਰੰਥ ਬਤਾਵੈਂ।
ਬਲ ਤੇ ਦੇਤਿ ਨਹੀਂ, ਡਰਪਾਵੈਂ[1]' ॥੧੬॥

[1]ਡਰਾਉਂਦਾ ਹੈ (ਉਲਟਾ)।

ਤਬਿ ਗੁਰ ਇਕ ਨਰ ਸੰਗ ਪਠਾਯੋ।
'ਦੇਹੁ ਦਿਵਾਇ ਪ੍ਰਭੁ ਫੁਰਮਾਯੋ।'
ਨੰਦਚੰਦ ਕੇ ਨਿਕਟ ਗਏ ਹੈਂ।
'ਦੇਹੁ ਗ੍ਰੰਥ ਗੁਰੁ ਕਹਤਿ ਭਏ ਹੈਂ' ॥੧੭॥
ਸੁਨਿ ਕੈ ਕਹ੍ਯੋ 'ਨਹੀਂ ਮੈਂ ਰਾਖੌਂ।
ਆਗੇ ਹੀ ਦੇਨੋਂ ਅਭਿਲਾਖੋਂ।
ਕਹੁ ਤੂੰ ਜਾਇ ਹੁਕਮ ਤੁਮ ਪਾਇ।
ਦਿਯੋ ਉਤਾਇਲ ਰਖ੍ਯੋ ਨ ਕਾਇ' ॥੧੮॥
ਗੁਰ ਸੇਵਕ ਸੋਂ ਕਹਿ ਇਮ ਬਾਤਾ।
ਸਾਧਨ ਸਾਥ ਭਨ੍ਯੋਂ ਇਸ ਭਾਂਤਾ।
'ਕ੍ਯੋਂ ਡਹਕਤਿ ਤੁਮ ਫਿਰਹੁ ਘਨੇਰੇ।
ਆਇ ਪ੍ਰਾਤਿ ਲੈ ਗਮਨਹੁ ਡੇਰੇ' ॥੧੯॥
ਸੋ ਬਾਸੁਰ ਇਮ ਟਾਰਨ ਕੀਨਾ।
ਗਏ ਸਾਧ ਤਿਨ ਕੋ ਡਰ ਦੀਨਾ।
'ਭਲਾ ਚਹਹੁ ਪੁਰਿ ਤਜਾਗ ਸਿਧਾਰਹੁ।
ਜੇ ਅਬਿ ਕੇ ਗੁਰ ਪਾਸ ਪੁਕਾਰਹੁ ॥੨੦॥

ਕੈਦ ਪਰਹੁਗੇ ਛੁਟਹੁ ਨਾਂਹੀ।
ਕਸ਼ਟ ਸਹਹੁ ਕਾਰਾਗ੍ਰਿਹ ਮਾਹੀ।'
ਇੱਤਜਾਦਿਕ ਕਹਿ ਤਾੜਨ ਕਰੇ।
ਦੇਤਿ ਧਕੇਲਾ ਵਹਿਰ ਨਿਕਰੇ ॥੨੧॥
ਗਾਰਿ ਨਿਕਾਰਿਤ ਬਹੁ ਤ੍ਰਿਸਕਾਰੇ।
'ਕਰਹੁ ਪੁਕਾਰਤ ਹੋਵਹਿ ਮਾਰੇ।'
ਦੁਖੀ ਭਏ ਬਹੁ ਛਪਿ ਛਪਿ ਰਹੇ।
ਨਿਜ ਦੁਖ ਕਿਸਹੂੰ ਪਾਸ ਨ ਕਹੇ ॥੨੨॥
ਬਿਤਯੋ ਮਾਸ ਗੁਰ ਭੇ ਅਸਵਾਰ।
ਪਹੁੰਚੇ ਊਚੇ ਕਰਤਿ ਪੁਕਾਰ।
'ਨੰਦ ਚੰਦ ਕੁਛ ਤ੍ਰਾਸ ਨ ਮਾਨਯੋ।
ਫੇਰਯੋ ਹੁਕਮ ਜੁ ਆਪ ਬਖਾਨਯੋਂ ॥੨੩॥
ਕਰਤਿ ਟਾਰ ਸੋ ਗ੍ਰੰਥ ਨ ਦੇਤਿ।
ਤ੍ਰਾਸਤਿ ਹਮੇ ਸੁ ਰਾਖਨਿ ਹੇਤੁ[1]।
ਹੇ ਪ੍ਰਭੁ! ਕ੍ਰਿਪਾ ਕਰਹੁ ਇਮ ਜਾਪੇ[1]।
ਲੇਹੁ ਮੰਗਾਇ ਪ੍ਰਭੁ ਦਿਹੁ ਆਪੇ[†] ॥੨੪॥
ਗਾਰਿ ਨਿਕਾਰਤਿ ਮਾਰਨ ਤਜਾਰਾ।
ਗ੍ਰਿਹ ਅਪਨੇ ਤਿਨ ਗ੍ਰੰਥ ਸੰਭਾਰਾ।'
ਸੁਨਿ ਪੁਕਾਰ ਸਾਧਨਿ ਕੀ ਫੇਰ।
ਜਾਨਿ ਦੁਸ਼ਟ ਮਨ ਕੁਪੇ ਘਨੇਰ ॥੨੫॥
ਦ੍ਵੈ ਸਿੰਘਨ ਕੌ ਭਾਖਿ ਪਠਾਯੋ।
'-ਸਮੈਂ ਬਿਨਾਸ਼ ਕਿਧੌਂ ਤੁਵ ਆਯੋ।
ਜਬਰੀ ਕਰੇ ਗ੍ਰੰਥ ਇਨ ਛੀਨਾ।
ਬਹੁਰ ਹੁਕਮ ਕੋ ਮੇਟਨਿ ਕੀਨਾ ॥੨੬॥
ਦਿਨ ਖੋਟੇ ਕੈ ਦਿਏ ਦਿਖਾਈ।
ਚਹੈਂ ਮਸੰਦਨ ਕੀ ਬਡਿਆਈ-।
ਜੇ ਨਹਿਂ ਦੇਹਿ ਕਹੈ ਇਸ ਬੇਰਾ।
ਲੂਟ ਲੀਜੀਐ ਮੂਰਖ ਡੇਰਾ' ॥੨੭॥

[1]ਉਹ (ਗ੍ਰੰਥ ਆਪਣੇ ਪਾਸ) ਰਖਣ ਵਾਸਤੇ ਸਾਨੂੰ ਡਰ ਦਿੰਦਾ ਹੈ।

[1]ਭਾਵ ਇਹ ਗਲ ਇਉਂ ਚੰਗੀ ਜਾਪਦੀ ਹੈ ਕਿ।

[†]ਪਾ:-ਦੇਹੁਸ ਜੇ, ਮੰਗਵਾ ਦਿਹੁ ਆਪੇ।

ਇਮ ਕਹਿ ਨਾਥ ਅਖੇਰ ਸਿਧਾਰੇ।
ਕਾਨਨ ਬਿਚਰੇ ਕੋਲ ਪ੍ਰਹਾਰੇ[1]। [1]ਸੂਰ ਮਾਰੇ।
ਸਿੰਘ ਸਾਧ ਪਹੁੰਚੇ ਤਬਿ ਆਏ।
ਬੈਠ੍ਯੋ ਨੰਦਚੰਦ ਜਿਹ ਠਾਏ ॥੨੮॥
ਪ੍ਰਭੁ ਕੋ ਹੁਕਮ ਉਚਾਰਨ ਕੀਨਾ।
'ਇਨ ਕੋ ਗ੍ਰੰਥ ਕ੍ਯੋਂ ਨ ਤੈਂ ਦੀਨਾ?
ਅਪਨੋ ਭਲੋ ਚਹਿਤਿ ਕੈ ਨਾਂਹੀ।
ਮਿਲ੍ਯੋ ਕਿ ਚਹੈਂ ਮਸੰਦਨਿ ਮਾਂਹੀ
॥੨੯॥
ਅਬਿ ਲੌ ਰਾਖੀ ਤੋਹਿ ਬਡਾਈ।
ਨਤੁ ਡੇਰਾ ਤੂਰਨ ਲੁਟ ਜਾਈ।
ਦੇਹੁ ਗ੍ਰੰਥ ਨਿਜ ਰੱਛਾ ਕਰੀਅਹਿ।
ਕ੍ਯੋਂ ਨਾਹਕ ਨਿਜ ਕਾਜ ਬਿਗਰੀਅਹਿ'
॥੩੦॥
ਗਰਬਤਿ ਬੋਲ੍ਯੋ 'ਗ੍ਰੰਥ ਨ ਦੈਹੌਂ।
ਗੁਰ ਬਨਾਇਬੇ ਸਮਰਥ ਮੈਂ ਹੌਂ।
ਸ਼੍ਰੀ ਗੁਰ ਹਰਿਗੋਬਿੰਦ ਕੋ ਬੰਸ।
ਜਿਸ ਢਿਗੁ ਬੈਸੌਂ ਕਰੌਂ ਪ੍ਰਸੰਸ[1] ॥੩੧॥ [1]ਉਸਤਤੀ ਕਰਾਂਗਾ।
ਬ੍ਰਿੰਦ ਸੰਗਤਾਂ ਤਹਾਂ ਬੁਲਾਵੌਂ।
ਦਰਬ ਅਕੋਰਨ ਦੇ ਪੁਜਵਾਵੌਂ।'
ਸੁਨਿ ਦ੍ਵੈ ਸਿੰਘਨ ਤਬੈ ਬਖਾਨਾ।
'ਦਿਹੁ ਆਵਨਿ ਤਬਿ ਕ੍ਰਿਪਾ ਨਿਧਾਨਾ
॥੩੨॥
ਬੀਤੀ ਸੰਗ ਮਸੰਦਨ ਜੈਸੇ।
ਹੁਇ ਹੈ ਤੋਹਿ ਸਾਥ ਭੀ ਤੈਸੇ।
ਹੁਕਮ ਹਟਾਇ ਗਰਬ ਤੇ ਕਹੈਂ।
-ਗੁਰੂ ਬਨਾਵਨਿ ਮਮ ਕਰ ਅਹੈ-'
॥੩੩॥
ਇਮ ਕਹਿ ਸਿਖ ਗਮਨੇ ਨਿਜ ਡੇਰੇ।
ਪਾਛੇ ਉਪਜ੍ਯੋ ਤ੍ਰਾਸ ਘਨੇਰੇ।
-ਮਮ ਦੁਰਬਾਕ ਭਨੇ ਜਬਿ ਸੁਨਿ ਹੈਂ।

ਤਜਹਿਂ ਨ, ਗਹਿ ਬੰਧਹਿਂ ਸਿਖ ਹਨਿ ਹੈਂ ॥੩੪॥
ਜ਼ੀਨ ਪਵਾਇ ਸ਼ੀਘ੍ਰ ਚਲਿ ਪਰਜੋ।
ਗ੍ਰੰਥ ਦਾਸ ਕੇ ਸਿਰ ਪਰ ਧਰਜੋ।
ਅਪਰ ਵਸਤੁ ਕੁਛ ਭਟ ਨਿਜ ਲੈ ਕੈ।
ਸਤੁਦ੍ਰਵ ਤਰਜੋ ਤਰੀ ਪਰ ਹ੍ਵੈ ਕੈ ॥੩੫॥
ਗਯੋ ਭਾਜ ਕਰਿ ਪੁਰਿ ਕਰਤਾਰਾ।
ਬਨ ਤੇ ਆਏ ਪ੍ਰਭੁ ਉਦਾਰਾ।
'ਭਯੋ ਪਲਾਇਨ' ਸੁਨਿ ਸੁਧ ਸਾਰੀ।
ਸ੍ਰਾਪ ਹੇਤੁ ਗੁਰ ਗਿਰਾ ਉਚਾਰੀ ॥੩੬॥
'ਹਤੇ ਮਸੰਦਨਿ ਜਿਮ ਲਖਿ ਭਾਜਾ[1]।
ਮ੍ਰਿਤੁ ਕੇ ਡਰ ਤੇ ਕੀਨਿ ਕੁਕਾਜਾ।
ਅਬਿ ਜਹਿਂ ਜੈ ਹੈ ਮ੍ਰਿਤੁ ਤਿਸ ਆਗੇ।
ਤਜਹਿ ਪ੍ਰਾਣ ਕਿਮ ਬਾਚਹਿ ਭਾਗੇ ॥੩੭॥
ਤਿਸੀ ਗ੍ਰੰਥ ਕਹੁ ਪਢਹਿ ਨ ਕੋਈ।
ਗ੍ਰਾਮ ਡਰੋਲੀ ਥਿਰ ਹ੍ਵੈ ਸੋਈ[†]।'
ਇਮ ਕਲਗੀਧਰ ਸ੍ਰਾਪ ਉਚਾਰਾ।
'ਡੇਰਾ ਤਿਹ ਲੁਟਾਇ ਦਿਹੁ ਸਾਰਾ[†]' ॥੩੮॥
ਉਤ ਜਬਿ ਨੰਦ ਚੰਦ ਚਲਿ ਗਯੋ।
ਨਰ ਪਠਿ ਧੀਰਮੱਲ ਪਹਿ ਦਯੋ।
ਸੁਧਿ ਕਰਿ[1] ਮਿਲਜੋ ਹੰਕਾਰਤਿ ਕਹੈ।
'ਲਾਖਹੁੰ ਸੰਗਤਿ ਮਮ ਬਸਿ ਅਹੈ ॥੩੯॥
ਕਰਿ ਗੁਰ ਤੁਝ ਕੌ ਧਨ ਅਰਪਾਵੌਂ।
ਸਭਿ ਦਿਸ਼ਿ ਤੇ ਸਿਖ ਆਨਿ ਝੁਕਾਵੌਂ।

[1]ਜਿਵੇਂ ਮਸੰਦਾਂ ਨੂੰ ਮਾਰ ਪੈਂਦੀ ਹੈ (ਇਹ) ਦੇਖਕੇ ਭੱਜ ਗਿਆ ਹੈ।

[†]ਇਹ ਬੀੜ ਹੁਣ ਤੱਕ ਡਰੋਲੀ ਵਿੱਚ ਮੌਜੂਦ ਦੱਸੀਦੀ ਹੈ।

[†]ਗੁਰੂ ਜੀ ਦਾ ਇਨਸਾਫ ਕਿਸ ਕਮਾਲ ਦਾ ਹੈ ਕਿ ਆਪਣੇ ਦੀਵਾਨ ਤੇ ਸੈਨਾਪਤ ਦਾ ਅੰਨਜਾਯ ਵਾਲਾ ਸਲੂਕ ਬਰਦਾਸ਼ਤ ਨਹੀਂ ਕੀਤਾ। ਉਸਦੇ ਅਪ੍ਰਾਧ ਕਰਨੇ ਪਰ ਉਸ ਨਾਲ ਵੀ ਉਹੀ ਸਲੂਕ ਕੀਤਾ ਜੋ ਦੋਸ਼ੀ ਨਾਲ ਕਰਨਾ ਚਾਹੀਏ।

[1]ਖਬਰ ਦੇ ਕਰ।

ਜਾਮੇ ਕੀ ਅਸਤੀਨ[1] ਜਿ ਝਾਰੌਂ।
ਤਤਛਿਨ ਤਿਸ ਤੇ ਗੁਰੂ ਨਿਕਾਰੌਂ' ॥੪੦॥
ਇੱਤਯਾਦਿਕ ਕਹਿ ਨੰਮ੍ਰੀ ਹੋਇ।
ਰਹਯੋ ਨਿਸਾ ਕਰਿ ਡੇਰਾ ਸੋਇ।
ਧੀਰਮੱਲ ਨਿਕਟੀ ਰਹਿਂ ਕੇਈ।
ਸਿੱਖ ਮਸੰਦ ਮੁਸਾਹਿਬ ਸੇਈ ॥੪੧॥
ਤਿਨਹੁਂ ਚਿੰਤ ਕਰਿ ਮਸਲਤ ਠਾਨੀ।
'ਬੁੱਧਿ ਸੂਰਤਾ ਇਸੇ ਮਹਾਨੀ।
ਨਹਿਂ ਦਿਹੁ ਰਹਿਬੇ ਕਰਹੁ ਨਿਕਾਸਨ।
ਕੈ ਰਚਿ ਛਲ ਕੋ ਪ੍ਰਾਨ ਬਿਨਾਸ਼ਨ' ॥੪੨॥
ਧੀਰਮੱਲ ਕੇ ਨਿਕਟ ਸਿਧਾਰੇ।
ਅਨਿਕ ਸਿਆਨਪ ਸਹਤਿ ਉਚਾਰੇ।
'ਤੁਮ ਰਿਪੁ ਸ਼੍ਰੀ ਗੋਬਿੰਦ ਸਿੰਘ ਸਾਹਿਬ।
ਤਿਨ ਕੇ ਢਿਗ ਇਹ ਬਡੋ ਮੁਸਾਹਿਬ ॥੪੩॥
ਰਚਯੋ ਕਪਟ ਆਯੋ ਚਲਿ ਡੇਰੇ।
ਕਰਹਿ ਬਿਨਾਸ਼ਨ[1] ਰਹਿ ਤੁਮ ਨੇਰੇ।
ਕੈ ਕਰਤਾਰਪੁਰਾ ਲੈ ਛੀਨ।
ਬੈਠਹਿ ਨਿਕਟ ਭੇਤ ਲੇ ਚੀਨ ॥੪੪॥
ਸ਼ਸਤ੍ਰ ਹਤਨ ਮਹਿਂ ਦੀਰਘ ਗਾਢੋ।
ਰਹਹਿ ਨ ਕੋ ਇਸ ਸਨਮੁਖ ਠਾਂਢੋ।
ਜੇਕਰਿ ਚਹੈਂ[1] ਆਪਨੋ ਨੀਕਾ।
ਇਸ ਕੇ ਹਤੇ ਹੋਤਿ ਹਿਤ ਜੀ ਕਾ[1] ॥੪੫॥
ਆਇ ਅਚਾਨਕ ਬਸਿ ਮਹਿਂ ਪਰਯੋ।
'ਜਿਸ ਕੋ ਚਹਤਿ ਪ੍ਰਾਨ ਪਰਹਰਯੋ।
ਕਾਜ ਬਿਗਾਰੇ ਅਨਿਕ ਤੁਹਾਰੇ।
ਲਿਹੁ ਪਲਟਾ ਅਬਿ ਇਸ ਕੋ ਮਾਰੇ' ॥੪੬॥
ਸੁਨਿ ਕੈ ਧੀਰਮੱਲ ਤਬਿ ਕਹਯੋ।

[1]ਜਾਮੇ ਦੀ ਬਾਂਹ।

[1]ਤੁਹਾਡਾ ਨਾਸ਼ ਕਰੇਗਾ।

[1]ਤੁਸੀਂ ਚਾਹੁੰਦੇ ਹੋ ਤਾਂ।

[1]ਆਪ ਦੇ) ਜੀ ਦਾ ਭਲਾ ਹੁੰਦਾ ਹੈ।

'ਕਿਮ ਇਸ ਹਤਹਿਂ ਬੀਰ ਬਡ ਲਹ੍ਯੋ।
ਸ਼ਸਤ੍ਰਨਿ ਜੁਤਿ ਸਨਮੁੱਖ ਜਬਿ ਹੋਵੈ।
ਹਤਹਿ ਅਨਿਕ, ਕੋ ਸਮੁਖ ਖਰੋਵੈ?'
॥੪੭॥
ਪੁਨ ਸਭਿਹਿਨਿ ਮਾਰਨ ਬਿਧਿ ਕਹੀ।
'ਕਰਹਿਂ ਸੰਘਾਰਨ ਜਾਨਹਿਂ ਨਹੀਂ।
ਭਈ ਪ੍ਰਭਾਤਿ ਨਿਕਟ ਜਬਿ ਐਹੈ।
ਦੇਹਿਂ ਤੁਪਕ ਇਕ ਬੀਰ ਛਪੈ ਹੈਂ
॥੪੮॥
ਤਾਕ ਰਿਦੇ ਮਹਿਂ ਮਾਰਹਿ ਗੋਰੀ।
ਗਿਰਹਿ ਮਰਹਿ ਤਤਛਿਨ ਉਰ ਫੋਰੀ।'
ਇਮ ਸਲਾਹ ਕਰਿ ਸੁਪਤੇ ਰਾਤੀ।
ਆਯੋ ਮੰਦ ਜਬੈ ਹੁਇ ਪ੍ਰਾਤੀ ॥੪੯॥
ਖਰ੍ਯੋ ਕਰ੍ਯੋ[1] ਤਿਨ ਤੁਰਨ ਮਾਰੀ।
ਲਗੀ ਜਾਂਘ ਹਡ ਟੂਟ੍ਯੋ ਭਾਰੀ।
ਇਤ ਉਤ ਹੇਰਤਿ ਖੜਗ ਨਿਕਾਸ੍ਯੋ।
-ਕਿਸ ਨੇ ਔਚਕ ਮੋਹਿ ਬਿਨਾਸ੍ਯੋ?
॥੫੦॥
ਦੋਨਹੁਂ ਦਿਸ਼ਿ ਕਪਾਟ ਭਿਰਵਾਏ।
ਦੇਖਿ ਰਹ੍ਯੋ ਨਹਿਂ ਨਿਕਸਨ ਪਾਏ[1]।
ਖਰੋ, ਨਿਕਟ ਕੋ ਜਾਇ ਨ ਸਕਹੀ।
-ਕਿਮ ਸੰਘਾਰਹਿਂ, ਘਾਤ ਨ ਤਕਈ[1]-
॥੫੧॥
ਛਾਤ ਉਖੇਰਿ ਛੇਕ ਕਰਿ ਹੇਰਾ।
ਖਰੋ ਕ੍ਰੋਧ ਤੇ ਬੀਰ ਬਡੇਰਾ।
ਜਥਾ ਕੇਹਰੀ ਪਿੰਜਰੇ ਡਾਰ੍ਯੋ।
ਹਤਿ ਗੋਰੀ ਬਹੁ ਫੇਰ ਸੰਘਾਰ੍ਯੋ ॥੫੨॥
ਖੈਂਚਿ ਪੌਰ ਤੇ ਵਹਿਰ ਗਿਰਾਯੋ।
ਭਟ ਸੰਗੀ ਤਤਕਾਲ ਉਠਾਯੋ।
ਕਾਲੈ ਸੰਙਾ[1] ਫੂਕ੍ਯੋ ਜਾਇ।

[1]ਜੋ ਖੜਾ ਕੀਤਾ (ਸੂਰਮਾ ਸੀ)।

[1]ਧੀਰਮਲ ਨੇ) ਭਿੜਵਾ ਦਿੱਤੇ ਤਖਤੇ, (ਨੰਦ ਚੰਦ ਨਿਕਲਨ ਲਈ ਰਾਹ) ਦੇਖ ਰਹਿਆ ਪਰ ਨਿਕਲ ਨਾ ਸਕਿਆ।

[1]ਧੀਰਮਲ ਕਹਿੰਦਾ ਹੈ) ਕਿਵੇਂ ਮਾਰੀਏ (ਕੋਈ) ਨਹੀਂ ਦਾਉ ਸੁੱਝਦਾ।

[1]ਨਾਮ ਪਿੰਡ ਦਾ।

ਮ੍ਰਿਤਕ ਭਯੋ ਇਮ ਧਰਮ ਗਵਾਇ
॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਨੰਦਚੰਦ ਹਤਨ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

## ੩੨. [ਭਾਈ ਗੁਰਦਾਸ ਮਸੰਦ। ਬਜਰੂੜ ਨੂੰ ਦੰਡ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਅਪਰ ਮਸੰਦਨਿ ਕੀ ਕਥਾ, ਕਹੌਂ ਕਹਾਂ ਲਗਿ ਸ਼ੇਸ਼[1]। [1]ਬਾਕੀ।
ਕੋ ਮਾਰਤਿ ਹੀ ਮਰਿ ਗਏ, ਜੇ ਅਘ ਕਰਤਿ ਵਿਸੇਸ਼ ॥੧॥

ਚੌਪਈ:

ਕੇਤਿਕ ਛੁਟੇ ਸਜ਼ਾਇਨਿ ਪਾਇ।
ਹ੍ਵੈ ਤਸਕਰ ਕੋ[1] ਗਏ ਪਲਾਇ। [1]ਕੋਈ।
ਬਨਿ ਬਨਿ ਦੀਨ ਜੁ ਬਿਨੈ ਬਖਾਨੀ।
ਸੋ ਛੁਟਵਾਇ ਦੀਨਿ ਗੁਨ ਖਾਨੀ ॥੨॥
ਜਹਿਂ ਕਹਿਂ ਪਸਰੇ ਸਿੰਘ ਭੁਜੰਗੀ[1]। [1]ਸੂਰਮੇ।
ਸ਼ਸਤ੍ਰ ਕੇਸ਼ ਕਛ ਸੰਗ ਨਿਸੰਗੀ।
ਪੁਰਿ ਗ੍ਰਾਮਨ ਤੇ ਗਹੇ ਮਸੰਦ।
ਕਰੇ ਕੈਦ ਕੋ ਪ੍ਰਾਣ ਨਿਕੰਦਿ ॥੩॥
ਦੇਸ਼ਨ ਤੇ ਦਰਸ਼ਨ ਕੌ ਆਵਹਿਂ।
ਹਿੰਦੁਨਿ ਤੁਰਕਨ ਤੇਜ ਦਿਖਾਵਹਿਂ[1]। [1]ਹਿੰਦੂਆਂ ਤੇ ਤੁਰਕਾਂ ਨੂੰ ਤੇਜ ਦੱਸਦੇ ਹਨ (ਸਿੰਘ)।
ਕਾਰ ਗੁਰੂ ਕੀ ਨਿਜ ਨਿਜ ਪਾਸ।
ਰਾਖਹਿਂ ਸਗਰੇ ਸਾਂਭਿ ਅਵਾਸ ॥੪॥
ਜਬਿ ਦਰਸ਼ਨ ਕੋ ਸੋ ਚਲਿ ਆਵੈਂ।
ਸਕਲ ਅਕੋਰ ਹਜ਼ੂਰ ਚਢਾਵੈਂ।
ਛੁਟੀ ਮਸੰਦਨ ਤੇ ਸਭਿ ਸੰਗਤਿ।
ਬਿਦਤੀ ਅਜਬ ਰੀਤਿ ਕੀ ਰੰਗਤ ॥੫॥
ਇਕ ਦਿਨ ਊਚੇ ਥਲ ਗੁਰ ਥਿਰੇ।
ਦੂਰ ਸਊਰ ਬਿਲੋਕਨਿ ਕਰੇ।
ਪ੍ਰਥਮ ਸਮੁਖ ਕੌ ਆਵਹਿਂ ਤੁਰੇ।
ਨਿਕਟ ਆਇ ਸਲਿਤਾ ਦਿਸ਼ਿ ਮੁਰੇ[1] ॥੬॥ [1](ਗੁਰੂ ਜੀ ਦੇ) ਨੇੜੇ ਆਕੇ (ਫਿਰ) ਨਦੀ ਵਲ ਨੂੰ ਮੁੜ ਪਏ।
ਪਿਖਿ ਨਰ ਕੋ ਤਬਿ ਤੁਰਤ ਪਠਾਯੋ।
'ਇਨ ਕੌ ਬੂਝਹੁ, ਕੋ ਕਿਤ ਆਯੋ?'
ਪੂਛੇ ਧਾਇ ਜਾਇ ਨਰ ਸੇਈ।
'ਹਮ ਬਰਾੜ ਹੈਂ' ਭਾਖੈਂ ਤੇਈ ॥੭॥
ਜਬਿ ਗੁਰ ਸੰਗ ਬਤਾਯਹੁ ਆਏ[1]। [1](ਉਸ ਨਰ ਨੇ) ਆਕੇ ਗੁਰੂ ਜੀ ਨੂੰ ਦੱਸਿਆ।

ਤਬਿ ਕੇਤਿਕ ਨਰ ਪਠੇ ਧਵਾਏ।
'ਆਨਹੁ ਮੋਰਿ, ਜਾਨਿ ਨਹਿਂ ਦੀਜੈ।
ਕਿਤ ਤੇ ਕੌਨ ਅਹੈਂ? ਪਰਖੀਜੈ' ॥੮॥
ਧਾਇ ਜਾਇ, ਸਮੁਦਾਇ ਸੁ ਲਯਾਏ।
ਕਰੇ ਖਰੇ ਸਤਿਗੁਰ ਅਗਵਾਏ।
ਉਤਰਿ ਤੁਰੰਗਮ ਧਰੀ ਉਪਾਇਨ।
ਪਰਸੇ ਅਰਬਿੰਦਨਿ ਸਮ ਪਾਇਨ ॥੯॥
[1]ਬੂਝੇ 'ਪ੍ਰਥਮ, ਕਹੌ ਕਿਮ ਆਏ।
ਭੋ ਬਹਿਲੋ ਕੇ! ਕੂਰ ਅਲਾਏਂ।'
ਸੁਨਿ ਗੁਰਦਾਸ ਸਾਚ ਤਬਿ ਕਹਯੋ।
'ਹਮ ਪ੍ਰਭੁ ਇਤ ਉਤ[1] ਇਮ ਡਰ ਲਹਯੋ ॥੧੦॥
ਜਬਿ ਮਸੰਦ ਮਾਰੇ ਤੁਮ ਮਹਾਂ[1]।
ਮੈਂ ਪੰਜਾਬ ਕੁਇਰ ਢਿਗ ਰਹਾ।
ਜਿਤੇ ਲੋਕ ਪਾਛੇ ਤਹਿਂ ਥਿਰੇ।
ਸਗਰੇ ਬੈਰ ਮੋਹਿ ਸੰਗ ਕਰੇ ॥੧੧॥
[1]-ਮਿਲਿ ਸਤਿਗੁਰ ਕੋ ਇਤ ਇਹੁ ਲਯਾਯੋ।
ਮਸਲਤ ਕਰਿ ਹਮ ਕੋ ਮਰਿਵਾਯੋ-।
ਰਹੇ ਪੰਜਾਬ ਕੁਇਰ ਸਿਖਰਾਵਤਿ।
-ਦਰਬ ਬ੍ਰਿੰਦ ਕੋ ਸਦਾ ਚੁਰਾਵਤਿ- ॥੧੨॥
ਕੇਤਿਕ ਦਿਨ ਤਿਨ[1] ਨਾਹਿਨ ਮਾਨੀ।
ਅਬਿ ਮੇਰੇ ਪਰ ਕੁਛਕ ਰਿਸਾਨੀ।
ਗਹਿਬੇ ਹੇਤੁ ਤਕਾਵਤਿ ਰਹੀ।
ਹੋਇ ਨਿਸੰਗ ਗਹਾਯੋ ਨਹੀਂ ॥੧੩॥
ਮੁਝ ਸੁਧਿ ਭਈ ਰਾਤਿ ਕੋ ਜਬੈ।
ਪੰਜ ਰਜਤਪਣ ਧਰਿ ਦਰ ਤਬੈ।
ਮਸਤਕ ਟੇਕਿ ਤੁਰਤ ਚਢਿ ਆਯੋ।
ਰਹਨਿ ਆਪ ਕੇ ਨਿਕਟ ਤਕਾਯੋ

[1]ਪੁਛਿਆ ਕਿ ਪਹਿਲਾਂ (ਜਦ ਅਸਾਂ ਪੁੱਛ ਭੇਜਿਆ ਸੀ ਕਿ ਤੁਸੀਂ ਕੌਣ ਹੋ ਤੇ) ਕਹੋ ਕਿਵੇਂ ਆਏ ਹੋ, ਹੇ ਬਹਿਲੋ ਕੇ (ਗੁਰਦਾਸ) ਤੂੰ ਝੂਠ (ਕਿਉਂ) ਕਿਹਾ ਸੀ, ਕਿ (ਅਸੀਂ ਬਰਾੜ ਹਾਂ)।

[1]ਇਤ ਇਧਰੋਂ ਭਾਵ ਆਪ ਵਲੋਂ ਤੇ ਉਤ ਭਾਵ ਪੰਜਾਬ ਕੁਇਰ ਵੱਲੋਂ।

[1]ਬਹੁਤੇ।

[1]ਇਹ ਵਿਚਾਰਕੇ ਕਿ।

[1]ਭਾਵ ਪੰਜਾਬ ਕੌਰ ਨੇ।

॥੧੪॥
ਆਇ ਸਮੀਪ ਸੁਨੀ ਸੁਧਿ ਇਹਾਂ।
-ਬੀਤਹਿ ਮਾਰ ਮਸੰਦਨ ਮਹਾਂ-।
ਪ੍ਰਥਮੇ ਰਾਮਰਾਇ ਕੇ ਪਾਸੇ।
ਤੁਮ ਸਮਤਾ ਕੇ ਬਾਕ ਪ੍ਰਕਾਸ਼ੇ[1] ॥੧੫॥

[1]ਆਪ ਦੀ ਬਰਾਬਰੀ ਦੇ ਇਹ ਵਾਕ ਕਹੇ ਸਨ:-।

-ਹਤਹਿ ਤੀਰ ਤਾਰਾ ਮਮ ਭਾਈ-।
ਮਿਲਿ ਜਮਨਾ ਤੁਮ ਬਾਤ ਚਲਾਈ[1]।

[1]ਜਦੋਂ ਜਮਨਾਂ ਵਿਚ ਮਿਲੇ ਸੀ ਤਾਂ ਆਪ ਨੇ ਉਹ ਗਲ ਆਖੀ ਸੀ।

ਸੋ ਸਿਮਰਨ ਕਰਿ ਡਰ ਉਰ ਧਾਰਾ।
ਬਿਨਾ ਮਿਲੇ ਚਹੁਂ ਕਰਹੁਂ ਸਿਧਾਰਾ[1] ॥੧੬॥

[1]ਚਾਹਿਆ ਕਿ ਚਲਿਆ ਜਾਵਾਂ।

ਆਪ ਹਕਾਰਿ ਦਰਸ ਕੋ ਦੀਨਾ।
ਹੇ ਪ੍ਰਭੁ ਇਤ ਉਤ ਇਉਂ ਡਰ ਕੀਨਾ।'
ਸ਼੍ਰੀ ਪ੍ਰਭੁ ਮੁਸਕਾਵਿਤ ਬਚ ਕਹਾ।
'ਤੋਹਿ ਬਡੋ ਹੋਯੋ ਸਿਖ ਮਹਾਂ ॥੧੭॥
ਭਾਈ ਪਦ ਬਹਿਲੋ ਲਿਯ ਗੁਰ ਤੇ।
ਇਸ ਘਰ ਕੇ ਸੇਵਕ ਤੁਮ ਧੁਰ ਤੇ।'
ਰੋਜ ਰਜਤਪਣ ਕੀਨੋ ਦੋਇ।
ਰਾਖਿ ਲਿਯੋ ਅਪਨੇ ਢਿਗ ਸੋਇ ॥੧੮॥
ਦਿਵਸ ਆਗਲੇ ਸੰਗਤਿ ਆਈ।
ਨਮੋ ਕੀਨਿ ਸੁਧਿ ਬੈਠਿ ਬਤਾਈ।
'ਪਾਰ ਗ੍ਰਾਮ ਬਜਰੂੜ ਮਹਾਨਾ[1]।
ਸਤਿਗੁਰ ਸੰਗ ਬੈਰ ਤਿਨ ਠਾਨਾ ॥੧੯॥

[1]ਦਰਿਆਓਂ ਪਰ ਬਜਰੂੜ ਗ੍ਰਾਮ ਵੱਡਾ ਜੋ ਹੈ।

ਆਵਤਿ ਪਿਖਿ ਸੰਗਤਿ ਸਮੁਦਾਏ।
ਸਰਿਤਾ ਨਿਕਟ ਧਾਇ ਅਗਵਾਏ।
ਲੂਟਜੋ ਮਾਰਗ ਕਰਿ ਬਲ ਭਾਰਾ।
ਛੀਨ ਵਸਤੁ ਕੇਤਿਕ ਕੌ ਮਾਰਾ ॥੨੦॥
ਦੇਤਿ ਰਹੇ ਬਹੁ ਗੁਰੂ ਦੁਹਾਈ।
ਨਹਿਂ ਮਾਨਹਿਂ ਕੀਨੀ ਜੜ੍ਹਤਾਈ।'
ਸੁਨਿ ਕਲਗ਼ੀਧਰ ਕੋਪ ਬਿਸਾਲਾ।

'ਤਿਨ ਲੋਕਨ ਕੇ ਭੇ ਜਨੁ ਕਾਲਾ[1]' ॥੨੧॥

[1]ਗੁਰੂ ਜੀ ਬੋਲੇ:-ਕਿ) ਉਨ੍ਹਾਂ ਲੋਕਾਂ ਦੀ ਮਾਨੋਂ ਮੌਤ ਆਈ ਹੈ (ਜਿਵੇਂ ਕਹੀਦਾ ਹੈ ਫਲਾਣੇ ਦੀ ਸ਼ਾਮਤ ਆਈ ਹੈ)। (ਅ) (ਉਹ ਗੁੱਸਾ) ਮਾਨੋਂ ਓਹਨਾਂ ਲੋਕਾਂ ਦੀ ਮੌਤ ਹੋ ਗਿਆ।

ਇਕ ਦੁਇ ਦਿਨ ਅੰਤਰ ਕੋ ਪਾਇ।
ਗੁਰੂ ਅਰੂਢਨ ਕੋ ਫ਼ੁਰਮਾਇ।
ਬਾਜ ਉਠ੍ਯੋ ਰਣਜੀਤ ਨਗਾਰਾ।
ਸੁਨੀ ਬੰਬ ਸਿੰਘਨ ਕਿਯ ਤਯਾਰਾ ॥੨੨॥
ਹਯ ਪਰ ਜ਼ੀਨ ਪਾਇ ਕਰਿ ਤਬੈ।
ਚਲੇ ਜਿਤਿਕ ਪੈਦਲ ਥੇ ਸਬੈ।
ਗਰ ਸ਼ਮਸ਼ੇਰ ਹੋਇ ਸਮ ਸ਼ੇਰ[1]।
ਕਸੀ ਕਮਰ ਗਹਿ ਤੁਪਕ ਘਨੇਰ ॥੨੩॥

[1]ਸ਼ੇਰ ਵਤ ਹੋਕੇ।

ਕੀਨਸਿ ਗੁਰੂ ਅਖੇਰ ਬਹਾਨਾ।
ਚਮੂੰ ਬ੍ਰਿੰਦ ਜੁਤਿ ਕਿਯ ਪ੍ਰਸਥਾਨਾ।
ਸਲਿਤਾ ਪਾਰ ਉਤਰਿ ਕਰਿ ਫਿਰੇ।
ਸਹਿਜ ਸੁਭਾਇ ਅਖੇਰੈ ਕਰੇ ॥੨੪॥
ਇਤ ਉਤ ਬਿਚਰਤਿ ਪਹੁੰਚੇ ਤਹਾਂ।
ਦੁਸ਼ਟ ਬਜਰੂੜ ਗ੍ਰਾਮ ਥੋ ਜਹਾਂ।
ਨਿਕਟ ਹੋਇ ਕਰਿ ਮਾਰੋ ਮਾਰੀ।
ਓਰੜ ਪਰੇ ਬੀਰ ਇਕ ਬਾਰੀ ॥੨੫॥
ਗੁਜਰ ਅਰੁ ਰੰਘੜ ਦ੍ਵੈ ਜਾਤੀ।
ਜਾਨ੍ਯੋਂ ਜਬੈ ਹੋਤਿ ਭੇ ਘਾਤੀ।
ਗਹਿ ਗਹਿ ਸ਼ਸਤ੍ਰ ਬਨੇ ਸਵਧਾਨਾ।
ਚਢੇ ਸਦਨ ਜੇ ਹੁਤੇ ਮਹਾਂਨਾ ॥੨੬॥
ਹੁਤੋ ਗ੍ਰਾਮ ਮਹਿਂ ਦੁਰਗ ਛੁਟੇਰਾ।
ਜਾਇ ਪ੍ਰਵੇਸ਼ੇ ਬਹੁ ਤਿਸ ਬੇਰਾ।
ਥਾਉਂ ਥਾਉਂ ਕਰਿ ਕੈ ਤਕਰਾਈ।
ਛੁਟੀ ਤੁਪਕ ਗਨ ਮਚੀ ਲਰਾਈ ॥੨੭॥
ਭਰਿ ਬਰੂਦ ਮੁਸ਼ਟਨ ਕੋ ਡਾਲਹਿਂ।
ਠੋਕਤਿ ਗੁਲਕਾਂ ਗਜਹਿ ਨਿਕਾਲਹਿਂ[1]।

[1]ਗਜਾਂ ਨੂੰ ਕੱਢਕੇ।

ਸ਼ੀਘ੍ਰ ਕਲਾ ਪਰ ਜੋੜਹਿਂ ਤੋੜੇ।
ਧਰਹਿਂ ਪਲੀਤੇ ਪਰ ਕੁਛ ਮੋੜੇ[1] ॥੨੮॥

[1]ਪਲੀਤੇ ਕਲਾ ਨੂੰ ਕੁਛ ਮੋੜਕੇ ਉਪਰ ਧਰਦੇ ਹਨ।

ਦਸਤ ਰਵਾਂ ਕਰਿ ਤੁਰਨ ਤਾਕਹਿਂ।
ਧੁਖਤਿ ਉਠਹਿਂ ਤਤਕਾਲ ਤੜਾਕਹਿਂ।
ਸ਼ੂੰਕਤਿ ਗੋਰੀ ਫੋੜਿ ਸਰੀਰੰ।
ਨਿਕਸਤਿ ਸ਼੍ਰੋਨਤ ਭੀਗਤਿ ਚੀਰੰ ॥੨੯॥

ਹੁਇ ਘਾਇਲ ਘਾਵਨ ਭਭਕੰਤੇ[1]।

[1]ਜ਼ਖਮ ਭੱਕ ਭੱਕ ਕਰਦੇ ਹਨ।

ਇਕ ਘੂੰਮਤਿ ਇਕ ਪ੍ਰਾਣ ਤਜੰਤੇ।
ਇਕ ਭੀਖਨ ਪਿਖਿ ਹੋਵਤਿ ਭੀਰੁ[1]।

[1]ਭਜਾਨਕ (ਜੰਗ) ਦੇਖਕੇ ਕਾਇਰ ਹੁੰਦੇ ਹਨ।

ਦਬਕੇ ਏਕ ਛੋਰ ਕਰਿ ਤੀਰ[1] ॥੩੦॥

[1]ਇਕ ਤੀਰ ਹੀ ਚਲਾਕੇ ਦਬਕ ਗਏ। (ਅ) ਇਕ ਦਬਕ ਕੇ ਪਾਸਾ ਹੀ ਛੱਡ ਗਏ।

ਸਿੰਘਨ ਵਹਿਰ ਚੁਗਿਰਦਾ ਘੇਰਾ।
ਘਾਲਿ ਘਾਲਿ ਘਮਸਾਨ ਘਨੇਰਾ।
ਘੇਰਿ ਘੇਰਿ ਘੋਰਨਿ ਤੇ ਘਨੇ[1]।

[1]ਘੋੜਿਆਂ ਨਾਲ ਬਹੁਤੇ (ਆਦਮੀਆਂ ਨੂੰ) ਘੇਰ ਘੇਰ ਕੇ।

ਤਾਕਿ ਤਾਕਿ ਤੁਪਕਨਿ ਤੇ ਹਨੇ ॥੩੧॥
ਪੈਦਲ ਚਮੂੰ ਗੁਰੂ ਕੀ ਆਈ।
ਭਈ ਨਿਕਟ ਬਡਿ ਮਾਰ ਮਚਾਈ।
ਪ੍ਰਭੁ ਜੀ ਦੇਖਹਿਂ ਖਰੇ ਤਮਾਸ਼ਾ।
ਕਰਿ ਕਰਿ ਓਜ ਦਿਖਾਵਹਿਂ ਦਾਸਾ ॥੩੨॥
ਹੇਲਾ ਕਰਿਕੇ ਮਾਰਹੁ ਮਾਰਾ।
ਜਾਇ ਪ੍ਰਵੇਸ਼ੇ ਗ੍ਰਾਮ ਮਝਾਰਾ।
ਘਰ ਪਰ ਚਰਹਿਂ ਚਲਾਵਹਿਂ ਜਹਿਂ ਜਹਿਂ।
ਦਏ ਹਲਾਇ ਪਹੁੰਚ ਕਰਿ ਤਹਿਂ ਤਹਿਂ ॥੩੩॥
ਗੁੱਜਰ ਰੰਘੜ ਲੈ ਲੈ ਆਡੋ[1]।

[1]ਓਟ।

ਕਸਿ ਕਸਿ ਤੁਪਕਨ ਤਕਿ ਤਕਿ ਛਾਡੋ।
ਤਿਨ ਕੋ ਅੰਗ ਕਿਤਹੁਂ ਦਿਖਿ ਜਾਇ।

ਤਤਛਿਨ ਗੁਲਕਾ ਲਗਿ ਹੁਇ ਘਾਇ ॥੩੪॥
ਲਗਹਿ ਸੀਸ ਜਨੁ ਹੰਡੀਆ ਫੋਰੀ।
ਰੁਪੇ[1] ਸਿੰਘ ਤਕਿ ਮਾਰਤਿ ਗੋਰੀ। — [1]ਪੈਰ ਜਮਾਕੇ।
ਜੇ ਕੋਸ਼ਠ ਪਰ ਗ੍ਰਾਮ ਮਝਾਰੇ।
ਕੇਤਿਕ ਤੁਪਕਨਿ ਤਕਿ ਤਕਿ ਮਾਰੇ ॥੩੫॥
ਕੇਤਿਕ ਭਾਜ ਗੜ੍ਹੀ ਮਹਿੰ ਬੜੇ।
ਵਹਿਰ ਨ ਜਮੇ ਪਾਇ ਕਿਤ ਅੜੇ।
ਕਰਿ ਕਰਿ ਢੋਅ ਢੇਰ[†] ਹੀ ਢੂਕੇ[1]। — [1]ਮਿਲ ਕਰਕੇ ਬਹੁਤ ਹੀ ਨੇੜੇ ਜਾ ਢੁੱਕੇ। [†]ਸ਼ੁਧ ਪਾਠ 'ਨੇਰ' ਜਾਪਦਾ ਹੈ।
ਦੁਰਗ ਚੁਗਿਰਦੇ ਫਿਰਿ ਫਿਰਿ ਕੂਕੇ ॥੩੬॥
ਚਤਰ ਘਟੀ ਲਗਿ ਤੜਭੜ ਛੋਰੀ[1]। — [1]ਭਾਵ ਬੰਦੂਕਾਂ ਦੀ ਮਾਰ ਕੀਤੀ। [ਤੜ ਭੜ = ਬੰਦੂਕ ਚੱਲਣ ਦੀ ਆਵਾਜ਼]।
ਜੋਰਿ ਜੋਰਿ ਰਿਪੁ ਕਾਯਨਿ ਫੋਰੀ[1]। — [1]ਸਰੀਰ ਤੋੜੇ।
ਬਿਥਰਜੋ ਸ਼੍ਰੋਣਤ ਏਕ ਕਰਾਹੈਂ[1]। — [1]ਕੁਰਲਾਂਵਦੇ ਹਨ।
ਕੇਤਿਕ ਮਰੇ ਪਰੇ ਰਜ ਮਾਂਹੈ[1] ॥੩੭॥ — [1]ਧੂੜ ਵਿਚ।
ਸਿੰਘਨ ਜੰਗ ਪਿਖਹਿ ਗੁਰ ਸਾਚਾ।
ਜਥਾ ਗ਼ਜ਼ਬ ਕੋ ਅਜਬ ਤਮਾਂਚਾ[1]। — [1]ਅਜੀਬ ਗਜ਼ਬ ਦਾ ਤਮਾਚਾ ਜਿਵੇਂ ਪਿਆ, (ਇਕ ਬਾਰਗੀ ਅਚਾਨਕ ਹਮਲੇ ਨੂੰ ਤਮਾਚਾ ਕਹਿ ਦਿਆ ਕਰਦੇ ਹਨ)।
ਗ੍ਰਾਮ ਸਗਰ ਘਰ ਘਰਿ ਮਹਿੰ ਬਰੇ।
ਢੁਕਿ ਢੁਕਿ ਢੋਇ ਦੁਰਗ ਢਿਗ ਕਰੇ ॥੩੮॥
ਚਲਹਿ ਬੰਦੂਕ ਨਾਦ ਬਡਿ ਉਠਯੋ।
ਬਰਖਤਿ ਗੁਲਕਾਂ ਜਨੁ ਘਨ ਵੁੱਠਯੋ[1]। — [1]ਵੱਸਿਆ।
ਲਗੇ ਮੋਰਚੇ ਦੁਰਗ ਨਜੀਕੇ।
ਸ਼ੱਤ੍ਰਨਿ ਤਜਾਗੇ ਧੀਰਜ ਹਿਯ ਕੇ ॥੩੯॥
ਤਬਿ ਕਲਗ਼ੀਧਰ ਫੇਰਿ ਤੁਰੰਗ।
ਸ੍ਰੀ ਮੁੱਖ ਤੇ ਕਹਿ ਬਾਕ ਉਤੰਗ।
'ਘਾਲਹੁ ਹੇਲ[1] ਗੜ੍ਹੀ ਪਰ ਚਢਹੁ। — [1]ਹੱਲਾ ਕਰੋ।

ਖੈਂਚਿ ਖੜਗ ਕੋ ਅੰਤਰ ਬਢਹੁ ॥੪੦॥
ਦੁਸ਼ਟਨ ਖੰਡਨ ਖੰਡ ਬਿਹੰਡਹੁ[1]।
[1]ਟੋਟੇ ਟੋਟੇ ਕਰੇ ਮਾਰ ਦਿਓ।
ਮੰਡਹੁ ਰਨ ਪ੍ਰਚੰਡ ਨਹਿਂ ਛੰਡਹੁ[1]।'
[1]ਭਯਾਨਕ ਜੰਗ ਕਰੋ, ਛਡੋ ਨਾ।
ਸੁਨਿ ਗੁਰ ਹੁਕਮ ਸਿੰਘ ਮਨ ਕੋਪੇ।
ਚਹੁੰਦਿਸ਼ਿ ਚਰਨ ਦੁਰਗ ਢਿਗ ਰੋਪੇ ॥੪੧॥
ਮਾਰਿ ਮਾਰਿ ਬਹੁ ਮਾਰ ਪੁਕਾਰੇਂ।
ਗੜ੍ਹੀ ਪੌਰ ਕੇ ਨਿਕਟ ਸਿਧਾਰੇਂ।
ਢਿਗੁ ਢੂਕੇ ਪਿਖਿ ਢੋਯਹੁ ਹੱਲਾ।
ਤੁਰਕਨ ਕੋ ਧੀਰਜ ਉਰ ਹੱਲਾ[1] ॥੪੨॥
[1]ਹਿੱਲਿਆ।
[1]-ਅੰਤਰ ਬਰੇ ਕਤਲ ਕੋ ਕਰੈਂ।
[1]ਤੁਰਕ ਸੋਚਣ ਲਗੇ ਕਿ:-)।
ਅਰੈਂ ਨ ਹਮ ਰਿਪੁ ਵਹਿਰ ਨ ਥਿਰੈਂ[1]-।
[1]ਅਸੀਂ ਇਥੇ ਅੜ ਨਹੀਂ ਸਕਦੇ ਤੇ ਬਾਹਰ ਵੈਰੀ ਟਿਕਣ ਨਹੀਂ ਲਗੇ (ਅੰਦਰ ਆ ਵੜਨਗੇ)।
ਗੀਦੀ ਮਰਿਬੇ ਕਹੁ ਡਰ ਧਰਿ ਕੈ।
-ਤਜਹਿਂ ਜੁੱਧ- ਇਮ ਮਸਲਤ ਕਰਿ ਕੈ ॥੪੩॥
ਪਿਖਿ ਹੱਲਾ ਪੱਲਾ ਤਬਿ ਫੇਰਾ।
'ਪ੍ਰਭੁ ਜੀ! ਤਜਹੁ ਗ੍ਰਾਮ, ਲਖਿ ਚੇਰਾ।'
ਹਟੀ ਬੰਦੂਕ ਛੁਟਨਿ ਤੇ ਜਬੈ।
ਕਹਿ ਕਰਿ ਵਹਿਰ ਨਿਕਾਸੇ ਤਬੈ ॥੪੪॥
ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨੇ।
ਜੋਰਤਿ ਕਰ[1] ਜੀਵਤਿ ਤਜਿ ਦੀਨੇ।
[1]ਹਥ ਜੋੜਦੇ।
ਸ੍ਰੀ ਸਤਿਗੁਰ ਬੈਠੇ ਤਰੁ ਛਾਯਾ।
ਕਰਯੋ ਹੁਕਮ, ਦਿਹੁ ਦੁਰਗ ਢਹਾਯਾ ॥੪੫॥
ਲਰਿਬੇ ਮਰਿਬੇ ਤੇ ਬਚ ਰਹੇ।
ਸੋ ਸਭਿ ਸਿੰਘਨ ਘੇਰੇ ਗਹੇ।
ਕਹੀ ਕੁਦਾਲੇ ਦੇ ਕਰਿ ਹਾਥ।
ਦੁਰਗ ਢਹਾਇ ਦੀਨਿ ਤਿਨ ਸਾਥ[1] ॥੪੬॥
[1]ਉਹਨਾਂ ਹੀ ਕੋਲੋਂ।
ਕਰਿ ਮੈਦਾਨ ਦੀਨਿ ਤਤਕਾਲਾ।

ਦਈ ਸਜ਼ਾਇ ਕਰਾਲ ਬਿਸਾਲਾ।
ਸਦਨ ਵਸਤੁ ਸਭਿ ਲੀਨ ਛਿਨਾਈ।
ਜੀਵਤਿ ਮਿਲੇ ਬਿਨੈ ਬਹੁ ਗਾਈ ॥੪੭॥
ਸ੍ਰੀ ਮੁਖ ਤੇ ਤਿਨ ਸੋਂ ਤਬਿ ਕਹ੍ਯੋ।
'ਸੰਗਤਿ ਕੋ ਛੀਨਨ ਕ੍ਯੋਂ ਚਹ੍ਯੋ?
ਸੋ ਪਲਟੋ ਤੁਮ ਤੇ ਹਮ ਲੀਨੇ।
ਭਏ ਦੀਨ ਅਬਿ ਛੋਰਨ ਕੀਨੇ ॥੪੮॥
ਜੋ ਅਬਿ ਕੋ ਕਰਿਹੀ ਅਪਰਾਧਾ।
ਇਸ ਬਿਧਿ ਕੀ ਪੈ ਹੈ ਬਹੁ ਬਾਧਾ।'
ਇੱਤਜ਼ਾਦਿਕ ਕਹਿ ਤ੍ਰਾਸ ਬਤਾਯੋ।
ਦੁਰਗ ਕਿਤਿਕ ਘਰ ਸਹਿਤ ਢਹਾਯੋ ॥੪੯॥
ਇਸ ਪ੍ਰਕਾਰ ਕਰਿ ਗ੍ਰਾਮ ਉਜਾਰਾ।
ਬਚ੍ਯੋ ਦੀਨ ਹ੍ਵੈ ਨਤੁ ਸਭਿ ਮਾਰਾ।
ਸਿੰਘ ਜੁ ਮਰੇ ਦਾਹ ਕਰਿਵਾਏ।
ਘਾਇਲ ਹੁਤੇ ਸੰਗ ਉਚਵਾਏ ॥੫੦॥
ਗੁੱਜਰ ਰੰਘੜ ਸੈਂਕਰ ਮਾਰਾ।
ਤਹਿਂ ਤੇ ਭਏ ਪ੍ਰਭੁ ਅਸਵਾਰਾ।
ਬਜੀ ਬੰਬ ਰਣਜੀਤ ਨਗਾਰਾ।
ਪਹੁੰਚੇ ਆਨੰਦਪੁਰਿ ਮਝਾਰਾ ॥੫੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਯ ਰੁਤ 'ਬਜਰੂੜ ਗ੍ਰਾਮ ਮਾਰਨ ਪ੍ਰਸੰਗ ਬਰਨਨੰ ਨਾਮ ਦੋਤ੍ਰਿੰਸਤੀ ਅੰਸੂ ॥੩੨॥

## ੩੩. [ਹੋਲੀ ਉੱਪਰ ਦੋ ਇਸਤ੍ਰੀਆਂ। ਹਿੰਦੂ ਤੇ ਮੁਸਲਮਾਨ ਵਡਕੇ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਮਾਰ ਗ੍ਰਾਮ ਬਜਰੂੜ ਕੋ, ਦੁੰਦਭਿ ਦੀਹ ਬਜਾਇ।
ਫਤੇ ਪਾਇ ਪੁਰਿ ਮੈਂ ਪ੍ਰਵਿਸ਼ੇ, ਗਰਜੇ ਫਤੇ ਬੁਲਾਇ ॥੧॥

ਚੌਪਈ:

ਜਹਿਂ ਕਹਿਂ ਸੁਧ ਪਸਰੀ 'ਭਾ ਜੰਗ।
ਦੁਰਗ ਦੀਹ ਦਿਢ ਤਤਛਿਨ ਭੰਗ।
ਅਰਜੋ ਨ ਕੋਈ ਸਿੰਘਨਿ ਆਗੇ।
ਉਬਰੇ ਦੀਨ ਭਏ[1], ਕੈ ਭਾਗੇ[2]' ॥੨॥ [1]ਨੀਵੇ ਹੋਕੇ ਬਚੇ। [2]ਯਾ ਭਜਕੇ।
ਪੰਥ ਬਿਸਾਲ ਬਿਦਤ ਨਿਤ ਭਯੋ।
ਸਭਿਨਿ ਚੁਗਿਰਦੇ ਡਰ ਉਪਜਯੋ।
ਸਿੰਘਨ ਕੋ ਸੰਘਰ ਲਖਿ ਗਾਢੋ।
ਕੌਨ ਸੁਭਟ ਆਗੇ ਹੁਇ ਠਾਂਢੋ ॥੩॥
ਹਤਹਿਂ ਤੁਫੰਗਨਿ ਕੋ ਕਰਿ ਹੇਲਾ।
ਊਪਰ ਪਰਹਿਂ ਰੇਲ ਅਰੁ ਪੇਲਾ।
ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ।
ਸੰਗਤਿ ਕੋ ਨ ਕਹੈਂ ਕਿਸ ਕਾਲਾ[1] ॥੪॥ [1]ਕਿਸੇ ਵੇਲੇ ਸੰਗਤ ਨੂੰ ਕੁਛ ਨਾ ਕਹਿਣ।
ਸੰਧ੍ਯਾ ਸੁਬਹਿ[1] ਚਲੀ ਮਗ ਆਵੈ। [1]ਸ਼ਾਮ ਸਵੇਰੇ, ਭਾਵ ਹਰ ਵੇਲੇ।
ਦੁਸ਼ਟ ਮਿਲਹਿਂ ਕੋ ਹਾਥ ਨ ਪਾਵੈ।
'ਪ੍ਰਥਮੇ ਆਲਸੂਨ ਕਹੁ ਮਾਰਾ।
ਨੁਹ, ਬਜਰੂੜ ਬਹੁਰ ਸੰਘਾਰਾ ॥੫॥
ਜੋ ਅਬਿ ਸੰਗਤਿ ਕੋ ਕਰ ਪਾਵੈ।
ਤਿਨ ਮਾਨਿੰਦ[1] ਆਪ ਉਜਰਾਵੈ। [1]ਤਿਨ੍ਹਾਂ (ਪਿੰਡਾਂ) ਵਾਂਗ।
ਲੇਨਿ ਰਹੈ[1] ਦੇਨੋ ਬਨ ਜਾਇ। [1]ਲੈਣਾ ਤਾਂ ਕਿਤੇ ਰਹਿਆ।
ਮਰਨ ਹੋਇ ਪੁਨ ਘਰ ਉਜਰਾਇ ॥੬॥
ਸ਼੍ਰੀਗੁਰ ਗੋਬਿੰਦ ਸਿੰਘ ਹਠੀਲਾ।
ਕੌਨ ਅਰਹਿ ਤਿਨ ਸੰਗ ਅਰੀਲਾ।'
ਇੱਤ੍ਯਾਦਿਕ ਕਹਿ ਆਪਸ ਮਾਂਹੀ।
ਡਰ ਧਰਿ ਮਗ ਲੂਟਤਿ ਕੋ ਨਾਂਹੀ ॥੭॥
ਬਾਟਪਾਰ ਠਗ ਚੋਰ ਸੁ ਯਾਰ।
ਗਹਿ ਗਹਿ ਕੈਦ ਕਿ ਦੀਨੇ ਮਾਰਿ।

ਦਬਕੇ ਦੁਸ਼ਟ ਤੇਜ ਗੁਰ ਹੇਰਾ।
ਭਏ ਸ਼ਾਂਤਿ ਜਿਤ ਕਿਤ ਤਿਸ ਬੇਰਾ ॥੮॥
ਪੰਥੀ ਸੁਖ ਸੋਂ ਮਾਰਗ ਚਲੇ।
ਗ੍ਰਿਸਤੀ ਮਨੁਜ ਅਨੰਦ ਸੋਂ ਮਿਲੇ।
ਕਲ਼ਗੀਧਰ ਕੋ ਦੇਤਿ ਅਸੀਸ।
'ਕਰੋ ਰਾਜ ਜੀਵਹੁ ਜੁਗ ਬੀਸ' ॥੯॥
ਸਗਰੀ ਦੂਣ ਤ੍ਰਾਸ ਕੋ ਪਾਯੋ।
ਜਬਰੀ ਕਰਨਿ ਨ ਹਾਥ ਉਠਾਯੋ[1]।
ਮਨਹੁਂ ਧਰਮ ਕੀ ਨੀਵ ਉਸਾਰੀ।
ਪਸਰਯੋ ਸੁਜਸੁ ਕਿਧੌਂ ਫੁਲਵਾਰੀ[1] ॥੧੦॥
ਸੰਗਤਿ ਦੂਰ ਦੂਰ ਤੇ ਆਵੈ।
ਅਜਬ ਉਪਾਇਨ ਅਨਗਨ ਲਯਾਵੈ।
ਧਰਹਿਂ ਕੇਸ ਕਛ ਪਹਿਰਹਿਂ ਜੇਈ।
ਰਹੈਂ ਸਮੀਪ ਪ੍ਰਭੂ ਕੇ ਤੇਈ ॥੧੧॥
ਜੋ ਆਵਤਿ ਹੈਂ ਦਰਸ਼ਨ ਹੇਤੁ।
ਤਿਨ ਉਪਦੇਸ਼ ਤਿਸੀ ਬਿਧਿ ਦੇਤਿ।
'ਧਰਿ ਕਛ, ਕੇਸ਼, ਸ਼ਸਤ੍ਰ ਤਨ ਬਾਂਧਹੁ।
ਤੁਰਕ ਦੁਸ਼ਟ ਜਨ ਗਨ ਕੋ ਸਾਧਹੁ ॥੧੨॥
ਜੇ ਕਰਿ ਆਯੁਧ ਹੋਵਤਿ ਪਾਸ।
ਹਾਥ ਨ ਪਾਇ ਸਕੈ ਰਿਪੁ ਤਾਸ।
ਹੈ ਸ਼ਸਤ੍ਰਨਿ ਕੋ ਅਧਿਕ ਪ੍ਰਤਾਪੂ।
ਨਿਵੈਂ ਜਗਤ ਜਨੁ ਹ੍ਵੈ ਧ੍ਰਿਤ ਆਪੂ[1]' ॥੧੩॥
ਨਹਿਂ ਮਸੰਦ ਲੇਤੇ ਗੁਰ ਕਾਰ।
ਸਿੱਖ ਆਪ ਆਨਹਿਂ ਦਰਬਾਰ।
ਨਈ ਰੀਤਿ ਕਲ਼ਗੀਧਰ ਕੀਨੀ।
ਸਗਰੇ ਦੇਸ਼ ਬਿਦੇਸ਼ਨਿ ਚੀਨੀ ॥੧੪॥
[†]ਇਸ ਬਿਧਿ ਕੇਤਿਕ ਮਾਸ ਬਿਤਾਏ।

[1]ਜ਼ੁਲਮ ਕਰਨ ਲਈ ਹਥ ਨਾ ਚੁਕਿਆ।

[1]ਜਸ ਦੀ) ਬਗੀਚੀ।

[1]ਜਗਤ ਦੇ ਲੋਕ ਨੀਉਂਦੇ ਹਨ ਤੇ ਆਪਣੇ ਆਪ ਨੂੰ ਧੀਰਜ ਰਹਿੰਦੀ ਹੈ।

[†]ਇਥੋਂ ਸੌ ਸਾਖੀ ਦੀ ੩੩ਵੀਂ ਸਾਖੀ ਚੱਲੀ ਹੈ। ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

ਫਾਗਨ ਮਹਿਂ ਸਿਖ ਦਰਸ਼ਨ ਆਏ।
ਹੋਲਾ ਕਿਯੋ ਆਨ ਤਿਸ ਕਾਲਾ।
ਗਜਾਨੀ ਧਜਾਨੀ ਸਿੱਖ ਬਿਸਾਲਾ ॥੧੫॥
ਮਿਲੇ ਕੁਲਾਹਲ ਅਧਿਕ ਪ੍ਰਕਾਸ਼ੇ।
ਰਾਗ ਰੰਗ ਅਰੁ ਸ੍ਵਾਂਗ ਤਮਾਸ਼ੇ।
ਕਰਿ ਕਰਿ ਅਧਿਕ ਬਿਧਿਨਿ ਕੇ ਲਜਾਵੈਂ।
ਸ੍ਰੀ ਸਤਿਗੁਰ ਕੇ ਨਿਕਟ ਦਿਖਾਵੈਂ ॥੧੬॥
ਜਗਤ ਕ੍ਰਿਆ ਕੋ ਪ੍ਰਭੁ ਦਿਖੰਤੇ।
ਹਰਖ ਸ਼ੋਕ ਨਾਨਾ ਬਿਰਤੰਤੇ।
ਗੁਰੂ ਨਿਕਟ ਹੋਰੀ[1] ਪਸ਼ਚਾਤ।
ਸੰਗਤਿ ਕੇ ਸਿਖ ਬੋਲਹਿਂ ਬਾਤ ॥੧੭॥
†'ਪਾਤਿਸ਼ਾਹੁ ਸੁਨੀਐਂ ਇਸ ਬਾਰੀ।
ਭਾ ਉਤਸਾਹ ਫਾਗ ਕੋ[1] ਭਾਰੀ।
ਸੰਗਤਿ ਵਿਚ ਤੇ ਸਿਖਣੀ ਦੋਇ।
ਕਿਸੁ ਸੰਗ ਉਠਿ ਗਮਨੀ† ਸੋਇ' ॥੧੮॥
ਸ੍ਰੀ ਮੁਖ ਤੇ ਤਿਨ ਕੇ ਸੰਗ ਭਨੇ।
'ਮੇਲੇ ਇਸੀ ਹੇਤ ਕੋ ਬਨੇ।
ਇਕ ਤੌਂ ਲਾਭ ਲੇਨਿ ਕੋ ਆਵੈਂ।
ਸਤਿ ਪੁਰਸ਼ਨਿ ਕੇ ਦਰਸ਼ਨ ਪਾਵੈਂ ॥੧੯॥
ਮੱਜਹਿਂ ਤੀਰਥ ਕੋ ਉਤਸਾਹੂ।
ਆਵੈਂ ਸਭਿਨਿ ਮਹੋਛਜਾਂ[1] ਮਾਂਹੂ।

[1]ਹੋਲੀ।

†ਸਾਂਗ ਤਮਾਸ਼ਿਆਂ ਦਾ ਬੁਰਾ ਫਲ ਅਗੇ ਚਲਕੇ ਗੁਰੂ ਮੁਖ ਦੁਆਰਾ ਹੀ ਦੱਸਦੇ ਹਨ ਅਰ ਤਮਾਸ਼ਿਆਂ ਦੀ ਥਾਵੇਂ ਬੰਦਗੀ ਦਾ ਉਪਦੇਸ਼ ਆਉਂਦਾ ਹੈ। ਹੋਲਾ ਜੋ ਗੁਰੂ ਦਰ ਹੁੰਦਾ ਸੀ ਸੋ ਉਤਸਾਹ ਦਾਤਾ ਚੜ੍ਹਦੀਆਂ ਕਲਾਂ ਦਾ ਅਰ ਮਹੱਲੇ ਦੇ ਜੰਗ ਵਾਲਾ ਹੁੰਦਾ ਸੀ। ਗੰਦ, ਮੰਦ, ਘੱਟਾ, ਕੂੜਾ, ਸ਼ਰਾਬਾਂ, ਨਾਚ, ਗੁਡੀਆਂ ਉਡਾਉਣੀਆਂ ਤਮਾਸ਼ੇ ਆਦਿਕ ਕੁਕਰਮ ਸਭ ਵਰਜਿਤ ਸੇ, ਦੇਖੋ ਇਸੇ ਅੰਸੂ ਦਾ ਅੰਕ ੨੭, ੨੮।

[1]ਹੋਲੀ ਦਾ।

†ਪਾ-ਉਮਧਾਨੀ।

[1]ਵਡੇ ਉਤਸਵਾਂ ਪਰ, [ਮਹਛਾ = ਮਹਾਂ ਉਤਸਵ]। (ਅ) ਕਿਸੇ ਮਹਾਂ ਪੁਰਖ ਦੀ ਯਾਦਗਾਰ ਵਿਚ ਆਮ ਸਾਧੂ ਸੰਤਾਂ ਨੂੰ ਸੱਦਾ ਦੇਕੇ ਭੰਡਾਰਾ ਇਸ ਨੂੰ ਭੀ ਮਹੋਛਾ ਆਖਦੇ ਹਨ।

ਜੀਵਨ ਕੋ ਸੁਭਾਵ ਪਰਖੰਤੇ[1]।
ਪਾਪ ਨਿਵਾਰਹਿਂ ਸ਼ਰਧਾਵੰਤੇ ॥੨੦॥
ਤਿਨ ਮਹਿਂ ਵਿਗੜ ਬਹੁਤ ਨਰ ਜਾਂਈ।
ਕੋ ਕੋ ਫਲ ਖਾਟਹਿਂ ਅਧਿਕਾਈ।
ਗੁਰ ਸਿੱਖਹੁ! ਇਮ ਸੁਨਹੁ ਪਛਾਨਹੁ।
ਸ੍ਰੀ ਮੁਖ ਵਾਕ ਤੁ[†] ਇਕਰਸ ਜਾਨਹੁ ॥੨੧॥

[1]ਪਰਖੇ ਜਾਂਦੇ ਹਨ।
[†]ਪਾ:-ਗੁਰ ਪ੍ਰਸੰਨਤਾ।

ਸ੍ਰੀ ਮੁਖਵਾਕ:
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

ਪੁਨਾ:-
ਮਰ ਜਾਣਾ ਤਾ ਮਾਣਾ ਕੇਹ[†] ॥

[†]ਇਹ ਤੁਕ ਬਾਹਰ ਦੀ ਹੈ।

ਚੌਪਈ:
ਜਿਨ ਲਿਵ ਲਗੀ ਰਿਦੇ ਅਨੁਰਾਗੇ।
ਤਿਨ ਕੋ ਭਲਾ ਨਹੀਂ ਕਿਛ ਲਾਗੇ।
ਮੁਕਰ ਸਮਾਨ ਗੁਰੂ ਦਰਬਾਰ।
ਨਿਰਮਲ ਸਦਾ ਬਿਹੀਨ ਬਿਕਾਰ ॥੨੨॥
ਅਪਨੋ ਮੁਖ ਕਰਿ ਦੇਖਹਿ ਜੈਸਾ।
ਕਰਹਿ ਦਿਖਾਵਨਿ ਤਿਸ ਕੋ ਤੈਸਾ[1]।
ਹਰਖ ਸੰਗ ਸ਼ੀਸ਼ੇ ਨਹਿਂ ਜਥਾ।
ਗੁਰ ਸਤਿਪੁਰਖ ਚਲਣ ਹੈ ਤਥਾ ॥੨੩॥
ਸੇਵਾ ਕਰਹਿ ਜਾਨਿ ਕਰਿ ਜਸ ਜਸ।
ਪੂਰਾ ਭਾਵ ਹੋਤਿ ਹੈ ਤਸ ਤਸ।
ਤਉ ਜਾਨੀਐ ਰਿਦੈ ਬਿਚਾਰਿ ਮਗ।
ਹਿੰਦੁਨਿ ਬਡ ਗਏ ਬਿਗਾਰ[1] ॥੨੪॥
ਜੇ ਤੁਰਕਨਿ ਮੈਂ ਭਏ ਬਡੇਰੇ।
ਮਾਰਗ ਗਏ ਸੁਧਾਰਿ ਅਛੇਰੇ।
ਪੀਰ ਫਕੀਰ ਦਿਵਸ ਜਬਿ ਆਵੇ।
ਰੁਦਨ ਕਰਤਿ ਬੈਰਾਗ ਉਪਾਵੇਂ ॥੨੫॥
ਮਿਲਿ ਕਰਿ ਕਹਤਿ -ਜੁ ਬਡੇ ਹਮਾਰੇ।

[1]ਸ਼ੀਸ਼ਾ) ਦਿਖਾਉਂਦਾ ਹੈ ਉਸ ਨੂੰ ਓਹੋ ਜਿਹਾ।
[1]ਹਿੰਦੂਆਂ ਦੇ ਵਡੇ ਰਾਹ ਵਿਗਾੜ ਗਏ ਹਨ।

ਜਿਸ ਬਿਧਿ ਕਰਿ ਸ਼ੁਭ ਕਰਮ ਸਿਧਾਰੇ।
ਸੋ ਹਮ ਤੇ ਬਨ ਆਵਤਿ ਨਾਂਹੀ।
ਗ਼ਾਫ਼ਲ ਸਦਾ ਖ਼ੁਦੀ ਮਨ ਮਾਂਹੀ ॥੨੬॥
ਯਾ ਖ਼ੁਦਾਇ ਹਮ ਤੋਹਿ ਪਨਾਹਿ[1]। — [1]ਤੇਰੀ ਸ਼ਰਨ ਹਾਂ।
ਰਾਖ ਲੀਜੀਐ ਬਖਸ਼ ਗੁਨਾਹਿ-।
ਹਿੰਦੁਨਿ ਕੇ ਦਿਨ ਹੋਲਿ ਦਿਵਾਲੀ।
ਇੱਤਯਾਦਿਕ ਦਿਨ ਚਲਹਿਂ ਕੁਚਾਲੀ ॥੨੭॥
ਬਿਨਾ ਲਾਜ ਤੇ ਹੁਇ ਨਰ ਨਾਰੀ।
ਕਰਹਿਂ ਖਰਾਬਾ ਕਾਢਤਿ ਗਾਰੀ।
ਸਿੱਖਹੁ! ਸੁਨਹੁ ਬਾਤ ਇਹ ਸਾਰ।
ਜਿਨਹੁਂ ਬੰਦਗੀ ਕਿਯ ਕਰਤਾਰ ॥੨੮॥
ਹਲਤਿ ਪਲਤਿ ਸੇ ਸੁਖੀ ਬਡੇਰੇ।
ਜੀਤ ਗਏ ਭਵਜਲ ਨਹਿਂ ਫੇਰੇ।
ਬਿਨਾ ਬੰਦਗੀ ਜੇ ਨਰ ਹੋਰ।
ਨਿਜ ਨਿਜ ਸ਼ਰ੍ਹਾ ਬੰਧੇ ਜਿਮ ਚੋਰ[1] ॥੨੯॥ — [1]ਵਿਚ ਵੱਧੇ ਹੋਏ ਹਨ ਚੋਰਾਂ ਵਾਂਗ।
ਜਿਮ ਪਸੁ ਬੰਧਯੋ ਦਿਵਸ ਬਿਤਾਵੇ।
ਜਨਮ ਮਰਨ ਬੰਧੇ ਤਿਮ ਪਾਵੈਂ[1]। — [1]ਤਿਵੇਂ ਜਨਮ ਮਰਨ ਪਾਉਂਦੇ ਹਨ (ਬਿਨਾਂ ਬੰਦਗੀ ਵਾਲੇ ਨਰ)।
ਕਰਣੀ ਬਿਨਾ ਤਰਹਿ ਨਹਿਂ ਕੋਊ।
ਕਰਣੀ ਖਾਲੀ ਜਾਇ ਨ ਸੋਊ[1] ॥੩੦॥ — [1]ਉਹ (ਜੋ ਕਰਨੀ ਵਾਲਾ ਹੈ) ਖਾਲੀ ਨਹੀਂ ਜਾਏਗਾ।
ਧਰਿ ਧਰਿ ਬੇਖ ਦੇਤਿ[1] ਉਪਦੇਸ਼। — [1]ਲੋਕ) ਦੇਂਦੇ ਹਨ।
ਬਿਨ ਕਰਣੀ ਦੁਖ ਪਾਇਂ ਵਿਸ਼ੇਸ਼।
ਹਸਦਯਾਂ ਟਪਦਯਾਂ ਸ੍ਵਾਂਗ ਬਣਾਏ।
ਪਰਮੇਸੁਰ ਰੀਝੈ ਨ ਕਦਾਏ ॥੩੧॥
ਮਰਿ ਮਰਿ ਲੋਕ ਬਹੁਰ ਪਛੁਤਾਵਹਿਂ।
ਫਸਿ ਬਿਸ਼ਯਨਿ ਮਹਿਂ ਬੈਸ ਬਿਤਾਵਹਿਂ।
ਪਰਹਿ ਆਨਿ ਸਿਰ ਪਰ ਜਬਿ ਭਾਰੀ।
ਤਬਿ ਜਾਨਹਿਂਗੇ ਅੰਧ ਗਵਾਰੀ ॥੩੨॥
ਰਾਮ ਕ੍ਰਿਸ਼ਨ ਭੀ ਤਾਰਹਿਂ ਤਬੈ।
ਅਪਨੋ ਆਪ ਸਮਝਿਹੈਂ ਜਬੈ।

ਪੂਜਾ ਧਰਮ ਅਨੇਕ ਪ੍ਰਕਾਰਾ।
ਪਵਸੀ ਥਾਂਇ† ਤਬਹਿ ਨਿਸਤਾਰਾ ॥੩੩॥

†ਇਸ ਤਰ੍ਹਾਂ ਦੇ ਪੰਜਾਬੀ ਪਦ ਕਵਿ ਜੀ ਨੇ ਸੌ ਸਾਖੀ ਦੇ ਰਖ ਦਿਤੇ ਹਨ।

ਯਾਂ ਤੇ ਸੱਤਿਨਾਮ ਕੋ ਸਿਮਰਨ।
ਲਿਵ ਲਗਾਇ ਕਰਿ ਠਾਨਹਿਂ ਨਿਸ ਦਿਨ।
ਵਹਿਰ ਕ੍ਰਿਆ ਸਭਿ ਕੈਸੀ† ਕਰੈ।
ਅੰਤਰ ਸਦਾ ਨਾਮ ਹਰਿ ਧਰੈ ॥੩੪॥

†ਪਾ:-ਤੈਸੀ।

ਜਾਨੈ ਪਰਮੇਸ਼ੁਰ ਕੋ ਮੀਤ।
ਕਰਹਿ ਜੁ ਤਿਸ ਪਿਖਿ ਹਰਖੇ ਚੀਤ[1]।

[1](ਜੋ ਪਰਮੇਸ਼ੁਰ) ਕਰੇ ਉਸ ਨੂੰ ਵੇਖਕੇ ਚਿਤ ਵਿਚ ਹਰਖੇ।

ਭਾਣਾ ਮਾਨਹਿਂ ਰਹੈ ਅਨੰਦ।
ਤਨ ਹੰਤਾ ਨਿਤ ਕਰਹਿ ਨਿਕੰਦ ॥੩੫॥
ਮਨ ਟਿਕ ਜਾਇ ਨਾਮ ਪਰ ਜਬੈ।
ਪ੍ਰਭੁ ਸਹਾਇਕ ਹੋਵੈ ਤਬੈ।
ਜਨਮ ਅਨੇਕ ਪਾਪ ਕੇ ਖੋਇ।
ਸਕਹਿ ਪਛਾਨ ਆਤਮਾ[1] ਜੋਇ ॥੩੬॥

[1](ਤਦੋਂ) ਪਛਾਣ ਸਕਦਾ ਹੈ ਆਤਮਾ ਨੂੰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯੇ ਰੁਤੇ 'ਸਿਖਨ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

## ੩੪. [ਚਬੀਣੀ ਤੇ ਪ੍ਰਸ਼ਾਦ। ਅਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਦੰਡ। ਸਿੱਖੀ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

†ਇਕ ਦਿਨ ਬੀਚ ਦਿਵਾਨ ਕੇ, ਗੁਰੂ ਅਗਾਰੀ ਹੋਇ।

†ਇਥੋਂ ਸੌ ਸਾਖੀ ਦੀ ੧੧ਵੀਂ ਸਾਖੀ ਟੁਰਦੀ ਹੈ।

ਰਿਦੈ ਸ਼ਬਦ ਕੀ ਭਾਵਨਾ[1], ਬੋਲ੍ਯੋ ਸਿਖ ਅਸ ਕੋਇ ॥੧॥

[1]ਕੀਰਤਨ ਦੇ) ਸ਼ਬਦ ਦੀ ਭਾਵਨਾ ਵਾਲਾ।

ਚੌਪਈ:

'ਸਾਚੇ ਪਾਤਿਸ਼ਾਹੁ ਗੁਰ ਪੂਰੇ।
ਇਕ ਮੇਰੀ ਫਰਿਆਦ ਹਜ਼ੂਰੇ।
ਨਿਤ ਉਠਿ ਬਡੀ ਪ੍ਰੀਤਿ ਇਸ਼ਨਾਨੌਂ।
ਪਾਠ ਸੁਖਮਨੀ ਸਦਾ ਬਖਾਨੌਂ ॥੨॥
ਕਿਰਤਨ ਸਮੈਂ ਪ੍ਰਥਮ ਪਠਿ ਲੇਊਂ।
ਪੁਨਿ ਸੁਨਿਬੇ ਮਹਿਂ ਨਿਜ ਮਨ ਦੇਊਂ।
ਅਸ਼ਟਪਦੀ ਇਕ ਰਹਿ ਗਈ ਆਜ।
ਤਬਿ ਹੀ ਆਯੋ ਰਾਗ ਸਮਾਜ ॥੩॥
ਮੈਂ ਰਾਗੀਨਿ ਸੰਗ ਬਹੁ ਕਹ੍ਯੋ।
-ਪਾਠ ਕਰਨਿ ਥੋਰੋ ਅਬਿ ਰਹ੍ਯੋ।
ਭੋਗ ਸੁਖਮਨੀ ਲੇਵੌਂ ਪਾਇ।
ਪੀਛੇ ਕਿਰਤਨ ਕਰਹੁ ਬਨਾਇ- ॥੪॥
ਬਹੁ ਕਹਿ ਰਹ੍ਯੋ ਨ ਕੈਸੇ ਮਾਨ੍ਯੋਂ।
ਨਹੀਂ ਸੁਖਮਨੀ ਭੋਗ ਬਖਾਨ੍ਯੋਂ।
ਸਾਜ ਬਜਾਇ ਸੁ ਰਾਗ ਉਚਾਰਾ।
ਕਰ੍ਯੋ ਕੀਰਤਨ ਸਭਾ ਮਝਾਰਾ ॥੫॥
ਤਬਿ ਮੈਂ ਕਹ੍ਯੋ -ਤੁਮੈਂ ਤਨਖਾਹ।
ਲਗਵਾਵੌਂ ਕਹਿ ਸ਼੍ਰੀ ਗੁਰ ਪਾਹ-।
ਸਾਚੇ ਪਾਤਿਸ਼ਾਹੁ ਪ੍ਰਭੁ ਪੂਰੇ।
ਕਰੀਅਹਿ ਮੇਰੋ ਨਜਾਉਂ ਹਦੂਰੇ' ॥੬॥
ਸ਼੍ਰੀ ਮੁਖ ਤੇ ਮੁਸਕਾਇ ਬਖਾਨਾਂ।
'ਭਾਈ ਸਿੱਖਾ! ਸੁਨਹੁਂ ਸੁਜਾਨਾ।
ਨਹਿਂ ਜਾਨਹੁਂ ਰਾਗੀ ਤਨਖਾਹੀ।
ਗੁਰਬਾਨੀ ਮਹਿਂ ਗਾਵਨ ਜਾਂਹੀ[1] ॥੭॥

[1]ਗੁਰਬਾਣੀ ਵਿਚ (ਕੀਰਤਨ) ਗਾਉਣਾ ਹੈ ਜਿਨ੍ਹਾਂ ਨੇ।

ਹਰਿ ਜਸੁ ਸੁਨਿਤੇ ਬਾਤ ਚਲਾਵੈ।
ਵਹੁ ਤਨਖਾਹੀ ਵਡਾ ਕਹਾਵੈ†।

†ਇਹ ਦੋ ਤੁਕਾਂ ਰਹਤਨਾਮਾ ਭਾਈ ਨੰਦਲਾਲ ਜੀ ਵਿਚ ਬੀ ਹਨ।

ਤੂੰ ਸੰਗਤਿ ਕੋ ਦੇਤਿ ਚਬੀਣੀ।
ਜਿਸ ਤੇ ਤ੍ਰਿਪਤਿ ਹੋਤ ਹੈ ਝੀਣੀ[1] ॥੮॥

[1]ਥੋੜੀ ਜਿਹੀ ਤ੍ਰਿਪਤੀ ਹੁੰਦੀ ਹੈ।

ਰਾਗੀ ਆਨਿ ਪ੍ਰਸਾਦਿ ਛਕਾਯੋ।
ਬਡ ਭਾਗਨ ਕੋ ਬਹੁ ਤ੍ਰਿਪਤਾਯੋ।
ਇਨ ਪਰ ਗੁਰ ਕੀ ਖੁਸ਼ੀ ਉਦਾਰਾ।
ਕਲਜੁਗ ਕੀਰਤਨ ਨਾਮ ਅਧਾਰਾ ॥੯॥
ਗੁਰੂ ਭਾਵਨੀ ਧਰਿ ਕੈ ਜੋਊ।
ਸ਼ਬਦ ਕੀਰਤਨ ਕਰਿਹੈ ਕੋਊ।
ਗੁਰੂ ਸੰਗ ਬਨਿ ਆਵਹਿ ਤਾਂਹੀ।
ਪ੍ਰਾਪਤਿ ਹੋਵੈ ਸੁਖ ਭਵ ਮਾਂਹੀ ॥੧੦॥
ਤਜਿ ਬਿਕਾਰ ਕੋ ਗਾਵਹਿ ਨਾਦ[1]।

[1]ਭਾਵ ਰਾਗ ਵਿਚ ਸ਼ਬਦ ਦਾ ਗਾਇਨ ਕਰਨਾ।

ਬੰਧਨ ਤੂਟਹਿੰ ਗੁਰੂ ਪ੍ਰਸਾਦਿ।
ਸੁਨਹਿ ਪ੍ਰੇਮ ਧਰਿ ਫੇਰ ਨ ਫੇਰਾ[1]।

[1]ਫੇਰ ਫੇਰਾ ਨਹੀਂ ਹੁੰਦਾ ਉਸ ਦਾ (ਜੋ) ਸੁਣੇ।

ਪਾਇ ਅਚਲ ਪਦ ਬਹੁ ਸੁਖਕੇਰਾ ॥੧੧॥
ਸ਼ਬਦ ਅਰਥ ਕੋ ਨਿਰਨੈ ਕਰੈ।
ਗੁਰ ਕੋ ਕਹਿਬੋ ਸਾਚ ਉਚਰੈ[1]।

[1]ਭਾਵ ਗੁਰਬਾਣੀ ਦੇ ਅਰਥ ਦਸਣੇ ਵਾਲਾ।

ਸੋ ਸੰਗਤਿ ਕੋ ਦੈ ਪਕਵਾਨ।
ਮਧੁਰ ਸਨਿਗਧੈ[1] ਸ੍ਵਾਦ ਮਹਾਨ ॥੧੨॥

[1]ਮਿੱਠਾ ਤੇ ਥਿੰਧਾ।

ਬਕਤਾ ਸ਼੍ਰੋਤਾ ਸ਼ੁਭ ਗਤਿ ਪਾਵੇਂ।
ਅੰਤ ਬਿਖੈ ਗੁਰ ਰੂਪ ਸਮਾਵੇਂ।
ਇਮ ਅਧਿਕਾਰ ਸ਼ਬਦ ਕੋ ਜਾਨਿ।
ਫਲ ਪਰ ਰਾਖਹੁ ਦ੍ਰਿਸ਼ਟਿ[1] ਸੁਜਾਨ ॥੧੩॥

[1]ਨਿਗਾਹ ਫਲ ਤੇ ਰਖੋ।

ਦੋਹਰਾ:
ਸੰਗਤਿ ਸਭਿ ਨਿਸ਼ਚੈ ਤਰੈ[1], ਗੁਰ ਕੀ ਸ਼ਰਣੀ ਆਇ।
ਇਹਾਂ ਭੁਗਤ ਆਗੇ ਮੁਕਤਿ, ਮਾਰਗ ਬਦ

[1]ਤਰ ਜਾਂਦੀ ਹੈ।

ਬਤਾਇ' ॥੧੪॥
ਚੌਪਈ:
ਦਯਾ ਸਿੰਧੁ ਇਮ ਕਹਿ ਭੇ ਮੌਨ।
ਸਿੱਖਨ ਸੁਨਜੋ ਮਹਾਤਮ ਸ਼੍ਰੌਨ।
ਭਏ ਅਨੰਦ ਦੇਖਿ ਮੁਖ ਬਿੰਦ।
ਬੰਦਨ ਕਰਹਿਂ ਚਰਨ ਅਰਬਿੰਦ ॥੧੫॥
†ਏਕ ਦਿਵਸ ਸੁਭ ਸੁਰਪਤ[1] ਜੈਸੇ।
ਸਹਿਜ ਸੁਭਾਇ ਸਤਿਗੁਰੂ ਬੈਸੇ।
ਪਾਠ ਕਰਹਿ ਸਿਖ ਓਅੰਕਾਰਾ।
ਬਿੱਪ੍ਰੈ ਅਰਥ ਅਜਾਨ ਉਚਾਰਾ[1] ॥੧੬॥
ਸੁਨਿ ਸੁਜਾਨ ਗੁਰਬਾਕ ਅਲਾਇ।
'ਇਸ ਕੇ ਹਤਹੁ ਲਸ਼ਟਕਾ ਜਾਇ।
ਦ੍ਰਿੜ੍ਹ ਗਹਿ ਕਰਿ ਤਾੜਹੁ ਲੇ ਜਾਵਹੁ।
ਹਮ ਤੇ ਦੂਰ ਜਾਇ ਬੈਠਾਵਹੁ' ॥੧੭॥
ਤਬਿ ਸਿੱਖ ਧਾਇ ਲਸ਼ਟਕਾ ਹਤਿ ਕਰਿ।
ਤਰਜਤਿ ਦੂਰ ਬਿਠਾਯੋ ਦ੍ਰਿੜ ਧਰਿ[1]।
ਸੰਗਤਿ ਇਮ ਬਿਲੋਕਿ ਬਿਸਮਾਈ।
-ਕਹਾਂ ਕਰੀ ਗੁਰ ਲਖੀ ਨ ਜਾਈ- ॥੧੮॥
ਮਿਲਿ ਸਿੱਖਨਿ ਅਰਦਾਸ ਬਖਾਨੀ।
'ਸਾਚੇ ਪਾਤਿਸ਼ਾਹੁ ਗੁਨ ਖਾਨੀ।
ਇਹ ਸਿਖ ਰਾਵਰ ਕਯੋਂ ਮਰਵਾਯੋ?
ਬਾਨੀ ਪਠਨਿ ਬਿਖੈ ਮਨ ਲਾਯੋ ॥੧੯॥
ਕਹਯੋ ਅਹੈ ਜਗ ਗੁਰ ਗੁਨ ਖਾਨੀ[1]।
-ਇਕ ਤੁਕ ਭੀ ਜੁ ਪਢਹਿ ਗੁਰ ਬਾਨੀ।
ਜਗ ਤੇ ਤਿਸ ਕੋ ਹੋਇ ਉਧਾਰ-।
ਇਹ ਸਿਖ ਪਢਤੋ ਓਅੰਕਾਰ ॥੨੦॥
ਤਿਸ ਪਰ ਮਾਰ ਲਾਠੀਅਨਿ† ਖਾਈ।
ਤੌ ਉਧਾਰ ਹੁਇ ਕਿਮ ਬਨਿ ਆਈ।'
ਸ੍ਰੀ ਮੁਖ ਤੇ ਮੁਸਕਾਇ ਬਖਾਨੀ।

[1]ਇੰਦਰ। †ਸੌ ਸਾਖੀ ਦੀ ਇਹ ਬਾਰ੍ਹਵੀਂ ਸਾਖੀ ਹੈ।

[1]ਭਾਵ ਉਹ ਅਜਾਨ ਪਾਠ ਐਉਂ ਉਚਾਰਦਾ ਸੀ ਜਿਸ ਦਾ ਅਰਥ ਉਲਟਾ ਹੋ ਜਾਂਦਾ ਸੀ।

[1]ਪੱਕੀ ਤਰ੍ਹਾਂ ਫੜਕੇ।

[1]ਜਗਤ ਗੁਰੂ ਗੁਣਾਂ ਦੀ ਖਾਨ ਜੀ ਦਾ ਆਖਿਆ ਹੋਇਆ ਹੈ:-।

†ਸੌ ਸਾਖੀ ਵਿਚ ਲਾਠੀ ਲਿਖਿਆ ਹੈ, ਲਾਠੀਆਂ ਨਹੀਂ ਲਿਖਿਆ।

'ਅਰਥ ਖੋਜ ਇਨ ਪਠੀ ਨ ਬਾਨੀ ॥੨੧॥
ਆਨੋ ਅਬੈ ਹਜ਼ੂਰ ਹਕਾਰੋ।
ਸੁਨਹੁ ਸਰਬ ਤੁਮ ਜਥਾ ਉਚਾਰੋ।'
ਸੁਨਿ ਕਰਿ ਲਜਾਇ ਬਿਠਾਇਵ ਤੀਰ।
'ਸਿੱਖਾ! ਪਢੀਐ' ਕਹਜੋ ਗਹੀਰ[1] ॥੨੨॥

[1]ਭਾਵ ਸ੍ਰੀ ਗੁਰੂ ਜੀ ਨੇ।

ਤਬਿ ਸਿਖ ਨੇ ਤੁਕ ਤਿਵੈ ਉਚਾਰੀ।
ਬਿੱਪ੍ਰੈ ਅਰਥ ਸੁ ਜਾਸ ਮਝਾਰੀ।
ਸੁਨਿ ਸ੍ਰੀ ਮੁਖ ਤੇ ਤਾਂਹਿ ਬਖਾਨੀ।
'ਇਮ ਤੁਕ ਪਢਹੁ ਅਰਥ ਇਹੁ ਜਾਨੀ ॥੨੩॥

ਸ੍ਰੀ ਮੁਖਵਾਕ:
ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥

ਅਰਥ:-

ਚੌਪਈ:

ਕਰਤੇ ਕੀ ਦੀਰਘ ਵਡਿਆਈ।
ਕਰਤਾ ਹੀ ਜਾਣੈ ਤਿਸ ਤਾਂਈ।
ਜੇ ਗੁਰ ਸੂਰਾ ਹੋਇ ਸੁਚੇਤ।
ਭੀ ਸੋ ਜਾਨਤਿ ਹੈ ਸਭਿ ਹੇਤੁ ॥੨੪॥
ਅਪਰ ਜੀਅ ਸੰਸਾਰੀ ਜੇਤੇ।
ਸੁਨਿ ਸੁਨਿ ਜਾਨਤਿ ਹੈਂ ਸਭਿ ਤੇਤੇ।
ਜੇ ਸਤਿਗੁਰ ਨਹਿਂ ਲਖਹਿ ਵਡਾਈ।
ਤੌ ਅੰਧੇਰ ਪਰਤਿ ਸਮੁਦਾਈ ॥੨੫॥
ਇਸ ਸਿਖ ਲਗ ਕਕਾਰ ਕੀ ਏਕ[1]†।

[1]ਕੱਕੇ ਦੀ ਇਕ ਲਗ। †ਉਹ ਸਿਖ 'ਕੈ ਜਾਣੇ' ਨੂੰ 'ਕੇ ਜਾਣੇ' ਪੜ੍ਹਦਾ ਸੀ। 'ਕੈ' ਦਾ ਅਰਥ ਹੈ ਅਥਵਾ ਤੇ 'ਕੇ' ਦਾ ਅਰਥ ਹੈ 'ਕੀਹ' ਜਿਸ ਦਾ ਭਾਵ ਬਣ ਜਾਂਦਾ ਹੈ 'ਨਹੀਂ'।

ਪਠਨਿ ਕਰੀ ਬਿਨ ਸੁਮਤਿ ਬਿਬੇਕ।
ਬਿੱਪ੍ਰੈ ਅਰਥ ਪਠਜੋ ਪਹਿਚਾਨੈ।
ਕਰਤੇ ਕੀ ਮਿਤਿ ਕਰਤਾ ਜਾਨੈ ॥੨੬॥
ਗੁਰ ਸੂਰਾ ਕਜਾ ਜਾਨੈ ਕੋਇ†।

†ਉਹ ਸਿਖ 'ਕੈ ਜਾਣੇ' ਨੂੰ 'ਕੇ ਜਾਣੇ' ਪੜ੍ਹਦਾ ਸੀ। 'ਕੈ' ਦਾ ਅਰਥ ਹੈ ਅਥਵਾ ਤੇ 'ਕੇ' ਦਾ ਅਰਥ ਹੈ 'ਕੀਹ' ਜਿਸ ਦਾ ਭਾਵ ਬਣ ਜਾਂਦਾ ਹੈ 'ਨਹੀਂ'।

ਇਮ ਅਨਰਥ ਪਢਿ ਕੀਨੋ ਸੋਇ।
ਤੌ ਗੁਰ ਸ਼ਰਨੀ ਸਿਖ ਕਯੋਂ ਜਾਇ।
ਕਰਤੇ ਕੀ ਮਿਤ ਲਖਿ ਨ ਸਕਾਇ[1] ॥੨੭॥

[1]ਜੇ ਗੁਰੂ) ਜਾਣ ਨਹੀਂ ਸਕਦਾ।

ਸਿੱਖਹੁ ਸੁਨਹੁ ਸੀਖ ਇਹੁ ਮੇਰੀ।
ਬਾਨੀ ਪਢਹੁ ਸ਼ੁੱਧ ਗੁਰ ਕੇਰੀ।
ਪਢੈ ਮਹਾਤਮ ਲਹੈ ਬਿਸਾਲ।
ਹਲਤਿ ਪਲਤਿ ਮਹਿਂ ਹੋਇ ਨਿਹਾਲ ॥੨੮॥

ਜੇ ਕੁਸ਼ੁੱਧ ਹੁਇ, ਪਢੀਐ ਸ਼ੁਧ ਕਰਿ।
ਬਿਗਰੀ ਵਸਤੁ ਸੁਧਾਰਹਿ ਜਿਮ ਘਰ[1]†।

[1]ਜਿਵੇਂ ਘਰ ਦੀ ਵਿਗੜੀ ਹੋਈ ਵਸਤੂ ਸੁਧਾਰੀ ਦੀ ਹੈ।

†ਸਾਖੀ ਦਾ ਮਤਲਬ ਬਾਣੀ ਸ਼ੁੱਧ ਪੜ੍ਹਨ ਦਾ ਹੈ। ਸਿੱਖ ਨੂੰ ਲਾਠੀ ਪਈ ਕਿ ਗੁੱਸੇ ਹੋਏ ਕਿ ਸਮਝਾ ਦਿਤਾ, ਭਾਵ ਪਿਤਾ ਸਮਾਨ ਝਿੜਕ ਤੋਂ ਹੈ, ਜੋ ਸਿੱਖ ਦੇ ਭਲੇ ਲਈ ਸੀ ਕਿ ਬਾਣੀ ਸ਼ੁਧ ਜੇ ਕੰਠ ਨਾ ਹੋਵੇ ਤਾਂ ਸੁਧਾਰ ਲਵੇ। ਫਿਰ ਬੀ ਉਕਾਈ ਹੋ ਹੀ ਜਾਂਦੀ ਹੈ ਇਸ ਲਈ ਪਾਠ ਕਰਕੇ ਅਰਦਾਸੇ ਵਿਚ ਬਿਨੈ ਕਰੀਦੀ ਹੈ ‘ਤੁਕ ਅੱਖਰ ਲਗ ਮਾਤ੍ਰ ਵਧ ਘਟ ਪੜ੍ਹੀ ਮਾਫ’ ਤੇ ਬ੍ਰਿੱਧਾਂ ਦੇ ਮੁਖੋਂ ਬਾਣੀ ਪਾਠ ਦੇ ਅੰਤ ਵਿਚ ਇਉਂ ਬੀ ਬੋਲਾ ਸੁਣਿਆਂ ਹੈ ‘ਗੁਰੂ ਕਾ ਬੋਲਣਾ ਸਚੇ ਦਰਬਾਰ। ਭੁਲਿਆਂ ਚੁਕਿਆਂ ਨੂੰ ਗੁਰ ਬਖਸ਼ਣਹਾਰ। ’

ਤਿਮ ਗੁਰ ਸ਼ਬਦ ਸੁਧਾਰਹਿ ਜੇ ਨਹਿਂ।
ਨਹੀਂ ਭਾਵਨਾ ਸੇ ਨਰ ਮਹਿ ਮਹਿਂ[1] ॥੨੯॥

[1]ਪ੍ਰਿਥਵੀ ਵਿਚ ਜੋ ਪੁਰਸ਼ ਭਾਵਨਾ (ਸ਼ਰਧਾ) ਵਾਲੇ ਨਹੀਂ।

ਭਾਵਨਾ ਬਿਹੀਨ ਜਕ ਜਾਰੇ[1] ਹੀ ਮਰਤ ਹੈ†। ’

[1]ਹਠ ਦੀ ਅਗਨੀ ਦੇ ਸਾੜੇ ਹੀ। [ਜਕ = ਹਠ। (ਅ) ਹਾਰ। (ੲ) ਅੜਕ ਅੜਕ ਕੇ। ਅ:, ਜ਼ਕਾ = ਬਲਣਾ, ਸਰਜ]। †ਇਹ ਤੁਕ ਜਿਵੇਂ ਸੌ ਸਾਖੀ ਵਿਚ ਹੈ ਤਿਵੇਂ ਕਵੀ ਜੀ ਨੇ ਦਿਤੀ ਹੈ। ਸ਼ੁਧ ਪਾਠ ਐਉਂ ਹੈ:-ਗਿਆਨ ਕੇ ਬਿਹੀਨ ਜਕ ਜਾਰੇ ਹੀ ਮਰਤ ਹੈਂ। [ਅਕਾਲ ਉਸਤਤਿ ੮੯।

ਤੁਕ ਅਕਾਲ ਉਸਤਤਿ ਕੀ ਗਾਈ।
‘ਪੰਚ ਬਿਧਿਨਿ ਸਿੱਖੀ ਸੁਨਿ ਭਾਈ!
ਧੰਧੇ ਕੀ ਇਕ, ਦੇਖਾ ਦੇਖੀ।
ਹਿਰਸੀ ਤ੍ਰੈ, ਸਿਦਕੀ ਅਵਰੇਖੀ[1] ॥੩੦॥

[1]ਚੌਥੀ ਸਿੱਖੀ) ਸਿਦਕ ਦੀ ਲਿਖੀ ਹੈ ਯਾ ਦੇਖੀ ਦੀ ਹੈ।

ਪੰਚਮ ਅਹੈ ਭਾਵ ਕੀ ਭਲੇ।
ਪ੍ਰਥਮਾ ਇਮ ਜਿਮ ਭਾਈ ਚਲੇ[1]।

[1]ਜਿਵੇਂ (ਭਾਈ) ਸੰਬੰਧੀ ਚਲਦੇ ਹਨ।

ਸਭਿ ਸਗੁਰੇ ਮੁਝ ਨਿਗੁਰਾ ਕਹੈਂ[1]।

[1]ਸਾਰੇ ਗੁਰ ਵਾਲੇ ਹਨ, ਮੈਨੂੰ ਨਿਗੁਰਾ ਕਹਿਣਗੇ।

ਲੇ ਸਿੱਖੀ, ਧੰਧੇ ਕੀ ਅਹੈ[1] ॥੩੧॥

[1]ਇਹ ਧੰਧੇ ਦੀ ਸਿੱਖੀ ਹੈ।

[1]ਕੋ ਇਕ ਸਿੱਖ ਬਨਜੋਂ ਕਿਹ ਦੇਖਾ[2]।

[1]ਦੂਜੀ ਸਿੱਖੀ ਚਲੀ। [2]ਕਿਸੇ ਨੇ ਡਿੱਠਾ ਕਿ ਕੋਈ ਇਕ ਸਿਖ ਹੋਇਆ ਹੈ।

ਸਦਨ ਪਦਾਰਥ ਭਲੇ ਬਿਸੇਖਾ।
ਸੁਤ, ਥਿਤ[1], ਪਤਿ ਦੁਧ, ਆਦਰ[2] ਆਦਿ।
ਸਰਬ ਪ੍ਰਕਾਰ ਹੇਰਿ ਅਹਿਲਾਦ ॥੩੨॥

[1]ਦੌਲਤ। [2]ਇੱਜ਼ਤ।

ਲੋਭ ਪਦਾਰਥ ਕੋ ਮਨ ਭਯੋ।
ਗੁਰੁ ਕੋ ਸਿੱਖ ਹੋਇ ਸੋ ਗਯੋ।
ਇਹ ਸਿੱਖੀ ਹੈ ਦੇਖਾ ਦੇਖੀ।
ਰਹੀ ਪਦਾਰਥ ਚਾਹਿ ਵਿਸ਼ੇਖ਼ੀ ॥੩੩॥
ਸਤਿਗੁਰ ਸ਼ਬਦ ਨ ਪਰਚਾ ਪਾਯੋ।
ਗੁਰ ਸਰੂਪ ਨਹਿਂ ਰਿਦੈ ਬਸਾਯੋ।
ਤੀਜੀ ਹਿਰਸੀ ਸਿੱਖੀ ਜਾਨੋ।
ਬਹੁਤ ਜੁ ਕਰਹਿਂ ਕਰਨਿ ਸੋ ਠਾਨੋ[1] ॥੩੪॥

[1]ਜੋ ਬਹੁਤੇ ਕਰਦੇ ਹੋਣ ਉਸੇ ਨੂੰ ਕਰਨ ਲੱਗ ਜਾਣਾ।

ਸੋਝੀ ਕੁਛ ਨ ਆਪ ਕੋ ਆਈ।
ਨਹੀਂ ਸੀਖ ਲੇ ਗੁਰਮਤਿ ਪਾਈ।
ਨਹਿਂ ਸੰਗਤ ਮਹਿਂ ਬੈਠਯੋ ਜਾਇ।
ਗੁਰ ਪਾਹੁਲ ਕੋ ਭੇਦ ਨ ਪਾਇ ॥੩੫॥
ਚਤੁਰਥ ਸਿੱਖੀ ਸਿਦਕੀ ਹੋਈ।
ਗੁਰ ਬਿਨ ਅਪਰ ਨ ਮਾਨਹਿ ਕੋਈ।
ਜੀਵਣ ਮਰਣ ਬਿਖੈ ਗੁਰ ਸ਼ਰਣੀ।
ਤਜਹਿ ਨ ਜਿਮ ਪ੍ਰਵਾਹਿ ਮੈਂ ਤਰਣੀ[1] ॥੩੬॥

[1]ਜਿਵੇਂ ਪ੍ਰਵਾਹ ਵਿੱਚ (ਜਾ ਰਹੀ) ਬੇੜੀ (ਦੇ ਸ੍ਵਾਰ ਬੇੜੀ ਨੂੰ) ਨਹੀਂ ਛੱਡਦੇ।

ਸਿਰ ਜਾਣੇ ਲਗਿ ਸਦਾ ਨਿਬਾਹੈ।
ਤਨ ਮਿੱਥਿਆ ਲਖਿ ਕਰਿ ਜਗ ਮਾਂਹੈ।
ਸਿੱਖੀ ਸਚੁ ਪ੍ਰਾਪਤਿ ਕੀ ਕਰਤਾ।
ਇਮ ਪ੍ਰਾਨਨਿ ਬਿਨਸਨ ਲਗਿ ਧਰਤਾ ॥੩੭॥
ਬਿਘਨ ਅਨੇਕ ਕਸ਼ਟ ਸਹਿ ਸਾਰੇ।
ਗਾਢੋ ਸਿਦਕ ਨਹੀਂ ਨਿਰਵਾਰੇ।
ਪਲ ਮਹਿਂ ਸਿਰ ਦੇ, ਸਿਦਕ ਨ ਖੋਵੈ।
ਸੋ ਸਿਖ ਮੇਰੋ ਪੂਰਨ ਹੋਵੈ ॥੩੮॥
ਪੰਚਮ ਸਿੱਖੀ ਭਾਵ ਉਪਾਈ।

ਲਖਿ ਗੁਰ ਮਹਿਮਾ ਪਰਿ ਸ਼ਰਣਾਈ।
ਨਿਸ ਦਿਨ ਗੁਰ ਮੂਰਤਿ ਉਰ ਧਾਰੀ।
ਕਰਹਿ ਭਾਵ ਸਭਿ ਸਿੱਖ ਮਝਾਰੀ'
॥੩੯॥
ਪੰਚ ਪ੍ਰਕਾਰ ਸਿੱਖਿ ਇਮ ਕਹੇ।
ਜਥਾ ਕਰਮ ਫਲ ਦੀਰਘ ਲਹੇ।
'ਹਲਤਿ ਪਲਤਿ ਮਹਿਂ ਬਨੌਂ ਸਹਾਈ।
ਜਮੁ ਸੰਕਟ ਤੇ ਲੇਹੁਂ ਛੁਟਾਈ' ॥੪੦॥

ਦੋਹਰਾ:

ਸਤਿਗੁਰ ਪੂਰਨ ਜਿਨਹੁਂ ਕੇ, ਪੂਰੀ ਤਿਨ ਕੀ ਆਸ।
ਨਾਨਕ ਜਪੀਐ ਨਾਮ[1] ਨਿਤ, ਸਿਮਰਹੁ ਸਾਸਿ ਗਿਰਾਸ[†] ॥੪੧॥

[1]ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ। [†]ਇਹ ਦੋਹਾ ਗੁਰਬਾਣੀ ਵਿਚ ਨਹੀਂ ਹੈ। ਸੌ ਸਾਖੀ ਵਿਚ ਇਹ ਦੋਹਾ ਲਿਖਿਆ ਹੈ।

ਚੌਪਈ:

ਬਨੀਅਹਿ ਸੱਤਿਨਾਮ ਅਨੁਰਾਗੀ।
ਕਾਮ ਕ੍ਰੋਧ ਮਦ ਮਾਨਹਿਂ[1] ਤਜਾਗੀ।

[1]ਅਹੰਕਾਰ ਨੂੰ।

ਰਾਖਿ ਸਥਿਰ ਸਤਿਗੁਰੂ ਭਰੋਸਾ।
ਧਰਿ ਸੰਤੋਖ ਸਿੰਘ ਸ਼ਾਂਤਿ ਸੰਤੋਸ਼ਾ[1]
॥੪੨॥

[1]ਸ਼ਾਂਤੀ ਸੰਤੋਖ ਧਾਰਨ ਕਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁੱਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

## ੩੫. [ਪਾਹੁਲ ਭੇਦ। ਦੇਵੀ। ਦੁਸ਼ਟ ਦਮਨ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

†ਸਿੱਖੀ ਪੰਚ ਪ੍ਰਕਾਰ ਕੀ, ਸੁਨਿ ਪਾਹੁਲ ਬਖਸ਼ੀਸ਼[1]।

[1]ਪਾਹੁਲ ਦੀ ਬਖਸ਼ਸ਼ ਹੋਈ (ਦੇਖਕੇ)। †ਇਹ ਸਾਖੀ ਸੌ ਸਾਖੀ ਦੀ ੧੩ਵੀਂ ਸਾਖੀ ਹੈ।

ਸਿਖ ਸਿਦਕੀ ਕਰਿ ਜੋਰਿ ਕੈ, ਧਰਿ ਪਗ ਪੰਕਜ ਸੀਸ ॥੧॥

ਚੌਪਈ:

ਬੂਝਤਿ ਭਏ ਸਰਬ ਕਰਿ ਪੰਗਤ।
'ਗੁਰ ਪਤਿਸ਼ਾਹੁ ਆਪ ਕੀ ਸੰਗਤਿ।
ਅਭਿਲਾਖਤਿ ਸਗਰੇ ਮਨ ਜਾਨਨਿ।
ਸ੍ਰਵਨ ਕਰਨਿ ਕੋ ਤੁਮਰੇ ਆਨਨਿ[1] ॥੨॥

[1]ਆਪਦੇ ਮੁਖੋਂ।

ਪਾਹੁਲ ਕੇ ਗੁਣ ਭੇਦ ਬਖਾਨੋ[1]।
ਜਿਮ ਰਾਵਰ ਨੇ ਕੀਨ ਮਹਾਨੋ।'
ਭਾਵ ਸਹਿਤ ਕਲਗੀਧਰ ਸੁਨਜੋ।
ਕਰਿ ਬੱਖਜਾਤ ਭੇਦ ਸਭਿ ਭਨਜੋ ॥੩॥

[1]ਗੁਣ ਤੇ ਵੇਰਵੇ ਦੱਸੋ।

'ਮੰਤ੍ਰ ਸੁ ਜੰਤ੍ਰ ਤੰਤ੍ਰ ਇਹੁ ਤੀਨ।
ਕਾਰਜ ਕੇ ਸਿਧ ਕਰਤਾ ਚੀਨ।
ਸੱਤਿਨਾਮ ਮੰਤ੍ਰਨਿ ਸਿਰਮੌਰ।
ਜਿਸ ਕੇ ਸਮ ਜਗ ਮਹਿਂ ਨਹਿਂ ਔਰ ॥੪॥

ਵਾਹਿਗੁਰੂ ਇਹੁ ਮੰਤ੍ਰ† ਮਹਾਨਾ।
ਚਤੁਰ ਵਰਨ ਕੋ ਜੋੜਨਿ ਠਾਨਾ।
ਲੋਹ ਸ਼ਸਤ੍ਰ ਅਰੁ ਜਲੁ ਮਿਸ਼ਟਾਨਾ।
ਇਹੀ ਤੰਤ੍ਰ ਕਰਤਾ ਸਵਧਾਨਾ[1] ॥੫॥

†ਪਾ:-ਜੰਤ੍ਰ।

[1]ਲੋਹੇ ਦਾ ਸ਼ਸਤ੍ਰ (ਫੇਰ ਕੇ) ਜਲ ਤੇ ਮਿੱਠੇ (ਵਿੱਚ ਫੇਰਨਾਂ) ਇਹੀ ਤੰਤ੍ਰ ਸਾਵਧਾਨ ਕਰਨ ਵਾਲਾ।

ਦਈ ਵਸਤੁ ਇਹੁ ਦੇਵਨਿ[1] ਲਜਾਇ।
ਤਿਨ ਕੇ ਨਾਮ ਸੁਨਹੁ ਚਿਤ ਲਾਇ।
ਬਰੁਨ ਆਪਣੇ ਕਰ ਜਲ ਆਨਾ।
ਇੰਦ੍ਰ ਮਹਾਂ ਬਲਿ ਲਿਯ ਮਿਸ਼ਟਾਨਾ ॥੬॥
ਲੋਹਾ ਦੀਨਿ ਦੀਨਿ ਜਮਰਾਜ।
ਮਿਲੇ ਦੇਵ ਪਾਹੁਲ ਕੇ ਕਾਜ।

[1]ਦੇਵਤਿਆਂ ਨੇ।

ਜਲ ਤੇ ਸ਼ਾਂਤਿ ਅਵਧਿ ਸਿਖ ਪਾਹਿ[1]। [1]ਜਲ (ਇਸ ਕਰਕੇ ਹੈ) ਕਿ ਸਿਖ ਸ਼ਾਂਤੀ ਦੀ ਅਵਧੀ ਭਾਵ ਬਹੁਤ ਸ਼ਾਂਤੀ ਪਾਵਨ। (ਅ) ਅਵੱਸ਼ ਹੀ ਸ਼ਾਂਤੀ ਨੂੰ ਚਾਹੇਗਾ।

ਮਿਸ਼ਟਾਨਹਿਂ ਤੇ ਭੋਗ ਨ ਚਾਹਿ[1] ॥੭॥ [1]ਭੋਗਾਂ ਨੂੰ ਨਾ ਚਾਹੁਣ।

ਹੋਹਿ ਸ਼ਸਤ੍ਰ ਤੇ ਤੇਜ ਕਰਾਲਾ।
ਬਨਹਿਂ ਜੁੱਧ ਮਹਿਂ ਜੋਧ ਬਿਸਾਲਾ।
ਪੂਰਬ ਪਾਹੁਲ ਚਰਨਨਿ ਕੇਰੀ।
ਹੁਇ ਸੇਵਾ ਕੀ ਪ੍ਰੀਤਿ ਬਡੇਰੀ ॥੮॥
ਅਬਿ ਗੁਰ ਇੱਛਾ ਰਣ ਰਿਪੁ ਖਾਪ।
ਖੰਡਾ ਧਾਰਿ ਸੁ ਪਾਹੁਲ ਛਾਪ[1]। [1]ਖੰਡੇ ਦੀ ਧਾਰ ਵਾਲੀ ਪਾਹਲੁ ਦੀ ਮੁਹਰ ਲਾ ਦਿੱਤੀ ਹੈ।

ਸ੍ਰੀ ਦੇਵੀ ਕੋ ਧਰਿਬੋ ਧ੍ਯਾਨ।
ਸ੍ਵੈਯੇ ਦਸੋਂ[1] ਪ੍ਰੇਮ ਨਿਰਬਾਨ ॥੯॥ [1]ਭਾਵ, ਅੰਮ੍ਰਿਤ ਦੇ ਸ੍ਵੈਯੇ।

ਪਠਿ ਅਨੰਦ ਜੀ ਸ਼ਾਂਤਿ ਸੁਚੇਤ।
ਜਪੁਜੀ ਪੜ੍ਹੁ ਸੁ ਮੁਕਤੀ ਹੇਤੁ।
ਹੁਇਂ ਪਾਹੁਲ ਤੇ ਚਾਰ ਪਦਾਰਥ।
ਨਰ ਤਨ ਸਿਖ ਕੋ ਬਨਹਿਂ ਸਕਾਰਥ† ॥੧੦॥

†ਅੰਮ੍ਰਿਤ ਦੇ ਗੁਣ ਤੇ ਵਡਿਆਈ ਬ੍ਰਾਹਮਣੀ ਮਤ ਦੇ ਰੰਗ ਵਿਚ ਦਿਖਾਈ ਗਈ ਹੈ। ਕਵਿ ਜੀ ਨੇ ਇਹ ਸੌ ਸਾਖੀ ਦੀ ਤੇਰਵੀਂ ਸਾਖੀ ਤੋਂ ਲਿਆ ਹੈ। ਸੌ ਸਾਖੀ ਵਿਚ ਐਸੇ ਆਖੇਪ ਕਿਸੇ ਬ੍ਰਾਹਮਣ ਸਿੰਘ ਜੀ ਦੇ ਕੀਤੇ ਹੋਏ ਜਾਪਦੇ ਹਨ, ਜੋ ਸਿੰਘ ਪੁਣੇ ਦੀ ਵਡਿਆਈ ਤਾਂ ਉੱਚੀ ਰਖਦੇ ਹਨ ਪਰ ਗਲ ਪੌਰਾਣਕ ਰੰਗਾਂ ਵਿੱਚ ਲੈ ਜਾਂਦੇ ਹਨ।

ਬਡਭਾਗੀ ਕੋ ਪ੍ਰਾਪਤੀ ਹੋਇ।
ਲੇ ਕਰਿ ਫਿਰਹਿ, ਨ ਅਘ ਸਮ ਕੋਇ[1]। [1]ਜੋ (ਅੰਮ੍ਰਿਤ) ਲੈਕੇ ਫਿਰ ਜਾਵੇ ਉਸ ਸਮ ਕੋਈ ਪਾਪੀ ਨਹੀਂ।

ਗੁਜਰੀ ਮਾਤਿ ਪੁਛੇ ਇਕ ਬਾਰੀ[1]। [1]ਮਾਤਾ ਗੁਜਰੀ ਨੇ (ਇਹ ਪਿੱਛੇ ਕਹੀ ਵਾਰਤਾ) ਇਕ ਵੇਰ ਪੁੱਛੀ ਸੀ।

ਤਬਿ ਹਮ ਨੇ ਬਿਧਿ ਸਕਲ ਉਚਾਰੀ' ॥੧੧॥
ਸੁਨਿ ਸਿੱਖਨਿ ਕਰ ਜੋਰਿ ਬਖਾਨੀ।
'ਅਪਰ ਭੇਦ ਭਨੀਐ ਗੁਨਖਾਨੀ!
ਪਾਹੁਲ† ਬਿਖੈ ਸ਼ਕਤਿ ਹੈ ਗੁਰ ਕੀ? †ਪਾਹੁਲ ਪਦ ਏਥੇ ਅੰਮ੍ਰਿਤ ਵਾਸਤੇ ਵਰਤਿਆ ਜਾ ਰਿਹਾ ਹੈ। ਇਸ ਕਰਕੇ ਹੁਣ ਤਕ ਆਮ ਵਰਤਾਰੇ ਵਿਚ ਇਹੋ ਪਦ ਅੰਮ੍ਰਿਤ ਵਾਸਤੇ ਬੋਲ ਲੈਂਦੇ ਹਨ।

ਕੈ ਜਗ ਮਾਤਿ ਚੰਡਕਾ ਧੁਰ ਕੀ?' ॥੧੨॥

ਸੁਨਿ ਸ੍ਰੀ ਮੁਖ ਤੇ ਸਤਿਗੁਰ ਭਨੈਂ।
'ਕਰਨ ਪ੍ਰਸ਼ਾਦਿ ਖੁਸ਼ੀ ਹੀ ਬਨੈ[1]।

[1]ਐਸੀ) ਕ੍ਰਿਪਾ ਕਰਨ ਵਿਚ ਖੁਸ਼ੀ ਹੀ ਚੰਗੀ ਹੈ, ਭਾਵ ਨਾ ਕਹਿਣੀ ਚੰਗੀ ਹੈ। ਜਿਵੇਂ 'ਸੁਖ' ਦਾ ਅਰਥ 'ਨਾਂਹ' ਹੁੰਦਾ ਹੈ ਤਿਵੇਂ ਖੁਸ਼ੀ ਦਾ ਇਥੇ ਚੁੱਪ ਹੈ।

ਗੁਹਜ ਬਾਰਤਾ ਬਨਹਿਂ ਨ ਕਹਿਨੀ।
ਭਲੀ ਹੋਤਿ ਹੈ ਛਪੀ ਸੁ ਰਹਿਨੀ ॥੧੩॥
ਤਉ ਸਿੱਖ ਸ਼ਰਧਾਲੂ ਆਇ।
ਸਤਿਗੁਰ ਕੋ ਬੂਝਹਿਂ ਜਿਸ ਭਾਇ।
ਤਿਸ ਕੌ ਕਹਨਿ ਸਦਾ ਬਨਿ ਆਵੈ।
ਜੋ ਸਿਖ ਸਤਿਗੁਰ ਕੇ ਮਨ ਭਾਵੈ ॥੧੪॥
ਸੰਗਤ! ਸੁਨਹੁ ਸਿੱਖ ਮਮ ਅਹੋ।
ਗੁਰ ਘਰ ਬਿਖੈ ਏਕਤਾ ਲਹੋ[†]।

[†]ਸੌ ਸਾਖੀ:-'ਦੇਵੀ ਕੀ ਸ਼ਕਤਿ ਅਥਵਾ ਗੁਰੂ ਕੀ ਸ਼ਕਤਿ? ' ਇਸ ਪ੍ਰਸ਼ਨ ਦਾ ਉਤ੍ਰ ਜੋ ਦਿੱਤਾ ਹੈ ਉਸ ਦੀ ਮੁਰਾਦ ਇਹ ਹੈ ਕਿ ਦੇਵੀ ਤੇ ਗੁਰੂ ਦੀ ਸ਼ਕਤਿ ਇਕੋ ਹੈ।

ਭੂਲ ਭੇਦ ਕੋ ਭਰਮ ਨ ਕੀਜੈ।
ਕਬਹੁੰ ਨ ਇਸ ਪਰ ਤਰਕ ਕਰੀਜੈ ॥੧੫॥
ਪ੍ਰਥਮ ਧਰਜੋ ਜਬਿ ਹਮ ਅਵਤਾਰ।
ਕਰਜੋ ਮਨੋਰਥ ਤਪਨਿ ਉਦਾਰ।
ਬਿੰਧਯਾਚਲ ਕਾਨਨ ਮੈਂ ਰਹੇ[†]।

[†]ਪਹਿਲੇ ਜਨਮ ਦੇ ਤਪ ਦਾ ਥਾਂ ਤਾਂ ਬਚਿਤ੍ਰ ਨਾਟਕ ਵਿਚ ਹੇਮ ਕੁੰਟ ਸਪਤ ਸ਼੍ਰਿੰਗ ਲਿਖਿਆ ਹੈ, ਜਿਥੇ ਪੰਡੁਰਾਜ ਨੇ ਯੋਗ ਕਮਾਇਆ ਸੀ। ਬਿੰਧਯਾਚਲ ਕਵੀ ਜੀ ਨੇ ਸੌ ਸਾਖੀ (ਦੀ ੧੩ ਸਾਖੀ) ਤੋਂ ਲਿਆ ਹੈ। ਇਹ ਸਾਖੀ ਬੀ ਪੌਰਾਣਕ ਦਿਮਾਗ਼ ਦੀ ਜਾਪਦੀ ਹੈ, ਜਿਨ੍ਹਾਂ ਦੇ ਹੱਥ ਵਿਚ ਸੌ ਸਾਖੀ ਵਧੀ ਘਟੀ ਯਾ ਇਸ ਰੂਪ ਵਿਚ ਲਿਖੀ ਗਈ ਜਾਪਦੀ ਹੈ। [ਦੇਖੋ ਇਸੇ ਅੰਸੂ ਦੇ ਅੰਕ ੪੧ ਦੀ ਹੇਠਲੀ ਟੂਕ]। ਜਾਪਦਾ ਹੈ ਕਿ ਸੌ ਸਾਖੀ ਵਾਲਾ ਕਾਲੀ ਦੇਵੀ ਦੀ ਸਮੀਪਤਾ ਜਨਾਉਣ ਵਾਸਤੇ ਹਿਮਾਲੇ ਦੀ ਥਾਂ ਬਿੰਧਯਾਚਲ ਲੈ ਗਿਆ ਹੈ।

ਸੁਨਹੁ ਕਥਾ ਜਿਸ ਬਿਧਿ ਤਪੁ ਸਹੇ ॥੧੬॥

ਦੋਹਰਾ:
ਤਿਸੁ ਮਾਨ੍ਵੰਤਰ[1] ਕੇ ਬਿਖੈ, ਕਥਾ ਭਈ ਜਿਸ ਭਾਇ।

[1]ਇਕ ਮਨੂ ਦਾ ਸਮਾਂ ਜੋ ਇਕੱਤੀ ਕ੍ਰੋੜ ਚੌਦਾਂ ਲਖ ਅਠਤਾਲੀ ਹਜ਼ਾਰ ਵਰ੍ਹੇ ਦਾ ਮੰਨਦੇ ਹਨ। ਬ੍ਰਹਮਾ ਦੇ ਇਕ ਦਿਨ ਦਾ ਚੌਧਵਾਂ ਹਿੱਸਾ।

ਸੁਨਹੁ ਪ੍ਰੀਤਿ ਕਰਿ ਉਮਾ[1] ਤਬਿ, ਗਈ

[1]ਪਾਰਬਤੀ।

ਤਪਨ ਤਿਸੁ ਥਾਇੰ ॥੧੭॥

ਨਿਸ਼ਾਨੀ ਛੰਦ:

ਦਾਨਵ ਦੈਤਨਿ ਪਾਇ ਬਲ, ਸੁਰ ਕਰੇ ਪਰਾਜੈ।
ਛੀਨ ਲੀਨ ਸੁਰਲੋਕ ਕੋ, ਕਰਿ ਗਰਬ ਮਹਾਂ ਜੈ[1]। [1]ਦੇਵਤਿਆਂ ਨੂੰ ਜਿੱਤ ਕੇ ਮਹਾਂ ਹੰਕਾਰ ਕੀਤਾ।
ਬ੍ਰਹਮਾ ਢਿਗ ਸੋ[1] ਦੀਨ ਹ੍ਵੈ, ਸਭਿ ਜਾਇ ਪੁਕਾਰੇ। [1]ਭਾਵ ਦੇਵਤੇ।
-ਸ਼ੱਤ੍ਰੁਨਿ ਦਿਯੇ ਨਿਕਾਸ ਹਮ, ਅਬਿ ਸ਼ਰਨਿ ਤੁਹਾਰੇ- ॥੧੮॥
ਦ੍ਰੂਹਣ[1] ਉਪਾਇ ਬਖਾਨ ਕੈ, ਸੁਰ ਸਭਿ ਸਮੁਝਾਏ। [1]ਬ੍ਰਹਮਾ ਨੇ।
-ਆਦਿ ਸ਼ਕਤਿ ਸ੍ਰੀ ਚੰਡਿਕਾ ਲਿਹੁ ਤਾਂਹਿ ਰਿਝਾਏ।
ਲੈ ਦੈ ਹੈ ਤੁਮ ਰਾਜ ਕੋ ਜਹਿਂ ਅਧਿਕ ਸਮਾਜਾ-।
ਸੁਨਿ ਬ੍ਰਹਮਾ ਤੇ ਗਏ ਸੁਰ ਹਰਖਾਵਨਿ ਕਾਜਾ ॥੧੯॥
ਜਾਇ ਅਰਾਧੀ ਚੰਡਿਕਾ ਬਿਦਤੀ ਜਗ ਮਾਈ।
ਕਰ ਬੰਦੇ ਬਿਨਤੀ ਸਹਿਤ ਨਿਜ ਬ੍ਰਿਥਾ ਸੁਨਾਈ।
ਦੈਂਤਨ ਕੀਨਿ ਅਨੀਤ ਲਖਿ ਨਿਰਜਰ[1] ਸਤਿਕਾਰੇ। [1]ਦੇਵਤੇ।
-ਲੈ ਦੈਹੌਂ ਤੁਮ ਦੇਸ਼ ਕੋ ਰਿਪੁ ਬ੍ਰਿੰਦ ਸੰਘਾਰੇ- ॥੨੦॥
ਚਢੀ ਸਿੰਘ ਪਰ ਚੰਡਿਕਾ ਆਯੁਧ ਬਲਿ ਧਾਰੇ।
ਬਧੇ ਦੈਤ ਅਨਗਨ ਬਧੇ[1] ਰਣ ਖੇਤ ਮਝਾਰੇ। [1]ਨਾਸ਼ ਕਰ ਦਿੱਤੇ।
ਧੂਮ੍ਰਨੈਨ ਪੂਰਬ ਹਨਜੋ ਪੁਨ ਚੰਡ ਰੁ ਮੁੰਡਾ।

ਰਕਤਬੀਜ ਸਨਮੁਖ ਅਰਜੋ ਬਾਜਜੋ ਬਡ ਖੰਡਾ ॥੨੧॥
ਰਕਤਬੀਜ ਕੇ ਰਕਤ ਤੇ ਰਾਖਸ਼ ਸਮੁਦਾਏ।
ਉਪਜਤਿ ਤਜੋਂ ਤਜੋਂ ਹਨਤਿ ਹੈ ਰਣਭੂਮ ਗਿਰਾਏ।
ਤਜੋਂ ਤਜੋਂ ਹੋਤਿ ਅਸੰਖ ਹੀ ਤੋਟਾ ਨਹਿੰ ਆਯੋ।
ਬਹੁਤ ਬਰਖ ਸੰਗ੍ਰਾਮ ਭਾ ਲੇਖਾ ਨਹਿੰ ਪਾਯੋ ॥੨੨॥
ਨੌਕੇ ਪਰ ਸਤ ਸੂਨ ਲਗਿ[1] ਸੰਖਯਾ ਸਭਿ ਕੀਨੀ।
ਬ੍ਰਿੰਦ ਰਿਖੀਸ਼ੁਰ ਗਿਨਤਿ ਭੇ ਇਤਨੀ ਚਿਤ ਚੀਨੀ।
ਭਏ ਰਕਤ ਤੇ ਪੁਨ ਹਤੇ ਬੁਦਬੁਦ ਸਮੁ ਸੋਈ[1]।
ਭਯੋ ਰਕਤ ਕੋ ਜਲ ਇਤੋ ਜਨੁ ਪਰਲੈ ਹੋਈ ॥੨੩॥
ਸ਼ੂੰਨ ਭਈ ਸਭਿ ਸ੍ਰਿਸ਼ਟ ਤਬਿ ਤਨ ਇੰਗਤਿ ਨਾਂਹੀ[1]।
ਇਸ ਪ੍ਰਕਾਰ ਪਿਖੀਯਤਿ ਮਨੋ ਪਾਥਰ ਜਲ ਮਾਂਹੀ[1]।
ਗਣ ਗਣ[1] ਸੰਗ ਜੁ ਚੰਡਿਕਾ ਇਹ ਸਮੈਂ ਪਲਾਏ।
ਕੋ ਲਰ ਕਰਿ ਕੋ ਬਿਨ ਲਰੇ ਨਹਿੰ ਠਹਿਰਨਿ ਪਾਏ ॥੨੪॥
ਅੰਤ੍ਰਧਜਾਨ ਹੁਇ ਅੰਬੁਕਾ ਬਿੰਧਜਾਚਲ ਆਈ[†]।
ਬਨਿ ਮੂਰਤਿ ਤਪ ਕਰਤਿ ਭੀ ਕਿਹ ਲਖੀ ਨ ਜਾਈ।
ਅਸੁਰ ਲਗੇ ਤਬਿ ਖੋਜਨੇ[†] ਇਤ ਉਤ

[1]੯੦੦੦੦੦੦੦ ਦੈਂਤ।

[1]ਬੁਲਬੁਲੇ ਵਾਂਗ।

[1]ਸਰੀਰਾਂ ਵਿਚ ਚੇਸ਼ਟਾ ਨਾ ਰਹੀ [ਸੰਸ., ਇੰਗਤ = ਚੇਸ਼ਟਾ]।

[1]ਮਾਨੋਂ ਜਲ ਵਿਚ ਪੱਥਰ ਵਾਂਙ (ਸਾਰੀ ਸ੍ਰਿਸ਼ਟੀ ਹੋ ਗਈ)।

[1]ਭਾਵ ਗੁਣ ਆਦਿਕ।

[†]ਇਥੋਂ ਦੇਵੀ ਤਪ ਕਰਨ ਹਾਰ ਸਿੱਧ ਹੋ ਗਈ, ਉਹ ਆਪ ਜਜੋਤੀ ਸਰੂਪ ਨਾ ਹੋਈ ਪਰ ਜਜੋਤੀ ਸਰੂਪ ਦੀ ਆਰਾਧਨਾ ਕਰਨ ਵਾਲੀ ਉਸਦੀ ਕ੍ਰਿਤ ਬਨ ਗਈ।

[†]ਪਾ:-ਤਪਨ ਕੋ।

ਚਹੁੰਘਾਏ।
ਇਕ ਤਪਸੀ ਤਪਨਿਧਿ[1] ਤਹਾਂ ਜਿਸ ਸਿਖ ਸਮੁਦਾਏ ॥੨੫॥
[1]ਭਾਵ ਬੜਾ ਤਪੱਸ੍ਵੀ।

ਜੁਗ ਰਾਕਸ਼ ਤਿਹ ਜੁਥਪਤਿ ਬੂਝਨਿ ਤਬਿ ਲਾਗੇ[1]।
[1]ਦੋ ਰਾਕਸ਼ ਜੋ ਫੌਜਾਂ ਦੇ ਸੈਨਾਪਤ ਸਨ ਉਸਤੋਂ ਪੁੱਛਣ ਲੱਗੇ।
ਬੇਲ ਸੁਬੇਲਹਿ ਨਾਮ ਜਿਨ ਮਨ ਮਹਿਂ ਰਿਸ ਜਾਗੇ।
-ਹਾਇ ਹਾਇ- ਕਰਿ ਖੋਜਤੇ -ਤ੍ਰਿਯ ਕਹਾਂ ਪਲਾਈ?
ਕੋ ਲੈ ਗਮਨਜੋਂ ਕਿਤ ਗਯੋ? ਦਿਹੁ ਰਿਖੀ ਬਤਾਈ- ॥੨੬॥
ਰਿਸ ਧਰਿ ਤਪਸੀ ਤਬਿ ਕਹਜੋ -ਕਜੋਂ ਕਰਿ ਬਕਬਾਦੇ?
ਸੋ ਪੂਰਨ ਸਭਿ ਮਹਿਂ ਸਦਾ ਸ਼ਕਤੀ ਬਡਿ ਆਦੇ[1]-।
[1]ਆਦਿ ਰੂਪ ਹੈ।

ਤਪਸੀ ਨਾਮ ਸੁਮੁੰਡ[1] ਤੇ ਸੁਨਿ ਕਰਿ ਮਤਿਵਾਰੇ।
[1]ਨਾਮ ਤਪਸੀ ਦਾ 'ਸਮੁੰਡ' ਸੀ।
ਧਾਇ ਪਰੇ ਹਿਤ ਮਾਰਿਬੇ ਕਹਿਂ 'ਮਾਰੋ ਮਾਰੇ' ॥੨੭॥
ਮਨ ਮਹਿਂ ਮੁਨੀ ਬਿਚਾਰ ਕਰਿ -ਕਜਾ ਕਰਹਿਂ ਉਪਾਈ?
ਮੇਰਾ ਅਰੁ ਮਮ ਚੇਲਕਾ ਨਹਿਂ ਧਰਮ ਲਰਾਈ।
ਬ੍ਰਹਮਣ ਬ੍ਰਹਮ ਪਰਾਇਣਾ ਨਿਤਨੇਮ ਹਮਾਰਾ-।
ਸ਼ੇਰ ਖਾਲ ਲੇ ਹਾਥ ਮੈਂ ਮੁਖ ਤੇ ਹੁੰਕਾਰਾ[1] ॥੨੮॥
[1]ਭਾਵ 'ਹੁੰ' ਕੀਤੀ।

ਤੇਜ ਪੁੰਜ ਨਿਕਸਜੋ ਪੁਰਖ ਸੰਗ੍ਰਾਮ ਮਚਾਵਾ।
ਦਸ ਲਖ ਬਰਸ ਸਹੰਸ੍ਰ ਪੰਚ[1] ਘਮਸਾਨ ਮਚਾਵਾ।
[1]੧੦੦੫੦੦੦।

ਮੂਰਤ ਤੇ ਉਠਿ ਚੰਡਿਕਾ ਉਰ ਕ੍ਰੋਧ ਉਪਾਏ।
ਜੁੱਧ ਕਰਯੋ ਬਧ ਕਰਿ ਅਸੁਰ ਰਣ ਕਰਤਿ ਖਪਾਏ ॥੨੯॥
ਬਿਜੈ ਪਾਇ ਤਿਸ ਪੁਰਖ ਕੋ ਨਿਜ ਨਿਕਟਿ ਬਿਠਾਯੋ।
-ਹੇ ਤਪਸੀ ਤਪ ਕੈ- ਕਹਯੋ- ਤੈਂ ਜੁੱਧ ਮਚਾਯੋ[1]।

[1]ਦੇਵੀ ਨੇ) ਕਿਹਾ: ਹੈ ਤਪਸ੍ਵੀ ਦੇ ਤਪ ਤੈਂ ਜੁੱਧ ਮਚਾਇਆ ਅਤੇ... [ਸ਼ੁਧ ਪਾਠ 'ਹੇ ਤਪਸੀ ਕੇ ਤਪ' ਚਾਹੀਏ ਕਿਉਂਕਿ ਸੌ ਸਾਖੀ ਵਿਚ ਪਾਠ ਇਉਂ ਹੈ:-ਹੇ ਤਪਸੀ ਕੇ ਤਪ]।

ਮੇਰੀ ਕਰੀ ਸਹਾਇਤਾ ਹਤਿ ਸ਼ੱਤ੍ਰ ਲਰਾਈ।
ਏਕ ਬੇਰ ਹਉਂ ਆਇਹੌਂ ਤੁਮ ਲੇਹੁ ਬੁਲਾਈ ॥੩੦॥
ਮੈਂ ਪ੍ਰਸੰਨ ਅਬਿ ਜਾਚ ਬਰ, ਕਹਿ† ਬਪੁ ਇਹੁ ਤੇਰਾ।

†ਇਥੇ 'ਕਹਿ' ਪਾਠ ਅਸ਼ੁੱਧ ਹੈ, 'ਰਹਿ' ਪਾਠ ਸ਼ੁਧ ਹੈ। ਸੌ ਸਾ: ਵਿਚ ਬੀ ਪਾਠ 'ਰਹੋ' ਹੈ, ਭਾਵ ਇਹ ਕਿ ਤੇਰਾ ਇਹ ਤਪੋ ਸਰੀਰ ਬਣਿਆਂ ਰਹੇ। (ਅ) ਸੌ ਸਾਖੀ ਦੇ ਇਕ ਨੁਸਖੇ ਵਿਚ ਸਾਰਾ ਪਾਠ ਇਉਂ ਹੈ:-'ਤੇਰਾ ਬਾਪੁ ਇਹੀ ਰਹੋ। ਭਾਵ ਇਹ ਤਪੱਸ੍ਵੀ ਹੀ ਤੇਰਾ ਪਿਤਾ ਹੋਵੇਗਾ। ਇਹ ਗਲ ਅੰਕ ੩੭ ਅਤੇ ਸੌ ਸਾਖੀ ਦੇ ਲਿਖੇ 'ਮੈਂ ਤੇਰਾ ਪਿਤਾ ਹੀ ਰਹਾਂਗਾ' ਤੋਂ ਬੀ ਸਹੀ ਹੋ ਜਾਂਦੀ ਹੈ।

'ਦੁਸ਼ਟ ਦਮਨ' ਧਰਿ ਨਾਮ ਤੁਵ ਜਗ ਬਿਦਤਿ ਘਨੇਰਾ।
ਤੇਰੀ ਸਭਿ ਸੰਗਤਿ ਭਈ ਬਨਿ ਗੁਰੂ ਬਡੇਰਾ।
ਧਰੀਅਹਿ ਮੋਹਿ ਸਰੂਪ ਕੋ[1] ਸਭਿ ਸਿੱਖਨ ਕੇਰਾ- ॥੩੧॥

[1]ਭਾਵ ਕੇਸਾਧਾਰੀ।

ਕਹਯੋ ਪੁਰਖ ਨੇ ਸੁਨਤਿ ਬਰ -ਹੁਇ ਸਿੰਘ ਸੁ ਨਾਮੂ।
ਕੇਸ ਖੁਲੇ ਕਟ ਤਾਗੁ ਬਿਨ[1] ਪੰਥ ਸੋ ਅਭਿਰਾਮੂ।

[1]ਗਲੇ ਵਿਚ ਜੰਞੂ ਤੋਂ ਬਿਨਾ। [ਕਟ = ਲਕ, ਗਲ। ਤਾਗ = ਤਾਗਾ, ਜੰਞੂ]।

ਤੇਜ ਸ਼ਸਤ੍ਰ ਕੋ ਦੀਜੀਏ ਸਭਿ ਰਚਨ ਤੁਹਾਰੀ।
ਭੁਗਤਿ ਮੁਕਤਿ ਪਦਵੀ ਮਿਲਹਿ ਅਰੁ

ਗਿਰਾ ਉਦਾਰੀ ॥੩੨॥
ਜੁੱਧ ਅਸੁਰ ਗਨ ਕੋ ਸਦਾ ਹਤਿ ਲੇ ਛਿਤ ਰਾਜੁ-।
ਸ੍ਰੀ ਦੇਵੀ ਸੁਨਿ ਤਬਿ ਭਨਜੋਂ -ਹੁਇ ਸਿਧ ਸਭਿ ਕਾਜੂ।
ਪ੍ਰਥਮ ਚਰਣ ਚਤੁਰਥ ਜੁਗਹਿ[1] ਜਬਿ ਸਮਾ ਸੁ ਆਵੈ।

[1]ਕਲਜੁਗ ਦੇ ਪਹਿਲੇ ਚਰਨ ਵਿਚ।

ਸ਼ੰਕਰ ਹੁਇ ਅਵਤਾਰ ਸ਼ਿਵ ਸ੍ਰੁਤਿਮਤਿ ਬਿਦਤਾਵੈ[1] ॥੩੩॥

[1]ਸ਼ਿਵਜੀ ਦਾ ਅਵਤਾਰ ਸ਼ੰਕਰਾਚਾਰਯ ਹੋਵੇਗਾ ਜੋ ਵੇਦ ਮਤ ਨੂੰ ਫੈਲਾਵੇਗਾ।

ਬਿਸ਼ਨੁ ਅੰਤ ਤਿਹ ਭਗਨ ਸੁਤ ਹੋਵਹਿ ਅਵਤਾਰਾ[†]।

[†]ਸ਼ੰਕ੍ਰਾਚਾਰਯ ਮਾਤ ਪਿਤਾ ਦਾ ਇਕਲੌਤਾ ਬੇਟਾ ਸੀ, ਉਹਨਾਂ ਦੀ ਭੈਣ ਕੋਈ ਨਹੀਂ ਸੀ। ਇਸ ਕਰਕੇ ਉਹਨਾਂ ਦਾ ਭਾਣਜਾ ਕੋਈ ਨਹੀਂ ਹੋਇਆ। ਕਵੀ ਜੀ ਨੇ 'ਤਿਹ' ਪਦ ਕੋਲੋਂ ਪਾਇਆ ਹੈ ਤੇ ਸੌ ਸਾ: ਦੇ ਭਾਣਜਾ ਪਦ ਨੂੰ ਸਹੀ ਸਮਝ ਕੇ 'ਭਗਨੀ ਸੁਤ' ਉਸ ਦਾ ਤਰਜਮਾ ਕੀਤਾ ਹੈ, ਫਿਰ ਸੌ ਸਾਖੀ ਵਿਚ 'ਸ਼ੰਕਰਾ ਚਾਰਜ' ਵਾਲੇ ਫਿਕਰੇ ਨਾਲੋਂ ਅਗਲਾ ਫਿਕਰਾ 'ਬਿਸਨ' ਵਾਲਾ ਨਖੇੜ ਕੇ ਲਿਖਿਆ ਹੈ। ਸੌ ਸਾਖੀ ਵਿਚ ਐਉਂ ਪਾਠ ਹੈ:-'ਤਬ ਰੁਦ੍ਰ ਸ਼ੰਕਰ ਸਾਮ ਹੋਇ ਉਤਰੇਗਾ ॥ ਬਿਸ਼ਨ ਭਾਣਜਾ ਹੋਇ ਉਤਰੇਗਾ'। ਇਸ ਵਿਚ ਬੀ ਲਿਖਾਰੀ ਦੀ ਕਲਮ ਉਕਾਈ ਨੇ 'ਭਾਨੁ ਜਾ' ਦਾ 'ਭਾਣਜਾ' ਪਦ ਕਰ ਦਿਤਾ ਹੈ। 'ਬਿਸਨ ਭਾਨੁਜਾ ਹੁਇ ਉਤਰੇਗਾ ਦਾ ਅਰਥ:-'ਵਿਸ਼ਨੂੰ ਸੂਰਜ ਬੰਸੀ ਹੋਕੇ ਉਤਰੇਗਾ' ਮੁਰਾਦ ਗੁਰੂ ਨਾਨਕ ਦੇਵ ਜੀ ਤੋਂ ਹੈ ਜੋ ਸੂਰਜ ਬੰਸੀ ਹੋਕੇ ਅਵਤਰੇ [ਸੰਸ., ਭਾਨੁ+ਜਾ = ਸੂਰਜ ਜਾਏ, ਸੂਰਜ ਬੰਸੀ]।

ਬਰਖ ਕਿਤਿਕ ਪਸ਼ਚਾਤ ਤੇ ਤਨ ਲਿਹੁ ਤੁਮ ਧਾਰਾ।
ਕਰਹੁ ਅਵਾਹਨ ਮੋਹਿ ਕੌ ਤਬਿ ਹੀ ਤਹਿੰ ਆਵੌਂ।
ਕਰਿ ਕੈ ਸ਼ਬਦ ਪ੍ਰਕਾਸ਼ ਕੌ[1] ਤੁਮ ਮਹਿੰ ਦਰਸਾਵੌਂ ॥੩੪॥

[1]ਭਾਵ ਗੱਜਕੇ।

ਦਿਨ ਮਹਿੰ ਅੰਜਨ ਬਸਨ ਮਮ ਨਹਿੰ ਅੰਗੀਕਾਰੈ[1]।

[1]ਸੌ ਸਾਖੀ ਦਾ ਪਾਠ ਹੈ:-ਏਕ ਮੇਰਾ ਵਸਤ੍ਰ ਪ੍ਰਵਿਰਤ ਆਂਖ ਅੰਜਨ ਕੁਟੰਬ ਕਾ ਮੋਹ ਨਹੀਂ ਕਰਨਾ। ਇਸ ਦਾ ਅਰਥ ਹੈ ਕਿ ਅਖਾਂ ਦੇ ਸੁਰਮੇ ਭਾਵ ਸੁਰਮਈ ਰੰਗ ਦਾ ਇਕ ਮੇਰਾ ਵਸਤ੍ਰ ਪ੍ਰਵਿਰਤ ਕਰਨਾ ਤੇ ਕੁਟੰਬ ਦਾ ਮੋਹ ਨਾ ਕਰਨਾ।

ਇਮ ਕਹਿ ਪ੍ਰੇਮ ਬਿਸਾਲ ਤੇ ਤਨ ਚਾਟਨ ਧਾਰੈ।
ਖੁਸ਼ੀ ਭਈ ਜਿਮ ਪੁੱਤ੍ਰ ਪਰ ਹੁਇ ਮਾਤ ਸਨੇਹਾ।
ਕਰਦ ਪਰਾਂਦਾ ਏਕ ਤਬਿ ਚੂਰੀ ਇਕ

ਦੋਹਾ ॥੩੫॥

-ਸ਼ੇਰ ਖਾਲ ਤੇ ਖਾਲਸਾ ਬਲ ਸੋਂ ਉਪਜਾਵਾ।

ਤੇਜ ਸ਼ੇਰ ਕੋ ਅੱਗ੍ਰ ਹੁਇ ਪੀਛੇ ਪਛਤਾਵਾ[1]।

[1](ਜਿਵੇਂ) ਸ਼ੇਰ ਦਾ ਤੇਜ ਅੱਗੇ ਹੀ ਹੁੰਦਾ ਹੈ (ਇਸੇ ਤਰ੍ਹਾਂ ਖਾਲਸੇ ਦਾ ਤੇਜ ਅਗੇ ਹੋਵੇਗਾ ਭਾਵ ਪਹਿਲੀ ਝਪਟ ਹੀ ਹੋਵੇਗਾ) ਪਿੱਛੋਂ ਪਛਤਾਵਾ। ਸੌ ਸਾਖੀ ਦਾ ਪਾਠ ਹੈ:-ਪਿਛੇ ਪਛਤਾਵਾ ਉਨਮਾਦ ਵਸਤੁ ਕਾ।

ਹੁਇ ਉਨਮਾਦਹਿ ਵਸਤੁ ਕੋ ਪਛਤਾਵਾ ਸੋਈ[1]।

[1]ਪਦਾਰਥ ਦਾ ਹੰਕਾਰ ਇਹ ਪਛਤਾਵਾ ਹੈ। ਸੋਚਣ ਦੀ ਗਲ ਹੈ ਕਿ ਇਹ ਵਰ ਹੈ ਕਿ ਸ੍ਰਾਪ?।

ਦੈਹੌਂ ਤੇਰੇ ਪੰਥ ਕੋ ਤਨ ਸੰਕਟ ਜੋਈ[1]- ॥੩੬॥

[1]ਤੇਰੇ ਪੰਥ ਨੂੰ ਸਰੀਰ ਦੇ ਦੁੱਖ ਦੇਵਾਂਗੀ।

ਕਹਿ ਕਰਿ ਅੰਤਰ ਧਯਾਨ ਭੀ, ਸੋ ਪੁਰਖ ਸੁਜਾਨਾ।

ਆਯੋ ਤਪਸੀ ਪਿਤਾ ਢਿਗ ਬੰਦਨ ਕੋ ਠਾਨਾ।

ਬੋਲਯੋ ਸੁਨਿਵਰ-ਪੁੱਤ੍ਰ! ਸੁਨਿ ਜਨਮਹੁਂ ਕਲਿ ਮਾਂਹੀ[1]।

[1]ਮੈਂ ਜੰਮਾਂਗਾ।

ਪਿਖੌਂ ਨ ਰਨ, ਬਯ ਅਲਪ ਤੁਵ, ਤਬਿ ਰਹਯੋ ਪਿਤਾ ਈ[1†] ॥੩੭॥

[1]ਮੈਂ (ਤੁਹਾਡੇ) ਜੰਗ ਨਹੀਂ ਦੇਖਾਂਗਾ, ਤੁਹਾਡੀ ਆਯੂ ਛੋਟੀ ਹੋਵੇਗੀ (ਪਰ) ਤਦੋਂ ਮੈਂ ਹੀ ਤੇਰਾ ਪਿਤਾ ਹੋਵਾਂਗਾ। [†]ਪਾ:-ਬਿਤਾ ਹੀ।

ਬਰ ਦੇਵੀ ਤੇ ਜੋ ਲਯੋ ਰੱਖ੍ਯਾ ਕਰਿ ਮੇਰੀ[1]।

[1]ਮੇਰੀ ਰੱਖਿਆ ਕਰਕੇ।

ਤਪੀਅਹਿ ਤਟ ਗੋਦਾਵਰੀ ਲਹਿ ਸ਼ਕਤਿ ਬਡੇਰੀ।

ਗੋਭੀ ਸਮ ਮੁਝ ਤੇ ਭਯੋ[1] ਰਖਿ ਨਾਮ ਗੁਬਿੰਦੰ।

[1]ਲੰਗਰ ਵਤ ਹੋਏ ਹੋ ਮੇਰੇ ਤੇ।

ਦੇਵੀ ਪਦਵੀ ਸਿੰਘ ਕੀ ਤੁਹਿ ਦਈ ਸੁਛੰਦੰ- ॥੩੮॥

ਗਯੋ ਪਿਤਾ ਕੋ ਨਮੋ ਕਰਿ, ਤਪ ਤਹਾਂ ਅਰੰਭਾ[1]।

[1](ਤੇ ਪਿਤਾ ਜੀ ਨੇ) ਤਪ ਉਥੇ ਹੀ ਅਰੰਭਿਆ।

ਐਸੀ ਲਗੀ ਸਮਾਧਿ[1] ਤਬਿ ਸੁਰ ਪਿਖਤਿ ਅਚੰਭਾ।

[1](ਪਿਤਾ ਜੀ ਦੀ) ਸਮਾਧੀ।

ਰਹੀ ਸੁ ਲਗੀ ਸਮਾਧਿ ਹੀ ਮਾਯਾ ਭੀ

[1]ਐਸੀ ਮਾਇਆ ਵਰਤੀ ਕਿ ਸਮਾਧੀ ਹੀ ਲਗੀ ਰਹੀ, ਸੌ ਸਾਖੀ ਦਾ ਪਾਠ:-ਐਸੀ ਮਾਇਆ ਭਈ ਸਮਾਧ ਹੀ

ਐਸੇ[1]। ਰਹੀ।

ਅੰਤਰ ਤੇ[1] ਨਿਕਸੀ ਕਲਾ[2] ਹੁਇ ਸੁਪਨਾ ਜੈਸੇ ॥੩੯॥

[1]ਸ਼ਰੀਰ) ਵਿਚੋਂ। [2]ਸ਼ਕਤੀ (ਆਤਮ ਕਲਾ) ਸੌ ਸਾਖੀ ਦਾ ਪਾਠ:-ਭੀਤਰ ਤੇ ਕਲਾ ਸੁਪਨੇ ਤਰਾਂ ਨਿਕਸ ਜਨਮੀ।

ਗੁਜਰੀ ਭਾਗਣ ਮਾਤ ਭੀ ਜਨਮੀ ਸੁ ਕਲਾ ਹੈ[1]।

[1]ਭਾਗਣ (ਜਿਸ ਦਾ ਦੂਜਾ ਨਾਮ) ਗੁਜਰੀ ਸੀ ਮਾਤਾ ਬਣੀ (ਉਸ ਦੇ ਘਰ) ਉਹ ਕਲਾ ਜਨਮੀ।

ਤੇਗਬਾਹਦਰ ਪਿਤਾ ਸੋ ਤਪ ਅਧਿਕ ਭਲਾ ਹੈ।

ਘੂਰਮ ਲਗੀ ਸਮਾਧਿ[1] ਜਿਸ ਹੋਯੋ ਪਿਤ ਸੋਈ।

[1]ਭਾਰੀ ਗਾੜ੍ਹੀ ਸਮਾਧੀ।

ਬਯ ਬਾਲਿਕ ਹਮ ਕੋ ਤਜਜੋ ਪਰਲੋਕ ਸੁ ਹੋਈ[1] ॥੪੦॥

[1]ਭਾਵ, ਗੁਰੂ ਤੇਗ ਬਹਾਦਰ ਜੀ ਸਾਡੀ ਬਾਲਕ ਉਮਰੇ ਹੀ ਪਰਲੋਕ ਚਲੇ ਗਏ।

ਦੁਸ਼ਟ ਦਮਨ ਮੈਂ ਸੋ ਪੁਰਖ ਗੋਬਿੰਦ ਸਿੰਘ ਹੋਵਾ।

ਤਪਸੀ ਕੇ ਗਣ ਖਾਲਸਾ ਸੰਗਤਿ ਭਈ ਜੋਵਾ।

ਦੇਵੀ ਕੇ ਬਰ ਕੀ ਸ਼ਕਤਿ ਅਬਿ ਬਡ ਬਿਦਤਾਈ।

ਸਤਿਗੁਰ ਕੇ ਤਪ ਕੀ ਸ਼ਕਤ ਹ੍ਵੈ ਕਰਿ ਇਕਥਾਈ† ॥੪੧॥

†ਦੇਵੀ ਦਾ ਇਹ ਪ੍ਰਸੰਗ ਕਵਿ ਜੀ ਪਿਛੇ ਰਾਸਿ ੧੧ ਅੰਸੂ ੫੧ ਵਿਚ ਬੀ ਦੇ ਆਏ ਹਨ। ਬਿੰਧਜਾਚਲ ਤਪਸੀ ਦੇ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਅਵਤਾਰ ਬਚਿੱਤ੍ਰ ਨਾਟਕ ਵਿਚ ਨਹੀਂ, ਸ਼ੇਰ ਦੀ ਖੱਲ ਦਾ ਹਾਲ ਬੀ ਨਹੀਂ ਦੱਸਿਆ। ਉਥੇ ਗੁਰੂ ਜੀ ਨੇ ਹਿਮਾਲਯ ਵਾਲੇ ਹੇਮਕੁੰਟ ਦਾ ਪਤਾ ਦਿਤਾ ਹੈ ਤੇ ਆਪਣੇ ਤਪੱਸੀ ਹੋਣ ਦਾ ਹਾਲ ਆਪ ਦਿਤਾ ਹੈ। ਖਾਲਸਾ ਦੀ ਵਿਤਪਤੀ 'ਸ਼ੇਰ ਦੀ ਖੱਲ ਤੋਂ' ਕਰਨੀ ਅਰਬੀ ਜ਼ੁਬਾਨ ਨਾਲ ਨਾਵਾਕਫੀ ਦੱਸਣੀ ਹੈ, 'ਗੋਬਿੰਦ ਸਿੰਘ' ਪਦ ਦਾ ਮੂਲ 'ਗੋਭੀ' ਦੱਸਣਾ ਸੰਸਕ੍ਰਿਤ ਤੋਂ ਨਾਵਾਕਫੀ ਦੱਸਣੀ ਹੈ। ਐਸੀ ਭੁੱਲ ਕਵੀ ਜੀ ਨਹੀਂ ਕਰ ਸਕਦੇ ਸਨ। ਕਵਿ ਜੀ ਨੇ ਇਹ ਪ੍ਰਸੰਗ ਸੌ ਸਾਖੀ ਦੀ ੧੩ਵੀਂ ਸਾਖੀ ਤੋਂ ਉਲਥਾ ਕੀਤੇ ਹਨ। ਉਹਨਾਂ ਨੇ ਸੌ ਸਾਖੀ ਨੂੰ ਭੋਲੇ ਭਾ ਸਾਰੀ ਸਹੀ ਮੰਨ ਲਿਆ ਹੈ ਜੋ ਅਨੇਕ ਆਖੇਪਾਂ ਨਾਲ ਖਲਤ ਮਲਤ ਹੋ ਚੁੱਕੀ ਸੀ। ਸੌ ਸਾਖੀ ਵਿਚ ੧੩ਵੀਂ ਸਾਖੀ ਦਾ ਆਖੇਪ ਕਰਨ ਵਾਲਾ ਉਸ ਤਰ੍ਹਾਂ ਦਾ ਲੱਲ੍ਹੀਆਂ ਲਾਉਣ ਵਾਲਾ ਜਾਪਦਾ ਹੈ ਜਿਸ ਤਰ੍ਹਾਂ ਦਾ ਲੇਖਕ ਸਾਡੇ ਸਮੇਂ 'ਬਿਜੈ ਮੁਕਤ' ਦੀਆਂ ਸਾਖੀਆਂ ਘੜਨ ਵਾਲਾ ਇਕ ਜੱਟ ਹੋਇਆ ਹੈ, ਜਿਸ ਨੂੰ ਅਸਾਂ ਆਪ ਡਿੱਠਾ ਹੈ ਤੇ ਵਾਰਤਾਲਾਪ ਕੀਤੀਆਂ ਹਨ, ਜਿਸ ਨੇ ਬਿਜੈ ਮੁਕਤ ਤੇ ਇਕ ਹੋਰ ਗ੍ਰੰਥ ਸਾਖੀਆਂ ਰਲਾ ਮਿਲਾਕੇ ਰਚ ਧਰੇ ਸਨ। ਪ੍ਰਯੋਜਨ ਉਸ ਦਾ ਗੁਰ ਮਰਯਾਦਾ ਦੇ ਪ੍ਰਚਾਰ ਦਾ ਸੀ ਪਰ ਲੇਖ ਮਨੋਕਤ ਤੇ ਲੱਲ੍ਹੀਆਂ ਲਾਉਣ ਦੇ ਬਹੁਤ ਮਨੋਂ ਘੜ ਕੇ ਉਸ ਨੇ ਪਾਏ ਸਨ।

ਦੋਹਰਾ:

ਦ੍ਵੈ ਸ਼ਕਤੀ[1] ਇਕ ਹੀ ਲਖਹੁ, ਸਿਰਜਨੋ ਪੰਥ ਬਿਸਾਲ।'

[1]ਦੋ ਸ਼ਕਤੀਆਂ:-੧ ਗੁਰੂ ਤੇਗ ਬਹਾਦੁਰ ਜੀ ਦੇ ਤਪ ਦੀ ਸ਼ਕਤੀ ਤੇ ੨ ਦੇਵੀ ਸ਼ਕਤੀ। ਆਖੇਪਕਾਰ ਨੇ ਕਿਸ ਚਤੁਰਾਈ ਨਾਲ ਗੁਰੂ ਸ਼ਕਤੀ ਵਿਚ ਦੇਵੀ ਸ਼ਕਤਿ ਰਲਾਈ ਹੈ।

ਇਮ ਪਾਹੁਲ ਕੇ ਭੇਦ ਕੋ, ਭਾਖਯੋ
ਸਿੱਖਨਿ ਨਾਲ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਗੁਰ ਬੂਝਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਹੁਸ਼ਨਾਕ ਸਿੰਘ, ਫ੍ਰੰਗੀ, ਫਰਾਂਸੀਸੀ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਰਾਮਕੁਇਰ ਲਿਖਵਾਵਈ, ਸਤਿਗੁਰ ਕੋ ਇਤਿਹਾਸ।
ਕਹੈ 'ਲਿਖਾਰੀ! ਲਿਖਹੁ ਅਬਿ, ਗੁਰ ਕੇ ਵਾਕ ਪ੍ਰਕਾਸ਼' ॥੧॥

ਨਿਸ਼ਾਨੀ ਛੰਦ:

[1]ਸ੍ਰੀ ਗੁਰ ਮੁਖ ਤੇ ਸੁਨਜੋਂ[†] ਜਿਮ, ਸੋ ਮੈਂ ਲਿਖਵਾਵੌਂ।
ਅਕਥ ਕਹਾਣੀ ਗੁਰੂ ਕੀ, ਕੁਛ ਭੇਦ ਨਾ ਪਾਵੌਂ।
ਏ ਸਭਿ ਕਥਾ ਸੁਨਾਇ ਕਰਿ, ਉਠਿ ਸਤਿਗੁਰ ਚਾਲੇ।
ਮੰਦਿਰ ਊਚੇ ਪਰ ਚਢੇ, ਮੈਂ ਪੀਛੇ ਨਾਲੇ ॥੨॥

[1]ਭਾਈ ਰਾਮ ਕੁਇਰ ਜੀ ਕਹਿੰਦੇ ਹਨ। [†]ਪਾ:-ਭਨਜੋਂ।

ਥਿਰ ਹ੍ਵੈ ਕਰਿ ਥਲ ਰੁਚਿਰ ਪਰ, ਕਰਿ ਖ਼ੁਸ਼ੀ ਬਿਸਾਲਾ।
ਕਹਿੰ 'ਬੁਢਿਆ ਬੁੱਢਾ ਹੁਵੀਂ, ਬਯ ਰਹਿ ਚਿਰਕਾਲਾ[1]।
ਤੇਰੋ ਘਰ ਜਬਿ ਪਾਰ ਹ੍ਵੈ ਹਮਰੋ ਸੁ ਉਰਾਰਾ।
ਤੇਰੋ ਹੋਇ ਉਰਾਰ ਜਬਿ, ਹਮਰੋ ਤਬਿ ਪਾਰਾ[†]' ॥੩॥

[1]ਹੇ ਬੁਢੇ ਹੀ ਬੰਮ....। (ਅ) ਹੇ ਬੁਢਿਆ ਬੁੱਢਾ ਹੋਵੇਂਗਾ ਤੇਰੀ ਚਿਰ ਸਮੇਂ ਤੱਕ ਆਯੂ ਰਹੇਗੀ।

[†]ਸੌ ਸਾਖੀ ਦਾ ਪਾਠ ਹੈ:-ਤੇਰਾ ਘਰ ਪਾਰ ਸਾਡਾ ਉਰਾਰ। ਸਾਡਾ ਘਰ ਪਾਰ ਤੇਰਾ ਉਰਾਰ। ਇਸ ਦਾ ਭਾਵ ਇਹ ਹੈ ਕਿ ਜਦ ਤੂੰ ਪਾਰ (= ਪਰਲੋਕ) ਵੱਸਦਾ ਸੈਂ ਤਾਂ ਅਸੀਂ ਉਰਾਰ (= ਇਸ ਲੋਕ ਵਿਚ) ਆ ਗਏ ਹੋਏ ਤੇ ਵੱਸ ਰਹੇ ਸਾਂ। ਹੁਣ ਸਮਾਂ ਆ ਰਿਹਾ ਹੈ ਕਿ ਤੇਰਾ ਨਿਵਾਸ ਉਰਾਰ (= ਇਸ ਲੋਕ ਵਿਚ) ਰਹੇਗਾ, ਤੇ ਅਸੀਂ ਪ੍ਰਲੋਕ ਚਲੇ ਜਾਵਾਂਗੇ। ਰਾਮ ਕੌਰ ਜੀ ਦਸਮੇਸ਼ ਜੀ ਤੋਂ ਛੇ ਕੁ ਬਰਸ ਛੋਟੇ ਸਨ (ਦੇਖੋ ਰੁ: ੧ ਅੰਸੂ ੫ ਅੰਕ ੫) ਇਥੇ ਪ੍ਰਸੰਗ ਹੈ ਕਿ ਬੁਢਿਆ ਤੇਰੀ ਉਮਰ ਬੁੱਢੀ ਹੋਵੇਗੀ ਤੂੰ ਚਿਰਕਾਲ ਰਹੇਂਗਾ। ਸੋ ਰਾਮਕੌਰ ਜੀ ਗੁਰੂ ਸਾਹਿਬ ਜੀ ਤੋਂ ਪਿੱਛੋਂ ਲਗ ਪਗ ੫੩ ਬਰਸ ਜੀਵੇ। ਆਪ ਦਾ ਚਲਾਣਾ ੧੮੧੮ ਦੇ ਲਗ ਪਗ ਹੋਇਆ। (ਅ) ਇਸ ਵਾਕ ਦੇ ਦੋ ਅਰਥ ਹੋਰ ਲਾਉਂਦੇ ਹਨ:-ਤੇਰਾ ਘਰ ਰਮਦਾਸ ਸਤਲੁਜੋਂ ਪਾਰ ਸਾਡਾ ਅਨੰਦਪੁਰ ਉਰਾਰ। ਅਗੋਂ ਨੂੰ ਤੋਂ ਉਰਾਰ ਏਸੇ ਪੰਜਾਬ ਵਿਚ ਤੇ ਅਸੀਂ ਪਾਰ = ਦਖਣ ਵਿਚ ਜਾ ਰਹਾਂਗੇ। ਦੂਸਰਾ ਅਰਥ:-ਤੇਰਾ ਘਰ ਰਾਤ ਨੂੰ ਜਦ ਪਰੇ ਹੋਵੇਗਾ ਸਾਡਾ ਉਰੇ ਹੋਵੇਗਾ। ਦਿਨ ਚੜ੍ਹੇ ਜਦ ਤੂੰ ਉਰੇ ਆਵੇਂਗਾ ਸਾਡਾ ਪਰੇ ਨਦੀ ਦੇ ਕਿਨਾਰੇ ਹੋਵੇਗਾ, ਪਰ ਇਹ ਦੋਇ ਅਰਥ ਅਪ੍ਰਸੰਗਕ ਹਨ। ਪ੍ਰਸੰਗ ਬੁੱਢੇ (ਰਾਮ ਕੌਰ ਜੀ) ਦੇ ਵਡੀ ਉਮਰ ਵਾਲੇ ਹੋਣ ਦਾ ਚਿਰਕਾਲ ਜੀਉਣ ਦਾ ਹੈ। ਉਪਰ ਦਿਤੇ ਅਰਥ ਦੀ ਪ੍ਰੌਢਤਾ ਸੌ ਸਾਖੀ ਦੀ ਪਹਿਲੀ ਸਾਖੀ ਦੇ ਇਸ ਵਾਕ ਤੋਂ ਬੀ ਹੋ ਜਾਂਦੀ ਹੈ। 'ਕ੍ਰਿਸ਼ਨ ਨੂੰ ਉਧੋ ਰੱਖਕੇ ਆਪ ਚਲੇ ਗਏ ਥੇ, ਗੁਰੂ ਕੇ ਭਾਈ ਗੁਰਬਖਸ਼ ਸਿੰਘ ਨੂੰ ਰੱਖਕੇ ਪ੍ਰਲੋਕ ਸਿਧਾਰਨਗੇ। '

ਤੀਨਵਾਰ ਇਮ ਬਾਕ ਕਰਿ, ਅਵਲੋਕਜੋ

ਨਾਥਾ।
ਢਾਲ ਕਟਾਰੀ ਕਰਦ ਇਕ, ਬਖਸ਼ੀ ਨਿਜ ਹਾਥਾ।
ਕਰਿ ਪਗ ਪੰਕਜ ਬੰਦਨਾ, ਆਯੋ ਨਿਜ ਡੇਰੇ।
ਸੁਪਤਿ ਬਿਤਾਈ ਜਾਮਨੀ, ਪੁਨ ਉਠਾ ਸਵੇਰੇ ॥੪॥
†ਸੌਚ ਸ਼ਨਾਨਹਿ ਠਾਨਿ ਕੈ, ਮੈਂ ਦਰਸ਼ਨ ਹੇਤਾ।
ਗਯੋ ਜਬਹਿ ਦੇਖੇ ਨਹੀਂ, ਤਹਿਂ ਕ੍ਰਿਪਾ ਨਿਕੇਤਾ।
ਸੁਨਜੋ ਗਏ ਸਰਿਤਾ ਨਿਕਟ, ਮੈਂ ਤਿਤਹਿ ਪਯਾਨਾ।
ਦੌਰੇ ਅਵਾਤਿ ਸਿਖ ਤਹਾਂ, ਤਿਨ ਸੰਗ ਬਖਾਨਾ ॥੫॥
'ਕਿਤ ਸਤਿਗੁਰ ਇਸ ਸਮੇਂ ਮੈਂ? ਤੁਮ ਕਜੋਂ ਅਸ ਧਾਏ?
ਕਿਸ ਕਾਰਜ ਕੇ ਹੇਤੁ ਕਰਿ ਏਤਿਕ ਉਤਲਾਏ।'
ਕਹਜੋ ਸਭਿਨਿ: 'ਪ੍ਰਭੁ ਆਜ ਇਤ, ਕੁਛ ਫਿਰਜੋ ਸੁਭਾਊ।
ਈਟ ਢੀਮ ਪਾਹਨ ਹਤਹਿਂ, ਨਹਿਂ ਕਰਤਿ ਬਚਾਊ' ॥੬॥
ਸੁਨਤਿ ਉਤਾਇਲ ਮੈਂ ਗਯੋ, ਗੁਰ ਦਰਸ਼ਨ ਕੀਨੇ।
ਚਮਰਦਾਰ ਇਕ ਸਿਖ ਨਿਕਟ, ਤਟ ਨਦੀ ਅਸੀਨੇ।
ਅਪਰ ਨਿਕਟਿ ਕੋ ਨਹਿਂ ਰਹਜੋ, ਪਿਖਿ ਮਾਰ ਪਲਾਏ।
ਜਾਇ ਕਰੀ ਮੈਂ ਬੰਦਨਾ, ਪਦ ਸੀਸ ਨਿਵਾਏ ॥੭॥

†ਏਥੋਂ ਸੌ ਸਾਖੀ ਦੀ ੪ਵੀਂ ਸਾਖੀ ਚੱਲੀ।

ਸੰਗਤਿ ਸਿੱਖ ਸਮੀਪ ਨਹਿਂ[1], ਮੁਖ ਬਾਕ ਉਚਾਰਾ।
'ਨਾ ਸੋਇਆ ਨਾ ਜਾਗਿਆ, ਨਾ ਕਰੀ ਪੁਕਾਰਾ[†]।'
ਇਸੀ ਤੌਰ ਮਹਿਂ ਦਿਨ ਸਕਲ, ਜਬਿ ਦਿਯੋ ਬਿਤਾਈ।
ਦਿਨ ਕਰ ਪਹੁੰਚਜੋ ਬਰਨ ਦਿਸ਼ਿ[1], ਸੰਧਜਾ ਤਮ ਛਾਈ ॥੮॥
ਇਕ ਸ਼ੁਨਾਕ ਸਿੰਘ ਭੈ ਬਿਨਾ ਢਿਗ ਰਹਜੋ ਥਿਰੈ ਕੈ।
ਹੁਤੋ ਸਿਰੰਦੀ[1] ਧੀਰ ਉਰ, ਨਹਿਂ ਗਯੋ ਪਲੈ ਕੈ।
ਸੰਭਲ ਬੋਲੇ ਹੋਸ਼ ਧਰਿ, ਜਿਮ ਪ੍ਰਥਮ ਸੁਭਾਊ[1]।
ਚਮਰਦਾਰ ਤਿਤ ਚੀਨਿ ਕੈ, ਬੂਝਨਿ ਚਿਤ ਚਾਊ ॥੯॥
ਤਜਿ ਗਿਨਤੀ ਬਿਨਤੀ ਕਰੀ 'ਪ੍ਰਭੁ ਬਚਨ ਸੁਨਾਵੋ।
ਇਹ ਭਾਣਾ ਕਿਸੁ ਰੀਤਿ ਕਰਿ[1], ਦਾਸਨਿ ਬਤਲਾਵੋ?
ਤਨ ਮਨ ਧਨ ਅਰਪੌਂ ਤਿਸੈ, ਮੇਲੇ ਗੁਰ ਮੋਹੀ।
ਸੋ ਤੌਂ ਗੁਰ ਪ੍ਰਾਪਤਿ ਭਏ, ਸਗਰੀ ਬਿਧਿ ਹੋਹੀ ॥੧੦॥
ਹਮ ਵਣਜਾਰੇ ਸਿੱਖ ਹੈਂ, ਨਹਿਂ ਸੁਮਤਿ ਬਿਸਾਲਾ।
ਬਿਦਤ ਹੋਇ ਤੁਕ ਕੋ ਅਰਥ, ਜਿਮ ਲਖਹਿਂ ਸੁਖਾਲਾ[1]।'
ਗੁਰ ਸ੍ਰਬੱਗ ਸ੍ਰੀ ਬਦਨ ਤੇ, ਬਡ ਗੂੜ੍ਹ ਪ੍ਰਸੰਗਾ।
ਭੂਤ ਭਵਿੱਖਜਤ ਭਯੋ ਹੁਇ, ਜਿਮ ਨੀਚ ਉਤੰਗਾ[1] ॥੧੧॥

[1]ਸੰਗਤ ਅਤੇ ਸਿੱਖ ਨੇੜੇ ਨਹੀਂ ਸੀ (ਤਦੋਂ)।
[†]ਸੌ ਸਾਖੀ ਵਿਚ ਇਸਦੇ ਨਾਲ ਦੂਜੀ ਤੁਕ ਬੀ ਹੈ:-ਬੁਢੇ ਨਰ ਨਾਰੀ ਜੁਵਤਿ ਦਾਬੈ ਅਸੁਰ ਕੁਵਾਰਿ।
[1]ਸੂਰਜ ਪੱਛੋਂ ਵਲ ਪੁੱਜਾ।
[1]ਸਰਹਿੰਦ ਦਾ ਵਾਸੀ।
[1]ਜਿਵੇਂ ਪਹਿਲੇ ਸੁਭਾਉ ਸੀ ਤਿਵੇਂ (ਸੰਧਜਾ ਵੇਲੇ) ਗੁਰੂ ਜੀ ਗੱਲਾਂ ਬਾਤਾਂ ਕਰਨ ਲਗ ਪਏ।
[1]ਕੀਤਾ ਹੈ।
[1]ਜਿਸ ਤਰ੍ਹਾਂ ਸੁਖਾਲਾ (ਅਸੀਂ) ਜਾਣ ਲਈਏ।
[1]ਜਿਵੇਂ ਨੀਵਾਂ ਉੱਚਾ ਹੋਣਾ ਹੈ।

ਕਰਜੋ ਸੁਨਾਵਨਿ ਸਕਲ ਹੀ, ਦਾਸਨਿ ਸਮੁਝਾਯੋ।
'ਸਿਖ ਸੰਗਤਿ ਬਿਨ ਸਿਦਕ ਕੇ ਮਨ ਕੋ ਭਰਮਾਯੋ।
ਭਈ ਦੂਰ ਉਰ ਭਾਵਨਾ, ਬੇਮੁਖ ਮਤਿ ਧਾਰੀ।
ਇਸ ਕੌ ਫਲ ਦੁਖ ਲਹੈਂਗੇ, ਝੁਰ ਹੈਂ ਕਰ ਝਾਰੀ[1] ॥੧੨॥
ਬੇਮੁਖ ਹੁਇ ਸੰਗਤਿ ਮਰਹਿ, ਤਜਿ ਪ੍ਰਾਨ ਸਿਧਾਏ।
ਮਮ ਸਿੱਖਨ ਕੇ ਧਾਮ ਮਹਿਂ, ਪੁਨ ਉਪਜਹਿ ਜਾਏ।
ਮੋ ਸੰਗ ਘਾਲੀ ਘਾਲ ਕੁਛ, ਤਿਸ ਕੋ ਫਲ ਪੈ ਹੈਂ।
ਛਿਤਪਤਿ ਹੁਇ ਤਮ ਤਾਰ ਸਭਿ[1], ਕੋ ਚਾਕਰ ਹ੍ਵੈ ਹੈਂ ॥੧੩॥
ਸੁਤਿ ਬਨਿਤਾ ਪਰਵਾਰ ਜੁਤਿ, ਜਿਮ ਜਾਲ ਬਿਸਾਲੇ।
ਫਸੇ ਮੀਨ ਕੀ ਰੀਤਿ ਨਿਤ, ਨਿਕਸੈਂ ਨ ਦੁਖਾਲੇ।
ਸੰਕਟ ਪਹੁੰਚੈ ਆਨ ਤਬਿ, ਕੁਛ ਹ੍ਵੈ ਨ ਉਪਾਯਾ।
ਤਬਿ ਜਾਨਹਿੰਗੇ ਸਚ ਭਯੋ, ਗੁਰ ਕੋ ਫੁਰਮਾਯਾ ॥੧੪॥
ਸੁਨਿ ਸ਼ੁਨਾਕਸਿੰਘ! ਪ੍ਰਥਮ ਕੋ, ਜਿਮ ਭਯੋ ਬ੍ਰਿਤੰਤਾ[1]।
ਸੰਘਰ ਭੈਰਵ ਜਬਿ ਰਚਯੋ, ਦੇਵੀ ਬਲਵੰਤਾ।
ਮਰੇ ਕਰੋਰਹੁਂ ਹੇਰਿ ਕਰਿ, ਭਾਜੇ ਧਰਿ ਤ੍ਰਾਸਾ।
ਅਸੁਰ ਬਚੇ ਕੇਤਿਕ ਤਬੈ, ਕਿਯ ਬਾਸ

[1]ਹੱਥ ਝਾੜਕੇ। (ਅ) ਸਮੂਹ।

[1]ਸਭ ਛੋਟੇ ਵੱਡੇ ਰਾਜੇ ਹੋਣਗੇ।

[1]ਸੁਨ ਹੇ ਸ਼ੁਨਾਕ ਸਿੰਘ ਪਹਿਲੋਂ ਦਾ ਜਿਵੇਂ ਬਰਤੰਤ ਹੋ ਚੁੱਕਾ ਹੈ।

ਅਵਾਸਾ ॥੧੫॥
[†]ਭ੍ਰਿਗੁ ਬੰਸ ਮਹਿਂ ਭਾਰਗਵ, ਮੌਡੀ ਤਿਸ ਨਾਮੁ।
ਹਾਰੇ ਅਸੁਰ ਨਿਹਾਰਿ ਕੈ, ਗਮਨਜੋਂ ਤਿਨ ਧਾਮੁ[1]।

[1]ਮੌਡੀ ਉਹਨਾਂ ਦੇ ਘਰ ਗਿਆ। ਪਰ ਸੌ ਸਾਖੀ ਮੁਜਬ ਅਸੁਰ ਉਸ ਦੇ ਘਰ ਗਏ।

[†]ਇਨ੍ਹਾਂ ਦੋਂਹ ਤਿੰਨਾਂ ਸਤਰਾਂ ਦਾ ਅਰਥ ਸੌ ਸਾਖੀ ਤੋਂ ਸਪਸ਼ਟ ਹੁੰਦਾ ਹੈ, ਕਵਿ ਜੀ ਦੀ ਰਚਨਾਂ ਤੋਂ ਟਪਲਾ ਲਗ ਜਾਂਦਾ ਹੈ। ਸੌ ਸਾਖੀ ਦਾ ਪਾਠ ਹੈ: 'ਭਾਗ ਕੇ ਅਸੁਰਾਂ ਜਾਇ ਕਹਿਆ। ਭਾਰਗਵ ਮੌਡੀ ਥਾ ਗੁਰੂ ਅਸੁਰਾਂ ਕਾ। ਉਨ ਕਹਿਆ ਡਰੋ ਨਹੀਂ ਤਪ ਕਰ ਰਾਜ ਰੱਖ ਦਿਖਾਵਾਂਗਾ'। ਇਸ ਦਾ ਭਾਵ ਇਹ ਹੈ ਕਿ ਦੈਂਤ ਨੱਸਕੇ ਆਪਣੇ ਗੁਰੂ ਪਾਸ ਗਏ ਉਹਨਾਂ ਦਾ ਗੁਰੂ ਭ੍ਰਿਗੁ ਦਾ ਲੜਕਾ (ਸ਼ੁਕ੍ਰਾਚਾਰਯ) ਸੀ ਉਸ ਨੇ ਕਿਹਾ ਡਰੋ ਨਾ ਮੈਂ ਤਪ ਕਰਕੇ ਰਾਜ ਬਚਾ ਦਿਆਂਗਾ। [ਕਵਿ ਜੀ ਨੇ ਮੌਡੀ ਉਸ ਦਾ ਨਾਮ ਦਿਤਾ ਹੈ, ਮੌਡੀ ਦਾ ਅਰਥ ਹੈ ਮੁੰਡਾ, ਪੁੱਤ੍ਰ, ਇਹ ਨਾਮ ਨਹੀਂ ਹੈ। ਭ੍ਰਿਗੁ ਨਾਮ ਇਕ ਰਿਸ਼ੀ ਦਾ ਹੈ ਜੋ ਸੱਤ ਰਿਖੀਆਂ ਵਿਚੋਂ ਸੀ। ਵਿਸ਼ਨੂੰ ਦੀ ਛਾਤੀ ਵਿਚ ਲੱਤ ਇਸੇ ਨੇ ਮਾਰੀ ਸੀ, ਪਰਸਰਾਮ ਇਸੇ ਦਾ ਵੰਸ਼ਜ ਸੀ, ਸੰਸਾਰ ਦੀ ਰਚਨਾ ਬੀ ਇਸੇ ਤੋਂ ਮੰਨਦੇ ਹਨ। ਇਸ ਦੀ ਉਤਪਤੀ ਬ੍ਰਹਮਾਂ ਤੋਂ ਮੰਨਦੇ ਹਨ ਜਿਸ ਦਾ ਪਾਤ ਹੋਇਆ ਬੀਰਜ ਸੂਰਜ ਨੇ ਅਗਨੀ ਵਿਚ ਪਾਇਆ, ਉਸ ਅਗਨੀ ਵਿਚੋਂ ਭ੍ਰਿਗੁ ਜਨਮਿਆਂ ਸੀ। ਇਸ ਦਾ ਪੁੱਤ੍ਰ ਸ਼ੁਕ੍ਰ ਸੀ ਜੋ ਦੈਂਤਾਂ ਦਾ ਗੁਰੂ ਹੋਇਆ। ਇਸ ਕਰਕੇ ਭ੍ਰਿਗੁ ਤੇ ਭਾਰਗਵ ਪਦ ਸ਼ੁਕ੍ਰ ਵਾਸਤੇ ਬੀ ਵਰਤਦੇ ਹਨ]।

ਗੁਰੂ ਹੁਤੋ ਰੱਖ੍ਯਾ ਕਰਤਿ, ਤਪ ਕੋ ਬਲ ਭਾਰੇ।
ਮਹਾਂ ਸ਼ਕਤ ਕੋ ਧਰਤਿ[1] ਜੋ, ਬਾਂਛਤ - ਸੁਖਧਾਰੇ- ॥੧੬॥

[1]ਮਹਾਂ ਸ਼ਕਤ ਜੋ ਧਾਰਦਾ ਸੀ।

ਕਰਿ ਕਿੱਤ੍ਰ ਸਿਖ ਆਪਨੇ, ਭਾਖ੍ਯੋ ਧ੍ਰਿਤ ਹੇਤਾ।
-ਤ੍ਰਾਸ ਨ ਕਰੀਐ ਰਿਦੈ ਮਹਿਂ, ਲਖਿ ਲੁਟੇ ਨਿਕੇਤਾ[1]।

[1]ਘਰ ਲੁਟੇ ਜਾਣਕੇ।

ਮੈਂ ਸਹਾਇਤਾ ਬਹੁ ਕਰੌਂ, ਸੁਧਰੈ ਸਭਿ ਕਾਜੁ।
ਤਪ ਕੋ ਤਪੌਂ ਬਿਸਾਲ, ਮੈਂ ਰਾਖੌਂ ਤੁਮ ਰਾਜੁ ॥੧੭॥
ਸਭਿ ਮੇਰੇ ਜਜਮਾਨ ਰਹੁ, ਰਣ ਭਾ ਅਪਮਾਨਾ[1]।

[1]ਜੰਗ ਵਿਚ ਤੁਹਾਡਾ ਅਨਾਦਰ ਹੋਇਆ ਹੈ।

ਸਹਿ ਨ ਸਕੌਂ ਮਨ ਆਪਨੇ, ਤੁਮ ਕੋ ਦੁਖ ਨਾਨਾ।
ਐਸ਼੍ਵਰਜ ਸਰਬ ਪ੍ਰਕਾਰ ਕੋ, ਪੂਰਬ ਸਮ ਹੋਵੈ।
ਲੈ ਹੌ ਅਵਨੀ ਰਾਜ ਕੋ, ਮਮ ਤਪ ਰਿਪੁ

[1]ਮੇਰਾ ਤਪ ਵੈਰੀਆਂ ਨੂੰ ਨਾਸ਼ ਕਰੇਗਾ।

ਖੋਵੈ[1]- ॥੧੮॥
ਇਮ ਦੇ ਧੀਰਜ ਸਰਬ ਬਿਧਿ, ਤਪੁ ਕੀਨਿ ਬਿਲੰਦਾ।
ਅਨਿਕ ਕਸ਼ਟ ਤਨ ਪਰ ਸਹੇ, ਬ੍ਰਿਤ ਆਦਿ ਅਮੰਦਾ[1]।
ਚਿਰੰਕਾਲ ਬੀਤਜੋ ਜਬੈ, ਭਾ ਦ੍ਵਾਪਰ ਅੰਤਾ।
ਤਪ ਕੋ ਤਜਾਗਤਿ ਬਲ ਦਯੋ, ਜੇ ਅਸੁਰ ਅਨੰਤਾ[1] ॥੧੯॥
ਤਿਸ ਕੇ ਤਪ ਕੋ ਬਲ ਧਰਜੋ, ਲੀਨਸਿ ਤਬਿ ਰਾਜੂ[1]।
ਤੂਰਜ[1] ਸੰਗਜਾ ਅਸੁਰ ਭੇ, ਬਡ ਬਧਜੋ ਸਮਾਜੂ।
ਧਰਮ ਕਰਮ ਕੋ ਪਰਬ੍ਰਿਤੇ, ਜਗ ਆਦਿ ਸੰਭਾਰੇ।
ਕਰਹਿਂ ਹਮਨ ਕੋ ਅਨਿਕ ਬਿਧਿ, ਘ੍ਰਿਤ ਆਦਿਕ ਡਾਰੇ ॥੨੦॥
ਖੁਸਜੋ ਸੁਰਨਿ ਕੋ ਧਰਮ ਜਬਿ, ਤਪ ਮਖ ਤੇ ਆਦੂ।
ਭਏ ਨਿਰਾਸੀ ਸੋਚਿ ਬਸਿ, ਮਿਲ ਕਰੈਂ ਬਿਖਾਦੂ।
ਕੋ ਉਪਾਵ ਪਾਯੋ ਨਹੀਂ, ਝੁਰਤਿ ਸਮੁਦਾਏ।
ਕਮਲਾਸਨ[1] ਕੇ ਪਾਸ ਕੋ, ਸਭਿ ਸ਼ਰਨ ਸਿਧਾਏ ॥੨੧॥
ਕਸ਼ਟ ਨਿਵੇਦਨ ਕੋ ਕਰਜੋ, ਬਹੁ ਬਿਨਤਿ ਉਚਾਰੀ।
-ਧਰਮ ਸੰਭਾਰਜੋ ਅਸੁਰ ਗਨ, ਕੀਜਹਿ ਰਖਵਾਰੀ।
ਨਮੋ ਨਮੋ ਹੇ ਚਤਰਮੁਖ! ਧਾਤਾ,

[1]ਇਕ ਰਸ।

[1]ਬਿਅੰਤ ਅਸੁਰਾਂ ਨੂੰ ਬਲ ਦਿਤਾ।

[1](ਦੈਂਤਾਂ ਨੇ) ਰਾਜ ਲਿਆ ਤਦ।

[1]ਫਰੇਦੂੰ ਪਾਤਸ਼ਾਹ ਦੇ ਬੜੇ ਬੇਟੇ ਦਾ ਨਾਮ ਜਿਸ ਦੇ ਨਾਮ ਪਰ 'ਤੂਰਾਨ' ਦੀ ਵਲਾਇਤ ਬਣੀ। ਈਰਾਨ ਦੇਸ਼ ਤੇ ਉਤਰ ਨੂੰ ਆਕਸਸ ਨਦੀ ਤੋਂ ਪਾਰਲਾ ਦੇਸ਼ ਤੂਰਾਨ ਹੈ। ਈਰਾਨ ਤੂਰਾਨ ਮੁਹਾਵਰੇ ਵਿਚ ਕੱਠਾ ਬੋਲਦੇ ਹਨ।

[1]ਬ੍ਰਹਮਾ।

[1]ਬ੍ਰਹਮਾ ਦੇ ਨਾਮ ਹਨ ਤਿੰਨੇ।

ਕਰਤਾਰਾ[1]।
ਨਮੋ ਨਮੋ ਸਮਰਥ ਹੋ, ਕੀਜਹਿ ਉਪਚਾਰਾ- ॥੨੨॥
ਸੁਨਿ ਬਿਨਤੀ ਸਭਿ ਸੁਰਨ ਕੀ, ਉਰ ਦ੍ਰੂਹਣ[1] ਬਿਚਾਰਾ।
-ਤਪ ਮੌਂਡੀ ਕੇ ਅਧਿਕ ਤੇ, ਹੋਯਸਿ ਬਲ ਭਾਰਾ-।
-ਸੁਨਹੁਂ ਦੇਵਤਾ ਮਮ ਗਿਰਾ, ਸਭਿ ਬਿਸ਼ਨੁ ਅਰਾਧੋ।
ਪ੍ਰਭੁ ਬਿਨੁ ਨਹਿਂ ਉਪਚਾਰ ਹ੍ਵੈ, ਜਿਨ ਬੁੱਧਿ ਅਗਾਧੋ ॥੨੩॥
ਚਲਹੁ ਸ਼ਰਨਿ ਤਿਨ ਕੀ ਸਕਲ, ਮੈਂ ਤੁਮਰੇ ਸਾਥਾ-।
ਇਮ ਕਹਿ ਕੀਨਿ ਅਰਾਧਨਾ, -ਹੇ ਪ੍ਰਭੁ ਜਗਨਾਥਾ!
ਰੱਛ ਰੱਛ ਸ਼ਰਨਾਗਤੀ, ਇਹੁ ਬਿਰਦ ਤੁਮਾਰਾ।
ਸਕਲ ਜਗਤ ਕੇ ਸਦ ਧਨੀ, ਕਰਤਾਰ ਉਦਾਰਾ ॥੨੪॥
ਅਸੁਰਨਿ ਤੇ ਉਪਚਾਰ ਕਰਿ, ਸ਼ੁਭ ਕਰਮ ਛੁਟਾਵਹੁ।
ਨਤੁ ਥਿਰ ਹ੍ਵੈ ਕਰਿ ਧਰਮ ਕੋ, ਬਿਧਿ ਕਵਨਿ ਹਰਾਵਹੁ[1]-।
ਇੱਤ੍ਯਾਦਿਕ ਬ੍ਰਹਮਾਦਿ ਸੁਰ, ਬਹੁ ਬਿਨੈ ਬਖਾਨੀ।
ਰੀਝੇ ਕਸ਼ਟ ਨਿਕੰਦ ਭੇ, ਭਾਖੀ ਨਭ ਬਾਨੀ[1] ॥੨੫॥
-ਮਤਿ ਚਿੰਤਾ ਉਰ ਮਹਿਂ ਕਰਹੁ, ਠਾਨਹੁ ਉਪਚਾਰਾ।
ਜਿਸ ਤੇ ਅਸੁਰ ਬਿਨਾਸ਼ ਹੁਇਂ, ਹਿਤ ਕਰੌਂ ਤੁਮਾਰਾ-।

[1]ਬ੍ਰਹਮਾਂ ਨੇ।

[1]ਨਹੀਂ ਤਾਂ (ਰਾਖਸ਼) ਧਰਮ ਵਿਚ ਇਸਥਿਤ ਹੋਣਗੇ ਉਹਨਾਂ ਨੂੰ ਕਿਸ ਤਰ੍ਹਾਂ ਹਰਾਵਾਂਗੇ।

[1]ਆਕਾਸ਼ ਬਾਣੀ।

ਸੁਨਿ ਨਭ ਬਾਨੀ ਕਿਯ ਨਮੋਂ, ਹਰਖੇ
ਸਮੁਦਾਯਾ।
ਗਏ ਸਦਨ ਸਭਿ ਆਪਣੇ, ਚਿਤਵਤਿ
ਹਰਿ ਮਾਯਾ[1] ॥੨੬॥
ਬੀਤਜੋ ਕੇਤਿਕ ਸਮੋਂ ਜਬਿ, ਧਾਰਜੋ
ਅਵਤਾਰਾ।
ਮੂਰਤਿ ਮਹਾਂ ਪਵਿੱਤ੍ਰ ਬਰ, ਬੁਧਿ ਜਾਂਹਿ
ਉਦਾਰਾ।
ਭੇਖ ਬੇਦ ਤੇ ਬਾਹਰਾ, ਮਿਲਿ ਅਸੁਰਨਿ
ਸੰਗਾ।
ਜੱਗ ਕਰਮ ਅਰੁ ਬੇਦ ਕੋ, ਨਿੰਦਤਿ
ਸਰਬੰਗਾ ॥੨੭॥
ਦਰਸ਼ਨ ਦੀਨਸਿ ਸਭਿਨਿ ਕੋ, ਕਹਿ ਬਚ
ਰਮਨੀਕਾ।
ਮੋਹਨ ਕਰਿ ਲੀਨੇ ਸਕਲ, ਟਿਕ ਨਿਸ਼ਚਾ
ਜੀ ਕਾ।
ਬਸੀ ਭਏ ਸਭਿ ਹੀ ਤਬੈ, ਜਿਮ ਕਹੈ
ਕਹਾਵੈ।
ਬਿੱਦਜਾ ਬਿਖੈ ਬਿਸ਼ਾਰਦਾ[1], ਨਿਤ ਮਤਿ
ਉਪਜਾਵੈ ॥੨੮॥
ਚਲੈਂ ਸਕਲ ਤਿਸ ਕਹੇ ਮਹਿਂ, ਸਭਿ
ਧਰਮ ਛੁਟਾਯੋ।
ਨਿੰਦਤ ਕਰਿ ਮਤ ਬੇਦ ਕੋ, ਮਤ ਨਯੋ
ਉਪਾਯੋ।
ਭਯੋ ਧਰਮ ਕੋ ਹੀਨ ਬਲ, ਕਰਿਬੇ[1] ਜਬਿ
ਛੋਰਾ।
ਸਰਬ ਦੇਵਤਾ ਦੇਖਿ ਕਰਿ, ਗਰਜੇ ਇਨ
ਓਰਾ ॥੨੯॥
ਕਰਜੋ ਜੁੱਧ ਕ੍ਰੁੱਧਤਿ ਅਧਿਕ, ਕਰਿ
ਨਿਬਲ ਸੰਘਾਰੇ।
ਭਾਗਜੋ ਤਿਨ ਕੋ ਗੁਰੂ ਤਬਿ, ਜਿਹ ਤਪ
ਬਲ ਭਾਰੇ।

[1]ਮਾਇਆ = ਪਰਮੇਸ਼ੁਰ ਦੀ ਕ੍ਰਿਪਾ।

[1]ਚਤੁਰ।

[1](ਧਰਮ) ਕਰਨਾ।

ਦੁਰਬੇ ਕੌ[1] ਬਹੁ ਥਲ ਫਿਰਜੋ, ਨਹਿਂ ਪਾਯਹੁ ਬਾਸਾ। [1]ਲੁਕਣ ਲਈ।
ਤ੍ਰਿਯਾ ਰਾਜ ਜਿਸ ਦੇਸ਼ ਮਹਿਂ, ਪਹੁੰਚਜੋ ਧਰਿ ਆਸਾ ॥੩੦॥
ਪੁਰਖਾ[1] ਤਹਿ ਦਰਲਭ ਹੁਤੋ, ਚਹਿ ਭੋਗਨਿ ਹੇਤਾ। [1]ਮਾਨੁੱਖ।
ਦੋ ਰਾਣੀ ਤ੍ਰਿਯ ਤਿਨਹੁਂ ਮਹਿਂ, ਰਖਿ ਲਿਯੋ ਨਿਕੇਤਾ।
ਦੋਨਹੁਂ ਸੰਗ ਅਨੰਗ[1] ਤੇ, ਬਹੁ ਭੋਗ ਕਮਾਯੋ। [1]ਕਾਮ।
ਗਰਭ ਧਰਜੋ ਦੋਨਹੁਂ ਤਬੈ, ਬ੍ਰਿੱਧਤਿ ਮਨ ਭਾਯੋ ॥੩੧॥
ਤਜਿ ਕਰਿ ਲਾਗਜੋ ਚਲਨ ਕੋ, ਔਰ ਕਿਤ ਦੇਸ਼ਾ।
ਦੋਨਹੁਂ ਲਾਗੀ ਬੂਝਿਬੇ, ਕਰੀਐ ਉਪਦੇਸ਼ਾ।
'ਬਾਲਕ ਜਨਮੇ ਗਰਭ ਤੇ, ਕਿਮ ਹੁਇ ਪ੍ਰਤਿਪਾਰੇ।
ਧਰਹਿਂ ਕੌਨ ਇਨ ਨਾਮ ਕੋ, ਸੋ ਕਰਹੁ ਉਚਾਰੇ ॥੩੨॥
ਜਿਸ ਥਲ ਤੇਰੋ ਦੇਸ਼ ਹੁਇ, ਜਹਿਂ ਚਾਲਨਿ ਚਾਹਾ।
ਹਮ ਕੋ ਅਰੁ ਨਿਜ ਸੁਤਨ ਕੋ, ਦਿਖਰਾਵਹੁ ਤਾਹਾ।'
ਸੁਨਿ ਕਰਿ ਬ੍ਰਹਮਣ ਅਸੁਰ ਗੁਰ, ਬੋਲਜੋ ਅਭਿਰਾਮੂ।
- ਰਿਖ ਈਸ਼ੁਰ ਤੇ ਹੋਇ ਹੈਂ, ਈਂਸਾ ਇਸ ਨਾਮੂ ॥੩੩॥
ਮੂਸੇ ਹੋਏ[1] ਕਾ ਬੀਜ ਜੋ, ਮੂਸਾ ਹੁਇ ਨਾਮਾ। [1]ਲੁਟੇ ਹੋਏ ਦਾ (ਸ਼ੁਕਰ ਦਾ ਆਪਣੇ ਵਲ ਇਸ਼ਾਰਾ ਹੈ ਕਿਉਂਕਿ ਰਾਜ ਖੁਹਾ ਕੇ ਆਯਾ ਹੈ) [ਮੁਸਨਾ = ਖੋਹੇ ਜਾਣਾ]।
ਇਨ ਦੋਨਹੁਂ ਕੋ ਸ਼ਕਤਿ, ਸਭਿ ਦੀਨਸਿ

ਸੁਖਧਾਮਾ।
ਮਨੁਰਾਜਾ ਕੋ ਦੇਸ਼[1] ਬਰ, ਸੋ ਅਹੈ ਹਮਾਰਾ।
ਇਨ ਕੀ ਸੰਤਤਿ[1] ਵਧੈਗੀ, ਬੁਧਿਵੰਤ ਉਦਾਰਾ ॥੩੪॥
ਧਰਹਿਂ ਓਜ ਕਰਿ ਬਿਜੈ ਕੋ,
ਪਹੁੰਚੈ ਤਿਸੁ ਦੇਸ਼ਾ।
ਭੋਗਹਿਂ ਨਰ ਕੀ ਆਰਬਲ,
ਦਲ ਸੰਚਿ ਵਿਸ਼ੇਸ਼ਾ[1]।
[1]ਫਿਰ ਕਰਿ ਆਵਨ ਤੇ ਇਨਹੁਂ,
ਜਗ ਮੈਂ ਬਿਦਤੈ ਹੈ।
ਨਾਮ ਫਿਰੰਗੀ ਫਰਾਸੀਸੁ,
ਸਭਿ ਮਹਿਂ ਕਹਿਵੈ ਹੈਂ'[†] ॥੩੫॥

[1]ਹਿੰਦੁਸਤਾਨ ਤੋਂ ਮੁਰਾਦ ਹੈ।

[1]ਭਾਵ ਮੂਸੇ ਤੇ ਈਸੇ ਦੀ।

[1]ਪੁਰਸ਼ ਦੀ ਉਮਰ ਭਾਵ ਸੌ ਸਾਲ ਤਕ ਰਾਜ ਕਰਨਗੇ ਫੌਜ ਜੋੜ ਕੇ।

[1]ਫਿਰ ਕਰਕੇ ਜਗਤ ਵਿਚ ਆਵਨ ਤੇ ਏਹ ਸਭਨਾਂ ਵਿਚ (ਫਿਰ+ਅੰਗੀ, ਫਿਰਾ+ਸੀਸ) ਫਿਰੰਗੀ ਤੇ ਫਿਰਾਸੀਸ ਕਹਾਉਣਗੇ। ਸੌ ਸਾਖੀ ਦਾ ਪਾਠ ਹੈ:-ਫਿਰ ਕਰ ਆਏ ਥੇ ਤਾਂ ਫਿਰੰਗੀ ਫਰਾਂਸੀਸ ਕਹਾਂਵੇਂਗੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਗੁਰ ਭਵਿੱਖਤ ਕਹਿਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

[†]ਫਿਰੰਗੀ ਫਰਾਂਸੀਸੀ ਨਾ ਈਸਾ ਦੀ ਉਲਾਦ ਹਨ ਨਾ ਮੂਸਾ ਦੀ। ਈਸਾ ਜੀ ਤਾਂ ਕੰਵਾਰੇ ਹੀ ਰਹੇ ਸਨ। ਈਸਾ ਮੂਸਾ ਦੋਵੇਂ ਏਸ਼ਜਾਈ ਸਨ, ਕਿਨਆਨ ਦੇਸ਼ ਦੇ ਰਹਿਣ ਵਾਲੇ ਅਤੇ ਦੋਵੇਂ ਇਕ ਸਮੇਂ ਵੀ ਨਹੀਂ ਹੋਏ। ਅੰਗਰੇਜ਼ ਫਰਾਂਸੀਸ ਆਦਿਕ ਯੂਰਪ ਦੇ ਰਹਿਣ ਵਾਲੇ ਹਨ। ਫਰਾਂਸ ਯੂਰਪ ਦਾ ਇਕ ਦੇਸ਼ ਹੈ ਤੇ 'ਫਰੰਗ' ਲਫਜ਼ ਫਾਰਸੀ, ਪੰਜਾਬੀ ਤੇ ਹਿੰਦੀ ਵਿਚ ਅਕਸਰ ਯੂਰਪ ਦੇ ਅਰਥਾਂ ਵਿਚ ਵਰਤਿਆ ਹੈ। ਈਸਾ ਮੂਸਾ ਦੀ ਇਹ ਉਤਪਤੀ ਤੇ ਉਸ ਤੋਂ ਫ਼ਰੰਗੀਆਂ ਆਦਿਕਾਂ ਦੀ ਉਤਪਤੀ ਸੌ ਸਾਖੀ ਦੇ ਆਖੇਪਕਾਰਾਂ ਦੀਆਂ ਮਨੋਕਤੀਆਂ ਹਨ, ਇਨ੍ਹਾਂ ਦਾ ਇਤਿਹਾਸਕ ਮੁੱਲ ਕੁਛ ਨਹੀਂ ਹੈ।

## ੩੭. [ਭਵਿੱਖਤ ਵਾਕ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

†'ਬੀਤਹਿ ਪੰਜ ਹਜ਼ਾਰ ਕਲਿ ਤਬਿ ਲਗਿ ਸੰਖ੍ਯਾ ਜਾਨਿ[1]।

[1]ਕਲਜੁਗ ਦਾ ਪੰਜ ਹਜ਼ਾਰ ਵਰ੍ਹਾ ਜਦ ਤਕ ਬੀਤੇਗਾ ਤਦ ਤਕ ਦੀ ਇਹ ਗਿਣਤੀ ਜਾਣੋ। †ਸੌ ਸਾਖੀ ਦੀ ਇਹ ਹੁਣ ੧੫ਵੀਂ ਸਾਖੀ ਚੱਲੀ ਹੈ।

ਸੁਨਿ ਸ਼ੁਨਾਕ ਸਿੰਘ ਬਾਰਤਾ ਬਿਦਤਹਿ ਸਕਲ ਜਹਾਨ[1]' ॥੧॥

[1]ਜੋ ਪ੍ਰਗਟ ਹੋਣੀ ਹੈ ਸਾਰੇ ਜਹਾਨ ਵਿਚ।

ਨਿਸ਼ਾਨੀ ਛੰਦ:

ਇਤਨੇ ਬਿਖੈ ਸੁਭਾਉ ਮ੍ਰਿਦੁ, ਪਿਖਿ ਕਰਿ ਸਭਿ ਆਏ।
ਸੁਨਹੁਂ ਜਥਾ ਸਤਿਗੁਰ ਕਹਹਿਂ, ਸਗਰੇ ਬਿਸਮਾਏ।
'ਮਹਾਰਾਜ ਕਿਮ ਹੋਇ ਹੈ, ਜਬਿ ਆਇ ਫਿਰੰਗੀ?
ਪੰਥ ਤੁਮਾਰਾ ਖਾਲਸਾ, ਕਿਮ ਹੁਇ ਸੁਖ ਸੰਗੀ? ॥੨॥
ਕਿਮ ਇਨ ਠਹਿਰਹਿ ਰਾਜ ਤਬਿ, ਜਬਿ ਤਿਨ ਦਲ ਆਵੈ?
ਕੈਸੇ ਹੋਇ ਬ੍ਰਿਤੰਤ ਸਭਿ?' ਸੁਨਿ ਗੁਰੂ ਬਤਾਵੈਂ।
'ਮੌਨਿ ਫਿਰੰਗੀ[1] ਆਇ ਹੈ, ਦਲ ਜੋਰ ਘਨੇਰੇ[2]।

[1]ਯੂਰਪ ਦੇ ਅੰਗਰੇਜ਼। [ਮੌਨ ਤੋਂ ਭਾਵ ਅੰਗ੍ਰੇਜ਼ ਲੈਂਦੇ ਹਨ]। [2]ਬਹੁਤ ਫੌਜਾਂ ਜੋੜਕੇ।

ਸਿੰਘ ਗੁਰਿੰਡ ਸੁ ਸੈਨ ਬਲਿ[1], ਹੁਇ ਹੈ ਬਹੁ ਤੇਰੇ ॥੩॥

[1]ਗੁਰਾਂ ਦੇ ਸਿੰਘਾਂ ਦੀ ਸੈਨਾ ਬੜੀ ਬਲੀ ਹੈ [ਗੁਰਿੰਡ = ਗੁਰੂਆਂ ਦੇ]।

ਮਹਿਪਾਲਕ ਦੁਹਿ ਦਿਸ਼ਿਨਿ ਕੇ, ਮਿਲਿ ਹੈਂ ਤਿਸ ਬਾਰੀ।
ਹੁਵੈ ਬਖੇਰਾ ਪਰਸਪਰ, ਐਸੇ ਇੱਛ ਧਾਰੀ।
ਕਬਹੁਂ ਸਬਲ ਮਮ ਖਾਲਸਾ, ਹ੍ਵੈ ਨਿਬਲ ਫਿਰੰਗੀ।
ਕਬਹੁਂ ਨਿਬਲ ਮਮ ਪੰਥ ਹ੍ਵੈ, ਸੇ ਸਬਲ

[1]ਖੋਟੇ ਢੰਗ ਵਾਲੇ (ਫਿਰੰਗੀ)।

ਕੁਦੰਗੀ[1] ॥੪॥

[1]ਕੁਟੰਬ ਆਦਿ ਤੋਂ) ਨਿਆਰਾ ਰਹੇਗਾ। (ਅ) (ਹਿੰਦੂ ਤੁਰਕਾਂ ਤੋਂ) ਨਿਆਰਾ ਰਹੇਗਾ।

ਚੌਪਈ:

ਰਹੈ ਖਾਲਸਾ ਜਬਿ ਲਗ ਨਜਾਰੋ[1]।
ਤਬਿ ਲਗਿ ਤੇਜ ਦਿਯੋ ਮੁਹਿ ਸਾਰੋ।
ਬੰਧੇ ਜਾਹਿਂ ਮੋਹ ਕੀ ਫਾਸ।
ਸੁਤ ਬਨਿਤਾਦਿਕ ਬਾਸ ਅਵਾਸ ॥੫॥
ਗਊਅਨਿ ਹਾਂਕਹਿਂ[1] ਰਿਸ਼ਵਤ ਲੇਈ।

[1]ਭਾਵ, ਸ਼ਸਤ੍ਰ ਛਡਕੇ ਗਊਆਂ ਚਾਰਨ ਲਗ ਪੈਣਗੇ। ਸੌ ਸਾਖੀ ਦਾ ਪਾਠ ਹੈ:-ਗਾਇਨ ਹਾਂਕਤ ਗੁਯਕਲ ਧੀਏ। ਇਸ ਦਾ ਇਉਂ ਬੀ ਅਰਥ ਕਰਦੇ ਹਨ, (ਗੁਯਕਲ =) ਗੁਜਰ ਜਿਵੇਂ ਗਊਆਂ (ਪੈਸੇ ਲੈਕੇ) ਹੱਕ ਦੇਂਦੇ ਹਨ ਤਿਵੇਂ (ਪੈਸਾ ਲੈਕੇ) ਧੀਆਂ ਦੇ ਦੇਣਗੇ।

ਇੱਤ੍ਯਾਦਿਕ ਕਰਮਨਿ ਬਸਿ ਤੇਈ।
ਧੀਅ ਭੈਣ ਕਾ ਪੈਸਾ ਖਾਵੈਂ।
ਬੈਠਿ ਦੁਲੀਚੇ ਨਜਾਉਂ ਕਮਾਵੈਂ[1] ॥੬॥

[1]ਦੁਲੀਚੇ ਤੋਂ ਮੁਰਾਦ ਐਸ਼ ਇਸ਼ਰਤ ਦੇ ਸਾਮਾਨਾਂ ਦੀ ਹੈ। ਪਹਿਲੇ ਸਿਖ ਸਰਦਾਰ ਬੰਦਗੀ ਵਾਲੇ ਤੇ ਸਾਦੇ ਹੁੰਦੇ ਸਨ, ਕਚਹਿਰੀਆਂ ਬੀ ਰੁੱਖਾਂ ਦੀ ਛਾਂਵੇਂ ਸਫਾਂ ਮੰਜੀਆਂ ਤੇ ਬਹਿਕੇ ਕਰਦੇ ਹੁੰਦੇ ਸਨ।

ਵਾਚਹਿਂ ਬੇਦ ਗਿਰਾ ਗੁਰ ਛੋਡਹਿਂ[1]।

[1]ਵੇਦ ਪੜ੍ਹਨਗੇ ਤੇ ਗੁਰਬਾਣੀ ਛੱਡ ਦੇਣਗੇ।

ਬਿੱਪ੍ਰ ਧਰਮ ਕਰਿ ਜੀਵਹਿਂ ਮੋਡਹਿਂ[1]।

[1]ਬਿੱਪ੍ਰ ਧਰਮ ਧਾਰਕੇ ਉਪਜੀਵਕਾ ਕਰਨਗੇ, ਭਾਵ ਪੂਜਾ ਦਾ ਧਾਨ ਰੋਜ਼ੀ ਬਣਾਉਣਗੇ। (ਅ) ਮੋਢਹਿਂ = ਮੁੰਢ ਦੇ। (ੲ) ਮੋਡਹਿਂ = ਮੁੰਡੇ।

ਨਾਰ ਮਲੇਛੀ ਘਰ ਮਹਿਂ ਆਨੈਂ।
ਬੇਸਵਾ ਰਮਣ ਨ ਕਬਹਿ ਖਿਸਾਨੈਂ[1] ॥੭॥

[1]ਕਦੇ ਸ਼ਰਮਿੰਦੇ ਨਹੀਂ ਹੋਣਗੇ।

ਖੋਜੈਂ ਪੀਰ, ਰਹੈ ਗੁਰ ਦੂਰ[1]।

[1]ਗੁਰੂ ਤੋਂ ਦੂਰ ਰਹਿਣਗੇ।

ਨਾਰੀ ਨਜਾਉਂ ਕਰੈਂ ਭਰਪੂਰ[1]।

[1]ਭਾਵ ਨਰ ਨਿਆਉਂ ਨਹੀਂ ਨਾਰੀ ਨਿਆਉਂ ਕਰਨਗੇ, ਅਰਥਾਤ ਡਰ ਡਰ ਕੇ ਕਾਇਰਤਾ ਵਾਲੇ ਨਿਆਉਂ ਕਰਨਗੇ।

ਸਿੱਖਣੀਆਂ ਗਣ ਭ੍ਰਿੱਤ੍ਯੁਨ ਚਾਹੈਂ[1]†।

[1]ਬਹੁਤੀਆਂ ਦਾਸੀਆਂ ਨੂੰ ਸਿੱਖਣੀਆਂ ਬਣਾਉਣਾ ਚਾਹੁਣਗੇ ਭਾਵ, ਏਕਾ ਨਾਰੀ ਜਤੀ ਨਹੀਂ ਰਹਿਣਗੇ ਟਹਿਲਣਾਂ ਨੂੰ ਬੀ ਘਰ ਪਾ ਲੈਣਗੇ। †ਪਾ:-ਭਰਤਿਆਂ ਨਾ ਚਾਹੇਂ।

ਨ੍ਰਿਪ ਨਾਰੀ ਮੋ ਨੇਕੁ ਨ ਰਾਹੈਂ[1]† ॥੮॥

[1]ਨ੍ਰਿਪਨਾਰੀ =) ਰਾਣੀ ਨਾਲ ਨੇਕ ਨਹੀਂ ਰਹਿਣਗੇ, ਭਾਵ ਬਿਵਾਹਤਾ ਰਾਣੀ ਨਾਲ ਇਸਤ੍ਰੀ ਬ੍ਰਤ ਧਰਮ ਨਹੀਂ ਨਿਬਾਹੁਣਗੇ। ਟੁਕ = ਅੰਕ ਪੰਜ ਦੇ ਆਰੰਭ ਤੋਂ ਕਰਤਾ ਕਰਕੇ 'ਖਾਲਸਾ' ਪਦ ਹੈ ਤੇ ਇਥੋਂ ਤਾਈਂ ਉਹੋ ਪਦ ਸਾਰੀਆਂ ਕ੍ਰਿਯਾਵਾਂ ਦਾ ਕਰਤਾ ਕਾਰਕ ਰਿਹਾ ਹੈ; ਇਸ ਗਲ ਨੂੰ ਨਾ ਸਮਝ ਕੇ ਕਈ ਲੋਕ ਹੋਰ ਹੋਰ ਅਰਥ ਕਰਨ ਦਾ ਜਤਨ ਕਰਦੇ ਹਨ ਜਿਨ੍ਹਾਂ ਨਾਲ ਸ਼੍ਰੇਣੀ ਬੱਧ ਅਰਥ ਦੀ ਸੰਗਲੀ ਨਹੀਂ ਬੱਝਦੀ। (ਅ) ਭਵਿੱਖਤ ਲੱਭਣ

ਵਾਲੇ ਛੇਕੜਲੀ ਤੁਕ ਦਾ ਐਉਂ ਬੀ ਅਰਥ ਕਰਦੇ ਹਨ:-ਰਾਜੇ ਦੀ ਰਾਣੀ (ਭਾਵ ਰਾਣੀ ਜਿੰਦਾਂ ਮੁਨਕਿਨ (ਅੰਗਰੇਜ਼ਾਂ ਨੂੰ) ਮਦਦ ਤੇ ਸੱਦੇਗੀ। [ਰਾਹਨਾ, ਆਰਾਧਨਾ ਦੀ ਪੰਜਾਬੀ ਹੈ]। †ਇਥੇ ਸੌ ਸਾਖੀ ੧੯੦੫ ਵਾਲੀ ਵਿਚ ਦੋ ਚੌਪਈਆਂ ਦਲੀਪ ਸਿੰਘ ਬਾਬਤ ਹਨ, ਕਵੀ ਜੀ ਨੇ ਉਹ ਨਹੀਂ ਦਿਤੀਆਂ। ਜਾਪਦਾ ਹੈ ਕਿ ਕਵੀ ਜੀ ਵਾਲੇ ਨੁਸਖੇ ਵਿਚ ਇਹ ਚੌਪਈਆਂ ਨਹੀਂ ਸਨ, ਮਗਰੋਂ ੧੯੦੫ ਵਾਲੇ ਨੁਸਖਿਆਂ ਵਿਚ ਪਈਆਂ ਹਨ।

ਪ੍ਰਥਮ ਫਿਰੰਗੀ ਲੁਦਪੁਰ[1] ਆਵੈ। — [1]ਲੁਧਿਆਣੇ।
ਭੋਗੈ ਰਾਜ ਤੇਜ ਬਧਿ ਜਾਵੈ।
ਧਨ ਅਰੁ ਸੁੰਦਰ ਤ੍ਰਿਯ ਕੋ ਲੇਵੈਂ[1]।

[1]ਲੈਣਗੇ (ਅੰਗਰੇਜ਼)। (ਅ) ਪਰ ਸੌ ਸਾਖੀ ਦੇ ਪਾਠ ਦਾ ਭਾਵ ਹੋਰ ਹੈ:- ਪਾਠ ਇਉਂ ਹੈ:-ਚਿੰਤਾ ਬਧੀ ਸਗਲ ਕੇ ਬੀਚ। ਸਭੀ ਪੁਕਾਰੈਂ ਸਤਿਗੁਰ ਮੀਚ। ਖੂਬ ਨਾਰ ਧਨ ਉਡ ਉਡ ਲੇਇ। ਤਬੈ ਖਾਲਸਾ ਬਹੁ ਦੁਖ ਹੇਇ। ਅਰਥ:-ਖਾਲਸੇ ਵਿਚ ਚਿੰਤਾ ਵਧੀ, ਸਾਰੇ ਸੋਤ ਮੰਗਦੇ ਹਨ, ਖੂਬਨਾਰ (= ਸਰਦਾਰਾਂ ਦੀਆਂ ਨਾਰੀਆਂ ਦਰਖਾਸਤਾਂ ਦੇ ਦੇਕੇ) ਧਨ ਲੈਣਗੀਆਂ। ਭਾਵ ਏਹ ਕਿ ਸਰਦਾਰੀਆਂ ਤੇ ਰਾਜ ਜਦ ਫਰੰਗੀ ਜ਼ਬਤ ਕਰਨਗੇ ਤਾਂ ਸਰਦਾਰੀਆਂ ਗੁਜ਼ਾਰਿਆਂ ਲਈ ਦਰਸਾਖਤਾਂ ਦੇ ਦੇਕੇ ਧਨ ਲੈਣਗੀਆਂ (ਇਹ ਅਰਥ ਸੌ ਸਾਖੀ ਦਾ ਸੰਪ੍ਰਦਾਈ ਹੈ)।

ਤਬਹਿ ਸਿੰਘ ਦੀਰਘ ਦੁਖ ਖੇਵੈਂ[1] ॥੯॥ — [1]ਸਹਾਰਨਗੇ।
ਅਬਿ ਬੇਮੁਖ ਗੁਰ ਤੇ ਜੇ ਭਏ।
ਤਬਿ ਤਿਨ ਕੇ ਸਿਰ ਸੰਕਟ ਪਏ।
ਚਿੰਤਾ ਬਧਹਿ ਸਭਿਨਿ ਕੇ ਬੀਚ।
ਕਰਹਿਂ ਪੁਕਾਰ -ਗੁਰੂ ਦੇ ਮੀਚ-[1]’ ॥੧੦॥ — [1]ਮੌਤ ਦਿਓ।

†ਪੁਨ ਸਿੰਘਨ ਬੂਝਯੋ ‘ਮਹਾਰਾਜ! — †ਇਥੇ ਫੇਰ ਦਲੀਪ ਸਿੰਘ ਬਾਬਤ ਇਕ ਚੌਪਈ ਸੌ ਸਾਖੀ ਵਿਚ ਨਵੀਂ ਪਈ ਜਾਪਦੀ ਹੈ ਕਿਉਂਕਿ ਕਵਿ ਜੀ ਇਥੇ ਬੀ ਦਲੀਪ ਸਿੰਘ ਬਾਬਤ ਕੁਛ ਨਹੀਂ ਲਿਖ ਰਹੇ।
ਕਿਮ ਤੁਰਕਨ ਕੋ ਹੋਇ ਕੁਕਾਜ?
ਰਾਜ ਤੇਜ ਪੁਹਮੀ ਮਹਿਂ[1] ਪੂਰਾ। — [1]ਪ੍ਰਿਥਵੀ ਵਿਚ।
ਕਿਮ ਇਨ ਕੋ ਤਬਿ ਹ੍ਵੈ ਹੈ ਦੂਰਾ?’ ॥੧੧॥
ਸੁਨਿ ਸਤਿਗੁਰ ਤਬਿ ਖੋਲਿ ਸੁਨਾਯੋ।
ਜਥਾ ਭਵਿੱਖਜਤ[1] ਮਹਿਂ ਬਨਿ ਆਯੋ। — [1]ਭਵਿੱਖਤ ਪੁਰਾਣ ਜੋ ਸੌ ਸਾਖੀ ਵਿਚ ਸਪਸ਼ਟ ਦੱਸਿਆ ਹੈ।
ਅਕਬਰ ਬ੍ਰਹਮਚਾਰੀ ਤਨ ਧਾਰਾ[1]। — [1]ਕਿਸੇ) ਬ੍ਰਹਮਚਾਰੀ ਨੇ ਅਕਬਰ ਦਾ ਤਨ ਧਾਰਿਆ। ਭਾਵ ਅਕਬਰ ਹੋਕੇ ਜੰਮਿਆਂ।
ਧਰਮ ਆਪਨਾ ਖੂਬ ਸਵਾਰਾ ॥੧੨॥
ਤਿਸ ਕੇ ਜਹਾਂਗੀਰ ਸੁਤ ਹੋਵਾ।
ਸ਼ਾਹਿਜਹਾਂ ਪੁਨ ਸਭਿ ਨੇ ਜੋਵਾ।
ਆਇ ਵਲਾਇਤ ਤੇ ਤਿਸ ਭੌਨ[1]। — [1]ਯੂਰਪ ਤੋਂ ਤਿਸ (ਸ਼ਾਹਜਹਾਨ) ਦੇ ਘਰ ਆਏ।
ਰਹੇ ਗ਼ੁਲਾਮ ਹੋਇ ਕਰਿ ਮੌਨ[1] ॥੧੩॥ — [1]ਫਿਰੰਗੀ।

ਬਹੁਰ ਨੁਰੰਗ ਬੰਦ ਕਰਿ ਆਗੀ†। †ਸੌ ਸਾ: ਦਾ ਪਾਠ ਹੈ-ਇਹ ਸਾਹੂ।
ਮੀਰਾਂ ਸ਼ਾਹ ਸੇਵ ਮਹਿਂ ਲਾਗੀ।
ਸਾਧਨ ਵਸਤੁ ਹਿਯੋ ਮੋ ਜਾਨੀ[1]। [1]ਜਿਸ (ਨੁਰੰਗੇ) ਨੇ ਸਾਧਣੇ ਜੋਗ ਵਸਤੂ ਰਿਦੇ ਵਿਚ ਜਾਣੀ ਹੋਈ ਸੀ।
ਤਊ ਨ ਛੂਟੀ ਬਾਤ ਪੁਰਾਨੀ[1] ॥੧੪॥ [1]ਭਾਵ ਰਾਜ ਦੀ ਤ੍ਰਿਸ਼ਨਾ।
ਮਗ ਖ਼ੁਦਾਇ ਕੋ ਲਖਿ ਕਰਿ ਭੂਲਾ।
ਲਾਲਚ ਲਗੇ ਰਾਜ ਮਦ ਫੂਲਾ।
ਭਾਈ ਮਾਰਾ ਰਾਜ ਨ ਛੋਰਾ[1]। [1]ਮੁਰਾਦ ਨਾਮੇਂ ਭਰਾ ਜਿਸ ਨੂੰ ਰਾਜ ਦੇਣ ਦਾ ਭਰੋਸਾ ਦੇਕੇ ਔਰੰਗਜ਼ੇਬ ਨੇ ਫਤਹ ਹੋ ਜਾਣੇ ਪਰ ਕੈਦ ਕੀਤਾ ਤੇ ਕੈਦ ਵਿਚ ਮਾਰ ਦਿਤਾ।
ਦਾਰਾ ਕਾਟਿ ਛਤ੍ਰ ਪਦ ਤੋਰਾ[1]+ ॥੧੫॥ [1](ਦੂਜਾ ਭਰਾ) ਦਾਰਾ ਸ਼ਕੋਹ ਮਾਰਕੇ ਆਪਣੀ ਪਾਤਸ਼ਾਹੀ ਪਦਵੀ ਤੋਰੀ, ਭਾਵ ਜਾਰੀ ਕੀਤੀ [ਛਤ੍ਰ ਪਦ = ਪਾਤਸ਼ਾਹੀ ਪਦਵੀ। ਰਾਜ ਰੁਤਬਾ]।
ਮਦ ਭਰਿ ਰਾਜ ਕਰਤਿ ਇਕ ਸਾਹੂ[1]†। [1]ਇਕ ਰਸ।

†ਸੌ ਸਾਖੀ ਵਿਚ ਪਾਠ ਹੈ:-'ਤਬਹਿ ਨੁਰੰਗਾ ਬੰਚਕ ਤਿਆਗੀ'। ਇਸ ਤੋ ਭਾਵ ਖੁਲ੍ਹਦਾ ਹੈ ਕਿ ਔਰੰਗਾ ਠੱਗੀ ਕਰਕੇ ਤਿਆਗੀ ਬਣ ਰਿਹਾ ਸੀ, ਤੇ ਕਿਸੇ ਮੀਰਾਂ ਸ਼ਾਹ ਨਾਮੇਂ ਫਕੀਰ ਦੀ ਸੇਵਾ ਕਰ ਰਿਹਾ ਸੀ, ਜਦੋਂ ਉਸ ਨੇ ਆਪਣੇ ਭਰਾ ਨੂੰ ਕਿਹਾ ਹੈ ਕਿ ਮੈਂ ਮੱਕੇ ਜਾ ਰਹਿਣਾ ਹੈ, ਚਲ ਤੈਨੂੰ ਰਾਜ ਤੇ ਬਹਾ ਆਵਾਂ। ਪਰ ਜਦੋਂ ਉਸ ਨੂੰ ਦਾਰਾ ਤੇ ਫਤਹ ਹੋ ਗਈ ਤਾਂ ਰਾਜ ਤੇ ਆਪ ਬਹਿ ਗਿਆ ਤੇ ਉਸ ਭਰਾ ਨੂੰ ਕੈਦ ਕਰਵਾ ਦਿੱਤਾ। ਬੰਚਕ ਤਿਆਗੀ ਦਾ ਇਹ ਭਾਵ ਜਾਪਦਾ ਹੈ। ਕਵੀ ਜੀ ਦੇ ਲਫਜ਼ਾਂ 'ਬੰਦ ਕਰ ਆਗੀ' ਦਾ ਭਾਵ ਇਹ ਹੈ ਕਿ ਹੱਥ ਜੋੜ ਕੇ ਮੀਰਾਂ ਸ਼ਾਹ ਦੀ ਸੇਵਾ ਭਾਵੇਂ ਕਰਦਾ ਸੀ ਤੇ ਸਾਧਨ ਕਰਨੇ ਜਾਣਦਾ ਸੀ ਪਰ ਪੁਰਾਣੀ ਵਾਦੀ (ਖੋਟ ਦੀ) ਨਾ ਗਈ, ਲਾਲਚ ਵਿਚ ਆਕੇ ਰਾਜਮਦ ਵਿਚ ਫੁੱਲ ਗਿਆ। ਰੱਬ ਦਾ ਰਸਤਾ ਜਾਣਕੇ ਭੁੱਲ ਗਿਆ ਤੇ ਭਰਾ ਮਾਰਕੇ ਬੀ ਰਾਜ ਲੈ ਲਿਆ। ਇਤਿਹਾਸਕਾਰਾਂ ਨੇ ਮੰਨਿਆਂ ਹੈ ਕਿ ਔਰੰਗਜ਼ੇਬ ਪਹਿਲੀ ਉਮਰ ਫਕੀਰਾਂ ਦੀ ਸੁਹਬਤ ਵਿਚ ਰਿਹਾ ਹੈ, ਭਗਤੀ ਦੇ ਖਿਆਲ ਬੀ ਰਖਦਾ ਸੀ ਤੇ ਕਦੇ ਫਕੀਰ ਬਣਨ ਨੂੰ ਬੀ ਤਿਆਰ ਸੀ, ਪਰ ਰਾਜ ਦੀ ਤ੍ਰਿਸ਼ਨਾ ਨੇ ਉਸ ਤੋਂ ਬੜੇ ਬੜੇ ਪਾਪ ਕਰਵਾਏ। (ਅ) 'ਬੰਦ ਕਰ ਆਗੀ..... '। ਦਾ ਇਹ ਭਾਵ ਬੀ ਹੋ ਸਕਦਾ ਹੈ ਕਿ ਫੇਰ 'ਔਰੰਗਜ਼ੇਬ ਨੇ ਅੰਗਰੇਜ਼ਾਂ ਨੂੰ ਆਪਣੀ ਨੌਕਰੀ ਤੋਂ ਬੰਦ ਕਰ ਦਿਤਾ, ਪਰ ਫੇਰ ਓਹ ਮੀਰਾਂਸ਼ਾਹ ਦੀ ਨੌਕਰੀ ਵਿਚ ਲਾਏ'। ਮੀਰਾਂਸ਼ਾਹ ਤੋਂ ਮੁਰਾਦ 'ਮੇਹਰੁੱਨਿਸਾ' ਔਰੰਗਜ਼ੇਬ ਦੀ ਲੜਕੀ ਦੀ ਹੋਵੇ ਕਿ ਉਸ ਦੀ ਬੀਮਾਰੀ ਵੇਲੇ ਕਿਸੇ ਅੰਗਰੇਜ਼ ਡਾਕਟਰ ਨੇ ਸੇਵਾ ਕੀਤੀ ਹੋਵੇ। ਪਰ ਇਹ ਭਾਵ ਅਗਲੀਆਂ ਸਤਰਾਂ ਨਾਲ ਢੁਕਦਾ ਨਹੀਂ। (ੲ) ਇਸ ਦਾ ਇਕ ਪਾਠਾਂਤ੍ਰ ਸੌ ਸਾਖੀ ਦੇ ਇਕ ਗਿਆਨੀ ਤੋਂ ਐਉਂ ਬੀ ਸੁਣਿਆ ਹੈ:-'ਤਬੈ ਨੌਰੰਗਾ ਦੇ ਚਿਤ ਤਿਆਗੀ', ਭਾਵ-ਰਾਜ ਵਲੋਂ ਉਦਾਸ ਤੇ ਤਿਆਗੀ ਹੋ ਕੇ।

ਹਮ ਸੋਂ ਵੈਰ ਵਧਹਿ ਸਹਿਜਾਹੂ[1]। [1]ਸੁਭਾਵਕ ਹੀ ਵੈਰ ਕਰਦਾ ਹੈ।
ਕਰਹਿ ਜੋਰ ਤੇ ਜਗਤ ਅਨੀਤਿ।
ਦੀਨ ਵਧਾਵਨ ਮਹਿਂ ਧਰਿ ਚੀਤ ॥੧੬॥
ਮੱਕੇ ਹੇਤ ਬੰਦਗੀ ਜਾਹੈ[1]। [1]ਜਾਂਦਾ ਹੈ।
ਮਾਂਗੈ ਇਹੁ -ਮੁਹਿਂ ਨੂਰ ਸਲਾਹੈ[1]-। [1]ਮੇਰੇ ਨੂਰ ਦੀ ਸਾਰੇ ਸਲਾਹੁਤ ਕਰਨ।
ਹੁਈ ਅਵਾਜ਼ ਰਾਤਿ ਕੋ ਤਾਂਹੀ।
-ਸਭਿ ਪਰ ਬਲੀ, ਗੁਰੂ ਪਰ ਨਾਂਹੀ[1]- [1]ਪਰ ਗੁਰਾਂ ਉੱਪਰ ਨਹੀਂ।

॥੧੭॥
ਇਮ ਸੁਪਨੇ ਮਹਿਂ ਸੁਨਿ ਕਰਿ ਕੂਰਾ।
ਹਿੰਦੂ ਧਰਮ ਕਰਨਿ ਲਗਿ ਦੂਰਾ।
ਜਿਸ ਕਿਸ ਤੇ ਅਜ਼ਮਤਿ ਪਤਿਆਵੈ।
ਹਮਰੇ ਸੰਗ ਸੰਗ੍ਰਾਮ ਮਚਾਵੈ ॥੧੮॥
ਹਰਿ ਕੀ ਕਰਨੀ ਨਾਂਹਿ ਬਿਚਾਰੀ।
ਹਮ ਪਰ ਚਹਯੋ ਕਰਯੋ ਬਲ ਭਾਰੀ।
ਗੁਰ ਪਰਸਾਦਿ[1] ਮਜਬ[2] ਜਿਨ ਧਾਰਾ। [1]ਗੁਰਾਂ ਦੀ ਕਿਰਪਾ ਨਾਲ। [2]ਭਾਵ ਖਾਲਸਾ ਪੰਥ।
ਮਾਰਹਿਂਗੇ ਸਭਿ[1] ਜੁੱਧ ਮਝਾਰਾ ॥੧੯॥ [1]ਭਾਵ ਓਹ ਪੰਥ) ਮਾਰੇਗਾ ਸਾਰੇ ਤੁਰਕਾਂ ਨੂੰ।
ਤੁਰਕ ਤੇਜ ਜਗ ਹੋਇ ਬਿਨਾਸੀ।
ਕਰਹਿਂ ਕਿਰਤ ਕੋ ਲਹਿਂ ਦੁਖ ਰਾਸੀ†। †ਪਾ:-ਸੁਖ ਰਾਸੀ।
ਤਜਹਿਂ ਕਲੇਵਰ[1] ਹਮ ਜਿਸੁ ਬੇਰ। [1]ਸਰੀਰ ਤਿਆਗਾਂ ਗੇ।
ਬੀਤੈ ਬਰਖ ਤਿਤਾਲੀ ਫੇਰ ॥੨੦॥
ਝਾੜਝਾੜ ਮੈਂ ਸਿੰਘ ਉਠੇ ਹੈਂ।
ਜਿਤ ਕਿਤ ਸੰਘਰ ਭੀਮ ਮਚੇ ਹੈਂ†। †ਸੌ ਸਾਖੀ ਦਾ ਪਾਠ ਹੈ:-ਭੀਮ ਸਿੰਘ ਮਾਰੇਗਾ ਨਗਰ।
ਲੂਟਤਿ ਕੂਟਤਿ ਮਾਰਤਿ ਮਰੈਂ।
ਸੀਸ ਅੰਤ, ਗਿਣਤੀ ਕੋ ਕਰੈ[1] ॥੨੧॥ [1]ਕੌਣ ਗਿਣਤੀ ਕਰੇ?।
ਜਬਹੁ ਅਠਾਰਾਂ ਸੈ ਹੁਇਂ ਪੂਰੇ†।

†ਇਥੇ 'ਸੰਮਤ' ਤ੍ਰੈ ਦਿੱਤੇ ਹਨ:-(੧) ਸਾਥੋਂ ੪੩ ਵਰ੍ਹੇ ਵਰਗੇ ਅਰਥਾਤ ੧੮੦੮। (੨) ੧੮੦੦ ਸੰਮਤ। (੩) ਸਾਥੋਂ ੪੦ ਵਰ੍ਹੇ ਮਗਰੋਂ ਅਰਥਾਤ ੧੮੦੫, ਇਨ੍ਹਾਂ ਨੂੰ ਤਰਤੀਬਵਾਰ ਸਮਝ ਲਏ ੧੮੦੦ ਵਾਲੀ ਗਲ ਪਹਿਲੋਂ ਤੇ ਫੇਰ ੧੮੦੫ ਵਾਲੀ ਤੇ ਫੇਰ ੧੮੦੮ ਵਾਲੀ ਸਮਝ ਲੈਣੀ ਚਾਹੀਏ। ਅਹਿਮਦ ਸ਼ਾਹ ਅਬਦਾਲੀ ਨੇ ਸੰਮਤ ੧੮੦੪ ਦੇ ਲਗਪਗ ਤੋਂ ਲੈ ਕੇ ਬੀਸ ਬਰਸ ਵਿਚ ਅਨੇਕ ਹਮਲੇ ਕੀਤੇ ਹਨ, ਜਿਨ੍ਹਾਂ ਵਿਚ ੧੮੧੮ ਦਾ ਘੱਲੂਘਾਰਾ ਸੀ ਜੋ ਕੁਪਰਹੀੜੇ ਦੇ ਟਿਕਾਣੇ ਪਰ ਸਿੱਖਾਂ ਨਾਲ ਭਾਰੀ ਜੁੱਧ ਹੋਇਆ, ਜਿਸ ਵਿਚ ਪੰਝੀ ਤ੍ਰੀਹ ਹਜ਼ਾਰ ਸੂਰਮੇ ਖੇਤ ਰਹੇ ਦੱਸੀਦੇ ਹਨ। ਅਹਿਮਦ ਸ਼ਾਹ ਦੀ ਫੌਜ ਬੀ ਇਤਨੀ ਕੁ ਹੀ ਮਰੀ ਦੱਸੀਦੀ ਹੈ।

ਲੂਟਹਿਂ ਗ੍ਰਾਮ ਪੁਰਿ ਦੂਰਹਿਂ ਦੂਰੇ।
ਚਾਲੀ ਬਰਖ ਬਿਤੇ ਹਮ ਪਾਛੈ।
ਪਸ਼ਚਮੁ ਦਿਸ਼ਿ ਕੇ ਆਵਨਿ ਬਾਂਛੇ ॥੨੨॥
ਜਵਨ ਕੰਧਾਰੀ ਆਵੈ ਜਾਂਹਿ[1]। [1]ਕੰਧਾਰ ਦਾ ਮੁਸਲਮਾਨ (ਦੁਰਾਨੀ ਅਹਮਦ ਸ਼ਾਹ)।
ਉਜਰਹਿਂ ਘਨੇ ਦੇਸ਼ ਦੁਖ ਪਾਹਿਂ।
ਉੱਨੀਸੈ ਸੰਮਤ ਜਬਿ ਹੋਇ।
ਜੀਵਹਿ ਤੁਰਕ ਰਾਜ ਸਭਿ ਖੋਇ[1] ॥੨੩॥ [1]ਸੰਮਤ ੧੯੦੦ ਅਰਥਾਤ ਸੰਨ ੧੮੪੩ ਈ: ਵਿਚ ਦਿੱਲੀ ਦਾ) ਤੁਰਕ (ਪਾਤਸ਼ਾਹ ਬਹਾਦਰ ਸ਼ਾਹ ਜ਼ਫਰ ਜੀਉਂਦਾ ਸੀ ਪਰ) ਰਾਜ ਸਾਰਾ ਗੁਆਚ ਚੁਕਾ ਸੀ

(ਦਿੱਲੀ ਵਿਚ ਉਹ ਨਾਉਂ ਧ੍ਰੀਕ ਸ਼ਾਹ ਸੀ, ਹਕੂਮਤ ਲਗਪਗ ਅੰਗਰੇਜ਼ਾਂ ਦੇ ਹੱਥ ਵਿਚ ਸੀ)।

ਮਾਰ ਕੂਟ ਪੂਰਬ ਤੇ ਧਾਵਹਿ।
ਸੈਨ ਪਿਆਦੀ ਈਸਹਿ ਆਵਹਿ।
ਮਿਲਹਿ ਖਾਲਸਾ ਆਪਨ ਫੂਟ[1]।
ਨਰ ਨਾਰੀ ਘਰ ਸਗਰੇ ਟੂਟ ॥੨੪॥

[1]ਆਪ ਫੁੱਟਕੇ।

ਸ਼ਸਤ੍ਰਨ ਛੋਰਿ ਬਿੱਪ੍ਰਨ ਸਮ ਰਹੈਂ।
ਬੇਮੁਖ ਸਿੱਖ ਤਬਹਿ ਦੁਖ ਲਹੈਂ।
ਪੰਥ ਰਚਨ ਮੈਂ ਕਾਹਲ ਹੋਈ[†]।
ਕਿਤਿਕ ਬਰਖ ਆਗੇ ਲਖਿ ਸੋਈ ॥੨੫॥

[†]ਸੌ ਸਾਖੀ ਇਸ ਕਾਹਲੀ ਦੇ ਬਰਸ ਸੱਤ ਦੱਸਦੀ ਹੈ।

ਯਾਂ ਤੇ ਸੰਕਟ ਕੋ ਕੁਛ ਪਾਇ।
ਹੋਹਿ ਖਾਲਸਾ ਛਿਤ ਰਹਿ ਜਾਇ[1]।
ਆਇ ਕੰਧਾਰੀ[1] ਇਕ ਬਲ ਭਾਰੀ[†]।

[1]ਖਾਲਸਾ ਧਰਤੀ ਤੇ ਰਹਿ ਜਾਏਗਾ (ਬਿਲਕੁਲ ਨਾਸ਼ ਨਹੀਂ ਹੋਵੇਗਾ)।

[1]ਇਹ ਇਸ਼ਾਰਾ ਅਹਿਮਦ ਸ਼ਾਹ ਅਬਦਾਲੀ ਵਲ ਹੈ ਜਿਸ ਦਾ ਰਾਜ ਸਮਾਂ ੧੮੦੪ ਸੰਮਤ ਤੋਂ ੧੮੩੦ ਤੱਕ ਦਾ ਹੈ।

[†]ਸੌ ਸਾਖੀ ਵਿਚ ਏਥੇ ਹੁਣ ਦਲੀਪ ਸਿੰਘ ਦਾ ਨਾਮ ਤੇ ਰਾਮ ਸਿੰਘ ਬਾਢੀ ਸੁਤ ਦਾ ਜ਼ਿਕਰ ਹੈ ਅਤੇ ਸੰਭਲ ਵਿਚ ਕਲਕੀ ਰੂਪ ਹੋਣ ਦਾ ਵਾਕ ਤੇ ਗੁਰੂ ਜੀ ਦਾ ਬ੍ਰਾਹਮਣ ਦੇ ਘਰ ਅਵਤਾਰ ਆਦਿ ਪ੍ਰਸੰਗ ਹਨ ਜੋ ਇਸ ਥਾਵੇਂ ਕਵੀ ਜੀ ਨੇ ਨਹੀਂ ਦਿੱਤੇ। ਸਪਸ਼ਟ ਜਾਪਦਾ ਹੈ ਕਿ ਕਵਿ ਜੀ ਪਾਸ ਜੋ ਨੁਸਖਾ ਸੌ ਸਾਖੀ ਦਾ ਸੀ ਉਸ ਵਿਚ ਇਸੇ ਕੰਧਾਰੀ ਅਹਿਮਦਸ਼ਾਹ ਦਾ ਪ੍ਰਸੰਗ ਸੀ (ਜੋ ਸੰਮਤ ੧੮੦੪ ਵਿਚ ਕੰਧਾਰ ਦਾ ਮਾਲਕ ਹੋਇਆ)। ਉਹ ਪ੍ਰਸੰਗ ਅੱਗੇ ਪਿਛੇ ਕਰਕੇ ਆਖੇਪਕਾਰਾਂ ਨੇ ਸੌ ਸਾਖੀ ਵਿਚ ਮਹਾਰਾਜਾ ਦਲੀਪ ਸਿੰਘ, ਬਾਬਾ ਰਾਮ ਸਿੰਘ ਜੀ ਤੇ ਹੋਰ ਪ੍ਰਸੰਗ ਆਖੇਪ ਕਰਕੇ ਪਾਏ ਹਨ। ਕਵੀ ਜੀ ੧੯੦੦ ਵਿਚ ਗੁਜ਼ਰੇ ਹਨ, ਮਹਾਰਾਜਾ ਦਲੀਪ ਸਿੰਘ ਜੀ ੧੯੦੨ ਵਿਚ ਗੱਦੀ ਬੈਠੇ ਹਨ, ਪੁਰਾਣੀ ਸੌ ਸਾਖੀ ਜੋ ਅਸਾਂ ਡਿੱਠੀ ਹੈ ਉਸਦਾ ਸੰਮਤ ਲਿਖਤ ਦਾ ੧੯੦੫ ਹੈ। ਇਥੋਂ ਪਤਾ ਲੱਗ ਗਿਆ ਹੈ ਕਿ ਸੌ ਸਾਖੀ ਇਸ ਦਾ ਪਹਿਲਾ ਨਾਮ ਰਤਨ ਮਾਲ ਹੈ ਤੇ ੧੭੯੧ ਵਿਚ ਲਿਖੀ ਗਈ ਦੱਸੀਦੀ ਹੈ, ਉਸ ਵਿਚ ਖੂਬ ਆਖੇਪ ਹੋਏ ਹਨ। ਕਵੀ ਜੀ ਪਾਸ ਜੋ ਕਾਪੀ ਸੀ ਉਹ ਬੀ ਆਖੇਪਾਂ ਵਾਲੀ ਸੀ, ਜੋ ਹੁਣ ਮਿਲਦੀ ਹੈ ਉਸ ਵਿਚ ਕਵੀ ਜੀ ਤੋਂ ਮਗਰੋਂ ਹੋਰ ਬੀ ਆਖੇਪ ਖੁੱਲ੍ਹੇ ਦਿਲ ਹੋਏ ਹਨ।

ਸਿੰਘਨਿ ਅਨਗਨ ਕੋ ਦੇ ਮਾਰੀ ॥੨੬॥
ਕਟਹਿਂ ਸੀਸ ਕੇ ਲਗਹਿਂ ਅੰਬਾਰਾ।
ਆਗੇ ਜਾਹਿ ਤੇਜ ਧਰਿ ਭਾਰਾ।
ਮਥਰਾ ਕਤਲ ਕਰੈ ਇਕ ਬਾਰੀ[†]।
ਦੇਹਿ ਦੇਸ਼ ਕੋ ਡਰ ਬਲ ਧਾਰੀ ॥੨੭॥

[†]ਲਗਪਗ ਸੰ: ੧੮੧੩ ਬਿ: ਵਿਚ ਮਥਰਾ ਲੁਟੀ ਸੀ।

ਸਹੈ ਨ ਤੇਜ ਤਾਂਹਿ ਕਹੁ ਕੋਈ।
ਧਰ ਪਰ ਫਿਰਹਿ ਜ਼ੋਰ ਭਰਿ ਸੋਈ।'
ਸੁਨਿ ਸਿੰਘਨ ਸਭਿ ਜੋਰੇ ਹਾਥ।
'ਤਬਹਿ ਖਾਲਸਾ ਰਹਿ ਕਿਮ ਨਾਥ?

॥੨੮॥
ਮਹਾਂ ਸ਼ੱਤ੍ਰ ਜਬਿ ਗਰਜਹਿਂ ਸਾਰੇ।
ਖੋਜ ਖੋਜ ਜਬਿ ਸਿੰਘਨਿ[1] ਮਾਰੇ। — [1]ਸਿੰਘਾਂ ਨੂੰ।
ਅਬਚਲ ਪੰਥ ਰਚਜੋ ਤੁਮ ਸ੍ਵਾਮੀ।
ਤਬਿ ਕਿਮ ਥਿਰ ਹ੍ਵੈ ਅੰਤਰਜਾਮੀ?'
॥੨੯॥
ਸੁਨਿ ਪ੍ਰਭੁ ਬਹੁਰ ਸੁਨਾਇਂ ਭਵਿੱਖਜ।
ਜਿਸ ਤੇ ਧੀਰ ਲਈ ਗਨ ਸਿੱਖਜ।
'[1]ਕ੍ਰਿਸ਼ਨ ਚੰਦ ਜੋਧਾ ਭੁਜ ਭਾਰੀ। — [1]ਦੁਆਪਰ ਦੇ ਅੰਤ ਵਿਚ)।
ਜਰਾਸੰਧ ਭਾਜਜੋ ਬਹੁ ਬਾਰੀ ॥੩੦॥
ਨ੍ਰਿਪ ਨੇ[1] ਨਿਜ ਸਹਾਇਤਾ ਕਾਰਨ। — [1]ਭਾਵ ਜਰਾਸੰਧ ਨੇ।
ਕਾਲਜਮਨ[1] ਕਰਿ ਸਖਾ ਹਕਾਰਨ। — [1]ਹਿੰਦੂ ਲੇਖਕਾਂ ਮੁਜਬ ਯਵਨਾਂ ਦਾ ਇਕ ਰਾਜਾ ਦੇਖੋ ਹਰੀਵੰਸ਼) ਪੱਛਮੀ ਲੇਖਕ ਇਸ ਨੂੰ ਫਾਰਸ ਦਾ ਰਾਜਾ ਖਿਆਲ ਕਰਦੇ ਹਨ, ਕਵੀ ਜੀ ਇਸ ਨੂੰ ਹਬਸ਼ ਦਾ ਰਾਜਾ ਦੱਸਦੇ ਹਨ। ਗ਼ਾਲਬਨ ਇਹ ਈਰਾਨ ਆਦਿ ਇਲਾਕਿਆਂ ਦਾ ਕੋਈ ਯੂਨਾਨੀ ਯੋਧਾ ਹੋਣਾ ਹੈ, ਅਗੇ ਚੱਲਕੇ ਅਹਿਮਦ ਸ਼ਾਹ ਅਬਦਾਲੀ ਨੂੰ ਇਸੇ ਕਾਲਜਮਨ ਦਾ ਅਵਤਾਰ ਦੱਸਦੇ ਹਨ।
ਹਫਸ ਵਲਾਇਤ ਜਹਿਂ ਤਨੁ ਕਾਰੇ[1]। — [1]ਹਬਸ਼ ਵਲੈਤ ਜਿਥੇ ਕਾਲੇ ਤਨਾਂ ਵਾਲੇ ਰਹਿੰਦੇ ਹਨ [ਅਫਰੀਕਾ ਵਿਚ ਹਬਸ਼ (ਐਬੇਸਿਨੀਆ) ਨਾਮੇ ਦੇਸ਼ ਹੈ ਜਿਥੋਂ ਦਿਆਂ ਨੂੰ ਹਬਸ਼ੀ ਕਹਿੰਦੇ ਹਨ]।
ਮੋਟੇ ਹੋਠ ਨਾਕ ਚਪਟਾਰੇ[1] ॥੩੧॥ — [1]ਚਪਟੇ।
ਤਿਹ ਕੋ ਸ਼ਾਹੁ[1] ਚਢਜੋ ਬਲਿ ਭਾਰੀ। — [1]ਕਾਲਜਮਨ।
ਲਰਨ ਕ੍ਰਿਸ਼ਨ ਕੋ ਲੀਨਿ ਹਕਾਰੀ[1]। — [1]ਭਾਵ ਕ੍ਰਿਸ਼ਨ ਨਾਲ ਲੜਨ ਵਾਸਤੇ ਜਰਾਸੰਧ ਨੇ ਸੱਦ ਲਿਆ।
-ਮਥਰਾ ਹਤੌਂ ਲੂਟ ਸਭਿ ਕਰੌਂ।
ਇਹੀ ਮਨੋਰਥ ਮਨ ਮਹਿਂ ਧਰੌਂ-
॥੩੨॥
ਜਬਿ ਭਟ ਭੇਰ ਦੁਹਨਿ ਕੌ ਹੋਵਾ।
[1]ਜਮਨ ਅਪਾਵਨ ਤਨ ਕੋ ਜੋਵਾ। — [1]ਕ੍ਰਿਸ਼ਨ ਜੀ ਨੇ ਕਾਲ ਜਮਨ ਦਾ ਤਨ ਅਪਵਿੱਤ੍ਰ ਸਮਝਕੇ, ਕਿ ਮਤਾਂ ਮੂਰਖ ਸਾਡੇ ਅੰਗਾਂ ਨਾਲ ਛੁਹ ਨਾ ਜਾਵੇ, ਭੱਜ ਟੁਰੇ।
ਛੁਵੈ ਨ ਅੰਗ ਸੰਗ ਮਤਿ ਮੂਢਾ।
ਚਲੇ ਭਾਜ ਆਸ਼ੈ ਧਰਿ ਗੂਢਾ[1] ॥੩੩॥
ਸੈਲ ਕੰਦਰਾ ਮਹਿਂ ਮੁਚਕੰਦਾ[1]। — [1]ਇਕ ਰਾਜਾ ਦਾ ਨਾਮ।

ਸੁਪਤਿ ਪਰਜੋ ਧਰ ਨੀਂਦ ਬਿਲੰਦਾ।
ਰਣ ਕਰਿ ਸੁਰ ਹਿਤ, ਬਰ ਕੋ ਪਾਇ।
-ਮੋਹਿ ਜਗਾਇ ਜੁ ਜਰ ਬਰ ਜਾਇ-
॥੩੪॥
[1]ਤਹਾਂ ਪਹੁੰਚਿ ਸ੍ਰੀ ਕ੍ਰਿਸ਼ਨ ਮੁਰਾਰੀ।

[1]ਕਵੀ ਜੀ ਦਾ ਭਾਵ ਇਹ ਜਾਪਦਾ ਹੈ ਕਿ ਕ੍ਰਿਸ਼ਨ ਜੀ ਨੇ ਸੁਤੇ ਪਏ ਮੁਚਕੰਦ ਨੂੰ ਲੱਤ ਮਾਰੀ ਤੇ ਆਪ ਛਪ ਗਏ ਮੁਚਕੰਦ ਰਾਜੇ ਦੀ ਨਜ਼ਰ ਕਾਲਜਮਨ ਤੇ ਪਈ ਓਨ ਜਾਤਾ ਕਿ ਮੈਨੂੰ ਕਾਲਜਮਨ ਨੇ ਜਗਾਇਆ ਹੈ ਸੋ ਉਸ ਦੀ ਕੋਪ ਦ੍ਰਿਸ਼ਟੀ ਨਾਲ ਕਾਲਜਮਨ ਸੜ ਮੋਇਆ। ਮੁਚਕੰਦ ਰਾਜਾ ਵਰ ਲੈ ਕੇ ਸੁੱਤਾ ਪਿਆ ਸੀ-ਕਿ ਜੋ ਤੈਨੂੰ ਜਗਾਵੇਗਾ ਸੜ ਜਾਵੇਗਾ-ਪਰੰਤੂ ਕਥਾ ਐਉਂ ਬੀ ਹੈ ਕਿ ਕ੍ਰਿਸ਼ਨ ਜੀ ਨੇ ਸੁੱਤੇ ਪਏ ਮੁਚਕੰਦ ਤੇ ਅਪਨਾ ਪੀਤਾਂਬਰ ਪਾ ਦਿਤਾ ਤੇ ਆਪ ਛਿਪ ਗਏ, ਕਾਲਯਮਨ ਨੇ ਉਸਨੂੰ ਕ੍ਰਿਸ਼ਨ ਜੀ ਸਮਝਕੇ ਲੱਤਮਾਰੀ ਤਾਂ ਮੁਚਕੰਦ ਦੀ ਕੋਪ ਦ੍ਰਿਸ਼ਟੀ ਨਾਲ ਕਾਲਜਮਨ ਸੜ ਮੋਇਆ।

ਤਤਛਿਨ ਬਲ ਤੇ ਲਾਤ ਪ੍ਰਹਾਰੀ[1]। — [1]ਛੇਤੀ ਨਾਲ ਜ਼ੋਰ ਦੀ ਲਤ ਮਾਰੀ।
ਉਠਿ ਰਿਸ ਤੇ ਤਿਨ ਲੋਚਨ ਖੋਲੇ[1]। — [1]ਮੁਚਕੰਦ ਰਾਜਾ ਨੇ) ਨੈਣ ਖੁਹਲੇ।
ਜਰਜੋ ਜਮਨ, ਹੋਏ ਹਰਿ ਓਲੇ[1] — [1]ਕ੍ਰਿਸ਼ਨ ਓਲ੍ਹੇ ਹੋ ਗਿਆ।
॥੩੫॥
ਹਤਨ ਮਨੋਰਥ ਮਥਰਾ ਕੇਰਾ।
ਲੇ ਕਰਿ ਮ੍ਰਿਤਕ ਭਯੋ ਤਿਸੁ ਬੇਰਾ।
ਜਨਮੈਗੋ ਸੋ ਦੇਸ਼ ਕੰਧਾਰਾ[1]। — [1]ਉਹ ਕਾਲ ਜਮਨ (ਅਹਿਮਦ ਸ਼ਾਹ ਹੋਕੇ) ਕੰਧਾਰ ਵਿਚ ਜੰਮੇਗਾ।
ਨਾਦਰਸ਼ਾਹ ਆਪ ਕਰ ਮਾਰਾ[1] ॥੩੬॥ — [1]ਨਾਦਰ ਸ਼ਾਹ ਨੂੰ ਆਪਣੇ ਹੱਥੀਂ ਮਾਰੇਗਾ (ਇਹ ਖਿਆਲ ਗ਼ਲਤ ਹੈ, ਨਾਦਰ ਸਾਹ ਨੂੰ ਅਹਿਮਦ ਸ਼ਾਹ ਨੇ ਨਹੀਂ ਮਾਰਿਆ, ਉਸਦੀ ਆਪਣੀ ਕੌਮ ਦੇ ਆਦਮੀਆਂ ਨੇ ਉਸ ਨੂੰ ਮਾਰਿਆ ਸੀ। ਉਸਦੇ ਮਰਨ ਪਰ ਅਹਿਮਦ ਸ਼ਾਹ ਜੋ ਉਸ ਦਾ ਇਕ ਸਰਦਾਰ ਸੀ, ਕੰਧਾਰ ਆ ਕੇ ਪਾਤਸ਼ਾਹ ਬਣ ਗਿਆ ਸੀ)।
ਸੋ[1] ਪੰਜਾਬ ਦੇਸ਼ ਪਰ ਆਵਹਿ। — [1]ਭਾਵ ਅਹਿਮਦ ਸ਼ਾਹ।
ਨਰਨ ਖਸੋਟਹਿ ਊਜਰ ਜਾਵਹਿ[1]। — [1]ਉਜੜ ਜਾਏਗਾ (ਪੰਜਾਬ)।
ਦਲ ਲੇ ਬਲ ਕਰਿ ਅੱਗ੍ਰ ਸਿਧਾਰਹਿ।
ਡੰਡਹਿ ਸਭਿਨਿ ਅਰਹਿ ਜੋ ਮਾਰਹਿ
॥੩੭॥
ਮਥਰਾ ਕਰਹਿ ਕਤਲ ਤਹਿੰ ਜਾਇ।
ਪ੍ਰਥਮ ਮਨੋਰਥ[1] ਕੋ ਸਫਲਾਇ। — [1]ਕਾਲ ਜਮਨ ਵਾਲੇ ਪਹਿਲੇ ਮਨੋਰਥ ਨੂੰ।
ਮਮ ਘਰ ਸੰਗ ਖਿਸਹਿ ਜਿਸੁ ਕਾਲਾ[1]। — [1]ਮੇਰੇ ਘਰ (ਸ੍ਰੀ ਅੰਮ੍ਰਿਤਸਰ) ਨਾਲ ਕ੍ਰੋਧ ਕਰੇਗਾ ਜਿਸ ਵੇਲੇ (ਅਹਿਮਦ ਸ਼ਾਹ)।
ਥਿਰਹਿ ਨ ਪੁਨ[1] ਬਿਨਸੈ ਸੁ ਉਤਾਲਾ — [1]ਆਪ ਥਿਰੇਗਾ ਨਹੀਂ।

॥੩੮॥
ਸ੍ਰਾਪ ਗੁਰੂ ਅਰਜਨ ਜੀ ਕਹ੍ਯੋ।
-ਬਨਹਿ ਬਹੁਰ ਹਰਿ ਮੰਦਰ- ਚਹ੍ਯੋ।
ਯਾਂ ਤੇ ਕਰੈ ਬਿਦਾਰਨਿ ਸੋਇ।
ਬਹੁਰ ਖਾਲਸੇ ਕਰ ਤੇ ਹੋਇ[1] ॥੩੯॥ [1]ਫੇਰ ਖਾਲਸੇ ਦੇ ਹੱਥੋਂ ਉਸਰੇਗਾ (ਹਰੀ ਮੰਦਰ)।
ਮਮ ਘਰ ਬਿਗਰਹਿ ਦੋਸ਼ ਘਨੇਰਾ[1]। [1]ਮੇਰੇ ਘਰ ਨਾਲ ਵਿਗੜਨ ਦਾ ਦੋਸ਼ ਬਹੁਤ ਲੱਗੇਗਾ।
ਲਗਹਿ ਮੂਢ ਕੋ ਬਿਨਸੈ ਫੇਰਾ[1]। [1]ਫੇਰ ਮੂਢ (ਅਹਿਮਦ ਸ਼ਾਹ) ਨਾਸ਼ ਹੋਵੇਗਾ।
ਰਚ੍ਯੋ ਅਕਾਲ ਖਾਲਸਾ ਬਲੀ।
ਹਤਿ ਲੈ ਹੈਂ ਤਿਸ ਕੋ ਬਿਧਿ ਭਲੀ
॥੪੦॥
ਦੇਂ ਪੰਜਾਬ ਤੇ ਤੁਰਤ ਨਿਕਾਸ।
ਬਹੁਰ ਨ ਆਵਨ ਕੀ ਰਖਿ ਆਸ।
ਗਰਜਹਿਂ ਪੰਥ ਫੇਰ ਟਿਕ ਰਾਜੂ।
ਪ੍ਰਗਟਹਿਂ ਬੀਰ[1] ਸਿੰਘ ਸੁਖਰਾਜੂ[†]' [1]ਸੂਰਮੇ।
॥੪੧॥

[†]ਜੇ ਇਸ ਪਿਛਲੇ ਸਾਰੇ ਪ੍ਰਸੰਗ ਨੂੰ ਨਾਦਰ ਦੇ ਹਮਲੇ ਤੇ ਕਤਲਾਮ ਵੱਲ ਸਮਝਿਆ ਜਾਵੇ ਤਾਂ ਗ਼ਲਤ ਹੈ ਕਿਉਂਕਿ ਮਥਰਾ ਲੁੱਟਣੀ (ਲਗ ਪਗ ੧੮੧੩ ਬਿ: ਵਿਚ) ਤੇ ਹਰਿ ਮੰਦਰ ਦੀ ਬੇਅਦਬੀ (ਸੰਮਤ ੧੮੧੮ ਬਿ: ਵਿਚ) ਏਹ ਇਸ਼ਾਰੇ ਅਹਿਮਦ ਸਾਹ ਦੇ ਹਮਲੇ ਵੱਲ ਹੋ ਰਹੇ ਹਨ। ਅਹਿਮਦ ਸ਼ਾਹ ਮੁੜਕੇ ਪਠਾਨ ਰਾਜ ਹਿੰਦ ਵਿਚ ਜਮਾ ਲੈਂਦਾ ਪਰ ਪੰਜਾਬ ਵਿਚੋਂ ਲੰਘ ਕੇ ਉਸ ਦੇ ਹਿੰਦ ਵਿਚ ਦਿੱਲੀਓਂ ਅਗੇ ਵਧਦੇ ਸਾਰ ਪੰਜਾਬ ਵਿਚ ਸਿੱਖਾਂ ਦੀ ਸ਼ੋਰਸ਼ ਉਸ ਨੂੰ ਆਪਣਾ ਇਰਾਦਾ ਪੂਰਨ ਨਹੀਂ ਸੀ ਕਰਨ ਦਿੰਦੀ। ਤਦ ਉਸ ਨੂੰ ਤੌਖਲਾ ਪੈ ਜਾਂਦਾ ਸੀ ਕਿ ਜੇ ਸਿਖ ਮੇਰਾ ਅਫ਼ਗਾਨਿਸਤਾਨ ਨਾਲ ਸੰਬੰਧ ਨਹੀਂ ਰਹਿਣ ਦੇਣਗੇ ਤਾਂ ਭਜਾਨਕ ਫਲ ਹੋਊ, ਇਸ ਕਰਕੇ ਛੇਤੀ ਪੰਜਾਬ ਨੂੰ ਮੁੜ ਪੈਂਦਾ। ਸਿੱਖਾਂ ਦਾ ਇਹ ਸਮਾਂ ਭਾਰੇ ਦੁੱਖਾਂ ਮੁਕਾਬਲਿਆਂ ਤੇ ਤਸੀਹਿਆਂ ਦਾ ਸੀ ਪਰ ਉਨ੍ਹਾਂ ਦੀ ਅਹਿੱਲ ਸੂਰਮਗਤੀ ਤੇ ਆਪਾਵਾਰ ਕੁਰਬਾਨੀਆਂ ਨੇ ਦੁਰਾਨੀਆਂ ਦੇ ਮਨਸੂਬੇ ਸਿਰੇ ਨਹੀਂ ਚੜ੍ਹਨ ਦਿਤੇ ਤੇ ਹਿੰਦ ਵਿਚ ਫੇਰ ਪਠਾਣ ਰਾਜ ਕਾਇਮ ਨਾ ਹੋਣ ਦਿੱਤਾ ਤੇ ਅੰਤ ਸਿੱਖਾਂ ਨੇ ਅਫ਼ਗਾਨਿਸਤਾਨ ਦੇ ਪੰਜਾਬ ਪਰ ਹਮਲੇ ਬੀ ਨਾਮੁਮਕਿਨ ਕਰ ਦਿੱਤੇ।

ਕਥਾ ਭਵਿੱਖਜਤ ਗੁਰੂ ਸੁਨਾਈ।
ਪਠਨਿ ਸੁਨਨਿ ਬਹੁ ਪੁੰਨ ਉਪਾਈ।
ਸਹਿਜ ਸੁਭਾਇ ਪ੍ਰਭੂ ਚਲਿ ਆਏ।
ਸੁੰਦਰ ਸਦਨ ਪ੍ਰਵੇਸ਼ਿ ਸੁਹਾਏ ॥੪੨॥
ਕੇਹਰਿ ਜਥਾ ਕੰਦਰਾ ਬਿਖੈ[1]। [1]ਜਿਵੇਂ ਕੰਦਰਾਂ ਵਿਚ ਸ਼ੇਰ ਚਲਾ ਜਾਂਦਾ ਹੈ। (ਤਿਵੇਂ) ਚਲੇ ਗਏ ਘਰ (ਵਿੱਚ)।
ਜਿਤ ਕਿਤ ਤੇ ਰਿਪੁ ਗਨ ਇਮ ਪਿਖੈਂ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸਭਿ ਸੰਗਤਿ ਸੁਨਿ ਸੁਨਿ ਬਿਸਮਾਈ

॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ੍ਰੀ ਗੁਰ ਭਵਿੱਖਜਤ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਲੇਪਣੀ ਸਿੰਘ ਨੂੰ ਤਮਾਚਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਪ੍ਰਾਤਿ ਸੌਚ ਮੱਜਨ ਕਰੇ, ਅਲੰਕਾਰ ਕੋ ਧਾਰਿ।
ਹੀਰੇ ਮੁਕਤਾ ਗੋਲ ਜੇ, ਸੋਹਤਿ ਸੇਤ ਉਦਾਰ ॥੧॥

ਨਿਸ਼ਾਨੀ ਛੰਦ:

†ਸੇਤ ਧਰੈਂ ਦਸਤਾਰ ਸਿਰ, ਜਾਮਾ ਗਰ ਸੇਤਾ[1]।

[1]ਗਲ ਵਿਚ ਚਿੱਟਾ ਜਾਮਾ। †ਇਥੋਂ ਸੌ ਸਾਖੀ ਦੀ ੧੯ਵੀਂ ਸਾਖੀ ਚਲੀ ਹੈ।

ਸੇਤ ਦੁਕੂਲ, ਸਫੂਲ ਸਿਤ[1], ਕਛ ਸੇਤ ਸਮੇਤਾ।

[1]ਚਿੱਟੇ ਫੁਲਾਂ ਵਾਲਾ ਚਿੱਟਾ ਰੇਸ਼ਮੀ ਕੱਪੜਾ [ਦਕੂਲ = ਸਣ, ਅਲਸੀ, ਰੇਸ਼ਮ ਦਾ ਕੱਪੜਾ। ਸਫੂਲ ਸਿਤ = ਚਿੱਟੇ ਫੁੱਲਾਂ ਵਾਲਾ, ਭਾਵ ਜਿਸ ਦੀ ਉਣਤ ਵਿਚ ਹੀ ਚਿੱਟੇ ਫੁੱਲ ਪੈ ਗਏ ਹੋਣ। (ਅ) ਸੇਤ ਦੁਕੂਲ = ਚਿੱਟਾ ਦੁਪੱਟਾ। ਸਫੂਲ ਸਿਤ = ਚਿੱਟੇ ਫੁੱਲਾਂ (ਦੀ ਮਾਲਾ) ]।

ਉਡਗਨ ਮਹਿਂ ਪੂਰਨ ਸਸੀ, ਜਿਮ ਸੇਤ ਸੁਹਾਵੈ।
ਤਿਮ ਬੈਠੇ ਵਿਚ ਸਭਾ ਕੇ, ਸੇਵਕ ਮਨ ਭਾਵੈਂ ॥੨॥
ਭੀਤ ਨਿਕਟ ਇਕ ਸਭਾ ਕੇ, ਨਿਤ ਲੇਪਹਿ ਸੋਈ।
ਗੁਰ ਆਗੈ ਨਹਿਂ ਲਿਪੀ ਸੋ, ਆਏ ਪਹਿਲੋਈ[1]।

[1]ਗੁਰੂ ਜੀ ਦੇ ਅੱਗੋਂ ਪਹਿਲੇ ਆਕੇ ਲਿਪਣੀ ਸੀ ਸੋ ਲਿਪੀ ਨਹੀਂ ਗਈ ਸੀ।

ਤਊ ਪ੍ਰਭੂ ਬੈਠੇ ਲਿਪਤਿ, ਜਿਹ ਸਿਖ ਕੀ ਕਾਰੇ[1]।

[1]ਤਾਂ ਭੀ ਸ੍ਰੀ ਗੁਰੂ ਜੀ ਦੇ ਬੈਠਿਆਂ ਹੀ ਲਿਪਣ ਲੱਗਾ ਉਹ ਸਿਖ ਕਿ ਜਿਸ ਦਾ ਇਹ ਕੰਮ ਸੀ।

ਹੁਤੇ ਸਮੀਪੀ ਅਲਪ ਹੀ, ਸੇਵਕ ਪਰਵਾਰੇ ॥੩॥
ਲੀਪਹਿ ਹਾਥ ਸੰਭਾਰਿ ਕੈ, ਬਹੁ ਸ਼ੀਘ੍ਰ ਕਰੰਤਾ।
ਭਈ ਦੇਰਿ ਉਰ ਸਮੁਝਿ ਕੈ, ਗੁਰ ਤੇ ਡਰਪੰਤਾ।
ਪੌਂਛਜੋਂ ਹਾਥ ਬਚਾਇ ਉਠ, ਪੁਨ ਛੀਂਟ ਤੁਰੰਤੇ।
ਗਰ ਜਾਮਾ ਸਿਤ ਗੁਰੂ ਕੇ, ਤਹਿਂ ਪਰੀ ਪਿਖੰਤੇ ॥੪॥

ਸ਼੍ਰੀ ਮੁਖ ਤੇ ਤਤਕਾਲ ਹੀ, ਇਸ ਭਾਂਤਿ ਉਬਾਚਾ।
'ਉਠਹੁ ਲੇਪਨੀ ਸਿੰਘ ਕੈ, ਇਕ ਹਤਹੁ ਤਮਾਚਾ।'
ਸੁਨਿ ਆਇਸੁ ਕੋ ਉਠੇ ਬਹੁ, ਪਹੁੰਚੇ ਉਤਲਾਏ।
ਹਤੇ ਤਮਾਚੇ ਸਭਿਨਿ ਹੂੰ, ਤਿਸ ਹੋਸ਼ ਗਵਾਏ ॥੫॥
ਭਯੋ ਬਿਸੁਧ ਦੇਖਯੋ ਗੁਰੂ, ਮਨ ਬਿਖੈ ਬਿਚਾਰਾ।
-ਤਨਕ ਹੁਤੋ ਅਪਰਾਧ ਇਸ, ਸਭਿ ਨੇ ਬਹੁ ਮਾਰਾ-।
ਖੇਦ ਅਧਿਕ ਜੁਤਿ ਜਾਨਿ ਕੈ, ਪੁਨ ਬਾਕ ਬਖਾਨੇ।
'ਸਿਖ ਸੰਗਤਿ ਸਭਿ, ਗੁਰੂ ਕੀ, ਆਇਸੁ ਕੌ ਮਾਨੇ ॥੬॥
ਤਦਪਿ ਸੁਨਹੁ ਤੁਮ ਸਿੰਘ ਸਭਿ! ਇਹ ਸਿਖ ਗੁਰ ਕੇਰਾ।
ਕੇਸਨ ਪਰ ਕਰਤਲ ਹਤੇ, ਕਿਯ ਬੁਰਾ ਬਡੇਰਾ[1]।

[1]ਹੱਥ ਦੀ ਤਲੀ ਭਾਵ ਤਮਾਚੇ ਮਾਰੇ, ਬੜਾ ਬੁਰਾ ਕੀਤਾ।

ਇਹੁ ਬਾਣਾ ਹੈ ਗੁਰੂ ਕੋ, ਤਾੜਹਿ ਕਰ ਜੋਈ[1]।

[1]ਜੋ ਹੱਥਾਂ ਨਾਲ ਤਾੜੇਗਾ।

ਸੋ ਗੁਰ ਕੋ ਬੈਰੀ ਅਹੈ, ਲਖੀਐ ਸਭਿ ਕੋਈ ॥੭॥
ਕੀਨਿ ਅਨਰਥ ਗੁਨਾਹ ਬਡਿ, ਕੇਸਨਿ ਪਰ ਮਾਰਾ।
ਅਰੁ ਤੁਮ ਭਾਖੋ -ਤਿਮ ਕਰਯੋ, ਜਿਮ ਗੁਰੂ ਉਚਾਰਾ[1]-।

[1]ਜੇ ਤੁਸੀਂ ਕਹੋ ਕਿ ਅਸੀਂ ਤਿਵੇਂ ਕੀਤਾ ਹੈ ਜਿਵੇਂ ਗੁਰੂ ਜੀ ਨੇ ਕਿਹਾ ਸੀ।

ਤਿਸ ਪਰ ਸੁਨੀਐ ਹਮ ਕਹਯੋ, -ਕਿ ਉਠਿ ਕਰਿ ਮਾਰੋ-।
ਤਨ ਪਰ ਹਤਨੋ ਉਚਿਤ ਥੋ, ਜਿਨ

[1]ਜਿਸ ਨੇ ਪਹਿਲਾਂ ਹੱਥ ਚੁਕਿਆ ਸੀ।

ਪ੍ਰਥਮ ਉਭਾਰੋ[1] ॥੮॥
ਦੁਤੀਏ ਕੋ ਹਟ ਰਹਿਨ ਥੋ, ਇਸ ਬਿਧਿ ਪਹਿਚਾਨੋ।
ਗੁਰੂ ਬਚਨ ਪੂਰਨ ਭਯੋ, ਜਿਮ ਕੀਨਿ ਬਖਾਨੋ।
ਇਮ ਕਰਿਬੋ ਬਨਿ ਆਵਈ, ਤੁਮ[1] ਸਭਿ ਨੇ ਮਾਰਾ।
ਅਲਪ ਗੁਨਾਹੀ ਜਾਨੀਐ, ਹੋਈ ਬਹੁ ਮਾਰਾ ॥੯॥
ਇਹ ਭੀ ਸਿਖ ਭਾਈ ਹੁਤੋ, ਤੁਮ ਭਲਾ ਨ ਕੀਨੋ।
ਹੋਇ ਗਈ ਇਮ ਨੇਤ ਇਹੁ, ਵਧ ਇਸ ਪਰ, ਚੀਨੋ[1]।
ਯਾਂ ਤੇ ਤਨੁਜਾ ਆਪਨੀ ਦੇ, ਕਰਿ ਹਰਖਾਵੈ[1]।'
ਸੁਨਿ ਸੰਗਤ ਤੂਸ਼ਨ ਭਈ, ਨਹਿਂ ਕਛੂ ਸੁਨਾਵੈ ॥੧੦॥
ਪਿਖਿ ਸ੍ਰੀ ਮੁਖ ਤੇ ਤਬਿ ਭਨੑਯੋ, 'ਗੁਰ ਕੇ ਬਚ ਸਾਰੇ।
ਮਾਨਹਿਂ ਤਬਿ ਹੁਇ ਸਿਖ ਤਾਂ[1], ਉਰ ਲੇਹੁ ਬਿਚਾਰੇ।
ਤੁਸੀਂ ਕਾਮ ਕੇ[1] ਸਿੱਖ ਹੋ, ਸਿੱਖੀ ਬਡ ਦੂਰੇ।
ਬਾਣਾ ਗੁਰ ਸਿਖ ਕੋ ਧਰਯੋ, ਲਖੀਯਤਿ ਸਿਖ ਰੂਰੇ' ॥੧੧॥
ਅਜਬ ਸਿੰਘ ਕੰਧਾਰ ਕੋ ਨਿਜ ਤਨੁਜਾ ਲਜਾਯੋ।
ਗੁਰੂ ਅਗਾਰੀ ਖਰੀ ਕਹਿ 'ਲਿਹੁ ਪ੍ਰਭੂ!' ਅਲਾਯੋ।
ਸ੍ਰੀ ਮੁਖ ਕਹਯੋ 'ਨਿਹਾਲ ਭਾ, ਸਿੱਖਾ! ਸੁਨਿ ਲੀਜੈ।

[1]ਇਵੇਂ ਕਰਨਾ ਬਣਦਾ ਸੀ (ਪਰ) ਤੁਸਾਂ.....।

[1]ਨੇਤ ਨਾਲ ਵਧੀਕੀ ਹੋਈ ਹੈ ਇਸ ਪਰ, ਇਹ ਗਲ ਤੱਕੋ।

[1]ਪ੍ਰਸੰਨ ਕਰੋ।

[1]ਭਾਵ ਸਿੱਖ ਤਦੋਂ ਹੀ ਹੋਈ ਦਾ ਹੈ ਜਦੋਂ ਗੁਰੂ ਦੇ ਸਾਰੇ ਬਚਨ ਮੰਨੀਏ ਤਾਂ.....।

[1]ਮਤਲਬ ਦੇ।

ਗੁਰ ਹਜ਼ੂਰ ਸਿੱਖੀ ਰਖੀ, ਸਭਿ ਮਹਿਂ ਪਰਖੀਜੈ' ॥੧੨॥
ਉਠ ਬੋਲਯੋ ਸਿੱਖ ਲੇਪਨੀ 'ਸਿਖ ਤਨੁਜਾ ਜੋਈ।
ਮੋ ਕਉ ਉਚਿਤ ਨ ਬਯਾਹ ਕੇ, ਭਗਨੀ ਸਮ ਹੋਈ।'
ਸੁਨਿ ਤਬਿ ਬੋਲੀ ਕੰਨਿਕਾ[1], 'ਗੁਰੁ ਬਾਕ ਬਖਾਨਾ।
ਜਿਸ ਤੇ ਆਨੀ ਪਿਤਾ ਨੇ, ਅਰਪਨਿ ਕੋ ਠਾਨਾ ॥੧੩॥
ਅਬਿ ਮੈਂ ਰਹੌਂ ਹਜ਼ੂਰ ਹੀ, ਇਤ ਉਤ ਨਹਿਂ ਜਾਵੌਂ।
ਸੇਵਹੁਂ ਸ਼੍ਰੀ ਗੁਰਦੇਵ ਕੌਂ, ਮੈਂ ਸੁਫਲ ਰਿਝਾਵੌਂ।'
ਸਭਾ ਸੁਨਾਵਨਿ ਕਾਰਨੇ, ਗੁਰ ਬਾਕ ਬਖਾਨੇ।
'ਕੰਨਜਾਂ ਜਨੈ ਕਨੈਤ ਭੇ, ਸੁਨਿ ਸੋ ਅੱਖਜਾਨੇ[1] ॥੧੪॥
ਕਲੀ ਕਾਲ ਪਰਬ੍ਰਿਤਯੋ ਜਬਿ, ਦ੍ਵੈ ਬਰਖ ਹਜ਼ਾਰੇ।
ਭਯੋ ਨੰਦ ਰਾਜਾ ਬਡੋ, ਬਹੁ ਲੋਭ ਹੰਕਾਰੇ।
ਮਹਾਰਾਜ[1] ਕਹਿਵਾਇ ਕੈ, ਖੈਂਚਯੋ ਧਨ ਸਾਰਾ।
ਜਬਰੀ ਕਰਿ ਜਗ ਤੇ ਲਯੋ, ਧਰਿ ਧਰਨਿ ਮਝਾਰਾ ॥੧੫॥
ਕਰਯੋ ਦਬਾਵਨਿ ਦਰਬ ਜਬਿ, ਪਰਜਾ ਘਟ ਹੋਈ†।
ਬੀਤ ਗਈ ਤਿਹ ਆਰਬਲ, ਮ੍ਰਿਤੁ ਬਸਿ ਭਾ ਸੋਈ।
ਤਿਸ ਪਸ਼ਚਾਤਿ ਮਹੀਪ ਭੇ, ਬਯ ਭੋਗਤਿ ਬੀਤੇ।

[1]ਕੰਨਜਾਂ।

[1]ਕੰਨਿਆਂ ਦੇ ਜਣੇ ਹੋਏ ਕਨੈਤ ਜ਼ਾਤੀ ਦੇ ਹੋਏ, ਸੁਣੋ ਸੁ (ਕਨੈਤਾਂ ਦੀ) ਕਥਾ।

[1]ਆਪ ਨੂੰ) ਮਹਾਰਾਜਾ ਅਖਵਾਕੇ।

†ਪਾ:-ਤਬ ਰੋਈ।

ਪੁਨ ਨ੍ਰਿਪ ਬਾਲਕ ਚੰਦ ਭਾ, ਧਨ ਤੇ ਸਭਿ ਰੀਤੇ[1] ॥੧੬॥
ਲੋਕ ਭਏ ਸਭਿ ਰੰਕ ਜਗ, ਗਨ ਦਰਬ ਬਿਹੀਨੇ।
ਨਿਜ ਕੰਨਜਾਂ ਬਿਨ ਮੋਲ ਤੇ, ਨਹਿਂ ਦੈਬੋ ਕੀਨੇ।
ਸੈਨਾ ਕੇ ਨਰ ਬਜਾਹ ਬਿਨ, ਸਗਰੇ ਅਕੁਲਾਏ।
ਰਾਜਾ ਬਾਲਕ ਚੰਦ ਢਿਗ, ਕਹਿ ਬਿਨੈ ਸੁਨਾਏ ॥੧੭॥
-ਬਿਨਾ ਬਜਾਹ ਤੇ ਭਟ ਰਹੇ, ਤੁਵ ਰਾਜ ਮਝਾਰਾ।
ਸੰਤਤਿ ਭਈ ਨ ਕਿਸੁ ਤੇ, ਇਹੁ ਕਸ਼ਟ ਉਦਾਰਾ।
ਜਾਚਹਿਂ ਮੋਲ ਬਿਸਾਲ ਕੋ, ਧਨ ਏਤਿਕ ਨਾਂਹੀ।
ਦੇਤਿ ਅਲਪ ਤੁਮ ਨੌਕਰੀ, ਯਾਂ ਤੇ ਕਿਤ ਜਾਂਹੀ[1]- ॥੧੮॥
ਸੁਨਿ ਲੋਕਨਿ ਤੇ ਖੋਟ ਕੋ, ਬਾਲਕ ਚੰਦ ਭਾਖਾ।
-ਲੇਹੁ ਪ੍ਰਜਾ ਕੀ ਕੰਨਜਕਾ, ਜਿਸੁ ਪਰ ਜਿਸੁ ਕਾਂਖਾ।
ਰਾਖਹੁ ਅਪਨੇ ਸਦਨ ਮਹਿਂ, ਲਿਹੁ ਸੁਤ ਉਪਜਾਈ।
ਭੋਗ ਭੋਗ ਮਨ ਭਾਵਤੇ, ਆਨੰਦ ਵਧਾਈ- ॥੧੯॥
ਸੁਨਤਿ ਚਮੂੰ ਕੇ ਭਟ ਸਕਲ, ਘਰ ਪ੍ਰਜਾ ਮਝਾਰਾ।
ਪਰੇ ਕੂਦ ਕਰਿ ਲੇਨਿ ਕੋ, ਕੀਨਸਿ ਨਿਜ ਦਾਰਾ।
ਮਨ ਭਾਵਤਿ ਭੋਗੀ ਸਭਿਨਿ, ਕੰਨਜਾਂ

[1]ਧਨ ਤੋਂ ਖਾਲੀ ਸਨ ਸਾਰੇ।

[1]ਕਿੱਥੇ ਜਾਣ।

ਗਹਿ ਸੋਈ।
ਭਏ ਗਰਭ ਤਿਨ ਕੇ ਤਬੈ, ਬੀਤੇ ਦਿਨ ਕੋਈ ॥੨੦॥
ਮਿਲਿ ਕਰਿ ਮਾਨਵ ਪ੍ਰਜਾ ਕੇ, ਨ੍ਰਿਪ ਨਿਕਟ ਪੁਕਾਰੇ।
-ਅਬਿ ਗਰਭਤਿ ਹੋਈ ਸਕਲ, ਬਿਨ ਬਜਾਹੁ- ਉਚਾਰੇ।
ਬਾਲਕਚੰਦ ਮਹੀਪ ਤਬਿ, ਉਰ ਬਿਖੈ ਬਿਚਾਰਾ।
ਦਈ ਸੌਂਪ ਸਭਿ ਭਟਨ ਕੌਂ, ਹਿਤ ਕਰਿਬੇ ਦਾਰਾ ॥੨੧॥
ਤ੍ਰੈ ਭ੍ਰਾਤਨ ਕੋ ਇਕ ਲਈ, ਦ੍ਵੈ ਭ੍ਰਾਤਨਿ ਕੋਈ[1]।
ਏਕ ਰਖੀ ਕਿਸ ਏਕ ਨੈ, ਦੀਨੀ ਇਮੁ ਸੋਈ।
ਤਜੀ ਮ੍ਰਿਜਾਦਾ ਪ੍ਰਥਮ ਕੀ, ਇਹ ਨਈ ਚਲਾਈ।
ਇਕ ਤ੍ਰਿਯ ਕੇ ਪਤਿ ਬਹੁਤ ਭੇ, ਐਸੇ ਠਹਿਰਾਈ ॥੨੨॥
ਪੰਚ ਭ੍ਰਾਤ ਇਕ ਜੋਖਤਾ, ਕਿਨ ਚਾਰਹੁੰ ਲੀਨੀ[1]।
ਇਮ ਬਾਸੀ ਸਭਿ ਸਦਨ ਮਹਿਂ, ਕਰਿ ਰੀਤਿ ਨਵੀਨੀ।
ਤਿਨ ਕੇ ਸੁਤ ਜਨਮੇ ਅਨਿਕ, ਸਭਿਹਿਨਿ ਪ੍ਰਤਿਪਾਰੇ।
ਸੰਗਜਾ ਤਿਨਹੁੰ ਕਨੈਤ ਭੀ, ਵਧਿਗੇ ਪਰਵਾਰੇ ॥੨੩॥
ਕਾਹਨ ਸਿੰਘ ਸੁਨਿ ਲੇਪਨੀ[†], ਕਜਾ ਕਹੀਐ ਕਾਹੀ[1]।
ਇਸ ਸਿਖ ਕੀ ਕੰਨਜਾਂ ਖਰੀ[1], ਲੀਜਹਿ, ਤਜਿ ਨਾਂਹੀ।

[1]ਕਿਸੇ ਤਿੰਨ ਭਰਾਵਾਂ ਨੇ ਇਕ ਲਈ, ਕਿਤੇ ਦੋ ਭਰਾਵਾਂ ਨੇ ਕੋਈ ਇਕ ਲੈ ਲੀਤੀ।

[1]ਚਾਰੋਂ ਨੇ (ਇਕ) ਲੀਤੀ।

[1]ਕਿਆ ਕਹਿਣਾ ਹੈ ਕਿਸੇ ਨੂੰ। [†]ਪਾ:-ਸਿੰਘ ਸੁਨਹੁ ਇਮ ਲੇਪਨੀ।

[1]ਸੁੱਚੀ ਹੈ, ਪਵਿੱਤ੍ਰ ਹੈ।

ਪੁੱਤ੍ਰ ਹੋਇੰਗੇ ਪਾਂਚ ਤੁਵ, ਪਰਿਵਾਰ ਘਨੇਰਾ।
ਬਚਨ ਹਮਾਰਾ ਮਾਨੀਐ, ਸੁਖ ਪਾਇੰ ਬਡੇਰਾ' ॥੨੪॥
ਸੁਨਿ ਕਰਿ ਸ਼੍ਰੀ ਗੁਰ ਕੇ ਬਚਨ, ਮਾਨੇ ਕਰ ਬੰਦੇ।
ਸਿੱਖ ਹੁਤੋ ਮਲਵਈ ਸੋ, ਮਨ ਠਾਨਿ ਅਨੰਦੇ।
ਤਬਹਿ ਪਢਾਇ ਅਨੰਦ ਕੋ, ਨਿਜ ਘਰ ਮਹਿਂ ਲਜਾਯੋ†।

†ਇਹ ਬੀ ਖਿਆਲ ਹੈ ਕਿ ਇਹ ਆਨੰਦ ਗੁਰੂ ਜੀ ਨੇ ਆਪ ਵਿਚ ਬੈਠਕੇ ਕਰਵਾਇਆ ਸੀ। ਜੋ ਕਥਾ ਕਨੈਤਾਂ ਦੀ ਸੁਣਾਈ ਹੈ ਉਹ ਬਹੁਤ ਕੁਰਖਤ ਜੇਹੀ ਸਤਿਗੁਰ ਦੇ ਮੁਖਾਰਬਿੰਦੋਂ ਇਸ ਸਮੇਂ ਨਹੀਂ ਨਿਕਲ ਸਕਦੀ ਜਦ ਕਿ ਉਹਨਾਂ ਦੀ ਨਜ਼ਰ ਵਿਚ ਸਿੰਘ ਬੜੇ ਕੀਮਤੀ ਸਨ ਤੇ ਬੇਟੀਆਂ ਸਤਿਕਾਰ ਯੋਗ ਸਨ, ਇੱਥੇ ਹੀ ਦੇਖ ਲਓ ਗੁਰੂ ਜੀ ਦੇ ਉੱਚੇ ਇਖਲਾਕ ਦਾ ਅਸਰ ਕਿ ਕਾਹਨ ਸਿੰਘ ਸਿੱਖ ਦੀ ਧੀ ਨੂੰ ਭੈਣ ਦ੍ਰਿਸ਼ਟੀ ਨਾਲ ਦੇਖਦਾ ਹੈ ਤੇ ਵਿਆਹਣੋ ਇਨਕਾਰ ਕਰਦਾ ਹੈ, ਕਨੈਤਾਂ ਦੀ ਕਥਾ ਸਾਖੀ ਵਿਚ ਆਖੇਪ ਕਰਨ ਵਾਲੇ ਦੇ ਦਿਮਾਗ਼ ਨੇ ਪਾਈ ਹੋਣੀ ਹੈ ਜੋ ਗੁਰੂ ਕੇ ਦਿਮਾਗ਼ ਦੀ ਕੋਮਲਤਾ ਨੂੰ ਅਨੁਭਵ ਨਹੀਂ ਕਰ ਸਕਦਾ। ਆਖੇਪਕਾਰ ਸ਼ਾਇਦ ਬ੍ਰਾਹਮਣ ਹੈ, ਕਨੈਤਾਂ ਤੇ ਚੋਟ ਕਰਦਾ ਹੈ। ਕਨੈਤ ਆਪਣਾ ਨਾਮ 'ਕਨੈਤ' ਇਸ ਕਰਕੇ ਦੱਸਦੇ ਹਨ ਕਿ ਓਹ ਦੂਜੇ ਰਾਜਪੂਤਾਂ ਵਾਂਙੂ ਕੰਨਿਆਂ ਨਹੀਂ ਮਾਰਦੇ ਸਨ, ਕੰਨਿਆਂ ਦਾ ਹਿਤ ਕਰਦੇ ਹਨ [ਕੰਨਜਾਂ। ਹਿਤ-ਕਨੈਤ] ਤਵਾ: ਖਾਲਸਾ ਵਿਚ ਕਨੈਤਾਂ ਦੀ ਇਹ ਕਥਾ ਨਹੀਂ ਦਿਤੀ ਤੇ ਲੇਪਨੀ ਸਿਖ ਦਾ ਨਾਮ ਅਨੰਦ ਸਿੰਘ ਦਿੱਤਾ ਹੈ।

ਕਾਨ੍ਹ ਸਿੰਘ ਤਿਹ ਤ੍ਰਿਯਾ ਕਰਿ, ਕੁਛ ਕਾਲ ਬਿਤਾਯੋ ॥੨੫॥
ਪੰਚ ਪੁੱਤ੍ਰ ਤਿਸ ਤੇ ਭਏ, ਕ੍ਰਮ ਕ੍ਰਮ ਤੇ ਸੋਈ।
ਸੰਗਤ ਕੇ ਆਗੂ ਭਏ, ਸਿੱਖੀ ਅਧਿਕੋਈ।
ਰਾਮਕੁਇਰ ਇਤਿਹਾਸ ਕੋ, ਸਭਿ ਕਹਤਿ ਲਿਖਾਵੈ[1]।
'ਇਹੁ ਲੋਚਨ ਤੇ ਪਿਖੀ ਨਹਿਂ, ਸੁਨਿਬੇ ਮਹਿਂ ਆਵੈ ॥੨੬॥
ਇਕ ਸੁਜਾਨ ਸਿੰਘ ਸਿੱਖ ਥੋ, ਲਵਪੁਰਿ ਕੋ ਬਾਸੀ।
ਤਿਨਹਿ ਬਿਲੋਕਿ ਨੈਨ ਤੇ, ਮੁਝ ਪਾਸ ਪ੍ਰਕਾਸ਼ੀ।

[1]ਕਹਿਕੇ ਲਿਖਵਾਉਂਦੇ ਹਨ।

ਤਿਸ ਤੇ ਸੁਨੀ ਲਿਖਾਇ ਦੀ, ਸਾਹਿਬ ਸਿੰਘ ਲੇਖੋ[1]।
ਇਹ ਸਾਖੀ ਸਤਿਗੁਰੂ ਕੀ, ਸ਼ਰਧਾਲੂ ਪਰੇਖੋ ॥੨੭॥
ਕਾਨ੍ਹ ਸਿੰਘ ਸਿਖ ਲੇਪਨੀ, ਅਬਿ ਸੁਤ ਹੈ ਤਾਂਹੀ।
ਨਾਮ ਬਿਸਾਖਾ ਸਿੰਘ ਤਿਹ, ਜਾਨਤਿ ਬਹੁ ਜਾਂਹੀ।
ਅਪਨਿ ਪਿਤਾ ਕੀ ਬਾਰਤਾ, ਜਾਨਤਿ ਹੈ ਸੋਈ।
ਜਨਨੀ ਤੇ ਅਰੁ ਜਨਕ ਤੇ, ਸੁਨਿ ਰਿਦੈ ਪਰੋਈ' ॥੨੮॥
ਇਸ ਪ੍ਰਕਾਰ ਗੁਰ ਬਾਰਤਾ, ਕਵਿ ਛੰਦੁ ਬਨਾਵੈ।
ਸੁਨਤਿ ਪਢਤਿ ਇਸ ਕਥਾ ਕੋ, ਗੁਰਮਤਿ ਕੋ ਪਾਵੈ।
ਸੁਨਹਿ ਕਾਮਨਾ ਧਾਰ ਜੋ, ਬਾਂਛਤਿ ਫਲ ਦੈ ਹੈ।
ਅਨਿਕ ਜਨਮ ਕੇ ਪਾਪ ਹਤਿ, ਗੁਰਮੁਖ ਪਦ ਪੈ ਹੈ ॥੨੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ ਪ੍ਰਸੰਗ' ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

[1]ਨੇ ਲਿਖੀ।

## ੩੯. [ਮਾਤਾ ਗੁਜਰੀ ਜੀ ਨੂੰ ਦੇਵੀ ਦਾ ਪ੍ਰਸੰਗ ਸੁਣਾਇਆ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

†ਇਸ ਪ੍ਰਕਾਰ ਸਤਿਗੁਰੂ ਕੇ, ਹੇਰਿ ਚਰਿਤ ਬਿਸਮਾਇ।

†ਹੁਣ ਸੌ ਸਾਖੀ ਦੀ ੧੭ਵੀਂ ਸਾਖੀ ਚੱਲੀ ਹੈ।

ਸਹਹਿ ਕਸੌਟੀ ਸਿੱਖ ਕੋ, ਕੋ ਬੇਮੁਖ ਹੁਇ ਜਾਇ ॥੧॥

ਨਿਸ਼ਾਨੀ ਛੰਦ:

ਉੱਗ੍ਰ ਤੇਜ ਮੁਖ ਪਰ ਦਿਪਹਿ, ਚਿਤ
ਉੱਗ੍ਰ ਸੁਭਾਉ।
ਉੱਗ੍ਰ ਬੋਲਿਬੋ ਰਸ ਭਰਜੋ, ਸਭਿਹੂੰਨਿ
ਸੁਨਾਉ।
ਆਸ਼ੈ ਅਤਿ ਗੰਭੀਰ ਜਿਨ, ਉਰ ਧੀਰ
ਪ੍ਰਬੀਰੰ[1]।
ਰਹੈ ਪ੍ਰਕਾਸ਼ਜੋ ਬੀਰ ਰਸੁ, ਜਨੁ ਧਰਜੋ
ਸਰੀਰੰ ॥੨॥

[1]ਚੰਗੇ ਸੂਰਮੇ।

ਕਬਹੁੰ ਮੌਨ ਹੀ ਕਰਿ ਰਹੈਂ, ਕਬਿ
ਕਹਹਿੰ ਉਤਾਲੇ।
ਵਾਕ ਜਥਾ ਨਿਕਸੈ ਬਦਨ, ਤਿਮ ਹੁਇ
ਤਤਕਾਲੇ।
ਤ੍ਰਸਤਿ ਰਹੈਂ ਸੇਵਕ ਨਿਕਟ, ਜੇ ਕਾਰ
ਚਲਾਵੈਂ।
ਅੰਤਰਜਾਮੀ ਸਤਿਗੁਰੂ, ਮਨ ਕੀ ਲਖਿ
ਪਾਵੈਂ ॥੩॥

ਸੁਤ ਸੁਭਾਉ ਕੋ ਦੇਖਿ ਕਰਿ, ਸ਼੍ਰੀ ਗੁਜਰੀ
ਮਾਤਾ।
ਕਹਿ ਨ ਸਕੈ ਚਾਹਤਿ ਰਹਹਿ, -ਕਜਾ
ਗਤਿ ਹੈ ਤਾਤਾ? -।
ਕਿਤੀ ਬਾਰ ਗਮਨਹਿ ਨਿਕਟ, ਬੈਠਹਿ
ਅਵਲੋਕੈ।
ਰੁਖ਼ ਪਰਖਹਿ ਨਹਿਂ ਅਪਨਿ ਦਿਸ਼ਿ,
ਕਹਿਬੋ ਮੁਖ ਰੋਕੈ[1] ॥੪॥

[1]ਭਾਵ ਮੁਖੋਂ ਨਹੀਂ ਉਚਾਰਦੇ ਮਾਤਾ ਜੀ।

ਮਾਤਾ ਦਿਸ਼ਿ ਤੇ ਮੌਨ ਕਰਿ, ਬੈਠਹਿਂ

ਸਭਿ ਜਾਨੈਂ।'
-ਹੋਇ ਭਵਿੱਖਤ ਮਹਿਂ ਜਥਾ, ਕਹਿਬੋ
ਨਹਿਂ ਮਾਨੈ-।
ਇਸ ਬਿਧਿ ਬੀਤੇ ਕਿਤਿਕ ਦਿਨ,
ਬਿਸਮਾਵਤਿ ਮਾਈ।
ਹਿਤ ਬੋਲਨ ਦ੍ਰਿੜ ਬੁੱਧਿ ਕਰਿ, ਨੰਦਨ
ਢਿਗ ਆਈ ॥੫॥
ਬੈਠੇ ਹੁਤੇ ਇਕੰਤ ਤਬਿ, ਨਹਿਂ ਸਿੱਖਨਿ
ਭੀਰਾ।
ਅਭਿਨੰਦਨ[1] ਸੁਤ ਕੋ ਕਰਤਿ, ਬੋਲੀ
ਥਿਰਿ ਤੀਰਾ।
'ਹੇ ਸੁਤ! ਨਿਤਪ੍ਰਤਿ ਹੋਤਿ ਹੈ, ਮੇਰੋ
ਮਨ ਥੋਰਾ।
ਸੁਖ ਨ[†] ਬਿਲੋਕਯੋ ਮੈਂ ਕਬਹੁਂ, ਕਰਿ ਮੋਹ
ਸੁ ਤੋਰਾ ॥੬॥

[1]ਅਸ਼ੀਰਵਾਦ।

[†]ਉਹ ਮਾਤਾ ਜਿਸ ਦੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਣ ਤੇ ਸਪੁੱਤ੍ਰ ਸ੍ਰੀ ਕਲਗ਼ੀਧਰ ਜੀ ਹੋਣ ਤੇ ਜਿਸ ਦੀ ਬ੍ਰਿਤੀ ਹਰ ਸਮੇਂ ਨਾਮ ਸਿਮਰਨ ਵਿਚ ਰਚੀ ਹੋਵੇ ਉਸ ਦੇ ਮੁਖੋਂ ਇਹ ਸ਼ੋਕ ਮਈ ਵਾਕ ਅਖਵਾਉਣੇ ਕਿ 'ਤੇਰੇ ਪਿਆਰ ਵਿਚ ਮੈਂ ਕੋਈ ਸੁਖ ਨਹੀਂ ਡਿੱਠਾ' ਸੌ ਸਾਖੀ ਦੇ ਆਖੇਪਕਾਰਾਂ ਦੀ ਉਕਾਈ ਹੈ, ਉਹਨਾਂ ਨੇ ਆਮ ਮਾਵਾਂ ਦੇ ਮੋਹ ਤੇ ਦਾਵੇ ਦੇ ਭਾਵ ਨੂੰ ਦੱਸਿਆ ਹੈ। ਕਵਿ ਜੀ ਨੇ ਕੇਵਲ ਉਨ੍ਹਾਂ ਦਾ ਭਾਵ ਹੀ ਛੰਦਾ ਬੰਦੀ ਵਿਚ ਉਲਟਾ ਦਿਤਾ ਹੈ, ਜੈਸਾ ਕਿ ਅੰਸੂ ੩੮ ਦੇ ਅੰਕ ੨੯ ਵਿਚ ਕਵਿ ਜੀ ਲਿਖ ਆਏ ਹਨ। ਸ੍ਰੀ ਮੁਖ ਵਾਕ ਮਾਤਾ ਜੀ ਬਾਬਤ ਇਹ ਹੈ:-'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ'। ਜੋਗ ਸਾਧਨਾ ਵਾਲੀ, ਅਲਖ ਦੀ ਅਰਾਧਨਾ ਵਾਲੀ ਮਾਤਾ ਨੂੰ ਐਸਾ ਲਿਖਣਾ ਬਲਕਿ ਇਕ ਜਗਾ 'ਗੁਜਰੀ ਉਜਰੀ' ਲਿਖ ਮਾਰਿਆ ਹੈ, ਸੌ ਸਾਖੀ ਵਿਚ ਆਖੇਪ ਕਰਨ ਵਾਲੇ ਦੇ ਆਪਣੇ ਖ਼ਿਆਲ ਹੀ ਸਮਝਣੇ ਠੀਕ ਹਨ।

ਪ੍ਰਥਮ ਤੁਮਾਰੇ ਪਿਤਾ ਕੋ, ਹੋਯਸਿ
ਪਰਲੋਕਾ।
ਸਿੰਮ੍ਰਿਤਿ ਮ੍ਰਿਦੁਲ ਸੁਸ਼ੀਲ ਕੋ[1], ਉਪਜਤਿ
ਮੁਝ ਸ਼ੋਕਾ।
ਧਰਨੀ ਸਮ ਧੀਰਜ ਧਰਨ, ਸਮਰਥ
ਸਭਿ ਭਾਂਤੀ।
ਅਜ਼ਮਤ ਦਈ ਨ, ਸਿਰ ਦਯੋ, ਚਿਤਵਉਂ
ਦਿਨ ਰਾਤੀ ॥੭॥
ਪਹੁੰਚੀ ਆਜ ਇਕੰਤ ਲਖਿ, ਸੰਸੇ ਚਿਤ
ਹੋਤੇ।

[1]ਯਾਦ ਕਰਕੇ (ਆਪ ਜੀ ਦੇ ਪਿਤਾ ਜੀ ਦੇ) ਕੋਮਲ ਤੇ ਸੁਸ਼ੀਲ ਸੁਭਾਵ ਨੂੰ।

ਗੁਰੂਅਨਿ ਕੇ ਬਡ ਗੁਰੂ ਹਹੁ, ਜਨਮੇ ਤੁਮ ਮੋ ਤੇ।
ਸਰਬ ਰੀਤਿ ਸਮਰਥ ਮਹਾਂ, ਚਿਤ ਚਹਹੁ ਬਨਾਵੌਂ।
ਅਚਰ ਚਰਹਿ ਚਰ ਅਚਰ ਹੁਇੰ, ਲਘੁ ਮੁਖੌਂ ਅਲਾਵੌਂ[1] ॥੮॥

[1]ਥੋੜਾ ਹੀ (ਜੋ ਮੁਖੋਂ ਕਹੋ।

ਕਜਾ ਜਾਨਹੁਂ ਕਿਮ ਹੋਹਿਗੀ, ਗਤਿ ਮੋਹਿ ਅਗਾਰੀ।
ਯਹਿ ਚਿਤਵਨਿ ਚਿਤਵਤਿ ਰਹੌਂ, ਚਿੰਤਾ ਚਿਤ ਭਾਰੀ।
ਮੇਰੋ ਮੋਹ ਨ ਛੁਟਤਿ ਹੈ, ਤੁਮ ਬੋਲਹੁ ਨਾਂਹੀ।
ਹਸਹਿਂ† ਸ਼ਰੀਕ ਕੁਤਰਕ ਕਰਿ, ਬੋਲਤਿ ਬਹੁ ਰਾਹੀ[1] ॥੯॥

[1]ਬਹੁਤੀ ਤਰ੍ਹਾਂ ਕਹਿੰਦੇ ਹਨ। †ਪਾ:-ਹਮਹਿਂ।

-ਕਰੀ ਅਰਾਧਨਿ ਚੰਡਿਕਾ, ਕਲਜੁਗ ਮਹਿਂ ਸਾਧੀ[1]।

[1]ਆਰਾਧ ਕੇ ਸਿੱਧ ਕੀਤੀ।

ਇਸੀ ਹੇਤੁ ਇਕਬਾਰ ਹੀ, ਭਈ ਸੁੰਨ ਸਮਾਧੀ[1]-।

[1]ਭਾਵ ਕਿਸੇ ਨਾਲ ਨਾ ਬੋਲਣਾ ਨਾ ਚਾਲਣਾ।

ਕੇਚਿਤ ਕਹਿਤੇ ਪਰਸਪਰ, -ਜੋ ਕਾਮ ਅਰੰਭਾ।
ਸੋ ਪੂਰਾ ਹੋਯਸਿ ਨਹੀਂ, ਬਹੁ ਭਯੋ ਅਚੰਭਾ[1]- ॥੧੦॥

[1]ਹੈਰਾਨ ਭਾਵ ਉਦਾਸ ਹੋਏ ਹਨ।

ਕੇਚਿਤ ਕਹਿਤੇ ਅਪਰ ਬਿਧਿ, -ਸਾਧਿਕ ਦਿਜ[1] ਜੋਉ।

[1]ਭਾਵ ਹਵਨ ਕਰਾਉਣ ਵਾਲਾ।

ਕਲੀ ਕਾਲ ਤੇ ਤ੍ਰਾਸ ਧਰਿ, ਖਿਸਕਯੋ ਤਦਿ ਸੋਉ-।
ਇੱਤਯਾਦਿਕ ਮਨ ਭਾਵਤੀ, ਬਹੁ ਬਾਤ ਬਨਾਈ।
ਕ੍ਰਿਪਾਦ੍ਰਿਸ਼ਟਿ ਕਰਿ ਆਪ ਅਬਿ, ਮੁਝ ਦੇਹੁ ਬਤਾਈ ॥੧੧॥
ਮਾਤ ਪਿਤਾ ਗੁਰਦੇਵ ਹੈਂ, ਮਨਿ ਕੈ ਇਹੁ

[1]ਭਾਵ, ਮਾਤਾ ਪਿਤਾ ਪੂਜਨ ਯੋਗ ਹਨ ਇਹ ਗੱਲ ਮੰਨਕੇ।

ਬਾਤੀ[1]।
ਜਥਾ ਜੋਗ ਕਹੀਐ ਸਕਲ, ਬਰਤਹਿ ਸੁਖ ਸ਼ਾਂਤੀ।'
ਸੁਨਿ ਜਨਨੀ ਕੇ ਬੈਨ ਕੋ, ਉਠਿ ਤੂਸ਼ਨ ਚਾਲੇ।
ਸ਼੍ਰੀ ਗੁਜਰੀ ਕੋ ਸੰਗ ਲੈ, ਹਿਤ ਕਹਿਨ ਸੁਖਾਲੇ[1] ॥੧੨॥

[1]ਸੁਖਦਾਈ ਵਾਰਤਾ ਕਹਿਣ ਲਈ।

ਏਕ ਸਿਲਾ ਸੁੰਦਰ ਹੁਤੀ, ਇਕ ਸਮ ਤਲ ਜਾਂਹੀ।
ਆਸਨ ਹੀਨ ਅਸੀਨ ਗੇ, ਮਾਤਹਿ ਕਰਿ ਪਾਹੀ[1]।

[1]ਬਿਨਾਂ ਆਸਣ ਬੈਠ ਗਏ ਮਾਤਾ ਜੀ ਨੂੰ ਪਾਸ ਹੀ ਬਿਠਾ ਕਰਕੇ।

ਕਹਤਿ ਭਏ 'ਜਨਨੀ! ਸੁਨਹੁਂ, ਗਤਿ ਗੁਪਤ ਬਡੇਰੀ।
ਦੇਵਤਾਨਿ ਕੀ ਬਾਤ ਜੋ, ਕਹਿਨੀ ਨ ਭਲੇਰੀ ॥੧੩॥
ਤਊ ਕਹਿਨ ਬਨਯੋਂ ਅਬੈ, ਹਠ ਹੇਰਿ ਤੁਮਾਰਾ।
ਦੇਵੀ ਭਈ ਪ੍ਰਤੱਛ ਜਿਮ, ਬਰ ਦੀਨਿ ਉਦਾਰਾ।
ਬ੍ਰਹਮਣ ਬਰ ਕੇਸ਼ਵ ਮਿਲਜੋ, ਹਮ ਬੂਝਨ ਕੀਨਾ।
-ਤੁਰਕਨ ਤੁਰਤ ਬਿਨਾਸ਼ ਹੁਇ, ਕਹੀਯੈ ਸੁ ਪ੍ਰਬੀਨਾ- ॥੧੪॥
ਨੈਨੂ ਪੁੱਤ੍ਰੀ[†] ਸੇਵਿਬੇ, ਤਿਨਿ ਬਿਧਿ ਬਤਲਾਈ।

[†]ਪਿੱਛੇ ਦੇਵੀ ਦੇ ਸ਼ਾਸਤ੍ਰਕ ਨਾਮ ਆਉਂਦੇ ਰਹੇ ਹਨ, ਦੇਵੀ ਤੋਂ ਮੁਰਾਦ ਭਵਾਨੀ ਕਾਲਿਕਾ ਆਦਿ ਸੀ। ਇਥੇ ਨੈਨੂ ਪੁੱਤ੍ਰੀ ਉਸੇ ਦਾ ਨਾਮ ਦਿਤਾ ਹੈ। ਨੈਣਾ ਪਿੱਛੇ ਗੁਜਰ ਦਾ ਨਾਂ ਦਸ ਆਏ ਹਨ। ਭਾਈ ਸਾਹਿਬ ਜੀ ਤਾਂ ਅਨੁਵਾਦ ਹੀ ਕਰ ਰਹੇ ਹਨ ਸੌ ਸਾਖੀ ਦਾ। ਕੀਹ ਜਾਣੀਏ ਏਥੇ ਸੌ ਸਾਖੀ ਦੇ ਆਖੇਪਕਾਰ ਦੇ ਦਿਲ ਦੀ ਗੱਲ ਅਕਸ ਮਾਤ੍ਰ ਨਿਕਲ ਗਈ ਹੈ ਕਿ ਦੇਵੀ ਉਥੇ ਕੋਈ ਨਹੀਂ ਸੀ, ਨੈਣੂ ਗੁਜਰ ਦੀ ਧੀ ਦੇਵੀ ਸੀ।

ਫਿਰ ਕਰਿ ਚਹੁਂ ਦਿਸ਼ਿ ਸੈਲ ਕੇ, ਦੇਖਤਿ ਬਿਧਿ ਸਾਈ।
ਚਢਿ ਊਪਰ ਹੇਰੀ ਗੁਫਾ, ਲਘੁ ਬੀਚ ਬਰੇ

ਹੈਂ।
ਨੰਦਾ ਤਿਥ ਗੁਰਵਾਰ ਪੁਖ[1], ਤਹਿਂ ਬੈਠਿ ਥਿਰੇ ਹੈਂ ॥੧੫॥
[1]ਏਕਮ ਤਿਥ, ਵੀਰਵਾਰ, ਪੁਖ ਨਿਛੱਤ੍ਰ।

ਲਗੇ ਅਰਾਧਨਿ ਧਰਮ ਹਿਤ, ਧਰਿ[1] ਭਾਰ ਨਿਵਾਰੈਂ।
[1]ਧਰਤੀ ਦੇ।

ਪਾਂਚ ਪਹਿਰ ਕੋ ਪ੍ਰਥਮ ਹੀ[1], ਕਰਿ ਹਮਨ ਬਿਚਾਰੈਂ।
[1]ਪਹਿਲਾਂ ਤਾਂ।

ਪੁਨ ਦ੍ਵਾਦਸ਼ ਹੀ ਜਾਮ ਕੋ, ਕਰਿ ਹਮਨ ਬਿਸਾਲਾ।
ਦੇਵੀ ਮੂਰਤਿ ਧ੍ਯਾਨ ਧਰਿ, ਇਕ ਭੇ ਤਿਸ ਕਾਲਾ ॥੧੬॥

ਚੌਪਈ:

ਲਗੇ ਰੈਣ ਦਿਨ ਅੰਤਰ ਭੂਲਾ[1]।
[1]ਰਾਤ ਦਿਨ ਪੂਜਾ ਵਿਚ ਲਗਿਆਂ (ਰਾਤ ਦਿਨ ਦਾ) ਫਰਕ ਭੁੱਲ ਗਿਆ।

ਦੇਵ ਕਾਮ[1] ਸਭਿ ਅੰਗਨਿ ਝੂਲਾ।
[1]ਦੇਵੀ ਦਾ ਆਵਾਹਨ ਰੂਪੀ ਕੰਮ।

-ਉਣਉਣ ਮੁਣਮੁਣ ਗੁਣਗੁਣ ਰੁਣਰੁਣ-।
ਖੋੜਸ ਅੰਕ[1] ਜਾਪ ਕਰਿ ਧੁਣ ਧੁਣ[2]- ॥੧੭॥
[1]ਸੋਲਾਂ ਅੱਖਰਾਂ ਦਾ। ਇਹ ਗੱਲ ਸ੍ਰੀ ਮੁਖਵਾਕ ਪਾ:-੧੦ ਦੇ ਉਲਟ ਹੈ ਯਥਾ:-ਨਾ ਜਾਪ ਆਨ ਕੋ ਜਪੋਂ। ਨਾ ਅਉਰ ਥਾਪਨਾ ਥਪੋਂ। [2]ਕੀਤਾ ਉਚਾਰ ਕੇ।

ਕੇਸ਼ੋਦਾਸ ਕਹ੍ਯੋ ਹਿਤ ਦੇਵੀ[1]।
[1]ਨੇ ਦੱਸਿਆ ਸੀ ਦੇਵੀ ਵਾਸਤੇ।

-ਭੇਟ ਰਾਖੀਐ ਤਿਸ ਛਿਨੁ ਦੇਵੀ[1]-।
[1]ਦੇਣ ਵਾਸਤੇ।

ਹਮ ਬੋਲੇ -ਤੁਮ ਓਟ ਹਮਾਰੀ।
ਬਿੱਪ੍ਰ ਸਾਰਸੁਤ ਛਤ੍ਰਨਿ ਭਾਰੀ[1] ॥੧੮॥
[1]ਛਤ੍ਰੀਆਂ ਦੇ ਸਾਰਸੁਤ ਬ੍ਰਾਹਮਣ ਹੀ ਭਾਰੀ (ਆਸਰਾ ਹਨ)।

ਸਦਾ ਸਹਾਇਕ ਹੋਵਤਿ ਰਹੇ-।
ਸੁਨਿ ਕਰਿ ਦਿਜ ਹਿਤ ਧਰਿ ਪੁਨ ਕਹੇ।
-ਬੀਰ ਗੁਰੂ ਤੁਮ ਧੰਨ ਉਦਾਰਾ।
ਦੇਵ ਅਰਾਧਨਿ ਉੱਦਮ ਧਾਰਾ ॥੧੯॥
ਕਹਿਣਾ ਮੋਰ ਤੁਮਾਰੇ ਹੇਤੁ।
ਰੈਨ ਦਿਨਾ ਨਿਤ ਪਢਹੁ ਸੁਚੇਤ।
ਤਨ ਕਰਿ ਸੁੱਧ ਬ੍ਰਹਮਚਰਜ ਰਹਿਣਾ।
ਮੌਨ ਹੋਇ ਅਨਸੁਨ ਅਨੁ ਕਹਿਣਾ[1]- ॥੨੦॥
[1]ਨਾ ਸੁਣਨਾ ਨਾ ਕਹਿਣਾ।

ਜਿਸ ਬਿਧਿ ਦੇਵੀ ਰੁਚਿ ਉਪਜਾਈ।

ਗੁਰੂ ਕ੍ਰਿਪਾ[1] ਨਿਤ ਭਈ ਸਵਾਈ। — [1]ਗੁਰੂ (ਨਾਨਕ ਜੀ) ਦੀ ਮਿਹਰ।
ਅਰਪੀ ਦੇਹ ਗੇਹ ਕੀ ਬਾਤਿ[1]। — [1]ਸਰੀਰ ਤੇ ਘਰ ਦੀ ਬਾਤ ਅਰਪੀ (ਦੇਵੀ ਨੂੰ)।
ਅਲਪ ਅਹਾਰ ਘ੍ਰਿੱਤ ਤਿਲ ਖਾਤਿ ॥੨੧॥

ਪੰਚ ਮਾਸ ਤੇ ਆਂਖ ਉਘਾਰੀ।
ਸੁਪਨ ਸੁਨਾਇ ਅਊਂ ਇਕ ਬਾਰੀ[1]-। — [1]ਦੇਵੀ ਨੇ ਕਹਿਆ ਮੈਂ ਇਕ ਵਾਰ ਆਊਂਗੀ।
ਸਭੀ ਬ੍ਰਿਤਾਂਤ ਭਲੇ ਕਹਿ ਦਯੋ[1]। — [1]ਦੇਵੀ ਨੇ)।
ਜਾਗ੍ਰਤ ਸੁਪਨ ਏਕ ਸਮ ਭਯੋ ॥੨੨॥

ਬੀਤ ਗਏ ਦਸ ਮਾਸ ਅਰਾਧਤਿ।
ਆਇ ਇਕਾਦਸ਼ਮੋ ਬਿਧਿ ਸਾਧਤਿ[1]। — [1]ਬਿਧੀ ਨੂੰ ਸਾਧਦਿਆਂ।
ਨਵਮੀ ਥਿਤ ਰਵਿਦਿਨ[1] ਰਹਿ ਜਾਮੂ। — [1]ਐਤਵਾਰ।
ਕਹ੍ਯੋ ਬਿੱਪ੍ਰ ਬਿਦਤਹਿ ਬਲ ਧਾਮੂ ॥੨੩॥

ਦੇਨਿ ਉਪਾਇਨ ਜੁਗਤਿ ਬਿਚਾਰਤਿ-।
ਕੇਸੋਦਾਸ ਧਾਰਿ ਡਰੁ ਆਰਤਿ।
ਚਲ੍ਯੋ ਮਿਸ਼ਰ ਕੁਛ ਮਨ ਭਯੋ ਥੋਰਾ।
ਇਸ ਬਿਧਿ ਮਮ ਢਿਗ ਕਹੀ ਨਿਹੋਰਾ ॥੨੪॥

ਜਾਮ ਦ੍ਯੋਸ ਅਰੁ ਘਟਿਕਾ ਚਾਰੁ।
ਝਮਕੇ ਜਗਮਗ ਪੁੰਜ ਪਹਾਰ।
ਕਜਾ ਦਾਮਨਿ ਕਜਾ ਸੂਰਜ ਚੰਦ।
ਦਮਕ੍ਯੋ ਬਦਨ ਪ੍ਰਕਾਸ਼ ਬਿਲੰਦ ॥੨੫॥

ਲੋਚਨ ਮੀਚ ਭਯੋ ਮੈਂ ਠਾਂਢੋ।
ਨਿਰਖਤਿ ਰੂਪ ਪ੍ਰੇਮ ਉਰ ਬਾਢੋ।
ਬੋਲੀ ਹਸਤਿ[1] ਮੀਚ† ਗਰਜਾਨੀ[2]। — [1]ਹੱਸਕੇ। [2]ਮਾਨੋਂ) ਮੌਤ ਗੱਜੀ ਹੈ। †ਪਾ:-ਮਾਤ।
-ਪੰਥ ਸਕੇਸ ਦੀਨਿ ਬਲ ਖਾਨੀ[1]- ॥੨੬॥ — [1]ਕੇਸ਼ ਸਹਿਤ ਪੰਥ ਬਲ ਦੀ ਖਾਣ ਦਾਨ ਦਿੱਤਾ।

ਪੀਛੇ ਉਸਤਤਿ ਅਧਿਕ ਪ੍ਰਕਾਸ਼ੀ।
ਕਹ੍ਯੋ -ਧ੍ਯਾਇੰ ਹੈਂ ਐਹੋਂ ਪਾਸੀ[1]। — [1]ਯਾਦ ਕਰੋਗੇ ਤਾਂ ਪਾਸ ਆਵਾਂਗੀ।
ਚਖ ਮੀਚੇ, ਮੀਚ ਹ੍ਵੈ ਜਾਊਂ[1]। — [1]ਤੁਸਾਂ ਨੇਤ੍ਰ ਮੀਚੇ ਹਨ ਇਸ ਤੇ ਮੈਂ ਬੀ ਲੋਪ ਹੋ ਜਾਵਾਂਗੀ। ਸੌ ਸਾਖੀ ਦਾ ਪਾਠ ਹੈ 'ਚਖੁ ਮਿੱਚੈਂ ਹੁਇ

ਜਾਉਂ' ਤੁਸਾਂ ਨੈਣ ਮੀਟ ਲਏ ਸਨ (ਇਸ ਕਰਕੇ ਮੈਂ) ਉਹਲੇ ਹੋ ਜਾਵਾਂਗੀ। [ਮੀਚੈਂ = ਅੱਖ ਉਹਲੇ ਹੋਣਾ, ਲੋਪ ਹੋਣਾ] ਇਥੇ ਕਵਿ ਜੀ ਦੇ ਮੀਚੇ ਪਦ ਦਾ ਅਰਥ ਮੌਤ ਨਹੀਂ ਪਰ (ਮੀਚੈ =) ਉਹਲੇ ਹੋਣਾ ਹੈ।

ਪੀਛੇ ਪੰਥ ਬੀਚ ਨਿਕਸਾਊਂ ॥੨੭॥
ਚਾਲੀ ਬਰਖ ਤੁਮਹਿ ਪਸ਼ਚਾਤੀ।
ਬਿਨਸਹਿ ਤੁਰਕ ਤੇਜ ਬੱਖਜਾਤੀ।
ਹੋਇ ਤੁਮਾਰੀ ਪੂਰਨ ਆਸ਼ਾ।
ਰਾਜ ਖਾਲਸੇ ਹੋਹਿ ਪ੍ਰਕਾਸ਼ਾ ॥੨੮॥
ਸ਼ਸਤ੍ਰ ਕਰਦ ਇਹੁ ਲੀਜੈ ਮੇਰਾ।
ਪਾਹੁਲੁ ਦੇ ਜਲ[1] ਮਾਧੁਰ ਫੇਰਾ।
ਸੂਰ ਹੋਇਗਾ ਸਿਦਕ ਤੁਮਾਰਾ।
ਅਬਿ ਦੀਜੈ ਮੋ ਕਉ ਉਪਹਾਰਾ- ॥੨੯॥

[1]ਜਲ ਵਿਚ ਫੇਰਕੇ।

ਕਰਦ ਪਕੜਿ ਬਪੁ ਰਕਤ ਨਿਕਾਰਾ।
ਬੂੰਦ ਲੀਨਿ ਨਿਜ ਰੂਪ ਸੁਧਾਰਾ[1]।
ਕਹ੍ਯੋ ਲੰਕੜੇ -ਮੁਝ ਤੇ ਲੈਹੋ।
ਕਛਨੀ ਭੇਖ ਪੰਥ ਕੋ ਦੈਹੋ ॥੩੦॥
ਤੁਮ ਸਹਾਇਤਾ ਹਿਤ ਮੈਂ ਆਊਂ।
ਲਾਜ ਪੰਥ ਕੀ ਰਾਖਿ ਵਧਾਊਂ-।
ਅੰਤਰਧਜਾਨ ਭਈ ਪੁਨ ਦੇਵੀ।
ਸਹਿਤ ਲੰਕੁਰਾ ਗਣਨਿ[1] ਅਭੇਵੀ ॥੩੧॥

[1]ਆਪਣੇ ਰੂਪ ਵਿਚ ਧਾਰ ਲਈ।

[1]ਲੌਂਕੜੇ ਤੇ ਗਣਾਂ ਸਮੇਤ।

ਤਿਸ ਦਿਨ ਤੇ ਮਾਤਾ! ਸੁਨਿ ਘਟਕੀ[1]।
ਜਗਤ ਰੀਤਿ ਚਟਪਟ ਸਭਿ ਛੁਟਕੀ।
ਅਪਰ ਬਾਤ ਕੁਛ ਨਹੀਂ ਬਤਾਊਂ।
ਦੇਵੀ ਬਰਜ੍ਯੋ ਸਦਾ ਛਪਾਊਂ ॥੩੨॥
ਗੁਰ ਮਾਯਾ ਕੁਛ ਜਾਇ ਨ ਜਾਨਾ।
ਮਾਯਾ ਤਜਾਗ ਭਯੋ ਮਸਤਾਨਾ।
ਬਧ੍ਯੋ ਬੈਰ ਰਾਜਨਿ ਕੇ ਸੰਗਾ।
ਲਰੈਂ ਸਿੰਘ ਮਨ ਭਾਵਤਿ ਜੰਗਾ ॥੩੩॥
ਕੇਤਿਕ ਦਿਨ ਮਹਿਂ ਕੇਸ਼ਵਦਾਸ।

[1]ਦਿਲ ਦੀ ਗਲ।

ਕੁਛਕ ਲਾਜ ਆਯਹੁ ਹਮ ਪਾਸ।
ਕਹ੍ਯੋ ਤਿਸੈ -ਤੁਵ ਕਰੁਨਾ ਪਾਇ।
ਜਥਾ ਮੰਤ੍ਰ ਬਿਧਿ ਦਈ ਸਿਖਾਇ ॥੩੪॥
ਭਈ ਬਿਦਤ ਬਾਂਛਤਿ ਬਰ ਦਯੋ।
ਕਾਰਜ ਸਕਲ ਸਪੂਰਨ ਭਯੋ।
ਸਵਾਲਾਖ ਅਬਿ ਦੈ ਹੈਂ ਧਨ ਕੋ[1]-।
ਇਮ ਕਹਿ ਮੇਲ੍ਯੋ ਅਪਨੇ ਤਨ ਕੋ ॥੩੫॥

[1]ਭਾਵ ਜੱਫੀ ਪਾਈ।

-ਜਿਸ ਥਲੁ ਹੋਵਹਿ ਬਾਸ ਹਮਾਰਾ।
ਦਿਯੋ ਤਿਸੀ ਥਲ ਬਾਸ ਤੁਮਾਰਾ-।
ਰੋਇ ਪ੍ਰਥਮ ਪੁਨ ਦਿਜਬਰ ਭਾਖਾ।
-ਮੁਹਿ ਅਭਿਲਾਖ ਸਾਚ ਤੁਮ ਭਾਖਾ- ॥੩੬॥
[1]ਬਹੁਰ ਬਿੱਪ੍ਰ ਜੈਸੇ ਮਿਲ[†] ਗਿਨਾ।
ਗਯੋ ਕਹੂੰ ਕਿਨ ਸੁਨਾ ਨ ਗਨਾ[੬]।

[1]ਫੇਰ ਬ੍ਰਾਹਮਣ ਜਿਵੇਂ ਮਿਲਕੇ ਗਿਣਕੇ ਗਿਆ ਕਿਸੇ ਨੇ ਨਾ ਸੁਣਿਆਂ ਨਾ ਜਾਣਿਆਂ ਭਾਵ ਪਤਾ ਨਹੀਂ।
[†]ਪਾ:-ਬੈਸੇ।

ਸੁਨਿ ਜਨਨੀ! ਹੋਈ ਬਿਧਿ ਜੈਸੀ।
ਬਰਨਨ ਕਰੀ ਤੋਹਿ ਸੰਗ ਤੈਸੀ ॥੩੭॥
ਕੁਛ ਸੰਦੇਹ ਨਹੀਂ ਮਨ ਰਾਖਹੁ।
ਪ੍ਰਗਟਹਿ ਪੰਥ ਮਹਿਦ ਅਭਿਲਾਖਹੁ[1]।'

[1]ਅਸਲ ਪਾਠ 'ਅਬ ਲਾਖਹੁ' ਜਾਪਦਾ ਹੈ, ਲਿਖਾਰੀ ਦੀ ਕਲਮ ਉਕਾਈ ਹੈ ਅਰਥ-ਹੁਣ (ਤੁਸੀਂ) ਲਖ ਲਓ ਕਿ ਪੰਥ ਬਹੁਤ ਪ੍ਰਗਟੇਗਾ। (ਅ) ਤੁਸੀਂ ਬਹੁਤ ਅਭਿਲਾਖਾ ਕਰੋ ਕਿ ਪੰਥ ਪ੍ਰਗਟੇ।

ਸ੍ਰੀ ਗੁਜਰੀ ਸੁਨਿ ਕੈ ਸੁਤ ਬੈਨ।
ਨਿਸ਼ਚਲ ਮਨ ਕਰਿ ਗਮਨੀ ਐਨ ॥੩੮॥
ਸ੍ਰੀ ਦੇਵੀ ਬਿਦਤਨਿ ਕੇ ਪਾਛੇ।
ਏਕ ਦਯੋਸ ਬੈਠੇ ਗੁਰ ਆਛੇ।
ਇਕ ਸੋਢੀ ਸਮੀਪ ਤਬਿ ਬੈਸਾ।
ਬੂਝ੍ਯੋ 'ਦਿਜ ਬ੍ਰਿਤੰਤ ਭਾ ਕੈਸਾ ॥੩੯॥

ਗਯੋ ਪਲਾਇ ਨ ਦਈ ਦਿਖਾਈ।
ਕਹਯੋ ਜੁ ਦੇਨਿ ਦਰਬ ਸਮੁਦਾਈ।
ਬਿੱਦਯਾਵਾਨ ਉਪਾਇ ਮਹਾਨਾ[1]। [1]ਬੜੇ ਜਤਨ ਕਰਨ ਵਾਲਾ।
ਕਰਯੋ ਸਕਲ ਬਿਧਿ[1], ਸੋ ਤੁਮ ਜਾਨਾ' ॥੪੦॥ [1]ਸਾਰੀ ਬਿਧੀ (ਜਿਸ ਨੇ) ਕੀਤੀ ਹੈ।
ਸਭਿਨਿ ਸੁਨਤਿ ਬੋਲੇ ਗੁਰ ਧੀਰਾ।
'ਕੇਸ਼ਵ ਧਾਰਯੋ ਜਾਇ ਸਰੀਰਾ।
ਹਮਰੋ ਸਿੱਖ ਹੋਇ ਅਵਤਰੇ।
ਰਣ ਸਿੰਘ[1] ਨਾਮ ਭੁਮ ਪਰ ਥਿਰੇ ॥੪੧॥ [1]ਰਣਜੀਤ ਸਿੰਘ।
ਦੋਇ ਜਨਮ ਪਹਿਲੋਂ ਧਰਿ ਲੈ ਹੈ।
ਦੇਹ ਤੀਸਰੀ ਅਸ ਪੁਨ ਪੈ ਹੈ।
ਬਹੁਤਨਿ ਸੰਗ ਭਿਰੇਗਾ ਜਬਿਹੀ।
ਕਰਹਿ ਰਾਜ ਹੰਕਾਰੀ ਤਬਿਹੀ ॥੪੨॥
ਲਵਪੁਰਿ ਮਹਿਂ ਕਰਿ ਨਿਜ ਰਜਧਾਨੀ।
ਜੀਤੈ ਦੇਸ਼ਨਿ ਬਿਜੈ ਮਹਾਨੀ।
ਅੰਤ ਸਮੈਂ ਗਤਿ ਹੋਹਿ ਬਹੋਰੀ[1]। [1]ਫਿਰ ਮੁਕਤੀ ਹੋਵੇਗੀ।
ਤਨ ਕੋ ਤਯਾਗ ਆਇ ਮਮ ਓਰੀ[†]' ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਾਤ ਸੌਂ' ਪ੍ਰਸੰਗ ਬਰਨਨੰ ਨਾਮ ਏਕ ਊਨ ਦੱਤ੍ਰਿੰਸਤੀ ਅੰਸੂ ॥੩੯॥

[†]ਇਹ ਸਾਰਾ ਅੰਸੂ ਸੌ ਸਾਖੀ ਦੀ ੧੭ਵੀਂ ਸਾਖੀ ਹੀ ਹੈ। ਇਸ ਦੇ ਅੰਤ ਵਿਚ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੇਸ਼ਵ ਦਾਸ ਬ੍ਰਾਹਮਣ ਦਾ ਹੀ ਤੀਸਰਾ ਜਨਮ ਹੈ। ਜਿਵੇਂ ਬ੍ਰਾਹਮਣਾਂ ਨੇ ਅਕਬਰ ਨੂੰ ਪਿਛਲੇ ਜਨਮ ਬ੍ਰਾਹਮਣ ਤਪੱਸ੍ਰੀ ਦੱਸਿਆ ਸੀ, ਤਿਵੇਂ ਸੌ ਸਾਖੀ ਵਿਚ ਆਖੇਪ ਕਰਨ ਵਾਲੇ ਨੇ ਮਹਾਰਾਜੇ ਨੂੰ ਪਿਛਲੇ ਜਨਮਾਂ ਵਿਚ ਬ੍ਰਾਹਮਣ ਕੇਸ਼ੋਦਾਸ ਦੱਸਿਆ। ਭਾਵ ਸਪਸ਼ਟ ਹੈ ਕਿ ਮਹਾਰਾਜ ਬ੍ਰਾਹਮਣਾਂ ਵਲ ਝੁਕ ਜਾਵੇ। ਕਦੇ ਕੋਈ ੧੭੯੧ ਦੀ ਸੌ ਸਾਖੀ ਲੱਭੇ ਤਾਂ ਇਹ ਸਾਖੀ ਨਹੀਂ ਮਿਲੇਗੀ। ਕਵੀ ਜੀ ਖੋਜ ਪੜਤਾਲ ਨਹੀਂ ਕਰ ਸਕੇ, ਉਹਨਾਂ ਨੇ ਸਾਰੀ ਪੋਥੀ ਨੂੰ ਸ਼ਰਧਾ ਪੂਰਬਕ ਸਹੀ ਮੰਨਕੇ ਛੰਦਾ ਬੰਦ ਰੂਪ ਪਹਿਨਾਇਆ ਹੈ। ਕੇਸ਼ੋਦਾਸ ਨੂੰ ਭੁਲਾ ਦੇਣਾ ਉਸ ਦੇ ਗੁੱਸੇ ਹੋਣ ਤੇ ਗੁਰੂ ਜੀ ਦਾ ਉਸ ਨੂੰ ਸਿੱਖਾਂ ਦੀ ਵਿਸ਼ੇਸ਼ਤਾ ਦੱਸਣੀ ਤੇ ਉਸ ਦਾ ਚਟਪਟਾ ਕੇ ਕ੍ਰੁੱਧਤ ਹੋਕੇ ਆਪਣੀ ਰੋਜ਼ੀ ਲਈ ਉਦਾਸ ਹੋਕੇ ਰੋ ਪੈਣਾ ਤਾਂ ਸਾਰੇ ਵਾਕ ਸਾਡੇ ਪਾਸ ਦਸਮੇਂ ਪਾਤਸ਼ਾਹ ਜੀ ਦੇ ਸ੍ਰੀ ਮੁਖਵਾਕ ਮੌਜੂਦ ਹਨ, ਉਹਨਾਂ ਵਿਚ ਗੁਰੂ ਜੀ ਨੇ ਕਿਉਂ ਨਹੀਂ ਕਿਹਾ ਕਿ ਫਿਰ ਅਸੀਂ ਕ੍ਰਿਪਾਲੂ ਹੋਕੇ ਕੇਸ਼ੋਦਾਸ ਨੂੰ ਤ੍ਰੈ ਜਨਮ ਦੇਕੇ ਫਿਰ ਲਾਹੌਰ ਦਾ ਸਿੱਖ ਮਹਾਰਾਜਾ ਬਣਕੇ ਅਵਤਰਣ ਦਾ ਵਰ ਦੇਂਦੇ ਹਾਂ, ਉਸ ਟਿਕਾਣੇ ਜ਼ਿਕਰ ਨਾ ਹੋਣਾ ਸੌ ਸਾਖੀ ਦੇ ਲੇਖ ਨੂੰ ਗੁਰੂ ਉਕਤੀ ਸਾਬਤ ਨਹੀਂ ਹੋਣ ਦੇਂਦਾ।

## ੪੦. [ਲਾਂਗਰੀ ਤਕਰਾਰੀ। ਕਹੀ ਲੋਕਾਈ। ਲੰਗਰ ਅਟਕਾ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

†ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਬੈਠੇ ਸਭਾ ਸਥਾਨ।

†ਸੌ ਸਾਖੀ ਦੀ ਹੁਣ ੧੮ਵੀ ਸਾਖੀ ਇੱਥੋਂ ਚੱਲੀ ਹੈ।

ਬ੍ਰਿੰਦ ਸਿੱਖ ਮਿਲਿ ਕੈ ਤਬੈ, ਕਰੀ ਪੁਕਾਰ ਮਹਾਂਨ† ॥੧॥ †ਪਾ:-ਬਖਾਨ।

ਨਿਸ਼ਾਨੀ ਛੰਦ:

'ਗੁਰੂ ਗਰੀਬ ਨਿਵਾਜ ਪ੍ਰਭੁ, ਹੇ† ਕ੍ਰਿਪਾਨਿਧਾਨਾ![1]

[1]ਪ੍ਰਸ਼ਾਦ ਦੀ ਤਕੜਾਈ ਕਰਾਓ ਸਭ ਨੂੰ (ਭੁੱਖੇ ਰਹਿੰਦੇ) ਜਾਣਕੇ। ਪਰੰਤੂ ਸ਼ੁਧ ਪਾਠ 'ਤਕਰਾਰੀ' ਹੈ, ਤਕੜਾਈ ਲਿਖਣਾ ਲਿਖਾਰੀ ਦੀ ਉਕਾਈ ਹੈ। ਸੌ ਸਾਖੀ ਵਿਚ 'ਤਕਰਾਰੀ' ਪਾਠ ਹੈ। ਫਿਰ ਅਰਥ ਐਉਂ ਲਗਦਾ ਹੈ- 'ਲਾਂਗਰੀ ਪ੍ਰਸ਼ਾਦ ਦਾ ਤਕਰਾਰੀ ਹੈ, ਇਹ ਗੱਲ ਸਭ ਨੇ ਜਾਣ ਲਈ ਹੈ, ਥੋੜਾ (ਖਾਣ ਨੂੰ) ਦੇਂਦਾ ਹੈ, ਜੋ ਸਿਖ ਹੋਰ ਮੰਗਣ ਤਾਂ ਬੋਲਦਾ ਹੀ ਨਹੀਂ, ਚੁੱਪ ਵਟ ਜਾਂਦਾ ਹੈ, ਜੋ ਬੋਲਦਾ ਹੈ ਤਾਂ ਉਲਟ ਪੁਲਟ। ' ਸੌ ਸਾਖੀ ਦਾ ਪਾਠ ਹੈ:-ਲਾਂਗਰੀ ਪ੍ਰਸ਼ਾਦ ਦਾ ਤਕਰਾਰੀ ਹੈਗਾ [ਤਕਰਾਰੀ = ਝਗੜਾ ਕਰਨ ਵਾਲਾ]। †ਪਾ:-ਗੁਰ।

ਤਕਰਾਈ ਸੁ ਪ੍ਰਸਾਦਿ ਕੈ, ਸਭਿਹਿਨਿ ਹੀ ਜਾਨਾ।
ਦੇਤਿ ਲਾਂਗਰੀ ਅਲਪ ਹੀ, ਜਾਚਤਿ ਸਿਖ ਫੇਰੀ।
ਨਹਿਂ ਬੋਲਹਿ, ਮੁਖ ਮੌਨ ਧਰਿ, ਜੇ ਕਹਹਿ ਕੁਫੇਰੀ' ॥੨॥
ਸ਼੍ਰੀਮੁਖ ਤੇ ਮੁਸਕਾਇ ਕਰਿ ਇਮ ਬਾਕ ਬਖਾਨਾ।
'ਲੋਭੀ ਦੀਰਘ ਲਾਂਗਰੀ ਨਾਹਿਨ ਤ੍ਰਿਪਤਾਨਾ।
ਗੁਰ ਧਨ ਇਨ ਖਾਯੋ ਅਧਿਕ ਡਹਿਕਯੋ[1] ਮਨ ਮਾਂਹੀ।
ਪਿਛਲੇ ਜਨਮ ਮਸੰਦ ਥੋ ਭੁਖਾ ਬਡ ਆਈ ॥੩॥

[1]ਭਰਮ ਗਿਆ ਹੈ।

ਚੌਪਈ:

ਜੇਂਵਹੁ[1], ਦੇਗ ਗੁਰੂ ਕੀ ਹੋਇ†।
ਦੇਗ ਵਾਹਿਗੁਰੂ ਜੀ ਕੀ ਸੋਇ।
ਸ੍ਵਾਦ ਦੇਗ ਮਹਿਂ ਬਹੁਤੋ ਰਹੈ।

[1]ਛਕੋ। †ਸੌ ਸਾਖੀ ਦਾ ਪਾਠ-ਜਾਓ ਤੇਗ ਗੁਰੂ ਕੀ ਦੇਗ ਵਾਹਿਗੁਰੂ ਜੀ ਕੀ।

ਜੋ ਪਾਹੁਲੀਆ ਗੁਰ ਸਿਖ ਅਹੈ ॥੪॥
ਨਹੀਂ ਪ੍ਰਸ਼ਾਦ ਦੇਗ ਕੋ ਖਾਇ।
ਸੋ ਨਹਿਂ ਗੁਰ ਕੋ ਸਿੱਖ ਕਦਾਇ।
ਅਬਿ ਤੇ ਸੁਨਹੁ ਸਿੱਖ ਸਭਿ ਭਾਈ।
ਕਰਿ ਕੈ ਰਹਿਤ ਜਥਾ ਹਮ ਗਾਈ ॥੫॥
ਆਪ ਪ੍ਰਸ਼ਾਦਿ ਬਨਾਵਹੁ ਤਜਾਰ।
ਢਿਗ ਹ੍ਵੈ ਦੀਜਹਿ -ਅਚਹੁ ਅਹਾਰ[1]-।

[1]ਸਿੱਖ ਦੇ ਨੇੜੇ ਹੋਕੇ ਦਿਓ (ਤੇ ਆਖੋ) ਪ੍ਰਸ਼ਾਦ ਛਕੋ।

ਸਿੱਖ ਪ੍ਰਸ਼ਾਦਿ ਛਕਾਵੈ ਸਿਖ ਕੋ।
ਹੋਇ ਨਿਹਾਲ ਨ ਕਸ਼ਟ ਭਵਿਖ ਕੋ ॥੬॥
ਆਸ਼੍ਰਮ ਬਰਨ ਸਭਿਨਿ ਤੇ ਤਜਾਗੀ।
ਪੰਥ ਗੁਰੂ ਕੋ ਪ੍ਰਭੁ ਅਨੁਰਾਗੀ।
ਕਰਿ ਅਰਦਾਸ ਕਰਹੁ ਬਰਤਾਵਨਿ।
-ਤ੍ਵ ਪ੍ਰਸਾਦਿ[†] ਕਹਿ ਛਕੈ[‡] ਛਕਾਵਨ ॥੭॥

[†]ਸੌ ਸਾਖੀ ਦਾ ਪਾਠ-ਤਵ ਪ੍ਰਸਾਦਿ। [‡]ਪਾ:-ਕਰਹੁ।

ਤ੍ਰਿਪਤ ਹੋਇ ਮੁਖ ਹਾਥ ਪਖਾਰਹੁ।
ਤਿਸ ਪਸ਼ਚਾਤੀ ਚੁਲਾ ਉਚਾਰਹੁ।
ਸ਼ਸਤ੍ਰ ਤੁਰੰਗਮ ਕੀ ਨਿਤ ਸੋਧੀ[1]।
ਹੋਵਨਿ ਤੁਰਕਨਿ ਸੰਗ ਵਿਰੋਧੀ ॥੮॥

[1]ਪਵਿੱਤਰ ਰਹਿਣੀ। (ਅ) ਸੋਝੀ ਰੱਖਣੀ।

ਰਹਨਿ ਪਹਾਰੀ ਸੋਂ ਨਿਤ ਨਜਾਰੋ।
ਬਨਿ ਕਰਿ ਸਖਾ ਨ ਕੀਜੈ ਪਜਾਰੋ।
ਸਭਿ ਸਿੱਖਨਿ ਕੋ ਖਰਚ ਬਿਸਾਲਾ।
ਦੈ ਹੈ ਗੁਰੂ ਸਰਬ ਥਾ ਕਾਲਾ[1] ॥੯॥

[1]ਸਭ ਥਾਈਂ ਸਭ ਵੇਲੇ।

ਛੱਤ੍ਰੀ ਆਦਿ ਬਰਨ ਚਹੁੰ ਰਾਸੀ[1]।

[1]ਸਾਰੇ ਚਾਰੇ ਬਰਨ।

ਆਸ਼੍ਰਮ ਚਾਰਿ ਆਦਿ ਸੰਨਜਾਸੀ।
ਸਕਲ ਅਧੀਨ ਪੰਥ ਕੇ ਕਰੇ।
ਸੋ ਸਭਿ ਪੰਥ ਸ਼ਬਦ ਅਨੁਸਰੇ[1] ॥੧੦॥

[1]ਉਹ ਸਾਰੇ ਪੰਥ ਦੇ ਹੁਕਮ ਅਨੁਸਾਰੀ ਕੀਤੇ [ਸ਼ਬਦ = ਹੁਕਮ]। (ਅ) ਸੋ ਸਾਰਾ ਪੰਥ ਸ਼ਬਦ, ਭਾਵ ਸ੍ਰੀ ਗੁਰੂ ਗ੍ਰੰਥ ਜੀ ਦੇ ਅਧੀਨ ਕੀਤਾ ਹੈ।

ਸੇਵਾ ਸਿੱਖਨ ਕੀ ਸਿਖ ਧਾਰੇ।
ਅਚਹਿ ਪ੍ਰਸਾਦਿ ਨ ਪਾਸ ਉਠਾਰੇ[1]।

[1]ਪਾਸ ਬੈਠੇ ਨੂੰ (ਪੰਕਤ ਵਿਚੋਂ) ਨਾ ਉਠਾਏ। (ਅ) ਚੁੱਕ ਕੇ ਰੋਟੀ ਨਾਲ ਨਾ ਲੈ ਜਾਵੇ।

ਤ੍ਰਿਪਤਹਿ ਉਦਰ ਲੋਭ ਪੁਨ ਕਰੇ[1]।
ਮੰਦ ਨਜ਼ਰ ਸਿਖ ਕੇ ਘਰ ਧਰੇ ॥੧੧॥
ਸੋ ਸਿਖ ਧਰਹਿ ਨਰਕ ਮਹਿਂ ਜਾਈ।
ਨਹਿਂ ਤਿਸ ਕੋ ਮੈਂ ਬਨਹੁਂ ਸਹਾਈ।
ਨਹਿਂ ਪ੍ਰਸਾਦਿ ਕੀ ਨਿੰਦ ਅਲਾਵੈ।
ਛੁਧਤਿ ਸਿੱਖ ਕੋ ਸਾਦਰ ਖ੍ਵਾਵੈ ॥੧੨॥
ਸੌ ਜੱਗਨ ਕੋ ਫਲ ਸੋ ਪਾਇ।
ਗੁਰਸਿਖ ਕੋ ਕਰਿ ਪ੍ਰੇਮ ਛਕਾਇ।
ਸਿਖ ਕੋ ਦੇਯ ਬਿਵਾਹ ਕਰਾਇ।
ਸੋ ਨਿਸਤਰਹਿ ਬਿਲਮ ਨਹਿਂ ਲਾਇ ॥੧੩॥
ਸਿੱਖ ਸਿੱਖ ਬਿੱਦਯਾ ਸਿਖਲਾਵੈ।
ਨਗਨ ਸਿੱਖ ਕੋ ਬਸਤ੍ਰ ਉਢਾਵੈ।
ਕਾਰਜ ਅਰਜੋ ਸਿੱਖ ਕੇ ਸਾਧੇ।
ਜਮ ਕੀ ਬਾਧਾ ਸੋ ਨਹਿਂ ਲਾਧੇ[1]' ॥੧੪॥
†ਇਕ ਦਿਨ ਬੈਠੇ ਗੁਰ ਮਹਾਰਾਜ।
ਚਹੁਂਦਿਸ਼ਿ ਸੇਵਕ ਸਭਾ ਸਮਾਜ।
ਚੌਕੀ ਭਈ ਬਿਲਾਵਲੁ ਕੇਰੀ।
ਗਾਵਹਿਂ ਰਾਗੀ ਪ੍ਰੀਤ ਘਨੇਰੀ ॥੧੫॥
ਸਾਜ ਸਮਾਜ ਕੰਠ ਸੁਰ ਤਾਲ।
ਭਏ ਏਕ ਤਬਿ ਗਾਇਂ ਰਸਾਲ[1]।
ਖੁਸ਼ੀ ਖਾਲਸਾ ਸੁਨਿ ਕਰਿ ਹੋਵਾ।
ਗੁਰ ਮਹਿਂ ਪ੍ਰੇਮ ਉਪਾਵਤਿ ਜੋਵਾ ॥੧੬॥
'ਵਾਹੁ ਵਾਹੁ' ਸਭਿਹੂੰਨ ਸੁਨਾਯੋ।
'ਆਜ ਸ਼ਬਦ ਸੁੰਦਰ ਬਿਧਿ ਗਾਯੋ।
ਕਰੇ ਨਿਹਾਲ ਰਾਗੀਅਨਿ ਆਛੇ।
ਦਯੋ ਅਨੰਦ ਜਥਾ ਉਰ ਬਾਛੇ' ॥੧੭॥
ਸੁਨਿ ਕਲਗ਼ੀਧਰ ਊਚੇ ਕਹੀ।
'ਭਾਈ ਕਹੀ ਲੁਪਾਈ ਕਹੀ[1]।'

[1]ਪੇਟੋਂ ਰੱਜਕੇ ਜੇ ਲੋਭ ਧਾਰੇ।

[1]ਪੀੜਾ ਨਹੀਂ ਲਵੇਗਾ।

†ਸੌ ਸਾਖੀ ਦੀ ੨੨ਵੀਂ ਸਾਖੀ ਹੁਣ ਚੱਲੀ ਹੈ।

[1]ਸੁੰਦਰ।

[1]ਭਾਈ ਨੇ ਜੋ 'ਕਹੀ' ਕਹੀ ਹੈ ਉਹ ਇਸ ਨੇ ਆਪ ਹੀ ਲੁਕਾਈ ਹੋਈ ਹੈ ਭਾਵ ਆਪ ਰਾਗ ਕਰਕੇ ਧਾਰਨਾ

ਨਹੀਂ ਧਾਰਦੇ। 'ਕਹੀ' ਦਾ ਦ੍ਰਿਸ਼ਟਾਂਤ ਦੇਕੇ ਅੱਗੇ ਦੱਸਦੇ ਹਨ। (ਅ) ਕਹੀ ਕਿਸ ਨੇ (ਯਾ ਕਿਸ ਥਾਂ) ਲੁਕਾਈ ਹੈ?

ਤਬਿ ਸਿੱਖਨ ਬੂਝ੍ਯੋ ਨਰਨਾਹਰ[1]।
'ਪਾਤਿਸ਼ਾਹ ਸਿੱਟਾ ਹੁਇ ਜ਼ਾਹਰ[1] ॥੧੮॥
ਹਮ ਕੋ ਨਹੀਂ ਸਮਝ ਕੁਛ ਆਈ।
ਕੌਨ ਖਯਾਲ ਮਹਿਂ ਆਪ ਅਲਾਈ।'
ਤਬਿ ਸਤਿਗੁਰੂ ਸੁਨਾਈ ਤਥਾ।
'ਗ੍ਰਾਮ ਚੌਧਰੀ ਕੀ ਇਕ ਕਥਾ ॥੧੯॥
ਗਯੋ ਖੇਤ ਮਹਿਂ ਜਿਹ ਕਿਰਸਾਨੀ[1]।
ਜੋਰ੍ਯੋ ਹਰਠ[1] ਸਿੰਚਤੋ ਪਾਨੀ।
ਰਾਖੀ ਕਯਾਰੇ ਪਰ ਤਿਨ ਕਹੀ[1]।
ਲੇ ਗਮਨ੍ਯੋਂ ਕੋ, ਪ੍ਰਾਪਤਿ ਨਹੀਂ[1] ॥੨੦॥

[1]ਭਾਵ ਨਰਾਂ ਵਿਚ ਸ਼ੇਰ ਰੂਪ ਗੁਰੂ ਜੀ ਨੂੰ।
[1]ਭਾਵ ਤਾਤਪਰਜ ਦੱਸੋ।
[1]ਜਿੱਥੇ ਖੇਤੀ ਕਰਦਾ ਹੁੰਦਾ ਸੀ।
[1]ਮੂੰਹ।
[1]ਕਹੀ ਕਿਆਰੇ (ਦੇ ਨੱਕੇ ਤੇ) ਉਸ ਨੇ ਰੱਖੀ ਸੀ।
[1]ਲੱਭੀ ਨਾਂ।

ਨਿਸਾਨੀ ਛੰਦ:

ਰਿਦੈ ਬਿਚਾਰ੍ਯੋ ਚੌਧਰੀ, -ਵਸ਼ੁ ਗਈ ਜਿ ਮੋਰੀ।
ਤੌ ਅਪਰਨ ਕੀ ਕਜਾ ਚਲੀ[1], ਕਯੋਂ ਹੋਇ ਨ ਚੋਰੀ-।
ਬੋਲਿ ਭਿਰਾਈ[1] ਕੋ ਲਯੋ, ਡੌਂਡੀ ਫਿਰਵਾਈ।
ਬਜ੍ਯੋ ਢੋਲ ਸਭਿ ਨੇ ਸੁਨ੍ਯੋਂ, ਪਰ ਕਹੀ ਨ ਪਾਈ ॥੨੧॥
ਬਹੁਰ ਗ੍ਰਾਮ ਕੇ ਸਦਨ ਜੇ, ਸਗਰੇ ਖੁਜਵਾਏ।
ਤਊ ਨ ਪ੍ਰਾਪਤਿ ਸੋ ਕਹੀ, ਨਰ ਉਰ ਬਿਸਮਾਏ।
ਤਬਿ ਇਕ ਮਾਨ ਵਨੇ ਕਹ੍ਯੋ, -ਜੋ ਸਦਨ ਭਿਰਾਈ।
ਸੋ ਭੀ ਲੀਜਹਿ ਖੋਜ ਕਰਿ, ਜੇ ਲੇਵਹੁ ਪਾਈ ॥੨੨॥

[1]ਹੋਰ ਕਿਸੇ ਦੀ ਕੀਹ (ਪੇਸ਼) ਚੱਲੇਗੀ।
[1]ਢੋਲ ਵਜਾਉਣ ਵਲਾ।

ਸੁਨਿ ਸਭਿ ਨੈ ਮਾਨਜੋਂ ਤਬੈ, ਤਿਹ ਸਦਨ ਖੁਜਾਏ।
ਇਕ ਕੋਠੀ ਪੀਛੇ ਪਰੀ, ਤਿਹ ਲਈ ਉਠਾਏ।
ਪਿਖਿ ਕਰਿ ਬੋਲਜੋ ਚੌਧਰੀ, -ਸੁਨਿ ਮੂਢ ਭਿਰਾਈ!
ਢੋਲ ਸੁਨਾਵਹਿ ਸਭਿਨਿ ਕੋ, ਘਰ ਕਹੀ ਛੁਪਾਈ- ॥੨੩॥
ਕਰੀ ਨਸੀਹਤਿ ਤਬਿ ਤਿਸੈ, ਜੇਤਿਕ ਬਨਿ ਆਵੈ।
ਰੀਤਿ ਭਿਰਾਈ[1] ਰਾਗੀਅਨਿ, ਕਰਿ ਰਾਗ ਸੁਨਾਵੈਂ।

[1]ਭਿਰਾਈ ਵਾਂਙ।

ਤਿਮ ਮੋਰੀ[1] ਸਿੱਖਹੁ ਸੁਨਹੁ, ਇਹੁ ਬਿਨਾ ਕਮਾਏ।

[1]ਮੇਰੀ (ਸਿੱਖਿਆ)।

ਪੰਡਤਿ ਰਾਗੀ ਜੋਤਸ਼ੀ, ਪ੍ਰੇਰਕ ਬਨਿ ਆਏ ॥੨੪॥
ਅਪਰਨ ਕੋ ਸਮੁਝਾਵਹੀਂ, ਨਹਿਂ ਆਪ ਕਮਾਵੈਂ।
ਪਹੁਚਹਿ ਪੁੱਛੀ ਪੂਛਿ ਕੈ, ਰਹਿ ਠੌਰ ਬਤਾਵੈ[1]।

[1]ਪੁੱਛਣ ਵਾਲਾ ਪੁੱਛਕੇ ਪਹੁੰਚ ਜਾਂਦਾ ਹੈ ਤੇ ਦੱਸਣ ਵਾਲਾ (ਉਸੇ) ਥਾਂ ਤੇ ਹੀ ਰਹਿ ਜਾਂਦਾ ਹੈ।

ਐਸੀ ਬਨੀ ਬਤਾਉਨੀ, ਬਿਰਲਾ ਸਮਝੰਤਾ[1]।

[1]ਇਹ ਗਲ ਇਕ) ਐਸੀ ਬੁਝਾਰਤ ਬਣ ਗਈ ਹੈ ਕਿ ਕੋਈ ਵਿਰਲਾ ਇਸ ਨੂੰ ਬੁੱਝਦਾ ਹੈ। ਭਾਵ ਕਿ ਕਿਉਂ ਦੱਸਣ ਵਾਲਾ ਓਥੇ ਹੀ ਰਹਿ ਜਾਂਦਾ ਹੈ ਤੇ ਪੁੱਛਣ ਵਾਲਾ ਮਜਲੇ ਅੱਪੜਦਾ ਹੈ? ਕਾਰਨ ਇਹ ਹੈ ਕਿ ਪੁੱਛਣ ਵਾਲਾ ਟੁਰਦਾ ਹੈ ਤੇ ਦੱਸਣ ਵਾਲਾ ਟੁਰਦਾ ਨਹੀਂ ਹੈ। ਪੁੱਛਣ ਵਾਲਾ ਜੱਗਜਾਸੂ ਹੈ ਉਹ ਅਮਲ ਕਰਦਾ ਹੈ ਤੇ ਦੱਸਣ ਵਾਲਾ ਰੁਜ਼ਗਾਰੀਆ ਹੈ ਉਹ ਅਮਲ ਨਹੀਂ ਕਰਦਾ।

ਸਮਝਹਿਗੋ ਸੋ ਤਰਹਿਗੋ, ਸੁਨੀਅਹਿ ਸਿਖ ਸੰਤਾ ॥੨੫॥
ਕਹਜੋ ਪਾਰ ਨਹਿਂ ਪਰਤਿ ਹੈ, ਤਰਿ ਹੈ ਨਹਿਂ ਜੌ ਲੌ[1]।

[1]ਕਹਿਆਂ ਪਾਰ ਨਹੀਂ ਪੈਂਦਾ ਜਿੰਨਾ ਚਿਰ ਤਰੇ ਨਾ।

ਜਬਿਲੌਂ ਸ਼ਾਂਤਿ ਨ ਪ੍ਰਾਪਤੀ ਕਹਿ ਫੋਕਟ ਤੌ ਲੌ[1]।

[1]ਤਦ ਤਕ ਕਹਿਣਾ ਨਿਸ਼ਫਲ ਹੈ।

ਗੁਰ ਸਾਚਾ ਜਿਨ ਕੋ ਮਿਲਹਿ ਸੇ ਬਖਸ਼ੇ ਜੈ ਹੈਂ।
ਪੁੰਜ ਪੁੰਨ ਹੁਇ ਪ੍ਰਥਮ ਕੇ, ਤਬਿ ਸੋ ਸਮਝੈ ਹੈ' ॥੨੬॥
ਇਮ ਸਤਿਗੁਰ ਸੁਭ ਪੰਥ ਮਹਿਂ, ਨਿਜ ਦਾਸ ਚਲਾਵੈਂ[†]।
ਜੋ ਮੰਨਹਿ ਸੋ ਪਾਰ ਹ੍ਵੈ, ਪੁਨ ਜਨਮ ਨ ਪਾਵੈ।
[†]ਏਕ ਸਮੈ ਦੁਰਭਿਛ ਪਰਜੋ, ਅੰਨ ਮਹਿੰਗਾ ਹੋਵਾ।
ਡੁਲਜੋ ਜਗਤ ਬਹੁ ਛੁਧਿਤ ਹ੍ਵੈ, ਧੀਰਜ ਉਰ ਖੋਵਾ ॥੨੭॥
ਲੋਕ ਹਜ਼ਾਰਹੁਂ ਅਨੰਦਪੁਰ, ਜਿਤਿ ਕਿਤ ਤੇ ਆਏ।
ਦੇਗ਼ ਹੋਤਿ ਅਨਤੋਟ ਹੀ, ਲੇ ਲੇ ਸਭਿ ਖਾਏ।
ਦਯਾ ਪ੍ਰਭੂ ਕੀ ਬਹੁ ਭਈ, ਅੰਨੁ ਰੁ ਧਨ ਦੇਤੇ।
ਦੀਨ ਹੋਇ ਨਰ ਰੈਨ ਦਿਨ, ਤ੍ਰਿਪਤੈਂ ਸਭਿ ਲੇਤੇ ॥੨੮॥
ਹੇਰਿ ਹੇਰਿ ਗੁਰ ਦਾਨ ਕੋ, ਬਿਸਮੇਂ ਨਰ ਨਾਰੀ।
ਕੀਰਤਿ ਪਸਰੀ ਜਗਤ ਮਹਿਂ, ਕੋ ਮਮਤਾ ਧਾਰੀ।
ਪਿਖਹਿਂ ਸੁਨਹਿਂ ਸਭਿ ਗਿਰਪਤੀ, ਉਰ ਲਖਹਿਂ ਅਚੰਭਾ।
-ਕਹਿਂ ਤੇ ਆਨਹਿਂ ਧਨੁ ਇਤਿਕ, ਬਡਿ ਦਾਨ ਅਰੰਭਾ- ॥੨੯॥
ਸ੍ਰੀ ਗੁਜਰੀ ਮਾਤਾ ਤਬਹਿ, ਦੇਖਤਿ ਬਿਸਮਾਈ।
-[1]ਲੋਕ ਹਜ਼ਾਰਹੁਂ ਮਿਲਿ ਗਏ, ਨਿਸਦਿਨ

[†]ਪਾ:-ਕਹਿ ਸਭਾ ਮਹਿ ਨਿਜ ਦਾਸ ਬੁਲਾਵੈਂ।

[†]ਇਹ ਸੌ ਸਾਖੀ ਦੀ ੨੩ਵੀਂ ਸਾਖੀ ਹੈ।

[1]ਮਾਤਾ ਜੀ ਸੋਚਦੇ ਹਨ:-)

ਤ੍ਰਿਪਤਾਈ।
ਥੁਰੈ ਅੰਨ ਥੋਰਹਿ ਦਿਨਨ, ਪੁਨ ਕਹਾਂ ਕਰੈ ਹੈਂ।
ਆਵਤਿ ਰੋਜ਼ ਅਨੇਕ ਹੀ, ਜੁਗ ਸਮੈਂ[1] ਅਚੈ ਹੈਂ ॥੩੦॥

[1]ਦੋਵੇਂ ਵੇਲੇ।

ਨਹਿਂ ਸੁਧ ਕੁਛ ਦੁਰਭਿੱਖ ਕੀ, ਰਹਿ ਕੇਤਿਕ ਕਾਲਾ[1]।

[1]ਕਿ ਕਿਤਨਾ ਕੁ ਚਿਰ ਕਾਲ ਰਹਿਣਾ ਹੈ।

ਚਲਹਿ ਦੇਗ਼ ਨਿਤ ਗੁਰੂ ਕੀ-, ਇਮ ਚਿਤਹਿ ਬਿਸਾਲਾ[1]।

[1]ਬਹੁਤ ਸੋਚਦੀ ਹੈ।

ਹੁਤੇ ਸਮੀਪੀ ਮਾਤ ਕੇ, ਸੋ ਜੁਗਤਿ ਬਤਾਏ।
'ਏਕ ਸਮੈਂ ਦਿਹੁ ਦੇਗ ਕੋ, ਸੰਜਮ ਸੰਗ ਲਾਏ[†] ॥੩੧॥

[†]ਪਾ:-ਸਿਖਲਾਏ।

ਨਾਂਹਿਤ ਕਿਤ ਤੇ ਅੰਨ ਆਇ[1], ਜੇ ਕਿਤਿਕ ਪਕਾਵੈਂ।

[1]ਨਹੀਂ ਤਾਂ ਕਿਥੋਂ ਅੰਨ ਆਵੇਗਾ।

ਥੁਰਜੋ ਪੁਰਨ ਤੇ ਪਾਇੰ ਨਹਿਂ[1], ਜੇ ਮੋਲ ਮੰਗਾਵੈਂ।'

[1]ਨਗਰਾਂ ਤੋਂ ਮਿਲਣ ਨਹੀਂ ਲੱਗਾ।

ਇੱਤਯਾਦਿਕ ਸੁਨ ਬਾਰਤਾ, ਮਾਤਾ ਮਨ ਡੋਲੀ।
ਕਰੇ ਹਕਾਰਨਿ ਲਾਂਗਰੀ, ਢਿਗ ਕਰਿ ਇਮ ਬੋਲੀ ॥੩੨॥
'ਏਕ ਸਮੈਂ ਲੰਗਰ ਕਰਹੁ, ਲੀਜਹਿ ਅੰਨ ਥੋਰਾ।
ਥੁਰਜੋ ਅੰਨ ਸਭਿ ਦੇਸ਼ ਤੇ, ਬਹੁ ਨਹਿਂ ਕਿਤ ਓਰਾ।'
ਅਲਪ ਦੇਗ਼ ਤਬਿ ਕਰਤਿ ਭੇ, ਸੁਨਿ ਆਇਸੁ ਮਾਤਾ।
ਪਾਯੋ ਅਲਪ ਅਹਾਰ ਕੋ, ਸਭਿਹਿਨ ਤਬਿ ਜਾਤਾ ॥੩੩॥
ਸਿਖ ਗਨ ਮਿਲਿ ਸਤਿਗੁਰੂ ਢਿਗ, ਸਭਿ ਗਾਥ ਸੁਨਾਈ।

'ਕਹਯੋ ਮਾਤ -ਸਰਫਾ ਕਰਹੁ, ਸੁਧ ਕਾਲ ਨ ਕਾਈ।
ਕੇਤਿਕ ਚਿਰ ਲਗਿ ਰਹਹਿਗੋ, ਨਰੁ ਭੇ ਸਮੁਦਾਯਾ[1]-।
ਦੇਗ਼ ਨੀਤ ਹੀ ਚਲਹਿ ਜਿਮ, ਇਹ ਬਜੋਂਤ ਬਨਾਯਾ' ॥੩੪॥

[1]ਬਹੁਤੇ ਲੋਕ ਕੱਠੇ ਹੋ ਗਏ ਹਨ।

ਸੁਨਤਿ ਕ੍ਰੋਧ ਸ਼੍ਰੀ ਪ੍ਰਭੁ ਕਰਯੋ, ਬਚ ਕਠਨ ਬਖਾਨੇ।
'ਰੀ ਉਜਰੀ! ਘਰ ਹੋਇ ਜੇ, ਸੰਕੋਚ ਨ ਠਾਨੈ[1]।

[1]ਹੇ ਉਜੜੀ (ਮਾਤਾ) ਜੇ ਘਰ ਹੋਵੇ ਤਾਂ ਫੇਰ ਸੰਕੋਚ ਨਾ ਕਰੀਏ।

ਭਾਨਾ ਇਮ ਕਰਤਾਰ ਕਾ, ਕੋ ਕਰੈ ਉਪਾਈ[1]।

[1]ਇਸ ਦਾ ਕੋਈ ਕੀ ਉਪਾ ਕਰੇ।

ਤਊ ਕਰਹਿ ਮੁਖਤਜਾਰ ਤਿਹ, ਹੁਇ ਬੀਰ ਦਨਾਈ[1]† ॥੩੫॥

[1]ਤਾਂ ਬੀ ਜੋ ਸੂਰਮਾ ਤੇ ਦਾਨਾ ਹੋਵੇ ਉਸ ਨੂੰ ਮੁਖਤਿਆਰ ਕਰਨਾ ਚਾਹੀਦਾ ਹੈ। †ਪਾ:-ਮੁਖਤਿਆਰ ਹੁਇ ਤਤਬੀਰ ਦਨਾਈ।

ਖੱਤ੍ਰੀ, ਨਾਰੀ, ਦਾਰਿਦੀ, ਕਾਇਰ ਅਰ ਕੂਰਾ।
ਬਾਲਕ, ਚਾਕਰ ਨਵੋਂ ਹੁਇ[1], ਜਿਹ ਧ੍ਰਿਤ ਉਰ ਊਰਾ[2]।

[1]ਨਵਾਂ ਨੌਕਰ। [2]ਜਿਨ੍ਹਾਂ ਦੇ ਦਿਲ ਵਿਚ ਹੌਂਸਲਾ ਥੋੜਾ ਹੋਵੇ।

ਇਨ ਕੀ ਮੁਖਤਜਾਰੀ ਬੁਰੀ, ਪਰਖੀ ਅਬਿ ਸੋਈ।
ਭਲੀ ਹੋਤਿ ਬਰਜਨ ਕਰਹਿਂ, ਲਘੁਤਾ ਤਬਿ ਹੋਈ[1] ॥੩੬॥

[1]ਚੰਗੀ (ਗਲ) ਹੋਵੇ ਤਾਂ ਹਟਾ ਦੇਂਦੇ ਹਨ (ਇਹ ਅੱਠੇ, ਜਿਸ ਤੇ ਲਘੁਤਾ) ਛੁਟਿਆਈ ਹੁੰਦੀ ਹੈ (ਭਾਵ ਲੱਜਤ ਹੋਈਦਾ ਹੈ।)

ਭਲਾ ਪੇਕਿਯਾਂ ਖੱਤ੍ਰੀਆਂ, ਮਿਲਿ ਸੰਗ ਮਸੰਦਾਂ।
ਨਵਿਆਂ ਸਿੱਖਾਂ ਕਾਇਰਾਂ, ਮੰਤ੍ਰ ਸੁ ਕਿਯ ਚੰਗਾ।
ਅਕਲ ਦ੍ਰਿੜਾਈ ਅਸ ਮਾਤਿ ਕੌ†, ਮੈਂ ਜਾਨੌ ਸਾਰੀ।
ਪਰ ਮੇਰੇ ਮਤਿ ਲਖਨ ਕੋ, ਕੋ ਸਿਖ ਅਧਿਕਾਰੀ ॥੩੭॥

†ਸੌ ਸਾਖੀ ਦਾ ਪਾਠ ਹੈ:-ਭਾਈ ਮਸੰਦਾਂ ਅਤੇ ਪੇਕਿਆਂ ਖੱਤ੍ਰੀਆਂ ਅਤੇ ਸਿੱਖਾਂ ਨਵਿਆਂ ਮਾਤਾ ਨੂੰ ਅਕਲ ਦ੍ਰਿੜਾਈਅਸੁ।

ਭੇਦੀ ਆਸ਼ੇ ਮੋਹਿ ਕੇ, ਬਿਰਲੇ ਸਿਖ ਕੋਈ।
ਕਰਨ ਭ੍ਰਾਤ ਪੰਡਵਾਨ ਕੋ, ਰਣ ਮਾਰਜੋ ਸੋਈ[1]।
ਪੁਨ ਬਤਾਇ ਕੁੰਤੀ[1] ਕਹਜੋ-, ਇਹੁ ਭ੍ਰਾਤ ਤੁਮਾਰਾ।
ਹੁਤੀ ਕੁਮਾਰੀ ਜਨਮਿਓਂ, ਸੁਤ ਸੂਰ ਉਦਾਰਾ[1] ॥੩੮॥
ਮ੍ਰਿਤਕ ਕ੍ਰਿਆ ਤਿਸ ਕੀ ਕਰਹੁ, ਅਪਨੋ ਮਨ ਜਾਨੋ-।
ਕਹਜੋ ਜੁਧਿਸ਼ਟਰ -ਅਘਵਤੀ[1]! ਕਿਯ ਬੁਰਾ ਮਹਾਨੋ।
ਹਤਨਿ ਦੋਸ਼ ਕਿਸ ਕਉ ਲਗਹਿ? ਇਹੁ ਦੇਹੁ ਬਤਾਈ।
ਪ੍ਰਥਮ ਕਹਤਿ ਕਜੋਂ ਮਾਰਿਤੇ, ਜਾਨਤਿ ਬਡ ਭਾਈ ॥੩੯॥
ਇਸ ਅਲੰਬ ਹੀ ਸਦ ਰਹਿਤ, ਲਗਿ ਚਰਨੀ ਸਾਰੇ[1]।
ਇਸ ਛਿਨ ਮੁਖ ਨ ਦਿਖਾਉ ਤੂੰ-, ਪੁਨ ਸ੍ਰਾਪ ਉਚਾਰੇ।
-ਸਭਿ ਤ੍ਰਿਯ ਕੋ ਬਾਤ ਨ ਪਚਹਿ[1], ਜਹਿਂ ਹੁਕਮ ਤੁਹਾਰਾ[2]।
ਸੋ ਘਰ ਉਜਰਹਿ ਦੂਰ ਹੁਇ, ਸੁਖ ਕਹਾਂ ਉਦਾਰਾ[1]? ॥੪੦॥
ਜਿਸ ਘਰ ਮਹਿਂ ਦ੍ਵੈ ਮਤੇ ਹੁਇਂ, ਥਿਰ ਰਹੈ ਨ ਕੋਊ।
ਹੁਕਮ ਦੁਜੋਧਨ ਪੁੱਤ੍ਰ ਕੋ, ਬਿਨਸਜੋ ਤਬਿ ਸੋਊ[1]।
ਮਾਨਜੋਂ ਕੇਕਈ ਕੋ ਹੁਕਮ, ਦਸਰਥ ਮ੍ਰਿਤੁ ਪਾਈ।
ਰਹਹਿ ਸਦਨ ਮਹਿਂ ਆਪਦਾ, ਨਿਤ ਦੁਖ

[1]'ਕਰਨ' (ਅਸਲ ਵਿਚ) ਪਾਂਡਵਾਂ ਦਾ ਹੀ ਭਰਾ ਸੀ ਉਸ ਨੂੰ (ਅਰਜਨ ਨੇ) ਰਣ ਵਿਚ ਮਾਰਿਆ ਸੀ।

[1]ਪਾਂਡਵਾਂ (ਕਰਣ, ਯੁਧਿਸ਼ਟਰ, ਭੀਮ, ਅਰਜਨ ਆਦਿ) ਦੀ ਮਾਤਾ ਨੇ।

[1]ਸ੍ਰੇਸ਼ਟ ਸੂਰਜ ਤੋਂ ਇਹ ਮੇਰੇ ਕੁਆਰੇ ਹੁੰਦੇ ਜੰਮਿਆਂ ਸੀ।

[1]ਹੇ ਪਾਪਣੇ।

[1]ਇਸ ਆਸਰੇ ਹੀ ਸਦਾ ਸਾਰੇ (ਕਰਨ ਦੀ) ਚਰਨੀ ਲਗੇ ਰਹਿੰਦੇ।

[1]ਸਾਰੀਆਂ ਤੀਵੀਂਆਂ ਨੂੰ ਗਲ ਨਹੀਂ ਪਚੇਗੀ। [2]ਜਿਥੇ ਤੁਹਾਡਾ (ਇਸਤ੍ਰੀ ਦਾ) ਹੁਕਮ ਹੋਵੇਗਾ।

[1]ਉਥੇ ਬਹੁਤਾ ਸੁਖ ਕੀ ਹੋਣਾ ਹੈ?

[1]ਸੌ ਸਾਖੀ ਦਾ ਪਾਠ ਹੈ:- ਪੁੱਤ੍ਰ ਦੇ ਹੁਕਮ ਨਾਲ ਦਰਜੋਧਨ ਗਇਆ।

ਸਮੁਦਾਈ-' ॥੪੧॥
ਇਮ ਕਹਿ ਕ੍ਰੁੱਧਤਿ ਅਧਿਕ ਹ੍ਵੈ, ਕਹਿ ਅਧਿਕ ਕਠੋਰਾ।
'ਖੱਤ੍ਰੀ ਗਨ[1] ਕੋ ਹਤਹਿਗੋ, ਮਮ ਪੰਥ ਸੁ ਜ਼ੋਰਾ।
ਲੂਟ ਲੇਹਿ ਪੁਰਿ ਗ੍ਰਾਮ ਕੋ, ਬਡਿ ਤ੍ਰਾਸ ਉਪਾਵੈ।
ਭੋਗਹਿੰਗੇ ਸਿਖ ਆਪਦਾ, ਬਿਚ ਝਾਰਨਿ ਜਾਵੈਂ ॥੪੨॥
ਤੁਰਕਨ ਤੇ ਤਨ ਖਾਲਰੀ, ਤਿਨ ਕੀ ਉਤਰਾਊਂ।
ਬਰਤਾਊਂ ਐਸੋ ਸਮਾ, ਸਭਿ ਕੋ ਦਿਖਰਾਊਂ।
ਕਾਤੁਰ ਕੋ ਸੂਰਾ ਕਰੌਂ, ਹੁਇ ਕਾਤੁਰ ਸੂਰੇ।
ਰਾਜਾਈ ਰਾਜਾਨ ਕੀ, ਕਰਿ ਹੌਂ ਸਭਿ ਦੂਰੇ ॥੪੩॥
ਪੁਰਖ ਮਜੂਰੀ ਕਰਹਿੰਗੇ, ਤੀਯਨਿ ਕੇ ਆਗੇ।
ਤ੍ਰਿਯਾ ਬਨਹਿਂ ਬਿਭਚਾਰਨੀ, ਨਿਜ ਪਤਿ ਕੋ ਤਜਾਗੇ।
ਈਸੇ ਕੀ ਅਉਲਾਦਿ ਕੋ[†], ਸੌਂਪੌਂ ਸਿਖ ਨਾਰੀ।
ਹੋਵੈ ਭ੍ਰਿਸ਼ਟਾ ਧਰਮ ਤੇ, ਸਭਿ ਲਾਜ ਬਿਸਾਰੀ ॥੪੪॥
ਸਦਨ ਸਦਨ ਇਸ ਭਾਂਤਿ ਕੋ, ਹੁਇ ਪਰਹਿ ਤਮਾਸ਼ਾ।
ਹਮ ਪੀਛੇ ਸੰਮਤ ਬਿਤੇ, ਦਸ ਘਾਟ ਪਚਾਸਾ[1]।'
ਇਮ ਕ੍ਰੁੱਧਤਿ ਗੁਰ ਕੇ ਬਚਨ, ਸੁਨਿਬੇ ਹਿਤ ਆਏ[1]।

[1]ਮੁਰਾਦ ਪਹਾੜੀਆਂ ਤੋਂ ਲੈਣੀ ਚਾਹੀਏ।

[†]ਈਸਾ ਦੀ ਔਲਾਦ ਹੀ ਨਹੀਂ ਹੋਈ, ਓਹ ਕੁਆਰੇ ਹੀ ਰਹੇ ਸਨ।

[1]ਚਾਲੀਸ ਵਰਖ।

[1]ਸੁਣਨੇ ਵਿਚ ਆਏ ਹਨ।

ਮਾਤ ਸੰਗ ਸਿਖ ਅਪਰ ਜੇ, ਡਰਪੇ ਸਮੁਦਾਏ ॥੪੫॥
'ਵਾਹਿਗੁਰੂ ਗੁਰੂ ਵਾਹਿਗੁਰ', ਕਹਿੰ ਬਾਰੰਬਾਰਾ।
ਸ੍ਰੀ ਗੁਜਰੀ ਕਲਪੀ ਬਹੁਤ, ਲੋਚਨ ਜਲ ਡਾਰਾ।
'ਬਖਸ਼ਹੁ ਬਖਸ਼ਹੁ ਕ੍ਰਿਪਾ ਕਰਿ, ਭੂਲਤਿ ਸਭਿ ਜੀਵੰ।
ਕਹਾਂ ਕਰਹੁ ਨਿਜ ਨਿਕਟ ਹੀ, ਕਲਿ ਅਧਿਕ ਨ ਥੀਵੰ[1]' ॥੪੬॥

[1]ਕੀ ਕਰਦੇ ਹੋ ਆਪਣੇ ਸਮੇਂ ਦੇ ਨੇੜੇ ਹੀ ਕਲਜੁਗ ਅਜੇ ਬਹੁਤ ਨਹੀਂ ਹੋਯਾ। (ਅ) ਕਲਹਾ ਅਗੇ ਹੀ ਬਹੁਤ ਹੈ, ਟਿਕਣ ਨਹੀਂ ਦਿੰਦੀ ਹੈ।

ਹਾਥ ਜੋਰਿ ਸਭਿ ਸਿਖ ਰਹੇ, 'ਪ੍ਰਭੁ! ਕਹਿਰ ਗੁਜ਼ਾਰਾ।
ਤੁਮ ਹੀ ਕੋ ਪੁਨ ਲਾਜ ਹੈ, ਕਿਮ ਸ੍ਰਾਪ ਉਚਾਰਾ।'
ਸਿੱਖਨ ਜੁਤਿ ਕੰਪਤਿ ਜਨਨਿ[1], ਬਹੁ ਬਿਨੈ ਬਖਾਨੀ।
ਦੇਖਿ ਦੀਨਤਾ ਸਭਿਨਿ ਦਿਸ਼ਿ, ਬੋਲੇ ਪੁਨ ਬਾਨੀ ॥੪੭॥

[1]ਮਾਤਾ।

'ਹੈ ਜਨਨੀ ਤੁਵ ਕਲਪਤੇ, ਕੁਛ ਸਮਾ ਗੁਜ਼ਾਰੈ।
ਸੌ ਚਾਲੀ[1] ਬੀਤੇ ਬਰਖ, ਤਨ ਤਜਨੁ ਹਮਾਰੇ।[⚐]

[1]੧੪੦ ਬਰਖ।

[⚐]ਇਸ ਸਾਖੀ ਵਿਚ ਮਾਤਾ ਜੀ ਦੇ ਬੇਅਦਬੀ ਤੇ ਸ੍ਰਾਪ ਦੇ ਵਾਕ ਹਨ। ਗੁਰੂ ਜੀ ਨੇ ਅਪਣੀ ਮਾਤਾ ਜੀ ਨੂੰ 'ਅਲਖ ਅਰਾਧਨ ਵਾਲੇ ਤੇ ਯੋਗ ਸਾਧਨਾਂ ਸਾਧਣ ਵਾਲੇ' ਸ੍ਰੀ ਮੁਖ ਵਾਕ ਤੋਂ ਉਚਾਰਿਆ ਹੈ। ਐਸੇ ਮਾਤਾ ਜੀ ਨੂੰ ਕਦੇ ਐਸੇ ਵਾਕ ਆਪ ਨਹੀਂ ਕਹਿ ਸਕਦੇ। ਫਿਰ ਲੰਗਰ ਵਿਚ ਅਟਕ ਮਾਤਾ ਜੀ ਨੇ ਪਾਈ, ਸ੍ਰਾਪ ਸਿੱਖਾਂ ਨੂੰ ਕਿਉਂ ਦਿੱਤਾ (ਦੇਖੋ ਅੰਕ ੪੨, ੪੩, ੪੪), ਸਿੱਖਾਂ ਤਾਂ ਅਟਕ ਨਹੀਂ ਸੀ ਪਾਈ। ਫਿਰ ਮਾਤਾ ਜੀ ਤੇ ਉਸ ਵੇਲੇ ਦੇ ਸਿੱਖ ੪੦ ਤੇ ੧੪੦, ਵਰ੍ਹੇ ਤਕ ਪ੍ਰਲੋਕ ਜਾ ਚੁਕੇ ਹੋਣਗੇ, ਗੁੱਸਾ ਹਾਜ਼ਰਾਂ ਤੇ ਸੀ, ਸਜ਼ਾ ਗੈਰ ਹਾਜ਼ਰਾਂ ਨੂੰ? ਇਹ ਤ੍ਰੀਕਾ ਗੁਰੂ ਘਰ ਦਾ ਹੈ ਹੀ ਨਹੀਂ ਤੇ ਨਾਂ ਹੀ ਗੁਰਾਂ ਦੀ ਬਾਣੀ ਗੁਰੂ ਕੇ ਸੁਭਾਵ ਨੂੰ ਐਸਾ ਦੱਸਦੀ ਹੈ।
ਫਿਰ ਕੁੰਤੀ ਆਦਿਕ ਦੇ ਕੁਆਰਿਆਂ ਪੁੱਤ੍ਰ ਜਮਾਉਣ ਤੇ ਉਸ ਨੂੰ ਛੁਪਾਈ ਰੱਖਣ ਤੇ ਉਸਦੇ ਮਰੇ ਤੇ ਦੱਸਣ ਦਾ ਦ੍ਰਿਸ਼ਟਾਂਤ ਗੁਰੂ ਜੀ ਜੋ ਇਖਲਾਕ ਦੇ ਆਦਰਸ਼ ਹਨ ਮਾਤਾ ਜੀ ਦੇ ਸਾਹਮਣੇ ਕਦ ਦੇ ਸਕਦੇ ਹਨ? ਚੱਲ ਰਹੇ ਪ੍ਰਸੰਗ ਨਾਲ ਇਸ ਦਾ ਸੰਬੰਧ ਬੀ ਕੋਈ ਨਹੀਂ। ਸਾਖੀ ਪਾਉਣ ਵਾਲੇ ਬ੍ਰਾਹਮਣ ਦੇਵਤਾ ਜੀ ਪੌਰਾਣਕ ਗੱਲਾਂ ਤੇ ਦ੍ਰਿਸ਼ਟਾਂਤ ਮੱਲੋ ਮੱਲੀ ਪਾਉਂਦੇ ਤੇ ਆਪਣਾ ਆਪ ਜਣਾ ਜਾਂਦੇ ਹਨ। ਫਿਰ ਅਖ਼ੀਰ

ਵਿਚ ਵਾਕ ਹੈ ਕਿ 'ਲੰਗਰ ਚਲਾਉਗੇ'। ਨਹੀਂ ਸ੍ਰਾਪ ਆਉਗੇ। ਲੰਗਰ ਦੀ ਅਟਕ ਤਾਂ ਉਸੇ ਵੇਲੇ ਛੱਡ ਦਿੱਤੀ ਗਈ ਸੀ (ਦੇਖੋ ਅਗਲੇ ਅੰਸੂ ਦੇ ਅੰਕ ੧, ੨, ੩,) ਤਾਂ ਫਿਰ ੧੪੦ ਵਰ੍ਹੇ ਮਗਰੋਂ ਦੇ ਲਗਪਗ ਸਿੱਖ ਰਾਜ ਕਿਉਂ ਨਸ਼ਟ ਹੋ ਗਿਆ, ਸ੍ਰਾਪ ਤਾਂ ਖਿਮਾਂ ਹੋ ਚੁੱਕਾ ਸੀ। ਫਿਰ ਖਾਲਸਾ ਖੱਤ੍ਰੀਆਂ ਨੂੰ ਮਾਰੇਗਾ। ਇਹ ਸ੍ਰਾਪ ਖੱਤ੍ਰੀਆਂ ਨੂੰ ਇਸ ਵਾਸਤੇ ਕਿ ਮਾਂ ਖੱਤ੍ਰੀ ਹੈ ਲੇਖਕ ਦੇ ਦਿਮਾਗ਼ ਨੂੰ ਹੀ ਸ਼ੋਭਦਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪ ਖੱਤ੍ਰੀ ਕੁਲ ਵਿਚੋਂ ਹਨ ਤੇ ਖਤ੍ਰੀ ਧਰਮ ਦਾ ਫ਼ਖ਼ਰ ਕਈ ਥਾਂ ਆਪ ਨੇ ਕੀਤਾ ਹੈ। ਖਾਲਿਸੇ ਨੂੰ ਸੋਢਿਬੰਸ ਖੱਤ੍ਰੀ ਬਨਾਇਆ ਹੈ। ਫਿਰ ਮਾਤਾ ਜੀ ਦੇ ਪੇਕੇ ਘਰ ਨੂੰ ਉਲ੍ਹਾਮਾ ਦਿੱਤਾ ਹੈ; ਮਾਤਾ ਜੀ ਦਾ ਭਰਾ ਮਾਮਾ ਕ੍ਰਿਪਾਲ ਮੁੱਢ ਤੋਂ ਗੁਰੂ ਜੀ ਦੇ ਨਾਲ ਸਨਮੁਖ ਰਿਹਾ, ਘਰ ਦਾ ਪ੍ਰਬੰਧਕ ਰਿਹਾ, ਸਾਰੀ ਔਖੀ ਵਿਚ ਮੁਖਤਿਆਰ ਰਿਹਾ, ਹਰ ਸਮੇਂ ਮਦਦਗਾਰ ਰਿਹਾ, ਜੁੱਧਾਂ ਵਿਚ ਨਾਲ ਹੋਕੇ ਸੁਨਮੁਖ ਜੁਝਦਾ ਰਿਹਾ, ਗੁਰੂ ਜੀ ਦੀਆਂ ਖੁਸ਼ੀਆਂ ਲੈਂਦਾ ਰਿਹਾ। ਜਦ ਗੁਰੂ ਜੀ ਨੂੰ ਅਪਣੀ ਮਾਂ ਦੇ ਪੇਕਿਆਂ ਦਾ ਇਹ ਤਜਰਬਾ ਹੈ ਤੇ ਉਨ੍ਹਾਂ ਪਰ ਪ੍ਰਸੰਨ ਹਨ, ਫਿਰ ਮਾਂ ਨੂੰ ਪੇਕਿਆਂ ਦੀ ਸਿਖਾਵਟ ਦਾ ਉਲ੍ਹਾਂਮਾ ਤੇ ਖੱਤ੍ਰੀਆਂ ਨੂੰ ਮਾਰਨ ਦਾ ਸ੍ਰਾਪ ਦੇਣਾ ਕਿਵੇ ਫੁਰ ਸੱਕਦਾ ਹੈ? ਤਾਂ ਤੇ ਸਾਖੀ ਕਲਪਿਤ ਹੈ, ਇਸ ਸਾਖੀ ਦੇ ਮਗਰੋਂ ਪੈਣ ਦਾ ਹੋਰ ਸਬੂਤ ਬੀ ਹੈ। ਇਸ ਸਾਖੀ ਦੇ ਅਖੀਰ ਸੌ ਸਾਖੀ ਵਿਚ ਲਿਖਿਆ ਹੈ 'ਚਲੋ ਸਿਖੋ ਮਾਲਵੇ ਗੁਰੂ ਕਾਸ਼ੀ ਦਮਦਮਾ ਕਾ ਦਰਸ਼ਨ ਹੋਗਾ, ਮੇਰਾ ਸਿੱਖ ਦਮਦਮੇ ਕੀ ਟਹਿਲ ਕਰੇਗਾ, ਸੋ ਕਾਂਸ਼ੀ ਵਾਸੀ ਕੀ ਗਤਿ। ਗੁਰੂ ਕਾ ਘਰ ਸ਼ਹੀਦੀ ਕੀ ਮੁਕਤਿ'। ਵੀਚਾਰ ਹੈ ਕਿ-ਅਨੰਦਪੁਰਿ ਦਾ ਜੰਗ ਚਮਕੌਰ ਤੇ ਮੁਕਤਸਰ ਦੇ ਸਾਕੇ ਵਰਤਕੇ ਗੁਰੂ ਜੀ ਦਮਦਮੇ ਗਏ ਤੇ ਗੁਰੂ ਕੀ ਕਾਸ਼ੀ ਦਾ ਵਰ ਦਿੱਤਾ। ਇਸ ਵੇਲੇ ਜਦ ਕਿ ਅਨੰਦ ਪੁਰ ਸੁਖੀ ਬੈਠੇ ਹਨ, ਦਮਦਮੇ ਨੂੰ ਗੁਰੂ ਕੀ ਕਾਂਸ਼ੀ ਕਿਵੇਂ ਆਖਿਆ, ਇਹ ਵਰ ਤਾਂ ਅੱਜ ਤੋਂ ਕਈ ਬਰਸ ਮਗਰੋਂ ਦੇਣਾ ਹੈ। ਆਖੇਪਕਾਰ ਨੂੰ ਪੂਰਬ ਅਪਰ ਦਾ ਚੇਤਾ ਨਹੀਂ ਰਿਹਾ, ਝੂਠੇ ਦਾ ਚੇਤਾ ਮਾੜਾ ਹੁੰਦਾ ਹੈ। ਫਿਰ ਪਿਛਲੇ ਪ੍ਰਸੰਗ ਨਾਲ ਇਸਦਾ ਕੀਹ ਤਅੱਲਕ?

ਜਾਪਦਾ ਇਉਂ ਹੈ ਕਿ ਇਹ ਸਾਖੀ ਪਾਉਣ ਵਾਲਾ ਮੈਨਦਾਬ ਵਿਚ ੧੯੯੦ ਦੇ ਲਗਪਗ ਯਾ ਕੁੱਛ ਪਹਿਲੋਂ ਆਇਆ ਹੈ, ਜੋ ਉਥੇ ਸਰਦਾਰੀਆਂ ਤੇ ਸਿੱਖਾਂ ਦੇ ਛੋਟੇ ਛੋਟੇ ਰਾਜ ਡਿੱਗਦੇ ਢਹਿੰਦੇ ਦੇਖ ਰਿਹਾ ਹੈ, ਤੇ ਵੱਡੇ ਘਰਾਂ ਦੀਆਂ ਖ਼ਰਾਬੀਆਂ ਤੱਕ ਰਿਹਾ ਹੈ, ਅਯਾਸ਼ੀ ਵਧ ਰਹੀ ਹੈ ਤੇ ਅੰਗ੍ਰੇਜ਼ ਵਧੇ ਆ ਰਹੇ ਹਨ ਤੇ ਬੇਔਲਾਦ ਮਰਨੇ ਪਰ ਸਰਦਾਰੀਆਂ ਰਿਆਸਤਾਂ ਜ਼ਬਤ ਕਰਦੇ ਹਨ। ਆਖੇਪਕਾਰ ਇਨ੍ਹਾਂ ਤੋਂ ਅਨੁਮਾਨ ਲਾਉਂਦਾ ਹੈ ਕਿ ਪੰਦ੍ਰਾਂ ਵੀਹ ਵਰ੍ਹੇ ਤੱਕ ਰਿਆਸਤਾਂ ਖਾਧੀਆਂ ਜਾਣਗੀਆਂ ਤਾਂ ਇਨ੍ਹਾਂ ਗੱਲਾਂ ਨੂੰ ਭਵਿੱਖਤ ਵਾਕ ਕਰਕੇ ਲਿਖ ਦਿੱਤਾ। ਕਵੀ ਜੀ ਨੇ ਬਿਨਾਂ ਪੜਤਾਲ ਕੀਤੇ ਸ਼ੁਭ ਭਾਵਨਾ ਵਿਚ ਸਾਰੀਆਂ ਸਾਖੀਆਂ ਨੂੰ ਠੀਕ ਸਮਝ ਕੇ ਕਵਿਤਾ ਵਿਚ ਉਲਟਾ ਦਿੱਤਾ ਹੈ।

ਇਤਨੇ ਦਿਯੋ ਹਟਾਇ ਅਬਿ, ਤਬਿ ਹੋਇ ਤਮਾਸ਼ਾ[1]।'

[1]ਇਤਨਾ ਪਿਛੇ (ਹਟਾ) ਦਿੱਤਾ ਤਦੋਂ......। ਭਾਵ ੧੪੦ ਵਰਖ ਪਿਛੋਂ ਤਮਾਸ਼ਾ ਹੋਵੇਗਾ।

ਬਖਸ਼ਾਵਤਿ ਸਿਖ ਮਾਤ ਪੁਨ, ਅਸ ਵਾਕ ਪ੍ਰਕਾਸ਼ਾ ॥੪੮॥

ਛੰਦ:

ਖੁਸ਼ੀ ਕਰਤਿ ਬੋਲੇ। 'ਰਹੇ ਪ੍ਰਭੁ ਓਲੇ[1]।

[1]ਪ੍ਰਭੂ ਦੇ ਆਸਰੇ ਰਹੋਗੇ (ਉਤਨਾ ਚਿਰ)।

ਲੰਗਰ ਚਲਾਉਗ[1]। ਨਹੀਂ ਸ੍ਰਾਪ ਆਉਗ ॥੪੯॥

[1]ਜੇ ਲੰਗਰ ਚਲਾਵੋਗੇ।

ਜਬੈ ਲੰਗਰ ਅਟਕਾ। ਤਬੈ ਸ੍ਰਾਪ ਸਟਕਾ[1]।'

[1]ਆਵੇਗਾ।

ਪੁਨੰ ਮੌਜ ਧਰਿ ਕੈ। ਥਿਰੇ ਰੂਪ ਹਰਿ ਕੈ[1]

[1]ਹਰੀ ਰੂਪ ਗੁਰੂ ਜੀ।

॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ੍ਰਾਪ' ਪ੍ਰਸੰਗ ਬਰਨਨੰ ਨਾਮ ਚਾਲੀਸਮੋ ਅੰਸੂ ॥੪੦॥

## ੪੧. [ਸ਼ਹੀਦ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਉੱਗ੍ਰ ਬਚਨ ਸੁਨਿ ਸ੍ਰਾਪ ਕੇ, ਥਰਹਰ ਕੰਪਹਿ ਜੀਅ।
ਕਰਹਿਂ ਨ ਬਿੱਪ੍ਰੈ[1] ਬਹੁਰ ਕਬਿ, ਸ਼ਰਧਾ ਧਰਿ ਕਰਿ ਹੀਅ ॥੧॥ [1]ਉਲਟ।

ਨਿਸ਼ਾਨੀ ਛੰਦ:

ਹੋਤਿ ਤਥਾ ਲੰਗਰ ਬਹੁਤ,
ਗਨ ਚੂਨ ਪਕਾਵੈਂ।
ਬ੍ਰਿੰਦ ਲਾਂਗਰੀ ਲਗੇ ਰਹਿਂ,
ਕਬਿ ਥੁਰਨ ਨ ਪਾਵੈ।
ਖਾਇਂ ਹਜ਼ਾਰਹੁਂ ਨਰੁ ਸਦਾ,
ਸੁਨਿ ਸੁਨਿ ਜਸੁ ਧਾਵੈਂ[1]। [1]ਭਾਵ ਧਾਕੇ ਆਉਂਦੇ ਹਨ।
ਕੋ ਦਾਤਾ ਅਸ ਗੁਰ ਬਿਨਾ,
ਸਭਿ ਕੋ ਤ੍ਰਿਪਤਾਵੈਂ ॥੨॥
ਦੇਗ਼ ਕਰੈਂ[†] ਨਰ ਰੈਨ ਦਿਨ, [†]ਪਾ:-ਛਕੈਂ।
ਤਿਮ ਹੀ ਬਰਤਾਵੈਂ।
ਛੁਧਿਤਿ ਨ ਰਹੈ ਅਨੰਦਪੁਰਿ,
ਆਨੰਦ ਤੇ ਖਾਵੈਂ।
ਸਭਿ ਜਗ ਮਹਿਂ ਦੁਰਭਿਛ ਪਰਜੋ,
ਬਹੁ ਡੁਲੀ[1] ਲੁਕਾਈ। [1]ਡਾਵਾਂ ਡੋਲ ਹੋਈ।
ਦੁਖ ਭੁਖ ਹਰਤਾ ਗੁਰੂ ਲਖਿ,
ਆਵਹਿਂ ਸ਼ਰਣਾਈ ॥੩॥
[†]ਇਕ ਦਿਨ ਕਲ਼ਗੀਧਰ ਥਿਰੇ, [†]ਸੌ ਸਾਖੀ ਦੀ ਇਹ ੨੪ਵੀਂ ਸਾਖੀ ਇਥੋਂ ਚੱਲੀ ਹੈ।
ਸਿਦਕੀ ਸਿਖ ਤੀਰਾ।
ਮੁਹਕਮ ਸਿੰਘ ਅਰ ਦਯਾ ਸਿੰਘ,
ਹਿੰਮਤ ਸਿੰਘ ਧੀਰਾ।
ਇੱਤਯਾਦਿਕ ਕਰ ਜੋਰਿ ਕੈ,
ਅਸ ਗਿਰਾ ਬਖਾਨੀ।
'ਸ੍ਰੀ ਪ੍ਰਭੁ ਹਮੈ ਬਤਾਈਐ,
ਜਿਸ ਤੇ ਅਨੁਜਾਨੀ[1] ॥੪॥ [1]ਅਨਜਾਨ ਜਿਸ ਗਲੋਂ (ਅਸੀਂ ਹਾਂ)।
ਕਿਨ ਕੋ ਨਾਮ ਸ਼ਹੀਦ ਹੈ,
ਕਯਾ ਕਿਰਤ ਕਰੰਤੇ?

ਗਤਿ ਮਿਤ ਇਨ ਕੀ ਕੌਨ ਹੈ,
ਕਜਾ ਸ਼ਕਤਿ ਧਰੰਤੇ?
ਕਿਸ ਥਲ ਬਾਸਾ, ਹੈਂ ਕਿਤਿਕ,
ਪਦਵੀ ਇਨ ਕੇਤੀ।
ਸਭਿ ਗਜਾਤਾ ਕੇ ਤੁਮ ਧਨੀ,
ਕਹੀਐ ਹਮ ਸੇਤੀ' ॥੫॥
ਸੁਨਿ ਸਿੱਖਨ ਤੇ ਗੁਰ ਹਸੇ,
ਸ਼੍ਰੀ ਮੁਖ ਫੁਰਮਾਯੋ।
'ਗੁਪਤ ਹੁਤੀ ਬੂਝੀ ਤੁਮਹੁ,
ਕਹਿਬੋ ਬਨਿ ਆਯੋ।
ਸਤਿਗੁਰ ਸੰਗਤਿ ਆਪਨੀ†,
ਸਭਿ ਰਖਹਿਂ ਹਜ਼ੂਰੰ।
ਸੇਵਕ ਕੀ ਪਤਿ ਰਾਖਤੇ,
ਆਪੇ ਗੁਰ ਪੂਰੰ ॥੬॥
ਸੁਨਿ ਸਭਿ ਕਲਿ ਕਾਲ ਇਹੁ,
ਬਰਤਜੋ ਬਡ ਘੋਰੇ।
ਗੁਰ ਪਾਲੀ[1] ਸਿਖ ਸਭਿਨਿ ਕੋ,
ਭਲਕਾਵ ਨ ਭੋਰੇ[1]।
ਤਾੜਤਿ ਹੈ ਬਹੁ ਭਾਂਤਿ ਤੇ,
ਕਰਿ ਕਰਿ ਬਹੁ ਭੇਖਾ[1]।
ਹੁਕਮ ਸੱਤਿਤਾ ਟਿਕਨਿ ਮਨ,
ਸਿੱਖਨ ਗੁਰ ਦੇਖਾ[1] ॥੭॥

ਜੋ ਸਾਬਤ ਹੈ ਸਿਦਕ ਮੈਂ,
ਅਰ ਰਣ ਮਹਿਂ ਸੂਰਾ।
ਸੋ ਭਉਜਲ ਤੇ ਤਰਿ ਗਯੋ,
ਪਾਯੋ ਪਦ ਰੂਰਾ।
ਜਿਨਕੇ ਸਿਦਕ ਨ ਸਾਬਤੀ,
ਕਾਤੁਰ ਜੰਜਾਲੀ[1]।
ਭਟਕਤਿ ਜਨਮ ਰੁ ਮਰਨ ਮਹਿਂ,
ਸੁਖ ਤੇ ਨਿਤ ਖਾਲੀ ॥੮॥

†ਪਾ:-ਸਿਖ ਜੇ।

[1]ਗੁਰੂ ਪਾਲਕ ਹਨ।

[1]ਥੋੜਾ ਬੀ ਨਹੀਂ ਭੁਲਾਂਵਦੇ।

[1]ਬਹੁਤੇ ਰੂਪ ਧਾਰਕੇ।

[1]ਸਿੱਖਾਂ ਦੀ ਹੁਕਮ ਸੱਤਿਤਾ (ਹੁਕਮ ਨੂੰ ਸੱਤ ਕਰਕੇ ਮੰਨਣਾ) ਤੇ ਮਨ ਦਾ ਟਿਕਾਉ ਗੁਰੂ ਜੀ ਦੇਖਦੇ ਹਨ, ਭਾਵ ਇਹ ਕੁਛ ਦੇਖਣ ਲਈ ਪ੍ਰੀਖਿਆ ਕਰਦੇ ਹਨ।

[1]ਕਾਇਰ ਤੇ ਧੰਧਿਆਂ ਵਾਲੇ।

ਗੁਰੂ ਖਰੇ ਸੰਗਤਿ ਸਹਿਤ,
ਚਿਰਕਾਲ ਉਡੀਕੈਂ[1]।

[1]ਪ੍ਰਲੋਕ ਵਿਚ) ਖੜੇ ਸੰਗਤਿ ਸਹਿਤ ਗੁਰੂ ਸਿੱਖ ਨੂੰ ਚਿਰ ਤਕ ਉਡੀਕਦੇ ਹਨ, ਸਿਖ ਉਹ ਜੋ ਇਕ ਵਾਰ ਸਿੱਖ ਹੋਇਆ ਹੋਵੇ ਤੇ ਫੇਰ ਕਿਸੇ ਕੁਸੰਗ ਕਰਕੇ ਔਝੜਾਂ ਵਿਚ ਪੈ ਗਿਆ ਹੋਵੇ ਤਿਸਨੂੰ ਮਹਾਰਾਜ ਜੀ ਤੱਕਦੇ ਹਨ ਕਿ ਕਦ ਸਾਡੇ ਪੰਥ ਵਿਚ ਆਉਂਦਾ ਹੈ।

ਖੋੜਸ ਤੱਤਨਿ ਦੇਹ ਧਰਿ,
ਥਿਰ ਰਹੈਂ ਸੁ ਨੀਕੇ[1]।

[1]੧੬ ਤੱਤਾਂ ਦੀ ਦੇਹ ਧਾਰਕੇ ਗੁਰੂ ਪ੍ਰਲੋਕ ਵਿਚ ਭਲੀ ਪ੍ਰਕਾਰ ਠਹਿਰਦੇ ਹਨ। ਸੌ ਸਾਖੀ ਦਾ ਪਾਠ ਹੈ '੧੬ ਤੱਤਾਂ ਦੀ ਦੇਹ ਧਾਰਕੇ ਸਿੱਖਾਂ ਦੀ ਸਹਾਇਤਾ ਕਰਾਂਗੇ'। ਅਸਲ ਭਾਵ ਇਹ ਚਾਹੀਏ ਕਿ ਸਿੱਖਾਂ ਦੀ ਆਤਮਾ ਜਦ ੧੬ ਤੱਤਾਂ ਦੀ ਦੇਹ ਧਾਰਕੇ ਪ੍ਰਲੋਕ ਵਿਚ ਆਵੇਗੀ ਤਾਂ ਸਹਾਇਤਾ ਕਰਾਂਗੇ। ਗੁਰੂ ਜੀ ਨੂੰ ੧੬ ਤੱਤਾਂ ਵਿਚ ਬੰਨ੍ਹਣਾ ਗੁਰਬਾਣੀ ਵਿਰੁੱਧ ਹੈ, ਯਥਾ:- 'ਨਵ ਸਿਵ ਸ਼ਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥ ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹਿ ਅਵਿਗਤ ਨਾਥੁ ਅਗੰਮ ਧਨੀ ॥' [ਰਾਮਕਲੀ ਮ: ੫] ਵੇਦਾਂਤ ਦੇ ਗ੍ਰੰਥਾਂ ਵਿਚ ਲਿੰਗ ਸਰੀਰ ੧੭ ਤੱਤਾਂ ਦਾ ਲਿਖਿਆ ਹੈ ਜੋ ਪ੍ਰਲੋਕ ਵਿਚ ਜਾਂਦਾ ਹੈ ਤੇ ਕਰਮਾਂ ਅਨੁਸਾਰ ਆਵਾਗਵਨ ਵਿਚ ਫਿਰਦਾ ਹੈ:-੫ ਪ੍ਰਾਣ, ੧੦ ਇੰਦ੍ਰੇ, ਮਨ ਤੇ ਬੁੱਧੀ। ਸੌ ਸਾਖੀ ਦੇ ਕਰਤਾ ਨੇ ਮਨ ਬੁੱਧੀ ਮਾਨੋਂ ਇਕ ਮੰਨਿਆ ਹੈ।

ਹਿਤ ਸਹਾਇਤਾ ਹਮ ਤਹਾਂ,
ਤਬਿ ਬਨਹਿਂ ਸਹਾਈ।
ਦਸ ਸਹੰਸ੍ਰ ਸੰਮਤ ਲਗੌਂ,
ਦੇਖੌਂ ਦ੍ਰਿਗ ਲਾਈ ॥੯॥
ਹਮਰੀ ਦਿਸ਼ਿ ਕੋ ਸਿੱਖ ਇਹੁ,
ਚਲਿ ਆਵਹਿ ਕੈਸੇ[1]।

[1]ਕਿਸੇ ਤਰ੍ਹਾਂ ਚੱਲ ਕੇ ਆਵੇ।

ਜੋ ਆਵਤਿ ਰਲ ਜਾਤਿ ਹੈ,
ਸਿੱਖਨਿ ਮਹਿਂ ਤੈਸੇ।
ਸਿੱਖ ਛਪੰਜਾ ਕ੍ਰੋੜ ਹੈਂ,
ਸੌਂਪੇ ਗੁਰ ਹਾਥਾ[1]।

[1]ਭਾਵ ੫੬ ਕਰੋੜ ਸਿੱਖ ਗੁਰੂ ਦੇ ਹੱਥ (ਰੱਬ ਨੇ ਤਾਰਨੇ ਵਾਸਤੇ) ਸੌਂਪੇ ਹਨ।

ਹੁਕਮ ਅਹੈ ਕਰਤਾਰ ਕੋ[1], -
ਸਭਿ ਕਰਹੁ ਸਨਾਥਾ ॥੧੦॥

[1]ਕਰਤਾਰ ਦਾ ਹੁਕਮ ਹੈ (ਗੁਰੂ ਜੀ ਨੂੰ)।

ਸ਼ੁੱਧ ਧਰਮ ਕਰਿ ਕੈ ਇਨਹੁਂ,
ਕਲਿ ਕਾਲ ਮਝਾਰਾ।
ਕਰੋ ਉਧਾਰਨ ਜਗਤ ਤੇ,
ਲਹਿਂ ਸਿੰਧ ਕਿਨਾਰਾ[1]-।

[1]ਸੰਸਾਰ) ਸਮੁੰਦਰ ਦਾ (ਪਾਰ) ਕਿਨਾਰਾ।

ਉਤ ਤੇ ਲੋਕ ਕੁਬੇਰ ਲਗਿ,
ਇਤ ਭੂ ਪਰ ਸਾਰੇ[1]।

[1]ਉਧਰੋਂ ਕੁਬੇਰ ਪੁਰੀ ਤੱਕ ਇਧਰ ਧਰਤੀ ਤੇ ਸਾਰੇ (ਸਿੱਖਾਂ ਨੂੰ)।

ਗੁਰੂ ਉਡੀਕਹਿੰਗੇ ਖਰੇ,
ਸਿਖ ਓਰ ਨਿਹਾਰੇ[1] ॥੧੧॥

[1]ਗੁਰੂ ਜੀ ਖੜੇ ਹੋਕੇ ਉਡੀਕਣਗੇ ਸਿਖਾਂ ਵੱਲ ਤਕਦੇ ਹੋਏ।

ਧਨਦ ਲੋਕ ਭਵ ਲੋਕ ਲਗਿ[1],
ਬਿਚਰਹਿਂ ਗਨ ਸਾਰੇ।
ਜਿਨ ਕੋ ਨਾਮ ਸ਼ਹੀਦ ਹੈ,
ਸਭਿ ਪਰ ਬਲ ਧਾਰੇਂ।
ਜਸ ਜਸ ਹੁਇ ਇਨ ਭਾਵਨਾ,
ਤਸ ਤਸ ਸਿਧ ਹੋਵੈ।
ਭੂਤ ਪ੍ਰੇਤ ਅਸੁਰਾਨ ਪਰ,
ਸਭਿ ਕੋ ਇਹ ਜੋਵੈਂ[1] ॥੧੨॥

[1]ਕੁਬੇਰ ਲੋਕ (ਤੋਂ) ਪ੍ਰਿਥਵੀ ਦੇ ਲੋਕ ਤਕ।

[1]ਭਾਵ ਸਭ ਇਨ੍ਹਾਂ ਦੇ ਤਾਬੇ ਹਨ।

ਪਸੁ, ਪੰਖੀ, ਨਗ[1], ਨਾਗ, ਨਰੁ;
ਜਛ, ਗੰਧ੍ਰਬ ਬ੍ਰਿੰਦਾ।
ਰਾਖਸ਼ਿ ਆਦਿਕ ਅਪਸਰਾ,
ਧਰਿ ਸ਼ਕਤਿ[1] ਬਿਲੰਦਾ।
ਹੁਕਮ ਸ਼ਹੀਦਨਿ ਕੋ ਚਲਹਿ,
ਇਨ ਸਭਿ ਪਰ ਜਾਨੋ।
ਅਪਰਨ ਕੀ ਗਿਨਤੀ ਕਹਾਂ,
ਜਮਦੂਤ ਮਹਾਨੋ ॥੧੩॥

[1]ਪਰਬਤ।

[1]ਸ਼ਕਤੀ ਧਾਰਨ ਵਾਲੇ।

ਬੂਝਿ ਸ਼ਹੀਦਨਿ ਕੋ ਫਿਰਹਿਂ,
ਉਰ ਮਹਿਂ ਡਰ ਧਾਰੇ[1]।

[1]ਜਮ) ਸ਼ਹੀਦਾਂ ਤੋਂ ਡਰਦੇ ਹੋਏ ਇਨ੍ਹਾਂ ਤੋਂ ਪੁਛਕੇ ਟੁਰਦੇ ਹਨ।

ਲੋਕ ਕਹੈਂ ਬੈਤਾਨ ਇਨ੍ਹ[1],
ਲਖਿ ਭੇਦ ਉਦਾਰੇ।
ਸ਼ਾਸਤ੍ਰਾਨਿ ਕੋ ਪਠੈਂ ਜੋ,
ਸੋ ਇਨ ਕੇ ਨਾਮੂ।
ਬਿਦਜਾਧਰ[1] ਭਾਖਤਿ ਸਕਲ,
ਬਿਲਸਤਿ ਅਭਿਰਾਮੂ ॥੧੪॥

[1]ਇਨ੍ਹਾਂ (ਸ਼ਹੀਦਾਂ) ਨੂੰ।

[1]ਇਕ ਪ੍ਰਕਾਰ ਦੇ ਦੇਵਤੇ। ਵੇਤਾਲ = ਜਿਸ ਦਾ ਘਰ ਹਵਾ ਵਿਚ ਹੋਵੇ। ਵਿਦਜਾਧਰ = ਇਕ ਤਰ੍ਹਾਂ ਦੇ ਦੇਵਤੇ ਜੋ ਅਕਾਸ਼ ਵਿਚ ਰਹਿੰਦੇ ਹਨ।

ਲਖਹੁ ਅਸ਼ੁਭ ਭੀ ਇਨਹੁਂ ਮੈਂ,
ਸ਼ੁਭ ਅਹੈਂ ਘਨੇਰੇ[1]।
ਹੈ ਸੁਭਾਵ ਤ੍ਰੈ ਬਿਧਿਨਿ ਗੁਨ,

[1]ਸ਼ੁਭ ਬੀ ਬਹੁਤੇ ਹਨ।

ਸਤ ਰਜ ਤਮ ਕੇਰੇ।
ਸੰਗਤ ਤੇ ਪੁਜਵਾਵਈਂ,
ਜੋ ਹੈ ਇਨ ਕੇਰੀ।
ਪੂਰੀ ਕਰਤਿ ਸੁ ਕਾਮਨਾ,
ਜਸੁ ਜਨ ਹੈ ਕੇਰੀ ॥੧੫॥
ਦੁਖ ਸੁਖ ਕੇ ਦਾਤਾ ਅਹੈਂ,
ਦੇਤੇ ਸਭਿ ਪ੍ਰਾਨੀ[1]।
ਸਰਬ ਕਲਾ ਸਮਰੱਥ ਇਹੁ,
ਧਰਿ ਸ਼ਕਤਿ ਮਹਾਨੀ।
ਦੇ ਕਰਿ ਇਨ ਕੋ ਭਰਤਖੰਡ,
ਸੁਰ ਸੁਰਗ ਸਿਧਾਰੇ।
ਬੈਠੇ ਜਾਇ ਨਿਚਿੰਤ ਹੁਇ,
ਸਾਂਭੀ ਸਭਿ ਕਾਰੇ[1] ॥੧੬॥
ਪਹੁੰਚਹਿ ਜੋ ਦੇਵਨ ਸਭਿਨਿ,
ਅਰਪਤਿ ਜੇ ਪ੍ਰਾਨੀ।
ਹਾਥ ਸ਼ਹੀਦਨਿ ਹੋਇ ਕੈ,
ਜੈ ਹੈ ਸਭਿ ਥਾਨੀ।
ਪਰਮੇਸ਼ੁਰ ਕਰਤਾ ਪੁਰਖ,
ਇਸੁ ਕਾਰ ਲਗਾਏ।
ਹੁਇ ਸੁਚੇਤ ਨਿਤ ਕਰਤਿ ਹੈਂ,
ਕਬਿ ਨਹਿਂ ਬਿਸਰਾਏ ॥੧੭॥
ਹੈਂ ਸ਼ਹੀਦ ਸਭਿ ਰੀਤਿ ਕੇ,
ਲਘੁ ਬ੍ਰਿੰਦ ਬਿਸਾਲਾ।
ਭੋਜਨ ਅਨਿਕ ਪ੍ਰਕਾਰ ਕੇ,
ਅਚਵਹਿਂ ਸਭਿ ਕਾਲਾ।
ਸੂਖਮ ਬਸਤ੍ਰਨਿ ਬਰਨ ਬਹੁ,
ਨਿਜ ਤਨ ਪਰ ਧਾਰੇ।
ਅਸਵਾਰੀ ਸਭਿ ਰੀਤਿ ਕੀ,
ਆਰੋਹਿ ਬਿਹਾਰੇ ॥੧੮॥
ਅਸਨ ਬਸਨ ਬਾਹਨ ਭਲੇ,
ਜੇਤਿਕ ਇਹੁ ਲੈ ਹੈਂ[1]।

[1]ਸਾਰੇ ਪ੍ਰਾਣੀਆਂ ਨੂੰ।

[1]ਭਾਵ ਦੇਵਤਿਆਂ ਦਾ ਕੰਮ ਹੁਣ ਇਹ ਕਰਦੇ ਹਨ।

[1]ਸਾਰੇ ਪਦਾਰਥ ਸਵਾਰੀਆਂ ਮਾਫ ਹਨ ਸ਼ਹੀਦਾਂ ਨੂੰ ਜਿਸ ਕਿਸੇ ਨੂੰ (ਚਾਹੁਣ) ਦੇਣਗੇ। ਕਈ ਇਸ ਨੂੰ

ਅਰਬੀ ਦਾ ਪਦ ਮੁਹਾਬ = ਹੈਬਤਨਾਕ, ਸਮਝਦੇ ਹਨ, ਪਰੰਤੂ ਸੌ ਸਾਖੀ ਦਾ ਪਾਠ ਹੈ:- ਭੋਜਨ ਬਸਤ੍ਰ ਅਸਵਾਰੀ ਸਭ ਮੁਬਾਹ ਹੈ। [ਅ:, ਮੁਬਾਹ = ਜਾਇਜ਼, ਰਵਾ, ਵਿਹਤ]।

ਸਭੈ ਮੁਹਾਬ ਸ਼ਹੀਦ ਗਨ,
ਜਿਮ ਕਿਮ ਕੋ ਦੈ ਹੈਂ।
ਸਭਿ ਦੀਪਕ ਸਭਿ ਖੰਡ ਕੋ,
ਸਭਿ ਸੈਲਨ ਸੈਲਾ।
ਸਾਗਰ ਸਲਿਤਾ ਪਰ ਫਿਰਹਿਂ,
ਭੂਲਹਿਂ ਨਹਿਂ ਭੈਲਾ[1] ॥੧੯॥

[1]ਭੱਲਦੇ ਨਹੀਂ ਹਨ (ਭੈਲਾ = ਹੈਨ) ਸੌ ਸਾਖੀ ਦਾ ਪਾਠ ਹੈ: 'ਪਰ ਭੁਲਦੇ ਨਹੀਂ, ਫਿਰਦੇ ਹੈਨ'।

ਅਵਲੋਕਹਿਂ ਸਭਿ ਥਲ ਬਿਚਰਿ,
ਮਾਯਾ ਜੁ ਤਮਾਸ਼ਾ।
ਜਥਾ ਬਿਪਸ਼ਚਿਤ[1] ਨ੍ਰਿਪ ਭਯੋ,

[1]ਨਾਮ ਰਾਜੇ ਦਾ। [ਸੰਸ., ਵਿਪਸ੍ਰਿਤ = ਪੰਡਤ। ਵਿਪਸ਼ਿਜਨ = ਸਤਾਂ ਵਿਚੋਂ ਪਹਿਲੇ ਬੁੱਧ ਜੀ ਦਾ ਨਾਮ ਹੈ]।

ਕੀਨੀ ਤਿਨ ਆਸਾ।
ਮਾਯਾ ਕੋ ਦੇਖਨਿ ਗਯੋ,
ਚਹੁੰ ਕੁੰਟ ਮਝਾਰਾ।
ਦੇਖਤਿ ਦੇਖਤਿ ਨਹਿਂ ਮੁਰਯੋ,
ਨਹਿਂ ਅੰਤ ਨਿਹਾਰਾ ॥੨੦॥
ਤਿਮ ਹੀ ਸਕਲ ਸ਼ਹੀਦ ਇਹੁ,
ਜਗ ਪਿਖਹਿਂ ਤਮਾਸ਼ਾ।
ਤਨ ਜੌਨੀ ਅਪਰ ਨ ਧਰਹਿਂ,
ਜਿਮੁ ਜੀਵ ਸੁ ਆਸਾ[1]।

[1]ਭਾਵ ਜਿਵੇਂ (ਇਤਰ) ਜੀਵ ਆਸ਼ਾ ਦੇ (ਬੱਧੇ ਹੋਏ) ਜੂਨੀਆਂ ਭੋਗਦੇ ਹਨ ਇਹ ਜੂਨਾਂ ਨਹੀਂ ਭੋਗਦੇ ਤੇ ਦੇਹ ਨਹੀਂ ਧਾਰਦੇ।

ਭਰਮਤਿ ਨਹਿਂ ਮਰਿਬੇ ਜਨਮ[1],
ਸਿਰ ਪਰ ਗੁਰ ਪੂਰਾ।
ਪਾਲੀ ਸਭਿ ਸੰਭਾਲਿ ਲੇ[1],

[1]ਮਰਨ ਜੰਮਣ ਵਿਚ ਨਹੀਂ ਭਰਮਦੇ।

[1]ਭਾਵ ਪਾਲੀ (ਵਾਂਙੂ) ਸਭ ਨੂੰ ਸੰਭਾਲ ਲੈਂਦੇ ਹਨ। (ਅ) ਸ਼ੁੱਧ ਪਾਠ 'ਸਭ' ਦੀ ਥਾਂ 'ਸਮ' ਚਾਹੀਏ। ਸੌ ਸਾਖੀ ਵਿਚ ਪਾਠ 'ਵਾਂਗੂ' ਹੈ।

ਕਹਿ ਕੈ ਬਚ ਰੂਰਾ ॥੨੧॥
ਸਬਲ ਸਮੂਹ ਸ਼ਹੀਦ ਕੀ,
ਗਤਿ ਮਿਤਿ ਲਖਿ ਐਸੇ[1]।

[1]ਸਾਰੇ ਸ਼ਹੀਦਾਂ ਦੀ ਗਤਿ ਮਿਤਿ ਸਹਿਤ ਬਲ ਦੇ ਹੈ

ਐਉਂ ਸਮਝ ਲਓ।

ਤੁਮ ਮੇਰੇ ਪ੍ਰਿਯ ਸਿੱਖ ਹੋ,
ਬੂਝੀ, ਕਹਿ ਤੈਸੇ।
ਅਹੈਂ ਸਾਥ ਜੇ ਸ਼ਕਤਿ ਧਰਿ,
ਤਿਨ ਸੰਗਤਿ ਜੋਈ[1]।

[1]ਜੋ (ਨੌਂ) ਨਾਥ ਸ਼ਕਤੀਵਾਨ ਹੋਏ ਹਨ ਉਨ੍ਹਾਂ ਦੀ ਬੀ ਸੰਗਤ ਹੈ।

ਸਿੱਧ ਅਹੈਂ ਸਮੁਦਾਇ ਸੋ,
ਸਿੱਧੀ ਧਰ ਸੋਈ[1] ॥੨੨॥

[1]ਜੋ ਸਿੱਧੀ ਧਾਰਨ ਵਾਲੇ ਹਨ ਤੇ ਉਹ ਸਿੱਧਾਂ ਦਾ ਸਮੁਦਾਇ ਹੈ।

ਕਹੈਂ ਦੀਨ ਵਾਲੀ ਜਿਸੈ,
ਬਹੁ ਦੀਨ ਕਮਾਵੈ।
ਲਖਹੁ ਮੁਹੰਮਦ ਕੀ ਅਹੈ[1],

[1]ਸੌ ਸਾਖੀ ਦਾ ਪਾਠ ਹੈ ਮੁਹੰਮਦੀ ਦੀਨ ਵਾਲੀ (ਸੰਗਤ) ਜਨਾਇਤ ਕਹਾਂਵਦੀ ਹੈਗੀ:-ਅਰਥਾਤ ਮੁਹੰਮਦ ਦੇ ਦੀਨ ਵਾਲੀ ਜਨਾਇਤ ਅਖਵਾਉਂਦੀ ਹੈ। ['ਜਿੰਨ' ਦੀ ਅਰਬੀ ਵਿਚ ਜਮਾ 'ਜਿਨਾਇਤ' ਹੈ। ਜਿੰਨ ਕਹਿੰਦੇ ਹਨ ਗੁਪਤ ਨੂੰ। ਆਮ ਲੋਕ ਭੂਤ ਪ੍ਰੇਤ ਤੇ ਕਰੜੇ ਦੇਉ ਨੂੰ ਬੀ ਕਹਿੰਦੇ ਹਨ। ਉਂਵ ਇਹ ਲਫਜ਼ ਵਰਤੀਂਦਾ 'ਮੁਸਲਮਾਨ ਗੁਪਤਾਂ' ਉਤੇ ਹੈ]।

ਤਿਹ ਨਿਕਟ ਰਹਾਵੈ।
ਨਾਮ ਜਨਾਇਤ ਤਾਂਹਿ ਕੌ,
ਜਗ ਬਿਖੈ ਕਹਾਵੈ।
ਕਜਾ ਕਹੀਯਹਿ ਇਸ ਬਾਤ ਕੋ,
ਕਜਾ ਕਿਸਹਿ ਸੁਨਾਵੈਂ ॥੨੩॥
ਨਿਗੁਰੇ ਬੇਮੁਖ ਹੋਤਿ ਜੇ,
ਕਰਤੇ ਮਨ ਭਾਯਾ।
ਤਨ ਤਜਾਗਤਿ ਹੁਇਂ ਭੂਤਨੇ,
ਤਨ ਪ੍ਰੇਤ ਕੁ ਪਾਯਾ।
ਸੰਕਟ ਬਿਖੈ ਬਿਤਾਵਤੇ,
ਨਿਜ ਬੈਸ ਮਹਾਂਨੀ।
ਗੁਰ ਬਿਨ ਕਿਮ ਸੁਖ ਕੌ ਲਹੈਂ,
ਅੰਧੇ ਅੱਗਜਾਨੀ' ॥੨੪॥
ਸੁਨਿ ਸਿੱਖਨਿ ਗੁਰ ਕੇ ਬਚਨ,
ਮਨ ਬਿਖੈ ਬਸਾਯੋ।
'ਧੰਨ ਪ੍ਰਭੁ ਪੂਰਨ ਕਲਾ,

ਤੁਮ ਸਕਲ ਬਤਾਯੋ।
ਪਰੇ ਸ਼ਰਨ ਤੁਮਰੀ ਮਲਿਨ,
ਲਿਹੁ ਆਪ ਸੁਧਾਰੀ।
ਕਜਾ ਜਾਨਹਿਂ ਨਰ ਮੰਦ ਮਤਿ,
ਗਤਿ ਅਗਮ ਅਪਾਰੀ ॥੨੫॥
ਕਿਤਿਕ ਦਯੋਸ ਦੁਰਭਿੱਛ ਰਹਹਿ,
ਦਿਹੁ ਆਪ ਬਤਾਈ?
ਅੰਨ ਝੁਰਜੋ ਸਭਿ ਦੇਸ਼ ਤੇ,
ਭੂਲ ਗਈ ਲੁਕਾਈ।'
ਸ਼੍ਰੀ ਮੁਖ ਤੇ ਕਹਿ ਬਾਕ ਕੋ,
ਦੁਖ ਕਾਲ ਬਿਤਾਯੋ।
'ਬਰਖਹਿ ਘਨ ਸਭਿ ਭੂਮ ਪਰ,
ਅਬਿ ਸਮਾ ਸੁ ਆਯੋ' ॥੨੬॥

ਦੋਹਰਾ:

ਸੁਨਿ ਸਿੰਘਨਿ ਕਰ ਜੋਰਿ ਕਰਿ,
ਧਰਿ ਪਗ ਪੰਕਜ ਸੀਸ।
'ਧੰਨ ਧੰਨ' ਸਗਰੇ ਭਨਹਿਂ,
ਜਾਨਿ ਰੂਪ ਜਗਦੀਸ਼ ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ਼ਹੀਦਨ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

## ੪੨. [ਇਕ ਸੁਨਿਆਰੇ ਲੜਕੇ ਦਾ ਪ੍ਰਸੰਗ]

੪੧<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

†ਇਕ ਦਿਨ ਬੈਠੇ ਸਤਿਗੁਰੂ, ਇਕ ਲਰਕਾ ਤਹਿਂ ਆਇ।
ਕਰਿ ਬੰਦਨ ਸਨਮੁਖ ਖਰਜੋ, ਸੁੰਦਰ ਅੰਗ ਸਜਾਇ ॥੧॥

†ਇਥੋਂ ਸੌ ਸਾਖੀ ਦੀ ੨੫ਵੀਂ ਸਾਖੀ ਆਰੰਭ ਹੋਈ।

ਨਿਸ਼ਾਨੀ ਛੰਦ:

ਕਲਗ਼ੀਧਰ ਅਵਿਲੋਕਿ ਕੈ ਬੋਲੇ ਤਿਸ ਕਾਲਾ।
'ਕਿਹ ਕੋ ਸੁਤ ਲਰਕੇ ਕਹੋ, ਕਿਸ ਪੁਰਿ ਮੈ ਸ਼ਾਲਾ[1]?
ਜਾਤਿ ਗੋਤ ਹੈ ਕਵਨ ਤੁਵ?' ਸੁਨਿ ਤਾਂਹਿ ਬਤਾਯੋ।
'ਸਤਿਗੁਰ ਸੱਚੇ ਪਾਤਿਸ਼ਾਹੁ! ਮੈਂ ਸ਼ਰਨੀ ਆਯੋ ॥੨॥

[1]ਘਰ ਹੈ।

ਪਾਹੁਲ ਖੰਡੇ ਕੀ ਲਈ, ਮੋਲੇ ਕਾ ਬੇਟਾ।
ਪਿਤ ਨੇ ਲੀਨੀ ਚਰਨ ਕੀ, ਕਛੁ ਦੇ ਤੁਮ ਭੇਟਾ।
ਬਾਸੀ ਸ਼ਹਿਰ ਸਰ੍ਹੰਦ ਕੇ, ਹਮ ਸਿੱਖ ਤੁਮਾਰੇ।'
ਸੁਨਿ ਬੋਲੇ ਸ਼੍ਰੀ ਸਤਿਗੁਰੂ, 'ਅਬਿ ਕਰਹੁ ਉਚਾਰੇ ॥੩॥
ਵਸਦੀ ਸ਼ਹਿਰ ਸਰ੍ਹੰਦ ਹੈ, ਕੈ ਭਯੋ ਉਜਾਰੇ।
ਅਪਰਾਧੀ ਹ੍ਵੈ ਹੈਂ ਤੁਰਕ, ਬਸਿ ਜਿਸੀ ਮਝਾਰੇ।'
ਸੁਨਿ ਸੁਨਿਯਾਰੇ ਪਹਿਲ ਸਿੰਘ[1], ਕਰ ਜੋਰਿ ਬਖਾਨਾ।
'ਹੁਇ ਹੈ ਸਕਲ ਪ੍ਰਕਾਰ ਕੋ, ਜਿਮ ਗੁਰ ਕੋ ਭਾਨਾ ॥੪॥

[1]ਨਾਮ ਸੁਨਿਆਰੇ ਲੜਕੇ ਦਾ।

ਅਬਿ ਤੌ ਮੈਂ ਵਸਤੀ ਤਜਜੋ[1], ਢਿਗ ਆਇ ਤੁਮਾਰੇ।'

[1]ਵਸਦਾ ਛਡਕੇ ਆਇਆ ਹਾਂ।

ਗੁਰੂ ਕਹਯੋ 'ਘਰੁ ਕੋ ਜੁ ਨਰ, ਕੋ ਤੋਹਿ ਸੰਗਾਰੇ[1]†?'
ਬਹੁਰ ਕਹਯੋ ਲਰਕੇ ਤਬਹਿ, 'ਪਿਤ ਮ੍ਰਿਤੁ[1] ਦਿਨ ਥੋਰੇ।
ਮਾਤਾ ਆਈ ਹੈ ਇਹਾਂ, ਤੁਮ ਚਰਨ ਨਿਹੋਰੇ' ॥੫॥
ਕਹਿਂ ਗੁਰ 'ਰਹਹੁ ਹਜ਼ੂਰ ਅਬਿ, ਮਾਤ ਭਿ ਰਖਿ ਪਾਸੀ।'
ਸੁਨਿ ਲਰਕੇ ਤਿਮ ਹੀ ਕਰੀ, ਜਿਮ ਪ੍ਰਭੁ ਪ੍ਰਕਾਸ਼ੀ।
ਇਕ ਖੱਤ੍ਰੀ ਤੇ ਲੀਨ ਘਰ, ਤਹਿਂ ਮਾਤਿ ਬਸਾਈ।
ਗੁਰ ਹਜ਼ੂਰ ਰਹਿਬੇ ਲਗਯੋ, ਦਿਨ ਕਿਤਿਕ ਬਿਤਾਈ ॥੬॥
ਬੂਝਯੋ ਗੁਰ ਇਕ ਦਿਨ ਬਿਖੈ, 'ਕਹੁ ਸਿਖ ਹਮ ਪਾਹੀ।
ਕੰਮ ਜੁ ਹੈ ਸੁਨਿਆਰ ਕੋ, ਜਾਨਤਿ ਕੈ ਨਾਂਹੀ?'
ਕਹਿ ਲਰਕਾ 'ਤੁਮ ਕ੍ਰਿਪਾ ਤੇ, ਅਪਨੋ ਸਭਿ ਕਾਮੁ।
ਜ਼ੇਵਰ ਸਗਰੀ ਰੀਤਿ ਕੇ, ਘਰਿ ਹੌਂ ਅਭਿਰਾਮੁ' ॥੭॥
ਹੁਕਮ ਕਰਯੋ ਪ੍ਰਭੁ 'ਲੇਹੁ ਅਬਿ, ਇਕਦਸ ਦੀਨਾਰਾ[1]।
ਆਨਿ ਬਿਭੂਖਨ ਘਰਿ[1] ਭਲੋ, ਹਮ ਕਰਹਿਂ ਨਿਹਾਰਾ।'
ਕੋਸ਼ਪ ਸੁਨਿ ਗੁਰ ਹੁਕਮ ਕੋ, ਦੀਨਸਿ ਤਤਕਾਲਾ।
ਘਰਨਿ ਲਗਯੋ ਭੂਖਨ ਭਲੋ, ਚਤੁਰਈ ਬਿਸਾਲਾ ॥੮॥
ਅਲੰਕਾਰ ਸੁੰਦਰ ਘਰਯੋ, ਪ੍ਰਭੁ ਢਿਗ ਲੇ

[1]ਤੇਰੇ ਘਰ ਦਾ ਆਦਮੀ ਤੇਰੇ ਨਾਲ ਕੇਹੜਾ ਹੈ?। †ਪਾ:-ਘਰ ਕੋ ਤਜਹੁ ਨਤੁ ਹੋਇ ਸੰਘਾਰੇ।

[1]ਮਰ ਗਏ ਨੂੰ।

[1]ਗਿਆਰਾਂ ਮੁਹਰਾਂ।

[1]ਘੜ ਕੇ।

ਆਯੋ।
ਪਿਖਿ ਪ੍ਰਸੰਨ ਤਿਸ ਪਰੁ ਭਲੇ, ਸ੍ਰੀ ਬਦਨ ਅਲਾਯੋ।
ਕੋਸ਼ਪ ਕੋ ਸੌਂਪਜੋ ਤਬੈ, -ਜੇਤਿਕ ਚਹਿ ਹੇਮਾ[1]।
ਦੇਹੁ, ਘਰਾਇ ਬਿਭੂਖਨੰ, ਲੀਜੈ ਪੁਨ ਤੇਮਾ[1] ॥੯॥
ਜਮਾ ਕਰਹੁ ਬਿਚ ਕੋਸ਼ ਕੇ[1], ਭੂਖਨ ਕਰਿ ਬ੍ਰਿੰਦਾ।
ਚਾਹਿ ਕਿਤਿਕ ਹੈ ਦਿਨਹੁੰ ਕੀ, ਇਹੁ ਚਤੁਰ ਬਿਲੰਦਾ[1]।'
ਇਮ ਕਹਿ ਪੁਨ ਬੂਝਨਿ ਕਰਜੋ, 'ਕੋ ਐਬ ਨ ਲਾਗਾ?'
ਕਹਿ ਲਰਕਾ 'ਸੁਨਿ ਗੁਰੂ ਜੀ! ਸਤਿਸੰਗੈ ਪਾਗਾ' ॥੧੦॥

[1]ਜਿਤਨਾ ਕੁ (ਇਹ ਲੜਕਾ) ਚਾਹੇ ਸੋਨਾ।

[1]ਦੇਕੇ ਗਹਿਣੇ ਘੜਾ ਲਓ (ਤੇ ਫਿਰ) ਉਤਨਾ ਹੀ (ਸੋਨਾ) ਤੋਲਕੇ ਲੈ ਲਓ।

[1]ਖਜ਼ਾਨੇ ਵਿਚ ਰਖੋ।

[1]ਸਾਨੂੰ) ਚਾਹ ਹੈ ਕਈਆਂ ਦਿਨਾਂ ਦੀ (ਤੇ ਨਾਲੇ) ਇਹ (ਲੜਕਾ) ਬੜਾ ਚਤੁਰ ਹੈ।

ਦੋਹਰਾ:
ਗੁਰੂ ਕਹਜੋ 'ਜਹਿਂ ਗੁਣ ਬਡੋ,
ਤਿਹ ਠਾਂ ਹੋਤਿ ਬਿਕਾਰ।
ਬਿਨ ਬਿਕਾਰ ਜੋ ਗੁਣੀ ਹੁਇ,
ਕੀਮਤ ਪਾਇ ਉਦਾਰ ॥੧੧॥
ਗੁਣੀ ਬਿਕਾਰੀ ਰਹਤਿ ਜੋ,
ਵਿੱਦਜਕ ਹੋ† ਇਨਸਾਨ[1]।
ਤਿਸ ਮੂਰਤਿ ਕੋ ਪਰਖਿ ਕੈ,
ਨਾਨਕ ਹੁਇ ਕੁਰਬਾਨ†' ॥੧੨॥

[1]ਬਿਨਾਂ ਬਿਕਾਰ ਤੋਂ ਜੋ ਗੁਣੀ ਹੋਵੇ ਤੇ ਵਿਦਵਾਨ ਹੋਵੇ ਉਹ ਇਨਸਾਨ ਕਹਾਉਂਦਾ ਹੈ। †ਪਾ:-ਵਿਦਿਆ ਕਹਿ।

†ਇਹ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ ਤੇ ਨਾ ਹੀ ਦਸ਼ਮੇਸ਼ ਗੁਰਬਾਣੀ ਵਿਚ ਹੈ। ਸੋ ਸਾਖੀ ਦੇ ਲੇਖਕ ਦਾ ਆਪਣਾ ਯਾ ਬਾਹਰ ਦਾ ਹੈ।

ਨਿਸ਼ਾਨੀ ਛੰਦੁ:
ਲਗਜੋ ਸੁਨਾਰਾ ਘੜਨਿ ਕੌ, ਆਪੇ ਲੈ ਦੇਤਾ।
ਲੇਖਾ ਕੋਇ ਨ ਬੂਝਤੋ, ਕਜਾ ਦੇਤਿ ਰੁ ਲੇਤਾ।
ਕੋਸ਼ਪ ਕੋ ਇਕ ਦਿਨ ਕਹਜੋ, ਸਤਿਗੁਰ

ਸਮੁਝਾਏ।
ਕੰਚਨ ਦੀਜੈ ਤੋਲਿ ਕੈ, ਨਹਿਂ ਤਾਂਹਿ ਬਤਾਏ[1]' ॥੧੩॥

[1]ਭਾਵ ਤੋਲ ਨਾ ਦੱਸੋ ਉਸ ਨੂੰ।

ਬੀਸੁ ਦੀਨਿ ਦੀਨਾਰ ਤਿਸ, ਕਹਿ ਕਟਕ[1] ਘੜਾਏ।

[1]ਕੜੇ।

ਤਜਾਰ ਕਰਯੋ ਜਬਿ ਲਯਾਇ ਤਿਹ, ਪ੍ਰਭੁ ਨਿਕਟ ਮੰਗਾਏ।
ਤੋਲੇ ਧਰਿ ਕਰਿ ਤੁਲਾ ਪਰ, ਭਈ ਮੁਹਰ ਸਤਾਰਾਂ।
'ਸਕਲ ਬਿਭੁਖਨ ਤੋਲੀਅਹਿ', ਗੁਰ ਬਾਕ ਉਚਾਰਾ ॥੧੪॥
ਕੋਸ਼ਪ ਆਨਿ ਹਜ਼ੂਰ ਮਹਿਂ, ਤੋਲੇ ਜਿਸ ਕਾਲਾ।
ਸਰਬ ਘਟੇ, ਕਿਮ ਪੂਰ ਹੁਇਂ, ਜੋ ਹੇਮ ਨਿਕਾਲਾ[1]।

[1]ਕਿਵੇਂ ਪੂਰੇ ਹੁੰਦੇ ਸੋਨਾ ਜੋ ਕਢਿਆ ਹੋਇਆ ਸੀ ਵਿਚੋਂ।

ਸ੍ਰੀ ਕਲਗ਼ੀਧਰ ਤਬਿ ਕਹਯੋ, 'ਲਰਕੇ! ਤੈਂ ਭਾਖਾ।
ਸਤਿਸੰਗੀ ਮੈਂ ਸਦਾ ਹੋਂ, ਮਨ ਐਬ[1] ਨ ਰਾਖਾ ॥੧੫॥

[1]ਖੋਟ।

ਅਪਰ ਐਬ ਕਯਾ ਹੋਤ ਹੈ? ਹਮ ਦੇਹੁ ਬਤਾਈ।
ਤੂ ਭੀ ਰਹਯੋ ਮਸੰਦ ਸਮ, ਨਿਜ ਸਾਧ ਬਤਾਈ[1]।

[1]ਆਪਣੇ ਆਪ ਨੂੰ ਭਲਾ ਦੱਸਦਾ ਰਿਹਾ।

ਗੁਰ ਘਰ ਤੇ ਮਿਹਨਤ ਵਜੋਂ, ਤੁਹਿ ਮਿਲਤਿ ਕਿ ਨਾਂਹੀ?'
ਸੁਨਿ ਸ਼ਰਮਿੰਦਾ ਹੁਇ ਰਹਯੋ, ਬਾਕ ਨ ਮੁਖ ਮਾਂਹੀ ॥੧੬॥

ਛੰਦੁ:
ਗੁਰ ਜੀ ਭਨਯੋ।
ਸਭਿਹਿਨਿ ਸੁਨਯੋਂ।
'ਜੱਟ ਪੰਜਾਲੀ ਚੱਕ।

ਗੁਰੂ ਕਾ ਹੱਕ।
ਕਮਾਇ ਕੇ ਛੱਕ[1]' ॥੧੭॥

[1]ਭਾਵ ਦਸਵੰਧ (ਦਿੰਦਾ ਹੈ) ਤੇ ਕਮਾਕੇ ਛਕਦਾ ਹੈ। ਸੌ ਸਾਖੀ ਦਾ ਪਾਠ ਹੈ 'ਕਮਾਇਕੇ ਝਕ'।

ਨਿਸ਼ਾਨੀ ਛੰਦੁ:
ਸੁਨਿ ਸਿੱਖਨ ਬੂਝਜੋ ਬਹੁਰ, 'ਸਿੱਖ ਸਕਲ ਤੁਮਾਰੇ।
ਦਿਜ ਖੱਤ੍ਰੀ ਬਿਟ[1] ਸ਼ੂਦ੍ਰ ਜੇ, ਇਹੁ ਬਰਣ ਜੁ ਚਾਰੇ।

[1]ਵੈਸ਼।

ਤੁਮਨੇ ਏਕੋ ਜੱਟ ਹੀ, ਅਬਿ ਭਲੇ ਸਲਾਹਜੋ।'
ਸਿੰਘਨਿ ਤੇ ਸੁਨਿ ਕੈ ਪ੍ਰਭੂ, ਸ੍ਰੀ ਮੁਖ ਤੇ ਪ੍ਰਾਹਜੋ ॥੧੮॥
'ਜਟ ਭਟ ਨੱਟ ਧਨੱਟ[1] ਜੇ, ਮੁਖ ਕੋ ਹੱਠ ਪਾਲੈਂ[2]।

[1]ਧਨੀ। [2]ਜੋ ਹਨ ਸੋ ਮੂੰਹ ਦਾ ਹਠ ਪਾਲਦੇ ਹਨ।

ਅਪਰ ਕਹੇ ਪਰ ਨਹਿੰ ਰਹੈਂ[1], ਕਹਿ ਮੁਖ ਤੇ ਹਾਲੈਂ[2]।

[1]ਹੋਰ ਕਹੇ ਤੇ ਨਹੀਂ ਰਹਿੰਦੇ। [2]ਮੂੰਹੋਂ ਕਹਿਕੇ ਹਿੱਲ (ਬਦਲ) ਜਾਂਦੇ ਹਨ।

ਸਿੱਖਹੁ ਸੁਨੀਐਂ ਸਿੱਖ ਮਮ, ਸਿਦਕੀ ਲਖਿ ਤੀਨੈ[1]।

[1]ਤਿੰਨੇ ਹੀ ਸਿਦਕੀ ਸਿੱਖ ਜਾਣੋ।

ਸਿੱਖੀ ਬੰਟੀ ਤੀਸਰੀ, ਸੰਗਤਿ ਸਭਿ ਹੀ ਨੈ[1] ॥੧੯॥

[1]ਤੀਸਰਾ ਹਿੱਸਾ ਸਿੱਖੀ (ਬਾਕੀ) ਸਾਰੀ ਸੰਗਤ ਨੂੰ ਬੰਟੀ।

ਚੌਪਈ:
ਜਟ, ਵਣਜਾਰਾ, ਰੋੜਾ ਸਾਰਾ[1]।

[1]ਇਹ ਤਿੰਨੇ) ਸਾਰੇ (ਪੂਰੇ) ਸਿੱਖ ਹਨ।

ਦੋ ਹਿੱਸੇ ਸਿੱਖੀ ਤਿਨ ਧਾਰਾ[1]।

[1]ਤਿੰਨਾਂ ਹਿਸਿਆਂ ਵਿਚੋਂ) ਦੋ ਹਿੱਸੇ ਸਿੱਖੀ ਜੱਟ, ਵਣਜਾਰਾ ਤੇ ਰੋੜਾ ਨੂੰ ਦਿੱਤੀ।

ਤ੍ਰਿਤੀ ਭਾਗ ਸਭਿ ਮਹਿਂ ਵਰਤਾਈ।
ਧਰਹਿ ਰਿਦੇ ਸੋ ਪਾਰ ਪਰਾਈ ॥੨੦॥
ਅਪਰ ਲੋਕ ਜੇ ਸਿੱਖ ਕਹਾਵੈਂ।
ਸਿੱਖੀ ਭੇਦ ਨਹੀਂ ਕੁਛ ਪਾਵੈਂ।
ਸੋ ਹਿਤ ਖਾਵਣ ਲੋਭ ਪਦਾਰਥ।
ਬਨਹਿਂ ਸਿੱਖ ਪੁਰਵਹਿਂ ਨਿਜ ਸ੍ਵਾਰਥ ॥੨੧॥
ਕਹਾਂ ਕਰਹਿਗਾ ਸਿੱਖ,

ਜਿ ਸਿਦਕ ਨ ਧਾਰਦਾ।
ਕਹਾਂ ਖਰਹਿਗਾ ਵਣਜੁ,
ਜਾਂ ਨਾਂਹਿ ਪਸਾਰਦਾ[1]।

[1]ਪੰਸਾਰ = ਵੱਖਰ, ਵਿਕਰੀ ਵਾਲਾ ਮਾਲ। [ਸੰਸ. ਪਣ੍ਯ = ਵਿਕਰੀ ਦਾ ਮਾਲ। ਸ੍ਰੀ = ਫੈਲਾਉ]। (ਅ) ਵਪਾਰ ਨਹੀਂ ਕਰਦਾ।

ਕਹਾਂ ਕਰੇਗਾ ਵੇਦ,
ਜਿ ਲੋਭ ਨ ਹਾਰਦਾ[1]।

[1]ਪੜ੍ਹਨੇ ਵਾਲਾ) ਜੇ ਲੋਭ ਦੂਰ ਨਹੀਂ ਕਰਦਾ ਤਾਂ।

ਕਹਾਂ ਕਰੇਗਾ ਜਨਮੁ[1],

[1]ਮਨੁੱਖ ਦੇਹ।

ਜਾਂ ਨਹੀਂ ਚਿਤਾਰਦਾ[1]।

[1]ਈਸ਼ਵਰ ਨੂੰ) ਨਹੀਂ ਸਿਮਰਦਾ।

ਨਾਨਕ ਸਫਲ ਜਨੰਮ,
ਜਾਂ ਨਾਮ ਕਰਤਾਰ ਦਾ[1]† ॥੨੨॥

[1]ਜਾਂ ਕਰਤਾਰ ਦਾ ਨਾਮ ਜਪੇ ਤਾਂ ਸਫਲ ਜਨਮ ਹੁੰਦਾ ਹੈ। †ਪਾ:-ਇਹ ਗੁਰਬਾਣੀ ਨਹੀਂ ਹੈ।

ਚੌਪਈ:

ਚਾਰ ਸਕਾਰ ਬਿਸਾਹੁ ਨ ਦੀਹ[1]।
ਸੁਨਿਯਾਰਾ, ਸੌਂਕਣ, ਸਪ, ਸੀਂਹ†।

[1]ਚਾਰ ਸੱਸਿਆਂ ਦਾ ਵਿਸਾਹ ਨਹੀਂ ਕਰਨਾ।

†ਇਹ ਅਖਰਾਂ ਪੁਰ ਬਣਾਕੇ ਅਖਾਣ ਤੇ ਉਹਨਾਂ ਦੇ ਸੰਗ ਵਲੋਂ ਵਰਜਣਾ ਸੌ ਸਾਖੀ ਦੀ ੨੫ ਵੀਂ ਸਾਖੀ ਵਿਚੋਂ ਲੀਤਾ ਗਿਆ ਹੈ। ਸਾਚੇ ਪੁਰਖ ਸਦਾ ਸਾਚੇ ਹਨ, ਚਾਹੇ ਕਿਸੇ ਜ਼ਾਤ ਜਾਂ ਕਮਾਮ ਵਿਚ ਹੋਣ, ਇਨ੍ਹਾਂ ਨੂੰ ਗੁਰਬਾਣੀ, ਵਿਚ ਕਿਤੇ ਇਸ ਤਰ੍ਹਾਂ ਨਹੀਂ ਕਿਹਾ ਬਲਕਿ "ਕਰਣੀ ਉਪਰਿ ਹੋਵਗਿ ਸਾਰ" ਗੁਰਮਤ ਦਾ ਅਸੂਲ ਹੈ, ਇਸ ਲਈ ਇਨ੍ਹਾਂ ਨੂੰ ਗੁਰਵਾਕ ਨਹੀਂ ਸਮਝਣਾ ਚਾਹੀਏ। ਕਈ ਵੇਰ ਇਸ ਪਦ 'ਵਿਸਾਹ ਨਹੀਂ ਕਰਨਾ' ਦੀ ਥਾ ਲੋਕੀਂ 'ਸੁਨਿਆਰਾ ਸਿੱਖ ਨਹੀਂ' ਕਹਿਕੇ ਇਸ ਕਮਾਮ ਵਾਲੇ ਸਜਣਾਂ ਦਾ ਦਿਲ ਦੁਖਾਉਂਦੇ ਹਨ। ਜੇ ਇਹ ਗਲ ਹੁੰਦੀ ਤਾਂ ਗੁਰੂ ਜੀ ਤ੍ਰਿਕਾਲ ਦਰਸ਼ੀ ਸਨ, ਉਨ੍ਹਾਂ ਨੂੰ ਅੱਜ ਪਤਾ ਲਗਣਾ ਸੀ ਕਿ ਸੁਨਿਆਰਾ ਸਿੱਖ ਨਹੀਂ? ਜਦ ਕਿ ਇਹੋ ਲੜਕਾ ਪਹਿਲੇ ਸਿੰਘ ਅੰਮ੍ਰਿਤਧਾਰੀ ਹੋ ਚੁਕਾ ਹੈ ਇਸ ਦਾ ਪਿਤਾ ਬੀ ਸਿੱਖ ਸੀ। ਜਿਸ ਦੇ ਅਰਥ ਹਨ ਕਿ ਕਲ਼ਗੀਧਰ ਦੇ ਦਰਬਾਰ ਸੁਨਿਆਰੇ ਸੱਜਣ ਅੰਮ੍ਰਿਤ ਦੇ ਅਧਿਕਾਰੀ ਹੋਰ ਜਾਤਾਂ ਦੇ ਤੁੱਲ ਸਨ। ਫਿਰ ਗੁਰ ਇਤਿਹਾਸ ਵਿਚ ਭਾਈ ਗੁਰਦਾਸ ਜੀ ਨੇ ਜੜੀਏ ਤੇ ਸੁਨਿਆਰੇ ਸਿਖਾਂ ਦੇ ਨਾਮ ਸਤਿਕਾਰ ਨਾਲ ਲਏ ਹਨ, ਯਥਾ:- ਸਨਮੁਖ ਸੁਨਿਆਰਾ ਭਲਾ ਨਾਉਂ ਨਿਹਾਲੂ ਸੱਪਰਵਾਰੀ [੧੧-੨੫ ਜੜੀਆ ਸਾਈਂਦਾਸ ਹੈ ਸਭ ਕੁਲ ਹੀਰੇ ਲਾਲ ਅਪਾਰਾ [੧੧-੨੮

ਕਿਸੇ ਜ਼ਾਤ ਨੂੰ ਕਿਸੇ ਕਿਰਤ ਨੂੰ ਗੁਰੂ ਜੀ ਨੇ ਮਾੜਾ ਨਹੀਂ ਕਿਹਾ; ਗੁਰੂ ਅਰਜਨ ਦੇਵ ਜੀ ਦਾ ਇਕ ਪਿਆਰਾ ਸਿੱਖ ਬਹੋੜੂ ਨਾਮ ਦਾ ਸੁਨਿਆਰਾ ਸੀ ਉਸਨੂੰ ਸਤਿਗੁਰਾਂ ਨੇ ਫੁਰਮਾਇਆ ਸੀ:

ਸੁਨ ਗੁਰ ਕਹ੍ਯੋ ਕਿਰਤ ਕਰ ਹੋਈ। ਧਰਮ ਸਮੇਤ ਨਿਬਾਹੋ ਸੋਈ।

ਖੋਟ ਕਰਨ ਵਾਲਾ ਸੁਨਿਆਰਾ, ਤ੍ਰਿਖਾਣ, ਜੱਟ, ਹਲਵਾਈ ਆਦਿ ਸਾਰੇ ਮਾੜੇ ਹਨ, ਕਮਾਮ ਤੇ ਜਾਤ ਕੋਈ ਮਾੜੀ ਨਹੀਂ। ਲੋਕੋਕਤੀਆਂ ਹਰ ਜ਼ਾਤ ਹਰ ਕਮਾਮ ਦੇ ਵਿਰੁੱਧ ਘੜੀਆਂ ਹੋਈਆਂ ਮਿਲਦੀਆਂ ਹਨ, ਉਸੇ ਤਰ੍ਹਾਂ ਦੀ ਇਹ ਲੋਕੋਕਤੀ ਹੈ ਜੋ ਸੌ ਸਾਖੀ ਦੇ ਵੱਧ ਘੱਟ ਕਰਨਹਾਰ ਨੇ ਸਤਿਗੁਰਾਂ ਦੇ ਮੁਖ ਵਿਚ ਧਰ ਦਿੱਤੀ ਹੈ, ਇਸਨੂੰ ਗੁਰੂ ਕਾ ਵਾਕ ਸਮਝਣਾ ਪਰਮ ਭੁੱਲ ਹੈ। ਵਿਸ਼ੇਸ਼ ਲਈ ਦੇਖੋ ਖਾਲਸਾ ਸਮਾਚਾਰ ਜਿਲਦ ੩੧ ਨੰਬਰ ੨੦ ਤੋਂ ੫ ਤੱਕ।

ਕਰਿ ਹੈਂ ਘਾਤ ਕਿ ਪੀਛ ਅਗੀਹ[1]।

[1]ਅੱਗੇ ਪਿਛੇ ਭਾਵ ਕਿਸੇ ਨਾ ਕਿਸੇ ਵੇਲੇ ਘਾਤ ਹੀ ਕਰਨਗੇ।

ਨਹਿੰ ਇਨ ਕਹ੍ਯੋ ਜਾਨੀਐ ਲੀਹ[1] ॥੨੩॥

[1]ਇਨ੍ਹਾਂ ਦੇ ਕਹੇ ਨੂੰ ਲੀਹ (ਪੱਕੀ ਗਲ ਯਾ ਸੱਚ) ਨਾ ਜਾਣੋ।

ਇਮ ਹੀ ਲਖੀਐ ਚਾਰ ਕਕਾਰ[1]।
[1]ਚਾਰ ਕੱਕੇ।

ਨਿਜ ਮੁਕਾਬਲਾ ਸਮਝ ਨ ਹਾਰਿ[1]।
[1]ਆਪਣੇ ਮੁਕਾਬਲੇ ਦਾ ਸਮਝਕੇ (ਇਨ੍ਹਾਂ ਤੋਂ) ਹਾਰ ਨਾ ਖਾਓ, ਭਾਵ ਸ਼ਰਾਰਤ ਵਿਚ ਕੋਈ ਇਨ੍ਹਾਂ ਦੇ ਟਾਕਰੇ ਦਾ ਨਹੀਂ। (ਅ) ਆਪਣਾ ਮੁਕਾਬਲਾ ਸਮਝਕੇ (ਇਨ੍ਹਾਂ ਨਾਲ ਵਰਤਣਾ)।

ਕਾਜ਼ੀ, ਕਾਨੂੰਗੋਇ, ਕਲਾਲ[1]।
[1]ਸ਼ਰਾਬ ਵੇਚਣ ਵਾਲੇ।

ਚੌਥਾ ਕਸਬੀ[1] ਹੈ ਇਨ ਨਾਲ ॥੨੪॥
[1]ਕਸਾਈ। (ਅ) ਕੰਜਰ। [ਅ:, ਕਸਾਬ = ਕਸਾਈ। ਅ਼:, ਕਸਬੀ = ਕੰਜਰੀ]।

ਚਾਰ ਬਕਾਰ[1], ਦਰਬ ਕੇ ਪਜਾਰੇ।
[1]ਚਾਰ ਬੱਬੇ।

ਇਨਤੇ ਭੀ ਰਹਿ ਆਪ ਸੰਭਾਰੇ।
ਬਾਮਣ, ਬਣੀਆਂ, ਬਖਸ਼ੀ[1] ਹੋਇ[†]।
[1]ਖਾਸ ਕਰਕੇ ਤਨਖਾਹ ਵੰਡਣ ਵਾਲਾ ਮੁਨਸ਼ੀ। [†]ਇਹ ਬੀ ਲੋਕੋਕਤੀਆਂ ਹਨ। ਇਸ ਤਰ੍ਹਾਂ ਕੋਈ ਜ਼ਾਤ ਕਮਾਮ ਨਹੀਂ ਬਚ ਸਕਦਾ।

ਚਤੁਰਥ ਬਾਲੱਤਣ[1†] ਹਿਯ ਸੋਇ ॥੨੫॥
[1]ਬਾਲਕ। [†]ਸੌ ਸਾਖੀ ਦਾ ਪਾਠ:-ਬਲਤਣ। ਪਾਠਾਂਤ੍ਰ 'ਬਾਦਸ਼ਾਹ' ਬੀ ਸੌ ਸਾਖੀ ਦਾ ਦੱਸੀਦਾ ਹੈ।

ਚਾਰ ਕਕਾਰ ਸੰਗ ਨਹਿਂ ਕਰੈ[1]।
[1]ਚਾਰ ਕੱਕਿਆਂ ਦਾ ਸੰਗ ਨਾ ਕਰੇ।

ਜੇ ਨਰ ਕਰਹਿ ਨਰਕ ਮਹਿਂ ਪਰੈ।
ਕਾਮੀ, ਕਪਟੀ, ਕਲਹੀ, ਕੂਰ।
ਇਨ ਕੋ ਜਾਨਿ ਰਹੈ ਨਿਤ ਦੂਰ[†]' ॥੨੬॥
[†]ਏਹ ਚਾਰ ਕਵੀ ਜੀ ਨੇ ਆਪਣੇ ਆਪ ਗਿਣੇ ਹਨ ਸੋ ਠੀਕ ਹਨ। ਸੌ ਸਾਖੀ ਵਿਚ ਇਹ ਪਾਠ ਨਹੀਂ ਹੈ।

ਇਮ ਕਹਿ ਕਲਗ਼ੀਧਰ ਉਠਿ ਖਰੇ।
ਸੁੰਦਰ ਮੰਦਿਰ ਮਹਿਂ ਚਲਿ ਬਰੇ।
ਸਿੱਖ ਆਪਨੇ ਥਾਨ ਸਿਧਾਰੇ।
ਗੁਰੂ ਕਰਮ ਕੋ ਰਿਦੈ ਚਿਤਾਰੇ ॥੨੭॥
[†]ਬਹੁਰ ਏਕ ਦਿਨ ਸਭਾ ਮਝਾਰੇ।
[†]ਇਥੋਂ ਹੁਣ ੩੧ਵੀਂ ਸਾਖੀ ਚੱਲੀ ਹੈ।

ਗੁਰ ਬੈਠੇ ਸੇਵਕ ਪਰਵਾਰੇ।
ਬੋਲਯੋ ਏਕ ਸਿੱਖ ਤਿਸ ਕਾਲਾ।
'ਭਉਜਲ ਤਰਿਬੇ ਜਤਨ ਸੁਖਾਲਾ ॥੨੮॥
ਸਤਿਗੁਰੂ ਜੀ! ਤੁਮ ਕਰਹੁ ਉਚਾਰਨ।
ਜਿਸ ਕੋ ਸੁਨਿ ਸਿਖ ਕਰਿ ਹੈਂ ਧਾਰਨ।
ਸ਼ਾਸਤ੍ਰਾਨ ਕੇ ਪੰਡਤਿ ਜੇਈ।
ਮਾਰਗ ਬਿਖਮ ਬਤਾਵਹਿਂ ਤੇਈ'

॥੨੯॥

ਸੁਨਤਿ ਸਭਾ ਮਹਿਂ ਕਰਜੋ ਕ੍ਰਿਪਾਲਾ।

'ਤਰਣ[1] ਉਪਾਉ ਬਿਸਾਲ ਸੁਖਾਲਾ।

[1]ਮੁਕਤ ਹੋਣ ਦਾ।

ਧੰਧਾ ਧਾਵਤਿ ਜਬਿ ਰਹਿ ਗਇਆ[1†]।'

[1]ਧੰਦਿਆਂ ਵਿਚ ਦੌੜਨੋਂ ਜਦ ਮਨ ਹਟ ਗਿਆ, ਭਾਵ ਸੰਕਲਪ ਰੁਕੇ (ਤਦ ਤਰ ਗਿਆ)। †ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ [ਦ: ਓਅੰਕਾਰ ੩੬

ਬਹੁਰ ਕਹਜੋ[1] 'ਸੀਤਲ ਮਨ ਭਇਆ[2†]' ॥੩੦॥

[1]ਫੇਰ (ਗੁਰੂ ਜੀ ਨੇ) ਕਹਿਆ। [2]ਮਨ ਸ਼ਾਂਤਿ ਹੋ ਗਿਆ। †ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ [ਬਿਲਾਵਲ ਮ: ੫

ਤ੍ਰਿਤੀ ਬੇਰ ਗੁਰਬਾਕ ਬਖਾਨਾ।

'ਭੰਭੀਰੀ ਕੇ ਪਾਂਖ ਸਮਾਨਾ[1]।

[1]ਭੰਬੀਰੀ ਦੇ ਖੰਭ ਵਰਗਾ।

ਪਰਦੋ ਅਤਿ ਸੂਖਮ ਬਿਰਮਾਯੋ।

ਬਿਨ ਦੇਖੇ ਜਾਨੇ ਦੂਰਾਯੋ[1†]? ॥੩੧॥

[1]ਬਹੁਤਾ ਬਰੀਕ ਪਰਦਾ ਜੇ (ਅੱਖ ਤੇ ਦੇਖਣੇ ਜੋਗ ਵਸਤੂ ਦੇ ਵਿਚਾਲੇ) ਪਿਆ ਹੋਵੇ ਤਾਂ ਦਿੱਸ ਨਾ ਸੱਕਣ ਕਰਕੇ (ਵਸਤੂ ਨੂੰ) ਦੂਰ ਹੀ ਜਾਣੋ। †ਯਥਾ ਗੁਰਵਾਕ:-ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ। (ਸੋਰਠਿ ਮ: ੫

ਤੀਨ ਪ੍ਰਮਾਨ ਬਖਾਨੇ ਜਬੈ।

ਨਿਕਟ ਸਭਾ ਸਭਿ ਸੁਨਿਤੇ ਸਬੈ।

ਬਹੁਰ ਕ੍ਰਿਪਾ ਕਰਿ ਗੁਰੂ ਉਚਾਰਾ।

'ਸੁਨ ਸਿੱਖਾ! ਪੁਨ ਤਰਨ ਸੁਖਾਰਾ ॥੩੨॥

ਰਾਮ ਰਾਮ[1] ਸਿਮਰਨ ਕੋ ਕਰੀਅਹਿ।

[1]ਭਾਵ ਵਾਹਿਗੁਰੂ ਦਾ ਨਾਮ।

ਪਾਪ ਪੂਰਬਲੇ[1] ਪੂਰਬ[2] ਹਰੀਅਹਿ।

[1]ਪਿਛਲੇ ਪਾਪ। [2]ਪਹਿਲਾਂ।

ਚਿਤ ਰਾਖਹੁ ਆਖਰ ਕੋ ਮਰਨਾ।

ਨਦੀ ਪ੍ਰਵਾਹ ਜਗਤ ਕੋ ਥਿਰ ਨਾ[1] ॥੩੩॥

[1]ਕੋਈ ਥਿਰ ਨਹੀਂ।

ਇਨ ਦੋਨਹੁਂ ਕੋ[1] ਨਾਂਹਿ ਬਿਸਾਰੋ।

[1]ਨਾਮ ਤੇ ਕਾਲ ਨੂੰ।

ਬਹੁਰ ਨ ਹੁਇ ਹੈ ਪਾਪ ਦੁਖਾਰੋ।'

ਸੁਨਿ ਉਪਦੇਸ਼ ਸਾਰ ਵਥੁ ਜੋਇ।

'ਰਾਮ' 'ਮਰਨ' ਰਾਖਨਿ ਚਿਤ ਦੋਇ ॥੩੪॥

ਧਾਰਨ ਕਰਜੋ ਜਿਨਹੁਂ ਉਪਦੇਸ਼ੁ।

ਚਿਤ ਰਾਖੇ ਜੁਗ, ਮਿਟਹਿਂ ਕਲੇਸ਼ੁ।

ਸਤਿਗੁਰ ਦਰਸ਼ਨ ਕਾਟਤਿ ਪਾਪੁ।
ਸਨੇ ਸਨੇ ਨਿਰਮਲ ਹੁਇ ਆਪੁ
॥੩੫॥
ਨਰਨਿ ਹਜ਼ਾਰਹੁੰ ਕਰਨਿ ਉਧਾਰਨਿ।
ਭਵਜਲ ਡੂਬਤਿ ਕੇ ਹੁਇ ਤਾਰਨ[1]। [1]ਜਹਾਜ਼।
ਭਜਨ ਬਿਖੈ ਸਿੱਖਨਿ ਲਿਵ ਲਾਗੀ।
ਗੁਰ ਪਦ ਪੰਕਜ ਕੀ ਰਤਿ[1] ਜਾਗੀ [1]ਪ੍ਰੀਤੀ।
॥੩੬॥
ਕੈ ਸ਼ਸਤ੍ਰਨ ਕੋ ਹੁਇ ਅੱਭਜਾਸ।
ਪਰੇ ਜੰਗ ਸ਼ੱਤ੍ਰਨਿ ਬਿਨਾਸ਼।
ਪੂਰਬਲੇ ਜਿਨ ਕੇ ਬਡ ਭਾਗੇ।
ਤਜਿ ਧਨ ਧਾਮ ਚਰਨ ਗੁਰ ਲਾਗੇ
॥੩੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸੁਨਿਆਰੇ ਕੋ' ਪ੍ਰਸੰਗ ਬਰਨਨੰ ਨਾਮ ਦੋਇ ਚਤ੍ਵਾਰਿੰਸਤੀ ਅੰਸੂ ॥੪੨॥

## ੪੩. [ਇਕ ਅਨਪੜ੍ਹ ਸਿੱਖ। ਕਬੀਰ ਜੀ ਦੇ ਸਮੇਂ ਦਾ ਪਾਤਸ਼ਾਹ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

†ਇਕ ਦਿਨ ਬੈਠੇ ਸਤਿਗੁਰੂ, ਸਿਖ ਸੰਗਤਿ ਚਹੁੰਫੇਰ।
ਏਕ ਸਿੱਖ ਤਹਿਂ ਆਇ ਕੈ, ਬਿਨੈ ਕਰੀ ਤਿਸ ਬੇਰ ॥੧॥

†ਹੁਣ ਇਹ ਸੌ ਸਾਖੀ ਦੀ ੧੯ਵੀਂ ਸਾਖੀ ਚੱਲੀ ਹੈ।

ਚੌਪਈ:

'ਸਾਚੇ ਪਾਤਿਸ਼ਾਹੁ ਗੁਰ ਪੂਰੇ!
ਆਨਿ ਪਰਯੋ ਮੈਂ ਸ਼ਰਨਿ ਹਜ਼ੂਰੇ।
ਦੁਖੀ ਸੰਸਾਰ ਦਿਸ਼ਾ ਤੇ ਹੋਵਾ।
ਰਹਯੋ ਬਿਚਾਰ ਨਹੀਂ ਸੁਖ ਜੋਵਾ ॥੨॥
ਦਿਹੁ ਕੱਲਜਾਨ ਕ੍ਰਿਪਾ ਕਹੁ ਠਾਨਹੁ।
ਜਨਮ ਮਰਨ ਦੁਖ ਅਰੁ ਅਘ ਹਾਨਹੁ।
ਪਢਯੋ ਨਹੀਂ ਮੈਂ ਬਿੱਦਯਾ ਕੋਈ।
ਬਰਣ ਗੁਰਮੁਖੀ ਲਖੇ ਨ ਸੋਈ' ॥੩॥
ਗੁਰੂ ਕਹਯੋ ਤੂੰ ਧੰਨ ਮਹਾਨਾ।
ਭਯੋ ਵਿਰਾਗ ਜਗਤ ਦੁਖ ਮਾਨਾ।
ਪਰ ਭਾਈ ਸਿੱਖਾ! ਮਨ ਚੀਨਿ।
ਮੂਢ ਨ ਸਮੁਝਹਿ ਪਢੇ ਬਿਹੀਨ[1] ॥੪॥

[1]ਪੜ੍ਹੇ ਬਿਨਾਂ ਮੂਰਖ ਸਮਝ ਨਹੀਂ ਸਕਦਾ।

ਦੋਹਰਾ:

ਅਨਪਢ ਅੰਧਾ ਜੋ ਚਲਹਿ[1],
ਸਮੁਝ ਨ ਆਵਹਿ ਕਾਇ।
ਬਾਣੀ ਜਿਸ ਕੀ ਸ਼ੁੱਧ ਹੈ, ਤਿਸੈ ਮਿਲੈ
ਹਰਿਰਾਇ ॥੫॥

[1]ਅਨਪੜ੍ਹ (ਪੁਰਸ਼) ਅੰਨ੍ਹੇ (ਜੋ = ਜਯੋਂ) ਵਾਂਙੂ ਚਲਦਾ ਹੈ।

ਚੌਪਈ:

ਚਹੀਅਹਿ ਪਢਯੋ ਅਲਪ ਕੈ ਘਨੋ।
ਬੁਧਿ ਸੁਧ ਪਰੈ ਸੁਧਾਰੈ ਮਨੋ[1]।
ਗੁਣ ਅਵਗੁਣ ਕਰਿਬੋ ਅਨੁਕਰਬੋ[1]।
ਜਾਨੇ ਸਭਿ ਕੀ ਸੁਧ ਉਰ ਧਰਿਬੋ ॥੬॥
ਪਢਨ ਬਿਖੈ ਗੁਨ ਅਹੈਂ ਅਨੇਕੂ।
ਸਦਗੁਨ ਪ੍ਰਾਪਤਿ ਆਦਿ ਬਿਬੇਕੂ।
ਯਾਂ ਤੇ ਪਢਨ ਅਹੈ ਬਹੁ ਨੀਕਾ।

[1]ਬੁੱਧੀ ਸ਼ੁਧ ਹੋ ਜਾਂਦੀ ਹੈ ਮਨ ਸੁਧਾਰ ਲੈਂਦਾ ਹੈ।

[1]ਨਾ ਕਰਨ ਯੋਗ।

ਅਨਪਢ ਰਹੈ ਅੰਧ ਨਿਤ ਹੀਕਾ[1] ॥੭॥ [1]ਹਿਰਦੇ ਦਾ ਅੰਧਾ।
ਅਰੁ ਗੁਰਮੁਖੀ ਪਢਨਿ ਜੋ ਕਰਨੋ।
ਸਰਬੋਤਮ ਸ਼ੁਭ ਮਤਿ ਕੋ ਧਰਨੋ।
ਜਪੁਜੀ ਆਦਿਕ ਪੁੰਨ ਉਪਾਵੈਂ।
ਅਨਿਕ ਜਨਮ ਕੇ ਕਲੁਖ ਮਿਟਾਵੈਂ ॥੮॥
ਵਿੱਦਯਾ ਪਢਨਿ ਗੁਰਮੁਖੀ ਜਾਨੋ।
ਪਾਠਕ ਪ੍ਰਾਪਤਿ ਲਾਭ ਮਹਾਨੋ।
ਯਾਂ ਤੇ ਅਬਿ ਜੇਤਿਕ ਮਤਿ ਤੇਰੀ।
ਪਢਹੁ ਭਲੇ ਗੁਰਮਤਿ ਲਿਹੁ ਹੇਰੀ' ॥੯॥
ਤਬਹਿ ਗਰੰਥੀ ਗੁਰੂ ਹਕਾਰਯੋ।
ਸਿਖ ਕੌ ਸੌਂਪਤਿ ਬਾਕ ਉਚਾਰਯੋ।
'ਕਰਿ ਕੈ ਪ੍ਰੇਮ ਪਢਾਵਹੁ ਇਸੈ।
ਜਗ ਤੇ ਕੁਛ ਵਿਰਾਗ ਹੈ ਜਿਸੈ[1]' ॥੧੦॥ [1]ਜਿਸ ਨੂੰ।
ਆਇਸੁ ਮਾਨਿ ਸੰਗ ਲੈ ਗਯੋ।
ਤਖਤੀ ਲੀਖਿ ਸਿਖਾਵਤਿ ਭਯੋ।
ਪੈਂਤੀ ਪੁਨ ਮੁਹਾਰਨੀ ਬਿਖੇ।
ਕੇਤਿਕ ਦਿਨ ਨਾਵੇਂ ਤਿਨ ਲਿਖੇ ॥੧੧॥
ਸਤਿਗੁਰ ਬਿੱਦਯਾ ਮਹਾਂ ਸੁਖੇਨ।
ਅਤਿ ਸ਼ੀਘ੍ਰ ਪ੍ਰਾਪਤਿ ਸੁਖ ਦੇਨਿ।
ਪੁਨ ਪੋਥੀ ਕੋ ਪਠਿਬੇ ਲਾਗਯੋ।
ਤੁਕ ਪਠਿ ਪਠਿ ਮਨ ਬਹੁ ਅਨੁਰਾਗਯੋ ॥੧੨॥
ਪਢਿ ਕਰਿ ਅਪਰ ਸੁ ਲਗਯੋ ਅਨੰਦ[1]। [1]'ਅਨੰਦ' ਨਾਮੇ ਬਾਣੀ ਨੂੰ।
ਪਹਿਲੀ ਤੁਕ ਪਠਿ ਲਹਯੋ ਅਨੰਦ।
ਬਹੁਰ ਨ ਗਯੋ ਗਰੰਥੀ ਪਾਸ।
ਵਧਿ ਪ੍ਰਤੀਤ[1] ਚਿਤ ਜਗਤ ਉਦਾਸ ॥੧੩॥ [1]ਭਰੋਸਾ ਵਧਿਆ।
ਕਬਹਿ ਦੇਗ਼ ਤੇ ਭੋਜਨ ਖਾਇ।

ਮਨ ਰਾਖ੍ਯੋ ਗੁਰ ਚਰਨ ਟਿਕਾਇ।
ਖਸ਼ਟ ਮਾਸ ਜਬਿ ਹੀ ਬਿਤ ਗਏ।
ਸਤਿਗੁਰ ਸਿਖ ਕੋ ਸਿਮਰਤਿ ਭਏ
॥੧੪॥
ਨਿਕਟ ਗਰੰਥੀ ਕੋ ਬੁਲਵਾਇ।
'ਬੂਝ੍ਯੋ ਸਿਖ ਕੋ ਕਿਤਿਕ ਪਢਾਇ?'
ਤਿਨ ਕਰ ਜੋਰਿ ਹਕੀਕਤ ਕਹੀ।
'ਇਕ ਤੁਕ ਪਠਿ ਪੁਨ ਆਯੋ ਨਹੀਂ'
॥੧੫॥
ਸੁਨਿ ਸਤਿਗੁਰ ਇਕ ਸਿੱਖ ਪਠਾਯੋ।
ਤਿਸ ਸਿਖ ਕੋ ਤਤਕਾਲ ਬੁਲਾਯੋ।
ਖਰੋ ਜੋਰਿ ਕਰ ਹੇਰਿ ਅਲਾਯੋ।
'ਕਹੁ ਸਿੱਖਾ! ਤੂੰ ਪਢਨ ਪਠਾਯੋ'?
॥੧੬॥
ਕਹ੍ਯੋ 'ਏਕ ਤੁਕ ਮੈਂ ਪਠਿ ਲੀਨਿ।
ਸਭਿ ਸੰਸੈ ਤੇ ਭਯੋ ਬਿਹੀਨ।
ਜਬਿ ਸਿਖ ਨੇ ਸਤਿਗੁਰ ਕੋ ਪਾਯੋ।
ਭਯੋ ਅਨੰਦ ਕਸ਼ਟ ਨਹਿਂ ਆਯੋ
॥੧੭॥
ਇਸ ਤੇ ਪਰੇ ਪ੍ਰਯੋਜਨ ਕੌਨ।
ਜਿਸ ਹਿਤ ਪਢਹਿ ਜਾਨਿ ਗੁਨ ਭੌਨ[1]।

ਭਯੋ ਅਨੰਦਤਿ ਵਧੀ ਪ੍ਰਤੀਤ[1]।
ਅਪਰ ਪਢੌਂ ਮੈਂ ਕਜਾ ਧਰਿ ਚੀਤ'
॥੧੮॥
ਸੁਨ ਸ਼੍ਰੀ ਮੁਖ ਤੇ ਹਸੇ ਗੁਸਾਈਂ।
ਭਏ ਪ੍ਰਸੰਨ ਰਿਦੇ ਸੁਖਦਾਈ।
ਜਾਨਿ ਪ੍ਰਤੀਤ ਭਈ ਮਨ ਪੀਨ।
'ਭਯੋ ਨਿਹਾਲ' ਪ੍ਰਭੁ ਬਰ ਦੀਨਿ
॥੧੯॥
ਸੁਨਿ ਸਿਖ ਨੇ ਬੰਦਨ ਪਦ ਕੀਨਿ।

[1]ਜਿਸ ਲਈ (ਹੋਰ ਅਗੋਂ) ਪੜ੍ਹਿਆ ਜਾਵੇ (ਕਿਉਂਕਿ ਬਾਣੀ ਨੂੰ ਗੁਣਾਂ ਦਾ ਘਰ ਤਾਂ (ਮੈਂ ਇਕੋ ਤੁਕ ਦੇ ਅਭਜਾਸ ਨਾਲ) ਜਾਣ ਲਿਆ ਹੈ।

[1]ਆਨੰਦ ਹੋ ਗਿਆ ਤੇ ਭਰੋਸਾ ਵਧ ਗਿਆ।

ਭਯੋ ਗਜ਼ਾਨ ਦੁਬਿਧਾ ਸਭਿ ਛੀਨਿ।
†ਸਭਾ ਲਗੀ ਇਕ ਦਿਨ ਗੁਰ ਪਾਸ।
ਹਰਿ ਚਰਚਾ ਤਬਿ ਭਈ ਪ੍ਰਕਾਸ਼ ॥੨੦॥
ਸੁਮਤਿਵੰਤ ਬਹੁ ਮਤਿ ਕੇ ਸਜਾਨੇ।
ਸਜਾਨੀ ਸਜਾਨੀ ਬਾਤ ਬਖਾਨੇ।
ਕਰਜੋ ਪ੍ਰਸ਼ਨ ਗੁਰੁ ਸਭਿ ਦਿਸ਼ਿ ਜੋਵਾ[1]।
'ਭਗਤ ਕਬੀਰ ਜਬਹਿ ਜਗ ਹੋਵਾ ॥੨੧॥
ਕੋ ਤਬਿ ਪਾਤਿਸ਼ਾਹ ਭੁਵ ਮਾਲਿਕ?
ਕਹਾਂ ਨਾਮ ਜਿਸ ਕੇ ਸਭਿ ਤਾਲਿਕ[1]?'
ਸਭਾ ਬਿਖੈ ਬਹੁ ਬੈਸ ਬਡੇਰੇ।
ਕਰਿ ਬਿਚਾਰ ਬੋਲੇ ਤਿਸ ਬੇਰੇ ॥੨੨॥
'ਪਾਤਿਸ਼ਾਹਿ ਤਬਿ ਹੁਤੋ ਹੁਮਾਊ।'
ਬਿਬ ਕਹਿ[1] 'ਹੁਤੋ ਪਥੋਰਾ ਰਾਊ[2]।'
ਬੋਲਜੋ ਤ੍ਰਿਤੀ 'ਸਿਕੰਦਰ[1] ਅਹੇ।'
'ਮਦਦ ਪਾਲ ਨ੍ਰਿਪ' ਚੌਥੇ ਕਹੇ ॥੨੩॥
ਪੰਚਮ ਕਹਜੋ 'ਜੈਨੀਅਨਿ ਰਾਜਾ।'
ਇਮ ਬੋਲਤਿ ਭਾ ਝਗਰ ਸਮਾਜਾ।
ਬਹਿਸਨ ਲਗੇ ਪਰਸਪਰ ਜਾਲਾ।
ਕਹੈਂ ਸੁ 'ਬੀਤ ਗਯੋ ਚਿਰਕਾਲਾ ॥੨੪॥
ਨਿਸ਼ਚੈ ਕਰਜੋ ਗਯੋ ਨਹਿੰ ਕੋਈ।'
ਸੁਨਤਿ ਰਹੇ ਗੁਰ ਤੂਸ਼ਨ ਹੋਈ।
ਝਗਰਤਿ ਸਭਿਹਿਨਿ ਠਾਨੀ ਮੌਨ।
ਤਬਿ ਬੋਲੇ ਇਮ ਕਰੁਨਾ ਭੌਨ ॥੨੫॥
ਨਿਸ਼ਾਨੀ ਛੰਦੁ:
'ਅੱਪੜ ਕੋਇ ਨ ਸਾਕਈ, ਹਰ ਜਨ ਹੈਂ ਊਚੇ[1]।
ਜਾਤਿ ਵਰਨ ਪਤਿਸ਼ਾਹੀਆਂ, ਸਭਿ ਹੀ ਰਹਿਂ ਨੀਚੇ।

†ਇਹ ਸੌ ਸਾਖੀ ਦੀ ੩੦ਵੀਂ ਸਾਖੀ ਹੁਣ ਚੱਲੀ ਹੈ।

[1]ਗੁਰੂ ਜੀ ਨੇ ਸਵਾਲ ਕੀਤਾ ਸਭ ਪਾਸੇ ਦੇਖ ਕੇ।

[1]ਜਿਸ ਦੇ ਸਭ ਕੁਝ ਅਧੀਨ ਸੀ।

[1]ਦੂਜੇ ਨੇ ਕਿਹਾ। [2]ਪ੍ਰਿਥਵੀ ਰਾਜ।

[1]ਸਿਕੰਦਰ ਲੋਦੀ ਤੋਂ ਮੁਰਾਦ ਹੈ।

[1]ਹਰੀ ਦੇ ਜਨ ਹੀ ਉੱਚੇ ਹਨ, ਉਹਨਾਂ ਨੂੰ ਕੋਈ ਅੱਪੜ ਨਹੀਂ ਸਕਦਾ।

ਰਾਜਹੰਸ ਜਿਮ ਉਡ ਚਢਹਿ[1], ਹੁਇ ਸਾਗਰ ਪਾਰੇ।

[1]ਉੱਚਾ) ਚੜ੍ਹਦਾ ਹੈ।

ਅਪਰ ਰਹੈਂ ਸਭਿ ਬੀਚ ਹੀ, ਪੰਛੀ ਜਗ ਸਾਰੇ[†]' ॥੨੬॥

[†]ਇਹ ਗੁਰਬਾਣੀ ਨਹੀਂ, ਗੁਰਬਾਣੀ ਵਿਚ ਇਉਂ ਪਾਠ ਹਨ:-"ਸਭ ਤੇ ਊਚੇ ਜਾਨੀਅਹਿ ਨਾਨਕ ਨਾਮ ਪਿਆਰ" ॥ "ਤਾਕਉ ਕੋਈ ਅਪਰਿ ਨ ਸਾਕੈ ਜਾਕੀ ਭਗਤਿ ਮੇਰਾ ਪ੍ਰਭੁ ਮਾਨੈ" ॥ "ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ" ॥

ਸੁਨਿ ਕਰਿ ਸਭਿ ਬੂਝਨਿ ਲਗੇ, 'ਤੁਮ ਬੂਝਯੋ ਕੈਸੇ[1]?

[1]ਆਪ ਨੇ (ਇਹ) ਕਿਉਂ ਪੁੱਛਿਆ ਹੈ?

ਕੌਨ ਹੁਤੋ ਤਿਸ ਕਾਲ ਮਹਿਂ, ਸੋ ਕਹੀਅਹਿ ਤੈਸੇ?'

ਸ੍ਰੀ ਮੁਖ ਤੇ ਸਤਿਗੁਰ ਕਹ੍ਯੋ, '[1]ਮਹਿੰਮਾ ਸਤਿਨਾਮੂ।

[1]ਬਹੁਤ ਸੁੰਦਰ ਸਤਿਨਾਮ ਦੇ ਤੁਲ ਹੋਰ ਕਿਸੇ ਦੀ ਮਹਿਮਾਂ ਨਾ ਜਾਣੋ।

ਆਨ ਸਮਾਨ ਨ ਜਾਨੀਐ, ਮਹੀਆਨ ਭਿਰਾਮੂ[੪] ॥੨੭॥

ਜਾਤਿ ਜੁਲਾਹਾ ਰੰਕ ਜੋ, ਭਜਿ ਨਾਮ ਕਬੀਰੰ।

ਸਭਿ ਕੋਈ ਜਾਨੈ ਜਗਤ, ਘਰ ਘਰ ਮਹਿਂ ਧੀਰੰ।

ਪਾਤਿਸ਼ਾਹ ਲਖ ਦੌਲਤਾ[1], ਪਤਿਸ਼ਾਹਤ ਵਾਲਾ।

[1]ਲੱਖਾਂ ਦੌਲਤਾਂ ਸਨ।

ਤਿਸ ਕੋ ਜਾਨਤਿ ਕੋ ਨਹੀਂ, ਹੋਤੋ ਤਿਸ ਕਾਲਾ ॥੨੮॥

ਦੇਖਹੁ ਮਹਿੰਮਾ ਨਾਮ ਕੀ, ਜਪ ਜਪ੍ਯੋ ਜੁਲਾਹੇ।

ਪੰਡਤ ਵੈਦ ਸੁ ਜੋਤਕੀ, ਸ਼ਾਹੁ ਸੁ ਪਤਿਸ਼ਾਹੇ।

ਭਏ ਹਜ਼ਾਰਹੁੰ ਜਾਨੀਅਹਿ, ਪਰ ਜਾਇੰ ਨ ਜਾਨੇਂ।

ਨਾਮ ਪ੍ਰਤਾਪ ਕਬੀਰ ਕੋ, ਜਾਨੈ ਸਭਿ ਗਜਾਨੇ[1] ॥੨੯॥

[1]ਕਬੀਰ ਦੇ ਨਾਮ ਤੇ ਗਿਆਨ ਦੇ ਪ੍ਰਤਾਪ ਨੂੰ (ਸਭ ਕੋਈ) ਜਾਣਦਾ ਹੈ। (ਅ) ਨਾਮ ਦੇ ਪ੍ਰਤਾਪ ਕਰਕੇ ਕਬੀਰ ਨੂੰ ਜਾਣਦੇ ਹਨ ਸਾਰੇ: ਗਿਆਨੀ, ਤਪੀ, ਜਪੀ, ਧਿਆਨੀ, ਗੁਣੀ, ਗ੍ਰਿਹਸਤੀ ਤੇ ਅਤੀਤ।

ਤਪੀ, ਜਪੀ, ਧਯਾਨੀ, ਗੁਨੀ, ਗ੍ਰਿਸਤੀ, ਨਿਰਬਾਨੀ।
ਸੁਤ ਜੁਤਿ ਲਖਹਿਂ ਕਬੀਰ ਕੋ, ਅਰੁ ਲੋਈ ਜਾਨੀ[1]।
ਧੰਨ ਨਾਮੁ ਯਾਂ ਤੇ ਲਖਹੁ, ਏਤੀ ਵਡਿਆਈ।
ਹਲਤ ਬਿਖੈ ਪ੍ਰਾਪਤਿ ਭਈ, ਹੁਇ ਪਲਤ ਸਹਾਈ ॥੩੦॥

[1]ਲੋਈ ਨੂੰ ਬੀ ਜਾਣਦੇ ਹਨ।

ਜੇ ਸਿਮਰਹਿਂ ਸਤਿਨਾਮ ਕੋ, ਤਿਨ ਸਮ ਨਹਿਂ ਕੋਈ।
ਭਯੋ ਭੂਤ ਮਹਿਂ ਕੋ ਨਹੀਂ, ਭਾਵਿੱਖਜ ਨ ਹੋਈ।
ਜੇ ਨਰ ਐਸੇ ਨਾਮੁ ਕੋ, ਨਹਿ ਸਿਮਰਹਿਂ ਅੰਧੇ।
ਤਿਨ ਕੋ ਤੋਟਾ ਬਡ ਅਹੈ, ਲਪਟੇ ਜਗ ਧੰਧੇ ॥੩੧॥

ਸਿਮਰਯੋ ਜਬਿ ਸਤਿਨਾਮੁ ਕੋ, ਭਾ ਭਗਤ ਕਬੀਰੰ।
ਸ਼ਾਹ ਸਿਕੰਦਰ[1] ਤਬਿ ਹੁਤੋ, ਜਿਹ ਤੇਜ ਗਹੀਰੰ[†]।

[1]ਸਿਕੰਦਰ ਲੋਦੀ ਤੋਂ ਮੁਰਾਦ ਹੈ। [†]ਸਿਕੰਦਰ ਨੇ ਕਬੀਰ ਜੀ ਨੂੰ ਬੀ ਖੇਚਲ ਦਿਤੀ ਸੀ। 'ਭੁਜਾ ਬਾਂਧਿ ਭਿਲਾ ਕਰਿ ਡਾਰਿਓ' ਆਦਿਕ ਸ਼ਬਦਾਂ ਵਿਚ ਇਸ ਖੇਚਲ ਦਾ ਹਾਲ ਹੈ। ਸਿਕੰਦਰ, ਪਿਛੋਂ ਕਬੀਰ ਜੀ ਦਾ ਕਦਰਦਾਨ ਹੋ ਗਿਆ ਸੀ।

ਗਰਜਤਿ ਜੀਤਯੋ ਜਗਤ ਕੋ, ਸਗਰੋ ਹਿੰਦੁਵਾਨਾ।
ਅਜ਼ਮਤਿ ਤਾਂਹਿ ਕਬੀਰ ਕੀ, ਦੇਖੀ ਇਕ ਥਾਨਾ ॥੩੨॥

ਕੀਨਿ ਬੰਦਗੀ ਨਿਕਟ ਹੁਇ, ਕਰਿ ਕਦਮ[1] ਸਲਾਮੂ।

[1]ਕਦਮਾਂ ਉਤੇ, ਚਰਨਾਂ ਉਤੇ।

ਕਹਾਂ ਜੁਲਾਹਾ ਰੰਕ ਸੋ, ਕਿਤ ਸ਼ਾਹ ਤਮਾਮੂ[1]।

[1]ਸਾਰੇ (ਦੇਸ਼) ਦਾ।

ਯਾਂ ਤੇ ਸੁਨੀਐ ਸਿੱਖ ਸਭਿ, ਜੋ ਸਿਮਰਹਿ ਨਾਮੂ।

ਸੋਈ ਗੁਰ ਕਾ ਸਿੱਖ ਬਡ, ਸਭਿ ਤੇ ਅਭਿਰਾਮੁ ॥੩੩॥
ਮੁਖ ਤੇ ਕੈ ਮਨ ਤੇ ਸਦਾ, ਲਿਵ ਨਾਮ ਲਗਾਵੈ।
ਹਾਥਨਿ ਤੇ ਕਰਿ ਟਹਿਲ ਕੋ, ਸਿਖ ਸੰਤ ਰਿਝਾਵੈ।
ਸੋ ਮਮ ਪਜਾਰੇ ਅਧਿਕ ਹੈ, ਬਸਿ ਰਹੋਂ ਸਦੀਵਾ[1]।
ਕਰਣੀ ਊਚੀ ਨਿਤ ਕਰਹਿ, ਰਾਖਹਿ ਮਨ ਨੀਵਾ ॥੩੪॥
ਤਨਹੰਤਾ ਕੋ ਤਜਾਗ ਕਰਿ, ਬ੍ਰਹਮਹੰਤਾ ਗਾਵੇ।
ਏਕ ਰੂਪ ਕੋ ਜਾਨ ਕਰਿ, ਨਾਨਾ ਕੌ ਕਾਵੇ[1]।
ਜਾਨੈ ਸਾਚਾ ਏਕ ਕੋ, ਲਖਿ ਝੂਠ ਅਨੇਕੇ[1]।
-ਉਪਜਨਹਾਰ ਸੁ ਬਿਨਸ ਹੈ-, ਇਮ ਧਰਹਿ ਬਿਬੇਕੇ' ॥੩੫॥

[1]ਸਦਾ ਮੈਂ ਤਿਸ ਦੇ ਵਸੀ ਹਾਂ।

[1]ਅਨੇਕਤਾ ਦਾ ਭਾਵ ਦੂਰ ਕਰੇ।

[1]ਅਨੇਕਤਾ ਨੂੰ ਝੂਠਾ ਜਾਣੇ।

ਦੋਹਰਾ:
ਇਮ ਕਹਿ ਕਰਿ ਸ਼੍ਰੀ ਸਤਿਗੁਰੂ, ਸਿੱਖਨ ਪ੍ਰਤਿ ਉਪਦੇਸ਼।
ਬੈਠੇ ਕੇਤਿਕ ਚਿਰ ਉਠੇ, ਮੰਦਰਿ ਗਏ ਵਿਸ਼ੇਸ਼ ॥੩੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਕਬੀਰ ਸਮਾਂ ਬੂਝਨਿ' ਪ੍ਰਸੰਗ ਬਰਨਨੰ ਨਾਮ ਤੀਨ ਚਤ੍ਵਾਰਿੰਸਤੀ ਅੰਸੂ ॥੪੩॥

## ੪੪. [ਲੰਗਰ ਦੀ ਸੇਵਕ ਇਕ ਸਿੱਖਣੀ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਬੀਤਜੋ ਫਾਗਨ ਚੇਤ ਜਬਿ, ਨਿਕਟ ਮੇਖ ਸੰਕ੍ਰਾਤ[1]। [1]ਵਿਸਾਖੀ।
ਦਰਸ਼ਨ ਪਰਸਨ ਗੁਰੂ ਕੇ, ਗਨ ਸੰਗਤਿ ਉਮਡਾਤਿ ॥੧॥

ਚੌਪਈ:

ਦਿਨ ਪ੍ਰਤਿ ਜਸ ਪਸਰਹਿ ਜਗ ਜਯੋਂ ਜਯੋਂ।
ਮੇਲਾ ਅਧਿਕ ਮਿਲਤਿ ਹੈ ਤਯੋਂ ਤਯੋਂ।
ਚਹੁੰਦਿਸ਼ਿ ਤੇ ਸੰਗਤਿ ਚਹਿ ਐਸੇ।
ਗਨ ਚਕੋਰ ਸਸਿ[1] ਪ੍ਰੇਮੀ ਜੈਸੇ ॥੨॥ [1]ਚੰਦ੍ਰਮਾਂ।
[1]ਜਨੁ ਘਨ ਘਟਾ ਘੋਖ ਕਹੁ ਚਾਹਤਿ। [1]ਜਿਵੇਂ ਗੁਹੜੀਆਂ ਘਟਾਂ ਦੀ ਗਰਜ ਨੂੰ ਚਾਹੁੰਦੇ ਹਨ ਮੋਰ (ਤਿਵੇਂ) ਸਾਰੇ ਦਾਸ ਉਮਾਹੁੰਦੇ ਹਨ [ਸੰਸ., ਕਲਾਪ = ਸਾਰੇ। ਕਲਾਪੀ = ਮੋਰ।
ਦਾਸ ਕਲਾਪ ਕਲਾਪਿ ਉਮਾਹਤਿ^੯।
ਬੰਧਿ ਟੋਲ ਪਰ ਟੋਲ ਬਿਸਾਲੇ।
ਚਲਹਿਂ ਪੰਥ ਮਿਲਿ ਮਿਲਿ ਸਿਖ ਜਾਲੇ ॥੩॥
ਗਾਵਹਿਂ ਸ਼ਬਦ ਪ੍ਰੇਮ ਰੰਗ ਰਾਤੇ।
ਭਾਉ ਪਰਸਪਰ ਕਰਿ ਹਰਖਾਤੇ।
ਆਪਸ ਮਹਿਂ ਸੇਵਹਿਂ ਅਨੁਰਾਗੀ।
ਗੁਰ ਕੀ ਭਗਤਿ ਅਧਿਕ ਚਿਤ ਜਾਗੀ ॥੪॥
ਨਈ ਰੀਤਿ ਧਰਿ ਸ਼ੁਭ ਮਤਿ ਮਤੇ[1]। [1]ਮਸਤ ਹੋਏ
ਵਾਹਿਗੁਰੂ ਜੀ ਕੀ ਕਹਿ ਫਤੇ।
ਜੁਗਮ ਸਮੈ ਕੰਘਾ ਕਰਿ ਲੇਨਾ।
ਹੋਇ ਸੁਚੇਤ ਸ਼ਬਦ ਮਨ ਦੇਨਾ ॥੫॥
ਬੈਠਹਿਂ ਹੰਸਨਿ ਕੀ ਸਮ ਪੰਗਤ[1]। [1]ਹੰਸਾਂ ਵਰਗੀ ਪੰਗਤ ਵਿਚ।
ਗੁਰੂ ਪੰਥ ਕੀ ਅਦਭੁਤ ਰੰਗਤ।
ਸੋਹਿਤ ਕੇਸ਼ਨ ਸ਼ਮਸ਼ ਸਮੇਤ।
ਮਨਹੁਂ ਜਨਾਇਂ ਦੇਵਤਨਿ ਭੇਤ[1] ॥੬॥ [1]ਮਾਨੋਂ ਦੇਵਤਿਆਂ ਦੇ ਭੇਤ ਨੂੰ ਜਣਾਉਂਦੇ ਹਨ, ਭਾਵ ਆਦਿ ਦੀ ਰੀਤ ਕੇਸ ਦਾਹੜਾ ਸਮੇਤ ਦੇਵਤਿਆਂ ਦੀ ਹੈ ਤੇ ਸਿੱਖ ਦੇਵਤੇ ਹਨ।

ਰਹਿਤ ਕਹਿਤ ਕੇ ਸਹਿਤ ਬਿਸਾਲੇ।
ਸ਼ਸ਼ਤ੍ਰਨਿ ਧਾਰਹਿਂ ਬੀਰ ਮੁਛਾਲੇ।
ਸੰਗਤਿ ਚਲਿ ਅਨੰਦਪੁਰਿ ਆਈ।
ਭਾਂਤਿ ਭਾਂਤਿ ਕੀ ਭੇਟਨਿ ਲਜਾਈ ॥੭॥
†ਦਿਵਸਿ ਵਿਸੋਏ ਕੋ ਜਬਿ ਆਯੋ।
ਸਤਿਗੁਰ ਕਾਰਨ ਫਰਸ਼ ਡਸਾਯੋ।
ਊਚੇ ਥਾਨ ਸਿੰਘਾਸਨ ਥਿਰਜੋ।
ਅਨਗਨ ਮੇਲ ਆਨਿ ਤਹਿਂ ਜੁਰਜੋ ॥੮॥
ਤਬਿ ਸ਼੍ਰੀ ਪ੍ਰਭੁ ਤਨ ਬਸਤ੍ਰ ਸ਼ਸਤ੍ਰ ਧਰਿ।
ਜ਼ੇਵਰ ਜਬਰ ਜਵਾਹਰ ਮੇ ਜਰ[1]।
ਸ਼ੇਰ ਗੁਫਾ ਤੇ ਨਿਕਸਹਿ ਜੈਸੇ।
ਸੁੰਦਰ ਸਦਨ ਤਜਾਗ ਕਰਿ ਤੈਸੇ ॥੯॥
ਹਯ ਪਰ ਚਢੇ ਸਭਾ ਥਲ ਆਏ।
ਲੋਕ ਹਜ਼ਾਰਹੁਂ ਸੀਸ ਨਿਵਾਏ।
ਬੈਠੇ ਜਾਇ ਸਿੰਘਾਸਨ ਫੇਰ।
ਸੰਗਤਿ ਝੁਕੀ ਬ੍ਰਿੰਦ ਇਕ ਬੇਰ ॥੧੦॥
ਅਰਪਿ ਅਰਪਿ ਕਰਿ ਅਨਿਕ ਅਕੋਰ।
ਬੰਦਹਿਂ ਚਰਨ ਕਮਲ ਕਰ ਜੋਰਿ।
ਦੇਖਤਿ ਨਹਿਂ ਲੋਚਨ ਤ੍ਰਿਪਾਤਵਹਿਂ।
ਬਹੁ ਸੁੰਦਰਤਾ ਕਹੀ ਨ ਜਾਵਹਿ ॥੧੧॥
ਸੰਗਤਿ ਕੀ ਹੋਈ ਬਡ ਭੀਰ।
ਪਿਖਿ ਪਿਖਿ ਸਿੱਖਨ ਖੋਵਤਿ ਪੀਰ।
ਆਛਾਦੇ ਮੁਖ ਸਿਖਨੀ ਆਵੈ[1]।
ਪਹੁੰਚਹਿ ਨਿਕਟ ਨ ਪੁਨ ਹਟਿ ਜਾਵੈ[1] ॥੧੨॥
ਬਡੀ ਭੀਰ ਪੁਰਖਨਿ ਕੀ ਹੇਰਹਿ।
ਚਹਹਿ ਅਧਿਕ ਹ੍ਵੈ ਸਕੈ ਨ ਨੇਰਹਿ।
ਮਨ ਗਤਿ ਲਖਿ ਸਤਿਗੁਰ ਤਿਹ ਪਾਸੀ।
ਕਰਜੋ ਪਠਾਵਨਿ ਸਿਖ ਅਰਦਾਸੀ ॥੧੩॥
ਲਜਾਇ ਹਜ਼ੂਰ ਖਰੀ ਕਰਿ ਨੇਰੇ।

†ਇਥੋਂ ਸੌ ਸਾਖੀ ਦੀ ੩੪ਵੀਂ ਸਾਖੀ ਆਰੰਭ ਹੋਈ ਹੈ।

[1]ਵਿਚ ਜੜੇ ਹੋਏ।

[1]ਘੁੰਡ ਕੱਢੇ ਇਕ ਸਿੱਖਣੀ ਆਉਂਦੀ ਸੀ।

[1]ਨੇੜੇ ਨਹੀਂ ਸੀ ਪਹੁੰਚਦੀ ਪਿਛੇ ਹਟ ਜਾਂਦੀ ਸੀ।

ਕਰ ਕੋ ਜੋਰਿ ਗੁਰੂ ਦਿਸ਼ਿ ਹੇਰੇ।
ਤਿਸ ਕੁਟੰਬ ਕੇ ਜੇ ਨਰੁ ਔਰ।
ਬੈਠੇ ਸਭਾ ਬਿਖੈ ਤਿਸ ਠੌਰ ॥੧੪॥
ਘੂੰਘਟ ਕਾਢੇ ਮਸਤਕ ਟੇਕਾ।
ਖਰੀ ਅਗਾਰੀ ਜਲਧਿ ਬਿਬੇਕਾ।
ਸ੍ਰੀ ਮੁਖ ਤੇ ਫੁਰਮਾਵਨਿ ਕੀਨਾ।
'ਕਹੁ ਸਿਖਣੀ! ਇਹ ਕਜਾ ਚਿਤ ਚੀਨਾ? ॥੧੫॥
ਲਖੈਂ ਗੁਰੂ ਕੇ ਤੋ ਕਹੁ ਆਛੇ[1]।
ਤਊ ਸੁਨਨਿ ਹਿਤ ਸੰਗਤਿ ਬਾਛੇ।
ਨਿਜ ਬਿਰਤਾਂਤ ਰਿਦੇ ਕਰਿ ਬਾਹਰ[1]।
ਕਰਹੁ ਸੁਨਾਵਨਿ ਸਭਿ ਮਹਿਂ ਜ਼ਾਹਰ' ॥੧੬॥
ਕਰ ਜੋਰਤਿ ਤਬਿ ਤ੍ਰਿਯਾ ਉਬਾਚੇ।
'ਸੁਨੀਐ ਪਾਤਸ਼ਾਹੁ ਗੁਰ ਸਾਚੇ!
ਮਾਤਾ ਪਿਤਾ ਰਾਇਪੁਰਿ ਮੇਰੇ।
ਹੁਤੀ ਕੁਮਾਰੀ ਜਬਿ ਇਕ ਬੇਰੇ ॥੧੭॥
ਇਕ ਸਾਧੂ ਬਯ ਬ੍ਰਿੱਧ ਉਦਾਰਾ।
ਆਨਿ ਰਹਜੋ ਹਮ ਸਦਨ ਮਝਾਰਾ।
ਸੇਵ ਕਰਹਿਂ ਮਾਤ ਪਿਤ ਮੇਰੇ।
ਖਾਨ ਪਾਨ ਤੇ ਆਦਿ ਘਨੇਰੇ ॥੧੮॥
ਸੰਮਤ ਪੰਚ ਰਹਜੋ ਸੁਖ ਪਾਏ।
ਮੈਂ ਭੀ ਸੇਵ ਕਰੌਂ ਹਿਤ ਲਾਏ।
ਕਥਾ ਸੁਨਾਇ ਅਨੇਕ ਪ੍ਰਕਾਰਾ।
ਮੈਂ ਭੀ ਸੁਨਤਿ ਰਹੀ ਤਿਸ ਬਾਰਾ ॥੧੯॥
ਖੱਤ੍ਰੀ ਸੁਤ ਬਰਸਾਣੇ ਗ੍ਰਾਮੂ।
ਮੁਝ ਕੋ ਬਜਾਹ ਦੀਨਿ ਤਿਨ ਧਾਮੂ।
ਤਿਸ ਕੀ ਸਿਖਣੀ ਮੁਝ ਕੋ ਜਾਨੋ।
ਸਿਖ ਭੀ ਗੁਰਮੁਖ ਭਲਾ ਪਛਾਨੋ ॥੨੦॥
ਸਿੱਖ ਸੰਤ ਜੋ ਵਹਿਰ ਨਿਹਾਲੇ।

[1]ਗੁਰੂ ਕੇ ਚੰਗੀ ਤਰ੍ਹਾਂ ਜਾਣਦੇ ਹਨ ਤੈਨੂੰ।

[1]ਰਿਦੇ ਦਾ ਪ੍ਰਗਟ ਕਰ।

ਲੇ ਆਵਤਿ ਹੈ ਸਦਨ ਮਝਾਰੇ।
ਪ੍ਰੇਮ ਕਰੌਂ ਮੈਂ ਪੀਸ ਪਕਾਵੌਂ।
ਲੇਹਿ ਖੁਸ਼ੀ ਕਰਿ ਤਜਾਰ ਛਕਾਵੌਂ ॥੨੧॥
ਭਰਤਾ ਸਾਥ ਰਹੀ ਬਨ ਮੇਰੀ।
ਸਿੱਖਨ ਸੇਵਾ ਕਰੌਂ ਘਨੇਰੀ।
ਸੰਤਨਿ ਤੇ ਮੈਂ ਪੂਰਬ ਸੁਨਜੋਂ।
-ਤ੍ਰਿਯ ਕੋ ਇਕ ਅਲੰਬ ਪਤਿ ਗੁਨਜੋਂ[1] ॥੨੨॥

[1]ਇਸਤ੍ਰੀ ਦਾ ਆਸਰਾ ਇਕੋ ਪਤੀ ਹੈ (ਮੈਂ ਇਹ ਗੱਲ) ਸਮਝੀ ਹੈ।

ਯਾਂ ਤੇ ਸੇਵਾ ਕਰੌਂ ਮਹਾਨਾ।
ਗੁਰ ਪਰਮੇਸ਼ੁਰ ਪਤਿ ਹੀ ਜਾਨਾ।
ਮਮ ਸਸੁਰੇ ਕੋ[1] ਸਭਿ ਪਰਿਵਾਰਾ।
ਦੇਵਰ ਜੇਠ ਸੰਗ ਸਭਿ ਦਾਰਾ ॥੨੩॥

[1]ਮੇਰੇ ਸਹੁਰੇ ਦਾ।

ਤੁਮਰੇ ਦਰਸ਼ਨ ਕੋ ਸਭਿ ਆਵੈਂ।
ਮਮ ਪਤਿ ਸਹਿਤ ਦੇਖਿ ਪੁਨ ਜਾਵੈਂ।
ਮੈਂ ਪਾਪਣ ਬਿਨ ਭਾਗ ਬਿਚਾਰਾ[1]।
ਗੁਰ ਸਰੂਪ ਨਹਿਂ ਕਬਹਿ ਨਿਹਾਰਾ ॥੨੪॥

[1]ਵਿਚਾਰੀ ਨੇ।

ਗਨ ਸਿੱਖਨ ਕੀ ਸੇਵਾ ਕਰੌਂ।
ਦਰਸ਼ਨ ਗੁਰੂ ਚਿਤਵਨਾ ਧਰੌਂ।
ਅਰੁ ਮੈਂ ਰਿਦੇ ਬਿਚਾਰਤਿ ਬਾਤੀ।
-ਕੋ ਸੇਵਹਿ ਸਿਖ ਮਮ ਪਸ਼ਚਾਤੀ- ॥੨੫॥
ਸਭਿ ਕੁਟੰਬੀਅਨਿ ਅਬਿ ਕੇ ਆਨੀ।
ਲਖਿ ਦਰਸ਼ਨ ਕੀ ਚਾਹਿ ਮਹਾਨੀ।
ਮਮ ਪਤਿ ਕੀ ਮਰਜ਼ੀ ਥੀ ਨਹੀਂ।
ਤਉ ਸਭਿਨਿ ਕੇ ਸੰਗੀ ਰਹੀ ॥੨੬॥
ਇਤ ਕੋ ਚਲਿ ਆਈ ਤੁਮ ਪਾਹੀ।
ਤਉ ਧਜਾਨ ਮਮ ਲੰਗਰ ਮਾਂਹੀ।
ਰਾਵਰਿ ਨਿਕਟ ਭੀਰ ਪਿਖਿ ਭਾਰੀ।
ਹਟੀ ਆਵਤੀ ਰਿਦੈ ਵਿਚਾਰੀ[1] ॥੨੭॥

[1]ਮੁੜੀ ਤੇ ਰਿਦੇ ਵਿਚ ਆਂਵਦੀ ਨੇ ਵਿਚਾਰਿਆ।

-ਮਮ ਪਾਪਣ ਕੋ ਦਰਸ਼ਨ ਕਹਾਂ।
ਚਲਿ ਕਰਿ ਆਈ ਤਊ ਨ ਲਹਾ।
ਜਾਇ ਕਰੌਂ ਮੈਂ ਲੰਗਰ ਸੇਵਾ-।
ਤੁਮ ਅੰਤਰਜਾਮੀ ਲਖਿ ਭੇਵਾ ॥੨੮॥
ਪਠਜੋ ਸਿੱਖ ਤਿਨ ਜਾਇ ਹਕਾਰੀ।
ਨਿਕਟ ਹੋਇ ਮੁਝ ਸੰਗ ਉਚਾਰੀ।
-ਸਤਿਗੁਰ ਤੋਹਿ ਬੁਲਾਵਨ ਕਰਜੋ-।
ਸੁਨਿ ਅਨੰਦ ਮੇਰੋ ਉਰ ਭਰਜੋ ॥੨੯॥
ਦਯਾ ਕਰੀ ਮੁਝ ਆਪ ਹਕਾਰਾ।
ਆਪ ਕ੍ਰਿਪਾਲੁ ਬਿਰਦ ਸੰਭਾਰਾ।
ਮੁਝ ਪਰ ਹੁਕਮ ਹੋਹਿ ਜਿਸ ਭਾਂਤੀ।
ਅੰਗੀਕਾਰ ਕਰੌਂ ਸੋ ਬਾਤੀ' ॥੩੦॥
ਸੁਨਿ ਕਲਗੀਧਰ ਭਏ ਪ੍ਰਸੰਨ।
ਕਹਜੋ ਬਚਨ 'ਸਿਖਣੀ ਤੂੰ ਧੰਨ!
ਨੈਹਰ[1] ਸਾਹੁਰ ਧੰਨ ਸੁ ਤੇਰੇ। [1]ਮਾਪੇ।
ਜਿਸ ਨੈ ਸ੍ਰੌਣ ਸੁਨਜੋਂ ਇਕ ਬੇਰੇ ॥੩੧॥
ਧਰਜੋ ਸਿਦਕ ਸੇਵਨ ਸਿਖ ਸੰਤ[1]। [1]ਸਿਖਾਂ ਸੰਤਾਂ ਦੇ ਸੇਵਨ ਵਿਚ ਸਿਦਕ ਧਾਰਿਆ ਹੈ।
ਤਥਾ ਸਿਦਕ ਰਾਖਜੋ ਬਿਚ ਕੰਤ।
ਹਮ ਭੀ ਤੁਝ ਪਰ ਭੇਟ ਚਢਾਵੈਂ[1]। [1]ਅਸੀਂ ਬੀ ਤੇਰੀ ਕੁਛ ਭੇਟਾ ਕਰਾਂਗੇ।
ਪਰ ਭਰਤਾ ਤੇਰਾ ਜਬਿ ਆਵੈ[1] ॥੩੨॥ [1]ਪਰ (ਤਦੋਂ) ਜਦ ਤੇਰਾ ਭਰਤਾ (ਨਾਲ) ਆਵੇਗਾ।
ਹੇ ਦੇਵੀ! ਅਬਿ ਕਰਹੁ ਪਯਾਨਾ।
ਭਈ ਭਾਵਨੀ ਪੂਰ ਮਹਾਨਾ।
ਕਰਿ ਸੇਵਾ ਘਰ ਹੀ ਮਹਿਂ ਰਹੋ।
ਰਾਹ ਮਿਲਣ ਗੁਰ ਕੋ ਸੋ ਲਹੋ' ॥੩੩॥
ਸੁਨਿ ਕਰਿ ਨਿਜ ਡੇਰੇ ਮਹਿਂ ਗਈ।
ਭਰਤਾ ਸਾਥ ਬਾਤ ਕਹਿ ਦਈ।
ਉਠੇ ਪ੍ਰਭੂ ਦਰਸ਼ਨ ਦੇ ਗਏ।
ਅਪਰ ਸਕਲ ਨਿਜ ਨਿਜ ਥਲ ਭਏ ॥੩੪॥
ਸੁਪਤਿ ਹੋਇ ਕਰਿ ਨਿਸਾ ਬਿਤਾਈ।

ਭਈ ਪ੍ਰਾਤਿ ਪੁਨ ਸਭਾ ਲਗਾਈ।
ਪਤਿ ਕੋ ਸੰਗ ਲੀਨਿ ਤਿਹ ਨਾਰੀ।
ਖਰੀ ਭਈ ਸੋ ਗੁਰੂ ਅਗਾਰੀ ॥੩੫॥
ਸ੍ਰੀ ਮੁਖ ਤੇ ਬੂਝ੍ਯੋ ਤਿਸ ਬੇਰੀ।
'ਸਿੱਖਣੀਏ! ਸਿਖਣੀ ਕਿਸ ਕੇਰੀ?'
ਸ਼ਰਮਾਵਤਿ ਪੁਨ ਨਾਰਿ ਉਬਾਚੇ।
'ਸੁਨੀਅਹਿ ਪਾਤਿਸ਼ਾਹੁ ਪ੍ਰਭੁ ਸਾਚੇ ॥੩੬॥
ਜੇ ਕਰਿ ਗੁਰ ਹੋਵਤਿ ਅਨਜਾਨ।
ਤੌ ਬਤਾਵਬੇ ਹੇਤੁ ਬਖਾਨ।'
ਸੰਗਤਿ ਸੁਨਤਿ ਭਨ੍ਯੋਂ[1] ਤਿਸ ਬੇਰੀ।
'ਕਹੁ ਸਿੱਖਾ! ਸਿਖਣੀ ਇਹੁ ਤੇਰੀ?' ॥੩੭॥

[1]ਸੰਗਤ ਦੇ ਸੁਣਦਿਆਂ ਗੁਰੂ ਜੀ ਨੇ ਕਿਹਾ।

ਸਿੱਖਬਾਕ:

ਦੋਹਰਾ:

'ਤਨ ਮਨ ਧਨ ਗੁਰ ਕੋ ਸਭੈ,
ਮਮਤਾ ਛੋਡੀ ਦੂਰ।
ਦੇਹਿ ਸੰਜੋਗੀ ਨਾਰਿ ਹੈ,
ਸਿਖ ਸਿਖਣੀ ਗੁਰ ਧੂਰ[1]†' ॥੩੮॥

[1]ਦੇਹ ਦੇ ਸੰਜੋਗ ਕਰ ਇਹ ਮੇਰੀ ਨਾਰੀ ਹੈ ਅਸੀਂ ਦੋਵੇਂ ਸਿੱਖ ਤੇ ਸਿੱਖਣੀ ਗੁਰੂ ਕੇ (ਚਰਨਾਂ ਦੀ) ਧੂੜ ਹਾਂ।
†ਪਾ:-ਸਿਖ ਸਿੱਖਾਂ ਕੀ ਧੂਰ।

ਚੌਪਈ:

ਸ੍ਰੀ ਮੁਖ ਤੇ ਫੁਰਮਾਵਨ ਕੀਨਾ।
'ਸੁਨਿ ਸਿੱਖਾ! ਤੂੰ ਅਧਿਕ ਪ੍ਰਬੀਨਾ।
ਨਹਿਂ ਪਰੰਤੁ ਤੋ ਕਹੁ ਸੁਧ ਕੋਈ।
ਹੋਹਿ ਜਾਹਿਗੀ ਸੁਨੀਅਹਿ ਸੋਈ ॥੩੯॥
ਪ੍ਰਥਮ ਜਨਮ ਕੋ ਭਗਤ ਕਬੀਰ।
ਹੁਤੋ ਤੁਹੀ ਸਿਮਰਤਿ ਹਰਿ ਧੀਰ।
ਹੁਤੀ ਤਬਹਿ ਇਹ ਸਿਖਣੀ ਲੋਈ।
ਇਕ ਦਿਨ ਕਹ੍ਯੋ ਸੁਨਹੁ ਤੁਮ ਸੋਈ ॥੪੦॥

-ਲੋਈ! ਸੁਨਹੁ ਜਨਮ ਤੈਂ ਧਰਯੋ।
ਕੌਨ ਲਾਭ ਤੈਂ ਖਾਟਨਿ ਕਰਯੋ-।
ਸੁਨਿ ਕੈ ਕਹਤਿ ਭਈ ਸੰਗ ਤੋਹਿ।
-ਅਜਹੁਂ ਰੀਝ ਸੇਵਾ ਕੀ ਮੋਹਿ- ॥੪੧॥
ਤਬਿ ਕਬੀਰ ਤ੍ਰਿਯ ਸਾਥ ਕਹੇਹੀ।
-ਨਹਿਂ ਗ੍ਰੇਹੀਨਿ ਰਾਹੁ ਹੁਇ ਏਹੀ[1]।
ਜੋ ਮਰਜ਼ੀ ਭਰਤਾ ਕੀ ਹੋਇ।
ਉਚਿਤ ਭਾਰਜਾ ਧਾਰਹਿ ਸੋਇ ॥੪੨॥
ਸੇਵਾ ਕਰਨਿ ਵਾਸ਼ਨਾ ਤੇਰੀ।
ਜਨਮ ਧਰਹੁ ਪੁਨ ਜਗ ਇਕ ਬੇਰੀ।
ਘਰ ਖੱਤ੍ਰੀ ਜਨਮਜੋਂ[1] ਇਸ ਕਾਲਾ।
ਹੁਇ ਸ਼੍ਰੀ ਨਾਨਕ ਪੰਥ ਬਿਸਾਲਾ ॥੪੩॥
ਗੁਰ ਦਰਸਹਿਂ ਗੁਰ ਬਾਕ ਸੁਨੈਂ ਹੈਂ।
ਪੁਨ ਉਧਾਰ ਸੇਵੇ[1] ਹੁਇ ਜੈ ਹੈ-।
ਸੁਨਿ ਲੋਈ ਚਰਨਨਿ ਪਰ ਪਰੀ।
ਦੀਨ ਹੋਇ ਤਬਿ ਬਿਨਤੀ ਕਰੀ ॥੪੪॥
-ਤੁਮ ਭੀ ਦਾਸੀ ਕੋ ਮਤ ਤਜਾਗਹੁ।
ਮੇਰੀ ਪ੍ਰੀਤਿ ਦੇਖਿ ਅਨੁਰਾਗਹੁ-।
ਕਹਯੋ ਕਬੀਰ -ਸਾਧਨੀ! ਸੁਨੀਏ।
ਸੇਵਾ ਕਰਨੀ ਹੀ ਭਲ ਜਨੀਏ ॥੪੫॥
ਭਈ ਭਾਵਨਾ ਜੇ ਇਮ ਤੋਹੀ।
ਜਨਮ ਹੋਇ ਤੇਰੇ ਸੰਗ ਮੋਹੀ-।
ਇਮ ਕਹਿ ਜਨਮ ਧਰਯੋ ਤੁਵ ਦੋਈ।
ਪੂਰਬ ਕੀ ਸੁਧ ਰਹੀ ਨ ਕੋਈ' ॥੪੬॥
ਕਹਯੋ ਕਿ 'ਸਮਾ ਸੁ ਪੂਰਬ ਤੇਰਾ।
ਗੁਰ ਬਿਨ ਨਹਿਂ ਜਾਗਹਿ[†] ਇਸ ਬੇਰਾ।'
ਇਤਨੋ ਕਹਿ ਗੁਰ ਕੀਨਿ ਪ੍ਰਸਾਦਿ।
ਨਿਜ ਕਰ[1] ਦੀਨਿ ਕਰਾਹ ਪ੍ਰਸ਼ਾਦਿ ॥੪੭॥

[1]ਇਸਤ੍ਰੀਆਂ ਦਾ ਇਹ ਰਾਹ ਨਹੀਂ।
[1]ਜਨਮ ਲੈਣਾ।
[1]ਸੇਵਾ ਕਰਦਿਆਂ।
[†]ਸੌ ਸਾਖੀ ਦਾ ਪਾਠ-ਜਾਗਦਾ ਨਹੀਂ।
[1]ਆਪਣੇ ਹੱਥ ਨਾਲ।

ਸਿਖ ਸਿਖਣੀ ਮੁਖ ਪਾਵਨ ਕੀਨਾ।
ਖੁਲਿ ਕਪਾਟ ਭਾ ਠਾਟ ਨਵੀਨਾ।
ਜਾਗਜੋ ਬੋਧ ਸਕਲ ਸੁਧਿ ਆਈ।
ਜਿਮ ਜਿਮ ਬੀਤੀ ਮਤਿ ਬਿਸਮਾਈ ॥੪੮॥
ਬੋਲੇ ਹਾਥ ਜੋਰਿ, ਮੁਖ ਜੋਵੈਂ।
'ਹਮ ਪ੍ਰਤਿ ਬਾਕ ਆਪ ਕੋ ਹੋਵੈ[1]।' [1]ਸਾਡੇ ਨਾਲ (ਕੋਈ ਆਪ ਦਾ ਹੋਰ) ਵਾਕ ਹੋਵੇ।
'[1]ਕਰੀ ਬੀੜ ਗ੍ਰੰਥ ਸਾਹਬ ਜਬੈ। [1]ਗੁਰੂ ਜੀ ਬੋਲੇ)।
ਦਯੋ ਬਿਦੇਹ ਦਰਸ ਤੁਮ ਤਬੈ[1] ॥੪੯॥ [1]ਤੁਸਾਂ ਤਦੋਂ ਬਿਦੇਹ ਦਰਸ਼ਨ ਦਿੱਤਾ ਸੀ।
ਅਬਿ ਇਸ ਦੇਹ ਸਹਿਤ ਹੁਇ ਆਏ।
ਪੂਰਬ ਬਾਣੀ ਦੇਹੁ ਸੁਨਾਏ।
ਜਿਸ ਕੋ ਸੁਨਿ ਕਰਿ ਸੰਗਤਿ ਪ੍ਰੀਤ।
ਆਇ ਸਰਬ ਕੇ ਰਿਦੇ ਪ੍ਰਤੀਤਿ' ॥੫੦॥
ਤਬਿ ਕਬੀਰ ਗਨ ਸ਼ਬਦ ਸੁਨਾਏ।
ਜਨਮ ਪ੍ਰਥਮ ਕੇ ਜਥਾ ਬਨਾਏ।
ਭੋਗ ਪਾਇ ਕਰਿ ਸੀਸ ਨਿਵਾਯੋ।
ਸ੍ਰੀ ਮੁਖ ਤੇ ਤਬਿ ਇਹ ਫੁਰਮਾਯੋ ॥੫੧॥
'ਸਭਿ ਭਗਤਨਿ ਸਰਦਾਰ ਕਬੀਰ।
ਰਚਜੋ ਗੁਰੂ ਕਿਯਾ ਪੰਥ ਗਹੀਰ[1]। [1]ਗੁਰੂ ਕਿਆਂ ਨੇ ਪੰਥ ਭਾਰੀ ਰਚਿਆ ਹੈ।
ਅਬਿ ਸਿੱਖਨ ਘਰ ਜਨਮਹੁਂ ਜਾਇ ਸੁ।
ਧਰਮ ਰਖਨ ਹਿਤ ਬੇਖ ਬਨਾਇਸ ॥੫੨॥
ਕਲਿਜੁਗ ਕੋ ਕਰਿਬੋ ਨਿਰਬਾਹੂ।
ਉਤਰਉ ਸਿੱਖਨ ਕੇ ਘਰ ਮਾਂਹੂ।'
ਸੁਨਿ ਪ੍ਰਭੁ ਤੇ ਸਿਖ ਸਿਖਣੀ ਜਾਗੇ।
ਗਮਨੇ ਸਦਨ, ਜੋਗ ਕੋ ਲਾਗੇ ॥੫੩॥
ਮਾਨਜੋਂ ਬਚਨ ਭਗਤ ਸਮੁਦਾਏ।
ਸਿੱਖਨ ਘਰੇ ਜਨਮ ਧਰਿ ਆਏ।
ਪੰਥ ਬਿਖੇ ਹੁਇ ਸੇਵਾ ਲਾਗੇ।
ਤੁਰਕਨਿ ਸੰਗ ਜੰਗ ਮਹਿਂ ਜਾਗੇ

॥੫੪॥
ਭਯੋ ਖਾਲਸਾ ਤੇਜ ਬਿਸਾਲਾ।
ਕੇਸ ਕਾਛ ਧਰਿ ਸ਼ਸਤ੍ਰ ਕਰਾਲਾ।
ਭਏ ਬੀਰ ਰਸ ਮਹਿਂ ਸਵਧਾਨਾ।
ਬਿਨਾ ਜੁੱਧ ਕੁਛ ਚਹੈਂ ਨ ਆਨਾ
॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਕਬੀਰ' ਪ੍ਰਸੰਗ ਬਰਨਨੰ ਨਾਮ ਚਤਰ ਦੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਪੰਮਾ ਵਜ਼ੀਰ ਦਤ ਹੋਕੇ ਰਿਹਾ। ਕੜਾਹ ਪ੍ਰਸ਼ਾਦ ਚਰਚਾ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

†ਪਰਬਤ ਪਤਹਿ[1] ਵਜ਼ੀਰ ਇਕ, ਨਾਮ ਸੁ ਪਰਮਾਨੰਦ।
ਪ੍ਰੇਮ ਜਨਾਵਤਿ ਨ੍ਰਿਪ ਪਠੑਯੋ, ਸੁਧਿ ਬੁਧਿ ਬਿਖੇ ਬਿਲੰਦ ॥੧॥

[1]ਪਹਾੜੀ ਰਾਜਿਆਂ ਦਾ। †ਸੌ ਸਾ: ਦੀ ਦੂਸਰੀ ਸਾਖੀ।

ਚੌਪਈ:

ਅਨਿਕ ਮਤਨ ਕੋ ਸ਼ੁਭ ਮਤਿ ਬੇਤਾ[1]। — [1]ਅਨੇਕ ਮਤਾਂ ਨੂੰ ਸੁਹਣੀ ਬੁੱਧੀ ਨਾਲ ਜਾਨਣ ਵਾਲਾ ਸੀ।
ਸੁਨਿ[1] ਇਤਿਹਾਸ ਪੁਰਾਨਨਿ ਜੇਤਾ। — [1]ਸੁਣਿਆਂ ਹੋਇਆ ਸੀ (ਉਸ ਨੇ)।
ਮਿਲੑਯੋ ਆਨਿ ਕਲ਼ਗੀਧਰ ਸਾਥ।
ਧਰੀ ਅਕੋਰ ਜੋਰਿ ਜੁਗ ਹਾਥ ॥੨॥
ਪਰਮ ਪ੍ਰੇਮ ਕਰਿ ਪਰਮਾਨੰਦ।
ਲਹੑਯੋ ਦਰਸੁ ਤੇ ਪਰਮਾਨੰਦ[1]। — [1]ਪਰਮ ਆਨੰਦ।
ਸ਼੍ਰੀ ਸਤਿਗੁਰ ਸਤਿਕਾਰਿ ਬਿਠਾਰਾ।
ਸੈਲਪਤਨਿ ਕੌ ਕੁਸ਼ਲ ਉਚਾਰਾ ॥੩॥
'ਕਿਸ ਕਾਰਜ ਤੇ ਨ੍ਰਿਪਤ ਪਠਾਯਹੁ।
ਕਹਹੁ ਕਾਜ ਜਿਸ ਹਿਤ ਚਲਿ ਆਯਹੁ।'
ਸੁਨਿ ਕਰ ਜੋਰਤਿ ਬਾਕ ਬਖਾਨਾ।
'ਤੁਮ ਦਰਸ਼ਨ ਕੌ ਲਾਭ ਮਹਾਨਾ ॥੪॥
ਪਠੑਯੋ ਮੋਹਿ ਰਾਵਰ ਕੀ ਸੇਵਾ।
-ਰਹੀਐ ਨਿਕਟ ਜਾਇ ਗੁਰਦੇਵਾ-।
ਨ੍ਰਿਪ ਦਿਸ਼ਿ ਤੇ ਬਸਹੌਂ ਮੈਂ ਤੀਰ।
ਪਰਹਿ ਬਿਗਾਰ ਨਹੀਂ ਕਿਮ ਧੀਰ ॥੫॥
ਲਿਖੌਂ ਮਿਜ਼ਾਜ[1] ਆਪ ਕੌ ਸਾਰਾ। — [1]ਭਾਵ, ਸੁਖ ਸਾਂਦ।
ਕਾਰਜ ਪਰਹਿ ਸੁ ਦੇਹੁਂ ਸੁਧਾਰਾ।
ਇੱਤਯਾਦਿਕ ਨਿਤ ਕੀ ਸੁਧ ਰਾਖਨਿ।
ਪਠੑਯੋ ਦੂਤ ਕਰਿ ਇਮ ਅਭਿਲਾਖਨਿ[1] ॥੬॥ — [1]ਚਾਹ ਕਰਕੇ।
ਇਤ ਰਾਵਰ ਕੋ ਦਰਸ਼ਨ ਲੇਹੂ।
ਅਧਿਕ ਲਾਭ ਫਲ ਮੋ ਕਹੁ ਏਹੂ।'
ਸੁਨਿ ਸਨੇਹ ਸਾਨੀ ਤਿਸ ਬਾਨੀ।

ਸਨਮਾਨਜੋਂ 'ਰਹੁ ਨਿਕਟ' ਬਖਾਨੀ
॥੭॥
ਪਰਮਾਨੰਦ ਰਹਨਿ ਹਿਤ ਹਰਖਜੋ।
ਪਰਮਾਨੰਦ ਗੁਰੂ ਕੋ ਪਰਖਜੋ[1]।

[1]ਪਰਮ ਆਨੰਦ ਦਾ ਸਰੂਪ ਗੁਰੂ ਜੀ ਨੂੰ ਪਰਖਿਆ (ਉਸ ਨੇ)।

ਰੋਜ ਰਜਤਪਣ ਪੰਜ ਦਿਵਾਏ।
ਦੂਤਪਨੋ ਲਿਖਿ ਪਠਨ ਕਮਾਏ ॥੮॥
ਸਭਾ ਲਗਹਿ ਪ੍ਰਭੂ ਕੀ ਜਿਹ ਸਮੈਂ।
ਆਇ ਹਜ਼ੂਰ ਦਰਸ ਕਰਿ ਨਮੈਂ।
ਬੈਠਹਿ ਨਿਕਟ ਅਧਿਕ ਬੁਧਿਵੰਤਾ।
ਭਲੀ ਬਾਰਤਾ ਭਨਤਿ ਸੁਨੰਤਾ ॥੯॥
ਇਕ ਦਿਨ ਲਗਜੋ ਦਿਵਾਨ ਮਹਾਨਾ।
ਸਤਿਗੁਰ ਬੀਚ ਬਿਰਾਜੇ ਆਨਾ।
[1]ਚਾਰੁ ਚਲਾਚਲ ਚਾਮਰ ਢੋਰੇ।

[1]ਸੁੰਦਰ ਤੇ ਚੰਚਲ ਚੌਰ ਦੋਹੀਂ ਪਾਸੀਂ ਝੁਲਦਾ ਐਉਂ ਸ਼ੋਭਾ ਪਾਉਂਦਾ ਹੈ ਕਿ ਮਾਨੋ ਕੋਈ ਹੰਸ ਹੈ ਜੋ ਕਲਗ਼ੀ ਵਿਚ ਮੋਤੀਆਂ ਦੇ ਗੁੱਛੇ ਦੇਖਕੇ ਖਾਣ ਵਾਸਤੇ ਝੁਕ ਝੁਕ ਕੇ ਆਉਂਦਾ ਹੈ ਪਰ ਡਰ ਖਾਕੇ ਪਿੱਛੇ ਨੂੰ ਉੱਡ ਜਾਂਦਾ ਹੈ। ਕਵੀ ਜੀ ਦੀ ਉਪਮਾ ਬੰਨ੍ਹਣ ਦੀ ਲਜ਼ਾਕਤ ਦਾ ਕਮਾਲ ਹੈ।

ਇਮ ਸ਼ੋਭਾ ਪਾਵਤਿ ਜੁਗ ਓਰੇ ॥੧੦॥
ਕਲਗ਼ੀ ਮਹਿਂ ਮੁਕਤਾ ਫਲ ਗੁੱਛੇ।
ਤਿਨਹੁਂ ਮਰਾਲ ਹੇਰਿ ਕਰਿ ਸੂੱਛੇ।
ਭੱਛਨਿ ਜਨੁ ਚਾਹਤਿ ਝੁਕ ਆਵਿਤ।
ਤਊ ਹਟਤਿ ਉਡ ਕਰਿ ਡਰਪਾਵਤਿ[1]
॥੧੧॥

[1]ਇਸ ਦਾ ਅਰਥ ਪਿਛਲੇ ਪੰਨੇ ਦੇ ਅੰਕ ੮ ਵਿਚ ਆ ਚੁਕਾ ਹੈ।

ਬੈਠੇ ਬ੍ਰਿੰਦ ਸਭਾ ਬੁਧਿਵੰਤੇ।
ਅਨਿਕ ਬਾਰਤਾ ਕਥਤਿ ਸੁਨੰਤੇ।
ਪਰਮਾਨੰਦ ਤਹਾਂ ਚਲਿ ਆਯੋ।
ਪ੍ਰਥਮ ਪ੍ਰਭੂ ਕੋ ਸੀਸ ਨਿਵਾਯੋ ॥੧੨॥
ਬੈਠਜੋ ਨਿਕਟ ਹੋਇ ਕਰਿ ਤਬੈ।
ਸ਼ੋਭਤਿ ਸਭਾ ਸਭਾਸਦ ਸਭੈ[1]।

[1]ਸਭਾ ਵਿਚ ਸਾਰੇ ਸਭਾਸਦ ਸ਼ੋਭ ਰਹੇ ਹਨ।

ਮਦਨ ਦਾਸ ਬੈਰਾਗੀ ਏਕ।
ਸੋ ਭੀ ਸੇਵਤਿ ਜਲਧਿ ਬਿਬੇਕ ॥੧੩॥

ਸੰਨਯਾਸੀ, ਜੋਗੀ, ਬ੍ਰਹਮਚਾਰੀ।
ਬੈਠੇ ਸ਼ੁਭ ਮਤਿ ਸਭਾ ਮਝਾਰੀ।
ਅਪਨੇ ਅਪਨੇ ਪੰਥਨਿ ਜਥਾ।
ਬਾਕ ਬਿਲਾਸ ਚਲੀ ਤਬਿ ਕਥਾ ॥੧੪॥
ਭੀਲ ਭਲੀ ਨਿਜ ਮਤਿ ਕੀ ਬਾਤੀ।
ਸਗਰੇ ਕਰਤਿ ਭਏ ਬੱਖਯਾਤੀ।
ਦਯਾਸਿੰਧੁ ਕੋ ਭਾਖਿ ਸੁਨਾਵੈਂ।
-ਹਮਰੇ ਇਮ ਕਰਤੇ ਗਤਿ ਪਾਵਹਿਂ[1]- ॥੧੫॥

[1]ਕਿ ਸਾਡੇ ਮਤ ਵਿਚ ਐਉਂ ਕਰਦਿਆਂ ਗਤੀ ਮਿਲਦੀ ਹੈ, ਭਾਵੇਹ ਕਿ ਮੁਕਤੀ ਦਾ ਆਦਰਸ਼ ਉਸ ਨੇ ਸੁਣਾਇਆ।

ਪੀਛੇ ਮਦਨ ਦਾਸ ਬੈਰਾਗੀ।
ਬੋਲਜੋ ਕਰਿ ਜੋਰਤਿ ਬਡਭਾਗੀ।
'ਸੁਨਹੁ ਬੇਨਤੀ ਗੁਰ ਪਤਿਸਾਹੂ!
ਬਨਹਿ ਕੜਾਹੇ, ਨਾਮ ਕੜਾਹੂ[1] ॥੧੬॥

[1]ਕੜਾਹੇ ਵਿਚ ਬਣਦਾ ਕਰਕੇ ਨਾਮ ਕੜਾਹ ਹੈ।

ਮ੍ਰਿਦੁਲ ਪ੍ਰਸ਼ਾਦਿ ਅਚਤਿ ਸੁ ਸੁਖੈਨਾ।
ਹਨੁਮਾਨ ਦੇਵੀ ਕੌ ਦੈਨਾ।
ਇਨ ਦੋਨਹੁਂ ਕੌ ਇਹੈ† ਪ੍ਰਸਾਦਿ।
ਮਨੋ ਕਾਮਨਾ ਦੇ ਅਹਿਲਾਦ[1] ॥੧੭॥

†ਪਾ:-ਇਹੀ।

[1]ਅਨੰਦ ਸਹਿਤ ਮਨ ਦੀਆਂ ਕਾਮਨਾਂ ਦੇਂਦਾ ਹੈ।

ਸੋ ਪ੍ਰਸਾਦਿ ਸ਼੍ਰੀ ਨਾਨਕ ਬਾਬੇ।
ਕਜੋਂ ਲੀਨੇ ਅਪਨੇ ਹਿਤ ਖਾਬੇ†।

†ਸਭ ਤੋਂ ਪੁਰਾਣਾ ਜ਼ਿਕਰ ਕੜਾਹ ਪ੍ਰਸ਼ਾਦ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੀਸਰੀ ਪਾਤਸ਼ਾਹੀ ਦੇ ਸਮੇਂ ਦਾ ਹੈ:-"ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥" ਤੇ ਭਾਈ ਗੁਰਦਾਸ ਜੀ ਨੇ ਆਦਿ ਪਾਤਸ਼ਾਹੀ ਦੇ ਸਮੇਂ ਦੇ ਪਤੇ ਦਿਤੇ ਹਨ "ਧੁਰੋਂ ਪਤਾਲੋਂ ਲਈ ਕੜਾਹੀ" ਆਦਿ।

ਮੋਹਨ ਭੋਗ[1] ਕਿਮ ਲਾਗਸਿ ਪਜਾਰੋ।
ਹੁਤੋ ਬ੍ਰਿੱਧ ਸੇ ਖਾਇੰ ਸੁਖਾਰੋ ॥੧੮॥

[1]ਇਹ ਬੀ ਕੜਾਹ ਦਾ ਹੀ ਇਕ ਨਾਮ ਹੈ।

ਕਜਾ ਆਸ਼ੈ ਗੁਰ ਕੋ ਇਸ ਮਾਂਹੀ।
ਬਿਦਤ ਬਖਾਨ ਕਰਹੁ ਹਮ ਪਾਹੀ।'
ਤਬਿ ਸ਼੍ਰੀ ਮੁਖ ਤੇ ਸਭਾ ਮਝਾਰੀ।
ਕਥਾ ਪ੍ਰਥਮ ਕੀ ਸਕਲ ਉਚਾਰੀ ॥੧੯॥
'ਸ਼੍ਰੀ ਗੁਰ ਬਾਬੇ ਸਾਹਿਬ ਪਾਸ[1]।

[1]ਸ੍ਰੀ (ਗੁਰੂ ਨਾਨਕ ਦੇਵ) ਜੀ ਪਾਸ।

ਹੁਤੇ ਬਿਰਾਗੀ ਸਾਂਈਂਦਾਸ।
ਬੈਠੇ ਹੁਤੇ ਕਰਤਿ ਹਰਿ ਗਾਥਾ।
ਬੂਝਤਿ ਭਯੋ ਜੋਰਿ ਜੁਗ ਹਾਥਾ ॥੨੦॥
-ਸ਼੍ਰੀ ਜਗ ਗੁਰ ਤੁਮ ਲੀਨ ਕਰਾਹੂ।
ਕੋ ਕਾਰਨ ਹੈ ਇਸ ਕੇ ਮਾਂਹੂ? -।
ਸੁਨਿ ਕੈ ਪ੍ਰਸ਼ਨ ਦੀਨਿ ਤਿਸ ਉੱਤਰ।
-ਹਮ ਇਕ ਸਮੈ ਗਏ ਦਿਸ਼ਿ ਉੱਤਰ ॥੨੧॥
ਚਲੇ ਚਲੇ ਮਗ ਪਹੁੰਚੇ ਦੂਰ।
ਚਢੇ ਜਾਇ ਪਰਬਤ ਹਿਮਨੂਰ[1]।

[1]ਹਿਮਾਲਯ ਤੋਂ ਮੁਰਾਦ ਜਾਪਦੀ ਹੈ [ਹਿਮ+ਨੂਰ = ਬਰਫ ਜਿਸ ਦੀ ਸ਼ੋਭਾ ਹੈ]।

ਬੈਠੇ ਰੁਚਿਰ ਦੇਸ਼ ਕੋ ਦੇਖਿ।
ਸਭਿ ਸੈਲਨ ਕੀ ਸੈਲ ਵਿਸ਼ੇਖ ॥੨੨॥
ਕਿਤਿਕ ਸਮੈਂ ਮਹਿਂ ਸਿਧ ਅਰੁ ਨਾਥ।
ਬੋਲੇ ਆਨਿ ਹਮਾਰੇ ਸਾਥ।
-ਸੰਤਹੁ! ਕਹਹੁੰ[1] ਅਦੇਸ ਅਦੇਸ।

[1]ਅਸੀਂ ਕਹਿੰਦੇ ਹਾਂ।

ਪੁਰਖ ਨਿਰੰਜਨ ਅਲਖ ਵਿਸ਼ੇਸ਼[1]- ॥੨੩॥

[1]ਆਪ ਨਿਰੰਜਨ ਪੁਰਖ ਵਿਸ਼ੇਸ਼ ਕਰਕੇ ਅਲਖ ਹੋ।

ਤਿਨਹਿਂ ਬਿਲੋਕਤਿ ਹਮਹਿਂ ਉਚਾਰਾ।
-ਸਤਿਕਰਤਾਰ ਸੱਤਿਕਰਤਾਰਾ।
ਆਵਹੁ ਸਿੱਧਹੁ ਦਰਸ਼ਨ ਦੈ ਹੋ।
ਬੈਠਹੁ ਨਾਮ ਨਿਰੰਜਨ ਲੈਹੋ- ॥੨੪॥
ਸੁਨਿ ਸਭਿ ਸਿੱਧ ਨਿਕਟ ਥਿਰ ਭਏ।
ਚਾਹਤਿ ਕਰਾਮਾਤ ਕੁਛ ਲਏ।
ਕਰਿ ਕੈ ਮਸਲਤ ਸਭਿਹੁੰ ਬਖਾਨੇ।
-ਸ਼੍ਰੀ ਨਾਨਕ ਤੁਮ ਤਪਾ ਮਹਾਨੇ ॥੨੫॥
ਇਸ ਪਹਾਰ ਪਰ ਥਿਰੇ ਅਗਾਰੀ[1]।

[1]ਪਹਿਲੋਂ।

ਹਮ ਚਲਿ ਆਏ ਸਕਲ ਪਿਛਾਰੀ।
ਸਿੱਧਨ ਕੋ ਸ਼ਾਨਿਗਧ ਉਦਾਰਾ[1]।

[1]ਬਹੁਤੀ ਥਿੰਧਾਈ ਵਾਲਾ।

ਕਰਹੁ[1] ਆਪ ਅਬਿ ਦੇਹੁ ਭੰਡਾਰਾ ॥੨੬॥

[1]ਤਿਆਰ ਕਰਕੇ।

ਅਪਨਿ ਭੰਡਾਰੇ ਕੇਰ ਪ੍ਰਸਾਦਿ।
ਅਚਵਾਵਹੁ ਸਭਿ ਕੋ ਅਹਿਲਾਦ[1]-। [1]ਆਨੰਦ (ਪ੍ਰਾਪਤ ਹੋਵੇ)।
ਸਾਈਂਦਾਸ[1]! ਸੁਨਹੁਂ ਤਿਹ ਸਮੇ। [1]ਗੁਰੂ ਨਾਨਕ ਦੇਵ ਜੀ ਨੇ ਕਿਹਾ) ਹੇ ਸਾਂਈਂਦਾਸ।
ਸਭਿ ਕੇ ਮਨ ਕੀ ਜਾਨੀ ਹਮੇ ॥੨੭॥
ਮਰਦਾਨਾ ਦੂਸਰ ਸੰਗ ਬਾਲਾ।
ਸਿੱਧਨ ਢਿਗ ਬਿਠਾਇ ਤਿਸ ਕਾਲਾ।
ਕਹ੍ਯੋ ਸਭਿਨਿ ਸਨ -ਸ਼੍ਰੀ ਕਰਤਾਰਾ।
ਦੈ ਹੈ ਤੁਮ ਕੋ ਭਲੇ ਅਹਾਰਾ- ॥੨੮॥
ਇਮ ਨਿਵਤਾ ਦੇ ਕਰਿ ਹਮ ਗਏ।
ਅਨਿਕ ਬਿਧਿਨਿ ਬਨ ਦੇਖਤਿ ਭਏ[1]-! [1]ਇਥੋਂ ਤੱਕ ਗੁਰੂ ਨਾਨਕ ਦੇਵ ਜੀ ਸਾਂਈਂਦਾਸ ਨੂੰ ਕਹਿ ਰਹੇ ਹਨ।
[1]ਸੁਨੀਐ ਮਦਨ ਦਾਸ ਬੈਰਾਗੀ!' [1]ਇਥੇ ਦਸਮ ਪਾਤਸ਼ਾਹ ਜੀ ਮਦਨ ਦਾਸ ਨੂੰ ਕਹਿੰਦੇ ਹਨ।
ਸ਼੍ਰੀ ਕਲਗ਼ੀਧਰ ਕਹਿਂ ਸਭਿ ਆਗੀ ॥੨੯॥
'ਗਏ ਦੂਰ ਜਗ ਗੁਰੂ ਅਰੋਕ।
ਸੁਰਸਰਿ ਸਲਿਤਾ ਤਹਾਂ ਬਿਲੋਕਿ।
ਤਿਸ ਕੇ ਤੀਰ ਤੀਰ ਚਲਿ ਜਾਤੇ।
ਸਿਧ ਪਸ਼ਚਾਤ ਸਭਿਨਿ ਮਨ ਜਾਤੇ[1] ॥੩੦॥ [1]ਪਿਛੇ ਸਾਰੇ ਸਿੱਧਾਂ ਮਨ ਵਿਚ ਜਾਣਿਆਂ।
-ਸ਼੍ਰੀ ਬਾਬਾ ਜੀ ਬਨ ਕੋ ਗਏ।
ਕੰਦ ਮੂਲ ਫਲ ਆਨਹਿਂ ਨਏ।
ਹਮ ਭੀ ਅਧਿਕ ਬ੍ਰਿੱਧ[1] ਹੁਇ ਬੈਸੇਂ। [1]ਬਹੁਤ ਬੁੱਢੇ।
ਮੁਖ ਮਹਿਂ ਦਸਨ[1] ਦਾੜ੍ਹ ਨਹਿਂ ਜੈਸੇ ॥੩੧॥ [1]ਦੰਦ।
ਜਬਿ ਦੈਂ ਹੈਂ ਹਮ ਕਹੈਂ ਸੁਨਾਇ।
ਇਹ ਕਠੋਰ ਨਹਿਂ ਅਚਵੇ ਜਾਇਂ[1]। [1]ਨਹੀਂ ਖਾਧੇ ਜਾਂਦੇ।
ਬਹੁਰ ਕਹਾਂ ਦੇਂ? ਲੱਜਤਿ ਹੋਇਂ-।
ਕਰਿ ਮਸਲਤ ਬਨਿ ਬੈਠੇ ਸੋਇ ॥੩੨॥
ਮਦਨ ਦਾਸ! ਸੁਨਿ ਗੰਗ ਕਿਨਾਰੇ।
ਸ਼੍ਰੀ ਬਾਬਾ ਜਬਿ ਦੂਰ ਸਿਧਾਰੇ।

ਤਬਿ ਸਿੱਧਨ ਕੇ ਧਰਿ ਧਰਿ ਰੂਪ।
ਚਲਿ ਆਏ ਬਡ ਦੇਵ ਅਨੂਪ ॥੩੩॥
ਏਕ ਸਿੱਧ ਸਿਕਤਾ[1] ਕਰਿ ਦੀਨਾ।
ਦੂਸਰ ਤੇ ਜਲ ਕੋ ਕਰ ਲੀਨਾ।
ਦਈ ਬਿਭੂਤ[1] ਤੀਸਰੇ ਆਨ।
ਮੇਵਾ ਲਜਾਏ ਅਪਰ ਸੁਜਾਨ ॥੩੪॥
ਦਾਖ, ਚਿਰੌਂਜੀ[1], ਮਿਰਚਾਂ ਆਦੇ।
ਦੈ ਦੈ ਸੁੰਦਰ ਫਲ ਅਹਿਲਾਦੇ।
ਅੰਤਰ ਧਜਾਨ ਭਏ ਪੁਨ ਸੋਈ।
ਹਟੇ ਪ੍ਰਭੂ ਲਖਿ ਕਾਰਜ ਹੋਈ ॥੩੫॥
ਆਇ ਤਹਾਂ ਹੇਰੀ ਬਿਧਿ ਖਰੀ।
ਦੀਰਘ ਸ਼ਿਲਾ ਕਰੀ ਇਕ ਖਰੀ।
ਤਿਸ ਕੀ ਓਟ ਬਿਠਾਇ ਸੁ ਬਾਲਾ।
ਸਿੱਧਨਿ ਸਾਥ ਭਨਜੋਂ ਤਿਸ ਕਾਲਾ ॥੩੬॥
-ਕਰਿ ਬੈਠਹੁ ਪੰਕਤਿ ਸਮੁਦਾਈ।
ਅਚਹੁ ਭੰਡਾਰ ਜਥਾ ਮਨ ਭਾਈ-।
ਸੁਨਿ ਕਰਿ ਹੁਏ ਤਬੈ ਸਿਧ ਘਨੇ।
ਬਡੇ ਡੀਲ ਬਿਨ ਦੰਤਨ ਥਨੇ ॥੩੭॥
ਅਧਿਕ ਗੁਰੂ ਤਬਿ ਰਿੱਧਿ ਵਧਾਈ।
ਜਿਸ ਤੇ ਤੋਟ ਨ ਸਾਕਸਿ ਪਾਈ[1]।
ਸਭਿ ਕੋ ਆਛੇ ਕਰਿ ਤ੍ਰਿਪਤਾਯੋ।
ਦਿਯੋ ਤਿਤਿਕ ਜੇਤੋ ਮਨ ਭਾਯੋ ॥੩੮॥
ਦਸਨ ਦਾੜ੍ਹ ਬਿਨ ਖਾਇ ਸੁਖਾਰੇ।
ਗੁਰ ਲਗਿ ਪੂਰੇ ਹਟੇ ਪਿਛਾਰੇ।
ਪਾਇ ਬਿਸਮਤਾ ਸਭਿ ਸਿਧ ਬੋਲੇ।
-ਧੰਨ ਧੰਨ ਤੁਮ ਤਪਾ ਅਤੋਲੇ ॥੩੯॥
ਇਹ ਪ੍ਰਸਾਦਿ ਤੁਮ ਭੀ ਅਚਿ ਲੀਜੈ।
ਦੀਰਘ ਸ੍ਵਾਦ ਪਾਇ ਪਰਸੀਜੈ[1]-।
ਤਿਨ ਕੇ ਕਹੇ ਖਾਇ ਤ੍ਰਿਪਤਾਇ।

[1]ਖੰਡ

[1]ਮੈਦਾ ਯਾ ਰਵਾ।

[1]ਅਚਾਰ ਯਾ ਪਯਾਲ ਬਿੱਛਦੇ ਫਲਦੀ ਗਿਰੀ, ਜੋ ਮੇਵੇ ਗਰੀ ਬਦਾਮਾਂ ਦੇ ਨਾਲ ਮਿਠਾਈਆਂ ਵਿਚ ਪੈਂਦੀ ਹੈ (ਅ) ਚਾਰ ਮਗਜ਼।

[1]ਟੋਟਾ ਨਾ ਪੈ ਸਕੇ।

[1]ਪ੍ਰਸੰਨ ਹੋਵੋ।

| | |
|---|---|
| ਪੁਨ ਸਿੱਧਨ ਸਤਿਗੁਰੂ ਅਲਾਇ[1] ॥੪੦॥ | [1]ਸਿੱਧਾਂ ਨੂੰ ਗੁਰੂ ਜੀ ਨੇ ਕਹਿਆ। |
| -ਪਾਵਨ ਕਰਹੁਂ ਪ੍ਰਸਾਦਿ ਹਮਾਰਾ[1]। | [1]ਸੌ ਸਾਖੀ ਦਾ ਪਾਠ ਹੈ 'ਏਹ ਹਮਾਰਾ ਸਿੱਧ ਜੀ ਪਾਵਨ ਕਣ ਪਰਸਾਦਿ'। |
| ਜਿਸ ਖਾਧੇ ਹੁਇ ਪੁੰਨ ਉਦਾਰਾ। | |
| ਤਪ ਜਪ ਬਰਤ ਆਦਿ ਸਭਿ ਨੇਮੂ। | |
| ਪਾਇ ਪਰਮ ਫਲ ਅਚੈ ਸੁ ਪ੍ਰੇਮੂ- ॥੪੧॥ | |
| ਬੋਲੇ ਸਕਲ ਸਿੱਧ ਹੁਇ ਰਾਜ਼ੀ। | |
| -ਵਾਹ ਵਾਹ ਤੁਮ ਅਧਿਕ ਤਪਾ ਜੀ। | |
| ਸਿਧ ਬਨ ਬਿਸ਼ਨੁ ਖੰਡ ਦਈ ਆਏ[1]। | [1]ਵਿਸ਼ਨੂੰ ਨੇ ਸਿੱਧ (ਦਾ ਰੂਪ) ਬਣ ਕੇ ਆਕੇ ਖੰਡ ਦਿੱਤੀ। |
| ਮਹਾਂਦੇਵ ਮੈਦਾ ਸ਼ੁਭ ਲਜਾਏ ॥੪੨॥ | |
| ਜਲ ਘ੍ਰਿਤ ਬ੍ਰਹਮੇ ਦੀਨਸਿ ਆਨਿ। | |
| ਰਿਖਿਨਿ ਦਏ ਫਲ ਸੇਵ ਸੁ ਠਾਨਿ[1]। | [1]ਰਿਖੀਆਂ ਨੇ ਫਲ ਦੇਣ ਦੀ ਸੇਵਾ ਕੀਤੀ। |
| ਕਪੜਾ ਪੜਦਾ ਸੂਤ ਕਾ ਜੋਇ। | |
| ਦੀਨੋ ਆਨਿ ਭਵਾਨੀ ਸੋਇ ॥੪੩॥ | |
| [1]ਤੁਮਰੇ ਪੱਖੀ ਸਭਿ ਰਖਵਾਰੀ। | [1]ਸਿੱਧ ਕਹਿੰਦੇ ਹਨ। |
| ਬਿਧਿ[1] ਹਰਿ[2] ਹਰ[3] ਆਦਿਕ ਸੁਰ ਝਾਰੀ[4]। | [1]ਬ੍ਰਹਮਾ। [2]ਵਿਸ਼ਨੂੰ। [3]ਸ਼ਿਵ। [4]ਆਖੇਪਕਾਰ ਇਸ ਵਿੱਚ ਬੀ ਕੜਾਹ ਪ੍ਰਸ਼ਾਦ ਨੂੰ ਪੌਰਾਣਕ ਰੰਗਤ ਦੇ ਰਿਹਾ ਹੈ। |
| ਹਮ ਪਰ ਛਿਮਾ ਕਰਹੁ ਗੋਸਾਈਂ। | |
| ਕਿਸ ਮਹਿਂ ਸ਼ਕਤੀ ਕਰਹਿ ਸਮਤਾਈ ॥੪੪॥ | |
| ਸਭਿ ਸੁਰ ਭੁਕਤਿ[1] ਪ੍ਰਸਾਦਿ ਤੁਹਾਰਾ। | [1]ਖਾਂਦੇ ਹਨ। |
| ਜੋ ਨਰ ਕਲਿ ਮਹਿਂ ਕਰਹਿ ਸੁਧਾਰਾ[1]। | [1]ਬਣਾਵੇ (ਆਪਦਾ ਪ੍ਰਸ਼ਾਦ)। |
| ਤੁਮ ਕੋ ਅਰਪੈ ਖਾਇ ਖੁਆਵੈ। | |
| ਹਤਿ ਕਰਿ ਕਲਮਲ ਪੁੰਨ ਉਪਾਵੈ- ॥੪੫॥ | |
| ਸੁਨਿ ਸ਼੍ਰੀ ਬਾਬੇ ਤਿਨਹੁਂ ਉਚਾਰਾ। | |
| -ਖੋਪਾ ਸੌਂਫ ਜਾਸ ਮਹਿਂ ਡਾਰਾ। | |
| ਸੋ ਦੇਵੀ ਕੋ ਅਰੁ ਹਨੁਮਾਨ। | |
| ਪਾਇ ਕਾਮਨਾ ਕਰਹੁ ਜਹਾਨ ॥੪੬॥ | |

ਮਿਰਚਾਂ ਪਾਇ ਚਿਰੌਂਜੀ ਮੇਵਾ।
ਤਿਸ ਕੋ ਭੋਗ ਲਗਹਿ ਗੁਰਦੇਵਾ।
ਘਾਟ ਨ ਪਾਇ ਤ੍ਰਿਹਾਵਲ ਪੂਰਾ।
ਸੁਚ ਸੋਂ[1] ਪਹੁੰਚੈ ਗੁਰ ਕੋ ਰੂਰਾ ॥੪੭॥

[1]ਸੁੱਚ ਨਾਲ ਕੀਤਾ ਹੋਇਆ।

ਤੀਨਹੁੰ ਮਹਿਂ ਇਕ ਘਟ ਜੇ ਪਾਵੈ।
ਤਿਸ ਪਰ ਸਤਿਗੁਰੂ ਭੋਗ ਨ ਲਾਵੈ-।
-ਇਮ ਹੀ ਹੋਵਹਿ- ਸਿੱਧ ਬਖਾਨਾ[1]।
ਸਕਲ ਭਏ ਤਬਿ ਅੰਤਰ ਧਜਾਨਾ ॥੪੮॥

[1]ਸਿੱਧਾਂ ਨੇ ਕਿਹਾ:-ਇੰਵ ਹੀ ਹੋਵੇ (ਤਥਾਸਤੁ)।

ਜਾਨਹੁ ਤਬਿ ਕੋ ਸਾਂਈਦਾਸ! ਮੋਰ ਪ੍ਰਸਾਦਿ ਕੜਾਹੁ ਪ੍ਰਸਾਦਿ-।
ਇਮ ਕਹਿ ਬਾਬਾ ਤੂਸ਼ਨਿ ਰਹੇ।
ਸੁਨਿ ਸ਼੍ਰੋਤਨਿ ਉਰ ਸੰਸੇ ਦਹੇ ॥੪੯॥
ਕਰਤਿ ਰਹੇ[1] ਸਿਖ ਸ਼੍ਰੀ ਗੁਰ ਸਭਿ ਕੋ।
ਮਦਨਦਾਸ! ਲਖੀਐ ਇਹ ਤਬਿ ਕੋ।'
ਅਸ ਬਚ ਕਲਗੀਧਰ ਕੇ ਸੁਨਿ ਕੈ।
ਸਭਿ ਮਤ ਕੇ ਨਰ ਹਰਖੇ ਗੁਨਿ ਕੈ ॥੫੦॥

[1]ਕਰਦੇ ਰਹੇ (ਕੜਾਹ ਪ੍ਰਸ਼ਾਦ)।

ਦੋਹਰਾ:
ਹੇਤੁ ਕੜਾਹ ਪ੍ਰਸਾਦਿ ਕੋ, ਸ਼੍ਰੀ ਨਾਨਕ ਇਤਿਹਾਸੁ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ, ਕੀਨੋ ਸਭਾ ਪ੍ਰਕਾਸ਼[†] ॥੫੧॥

[†]ਆਖੇਪਕਾਰ ਇਸ ਵਿੱਚ ਬੀ ਕੜਾਹ ਪ੍ਰਸ਼ਾਦ ਨੂੰ ਪੌਰਾਣਕ ਰੰਗਤ ਦੇ ਰਿਹਾ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਕੜਾਹ ਪ੍ਰਸ਼ਾਦਿ' ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

## ੪੬. [ਮੇਲੇ ਤੇ ਸੰਗਤ ਰੋਕ ਰਖੀ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

†ਸ੍ਰੀ ਕਲਗ਼ੀਧਰ ਏਕ ਦਿਨ ਕਰਿ ਤਨ ਸੌਚ ਸ਼ਨਾਨ।
ਬਸਨ ਬਿਭੂਖਨ ਬਰ ਧਰੇ ਪਹਿਰੇ ਸ਼ਸਤ੍ਰ ਸੁਜਾਨ ॥੧॥

†ਇਹ ਸੌ ਸਾਖੀ ਦੀ ਤੀਸਰੀ ਸਾਖੀ ਹੈ।

ਚੌਪਈ:

ਸਿਰ ਪਰ ਸਤਿਗੁਰ ਸ਼ਾਲ[1] ਸਜਾਈ।
ਸੁੰਦਰ ਦਰਸ਼ਨ ਅਧਿਕ ਸੁਹਾਈ।
ਆਨਿ ਸਿੰਘਾਸਨ ਊਪਰ ਬੈਸੇ।
ਸੁਰ ਗਨ ਮਹਿਂ ਸੁਰਪਤਿ[1] ਹ੍ਵੈ ਜੈਸੇ ॥੨॥

[1]ਕੱਢੇ ਹੋਏ ਪਸ਼ਮੀਨੇ (ਦੀ ਦਸਤਾਰ) [ਫਾ. ਸ਼ਾਲ]।

[1]ਇੰਦ੍ਰ।

ਲਗ੍ਯੋ ਦਿਵਾਨ ਮਹਾਨ ਸੁਜਾਨਾ।
ਚਹੁਂ ਦਿਸ਼ਿ ਮਹਿਂ ਸਿਖ ਥਿਰ ਮਤਿਵਾਨਾ।
ਹੁਕਮ ਕਰ੍ਯੋ 'ਸੰਗਤਿ ਸਮੁਦਾਈ।
ਦਰਸ਼ਨ ਹਿਤ ਬਹੁ ਥਲ ਤੇ ਆਈ ॥੩॥
ਮਨੋਂ ਕਾਮਨਾ ਆਇ ਸੁ ਪਾਵੈ।'
ਗਯੋ ਮੇਵੜਾ ਸਭਿਨਿ ਸੁਨਾਵੈ।
ਤਬਿ ਸੰਗਤਿ ਸਗਰੀ ਚਲਿ ਆਈ।
ਦਰਸ਼ਨ ਕਰਤਿ ਭਈ ਸਮੁਦਾਈ ॥੪॥
ਅਧਿਕ ਭੀਰ ਹੋਈ ਚਹੁਂ ਫੇਰੇ।
ਸਿੱਖ ਸਿਖਣੀ ਮਿਲੇ ਘਨੇਰੇ।
ਬੈਠੇ ਸ਼ੋਭਤਿ ਗੁਰ ਤਿਸ ਬੇਰੰ।
ਗਨ ਜੱਛਨ ਮਹਿਂ ਜਥਾ ਕੁਬੇਰੰ ॥੫॥
ਆਂਖ ਪਾਂਖਰੀ ਕਮਲ ਸਰੀਖੀ।
ਬਡੀ ਭੀਰ ਸੰਗਤ ਦੀ ਦੀਖੀ।
ਸ੍ਰੀ ਮੁਖਿ ਤੇ ਫੁਰਮਾਵਨਿ ਕਰ੍ਯੋ।
'ਅਬਿ ਕੈ ਮੇਲਾ ਦੀਰਘ ਭਰ੍ਯੋ ॥੬॥
ਦਿਨ ਦ੍ਵੈ ਤੀਨ ਕਿ ਰੋਕ ਰਖੀਜੈ[1]।
ਸਿੱਖ ਸਿਖਣੀ ਜਾਨਿ ਨ ਦੀਜੈ।'

[1]ਰੋਕ ਰੱਖੋ (ਸੰਗਤ ਨੂੰ)।

ਹੁਕਮ ਸੁਨਯੋਂ ਸਭਿਹੂੰਨ ਸੁਨਾਏ।
ਬੈਠੇ ਭਟ ਰੋਕੇ ਸਮੁਦਾਏ ॥੭॥
ਕਰਿ ਦਰਸ਼ਨ ਘਰਿ ਚਹਿਤਿ ਸਿਧਾਯੋ।
ਕਿਸ ਹੂੰ ਮਗ ਕੋ ਜਾਨਿ ਨ ਪਾਯੋ।
ਭਈ ਭਾਵਨਾ ਸਭਿਨਿ ਉਦਾਸਾ।
ਤੀਨ ਦਿਵਸ ਰੋਕੇ ਚਹੁਂ ਪਾਸਾ ॥੮॥
ਘਰ ਕੇ ਕਾਜ ਘਨੇ ਤਿਸ ਕਾਲਾ।
ਕਰਹਿਂ ਕਾਹਲੀ -ਜਾਹਿਂ ਉਤਾਲਾ[1]-। [1]ਛੇਤੀ ਜਾਵੀਏ।
ਦਿਪਤਿ ਤੇਜ ਗੁਰ ਕੋ ਸਭਿ ਹੇਰੇ।
ਕੋਊ ਕਹਿ ਨ ਸਕਹਿ ਤਿਸ ਬੇਰੇ ॥੯॥
ਹੋਤਿ ਕੀਰਤਨ ਗੁਰੂ ਹਜ਼ੂਰ।
ਸੰਗਤਿ ਭਈ ਕਾਹਲੀ ਭੂਰ।
ਦੇਸ਼ ਮਾਲਵੇ ਕੇ ਸਿੱਖ ਘਨੇ।
ਤਿਨ ਮਿਲਿ ਬਜੋਂਤ ਬਿਚਾਰਯੋ ਮਨੇ ॥੧੦॥
ਨਿਕਸਿ ਰੋਕ ਤੇ ਜਿਮ ਘਰ ਚਾਲੈਂ[1]। [1]ਰੋਕ ਵਿੱਚੋਂ ਨਿਕਲਕੇ ਜਿਵੇਂ ਘਰ ਜਾਇਆ ਜਾਏ।
ਛੁਟਿਬੇ[1] ਰਚਯੋ ਪ੍ਰਪੰਚ ਬਿਸਾਲੈ। [1]ਛੁਟਣ ਵਾਸਤੇ।
ਇਕ ਸਿਖ ਸ਼ਵ ਸਮ ਸੀਢੀ ਪਾਯੋ[1]। [1]ਮੁਰਦੇ ਵਾਂਗੂ ਤਖ਼ਤੇ ਉੱਤੇ ਪਾਇਆ।
ਮਿਲਿ ਕਰਿ ਬਹੁਤ ਸ਼ਬਦ ਕੋ ਗਾਯੋ ॥੧੧॥
ਲਯੋ ਉਠਾਇ ਕੰਧ ਪਰ ਸੋਊ।
ਕਿਰਤਨ ਕਰਹਿਂ ਅੱਗ੍ਰ ਗਨ ਹੋਊ।
'ਸੇਵਕ ਕੀ ਓੜਕ ਨਿਬਹੀ ਪ੍ਰੀਤਿ।'
ਇਹ ਤੁਕ ਗਾਇੰ ਪ੍ਰੇਮ ਧਰਿ ਚੀਤ ॥੧੨॥
ਜਹਾਂ ਬਿਰਾਜਤਿ ਅੰਤਰਜਾਮੀ।
ਤਹਿਂ ਕੋ ਅਏ ਠਗਨ ਹਿਤ ਸ੍ਵਾਮੀ।
ਕਮਲ ਬਿਲੋਚਨ ਤੇ ਤਿਨ ਹੇਰਾ।
ਬੋਲੇ ਸ਼੍ਰੀ ਮੁਖ ਤੇ ਤਿਸ ਬੇਰਾ ॥੧੩॥
'ਕੈਸੋ ਇਹ ਸੰਗਤਿ ਮਹਿਂ ਸ਼ੋਰ।
ਰੋਦਨ ਸ਼ਬਦਿ ਉਦਿਤਿ ਜੁਤਿ ਜ਼ੋਰ[1]।' [1]ਜ਼ੋਰ ਨਾਲ ਉਠ ਰਿਹਾ ਹੈ।
ਇਕ ਸਿਖ ਸੁਨਿ ਬੂਝਨਿ ਕਹੁ ਧਾਯੋ।

ਕਹਜੋ ਧਾਇ 'ਕਜੋਂ ਸ਼ੋਰ ਮਚਾਯੋ?'
॥੧੪॥
ਸੁਨਿ ਪਿਖਿ ਪੁਨ ਹਟਿ ਭਾਖਤਿ ਭਯੋ।
'ਹੁਕਮਸੱਤਿ ਇਕ ਸਿਖ ਹੁਇ ਗਯੋ[1]।' [1]ਭਾਵ ਮਰ ਗਿਆ ਹੈ।
ਸ੍ਰੀ ਮੁਖ ਭਨਜੋ 'ਇਹਾਂ ਲੇ ਆਵਹੁ।'
ਗਯੋ ਸਿਖ ਕਹਿ 'ਉਤ[1] ਨਹਿਂ ਜਾਵਹੁ' [1]ਭਾਵ ਮਸਾਣਾਂ ਵਲ।
॥੧੫॥
ਅਪਨੇ ਸੰਗ ਤਹਾਂ ਲੇ ਆਯਹੁ।
ਸਨਮੁਖ ਜਿਤ ਗੁਰ ਦ੍ਰਿਸ਼ਟਿ ਲਗਾਯਹੁ।
ਤਰੇ ਉਤਾਰਿ ਚਹੁੰ ਦਿਸ਼ਿ ਹੋਈ।
ਗਾਵਨਿ ਲਗੇ ਸ਼ਬਦ ਤੁਕ ਸੋਈ ॥੧੬॥
ਉਮਗ ਉਮਗ ਕਰਿ ਪ੍ਰੇਮ ਬਿਸਾਲੇ।
ਅਧਿਕ ਬਿਲੋਚਨ ਤੇ ਜਲ ਡਾਲੇ।
ਰੋਦਨ ਸ਼ਬਦ ਬੰਦ ਹੁਇ ਗਯੋ।
ਚਤੁਰਘਟੀ ਲਗਿ ਸਭਿ ਥਿਰ ਭਯੋ
॥੧੭॥
ਸਿੱਖ ਸਮੀਪਿ ਸਭਿਨਿ ਕੇ ਸਾਥ[1]। [1]ਸਾਰੇ ਸਮੀਪੀ ਸਿੱਖਾਂ ਨਾਲ।
ਅਵਲੋਕਤਿ ਬੋਲੇ ਗੁਰ ਨਾਥ।
'ਭੇਖ ਬਹੁਤ, ਸਿੱਖੀ ਗੁਰ ਦੂਰੇ।
ਗੁਰ ਘਰ ਕੀ ਪ੍ਰਤੀਤਿ ਤੇ ਊਰੇ ॥੧੮॥
ਕਰੇ ਕੀਰਤਨ ਕਜਾ ਹੁਇ ਜਾਇ।
ਰੁਦਨ ਕਰੇ ਨਹਿਂ ਕਾਜ ਸਰਾਇ।
ਗੁਰ ਬਚ ਪਰ ਨਹਿਂ ਪ੍ਰੀਤ ਪ੍ਰਤੀਤੇ।
ਕਰਤਿ ਸਰਬ ਕੁਛ[†] ਗਮਨਤਿ ਰੀਤੇ[1] [1]ਸਭ ਕੁਛ ਕਰਦੇ ਹਨ ਪਰ ਖਾਲੀ ਚਲੇ ਜਾਂਦੇ ਹਨ। [†]ਪਾ:-ਕੁਟ।
॥੧੯॥

ਸੈਯਾ:

[1]ਰੋਣ ਤੇ ਜੇ ਗੁਰਦੇਵ ਰੀਝ ਪੈਂਦੇ।
ਰੋਵਤੇ ਰੀਝ ਪਰੈ ਗੁਰਦੇਵ[1],
ਮਰੇ ਕੋ ਰੋਵਤਿ ਹੈਂ ਮਿਲਿ ਨਾਰੀ[1†]। [1]ਤਾਂ ਮਰੇ ਤੇ ਨਾਰੀਆਂ ਬਥੇਰਾ ਰੋਂਦੀਆਂ ਹਨ। [†]ਪਾ:-ਸੌ ਸਾਖੀ ਦਾ ਪਾ:-ਮੁਏ ਕੇ ਰੋਵਤ ਗ੍ਰਾਮ ਕੀ ਨਾਰੀ।
ਕੀਰਤਨ ਤੇ[1] ਜਬਿ ਰੀਝ ਪਰੈ ਸ਼ੁਕ[2], [1]ਗਾਉਣੇ ਤੇ। [2]ਤੋਤੇ।
ਮੋਰ, ਕਪੋਤ[1], ਪੁਕਾਰ ਉਚਾਰੀ। [1]ਕਬੂਤਰ।
ਮੱਜਤਿ ਦਾਦਰ[1], ਮੌਨ ਮਹੀਰੁਹ[2], [1]ਨ੍ਹਾਤਿਆਂ (ਜੇ ਰੀਝੇ ਤਾਂ) ਡੱਡੂ। [2]ਚੁਪ) ਮੌਨ (ਤੇ

ਰੀਝਣ ਤਾਂ) ਬ੍ਰਿੱਛ (ਮੌਨ) ਹਨ।

ਬਾਨਰ ਕਾਨਨ ਫੂਲ ਫੁਲਾਰੀ[1]।

[1]ਜੋ ਫਲ ਫੁਲ ਖਾਣ ਨਾਲ ਤਾਂ ਬੰਦਰ ਬਣ ਵਿਚ ਫਲ (ਫੁਲ ਖਾਂਦਾ ਹੈ)।

ਪ੍ਰੀਤ ਪ੍ਰਤੀਤ ਕੀ ਲੇਸ਼ ਬਿਨਾ ਸਿਖ
ਪੰਡਤਿ ਗਾਇਕ ਜਾਹਿਂ ਸੁ ਹਾਰੀ[1]' ॥੨੦॥

[1]ਸਿੱਖ, ਪੰਡਤ, ਤੇ ਗਾਵਨ ਹਾਰੇ ਹਾਰਕੇ ਜਾਣਗੇ।

ਸ੍ਰੀ ਮੁਖ ਤੇ ਸੁਨਿ ਕੈ ਅਰਦਾਸੀਏ
ਬੇਨਤੀ ਕੀਨਸਿ ਨੰਮ੍ਰਿ ਅਗਾਰੀ।
'ਸਾਚਿ ਗੁਰੂ ਪਤਿਸ਼ਾਹ ਬਡੇ
ਦਰਸ਼ੰਨ ਤੇ ਹੋਵਤਿ ਸਿੱਖ ਉਧਾਰੀ।
ਰਾਵਰ ਕੋ ਦਰਸੰਨ ਰੁ ਕਿਰਤਨੁ
ਸਿੱਖ ਕਰੈ ਸਗਰੇ ਇਸ ਬਾਰੀ।
ਹ੍ਵੈ ਸਭਿ ਕੀ ਅਬਿ ਸ਼੍ਰੇਯ ਭਲੇ
ਅਘ ਦੋਖ ਮਿਟੈਂ, ਪ੍ਰਭੁ ਫੇਰ ਉਚਾਰੀ:- ॥੨੧॥

ਦੋਹਰਾ:

'ਮਨਮੁਖ ਹਾਰਤਿ ਜਗਤ ਮਹਿਂ,
ਗੁਰਮੁਖਿ ਜਾਵਹਿਂ ਜੀਤ।
ਪ੍ਰਤਿਪਾਰਤਿ ਸਾਬਤ ਸਿਦਕ, ਪ੍ਰੀਤ
ਪ੍ਰਤੀਤਹਿਂ ਚੀਤ[1] ॥੨੨॥

[1]ਪਿਆਰ ਤੇ ਭਰੋਸੇ ਵਿਚ ਚਿੱਤ ਰਖਦੇ ਹਨ।

ਸ੍ਵੈਯਾ:

ਸੂਰਜ ਕੋ ਦਰਸ਼ੰਨ ਕਰੈ ਸਭਿ
ਪਾਪ ਕਮਾਇ ਸੁ ਦੋਜ਼ਕ ਜਾਵੈਂ।
ਪਾਨੀ ਸੋ ਦੇਵ[1] ਨਹੀਂ ਜਗ ਭੀਤਰ
ਭੇਟਤ ਤੀਰਥ ਪ੍ਰੇਤ ਬੁਲਾਵੈਂ[1]।

[1]ਪਾਣੀ ਜਿਹਾ ਦੇਵਤਾ।

[1]ਭਾਵ ਆਦਮੀ ਜੀਉਂਦਿਆਂ ਤੀਰਥ ਦੇ ਪਵਿੱਤ੍ਰ ਜਲਾਂ ਵਿਚ ਇਸ਼ਨਾਨ ਕਰਦਾ ਹੈ ਪਰ ਜਦ ਮਰਦਾ ਹੈ ਤਦ ਪ੍ਰੇਤ ਕਹਿੰਦੇ ਹਨ।

ਇੰਦ ਕਿ ਤਾਰਾ ਕਿ ਪੌਨ ਸੁਰੇਸੁਰ
ਦੇਖਨਿ ਤੇ ਨਹਿਂ ਛੂਟਨਿ ਪਾਵੈਂ[1]।

[1]ਚੰਦ੍ਰਮਾਂ ਕਿ ਤਾਰੇ ਕਿ ਪੌਣ ਕਿ ਬ੍ਰਹਸਪਤ (ਯਾ ਇੰਦਰ) ਦੇ ਦਰਸ਼ਨ ਤੇ ਹੀ ਮੁਕਤੀ ਨਹੀਂ।

ਲੌਕਿਕ ਰੀਤਿ ਕੀ ਲਾਜ ਭਰੇ ਜਨ
ਹੋਹਿ ਪ੍ਰਤੀਤ ਤੌ ਨਾਮ ਤਰਾਵੈ[1] ॥੨੩॥

[1]ਲੋਕ ਰੀਤ ਦੀ ਲੱਜਾ ਨਾਲ ਭਰੇ ਹੋਏ ਹਨ ਲੋਕ ਜੇ ਭਰੋਸਾ ਹੋਵੇ ਤਾਂ ਨਾਮ (ਦਾ ਜਪਣਾ) ਤਰਾ ਦਿੰਦਾ ਹੈ।

ਚੌਪਈ:

ਪ੍ਰੀਤ ਪ੍ਰਤੀਤ ਬਿਹੀਨੇ ਲੋਕ।
ਜਨਮ ਮਰਨ ਨਿਤ ਪ੍ਰਾਪਤਿ ਸ਼ੋਕ।
ਸਿਦਕ ਨ ਰਿਦੈ, ਰਚਯੋ ਪਰਪੰਚ[1]। [1]ਰਿਦੇ ਵਿਚ ਸਿਦਕ ਨਹੀਂ ਤੇ ਛਲ ਰਚਿਆ ਹੈ ਨੇ।
ਦੇਖਾ ਦੇਖੀ ਹੁਇਂ ਨਰ ਸੰਚਿ[1] ॥੨੪॥ [1]ਕੱਠੇ।
ਜੇ ਪਰਖਯੋ ਚਾਹਿਤ ਇਨ ਤਾਂਈ।
ਮੌਨ ਧਾਰਿ ਲਿਹੁ ਅਗਨਿ ਲੁਕਾਈ।
ਜ੍ਵਲਤੀ ਦੇਹੁ ਮ੍ਰਿਤਕ ਕੇ ਤਰੇ।
ਅਪਰਨਿ ਕੋ[1] ਨਹਿਂ ਜਿਮ ਲਖਿ ਪਰੇ' ॥੨੫॥ [1]ਹੋਰਨਾਂ ਨੂੰ।
ਬਿਸਮਯੋ ਬਚਨ ਮਾਨਿ ਅਰਦਾਸੀ।
ਉਤਲਾਵਤਿ ਗਮਨਯੋ ਤਜਿ ਪਾਸੀ[1]। [1]ਗੁਰੂ ਜੀ) ਪਾਸੋਂ।
ਜ੍ਵਲਤੀ ਦੇਗ ਬਿਖੈ ਬਡਿ ਭਾਠੀ।
ਤਹਿਂ ਤੇ ਲੀਨਿਸ ਅਗਨਿ ਮੁਆਠੀ[1] ॥੨੬॥ [1]ਚੁਆਤੀ।
ਆਵਤਿ ਭਾ ਤਿਹ ਥਲ ਉਤਲਾਤਾ।
ਜ੍ਵਲਤ ਹਾਥ ਮਹਿਂ ਗਹਯੋ ਚੁਮਾਤਾ[1]। [1]ਦੁਆਤੀ।
ਦਿਯੋ ਮ੍ਰਿਤਕ ਕੀ ਸੀਢੀ ਤਰੇ।
ਜਿਮ ਗੁਰ ਕਹੀ ਤਥਾ ਹੀ ਕਰੇ ॥੨੭॥
ਅਗਨਿ ਸੇਕ ਤਨ ਜਰਿਬੇ ਲਾਗਾ।
ਸਹਿ ਕਿਮ ਸਕਹਿ, ਚਹਤਿ ਤਬਿ ਭਾਗਾ।
ਸਭਿ ਗਿਨਤੀ ਤਜਿ ਫਾਰਿ ਦੁਸ਼ਾਲਾ[1]। [1]ਦੁਸ਼ਾਲਾ ਜੋ ਮੁਰਦੇ ਉਤੇ ਪਾਇਆ ਹੋਇਆ ਸੀ।
ਤਜਯੋ ਕਫਨ ਕੌ ਤੂਰਨ ਚਾਲਾ ॥੨੮॥
ਭਾਗ ਗਯੋ ਚੀਰਤਿ ਬਡ ਭੀਰ।
ਨਹਿਂ ਥਿਰੁ ਭਯੋ ਕਿਸੀ ਕੇ ਤੀਰ।
ਨਰ ਸੰਗਤਿ ਕੇ ਸਭਿ ਬਿਸਮਾਏ।
-ਇਹ ਭਾਣਾ ਕਯਾ ਗੁਰ ਵਰਤਾਏ- ॥੨੯॥
ਕਿਰਤਨੀਏ ਸਿਖ ਸ਼ਵ ਘਰ ਕੇਰੇ[1]। [1]ਮੁਰਦੇ ਦੇ ਘਰ ਦੇ ਕੀਰਤਨ ਕਰਨ ਵਾਲੇ ਸਿੱਖ।
ਪਿਖੇ ਸ਼੍ਰਮਿੰਦਤਿ ਭਏ ਘਨੇਰੇ।
ਲਾਜ ਸਭਿਨਿ ਕੀ ਆਂਖਨਿ ਆਈ।

ਗੁਰ ਸਨਮੁਖ ਨਹਿਂ ਨਾਰ ਉਠਾਈ[1] ॥੩੦॥
[1]ਗਿੱਚੀ ਉਚੀ ਨਾ ਕਰ ਸਕੇ।

ਸ੍ਰੀ ਕਲਗੀਧਰ ਦੇਖਿ ਬਖਾਨਾ।
'ਤੁਮਰੋ ਕਿਰਤਨ ਫਲਜੋ ਮਹਾਨਾ[1]।
ਸਿੱਖਹੁ ਸ਼ਬਦ ਸ ਪ੍ਰੇਮ ਉਚਾਰਜੋ।
ਸਣੈ ਦੇਹ ਇਹ ਸੂਰਗ ਸਿਧਾਰਜੋ' ॥੩੧॥
[1]ਕੀਰਤਨ ਬੜਾ ਫਲਿਆ ਹੈ।

ਤਬਿ ਸਿੱਖਨ ਸਭਿ ਮਸਤਕ ਟੇਕੇ।
'ਪਾਤਿਸ਼ਾਹੁ ਸਚ ਜਲਧ ਬਿਬੇਕੇ।
ਤੁਮਰੀ ਗਤਿ ਤੁਮ ਹੀ ਪ੍ਰਭੁ ਜਾਨੋ।
ਕਿਸ ਮਹਿਂ ਸ਼ਕਤਿ ਜੁ ਲੇਹਿ ਪਛਾਨੋ[1]' ॥੩੨॥
[1]ਜੋ ਪਛਾਣ ਲਵੇ।

ਦਯਾ ਸਿੰਧੁ ਤਬਿ ਸਭਿਨਿ ਸੁਨਾਯਹੁ।
'ਸਿੱਖਨਿ ਜੋ ਪਰਪੰਚ ਬਨਾਯਹੁ।
ਕਰਿ ਪੂਰਾ ਗਮਨਤਿ ਨਿਜ ਭਵਨੁ।
ਚਰਚਾ ਕਰਤਿ -ਨ ਜਾਨਜੋ ਕਵਨੁ[1]- ॥੩੩॥
[1]ਤੁਸੀਂ ਇਹ ਚਰਚਾ ਕਰਨੀ ਸੀ ਕਿ ਸਾਡੇ ਪਖੰਡ ਨੂੰ (ਗੁਰੂ ਜੀ ਨੇ) ਕਿਵੇਂ ਬੀ ਨਾ ਪਛਾਨਿਆਂ।

ਅਪਰ ਨਰਨ ਸਮ ਹਮ ਕਹੁ ਜਾਨਤਿ।
ਸਿੱਖੀ ਸਿਦਕ ਰਿਦੈ ਤੁਮ ਹਾਨਤਿ।
ਯਾਂ ਤੇ ਨਹਿਂ ਪ੍ਰਾਪਤਿ ਕੱਲਯਾਨ।
ਹੋਤਿ ਨਰਕ ਕੀ ਗਤੀ ਨਿਦਾਨ[1] ॥੩੪॥
[1]ਅੰਤ ਨੂੰ।

ਹਮ ਸਿੱਖਨਿ ਕੌ ਚਹਤਿ ਉਧਾਰਜੋ।
ਯਾਂ ਤੇ ਤੁਮਰੋ ਕਪਟ ਉਘਾਰਜੋ।
ਜਾਨੋਗੇ ਅਬਿ ਅੰਤਰਜਾਮੀ।
ਲਖਜੋ ਮਹਾਤਮ ਠਾਨਹੁ ਸ੍ਵਾਮੀ[1]' ॥੩੫॥
[1]ਸੁਆਮੀ ਮੰਨੋਗੇ।

ਸਿੱਖ ਸਮੀਪਨਿ ਬਿਨੈ ਸੁਨਾਈ।
'ਬਖਸ਼ਹੁ ਇਨ ਕੁਰੀ ਚਤੁਰਾਈ।
ਇਸ ਕ੍ਰਿਤ ਤੇ ਹੁਇ ਦੋਖ ਨ ਕੋਈ[1]।
ਭਈ ਰੋਕ, ਛਲ ਠਾਨਜੋਂ ਸੋਈ[1]' ॥੩੬॥
[1]ਇਸ ਕਰਤੂਤ (ਕਰਨ) ਕਰਕੇ ਕੋਈ ਪਾਪ ਨਾ ਹੋਵੇ।
[1]ਆਪ ਵੱਲੋਂ ਜਾਵਣ ਦੀ) ਰੋਕ ਹੋਈ ਇਸ ਕਰਕੇ ਛਲ ਕੀਤਾ ਸਾਨੇ।

ਦੋਹਰਾ:

ਸੁਨਿ ਸਿੱਖਨ ਤੇ ਸਤਿਗੁਰੂ, ਕ੍ਰਿਪਾ ਦ੍ਰਿਸ਼ਟਿ ਅਵਿਲੋਕ।
ਸਭਿਨਿ ਸੁਨਾਵਤਿ ਬਦਨ ਤੇ, ਉਚਰਜੋ ਏਕ ਸ਼ਲੋਕ† ॥੩੭॥

†ਇਕ ਲਿਖਤੀ ਨੁਸਖੇ ਵਿਚ ਇਸਤੋਂ ਅੱਗੇ 'ਸ਼ਲੋਕ' ਵੱਖਰਾ ਬੀ ਲਿਖਿਆ ਹੈ।

'†ਵਿਛੁੜੇ ਕੋ ਮੇਲੇ ਗੁਰੂ, ਸਭਿ ਕੋ ਬਖਸ਼ਣ ਹਾਰ।

†ਇਹ ਤੁਕਾਂ ਐਉਂ ਨਹੀਂ ਹਨ, ਗੁਰਬਾਣੀ ਵਿਚ ਪਾਠ ਐਉਂ ਹਨ। "ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ " ਪੁਨਾ:-"ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ "

ਬਖਸ਼ਨਹਾਰਾ ਬਖਸ਼ ਲੈ, ਨਾਨਕ ਪਾਰ ਉਤਾਰ' ॥੩੮॥

ਚੌਪਈ:

ਭਏ ਪ੍ਰਸੰਨ ਬਾਕ ਕੋ ਕਹਜੋ।
ਘਰ ਕੋ ਕਾਜ ਸਭਿਨਿ ਕਉ ਲਹਜੋ।
'ਗਵਨਹੁ ਭਵਨ ਰਟਹੁ ਸਤਿਨਾਮੂ।
ਸਤਿਸੰਗਤ ਸੇਵਹੁ ਅਭਿਰਾਮੂ ॥੩੯॥
ਗੁਰ ਘਰ ਕੋ ਸਭਿ ਸਿਦਕ ਕਮਾਵਹੁ।
ਹੋਲਿ[1] ਦੁਸਹਿਰਾ ਦਰਸ਼ਨ ਆਵਹੁ।'

[1]ਹੋਲੇ ਤੇ।

ਸੁਨਿ ਬਖਸ਼ਨ[1] ਕੋ ਸਭਿ ਹਰਖਾਏ।
ਕਰ ਜੋਰਹਿਂ ਸਭਿ ਸੀਸ ਨਿਵਾਏ ॥੪੦॥

[1]ਬਖਸ਼ ਜਾਣ ਦਾ (ਵਾਕ) ਸੁਣਕੇ।

ਗਵਨੇ ਭਵਨ ਖੁਸ਼ੀ ਗੁਰ ਲੈ ਕੈ।
ਬਹੁ ਕਲਜਾਣ ਆਪਣੀ ਪੈਕੈ†।

†ਇਹ ਕਪਟ ਦਾ ਨਮੂਨਾ ਸਾਰੀ ਸਿਖੀ ਦੀ ਸਿਦਕ ਦੀ ਦਲੀਲ ਨਹੀਂ, ਕਿਉਂਕਿ ਇਹ ਬੀ ਕਿਹਾ ਹੈ ਕਿ ਮਾਲਵੇ ਦੇ ਕੁਛਕ ਸਿੱਖਾਂ ਨੇ ਇਹ ਸ੍ਵਾਂਗ ਕੀਤਾ ਸੀ। ਸਤਿਗੁਰੂ ਜੀ ਨਿਰੇ ਭੀੜ ਭੜੱਕੇ ਨੂੰ ਵਧਾ ਲੈਣਾ ਪ੍ਰਯੋਜਨ ਨਹੀਂ ਸਨ ਸਮਝਦੇ, ਪਰ ਜੀਵਾਂ ਨੂੰ ਅੰਦਰੋਂ ਉੱਚਿਆਂ ਕਰਨ ਆਚਰਨ ਸਵਾਰਨੇ ਤੇ ਜੀਵਨ ਦੇ ਪੈਮਾਨੇ ਵਿਚ ਕਦਰਾਂ ਵਾਲੇ ਬਣਾ ਦੇਣਾ ਆਪਣੇ ਉਪਦੇਸ਼ ਦਾ ਪ੍ਰਯੋਜਨ ਰਖਦੇ ਸਨ। ਇਸ ਸਾਖੀ ਦਾ ਮਤਲਬ ਪਰਤਾਵੇ ਦਾ ਸੀ, ਸਿੱਖਾਂ ਵਿਚ ਪ੍ਰੀਤ ਪ੍ਰਤੀਤ ਬਿਨਾਂ ਨਾ ਉਹਨਾਂ ਦਾ ਆਤਮ ਉਧਾਰ ਹੋ ਸਕਦਾ ਹੈ ਨਾ ਭਾਈਚਾਰਕ, ਤੇ ਨਾ ਹੀ ਓਹ ਸਦਾਚਾਰਕ ਤੇ ਰਾਜਸੀ ਜੀਵਨ ਵਿਚ ਕੁਛ ਮੁੱਲ ਵਾਲੇ ਹੋ ਸਕਦੇ ਸੇ। ਦੇਖਾ ਦੇਖੀ ਲਈ ਤੇ ਮਤਲਬੀ ਲੋਕਾਂ ਦੀ ਭੀੜ ਭਾੜ ਦੀ ਛਾਂਟ ਪਹਿਲੇ ਸਤਿਗੁਰਾਂ ਦੇ ਵੇਲੇ ਤੋਂ ਹੁੰਦੀ ਰਹੀ ਹੈ।

ਜਹਿਂ ਕਹਿਂ ਸਤਿਗੁਰ ਕੋ ਜਸੁ ਫੈਲਾ।
ਕਲਿ ਕੇ ਕਲਮਲ ਸਕਲ ਕਟੈਲਾ[1] ॥੪੧॥

[1]ਕਟਣ ਵਾਲਾ (ਜਸ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖਨ ਕਪਟ ਕਰਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

## ੪੭. [ਭਾਈ ਅਨੰਦ ਸਿੰਘ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

†ਮੇਲ ਮੇਖ ਸੰਕ੍ਰਾਤ[1] ਕੋ, ਚਹੁੰਦਿਸ਼ਿ ਤੇ ਸਮੁਦਾਇ। [1]ਵਿਸਾਖੀ।
ਆਨਿ ਅਨੰਦਪੁਰਿ ਕੇ ਬਿਖੈ, ਦਰਸ ਅਨੰਦ ਕੋ ਪਾਇ ॥੧॥

†ਸੌ ਸਾਖੀ ਦੀ ਇਹ ਚਉਥੀ ਸਾਖੀ ਹੈ।

ਚੌਪਈ:

ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ।
ਆਨਿ ਸਿੰਘਾਸਨ ਪਰ ਤਬਿ ਠਹਿਰੇ।
ਸੁਭਟ ਸਭਾਸਦ ਸਭਾ ਮਝਾਰੀ।
ਥਿਰੇ ਨਮੋ ਕਰਿ ਦਰਸ ਨਿਹਾਰੀ ॥੨॥
ਸੰਗਤਿ ਆਵਹਿ ਅਰਪ ਅਕੋਰਹਿ।
ਪਗ ਪੰਕਜ ਬੰਦਹਿ ਕਰ ਜੋਰਹਿ।
ਕੋ ਬੈਠਹਿ ਕੋ ਖਰੋ ਨਿਹਾਰਹਿ।
ਤ੍ਰਿਪਤੈਂ ਨਹੀਂ ਹਰਖ ਉਰ ਧਾਰਹਿੰ ॥੩॥
ਧਨੁਖ ਬਾਨ ਜੁਤਿ ਜਨੁ ਰਘੁਨਾਥਾ।
ਲੋਕ ਔਧ ਕੇ[1] ਟੇਕਹਿਂ ਮਾਥਾ। [1](ਮਾਨੋਂ) ਅਯੁਧਿਆ ਦੇ ਲੋਕ।
ਮਨਹੁਂ ਦ੍ਵਾਰਕਾ ਮਹਿਂ ਘਨ ਸ਼ਯਾਮੂ।
ਜਾਦਵ ਦੇਖਹਿਂ ਦੁਤਿ ਅਭਿਰਾਮੂ ॥੪॥
ਬਦਨ ਚੰਦ ਕੋ ਮਨਹੁਂ ਚਕੋਰੇ।
ਇਕ ਟਕ ਨੇਤ੍ਰ ਲਗੇ ਗੁਰ ਓਰੇ।
ਰਿਦੈ ਬਿਲੰਦ ਅਨੰਦਹਿ ਸੰਗਤਿ।
ਚਹੁਂਦਿਸ਼ਿ ਪਿਖਹਿਂ ਬ੍ਰਿੰਦ ਕਰਿ ਪੰਗਤਿ ॥੫॥
ਇਕ ਸਿਖ ਆਇ ਸਿੱਖਣੀ ਸਹਿਤ।
ਬੰਦਨ ਕਰੀ ਭਾਉ ਮਨ ਮਹਤ[1]। [1]ਮਨ ਦੇ ਵਡੇ ਪ੍ਰੇਮ ਨਾਲ।
ਹਾਥ ਜੋਰਿ ਕਰਿ ਬਿਨੈ ਬਖਾਨੀ।
'ਸਾਚੇ ਪਾਤਿਸ਼ਾਹੁ! ਸੁਖਦਾਨੀ ॥੬॥
ਇਕ ਸੁਤ ਹਮਰੇ ਦਯੋ ਸੁ ਰਾਵਰਿ।
ਤਜ ਘਰਨੀ ਥਿਰਿਯੋ ਜਨੁ ਬਾਵਰ[1]। [1]ਬਾਵਲਾ ਹੋਇਆ ਰਹਿੰਦਾ ਹੈ।
ਭਲੇ ਸਿੱਖ ਕੀ ਤਨੁਜਾ ਬਜਾਹੀ।

| | |
|---|---|
| ਹੈ ਅਬੋਲ ਸੰਗ ਬੋਲਤਿ ਨਾਂਹੀ[1] ॥੭॥ | [1]ਚੁਪ ਰਹਿੰਦਾ ਹੈ (ਵਹੁਟੀ) ਨਾਲ ਬੋਲਦਾ ਨਹੀਂ। |
| ਹਮਹਿਂ ਦੀਹ ਦੁਖ, ਬਹੁ ਸਮੁਝਾਵਹਿਂ। | |
| ਨਿਰਮੋਹੀ ਬਚ ਤਿਹ ਸੁਨ ਪਾਵਹਿਂ[1]। | [1]ਅਗੋਂ) ਉਸਦੇ ਨਿਰਮੋਹ ਬਚਨ ਸੁਣਦੇ ਹਾਂ। |
| -ਤਜੌਂ ਦੇਸ਼ ਮੈਂ ਜਾਉਂ ਬਿਦੇਸ਼। | |
| ਧਰੌਂ ਫਕੀਰੀ ਤਜਾਗਿ ਅਸ਼ੇਸ਼-' ॥੮॥ | |
| ਸ੍ਰੀ ਮੁਖ ਕਹ੍ਯੋ 'ਅਬੈ ਸਿਖ ਜਾਵੋ। | |
| ਸੁਤ ਹਕਾਰ ਕਰਿ ਹਮ ਢਿਗ ਲਜਾਵੋ।' | |
| ਸੁਨਿ ਆਇਸੁ ਆਨ੍ਯੋ ਤਤਕਾਲਾ। | |
| ਕਰ ਜੋਰੇ ਥਿਰਿ ਅੱਗ੍ਰ ਕ੍ਰਿਪਾਲਾ ॥੯॥ | |
| ਪਿਖਿ ਸਿਖ ਸੁਤ ਕੋ ਕਹ੍ਯੋ ਗੁਸਾਈਂ। | |
| 'ਤੋਹਿ ਮਾਤ ਪਿਤ ਕਹਾਂ ਅਲਾਈ[1]? | [1]ਕੀ ਕਹਿੰਦੇ ਹਨ। |
| -ਹਮਰੋ ਸੁਤ ਜਗ ਤੇ ਹੁਇ ਨਜਾਰੋ। | |
| ਭਯੋ ਉਦਾਸ, ਦੇਖਿ ਦੁਖ ਭਾਰੋ[1] ॥੧੦॥ | [1]ਦੇਖਕੇ ਸਾਨੂੰ ਭਾਰੀ ਦੁਖ ਹੁੰਦਾ ਹੈ। |
| ਯਾਂ ਤੇ ਹਮ ਤੁਹਿ ਬੂਝਨ ਕਰਹਿਂ। | |
| ਕ੍ਯੋਂ ਕਰਿ ਭਾ ਵਿਰਾਗ ਉਰ ਧਰਹਿਂ[1]? | [1]ਜੋ ਵੈਰਾਗ ਤੂੰ) ਧਾਰਨ ਕੀਤਾ ਹੈ ਕਿਵੇਂ ਤੈਨੂੰ ਲੱਗਾ ਹੈ? |
| ਨਾਮ ਕੌਨ ਅਰੁ ਸਿਖ ਕਿਸ ਕੇਰਾ? | |
| ਪਰਚਾ ਕਿਸ ਪਕਾਰ ਕੋ ਤੇਰਾ? ॥੧੧॥ | |
| ਬੈਸ ਅਸ਼ਟ ਦਸ਼ ਸੰਮਤ[1] ਤੇਰੀ। | [1]ਅਠਾਰਾਂ ਸਾਲਾਂ ਦੀ। |
| ਲਖੀਅਤਿ, ਕਹੁ ਸਭਿ ਸਚ ਇਸ ਬੇਰੀ। | |
| ਭੋਗੇ ਭੋਗ ਜਿਨਹੁਂ ਬ੍ਰਿੱਧ ਹੋਏ। | |
| ਤਿਨਹੁਂ ਵਿਰਾਗ ਨ ਉਪਜਹਿ ਕੋਏ ॥੧੨॥ | |
| ਭਾਗ ਪ੍ਰਥਮ ਕੋ ਬਡ ਲਖਿ ਪਾਯੋ। | |
| ਤੁਵ ਦਰਸ਼ਨ ਹਮ ਚਹਿ ਬੁਲਵਾਯੋ[1]।' | [1]ਤੇਰਾ ਦਰਸ਼ਨ ਕਰਨ ਲਈ ਅਸਾਂ ਚਾਹਕੇ ਸਦਾਇਆ ਹੈ। |
| ਸੁਨਿ ਸਿਖ ਸੁਤ ਕਰ ਜੋਰਤਿ ਪ੍ਰਾਹੂ। | |
| 'ਕ੍ਯੋਂ ਮੁਝ ਹਸਹੁ ਸਾਚਿ ਪਤਿਸ਼ਾਹੂ! ॥੧੩॥ | |
| ਭਵਜਲ ਜੀਵ[1] ਸੁ ਬਹੇ ਮਝਾਰੀ। | [1]ਅਸੀਂ) ਹਾਂ ਭਉਜਲ ਦੇ ਜੀਵ। |
| ਤੁਮ ਦਰਸ਼ਨ ਕਰਿ ਉਤਰਹਿਂ ਪਾਰੀ। | |
| ਅਨਜਾਨ ਨ[1], ਸਭਿ ਕੋ ਤੁਮ ਜਾਨੋ। | [1]ਆਪ) ਅਨਜਾਨ ਨਹੀਂ ਹੋ। |

ਜਾਨਿ ਬੂਝ ਕਿਮ ਬੂਝਨਿ ਠਾਨੋ ॥੧੪॥
ਨਾਮ ਅਨੰਦ ਸਿੰਘ ਹੈ ਮੇਰਾ।
ਸ੍ਰੀ ਸਤਿਗੁਰ ਕੋ ਸਿਖ ਚਿਤ ਚੇਰਾ[1]।
ਭਯੋ ਬਿਰਾਗ ਪਠਤਿ ਗੁਰਬਾਨੀ।'
ਇਮ ਕਹਿ ਗਾਥਾ ਬਹੁਰ ਬਖਾਨੀ ॥੧੫॥

[1]ਚਿਤੋਂ (ਆਪ ਦਾ) ਚੇਰਾ ਹਾਂ।

ਸੋਰਠਾ:
'ਕਜਾ ਬੂਢਾ ਕਜਾ ਬਾਲ, ਜਾਂ ਗੁਰ ਸ਼ਰਣੀ ਜਾਇਗਾ।
ਮੁਕਤਿ ਹੋਇ ਤਤਕਾਲ, ਨਾਉ ਚਢਣ ਕੀ ਰੀਤਿ ਜਯੋਂ[1]† ॥੧੬॥

[1]ਬੇੜੀ ਚੜ੍ਹਨ ਦੀ ਰੀਤ ਵਾਂਙੂ। †ਇਹ ਗੁਰਬਾਣੀ ਨਹੀਂ ਹੈ, ਸੌ ਸਾਖੀ ਦੇ ਕਰਤਾ ਦੀ ਰਚਨਾ ਹੈ।

ਚੌਪਈ:
ਸੁਨੀਐ ਪਾਤਿਸ਼ਾਹੁ ਸੁਖਦਾਯਹੁ!
ਮਾਤ ਪਿਤਾ ਮੁਹਿ ਪਢਨਿ ਪਠਾਯਹੁ।
ਗੁਰਬਾਣੀ ਪਢਿ ਪ੍ਰੇਮ ਸੁ ਜਾਗਾ।
ਭਯੋ ਪ੍ਰੇਮ ਕੰਠ ਕਰਿਬੇ ਲਾਗਾ ॥੧੭॥
ਤੁਕ ਅਨੰਦ ਕੀ ਰਿਦੈ ਬਿਚਾਰੀ।
ਕਹੀ ਸੀਖ ਸੋ ਉਰ ਮਹਿਂ ਧਾਰੀ।
ਰਾਤ ਦਿਵਸ ਚਿਤ ਰਾਖਿ ਘਨੇਰਾ।
ਤਿਸ ਤੇ ਭਾ ਉਦਾਸ ਮਨ ਮੇਰਾ ॥੧੮॥

ਤੁਕ:-
ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥

ਚੌਪਈ:
ਅਰਥ ਬਸਯੋ ਉਰ ਭਯੋ ਵੈਰਾਗਾ।
ਜਗ ਸਭਿ ਤੁੱਛ ਦੀਸਨੇ ਲਾਗਾ।
ਜਥਾ ਧੂੰਮ ਬਾਦਰ[1] ਦਿਸ਼ਟਾਯਾ।
ਸੁਪਨਾ ਜਿਮ ਬਾਜ਼ੀਗਰ ਮਾਯਾ ॥੧੯॥
ਜੇ ਸ਼ਰੀਰ ਅਬਿ ਦਿਖਯਤਿ ਸਾਰੇ।
ਨਹੀਂ ਆਦਿ ਮੈਂ ਕਿਨਹੁ ਨਿਹਾਰੇ।
ਅੰਤ ਸਮੈਂ ਬਿਨਸੈਂ ਇਹੁ ਸਬੈ।

[1]ਧੂੰਏਂ ਦਾ ਬਦਲ।

ਬਹੁਰੋ ਨਹਿਂ ਲਖੀਯਤਿ ਕਿਸ ਕਦੈ[1] ॥੨੦॥
[1]ਫੇਰ ਕਿਸੇ ਤਰ੍ਹਾਂ ਕਦੀ ਨਹੀਂ ਦਿੱਸਦੇ।

ਕੋ ਇਕ ਦਿਨ ਕੋ ਧੁੰਧ ਪਸਾਰਾ[1]।
[1]ਵਰਤਮਾਨ ਵਿਚ ਇਹ) ਕੁਛ ਦਿਨਾਂ ਦਾ ਧੁੰਧ ਪਸਾਰਾ ਹੈ [ਧੁੰਧ ਪਸਾਰਾ = ਕੁਹੀੜ ਦੇ ਫੈਲਾਉ ਵਾਙੂ ਭਾਵ ਅਨਿਸਥਿਰ]।

ਆਦਿ ਨ ਅੰਤ ਸੁ ਕੁਤੋ ਮਝਾਰਾ[1]।
[1]ਮੱਧ ਵਿਚ ਭਾਵ ਵਰਤਮਾਨ ਵਿਚ ਕਿੱਥੇ ਹੈ।

ਨਿਸਾ ਬਾਸ[1] ਪਾਹੁਨ ਸਮ ਆਏ।
[1]ਰਾਤ ਵੱਸਣ ਹਿਤ।

ਮੇਲਨ ਦੀ ਨੌਕਾ ਸਮੁਦਾਏ ॥੨੧॥
ਜਿਮ ਜਲ ਬਹੈਂ ਮਿਲੇ ਤ੍ਰਿਣ ਬ੍ਰਿੰਦਾ।
ਬਿਛਰੇ ਮੇਲ ਨ ਬਹੁਰ ਬਨੰਦਾ[1]।
[1]ਵਿਛੜਿਆਂ ਦਾ ਫਿਰ ਮੇਲ ਨਹੀਂ ਬਣਦਾ।

ਨਿਕਸਹਿ ਦੁਗਧ ਨ ਅਸਥਨ ਆਵੈ[1]।
[1]ਨਿਕਲਿਆ ਹੋਇਆ ਦੁੱਧ ਫੇਰ ਥਣਾਂ ਵਿਚ ਨਹੀਂ ਜਾ ਸਕਦਾ।

ਝਰਹਿ ਪੱਤ੍ਰ ਕੋ ਸ਼ਾਖ ਲਗਾਵੈ[1] ॥੨੨॥
[1]ਝੜੇ ਪੱਤਾਂ ਨੂੰ ਕੌਣ ਟਾਹਣੀ ਨਾਲ ਲਗਾ ਸਕਦਾ ਹੈ।

ਤਿਮ ਸੰਬੰਧੀ ਬਹੁਰ ਨ ਮੇਲਾ।
ਪਰਾਰਬਧ ਕਰਿ ਭਏ ਸਕੇਲਾ।
ਕਜੋਂ ਚਿਤ ਲਾਇ ਸੁ ਜਨਮ ਗਵਾਈਯੇ।
ਜਿਸ ਕੋ ਮਿਲਿਬੋ ਬਹੁਰ ਨ ਪਾਈਯੇ ॥੨੩॥
ਜਜੋਂ ਤਰੁ ਪਰ ਨਿਸ[1] ਪੰਛੀ ਬਾਸੇ।
[1]ਰਾਤ ਨੂੰ।

ਉਡਹਿ ਦਿਸ਼ਾ ਚਹੁੰ ਮੇਂ ਰਵਿ ਭਾਸੇ[1]।
[1]ਸੂਰਜ ਚੜ੍ਹੇ।

ਇੱਤਜਾਦਿਕ ਮੈਂ ਤਰਕ[1] ਬਿਚਾਰੋਂ।
[1]ਦਲੀਲਾਂ।

ਸੱਤਾਸੱਤ[1] ਭਲੇ ਨਿਰਧਾਰੋਂ ॥੨੪॥
[1]ਸੱਤ ਤੇ ਅਸੱਤ ਨੂੰ।

ਬੋਲਣ ਹਸਣਾ ਖਾਣਾ ਪੀਣਾ।
ਬਿਸਰ ਗਏ ਉਰ ਭਾ ਸੁਧ ਹੀਣਾ[1]।
[1]ਹਿਰਦਾ (ਇਨ੍ਹਾਂ ਪਦਾਰਥਾਂ ਦੀ) ਸੋਝੀ ਬਿਨਾਂ ਹੋ ਗਿਆ।

ਜਗਤ ਮਨੋਰਥ ਫੁਰਹਿ ਨ ਕੋਈ।
ਲੋਕਨ ਲਖਜੋ -ਕਸਰ[1] ਕੁਛ ਹੋਈ- ॥੨੫॥
[1]ਕਸਰ = ਭੂਤ ਪ੍ਰੇਤ ਦੀ ਛਾਯਾ। (ਅ) ਬਾਵਰਾ ਪਨ।

ਅਬਿ ਮੈਂ ਸ਼ਰਣਿ ਆਪ ਕੀ ਪਰਜੋ।
ਸ਼ਬਦ ਤੁਮਾਰੇ ਇਹ ਗੁਣ ਕਰਜੋ।'
ਸੁਨਿ ਕਰਿ ਸ਼੍ਰੀ ਮੁਖ ਤੇ ਗੁਰ ਬੋਲੇ।
'ਸੁਤ ਪਰ ਭਰਮ ਕਰਜੋ ਕਜੋਂ ਡੋਲੇ ॥੨੬॥

ਤਜਹੁ ਭਰਮਨਾ ਜੋ ਉਰ ਹੋਈ।
ਭੂਤ ਪ੍ਰੇਤ ਇਸ ਰੋਗ ਨ ਕੋਈ।
ਜਾਗੇ ਪ੍ਰਥਮ ਭਾਗ ਇਸ ਕੇਰੇ।
ਮਿਲਿ ਤੁਮ ਗੈਲ ਨ ਪਰਹੁ ਬਡੇਰੇ[1] ॥੨੭॥
ਤੁਮ ਕੋ ਸੁਤ ਬਖਸ਼ੇ ਗੁਰ ਔਰ।
ਬੈਠਹੁ ਨਿਸ਼ਚੈ ਕਰਿ ਨਿਜ ਠੌਰ।
ਇਸ ਕੋ ਆਪੇ ਹਮ ਸਮੁਝਾਵੈ।
ਚਲਹਿ ਪੰਥ ਜੇ ਤਿਸਹਿ ਚਲਾਵੈਂ[1]† ॥੨੮॥
ਇਸ ਤਜਿ ਜਾਹੁ ਅਪਨਿ ਘਰ ਪਾਛੇ।
ਸਿਖਣੀ ਭੀ ਇਸ ਕੀ ਰਹਿ ਆਛੇ।
ਆਪੇ ਹੋਇ ਕੁਟੰਬੀ ਰਹਿ ਹੈ।
ਭਲੋ ਬੁਰੋ ਜਬਿ ਭੇਵ ਕੁ ਲਹਿ ਹੈ' ॥੨੯॥
ਸਿੱਖ ਸਿੱਖਣੀ ਸੁਨਿ ਗੁਰ ਬੈਨ।
ਹਰਖਹਿਂ ਬੰਦੇ ਗਮਨੇ ਐਨ।
ਰਹਜੋ ਅਨੰਦ ਸਿੰਘ ਢਿਗ ਨਾਥ।
ਬੈਠਹਿ ਨਿਕਟ ਜੋਰਿ ਜੁਗ ਹਾਥ ॥੩੦॥
†ਇਕ ਦਿਨ ਅਪਨੇ ਨਿਕਟਿ ਹਕਾਰਾ।
ਸ਼੍ਰੀ ਮੁਖ ਤੇ ਗੁਰ ਮ੍ਰਿਦੁਲ ਉਚਾਰਾ।
'ਸੁਨਹੁ ਨੀਂਗਰਾ ਦੇਂ ਹਮ ਭੇਟ[1]।
ਇਤ ਰੁਖ਼ ਕਰਿ ਇੰਦ੍ਰੈਨ ਸਮੇਟ[1] ॥੩੧॥
ਬਹੁਰ ਕਰਹੁ ਜਿਮ ਉਰ ਅਭਿਲਾਖੀ।
ਪ੍ਰਥਮ ਭਨਹਿਂ ਨ੍ਰਿਬ੍ਰਿਤ ਕੀ ਸਾਖੀ[1]।
ਬਨ ਮਹਿਂ ਤਪਸੀ ਇਕ ਤਪ ਕਰਤਿ।
ਰਿਦੈ ਸੰਤੋਖ ਪ੍ਰਾਣ ਕੋ ਧਰਤਿ ॥੩੨॥
ਪੁਰਿ ਢਿਗ ਰਹੈ ਕੁਟੀ ਮਹਿਂ ਬੈਸਾ।

[1]ਬਹੁਤਾ ਪਿਛੇ ਨਾ ਪਵੋ।

[1]ਜਿਸ ਰਾਹ ਚੱਲੇਗਾ ਚਲਾ ਲਵਾਂਗੇ। †ਪਾ:-ਚਹਹਿ ਪੰਥ ਜਿਸ ਤੇ ਚਲ ਜਾਵੇ।

†ਸੌ ਸਾਖੀ ਦੀ ਇਥੋਂ ਪੰਜਵੀਂ ਸਾਖੀ ਚਲਦੀ ਹੈ।

[1]ਭਾਵ ਗੁਰੂ ਜੀ ਭੇਟ ਤੈਨੂੰ ਕਰਦੇ ਹਨ। (ਅ) ਤੂੰ ਸਾਨੂੰ (ਭੇਟ) ਮਿਲਿਆ ਹੈਂ ਤੇ ਤੈਨੂੰ ਅਸੀਂ ਸਿੱਖਿਆ ਦੇਂਦੇ ਹਾਂ।

[1]ਇੰਦ੍ਰਿਆਂ ਨੂੰ ਸਮੇਟ ਕੇ ਇਤ (ਸਾਡੀ ਵਲ) ਰੁਖ਼ ਕਰ।

[1]ਨਿਰਵਿਰਤੀ ਦੀ ਸਾਖੀ ਕਹਿੰਦੇ ਹਾਂ:-।

ਦੇਤਿ ਨਾਰਿ ਨਰ ਅਚਵਹਿ ਤੈਸਾ[1]। — [1]ਭਾਵ ਜੋ ਲੋਕੀ ਦੇ ਜਾਣ ਸੋ ਖਾਵੇ।
ਅਲਪ ਬਹੁਤ ਕੈ ਸ੍ਵਾਦ ਕੁ ਸ੍ਵਾਦ।
ਚੂਨ ਸਾਗ ਦੁਧ ਕੈ ਦਧਿ ਆਦਿ ॥੩੩॥

ਦਯੋ ਦਈ ਕੋ ਲਖਿ[1] ਸੋ ਖਾਇ। — [1]ਈਸ਼ੁਰ ਦਾ ਦਿਤਾ ਜਾਣਕੇ।
ਪ੍ਰਾਨ ਅਪਾਨ ਸੋਂ ਜੋਗ ਕਮਾਇ।
ਦ੍ਵਾਦਸ਼ ਭੇਦ ਅਨਾਹਦਿ ਸੁਨਿ ਕੈ।
ਸਮੁਝਿ ਸਕਲ ਇਕ ਚਿਤ ਭਾ ਗੁਨਿ ਕੈ[1]† ॥੩੪॥ — [1]ਅਨਾਹਤ ਚੱਕ੍ਰ ਜੋ ੧੨ ਦਲਾਂ ਦਾ ਹੈ ਉਸ ਦਾ ਭੇਦ ਸੁਣ ਕੇ ਤੇ ਸਾਰਾ ਸਮਝ ਕੇ ਤੇ (ਗੁਣਕੇ =) ਧਿਆਨ ਜੋੜ ਕੇ ਇਕ ਚਿਤ (= ਇਕਾਗਰ) ਹੋ ਗਿਆ।

†ਹਠ ਯੋਗ ਅਨੁਸਾਰ ਛੇ ਚੱਕ੍ਰ ਸਰੀਰ ਵਿਚ ਹਨ, ਉਹਨਾਂ ਵਿਚੋਂ ਇਕ ਅਨਾਹਤ ਚੱਕ੍ਰ ਹੈ ਜੋ ਹਿਰਦੇ ਵਿਚ ਹੈ ਤੇ ਇਸ ਦੇ ਦਲਾਂ ਦੀ ਸੰਖਿਆ ੧੨ ਹੈ, ਤੇ ਅਖਰ 'ਕ' ਤੋਂ 'ਠ' ਤਕ ੧੨ ਹਨ, ਅਨਾਹਤ ਚੱਕਰ ਦਾ ਟਿਕਾਣਾ ਹਿਰਦਾ ਹੈ, ਇਥੇ ਸ਼ੈਵੀ ਰੁੱਦ੍ਰ ਦਾ ਤੇ ਵੈਸ਼ਨਵ ਵਿਸ਼ਨੂੰ ਦਾ ਧਿਆਨ ਕਰਦੇ ਹਨ। ਯਥਾ: ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥ ਕਈ ਗਿਆਨੀ '੧੨ ਵਾਰ ਮੰਤਰ ਉਚਾਰ ਕੇ' ਇਉਂ ਭੀ ਅਰਥ ਲਾਉਂਦੇ ਹਨ।

ਸਪਤ ਦਿਵਸ ਬੀਤੇ ਇਕ ਬਾਰ।
ਕਿਤ ਤੇ ਪਹੁੰਚਯੋ ਨਹੀਂ ਅਹਾਰ।
ਸੁਣਹੁ ਨੀਂਗਰਾ! ਤਪੀ† ਬਿਚਾਰਾ। — †ਸੌ ਸਾਖੀ ਵਿਚ ਤਪੀ ਦਾ ਨਾਂ 'ਜਵਾਲਾ' ਦਿੱਤਾ ਹੈ।
-ਮੁਝ ਪਰ ਕੋਪ ਭਯੋ ਕਰਤਾਰਾ ॥੩੫॥

ਕਰ ਪਗ ਦਿਏ ਨ ਉੱਦਮ ਧਰੇ।
ਉਦਰ ਭਰਣ ਲਗਿ ਚਹੀਐ ਕਰੇ।
ਪੁਰਿ ਮਹਿਂ ਫਿਰਿ ਭਿਛ ਕਰੀਅਹਿ ਕੋਇ।
ਸੁਰ ਭੀ ਬੈਠ ਦੇਤਿ ਦੁਖਿ ਹੋਇ[1]- ॥੩੬॥ — [1]ਦੇਵਤੇ ਭੀ ਬੈਠਾ ਦੇਖਕੇ ਦੇਂਦੇ ਦੁਖੀ ਹੁੰਦੇ ਹਨ।

ਖਿੰਥਾ[1] ਛਰੀ[2] ਕੁਸ਼ਾਸਨ ਮਾਲਾ। — [1]ਗੋਦੜੀ। [2]ਸੋਟੀ।
ਧਰੇ ਹਾਥ ਤੂੰਬਾ ਤਬਿ ਚਾਲਾ[1]। — [1]ਤੇ ਤੂੰਬਾ ਹੱਥ ਵਿਚ ਲੈ ਕੇ।
-ਗ੍ਰਿਹਸਤੀ ਕੇ ਬਾਣੇ ਬਿਨ ਜਾਨਾ[1]। — [1]ਗ੍ਰਿਹਸਤੀ ਦੇ (ਘਰ) ਸਾਧ ਦਾ ਬਾਣੇ ਤੋਂ ਬਿਨਾ ਜਾਣਾ।
ਨਹਿਂ ਸ਼ੁਭ ਜਿਸ ਤੇ ਜਾਇ ਨ ਜਾਨਾ[1] ॥੩੭॥ — [1]ਜਾਣਿਆ ਨਹੀਂ ਜਾਂਦਾ (ਕਿ ਕਉਣ ਹੈ)।

ਗ੍ਰਿਸਤੀ ਕਰਹਿ ਨਿਰਾਦਰ ਦੋਖ।
ਲਗਹਿ ਸਾਧ ਕੋ ਪਾਪਹਿ ਪੋਖ[1]। — [1]ਇਸ ਗਲ ਵਿਚ) ਜੋ ਗ੍ਰਿਹਸਥੀ ਨਿਰਾਦਰ ਕਰੇ ਤਾਂ

ਦੋਸ਼ ਸਾਧ ਨੂੰ ਲਗੇਗਾ ਕਿਉਂਕਿ ਸਾਧ ਹੀ ਪਾਪ ਦੀ ਪਾਲਣਾ ਕਰ ਰਿਹਾ ਹੈ।

ਭਿੱਛਿਆ ਕੋ ਦੁਇ ਸਮੈ ਨ ਜਾਨਾ।
ਧਰਹਿ ਭੇਖ ਨਹਿਂ ਬਦਲਹਿ ਆਨਾ[1] ॥੩੮॥

[1]ਜੋ ਭੇਖ ਧਾਰੇ ਤਾਂ ਹੋਰ ਭੇਖ ਨਾ ਬਦਲੇ।

ਜੈਸੀ ਜੈਸੀ ਜੋ ਕਿਮੁ ਦੇਇ।
ਜਥਾ ਸ਼ਕਤਿ ਦੁਧ ਭਿੱਛਜਾ ਲੇਇ।
ਚਿਰ ਨਹਿਂ ਠਹਿਰਹਿ ਪਰਾ ਨ ਲੇਵੇ[1]।
ਤ੍ਰਿਯ ਸਿਸ ਕਰ ਛੁਵਨਿ ਨ ਕਰ ਦੇਵੇ[1] ॥੩੯॥

[1]ਅਗਲੀ) ਪੱਕੀ ਹੋਈ ਨਾ ਲਵੇ।

[1]ਇਸਤ੍ਰੀ ਤੇ ਲੜਕੇ ਦੇ ਹੱਥ ਨੂੰ ਹੱਥ ਨਾ ਛੁਹਣ ਦੇਵੇ। ਸੌ ਸਾਖੀ ਦੱਸਦੀ ਹੈ ਕਿ ਅਗਲੀ ਪੱਕੀ ਇਸ ਕਰਕੇ ਨਾ ਲਵੇ ਕਿ ਪੱਕੀ ਪਈ ਬਾਲਾਂ ਤੇ ਤ੍ਰੀਮਤਾਂ ਦੇ ਹੱਥ ਲਗਕੇ ਛੁਹ ਜਾਂਦੀ ਹੈ।

ਜਿਸ ਕਿਸ ਕੀ ਲੇ ਕਰ ਨਹਿਂ ਖਾਇ।
ਸਿੱਖ ਸਾਧ ਕੋ ਨਹਿਂ ਬਨਿ ਆਇ।
ਭੋਜਨ ਪੱਕ ਖਾਇ ਸਭਿ ਕੇਰਾ[1]।
ਤਿਸ ਕੋ ਤੋਟਾ ਪਰਹਿ ਬਡੇਰਾ[1] ॥੪੦॥

[1]ਜਿਸ ਕਿਸੇ ਦਾ ਪੱਕਿਆ ਹੋਇਆ।

[1]ਕਾਰਣ ਅੱਗੇ ਦੱਸਦੇ ਹਨ)।

ਦੋਹਰਾ:
ਜਾਂ ਕੀ ਰਹਤਿ ਨ ਜਾਣੀਐ ਗੁਰੂ ਮੰਤ੍ਰ ਨਹਿਂ ਰੀਤਿ।
ਤਾਂ ਕੋ ਭੋਜਨ ਖਾਇ ਕੈ ਬਿਛਰੈ ਹਰਿ ਕੀ ਪ੍ਰੀਤਿ-।
ਇਹ ਸਭਿ ਰੀਤਿ ਬਿਚਾਰਿ ਕੈ, ਤਪਸੀ ਗਯੋ ਬਜ਼ਾਰ।
ਨਗਰ ਬੀਚ ਇਕ ਸ਼ਾਹੁ ਘਰ, ਬਡੋ ਜੱਗ ਕੋ ਸਾਰ ॥੪੧॥

ਚੌਪਈ:
ਬਡੀ ਭੀਰ ਭਰਿ ਰਹੀ ਨਿਕੇਤ।
ਪਕਰਿ ਬਿਠਾਵੈਂ ਭੋਜਨ ਦੇਤਿ।
ਤਹਾਂ ਜਾਇ ਤਪਸੀ ਥਿਰ ਰਹਜੋ।
ਕਿਨੈ ਬਿਠਾਇ ਨਹੀਂ ਕੁਛ ਕਹਜੋ ॥੪੨॥
ਪੂਣ ਸੰਤੋਖ ਧਰਜੋ ਸੁ ਬਿਚਾਰੇ।
ਖਰਜੋ ਰਹਜੋ ਹੁਇ ਏਕ ਕਿਨਾਰੇ।

ਨਿਸ ਜਬਿ ਭੀ ਸਭਿ ਲੋਕ ਪਯਾਨੇ।
ਪਿਖਿ ਤਪਸੀ ਨਿਜ ਆਇ ਟਿਕਾਨੇ ॥੪੩॥
ਆਧੀ ਰਾਤਿ ਭਈ ਜਿਸ ਕਾਲਾ।
ਦੁਇ ਦੇਵਨ ਕੇ ਦੂਤ ਕਰਾਲਾ।
ਜ੍ਵਲਤ ਮਸਾਲੈਂ ਹਾਥਨਿ ਲੀਨਿ[1]।
ਤਪਸੀ ਆਨਿ ਹਕਾਰਨਿ ਕੀਨ ॥੪੪॥
-ਤੁਮ ਢਿਗ ਦੇਵਨਿ[1] ਹਮਹੁਂ ਪਠਾਏ।
ਮਹਾਰਾਜ ਕੀ ਆਗਯਾ ਲ੍ਯਾਏ।
ਉਠਿ ਕਰਿ ਹਮਰੇ ਸੰਗਿ ਸਿਧਾਰਹੁ।
ਪੁਰਿ ਮਹਿਂ ਸ਼ਾਹੁ ਤਿਸੀ ਘਰ ਜਾਰਹੁ[1] ॥੪੫॥
ਜਿਸ ਘਰ ਸੰਤ ਛੁਧਤਿ ਹੀ ਆਯੋ।
ਨਹਿਂ ਆਦਰ ਕੋ ਬਚ ਭੀ ਗਾਯੋ।
ਸ਼ਾਹੁ ਤਿਸੀ ਨੇ ਪਾਪ ਕਮਾਏ।
ਤੁਵ ਸਹਾਇ ਹਿਤ ਹਮ ਚਲਿ ਆਏ ॥੪੬॥
ਚਲਿ ਆਗੇ ਘਰ ਦੇਹੁ ਦਿਖਾਈ-।
ਸੁਨਿ ਕਰਿ ਤਪਸੀ ਭ੍ਯੋ ਅਗੁਵਾਈ।
-ਮੁਝ ਕੋ ਭੀ ਇਕ ਦੇਹੁ ਮਸਾਲ-।
ਦਈ ਤਿਨਹੁਂ ਗਹਿ ਕੈ ਕਰ ਨਾਲ ॥੪੭॥
ਦੂਤਨ ਕੋ ਤਬਿ ਲਗ੍ਯੋ ਜਲਾਵਨਿ।
ਭਾਗੇ ਤਪਸੀ ਤੇ ਡਰਪਾਵਨ[1]।
ਲਗ੍ਯੋ ਸੁਨਾਵਨਿ ਤਿਨ ਬੱਖ੍ਯਾਤਾ।
-ਨੀਕੋ ਸ਼ਾਹੁ ਸਭਿਨ ਕੋ ਦਾਤਾ ॥੪੮॥
ਬਿਸ਼ਨੁ ਜਿ ਅੰਤਰਜਾਮੀ ਪ੍ਰੇਰਹਿ।
ਤੌ ਦਾਤਾ ਦੇਤੋ ਬਿਨ ਦੇਰਹਿ।
ਸਭਿ ਜਗ ਕਰਤਾ ਕਿਰਤ ਕਰਾਵਤਿ[1]।
ਕਹਾਂ ਸ਼ਾਹੁ ਵਸ ਜੇ ਪ੍ਰਭੁ ਦਯਾਵਤਿ[1] ॥੪੯॥

[1]ਦੇਵਤਾ ਦੇ ਦੂਤ ਦੋ ਭਿਆਨਕ ਮਿਸਾਲਾਂ ਹੱਥ ਵਿਚ ਬਲਦੀਆਂ (ਲਈ ਆਏ ਤੇ.......)।
[1]ਦੇਵਤਿਆਂ ਨੇ।
[1]ਸਾੜਨਾ ਹੈ।
[1]ਡਰ ਪਾਕੇ।
[1]ਕਿਰਤ ਕਰਾਵਣ ਵਾਲਾ (ਆਪ) ਕਰਤਾਰ ਹੈ।
[1]ਜੇ ਦਿਵਾਉਂਦਾ ਤਾਂ।

ਹਰਿ ਸ੍ਵਾਮੀ ਕਰਤਾ ਨਿਤ ਦਾਯਾ।
ਹਮ ਅਧੀਨਿ ਸਭਿ ਤਿਸ ਕੀ ਮਾਯਾ[1]।
ਤੁਮ ਕੋ ਚਰਨ ਬੰਦਨਾ ਬਰਨੀ।
ਐਸੀ ਫੇਰ ਨਹੀਂ ਕਬਿ ਕਰਨੀਂ- ॥੫੦॥

[1]ਅਸੀਂ ਸਾਰੇ ਉਸੇ ਦੀ ਮਾਇਆ ਦੇ ਅਧੀਨ ਹਾਂ।

†ਸੁਨਹੁਂ ਨੀਂਗਰਾ!' ਗੁਰ ਕਹਿਂ ਤੌਨਾ।

†ਇਹ ਵਾਕ ਸੌ ਸਾਖੀ ਵਿਚ ਜਿਵੇਂ ਵਿਚਕਾਰ ਆਏ ਹਨ ਤਿਵੇਂ ਹੀ ਕਵੀ ਜੀ ਨੇ ਗੁਰੂ ਜੀ ਦੀ ਉਕਤ ਵਿਚਕਾਰ ਹੀ ਰਖ ਦਿਤੀ ਹੈ, ਅਗੋਂ ਫੇਰ ਦੂਤਾਂ ਦੀ ਸਾਖੀ ਦਾ ਬਾਕੀ ਹਿੱਸਾ ਟੁਰ ਪੈਂਦਾ ਹੈ।

'ਤਜਾਗੀ ਬਨਹਿਂ ਤ ਐਸਾ ਹੋਨਾ।
ਪਰ ਅਵਗੁਣ ਚਿਤਵਹੁ ਨਹਿਂ ਕੋਈ*।
ਸੁਨਿ ਕਰਿ ਨਿੰਮਿਰ ਦੂਤ ਦ੍ਵੈ ਹੋਈ ॥੫੧॥
ਬਿਦਾ ਹੋਇ ਪਹੁੰਚੇ ਦਰਬਾਰਾ।
ਮਹਾਰਾਜ ਸੰਗ ਸਕਲ ਉਚਾਰਾ।
-ਪਰਚਯੋ ਸਚ ਪਰਚੇ ਵਿਚ ਸਾਚਾ[1]।

[1]ਸੱਚਾ (ਸਾਧੂ) ਸੱਚੇ ਪਰਚੇ ਵਿਚ ਪਰਚਿਆ ਹੋਇਆ ਹੈ।

ਗਯੋ ਸੰਤੋਖ ਉਬਾਚ ਨ ਜਾਚਾ[1]- ॥੫੨॥

[1]ਸੰਤੋਖ ਧਾਰ ਕੇ ਗਿਆ ਸੀ ਕਹਿ ਕੇ ਮੰਗਿਆ ਨਹੀਂ।

ਕਰਤਾ ਪੁਰਖ ਮਹਾਨ ਪ੍ਰਸੰਨੇ।
ਗੁਣ ਸੰਤੋਖ ਆਦਿ ਮਨ ਮੰਨੇ।
ਪਠਿ ਬਿਬਾਨ ਕੋ ਨਿਕਟ ਬੁਲਾਯੋ।
ਅਪਨਿ ਲੋਕ ਮੈਂ ਭਲੇ ਬਸਾਯੋ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾਰਿੰਸਤੀ ਅੰਸੂ ॥੪੭॥

## ੪੮. [ਭਾਈ ਅਨੰਦ ਸਿੰਘ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

†ਸ੍ਰੀ ਗੁਰ ਗੋਬਿੰਦ ਸਿੰਘ ਜੀ, ਦੇਤਿ ਭਲੇ ਉਪਦੇਸ਼।
ਨੰਦ ਸਿੰਘ ਸੰਗ[1] 'ਨੰਦ[2]! ਸੁਨਿ, ਇਹ ਮਗ ਲਖਿ ਦਰਵੇਸ਼ ॥੧॥

[1]ਨੰਦ ਸਿੰਘ ਨਾਲ (ਬੋਲੇ):-। [2]ਹੇ ਨੀਂਗਰਾ! †ਇਹ ਸੌ ਸਾਖੀ ਦੀ ਛੇਵੀਂ ਸਾਖੀ ਹੈ।

ਚੌਪਈ:

ਬ੍ਰਿਕਤ ਹੋਨਿ ਕੀ ਚਿਤ ਮਹਿਂ ਤੋਰੇ।
ਤੌ ਇਮ ਬਨਹੁ ਨ ਕੋਇ ਬਹੋਰੇ।
ਗ੍ਰਿਹਸਤ ਪੰਥ ਦੂਸਰ ਲਖਿ ਲੀਜੈ।
ਜੇ ਕਰਿਬੋ ਹੁਇ ਸਕਲ ਸੁਨੀਜੈ ॥੨॥

ਸ੍ਰੀ ਮੁਖਵਾਕ:

ਮਃ ੨ ॥
ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ† ॥੨॥

†ਵਾਰ ਸੋਰਠ ਮਃ ੨।

ਭਾਣਾ ਮੰਨੇ ਹੁਕਮ ਰਜਾਇ†[1] ॥

[1]ਵਾਹਿਗੁਰੂ ਦਾ ਹੁਕਮ। †ਇਹ ਤੁਕ ਇਸ ਤਰ੍ਹਾਂ ਗੁਰਬਾਣੀ ਵਿਚ ਨਹੀਂ ਆਈ, ਉਂਵ 'ਭਾਣਾ ਮੰਨੇ ਸੋ ਸੁਖੁ ਪਾਏ' ਤੇ 'ਹੁਕਮਿ ਰਜਾਈ ਚਲਣਾ' ਆਦਿ ਆਏ ਹਨ।

ਆਪੇ ਪਟੀ ਕਲਮ ਆਪ ਲਿਖਣਹਾਰਾ ਆਪ ॥
ਦੂਜਾ ਹੋਇ ਤ ਆਖੀਐ ਸਭਿ ਘਟਿ ਰਹਿਆ ਬਿਆਪ† ॥

†ਇਹ ਗੁਰਬਾਣੀ ਨਹੀਂ, ਸੌ ਸਾਖੀ ਦੇ ਕਰਤਾ ਨੂੰ ਗੁਰਵਾਕ ਖੰਡਤ ਯਾਦ ਸੀ ਸੋ ਉਸਨੇ ਖੰਡਤ ਹੀ ਲਿਖ ਦਿੱਤਾ ਹੈ। ਸ਼ੁਧ ਗੁਰਬਾਣੀ ਦਾ ਵਾਕ ਐਉਂ ਹੈ:- ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥

ਚੌਪਈ:

ਸੁਨਿ ਸਿਖ ਸੁਤ[1]!' ਸਤਿਗੁਰ ਕਹਿਂ ਤੈਸੇ।
'ਗ੍ਰਿਹਸਤੀ ਹੋਨਿ ਤ ਹੋਈਐ ਐਸੇ।
ਸਘਨ ਛਾਵ ਤਰੁ ਬਨ ਮਹਿਂ ਅਹਾ।
ਰਹਿਤ ਕਪੋਤ ਕਪੋਤੀ ਤਹਾਂ ॥੩॥
ਬਧਿ 'ਨਿਡੀਯ' ਉਸ ਬਸੈਂ ਸੁਖਾਰੇ[1]।
ਬਚੇ ਬਚੀ ਜਣ ਕਰਿ ਪ੍ਰਿਤਪਾਰੇ।
ਬਰਖਤਿ ਝਰੀ ਲਗੀ ਇਕ ਬਾਰੀ।
ਆਯੋ ਬਧਿਕ ਲਿਯੇ ਕਰ ਜਾਰੀ[1] ॥੪॥

[1]ਹੇ ਸਿੱਖ ਦੇ ਪੁੱਤ੍ਰ ਸੁਣ।

[1]ਆਲ੍ਹਣਾ ਬੰਨਕੇ ਉਸ ਵਿਚ ਸੁਖ ਨਾਲ ਰਹਿੰਦੇ ਸਨ।

[1]ਜਾਲ ਹੱਥ ਲੈ ਕੇ।

ਬਿਹੰਗ ਨ ਹਤਜੋ ਨਹਿਂ ਕਿਤ ਪਾਯੋ।
ਭ੍ਰਮਤਿ ਭ੍ਰਮਤਿ ਛੁਛਾ ਤਹਿਂ ਆਯੋ।
ਕੰਪਤਿ ਸ਼ੀਤ ਲਗੇ ਜਲ ਬਾਉ[1]। — [1]ਭਾਵ ਹਨੇਰੀ ਤੇ ਮੀਂਹ।
ਤਿਸ ਤਰੁ ਤਰੇ ਰਹਜੋ ਠਹਿਰਾਉ ॥੫॥
ਰਾਤਿ ਭਈ ਪਰ ਭੂਲਜੋ ਰਾਹੁ।
ਛੁਧਿਤਿ ਉਦਾਸ ਤ੍ਰਾਸ ਮਨ ਮਾਹੁ।
ਠਰਜੋ ਸੁੰਨ ਹੁਇ ਬੈਠਜੋ ਮੌਨ।
ਬੋਲ ਨ ਨਿਕਸਿ, ਬਿਲੋਕਜੋ ਤੌਨ[1] ॥੬॥ — [1]ਉਸ ਨੂੰ ਡਿੱਠਾ (ਕਪੋਤ ਨੇ)।
ਹੁਤੋ ਕੁਟੰਬੀ ਕਹੈ ਕਪੋਤ[1]। — [1]ਸੌ ਸਾ: ਦਾ ਪਾਠ- ਤਾਂ ਕਪੋਤ ਕੁਟੰਬ ਕਪੋਤੀ ਨੂੰ ਕਹਿਣ ਲੱਗਾ।
-ਸੁਨਹੁ ਕਪੋਤੀ! ਇਸ ਦੁਖ ਹੋਤਿ।
ਖਗ ਗ੍ਰਿਹਸਤੀ ਹਮਰੇ, ਅਰਧੰਗੀ!
ਆਯਹੁ ਅੱਭਜਾਗਤ ਨਰ ਅੰਗੀ[1] ॥੭॥ — [1]ਹੇ ਅਰਧੰਗੀ (ਅਸੀਂ) ਗ੍ਰਿਹਸਤੀ ਪੰਛੀ ਹਾਂ, ਸਾਡੇ (ਘਰ) ਇਹ ਮਨੁੱਖ ਆਇਆ ਹੈ ਅਭਜਾਗਤ, ਨਰ ਅੰਗਾਂ ਵਾਲਾ, ਭਾਵ ਮਨੁੱਖ।
ਬੈਠਜੋ ਆਇ ਨਿਕੇਤ ਹਮਾਰੇ।
ਗ੍ਰਿਹਸਤੀ ਧਰਮ ਸੁ ਦੇਹਿ ਅਹਾਰੇ[1]। — [1]ਗ੍ਰਿਹਸਤੀ ਦਾ ਧਰਮ ਹੈ ਕਿ ਖਾਣਾ ਦੇਵੇ।
ਖਾਨ ਪਾਨ ਬਿਸਰਾਮੈ ਦੈਬੋ।
ਸੁਖ ਸਭਿ ਕਰਹਿ ਅਤਿਥ[1] ਸੁਧ ਲੈਬੋ ॥੮॥ — [1]ਪ੍ਰਾਹੁਣੇ ਦੀ।
ਖਗ ਤਨ[1], ਹਾਥ ਨ ਦਏ ਬਿਧਾਤਾ। — [1]ਸਾਡਾ) ਪੰਛੀ ਸਰੀਰ ਹੈ।
ਹੈ ਇਕ ਚੋਂਚ ਚੋਗ ਚੁਨਿ ਖਾਤਾ।
ਸੁਨਿ ਸੁਖਦਾਇਨ[1]! ਸੁਧ ਇਸ ਕੇਰੀ। — [1]ਹੇ ਸੁਖ ਦੇਣ ਵਾਲੀ।
ਚਹੀਐ ਲਈ ਸਕਲ ਇਸ ਬੇਰੀ ॥੯॥
ਪਹਿਲੇ ਪਾਵਕ ਦੈਂ ਹੈਂ ਇਸੇ।
ਜਿਸ ਤੇ ਸੀਤ ਸਰੀਰਹਿ ਨਸੇ।
ਉੱਦਮ ਤੇ ਲਛਮੀ ਹੁਇ ਭੌਨ।
ਜਿਮ ਬਿਜਨੇ[1] ਹਾਲੇ ਹੁਇ ਪੌਨ[2]- ॥੧੦॥ — [1]ਪੱਖਾ। [2]ਅਖਾਉਤ ਹੈ 'ਉਦਮ ਅਗੇ ਲੱਛਮੀ ਪੱਖੇ ਅੱਗੇ ਪੌਣ।'
ਇਮ ਬੋਲਤਿ ਹੀ ਉਡ ਕਰਿ ਗਯੋ।
ਗ੍ਰਾਮ ਅਗਨਿ ਧੁਖਿ ਦੇਖਤਿ ਭਯੋ।
ਮੇਂਢਣ ਆਗ ਸੁਲਗਤੀ ਲੈ ਕੈ।

ਲਜਾਇ ਬਧਿਕ ਕੇ ਆਗੇ ਦੈ ਕੈ ॥੧੧॥
ਸ਼ੁਸ਼ਕ ਆਲੁਣੇ ਤੇ ਤ੍ਰਿਣ[1] ਗੇਰੇ। [1]ਸੁੱਕੇ ਤੀਲੇ।
ਬਧਿਕ ਹੇਰਿ ਜਾਰੇ ਤਿਸ ਬੇਰੇ।
ਈਂਧਨ ਅਧਿਕ ਪਰਜੋ ਚੁਨ ਲਯੋ।
ਬਹੁਤ ਭੜਾਂਭ[1] ਮਚਾਵਤਿ ਭਯੋ ॥੧੨॥ [1]ਭਾਂਬੜ।
ਗਯੋ ਸੀਤ ਪਰ ਭੂਖਾ ਰਹਜੋ।
ਦੇਖਿ ਕਪੋਤ ਬਾਤ ਤਬਿ ਕਹਜੋ।
-ਹੇ ਘਰ ਕੀ ਸਰਦਾਰਨਿ ਸੁਨੋ।
ਬਾਲ ਬਚੇ ਪਾਲਹੁ ਸੁਖ ਸਨੋ ॥੧੩॥
ਇਸ ਮਾਣੂ[1] ਹਿਤ ਅਲਪ ਅਹਾਰਾ। [1]ਮਨੁੱਖ।
ਦੇਉਂ ਸਰੀਰ ਅਪਨਿ ਇਸ ਬਾਰਾ-।
ਕਹੈ ਕਪੋਤੀ -ਧਰਮ ਸੁ ਮੇਰਾ।
ਦੇਉਂ ਅਹਾਰ ਅਪਨਿ ਤਨ ਕੇਰਾ ॥੧੪॥

ਦੋਹਰਾ:
ਨਾਰੀ ਨਰਕ ਸਰੀਰ ਹੈ, ਬਿਨਾ ਪੁਰਖ ਕਿਹ ਕਾਮ।
ਸਤ ਗਤਿ ਦਾਤਾ[1] ਪੁਰਖ ਹੈ, ਅਵਰਨ ਦਾਤਾ ਰਾਮ[2]- ॥੧੫॥ [1]ਇਸਤ੍ਰੀ ਨੂੰ) ਸਦ ਗਤੀ ਦਾ ਦਾਤਾ ਪੁਰਖ ਹੈ। [2]ਰਾਮ ਹੋਰਨਾਂ ਦਾ ਦਾਤਾ ਹੈ।
ਪੁਰਖ[1] ਕਹਜੋ -ਘਰ ਤ੍ਰਿਯਾ ਬਿਨ, ਸੂਨਾ ਰਹੇ ਦੁਆਰ। [1]ਭਾਵ ਕਪੋਤ ਨੇ।
ਪੁਰਖ ਵਹਿਰ ਹੀ ਸੂਰਮਾ, ਅੰਤਰ ਘਰ ਕੇ ਖ੍ਵਾਰ[1]- ॥੧੬॥ [1]ਮਰਦ ਬਾਹਰ ਸੂਰਮਾ ਹੈ ਘਰ ਵਿਚ ਖੁਆਰ ਹੈ, ਭਾਵ ਮਰਦ ਤ੍ਰੀਮਤ ਵਾਂਙੂੰ ਘਰ ਦਾ ਪ੍ਰਬੰਧ ਨਹੀਂ ਕਰ ਸਕਦਾ।

ਚੌਪਈ:
ਸੁਨਹੁ ਨੀਂਗਰਾ! ਪਤਿ ਬਚ ਹੋਤੀ[1]। [1]ਪਤੀ ਦੇ ਗੱਲਾਂ ਕਰਦਿਆਂ।
ਜ੍ਵਲਤਿ ਅਗਨਿ ਮਹਿਂ ਗਿਰੀ ਕਪੋਤੀ।
ਬਧਕ ਦੇਖਿ ਭੂਨੀ ਅਰੁ ਖਾਈ।
ਤਬਹਿ ਕਪੋਤ ਬਿਚਾਰ ਉਠਾਈ ॥੧੭॥
-ਨਰ ਤਨ ਤੀਨ ਸੇਰ ਲੈ ਖਾਈ।
ਅਰਧ ਛੁਧਿਤਿ ਰਹਿਗਾ ਅਰਗਾਈ[1]। [1]ਅੱਧਾ ਭੁੱਖਾ ਰਹਿਕੇ ਚੁੱਪ ਕਰ ਰਿਹਾ ਹੈ।

ਅਧ ਭੋਜਨ ਦੇ ਭੁਖਾ ਰਾਖੈ।
ਨਰਕ ਪਰਹਿ ਦਾਤਾ, ਸ਼੍ਰੁਤਿ ਭਾਖੈ[1]†- ॥੧੮॥

[1]ਉਹ ਦਾਤਾ ਨਰਕ ਪਵੇਗਾ ਇਹ ਸ਼੍ਰੁਤੀ ਕਹਿੰਦੀ ਹੈ।

†ਇਹ ਸੌ ਸਾਖੀ ਦੇ ਆਖੇਪਕਾਰ ਜੀ ਪੌਰਾਣਕ ਪ੍ਰਮਾਣ ਲਿਖ ਰਹੇ ਹਨ। ਅਸਲ ਸਾਖੀ ਵਿਚ ਸ਼੍ਰੁਤਿ ਦੇ ਉਪਦੇਸ਼ ਗੁਰੂ ਜੀ ਵਲੋਂ ਨਹੀਂ ਹੋ ਰਹੇ। ਗ੍ਰਿਹਸਤ ਧਰਮ ਦਾ ਉਪਦੇਸ਼ ਦ੍ਰਿਸ਼ਟਾਂਤ ਵਿਚ ਹੋ ਰਿਹਾ ਹੈ। ਗੁਰੂ ਜੀ ਦੇ ਅਸੂਲ ਬੜੇ ਖੁਲ੍ਹੇ ਤੇ ਉੱਚੇ ਹਨ।

ਤਬਿ ਤਜਿ ਮੋਹ ਅਗਨਿ ਮਹਿਂ ਗਿਰਜੋ।
ਹੇਰਿ ਪਾਰਧੀ[1] ਕਰੁਣਾ ਭਰਜੋ।
-ਧੰਨ ਧੰਨ ਇਹ ਖਗ ਤਨ ਧਰੇ।
ਮਮ ਅਹਾਰ ਹਿਤ ਦੋਨਹੁਂ ਮਰੇ ॥੧੯॥

[1]ਫੰਧਕ।

ਮੈਂ ਪਾਪੀ ਬਡ ਹੋਯਹੁ ਪਾਪ[1]।
[1]ਬਿਨਸੋ† ਤਨ ਮੋਹ ਸੁ ਤਜਿ ਆਪ।

[1]ਮੈਂ ਪਾਪੀ (ਤੋਂ ਇਹ) ਬਡਾ ਪਾਪ ਹੋਇਆ ਹੈ।

[1]ਭਾਵੇਂ) ਤਨ ਬਿਨਸੇ, ਮੋਹ ਨੂੰ ਛੱਡਕੇ ਮੈਂ ਜੋ ਮਨੁੱਖ ਤਨ ਪਾਇਆ ਹੈ ਤਪ ਤਪਾਂਗਾ। (ਅ) ਸੋ ਬਿਨਸਨਹਾਰ ਆਪਣੇ ਤਨ ਦਾ ਮੋਹ ਤਜ ਕੇ ਮੈਂ ਤਪ ਤਪਾਂਗਾ। †ਪਾ:-ਬਿਨਸਜੋ।

ਮੈਂ ਤਪ ਤਪੌਂ ਜਿ ਨਰ ਤਨ ਹੋਵਾ[1]-।
ਇਮ ਕਹਿ ਪ੍ਰੇਮ ਉਮਕ ਬਹੁ ਰੋਵਾ ॥੨੦॥
ਮਹਾਰਾਜ ਤਬਿ ਹੁਕਮ ਬਖਾਨਾ।
-ਇਹ ਠਾਂ ਆਨਹੁਂ- ਪਠਜੋ ਬਿਮਾਨਾ।
ਸਹਿਤ ਕੁਟੰਬ ਕਬੂਤਰ ਚਢਜੋ।
ਬਧਿਕ ਚਢਾਇ ਸੰਗ ਮੁਦ ਬਢਜੋ† ॥੨੧॥

†ਸੱਚ ਨੂੰ ਅੰਕਿਤ ਕਰਨ ਲਈ ਇਕ ਤ੍ਰੀਕਾ ਉਪਦੇਸ਼ ਦਾ ਹੈ ਜਿਸਨੂੰ ਦ੍ਰਿਸ਼ਟਾਂਤ ਯਾ ਨਿਦਰਸ਼ਨ (Parable) ਆਖਦੇ ਹਨ, ਜਿਸ ਨਾਲ ਸਮਝ ਛੇਤੀ ਪੈ ਜਾਂਦੀ ਹੈ। ਵਰਣਨ ਦਾ ਤ੍ਰੀਕਾ ਸੌ ਸਾਖੀ ਵਾਲੇ ਦਾ ਹੀ ਕਵੀ ਜੀ ਨੇ ਵਰਤਿਆ ਹੈ, ਸਾਹਿਬਾਂ ਨੇ ਕੀਕੂੰ ਕਹਿਆ ਸੀ ਉਸ ਦਾ ਉਸੇ ਵੇਲੇ ਦਾ ਲਿਖਿਆ ਉਪਦੇਸ਼ ਨਹੀਂ ਮਿਲਦਾ। ਪਰ ਅਸੂਲ ਗ੍ਰਿਹਸਤ ਧਰਮ ਦਾ ਇਸ ਦ੍ਰਿਸ਼ਟਾਂਤ ਵਿਚ ਜੋ ਵਰਣਨ ਹੋਇਆ ਹੈ ਸੋ 'ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ' ਵਾਲਾ ਹੀ ਹੈ।

ਸੁਖ ਸਭਿ ਬਿਧਿ ਕੋ ਜਹਾਂ ਉਦਾਰਾ।
ਬਸ ਕਰਿ ਭੋਗੇ ਅਨਿਕ ਪ੍ਰਕਾਰਾ।
ਸੁਨਿ ਲਰਕੇ! ਇਹ ਮਾਰਗ ਦੋਇ।
ਤੋਹਿ ਸੰਗ ਹਮ ਬੂਝਤਿ ਸੋਇ ॥੨੨॥
ਤੋਹਿ ਰਿਦੈ ਕਹੁ ਕੌਨ ਪਸੰਦ।
ਜਿਸ ਤੇ ਚਾਹਤਿ ਸ਼੍ਰੇਯ ਬਿਲੰਦ।

ਨਤੁਰ ਖੁਆਰ ਹੋਨ ਕੇ ਜਾਨੋ।
ਭੇਖ ਅਨੇਕ ਬਿਬੇਕਹਿ ਹਾਨੇ ॥੨੩॥
ਗ੍ਰਿਹਸਤੀ ਅਪਰ ਸਾਧ ਭੀ ਘਨੇ[1]।
ਕੋ ਪੂਰਾ ਉਤਰਹਿ ਹਿਤ ਸਨੇ।
ਗੁਰ ਦਿਵਾਨ ਮਹਿਂ ਤੂੰ ਸਚ ਭਾਖਹੁ।
ਕਜਾ ਮਾਨਹਿਗੋ ਕਰਨ ਭਿਲਾਖਹੁ[1]?
॥੨੪॥

[1]ਗਿਆਨ ਹੀਨ) ਗ੍ਰਿਹਸਤੀ ਤੇ ਹੋਰ ਬਥੇਰੇ ਸਾਧ।

[1]ਚਾਹਕੇ ਕੀਹ ਕਰਨਾ ਮੰਨੇਂਗਾ।

ਭਗਤਿ ਜਿ ਚਹੁਂ ਜੁਗ ਜਗਤ ਮਝਾਰਾ[1]।
ਸਭਿ ਕੋ ਹੈ ਕਬੀਰ ਸਰਦਾਰਾ[†]।

[1]ਜਗਤ ਵਿਖੇ ਚਹੁੰ ਜੁਗਾਂ ਵਿਚ।

[†]ਇਥੇ ਕਬੀਰ ਜੀ ਨੂੰ ਭਗਤਾਂ ਦਾ ਸਰਦਾਰ ਕਹਿ ਰਹੇ ਹਨ ਕਿਉਂਕਿ ਗੁਰ ਨਾਨਕ ਦੇਵ ਜੀ ਭਗਤਾਂ ਦਾ ਪੂਜਯ ਗੋਬਿੰਦ ਰੂਪ ਹਨ, ਜੈਸੇ ਭਗਤਾਂ ਦੇ ਪਦ ਕਹਿਕੇ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ 'ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ ' [ਬਸੰ: ਮਹਲਾ ੫ ॥ ਅਸਟਪਦੀ] ਪਿਛੇ ਕਬੀਰ ਜੀ ਦਾ ਗੁਰੂ ਦਸ਼ਮੇਸ਼ ਜੀ ਦੇ ਸਿੱਖ ਹੋਣ ਦਾ ਪ੍ਰਸੰਗ ਕਹਿ ਆਏ ਹਨ, ਦੇਖੋ ਇਸੇ ਰੁਤ ਦਾ ਅੰਸੂ ੪੪।

ਸਿੱਧ ਗ੍ਰਿਹਸਥੁ ਤਿਨ ਕਰਿ ਦਿਖਰਾਯੋ।
ਬੀਚ ਜੋਗ ਭੀ ਕਰਿ ਦਿਖਰਾਯੋ ॥੨੫॥

ਸ੍ਰੀ ਮੁਖਬਾਕ ॥
ਕਬੀਰ ਜੈਸੀ ਉਪਜੀ ਪੇਡ ਤੇ
ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ
ਪੁਜਹਿ ਨ ਰਤਨ ਕਰੋੜਿ ॥੧੫੩॥

ਚੌਪਈ:

ਸੁਨਿ ਕਰਿ ਨੰਦ ਸਿੰਘ ਕਰ ਜੋਰੇ।
ਕਲਗ਼ੀਧਰ ਕੇ ਚਰਨ ਨਿਹੋਰੇ।
ਦੀਨ ਹੋਇ ਅਨੁਸਾਰ ਬਖਾਨਜੋਂ।
'ਅਬਿ ਮੈਂ ਬਚਨ ਆਪ ਕੋ ਮਾਨਜੋਂ
॥੨੬॥
ਸਿੱਖਿ[1] ਆਪ ਕੋ ਅਬਿ ਮਨੁ ਭਾਵੈ।
ਮੁਹਿ ਢਿਗ ਗ੍ਰਿਹਸਤ ਹੋਨਿ ਬਨਿ ਆਵੈ।
ਮਨ ਬਿਰਕਤ ਰਹਿ ਤਊ ਘਨੇਰਾ।
ਸਿਥਲ ਅੰਗ ਆਲਸ ਬਹੁਤੇਰਾ[1]
॥੨੭॥

[1]ਸਿੱਖੀ।

[1]ਮਨ ਮੇਰਾ ਤਿਆਗੀ ਰਹਿੰਦਾ ਹੈ ਜਿਸ ਤੇ ਬਹੁਤੇ ਸਿਥਲ ਹੋ ਗਏ ਹਨ ਮੇਰੇ ਅੰਗ ਤੇ ਆਲਸ ਵਧ ਗਿਆ ਹੈ।

ਬਨਿ ਆਵਹਿਗੀ ਮੁਝ ਤੇ ਜੇਤੀ।
ਕਰੌਂ ਸੇਵ ਸਿੱਖਨ ਕੀ ਤੇਤੀ।'

ਸੁਨਤੋਂ ਸੁਭਾਵ ਆਲਸੀ ਜਬੈ।
ਬੋਲੇ ਦਯਾ ਸਿੰਧੁ ਹਸਿ ਤਬੈ ॥੨੮॥
'ਗੁਰ ਹਜ਼ੂਰ ਕੀ ਟਹਿਲ ਕਰਜਾ ਕਰਿ।
ਜੇਤਿਕ ਭਾਰ ਪਰੈ ਹੁਇ ਤੁਵ ਸਿਰ।
ਲੈ ਹੈਂ ਬਾਂਟ ਗੁਰੂ ਕੇ ਸੋਇ।
ਕਾਰਜ ਘਰ ਕੋ ਥੁਰਹਿ ਨ ਕੋਇ ॥੨੯॥
ਜਨਮ ਪੁਰਬਲੋ ਹਮਰੋ ਜਬੈ।
ਅਸੁ ਕੀ[1] ਸੇਵ ਕਰਤਿ ਤੂੰ ਤਬੈ।
ਮੰਡੂ ਨਾਮ ਤੋਹਿ ਤਿਸ ਕਾਲਾ।
ਹਮ ਬੋਲੇ ਨਿਸ ਮਹਿਂ ਤੁਵ ਨਾਲਾ ॥੩੦॥
-ਰਾਖ ਤੁਰੰਗਮ ਕੀ ਸੁਧ ਆਛੇ।
ਦੀਜਹਿ ਸਕਲ ਜਥਾ ਚਿਤ ਬਾਂਛੇ[1]-।
ਸੁਨਤਿ ਬਾਕ ਤੁਮ ਝੂਠ ਉਚਾਰਾ।
-ਦਾਨਾ ਘਾਸ ਬਹੁਤ ਮੈਂ ਡਾਰਾ ॥੩੧॥
ਆਗੇ ਧਰਜੋ ਸੁਧਾਰਿ ਘਨੇਰਾ-।
ਲਖਿ ਊਰੋ ਤੁਝ ਕੋ ਤਿਸ ਬੇਰਾ।
ਹਮਰੋ ਬਚ ਨਿਕਸਜੋ ਇਮ ਤਬੈ।
-ਕਹੁ ਦਰਿੱਦ੍ਰੀਆ ਘਰ ਕਿਮ ਨਿਭੈ[1] ॥੩੨॥
ਨਿਕਟ ਤੁਰੰਗ ਕੀ ਸੁਧਿ ਨਹਿਂ ਲਈ।
ਪੁਨ ਦਰੋਗ਼ ਹਮ ਸੋਂ ਕਹਿ ਦਈ-।
ਇਮ ਸੁਨਿ ਕਰਿ ਬੋਲਜੋ ਤੈਂ ਰੋਇ।
ਕਰੀ ਪੁਕਾਰ ਦੀਨ ਸੁਰ ਹੋਇ ॥੩੩॥
-ਬਿਰਦ ਗ਼ਰੀਬ ਨਿਵਾਜ ਤੁਮਾਰਾ।
ਮੈਂ ਗ਼ਰੀਬ ਇਮ ਕਹਿ ਕਿਮ ਮਾਰਾ।
ਪਰਜੋ ਰਹਜੋ ਰਾਵਰਿ ਕੀ ਸ਼ਰਨੀ।
ਚਹੌਂ ਜਮਾਦਿਕ ਪੀਰਾ ਹਰਨੀ- ॥੩੪॥
ਇਸ ਪ੍ਰਕਾਰ ਜਬਿ ਬਿਨੈ ਸੁਨਾਈ।
ਹਮਰੇ ਰਿਦੇ ਦਯਾ ਤਬਿ ਆਈ।

[1]ਘੋੜੇ ਦੀ।

[1]ਭਾਵ ਘੋੜਿਆਂ ਨੂੰ ਮਨ ਮੰਨਿਆਂ ਘਾਹ ਦਾਣਾ ਦੇਣਾ।

[1]ਘਰ ਦਾ ਕੰਮ ਕਿਵੇਂ ਨਿਭੂ।

-ਕਿਸੀ ਰੀਤਿ ਕੋ ਕਾਰਜ ਪਰੈ।
ਹਮ ਸਹਾਇਤਾ ਤੇਰੀ ਕਰੈਂ- ॥੩੫॥
ਕਲਜੁਗ ਪ੍ਰਥਮ ਚੌਕਰੀ ਕੇਰਾ।
ਬਰਤਜੋ ਭੀਖਨ ਪਾਪ ਬਡੇਰਾ।
ਰਾਖਿਬੇ ਹੇਤੁ ਧਰਮ ਕੋ ਜਗ ਮੈਂ।
ਨਰਨਿ ਚਲਾਵਨ ਕੋ ਸ਼ੁਭ ਮਗ ਮੈਂ ॥੩੬॥
ਗੁਰੂ ਰੂਪ ਧਾਰਜੋ ਅਵਤਾਰ।
ਬਰਖ ਹਜ਼ਾਰਹੁਂ ਤਨ ਤਪੁ ਧਾਰਿ।
ਸੋ ਮੰਝੂ! ਤੈਂ ਇਹ ਤਨ ਪਾਯੋ।
ਨਹਿਂ ਆਲਸ ਤੇ ਜਾਇ ਕਮਾਯੋ ॥੩੭॥
ਅਬਿ ਤੂੰ ਰਹੀਐ ਨਿਕਟ ਹਮਾਰੇ।
ਕਰੈਂ ਨਿਬਾਹਨਿ ਸਰਬ ਪ੍ਰਕਾਰੇ।
ਇਸਤ੍ਰੀ ਆਨਿ[1] ਸਦਨ ਮਹਿਂ ਬਾਸਹੁ। [1]ਲਿਆਕੇ।
ਕਿਸੂ ਰੀਤਿ ਤੇ ਨਹਿਂ ਮਨ ਤ੍ਰਾਸਹੁ ॥੩੮॥
ਗੁਰ ਸਹਾਇ ਇਮ ਨਿਸ਼ਚਾ ਜਿਨ ਕੋ।
ਸਿਮਰਹਿਂ ਕਾਰਜ ਥੁਰਹਿ ਨ ਤਿਨ ਕੋ।
ਹੋਵੌਂ ਮੈਂ ਸਹਾਇ ਤਿਹ ਜਾਈ।
ਮੇਟਨਿ ਕਰੌਂ ਬਿਘਨ ਸਮੁਦਾਈ' ॥੩੯॥
ਸੁਨਿ ਕਰਿ ਨੰਦਸਿੰਘ ਮੁਦ ਸਾਥਾ।
ਗੁਰ ਪਗ ਪੰਕਜ ਪਰ ਧਰਿ ਮਾਥਾ।
ਸੁਨਿ ਬ੍ਰਿਤੰਤ ਸਗਰੋ ਬਿਸਮਾਨਜੋ।
ਸਭਾ ਸਪੂਰਨ ਅਚਰਜ ਮਾਨਜੋ ॥੪੦॥
ਅਲਖ ਨ ਲਖੇ ਜਾਹਿਂ ਗੁਰਦੇਵ।
ਤਤਛਿਨ ਰੀਝਹਿਂ ਲਘੁ ਭੀ ਸੇਵ।
ਧੰਨ ਬਿਰਦ ਸ਼੍ਰੀ ਸਤਿਗੁਰ ਕੇਰਾ।
ਨਰਕ ਨ ਪਰਨਿ ਦੇਤਿ ਨਿਜ ਚੇਰਾ ॥੪੧॥

ਨੰਦ ਸਿੰਘ ਤਬਿ ਲੇ ਨਿਜ ਨਾਰੀ।
ਬਸ੍ਯੋ ਆਨਿ ਗੁਰ ਨਗਰ ਮਝਾਰੀ।
ਕਰੀ ਜਾਇ ਜੇਤਿਕ ਸਿਖ ਸੇਵਾ।
ਤੇਤਿਕ ਕਰਤਿ ਨਿਕਟ ਗੁਰਦੇਵਾ
॥੪੨॥
ਸਭਿ ਪ੍ਰਕਾਰ ਸਤਿਗੁਰੂ ਨਿਬਾਹੀ।
ਸੇਵਾ ਕਰਤਿ ਰਹ੍ਯੋ ਘਰ ਮਾਂਹੀ।
ਸ਼੍ਰੀ ਮੁਖ ਦਰਸਹਿਂ ਬਾਕਨਿ ਸੁਨੇ।
ਬਡੇ ਭਾਗ ਪੂਰਬ ਕੇ ਜਿਨੇ ॥੪੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ ਸੁਤ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥੪੮॥

## ੪੯. [ਮਾਲਾ ਸਿੰਘ ਤੇ ਲਾਹੌਰਾ ਸਿੰਘ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

†ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਸਿੱਖਨਿ ਕਰਹਿਂ ਸੰਭਾਰ।
ਭਰਿ ਭਰਿ ਪੂਰ ਲੰਘਾਵਹੀਂ, ਅਤਿ ਭਵਜਲ ਤੇ ਪਾਰ ॥੧॥

†ਇਹ ਸੌ ਸਾਖੀ ਦੀ ਸੱਤਵੀਂ ਸਾਖੀ ਹੈ।

ਨਿਸ਼ਾਨੀ ਛੰਦ:

ਬੀਤਯੋ ਮਾਸ ਵਿਸਾਖ ਸ਼ੁਭ, ਚਢਿ ਕਾਨਨ[1] ਜਾਤੇ।
ਤਰਵਰ ਪੁਸ਼ਪਤਿ ਨਿਰਖਤੇ[1], ਸ਼ੋਭਾ ਬਹੁ ਭਾਂਤੇ।
ਬਰਨ ਬਰਨ[1] ਕੇ ਪੁਸ਼ਪ ਗਨ, ਚਿਤ ਮੋਦ ਉਪਾਵੈਂ।
ਬਿਚਰਹਿਂ ਕਰਤਿ ਅਖੇਰ ਕੋ, ਜਿਤ ਕਿਤ ਫਿਰਿ ਆਵੈਂ ॥੨॥
ਜਹਿਂ ਕੁਨੀਤ ਦੇਖਹਿਂ ਸੁਨਹਿਂ, ਚਢਿ ਦੁਸ਼ਟ ਬਿਡਾਰੈਂ[1]।
ਦੇਤਿ ਉਪਾਇਨ ਕੋ ਮਿਲੈ, ਤਿਸ ਰੱਛਯਾ ਧਾਰੈਂ।
ਅਕਰਹਿ ਆਨ ਨ ਮਾਨਹੀਂ, ਹੁਇਂ ਆਪ ਭਰੋਸਾ[1]।
ਲੂਟਹਿ ਤਿਸ ਕੋ ਖਾਲਸਾ, ਜਾਨਹਿਂ ਜਿਸ ਦੋਸ਼ਾ[1] ॥੩॥
ਇਸੀ ਰੀਤਿ ਗ੍ਰੀਖਮ ਬ੍ਰਿਤੀ, ਬਰਖਾ ਰਿਤੁ ਆਈ।
ਨਈ ਘਟਾ ਚਹੁੰਦਿਸ਼ਿ ਉਠੀ, ਘੁਮੰਡੈ ਸਮੁਦਾਈ।
ਧਾਰਾ ਛੋਰਤਿ ਧਰਨਿ ਪਰ, ਹਰਿਆਵਲ ਹੋਈ।
ਦਾਦਰ ਮੋਰਨਿ ਸ਼ੋਰ ਕਰਿ, ਚਿਤ ਹਰਖੇ ਸੋਈ ॥੪॥
ਕਰਹਿਂ ਅਨੰਦ ਅਨੰਦਪੁਰਿ, ਸੁਖਕੰਦ

[1]ਬਨਾਂ ਨੂੰ।

[1]ਫੁੱਲਾਂ ਨਾਲ ਲਦੇ ਹੋਏ ਬ੍ਰਿੱਛ ਵੇਖਦੇ।

[1]ਰੰਗਾਂ ਰੰਗਾਂ ਦੇ।

[1]ਮਾਰਦੇ ਹਨ।

[1]ਜੋ) ਆਕੜਦੇ ਹਨ ਤੇ ਆਨ ਨਹੀਂ ਮੰਨਦੇ ਤੇ ਆਪਣੇ (ਧਨ ਬਲ ਦਾ) ਭਰੋਸਾ ਰੱਖਦੇ ਹਨ।

[1]ਜਿਸ ਵਿਚ ਦੋਸ਼ ਦੇਖਦਾ ਹੈ ਖਾਲਸਾ (ਤੇ ਜਿੱਥੇ ਕੁਨੀਤ ਹੁੰਦੀ ਹੈ ਜੋ ਪਹਿਲੀ ਤੁਕ ਵਿਚ ਕਹਿਆ ਹੈ)।

[1]ਭਾਵ ਗੁਰੂ ਜੀ।

ਮੁਕੰਦਾ[1]।
ਭਾਦ੍ਰ ਮਾਸ ਜਲ ਬ੍ਰਿੰਦ ਭਾ, ਬਿਚ ਨਦੀ ਬਹੰਦਾ।
ਮੰਦਰ ਹੁਤੋ ਉਤੰਗ ਬਹੁ, ਤਿਸ ਪਰ ਨਿਸ ਮਾਂਹੀ।
ਹਿਤ ਸੁਪਤਨਿ ਸਤਿਗੁਰ ਚਢੇ, ਗਰਮੀ ਜਹਿਂ ਨਾਂਹੀ ॥੫॥
ਆਇ ਬਾਯੁ ਸਭਿ ਦਰਨਿ ਤੇ, ਸੀਤਲ ਸਮੁਦਾਈ।
ਤਹਾਂ ਪ੍ਰਯੰਕ ਡਸਾਇ ਬਰੁ, ਸੁਮਨਤਿ ਸੁਖਦਾਈ[1]।
ਚੰਪਕ ਚੰਬੇਲੀ ਰੁਚਿਰ, ਕਰਿ ਦੀਰਘ ਮਾਲਾ।
ਲਰਕਾਈ ਦਰ ਸਭਿਨਿ ਮਹਿਂ, ਮਹਿਕਾਰ ਬਿਸਾਲਾ ॥੬॥
ਅਤਰ ਅਰਗਜਾ[1] ਅਨਿਕ ਬਿਧਿ, ਭੀਤਨਿ[2] ਸਭਿ ਲਾਏ।
ਦੀਪਤਿ ਦੀਪਕ ਮੈਨ ਕੇ[1], ਫਾਨੂਸ ਟਿਕਾਏ।
ਆਸਤਰਨ ਸੁੰਦਰ ਬਿਸਦ, ਕਸਿ[1] ਰੇਸ਼ਮ ਡੋਰੇ।
ਗੁੰਫੇ ਦੀਰਘ ਜ਼ਰੀ ਕੇ, ਲਰਕਤਿ ਚਹੂੰ ਓਰੇ ॥੭॥
ਖਿਰੇ ਸੇਜ ਪਰ ਸਤਿਗੁਰੂ, ਹਿਤ ਸੁਪਤਨ ਕੇਰੇ[1]।
ਘਰ ਸਿੱਖਨ ਕੇ ਨਿਕਟ ਥੇ, ਬਚ ਸੁਨੀਅਤਿ ਨੇਰੇ।
ਨਾਮ ਲਾਹੌਰਾ ਸਿੰਘ ਇਕ, ਪ੍ਰਭੁ ਸੁਤਨਿ[1] ਖਿਲਾਵਾ।
ਦੂਸਰ ਮਾਲਾ ਸਿੰਘ ਕੋ, ਘਰ ਨਿਕਟ ਬਨਾਵਾ ॥੮॥

[1]ਸੁਹਣੇ ਸੁਖਦਾਈ ਫੁੱਲਾਂ ਨਾਲ ਵਿਛਾਇਆ ਹੋਇਆ।

[1]ਚੰਦਨ, ਕਸਤੂਰੀ, ਕਪੂਰ, ਕੇਸਰ, ਆਦਿ ਅੱਠ ਸੁਗੰਧੀਆਂ ਦੇ ਮੇਲ ਤੋਂ ਬਣਿਆਂ ਲੇਪ, [ਸੰਸ., ਅਗਰੁ = ਚੰਦਨ]। [2]ਕੰਧਾਂ (ਉਪਰ)।

[1]ਮੋਮ ਦੇ ਦੀਵੇ ਭਾਵ ਮੋਮ ਬੱਤੀਆਂ।

[1]ਕੱਸੇ ਹੋਏ।

[1]ਸੌਣ ਦੇ ਲਈ।

[1]ਸਾਹਿਬਜ਼ਾਦਿਆਂ ਦਾ।

ਕਰਤਿ ਹੁਤੋ ਬਿਵਹਾਰ ਕੋ, ਧਨ ਲੇਨਿ ਰੁ ਦੈਨਾ।
ਸਿਖ ਸ਼ਰਧਾਲੂ ਮਹਾਜਨ[1], ਲੱਜਤਿ ਬਹੁ ਨੈਨਾ[2]।
ਤੋਟੇ ਬਨਜ ਗ਼ਰੀਬ ਭਾ[1], ਸ਼ੁਭ ਜਾਂਹਿ ਸੁਭਾਊ।
ਕਰਜ ਲਹੌਰਾ ਸਿੰਘ ਲੇ, ਨਿਜ ਕਾਰ ਚਲਾਊ ॥੯॥
ਹੁਤੇ ਰਜਤਪਣ ਸਤ[1] ਲਏ, ਬੀਤਯੋ ਚਿਰਕਾਲਾ।
ਦਿਏ ਨ ਬਹੁਰ ਹਟਾਇ ਕਰਿ[1], ਹਠਿ ਧਾਰਿ ਬਿਸਾਲਾ।
ਮਾਲਾ ਸਿੰਘ ਮੰਗਤ ਰਹੈ, ਨਿਰਧਨ ਹੁਇ ਚਾਹੇ।
ਦੇਤਿ ਲਹੌਰਾ ਸਿੰਘ ਨਹਿਂ, ਟਾਰੇ ਟਰਿ ਜਾਹੇ[1] ॥੧੦॥
ਗੁਜਰ ਤੰਗ ਤਿਸ ਕੀ ਭਈ, ਸਿਖਣੀ ਸਮੁਝਾਯੋ।
'ਕਯੋਂ ਨ ਲੇਤਿ ਸ਼ਤ ਰਜਤਪਣ, ਘਰਿ ਦਾਰਿਦ[1] ਆਯੋ।
ਅਸਨ ਬਸਨ ਚਾਲਹਿ ਕਠਨ, ਹੁਇ ਕਹਹੁ ਕਠੋਰਾ।
ਕਯੋਂ ਨ ਦੇਤਿ ਹਮਰੋ ਦਰਬ, ਕਯੋਂ ਠਾਨਹਿ ਜ਼ੋਰਾ ॥੧੧॥
ਖ਼ਾਤਰ ਮਹਿਂ ਆਨਤਿ ਨਹੀਂ[1], ਕਰਿ ਆਲਾ ਟੋਲਾ।
ਅਬਿ ਨਿਸ ਮਹਿਂ ਤਿਸ ਕੇ ਸਦਨ, ਗਮਨਉ ਤਜਿ ਓਲਾ।'
ਤ੍ਰਿਯ ਤੇ ਮਾਲਾ ਸਿੰਘ ਸੁਨਿ, ਤਿਹ ਸਦਨ ਸਿਧਾਰਾ।
ਮਿਲਯੋ ਲਹੌਰਾ ਸਿੰਘ ਕੋ, 'ਦਿਹੁ ਦਰਬ'

[1]ਮਹਾਜਨ ਸੀ ਭਾਵ ਰੁਪੈ ਲੈਣ ਦੇਣ ਦਾ ਬਪਾਰੀ। [2]ਅੱਖਾਂ ਵਿਚ ਹਯਾ ਵਾਲਾ ਸੀ।

[1]ਵਣਜ ਦੇ ਘਾਟੇ ਨਾਲ ਗਰੀਬ ਹੋ ਗਿਆ।

[1]ਸੌ।

[1]ਮੋੜ ਕੇ ਨਾ ਦਿੱਤੇ।

[1]ਟਾਲਿਆਂ ਨਾਲ ਟਾਲ ਦੇਵੇ।

[1]ਕੰਗਾਲਤਾ।

[1]ਦਿਲ ਵਿਚ ਕੁਛ ਲਿਆਉਂਦਾ ਹੀ ਨਹੀਂ।

ਉਚਾਰਾ ॥੧੨॥
'ਟਾਰਤਿ ਹੈਂ ਨਿਤ ਕੂਰ ਕਹਿ, ਅਬਿ ਲੇ ਕਰਿ ਜਾਵੌਂ।
ਬਨਜੋਂ ਢੀਠ ਕਿਸੁ ਹੇਤ ਕਰਿ, ਮੈਂ ਚਲਿ ਕਰਿ ਆਵੌਂ[1]।'
ਇੱਤਜਾਦਿਕ ਝਗਰਾ ਕਿਯੋ, ਉਚੇ ਬਚ ਸੰਗਾ।
ਹਸਜੋ ਲਹੌਰਾ ਸਿੰਘ ਤਬਿ, ਤੁਕ ਭਨੀ ਉਤੰਗਾ ॥੧੩॥

ਦੋਹਰਾ:
'ਸਿੱਖ ਸਿੱਖ ਦਾ ਖਾਇ ਕਰਿ, ਚਿੰਤਾ ਕਰੀਅਹਿ ਦੂਰ।'
ਕਹਜੋ ਦੁਖਾਵਨਿ ਹੇਤ ਇਮ, ਜਿਸ ਤੇ ਰਿਸ ਹੁਇ ਭੂਰ ॥੧੪॥
ਬਹੁਰ ਕਹੀ ਤੁਕ ਦੂਸਰੀ, ਉਚੋ ਬਾਕ ਸੁਨਾਇ।
'ਜੈਸਾ ਜਿਸ ਕਾ ਲੇਖ ਹੈ, ਤੈਸੀ ਬਿਧਿ ਬਣਿ ਆਇ[†]' ॥੧੫॥
ਮਾਲਾ ਸਿੰਘ ਸੁਨਿ ਕੈ ਰਿਸਜੋ, 'ਧਨ ਲੇ ਗਜਾਨ ਸੁਨਾਇ[1]।'
ਭਨਜੋ ਦੋਹਰਾ ਬਲ ਤੇ ਕਰਿ[1], ਧਰਮ ਰੀਤਿ ਇਸ ਭਾਇ ॥੧੬॥
ਦਰਗਹਿ ਹੋਨ ਸਜਾਈਆ ਝੂਠੇ ਅਮਲ ਜਿਨਾਹਿ[1]।
ਜਮ ਮਾਰਾਂ ਗਹਿ ਮਾਰੀਅਹਿ[1†], ਰੋਇ ਰੋਇ ਪਛੁਤਾਇ[‡]' ॥੧੭॥

ਨਿਸ਼ਾਨੀ ਛੰਦ:
ਸੁਨਜੋਂ ਲਹੌਰਾ ਸਿੰਘ ਇਮ, ਪੁਨ ਬਾਕ

[1]ਆਉਂਦਾ ਰਹਿੰਦਾ ਹਾਂ।

[†]ਇਕ ਲਿਖਤੀ ਨੁਸਖੇ ਵਿਚ ਪਾਠਾਂਤਰ ਇਹ ਹੈ:-'ਖਾਣਾ ਪੀਣਾ ਹਸਣਾ ਗੁਰੂ ਦੀਆਂ ਭੁਗਤਾਇ', ਇਸ ਤੋਂ ਅੱਗੇ ਇਹ ਪਾਠ ਹੈ:-'ਬੇਰ ਤੀਸਰੀ ਫੇਰ ਤੁਕ ਹੇਰਤ ਹਸਤ ਸੁਨਾਇ। ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਣਿ ਆਇ।'

[1]ਧਨ ਲੈਕੇ ਗਿਆਨ ਸੁਣਾਉਂਦਾ ਹੈਂ ਤੂੰ।

[1]ਤੂੰ ਧੱਕਾ ਨਾ ਕਰ।

[1]ਜਿਨ੍ਹਾਂ ਦੇ ਹਨ।

[1]ਜਮ ਫੜਕੇ ਜਦ ਮਾਰਾਂ ਮਾਰਦਾ ਹੈ। [†]ਪਾ:-ਜਮੂਆ ਆਗੈ ਮਾਰਿ ਹੈ। ਪੁਨਾ:-ਜਮੂਆ ਮਾਰਹਿ ਮਾਰੀਅਹਿ। [‡]ਸੌ ਸਾਖੀ ਦਾ ਪਾਠ ਹੈ:-ਜਮੂਆ ਮਾਂਗੋ ਮਾਰੀਐ ਰੋਇ ਰੋਇ ਪਛੋਤਾਇ। ਇਹ ਤੁਕਾਂ ਗੁਰਬਾਣੀ ਵਿਚ ਨਹੀਂ ਹਨ।

ਕਹੰਦਾ।
'ਲੇਖਾ ਕੋਇ ਨ ਪੁੱਛਸੀ, ਜਾਂ ਗੁਰ ਬਖਸ਼ੰਦਾ†।'
ਸੁਨੀ ਤੁਕਾਂ ਸਭਿ ਸਤਿਗੁਰੂ, ਮੰਦਿਰ ਪਰ ਨੇਰੇ।
ਰਿਦੈ ਬ੍ਰਿਤੰਤ ਬਿਚਾਰਿਓ, -ਸਿਖ ਸੇਵਕ ਮੇਰੇ ॥੧੮॥
ਧਨ ਲੇ ਧੱਕਾ ਕਰਿ ਰਹ੍ਯੋ, ਰਿਣ ਨਾਂਹਿ ਨ ਦੇਤਾ।
ਦਿਯੋ ਭਾਰ ਇਨ ਗੁਰੂ ਪਰ, ਧਰਿ ਲੋਭ ਅਚੇਤਾ।
ਕਰਿ ਕੈ ਖੋਟੇ ਅਮਲ ਕੋ, ਤੁਕ ਪੜ੍ਹੀ ਸੁਨਾਈ।
ਹਮ ਕੋ ਭਾਰ ਨ ਹੋਇ ਕਿਮ, -ਮਨ ਮਹਿਂ ਠਹਿਰਾਈ ॥੧੯॥

†ਇਹ ਗੁਰਵਾਕ ਹੈ:-'ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ' ॥ [ਮਾਰੂ ਵਾ: ਡ: ਮ: ੫।

ਦੋਹਰਾ:
ਸਹਜਿ ਸੁਭਾਇਕ ਆਪ ਹੀ, ਸਤਿਗੁਰ ਕਹ੍ਯੋ ਸੁਨਾਇ।
ਉੱਤਰ ਦੇ ਤੁਕ ਪ੍ਰਥਮ ਕੋ, ਜਥਾ ਜੋਗ ਤਿਸ ਭਾਇ ॥੨੦॥
'ਖਾਵੈ ਖਰਚੁ† ਨ ਦ੍ਰੋਹ ਕਰਿ, ਰਹੀਐ ਬੰਦ ਹਜੂਰ[1]।
ਸਮਝ ਕਰਹੁ ਨਿਜ ਕ੍ਰਿਆ ਸਭਿ, ਜਿਸ ਤੇ ਧਰਮ ਨ ਦੂਰ' ॥੨੧॥

[1]ਧ੍ਰੋਹ ਕਰਕੇ ਖਾਵੇ ਖਰਚੇ ਨਾ ਤੇ (ਹੱਥ) ਬੰਨ੍ਹਕੇ ਗੁਰਾਂ ਦੇ ਹਜ਼ੂਰ ਰਹੇ। †ਪਾ:-ਖੁਆਇ।

ਪੁਨ ਉਤਰ ਤੁਕ ਦੂਸਰੀ, ਉਚੇ ਭਨੀ ਸੁਨਾਇ।
'ਜੈਸੇ ਕਰਮ ਕਰਤਾ ਕਰੈ[1], ਤੈਸਾ ਗੁਰ ਭੁਗਤਾਇ ॥੨੨॥

[1]ਕਰਮ ਕਰਨ ਵਾਲਾ ਮਨੁੱਖ ਜੈਸਾ ਕਰਮ ਕਰੇ।

ਸ੍ਰੀ ਮੁਖਬਾਕ:
ਮਃ ੧ ॥
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

ਚੌਪਈ:
ਉਚੇ ਮੰਦਰ ਪਰ ਗੁਨਖਾਨੀ।
ਉੱਤਰ ਕੀ ਤੁਕ ਤਬਹਿ ਬਖਾਨੀ।
ਤਬਹਿ ਲਹੌਰਾ ਸਿੰਘ ਦਬ ਗਯੋ।
ਲਖਿ ਨਿਜ ਕੂਰੋ ਕਹਤਿ ਨ ਭਯੋ ॥੨੩॥
ਮਾਲਾ ਸਿੰਘ ਕੋ ਮ੍ਰਿਦੁਲ ਉਚਾਰੇ।
'ਦੈ ਹੈਂ ਧਨ ਪੁਨ ਆਉ ਸਕਾਰੇ।
ਹਸਤ ਹੁਤੋ, ਨਹਿਂ ਕੀਜੈ ਰੋਸ।
ਛਿਮਾ ਧਰਹੁ, ਸਿਮਰਹੁ ਨਹਿਂ ਦੋਸ਼' ॥੨੪॥
ਇਮ ਕਹਿ ਨਿਜ ਨਿਜ ਘਰ ਸੁਪਤਾਏ।
ਸਰਬ ਜਾਮਨੀ ਜਬਹਿ ਬਿਤਾਏ।
ਉਠਿ ਕਲਗੀਧਰ ਸ਼ੌਚ ਸ਼ਨਾਨੇ।
ਪਹਿਰੇ ਬਸਤ੍ਰ ਦਿਪਤਿ ਦੁਤਿਵਾਨੇ ॥੨੫॥
ਸਭਾ ਮਝਾਰ ਬਿਰਾਜੇ ਜਾਈ।
ਮਿਲੇ ਸਭਾਸਦ ਜੇ ਸਮੁਦਾਈ।
ਉਠ੍ਯੋ ਲਹੌਰਾ ਸਿੰਘ ਸਕਾਰੇ।
ਮਾਲਾ ਸਿੰਘ ਕੋ ਨਿਕਟਿ ਹਕਾਰੇ ॥੨੬॥
ਗਿਨ੍ਯੋਂ ਰਜਤਪਣ ਸਤ ਦੇ ਦੀਨਾ।
ਕਰਜ ਉਤਾਰ ਹਰਖ ਤਿਸ ਕੀਨਾ।
ਪੁਨ ਕਰਿ ਸੌਚ ਸ਼ਨਾਨ ਸੁਧਾਰਾ।
ਜਹਿਂ ਕਲ਼ਗੀਧਰ ਕੋ ਦਰਬਾਰਾ ॥੨੭॥
ਜੋਰੇ ਹਾਥ ਧਰੇ ਪਦ ਮਾਥਾ।
ਨਿਸ ਬ੍ਰਿਤਾਂਤ ਚਿਤਵਤ ਚਿਤ ਸਾਥਾ।
ਹਿਤ ਬਖਸ਼ਾਵਨ ਦੋਸ਼ ਮਹਾਨਾ।
ਹੋਇ ਦੀਨ ਮਨ ਤਬਹਿ ਬਖਾਨਾ ॥੨੮॥
ਛੰਦ:
'ਗੁਰ ਤੇ ਵਿਛੜਿਆ ਸਿਖ, ਲੋਭੀ ਕਾਮ

[1]ਕਾਮਨਾ ਅਧੀਨ ਲੋਭੀ ਹੋਕੇ।

ਕਹੁ[1]।
ਬਖਸ਼ੈ ਗੁਰ ਬਖਸ਼ਿੰਦ, ਮੇਲੈ ਛਾਡਿ ਰੁਹੁ[1]।
ਔਗਣਹਾਰੇ[1] ਨੀਤ, ਚਲੈਂ ਨਹਿਂ ਸਾਚ ਮਗ।
ਲੰਪਟ ਭਏ ਕੁਟੰਬ, ਨ ਮਿੱਥਯਾ ਲਖ੍ਯੋ ਜਗ' ॥੨੯॥

[1]ਕੋਪ ਛੋੜਕੇ ਗੁਰੂ ਮੇਲ ਲਵੇ।
[1]ਅਸੀਂ) ਔਗਣਹਾਰੇ ਹਾਂ।

ਦੋਹਰਾ:
ਹਸਿ ਕਰਿ ਸ਼੍ਰੀ ਮੁਖਤੇ ਕਹ੍ਯੋ, 'ਨਹਿਂ ਧਰੀਐ ਬਿੱਪ੍ਰੀਤ।
ਗੁਰ ਕੀ ਏ ਆਗਜ਼ਾ ਸਹੀ[1], ਬੇਦ ਧਰਮ ਕੀ ਰੀਤਿ[2] ॥੩੦॥

[1]ਨਿਸ਼ਚੇ ਹੈ। [2]ਧਰਮ ਦੇ ਸ਼ਾਸਤ੍ਰਾਂ ਤੇ ਧਰਮ ਦੀ ਇਹ ਮ੍ਰਿਯਾਦਾ ਹੈ।

ਕਾਮ ਕ੍ਰੋਧ ਮਦ ਲੋਭ ਤੇ, ਕਰਹੁ ਨਹੀਂ ਅਪਰਾਧ।
ਰਿਦਾ ਸਰਲ ਬਿਨ ਕਪਟ ਤੇ, ਪੰਥ ਚਲਹਿਂ ਇਹੁ ਸਾਧ' ॥੩੧॥
ਨਿਕਟ ਬਿਠਾਯਹੁ ਆਪਨੇ, ਸਿੱਖ੍ਯਾ ਦੈਬੇ ਹੇਤੁ।
ਸੁਨਤਿ ਸਭਾ ਮਹਿਂ ਸਿੱਖ ਸਭਿ, ਸ਼ੋਭਤਿ ਸੁਮਤਿ ਸਮੇਤ ॥੩੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ ਤੇ ਕਾਰਜ ਦਿਵਾਵਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਮੁਕਤਿ ਨਾਮਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

†ਬਹੁਰ ਸਭਾ ਮਹਿਂ ਸਤਿਗੁਰੂ, ਸੁਮਤਿ ਸਭਿਨਿ ਕੌ ਦੈਨ।
ਤ੍ਯਾਗਨ ਕੁਮਤਿ ਬਿਕਾਰ ਕੋ, ਸ੍ਰੀ ਮੁਖ ਉਚਰੇ ਬੈਨ ॥੧॥

†ਇਹ ਸੌ ਸਾਖੀ ਦੀ ਅੱਠਵੀਂ ਸਾਖੀ ਹੈ।

ਚੌਪਈ:

'ਸੁਨਿ ਗੁਰ ਸਿੱਖਹੁ ਸ਼ੁਭ ਉਪਦੇਸ਼ੂ।
ਧਰਹਿ ਕਮਾਵੈ ਤਜੈ ਕਲੇਸ਼ੂ।
ਲਖਹੁ ਮੁਕਤਨਾਮਾ ਇਸ ਨਾਮੁ।
ਜਿਸ ਕੇ ਕਰਤਿ ਲਹੈ ਗੁਰਧਾਮ[1] ॥੨॥ — [1]ਗੁਰਪੁਰੀ ਨੂੰ ਪ੍ਰਾਪਤ ਹੁੰਦਾ ਹੈ।
ਸਿੱਖ ਹੋਇ ਕਿਸ ਕਰਜ ਨ ਲੇਵੈ।
ਜੇ ਕਰਿ ਲੇਯ ਭਾਵ ਕਰਿ ਦੇਵੈ।
ਸੁਨੇ ਨ ਝੂਠ, ਨ ਮੁਖ ਤੇ ਕਹੈ।
ਸੰਗ ਝੂਠ ਕੇ ਪ੍ਰੀਤਿ ਨ ਗਹੈ ॥੩॥
ਸਤਿਸੰਗੀ ਹੁਇ ਸਾਚ ਕਮਾਵੈ।
ਸੰਗਿ ਸਾਚ ਕੇ ਪ੍ਰੀਤਿ ਵਧਾਵੈ।
ਸਚ ਉਰ ਧਰਹਿ ਮ੍ਰਿਜਾਦਾ ਸਾਚੀ।
ਛਲ ਬਿਨ ਹੋਵੈ ਸਾਚ ਉਬਾਚੀ[1] ॥੪॥ — [1]ਸੱਚ ਕਹਿਣ ਵਾਲਾ।
ਸਚਿ ਕੇ ਸੰਗ ਜੀਵਕਾ ਜੋਈ।
ਤਿਸ ਕੋ ਕਰਹਿ, ਦੰਭ ਬਿਨੁ ਹੋਈ।
ਕੁਛਕ ਬਿਚਾਰ ਦੁਹਨ ਮਹਿਂ[1] ਅਹੈ। — [1]ਭਾਵ ਸੱਚ ਝੂਠ ਬੋਲਣ ਵਿਚ।
ਸੂਖਮ ਭੇਦ ਸੁਮਤਿ ਕੋ ਲਹੈ[1] ॥੫॥ — [1]ਬੁਧੀਵਾਨ ਸੁਖਮ ਭੇਦ ਨੂੰ ਜਾਣ ਲਵੇ।
ਕਹੇ ਸਾਚ ਕਿਸਿ ਹੋਵੈ ਘਾਤਿ।
ਇਸ ਤੇ ਆਦਿ ਬਿਚਾਰਹੁ† ਬਾਤ। — †ਪਾ:-ਬਿਗਾਰਹਿ।
ਤਹਾਂ ਸਾਚ ਨਹਿ ਅੰਗੀਕਾਰੈ।
ਬਨਿ ਉਪਕਾਰੀ ਕਾਰ ਸੁਧਾਰੈ ॥੬॥
ਇਸ ਪਰ ਇਕ ਗਾਥਾ ਸੁਨਿ ਕਾਨੇ।
ਦਿਜ ਬੈਠ੍ਯੋ ਕਿਤ ਜਪ ਬਖਾਨੇ।
ਭਾਗੀ ਧੇਨੁ ਕਸਾਈ ਕਰ ਤੇ।
ਖੋਜਤਿ ਆਇ ਸੁ ਬੂਝਨ ਕਰਿਤੇ ॥੭॥
ਹਾਥ ਸਾਥ ਦਿਜ ਸ਼ਾਰਤ ਕਰੀ।

ਗਹੀ ਜਾਇ ਪਾਪੀ ਦੁਖ ਭਰੀ।
ਇੱਤ੍ਯਾਦਿਕ ਸਚ ਤਜਹੁ ਬਿਚਾਰੇ[1]।
ਪਰ ਹਿਤ ਕੀਜੈ ਕੂਰ ਉਚਾਰੇ[†] ॥੮॥

[1]ਵਿਚਾਰਕੇ।

[†]ਅਵਿਹਤ ਸੱਚ ਤੇ ਵਿਹਤ ਝੂਠ ਦਾ ਇਹ ਵੇਰਵਾ ਸੌ ਸਾਖੀ ਵਿਚ ਨਹੀਂ ਹੈ, ਜਿਥੋਂ ਦੀ ਕਿ ਇਹ ਅੱਠਵੀਂ ਸਾਖੀ ਹੈ। ਇਹ ਵੇਰਵਾ ਜੋ ਕਵੀ ਜੀ ਨੇ ਦਿੱਤਾ ਹੈ ਬੜਾ ਸੰਖੇਪ ਹੈ ਤੇ ਉਨ੍ਹਾਂ ਦੇ ਹ੍ਰਿਦੇ ਦੇ ਭਾਵ ਨੂੰ, ਜੋ ਕਿਸੇ ਹੋਰ ਉਚੇ ਵਲਵਾਲਿਆਂ ਦਾ ਲਖਾਯਕ ਸੀ, ਪ੍ਰਗਟ ਨਹੀਂ ਕਰ ਰਿਹਾ, ਆਮ ਬ੍ਰਿਤੀਆਂ ਇਸਤੋਂ ਗ਼ਲਤ ਅਰਥ ਸਮਝ ਕੇ ਕੁਰਾਹੇ ਪੈ ਜਾਂਦੀਆਂ ਹਨ। ਕਵੀ ਜੀ ਦਾ ਆਸ਼ਾ ਇਹ ਨਹੀਂ ਹੈ ਜੋ ਅਰਥ ਕਿ ਆਪਣੇ ਅੱਖਰੀ ਅਰਥ ਵਿਚ ਦੱਸ ਰਹੇ ਹਨ। ਉਹਨਾਂ ਦਾ ਆਸ਼ਾ ਪਰਉਪਕਾਰ ਤੇ ਪ੍ਰੇਮ ਦੇ ਤਅੱਲਕਾਂ ਦੀ ਇਕ ਅੰਗ ਵਿਚ ਵਿਸ਼ੇਸ਼ਤਾ ਦੱਸਣ ਦਾ ਹੈ ਤੇ ਸੁੱਕੇ ਸੱਚ ਦੇ ਅਹੰਕਾਰ ਵਿਚ ਜੋ ਪਾਪ ਹੋ ਜਾਂਦੇ ਹਨ ਉਹਨਾਂ ਤੋਂ ਸੰਕੋਚ ਸਿਖਾਲਣ ਦਾ ਹੈ। ਇਹ ਪ੍ਰਸੰਗ ਪਿੱਛੇ ਰਾਸ ੨ ਅੰਸੂ ੧੭ ਵਿਚ ਆ ਚੁੱਕਾ ਹੈ।

ਅਪਰ ਜਿਤਿਕ ਜਗ ਕੇ ਬਿਵਹਾਰੇ।
ਸਚਿ ਕੇ ਸਹਿਤ ਕਰਹੁ ਹਿਤ ਧਾਰੇ।
ਸਿੱਖ ਹੋਇ ਕਿਸ ਜੂਠ ਨ ਖਾਵੈ।
ਸਿੱਖ ਹੋਇ ਧਨ ਪ੍ਰੇਮ ਨ ਲਾਵੈ ॥੯॥
ਸਿੱਖ ਪ੍ਰਸਾਦਿ ਬਾਂਟ ਕਰਿ ਖਾਇ।
ਨੰਗੇ ਕੇਸ ਨ ਕਰਿ ਚਿਰ ਲਾਇ[1]।
ਮੈਥਨ ਸੁਪਤਨਿ, ਅਚਵਨ ਆਦਿ।
ਨੰਗੇ ਕੇਸ ਨ ਲੇ ਕੁਛ ਸ੍ਵਾਦ ॥੧੦॥

[1]ਚਿਰ ਤਕ ਨੰਗਾ ਸਿਰ ਕਰਕੇ ਨਾ ਬੈਠੇ।

ਪਠਿ ਜਪ ਜਾਪੁ ਨਾਮੁ ਗੁਰ ਲੇਇ।
'ਤਵਪ੍ਰਸਾਦਿ' ਕਹਿ ਕਰਿ ਅਚਵੇਇ।
ਨਗਨ ਨਾਇਕਾ[1] ਨਾਂਹਿ ਨਿਹਾਰੈ।
ਤ੍ਰਿਯ ਕੋ ਸਿਮਰਨ ਉਰ ਨਹਿੰ ਧਾਰੈ[†] ॥੧੧॥

[1]ਨਗਨ ਇਸਤ੍ਰੀ।

[†]ਸਿਮਰਨ ਕੇਵਲ ਗੁਰੂ ਪਰਮੇਸ਼ਰ ਦਾ ਚਾਹੀਦਾ ਹੈ, ਜੋ ਰਿਦੇ ਨੂੰ ਵਿਕਾਰਾਂ ਤੋਂ ਸਾਫ ਕਰਦਾ ਹੈ। ਇਸਤ੍ਰੀ ਸਿਮਰਨ ਸੁਰਤ ਵਿਚ ਕਾਮ ਭਰਦਾ ਹੈ।

ਦੋਹਰਾ:

ਖਰ ਪਰ ਧਨ[1] ਕੋ ਛੁਏ ਨਹਿੰ,
ਨੀਚ ਜਾਤਿ ਤੇ ਦੂਰ[†]।
ਕੁਠਿਆ ਮਾਸ ਨ ਖਾਈਏ,
ਪਾਲਿਓ ਖਾਇ ਨ ਸੂਰ[†] ॥੧੨॥

[1]ਸੌ ਸਾਖੀ ਦਾ ਪਾਠ ਹੈ:-ਧਨ ਪਰ ਖਰ = ਪ੍ਰਾਏ ਧਨ ਤੇ ਪ੍ਰਾਏ ਮਾਲ ਨੂੰ। ਖਰ (= ਖੋਤੇ) ਤੋਂ ਉਪਲਖਤ ਭਾਵ ਮਾਲ ਡੰਗਰ ਦਾ ਹੈ। (ਅ) ਖੋਤੇ ਨੂੰ ਤੇ ਪ੍ਰਾਏ ਧਨ ਨੂੰ ਛੋਹੇ ਨਾਂ।

[†]ਇਹ ਬ੍ਰਹਮਨੀ ਖਿਆਲ ਹੈ। ਗੁਰੂ ਘਰ ਵਿਚ ਜ਼ਾਤ ਦਾ ਗਰਬ ਮਨ੍ਹੇ ਹੈ।

[†]ਪਾਲਤੂ ਸੂਰ ਬੜੇ ਗੰਦੇ ਪਦਾਰਥ ਖਾਕੇ ਪਲਦਾ ਹੈ।

ਚੌਪਈ:

ਮਲ ਕੌ ਤਜਹਿ ਸੌਚ ਪੁਨ ਧਾਰਹਿ[1]।
ਲੇ ਮ੍ਰਿਤਕਾ ਕਰ ਚਰਨ ਪਖਾਰਹਿ।

[1]ਮੈਲ ਤਿਆਗਣ ਮਗਰੋਂ ਸੌਚ ਭਾਵ ਕੁਰਲਾ ਤੇ ਪੰਜ ਸ਼ਨਾਨਾ ਕਰੇ।

ਜਲ ਕੋ ਲੇਹੁ[1] ਮੂਤ੍ਰ ਕੇ ਪਾਛੇ।
[1]ਭਾਵ ਹੱਥ ਧੋਵੇ।

ਜਾਮ ਜਾਮਨੀ ਮੱਜਹਿ ਆਛੇ ॥੧੩॥

ਸੀਤਲ ਜਲ ਕੋ ਅੰਗੀਕਾਰੈ[1]।
[1]ਸ਼ਨਾਨ ਵਾਸਤੇ) ਵਰਤੇ।

ਜੇ ਨਹਿਂ ਸ਼ਕਤਿ[1] ਤਪਤ ਕਰਿ ਬਾਰੈ[2]।
[1]ਕਮਜ਼ੋਰ ਹੋਵੇ ਤਾਂ। [2]ਗਰਮ ਜਲ ਕਰ ਲਏ।

ਬਿਨ ਇਸ਼ਨਾਨ ਨ ਦਿਵਸੁ ਬਿਤਾਵੈ।

ਬਿਨ ਇਸ਼ਨਾਨ ਨ ਭੋਜਨ ਖਾਵੈ ॥੧੪॥

ਮਹਾਂ ਦੋਸ਼ ਬਿਨ ਮੱਜਨ ਖਾਇ[1]।
[1]ਕਿਉਂਕਿ ਮੁਸਾਮ (ਰੋਮ ਕੂਪ) ਬੰਦ ਹੋਕੇ ਇਨਸਾਨ ਬੀਮਾਰ ਹੋ ਜਾਂਦਾ ਹੈ।

ਸੁਚ ਕੋ ਰਾਖੈ ਸਦਾ ਬਨਾਇ।

ਪ੍ਰਜਾ ਸਕਲ ਚਹੁ ਬਰਨਨਿ ਸਹਿਤ।

ਇਨ ਤੇ ਰਾਖੈ ਨਜਾਰੀ ਰਹਿਤ ॥੧੫॥

ਸਭਿ ਕੈ ਸੰਗ ਰਖੈ ਬਿਵਹਾਰੈ।

ਨਿਸ਼ਚਾ ਨੇਮ ਇਨਹੁ ਤੇ ਨਜਾਰੈ[1]।
[1]ਸਿਖ ਆਪਣਾ ਨਿਸ਼ਚਾ ਤੇ ਨੇਮ ਧਰਮ ਚਾਰ ਵਰਣਾਂ ਤੋਂ ਵੱਖਰਾ ਰੱਖੇ।

ਜਗਤ ਜੂਠ[1] ਤੇ ਰਹੀਐ ਦੂਰ।
[1]ਤੰਬਾਕੂ।

ਪਹਿਰੇ ਨਹੀਂ ਕਸੁੰਭਾ ਝੂਰ[1] ॥੧੬॥
[1]ਕੰਸੁਭਾ ਰੰਗ (ਜੋ) ਗਰਮ (ਹੁੰਦਾ ਹੈ) [ਸੰਸ., ਝੂਰ = ਗਰਮ] ਸੌ ਸਾਖੀ ਦਾ ਪਾਠ ਹੈ:-ਪਹਿਰੇ ਰੰਗ ਨਾ ਰਾਂਝ।

ਦਿਨ ਮਹਿਂ ਸੁਰਮਾ ਨੈਨ ਨ ਪਾਵੈ।

ਕਛ ਬਿਨ ਨਗਨ ਨਹੀਂ ਸੁਪਤਾਵੈ।

ਕਛ ਬਿਹੀਨ ਚਿਰਕਾਲ ਨ ਰਹੈ।

ਇਕ ਤਜਿ ਦੂਤੀ ਤੁਰਤ ਹੀ ਗਹੈ ॥੧੭॥

ਸਿਮਰਨਿ ਸੱਤਿਨਾਮ ਕੋ ਧਰੈ।

ਸੁਪਤਨ ਸਮੈ ਸੋਹਿਲਾ ਰਰੈ[1]।
[1]ਉਚਾਰੇ।

ਬਿਘਨ ਅਨੇਕਨਿ ਕੋ ਹੁਇ ਨਾਸ਼[†]।
[†]ਸੌਣ ਵੇਲੇ ਚਿਤ ਦੇਕੇ ਪੜ੍ਹੀ ਬਾਣੀ ਦਾ ਅਸਰ ਚਿੱਤ ਤੇ ਦੇਰ ਤੱਕ ਨੀਂਦ ਵਿਚ ਰਹਿੰਦਾ ਹੈ।

ਸਦਾ ਧਰੈ ਸਤਿਗੁਰ ਕੀ ਆਸ ॥੧੮॥

ਦੋਹਰਾ:

ਗੁਰ ਕੀ ਪਾਹੁਲ ਸਿੱਖ ਲੇ, ਰਹਿਤ ਕਮਾਵੈ ਗ੍ਰੰਥ[1]।
[1]ਸ੍ਰੀ ਗੁਰ ਗ੍ਰੰਥ ਸਾਹਿਬ ਜੀ ਵਿਚ ਆਈ ਰਹਿਤ:-ਨਾਮ ਜਪਣਾ ਤੇ ਸਤਿਸੰਗ ਕਰਣਾ, ਵਿਕਾਰ ਤਜਣੇ ਇੱਤਯਾਦਿ।

ਜਿਸ ਬੇੜੇ ਚੜ੍ਹਿ ਸੇਵਿ ਸੋ[1], ਭਰਮੈ ਅਪਰ ਨ ਪੰਥ ॥੧੯॥
[1]ਉਸੇ ਬੇੜੇ ਨੂੰ ਸੇਵੇ।

ਅਸਨ ਅਚਹਿ ਗੁਰ ਸਿੱਖ ਕੋ[1], ਕੰਨਯਾ
[1]ਭੋਜਨ ਗੁਰ ਸਿੱਖ ਦਾ ਖਾਵੇ। [2]ਵਿਚਾਰ ਕੇ (ਕਿ ਸਿੱਖ ਗੁਰ ਸਿੱਖੀ ਵਿਚ ਪੱਕਾ ਹੈ!)।

ਦੇ ਸਿਖ ਸੋਧਿ[2]।
ਅਨਰਿਣ ਹਿਤ ਕਰਿ, ਬੇਦ ਬਿਧਿ, ਹੋਵੈ
ਰਿਦੈ ਪ੍ਰਬੋਧ[1] ॥੨੦॥

[1]ਅਰਿਣੀ ਰਹਿਣ ਵਿਚ ਹਿਤ ਕਰੇ, ਧਰਮ ਗ੍ਰੰਥਾਂ ਦੀ ਮਿਰਯਾਦਾ ਮੂਜਬ ਰਿਦੇ ਵਿਚ ਗਿਆਨ ਹੋਵੇ। ਆਖੇਪਕਾਰ ਮੱਲੋਮਲੀ ਵੇਦ ਆਦਿ ਆਪਣੇ ਮਤ ਦੇ ਪਦ ਪਾਈ ਜਾਂਦਾ ਹੈ। ਇਸ ਤੋਂ ਮੁਰਾਦ ਧਰਮ ਪੁਸਤਕ ਲੈਣੀ ਹੀ ਠੀਕ ਹੈ।

ਚੌਪਈ:

ਸੁਤ ਬਰਜਹਿ ਨਹਿਂ ਥਿਰਹਿ ਕੁਸੰਗਤਿ।
ਤਿਮ ਤ੍ਰਿਯ ਕੋ ਰਖ ਬਰਜ ਕੁਪੰਗਤਿ[1]।
ਗੁਰੂ ਮੰਤ੍ਰ ਕੌ ਨਿਸਦਿਨ ਰਰੈ।
ਨਿਤ ਉਠਿ ਘਰ ਕੇ ਕਾਰਜ ਕਰੈ ॥੨੧॥

[1]ਖੋਟੀ ਪੰਗਤ ਤੋਂ।

ਧਨ ਪੂਜਾ ਪਰ ਨਹਿਂ ਲਲਚਾਇ।
ਨਿਤ ਕੜਾਹ ਰੰਚਕ ਲਗਿ ਖਾਇ।
ਸੀਤਪ੍ਰਸਾਦਿ[†] ਗੁਰਨਿ ਕੋ ਲੇਇ।
ਜੋ ਅਰਦਾਸੀ ਬੰਟਤਿ ਦੇਇ[1] ॥੨੨॥

[†]ਸੌ ਸਾਖੀ ਵਿਚ ਇਸ ਪਦ ਦੀ ਥਾਵੇਂ ਪਾਠ ਹੈ 'ਗੁਰੂ ਭੁਗਤ ਹੀ ਖਾਈਏ' ਮੁਰਾਦ ਹੈ ਗੁਰੂ ਜੀ ਨੂੰ ਭੋਗ ਲੱਗਣ ਦੇ ਮਗਰੋਂ। ਗੁਰੂ ਜੀ ਨੂੰ ਉਸ ਵੇਲੇ ਭੋਗ ਲੱਗਦਾ ਹੈ ਜਿਸ ਵੇਲੇ ਅਰਦਾਸਾ ਹੋ ਜਾਂਦਾ ਹੈ। ਅੱਗੇ ਪਾਠ ਹੈ 'ਜੋ ਅਰਦਾਸੀ ਦੇਇ' ਭਾਵ ਇਹ ਕਿ ਵੰਡੇ ਸਿਰ ਜਿਤਨਾ ਬਾਂਟਾ ਅਰਦਾਸੀਆ ਸਿੱਖ ਦੇਵੇ।

[1]ਜੋ (ਪ੍ਰਸ਼ਾਦਿ) ਅਰਦਾਸੀਆ ਬਾਂਟੇ ਮੁਜਬ ਦੇਵੇ।

ਜੋ ਪ੍ਰਸਾਦਿ ਕੋ ਬੰਟਨ ਕਰੈ[1]।
ਸਭਿ ਕੋ ਸਮ ਹੀ ਦੇ ਹਿਤ ਧਰੈ।
ਕਰੈ ਈਰਖਾ ਲੋਭ ਵਧਾਵੈ।
ਸੋ ਪ੍ਰਸਾਦਿ ਤਨ ਰੋਗ ਉਠਾਵੈ ॥੨੩॥

[1]ਤੇ ਜੋ) ਪ੍ਰਸ਼ਾਦਿ ਵੰਡਦਾ ਹੈ।

ਦਾਰਿਦ ਦੇਤਿ ਦੋਖ ਸੋ ਹੋਇ।
ਪੁਨ ਸਿਖ ਅਸਨ ਜੁ ਭੁਗਤਹਿ[1] ਕੋਇ।
ਉਠੈ ਨ ਛੋਡਹਿ ਥਿਰ ਜਿਸੁ ਥਾਇਂ[1]।
ਜੇ ਤਜਿ ਉਠਹਿ ਬਹੁਰ ਨਹਿਂ ਖਾਇ ॥੨੪॥

[1]ਜਦੋਂ ਰੋਟੀ) ਖਾਂਦਾ ਹੋਵੇ।

[1]ਜਿਸ ਥਾਂ ਬੈਠਕੇ (ਖਾਂਦਾ ਹੋਵੇ) ਛੱਡ ਕੇ ਉਠੇ ਨਾ।

ਤੁਰਕ ਤੁਰਕਨੀ ਤੇ ਬਚ ਰਹੈ।
ਗੁਰ ਕੇ ਸਿਖ ਪਰ ਤਰਕ ਨ ਕਹੈ।
ਚਾਰਹੁੰ ਬਰਨ ਬਨਹਿਂ ਗੁਰ ਭਾਈ।
ਸਾਦਰ ਭੋਜਨ ਖਾਇ ਖਵਾਈ ॥੨੫॥

ਭੇਖਨ ਕੀ ਬਾਣੀ ਕੋ ਤਜੈ[1]।

[1]ਭਾਵ ਹੋਰ ਭੇਖਾਂ ਨੇ ਜਿਸ ਭੋਜਨ ਤੇ ਆਪਣੀ ਕਲਾਮ ਪੜ੍ਹੀ ਹੈ। (ਅ) ਹੋਰ ਭੇਖਾਂ ਦੀ ਬਾਣੀ ਤਿਆਗੇ ਭਾਵ ਗੁਰਬਾਣੀ ਕਲਿਆਨ ਵਾਸਤੇ ਪੜ੍ਹੇ ਭੇਖਾਂ ਦੀਆਂ ਬਾਣੀਆਂ ਨੂੰ ਇਸਦੀ ਤੁੱਲਤਾ ਨਾ ਦੇਵੇ।

ਖਾਇ ਨ ਅਸਨ ਸੀਤਲਾ ਜਜੈ[1]।

[1]ਨਾ ਸੀਤਲਾ ਪੂਜੇ ਨਾ ਇਸਦਾ ਪ੍ਰਸ਼ਾਦ ਖਾਵੇ। ਸੌ ਸਾਖੀ ਦਾ ਪਾਠ ਹੈ:-ਤਜੈ ਸੀਤਲਾ ਭੋਗ।

ਤੁਰਕ ਸੁ ਜਾਨਹਿ ਰੋਗ ਸਮਾਨੇ।
ਅਚਹਿ ਨ ਕਲਮਾ ਅਸਨ ਬਖਾਨੇ[1] ॥੨੬॥

[1]ਕਲਮਾ ਜਿਸ ਭੋਜਨ ਤੇ ਕਿਹਾ ਹੋਵੇ ਉਹ ਨਾ ਖਾਵੇ।

ਬੰਚਕ ਬਿਪਰ ਦਰਬ ਮੁਸ ਲੇਯ[1]।

[1]ਠੱਗ ਬ੍ਰਾਹਮਣ ਧਨ ਨੂੰ ਹਰ ਲੈਣ ਵਾਲਾ।

ਭੇਖੀ ਸਿੱਖ ਭੁਲਾਵੈ ਜੇਯ[1]।

[1]ਜਿਹੜਾ ਭੇਖੀ ਸਿੱਖ ਜੋ (ਲੋਕਾਂ ਨੂੰ) ਭੁੱਲ ਦੇ ਰਸਤੇ ਪਾਵੇ।

ਖੰਡਨ ਨਾਰੀ[1] ਸੰਤਤਿ ਹੀਨ[†]।

[1]ਵਿਭਚਾਰਨ, ਜਿਸ ਨੇ ਪਤਿਬ੍ਰਤ ਧਰਮ ਖੰਡ ਦਿੱਤਾ ਹੈ। [†]ਇਹ ਪਦ 'ਸੰਤਤ ਹੀਨ' ਸੌ ਸਾਖੀ ਵਿਚ ਨਹੀਂ ਹੈ।

ਦੇ ਬਿਸਵਾਸ ਘਾਤ ਜਿਨ ਕੀਨਿ[1] ॥੨੭॥

[1]ਵਿਸਾਹ ਦੇ ਕੇ ਜਿਸ ਘਾਤ ਕੀਤਾ ਹੋਵੇ।

ਇਨ ਕੋ ਤਜਾਗਤਿ ਬਿਲਮ ਨ ਲਾਵੈ।
ਤਜਹਿ ਕੁਸੰਗੀ ਸੰਗ ਜਿ ਪਾਵੈ[1]।

[1]ਜੇ ਇਨ੍ਹਾਂ ਕੁਸੰਗੀਆਂ ਦਾ ਕਿਤੇ ਸੰਗ ਹੋ ਜਾਵੇ ਤਾਂ ਤਜੇ।

ਪਾਵਨ ਤਨ ਪਾਵਨ ਕਰਿ ਥਾਨ।
ਘ੍ਰਿਤ ਮੈਦਾ ਲੇ ਖੰਡ ਸਮਾਨ[1] ॥੨੮॥

[1]ਸੌ ਸਾਖੀ ਵਿਚ ਕੇਵਲ 'ਤ੍ਰਿਭਾਵਲੀ ਕੜਾਹ' ਕਰੇ ਹੀ ਲਿਖਿਆ ਹੈ ਵੇਰਵਾ ਨਹੀਂ ਦਿੱਤਾ। 'ਮੈਦਾ' ਖਾਲਸਾ ਜੀ ਆਟੇ ਨੂੰ ਬੀ ਕਹਿੰਦੇ ਹਨ।

ਕਰਹਿ ਕੜਾਹ ਜਪੁ ਪਾਠ ਸੁ ਠਾਨੈ।
ਗੁਰ ਪ੍ਰਸਾਦਿ ਅਰਦਾਸ ਬਖਾਨੈ[1]।

[1]ਗੁਰੂ ਦੇ ਪ੍ਰਸ਼ਾਦਿ ਦੀ ਅਰਦਾਸ ਉਚਾਰੇ।

ਹਾਥ ਜੋਰਿ ਠਾਂਢੋ ਹੁਇ ਕਰੈ।
ਕੱਛ ਅਰੁ ਪਾਗ ਸ਼ਸਤ੍ਰ ਤਨ ਧਰੈ ॥੨੯॥

ਦੋਹਰਾ:
ਜਿਤ ਕਾਰਜ ਗੁਰ ਭਾਵ ਹਿਤ[1], ਹੋਹਿ ਭਾਵਨੀ ਪੂਰ।
ਇਹਾਂ ਸਿਦਕ ਸਾਬਤ ਭਯੋ, ਆਗੇ ਸੁਖ ਭਰਪੂਰ ॥੩੦॥

[1]ਜਿਸ ਕਾਰਜ ਲਈ ਗੁਰਾਂ ਵਿਚ ਪ੍ਰੇਮ ਕਰਦਾ ਹੈ।

ਚੌਪਈ:
ਸਿੱਖ ਕੋ ਆਧਾ ਨਾਮ ਨ ਲੇਯ।

ਲੇਯ ਜੁ ਜਮ ਕੇ ਵਸ ਹੁਇ ਤੇਯ।
ਬਿਨਾ ਬਜਾਹ ਬਿਨ ਪਠੇ ਅਨੰਦ।
ਪਰ ਤ੍ਰਿਯ ਰਮਹਿ ਨ ਹੇਤੁ ਅਨੰਦ[1] ॥੩੧॥

[1]ਸੰਸਾਰਕ) ਆਨੰਦ ਵਾਸਤੇ।

ਨਹਿਂ ਸੁਪਤਹਿ ਸਿਖ ਸੰਝ ਸਵੇਰੇ†।
ਅਸੁੱਚ ਜੂਠ ਕੇ ਜਾਇ ਨ ਨੇਰੇ।
ਰਖਹਿ ਨ ਕੇਸ ਖੁਲੇ, ਕਰਿ ਜੂੜਾ[1]।
ਦੇ ਦਸਵੰਧ ਗੁਰੂ ਕੋ ਰੂੜਾ ॥੩੨॥

†ਕਿਉਂਕਿ ਆਲਸ ਪੈਂਦਾ ਹੈ।

[1]ਜੂੜਾ ਕਰਕੇ (ਰੱਖੇ)।

ਕਰਹਿ ਦੰਤਧਾਵਨ[1] ਜਲ ਸਾਥਾ।
ਪਠਿ ਗੁਰਬਾਣੀ ਟੇਕਹਿ ਮਾਥਾ।
ਨਾਨਕ ਦਾਦਕ ਤਜਿ ਦੁਇ ਗੋਤ†।
ਸਾਕ ਗੁਰੂ ਸਿੱਖਨਿ ਸੰਗ ਹੋਤਿ ॥੩੩॥

[1]ਦਾਤਨ।

†ਦਾਦੇ ਨਾਨੇ ਦੀ ਉਲਾਦ ਆਪੋ ਵਿਚ ਵਿਆਹ ਕਰੇ ਤਾਂ ਕਈ ਖਾਨਦਾਨੀ ਰੋਗ ਵਧ ਜਾਂਦੇ ਹਨ। ਵੈਦ ਲੋਕ ਮਨ੍ਹੇ ਕਰਦੇ ਹਨ।

ਇਸ ਪ੍ਰਕਾਰ ਗੁਰਮੁਖ ਕੇ ਲੱਛਨ।
ਗੁਰ ਮਹਿਂ ਨਿਸ਼ਚਾ ਧਰਹਿ ਬਿਚੱਛਨ।
ਮਰੇ ਸਿਖ ਤੇ ਕਰੇ ਕੜਾਹ।
ਤਿਸ ਕੁਟੰਬ ਰੁਦਨਹਿ ਬਹੁ ਨਾਂਹ ॥੩੪॥
ਤਜਹਿ ਸ਼ੋਕ ਸਭਿ ਅਨੰਦ ਬਢਾਇ।
ਨਹਿਂ ਪੀਟਹਿਂ ਤ੍ਰਿਯਾ ਮਿਲਿ ਸਮੁਦਾਇ।
ਪਢਹਿਂ ਸ਼ਬਦ ਕਿਰਤਨ ਕੋ ਕਰੈਂ।
ਸੁਨਹਿਂ ਬੈਠ ਬੈਰਾਗ ਸੁ ਧਰੈ ॥੩੫॥
ਪੁੰਜ ਸੰਤ† ਦਿਜ ਸਿੱਖ ਹਕਾਰੈ[1]।

[1]ਸ੍ਰੇਸ਼ਟ ਸੰਤ ਤੇ ਦ੍ਵਿਜਨਮ ਸਿੱਖ ਭਾਵ ਅੰਮ੍ਰਿਤਧਾਰੀ ਸਿੱਖ। ਸਿੱਖ ਅੰਮ੍ਰਤ ਛਕ ਕੇ ਦ੍ਵਿਜ ਹੁੰਦਾ ਹੈ ਯਥਾ- 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ'। ਪਰ ਸੌ ਸਾਖੀ ਦੀ ਤੁਕ ਹੈ:-'ਸੰਤ ਸੰਬੂਹ ਬਿੱਪਨ ਸਿਖਨ' ਸਾਰੇ ਸੰਤ, ਬ੍ਰਾਹਮਣ, ਸਿੱਖ। †ਪਾ:-ਪੰਜ ਸੱਤ।

ਜਥਾ ਸ਼ਕਤਿ ਕਰਿਵਾਇ ਅਹਾਰੈ।
ਦਰਬ ਬਸਤ੍ਰ ਦੇ ਭੇਟਨਿ ਤਾਂਹੀ।
ਰੀਤਿ ਬੇਦ ਕੀ ਤਜਾਗੈ ਨਾਂਹੀ† ॥੩੬॥

†ਸੌ ਸਾਖੀ ਦਾ ਪਾਠ ਹੈ:-ਬੇਦ ਕੀ ਰੀਤ ਕੋ ਤਜਾਗ ਕਰੇ, ਨਹਿਂ ਕਿਰਿਆ ਕੋ ਮਾਨ ਸੁ ਸਿੱਖ ਸੜਾਵੈ। ਅਰਥਾਤ ਵੇਦ ਦੀ ਰੀਤੀ ਨੂੰ ਤਿਆਗ ਦੇਵੇ ਤੇ ਸਿੱਖ ਪ੍ਰਾਣੀ ਨੂੰ ਕ੍ਰਿਯਾ ਦੀ ਰੀਤੀ ਨਾਲ ਨਾ ਸਾੜੇ। ਕਵੀ ਜੀ ਨੇ ਨਹਿਂ ਨੂੰ ਪਹਿਲੇ ਲਾ ਲਿਆ ਹੈ। ਇਹ ਤਾਂ ਪੁਰਾਣੀ ਰੀਤਿ ਸੀ ਹੀ, ਇਸ ਦੇ ਕਹਿਣ ਦੀ ਲੋੜ ਨਹੀਂ ਸੀ, ਲੋੜ ਤਾਂ ਤਾਂਹੀ

ਹੈ ਜੋ ਲੌਕਿਕ ਬੇਦਕ ਰੀਤਾਂ ਛੁਡਾ ਰਹੇ ਹਨ, ਤਾਂ ਹੀ ਕਹਿਣਾ ਫਬਦਾ ਹੈ। ਮਰੇ ਤੇ ਕੜਾਹ ਕਰਨਾ, ਰੋਣਾ ਨਾ, ਪਿੱਟਣਾ ਨਾ, ਗੁਰਬਾਣੀ ਪੜ੍ਹਨਾ ਸਭ ਗੁਰਮਤ ਕਹਿ ਰਹੇ ਹਨ, ਫੇਰ ਲੋਕਿਕ ਰੀਤ ਕਹਾਣੀ ਅਸੰਗਤੀ ਹੈ। ਇਸ ਤੋਂ ਅੱਗੇ ਵਰਣਾਸ਼੍ਰਮ ਰੀਤੀ ਦਾ ਤਿਆਗਣਾ, ਸਿਲਾ ਨਾ ਪੂਜਣੀ, ਸੰਸਾਰ ਦੇ ਕਰਮ ਪਿਤਾ ਪਿਤਾਮਾ ਵਾਙੂ ਦੇਵ ਪੂਜਣੇ ਮਨ੍ਹੇ ਕਰਦੇ ਹਨ, ਸ਼ੰਕਰ ਦੱਤ ਰਾਮਾਨੁਜ ਤੇ ਗੋਰਖ ਦੇ ਮਗਰ ਲੱਗਣਾ ਰੋਕਦੇ ਹਨ ਜਿਸ ਤੋਂ ਪ੍ਰਸੰਗ ਅਨੁਸਾਰ ਜੋ ਭਾਵ ਉਤੇ ਦਰਸਾਯਾ ਹੈ ਉਹੀ ਠੀਕ ਜਾਪਦਾ ਹੈ। ਸੰਸਾਰਕ ਰੀਤਾਂ ਤੇ ਕਰਮ ਵਿਧੀਆਂ ਦੀਆਂ ਫਸੌਤੀਆਂ ਅੰਕ ੪੦ ਵਿਚ ਆਪ ਸਮੁੱਚੀਆਂ ਰੋੜਦੇ ਹਨ।

ਕ੍ਰਿਆ ਸਮੇਤ ਸਿੱਖ ਕੋ ਸਾਰੈ[†]।
[†]ਦੇਖੋ ਉਪਰ ਲਿਖੀ + ਨਿਸ਼ਾਨ ਵਾਲੀ ਟੂਕ।

ਕੇਸ ਛਾਪ ਗੁਰ ਸਿਰ ਨ ਉਤਾਰੈ।

ਪਾਹੁਲੀਆ ਸਿਖ ਰਖੈ ਅਦਾਬਿ[1]।
[1]ਕੇਸਾਂ ਦਾ) ਅਦਬ।

ਰਖਹਿ ਨ ਬੇਮੁਖ[1] ਹ੍ਵੈ ਸੁ ਖਰਾਬ ॥੩੭॥
[1]ਜੋ ਬੇ-ਮੁਖ (ਕੇਸਾਂ ਦਾ ਅਦਬ) ਨ ਰਖੇਗਾ।

ਸਹੈ ਸਾਸਨਾ ਜਮ ਕੀ ਭਾਰੀ।
ਪਰਹਿ ਨਰਕ ਮਹਿਂ ਹ੍ਵੈ ਨ ਉਬਾਰੀ।

ਛਾਪ ਗੁਰੂ ਕੀ ਗੁਰ ਸਮ ਜਾਨੈ[1]।
[1]ਭਾਵ ਕੇਸ ਗੁਰੂ ਕੀ ਛਾਪ ਹੈ।

ਗੁਰ ਸਮ ਅਦਬ ਕੇਸ ਕੋ ਠਾਨੈ ॥੩੮॥

ਜੋ ਉਤਰਾਹਿ[1] ਤਾਂਹਿ ਤਜਿ ਦੇਨਾ।
[1]ਜੋ (ਕੇਸ) ਉਤਰਾਵੇ।

ਸਾਕ ਤਜਹਿ[1] ਕਰ ਪਾਨ ਨ ਲੇਨਾ[2]।
[1]ਸਾਕ (ਉਸਦਾ) ਤਜ ਦੇਵੇ। [2]ਪਾਣੀ ਹੱਥੋਂ ਨਾ ਲਵੇ।

ਖਾਨ ਪਾਨ ਜੋ ਦੇਵੈ ਤਾਂਹਿ।
ਪਾਪ ਭਾਗ ਸੋ ਭੀ ਕੁਛ ਪਾਹਿ ॥੩੯॥

ਤੁਰਕ ਮੀਤ ਕਰੀਐ ਨ ਵਿਸਾਹੂ[1]।
[1]ਤੁਰਕ ਭਾਵੇਂ ਮਿੱਤ੍ਰ ਹੋਵੇ ਉਸ ਦਾ ਵਿਸਾਹ ਨਾ ਕਰੀਏ। (ਕਿਉਂਕਿ ਕੌਮੀ ਵੰਗਾਰ ਵੇਲੇ ਮੁਸਲਮਾਨ ਕਿਸੇ ਦਾ ਸੱਕਾ ਨਹੀਂ ਬਣਦਾ)।

ਪਢਹਿ ਪਾਰਸੀ[1] ਬੇਮੁਖ ਵਾਹੂ।
[1]ਸੌ ਸਾਖੀ ਦਾ ਪਾਠ ਹੈ:- ਤੁਰਕ ਪਾਰਸੀ ਜੋ ਪੜ੍ਹੇ ਜੀਵਨ ਲੇਵੈ ਸਿੱਖ = ਜੋ ਤੁਰਕਾਂ ਦੀ ਫਾਰਸੀ ਪੜ੍ਹਕੇ ਜੀਵਨ ਨੂੰ ਉਸ ਰਾਹੇ ਟੋਰੇ। ਇਸ ਤੋਂ ਮੁਰਾਦ ਹੈ ਮੁਸਲਮਾਨਾਂ ਦਾ ਇਲਮ ਅਦਬ ਤੇ ਸ਼ਰ੍ਹਾ ਪੜ੍ਹਕੇ ਉਹਨਾਂ ਵਰਗੇ ਖ੍ਯਾਲ ਤੇ ਰਹੁਰੀਤ (Culture) ਨਾ ਸਿਖੋ ਕਿਉਂਕਿ ਉਸ ਵਿਚ ਤਅੱਸਬ ਹੈ। ਫਾਰਸੀ ਬੋਲੀ ਤੋਂ ਏਥੇ ਮਨ੍ਹੇ ਨਹੀਂ ਕੀਤਾ।

ਮਰਨ ਕਿ ਜਨਮ ਪੁੱਤ੍ਰ ਕੈ ਵਜਾਹੂ।

ਬਖਸ਼ਾਵਹਿ ਤਨਖਾਹ ਸੁ ਰਾਹੂ[1] ॥੪੦॥
[1]ਵਿਆਹ ਆਦਿ ਵਿਚ ਹੋਈਆ ਭੁੱਲਾਂ ਦੀ) ਤਨਖਾਹ ਬਖਸ਼ਾਵੇ ਇਹ ਸ੍ਰੇਸ਼ਟ ਰਾਹ ਹੈ।

ਮੋਨੇ ਕਰ[1] ਅਹਾਰ ਨਹਿਂ ਖਾਨਾ[2]।
[1]ਮੋਨ੍ਹੇ ਦੇ ਹੱਥ ਦਾ। [2]ਭੋਜਨ ਨਾ ਖਾਣਾ, (ਕਿਉਂਕਿ ਇਸ ਕਰਕੇ ਕਿ ਇਹ ਕੁੱਠਾ ਖਾਂਦੇ ਤੇ ਹੁੱਕਾ ਪੀਂਦੇ ਹਨ)।

ਸਿਲਾ ਨ ਪੂਜਹਿ ਪਾਨ ਨ ਪਾਨਾ[1]।

[1]ਨਾ ਪੱਥਰ ਦੀ ਪੂਜਾ ਕਰੇ (ਨਾ ਠਾਕੁਰਾਂ) ਦਾ ਚਰਨਾਂਮ੍ਰਿਤ ਲਵੇ, ਸੌ ਸਾਖੀ ਦਾ ਭਾਵ ਇਹੋ ਹੈ। (ਅ) ਪਾਨ ਨਾਂ ਖਾਵੇ ਕਿਉਂਕਿ ਪਾਨਾਂ ਵਾਲੇ ਤਮਾਕੂ ਵਿੱਚ ਰੱਖਦੇ ਹਨ।

ਬਰਨਾਸ਼੍ਰਮ ਕੀ ਰੀਤਿ ਬਿਰੋਧੀ।
ਮਮ ਸਿਖ ਕਰਹਿ ਨ ਰਾਖਹਿ ਸੋਧੀ[1] ॥੪੧॥

[1]ਵਰਨਾਸ਼੍ਰਮ ਅਰਥਾਤ ਜਾਤਾਂ ਦੀ ਵੰਡ ਜੋ ਹੈ ਵਿਰੋਧ ਪੈਦਾ ਕਰਦੀ ਹੈ ਇਹ ਮੇਰਾ ਸਿੱਖ ਨਾ ਧਾਰੇ, ਇਸ ਗਲ ਦੀ ਤਕੜਾਈ ਰੱਖੇ। ਸੌ ਸਾਖੀ ਦਾ ਪਾਠ ਹੈ, ਬਰਨਾਸ਼੍ਰਮ ਦੀ ਰੀਤੀ ਤੋਂ ਬਚੇ।

ਦੋਹਰਾ:

[1]ਬਹੁਤ ਕਰਮ ਸੰਸਾਰ ਕੋ, ਪਿਤਾ ਪਿਤਾਮਾਂ ਦੇਵ।
ਨਹਿਂ ਮਾਨਹਿਂ ਸਿਖ, ਸੀਖ ਲੇ, ਰਖਿ ਭਰੋਸ ਗੁਰਦੇਵ ॥੪੨॥

[1]ਭਾਵ ਬਹੁਤੀ ਲੋਕਾਚਾਰ ਤੇ ਕੁਲ ਰੀਤਾਂ ਦੇ ਦੇਵਤਿਆਂ (ਦਾ ਪੂਜਨ) ਸਿੱਖ ਨਾ ਮੰਨੇ।

ਜੋ ਗੁਰ ਕੇ ਘਰ ਜਨਮਯੋ, ਬਡੇ ਕਹੈਂ ਜਿਹ ਬੇਦ[1]।
ਤਪਿ, ਜਪਿ, ਦਾਨੀ, ਭੂਪ, ਦਿਜ; ਇਨਕੌ ਦੇਯ ਨ ਖੇਦ ॥੪੩॥

[1]ਜੋ ਗੁਰਾਂ ਦੇ ਘਰ ਜਨਮੇਂ ਭਾਵ ਗੁਰ ਅੰਸ, ਜਿਸ ਨੂੰ ਵੇਦ ਬੀ ਵਡਾ ਕਹਿੰਦੇ ਹਨ।

ਰੋਵੈਂ ਬੇਦੀ ਬੇਦ ਬਿਨ, ਰੋਵੈਂ ਪਾਪੀ ਲੋਗ[1]।

[1]ਵੇਦ ਦੇ ਗਿਆਤਾ ਸਿੱਧਾਂਤ ਤੋਂ ਬਿਨਾਂ ਰੋਂਦੇ ਹਨ ਤੇ ਪਾਪੀ ਲੋਕ ਬੀ ਰੋਂਦੇ ਹਨ।

ਵੇਮੁਖ ਗੁਰ ਫਿਟਕਾਰਿਆ, ਰੋਵੈ ਦੀਰਘ ਰੋਗ[1] ॥੪੪॥

[1]ਵਡੇ ਰੋਗ ਵਾਲੇ ਵਾਂਗ ਰੋਂਦੇ ਹਨ।

ਮੇਰੇ ਘਰ ਜੋ ਆਇਓ, ਗੁਰੂ ਸਬਦ ਕਰਿ ਹੇਤ[1]।
ਗੁਰ ਸਿੱਖਯਾ ਸੁਣ ਧਾਰੀਐ, ਰਹਿਣੀ ਰਹੈ ਸੁਚੇਤ ॥੪੫॥

[1]ਗੁਰ ਸ਼ਬਦ ਨਾਲ ਪ੍ਰੇਮ ਕਰੇ।

ਚੌਪਈ:

ਮੈਂ ਬਖਸੌਂਗਾ ਦਜੋਂ ਪਦ ਸੋਇ[1]।

[1]ਮੈਂ (ਗੁਨਾਹ ਉਨ੍ਹਾਂ ਦੇ) ਬਖਸ਼ਾਂਗਾ। (ਤੇ ਉਹਨਾਂ ਨੂੰ) ਉਹ ਪਦਵੀ ਦਿਆਂਗਾ (ਪਦਵੀ ਅੱਗੇ ਦੱਸਣ ਲਗੇ ਹਨ)।

[1]ਜਹਾਂ ਨ ਪਹੁੰਚ ਸਕਹਿ ਕਬਿ ਕੋਇ।
ਸ਼ੰਕਰ, ਦੱਤ, ਰਾਮਾਨੁਜ ਨਾਂਹੀ[12]।
ਗੋਰਖ ਮੁਹੰਮਦ ਪਹੁੰਚਿ ਨ ਤਾਂਹੀ ॥੪੬॥

[1]ਜਿਥੇ ਸ਼ਿਵਜੀ, ਦੱਤਾਤ੍ਰੇਯ, ਰਾਮਾਨੁਜ ਬੀ ਨਹੀਂ (ਪਹੁੰਚ ਸਕੇ)।

ਜਥਾ ਧਰਨਿ ਪਰ ਬਰਖਾ ਬਰਸੈ।
ਖੇਤੀ ਖੂਬ ਉਗਹਿ ਫਲ ਸਰਸੈ[1]।
ਤਜੋਂ ਗੁਰ ਸਨਮੁਖ ਸਗਰੇ ਧਰਮ।
ਕਹੈਂ ਗੁਰੂ ਫਲ ਦੇਂ ਬਿਨ ਭਰਮ[1] ॥੪੭॥

[1]ਬਹੁਤੇ ਫਲ ਲਗਦੇ ਹਨ।

[1]ਤਿਵੇਂ ਗੁਰਾਂ ਦੇ ਸਨਮੁਖ ਹੋਕੇ ਕੀਤੇ ਸਾਰੇ ਧਰਮ ਬਿਨਾਂ ਭਰਮ ਦੇ (ਬਹੁਤੇ ਫਲਦੇ ਹਨ), (ਐਸਾ) ਗੁਰਾਂ ਨੇ ਫੁਰਮਾਯਾ ਹੈ।

ਕਹਜੋ ਮੁਕਤਿ ਨਾਮਾ ਸੁਨਿ ਪਜਾਰੇ।
ਨ੍ਹਾਇ ਮੁਕਤਸਰ ਇਸਹਿ ਉਚਾਰੇ[†]।

[†]ਇਹ ਮੁਕਤਨਾਮੇਂ ਦਾ ਪ੍ਰਸੰਗ ਤੇ ਅਗਲੇ ਅੰਸੂ ਦਾ ਪ੍ਰਸੰਗ, ਅਨੰਦ ਪੁਰ ਸਾਹਿਬ ਨਹੀਂ ਵਰਤੇ ਹੋਣੇ। ਸੌ ਸਾਖੀ ਵਾਲੇ ਨੇ ਸਮੇਂ ਦੇ ਕ੍ਰਮ ਅਨੁਸਾਰ ਸਾਖੀਆਂ ਨਹੀਂ ਲਿਖੀਆਂ, ਇਹ ਦੁਇ ਪ੍ਰਸੰਗ ਦਮਦਮੇ ਸਾਹਿਬ ਹੋਏ ਹੋਣਗੇ, ਕਿਉਂਕਿ ਖਿਦਰਾਣੇ ਦੀ ਢਾਬ ਦਾ ਜੁੱਧ ੧੭੬੨ ਵਿਚ ਹੋਇਆ ਤੇ ਉਥੇ ਦੇ ਸ਼ਹੀਦਾਂ ਨੂੰ ਮੁਕਤੇ ਦਾ ਵਰ ਦੇਕੇ ਸ਼ਹਾਦਤ ਦੇ ਟਿਕਾਣੇ ਦਾ ਨਾਉਂ 'ਮੁਕਤਸਰ' ਰੱਖਕੇ ਵਰ ਦਿਤਾ ਤੇ ਪੱਕਾ ਸਰੋਵਰ ਮਗਰੋਂ ਬਣਿਆ। ਮੁਕਤਸਰ ਦਾ ਪ੍ਰਮਾਣ ਤਾਂ ਹੀ ਦਿੱਤਾ ਜਾ ਸਕਦਾ ਹੈ ਜਦੋਂ ਮੁਕਤਸਰ ਨਾਮ ਬਖਸ਼ਿਆ ਜਾ ਚੁੱਕਾ ਹੋਵੇ। ਸੌ ਸਾਖੀ ਦਾ ਪਾਠ ਇਉਂ ਹੈ:-ਮੁਕਤਨਾਮਾ ਪੜ੍ਹੇ ਜਨੁ ਤੀਰਥ ਮੁਕਤਸਰ ਨ੍ਹਾਇ। ਬੁਰੇ ਕਰਮ ਤੇ ਛੂਟ ਕਰ ਗੁਰ ਘਰ ਮਰ ਕਰ ਜਾਇ।

ਬੁਰੇ ਕਰਮ ਤੇ ਸੋ ਛੁਟਿ ਜਾਇ।
ਮਰਿ ਕਰਿ ਗੁਰ ਕੇ ਸਦਨ ਸਿਧਾਇ' ॥੪੮॥

ਗੁਰ ਕੇ ਬਾਕ ਰਹਿਤ ਇਹ ਕਹੀ।
'ਛੁਟਹਿ ਚੁਰਾਸੀ ਜਿਨ ਇਹ ਲਹੀ।
ਰਹਿਣੀ ਰਹੈ ਜਾਨੀਐ ਨੀਕੀ।
ਅਘ ਤੇ ਛੁਟਹਿ ਸ਼੍ਰੇਯ ਹੁਇ ਜੀ ਕੀ ॥੪੯॥

ਜੇ ਨਰ ਪਚੀ ਅਧਿਕ ਸੰਸਾਰੀ।
ਫਸੇ ਕਰਮ ਮਹਿਂ ਜਜੋਂ ਮਧ ਜਾਰੀ[1]।

[1]ਕਰਮਾਂ ਵਿਚ ਇਉਂ ਫਸੇ ਹਨ ਜਿਵੇਂ ਜਾਲ ਵਿਚ (ਮੱਛ)।

ਤਿਨ ਤੇ ਸੁਨਿ ਸੁਨਿ ਮਾਨਹਿਂ ਨਹੀਂ।
ਧਰਹੁ ਸਦਾ ਸਤਿਗੁਰ ਜਿਮ ਕਹੀ' ॥੫੦॥

ਇਸ ਬਿਧਿ ਕਹਿ ਗੁਰ ਰਹਿਤ ਬਿਬੇਕ।
ਆਦਿ ਲਹੌਰਾ ਸਿੰਘ ਅਨੇਕ।
ਨੰਦ ਸਿੰਘ ਕੋ ਸਭਿ ਸਮੁਝਾਈ।
ਸੁਨਤਿ ਅਨੰਦ ਰਿਦੈ ਸਮੁਦਾਈ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮੁਕਤਨਾਮਾ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

# ੫੧. [ਮੋਮਨੀ ਵੱਸ ਸਿੱਖਣੀ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

†ਇਕ ਦਿਨ ਉਠੇ ਪ੍ਰਭਾਤਿ ਗੁਰ, ਥਿਰੇ ਸਭਾ ਮਹਿਂ ਆਇ।
ਕੇਤਿਕ ਸਿਖ ਸੇਵਕ ਨਿਕਟ, ਬੈਠੇ ਸੁਰ ਸੁਰਰਾਇ[1] ॥੧॥ [1]ਜਿਵੇਂ ਇੰਦ੍ਰ ਪਾਸ ਦੇਵਤੇ।

†ਇਹ ਸੌ ਸਾਖੀ ਦੀ ਨੌਵੀਂ ਸਾਖੀ ਹੈ।

ਚੌਪਈ:

ਇਕ ਸਿਖ ਨਗਰ[1]† ਸ੍ਵਾਸ ਬਡ ਚਢਜੋ।
ਭਾਗਤਿ ਆਇ ਬਿਸਮ ਡਰ ਬਢਜੋ।
ਪਹੁੰਚਜੋ ਪ੍ਰਭੁ ਕੇ ਢਿਗ ਤਿਸ ਕਾਲਾ।
ਬੰਦਨ ਕੀਨਸਿ ਹੌਲ ਬਿਸਾਲਾ ॥੨॥

[1]ਕਿਸੇ ਨਗਰ ਦਾ; ਪਰ ਸ਼ੁਧ ਪਾਠ 'ਨਗਨ' ਚਾਹੀਏ।
†ਸੌ ਸਾਖੀ ਦਾ ਪਾਠ 'ਨੰਗਾ ਹੀ' ਹੈ, 'ਨਗਰ' ਏਥੇ ਲਿਖਾਰੀ ਦੀ ਭੁੱਲ ਹੈ।

ਹੇਰਿ ਹਾਲ ਤਿਸ ਕੋ ਇਸ ਢਾਰਾ[1]। [1]ਇਸੇ ਤਰ੍ਹਾਂ ਦਾ।
ਸ੍ਰੀ ਗੁਰ ਗੋਬਿੰਦ ਸਿੰਘ ਉਚਾਰਾ।
'ਕਹੁ ਸਿੱਖਾ! ਸੁਖ ਹੈ ਤੁਵ ਤਾਂਈ?
ਕਿਮ ਇਮ ਆਯਹੁ ਬਹੁ ਸਹਿਸਾਈ[1]' ॥੩॥ [1]ਛੇਤੀ ਛੇਤੀ।

ਸੁਨਤਿ ਪੁਨਹਿਂ ਕਰਿ ਨਮੋ ਉਚਾਰਾ।
'ਪਾਤਸ਼ਾਹ ਮੈਂ ਸਿਖ ਵਣਜਾਰਾ।
ਅਚਰਜ ਹੇਰਤਿ ਛੋਰਿ ਬਿਲੰਦਾ।
ਤੁਮ ਢਿਗ ਪਹੁੰਚਜੋ ਲਖੇ ਅਲੰਬਾ ॥੪॥

ਏਕ ਮੋਮਨੀ[1] ਹੈ ਇਤ ਓਰੀ। [1]ਮੁਸਲਮਾਨੀ। ਅੰਕ ੧੭ ਮੁਜਬ ਮੁਸਲਮਾਨ।
ਸਿੱਖਣੀ ਨਿਜ ਬਸਿ ਮੈਂ ਕਰਿ ਛੋਰੀ[1]। [1]ਇਕ) ਸਿੱਖਣੀ (ਉਸ ਮੋਮਨੀ ਨੇ) ਆਪਣੇ ਵੱਸ ਕਰ ਛੱਡੀ ਹੈ।
ਐਸੋ ਮੰਤ੍ਰ ਪਠਜੋ ਤਿਨ ਕੋਈ।
ਤਿਸ ਕੀ ਬਾਤ ਬਖਾਨਤਿ ਸੋਈ ॥੫॥

-ਅਬਿ ਮੈਂ ਨਹੀਂ ਸਿੱਖਣੀ ਰਹੌਂ।
ਇਸ ਅਨੁਸਾਰਿ ਹੋਨਿ ਮੈਂ ਚਹੌਂ-।
ਕਰ ਜੋਰੇ ਹਮ ਜਿਤਿਕ ਨਿਕੇਤ[1]। [1]ਜਿਤਨੇ ਕੁ ਅਸੀਂ ਘਰ ਵਾਲੇ ਹਾਂ।
ਬਹੁ ਸੁੱਖਾਂ ਸੁੱਖੀ ਸੁਖ ਹੇਤੁ' ॥੬॥

ਸਤਿਗੁਰ ਕਹਜੋ 'ਸੁ ਜਾਨ ਅਜੋਗ[1]। [1]ਇਹ ਅਜੋਗ ਜਾਣ।
ਪੀਰ ਮੁਰੀਦੀ ਸਿੱਖਨੀ ਹੋਗ[1]। [1]ਸਿੱਖਣੀ ਪੀਰਾਂ ਦੀ ਮੁਰੀਦ ਹੋਵੇਗੀ, ਭਾਵ ਨਿਗਾਹੇ ਆਦਿਕਾਂ ਨੂੰ ਮੰਨਣ ਵਾਲੀ ਹੋਸੀ।

ਖਾਵਤਿ ਹੋਗ ਸ਼ਰੀਣੀ ਸੋਇ।
ਇਸ ਕਾਰਨ ਤੇ ਬਸਿ ਤਿਸ ਹੋਇ'
॥੭॥
ਸਿੱਖ ਬਿਨੈ ਬੋਲਯੋ ਕਰ ਜੋਰੀ।
'ਬਖਸ਼ਹੁ, ਅਹੈ ਭਾਣਜੀ ਮੋਰੀ।
ਮੈਂ ਅਰੁ ਮਮ ਭਗਨੀ ਜਦ ਕਦਾ।
ਅਹੈਂ ਆਦਿ ਕੇ ਸਿਦਕੀ ਸਦਾ ॥੮॥
ਨਾਨਕ ਦਾਦਕ ਸਿੱਖ ਹਮਾਰੇ।
ਐਸੀ ਨਹੀਂ ਕੁਮਤਿ ਕੋ ਧਾਰੇ।'
ਸ੍ਰੀ ਮੁਖ ਤੇ ਉਪਚਾਰ ਬਖਾਨਾ।
'ਤਿਸ ਕਰਾਉ ਸਰਮੁਕਤ ਸ਼ਨਾਨਾ† ॥੯॥

†ਇਸ ਤੋਂ ਜਾਪਦਾ ਹੈ ਕਿ ਇਹ ਸਾਖੀ ਮੁਕਤਸਰ ਦੇ ਜੁੱਧ ਤੋਂ ਮਗਰੋਂ ਦੀ ਹੈ ਯਾ ਮੁਕਤਸਰ ਦਾ ਭਾਵ ਮੁਕਤ ਨਾਮੇ ਤੋਂ ਯਾ ਗੁਰਬਾਣੀ ਤੋਂ ਹੈ ਯਾ ਸੌ ਸਾਖੀ ਦੇ ਆਖੇਪਕਾਰ ਨੇ ਮੁਕਤਸਰ ਕੋਲੋਂ ਮਗਰੋਂ ਪਾਇਆ ਹੈ। ਕਿਉਂਕਿ ਅਗੇ ਵਰੇਵੇ ਵਿਚ ਇਸ ਦੇ ੪੦ ਪਾਠ ਦੱਸਦੇ ਹਨ।

ਦੂਰ ਕੁਰਹਿਤ ਹੋਹਿਗੀ ਤਬੈ।
ਪਢਉ ਮੁਕਤਿਨਾਮਾ ਢਿਗ ਸਬੈ।
ਚਾਲੀ ਪਾਠ ਸੁਨਾਵਨਿ ਕਰੀਏ।
ਪੁਨ ਜਪ ਪਢਹੁ ਬਿਘਨ ਪਰਹਰੀਏ ॥੧੦॥
-ਵਾਹਿਗੁਰੂ ਜੀ ਹੋਇੰ ਸਹਾਇ-।
ਆਦਿਤਵਾਰ ਨਉਚੰਦ ਲਿਖਾਇ[1]।
ਸਿਰ ਬੰਧਹੁ ਕੈ ਗਰ ਮਹਿਂ ਪਾਵੈ।
ਸੁਰਤਿ ਟਿਕਾਣੇ ਤਬਿ ਤਿਸ ਆਵੈ ॥੧੧॥

[1]ਨੌ ਚੰਦੇ ਐਤਵਾਰ ਨੂੰ ਲਿਖ ਕੇ।

ਪਰਯੋ ਭੂਤ ਕੋ ਸਾਯਾ ਜੋਇ।
ਸਕਲ ਬਿਨਾਸ਼ੀ ਹੋਵੈ ਸੋਇ।
ਸਿਖੀ ਸਾਬਤ ਰਖੀਅਹਿ ਪਲਾ[1]।
ਰਹਿਣੀ ਭਲੀ ਭੇਖ ਨਹਿਂ ਭਲਾ[1] ॥੧੨॥

[1](ਬੁੱਧੀ ਰੂਪੀ) ਪੱਲੇ ਵਿਚ ਸਿੱਖੀ ਸਾਬਤ ਰੱਖੋ।

[1]ਭੇਖ ਧਾਰਨੇ ਚੰਗੇ ਨਹੀਂ।

ਸਿਦਕ ਸਹਿਤ ਸਿੱਖੀ ਗੁਰ ਪਜਾਰੀ।
ਜਿਨ ਧਾਰੀ ਸੋ ਉਤਰਹਿ ਪਾਰੀ।

ਲੋਭੀ ਦਰਬ ਭੇਟ ਕੇ ਗੁਰ ਨਹਿਂ[1]। — [1]ਧਨ ਦੀ ਭੇਟਾ ਦੇ ਲੋਭੀ ਗੁਰੂ ਨਹੀਂ ਹਨ।
ਲੇ ਕਰਿ ਜੇ ਕੁਰਹਿਤੀਯੇ ਬਖਸ਼ਹਿਂ[1] ॥੧੩॥ — [1]ਕਿ ਧਨ ਲੈ ਲੈ ਕੇ ਕੁਰਹਤੀਆਂ ਨੂੰ ਬਖਸ਼ੀ ਜਾਣ।

ਜੋ ਸਿਖ ਧਨ ਕੋ ਲੋਭੀ ਹੋਇ[1]। — [1]ਜੋ ਸਿਖ ਧਨ ਦਾ ਲੋਭੀ ਹੋਕੇ।
ਬਖਸ਼ਹਿ ਕਬਿ ਕੁਰਹਿਤਿਯਹਿ ਕੋਇ[1]। — [1]ਓਹੋ ਕਦੇ ਕੁਰਤਿਹਏ ਨੂੰ ਬਖਸ਼ੇਗਾ।
ਸੋ ਸਿਖ ਨਾਂਹਿਨ ਲਖਹੁ, ਕੁਚਾਲਾ।
ਸ੍ਰੀ ਗੁਰ ਘਰ ਕੋ ਚੋਰ ਬਿਸਾਲਾ[†] ॥੧੪॥ — [†]ਲੋਭ ਪਿਛੇ ਕੁਰਹਿਤੀਏ ਨੂੰ ਬਖਸ਼ਣਾ ਮਨ੍ਹੇ ਕਰ ਰਹੇ ਹਨ।

ਗੁਰ ਹਜ਼ੂਰ ਸਿੱਖੀ ਤਿਸ ਕੇਰੀ।
ਨਹਿਂ ਮਨਜ਼ੂਰ ਹੋਇ ਕਿਸ ਬੇਰੀ।'
ਸੁਨਿ ਗੁਰ ਬਾਕ ਸਿੱਖ ਘਰ ਗਯੋ।
ਸੋ ਬਿਧਿ ਸਕਲ ਕਰਤਿ ਤਹਿਂ ਭਯੋ ॥੧੫॥

ਕੇਤਿਕ ਦਯੋਸ ਬਿਤੇ ਜਬਿ ਫੇਰ।
ਸ੍ਰੀ ਕਲਗੀਧਰ ਚਢੇ ਅਖੇਰ।
ਜੰਮਣ ਖੇੜੇ[1] ਕੇ ਢਿਗ ਗਏ। — [1]ਨਾਮ ਗ੍ਰਾਮ ਦਾ।
ਸਿੱਖ ਬਣਜਾਰੇ ਪਿਖ ਤਹਿਂ ਲਏ[1] ॥੧੬॥ — [1]ਉਸ ਵਣਜਾਰੇ ਸਿੱਖ ਨੇ (ਗੁਰੂ ਜੀ) ਵੇਖ ਲਏ।

ਕਰਿ ਬਿਨਤੀ ਗੁਰ ਨਿਕਟ ਉਤਾਰੇ।
ਸਿੱਖਣੀ ਆਨਿ ਬੰਦਨਾ ਧਾਰੇ।
ਕਹੀ ਬਾਰਤਾ ਜੁਗ ਕਰ ਜੋਰੀ।
'ਮੁਸਲਮਾਨ ਮੁਝ ਵਸਿ ਕਰਿ ਛੋਰੀ ॥੧੭॥

ਪਸ਼ਚਾਤਾਪ ਕਰਤਿ ਨਿਤ ਰਹੀ।
ਮਨ ਇਸਥਿਰਤਾ ਪਾਵਤਿ ਨਹੀਂ।
ਸਤਿਗੁਰ ਕਹਯੋ 'ਚਿੰਤ ਦਿਹੁ ਤਯਾਗੇ।
ਅੰਗ ਸੰਗ ਬਿਨ ਪਾਪ ਨ ਲਾਗੇ[1][†] ॥੧੮॥ — [1]ਜਿੰਨਾਂ ਚਿਰ ਅੰਗਾਂ ਨਾਲ ਨਹੀਂ ਲਗੀ ਪਾਪ ਨਹੀਂ ਲਗਦਾ। [†]ਇਥੋਂ ਸਪਸ਼ਟ ਹੋ ਗਿਆ ਕਿ ਸਿੱਖਣੀ ਪਰ ਮੁਸਲਮਾਨੀ ਭਾਵਨਾ ਦਾ ਸ਼ੱਕ ਹੋ ਗਿਆ ਸੀ, ਆਚਾਰ ਉਸ ਦਾ ਸ਼ੁੱਧ ਸੀ।

ਚਾਰ ਮਕਾਰ[1] ਵਿਸਾਹੁ ਨ ਰੱਖੀ। — [1]ਮਮਿਆਂ ਦਾ।
ਮੁਸਲਾ, ਮਤਰੇਈ, ਮਨ, ਮੱਖੀ।

ਸਿੱਖਣੀਏ ਨਿਜ ਸਿਦਕ ਸੁਨਾਇ[1]।'
ਹਾਥ ਜੋਰਿ ਤਬਿ ਕਹਤਿ ਬਨਾਇ ॥੧੯॥

[1]ਭਾਵ ਦੱਸ।

'ਗੁਰ ਕੀ ਅਰੁ ਗੁਰ ਸਿੱਖਨਿ ਕੇਰੀ।
ਨਿਜ ਕਰ ਸੇਵਾ ਕਰਹੁਂ ਘਨੇਰੀ।
ਉਰ ਪ੍ਰਤੀਤਿ ਮੈਂ ਧਰੋਂ ਬਡੇਰੇ।
ਓਟ ਆਸਰਾ ਗੁਰ ਤੁਮ ਮੇਰੇ[1] ॥੨੦॥

[1]ਹੇ ਗੁਰੂ ਜੀ ਤੁਸੀਂ ਮੇਰੇ ਓਟ ਆਸਰਾ ਹੋ।

ਬਖਸ਼ ਲੇਹੁ ਹਮ ਤੁਮਰੀ ਸ਼ਰਨੀ।
ਪਤਿਤਨਿ ਪਾਵਨਤਾ ਬਿਧਿ ਬਰਨੀ[1]।'

[1]ਆਪ ਨੇ ਨੀਚਾਂ ਨੂੰ ਪਵਿੱਤ੍ਰ ਕਰਨ ਵਾਲੀ ਵਿਧੀ ਵਰਣਨ ਕੀਤੀ ਹੈ।

ਸੁਨਿ ਕਰਿ, ਸਿੱਖ ਸਿੱਖਣੀ ਸੇਵਾ।
ਕਰੀ, ਪ੍ਰਸੰਨ ਭਏ ਗੁਰ ਦੇਵਾ[1] ॥੨੧॥

[1]ਇਹ ਗਲ ਸੁਣਕੇ ਅਤੇ ਸਿੱਖ ਸਿੱਖਣੀ ਨੇ ਜੋ ਸੇਵਾ ਕੀਤੀ ਸੀ (ਉਸ ਪਰ) ਗੁਰੂ ਜੀ ਪ੍ਰਸੰਨ ਹੋਏ, ਕਿਉਂਕਿ ਸੌ ਸਾਖੀ ਵਿਚ 'ਸੁਨਕਰ' ਪਾਠ ਨਹੀਂ ਹੈ ਉਥੇ ਪਾਠ ਇਹ ਹੈ:-ਸਣੇ ਸਿਖ ਸਿਖਣੀ ਟਹਿਲ ਕੀਤੀ।

ਮਸਤਕ ਟੇਕਿ ਉਪਾਇਨ ਦੀਨੀ।
ਖੁਸ਼ੀ ਤਿਨਹੁਂ ਪ੍ਰਤਿ ਸਤਿਗੁਰ ਕੀਨੀ।
ਕਹਜੋ 'ਸਿਖਣੀਏ! ਸੁਨਹੁਂ ਭਵਿੱਖ।
ਤੁਵ ਸੁਤ ਹੋਵਹਿਗੋ ਗੁਰ ਸਿੱਖ ॥੨੨॥
ਜਨਮ ਸਪਤਮੋ ਤੁਵ ਜਬਿ ਹੋਇ।
ਸੰਗਤਿ ਸਿੰਘ ਕੀ ਬਨਿ ਹੈਂ ਜੋਇ[1]।

[1]ਸੰਗਤ ਸਿੰਘ ਦੀ ਇਸਤ੍ਰੀ ਬਣੇਂਗੀ।

ਤਬਿ ਉਧਾਰ ਤੇਰੋ ਹੁਇ ਜਾਇ[1]।

[1]ਲਿਖਤੀ ਸੌ ਸਾਖੀ ਵਿਚ ਪਾਠ ਹੈ:-'ਅਤੇ ਸਤਵੇਂ ਜਨਮ ਗੁਰੂ ਜੀ ਕਾ ਸਿਖ ਸੰਗਤ ਸਿੰਘ ਕੀ ਮਹਲ ਬਸਕੇ ਉਧਰੈਂਗੀ' ਇਸ ਤੋਂ ਪਤਾ ਇਹ ਲਗਦਾ ਹੈ ਕਿ ਇਹ ਸਿੱਖ (ਜੋ ਤੇਰਾ ਇਸ ਵੇਲੇ ਪਤੀ ਹੈ) ਸੰਗਤ ਸਿੰਘ ਨਾਮ ਵਾਲਾ ਹੋਵੇਗਾ ਤੇ ਤੂੰ ਉਸ ਦੀ ਇਸਤ੍ਰੀ ਹੋਕੇ ਉਸ ਜਨਮ ਮੁਕਤ ਨੂੰ ਪ੍ਰਾਪਤ ਹੋਵੇਂਗੀ। ਹੋ ਸਕਦਾ ਹੈ ਕਿ ਇਹ ਇਸ਼ਾਰਾ ਜੀਂਦ ਦੇ ਰਾਜਾ ਸੰਗਤ ਸਿੰਘ ਜੀ ਵੱਲ ਹੋਵੇ। ਜੋ ਸੰਮਤ ੧੯੯੧-੯੨ ਬਿ: ਵਿਚ ਗੁਜ਼ਰੇ ਹਨ, ਇਨ੍ਹਾਂ ਦੀ ਇਸਤ੍ਰੀ ਦਾ ਨਾਮ ਸਭਾ ਕੌਰ ਸੀ।

ਕਰਨਿ ਸੇਵ ਕੋ ਤਬਿ ਫਲ ਪਾਇੰ' ॥੨੩॥
ਇਮ ਬਰ ਦੇ ਕਰਿ ਹਯ ਆਰੋਹੇ।
ਡੇਰੇ ਬਿਖੇ ਆਨਿ ਕਰਿ ਸੋਹੇ।

†ਇਕ ਦਿਨ ਸਤਿਗੁਰ ਕੇਰ ਹਜੂਰ।
ਰਾਗੀ ਕਰਤਿ ਕੀਰਤਨ ਰੂਰ ॥੨੪॥
ਜਿਸ ਤੇ ਬਹੁ ਬੈਰਾਗ ਉਪਾਵਤਿ।
ਗੋਪੀ ਚੰਦ ਵਾਰ ਕੋ ਗਾਵਤਿ[1]।
ਸੁਨੈ ਖਾਲਸਾ ਕਰਿ ਕਰਿ ਪ੍ਰੀਤਿ।
ਖੁਸ਼ੀ ਬਿਸਾਲ ਧਾਰਤੇ ਚੀਤ ॥੨੫॥
ਸਮੈ ਪ੍ਰਾਤਿ ਕੇ ਮਨ ਟਿਕ ਗਏ।
ਸੁਨਿ ਸੁਨਿ ਪ੍ਰੇਮ ਸਭਿਨਿ ਕੇ ਭਏ।
ਸ਼ਬਦ ਸਾਜ਼ ਅਰ ਕੰਠ ਮਿਲੇ ਹੈਂ।
ਬਸਜੋ ਰਾਗ ਜੁਤਿ ਤਾਲ ਭਲੇ ਹੈਂ[1] ॥੨੬॥
ਜਬਹਿ ਭੋਗ ਪਾਯੋ ਕਰਿ ਨਮੋ।
ਸਿੱਖ ਇਕਾਂਗੀ[1] ਸੁਨਿ ਤਿਹ ਸਮੋ।
ਰਿਦੈ ਪ੍ਰਤੀਤਿ ਨ ਬਿਨ ਗੁਰ ਬਾਨੀ।
ਸੁਨਹਿ ਪਠਹਿ ਨਹਿਂ ਅਪਰ ਬਖਾਨੀ ॥੨੭॥
ਸੋ ਉਠਿ ਕੈ ਕਰਿ ਜੋਰਿ ਉਚੇਰੇ।
ਬੋਲਜੋ[1] ਕਰੁਨਾ ਸਿੰਧ ਅਗੇਰੇ।
'ਸੁਨੀਐ ਪ੍ਰਭੂ ਜੀ! ਮੋਰ ਪੁਕਾਰ।
ਰਾਗੀ ਗਏ ਸਿਦਕ ਕੇ ਹਾਰਿ ॥੨੮॥
ਤਜਿ ਸਤਿਗੁਰ ਬਾਨੀ ਇਸ ਬੇਰਾ।
ਗਾਯੋ ਗੋਪੀਚੰਦ ਕੋ ਝੇਰਾ।
ਅੰਮ੍ਰਿਤ ਵੇਲੇ ਉਠਤਿ ਅਰੰਭਾ।
ਸੁਨਿ ਮੇਰੇ ਮਨ ਭਯੋ ਅਚੰਭਾ ॥੨੯॥
ਗੁਰੂ ਸ਼ਬਦਿ ਬਿਨ ਬਾਣੀ ਕਾਚੀ।
ਸ੍ਰੀ ਗ੍ਰੰਥ ਮਹਿਂ ਏਵ ਉਬਾਚੀ।
ਜਾਨਿ ਬੂਝਿ ਇਨ ਤਜਾਗਨਿ ਠਾਨੀ।
ਵੇਲਾ ਕਿਰਤਨ ਕੇ ਗੁਰਬਾਨੀ ॥੩੦॥
ਕਜੋਂ ਇਸ ਸਮੇਂ ਗਾਨਿ ਕਿਯ ਆਨਾ[1]।'
ਸੁਨਿ ਕਲਗੀਧਰ ਬਾਕ ਬਖਾਨਾ।
'ਭਾਈ ਸਾਂਈਲੋਕਾ! ਸੁਨੀਅਹਿ।
ਗੁਰ ਅਰੁ ਸਿਖ ਮੈਂ ਭੇਵ ਨ ਜਨੀਅਹਿ

†ਸੌ ਸਾਖੀ ਦੀ ਇਹ ਦਸਵੀਂ ਸਾਖੀ ਹੈ।

[1]ਗੋਪੀਚੰਦ ਦੀ ਵਾਰ ਨੂੰ ਗਾਉਂਦੇ ਹਨ।

[1]ਸੌ ਸਾਖੀ ਦਾ ਪਾਠ ਹੈ:-'ਸ਼ਬਦ, ਸਾਜ, ਕੰਠ, ਪ੍ਰੇਮ, ਏਕ ਹੋ ਗਏ।

[1]ਇਕਾਂਗੀ ਦਾ ਅਰਥ ਅਗਲੀਆਂ ਤੁਕਾਂ ਵਿਚ।

[1]ਉਚੀ ਬੋਲਿਆ।

[1]ਹੋਰ।

॥੩੧॥
ਸਿਖ ਸੇਵਕ ਸਭਿ ਭਗਤਿ ਬਿਸਾਲੇ।
ਸਾਸ ਸਾਸ ਕਰਤਾਰ ਸਮਾਲੇ।
ਤੱਦਪਿ ਸਿੱਖਾ! ਸਿੱਖੀ ਦੂਰ।
ਗੁਰ ਕਰੁਨਾ ਤੇ ਪ੍ਰਾਪਤਿ ਰੂਰ ॥੩੨॥
ਗੋਪੀ ਚੰਦ ਧੰਨ ਬੈਰਾਗੀ।
ਚੌਦਾਂ ਸੈ ਰਾਣੀ ਜਿਨ ਤਜਾਗੀ।
ਦੀਰਘ ਰਾਜ ਮੋਹ ਜੋ ਮਨ ਕਾ[1]। — [1]ਭਾਰੀ ਰਾਜ (ਅਤੇ) ਮਨ ਦਾ ਮੋਹ।
ਤੁਰਤ ਤੋਰ ਡਾਰਜੋ ਜਿਮ ਤਿਨਕਾ ॥੩੩॥
ਤਪ ਕਰਿ ਸਿੱਧ ਭਯੋ ਸਭਿ ਤਜਾਗਜੋ।
ਉਧਰਜੋ ਗੋਰਖ ਕੇ ਪਗ ਲਾਗਜੋ।
ਗਜ, ਬਾਜੀ, ਧਨ, ਸਿਵਕਾ, ਸਜੰਦਨ।
ਸੁੰਦਰ ਚੰਦਰਮੁਖੀ ਸਹਿ ਨੰਦਨ[1] ॥੩੪॥ — [1]ਚੰਦ ਮੁਖ ਵਾਲੀਆਂ ਇਸਤ੍ਰੀਆਂ ਪੁੱਤ੍ਰਾਂ ਸਮੇਤ।
ਤਜਿ ਕਰਿ ਨਹਿੰਨ ਸੰਭਾਰਨਿ ਕਰੇ।
ਦ੍ਰਿੜ੍ਹ ਬੈਰਾਗ ਰਿਦੇ ਮੇਂ ਧਰੇ।
ਤੁਮ ਸਭਿ ਸਿੱਖ ਹਜ਼ੂਰ ਰਹੰਤੇ।
ਮਨ ਅਪਨੇ ਕੋ ਨਹਿੰ ਥਿਰਿਯੰਤੇ ॥੩੫॥
ਘਰ ਮਹਿੰ ਨਾਰਿ ਕੁਸੁੰਦਰ[1], ਕਾਣੀ। — [1]ਕੋਹਝੀ।
ਭਲੀ ਰਹਿਤ ਜਿਨ ਏਕ ਨ ਜਾਣੀ[1]। — [1]ਜਿਸ ਨੇ ਭਲੀ ਰਹਿਤ ਇਕ ਵੀ ਨਹੀਂ ਜਾਣੀ।
ਮਨਲਾਗਜੋ ਤਿਨ ਸੰਗ ਤੁਮਾਰੋ।
ਗੁਰ ਘਰ ਤੇ ਧਨ ਲਹੋ, ਬਿਚਾਰੋ ॥੩੬॥
ਸੋ ਲੇ ਕਰਿ ਪਹੁੰਚਹੁ ਤਿਨ ਪਾਸ[1]। — [1]ਭਾਵ ਇਸਤ੍ਰੀਆਂ ਪਾਸ।
ਕਰਿਬੇ ਚਹਹੁ ਬਿਲਾਸ ਅਵਾਸ।
ਗੋਪੀਚੰਦ ਰੀਸ ਕੋ ਕੈਸੇ।
ਤੁਮ ਚਾਹਤਿ, ਕਹੀਐ ਬਿਧਿ ਤੈਸੇ ॥੩੭॥
ਜੋ ਬੈਰਾਗਵਾਨ ਜਨ ਭਾਰੇ।
ਸਭਿ ਕੇ ਸਾਂਝੇ ਗੁਰੂ ਉਦਾਰੇ।

ਜਿਸ ਬਾਣੀ ਕੋ ਪਠਤਿ ਸੁਨੰਤੇ।
ਸ਼ਾਂਤ ਵਿਰਾਗ ਗ੍ਯਾਨ ਉਪਜੰਤੇ ॥੩੮॥
ਇਸਿ ਬਿਧਿ ਕੀਨਿ ਜੁ ਸ਼ੁਭ ਮਤਿ[1] ਬਾਨੀ।
ਗੁਰਬਾਨੀ ਕੇ ਲਖਹੁ ਸਮਾਨੀ†।

[1]ਜੋ ਸ਼ੁਭ ਮਤ ਵਾਲਿਆਂ ਨੇ।

†ਇਸ ਸਾਖੀ ਵਿਚੋਂ ਕੇਵਲ ਇਤਨਾ ਭਾਵ ਗ੍ਰਾਹਿਣ ਜੋਗ ਹੋ ਸਕਦਾ ਹੈ ਕਿ ਸੱਚੇ ਵੈਰਾਗੀਆਂ ਪਰਮੇਸ਼ੁਰ ਦੇ ਭਗਤਾਂ ਦੀ ਨਿੰਦਾ ਨਹੀਂ ਕਰਨੀ ਤੇ ਉਨ੍ਹਾਂ ਦੀ ਕਥਾ ਸੁਣਕੇ ਸ਼ੁਭ ਗੁਣ ਧਾਰਨੇ ਹਨ, ਇਹ ਭਾਵ ਨਹੀਂ ਹੈ ਕਿ ਮਨੁੱਖ ਰਚਿਤ ਬਾਣੀਆਂ ਗੁਰਬਾਣੀ ਦੇ ਤੁੱਲ ਹਨ। ਗੁਰਬਾਣੀ ਪੱਕੀ ਬਾਣੀ ਹੈ, ਹੋਰ ਕੱਚੀਆਂ ਹਨ। ਪਾਠ, ਆਰਾਧਨਾ, ਜਪਣਾ, ਏਕਾਗ੍ਰਤਾ ਤੇ ਕਲਿਆਨ ਅਰਥ ਪੜ੍ਹਨਾ ਸੁਣਨਾ ਗਾਉਣਾ ਉਸੇ ਬਾਣੀ ਦਾ ਉਪਕਾਰੀ ਹੈ ਜੋ ਧੁਰ ਕੀ ਬਾਣੀ ਹੈ ਤੇ ਵਾਹਿਗੁਰੂ ਨਾਲ ਜੁੜੇ ਤੇ ਅਵਿਦਿਆ ਰਹਿਤ ਪਰਮ ਸ਼ੁਧ ਸਤੋ ਅੰਸ਼ਵਾਲੇ ਗੁਰੂ ਸਾਹਿਬ ਦੇ ਹਿਰਦਿਆਂ ਵਿਚ ਈਸ਼੍ਵਰ ਵਲੋਂ ਉਤਰੀ ਹੈ, ਇਸ ਕਰਕੇ ਪਰਮ ਪਾਵਨ ਗੁਰ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਵਿਸ਼ੈਣੀ ਬਾਣੀ ਰੱਬੀ ਗਿਆਨ ਹੈ ਤੇ ਪਰਮ ਸ੍ਵਛ ਹੈ। ਉਸਦੇ ਤੁੱਲ ਕਿਸੇ ਜੀਵ ਦੀ ਰਚਨਾ ਨਹੀਂ ਹੋ ਸਕਦੀ। ਇਹ ਸਾਖੀ ਬੀ ਅਖੇਪਕਾਰ ਦੀ ਪਾਈ ਗਈ ਯਾਂ ਵਿਗਾੜੀ ਗਈ ਜਾਪਦੀ ਹੈ, 'ਏਕਾਂਗੀ ਸਿੱਖ' ਨੂੰ ਇਸ ਤਰ੍ਹਾਂ ਮੁਖ਼ਾਤਬ ਕਰਨਾ ਜਿਵੇਂ ਕਿਸੇ ਅਪ੍ਰਾਧੀ ਸਿੱਖ ਨੂੰ ਕਰੀਦਾ ਹੈ ਗੁਰੂ ਜੀ ਤੋਂ ਹੋ ਨਹੀਂ ਸਕਦਾ, ਜਿਨ੍ਹਾਂ ਦਾ ਕਿ ਵਾਕ ਹੈ 'ਖਾਲਿਸਾ ਮੇਰੋ ਰੂਪ ਹੈ ਖਾਸ'। ਪਿਛੇ ਮੁਕਤਨਾਮੇਂ ਦੇ ਵਿਚ ਕਿਹਾ ਹੈ:-'ਵਾਚੇ ਵੇਦ ਗਿਰਾ ਗੁਰ ਛੋਡੇ' ਸੋ ਤਨਖਾਹੀਆ ਹੈ।

ਬੇਦ ਵਾਕ ਜੋ ਅਹੈ ਬਿਅਰਥ†।

†ਸੌ ਸਾਖੀ ਵਿਚ ਪਾਠ ਇਉਂ ਹੈ 'ਬੇਦਕਾ ਵਾਕ ਬੀ ਬਿਅਰਥ ਤਿਆਗਣਾ, ਦੇਵਤਾ ਕੀ ਬਾਣੀ ਭੀ ਆਖਰ ਭੀ ਛੋਡੀਏ। ਸਾਰ ਵਾਲਾ ਵਾਕ ਬਾਲਕ ਕਾ ਭੀ ਮੰਨਣਾ। ' ਇਸੇ ਭਾਵ ਦਾ ਇਕ ਸ਼ਲੋਕ ਵਸ਼ਿਸ਼ਟ ਗ੍ਰੰਥ ਵਿਚ ਭੀ ਲਿਖਿਆ ਹੈ ਯਥਾ 'ਯੁਕਤੀ ਯੁਕਤਮੁਪਾਦੇਯੰ ਵਚਨੰ ਬਾਲਕਾਦ੍ ਮਪਿ ਯੁਕਤੀਹੀਨੰ ਨ ਸੰਗ੍ਰਹਜਮਪਿ ਉਕ੍ਤੰ ਪਦਮ ਜਨਮਣਾ [ਵਸ਼ਿਸ਼ਟ ਗ੍ਰੰਥ]। ' ਭਾਵ ਯੁਕਤੀ ਸਹਿਤ ਕਿਹਾ ਵਚਨ ਬਾਲਕ ਦਾ ਭੀ ਮੰਨਣਾ, ਯੁਕਤੀ ਤੇ ਰਹਿਤ ਬ੍ਰਹਮਾ ਦਾ ਕਿਹਾ ਭੀ ਗ੍ਰਹਿਣ ਨਹੀਂ ਕਰਨਾ; ਆਖੇਪਕਾਰ ਨੇ ਇਹ ਭਾਵ ਵਾੜਨ ਦੀ ਕੋਸ਼ਸ਼ ਕੀਤੀ ਹੈ।

ਸੁਰ ਮੁਨਿ ਕਹੇ ਜਨਾਇ ਅਨਰਥ[1] ॥੩੯॥
ਤਿਸ ਕੋ ਤ੍ਯਾਗ ਕਰਨ ਭਲ ਜਾਨੋ।
ਗਹੈ ਜੁ ਤਹਾਂ[1] ਸੁ ਨਰਕ ਪਯਾਨੋ।
ਕੋ ਬਾਲਕ ਨੇ ਬਾਕ ਉਚਾਰਾ।
ਜਿਸ ਮਹਿਂ ਸਾਰ ਭਲੇ ਨਿਰਧਾਰਾ ॥੪੦॥
ਤਿਸ ਕੋ ਮਾਨ ਲੇਨਿ ਸ਼ੁਭ ਜਾਨੋ।
ਸੋ ਨਰ ਕਰਹਿ ਬਿਕਾਰਨ ਹਾਨੋ।
[1]ਜਿਸ ਮਹਿਂ ਪਰਮੇਸ਼ੁਰ ਜਸੁ ਕਹ੍ਯੋ।
ਸਾਰ ਅਸਾਰ ਬਿਚਾਰਨ ਲਹ੍ਯੋ[1] ॥੪੧॥
ਅਵਤਾਰਨਿ ਕੀ ਕਥਾ ਮਹਾਂਨੀ।
ਰਾਮਕ੍ਰਿਸ਼ਨ ਆਦਿਕ ਗੁਨਖਾਨੀ।

[1]ਦੇਵਤੇ ਵਾ ਮੁਨੀ ਉਚਾਰਨ ਤੋਂ ਅਨਰਥ (= ਉਲਟ ਅਰਥ) ਜਣਾਵੇ।

[1]ਉਸ (ਭਾਵ) ਨੂੰ ਜੋ ਗ੍ਰਹਿਣ ਕਰੇ।

[1]ਇਥੋਂ ਤਕ ਸੌ ਸਾਖੀ ਦਾ ਭਾਵ ਸ੍ਰੀ ਅੱਗੇ ਕਵੀ ਜੀ ਆਪ ਲਿਖਦੇ ਹਨ।

[1]ਸੱਤ ਅਸੱਤ ਦਾ ਵਿਚਾਰ ਜਿਸ ਤੋਂ ਪ੍ਰਾਪਤ ਹੋਵੇ।

ਸਤਿਗੁਰ ਸ਼੍ਰੀ ਨਾਨਕ ਤੇ ਆਦਿ।
ਬਰਨਨ ਕਰਜੋ ਪ੍ਰਸੰਗ ਸੰਬਾਦਿ ॥੪੨॥
ਤਿਸ ਪਰ ਤਰਕ ਕਰਹਿਂ ਮਨ ਮੂੜ੍ਹੇ।
ਭੇਦ ਨ ਪਾਇ ਸਕਹਿਂ ਗੁਨ ਰੂੜ੍ਹੇ।
ਸੋ ਨਰ ਖੈ ਹੈਂ ਜਮ ਕੀ ਮਾਰ।
ਜਨਮ ਮਰਨ ਲਹਿਂ ਨਿਤ ਹ੍ਵੈਂ ਖ੍ਵਾਰ ॥੪੩॥
ਯਾਂ ਤੇ ਜਿਨ ਸ਼ੁਭ ਬਾਤਿ ਉਚਾਰੀ।
ਸੁਮਤਿਵੰਤ ਸਭਿ ਅੰਗੀਕਾਰੀ।
ਪਠਹਿ ਸੁਨਹਿਂ ਗੁਰਮਤ ਕੋ ਧਾਰੈ।
ਭਵ ਸਾਗਰ ਤੇ ਉਤਰਹਿ ਪਾਰੈ ॥੪੪॥
ਪਠਹਿ ਸੁਨਹਿ ਨਹਿਂ ਭਲੋ ਕਮਾਵਹਿ।
ਸ਼ੁਭ ਬਾਨੀ ਪਰ ਤਰਕ ਉਠਾਵਹਿ[1]।

[1]ਭਾਵ ਸ਼ੁਭ ਬਾਣੀ ਤੇ ਤਰਕ ਨਾ ਕਰੇ, ਪਰ ਗੁਰਬਾਣੀ ਦੀ ਤੁੱਲਤਾ ਕਿਸੇ ਬਾਣੀ ਨੂੰ ਦੇਣੀ ਗੁਰਮਤ ਵਿਰੁੱਧ ਹੈ।

ਤਿਸ ਨਰ ਕਾ ਹੁਇ ਨਰਕ ਪਯਾਨਾ।
ਹਾਰ ਜਨਮ ਕੋ ਪੁਨ ਪਛੁਤਾਨਾ ॥੪੫॥
ਕਰੈਂ[1] ਖਾਲਸਾ ਕੇ ਹਿਤ ਬਾਨੀ।

[1](ਅਸੀਂ) ਕਰਾਂਗੇ।

ਹਮ ਭੀ, ਕੇਤਿਕ ਕਰਹਿਂ[†] ਬਖਾਨੀ[1]।

[1]ਤੇ ਕੁਝ ਕੁ ਕਥਨ ਕੀਤੀ ਬੀ ਹੈ। [†]ਪਾ:-ਸੇਵਕ ਕੀਨਿ।

ਆਦਿ ਮਹਾਂਭਾਰਤ ਜੇ ਆਨ।
ਭਾਖਾ ਸਭਿ ਕੀ ਕਰਤਿ ਸੁਜਾਨ ॥੪੬॥
ਸੋ ਹਮ ਪੰਥ ਹੇਤੁ ਕਰਿਵਾਵੈਂ।
ਪਠਹਿਂ ਆਪ ਸਭਿਹੂੰਨ ਸੁਨਾਵੈਂ।'
[1]ਹੁਤੇ ਬਵੰਜਾ ਕਵਿ ਗੁਰ ਪਾਸ।

[1]ਇੱਥੋਂ ਅੱਗੇ ਕਵੀ ਜੀ ਦਾ ਕਥਨ ਹੈ।

ਸਭਿ ਹੀ ਬਾਨੀ ਕਰਹਿਂ ਪ੍ਰਕਾਸ਼ ॥੪੭॥
ਸਤਿਗੁਰ ਸਭਿ ਇਕੱਤ੍ਰ ਕਰਿਵਾਵੈਂ।
ਪੱਤ੍ਰੇ ਦੀਰਘ ਪਰ ਲਿਖਵਾਵੈਂ।
ਨਾਮ ਗ੍ਰੰਥ ਕੋ ਬਿੱਦਜਾ ਸਾਗਰ।
ਰਾਖਨ ਕੀਨੋ ਸ਼੍ਰੀ ਪ੍ਰਭੁ ਨਾਗਰ[1] ॥੪੮॥

[1]ਪ੍ਰਬੀਨ ਪ੍ਰਭੁ ਜੀ ਨੇ।

ਕਵਿਤਾ ਸਭਿਹਿਨਿ ਕੀ ਪਰਖੰਤੇ।
ਜਿਮ ਤਮ ਤਾਰ[1] ਸੁ ਛੰਦ ਬਨੰਤੇ।

[1]ਵੱਧ ਘੱਟ।

ਰੀਝ ਰੀਝ ਦੇਂ ਮੌਜ[1] ਘਨੇਰੀ।
ਲਾਖਹੁੰ ਦਰਬ ਕਰੋਰਨ ਕੇਰੀ ॥੪੯॥
ਕਵੀਅਨਿ ਕੋ ਆਗੇ ਬਿਰਤਾਂਤ।
ਕਰਹਿਂ ਗ੍ਰੰਥ ਮਹਿਂ ਸਭਿ ਬੱਖਜਾਤ।
ਰੁੱਤ ਭਈ ਅਬਿ ਤੀਸਰ ਪੂਰੀ।
ਸ਼੍ਰੀ ਕਲਗੀਧਰ ਕੀ ਕਥ ਰੂਰੀ ॥੫੦॥
ਪਠਹਿਂ ਸੁਨਹਿਂ ਉਪਜਾਵਹਿਂ ਪ੍ਰੇਮ।
ਸਤਿਗੁਰ ਬਖਸ਼ਹਿ ਸ਼੍ਰੋਤਨਿ ਛੇਮ।
ਦਸ ਪਤਿਸ਼ਾਹਨਿ ਚਰਨ ਮਨਾਇ।
ਕਵਿ ਸੰਤੋਖ ਸਿੰਘ ਕਾਬਜ ਬਨਾਇ
॥੫੧॥

[1]ਬਖਸ਼ਸ਼।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖਨਿ' ਪ੍ਰਸੰਗ ਬਰਨਨੰ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਯਾਂ ਸ਼੍ਰੀ ਗੁਰ ਮਹਾਤਮ ਤ੍ਰਿਤੀ ਰੁਤੇ ਸੰਪੂਰਨੰ ਮਸਤ ਸ਼ੁਭ ਮਸਤ ਨਾਮ ਇਕ ਪੰਚਾਸਤਿ ਅੰਸੂ† ॥੫੧॥

†ਛਾਪੇ ਦੇ ਨੁਸਖੇ ਵਿਚ ਇਸਤੋਂ ਅਗੇ ਇਹ ਪਾਠ ਹੈ:-ਸ਼੍ਰੀ ਵਾਹਿਗੁਰੂ ਜੀ ਸਹਾਇ ॥ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਹਾਇ। ਸ਼੍ਰੀ ਅਕਾਲ ਪੁਰਖ ਜੀ ਸਹਾਇ ਤ੍ਰਿਯੀ ਰੁਤ ਸੰਪੂਰਨੰ ॥

[ਤੀਜੀ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰੁਤਿ ਚੌਥੀ Rut 4

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰੁਤਿ ਚੌਥੀ

## ਰੁਤਿ ਚੌਥੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
ਟ੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰੁਤਿ ਚੌਥੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਚੌਥੀ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਤਤਕਰਾ ਰੁਤਿ ਚੌਥੀ

## ਚਉਥੀ ਰੁਤਿ


੧ ੧. [ਮੰਗਲ। ਖਾਲਸੇ ਦਾ ਬਾਹਰ ਚੜ੍ਹਨਾ]

੧. ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

੨. ਇਸ਼੍ਰ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

੩. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨ ੨. [ਸ਼ੰਕਰ ਵਰਣ]

੩ ੩. [ਮੋਮਨ ਸ਼ਰਫ]

੪ ੪. [ਬਲੀਆ ਚੰਦ ਤੇ ਆਲਮ ਚੰਦ ਨਾਲ ਜੁੱਧ]

੫ ੫. [ਰਾਜਿਆਂ ਦੀ ਸਲਾਹ। ਕਾਜ਼ੀ ਸਲਾਰ ਦੀਨ]

੬ ੬. [ਮਰਦ ਦਾ ਮੂੰਹ ਨਾ ਫਿਟਕਾਰਨਾ। ਨਿਗਾਹੇ ਦਾ ਮੁਰੀਦ ਵਣਜਾਰਾ]

੭ ੭. [ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼]

੮ ੮. [ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ]

੯ ੯. [ਪੈਂਡਾ ਖਾਨ ਬੱਧ]

੧੦ ੧੦. [ਸਤਿਗੁਰ ਮਹਿਮਾ]

੧੧ ੧੧. [ਭੀਮ ਚੰਦ ਦੀ ਧਮਕੀ]

੧੨ ੧੨. [ਫੌਜਾਂ ਦੀ ਚੜ੍ਹਾਈ]

੧੩ ੧੩. [ਜੰਗ ਆਰੰਭ]

੧੪ ੧੪. [ਜੰਗ]

੧੫ ੧੫. [ਜਮਤੁੱਲਾ ਭਾਊ ਬੱਧ]

੧੬ ੧੬. [ਜਮਤੁੱਲੇ ਮਾਰਨ ਪਿਛੋਂ ਜੰਗ। ਰਾਤ ਨੂੰ ਆਰਾਮ]

੧੭ ੧੭. [ਪਹਾੜੀਆਂ ਦੀਆਂ ਰਾਤੀਂ ਸਲਾਹਾਂ]

੧੮ ੧੮. [ਸਾਹਿਬ ਅਜੀਤ ਸਿੰਘ ਜੀ ਦਾ ਯੁੱਧ]

੧੯ ੧੯. [ਜੰਗ-ਜਾਰੀ]

੨੦ ੨੦. [ਭਾਈ ਦਯਾ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਕਰਨਾ]

੨੧ ੨੧. [ਕੇਸਰੀ ਚੰਦ ਦੀ ਪ੍ਰਤੱਗਜਾ]

੨੨ ੨੨. [ਦੁਨੀਚੰਦ ਨੇ ਡਰ ਜਾਣਾ]

੨੩ ੨੩. [ਦੁਨੀਚੰਦ ਨੇ ਨੱਸ ਜਾਣਾ]

੨੪ ੨੪. [ਦੁਨੀਚੰਦ ਦੀ ਮੌਤ]

੨੫ ੨੫. [ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ]

੨੬ ੨੬. [ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ]

੨੭ ੨੭. [ਕੇਸਰੀ ਚੰਦ ਨੂੰ ਮਾਰਨਾ]

੨੮ ੨੮. [ਭੀਮ ਚੰਦ ਸ਼ੋਕ]

੨੯ ੨੯. [ਦੂਜੇ ਦਿਨ ਦਾ ਜੰਗ]

| | |
|---|---|
| ੩੦ | ੩੦. [ਖਾਲਸੇ ਦੀ ਜਿੱਤ] |
| ੩੧ | ੩੧. [ਭਾਈ ਆਸਾ ਸਿੰਘ] |
| ੩੨ | ੩੨. [ਸ਼ਸਤ੍ਰ ਮਾਂਜਣੇ। ਦੁਸਹਿਰਾ] |
| ੩੩ | ੩੩. [ਮਾਤਾ ਜੀ ਨੂੰ ਸੰਤ ਦਰਸ਼ਨ] |
| ੩੪ | ੩੪. [ਕੜਾਹ ਦੀ ਲੁੱਟ। ਭਾਈ ਰਾਮਕੁਇਰ ਜੀ] |
| ੩੫ | ੩੫. [ਭਾਈ ਰਾਮ ਕੁਇਰ ਜੀ] |
| ੩੬ | ੩੬. [ਜੋਗਾ ਸਿੰਘ] |
| ੩੭ | ੩੭. [ਗਊ ਦੀ ਆਣ ਤੇ ਆਨੰਦ ਪੁਰ ਛੱਡਣਾ] |
| ੩੮ | ੩੮. [ਆਨੰਦਪੁਰ ਛੱਡਣ ਪਿੱਛੋਂ ਜੰਗ] |
| ੩੯ | ੩੯. [ਬਾਹਰ ਡੇਰਾ ਕਰਨਾ] |
| ੪੦ | ੪੦. [ਤੋਪ ਦੇ ਗੋਲੇ ਤੋਂ ਬਚਾਉ] |
| ੪੧ | ੪੧. [ਵਜ਼ੀਰ ਖਾਂ ਦਾ ਆਉਣਾ] |
| ੪੨ | ੪੨. [ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ। ਰਾਇ ਬਿਸਾਲੀ ਮੇਲ] |
| ੪੩ | ੪੩. [ਜੰਗ] |
| ੪੪ | ੪੪. [ਘਮਸਾਨ। ਸਾਹਿਬ ਚੰਦ ਜੀ ਦੀ ਸ਼ਹਾਦਤ] |
| ੪੫ | ੪੫. [ਵਿਜੈ ਲੈਕੇ ਬਿਸਾਲੀ ਪਹੁੰਚਣਾ] |
| ੪੬ | ੪੬. [ਬਿਸਾਲੀ ਡੇਰਾ। ਸਿੰਘਾਂ ਦਾ ਪਹਾੜੀਆਂ ਨਾਲ ਜੰਗ] |
| ੪੭ | ੪੭. [ਬਿਭੌਰ ਦੇ ਰਾਣੇ ਨਾਲ ਮੇਲ] |
| ੪੮ | ੪੮. [ਕਲਮੋਟ ਨੂੰ ਘੇਰਨਾ] |
| ੪੯ | ੪੯. [ਵਾਪਸ ਆਨੰਦ ਪੁਰ ਆਏ] |
| ੫੦ | ੫੦. [ਭੀਮਚੰਦ ਦਾ ਮੇਲ। ਨਾਰਦ ਨੇ ਖੰਭ ਭੇਟ ਕਰਨੇ] |
| ੫੧ | ੫੧. [ਖੰਭਾਂ ਦੁਵਾਰਾ ਉਪਦੇਸ਼] |

# ਰਿਤੁ ਚਉਥੀ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਅਰਥਾਂ ਲਈ ਦੇਖੋ ਰਾਸਿ ੩ ਦਾ ਆਦਿ।

## ਅਥ ਚਤੁਰਥ ਰੁਤ ਕਥਨੰ ॥

### ੧. [ਮੰਗਲ। ਖਾਲਸੇ ਦਾ ਬਾਹਰ ਚੜ੍ਹਨਾ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਦੋਹਰਾ:

ਦੀਨਨਿ ਦਯਾਲੁ† ਅਨੰਦਘਨ, ਜੋ ਸਭਿ ਮੈਂ ਲਯ, ਲੀਨਿ। †ਪਾ:-ਦੀਨ ਦਇਆਲ।
ਲੀਨਿ ਨਾਮ ਜਨ ਜਾਂਹਿ ਨੇ, ਤਿਨ ਕੌ ਕੈਵਲ ਦੀਨਿ ॥੧॥

ਅਨੰਦਘਨੁ = ਇਕ ਰਸ ਆਨੰਦ (ਸ੍ਵਰੂਪ)। ਲਯ = ਸਮਾਇਆ ਹੋਇਆ।
ਲੀਨ = ਜੱਫੀ ਵਿਚ, ਨਾਲ ਲਗੇ ਹੋਏ, ਅਲੰਬ ਵਿਚ, ਆਸਰੇ।
ਕੈਵਲ = ਕੈਵਲਜ = ਸਦਾ ਦੀ ਮੁਕਤੀ।
ਸੂਚਨਾ-'ਜੋ ਸਭ ਮੈਂ ਲਯ ਤੇ ਲੀਨ ਦੁਹਾਂ ਦੀ ਦੇਹੁਰੀ ਦੀਪਕ ਹੈ।

ਅਰਥ:

ਦੀਨਾਂ ਉੱਤੇ ਦਿਆਲੂ ਕੇ ਇਕ ਰਸ ਆਨੰਦ (ਸਰੂਪ ਪਰਮਾਤਮਾ) ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ (ਅਤੇ) ਜਿਸ ਦੇ ਆਸਰੇ ਸਾਰੇ (ਕਾਇਮ) ਹਨ, (ਐਸੇ ਪਰਮਾਤਮਾ ਦਾ) ਨਾਮ ਜਿਨ੍ਹਾਂ ਜਨਾਂ ਨੇ ਲੀਤਾ ਹੈ, ਉਹਨਾਂ ਨੂੰ (ਆਪ ਨੇ) ਕੈਵਲ (ਪਦਵੀ) ਦਿਤੀ ਹੈ।

ਭਾਵ:

ਨਜਾਯ ਨੇ ਦੁੱਖ ਤੋਂ ( = ੨੧ ਪ੍ਰਕਾਰ ਦੇ ਦੁੱਖ ਤੋਂ) ਮੂਲੋਂ ਹੀ ਛੁਟਕਾਰਾ ਪਾ ਜਾਣ ਦਾ ਨਾਮ ਕੇਵਲ ਦੱਸਿਆ ਹੈ, ਸਾਧਨ ਉਸ ਦਾ ਹੈ ੧੬ ਪਦਾਰਥਾਂ ਦਾ ਤਤ੍ਵਗਜਾਨ। ਸਾਂਖ ਵਿਚ ਤ੍ਰੈ ਪ੍ਰਕਾਰ ਦੇ ਦੁਖਾਂ ਤੋਂ ਸੰਪੂਰਣ ਖਲਾਸੀ ਨੂੰ ਕੈਵਲ ਆਖਿਆ ਹੈ, ਤੇ ਵਿਵੇਕ ਉਸ ਦਾ ਸਾਧਨ ਹੈ। ਯੋਗ ਦਰਸ਼ਨ ਵਿਚ ਅਹੰਕਾਰ ਹੀ ਪੂਰਨ ਨਵਿਰਤੀ ਹੋ ਜਾਣ ਤੇ ਦ੍ਰਿਸ਼ਟਾ ਦਾ ਸ੍ਵੈ ਸਰੂਪ ਵਿਚ ਇਸਥਿਤ ਹੋ ਜਾਣਾ ਕੈਵਲ ਹੈ, ਚਿਤ ਬ੍ਰਿਤੀਆਂ ਨੂੰ ਨਿਰੋਧ ਕਰਨਾ ਉਸ ਦਾ ਸਾਧਨ ਹੈ।
ਵੇਦਾਂਤ ਵਿਚ ਅਦ੍ਵੈਤ ਵਿਚ ਨਿਸ਼ਚਾ ਹੋਕੇ ਨਿਰੋਲ ਬ੍ਰਹਮ ਭਾਵ ਵਿਚ ਹੋ ਜਾਣਾ ਕੈਵਲ ਹੈ, ਸਾਧਨ ਅਵਿੱਦਯਾ ਦਾ ਨਾਸ਼ ਕਰਨਾ ਹੈ। ਗੁਰਮਤ ਮਾਰਗ ਵਿਚ ਜਦੋਂ ਕੈਵਲ ਪਦ ਵਰਤਿਆ ਜਾਵੇ ਤਾਂ ਭਾਵ ਹੈ:-ਜੀਵਾਤਮਾਂ ਦਾ ਪ੍ਰਮਾਤਮਾਂ ਨਾਲ ਅਵਿਛੜ ਮੇਲ ਵਿਚ (ਸਦਾ ਸੰਜੋਗ ਵਿਚ) ਹੋ ਜਾਣਾ, ਭਾਵ ਜੀਵ ਤੱਤ੍ਵ ਦਾ ਪਰਮ ਤੱਤ੍ਵ ਨਾਲ ਅਵਿਛੜ ਮਿਲਾਪ। ਇਸ ਦਾ ਸਾਧਨ ਪ੍ਰੇਮ ਹੈ, ਪਰੇਮ ਦਾ ਵਿਦਤ ਸਰੂਪ ਸਿਮਰਨ ਹੈ।

੨. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਕਬਿੱਤ:

ਹਰਿ ਹਰਿ ਖੋਟੀ ਮਤਿ ਹਰਿ ਹਰਿ ਦੈ ਦੈ ਨਾਮ
ਗੁਰ ਗੁਰੂ ਨਾਨਕ ਜਹਾਜਨਿ ਕੋ ਭਰਿ ਭਰਿ।
ਕਰਿ ਕਰਿ ਪਾਰ ਗੁਰ ਅੰਗਦ ਅਮਰਦਾਸ

ਸੋਢੀ ਕੁਲ ਚੰਦ ਰਾਮੁਦਾਸ ਦਯਾ ਢਰਿ ਢਰਿ।
ਘਰੁ ਘਰੁ ਜਸ ਗੁਰੁ ਅਰਜਨ ਜਾਨੀਯਤਿ,
ਸ਼੍ਰੀ ਹਰਿਗੁਬਿੰਦ ਹਰਿ ਰਾਇ ਰੂਪ ਧਰਿ ਧਰਿ।
ਦਰਿ ਦਰਿ ਦੁਖ ਹਰਿਕ੍ਰਿਸ਼ਨ ਨਵਮ ਗੁਰੁ
ਸ਼੍ਰੀ ਗੋਬਿੰਦ ਸਿੰਘ ਲੌ ਚਰਨ ਪਰ ਪਰਿ ਪਰਿ ॥੨॥

ਹਰਿ = ਹਰਿਕ ਦੀ। ਹਰਿ = ਦੂਰ ਕਰਕੇ। ਹਰਿ = ਭਗਵਾਨ ਰੂਪ।
ਹਰਿ ਦੈ ਦੈ ਨਾਮ = ਹਰਨਾਮ ( = ਵਾਹਿਗੁਰੂ ਦਾ ਨਾਮ) ਦੇ ਦੇ ਕੇ।
ਗੁਰ ਗੁਰੁ = ਗੁਰਾਂ ਦੇ ਗੁਰੂ। ਪਰਮ ਗੁਰੂ। ਜਾਨੀਯਤਿ = ਪ੍ਰਸਿੱਧ ਹੈ।
ਦਰ = ਦਲਨਾ। ਪਹਿਲਾ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੁੱਖ ਦਲਨ ਵੱਲ ਲੱਗੇਗਾ ਤੇ ਦੂਸਰਾ ਨਾਵੇਂ ਦਸਵੇਂ ਗੁਰੂ ਜੀ ਦੀ ਦਲਨ ਸ਼ਕਤੀ ਵੱਲ। (ਅ) ਬੂਹੇ ਬੂਹੇ ਦਾ ਦੁੱਖ ਦੂਰ ਕਰਨ ਵਾਲੇ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਹੋਏ। [ਫਾ: ਦਰ = ਬੂਹਾ]।

ਅਰਥ:

ਗੁਰਾਂ ਦੇ ਗੁਰੂ ਨਾਨਕ ਨੇ ਦੂਰ ਕਰਕੇ ਖੋਟੀਆਂ ਮਤਾਂ, ਤੇ ਦੇ ਦੇ ਕੇ ਹਰੀ ਦਾ ਨਾਮ ਜਹਾਜ਼ਾਂ ਦੇ ਜਹਾਜ਼ ਭਰ ਭਰਕੇ ਕਰ ਦਿੱਤੇ (ਹਾਂ) ਕਰ ਦਿਤੇ ਪਾਰ। (ਤਿਵੇਂ ਹੀ ਗੁਰੂ) ਅੰਗਦ (ਗੁਰੂ) ਅਮਰਦਾਸ ਸੋਢੀ ਕੁਲ ਦੇ ਚੰਦ (ਗੁਰੂ) ਰਾਮਦਾਸ ਜੀ ਨੇ ਦਇਆ ਵਿਚ ਢਲ ਢਲਕੇ (ਲੋਕੀ ਪਾਰ ਕੀਤੇ)। (ਇਹੋ ਹੀ) ਜਸ ਘਰ ਘਰ ਵਿਚ ਪ੍ਰਸਿੱਧ ਹੈ ਗੁਰੂ ਅਰਜਨ ਜੀ ਦਾ, (ਜਿਨ੍ਹਾਂ ਦਾ ਹੀ) ਰੂਪ ਧਰ ਧਰਕੇ ਸ਼੍ਰੀ ਹਰਿ ਗੋਬਿੰਦ ਤੇ ਹਰਿਰਾਇ (ਜੀ ਹੋਏ), (ਉਨ੍ਹਾਂ ਹੀ ਵਾਂਙ ਹੋਏ) ਹਰਿ ਕ੍ਰਿਸ਼ਨ ਜੀ ਦੁਖਾਂ ਨੂੰ ਦਲਨ ਵਾਲੇ ਤੇ (ਸ਼੍ਰੀ ਗੁਰੂ ਤੇਗ਼ ਬਹਾਦਰ) ਨਾਵੇਂ ਗੁਰੂ ਤੇ (ਸ਼੍ਰੀ ਗੁਰੂ) ਗੋਬਿੰਦ ਸਿੰਘ ਜੀ (ਵੈਰੀਆਂ ਨੂੰ) ਦਲਣ ਵਾਲੇ, (ਕਵਿ ਆਦਿ ਤੋਂ ਲੈ ਅੰਤ) ਤਕ (ਸਾਰੇ ਗੁਰਾਂ ਦੇ) ਚਰਨਾਂ ਤੇ ਡਿੱਗਕੇ (ਉਥੇ ਹੀ) ਪੈ ਰਿਹਾ ਹੈ।

## ੩. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਚੌਪਈ:

ਚੰਦਨ ਸੇਤ ਸੁ ਚਰਚਤਿ ਅੰਗਾ। ਚੰਦ ਮਨਿੰਦ ਬਦਨ ਸਿਤ ਰੰਗਾ।
ਚੰਦ੍ਰਿਕ ਸੇਤ ਲਗ੍ਯੋ ਤਨ ਸੰਗ। ਜਲ ਪ੍ਰਵਾਹਿ ਜਿਹ ਰੰਗ ਸੁ ਰੰਗ ॥੩॥
ਚੌਦਹਿੰ ਲੋਕਨਿ ਬ੍ਯਾਪ ਮਹਾਂਨੀ। ਉਚਰਤਿ ਕੋਟਹੁੰ ਅੰਤ ਨ ਜਾਨੀ।
ਨਈ ਨਈ ਨਿਤ ਕਵਿਨਿ ਬਖਾਨੀ। ਅਸ ਬਾਨੀ ਪਦ ਬੰਦਨ ਠਾਨੀ ॥੪॥

ਚੰਦਨ ਸੇਤ = ਚਿੱਟਾ ਚੰਦਨ। ਚਰਚਤਿ = ਛਿੜਕਿਆ ਹੋਇਆ।
ਚੰਦ੍ਰਿਕ = ਕਪੂਰ। (ਅ) ਚਾਂਦਨੀ। ਤੁਕ ਦਾ ਅਰਥ:-ਮਾਨੋਂ ਚਿੱਟੀ ਚਾਂਦਨੀ ਹੀ ਤਨ ਨਾਲ ਲਗ ਰਹੀ ਹੈ।
ਜਲ ਪ੍ਰਵਾਹ = ਜਲ ਦਾ ਪ੍ਰਵਾਹ। ਗੰਗਾ ਦੇ ਜਲ ਦੇ ਪ੍ਰਵਾਹ ਤੋਂ ਮੁਰਾਦ ਹੈ, ਜਿਸ ਦਾ ਪ੍ਰਵਾਹ ਚਿੱਟਾ ਗਿਣਿਆ ਹੋਇਆ ਹੈ। ਜਾਪਦਾ ਹੈ ਕਿ ਸ਼ੁੱਧ ਪਾਠ 'ਜਲ ਪ੍ਰਵਾਹ ਜਹਿ ਗੰਗ ਸੁਰੰਗ' ਸੀ = ਜਿਸ ਦਾ ਰੰਗ ਗੰਗਾ ਦੇ ਜਲ ਪ੍ਰਵਾਹ ਵਰਗਾ ਹੈ। ਜਲ ਪ੍ਰਵਾਹ ਵਿਚ ਮੁਰਾਦ ਲੁਸ ਲੁਸ ਕਰਨ ਦੀ ਤੇ ਲਹਿਰਨ ਦੀ ਬੀ ਹੈ।

ਅਰਥ:

ਜਿਸ (ਦੇ ਤਨ ਦੇ) ਅੰਗ ਚਿੱਟੇ ਚੰਦਨ ਨਾਲ ਚਰਚਤਿ ਹਨ, ਮੁਖ ਦਾ ਰੰਗ ਚੰਦ੍ਰਮਾ ਵਰਗਾ ਚਿੱਟਾ ਹੈ, ਜਿਸ ਦੇ ਤਨ ਨਾਲ ਲਗਾ ਹੈ ਚਿੱਟਾ ਕਪੂਰ, ਜਿਸ ਦਾ ਸੁਹਣਾ ਰੰਗ ਜਲ ਪ੍ਰਵਾਹ ਦੇ ਰੰਗ ਵਾਂਙੂ (ਲਹਿਰਦਾ ਭਾਸਦਾ) ਹੈ ॥ ੩ ॥

ਜੋ ਮਹਾਨ (ਬਾਣੀ ਕਿ) ਚੌਦਾਂ ਲੋਕਾਂ ਵਿਚ ਵਿਆਪਕ ਹੈ। (ਜਿਸ ਬਾਣੀ ਨੂੰ) ਕਰੋੜਾਂ ਉਚਾਰ ਰਹੇ ਹਨ, (ਜਿਨ੍ਹਾਂ ਦਾ ਮੈਂ) ਅੰਤ ਨਹੀਂ ਜਾਣਦਾ। ਨਵੀਂ ਤੋਂ ਨਵੀਂ (ਬਾਣੀ) ਨਿਤ ਕਵੀ ਆਖਦੇ ਹਨ, ਐਸੀ ਬਾਣੀ ਨੂੰ (ਮੈਂ) ਵੀ ਚਰਨਾਂ ਤੇ ਮੱਥਾ ਟੇਕਦਾ ਹਾਂ।

ਸੁਨਹੁ ਕਥਾ ਸ਼੍ਰੀ ਕਲਗ਼ੀਧਰ ਕੀ।
ਸ਼੍ਰੋਤਾ ਪਰਹਰਿ ਦੁਰਮਤਿ ਉਰ ਕੀ।
ਅਚਰਜ ਚਰਿਤ੍ਰ ਗੁਰੂ ਕੇ ਅਹੈਂ।
ਕਿਸ ਮਹਿਂ ਸ਼ਕਤਿ ਜੁ ਸਗਰੇ ਕਹੈ ॥ ੫ ॥
ਗੁਰ ਕ੍ਰਿਪਾਲ ਜੇਤਿਕ ਕਿਯ ਕਰੁਨਾ।
ਮੈਂ ਭੀ ਕਰਹੁਂ ਤਿਤਿ ਜਸੁ ਬਰਨਾ।
ਮੈ ਮਹਿਂ ਸ਼ਕਤਿ ਨ ਰੰਚਕ ਭਰ ਹੈ।
ਅਪਨੇ ਚਲਿਤ ਆਪ ਹੀ ਕਰਿਹੈ ॥ ੬ ॥
ਭਯੋ ਖਾਲਸਾ ਪੰਥ ਬਿਸਾਲਾ।
ਤਿਨ ਕੌ ਜੁੱਧ ਪ੍ਰਬੰਧ ਕਰਾਲਾ[1]। [1]ਭਯਾਨਕ ਜੁੱਧਾਂ ਦਾ ਪ੍ਰਸੰਗ।
ਬਰਨਨ ਕਰੌਂ ਸੁਨੋ ਮਨ ਲਾਏ।
ਸ਼੍ਰੀ ਕਲਗ਼ੀਧਰ ਜਿਮ ਕਰਿਵਾਏ ॥ ੭ ॥
ਨਿਤ ਸਿੰਘਨਿ ਕੀ ਸਭਾ ਲਗਾਵੈਂ।
'ਹਤਹੁ ਰਿਪੁਨ' ਉਪਦੇਸ਼ ਦ੍ਰਿੜਾਵੈਂ।
ਸ਼ਸਤ੍ਰਨ ਕੋ ਅੱਭਯਾਸ ਸਦੀਵਾ।
ਮਤਿ ਊਚੀ ਰਾਖਹੁ ਮਨਿ ਨੀਵਾ' ॥ ੮ ॥
ਆਯੁਧ ਕੋ ਵਿਸਾਹੁ ਨਹਿਂ ਕਰੈਂ।
ਅੰਗ ਮਨਿੰਦ ਰੈਨ ਦਿਨ ਧਰੈਂ[1]। [1]ਅੰਗਾਂ ਵਾਂਙ (ਸ਼ਸਤ੍ਰ) ਰਾਤ ਦਿਨ ਧਾਰਦੇ ਹਨ।
ਵਾਹਿਗੁਰੂ ਜੀ ਕੀ ਕਹਿਂ ਫਤੇ।
ਗਰਜਤਿ ਭਯੋ ਖਾਲਸਾ ਅਤੇ ॥ ੯ ॥
ਨਿਤਪ੍ਰਤਿ ਸੰਗਤਿ ਅਤਿਸ਼ੈ[1] ਆਵੈ। [1]ਬਹੁਤ।
ਬਸਹਿ ਅਨੰਦਪੁਰਿ ਮੋਦ ਬਢਾਵੈ।
ਥਿਰਹਿਂ ਸਦੀਵ ਸਿੰਘ ਦਲ[1] ਭਯੋ। [1]ਸਿੰਘਾਂ ਦੀ ਸੈਨਾ।
ਬਲੀ ਤੁਰੰਗਮ ਚਢਿਬੇ ਲਯੋ ॥ ੧੦ ॥
ਕਿਸ ਕੌ ਅਸੁ[1] ਕਲਗ਼ੀਧਰ ਦੇਤਿ। [1]ਘੋੜਾ।
ਕੋ ਮੁਲ ਮਾਨਿ ਅਪਨਿ ਨਿਕੇਤ[1]। [1]ਆਪਣੇ ਘਰੋਂ।
ਬ੍ਰਿੰਦ ਬਟੋਰ ਸੁਦਾਗਰ ਆਨੈਂ।

ਲੇਤਿ ਮੋਲ ਗੁਰ ਦਰਬ ਮਹਾਨੈ ॥੧੧॥
ਲਗੇ ਤਬੇਲੇ ਸੁੰਦਰ ਘੋੜੇ।
ਚਪਲ[1], ਬਿਸਾਲ[2], ਭਰੇ ਤਨ[3], ਜੋੜੇ[4]। — [1]ਚਾਲਾਕ। [2]ਲੰਮੇ ਤੇ ਉਚੇ। [3]ਸਰੀਰ ਦੇ ਭਰਵੇਂ। [4]ਜੋੜੀਆਂ ਵਿਚ।
ਕੇਤਿਕ ਹਾਥੀ ਰਹਿ ਗੁਰਦ੍ਵਾਰੇ।
ਝੂਲਤਿ ਝੂਲਨ ਡਾਰਿ ਸ਼ਿੰਗਾਰੇ ॥੧੨॥
ਬ੍ਰਿੰਦ ਬ੍ਰਿੰਦ ਨਰ ਬ੍ਰਿੰਦ ਸਥਾਨ[1]। — [1]ਬਹੁਤ ਥਾਵਾਂ ਤੇ ਸਮੂਹਾਂ ਦੇ ਸਮੂਹ ਪੁਰਸ਼।
ਉਤਰੇ ਡੇਰੇ ਪਰੇ ਮਹਾਂਨ।
ਸਤਿਗੁਰ ਪੌਰ ਭੀਰ ਬਹੁ ਰਹੈ।
ਰਾਜਨ ਕੇ ਵਕੀਲ ਥਿਰ ਲਹੈਂ ॥੧੩॥
ਭੀਰ ਬਜ਼ਾਰ ਬਿਖੈ ਬਹੁ ਨਰ ਕੀ।
ਦੇਸ ਬਿਦੇਸ਼ੀ ਬੇਸਨ ਧਰ ਕੀ[1]। — [1]ਦੇਸ਼ਾਂ ਬਦੇਸ਼ਾਂ ਦੇ ਵੇਸ ਧਾਰੀਆਂ ਦੀ ਭਾਵ ਦੇਸ਼ ਦੇਸ਼ ਦੇ ਵੇਸ ਦਿੱਸਦੇ ਹਨ।
ਬਧਜੋ ਅਨੰਦਪੁਰਾ ਬਡ ਨਗਰੰ।
ਆਵਹਿਂ ਚਲੇ ਸਿੱਖ ਦਿਸ਼ਿ ਸਗਰੰ[1] ॥੧੪॥ — [1]ਸਾਰੇ ਪਾਸਿਆਂ ਦੇ।
ਨਿਕਟ ਨਿਕਟ ਤ੍ਰਿਣ[1] ਕਤਹੁ ਨ ਰਹੇ। — [1]ਘਾਹ।
ਖੋਜਤਿ ਤਿਸੀ ਦੂਣ ਕੋ ਲਹੇ।
ਛੁਧਿਤਿ ਰਹਤਿ ਘੋਰੇ ਗਨ ਹਾਥੀ।
ਚਾਰਾ ਅਲਪ ਆਇ ਬਨ ਸਾਥੀ[1] ॥੧੫॥ — [1]ਨਾਲ ਦੇ ਬਨਾਂ ਵਿਚੋਂ ਥੋੜਾ ਚਾਰਾ ਮਿਲਦਾ ਹੈ।
ਮਿਲਜੋ ਖਾਲਸਾ ਇਕ ਦਿਨ ਗ਼ਰਜ਼ੀ[1]। — [1]ਆਪਣੀ) ਗਰਜ਼ ਵਾਸਤੇ।
ਮਰਜ਼ੀ ਲਖੀ ਗੁਜ਼ਾਰਤਿ ਅਰਜ਼ੀ।
'ਸੁਨੀਅਹਿ ਸ਼੍ਰੀ ਸਤਿਗੁਰ ਮਹਾਰਾਜਾ!
ਨਿਕਟ ਨ ਰਹਜੋ ਹਾਥੀਅਨਿ ਖਾਜਾ ॥੧੬॥
ਤਿਮ ਹੀ ਤ੍ਰਿਣ ਨ ਤੁਰੰਗਮ ਕੇਰੇ।
ਨਹਿਂ ਪਾਈਯਤ ਹੈਂ ਕਿਤਹੂੰ ਨੇਰੇ।
ਰਹੈਂ ਛੁਧਿਤਿ ਗਜ ਬਾਜਿ ਸੁ ਦੁਰਬਲ।
ਤੁਮ ਬਿਨ ਕਹੇ ਨ ਜਾਹਿਂ ਅਨਤ ਥਲ[1] ॥੧੭॥ — [1]ਹੋਰ ਥਾਂ ਤੇ।
ਮਰਦਨ ਦੂਨ ਭਈ ਸਭਿ ਨੇਰੇ[1]। — [1]ਭਾਵ ਦੂਣ ਦਾ ਤ੍ਰਿਣ ਮੁੱਕ ਚੁਕਾ ਹੈ।
ਨਿਤ ਆਮਦ ਗਜ ਹਯਨਿ ਘਨੇਰੇ।
ਇਸ ਕਾਰਣ ਹਮ ਭਾਖੀ ਅਰਜ਼ੀ।

ਕਰਹਿ ਖਾਲਸਾ ਰਾਵਰਿ ਮਰਜ਼ੀ ॥੧੮॥
ਕੀਰਤਪੁਰਿ ਆਨੰਦ ਪੁਰਿ ਸਾਰੇ।
ਸੰਗਤ ਬਿਚਰਤਿ ਗਿਰਨ ਕਿਨਾਰੇ।
ਤਿਮ ਹੀ ਸਿੰਘਨ ਕੋ ਦਲ ਹੋਵਾ।
ਵਿਚਰਹਿ ਵਹਿਰ ਅਖੇਰਨਿ ਜੋਵਾ[1] ॥੧੯॥ — [1]ਸ਼ਿਕਾਰਾਂ ਨੂੰ ਭਾਲਦੇ।
ਸ੍ਰੀ ਕਲਗ਼ੀਧਰ ਗੁਨ ਗਨ ਖਾਨੀ।
ਸੁਨੀ ਖਾਲਸੇ ਕੀ ਅਸ ਬਾਨੀ।
ਅਵਨੀ ਭਾਰ ਨਿਵਾਰਨ ਹੇਤ।
ਘਾਲਨ ਘਨੋ ਜੰਗ ਰਿਪੁ ਖੇਤ[1] ॥੨੦॥ — [1]ਵੈਰੀਆਂ ਨਾਲ ਯੁੱਧ ਭੂਮੀ ਵਿਚ ਬਹੁਤ ਜੰਗ ਕਰਨ ਲਈ।
ਸਿੰਘਨਿ ਕੋ ਸੰਘਰ[1] ਸਿਖ ਰਾਵਨਿ। — [1]ਜੰਗ (ਕਰਨਾ)।
ਦੇਨਿ ਰਾਜ ਕੋ, ਤੇਜ ਵਧਾਵਨਿ।
ਦੇਗ਼ ਤੇਗ਼ ਮਹਿਂ ਫਤੇ ਕਰਨ ਕੋ।
ਲੇਨਿ ਬਚਾਇ ਜੁ ਗਹੈ ਸ਼ਰਨ ਕੋ ॥੨੧॥
ਘਨ ਸੁਰ ਸੋਂ ਗਰਜੇ ਰਿਪੁ ਹਾਨੀ[1]। — [1]ਸ਼ੱਤ੍ਰੂ ਨਾਸ਼ਕ।
ਕਹੀ ਖਾਲਸੇ ਸੋਂ ਇਮ ਬਾਨੀ।
'ਸੁਤ ਪਰਵਾਰ ਬਧਤਿ ਹੈ ਜਸੋਂ ਜਸੋਂ[1]। — [1]ਜਿਵੇਂ ਜਿਵੇਂ ਸੁਤ ਤੇ ਪਰਿਵਾਰ ਵਧਦੇ ਹਨ।
ਜਲ ਸਮ ਧਰਨੀ ਪਸਰਹਿਂ ਤਸੋਂ ਤਸੋਂ[1] ॥੨੨॥ — [1]ਪਾਣੀ ਵਾਙੂ ਧਰਤੀ ਉਤੇ ਤਿਉਂ ਤਿਉਂ ਫੈਲਦੇ ਹਨ। ਭਾਵ ਜਿਵੇਂ ਪਾਣੀ ਵਧੇ ਤਾਂ ਧਰਤੀ ਤੇ ਫੈਲਦਾ ਹੈ।
ਏਕ ਦੂਨ ਅਬਿ ਕਹਾਂ ਬਿਚਾਰੀ।
ਪਸਰਹਿਂ ਸਿੰਘ ਧਰਾ ਮਹਿਂ ਸਾਰੀ।
ਅਪਰ ਦੂਨ ਮਹਿਂ ਚਢਿ ਗਮਨੀਜੈ।
ਸਾਵਧਾਨ ਸ਼ਸਤ੍ਰਨਿ ਧਰਿ ਲੀਜੈ ॥੨੩॥
ਜਹਿਂ ਤ੍ਰਿਣ[1] ਹੇਰਹੁ ਹਰੇ ਕਿਸੂ ਕੇ। — [1]ਘਾਹ ਪੱਠੇ।
ਤਹਾਂ ਖਾਲਸੇ ਕੋ ਦਲ ਢੁਕੇ[1]। — [1]ਜਾਵੇ।
ਬਹੁਰ ਖੇਤ ਲਿਹੁ ਬਾਢਿ ਉਠਾਈ।
ਗਜ ਬਾਜਿਨੀ ਚਾਰਹੁ ਸਮੁਦਾਈ[1] ॥੨੪॥ — [1]ਚਾਰੋ ਸਾਰਿਆਂ ਨੂੰ।
ਦੈ ਕਰਿ ਭੇਟ[1], ਮਿਲਹਿ ਜੋ ਆਇ। — [1]ਕੀਮਤ ਦੇਕੇ (ਲਓ)।
ਹੁਇ ਸਹਾਇ ਤਿਹ ਲੇਹੁ ਬਚਾਇ[1]। — [1]ਤੇ ਜੋ (ਆਪ) ਆਕੇ ਮਿਲ ਪਵੇ ਉਸ ਨੂੰ ਬਚਾ ਲਓ। (ਅ) ਜੋ ਭੇਟਾ ਦੇਕੇ ਆ ਮਿਲੇ ਉਸ ਨੂੰ ਬਚਾ ਲਓ।
ਜਹਿਂ ਅਕਰਹਿਂ[1] ਮਿਲਿਬੇ ਨਹਿਂ ਆਵਹਿਂ। — [1]ਆਕੜਨ ਭਾਵ ਮੁੱਲ ਲੈਕੇ ਬੀ ਨਾ ਦੇਣ।

ਨਿਜ ਰਾਜਨਿ ਕੋ ਜੋਰ ਜਨਾਵਹਿਂ ॥੨੫॥
ਤਹਾਂ ਨ ਤਜੀਅਹਿ ਲੇਹੁ ਕਹੀ ਕਰਿ[1]।

[1]ਕਹੀ ਕਰਨਾ = ਕਾਢੂਆਂ ਦਾ ਖੜੀ ਖੇਤੀਆਂ ਦਾ ਅੰਦਾਜ਼ਾ ਲਾਕੇ ਕਹੀ ਨਾਲ ਚੁਗਿਰਦੇ ਨਿਸ਼ਾਨ ਪਾ ਦੇਣੇ। (ਅ) ਫੌਜੀ ਲੋੜ ਵੇਲੇ ਘਾਹ ਤੇ ਪੱਠੇ ਦੇ ਖੇਤਾਂ ਨੂੰ ਅੰਦਾਜ਼ੇ ਨਾਲ ਜਾਚਕੇ ਮਾਲਕਾਂ ਤੋਂ ਮੁੱਲ ਲੈਣਾ ਤੇ ਕਹੀ ਨਾਲ ਗਿਰਦੇ ਟੱਕ ਲਾ ਦੇਣਾ ਜੋ ਪਛਾਣ ਰਹੇ। (ੲ) ਜੋ ਲੋੜ ਵੇਲੇ ਮਾਲਕ ਮੁਲ ਲੈਕੇ ਨਾ ਦੇਣ ਤਾਂ ਮੱਲੋ ਮੱਲੀ ਕਬਜ਼ਾ ਕਰ ਲੈਣਾ, ਨਿਸ਼ਾਨ ਕਹੀ ਦੇ ਲਾ ਦੇਣੇ, ਯਾ ਲੋੜ ਮੁਜਬ ਤਦੋਂ ਹੀ ਵੱਢ ਲੈਣੇ ਤੇ ਜ਼ਿਮੀਂ ਸਾਫ ਕਰ ਦੇਣੀ। (ਸ) (ਜੋ ਮੂੰਹੋਂ) ਆਖੋ ਸੋ ਕਰ ਲਓ। ਦੇਖੋ ਅੰਸੂ ੧੦ ਅੰਗ ੨੦ ਇਸੇ ਰੁਤ ਦਾ।

ਆਨਹੁ ਤ੍ਰਿਪਤ ਤੁਰੰਗਮ ਲੇਂ ਚਰ[1]।
ਦਿਨ ਪ੍ਰਤਿ ਕਰਹੁ ਇਸੀ ਬਿਧਿ ਫੇਰੇ।
ਸਭਿ ਰਾਜਨਿ ਢਿਗ ਦੇਸ਼ ਘਨੇਰੇ[†] ॥੨੬॥

[1]ਲਿਆਕੇ ਚਰਾ ਕੇ ਘੋੜੇ ਰਜਾਓ।

[†]ਭੀਮ ਚੰਦ ਆਦਿ ਨੇ ਪਿੰਡਾਂ ਤੋਂ ਪੱਠੇ ਵਗੈਰਾ ਮਿਲਨ ਦੀ ਮਨਾਹੀ ਕੀਤੀ ਸੀ, ਇਸ ਕਰਕੇ ਇਹ ਹੁਕਮ ਸਾਦਰ ਹੋਏ ਸਨ।

ਸੁਨਿ ਗੁਰ ਹੁਕਮ ਖਾਲਸਾ ਗਰਜਜੋ।
ਬਾਂਛਹਿ ਹਿੰਦੂ ਤੁਰਕਨਿ ਤਰਜਜੋ[1]।
ਜੇ ਨ ਜਰਹਿ[1] ਉਰ ਜਰਿ ਜਰਿ ਜਾਂਹਿ।
ਦੁਖ ਦੈਬੇ ਜਿਮ ਤ੍ਰਿਣ ਦ੍ਰਿਗ ਮਾਂਹਿ ॥੨੭॥

[1]ਬਾਂਛਹਿ ਤਰਜਜੋ = ਤਾੜਨਾ ਚਾਹੁੰਦਾ ਹੈ।

[1]ਜੋ ਨਹੀਂ ਸਹਾਰਦੇ।

ਅਵਨੀ ਲੇਨਿ ਇਰਾਦਾ ਧਰਜੋ।
ਚਹਤਿ ਗਰਬ ਰਾਜਨ ਪਰਹਰਜੋ।
ਗੁਰੂ ਮਨੋਰਥ ਸਾਚ ਕਰਨਿ ਕੋ।
ਸਫਲਹਿਂ ਸਿੰਘਨਿ ਸ਼ਸਤ੍ਰ ਧਰਨ ਕੋ[1] ॥੨੮॥

[1]ਸਿੰਘਾਂ ਦੇ ਸ਼ਸਤ੍ਰ ਧਾਰੇ ਸਫਲ ਕਰਨੇ ਨੂੰ।

ਸਭਾ ਬਿਖੈ ਆਇਸੁ ਇਮ ਕਰੇ।
ਉਠੇ ਪ੍ਰਭੂ ਨਿਜ ਮੰਦਿਰ ਬਰੇ।
ਖਾਨ ਪਾਨ ਕਰਿ ਕੈ ਸੁਖ ਪਾਯੰ।
ਸੁਪਤਿ ਜਥਾ ਸੁਖ ਨਿਸਾ ਬਿਤਾਯੰ ॥੨੯॥
ਬਡੀ ਪ੍ਰਾਤਿ ਉਠਿ ਬਜਜੋ ਨਗਾਰਾ।
ਸੁਨਤਿ ਖਾਲਸਾ ਹੋਯਸਿ ਤਯਾਰਾ।
ਗਹਿ ਗਹਿ ਤੁਪਕਨਿ ਚਢੇ ਤੁਰੰਗ।
ਗਮਨਹਿਂ ਵਹਿਰ ਬੀਰਤਾ ਸੰਗ ॥੩੦॥
ਭੀਮਚੰਦ ਕੇ ਗ੍ਰਾਮਨਿ ਗਏ।
ਜਿਨ ਡਰ ਧਾਰਿ ਅਕੋਰਨਿ ਦਏ[1]।
ਦੁਗਧ ਦਧੀ ਦੇ ਕਰਿ ਘਿਘਿਆਏ।

[1]ਭੇਟਾ ਦਿਤੀਆਂ।

ਕ੍ਰਿਪਾ ਧਾਰਿ ਸੇ ਲੀਨਿ ਬਚਾਏ ॥੩੧॥
ਭਏ ਸਮੁਖ ਜੋ ਸ਼ਸਤ੍ਰਨਿ ਗਹਿ ਗਹਿ।
ਤਿਨ ਪਰ ਮਚੀ ਮਾਰਿ ਰਿਪੁ ਲਹਿ ਲਹਿ।
ਦੁਹਰਿ ਚੌਬ ਧੌਂਸੇ ਪਰ ਧਰੀ।
ਤਬਿ ਗੁਲਕਨਿ ਕੀ ਬਰਖਾ ਕਰੀ[1] ॥੩੨॥

[1]ਦੁਹਰੀ ਚੋਬ ਡੰਕੇ ਤੇ ਦੇਣੀ ਤੇ ਖਾਲੀ ਸ਼ਲਖਾਂ ਛੱਡਣੀਆਂ ਏਹ ਡਰਾਉਣ ਵਾਸਤੇ ਹੁੰਦੀਆਂ ਸਨ।

ਖੇਤੀ ਲਈ ਵਹਿਰ ਤੇ ਕਾਟ।
ਬਾਰੇ ਗ੍ਰਾਮ ਬਿਖੈ ਰਿਪੁ ਡਾਟਿ[1]।

[1]ਡਾਂਟ ਕੇ ਵੈਰੀ ਪਿੰਡਾਂ ਦੇ ਅੰਦਰ ਵਾੜ ਦਿਤੇ।

ਲਾਦਿ ਲਾਦਿ ਸੋ ਡੇਰਨਿ ਆਏ।
ਲਰੇ ਖਾਲਸੇ ਸ਼ੱਤ੍ਰ ਹਟਾਏ ॥੩੩॥
[1]ਜੇ ਨ ਟਰਹਿਂ ਲਰਿਬੇ ਦੁਖ ਮਾਨ।

[1]ਜਿਹੜੇ (ਆਪਣੀ) ਖੇਤੀ ਦੇ ਬਹੁਤੇ ਨੁਕਸਾਨ ਦਾ ਦੁੱਖ ਮੰਨਕੇ ਲੜਨ ਤੋਂ ਟਲਦੇ ਨਹੀਂ।

ਪਿਖਿ ਖੇਤੀ ਕੋ ਬਹੁ ਨੁਕਸਾਨ।
ਤਿਨਹੁਂ ਪਲਾਵਹਿਂ ਗ੍ਰਾਮ ਮਝਾਰੇ[1]।

[1]ਭਜਾ ਦਿੰਦੇ ਹਨ ਪਿੰਡ ਵਿਚੋਂ।

ਚਲਹਿਂ ਸਦਨ ਤੇ ਨਿਕਸਿ ਡਰਾਰੇ[1] ॥੩੪॥

[1]ਡਰਦੇ ਨਿਕਲ ਜਾਂਦੇ ਹਨ।

ਲੂਟ ਲੂਟ ਸਭਿਹਿਨਿ ਕੋ ਲੇਈਂ।
ਮਹਾਂ ਤ੍ਰਾਸ ਰਿਪ ਗਨ ਕੋ ਦੇਈਂ।
ਬਿਜੈ ਪਾਇ ਕਰਿ ਕਰਤਿ ਅਨੰਦੰ।
ਹਟਹਿ ਖਾਲਸਾ ਪੁਰੀ ਅਨੰਦੰ ॥੩੫॥
ਮਨ ਭਾਵਤਿ ਗਜ ਬਾਜਨਿ ਆਗੇ।
ਪਾਵਹਿਂ ਤ੍ਰਿਣਨਿ ਖਾਨ ਸਭਿ ਲਾਗੇ।
ਕਰਹਿਂ ਸੁਚੇਤਾ[1] ਸਤਿਗੁਰ ਦਰਸੈਂ।

[1]ਘਰਾਂ ਤੋਂ ਸੁਚੇਤ ਹੋਕੇ।

ਹਰਖਹਿਂ ਚਰਨ ਕਮਲ ਕਹੁ ਪਰਸੈ ॥੩੬॥
ਵਾਹਿਗੁਰੂ ਜੀ ਕੀ ਕਹਿਂ ਫਤੇ।
ਲਗੇ ਦਿਵਾਨ ਖਾਲਸਾ ਮਤੇ[1]।

[1]ਸਲਾਹ ਮਸ਼ਵਰੇ ਲਈ। (ਅ) ਚੜ੍ਹਦੀਆਂ ਕਲਾਂ ਵਾਲੇ [ਮੱਤ = ਮਸਤ, ਉੱਚਮਨੇ]।

ਸੁਧ ਸਤਿਗੁਰ ਕੋ ਸਕਲ ਬਤਾਵੈਂ।
'ਇਮ ਦੁਸ਼ਟਨ ਮਹਿਂ ਧੂਮ ਮਚਾਵੈਂ ॥੩੭॥
'ਅਮੁਕ ਗ੍ਰਾਮ ਆਜ ਬਹੁ ਲਰੇ।'
'ਅਮੁਕੇ ਤੇ ਤ੍ਰਿਣ ਬਾਢਨਿ ਕਰੇ।'
'ਅਮਕੋ ਲੂਟ ਖਾਲਸੇ ਲੀਨੋ।'

'ਅਮੁਕੋ ਮਿਲਜੋ ਬਚਾਵਨਿ ਕੀਨੋ' ॥੩੮॥
ਦੁਤਿਯ ਦਿਵਸ ਮਹਿਂ ਤਿਸ ਬਿਧਿ ਗਏ।
ਜਾਇ ਕਹੀ ਕੀਨਸਿ ਤ੍ਰਿਣ ਲਏ।
ਨਏ ਗ੍ਰਾਮ ਕੋ ਨਿਤ ਚਲਿ ਜਾਵੈਂ।
ਲੂਟ ਕੂਟ ਕਰਿ ਕੈ ਚਲਿ ਆਵੈਂ ॥੩੯॥
ਮਾਚੀ ਧੂਮ ਸੁ ਦੇਸ਼ ਪਹਾਰਨਿ।
ਪਰਹਿ ਲਰਾਈ ਮਰਿਬੇ ਮਾਰਨ।
ਮਰੇ ਸੈਂਕਰੇ ਆਯੁਧ ਧਾਰੀ।
ਧਰੇ ਸੈਂਕਰੇ ਘਾਇਲ ਭਾਰੀ ॥੪੦॥
ਖੇਤੀ ਕਟੀ ਵਹਿਰ ਤੇ ਸਾਰੀ।
ਕਿਤੇ ਗ੍ਰਾਮ ਹ੍ਵੈ ਗਏ ਉਜਾਰੀ।
ਕੇਤਿਕ ਰਾਖੀ ਲਗੇ ਸੁ ਦੇਨਿ[1]।
ਸਕਲ ਸਮਾਜ ਬਚਾਇ ਸੁ ਲੇਨਿ ॥੪੧॥
ਢਿਗ ਢਿਗ ਹੁਤੇ ਅਨੰਦਪੁਰਿ ਜੇਈ।
ਮਾਨੀ ਆਨ ਨੰਮ੍ਰਿ ਭੇ ਤੇਈ।
ਜੇ ਰਾਜਨ ਕੇ ਬਲ ਕੋ ਧਰੈਂ।
ਤਿਨ ਪਰ ਗ਼ਜ਼ਬ ਗੁਜ਼ਾਰਨਿ ਕਰੈਂ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਖਾਲਸਾ ਬਾਹਰ ਚਢਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

[1]ਭਾਵ ਪਰਜਾ ਦਾ ਇਹ ਕਹਿਣਾ ਕਿ ਸਾਨੂੰ ਰੱਖ ਲਓ ਅਤੇ ਅਸੀਂ ਇਸ ਰਾਖੀ ਦੇ ਬਦਲੇ ਪੱਠੇ ਆਦਿ ਆਪ ਨੂੰ ਦਿਆਂਗੇ।

## ੨. [ਸ਼ੰਕਰ ਵਰਣ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਪ੍ਰਜਾ ਗਈ ਦੁਖ ਪਾਇ ਕੈ, ਰਾਜਨ ਪਾਸ ਪੁਕਾਰ।
'ਲੁਟੇ ਗ੍ਰਾਮ ਸਭਿ ਖਾਲਸੇ, ਮਾਰੇ ਕਰੇ ਉਜਾਰ ॥੧॥

ਚੌਪਈ:

ਕਯੋਂ ਨ ਕਰੋ ਪਰਜਾ ਰਖਵਾਰੀ?
ਜਿਸ ਤੇ ਲੇਤੇ ਦਾਮ ਹਜ਼ਾਰੀ।
ਜੇ ਨਹਿਂ ਚਲ ਕਰਿ ਕਰਹੁ ਸਹਾਇ।
ਤੌ ਸਭਿ ਦੂਨ ਉਜਰ ਕਰਿ ਜਾਇ' ॥੨॥
ਭੀਮਚੰਦ ਤੇ ਆਦਿਕ ਰਾਜੇ।
ਸੁਨਤਿ ਪ੍ਰਜਾ ਤੇ ਕੀਨਿ ਕੁਕਾਜੇ[1]। [1]ਮਾੜਾ ਕੰਮ ਕੀਤਾ (ਜੋ ਅੱਗੇ ਦੱਸਿਆ ਹੈ)।
ਗ੍ਰਾਮ ਗ੍ਰਾਮ ਮਹਿਂ ਚਮੂੰ ਉਤਾਰੀ।
ਦੁੰਦਭਿ ਢੋਲ ਦੀਨਿ ਸੰਗ ਭਾਰੀ ॥੩॥
ਚਿੰਤਾਤੁਰ ਸੁਨਿ ਸੁਨਿ ਸਭਿ ਭਏ।
ਆਪਸ ਬਿਖੈ ਮੇਲ ਕਰਿ ਲਏ।
ਮਿਲਯੋ ਹੰਡੂਰੀ ਅਰੁ ਜਸਵਾਲ।
ਭੀਮਚੰਦ ਆਦਿਕ ਗਿਰਪਾਲ ॥੪॥
'ਅਬਿ ਗੁਰ ਦਲ ਕਰਿ ਧੂਮ ਮਚਾਈ।
ਬਿਨਾ ਲਰੇ ਬਹੁ ਕਯੋਂ ਬਨਿ ਆਈ।
ਇਤ ਦਿਸ਼ਿ ਜੇ ਅਖੇੜ ਭੀ ਚੜ੍ਹੈਂ।
ਕਰਿ ਨੁਕਸਾਨ ਸਿੰਘ ਦਲ ਲੜੈਂ[1] ॥੫॥ [1]ਸਿੰਘਾਂ ਦਾ ਦਲ ਜੇ ਲੜੇ।
ਸਭਿ ਮਿਲਿ ਇਕ ਥਲ ਹੋਇ ਲਰੀਜੈ।
ਰਾਜ ਅਪਨੋ ਰਾਖਨਿ ਕੀਜੈ।
ਐਸੀ ਮਾਰ ਕਰਹੁ ਇਕ ਬਾਰੀ।
ਪੁਨ ਇਤ ਆਇ ਨ ਕਰੇ ਸੰਭਾਰੀ ॥੬॥
ਆਪ ਜਿ ਗੁਰ ਸ਼ਿਕਾਰ ਇਤ ਆਇ।
ਫਿਰਿਬੇ ਦੇਹੁ ਨ ਤੁਪਕ ਚਲਾਇ।
ਜਗ ਗੁਰ ਭਯੋ ਤ ਕਯਾ ਹੁਇ ਗਯੋ।
ਨਹੀਂ ਰਾਜ ਤੋ ਹਮ ਨੇ ਦਯੋ ॥੭॥
ਜੇ ਸਨਮੁਖ ਹੁਇ ਦੇਹੁ ਨ ਜੰਗ।
ਰਾਜ ਬਿਨਾਸ਼ ਕਰੈ ਸਰਬੰਗ[1]। [1]ਸਾਰਾ ਰਾਜ ਨਾਸ਼ ਕਰ ਦੇਵੇਗਾ।

ਕਿਤਨੇ ਗ੍ਰਾਮਨਿ ਖੇਤ ਉਜਾਰੇ।
ਨੁਹ ਬਜਰੂੜ ਕਤਲ ਕਰਿ ਮਾਰੇ' ॥ ੮ ॥
ਇਮ ਸਲਾਹ ਕਰਿ ਚਮੂੰ ਬਿਥਾਰੀ।
ਜਿਤ ਆਵਹਿ ਸਿੰਘਨਿ ਅਸਵਾਰੀ।
ਲੇ ਲੇ ਢੋਲ ਬਜਾਇ ਨਗਾਰੇ।
ਕਰਤਿ ਊਚ ਧੁਨਿ ਮਾਰ ਬਕਾਰੇ ॥ ੯ ॥
ਦੁੰਦ ਮਚਯੋ ਜਬਿ ਦੇਸ਼ ਮਝਾਰੀ।
ਤਿਮ ਹੀ ਸਿੰਘ ਚਢੇ ਬਲ ਧਾਰੀ।
ਕ੍ਰਿਖਿ ਕਾਟਤਿ ਬਹੁ ਮਚੈ ਲਰਾਈ।
ਤੜ ਭੜ ਚਲਹਿ ਤੁਪਕ ਸਮੁਦਾਈ ॥ ੧੦ ॥
ਮਾਰਹਿਂ ਮਾਰਹਿਂ ਜੰਗ ਨਿਤ ਹੋਤਿ।
ਕਬਿ ਕਿਤਹੂੰ ਕਬਿ ਕਿਤਹੁਂ ਉਦੋਤਿ।
ਸੀਖੇ ਜੰਗ ਘਾਤ ਬਿਧਿ ਨਾਨਾ।
ਦਿਨ ਪ੍ਰਤਿ ਰਿਪੁਨਿ ਸੰਗ ਘਮਸਾਨਾ ॥ ੧੧ ॥
ਇਕ ਦਿਨ ਬੈਠਯੋ ਲਗੇ ਦਿਵਾਨ।
ਬੀਚ ਬਿਰਾਜਹਿਂ ਗੁਰ ਭਗਵਾਨ।
ਚਲੀ ਬਾਰਤਾ ਕਰਿਬੇ ਜੁੱਧ।
'ਲਰਹਿਂ ਪਹਾਰੀ ਕਰਿ ਕਰਿ ਕ੍ਰੁੱਧ ॥ ੧੨ ॥
ਤਊ ਨ ਠਹਿਰਹਿਂ ਖੇਤ ਮਝਾਰੇ।
ਕਾਤੁਰ ਹੋਤਿ ਪਰਹਿ ਜਬਿ ਮਾਰੇ'।' 'ਪੈਂਦੀ ਹੈ ਜਦੋਂ ਮਾਰ ਕਾਇਰ ਹੋ ਜਾਂਦੇ ਹਨ।
ਕ੍ਰਿਪਾ ਧਾਰਿ ਗੁਰ ਤਬਹਿ ਬਖਾਨਾ।
'ਤੇਜ ਖਾਲਸੇ ਬਧਹਿ ਮਹਾਨਾ ॥ ੧੩ ॥
ਸਮਾ ਪਾਇ ਪਸਰਹਿ ਸਭਿ ਧਰਾ।
ਹਿੰਦੂ ਤੁਰਕ ਨ ਹੋਵਹਿ ਖਰਾ।
ਬਧੈ ਸਮਾਜ ਰਾਜ ਕੋ ਭਾਰਾ।
ਜਬਿ ਬਿਦਤਹਿ ਜਾਨਹਿਂ ਜਗ ਸਾਰਾ' ॥ ੧੪ ॥
ਸੁਨਿ ਕਰਿ ਦਯਾ ਸਿੰਘ ਬਡ ਧੀਰ।
ਉਦੇ ਸਿੰਘ, ਆਲਮ ਸਿੰਘ ਬੀਰ।
ਮੁਹਕਮ ਸਿੰਘ, ਸਾਹਿਬ ਸਿੰਘ ਜੋਧਾ।

ਹਿੰਮਤ ਸਿੰਘ, ਰਾਮ ਸਿੰਘ ਬੋਧਾ[1] ॥੧੫॥

[1]ਬੁਧੀਵਾਨ।

ਇਨ ਤੇ ਆਦਿ ਖਾਲਸਾ ਸਾਰਾ।
ਕਰ ਜੋਰਤਿ ਸਰਬੱਤ੍ਰ ਉਚਾਰਾ।
'ਮੁ਼ਗਲ ਪਠਾਨਨਿ ਤੇਜ ਬਡੇਰਾ।
ਸਗਰੋ ਜਗਤ ਜੀਤ ਕਰਿ ਜ਼ੇਰਾ[1] ॥੧੬॥

[1]ਅਧੀਨ ਕਰ ਲਿਆ ਹੈ।

ਅਬਿ ਹਮ ਹੁਕਮ ਆਪ ਕੋ ਚਾਹਤਿ।
ਹਰਿਬੇ ਤੁਰਕਨ ਹੇਤੁ ਉਮਾਹਤਿ।
ਭਯੋ ਖਾਲਸਾ ਬੀਰ ਬਿਸਾਲਾ।
ਮੁ਼ਗਲ ਪਠਾਨ ਹੋਹਿਂ ਬਸਿ ਕਾਲਾ[1] ॥੧੭॥

[1]ਮੌਤ ਦੇ ਵਸ ਭਾਵ ਮਰਨਗੇ।

ਪ੍ਰਥਮ ਮਰਦ ਕੋ[1] ਗਰਦ ਮਿਲਾਵੈਂ।

[1]ਪਹਿਲੋਂ ਸੂਰਮਿਆਂ ਨੂੰ।

ਬਨਹਿ ਜ਼ਰਦਰੂ[1] ਭੀਰੁ ਪਲਾਵੈਂ।

[1]ਪੀਲੇ ਮੂੰਹ ਵਾਲੇ ਭਾਵ ਡਰੇ ਹੋਏ।

ਦਿਨਪ੍ਰਤਿ ਕਰਿ ਕਰਿ ਜੰਗ ਨਿਬੇਰੈਂ।
ਪੁਰਿ ਕੇ ਦੁਰਗ ਕੋਟ ਸਭਿ ਘੇਰੈਂ[†]' ॥੧੮॥

[†]ਇਹ ਅਹੰਕਾਰ ਦੇ ਵਾਕ ਸਨ, ਇਸ ਦਾ ਸਮੋਧ ਅੱਗੇ ਹੋਵੇਗਾ।

ਚੌਂਪ ਖਾਲਸੇ ਕੀ ਸੁਨਿ ਸਤਿਗੁਰ।
ਕਰਜੋ ਪ੍ਰਸੰਗ ਸਨਾਵਨਿ ਭਾ ਧੁਰ[1][†]।

[1]ਧੁਰੋਂ ਹੋਇਆ ਸੀ ਜੋ ਪ੍ਰਸੰਗ। [†]ਸੌ ਸਾਖੀ ਦੇ ਆਖੇਪਕਾਰ ਨੇ ਮੁਗਲ ਪਠਾਣਾਂ ਦੀ ਉਤਪਤੀ ਤੇ ਵਰਣ ਸ਼ੰਕਰ ਬਾਬਤ ਜੋ ਹਾਸੀ ਜੋਗ ਖਿਆਲ ਦਿੱਤੇ ਹਨ ਉਹੀ ਕਵੀ ਜੀ ਨੇ ਇੱਥੇ ਲਿਖੇ ਹਨ। ਇਹ ਸੌ ਸਾਖੀ ਦੀ ਪਹਿਲੀ ਸਾਖੀ ਹੈ ਤੇ ਅੰਸੂ ੪ ਦੇ ਅੰਤ ਜਾ ਕੇ ਸਮਾਪਤ ਹੁੰਦੀ ਹੈ।

'ਜਮ ਨੇ ਠਟਜੋ ਨੇਮ ਇਕ ਬੇਰੀ।
-ਹਿੰਸਾ ਮੈਂ ਨ ਕਰਉਂ ਕਿਸ ਕੇਰੀ- ॥੧੯॥
ਪ੍ਰਜਾ ਬਿਸਾਲ ਵਧੀ ਤਿਸ ਕਾਲਾ।
ਭਯੋ ਦੂਰ ਡਰ ਕਾਲ ਕਰਾਲਾ[1]।

[1]ਭਿਆਨਕ ਕਾਲ ਦਾ ਭੈ।

ਇਕ ਇਕ ਕੈ ਪਰਵਾਰ ਘਨੇਰੇ।
ਨਿਪਜੀ ਸੰਤਤਿ ਅਗਹੁੰ ਅਗੇਰੇ[1] ॥੨੦॥

[1]ਅੱਗੇ ਤੋਂ ਅੱਗੇ।

ਧਰਨੀ ਪਰ ਨਰ ਭੀਰ ਬਡੇਰੀ।
ਜਨਮਹਿ ਨਿਤ ਮ੍ਰਿਤੁ ਕਿਸਹੁੰ ਨ ਕੇਰੀ।
ਜਿਤ ਕਿਤ ਬਨ ਥਲ ਗ੍ਰਾਮ ਬਸੇ ਹੈਂ।
ਸੁਖ ਤੇ ਹਰਖਤਿ ਨਹੀਂ ਤ੍ਰਸੇ ਹੈਂ ॥੨੧॥
ਦੇਵ ਕਰਮ ਜੇ ਬੇਦਹੁੰ ਬਰਨੇ।

ਜੱਗਜ ਦਾਨ ਸਤਿ ਸਿਮਰਨ ਕਰਨੇ।
ਸੋ ਸਭਿ ਛੋਰਿ ਭ੍ਰਸ਼ਟ ਹੁਇ ਗਏ।
ਬਿਨਾ ਮਰਨ ਹੰਕਾਰੀ ਭਏ ॥੨੨॥
ਸਮਤਾ ਲਗੇ ਸੁਰਨਿ ਕੀ ਕਰਨੇ।
-ਅਹੈਂ ਤਿਨਹੁ ਸਮ ਨਾਂਹਨਿ ਮਰਨੇ[1]-।

[1]ਤਿਨ੍ਹਾਂ (ਦੇਵਤਿਆਂ ਦੇ) ਅਸੀਂ ਤੁੱਲ ਹਾਂ, ਸਾਨੂੰ ਮੌਤ ਨਹੀਂ।

ਤਬਹਿ ਦੇਵਤਾ ਮਿਲਿ ਕਰਿ ਸਾਰੇ।
ਕਮਲਾਸਨ ਕੇ ਪਾਸ ਪੁਕਾਰੇ ॥੨੩॥
-ਹੇ ਪ੍ਰਭੁ ! ਸਭਿ ਤੁਮ ਸ੍ਰਿਸ਼ਟਿ ਬਨਾਈ।
ਨਿਜ ਨਿਜ ਕਾਰਜ ਸਰਬ ਲਗਾਈ।
ਜਿਮ ਆਗਜਾ ਦਿਗਪਾਲਨ[1] ਦਈ।

[1]ਦਿਸ਼ਾਂ ਨੂੰ ਪਾਲਣ ਵਾਲੇ ਦੇਵਤੇ, ਜੋ ਦਸ ਹਨ:-(ੳ) ਉਤਰ ਦਾ ਕੁਬੇਰ, (ਅ) ਈਸ਼ਾਨ (ਉਤਰ ਪੂਰਬ) ਦਾ ਸ਼ਿਵ, (ੲ) ਪੂਰਬ ਦਾ ਇੰਦ੍ਰ, (ਸ) ਅਗਨਿ ਕੋਣ (ਪੂਰਬ ਦੱਖਣ) ਦੀ ਅਗਨੀ, (ਹ) ਦੱਖਣ ਦਾ ਜਮ, (ਕ) ਨੈਰਿਤ ਕੋਣ (ਦੱਖਣ ਪੱਛਮ) ਦਾ ਨੇਰਤ ਨਾਮੇ ਰਾਖ਼ਸ਼, (ਖ) ਪੱਛਮ ਦਾ ਵਰੁਣ, (ਗ) ਵਾਯਵ ਕੋਣ (ਪੱਛਮ ਉਤਰ) ਦਾ ਵਾਯੂ, (ਘ) ਊਰਧ (ਉੱਪਰ ਦਾ) ਬ੍ਰਹਮਾ, (ਙ) ਅਧੋ (ਹੇਠਲੀ ਦਿਸ਼ਾ) ਦਾ ਸ਼ੇਸ਼ਨਾਗ।

ਤਿਮ ਤਿਮ ਕਾਰ ਹਮਹੁ ਸਭਿ ਕਈ ॥੨੪॥
ਤਪੁ ਆਦਿਕ ਜੇ ਕਰਮ ਹਮਾਰੇ।
ਦੇਖਤਿ ਉਪਜੀ ਦਯਾ ਤੁਮਾਰੇ।
ਅਪਨੀ ਸੇਵਾ ਜਾਨਿ ਬਿਸਾਲਾ।
ਹਮ ਕੋ ਬਖਸ਼ਿਸ਼ ਕਰੀ ਕ੍ਰਿਪਾਲਾ ॥੨੫॥
ਜਿਸ ਤੇ ਸਰਬ ਲੋਕ ਹਿਤ ਲੇਨੇ[1]।

[1]ਸਾਥੋਂ ਮੀਂਹ, ਧਨ, ਧਾਨ, ਬੱਚੇ, ਉਮਰਾ ਆਦਿ) ਲੈਣ ਲਈ।

ਹਮ ਕਹੁ ਮਾਨਿ ਲਗੇ ਬਲਿ ਦੇਨੇ[1]।

[1]ਸਾਨੂੰ ਬਲੀ ਦੇਕੇ ਮੰਨਣ ਲੱਗੇ।

ਸੋ ਹਮਰੀ ਮਨਤਾ ਜਗ ਮਾਂਹੀ।
ਭਈ ਬਿਨਾਸ, ਕਰਤਿ ਕੋ ਨਾਂਹੀ ॥੨੬॥
ਤਪ ਕੋ ਕਰਨ ਨੇਮ ਜਮ ਲਏ[1]।

[1]ਜਦ ਤੋਂ) ਤਪ ਕਰਨੇ ਦਾ ਨੇਮ ਜਮ ਕੇ ਲਿਆ ਹੈ।

ਲੋਕ ਮਰਨ ਤੇ ਸਭਿ ਰਹਿ ਗਏ।
ਦੇਵਨ ਤੇ ਭਯ ਧਾਰਤਿ ਜੋਇ।
ਸਭਿ ਜੀਵਨ ਅਬਿ ਤਜਾਗਜੋ ਸੋਇ- ॥੨੭॥
ਸੁਨਿ ਦੇਵਨ ਤੇ ਬਾਕ ਦੁਖਾਰੇ।

ਕਮਲਾਸਨ ਤਿਹ ਸਾਥ ਉਚਾਰੇ।
-ਕਰਤਾ ਪੁਰਖ ਅਕਾਲ ਕ੍ਰਿਪਾਲ।
ਤਿਸ ਕੀ ਨੇਤ[1] ਲਖਹੁ ਇਸ ਢਾਲ ॥੨੮॥

[1]ਸਾਈਂ ਦੀ ਠਟੀ, [ਸੰਸ:, ਨਜਤ = ਮੁਕਰਰ ਕੀਤੀ ਹੋਈ]।

ਕਰਤਾ ਅਹੈ ਅਕਰਤੀ ਸੋਇ[1]।

[1]ਨਾ ਹੋ ਸਕਣ ਵਾਲੀ ਨੂੰ ਜੋ ਕਰ ਸਕੇ।

ਤਿਮ ਹੀ ਕਰਹਿ ਜਥਾਵਤਿ ਹੋਇ।
ਅਪਨੇ ਅਪਨੇ ਥਾਨ ਪਯਾਨੋ।
ਕਰਹਿ ਸੁ ਕ੍ਰਿੱਤ ਰਿਦੇ ਤੁਮ ਜਾਨਹੁੰ[1]- ॥੨੯॥

[1]ਤੁਸੀਂ ਰਿਦੇ ਵਿਚ ਜਾਣ ਲਓ ਕਿ (ਸੁ =) ਉਸੇ ਤਰ੍ਹਾਂ ਕਰੇਗਾ। ਸੌ ਸਾਖੀ ਦਾ ਪਾਠ ਹੈ:-ਕਰੇਗਾ ਉਸੇ ਹੀ। (ਅ) ਕਰਹਿ ਸੁਕ੍ਰਿਤ = (ਉਹ) ਭਲੀ ਕਰੇਗਾ।

ਜਬਿ ਪ੍ਰਮੇਸਰੀ ਦੇਵ ਬਖਾਨੇ[1]।

[1]ਜਦ ਬ੍ਰਹਮਾ ਨੇ ਦੇਵਤਿਆਂ ਨੂੰ ਇਹ ਕਿਹਾ ਤਾਂ... [ਸੰਸ:, ਪਰਮੇਖ੍ਰਿ = ਬ੍ਰਹਮਾ]।

ਗੀਰਬਾਨ[1] ਨਿਜ ਥਾਨ ਪਯਾਨੇ।

[1]ਦੇਵਤੇ।

ਕਰਿ ਕਰਿ ਬੰਦਨ ਪਦ ਅਰਬਿੰਦ।
ਪਹੁੰਚੇ ਧਾਰਤਿ ਰਿਦੈ ਅਨੰਦ ॥੩੦॥
ਕੇਤਿਕ ਕਾਲ ਬਿਤਯੋ ਤਪ ਕਿਯੋ।
ਜਮ ਕੋ ਨੇਮ ਸਪੂਰਨ ਭਯੋ।
ਜਬਹਿ ਜਗਤ ਕੀ ਦਿਸ਼ਿ ਕੋ ਦੇਖਾ।
ਪ੍ਰਜਾ ਬਧੀ ਜਿਸ ਬਿਖੈ ਬਿਸ਼ੇਖ਼ਾ ॥੩੧॥
ਜਥਾ ਤਰੀ[1] ਬਹੁ ਭਾਰੀ ਭਾਰ[2]।

[1]ਬੇੜੀ। [2]ਬਹੁਤ ਭਾਰੀ ਭਾਰ (ਨਾਲ ਭਰੀ ਹੋਈ)।

ਡਗਮਗ ਡੋਲ ਸਕਹਿ ਨ ਸਹਾਰ।
ਤਿਸ ਪ੍ਰਕਾਰ ਹੋਈ ਸਭਿ ਧਰਨੀ।
ਅੱਪ੍ਰਮਾਨ ਤਰਨੀ ਸਮੁ ਬਰਨੀ[1] ॥੩੨॥

[1]ਬਿਅੰਤ (ਭਾਰ ਵਾਲੀ) ਬੇੜੀ ਵਾਙੂ ਕਥਨ ਕਰ ਸਕੀਦਾ ਹੈ (ਉਸ ਨੂੰ)।

ਪਾਪ ਕਲਾਪਨ ਤੇ ਜਮ ਆਪ।
[1]ਪਿਖਯੋ ਕ੍ਰੋਧ ਕਰਿ ਭਾ ਪਰਤਾਪ।

[1]ਦੇਖਦਿਆਂ ਜਮ ਨੇ ਤਪਕੇ ਤੇ ਕ੍ਰੋਧ ਕਰਕੇ ਸ਼ਿਵ ਦਾ ਧਿਆਨ ਕੀਤਾ ਤਾਂ........।

ਰੁੱਦ੍ਰ ਧਯਾਨ ਕਰਿ ਭਸਮੀ ਹੋਏ।
ਅਗਨ ਪ੍ਰਜੂ੍ਲਤ ਦਗਧ ਭੇ ਕੋਏ[1] ॥੩੩॥

[1]ਕੋਈ ਸੜ ਗਿਆ।

ਬਾਯੂ ਬਹੀ ਉਡਾਇ ਡਿਗਾਏ।
ਮਰਿ ਮਰਿ ਜਮ ਕੇ ਲੋਕ ਸਿਧਾਏ।
ਪੁਨ ਦੁਰਭਿੱਖਯ ਪਰਯੋ ਦੁਖਦਾਈ।
ਤਿਸ ਤੇ ਮਰੇ ਲੋਕ ਸਮੁਦਾਈ ॥੩੪॥
ਨਹੀਂ ਅੰਨ ਪ੍ਰਾਪਤਿ ਜਬਿ ਹੋਵਾ।

ਬਚੇ ਜੁ ਕੁਛਕ ਮਰਨ ਤਿਨ ਜੋਵਾ।
ਦੇਸ਼ ਛੋਰਿ ਸੋ ਚਲੇ ਪਲਾਈ।
ਅਧਿਕ ਅੰਨ ਕੀ ਸੁਧ ਜਿਤ ਪਾਈ।
ਸਤੁੱਦ੍ਰਵ ਉਲੰਘਿ ਬਿਪਾਸਾ ਗਏ।
ਰਾਵੀ ਚੰਦ੍ਰਭਗਾ[1] ਉਲੰਘਏ ॥੩੫॥ — [1]ਚਨਾਬ ਦਰਿਆ।
ਨਦੀ ਬਿਦੱਸਤਾਂ[1] ਸਿੰਧੁ[2] ਬਿਸਾਲਾ। — [1]ਜੇਹਲਮ। [2]ਦਰਿਆ ਅਟਕ।
ਤਰਿ ਕਰਿ ਪਾਰਿ ਪਰੇ ਤਿਸ ਕਾਲਾ।
ਗੰਧ੍ਰਬ ਇਕ ਜਲਾਲ ਤਹਿ ਭਯੋ।
ਪੁਰਿ ਜਲਾਲ ਤਿਹ ਨਗਰ ਬਸਯੋ ॥੩੬॥
ਨਾਮ ਜਲਾਲਾਬਾਦ[†] ਕਹੈਂ ਅਬਿ[‡]। — [†]ਅਫ਼ਗਾਨਸਤਾਨ ਦਾ ਇਕ ਸ਼ਹਿਰ ਜੋ ਲੰਡੇ ਦਰਿਆ ਦੇ ਕਿਨਾਰੇ ਕਾਬਲ ਤੋਂ ੧੦੦ ਮੀਲ ਉਰੇ ਉਸ ਦੀ ਸੜਕ ਪਰ ਹੈ। [‡]ਪਾ:-ਤਬ।
ਪਹੁੰਚੇ ਗੰਧ੍ਰਬ[†] ਦੇਸ਼ ਜਾਇ ਸਬਿ। — [†]ਸੰਸਕ੍ਰਿਤ 'ਗਾਂਧਾਰ' ਦੇਸ਼ ਤੋਂ ਮੁਰਾਦ ਹੈ ਜੋ ਅਟਕੋਂ ਪਾਰ ਹੈ ਤੇ ਅਫਗਾਨਸਤਾਨ ਦੇ ਪੂਰਬ ਦਾ ਹਿੱਸਾ ਉਸ ਵਿਚ ਸ਼ਾਮਲ ਹੈ।
ਨਗਰ ਕੰਧਾਰ[†] ਆਦਿ ਜੇ ਜਹਾਂ। — [†]ਅਫ਼ਗਾਨਸਤਾਨ ਦਾ ਇਕ ਸ਼ਹਿਰ ਜੋ ਕਾਬਲ ਤੋਂ ੩੧੫ ਮੀਲ ਦੱਖਣ ਨੂੰ ਹੈ।
ਬਸੇ ਜਾਇ ਜੀਵੇ ਸਭਿ ਤਹਾਂ ॥੩੭॥
ਗੰਧ੍ਰਬ ਦੇਸ਼ ਬਿਖੇ ਤਿਨ ਕੇਰੀ।
ਵਧਤਿ ਭਈ ਸੰਤਾਨ ਘਨੇਰੀ।
ਕੈਰਵ ਪਾਂਡਵ[1] ਕਰਿ ਕਰਿ ਕ੍ਰੁੱਧੰ। — [1](ਇਧਰ) ਕੈਰਵ ਪਾਂਡਵ।
ਵਧਜੋ ਵਿਖਾਦ ਭਯੋ ਬਡ ਜੁੱਧੰ ॥੩੮॥
ਕਰਿਓ ਮਹਾਂ ਭਾਰਥੰ ਭਾਰੇ।
ਤਿਨ ਕੀ ਸੰਤਤਿ ਕੇਰਹਿ ਮਾਰੇ[1]। — [1]ਉਹਨਾਂ ਦੀ ਉਲਾਦ ਦੇ ਬਹੁਤੇ ਮਾਰੇ ਗਏ।
ਦੁਰਜੋਧਨ ਕੋ ਮਾਤੁਲ ਰਾਜਾ।
ਸਕੁਨੀ ਨਾਮ ਵਧਾਇ ਸਮਾਜਾ ॥੩੯॥
ਸੰਗ ਲਜਾਇ ਤਿਨ ਬਹੁ ਮਰਿਵਾਏ[1]। — [1]ਦੁਰਜੋਧਨ ਦੇ ਮਾਮੇ ਸ਼ਕੁਨੀ ਨਾਮੀ ਨੇ ਆਪਣਾ ਸਮਾਜ ਵਧਾਉਣ ਲਈ (ਗੰਧਰਬ ਦੇਸ਼ ਵਾਲੇ) ਨਾਲ ਲਿਆਂਦੇ ਸਨ, ਸੋ ਬਹੁਤੇ ਮਾਰੇ ਗਏ।
ਅਰਜਨ ਖਰ ਤੀਰਨ ਸੋਂ ਘਾਏ।
ਹਨੇ ਨੇਤ ਕੇ ਥੋਰੇ ਰਹੇ।
ਤਿਨਹੁ ਬਿਪਰਜੈ ਮਾਰਗ ਲਹੇ[1] ॥੪੦॥ — [1]ਥੋੜੇ ਰਹਿ ਜਾਣ (ਕਰਕੇ ਉਨ੍ਹਾਂ ਨੇ ਉਲਟਾ ਰਾਹ ਛੇੜਿਆ (ਜੋ ਅੱਗੇ ਚਲਕੇ ਦੱਸਦੇ ਹਨ)।
ਚਾਰ ਬਰਨ ਕੋ ਭੇਦ ਮਿਟਾਯੋ[1]। — [1]ਭਾਵ ਗੰਧਰਬ ਦੇਸ਼ ਵਾਲਿਆਂ ਨੇ।
ਏਕ ਮੇਕ ਹ੍ਵੈ ਭੋਜਨ ਖਾਯੋ।

ਆਪਸ ਮਹਿਂ ਸਨਬੰਧ ਬਨਾਏ।
ਪੁੱਤ੍ਰ ਸੁਤਾ ਕੇ ਬਜਾਹ ਰਚਾਏ ॥੪੧॥
ਤਿਨ ਕੇ ਸੰਤਤਿ ਪੁਨ ਵਧ ਗਈ।
ਸਕਲ ਰੀਤਿ ਮਰਜਾਦਾ ਹਈ[1]।
ਨਿਜ ਬਿਵਹਾਰਨ ਕੋ ਕਰਿ ਲਯੋ।
ਸ਼ੰਕਰ ਬਰਨ ਏਸ[†] ਬਿਧਿ ਭਯੋ[‡]' ॥੪੨॥

[1]ਨਾਸ਼ ਹੋਈ।

[†]ਪਾ:-ਏਕ। [‡]ਵਰਣ ਸ਼ੰਕਰ ਤੋਂ ਮੁਰਾਦ ਦੋਗਲੀ ਉਲਾਦ ਦੀ ਹੈ। ਹਿੰਦੂ ਗ੍ਰੰਥਾਂ ਵਿਚ ਇਸ ਦੇ ਅਨੇਕ ਕਾਰਨ ਤੇ ਕਿਸਮਾਂ ਦੱਸੀਆਂ ਹਨ। ਸੌ ਸਾਖੀ ਦੇ ਆਖੇਪਕਾਰ ਨੇ ਏਥੇ ਪੱਛਮੀ ਲੋਕਾਂ ਦੀ ਉਤਪਤੀ ਘ੍ਰਿਣਾ ਯੋਗ ਕਰਕੇ ਦੱਸੀ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਪ੍ਰਸੰਗ ਸੁਨਾਵਨਿ ਖਾਲਸੇ ਪ੍ਰਤਿ' ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਮੋਮਨ ਸ਼ਰਫ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

'ਜਹਾਂ ਵਧੀ ਸੰਤਾਨ ਤਿਨ, ਭਈ ਸਕਲ ਇਕ ਰੰਗ।
ਤਨੁਜਾ ਉਪਜੀ ਗੋਰਟੀ, ਬਹੁ ਸੁੰਦਰ ਸਰਬੰਗ ॥੧॥

ਚੌਪਈ:

ਮੋਮਨ ਸ਼ਰਫ[1] ਭਯੋ ਤਹਿਂ ਰਾਜਾ।
ਅਧਿਕ ਬ੍ਰਿਧਾਯਹੁ ਰਾਜ ਸਮਾਜਾ।
ਤਿਨ ਕੇ ਸਦਨ ਹੁਤੀ ਪਟਰਾਣੀ।
ਸੁੰਦਰ ਅੰਗਨਿ ਸਕਲ ਸਵਾਣੀ ॥੨॥

[1]ਨਾਮ ਰਾਜੇ ਦਾ।

ਤਿਸ ਤੇ ਪੁੱਤ੍ਰ ਭਯੋ ਬਲਵਾਨਾ।
ਜ੍ਵਾਨ ਮਹਾਨ ਅਧਿਕ ਸਵਧਾਨਾ।
ਕਛੁ ਅੱਨਜਾਇ ਰਾਜ ਮੈਂ ਕੀਨਾ।
ਮੋਮਨ ਸ਼ਰਫ ਜਬਹਿ ਸੁਨਿ ਲੀਨਾ ॥੩॥
ਰਿਸ ਧਰਿ ਤਿਸ ਕੋ ਸਦਨ ਨਿਕਾਰਾ।
ਨਹੀ ਹਕਾਰਨਿ ਬਹੁਰ ਸੰਭਾਰਾ।
ਪਿਤਾ ਨਿਕਾਸਜੋ ਚਲਿ ਸੋ ਆਯੋ।
ਤਿਨ ਲੋਕਨ ਮਿਲਿ ਸਮਾ ਬਿਤਾਯੋ[1] ॥੪॥

[1]ਉਸ ਨੇ (ਆਮ) ਲੋਕਾਂ ਵਿਚ ਮਿਲਕੇ ਸਮਾਂ ਬਿਤਾਇਆ। (ਅ) ਉਹਨਾਂ ਲੋਕਾਂ ਵਿਚ ਭਾਵ ਸ਼ੰਕਰ ਵਰਣ ਵਾਲਿਆਂ ਵਿਚ ਆ ਵੱਸਿਆ।

ਚਿਰੰਕਲ ਜਬਿ ਮਿਲਿ ਕਰਿ ਰਹਜੋ।
ਨਾਮ ਸਜਾਦਾ ਤਿਸ ਕੋ ਕਹਜੋ।
ਏਕ ਸੁਤਾ ਉਪਜੀ ਤਿਸ ਕੇਰੀ।
ਜੋ ਸੁੰਦਰ ਸਰਬੰਗ ਬਡੇਰੀ ॥੫॥
ਸ਼ੰਕਰ ਬਰਣ ਸੁ ਨਰਨ ਮਝਾਰਾ।
ਤਰੁਨਾਪਨ[1] ਤਨ ਮਾਂਹਿ ਸੰਭਾਰਾ।
ਰਾਜਾ ਮੋਮਨ ਸ਼ਰਫ ਮਹਾਂਨਾ।
ਇਕ ਦਿਨ ਪੁਰਿ ਤੇ ਕਰਿ ਪ੍ਰਸਥਾਨਾ ॥੬॥

[1]ਜਵਾਨੀ।

ਸਹਿਜ ਸੁਭਾਇਕ ਬਿਚਰਤਿ ਭਯੋ।
ਦੇਸ਼ ਬਿਦੇਸ਼ਨ ਦੇਖਤਿ ਗਯੋ।
ਆਯੋ ਤਿਨ ਲੋਕਨ[1] ਕੇ ਨਗਰ।
ਜਿਹ ਠਾਂ ਬਾਸ ਕਰਤਿ ਵੈ ਸਗਰ ॥੭॥

[1]ਜਿਨ੍ਹਾਂ ਵਿਚ ਵਰਣ ਸ਼ੰਕਰ ਸੀ।

ਉਤਰਜੋ ਬਾਗ ਮਾਂਹਿ ਸੁਖ ਪਾਏ।
ਪਿਖਿ ਬਾਲਾ ਕੋ ਰਹਿ ਬਿਰਮਾਏ[1]।
ਉਪਜਜੋ ਕਾਮ ਰਿਦੈ ਤਬਿ ਭਾਰੀ।
ਤਿਨ ਲੋਕਨਿ ਕੀ ਸੁਤਾ ਕੁਮਾਰੀ ॥ ੮ ॥
ਹੇਰਿ ਹੇਰਿ ਕਰਿ ਉਰ ਬਿਰਮਾਯੋ।
ਬਯਾਹਨਿ ਹੇਤੁ ਤਿਨਹਿ ਲਲਚਾਯੋ।
ਕਰਿ ਜਬਰੀ ਜਬਿ ਲਈ ਮੰਗਾਇ।
ਪਾਸ ਆਪਨੇ ਲਈ ਬਿਠਾਇ ॥ ੯ ॥
ਤਿਨ ਲੋਕਨਿ ਕੀ ਸੁਤਾ ਰਿਸਾਈ।
-ਹਮ ਨਹਿਂ ਰਮਹਿਂ, ਮਰਹਿਂ ਬਿਖ ਖਾਈ।
ਕੈ ਗਰ ਪਾਸੀ ਪਾਇ ਮਰੈਂਗੀ।
ਜਲ ਡੂਬਹਿਂ ਨਿਜ ਪ੍ਰਾਣ ਹਰੈਂਗੀ- ॥ ੧੦ ॥
ਇਮ ਤਨ ਕੋ ਹਠ ਹੇਰਨਿ ਕੀਨਾ।
ਮੋਮਨ ਸ਼ਰਫ ਜਤਨ ਮਨ ਕੀਨਾ।
ਧਨ ਕੋ ਦੇਨ ਅਪਰ ਸਿਰਦਾਰੀ।
ਲੋਭ ਦਿਖਾਯੋ ਅਨਿਕ ਪ੍ਰਕਾਰੀ ॥ ੧੧ ॥
ਸਭਿ ਕੇ ਸੰਗ ਰਮਜੋ ਸੁਖ ਪਾਏ।
ਗਰਭਵਤੀ ਹੁਇ ਸੁਤ ਤਿਨ ਜਾਏ।
ਬਿੱਦਜਾਧਰਿ ਪਾਠਕ ਕੀ ਸੁਤਾ[1]।
ਤਿਸਤੇ ਪੋਟਲ ਖਾਂ ਉਤਪੱਤਾ[1] ॥ ੧੨ ॥
ਸ਼ੇਖ ਸ਼ਰਫ ਇਕ ਮੁਗ਼ਲ ਰਹਾਈ।
ਨਾਮ ਸ਼ੇਖਰਾ ਸੁਤਾ ਸੁ ਤਾਂਹੀ।
ਸੁੰਦਰ ਰੂਪ ਤਾਂਹਿ ਕੋ ਚੀਨਾ।
ਤਾਂ ਕੋ ਗਹਿ ਕੈ ਰਮਨ ਸੁ ਕੀਨਾ[†] ॥ ੧੩ ॥

[1]ਇਸਤ੍ਰੀਆਂ ਨੂੰ ਦੇਖਕੇ ਭਰਮ ਗਿਆ।

[1]ਪਾਠਕ ਨਾਮੇ ਗੰਧ੍ਰਬ ਤਿਸ ਦੀ ਪੁੱਤ੍ਰੀ।

[1]ਤਿਸ ਤੋਂ ਪੋਟਲ ਖਾਂ ਪੈਦਾ ਹੋਇਆ।

[†]ਇਥੇ ਕੁਛ ਗੜਬੜ ਹੈ, ਸੌ ਸਾਖੀ ਦਾ ਪਾਠ ਹੈ:-'ਜਿਨ੍ਹਾਂ ਤਕਰਾਰ ਕੀਤਾ ਹਮ ਮਰਾਂਗੀਆਂ ਉਨ੍ਹਾਂ ਨੂੰ ਸੂਦਾਰੀ ਦਾ ਲੋਭ ਦਿਤਾ ਤੇ ਸੰਤਾਨ ਉਪਾਈ। ਬਿਦਯਾਧਰ ਪਾਠਕ ਦੀ ਬੇਟੀ ਤੇ ਪੋਟਲ ਖਾਨ। ਮੁਦਗਲੀ ਬ੍ਰਾਹਮਣੀ ਤੇ ਮੁਗਲ ਮੁੰਗਾਲ ਬੇਗ। ਸ਼ੇਖਰਾਂ ਕੀ ਸਿਖਾਵਤ ਕੀ ਬੇਟੀ ਤੇ ਸੇਖ ਸੰਮਨ। ਸਜਾਤੀ ਪਾਸ ਤੇ ਬੇਟਾ ਜਨਮਿਆਂ। ਪੁਛਿਆ ਤੇਰਾ ਗੋਤ, ਬੋਲੀ ਮੈਂ ਬੇਟੀ ਸਜਾਦ ਰਾਇ।'

ਇਸ ਤੋਂ ਪਤਾ ਲੱਗਾ ਕਿ 'ਮੁਦਗਲ ਬ੍ਰਾਹਮਣੀ ਤੇ ਮੁਗਲ ਮੁੰਗਾਲ ਬੇਗ' ਦਾ ਅਨੁਵਾਦ ਸੂਰਜ ਪ੍ਰਕਾਸ਼ ਵਿਚ ਨਹੀਂ ਆਇਆ। ਇਸਦਾ ਅਨੁਵਾਦ ਕਿਸੇ ਪਹਿਲੇ ਹੀ ਲਿਖਾਰੀ ਤੋਂ ਰਹਿ ਗਿਆ ਹੈ, ਕਿਉਂਕਿ ਟੋਲ ਕਰਨ ਤੇ ਸਾਨੂੰ ਇਕ ਲਿਖਤੀ ਨੁਸਖੇ ਵਿੱਚ ਇਸ ਚੌਪਈ ਦੀਆਂ ਤਿੰਨ ਸਤਰਾਂ ਹੀ ਮਿਲਦੀਆਂ ਹਨ। 'ਸ਼ੇਖ ਸ਼ਰਫ ਇਕ ਮੁਗਲ ਰਹਾਈ' ਇਹ ਪਹਿਲੀ ਤੁਕ ਅੰਕ ੧੩ ਦੀ ਨਹੀਂ ਮਿਲੀ, ਸੋ ਏਹ ਪਿਛੋਂ ਕਿਸੇ ਪਾਈ ਹੈ। ੧੯੧੯ ਵਾਲੇ ਨੁਸਖੇ ਵਿੱਚ ਇਸ ਅੰਕ ਦੀਆਂ ਪਿਛਲੀਆਂ ਦੋ ਪੰਕਤੀਆਂ ਹਨ ਤੇ ਪਹਿਲੀਆਂ ਦੋਵੇ ਨਹੀਂ ਹਨ।

ਇਸ ਕਮੀ ਨੂੰ ਛਾਪੇ ਵਾਲਿਆਂ ਨੇ '...ਸੁਤਾ ਸੁ ਤਾਹੀਂ' ਦੇ ਮਗਰੋਂ ਕੁੱਛ ਸਤਰਾਂ ਆਖੇਪ ਕਰਕੇ ਪੂਰਨ ਕੀਤਾ ਹੈ। ਯਥਾ:- 'ਸੁੰਦਰ ਰੂਪ ਤਾਂਹਿ ਕੋ ਚੀਨਾ। ਤਾਕੋ ਗਹਿ ਕੈ ਰਮਨ ਸੁਕੀਨਾ। ਨਾਮ ਸ਼ੇਖਰਾ ਸੁਤਾ ਸੁ ਤਾਹੀ। ਗਰਭ ਧਾਰਿਓ ਹੈ ਸੁਠ ਜਾਹੀ। ਜਿਸ ਕੋ ਦੇਖ ਅਪਸਰਾ ਲਾਜੈ। ਸੁੰਦਰ ਸਦਨ ਸੁ ਮਹਾਂ ਬਿਰਾਜੈ। ਤਿਸ ਤੇ ਏਕ ਪੁੱਤ੍ਰ ਜਨਮਇਓ। ਨਾਮ ਸ਼ੇਖ ਸੰਮਨ ਤਿਸ ਭਇਓ' ॥

ਤਿਸਕੇ ਏਕ ਪੁੱਤ੍ਰ ਜਨਮਯੋ।
ਨਾਮ ਸ਼ੇਖ ਸੰਮਨ ਤਿਸ ਭਯੋ।
ਹੁਤੀ ਸ਼ਜ਼ਾਦੇ ਕੀ ਇਕ ਤਨੀਆ।
ਨਾਮ ਸਜਾਤੀ ਤਿਸ ਕੋ ਭਨੀਆ ॥੧੪॥
ਜਨਮਜੋਂ ਬੇਟਾ ਤਿਸ ਤੇ ਜਬੈ।
ਮੋਮਨ ਸ਼ਰਫ ਸੁ ਬੂਝੀ ਤਬੈ।
-ਤੇਰਾ ਗੋਤ ਕਹਹੁ ਕਜਾ ਅਹੈ? -।
ਸੁਨਤਿ ਸ਼ਜ਼ਾਦੀ ਤਿਸ ਕੋ ਕਹੈ ॥੧੫॥
-ਸੁਤਾ ਸਜਾਦ ਰਾਇ ਕੀ ਮੈਂ ਹੌਂ।
ਤੁਝ ਬੂਝੀ ਤੇ ਸਭਿ ਕਹਿ ਦੈਹੋਂ-।
ਮੋਮਨ ਸ਼ਰਫ ਸੁਨਤਿ ਸ਼ਰਮਾਯੋ।
ਪੋਤੀ ਸੰਗ ਰਮਜੋ ਪਛੁਤਾਯੋ ॥੧੬॥
ਸ਼ਰਫ ਹਿਦਾਇਤ ਸਾਈਂ ਲੋਗ[1]।
ਤਿਸ ਕੋ ਲਖਜੋ ਬੰਦਗੀ ਜੋਗ।
ਬਿਸਮਾਵਤ ਤਿਸ ਕੇ ਢਿਗ ਗਯੋ।
ਸੇਵਾ ਬਿਖੇ ਰਾਤ ਦਿਨ ਭਯੋ ॥੧੭॥
ਸਭੀ ਹਕੀਕਤ ਕਹਿ ਸਮੁਝਾਈ।
-ਬਿਨ ਜਾਨੇ ਅਪਰਾਧ ਕਮਾਈ-।
ਕਰਹਿ ਬੰਦਗੀ ਪੀਰ ਤਿਸੀ ਕੀ।
ਉਚਰਤਿ ਰਹੈ ਦੁਆਇ ਖੁਸ਼ੀ ਕੀ ॥੧੮॥
ਬੀਤ ਗਏ ਬਹੁਤੇ ਦਿਨ ਜਬੈ।
ਸ਼ਰਫ ਹਿਦਾਯਤ ਬੋਲਜੋ ਤਬੈ।
-ਏਕ ਸਮਾ ਐਸੋ ਚਲਿ ਆਵੈ।
ਪੁੱਤ੍ਰ ਸਜਾਤੀ ਕੇ ਬਿਰਧਾਵੈਂ ॥੧੯॥
ਸੱਯਦ ਸੰਗਜਾ ਹੁਇ ਤਿਨ ਕੇਰੀ।
ਰਾਖਹਿੰਗੇ ਤਬਿ ਸੰਤਤਿ ਤੇਰੀ[1]।
ਤੂੰ ਭੀ ਨੇਤ ਮਾਨਿ ਜਗਦੀਸ਼ਾ।
ਸਾਧਨ ਕਰੋ ਬੈਠਿ ਚਲੀਸਾ ॥੨੦॥
ਪਾਪ ਕਰਜੋ ਅਨਜਾਨ ਪਨੇ ਮਹਿਂ।

[1]ਇਕ ਸ਼ਰਫ ਹਿਦਾਇਤ ਨਾਮ ਕਰਕੇ ਸਾਈਂ ਲੋਕ ਸੀ।

[1]ਤੇਰੀ ਸੰਤਾਨ ਦੀ ਰੱਖਿਆ ਕਰਨਗੇ।

ਹੋਇ ਬਿਨਾਸ਼ਨ, ਦੇਹਿ ਕਸ਼ਟ ਨਹਿਂ[1]-।'
ਸ਼੍ਰੀ ਕਲਗ਼ੀਧਰ ਕਰਤਿ ਉਚਾਰੋ।
'ਸੁਨੀਅਹਿ ਸਿੰਘਹੁ! ਰਿਦੈ ਬਿਚਾਰੋ ॥੨੧॥

[1]ਪਾਪ ਨਾਸ਼ ਹੋਵੇਗਾ, ਕਸ਼ਟ ਨਹੀਂ ਦੇਵੇਗਾ।

ਜਮ ਤੇ ਜੋ ਭਾਜੇ ਧਰਿ ਤ੍ਰਾਸ।
ਸੋ ਅਰਜਨ ਤੇ ਭਏ ਬਿਨਾਸ਼।
ਭੀਮ ਸੈਨ ਜੁਤਿ ਪਾਂਡਵ ਆਨਾ।
ਤਿਨੈ ਹਜ਼ਾਰਨਿ ਕੀਨੇ ਹਾਨਾ ॥੨੨॥
ਕੋਪਜੋ ਤਿਸੀ ਅੰਸ਼ ਪਰ ਕਾਲ[1]।

[1]ਤਿਨ੍ਹਾਂ ਦੀ (ਭਾਵ ਮੋਮਨ ਸ਼ਰਫ ਦੀ) ਅੰਸ਼ ਪਰ ਕਾਲ ਕੋਪਿਆ।

ਬਚਹਿ ਨ ਕਯੋਹੂੰ ਅਲਪ ਬਿਸਾਲ।
ਮਹਾਂਕਾਲ ਕਾਲਹਿ ਕਹਿ ਕਾਲਾ[1]।
ਉੱਗ੍ਰ ਸਮਰਥ ਬਿਸਾਲ ਕਰਾਲਾ ॥੨੩॥

[1]ਕਾਲ ਦਾ ਕਾਲ।

ਦੋਹਰਾ:
ਅਕਾਲ ਪੁਰਖ ਤੇ ਹੋਤਿ ਹੈ, ਕੋਟਕ ਬਿਸ਼ਨ ਮਹੇਸ਼।
ਤੈਸੇ ਸੇਵਕ ਸਾਥ ਹਮ, ਮਾਰੋਂ ਚਾਰੋਂ ਸ਼ੇਖ[1]†' ॥੨੪॥

[1]ਸਿੰਘਾਂ ਦੇ ਸਾਥ ਮਾਰਾਂਗਾ ਮੈਂ ਚਾਰੋਂ ਬਾਕੀ ਦੇ (ਸਯਦ, ਮੁਗਲ, ਪਠਾਣ, ਸ਼ੇਖ)। (ਅ) ਚਾਰੋਂ ਸ਼ੇਖ਼ = ਬਾਕੀ ਦੇ ਚਾਰੋਂ, ਭਾਵ ਪਠਾਣ ਮੁਗਲ ਸਯਦ ਸ਼ੇਖ਼। †ਇਹ ਪਠਾਣਾਂ, ਮੁਗ਼ਲਾਂ, ਸ਼ੇਖ਼ਾਂ ਤੇ ਸੱਯਦਾਂ ਦੀ ਹਾਸੋ ਹੀਣੀ ਉਤਪਤੀ ਸੌ ਸਾਖੀ ਦੇ ਆਖੇਪਕਾਰ ਨੇ ਪਤਾ ਨਹੀਂ ਕਿੱਥੋਂ ਤੇ ਕਿਉਂ ਪਾਈ ਹੈ। ਸ਼ੋਕ ਹੈ ਕਿ ਕਵੀ ਜੀ ਨੇ ਇਸ ਨੂੰ ਛਾਣ ਬੀਨ ਦੀ ਨਿਗਾਹ ਨਾਲ ਤੋਲਕੇ ਛੋੜ ਕਿਉਂ ਨਾ ਦਿੱਤਾ।

ਚੌਪਈ:
ਸੁਨਿ ਕਰਿ ਸਿੰਘ ਸਕਲ ਬਿਸਮਾਏ।
ਅਦਭੁਤ ਸਤਿਗੁਰ ਬਾਕ ਸੁਨਾਏ†।

†ਐਸੇ ਖਿਆਲੀ ਪੁਲਾਉ ਸ਼੍ਰੀ ਕਲਗੀਧਰ ਜੀ ਨੇ ਨਹੀਂ ਸੁਣਾਏ, ਏਹ ਸੌ ਸਾਖੀ ਦਾ ਆਖੇਪਕਾਰ ਕਹਾਣੀਆਂ ਪਾ ਰਿਹਾ ਹੈ। ਯਾ ਹਿੰਦੂਆਂ ਵਿਚ ਆਪਣੇ ਵੈਰੀ ਮੁਸਲਮਾਨਾਂ ਬਾਬਤ ਟੁਰੀਆਂ ਲੋਕ ਗਾਥਾ (Folk lore) ਕਹਿ ਰਿਹਾ ਹੈ।

'ਸਾਚੇ ਪਾਤਿਸ਼ਾਹੁ ਹਮ ਤਾਂਈ।
ਸ਼੍ਰੀ ਮੁਖ ਤੇ ਦਿਹੁ ਭੇਵ ਸੁਨਾਈ ॥੨੫॥
ਤਿਨ ਕੌ ਅੰਸ਼ ਸਰਬ ਹੀ ਮਰਿ ਹੈ।
ਕਿਧੌਂ ਬੀਚ ਤੇ ਕੋਇ ਉਬਰਿ ਹੈ।'
ਫੁਰਮਾਯੋ ਬਚ 'ਲੋਕ ਘਨੇਰੇ।
ਤਿਨ ਕੀ ਅੰਸ਼ ਬਿਲੋਕਿ ਬਡੇਰੇ ॥੨੬॥
ਨਿਜ ਨਿਜ ਧਰਮ ਛੋਡਿ ਮਿਲ ਰਹੈਂ।

ਤਿਨ ਪਰ ਹੁਕਮ ਨਹੀਂ ਪ੍ਰਭੁ ਕਹੈਂ।
ਤਿਸੀ ਅੰਸ਼ ਕੇ ਸਭਿ ਮਰਿ ਜੈ ਹੈਂ।
ਇਤ ਦਿਸ਼ਿ ਕੋ ਨਹਿਂ ਰਹਿਣਾ ਪੈ ਹੈ
॥੨੭॥
ਹਮ ਹ੍ਵੈਂ ਪੀਛੇ ਬਰਖ ਸਵਾਸੈ।
ਤਬਹਿ ਖਾਲਸਾ ਇਨਹੁ ਬਿਨਾਸੈ†।

†ਗੁਰੂ ਜੀ ਦੇ ਜੋਤੀ ਜੋਤ ਦਾ ਸੰਮਤ ੧੭੬੫ ਹੈ ਇਸ ਵਿਚ ੧੨੫ ਪਾਈਏ ਤਾਂ ੧੮੯੦ ਬਣਦਾ ਹੈ। ਏਹ ਖਾਲਿਸੇ ਦੇ ਰਾਜ ਤੇਜ ਦਾ ਸਮਾਂ ਹੈ। ਹੋ ਸਕਦਾ ਹੈ ਕਿ ਸੌ ਸਾਖੀ ਵਿਚ ਆਖੇਪ ਕਰਨ ਵਾਲਾ ਇਸੇ ਸਮੇਂ ਵਿਚ ਆਪਣਾ ਕੰਮ ਕਰ ਰਿਹਾ ਹੋਵੇ, ਪਤੇ ਜੋ ਅਪਣੇ ਸਮੇਂ ਦੇ ਦੇ ਰਿਹਾ ਹੈ। ਇਸ ਸੰਮਤ ਤੋਂ ਪਹਿਲੇ ਦੀ ਲਿਖੀ ਹੋਈ ਸੌ ਸਾਖੀ ਅਜੇ ਤੱਕ ਸਾਡੀ ਨਜ਼ਰੋਂ ਨਹੀਂ ਗੁਜ਼ਰੀ।

ਬਿਨਸਤਿ ਰਹੈਂ ਸਮੈ ਪ੍ਰਤਿ ਫੇਰ।
ਯੌਂ ਤਿਨ ਕੀ ਹੁਇ ਮੂਲ ਉਖੇਰ' ॥੨੮॥
ਇਸ ਪ੍ਰਕਾਰ ਸਿੰਘਨਿ ਸਮੁਝਾਯੋ।
ਸਭਾ ਉਠਨ ਕੋ ਸਮੈ ਸੁ ਆਯੋ।
ਮੰਦਿਰ ਅੰਦਰ ਜਾਇ ਪ੍ਰਵੇਸ਼ੇ।
ਗਯੋ ਖਾਲਸਾ ਸਿਵਰ ਅਸ਼ੇਸ਼ੇ ॥੨੯॥
ਖਾਨ ਪਾਨ ਕਰਿ ਨਿਸਾ ਬਿਤਾਈ।
ਭਈ ਪ੍ਰਾਤਿ ਪੁਨ ਸਭਾ ਲਗਾਈ।
ਆਨਿ ਖਾਲਸੇ ਦਰਸ਼ਨ ਕੀਨਾ।
ਕਰਿ ਬੰਦਨ ਢਿਗ ਬੈਠਿ ਪ੍ਰਬੀਨਾ ॥੩੦॥
ਗਰਜ ਗਰਜ ਗੁਰ ਫਤੇ ਬੁਲਾਵੈਂ।
ਸ਼ਸਤ੍ਰਨ ਸਹਤ ਬੈਸਿ[1] ਦੁਤਿ ਪਾਵੈਂ। [1]ਬੈਠਕੇ।
ਰਾਜਨ ਕੇ ਤਬਿ ਚਲੇ ਪ੍ਰਸੰਗਾ।
'ਧਰੇ ਤ੍ਰਾਸ ਮਿਲਿ ਭੇ ਇਕ ਰੰਗਾ ॥੩੧॥
ਕੇਤਿਕ ਲੇ ਕਰਿ ਚਮੂੰ ਬਿਸਾਲਾ।
ਦਿਸ਼ਿ ਅਨੰਦਪੁਰ ਘੇਰੋ ਡਾਲਾ।
ਚਹਤਿ ਰਹੈਂ ਲਰਿਬੇ ਕਹੁ ਜੰਗ।
ਕੇਤਿਕ ਆਗੇ ਆਇ ਨਿਸੰਗ ॥੩੨॥
ਸਿੰਘਨ ਸੰਗ ਭਿਰਤਿ ਹੀ ਰਹੈਂ।
ਜੇ ਜੇ ਬਡੇ ਸੁ ਐਸੇ ਕਹੈਂ।
-ਸ਼੍ਰੀ ਕਲਗ਼ੀਧਰ ਚਢਿ ਇਤ ਓਰ।
ਆਵਹਿਂ ਤਿਨਹਿਂ ਦਿਖਾਵਹਿਂ ਜ਼ੋਰ
॥੩੩॥

ਸਿੰਘਨ ਸੰਗ ਲਰਹਿਂ ਨਹਿ ਜਾਇ[1]।
ਸੰਗ ਚਮੂੰ ਕੇ ਚਮੂੰ ਲਰਾਇ-।
ਬੈਠਿ ਸਭਾ ਮਹਿਂ ਬੋਲਹਿਂ ਬਾਤਨ।
ਚਾਹਤਿ ਹੈਂ ਸੰਘਰ ਕੇ ਘਾਤਨ[1]' ॥੩੪॥

[1]ਸਿੰਘਾਂ ਨਾਲ ਨਹੀਂ ਲੜਾਂਗੇ ਜਾਕੇ।

[1]ਜੁੱਧ ਦਾ ਦਾਉ ਭਾਲਦੇ ਹਨ। (ਅ) ਜੁੱਧ ਦੇ (ਵਿਚ) ਨਾਸ਼ ਕਰਨਾ ਚਾਹੁੰਦੇ ਹਨ।

ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ।
'ਭਏ ਪ੍ਰਭਾਤਿ ਚਹਤਿ ਹਮ ਜਾਯੋ।
ਬਹੁ ਦਿਨ ਬੀਤੇ ਗਏ ਅਖੇਰ।
ਤਿਤ ਦਿਸ਼ਿ ਚਲਹਿ ਹਤਹਿਂ ਕਿਤ ਸ਼ੇਰ' ॥੩੫॥
ਇਸ ਤੇ ਆਦਿਕ ਅਨਿਕ ਪ੍ਰਸੰਗ।
ਭਏ ਸੁਨੇ ਸਭਿ ਸਿੰਘਨ ਸੰਗ।
ਸੋ ਭਿ ਰਾਤਿ ਸਤਿਗੁਰੂ ਬਿਤਾਈ।
ਹੋਤਿ ਪ੍ਰਾਤਿ ਕੇ ਕਰੀ ਚਢਾਈ ॥੩੬॥
ਪਾਇ ਹੁਕਮ ਰਣਜੀਤ ਨਗਾਰਾ।
ਗਰਜ ਉਠਯੋ ਜਿਮ ਜਲਧਰ ਭਾਰਾ।
ਸੁਨਤਿ ਖਾਲਸਾ ਹੋਯਸਿ ਤਯਾਰੂ।
ਜ਼ੀਨ ਤੁਰੰਗਮ ਕਰਿ ਸ਼ਿੰਗਾਰੂ ॥੩੭॥
ਬਸਤ੍ਰ ਸ਼ਸਤ੍ਰ ਤੇ ਸਜੇ ਬਿਸਾਲੇ।
ਗਹੇ ਤੁਫੰਗਨਿ ਚਢਿ ਚਢਿ ਚਾਲੇ।
ਸੌਚ ਸ਼ਨਾਨੇ ਸ਼ਸਤ੍ਰ ਸਜਾਏ।
ਕਲ਼ਗੀਧਰ ਆਯੁਧ ਅੰਗ ਲਾਏ ॥੩੮॥
ਬਿਧਿ ਸੰਗ ਕਟ ਮੋਂ ਖੜਗ ਨਿਖੰਗ।
ਗਹਯੋ ਧਨੁਖ ਕਰ ਸਬਜ਼ ਸੁਰੰਗ।
ਜਿਗਾ ਜਵਾਹਰ ਜ਼ਾਹਿਰ ਜੋਤਿ।
ਝੁਲਤਿ ਕਲ਼ਗੀ ਅਤਿ ਦੁਤਿ ਹੋਤਿ ॥੩੯॥
ਦੀਨ ਹੁਕਮ 'ਅਨਵਾਇ[1]' ਤੁਰੰਗ।
ਭਏ ਅਰੋਹਨਿ ਗਹਿ ਬਲ ਅੰਗ[1]।

[1]ਮੰਗਵਾਕੇ।

[1]ਬਲੀ ਅੰਗਾਂ ਵਾਲੇ (ਸਤਿਗੁਰੂ)। (ਅ) ਬਲੀ ਅੰਗਾਂ ਵਾਲੇ (ਘੋੜੇ ਨੂੰ) ਫੜਕੇ।

ਜਬਿ ਕੀਨਸਿ ਪ੍ਰਸਥਾਨ ਅਗੇਰੇ।
ਦੁੰਦਭਿ ਬਾਜਯੋ ਸ਼ਬਦ ਉਚੇਰੇ ॥੪੦॥
ਤੁਪਕਨ ਸੋਂ ਤੋੜੇ ਸੁ ਲਗਾਇ।

ਚਲੇ ਬੀਰ ਹੋਏ ਪਿਛਵਾਇ।
ਚੰਚਲ ਬਲੀ ਕੁਦਾਇ ਹਯਨਿ ਕੋ।
ਗਮਨੇ ਪ੍ਰਭੁ ਕੇ ਸੰਗ ਸੁ ਬਨ ਕੋ ॥੪੧॥
ਦੀਰਘ ਕਾਨਨ ਜਾਇ ਪ੍ਰਵੇਸ਼ੇ।
ਹੇਰਿ ਹੇਰਿ ਮ੍ਰਿਗ ਹਨੇ ਵਿਸੇਸ਼ੇ।
ਤੁਪਕਨ ਕੇ ਤੜਾਕ ਗਨ ਹੋਵੈਂ।
ਦੂਰ ਦੂਰ ਇਤ ਉਤ ਫਿਰ ਜੋਵੈਂ ॥੪੨॥
ਧੁਨਿ ਊਚੀ ਪੁਨ ਬਜਯੋ ਨਗਾਰਾ।
ਬਨ ਮਹਿਂ ਹੋਤਿ ਕੁਲਾਹਲ ਭਾਰਾ।
ਖੇਲਿ ਅਖੇਰ ਸੈਲ ਪਰ ਸੈਲ[1]। [1]ਪਹਾੜਾਂ ਤੇ ਸੈਲ ਕਰਕੇ।
ਗਏ ਗੁਰੂ ਦਲ ਜੁਤਿ ਸੋ ਗੈਲ[1] ॥੪੩॥ [1]ਓਸੇ ਰਾਹ।
ਥਲ ਉਤੰਗ ਸਤਿਗੁਰ ਥਿਰ ਹੋਏ।
ਚਾਰਹੁਂ ਦਿਸ਼ਿ ਕਾਨਨ ਗਿਰ ਜੋਏ।
ਹਾਥ ਧਨੁਖ ਧਰਿ ਖੈਂਚਨ ਕਰਯੋ।
ਸ਼ਬਦ ਉਤੰਗ ਦੇਸ਼ ਤਿਸ ਭਰਯੋ ॥੪੪॥
ਗਰਜਯੋ ਗਗਨ ਭਈ ਧੁਨਿ ਭਾਰੀ।
ਇਮ ਸਭਿ ਸਥਲ ਅਵਾਜ਼ ਉਚਾਰੀ।
'ਰਾਖ ਲੇਹੁ ਗੁਰੂ ਜੀ ਰਖਿ ਲੇਹੂ।
ਤੁਮ ਸਮਾਨਤਾ ਬਨਹਿ ਨ ਕੇਹੂ ॥੪੫॥
ਤਜਹੁ ਛੋਭ ਉਰ ਕਰੁਨਾ ਕੀਜੈ।
ਅਪਨੇ ਜਾਨਹੁ ਰਾਖ ਲਾਈਜੈ।'
ਹਯ ਨੀਲੋ ਪੁਨ ਤਲੇ ਉਤਾਰਾ।
ਪਰਚਤਿ[1] ਲਾਗੇ ਕਰਨ ਸ਼ਿਕਾਰਾ ॥੪੬॥ [1]ਪਰਚਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸ਼੍ਰੀ ਗੁਰੂ ਚਢਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

# ੪. [ਬਲੀਆ ਚੰਦ ਤੇ ਆਲਮ ਚੰਦ ਨਾਲ ਜੁੱਧ]

੩<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫

ਦੋਹਰਾ:

ਪਰਚਤਿ ਕਰਤਿ ਸ਼ਿਕਾਰ ਕੋ, ਦੂਰ ਗਏ ਜਗਨਾਥ।
ਨਾਦ ਕੁਲਾਹਲ ਗੈਲ ਮਹਿਂ, ਦੁੰਦਭਿ ਤੁਪਕਨ ਸਾਥ[1] ॥੧॥

[1]ਨਗਾਰੇ ਤੇ ਬੰਦੂਕਾਂ ਦੀ ਅਵਾਜ਼ ਦਾ ਸ਼ੋਰ ਰਸਤੇ ਵਿਚ ਹੁੰਦਾ ਸੀ।

ਚੌਪਈ:

ਨਿਕਟ ਰਹਜੋ ਰਾਜਨਿ ਕੋ ਡੇਰਾ।
ਜਿਨ ਕੇ ਮਨ ਹੰਕਾਰ ਬਡੇਰਾ।
ਬਲੀਆਚੰਦ ਸੁ ਆਲਮਚੰਦ।
ਸੁਨਿ ਧੁਨ ਕੋ ਉਤਸਾਹ ਬਿਲੰਦ ॥੨॥
ਤੂਰਨ ਤਜਾਰ ਹੋਇ ਅਸਵਾਰਾ।
ਜਿਨ ਕੇ ਸੰਗ ਸਿਪਾਹਿ ਹਜ਼ਾਰਾ।
ਚਹਿ ਬਹਾਦਰੀ ਕਰਨਿ ਦਿਖਾਵਨਿ[1]।
ਕਹੈਂ ਪਰਸਪਰ 'ਭਾ ਮਨ ਭਾਵਨ' ॥੩॥

[1]ਬਹਾਦਰੀ ਕਰਕੇ ਦਿਖਾਇਆ ਚਾਹੁੰਦੇ ਹਨ।

ਜੰਗ ਕਰਨ ਕੋ ਉਰ ਹੰਕਾਰੀ।
ਆਏ ਸਮੁਖ ਚਮੂੰ ਲੇ ਸਾਰੀ।
ਮਿਲੇ ਆਨਿ ਕਰਿ ਅਨਿਕ ਪਹਾਰੀ।
ਤੁਪਕ ਚਲਨਿ ਲਾਗੀ ਤਿਸ ਬਾਰੀ ॥੪॥
ਸਿੰਘ ਸ਼ਸਤ੍ਰਧਾਰੀ ਇਤ ਥੋਰੇ।
ਜੋਧਾ ਘਨੇ ਆਇ ਉਤ ਓਰੇ।
ਤਬਿ ਕਲਗ਼ੀਧਰ ਪੂਰਬ ਦਿਸ਼ਿ ਕੋ।
ਗਏ ਭਜਾਇ ਕੁਦਾਇਤ ਅਸੁ ਕੋ ॥੫॥
ਕੇਤਿਕ ਕਾਲ ਖਾਲਸਾ ਲਰਜੋ।
ਅਪਨੇ ਮਹਿਂ ਗੁਰ ਨਹੀਂ ਨਿਹਰਜੋ।
'ਹਮ ਕੋ ਛੋਰਿ ਗਏ ਕਰਿ ਭਾਣਾ।
ਕੋ ਜਾਣਹਿਂ ਮਨ ਮਹਿਂ ਕਜਾ ਜਾਣਾ' ॥੬॥
ਧੀਰਜ ਰਹਜੋ ਨ ਸਿੰਘਨਿ ਕੇਰਾ।
ਰਣ ਤੇ ਭਾਜਿ ਚਲੇ ਤਿਸ ਬੇਰਾ।
ਬਿਚਲਜੋ ਪਿਖਜੋ ਖਾਲਸਾ ਜਬੈ।
ਮਿਲਿ ਪਹਾਰੀਯਨਿ ਮਾਰੇ ਤਬੈ ॥੭॥
ਨਿਕਸੇ ਖੜਗ ਕਟੇ ਬਹੁ ਅੰਗ।
ਭਈ ਲਾਲ ਛਿਤ ਸ਼੍ਰੋਣਤ ਸੰਗ।

ਬਿਥਰੀ ਲੋਥ ਪੋਥਨਾ ਹੋਈ।
ਮਾਰਨ ਮਰਨ ਭਿਰੇ ਦਿਸ਼ਿ ਦੋਈ ॥੮॥
ਬਹੁਤ ਸਿੰਘ ਜਬਿ ਰਣ ਮਹਿਂ ਮਾਰੇ।
ਕੋ ਦੌਰਤਿ ਗੁਰ ਤੀਰ ਪੁਕਾਰੇ।
'ਸਾਚੇ ਪਾਤਸ਼ਾਹੁ ਰਖਿ ਲੀਜੈ।
ਤੇਰੋ ਬਿਰਦ ਤਜਾਗ ਨਹਿਂ ਦੀਜੈ ॥੯॥
ਸ਼ੋਭਤਿ ਬਿਨਾ ਸ਼ੇਰ ਨਹਿਂ ਕਾਨਨ।
ਜਿਤ ਕਿਤ ਸੁਨੀ ਬਾਤਿ ਇਹੁ ਕਾਨਨਿ[1]।'
[1]ਕੰਨੀ।
ਸਿੰਘਨ ਤੇ ਇਸ ਬਿਧਿ ਸੁਨਿ ਜਬੈ।
ਸ਼੍ਰੀ ਕਲਗ਼ੀਧਰ ਬੋਲੇ ਤਬੈ ॥੧੦॥

ਦੋਹਰਾ:

'ਸਿਦਕ ਪੁਕਾਰੇ ਖਾਲਸਾ, ਗੁਰ ਕੀ ਬਾਨੀ ਪਾਠ।
ਆਪ ਸਿੰਘ ਆਪੇ ਬਿਪਨ, ਬਿਰਦ ਬਿਹਾਰੀ ਰਾਠ[1]' ॥੧੧॥

[1](ਖਾਲਸਾ ਆਖਦਾ ਸੀ ਕਿ) ਬਨ ਬੀ ਅਸੀਂ ਆਪ ਹਾਂ ਤੇ (ਬਨਾਂ ਦੇ) ਸ਼ੇਰ ਬੀ ਅਸੀਂ ਹਾਂ ਤੇ ਬਾਣੀ ਦਾ ਪਾਠ ਕਰਦਾ (ਅਭਿਮਾਨ ਵਿਚ) ਸਿਦਕ ਸਿਦਕ ਕੂਕਦਾ ਸੀ ਤੇ ਰਾਠ (ਬਣਦਾ ਸੀ) (ਹੁਣ ਕਿਉਂ) ਬਿਹਾਰੀ ਨੂੰ (ਭਾਵ ਸਾਨੂੰ) ਬਿਰਦ (ਦਾ ਵਾਸਤਾ ਪਾਉਂਦਾ ਹੈ।) (ਅ) ਅਪ੍ਰਸੰਗਕ ਅਰਥ ਲਾਉਣ ਦਾ ਯਤਨ ਐਉਂ ਬੀ ਹੁੰਦਾ ਹੈ:-'ਗੁਰਾਂ ਦੀ ਬਾਣੀ' ਪੜ੍ਹਕੇ ਸਿਦਕੀ ਖਾਲਸਾ ਕਹਿੰਦਾ ਹੈ ਕਿ ਆਪੇ ਬਨ ਹੈ ਆਪੇ ਸ਼ੇਰ ਤੇ ਆਪੇ ਧਰਮ ਵਿਚ ਵਿਚਰਨੇ ਵਾਲਾ ਸੂਰਮਾ।

ਚੌਪਈ:

ਖਿਰੇ ਗੁਰੂ ਕਰ ਧਨੁਖ ਸੰਭਾਰੇ।
ਸਰ ਨਿਖੰਗ ਤੇ ਪੰਚ ਨਿਕਾਰੇ।
ਤਾਨ ਕਾਨ ਲਗਿ ਤੁਰਤ ਚਲਾਏ।
ਸ਼ੂੰਕਤਿ ਚਾਲੇ ਨਾਦ ਉਠਾਏ ॥੧੨॥
ਚਹੁੰ ਦਿਸ਼ਿ ਤੇ ਚਲ ਦਲ ਉਮਡਾਯੋ।
ਸਰਬ ਖਾਲਸੇ ਕੋ ਦਿਖਰਾਯੋ[1]।
[1]ਚਾਰਾਂ ਪਾਸਿਆਂ ਤੋਂ ਫੌਜਾਂ ਉਮਡਕੇ ਚਲੀਆਂ ਆ ਰਹੀਆਂ ਸਾਰੇ ਖਾਲਸੇ ਨੂੰ ਦਿੱਸੀਆਂ। ਸੌ ਸਾਖੀ ਦਾ ਪਾਠ ਹੈ:-ਤਾਂ ਚਉਫੇਰੇ ਤੇ ਫੌਜਾਂ ਹੀ ਦੀਸੈਂ। ਭਾਵ ਗੁਪਤ ਫੌਜਾਂ ਦਿੱਸੀਆਂ।
ਤੁਮਲ ਜੁੱਧ ਤਬਿ ਹੋਵਨਿ ਲਾਗਾ।
ਮਨਹੁਂ ਰੁੱਦ੍ਰ ਰਸ[1]† ਸੋਵਤਿ ਜਾਗਾ ॥੧੩॥
[1]ਭਿਆਨਕ ਅਸਰ ਵਾਲਾ ਰਸ। †ਪਾ:-ਰੋਸ ਰਸ।
ਭਿੜੇ ਭੇੜ ਭਟ[1] ਮੁੜ ਮੁੜ ਲੜੇ।
[1]ਜੁੱਧ ਵਿਚ ਭਿੜਦੇ ਹਨ ਸੂਰਮੇ ਤੇ।
ਜੇ ਭਾਜਤਿ ਧਰਿ ਧੀਰਜ ਖੜੇ।
ਹਤੀ ਸ਼ਲਖ ਗੁਲਕਨਿ ਕੀ ਐਸੇ।

ਹਟਯੋ ਜਲਦ ਮੁਚਿ ਬਰਖਾ ਜੈਸੇ ॥੧੪॥
ਲੋਹ ਪਰੇ ਦੁਹਿਂ ਦਿਸ਼ਿ ਕੇ ਜੋਧਾ।
ਦੰਤਨ ਪੀਸ ਧਾਰਿ ਬਹੁ ਕ੍ਰੋਧਾ।
ਉਰ ਫੂਟੇ ਟੂਟੇ ਭਟ ਅੰਗਾ।
ਸ਼੍ਰੋਣਤ ਸੰਗ ਭਰੇ ਸਰਬੰਗਾ ॥੧੫॥
ਮਾਨਹੁਂ ਖੇਲ ਫਾਗ ਕੋ ਆਏ।
ਕੈ ਪਲਾਸ ਫੂਲੇ ਸਮੁਦਾਏ।
ਬੂਟਾ ਏਕ ਕਰੌਂਦੇ ਕੇਰਾ।
ਤਿਸ ਤਰੁ ਥਿਰੇ ਗੁਰੂ ਰਣ ਹੇਰਾ ॥੧੬॥
ਦੁਹਿਂ ਦਿਸ਼ਿ ਕੋ ਤਬਿ ਪਿਖਹਿਂ ਤਮਾਸ਼ਾ।
ਲਰਹਿਂ ਸੂਰਮੇ ਹੋਤਿ ਬਿਨਾਸ਼ਾ।
ਸਤਿਗੁਰ ਕੋ ਬਲ ਪਾਇ ਬਡੇਰਾ।
ਲਰਤਿ ਖਾਲਸਾ ਵਧਯੋ ਅਗੇਰਾ ॥੧੭॥
ਅਰਯੋ ਜੁ ਸਨਮੁਖ ਖੜਗ ਪ੍ਰਹਾਰੇ।
ਰੁੰਡ ਮੁੰਡ ਕਰਿ ਭੂ ਪਰ ਡਾਰੇ।
ਪਰੀ ਅਕਾਸ਼ੀ ਫੌਜਾਂ ਆਇ।
ਜਿਤ ਕਿਤ ਦੇਖਿ ਰਹੇ ਬਿਸਮਾਇ ॥੧੮॥
ਪਰ੍ਹਾ ਬੰਧਿ[1] ਜਨੁ ਘਟ ਘਟ ਆਈ।
ਗਨ ਗੁਲਕਾਂ ਬਰਖਾ ਬਰਖਾਈ।
ਤੁਪਕਨਿ ਕੜਕ ਗਾਜ ਜਨੁ ਪਰੈ।
ਛਟਾ ਪਲੀਤੇ ਧੁਖਿ ਧੁਖਿ ਟਰੈਂ[1] ॥੧੯॥
ਦੁੰਦਭਿ ਢੋਲਨਿ ਸ਼ਬਦ ਮਹਾਨਾ।
ਜਨੁ ਬਰਖਤਿ ਘਨ ਧੁਨਿ ਗਰਜਾਨਾ[1]।
ਕ੍ਰਿਖਿ ਪਾਕੀ ਸਮ ਪਰਮ ਪਹਾਰੀ[1]।
ਤੋਰਿ ਫੋਰਿ ਚੂਰਨ ਕਰਿ ਡਾਰੀ ॥੨੦॥
ਹੇਲਾ ਘਾਲਿ ਖਾਲਸਾ ਲਰਯੋ।
ਭਾਗਯੋ ਪ੍ਰਥਮ ਲਾਜ ਕਰਿ ਮੁਰਯੋ।
ਬਲੀਆ ਚੰਦ ਆਨਿ ਪਗ ਰੋਪਯੋ।
ਪਿਖਿ ਸਿਪਾਹ ਭਾਜੀ ਉਰ ਕੋਪਯੋ ॥੨੧॥

[1]ਸਫਾਂ ਬੰਨ੍ਹਕੇ।

[1]ਬਿਜਲੀ (ਵਤ) ਪਲੀਤੇ ਧੁਖ ਧੁਖਕੇ ਟਲਦੇ ਹਨ। ਭਾਵ ਕਦੇ ਚਮਕਦੇ ਤੇ ਕਦੇ ਧੁਖਦੇ ਹਨ।

[1]ਵਰਖਾ ਕਰਦਾ ਹੋਇਆ ਮਾਨੋ ਬੱਦਲ ਗੱਜਿਆ ਹੈ ਸ਼ਬਦ ਕਰਕੇ।

[1]ਵਡੇ (ਮਾਨੀ) ਪਹਾੜੀਏ।

ਇਤ ਤੇ ਉਦੇ ਸਿੰਘ ਧਰਿ ਧੀਰ।
ਪਹੁੰਚਯੋ ਲੇ ਸਿੰਘਨਿ ਕੀ ਭੀਰ।
ਆਲਮਚੰਦ ਖੜਗ ਕਰਿ ਨੰਗਾ।
ਭਯੋ ਸਮੁਖ ਚਾਹਤਿ ਰਣ ਜੰਗਾ ॥੨੨॥
ਆਲਮ ਸਿੰਘ ਕੁਪਯੋ ਇਸ ਦੇਖਿ।
ਦੋਨਹੁੰ ਕੇ ਮਨਿ ਕੋਪ ਵਿਸ਼ੇਖ।
ਦੋਨਹੁੰ ਗਹੇ ਸਿਪਰ ਸ਼ਮਸ਼ੇਰ[1]। [1]ਤਲਵਾਰ।
ਘਾਤ ਕਰਨਿ ਜੁਟੇ ਸਮ ਸ਼ੇਰ ॥੨੩॥
ਬਾਮ ਦਾਹਨੇ ਫਿਰਿ ਮਿਲਿ ਗਏ।
ਖੜਗ ਪ੍ਰਹਾਰ[1] ਪ੍ਰਹਾਰਤਿ ਭਏ। [1]ਤਲਵਾਰ ਦੇ ਵਾਰ।
ਗਿਰਪਤਿ ਸਮੁਖ ਸਿਪਰ ਕਰਿ ਦਈ।
ਰੋਕਯੋ ਵਾਰ ਹੁਤੇ ਬਲ ਮਈ ॥੨੪॥
ਤਿਹ ਪਾਛੈ ਨਿਜ ਵਾਰ ਪ੍ਰਹਾਰਾ।
ਖੜਗ ਸਮੇਤ ਹਾਥ ਕਟਿ ਡਾਰਾ।
ਤਿਸ ਕੇ ਭਟ ਪਹੁੰਚੇ ਲਿਯ ਆਗਾ।
ਆਲਮਚੰਦ ਤਯਾਗਿ ਰਣ ਭਾਗਾ ॥੨੫॥
ਇਮ ਆਲਮ ਸਿੰਘ ਲੇ ਕਰਿ ਫਤੇ।
ਵਾਹਿਗੁਰੂ ਜੀ ਕੀ ਕਹਿ ਫਤੇ।
ਦਿਸ਼ਾ ਦੂਸਰੀ ਬਲੀਆਚੰਦ।
ਲਰਤਿ ਕਰਤਿ ਉਤਸਾਹਿ ਬਿਲੰਦ ॥੨੬॥
ਊਚੀ ਧੁਨਿ ਤੇ ਬਾਜਤਿ ਢੋਲ।
ਲਲਕਾਰਤਿ ਸੂਰਨਿ ਕੋ ਟੋਲਿ।
ਐਂਚਿ ਐਂਚਿ ਧਨੁ ਬਾਨ ਚਲਾਵੈ।
ਤਨ ਸਿੰਘਨਿ ਕੇ ਪੁੰਜ ਧਸਾਵੈ ॥੨੭॥
ਉਦੇ ਸਿੰਘ ਚਲਿ ਸਨਮੁਖ ਹੋਵਾ।
ਸਿੰਘਨਿ ਸੰਗ ਕਰਯੋ ਰਿਪੁ ਜੋਵਾ[1]। [1]ਵੈਰੀ ਦੇਖਕੇ, (ਤੇ ਬੋਲਿਆ।)
'ਕਯਾ ਦੇਖਤਿ ਹੋ ਹਤਹੁ ਤੁਫੰਗੇ।
ਆਵਹਿ ਸ਼ੱਤ੍ਰੂ ਵਧਯੋ ਕੁਢੰਗੇ' ॥੨੮॥
ਸੁਨਤਿ ਖਾਲਸੇ ਇਕ ਵਿਰ ਛੋਰੀ।
ਚਲੀ ਸਮੂਹ ਸ਼ੂੰਕਤੀ ਗੋਰੀ।
ਬਲੀਆਚੰਦ ਜੰਘ ਮਹਿਂ ਲਾਗੀ।

ਭਟ ਬਹੁ ਮਰੇ ਚਮੂੰ ਬਹੁ ਭਾਗੀ ॥੨੯॥
ਘਾਇਲ ਹ੍ਵੈ ਬਲੀਆ ਹਟਿ ਪਰਯੋ।
ਬਹੁਰ ਪਹਾਰੀ ਨਹਿਂ ਕੋ ਥਿਰਯੋ।
ਚਲੇ ਪਲਾਇਨ ਹ੍ਵੈ ਬਿਨ ਧੀਰ।
ਪਰੇ ਗਗਨ ਕੇ ਬਡ ਬਰ ਬੀਰ[1] ॥੩੦॥

[1]ਕਿਉਂਕਿ ਅਕਾਸ਼) ਤੋਂ ਜੋ ਬੜੇ ਵੀਰ ਪਏ ਸਨ।

ਹਤੇ ਸੈਂਕਰੇ ਜੋ ਅਰ ਰਹੇ।
ਭਜੀ ਸਿਪਾਹ ਤ੍ਰਾਸ ਕੌਂ ਗਹੇ।
ਰਾਮਕੁਇਰ ਸਭਿ ਕਹਤਿ ਪ੍ਰਸੰਗ।
ਤਬਿ ਮੈਂ ਹੁਤੋ ਪ੍ਰਭੂ ਕੇ ਸੰਗ ॥੩੧॥
ਹੁਤੋ ਅਵਸਥਾ ਬਿਖੈ ਛੁਟੇਰਾ।
ਮਰੇ ਸਿੰਘ ਕੇਤਿਕ ਰਣ ਹੇਰਾ।
ਤਬਿ ਮੁਝ ਕੋ ਕੰਪਾ ਹੁਇ ਆਈ[1]।

[1]ਭਾਵ ਮੈਂ ਕੰਬਿਆ। ਸੌ ਸਾਖੀ ਵਿੱਚ ਪਾਠ ਹੈ ਕੰਬਾ।

ਉਪਜਯੋ ਰਿਦੈ ਤ੍ਰਾਸ ਸਮੁਦਾਈ ॥੩੨॥
ਕ੍ਰਿਪਾ ਦ੍ਰਿਸ਼ਟਿ ਅਵਿਲੋਕਨ ਕਰਯੋ।
ਸ੍ਰੀ ਮੁਖ ਤੇ ਮੁਸਕਾਇ ਉਚਰਯੋ।
[1] 'ਜਿਮ ਊਧਵ ਕੋ ਰਾਖਿ ਅਸ਼ੋਕ।

[1]ਭਾਵ, ਖੁਸ਼ੀ ਨਾਲ ਊਧਵ ਨੂੰ (ਸੰਸਾਰ ਵਿਚ) ਰੱਖਕੇ ਆਪ ਪ੍ਰਲੋਕ ਚਲੇ ਗਏ ਸੇ।

ਕ੍ਰਿਸ਼ਨ ਸਿਧਾਰ ਗਏ ਪਰਲੋਕ ॥੩੩॥
ਤਿਸ ਬਿਧਿ ਕਰਹਿਂ ਗੁਰੂ ਭੀ ਕਰਨੀ।
ਰਖਿ[1] ਗੁਰਬਖਸ਼ ਸਿੰਘ ਤਲ ਧਰਨੀ[2]।

[1]ਰੱਖਕੇ (ਤੈਨੂੰ) ਗੁਰਬਖਸ਼ ਸਿੰਘ ਨੂੰ। [2]ਧਰਨੀ ਤਲ ਤੇ।

ਬਹੁਰ ਸਿਧਾਰਨਗੇ[1] ਪਰਲੋਕ।

[1]ਭਾਵ ਗੁਰੂ ਕੇ।

ਨਹਿਂ ਡਰ, ਨਹਿਂ ਡਰ, ਬਨਹੁ ਅਸ਼ੋਕ' ॥੩੪॥
ਸ੍ਰੀ ਕਲਗ਼ੀਧਰ ਭਾਖਯੋ ਜਬਿਹੂੰ।
ਰੁਦਨ ਕਰਨਿ ਲਾਗਯੋਂ ਮੈਂ ਤਬਿਹੂੰ।
ਸ੍ਰੀ ਮੁਖ ਤੇ ਪੁਨ ਬਾਕ ਅਲਾਵੈਂ।
'ਰਿਪੁਨਿ ਚਲਾਇ[1] ਖਾਲਸਾ ਆਵੈ ॥੩੫॥

[1]ਭਜਾ ਕੇ।

ਧਰ ਧੀਰਜ ਕੌਂ ਉਰ ਨਹਿਂ ਰੋਵਹੁ।
ਸੰਘਰ ਮਚਯੋ ਖਰੋ ਰਹੁ ਜੋਵਹੁ।'
ਇਤਨੇ ਬਿਖੈ ਭਜਾਇ ਪਹਾਰੀ।
ਅਰਯੋ ਰਹਯੋ, ਤਿਹਿਂ ਦੀਨਸਿ ਮਾਰੀ

॥ ੩੬ ॥
ਚਮੂੰ ਅਕਾਸ਼ੀ ਸਭਿ ਚਲਿ ਗਈ।
ਅੰਤਰ ਧਜਾਨ ਬਿਲੋਕਤਿ ਭਈ।
ਬਹੁਰ ਖਾਲਸਾ ਹਟਿ ਕਰਿ ਆਯੋ।
ਖਰੇ ਪ੍ਰਭੂ ਕੋ ਦਰਸ਼ਨ ਪਾਯੋ ॥ ੩੭ ॥
ਕ੍ਰਿਪਾਦ੍ਰਿਸ਼ਟਿ ਕੋ ਦੇਖਿ ਗੁਸਾਈਂ।
ਧੀਰਜ ਦੀਨਿ ਸਭਿ ਇਨ ਕੇ ਤਾਂਈ।
ਸਿੰਘਨਿ ਦਿਸ਼ਿ ਕੋ ਪਿਖਤਿ ਉਚਾਰੇਂ।
'ਹਿੰਦੂ ਹੈਂ ਪਹਾਰੀਏ ਸਾਰੇ' ॥ ੩੮ ॥
ਸੁਨਤਿ ਖਾਲਸਾ ਬਿਨਤੀ ਕਹੈ।
'ਸਕਲ ਪਹਾਰੀ ਬਨਚਰ ਅਹੈਂ[1]।

[1]ਬਨ ਵਿੱਚ ਵਿਚਰਨ ਵਾਲੇ ਜੀਵ ਕਿਉਂਕਿ ਅਗਲੀ ਤੁਕ ਵਿਚ 'ਖਾਜ' ਲਿਖਿਆ ਹੈ, ਮ੍ਰਿਗ ਆਦਿਕ ਜੋ ਖਾਧੇ ਜਾਣ।

ਸੋ ਹਮਰੇ ਹੈਂ ਖਾਜ ਬਿਸਾਲਾ।
ਖਾਵਤਿ ਰਹੈਂ ਸਰਬਥਾ ਕਾਲਾ' ॥ ੩੯ ॥
ਤਬਿ ਕਲਗ਼ੀਧਰ ਪੁਨ ਮੁਸਕਾਏ।
ਸਭਿਨਿ ਸੁਨਾਵਤਿ ਬਾਕ ਅਲਾਏ।
'ਸੁਨਹੁ ਖਾਲਸਾ ਜੀ ! ਦੇ ਕਾਨ।
ਕਰਹਿੰ ਗਿਰੀਸ਼ ਰਾਜ ਅਭਿਮਾਨ[1] ॥ ੪੦ ॥

[1]ਪਹਾੜੀ ਰਾਜੇ ਰਾਜ ਦਾ ਹੰਕਾਰ ਕਰਦੇ ਹਨ।

ਨਹੀਂ ਨੇਤ ਭਾਣੇ ਕੋ ਮਾਨਹਿਂ।
ਪਰਮੇਸ਼ਰ ਕੀ ਗਤਿ ਨਹਿਂ ਜਾਨਹਿਂ।
ਆਇ ਸਮਾ ਇਨ ਕੇ ਸਿਰ ਬਲੀ।
ਬਿਨ ਹੰਕਾਰ ਹੋਇਂ ਬਿਧਿ ਭਲੀ ॥ ੪੧ ॥
ਦੋਹਰਾ:
ਭਲੀ ਨਿਬਾਹੀ ਪੁਰਖ[1],
ਨੇ ਕੀਨੋ ਤੀਜਾ ਲੋਗ[1]।
ਜਿਨ ਸਿਰਜੀ ਗੋਈ ਤਿਸੈ[1],
ਮਿਟੈ ਤੁਮਾਰਾ ਰੋਗ[1]' ॥ ੪੨ ॥

[1]ਅਕਾਲ ਪੁਰਖ ਨੇ।

[1]ਭਾਵ ਖਾਲਸਾ ਪੰਥ।

[1]ਜਿਨ ਸਿਰਜੀ ਤਿਸ ਨੇ ਲੈ ਕਰ ਦਿੱਤੀ।

[1]ਭਾਵ ਸ਼ੱਤਰੂ (ਦੇਖੋ ਅੰਕ ੪੩)।

ਚੌਪਈ:
ਤੀਨ ਬਾਰ ਇਸ ਰੀਤਿ ਬਖਾਨਾ।
'ਰੋਗ ਸਮਾਨ ਸ਼ੱਤ੍ਰੂ ਹੁਇ ਹਾਨਾ।'
ਸੁਨਤਿ ਖਾਲਸੇ ਖੁਸ਼ੀ ਬਿਸਾਲੇ।
ਸ੍ਰੀ ਗੁਰ ਕੋ ਰੁਖ ਲਖਯੋ ਕ੍ਰਿਪਾਲੇ ॥ ੪੩ ॥

ਬੂਝਜੋ ਗੁਰ ਪੁਨ 'ਕਸ ਰਣ ਭਯੋ?'
ਮਹਾਂ ਸਿੰਘ ਤਬਿ ਸਭਿ ਕਹਿ ਦਯੋ।
'ਦ੍ਵੈ ਸਰਦਾਰ ਹੁਏ ਸੋ ਘਾਇਲ।
ਸਹਤ ਸਿਪਾਹਿ ਭਏ ਕਰ ਸਾਯਲ[1] ॥੪੪॥
ਭਾਗ ਗਏ ਨਹਿਂ ਪਾਇ ਜਮਾਏ।
ਮਰੇ ਪਰੇ ਕੋ ਧਰ ਤਰਫਾਏ[1]।
ਬਲ ਰਾਵਰ ਕੋ ਪਾਇ ਬਡੇਰਾ।
ਫਤੇ ਖਾਲਸੇ ਕੀ ਇਸ ਬੇਰਾ' ॥੪੫॥
ਸਕਲ ਬਾਰਤਾ ਭਾਖਿ ਸੁਨਾਈ।
ਤਬਿ ਸਤਿਗੁਰ ਸਭਿਹੁੰਨਿ ਅਲਾਈ।
'ਮਰੇ ਸਿੰਘ ਸਭਿ ਦਾਹਨ ਕਰੀਅਹਿ।
ਸਭਿ ਥਲ ਖੋਜ ਏਕ ਥਲ ਧਰੀਅਹਿ' ॥੪੬॥
ਮਾਨਿ ਬਚਨ ਕੋ ਤਤਛਿਨ ਕੀਨਿ।
ਕਰਿ ਇੱਕਤ੍ਰ ਸਭਿ ਦਾਹ ਸੁ ਦੀਨਿ।
ਘਾਇਲ ਹੁਤੇ ਉਠਾਇ ਸੁ ਲਜਾਏ।
ਫਤੇ ਪਾਇ ਗੁਰ ਪੁਰਿ ਕੋ ਆਏ ॥੪੭॥
ਬਜੇ ਖੁਸ਼ੀ ਕੇ ਬ੍ਰਿੰਦ ਨਗਾਰੇ।
'ਭਈ ਜੀਤ' ਨਰ ਨਾਰਿ ਉਚਾਰੇ।
ਮੰਗਲ ਕਰੇ ਅਨੇਕ ਪ੍ਰਕਾਰਾ।
ਭਾ ਸ਼ੱਤ੍ਰੁਨਿ ਕੇ ਸ਼ੋਕ ਅਪਾਰਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

[1]ਹਰਨ ਹੋ ਗਏ। ਭਾਵ ਘੁੰਮਕੇ ਮੁੜ ਜਾਣਾ ਜਿਵੇਂ ਹਰਨ ਜ਼ਖ਼ਮ ਖਾਕੇ ਮੁੜਦਾ ਹੈ ਤੇ ਭੱਜ ਜਾਂਦਾ ਹੈ।

[1]ਧੜ ਤੜਫਦਾ ਹੈ।

## ੫. [ਰਾਜਿਆਂ ਦੀ ਸਲਾਹ। ਕਾਜ਼ੀ ਸਲਾਰ ਦੀਨ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਸੁਨੀ ਲੜਾਈ ਗਿਰਪਤਿਨਿ, ਚਿਤ ਸ਼ੰਕਤ ਸਭਿ ਹੋਇ।
'ਅਲਪ ਚਮੂ ਗੁਰ ਸੰਗ ਹੈ, ਹਮਰੇ ਰਾਜੇ ਦੋਇ ॥੧॥

ਚੌਪਈ:

ਸੈਨਾ ਪਠੀ ਸੰਗ ਸਮੁਦਾਈ।
ਕਿਮ ਰਣ ਕਰਤਿ ਪਰਾਜੈ ਪਾਈ।
ਵਡੇ ਬਹਾਦੁਰ ਉਰ ਹੰਕਾਰੀ।
ਆਯੁਧ ਬਿੱਦਜਾ ਜਾਨਤ ਸਾਰੀ ॥੨॥
ਠਹਿਰੇ ਕਜੋਂ ਨ ਗੁਰੂ ਕੇ ਆਗੇ।
ਹੁਇ ਘਾਇਲ ਸੇ ਤਤਛਿਨ ਭਾਗੇ।
ਜੇ ਗੁਰ ਸੰਗ ਹੋਇ ਦਲ ਮਹਾਂ।
ਹਮਰੋ ਰਾਜ ਥਿਰਹਿ ਤਬਿ ਕਹਾਂ ॥੩॥
ਨਿਤਪ੍ਰਤਿ ਜਾਟ ਕਮੀਨੀ ਜਾਤਿ।
ਬਨਹਿਂ ਸਿੰਘ ਪਾਹੁਲ ਲੇ ਜਾਤਿ।
ਖੜਗ ਤੁਫੰਗ ਕੇਸ ਕਛ ਧਰੈਂ।
ਬਹੁ ਬਿਧਿ ਮਾਰ ਬਕਾਰਾ ਕਰੈਂ ॥੪॥
ਪਾਤਿਸ਼ਾਹ ਰਾਜਾ ਨਹਿਂ ਗਨੈਂ।
-ਮਾਰਿ ਮਾਰਿ- ਸਭਿਹਿਨ ਕੋ ਭਨੈਂ।
ਵਧਤਿ ਜਾਤਿ ਨਿਤ ਪ੍ਰਤਿ ਇਮ ਪਈਅਤਿ।
ਜਿਮ ਪੜਵਾ ਤੇ ਨਿਸਪਤਿ ਲਹੀਅਤਿ[1] ॥੫॥

[1]ਜਿਵੇਂ ਏਕਮ ਤੋਂ ਚੰਦ੍ਰਮਾ (ਵਧਦਾ) ਵੇਖੀਦੀ ਹੈ [ਸੰਸ:, ਪ੍ਰਤਿਪਦਾ]।

ਇਨ ਕੋ ਚਹੀਐ ਕਰਨਿ ਉਪਾਇ।
ਅਲਪ ਅਹੈਂ ਸਭਿ ਕਿਛੁ ਬਨਿ ਜਾਇ।
ਲਘੁ ਬੂਟੇ ਕੋ ਤੁਰਤ ਉਖਾਰੈਂ।
ਸਕੈਂ ਹਲਾਇ ਨ, ਬਟ ਜਬਿ ਭਾਰੈ[1] ॥੬॥

[1]ਹਿਲਾ ਨਾ ਸੱਕਾਂਗੇ ਜਦੋਂ ਭਾਰੀ ਹੋ ਜਾਊ ਬੋਹੜ।

ਅਗਨਿ ਚਿੰਗਾਰਾ ਤੁਰਤ ਬੁਝਾਈ।
ਬਨ ਲਗਿ ਪਸਰੈ, ਹ੍ਵੈ ਨ ਉਪਾਈ।
ਥੋਰਨਿ ਦਿਨ ਕੋ ਕੇਹਰਿ ਹੋਇ।
ਪਕਰ ਲੇਹਿਂ ਨਿਰਬਲ ਹੁਇ ਸੋਇ ॥੭॥
ਜਬਿ ਅਪਨੋ ਬਲ ਧਰਿ ਕਰਿ ਗਰਜੈ।

ਕੌਣ ਸਮੁਖ ਹੁਇ ਤਿਹ ਤਬਿ ਤਰਜੈ।
ਅਬਿ ਤੌ ਸਿੰਘ ਸੈਂਕਰੇ ਅਹੈਂ।
ਇਮ ਉਤਪਾਤਿ ਕਰਤਿ ਸੋ ਰਹੈਂ ॥੮॥
ਜਬਹਿ ਹਜ਼ਾਰੋਂ ਗਿਨਤੀ ਹੋਇ।
ਅਰੈ ਲਰੈ ਤਿਨ ਸੋਂ ਤਬਿ ਕੋਇ[1]?'
ਇੱਤਜਾਦਿਕ ਮਿਲਿ ਗਿਰਪਤਿ ਕਹੈਂ।
ਦਲ ਤੁਰਕਾਨ ਹਕਾਰਯੋ ਚਹੈਂ ॥੯॥
ਦੱਖਣ ਗਯੋ ਨੁਰੰਗਾ ਆਪ।
ਦਿੱਲੀ ਮਹਿਂ ਸੂਬਾ ਬਡ ਥਾਪਿ।
ਤਹਾਂ ਵਕੀਲ ਪਠਨ ਕੇ ਕਾਰਨ।
ਕਰਯੋ ਤਯਾਰ ਸਮੁਝਾਇ ਉਚਾਰਨਿ ॥੧੦॥
ਦਰਬ ਹਜ਼ਾਰਹੁੰ ਵਸਤੁ ਸਮਾਜੇ।
ਪ੍ਰਿਥਕ ਪ੍ਰਿਥਕ ਦੀਨਸਿ ਗਨ ਰਾਜੇ।
ਬਹੁਤ ਮੋਲ ਤੇ ਜੋ ਕਰ ਆਵੈ।
ਹੇਤੁ ਖੁਸ਼ਾਮਦ ਕਹਿ ਪਹੁੰਚਾਵੈ ॥੧੧॥
ਲਿਖੇ ਪੱਤ੍ਰ ਪਰ ਗੁਰੂ ਬ੍ਰਿਤਾਂਤ।
'ਊਧਮ ਦੇਸ਼ ਪਾਇ ਬਹੁ ਭਾਂਤ।
ਕਹੈ -ਖਾਲਸਾ ਮੈਂ ਅਬਿ ਕਰਯੋ-।
ਹਮ ਸੋਂ ਕਈ ਬਾਰ ਲਰਿ ਪਰਯੋ ॥੧੨॥
ਪਾਤਿਸ਼ਾਹੁ ਕੋ ਤ੍ਰਾਸ ਬਿਸਾਰਾ।
ਜਿਤ ਕਿਤ ਚਾਹਹਿ ਜੰਗ ਅਖਾਰਾ।
ਬਿਗਰੈ ਤੁਮ ਸੋਂ ਭੀ ਇਕ ਬਾਰੀ।
ਯਾਂ ਤੇ ਸੁਧ ਭੇਜੀ ਹਮ ਸਾਰੀ ॥੧੩॥
ਅਬਿ ਉਪਾਇ ਇਸ ਕੋ ਹੁਇ ਆਵੈ।
ਨਤੁ ਦਿਨ ਪ੍ਰਤਿ ਨਿਜ ਪੰਥ ਵਧਾਵੈ।
ਸੈਨ ਪਠਹੁ ਮਿਲਹਿਂ ਹਮ ਸੰਗ[1]।
ਦੇਹਿਂ ਨਿਕਾਰ ਕਰਹਿਂ ਬਹੁ ਜੰਗ' ॥੧੪॥
ਇੱਤਜਾਦਿਕ ਬਹੁ ਲਿਖੇ ਪਠਾਏ[1]।
ਕਹਿ ਵਕੀਲ ਸੋਂ ਬਚ ਸਮੁਝਾਏ।
ਸੂਬੇ ਢਿਗ ਦਿੱਲੀ ਚਲਿ ਗਯੋ।
ਸਨੇ ਸਨੇ ਤਹਿਂ ਪਹੁੰਚਤਿ ਭਯੋ ॥੧੫॥

[1]ਕੌਣ।

[1]ਅਸੀਂ ਵੀ ਨਾਲ ਮਿਲਾਂਗੇ।

[1]ਲਿਖਕੇ ਭੇਜਿਆ।

ਹਾਥ ਜੋਰਿ ਬਹੁ ਦਈ ਅਕੋਰਾ।
ਸਰਬ ਪ੍ਰਸੰਗ ਭਨ੍ਯੋ ਇਤ ਓਰਾ।
'ਸਭਿ ਰਾਜਨਿ ਮਿਲਿ ਮੋਹਿ ਪਠਾਯੋ।
ਆਪ ਪਾਸ ਇਸ ਹਿਤ ਚਲਿ ਆਯੋ'
॥੧੬॥
ਤਿਨ ਸੂਬੇ ਸੁਨਿ ਕਰਿ ਸਭਿ ਬਾਤ।
ਲਿਖ੍ਯੋ ਨੁਰੰਗੇ ਕੌ ਬਿਰਤਾਂਤ।
ਧੀਰਜ ਤਿਸ ਵਕੀਲ ਕੌ ਦਈ।
ਗਜ ਬਾਜੀ ਜੁਤਿ ਭੇਟੈਂ ਲਈ ॥੧੭॥
ਇਤ ਰਾਜਨਿ ਬਹੁ ਸੈਨ ਬਨਾਈ।
ਤ੍ਰਾਸ ਗੁਰੂ ਕੋ ਕਰਿ ਤਕਰਾਈ[1]।
ਚਢੈਂ ਸਿੰਘ ਗਨ ਖੇਤ ਉਜਾਰੈਂ।
ਅਰੈਂ ਲਰੈਂ ਰਣ ਮਰੈਂ ਸੁ ਮਾਰੈਂ ॥੧੮॥
ਰਾਜਨਿ ਕੇ ਨਿਤ ਬਡੋ ਹੰਗਾਮਾ[1]।
ਇਨ ਕੈ ਸਹਿਜ ਸੁਭਾਇਕ ਕਾਮਾ[1]।
[†]ਇਕ ਦਿਨ ਬੈਠੇ ਸਭਾ ਲਗਾਇ।
ਪ੍ਰਾਪਤਿ ਸੰਗਤਿ ਭੀ ਸਮੁਦਾਇ ॥੧੯॥
ਦਰਸ਼ਨ ਕਰਨ ਦੂਰ ਤੇ ਆਈ।
ਅਨਿਕ ਪ੍ਰਕਾਰ ਉਪਾਇਨ ਲ੍ਯਾਈ।
ਤਬਿ ਅਰਦਾਸੀ ਅੱਗ੍ਰ ਖਰੋਇ।
ਸਾਂਭਤਿ ਸਕਲ ਵਸਤੁ ਕੋ ਸੋਇ ॥੨੦॥
ਪੈਸਾ ਮੁਹਰ ਰਜਤਪਣ ਜੇਤੇ।
ਕਰਹਿ ਸੰਭਾਰਨਿ ਰਾਖਹਿ ਤੇਤੇ।
ਭਯੋ ਗੁਰੂ ਢਿਗ ਅਨਿਕ ਖਜ਼ਾਨਾ।
ਪੁਰਹਿਂ ਭਾਵਨਾ ਦਾਸਨ ਨਾਨਾ ॥੨੧॥
ਹੁਤੋ ਸਲਾਰਦੀਨ ਇਕ ਕਾਜ਼ੀ।
ਸਾਂਈ ਲੋਕ ਭਯੋ ਨਹਿਂ ਪਾਜੀ[1]।
ਨਹਿਂ ਹਿੰਦੁਨਿ ਸੋਂ ਧੋਖ ਕਰੰਤਾ।
ਸਭਿ ਮਹਿਂ ਇਕ ਸਮਾਨ ਬਰਤੰਤਾ
॥੨੨॥
ਹਿਤ ਦਰਸ਼ਨ ਕੇ ਗੁਰ ਢਿਗ ਆਯੋ।
ਬੈਠ੍ਯੋ ਬਹੁਰ ਅਨੰਦ ਕੋ ਪਾਯੋ।

[1]ਗੁਰਾਂ ਦਾ ਡਰ ਕਰਕੇ ਤਕੜਾਈ ਕੀਤੀ।
[1]ਰਾਜਿਆਂ ਦੇ ਭਾ ਦੀ ਨਿਤ ਜੰਗ ਰਹੇ।
[1]ਸੁਤੇ ਸਿੱਧ ਹੀ ਕੰਮ ਹੈ।
[†]ਇਹ ਸੌ ਸਾਖੀ ਦੀ ੪੨ਵੀਂ ਸਾਖੀ ਚੱਲੀ ਹੈ।
[1]ਸਾਈਂ ਲੋਕ ਹੋਇਆ ਹੈ ਤੇ ਪਖੰਡੀ ਨਹੀਂ ਸੀ।

ਸੰਗਤਿ ਅਰੁ ਗੁਰ ਕੋ ਬਿਵਹਾਰ।
ਚਿਰੰਕਾਲ ਲਗਿ ਰਹ੍ਯੋ ਨਿਹਾਰ ॥੨੩॥
ਮਨ ਮਹਿਂ ਤਰਕਨ ਕਰਹਿ ਬਿਚਾਰਨ।
-ਲਹਿ ਅਵਕਾਸ਼ਹਿਂ ਕਰਹਿਂ ਉਚਾਰਨਿ-।
ਜਬਹਿ ਭੀਰ ਬਹੁ ਹਟਿ ਕਰਿ ਗਈ।
ਤਬਿ ਬੂਝਨਿ ਕੀਚਿਤ ਮਹਿਂ ਭਈ ॥੨੪॥
ਕਹ੍ਯੋ 'ਗੁਰੂ ਜੀ! ਤੁਮਰੇ ਪਾਸ।
ਨਰ ਕ੍ਯੋਂ ਕਰਿ ਕਰਿਤੇ ਅਰਦਾਸ?
ਦਿਹੁ† ਅਸੀਸ ਕੈਸੇ ਕਰਿ ਦੇਤ[1]?
ਇਸ ਕੌ ਮੈਂ ਨਹਿਂ ਜਾਨ੍ਯੋ ਹੇਤ ॥੨੫॥
ਜੋ ਖ਼ੁਦਾਇ ਨੇ ਦੀਨ ਬਨਾਇ।
ਸੋ ਭੋਗਤਿ ਹੈ ਜਿਤ ਕਿਤ ਜਾਇ।
ਹਿੰਦੁਨਿ ਕੇ ਮਤਿ ਮਹਿਂ ਭੀ ਐਸੇ।
ਪੂਰਬ ਕਰੀ ਪ੍ਰਮੇਸ਼ੁਰ ਜੈਸੇ ॥੨੬॥
ਭੋਗਤਿ ਸਰਬ ਜੀਵ ਸਦ ਤੈਸੇ।
ਤਿਸ ਕੋ ਮੇਟ ਸਕੈ ਕੋ ਕੈਸੇ।
ਖ਼ੁਸ਼ੀ ਹੋਇ ਕਰਿ ਬਿਤ ਸੁਤ ਦੇਤਿ।
ਐਸੋ ਝੂਠ ਕਹਨਿ ਕਿਸ ਹੇਤ[1]' ॥੨੭॥
ਬਡੋ ਪ੍ਰਸ਼ਨ ਕਾਜ਼ੀ ਕੋ ਸੁਨਿ ਕੈ।
ਉੱਤਰ ਦੀਨਿ ਸੁਮਤਿ ਤੇ ਭਨਿ ਕੈ[1]।
'ਸੁਨਿ ਕਾਜ਼ੀ! ਬਡ ਬੁੱਧਿ ਬਿਚਾਰੀ।
ਅਹੈ ਜਥਾਵਤ ਤਥਾ ਉਚਾਰੀ ॥੨੮॥
ਤਊ ਜਨਨ[1] ਕੋ ਜਿਮ ਹਮ ਦੇਤਿ।
ਤਿਮ ਗਤਿ ਕੋ ਅਵਿਲੋਕਹੁ ਹੇਤੁ।'
ਇਮ ਕਹਿ ਕਰਿ ਕਾਗਦ ਮਸ ਲੈ ਕੈ।
ਪੂਰਬ ਮੁਹਰ[1] ਦਿਖਾਵਨਿ ਕੈ ਕੈ ॥੨੯॥
'ਬਰਨ[1] ਅਪੂਠੇ ਇਸ ਪਰ ਅਹੈਂ।
ਇਨ ਤੇ ਕਾਜ ਸਰਤਿ ਨਹਿਂ ਲਹੈ।
ਪੁਨ ਕਾਗਦ ਪਰ ਦਈ ਲਗਾਇ।
ਭਏ ਬਰਨ ਸੁਧੇ ਇਸ ਭਾਇ ॥੩੦॥

[1]ਅਸੀਸ ਦੇਕੇ ਆਪ ਕੀਹ ਕਰ ਦਿੰਦੇ ਹੋ। †ਪਾ:-ਦੇਕੇ। ਪੁਨਾ:-'ਨਿਜ' ਬੀ ਪਾਠਾਂਤ੍ਰ ਹੈ।

[1]ਕਾਹਦੇ ਲਈ।

[1]ਸੁਮੱਤ ਦੇਣ ਲਈ ਕਹਿਕੇ ਉੱਤਰ ਦਿੱਤਾ।

[1]ਲੋਕਾਂ ਨੂੰ।

[1]ਛਾਪ।

[1]ਅੱਖਰ।

ਸੁਨਿ ਕਾਜ਼ੀ ! ਨਰ ਜਨਮੈਂ ਜਬੈ।
ਪ੍ਰਥਮ ਕਰਮ ਅਨੁਸਾਰੀ ਤਬੈ।
ਹੋਨਹਾਰ ਸਿਰ ਲਿਖੀ ਸੁ ਜਾਈ।
ਪੁਠੇ ਬਰਣ ਮੁਹਰ ਜਿਸ ਭਾਇ ॥੩੧॥
ਜਬਹਿ ਲਗਾਵਣਹਾਰ ਲਗਾਵੈ।
ਹੁਇਂ ਸੂਧੇ ਤਬਿ, ਨੰਮ੍ਰਿ ਟਿਕਾਵੈ[1]।

[1]ਜਦ ਮੁਹਰ) ਨੀਵੀਂ ਕਰ ਟਿਕਾਂਵਦਾ ਹੈ ਤਦ ਅੱਖਰ ਸਿੱਧੇ ਹੋ ਜਾਂਦੇ ਹਨ।

ਤਿਸ ਪ੍ਰਕਾਰ ਕਰਮਨਿ ਫਲ ਦਾਤਾ[1]।
ਮਸਤਕ ਪਰ ਲਿਖਿ ਲੇਖ ਬਿਧਾਤਾ ॥੩੨॥

[1]ਭਾਵ ਈਸ਼ਰ।

ਤਬਹਿ ਕਹਹਿ ਏਹ ਮਾਨੁਖ ਜੋਇ।
ਗੁਰੂ ਪੀਰ ਕੇ ਆਗੇ ਹੋਇ।
ਮਸਤਕ ਸ਼ਰਧਾ ਸਹਤ ਨਿਵਾਵੈ।
ਸੂਧੇ ਅੱਖਰ ਤਬਿ ਹੁਇ ਜਾਵੈਂ ॥੩੩॥
ਤਿਸ ਕੋ ਫਲ ਸੁਖ ਭੋਗਨਿ ਕਰੈ।
ਇਸ ਪ੍ਰਕਾਰ ਜੇ ਕਾਜ ਸਵਰੈ।
ਜੇ ਮਸਤਕ ਕੋ ਟੇਕੈ ਨਾਂਹੀ।
ਪੁਠੇ ਕਰਮ ਰਹੈਂ ਬਿਧਿ ਤਾਂਹੀ ॥੩੪॥
ਗੁਰ ਮਹਿਂ ਸਿੱਖ ਭਾਵਨਾ ਧਰੈ।
ਸੁਤ ਬਿਤਾਦਿ ਸੁਖ ਪਾਵਨ ਕਰੈ।'
ਕਾਜ਼ੀ ਸੁਨਿ ਮਨ ਭਯੋ ਅਨੰਦ।
ਠਾਂਢਾ ਭਯੋ ਹਾਥ ਦ੍ਵੈ ਬੰਦਿ ॥੩੫॥
ਝੁਕਿਝੁਕਿ ਕਰੈ ਸਲਾਮ ਅਗਾਰੀ।
ਗੁਰ ਤਾਰੀਫ ਬਲੰਦ ਉਚਾਰੀ।
'ਪ੍ਰਭੁ ਜੀ ! ਸੰਸੇ ਭਯੋ ਬਿਨਾਸ਼।
ਵਾਹ ਵਾਹ ਬਡ ਬੁੱਧ ਪ੍ਰਕਾਸ਼ ॥੩੬॥
ਬਚਨ[1]:

[1]ਕਾਜ਼ੀ ਦਾ ਬਚਨ ਭਾਵ ਕਿ ਅਗਲਾ ਵਾਕ ਕਾਜ਼ੀ ਦਾ ਹੈ।

[1]ਐਨ ਖੁਦਾਇ ਅਬਲ ਗੁਰ ਆਮਦਹ।

[1]ਸੌ ਸਾਖੀ ਦਾ ਪਾਹ ਐਉਂ ਹੈ:- ਕਾਜ਼ੀ ਸਲਾਮ ਕੀਤੀ: ਸੱਚੇ ਪਾਤਸ਼ਾਹ ਜੀ ਸੰਸਾ ਦੂਰ ਹੁਆ। ਬੋਲਿਆ 'ਵਾਹਿ ਵਾਹਿ ਜੀ ਐਨ ਖੁਦਾਇ ਅਬਲ ਗੁਰੂ ਆਮਦਹ। ਕਦਮ ਮਿਸੂਤ ਬੰਦਹ ਜਹਾਨ ਪਾਰਕਰਦਮਹ। ਅਰਥ-ਪਹਿਲੋਂ ਆਉਂਦਿਆਂ ਹੀ ਗੁਰੂ ਜੀ ਠੀਕ ਖੁਦਾਇ ਦਾ ਰੂਪ (ਮੈਨੂੰ ਨਜ਼ਰੀਂ ਪਏ, ਗੁਰੂ ਜੀ ਦੇ) ਚਰਨ ਦਾਸਾਂ ਨੂੰ ਵਡਿਆਈ ਦੇਣ ਵਾਲੇ (ਸਹੀ ਹੋਏ, ਜਿਨ੍ਹਾਂ ਨੇ ਮੈਨੂੰ) ਜਹਾਨ ਤੋਂ ਪਾਰ ਕਰ ਦਿਤਾ। [ਐਨ = ਠੀਕ। ਖੁਦਾਇ = ਰੱਬ। ਅੱਬਲ = ਪਹਿਲੋਂ। ਆਮਦਹ = ਆਉਣ ਤੇ, ਆਇਆਂ। ਕਦਮ = ਚਰਨ। ਮਿਸੂਤ = ਇਹ ਪਾਠ ਜਾਪਦਾ ਹੈ ਕਿ ਫਾਰਸੀ ਪਦ ਮੁਸ਼ਰਫ ਸੀ। ਮੁਸ਼ਰਫ

= ਵਡਿਆਈ ਦੇਣ ਵਾਲੇ। ਜੇ 'ਮਿਸ੍ਰਤ' ਪਦ ਨੂੰ 'ਮੁਸੱਰਤ' ਸਮਝੀਏ ਤੇ ਅਰਥ ਲਗਣਗੇ ਖੁਸ਼ੀ (ਦੇਣ ਵਾਲੇ)। ਬੰਦਹ = ਦਾਸ। ਪਾਰ ਕਰਦਮਹ = ਮੈਨੂੰ ਪਾਰ ਕੀਤਾ] ਨੋਟ: ਇਸ ਬੈਂਤ ਦੀ ਫਾਰਸੀ ਬੰਦਸ਼ ਸ਼ੁੱਧ ਨਹੀਂ।

ਕਦਮ ਮਿਸ੍ਰਤ ਬੰਦਹਿ ਜਹਾਨ ਪਾਰ ਕਰਦਮਹਿ[੪] ॥ ੧ ॥

ਚੌਪਈ:

ਹਤਿ ਸੰਸੈ ਸੁ ਤਸੱਲੀ ਹੌਨ[1]।
ਅਸ ਉੱਤਰ ਦੇ ਸਕ ਹੈ ਕੌਨ।
ਤੁਮ ਬਿਨ ਸੁਮਤਿ ਧਰਹਿ ਕੋ ਐਸੇ।
ਆਪ ਦਿਖਾਇ ਕਹਜੋ ਸ਼ੁਭ ਜੈਸੇ' ॥੩੭॥
ਪੁਨ ਸਾਦਰ ਬੈਠਾਯਹੁ ਕਾਜ਼ੀ।
ਸੁਨਿ ਉੱਤਰ ਜੋ ਅਤਿਸ਼ੈ ਰਾਜ਼ੀ[1]।
ਅਪਰ ਸੰਬਾਦ ਕਰਜੋ ਸੁਖ ਪਾਏ।
ਦਰਸ਼ਨ ਦੇ ਸੰਗਤਿ ਸਮੁਦਾਏ ॥੩੮॥
ਪੂਰਨ ਕੀਨਿ ਕਾਮਨਾ ਮਨ ਕੀ।
ਸੁਤ ਬਿਤ ਸੁਖ ਕੀ ਲਾਲਸ ਤਿਨ ਕੀ।
ਬਹੁਰੋ ਉਠੇ ਚਲੇ ਸ਼ੁਭ ਮੰਦਿਰ।
ਜਹਿਂ ਇਕਾਂਤ ਬੈਠਨਿ ਥਲ ਸੁੰਦਰ ॥੩੯॥
ਸਕਲ ਖਾਲਸਾ ਬੰਦਨ ਕਰਿ ਕਰਿ।
ਪ੍ਰਭੁ ਦਰਸ਼ਨ ਤੇ ਮੁਦ ਬਹੁ ਧਰਿ ਧਰਿ।
ਨਿਜ ਨਿਜ ਥਾਂਨ ਪਹੁੰਚਤੇ ਭਏ।
ਕਰਤਿ ਸੁਜਸੁ ਗੁਰ ਸੁਖ ਬਹੁ ਲਏ ॥੪੦॥
ਖਾਨ ਪਾਨ ਕਰਿ ਕਰਿ ਮਨ ਭਾਏ।
ਰੁਚਿਰ ਪ੍ਰਯੰਕ ਪ੍ਰਭੁ ਸੁਪਤਾਏ।
ਜਾਮ ਜਾਮਨੀ ਜਾਗਨਿ ਧਰੇ।
ਸੌਚ ਸ਼ਨਾਨ ਸਕਲ ਬਿਧਿ ਕਰੇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕਾਜ਼ੀ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

[1]ਤਸੱਲੀ ਹੋ ਗਈ ਹੈ ਮੈਨੂੰ।

[1]ਖੁਸ਼ੀ।

## ੬. [ਮਰਦ ਦਾ ਮੂੰਹ ਨਾ ਫਿਟਕਾਰਨਾ। ਨਿਗਾਹੇ ਦਾ ਮੁਰੀਦ ਵਣਜਾਰਾ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

†ਭਈ ਪ੍ਰਾਤਿ ਸਤਿਗੁਰ ਤਬੈ ਸ਼ਸਤ੍ਰ ਬਸਤ੍ਰ ਕੌ ਪਾਇ।
ਅਲੰਕਾਰ ਦੀਪਤਿ ਰਤਨ ਸੁੰਦਰ ਰੂਪ ਸੁਹਾਇ ॥੧॥

†ਇਹ ਸੌ ਸਾਖੀ ਦੀ ੪੩ਵੀਂ ਸਾਖੀ ਹੈ।

ਚੌਪਈ:

ਸਭਾ ਸਥਾਨ ਆਨਿ[1] ਗੁਰ ਪੂਰੇ।
ਸੁਨਿ ਕਰਿ ਪਹੁੰਚੇ ਸਿੰਘ ਹਜ਼ੂਰੇ।
ਸਿਰ ਨੰਮ੍ਰੀ ਕਰਿ ਦਰਸ਼ਨ ਚਿਤੇ।
ਵਾਹਿਗੁਰੂ ਜੀ ਕੀ ਕਹਿ ਫਤੇ ॥੨॥

[1]ਆਏ।

ਲਗਯੋ ਦਿਵਾਨ ਖਾਲਸਾ ਆਯੋ।
ਸੁਰ ਗਨ ਮਹਿ ਜਿਮ ਇੰਦ੍ਰ ਸੁਹਾਯੋ।
ਜੋ ਸੰਗਤਿ ਦਰਸ਼ਨ ਹਿਤ ਆਈ।
ਕਰਿ ਕਰਿ ਨਮੋ ਥਿਰੇ ਸਮੁਦਾਈ ॥੩॥
ਇਕ ਟਕ ਹੇਰਤਿ ਹੈਂ ਨਰ ਨਾਰੀ।
ਸਿਰ ਪਰ ਢੁਰਹਿ ਚੌਰ ਬਹੁ ਬਾਰੀ।
ਚਹੁੰਦਿਸ਼ਿ ਦੂਰ ਦੂਰ ਲਗਿ ਬੈਸੇ।
ਉਚੇ ਧੁਨਿ ਬੋਲੇ ਪ੍ਰਭੁ ਐਸੇ ॥੪॥
'ਅਸ ਇਸਤ੍ਰੀ ਕੋ, ਸੰਗਤਿ ਮਾਂਹੀ?
ਮਰਦ ਨਹੀਂ ਫਿਟਕਾਰਯੋ ਜਾਂਹੀ।
ਛੋਟਾ ਬਡਾ ਹੋਇ ਬਯ ਕੋਈ।
ਰਿਦੈ ਸੁਮਤਿ ਧਰਿ ਕਹਯੋ ਨ ਜੋਈ[1]' ॥੫॥

[1]ਜਿਸ ਨੇ ਸ੍ਰੇਸ਼ਟ ਬੁੱਧੀ ਧਾਰਕੇ (ਫਿਟਕਾਰ ਦਾ ਵਾਕ) ਨਾ ਕਿਹਾ ਹੋਵੇ।

ਸੰਗਤਿ ਬਿਖੈ ਸਿੱਖਣੀ ਜੇਤੀ।
ਗੁਰੁ ਬਾਕ ਸੁਨਿ ਤੂਸ਼ਨਿ ਤੇਤੀ।
ਕਰ ਜੋਰੇ ਇਕ ਸਿੱਖ ਕੀ ਤਨੀਆ।
ਖਰੀ ਹੋਹਿ ਸਭਿ ਮਹਿਂ ਬਚ ਭਨੀਆ ॥੬॥
'ਸੱਚੇ ਪਾਤਿਸ਼ਾਹ! ਮੈਂ ਦੀਨ[1]।
ਮਰਦ ਨ ਕਬਿ ਫਿਟਕਾਰਨਿ ਕੀਨਿ।
ਅਪਨਾ ਪੁੱਤ੍ਰ ਨ ਝਿਰਕਯੋ ਕਬ ਹੀ।
ਜ਼ਾਤਿ ਮਰਦ ਕੀ ਲਖਿ ਬਡ ਸਭਿ ਹੀ[1]'

[1]ਮੈਂ ਗ਼ਰੀਬ ਨੇ।

[1]ਮਰਦ ਦੀ ਜਾਤ ਸਭ ਵੱਡੀ ਜਾਣੀ ਹੈ।

॥੭॥
ਤਬਿ ਕਲ਼ਗੀਧਰ ਬਾਕ ਬਖਾਨੇ।
'ਸਾਧ ਸਾਧ ਤੁਵ ਜੇ ਇਮ ਜਾਨੇ।
ਤਊ ਜਿ ਸਿਖ ਸੰਗਤਿ ਇਨ ਚੀਤ।
ਸਭਿ ਕੋ ਹੁਇ ਕਿਸ ਰੀਤਿ ਪ੍ਰਤੀਤ'
॥੮॥
ਭਾਗਣ ਨਾਮ ਤ੍ਰਿਯਾ ਤਬਿ ਕਹਜੋ।
'ਮਹਾਰਾਜ ਸੁਨੀਯਹਿ ਜਿਮ ਚਹਜੋ[1]।
ਬਸਹਿ ਆਗਰੇ ਨਗਰ ਮਹਾਂਨ।
ਪਾਤਿਸ਼ਾਹ ਮਮ ਪਿਤਾ ਦਿਵਾਨ ॥੯॥
ਸਭਿ ਪਰ ਹੁਕਮ, ਦਰਬ ਬਹੁ ਆਵੈ।
ਸਰਬ ਕਾਰ ਸਰਕਾਰ ਚਲਾਵੈ।
ਚਿਰੰਕਾਲ ਲਗਿ ਕਾਰਜ ਕਰਜੋ।
ਸਮਾਂ ਪੁਜਜੋ ਮੇਰੋ ਪਿਤ ਮਰਜੋ ॥੧੦॥
ਪਾਤਿਸ਼ਾਹ ਨੇ ਜਬਿ ਹੀ ਸੁਨਜੋ।
ਨਿਜ ਲੋਕਨਿ ਸੋਂ ਤਤਛਿਨ ਭਨਜੋ।
-ਚੌਂਕੀ ਦਿਹੁ ਬਿਠਾਇ ਤਿਸ ਦ੍ਵਾਰੇ।
ਵਸਤੁ ਸੰਭਾਰਹੁ ਭੇਰਹੁ ਤਾਰੇ ॥੧੧॥
ਤਿਸ ਕੇ ਪੁੱਤ੍ਰ ਹੋਇ ਜੇ ਕੋਈ।
ਮੁਹਿ ਢਿਗ ਜਾਇ ਆਨਿਯੈ ਸੋਈ-।
ਤੁਰਨ ਸ਼ਾਹਿ ਸਿਪਾਹੀ ਆਏ।
ਸਭਿ ਦ੍ਵਾਰਨ ਤਾਰ ਭਿਰਵਾਏ ॥੧੨॥
ਹਮਰੇ ਨਰ ਹਟਾਇ ਸਮੁਦਾਈ।
ਚੌਂਕੀ ਕਰਿ ਤਾਕੀਦ ਬਿਠਾਈ।
ਬੂਝਿ ਬਾਰਤਾ ਹਮ ਤੇ ਸਾਰੀ।
ਜਾਇ ਸ਼ਾਹੁ ਕੇ ਪਾਸ ਉਚਾਰੀ ॥੧੩॥
-ਸਪਤ ਸੁਤਾ ਤਿਸ ਕੇ ਘਰ ਮਾਂਹੀ।
ਅਸ਼ਟਮ ਹੈ ਅਧਾਨ[1] ਤ੍ਰਿਯ ਤਾਂਹੀ।
ਭ੍ਰਾਤਾ ਬੰਧੁ ਅਪਰ ਨਹਿਂ ਕੋਈ।
ਜੋ ਨਿਕੇਤ ਕੋ ਮਾਲਿਕ ਹੋਈ ॥੧੪॥
ਪਾਤਿਸ਼ਾਹਿ ਇਮ ਸੁਨਤਿ ਉਚਾਰੀ।
-ਜਨਮੈ ਜਬਿ ਲੌਂ ਲੇਹੁ ਨਿਹਾਰੀ।

[1]ਜਿਵੇਂ (ਸੁਣਨਾ) ਚਾਹਿਆ ਹੈ (ਆਪ ਨੇ)।

[1]ਗਰਭ।

ਹੋਹਿ ਪੁੱਤ੍ਰ ਤੌਂ ਕਰਹੁ ਖਲਾਸੇ[1]। [1]ਜਾਇਦਾਦ) ਖਲਾਸ ਕਰ ਦਿਓ।

ਸੁਤਾ ਭਏ ਕਰਿ ਜਪਤ ਅਵਾਸੇ[1]- ॥੧੫॥ [1]ਘਰ ਜ਼ਬਤ ਕਰ ਲਓ।

ਹੁਕਮ ਮਾਨਿ ਚੌਂਕੀ ਥਿਰ ਦ੍ਵਾਰੇ[†]।

[†]ਦੱਸਿਆ ਜਾਂਦਾ ਹੈ ਕਿ ਮੁਗਲ ਪਾਤਸ਼ਾਹਾਂ ਦੇ ਵੇਲੇ ਦਸਤੂਰ ਇਹ ਸੀ ਕਿ ਜਦ ਕੋਈ ਵੱਡਾ ਪਾਤਸ਼ਾਹੀ ਉਹਦੇਦਾਰ ਮਰ ਜਾਏ ਤਾਂ ਉਸ ਦੀ ਜਾਇਦਾਦ ਪਾਤਸ਼ਾਹ ਦੀ ਸਮਝੀ ਜਾਂਦੀ ਸੀ ਤੇ ਅੱਗੋਂ ਫੇਰ ਉਸ ਦੇ ਪੁੱਤ੍ਰ ਨੂੰ ਪਾਤਸ਼ਾਹ ਵੱਲੋਂ ਬਖ਼ਸ਼ੀਸ਼ ਮਿਲਦੀ ਸੀ, ਗ਼ਾਲਬਨ ਇਹ ਉਹਦੇਦਾਰਾਂ ਨੂੰ ਵਧੇਰੇ ਨਿਮਕ ਹਲਾਲ ਰੱਖਣ ਦਾ ਉਪਰਾਲਾ ਸੀ।

ਪੁਜੇ ਗਰਭ ਕੇ ਜਬਿ ਦਿਨ ਸਾਰੇ।
ਜਨਮ੍ਯੋ ਪੁੱਤ੍ਰ ਤਹਾਂ ਸਭਿ ਜੋਵਾ।
ਮੰਗਲ ਕੋ ਉਤਸਵ ਬਹੁ ਹੋਵਾ ॥੧੬॥
ਦੁੰਦਭਿ ਬਜੇ ਨੌਬਤੈਂ ਬਾਜੀ।
ਸਭਿ ਪਰਵਾਰ ਭਯੋ ਬਹੁ ਰਾਜ਼ੀ।
ਪਾਤਿਸ਼ਾਹਿ ਜਬਿ ਸੁਨਿਬੋ ਕੀਨਿ।
-ਕਰਹੁ ਖਲਾਸੀ- ਆਇਸੁ ਦੀਨਿ ॥੧੭॥
ਬਖਸ਼੍ਯੋ ਪ੍ਰਥਮ ਸਮਾਨ ਰੁਜ਼ੀਨਾ।
ਘਰ ਖਲਾਸ ਤਤਛਿਨ ਕਰਿ ਦੀਨਾ।
ਚੌਂਕੀਦਾਰ ਸਿਪਾਹੀ ਗਏ।
ਜਨ[1] ਸਨਮਾਨ ਕਰਤਿ ਸਭਿ ਭਏ ॥੧੮॥ [1]ਸਾਰੇ) ਲੋਗ।

ਸਪਤ ਭਗਨਿ ਮਹਿਂ ਕਹਿਂ ਤਿਸ ਕਾਲਾ।
-ਧੰਨ ਮਰਦ ਕੀ ਸ਼ਮਸ ਬਿਸਾਲਾ[1]। [1]ਮਰਦ ਦੀ ਦਾਹੜੀ।

ਸਭਿ ਪਰਵਾਰਿ ਛੁਟ੍ਯੋ ਜਿਸ ਪਾਛੇ।
ਇਸ ਤੇ ਅਪਰ ਨਹੀਂ ਕੋ ਆਛੇ ॥੧੯॥
ਜਿਸ ਦਾੜ੍ਹੀ ਤੇ ਜਪ ਤਪ ਜੋਗ।
ਫਲਹਿ ਸਕਲ ਦੇ ਸੁਖ ਗਨ ਭੋਗ।
[1]ਮਰਦ ਕਚਹਿਰੀ ਦਰ ਦਰਗਾਹਿ। [1]ਇਸ ਲੋਕ ਦੀ) ਕਚਹਿਰੀ ਤੇ ਦਰਗਾਹ ਵਿਚ (ਧੰਨ) ਮਰਦ ਦੀ ਦਾੜ੍ਹੀ ਹੈ ਜੋ ਸ਼ੋਭਾ ਵਾਲੀ ਹੋਕੇ ਕਬੂਲ ਪੈਂਦੀ ਹੈ।

ਸ਼ਮਸ਼ ਕਬੂਲ ਪਰਹਿ ਦੁਤਿ ਜਾਹਿ[੬] ॥੨੦॥
ਮਰਦ ਬਿਨਾ ਸ਼ੱਮਸ਼ ਦਸਤਾਰ[1]। [1]ਬਿਨਾਂ ਦਾੜ੍ਹੇ ਤੇ ਦਸਤਾਰ ਤੋਂ ਮਰਦ......।

ਇਨ ਬਿਨ ਔਰਤ ਪਰਹਿ ਨਿਹਾਰ-।
ਸਾਚੇ ਪਾਤਿਸ਼ਾਹਿ ਮੈਂ ਚੀਤ।

ਤਬਿ ਕੀ ਧਰੀ ਬਿਸਾਲ ਪ੍ਰਤੀਤ ॥੧੨॥
ਜਨਮਤਿ ਮਰਦ ਸੁ ਬੰਦ ਖਲਾਸੀ[1]। [1]ਬੰਧਨ ਤੋਂ ਛੁਟਕਾਰਾ ਹੋਯਾ।
ਹਮ ਜ਼ਨਾਨੀਯਾਂ ਸਪਤ ਪ੍ਰਕਾਸ਼ੀ।
ਨਹਿਂ ਮੁਲਾਹਜਾ ਕਿਨਹਿਂ ਉਬਾਚੀ।
ਯਾਂ ਤੇ ਧੰਨ ਸ਼ਮਸ਼ ਹੈ ਸਾਚੀ ॥੨੨॥

ਫਾਰਸੀ:

ਜ਼ਨ ਜ਼ੁਲਮ ਜੰਮਹਿ ਲਾਨਤੁਹਿ ਸ਼ਬਹਿ ਰੋਜ਼ ਹਰਦੋ ਮਾਂਹਿ[1]†।

[1]ਇਸਤ੍ਰੀ ਦਾ ਜੰਮਣਾ ਜ਼ੁਲਮ (ਉਤਰਨਾ ਹੈ), ਦਿਨ ਰਾਤ ਦੁਇ ਵੇਲਿਆਂ ਵਿਚ ਲਾਨਤ ਹੀ ਮਿਲਦੀ ਹੈ। †ਪਾ:-ਜ਼ਨ ਜੁਮਲ ਜੰਮਹਿ ਲਾਨਤੁਹਿ ਜ਼ਦਹ ਰੋਜ਼ ਹਰਦੁ ਮਹਿ।

ਮਰਦਹਿ ਜੰਮਹਿ ਦਰ ਗੋਸ਼ ਖ਼ੈਰ ਕਰਦਮਹਿ[1]।

[1]ਮਰਦ ਜੰਮੇ ਤਾਂ ਕੰਨਾਂ ਵਿਚ (ਵਧਾਈ ਦੀ ਸੋ ਪੈਂਦੀ ਹੈ ਤਾਂ ਸਾਰੇ ਆਖਦੇ ਹਨ) ਭਲਾ ਕੀਤਾ ਹੈ (ਰੱਬ ਨੇ)।

ਦਾੜ੍ਹੀ ਬੰਦਗੀ ਐਨ ਖ਼ੁਦਾਇ ਦੀਦਾਰ ਸ਼ੁਮਾਰਹਿ[1]।

[1]ਦਾੜ੍ਹੀ ਰੱਖਣੀ ਖ਼ੁਦਾ ਦੀ) ਬੰਦਗੀ (ਤੁੱਲ ਹੈ, ਦਾੜ੍ਹੀ ਵਾਲੇ ਦਾ ਦੀਦਾਰ) ਖ਼ੁਦਾ ਦਾ ਹੂਬਹੂ ਦੀਦਾਰ ਗਿਣਿਆ ਜਾਂਦਾ ਹੈ।

ਬਗ਼ੈਰ ਦਾੜ੍ਹੀ ਸ਼ੈਤਾਨ ਬਿਸਾਹਸ ਨ ਕਰਦਮਹਿ" ॥੨੩॥

[1]ਜੋ) ਬਿਨਾ ਦਾਹੜੀ ਦੇ ਹੈ (ਉਹ) ਸ਼ੈਤਾਨ ਹੈ ਉਸ ਦਾ ਵਿਸਾਹ ਨਹੀਂ ਕਰਨਾ ਚਾਹੀਏ। ਨੋਟ: ਏਹ ਫਾਰਸੀਆਂ ਸ਼ੁਧ ਨਹੀਂ ਹਨ।

ਚੌਪਈ:

ਸੁਨਿ ਕਰਿ ਸਕਲ ਸਭਾ ਬਿਸਮਾਈ।
'ਧੰਨੁ ਧੰਨੁ' ਬੋਲੇ ਤਿਸ ਤਾਂਈ।
ਤਬਿ ਸਤਿਗੁਰ ਭਾਖਯੋ ਤਿਸ ਹੇਰੀ।
'ਧੰਨ ਪ੍ਰਤੀਤ ਰਿਦੈ ਅਸ ਤੇਰੀ' ॥੨੪॥

ਫਾਰਸੀ:

'ਸਿੱਖੋ ਦਾੜ੍ਹੀ ਤਾਰੀਫ ਕੇਸ਼ ਸ਼ੁਮਾਰ ਬਾਲਤਣਹ[1]।

[1]ਸਿੱਖੋ ਦਾਹੜੀ ਦੀ ਤਾਰੀਫ ਹੈ (ਕਿ ਜਿਸ ਦੇ ਆਇਆਂ ਆਦਮੀ ਮਰਦ ਕਹਾਉਂਦਾ ਹੈ ਨਿਰੇ) ਕੇਸ਼ (ਤਾਂ) ਬਾਲਪਣੇ ਵਿਚ ਹੀ ਗਿਣਤੀ ਹੁੰਦੀ ਹੈ (ਇਨਸਾਨ ਦੀ)।

ਬਗੈਰ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ" ॥੨੫॥

[1]ਦਾਹੜੀ ਤੋਂ ਬਿਨਾ ਹੀ ਜੋ ਮੂੰਹ ਹੈ (ਭਾਵ ਦਾਹੜੀ ਮੁੰਨੇ ਨੂੰ) ਅਸੀਂ ਅੱਖੀਂ ਨਹੀਂ ਡਿੱਠਾ ਚਾਹੁੰਦੇ।

ਚੌਪਈ:

ਇਮ ਸਤਿਗੁਰ ਕਰਿ ਬਚਨ ਬਿਲਾਸਾ।
ਕਰੀ ਸੰਪੂਰਨ ਸੰਗਤਿ ਆਸਾ।
ਕੇਤਿਕ ਦਿਨ ਅਨੰਦਪੁਰ ਰਹਿ ਕੈ।
ਭਈ ਬਿਦਾ ਪੁਨ ਬਿਨਤੀ ਕਹਿ ਕੈ ॥੨੬॥
ਲੇ ਪਾਹੁਲ ਖੰਡੇ ਕੀ ਕੇਤੇ।
ਆਯੁਧ ਧਾਰਿ ਗੁਰੂ ਹਰਖੇਤੇ।

ਲੇ ਸਿਰੁਪਾਉ ਅਵਾਸ ਸਿਧਾਏ।
ਜਸ ਕੋ ਉਚਰਤਿ ਜਿਤ ਜਿਤ ਜਾਏ ॥੨੭॥
ਜਿਮ ਆਮਦ[1] ਤਿਮ ਖਰਚ ਬਿਸਾਲਾ।
ਗੁਰ ਕੇ ਘਰ ਹੋਵਤਿ ਸਭਿ ਕਾਲਾ।
†ਕਾਤਕ ਬਿਤ੍ਯੋ ਸੁ ਅਗਹਨ[1] ਆਵਾ।
ਬੈਠੇ ਗੁਰੂ ਦਿਵਾਨ ਲਗਾਵਾ ॥੨੮॥
ਤਬਿ ਸਿੱਖਨ ਕਰ ਜੋਰਿ ਉਚਾਰਾ।
'ਗੁਰ ਸਾਚੇ ਪਾਤਿਸ਼ਾਹਿ ਉਦਾਰਾ।
ਭਾਣਾ ਪ੍ਰਭੁ ਕੋ ਜਿਮ ਉਰ ਚਾਹੋ।
ਤਿਮ ਵਿਹਾਰ ਤੋਰਹੁ ਸਭਿ ਮਾਹੋ ॥੨੯॥
ਤਊ ਪਰੰਤੁ ਖਰਚ ਅਬਿ ਚਹੀਅਹਿ।
ਸੀਤ ਕਾਲ[1] ਆਯੋ ਬਹੁ ਲਹੀਅਹਿ।'
ਇਸ ਪ੍ਰਕਾਰ ਜਬਿਹੂੰ ਸਭਿ ਕਹ੍ਯੋ।
ਇਕ ਵਣਜਾਰਾ ਆਵਤਿ ਲਹ੍ਯੋ ॥੩੦॥
ਧਰ੍ਯੋ ਰਜਤਪਣ ਦੌਨ ਹਜ਼ਾਰੇ।
ਮਸਤਕ ਟੇਕ੍ਯੋ ਗੁਰੂ ਅਗਾਰੇ।
ਹਾਥ ਜੋਰਿ ਜਬਿ ਸਨਮੁਖ ਬੈਸਾ।
ਬੋਲੇ ਪ੍ਰਭੁ 'ਇਹੁ ਧਨ ਹੈ ਕੈਸਾ? ॥੩੧॥
ਕਿਸ ਕੋ ਸਿੱਖ ਕਹਾਂ ਤੂੰ ਰਹੈ?'
ਸੁਨਿ ਗੁਰ ਸੰਗ ਬੇਨਤੀ ਕਹੈ।
'ਪੁਰਿ ਮੁਲਤਾਨੇ ਕਰਹੁਂ ਬਸੇਰਾ।
ਅਹੌਂ ਮੁਰੀਦ ਨਿਗਾਹੇ ਕੇਰਾ ॥੩੨॥
ਇਤ ਬਿਵਹਾਰ ਕਰਨ ਕੋ ਆਯੋ।
ਬਿਕ੍ਯੋ ਨ ਮਾਲ ਫਿਰ੍ਯੋ ਅਕੁਲਾਯੋ।
ਬੂਝ੍ਯੋ ਮੈਂ -ਕੋ ਜ਼ਾਹਰ ਪੀਰ?
ਸੁੱਖੌਂ ਜਿਸ ਕੀ ਸੁੱਖ ਸਧੀਰ- ॥੩੩॥
ਲੋਕਨ ਕਹ੍ਯੋ -ਆਜ ਕੇ ਸਮੈਂ।
ਗੁਰੂ ਪੀਰ ਜ਼ਾਹਰ ਜਗ ਨਿਮੈ-।
ਸੁੱਖੀ ਸੁੱਖ, ਤਬਹਿ ਬਿਕ ਗਯੋ।
ਸਾਠ ਹਜ਼ਾਰ ਬਨਜ ਕਰਿ ਲਯੋ[1] ॥੩੪॥
ਭਯੋ ਨਫੋ ਜੇਤਿਕ ਮਨ ਜਾਨੀ।

[1]ਆਮਦਨ।
[1]ਮੱਘਰ। †ਇਹ ਸੌ ਸਾਖੀ ਦੀ ੪੪ਵੀਂ ਸਾਖੀ ਹੈ।
[1]ਸਰਦੀ।
[1]ਭਾਵ ਵੱਟ ਲਿਆ।

ਤਿਸ ਦਸਵੰਧ ਭੇਟ ਮੁਹਿ ਆਨੀ।'
ਸ਼੍ਰੀ ਸਤਿਗੁਰ ਤਬਿ ਭਨਜੋ ਬਚੰਨ।
'ਜਿਸ ਕੋ ਖੇਤ ਤਿਸੀ ਕਹੁ ਅੰਨ ॥੩੫॥
ਸੁਨਿ ਭਾਈ -ਕੋ ਪੰਥੀ ਜਾਇ[1]।
ਚਰਿਤ ਖੇਤ ਗੋ[1] ਦਈ ਹਟਾਇ।
ਦਾਵੇਦਾਰ ਖੇਤ ਕੋ ਹੋਇ ਨ[1]।
ਇਹ ਕਜਾ ਬਾਤ, ਲਖਤਿ ਹੈ ਕੋਇ ਨ ॥੩੬॥
ਜਿਹ ਮੁਰੀਦ[1] ਦਿਹੁ ਭੇਟ ਸੁ ਤਾਹੂ।
ਗੁਰ ਕੇ, ਰਾਹੁ ਨ ਮਾਰਤਿ ਕਾਹੂ[1]।'
ਕਹਿ ਵਣਜਾਰਾ 'ਸੁਨਹੁ ਗੁਸਾਈਂ!
ਮੈਂ ਸੁ ਮੁਰੀਦੀ ਪਿਛਲ ਸੁਨਾਈ[1] ॥੩੭॥
ਸੁੱਖ ਗੁਰੂ ਘਰ ਤੇ ਜਬਿ ਪਾਈ[1]।
ਤਬਿ ਕੋ ਰਾਵਰਿ ਸਿੱਖ, ਗੁਸਾਈਂ!
ਬਖਸ਼ਹੁ ਕਰਜੋ ਗੁਨਾਹੁ ਜੁ ਪਾਛੇ।
ਅਬਿ ਦੀਜੈ ਸਿੱਖੀ ਮੁਝ ਆਛੇ' ॥੩੮॥
ਗੁਰੂ ਭਨਜੋਂ 'ਹਿੰਦੁਨਿ ਸਿਖ ਜੇਹੀ[1]।
ਬਨ ਜੈ ਹੈਂ ਹਮਰੇ ਸਿਖ ਤੇਹੀ[1]।
ਤੁਰਕ ਸ਼ੱਤ੍ਰ ਹਮ ਮਾਰਨ ਕਰਨੇ।
ਪਕਰਜੋ ਖੰਡਾ ਤਿਨ ਕੋ ਹਰਨੇ ॥੩੯॥
ਜੋ ਉਨ ਕਾ[1], ਸੋ ਨਾਹਿਨ ਮੇਰਾ।
ਜੋ ਮੇਰਾ, ਤਿਨ ਕੋ ਨਹਿਂ ਹੇਰਾ।
ਹੋਨਿ ਸਿੱਖ, ਰਖਿ ਕੇਸ ਬਿਸਾਲੇ[1]।
ਦੇਨਿ ਲੈਨਿ ਇਹ ਸਰਬ ਸੁਖਾਲੇ[1] ॥੪੦॥
ਸਾਬਤ ਸਿਦਕ ਰਾਖਿਬੋ ਜੋਇ।
ਅਹੈ ਕਠਨ ਤੇ ਕਠਨੈ ਸੋਇ ॥੪੧॥
ਬਿਸਿਦਕ ਬੋਇ ਮੰਦ ਆਮਦਹ।
ਸਿਦਕ ਬੋਇ ਖ਼ੂਬ ਮਗਜ਼ ਖੈਰ ਸ਼ੁਦਹ[†]।

[1]ਜੇ ਕੋਈ ਤੁਰਿਆ ਜਾਂਦਾ ਰਾਹੀ।
[1]ਖੇਤ ਚਰਦੀ ਗਾਂ।
[1]ਉਹ (ਗਾਂ ਹਟਾ ਦੇਣ ਵਾਲਾ) ਖੇਤ ਦਾ ਦਾਵੇਦਾਰ ਤਾਂ ਨਹੀਂ ਨਾ ਬਣ ਜਾਂਦਾ।
[1]ਜਿਸ ਦਾ ਤੂੰ ਮੁਰੀਦ ਹੈਂ।
[1]ਕਿਸੇ ਦਾ ਰਾਹ ਨਹੀਂ ਮਾਰਦੇ।
[1]ਪਿਛਲੀ ਮੁਰੀਦੀ ਦੱਸੀ ਹੈ (ਆਪ ਨੂੰ)।
[1]ਸੁਖਣਾ ਜਦ ਗੁਰੂ ਘਰ ਤੋਂ ਪੂਰੀ ਹੋਈ ਹੈ।
[1]ਜੋ ਹਿੰਦੂਆਂ ਦੇ ਸਿੱਖ ਹਨ।
[1]ਓਹ ਤਾਂ ਸਾਡੇ ਸਿੱਖ ਬਣ ਸਕਦੇ ਹਨ।
[1]ਭਾਵ ਤੁਰਕਾਂ ਦਾ।
[1]ਜੇ ਸਿੱਖ ਹੋਣਾ ਹੈ (ਤਾਂ) ਸਾਰੇ ਕੇਸ ਰਖਕੇ ਹੋ ਸਕਦਾ ਹੈ।
[1]ਹੋਰ ਇਹ ਲੈਣਾ ਦੇਣਾ ਤਾਂ ਸਾਰਾ ਸੌਖਾ ਹੈ।

[†]ਇਹ ਪਾਠ ਦਰੁਸਤ ਫਾਰਸੀ ਨਹੀਂ ਕੁਛ ਐਉਂ ਪਾਠ ਹੋਵੇ, ਤਾਂ ਕੁਛ ਠੀਕ ਹੈ। ਜ਼ਿ ਬੇ ਸਿਦਕ ਬੂਇ ਗੰਦ ਮੇ ਆਯਦ, ਸਿਦਕ ਬੂਏ ਖ਼ੂਬ, ਮਗਜ਼ ਰਾ ਖੈਰ ਸ਼ੂੰਦ। ਅਰਥਾਤ-ਬੇ ਸਿਜਕੀ (ਦੀ ਬੋ) ਬਦਬੋ ਹੁੰਦੀ ਹੈ, ਸਿਦਕ ਇਕ ਸੁਗੰਧੀ ਹੈ (ਜਿਸ ਨਾਲ) ਮਗਜ਼ (ਹਉਂ ਦੀ ਬੀਮਾਰੀ ਤੋਂ) ਰਾਜ਼ੀ ਹੋ ਜਾਂਦਾ ਹੈ।

ਬਿਮੁਖਾਣਾ ਮਿਹ ਪਰਤ੍ਰੰਚ ਨ ਸੁਖੰ ਦ੍ਰਿਸ਼ਜਤੇ
ਕ੍ਵਚਿਤ† ॥੪੨॥

†ਸੌ ਸਾਖੀ ਤੇ ਸੁ: ਪ੍ਰ: ਵਿਚ ਇਹ ਪਾਠ ਅਸ਼ੁਧ ਸੰਸਕ੍ਰਿਤ ਹੈ, ਸ਼ੁੱਧ ਸੰਸਕ੍ਰਿਤ ਪਾਠ ਐਉਂ ਹੋਣਾ ਚਾਹੀਏ:-ਵਿਮੁਖਾਂਣਾਮ੍ ਪਰੱਤ੍ਰੰਚ ਨ ਸੁਖੰ ਦ੍ਰਿਸ਼ਜਤੇ ਕ੍ਵਚਿਤ = ਬੇਮੁਖਾਂ ਨੂੰ ਓਥੇ ਤੇ ਇਥੇ ਕਿਤੇ ਬੀ ਸੁਖ ਨਹੀਂ ਦਿੱਸੇਗਾ ਭਾਵ ਨਹੀਂ ਪ੍ਰਾਪਤ ਹੋਵੇਗਾ।

ਦੋਹਰਾ:

ਸਿਦਕ ਬਲਾਈਂ ਛੈ ਕਰੇ[1],
ਬਿਸਿਦਕੀ ਘਰਨ ਉਜਾੜ[1]।
ਗੁਰ ਪੀਰ ਬਿਸਿਦਕੀ ਕੇ ਨਹੀਂ
ਨਾਨਕ ਖੇਤਿ ਬਿਬਾੜ†[1]' ॥੪੩॥

[1]ਭਰੋਸਾ ਦੁਖਾਂ ਨੂੰ ਨਾਸ਼ ਕਰਦਾ ਹੈ।

[1]ਬੇਸਿਦਕੀ ਘਰਾਂ ਨੂੰ ਉਜਾੜ ਦੇਂਦੀ ਹੈ।

[1][ਡਬੇ+ਵਾੜ = ਵਾੜ ਤੋਂ ਬਿਨਾਂ] ਭਾਵ ਬੇਸਿਦਕੀਆਂ ਦਾ ਖੇਤ ਬੇ ਵਾੜ ਹੈ। †ਇਹ ਗੁਰਬਾਣੀ ਨਹੀਂ ਹੈ।

ਚੌਪਈ:

ਇੱਤਜਾਦਿਕ ਸ਼ੁਭ ਬਾਕ ਸੁਨਾਏ।
ਰਿਦੇ ਸਿਦਕ ਹੋਯਸਿ ਅਧਿਕਾਏ।
ਭਯੋ ਸਿੱਖ ਲੇ ਪਾਹੁਲ ਸੋਈ।
ਬਸਜੋ ਨਿਕਟ ਗੁਰ ਸ਼ਰਧਾ ਹੋਈ ॥੪੪॥
ਕੇਤਿਕ ਦਿਨ ਰਹਿ ਕੀਨਿ ਪਯਾਨਾ।
ਪਹੁੰਚਜੋ ਅਪਨੇ ਜਾਇ ਸਥਾਨਾ।
ਭੇਜਨਿ ਲਗਜੋ ਭੇਟ ਬਿਧਿ ਨਾਨਾ।
ਵਸਤੁ ਅਜਾਇਬ ਦਰਬ ਮਹਾਂਨਾ ॥੪੫॥
ਸ਼੍ਰੀ ਸਤਿਗੁਰ ਸਿਖ ਕੀ ਪਰਤੀਤ।
ਪਾਲਨ ਕਰਤਿ ਭਏ ਭਲਿ ਰੀਤਿ।
ਕਬਿ ਕਬਿ ਗੁਰ ਦਰਸ਼ਨ ਕੋ ਆਵੈ।
ਸੰਗਤਿ ਸੰਗ ਹਜ਼ਾਰਹੁ ਲਜਾਵੈ ॥੪੬॥
ਦ੍ਵੈ ਹਜ਼ਾਰ ਧਨ ਦਯੋ ਸੁਨਾਏ।
'ਸੀਤ ਕਾਲ ਲਿਹੁ ਬਸਤ੍ਰ ਬਨਾਏ।'
ਤਬਹਿ ਖਾਲਸੇ ਮੋਲ ਮੰਗਾਇ।
ਲੇਫ ਨਿਹਾਲੀ ਲਏ ਬਨਾਇ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

## ੭. [ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

†ਇਕ ਦਿਨ ਜਨ ਥੋਰਨ ਬਿਖੈ, ਬੈਠੇ ਗੁਰੂ ਗੰਭੀਰ।
ਪਜਾਸ ਲਗੀ, ਇਤ ਉਤ ਪਿਖਯੋ, ਤਬਿ ਗਡਵਈ[1] ਨ ਤੀਰ ॥੧॥

[1]ਲੱਸੀ ਪਾਣੀ ਪਿਲਾਉਣ ਵਾਲਾ ਦਾਸ। †ਸੌ ਸਾਖੀ ਦੀ ਇਹ ੫੦ਵੀਂ ਸਾਖੀ ਹੈ।

ਚੌਪਈ:

ਨਾਮ ਸੁ ਜ਼ਾਲਮ ਸਿੰਘ ਪੁਕਾਰਯੋ।
ਜ਼ਾਲਮ[1] ਪਿਆਸ ਲਗੀ ਸੁ ਹਕਾਰਯੋ। — [1]ਬਹੁਤੀ।
'ਲਯਾਉ ਸਰਦ ਜਲ ਪੀਬੇ ਹੇਤੁ।'
ਇਮ ਜਬਿ ਬੋਲੇ ਕ੍ਰਿਪਾ ਨਿਕੇਤ ॥੨॥
ਇਕ ਸਿਖ ਸੁਤ ਸੁੰਦਰ ਤਿਸ ਬਾਰੀ।
ਨਿਜ ਸਰੂਪ ਉੱਜਲ ਹੰਕਾਰੀ[1]। — [1]ਉਜਲ ਰੂਪ ਦਾ ਹੰਕਾਰੀ।
ਤਿਨ ਕਰ ਜੋਰਤਿ ਗਿਰਾ ਉਚਾਰੀ।
'ਹੁਇ ਆਗਯਾ ਮੈਂ ਆਨੌਂ ਬਾਰੀ[1]' ॥੩॥ — [1]ਜਲ।
ਸ਼ਾਰਤ ਕਰੀ, ਗਯੋ ਤਤਕਾਲੇ।
ਲੇ ਜਲ ਕੋ ਕਰਿ ਪ੍ਰੇਮ ਬਿਸਾਲੇ।
ਪਹੁੰਚਯੋ ਰੁਚਿਰ ਕਟੋਰਾ ਹਾਥ।
ਤਿਸ ਕੀ ਦਿਸ਼ਿ ਅਵਲੋਕਯੋ ਨਾਥ ॥੪॥
ਅਪਨੇ ਹਾਥ ਉਠਾਇ ਕਟੋਰਾ।
ਦੇਖਯੋ ਸਿਖ ਸੁਤ ਹਾਥਨਿ ਓਰਾ।
ਦੇਖਤਿ ਹੀ ਬੋਲੇ ਤਬਿ ਨਾਥ।
'ਕੋਮਲ ਬਹੁ ਮਲੂਕ[1] ਤਵ ਹਾਥ ॥੫॥ — [1]ਸੁਹਲ।
ਕਹੁ ਸਿੱਖ ਕਯਾ ! ਕਾਰਜ ਕਰੈਂ।
ਬਹੁਤ ਬਰੀਕ ਹਾਥ ਦਿਖ ਪਰੈਂ।'
ਹਾਥ ਜੋਰਿ ਬੋਲਯੋ ਸਿਖ ਗੁਰ ਤੇ[1]। — [1]ਗੁਰਾਂ ਜੀ ਤਾਈਂ।
'ਕਿਰਤ ਨ ਕਰੀ ਕਛੂ ਮੈਂ ਧੁਰ ਤੇ ॥੬॥
ਪਾਤਸ਼ਾਹ ਰਾਵਰਿ ਸਿਖ ਜੋਈ[1]। — [1]ਜੋ ਆਪ ਦੇ ਸਿੱਖ ਹਨ।
ਅਰੁ ਕੁਟੰਬ ਕੀ ਸੇਵਾ ਕੋਈ।
ਮੈਂ ਨਹਿਂ ਕਰੀ ਹੇਤ ਕਿਸੁ ਫਲ ਕੋ[1]। — [1]ਕਿਸੇ ਫਲ ਦੀ ਇੱਛਾ ਧਾਰਕੇ ਬੀ ਸੇਵਾ ਨਹੀਂ ਕੀਤੀ (ਕਿਸੇ ਸਿੱਖ ਦੀ)।
ਆਨਯੋ ਆਜ ਕਟੋਰਾ ਜਲ ਕੋ ॥੭॥
ਨਿਜ ਕਰ ਤੇ ਪੂਰਨ ਕਰਿ ਆਨਾ[1]। — [1]ਭਰ ਕਰ ਲਿਆਂਦਾ।

ਅਪਰ ਨ ਕੀਨਸਿ ਅਪਨ ਬਿਗਾਨਾ[1]।' — [1]ਹੋਰ ਆਪਣਾ ਤੇ ਪਰਾਇਆ (ਕੰਮ) ਨਹੀਂ ਕੀਤਾ।
ਸਤਿਗੁਰ ਸੁਨਤੇ ਹੀ ਤਤਕਾਲ।
ਦਿਯੋ ਕਟੋਰੇ ਤੇ ਜਲ ਡਾਲ ॥੮॥
ਕਹ੍ਯੋ 'ਕੁਸਿੱਖ ਕਾ ਕਰ ਜਲ ਛੁਹ੍ਯੋ।
ਪਾਨ ਕਰਨ ਕੇ ਉਚਿਤ ਨ ਰਹ੍ਯੋ।'
ਸੁਨਿ ਕਰਿ ਪਾਯੋ ਤ੍ਰਾਸ ਬਿਸਾਲਾ।
ਗਹੇ ਚਰਨ ਸਿਖ ਨੇ ਤਤਕਾਲਾ ॥੯॥
ਸ਼ਰਮਿੰਦਤਿ ਬੋਲ੍ਯੋ ਤਿਸ ਬੇਰਾ।
'ਸਿੱਖ ਕਦੀਮੀ ਮੈਂ ਗੁਰ ਕੇਰਾ।
ਪਾਹੁਲ ਚਰਨਨ ਕੀ ਲਿਯ ਮੋਹੀ।
ਬਖਸ਼ਹੁ ਪ੍ਰਭੁ ਦੋਸ਼ ਜੋ ਹੋਹੀ' ॥੧੦॥
ਤਬਿ ਸਤਿਗੁਰ ਉਪਦੇਸ਼ਤਿ ਭਨੈ।
ਪਢਿਬੇ ਤੇ ਕੁਛ ਸਿੱਖ ਨ ਬਨੈ।
'ਸੇਵਾ ਕਰਨ ਸਿਦਕ ਇਹੁ ਜਾਨਿ[1]। — [1]ਸਿਦਕ ਨਾਲ ਸੇਵਾ ਕਰਨੀ ਇਹ (ਸਿੱਖ ਦਾ ਧਰਮ) ਜਾਣ।
ਸੋ ਤੈਂ ਕਿਸ ਕੀ ਕਰੀ ਨ ਪਾਨ[1] ॥੧੧॥ — [1]ਹੱਥੀਂ।
ਸੁਨਿ ਸਿੱਖਾ ! ਗੁਰਮਤਿ ਇਹ ਸਾਰ।
ਸਤਿਸੰਗਤਿ ਕੀ ਸੇਵ ਉਦਾਰ।
ਹਾਥ ਪਵਿੱਤ੍ਰ ਟਹਿਲ ਤੇ ਜਾਨਹੁ।
ਪਦ ਪਵਿੱਤ੍ਰ ਗੁਰ ਦਰਸ ਪਯਾਨਹੁ[1] ॥੧੨॥ — [1]ਦਰਸ਼ਨ ਨੂੰ ਜਾਇਆਂ।
ਸੰਤਨ ਤੀਰਥ ਪਰਸਨ ਪੰਥਾ।
ਪਦ ਪਾਵਨ ਭਾਖਹਿਂ ਸਭਿ ਗ੍ਰੰਥਾ।
ਸਕਲ ਰਿਖੀਕ ਸਮੇਤ ਸਰੀਰ।
ਸ਼ੁਭ ਕਰਮਨ ਕੀ ਸੇਵ ਸਧੀਰ[1] ॥੧੩॥ — [1]ਸ਼ੁਭ ਕਰਮਾਂ ਵਾਲੀ ਟਹਿਲ ਨਾਲ ਸਕਾਰਥ ਹੁੰਦੇ ਹਨ। ਸੌ ਸਾਖੀ ਦਾ ਪਾਠ ਹੈ:- ਦੇਹ ਅਤੇ ਇੰਦ੍ਰੀਆਂ ਸ਼ੁਭ ਕਾਮ ਕੀ ਟਹਿਲ ਤੇ ਪਵਿੱਤ੍ਰ ਹੁੰਦੇ ਹਨ।
ਕੌਨ ਕੌਨ ਸ਼ੁਭ ਕਰਮ ਗਿਨੀਜੈ।
ਕਰਿਬੇਗੋ ਤਨ ਪਾਵਨ ਕੀਜੈ[1]। — [1]ਕਰਨੇ ਯੋਗ ਕਰਕੇ ਇੰਦ੍ਰੀਆਂ ਤੇ ਤਨ ਨੂੰ ਪਵਿੱਤ੍ਰ ਕਰੇ।
ਸੋ ਤੈਂ ਕਰੀ ਨ ਕਿਸ ਕੀ ਕੈਸੇ।
ਰਹ੍ਯੋ ਅਪਾਵਨ ਸਭਿ ਬਿਧਿ ਐਸੇ ॥੧੪॥
ਜਿਮ ਮੁਰਦੇ ਕੇ ਅੰਗ ਅਪਾਵਨ[1]। — [1]ਅਪਿਵੱਤ੍ਰ ਅੰਗਾਂ ਤੋਂ।

ਸੁਕਚਤਿ ਸਭਿ, ਨਹਿਂ ਕਰਹਿਂ ਛੁਵਾਵਨ।
ਬਿਨਾ ਸੇਵ ਸਤਿ ਸੰਗਤਿ ਕੇਰੀ।
ਦੇਹਿ ਅਪਾਵਨ ਤਿਮ ਨਰ ਕੇਰੀ ॥੧੫॥
ਯਾਂ ਤੇ ਹਾਥ ਅਪਾਵਨ ਤੇਰਾ।
ਕਰਜੋ ਨ ਪਾਨ ਹਮਹੁਂ ਜਲ ਗੇਰਾ।'
ਸਿਖ ਸਮਝਜੋ ਸੁਨਿ ਗੁਰ ਉਪਦੇਸ਼ੂ।
ਬਖਸ਼ਾਯਹੁ ਬਨਿ ਦੀਨ ਵਿਸ਼ੇਸ਼ੂ ॥੧੬॥
ਸਿਖ ਸੰਤਨ ਦਿਜ ਅਤਿਥਨ ਕੇਰੀ।
ਕਰਿ ਬੇਲਾ ਗਜੋ ਸੇਵ ਘਨੇਰੀ।
ਤਨ ਮਨ ਧਨ ਤੇ ਸੇਵ ਕਰੰਤਾ।
-ਹੋਹਿ ਭਲਾ ਮੇਰੋ- ਚਿਤੰਵਤਾ ॥੧੭॥
ਸਿਖ ਸੰਗਤਿ ਪਿਖਿ ਕਰਿ ਬਹੁ ਸੇਵਾ।
ਕਰਹਿਂ ਪ੍ਰਸ਼ੰਸ਼ਨਿ[1] ਢਿਗ ਗੁਰਦੇਵਾ।
'ਨਿਤ ਪ੍ਰਤਿ ਸੇਵਾ ਮਹਿਂ ਸਿਖ ਰਾਤਾ।
ਅਪਨੋ ਭਲਾ ਕਰਨਿ ਤਿਨ ਜਾਤਾ' ॥੧੮॥
ਸੁਨਿ ਕਲ਼ਗੀਧਰ ਭਏ ਪ੍ਰਸੰਨ।
ਖੁਸ਼ੀ ਕਰੀ ਭਾ ਤਤਛਿਨ ਧੰਨ।
ਇਤਨੀ ਕਥਾ ਉਚਾਰਿ ਸੁਨਾਈ।
ਪ੍ਰੇਮ ਸਮਾਧਿ ਰਿਦੈ ਹੁਇ ਆਈ ॥੧੯॥
ਰਾਮਕੁਇਰ ਮੁੱਦ੍ਰਿਤ ਕਰਿ ਨੈਨ।
ਬੈਠਜੋ ਅਚਲ, ਕਹੈ ਕੋ ਬੈਨ[1]।
ਸਭਿ ਸ਼੍ਰੋਤਾ ਮਨ ਆਨੰਦ ਪਾਏ।
ਅਪਨੇ ਅਪਨੇ ਥਾਨ ਸਿਧਾਏ ॥੨੦॥
ਪਾਛਲ ਪਹਿਰ ਦਿਵਸ ਕੋ ਹੁਤੋ।
ਬੁੱਢਾ[1] ਤਬਿ ਸਮਾਧਿ ਮਹਿਂ ਜੁਤੋ।
ਸਰਬ ਜਾਮਨੀ ਤਿਵੇਂ ਬਿਤਾਈ[1]।
ਜਾਗੇ ਜਬਿ ਪ੍ਰਭਾਤਿ ਹੁਇ ਆਈ ॥੨੧॥
ਉਠਿ ਕਰਿ ਸੌਚ ਸਮੇਤ ਸ਼ਨਾਨੇ।
ਥਿਰੇ ਆਨਿ ਆਸਨ ਜਿਸ ਥਾਨੇ।
ਸੁਨਨਿ ਹੇਤੁ ਸ਼੍ਰੋਤਾ ਚਲਿ ਆਏ।
ਗੁਰੂ ਚਰਿੱਤ੍ਰ ਜਿਨ ਕੇ ਮਨ ਭਾਏ ॥੨੨॥

[1]ਉਪਮਾ।

[1]ਭਾਵ ਬੋਲੇ ਕੌਣ।

[1]ਭਾਵ ਭਾਈ ਰਾਮ ਕੁਇਰ ਸਾਹਿਬ।

[1]ਭਾਵ ਸਮਾਧੀ ਵਿਚ ਜੁੜਿਆਂ ਹੀ।

ਸੰਮਤ ਸੱਤ੍ਰਾਂ ਸੈਯ ਇਕਾਸੀ।
ਜੇਠ ਮਾਸ ਇਹੁ ਕਥਾ ਪ੍ਰਕਾਸ਼ੀ†।

†ਸੌ ਸਾਖੀ ਵਿਚ ੫੦ਵੀਂ ਸਾਖੀ ਤੇ ਅਖੀਰ ਐਉਂ ਇਬਾਰਤ ਹੈ:-ਸੰਮਤ ਬਿਕ੍ਰਮ ਸਤ੍ਰਾ ਸੈ ਏਕਾਸੀ ਮਾਸ ਤ੍ਰੈ ਜੇਠ। ਪੰਚਾਸ ਸਾਖੀ ਰਵਿਵਾਰ ਦਿਨ, ਹੁਣ ਸ਼ਿਕਾਰ ਕੀ ਬੇਰ। ਪਰ ਆਖੇਪਕਾਰ ਨੂੰ ਚੇਤਾ ਭੁੱਲ ਗਿਆ ਹੈ ਕਿ ਸੌ ਸਾਖੀ ਦੇ ਮੁੱਢ ਵਿੱਚ ਸੰਮਤ ੧੭੨੯ ਲਿਖਿਆ ਪਿਆ ਹੈ।

ਸਿੰਘ ਸਿੱਖਨ ਕੋ ਲਗਯੋ ਦਿਵਾਨ।
ਰਾਮਕੁਇਰ ਤਬਿ ਕਰਤਿ ਬਖਾਨ ॥੨੩॥
ਭੂਲ ਚੂਕ ਮੁਝ ਤੇ ਜਹਿਂ ਹੋਇ।
ਗੁਰ ਬਖਸ਼ਿੰਦ ਬਖਸ਼ ਹੈ ਸੋਇ।
ਅਗਮ ਅਗਾਧ ਗੁਰੂ ਇਤਿਹਾਸ।
ਨਰ ਬਪੁਰੇ ਕੀ ਬੁੱਧਿ ਕਹਾਂ ਸੁ ॥੨੪॥
ਜਥਾ ਸਮੁੰਦ੍ਰ ਨ ਸੀਪ ਉਲੀਚੈ[1]। [1]ਸਮੁੰਦਰ ਨੂੰ ਸਿੱਪੀ ਨਾਲ ਨਹੀਂ ਝੱਟਿਆ ਜਾਂਦਾ।
ਤਾਰੇ ਜਿਮ ਅਸੰਖ ਨਭਿ ਬੀਚੈ।
ਤਥਾ ਕਥਾ ਗੁਰ ਬਰਨੈ ਕੌਨ।
ਕਹਤਿ ਸੁਨਤਿ ਸਿੱਖਨ ਸੁਖ ਭੌਨ ॥੨੫॥
ਸਕਲ ਕਾਮਨਾ ਪੂਰਨ ਹਾਰੀ।
ਸਿੱਖੀ ਹੁਇ ਸ਼ਰਧਾ ਉਰ ਭਾਰੀ।
ਗੁਰ ਕਰੁਨਾ ਤੇ ਚਾਰ ਪਦਾਰਥ।
ਪਾਇ ਕਥਾ ਤੇ ਪੂਰਵਹਿਂ ਸਾਰਥ ॥੨੬॥
ਸੁਨਹੁ ਪ੍ਰੀਤ ਕਰਿ ਸ਼੍ਰੋਤਾ ਸਾਰੇ।
ਕਹੌਂ ਕਥਾ ਗੁਰ ਕੀ ਵਿਸਤਾਰੇ।
ਭੀਮ ਚੰਦ ਤੇ ਆਦਿ ਪਹਾਰੀ।
ਦਿੱਲੀ ਪਠਯੋ ਵਕੀਲ ਅਗਾਰੀ ॥੨੭॥
ਤਿਨ ਕਹਿ ਪਠਯੋ ਸਭਿਨਿ ਕੇ ਪਾਸ[1]। [1]ਭਾਵ ਵਕੀਲ ਨੇ (ਦਿੱਲੀ ਤੋਂ) ਸਾਰੇ (ਰਾਜਿਆਂ) ਨੂੰ ਕਹਿ ਘੱਲਿਆ ਕਿ.....।
'ਖਰਚੇ ਦਰਬ ਕਾਜ ਹੁਇ ਰਾਸ।
ਸ਼ਾਹੁ ਨਿਕਟ ਸੂਬੇ ਸੁਧ ਲਿਖੀ।
ਤਊ ਜਾਇ ਐਸੀ ਕੁਛ ਦਿਖੀ[1] ॥੨੮॥ [1]ਤਊ ਬੀ ਐਸੀ ਬਾਰਤਾ ਦੇਖੀ ਜਾਂਦੀ ਹੈ।
ਪਠਹਿ ਨ ਸੈਨ ਬਿਨਾ ਧਨ ਲੀਨੇ।
ਕਹਿ ਕਰਿ ਇਕ ਦ੍ਵੈ ਵਾਰ ਪਤੀਨੇ[1]।' [1]ਭਾਵ ਮੈਂ ਇੱਕ ਦੋ ਵਾਰੀ ਸੂਬੇ ਨੂੰ ਕਹਿਕੇ ਪਰਤਾਇਆ ਹੈ।
ਭੀਮਚੰਦ ਸਭਿ ਸੰਗ ਬਿਚਾਰਾ।

ਦੈਬੇ ਹਿਤੁ ਧਨ ਸੰਚਿ ਉਚਾਰਾ ॥੨੯॥
ਸਭਿ ਤੇ ਕਰਿ ਇਕੱਤ੍ਰ ਪਠਿ ਦੀਨਿ।
ਬਿਨਤੀ ਲਿਖੀ ਅਧਿਕ ਬਨਿ ਦੀਨ।
'ਜੇ ਨਹਿਂ ਕਰਿ ਹੈ ਸ਼ਾਹ ਸਹਾਇ।
ਤੌ ਹਮ ਅਲੰਬ ਲੇਹਿਂ ਕਿਸ ਥਾਇਂ?
॥੩੦॥
ਸਦਾ ਆਸਰਾ ਬਡੋ ਹਮਾਰੇ।
ਤਮ ਸਮ ਸੂਬੇ ਸੁਖਧ ਉਦਾਰੇ।'
ਇੱਤਜ਼ਾਦਿਕ ਲਿਖਿ ਪਠੀ ਬਨਾਇ।
ਲਾਖ ਰਜਤਪਣ ਜਮਾ ਕਰਾਇ ॥੩੧॥
ਬੈਠਿ ਸਭਿਨਿ ਮਹਿਂ ਭਨੈ ਪ੍ਰਸੰਗ।
'ਆਵਹਿ ਸ਼ਾਹੁ ਸੈਨ ਹਿਤ ਜੰਗ।
ਲਰਹਿਂ, ਗੁਰੂ ਕੋ ਦੇਹਿਂ ਨਿਕਾਸੇ।
ਤੁਮ ਬੈਠੇ ਪਿਖਿ ਲੇਹੁ ਤਮਾਸ਼ੇ ॥੩੨॥
ਦੇਨੋ ਦਰਬ ਸਫਲ ਹੀ ਜਾਨੋ।
ਨਿਤ ਕੋ ਜੰਗ ਮਿਟਹਿ ਹਿਤ ਠਾਨੋ[1]।'
ਇਮ ਕਹਿ ਨਿਜ ਮਹਿਂ ਹਰਖ ਉਪਾਵੈਂ।
ਕਰਹਿਂ ਪ੍ਰਤੀਖਨ -ਦਲ ਕਬਿ ਆਵੈ-
॥੩੩॥
ਦਿੱਲੀ ਮਹਿਂ ਪਹੁੰਚਯੋ ਧਨ ਜਾਇ।
ਸੂਬੇ ਪਾਸ ਦਿਯੋ ਸਮੁਦਾਇ।
ਕਰਿ ਲਾਲਚ ਤਿਨ ਸਗਰੋ ਲੀਨਿ।
ਸੈਨਾ ਪਠਨ ਮਨੋਰਥ ਕੀਨਿ ॥੩੪॥
†ਦੀਨਾਬੇਗ ਮੁਗ਼ਲ ਅਹੰਕਾਰੀ।
ਮਨਸਬ ਜਿਸ ਕੋ ਪੰਚ ਹਜ਼ਾਰੀ।
ਤਿਸਹਿ ਬੁਲਾਇ ਕੀਨਿ ਸਨਮਾਨਾ।
ਸ਼ਸਤ੍ਰ ਬਸਤ੍ਰ ਦੇ ਕਾਜ ਬਖਾਨਾ ॥੩੫॥
'ਕਾਹਲੂਰ ਕੀ ਦੂਣ ਸਿਧਾਰੋ।
ਤਹਿਂ ਰਾਜਨਿ ਕੋ ਕਾਜ ਸੁਧਾਰੋ।
ਕੁਛਕ ਸੈਨ ਸ਼੍ਰੀ ਗੁਰੂ ਹਜ਼ੂਰ।
ਪਾਇ ਰਖਯੋ ਤਿਸ ਦੇਸ਼ ਫਤੂਰ ॥੩੬॥
ਹਜ਼ਰਤ ਕੋ ਆਯਹੁ ਪਰਵਾਨਾ।

[1]ਸਾਡਾ ਭਲਾ ਹੋ ਜਾਏਗਾ।

†ਸੌ ਸਾਖੀ ਦੀ ਇਹ ੩੬ਵੀਂ ਸਾਖੀ ਹੈ।

ਕਰਹੁ ਪ੍ਰਾਤਿ ਕੋ ਤਹਿਂ ਪ੍ਰਸਥਾਨਾ।'
ਦੂਸਰ ਪੈਂਡੇਖਾਂ ਉਮਰਾਇ।
ਤਿਸ ਕੋ ਤਿਮ ਹੀ ਨਿਕਟ ਬੁਲਾਇ
॥੩੭॥
ਤਿਹ ਸਮ ਇਹ ਭੀ ਪੰਜ ਹਜ਼ਾਰੀ।
ਸਾਦਰ ਚਢਿਬੇ ਹੇਤੁ ਉਚਾਰੀ।
ਸ਼ਾਹੁ ਤਰਫ ਤੇ ਬਖਸ਼ਿਸ਼ ਕਰੀ।
ਦੋਨਹੁੰ ਤਯਾਰ ਭਏ ਬਿਧਿ ਖਰੀ ॥੩੮॥
ਗੁਲਕਾਂ ਬਹੁ ਬਰੂਦ ਬਰਤਾਈ।
ਦਸ ਹਜ਼ਾਰ ਇਮ ਫੌਜ ਸਜਾਈ।
ਕਰਯੋ ਕੂਚ ਦਿੱਲੀ ਪੁਰਿ ਛੋਰਾ।
ਮਗ ਕਹਿਲੂਰ ਦੂਨ ਕੀ ਓਰਾ ॥੩੯॥
ਦੁੰਦਭਿ ਬਾਜਤਿ ਚਲਹਿ ਅਗਾਰੀ।
ਛੁਟੇ ਨਿਸ਼ਾਨਨਿ ਫਰਰੇ ਭਾਰੀ।
ਦ੍ਵੈ ਉਮਰਾਵ ਬੀਰ ਹੰਕਾਰੀ।
ਬਿੱਦਯਾ ਅਧਿਕ ਖਤੰਗ ਪ੍ਰਹਾਰੀ[1]
॥੪੦॥
ਸਨੇ ਸਨੇ ਪਾਵਤਿ ਮਗ ਡੇਰੇ।
ਆਵਤਿ ਭਏ ਅਨੰਦਪੁਰਿ ਨੇਰੇ।
ਸੁਨਿ ਕਰਿ ਰਾਜੇ ਹ੍ਵੈ ਕਰਿ ਤਯਾਰ।
ਲੈ ਕਰਿ ਸੈਨਾ ਹ੍ਵੈ ਅਸਵਾਰ ॥੪੧॥
ਕੇਤਿਕ ਮਜ਼ਲ ਅਗਾਰੀ ਜਾਇ।
ਤੁਰਕਨਿ ਸੰਗ ਮਿਲੇ ਹਰਖਾਇ।
ਭੀਮਚੰਦ ਕਹਿਲੂਰੀ ਰਾਇ।
ਬੀਰ ਸਿੰਘ ਜਸਪਾਲ ਮਿਲਾਇ ॥੪੨॥
ਮਦਨਪਾਲ ਸਿਰਮੌਰੀ ਗਯੋ।
ਦੇ ਬਹੁ ਭੇਟ ਮੇਲ ਤਬਿ ਕਿਯੋ।
ਗੁਰ ਕੀ ਬਾਤ ਸਕਲ ਸਮੁਝਾਈ।
'ਇਸ ਪ੍ਰਕਾਰ ਇਤ ਧੂਮ ਉਠਾਈ
॥੪੩॥
ਨਹਿਂ ਚਾਕਰ ਨਰ ਬੀਰ ਨ ਕੋਈ।
ਇਤ ਉਤ ਤੇ ਮਿਲਿ ਭਾ ਦਲ ਸੋਈ।

[1]ਬਾਣ ਚਲਾਉਣ ਦੀ ਵਧਵੀਂ ਵਿਦਿਆ ਦੇ।

ਲਰ ਕਰਿ ਪੁਰਿ ਅਨੰਦ ਛੁਰਵਾਵਹੁ।
ਰਹੈ ਤ ਅਪਨੀ ਆਨ ਮਨਾਵਹੁ ॥੪੪॥
ਬਰਜਹੁ, ਨਹਿਂ ਫਤੂਰ ਇਤ ਪਾਵੈ।
ਹਮ ਪਰ ਅਪਨੋ ਦਲ ਨ ਚਢਾਵੈ।
ਖੇਤੀ ਕਾ ਨੁਕਸਾਨ ਨ ਕਰੈ।
ਅਪਨੇ ਨਗਰ ਬਾਸ ਕੌ ਧਰੈ' ॥੪੫॥
ਇੱਤਜਾਦਿਕ ਸਮੁਝਾਵਤਿ ਲਜਾਏ।
ਰੋਪਰ ਤੇ ਚਢਿ ਆਗੂ ਧਾਏ।
ਕੀਰਤਪੁਰਿ ਕੌ ਉਲੰਘੇ ਫੇਰ।
ਆਨਿ ਅਨੰਦਪੁਰਿ ਹੋਯਹੁ ਨੇਰ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਚਮੂ ਆਵਣ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਉਲੰਘੇ ਕੀਰਤਪੁਰੀ ਤੇ, ਦੁੰਦਭਿ ਬ੍ਰਿੰਦ ਬਜਾਇ।
ਪਹੁੰਚੀ ਖਬਰ ਅਨੰਦਪੁਰਿ, ਚਮੂੰ ਤੁਰਕ ਕੀ ਆਇ ॥੧॥

ਪਾਧੜੀ ਛੰਦੁ:

-ਸਭਿ ਸੈਲਪਤੀ ਕਰਿ ਕੈ ਪੁਕਾਰ।
ਬਹੁ ਦਯੋ ਦਰਬ ਦਿੱਲੀ ਮਝਾਰ।
ਆਨੇ ਚਢਾਇ ਹਯ ਦਸ ਹਜ਼ਾਰ†।
ਉਮਰਾਇ ਦੋਇ ਹਿਤ ਕਰਨ ਰਾਰ-
॥੨॥

†ਦਸ ਹਜ਼ਾਰ ਫੌਜ ਦੀ ਗਿਣਤੀ ਸੌ ਸਾਖੀ ਵਿਚ ਬੀ ਹੈ।

ਸੁਨਿ ਗੁਰੂ ਹੁਕਮ ਦੀਨੋ ਉਚਾਰ।
'ਸਭਿ ਚਢਹਿ ਖਾਲਸਾ ਸ਼ਸਤ੍ਰ ਧਾਰਿ।
ਇਹ ਪ੍ਰਥਮ ਜੰਗ ਤੁਰਕਾਨ ਸੰਗ।
ਧਰਿ ਖਰ ਖਤੰਗ ਪੂਰਹੁ ਨਿਖੰਗ' ॥੩॥
ਤਤਕਾਲ ਡਾਰਿ ਜ਼ੀਨਨਿ ਤੁਰੰਗ।
ਕਸਿ ਕਮਰ ਲੀਨਿ ਤੂਰਨ ਤੁਫੰਗ।
ਦੁੰਦਭਿ ਬਾਜਯੋ ਰਣਜੀਤ ਗਾਜ।
ਸਭਿਹੂੰਨਿ ਜਾਨਿ ਸੰਗ੍ਰਾਮ ਕਾਜ ॥੪॥
ਗੁਲਕਾਂ ਬਰੂਦ ਬਰਤਾਇ ਬ੍ਰਿੰਦ।
ਤੋੜੇ ਧੁਖਾਇ ਬੀਰਨਿ ਬਿਲੰਦ।
ਚਢਿ ਚਢਿ ਤੁਰੰਗ ਪਰ ਵਹਿਰ ਆਇ।
ਜਿਤ ਸੁਨੇ ਤੁਰਕ ਤਿਤ ਸਮੁਖ ਜਾਇ
॥੫॥
ਕਸਿ ਕਸਿ ਤੁਫੰਗ ਗੁਲਕਾਨਿ ਮਾਰਿ।
ਰੁਕਿਯੰਤਿ ਅੱਗ੍ਰ ਰਿਪੁ ਤ੍ਰਾਸ ਧਾਰਿ।
ਜਬਿ ਛੁਟੀ ਸ਼ਲਖ ਤੁਰਕਾਨ ਜਾਨਿ।
ਸ਼ਸਤ੍ਰਨਿ ਸੰਭਾਰਿ ਬਨਿ ਸਾਵਧਾਨ ॥੬॥
ਇਕ ਬਾਰਿ ਪਰੇ ਦੁੰਦਭਿ ਬਜਾਇ।
ਮੋਰਨ ਮਨਿੰਦ ਘੋਰਨ ਫੰਧਾਇ।
ਕਰਿ ਹਲਾਹੂਲ ਕੜਕੀ ਕਮਾਨ।
ਬਹੁ ਐਂਚਿ ਐਂਚਿ ਮੁਚਕੰਤਿ ਬਾਨ ॥੭॥
ਅਸ ਉਦੇ ਸਿੰਘ ਤੇ ਆਦਿ ਬੀਰ।

ਰਣ ਭੂਮ ਆਇ ਬਹੁ ਸਿੰਘ ਭੀਰ।
ਗਨ ਤੁਪਕ ਚਲੀ ਇਕ ਬਾਰਿ ਐਸ।
ਭੁਜਿਯੰਤਿ ਧਾਨ ਬਿਚ ਭਾਠ ਜੈਸ ॥੮॥
ਬਰਛੇ ਭ੍ਰਮਾਇ ਕਰਿ ਬਾਰਿ ਬਾਰਿ।
ਧਸਿ ਅੰਗ ਜਥਾ ਬਲਮੀਕ ਮਾਰ[1]।
ਭਟ ਗਿਰਤਿ ਹਯਨ ਤੇ ਉਥਲ ਕੋਇ।
ਗੁਲਕਾਨ ਸੰਗ ਫੁਟਿ ਸੀਸ ਜੋਇ ॥੯॥

[1]ਵਰਮੀ ਵਿਚ ਜਿਵੇਂ ਸੱਪ (ਧਸਦਾ ਹੈ ਤਿਵੇਂ) ਬਰਛੇ ਅੰਗਾਂ ਵਿੱਚ ਧਸਾਉਂਦੇ ਹਨ।

ਰਸਾਵਲ ਛੰਦ:

ਦਯਾ ਸਿੰਘ ਧਾਯੋ।
ਉਦੈ ਸਿੰਘ ਆਯੋ।
ਇਨੈ ਆਦਿ[1] ਸਿੰਘੰ[2]। ਮਨੋ ਕੋਪ ਸਿੰਘੰ ॥੧੦॥

[1]ਇਨ੍ਹਾਂ ਤੋਂ ਆਦਿ। [2]ਕ੍ਰੋਧ ਕਰਕੇ ਸ਼ੇਰ ਵਾਂਙੂ।

ਚਲੇ ਤੀਰ ਤੀਖੇ। ਬਿਖੀਚੈ ਸਰੀਖੇ[1]।
ਬਡੇ ਸੇਲ ਠੇਲੇ। ਭਰੀ ਰੇਲ ਪੇਲੇ ॥੧੧॥

[1]ਸੱਪਾਂ ਵਰਗੇ।

ਗੁਰੂ ਤਯਾਰ ਹੋਏ। ਰਿਪੂ ਜਾਨਿ ਢੋਏ[1]।

[1]ਇਹ ਜਾਣਕੇ ਕਿ ਵੈਰੀ (ਨੇੜੇ) ਆ ਢੁੱਕੇ ਹਨ।

ਕਰਾਚੋਲ[1] ਪਾਯੋ। ਨਿਖੰਗੰ ਸੁਹਾਯੋ ॥੧੨॥

[1]ਤਲਵਾਰ।

ਕੁਦੰਡੰ ਸੰਭਾਰਾ। ਕਠੋਰੰ ਉਦਾਰਾ।
ਮੰਗਾਯੋ ਸੁ ਨੀਲਾ। ਸ਼ਿੰਗਾਰਯੋ ਛਬੀਲਾ ॥੧੩॥
ਚਢ੍ਯੋ ਤਾਤਕਾਲਾ। ਰਿਪੂ ਪੁੰਜ ਕਾਲਾ[1]।

[1]ਸਾਰੇ ਵੈਰੀਆਂ ਦੀ ਮੌਤ।

ਜਿਗਾ ਸੋ ਕਲੰਗੀ[1]। ਸੁਹਾਵੈ ਉਤੰਗੀ ॥੧੪॥

[1]ਕਲਗ਼ੀ।

ਨਗਾਰਾ ਬਜਾਯੋ। ਦੁਚੋਬੈ ਲਗਾਯੋ।
ਹਯੰ ਹੀਨ[1] ਜੇਈ। ਚਲੇ ਸਿੰਘ ਤੇਈ ॥੧੫॥

[1]ਪੈਦਲ।

ਸੁ ਕੰਧੈ ਤੁਫੰਗਾ। ਮਹਾਂ ਬੇਗ ਸੰਗਾ।
ਲਘੁ ਏਕ ਨਾਰਾ[1]। ਤਿਸੀ ਵਾਰ ਪਾਰਾ[2] ॥੧੬॥

[1]ਪਾਣੀ) ਦਾ ਨਾਲਾ। [2]ਉਰਵਾਰ ਤੇ ਪਾਰ।

ਲਰਾਈ ਮਚਾਈ। ਇਤੈ ਉੱਤ ਜਾਈ।
ਕਦੇ ਵਾਰ ਆਵੈਂ[1]। ਕਦੇ ਪਾਰ ਜਾਵੈਂ

[1]ਕਦੇ ਉਰਲੇ ਪਾਸੇ ਆਉਂਦੇ ਹਨ।

॥੧੭॥
ਸੁ ਤਾਮੋ[1] ਦਿਖਾਏ। ਮਨੋ ਬਾਜ਼ ਆਏ।
ਤਥਾ ਸਿੰਘ ਧਾਏ। ਨਹੀਂ ਤ੍ਰਾਸ ਪਾਏ ॥੧੮॥
ਭਯੋ ਭੇਰ ਬਾਰੀ। ਪਰੀ ਭੂਰ ਮਾਰੀ।
ਮਹਾਂ ਲੋਹ ਮਾਚਾ। ਰਜੰ ਸ਼੍ਰੋਣ ਰਾਚਾ ॥੧੯॥

[1]ਤਾਮਾ = ਬਾਜਾਂ ਨੂੰ ਜੋ ਮਾਸ ਖਾਣ ਨੂੰ ਦੇਈਦਾ ਹੈ।

ਦੋਹਰਾ:
ਪੰਚਹੁ ਮੁਕਤੇ ਸਿੰਘ ਜਬਿ, ਅਰੁ ਆਲਮ ਸਿੰਘ ਬੀਰ।
ਸਲਿਤਾ ਦਲ ਤੁਰਕਾਨ ਕੋ, ਅਰੇ ਸੈਲ ਸਮ ਧੀਰ[1] ॥੨੦॥
ਤਿਸ ਨਾਰੇ ਕੇ ਪਾਰ ਹੀ, ਰੋਕਯੋ ਦਲ ਸਮੁਦਾਇ।
ਗਿਰੇ ਹਜ਼ਾਰਹੁ ਪ੍ਰਾਨ ਬਿਨ, ਥਿਰੇ ਤ੍ਰਾਸ ਕੋ ਪਾਇ ॥੨੧॥

[1]ਨਦੀ ਵਰਗੇ ਤੁਰਕਾਂ ਦੇ ਦਲ ਅੱਗੇ ਪਹਾੜ ਵਾਂਙੂ ਅੜ ਖੜੋਤੇ ਧੀਰਜ ਧਾਰਕੇ।

ਰਸਾਵਲ ਛੰਦ:
ਚਲੈਂ ਯੌਂ ਤੁਫੰਗੈ। ਭਟੰ ਅੰਗ ਭੰਗੈਂ।
ਹਯੰ ਤੇ ਉਥੱਲੈਂ। ਨਹੀਂ ਅੰਗ ਹੱਲੈਂ ॥੨੨॥
ਖਰੇ ਘਾਵ ਝੱਲੈਂ। ਪਿਛਾਰੀ ਨ ਚੱਲੈਂ।
ਬਕੈਂ 'ਮਾਰ ਮਾਰਾ।' ਬਡੋ ਹੇਲ ਡਾਰਾ ॥੨੩॥
ਥਿਰੇ ਸਿੰਘ ਝੱਲੈਂ। ਨਹੀਂ ਪੈਰ ਹੱਲੈਂ।
ਤੁਫੰਗੰ ਚਲਾਵੈਂ। ਤੁਰੰਗੰ ਫੰਧਾਵੈਂ ॥੨੪॥
ਜਿਸੀ ਕੌ ਤਕਾਵੈਂ। ਤਿਸੀ ਕੋ ਗਿਰਾਵੈਂ।
ਦਸੰ ਬੀਸ ਗੇਰੇ। ਥਿਰੇ ਔਰ ਹੇਰੇ ॥੨੫॥
ਮਰੇ ਹੇਰਿ ਬੀਰੰ। ਕਿਤੇ ਹੋਤਿ ਭੀਰੰ[1]।
ਘਨੇ ਗੇਰਿ ਘੋਰੇ। ਕਿਤੇ ਪੇਟ ਫੋਰੇ ॥੨੬॥
ਕਿਤੇ ਅੰਗ ਤੋਰੇ। ਕਿਤੇ ਛੂਛ ਦੌਰੇ।
ਭਏ ਸ਼ੱਤ੍ਰ ਬੌਰੇ। ਮਹਾਂ ਡੌਰ ਭੌਰੇ ॥੨੭॥
ਤਬੈ ਪੈਂਡ ਖਾਨਾ। ਹੰਕਾਰੀ ਮਹਾਂਨਾ।

[1]ਕਈ ਕਾਇਰ ਹੋ ਜਾਂਦੇ ਹਨ।

ਪ੍ਰਹਾਰੈ ਸੁ ਬਾਨਾ। ਨ ਕੋਊ ਸਮਾਨਾ ॥੨੮॥
ਤਬੈ ਦੇਖਿ ਜੁੱਧਾ। ਰਿਦੈ ਕੀਨਿ ਕ੍ਰੁੱਧਾ।
ਤਬੈ ਅੱਗ੍ਰ ਆਯੋ। ਸੁ ਊਚੇ ਸੁਨਾਯੋ ॥੨੯॥

ਦੋਹਰਾ:
'ਦੀਨ ਮਜਬ ਕੋ ਜੁੱਧ ਇਹ,
ਹਮ ਜੁਝਨਿ ਕੋ ਆਇ।
ਗੁਰੂ ਤੁਮਾਰੇ ਬਡ ਬਲੀ,
ਮੋ ਕਹੁ ਬਹੁਤ ਸੁਨਾਇੰ[1] ॥੩੦॥ [1]ਮੈਨੂੰ ਬਹੁਤ ਸੁਣਾਂਵਦੇ ਹੁੰਦੇ ਹਨ।

ਰਸਾਵਲ ਛੰਦ:
ਲਰੌਂ ਤਾਂਹਿ ਸੰਗਾ। ਪਿਖੋ ਮੋਹਿ ਜੰਗਾ।
ਜਬੈ ਆਪ ਆਵੈਂ। ਸੁ ਹਾਥੰ ਦਿਖਾਵੈਂ ॥੩੧॥
ਦਿਖੈਂ ਮੋਰ ਹਾਥਾ। ਲਰੈਂ ਬਾਨ ਸਾਥਾ।
ਅਹੈ ਚਾਹ ਮੋਰੀ। ਲਰੌਂ ਨਾਂਹਿ ਔਰੀ[1] ॥੩੨॥ [1]ਹੋਰ ਕਿਸੇ ਨਾਲ।
ਪਿਖੋ ਤੀਰ ਬਿੱਦਜਾ। ਕਰੈਂ ਬੀਰ ਭਿੱਦਜਾ[1]।' [1]ਜਿਸ ਨਾਲ) ਸੂਰਮਿਆਂ ਨੂੰ ਵਿੰਨ੍ਹਦੇ ਹਨ।
ਜਬੈ ਬਾਕ ਗਾਏ। ਇਤੇ ਬੀਚ ਆਏ ॥੩੩॥
ਅਲੰਕਾਰ ਚਾਰੂ। ਦਿਪੈ ਰੂਪ ਭਾਰੂ।
ਸੁ ਨੀਲਾ[1] ਕੁਦਾਯੋ। ਸਬੈ ਮੈਂ ਸੁਹਾਯੋ ॥੩੪॥ [1]ਨਾਮ ਘੋੜੇ ਦਾ।
ਗੁਰੂ ਬਾਕ ਭਾਖਾ। 'ਸੁਨੋਂ ਖਾਨ ਮਾਖਾ[1] ! [1]ਹੇ ਗੁੱਸੇ ਵਾਲੇ ਖਾਨ ! ਸੁਣ।
ਮਹਾਂ ਸ਼ੱਤ੍ਰ ਮੇਰਾ। ਬਿਜੈ ਜੰਗ ਹੇਰਾ ॥੩੫॥
ਦਿਖੋਂ ਹਾਥ ਤੇਰੇ। ਸਹੋ ਬਾਨ ਮੇਰੇ।
ਕਰੋ ਵਾਰ ਆਈ। ਬਿਸੂਰੈਂ ਪਿਛਾਈ[1]' ॥੩੬॥ [1]ਪਿੱਛੋਂ ਪਛਤਾਏਂਗਾ।
ਸੁਨੀ ਪੈਂਡਖਾਨਾ। ਦਿਲੇਰੀ ਮਹਾਂਨਾ।
ਰਿਦੈ ਬੀਚ ਜਾਨਾ[1]। -ਨਹੀਂ ਤ੍ਰਾਸ ਮਾਨਾ ॥੩੭॥ [1]ਕਿ ਇਨ੍ਹਾਂ ਨੇ ਮੇਰਾ) ਡਰ ਨਹੀਂ ਮੰਨਿਆਂ।

ਅਰੈ ਮੋ ਅਗਾਰੀ। ਸਹੈ ਤੀਰ ਭਾਰੀ।
ਕਿ ਜੈ ਹੈ ਪਲਾਈ। ਜਬੈ ਬਾਨ ਖਾਈ[1]- ॥੩੮॥

[1]ਜਦੋਂ ਮੇਰਾ ਬਾਣ ਖਾਧਾ।

ਕਹ੍ਯੋ ਉਚ ਵਾਕੰ। 'ਕਿਜੈ ਵਾਰ ਪ੍ਰਾਕੰ[1]।
ਹਿੰਦੂ ਕੇਰ ਪੀਰੰ! ਅਹੋ ਬੀਰ ਧੀਰੰ ॥੩੯॥

[1]ਇਕੇ ਬਾਣ ਨਾਲ ਹੀ ਵਿੰਨ੍ਹ ਦਿਆਂਗਾ।

ਲਗੈ ਵਾਰ ਮੇਰਾ। ਹਯੰ ਦੇਹਿ ਗੇਰਾ।
ਬਚੈਂਗੇ ਨ ਪ੍ਰਾਨਾ। ਬਿਧੌਂ ਏਕ ਬਾਨਾ[1] ॥੪੦॥

[1]ਪਹਿਲੇ।

ਦੋਹਰਾ:
ਮਮ ਖਤੰਗ ਬਡ ਜ਼ਾਲਮੀ,
ਕਰਦਮ ਗਰਦ ਸ਼ਿਤਾਬ[1]।

[1]ਛੇਤੀ ਹੀ ਗਰਦ ਵਿਚ ਮਿਲਾ ਦੇਣ ਵਾਲਾ ਮੇਰਾ ਬਾਣ ਵਡਾ ਜ਼ਾਲਮ ਹੈ।

ਬਿਨਾ ਜਤਨ ਜਿਮ ਮਰਦਬੇ[1], ਬਿਨਸੈ ਫੂਲ ਗੁਲਾਬਿ ॥੪੧॥

[1]ਮਲਣ ਨਾਲ ਹੀ।

ਪਾਧੜੀ ਛੰਦ:
ਸੁਨਿ ਗੁਰੂ ਤਬਹਿ ਉੱਤਰ ਬਖਾਨਿ।
'ਅੱਬਲ ਸੁ ਵਿੰਗਾਰੇ ਆਪ ਆਨਿ।
ਅੱਵਲ ਸੁ ਵਾਰ ਕਰਦਮ ਬਨੰਤਿ[1]।

[1]ਭਾਵ ਜੋ ਪਹਿਲਾਂ ਆਕੇ ਵੰਗਾਰੇ ਉਸ ਨੂੰ ਵਾਰ ਪਹਿਲਾਂ ਹੀ ਕਰਨਾ ਬਣਦਾ ਹੈ।

ਇਹੁ ਰੀਤ ਜੰਗ ਕੀ ਭਟ ਲਖੰਤਿ' ॥੪੨॥
ਸੁਨਿ ਕਰਿ ਪਠਾਨ ਚਮਕ੍ਯੋ ਬਿਲੰਦ।
ਦਲ ਦੁਊ ਦਿਖਤਿ ਹੁਇ ਕੋ ਨਿਕੰਦ? -।
ਸਭਿ ਸਿੰਘ ਲਖੈਂ -ਹਤਿ ਪ੍ਰਾਨ ਖਾਨ[1]।
ਗੁਰ ਸੰਗ ਜੁਟਯੋ, ਨਹਿਂ ਦੇਹਿਂ ਜਾਨ- ॥੪੩॥

[1]ਖਾਨ ਦੇ ਪ੍ਰਾਣ ਨਾਸ਼ ਹੋ ਜਾਣਗੇ।

ਸਭਿ ਤੁਰਕ ਭਨਹਿਂ 'ਇਹ[1]' ਬਲਿ ਮਹਾਂਨ।
ਭਟ ਲਖਹਿਂ ਸੁ ਵਿੱਦਜਾਵਾਨ ਖਾਨ।
ਜਬਿ ਤਜਹਿ ਤੀਰ ਗੁਰ ਬਚੈਂ ਨਾਂਹਿ।
ਅਬਿ ਫਤੇ ਹੋਹਿ ਹਮ ਜੰਗ ਮਾਂਹਿ' ॥੪੪॥

[1]ਭਾਵ ਪੈਂਡੇ ਖਾਨ।

ਬਖਤਰ[1] ਦੁਊਨ ਕੇ ਅੰਗ ਸੰਗ।

[1]ਸੰਜੋਆਂ।

ਦੋਨਹੁਂ ਪ੍ਰਹਾਰ ਜਾਨਹਿਂ ਖਤੰਗ।
ਬਾਂਛਤਿ ਬਿਸਾਲ ਦੋਨਹੁਂ ਸੁ ਜੰਗ।
ਦ੍ਵੈ ਬੀਰ ਬਹਾਦੁਰ ਸ਼ੱਤ੍ਰ ਭੰਗ ॥੪੫॥
ਹਤਿ ਬਲੀ ਚੁਫੇਰੇ ਫੇਰਿ ਖਾਨ।
ਗੁਰ ਦਿਸ਼ਿ ਤਕਾਇ ਬਗਰਾਇ[1] ਬਾਨ।

[1]ਚਿੱਲੇ ਵਿਚ ਬਾਗਰ ਰੱਖਕੇ ਤੀਰ ਖਿੱਜਣਾ। [ਬਾਗਰ ਜਾਂ ਬਾਗੜ ਤੀਰ ਦੇ ਪਿਛਲੇ ਸਿਰੇ ਦਾ ਨਾਉਂ ਹੈ ਉਸ ਦੀ ਕ੍ਰਿਆ ਹੈ:-ਬਗਰਾਉਣਾ]।

ਐਂਚ੍ਯੋ ਕੁਦੰਡ ਕਰਿ ਲੱਛ ਭਾਲ[1]।
ਹੁਇ ਸਮੁਖ ਤਜ੍ਯਾਗ ਦੀਨਸਿ ਕਰਾਲ ॥੪੬॥

[1]ਧਨੁਖ ਖਿੱਚ ਕੇ ਮੱਥੇ ਦਾ ਨਿਸ਼ਾਨਾ ਤੱਕਕੇ।

ਬਡ ਬੇਗ ਸੰਗ ਸ਼ੂੰਕ੍ਯੋ ਛੁਟੰਤਿ।
ਜਨੁ ਸਰਪ ਕੁਲੀ ਤੱਛਕ ਲਸੰਤਿ[1]।

[1]ਮਾਨੋਂ ਸਰਪ ਦੀ ਕੁਲ ਵਿਚੋਂ ਤੱਛਕ ਨਾਗ ਚਮਕਦਾ ਹੈ।

ਗੁਰੂ ਤੇਜ ਹਾਥ ਬਹਿਕਾਇ ਦੀਨਿ[1]।

[1]ਗੁਰੂ ਜੀ ਦੇ ਤੇਜ ਨੇ ਹੱਥ ਕੰਬਾ ਦਿਤਾ।

ਬਡ ਹੁਤੋ ਸਬਿੱਦ੍ਯਕ ਸਰਬ ਚੀਨ[1] ॥੪੭॥

[1]ਭਾਵੇਂ ਵਿਦਯਾਵਾਨ ਤੇ ਸਭ ਕੁਝ ਜਾਨਣ ਵਾਲਾ ਸੀ (ਭਾਵ ਤੀਰੰਦਾਜ਼ੀ ਦੇ ਭੇਤ)।

ਸਰ ਤਊ ਲਗ੍ਯੋ ਨਹਿਂ ਬੀਚ ਭਾਲ।
ਛੁਇ ਕਾਨ ਸਾਥ ਪੁਨ ਅੱਗ੍ਰ ਚਾਲ।
ਪਿਖਿ ਗੁਰੂ ਕਹਤਿ 'ਕਿਹ ਨਿਕਟ ਸੀਖ[1]?

[1]ਕਿਸ ਪਾਸੋਂ ਸਿੱਖਿਆ ਹੋਈ?

ਬਡ ਤੀਰਮਦਾਜ ਨ ਅਪਰ ਦੀਖ[1] ॥੪੮॥

[1]ਤੇਰੇ ਨਾਲੋਂ ਵੱਡਾ ਤੀਰੰਦਾਜ਼ ਹੋਰ ਨਹੀਂ ਡਿੱਠਾ!

-ਚੁਕ ਗਯੋ- ਰਹਹਿ ਪਛਤਾਵ ਭੂਰ[1]।

[1]ਇਹ ਪਛਤਾਵਾ ਨਾ ਰਹਿ ਜਾਵੇ ਕਿ ਮੇਰਾ ਨਿਸ਼ਾਨਾ ਚੁੱਕ ਗਿਆ।

ਸਭਿ ਗਯੋ ਨਿਫਲ ਜੇਤਿਕ ਗ਼ਰੂਰ।
ਅਬਿ ਫੇਰ ਵਾਰਿ ਦੂਸਰ ਕਰੇਹੁ।
ਨਹਿਂ ਰਹਹਿ ਮਾਖਤਾ[1] ਹੇਰਿ ਲੇਹੁ' ॥੪੯॥

[1]ਗੁੱਸੇ ਦਾ ਭਾਵ, ਰੰਜ, ਅਰਮਾਨ।

ਸੁਨਿ ਕੈ ਪਠਾਨ ਹੁਇ ਲਾਜ ਹੀਨ।
ਨਹਿਂ ਕਹਤਿ ਬਾਤ ਮੁਖ ਮੌਨ ਕੀਨਿ।
ਉਰ ਮੈਂ ਬਿਸੂਰਿ ਕਰ ਕੈ ਬਿਚਾਰ।
-ਕਜਾ ਭਯੋ ਮੋਹਿ ਗਾ ਨਿਫਲ ਵਾਰ- ॥੫੦॥
ਹਯ ਕੋ ਧਵਾਇ ਗੁਰ ਭਾਖਿ ਫੇਰ।
'ਕਰਿ ਵਾਰ ਖਾਨ ਪੁਨ ਦੁਤਿਯ ਬੇਰ।'

ਪ੍ਰਭੁ ਵਾਰ ਵਾਰ ਤਿਹ ਕੋ ਸੁਨਾਇੰ।
'ਮਨ ਰਖਹੁ ਨਾਂਹਿ ਕਰਿ ਲੇਹੁ ਦਾਇ' ॥੫੧॥
ਤਬਿ ਪੈਂਡਖਾਨ ਚਪਿ ਕਹਤਿ ਬੈਨ।
'ਸਨਮੁਖ ਨ ਹੋਤਿ ਮੁਹਿ ਲਾਜ ਨੈਨ।
ਮੈਂ ਨਿਕਟਿ ਹੋਇ ਇਮ ਬਾਨ ਤਜਾਗ।
ਤੁਮ ਜਿਯਤ ਦਿਖਹੁ ਨਹਿਂ ਕਿਤਹੁ ਲਾਗ[1] ॥੫੨॥

[1]ਕਿਧਰੇ ਲੱਗਾ ਨਹੀਂ।

ਬਹੁ ਕਰਾਭਜਾਸ ਤਿਸੁ ਕੋ ਧਿਕਾਰ[1]।

[1]ਮੇਰੇ ਬਹੁਤ ਅਭਿਆਸ ਕੀਤੇ ਨੂੰ ਧ੍ਰਿਕਾਰ ਹੈ।

ਇਸ ਵਖਤ ਚੁਕਜੋ ਦੁਇ ਦਲ ਮਝਾਰ।
ਹੁਇ ਬੀਰ ਬਹਾਦਰ ਏਕ ਵਾਰ।
ਪਰ ਕਹਤਿ ਅਬੈ ਤੁਮ ਬਾਰਬਾਰ ॥੫੩॥
ਤਮਰੇ ਵਚੰਨ ਕੋ ਵਾਰ ਦੂਜ।
ਕਰਿਬੋ ਬਨਜੋ, ਹਹੁ ਦੀਹ ਪੂਜ[1]।

[1]ਆਪ ਸਮੂਹ ਦੇ ਪੂਜਜ ਹੋ, ਆਪਦੇ ਕਹਿਣੇ ਉਪਰ ਕਰਨਾ ਬਣਿਆਂ।

ਨਹਿਂ ਕਰਹੁਂ ਨਾਂਹਿ, ਇਹ ਲਖਹੁ ਆਇ[1]।

[1]ਮੈਂ ਨਾਂਹ ਨਹੀਂ ਕਰਦਾ ਇਹ (ਬਾਣ) ਆਯਾ ਜਾਣੋ।

ਸਵਧਾਨ ਆਪ ਹੂਜਹਿ ਬਨਾਇ' ॥੫੪॥
ਕਹਿ ਕਰਿ ਕੁਦੰਡ ਲੀਨਸਿ ਕਠੋਰ।
ਭਾਥਾ ਮਝਾਰ[1] ਸਰ ਕਾਢਿ ਘੋਰ[2]।

[1]ਭੱਥੇ ਵਿੱਚੋਂ। [2]ਭਿਆਨਕ ਤੀਰ ਕੱਢਿਆ।

ਬਾਗਰ ਧਸਾਇ ਬਿਚ ਪਨਚ ਫਾਗ[1]।

[1]ਚਿੱਲੇ ਦੇ ਗੋਫੀਏ ਵਿਚ [ਫਾਗ = ਚਿੱਲੇ ਵਿਚਲਾ ਬਾਗਰ ਦੇ ਟਿਕਣ ਦਾ ਥਾਂ]।

ਕਰਿ ਸ਼ਿਸਤ ਐਂਚਿ ਕਰ ਸ਼੍ਰੋਣ ਲਾਗ[1] ॥੫੫॥

[1]ਖਿੱਚਿਆ ਕਿ ਹੱਥ ਕੰਨਾਂ ਨੂੰ ਜਾ ਲੱਗਾ।

ਬਖਤਰ[1] ਸਰੀਰ ਆਛਾਦ ਹੇਰਿ।

[1]ਸੰਜੋਅ ਨਾਲ।

-ਨਹਿਂ ਨਗਨ ਅੰਗ ਜਿਤ ਹਨਹਿ ਫੇਰ-।
ਬਹੁਰੋ ਬਿਸਾਲ ਸ਼ੁਭ ਭਾਲ ਜਾਨਿ।
ਤਕ ਕੈ ਮਹਾਨ ਬਲ ਜੁਤਿ ਪਠਾਨ ॥੫੬॥
ਸਮ ਸਰਪ ਛੋਰਿ ਤੀਖਨ ਖਤੰਗ।
ਜਿਸ ਬੇਗ ਬਹੁਤ ਤੀਖ਼ਨ ਸੁਢੰਗ[1]†।

[1]ਜਿਸਦਾ ਵੇਗ ਬਹੁਤ ਤਿੱਖਾ ਤੇ ਠੀਕ ਢੰਗ ਦਾ (ਨਿਸ਼ਾਨੇ ਬੈਠਣ ਵਾਲਾ) ਹੈ। †ਪਾ:-ਕੁਢੰਗ।

ਖਪਰਾ ਦਰਾਜ਼ ਖਰ ਸਾਨ ਲਾਗ[1]।

[1]ਲੰਬਾ ਤੇ ਤ੍ਰਿੱਖਾ ਤੀਰ ਸਾਣ ਤੇ ਲਗਾ ਹੋਇਆ।

ਸ਼ੁੰਕਜੋ ਸੁ ਜਾਤਿ ਜਬਿ ਖਾਨ ਤਜਾਗ

॥ ੫੭ ॥
੧੨ਲਟਪਟੀ ਸ਼ਾਲ ਗੁਰ ਸਿਰ ਲਪੇਟ।
ਤਿਹ ਛੋਰ ਸਾਥ ਕਰਿ ਤੀਰ ਭੇਟ।
ਊਪਰ ਉਠਾਇ ਗਾ ਅੱਗ੍ਰ ਦੂਰ[1]।

[1]ਮੋਹਤ ਕਰਨ ਵਾਲਾ (ਪਸ਼ਮੀਨੇ ਯਾ ਰੇਸ਼ਮ ਦਾ) ਸਾਫਾ ਸਿਰ ਤੇ ਲਪੇਟਿਆ ਹੋਇਆ ਸੀ, ਤਿਸ ਦੇ ਪੱਲੇ ਦੇ ਨਾਲ ਤੀਰ ਮਿਲਕੇ (ਉਸ ਪੱਲੇ ਨੂੰ) ਉੱਪਰ ਉਠਾਕੇ ਅੱਗੇ ਨਿਕਲ ਗਿਆ [ਲਟਪਟੀ = ਜੋ ਸੁਆਰ ਕੇ ਨਾ ਬੱਧੀ ਹੋਵੇ ਪੱਗ, ਪਰ ਚਿਹਰੇ ਦੀ ਸੁੰਦਰਤਾ ਨੂੰ ਫਿਰ ਬੀ ਦੁਬਾਲਾ ਕਰ ਰਹੀ ਹੋਵੇ]।

ਬਿਸਮਾਇ ਰਹੇ ਦਲ ਦੁਹਨਿ ਸੂਰ
॥ ੫੮ ॥
ਡੂਬਜੋ ਪਠਾਨ ਬਹੁ ਲਾਜ ਮਾਂਹਿ।
ਤੁਰਕਾਨ ਬਿਖੈ ਬਡ ਨਾਮ ਜਾਂਹਿ।
[1]-ਢਿਗ ਅੱਗ੍ਰ ਲੱਛ ਬਨ ਸ਼ੱਤ੍ਰ ਬੀਰ[2]।

[1]ਪੈਂਡਖਾਨ ਵਿਚਾਰਦਾ ਹੈ। [2]ਸੂਰਮਾਂ ਸ਼ੱਤ੍ਰ ਨਿਸ਼ਾਨਾ ਬਣਕੇ ਸਾਹਮਣੇ ਹੈ ਤੇ.....।

ਮੁਝ ਕੋ ਪ੍ਰਚਾਰ ਥਿਰਤਾ ਸਧੀਰ[1] ॥ ੫੯ ॥

[1]ਸਹਤ ਧੀਰਜ ਦੇ ਖਲੋ ਕੇ ਮੈਨੂੰ ਵੰਗਾਰ ਰਿਹਾ ਹੈ।

ਸਦ ਹੈਫ[1] ਕਰਨ ਬਿੱਦਜਾ ਬਿਸਾਲ।

[1]ਅਫਸੋਸ।

ਨਹਿਂ ਸਰਜੋ ਕਾਰ ਜਬਿ ਜੰਗ ਕਾਲ।
ਅਬਿ ਵਾਰਿ ਤਿਨਹੁ ਕੁਹ ਬਨਹਿ ਦੇਨਿ।
ਜਿਮ ਕਿਯੇ ਜੰਗ ਮਹਿਂ ਦੇਨਿ ਲੇਨਿ-
॥ ੬੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥ ੮ ॥

## ੯. [ਪੈਂਡਾ ਖਾਨ ਬੱਧ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਇਸ ਬਿਧਿ ਹਤਿ ਕੈ ਖਾਨ ਸਰ ਰਹ੍ਯੋ ਰਿਦੈ ਪਛੁਤਾਇ।
ਆਦਿਕ ਦੀਨਾ ਬੇਗ ਤੇ[1] ਦੇਖਤਿ ਰਣ ਬਿਸਮਾਇ ॥੧॥ [1]ਦੀਨਾ ਬੇਗ ਆਦਿਕਾਂ ਤੋਂ ਲੈਕੇ।

ਭੁਜੰਗ ਛੰਦ:

ਰਹ੍ਯੋ ਖ਼ਾਨ ਠਾਂਢੋ ਬਡੀ ਲਾਜ ਪਾਏ।
ਪਿਖੈਂ ਬੀਰ ਸਾਰੇ ਜਥਾ ਜੰਗ ਦਾਏ।
ਦੁਊ ਬੀਰ ਬੰਕੇ ਅਰੀਲੇ ਬਿਸਾਲੇ[1]। [1]ਬਹੁਤ ਅੜਨ ਵਾਲੇ।
ਦੁਊ ਸੈਨ ਸ੍ਵਾਮੀ ਕੁਦੰਡੰ ਸੰਭਾਲੇ ॥੨॥
ਦੁਊ ਤੇਜ ਘੋਰੇ ਕਰੇ ਓਜਵਾਰੇ।
ਦੁਊ ਤੀਰ ਬਿੱਦਜਾ ਗ਼ਰੂਰੀ ਕਰਾਰੇ[1]। [1]ਤੀਰ ਵਿਦਿਆ ਦੇ ਕਰੜੇ ਗ਼ਰੂਰ ਵਾਲੇ।
ਦੁਊ ਜੰਗ ਜੇਤਾ ਕਰ ਜੀਤ ਆਸਾ।
ਦੁਊ ਜੰਗ ਕੋ[1] ਪੁੰਜ ਦੇਖੈਂ ਤਮਾਸ਼ਾ ॥੩॥ [1]ਦੋਹਾਂ ਦੇ ਜੰਗ।
ਗੁਰੂ ਜੀ ਤਬੈ ਫੇਰ ਨੀਲਾ ਫ਼ੰਦਾਯੋ।
ਖਰੋ ਖਾਨ ਕੇ ਸਾਥ ਊਚੇ ਅਲਾਯੋ।
'ਹਤੈਂ ਤੀਰ ਤੋਹੀ ਦਿਜੈ ਵਾਰ ਮੇਰਾ।
ਕਰ੍ਯੋ ਓਜ ਜੇਤੋ ਪਿਖ੍ਯੋ ਸਰਬ ਤੇਰਾ' ॥੪॥
ਸੁਨੇ ਖਾਨ ਬੋਲ੍ਯੋ 'ਲਿਜੈ ਵਾਰਿ ਦੋਈ।
ਜਥਾ ਮੈਂ ਕਰੇ ਆਪ ਕੇ ਸਾਥ ਸੋਈ।'
ਗੁਰੂ ਫੇਰ ਬੋਲੇ 'ਨਹੀਂ ਦੋਇ ਲੇ ਹੈਂ।
ਅਹੈ ਏਕ ਨੀਕੋ[1] ਕਹੈਂ ਬੀਰ ਜੇ ਹੈਂ[2]† ॥੫॥ [1]ਇੱਕੋ ਚੰਗਾ ਹੁੰਦਾ ਹੈ। [2]ਜੋ ਸੂਰਮੇ ਹਨ। †ਸੌ ਸਾ: ਦਾ ਪਾਠ ਹੈ:-ਨੇਕੀ ਬਾਰ ਯਕ ਬਹਾਦਰ = ਬਹਾਦਰਾਂ ਵਿਚ ਇਕ ਵਾਰ ਨੇਕੀ ਵਾਰਾ (ਸਮਝੀਦਾ) ਹੈ, ['ਵਾਰ' ਦੇ ਅਰਥ ਹਨ = ਆਪਣੀ ਵਾਰੀ ਸਿਰ ਸ਼ੱਤ੍ਰੂ ਨੂੰ ਮਾਰਨ ਦਾ ਜਤਨ]।

ਦੋਹਰਾ:

ਫਿਰਕਤਵਾਰ ਸੁ ਮੁਰਦਮਹਿ, ਹੋਤਿ ਹਰਾਮੈ ਖੋਰ[1]।
ਯਾਂ ਤੇ ਪਲਟਾ ਹਮ ਕਰੈਂ, ਇਕ ਖਤੰਗ ਕਹੁ ਓਰਿ' ॥੬॥ [1]ਮਰਦਾਂ ਵਿਚ ਫਿਰਕਤਵਾਰ ਹਰਾਮ ਖੋਰਾਂ (ਦਾ ਵਾਰ) ਹੁੰਦਾ ਹੈ [ਫਿਰਕਤ ਵਾਰ = ਵਾਰ ਦਿਤੇ ਬਿਨਾਂ ਯਾ ਆਪਣੀ ਵਾਰੀ ਤੋਂ ਬਿਨਾਂ ਵਾਰ ਕਰ ਦੇਣਾ]।

ਸਾਬਾਸ ਛੰਦ:

ਇਮ ਕਹਿ ਫੇਰਿਯ। ਗੁਰਹਯ ਪ੍ਰੇਰਿਯ।

| | |
|---|---|
| ਬਨ ਸਵਧਾਨਹਿ। ਗਹਿ ਇਕ ਬਾਨਹਿ ॥੭॥ | |
| ਚਹੁੰਦਿਸ਼ਿ ਖਾਨਹਿ। ਫੇਰਿ ਕਿਕਾਨਹਿ। | |
| ਬਖਤਰ ਬੰਧਿਯ[1]। ਗੁਰਸਰ ਸੰਧਿਯ[2] ॥੮॥ | [1]ਸੰਜੋਅ ਬੰਨ੍ਹੀ ਹੋਈ ਸੀ (ਖ਼ਾਨ ਨੇ)। [2]ਜੋੜਿਆ ਚਿੱਲੇ ਵਿਚ (ਗੁਰੂ ਜੀ ਨੇ)। |
| ਸਭਿ ਤਨੁ ਛਾਦਿਯ[1]। ਕਿਤ ਨ ਦਿਖਾਦਿਯ[2]। | [1]ਢਕਿਆ ਹੋਇਆ ਸੀ। [2]ਕਿਤੋਂ ਬੀ ਨਾ ਦਿਖਾਈ ਦਿੰਦਾ ਸੀ। |
| ਜਿਤ ਸਰ ਮਾਰਹਿਂ। ਤਨ ਨ ਨਿਹਾਰਹਿਂ[1] ॥੯॥ | [1]ਸਰੀਰ ਨਹੀਂ ਸੀ ਦਿੱਸਦਾ। |
| [1]-ਬਖਤਰ ਸੰਗਹਿ। ਲਿਪਟਹਿ ਅੰਗਹਿ[2]। | [1]ਗੁਰੂ ਜੀ ਸੋਚਦੇ ਹਨ। [2]ਲਪੇਟੇ ਹੋਏ ਹਨ ਅੰਗ (ਸਾਰੇ)। |
| [1]ਮਹਿਦ ਪਠਾਨਹਿ। ਕਿਤ ਹਨਿ ਬਾਨਹਿ[2]-? | [1](ਇਸ) ਵੱਡੇ ਪਠਾਣ ਦੇ ਤੀਰ ਕਿੱਥੇ ਮਾਰੀਏ?। [2]ਗੁਰੂ ਜੀ ਫਿਰ ਫਿਰਕੇ ਤੱਕਦੇ ਹਨ। |
| ਫਿਰਿ ਫਿਰਿ ਹੇਰਤਿ। ਹਯ ਬਰ ਪ੍ਰੇਰਤਿ ॥੧੦॥ | |
| ਧਨੁ ਸਰ ਜੋਰਿਯ[1]। ਕਰਿ ਕਰ ਜੋਰਯ[2]। | [1]ਜੋੜਿਆ। [2]ਹੱਥ ਦਾ ਜ਼ੋਰ ਕਰਕੇ। |
| -ਲਛ ਨਹਿਂ ਟੋਰਿਯ[1]। ਇਮ ਨਹਿਂ ਛੋਰਿਯ- ॥੧੧॥ | [1]ਨਿਸ਼ਾਨੇ ਦਾ ਥਾਂ ਨਹੀਂ ਲਭਦਾ। |
| ਫਿਰ ਬਹੁ ਦੇਖਤਿ। ਨਗਨ ਪਰੇਖਤਿ[1]। | [1]ਨੰਗਾ (ਅੰਗ) ਲੱਭਦੇ ਹਨ। |
| ਪਿਖਿ ਜਬਿ ਨੀਕਹਿ। ਸ਼੍ਰੋਨ ਨਜੀਕਹਿ[1] ॥੧੨॥ | [1]ਕੰਨ ਦੇ ਕੋਲ। |
| ਨਗਨ ਸੁ ਥੋਰਿਯ। ਗੁਰ ਜਬਿ ਟੋਰਿਯ[1]। | [1]ਲੱਭ ਲਿਆ। |
| ਤਹਿਂ ਤਕਿ ਬਾਨਹਿ। ਸ਼ਿਸਤ ਨਿਸ਼ਾਨਹਿਂ ॥੧੩॥ | |
| ਖਰ ਖਪਰਾ ਧਰਿ[1]। ਧਨੁ ਗੁਨ ਮੈਂ ਭਰਿ[2]। | [1]ਫੜਕੇ। [2]ਧਨੁੱਖ ਦੇ ਚਿੱਲੇ ਵਿਚ ਭਰਕੇ। |
| ਕਰਖਤਿ ਆਛਯ[1]। ਛੋਰਨ ਬਾਛਯ ॥੧੪॥ | [1]ਚੰਗੀ ਤਰ੍ਹਾਂ ਖਿੱਚਿਆ। |
| ਸਰਪ ਸਾਨਹਿ। ਛੁਟਤਿ ਪਯਾਨਹਿ। | |
| ਢਿਗ ਥਲ ਕਾਨਯ। ਲਗਤਿ ਸੁ ਬਾਨਯ[1] ॥੧੫॥ | [1]ਉਹ ਬਾਣ ਜਾ ਲੱਗਾ। |
| ਭੁਜੰਗ ਪ੍ਰਯਾਤ ਛੰਦ: | |
| ਲਗਯੋ ਬਾਨ ਕਾਨੰ ਨਜੀਕੰ ਬਿਸਾਲਾ। | |
| ਗਿਰਯੋ ਭੂਮ ਮੈਂ ਖਾਨ ਕੀਨੇ ਉਤਾਲਾ[1]। | [1]ਛੇਤੀ ਨਾਲ। |

ਗਯੋ ਭਾਜ ਘੋਰਾ ਜਬੈ ਛੂਛ ਹੋਵਾ।
ਪਰਯੋ ਬੀਰ ਭਾਰੋ ਚਮੂੰ ਦੌਨ ਜੋਵਾ ॥੧੬॥
ਗੁਰੂ ਸੈਫ ਖੈਂਚੀ ਬਡੀ ਤਾਤਕਾਲਾ।
ਭਏ ਸੀਸ ਉਪੈ ਖਰੇ ਕੈ ਉਤਾਲਾ[1]।
ਪਿਖੇ ਭੀਮ ਰੂਪੰ ਭਯੋ ਖਾਨ ਭੀਰਾ[1]।
ਮਹਾਂ ਤ੍ਰਾਸ ਮਾਨਯੋ ਮ੍ਰਿਤੂ ਤੇ ਅਧੀਰਾ ॥੧੭॥
ਭਨੇ ਦੀਨ ਬੈਨੰ 'ਗੁਰੂ ਜੀ ਰਖੀਜੈ।
ਮਹਾਂ ਤੇਗ਼ ਤੀਖੀ ਨ ਗ੍ਰੀਵਾ ਕਟੀਜੈ।'
ਪ੍ਰਭੂ ਫੇਰ ਬੋਲੇ 'ਪਠਾਨਾ[1] ਸੰਭਾਲੋ।
ਅਬੈ ਰਾਖਬੇ ਕੋ ਲਖਯੋ ਕੌਨ ਕਾਲੋ[1]? ॥੧੮॥
ਕਰੋ ਯਾਦ ਕਲਮਾ ਲਖੋ ਪ੍ਰਾਨ ਅੰਤਾ।
ਮਹਾਂ ਬਾਨ ਘਾਵੰ ਬਚੈਂ ਨਾ ਕਦੰਤਾ[1]।'
ਇਮੰ ਬੋਲਤੇ ਸੈਫੰ ਸਾਫੰ ਚਲਾਈ।
ਜੁਦੋ ਰੁੰਡ ਤੇ ਮੁੰਡ ਕੀਨੋ ਤਦਾਈ ॥੧੯॥
ਜਬੈ ਮਾਰਿ ਲੀਨੋ ਭਏ ਸ਼ੱਤ੍ਰ ਦੀਨੰ।
ਫਤੇ ਖਾਲਸੇ ਦੇਖਿ ਆਨੰਦ ਕੀਨੰ।
ਬਜੇ ਦੀਹ ਬਾਜੇ ਸੁ ਧੌਂਸੇ ਧੁੰਕਾਰੇ।
ਅਪੋ ਆਪ ਮੈਂ ਬੀਰ ਬੰਕੇ ਬਕਾਰੇ ॥੨੦॥
ਕਿਨੂ ਖੱਗ ਖੈਂਚੇ ਬਡੇ ਬਾਢ ਵਾਰੇ[1]।
ਮਹਾਂ ਜੁੱਧ ਜੂਝੇ ਜੁਝਾਰੇ ਕਰਾਰੇ।
ਤੁਫੰਗਾਨਿ ਕੋਂ ਮਾਰਿ ਕੈ ਏਕ ਬਾਰੀ।
ਮਿਲੀ ਦੌਨ ਸੈਨਾ ਭਿਰੇ ਭੇਰ ਭਾਰੀ ॥੨੧॥
ਤਮਾਂਚੇ ਕਰਾਚੋਲ ਨੇਜ਼ੇ ਪ੍ਰਹਾਰੇ।
ਗਿਰਯੋ ਸ਼੍ਰੋਨ ਭੂਮੰ ਦਬਯੋ ਖੇਹ ਸਾਰੇ।
ਧਕਾਧੱਕ ਧੀਰੰ ਹਥਾਵੱਥ ਹੋਏ।
ਕਿਨੈ ਮਾਰਿ ਸਾਂਗੰ ਸੁ ਬੀਰੰ ਪਰੋਏ ॥੨੨॥

[1]ਸਿਰ ਤੇ ਛੇਤੀ ਨਾਲ ਜਾ ਖੜੋਤੇ।

[1]ਕਾਇਰ ਹੋ ਗਿਆ।

[1]ਪਠਾਣ ਪੁਣਾ।

[1]ਭਾਵ) ਜਾਨ ਬਚਾਉਣ ਦਾ ਸਮਾਂ ਲੰਘ ਚੁਕਾ ਹੈ (ਕਿਉਂਕਿ) ਅਗੇ ਦੱਸਦੇ ਹਨ ਕਿ ਤੀਰ ਦਾ ਜ਼ਖਮ ਕਾਰੀ ਲੱਗ ਚੁਕਾ ਹੈ।

[1]ਤੈਨੂੰ ਤੀਰ ਦਾ ਜ਼ਖਮ ਬੜਾ ਕਾਰੀ ਲੱਗ ਚੁਕਾ ਹੈ, ਤੂੰ ਬਚ ਕਿਵੇਂ ਨਹੀਂ ਸਕਦਾ। ਤੀਰ ਦੇ ਲੱਗੇ ਜ਼ਖਮ ਨਾਲ ਉਸ ਨੂੰ ਲੁਛ ਲੁਛ ਕੇ ਮਰਨ ਦੇ ਨਾਲੋਂ ਉਸ ਨੂੰ ਛੇਤੀ ਪਾਰ ਕਰਨਾ ਤੜਫਨੀ ਘਟਾਉਣਾ ਹੈ, ਇਸ ਸਮੇਂ ਇਹ ਭੀ ਤਰਸ ਹੈ

[1]ਤਿੱਖੀ ਧਾਰ ਵਾਲੇ।

ਪਿਖ੍ਯੋ ਭੀਮ ਜੁੱਧੰ ਨ੍ਰਿਪੰ ਭੀਮਚੰਦੰ।
[1]ਜੰਗ ਵਿਚ ਸੂਰਮਿਆਂ ਦੇ ਨਾਸ਼ ਕਰਨ ਲਈ ਨਿਰਭੈ ਧੀਰਜ ਵਾਨ ਹਨ।

ਨਰਾਜ ਛੰਦ:

ਤਿਨਹੁ ਮਝਾਰ ਏਕ ਹੈ, ਬਚਿੱਤ੍ਰ ਸਿੰਘ ਸੂਰਮਾ।
ਬਲੀ ਬਿਲੰਦ ਬਾਹੁ ਦੰਡ, ਸ਼ੱਤ੍ਰੁ ਤੇ ਗ਼ਰੂਰਮਾ[1]।
ਸੁ ਰਾਜਪੂਤ ਜਾਤਿ ਤੇ, ਮੁਛੈਲ[1] ਛੈਲ ਜਾਨਿਯੇ।
ਕ੍ਰਿਪਾਨ ਢਾਲ ਅੰਗ ਸੰਗ, ਜੰਗ ਮੈਂ ਮਹਾਂਨਿਯੇ ॥੪॥

[1]ਸ਼ੱਤ੍ਰੂ ਪਰ ਭਾਰੀ ਹੈ।

[1]ਬੜੀਆਂ ਮੁੱਛਾਂ ਵਾਲਾ।

ਦੋਹਰਾ:

ਪੋਸ਼ਸ਼ ਪਟ ਬਹੁ ਰੂਪ ਕੀ, ਪਹਿਰਤਿ ਅਪਨੇ ਅੰਗ।
ਪਿਖਿ ਪ੍ਰਭੁ ਕਹਿਂ ਬਹੁਰੂਪੀਆ, ਭਯੋ ਸੁ ਸੰਗਜਾ ਸੰਗ[1] ॥੫॥

[1]ਇਸ ਕਰਕੇ ਉਹ (ਬਹੁਰੂਪੀਆ) ਸੰਗਜਾ ਵਾਲਾ ਹੋ ਗਿਆ।

ਚੰਚਲਾ ਛੰਦ:

ਸ਼੍ਰੀ ਗੁਰੂ ਬਿਲੋਕ ਕੈ, ਬਿਲੰਦ ਓਜਵਾਨ ਜਾਨਿ।
ਸਾਮਹੇ ਥਿਰਯੋ ਸੁ ਬੀਰ, ਹਾਥ ਧਾਰਿ ਆਯੁਧਾਨ।
ਮਾਨਿ ਹੈ ਪ੍ਰਭੂ ਸੁ ਬਾਕ, ਹੈ ਅਨੰਦ ਧੀਰ ਮਾਂਹਿ।
ਬਾਸਤੋ ਹਜ਼ੂਰ ਨੀਤਿ, ਭਾਉ ਦੀਹ ਚੀਤ ਜਾਂਹਿ ॥੬॥

ਲਲਿਤਪਦ ਛੰਦ:

ਬਿੱਦਯਾ ਨੇਜੇ ਮਾਰਨਿ ਕੀ ਮਹਿਂ,
ਬੁੱਧਿਵਾਨ ਬਡ ਜਾਨੈ।
ਚਢਿ ਤੁਰੰਗ ਕੈ ਪੈਦਲ ਹ੍ਵੈ ਕਰਿ,
ਅਧਿਕ ਭ੍ਰਮਾਵਨਿ ਠਾਨੈ ॥੭॥
ਨੇਜਾ ਗਹੇ ਖਰੋ ਜੋ ਸਨਮੁਖ,
ਸ਼੍ਰੀ ਪ੍ਰਭੁ ਨਿਕਟ ਹਕਾਰਾ।
'ਆਉ ਬਚਿੱਤ੍ਰ ਸਿੰਘ ਬਡ ਜੋਧਾ,
ਤੁਵ ਸਿਰ ਭਾਰ ਉਦਾਰਾ ॥੮॥
ਉਤ ਸੈਲੇਂਦ੍ਰਨਿ ਕੋ ਮਤੰਗ ਬਡ,
ਇਤ ਤੇ ਕੇਹਰਿ ਥੀਜੈ।
ਮਹਾਂ ਦਾੜ ਨੇਜਾ ਖਰ ਦੈ ਹੈਂ,
ਗਜ[1] ਹਤਿਬੇ ਕੋ ਕੀਜੈ ॥੯॥
ਆਯੁਤ ਭਾਲਾ ਭਾਲ ਪ੍ਰਹਾਰਹੁ[1],
ਮੁਰ ਹੈ ਜਿਸ ਤੇ ਹਾਥੀ।
ਨਹੀਂ ਕਦਾਚਿਤ ਸਨਮੁਖ ਆਵੈ,
ਪੀਛੇ ਮਾਰੈ ਸਾਥੀ ॥੧੦॥
ਧਰਿ ਧੀਰਜ ਦੀਰਘ ਬਲ ਕਰਿ ਕੈ,
ਸ਼ੰਕਾ ਤਯਾਗਿ ਪ੍ਰਹਾਰੋ।
ਤ੍ਰਾਸ ਨ ਕਰਹੁ ਪ੍ਰਯਾਸ ਧਰਹੁ ਅਸ,
ਜਸੁ ਕੋ ਪਾਇਂ ਸੁਖਾਰੋ' ॥੧੧॥
ਸੁਨਿ ਬਚਿੱਤ੍ਰ ਸਿੰਘ ਭਯੋ ਪ੍ਰਫੁੱਲਜਤ,
ਤਬਿ ਦੋਨਹੁੰ ਕਰ ਬੰਦੇ।

[1]ਤਿੱਖੇ ਨੇਜ਼ੇ ਰੂਪੀ (ਸ਼ੇਰ ਦੀ) ਭਾਰੀ ਦਾੜ੍ਹ ਦਿਆਂਗੇ।

[1]ਚੌੜਾ ਨੇਜ਼ਾ ਮੱਥੇ ਵਿਚ ਮਾਰੋ।

'ਮਹਾਰਾਜ ਕੀ ਆਇਸੁ ਜੈਸੇ,
ਤਿਮ ਹੀ ਕਰੌਂ ਨਿਕੰਦੇ ॥੧੨॥
ਮਹਿ ਮਹਿਂ[1] ਇਹ ਹਾਥੀ ਕਤਾ ਬਪੁਰੋ,
ਜੋ ਅਰ ਸਕਹਿ ਅਗਾਰੀ।
ਸੁਨਜੋ ਸੁਰਗ ਮਹਿਂ ਇਕ ਐਰਾਵਤ,
ਤਿਸ ਕੋ ਲੈਹੌਂ ਮਾਰੀ' ॥੧੩॥
ਅਪਨਿ ਖਜ਼ਾਨੇ ਬਿਚ ਤੇ ਸਤਿਗੁਰ,
ਤਬਿ ਨੇਜ਼ੇ ਮੰਗਵਾਏ।
ਕਿਸੀ ਵਲਾਇਤ ਭਏ ਤਜਾਰ ਸੋ,
ਕੀਮਤ ਅਧਿਕ ਬਨਾਏ ॥੧੪॥
ਬੇਣ ਬਿਖੈ ਬਹੁ ਕਲੀ ਪੂਰ ਕਰਿ,
ਊਪਰ ਪੈ ਲਪਟਾਏ[1]।
ਦੁਹਰੇ ਹੋਇ ਬਨਹਿਂ ਪੁਨ ਸਰਲੀ,
ਨਹਿਂ ਟੂਟਹਿਂ ਬਲ ਲਾਏ[1] ॥੧੫॥
ਪਰੇ ਬੰਦ ਬਹੁ ਚਾਮੀਕਰ ਕੇ,
ਨਗ ਤਿਨ ਪਰ ਜਰਵਾਏ।
ਧਨ ਦਸ ਸਪਤ ਸਹੰਸ੍ਰੈ[1] ਲਾਗਜੋ,
ਬਾਸ਼ਕ ਸਮ[1] ਦਰਸਾਏ ॥੧੬॥
ਸ਼੍ਰੀ ਪ੍ਰਭੁ ਦੋਨਹੁ ਲਏ ਹਾਥ ਮਹਿਂ,
ਪਰਖਹਿਂ ਤੋਲਨ ਕੀਨਾ।
ਕੁੰਚਰ ਕੇ ਮਸਤਕ ਕੋ ਫੋਰਨਿ,
ਇਕ, ਤਿਨ ਮਹਿਂ ਤੇ ਦੀਨਾ ॥੧੭॥
ਫਲ ਫੁਲਾਦ ਕੀਮਤ ਬਹੁਤੇ ਕੀ[1],
ਲੋਹਾ ਬੀਧਨ ਵਾਰੋ।
ਲੇ ਬਚਿੱਤ੍ਰ ਸਿੰਘ ਬੰਦਨ ਕੀਨਸਿ,
ਤਤਛਿਨ ਭਾ ਬਲ ਭਾਰੋ ॥੧੮॥
ਬਿੱਦਜਾ ਅਧਿਕ ਬਹੁਤ ਸਿਖਰਾਈ,
'ਇਮ ਗਹਿ ਕਰਿ ਗਜ ਮਾਰੋ।'
ਸਕਲ ਭੇਦ ਕੋ ਜਾਨਜੋਂ ਤੂਰਨ,

[1]ਪ੍ਰਿਥਵੀ ਵਿਚ।

[1]ਬਾਂਸ ਵਿਚ ਕਲੀ ਭਰਕੇ ਉਪਰ ਤੰਦੀ ਲਪੇਟੀ ਹੋਈ ਹੈਸੀ [ਫਾ:, ਪੈ = ਜਾਨਵਰਾਂ ਦੇ ਬਦਨ ਵਿਚੋਂ ਲਏ ਪੱਠੇ ਆਦਿ ਜਿਨ੍ਹਾਂ ਨੂੰ ਕਮਾਨ ਤੇ ਨੇਜ਼ਿਆ ਦੇ ਮੁੱਠਾਂ ਤੇ ਲਪੇਟਦੇ ਹਨ ਪੱਕਿਆਂ ਕਰਨ ਵਾਸਤੇ। ਦੇਖੋ ਗਜਾਸੁ:]।

[1]ਦੂਹਰੇ ਹੋਕੇ ਫਿਰ ਸਿੱਧੇ ਹੋ ਜਾਂਦੇ ਹਨ ਬਲ ਲਾਇਆਂ ਟੁੱਟਦੇ ਨਹੀਂ ਸਨ।

[1]੧੭ ਹਜ਼ਾਰ।

[1]ਬਾਸ਼ਕ ਨਾਗ ਵਰਗੇ।

[1]ਬਹੁਤੇ ਮੁੱਲ ਦੀ।

ਗੁਰ ਕਰੁਨਾ ਉਰ ਧਾਰੋ ॥੧੯॥
ਕਰੀ ਬਚਿੱਤ੍ਰ ਸਿੰਘ ਪੁਨ ਬਿਨਤੀ,
'ਹਾਰਿ ਜੀਤ ਨਹਿਂ ਜਾਨੋਂ।
ਜਿਤ ਪ੍ਰੇਰਹੁ ਤਿਤ ਗਮਨਹੁਂ ਸਨਮੁਖ
ਬੁਧਿ ਅਰੁ ਬਲ ਸਭਿ ਠਾਨੌਂ[1] ॥੨੦॥
ਮੋਹਿ ਮਰਨ ਕੀ ਚਿੰਤ ਨ ਕੋਈ
ਤੁਮਹਿਂ ਦਾਸ ਕੀ ਲਾਜਾ।
ਖਰੋ ਹੀਨ ਮਿਸ ਮੇਰੋ ਇਕ ਹੈ
ਆਪ ਕਰਹੁ ਨਿਜ ਕਾਜਾ ॥੨੧॥
ਦਾਸ ਉਚਿਤ ਆਇਸੁ ਕੋ ਮੰਨਨਿ
ਤੁਮ ਪੂਰਨ ਨਿਰਬਾਹੋ।
ਜਗ ਮਹਿਂ ਸੁਜਸੁ ਪ੍ਰਲੋਕ ਮਹਾਂ ਸੁਖ
ਮਨ ਜਾਨਜੋਂ ਇਸ ਮਾਂਹੋ ॥੨੨॥
ਜਿਮ ਸ਼੍ਰੀ ਕ੍ਰਿਸ਼ਨ ਭੀਮ ਕੋ ਬਲ ਦੇ
ਜਰਾਸੰਧ ਮਰਿਵਾਯੋ।
ਰਾਮ ਚੰਦ੍ਰ ਸੁੱਗ੍ਰੀਵ ਓਜ ਦੇ
ਬਾਲੀ ਕੋ ਹਤਵਾਯੋ ॥੨੩॥
ਤਥਾ ਕ੍ਰਿਪਾ ਕਰਿ ਮੁਝ ਤੇ ਕਾਰਜ
ਆਪ ਬਨਾਵਨ ਚਾਹੋ।
ਦੀਜਹਿ ਮਾਦਕ ਰਹੁ ਮਤ ਮੁਹਿ ਮਤ,
ਆਪ ਦੁਰਦ ਕੋ ਗਾਹੋ[1]' ॥੨੪॥

ਸੁਨਿ ਪ੍ਰਸੰਨ ਕਲ਼ਗੀਧਰ ਹ੍ਵੈ ਕੈ
ਨਿਜ ਅਫੀਮ ਮੰਗਵਾਈ।
ਡੱਬਾ ਚਾਮੀਕਰ ਕੋ ਸੁੰਦਰ
ਜਟੇ ਰਤਨ ਸਮੁਦਾਈ ॥੨੫॥
ਮਾਸੇ ਪੰਚ ਭਖਤਿ ਸੋ ਪੂਰਬ
ਤਿਸ ਤੇ ਦਈ ਸਵਾਈ[†]।

ਦੂਰ ਵਲਾਇਤ ਤੇ ਜੋ ਆਵਤਿ
ਅਤਿ ਮਾਦਕ ਬਡਿਆਈ[1] ॥੨੬॥
ਨਿਜ ਕਰ ਤੇ ਕਲ਼ਗੀਧਰ ਦੀਨੀ

[1]ਕਰਾਂਗਾ।

[1]ਅਫੀਮ ਦਿਓ, ਮੇਰੀ ਬੁੱਧੀ ਨੂੰ ਮਸਤ ਕਰ ਦਿਓ ਤੇ ਆਪ ਹਾਥੀ ਨੂੰ ਮਾਰੋ।

[†]ਰਾਜਪੂਤਾਂ ਵਿਚ ਅਫੀਮ ਦਾ ਰਿਵਾਜ ਬਹੁਤ ਹੀ ਹੈਸੀ ਤੇ ਹੁਣ ਹੈ। ਪਰ ਨਿਸ਼ਚੈ ਨਹੀਂ ਕਿਹਾ ਜਾ ਸਕਦਾ ਕਿ ਬਚਿੱਤ੍ਰ ਸਿੰਘ ਜੀ ਸਿੰਘ ਸਜਕੇ ਅਫੀਮੀ ਰਹੇ ਹੋਣ ਕਿ ਨਾ।

[1]ਡਾਢੀ ਨਸ਼ੇ ਵਾਲੀ (ਜਿਸਦੀ) ਮਹਿਮਾਂ ਹੈ।

ਜੁਗ ਹਾਥਨਿ ਪਰ ਲੀਨੀ।
ਸਿਮਰਿ ਨਾਮ ਗੁਰੁ ਕੋ ਤਬਿ ਖਾਈ
ਬਡਿ ਕੀਮਤਿ ਕੀ ਚੀਨੀ ॥੨੭॥
ਪੁਨ ਬਿਜੀਆਂ[1] ਘੁਟਵਾਇ ਮੰਗਾਈ
ਸਿੰਘਨ ਪਾਨ ਕਰਾਈ।
ਪੀਵਤਿ ਚਢ੍ਯੋ ਬਿਸਾਲ ਅਮਲ ਤਬਿ,
ਲਾਲੀ ਲੋਚਨ ਛਾਈ ॥੨੮॥
ਭੌਹੈਂ ਚਢੀ ਕਮਾਨ ਮਨਿੰਦੈ
ਮੂਛਨ ਪਰ ਕਰ ਫੇਰਾ।
ਖੜਗ ਸਿਪਰ ਤੇ ਕਮਰ ਕਸੀ ਦ੍ਰਿਢ,
ਬਰਛਾ ਕਰ ਮਹਿਂ ਫੇਰਾ ॥੨੯॥
ਬਖਸ਼੍ਯੋ ਬਲ ਬਿਸਾਲ ਕਲ਼ਗੀਧਰ
ਵਧ ਗਯੋ ਮਨ ਉਤਸਾਹੂ।
ਕੁੰਚਰ ਕੋ ਪਪੀਲਕਾ ਜਾਨਤਿ
-ਹਤੌਂ ਤੁਰਤ ਰਣ ਮਾਂਹੂ- ॥੩੦॥
ਵਧ੍ਯੋ ਪ੍ਰਮੋਦ ਭਯੋ ਤਬਿ ਗਦਗਦ
ਪਰ੍ਯੋ ਚਰਨ ਗੁਰ ਆਗੇ।
ਦੇ ਥਾਪੀ ਤਤਕਾਲ ਉਠਾਯੋ
'ਕਰਹੁ ਜੁਧ ਅਨੁਰਾਗੇ' ॥੩੧॥
ਚਤੁਰ ਪ੍ਰਦਛਨਾ ਦੇ ਪ੍ਰਭੁ ਕੇਰੀ
ਸਭਿ ਸੋਂ ਫਤੇ ਬੁਲਾਈ।
ਪਿਖਤਿ ਖਾਲਸਾ[1] ਚਲ੍ਯੋ ਅੱਗ੍ਰ ਕੌ
ਅਸੁ ਪਰ[1] ਦ੍ਰਿਸ਼ਟਿ ਚਲਾਈ ॥੩੨॥
ਕਰਿ ਬੰਦਨ ਪਗ, ਭਯੋ ਅਰੂਢਨਿ,
ਬਰਛਾ ਹਾਥ ਹੁਲਾਰਾ।
ਦੂਸਰ ਕਰ ਮਹਿਂ ਬਾਗ ਤੁਰੰਗ ਕੀ
ਲੇ ਗੁਰ ਨਾਮ ਪਧਾਰਾ ॥੩੩॥
ਹੁਤੋ ਦਮਦਮਾ ਅਧਿਕ ਉਚੇਰੋ
ਤਿਸ ਪਰ ਗੁਰੁ ਅਰੂੜੇ।
ਪਿਖਨਿ ਤਮਾਸ਼ਾ ਜੰਗ ਕਰਨ ਕੋ
ਢੋਵਨ ਗਜ ਕੋ ਕੂੜੇ ॥੩੪॥
ਉਦੇ ਸਿੰਘ ਆਲਮ ਸਿੰਘ ਆਦਿਕ

[1]ਸੁੱਖਾ।

[1]ਖਾਲਸੇ ਦੇ ਵੇਖਦਿਆਂ।

[1]ਘੋੜੇ ਪਰ।

ਸਭਿ ਪ੍ਰਭੁ ਕੇ ਢਿਗ ਬੈਸੇ।
ਕਰਹਿਂ ਕ੍ਰਿਪਾ ਜਿਮ ਬਾਕ ਬਖਾਨੈਂ
ਸਨਮਾਨਤਿ ਹੈਂ ਤੈਸੇ ॥੩੫॥
ਦ੍ਰਿਸਟਿ ਲੋਹਗੜ ਦਿਸ਼ਿ ਕੋ ਪ੍ਰੇਰੀ
ਹੇਰਿ ਸ਼ੱਤ੍ਰੂ ਸਮੁਦਾਏ।
ਬਡੇ ਢੋਲ ਦੁੰਦਭਿ ਰਣਸਿੰਙੇ
ਨਾਦ ਬਿਸਾਲ ਉਠਾਏ ॥੩੬॥
ਗਜ ਸ਼ਿੰਗਾਰ ਕੀਯੋ ਬਹੁ ਗਾਢੋ
ਲੋਹੇ ਸੰਗ ਅਛਾਦਾ।
ਇਤ ਉਤ ਸੌਂਡਾ ਫੇਰਨਿ ਕਰਤੋ,
ਚਮਕ ਸੈਫ ਭੰਟ ਬਾਦਾ[1] ॥੩੭॥

[1]ਇਧਰ ਉਧਰ ਜਦ ਸੁੰਡ ਫੇਰਦਾ ਹੈ ਤਾਂ ਸੂਰਮਿਆਂ ਦਾ ਨਾਸ਼ ਕਰਨ ਲਈ (ਬੱਧੀ ਹੋਈ) ਤਲਵਾਰ ਚਮਕਦੀ ਹੈ।

ਏਕ ਲਾਖ ਗਿਨਤੀ ਕੋ ਜੋਧਾ
ਪੁਨ ਸਤਵੰਜ ਹਜ਼ਾਰਾ।
ਸੰਗ ਕੇਸਰੀ ਚੰਦ ਸੁ ਲੈ ਕੇ
ਹੇਲਾ ਘਾਲਨਿ ਤਜਾਰਾ ॥੩੮॥
ਸੁਥਰੀ, ਧੌਂਸ[1] ਦੀਰਘਾ, ਭੇਰਹਿਂ[2],
ਡਫ ਗਨ ਢੋਲ ਸਮੂਹੰ।
ਪਟਹਿ, ਬਾਂਸੁਰੀ, ਬਜੀ ਨਫੀਰੀ,
ਭਟ ਉਮਡੇ ਹਿਤ[†] ਹੂਹੰ[1] ॥੩੯॥

[1]ਧੌਂਸੇ। [2]ਭੇਰੀਆਂ।

[1]ਹੱਲੇ ਕਰਨ ਲਈ। (ਅ) ਸ਼ੋਰ ਕਰਨ ਲਈ। [†]ਪਾ:-ਨਿੱਤ।

ਮਾਰਿ ਮਾਰਿ ਕਹਿਂ ਰੌਰ ਪਰਜੋ ਬਡ
ਤੋਮਰ ਲਏ ਹਜ਼ਾਰਾ।
ਖੜਗ ਸਿਪਰ ਲੇ ਫਾਂਦਨ ਕਰਿਤੇ
ਤੜਭੜ ਤੁਪਕ ਉਦਾਰਾ ॥੪੦॥
ਤੁਰੰਗ ਕੇਸਰੀ ਚੰਦ ਫੰਧਾਯੋ
ਸਭਿ ਤੇ ਆਗੂ ਹ੍ਵੈ ਕੈ।
'ਆਜ ਲੋਹਗੜ੍ਹ ਤੋੜੌਂ ਭਿੜਿ ਕੈ'
ਸਪਥ[1] ਰਿਦੈ ਸਿਮਰੈ ਕੈ ॥੪੧॥
ਆਲਮ ਸਿੰਘ ਬਿਲੋਕਤਿ ਬੋਲਜੋ
'ਪ੍ਰਭੁ ਜੀ ! ਇਹ ਜਸਵਾਰੀ।
ਮਹਾਂ ਸ਼ੱਤ੍ਰੁ ਹੰਕਾਰਿ ਬਡੇਰਾ
ਸਭਿ ਮਹਿਂ ਸਪਥ ਉਚਾਰੀ ॥੪੨॥

[1]ਸੌਂਹ।

ਆਜ ਜੰਗ ਮਹਿੰ ਇਸਹਿ ਸੰਘਾਰਹਿੰ
ਸੈਲੇਂਦ੍ਰਨਿ ਹਤਿ ਧੀਰੰ[1]।
ਕਰਹੁ ਖਾਲਸੇ ਪਰ ਨਿਜ ਕਰੁਨਾ
ਇਤ ਤੇ ਭੇਜਹੁ ਬੀਰੰ ॥੪੩॥
ਅਪਰ ਕਾਰ ਲਰਿ ਮਾਰਨ ਕੇਰੀ
ਸੋ ਨ ਕਰਹਿੰ ਰਣ ਮਾਂਹੀ।
ਹਤਹਿੰ ਕੇਸਰੀ ਕੋ ਕਰਿ ਉੱਦਮ
ਰਿਪੁ ਨਿਰਬਲ ਹੁਇ ਜਾਂਹੀ[1]' ॥੪੪॥
ਸ਼੍ਰੀ ਕਲਗ਼ੀਧਰ ਸੁਨਤਿ ਬਖਾਨੀ
'ਨੀਕੀ ਬਾਤ ਬਤਾਈ।
ਜਿਮ ਬਚਿੱਤ੍ਰ ਸਿੰਘ ਗਜ ਪਰ ਗਮਨਜੋਂ
ਤਿਮ ਕੋ[1] ਇਸ ਪਰ ਜਾਈ ॥੪੫॥
ਸਿਰ ਨਿਕੰਦ ਕਰਿ ਹਮ ਢਿਗ ਆਨਹਿ
ਨ੍ਰਿਭੈ ਖੜਗ ਕੇ ਸਾਥਾ।
ਧਰਿ ਬਿਸ਼ਵਾਸ਼ ਮਹਤ ਉਤਸਾਹਿਤ
ਕੋ ਟੇਕਹਿ ਪਗ ਮਾਥਾ' ॥੪੬॥
ਤੀਨ ਬਚਨ ਸੁਨਿ ਉਦੇ ਸਿੰਘ
ਤਬਿ ਬੋਲਜੋ ਜੋਰਤਿ ਹਾਥਾ।
'ਕਰਹੁ ਦਾਸ ਕੋ ਆਇਸੁ ਸ਼੍ਰੀ ਪ੍ਰਭੁ !
ਮੈਂ ਲਰਿ ਹੌਂ ਰਿਪੁ ਸਾਥਾ ॥੪੭॥
ਜੰਗ ਖੇਤ ਮਹਿੰ ਹਤਨ ਕਹਾਂ ਇਹ,
ਜੇ ਅਵਿਲੋਕ ਪਲਾਵੈ।
ਦੁਰਗ ਸੈਲ ਮੈਂ ਜਾਇ ਪ੍ਰਵੇਸ਼ੈ
ਤਹਾਂ ਨ ਪ੍ਰਾਨ ਬਚਾਵੈ ॥੪੮॥
ਕਰੌਂ ਪ੍ਰਹਾਰ ਅਪਰ ਪਰ ਮੈਂ ਨਹਿੰ,
ਪਹੁੰਚੌਂ ਤਿਸ ਕੇ ਪਾਸਾ।
ਗੁਰ ਪ੍ਰਤਾਪ ਤੇ ਕਰਾਚੋਲ ਸੋਂ
ਦੇਵਹੁੰ ਸੀਸ ਬਿਨਾਸਾ ॥੪੯॥
ਜਹਿੰ ਕਹਿੰ ਅਰਹਿੰ ਲਰਹਿ ਇਹ ਮੂਰਖ
ਰਣ ਕੀ ਬਾਯੁ ਨ ਲਾਗੀ।
ਆਜ ਲੇਹਿ ਫਲ ਸਗਰੇ ਦਿਨ ਕੋ
ਬੇਮੁਖ ਕੂੜ ਕੁਭਾਗੀ' ॥੫੦॥

[1]ਪਹਾੜੀ ਰਾਜਿਆਂ ਦਾ ਧੀਰਜ ਨਾਸ਼ ਕਰੀਏ।

[1](ਇਸਦੇ ਮਰਨ ਨਾਲ) ਵੈਰੀ ਨਿਰਬਲ ਹੋ ਜਾਣਗੇ।

[1]ਕੋਈ।

ਸੁਨਿ ਪ੍ਰਸੰਨ ਕਲਗ਼ੀਧਰ ਹੋਏ
ਬਲੀ ਤੁਰੰਗ ਤਬੇਲੇ।
ਜ਼ੀਨ ਪਵਾਇ ਅਨਾਯਹੁ ਤੂਰਨ
ਕਹ੍ਯੋ 'ਉਦੇ ਸਿੰਘ! ਲੇ ਲੇ' ॥੫੧॥
ਦੀਰਘ ਖੜਗ ਕੋਸ਼ ਤੇ ਦੀਨਸਿ
ਖਰੋ ਪੁਲਾਦ ਕਰਾਰਾ[1]। [1]ਸਖਤ।
ਬਲ ਤੇ ਹਤੇ ਲੋਹ ਕੋ ਕਾਟਹਿ
ਮਾਨੁਖ ਕਹਾਂ ਬਿਚਾਰਾ ॥੫੨॥
ਬਰਛਾ ਦੁਤੀ ਰਹ੍ਯੋ ਸੋ ਬਖਸ਼੍ਯੋ
ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ।
ਬਲ ਉਤਸਾਹ ਬਿਸਾਲ ਵਧ੍ਯੋ ਤਨ
ਗੁਰੂ ਪ੍ਰਤਾਪ ਘਨੇਰਾ ॥੫੩॥
ਕਟ ਸੋਂ ਬੰਧਿ ਖੜਗ, ਬਡ ਢਾਲਾ,
ਤੋਮਰ ਹਾਥ ਮਝਾਰਾ।
ਨਮੋਂ ਪ੍ਰਦੱਛਨ ਕਰਤਿ ਭਯੋ ਜਬਿ
ਮਾਦਿਕ[1] ਦੀਨਿ ਉਦਾਰਾ ॥੫੪॥ [1]ਭਾਵ ਅਫੀਮ।
ਨਿਜ ਕਰ ਤੇ ਹਫੀਮ ਸੋ ਦੀਨੀ
ਬਿਜੀਆ ਕਰਿ ਕੈ ਪਾਨਾ।
ਬੰਕ ਮੁਛਹਿਰੇ[1] ਕਰਿ ਤਬਿ ਗਮਨ੍ਯੋਂ [1]ਮੁੱਛਾਂ ਨੂੰ ਤਾ ਦੇਕੇ।
ਭਾ ਅਸਵਾਰ ਕਿਕਾਨਾ[1] ॥੫੫॥ [1]ਘੋੜੇ ਤੇ ਸਵਾਰ ਹੋਯਾ।
ਗਿਰ ਈਸ਼ਨ ਕੀ ਚਮੂੰ ਘਨੀ ਲਖਿ
ਸਿੰਘ ਸਮੂਹ ਉਠਾਏ[1]। [1]ਉਠੇ, ਉਠਕੇ ਆਏ।
ਤੁਪਕ ਤਮਾਚੇ ਚਾਂਪ ਤੀਰ ਖਰ
ਗਹਿ ਗਹਿ ਸ਼ਸਤ੍ਰ ਸਿਧਾਏ ॥੫੬॥
'ਆਜ ਭੇੜ ਓੜਕ ਕੋ ਪਰਿ ਹੈ
ਗੁਰ ਪ੍ਰਤਾਪ ਤੇ ਮਾਰੈਂ।
ਕਹਾਂ ਭਯੋ ਜੋ ਅਨੀ ਘਨੀ ਤਿਨ,
ਲਰਿ ਕਰਿ ਮੂਰਖ ਹਾਰੈ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਚਿੱਤ੍ਰ ਸਿੰਘ ਉਦੇ ਸਿੰਘ ਰਣ ਕਰਨਿ ਪਠਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਦੋਨਹੁ ਦੀਰਘ ਸੂਰਮੇ, ਅਪਰ ਸਿੰਘ ਸਮੁਦਾਇ।
ਚਲੇ ਲਰਨ ਕੇ ਹੇਤੁ ਕੋ, ਜਹਿਂ ਰਣਖੇਤ ਬਨਾਇ ॥੧॥

ਚੰਪਕਮਾਲਾ ਛੰਦ:

ਦੀਰਘ ਰੌਰਾ ਦ੍ਵੈ ਦਿਸ਼ਿ ਹੋਵਾ।
ਚਾਹਤਿ ਹਾਥੀ ਕੋ ਤਬਿ ਢੋਵਾ।
ਸਿੰਘ ਗਏ ਘੋਰੇ ਅਸਵਾਰਾ।
ਲੋਹਗੜੀ ਕੋ ਦ੍ਵਾਰ ਨਿਹਾਰਾ ॥੨॥
ਨਾਹਰ ਸਿੰਘੰ ਬੀਰ ਬਿਸਾਲਾ।
ਬੀਚ ਥਿਰਯੋ ਲੈ ਸਿੰਘਨਿ ਜਾਲਾ।
ਕਾਸ਼ਟ ਪ੍ਰਿਸ਼ਟਾ[1] ਹਾਥ ਸੰਭਾਰੇ। — [1]ਬੰਦੂਕ।
ਡਾਲਿ ਦੁਗੋਰੀ ਹ੍ਵੈ ਕਰਿ ਤ੍ਯਾਰੇ ॥੩॥
ਛੋਰਤਿ ਬੈਰੀ ਹੇਰਤਿ ਆਏ[1]। — [1]ਵੈਰੀ ਆਇਆ ਦੇਖਕੇ ਗੋਲੀਆਂ ਛੱਡਦੇ ਹਨ।
ਦੈ ਉਤਸਾਹੰ ਬੀਰ ਬਧਾਏ।
'ਸ਼੍ਰੀ ਪ੍ਰਭੁ ਹ੍ਵੈਂ ਰੱਛ੍ਯਾ ਕਰਿ ਭਾਰੀ[1]। — [1]ਸ਼੍ਰੀ ਪ੍ਰਭੂ ਜੀ ਭਾਰੀ ਰੱਛ੍ਯਾ ਕਰਨ ਵਾਲੇ ਹੋਣ।
ਨਾਮ ਸੁ ਲੀਜੈ ਜੈ ਰਣ ਕਾਰੀ[1]' ॥੪॥ — [1]ਰਣ ਵਿਚ ਜੈ ਕਰਾਉਣ ਵਾਲਾ ਨਾਮ (ਭਾਵ ਗੁਰੂ ਜੀ ਦਾ ਨਾਮ) ਲਓ।

ਚੰਚਲਾ ਛੰਦ:

ਸ਼ੇਰ ਸਿੰਘ ਦੂਸਰੋ ਸੁ,
ਜੂਥ ਨਾਥ[1] ਬੀਚ ਬੀਰ। — [1]ਜਥੇਦਾਰ, ਸੈਨਾਪਤੀ।
ਤ੍ਯਾਰ ਜੰਗ ਖੇਤ ਕੋ, ਸੁ ਲੋਹ ਕੋਟ ਪੌਰ ਤੀਰ[1]। — [1]ਲੋਹਗੜ ਦੇ ਦਰਵਾਜ਼ੇ ਪਾਸ ਸੀ।
ਸੈਨ ਸੈਲ ਨਾਥ ਕੀ, ਬਿਸਾਲ ਹੇਲ ਘਾਲਿ ਘਾਲਿ।
'ਮਾਰ ਮਾਰ' ਬੋਲਤੀ, ਪੁਕਾਰ ਭੂਰਿ ਡਾਲਿ[1] ਡਾਲਿ ॥੫॥ — [1]ਬਹੁਤੀ ਪੁਕਾਰ ਪਾ ਪਾਕੇ।
ਸ਼੍ਰੀ ਗੁਰੂ ਬਿਲੋਕਤੇ, ਉਤੰਗ ਥਾਨ ਪੈ ਥਿਰੰਤਿ।
ਜੰਗ ਮੈਂ ਉਮੰਗ ਕੈ, ਤੁਫੰਗ ਸੰਗ ਭੰਗਯੰਤਿ[1]। — [1]ਨਾਸ਼ ਕਰਦੇ ਹਨ (ਵੈਰੀਆਂ ਨੂੰ)।
ਗੋਰੀਆਂ ਦੁਓਰਿਯਾਂ, ਸੁ ਛੋਰਿਯਾਂ ਸਰੀਰ

ਫੋਰ।
ਗੇਰਿਯਾਂ ਘਨੇਰਿਯਾਂ, ਬਿਖੇਰਿਯਾਂ ਜਿ ਲੋਥ ਘੋਰ[1] ॥੬॥

[1]ਘਨੇਰੀਆਂ ਲੋਥਾਂ ਡੇਗੀਆਂ ਜੋ ਭਿਆਨਕ (ਤਰ੍ਹਾਂ) ਖਿਲਾਰੀਆਂ ਪਈਆਂ ਹਨ।

ਮੁੰਡ ਤੁੰਡ ਤੁਟਿਗੇ, ਪ੍ਰਚੰਡ ਹੀ ਘਮੰਡ ਘਾਲਿ[1]।

[1]ਭਾਰੀ ਜੰਗ ਕਰਕੇ।

ਟੂਟ ਹਾਥ ਪਾਂਇ ਗੇ, ਸੁ ਜੰਘ ਕੰਧ ਸ਼੍ਰੋਣ ਡਾਲ[1]।

[1]ਹੱਥ ਪੈਰ ਟੁਟ ਗਏ ਤੇ ਜੰਘਾਂ ਤੇ ਮੋਢਿਆਂ ਵਿਚੋਂ ਲਹੂ ਡਿਗਦਾ ਹੈ। (ਅ) ਹੱਥ, ਪੈਰ, ਜੰਘਾਂ, ਮੋਢੇ, ਕੰਨ ਟੁੱਟਕੇ ਡਿਗੇ ਪਏ ਹਨ।

ਨੈਨ, ਕਾਨ, ਨਾਕ, ਓਠ, ਗ੍ਰੀਵ, ਭਾਲ, ਸੀਸ ਲਾਗਿ।
ਫੋਰਿ ਦੇਤਿ ਗੋਰਿਯਾਂ, ਉਤਾਰ ਦੇਤਿ ਕਾਂਹੁ ਪਾਗ ॥੭॥

ਸ੍ਵੈਯਾ:

ਬਾਨ ਸਟਾਸਟ[1] ਛੂਟ ਚਲੇ ਗਨ
ਬੀਰ ਕਟਾਕਟ ਹੋਨਿ ਲਗੇ।

[1]ਛੇਤੀ ਛੇਤੀ।

ਨਾਦ ਚਟਾਪਟ ਊਠਤਿ ਦੀਰਘ
ਹੋਤਿ ਹਟਾਹਟ ਸੂਰ ਅਗੇ[1]।

[1]ਇਕ ਦੂਸਰੇ ਨੂੰ) ਹਟਾ ਕੇ ਅੱਗੇ ਹੁੰਦੇ ਹਨ ਸੂਰਮੇ।

ਤੀਖਨ ਭੀਖਨ ਮਾਰ ਮਚੀ
ਰਜ ਸ਼੍ਰੌਣ ਰਚੀ ਭਟ ਚੀਰ ਪਗੇ[1]।

[1]ਕਪੜੇ ਭਿੱਜ ਗਏ (ਲਹੂ ਨਾਲ)।

ਅੰਗਨ ਭੰਗ ਤੁਰੰਗ ਭਏ
ਕਿਹ ਪੇਟ ਫਟੇ ਰਣਖੇਤ ਡਿਗੇ ॥੮॥
ਛੂਛ ਫਿਰੇ ਹਿਹਨਾਵਤਿ ਹੈਂ ਹਯ
ਹਾਕ ਪੁਕਾਰਤਿ ਹੈਂ ਕਹਿ ਕੋਊ।
ਭਾਰਥ[1] ਦੂਸਰ ਹੋਤਿ ਭਯੋ ਜਨੁ

[1]ਮਹਾਂਭਾਰਤ ਦਾ ਯੁੱਧ।

ਮਾਰਿ ਮਰੇ ਕਿਹ ਠਾਂ ਭਟ ਦੋਊ[1]।

[1]ਦੋਵੇਂ ਸੂਰਮੇਂ (ਆਮੋ ਸਾਹਮਣੇ ਦੇ)।

ਧੂਲ ਉਡੀ ਅੰਧਕਾਰ ਭਯੋ
ਬਡ ਧੂਮ ਉਠਜੋ ਜਨੁ ਬਾਰਦ ਹੋਊ।
ਹੋਇ ਪ੍ਰਕਾਸ਼ ਬਰੂਦ ਧੁਖੈ
ਤੜਿਤਾ ਸਮਤਾ ਕਹੁ ਪਾਂਵਤਿ ਸੋਊ[1] ॥੯॥

[1]ਬਿਜਲੀ ਦੀ ਤੁੱਲਤਾ ਪਾਉਂਦਾ ਹੈ ਉਹ ਬਰੂਦ (ਜਦੋਂ ਚਲਦਾ ਹੈ)।

ਰਸਾਵਲ ਛੰਦ:

ਦਏ ਬ੍ਰਿੰਦ ਨੇਜੇ। ਕਲਰੀ ਸੁ ਭੇਜੇ।
'ਮਤੰਗੈ ਪਿਛਾਰੀ। ਕਰੋ ਜਾਇ ਮਾਰੀ

॥੧੦॥

ਕਿਤੇ ਹੋਇ ਦਾਏ[1]। ਦਿਜੈ ਚੋਕ ਜਾਏ[2]। — [1]ਸਜੇ ਪਾਸਿਓਂ ਹੋਕੇ। [2]ਜਾਂਦੇ ਹੋਏ (ਹਾਥੀ ਨੂੰ) ਚੋਕ (ਹੁੱਜਾਂ) ਮਾਰਦੇ ਜਾਣਾ।

ਕਿਤੇ ਬਾਮ ਪਾਸੇ। ਥਿਰੋ ਜਾਇ ਰਾਸੇ[1] ॥੧੧॥ — [1]ਬਹੁਤੇ।

ਜਹਾਂ ਕੋਟ ਪੌਰਾ। ਚਲੈ ਤਾਂਹਿ ਠੌਰਾ[1]। — [1]ਤਿਸ ਥਾਂ ਤੱਕ ਜਾਵੇ (ਹਾਥੀ)।

ਹਟੈ ਨਾਂਹਿ ਜੈਸੇ। ਕਰੋ ਕਾਰ ਤੈਸੇ' ॥੧੨॥

ਸੁਨੀ ਭੂਪ[1] ਬਾਨੀ। ਕਰੇ ਸਾਵਧਾਨੀ। — [1]ਰਾਜੇ ਦੀ।

ਬਡੋ ਫੀਲ ਪ੍ਰੇਰਾ। ਮਹਾਂ ਮੱਤ[1] ਘੇਰਾ ॥੧੩॥ — [1]ਮਸਤ।

ਮਨੋ ਸੈਲ ਸ਼੍ਰਿੰਗੰ[1]। ਚਲਜੋ ਯੌਂ ਮਤੰਗੰ। — [1]ਮਾਨੋਂ ਪਹਾੜ ਦੀ ਚੋਟੀ ਹੈ।

ਫੁੰਕਾਰੇ ਕਰਾਲਾ। ਮਹਾਂ ਓਜਵਾਲਾ ॥੧੪॥

ਸੁ ਨੇਜ਼ਾਨ ਪ੍ਰੇਰਾ[1]। ਚਿੰਘਾਰੈ ਬਡੇਰਾ। — [1]ਨੇਜ਼ਿਆਂ ਨਾਲ ਪ੍ਰੇਰਿਆ ਹੋਇਆ।

ਘਨੀ ਕੈਫ ਪਾਨੀ[1]। ਚਲਜੋ ਅੱਗ੍ਰ ਥਾਨੀ ॥੧੫॥ — [1]ਸ਼ਰਾਬ ਪੀਤੀ ਹੋਈ। [ਅ:, ਕੈਫ਼ = ਨਸ਼ਾ। ਨਸ਼ੇ ਵਾਲੀ ਸ਼ੈ]।

ਪਦਾਂਤੀ ਹਜ਼ਾਰੈਂ[1]। ਮਿਲੇ ਹੈਂ ਪਿਛਾਰੈਂ। — [1]ਹਜ਼ਾਰਾਂ ਪੈਦਲ ਸੂਰਮੇਂ।

ਤੁਰੰਗੈ ਨਚਾਏ। ਭਏ ਬਾਮ ਦਾਏ[1] ॥੧੬॥ — [1]ਖੱਬੇ ਸੱਜੇ।

ਭੁਜੰਗ ਪ੍ਰਯਾਤ ਛੰਦ:

ਚਲਜੋ ਕੇਸਰੀ ਚੰਦ ਲੀਨੀ ਕਮਾਨਾ।
ਗਹੇ ਬਾਨ ਤੀਖੇ ਗੁਨੰ ਸੰਧਿ ਤਾਨਾ[1]।' — [1]ਚਿੱਲੇ ਵਿਚ ਜੋੜਕੇ ਖਿਚਿਆ।
ਪ੍ਰਹਾਰੈ ਚਲੈ ਸਾਮੁਹੇ ਕੋਟ ਪੌਰਾ।
ਕਰੀ ਹਾਲ ਹੂਲੰ ਪਰਜੋ ਭੂਰ ਰੌਰਾ ॥੧੭॥
ਭਯੋ ਭੀਮਚੰਦੰ ਕਿਤੀ ਦੂਰ ਪਾਛੇ।
-ਫਤੇ ਕੋਟ ਕੈ ਹੈਂ[1]-ਇਮੰ ਚੀਤ ਬਾਂਛੇ। — [1]ਕਰ ਲਵਾਂਗੇ।
ਕਟੋਚੀ ਹੰਡੂਰੀ ਹੁਤੇ ਔਰ ਰਾਜੇ।
ਭਏ ਬਾਮ ਦਾਏਂ ਚਲੇ ਜੁੱਧ ਕਾਜੇ ॥੧੮॥
ਦੁਉ ਸਿੰਘ ਜੋਧੇ ਗੁਰੂ ਆਪ ਭੇਜੇ।
ਬਰੇ ਕੋਟ ਮੈਂ ਜਾਇ ਲੀਨੇ ਸੁ ਨੇਜ਼ੇ।
ਜਿਤੇ ਸਿੰਘ ਸੰਗੀ ਕਰੇ ਜ਼ੋਰ ਆਏ।
ਤੁਰੰਗੈਂ ਪ੍ਰਹਾਰੈਂ ਤੜਾਕੇ ਉਠਾਏ ॥੧੯॥

ਦੋਹਰਾ:

ਹੁਤੋ ਅਗਮ ਪੁਰ ਮੋਰਚਾ,
ਤਹਾਂ ਪਰਜੋ ਘਮਸਾਨ।
ਥਿਰਹਿਂ[1] ਸਿੰਘ ਛੋਰਹਿ ਨਹੀਂ,
[1]ਮੋਰਚੇ ਤੇ ਸਿੰਘ ਡਟ ਗਏ।
ਪਰੇ ਪਹਾਰੀ ਆਨਿ ॥੨੦॥

ਭੁਜੰਗ ਪ੍ਰਯਾਤ ਛੰਦ:

ਬਡੇ ਓਜ ਲਾਏ ਤੁਫੰਗੈਂ ਪ੍ਰਹਾਰੀ।
ਤਬੈ ਆਨਿ ਢੂਕੇ ਸਮੂਹੰ ਪਹਾਰੀ।
ਚਲੀ ਬ੍ਰਿੰਦ ਗੋਰੀ ਮਰੇ ਬੀਰ ਕੇਤੇ।
ਤਊ ਨਾਂਹਿ ਛੋਰੈਂ ਰੁਪੇ ਸਿੰਘ ਜੇਤੇ ॥੨੧॥
ਕਰਾਚੋਲ ਕਾਢੇ ਭਏ ਹੱਥਵੱਥੰ।
ਮਰੇ ਸਿੰਘ ਮਾਰੇ ਪਹਾਰੀ ਪ੍ਰਮੱਥੰ[1]।
[1]ਸਿੰਘ (ਆਪ ਵੀ) ਮਰੇ ਤੇ ਪਹਾੜੀਆਂ ਨੂੰ ਵੀ ਚੰਗੀ ਤਰ੍ਹਾਂ ਮਲਕੇ ਮਾਰਿਆ।
ਰਹੇ ਆਨਿ ਥੋਰੇ[1] ਸੁ ਲੀਨੇ ਧਕਾਈ।
[1]ਸਿੰਘ ਥੋੜੇ ਰਹਿ ਗਏ।
ਲਿਯੋ ਮੋਰਚਾ ਮੱਲ ਛੂਛੰ ਤਕਾਈ[1] ॥੨੨॥
[1](ਸਿੰਘਾਂ ਦਾ) ਮੋਰਚਾ ਖਾਲੀ ਤੱਕਕੇ ਮੱਲ ਲਿਆ।
ਚਲੇ ਫੇਰ ਆਗੇ ਲਯੋ ਬੀਚ ਹਾਥੀ।
ਸੁ ਸੈਫੰ ਭ੍ਰਮਾਵੈ ਬਧੀ ਸੁੰਡ ਸਾਥੀ।
ਧਕਾਏ ਕਿਤੀ ਦੂਰ ਲੌ ਸਿੰਘ ਆਏ[1]।
[1]ਧਕੀਂਦੇ ਹੋਏ ਸਿੰਘ ਦੂਰ ਤਕ ਆਏ।
ਪਰੇ ਮਾਰ ਗੋਰੀਨ ਕੀ ਬੀਰ ਘਾਏ ॥੨੩॥
ਭਏ ਕੋਟ ਕੇ ਪੌਰ ਕੋ ਸਾਮੁਹਾਈ।
ਚਲੈਂ ਬਾਨ ਗੋਰੀ ਮਹਾਂ ਧੂਮ ਪਾਈ।
ਫਿਰੀ ਜੋਗਨੀ ਆਨਿ ਭੂਤੰ ਸੁ ਪ੍ਰੇਤੰ।
ਭਖੈਂ ਮਾਸਹਾਰੀ ਮਹਾਂ ਜੰਗ ਖੇਤੰ ॥੨੪॥
ਭ੍ਰਮੈਂ ਗ੍ਰਿੱਧ ਬ੍ਰਿੱਧੰ, ਰੜੈਂ ਕੰਕ ਬੰਕੰ[1]।
[1]ਬੋਲਦੀਆਂ ਹਨ ਚਿੱ: ਚੀਲਾਂ ਟੇਢੀਆਂ (ਚੁੰਝਾਂ ਵਾਲੀਆਂ) [ਰਤਨਾ = ਰਟਨਾ]।
ਅਘਾਵੈਂ ਡਕਾਰੈਂ[1], ਬਜੈਂ ਬ੍ਰਿੰਦ ਡੰਕੰ[2]।
[1]ਡਕਾਰਦੇ ਹਨ। [2]ਡੰਕੇ ਵਜਦੇ ਹਨ।
ਸਰੰ ਸਾਂਗ ਸੇਲੇ ਸਰੋਹੀ ਦੁਧਾਰੇ।
ਲਗੇ ਅੰਗ ਭੰਗੇ ਪਰੇ ਬੀਰ ਮਾਰੇ ॥੨੫॥
ਚਲਜੋ ਮੱਤ ਹਾਥੀ ਜਬੈ ਪੌਰ ਆਯੋ।
ਧਕੇਲੇ ਸਭੈ ਸਿੰਘ ਯੌਂ ਜ਼ੋਰ ਪਾਯੋ।
ਬਰੇ ਬੀਚ ਕੋਟੰ ਲਿਏ ਓਟ ਠਾਂਢੇ[1]।
[1]ਆਸਰਾ ਲੈਕੇ ਖੜੇ ਗਏ।
ਤੁਫੰਗੈਂ ਤੜਾਕੇ ਪਰੈਂ ਹੋਇ ਗਾਢੇ ॥੨੬॥

ਛੁਟੀ ਸੈਂਕਰੇ ਏਕਬਾਰੀ ਤੁਫੰਗੈਂ।
ਫੁਟੈਂ ਤੁੰਡ ਮੁੰਡੈਂ ਲਿਟੈ ਜਯੋਂ ਮਲੰਗੈਂ।
ਹਜ਼ਾਰੋਂ ਪਰੇ ਮਾਰ ਗੋਰੀਨ ਹੋਈ।
ਤਊ ਨ ਮਿਟੇ ਹੇਲ ਘਾਲੰਤਿ ਸੋਈ
॥੨੭॥
ਪਹੁਚੇ ਜਬੈ ਪੌਰ ਲੌਂ ਆਨਿ ਬੈਰੀ।
ਬਡੀ ਮਾਰ ਖੈ ਕੈ ਨਹੀਂ ਤੁੰਡ ਫੇਰੀ।
ਕਰਾਚੋਲ ਕਾਢੇ ਚਹੈਂ ਸੋ ਪ੍ਰਵੇਸ਼ੇ।
ਦਿਯੋ ਢੋਇ ਹਾਥੀ ਪ੍ਰਹਾਰੈਂ ਵਿਸ਼ੇਸ਼ੇ
॥੨੮॥
ਦੜਾ ਦਾੜ ਗੈਰੈਂ ਤੁਫੰਗੈਂ ਪ੍ਰਹਾਰੇ।
ਕਿਲੇ ਮੋਰਚੇ ਮੈਂ ਖਰੇ ਸਿੰਘ ਮਾਰੈਂ।
ਪਰੀ ਲੋਥ ਪੈ ਲੋਥ ਪੌਰੰ ਅਗਾਰੀ।
ਗਏ ਜੂਝ ਕੇਤੇ ਬਕੈਂ 'ਮਾਰ ਮਾਰੀ'
॥੨੯॥
ਲਲਿਤਪਦ ਛੰਦ:
ਤਬਿ ਬਚਿੱਤ੍ਰ ਸਿੰਘ ਰਿਦੈ ਬਿਚਾਰਯੋ
-ਇਹ ਅਵਸਰ ਅਬਿ ਮੇਰਾ।
ਹਤੌਂ ਮਤੰਗ ਅੰਗ ਮੈਂ ਬਰਛਾ
ਕਰਿ ਕੈ ਓਜ ਘਨੇਰਾ- ॥੩੦॥
ਹਯ ਅਰੁਢਿ ਕਰਿ ਠਾਂਢੋ ਅੰਤਰ
ਉਦੇ ਸਿੰਘ ਕੇ ਪਾਸਾ।
ਮਾਦਕ ਚਢਯੋ ਮਸਤ ਅਤਿ ਹੋਵਾ
ਸਭਿ ਸੋਂ ਬਾਕ ਪ੍ਰਕਾਸ਼ਾ ॥੩੧॥
'ਖੋਲਿ ਕਪਾਟ ਦੇਹੁ ਮੁਝ ਆਗੈ
ਦੇਖਹੁ ਜੰਗ ਮਤੰਗਾ।
ਅਪਰ ਸਭਿਨਿ ਕੌ ਤੁਮ ਦਿਢ ਝਾਲੋ[1] — [1]ਪਕੇ ਹੋਕੇ ਝੱਲੋ।
ਸ਼ਲਖ ਤੁਫੰਗਨਿ ਸੰਗਾ ॥੩੨॥
ਉਦੇ ਸਿੰਘ ਕੇ ਬਾਂਟੇ ਆਯੋ
ਹਤੇ ਕੇਸਰੀ ਚੰਦਾ।
ਐਸੀ ਕਰਹੁ ਮਾਰ ਮਿਲਿ ਸਿੰਘਹੁ !
ਧਰ ਪਰ ਧਰ ਹ੍ਵੈਂ ਬ੍ਰਿੰਦਾ[1]' ॥੩੩॥ — [1]ਧਰਤੀ ਤੇ ਧੜਾਂ ਦਾ ਢੇਰ ਲਗ ਜਾਵੇ।

ਇਮ ਕਹਿ ਕਰਿ ਕਪਾਟ ਖੁਲਿਵਾਏ
ਹਯ ਕੀ ਬਾਗ ਉਠਾਈ।
ਸਮੁਖ ਮਤੰਗ ਆਵਤੋ ਪਿਖਿ ਕਰਿ
ਗਮਨਜੋਂ ਕੇਹਰਿ ਨਜਾਈ ॥੩੪॥
ਚਰਬਤਿ ਓਠਨ ਲਾਲ ਬਿਲੋਚਨਿ
ਫਰਕਤਿ ਮੂਛ ਉਠਾਈ।
ਭ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ,
ਸ਼ਮਸ਼ ਮਹਾਂ ਛਬਿ ਛਾਈ ॥੩੫॥
ਮਨਹੁ ਕ੍ਰੋਧ ਤੇ ਸ਼ੇਰ ਸਟਾ ਉਠਿ[1]
ਭੀਖਨ ਦਰਸ਼ਨ ਹੋਵਾ।
ਤੋਮਰ ਧਰਿ ਕੈ ਹਾਥ ਉਭਾਰਜੋ
ਹਾਥੀ ਮਸਤਕ ਜੋਵਾ ॥੩੬॥
ਪਗ ਕੋ ਬਲ ਰਕਾਬ ਪਰ ਕਰਿ ਕੈ
ਉਛਲਜੋ ਆਸਨ ਛੋਰਾ।
ਸਭਿ ਸਰੀਰ ਕੌ ਓਜ ਸੰਭਰਿ ਕੈ
ਹਯ ਫਾਂਦਜੋ ਗਜ ਓਰਾ ॥੩੭॥
ਸੈਫ ਬਚਾਇ ਚਲਾਇ ਸੁ ਬਰਛਾ
ਤਵਾ ਪੁਲਾਦੀ ਫੋਰਾ।
ਬਰਜੋ ਜਾਇ ਗਜ ਮਸਤਕ ਮੈਂ ਜਬਿ
ਪੁਨ ਕਰ ਜੁਗ ਕਰਿ ਜ਼ੋਰਾ[1] ॥੩੮॥
ਕਰਜੋ ਧਸਾਵਨਿ ਪ੍ਰਵਿਸ਼ਜੋ ਐਸੇ
ਉਪਮਾਂ ਕਹੌਂ ਬਨਾਈ।
[1]ਕ੍ਰੌਂਚ ਸੈਲ ਮਹਿਂ ਜਿਮ ਸ਼ਿਵ ਨੰਦਨ
ਬਰਛੀ ਮਾਰਿ ਧਸਾਈ[3] ॥੩੯॥
ਬਾਸ਼ਕ ਕਿਧੌਂ ਬੇਗ ਫਣ ਦੀਰਘ[1]
ਬਿਨਤਾ ਸੁਤ ਕੇ ਤ੍ਰਾਸਾ[1]।
ਦੇਖਿ ਰੰਧ੍ਰ ਗਿਰ ਬਿਖੈ ਪ੍ਰਵੇਸ਼ਾ[1]
ਨਹਿਂ ਪੁਨ ਬਦਨ ਨਿਕਾਸਾ ॥੪੦॥
ਮਨਹੁ ਇੰਦ੍ਰ ਕਰਿ ਕ੍ਰੋਧ ਬਿਲੰਦੈ

[1]ਮਾਨੋਂ ਸ਼ੇਰ ਦੀ ਅਯਾਲ ਉਠੀ ਹੈ।

[1]ਦੋ ਹਥਾਂ ਦਾ ਜ਼ੋਰ ਕਰਕੇ।

[1]ਕ੍ਰੌਂਚ ਪਹਾੜ ਵਿਚ ਜਿਵੇਂ ਸ਼ਾਮ ਕਾਰਤਕ ਨੇ ਬਰਛੀ ਮਾਰਕੇ ਧਸਾਈ ਹੈ [ਕ੍ਰੌਂਚ ਹਿਮਾਲਾ ਦਾ ਪੋਤਾ ਮੈਨਾਕ ਦਾ ਪੁੱਤ ਜੋ ਹੰਕਾਰੀ ਹੋਕੇ ਕ੍ਰੌਂਚ ਦੀਪ ਦੇ ਲੋਕਾਂ ਨੂੰ ਮਾਰਨ ਲਗਾ ਸੀ, ਕਿ ਸ਼ਿਵ ਜੀ ਦੇ ਬੇਟੇ ਕਾਰਤਕੇਯ ਨੇ ਬਰਛੀ ਮਾਰਕੇ ਉਸ ਨੂੰ ਗੱਡ ਦਿੱਤਾ ਤੇ ਸਿਰ ਕੱਟ ਲਿਆ]।

[1]ਯਾ ਵਡੇ ਫਣ ਵਾਲਾ ਬਾਸ਼ਕ (ਨਾਗ)।

[1]ਗਰੁੜ ਦੇ ਡਰ ਕਰਕੇ.....।

[1]ਪਹਾੜ ਵਿਚ ਖੁਡ ਵੇਖਕੇ ਵੜ ਗਿਆ।

ਲੀਨਿ ਰੁੱਦ੍ਰ ਤੇ ਸੂਲੰ[1]।
ਗਿਰ ਕੋ ਹਤਯੋ ਬਧਨ ਕੇ ਹਿਤ ਕਰਿ[1]
ਅਸ ਉਪਮਾ ਅਨੁਕੂਲੰ ॥੪੧॥
ਪੁਨ ਤੋਮਰ ਕੌ ਦੋਨਹੁਂ ਕਰ ਸੋਂ
ਬਲ ਤੇ ਬਹੁ ਝਕਝੋਰਾ[1]।
ਖੈਂਚਿ ਨਿਕਾਸਯੋ ਸ਼੍ਰੋਣਤ ਲਿਪਟਯੋ
ਕੀਨਸਿ ਅਪਨੀ ਓਰਾ[1] ॥੪੨॥
ਬਰਛਾ ਲਗਤਿ ਚਿੰਘਾਰਯੋ ਦੀਰਘ
ਕੁੰਚਰ ਸੀਸ ਨਿਵਾਯੋ।
ਜਨੁ ਗੁਰਸਿੱਖ ਕੋ ਬੰਦਨ ਠਾਨਯੋ
'ਮੈਂ ਭੂਲਯੋ ਇਤ ਆਯੋ' ॥੪੩॥
ਨਿਕਸਯੋ ਤੋਮਰ ਮਸਤਕ ਤੇ ਜਬਿ
ਹਟਿ ਪਾਛੈ ਮੁਖ ਮੋਰਾ।
ਪੁਨ ਬਚਿੱਤ੍ਰ ਸਿੰਘ ਚੋਭਤਿ ਨੇਜ਼ਾ[1]
ਰਿਸਯੋ ਦੁਰਦ ਤਬਿ ਘੋਰਾ[1] ॥੪੪॥
ਬਹਿਤਿ ਰੁਧਰ ਕੀ ਧਾਰ ਬਡੇਰੀ,
ਝਟਤਿ ਸੁੰਡ ਫਿਰ ਫੇਰੀ।
ਜੇ ਤੋਮਰ ਕੋ ਚੋਕਤਿ ਨੇਰੈ
ਤਿਨ ਕੌ ਮਾਰਤਿ ਗੇਰੀ[1] ॥੪੫॥
ਭਯੋ ਬਿਬਸ ਬਹੁ ਮਰੇ ਪਹਾਰੀ
ਸੈਫ ਪ੍ਰਹਾਰਤਿ ਹਾਥੀ।
ਚਿੰਘਾਰਤਿ ਅਰੁ ਫੇਰਤਿ ਬਲ ਤੇ
ਕਤਲ ਕਰੇ ਨਿਜ ਸਾਥੀ ॥੪੬॥
ਭਯੋ ਸਥਾਰ[1] ਸੈਫ ਤੇ ਕਾਟਤਿ
ਪਰਯੋ ਰੌਰ ਤਬਿ ਭਾਰਾ।
ਸਹਤਿ ਸਿੰਘ ਕੁਛ ਸਤਿਗੁਰ ਹੇਰੇ
ਭਯੋ ਅਨੰਦ ਉਦਾਰਾ ॥੪੭॥
ਪ੍ਰੇਰਤਿ ਘਨੇ ਮੋਰਿਬੇ[1] ਗਜ ਕੌ
ਜਹਿਂ ਦੇਖਤਿ ਨਿਜ ਨੇਰੇ।
ਰਿਸ ਤੇ ਸੁੰਡ ਫੇਰਤੋ ਮਾਰਤਿ
ਸੈਫ ਸਾਥ ਗਨ ਗੇਰੇ ॥੪੮॥

[1]ਤ੍ਰਿਸੂਲ।
[1]ਨਾਸ਼ ਕਰਨ ਲਈ।
[1]ਘੁਮ ਘੁਮ ਕੇ ਫੇਰਿਆ।
[1]ਆਪਣੇ ਪਾਸੇ ਕਰ ਲਿਆ।
[1]ਭਾਵ ਪਿਛੋਂ ਦੀ ਨੇਜ਼ਾ ਚੋਭਦਾ ਹੈ।
[1]ਭਿਆਨਕ ਹਾਥੀ ਨੂੰ ਗੁੱਸਾ ਚੜਿਆ।
[1]ਜੋ ਨੇੜੇ ਹੋਕੇ ਤੋਮਰ ਚੋਭਦੇ ਸਨ ਪਹਾੜੀਏ ਤਿਨ੍ਹਾਂ ਨੂੰ ਮਾਰਕੇ ਡੇਗ ਦਿੰਦਾ ਹੈ।
[1]ਢੇਰ ਲੱਗ ਗਏ, ਭਾਵ ਬਹੁਤ ਲੋਕ (ਪਹਾੜੀਆਂ ਦੇ) ਮਰੇ।
[1]ਮੋੜਨ ਲਈ।

ਰਹ੍ਯੋ ਖਾਲਸਾ ਮਾਰਨ ਤੇ ਕਿਤ,
ਇਕ ਮਤੰਗ ਹੀ ਮਾਰੈ[1]।

[1]ਖਾਲਸਾ ਤਾਂ ਮਾਰਨੋ ਕਿਤੇ ਰਿਹਾ ਇਕ ਹਾਥੀ ਹੀ ਬਥੇਰਾ ਮਾਰ ਰਿਹਾ ਹੈ।

ਜਿਤ ਦਿਸ਼ਿ ਦੌਰ ਪਰਤਿ ਹੈ ਕਾਟਤਿ
ਭਾਜਤਿ ਜਾਤਿ ਅਗਾਰੈ ॥੪੯॥
ਪੈਰਨ ਸੋਂ ਦਰਿ ਕਰਿ ਗਨ ਮਾਰੇ[1]
ਸੈਫ ਸੰਗ ਬਹੁ ਕਾਟੇ।

[1]ਦਰੜ ਕੇ ਮਾਰੇ।

ਜਤਨ ਹਟਾਵਨਿ ਕੌ ਕਰਿ ਹਾਰੇ
ਹਟ੍ਯੋ ਨ ਕੇਤਿਕ ਡਾਟੇ[1] ॥੫੦॥

[1]ਬਹੁਤਾ ਡਾਂਟਿਆ ਬੀ।

ਤਬਿ ਬਚਿੱਤ੍ਰ ਸਿੰਘ ਪੇਲਤਿ[1] ਪਾਛੇ

[1]ਧੱਕਦਾ ਹੈ।

ਤੋਮਰ ਅਨੀ ਪ੍ਰਹਾਰੈ[1]।

[1]ਧੱਕਦਾ ਹੈ (ਹਾਥੀ ਨੂੰ) ਬਰਛੇ ਦੀ ਨੋਕ ਚੋਭਕੇ।

ਤਜੋਂ ਤਜੋਂ ਬੇਗ ਜਾਤਿ ਕਰਿ ਆਗੈ
ਘਨੇ ਪਹਾਰੀ ਮਾਰੈ ॥੫੧॥
ਪਰ੍ਯੋ ਅਪੁਠੋ[1] ਘਰ ਕੇ ਮਾਰਤਿ
ਜਸੁਵਾਰਨ ਕੋ ਹਾਥੀ।

[1]ਪੁੱਠਾ ਪੈ ਕੇ ਆਪਣੇ ਘਰ ਦੇ ਹੀ ਮਾਰ ਦਿੱਤੇ।

ਅਬਿ ਲੌ ਕਹਿਵਤ ਅਹੈ ਗਿਰਨਿ ਮਹਿਂ
ਮਿਲਿ ਮਿਲਿ ਬੋਲਤਿ ਸਾਥੀ[1] ॥੫੨॥

[1]'ਜਸਵਾਰੀਆਂ ਦਾ ਹਾਥੀ' ਇਕ ਮੁਹਾਵਰਾ ਹੋ ਗਿਆ ਹੈ ਪਹਾੜੀਆਂ ਵਿਚ, ਜੋ ਵੱਡਾ ਹੋਕੇ ਆਪਣਿਆਂ ਨੂੰ ਹੀ ਮਾਰੇ ਉਸ ਪ੍ਰਥਾਇ ਕਹਿਦੇ ਹਨ 'ਜਸਵਾਰੀਆਂ ਦਾ ਹਾਥੀ ਮੁੜ ਘਿੜ ਆਪਣਿਆਂ ਨੂੰ ਮਾਰੇ'।

ਹਤੇ ਹਜ਼ਾਰਹੁਂ ਗਿਰ ਨਰ ਕੁੰਚਰ[1]
ਗੁਰ ਕੀ ਬਿਜੈ ਕਰੰਤਾ।

[1]ਪਹਾੜੀ ਆਦਮੀ ਹਾਥੀ ਨੇ ਮਾਰੇ।

ਲੋਚਨ ਲਾਲ ਚਿੰਘਾਰ ਪੁਕਾਰੈ
ਸੁੰਡ ਪ੍ਰਚੰਡ ਭ੍ਰਮੰਤਾ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕੁੰਚਰ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

## ੨੭. [ਕੇਸਰੀ ਚੰਦ ਨੂੰ ਮਾਰਨਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਜਸੁਵਾਰੀ ਨ੍ਰਿਪ ਕੇਸਰੀ, ਨਿਜ ਕੁੰਚਰ ਅਵਿਲੋਕ।
ਸੈਨ ਖਪਾਵਤਿ ਫਿਰਤਿ ਹੈ, ਰਿਦੈ ਧਾਰਿ ਬਹੁ ਸ਼ੋਕ ॥੧॥

ਰਸਾਵਲ ਛੰਦ:

[1]-ਪਦਾਂਤੀ ਖਪਾਏ। ਜਿਤੇ ਸੰਗ ਲਾਏ[2]।
ਰਹੇ ਸ਼ੇਖ ਜੋਈ। ਭਜੇ ਤੀਰ ਸੋਈ[1] ॥੨॥
ਇਕੈ ਓਰ ਹਾਥੀ। ਬਿਨਾਸੇ ਜੁ ਸਾਥੀ[1]।
ਦੁਤੀ ਓਰ ਸਿੰਘੰ। ਜਥਾ ਭੀਮ ਸਿੰਘੰ[1] ॥੩॥
ਚਮੂੰ ਪੁੰਜ ਘਾਈ। ਨਹੀਂ ਧੀਰ ਪਾਈ।
ਰਹਜੋ ਦੁਰਗ ਲੈਬੇ। ਬਨਜੋ ਜੀਵ ਦੈਬੈ[1] ॥੪॥
ਗੁਰੂ ਸੈਨ ਥੋਰੀ। ਬਡੋ ਘਾਲਿ ਜ਼ੋਰੀ[1]।
ਹਮੈ ਸਾਥ ਲੱਛਾ। ਬਿਲੋਕੈਂ ਪ੍ਰਤੱਛਾ[1] ॥੫॥
ਨਹੀਂ ਜਾਇ ਜਾਨੀ। ਭਈ ਪੁੰਜ ਹਾਨੀ।
ਥਿਰੇ ਨ ਪਦਾਂਤੀ। ਰਿਦੈ ਧੀਰ ਹਾਤੀ ॥੬॥
ਤੁਰੰਗਾਨਿ ਸੈਨਾ। ਅਬੈ ਜੁੱਧ ਐਨਾ[1]।
ਲਰੌਂ ਸੰਗ ਲੈ ਕੇ। ਚਢੌਂ ਕੋਟ ਧੈ ਕੇ[1]- ॥੭॥
ਰਿਦੈ ਯੌਂ ਬਿਚਾਰੀ[1]। ਸਮੂਹੰ ਹਕਾਰੀ[2]।
ਬਧੇ ਟੋਲ ਕੇਤੇ। ਨ੍ਰਿਭੈ ਬੀਰ ਜੇਤੇ ॥੮॥
ਮਿਲੇ ਹੇਲ ਘਾਲਾ। ਛੁਟੀ ਬੌਨਿ ਜ੍ਵਾਲਾ[1]।
ਤੜਾ ਤਾੜ ਮਾਚੀ। ਕਰਾਲੀ ਸੁ ਨਾਚੀ ॥੯॥
ਬਕੈਂ 'ਮਾਰ ਮਾਰੰ।' ਤੁਰੰਗਾਂ ਸਵਾਰੰ।
ਗਜੰ ਘੇਰ ਲੀਨਾ। ਸਬੈ ਅੱਗ੍ਰ ਕੀਨਾ[1] ॥੧੦॥
ਜਸੋਵਾਰਿ ਦੇਖਾ। ਉਦੇ ਸਿੰਘ ਰੇਖਾ[1]।

[1]ਇਥੋਂ ਕੇਸਰੀ ਦੀ ਸੋਚ ਟੁਰਦੀ ਹੈ। [2]ਜੇਹੜੇ (ਹਾਥੀ ਦੇ) ਨਾਲ ਕੀਤੇ ਸਨ।

[1]ਉਹ ਹਾਥੀ ਦੇ ਕੋਲੋਂ ਭੱਜ ਗਏ।

[1]ਇਕ ਪਾਸੇ ਤਾਂ (ਉਸਦੇ) ਸਾਥੀ ਹਾਥੀ ਨੇ ਮਾਰੇ।

[1]ਭਿਆਨਕ ਸ਼ੇਰ ਵਾਂਗ।

[1]ਜਿੰਦ ਦੇਣੀ ਬਣ ਗਈ।

[1]ਗੁਰੂ ਜੀ ਦੀ ਥੋੜੀ ਸੈਨਾ ਨੇ ਹੀ ਬੜਾ ਜ਼ੋਰ ਪਾਇਆ ਹੈ।

[1]ਇਹ ਗਲ ਸਿੰਘ ਪ੍ਰਤੱਖ ਦੇਖਦੇ ਹਨ ਕਿ ਸਾਡੇ ਨਾਲ ਲੱਖਾਂ ਹਨ।

[1]ਅਜੇ ਜੁੱਧ ਭੂਮੀ ਵਿਚ ਹੈ।

[1]ਧਾਵਾ ਕਰਕੇ ਕਿਲੇ ਤੇ ਜਾਕੇ ਚੜਾਂ।

[1]ਵਿਚਾਰਿਆ (ਕੇਸਰੀ ਚੰਦ ਨੇ)। [2]ਸਾਰਿਆਂ ਨੂੰ ਬੁਲਾਇਆ।

[1]ਜ੍ਵਾਲਾ ਬਮਣੀ = ਬੰਦੂਕ।

[1]ਸਾਰਿਆਂ (ਨੂੰ ਆਪਣੇ) ਅੱਗੇ ਕੀਤਾ।

[1]ਉਦੇ ਸਿੰਘ ਨੇ ਜਸਵਾਰੀਏ ਰਾਜੇ ਨੂੰ ਡਿੱਠਾ ਤੇ (ਅਪਣੀ ਸੁਭ) ਰੇਖਾ ਸਮਝੀ (ਭਾਵ) ਭਾਗ ਜਾਗੇ। ਪਰ ਜਾਪਦਾ ਹੈ

ਕਿ ਪਾਠ ਸੁਧ ਪ੍ਰੇਖਾ (= ਪਰਖਿਆ) ਹੈ।

-ਪਰਜੋ ਕਾਮ ਮੇਰਾ। ਢੁਕਜੋ ਸ਼ੱਤ੍ਰ ਨੇਰਾ- ॥੧੧॥

ਖੁਲ੍ਹਜੋ ਕੋਟ ਦ੍ਵਾਰਾ। ਚਮੂੰ ਕੋ ਨਿਹਾਰਾ।
ਭਯੋ ਨੇਰ ਆਈ। ਤੁਫੰਗੈਂ ਚਲਾਈ ॥੧੨॥

ਸਿਰਖੰਡੀ ਛੰਦ:

ਉਦੇ ਸਿੰਘ ਤਬਿ ਧਾਯੋ, ਬਰਛਾ ਹਾਥ ਲੈ।
ਮੋਰ ਮਨਿੰਦ ਨਚਾਯੋ, ਬਾਗ ਉਠਾਇ ਕਰਿ।
ਲਲਕਾਰਤਿ ਰਣ ਆਯੋ, ਬਾਹਰ ਨਿਕਸਿ ਕੈ।
ਜਥਾ ਸ਼ੇਰ ਗਰਜਾਯੋ, ਦੇਖਿ ਮਤੰਗ ਗਣ ॥੧੩॥

ਬਿਚਰਤਿ ਗਨ ਮਤਵਾਲਾ ਬਾਰਨ, ਚਢਿ ਰਹੀ[1]।
ਸ਼੍ਰੋਣਤ ਬਹਿਤ ਬਿਸ਼ਾਲਾ, ਘਾਵਨ ਭੇਦਿਓ।
ਇਤ ਉਤ ਫਿਰਹਿ ਬਿਹਾਲਾ, ਦਰੜਤਿ ਲੋਥ ਗਨ।
ਫੇਰਤਿ ਸੁੰਡ ਕਰਾਲਾ, ਕਾਟਤਿ ਸੁਭਟ ਦਲ ॥੧੪॥

[1]ਮਸਤ ਹਾਥੀ ਚੜ੍ਹੀ ਸ਼ਰਾਬ ਵਾਲਾ ਫਿਰ ਰਿਹਾ ਹੈ।

ਅੰਮ੍ਰਿਤ ਧੁਨਿ ਛੰਦ:

ਥਲ ਥਲ[1] ਦਲ ਖਲਭਲ[2] ਪਰਜੋ, ਲੋਥ ਉਲੱਥ ਪਲੱਥ।

[1]ਥਾਂ ਥਾਂ ਤੇ। [2]ਖਰਬ੍ਰਾਟ, ਘਬਰਾ ਵਾਲਾ ਰੌਲਾ।

ਜਸੁਵਾਰੀ ਕੋ ਫਿਰਤਿ ਹੈ, ਹਾਥੀ ਹੱਥ[1] ਪ੍ਰਮੱਥ[2]।

[1]ਹਾਥੀ ਦੀ ਸੁੰਡ। [ਸੰਸ:, ਹਸੁ = ਹਾਥੀ ਦੀ ਸੁੰਡ]। [2]ਚੰਗੀ ਤਰ੍ਹਾਂ ਮੱਥਦਾ ਅਰਥਾਤ ਤਬਾਹੀ ਕਰਦਾ ਹੈ।

ਹੱਥ[†] ਪ੍ਰਮੱਥਥ[1] ਕਿੱਤ ਨ ਪੱਥਥ[2‡] ਮਥਿਤ ਜਹਿਂ ਜੁੱਥਥ[3]।

[1]ਸੁੰਡ ਨਾਲ ਤਬਾਹੀ ਕਰ ਰਿਹਾ ਹੈ। [2]ਨ+ਪੱਥ+ਥ = ਰਾਹ+ਹੱਥ+ਨਹੀਂ, ਭਾਵ ਰਾਹ ਨਹੀਂ ਲੱਭਦਾ। [3]ਜੁੱਥ+ਥ = ਟੋਲੇ ਖੜੇ ਹੋਣ। [†]ਅਕਸਰ ਥਾਂ ਏਥੇ ਪਾਠ 'ਹਾਥੀ ਹੱਥ' ਹੈ, ਪਰ ਛੰਦਾਂ ਦੀ ਚਾਲ ਮੂਜਬ ਹਾਥੀ ਪਦ ਵਾਧੂ ਹੈ, ਕਿਸੇ ਆਦਿ ਨੁਸਖੇ ਵਿਚ ਪ੍ਰਯਾਯ ਮੂਜਬ ਲਗੇ ਹੋਏ ਪਦ 'ਹਾਥੀ' ਨੂੰ ਲਿਖਾਰੀ ਨੇ ਏਥੇ ਮੂਲ ਸਮਝਕੇ ਲਿਖ ਦਿਤਾ ਹੈ। [‡]ਪਾਠਾਂਤ੍ਰ ਹੈ-ਥਕਤਿ ਨ ਪੱਥਥ = ਦਰੜ ਸਿੱਟਣੋਂ ਨਹੀਂ ਥੱਕਦਾ ਹਾਥੀ (ਜਿੱਥੇ ਜਿੱਥੇ ਕਿ ਖੜੇ ਹਨ ਟੋਲੇ)।

ਥਲ ਥਲ ਗੁੱਥਥ[1], ਥਿਰਤਿ ਨ ਸੱਥਥ[2] ਮਥਰ ਥਰ ਗੁੱਥਥ[3†]।

[1]ਗੁੰਨ੍ਹਣਾਂ (ਆਟੇ ਵਾਂਗ), ਭਾਵ ਮਲੀ ਦਲੀ ਜਾਣਾ। [2]ਸਥਾਨ। (ਅ) ਸਾਥੀਆਂ ਤੋਂ। ਭਾਵ ਜੋ ਟੋਰਨ ਵਾਲੇ ਪਹਿਲਾਂ ਨਾਲ ਸਨ ਉਨ੍ਹਾਂ ਤੋਂ ਬੀ ਨਹੀਂ ਅਟਕੀਂਦਾ। [3]ਗੁੱਛਾ ਕਰੀ ਜਾਂਦਾ ਹੈ। [†]ਪਾਠਾਂਤ੍ਰ ਹੈ-ਥਰ ਥਰ ਗੁੱਥਥ = ਵਿਚ ਵੜ ਵੜਕੇ ਮਲਦਾ ਦਲਦਾ ਹੈ।

ਥੰਭਤਿ ਨ ਕਿੱਥਥ[1] ਥਿਰ ਥਿਰ ਚਿੱਥਥ[2]ਮ ਬਪੁ ਉਪਲੱਥਥ[3]।

[1]ਠਹਿਰਦਾ ਨਹੀਂ ਕਿਤੇ ਬੀ। [2]ਥਿਰ = ਖੜੋਂਦਾ ਹੈ। ਥਿਰ = ਖੜੋਕੇ। ਚਿੱਥਥ = ਚਿੱਥਦਾ, ਭਾਵ ਚੀਰਦਾ ਹੈ। [3]ਹੇਠਾਂ ਉੱਤੇ ਕਰਨਾ, ਉਲਟਾ ਸੁੱਟਣਾ।

ਬਿਸਲ[1] ਚਲੱਥਥ[2]† ਥੁਰਜ ਨ ਮੱਥਥ[3]‡, ਥਕਤ ਪਰੰ[4] ਥਲਥਲ[5] ॥੧੫॥

[1]ਤਿਲਕ ਕੇ, ਭਾਵ ਮਸਤੀ ਕਰਕੇ ਅਟਪਟੀ ਚਾਲ। [2]ਚਲਦਾ ਹੈ। [3]ਥੋੜਾ ਥੋੜਾ ਨਿਉਂਦਾ ਭਾਵ ਨਸ਼ੇ ਹੇਠ ਝੂੰਮਦਾ ਹੈ, ਨਸ਼ਾ ਹੁਣ ਵਧ ਰਿਹਾ ਸੀ। ਇਸ ਕਰਕੇ (ਅ) ਥੋੜਿਆਂ ਨਹੀਂ (ਪਰ ਬਹੁਤਿਆਂ ਨੂੰ) ਮਾਰ ਰਿਹਾ ਹੈ। [4]ਥਕੇ ਹੋਏ ਪਏ ਹਨ। †ਪਾਠਾਂਤ੍ਰ ਹੈ- ਬਿਸਲ ਚਲੱਥਥ = ਬਹੁਤਿਆਂ ਨੂੰ ਅੱਗੇ ਲਈ ਫਿਰਦਾ ਹੈ। ‡ਪਾਠਾਂਤ੍ਰ ਹੈ-ਥੁਰਿਯ ਨ ਮੱਥਥ = ਥੋੜੇ ਨਹੀਂ ਜਿਨ੍ਹਾਂ ਨੂੰ ਮਾਰ ਰਿਹਾ ਹੈ। ਪੁਨਾ:-ਪਾ:-ਥਰਿਯ ਨਮੱਥਥ = ਥਰਕਦਾ ਹੈ, ਝੂੰਮਦਾ ਹੈ। [5]ਇਸਦੇ ਆਮ ਮਿਲਦੇ ਪਾਠ ਵਿਚ ਦੋ ਮਾਤ੍ਰਾਂ ਵਧ ਹਨ:-ਜੋ ਐਉਂ ਹੈ:- "ਥਿਸਲ ਚਲੱਥਥ, ਥੁਰਿਯ ਨ ਮੱਥਥ, ਥਕਤ ਪਰੱਥਥ ਥਲ ਥਲ" ਲਿਖਾਰੀਆਂ ਨੇ ਥੱਥਿਆਂ ਨੂੰ ਇਸਦਾ ਮੂਲ ਭੂਖਣ ਸਮਝਕੇ 'ਪਰੰ' ਦੀ ਥਾਂ 'ਪਰੱਥਥ' ਤੇ 'ਪਰੰਥਲ' ਲਿਖ ਦਿੱਤਾ ਹੋਣਾ ਹੈ। ਛੰਦ ਦੀ ਚਾਲ ਦੱਸਦੀ ਹੈ ਕਿ ਠੀਕ ਇਸੇ ਟਿਕਾਣੇ ਦੇ ਥੱਥੇ ਵਾਧੂ ਹਨ ਜਿੱਥੇ ਕੱਟਣ ਨਾਲ 'ਪਰੰ ਥਲ ਥਲ' ਪਾਠ ਸਫਾ, ਸ਼ੁੱਧ, ਮਾਤ੍ਰਾ ਮੁਜਬ ਬੀ ਠੀਕ ਤੇ ਅਰਥ ਵਿਚ ਲਾਵੰਨਜਤਾ ਵਾਲਾ ਹੋ ਜਾਂਦਾ ਹੈ।

ਅਰਥ:

(ਪਹਾੜੀ) ਸੈਨਾ ਵਿਚ ਥਾਂ ਥਾਂ ਤੇ ਖਰਬਰਾਟ ਪੈ ਰਿਹਾ ਹੈ, ਲੋਥਾਂ (ਤੇ ਲੋਥਾਂ) ਉਲਟੀਆਂ ਪੁਲਟੀਆਂ ਜਾ ਰਹੀਆਂ ਹਨ, (ਕਿਉਂਕਿ) ਜਸੁਵਾਰੀਆਂ ਦਾ ਹਾਥੀ ਸੁੰਡ ਨਾਲ ਤਬਾਹੀ ਕਰਦਾ ਫਿਰ ਰਿਹਾ ਹੈ।

(ਹਾਂ ਹਾਥੀ) ਸੁੰਡ ਨਾਲ ਚੰਗੀ ਤਰ੍ਹਾਂ ਤਬਾਹੀ ਕਰ ਰਿਹਾ ਹੈ, ਕਿਤੇ ਨਹੀਂ ਹੱਥ ਆਉਂਦਾ ਰਸਤਾ ਜਿੱਥੇ (ਜਾਕੇ) ਟੋਲੇ ਟਿਕ ਕੇ ਖੜੋਣ।

ਥਾਂ ਥਾਂ ਤੇ ਮਲੀ ਦਲੀ ਜਾਂਦਾ ਹੈ, ਕਿਸੇ ਥਾਂ ਅਟਕਦਾ ਨਹੀਂ, (ਲੋਕੀ) ਥਰ ਥਰ (ਕੰਬਦੇ) ਗੁੱਛਾ ਮੁੱਛਾ ਹੋਈ ਜਾਂਦੇ ਹਨ।

ਕਿਸੇ ਤੋਂ ਥੰਮ੍ਹਿਆਂ ਨਹੀਂ ਜਾਂਦਾ, (ਜੋ) ਖੜੋਂਦਾ ਹੈ ਤਾਂ ਖੜੋਕੇ ਚੀਰੀ ਜਾਂਦਾ ਹੈ (ਤੇ ਸਰੀਰਾਂ ਨੂੰ) ਉਲਟਾ ਉਲਟਾ ਕੇ ਸੁੱਟੀ ਜਾਂਦਾ ਹੈ।

ਹੁਣ ਅਟਪਟੀ (ਚਾਲੇ) ਚਲਦਾ ਹੈ, ਥੋੜਾ ਥੋੜਾ ਝੂੰਮਦਾ ਹੈ, ਥਾਂ ਥਾਂ (ਸਰੀਰ) ਪਏ ਹਨ, ਮਾਨੋਂ ਥੱਕੇ ਹੋਏ (ਆਰਾਮ ਕਰ ਰਹੇ ਹਨ)।

ਦੋਹਰਾ:

ਕਹਿਂ ਲਗਿ ਬਰਨੌ ਕਰੀ ਨੇ[1], ਕਰੀ ਮਾਰ
ਇਕਸਾਰ।
ਮਰੇ ਹਜ਼ਾਰੋਂ ਸੂਰਮਾ, ਖੇਤ ਭਯੋ ਬਿਕਰਾਰ
॥੧੬॥

[1]ਹਾਥੀ ਨੇ।

ਲਲਿਤ ਪਦ ਛੰਦ:

ਉਦੇ ਸਿੰਘ ਤਬਿ ਚਮੂੰ ਚੀਰ ਸਭਿ
ਕੀਨਸਿ ਬੇਗ ਬਿਲੰਦੰ[1]।
ਦਬਟਤਿ ਕਾਟਤਿ ਡਾਟਤਿ ਭਟ ਬਹੁ
ਸਿਮਰਿ ਗੁਰੂ ਸੁਖਕੰਦੰ ॥੧੭॥

[1]ਬੜੀ ਫੁਰਤੀ ਕੀਤੀ।

ਜਹਾਂ ਕੇਸਰੀ ਚੰਦ ਖਰੋਵਾ
ਬਾਨ ਕਮਾਨ ਸੰਧਾਨੇ[1]।
ਭੌਂਹ ਅਮੈਠਤਿ ਐਂਚਤਿ ਬਲ ਕਰਿ

[1]ਕਮਾਨ ਵਿਚ ਤੀਰ ਜੋੜਕੇ।

ਸਿੰਘਨ ਕੌ ਹਤਿ ਹਾਨੇ[1] ॥੧੮॥
ਤਹਾਂ ਪਹੁੰਚਿ ਲਲਕਾਰਯੋ 'ਥਿਰ ਰਹੁ
ਸਿੰਘ ਅਨਿਕ ਤੈਂ ਮਾਰੇ।
ਸਭਿ ਕੋ ਪਲਟਾ ਛਿਨ ਮਹੁਂ ਲੈ ਹੌਂ
ਕਹਾਂ ਛੋਭ ਤੂੰ ਧਾਰੇ?' ॥੧੯॥
ਪਿਖ੍ਯੋ ਅਚਾਨਕ ਨਿਕਟ ਆਇਗੋ
ਤੀਛਨ ਭੀਛਨ ਬਾਨਾ।
ਉਦੇ ਸਿੰਘ ਕੇ ਸਨਮੁਖ ਛੋਰ੍ਯੋ
ਸ਼ੂੰਕ੍ਯੋ ਸਰਪ ਸਮਾਨਾ ॥੨੦॥
ਲਗ੍ਯੋ ਖ਼ੁਗੀਨ ਬਿਖੈ ਨ ਸਰ੍ਯੋ[1] ਕੁਛ,
ਤੇਗ਼ਾ ਤਬਹਿ ਨਿਕਾਰਾ।
ਦੜਬੜਾਇ ਘੋੜੇ ਕਹੁ ਆਯਹੁ
ਨਿਕਟ ਹੋਇ ਕਰਿ ਝਾਰਾ ॥੨੧॥
ਕੁੰਡਲ ਸਹਿਤ ਸੁਭਤਿ ਮੁਖ ਮੰਡਲ
ਸਿਰ ਕੋ ਕਾਟਿ ਉਤਾਰਾ।
ਧਰਿ ਪਰ ਧਰ[1] ਤਤਕਾਲ ਪਰ੍ਯੋ ਗਿਰ,
ਮਹਾਂ ਸ਼ੱਤ੍ਰੂ ਕੋ ਮਾਰਾ ॥੨੨॥
ਸਿਮਰਿ ਬਾਕ ਗੁਰ ਕੋ ਉਰ ਤਿਸ ਛਿਨ
ਨੇਜ਼ੇ ਸੀਸ ਪਰੋਵਾ।
ਲੇ ਹਟਿ ਚਲ੍ਯੋ ਗਯੋ ਗੜ੍ਹਿ ਅੰਤਰ
ਹਾਹਾਕਰ ਸੁ ਹੋਵਾ ॥੨੩॥
ਮਨਹੁਂ ਅੰਧ ਭੇ ਸਕਲ ਪਹਾਰੀ
ਪੀਛੇ ਮਰ੍ਯੋ ਬਿਲੋਕਾ।
ਬਾਨ ਕਮਾਨ ਸਹਿਤ ਧਰ ਪਰ ਧਰ,
ਵਧ੍ਯੋ ਸਭਿਨਿ ਮੈਂ ਸ਼ੋਕਾ ॥੨੪॥
ਨਿਕਸਿ ਖਾਲਸਾ ਲੋਹਗੜੀ ਤੇ
ਹੇਲਾ ਮਾਰਿ ਉਤਾਰਾ[1]।
ਮੁਹਕਮ ਸਿੰਘ ਪਹੂਚ੍ਯੋ ਛਿਨ ਮਹਿਂ
ਖੜਗ ਦੁਰਦ ਕੈ ਝਾਰਾ[1] ॥੨੫॥
ਕਟੀ ਸੁੰਡ ਬਾਵਰ ਹੁਇ ਭਾਗ੍ਯੋ
ਓਰ ਸਤੁੱਦ੍ਰਵ ਜਾਈ।
ਹਟੇ ਪਹਾਰੀ ਹਾਰੀ ਧੀਰਜ,

[1]ਸਿੰਘਾਂ ਨੂੰ ਮਾਰਕੇ ਨਾਸ਼ ਕਰਨ ਲਈ।
[1]ਕੰਮ) ਨਾ ਸਰਿਆ।
[1]ਧਰਤੀ ਤੇ ਧੜ।
[1]ਹੱਲਾ ਮਾਰਕੇ (ਪਹਾੜੀਆਂ ਨੂੰ ਮੋਰਚੇ ਤੋਂ) ਉਤਾਰਿਆ।
[1]ਹਾਥੀ ਉੱਤੇ ਝਾੜਿਆ।

ਸਿੰਘਨਿ ਮਾਰ ਮਚਾਈ ॥੨੬॥
ਹਿੰਮਤ ਸਿੰਘ ਸਾਹਿਬ ਸਿੰਘ ਪਹੁਚੇ,
ਅਰੇ ਜੁ ਕਾਟੇ ਜੋਧਾ[1]। [1]ਜੋ ਜੋਧਾ ਅੜਦਾ ਹੈ ਉਸ ਨੂੰ ਕੱਟਦੇ ਹਨ।
ਮਨਹੁਂ ਸ਼ੇਰ ਨਿਰਭੈ ਬਿਚਰੰਤੇ
ਰਕਤ ਨੇਤ੍ਰ ਕਰਿ ਕ੍ਰੋਧਾ ॥੨੭॥
ਨਾਹਰ ਸਿੰਘ ਅਰੁ ਸ਼ੇਰ ਸਿੰਘ ਜੁਗ
ਤਰਵਾਰੈਂ ਚਮਕਾਈ।
ਚਲਹਿਂ ਤੁਫੰਗ ਹਜ਼ਾਰਹੁਂ ਰਿਪੁ ਕੀ
ਸਤਿਗੁਰ ਭਏ ਸਹਾਈ ॥੨੮॥
ਨ੍ਰਿਭੈ ਖਾਲਸਾ ਸ਼ੱਤ੍ਰੁਨਿ ਦਲ ਮਹਿਂ
ਘਾਯਲ ਲੇਤਿ ਉਠਾਈ।
ਵਧਹਿ ਅੱਗ੍ਰ ਰੁਧ ਕਰਹਿਂ ਪਹਾਰੀ[1], [1]ਜਿਹੜੇ) ਪਹਾੜੀਏ ਅੱਗੇ ਵਧਦੇ ਹਨ, ਉਹਨਾਂ ਨੂੰ (ਸਿੰਘ) ਰੋਕ ਲੈਂਦੇ ਹਨ।
ਫਤੇ ਜੰਗ ਤੇ ਪਾਈ ॥੨੯॥
ਭਯੋ ਖੇਤ ਦਾਰੁਣ ਬਹਿ ਸ਼੍ਰੋਣਤ
ਜਹਿਂ ਲੋਥੈਂ ਸਮੁਦਾਈ।
ਕਾਕ ਗ੍ਰਿੱਝ ਆਮਿਖ ਭਖਿ ਕੰਕਨ
ਬ੍ਰਿੰਦ ਜੋਗਨੀ ਆਈ ॥੩੦॥
ਕਲਗ਼ੀਧਰ ਬਿਕਸਤਿ ਕਹਿਂ ਬਾਤਨਿ
ਬੈਠਹਿਂ ਪਿਖਹਿਂ ਤਮਾਸ਼ਾ।
-ਗਜ ਸੋਂ ਭਿੜਨਿ, ਕੇਸਰੀ ਮਾਰਨਿ
ਇਹ ਸਿੰਘਨ ਕੀ ਆਸ਼ਾ[1] ॥੩੧॥ [1]ਇਹੋ ਸਿੰਘਾਂ ਦੀ ਮੁਰਾਦ ਸੀ (ਸੋ ਪੂਰੀ ਹੋ ਗਈ)।
ਕਹਕਹ ਕਸੀ ਕਾਲਕਾ ਕੜਕੀ
ਸ਼੍ਰੋਣਤ ਪਾਨ[1] ਕਰਾਲੀ। [1]ਲਹੂ ਪੀਂਦੀ ਹੈ।
ਲਾਖਹੁਂ ਛੁਟੇ ਤੁਫੰਗ ਤੜਾਕੇ
ਸੂਰਨਿ ਕੇ ਮੁਖ ਲਾਲੀ ॥੩੨॥
ਘਾਯਲ ਭਏ ਰੁਧਰ ਪਟ ਲਪਟੇ,
ਫੂਲੇ ਮਨਹੁ ਪਲਾਸਾ[1]। [1]ਛਿੱਛਰੇ।
ਇਕ ਘੂੰਮਤਿ ਜਨੁ ਮਾਦਿਕ ਖਾਇਓ,
ਭਏ ਸਮੂਹ ਬਿਨਾਸਾ ॥੩੩॥
ਟੂਟੇ ਚਰਨ, ਫੁਟੀ ਕਿਸ ਛਾਤੀ,
ਕੋ ਕਟ ਤੇ ਕਟਿ ਡਾਰਾ।

ਕਾਨ ਕਟੇ, ਕਿਹ ਪਾਨ ਕਟੇ,
ਕਿਹ ਪੇਟ ਫਟੇ, ਕਟ[1†] ਫਾਰਾ ॥੩੪॥ — [1]ਲੋਕ। [†]ਸ਼ੁਧ ਪਾਠ 'ਪਟ' ਹੋਣਾ ਹੈ।
ਨੈਨ ਫੂਟਿ ਕੋ ਅੰਧ ਭਯੋ ਭਟ,
ਜੰਘ ਕਾਂਹੁ ਕੀ ਫੂਟੀ।
ਕੇਚਿਤ ਸ਼੍ਰੋਣਤ ਨਿਚੁਰਤਿ ਬਿਚਰਤਿ
ਕਿਸ ਕੀ ਮੁੰਡੀਆ ਟੂਟੀ[†] ॥੩੫॥ — [†]ਪਾ:-ਫੂਟੀ।
ਪਰੇ ਕਰੇ 'ਹੈ' ਕੋ[1] ਜਲ ਜਾਚਤਿ, — [1]ਹੈ ਹੈ ਕਰਦੇ ਹਨ ਪਏ ਕੋਈ।
ਕੋ ਕਾਤੁਰ ਡਰ ਭਾਗਾ।
ਚੀਰ ਫਟੇ, ਕਿਹ ਬਾਂਹੁ ਫਟੀ,
ਕਿਹ ਸਿਰ ਨਾਂਗੇ ਬਿਨ ਪਾਗਾ[1] ॥੩੬॥ — [1]ਪਗ ਤੋਂ ਬਿਨਾਂ।
ਪਟਹੇ, ਦੁੰਦਭਿ, ਢੋਲ ਪਟੇ[†] ਗਨ — [†]ਸ਼ੁਧ ਪਾਠ 'ਫਟੇ' ਚਾਹੀਏ।
ਗੁਲਕਾਂ ਲਗਿ ਲਗਿ ਫੂਟੇ।
ਗਿਰੇ ਤੁਰੰਗਮ, ਭੰਗ ਭਏ ਗਨ,
ਕੋ ਸਊਰ ਮਹਿਂ ਛੂਟੇ[1] ॥੩੭॥ — [1]ਕੋਈ (ਘੋੜੇ) ਸਵਾਰਾਂ ਵਿਚ ਛੁੱਟੇ ਫਿਰਦੇ ਹਨ। (ਅ) ਸਵਾਰ ਧਰਤੀ ਤੇ (ਡਿੱਗੇ ਹਨ ਤੇ ਘੋੜੇ) ਛੁਟੇ ਫਿਰਦੇ ਹਨ।

ਗਿਰੀ ਤੁਫੰਗੈਂ ਖੜਗ ਪਰੇ ਗਨ
ਸੇਲੇਬਾਨ ਕਮਾਨਾ।
ਕਾਤੁਰ ਨਰ ਉਰ ਬਿਦਰਤਿ[1] ਹੇਰਤਿ, — [1]ਹਿਰਦਾ ਫਟਦਾ ਹੈ।
ਅਸ ਮਾਚਾ ਘਮਸਾਨਾ ॥੩੮॥
ਬੀਰਨ ਕੇ ਮਨ ਹੌਸ[1] ਰਹੀ ਨਹਿਂ — [1]ਹਵਸ, ਅਰਮਾਨ।
ਮਿਲਿ ਮਿਲਿ ਸ਼ਸਤ੍ਰ ਪ੍ਰਹਾਰੇ।
ਬਾਗੇ ਲਾਲ ਫਾਗ ਜਨੁ ਖੇਲਤਿ
ਗਾਇਂ ਮਨਹੁਂ 'ਕਿਯ ਮਾਰੇ[1†]' ॥੩੯॥ — [1]ਕਿਯ ਮਾਰੇ = ਮਾਰ ਕਰੋ। ਭਾਵ ਜਿਹੜਾ ਕਹਿੰਦੇ ਹਨ ਮਾਰੋ ਮਾਰੋ ਇਹ ਹੋਲੀ ਦਾ ਗੀਤ ਹੈ। [†]ਪਾ:-ਕਿਹ ਮਾਰੇ। ਪਰ ਸ਼ੁਧ ਪਾਠ ਚਾਹੀਏ:-ਕਹਿਂ 'ਮਾਰੇ'।

ਹਾਥ ਤੁਫੰਗ ਗਹੀ ਪਿਚਕਾਰੀ,
ਮੂਠ ਗੁਲਾਲਨ ਸੇਲੇ।
ਨਿਕਸੀ ਮਿੰਝ ਅੰਬੀਰ ਪਰਜੋ ਜਨੁ,
ਪ੍ਰੇਮ ਕਰੇ ਬਹੁ ਮੇਲੇ[1] ॥੪੦॥ — [1]ਜੋ ਆਪੋ ਵਿਚ ਬਹੁ ਮੇਲੇ =) ਬਹੁਤੇ ਟਾਕਰੇ ਹੋਏ ਹਨ ਸੋ ਪ੍ਰੇਮ ਕੀਤੇ ਨੇ।

ਥਕਤ ਭਏ ਭਟ ਪੌਢੇ ਕੇਤਿਕ
ਲੋਥਪੋਥ ਪਰ ਕੋਏ।
ਭੂਮ ਨਿਹਾਲੀ ਲਾਲ ਡਸੀ ਜਨੁ

| | |
|---|---|
| ਪ੍ਰੀਤ ਕਰੇ ਕਰਿ ਸੋਇ[1] ॥੪੧॥ | [1]ਜ਼ਮੀਨ ਰੂਪੀ ਲਾਲ ਰੰਗ ਦੀ ਨਿਹਾਲੀ ਵਿਛੀ ਉੱਤੇ ਪ੍ਰੇਮ ਕਰ ਕਰਕੇ ਸੁੱਤੇ ਹਨ। |
| ਔਂਧੇ, ਤ੍ਰਿਯਕ[1] ਪਰੇ ਕੋ ਸੂਧੇ<br>ਭਰੇ ਧੂਲ ਅਰੁ ਲੋਹੂ।<br>ਕੂਕਰ ਜੰਬੁਕ ਬੋਲਤਿ ਡੋਲਤਿ<br>ਖਾਇ ਅਘਾਵਨ ਹੋਹੂ ॥੪੨॥<br>ਸੁਰਨਿ ਪਰਖਤਿ ਹੂਰਨਿ ਬਿਚਰਤਿ | [1]ਮੂਧੇ, ਵਿੰਗੇ [ਸੰਸ:, ਤਿਰ੍ਯਕ]। |
| ਪਿਖਿ ਪਿਖਿ ਬਰਹਿ ਉਤਾਲਾ[1]। | [1]ਵਰਦੀਆਂ ਹਨ (ਹੂਰਾਂ) ਛੇਤੀ। |
| ਖੰਜਨ ਲੋਚਨ ਅੰਜਨ ਅੰਜਤਿ[1]<br>ਕਰਹਿ ਸ਼ਿੰਗਾਰ ਬਿਸਾਲਾ ॥੪੩॥ | [1]ਮਮੋਲੇ ਵਰਗੀਆਂ ਅੱਖਾਂ ਵਿੱਚ ਸੁਰਮਾਂ ਪਾਇਆ ਹੋਇਆ। |
| ਮੰਜਤ ਮੁਖ ਰੰਜਤ ਨਿਜ ਬਰ ਕੋ[1]<br>ਹਾਸ ਬਿਲਾਸਨ ਸੰਗਾ।<br>ਮਹਿੰਦੀ ਕਰਨਿ ਅਰੁਨ ਕਰਿ ਚਰਨਨ, | [1]ਆਪਣੇ) ਸੁਹਣੇ ਮੁਖਾਂ ਨਾਲ ਪ੍ਰਸੰਨ ਕਰਦੀਆਂ ਹਨ ਆਪਣੇ ਵਰਾਂ ਨੂੰ। |
| ਤਰੁਨਿ ਹਰਨ ਮਨ ਅੰਗਾ[1] ॥੪੪॥ | [1]ਮਹਿੰਦੀ ਨਾਲ ਹੱਥਾਂ ਤੇ ਪੈਰਾਂ ਨੂੰ ਲਾਲ ਕੀਤਾ ਜਵਾਨਾਂ ਦੇ ਸਰੀਰ ਤੇ ਮਨ ਨੂੰ ਹਰਨ ਲਈ। (ਅ) ਇਸਤ੍ਰੀਆਂ ਦੇ ਅੰਗ ਮਨ ਹਰਨ ਵਾਲੇ ਹਨ। |
| ਸੁੰਦਰ ਛਬਿ ਮੰਦਰ ਸਸਿ ਬਦਨੀ,<br>ਕੰਚਨ ਗੌਰੀ ਰੰਗਾ।<br>ਤੁਰਤ ਬਿਮਾਨ ਚਢਾਵਹਿਂ ਬੀਰਨਿ<br>ਕਰਹਿਂ ਸਪਰਸ਼ਨ ਅੰਗਾ ॥੪੫॥<br>ਦਾਰੁਨ ਕਰਜੋ ਨਿਹਾਰਨ ਰਨ ਕੋ<br>ਭੀਮ ਚੰਦ ਮਤਿ ਮੰਦੇ।<br>ਸਾਤੋਂ ਸੁਧਾਂ ਭੂਲ ਗੀ ਤਤਛਿਨ<br>ਬਾਜਜੋ ਲੋਹ ਬਿਲੰਦੇ ॥੪੬॥<br>ਪਿਖਿ ਹੰਡੂਰੀਆ ਸਹਿ ਨ ਸਕੈ ਬਲ<br>ਬਾਨ ਕਮਾਨ ਚਢਾਈ।<br>ਸਨਮੁਖ ਭਯੋ ਜੰਗ ਕੇ ਆਵਤਿ<br>ਛੋਰੇ ਸਰ ਸਮੁਦਾਈ ॥੪੭॥<br>ਕੰਚਨ ਜ਼ੀਨ ਕੀਨਿ ਤਹਿਂ ਪਰਖਨਿ | |
| ਸਾਹਿਬ ਸਿੰਘ ਸੁ ਜੋਧਾ[1]।<br>ਤੁਰਾ ਧਵਾਇ ਤੁਪਕ ਤਕਿ ਮਾਰੀ<br>ਹੇਰਤਿ ਰਿਪੁ ਕੋ ਕ੍ਰੋਧਾ ॥੪੮॥ | [1]ਸਾਹਿਬ ਸਿੰਘ ਜੋਧੇ ਨੇ ਪਛਾਣੀ। |

ਹੁਇ ਘਾਇਲ ਤਤਕਾਲ ਗਯੋ ਹਟਿ
ਉਰ ਹੰਕਾਰ ਬਿਨਾਸ਼ਾ।
ਪਿਖਿ ਗੁਲੇਰੀਏ ਤਜਾਗੀ ਧੀਰਜ
ਹ੍ਵੈ ਨ ਪ੍ਰਾਨ ਕੀ ਆਸਾ ॥੪੯॥
ਰਹਜੋ ਕਟੋਚੀ ਬਹੁ ਪਛੁਤਾਵਤਿ,
ਮੰਡਸਪਤਿ ਕਰ ਮੌਨੰ[1]।
ਜੰਮੂਪਤਿ ਆਦਿਕ ਬਿਸਮਾਏ
-ਭਯੋ ਕਾਜ ਇਹ ਕੌਨੰ ! ॥੫੦॥
ਸੈਨਾ ਜਿਤ ਕਿਤ ਮਰੀ ਪਰੀ ਗਨ,
ਜੀਵਤਿ ਭਈ ਬਿਹਾਲਾ।
ਕਹਾਂ ਭਯੋ, ਇਹ ਕਿਨਹਿ ਸੰਘਾਰੇ,
ਲੋਥ ਲੋਥ ਪਰ ਜਾਲਾ ॥੫੧॥
ਘਾਇਲ ਹੋਏ ਹੋਇ ਹਜ਼ਾਰਹੁੰ
ਪਰੇ ਸਿਵਰ ਮਹਿਂ ਜਾਈ।
ਮਾਰਨ ਦੁਰਗ ਭਰੋਸਾ ਧਰਿ ਕੈ
ਪ੍ਰਾਨ ਦਏ ਰਨ ਆਈ ॥੫੨॥
ਮੀਏਂ ਰਾਵ ਬ੍ਰਿੰਦ ਜੇ ਰਾਣੇ
ਸਿੰਘਨ ਘਨੇ ਖਪਾਏ।
ਲਰਤਿ ਬਿਤਜੋ ਦਿਨ, ਹਟਿ ਪੁਰਿ ਗਮਨੇ
ਜਬਿ ਸੂਰਜ ਅਸਤਾਏ ॥੫੩॥
ਜਾਇ ਸਿਵਰ ਮਹਿਂ ਕਰੀ ਸੰਭਾਰਨ,
ਸੂੰਨ ਭਯੋ ਜਨੁ ਜਾਨਾ[1]।
ਕਿਤਿਕ ਸੰਬੰਧੀ ਦਾਸ ਮੁਸਾਹਿਬ
ਜਮ ਘਰ ਕੀਨਿ ਪਯਾਨਾ ॥੫੪॥
ਸਾਗਰ ਸ਼ੋਕ ਪਰੇ ਤਬਿ ਸਗਰੇ
ਬਾਇਸ ਧਾਰਨਿ ਕੇਰੇ[1]।
ਸਿਮਰਿ ਸਿਮਰਿ ਗੁਨ ਬਹੁ ਪਛੁਤਾਏ
ਲੋਚਨ ਅਸੂੰਅਨਿ ਗੇਰੇ ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਗਜ ਔ ਕੇਸਰੀ ਚੰਦ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

[1]ਵੀ ਚੁੱਪ ਕਰ ਗਿਆ।

[1]ਮਾਨੋਂ ਸੁੰਞਾ ਹੋ ਗਿਆ ਜਾਣਿਆਂ।

[1]ਬਾਈ ਧਾਰਾਂ ਦੇ।

## ੨੮. [ਭੀਮ ਚੰਦ ਸ਼ੋਕ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਸਿੰਘ ਸੰਭਾਰੇ ਖਾਲਸੇ, ਮਰੇ ਸੁ ਦੀਨੇ ਦਾਹ।
ਘਾਇਲ ਕੀ ਸੇਵਾ ਬਿਖੈ, ਲਾਗੇ ਤਬਹਿ ਜਰਾਹੁ[1] ॥੧॥ [1]ਜ਼ਖਮਾਂ ਦਾ ਵੈਦ [ਫਾ:, ਜਰਾਹ]।

ਲਲਿਤਪਦ ਛੰਦ:

ਉਦੇ ਸਿੰਘ ਬਡ ਬੀਰ ਬਹਾਦੁਰ
ਸੀਸ ਕੇਸਰੀ ਚੰਦੰ।
ਨੇਜ਼ੇ ਮਹਿਂ ਪਰੋਇ ਲੇ ਗਮਨਜੋ
ਰਿਦੈ ਅਨੰਦ ਬਿਲੰਦੰ ॥੨॥
ਤਜਜੋ ਦਮਦਮਾ ਸਤਿਗੁਰ ਉਤਰੇ
ਦੇਖਜੋ ਜੁੱਧ ਤਮਾਸ਼ਾ।
ਸੁੰਦਰ ਮੰਦਿਰ ਆਨ ਥਿਰੇ ਤਬਿ
ਸਿਖ ਸੇਵਕ ਚਹੁ ਪਾਸਾ ॥੩॥
ਉਦੇ ਸਿੰਘ ਇਤਨੇ ਮਹਿਂ ਪਹੁੰਚਜੋ
ਸਤਿਗੁਰ ਫਤੇ ਬੁਲਾਈ।
ਪਲੰਘ ਪਾਸ ਰਿਪੁ ਕੋ ਸਿਰ ਗੇਰਜੋ
ਹੇਰਤਿ ਭੇ ਸਮੁਦਾਈ ॥੪॥
ਕਾਕ ਪੰਖ ਅਰ ਕਾਨਨ ਕੁੰਡਲ
ਬਹੁਤ ਮੋਲ ਕੇ ਮੋਤੀ[1]। [1]ਪਟੇ (ਖਿੱਲਰੇ ਹੋਏ) ਤੇ ਕੰਨਾਂ ਵਿਚ ਬਹੁਮੁੱਲੇ ਮੋਤੀਆਂ ਵਾਲੇ ਕੁੰਡਲ (ਲਟਕ ਰਹੇ)।
ਭਾਲ ਬਿਸਾਲ, ਬਿਲੋਚਨ ਮੁੰਦ੍ਰਿਤ,
ਮੁਛ ਸ਼ਮਸ਼ ਦੁਤਿ ਹੋਤੀ ॥੫॥
[1]ਪਨਹੀ ਸਹਿਤ ਚਰਨ ਸਤਿਗੁਰ ਨੇ [1]ਜੋੜੇ ਦੇ ਸਹਿਤ ਸਤਿਗੁਰ ਜੀ ਆਪਣੇ ਚਰਨ ਧਰਤੀ ਤੇ ਟਿਕਾਕੇ ਸੁਹਣੇ ਪਲੰਘ ਤੇ ਦੋਵੇਂ ਜੰਘਾਂ ਲਟਕਾਈ ਬੈਠੇ ਹੋਏ ਸਨ।
ਰਾਖੇ ਧਰਨ ਟਿਕਾਈ।
ਬੈਠੇ ਹੁਤੇ ਪ੍ਰਯੰਕ ਰੁਚਿਰ ਪਰ
ਜੁਗਮ ਜੰਘ ਲਟਕਾਈ ॥੬॥
ਪਰਜੋ ਪਿਖਜੋ ਸਿਰ[1], ਪਨਹੀ ਜੁਤਿ ਪਗ [1]ਸਿਰ (ਪੈਰਾਂ ਵਿਚ) ਪਿਆ ਡਿੱਠਾ।
ਠੁਕਰਾਯਹੁ, ਬਚ ਭਾਖਾ।
'ਮਹਾਂ ਦੁਸ਼ਟ ਇਹੁ ਸਿੰਘਨਿ ਸ਼ੱਤ੍ਰੂ
ਭਲੇ ਜੁੱਧਿ ਮਹਿਂ ਰਾਖਾ[1] ॥੭॥ [1]ਭਾਵ ਮਾਰ ਲਿਆ (ਸਿੰਘਾਂ ਨੇ)।
ਉਚਿਤ ਮਾਰਿਬੇ ਮਾਰਜੋ ਅਰਿ ਕੋ

ਇਮ ਸਭ ਦੁਸ਼ਟ ਨਿਬੇਰੋ।'
ਉਦੇ ਸਿੰਘ ਕਰ ਜੋਰਿ ਬਖਾਨਾ
'ਆਪ ਪ੍ਰਤਾਪ ਉਚੇਰੋ' ॥ ੮ ॥
ਇਤਨੇ ਮਹਿਂ ਬਚਿੱਤ੍ਰ ਸਿੰਘ ਪਹੁੰਚਜੋ
ਗੁਰ ਪਦ ਬੰਦਨ ਠਾਨੀ।
ਫਤੇ ਬੁਲਾਇ ਵਾਹਿਗੁਰੂ ਜੀ ਕੀ
ਹੁਤੇ ਜਿ ਸਿੱਖ ਤਿਸ ਥਾਨੀ ॥ ੯ ॥
ਸਾਹਿਬ ਸਿੰਘ ਹਿੰਮਤ ਸਿੰਘ ਆਯੋ
ਮੁਹਕਮ ਸਿੰਘ ਸੁਜਾਨਾ।
ਇਨ ਤੇ ਆਦਿ ਆਇ ਕਿਯ ਦਰਸ਼ਨ
ਕਰਿ ਉਰ ਅਨੰਦ ਮਹਾਨਾ ॥ ੧੦ ॥
ਗਜ ਕੀ ਬਾਤ ਕਹੀ ਤਬਿ ਸਗਰੀ
'ਇਮ ਦਲ ਰਿਪੁਨਿ ਖਪਾਯੋ।
ਦੁਤੀ ਦਿਸ਼ਾ ਤੇ ਹਤੈ ਖਾਲਸਾ
ਗਜ਼ਬ ਤਿਨਹੁੰ ਪਰ ਆਯੋ ॥ ੧੧ ॥
ਪ੍ਰਭੁ ਜੀ ਸੁਨਹੁ ਗਿਰੀਸ਼ਨਿ ਸੈਨਾ
ਜਿਤ ਕਿਤ ਪਰੀ ਸਥਾਰਾ।
ਮਨਹੁਂ ਬ੍ਰਿੰਦ ਖਾਤੀ ਮਿਲਿ ਇਕ ਥਲ
ਕਾਨਨ ਕੋ ਕਟ ਡਾਰਾ ॥ ੧੨ ॥
ਵਧਜੋ ਤ੍ਰਾਸ ਕਾਤੁਰ ਬਹੁ ਭਾਜੇ,
ਅਰਜੋ ਮਾਰ ਕਰਿ ਦੀਨਾ[1]।
ਗਿਰਪਤਿ ਉਰ ਉਤਸਾਹ ਹਾਰ ਕਰਿ
ਜਨੁ ਦੰਤਨਿ ਤ੍ਰਿਣ ਲੀਨਾ[1]' ॥ ੧੩ ॥
ਇੱਤਜਾਦਿਕ ਸਭਿ ਸਿੰਘ ਸੁਨਾਵਤਿ
ਆਨੰਦ ਕੋ ਉਪਜੰਤੇ।
ਕ੍ਰਿਪਾ ਦ੍ਰਿਸ਼ਟਿ ਕੋ ਦੇਖੇ ਸਤਿਗੁਰ
ਸਭਿ ਪਰ ਖੁਸ਼ੀ ਕਰੰਤੇ ॥ ੧੪ ॥
ਜਿਨ ਜਿਨ ਕੇ ਤਨ ਘਾਇ ਲਗਜੋ ਤਬਿ
ਸਾਲ ਪੱਤ੍ਰ ਤਿਨ[†] ਦੀਨਾ।
ਸਭਿ ਕੇ ਤਨ ਕੀ ਪੀਰ ਹਰੀ ਪ੍ਰਭੁ
ਸ਼੍ਰਮ ਤੇ ਭਏ ਬਿਹੀਨਾ ॥ ੧੫ ॥
ਦੁਰਗ ਬਿਖੈ ਜੋ ਹੁਤੇ ਘਾਵ ਜੁਤਿ

[1]ਜੋ ਅੜਿਆ ਸੋ ਮਾਰ ਦਿੱਤਾ।

[1]ਮਾਨੋ ਮੂੰਹ ਵਿਚ ਘਾ ਲਿਆ ਹੈ।

[†]ਪਾ:-ਤਬ।

ਸਭਿ ਕੇ ਪਾਸ ਪਠਾਯੋ।
ਗੁਰ ਕਰੁਨਾ ਤੇ ਸੰਕਟ ਨਾਸ਼ਯੋ
ਸਭਿ ਕੈ ਸੁਖ ਉਪਜਾਯੋ ॥੧੬॥
ਪ੍ਰਾਤਿ ਹੋਤਿ ਲੌ ਘਾਵ ਮਿਲੇ ਸਭਿ
ਕ੍ਰਿਪਾ ਆਪਨੀ[1] ਕੀਨੀ।
ਜੋ ਰਣ ਬਿਖੈ ਮਰੇ ਤਬਿ ਲਰਿ ਕੈ
ਮਨੋਕਾਮਨਾ ਦੀਨੀ ॥੧੭॥
ਨਿਸ਼ਕਾਮੀ ਕੋ ਮੁਕਤ ਦਈ ਤਬਿ
ਬੰਧਨ ਸਕਲ ਬਿਨਾਸ਼ੇ।
ਸਹਿ ਕਾਮੀ ਕੋ ਸੁਰਗ ਭੋਗ ਦੇ
ਅਨਿਕ ਬਿਧਿਨਿ ਸੁਖਰਾਸੇ ॥੧੮॥
ਉਤ ਗਿਰਪਤਿਨਿ ਸੁਨਹੁ ਜਿਮ ਬੀਤੀ,
ਸਿਵਰ ਸਮੂਹ ਪ੍ਰਵੇਸ਼ੇ।
ਪਾਇ ਪਰਾਜੈ ਮਰਯੋ ਕੇਸਰੀ, ਉਪਜਯੋ ਸ਼ੋਕ
ਵਿਸ਼ੇਸ਼ੇ ॥੧੯॥
ਭੀਮਚੰਦ ਨਿਜ ਡੇਰੇ ਬੈਠਯੋ
ਮਹਾਂ ਬਿਸੂਰਤ ਮਾਨੀ।
-ਲਰੇ ਮਹਾਂ, ਕੁਛ ਕਾਜ ਸਰਯੋ ਨਹਿਂ,
ਭ੍ਰਾਤ ਸੈਨ ਗਨ ਹਾਨੀ ॥੨੦॥
ਬਾਈਧਾਰਨ ਕੇ ਨਰ ਆਏ
ਪ੍ਰਜਾ ਸਹਤ ਗਨ ਜੋਧਾ।
ਜਮਤੁੱਲਾ ਭਾਊ ਲਰਿ ਲਰਿ ਕਰਿ
ਮਰਯੋ ਜੁੱਧ ਮਹਿਂ ਕ੍ਰੋਧਾ ॥੨੧॥
ਆਜ ਗਿਰੀਸ਼ਨਿ ਸਭਿ ਕੀ ਮਸਲਤ[1]
ਮਰਯੋ ਕੇਸਰੀ ਚੰਦੰ।
ਗਿਰਪਤਿ ਮਹਿਂ ਨਹਿਂ ਤਿਸ ਕੇ ਸਮਸਰ
ਜੋਧਾ ਜੁੱਧ ਬਿਲੰਦੰ ॥੨੨॥
ਘਾਇਲ ਭਯੋ ਹੰਡੂਰੀ ਆਯੋ
ਮਰਿਬੇ ਠਾਕੁਰ ਰਾਖਾ[1]।
ਅਬਿ ਗੁਬਿੰਦ ਸਿੰਘ ਕੇ ਸੰਗ ਲਰਿ ਕੈ
ਕਹਾਂ ਬਿਜੈ ਅਭਿਲਾਖਾ- ॥੨੩॥
ਇਮ ਬਿਸੂਰਤੋ ਸ਼ੋਕਤਿ ਬੈਠਯੋ

[1]ਗੁਰੂ ਜੀ ਨੇ।

[1]ਸਭ ਦਾ ਸਲਾਹਕਾਰ। (ਅ).... ਸਲਾਹ ਨਾਲ (ਲੜਨ ਗਿਆ) ਮਾਰਿਆ ਗਿਆ ਹੈ।

[1]ਮਰਨੋਂ (ਮਸਾਂ) ਠਾਕਰ ਨੇ ਬਚਾ ਲਿਆ ਹੈ।

ਆਯੋ ਨਿਕਟ ਕਟੋਚੀ।
ਉਰ ਹੰਕਾਰ ਸਿਪਰ ਖਗ ਕਟ ਸੋਂ
ਦੇਖ੍ਯੋ ਭੂਪਤਿ ਸੋਚੀ[1] ॥੨੪॥ — [1]ਸੋਚੀਂ ਪਿਆ ਹੋਇਆ।
ਜੰਮੂਪਤਿ, ਮੰਡਸਪਤਿ ਬੋਲਤਿ
ਅਰੁ ਗੁਲੇਰੀਆ ਆਯੋ।
ਇੱਤ੍ਯਾਦਿਕ ਰਾਜੇ ਅਰੁ ਰਾਣੇ
ਮੇਲ ਭਯੋ ਸਮੁਦਾਯੋ ॥੨੫॥
ਕੈਂਠਲ ਕੁਲੂ, ਭੁਟੰਤੀ ਸਗਰੇ
ਮਿਲਿ ਕੈ ਸ਼ੋਕ ਉਪਾਯੋ।
'ਅੱਗ੍ਰਣੀਯ[1]' ਜਸੁਵਾਰੀ ਹਤਿ ਭਾ, — [1]ਮੁਖੀ।
ਲਰ੍ਯੋ ਮਹਾਂ ਬਲ ਲਾਯੋ[1] ॥੨੬॥ — [1]ਬੜਾ ਬਲ ਲਾਕੇ ਲੜਿਆ ਹੈ।
ਸਮੁਖ ਬਿਲੋਕ ਸਿੰਘ ਇਕ ਆਵਤਿ
ਖਪਰਾ ਅਰਿ ਤਕ ਮਾਰਾ[1]। — [1]ਸਾਹਮਣੇ ਇਕ ਸਿੰਘ ਆਉਂਦਾ ਦੇਖਕੇ ਤੱਕਕੇ ਮਾਰਿਆ (ਕੇਸਰੀ ਚੰਦ ਨੇ) ਇਕ ਤੀਰ।
ਲਗ੍ਯੋ ਨ ਤਿਸ ਕੇ ਖੜਗ ਚਲਾਯੋ
ਸਿਰ ਤਤਕਾਲ ਉਤਾਰਾ ॥੨੭॥
ਰਹੇ ਬਿਲੋਕਤਿ ਸਗਰੇ ਜੋਧਾ
ਕਛੂ ਜਤਨ ਨਹਿਂ ਹੋਵਾ।
ਸਿਰ ਪਰੋਇ ਨੇਜ਼ੇ ਮਹਿਂ ਗਮਨ੍ਯੋਂ,
ਧਰ ਧਰ ਧਰਿ ਪਰ ਸੋਵਾ[1]– ॥੨੮॥ — [1]ਧੜ ਧਰਤੀ ਤੇ ਡਿਗਕੇ ਸੌਂ ਰਿਹਾ।
ਭੀਮਚੰਦ ਦ੍ਰਿਗ ਤੇ ਜਲ ਚਾਲਾ
ਸੁਨਤਿ ਹਿਤੂ ਕੋ ਹਾਲਾ।
ਹੇਰਿ ਅਪਰ ਸਭਿ ਅਸੂਆਂ ਗੇਰਤਿ
ਬਰਧ੍ਯੋ ਸ਼ੋਕ ਬਿਸਾਲਾ ॥੨੯॥
ਨੀਚੇ ਮੁਖ ਕਰਿ ਸੋਚਤਿ ਹੈਂ ਚਿਤ,
ਲਾਜ ਸਭਿਨਿ ਪਰ ਛਾਈ।
ਮੌਨ ਰਹੇ ਕਰਿ ਮਰੇ ਸੰਬੰਧੀ
ਬਹੁਰ ਪਰਾਜੈ ਪਾਈ[1] ॥੩੦॥ — [1]ਚੁੱਪ ਕਰ ਰਹੇ, (ਇਕ ਤਾਂ) ਸਬੰਧੀ ਮਰ ਗਿਆ (ਫਿਰ) ਹਾਰ ਪਾਈ।
ਸਭਿ ਕੀ ਦਿਸ਼ਿ ਅਵਿਲੋਕਿ ਕਟੋਚੀ
ਉਰ ਹੰਕਾਰਤਿ ਭਾਖਾ।
ਰਣ ਕੀ ਗਤਿ ਦ੍ਵੈ ਬਿਜੈ ਪਰਾਜੈ
ਬਿਦਤ ਅਹੈ ਸਭਿ ਲਾਖਾ[1] ॥੩੧॥ — [1]ਜਾਣਦੇ ਹਨ।

ਮਰੇ ਸੁਭਟ ਕੋ ਸ਼ੋਕ ਜਿ ਕਰਨੋ
ਤੌ ਕਜੋਂ ਕਰਹੁ ਚਢਾਈ।
ਕਜੋਂ ਰਣ ਘਾਲੋ ਗੋਬਿੰਦ ਸਿੰਘ ਸੋਂ
ਜਿਸ ਕੀ ਧਾਂਕ ਮਹਾਂਈ ॥੩੨॥
ਹੋਤਿ ਪ੍ਰਾਤਿ ਕੇ ਦੇਖਹੁ ਸੰਘਰ
ਮੈਂ ਕਰਿਹੌਂ ਸਭਿ ਆਗੇ।
ਤਜੌਂ ਨ ਸਿੰਘਨਿ ਕੋ ਮੈਂ ਜਾਵਤਿ,
ਜੇ ਨਹਿ ਜੈ ਹੈਂ ਭਾਗੇ ॥੩੩॥
ਮਾਰਨ ਮਰਣ ਕਾਜ ਰਣ ਮਾਂਹੀ,
ਸ਼ੋਕ ਨ ਹੋਤਿ ਸੁਹਾਈ।
ਜੋ ਉਤਸਾਹ ਧਰਹਿ ਸੋ ਜੀਤਹਿ,
ਭੀਰੁ[1] ਡਰ ਭਜਿ ਜਾਈ ॥੩੪॥
ਉਚਿਤ ਨ ਤੁਮ ਕੋ ਸ਼ੋਕ ਕਰਨਿ ਅਬਿ
ਬੈਰੀ ਸਿਰ ਪਰ ਠਾਂਢੇ।
ਬਚੇ ਜੁ ਮਰਿਹੌ ਰੋਦਤਿ ਕਰਤੇ,
ਜੈ ਉਤਸਾਹ ਕਿ ਬਾਢੇ" ॥੩੫॥

[1]ਕਾਇਰ।

"ਜੋ ਬਚ ਗਏ ਹੋ ਰੋਣ ਨਾਲ ਤਾਂ ਮਰ ਜਾਓਗੇ, ਪਰ ਉਤਸਾਹ ਦੇ ਵਧਿਆ ਤਾਂ ਜੈ ਹੋ ਸਕਦੀ ਹੈ।

ਭੀਮਚੰਦ ਧੀਰਜ ਕੁਛ ਕੀਨੀ
'ਸੁਜਸੁ ਸਭਿਨਿ ਕੌ ਹਾਨਾ'।
ਮਰੇ ਕੇਸਰੀ ਤੇ ਹਟਿ ਜੈ ਹੈਂ[1],
ਇਹ ਭੀ ਨੀਕ ਨ ਮਾਨਾ ॥੩੬॥
ਜੰਗ ਸਮੁੰਦ੍ਰ ਜਹਾਜ ਚੜ੍ਹੇ ਹਮ
ਤੂੰ ਕੇਵਟ ਕਰਿ ਪਾਰੀ।
ਨਾਂਹਿ ਤ ਬੀਚ ਡੂਬਤੇ ਲਖੀਅਤਿ
ਬਨ ਸਹਾਇ ਬਲ ਭਾਰੀ ॥੩੭॥
ਮੀਏਂ ਅਰੁ ਰਾਣੇ ਬਹੁ ਮਾਰੇ
ਅਧਿਕ ਬਹਾਦਰ ਜੇਈ।
ਕਿਸ ਭਰੋਸ ਮੈਂ ਉਰ ਉਤਸਾਹੂੰ
ਤੁਝ ਬਿਨ ਅਪਰ ਨ ਕੋਈ ॥੩੮॥
ਬਾਈ ਧਾਰ ਸ਼ੋਕ ਹੁਇ ਬਾਸਾ,
ਨਹਿੰ ਅਨੰਦ ਪੁਰਿ ਛੂਟਾ।
ਨਿਫਲ ਭਯੋ ਉੱਦਮ ਸਭਿ ਕੇਰਾ

'ਜਸ ਤਾਂ ਸਭ ਦਾ ਦੂਰ ਹੋ ਗਿਆ ਹੈ।

[1]ਜੇ ਹਟ ਜਾਈਏ।

ਹਿਰਦੈ ਧੀਰਜ ਟੂਟਾ ॥੩੯॥
ਕੌਨ ਬਦਨ ਲੇ ਨਿਜ ਪੁਰਿ ਜੈ ਹੈਂ
ਸ੍ਰੀ ਗੁਰੁ ਰਹਜੋ ਮਵਾਸਾ।
ਧਨ ਬਿਨਸਜੋ, ਸੰਬੰਧੀ ਮ੍ਰਿਤੁ ਭੇ,
ਰਹੀ ਨ ਕਾਰਜ ਆਸਾ[1] ॥੪੦॥

[1]ਭਾਵ ਜਿੱਤ ਦੇ ਕੰਮ ਦੀ ਆਸ।

ਬਿਦਤਹਿ ਸਗਰੇ ਦੋਸ਼ ਬ੍ਰਿਤੰਤਾ
ਜੰਗ ਪਰਾਜੈ ਪਾਈ।
ਯਾਂ ਤੇ ਲਰਨ ਮਰਨ ਹੀ ਆਛੋ
ਅਪਰ ਨ ਬਨਹਿ ਉਪਾਈ' ॥੪੧॥
ਮੰਡਸਪਤਿ ਮਨ ਬਿਖੈ ਬਿਚਾਰੇ
-ਸਮਝਹਿ ਨਹਿਂ ਅੱਗਜਾਨੀ।
ਜੇ ਅਬਿ ਕਹੌਂ, ਸ਼ੋਕ ਤੇ ਰਿਸਿ ਹੈ
ਭਲੀ ਨ ਮਾਨਹਿਂ ਮਾਨੀਂ ॥੪੨॥
ਮਿਲੇ ਰਹੈਂ[1] ਅਰ ਹੇਰੈਂ ਕ੍ਰਿਤ ਇਨ,

[1]ਜੇ ਹੁਣ ਕਹਾਂ (ਕਿ ਜੰਗ ਨਾ ਕਰੋ) ਸ਼ੋਕ ਤੇ ਕ੍ਰੋਧ ਕਰਨਗੇ ਮੰਨਣਗੇ ਨਹੀਂ (ਇਸ ਲਈ ਇਨ੍ਹਾਂ ਵਿਚ) ਮਿਲਿਆ ਹੀ ਰਹਾਂ।

ਕਿਮ ਹਾਰੇ ਗੁਰ ਪੂਰਾ।
ਸ਼ਾਹਜਹਾਂ ਸੋ ਜਿਨਹੁੰ ਪਿਤਾਮਾ
ਲਰਤਿ ਰਹਜੋ ਬਡ ਸੂਰਾ ॥੪੩॥
ਸ੍ਰੀ ਨਾਨਕ ਨਵ ਖੰਡਨ ਮਾਂਹੀ
ਸਿਖ ਕਰਿ ਜਸੁ ਵਿਸਤਾਰਾ।
ਤਿਨ ਗਾਦੀ ਪਰ ਬਿਦਤ ਥਿਰਜੋ ਇਹੁ
ਗੁਰ ਗੋਬਿੰਦ ਸਿੰਘ ਭਾਰਾ ॥੪੪॥
ਰਣ ਪ੍ਰਿਯ, ਰਣ ਕੋ ਭੈਰਵ ਕਰਤਾ[1],
ਅਨਿਕ ਬਾਰ ਅਰਿ ਮਾਰੇ।

[1]ਭਿਆਨਕ ਰਣ ਕਰਨ ਵਾਲੇ।

ਅਬਿ ਲੌ ਇਨ ਕੇ ਸਨਮੁਖ ਹ੍ਵੈ ਕਰਿ
ਨਹਿਂ ਖਰ ਤੀਰ ਪ੍ਰਹਾਰੇ[1]- ॥੪੫॥

[1]ਭਾਵ ਪਹਾੜੀਆਂ ਦੇ ਸਾਹਮਣੇ ਹੋਕੇ ਗੁਰੂ ਜੀ ਨੇ ਅਜੇ ਤੱਕ (ਆਪ) ਤ੍ਰਿੱਖੇ ਤੀਰ ਨਹੀਂ ਚਲਾਏ।

ਇੱਤਜਾਦਿਕ ਚਿਤ ਸਮੁਝਿ ਮੌਨ ਕਰਿ
ਬੈਠਿ ਰਹਜੋ ਬਿਚ ਭ੍ਰਾਤਾ।
ਅਪਰ ਸਕਲ ਰਣ ਕਰਜੋ ਨ ਚਾਹਹਿਂ
ਭਯੋ ਸਮੂਹਨ ਘਾਤਾ ॥੪੬॥
ਇਕ ਘਮੰਡ ਚੰਦ ਬੀਰ ਕਟੋਚੀ

ਰਹੀ ਹੌਂਸ[1] ਰਣ ਕੇਰੀ।
ਭੀਮਚੰਦ ਉਰ ਧੀਰਜ ਧਰਿ ਕਰਿ[1]
ਉਠੇ ਸਰਬ ਤਿਸੁ ਬੇਰੀ ॥੪੭॥
ਡੇਰੇ ਮਹਿਂ ਜਹਿਂ ਕਹਿਂ ਗਨ ਘਾਇਲ
ਪਰੇ ਪੀਰ ਕੋ ਪਾਵੈਂ।
ਕੇਤਿਕ ਰੁਦਤਿ ਸੰਬੰਧੀ ਮਰਿਗੇ
ਮਿਲਿ ਮਿਲਿ ਸੋਕ ਉਪਾਵੈਂ ॥੪੮॥
ਗਈ ਗਿਰਨਿ ਮਹਿਂ ਸੁਧ 'ਗਨ ਮਰਿਗੇ'
ਪਰਯੋ ਪੀਟਨਾ ਭਾਰੀ।
ਕੇਸ਼ ਉਖਾਰਤਿ ਰੁਦਤਿ ਜਹਾਂ ਕਹਿਂ
ਊਚੀ ਧੁਨਿ ਤੇ ਨਾਰੀ ॥੪੯॥
ਜਸੁਵਾਰੀ ਕੇ ਸੁਧਿ ਜਬਿ ਪਹੁੰਚੀ
ਗਨ ਰਾਨੀ ਮਿਲਿ ਰੋਵੈਂ।
ਹਾਹਾਕਾਰ ਜਹਾਂ ਕਹਿਂ ਉਚਰੈਂ
ਦ੍ਰਿਗ ਜਲ ਤੇ ਪਟ ਧੋਵੈਂ ॥੫੦॥
ਕਹਿਂ ਲੌ ਕਹੌਂ ਸ਼ੋਕ ਵਧਿ ਗਿਰ ਗਨ
ਰੋਦਤਿ ਬਾਇਸ ਧਾਰਾ।
ਭੀਮਚੰਦ ਕੋ ਕਹੈਂ ਮੰਦਮਤਿ
ਦੇਤਿ ਹਜ਼ਾਰਹੁੰ ਗਾਰਾ ॥੫੧॥
ਇਮ ਮਸਲਤ ਕਰਿ 'ਲਰੈਂ ਪ੍ਰਾਤਿ ਪੁਨ
ਕਰਿ ਘਮੰਡਚੰਦ ਆਗੇ।'
ਖਾਨ ਪਾਨ ਕੁਛ ਕਰਿ ਕੈ ਸੁਪਤੇ
ਸ਼੍ਰਮ ਤੇ ਨਾਹਿਨ ਜਾਗੇ ॥੫੨॥
ਪਹੁੰਚੀ ਸੁਧਿ ਸਤਿਗੁਰੂ ਨਿਕਟ ਇਹੁ
ਕਰੇ ਸਿੰਘ ਸਵਧਾਨਾ।
'ਵਹਿਰ ਲੋਹਗੜ ਤੇ ਕਰਿ ਮੁਰਚੇ
ਹਤਹੁ ਸ਼ੱਤ੍ਰੂ ਬਿਧਿ ਨਾਨਾ' ॥੫੩॥
ਆਲਮ ਸਿੰਘ ਆਦਿ ਬਡ ਜੋਧਾ
ਕਰੀ ਅਧਿਕ ਤਕਰਾਈ।
ਦੂਰ ਦੂਰ ਕਰਿ ਮੁਰਚੇ ਬੰਦੀ
ਜਹਿਂ ਬੈਠੇਂ ਸਮੁਦਾਈ[1] ॥੫੪॥
ਸਾਲਪੱਤ੍ਰ ਤੇ ਘਾਇਲ ਸੁਖ ਲਹਿਂ

[1]ਹਵਸ, ਅਰਮਾਨ।

[1]ਧੀਰਜ ਧਾਰਕੇ।

[1]ਬਹੁਤੇ ਬੈਠ ਸਕਣ।

ਮਿਲੇ ਘਾਵ ਤਤਕਾਲਾ।
ਸੱਤਿਨਾਮ ਕੋ ਸਿਮਰਨਿ ਕਰਿਤੇ
ਜੋ ਨਿਤ ਰਖਹਿ ਸੁਖਾਲਾ ॥੫੫॥
ਇਮ ਦੁਇ ਦਿਸ਼ਿ ਤੇ ਖਾਨ ਪਾਨ ਕਰਿ
ਜਾਮਨਿ ਜਬਹਿ ਬਿਤਾਈ।
ਕੁਛਕ ਗਰਬ ਸਿੰਘਨ ਕੇ ਉਪਜਯੋ
ਹਤੇ ਸ਼ੱਤ੍ਰ ਸਮੁਦਾਈ ॥੫੬॥
ਸੋ ਨ ਸਹਯੋ ਗੁਰ ਅਵਗੁਨ ਮਨ ਕੋ, ਜਾਗੇ
ਦੁਹਿਂ ਦਿਸ਼ਿ ਜੋਧਾ।
ਸੰਖ ਨਗਾਰੇ ਬਜੇ ਘਨੇ ਤਬਿ, ਲਰਨ ਹੇਤ
ਵਧਿ ਕ੍ਰੋਧਾ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਭੀਮਚੰਦ ਸ਼ੋਕ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

## ੨੯. [ਦੂਜੇ ਦਿਨ ਦਾ ਜੰਗ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸੰਘਰ ਕੋ ਉਤਸਾਹ ਉਰ, ਜੋਧਾ ਬਨੇ ਸੁਚੇਤ।
ਸੌਚ ਸ਼ਨਾਨੇ ਸਕਲ ਤਨ, ਤਯਾਰੀ ਬਨ ਰਨ ਹੇਤੁ ॥੧॥

ਭੁਜੰਗ ਪ੍ਰਯਾਤ ਛੰਦ:

ਗੁਰੂ ਸਿੰਘ ਭੇਜੇ ਉਦੇ ਸਿੰਘ ਆਦਾ।
ਬਜੇ ਦੁੰਦਭੀ ਧੌਂਸ ਤੇ ਦੀਹ ਨਾਦਾ।
ਕਰੀ ਕੋਟ ਕੇ ਅੱਗ੍ਰ ਮੈਂ ਓਟ ਗਾਢੀ।
ਪਦਾਂਤੀ ਸਬੈ ਸਿੰਘ ਹੈ ਚੌਂਪ ਬਾਢੀ ॥੨॥
ਉਤੈ ਜ਼ੀਨ ਪਾਏ ਪਹਾਰੀਨ ਸੈਨਾ।
ਭਏ ਤਯਾਰ ਸਾਰੇ ਚਲੇ ਜੁੱਧ ਐਨਾ।
ਕਟੋਚੀ ਬਡੋ ਓਤਸਾਹੰ ਧਰੰਤਾ।
ਕਰਾਚੋਲ ਪਾਯੋ ਗਰੇ ਓਜਵੰਤਾ ॥੩॥
ਕਸੀ ਢਾਲ ਕੰਧੇ ਬਡੀ ਮੋਲ ਕੇਰੀ।
ਭਰੇ ਤੀਰ ਭਾਥਾ ਪਿਖੇ ਤਾਂਹਿ ਬੇਰੀ[1]। — [1]ਤਦੋਂ ਵੇਖਕੇ ਤੀਰਾਂ ਨਾਲ ਭੱਥਾ ਭਰਿਆ।
ਲਿਯੋ ਚਾਂਪ ਭਾਰੀ ਬਡੋ ਡੀਲ ਜਾਂਹੀ।
ਬਲੀ ਦੀਹ ਵਾਰੋ ਚਲ੍ਯੋ ਜੰਗ ਮਾਂਹੀ ॥੪॥
ਮਿਲ੍ਯੋ ਭੀਮ ਚੰਦੰ ਦਈ ਧੀਰ ਬੋਲਾ।
'ਪਿਖੋ ਜੁੱਧ ਮੇਰੋ ਕਰੌ ਨਾਂਹਿ ਹੌਲਾ[1]। — [1]ਤੁਸੀਂ ਹੌਲ ਨਾ ਕਰੋ।
ਰਹੋ ਪੀਹ ਪੈ ਡੀਠ ਹ੍ਵੈ ਸੈਨ ਪ੍ਰੇਰੋ[1]। — [1]ਮੇਰੀ) ਪਿੱਠ ਤੇ ਰਹੋ ਸੈਨਾ ਨੂੰ ਨਿਗਾਹ ਵਿਚ ਰੱਖਕੇ ਪ੍ਰੇਰਦੇ ਰਹੋ।
ਪਲਾਵੈ ਨਹੀਂ ਜਯੋਂ ਤਥਾ ਘੇਰ ਫੇਰੋ' ॥੫॥
ਇਮੰ ਭਾਖਿ ਕੈ ਚਾਂਪ ਆਪੰ[1] ਟੰਕਾਰਾ। — [1]ਆਪਣਾ।
ਸਰੰ ਸੰਧਿਕੈ ਚੌਂਪ ਸੰਗੈ ਪ੍ਰਹਾਰਾ।
ਲਏ ਟੋਲ ਜੋਧਾਨ ਕੇ ਬੋਲਿ ਐਸੇ।
'ਕਰੌਂ ਆਜ ਕਾਜੰ ਜਸੰ ਪਾਇ ਜੈਸੇ ॥੬॥
ਪਰਾਜੈ ਭਈ, ਮੈਲ ਲਾਗੀ ਮਹਾਨੀਂ।
ਪਖਾਰੌਂ ਭਲੇ ਬੀਰ ਕੈ ਓਜ ਪਾਨੀ[1]। — [1]ਸੂਰਮਿਆਂ ਦੇ ਬਲ ਰੂਪੀ ਪਾਣੀ ਨਾਲ ਧੋਵਾਂਗਾ। (ਅ) ਬਲ ਰੂਪੀ ਪਾਣੀ ਬਹਾਦਰੀ ਨਾਲ ਲਾਕੇ ਧੋਵਾਂਗਾ।
ਹਟੌਂ ਨ ਪਿਛਾਰੀ, ਚਲੌਂ ਸਾਮੁਹਾਈ।
ਰਹੈ ਜੌਨ ਆਗੇ ਮਹਾਂ ਦੂੱਬ ਪਾਈ ॥੭॥
ਮਰੈ ਜੰਗ ਮੈਂ ਦੇਵ ਲੋਕੈਂ ਪਧਾਰੈ।

ਰਹੈ, ਕੀਰਤੀ ਲੇ ਭਲੇ ਸ਼ੱਤ੍ਰੂ ਮਾਰੈ[1]।'

[1]ਜੇ ਬਚ ਰਹੇ ਤਾਂ ਭਲੀ ਤਰ੍ਹਾਂ ਸ਼ੱਤ੍ਰੂ ਮਾਰਨ ਦੀ ਕੀਰਤੀ ਲਏਗਾ।

ਕਰੇ ਤਜਾਰ ਤੋੜੇ ਸਮੂਹੰ ਧੁਖਾਏ।
ਬਰੂਦੰ ਸੁ ਗੋਰੀ ਪਲੀਤੇ ਮਿਲਾਏ ॥੮॥
ਗਜੰ ਸੰਗ ਠੋਕੀ ਧਰੀ ਕੰਧ ਚਾਲੇ।
ਗੁਰੂ ਕੀ ਗੜ੍ਹੀ ਕੋ ਗਏ ਆਲਬਾਲੇ[1]।

[1]ਘੇਰਾ ਪਾਏ ਹੋਏ।

ਪਦਾਂਤੀ ਸਊਰੰ ਮਿਲੇ ਸੰਗ ਜੋਧਾ।
ਪਰਾਜੈ ਭਈ ਤੇ ਰਿਦੈ ਧਾਰਿ ਕ੍ਰੋਧਾ ॥੯॥
ਇਤੇ ਸਿੰਘ ਸਾਰੇ ਬਰੇ ਮੋਰਚਾ ਮੈਂ।
ਤੁਫੰਗੈਂ ਕਸੀ ਡਾਰਿ ਗੋਰੀ ਸੁ ਤਾਂ ਮੈਂ।
ਧੁਖੇ ਪੁੰਜ ਤੋੜੇ ਕਲੀ ਆਛ ਹੋਈ[1]।

[1]ਤੋੜੇ ਧੁਖਦਿਆਂ ਦੇ ਅੱਗੇ ਚੰਗਾ ਗੁਲ ਆ ਗਿਆ। [ਕਲੀ = ਤੋੜਾ ਧੁਖਕੇ ਜੋ ਨਾਲ ਗੁਲ ਬੱਝ ਜਾਂਦਾ ਹੈ]।

ਜੜੇ ਹੈਂ ਕਲਾ ਪੈ ਲਿਯੋ ਮੋੜ ਸੋਈ ॥੧੦॥
ਪਲੀਤੇ ਜਮਾਏ ਸਿਰੰਪੋਸ਼ ਖੋਲੇ।
ਰਵਾਂਦਸਤ ਕੀਨੀ ਤਜੇ ਅੱਗ੍ਰ ਓਲੇ[1]।

[1]ਭਾਵ, ਜੋ ਅੱਗੇ ਉਹਲੇ ਸਨ ਉਹ ਛੱਡ ਕੇ ਬੰਦੂਕ ਚਲਾਉਣ ਲਈ ਰੱਖੇ ਥਾਵਾਂ ਅਗੇ ਆ ਗਏ।

ਕਰੀ ਸ਼ਿਸਤ ਆਗੇ ਜਹਾਂ ਸ਼ੱਤ੍ਰੂ ਆਵੈਂ।
ਡੰਡੇ ਤਾਤਕਾਲੰ ਤੜਾਕੇ ਉਠਾਵੈਂ ॥੧੧॥
ਤੁਫੰਗੈਂ ਚਲੀ ਆਵਤੇ ਸਾਮੁਹਾਈ।
ਕਰੇ ਬੇਗ ਗੋਰੀ ਮਹਾਂ ਸ਼ੂੰਕ ਪਾਈ।
ਅਜਾਨੰ ਸੁਜਾਨੰ ਤਜੈ ਜੌਨ ਕੌਨਾ[1]।

[1]ਜੇਹੜਾ ਕੇਹੜਾ ਬੀ।

ਲਗੀ ਏਕ ਚਾਹੈ ਹਤੈ ਪ੍ਰਾਨ ਤੌਨਾ[1] ॥੧੨॥

[1]ਇਕ ਗੋਲੀ ਲੱਗਣੀ ਚਾਹੀਏ (ਬੱਸ ਫੇਰ) ਪ੍ਰਾਨ ਨਾਸ਼ ਕਰ ਦਿੰਦੀ ਹੈ ਉਸਦੇ (ਜਿਸ ਨੂੰ ਲੱਗੇ)।

ਹਲਾਹਾਲ ਬੋਲੇ ਕਰਜੋ ਹੇਲ ਧਾਈ।
ਮਨੋ ਸੈਲ ਹੂੰ ਪੈ ਘਟਾ ਢੁਕਿ ਆਈ।
ਪਲੀਤੇ ਛਟਾ ਜ੍ਵਾਲਮਾਲਾ ਉਠਾਲੇ[1]।

[1]ਪਲੀਤਿਆਂ ਰੂਪੀ ਅਗਨੀ ਦੀ ਮਾਲਾ ਬਿਜਲੀ ਵਤ (ਦੂਰੋਂ) ਉਠਦੀ (ਦਿੱਸਦੀ ਹੈ)।

ਚਲੇ ਪੁੰਜ ਗੋਰੀ ਕਿ ਓਰੇ[1] ਕਰਾਲੇ ॥੧੩॥

[1]ਮਾਨੋਂ ਗੜੇ।

ਉਠੀ ਧੂਮ ਧਾਰਾ ਚਮੂੰ ਓਰ ਹੋਈ।
ਭਯੋ ਅੰਧ ਧੁੰਧੰ ਡਰੇ ਭਾਜ ਕੋਈ।
ਤੜਾਕੇ ਮਨਹੁ ਗਾਜ ਹ੍ਵੈ ਬਾਰ ਬਾਰੀ[1]।

[1]ਵਾਰ ਵਾਰ ਤੜਾਕੇ (ਜੋ ਹੁੰਦੇ ਹਨ ਉਹ) ਮਾਨੋਂ ਬਿਜਲੀ ਪੈਂਦੀ ਹੈ।

ਗਿਰੈਂ ਬ੍ਰਿੱਛ[1] ਜੋਧਾ ਮਚੀ ਮਾਰ ਭਾਰੀ ॥੧੪॥
[1]ਸੂਰਮਿਆਂ ਰੂਪੀ ਬ੍ਰਿੱਛ।

ਉਭੈ ਓਰ ਤੇ ਜ੍ਵਾਲ ਬੌਨਾ[1] ਪ੍ਰਹਾਰੈਂ।
[1]ਬੰਦੂਕਾਂ ਨੂੰ।

ਸ਼ਿਤਾਬੀ ਕਸੈਂ, ਹਾਥ ਪੈ ਟੇਕਿ ਮਾਰੈਂ।
ਲਗੈ ਅੰਗ ਮੈਂ ਤੋੜ ਫੋੜੈ ਬਿਹੰਡੈ।
ਗਿੜੈ ਦਾੜ[1] ਭੂ ਮੈਂ ਫੁਟੇ ਤੁੰਡ ਮੁੰਡੈ ॥੧੫॥
[1]ਧੜੈਂ ਕਰਕੇ ਡਿੱਗ ਪੈਂਦਾ ਹੈ।

ਹੁਤੇ ਮੋਰਚੇ ਅੱਗ੍ਰ ਬੰਧੇ ਜਿਥਾਂਈ[1]।
[1]ਜਿੱਥੇ।

ਘਨੋ ਲੋਹ ਬਾਜਯੋ ਤਹਾਂ ਧੂੰਮ ਪਾਈ।
ਭਯੋ ਢੋਇ ਭਾਰੋ, ਜੁਟੇ ਬੀਰ ਬੰਕੇ।
ਲਗੇ ਢੋਲ ਧੌਸਾਨਿ ਪੈ ਬ੍ਰਿੰਦ ਡੰਕੇ ॥੧੬॥

ਲਲਿਤਪਦ ਛੰਦ:

ਲਲਕਾਰੇ ਭਟ ਪੁੰਜ ਕਟੋਚੀ[1]
[1]ਕਟੋਚੀ (ਰਾਜਾ) ਨੇ ਸਾਰੇ (ਆਪਣੇ) ਸੂਰਮਿਆਂ ਨੂੰ ਲਲਕਾਰਿਆ।

'ਕਿਤ ਕਾਤੁਰ ਹੁਇ ਤ੍ਰਾਸੇ।
ਕਹਾਂ ਸਿੰਘ ਥੋੜੇ ਅਬਿ ਰਹਿ ਗੇ
ਪਹਿਲੇ ਜੰਗ ਬਿਨਾਸੇ ॥੧੭॥
ਹੇਲ ਘਾਲਿ ਅਬਿ ਲੇਹੁ ਮੋਰਚਾ
ਦਿਹੁ ਨਿਕਾਲ ਬਲ ਪਾਯੋ।
ਦੁਗਨ ਦਰਬ ਕੋ ਮਨਸਬ ਕਰਿਹੈਂ
ਬਨਹੁ ਸੁਰ ਜਸੁ ਛਾਯੋ' ॥੧੮॥
ਕਹਯੋ ਘਮੰਡਚੰਦ ਭਟ ਗਨ ਸੋਂ
ਅੱਗ੍ਰ ਆਪ ਹੀ ਚਾਲਾ।
ਖਪਰਾ ਤੀਖਨ ਭੀਖਨ ਲੀਨਸਿ
ਚਾਂਪ ਕਠੋਰ ਬਿਸਾਲਾ ॥੧੯॥
ਐਂਚਿ ਐਂਚਿ ਸਿੰਘਨ ਕੇ ਸਨਮੁਖ
ਛੋਰਹਿ ਬਾਨ ਮਹਾਂਨੇ।
ਸੁਭਟ ਬਲੀ ਕੇ ਕਰ ਤੇ ਚਲਿ ਚਲਿ
ਬੀਧਤਿ ਪਾਰ ਪਰਾਨੇ ॥੨੦॥
ਲਗੇ ਕਿਤਿਕ ਸਿੰਘਨ ਕੇ ਜਬਿ ਹੂੰ
ਆਲਮ ਸਿੰਘ ਬਿਲੋਕੇ।
-ਹੇਲਾਘਾਲ[1] ਧਕੇਲਤਿ ਬਲ ਤੇ
[1]ਆਲਮ ਸਿੰਘ ਨੇ ਡਿੱਠਾ (ਕਿ ਪਹਾੜੀਆਂ ਨੇ ਹੱਲਾ) ਕਰਕੇ।

ਰਹੇ ਨ ਕਯੋਂਹੂੰ ਰੋਕੇ ॥੨੧॥

ਜ਼ੋਰ ਮੋਰਚੇ ਪਰ ਬਹੁ ਦੈ ਕੈ
ਸਿੰਘ ਨਿਕਾਸਨਿ ਕੀਨੇ।
ਕੋ ਮਰਿ ਗਏ, ਭਏ ਕੋ ਘਾਇਲ,
ਕਿਨਹੁੰ ਓਟ ਗਢ ਲੀਨੇ ॥੨੨॥
ਸਹਿ ਨ ਸਕ੍ਯੋ ਆਲਮ ਸਿੰਘ ਜੋਧਾ
ਕਸਿ ਬੰਦੂਕ ਸੰਭਾਰੀ।
ਚੰਚਲ ਤੁਰਾ[1] ਨਚਾਵਨਿ ਗਵਨ੍ਯੋਂ
ਤਕਹਿ ਦਾਵ ਮਤਿ ਭਾਰੀ ॥੨੩॥
ਇਤ ਉਤ ਹਯ ਕੋ ਫੇਰਿ ਨੇਰ ਕਿਯ
ਪਿਖਿ ਕਟੋਚ[1] ਲਲਕਾਰਾ।
'ਮੂਢ ਖਰੋ ਰਹੁ ਲੇਹੁ ਅਬੈ ਫਲ,
ਤੈਂ ਸਿੰਘਨ ਕੋ ਮਾਰਾ' ॥੨੪॥
ਕਰਤਿ ਕੁਵਾਇਦ[1] ਫੇਰ੍ਯੋ ਘੋੜਾ
ਤਕਿ ਸ਼ੱਤ੍ਰੂ ਤਨ ਮਾਰੀ।
ਧੁਖਤਿ ਪਲੀਤਾ ਉਠ੍ਯੋ ਤੜਾਕਾ
ਗੋਰੀ ਸ਼ੂੰਕਿ ਸਿਧਾਰੀ ॥੨੫॥
ਲਖਿ ਘਮੰਡ ਚੰਦ ਤੁਪਕ ਤਕੀ ਮੁਹਿ
ਚੰਚਲ ਕੀਨ ਤੁਰੰਗਾ।
ਬਚ੍ਯੋ ਆਪ ਜਮ ਮੁਖ ਤੇ ਮਾਨੋ
ਗੁਲਕਾ ਲਗੀ ਨ ਅੰਗਾ ॥੨੬॥
ਹਯ ਕੀ ਗ੍ਰੀਵ ਲਗੀ ਦੜ ਗਿਰ ਗਾ
ਉਤਰਿ ਕਟੋਚਿ ਸੰਭਾਰਾ।
ਭਯੋ ਪਦਾਂਤੀ ਤਊ ਚਾਂਪ ਗਹਿ
ਧਰਿ ਧਨੁ ਮਹਿਂ ਸਰ ਮਾਰਾ ॥੨੭॥
ਭੀਮਚੰਦ ਅਵਿਲੋਕ੍ਯੋ ਹਯ ਮ੍ਰਿਤੁ
ਭਯੋ ਆਪ ਕੁਛ ਆਗੇ।
ਸਭਿ ਬੀਰਨਿ ਕੋ ਪ੍ਰੇਰਨਿ ਕੀਨਾ
'ਪਹੁੰਚ੍ਯੋ ਦੇਰ ਨ ਲਾਗੇ ॥੨੮॥
ਅਰ੍ਯੋ ਨਰਿੰਦ ਘਮੰਡਚੰਦ ਰਣ
ਹੂਜਹਿ ਸਕਲ ਸਹਾਈ।'
ਕਿਸਹੁ ਦਿਲਾਸਾ ਕਿਸਹੂੰ ਰਿਸ ਕਰਿ
ਆਗੇ ਧਰਿ ਸਮੁਦਾਈ[1] ॥੨੯॥

[1]ਘੋੜਾ।

[1]ਕਟੋਚੀਏ ਨੂੰ।

[1]ਸਿੱਖੀ ਹੋਈ) ਕਵਾਇਦ (ਦੇ ਦਾਉ ਫੇਰ) ਕਰਕੇ।

[1]ਸਾਰੇ ਅੱਗੇ ਕੀਤੇ।

ਇਤ ਤੇ ਉਮਡਿ ਖਾਲਸਾ ਸਨਮੁਖ
ਤਜੇ ਤੀਰ ਅਰੁ ਗੋਰੀ।
ਹੇਲੇ ਪਰ ਹੇਲਾ ਬਡ ਘਾਲਜੋ
ਰੁਪੇ ਕੋਪ ਦੁਇ ਓਰੀ ॥੩੦॥
ਪਰਜੋ ਜੋਰ ਪੁਨ ਸਿੰਘਨ ਕੇਰਾ
ਲਾਗੇ ਫਿਰਨ ਪਹਾਰੀ।
ਤਬਿ ਲਲਕਾਰ ਕਟੋਚੀ ਬੈਠਜੋ
ਲੇ ਕੁਛ ਓਟ ਅਗਾਰੀ ॥੩੧॥
ਤਰਕਸ਼ ਤੇ ਸਰ ਕਾਢਿ ਬਖੇਰੇ[1],
'ਉਠੌਂ ਨ ਹਟ ਹੌਂ ਪਾਛੇ।'
ਤਬਿ ਗੁਲੇਰੀਆ ਆਦਿ ਸੈਲਪਤਿ
ਅਰਜੋ ਦੇਖਿ ਕਰਿ ਆਛੇ ॥੩੨॥
ਲੈ ਲੈ ਸੁਭਟ ਪਰੇ ਸਿੰਘਨ ਪਰ
ਮਾਰ ਮਚੀ ਇਕਸਾਰਾ।
ਗਿਰਹਿਂ ਮਰਹਿਂ ਦੜ[1] ਪਰਹਿਂ ਧਰਾ ਪਰ,
ਘਾਇਲ ਕਰਤਿ ਪੁਕਾਰਾ ॥੩੩॥
ਦੀਰਘ ਬਲ ਘਾਲਜੋ ਸਿੰਘਨ ਪਰ
ਠਹਿਰ ਨ ਸਕਹਿਂ ਜੁਝਾਰੇ।
ਤਜਜੋ ਮੋਰਚਾ ਬਰੇ[1] ਲੋਹਗੜ,
ਕੋ ਥਿਰ ਦ੍ਵਾਰ ਅਗਾਰੇ ॥੩੪॥
ਬਹੁਰ ਨਿਕਟ ਕਰਿ ਹੇਲਾ ਘਾਲਣ[1],
ਰੁਪਜੋ ਘਮੰਡੈ ਚੰਦੰ।
ਬਾਨ ਸੜਾਸੜ ਛੋਰਤਿ ਸਨਮੁਖ
ਢੁਕੇ ਆਨਿ ਭਟ ਬ੍ਰਿੰਦੰ ॥੩੫॥
ਸਰਬ ਗਿਰੀਸ਼੍ਵਰ ਭੀਮਚੰਦ ਜੁਤਿ
ਓਰੜਿ ਗੜ੍ਹ ਪਰ ਆਏ।
ਸੇਲੇ, ਤੋਮਰ, ਤੀਰਨ, ਤੁਪਕਾਂ
ਮਾਰਿ ਮਾਰਿ ਬਰਖਾਏ ॥੩੬॥
ਕਰੇ ਸਿੰਘ ਘਾਇਲ ਬਹੁ ਤਬਿ ਹੀ
ਖਿਰੇ ਲੋਹਗੜ ਮਾਂਹੀ।
ਨਿਕਸਨ ਦੇਤਿ ਨ ਵਹਿਰ ਕਟੋਚੀ
ਸੁਭਟ ਹਜ਼ਾਰਹੁਂ ਪਾਹੀ ॥੩੭॥

[1]ਭੱਥੇ ਦੇ ਬਾਨ ਕੱਢਕੇ (ਜ਼ਮੀਨ ਤੇ) ਖਿੰਡਾ ਦਿੱਤੇ।

[1]ਧੜੈਂ ਕਰਕੇ।

[1]ਵੜੇ, ਪ੍ਰਵੇਸ਼ ਹੋਏ।

[1]ਨੇੜੇ ਹੋਕੇ ਹੱਲਾ ਕਰਨ ਲਈ।

ਜਹਿਂ ਜਹਿਂ ਮਰੇ ਪਰੇ ਨਹਿਂ ਦੀਖਹਿਂ
ਕੂਕਰ ਜੰਬੁਕ ਖਾਏ।
ਹੜ ਹੜ ਹਸੈਂ ਮਸਾਨ ਜੁੱਧ ਥਲ[1]
ਧੁਖਿ ਧੁਖਿ ਉਠਿ ਸਮੁਦਾਏ ॥੩੮॥

[1]ਜੁਧ ਭੂਮੀ ਵਿਚ।

ਕਹੌਂ ਕਹਾਂ ਲਗਿ ਬਡ ਘਮਸਾਨਾ
ਭਯੋ ਜੁੱਧ ਤਬਿ ਘੋਰਾ।
ਘਾਲਿ ਘਮੰਡ[1] ਘਮੰਡ ਚੰਦ ਬਹੁ,
ਲਜਤਿ ਮੁਖਿ ਨਹਿਂ ਮੋਰਾ[1] ॥੩੯॥

[1]ਭਾਵ ਜੁੱਧ ਕੀਤਾ।
[1]ਸ਼ਰਮਿੰਦਗੀ ਤੋਂ (ਡਰਦੇ ਨੇ) ਮੂੰਹ ਨਾ ਮੋੜਿਆ।

ਭੂਤ ਪ੍ਰੇਤ ਨਾਚਤਿ ਅਰੁ ਗਾਵਤਿ
ਮਨ ਭਾਵਤਿ ਰਨ ਹੇਰਾ।
ਕਾਕ ਕੰਕ ਕੀ ਕੂਕੈਂ ਕੂਕੀ
ਸੁਨੀਅਤਿ ਭੀਮ ਬਡੇਰਾ[1] ॥੪੦॥

[1]ਬਹੁਤ ਭਜਾਨਕ ਕੂਕਾਂ ਕਾਂਵਾਂ ਤੇ ਕੰਕਾਂ ਦੀਆਂ ਕੂਕੀਂਦੀਆਂ ਸੁਣੀਦੀਆਂ ਹਨ।

ਗ੍ਰਿੱਧ ਬ੍ਰਿੱਧ ਮੰਡਰਾਵਤਿ ਪੁੰਜੈ
ਸ਼੍ਰੋਣਤ ਬਹਿ ਬਹੁ ਚਾਲਾ।
ਫਟੇ ਨਿਸ਼ਾਨਨ ਕੇ ਪਟ ਫਰਰੇ
ਰਹਿ ਗਏ ਬਾਂਸ ਬਿਸਾਲਾ ॥੪੧॥
ਤ੍ਰਿਪਤ ਭਏ ਜੋਧਾ ਤਬਿ ਲਰਿ ਲਰਿ
ਕਰਿ ਕਰਿ ਓਜ ਬਡੇਰਾ।
ਮਰੇ ਹਜ਼ਾਰਹੁਂ ਘਾਇਲ ਹ੍ਵੈ ਕੈ,
ਥਕਯੋ ਬੋਲ ਬਹੁ ਟੇਰਾ[1] ॥੪੨॥

[1]ਬਹੁਤਾ ਬੋਲਦਿਆਂ ਵੀ ਥਕ ਗਏ।

ਪਰੇ ਸ਼ਸਤ੍ਰ ਗਨ ਬਿਖਰੇ ਜਹਿਂ ਕਹਿਂ
ਤੋਮਰ ਤੀਰ ਤੁਫੰਗਾ।
ਖੜਗ, ਸਿਪਰ, ਜਮਧਰ ਬਹੁ ਖੰਜਰ
ਕਿਤਿਕ ਮ੍ਰਿਤਕ ਤਨ ਸੰਗਾ ॥੪੩॥
ਮਰੇ ਤੁਰੰਗ ਪਰੇ ਜੁਤਿ ਜ਼ੀਨਨਿ
ਤਰ ਊਪਰ[1] ਗਨ ਲੋਥਾਂ।
ਕਿਤਿਕ ਸਊਰ ਮਰੇ ਅਸੁ ਛੂਛੇ
ਦੌਰਤਿ ਪਗ ਤੇ ਪੋਥਾ[1] ॥੪੪॥

[1]ਹੇਠ ਉਤੇ।
[1]ਲਿਟੀਆਂ ਪਈਆਂ (ਲੋਥਾਂ ਦੇ ਉੱਤੋਂ ਦੀ) [ਪੰ:, ਪੋਥਾ = ਪੁਸਤਕ, ਢੇਰ, ਸਮੂਹ, ਸਥਾਰ ਯਾ ਲਿਟੀ ਪਈ ਸ਼ੈ]।

ਸਗਰੇ ਬਾਸੁਰ ਮਚੀ ਲਰਾਈ
ਭਾ ਤਬਿ ਸੰਧਯਾ ਕਾਲਾ।
ਉਠਨ ਲਗਯੋ ਜਬਿ ਨ੍ਰਿਪਤ ਕਟੋਚੀ

ਛੁਟੀ ਤੁਫੰਗ ਕਰਾਲਾ ॥੪੫॥
ਬਚਜੋ ਮਰਣ ਤੇ ਘਾਇਲ ਹ੍ਵੈ ਕਰਿ
ਪੁਨ ਤਤਕਾਲ ਪਲਾਯੋ।
ਸਨੇ ਸਨੇ ਤਬਿ ਹਟੇ ਪਹਾਰੀ
ਥਕਤਿ ਲੋਹ ਬਰਖਾਯੋ ॥੪੬॥
ਭੀਮਚੰਦ ਮੁਰਝਾਵਤਿ ਮੂਰਖ
ਹਟਿ ਪਹੁੰਚਜੋ ਨਿਜ ਡੇਰੇ।
ਸੰਗ ਘਮੰਡ ਚੰਦ ਲੇ ਘਾਇਲ
ਚਿੰਤਾ ਧਰਤਿ ਘਨੇਰੇ ॥੪੭॥
ਸਗਲ ਚਮੂੰ ਜੀਵਤਿ ਜੋ ਬਚ ਰਹਿ
ਥਕਤ ਹੋਇ ਕਰਿ ਆਏ।
ਘਾਯਲ ਕੇਤਿਕ ਨੀਠ ਨੀਠ ਕਰਿ
ਪਹੁੰਚੇ ਦੁਖ ਬਿਕੁਲਾਏ ॥੪੮॥
ਸ਼੍ਰੋਣਤ ਸੰਗ ਰੰਗ ਮਹਿਂ ਰੰਗੇ
ਤਨ ਪਰ ਜਮਜੋ ਬਿਸਾਲਾ।
ਪਰੇ ਕਰਾਹੈਂ ਮਾਰ ਮਚੀ ਬਹੁ
ਕਰਿ ਪਗ ਟੁਟੇ ਕਰਾਲਾ ॥੪੯॥
ਇਤ ਸਭਿ ਸਿੰਘਨ ਕਰੇ ਸੰਭਾਲਨਿ
ਘਾਇਲ ਮੰਚਨ ਪਾਏ।
ਮਰੇ ਜਿਤਿਕ ਸੁਰ ਲੋਕ ਪਧਾਰੇ
ਦਾਹ ਕਰੇ ਇਕ ਥਾਏਂ ॥੫੦॥
ਪੌਰ ਲੋਹਗੜ ਬਜਹਿ ਨਗਾਰਾ
ਸਤਿਗੁਰ ਫਤੇ ਬੁਲਾਵੈਂ।
ਜਿਨ ਕੇ ਮੋਹ ਨ ਸ਼ੋਕ ਕਹਾਂ ਹੁਇ,
ਸਿੱਖੀ ਸਦਾ ਕਮਾਵੈਂ ॥੫੧॥
ਸ਼੍ਰੀ ਕਲਗ਼ੀਧਰ ਕੇ ਢਿਗ ਗਮਨੇ
ਕੇਤਿਨ ਦਰਸ਼ਨ ਕੀਨਾ।
ਅਪਰ ਲੋਹਗੜ ਮਹਿਂ ਦਿਢ ਬਾਸਹਿਂ
ਗੁਰ ਪਗ ਮਹਿਂ ਚਿਤ ਦੀਨਾ ॥੫੨॥
ਜੁੱਧ ਬਾਰਤਾ ਸਰਬ ਸੁਨਾਈ
'ਆਜ ਕਟੋਚੀ ਰੋਹਾ[1]।
ਪੁੰਜ ਹੇਲ ਘਾਲਜੋ ਦੁਹਿ ਦਿਸ਼ਿ ਤੇ

[1]ਕ੍ਰੋਧਵਾਨ ਹੋਇਆ।

ਬਜਯੋ ਲੋਹ ਸੋਂ ਲੋਹਾ ॥੫੩॥
ਰਹਯੋ ਪ੍ਰਬਲ[1] ਜਬਿ ਉਠਨਿ ਲਗਯੋ[2] ਤਹਿਂ
ਗੁਲਕਾ ਲਗੀ ਕਿਥਾਈਂ।
ਜੋਧਾ ਪੁੰਜ ਸੰਗ ਲੇ ਗਮਨਯੋਂ
ਗਏ ਮੂਢ ਪਛੁਤਾਈ ॥੫੪॥
ਪ੍ਰਭੁ ਜੀ ! ਘਾਇਲ ਸਿੰਘ ਭਏ ਬਹੁ,
ਸਾਲਪੱਤ੍ਰ ਪਠਵਾਵੌਂ।
ਕ੍ਰਿਪਾ ਕਰਹੁ ਤਨ ਪੀਰਾ ਹਰੀਅਹਿ
ਹੋਇ ਸਹਾਇ ਬਚਾਵੌਂ' ॥੫੫॥
ਜਥਾ ਜੋਗ ਸਭਿ ਕੋ ਦੇ ਧੀਰਜ
ਸਤਿਗੁਰ ਨਿਕਟ ਬਿਠਾਏ।
ਹਿਤ ਘਾਇਲ ਅਰੁ ਸਭਿ ਸਿੰਘਨ ਹਿਤ
ਵਸਤੁ ਸਮੂਹ ਪਠਾਏ ॥੫੬॥

[1]ਭਾਵ ਕਟੋਚੀ ਅਜ ਸਿੰਘਾਂ ਤੇ ਪ੍ਰਬਲ ਰਿਹਾ। [2]ਭਾਵ ਜਦੋਂ ਹਟਣ ਲਗਾ (ਜੁੱਧ ਵਿਚੋਂ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਏਕ ਊਨਤ੍ਰਿੰਸਤੀ ਅੰਸੂ ॥੨੯॥

## ੩੦. [ਖਾਲਸੇ ਦੀ ਜਿੱਤ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਨਿਸ ਮਹਿਂ ਮਿਲੇ ਗਿਰੀਸ਼ ਸਭਿ, ਜਹਿਂ ਕਟੋਚ ਮਹਿਪਾਲ।
ਭੀਮਚੰਦ ਭੀ ਤਹਿਂ ਗਯੋ, ਰਾਜੇ ਰਾਣੇ ਜਾਲ ॥੧॥

ਚੌਪਈ:

ਪੰਮਾ ਆਦਿ ਵਜ਼ੀਰ ਅਨੇਕ।
ਮਿਲੇ ਸਿਆਣੇ ਸੁਮਤਿ ਵਿਵੇਕ।
ਸਭਾ ਬਿਸਾਲ ਸਮੂਹ ਲਗਾਈ।
ਝਾਰ ਮਸਾਲਾਂ ਬਹੁ ਜ੍ਵਲਤਾਈ ॥੨॥
ਭੀਮ ਚੰਦ ਮਤਿਮੰਦ ਗੁਮਾਨੀ।
ਸਭਿਨਿ ਸੁਨਾਵਤਿ ਗਿਰਾ ਬਖਾਨੀ।
'ਅਨਿਕ ਪ੍ਰਕਾਰਨ ਤੇ ਲਰ ਰਹੇ।
ਨਹੀਂ ਮਨੋਰਥ ਕਯੋਂ ਹੂੰ ਲਹੇ ॥੩॥
ਦਿਵਸ ਮਾਸ ਤੇ ਅਧਿਕ ਬਿਤਾਏ।
ਲਰਤਿ ਰਹੇ ਗਨ ਸੁਭਟ ਖਪਾਏ।
ਰਾਜਨੀਤਿ ਕੇ ਚਤੁਰ ਉਪਾਇ[1]।
ਸਕਲ ਬਿਚਾਰਹੁ ਚਿਤ ਕੋ ਲਾਇ ॥੪॥
ਬਡੋ ਬਹਾਦਰ ਕੇਸਰਿ ਚੰਦ।
ਭਾਊ ਜਮਤੁੱਲਾ ਸੁ ਬਿਲੰਦ।
ਦੋਨਹੁ ਜੋਧਾ ਮਰੇ ਜੁਝਾਰੇ।
ਮੀਏਂ ਅਰੁ ਰਾਣੇ ਗਨ ਮਾਰੇ ॥੫॥
ਕਹਿਂ ਲੌ ਗਿਨੀਅਹਿ ਸਭਿ ਤੁਮ ਜਾਨੋਂ।
ਸਰਜੋ ਨ ਕਾਰਜ ਮਰੇ ਮਹਾਨੇ।
ਸ਼ਾਮ, ਦਾਮ, ਅਰੁ ਭੇਦ ਨ ਭਯੋ।
ਦੰਡ ਉਪਾਇ ਚਤੁਰਥੋ ਕਿਯੋ ॥੬॥
ਇਹ ਤ੍ਰੈ ਤੇ ਪਾਛੇ ਬਨਿ ਆਵਤਿ।
ਸੋ ਹਮ ਪ੍ਰਥਮ ਕੀਨਿ ਮਨ ਭਾਵਤਿ[1]।
ਕੁਛ ਥੋਰੇ ਨਹਿਂ ਭਯੋ ਬਿਚਾਰੋ।
ਪਸਰਯੋ ਸ਼ੋਕ ਦੇਸ਼ ਗਿਰ ਸਾਰੋ ॥੭॥
ਪ੍ਰਥਮ ਕਰਨਿ ਜੋ ਚਹੀਯਤਿ ਤੀਨ[1]।
ਸੋ ਅਬਿ ਕਰਹੁ ਬਿਚਾਰ ਪ੍ਰਬੀਨ।

[1]ਰਾਜਨੀਤੀ ਦੇ ਚਾਰੇ ਉਪਾਵ।

[1]ਭਾਵ ਦੰਡ ਜੋ ਅਸਾਂ ਪਹਿਲਾਂ ਵਰਤਿਆ ਹੈ, ਸ਼ਾਮ, ਦਾਮ, ਭੇਦ, ਤਿੰਨਾਂ ਤੋਂ ਪਿਛੋਂ ਵਰਤਣਾ ਚਾਹੀਦਾ ਸੀ।

[1]ਭਾਵ ਸ਼ਾਮ, ਦਾਮ ਤੇ ਭੇਦ।

ਦੰਡ ਉਪਾਇ ਤਜਾਗ ਕਰਿ ਅਬੈ।
ਸ਼ਾਮ ਆਦਿ ਕੋ ਕਰੀਅਹਿ ਸਬੈ ॥ ੮ ॥
ਇਤ ਜੁੱਧ ਕਰਿ ਕ੍ਰੋਧ ਵਿਰੁੱਧੇ[1]।
ਚਹੁੰਦਿਸ਼ਿ ਤੇ ਆਨੰਦਪੁਰਿ ਰੁੱਧੇ[1]।
ਗੁਰ ਗੋਬਿੰਦ ਸਿੰਘ ਕੋ ਨਹਿਂ ਚਿੰਤਾ।
ਆਨਿ ਮਿਲਹਿਂ ਸਿਖ ਬਹੁਰ ਬਿਅੰਤਾ ॥ ੯ ॥
ਨਹਿਨ ਚਮੂ ਕੀ ਚਾਹਿ ਬਿਸਾਲਾ।
ਬਿਨਾ ਹਕਾਰੇ ਆਵਤਿ ਜਾਲਾ।
ਬਹੁਤ ਦਰਬ ਕੀ ਕਮੀ ਨ ਕਬਿਹੂੰ।
ਚਹੁੰਦਿਸ਼ਿ ਤੇ ਆਨਹਿਂ ਸਿਖ ਸਭ ਹੂੰ ॥ ੧੦ ॥
ਰਹੀ ਲਰਾਈ ਲਖਹੁ ਘਨੇਰੀ।
ਨਹਿਂ ਕਾਯਲ[1] ਹੋਯਸਿ ਕਿਸ ਬੇਰੀ।
ਨਿਤ ਉਤਸਾਹ ਅਧਿਕ ਬਿਰਧਾਵਾ।
ਕਿਮ ਅਨੰਦਪੁਰਿ ਚਹੌਂ ਛੁਟਾਵਾ ॥ ੧੧ ॥
ਪਾਤਿਸ਼ਾਹ ਕੀ ਲਾਖਹੁਂ ਅਨੀ।
ਜਿਤ ਕਿਤ ਤੇ ਮਿਲਿ ਆਵਹਿ ਘਨੀ।
ਭੀਮ ਬਿਸਾਲ ਤੋਪ ਸੰਬੂਹਾ।
ਘੇਰਿ ਚਹੁੰਦਿਸ਼ਿ ਘਾਲਹਿਂ ਹੂਹਾ[1] ॥ ੧੨ ॥
ਤਿਨ ਕੇ ਸੰਗ ਭਿ ਲਰਤਿ ਨ ਹਾਰੈ।
ਅਨਿਕ ਸਿੰਘ ਰਣ ਕਰਿ ਮਰਿ ਮਾਰੈ।
ਅੰਨ ਆਦਿ ਜੇ ਹ੍ਵੈ ਨ ਪ੍ਰਵੇਸ਼ਨ।
ਦਿਢ ਘੇਰਾ ਘਾਲਹਿਂ ਅਵਿਸ਼ੇਸ਼ਨ[1] ॥ ੧੩ ॥
ਕਈ ਮਾਸ ਮਹਿਂ ਕਾਇਲ ਹੋਇ[1]।
ਤੌ ਅਨੰਦਪੁਰਿ ਤਜਾਗੈ ਸੋਇ।
ਬਿਨਾ ਸ਼ਾਹੁ ਕੀ ਸੈਨ ਘਨੇਰੀ।
ਨਹਿਂ ਸਰਿ ਹੋਇ, ਭਲੇ ਮੈਂ ਹੇਰੀ ॥ ੧੪ ॥
ਅਬਿ ਤੌ ਹਟਨਿ ਜੰਗ ਤੇ ਜੋਗ।
ਮਰੇ ਬ੍ਰਿੰਦ ਹੀ ਘਾਯਲ ਲੋਗ।

[1]ਕ੍ਰੋਧ ਕਰਕੇ ਵਿਰੋਧ ਪਾ ਲਿਆ।

[1]ਰੋਕਿਆ ਹੈ।

[1]ਦੁਖੀ, ਤੰਗ, [ਅ਼:, ਕਾਇਲ = ਮੰਨਣ ਵਾਲਾ। ਪੰਜਾਬੀ, ਮੰਨਣ ਵਾਲਾ, ਹਾਰਿਆ, ਵਜਾਕੁਲ, ਤੰਗ]।

[1]ਹੱਲਾ।

[1]ਵਿਸ਼ੇਸ਼ ਕਰਕੇ।

[1]ਤੰਗ ਹੋ ਜਾਵੇਗਾ।

ਸ਼੍ਰਮਤ ਸਪੂਰਨ ਸੈਨ ਬਿਸਾਲਾ।
ਲਰਤਜੋ ਬੀਤ ਗਏ ਚਿਰ ਕਾਲਾ ॥੧੫॥
ਹੰਡੂਰੀ ਅਰੁ ਚੰਦੁ ਘਮੰਡ।
ਘਾਇਲ ਪਰੇ ਬੀਰ ਬਰਬੰਡ[1]।
ਕੌਨ ਅੱਗ੍ਰਣੀ[1] ਹੁਇ ਅਬਿ ਲਰੈ।
ਤਉ ਲਖੋ, ਕਾਰਜ ਨਹਿਂ ਸਰੈ' ॥੧੬॥
ਗ੍ਵਾਲੇਰੀ ਅਰੁ ਮੰਡਸਪਤੀ।
ਕਰਿ ਬਿਚਾਰ ਬੋਲੇ ਬਡ ਮਤੀ।
'ਨਾਹਕ ਜੋਧਾ ਲਰਿ ਮਰਵਾਏ।
ਖਰਚਜੋ ਦਰਬ ਨ੍ਰਿਪਨ ਸਮੁਦਾਏ ॥੧੭॥
ਭਯੋ ਬਜਰਥ ਕੋ ਕਾਜ ਨ ਸਰਜੋ।
ਤੈਸੇ ਚੰਦ ਕੇਸਰੀ ਮਰਜੋ।
ਹਟਨੋ ਉਚਿਤ ਬਿਚਾਰੀ ਨੀਕੇ।
ਇਸ ਮੈਂ ਭਲੋ ਅਹੈ ਸਭਿ ਹੀ ਕੇ ॥੧੮॥
ਬਿਨਾਂ ਲਰਨ ਤੇ ਅਪਰ ਉਪਾਇ।
ਕਰੈਂ ਸਰਬ, ਲੇਂ ਪੁਰੀ ਛੁਟਾਇ।'
ਪਾਪੀ ਪੰਮੇ ਤਬਹਿ ਉਚਾਰੀ।
'ਕਰਹੁ ਨ ਚਿੰਤਾ ਰਿਦੈ ਮਝਾਰੀ ॥੧੯॥
ਏਕ ਜਤਨ ਮੈਂ ਕਰਿਹੌਂ ਐਸੇ।
ਛੋਰਿਂ ਅਨੰਦਪੁਰਿ ਸਤਿਗੁਰ ਜੈਸੇ।
ਅਬਿ ਸਭਿ ਗਮਨਹੁ ਨਿਜ ਨਿਜ ਦੇਸ਼।
ਕਰਿ ਅਰਾਮ ਕੋ ਤਜਹੁ ਕਲੇਸ਼ ॥੨੦॥
ਹੋਤਿ ਪ੍ਰਾਤਿ ਕੇ ਕਰੀਅਹੁ ਕੂਚ।
ਸਭਿਨਿ ਸੰਭਾਲਹੁ ਜਾਇ ਪਹੂਚਿ।'
ਇਮ ਹੀ ਮਤਿ[1] ਘਮੰਡ ਚੰਦ ਮਾਨਾ।
ਚਢਿ ਝੰਪਾਨ[1] ਸੁ ਤਬਹਿ ਪਯਾਨਾ ॥੨੧॥
ਘਾਇਲ ਅਪਰ ਸਕਲ ਨਿਸ ਮਾਂਹੀ।
ਆਦਿ ਹੰਡੂਰੀ ਟਿਕਹਿਂ ਸੁ ਨਾਂਹੀ।
ਲੇ ਲੇ ਨਿਜ ਸਮਾਜ ਕੋ ਚਲੇ।
ਧਰੀ ਮੌਨ ਮੁਖ ਤੇ, ਨਹਿਂ ਮਿਲੇ ॥੨੨॥

[1]ਬਲਵਾਨ।

[1]ਅੱਗੇ ਹੋਕੇ। ਆਗੂ ਹੋਕੇ [ਸੰਸ:, ਅਗ੍ਰਣੀ = ਪਹਿਲਾ, ਮੁਖੀ]।

[1]ਸਲਾਹ।

[1]ਪਾਲਕੀ ਉੱਤੇ।

ਜਾਮਨਿ ਮਹਿਂ ਗਮਨੇ ਦੁਖ ਲਹੇ।
ਬਿਖਮ ਪੰਥ ਗਿਰ ਗਨ ਕੇ ਅਹੇ।
ਸਾਵਧਾਨ ਜੇ ਹੁਤੀ ਪਦਾਂਤੀ।
ਅਰੁ ਅਸਵਾਰ ਜਿ ਹੁਏ ਨ ਹਾਤੀ[1] [1]ਜੋ ਮਰੇ ਨਹੀਂ ਸੇ।
॥੨੩॥
ਸੋ ਸਭਿ ਭੀਮਚੰਦ ਨੇ ਰਾਖੇ।
'ਚਲੌਂ ਪ੍ਰਾਤਿ ਮੈਂ' ਇਮ ਅਭਿਲਾਖੇ।
ਖਾਨ ਪਾਨ ਕਰਿ ਕੇਤਿਕ ਸੋਏ।
ਕੋ ਥਿਰ ਰਹੇ ਸੁਚੇਤੀ ਹੋਏ ॥੨੪॥
ਤਿਮ ਹੀ ਸਿੰਘ ਲੋਹਗੜ ਮਾਂਹੀ।
ਕੇਤਿਕ ਸੁਪਤੇ ਕੇਤਿਕ ਨਾਂਹੀ।
ਜ੍ਵਾਲਾਬਮਣੀ ਰਹੇ ਚਲਾਵਤਿ।
ਦੂਰ ਦੂਰ ਲੌ ਸ਼ੱਤ੍ਰੁ ਤਕਾਵਤਿ ॥੨੫॥
ਜਬਿਹੂੰ ਦੋਇ ਘਰੀ ਨਿਸ ਰਹੀ।
ਕੂਚ ਕਰਨ ਕੀ ਚਿਤਮਹਿਂ ਚਹੀ।
ਜ਼ੀਨ ਤੁਰੰਗਮ ਪਰ ਤਬਿ ਡਾਲੇ।
ਜੇ ਕੁੰਚਰ ਤਿਨ ਹੌਦਾ ਘਾਲੇ ॥੨੬॥
ਤੂਸ਼ਨ ਹੀ ਸਭਿ ਕੀਨਸਿ ਤਜਾਰੀ।
ਤੰਬੂ ਸਹਤਿ ਕਨਾਤ ਉਖਾਰੀ।
ਲਾਦ ਦਿਯੇ, ਸੋ ਪ੍ਰਥਮ ਪਯਾਨੇ।
ਆਪ ਤਜਾਰ ਹੁਇ ਥਿਰਜੋ ਸਥਾਨੇ
॥੨੭॥
ਤੂਸਤਿ ਤੁਫੰਗੈਂ ਸਭਿ ਕਸਵਾਈ।
ਖਰੋ ਰਹਜੋ ਅਰਣੋਦੈਂ ਤਾਈਂ।
ਸਗਰੀ ਵਸਤੁ ਸੰਭਾਲਿ ਚਲਾਈ।
ਆਪ ਚਢਜੋ ਧੌਂਸਾ ਵਜਵਾਈ ॥੨੮॥
ਤਬਿ ਸੁਧਿ ਭਈ ਲੋਹਗੜ ਆਇ।
'ਚਲੇ ਪਹਾੜੀ ਲਾਜ ਗਵਾਇ।'
ਤਤਛਿਨ ਜ਼ੀਨ ਹਯਨਿ ਪਰ ਡਾਲੇ।
ਭਏ ਅਰੂਢਨਿ ਤੁਪਕ ਸੰਭਾਲੇ ॥੨੯॥
ਉਦੇ ਸਿੰਘ ਤੇ ਆਦਿਕ ਜੋਧਾ।
ਸਾਹਿਬ ਸਿੰਘ ਹਿੰਮਤ ਸਿੰਘ ਕ੍ਰੋਧਾ।

ਮੁਹਕਮ ਸਿੰਘ ਧਵਾਯੋ ਘੋਰਾ।
ਆਲਮ ਸਿੰਘ ਚਲਤ੍ਯੋ ਰਿਪੁ ਓਰਾ ॥੩੦॥
ਪ੍ਰਥਮ ਸੈਂਕਰੇ ਹੀ ਮਿਲਿ ਗਏ।
ਜ੍ਵਾਲਾਬਮਣੀ ਦਾਗਤਿ ਭਏ।
ਬਹੁਰ ਹਜ਼ਾਰਹੁਂ ਹ੍ਵੈ ਗੇ ਸਿੰਘ।
ਜਨੁ ਗਜ ਦਲ ਪਰ ਦੌਰੇ ਸਿੰਘ[1] ॥੩੧॥ — [1]ਸ਼ੇਰ ਵਾਂਗ।
ਮਿਲਤ੍ਯੋਂ ਐਸੀ ਮਾਰਿ ਮਚਾਈ।
ਚਲਨਿ ਦੁਹੇਲਾ ਭਯੋ ਤਿਥਾਂਈ।
ਭੀਮਚੰਦ ਪਰ ਘਾਲੀ ਭੀਰ[1]। — [1]ਭੀੜਾ ਪਾ ਦਿਤੀ।
ਛੂਟੀ ਗੁਲਕਾਂ ਤੋਮਰ ਤੀਰ ॥੩੨॥
ਢਾਹ ਲੀਏ ਕੇਤਿਕ ਤਬਿ ਘੋਰੇ।
ਤਜਹਿਂ ਤਿਸਹਿ ਜੋ ਦ੍ਵੈ ਕਰ ਜੋਰੇ।
ਨਾਂਹਿ ਤ ਖੜਗ ਪ੍ਰਹਾਰਨਿ ਲਾਗੇ।
ਮਚ੍ਯੋ ਜੁੱਧ ਭੇ ਆਰੁਨ ਬਾਗੇ[1] ॥੩੩॥ — [1]ਕਪੜੇ ਲਾਲ ਹੋ ਗਏ।
ਸ੍ਰੀ ਕਲਗ਼ੀਧਰ ਸੁਨਿ ਸੁਧਿ ਸਾਰੀ।
'ਹਤੈਂ ਸਿੰਘ ਭਜ ਚਲੇ ਪਹਾਰੀ।'
ਤਬਿ ਸਤਿਗੁਰ ਨਿਜ ਪਤੇ ਪਠਾਏ।
'ਭਾਜੇ ਪੀਠ ਨ ਪਰੀਅਹਿ ਧਾਏ[1]' ॥੩੪॥ — [1]ਭੱਜਦੇ ਦੇ ਮਾਰਗ ਦੌੜਕੇ ਨਾ ਪਓ।
ਆਛੇ ਆਛੇ ਸਿੱਖ ਪਠਾਏ।
ਜਾਇ ਤਿਨਹੁ ਸਗਰੇ ਸਮੁਝਾਏ।
'ਕਜੋਂ ਨਾਹਕ ਘਾਲਹੁ ਘਮਸਾਨਾ।
ਹਟਹੁ ਪ੍ਰਭੂ ਅਸ ਹੁਕਮ ਬਖਾਨਾ ॥੩੫॥
ਨਾਂਹਿ ਤ ਭੀਮਚੰਦ ਕੇ ਘਰ ਲੌਂ।
ਲੁਟਨਿ ਮਾਰਨਿ ਬਨਹਿ ਸੁ ਦਰ ਲੌਂ[1]। — [1]ਦਰਵਾਜ਼ੇ ਤਕ।
ਅਬਿ ਆਗੇ ਜਾਨੋਂ ਨਹਿਂ ਬਨੈ।
ਭਾਗ ਕੋ ਨਾਹਿਨ ਰਿਪੁ ਹਨੈ' ॥੩੬॥
ਵਾਹਿਗੁਰੂ ਜੀ ਕੀ ਕਹਿਂ ਫਤੇ।
ਗਰਜੇ ਧੁਨਿ ਊਚੀ ਤੇ ਅਤੇ।
ਕਿਤਿਕ ਤੁਰੰਗ ਲੂਟ ਕਰਿ ਲਜਾਏ।
ਆਯੁਧ ਛੀਨੇ ਸ਼ੱਤ੍ਰੂ ਪਲਾਏ ॥੩੭॥
ਹਟਿ ਆਏ ਬਡ ਬਜਤਿ ਨਗਾਰੇ।
ਪੁਨ ਸੁਖੇਨ ਹੀ ਸ਼ੱਤ੍ਰੂ ਸਿਧਾਰੇ।

ਜਹਿਂ ਕਹਿਂ ਪੁਰਿ ਗ੍ਰਾਮਨ ਮਹਿਂ ਰੌਰਾ।
ਪੀਟਨ ਰੁਦਨ ਹੋਤਿ ਸਭਿ ਠੌਰਾ ॥੩੮॥
ਭੀਮ ਚੰਦ ਸੁਨਿ ਸੁਨਿ ਪਛੁਤਾਵਤਿ।
ਚਿਤਵਤਿ ਚਿੰਤਾ ਬਹੁ ਦੁਖ ਪਾਵਤਿ।
ਪਹੁਚੰਜੋ ਤਬਿ ਅਪਨੀ ਰਜਧਾਨੀ।
ਹੌਰਾ ਭਯੋ ਬਹੁਤ ਅਭਿਮਾਨੀ ॥੩੯॥
ਇਤ ਗੁਰ ਨਿਕਟ ਖਾਲਸਾ ਆਯੋ।
ਫਤੇ ਪਾਇ ਕਰਿ ਬਹੁ ਹਰਖਾਯੋ।
ਸ਼ਸਤ੍ਰਨਿ ਸਹਿਤ ਸੁ ਦਰਸ਼ਨ ਦੇਖਾ।
ਕ੍ਰਿਪਾ ਦ੍ਰਿਸ਼ਟਿ ਗੁਰ ਕਰੀ ਵਿਸ਼ੇਖਾ ॥੪੦॥
ਪਦ ਅਰਿਬੰਦਨ ਪਰ ਸਿਰ ਧਰਿ ਧਰਿ।
ਥਿਰਜੋ ਖਾਲਸਾ ਬੰਦਨ ਕਰਿ ਕਰਿ।
ਸਭਿ ਦਿਸ਼ਿ ਦੇਖਤਿ ਪ੍ਰਭੁ ਉਚਾਰਾ।
'ਜਬਿ ਜਾਨਹਿ ਰਿਪੁ ਕੋ ਭਜ ਹਾਰਾ ॥੪੧॥
ਤਬਿ ਤਿਨ ਗੈਲ ਨ ਪਰੈ ਕਦਾਈ।
ਇਹੀ ਨੀਤਿ ਸ਼ੁਭ ਨਰਨ ਬਤਾਈ।
ਸ਼ਸਤ੍ਰ ਗਹੇ ਰਿਪੁ ਸਨਮੁਖ ਹੋਇ।
ਤਿਸ ਕੋ ਪ੍ਰਿਸ਼ਟੀ ਦੇਯ ਨ ਕੋਇ[1] ॥੪੨॥
ਧਰਮ ਜੁੱਧ ਕੋ ਨਿਤ ਅਨੁਰਾਗੋ।
ਭਲੇ ਨਰਨਿ ਕੇ ਮਗ ਕੋ ਲਾਗੋ।
ਸਿੱਖੀ ਧਰਹੁ ਸਿਦਕ ਨਹਿਂ ਹਾਰਹੁ।
ਸੱਤਿਨਾਮ ਜਪ ਜਨਮ ਸੁਧਾਰਹੁ ॥੪੩॥
ਕਰਿਹੈ ਰਾਜ ਖਾਲਸਾ ਮੇਰਾ।
ਸਭਿਹਿਨ ਪਰ ਹ੍ਵੈ ਬਲ ਬਡੇਰਾ।
ਸ਼੍ਰੀ ਅਸਿਕੇਤ ਕਾਲਕਾ ਮਾਈ।
ਹੁਇ ਹੈ ਤੁਮਰੇ ਸਦਾ ਸਹਾਈ' ॥੪੪॥
ਇਮ ਕਹਿ ਕਰਿ ਸ਼ੁਭ ਬਚਨ ਬਿਲਾਸਾ।
ਫਤੇ ਲਈ ਕਰਿ ਸ਼ੱਤ੍ਰ ਬਿਨਾਸ਼ਾ।
ਘਾਇਲ ਸਭਿ ਹੋਏ ਸਵਧਾਨਾ।
ਸਾਲਪੱਤ੍ਰ ਦੇ ਸੁਖ ਕੌ ਠਾਨਾ ॥੪੫॥

[1]ਕੋਈ ਪਿੱਠ ਨਾ ਦੇਵੇ।

ਜੁੱਧ ਖਾਲਸੇ ਕੋ ਇਹ ਪਢੈ।
ਕਿਧੌਂ ਸੁਨਾਇ ਸੁਨੇ ਸੁਖ ਬਢੈ।
ਗੁਰ ਕੋ ਸਿਦਕ ਰਿਦੈ ਮਹਿਂ ਪਾਵੈ।
ਜਨਮ ਮਰਨ ਕੀ ਕੁਮਤਿ ਮਿਟਾਵੈ
॥੪੬॥

ਪਾਧੜੀ ਛੰਦ:

ਸਤਿਗੁਰ ਬਿਸਾਲ ਗੋਬਿੰਦ ਸਿੰਘ।
ਤਿਨ ਸੁਜਸੁ ਪਢਹਿ ਕੈ ਸੁਨਹਿਂ ਸਿੰਘ।
ਬਿਨਤੀ ਭਨੰਤਿ ਸੰਤੋਖ ਸਿੰਘ।
ਮ੍ਰਿਗ ਪਾਪ ਹਨਨ ਕੋ ਮਨਹੁਂ ਸਿੰਘ[1]
॥੪੭॥

[1] ਮਾਨੋਂ ਸਿੰਘ ਹੈ (ਗੁਰੂ ਕੇ ਜਸ ਦਾ ਪੜ੍ਹਨਾ) ਪਾਪਾਂ ਰੂਪੀ ਮਿਰਗਾਂ ਦੇ ਮਾਰਨ ਨੂੰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਖਾਲਸਾ ਜੀਤ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਭਾਈ ਆਸਾ ਸਿੰਘ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਜਹਿਂ ਕਹਿਂ ਦਿਸ਼ਿ ਪਸਰਜੋ ਸੁਜਸੁ, ਸਿੰਧ ਮੇਖਲਾ ਭੂਮ[1]। [1]ਭਾਵ ਸਾਰੀ ਧਰਤੀ ਉੱਤੇ।
'ਭਯੋ ਪੰਥ ਸ਼ੁਭ ਖਾਲਸਾ, ਘਾਲੀ ਸੈਲਨਿ ਧੂਮ ॥੧॥

ਲਲਿਤਪਦ ਛੰਦ:

ਮਿਲਿ ਕਰਿ ਰਾਜੇ ਬਾਈ ਧਾਰਨ
ਪ੍ਰਜਾ ਸਹਿਤ ਸਭਿ ਜੋਧਾ।
ਤੀਨ ਲਾਖ ਗਿਨਤੀ ਮਹਿਂ ਇਕ ਥਲ
ਸਤਿਗੁਰ ਪਰ ਕਰਿ ਕ੍ਰੋਧਾ ॥੨॥
ਕਰੀ ਢੁਕ ਅਰੁ ਕਰੀ ਢੋਇ ਕਰਿ
ਹੇਲਾ ਮਿਲਿ ਮਿਲਿ ਘਾਲਾ[1]। [1]ਢੁੱਕਣਾ ਕੀਤਾ ਤੇ ਹਾਥੀ ਢੋਕੇ ਤੇ ਮਿਲ ਮਿਲਕੇ ਹੱਲਾ ਕੀਤਾ।
ਅਲਪ ਖਾਲਸਾ ਆਨੰਦਪੁਰਿ ਮਹਿਂ
ਝਾਲ ਝਾਲ ਦਰ† ਠਾਲਾ[1] ॥੩॥ [1]ਠੱਲਿਆ (ਹਾਥੀ ਨੂੰ) ਦਰਵਾਜ਼ੇ ਤੇ। (ਅ) (ਪਹਾੜੀਆਂ ਦੀ ਝਾਲ) ਝੱਲਕੇ ਦਲ ਨੂੰ ਠੱਲਿਆ। †ਪਾ:-ਦਲ।
ਮਰਦ ਗਰਦ ਮਹਿਂ ਮਿਲੇ ਜ਼ਰਦ ਮੁਖ
ਹਰਦ ਰੰਗ ਹ੍ਵੈ ਭਾਗੇ[1]। [1]ਪੀਲੇ ਮੁਖ ਹਰਦੀ ਵਰਗੇ ਰੰਗ ਹੋਕੇ ਭੱਜ ਗਏ।
ਦੁਰਦ ਦਰੇ ਤਨ[1] ਘਾਵ ਦਰਦ ਭਾ [1]ਹਾਥੀ ਨੇ ਦਰੜ ਦਿੱਤੇ ਸਰੀਰ।
ਥਿਰੇ ਨ ਸਿੰਘਨ ਆਗੇ' ॥੪॥
ਜਿਤ ਕਿਤ ਕਹਤਿ 'ਮੰਦ ਗਿਰਪਤਿ ਅਤਿ
ਮਤ ਹਤਿ ਚਿਤ ਕੀ ਹੋਈ।
ਸਤਿਗੁਰ ਸੰਗ ਜੰਗ ਕਰਿ ਮੂਰਖ
ਕਜੋਂ ਨ ਬਿਸੂਰਹਿ ਸੋਈ ॥੫॥
ਇਕ ਤੌਂ ਸ਼੍ਰੀ ਨਾਨਕ ਕੀ ਗਾਦੀ
ਖੰਡ ਦੀਪ ਜਿਨ ਜੀਤੇ।
ਕਰਾਮਾਤ ਸਾਹਿਬ ਜਗ ਬਿਦਤੇ
ਪੀਰ ਮੀਰ ਧਰਿ ਭੀਤੇ[1] ॥੬॥ [1]ਡਰਦੇ ਹਨ।
ਦੁਤੀਏ ਬਿਦਤ ਕਾਲਕਾ ਦਰਸ਼ਨ
ਪੰਥ ਰਚਨ ਬਰ ਪਾਯੋ।
ਹਿੰਦੁ ਧਰਮ ਜਗ ਰਾਖਨ ਕਾਰਨਿ
ਪ੍ਰਭੁ ਅਵਤਾਰ ਸੁਹਾਯੋ ॥੭॥
ਕਰਹਿਂ ਬਾਕ[1] ਜਗ ਰਚਨ ਸੰਘਾਰਨਿ [1]ਜੇ ਬਾਕ ਕਰਨ ਤਾਂ।

ਇਮ ਸਮਰਥ ਜਿਨ ਕੇਰੀ।
ਬਰਤਹਿਂ ਤਊ ਮਾਨਵੀ ਲੀਲ੍ਹਾ
ਮੂਰਖ ਲਖਹਿਂ ਕੁਫੇਰੀ ॥੮॥
ਤੁਰਕਨ ਸੰਗ ਬਿਰੋਧ ਜਿਨਹੁਂ ਕਹੁ
ਨਹਿਂ ਸਮਝੈਂ ਮਤਿ ਮੰਦੇ।
ਸ਼ਰਨ ਗਹਤਿ ਸੁਖ ਲਹਤਿ ਚਹਤਿ ਚਿਤ
ਦੇਂ ਦ੍ਵੈ ਲੋਕ ਅਨੰਦੇ[1] ॥੯॥

[1]ਜੇ ਚਿਤ ਵਿਚ ਸੁਖ ਲੈਣ ਦੀ ਚਾਹੁਨਾ (ਉਨ੍ਹਾਂ ਨੂੰ) ਹੁੰਦੀ ਤਾਂ ਸ਼ਰਨ ਪਕੜਦੇ (ਫਿਰ ਗੁਰੂ ਜੀ ਉਨ੍ਹਾਂ ਨੂੰ) ਦੋ ਲੋਕਾਂ ਦਾ ਸੁਖ ਦੇ ਦੇਂਦੇ।

ਕਹਾਂ ਕਰਹਿਂ ਜੇ ਭਾਲ ਭਾਗ ਨਹਿਂ
ਜੁਗ ਲੋਕਨ ਦੁਖ ਪਾਵੈਂ।
ਇਹਾਂ ਰਾਜ ਮਹਿਂ ਦੁੰਦ ਪਰਹਿ ਨਿਤ
ਮਰਿ ਕਰਿ ਨਰਕ ਸਿਧਾਵੈਂ ॥੧੦॥
ਧੰਨ ਗੁਰੂ ਚਹੁਂ ਬਰਨ ਰੰਕ ਜੇ
ਦੇ ਅੰਮ੍ਰਿਤ ਕਿਯ ਜੋਧੇ।
ਜਗਤ ਬਿਖੈ ਜਸੁ ਜੁਤਿ ਸੁਖ ਭੋਗੈਂ
ਹਿਤ ਪ੍ਰਲੋਕ ਉਰ ਬੋਧੇ[1]' ॥੧੧॥

[1]ਹਿਰਦੇ ਗਯਾਨਵਾਨ ਕਰ ਦਿੱਤੇ ਹਨ।

ਭੀਮਚੰਦ ਦੁਖ ਪਾਇ ਬਡੇਰਾ
ਨਿਜ ਪਰਧਾਨ ਪਠਾਏ।
ਹਯ ਗਜ ਬਹੁਤ ਮੋਲ ਕੋ ਲੈ ਕਰਿ
ਤੁਰਕਨ ਹਿਤ ਸਮੁਦਾਏ ॥੧੨॥
ਕੰਚਨ ਰਜਤ ਘਰੇ ਜਿਨ ਹੌਦਾ
ਤਿਮ ਹੀ ਜ਼ੀਨ ਬਨਾਏ।
ਵਸਤੁ ਅਨੂਠੀ ਅਪਰ ਸਕੇਲੀ
ਧਨ ਗਨ ਸੰਗ ਪਠਾਏ ॥੧੩॥
ਸੀਰੰਦ[1] ਕੋ ਸੂਬਾ ਬਲ ਭਾਰੀ
ਖਾਂ ਵਜ਼ੀਰ ਜਿਸ ਨਾਮੂ।

[1]ਸਰਹਿੰਦ।

ਤਿਸ ਢਿਗ ਰਿਸ਼ਵਤ[1] ਪਠੀ ਬਿਨੈ ਕਰਿ
'ਹਮ ਕੌ ਲਖਹੁ ਗ਼ੁਲਾਮੂ ॥੧੪॥

[1]ਵੱਢੀ।

ਗੁਰ ਗੋਬਿੰਦ ਸਿੰਘ ਬਲੀ ਭਯੋ ਬਹੁ
ਦਿਨਪ੍ਰਤਿ ਸਿੰਘ ਵਧਾਏ।
ਤੂੰ ਨਜੀਕ ਸੋ ਲਰੈ ਏਕ ਦਿਨ
ਜਬਿ ਹਮ ਲੇਹਿ ਹਰਾਏ[1] ॥੧੫॥

[1]ਸਾਨੂੰ ਹਰਾਕੇ (ਫਿਰ) ਇਕ ਦਿਨ ਤੇਰੇ ਨਾਲ ਲੜੇਗਾ।

ਅਬਿ ਤੌ ਸੁਗਮ ਜਤਨ ਇਹ ਜਾਨਹੁ
ਹਮ ਸੰਗ ਹੋਇ ਲਰੀਜੈ।
ਚਹੁੰਦਿਸ਼ਿ ਤੇ ਰੋਕਹਿਂ ਬਲ ਦੇ ਕਰਿ
ਆਨੰਦਪੁਰਿ ਛੁਟਵੀਜੈ ॥੧੬॥
ਆਗੈ ਸ਼ਾਹੁ ਚਮੂੰ ਕੁਛ ਆਈ
ਦ੍ਵੈ ਉਮਰਾਵ ਪਠਾਏ।
ਪੈਂਡਖਾਨ ਕੋ ਘਾਤਿ ਕੀਨਿ ਰਣ,
ਦੀਨਾਬੇਗ ਪਲਾਏ ॥੧੭॥
ਉੱਦਮ ਕਰਹੁ ਹਮਹੁ ਲਖਿ ਅਪਨੇ
ਅਬਿ ਜੇ ਬਨਹੁ ਸਹਾਈ।
ਦਲ ਗਨ ਕੋ ਸਕੇਲ ਚਲਿ ਆਵਹੁ
ਕਰਹਿਂ ਕਾਜ ਸਹਿਸਾਈ ॥੧੮॥
ਇਕ ਤੌ ਹਮ ਪਰ ਹੁਇ ਉਪਕਾਰਾ
ਦੁਤੀਏ ਸ਼ੱਤ੍ਰ ਤੁਮਾਰਾ।
ਕਯੋਂ ਨਿਚਿੰਤ ਤੁਮ, ਜਾਨਹੁ ਨਾਹਿਨ
ਬਿਗਰਹਿ ਕਾਰਜ ਭਾਰਾ' ॥੧੯॥
ਇੱਤਜਾਦਿਕ ਕਹਿ ਪਠਯੋ ਸਿਰੰਦ ਕੋ
ਦਿੱਲੀ ਤਥਾ ਪਠਾਏ।
ਬਡ ਪਰਧਾਨ ਪਠਯੋ ਦਿਸ਼ਿ ਦੱਛਨ
ਅਵਰੰਗਾ ਜਿਸ ਥਾਂਏ ॥੨੦॥
ਦੀਨ ਹੋਇ ਬਹੁ ਬਿਨਤੀ ਭਨਿ ਭਨਿ
ਲਿਖਿ ਲਿਖਿ ਆਪ ਗੁਲਾਮੂ[1]।
ਗੁਰ ਤੇ ਬੇਮੁਖ[1] ਭਈ ਦਸ਼ਾ ਅਸ
ਬਿਗਰੇ ਜਿਤ ਕਿਤ ਕਾਮੂ ॥੨੧॥
ਦੀਨ ਬਨੇ ਤੁਰਕਨ ਕੇ ਚੇਰਾ
ਦੇਤਿ ਸੁਤਾ ਕੇ ਡੋਰੇ।
ਧਰਮ ਖੋਇ ਅਪਜਸੁ ਕੋ ਪ੍ਰਾਪਤਿ
ਮਰਹਿਂ ਨਰਕ ਪਰਿ ਘੋਰੇ ॥੨੨॥
ਜਹਿਂ ਕਹਿਂ ਗਏ ਵਕੀਲ ਸੁਨਾਵਤਿ
ਜਨੁ ਲੂਟੇ ਕਿਨ ਮਾਰੇ।
ਕਰੀ ਪੁਕਾਰ ਸਭਿਨਿ ਕੇ ਆਗੇ
'ਹਮ ਕੋ ਗੁਰੂ ਪ੍ਰਹਾਰੇ' ॥੨੩॥

[1]ਆਪਣੇ ਆਪ ਨੂੰ ਗੁਲਾਮ ਲਿਖ ਲਿਖਕੇ।
[1]ਬੇਮੁਖ ਹੋਣ ਤੇ।

ਬਡੀ ਮਜਲ ਕੋ ਕਰਤਿ ਗਏ ਤਬਿ
ਸ਼ਾਹ ਸਮੀਪ ਪੁਕਾਰੇ।
'ਘਾਲੀ ਧੂਮ ਗੁਬਿੰਦ ਸਿੰਘ ਸੈਲਨਿ
ਵਸਦੇ ਰਾਜ ਉਜਾਰੇ' ॥੨੪॥
ਦਿੱਲੀ ਕੇ ਸੂਬੇ ਲਿਖਿ ਭੇਜਾ
'ਇਤ ਗੁਰ ਕਰਤਿ ਲਰਾਈ।'
ਅਰ ਵਜ਼ੀਰ ਖਾਂ ਨਿਜ ਨਰ ਪਠਿ ਕਰਿ
ਸ਼ਾਹੁ ਸਮੀਪ ਸੁਨਾਈ ॥੨੫॥
ਬਹੁਤ ਲਿਖੇ ਅਵਿਰੰਗ ਸੁਨੇ ਜਬਿ,
ਰਿਸ ਕਰਿ ਹੁਕਮ ਬਖਾਨਾ।
'ਸੀਰੰਦ ਤੇ[1] ਗਨ ਸੈਨਾ ਲੇ ਕਰਿ
ਉਤ ਕੋ ਕਰਹਿਂ ਪਯਾਨਾ ॥੨੬॥
ਆਨੰਦਪੁਰਿ ਛੁਟਵਾਇ ਗੁਰੂ ਤੇ
ਭੀਮਚੰਦ ਕੋ ਦੀਜੈ।
ਆਗੇ ਬਹੁਰ ਜੰਗ ਨਹਿਂ ਕਰਿ ਹੈ
ਬਲ ਤੇ ਬਰਜਨਿ ਕੀਜੈ' ॥੨੭॥
ਉਤ ਤੌਂ ਭਏ ਬ੍ਰਿਤੰਤ ਇਸੀ ਬਿਧਿ
ਕਥਾ ਸੁਨਹੁ ਗੁਰ ਕੇਰੀ।
ਸੁਜਸੁ ਕਵਿੱਤ ਕਰਤਿ ਬਹੁ ਕਵਿ ਗਨ
ਬਖਸ਼ਤਿ ਮੌਜ ਬਡੇਰੀ ॥੨੮॥
ਕੌਤਕ ਹੋਤਿ ਅਨੰਦਪੁਰਿ ਸੁੰਦਰ
ਸੁਨਿ ਸੁਨਿ ਸੰਗਤਿ ਆਵੈ।
ਦਰਬ ਹਜ਼ਾਰਹੁੰ ਅਰਪਹਿਂ ਸ਼ਸਤ੍ਰਨਿ
ਮਨੋਕਾਮਨਾ ਪਾਵੈਂ ॥੨੯॥
ਲਰਤਿ ਜੁ ਬਿਗਰਯੋ ਸਰਬ ਸੁਧਾਰਯੋ
ਬਾਗ ਤੜਾਗ ਨਵੀਨੇ।
ਚਾਮੀਕਰ ਕੇ ਸੁੰਦਰ ਮੰਦਿਰ
ਅੰਤਰ ਬਾਹਰ ਕੀਨੇ ॥੩੦॥
ਬਸਹਿਂ ਗ਼ਰੀਬ ਨਿਵਾਜ ਤਿਨਹੁੰ ਮਹਿਂ
ਨਿਸ ਦਿਨ ਆਨੰਦ ਪਾਵੈਂ।
ਕੰਚਨ ਥੰਭ ਚਿੱਤ੍ਰ ਜਿਹ ਨਾਨਾ
ਤਨੇ ਬਿਤਾਨ ਸੁਹਾਵੈਂ ॥੩੧॥

[1]ਸਿਰਹੰਦ ਤੋਂ।

ਬਗਰ[1] ਬਜਾਰਨਿ ਦੀਰਘ ਸ਼ੋਭਾ
ਮੋਰ ਸ਼ੋਰ ਸਮੁਦਾਯਾ।
ਪਾਵਸ[1] ਆਨ ਪ੍ਰਵਿਰਤੀ ਨਭ ਛਿਤ
ਘਨ ਕੀ ਘਟ ਘੁਮਡਾਯਾ ॥੩੨॥
ਰਾਇਬੇਲ ਚੰਬੇਲੀ ਚੰਪਾ
ਚੰਚਰੀਕ[1] ਰੁਚਿ ਚਾਰੂ।
ਗੁਨੀ ਪੁਰਖ ਸੁਨਿ ਸੁਨਿ ਜਸੁ ਗੁਰ ਕੇ
ਆਇ ਰਹੇ ਗੁਰਦ੍ਵਾਰੂ ॥੩੩॥
ਹੁਕਮ ਕਰਜੋ 'ਆਯੁਧ ਗਨ ਹੋਵੈਂ
ਦੈ ਧਨ ਗਨ ਘਰਵਾਓ।
ਤੋਪ ਤੁਪਕ ਜੰਬੂਰ ਰਹਿਕਲੇ
ਬਹੁ ਜੰਜੈਲ ਬਨਾਓ ॥੩੪॥
ਬੁਗਦੇ[1], ਖੰਜਰ, ਸੈਫ ਦੁਧਾਰੇ,
ਤੋਮਰ, ਚੱਕ੍ਰ, ਖਤੰਗਾ।
ਚਾਂਪ, ਤਮਾਚੇ, ਸਾਂਗ, ਸੁ ਬਰਛੀ,
ਕਰਾਚੋਲ ਖਰ ਅੰਗਾ' ॥੩੫॥
ਲਗੇ ਅਨਿਕ ਕਾਰੀਗਰ ਘਰਨੇ
ਪ੍ਰਥਮ ਤੋਪ ਇਕ ਢਾਰੀ[1]†।
ਜਨੁ ਜਮ ਕੋ ਮੁਖ, ਮ੍ਰਿਤੁ ਸ਼ੱਤ੍ਰ ਕੀ[1]
ਛੋਡੇ ਗਰਜਨ ਭਾਰੀ ॥੩੬॥
ਪ੍ਰਭੁ ਹਿਤ ਬਾਨ ਬਿਲੰਦ ਬਨੇ ਬਹੁ
ਬਰ ਬੀਰਨ ਕੇ ਘਾਤੀ।
ਏਕ ਮੁਹਰ ਕੋ ਹੇਮ ਲਗਹਿ ਤਿਸ
ਮੁਖੀ ਪੁਲਾਦਿ ਸੰਗਾਤੀ ॥੩੭॥
ਇੱਤਜਾਦਿਕ ਆਯੁਧ ਨਿਤ ਬਨਤੇ
ਪਰਖਤਿ ਗੁਰੂ ਰਖਾਵੈਂ।
ਕੇਤਿਕ ਬਖਸ਼ਤਿ ਹੈਂ ਕਰਿ ਸਿੰਘਨ
ਸਦਾ ਜੰਗ ਮਨ ਭਾਵੈ ॥੩੮॥

[1]ਵੇਹੜੇ।

[1]ਬਰਖਾ ਰੁਤ।

[1]ਭੌਰੇ।

[1]ਇਸ ਪ੍ਰਕਾਰ ਦਾ ਛੁਰਾ, ਕਟਾਰ [ਅ਼:, ਬੁਗ਼ਦਾ] ਪੰਜਾਬੀ ਵਿਚ ਬੁਗਦਾ ਬੁਗਦਰ ਇਕ ਪ੍ਰਕਾਰ ਦੇ ਵਡੇ ਭਾਰੇ ਮੋਟੇ ਗੁਰਜ ਨੂੰ ਬੀ ਕਹਿੰਦੇ ਹਨ ਜੋ ਮੁੰਗਲੀਆਂ ਫੇਰਨ ਵਾਲੇ ਕਸਰਤ ਕਰਨ ਵਿਚ ਵਰਤਦੇ ਹਨ।

[1]ਢਾਲੀ। †ਆਖਰੀ ਜੰਗ ਵਿਚ ਸਭ ਤੋਪਾਂ ਦੇ ਸਾਮਾਨ ਸਿਰਹੰਦੀ ਸੂਬਾ ਲੁੱਟਕੇ ਲੈ ਗਿਆ ਸੀ, ਪਰ ਦੋ ਛੋਟੀਆਂ ਤੋਪਾਂ ਆਨੰਦਪੁਰੋਂ ਨਿਕਲੀਆਂ ਅੱਜ ਕੱਲ ਅਜਾਇਬ ਘਰ ਲਾਹੌਰ ਵਿਚ ਪਈਆਂ ਹਨ।

[1]ਸ਼ਤ੍ਰੂਆਂ ਦੀ ਮੌਤ ਕਰਨ ਵਾਲੀ।

ਕਥਾ ਸੁਨਹੁ ਇਕ ਹੁਤੋ ਮੁਸੱਦੀ[1]
ਆਸਾ ਸਿੰਘ ਸੁ ਨਾਮੂ।
ਗੁਰ ਘਰ ਕੀ ਬਹੁ ਕਾਰ ਚਲਾਵੈ
ਟੌਂਬੂ ਲਿਖਹਿ ਤਮਾਮੂ ॥੩੯॥
ਤਿਸ ਢਿਗ ਰੰਕ ਸਿੱਖ ਇਕ ਜਾਚਤਿ
'ਕੰਨਜਾ ਬਜਾਹਨਿ ਜੋਗਾ।
ਦਰਬ ਪੰਚ ਸੈ ਤੇ ਹੁਇ ਕਾਰਜ
ਮੁਝ ਚਿਤ ਚਿੰਤਾ ਰੋਗਾ ॥੪੦॥
ਤੁਝ ਤੇ ਹੁਇ ਉਪਕਾਰ ਕਰਹੁ ਇਹੁ'
ਸੁਨਿ ਸੁਨਿ ਅਰੁ ਲਖਿ ਦੀਨਾ।
ਆਸਾ ਸਿੰਘ ਦਯਾ ਉਰ ਕਰਿ ਕੈ
ਤਿਹ ਟੌਂਬੂ ਲਿਖ ਦੀਨਾ ॥੪੧॥
ਸੋ ਲੇ ਗਯੋ ਜਹਾਂ ਪਰ ਭੇਜਾ
ਲਏ ਪੰਚ ਸੈ ਜਾਈ।
ਹੁਤੋ ਰੰਕ ਤਿਨ ਬਜਾਹ ਕਰਜੋ ਤਬਿ
ਕੰਨਜਾ ਸਦਨ ਉਠਾਈ ॥੪੨॥
ਬਿਤੇ ਮਾਸ ਖਟ ਸੋ ਸਿਖ ਆਯੋ
ਗੁਰ ਦਰਸ਼ਨ ਕੋ ਕੀਨਾ।
ਟੌਂਬੂ ਧਰਜੋ 'ਆਪ ਨੇ ਭੇਜਜੋ,
ਮੈਂ ਪੰਜ ਸੈ ਤਿਨ ਦੀਨਾ' ॥੪੩॥
ਪ੍ਰਭੁ ਤਬਿ ਕਹਜੋ 'ਨ ਹਮ ਨੇ ਭੇਜਾ
ਕਿਨ ਇਹ ਲਿਖਜੋ ਪਠਾਯੋ?'
'ਆਸਾ ਸਿੰਘ ਕੇ ਹਾਥ ਮੁਹਰ ਹੈ'
ਜਬਿ ਐਸੇ ਲਖਿ ਪਾਯੋ ॥੪੪॥
ਕੁਛ ਰਿਸ ਧਰਿ ਗੁਰ ਕਹਜੋ 'ਕਹੇ ਬਿਨ
ਇਹ ਕਜੋਂ ਲਿਖਜੋ ਪਠਾਯੋ।
ਦਿਯੋ ਆਪ ਹੀ ਦਰਬ ਪੰਚ ਸੈ
ਕੈਸੇ ਖੋਟ ਕਮਾਯੋ' ॥੪੫॥
ਇਮ ਗੁਰ ਤੇ ਸੁਨਿ ਆਸਾ ਸਿੰਘ ਢਿਗ
ਕਿਹ ਸਿਖ ਖਬਰ ਬਤਾਈ।
ਡਰਤਿ ਮਾਰ ਤੇ ਭਾਜ ਗਯੋ ਤਬਿ
ਨਿਜ ਘਰ ਬਿਖੈ ਤਦਾਈ ॥੪੬॥

[1]ਮੁਣਸ਼ੀ।

ਕੇਤਿਕ ਦਿਨ ਮਹਿਂ ਤਿਨ ਅਰਜ਼ੀ ਲਿਖਿ
ਸਤਿਗੁਰ ਨਿਕਟ ਪਠਾਈ।
ਲਿਖੇ ਦੋਹਿਰੇ ਬਿਚ ਬਨਾਇ ਕਹਿ
ਸੋ ਮੈਂ ਦੇਹੁ ਸੁਨਾਈ ॥੪੭॥
ਕਲਮੋਵਾਚ[1] ॥ — [1]ਕਲਮ ਕਹਿੰਦੀ ਹੈ।

ਦੋਹਰਾ:
ਮੁਖ ਕਾਰਾ ਮੇਰੋ ਕਰੈਂ,
ਕਰਤਿ ਨ ਪਰਉਪਕਾਰ[1]। — [1]ਜੋ ਮੇਰਾ ਮੂੰਹ ਕਾਲਾ ਕਰਦਾ ਹੈ ਤੇ ਪਰਉਪਕਾਰ ਨਹੀਂ ਕਰਦਾ।

ਤਿਸ ਕੌ ਮੈਂ ਫਿਰ ਕਰੌਂਗੀ,
ਪਲਟਾ ਇਹੁ ਦਰਬਾਰ[1] ॥੪੮॥ — [1]ਭਾਵ ਦਰਬਾਰ ਵਿਚ ਮੈਂ ਬੀ ਉਸ ਦਾ ਮੂੰਹ ਕਾਲਾ ਕਰਾਂਗੀ।

ਫਟ ਛਾਤੀ ਦੋ ਟੂਕ ਭਈ,
ਰੁਦਨ ਕਰਤਿ ਲਿਖਿ ਜਾਤਿ[1]। — [1]ਰੋਂਦੀ ਹੋਈ ਲਿਖੀ ਜਾਂਦੀ ਹਾਂ ਕਸਮ, ਵਸਤਾ।
ਪਰਸ੍ਵਾਰਥ ਉਪਕਾਰ ਬਿਨ,
ਮੋਹਿ ਨ ਉਪਜਤਿ ਸ਼ਾਂਤਿ ॥੪੯॥

ਚੌਪਈ:
ਐਸੇ ਕਲਮ ਕਹਤਿ ਸਭਿ ਸਾਥਿ।
ਸੋ ਪਕਰਾਈ ਗੁਰ ਮੁਹਿ ਹਾਥ।
ਗੁਰ ਕੀ ਆਨ ਜਬਹਿ ਸਿਖ ਕੀਨੀ।
ਸਹੀ ਨ ਮੈਂ, ਚਿੱਠੀ ਲਿਖਿ ਦੀਨੀ ॥੫੦॥
ਸਰਬ ਲੱਛਮੀ ਜਗਤ ਤੁਮਾਰੀ।
ਭੁੰਚਤਿ ਹੈ ਇਹ ਸ੍ਰਿਸ਼ਟੀ ਸਾਰੀ।'
ਇੱਤਯਾਦਿਕ ਲਿਖਿ ਬਿਨੈ ਪਠਾਈ।
ਸੁਨਤਿ ਪ੍ਰਸੰਨ ਭਏ ਗੋਸਾਈਂ ॥੫੧॥
ਤਿਹ ਬੁਲਾਇ ਪੁਨ ਪਾਗ ਬੰਧਾਈ।
ਦਈ ਪ੍ਰਥਮ ਸਮ ਕਾਰ ਤਦਾਈ।
ਇਸ ਪ੍ਰਕਾਰ ਇਕ ਹੁਤੋ ਲਿਖਾਰੀ।
'ਸੈਣਾ' ਜਿਸ ਕੋ ਨਾਮ ਉਚਾਰੀ ॥੫੨॥
ਕੁਛਕ ਖ਼ਤਾ ਤਿਸ ਤੇ ਜਬਿ ਹੋਈ।
ਭਾਜ ਗਯੋ ਪੁਨ ਆਇ ਨ ਸੋਈ।
ਸੁੰਦਰ ਬਰਨ ਲਿਖੈ ਚਿਤ ਆਯੋ[1]। — [1]ਸੁਹਣੇ ਅੱਖਰ ਲਿਖਦਾ ਸੀ ਇਹ ਚੇਤਾ ਆਇਆ।

ਸ਼੍ਰੀ ਗੁਰ ਤਿਸ ਕੋ ਬੋਲਿ ਪਠਾਯੋ ॥੫੩॥
ਨਿਜ ਸੰਬੰਧੀਅਨਿ ਕੋ ਮਿਲਿ ਗਯੋ।
ਆਯੋ ਨਹੀਂ ਤ੍ਰਾਸ ਉਰ ਭਯੋ।
ਨਹਿਂ ਆਵਨ ਕੇ ਹੇਤੁ ਬਹਾਨਾ।
ਲਿਖਿ ਕਰਿ ਦੋਹਾ ਪਠਜੋ ਬਖਾਨਾ ॥੫੪॥

ਦੋਹਰਾ:

'ਜਬਿ ਤੇ ਪ੍ਰਭੁ ਤੇ ਬੀਛੁਰੇ ਕੀਯੋ ਕ੍ਰਿਸ਼ਿ[1] ਕੋ ਠਾਟ।
ਬ੍ਰਿਖਭਨਿ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ' ॥੫੫॥

[1]ਖੇਤੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਸ਼ਸਤ੍ਰ ਮਾਂਜਣੇ। ਦੁਸਹਿਰਾ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਪਾਵਸ ਬੀਤੀ ਅਨੰਦ ਸੋਂ, ਸਰਦ ਪ੍ਰਬਿਰਤੀ ਆਇ।
ਪਿਤਰਨਿ ਪਛ ਤੇ ਨੌਰਤੇ, ਚੰਡੀ ਜਗਤ ਮਨਾਇ[1] ॥੧॥

[1]ਸ਼ਰਾਧਾਂ ਦੇ ਪੱਖ ਤੋਂ (ਪਿਛੋਂ) ਨੁਰਾਤੇ ਆਏ ਤੇ ਜਗਤ ਨੇ ਦੇਵੀ ਪੂਜੀ।

ਲਲਿਤਪਦੁ ਛੰਦ:

ਹੁਕਮ ਕੀਨਿ ਸ਼੍ਰੀ ਸਤਿਗੁਰ ਪੂਰੇ
'ਸ਼ਸਤ੍ਰ ਨਿਕਾਸੋ ਸਾਰੇ।
ਮੈਲ ਨਿਵਿਰਤਹਿਂ ਮਾਰਵਾਰਿਯੇ[1]

[1]ਸ਼ਸਤ੍ਰ ਮਾਂਜਣ ਵਾਲੇ ਮੈਲ ਦੂਰ ਕਰਨ। [ਮਾਰਵਾੜੀਏ, ਭਾਵ ਮਾਰਵਾੜ ਤੋਂ ਆਏ ਸਿਕਲੀਗਰ]।

ਪੂਜਹਿਂ ਬਹੁਰ ਸੁਧਾਰੇ[1]' ॥੨॥

[1]ਫਿਰ ਸੁਧਾਰਕੇ ਸ਼ਸਤ੍ਰ ਪੂਜਾਂਗੇ।

ਖਾਸ ਖਜਾਨੇ ਲਗੇ ਨਿਕਾਸਨ
ਜਾਤੀ ਖੜਗਨਿ ਨਾਨਾ।
ਤੇਗੇ ਆਯੁਤ, ਖੜਗ ਦੁਧਾਰੇ,
ਤੋਮਰ, ਸੈਫ, ਕ੍ਰਿਪਾਨਾ ॥੩॥
ਦੁਬਿਧਿ ਸਰੋਹੀ[1], ਨੀਮਸੀਖਚੇ[2],

[1]ਦੋ ਤਰ੍ਹਾਂ ਦੀਆਂ ਤਲਵਾਰਾਂ। [2]ਨੀਮਚਹ = ਛੋਟੀ ਤਲਵਾਰ, ਸੀਖ ਵਾਂਙੂ ਸਿੱਧੀ ਤੇ ਪਤਲੀ ਤਲਵਾਰ।

ਮਿਸਰੀ ਦ੍ਵੈ ਗੁਜਰਾਤੀ[1]।

[1]ਮਿਸਰ ਦੀ ਤਲਵਾਰ ਤੇ ਗੁਜਰਾਤੀ, ਦੋਵੇਂ ਥਾਵਾਂ ਦੀਆਂ।

ਇਲਮਾਨੀ[1] ਰੁ ਹਲੱਬੀ[2] ਮਗ਼ਰਬਿ[3]

[1]ਯਮਾਨੀ ਤਲਵਾਰ [ਇਲਮਾਨੀ। ਅਰਬੀ ਰੂਪ ਹੇ 'ਅਲ ਯਮਾਨੀ' ਯਮਨ ਦੇਸ਼ ਦੀ ਬਣੀ ਹੋਈ (ਤਲਵਾਰ) ਯਮਨ ਅਰਬ ਦੇ ਦੱਖਣ ਪੱਛੋਂ ਦਾ ਹਿੱਸਾ ਹੈ]। [2]ਅਤੇ ਹਲਬ ਸ਼ਹਿਰ ਦੀ ਤਲਵਾਰ, (ਹਲਬ ਟਰਕੀ ਵਿਚ ਹੈ)। [3]ਫਾਰਸ ਦੀ ਬਣੀ ਤਲਵਾਰ ਨੂੰ ਕਹਿੰਦੇ ਸਨ।

ਕਿਰਚ[1] ਜੁਨੱਬੀ ਜਾਤੀ[2] ॥੪॥

[1]ਬਿਨਾਂ ਖ਼ਮ ਦੇ ਤਲਵਾਰ। [2]ਆਰਮੀਨੀਆ ਦੇਸ਼ ਦੇ ਜੁਨੱਬ ਸ਼ਹਿਰ ਦੀ ਤਲਵਾਰ।

ਜਮਧਰ ਲਘੁ ਬਿਸਾਲ ਪਉਲਾਦੀ[1],

[1]ਫੁਲਾਦੀ।

ਖੰਜਰ ਚੱਕ੍ਰ ਮਹਾਂਨਾ।
ਬਿਛੂਏ ਬਾਂਕ[1] ਛੁਰੇ ਬਹੁ ਬਿਧਿ ਕੇ,

[1]ਟੇਢੇ ਬਿਛੂਏ। (ਅ) ਬਾਂਕ ਨਾਮ ਦਾ ਸ਼ਸਤ੍ਰ ਜੋ ਨਹੁੰਦ ਵਾਂਗੂੰ ਹੁੰਦਾ ਹੈ।

ਪੇਸ਼ ਕਬਜ਼ ਸ਼ੁਭ ਨਾਨਾ ॥੫॥
ਤੀਰ ਅਨਿਕ ਬਿਧਿ ਖਪਰੇ[1] ਸੇਲੇ[2]

[1]ਚੌੜੇ ਫਲ ਵਾਲਾ ਤੀਰ। [2]ਨੇਜ਼ੇ ਮੂੰਹਾਂ ਤੀਰ।

ਗਨ ਬਦਾਂਮਚੇ[1] ਤੁੱਕੇ[2]।

[1]ਬਦਾਮ ਮੂੰਹੇਂ ਤੀਰ। [2]ਕਿੱਕਰ ਦੇ ਤੁੱਕੇ ਵਰਗੀ ਦੰਦੇਦਾਰ ਮੁਖੀ ਵਾਲਾ ਤੀਰ।

ਸੇਲ ਨਰਾਂਚ[1] ਸੁ ਨਾਵਕ[2] ਤੀਖਨ

[1]ਸਾਰਾ ਲੋਹੇ ਦਾ ਤੀਰ ਜਿਸ ਦੇ ਪੰਜ ਖੰਭ ਹੁੰਦੇ ਹਨ। 'ਸੇਲ' ਪਾਠ ਅਸ਼ੁਧ ਹੈ, ਇਥੇ 'ਸਰ' ਪਾਠ ਚਾਹੀਏ 'ਸ਼ਰ' ਚਾਰ ਮੁਖੇ ਤੀਰ ਦਾ ਨਾਮ ਹੈ। [2]ਇਕ ਛੋਟਾ ਤੀਰ ਜਿਸ ਦੀ ਮੁਖੀ

ਦੰਦੇਦਾਰ ਹੁੰਦੀ ਹੈ। ਨਾਵਕ ਨਾਮ ਥੋਥੀ ਨਲੀ ਦਾ ਬੀ ਹੈ ਜਿਸ ਦੇ ਵਿਚੋਂ ਛੋਟਾ ਤੀਰ ਚਲਾਉਂਦੇ ਹਨ [ਫਾ:, ਨਾਵਕ, ਥੋਥੀ ਨਲੀ। ਤੀਰ]।

ਕਰਦਹਿਂ ਤਨ ਰਿਪੁ ਢੂਕੇ[1] ॥੬॥
ਤੁਪਕ ਤਮਾਂਚੇ ਗਨ ਬਿਲਾਇਤੀ
ਸਾਂਗੈਂ ਸ਼ਕਤਿ[1] ਨਿਕਾਸੇ।

[1]ਵੈਰੀ ਦੇ ਤਨ ਵਿਚ ਖੁਭ ਜਾਣ।

[1]ਭਾਵ ਈਰਾਨ ਤੂਰਾਨ ਆਦਿ ਦੀਆਂ ਸਾਂਗਾਂ ਤੇ ਬਰਛੀਆਂ।

ਬ੍ਰਿੰਦ ਸ਼ਸਤ੍ਰ ਸਤਿਗੁਰੂ ਖਜ਼ਾਨੇ
ਕਹਿਂ ਲੌਂ ਕਵੀ ਪ੍ਰਕਾਸ਼ੇ ॥੭॥
ਮਾਰਵਾਰਿਯੇ ਮਾਵਨਿ ਲਾਗੇ
ਚਰਨ ਦਾਬ ਕਰ ਫੇਰੇ[1]।
ਇਤਨੇ ਮਹਿਂ ਪ੍ਰਭੁ ਬਾਹਿਰ ਨਿਕਸੇ
ਸਭਿ ਆਯੁਧ ਦਿਸ਼ਿ ਹੇਰੇ ॥੮॥
ਕਹਜੋ 'ਬਿਅਦਬੀ ਸ਼ਸਤ੍ਰਨਿ ਕੇਰੀ
ਤੈਂ ਕਜੋਂ ਚਰਨ ਲਗਾਯੋ।
ਅਤਿ ਪ੍ਰਿਯ ਖੜਗ ਅਕਾਲਪੁਰਖ ਕੋ
ਨਿਜ ਧੁਜ ਬਿਖੈ ਸੁਹਾਯੋ ॥੯॥
ਆਦਿ ਸ਼ਕਤਿ ਸ਼੍ਰੀ ਚੰਡੀ ਰੂਪ ਇਹ
ਪੂਜਨ ਜੋਗ ਸਦੀਵਾ।
ਸਰਬ ਸੁਰਾਸੁਰ ਨਰ ਕਜਾ ਬਪੁਰੋ
ਜਿਸ ਕੇ ਬਸਿ ਮਹਿਂ ਥੀਵਾ ॥੧੦॥
ਸਾਦਰ ਸੇਵ ਮਾਵਿਬੇ ਕਰੀਯਹਿ'
ਇਹ ਕਹਿ ਅੱਗ੍ਰ ਸਿਧਾਏ।
ਬੈਠੇ ਬਹੁਰ ਖਾਲਸਾ ਆਯੋ
ਸ੍ਰੀ ਮੁਖ ਦਰਸ਼ਨ ਪਾਏ ॥੧੧॥
ਕੇਤਿਕ ਚਿਰ ਮਹਿਂ ਇਕ ਸਿਖ ਬੋਲਜੋ
'ਮਾਰਵਾਰਿਯਾ ਜੋਈ।
ਪੁੰਜ ਖੜਗ ਸਿਰ ਪਰ ਧਰਿ ਬੈਠਜੋ
ਕਾਰ ਨ ਕਰਤਾ ਸੋਈ' ॥੧੨॥
ਸੁਨਿ ਬਿਕਸੇ ਪ੍ਰਭੁ ਗਏ ਬਿਲੋਕਨਿ
ਦੇਖਜੋ ਤਿਸੀ ਪ੍ਰਕਾਰਾ।
'ਇਹ ਕਜਾ ਕਰਜੋ ਨ ਸੇਵਾ ਠਾਨਤਿ
ਬੈਠੇ ਸਮਾ ਗੁਜ਼ਾਰਾ' ॥੧੩॥

[1]ਪੈਰਾਂ ਨਾਲ ਦੱਬਕੇ ਤੇ ਹੱਥ ਫੇਰ ਕੇ।

'ਮਹਾਰਾਜ ਰਾਵਰ ਕੀ ਆਇਸੁ
ਅਦਬ ਕਰਨਿ ਇਮ ਹੋਵੈ।
ਸੇਵਾ ਮਾਂਾਵਨ ਕੀ ਹੁਇ ਤੈਸੇ
ਜਥਾ ਪ੍ਰਥਮ ਮਲ ਖੋਵੈਂ' ॥੧੪॥
ਬਿਗਸਿ ਪ੍ਰਭੁ ਕਹਿ 'ਤੁਮ ਕੌ ਬਖਸ਼ਜੋ,
ਸ਼ਸਤ੍ਰਨ ਕੇ ਨਿਤ ਦਾਸਾ।
ਕਰਹੁ ਪ੍ਰੇਮ ਤੇ ਸੇਵਾ ਆਯੁਧ,
ਤੌ ਸਭਿ ਸੁਖ ਹੁਇ ਪਾਸਾ' ॥੧੫॥
ਰਾਮ ਸਿੰਘ ਤਿਹ ਨਾਮ ਹੁਤੋ ਸੁਨਿ
ਗੁਰ ਕੋ ਬੰਦਨ ਠਾਨੀ।
ਮਾਂਾਵਨ ਕਰਨਿ ਲਗਜੋ ਸੁਧ ਸ਼ਸਤ੍ਰਨਿ,
ਪੁਨ ਸੁਖ ਲਹਜੋ ਮਹਾਂਨੀ ॥੧੬॥
ਊਚੇ ਥਲ ਟਿਕਾਇ ਸਭਿ ਆਯੁਧ
ਪੂਜਾ ਸੌਜ ਮੰਗਾਈ।
ਲਗੇ ਨੁਰਾਤੇ ਸਗਰੇ ਪੂਜਨ
ਚੰਡਿ ਕਾਲਕਾ ਮਾਈ ॥੧੭॥
ਚੰਡਿ ਚਰਿੱਤ੍ਰ ਪਾਠ ਨਿਤ ਹੋਵੈ
ਸਹਿਸਕ੍ਰਿਤ ਅਰੁ ਭਾਖਾ।
ਧੂਪ ਦੀਪ ਚੰਦਨ ਕੌ ਚਰਚਤਿ
ਫੂਲ ਮਾਲ ਬਹੁ ਰਾਖਾ ॥੧੮॥
ਚਮਰ ਫੇਰਿ ਕੇਤਿਕ ਚਿਰ ਸ਼੍ਰੀ ਪ੍ਰਭੁ
ਪੂਜਾ ਪਾਠ ਕਰੰਤੇ।
ਕਰਹਿਂ ਸਤੁਤਿ ਜਿਹ[1] ਜੋਤਿ ਬਿਦਤਿ ਜਗ,
ਨਾਮ ਅਧਿਕ ਸਿਮਰੰਤੇ[†] ॥੧੯॥

ਅਨੰਗ ਸ਼ੇਖਰ ਛੰਦੁ:
'ਨਮੋ ਅਨੰਤ ਕਾਰਣੀ[1],
[1]ਪ੍ਰਪੋਖਣੀ, ਸੰਘਾਰਣੀ,
ਭਵਾ, ਬਿਸਾਲ, ਤਾਰਣੀ[੪],
ਭਯੰਹਰੀ, ਅਖੰਡਕਾ[1†]।
ਸਬੁੱਧਿ ਜੁੱਧ ਕ੍ਰੁੱਧਤਾ[1]

[1]ਜਿਸ (ਦੇਵੀ) ਦੀ।

[†]ਦੇਵੀ ਪੂਜਨ ਪਰਿਥਾਇ ਦੇਖੋ ਪਿਛੇ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।

[1]ਅਨੰਤ (ਜੀਵਾਂ ਨੂੰ ਕਰਨ ਵਾਲੀ)।

[1]ਪਾਲਣ ਵਾਲੀ, ਨਾਸ਼ ਕਰਤਾ, ਕਲਿਆਨ ਕਰਨ ਵਾਲੀ, ਅਤਿ ਵੱਡੀ ਤੇ ਤਾਰਨ ਹਾਰੀ।

[1]ਭੈ ਨਾਸ਼ਕ ਤੇ ਖੰਡਣ ਤੇ ਰਹਿਤ। [†]ਪਾ:-ਭਵਾ ਬਿਸਾਲ ਕਾਰਣੀ ਬਿਸਾਲ ਸ਼੍ਰੀ ਅਖੰਡਕਾ।

[1]ਸਹਿਤ ਬੁੱਧ ਦੇ ਤੇ ਜੁੱਧ ਵਿਚ ਕ੍ਰੋਧ ਕਰਨ ਵਾਲੀ।

| | |
|---|---|
| ਬਿਰੁੱਧ ਬੱਧ ਉੱਧਤਾ[1], | [1]ਜੁੱਧ ਵਿਚ) ਵੈਰੀਆਂ ਨੂੰ ਨਾਸ਼ ਕਰਨ ਨੂੰ ਉਦੇ ਰਹਿਣ ਵਾਲੀ। |
| ਅਰੁੱਧ ਰਿੱਧਿ ਸਿੱਦਿ ਦਾ[1], | [1]ਰਿੱਧੀਆਂ ਸਿਧੀਆਂ ਦੇਣ ਵਿਚ ਰੁਕਦੀ ਨਹੀਂ ਹੈ। |
| ਪ੍ਰਬੁੱਧ ਸ਼ੁੱਧ ਮੰਡਕਾ[1]†। | [1]ਸ਼ੁਧ ਗਿਆਨ ਦੇ ਮੰਡਣ ਵਾਲੀ। †ਏਹ ਸਾਰੇ ਵਿਸ਼ੇਸ਼ਣ ਅਕਾਲ ਪੁਰਖ ਦੇ ਹਨ। ਕੇਵਲ ਲਿੰਗ ਏਥੇ ਇਸਤ੍ਰੀ ਲਿੰਗ ਵਰਤਿਆ ਹੈ। ਇਸੇ ਵਜਕਤੀ ਸਬੰਧੀ ਹੁਣ ਅਗੇ ਬੀਰ ਰਸੀ ਤੇ ਰੌਦ੍ਰ ਰਸੀ ਸਗੁਣ ਉਪਮਾਂ ਦੇ ਵਾਕ ਆਉਣਗੇ। |
| ਸਜੋਰ ਘੋਰ ਲੋਚਨਾ[1], | [1]ਜ਼ੋਰ ਵਾਲੇ ਭਜਾਨਕ ਨੇਤ੍ਰਾਂ ਵਾਲੀ। |
| ਜਪੰਤਿ ਸੋਚ ਮੋਚਨਾ[1], | [1]ਜਪਣ ਵਾਲੇ ਦੀਆਂ ਸੋਚਾਂ ਦੀ ਨਾਸ਼ਕ। |
| ਸੁਚੇਤ ਚਿਤ ਰੋਚਨਾ[1], | [1]ਇੰਦ੍ਰ ਵਰਗੇ) ਸੁਚੇਤ ਚਿੱਤਾਂ ਨੂੰ ਖੁਸ਼ੀ ਕਰਨ ਵਾਲੀ। |
| ਰਿਪੂਨਿ ਕੋ ਘਮੰਡਕਾ[1]। | [1]ਵੈਰੀਆਂ ਉੱਤੇ ਬਲਵਾਨ ਹੋਕੇ ਪੈਣ ਵਾਲੀ। |
| ਨਿਸੁੰਭ ਸੁੰਭ ਖੰਡਕਾ[1], | [1]ਸੁੰਭਨਿਸੁੰਭ ਨਾਮੇ ਰਾਖਸ਼ਾਂ ਦੀ ਨਾਸ਼ਕ। |
| ਅਸੁਰ ਦਲ ਦੰਡਕਾ, | |
| ਬਿਹੰਡ ਚੰਡ ਮੁੰਡਕਾ[1], | [1]ਚੰਡ ਮੁੰਡ ਦੈਂਤ ਨੂੰ ਨਾਸ਼ ਕਰਤਾ। |
| ਪ੍ਰਚੰਡ ਤੁੰਡ ਚੰਡਿਕਾ ! ॥੨੦॥ | |
| ਦ੍ਰਿੜੰਤਿ ਦੀਹ ਦਾੜਕਾ[1], | [1]ਵਡੀਆਂ ਤਕੜੀਆਂ ਦਾੜ੍ਹਾਂ ਵਾਲੀ। |
| ਬਿਲੰਦ ਦੈਤ ਦਾਹਕਾ, | |
| ਨਿਕੰਦ ਕੈਟਭਾਨਕੀ[1], | [1]ਕੈਟਭ ਆਦਿ (ਰਾਖਸ਼ਾਂ) ਦੀ ਨਾਸ਼ ਕਰਤਾ। |
| ਅਮੰਦ ਤੇਜ ਜ੍ਵਾਲਕਾ[1]। | [1]ਅਗਨੀ ਦਾ ਤੇਜ ਵਿਸ਼ੇਸ਼ ਕਰਕੇ ਮੰਦ ਕਰਨ ਵਾਲੀ। (ਅ) (ਕਦੇ) ਨਾ ਮੰਦ ਪੈਣ ਵਾਲੇ ਅਗਨੀ ਤੇਜ ਵਾਲੀ। |
| ਪ੍ਰਾਪਣ ਸ਼੍ਰੋਣ ਬੀਰਜਾ[1], | [1]ਰਕਤ) ਬੀਜ ਆਦਿ ਦਾ ਲਹੂ ਪੀਣ ਵਾਲੀ। |
| ਬਿਸਾਲ ਬਾਹੁ ਬੀਰਜਾ[1], | [1]ਬਲ ਵਾਲੀਆਂ ਬਾਹਾਂ ਵਾਲੀ। |
| ਮਝਾਰ ਜੰਗ ਧੀਰਜਾ[1], | [1]ਜੰਗ ਵਿਚ ਧੀਰਜ ਵਾਲੀ। |
| ਬਿਸ਼੍ਵੰਭਰੀ[1] ਕਪਾਲਕਾ[2]। | [1]ਸੰਸਾਰ ਨੂੰ ਪਾਲਣ ਵਾਲੀ। [2]ਕਪਾਲਾਂ (ਖੋਪਰੀਆਂ) ਦੀ (ਮਾਲਾ) ਧਾਰਨ ਵਾਲੀ। |
| [1]ਨਖਾਨ ਪੁੰਜ ਤੀਖਨਾ, | [1]ਸਾਰੇ ਤਿੱਖੇ ਨਹੁਵਾਂ ਵਾਲੀ, ਕ੍ਰੋਧ ਨਾਲ ਲਾਲ ਅੱਖੀਆਂ ਵਾਲੀ, (ਐਸਾ) ਭਜਾਨਕ ਰੂਪ ਦਿਖਾਕੇ ਸ਼ੱਤ੍ਰੂਆਂ ਦੇ ਬਾਲਾਂ ਨੂੰ ਭੱਛਨ ਕਰਨ ਵਾਲੀ। |
| ਸਕ੍ਰੋਧ ਲਾਲ ਈਛਨਾ, | |
| ਦਿਖਾਇ ਰੂਪ ਭੀਛਨਾ | |
| ਸੁ ਭੱਛ ਸ਼ੱਤ੍ਰੂ ਬਾਲਕਾ[1]†। | [1]ਐਸੀ) ਕਾਲਕਾ ਦੇ ਚਰਨਾਂ ਨੂੰ ਨਮਸਕਾਰ ਹੈ। †ਇਹ ਦੋਵੇਂ ਤੁਕਾਂ ਕਈ ਨੁਸਖਿਆਂ ਵਿਚ ਨਹੀਂ ਹਨ। |
| ਸੁਦਾਸ ਪ੍ਰੀਤ ਪਾਲਕਾ, | |
| ਸਬੇਗ ਦੈਤ ਘਾਲਕਾ, | |
| ਗਰੇ ਮੈਂ ਮੁੰਡ ਮਾਲ ਕਾ, | |

ਪ੍ਰਣਾਮ ਪਾਦ ਕਾਲਕਾ ॥੨੧॥

ਦੋਹਰਾ:

ਇੱਤਯਾਦਿਕ ਜੇ ਨਾਮ ਹੈਂ,
ਸਪਤ ਸਹੰਸ੍ਰ ਲੱਖ[1]।
ਸਿਮਰਤਿ ਉਚਰਤਿ ਖਾਲਸਾ,
ਸ਼੍ਰੀ ਸਤਿਗੁਰੂ ਪ੍ਰਤੱਛ[1] ॥੨੨॥

[1]ਇਕ ਲੱਖ ਸੱਤ ਹਜ਼ਾਰ।

[1]ਸ਼੍ਰੀ ਸਤਿਗੁਰੂ ਦੇ ਸਾਹਮਣੇ।

ਅਨੰਗ ਸ਼ੇਖਰ ਛੰਦ:

ਇਸੀ ਪ੍ਰਕਾਰ ਨੌਰਤੇ[1] ਪ੍ਰਪੂਜਤੇ ਸੁ ਆਯੁਧਾਨ[2]
ਚੰਦਨਾਦਿ ਫੂਲਮਾਲ ਧੂਪ ਕੋ ਜਗਾਵਤੇ[†]।
ਉਤੰਗ ਸੰਖ ਪੂਰਤੇ ਸੁ ਮੰਗਲੰ ਅਰੰਭਤੇ,
ਬਿਸ਼ਾਲ ਸੌਂਜ ਹੋਮ ਤੇ, ਸੋ ਧੂਮ ਕੋ ਉਠਾਵਤੇ।
ਨਮੋ ਨਮੋ ਭਨੰਤਿ ਹੈਂ, ਸੁ ਬ੍ਰਹਮ ਕੌਚ[1] ਪਾਠ ਕੋ
ਪਠੰਤ ਹੈ ਸੁਨੰਤ ਕੋਈ[1], ਜੈ ਬਿਜੈ ਸੁ ਗਾਵਤੇ।
ਉਛਾਹ ਮੋਦ ਕੀਨਿਓ, ਪ੍ਰਸਾਦਿ ਬੰਟ ਦੀਨਿਓ,
ਸਮੂਹ ਪਾਨ ਲੀਨਿਓ[1], ਸੁ ਖਾਇ ਚੀਤ ਭਾਵਤੇ ॥੨੩॥
ਦੁਸੈਹਿਰਾ ਕੇ ਦਯੋਸ ਮੈਂ ਤਿਹਾਵਲਾ ਬਿਸਾਲ ਕੀਨਿ
ਨੌਮ ਪਾਤਿਸ਼ਾਹ ਕੇ ਸਥਾਨ ਅੱਗ੍ਰ ਜਾਇ ਕੈ।
ਬਿਨੈ ਬਖਾਨਿ ਹਾਥ ਜੋਰਿ ਬੰਦਨਾ ਸੁ ਕੀਨਿਓ
ਪ੍ਰਦੱਛਨਾ ਸੁ ਦੀਨਿ ਪਰਸਾਦਿ ਕੋ ਬ੍ਰਤਾਇ ਕੈ।

[1]ਨੁਰਾਤੇ। [2]ਸ਼ਸਤ੍ਰ ਪੂਜਦੇ ਹਨ।

[†]ਨਉਰਾਤਿਆਂ ਦਾ ਪੂਜਨ ਆਦਿ ਦੇਵੀ ਪੂਜਨ ਵਾਂਬੂ ਇਤਿਹਾਸਿਕ ਗਲ ਨਹੀਂ।

[1]ਹਿੰਦੂ ਮਤ ਮੂਜਬ ਦੇਵੀ ਦੇ ਨਾਵਾਂ ਦਾ ਇਕ ਮੰਤ੍ਰ ਜਿਸ ਦੇ ਜਪ ਤੋਂ ਸਰੀਰ ਰੱਖਯਾ ਦੇ ਮਨੋਰਥ ਸਿੱਧ ਹੁੰਦਾ ਹੈ। ਖਾਲਸੇ ਵਿਚ ਬ੍ਰਹਮਕਵਚ:-'ਸਿਰ ਮਸ੍ਤਕ ਰਖਾ ਪਾਰਬ੍ਰਹਮੰ' ਵਾਲੇ ਸਲੋਕ ਦਾ ਪਾਠ ਹੈ ਕਿਉਂਕਿ ਇਸ ਵਿਚ ਬ੍ਰਹਮ ਦੇ ਨਾਮ ਹਨ ਤੇ ਰੱਖਯਾ ਦੀ ਯਾਚਨਾ ਹੈ ਤੇ ਨਾਮ ਨੂੰ ਕਵਚ ਗੁਰਬਾਣੀ ਵਿਚ ਦੱਸਿਆ ਗਿਆ ਹੈ, ਯਥਾ:-'ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ' ॥

[1]ਕੋਈ ਪੜ੍ਹਦਾ ਹੈ ਤੇ ਕੋਈ ਸੁਣਦਾ ਹੈ।

[1]ਹੱਥੀਂ ਲੈਕੇ।

ਨਿਕੇਤ ਫੇਰ ਆਇ ਕੈ, ਤੁਰੰਗ ਕੋ ਮੰਗਾਇ ਕੈ,
ਮਤੰਗ ਸੰਗ ਪੂਜਿ ਪੂਜਿ[1], ਮੋਦ ਕੋ ਵਧਾਇ ਕੈ।

[1]ਹਾਥੀਆਂ ਸਹਤ ਘੋੜੇ ਪੂਜਨ ਕੀਤੇ।

ਅਹਾਰ ਫੇਰ ਖਾਇ ਕੈ ਅਰਾਮ ਥੋਰ ਪਾਇ ਕੈ
ਅਫੀਮ ਸੋਂ ਮਿਲਾਇ ਕੈ ਸੁ ਦਾਸ ਭੰਗ ਲਜਾਇ ਕੈ ॥੨੪॥
ਸ਼ਨਾਨ ਕੀਨ ਸੌਚ ਤੇ ਸੁਧਾਰ ਕੇਸ ਪਾਸ ਕੋ[1]

[1]ਕੇਸਾਂ ਦੇ ਜੂੜੇ ਨੂੰ [ਪਾਸ = ਜੂੜਾ]। (ਅ) ਕੇਸਾਂ ਨੂੰ ਲਾਂਭੋਂ। (ੲ) ਕੇਸਾਂ ਨੂੰ ਫਾਸ ਰੂਪ ਕਹਿਣਾ ਬੀ ਇਕ ਕਵਿਤਾ ਦੀ ਸੁੰਦਰਤਾ ਹੈ, ਜਿਸ ਵਿਚ ਪ੍ਰੇਮੀਆਂ ਦੇ ਦਿਲ ਫਸ ਜਾਂਦੇ ਹਨ।

ਸਜਾਇ ਸੀਸ ਪਾਗ ਕੋ ਉਤੰਗ ਜ਼ੇਬ ਜਾਰ ਕੇ[1]।

[1]ਸ਼ੋਭਾ ਪ੍ਰਕਾਸ਼ ਕਰਕੇ।

ਜਰਾਵ ਜ਼ੇਵਰਾਨਿ ਕੋ ਸਰੀਰ ਚੀਰ ਸੋਹਤੇ,
ਕ੍ਰਿਪਾਨ ਪਾਇ ਗਾਤਰੇ ਨਿਖੰਗ ਅੰਗ ਧਾਰਿ ਕੇ।
ਕਮਾਨ ਬਾਨ ਪਾਨ ਮੈਂ ਦਿਵਾਨ ਮੈਂ ਕਛੂਕ ਬੈਠਿ,
ਬਾਹਰੇ ਚਲੰਨਿ ਕੋ ਤੁਰੰਗ ਸੋ ਹਕਾਰਿ ਕੇ।
ਅਰੂਢਿ ਕੇ ਗਵੰਨ ਕੀਨਿ, ਦੁੰਦਭਾਨਿ ਚੋਬ ਦੀਨਿ,
ਬੋਲਤੇ ਨਕੀਬ ਭਾਟ ਕੀਰਤਿ ਉਚਾਰਿ ਕੇ ॥੨੫॥
[1]ਬਿਲੋਕਿ ਬੈਨਤੇਯ ਕੇ ਕੁਵਾਇਦਾਂ ਤੁਫੰਗ ਕੀ,

[1]ਦੇਖਣ ਲਗੇ:-ਵੈਨਤੇਯ ਯਾ ਗਰੁੜ ਵ੍ਯੂਹ ਦੀ ਰਚਨਾ, ਬੰਦੂਕ ਦੀ (ਚਾਂਦਮਾਰੀ), ਘੋੜੇ ਚੜ੍ਹਕੇ ਤੇ ਤੀਰ ਕਮਾਨ (ਦੀ ਨਿਸ਼ਾਨੇ ਬਾਜੀ ਆਦਿਕਾਂ ਦੀ) ਕਵਾਇਦ। [ਵੈਨਤੇਜ = ਸਨਾਤਨ ਕਵਾਇਦ ਵਿਚ ਸੈਨਾਂ ਨੂੰ ਖਾਸ ਖਾਸ ਸੂਰਤਾਂ ਦੇਕੇ ਵੰਡਿਆ ਕਰਦੇ ਸਨ, ਜਿਨ੍ਹਾਂ ਨੂੰ ਵ੍ਯੂਹ ਕਹਿੰਦੇ ਸਨ, ਸੈਨਾਪਤਿ ਵਿਚਕਾਰੇ ਹੁੰਦਾ ਸੀ। ਵ੍ਯੂਹਾਂ ਦੇ ਨਾਮ ਇਹ ਹਨ:-ਦੰਡ, ਵਰਾਹ, ਸ਼ਕਟ, ਮਕਰ, ਸੂਚੀ, ਚੱਕ੍ਰ, ਪਦਮ, ਬੱਜ੍ਰ, ਸ਼ਯੇਨ, ਮੰਡਲ, ਧੰਨੁ, ਬੈਨਤੇਯ (ਗਰੁੜ), ਸਰਵਤੋ ਭੱਦ੍ਰ। ਗਰੜ ਵ੍ਯੂਹ ਦੀ ਸ਼ਕਲ ਇਹ ਹੁੰਦੀ ਸੀ ਅਗੋਂ ਨੋਕਦਾਰ ਵਿਚੋਂ ਚੌੜੀ ਤੇ ਪਿਛਲਾ ਹਿੱਸਾ ਫੇਰ ਪਤਲਾ]।

ਤੁਰੰਗ ਪੈ ਕਰੰਤਿ ਕੋ ਕਮਾਨ ਬਾਨ

ਮਾਰਿਤੇ[2]।
ਧਵਾਇ ਕੈ ਭ੍ਰਮਾਇ ਸੇਲ ਮੇਲਤੇ ਬਗਲ[1] ਕੋਇ,
ਏਵ ਆਯੁਧਾਨ ਕੋ ਪ੍ਰਹਾਰਿ ਕੈ ਦਿਖਾਰਿਤੇ।
ਕਿਦਾਰ ਜੇ ਫਲਾਨ ਕੇ[1] ਲੁਟਾਇ ਦੀਨ ਕੇਤਨੇ[2],
ਬਹੋਰ ਬ੍ਰਿੰਦ ਬਾਹੁਰੇ ਅਨੰਦ ਭੂਰ ਧਾਰਤੇ[1]।
ਗੁਰੂ ਫਤੇ ਉਚਾਰਿਤੇ, ਸੁ ਰੂਪ ਕੋ ਨਿਹਾਰਤੇ,
ਸੁਭਾਗ ਕੋ ਬਿਚਾਰਤੇ[1] ਬਿਲੰਦ ਹੀ ਪ੍ਰਕਾਰਤੇ ॥੨੬॥

[1]ਵਗਲਨਾ = ਪਿਛੋਂ ਦੀ ਆਕੇ ਗਿਰਦ ਫਿਰਕੇ ਅਗਾਹਾਂ ਲੰਘ ਜਾਣਾ ਤਾਂ ਜੋ ਪਹਿਲਾਂ ਅਟਕ ਜਾਵੇ। (ਅ) ਬਗ਼ਲ (ਕੱਛ) ਵੱਲ ਨੂੰ।

[1]ਖੇਤੀਆਂ ਫਲਾਂ ਦੀਆਂ। [2]ਕਿਤਨਿਆਂ ਦੀਆਂ।

[1]ਫਲ ਲੁਟਣ ਤੋਂ) ਫਿਰ ਸਾਰੇ ਮੁੜੇ ਬਹੁਤ ਅਨੰਦ ਹੋਕੇ।

[1]ਗੁਰੂ ਦਰਸ਼ਨ ਦੇ) ਸੁਭਾਗ ਨੂੰ ਵਿਚਾਰਦੇ ਹਨ।

**ਲਲਿਤਪਦ ਛੰਦ:**

ਸਕਟਨਾਲਕਾ[1] ਸ਼ੁਤਰਨਾਲਕਾ[2],
ਗੁਰੂ ਸੰਗ ਘੁੜਨਾਲੈਂ[1]।
ਤੋਪ, ਜੰਮੂਰ, ਜੰਜੈਲਨ, ਲਮਛੜ[1]
ਲਏ ਤੁਫੰਗਨ ਜਾਲੇ।
ਹੁਕਮ ਗੁਰੂ ਕੋ ਲੇ ਤਿਸ ਛਿਨ ਮਹਿਂ
ਜੇ ਪਦਾਂਤਿ ਅਸਵਾਰਾ।
ਸ਼ਲਖ[1] ਛੋਰਨੀ ਸ਼ੁਰੂ ਕਰੀ ਤਬਿ
ਭਯੋ ਅੰਧ ਧੁੰਧਕਾਰਾ ॥੨੭॥
ਮਨਹੁਂ ਬ੍ਰਿੰਦ ਹੀ ਗਾਜ ਗਾਜ ਕਰਿ
ਗਿਰ ਪਰ ਗਿਰ ਗਨ ਜਾਨੀ[1]।
ਧੁਖੇ ਪਲੀਤੇ ਸ਼ਬਦ ਉਠਯੋ ਬਡ
ਸੁਨੀਅਹਿ ਕਛੂ ਨ ਕਾਨੀ।
ਕੇਤਿਕ ਚਿਰ ਲੌ ਸਤਿਗੁਰ ਠਹਿਰੇ
ਸ਼ਲਖ ਬ੍ਰਿੰਦ ਕਰਿਵਾਈ।
ਪੁਨ ਪੁਰਿ ਗਮਨੇ ਰਮਨੀ ਬੀਥਨਿ
ਦਰਸੈਂ ਲੋਗ ਲੁਗਾਈ[1] ॥੨੮॥
ਉਤਰੇ ਆਨਿ ਪ੍ਰਭੂ ਘਰਿ ਸੁੰਦਰ
ਚਿੱਤ੍ਰ ਬਚਿੱਤ੍ਰਤਿ ਹੇਮੂ[1]।
ਸਿਖ ਸੰਗਤਿ ਦਰਸਹਿ ਮਨ ਮੁਦਤਹਿਂ

[1]ਗਡਿਆਂ ਪੁਰ ਲਦੀਆਂ ਤੋਪਾਂ। [2]ਊਠਾਂ ਉਪਰਲੀਆਂ ਤੋਪਾਂ।

[1]ਘੋੜਿਆਂ ਉਪਰਲੀਆਂ ਤੋਪਾਂ।

[1]ਬੰਦੂਕ ਦੀਆਂ ਕਿਸਮਾਂ।

[1]ਇਕ ਵਾਰਗੀ ਬੰਦੂਕ ਆਦਿ ਦਾ ਛੋਡਨਾ।

[1]ਬਿਜਲੀਆਂ ਗੱਜਕੇ ਪਹਾੜਾਂ ਉਪਰ ਗਿਰੀਆਂ ਸਭ ਨੇ ਜਾਣੀਆਂ।

[1]ਨਰ ਨਾਰੀਆਂ।

[1]ਭਾਵ ਸੁਨਹਿਰੀ।

ਪਾਇ ਜੋਗ ਅਰੁ ਛੇਮੂ।
ਨੌਬਤ, ਦੁੰਦਭਿ, ਸੰਖ, ਨਫੀਰੀ,
ਪਟਹਿ, ਢੋਲ, ਕਰਨਾਈ।
ਬਜਹਿ ਮ੍ਰਿਦੰਗ, ਰਬਾਬ ਸਤਾਰਨਿ,
ਗਾਵਹਿਂ ਪਾਇ ਵਧਾਈ ॥੨੯॥
ਗੁਨੀ ਕਵੀ ਕਰਿ ਸੁਜਸੁ ਕਵਿੱਤਨ
ਆਨਿ ਅਨੇਕ ਸੁਨਾਵੈਂ।
ਰੀਝੈਂ ਮੌਜ ਦੇਤਿ ਮਨ ਭਾਵਤਿ
ਲੇ ਕਰਿ ਉਰ ਹਰਖਾਵੈਂ।
ਉਤਸਵ ਭਯੋ ਸਭਿਨਿ ਸੁਖਦਾਇਕ
ਖਾਨ ਪਾਨ ਕਰਿ ਸੋਏ।
'ਜੁਗ ਲਗਿ ਰਾਜ ਥਿਰਹੁ ਸਤਿਗੁਰ ਕੋ'
ਕਹਿ ਅਸੀਸ ਸਭਿ ਕੋਏ ॥੩੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਸੈਹਰਾ ਉਤਸਵ' ਪ੍ਰਸੰਗ ਬਰਨਨੰ ਨਾਮ ਦੁਇ ਤ੍ਰਿੰਸਤੀ ਅੰਸੂ ॥੩੨॥

## ੩੩. [ਮਾਤਾ ਜੀ ਨੂੰ ਸੰਤ ਦਰਸ਼ਨ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਸ਼੍ਰੀ ਗੁਰ ਗੋਬਿੰਦ ਸਿੰਘ ਜੀ, ਬਲੀ ਤਰੁਨ ਤਨ ਬੈਸ।
ਦਿਨ ਪ੍ਰਤਿ ਬ੍ਰਿੱਧਤਿ ਖਾਲਸਾ, ਦੂਜ ਚੰਦ ਨਭ ਜੈਸ ॥੧॥

ਚੌਪਈ:

ਇਕ ਦਿਨ ਸ਼੍ਰੀ ਗੁਜਰੀ ਗੁਰ ਮਾਤਾ।
ਪ੍ਰਾਤ ਭਈ ਜਲ ਬਿਮਲ ਸਨਾਤਾ[1]। [1]ਜਲ ਨਾਲ ਅਸ਼ਨਾਨ ਕੀਤਾ।
ਪ੍ਰਥਮ ਪਾਠ ਕਰਿ ਜਪੁਜੀ ਕੇਰਾ।
ਅਪਰ ਪਢੀ ਗੁਰਬਾਨੀ ਫੇਰਾ ॥੨॥
ਪੁਨ ਸੁਖਮਨੀ ਪਾਠ ਕੋ ਕਰਿਤੇ।
ਸਹਿਜ ਸੁਭਾਇਕ ਸ਼੍ਰੀ ਗੁਰ ਫਿਰਤੇ।
ਸਾਦਰ ਤਬਿ ਹੀ ਨਿਕਟ ਬਿਠਾਏ।
ਆਪ ਪਠਤਿ ਬਾਨੀ ਚਿਤ ਲਾਏ ॥੩॥
ਚਹਤਿ ਸ਼੍ਰੇਯ ਵੈਰਾਗ ਉਪਾਈ[1]। [1]ਭਾਵ ਵੈਰਾਗਵਾਨ ਹੋਕੇ ਮੁਕਤੀ ਦੀ ਇੱਛਾ ਕਰ ਰਹੀ ਹੈ।
ਪਠਤਿ ਪਠਤਿ ਇਹ ਤੁਕ ਮੁਖ ਆਈ:-

ਸ਼੍ਰੀ ਮੁਖਬਾਕ:
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥੪॥

ਇਸ ਕੋ ਅਰਥ ਬਿਚਾਰਜੋ ਮਾਈ।
ਪੁਨਹਿ ਪੁੱਤ੍ਰ ਸੰਗ ਗਿਰਾ ਅਲਾਈ।
'ਹੇ ਸੁਤ ਸਭਿ ਥਲ ਗਜਾਤਾਵਾਨ!
ਹਾਥ ਬੱਦ੍ਰ ਸਮ ਬਿਦਤ ਜਹਾਨ[1] ॥੫॥ [1]ਹੱਥ ਤੇ ਧਰੇ ਬੇਰ ਵਾਂਙੂ ਸਾਰਾ ਜਹਾਨ ਆਪ ਪਰ ਰੌਸ਼ਨ ਹੈ।
ਉਚ ਰੁ ਨੀਚ ਰੰਕ ਕੈ ਰਾਜਾ।
ਸਾਧ ਅਸਾਧ ਲਖਹੁ ਸਭਿ ਪਾਜਾ[1]। [1]ਸਾਰਿਆਂ ਦੇ ਪਾਜ ਨੂੰ ਜਾਣਦੇ ਹੋ।
ਇਨ ਤੁਕਹਨ ਮੈਂ ਜੋ ਭਿੱਪ੍ਰਾਯ[1]। [1]ਤਾਤਪਰਯ।
ਹਰਖ ਸ਼ੋਕ ਰਹਿਨੋ ਇਕ ਭਾਇ ॥੬॥
ਇਸ ਪ੍ਰਕਾਰ ਕੋ ਸੰਤ ਬਿਸਾਲਾ।
ਮੋ ਕਉ ਦਿਖਰਾਵਹੁ ਕਿਸ ਕਾਲਾ।
ਦ੍ਵੰਦਨ[1] ਮਹਿਂ ਜਿਸ ਬ੍ਰਿਤੀ ਸਮਾਨ। [1]ਦੁਖ ਸੁਖ, ਹਰਖ ਸ਼ੋਕ, ਮਾਨ ਅਪਮਾਨ ਆਦਿ ਜੋੜੇ।
ਮਾਨ ਅਮਾਨ, ਅਸੁਖ ਸੁਖ ਜਾਨ ॥੭॥
ਹਰਖ ਸ਼ੋਕ ਨਹਿਂ ਕਬਿ ਉਪਜੰਤਾ।

ਸਦਾ ਏਕਰਸ ਕੋ ਨਿਬਹੰਤਾ[1]।
ਜਿਸ ਕੀ ਐਸ ਅਵਸਥਾ ਹੋਇ।
ਬਡੇ ਸਾਹਿਬਨ ਬਰਨੀ ਜੋਇ[1]" ॥੮॥
ਉੱਜਲ ਅਰੁ ਬਡਭਾਗਾ ਮਾਤਾ।
ਕਹ੍ਯੋ 'ਦਿਖਾਵਹੁ ਤਿਸ ਸੱਖਜਾਤਾ।'
ਰੁਚਿਰ ਮਨੋਰਥ ਜਨਨੀ ਕੇਰਾ।
ਸੁਨਿ ਬੋਲੇ ਸਤਿਗੁਰ ਤਿਸ ਬੇਰਾ ॥੯॥
'ਅਸ ਪੁਰਸ਼ੋਤਮ ਸੰਤ ਸੁਚਾਲੀ[1]।
ਪਿਖਹੁ ਨਿਸੰਸੈ ਹੋਵਤਿ ਕਾਲੀ।
ਦਰਸ਼ਨ ਕਰਿ ਕੈ ਅਚਹੁ ਅਹਾਰਾ।
ਕਰਹੁ ਪ੍ਰਤੀਖਨ ਭਾਵ ਉਦਾਰਾ[1] ॥੧੦॥
ਐਸਨਿ ਕਹੁ ਰਚਿ ਕਰਿ ਕਰਤਾਰਾ।
ਲਖਹਿ ਸਫਲ ਸਿਰਜਨ ਜਗ ਸਾਰਾ।
ਸ਼ੇਖ, ਸਾਰਦਾ, ਬੇਦ, ਬਿਰੰਚ[1]।
ਕਰਿ ਨਸਕਹਿਂ ਜਿਹ ਮਹਿਮਾ ਰੰਚ[1] ॥੧੧॥
ਸਮਦਰਸੀ ਇਕ ਰਸ ਮਨ ਸ਼ਾਂਤਿ।
ਮਹਾਂਪੁਰਖ ਪੂਰਨ ਅਵਿਦਾਤਿ।
ਮਨਹੁਂ ਕਾਮਨਾ ਪੂਰਨ ਹੋਵਹੁ।
ਨਿਹਸੰਸੈ ਦਰਸ਼ਨ ਕੌ ਜੋਵਹੁ' ॥੧੨॥
ਇਮ ਕਹਿ ਸਤਿਗੁਰ ਬਾਹਿਰ ਆਏ।
ਜੇ ਸਭਿ ਸਿੱਖਨ ਕੌ ਸੁਖਦਾਏ।
ਮਾਤਾ ਭਈ ਪ੍ਰਸੰਨ ਮਹਾਨਾ।
-ਦੇਖਹੁ ਸੰਤ ਸੁ ਬ੍ਰਿਤੀ ਸਮਾਨਾ- ॥੧੩॥
ਉਤਕੰਠਾ[1] ਜਿਸ ਕੇ ਉਰ ਏਵੀ।
ਜਗਤਈਸ਼ ਕੀ ਜਨਨੀ ਦੇਵੀ।
ਪ੍ਰਥਮ ਮਿਲ੍ਯੋ ਸ਼੍ਰੀ ਨਾਨਕ ਸੰਗ।
ਭਾਈ ਬੁੱਢਾ ਸੁਮਤਿ ਉਤੰਗ ॥੧੪॥
ਗ੍ਯਾਨ ਅਵਸਥਾ ਬਿਖੈ ਅਰੂਢਾ।
ਪ੍ਰਾਪਤਿ ਭਯੋ ਪਰਮ ਪਦ ਗੂਢਾ।
ਖਟ ਪਤਿਸ਼ਾਹੀ ਲਗਿ ਜਗ ਰਹ੍ਯੋ।
ਸਤਿਗੁਰੁ ਚਲਿਤ ਬ੍ਰਿੰਦ ਕੋ ਲਹ੍ਯੋ

[1]ਭਾਵ ਬ੍ਰਿਤੀ ਨੂੰ ਇਕਰਸ ਰੱਖਦਾ ਹੋਵੇ।
[1]ਵਡੇ ਗੁਰੂ ਸਾਹਿਬਾਂ ਨੇ।
[1]ਸ੍ਰੇਸ਼ਟ ਰਹਿਣੀ ਵਾਲਾ।
[1]ਉਦਾਰ ਭਾਵਨਾ ਨਾਲ ਉਡੀਕੋ।
[1]ਸ਼ੇਸ਼ ਨਾਗ, ਸਰਸ੍ਵਤੀ ਵੇਦ ਤੇ ਬ੍ਰਹਮਾ......।
[1]ਥੋੜੀ ਬੀ।
[1]ਇੱਛਾ।

॥੧੫॥
ਜਿਸ ਕੇ ਬਾਕ ਮਿਟੈਂ ਨਹਿੰ ਕਿਸ ਤੇ।
ਉੱਤਮ ਅਪਰ ਕਹੋ ਕੋ ਤਿਸ ਤੇ।
ਤਿਸ ਕੀ ਕੁਲ ਕੋ ਭੂਖਨ ਭਯੋ।
ਨਾਮ ਸੁ ਰਾਮ ਕੁਇਰ ਜੋ ਥਿਯੋ ॥੧੬॥
ਜਨੁ ਦੀਪਕ ਤੇ ਦੀਪ ਜਗਾਯੋ।
ਗ੍ਯਾਨ ਅਵਸਥਾ ਮਹਿਂ ਦਿਪਤਾਯੋ।
ਸਿੱਖਨ ਮੁੱਖ੍ਯ ਸਤਿਗੁਰ ਘਰ ਕੇਰੇ।
ਜਿਨ ਕੀ ਸਮਤਾ ਅਪਰ ਨ ਹੇਰੇ ॥੧੭॥
ਹੁਤੋ ਸਮੈ ਤਿਸ ਅੰਮ੍ਰਿਤਸਰ ਜੀ।
ਲਖ੍ਯੋ ਬ੍ਰਿਤਾਂਤ ਸਰਬ ਗੁਰ ਘਰ ਜੀ।
ਦਸਵੇਂ ਪਾਤਸ਼ਾਹ ਮਨ ਕੇਰਾ।
-ਮਾਤਾ ਹਿਤ ਸੁ ਮਨੋਰਥ ਮੇਰਾ ॥੧੮॥
ਦਰਸ ਅਵੱਸ਼੍ਯ ਕਰਨਿ ਕਹੁ ਕਾਲੀ।
ਉਰ ਮਹਿਂ ਇੱਛਾ ਕੀਨਿ ਬਿਸਾਲੀ-।
ਗਈ ਨਿਸਾ ਪਰਿ ਕਰਿਤੇ ਤਯਾਰੀ[1]।
ਨਿਜ ਸੰਗਤਿ ਸੋਂ ਗਿਰਾ ਉਚਾਰੀ ॥੧੯॥
'ਭਏ ਪ੍ਰਭਾਤਿ ਅਨੰਦਪੁਰਿ ਜਾਨਾ।
ਮੁਝ ਪਸ਼ਚਾਤੀ ਕਰਹੁ ਪਯਾਨਾ।
ਮੈਂ ਏਕਾਂਕੀ ਸ਼ੀਘ੍ਰ ਸਿਧਾਊਂ।
ਦਰਸ਼ਨ ਸ਼੍ਰੀ ਸਤਿਗੁਰ ਕੋ ਪਾਊਂ ॥੨੦॥
[1]ਤੁਮ ਤੇ ਪਹੁੰਚ੍ਯੋ ਜਾਇ ਸੁ ਜਾਵਤਿ।
ਸ਼ੀਘ੍ਰ ਸਿਧਾਵਹੁ ਆਵਹੁ ਤਾਵਤ।'
ਇਮ ਕਹਿ ਰੈਨ ਬਿਖੈ ਪਰਿ ਸੋਏ।
ਭਈ ਪ੍ਰਭਾਤਿ ਜਾਗਿਬੋ ਹੋਏ ॥੨੧॥
ਕਰਿ ਇਸ਼ਨਾਨ ਪਾਠ ਜਪ ਕੀਨਾ।
ਪੁਨ ਗੁਰ ਦਰਸ਼ਨ ਕੌ ਮਨ ਦੀਨਾ।
ਭਯੋ ਤੁਰੰਗਨਿ ਪਰ ਆਰੂਢ।
ਚਲ੍ਯੋ ਬੇਗ ਜਿਸ ਆਸ਼ੈ ਗੂਢ ॥੨੨॥
ਕਹ੍ਯੋ ਸਭਿਨਿ ਸੋਂ 'ਆਵਹੁ ਮਿਲੇ।
ਮੁਖ ਅਨੰਦਪੁਰ ਦਿਸ਼ਿ ਕਰਿ ਚਲੇ।'
ਤੁਰਨ ਤੋਰਿ ਤੁਰੰਗਨਿ ਤਬੈ।

[1]ਤਿਆਰੀ ਕਰਦਿਆਂ ਰਾਤ ਪੈ ਗਈ।

[1]ਜਿੰਨੀ ਛੇਤੀ ਤੁਹਾਥੋਂ ਪਹੁੰਚਿਆ ਜਾਵੇ ਉਤਨੀ ਛੇਤੀ ਤੁਰ ਪਓ ਤੇ ਆ ਜਾਵੋ।

ਗਮਨੇ ਮਾਰਗ ਤਜਿ ਕਰਿ ਸਬੈ[1] ॥੨੩॥
ਸ਼ੀਘ੍ਰ ਸਾਥ ਮਗ ਚਲਤੇ ਚਲਤੇ।
ਭਾ ਮੱਧਜਾਨ ਭਾਨੁ ਕੁਛ ਢਲਤੇ।
ਕੋਸ ਪਚੀਸਕ ਪਹੁੰਚੇ ਜਾਇ।
ਪੈਂਡੇ ਦੂਰ ਰਹਜੋ ਪੁਰਿ ਥਾਂਇ ॥੨੪॥
ਇਤ ਸ਼੍ਰੀ ਗੁਜਰੀ ਪੁੰਨ ਮਹਾਨੀ।
ਉਠੀ ਪ੍ਰਾਤਿ ਕਰਿ ਮੱਜਨ ਪਾਨੀ।
ਜਪੁਜੀ ਆਦਿ ਪਾਠ ਕਰਿ ਬਾਨੀ।
ਬੈਠੀ ਪੁਨ ਪ੍ਰਤੀਖਨਾ ਠਾਨੀ ॥੨੫॥
ਪੁੱਤ੍ਰ ਬਾਕ ਪਰ ਨਿਸ਼ਚਾ ਲੀਏ।
ਭੋਜਨ ਜਲ ਅਚਿਬੋ ਨਹਿਂ ਕੀਏ।
ਉਤਕੰਠਤਿ[1] ਬੈਠੀ ਬਡਭਾਗਨ।
ਪੂਰਬ[1] ਸੰਤ ਪਿਖਿਨਿ ਅਨੁਰਾਗਨ ॥੨੬॥
ਬੀਤੇ ਜਬਹਿ ਜਾਮ ਜੁਗ ਬੈਸੇ।
ਸੁਤ ਢਿਗ ਪਠਜੋ ਦਾਸ ਕੋ ਐਸੇ।
'ਕਰਜੋ ਪ੍ਰਤੀਖਨ ਕਹੇ ਤੁਹਾਰੇ।
ਨਹਿਂ ਆਯੋ ਨਹਿਂ ਅਚਜੋ ਅਹਾਰੇ ॥੨੭॥
ਅਬਿ ਮੱਧਜਾਨ ਕਾਲ ਭੀ ਬੀਤਾ।
ਰਹਿ ਗਜੋ ਮੋਰ ਮਨੋਰਥ ਰੀਤਾ।
ਆਇ ਅਨੰਦਪੁਰਿ ਆਜ ਕਿ ਨਾਂਹੀ।
ਨਿਪੁਨ ਜਿ ਸੰਤ ਗਜਾਨ ਕੇ ਮਾਂਹੀ ॥੨੮॥
ਅਬਿ ਜਿਮ ਕਹਹੁ ਕਰਹਿਂ ਤਿਸ ਰੀਤਿ।'
ਸੁਨਿ ਬੋਲੇ ਸਤਿਗੁਰ ਮੁਦ ਚੀਤਿ।
'ਧੰਨ ਮਨੋਰਥ ਅਹੈ ਤੁਮਾਰਾ।
ਕਰੀ ਪ੍ਰਤੀਖਨ ਧੰਨ ਉਦਾਰਾ ॥੨੯॥
ਉਪਜਾਵਹੁ[1] ਅਹਾਰ ਰਸਵਾਰੇ।
ਮਧੁਰ ਸਲਵਣ ਅਨੇਕ ਪ੍ਰਕਾਰੇ।
ਕਰਿਵਾਵਹੁ ਸਭਿ ਬਿਧਿ ਕੀ ਤਜਾਰੀ।
ਸਰਲ ਪਰੋਸਹੁ ਥਾਲ ਮਝਾਰੀ ॥੩੦॥
ਜਬਿ ਸਭਿਹੂੰ ਬਿਧਿ ਇਹ ਕਰਿ ਲੈਹੋ।

[1]ਸਾਰੇ (ਸਾਥੀਆਂ ਨੂੰ) ਛੱਡਕੇ ਰਸਤੇ ਪਏ।

[1]ਉਡੀਕਵਾਨ।

[1](ਅੰਨ ਛਕਣ ਤੋਂ) ਪਹਿਲੋਂ।

[1]ਤਿਆਰ ਕਰੋ।

ਤਾਤਕਾਲ ਹੀ ਦਰਸ਼ਨ ਪੈਹੋ।
ਨਹੀਂ ਬਿਲਮ ਅਬਿ ਆਵਨਿ ਮਾਂਹਿ।
ਤਜਾਰੀ ਕਰਹੁ ਭਾਵ ਧਰਿ ਤਾਂਹਿ' ॥੩੧॥
ਜਿਸ ਪ੍ਰਕਾਰ ਸ਼੍ਰੀ ਗੁਰ ਫੁਰਮਾਯੋ।
ਸੁਨਤਿ ਦਾਸ ਨੇ ਜਾਇ ਸੁਨਾਯੋ।
ਪਰਮ ਪ੍ਰਸੰਨ ਜਨਨਿ ਮਨ ਭਯੋ।
ਕਰਿਓ ਤਜਾਰ ਸੁ ਆਇਸੁ ਦਯੋ ॥੩੨॥
ਬਹੁ ਤੂਰਨ ਕਰਿ ਬਹੁ ਨਰ ਲਾਏ।
ਬਿੰਜਨ ਨਾਨਾ ਭਾਂਤਿ ਕਰਾਏ।
ਖਟਰਸ ਜੁਗਤ ਸ੍ਵਾਦ ਮਨ ਭਾਵਾ।
ਅਪਨ ਹਜ਼ੂਰ ਥਾਲ ਮਹਿਂ ਪਾਵਾ ॥੩੩॥
ਸਰਬ ਪ੍ਰਕਾਰਨਿ ਕਰਿ ਕੈ ਤਜਾਰੀ।
ਕਰਹਿ ਪ੍ਰਤੀਖਨ ਭਾਉ ਸੁ ਭਾਰੀ।
ਜਬਿ ਮੱਧਜਾਨ ਚਲਜੋ ਮਗ ਆਵਤਿ।
ਬੜਵਾ ਕੋ ਪ੍ਰੇਰਤਿ ਉਤਲਾਵਤ ॥੩੪॥
ਇਤ ਅਨੰਦਪੁਰਿ ਕੋ ਬਿਰਤਾਂਤ।
ਜਾਨਜੋਂ ਰਾਮਕੁਇਰ ਮਨ ਸ਼ਾਂਤਿ।
-ਪਹੁੰਚਜੋ ਜਾਇ ਨ ਅਜ਼ਮਤ ਬਿਨਾ।
ਬਿਨ ਪਹੁੰਚੇ ਮਿਥਜਾ ਹੁਇ ਜਨਾ[1] ॥੩੫॥
ਤਜੋਂ ਹੀ ਕਰਨਿ ਸਭਿਨਿ ਬਨ ਆਇ।
ਜਜੋਂ ਸਤਿਗੁਰ ਕੀ ਹੋਇ ਰਜਾਇ-।
ਅਸ ਮਨ ਜਾਨਿ ਛਿਨਕ ਮਹਿਂ ਆਵਾ।
ਸਤਿਗੁਰ ਕੇ ਪਗ ਸੀਸ ਨਿਵਾਵਾ ॥੩੬॥
ਬਾਰਿ ਬਾਰਿ ਅਭਿਬੰਦਨ ਕਰਿਹੀ।
ਪਰਮ ਪ੍ਰੇਮ ਤੇ ਰੂਪ ਨਿਹਰਿਹੀ।
ਕੁਸ਼ਲ ਬੂਝਿ ਗੁਰ ਸਾਦਰ ਭਾਖਾ।
'ਅਚਹੁ ਅਹਾਰ ਮਹਿਤ ਅਭਿਲਾਖਾ' ॥੩੭॥
ਦਾਸ ਏਕ ਕਰਿ ਦੀਨੋ ਸੰਗ।
ਗਏ ਮਾਤ ਕੇ ਮਹਿਲ ਉਤੰਗ।
ਕਰਜੋ ਹੁਤੋ ਤਬਿ ਥਾਲ ਸੁ ਤਜਾਰੀ।

[1]ਭਾਵ ਵੇਲੇ ਸਿਰ ਅੱਪੜੇ ਬਿਨਾਂ ਜਾਣਾ ਬ੍ਰਿਥਾ ਹੋ ਜਾਊ।

ਰਾਮਕੁਇਰ ਪਹੁੰਚਯੋ ਸਿਖ ਭਾਰੀ ॥੩੮॥
ਮਾਤਾ ਕੇ ਪਾਇਨ ਪਰ ਪਰਯੋ।
ਪੂਰਨ ਜਾਂਹਿ[1] ਮਨੋਰਥ ਕਰਯੋ।
ਸੁੰਦਰ ਆਸਨ ਤਹਾਂ ਡਸਾਵਾ।
ਤਿਸ ਪਰ ਸਾਦਰ ਭਾਖਿ ਬਿਠਾਵਾ ॥੩੯॥
ਆਗੈ ਥਾਰ ਮਾਤ ਧਰਿ ਦੀਨਸਿ।
ਅਪਨੇ ਹਾਥ ਬੀਜਨਾ ਲੀਨਸਿ।
ਮੰਦ ਮੰਦ ਕਰਿ ਪੰਖ ਝੁਲਾਵਾ।
ਧਰੇ ਭਾਵ ਭੋਜਨ ਅਚਵਾਵਾ ॥੪੦॥
ਮਹਾਂ ਪੁਰਖ ਪੂਰਨ ਮਨ ਜਾਨੇ।
ਦਰਸ਼ਨ ਕਰਤਿ ਭਾਉ ਰਿਦ ਠਾਨੇ।
ਬੂਝਤਿ ਲਗੀ ਮਾਤ ਸਤਿ ਭਾਏ।
'ਆਜ ਕਹਾਂ ਤੇ ਚਲਿ ਕਰਿ ਆਏ?' ॥੧੪॥
ਰਾਮਕੁਇਰ ਅਚਿ ਭੋਜਨ ਸੋਈ।
ਬੋਲਯੋ ਹਾਥ ਜੋਰਿ ਕਰਿ ਦੋਈ।
'ਤਹਾਂ ਰਖੇ ਰਾਖੇ ਗੁਰ ਜਹਾਂ।
ਜਹਾਂ ਪਠਾਵਹਿ ਜਾਵਹਿਂ ਤਹਾਂ ॥੪੨॥
ਪੁਤਲੀ ਕੇ ਅਧੀਨ ਕਜਾ ਅਹੈ।
ਨਰ ਕੇ ਬਸ ਬਰਤੀ ਨਿਤ ਰਹੈ[1]।
ਜਥਾ ਕਰਾਇ ਤਥਾ ਸੋ ਕਰਿਹੀ।
ਤਿਮ ਸਤਿਗੁਰ ਕੇ ਹਮ ਅਨੁਸਰ ਹੀ ॥੪੩॥
ਹਮ ਸੁਛੰਦ ਕੁਛ ਕਰਿ ਸਕਿ ਨਾਂਹੀ।
ਸਦਾ ਚਲਹਿਂ ਗੁਰ ਆਗਜਾ ਮਾਂਹੀ[†]।'
ਇਮ ਕਹਿ ਨਮਹਿ ਮਾਤ ਕੋ ਕਰਿ ਕੈ।
ਗੁਰ ਢਿਗ ਆਯੋ ਉਰ ਮੁਦ ਧਰਿ ਕੈ

[1]ਜਿਨ੍ਹਾਂ ਦਾ।

[1]ਪੁਤਲੀ ਖਿਲਾਵਨਹਾਰ) ਨਰ ਦੇ ਅਨੁਸਾਰ ਵਰਤਦੀ ਰਹਿੰਦੀ ਹੈ।

[†]ਗੁਰੂ ਜੀ ਦੀ ਗੁਰੱਤ੍ਰ ਦਾ ਦਰਜਾ ਗਜਾਤ ਗੇਯ ਪੂਰਨ ਬ੍ਰਹਮ ਗਿਆਨੀ ਤੋਂ ਬੀ ਉੱਚਾ ਹੈ, ਇਹ ਗਲ ਭਾਈ ਰਾਮਕੌਰ ਜੀ ਨੇ ਇਥੇ ਸਪਸ਼ਟ ਕਰਕੇ ਮਾਤਾ ਜੀ ਨੂੰ ਲਿਖਾਈ ਹੈ।

॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਸ਼੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅੰਸੂ ॥ ੩੩ ॥

## ੩੪. [ਕੜਾਹ ਦੀ ਲੁੱਟ। ਭਾਈ ਰਾਮਕੁਇਰ ਜੀ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਬੈਠਜੋ ਸ੍ਰੀ ਸਤਿਗੁਰ ਨਿਕਟ, ਰਾਮਕੁਇਰ ਸ਼ੁਭ ਸੰਤ।
ਸਿੱਖੀ ਕੀ ਲਛਮੀ ਮਹਾਂ, ਜਿਨ ਕੇ ਦਿਪਤ ਅਨੰਤ[1] ॥੧॥ [1]ਬਿਅੰਤ ਸਿੱਖੀ ਦੀ ਸ਼ੋਭਾ।

ਚੌਪਈ:

ਸ੍ਰੀ ਗੁਰ ਕੁਸ਼ਲ ਪ੍ਰਸ਼ਨ ਕਰਿ ਸਾਰੇ।
ਕ੍ਰਿਪਾ ਦ੍ਰਿਸ਼ਟਿ ਤੇ ਬਹੁ ਸਤਿਕਾਰੇ।
'ਗੁਰ ਸਿੱਖੀ ਕੇ ਤੁਮ ਆਧਾਰੇ।
ਪਾਇ ਸੁਮਗ ਨਰ ਅਧਿਕ ਉਧਾਰੇ ॥੨॥
ਗੁਰ ਸਿੱਖੀ ਸਾਗਰ ਬਿਨੁ ਪਾਰੀ[1]†। [1]ਗੁਰ ਸਿੱਖੀ ਸਮੁੰਦਰ ਹੈ ਬਿਨਾ ਪਾਰ ਤੋਂ ਭਾਵ ਅਪਾਰ। †ਪਾ:-ਗੁਰਮੁਖ ਸਿਖੀ ਸਿੰਧੁ ਅਪਾਰੀ।
ਸ਼ਰਧਾ ਕੋ ਨਿਸ਼ਚਾ ਬਰ ਬਾਰੀ[1]। [1]ਸ੍ਰੇਸ਼ਟ ਜਲ।
ਸੱਤਜਨਾਮ ਸਿਮਰਨੋ ਨਿਰੰਤਰ।
ਨਿਸ ਦਿਨ ਉਠਹਿ ਤਰੰਗ ਸੁ ਅੰਤਰ[1] ॥੩॥ [1]ਉਸ ਸਮੁੰਦਰ) ਵਿਚ ਨਿਸਦਿਨ ਨਾਮ ਜਪਣਾ ਮਾਨੋਂ ਤ੍ਰੰਗ ਉੱਠਣੇ ਹਨ।
ਹਉਮੈ ਸੁਰਤ ਬਿਸਾਰਨ ਕਰਨੀ[1]। [1]ਹੰਗਤਾ ਦੀ ਸੁਰਤ ਦਾ ਭੁਲਾਵਣਾ।
ਇਹ ਪਾਵਨਤਾ[1] ਜਿਸ ਮਹਿ ਬਰਨੀ। [1]ਭਾਵ ਇਹ ਪਵਿੱਤ੍ਰਤਾ ਹੈ।
ਪਰਮੇਸ਼ੁਰ ਕੋ ਕ੍ਰਿਤ ਭਲ ਭਾਵੈ[1]। [1]ਪਰਮੇਸੁਰ ਦੀ ਕ੍ਰਿਤ ਭਲੀ ਭਾਵਣੀ ਭਾਵ ਭਾਣਾ ਮੰਨਣਾ।
ਸਦਾ ਅਗਾਧਪਨੋ ਦਰਸਾਵੈ ॥੪॥
ਸ੍ਰੀ ਨਾਨਕ ਅਰ ਦਸਮ ਸਰੂਪ।
ਦਿਵ ਬੇਲਾ[1] ਦ੍ਵੈ ਲਖਹੁ ਅਨੂਪ। [1]ਕਿਨਾਰੇ। (ਅ) ਨਦੀ ਦੇ ਦੋਹਾਂ ਕਿਨਾਰਿਆਂ ਦੇ ਜੰਗਲ।
ਸਮ ਦਮ ਦਯਾ ਧਰਮ ਸੁਚ ਸ਼ਾਂਤੀ।
ਰਹਤਿ ਰਾਖਣੀ ਗੁਰਮਤਿ ਭਾਤੀ[1] ॥੫॥ [1]ਗੁਰਮਤਿ ਅਨਕੂਲ ਰਹਿਤ ਰੱਖਣੀ।
ਛਿਮਾ, ਸੌਚਤਾ, ਮੁਦਿਤਾ, ਪ੍ਰੀਤ।
ਇਹ ਨਦ ਨਦੀ ਮਿਲਹਿਂ ਜਿਸ ਨੀਤ।
ਸਿੱਖ ਸੰਤ ਜਲਜੰਤੁ ਅਪਾਰਾ।
ਮੀਨ ਆਦਿ ਜੇ ਅਹੈਂ ਉਦਾਰਾ ॥੬॥
ਨਰਕ ਤਪਤ ਜਿਨ ਕਉ ਕਬਿ ਨਾਂਹੀ।
ਦੁਖ ਸੁਖ ਮਹਿਂ ਜੋ ਤਜਿ ਨ ਸਕਾਹੀਂ।
ਅਸ ਗੁਰ ਸਿੱਖੀ ਜਲਧ ਸਕਾਸਾ[1]। [1]ਐਸੇ ਗੁਰਸਿੱਖੀ (ਰੂਪੀ) ਸਮੁੰਦਰ ਦੇ ਪਾਸ... [ਸੰਸ:, ਸਕਾਸ਼ = ਪਾਸ, ਕੋਲ]।
ਬੰਸ ਤੁਮਾਰੋ ਚੰਦ ਪ੍ਰਕਾਸ਼ਾ ॥੭॥

ਦੋਹਰਾ:
ਬੁੱਢਾ ਭਯੋ ਮਹਾਤਮਾ, ਛੁਯੋ ਬਿਕਾਰ ਨ ਲੇਸ਼।
ਸਦਾ ਏਕ ਰਸ ਮਹਿਂ ਰਹਜੋ, ਅਪਰਨ ਹਤੇ ਕਲੇਸ਼[1]†' ॥੮॥

[1]ਹੋਰਨਾਂ (ਸਿੱਖਾਂ) ਦੇ ਕਲੇਸ਼ ਦੂਰ ਕੀਤੇ। †ਪਾ:-ਸਦਾ ਰਹਿਤ ਗੁਰ ਚਰਨ ਲਗਿ ਤਜਾਗੇ ਸਕਲ ਕਲੇਸ਼।

ਚੌਪਈ:
ਰਾਮਕੁਇਰ ਸੁਨਿ ਬੰਸ ਬਡਾਈ।
ਮਸਤਕ ਟੇਕਜੋ ਗ੍ਰੀਵ ਨਿਵਾਈ।
ਮਨਹੁਂ ਲਾਜ ਕੋ ਭਾਰ ਉਦਾਰਾ[1]।
ਸਹਜੋ ਨ ਜਾਇ, ਥਿਰਜੋ ਬਲ ਭਾਰਾ[1] ॥੯॥

[1]ਬਹੁਤ।

[1]ਰਾਮਕੁਇਰ ਨੇ ਗਿੱਚੀ ਨਿਵਾਈ ਹੈ ਉਸ ਦਾ ਰੂਪਕ ਬੰਨ੍ਹਦੇ ਹਨ ਕਿ ਮਾਨੋਂ ਆਪਣੀ ਕੁਲ ਦੀ ਉਸਤਤ ਸੁਣਨੀ ਇਕ ਲੱਜਿਆ ਦਾ ਭਾਰੀ ਬੋਝ ਸੀ ਜੋ ਸਹਾਰਿਆ ਨਹੀਂ ਗਿਆ ਤੇ ਉਸ ਭਾਰ ਨੇ ਧੌਣ ਮੱਥਾ ਟੇਕਣ ਵਿਚ ਨਿਵਾ ਦਿੱਤੀ।

ਇਮ ਕਰਿ ਕੈ ਸਨਮਾਨ ਘਨੇਰਾ।
ਦੀਨਸਿ ਸੁਭ ਮੰਦਿਰ ਮਹਿਂ ਡੇਰਾ।
ਦਿਵਸ ਚਾਰ ਮਹਿ ਸੰਗਤਿ ਸਾਰੀ।
ਪ੍ਰਾਪਤਿ ਭਈ ਸ਼੍ਰਮਤਿ ਹੁਇ ਭਾਰੀ ॥੧੦॥
ਸਤਿਗੁਰ ਦਰਸਹਿਂ ਧਰਹਿਂ ਉਪਾਇਨ।
ਸੀਸ ਨਿਵਾਵਹਿਂ ਕੋਮਲ ਪਾਇਨ।
ਸਨੇ ਸਨੇ ਡੇਰਾ ਕਰਿ ਦੀਨਸਿ।
ਸ਼੍ਰਮ ਮਾਰਗ ਨਿਰਬਿਰਤੀ ਕੀਨਸਿ ॥੧੧॥
ਰੈਨ ਸੈਨ ਕਰਿ ਚੈਨ[1] ਸਮੇਤੇ।
ਜਾਗੇ ਅੰਮ੍ਰਿਤ ਸਮੈਂ ਭਏ ਤੇ।
ਸਤੁੱਦ੍ਰਵ ਸੁੰਦਰ ਸੀਤਲ ਨੀਰ।
ਸੌਚ ਸ਼ਨਾਨਹਿਂ ਸਰਬ ਸਰੀਰ ॥੧੨॥
ਜਪੁਜੀ ਆਦਿ ਪਠਤਿ ਗੁਰਬਾਨੀ।
ਸੱਤਿਨਾਮ ਸਿਮਰਹਿਂ ਅਘ ਹਾਨੀ।
ਸਨੇ ਸਨੇ ਚਲਿ ਪੁਰਿ ਮਹਿਂ ਆਏ।
ਰਾਮਕੁਇਰ ਕੇ ਸੰਗ ਸੁਹਾਏ ॥੧੩॥
ਤਿਮ ਸਤਿਗੁਰ ਕਰਿ ਸੌਚ ਸ਼ਨਾਨ।

[1]ਆਰਾਮ।

ਆਇ ਬਿਰਾਜੇ ਸਭਾ ਸਥਾਨ।
ਸਕਲ ਸਿੱਖ ਤੈਸੇ ਚਲਿ ਆਏ।
ਦਰਸਹਿਂ ਸਤਿਗੁਰ ਸੀਸ ਨਿਵਾਏ ॥੧੪॥
ਰਾਮ ਕੁਇਰ ਲੇ ਸੰਗਤਿ ਸਾਰੀ।
ਜਾਇ ਨਮੋ ਗੁਰ ਚਰਨ ਅਗਾਰੀ।
ਜਥਾ ਕ੍ਰਮ ਸੁ ਬੈਠੇ ਗੁਰ ਪਾਸ।
ਦਰਸ਼ਨ ਦਰਸਹਿਂ ਮੋਦ ਪ੍ਰਕਾਸ਼ਿ ॥੧੫॥
ਤਬਿ ਅਰਦਾਸੀ ਓਰ ਨਿਹਾਰਯੋ।
ਮਹਾਂਰਾਜ ਗੁਰ ਬਾਕ ਉਚਾਰਯੋ।
'ਆਗਯਾ ਕੋਸ਼ਪ ਨਿਕਟ ਪਠਾਵਹੁ।
ਏਕ ਹਜ਼ਾਰ ਰਜਤਪਣ ਲ੍ਯਾਵਹੁ ॥੧੬॥
ਸਭਿ ਕੋ ਪੰਚਾਂਮ੍ਰਿਤ ਕਰਿਵਾਇ।
ਹੁਇ ਤਯਾਰ ਆਨਹੁ ਸਹਿਸਾਇ।'
ਸੁਨਿ ਕੈ ਗਯੋ ਕ੍ਰਿੱਤ ਸਭਿ ਕਰਿ ਕੈ[1]। — [1]ਸਾਰਾ (ਕੜਾਹ ਪ੍ਰਸ਼ਾਦ ਦਾ) ਕੰਮ ਕਰਕੇ।
ਲ੍ਯਾਵਤਿ ਭਯੋ ਸ਼ੀਘ੍ਰਤਾ ਧਰਿ ਕੈ ॥੧੭॥
ਪੁਨਹਿ ਸਿੱਖ ਸਗਰੇ ਬੁਲਵਾਏ।
ਸੁਨਿ ਸੁਨਿ ਆਨਿ ਮਿਲਹਿਂ ਇਕ ਥਾਏਂ।
ਸ਼੍ਰੀ ਸਤਿਗੁਰ ਕੇ ਪਗ ਕਰਿ ਬੰਦਨ।
ਬੈਠੈਂ ਦਰਸਤਿ ਹ੍ਵੈ ਅਭਿਨੰਦਨ[1] ॥੧੮॥ — [1]ਪ੍ਰਸੰਨ ਹੋ ਹੋਕੇ।
ਰਾਮ ਕੁਇਰ ਸੰਗਤਿ ਜੁਤਿ ਤਹਾਂ।
ਪੂਰਨ ਸਭਾ ਭਈ ਸੁਖ ਮਹਾਂ।
ਪਾਤਿਸ਼ਾਹ ਦਸਵੇਂ ਗੁਰ ਸੋਹੈਂ।
ਬਿਗਸਾਵਤਿ ਮੁਖ ਕਮਲ ਮਨੋ ਹੈਂ ॥੧੯॥
ਕ੍ਰਿਪਾ ਸਨੇ ਬਰ ਬੋਲਤਿ ਬੋਲ।
[1]ਕੁੰਡਲ ਡੋਲ ਕਪੋਲਨਿ ਲੋਲ। — [1]ਸੁੰਦਰ ਗੱਲ੍ਹਾਂ ਤੇ ਕੁੰਡਲਾਂ ਦੀ ਡੋਲ ਵੇਖ ਵੇਖਕੇ ਸਿਖ ਜੀਉਂਦੇ ਹਨ ਮਾਨੋਂ।
ਦੇਖਿ ਦੇਖਿ ਸਿਖ ਜੀਵਤਿ ਮਾਨੋਂ[2]।
ਮਿਟਹਿਂ ਪਾਪ ਦੁਖ ਦੋਖ ਮਹਾਂਨੋ ॥੨੦॥
ਪਿਖਯੋ ਤਿਹਾਵਲ ਕੀ ਦਿਸ਼ਿ ਫੇਰ।
ਆਗਯਾ ਦੇਤਿ ਭਏ ਤਿਸ ਬੇਰ।
'ਲੂਟ ਲੇਹੁ ਸਭਿ ਕਰਹੁ ਅਹਾਰਾ।'

ਕਹਤਿ ਉਠੇ ਸਤਿਗੁਰ ਦਰਬਾਰਾ ॥੨੧॥
ਮਹਿਲਨਿ ਬਿਖੈ ਬਿਰਾਜੇ ਜਾਇ।
ਪਾਛੇ ਉਠੇ ਸਿੰਘ ਸਹਿਸਾਇ।
ਕਰਹਿਂ ਸ਼ੀਘ੍ਰਤਾ ਲੂਟ ਮਚਾਈ।
ਲੇ ਲੇ ਜਾਹਿਂ ਤਹਾਂ ਸਮੁਦਾਈ ॥੨੨॥
ਜਿਤੋ ਜਿਤੋ ਜਿਸ ਜਿਸ ਨੇ ਲੀਨਸਿ।
ਡੇਰੇ ਜਾਇ ਸੁ ਖੈਬੋ ਕੀਨਸਿ।
ਦੁਇ ਤ੍ਰੈ ਚਹੁਂ ਕੋ ਜਿਤਿਕ ਅਹਾਰੇ।
ਇਕ ਇਕ ਲੇ ਗਮਨਜੋਂ ਬਲ ਭਾਰੇ ॥੨੩॥
ਲੂਟਤਿ ਅਧਿਕੈਂ ਰੌਰ ਮਚਾਵਾ।
ਦੂਰ ਦੂਰ ਲੌਂ ਬਹੁ ਸੁਨਿ ਪਾਵਾ।
ਰਾਮਕੁਇਰ ਪਿਖਿ ਕੈ ਗੁਰ ਤੌਰ[1]।
ਅੰਤਰਮੁਖੀ ਭਯੋ ਜਿਸ ਠੌਰ ॥੨੪॥
ਬ੍ਰਿਤੀ ਸੰਕੋਚੀ ਕੂਰਮ ਨਜਾਈ[1]।
ਬੈਠਜੋ ਅਚਲ ਸਮਾਧਿ ਲਗਾਈ।
ਨਹਿਂ ਲੂਟਨ ਕੀ ਦਿਸ਼ਾ ਨਿਹਾਰਜੋ।
ਸ੍ਰੀ ਗੁਰ ਕੋ ਕੁਛ ਖਜਾਲ ਬਿਚਾਰਯੋ ॥੨੫॥
ਰਾਮਕੁਇਰ ਕੀ ਸੰਗਤਿ ਜੋਇ।
ਅਪਨੇ ਗੁਰ ਕੀ ਗਤਿ ਕੋ ਜੋਇ।
ਰੋਕਿ ਰਿਖੀਕਨਿ ਬੈਠੇ ਰਹੇ।
ਉਠੇ ਨ ਹਾਲੇ[1], ਬਾਕ ਨ ਕਹੇ ॥੨੬॥
ਜਜੋਂ ਕੇ ਤਜੋਂ ਟਿਕ ਰਹੇ ਬਿਚਾਰੇ।
ਅਪਰ ਸਿੱਖ ਲੇ ਗਮਨੇ ਸਾਰੇ।
ਬੀਤ ਗਯੋ ਪੁਨ ਕੇਤਿਕ ਕਾਲ।
ਰਾਮ ਕੁਇਰ ਤਨ ਭਈ ਸੰਭਾਲ ॥੨੭॥
ਖੋਲਿ ਬਿਲੋਚਨ ਨਿਜ ਸਿਖ ਹੇਰੇ।
ਉਠਿ ਗਮਨਜੋਂ ਪ੍ਰਾਪਤਿ ਭਾ ਡੇਰੇ।
ਪ੍ਰਚੁਰਿ[1] ਪ੍ਰਸੰਗ ਸਕਲ ਮਹਿਂ ਭਯੋ।
'ਨਹੀਂ ਤਿਹਾਵਲ ਲੂਟਨ ਕਿਯੋ ॥੨੮॥
ਸੰਗਤਿ ਸਹਿਤ ਧੀਰ ਕੋ ਧਾਰੇ।

[1]ਸੁਭਾਉ ਨੂੰ।

[1]ਕਛੂ ਵਾਂਗੂ ਜਿਵੇਂ ਉਹ ਹੱਥ ਪੈਰ ਸੰਕੋਚ ਲੈਂਦਾ ਹੈ।

[1]ਨਾ ਉੱਠੇ ਨਾ ਹਿੱਲੇ।

[1]ਖਿਲਰ ਗਿਆ।

ਰਹੇ ਸਥਿਤ ਨਹਿੰ ਹਾਥ ਨਿਕਾਰੇ।'
ਸ਼੍ਰੀ ਗੁਜਰੀ ਸੁਨਿ ਸ਼੍ਰੋਣ ਮਝਾਰੀ।
-ਦੁਖ ਸੁਖ ਮਹਿਂ ਸਮ ਬ੍ਰਿਤੀ ਬਿਚਾਰੀ ॥੨੯॥
-ਕੰਚਨ ਮਾਟੀ ਸਮ ਹੈ ਜਿਨ ਕੇ।
ਅਲਪ ਬਾਤਿ ਇਹ ਕਜਾ ਹੈ ਤਿਨ ਕੇ-।
'ਧੰਨਜ ਧੰਨਜ' ਮਾਤਾ ਜੀ ਕਹੈਂ।
-ਇਹ ਬ੍ਰਿਤਿ ਬਡ ਭਾਗਨ ਤੇ ਲਹੈਂ ॥੩੦॥
ਪਰਮੇਸ਼ੁਰ ਕੀ ਮੂਰਤਿ ਸੋਈ।
ਹਰਖ ਸ਼ੋਕ ਬਿਨਸੇ ਜਿਨ ਦੋਈ-।
ਮਹਿਮਾ ਮਹਾਂ ਮਾਨਿ ਮਨ ਮਾਂਹੀ।
ਅਪਨ ਸਮੀਪਨਿ ਸਾਥ ਸਰਾਹੀਂ[1] ॥੩੧॥

[1]ਮਾਤਾ ਜੀ) ਆਪਣੀਆਂ ਨਿਕਟ ਵਰਤੀ (ਬੀਬੀਆਂ) ਪਾਸ ਸਲਾਹੁਤ ਕਰਦੇ ਹਨ (ਰਾਮ ਕੌਰ ਜੀ ਦੀ)।

ਬੀਤ ਗਯੋ ਦਿਨ ਨਿਸ ਇਸ ਭਾਂਤੀ।
ਸੌਚ ਸ਼ਨਾਨਹਿਂ ਪੁਨਹਿਂ ਪ੍ਰਭਾਤੀ।
ਬੈਠੇ ਸਤਿਗੁਰ ਲਾਇ ਦਿਵਾਨ।
ਬੰਦਹਿਂ ਚਰਨ ਕਮਲ ਸਿਖ ਆਨਿ ॥੩੨॥
ਰਾਮ ਕੁਇਰ ਸਹਿ ਸੰਗਤਿ ਆਵਾ।
ਕਰਿ ਪਗ ਨਮੋ ਬੈਠਿ ਹਰਖਾਵਾ।
ਸਤਿਗੁਰ ਦਰਸ਼ਨ ਪ੍ਰੇਮ ਮਹਾਨੇ।
ਦਿਵਸ ਜਾਮਨੀ ਜਿਨ ਕੋ ਧਜਾਨੇ ॥੩੩॥
ਸਭਿ ਘਟਿ ਘਟਿ ਕੀ ਗਜਾਤਾਵਾਰੇ।
ਪਿਖਿ ਸੰਗਤਿ ਕੌ ਬਾਕ ਉਚਾਰੇ।
'ਕਜੋਂ ਕਰਾਹੁ ਤੁਮ ਲੀਨਹੁਂ ਨਾਂਹੀ?
ਰਹੀ ਰਿਦੇ ਮਹਿਂ ਸ੍ਵਾਦਨ ਚਾਹੀ[1] ॥੩੪॥

[1]ਤੁਹਾਡੇ ਰਿਦੇ ਵਿੱਚ ਸਵਾਦਾਂ ਦੀ ਚਾਹ ਰਹੀ (ਜੇ ਖਾ ਲੈਂਦੇ ਤਾਂ ਪੂਰੀ ਹੋ ਜਾਂਦੀ)।

ਸਮ ਚਿਤ ਰਾਮ ਕੁਇਰ ਦਿਸ਼ਿ ਦੇਖਿ।
ਤੁਮ ਕਜੋਂ ਕੀਨਸਿ ਦੰਭ ਵਿਸ਼ੇਖ?
ਇਕ ਤੌਂ ਹਮਰੀ ਆਗਜਾ ਭਈ।
ਦੁਤੀਏ ਬਾਂਛਤਿ ਬਿਧਿ ਨਿਰਮਈ[1] ॥੩੫॥

[1]ਦੂਜੇ ਵਿਧੀ ਮਨ ਅਨਕੂਲ ਸੀ ਭਾਵ ਕੜਾਹ ਖਾਣਾ ਪਸਿੰਦ ਦਾ ਕੰਮ ਸੀ ਕੋਈ ਦੁਖ ਤਸੀਹੇ ਦਾ ਕੰਮ ਨਹੀਂ ਸੀ।

ਤਉ ਤੁਮਹੁੰ ਨੇ ਦੰਭ ਕਮਾਵਾ।
ਜਿਸ ਤੇ ਮਨ ਕੋ ਨਹਿਂ ਨ ਥਿਰਾਵਾ[1]।
ਯਾਂ ਤੇ ਤੁਮਰੇ ਮੇਲ ਮਝਾਰੀ।
ਹੁਇ ਪਖੰਡ ਕੋ ਬਾਸਾ ਭਾਰੀ ॥੩੬॥

[1]ਜਿਸ (ਦੰਭ) ਕਰਕੇ ਮਨ ਭੀ ਨਹੀਂ ਟਿਕਿਆ।

ਜਿਸ ਕਲਜੁਗ ਤੇ ਡਰ ਉਰ ਚੀਨ।
ਰਾਮ ਕੁਇਰ ਨਹਿਂ ਲੂਟਨਿ ਕੀਨਿ।
ਸਭਿ ਲੋਕਨ ਕੋ ਜੋ ਕਲਿਕਾਲ।
ਪ੍ਰਵਿਸ਼ਹਿ ਪੌਰਨ ਮਾਰਗਿ ਚਾਲ[1] ॥੩੭॥

[1]ਦਰਵਾਜ਼ਿਆਂ ਥਾਣੀ ਚੱਲਕੇ ਪ੍ਰਵੇਸ਼ ਕਰਦਾ ਹੈ।

ਸੋ ਇਨ ਕੈ ਪਹੁੰਚੈ ਇਸ ਭਾਇ।
ਫਾਂਧਹਿ ਕੋਟਨ ਕੋ ਪ੍ਰਵਿਸ਼ਾਇ[1]।
ਕਿਮ ਬਚਾਉ ਨਹਿਂ ਬਨਹਿਂ ਤੁਮਾਰੇ।
ਕਲਜੁਗ ਬਰਤੈ ਇਸੀ ਪ੍ਰਕਾਰੇ' ॥੩੮॥

[1]ਕਿਲਿਆਂ ਤੋਂ ਛਾਲਾਂ ਮਾਰਕੇ ਪ੍ਰਵੇਸ਼ ਕਰੇਗਾ।

ਰਾਮ ਕੁਇਰ ਸੁਨਿ ਕੈ ਗੁਰ ਬਾਨੀ।
ਹਾਥ ਜੋਰਿ ਕਰਿ ਬਿਨੈ ਬਖਾਨੀ।
-ਹਮਰੇ ਘਰ ਕਲਿ ਕਾਲ ਪ੍ਰਤਾਪੂ।
ਹੁਇ ਪ੍ਰਵਿਸ਼ਨ- ਇਹੁ[1] ਬਖਸ਼ਹੁ ਆਪੂ ॥੩੯॥

[1]ਕਲਜੁਗ ਦੇ ਪ੍ਰਵੇਸ਼ ਹੋਣ ਦਾ ਇਹ (ਵਾਕ)।

ਪਰਾਲਬਧ ਕੋ ਓਰਕ ਹੋਹੀ[1]।
ਤਨ ਕੋ ਤਜਾਗਨ ਹ੍ਵੈ ਜਬਿ ਮੋਹੀ।
ਕਿਤਿਕ ਕਾਲ ਤਿਸ ਕੇ ਪਸ਼ਚਾਤੀ।
ਸਭਿ ਜਗ ਮਹਿਂ ਬਿਥਰਹਿ ਬੱਖਯਾਤੀ ॥੪੦॥

[1]ਮੇਰੀ) ਪਰਾਲਬਧ ਦਾ ਅੰਤ ਜਦ ਹੋਵੇਗਾ ਭਾਵ ਜਦੋਂ ਮੇਰਾ ਸਰੀਰ ਛੁਟੇਗਾ।

ਮਮ ਸੁਤ ਕੇ ਜਬਿ ਸੁਤ ਉਪਜਾਇ।
ਤਬਿ ਤੁਮ ਵਾਕ ਫੁਰਹੁ ਸਤਿ ਭਾਇ।'
'ਏਵ ਮਸਤ' ਪੁਨ ਗੁਰੂ ਬਖਾਨੀ।
ਨਿਜ ਸਿਖ ਕੀ ਬਾਨੀ ਕਹੁ ਮਾਨੀ ॥੪੧॥
ਰਾਮ ਕੁਇਰ ਕੇ ਭਾ ਜਬਿ ਪੋਤਾ।
ਤਬਿ ਇਨ ਕੇ ਘਰ ਕਲੀ ਉਦੋਤਾ।
ਕਰੇ ਕੁਕਰਮ ਜਗਤ ਮਹਿਂ ਜਾਨਿਯ।
ਬਹੁਰ ਬੰਸ ਬਿਨਸਜੋ ਪਹਿਚਾਨਿਯ ॥੪੨॥

ਇਸ ਵੇਲੇ ਦੀ ਸਤਿਗੁਰਾਂ ਦੀ ਰੂਹਾਨੀ ਰਮਜ਼ ਜ਼ਰਾ ਡੂੰਘੇਰੀ ਸ਼ੈ ਹੈ। ਸਾਹਿਬ ਰਾਮਕੌਰ ਜੀ ਨੇ ਜੋ ਕੜਾਹ ਨਹੀਂ ਲੁਟਿਆ ਇਸ ਵਿਚ ਤਿਆਗ ਹੈ ਕਮਾਲ ਦਾ, ਬ੍ਰਿਤੀ ਦੀ ਅਚਾਹਤਾ ਹੈ। ਪਰੰਤੂ ਤਿਆਗ ਕੋਈ ਆਪਣੇ ਆਪ ਵਿਚ ਕਮਾਲ ਨਹੀਂ, ਕਿਸੇ ਕਮਾਲ ਦੀ ਪ੍ਰਾਪਤੀ ਦਾ ਸਹਾਇਕ ਹੈ, ਇਸ ਕਰਕੇ ਕਿਤੇ ਤਿਆਗ ਦਾ ਤਿਆਗ ਬੀ ਜਾਕੇ ਸਿੱਖਣਾ ਪੈਂਦਾ ਹੈ, ਅਰ ਉਹ ਤਿਆਗ ਦਾ ਤਿਆਗ ਗ੍ਰਹਿਣ ਨਹੀਂ ਹੁੰਦਾ। ਇਸ ਵੇਲੇ ਸਤਿਗੁਰੂ ਦਾ ਹੁਕਮ ਹੁਣ ਵਿਸ਼ੇਸ਼ ਵਸਤੂ ਸੀ, ਇਸ ਦੇ ਅੱਗੇ ਤਿਆਗ ਦਾ ਤਿਆਗ ਲੋੜਵੰਦ ਸੀ। ਰਾਮਕੌਰ ਜੀ ਦਾ ਕੜਾਹ ਲੈਣਾ ਗ੍ਰਹਿਣ ਬ੍ਰਿਤੀ ਕਦੇ ਨਾ ਬਣਦਾ, ਕਿਉਂਕਿ ਤਿਆਗ ਤਾਂ ਉਹਨਾਂ ਦੇ ਸੁਭਾਵ ਭੂਤ ਹੋ ਚੁਕਾ ਸੀ। ਹੁਣ ਹੁਕਮ ਹੋਏ ਤੇ ਕਿਸੇ ਹੋਰ ਭਾਵ ਨਾਲ ਤਿਆਗ ਦਾ ਸਾਵਧਾਨ ਰੱਖਣਾ ਇਕ ਲੇਸ਼ਾਵਿਦਜਾ ਯਾ ਸੂਖਮ ਹਉਂ ਦੀ ਹੀ ਸੂਰਤ ਰੱਖਦਾ ਸੀ ਜੋ ਰਜ਼ਾ ਦੀ ਲਹਿਰ ਵਿਚ ਇਕ ਰੁਕਾਵਟ ਸੀ। ਇਸ ਨੂੰ ਤਜਾਗਣਾ ਚਾਹੀਦਾ ਸੀ। ਤਜਾਗ ਬ੍ਰਿਤੀ ਦੀ ਹਉਂ ਨੂੰ ਤਜਾਗਣਾ ਤਜਾਗ ਦਾ ਤਜਾਗ ਹੈ। ਇਸ ਪਰਮ ਸੂਖਮ ਹਉਂ ਨੂੰ ਬੀ ਸਤਿਗੁਰ ਸੂਰੇ ਨੇ ਦੂਰ ਕੀਤਾ ਹੈ। ਰਾਮਕੌਰ ਜੀ ਦੀ ਸੰਗਤ ਨੇ ਆਪਣੇ ਮੁਰਸ਼ਿਦ ਦੀ ਰੀਸ ਕਰਕੇ ਨਹੀਂ ਸੀ ਲੁੱਟ ਪਾਈ। ਉਹਨਾਂ ਨੂੰ ਜੋ ਸੂਰੇ ਸਤਿਗੁਰੂ ਨੇ ਪ੍ਰਸ਼ਨ ਕੀਤਾ ਹੈ ਕਿ ਤੁਸਾਂ ਕਿਉਂ ਨਹੀਂ ਲਿਆ ਤੇ ਨਾਲ ਹੀ ਉਨ੍ਹਾਂ ਦਾ ਦਿਲ ਖੋਹਲਕੇ ਦੱਸ ਦਿੱਤਾ ਹੈ ਕਿ ਚਿਤ ਤਾਂ ਰਸਾਂ ਕਸਾਂ ਤੇ ਫਤਹ ਨਹੀਂ ਪਾ ਚੁਕਾ ਹੋਇਆ, ਪਰ ਰੀਸ ਕਰਕੇ ਰੁਕੇ ਰਹੇ। ਸੰਗਤ ਦੀ ਆਪੇ ਤੇ ਕਾਬੂ ਦੀ ਸਿਫਤ ਤਾਂ ਇਸ ਰਵਸ਼ ਵਿਚ ਉਪਮਾਂ ਜੋਗ ਹੈ ਪਰ ਹੁਕਮ ਹੋਣ ਦੀ ਹਾਲਤ ਵਿਚ ਰੁਕਣਾ ਤੇ ਅੰਦਰੋਂ ਜੀ ਕਰਨਾ ਇਕ ਬਨਾਵਟ ਜੇਹੀ ਸੀ। ਸਾਹਿਬ ਰਾਮ ਕੌਰ ਜੀ ਦੇ ਰੁਕਣ ਵਿਚ ਕੁਛ 'ਲੋਕ ਭੈ' ਭੀ ਸਤਿਗੁਰਾਂ ਨੇ ਅਨੁਭਵ ਕੀਤਾ ਜਾਪਦਾ ਹੈ ਕਿ ਮੈਂ ਸੂਰਨ ਮਿੱਟੀ ਨੂੰ ਇਕ ਤੁਲ ਅਨੁਭਵ ਕਰ ਚੁੱਕਾ ਤਿਆਗੀ ਕਿਵੇਂ ਲੋਕਾਂ ਵਾਂਗੂੰ ਕੜਾਹ ਦਾ ਲਾਲਚ ਕਰਾਂ। ਇਸ ਤਰ੍ਹਾਂ ਦੇ ਭਾਵ ਨੂੰ ਬੀ ਸਤਿਗੁਰਾਂ ਨੇ ਦੰਭ ਕਿਹਾ ਹੈ। ਜਦੋਂ ਮਾਲਕ ਦੀ, ਗੁਰੂ ਦੀ ਰਜ਼ਾ ਹੋ ਚੁੱਕੀ ਹੈ ਕਿ ਐਸ ਤਰ੍ਹਾਂ ਸਾਰੇ ਕੜਾਹ ਖਾਓ ਤਾਂ ਤਿਆਗੀ ਪੁਰਖਾਂ ਦੇ, ਗਿਆਨਵਾਨ ਪੁਰਖਾਂ ਦੇ ਖਾਣ ਵਿਚ ਤਿਆਗ ਨਾਸ਼ ਨਹੀਂ ਹੁੰਦਾ ਤੇ ਗ੍ਰਹਿਣ ਨਹੀਂ ਚੰਬੜਦਾ, ਸਗੋਂ ਰਜ਼ਾ ਪਰ ਟੁਰਦੀ ਸੁਰਤ ਮਾਲਕ ਨਾਲ ਇਕਸੂਰ ਰਹਿੰਦੀ ਹੈ। ਰਜ਼ਾ ਵਿੱਚ ਮਰਜ਼ੀ ਦਾ ਮੇਲਣਾ, ਰਜ਼ਾ ਵਿਚ ਆਪਣੀ ਮਰਜ਼ੀ ਦਾ ਗ਼ਰਕ ਕਰ ਦੇਣਾ ਇਹੀ ਤਾਂ ਰੂਹਾਨੀ ਪਰਮਪਦ ਹੈ। ਇਹ ਆਪਣੇ ਆਪ ਦੀ ਤਬਾਹੀ ਨਹੀਂ ਸਗੋਂ ਕਮਾਲ ਹੈ। ਜਿਵੇਂ ਸਾਜ਼ ਤੇ ਲਗੀ 'ਤਰਬ', ਜਦ ਆਪਣੇ ਆਪ ਨੂੰ 'ਬਾਜ਼' ਦੀ ਤਾਰ ਨਾਲ ਮੇਲ ਲੈਂਦੀ ਹੈ ਤਾਂ ਉਹ ਨਿਤਾਣੀ ਤੇ ਤਬਾਹ ਨਹੀਂ ਹੁੰਦੀ ਸਗੋਂ ਇਕਸੂੰਰ ਹੋ ਜਾਣ ਕਰਕੇ ਤਾਣ ਵਾਲੀ ਹੋ ਜਾਂਦੀ ਹੈ, ਜਦ ਬਾਜ਼ ਦੀ ਸੁਰ ਬੋਲਦੀ ਹੈ ਤਾਂ ਤਰਬ ਬਿਨਾਂ ਛੇੜੇ ਬਿਨਾਂ ਤਾਣ ਲਾਏ ਉਸ ਨਾਲ ਬੋਲਦੀ ਹੈ। ਸਗੋਂ ਜੇ ਕਦੇ ਤਰਬ ਨੂੰ ਛੇੜੋ ਤਾਂ ਦੇਖੋ ਕਿ ਉਸ ਸੂਰ ਪਰ ਬਾਜ਼ ਦੀ ਤਾਰ ਵਿੱਚ ਬੀ ਥ੍ਰਰਾਟ ਜਾਂਦੀ ਹੈ ਤੇ ਉਹ ਥਰਕਦੀ ਦਿੱਸਦੀ ਹੈ। ਸੂਰਾ ਸਤਿਗੁਰੂ ਐਉਂ ਆਪਣੀਆਂ ਤਰਬਾਂ ਨੂੰ ਐਨ ਠੀਕ ਠੀਕ ਤਰ੍ਹਾਂ ਨਾਲ ਸੁਰ ਕਰ ਰਿਹਾ ਸੀ, ਤੇ ਲੇਸ਼ ਜਿੰਨਾ ਬੀ ਲੋਕ ਲਾਜ ਆਦਿ ਦਾ ਗ਼ੈਰੀਅਤ ਦੀ ਬੂ ਰੱਖਣ ਵਾਲਾ ਖਿਆਲ ਆਪਣੇ ਸਭ ਤੋਂ ਵਡੇ ਪਿਆਰੇ ਗੁਰਮੁਖ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ, ਕਿਉਂਕਿ ਉਹਨਾਂ ਨੂੰ ਸੂਰਾ ਗੁਰੂ ਸਾਂਈਂ ਦੀ ਰਜ਼ਾ ਵਿਚ ਇਕ ਸੂਰਤਾ ਪ੍ਰਦਾਨ ਕਰ ਰਿਹਾ ਸੀ। ਸਾਹਿਬ ਰਾਮ ਕੌਰ ਜੀ ਗੁਰੂ ਜੀ ਨੂੰ ਵਾਹਿਗੁਰੂ ਰੂਪ ਨਿਸ਼ਚੇ ਕਰ ਚੁਕੇ ਸਨ, ਦੇਖੋ ਅੰਸੂ ੩੫ ਅੰਕ ੧੯, ੨੦।

ਬਾਕੀ ਰਿਹਾ ਸਰਾਪ ਵਾਲਾ ਮਾਮਲਾ। ਇਹ ਸੰਸਾ ਪੈਂਦਾ ਹੈ ਕਿ ਕਵੀ ਜੀ ਤਕ ਠੀਕ ਗਲ ਨਹੀਂ ਪੁੱਜੀ ਸਗੋਂ ਪਿਛੋਂ ਵਧੀ ਹੋਈ ਗਲ ਅੱਪੜੀ ਹੈ। ਹਰ ਹਾਲ ਇਤਿਹਾਸਕ ਨੁਕਤੇ ਤੋਂ ਇਹ ਖੋਜ ਤਲਬ ਗੱਲ ਹੈ ਕਿ ਇਸ ਪ੍ਰਕਾਰ ਦਾ ਸਰਾਪ ਠੀਕ ਦਿਤਾ ਗਿਆ ਸੀ? ਗੁਰੂ ਜੀ ਦੇ ਆਪਣੇ ਉਦੇਸ਼ ਆਦਰਸ਼ ਤੇ ਸੁਭਾਵ ਮੂਜਬ ਇਹ ਗਲ ਓਪਰੀ ਜਿਹੀ ਲਗਦੀ ਹੈ। ਕਿਉਂਕਿ ਸਾਹਿਬ ਰਾਮਕੌਰ ਸ਼ਿਰੋਮਣੀ ਗੁਰਮੁਖ ਤੇ ਗੁਰੂ ਜੀ ਨੂੰ ਅਤਿ ਪਿਆਰੇ ਸਨ ਤੇ ਹੁਣੇ ਹੀ ਗੁਰੂ ਜੀ ਆਪ ਦੀ ਮਹਿਮਾ ਕਰਦੇ ਆਏ ਹਨ ਤੇ ਫੇਰ ਸ੍ਰਾਪ ਨਾਲ ਉਹਨਾਂ ਦੇ ਘਰੋਂ ਸਿੱਖੀ ਦਾ ਆਦਰਸ਼ ਤੇ ਸਿੱਖੀ ਦਾ ਵੰਸ਼ ਹੀ ਨਾਸ਼ ਹੁੰਦਾ ਹੈ, ਜੋ ਪੈਦਾ ਕਰਨਾ ਤੇ ਕਾਇਮ ਰੱਖਣਾ ਗੁਰੂ ਜੀ ਦਾ ਆਪਣਾ ਬਿਰਦ ਹੈ ਤੇ ਸਿੱਖੀ ਸਮੁੰਦਰ ਦੇ ਚੰਦ ਦਾ ਖਿਤਾਬ ਆਪ ਨੂੰ ਹੁਣੇ ਦੇਕੇ ਹਟੇ ਹਨ, ਫੇਰ ਉਹ ਚੰਦ ਨੂੰ ਸਦਾ ਗ੍ਰਹਿਣ ਦਾ, ਸਦਾ ਵਿਨਾਸ਼ ਦਾ, ਤੇ ਕਲਜੁਗ ਦੇ ਹੱਥ ਸੌਂਪਣ ਦਾ ਸਰਾਪ ਹੋ ਨਹੀਂ ਸਕਦਾ। ਗੁਰੂ ਜੀ ਰਾਮਕੌਰ ਜੀ ਨਾਲ ਕਿੰਨਾ ਪ੍ਰੇਮ ਕਰਦੇ ਸਨ, ਦੇਖੋ ਅੰਸੂ ੩੫, ਅੰਕ ੪੪, ੪੫, ੪੬ ਤੇ ੪੭। ਬਾਕੀ ਵੰਸ਼ ਕੀਕੂੰ ਨਾਸ਼ ਹੋਇਆ ਸੋ ਕੁਦਰਤ ਦੇ ਖੇਲ ਹਨ ਤੇ ਆਖਰੀ ਬੁੱਢੇ ਦੇ ਬਾਲਪਣੇ ਵਿਚ ਚੜ੍ਹਨੇ ਦਾ ਕਾਰਨ

ਪਰਉਪਕਾਰ ਪਿਛੇ ਜਾਨ ਦੇਣਾ ਸੀ ਨਾ ਕਿ ਕਿਸੇ ਕੁਕਰਮ ਵਿਚ। ਦੇਖੋ ਜੀਵਨ ਚਰਿੱਤ੍ਰ ਬਾਬਾ ਬੁੱਢਾ ਸਾਹਿਬ ਜੀ।

ਨਹਿਂ ਤਬਿ ਰਾਮਕੁਇਰ ਨੇ ਕਹੇ੍ਯੋ।
ਨਹਿਂ ਗੁਰ ਤੇ ਬਖਸ਼ਾਵਨਿ ਚਹੇ੍ਯੋ।
ਇਸ ਪ੍ਰਕਾਰ ਨਹਿਂ ਅਰਜ਼ ਗੁਜ਼ਾਰੀ।
ਜਿਨ ਕੀ ਮਤਿ ਸਤਿਗੁਰ ਅਨੁਸਾਰੀ
॥੪੩॥
ਇਸ ਪ੍ਰਕਾਰ ਸਤਿਗੁਰ ਸੁ ਬਿਲਾਸ।
ਕਰਤਿ ਅਨੰਦ ਪੁਰੇ ਸੁ ਪ੍ਰਕਾਸ਼।
ਸੁਨਿ ਸੁਨਿ ਆਵਹਿਂ ਸਿੱਖ ਅਨੇਕ।
ਸੇਵਹਿ ਦਰਸਹਿਂ ਲਹੈਂ ਬਿਬੇਕ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ਼੍ਰੀ ਰਾਮਕੁਇਰ ਸਾਖੀ' ਪ੍ਰਸੰਗ ਬਰਨਨੰ ਨਾਮ ਚੌਤੀਸਮੋ ਅੰਸੂ ॥੩੪॥

## ੩੫. [ਭਾਈ ਰਾਮ ਕੁਇਰ ਜੀ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਅਪਰ ਬਾਰਤਾ ਕੁਛ ਕਹੌਂ, ਰਾਮਕੁਇਰ ਕੀ ਫੇਰ।
ਸੋ ਸਤਿਗੁਰ ਕੀ ਕਥਾ ਕਹੁ, ਜਾਨਤਿ ਜਿਮ ਚਖਿ ਹੇਰ[1] ॥੧॥

[1]ਜਿਵੇਂ ਅੱਖੀਂ ਦੇਖਕੇ ਉਹ ਸਤਿਗੁਰ ਦੀ ਕਥਾ ਨੂੰ ਜਾਣਦਾ ਸੀ।

ਚੌਪਈ:

ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨਾ।
ਜਗ ਤਾਰਨ ਸਿੱਖਜਨ ਅਘ ਹਾਨਾ।
ਤਿਨ ਕੇ ਨਿਕਟ ਰਹੇ ਸੁਖ ਮਾਨੀ[1]। [1]ਸੁਖ ਮੰਨਕੇ।
ਦਰਸ਼ਨ ਦਰਸਹਿਂ ਸੁਭ ਮਤਿ ਗਜਾਨੀ ॥੨॥
ਗੁਰ ਭਾਣਾ ਜਿਨ ਕੇ ਮਨ ਭਾਵੈ।
ਆਠਹੁੰ ਜਾਮ ਏਕ ਲਿਵ ਲਾਵੈਂ।
ਗੁਰ ਪਗ ਪੰਕਜ ਪ੍ਰੇਮ ਅਪਾਰਾ।
ਰਿਦੈ ਨਿਰੰਤਰਿ ਰਹਿ ਇਕਸਾਰਾ ॥੩॥
ਤਊ ਗੁਰੂ ਜੀ ਕਰਿ ਨਿਜ ਮਾਇਆ।
ਰਾਮਕੁਇਰ ਕਹੁ ਮਨ ਭਰਮਾਇਆ।
ਇਸ ਮਹਿਂ ਕੁਛ ਸ਼ੰਕਾ ਨਹਿਂ ਕੀਜੈ।
ਪੂਰਬ ਕੇਤਿਕ ਭੇ ਲਖਿ ਲੀਜੈ ॥੪॥
ਮਾਯਾ ਪ੍ਰਬਲ ਭ੍ਰਮਾਵਨ ਕਰੈ।
ਅਸ ਨਹਿਂ ਕੋ, ਤਿਸ ਛਿਨ ਰਹਿ ਥਿਰੈ[1]। [1]ਟਿਕਿਆ ਰਹੇ।
ਸਤਿਗੁਰ ਦੇ ਨਿਜ ਹਾਥ ਬਚਾਵੈਂ।
ਸੋ ਉਬਰੈ ਮਨ ਨਹੀਂ ਡੁਲਾਵੈ ॥੫॥
ਕਾਗ ਭਸੁੰਡ[1] ਖਗੇਸ਼[2] ਜੁ ਅਹੈਂ। [1]ਕਾਕਭਸੁੰਡ। [2]ਗਰੁੜ।
ਪ੍ਰਭੁ ਸਮੀਪੀ ਜੋ ਨਿਤ ਰਹੈਂ।
ਬਹੁਰ ਬਸ਼ਿਸ਼ਟਾਦਿਕ ਬ੍ਰਹਮ ਗਜਾਨੀ[1]। [1]ਬਸ਼ਿਸ਼ਟ ਵਰਗੇ ਬ੍ਰਹਮ ਗਿਆਨੀ।
ਇਨ ਕੈ ਭਯੋ ਮੋਹ ਜਗ ਜਾਨੀ ॥੬॥
ਤਊ ਸਭਿਨਿ ਤੇ ਮਹਿਦ ਮਹਾਨਾ।
ਜਿਨ ਕੇ ਨਹੀਂ ਲੇਸ਼ ਅੱਗਜਾਨਾ।
ਤਿਮ ਇਨ ਕੇ ਮਨ ਮੋਹ ਉਪਾਵਾ।
ਸੁਨਹੁ ਕਥਾ ਸੋ ਅਘ ਬਨ ਦਾਵਾ ॥੭॥
ਇਮ ਸ਼੍ਰੀ ਰਾਮਕੁਇਰ ਗੁਰ ਸਿੱਖਜ।

ਤਿਸ ਕੀ ਕਹੌਂ ਕਥਾ ਕੁਛ ਲਿੱਖਜ।
ਸ਼੍ਰੀ ਗੋਬਿੰਦ ਸਿੰਘ ਗੁਰੁ ਬਰ ਦਸਮ।
ਜਿਨ ਕੇ ਦਿਪਤ ਤੇਜ ਕੀ ਰਿਸ਼ਮ[1] ॥ ੮ ॥ [1]ਕਿਰਨਾਂ।
ਕਠਨ ਕੁਦੰਡ ਪ੍ਰਚੰਡ ਅਗਾਰੀ।
ਧਰਜੋ ਹੁਤੋ ਆਗੇ ਇਕ ਬਾਰੀ।
ਰਾਮਕੁਇਰ ਨੇ ਦੇਖਨਿ ਕੀਨਸਿ।
ਸਤਿਗੁਰ ਬਲ ਤੇ ਅਧਿਕੈ ਚੀਨਸ[1] ॥ ੯ ॥ [1]ਸਤਿਗੁਰਾਂ ਦੇ ਬਲ ਤੋਂ ਬਹੁਤਾ (ਭਾਰੀ) ਜਾਣਿਆਂ।
-ਅਤਿ ਬਲਵਾਨ ਸਰੀਰ ਬਿਸਾਲਾ।
ਪੁਨਹ ਧਨੁਖ ਕੀ ਬਿੱਦਜਾ ਵਾਲਾ।
ਤਿਸ ਤੇ ਭੀ ਨਹਿਂ ਐਂਚਜੋ ਜਾਈ।
ਇਨ ਕੋ ਤਨ ਨਹਿਂ ਡੀਲ ਬਡਾਈ[1] ॥ ੧੦ ॥ [1]ਵਡੇ ਡੀਲ ਵਾਲਾ।
ਅਪਨਿ ਓਜ ਐਂਚਨ ਕੇ ਲਾਇਕ।
ਚਹੀਯਹਿ ਅਸ ਧਨੁ ਤੇ ਤਜਿ ਸਾਯਕ[1]। [1]ਤੀਰ ਛੱਡਣੇ।
ਅਰਜਨ ਆਦਿ ਪ੍ਰਥਮ ਜੇ ਭਏ।
ਤਿਨ ਕੇ ਧਨੁ ਐਸੇ ਸੁਨਿ ਲਏ ॥ ੧੧ ॥
ਧਰਜੋ ਕੁਦੰਡ ਪ੍ਰਚੰਡ ਅਗਾਰੀ।
ਕਜਾ ਕਾਰਨ-? ਇਮ ਕਰਤਿ ਬਿਚਾਰੀ।
ਤਿਸ ਕੇ ਮਨ ਕੀ ਸਤਿਗੁਰ ਜਾਨੀ।
ਚਹਿਤ ਦਾਸ ਕੋ ਸੰਸੈ ਹਾਨੀ ॥ ੧੨ ॥
ਕਹਜੋ ਕਿ 'ਤਜਾਰੀ ਵਹਿਰ ਕਰਾਵਹੁ।
ਗਜ ਬਾਜੀ ਚਢਿਬੇ ਸਜਵਾਵਹੁ[1]।' [1]ਸਜਵਾਓ।
ਇਮ ਕਹਿ ਰਾਮਕੁਇਰ ਸੰਗ ਲੀਨਸਿ।
ਸਾਯਕ ਧਨੁਖ ਲੀਨ ਸੋ ਪੀਨਸ[1] ॥ ੧੩ ॥ [1]ਭਾਰੀ।
ਮੰਦ ਮੰਦ ਪਗ ਪੰਕਜ ਸਾਥ।
ਆਇ ਵਹਿਰ ਠਾਢੇ ਗੁਰ ਨਾਥ।
ਕਰਤਿ ਪ੍ਰਤੀਖਨ ਗਜ ਸਜ ਆਵਹਿ।
ਕਹਜੋ ਕਿ 'ਤਬਿ ਲੌਂ ਤੀਰ ਚਲਾਵਹਿਂ' ॥ ੧੪ ॥
ਤਿਸੀ ਧਨੁਸ਼ ਕੋ ਲੇ ਜਗਨਾਇਕ।
ਸੰਧਜੋ ਪਨਚ ਬਿਖੈ ਖਰ ਸਾਯਕ।
ਮੁਸ਼ਟ ਹਾਥ ਸੋਂ ਗਹਿ ਬਹੁ ਗਾਢੀ।

ਬੂਟੀ ਹਰੀ ਦੂਰ ਇਕ ਠਾਂਢੀ ॥੧੫॥
ਤਿਹ ਉਪਦੇਸ਼ ਕਰਿ ਐਂਚਨ ਕੀਨਸਿ[1]। [1]ਤਿਸਦਾ ਨਿਸ਼ਾਨਾ ਬੰਨ੍ਹਕੇ (ਧਨੁਖ) ਖਿੱਚਿਆ।
ਸਰ ਭਲਕਾ ਲਗਿ ਪੂਰ ਸੁ ਲੀਨਸਿ[1]। [1]ਤੀਰ ਮੁਖੀ ਤਕ (ਖਿੱਚਕੇ) ਧਨੁਖ ਵਿਚ ਪੂਰ ਲਿਆ।
ਐਂਚੇ ਮਹਾਂ ਚਾਪ ਚਿਰਰਾਨੋ[1]। [1]ਚਿਰੜਾਯਾ।
ਤਜੇ ਤੀਰ ਉਠਿ ਸ਼ਬਦ ਭਯਾਨੋ ॥੧੬॥
ਹਤਯੋ ਨਿਸ਼ਾਨੌ ਗਯੋ ਅਗਾਰੀ।
ਧਰਨੀ ਧਸਯੋ ਸੁ ਪੰਖ ਨਿਹਾਰੀ[1]। [1]ਖੰਭ ਦਿੱਸਦੇ ਰਹੇ।
ਬਹੁਰ ਬਾਣ ਲੇ ਅਪਰ ਚਲਾਇਵ।
ਸਹਿਜ ਸੁਭਾਇਕ ਸਭਿਨਿ ਦਿਖਾਇਵ ॥੧੭॥
ਗਜ ਤਯਾਰ ਹ੍ਵੈ ਅਯੋ ਨ ਜਾਵਦ।
ਤੀਰ ਚਲਾਇ ਦਿਖਾਵਤਿ ਤਾਵਦ।
ਦੇਖਿ ਦੇਖਿ ਬਿਸਮੈ ਹੁਇ ਰਹੇ।
-ਬਪੁ ਅਲਪ[1], ਬਲ ਕਿਮ ਇਨ ਲਹੇ- ॥੧੮॥ [1]ਸਰੀਰ ਸੁਬਕ ਹੈ।
ਰਾਮਕੁਇਰ ਨੇ ਜਾਨੀ ਬਾਤਿ।
ਰਿਦੈ ਬਿਸੂਰਤਿ ਭਾ ਬਹੁ ਭਾਂਤਿ।
ਬਿਸ੍ਵ[1] ਰਚਨ ਪਾਲਨ ਸੰਹਾਰ। [1]ਸੰਸਾਰ ਦੇ।
ਅਤਿ ਸ਼ਕਤੀ ਧਰਿ ਗੁਰੂ ਉਦਾਰ ॥੧੯॥
ਜਿਹ ਸਮ ਜਗ ਮਹਿਂ ਅਪਰ ਨ ਬੀਆ।
ਤਿਸ ਮਹਿਂ ਕਿਮ ਸ਼ੰਕਾ ਕਰਨੀਆ[1]। [1]ਉਸ ਵਿਚ ਸ਼ੰਕਾ ਕਿਉਂ ਕਰਨੀ ਹੋਈ?
ਇੰਦ੍ਰ ਆਦਿ ਜਿਸ ਆਇਸੁ ਮਾਂਹੀ।
ਚਹੈਂ ਸੁ ਕਰੈਂ, ਮੁਰੈ ਕਿਮ ਨਾਂਹੀ[1]- ॥੨੦॥ [1]ਕਿਵੇਂ (ਆਗਯਾ) ਮੋੜਦੇ ਨਹੀਂ।
ਇਤਨੇ ਮਹਿਂ ਹਾਥੀ ਸ਼ੁਭ ਆਇਵ।
ਚਲਯੋ ਅਚਲ[1] ਤਿਮ ਸ਼ੋਭ ਸੁਹਾਇਵ। [1]ਪਹਾੜ (ਜਿਵੇਂ)।
ਝਾਲਰ ਦਾਰ ਝੂਲ ਝਮਕੰਤਾ।
ਜ਼ਰੀ ਸਡੋਰ ਪ੍ਰਕਾਸ਼ ਕਰੰਤਾ ॥੨੧॥
ਘੰਟਨ ਕੋ ਠਨਕਾਰ ਉਠੰਤਾ।
ਗਜਗਾਹਨ ਸੋਂ ਅਧਿਕ ਸ਼ੁਭੰਤਾ।
ਸਿਰ ਪਰ ਸਿਰੀ[1] ਸੁ ਚਾਮੀਕਰ ਕੀ। [1]ਕਲਗ਼ੀ [ਸੰਸ:, ਸ਼੍ਰੀ = ਭੂਸ਼ਨ]।
ਮਨਹੁਂ ਕਾਮ ਕਾਰੀਗਰ ਕਰ ਕੀ[1] ॥੨੨॥ [1]ਕਾਮਦੇਵ ਰੂਪ ਕਾਰੀਗਰ ਦੇ ਹੱਥਾਂ ਦੀ ਬਣੀ ਹੋਈ ਹੈ।

ਦੁਤਿ ਕੀ ਹੱਦ ਹੌਦਾ ਬਨ ਰਹਜੋ।
ਆਯੋ ਨਿਕਟ ਗੁਰੂ ਨੇ ਲਹਜੋ।
ਰਾਮਕੁਇਰ ਕੀ ਗਹਿ ਕਰਿ ਬਾਹੂੰ।
ਭੇ ਅਤਿ ਪਾਸ ਚਢਨਿ ਕਹੁ ਤਾਹੂੰ ॥੨੩॥
ਤਬਹਿ ਮਹਾਵਤ ਗਜ ਬੈਠਾਇਵ।
ਚਢਨ ਹੇਤੁ ਗੁਰ ਚਰਨ ਉਠਾਇਵ।
ਕਰਿ ਧਰਿ ਰਾਮਕੁਇਰ ਕੇ ਕੰਧ।
ਦੀਨਸਿ ਭਾਰ ਦੀਨਿ ਗਨ ਬੰਧੁ[1] ॥੨੪॥

[1]ਸਾਰੇ ਦੀਨਾਂ ਦੇ ਬੰਧੂ ਜੀ ਨੇ ਭਾਰ ਪਾਇਆ।

ਲਾਖਹੁੰ ਮਣ ਕੋ ਧਰਿ ਕਰਿ ਭਾਰੇ।
ਬੁੱਢੇ ਅੰਸ ਬਿਨਾ ਕੋ ਧਾਰੇ[1]।

[1]ਕੌਣ ਸਹਾਰੇ (ਉਸ ਭਾਰ ਨੂੰ)।

ਅਪਰ ਜਿ ਹੋਤਿ ਜਾਤਿ ਮਿਲਿ ਮਾਟੀ।
ਉਰ ਸੰਦੇਹ ਤਿਸ ਕੀਨਸਿ ਕਾਟੀ ॥੨੫॥
ਥਿਬੈ[1][†] ਪੈਰ ਚਲਿਬੇ ਜਬਿ ਲਾਗਾ।

[1]ਥਿੜਕਵੇਂ ਪੈਰ ਨਾਲ ਜਦ ਅੱਗੇ ਚੱਲਣ ਲਗੇ (ਰਾਮਕੁਇਰ ਜੀ)। [†]ਪਾ:-ਬਿਬੈ।

ਬੈਠੇ ਗੁਰੂ ਜਾਇ ਤਬਿ ਆਗਾ।
ਕਹਜੋ ਕਿ 'ਆਉ ਖਵਾਸੀ ਮਾਂਹਿ[1]।

[1]ਹੌਦੇ ਵਿਚ।

ਚਢਹੁ ਸੰਗ' ਸ੍ਰੀ ਮੁਖ ਕਹਜੋ ਤਾਂਹਿ ॥੨੬॥
ਹਾਥ ਜੋਰਿ ਬਿਨਤੀ ਤਬਿ ਠਾਨੀ।
'ਜਗਤ ਚਰਾਚਰ ਕੋ ਤੁਮ ਸ੍ਵਾਮੀ[†]।

[†]ਪਾ:-ਖਾਨੀ।

ਸਮ ਬੈਠਬਿ ਕੇ ਉਚਿਤ ਨ ਮੋਹੀ।
ਮਹਾਂ ਅਵੱਗਜਾ ਮੁਝ ਤੇ ਹੋਹੀ' ॥੨੭॥
ਸੁਨਿ ਮੁਸਕਾਨੇ ਬਾਕ ਬਖਾਨਾ।
'ਆਉ ਆਉ ਬੈਠਹੁ ਇਸ ਥਾਨਾ।'
ਕਹਿ ਬਹੁ ਬਾਰਿ ਅਰੂਢਨਿ ਕੀਨਾ।
ਚਲੇ ਪੰਥ ਗੁਰ ਕਹਤਿ ਪ੍ਰਬੀਨਾ ॥੨੮॥
'ਸਿੱਖੀ ਕੇ ਸਥੰਭ ਗਿਰ ਜੈਸੇ।
ਮਾਯਾ ਬਾਯੁ ਪਾਯ ਕਰਿ ਐਸੇ।
ਸ਼ਰਧਾ ਥਿਰਤਾ ਤੇ ਚਲਿ ਪਰੈਂ[1]।

[1]ਸ਼ਰਧਾ ਰੂਪੀ ਇਸਥਤੀ ਤੋਂ (ਆਪ) ਹਿੱਲ ਪੈਣ।

ਤਉ ਅਪਰ[1] ਕਜਾ ਗਿਨਤੀ ਕਰੈਂ' ॥੨੯॥

[1]ਹੋਰਨਾਂ ਦੀ।

ਲਾਜ ਭਾਰ ਤੇ ਨੰਮ੍ਰੀ ਹੋਵਾ।
ਰਾਮਕੁਇਰ ਨਹਿਂ ਊਚੋ ਜੋਵਾ।
'ਸੁਨਹੁ ਨਾਥ ! ਤਵ ਪਰਬਲ ਮਾਯਾ।
ਬ੍ਰਹਮਾਦਿਕ ਜਿਸ ਨੇ ਭਰਮਾਇਆ ॥੩੦॥
ਭਏ ਗੁਪਾਲ[1] ਆਪ ਜਬਿ ਆਛੇ।
ਹਰਿ ਲੇ ਗਯੋ ਗੋਪ ਸਿਸੁ ਪਾਛੇ[1]।
ਅਪਰ ਲਿਏ ਰਚਿ, ਨਾਹਿਨ ਜਾਨੇ[1]।
ਤਬਿ ਸ਼੍ਰੀ ਕ੍ਰਿਸ਼ਨ ਰੂਪ ਹਰਿ ਮਾਨੇ[1] ॥੩੧॥
ਅਸ ਮਾਯਾ ਤੇ ਆਪ ਬਚਾਵਹੁ।
ਰਾਖਹੁ ਨਿਸ਼ਚਾ ਨਹੀਂ ਡੁਲਾਵਹੁ।
ਬ੍ਰਹਮਾਦਿਕ ਭਰਮੇ ਜਬਿ ਐਸੇ।
ਹਮ ਜੈਸਨਿ ਕੀ ਗਿਨਤੀ ਕੈਸੇ ॥੩੨॥
ਰਾਵਰ ਨੇ ਨਿਜ ਬਿਰਦ ਸੰਭਾਰਾ।
ਉਰ ਬਿਕਾਰ ਮਮ ਦੂਰ ਬਿਦਾਰਾ।'
ਭਈ ਜਥਾ ਭਾਖੀ ਇਹੁ ਤਥਾ।
ਅੱਗ੍ਰ ਕਹੌਂ ਕਿਛ ਇਨ ਕੀ ਕਥਾ ॥੩੩॥
ਇਕ ਦਿਨ ਬੈਠੇ ਲਗਯੋ ਦਿਵਾਨ।
ਰਾਮਕੁਇਰ ਗੁਰ ਨਿਕਟ ਸੁਜਾਨ।
ਚਹੁੰਦਿਸ਼ਿ ਥਿਰਯੋ ਖਾਲਸਾ ਤਬੈ।
ਦਰਸ਼ਨ ਲੇਤਿ ਅਨੰਦਤਿ ਸਬੈ ॥੩੪॥
-ਬ੍ਰਿੱਧ ਬੰਸ ਪਰ ਖੁਸ਼ੀ ਮਹਾਂਨੀ।
ਕਰਹਿਂ ਸਦਾ ਗੁਰ- ਸਭਿ ਮਨ ਜਾਨੀ।
ਜਬਿ ਕਬਿ ਸੰਗਤਿ ਚਲਿ ਕਰਿ ਆਵੈ।
ਦਰਸ਼ਨ ਕਰਿ ਅਕੋਰ ਅਰਪਾਵੈ ॥੩੫॥
ਤਬਿ ਕਲਗ਼ੀਧਰ ਦੇਂ ਉਪਦੇਸ਼।
'ਪਹਿਰਤੁ ਕਾਛ ਰਖਹੁ ਸਿਰ ਕੇਸ਼।
ਖੰਡੇ ਕੀ ਪਾਹੁਲ ਅਬਿ ਲੀਜੈ।
ਰਹਿਤ ਸਹਤ ਹੁਇ ਸ਼ਸਤ੍ਰ ਰਖੀਜੈ' ॥੩੬॥

[1]ਕ੍ਰਿਸ਼ਨ ਰੂਪ।

[1]ਬ੍ਰਹਮਾ) ਵੱਛਿਆਂ ਸਹਿਤ ਗੁਆਲਿਆਂ ਦੇ ਲੜਕੇ ਹਰਿ ਲੈ ਗਿਆ।

[1]ਪ੍ਰਬਲ ਜ਼ੋਰਾਵਰ ਕ੍ਰਿਸ਼ਨ ਨੇ) ਤਦ ਆਪ ਹੋਰ ਰਚ ਲਏ ਪਛਾਣੇ ਨਾ ਜਾਣ।

[1]ਹਰੀ ਦਾ ਰੂਪ ਮੰਨਿਆ।

ਕੇਤਿਕ ਸਿੰਘ ਬਿਚਾਰਤਿ ਰਹੈਂ।
-ਬ੍ਰਿੱਧ ਬੰਸ ਕੋ ਗੁਰ ਨਹਿੰ ਕਹੈਂ।
ਸਿਰ ਪਰ ਕੇਸ਼ ਨਹੀਂ ਰਖਵਾਏ।
ਪਹਿਰਹਿੰ ਚੀਰਾ, ਨਹੀਂ ਹਟਾਏ-
॥੩੭॥
ਬੂਝਨਿ ਸਮੋਂ ਜਾਨਿ ਕਰਿ ਤਬੈ।
ਬੋਲੇ ਸਿੰਘ ਬੰਦਿ ਕਰ ਸਬੈ।
'ਪ੍ਰਭੁ ਜੀ! ਗੁਰ ਘਰ ਕੇ ਪਰਧਾਨ।
ਸ਼੍ਰੀ ਮੁਖ ਮਹਿਮਾ ਕਰਹੁ ਬਖਾਨ ॥੩੮॥
ਖੁਸ਼ੀ ਬਿਸਾਲ ਆਪ ਕੀ ਹੋਵੈ।
ਇਹ ਭੀ ਸਰਬ ਰੀਤਿ ਕੋ ਜੋਵੈਂ।
ਰਾਮਕੁਇਰ ਜੀ ਸਿੱਖ ਵਿਸ਼ੇਸ਼।
ਕਯੋਂ ਨਹਿੰ ਧਾਰਤਿ ਹੈਂ ਸਿਰ ਕੇਸ਼
॥੩੯॥
ਇਹ ਸਭਿ ਕੇ ਮਨ ਸੰਸੈ ਰਹੈ।
ਸਕਲ ਖਾਲਸਾ ਉੱਤਰ ਚਹੈ।'
ਦਯਾਸਿੰਧੁ ਸੁਨਿ ਕੈ ਸਭਿ ਬੈਨ।
ਰਾਮਕੁਇਰ ਕੀ ਦਿਸ਼ਿ ਕਰਿ ਨੈਨ
॥੪੦॥
ਬਿਕਸਤਿ ਸ਼੍ਰੀ ਮੁਖ ਬਾਕ ਬਖਾਨੇ।
'ਉਚਿਤ ਕੇਸ਼ ਰਖਿਬੇ ਸਿਖ ਜਾਨੇ[1]।

[1]ਸਿਖ (ਇਨ੍ਹਾਂ ਨੂੰ) ਕੇਸ ਰੱਖਣ ਦੇ ਲਾਇਕ ਠੀਕ ਜਾਣਦੇ ਹਨ।

ਇਸ ਕੇ ਸਿਰ ਪਰ ਭੀ ਬਡ ਕੇਸ।
ਨਿਤ ਅੰਤਰ ਕੋ ਵਧਹਿਂ ਵਿਸ਼ੇਸ਼ ॥੪੧॥
ਅਪਰਨਿ ਕੇ ਸਿਰ ਊਪਰ ਬਾਹਿਰ।
ਸਭਿ ਕੇ ਸਕਲ ਬਿਲੋਕਤਿ ਜ਼ਾਹਰ।
ਇਸ ਕੇ ਅੰਤਰ ਵਧਹਿਂ ਹਮੇਸ਼।
ਜਾਹਿਂ ਤਰੇ ਕੋ ਦੀਰਘ ਕੇਸ਼[†] ॥੪੨॥

[†]ਸਾਹਿਬ ਰਾਮ ਕੌਰ ਜੀ ਅੰਮ੍ਰਿਤ ਛਕ ਕੇ ਸਿੰਘ ਸਜੇ। ਉਹਨਾਂ ਦਾ ਨਾਮ ਗੁਰੂ ਜੀ ਨੇ ਆਪ ਗੁਰਬਖਸ਼ ਸਿੰਘ ਰਖਿਆ। ਦੇਖੋ ਗੁਰਬਿਲਾਸ ਪਾ:੧੦-'ਰਾਮਕੁਇਰ ਤੇ ਕ੍ਰਿਪਾ ਨਿਧਿ ਗੁਰਬਖਸ਼ ਸਿੰਘ ਕਰ ਲੀਨ। ਪੂਰਨ ਸਿੱਖ ਅਡੋਲ ਮਤ ਸੁਨ ਤਿਹ ਕਥਾ ਨਵੀਨ'। ਪੁਨਾ:-ਦੇਖੋ ਜੀਵਨ ਬਾਬਾ ਬੁੱਢਾ ਜੀ ਸਫਾ ੪੨੯:-
ਰਾਮ ਕੌਰ ਕਰ ਜੋਰ ਸੀਸ ਨਿਵਾਯਾ ਗੁਰਾਂ ਨੂੰ। 'ਮਿਹਰ ਕਰੋ ਮਮ ਓਰ ਸੁਧਾ ਛਕਾਵੋ ਦਾਸ ਨੂੰ'। ਮੰਨ ਲਈ ਗੁਰਦੇਵ ਅਰਜ ਕਰੀ ਜੋ ਤਾਸ ਨੇ। ਰਾਮ ਕੁਵਰ ਨਿਸਚੇਵ ਲੱਗਾ ਹੋਨ ਤਿਆਰ ਜੇ। ਤਯਾਰੀ ਕਰੀ ਵਿਚਾਰ ਅੰਮ੍ਰਿਤ ਵੇਲੇ ਉਠਕੇ। ਧਾਰੇ ਪੰਜ ਕਕਾਰ ਸਣ ਕੇਸੀਂ ਇਸ਼ਨਾਨ ਕਰ। ਕੀਤਾ ਠੀਕ ਤਿਆਰ ਅੰਮ੍ਰਿਤ ਪੰਜ ਪਿਆਰਿਆਂ। ਆਪ ਅਤੀ ਹਿਤ

ਧਾਰ ਚੋਜੀ ਗੁਰਾਂ ਛਕਾਇਆ। ਧਰਿਆ ਤਿਸਦਾ ਨਾਮ ਸ੍ਰੀ ਗੁਰਾਂ ਗੁਰਬਖਸ਼ ਸਿੰਘ। ਪਹਿਲਾਂ ਤਿਸਦਾ ਨਾਮ ਰਾਮ ਕੌਰ ਸੀ ਜਾਨ ਲੌ।

ਕਵੀ ਸੰਤੋਖ ਸਿੰਘ ਜੀ ਨੇ ਆਪ ਵੀ ਭਾਈ ਰਾਮ ਕੌਰ ਜੀ ਦਾ ਸਿੰਘ ਨਾਮ "ਭਾਈ ਗੁਰਬਖਸ਼ ਸਿੰਘ" ਇਸ ਗ੍ਰੰਥ ਵਿਚ ਕਈ ਥਾਈਂ ਵਰਤਿਆ ਹੈ, ਦੇਖੋ ਰਾਸ ੧ ਅੰਸੂ ੨ ਅੰਕ ੨੯ ਵਿਚ ਐਉਂ ਲਿਖਦੇ ਹਨ:-ਸ੍ਰੀ ਗੁਰਬਖਸ਼ ਸਿੰਘ ਕੇ ਪਾਸ। ਸਭਿ ਸਿੰਘਨਿ ਕੀਨਸਿ ਅਰਦਾਸ।

ਕਿਮ ਬਿਨ ਕੇਸ ਰਹਹਿ ਇਹ ਸਿੱਖ।
ਕਬਹੁੰਕ ਰੱਖਹਿ ਸਿੰਘ ਭਵਿੱਖਜ[1]।
ਭਰਮਜੋ ਜਬਿ ਤੇ ਲੱਜਤਿ ਰਹੈ।
ਤਿਸ ਕੇ ਉਰ ਕੀ ਸ੍ਰੀ ਗੁਰ ਲਹੈਂ ॥੪੩॥
ਤਿਸ ਕਾਰਨ ਤੇ ਭੁਜ ਗਹਿ ਪਾਨੀ।
ਸਭਿਨਿ ਬਿਖੈ ਮੁਖ ਮਧੁਰ ਬਖਾਨੀ।
'ਮੋਹਿ ਸਰੂਪ ਅਹੈ ਸੋ ਤੇਰੋ।
ਤੇਰੋ ਅਹੈ ਸੁ ਜਾਨੋ ਮੇਰੋ ॥੪੪॥
ਤੋਹਿ ਮੋਹਿ ਮਹਿਂ ਭੇਦ ਨ ਕੋਊ।
ਏਕ ਰੂਪ ਤੇ ਤਨ ਹੈਂ ਦੋਊ।
ਹਰਿ ਹਰਿ ਜਨ ਦ੍ਵੈ ਇਕ ਹੈਂ ਜੈਸੇ।
ਸ੍ਰੀ ਗੁਰ ਗੁਰਸਿਖ ਲਖੀਅਹਿ ਤੈਸੇ ॥੪੫॥
ਭੇਦ ਲਖਤਿ ਹੈਂ ਜੇ ਇਨ ਮਾਂਹੀ।
ਪਰਮ ਰਹੱਸ[1] ਸੁ ਜਾਨੈਂ ਨਾਂਹੀ।
ਤੁਮ ਸਿੱਖਨਿ ਕੇ ਹਹੁ ਸਿਰਮੌਰ।
ਸਮਤਾ ਪਹੁੰਚਿ ਨ ਸਕਿ ਹੈ ਔਰ ॥੪੬॥
ਸਦਾ ਏਕਰਸ ਗਜਾਨਾਨੰਦ।
ਤੁਰੀਆ ਮਹਿਂ ਥਿਰਤਾ ਜਗਬੰਦ।'
ਇਸ ਪ੍ਰਕਾਰ ਕਹਿ ਬਹੁ ਬਡਿਆਈ।
ਸਕਲ ਖਾਲਸੇ ਬਿਖੈ ਸੁਨਾਈ ॥੪੭॥

[1]ਕਦੇਕ ਰੱਖੇਗਾ ਭਵਿੱਖਤ ਵਿਚ (ਤੇ) ਸਿੰਘ (ਸਜੇਗਾ)।

[1]ਪਰਮ ਤਾਤਪਰਯ ਨੂੰ, ਗੂੜ੍ਹੇ ਭੇਤ ਨੂੰ?

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋ ਅੰਸੂ ॥੩੫॥

## ੩੬. [ਜੋਗਾ ਸਿੰਘ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਰਾਮਕੁਇਰ ਕੀ ਕਥਾ ਮੈਂ, ਬਰਨੀ ਕੁਛਕ ਬਨਾਇ[1]। [1]ਭਾਵ ਕਵਿਤਾ ਵਿਚ ਬਣਾਕੇ।
ਅਪਰ ਗੁਰੂ ਇਤਿਹਾਸ ਕੋ, ਸਭਿ ਸ਼੍ਰੋਤਾਨਿ ਸੁਨਾਇ ॥੧॥

ਚੌਪਈ:

ਇਕ ਸਿਖ ਕੀ ਸਾਖੀ ਸੁਨਿ ਲੇਹੁ।
ਜਥਾ ਸਿਦਕ ਮਹਿਂ ਤਾਂਹਿ ਸਨੇਹੁ।
ਜੋਗਾ ਸਿੰਘ ਹੁਤੋ ਤਿਸ ਨਾਮੂ।
ਰਹੈ ਕਿਤਿਕ ਚਿਰ ਸਤਿਗੁਰ ਧਾਮੂ ॥੨॥
ਦੇਸ਼ ਪਿਸ਼ਾਵਰ ਤਨ ਕੀ ਵਾਸੀ।
ਸੇਵਾ ਕਰਹਿ ਬਹੁਤ ਗੁਰ ਪਾਸੀ।
ਦਰਸ਼ਨ ਕਰਹਿ ਸਿਦਕ ਕੋ ਠਾਨਹਿ।
ਪ੍ਰਭੁ ਰਿਝਾਵਨਿ ਕਰਹਿ ਮਹਾਨਹਿ ॥੩॥
ਕੇਤਿਕ ਵਰਖ ਬੀਤ ਜਬਿ ਗਏ।
ਤਿਸ ਕੇ ਮਾਤ ਪਿਤਾ ਤਹਿਂ ਆਏ।
ਦਰਸ਼ਨ ਕਰਿ ਕੈ ਅਰਪਿ ਅਕੋਰ।
ਬੋਲੇ ਜੁਗਲ ਹਾਥ ਕਰਿ ਜੋਰਿ ॥੪॥
'ਮਹਾਂਰਾਜ ! ਇਸ ਕੋ ਅਬਿ ਬਯਾਹੂ।
ਰਹਯੋ ਸਮੈਂ ਬਹੁ ਰਾਵਰਿ ਪਾਹੂ।
ਆਇਸੁ ਦੇਹੁ ਬਯਾਹ ਕਰਿਵਾਵੈ।
ਬਸਹਿ ਧਾਮ ਕੁਛ, ਪੁਨ ਇਤ ਆਵੈ?'
॥੫॥
ਸ਼੍ਰੀ ਪ੍ਰਭੁ ਸੁਨਿ ਕੈ ਸਿਖ ਸਨ ਭਾਖਾ।
'ਜੋਗਾ ਸਿੰਘ ਕਹਾਂ ਅਭਿਲਾਖਾ?'
ਹਾਥ ਜੋਰਿ ਤਿਨ ਤਬਹਿ ਉਚਾਰੀ।
'ਮੋ ਪ੍ਰਣ ਰਾਵਰ ਕੇ ਅਨੁਸਾਰੀ ॥੬॥
ਜਿਮ ਆਇਸੁ ਦਿਹੁ ਮੈਂ ਤਿਮ ਕਰਿਹੌਂ।
ਅਪਰ ਨ ਕਾਨ ਕਿਸੂ ਕੀ ਧਰਿਹੌਂ।'
ਕ੍ਰਿਪਾ ਸਿੰਧੁ ਕਰਿ ਕ੍ਰਿਪਾ ਉਚਾਰੀ।
'ਅਬਿ ਤੂੰ ਜਾਹੁ ਨਿਕੇਤ ਮਝਾਰੀ ॥੭॥
ਅਪਨੋ ਵਯਾਹੁ ਕਰਾਵਨਿ ਕਰੌ।
ਪਹੁੰਚਹੁ ਹਮ ਆਗਯਾ ਸਿਰ ਧਰੌ।'

ਮਾਨ ਵਾਕ ਤਿਨ ਸੰਗ ਸਿਧਾਰਾ।
ਤਰੁਨੀ ਤਰੁਨ ਹੁਤੀ ਤਿਸ ਬਾਰਾ ॥੮॥
ਰਚਜੋ ਬਜਾਹ ਤਿਸ ਕੋ ਤਤਕਾਲਾ।
-ਮਿਲੌਂ ਰੈਨ ਮਹਿਂ- ਚਹੈ ਬਿਸਾਲਾ।
ਮਹਿਦ ਮਦਨ ਤੇ ਪੀੜਤਿ ਹੋਵਾ।
ਜਾਇ ਸਸੁਰ ਘਰ ਕੀਨਸਿ ਢੋਵਾ[1] ॥੯॥ [1]ਢੁਕਾ ਕੀਤਾ।
ਸ਼੍ਰੀ ਪ੍ਰਭੁ ਇਕ ਨਰ ਤਾਂਹਿ ਪਿਛਾਰੀ।
ਭੇਜਜੋ ਐਸੇ ਬਾਕ ਉਚਾਰੀ।
ਇਕ ਦੋ ਫੇਰੇ ਤਿਯ ਸੋਂ ਫਿਰੇ।
ਤਬਿ ਮਮ ਹੁਕਮ ਦੇਹੁ ਤਿਸ ਕਰੇ[1] ॥੧੦॥ [1]ਤਿਸਦੇ ਹੱਥ ਵਿਚ।
ਸੋ ਭੀ ਸੰਗ ਤਹਾਂ ਚਲਿ ਗਯੋ।
ਸਮਾ ਜਾਮਨੀ ਕੋ ਤਬਿ ਭਯੋ।
ਤਿਯ ਸੋਂ ਫੇਰਾ ਜਬਿ ਇਕ ਫਿਰਜੋ।
ਗੁਰ ਕੋ ਹੁਕਮ ਦਿਖਾਵਨਿ ਕਰਜੋ ॥੧੧॥
'ਪੈਰ ਉਠਾਵਹੁ ਪਠਿ ਕਰ ਇਸੈ।'
ਸ਼੍ਰੀ ਪ੍ਰਭੁ ਲਿਖਜੋ ਏਵ ਤਿਸ ਬਿਖੈ।
'ਜਬਿ ਤੂੰ ਹੇਰਹਿਂ ਹੁਕਮ ਹਮਾਰੋ।
ਦਿਨ ਕੈ ਨਿਸ ਹੁਇ ਇਤਹਿ ਪਧਾਰੋ[1] ॥੧੨॥ [1]ਇਧਨ ਨੂੰ ਟੁਰ ਪਓ।
ਅਪਰ ਕਾਜ ਕੋ ਪਗ ਨ ਉਠਾਵਹੁ।
ਦੇਖਤਿ ਸਭਿ ਤਜਿ ਇਤ ਕੋ ਆਵਹੁ।'
ਪਢਤਿ ਅਚੰਭੈ ਅਤਿ, ਛਿਨ ਭਯੋ।
ਨਹਿਂ ਫੇਰੇ ਹਿਤ ਪਗ ਅਗ[1] ਦਯੋ ॥੧੩॥ [1]ਅੱਗੇ।
ਸਭਿ ਲੋਗਨ ਅਰੁ ਪਿਤ ਕੇ ਸਾਥ।
ਕਰੀ ਜਨਾਵਨਿ ਗੁਰ ਕੀ ਗਾਥ।
'ਮੋ ਤੇ ਹੁਕਮ ਨ ਮੇਟਜੋ ਜਾਈ।
ਨਹਿਂ ਫੇਰੇ ਮੈਂ ਫਿਰੌਂ ਕਦਾਈ' ॥੧੪॥
ਪਿਤਾ ਆਦਿ ਸਭਿਹਿਨ ਸਮੁਝਾਯੋ।
'ਕਾਰਜ ਕਰਿ ਪੁਨ ਗਮਨਹੁ ਧਾਯੋ।
ਐਸੀ ਬਾਤਿ ਨ ਜਗ ਮਹਿਂ ਭਈ।
ਫੇਰੇ ਫਿਰਤਿ ਬਹੁਰ ਅਟਕਈ ॥੧੫॥

ਸਭਿ ਮਹਿਂ ਹੋਵਹਿ ਹਾਸ ਹਮਾਰਾ।
ਤੋਹਿ ਨ ਲਗਹਿ ਇਹਾਂ ਕੁਛ ਬਾਰਾ[1]।' — [1]ਦੇਰ ਨਹੀਂ ਲਗਣੀ।
[1] 'ਸਿਖ ਅਰੁ ਸਤੀ ਸਮਾਨ ਪਛਾਨੋ। — [1]ਜੋਗਾ ਸਿੰਘ ਬੋਲਿਆ।
ਨੈਕ ਮੁਰੇ ਮਨ ਧਰਮ ਸੁ ਹਾਨੋ[1] ॥੧੬॥ — [1]ਥੋੜਾ ਜਿਹਾ (ਮਨ) ਮੁੜੇ ਤਾਂ ਧਰਮ ਨਾਸ਼ ਹੁੰਦਾ ਹੈ।
ਇਹੁ ਪਟਕਾ ਲਿਹੁ ਫੇਰੇ ਦੇਹੁ।
ਮੁਝ ਸੋਂ ਬਾਕ ਨ ਕਛੂ ਕਰੇਹੁ।'
ਇਮ ਕਹਿ ਕਰ ਗੁਰ ਦਿਸ਼ ਪਗ ਡਾਲਾ।
ਪੀੜਤਿ ਮਨ ਕੋ ਮਦਨ ਬਿਸਾਲਾ ॥੧੭॥
ਤਊ ਨ ਸਿੱਖ ਸਿਦਕ ਕੋ ਹਾਰਾ।
ਤਾਤਕਾਲ ਪ੍ਰਭੁ ਓਰ ਪਧਾਰਾ।
ਪੰਥ ਉਲੰਘਤਿ ਦ੍ਵਾਬੇ ਦੇਸ਼ਾ।
ਉਤਲਾਵਤਿ ਹੀ ਆਇ ਪ੍ਰਵੇਸ਼ਾ ॥੧੮॥
ਉਰ ਹੰਕਾਰ ਹੋਇ ਕੁਛ ਆਵਾ।
-ਬਡ ਉੱਤਮ ਮੈਂ ਕਰਮ ਕਮਾਵਾ।
ਅਪਰ ਕੌਨ ਇਸ ਬਿਧਿ ਕਰਿ ਸਕੈ।
ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ[1]- ॥੧੯॥ — [1]ਪਹਿਲੀ ਵੇਰ ਤ੍ਰਿਯਾ ਦਾ ਮਿਲਣਾ ਤਜਕੇ ਸ੍ਰੀ ਗੁਰੂ ਜੀ ਵਲ ਤੱਕੇ।
ਹੁਤੋ ਸੁੱਧ ਉਰ ਭਯੋ ਵਿਕਾਰਾ[1]। — [1]ਹੰਕਾਰ ਦਾ) ਵਿਕਾਰ।
ਸ਼੍ਰੀ ਪ੍ਰਭੁ ਸੋ ਨਹਿਂ ਸਕੇ ਸਹਾਰਾ।
ਨਿਜ ਮਾਯਾ ਤਬਿ ਪ੍ਰੇਰਨ ਕਰੀ।
ਜਿਸ ਤੇ ਸਿਖ ਕੀ ਸ਼ੁਭ ਮਤਿ ਹਰੀ ॥੨੦॥
ਦੇਸ਼ ਦੁਆਬੇ ਪੁਰਿ ਹੁਸ਼ੀਆਰ।
ਰਹਜੋ ਜਾਮਨੀ ਡੇਰੋ ਡਾਰਿ।
ਜਹਿਂ ਸੰਧਜਾ ਕੋ ਬੈਠਜੋ ਸੋਇ।
ਸਨਮੁਖ ਬੇਸਜਾ ਤਹਾਂ ਖੜੋਇ ॥੨੧॥
ਅਪਨੇ ਸਦਨ ਚਢੀ ਤਿਨ ਦੇਖੀ।
ਮਦਨ ਬ੍ਰਿਤੀ[1] ਉਰ ਬਢੀ ਵਿਸ਼ੇਖੀ। — [1]ਕਾਮ ਬ੍ਰਿਤੀ।
ਖੋੜਸ ਬਰਸਨਿ ਕੀ ਤਨ ਰੂਰਾ।
ਸੁੰਦਰ ਬਨਦ ਚੰਦੁ ਜਨੁ ਪੂਰਾ[1] ॥੨੨॥ — [1]ਪੂਰਨ ਚੰਦ ੧੬ ਕਲਾਂ ਦਾ ਹੁੰਦਾ ਹੈ, ੧੬ ਵਰ੍ਹੇ ਦੀ ਉਮਰਾ ਕਹਿਣ ਵਿਚ ਪੂਰਨ ਜਵਾਨੀ ਦਾ ਕਟਾਖਯ ਰਖਯਾ ਹੈ ਕਵਿ ਜੀ ਨੇ।
ਦ੍ਰਿਗ ਮ੍ਰਿਗ ਸੇ, ਸ਼੍ਰਿੰਗ ਗਰ ਮਹਿਂ[1] ਸੋਹਤਿ। — [1]ਮਾਲਾ ਗਲ ਵਿਚ।

ਅਤਰ ਲਗਯੋ, ਬੋਲਤਿ ਮਨ ਮੋਹਤਿ।
ਬੇਨੀ[1] ਸਰਪਨ ਸੀ ਸਟਕਾਰੀ[2]।
ਚੰਪਕ ਬਰਨੀ, ਚੰਚਲ ਪਜਾਰੀ ॥੨੩॥

[1]ਗੁਤ। [2]ਲਮਕਦੀ ਹੈ।

ਕਹੌਂ ਕਹਾਂ ਲਗਿ ਸੁੰਦਰਤਾਈ।
ਸਿੰਘ ਪਿਖਤਿ ਮਨ ਰਹਯੋ ਲੁਭਾਈ।
-ਮਿਲੌਂ ਜਾਮਨੀ ਮਹਿਂ ਇਹ ਸੰਗ।
ਕਰੌਂ ਕੇਲ ਮਦ ਹਰੌਂ ਅਨੰਗ[1]- ॥੨੪॥

[1]ਕਾਮ ਦਾ ਮਦ ਦੂਰ ਕਰਾਂਗਾ।

ਪਰੀ ਰਾਤਿ ਬੀਤੀ ਇਕ ਜਾਮ।
ਨੀਠ ਨੀਠ ਤਨ ਪੀੜਤਿ ਕਾਮ।
ਭਯੋ ਤਯਾਰ ਲੇ ਧਨ ਕੋ ਚਲਯੋ।
ਚਿਤ ਚਾਹਤਿ ਅਤਿ ਤਿਹ ਸੋਂ ਮਿਲਯੋ ॥੨੫॥
ਸਿਖ ਕੀ ਦਸ਼ਾ ਗੁਰੂ ਤਬਿ ਜਾਨੀ।
-ਭਰਮਯੋ ਕਰੈ ਧਰਮ ਕੀ ਹਾਨੀ।
ਜੇ ਅਬਿ ਹਮ ਨ ਬਚਾਵਹਿਂ ਜਾਇ।
ਅਪਰ ਆਨਿ ਕੋ ਕਰੈ ਸਹਾਇ ॥੨੬॥
ਧਰਮ ਨਸੇ, ਸਿੱਖੀ ਨਹਿਂ ਰਹੈ।
ਸਿੱਖੀ ਬਿਨਾ ਨਰਕ ਕੋ ਲਹੈ।
ਔਚਕ ਜਬਿ ਬਿਕਾਰ ਕੋ ਹੋਇ।
ਉਚਿਤ ਬਚਾਵਨਿ ਗੁਰ ਕੋ ਸੋਇ- ॥੨੭॥
ਇਮ ਬਿਚਾਰ ਕਰਿ ਸ਼੍ਰੀ ਜਗਨਾਥਾ।
ਕੰਚਨ ਆਸਾ[1] ਗਹਿ ਕਰਿ ਹਾਥਾ।

[1]ਸੋਟਾ।

ਜਾਮਾ ਬਹੁ ਪਾਲਨ ਕੋ ਪਾਇ।
ਬੇਸਵਾਦ੍ਵਾਰ ਖੜੋਏ ਜਾਇ[1] ॥੨੮॥

[1]ਪੰਜ ਭੌਤਕ ਸਰੀਰ ਵਿਚ ਨਹੀਂ ਜਾ ਖਲੋਤੇ ਪਰ ਆਪਣੀ ਆਤਮ ਕਲਾ ਨਾਲ ਸਿੱਖ ਨੂੰ ਐਸਾ ਸਰੂਪ ਓਥੇ ਖੜਾ ਦਿਖਾਇਆ ਹੈ।

ਜੋਗਾ ਸਿੰਘ ਦੇਖਿ ਹਟਿ ਰਹਯੋ।
ਨ੍ਰਿਪ ਕੋ ਚੋਬਦਾਰ ਉਰ ਲਹਯੋ।
-ਇਸ ਕੋ ਸ੍ਵਾਮੀ ਅੰਤਰ ਹੋਇ।
ਮੋ ਸੰਗ ਮਿਲਹਿ ਨਹੀਂ ਕਿਮ ਸੋਇ ॥੨੯॥
ਚਲਯੋ ਜਾਇ ਜਬਿ ਇਹ ਨਿਜ ਡੇਰੇ।

ਮਿਲੌਂ ਆਇ ਬੇਸ੍ਵਾ ਸੋਂ ਫੇਰੇ-।
ਇਮ ਬਿਚਾਰ ਨਿਜ ਹਯ ਕੇ ਪਾਸ।
ਥਿਰਯੋ ਜਾਇ ਤ੍ਰਿਯ ਮਿਲਿਬੇ ਆਸ ॥੩੦॥
ਪੀੜਤਿ ਮਦਨ ਨ ਨਿੰਦ੍ਰਾ ਆਵੈ।
ਤ੍ਰਿਯਾ ਮਿਲਿਨਿ ਸੰਕਲਪ ਉਠਾਵੈ।
ਬੀਤੇ ਜਾਮ ਬਹੁਰ ਚਲਿ ਗਯੋ।
ਚੋਬਦਾਰ ਸੋ ਹੇਰਤਿ ਭਯੋ ॥੩੧॥
ਮਨ ਮੁਰਝਾਇ ਦੁਖੀ ਹੁਇ ਮੁਰਯੋ।
-ਅਬਿ ਲੌ ਨਹਿਂ ਮਹਿਪਾਲ ਨਿਕਰਯੋ-।
ਗਯੋ ਬਿਸੂਰਤਿ ਹਯ ਕੇ ਤੀਰ।
ਤਜੋਂ ਤਜੋਂ ਲਗਹਿਂ ਕਾਮ ਕੇ ਤੀਰ ॥੩੨॥
-ਇਹ ਨਿਕਸੈ ਜਬਿ ਭੂਪ ਬਿਲੰਦ।
ਮਿਲੌਂ ਤ੍ਰਿਯਾ ਸੋਂ, ਦਹੇ ਅਨੰਗ।
ਆਜ ਰਾਤਿ ਮੈਂ ਕੇਲ ਮਚਾਵੌਂ।
ਮਨਭਾਵਤਿ ਕੈ ਹਿਯ ਲਪਟਾਵੌਂ- ॥੩੩॥
ਏਕ ਜਾਮ ਜਬਿ ਰਾਤਿ ਰਹੀ ਹੈ[1]।
ਜਾਗਤਿ ਬੈਠੇ ਘਾਤਿ ਲਹੀ ਹੈ।
ਧਨ ਲੇ ਕਰਿ ਤ੍ਰਿਯ ਦ੍ਵਾਰੇ ਗਯੋ।
ਚੋਬਦਾਰ ਥਿਰ ਹੇਰਤਿ ਭਯੋ ॥੩੪॥
ਬਹੁ ਦੁਖ ਪਾਇ ਹਟਯੋ ਮੁਰਝਾਯੋ।
-ਕੋ ਨ੍ਰਿਪ ਇਸ ਪਰ ਬਹੁ ਬਿਰਮਾਯੋ।
ਨਹਿਂ ਨਿਕਸਯੋ ਤ੍ਰੈ ਪਹਿਰ ਬਿਤਾਏ।
ਅਬਿ ਇਹ ਚਾਰ ਘਰੀ ਠਹਿਰਾਏ[1] ॥੩੫॥
ਨਿਕਸ ਜਾਇਗੋ ਅਪਨੇ ਸਦਨ।
ਤਬਿ ਮੈਂ ਮਿਲੌਂ ਹਰੌਂ ਮਨ ਮਦਨ[1]-।
ਨਿਜ ਡੇਰੇ ਪੁਨ ਬੈਠਯੋ ਜਾਇ।
ਰਹੀ ਰਾਤਿ ਜਬਿ ਗਈ ਬਿਹਾਇ[1] ॥੩੬॥
ਅਰਣੋਦੈ ਕੋ ਸਮੋ ਪਹੂਚਾ।

[1]ਦਾਉ ਤਕਦਿਆਂ ਜਾਗਦਾ ਬੈਠਾ ਰਿਹਾ।

[1]ਹੁਣ ਇਹ ਚਾਰ ਘੜੀ ਠਹਿਰੇਗਾ।

[1]ਕਾਮ ਦਾ ਮਦ।

[1]ਬਾਕੀ) ਰਹਿੰਦੀ ਰਾਤ ਜਦੋਂ ਬੀਤ ਗਈ।

ਬਹੁ ਮਨਮਥ[1] ਤੇ ਮਿਲਿਬੋ ਰੁਚਾ[2]।
ਤਬਿ ਭੋ ਚੋਬਦਾਰ ਸੋ ਖਰਯੋ।
ਹਟਿ ਕਰਿ ਆਇ ਤਿਮਰ ਤਬਿ ਟਰਯੋ ॥੩੭॥

[1]ਕਾਮ। [2]ਚਾਹਿਆ।

ਤਮ ਸਮੇਤ[1] ਸਿਖ ਕੋ ਅੱਗਜਾਨਾ।
ਨਾਸਯੋ, ਭਯੋ ਪ੍ਰਗਾਸ ਸੁ ਗਜਾਨਾ।
ਬਾਰਿ ਬਾਰਿ ਮਨ ਅਧਿਕ ਧਿਕਾਰਾ।
-ਬੀਤਯੋ ਹੁਤੋ ਗ਼ਜ਼ਬ ਇਹ ਭਾਰਾ ॥੩੮॥

[1]ਅੰਧੇਰੇ ਦੇ ਨਾਲ ਹੀ।

ਜੇਕਰਿ ਚੋਬਦਾਰ ਨਹਿਂ ਹੋਤਾ।
ਇਸ ਮਿਸ ਖਾਤ ਨਰਕ ਮਹਿਂ ਗੋਤਾ।
ਮੈਂ ਸਿੱਖੀ ਇਸ ਭਾਂਤਿ ਕਮਾਈ।
ਗੁਰ ਢਿਗ ਸੇਵਤਿ ਰਹਯੋ ਸਦਾਈ ॥੩੯॥

ਆਇਸੁ ਲੇਇ ਬਜਾਹੁ ਕੋ ਗਯੋ।
ਤਹਿਂ ਗੁਰ ਹੁਕਮ ਬਿਲੋਕਤਿ ਭਯੋ।
ਖੋੜਸ ਬਰਖਨਿ ਕੀ ਬਰ ਬਾਲਾ।
ਬੇਦ ਲੋਕ ਮਤ ਧਰਮ ਬਿਸਾਲਾ ॥੪੦॥

ਅਸ ਤ੍ਰਿਯ ਸੰਗ ਪ੍ਰਥਮ ਕੋ ਮੇਲ।
ਜੋ ਨਿਸ਼ਪਾਪ ਮਦਨ ਕੋ ਕੇਲ।
ਸਿੱਖੀ ਸਿਦਕ ਰਾਖਿਬੇ ਹੇਤੁ।
ਚਲਯੋ ਤੁਰਤ ਸਭਿ ਤਜਯੋ ਨਿਕੇਤ[1]- ॥੪੧॥

[1]ਭਾਵ ੬ ਬਰਸਾਂ ਦੀ ਜਵਾਨ ਇਸਤ੍ਰੀ ਜੋ ਲੋਕ ਸ਼ਾਸਤ੍ਰ ਤੇ ਧਰਮ ਮੂਜਬ ਮੈਨੂੰ ਵਿਹਤ ਸੀ, ਐਸੀ ਇਸਤ੍ਰੀ ਨਾਲ ਪਹਿਲਾ ਮਿਲਾਪ ਜੋ ਕਿ ਨਿਸ਼ਪਾਪ ਭੋਗ ਸੀ ਉਹ ਤਾਂ ਮੈਂ ਸਿੱਖੀ ਸਿਦਕ ਰੱਖਣੇ ਦੀ ਖਾਤਰ ਘਰ ਛਡਕੇ ਟੁਰ ਆਇਆ ਹਾਂ (ਤੇ ਇਥੇ ਕਿਸ ਗਲ ਤੇ ਮੈਂ ਧਰਮ ਹਾਰਨ ਲੱਗਾ ਸਾਂ)।

ਇਮ ਪਛਤਾਇ ਜ਼ੀਨ ਹਯ ਪਾਇ।
ਚਢਿ ਅਨੰਦਪੁਰਿ ਕੀ ਦਿਸ਼ਿ ਧਾਇ।
ਮਾਰਗ ਲੰਘਿ ਸਤੱਦ੍ਰਵ ਤਰਯੋ।
ਆਨਿ ਗੁਰੂ ਕੇ ਪੁਰਿ ਮਹਿਂ ਬਰਯੋ ॥੪੨॥

ਹਯ ਲੰਘਾਇ ਕਰਿ ਤੁਰਨ ਗਯੋ।
ਜਗਤਨਾਥ ਤਬਿ ਦੇਖਤਿ ਭਯੋ।
ਸਮੁਖ ਹੋਇ ਕਰਿ ਬੰਦਨ ਠਾਨੀ।

ਸਤਿਗੁਰ ਸਿਖ ਕੌ ਪਿਖਿ ਕਹਿ ਬਾਨੀ
॥੪੩॥
'ਜੋਗਾ ਸਿੰਘ ਸਦਨ ਤੇ ਆਯੋ।
ਪਿਖਹੁ ਮਹਾਂ ਉਰ ਸਿਦਕ ਕਮਾਯੋ।'
ਇਮ ਕਹਿ ਕਰਿ ਬਿਗਸੇ ਮੰਦ ਮੰਦ।
ਬਾਰਿ ਬਾਰਿ ਪੁਨ ਭਨੈਂ ਮੁਕੰਦ ॥੪੪॥
ਹਸਤ ਬਹੁਤ ਅਰੁ ਕਹੈਂ ਸੁ ਬੈਨ।
ਕ੍ਰਿਪਾ ਰਸੀਲੇ ਕਰਿ ਕਰਿ ਨੈਨ।
ਹਸਹਿਂ ਬਿਲਾਸ ਕਰਹਿਂ ਬਹੁਤੇਰੇ।
ਨਿਕਟ ਸਿੰਘ ਗਨ ਗੁਰ ਕੇ ਹੇਰੇ ॥੪੫॥
ਹਾਥ ਜੋਰਿ ਕੀਨਸਿ ਅਰਦਾਸ[1]। [1]ਭਾਵ ਸਿੱਖਾਂ ਨੇ।
'ਸ਼੍ਰੀ ਪ੍ਰਭੁ ਰਾਵਰ ਕੇਰ ਬਿਲਾਸ।
ਜਾਨਹੁ ਆਪ ਨ ਹਮ ਕੁਛ ਜਾਨਾ।
ਹਸਨ ਹੇਤੁ ਕਜਾ ਕਰਹੁ ਬਖਾਨਾ' ॥੪੬॥
ਤਬਿ ਗੁਰ ਕਹਜੋ 'ਬੂਝ ਲਿਹੁ ਇਸ ਕੋ।
ਬ੍ਰਿਥਾ ਆਪਨੀ ਕਹਿ ਸਭਿ ਕਿਸ ਕੋ[1]। [1]ਸਭ ਕਿਸੇ ਨੂੰ।
ਜਿਮ ਬੀਤੀ ਗਤਿ ਇਸ ਕੇ ਸਾਥ।
ਜਿਮ ਰਾਖਜੋ ਪ੍ਰਭੁ ਦੇ ਕਰਿ ਹਾਥ' ॥੪੭॥
ਜੋਗਾ ਸਿੰਘ ਲਖੀ ਗਤਿ ਸੋਏ।
-ਮਮ ਹਿਤ ਚੋਬਦਾਰ ਗੁਰ ਹੋਏ-।
ਸਮੁਝਿ ਬਾਰਤਾ ਚਰਨੀ ਪਰਜੋ।
'ਧੰਨ ਪ੍ਰਭੁ ਦੇ ਹਾਥ ਉਬਰਜੋ ॥੪੮॥
ਆਪ ਸਮਾਨ ਨ ਅਪਰ ਕ੍ਰਿਪਾਲਾ।
ਸਦਾ ਦਾਸ ਕੇ ਬਨਿ ਰਖਵਾਲਾ।
ਤਜਹੁ ਜਿਠਾਈ ਸਿਖ ਕੇ ਕਾਰਨ[1]। [1]ਸਿੱਖਾਂ ਵਾਸਤੇ ਆਪਣੀ ਵਡਿਆਈ ਬੀ ਛੱਡਦੇ ਹੋ ਤੇ।
ਜਜੋਂ ਕਜੋਂ ਕਰਿਹੌਂ ਦਾਸ ਉਧਾਰਨਿ
॥੪੯॥
ਨਈ ਨ ਕਰਹੁ ਸਦਾ ਬਨਿ ਆਯਾ।
ਨਾਮਦੇਵ ਕੋ ਛਾਪਰ ਛਾਯਾ।
ਧੰਨੇ ਕੇ ਬਛੁਰੇ ਗਨ ਚਾਰੇ।
ਹਿਤ ਕਬੀਰ ਕੇ ਬਨ ਬਨਜਾਰੇ[1] ॥੫੦॥ [1]ਵਣਜਾਰੇ ਬਣੇ ਸਾਓ।
ਤਿਮ ਹੀ ਮਮ ਹਿਤ ਭੇ ਚੁਬਦਾਰਾ।

ਸੇਵਕ ਰਾਖਯੋ ਬਿਰਦ ਸੰਭਾਰਾ।
ਮੇਰੋ ਕਹਯੋ[1] ਕਹਾਂ ਛਬਿ ਦੈ ਹੈ। [1]ਮੇਰੇ (ਬਚਨ) ਕਹਿਆਂ।
ਆਪ ਸੁਨਾਵਹੁ ਸਭਿ ਸੁਨਿ ਲੈ ਹੈਂ' ॥੫੧॥
ਜੋਗਾ ਸਿੰਘ ਤੇ ਸੁਨਿ ਕਰਿ ਬ੍ਰਿੰਦ।
ਕਹੈ ਖਾਲਸਾ 'ਕਹੋ ਮੁਕੰਦ।'
ਤਬਿ ਕਲਗ਼ੀਧਰ ਸਕਲ ਸੁਨਾਈ।
'ਤਜਿ ਫੇਰੇ ਮਮ ਆਇਸੁ ਪਾਈ[1] ॥੫੨॥ [1]ਸਾਡਾ ਹੁਕਮ ਪਾਕੇ ਲਾਵਾਂ ਛਡੀਆਂ।
ਪੁਰਿ ਹੁਸ਼ੀਆਰ ਆਇ ਕਰਿ ਡੇਰਾ।
ਬਿਰਮਜੋ ਬਾਰਬਧੂ ਪੁਨ ਹੇਰਾ[1]। [1]ਵੇਸ਼ਵਾ ਨੂੰ ਦੇਖ ਕੇ।
ਜੇ ਮੈਂ ਨਹੀ ਬਚਾਵੌਂ ਤਹਾਂ।
ਆਗਜਾਕਾਰੀ ਗੁਰ ਸਿਖ ਮਹਾਂ ॥੫੩॥
ਬਿਗਰੈ ਧਰਮ, ਨਰਕ ਮਹਿਂ ਜੈ ਹੈ।
ਮੁਝ ਗੁਰ ਕਰੇ ਕਹਾਂ ਫਲ ਪੈ ਹੈ।
ਯਾ ਸਮ ਸਿਖ ਆਇਸੁ ਅਨੁਸਾਰੀ।
ਜੇ ਕਰਿ ਭੂਲ ਜਾਇ ਇਕ ਬਾਰੀ ॥੫੪॥
ਤੌ ਗੁਰ ਤਿਸ ਕੌ ਲੇਤਿ ਬਚਾਇ।
ਕਿਸੂ ਬਿਪਦ ਮਹਿਂ ਜੇ ਪਰ ਜਾਇ।
ਇਸ ਕੇ ਸਮ ਸਿਖ, ਗੁਰ ਸਮ ਮੋਹਿ।
ਕਯੋਂ ਨ ਊਚ ਪਦ ਪ੍ਰਾਪਤਿ ਹੋਹਿ' ॥੫੫॥
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਤੇ ਹੇਰਾ।
ਗਯਾਨਵਾਨ ਸਿਖ ਕਰਿ ਤਿਸ ਬੇਰਾ।
ਘਰ ਕੋ ਪਠਯੋ, ਗਯੋ ਤਤਕਾਲਾ।
'ਕਰਹੁ ਗ੍ਰਿਹਸਤ ਕੀ ਰੀਤਿ ਬਿਸਾਲਾ' ॥੫੬॥
ਕਿਤਿਕ ਸਮੈਂ ਬਸਿ ਆਯੋ ਫੇਰ।
ਰਹਯੋ ਸਮੀਪੀ ਦਰਸ਼ਨ ਹੇਰਿ।
ਅੰਤ ਸਮੈਂ ਊਚੋ ਪਦਿ ਪਾਯੋ।
ਚਰਨ ਕਮਲ ਗੁਰ ਕੇਰ ਸਮਾਯੋ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਿਖ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਗਊ ਦੀ ਆਣ ਤੇ ਆਨੰਦ ਪੁਰ ਛੱਡਣਾ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਕੇਤਿਕ ਦਜੋਸ ਬਿਤਾਇ।
ਕਰੇ ਪਰਾਜੈ ਗਿਰਪਤੀ, ਬਿਜੈ ਸੁਜਸੁ ਬਹੁ ਪਾਇ ॥੧॥

ਕਬਿੱਤ:

ਦੇਸ਼ਨ ਬਿਦੇਸ਼ ਮੈਂ ਵਿਸ਼ੇਸ਼ ਜਸੁ ਫੈਲ ਰਹਜੋ,
'ਗੁਰੂ ਕੇ ਮਨਿੰਦ ਨਹੀਂ ਸੂਰਮਾ ਜਹਾਨ ਮੈਂ।
ਸੈਲਨ ਕੋ ਬਲ ਸਾਰੋ, ਤੀਨ ਲੱਛ ਸੈਨ ਜੋਰਿ,
ਘਾਲਜੋ ਜ਼ੋਰ ਘੋਰ, ਨਹਿਂ ਆਵਤਿ ਬਖਾਨ ਮੈਂ[1]।
ਕੇਤੇ ਮਾਰਿ ਲੀਨਿ ਭਟ, ਘਾਇਲ ਬਿਸਾਲ ਕੀਨਿ,
ਹਾਰੇ ਹੀਨ ਹ੍ਵੈ ਕੈ ਗਏ[1] ਆਪਨੇ ਸਥਾਨ ਮੈਂ।
ਪ੍ਰਭੂ ਜੀ ਦੀਵਾਨ ਮੈਂ, ਕਮਾਨ ਬਾਨ ਪਾਨ ਮੈਂ,
ਬਿਰਾਜੈਂ ਗੁਨ ਗਜਾਨ ਮੈਂ ਕਿ ਦਾਨ ਸਨਮਾਨ ਮੈਂ' ॥੨॥
ਜਹਾਂ ਕਹਾਂ ਫੈਲਜੋ ਜਸੁ ਚਾਂਦਨੀ ਬਿਤਾਨ ਮਾਨੋ[1],
ਸਭਿ ਪਰ ਛਾਯੋ ਜੈਸੇ ਛੱਤ੍ਰ ਸੇਤ[1] ਸੀਸ ਪਰ[2]।
ਹੀਰਾ ਸੋਂ ਪ੍ਰਕਾਸ਼ ਰਹਜੋ, ਸੁਧਾ ਸਮ ਚਾਹੈ, ਸ਼ੰਭੁ,
ਚੌਰ ਸਮ ਝੁਲੈ ਸਮੁਦਾਇ ਅਵਨੀਸ਼ ਪਰ।
ਬੀਚ ਸਤਿ ਸੰਗਤਿ ਕੇ ਹੰਸਨ ਕੀ ਪੰਗਤ ਜਜੋਂ
ਫੂਲ ਰਹੀ ਮਾਲਤੀ ਸੁ ਦੇਸ਼ ਬੀਚ ਘਰ ਘਰ।
ਸਿੰਘ ਜਹਿ ਸੁਨਹਿ, ਬਿਰਮਾਇ ਰਹੈਂ ਮਨ[1]

[1]ਕਹਿਆ ਨਹੀਂ ਜਾਂਦਾ।

[1]ਪਹਾੜੀਏ) ਗਏ।

[1]ਚਾਂਦਨੀ ਦੇ ਚੰਦੋਏ ਵਾਂਗ।

[1]ਚਿਟਾ ਛੱਤਰ। [2]ਉਹ ਜਸ) ਹੀਰੇ ਵਾਂਗ ਪ੍ਰਕਾਸ਼ ਰਿਹਾ ਹੈ, ਸ਼ਿਵ ਜੀ (ਉਸ ਜਸ ਨੂੰ) ਅੰਮ੍ਰਿਤ ਵਾਂਙੂ ਚਾਹ ਰਹੇ ਹਨ, ਸਾਰੀ ਧਰਤੀ ਦੇ ਰਾਜਿਆਂ ਪਰ ਝੁਲ ਰਿਹਾ ਹੈ ਚੌਰ ਵਾਂਙੂ। [ਹੀਰਾ, ਅੰਮ੍ਰਿਤ, ਸ਼ਿਵ, ਚੌਰ ਸਾਰੇ ਚਿੱਟੇ ਹਨ ਤੇ ਜਸ ਨਾਲ ਉਪਮਾਂ ਦੇਈਦੀ ਹੈ ਇਨ੍ਹਾਂ ਦੀ]।

[1]ਲੁਭਿਤ ਹੋ ਰਹੇ ਹਨ ਮਨ। †ਪਾ:-ਜਬੈ।

ਸਬੈ†

ਜੈਸੇ ਹ੍ਵੈ ਚਕੋਰ ਗਨ, ਲੋਭੈਂ ਰਜਨੀਸ਼ ਪਰ[1] ॥੩॥

[1]ਚੰਦ ਤੇ।

ਸੁਨਤਿ ਗਿਰੀਸ਼ ਕੈ ਗਿਰੀਸ਼ਨ ਕੇ ਨਰ ਗਨ[1]

[1]ਪਹਾੜੀ ਰਾਜੇ ਯਾ ਪਹਾੜੀ ਰਾਜਿਆਂ ਦੇ ਲੋਗ ਸੁਣਕੇ।

ਸਹਿ ਨ ਸਕਤਿ ਮਨ ਮੂਢ ਜਰ ਬਰ ਜਾਤਿ।

ਸ਼ੋਕ ਫੈਲਯੋ ਸੈਲਨ ਮਹਿਂ ਸੂਰਮੇ ਮਰੇ ਹੈਂ ਬਹੁ,

ਸੰਕਟ ਪਰਯੋ ਹੈ ਸਭਿ ਦੇਸ਼ ਭੇ ਬਿਸ਼ੇਸ਼ ਘਾਤ[1]।

[1]ਨਾਸ਼ ਹੋਏ।

ਭੀਮਚੰਦ ਮੰਦ[1] ਦੁਖ ਪਾਇ ਕੈ ਪਠਾਏ ਨਰ

[1]ਨੀਚ।

ਜੇਤਿਕ ਨਰਿੰਦ ਪਰਬਤ ਕੇ ਬਿਲੰਦ ਪਾਤਿ[1]।

[1]ਜਿਤਨੇ ਪਹਾੜਾਂ ਦੇ ਵਡੇ ਰਾਜੇ ਸਨ (ਤਿਨ੍ਹਾਂ ਪਾਸ) ਪੱਤ੍ਰ ਦੇਕੇ।

ਘਾਯਲਨ ਘਾਵ ਮਿਲੇ ਘੋਰ ਜੇ ਘਮੰਡਚੰਦ[1],

[1]ਘਮੰਡ ਚੰਦ ਵਰਗੇ ਘੋਰ ਘਾਇਲਾਂ ਦੇ ਘਾਉ ਮਿਲ ਗਏ ਸਨ।

ਆਯੋ ਸੋ ਹੰਡੂਰੀਆ ਹੰਕਾਰ ਰਜਪੂਤ ਜਾਤਿ[1] ॥੪॥

[1]ਉਹ ਹੰਡੂਰੀਆ (ਘ: ਚੰਦ) ਰਜਪੂਤ ਜਾਤ ਦਾ ਹੰਕਾਰੀ ਆਇਆ।

ਲਲਿਤਪਦ ਛੰਦੁ:

ਬੀਰ ਸਿੰਘ ਜਸਪਾਲੀ ਆਨੁਜ[1]
ਪੁਨ ਮੰਡਸਪਤਿ ਆਯੋ।

[1]ਜਸਪਾਲੀਏ ਬੀਰ ਸਿੰਘ ਦਾ ਛੋਟਾ ਭਰਾ। [ਸੰਸ:, ਅਨੁਜ = ਛੋਟਾ ਭਿਰਾਉ]। (ਅ) ਆਨੁਜ = ਆਏ।

ਸਿਵਰ ਕਰੇ[1] ਕਹਿਲੂਰ ਦੂਨ ਮਹਿਂ
ਬਹੁ ਸਨਮਾਨ ਕਰਾਯੋ ॥੫॥

[1]ਡੇਰਾ ਕੀਤਾ।

ਅਗਲੇ ਦਯੋਸ ਸਭਾ ਕਰਿ ਇਕਠੇ
ਲੈ ਲੈ ਨਿਜ ਪਰਧਾਨਾ।
ਖੜਗ, ਸਿਪਰ, ਤਰਕਸ਼, ਧਨੁ ਧਰਿ ਕਰਿ
ਚਮੂੰ ਸੁਭਟ ਸੰਗ ਬਾਨਾ[1] ॥੬॥

[1]ਤੀਰ। (ਅ) ਬਾਣੇ, ਵਰਦੀਆਂ।

ਫਰਸ਼ ਬਿਸਾਲਹਿ ਗਿਲਮ ਗਲੀਚੇ
ਹੇਮ ਛਰੀਧਰ ਆਗੇ।
ਬੈਠਯੋ ਭੀਮਚੰਦ ਸਨਮਾਨਤਿ
ਕਹੈਂ ਮਧੁਰਤਾ ਪਾਗੇ ॥੭॥
'ਰਹਯੋ ਅਨੰਦਪੁਰਿ ਸੱਲਜ ਸੁ ਛਾਤੀ

ਕਰਕਤਿ ਬਹੁ ਦੁਖ ਦਾਨੀ।
ਨਹੀਂ ਜਾਮਨੀ ਲੋਚਨ ਨਿੰਦ੍ਰਾ
ਰੁਚੈ ਨ ਭੋਜਨ ਪਾਨੀ ॥ ੮ ॥
ਮਰੇ ਸੰਬੰਧੀ ਕਾਜ ਸਰ੍ਯੋ ਨਹਿਂ
ਧਨ ਬਹੁ ਖਰਚ ਹੰਗਾਮੇ[1]।
ਚਮੂੰ ਹਤੀ ਆਧੀ ਨਹਿਂ ਰਹਿ ਗਈ
ਸਭਿ ਪਹੁੰਚੇ ਜਮਧਾਮੇਂ ॥ ੯ ॥
ਬੋਲ੍ਯੋ ਤਬਿ ਘਮੰਡ ਚੰਦ ਸਭਿ ਮੈਂ
'ਪੰਮਾ ਤੋਹਿ ਪ੍ਰਧਾਨਾ।
ਚਲਨਿ ਲਗੇ ਜਬਿ ਆਨੰਦਪੁਰਿ ਤੇ
ਤਿਨ ਤਬਿ ਕੀਨਿ ਬਖਾਨਾ ॥ ੧੦ ॥
-ਜਤਨ ਅਨੰਦਪੁਰਿ ਕੋ ਛੁਟਵਾਵਨਿ
ਮੈਂ ਜਾਨਤਿ ਹੌਂ ਆਛੇ-।
ਅਬਿ ਕ੍ਯੋਂ ਮੋਨ ਸਭਾ ਮਹਿਂ ਬੈਠ੍ਯੋ
ਕਰਹਿ ਕਹਾਂ ਮਤਿ ਪਾਛੇ[1] ॥ ੧੧ ॥
ਕਹਹਿ ਮੰਤ੍ਰ[1] ਸਭਿ ਸੁਨਹੁ ਬਿਚਾਰਹੁ
ਉਚਿਤ ਹੋਇ ਕਰਿ ਲੀਜੈ।
ਜ੍ਯੋਂ ਕ੍ਯੋਂ ਕਰਿ ਸਤਿਗੁਰੂ ਨਿਕਾਰਹੁ
ਸਭਿ ਕੀ ਆਸ ਪੁਰੀਜੈ ॥ ੧੨ ॥
ਬਿਨਾ ਲਰਨ ਤੇ ਨਿਕਸੈ ਜੈਸੇ
ਸੋ ਉਪਾਇ ਹੈ ਨੀਕਾ।
ਜੰਗ ਕਰੈ ਤੇ ਸਰੈ ਨ ਕਾਰਜ
ਪਰੈ ਸੁਜਸੁ ਨਿਤ ਫੀਕਾ ॥ ੧੩ ॥
ਜਿਤੀ ਚਮੂੰ ਤੁਮ ਅੱਗ੍ਰ ਬਟੋਰੀ
ਤਿਤੀ ਨ ਅਬਿ ਕਿਮ ਹੋਵੈ।
ਕਾਤਰ ਭਏ ਨ ਮੁਖ ਉਤ ਕਰਤੇ
ਮ੍ਰਿਤਕ ਹਜ਼ਾਰਹੁਂ ਸੋਵੈਂ ॥ ੧੪ ॥
ਸੁਨਿ ਪੰਮੇ ਸਭਿ ਬਿਖੈ ਬਖਾਨੀ
'ਗੁਰੂ ਧਰਮ ਦਿਢ ਧਾਰੀ।
ਹਿੰਦੁਨਿ ਬਿਖੈ ਧੇਨੁ ਕੈ ਦਿਜਬਰ
ਇਸ ਤੇ ਪਰੈ ਨ ਭਾਰੀ[1] ॥ ੧੫ ॥
ਦੇਹਿ ਗਊ ਕੀ ਆਨ[1] ਅਨੰਦਪੁਰਿ

[1]ਜੰਗ ਵਿਚ।

[1]ਇਸ ਦੀ ਅਕਲ ਪਿਛੋਂ ਕੀ ਕਰੇਗੀ।

[1]ਜੋ) ਇਹ ਸਲਾਹ ਦੱਸੇ।

[1]ਇਸ ਤੋਂ ਪਰੇ ਕੋਈ ਸ਼ੈ ਭਾਰੀ ਨਹੀਂ।

[1]ਸੌਂਹ।

ਤਜਾਗਹੁ ਇਤ ਕੋ ਬਾਸਾ।
ਅਪਰ ਥਾਨ ਮਹਿਂ ਥਿਰ ਹ੍ਵੈ ਰਹੀਐ
ਮਿਟੇ ਬਾਦ ਕੋ ਤ੍ਰਾਸਾ[1]" ॥੧੬॥

[1]ਜੰਗ ਦਾ ਡਰ।

ਕੇਤਿਕ ਸੁਨਿ ਕਰਿ ਕਹੈਂ 'ਨ ਨੀਕੀ,
ਮਹਾਂ ਦੀਨਤਾ ਧਾਰੀ।
ਰਾਜੇ ਹੋਇ ਰੰਕਤਾ ਠਾਨਹੁ
ਨਿਰਬਲ ਨਿਰਧਨ ਕਾਰੀ[1] ॥੧੭॥

[1]ਨਿਰਧਨਾਂ ਵਾਂਙ ਕਾਰ (ਕਰਦੇ ਹੋ)।

ਆਗੇ ਜਸੁ ਕੋ ਚੰਦ ਚੜਾਯਹੁ[1]
ਮਾਰ ਖਾਇ ਹਟਿ ਆਏ।
ਅਬਿ ਪੰਮੇ ਕੀ ਮਤਿ ਕੋ ਲੈ ਕੇ
ਲੇਹੁ ਪਰਮਪਦ ਪਾਏ' ॥੧੮॥

[1]ਭਾਵ ਕਲੰਕ ਲਾਇਆ ਨੇ।

ਕੇਤਿਕ ਕਹੈਂ 'ਭਲੀ ਇਹ ਠਾਨਹੁ
ਮਿਟੇ ਮਰਨ ਕੋ ਤ੍ਰਾਸਾ।
ਹਟਹਿ ਜੰਗ ਨਿਤ ਪਰਤਿ ਬਖੇਰਾ
ਸੁਭਟਨਿ ਕੇਰ ਬਿਨਾਸ਼ਾ ॥੧੯॥
ਹੀਨ ਭਏ ਤੇ ਕਜਾ ਘਟਿ ਜੈ ਹੈ
ਮਿਟੈ ਉਪਾਧਿ ਸਦਾ ਕੀ।
ਪੰਮੇ ਸ਼ੁਭ ਮਤਿ ਕਰੀ ਬਿਚਾਰਨ
ਰਹੈ ਨ ਕਾਰਜ ਬਾਕੀ' ॥੨੦॥
ਭੀਮਚੰਦ ਤੇ ਆਦਿ ਗਿਰੇਸ਼੍ਵਰ ਕਹਤੇ
'ਆਜ ਨਿਸ ਮਾਂਹੀ।
ਕਰਿ ਹੇਰਹੁ ਜੇ ਸਿਧ ਹੁਇ ਕਾਰਜ
ਆਨੰਦਪੁਰਿ ਛੁਟ ਜਾਂਹੀ ॥੨੧॥
ਸਭਿ ਜਹਾਨ ਜਾਨਹਿਂ ਜਸੁ ਕਰਿ ਹੈ
ਪੁਰਿ ਤੇ ਗੁਰੂ ਨਿਕਾਸਾ।
ਧੇਨ ਆਨਿ ਕੋ ਕੋ ਕੋ ਜਾਨਹਿਂ
ਲਖਹਿਂ ਕਿ ਪਾਯੋ ਤ੍ਰਾਸਾ[1]" ॥੨੨॥

[1]ਗਊ ਦੀ ਆਨ ਤਾਂ ਕੋਈ ਕੋਈ ਹੀ ਸਮਝੂ (ਸਾਰੇ) ਇਹ ਸਮਝਣਗੇ ਕਿ (ਗੁਰੂ) ਡਰ ਗਿਆ ਹੈ।

ਇਮ ਮਸਲਤ ਕਰਿ ਉਠੇ ਸਕਲ ਹੀ
ਪੰਮੇ ਉੱਦਮ ਲੀਨਾ।
ਸੁੰਦਰ ਰਚੀ ਚੂਨ ਕੀ ਧੇਨੁ[1],
ਚਾਰ ਚਰਨ ਤਿਹ ਕੀਨਾ ॥੨੩॥

[1]ਆਟੇ ਦੀ ਗਊ ਬਣਾਈ।

ਕਾਨ, ਬਿਖਾਨ[1], ਪੂੰਛ ਔ ਪ੍ਰਿਸ਼ਟੀ
ਸਗਰੇ ਅੰਗ ਬਨਾਏ।
ਤਿਮਰ ਸਮੇਤ ਰਾਤਿ ਜਬਿ ਹੋਈ
ਸੀਸ ਉਠਾਇ ਸਿਧਾਏ ॥੨੪॥

[1]ਸਿੰਗ।

ਆਨਿ ਅਨੰਦਪੁਰਿ ਦ੍ਵਾਰ ਹੁਤੋ ਜਹਿਂ
ਗੋਮੈ ਲਿੰਪ ਸਥਾਨਾ[1]।
ਖਰੀ ਕਰੀ[1] ਬਿਧਿ ਖਰੀ ਤਹਾਂ ਤਬਿ
ਡੋਰੀ ਗਰ ਬੰਧਾਨਾ ॥੨੫॥

[1]ਗੋਹੇ ਨਾਲ ਥਾਉਂ ਲਿੰਬ ਕੇ ਪੋਚਕੇ।

[1]ਖੜੀ ਕੀਤੀ।

ਪੂਰਜੋ ਚੌਂਕ ਧਰੇ ਕੁੱਛ ਅੱਛਤ[1]
ਕੇਸਰ ਚੰਦਨ ਮਾਲਾ।
ਅਰਚਨ[1] ਚਰਚਨ ਕਰਿ ਕੈ[2] ਸਭਿ ਬਿਧਿ
ਪੰਮਾ ਕੂਰ ਕੁਚਾਲਾ ॥੨੬॥

[1]ਚਾਵਲ।

[1]ਪੂਜਨ। [2]ਛਿੜਕਨਾ ਕਰਕੇ।

ਲਿਖਜੋ ਪੱਤ੍ਰ ਪਰ 'ਆਨ ਗਊ ਕੀ
ਤਜਾਗ ਅਨੰਦਪੁਰਿ ਜਾਵਹੁ।
ਰਾਜਨ ਕੋ ਅਰਮਾਨ[†] ਰਹੈ ਜਗ
ਨਿਕਟ ਬਸਹੁ ਸੁਖ ਪਾਵਹੁ[1] ॥੨੭॥

[†]ਪਾ:-ਅਰਮਾਨ।

[1]ਤੁਸੀਂ ਸੁਖ ਪਾਉਂਦੇ ਕੋਲੇ ਵਸਦੇ ਹੋ ਰਾਜਿਆਂ ਨੂੰ ਇਹ ਜਗਤ ਵਿਚ ਅਰਮਾਨ ਰਹਿੰਦਾ ਹੈ।

ਏਕ ਬਾਰ ਤਜਿ ਕਿਤਿਕ ਸਮੋ ਮਹਿਂ
ਬਹੁਰ ਬਸਹੁ ਪੁਰਿ ਆਈ।'
ਇਮ ਲਿਖਿ ਕਰਿ ਕਾਗਦ ਢਿਗ ਰਖਿ ਕਰਿ
ਬਨਿ ਤਸਕਰ ਡਰਪਾਈ[1] ॥੨੮॥

[1]ਕਾਗਦ ਕੋਲ ਰੱਖਕੇ ਚੋਰ ਬਣਕੇ ਡਰਦੇ ਮਾਰੇ....।

ਗਏ ਅਪਨਿ ਘਰ ਰਾਤਿ ਅੰਧੇਰੀ,
ਹੇਰਜੋ ਕਿਨਹੁ ਨ ਜਾਨਾ।
ਸੁਪਤਿ ਰਹੇ ਨਰ ਘਰ ਘਰ ਅਪਨੇ
ਭਈ ਪ੍ਰਾਤਿ ਤਮ ਹਾਨਾ ॥੨੯॥
ਗਏ ਦ੍ਵਾਰ ਜਬਿ ਕਰਜੋ ਬਿਲੋਕਨਿ
'ਇਹ ਕਜਾ ਕਿਸ ਨੇ ਕੀਨਾ?'
ਇਕ ਦੋਇ ਤ੍ਰੈ ਚੌਥੇ ਪਿਖਿ ਪੰਚਮ
ਬਿਕਸੇ ਕਛੁ ਨ ਚੀਨਾ ॥੩੦॥
ਸ੍ਰੀ ਕਲਗ਼ੀਧਰ ਨਿਕਟ ਗਏ ਤਬਿ
ਦੌਰਤਿ ਜਾਇ ਬਤਾਈ।

'ਪ੍ਰਭੁ ਜੀ! ਪੁਰਿ ਕੇ ਪੌਰ ਅੱਗ੍ਰ ਕੀ
ਕਿੰਨ ਇਹ ਬਨਤ ਬਨਾਈ ॥੩੧॥
ਕਾਗਦ ਧਰਜੋ ਨ ਹਮ ਕਰ ਛੁਵਜੋ,
ਚਹਹੁ ਜਿ ਲਿਹੁ ਮੰਗਵਾਈ।
ਧੇਨੁ ਚੂਨ ਕੀ ਲਿੰਪ ਧਰੀ ਧਰਿ
ਕਛੁ ਨ ਜਾਨਜੋਂ ਜਾਈ' ॥੩੨॥
ਸੁਨਿ ਪ੍ਰਭੁ ਦਾਸ ਪਠਜੋ ਪੁਰਿ ਪੌਰਹਿ
ਜਾਇ ਤਬਹਿ ਲੇ ਆਵਾ।
ਕਾਗਦ ਤਬਹਿ ਪੜ੍ਹਾਵਨਿ ਕੀਨਾ
ਜਬਿ ਲਿਖਿਓ ਸੁਨਿ ਪਾਵਾ ॥੩੩॥
ਆਨ ਗਊ ਕੀ ਸਹਿ ਨ ਸਕਹਿਂ ਪ੍ਰਭੁ
ਤਤਛਿਨ ਕੀਨਸਿ ਤਜਾਰੀ।
ਕੂਚ ਕਰਨ ਕੋ ਬਜਜੋ ਦਮਾਮਾ
ਸਭਿ ਕੇ ਸ਼੍ਰੁਤ[1] ਧੁਨਿ ਡਾਰੀ ॥੩੪॥
ਗਜ ਬਾਜਨਿ ਪਰ ਜ਼ੀਨ ਪਵਾਏ
ਕਰਜੋ ਤਜਾਰ ਸਰਬੰਸਾ।
ਉਦੇ ਸਿੰਘ ਅਰੁ ਆਦਿ ਦਯਾ ਸਿੰਘ
ਮਿਲੇ ਬ੍ਰਿੰਦ ਜਿਮ ਹੰਸਾ ॥੩੫॥
ਚਰਨ ਸਰੋਜਨ ਪਰ ਕਰਿ ਬੰਦਨ
ਹਾਥ ਬੰਦ ਕਰਿ ਭਾਖਾ।
'ਪ੍ਰਭੁ ਜੀ! ਕਿਮ ਤਜਾਰੀ ਕਰਿਵਾਈ
ਤਹਾਂ ਚਲਨ ਅਭਿਲਾਖਾ? ॥੩੬॥
ਕਾਚੀ ਮਤਿ ਕੇ ਕੁਮਤ ਪਹਾਰੀ
ਤਿਨਹੁੰ ਪ੍ਰਪੰਚ ਪਸਾਰਾ।
ਅਪਜਸ ਜਗ ਮੈਂ ਲੱਜਿਤਿ ਖਿਝਿਐ
ਤੁਮ ਕੋ ਚਹਤਿ ਨਿਕਾਰਾ ॥੩੭॥
ਪਾਪ ਪੁੰਨ, ਦੁਖ ਸੁਖ ਇਹੁ ਦੁੰਦ ਜੁ,
ਹਰਖ ਸੋਗ ਨਹਿਂ ਦੋਊ।
ਗੁਰੂ ਪੁਰਖ ਕੋ ਤਿਹ ਥਲ ਬਾਸਾ
ਜਹਾਂ ਨ ਪਹੁੰਚੈ ਕੋਊ ॥੩੮॥
ਇਮ ਸ਼ੱਤ੍ਰੂ ਕੀ ਸਪਥ ਦਏ ਤੇ
ਉਚਿਤ ਨ ਕਿਤਹੂੰ ਜਾਨਾ।

[1]ਕੰਨੀਂ।

ਦੋਖੀ ਤੁਮਰੇ ਪਾਪ ਮਤੀ ਨਿਤ
ਪੈ ਹੈਂ ਫਲ ਹੁਇੰ ਹਾਨਾ ॥੩੯॥
ਸਪਥ ਦੋਸ਼[1] ਤੁਮ ਲਗਹਿ ਨ ਕੋਊ
ਨਹਿਂ ਤਜੀਅਹਿ ਪੁਰਿ ਧਾਮਾ।
ਪੀਛੈ ਪ੍ਰਬਲ ਹੋਇ ਰਿਪੁ ਪਰਿ ਕੈ
ਲਾਖਹੁੰ ਸੰਘਰ ਕਾਮਾ[1]' ॥੪੦॥
ਸੁਨਿ ਕਲਗ਼ੀਧਰ ਸਭਿ ਸਨ ਭਾਖਯੋ
'ਕਹੋ ਜਥਾਰਥ ਬਾਤੀ।
ਤਊ ਬਿਚਾਰਹੁ ਲਾਖਹੁੰ ਸ਼ੱਤ੍ਰੂ
ਹਾਰਿ ਪਰੇ ਸਭਿ ਭਾਂਤੀ ॥੪੧॥
ਤਜੈਂ ਸ਼ਸਤ੍ਰ ਖਗ ਤੋਪ ਤੁਪਕ ਸਰ
ਭਏ ਦੀਨ ਘਿਘਿਆਏ।
ਅਪਰ ਉਪਾਇ ਬਨਯੋਂ ਨਹਿਂ ਕੋਊ
ਬਲ ਕੋ ਤਜਿ ਸਮੁਦਾਏ ॥੪੨॥
ਹੋਇ ਰੰਕ ਸਮ ਦਈ ਸਪਥ ਗੋ,
ਹੈਫ਼[1] ਜੁ ਰਾਜ ਸਮਾਜਾ।
ਮਮ ਜੈਸੇ ਛੱਤ੍ਰੀ[1] ਨਾ ਮਾਨਹਿਂ
ਤੌ ਭੀ ਨੀਕ ਨ ਕਾਜਾ ॥੪੩॥
ਬਲ ਤੇ ਚਹਯੋ ਅਨੰਦਪੁਰਿ ਲੈਬੇ
ਚਲਯੋ ਨ ਬਸ ਕਿਸਿ ਭਾਂਤੀ।
ਅਬਿ ਨਿਰਬਲਤਾ ਧਰਿ ਅਭਿਲਾਖੇ
ਸਭਿ ਸੈਲਪ ਬਲਿ ਸ਼ਾਂਤੀ[1] ॥੪੪॥
ਜੇ ਹਮ ਧੇਨੁ ਸਪਥ ਨਹਿਂ ਮਾਨੈ
ਆਨ ਕੌਨ ਤਬਿ ਮਾਨੇ।
ਦਯਾਸਿੰਘ ! ਚਿਤ ਸਮੁਝਿ ਬਿਚਾਰਹੁ
ਰਿਪੁ ਜੀਵਤਿ ਹਤਿ ਜਾਨੇ[1] ॥੪੫॥
ਰਾਜਨ ਕੋ ਜੀਵਨ ਅਬਿ ਧ੍ਰਿਗ ਹੈ
ਸ਼ਸਤ੍ਰ ਗਹਿਨ ਧ੍ਰਿਗ ਹੋਈ।
ਹਮਰੋ ਤੋ ਆਨੰਦਪੁਰਿ ਘਰ ਹੈ
ਇਸ ਮਹਿਂ ਅਪਰ ਨ ਕੋਈ[1] ॥੪੬॥
ਚਿੰਤਾ ਕਰਹੁ ਨ ਧਰਮ ਧਰਹੁ ਨਿਜ,

[1]ਸਹੁੰ ਦਾ ਦੋਸ਼।

[1]ਲੱਖਾਂ ਜੰਗ ਵਿਚ ਕੰਮ ਔਣਗੇ।

[1]ਅਫਸੋਸ ਹੈ।

[1]ਮੁਰਾਦ ਬੀਰ ਰਸੀਆ ਹੋਣ ਤੋਂ ਹੈ ਜਾਤ ਤੋਂ ਨਹੀਂ, ਜਾਤ ਤਾਂ ਅੰਮ੍ਰਿਤ ਕੁੰਡ ਵਿਚ ਸਭ ਇਕ ਕਰ ਚੁਕੇ ਹਨ। (ਅ) ਸ਼ਸਤ੍ਰ ਧਾਰੀ।

[1]ਪਹਾੜੀ ਰਾਜਿਆਂ ਦਾ ਬਲ ਨਾਸ਼ ਹੋ ਗਿਆ ਹੈ।

[1]ਜੀਵੰਦੇ ਹੀ ਮਰੇ ਜਾਣੋਂ ਵੈਰੀ।

[1]ਹੋਰ ਕੋਈ ਨਹੀਂ (ਵਸੇਗਾ)।

ਸਭਿ ਕਿਛੁ ਤੁਮਰੇ ਹਾਥਾ।
ਜਗ ਮਹਿਂ ਅਪਜਸੁ ਰਾਜਨ ਕੇਰਾ,
ਮਰੇ ਨਰਕ ਦੁਖ ਸਾਥਾ' ॥੪੭॥
ਕਹਿ ਇੱਤਜਾਦਿਕ ਬਹੁ ਸਮੁਝਾਏ
ਬਹੁਰ ਨ ਸਿੰਘਨ ਭਾਖਾ।
'ਕਾਰਣ ਕਰਣ ਸਰਬ ਮਹਿਂ ਸਮਰਥ
ਕਰਹੁ ਜਥਾ ਅਭਿਲਾਖਾ' ॥੪੮॥
ਸਕਲ ਸਮਾਜ ਸਾਥ ਲੇ ਸਤਿਗੁਰ
ਸੈਨਾ ਸਿੰਘਨ ਕੇਰੀ।
ਭਏ ਤਯਾਰ ਆਨੰਦਪੁਰਿ ਛੋਰਨਿ
ਹਯ ਅਰੂਢਿ ਤਿਸ ਬੇਰੀ ॥੪੯॥
ਨਿਕਸਿ ਚਲੇ, ਜਬਿ ਬਜਯੋ ਦਮਾਮਾ
ਆਗੇ ਭਏ ਗੁਸਾਈਂ।
ਅਪਰ ਕਿਸੂ ਕੇ ਨਹਿਂ ਮਨ ਭਾਵੈ
ਘਰ ਤਯਾਗਨਿ ਸਮੁਦਾਈ ॥੫੦॥
[1] 'ਇਤਨੇ ਲਰੇ ਮਰੇ ਸੰਗ ਸ਼ਸਤ੍ਰਨਿ,
ਬਲ ਕਰਿ ਪੁਰਿ ਕੋ ਰਾਖਾ।
ਅਬਿ ਸੁਖੇਨ ਹੀ ਤਜਿ ਕਰਿ ਗਮਨੇ
ਕਹਾਂ ਗੁਰੂ ਅਭਿਲਾਖਾ— ॥੫੧॥

[1]ਸਾਰੇ ਵਿਚਾਰਾਂ ਕਰਦੇ ਹਨ ਕਿ:-

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ 'ਅਨੰਦਪੁਰ ਤਜਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਆਨੰਦਪੁਰ ਛੱਡਣ ਪਿੱਛੋਂ ਜੰਗ]

੩੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਕਰਯੋ ਕੂਚ ਸਤਿਗੁਰ ਚਲੇ ਸੰਗ ਖਾਲਸਾ ਬੀਰ।
ਬਿਜੈ ਨਾਦ ਰਣਜੀਤ ਕੋ ਸੁਨਤਿ ਅਧੀਰਜ ਭੀਰੁ[1] ॥੧॥ [1]ਕਾਇਰ ਧੀਰਜ ਰਹਿਤ ਹੁੰਦੇ ਹਨ।

ਪਾਧੜੀ ਛੰਦ:

ਤਬਿ ਕਹਯੋ ਖਾਲਸੇ ਜੋਰਿ ਹਾਥ।
'ਨ੍ਰਿਪ ਦਈ ਆਨ[1] ਪੁਰਿ ਤਜਾਗ ਨਾਥ। [1]ਸਹੁੰ।
ਪਲਟਾ ਸੁ ਲੇਹੁ ਅਪਨਾ ਜ਼ਰੂਰ।
ਲੁਟ ਗ੍ਰਾਮ ਪਾਇੰ ਉਜਰੈ ਕਹਿਲੂਰ ॥੨॥
ਸੁਖ ਸੰਗ ਅਬੈ ਕਿਮ ਬਸਨ ਦੇਹਿੰ।
ਕਰਿਹੈਂ ਉਜਾਰ ਗ੍ਰਾਮਾਨਿ ਥੇਹ।'
ਸੁਨਿ ਕਰਿ ਸੁ ਬਾਕ ਸਤਿਗੁਰ ਬਖਾਨ।
'ਲਿਹੁ ਮਾਰ ਲੂਟ ਕਰੀਅਹਿ ਨਿਦਾਨ[1]† [1]ਅੰਤ।
॥੩॥

†ਜਾਪਦਾ ਹੈ ਕਿ ਵੈਰੀ ਨੇ ਫਰੇਬ ਕਰਕੇ ਗੁਰੂ ਜੀ ਨੂੰ ਰੜੇ ਕਢਿਆ ਹੈ ਤੇ ਦਗ਼ੇ ਨਾਲ ਹਮਲਾ ਕਰ ਦਿਤਾ ਹੈ, ਗੁਰੂ ਜੀ ਵੱਲੋਂ ਅਗੋਂ ਮੁਕਾਬਲਾ ਹੋਇਆ ਹੈ। ਇਸੇ ਅੰਸੂ ਦੇ ਅੰਤ ਜਾਕੇ ਇਹ ਗਲ ਖੁੱਲ੍ਹਣ ਲੱਗ ਪੈਂਦੀ ਹੈ ਤੇ ਅੰਸੂ ੪੨ ਦੇ ਅੰਕ ਨੌਂ ਵਿਚ ਸਪਸ਼ਟ ਹੋ ਜਾਂਦੀ ਹੈ। ਗੁਰਬਿਲਾਸ ਤੇ ਪੰਥ ਪ੍ਰਕਾਸ਼ ਵਿਚੋਂ ਵੀ ਇਹੋ ਗਲ ਸਹੀ ਹੁੰਦੀ ਹੈ।

ਜੋ ਲਰਨ ਆਇ ਹਨੀਐ ਤੁਫੰਗ।'
ਤਬਿ ਗਯੋ ਖਾਲਸਾ ਕਰਨਿ ਜੰਗ।
ਨਿਰਮੋਹ ਨਾਮ ਜਿਹਠਾਂ ਸਥਾਨ।
ਉਤਰੇ ਸੁ ਪ੍ਰਿਥੀ ਪਰ[1] ਗੁਰ ਸੁਜਾਨ ॥੪॥ [1]ਪ੍ਰਿਥਵੀ ਤੇ, ਭਾਵ ਕਿਸੇ ਓਟ ਤੋਂ ਬਿਨਾਂ।
ਜਬਿ ਲੁਟਯੋ ਦੇਸ਼ ਗਿਰਪਤਿਨਿ ਕੇਰ।
ਸ਼ੱਤ੍ਰੂਨਿ ਸੈਨ ਪਹੁੰਚੀ ਬਡੇਰ।
ਭੇਜੇ ਸਮੂਹ ਨ੍ਰਿਪ ਭੀਮਚੰਦ।
ਜਿਹ ਸੰਗ ਹੰਡੂਰੀ ਭੂਪਚੰਦ[1] ॥੫॥ [1]ਨਾਮ ਹੈ।
ਸਗਰੇ ਗਿਰੀਸ਼ ਮਨ ਅਧਿਕ ਚਾਵ।
'ਨਹਿੰ ਦੁਰਗ ਕੋਟ ਮਾਵਾਸ ਥਾਵ[1]। [1]ਗੁਰੂ ਜੀ ਪਾਸ) ਕਿਲਾ ਕੋਟ ਕੋਈ ਨਹੀਂ।
ਇਹੁ ਭਈ ਬਹੁਤ ਆਛੀ ਲਖੇਹ।
ਗੁਰ ਅਨੰਦਪੁਰਾ ਤਜਿ ਦੀਨਿ ਗ੍ਰੇਹ ॥੬॥
ਨਹਿ ਪਰਤਿ ਜ਼ੋਰ, ਹ੍ਵੈ ਜਤਨ ਨਾਂਹਿ।
ਲਰਿ ਕਰਿ ਸੁ ਮਰੈਂ ਭਟ ਅਨਿਕ ਤਾਂਹਿ।'
ਮਿਲਿ ਮਿਲਿ ਗਰੀਸ਼ ਇਮ ਅਨੰਦ ਪਾਇ।

ਪੈਦਲ ਤੁਰੰਗ ਦੀਨਸਿ ਪਠਾਇ ॥੭॥
ਜੇਤੀਕ ਸੈਨ ਬਾਈਸ ਧਾਰ।
ਦੁੰਦਭਿ ਬਜਾਇ ਹੱਥਜਾਰ ਧਾਰਿ।
ਚਲਿ ਮਨੋ ਓਰੜੀ ਗੰਗ ਧਾਰ।
ਅਨਗਨ ਤੁਫੰਗ ਖਰ ਖੜਗ ਧਾਰਿ ॥੮॥
ਗਨ ਬਜੇ ਢੋਲ ਪਟਹੇ ਨਿਸ਼ਾਨ।
ਭੇਰਿਨਿ[1] ਭੁੰਕਾਰ ਤੁਰਰੀ ਨਿਸ਼ਾਨ। [1]ਭੇਰੀਆਂ ਦੀ।
ਉਤ ਪਾਇ ਖਾਲਸੇ ਲੂਟ ਮਾਰ।
ਸਭਿ ਲਏ ਪਦਾਰਥ ਕਰਿ ਉਜਾਰ ॥੯॥
ਕਹਿਲੂਰ ਦੂਣ ਮਹਿਂ ਧੂਮ ਧਾਮ।
ਇਮ ਪਰੀ ਮਾਰ ਭਜਿ ਤਜਤਿ ਧਾਮ।
ਜੋ ਅਰਹਿ ਬੇਗ ਹੀ ਮਾਰ ਲੇਤਿ।
ਛੂਟੈ ਤੁਫੰਗ ਬਡ ਜੰਗ ਖੇਤ ॥੧੦॥
ਘੋਰਨਿ ਨਚਾਇ ਮੋਰਨਿ ਮਨਿੰਦ।
ਕੋਰਨਿ ਬਨਾਇ[1] ਸੂਰਨਿ ਬਿਲੰਦ। [1]ਵਡੇ ਸੂਰਮੇ ਕਤਾਰਾਂ (ਆਪਣੀਆਂ) ਬਣਾਕੇ ਤੋੜਦੇ ਹਨ (ਕਤਾਰਾਂ) ਵੈਰੀ ਦੀਆਂ।
ਤੋਰਨ ਰਿਪੂਨ[1] ਫੋਰਨ ਸੁ ਅੰਗ।
ਓਰਨ ਉਭੈ[1] ਸੁ ਛੋਰਨਿ ਤੁਫੰਗ ॥੧੧॥ [1]ਦੁਵੱਲੀਓਂ।
ਤਬਿ ਹੁਇ ਮੁਕਾਬਲੇ ਦਲ ਦੁਊਨ।
ਪ੍ਰੇਰੇ ਸਮੀਰ ਜਿਮ ਜਲਦ ਊਨ[1]। [1]ਬੱਦਲ ਓਰੜਕੇ।
ਕਰਕਾ ਸਮੂਹ ਗੋਰੀ ਗਿਰੰਤਿ।
ਬਾਰੂਦ ਅਗਨਿ ਤੜਿਤਾ ਦਿਪੰਤਿ[1] ॥੧੨॥ [1]ਬਿਜਲੀ ਲਿਸ਼ਕਦੀ ਹੈ।
ਇਕ ਬਾਰਿ ਛੁਟੀ ਸ਼ਲਖਾਂ ਕਰਾਲ।
ਭੜਭੜ ਸੁ ਨਾਦ ਸੁਨਤੇ ਬਿਸਾਲ।
ਦਿਸ਼ਿ ਦੁਹਨ ਮਾਰ ਮਾਚੀ ਵਿਸ਼ੇਸ਼।
ਛਣਕੰਤਿ ਗਜਨ ਰਣ ਕੈ ਅਸ਼ੇਸ਼ ॥੧੩॥
ਭਰਿ ਮੁਸ਼ਟ ਬਰੂਦ ਡਾਲਤਿ ਉਤਾਲ।
ਗੁਲਕਾਂ ਸੁ ਡਾਲ ਠੋਕਤਿ ਬਿਸਾਲ।
ਭਰਿ ਤੁਰਤ ਪਲੀਤੇ ਪਰ ਜਮਾਇ।
ਤੋੜਾ ਉਭਾਰਿ ਕਲ ਪੈ ਟਿਕਾਇ ॥੧੪॥
ਕਰਿ ਦਸਤਰਵਾਂ ਰਿਪੁ ਤਨ ਤਕਾਇ।

ਡਾਂਭੈਂ ਸ਼ਿਤਾਬ ਨਹਿਂ ਕਰ ਭੁਲਾਇ।
ਜਬਿ ਲਗਹਿ ਜਾਇ ਨਹਿਂ ਦੇਰ ਕੋਇ।
ਗਿਰ ਪਰਹਿ ਭੂਮ ਨਿਜ ਪ੍ਰਾਨ ਖੋਇ ॥੧੫॥
ਅਸਵਾਰ ਧਵਾਇ ਹਯ ਕੋ ਸ਼ਿਤਾਬ।
ਛੋਰਤਿ ਤੁਫੰਗ ਕਰ ਕਰਤਿ ਦਾਬ[1]। — [1]ਹੱਥ ਨਾਲ (ਘੋੜਾ) ਦਬਾਕੇ।
ਰਿਪੁ ਕੋ ਗਿਰਾਇ ਕਸਿ ਲੇਤਿ ਫੇਰ।
ਪੁਨ ਕਰਤਿ ਨੇਰ ਤਤਕਾਲ ਗੇਰਿ ॥੧੬॥

ਰੁਣਝੁਣਾ ਛੰਦ:

ਚਲਹਿਂ ਤੁਫੰਗਾ। ਗੁਲਕਨ ਸੰਗਾ।
ਲਗਿ ਲਗਿ ਅੰਗਾ। ਕਰਿ ਕਰਿ ਭੰਗਾ ॥੧੭॥
ਮੁਰਛਤਿ ਹੋਏ। ਧਰ ਪਰ ਸੋਏ।
ਮਨਹੁਂ ਨਿਹਾਲੀ। ਬਰਨ ਸੁ ਲਾਲੀ[1] ॥੧੮॥ — [1](ਧਰਤੀ) ਮਾਨੋਂ ਲਾਲ ਰੰਗ ਦੀ ਨਿਹਾਲੀ।
ਗਿਰ[1] ਬਹੁ ਲੋਹੂ। ਬਹੁਬਲ ਹੋਹੂ[2]। — [1]ਡਿਗਿਆ। [2]ਕਮਜ਼ੋਰ। 'ਬਿਹਬਲ' ਪਾਠ ਏਥੇ ਚਾਹੀਏ। ਲਿਖਾਰੀ ਦੀ ਉਕਾਈ ਨਾਲ ਬਹੁਬਲ ਪਾਠ ਹੋ ਗਿਆ ਜਾਪਦਾ ਹੈ।
ਮੁਖ ਮੁਰਝਾਨੇ। ਹਤਿ ਹੁਇ ਪ੍ਰਾਨੇ ॥੧੯॥
ਰੁਪਿ ਰੁਪਿ ਆਗੇ। ਨਹਿਂ ਡਰਿ ਭਾਗੇ।
ਚਰਨ ਜਮਾਏ। ਨਹਿਂਨ ਹਿਲਾਏ ॥੨੦॥
ਤਕਿ ਤਕਿ ਗੋਰੀ। ਅਰਿ ਦਿਸ਼ਿ ਛੋਰੀ।
ਉਰ ਸਿਰ ਫੋਰੀ। ਕਰ ਪਗ ਤੋਰੀ ॥੨੧॥
ਥਲ ਥਲ ਰੋਕੇ। ਦਲ ਖਲ ਢੋਕੇ[1]। — [1]ਵੈਰੀ ਦੇ ਦਲ ਢੁੱਕੇ
ਖਲ ਭਲ[1] ਹੋਵਾ। ਅਤਿ ਭੈ ਜੋਵਾ ॥੨੨॥ — [1]ਖਰਬਰਾਟ।
ਰਨ ਮਹਿਂ ਮਾਰੇ। ਸੁਭਟ ਕਰਾਰੇ।
ਬਡ ਬਰਿਆਰੇ[1]। ਟਰਤਿ ਨ ਟਾਰੇ ॥੨੩॥ — [1]ਬਲਵਾਨ।
ਝਟਪਟ ਜੁੱਟੇ। ਕਟ ਕਟਿ ਕੁੱਟੇ[1]। — [1]ਕਮਰ ਤੇ ਕਟ ਕੱਟ ਦਿਤੇ।
ਲਪ ਪਟ ਹੁੱਟੇ[1]। ਮੁਖ ਲਗਿ ਟੁੱਟੇ ॥੨੪॥ — [1]ਗੁੱਥਮਗੁੱਥਾ ਹੋਏ। (ਅ) ਚਾਹੋ ਹੁੱਟੇ ਹੋਏ ਸਨ ਫੇਰ ਬੀ ਗੁੱਥਮਗੁੱਥਾ ਹੋ ਗਏ।
ਸਟਪਟ ਧਾਏ। ਰਕਤ ਭਿਗਾਏ।
ਖੜਗ ਨਚਾਏ। ਤਨ ਰਿਪੁ ਲਾਏ ॥੨੫॥

ਸਾਬਾਸ ਛੰਦ:

ਗਹਤਿ ਕਮਾਨਹਿਂ। ਧਨੁ ਖਰ ਬਾਨਹਿ।
ਕਰਿ ਬਲ ਤਾਨਹਿਂ। ਤਕਤ ਨਿਸ਼ਾਨਹਿਂ ॥੨੬॥
ਰਿਪੁ ਗਨ ਹਾਨਹਿਂ। ਲਗਤਿ ਕਿਕਾਨਹਿ।
ਤਜਹਿ ਸੁ ਪ੍ਰਾਨਹਿ। ਤਜਤਿ ਨ ਥਾਨਹਿ ॥੨੭॥
ਹੁਇ ਹਥ ਵੱਥਹਿ। ਖਿਲਤਿ ਪਲੱਥਹਿ[1]।
ਗਹਿ ਗਹਿ ਮੱਥਹਿ[1]। ਬਹੁ ਬਲ ਸੱਥਹਿ[2] ॥੨੮॥
ਮਿਲਿ ਲਲਕਾਰਤਿ। ਸਿਪਰ ਸੰਭਾਰਤਿ।
ਖੜਗ ਪ੍ਰਹਾਰਤਿ। ਕਟਿ ਕਟਿ ਡਾਰਤਿ ॥੨੯॥
ਤੁਪਕ ਕੜਾਕਹਿਂ। ਹਤਹਿਂ ਸੁ ਤਾਕਹਿ[1]।
ਮਿਲਿ ਭਟ ਪ੍ਰੇਰਤਿ। ਕਿਤ ਕਿਤ ਟੇਰਤਿ ॥੩੦॥
ਹਯ ਬਰ ਫੇਰਤਿ। ਰਿਪੁ ਹਤਿ ਗੇਰਤਿ।
ਸੁਭਟ ਨਿਬੇਰਤਿ। ਰਿਸ ਦ੍ਰਿਗ ਹੇਰਤਿ[1] ॥੩੧॥

ਦੋਹਰਾ:

ਅਧਿਕ ਬ੍ਰਿਧਿ ਕੋ ਕ੍ਰੁੱਧ ਕਰਿ[1], ਜੁੱਧ ਮੱਧ ਬਹੁ ਰੁੱਧਿ[2]।
ਜਨੁ ਦੂਜੋ ਭਾਰਥ[1] ਭਯੋ, ਲਰਤਿ ਬੀਰ ਬੁਧਿ ਸੁਧ[2] ॥੩੨॥

ਲਲਿਤਪਦਛੰਦ:

ਉਦੇ ਸਿੰਘ ਅਰੁ ਧਰਮ ਸਿੰਘ ਭਟ
ਸਾਹਿਬ ਸਿੰਘ ਸੰਭਾਰੇ।
ਮੁਹਕਮ ਸਿੰਘ ਟੇਕ ਸਿੰਘ ਮਿਲਿ ਕੈ
ਈਸ਼ਰ ਸਿੰਘ ਪ੍ਰਹਾਰੇ ॥੩੩॥
ਆਲਮ ਸਿੰਘ ਤਜਹਿ ਸਰ ਖਰ ਗਨ
ਦਯਾ ਸਿੰਘ ਗੁਰ ਤੀਰੰ।
ਸਾਹਿਬ ਚੰਦ ਬੀਰ ਰਸ ਮਾਤਾ

[1]ਭਾਵ ਹੱਥ ਪਲੱਥੇ ਦੀ ਬਾਜ਼ੀ ਖੇਲਦੇ ਹਨ।
[1]ਮਲ ਸੁਟਦੇ ਹਨ। [2]ਬਹੁਤੇ ਬਲ ਨਾਲ।
[1]ਤੱਕਕੇ ਮਾਰਦੇ ਹਨ।
[1]ਕ੍ਰੋਧ ਭਰੇ ਨੈਣਾਂ ਨਾਲ ਤੱਕਦੇ ਹਨ।
[1]ਅਤਿ ਬਹੁਤਾ ਕ੍ਰੋਧ ਕਰਕੇ। [2]ਰੁਕ ਗਏ।
[1]ਮਹਾਂ ਭਾਰਥ ਜੁੱਧ। [2]ਸੁਧ ਬੁਧ (ਭੁਲਾਕੇ)। (ਅ) ਸੁਧ ਬੁੱਧੀ ਨਾਲ ਭਾਵ ਛਲ ਵਲ ਨਹੀਂ ਕਰਦੇ ਨਿਰੋਲ ਬੀਰਤਾ ਦੇ ਭਾਵ ਨਾਲ।

ਗਿਨੈ ਨ ਰਿਪੁ ਕੋ ਬੀਰੰ[1] ॥੩੪॥
ਬਖਸ਼ ਸਿੰਘ ਬਖਸ਼ੀਸ਼ ਸਿੰਘ ਦ੍ਵੈ
ਫਤੇ ਸਿੰਘ ਅਸੁ ਫੇਰਾ।
ਇੱਤਜਾਦਿਕ ਸਭਿ ਸਿੰਘ ਭਨੈ ਕੋ[1]
ਕ੍ਰੁੱਧਤਿ ਰਿਦੈ ਘਨੇਰਾ ॥੩੫॥
ਉਤ ਤੇ ਭੂਪਚੰਦ ਹੰਡੂਰੀ
ਬੀਰ ਸਿੰਘ ਜਸਪਾਲੀ।
ਭੀਮਚੰਦ ਪ੍ਰੇਰੇ ਸਭਿ ਰਾਜੇ
ਦੇ ਦੇ ਧੀਰ ਬਿਸਾਲੀ ॥੩੬॥
ਰਾਣੇ ਗਨ ਮੀਏਂ ਜਿਨ ਸੰਗਜਾ
ਮਿਲੇ ਹਜ਼ਾਰਹੁੰ ਆਏ।
ਸੈਨਾ ਸਕਲ ਗਿਰੀਸ਼ਨਿ ਕੇਰੀ
ਬਹੁਰ ਪ੍ਰਜਾ ਸਮੁਦਾਏ ॥੩੭॥
ਕੋਪ ਕਟੋਚੀ ਅਰੁ ਚੰਬਜਾਲੀ
ਕੁੱਲੂ ਕੈਂਠਲ ਵਾਲੇ।
ਮਿਲ ਗੁਲੇਰੀਆ ਗੂਜਰ ਰੰਘੜ
ਜਿਤ ਕਿਤ ਆਇ ਬਿਸਾਲੇ ॥੩੮॥
ਗਿਨੌਂ ਗਿਰੀਸ਼ਨ ਕੇਤਿਕ ਸੰਗਜਾ
ਬਾਇਸ ਧਾਰਨ ਆਏ।
ਬਾਜਤਿ ਢੋਲ ਬੋਲਿ ਲਲਕਾਰੇ
ਟੋਲ ਟੋਲ ਹੁਇ ਧਾਏ ॥੩੯॥
ਜੁਦੀ ਜੁਦੀ ਨਿਜ ਮਿਸਲ ਬੰਧਿ ਕਰਿ
ਸਮੁਖ ਖਾਲਸੇ ਹੋਏ।
ਬਜਜੋ ਲੋਹ ਸੋਂ ਲੋਹ ਕਰਾਰਾ
ਕੇਤਿਕ ਧਰ ਮਰਿ ਸੋਏ[1] ॥੪੦॥
ਲੋਥਨ ਤੇ ਪੂਰਨ ਥਲ ਹੋਵਾ
ਕੇਤਿਕ ਪਰੇ ਕਰਾਹੈਂ[1]।
ਕੇਤਿਕ ਜਲ ਜਾਚਤਿ ਦੁਖ ਆਰਤਿ
ਬਜੀ ਬੰਦੂਕ ਮਹਾਂ ਹੈ ॥੪੧॥
ਕ੍ਰੁੱਧਤਿ ਭਯੋ ਖਾਲਸਾ ਅਤਿਸ਼ੈ
ਆਨ ਦਈ[1] ਨਿਕਸਾਏ।

[1]ਵੈਰ ਦੇ ਸੂਰਮਿਆਂ ਨੂੰ ਗਿਣਦਾ ਹੀ ਨਹੀਂ।

[1]ਇਤਿਜ਼ਾਦਿਕ ਸਾਰੇ ਸਿੰਘ, (ਉਨ੍ਹਾਂ ਦੀ, ਗਿਣਤੀ ਕੌਣ ਕਰੇ, ਦਿਲ ਵਿਚ ਬਹੁਤ ਕ੍ਰੋਧ ਕਰ ਰਹੇ ਸਨ। (ਅ) (ਇਸ ਪਾਸੇ ਦੇ) ਵਰਣਨ ਕੀਤੇ ਸਿੰਘਾਂ ਨੂੰ....।

[1]ਮਰਕੇ ਧਰਤੀ ਤੇ ਸੁੱਤੇ।

[1]ਕਰਾਹੁੰਦੇ ਹਨ ਪਏ ਹੋਏ।

[1]ਕਸਮ ਦੇਕੇ।

ਕਪਟੀ, ਦੁਸ਼ਟ, ਅਨਿਸ਼ਟੀ[1], ਕੰਟਕ[2]

[1]ਅਹਿਤ ਕਰਨ ਵਾਲੇ। (ਅ) ਜਿਨ੍ਹਾਂ ਦਾ ਇਸ਼ਟ ਕੋਈ ਨਹੀਂ। [2]ਦੁਖਦਾਈ।

ਮਾਰਿ ਮਾਰਿ ਉਥਲਾਏ ॥੪੨॥
ਕ੍ਰਿਪਾ ਸਿੰਧੁ ਕਾਲੀ ਤਬਿ ਕੜਕੀ
ਸ਼੍ਰੋਣਤ ਪਾਨ ਕਰੰਤੀ।
ਹੜ ਹੜ ਹਸਤਿ ਦੰਤ ਤੇ ਚਰਬਤਿ
ਹਾਡਨਿ ਮਾਸ ਭਖੰਤੀ ॥੪੩॥
ਫਿਰੀ ਜੋਗਨੀ ਵਾਲ ਖਿਲਾਰਤਿ
ਪੀ ਪੀ ਰਕਤ ਡਕਾਰੇ।
ਨਾਚਤਿ ਮਿਲਿ ਧਮਾਲ ਕੌ ਘਾਲਤਿ[1]

[1]ਲੁਡੀ ਪਾਉਣਾ।

ਖੁਸ਼ੀ ਕਰੈ ਪਰਵਾਰੇ[1] ॥੪੪॥

[1]ਆਪਣੇ) ਪਰਵਾਰ (ਸਮੇਤ ਜੋਗਣੀਆਂ)।

ਧੁਖਿ ਧੁਖਿ ਉਠੇ ਮਸਾਣ ਪੁਕਾਰੇ,
ਭੂਤ ਪ੍ਰੇਤ ਆਨੰਦੇ।
ਤਾਲੀ ਬਜਹਿ ਭਵਾਲੀ ਲੇਤੇ
ਕਾਲੀ ਮਾਲ ਬਨੰਦੇ[1] ॥੪੫॥

[1]ਐਉਂ) ਭਵਾਲੀ ਲੈਂਦੇ ਹਨ ਕਿ (ਮਾਨੋਂ) ਕਾਲੀ (ਦੇ ਉਦਾਲੇ) ਮਾਲਾ ਬਣਾ ਰਹੇ ਹਨ।

ਗ੍ਰਿੱਧ ਬ੍ਰਿੱਧ ਡਾਕਨ ਡਕਰਾਈ
ਕਾਕ ਕੰਕ ਕੀ ਕੂਕੈਂ[1]।

[1]ਕਾਵਾਂ ਤੇ ਕੰਕਾਂ ਦੀਆਂ ਕੂਕਾਂ ਹੋ ਰਹੀਆਂ ਸਨ।

ਸਜਾਲ ਪੁਕਾਰਹਿੰ, ਸ੍ਵਾਨ ਖਾਤਿ ਪਲ[1]

[1]ਮਾਸ।

ਬ੍ਰਿੰਦ ਬ੍ਰਿੰਦ ਹੁਇ ਢੂਕੈਂ ॥੪੬॥
ਕਿਤਿਕ ਕਟੇ ਕਰ ਸਹਿਤ ਖੜਗ ਕੇ
ਕਰੇ ਰੁੰਡ ਸਿਰ ਕਾਟੇ।
ਪਗ ਜਾਨੁ ਤੇ ਕਾਟ ਕਾਟ ਕਰਿ
ਸੁਭਟ ਗਿਰਨਿ ਕੇ ਡਾਂਟੇ ॥੪੭॥
ਫੂਟੇ ਮੂੰਡ ਲਗੀ ਗਨ ਗੁਲਕਾ
ਜਯੋਂ ਹਾਂਡੀ ਪਟਕੰਤੀ।
ਤੁੰਡ ਵਢੇ, ਕਿਹ ਫੂਟੇ ਲੋਚਨ,
ਪੁੰਜ ਪੁਕਾਰ ਕਰੰਤੀ ॥੪੮॥
ਤੋਮਰ, ਸੇਲ[1], ਸੈਹਥੀ, ਸਾਂਗਨ

[1]ਸੇਲੇ।

ਖੈਂਚੇ ਖੜਗ ਮਯਾਨੋਂ।
ਅਧਿਕ ਕ੍ਰੋਧ ਤੇ ਪਗਨ ਫਿਰੈਂ ਇਕ[1]

[1]ਇਕ ਪੈਰ ਵੀ ਨਹੀਂ ਹਟਦੇ ਭਾਵ ਜੰਮਕੇ ਲੜਦੇ ਹਨ।

ਕਟਿ ਕਟਿ ਪਰੈਂ ਨਿਦਾਨੋਂ ॥੪੯॥
ਭਯੋ ਭਯੰਕਰ ਸੰਘਰ ਭਾਰੋ

ਛੂਛੇ ਤੁਰੰਗ ਫਿਰੰਤੇ।
ਆਯੁਧ ਤੇ ਸੰਕੀਰਨੁ ਬਨੁ ਭਾ[1]
ਲੋਥਨ ਪੋਥ ਕਰੰਤੇ ॥੫੦॥
ਕਹੌਂ ਕਹਾਂ ਲਗਿ ਜੁਟੇ ਝਟਾਪਟ
ਸਟਪਟ ਭਟ ਕਟ ਡਾਟੇ।
ਲਟਪਟ ਹ੍ਵੈ ਕੈ ਮਿਟੇ ਨ ਅਟਕੇ[1],
ਨਹਿਂ ਸਟਕੈਂ ਤਨ ਫਾਟੇ[1] ॥੫੧॥
ਲਰਤਿ ਲਰਤਿ ਰਵਿ ਅਸਤ ਗਯੋ ਜਬਿ
ਹਟੇ ਪਹਾਰੀ ਕਾਚੇ।
ਲੋਥ ਸੰਭਾਰ ਮਿਲ੍ਯੋ ਦਲ ਸਿੰਘਨਿ
ਆਇ ਪਿਖੇ ਗੁਰ ਸਾਚੇ ॥੫੨॥
ਆਯੁਧ ਛੀਨ ਹਜ਼ਾਰਹੁਂ ਆਨੇ
ਅਪਰ ਵਸਤੁ ਗਨ ਲੂਟੇ।
ਮਾਰਿ ਉਜਾਰੇ ਗ੍ਰਾਮ ਦੂਣ ਕੇ
ਅਰੇ ਅੱਗ੍ਰ ਸੋ ਕੂਟੇ ॥੫੩॥
ਲੇ ਕਰਿ ਫਤੇ ਖਾਲਸਾ ਆਯੋ
ਡੇਰੇ ਬਿਥਰਿ[1] ਲਗਾਏ।
ਮਨਹੁ ਕੇਹਰੀ ਮਿਲੇ ਦੂਣ ਮਹਿਂ
ਸਤਿਗੁਰ ਫਤੇ ਬੁਲਾਏ ॥੫੪॥
ਤ੍ਰਾਸਤਿ ਭਏ ਪਹਾਰੀ ਦੀਰਘ
ਦੂਰ ਜਾਇ ਥਲ ਹੇਰਾ।
ਪਰਮ ਦੁਖੀ ਹੁਇ ਸ਼੍ਰਮ ਅਤਿ ਲਰਤੇ
ਘਾਲਿ ਦੀਨਿ ਤਬਿ ਡੇਰਾ ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

[1]ਬਨ ਸ਼ਸਤ੍ਰਾਂ ਨਾਲ ਢਕਿਆ ਗਿਆ, ਭਾਵ ਥਾਓਂ ਥਾਈਂ ਸ਼ਸ਼ਤ੍ਰ ਖਿੱਲਰੇ ਪਏ ਸਨ।

[1]ਅਟਕ ਕੇ ਹਟੇ ਨਾ।

[1]ਪਿਛੇ ਨਾ) ਹਟੇ ਚਾਹੇ ਤਨ ਫੁਟ ਗਏ।

[1]ਖਿੱਲਰਕੇ।

## ੩੯. [ਬਾਹਰ ਡੇਰਾ ਕਰਨਾ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਉਚੇ ਥਲ ਪਰ ਸਤਿਗੁਰੂ, ਡੇਰਾ ਦਿਯੋ ਲਗਾਇ।
ਥਿਰਜੋ ਖਾਲਸਾ ਜਾਇ ਕਰਿ, ਫਤੇ ਜੰਗ ਤੇ ਪਾਇ ॥੧॥

ਚੌਪਈ:

ਕਲ਼ਗੀਧਰ ਕੇ ਪਗ ਸਿਰ ਧਰਿ ਧਰਿ।
ਪਰਮ ਪ੍ਰੇਮ ਤੇ ਦਰਸ਼ਨ ਕਰਿ ਕਰਿ।
ਥਿਰਜੋ ਖਾਲਸਾ ਸ਼੍ਰਮ ਪਰਹਰਜੋ।
ਕਿਨਹੁ ਸ਼ਨਾਨ ਸੁਚੇਤਾ ਕਰਜੋ ॥੨॥
ਘਾਇਲ ਸਾਲਪੱਤ੍ਰ ਕੋ ਪਾਇ।
ਨਿਜ ਘਾਵਨ ਪਰ ਤਤਛਿਨ ਲਾਇ।
ਮਿਟੀ ਪੀਰ ਮਿਲਿ ਮਾਸ ਗਯੋ ਹੈ।
ਲਰਿਬੇ ਕੋ ਸਵਧਾਨ ਭਯੋ ਹੈ ॥੩॥
ਜੋ ਮਰਿ ਗਏ ਸੁ ਦੀਨੇ ਦਾਗ਼।
ਬਸੇ ਸ੍ਵਰਗ ਹ੍ਵੈ ਕੈ ਬਡਭਾਗ।
ਬਰਤੀ ਦੇਗ ਸਰਬ ਕੋ ਜਬੈ।
ਖਾਨ ਪਾਨ ਕਰਿ ਤ੍ਰਿਪਤੇ ਤਬੈ ॥੪॥
ਕੇਤਿਕ ਸਿੰਘ ਅਗਾਊ ਹ੍ਵੈ ਕੈ।
ਜਾਗਤਿ ਰਹੇ ਸੁਚੇਤਾ ਕੈ ਕੈ[1]।
ਨਮਸਕਾਰਨੀ[1] ਤਜਾਗਤਿ ਰਹੈਂ[2]।
ਜਿਨ ਕੋ ਸੁਨਿ ਸੁਨਿ ਨ੍ਰਿਪ ਡਰ ਲਹੈਂ ॥੫॥
ਉਤ ਰਾਜਨ ਬਹੁ ਸੰਕਟ ਪਾਏ।
ਮਰੇ ਸਬੰਧੀ ਜਿਨ ਸਮੁਦਾਏ।
ਕਿਤਕ ਰੁਦਤਿ ਹੈਂ ਡੇਰੇ ਮਾਂਹਿ।
ਭ੍ਰਾਤ ਪੁੱਤ੍ਰ ਪਿਤ ਮਰਿਗੇ ਜਾਂਹਿ ॥੬॥
ਕਿਨ ਭੋਜਨ ਖਾਏ ਨਹਿਂ ਖਾਏ।
ਅਧਿਕ ਸ਼ੋਕ ਜਿਨ ਬਿਖੈ ਸਮਾਏ।
ਪ੍ਰਜਾ ਕਿ ਸੈਨਾ ਜਿਤ ਕਿਤ ਰੋਵੈ।
ਜਿਨ ਕੇ ਸਨਬੰਧੀ ਰਣ ਸੋਵੈਂ ॥੭॥
ਨਿਸਾ ਭਯੰਕਰ ਤਿਨ ਕੋ ਹੋਈ।
ਤੜਫਹਿਂ ਰਣ ਥਲ ਘਾਇਲ ਕੋਈ।

[1]ਸਾਵਧਾਨ ਰਹਿਕੇ।

[1]ਬੰਦੂਕਾਂ। [2]ਚਲਾਉਂਦੇ ਰਹੇ।

ਨਹਿੰ ਉਠਾਵਨੇ ਪਾਏ ਸੋਇ।
ਲਰਤਿ ਭਯੋ ਤਮ, ਮਿਟਿਗੇ ਦੋਇ[1] ॥੮॥ [1]ਹਟ ਗਏ ਦੋਵੇਂ (ਖਾਲਸਾ ਤੇ ਪਹਾੜੀਏ)।
ਪਰੇ ਬਿਸੂਰਤਿ ਹੈਂ ਬਿਚ ਡੇਰੇ।
ਖਾਨ ਪਾਨ ਕੇ ਜਾਹਿੰ ਨ ਨੇਰੇ।
ਕੇਤਿਕ ਕਰਹਿੰ ਪ੍ਰਬੋਧਨ ਕਾਹੂੰ[1]। [1]ਸਮਝਾਉਂਦੇ ਹਨ ਕਿ....।
-ਯਹੀ ਰੀਤਿ ਹੋਵਹਿ ਰਣ ਮਾਂਹੂੰ- ॥੯॥
ਭੀਮਚੰਦ ਕੋ ਗਾਰਿ ਨਿਕਾਰਹਿੰ।
'ਇਹ ਗਿਰਰਾਜਨ ਜਰਾਂ ਉਖਾਰਹਿ।
ਗੁਰ ਸਨ ਰਚਿ ਬਿਰੋਧ ਮਰਿਵਾਏ।
ਅਚਲਨਿ ਕੋ ਨਰ[1] ਰਹਿਨ ਨ ਪਾਏ ॥੧੦॥ [1]ਪਹਾੜੀਆਂ ਦਾ ਕੋਈ ਆਦਮੀ.
ਸਰਬ ਲਰਾਇ ਆਪ ਰਹਿ ਪਾਛੇ।
ਬਿਧਵਾ ਗਿਰ ਤ੍ਰੀਯਨਿ ਕੋ ਬਾਂਛੇ[1]। [1]ਪਹਾੜੀ ਇਸਤ੍ਰੀਆਂ ਵਿਧਵਾ ਕਰਨਾ ਚਾਹੁੰਦਾ ਹੈ।
ਗੁਰ ਕੈ ਕਮਤੀ ਹੋਇ ਨ ਕੋਈ।
ਚਹੁੰ ਦਿਸ਼ਿ ਤੇ ਗਨ ਸਿਖ ਹੁਇੰ ਸੋਈ ॥੧੧॥
ਲੈ ਲੈ ਪਾਹੁਲ ਜੰਗ ਮਚਾਵੈਂ।
ਨਹਿੰ ਦਰਮਾਂਹਾ[1] ਗੁਰ ਤੇ ਪਾਵੈਂ। [1]ਤਨਖਾਹ।
ਕਹਾਂ ਰੀਸ ਪ੍ਰਭੁ ਕੀ ਇਹ ਕਰੈ।
ਨਾਹਕ ਕਰਿ ਬਿਰੋਧ ਲਰਿ ਪਰੈ ॥੧੨॥
ਪ੍ਰਜਾ ਸੈਨ ਕੋ ਕਿਯਸਿ ਬਿਨਾਸਾ।
ਉਪਜਯੋ ਬੰਸ† ਬੰਸ ਮਹਿਂ ਬਾਂਸਾ[1]।' [1]ਆਪਣੀ) ਵੰਸ਼ ਵਿਚ ਉਪਜਿਆ ਹੈ, (ਜਿਵੇਂ) ਵਾਸਾਂ ਵਿਚ (ਖਹਿਣੇ ਵਾਲਾ) ਵਾਂਸ। †ਪਾ:-ਬੰਧ।
ਇਮ ਰੋਵਤਿ ਅਰੁ ਕਰਤਿ ਬ੍ਰਿਲਾਪਾ।
ਜਾਗਤਿ ਰਹੇ ਧਰੇ ਡਰ ਆਪਾ ॥੧੩॥
ਕੋ ਕੋ ਖਾਨ ਪਾਨ ਕਰਿ ਸੋਵਾ।
ਅਪਰ ਸਕਲ ਹੂੰ ਸੰਕਟ ਜੋਵਾ।
ਰਜਨੀ ਕਰੀ ਬਿਤੀਤ ਦੁਖਾਰੇ।
ਬੈਠੇ ਜਾਗਤਿ ਭਈ ਸਕਾਰੇ ॥੧੪॥
ਸੌਚ ਸ਼ਨਾਨ ਖਾਲਸੇ ਠਾਨੀ।
ਉਚੀ ਧੁਨਿ ਤੇ ਪਠਿ ਗੁਰਬਾਨੀ।
ਜਥਾ ਬਿਪਨ ਮਹਿਂ ਮੁਨਿ ਸਮੁਦਾਯਾ।

ਬੇਦ ਘੋਖ ਕੋ ਪਠਤਿ ਉਠਾਯਾ[1] ॥੧੫॥
ਆਸਾਵਾਰ ਰਬਾਬੀ ਗਾਵੈਂ।
ਮਧੁਰ ਮ੍ਰਿਦੰਗ ਰਬਾਬ ਬਜਾਵੈਂ।
ਰਾਗ ਰਾਗਨੀ ਸੁੰਦਰ ਨਾਨਾ।
ਸੁਰ ਸਰ ਬਿਖਮ ਉਚ ਲਘੁ ਜਾਨਾ[1] ॥੧੬॥
ਪਰਮੇਸ਼ੁਰ ਕੀ ਸਿਫਤ ਬਿਸਾਲਾ।
ਸੁਖਦ ਲੋਕ ਦ੍ਵੈ ਸੁਨਹਿਂ ਰਸਾਲਾ।
ਸਤਿਗੁਰ ਠਾਨੀ ਸੌਚ ਸ਼ਨਾਨਾ।
ਬੈਠੇ ਇਕ ਆਸਨ ਕਰਿ ਧਜਾਨਾ ॥੧੭॥
ਭਈ ਪ੍ਰਭਾਤਿ ਖਾਲਸਾ ਆਇ।
ਬੈਠਿ ਦਿਵਾਨ ਮਹਾਂਨ ਲਗਾਇ।
ਬ੍ਰਿਤੀ ਟਿਕਾਇ ਰੰਗ ਇਕ ਰਾਤੇ।
ਸ੍ਰੀ ਗੁਰ ਚਰਨ ਪ੍ਰੇਮ ਮਹਿਂ ਮਾਤੇ ॥੧੮॥
ਦਿਵਸ ਚਢ੍ਯੋ ਗੁਰ ਨਯਨ ਉਘਾਰੇ।
ਸ਼ਸਤ੍ਰ ਸੁ ਬਸਤ੍ਰ ਬਿਭੂਖਨਿ ਧਾਰੇ।
ਖੜਗ ਸਿਪਰ ਸਿੰਘਨ ਤਨ ਲਾਏ।
ਗਹੇ ਤੁਪਕ ਕਟ ਕਸੀ ਸੁਹਾਏ ॥੧੯॥
'ਪ੍ਰਭੁ ਜੀ ! ਆਇਸੁ ਦੇਹੁ ਚਢਨਿ ਕੀ।
ਦੁਸ਼ਟਨ ਕੋ ਕਰਿ ਮਾਰ ਕਢਨਿ ਕੀ।
ਮਾਰੇ ਕਾਲ[1] ਬਿਹੋਸ਼ੀ ਧਰੇ।
ਲੋਥੈਂ ਪਰੇ ਘਨੇ ਰਣ ਮਰੇ ॥੨੦॥
ਆਜ ਨਿਬੇਰਹਿਂਗੇ ਭਲਿ ਭਾਂਤੀ।
ਭਾਜਹਿਂ ਫੂਟਤਿ ਸਿਰ ਅਰੁ ਛਾਤੀ।
ਬਡ ਘਮਸਾਨ ਖਾਲਸੇ ਘਾਲਾ।
ਦੁਰਜਨ ਕੋ ਦਿਨ ਬਿਤ੍ਯੋ ਦੁਖਾਲਾ' ॥੨੧॥
ਸੁਨਿ ਸਤਿਗੁਰ ਤਬਿ ਧੀਰਜ ਦੀਨਿ।
'ਸੰਘਰ ਮਹਾਂ ਪ੍ਰਥਮ ਜੋ ਕੀਨਿ।
ਸ਼੍ਰਮਤਿ ਹੋਹਿਂ ਭਟ ਸਕਲ ਤੁਰੰਗ।
ਆਜ ਅਸੂਦੇ[1] ਬਨਿ ਕੇ ਅੰਗ ॥੨੨॥
ਬਹੁਰ ਜੰਗ ਕੀ ਕੀਜਹਿ ਤਯਾਰੀ।

[1]ਵੇਦ ਪਾਠ ਕਰਦਿਆਂ ਧੁਨਿ ਨੂੰ ਉਠਾਉਂਦੇ ਹਨ।

[1]ਉੱਚੀਆ, ਨੀਵੀਆਂ, ਸਰਲ ਤੇ ਵਿਖਮ ਸਾਰੇ ਭੇਦ ਜਾਣਦੇ ਹਨ [ਸਰ=ਸਰਲ]।

[1]ਜੋ ਕੱਲ ਮਾਰੇ ਸੀ।

[1]ਸੁਖੀ; ਭਾਵ ਅਜ ਅਰਾਮ ਕਰੋ।

ਮਰਦਹੁ ਫੇਰ ਸ਼ੱਤ੍ਰ ਨ੍ਰਿਪ ਭਾਰੀ।'
ਇਮ ਕਹਿ ਕਰਿ ਸਭਿ ਸਿੰਘ ਟਿਕਾਏ।
ਡੇਰੇ ਥਿਰੇ ਮਹਾਂ ਸੁਖ ਪਾਏ ॥੨੩॥
ਭੀਮਚੰਦ ਉਤ ਜਾਗਤਿ ਭਯੋ।
ਅਪਨਿ ਨ੍ਰਿਪਨ ਕੋ ਦਲ ਪਿਖਿ ਲਯੋ।
ਸਹਿਮ ਬਿਸਾਲ ਹੋਇ ਸਭਿ ਰਹੇ।
ਲਰਤਿ ਸਕਲ ਦਿਨ ਸੰਕਟ ਲਹੇ ॥੨੪॥
ਜੇ ਉਬਰੇ ਸੋ ਦੁਖੀ ਬਿਸਾਲੇ।
ਮਰੇ ਜੰਗ ਨਹਿਂ ਲੋਥ ਉਠਾਲੇ।
ਘਾਇਲ ਪਰੇ ਸੈਂਕਰੇ ਐਸੇ।
ਕੇਤਿਕ ਬਚੇ, ਮਰਣ ਹੁਇ ਜੈਸੇ[1] ॥੨੫॥
ਕਰੇ ਸੰਭਾਰਨਿ ਧੀਰਜ ਦੀਨੇ।
ਕੇਤਿਕ ਕੋ ਧਨ ਬਖਸ਼ਨਿ ਕੀਨੇ।
ਸਿਰੇਪਾਉ ਕੇਤਿਕ ਪਹਿਰਾਏ।
ਬੈਠਯੋ ਮਹਾਂ ਦਿਵਾਨ ਲਗਾਏ ॥੨੬॥
ਪਠਿ ਨਰ ਸਗਰੇ ਨ੍ਰਿਪਤ ਹਕਾਰੇ।
ਉਠਿ ਉਠਿ ਕਰਿ ਆਗੇ ਸਤਿਕਾਰੇ।
ਮਿਲਿ ਮਸਲਤ ਕਰਿ ਕਸ਼ਟ ਸੁਨਾਏ।
'ਆਨੰਦਪੁਰਿ ਕੋ ਤਜਿ ਗੁਰੁ ਆਏ ॥੨੭॥
ਹੁਤੇ ਵਹਿਰ ਭੀ ਸਿੰਘ ਸੁ ਥੋਰੇ।
ਭਯੋ ਜੰਗ ਸੁਭਟਨਿ ਕਿਯ ਜ਼ੋਰੇ।
ਦਲ ਬਿਸਾਲ ਹਮ ਸਗਰੋ ਢੋਵਾ।
ਤਊ ਖਾਲਸਾ ਰੁਪਯੋ ਖਲੋਵਾ ॥੨੮॥
ਮਰੇ ਸੈਂਕਰੇ ਘਾਇਲ ਹੋਹਿ।
ਨਹੀਂ ਪਲਾਇਨ, ਲਰਹਿਂ ਸੁ ਕ੍ਰੋਹਿ[1]।
ਭਈ ਬਿਹਾਲ ਬਾਹਨੀ ਸਾਰੀ।
ਲੁਟਿ ਕੁਟਿ ਕਰਿ ਦੂਣ ਉਜਾਰੀ ॥੨੯॥
ਟਰਹਿਂ ਜੁੱਧ ਤੇ ਨਾਂਹਿਨ ਲਖੀਅਤਿ।
ਆਜ ਨ ਚਢੇ ਕਹਾਂ ਬਿਧਿ ਪਿਖੀਅਤਿ।
ਸ਼ਾਹੁ ਨਿਕਟਿ ਪਰਧਾਨ ਪਠਾਯੋ।
ਤਿਸ ਕੋ ਲਿਖ੍ਯੋ ਪ੍ਰਥਮ ਇਮ ਆਯੋ

[1]ਬਚੇ ਵੀ ਮੋਇਆਂ ਵਰਗੇ।

[1]ਦੌੜੇ ਨਹੀਂ, ਕ੍ਰੋਧ ਕਰਕੇ ਲੜਦੇ ਰਹੇ।

॥ ੩੦ ॥
-ਸੀਰੰਦ ਕੋ[1] ਸੂਬਾ ਚਢਿ ਆਵੈ। [1]ਸਿਰਹਿੰਦ ਦਾ।
ਹਮਰੀ ਕਰੈ ਸਹਾਇ ਸੁ ਧਾਵੈ[1]-। [1]ਸਾਡੀ ਸਹਾਇਤਾ ਕਰਨ ਲਈ ਧਾਵਾ ਕਰੇਗਾ।
ਹੁਕਮ ਸ਼ਾਹ ਕੋ ਤਬਿ ਹੁਇ ਗਯੋ।
ਅਬਿ ਲੌਂ ਆਵਨ ਸੋ ਨਹਿਂ ਭਯੋ ॥ ੩੧ ॥
ਪਠਹਿਂ[1] ਪ੍ਰਧਾਨ ਆਜ ਕੋ ਔਰ। [1]ਭੇਜੀਏ।
ਮਿਲਹਿ ਜਾਇ ਸੀਰੰਦ ਕੀ ਠੌਰ।
ਜੈਸੀ ਕੈਸੀ ਸੁਧਿ ਲੇ ਆਵੈ।
ਕੈ ਵਜ਼ੀਰ ਖਾਂ ਜਾਇ ਚਢਾਵੈ' ॥ ੩੨ ॥
ਭੀਮਚੰਦ ਤੇ ਸੁਨਿ ਕਰਿ ਕਾਨ।
ਭੂਪ ਚੰਦ ਤਬਿ ਕੀਨ ਬਖਾਨ।
'ਬਿਨਾ ਸ਼ਾਹੁ ਕੀ ਸੈਨ ਘਨੇਰੀ[1]। [1]ਸ਼ਾਹ ਦੀ ਬਹੁਤੀ ਸੈਨਾ ਤੋਂ ਬਿਨਾਂ।
ਗੁਰੂ ਨ ਹਾਰੈ, ਮੈਂ ਭਲ ਹੇਰੀ ॥ ੩੩ ॥
ਵਹਿਰ ਦੁਰਗ ਤੇ ਨਾਂਹਿ ਨ ਓਟਾ।
ਭਯੋ ਨ ਸੰਘਰ ਕਲ ਕੁਛ ਖੋਟਾ।
ਦਲ ਪਰ ਕਰੀ ਘਨੀ ਫਰਵਾਹਿ[1]। [1]ਮਾਰ, ਸ਼ਸਤ੍ਰਾਂ ਦੀ ਮਾਰ।
ਮਰੇ ਬ੍ਰਿੰਦ ਗਨ ਪਰੇ ਕਰਾਹਿਂ ॥ ੩੪ ॥
ਤੁਮ ਪ੍ਰਥਮੈ ਨਹਿਂ ਜੰਗ ਮਚਾਵਹੁ।
ਪਰੇ ਰਹੋ ਸਨਮੁਖ ਦ੍ਰਿਸ਼ਟਾਵਹੁ[1]। [1]ਦੇਖਦੇ ਰਹੋ।
ਸੂਬਾ ਜਬਿ ਸਿਰੰਦ ਕੋ ਆਵੈ।
ਤਿਹ ਸੋਂ ਮਿਲਿ ਪੁਨ ਗੁਰੂ ਹਰਾਵੈਂ
॥ ੩੫ ॥
ਨਾਹਕ ਸੁਭਟ ਹਜ਼ਾਰਹੁਂ ਮਰੇ।
ਕਿਸ ਪ੍ਰਕਾਰ ਕੁਛ ਕਾਜ ਨ ਸਰੇ।'
ਕਰਿ ਮਸਲਤ ਇਮ ਗਿਰਪਤਿ ਸਾਰੇ।
ਸਚਿਵ ਪਠਾਯੋ ਬਿਨਾ ਅਵਾਰੇ ॥ ੩੬ ॥
'ਕਿਮ ਬਿਲੰਬ ਆਵਨ ਮਹਿਂ ਹੋਈ।
ਫਿਰੇ ਨ ਸ਼ਾਹੁ ਹੁਕਮ ਕਿਯ ਜੋਈ।
ਸਭਿ ਲੇ ਭੇਦ ਪਠਾਵਹੁ ਸੁਧਿ ਕੋ।
ਆਨਹੁਂ ਚਮੂੰ ਕਰੋ ਬਡ ਬੁਧਿ ਕੋ' ॥ ੩੭ ॥
ਵਸਤੁ ਅਜਾਇਬ ਭੇਟ ਪਠਾਈ।
ਮੰਤ੍ਰੀ ਗਯੋ ਬਿਲੰਬ ਬਿਹਾਈ।

ਨਿਜ ਸੁਭਟਨਿ ਕੋ ਕਮਰ ਕਸਾਇ।
ਠਾਂਢੇ ਕਰੇ ਅੱਗ੍ਰ ਸਮੁਦਾਇ ॥੩੮॥
ਤ੍ਰਾਸਤਿ ਰਿਦੈ ਨ ਧੀਰਜ ਧਰੈਂ।
-ਔਚਕ ਆਇ ਸਿੰਘ ਨਹਿਂ ਪਰੈਂ-।
ਸਰਬ ਪ੍ਰਕਾਰ ਕਰੈਂ ਤਕਰਾਈ।
ਰਖੇ ਤੁਰੰਗਨ ਜ਼ੀਨ ਪਵਾਈ ॥੩੯॥
ਸਨਮੁਖ ਡੇਰੇ ਦੋਇ ਦਲੋਂ ਕੇ।
ਪਿਖਹਿਂ ਪਰਸਪਰ ਊਚ ਥਲੋਂ ਕੇ।
ਤੰਬੂ ਸ਼ਮਿਯਾਨੇ ਗਨ ਤਾਨੇ।
ਖਰੇ ਨਿਸ਼ਾਨ ਚੀਰ ਫਹਿਰਾਨੇ ॥੪੦॥
ਦੁੰਦਭਿ ਢੋਲਨਿ ਪਟਹਿ ਬਜਾਵੈਂ।
ਨੌਬਤ ਆਪਸ ਬਿਖੈ ਸੁਨਾਵੈਂ।
ਵਧਯੋ ਵਿਰੋਧ ਅਧਿਕ ਦਲ ਦੋਊ।
ਚਹਤਿ ਜੁੱਧ ਕ੍ਰੁੱਧਤਿ ਚਿਤ ਸੋਊ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਡੇਰਾ ਕਰਨ' ਪ੍ਰਸੰਗ ਬਰਨਨੰ ਨਾਮ ਏਕ ਊਨ ਚਤਵਾਰਿੰਸਤੀ ਅੰਸੂ ॥੩੯॥

## ੪੦. [ਤੋਪ ਦੇ ਗੋਲੇ ਤੋਂ ਬਚਾਉ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਢਰਜੋ ਦੁਪਹਿਰਾ ਸਤਿਗੁਰੂ, ਕਰਿ ਕੈ ਉਠੇ ਅਰਾਮ।
ਬਿਜੀਆ ਮਰਚ ਇਲਾਇਚੀ, ਸਰਦਾਈ ਸੁ ਬਦਾਮ† ॥੧॥ †ਪਾ:-ਸੁਖਧਾਮ।

ਚੌਪਈ: [1]ਅਫੀਮ ਦੀ ਗੋਲੀ।

ਛੱਤ੍ਰ ਧਾਰ ਮਾਵਾ[1] ਵਡ ਕਰਜੋ।
ਲਯੋ ਦਾਸ ਤੇ ਨਿਜ ਕਰ ਧਰਜੋ।
ਬਹੁ ਮਾਦਿਕ[1] ਜੁਤਿ ਬਿਜੀਆ[2] ਪੀਆ। [1]ਅਫੀਮ। [2]ਸੁੱਖਾ।
ਦੁਤਿਯ ਕਟੋਰਾ ਪੁਨ ਭਰਿ ਲੀਆ ॥੨॥
ਮਾਵੇ ਸੰਗ ਪਾਨ ਕਰਿ ਲਿਯੋ†। †ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
ਸੌਚ ਹੇਤ ਪੁਨ ਉਠਿਬੋ ਕਿਯੋ।
ਪੁਨ ਸ਼ਨਾਨ ਕਰਿ ਨਿਰਮਲ ਨੀਰ।
ਪਹਿਰੇ ਸੁੰਦਰ ਚੀਰ ਸਰੀਰ ॥੩॥
ਉਚੇ ਥਲ ਸੁਭ ਫਰਸ਼ ਕਰਾਯੋ।
ਰੁਚਿਰ ਬਿਸਾਲ ਪ੍ਰਯੰਕ ਡਸਾਯੋ।
ਤਿਸ ਪਰ ਥਿਰੇ ਜਾਇ ਗੋਸਾਈਂ।
ਊਪਰ ਸ਼ਮਿਯਾਨਾ ਦੁਤਿ ਪਾਈ ॥੪॥
ਮੇਚਕ ਕੇਸ ਪਾਸ[1] ਤਿਸ ਕਾਲਾ। [1]ਭਾਵ ਕੇਸਾਂ ਦਾ ਜੂੜਾ (ਖੋਹਲ ਕੇ)।
ਕੰਘਾ ਕਰਿਬੇ ਲਗੇ ਕ੍ਰਿਪਾਲਾ।
ਸੁਠ ਸੁੰਦਰ ਬੰਧੀ ਦਸਤਾਰੂ।
ਊਪਰ ਜਿਗਾ ਦਿਪਤਿ ਦੁਤਿ ਚਾਰੂ ॥ ॥
੫॥
ਜਬਰ ਜਵਾਹਰ ਜਾਗਤਿ ਜੋਤੀ।
ਕਲ਼ਗੀ ਤੁੰਗ ਅਧਿਕ ਛਬਿ ਹੋਤੀ।
ਸੂਰਜ ਮੁਖੀ[1] ਲੀਏ ਕਰ ਖਰਜੋ। [1]ਪੱਖਾ।
ਊਪਰ ਚਮਰ ਚਲਾਚਲ[1] ਢੁਰਜੋ ॥੬॥ [1]ਚੰਚਲ।
ਥਲ ਥਲ ਬਿਖੈ ਸੁਚੇਤਾ ਕਰਿ ਕੈ।
ਕੇਸਨ ਕੋ ਜੁਤਿ ਅਦਬ ਸੁਧਰਿ ਕੈ।
ਬੰਧਿ ਬੰਧਿ ਕਰਿ ਸਿਰ ਪਰ ਪਾਗ।
ਆਏ ਸਿੰਘ ਸਭਾ ਸ਼ੁਭ ਲਾਗ ॥੭॥
ਕਰਿ ਕਰਿ ਦਰਸ਼ਨ ਸਿਰ ਤੇ ਨਮੈਂ।

ਥਿਰਯੋ ਖਾਲਸਾ ਸਭਿ ਤਿਹ ਸਮੈਂ।
ਤਾਉ ਦੇਤਿ ਮੂਛਨਿ ਪਰ ਦੋਈ[1]।
ਕਰ ਤੇ ਸ਼ਮਸ ਸੁਧਾਰਤਿ ਕੋਈ ॥ ੮ ॥
ਭੀਮਚੰਦ ਤੇ ਆਦਿ ਪਹਾਰੀ।
ਗੁਰੂ ਸਭਾ ਸਭਿ ਤਿਨਹੁੰ ਨਿਹਾਰੀ।
ਦੂਰਬੀਨ ਕੋ ਲਾਇ ਸੁ ਤਬੈ[†]।
ਗੁਰ ਜੁਤਿ ਪਿਖ੍ਯੋ ਖਾਲਸਾ ਸਬੈ ॥ ੯ ॥
ਏਕ ਤੁਰਕ ਤਿਨ ਕੇ ਢਿਗ ਖਰ੍ਯੋ।
ਜਮਾਦਾਰ ਬਹੁ ਨਰ ਕੋ ਕਰ੍ਯੋ।
ਸਭਿ ਗਿਰਪਤਿਨਿ ਸਾਥ ਤਿਨ ਕਹ੍ਯੋ।
'ਗੁਰ ਕੋ ਹਤਨਿ ਸੁਗਮ ਹਮ ਲਹ੍ਯੋ ॥ ੧੦ ॥
ਇਸ ਥਲ ਤੇ ਮੈਂ ਤੋਪ ਚਲਾਵਹੁਂ।
ਬੈਠੇ ਸਹਿਤ ਪ੍ਰਯੰਕ ਉਡਾਵਹੁਂ।
ਇਲਮ[1] ਮੋਹਿ ਕੋ ਅਹੈ ਬਿਸਾਲਾ।
ਤਕ ਮਾਰੋਂ ਇਤ ਖਰੋ ਸੁਖਾਲਾ ॥ ੧੧ ॥
ਬਧੌਂ ਸ਼ਿਸਤ ਸਤਿਗੁਰ ਕੀ ਓਰਾ।
ਭਰ੍ਯੋ ਜ਼ੋਰ ਤੇ ਪਹੁੰਚਹਿ ਗੋਰਾ।
ਨਿਤ ਕੀ ਕਲਹਾ ਸਕਲ ਮਿਟਾਵੌਂ।
ਸਭਿ ਰਾਜਨਿ ਕੋ ਸੁਖ ਉਪਜਾਵੌਂ ॥ ੧੨ ॥
ਪਾਵੌਂ ਦਰਬ ਇਨਾਮ ਘਨੇਰੋ।
ਇਲਮ ਬਿਲੋਕਿ ਲੇਹਿਂ ਸਭਿ ਮੇਰੋ।
ਗੁਰ ਬਿਨ ਬਹੁਰ ਲਰਹਿ ਕੋ ਨਾਹੀ।
ਆਪ ਆਪ ਕੋ ਸਭਿ ਮਿਟ ਜਾਹੀਂ[1]' ॥ ੧੩ ॥
ਸਭਿ ਗਿਰਪਤੀ ਸੁਨਤਿ ਹਰਖਾਏ।
'ਇਹ ਤੌ ਕਾਰਜ ਸੁਗਮ ਬਨਾਏ।'
ਭੀਮਚੰਦ ਤਿਹ ਸੰਗ ਉਚਾਰਾ।
'ਮੁਝ ਤੇ ਧਨ ਲਿਹੁ ਪੰਜ ਹਜ਼ਾਰਾ ॥ ੧੪ ॥
ਏਕ ਗ੍ਰਾਮ ਪੁਨ ਦੇਹੁਂ ਇਨਾਮ।
ਨਿਤ ਗੁਜ਼ਰਾਨ ਹੋਹਿ ਤੁਝ ਧਾਮ।'

[1]ਦੋਹਾਂ ਮੁੱਛਾਂ ਤੇ (ਖਾਲਸਾ)।

[†]ਦੂਰਬੀਨ ੧੬੫੭ ਬਿ: ਦੇ ਲਗਪਗ ਈਜਾਦ ਹੋਈ ਤੇ ਅੱਧੀ ਸਦੀ ਵਿੱਚ ਪ੍ਰਚਾਰ ਚੋਖਾ ਪਾ ਗਈ ਸੀ, ਤੇ ਇਸ ਵੇਲੇ ਸੰਮਤ ੧੭੫੭ ਲਗ ਪਗ ਹੈ।

[1]ਗੋਲੰਦਾਜ਼ੀ ਦੀ ਵਿੱਦਯਾ।)

[1]ਫੇਰ) ਸਾਰੇ ਆਪੋ ਆਪ ਹੋਕੇ ਹਟ ਜਾਣਗੇ। ਭਾਵ ਸਿੱਖ ਸੈਨਾ ਖਿੰਡ ਫੁਟ ਜਾਏਗੀ।

ਭੂਪਚੰਦ ਹੰਡੂਰੀ ਕਹੈ।
'ਗੁਰੂ ਹਤੇ ਸਗਰੇ ਸੁਖ ਲਹੈਂ ॥੧੫॥
ਸਭ ਗਿਰਪਤਿ ਦੈ ਹੈਂ ਸਿਰੁਪਾਉ।
ਹੋਤਿ ਤਰੀਫ ਜਗਤ ਸਭਿ ਥਾਂਉਂ।
ਅਬਿ ਤੋ ਭਈ ਅਬੇਰ ਬਿਤਯੋ ਦਿਨ।
ਆਨਹੁ ਤੋਪ ਕਰਹੁ ਥਿਰ ਥਲ ਮਨ[1] ॥੧੬॥

[1](ਜਿਸ) ਥਾਵੇਂ ਮਨ (ਚਾਹੇ) ਤੋਪ ਖੜੀ ਕਰ ਲਓ। (ਅ) ਥੜੇ ਦਾ ਥਾਉਂ ਪੱਕਾ ਕਰ ਲਓ [ਮੱਣ=ਥੜਾ। ਥਲ=ਥਾਉਂ। ਥਿਰ=ਪੱਕਾ]।

ਇਸੀ ਸਮੈਂ ਬੈਠੇਂਗੇ ਕਾਲੀ।
ਤੁੰਗ ਸਥੰਡਲ ਪਰ ਮੁਦ ਨਾਲੀ।
ਰਾਖਹੁ ਤੋਪ ਤਯਾਰ ਥਿਰ ਕਰਿ ਕੈ।
ਗੋਰਾ ਅਰੁ ਬਰੂਦ ਸੰਗ ਭਰਿ ਕੈ ॥੧੭॥
ਪ੍ਰਥਮ ਅਵਾਜ਼ ਕਰਹੁ ਨਹਿਂ ਕੋਈ।
ਸੁਨਿ ਕੈ[1] ਸਨਮੁਖ ਥਿਰੈ ਨ ਕੋਈ।

[1](ਮਤਾਂ) ਸੁਣਕੇ........।

ਰਾਖਹੁ ਜੋਰਿ ਨਿਸ਼ਾਨੇ ਸੰਗ[1]।

[1]ਨਿਸ਼ਾਨੇ ਦੇ ਨਾਲ ਜੋੜਕੇ ਰੱਖੋ।

ਔਚਕ ਛੋਰਿ[1] ਕਰਹੁ ਗੁਰ ਭੰਗ ॥੧੮॥

[1]ਚਲਾਕੇ ਤੋਪ।

ਫਤੇ ਸੁਗਮ ਪੈ ਹੈਂ ਗਿਰ ਰਾਜੇ।
ਪੂਰਨ ਹੋਹਿਂ ਸਰਬ ਕੇ ਕਾਜੇ।'
ਇਮ ਗਿਨਤਯੋ ਸੰਧ੍ਯਾ ਹੁਇ ਗਈ।
ਸਰਬ ਸਭਾ ਉਠਿ ਨਿਜ ਥਲ ਗਈ ॥੧੯॥
ਨਿਸ ਮਹਿਂ ਜਤਨ ਕਰਤਿ ਖਲ ਰਹੇ।
ਆਨੀ ਤੋਪ ਬਿਸਾਲ ਜੁ ਅਹੇ।
ਖਰੀ ਕਰੀ ਬਿਧਿ ਖਰੀ ਸਥਾਨ[1]।

[1]ਉਸ ਥਾਂ ਚੰਗੀ ਤਰ੍ਹਾਂ।

ਬ੍ਰਿੰਦ ਨਰਨ ਮਿਲਿ ਕੈ ਕਰਿ ਤਾਨ[1] ॥੨੦॥

[1]ਜ਼ੋਰ ਕਰਕੇ।

ਸ਼੍ਰੀ ਕਲਗ਼ੀਧਰ ਤਿਸ ਥਲ ਥਿਰ ਕੈ।
ਚੌਂਕੀ ਸੋਦਰ ਕੀ ਸੁਨਿ ਕਰਿ ਕੈ।
ਉਠਿ ਕੈ ਪ੍ਰਭੁ ਸਿਵਰ ਕੋ ਆਏ।
ਖਾਨ ਪਾਨ ਕੀਨੇ ਮਨ ਭਾਏ ॥੨੧॥
ਸਰਬ ਖਾਲਸੇ ਅਚਯੋ ਅਹਾਰਾ।
ਨਿਸਾ ਪਰੀ ਤੇ ਸੁਪਤਿ ਸੁਖਾਰਾ।
ਸੁਪਨੇ ਭੀ ਨਹਿਂ ਕੇਹਰਿ ਤ੍ਰਾਸਾ[1]।

[1]ਸ਼ੇਰ ਨੂੰ ਡਰ।

ਤਥਾ ਨ੍ਰਿਭੈ, ਰਿਪੁ ਚਹਤਿ ਬਿਨਾਸ਼ਾ ॥੨੨॥
ਜਾਮ ਜਾਮਨੀ ਤੇ ਗੁਰਬਾਨੀ।
ਇਕ ਮਨ ਹ੍ਵੈ ਕੈ ਬਦਨ ਬਖਾਨੀ।
ਜਥਾ ਬਿੱਪ੍ਰ ਬਰ ਬੇਦ ਪਠੰਤੇ।
ਹਿਤ ਪਰਲੋਕ ਹੋਨਿ ਸੁਖਵੰਤੇ ॥੨੩॥
ਕਰਹਿਂ ਸ਼ਨਾਨ ਨੀਰ ਨਿਰਮਲ ਮੈਂ।
ਹੋਤਿ ਸ਼ਬਦ ਕੀ ਧੁਨਿ ਸਭਿ ਦਲ ਮੈਂ।
ਗਾਇਂ ਰਬਾਬੀ ਆਸਾਵਾਰ।
ਜਿਸ ਥਲ ਸ਼੍ਰੀ ਸਤਿਗੁਰ ਦਰਬਾਰ ॥੨੪॥
ਕਰਹਿ ਅਵਾਜ਼ ਨਕੀਬ ਉਚਾਰਨ।
ਭਾਟ ਕਬਿੱਤ ਪਢਹਿਂ ਜਸੁ ਕਾਰਨ।
ਬਜਹਿ ਮ੍ਰਿਦੰਗ ਰਬਾਬ ਸਤਾਰ।
ਰਾਗ ਰਾਗਨੀ ਮੰਗਲ ਚਾਰੁ ॥੨੫॥
ਭਯੋ ਤਿਹਾਵਲ ਤਬਿ ਸਮੁਦਾਇ।
ਹੋਤਿ ਪ੍ਰਾਤਿ ਦੀਨਸਿ ਬਰਤਾਇ।
ਬਸਤ੍ਰ ਸ਼ਸਤ੍ਰ ਗੁਰ ਧਾਰਨ ਕਰੇ।
ਆਨਿ ਖਾਲਸਾ ਚਹੁੰਦਿਸ਼ਿ ਥਿਰੇ ॥੨੬॥
ਹੋਤਿ ਬਾਰਤਾਲਾਪ ਅਨੇਕ।
ਸੁਨਹਿਂ ਕਹਹਿਂ ਪ੍ਰਭੁ ਜਲਧਿ ਬਿਬੇਕ।
ਤਜਾਰ ਸਿੰਘ ਭੇ ਚਢਿਬੇ ਹੇਤੁ।
ਗਹੇ ਸ਼ਸਤ੍ਰ ਬਨ ਭਲੇ ਸੁਚੇਤ ॥੨੭॥
ਪਿਖਿ ਸਤਿਗੁਰ ਸਭਿ ਬਰਜਨ ਕਰੇ।
'ਸੁਨਹੁ ਖਾਲਸਾ ! ਧੀਰਜ ਧਰੇ।
ਸਨੇ ਸਨੇ ਮਾਰਨ ਇਨ ਬਨੇ।
ਜਗ ਮਹਿਂ ਦੋਖੀ ਤੁਮਰੇ ਘਨੇ ॥੨੮॥
ਥਿਰੇ ਰਹੋ ਅਬਿ ਅਪਨੇ ਡੇਰੇ।
ਦੁਸ਼ਟਨ ਕਾਲ ਹੋਨਿ ਦਿਹੁ ਨੇਰੇ।'
ਤਿਸ ਦਿਨ ਭੀ ਗੁਰ ਸਿੰਘ ਟਿਕਾਏ।
ਨਹੀਂ ਲਰਨ ਕੇ ਹੇਤੁ ਪਠਾਏ ॥੨੯॥
ਦੇਗ਼ ਦਈ ਬਰਤਾਇ ਸਭਿਨਿ ਕੋ।

ਤ੍ਰਿਪਤਿ ਭਏ ਤਬਿ ਖਾਇ ਅਸਨ ਕੋ।
ਕਰਯੋ ਦੁਪਹਿਰੇ ਬਿਖੈ ਅਰਾਮ।
ਪੌਢੇ ਪ੍ਰਭੁ ਪ੍ਰਯੰਕ ਅਭਿਰਾਮ ॥੩੦॥
ਤ੍ਰਿਤੀ ਪਹਿਰ ਮਹਿਂ ਜਾਗਤਿ ਭਏ।
ਤਿਮ ਹੀ ਦੋਨਹੁਂ ਮਾਦਿਕ ਲਏ।
ਸੌਚ ਸ਼ਨਾਨ ਠਾਨਿ ਬਿਧਿ ਸੰਗਿ।
ਗਮਨੇ ਸ਼੍ਰੀ ਗੁਰ ਥਾਨ ਉਤੰਗ ॥੩੧॥
ਤਹਾਂ ਫਰਸ਼ ਪਰਯੰਕ ਡਸਾਏ।
ਬੈਠੇ ਜਾਇ ਭਯੋ ਮਨ ਭਾਏ[1]।
ਸੁਧਿ ਸੁਨਿ ਕੈ ਤਤਛਿਨ ਇਕ ਆਯੋ[1]।
ਸਕਲ ਭੇਵ ਤਿਨ ਭਾਖਿ ਸੁਨਾਯੋ ॥੩੨॥
'ਪ੍ਰਭੁ ਜੀ ਇਹਾਂ ਨ ਬੈਠਨ ਕਰੀਐ।
ਤੂਰਨ ਹੀ ਥਲ ਅਨਤ ਸਿਧਰੀਐ।
ਏਕ ਦੁਸ਼ਟ ਲੇ ਪੰਚ ਹਜ਼ਾਰ।
ਤੋਪ ਬਿਸਾਲ ਰਖੀ ਕਰਿ ਤਯਾਰ ॥੩੩॥
ਸ਼ਿਸਤ ਬਨਾਵਤਿ ਦਿਨ ਮਹਿਂ ਰਹਯੋ।
ਰਾਵਰਿ ਹਤਨ ਹੇਤੁ ਚਿਤ ਚਹਯੋ।
ਦਗਾ ਸਭਿਨਿ ਇਮ ਰਚਯੋ ਬਨਾਇ।
ਔਚਕ ਗੋਰਾ ਹਤੈਂ ਟਿਕਾਇ' ॥੩੪॥
ਸੁਨਿ ਪ੍ਰਭੁ ਕਹਯੋ 'ਤ੍ਰਾਸ ਅਬਿ ਧਰਿਹੈਂ।
ਤਯਾਗਹਿਂ ਨਿਜ ਥਲ ਕੋ ਚਲਿ ਪਰ ਹੈਂ।
ਉਚਿਤ ਨ ਹਮ ਕੋ ਐਸੀ ਬਾਤਿ।
ਦੁਸ਼ਮਨ ਸੋਂ ਰਣ ਹੈ[1] ਦਿਨ ਰਾਤ ॥੩੫॥
ਕਹਾਂ ਕਹਾਂ ਹਮ ਦੁਰਤੇ ਫਿਰਹਿਂ।
ਦੇਖਹਿਂ ਦੁਰਜਨ ਆਨੰਦ ਧਰਹਿਂ।
ਬੈਠਿ ਲਖਹੁ ਕਰਤਾਰ ਤਮਾਸੇ।
ਹੁਇ ਹੈ ਦੋਖੀ ਕੇਰ ਬਿਨਾਸ਼ੇ' ॥੩੬॥
ਕੰਘਾ ਕਰਨਿ ਲਗੇ ਗੁਰ ਥਿਰੇ।
ਪੁਨ ਦਸਤਾਰ ਬੰਧਬੋ ਕਰੇ।
ਕਲਗ਼ੀ ਜਿਗਾ ਸੁਧਾਰਿ ਬਨਾਏ।
ਸਿਰ ਪਰ ਸੇਵਕ ਚਮਰ ਢੁਲਾਏ ॥੩੭॥
ਦੁਸ਼ਟ ਪਲੀਤਾ ਤੋਪਹਿਂ ਦਾਗੇ।

[1]ਪਹਾੜੀਆਂ ਦੀ) ਮਨ ਭਾਂਵਦੀ (ਗਲ) ਹੋਈ।

[1]ਵੈਰੀ ਦਲ ਵਿਚੋਂ ਕੋਈ ਆਪਣਾ ਸੂੰਹੀਆਂ) ਆਇਆ।

[1]ਨਾਲ ਜੰਗ ਹੈ।

ਇਕ ਸਿਖ ਖਰੋ ਹੁਤੋ ਗੁਰ ਆਗੇ।
ਤਿਸ ਕੇ ਲਗਯੋ ਆਨਿ ਕਰਿ ਗੋਰਾ।
ਬਡੇ ਬੇਗ ਤੇ ਸ਼ੂੰਕਤਿ ਘੋਰਾ ॥੩੮॥
ਦਰਸ਼ਨ ਕਰਤਿ ਪ੍ਰਾਨ ਤਜਿ ਗਯੋ[1]। [1]ਓਹ ਸਿੱਖ।
ਤਬਿ ਸਤਿਗੁਰ ਨਿਜ ਕਰ ਧਨੁ ਲਯੋ।
ਤਰਗਸ ਤੇ ਕਾਢਯੋ ਸਰ ਤੀਛਨ।
ਖਪੁਰਾ ਆਯੁਤ[1] ਸੰਧਯੋ ਭੀਛਨ ॥੩੯॥ [1]ਚੌੜੇ ਮੂੰਹ ਵਾਲਾ ਤੀਰ।
ਖੈਂਚਿ ਕਾਨ ਲੌਂ ਤੁਰਤ ਚਲਾਯੋ।
ਅਹਿ ਸਮ ਸ਼ੂੰਕਤਿ ਬੇਗ ਸਿਧਾਯੋ।
ਦੁਤੀ ਹਤਨ ਕੋ ਤੋਪ ਕਸੰਤਾ।
ਸ਼ਿਸਤ ਬਾਂਧ ਕਰਿ ਗੁਰੂ ਤਕੰਤਾ ॥੪੦॥
ਤਬਿ ਹੀ ਲਗਯੋ ਭਾਲ ਮਹਿਂ ਜਾਈ।
ਗਿਰਯੋ ਸਭਿਨਿ ਮਹਿਂ ਗਿਰਦੀ ਖਾਈ[1]। [1]ਭਵਾਟੜੀ ਖਾਕੇ।
ਦੂਸਰ ਖਪਰਾ ਔਰ ਨਿਕਾਰਾ।
ਧਨੁ ਮੈਂ ਜੋਰਯੋ ਤੁਰਤ ਪ੍ਰਹਾਰਾ ॥੪੧॥
ਭ੍ਰਾਤਾ ਹੁਤੋ ਤੁਰਕ ਕੋ ਔਰ।
ਲਗਯੋ ਰਿਦੈ ਗਿਰਿਗਾ ਤਿਸ ਠੌਰ।
ਜਬਿ ਦੋਨਹੁਂ ਤੁਰਨ ਮਰਿ ਗਏ।
ਦੇਖਤਿ ਲੋਕ ਤ੍ਰਾਸ ਧਰਿ ਧਏ[1] ॥੪੨॥ [1]ਦੌੜ ਗਏ।
ਸੂਨੀ ਤੋਪ ਖਰੀ ਇਕ ਰਹੀ।
ਅਪਰ ਸਮੀਪ ਰਹਯੋ ਕੋ ਨਹੀਂ।
ਭੀਮਚੰਦ ਕੇ ਢਿਗ ਸਭਿ ਰਾਜੇ।
ਕਰਹਿਂ ਬਾਤ 'ਇਹੁ ਬਨਯੋਂ ਸੁ ਕਾਜੇ[1]! ॥੪੩॥ [1]ਚੰਗੀ ਗਲ ਹੋਈ ਹੈ।
ਲਗੈ ਤੋਪ ਕੋ ਗੋਰਾ ਜਬੈ।
ਮਰੈ ਗੁਰੂ ਭਾਜਹਿਂ ਸਿਖ ਸਭੈ।'
ਇਤਨੇ ਮਹਿਂ ਨਰ ਧਾਵਤਿ ਭਏ।
'ਸਰ ਲਗਿ ਤੁਰਕ ਮਰੇ' ਕਹਿ ਦਏ ॥੪੪॥
'ਇਕ ਗੋਰਾ ਇਨ ਪ੍ਰਥਮ ਚਲਾਯੋ।
ਤਬਿ ਹੀ ਬਾਨ ਆਨਿ ਲਗਿ[1] ਘਾਯੋ। [1]ਆ ਲੱਗਾ।
ਦੁਤਿਯੋ ਲਗਯੋ ਭ੍ਰਾਤ ਤਿਸ ਮਰਯੋ।

ਪਿਖਿ ਭਾਜੇ ਸਭਿ ਉਰ ਡਰ ਧਰਯੋ'
॥ ੪੫ ॥
ਕਿਤਿਕ ਸਮੋਂ ਗਿਰ ਈਸ਼ਨ ਟਾਰੇ[1]। — [1]ਸਮਾ ਬਿਤਾਕੇ।
ਬਹੁਰ ਤੋਪ ਢਿਗ ਜਾਇ ਨਿਹਾਰੇ।
ਬਿਸਮੇ ਮਤਿ ਹਾਰੀ ਸਭਿਹੂੰਨਿ।
ਪਰਖੇ ਬਾਨ ਗੁਰੂ ਕੇ ਤੂਨ[1] ॥ ੪੬ ॥ — [1]ਗੁਰੂ ਜੀ ਦੇ ਭੱਥੇ ਦੇ ਬਾਣ ਪਰਖ ਲਏ।
ਆਇ ਕੋਸ ਲਗਿ[1] ਬੇਗ ਸੁ ਬਾਨਾ। — [1]ਕੋਹ ਤਕ।
ਹਤਯੋ ਬਹੁਰ ਨਰ ਭਾਲ ਨਿਸ਼ਾਨਾ[1]। — [1]ਮੱਥੇ ਦਾ ਨਿਸ਼ਾਨਾ ਕਰਕੇ।
ਤਬਿ ਦੋਨਹੁਂ ਕੀ ਕਬਰ ਖਟਾਈ।
ਤਿਸ ਹੀ ਥਲ ਸੋ ਦੀਏ ਦਬਾਈ ॥ ੪੭ ॥
'ਸਜਾਹੀ ਟਿੱਬੀ' ਨਾਮ ਸੁ ਥਾਨ।
ਚਿੰਨ੍ਹ ਤਹਾਂ ਅਬਿ ਲਗਿ ਹੈ ਜਾਨ।
ਦੋਨਹੁਂ ਕਬਰਾਂ ਪਰੀ ਦਿਖਾਵਤਿ।
ਜਿਨ ਦੇਖੇ ਸੋ ਆਨਿ ਬਤਾਵਤਿ[1] ॥ ੪੮ ॥ — [1]ਜਿਨ੍ਹਾਂ ਦੇਖੀਆਂ ਹਨ ਉਹਨਾਂ ਆਕੇ ਦੱਸਿਆ ਹੈ (ਮੈਨੂੰ)।
ਇਤ ਸਤਿਗੁਰੂ ਸੋ ਸਿਖ ਸਿਸਕਾਰਾ।
ਸੋ ਭੀ ਚਿੰਨ੍ਹ ਅਬਿ ਲਗੋਂ ਨਿਹਾਰਾ।
ਜਹਿਂ ਪ੍ਰਭੁ ਬੈਠੇ ਸੋ ਭੀ ਥਾਨ।
ਬਿਦਤਿ ਅਹੈ ਸਿਖ ਪਿਖਹੁ ਸੁਜਾਨ
॥ ੪੯ ॥

ਦੋਹਰਾ:
ਨਿਸਾ ਭਈ ਪ੍ਰਭੁ ਸਿਵਰ ਮਹਿਂ, ਆਨਿ
ਬਿਰਾਜੇ ਥਾਨ।
ਖਾਨ ਪਾਨ ਕਰਿ ਕੈ ਭਲੇ, ਪੌਢੇ ਗੁਰ
ਭਗਵਾਨ ॥ ੫੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਤੋਪ' ਪ੍ਰਸੰਗ ਬਰਨਨੰ ਨਾਮ ਚਾਲੀਸਮੋ ਅੰਸੂ
॥ ੪੦ ॥

## ੪੧. [ਵਜ਼ੀਰ ਖਾਂ ਦਾ ਆਉਣਾ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਇਸ ਪ੍ਰਕਾਰ ਕੇਤਿਕ ਦਿਵਸ, ਬਸੇ ਬਸਤਿ ਨਿਰਮੋਹ[1]। [1]ਨਿਰਮੋਹ ਬਸਤੀ ਵਿਚ।
ਕਬਿ ਕਬਿ ਚਢਿ ਕੈ ਖਾਲਸਾ, ਰਿਪੁ ਮੁਕਾਬਲੇ ਹੋਹਿ[1] ॥੧॥ [1]ਹੁੰਦਾ ਹੈ।

ਚੌਪਈ:

ਸ਼ਾਹੁ ਹੁਕਮ ਸੀਰੰਦ ਮੈਂ ਆਯੋ।
ਤਬਿ ਵਜ਼ੀਰ ਖਾਂ ਸਭਿ ਸੁਨਿ ਪਾਯੋ।
'ਗਿਰਨ ਬਿਖੈ ਗੁਰ ਧੂਮ ਉਠਾਰੀ।
ਤਹਿਂ ਤੁਮ ਜਾਹੁ ਲੇਹੁ ਦਲ ਭਾਰੀ ॥੨॥
ਮਿਲਹਿ ਗੁਰੂ ਤਬਿ ਮੇਲਨਿ ਕਰੋ।
ਨਾਂਹਿ ਤ ਸਨਮੁਖ ਹ੍ਵੈ ਕਰਿ ਲਰੋ।'
ਸੁਨਿ ਸਿਰੰਦ ਕੋ ਸੂਬਾ ਤਬੈ।
ਤਜਾਰੀ ਕਰੀ ਚਢਨਿ ਕੀ ਸਬੈ ॥੩॥
ਦੂਰ ਦੂਰ ਤੇ ਚਮੂੰ ਸਕੇਲਿ।
ਗਜ ਬਾਜਨਿ ਪਰ ਜ਼ੀਨਨਿ ਮੇਲਿ।
ਲਾਖਹੁਂ ਸੁਭਟ ਜੋਰ ਕਰਿ[1] ਚਢਜੋ। [1]ਜੋੜ ਕੇ।
ਦੁੰਦਭਿ ਬਜਜੋ ਬੀਰ ਰਸ ਬਢਜੋ ॥੪॥
ਚਲੇ ਨਿਸ਼ਾਨ ਸੈਂਕਰੇ ਆਗੇ।
ਬਾਦਤ[1] ਬਜਨ ਸੈਂਕਰੇ ਲਾਗੇ। [1]ਵਾਜੇ।
ਮਨਹੁਂ ਸਮੁੰਦ੍ਰ ਉਮਡ ਕਰਿ ਚਾਲਾ।
ਪੈਦਲ ਪਸਰੇ ਜਹਿਂ ਜਲ ਜਾਲਾ[1] ॥੫॥ [1]ਜਿੱਥੇ ਪੈਦਲ ਸੈਨਾ ਹੈ ਉਹ ਮਾਨੋ ਸਮੁੰਦਰ ਵਿਚ ਬਹੁਤਾ ਜਲ ਪਸਾਰਿਆ ਹੈ।
ਨੱਕ੍ਰ ਮਤੰਗ, ਮੱਛ ਬਡ ਘੋਰੇ[1]। [1]ਹਾਥੀ ਮਾਨੋ ਤੰਦੂਏ ਹਨ ਤੇ ਘੋੜਿਆਂ ਰੂਪੀ ਵਡੇ ਮੱਛ ਹਨ।
ਬੜਵਾ ਅਗਨਿ ਸ਼ਸਤ੍ਰ ਚਹੁਂ ਓਰੇ।
ਤੁਮਲ ਬਡੇ ਤਰੰਗ ਉਠੰਤੇ[1]। [1]ਫੌਜੀ ਦਸਤੇ ਮਾਨੋ ਬੜੀਆਂ ਬੜੀਆਂ ਲਹਿਰਾਂ ਉਠਦੀਆਂ ਹਨ।
ਬਾਦ ਨਾਦ ਬਡ ਜਯੋਂ ਗਰਜੰਤੇ[1] ॥੬॥ [1]ਵਾਜਿਆਂ ਦੀ ਅਵਾਜ ਮਾਨੋਂ (ਸਮੁੰਦਰ) ਗੱਜਦਾ ਹੈ।
ਕਰਤਿ ਮਜਲ ਪਰ ਮਜਲ ਸਿਧਾਏ।
ਰੋਪੜ ਬਿਖੈ ਤਬਹਿ ਚਲਿ ਆਏ।
ਖਬਰ ਗਈ ਗਿਰਪਤਿ ਕੇ ਪਾਸੀ।
ਕਲਗੀਧਰ ਭੀ ਸੁਨਿ ਦਲ ਰਾਸੀ[1] ॥੭॥ [1]ਸਾਰੇ ਦਲਾਂ ਦੀ (ਖਬਰ) ਸੁਣ ਲਈ।
ਰਣ ਬਡ ਕੀ ਤਜਾਰੀ ਬਹੁ ਕੀਨਿ।

ਗੁਲਕਾ ਅਰੁ ਬਰੂਦ ਸੋ ਲੀਨਿ।<br>
ਉਤ ਤੇ ਸਕਲ ਗਿਰੀਸ਼ੁਰ[1] ਆਏ। — [1]ਪਹਾੜੀ ਰਾਜੇ।<br>
ਇਤ ਤੇ ਤੁਰਕ ਅਗਨ ਰਿਪੁ ਧਾਏ ॥੮॥<br>
ਭਯੋ ਭੇੜ ਗਾੜ੍ਹੇ ਸੰਗ੍ਰਾਮੂ।<br>
ਕੇਤਿਕ ਗਿਨੀਅਹਿਂ ਬੀਰਨ ਨਾਮੂ।<br>
ਭੀਮਚੰਦ ਸੁਨਿ ਸੈਨ ਬਿਲੰਦ।<br>
ਭੂਪ ਚੰਦ ਹੰਡੂਰਿ ਅਨੰਦ ॥੯॥<br>
'ਅਬਿ ਗੁਰ ਕਹਾਂ ਜਾਇ ਥਿਰ ਰਹੈ।<br>
ਦੁਰਗ ਨ ਕੋਟ ਮਵਾਸਾ ਲਹੈ[1]। — [1](ਜਿੱਥੇ) ਆਕੀ ਹੋ ਰਹਿਣਗੇ।<br>
ਚਹੁੰ ਦਿਸ਼ਿ ਤੇ ਘੇਰਹਿਂ ਗਹਿ ਲੈਹੈਂ।<br>
ਨਾਂਹਿ ਤ ਬੀਚ ਕਟਾ ਕਰਿ ਦੈ ਹੈਂ ॥੧੦॥<br>
ਦੀਰਘ ਲਸ਼ਕਰ ਤੁਰਕਨਿ ਕੇਰਾ।<br>
ਚਹਹਿਂ ਹਕਾਰਹਿਂ ਅਪਰ ਘਨੇਰਾ[1]। — [1]ਜਿੰਨਾ ਹੋਰ ਚਾਹੀਏ ਬਹੁਤਾ ਬੁਲਾ ਸਕਦੇ ਹਾਂ।<br>
ਇਕ ਦਿਸ਼ਿ ਤੇ ਓਰੜਿ ਹਮ ਪਰੈਂ।<br>
ਉਤ ਤੇ ਸ਼ਾਹੁ ਚਮੂੰ ਬਡ ਲਰੈ' ॥੧੧॥<br>
ਇਤ ਸ਼ਤ[1] ਭਟ ਦੇ ਕਰਿ ਤਿਸ ਨਾਲ[2]। — [1]ਇਕ ਸੌ। [2]ਭਾਵ ਮੰਤ੍ਰੀ ਨਾਲ।<br>
ਅਪਰ ਸਚਿਵ ਭੇਜਯੋ ਤਤਕਾਲ।<br>
'ਆਛੇ ਮਗ ਕੋ ਲਸ਼ਕਰ ਲਯਾਵਹੁ।<br>
ਸੂਬੇ ਸਾਥ ਸਲਾਮ ਅਲਾਵਹੁ' ॥੧੨॥<br>
ਸਕਲ ਬਾਰਤਾ ਦਿਹੁ ਸਮੁਝਾਇ।<br>
'ਪੁਰਿ ਤੇ ਵਹਿਰ ਗੁਰੂ ਇਕ ਥਾਂਇ।<br>
ਗਹਿਨ ਸੁਖੇਨ ਤਾਂਹਿ ਕੋ ਜਾਨਹੁਂ।<br>
ਲਰਿਬੇ ਜਤਨ ਬਡੋ ਨਹਿਂ ਠਾਨਹੁ ॥੧੩॥<br>
ਇਤ ਤੇ ਹਮ ਆਵਹਿਂ ਦਲ ਮੇਲਿ[1]। — [1]ਜੋੜ ਕੇ, ਕੱਠਾ ਕਰਕੇ।<br>
ਉਤ ਤੇ ਆਪ ਘਾਲੀਅਹਿ ਹੇਲ।'<br>
ਦੇ ਜ਼ਾਫਤ[1] ਕੋ ਦਰਬ ਪਠਾਯੋ। — [1]ਭਾਵ ਪ੍ਰਾਹੁਣਚਾਰੀ ਲਈ।<br>
ਤੂਰਨ ਸਚਿਵ ਤੁਰਕ ਪਹਿ ਆਯੋ ॥੧੪॥<br>
ਘਾਤ ਅਨੇਕ ਬਤਾਵਤਿ ਲਯਾਇ।<br>
ਦਲ ਮੁਕਾਬਲੇ ਭਾ ਸਮੁਦਾਇ।<br>
ਇਕ ਦਿਸ਼ਿ ਤੁਰਕ ਘਾਲਿ ਘਮਸਾਨਾ।<br>
ਦਿਸ਼ਿ ਦੂਸਰ ਦਲ ਅਚਲ[1] ਮਹਾਨਾ ॥੧੫॥ — [1]ਪਹਾੜੀਆਂ ਦਾ।

ਬਾਜਨਿ ਲਗੀ ਬੰਦੂਕ ਬਡੇਰੀ।
ਰੁਪਯੋ ਖਾਲਸਾ ਕਰੇ ਦਿਲੇਰੀ।
ਦੁਹਿ ਦਿਸ਼ਿ ਤੇ ਲਸ਼ਕਰ ਬਡ ਆਯੋ।
ਤਊ ਨ ਤ੍ਰਾਸ ਕਛੂ ਮਨ ਭਾਯੋ ॥੧੬॥
ਮ੍ਰਿਗ ਝੁੰਡਨ ਮਹਿਂ ਕੇਹਰ ਮੱਤੇ[1]।
ਨ੍ਰਿਭੈ ਤਥਾ ਰਸ ਬੀਰ ਸੁ ਰੱਤੇ।
ਸੰਗਤਿ ਦੀਪਮਾਲ ਕੇ ਮੇਲੇ।
ਹਿਤ ਦਰਸ਼ਨ ਕੇ ਭਈ ਸਕੇਲੇ ॥੧੭॥
ਤਿਨ ਮਹੁਂ ਹੁਤੇ ਜੁ ਆਯੁਧਧਾਰੀ।
ਸੁਨਿ 'ਗੁਰ ਸੰਗ ਹੋਹਿ ਰਣ ਭਾਰੀ।'
ਦਰਸ਼ਨ ਪਰਸਤਿ ਪਾਵਨ ਹੋਏ।
ਹਾਥ ਜੋਰਿ ਸੋ ਅੱਗ੍ਰ ਖਰੋਏ ॥੧੮॥
'ਸ਼੍ਰੀ ਪ੍ਰਭੁ ਪਿਖਿ ਕਰਿ ਕੈ ਸੰਗ੍ਰਾਮੂ।
ਗਮਨੈਂ ਬਹੁਰ ਆਪਨੇ ਧਾਮੂ[1]।
ਤੁਰਕਨ ਲਸ਼ਕਰ ਆਵਤਿ ਸੁਨਜੋਂ।'
ਕਲ਼ਗੀਧਰ ਪ੍ਰਸੰਨ ਹ੍ਵੈ ਭਨਜੋ ॥੧੯॥
'ਸ਼ਸਤ੍ਰ ਧਰਨ ਕੋ ਧਰਮ ਇਹੀ ਹੈ।
ਰਿਪੁਨਿ ਹਤਨਿ ਤਿਨ ਔਰ ਨਹੀਂ ਹੈ।
ਗੁਰ ਘਰ ਤੇ ਸਭਿ ਕਿਛ ਵਰ ਪਾਵਹੁ।
ਜਸੁ ਜੀਵਤਿ, ਮ੍ਰਿਤੁ ਸੁਰ ਪੁਰਿ ਜਾਵਹੁ ॥੨੦॥
ਮੈਂ ਵਾਲੀ ਦੁਹੁ ਲੋਕਨ ਮਾਂਹੀ।
ਹਨਹੁ ਰਿਪੁਨਿ ਕੌ ਮਿਟੀਅਹਿ ਨਾਂਹੀ।'
ਸੋ ਭਟ ਅਰਹਿਂ ਅਗਾਰੀ ਹੋਇ।
ਕਰੀ ਮੋਰਚੇ ਬੰਦੀ ਸੋਇ[1] ॥੨੧॥
ਸਤਿਗੁਰ ਕਹਜੋ ਅੱਗ੍ਰ ਨਹਿਂ ਜਾਵਹੁ।
ਜ੍ਵਾਲਾਬਮਣੀ ਥਿਰੇ ਚਲਾਵਹੁ।
ਦੁਸ਼ਮਨ ਨਹੀਂ ਟਿਕਨ ਹੁਇ ਸਕਹੀ[1]।
ਅੱਗ੍ਰ ਵਧਹਿ ਹਤਿ ਤੁਪਕਨ ਤਕਿਹੀ[1]' ॥੨੨॥
ਦੂਰ ਦੂਰ ਲਗਿ ਸਭਿ ਚਹੂੰ ਓਰੇ।

[1]ਮਸਤੇ।

[1]ਆਪਣੇ ਘਰਾਂ ਨੂੰ ਫੇਰ ਜਾਵਾਂਗੇ।

[1]ਪਹਿਲੇ, ਜਿਨ੍ਹਾਂ ਮੋਰਚੇ ਬੰਦੀ ਕੀਤੀ ਹੈ ਸੀ ਓਹ ਸੂਰਮੇਂ ਅਗੇ ਹੋਕੇ ਅੜਨਾ ਚਾਹੁੰਦੇ ਹਨ, (ਉਨ੍ਹਾਂ ਪ੍ਰਤੀ ਗੁਰੂ ਜੀ ਕਹਿੰਦੇ ਹਨ)।

[1]ਟਿਕ ਨਹੀਂ ਸਕਣਗੇ।

[1]ਜੇ ਅਗੇ ਵਧਣ ਤਾਂ ਤੱਕ ਕੇ ਬੰਦੂਕਾਂ ਮਾਰੋ।

ਕਰੇ ਮੋਰਚ ਸੰਘਰ ਘੋਰੇ[1]। — [1]ਭਯਾਨਕ ਜੰਗ ਲਈ।

ਭਰਿ ਭਰਿ ਰਾਬੇ[1] ਮਾਰਤਿ ਐਸੇ। — [1]ਕੱਠੀਆਂ ਬੰਦੂਕਾਂ ਦੀ ਬੁਛਾੜ।

ਬਾਛੜ ਕਰਿਕਾ ਪਰਤੀ ਜੈਸੇ[1] ॥੨੩॥ — [1]ਜਿਵੇਂ ਗੜਿਆਂ ਦੀ ਵਾਛੜ ਪੈਂਦੀ ਹੈ।

ਗਿਰਹਿਂ ਤੁਰੰਗਮ ਅਰੁ ਅਸਵਾਰ।

ਰੁਪੇ ਸੂਰਮੇ ਪਰੇ ਸੁਮਾਰ[1]। — [1]ਸੂਰਮੇਂ ਜੰਮੇ ਖੜੇ ਹਨ ਚਾਹੋ ਮਾਰ ਪੈ ਰਹੀ ਹੈ। (ਅ) (ਜੀਉਂਦੇ) ਸੂਰਮੇਂ ਅੜੇ ਖੜੇ ਹਨ (ਜੋ) ਜ਼ਖਮੀ (ਹੋਏ ਹਨ ਸੋ) ਡਿਗ ਪਏ ਹਨ। (ੲ) ਸੂਰਮੇ ਅੜ ਰਹੇ ਹਨ (ਚਾਹੋ) ਚੰਗੀ ਮਾਰ ਪੈ ਰਹੀ ਹੈ।

ਦੋਨਹੁ ਦਿਸ਼ਾ ਓਰੜੇ ਆਵੈਂ।

ਜਨੁ ਘਨ ਘਟਾ ਚੜੀ ਗਰਜਾਵੈਂ ॥੨੪॥

ਪੜਹਿਂ ਤੁਫੰਗਨ ਕੇ ਕੜਕਾਰ।

ਹੇਲ ਘਾਲਿ ਅਰਿ ਪਰੇ ਜੁਝਾਰ[1]। — [1]ਸੂਰਮੇ ਵੈਰੀ ਹਮਲਾ ਕਰਕੇ ਆ ਪਏ।

ਨ੍ਰਿਭੈ ਹੋਇ ਢਿਗ ਢੁਕੈਂ ਜਯੋਂ ਜਯੋਂ।

ਗੁਲਕਾ ਕੇ ਪ੍ਰਹਾਰ ਹੁਇੰ ਤਯੋਂ ਤਯੋਂ ॥੨੫॥

ਸ਼੍ਰੀ ਗੁਰ ਚਾਂਪ ਕਠੋਰ ਸੰਭਾਰੇ।

ਖਪਰੇ ਤੀਛਨ ਭੀਛਨ ਮਾਰੇ।

ਬੀਂਧਤਿ ਸੁਭਟ ਪਵੰਗਮ ਗਾਤ[1]। — [1]ਘੋੜਿਆਂ ਦੇ ਸਰੀਰ।

ਇਕ ਦ੍ਵੈ ਤ੍ਰੈ ਚਤੁਰਥ ਪਰ ਜਾਤਿ ॥੨੬॥

ਦੜਿ ਦੜਿ ਪੜਤਿ ਪਰੇ ਤੜਫੜਤ।

ਲੜਿ ਲੜਿ ਭਿੜਤਿ ਕੜਾਕੜ ਛੜਤਿ[1]। — [1]ਕੜਾਕਾੜ ਛੱਡਦੇ ਹਨ (ਗੋਲੀਆਂ)।

ਸੜਸੜ[1] ਗੁਲਕਾਂ ਚਲਿ ਚਲਿ ਫੋੜਤਿ। — [1]ਛੇਤੀ ਛੇਤੀ।

ਲਗਿ ਲਗਿ ਭਟ ਗਨ ਕਰ ਪਗ ਤੋੜਤਿ ॥੨੭॥

ਤੁਰਕਨਿ ਕੇ ਲਸ਼ਕਰ ਪਰ ਸਤਿਗੁਰ।

ਸਰਿ ਪਰਹਾਰਤਿ ਬੀਧਤਿ ਅਰਿ ਉਰ[1]। — [1]ਵੈਰੀ ਦੇ ਕਲੇਜੇ।

ਗਿਰਹਿਂ ਇਕੱਤ੍ਰ ਲਗਹਿਂ ਇਕ ਬਾਨ।

ਪਰਹਿਂ ਪਾਰ ਕਰਿ ਕਰਿ ਬਹੁ ਹਾਨਿ ॥੨੮॥

ਜਥਾ ਚੰਦ੍ਰਮਾ ਕੌ ਪਰਵਾਰਾ।

ਜਥਾ ਖੇਤ ਕੇ ਚਹੁੰ ਦਿਸ਼ਿ ਬਾਰਾ।

ਜਿਮ ਕਰ ਕੇ ਕੰਕਨ ਚਹੁੰ ਫੇਰੇ[1]। — [1]ਜਿਵੇਂ ਕੰਗਨ ਹੱਥ ਦੇ ਚੁਫੇਰੇ ਹੁੰਦਾ ਹੈ।

ਤਿਮ ਸਤਿਗੁਰ ਕੋ ਪਾਯੋ ਘੇਰੇ ॥੨੯॥

ਥਿਰੇ ਮੋਰਚੇ ਸਿੰਘ ਸੁ ਗਾਢੇ।
ਸ਼ਲਖੈਂ ਛੋਰਤਿ ਹੁਇ ਹੁਇ ਠਾਂਢੇ।
ਮਾਰਿ ਮਾਰ ਕਰਿ ਮੋਰਹਿਂ ਅਰੀ।
ਨੇਰ ਨ ਹੋਨਿ ਦੇਤਿ, ਬ੍ਰਤ ਧਰੀ[1] ॥੩੦॥

[1]ਐਸਾ) ਨੇਮ ਧਾਰਨ ਕੀਤਾ ਹੈ (ਜਿਨ੍ਹਾਂ ਨੇ)।

ਜਿਨ ਕੇ ਮਨ ਜਮ ਕੌ ਭਿ ਨ ਤ੍ਰਾਸਾ।
ਰੁਪਯੋ ਖਾਲਸਾ ਸ਼ੱਤ੍ਰੁ ਬਿਨਾਸ਼ਾ।
ਚਹੁੰਦਿਸ਼ਿ ਤੇ ਸਤਿਗੁਰ ਤੇ ਦੂਰ।
ਰਾਖੇ ਦੁਸ਼ਮਨ ਜੇ ਬਡ ਕੂਰ[1] ॥੩੧॥

[1]ਕਰੜੇ।

ਨਰਾਜਛੰਦ:

ਗੁਰੂ ਸਪੂਤ ਪੂਤ[1] ਚੀਤ, ਸ੍ਰੀ ਅਜੀਤ ਸਿੰਘ ਜੀ।

[1]ਪਵਿੱਤ੍ਰ।

ਕੁਦੰਡ ਲੇ ਪ੍ਰਚੰਡ, ਛੰਡਿ ਬਾਨ[1] ਧੀਰ ਸਿੰਘ ਜੀ[2]।

[1]ਤੀਰ ਛੱਡੇ। [2]ਸ਼ੇਰ ਵਤ ਧੀਰਜ ਧਾਰਕੇ।

ਸੜਾਸੜੀ ਪ੍ਰਹਾਰਿ ਕੈ, ਬਿਹੰਡ ਤੁੰਡ ਫੋੜਿ ਕੈ।
ਕਰੇ ਜੁ ਹੇਲ ਆਵਤੇ, ਸ਼ਿਤਾਬ ਦੀਨਿ ਮੋੜਿ ਕੈ ॥੩੨॥
ਨਿਖੰਗ ਤੇ ਖਤੰਗ ਏਕ, ਸੰਗ ਹੀ ਨਿਕਾਰਿ ਕੈ[1]।

[1]ਇਕੋ ਵੇਰ ਹੀ ਕੱਢ ਕੇ।

ਧਰਾ ਧਰੇ ਸਮੂਹ, ਫੇਰ ਲੇਤਿ ਹੈਂ ਸੰਭਾਰਿ ਕੈ[1]।

[1]ਧਰਤੀ ਤੇ ਧਰ ਕੇ ਸਾਰੇ ਫੇਰ ਸੰਭਾਲਕੇ (ਚਲਾਉਣ ਲਈ) ਲਈ ਜਾਂਦੇ ਹਨ।

ਸੁ ਬੈਠਿ ਬੀਰ ਆਸਨੰ, ਸਰਾਸਨੰ[1] ਸੁ ਧਾਰਿ ਕੈ।

[1]ਧਨੁਖ।

ਸੁ ਤਾਨਿ ਬਾਨ ਕਾਨ ਲੌ, ਅਨੇਕ ਸ਼ੱਤ੍ਰੁ ਮਾਰਿ ਕੈ ॥੩੩॥
ਉਡੰਤਿ ਜਾਤਿ ਬੇਗ ਤੇ, ਪ੍ਰਵੇਸ਼ ਹ੍ਵੈ ਲਰੰਤਿ ਹੀ[1]।

[1]ਵੇਗ ਨਾਲ ਉਡਦੇ ਜਾਂਦੇ (ਤੀਰ) ਲਗਦਿਆ ਹੀ ਪ੍ਰਵੇਸ਼ ਕਰ ਜਾਂਦੇ ਹਨ। ਪਾਠ 'ਲਰੰਤ ਹੀ' ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ; ਪਾਠ 'ਲਗੰਤ ਹੀ'ਚਾਹਯੇ।

ਤੁਰੰਗ[†] ਅੰਗ ਭੰਗਿ ਕੈ, ਸੁ ਪਾਰ ਕੋ ਪਰੰਤ ਹੀ[1]।

[1]ਪਾਰ ਪੈ ਜਾਂਦਾ ਹੈ। [†]ਸ਼ੁਧ ਪਾਠ 'ਤੁਰੰਤ' ਜਾਪਦਾ ਹੈ।

ਸਰੀਰ ਬੀਧ ਬੀਰ ਕੇ, ਨ ਨੀਰ ਫੇਰ ਜਾਚਿਤੇ।
ਅਤੰਕ ਤੇ ਸਸ਼ੰਕ ਕੈ, ਨਿਸੰਗ ਜੰਗ ਮਾਚਤੇ[1]

[1]ਜੋ ਨਿਸ਼ੰਗ ਹੋਕੇ ਜੰਗ ਵਿਚ ਮਚ ਰਹੇ ਸਨ ਉਨ੍ਹਾਂ ਨੂੰ ਭੈ

| | |
|---|---|
| ॥੩੪॥ | ਨਾਲ ਸ਼ੰਕਾ ਵਿਚ ਪਾ ਦਿਤਾ। |
| ਵਜ਼ੀਰਖਾਨ ਸੈਨ ਕੋ, ਦਲੇਰ ਹ੍ਵੈ ਪਰੇਰਤੋ। | |
| 'ਕਹਾਂ ਥਿਰੰਤਿ ਤ੍ਰਾਸ ਤੇ, ਸਮੂਹ ਕਜਾ ਨਿਬੇਰਤੋ[1]? | [1]ਕੀਹ) ਸਾਰੇ ਨਿਬੇੜ ਦਿਤੇ ਹਨ (ਗੁਰੂ ਜੀ ਨੇ)। |
| ਮਰੇ ਜੁ ਹੇਲ ਘਾਲਤੇ, ਬਚੇ ਸਮੀਪ ਢੁਕਿਯੇ[1]। | [1]ਹੱਲਾ ਕਰਦੇ ਜੋ ਮਰੇ (ਸੋ ਮਰ ਗਏ) ਜੋ ਬਚੇ ਸੋ ਨੇੜੇ ਹੋਕੇ ਢੁਕੋ ਭਾਵ ਅਗੇ ਵਧੋ। |
| ਗੁਰੂ ਗਹੰਨ ਕੀਜਿਯੈ, ਉਠੇ ਨ ਕ੍ਯੋਂ ਹੂੰ ਰੁਕਿਯੇ[1] ॥੩੫॥ | [1]ਉਠੋ ਤੇ ਕਿਵੇਂ ਵੀ ਨਾ ਰੁਕੋ। (ਅ) ਐਸ ਤਰ੍ਹਾਂ ਰੋਕੋ ਕਿ ਫੇਰ ਉਠ ਨਾ ਸਕੇ। (ੲ) ਜੇ ਗੁਰੂ ਉਠ ਬੈਠਾ ਤਾਂ ਫਿਰ ਰੁਕ ਨਹੀਂ ਸਕੇਗਾ। |
| ਕ੍ਰਿਪਾਨ ਖੈਂਚਿ ਮਜਾਨ ਤੇ, ਪ੍ਰਵੇਸ਼ ਬੀਚ ਹੂਜਿਯੇ। | |
| ਪ੍ਰਹਾਰ ਸਾਂਗ ਸੈਹਥੀਨ, ਨੇਜ ਚੋਕ ਦੀਜਿਯੇ[1]। | [1]ਨੇਜ਼ੇ ਦੀ ਚੋਭ ਦਿਓ। |
| ਤੁਫੰਗ ਏਕ ਸੰਗ ਤਜਾਗਿ[1] ਸਿੰਘ ਮਾਰ ਲੀਜਿਯੇ। | [1]ਇਕੋ ਵਾਰੀ ਚਲਾਕੇ। |
| ਅਕੇਲ ਫੇਰ ਕਜਾ ਕਰੈ[1], ਨ ਤ੍ਰਾਸ ਚਿੱਤ ਕੀਜਿਯੇ' ॥੩੬॥ | [1]ਅਕੱਲਾ (ਗੁਰੂ) ਫਿਰ ਵੀ ਕਰ ਸਕੇਗਾ। |
| ਸੁਨੇ ਵਜੀਦਖਾਨ† ਤੇ, ਸੁ ਏਕ ਤਾਨ ਹੋਇ ਕੈ। | †ਕਵੀ ਜੀ ਬਹੁਤੀ ਥਾਈਂ ਵਜ਼ੀਰ ਖਾਂ ਨੂੰ ਵਜੀਦ ਖਾਨ ਬੀ ਲਿਖਦੇ ਹਨ। ਠੀਕ ਨਾਮ-ਵਜ਼ੀਰਖਾਨ-ਹੈ। |
| ਅਗਾਇ ਪਾਇ ਰੋਪਤੇ ਸੁ ਕੋਪ ਤ੍ਰਾਸ ਖੋਇ ਕੈ[1]। | [1]ਕ੍ਰੋਧ ਕਰਕੇ ਤੇ ਡਰ ਗਵਾਕੇ ਅੱਗੇ ਪੈਰ ਜਮਾਉਂਦਾ ਹੈ। |
| ਬਿਸਾਲ ਹਲ ਘਾਲਿਓ ਚਲਾਇ ਆਯੁਧਾਨ ਕੋ। | |
| ਪੁਕਾਰ 'ਮਾਰਿ ਮਾਰਿ', ਹਾਥ ਧਾਰਿ ਕੈ ਨਿਸ਼ਾਨ ਕੋ ॥੩੭॥ | |
| ਛੁਟੀ ਤੁਫੰਗ ਏਕ ਸੰਗ, ਚਾਰਿ ਓਰ ਓਰੜੇ। | |
| ਸਮੀਪ ਢੂਕ ਢੂਕਤੇ, ਨ ਧੀਰ ਧਾਰਿ ਥੋਰੜੇ। | |
| ਪਦਾਂਤਿ ਕੈ ਸਊਰ ਹਾਲ ਹੂਲ ਭੂਰ ਭੇਲਤੇ[1]। | [1]ਪਿਆਦੇ ਤੇ ਅਸਵਾਰ ਹੂਲਕੇ ਹੱਲਾ ਕਰਦੇ ਹਨ ਮਿਲ ਕੇ ਸਾਰੇ। |
| ਧਕੇਲ ਸੇਲ ਠੇਲਤੇ, ਸਕੇਲਿ ਗੇਲ ਪੇਲਤੇ[1] ॥੩੮॥ | [1]ਸੇਲਿਆਂ ਦੇ ਧੱਕੇ ਨਾਲ (ਅੱਗੇ ਆਇਆਂ) ਨੂੰ ਠੇਲਦੇ (ਰੇੜਦੇ ਤੇ) ਕੱਠੇ ਹੋ ਕੇ ਰਸਤੇ ਵਿਚ ਦਬਾਉਂਦੇ ਹਨ। |

ਪਰਜੋ ਸੁ ਜੋਰ ਖਾਲਸੇ[1], ਗੁਰੂ ਸੰਭਾਲਿ ਬਾਨ ਕੌਂ।
ਚਲਾਇ ਦੀਨਿ ਸੈਂਕਰੇ, ਕਰੇ ਸੁ ਬੀਰ ਹਾਨ ਕੋ।
ਧਵਾਇ ਅੱਗ੍ਰ ਆਵਤੇ, ਨਿਸ਼ੰਕ ਤੀਰ ਖਾਵਤੇ।
ਗਿਰੇ ਸੁ ਜੰਗ ਖੇਤ ਮੈਂ, ਕਹੂੰ ਨ ਜਾਨ ਪਾਵਤੇ ॥੩੯॥

[1]ਖਾਲਸੇ ਉਤੇ।

ਗੁਰੂ ਗੋਬਿੰਦ ਸਿੰਘ ਜੀ, ਬਿਲੰਦ ਕੋਪ ਧਾਰਿਓ।
ਪ੍ਰਹਾਰ ਬ੍ਰਿੰਦ ਬਾਨ ਕੋ, ਸਮੂਹ ਬੀਰ ਮਾਰਿਓ।
ਪਰੇ ਤੁਰੰਗ ਸੈਂਕਰੇ, ਸਊਰ ਹੇਠ ਊਪਰੇ।
ਬਿਸਾਲ ਸ਼੍ਰੋਣ ਚਾਲਿਓ, ਬਹਯੋ ਪ੍ਰਵਾਹ ਭੂ ਪਰੇ ॥੪੦॥

ਭਈ ਸੁ ਲੋਥ ਪੋਥਨਾ, ਬੰਦੂਕ ਬ੍ਰਿੰਦ ਬਾਜਿਆ[1]।
ਸੁ ਹੇਲ ਝਾਲਿ ਖਾਲਸਾ[1], ਨ ਏਕ ਪੈਰ ਭਾਜਿਆ।
ਹਜ਼ਾਰਹੁ ਪ੍ਰਹਾਰ ਕੈ, ਥਿਰੇ ਸੁ ਮੋਰਚਾਨ ਮੈਂ।
ਪ੍ਰਹਾਰਿਯੇ ਪ੍ਰਬੁੱਧ ਹਾਰਿ, ਨਾ ਰਹੇ ਗੁਮਾਨ ਮੈਂ[1] ॥੪੧॥

[1]ਵੱਜੀਆਂ ਭਾਵ ਚਲੀਆਂ।

[1]ਹੱਲੇ ਨੂੰ ਝੱਲਿਆ ਖਾਲਸੇ ਨੇ।

[1]ਜਦੋਂ ਮਾਰ ਪਈ ਬੁੱਧੀ ਹਾਰ ਗਈ ਗੁਮਾਨ ਜ਼ਰਾ ਨਾ ਰਿਹਾ। ਪਰ ਸ਼ੁਧ ਪਾਠ 'ਪਹਾਰੀਏ' ਚਾਹੀਦਾ ਹੈ ਕਿ ਪਹਾੜੀਏ ਹਾਰ ਸਮਝਕੇ ਹੰਕਾਰ ਵਿਚ ਨਾ ਰਹੇ।

ਮਚਯੋ ਘਮੰਡ[1] ਦਾਰੁਣਾ, ਕਹਾਂ ਲਗੇ ਸੁਨਾਈਯੇ।
ਰਹੇ ਲਗਾਇ ਓਜ ਮੂਢ, ਨਾ ਕਛੂ ਬਸਾਈਯੇ[1]।
ਪ੍ਰਬਾਜ ਸਾਰ ਸਾਰ ਸੰਗ, ਡੇਢ ਜਾਮ ਬੀਤਿਯੋ[1]।
ਹਜ਼ਾਰਹੂੰ ਖਪਾਇ ਬੀਰ, ਭਾ ਹੰਕਾਰ ਰੀਤਿਯੋ[1] ॥੪੨॥

[1]ਜੰਗ।

[1]ਵੱਸ ਨਾ ਚਲਿਆ।

[1]ਲੋਹੇ ਨਾਲ ਲੋਹਾ ਚੰਗੀ ਤਰ੍ਹਾਂ ਵਜਦਿਆਂ ਡੇਢ ਪਹਿਰ ਬੀਤ ਗਿਆ। [ਪ੍ਰ=ਚੰਗੀ ਤਰ੍ਹਾਂ, ਪਰਸਪਰ। ਬਾਜ=ਵੱਜਿਆ]।

[1]ਹੰਕਾਰ ਤੋਂ ਖਾਲੀ ਹੋਏ (ਵੈਰੀ)।

ਅਥਯੋ ਸਿਧਾਇ ਮਾਰਤੰਡ, ਬਾਰਨੀ ਦਿਸ਼ਾਨ ਕੋ[1]।
[1]ਪਸ਼ਚਮ ਦਿਸ਼ਾ ਨੂੰ। [ਸੰਸ:, ਵਾਰੁਣੀ]।

ਪ੍ਰਕਾਸ਼ ਮੰਦ ਹੋਤਿ ਭਾ, ਅੰਧੇਰ ਮੋਂ ਭਯਾਨ ਕੋ[1]।
[1]ਭਜਾਨਕ ਅੰਧੇਰਾ ਹੋ ਗਿਆ।

ਮਿਟੇ ਸੁ ਆਪ ਆਪ ਕੋ, ਹਟੇ ਪ੍ਰਬੀਰ ਹੂਟਿ ਕੈ[1]।
[1]ਆਪੋ ਆਪਣੇ ਪਾਸੇ ਨੂੰ ਸੂਰਮੇਂ ਥੱਕ ਕੇ ਹਟ ਗਏ। [ਸੰਸ:, ਪ੍ਰਵੀਰ=ਸ੍ਰੇਸ਼ਟ ਸੂਰਮੇਂ]।

ਗੁਰੂ ਬਿਸਾਲ ਸੂਰਮਾ, ਰਹਯੋ ਮਵਾਸ ਜੂਟਿਕ[1] ॥੪੩॥
[1]ਜੁੱਟਕੇ।

ਦੋਹਰਾ:

ਡੇਰਾ ਕੀਨਸਿ ਦਲ ਸਕਲ, ਸ਼੍ਰਮਤਿ ਅੰਗ ਲਰਿ ਜੰਗ[1]।
[1]ਲੜਦਿਆਂ ਜੰਗ ਵਿਚ।

ਖਾਨ ਪਾਨ ਕੇ ਕਰਨ ਹਿਤ, ਉਤਰੇ ਬੀਰ ਸੁਸੰਗ[1] ॥੪੪॥
[1]ਸੰਗੀਆਂ ਸਣੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਵਜੀਦਖਾਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

## ੪੨. [ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ। ਰਾਇ ਬਿਸਾਲੀ ਮੇਲ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਭਯੋ ਖੇਤ ਦਾਰੁਨ ਮਹਾਂ, ਲੋਥ ਸੰਕੀਰਣ ਜਾਲ[1]।
ਕੂਕੈਂ ਜੰਬੁਕ ਆਨਿ ਕੈ, ਕੂਕਰ ਕੂਕਿ ਬਿਸਾਲ ॥੧॥

[1]ਸਾਰੀਆਂ (ਦੋਹਾਂ ਧਿਰਾਂ ਦੀਆਂ) ਲੋਥਾਂ ਰਲੀਆਂ ਮਿਲੀਆਂ ਪਈਆਂ ਹਨ।

ਚੌਪਈ:

ਨਿਜਗਣ ਕੇ ਗਣ[1] ਲੈ ਕਰਿ ਸੰਗ।
ਬਿਚਰੇ ਰੁੱਦ੍ਰ ਰੁੱਦ੍ਰ ਕਰਿ ਅੰਗ[1]।
ਬ੍ਰਿੰਦ ਜੋਗਨੀ ਪੀਵਤਿ ਸ਼੍ਰੋਣ।
ਬੋਲ ਭਯੰਕਰ ਸੁਨਿਯਤਿ ਸ਼੍ਰੋਣ ॥੨॥

[1]ਸਾਰੇ ਆਪਣੇ ਗੁਣਾਂ ਨੂੰ।

[1]ਰੁੱਦ੍ਰ ਸਰੀਰਾਂ ਨੂੰ ਭਯਾਨਕ ਬਨਾਕੇ ਵਿਚਰ ਰਹੇ ਹਨ।

ਪਰੇ ਹਜ਼ਾਰਹੁਂ ਹਯ ਹਥ੍ਯਾਰ।
ਨਹਿਂ ਘਾਯਲ ਕੀ ਕਰੀ ਸੰਭਾਰ।
ਤਿਸ ਛਿਨ ਜੀਵਤਿ ਭੀ ਮਰਿ ਗਏ।
ਬਨ ਕੇ ਜੀਵ ਮਾਸ ਭਖਿ ਲਏ ॥੩॥
ਪਰੀ ਮਾਰ ਤੁਰਕਨਿ ਪਰ ਗਾਢੀ।
ਮਹਾਂ ਸੋਗ ਜੁਤਿ ਪੀਰਾ ਬਾਢੀ।
ਰਹ੍ਯੋ ਵਜੀਦਖਾਨ ਚਿਤ ਚਿਤਵਤਿ।
-ਇਹ ਮਮ ਲਸ਼ਕਰ ਪਰ ਕ੍ਯਾ ਬਿਤਵਤਿ[1]
॥੪॥

[1]ਕੀ ਬੀਤਦੀ ਹੈ?

ਜਾਨੀ ਗਈ ਨ ਕੁਛ ਬੁਧਿ ਮਨ ਤੇ-।
ਝੁਰ੍ਯੋ ਪਾਇ ਪਰਾਜੈ ਰਨ ਤੇ।
-ਸਿੰਘ ਅਲਪ ਹੀ ਹਤੇ ਨ ਗਏ।
ਰਹੇ ਮਵਾਸੀ ਬਡ ਬਲ ਕਿਯੇ ॥੫॥
ਕੋਟ ਦੁਰਗ ਕੀ ਓਟ ਨ ਕੋਈ।
ਬੀਚ ਮਦਾਨ ਮੋਰਚੇ ਹੋਈ।
ਮਰੇ ਹਜ਼ਾਰਹੁਂ ਬੀਰ ਤੁਰੰਗ।
ਨਹੀਂ ਸੰਭਾਰਹਿਂ ਘਾਇਲ ਜੰਗ[1]- ॥੬॥

[1]ਜੰਗ ਵਿਚ ਜ਼ਖਮੀ ਹੋਇਆਂ ਦੀ ਸੰਭਾਲ ਵੀ ਨਹੀਂ ਕੀਤੀ ਜਾ ਸਕੀ।

ਇੱਤਯਾਦਿਕ ਪਛੁਤਾਵਤਿ ਰਹ੍ਯੋ।
ਗੁਰ ਪ੍ਰਤਾਪ ਨਹਿਂ ਮੂਰਖ ਲਹ੍ਯੋ।
ਭੀਮਚੰਦ ਕਹਿਲੂਰੀ ਗਯੋ।
ਭੂਪਚੰਦ ਹੰਡੂਰੀ ਲਹ੍ਯੋ ॥੭॥

ਮਿਲੇ ਜਾਇ ਝੁਕਿ ਕਰੀ ਸਲਾਮੂ।
ਭਾਖਯੋ ਗੁਰ ਅਹਿਵਾਲ ਤਮਾਮੂ।
'ਮਹਾਂ ਸੂਰਮਾ ਅਤਿ ਧਨੁ ਧਾਰੀ।
ਹਮ ਨਿਤ ਕਰਤਿ ਰਹੇ ਰਣ ਭਾਰੀ ॥੮॥
ਕਾਢਿ ਅਨੰਦਪੁਰਿ ਬਾਹਰ ਲਜਾਏ†।

†ਹੁਣ ਗਊ ਦੀ ਸਹੁੰ ਦੇਕੇ ਬਾਹਰ ਲਿਆਉਣ ਦਾ ਫ੍ਰੇਬ ਤੇ ਮਨੋਰਥ ਸਪਸ਼ਟ ਹੋ ਗਿਆ। ਹੱਲਾ ਰਾਜਿਆਂ ਵਲੋਂ ਪਹਿਲਾਂ ਹੋਇਆ ਕਿ ਬੇਓਟੇ ਹੋ ਗਏ ਗੁਰੂ ਨੂੰ ਛੇਤੀ ਮਾਰ ਲਵਾਂਗੇ, ਇਹ ਗਲ ਬੀ ਸਾਫ ਹੋ ਗਈ।

ਅਬਿ ਗਹਿ ਲੈ ਹੈਂ ਜਾਨਿ ਨ ਪਾਏ।
ਹਜ਼ਰਤ ਕੇ ਸਮੀਪ ਪਹੁੰਚਾਵੈ।
ਤਬਿ ਨਚਿੰਤ ਹ੍ਵੈ ਦਿਵਸ ਬਿਤਾਵੈਂ' ॥੯॥
ਕਹਯੋ ਵਜੀਦ ਖਾਨ ਨ੍ਰਿਪ ਸੰਗ।
'ਭਯੋ ਆਜ ਭੀ ਦੀਰਘ ਜੰਗ।
ਤੁਮ ਤਨ ਦੇ ਕਰਿ ਲਰਹਿ ਨ ਕੋਈ।
ਅਪਨਿ ਚਮੂੰ ਮੈਂ ਸਗਰੀ ਢੋਈ ॥੧੦॥
ਮਰੇ ਸੈਂਕਰੇ ਸੁਭਟ ਤੁਰੰਗ।
ਪਰੇ ਹਜ਼ਾਰਹੁੰ ਘਾਯਲ ਅੰਗ।
ਬੈਠਿ ਮੋਰਚਨਿ ਮਾਰ ਮਚਾਈ।
ਹਮ ਮਦਾਨ ਸਨਮੁਖ ਬਹੁ ਘਾਈ[1] ॥੧੧॥

[1]ਬਹੁਤੇ ਮਾਰੇ।

ਨਹੀਂ ਪ੍ਰਾਤਿ ਕੋ ਪਾਵਹਿਂ ਜੰਗ।
ਸੰਭਾਰਹਿਂ ਮ੍ਰਿਤੁ ਘਾਯਲ ਅੰਗ।
ਪਰਸੌਂ ਦੇਹਿਂ ਜੋਰ ਬਹੁ ਲਰੈਂ।
ਘੇਰਿ ਚੁਗਿਰਦੇ ਗਹਿਬੋ ਕਰੈਂ' ॥੧੨॥
ਬੋਲਯੋ ਭੂਮਚੰਦ ਹੰਡੂਰੀ।
'ਰਾਵਰਿ ਕਹੀ ਬਾਰਤਾ ਰੂਰੀ।
ਤੁਮ ਮਾਲਿਕ ਹਮਰੇ ਅਬਿ ਆਏ।
ਸਰਬ ਸੁਧਾਰਹੁ ਕਾਜ ਸੁਹਾਏ' ॥੧੩॥
ਪੁਨ ਵਜੀਦ ਖਾਂ ਬੂਝਨਿ ਕਰੇ।
'ਗੁਰ ਬਿਰੋਧ ਕਿਹ ਕਾਰਨ ਪਰੇ।
ਬਹੁਰ ਨ ਮੇਲ ਤੁਮਾਰੋ ਹੋਵਾ।
ਚਿਰ ਤੇ ਲਰਹਿਂ ਅਬਹਿ ਲਗਿ ਜੋਵਾ' ॥੧੪॥

ਸੁਨਿ ਕੈ ਭੀਮਚੰਦ ਬਚ ਭਾਖਾ।
'ਕਹਹਿਂ ਕਹਾਂ, ਹਮ ਗੁਰ ਅਭਿਲਾਖਾ[1]।
ਸਭਿ ਇਕ ਸਮੈਂ ਮਿਲੇ ਤਿਨ ਜਾਈ[1]।
ਪਿਖਨਿ ਕਹਤਿ ਦੇਵੀ ਬਿਦਤਾਈ ॥੧੫॥
ਥਿਰੇ ਸਮੀਪ ਜਬਹਿ ਸਮੁਦਾਯਾ।
ਦੇਖਤਿ ਹਮ ਕੋ ਏਵ ਅਲਾਯਾ।
-ਸਿੱਖ ਬਨਹੁ ਲੇ ਪਾਹੁਲ ਮੇਰੀ।
ਕੇਸ ਕਾਛ ਰਖਿ ਰਹਤਿ ਬਡੇਰੀ ॥੧੬॥
ਹਜ਼ਰਤ ਕੇ ਸੰਗ ਮੋਰ ਬਿਰੁੱਧਾ।
ਇਕਠੇ ਹੋਇ ਕਰੈਂ ਬਹੁ ਜੁੱਧਾ।
ਤੇਗ਼ ਬਹਾਦਰ ਪਿਤਾ ਹਮਾਰਾ।
ਚਵਗੱਤੇ ਨਾਹਕ ਗਹਿ ਮਾਰਾ ॥੧੭॥
ਸੋ ਪਲਟਾ ਤਿਸ ਤੇ ਹਮ ਲੇਨੋ[†]।
ਦੇਸ਼ਨਿ ਲੂਟਿ ਉਜਾਰ ਸੁ ਦੇਨੋ।
ਲਵਪੁਰਿ ਕੋ ਪੂਰਬ ਲਰਿ ਲੈਹੈਂ।
ਸੋ ਸਭਿ ਰਾਜ ਤੁਮਹਿਂ ਕੋ ਦੈਹੈਂ[*]- ॥੧੮॥
ਇੱਤਯਾਦਿਕ ਹਮ ਕੋ ਬਹੁ ਕਹਯੋ।
ਸੁਨਿ ਕੈ ਇਹੁ ਕੁਸੂਤ ਚਿਤ ਲਹਯੋ।
ਖ਼ੈਰ ਖ਼੍ਵਾਹ ਹਮ ਹਜ਼ਰਤ ਕੇਰੇ।
ਇਹ ਤਿਨ ਸੋਚਹਿ[1] ਜੰਗ ਬਡੇਰੇ ॥੧੯॥
ਕਹਿ ਬਹੁ ਰਹਯੋ ਨ ਤਬਿ ਹਮ ਮਾਨੀ।
ਚਲਿ ਆਏ ਅਪਨੀ ਰਜਧਾਨੀ।
ਇਹੁ ਕਾਰਨ ਹੈ ਲਰਿਬੇ ਕੇਰਾ।
ਅਪਰ ਨਹੀਂ ਗੁਰ ਕੇ ਸੰਗ ਝੇਰਾ ॥੨੦॥
ਅਬਿ ਆਏ ਤੁਮ ਭਲੀ ਸੁ ਹੋਈ।
ਜਿਮ ਉਚਰਹੁ ਹਮ ਕਰਿਹੈਂ ਸੋਈ।
ਹਜ਼ਰਤ ਕੇ ਗ਼ੁਲਾਮ ਹਮ ਜਾਨੋ।
ਕਰਨਿ ਬਿਰੋਧ ਨਹੀਂ ਹਮ ਮਾਨੋ ॥੨੧॥
ਅਬਿ ਕੇ ਲਰਹੁ ਲਾਇ ਬਲ ਸਾਰੋ।
ਚਹੁੰ ਓਰ ਤੇ ਕਰਹਿਂ ਪ੍ਰਹਾਰੋ।

[1]ਗੁਰਾਂ ਦੀ ਇੱਛਾ।
[1]ਭਾਵ ਗੁਰੂ ਜੀ ਨੂੰ ਜਾਕੇ ਮਿਲੇ ਸਾਂ।
[†]ਇਹ ਰਾਜੇ ਉਸ ਤਰ੍ਹਾਂ ਗਲਾਂ ਬਣਾ ਬਣਾਕੇ ਕਹਿ ਰਹੇ ਹਨ ਜਿਵੇਂ ਨਵਾਬ ਨੂੰ ਚਿਪ ਚੜੇ।
[1]ਤਿਸ (ਨੁਰੰਗੇ) ਨਾਲ।

ਫਤੇ ਕਰਹਿੰਗੇ ਗਨ ਕੋ ਗਹਿ ਕੈ।
ਹੁਇ ਹੈ ਸੁਜਸੁ, ਕਹੈ ਜਗ ਲਹਿ ਕੈ[1]'[†] ॥੨੨॥

[1]ਦੇਖਕੇ ਜਗਤ ਕਰੇਗਾ। [†]ਰਾਜਿਆਂ ਦੀ ਇਸ ਗੁਫਤਗੂ ਵਿਚ ਉਨ੍ਹਾਂ ਦੇ ਗਿਰਾਉ ਦਾ ਕਮਾਲ, ਗੁਲਾਮੀ ਵਿਚ ਹੀਣੀ ਦਸ਼ਾ ਤੇ ਖਾਨਾ ਜੰਗੀ ਦਾ ਨਕਸ਼ਾ ਆਪੇ ਸਫੁੱਟ ਹੋ ਰਿਹਾ ਹੈ।

ਏਵ ਪਰਸਪਰ ਮਸਲਤ ਧਰਿ ਕੈ।
ਉਠੇ ਸਲਾਮ ਤੁਰਕ ਕੋ ਕਰਿ ਕੈ।
ਡੇਰੇ ਜਾਇ ਸੁ ਸੁਪਤੇ ਰਾਤਿ।
ਉਠੇ ਬਹੁਰ ਜਬਿ ਹੋਈ ਪ੍ਰਾਤਿ ॥੨੩॥
ਸਤੱਦ੍ਰਵ ਪਾਰ ਸੁ ਪੁਰੀ ਬਿਸਾਲੀ[1]।

[1]ਨਾਮ ਪੁਰੀ ਦਾ।

ਤਹਾਂ ਰਾਵ ਇਕ ਸੁਮਤਿ ਬਿਸਾਲੀ[1]।

[1]ਬੜੀ ਬੁੱਧੀ ਵਾਲਾ ਸੀ।

ਸੁਨਿ ਕਰਿ ਗੁਰ ਸੰਗ ਅਧਿਕ ਬਖੇਰਾ।
'ਭੀਮਚੰਦ ਬਡ ਠਾਨਜੋ ਬੈਰਾ ॥੨੪॥
ਪ੍ਰਥਮ ਲਰਜੋ ਹਾਰਜੋ ਮਤਿਮੰਦ।
ਦਿਯੋ ਮਰਾਇ ਕੇਸਰੀ ਚੰਦ।
ਜਮਤੁੱਲਾ ਭਾਊ ਮਰਿਵਾਯੋ।
ਅਪਰ ਹਜ਼ਾਰਹੁਂ ਭਟ ਗਿਰਵਾਯੋ[1] ॥੨੫॥

[1]ਮਰਵਾਏ।

ਮੂਰਖ ਕੋ ਬਸਿ ਚਲਜੋ ਨ ਕੋਈ।
ਬਹੁਰੋ ਕਰੀ ਕੁਮਤਿ ਬਡ ਜੋਈ।
ਸ਼ਸਤਰ ਧਰਨ ਧਰਮ ਕੋ ਤਜਾਗਾ।
ਨਿਰਬਲ ਦੀਨ ਰੰਕ ਮਗ ਲਾਗਾ[1] ॥੨੬॥

[1]ਨਿਤਾਣੇ ਗ਼ਰੀਬਾਂ ਤੇ ਕੰਗਾਲਾਂ ਦੇ ਰਾਹੇ ਪੈ ਗਿਆ ਹੈ। (ਆਟੇ ਦੀ ਗਊ ਵਾਲੀ ਗਲ ਵਲ ਇਸ਼ਾਰਾ ਹੈ)।

ਰਾਜਾ ਅਪਰ ਕੌਨ ਇਮ ਕਰੈ।
ਧਰਮ ਛੋਰਿ ਲੱਜਾ ਪਰਹਰੈ।
ਤਸਕਰ ਸਮਸਰ ਪਠਿ ਕਰਿ ਪੰਮਾ।
ਆਨੰਦਪੁਰਿ ਕੇ ਦ੍ਵਾਰ ਕੁਕੰਮਾ[1] ॥੨੭॥

[1]ਦਰਵਾਜ਼ੇ ਅੱਗੇ ਕੁਕਾਜ ਕੀਤਾ।

ਆਨ ਧੇਨੁ ਕੀ ਦੀਨੀ ਜਾਇ।
ਨਹਿਂ ਰਾਜਨਿ ਤੇ ਲੱਜਜਾ ਪਾਇ।
ਗੁਰੂ ਬੀਚ ਬਰ ਲੀਨਿ ਸੁ ਮਾਨ।
ਤਜਜੋ ਅਨੰਦਪੁਰਿ ਧੀਰ ਨਿਧਾਨ ॥੨੮॥
ਧਰਮ ਧੁਰੰਧਰ ਜਿਮ ਕਰਿ ਗਏ।
ਅਪਰ ਕੌਨ ਮਾਨਹਿਂ ਇਮ ਦਏ[1]।

[1]ਸਹੁੰਆਂ) ਦਿੱਤੀਆਂ।

ਬਹੁਰ ਨ ਟਰਜੋ ਮੂਢ ਮਤਿਮੰਦਾ।
ਕਰੇ ਅਵਾਹਨ ਤੁਰਕ ਬਿਲੰਦਾ ॥੨੯॥
ਬੈਠੇ ਵਹਿਰ ਦੁਰਗ ਨਹਿਂ ਕੋਟ।
ਹਿਤ ਲਰਿਬੇ ਕੁਛ ਕਰੀ ਨ ਓਟ।'
ਨਿਜ ਪਰਧਾਨ ਸੰਗ ਕਹਿ ਸੁਨਿ ਕਰਿ।
'ਹਮ ਚਢਿ ਆਨਹਿਂ ਨਿਜ ਪੁਰਿ ਸਤਿਗੁਰ
॥੩੦॥
ਸਾਹਿਬ ਕਰਾਮਾਤ ਸੰਗ ਬੈਰ।
ਇਨ ਕੇ ਬੰਸ ਹੋਇ ਨਹਿਂ ਖ਼ੈਰ।
ਦੁਖ ਪਾਵਹਿਂਗੇ ਪਰਿ ਹੈਂ ਨਰਕ।
ਕਰਹਿਂ ਕੁਕਰਮ ਹੋਇ ਹੈਂ ਗ਼ਰਕ' ॥੩੧॥
ਤਜਾਰੀ ਕਰਤਿ ਅਰੂਢਜੋ ਰਾਵ।
ਦਰਸ਼ਨ ਪਰਸਨ ਕੋ ਉਰ ਚਾਵ।
ਜਿਤਿਕ ਸੈਨ ਅਪਨੀ ਲੇ ਸਾਥ।
ਆਨਿ ਮਿਲਜੋ ਜਹਿਂ ਬੈਠੇ ਨਾਥ ॥੩੨॥
ਪਦ ਅਰਬਿੰਦਨ ਪਰ ਸਿਰ ਧਰਜੋ।
ਬਹੁ ਬਿਧਿ ਬਿਨਤੀ ਬਾਕ ਉਚਰਜੋ।
'ਪ੍ਰਭੁ ਜੀ! ਚਲਹੁ ਸੰਗ ਅਬਿ ਮੇਰੇ।
ਰਿਦੈ ਜਾਨਿ ਕਰਿ ਅਪਨੇ ਚੇਰੇ ॥੩੩॥
ਨਿਜ ਪਾਵਨ ਕਰਿ ਕਰੀਅਹਿ ਪਾਵਨ।
ਜਿਨ ਤੇ ਹੋਇ ਸਦਨ ਮਮ ਪਾਵਨ।
ਨਗਰ ਬਿਸਾਲੀ ਅਪਨੋ ਜਾਨਹੁ।
ਰਹਹੁ ਨਿਕੇਤਿ ਬਾਸ ਕੋ ਠਾਨਹੁ ॥੩੪॥
ਸਿੰਧ ਮੇਖਲਾ ਅਵਨੀ ਸਾਰੀ।
ਮਹਾਰਾਜ! ਪ੍ਰਭੁ ਅਹੈ ਤੁਮਾਰੀ।
ਭੀਮਚੰਦ ਆਦਿਕ ਗਨ ਰਾਜੇ।
ਮੂਢਮਤੀ ਸਭਿ ਕਰਹਿਂ ਕੁਕਾਜੇ ॥੩੫॥
ਇਨ ਕੇ ਹੋਇ ਗਏ ਮੁਖ ਕਾਰੇ।
ਉਤਰੇ ਨਹੀਂ ਕਲੰਕ, ਪਖਾਰੇ'। 'ਧੋਤਿਆਂ ਕਲੰਕ ਨਹੀਂ ਉਤਰੇਗਾ।
ਦਿਨਪ੍ਰਤਿ ਅਧਿਕ ਸਜਾਮਤਾ ਲਾਗੈ।
ਸਕਲ ਕਲੰਕਤਿ ਕੁਲ ਕਿਯ ਆਗੈ
॥੩੬॥

ਅਨਿਕ ਉਪਾਵਨਿ ਤੇ ਨਹਿਂ ਜੈ ਹੈ।
ਇਸ ਦਿਨ ਕੋ ਨਿਤ ਹੀ ਪਛੁਤੈ ਹੈਂ।
ਜਮਨਾ, ਗੰਗਾ, ਗਯਾ, ਬਨਾਰਸ।
ਤਹਾਂ ਨ ਮਿਟਹਿ ਇਨਹੁ ਮੁਖ ਕਾਰਸ ॥੩੭॥
ਜਾਇਂ ਹਿਮਾਚਲ ਬਦਰੀਨਾਥ।
ਤਹਿਂ ਭੀ ਮਿਟਹਿ ਨ, ਰਹਿ ਮੁਖ ਸਾਥ।
ਤੀਰਥ ਜਿਤਿਕ ਸਮੁੰਦ੍ਰਾਦਿਕ ਹੈਂ।
ਬਿਮਲ ਨ ਕਹੂੰ, ਸਦਾ ਇਨ ਧਿਕ ਹੈਂ[1] ॥੩੮॥

[1]ਇਨ੍ਹਾਂ ਦਾ ਮੂੰਹ) ਕਿਤੇ ਬੀ ਉੱਜਲਾ ਨਹੀਂ (ਹੋਵੇਗਾ) ਸਦਾ ਧਿਕਾਰ ਰਹੇਗੀ (ਇਨ੍ਹਾਂ ਪਰ)।

ਹਿੰਦੁ ਧਰਮ ਕੀ ਧੁਜਾ ਭਏ ਹੋ।
ਪਰ ਉਪਕਾਰ ਕ੍ਰਿਪਾਲ ਥਿਏ ਹੋ।
ਸਰਬ ਸ਼ਿਰੋਮਣਿ ਦੀਪਕ ਦੀਪ[1]।
ਤੁਮਰੀ ਸਮਸਰ ਕੋ ਅਵਨੀਪ? ॥੩੯॥

[1]ਪ੍ਰਕਾਸ਼ ਦੇ ਪ੍ਰਕਾਸ਼। (ਅ) ਸਰਬ ਸ਼ਿਰੋਮਣ ਦੀਪ (=ਜੰਬੂ ਦੀਪ) ਦੇ ਆਪ ਦੀਪਕ ਹੋ।

ਰਾਮਚੰਦ ਜੈਸੇ ਤੁਮ ਬਾਨਾ।
ਹੋ ਅਤਿਰਥੀ ਸੁ ਕ੍ਰਿਸ਼ਨ ਸਮਾਨਾ।
ਜਿਮ ਗਿਰਵਰ ਪਰ ਜੁਤਿ ਪਰਵਾਰਾ[1]।
ਜਰਾਸੰਧ ਦਲ ਲੇ ਪਰਵਾਰਾ[1] ॥੪੦॥

[1]ਪਹਾੜ ਪਰ ਪਰਵਾਰ ਸਹਿਤ (ਕ੍ਰਿਸ਼ਨ ਜੀ ਨੂੰ).....[1]

[1]ਘੇਰ ਲਿਆ।

ਲਖਨਿ ਬਿਖੈ ਆਵਤਿ ਬਿਧਿ ਸੋਏ।
ਕ੍ਰਿਸ਼ਨਾਚੰਦ ਕੇ ਤਨ ਤੁਮ ਹੋਏ।
ਨਰ ਲੀਲਾ ਕੇ ਬਨਿ ਅਨੁਸਾਰੀ।
ਕਰਹੁ ਕ੍ਰਿਪਾ ਸ਼੍ਰੀ ਪ੍ਰਭੁ ਉਪਕਾਰੀ ॥੪੧॥
ਨਾਂਹਿ ਤ ਲਾਖਹੁਂ ਦਲ ਬਹੁ ਭਾਰੇ।
ਮਰਹਿਂ ਛਿਨਕ ਮਹਿਂ ਬਾਕ ਉਚਾਰੇ।
ਨਹਿਂ ਪ੍ਰਤਾਪ ਇਹ ਲਖਹਿਂ ਤੁਹਾਰੋ।
ਪਰਹਿਂ ਨਰਕ ਮਹਿਂ ਲਹਿਂ ਦੁਖ ਭਾਰੋ ॥੪੨॥
ਅਪਨੋ ਨਗਰ ਜਾਨ ਕਰਿ ਧਾਮੂ।
ਰਚਨ ਜੰਗ ਤੇ ਕਰਹੁ ਅਰਾਮੂ।'
ਇੱਤ੍ਯਾਦਿਕ ਸੁਨਿ ਕਰਿ ਤਿਸ ਬੈਨ।
ਕਰਯੋ ਬਿਲੋਕਨ ਕਰੁਨਾ ਨੈਨ ॥੪੩॥

'ਪੂਰਬ ਜਨਮ ਤਪਯੋ ਤਪ ਜਬੈ।
ਸਤਿ ਸੰਗਤਿ ਭੀ ਕੀਨਸਿ ਤਬੈ।
ਤਿਸ ਕੋ ਫਲ ਤੋ ਕਹੁ ਹੁਇ ਆਯੋ।
ਚਾਹਤਿ ਬੰਧਨ ਅਪਨਿ ਗਵਾਯੋ ॥੪੪॥
ਉਪਜੀ ਸੁਮਤਿ ਆਨ ਇਸ ਸਮੈਂ।
ਨ੍ਰਿਭੈ ਹੋਇ ਗੁਰ ਘਰ ਕੋ ਨਿਮੈਂ[1]।
ਸਭਿ ਕੇ ਸੰਗ ਹਮਾਰ ਬਖੇਰਾ।
ਬਿਨ ਬਿਚਾਰ ਆਯੋ[1] ਇਸ ਬੇਰਾ ॥੪੫॥
ਹੈ ਜੇ ਕਰਿ ਇਮ ਭਾਉ ਤੁਮਾਰੇ।
ਗਮਨਹਿਂ ਨਗਰ ਬਿਸਾਲਿ ਮਝਾਰੇ।
ਤੂੰ ਚਲਿ ਪ੍ਰਥਮ ਅਪਨਿ ਘਰਿ ਮਾਂਹੀ।
ਹਤਿਬੇ ਰਿਪੁ ਹਮ ਮਿਟਹਿਂ ਸੁ ਨਾਂਹੀ ॥੪੬॥
ਕਰਹਿਂ ਹਜ਼ਾਰਹੁਂ ਕੇਰਿ ਸੰਘਾਰਨਿ।
ਆਵਹਿੰਗੇ ਰਚਿ ਕੇ ਰਣ ਦਾਰੁਨ।
ਤੁਰਕਨਿ ਅਰੁ ਗਿਰਪਤਿਨਿ ਗੁਮਾਨ।
ਕਰੌਂ ਹਾਨ ਘਾਲਉਂ ਘਮਸਾਨ ॥੪੭॥
ਰਾਜ ਤੇਜ ਇਨ ਕੁਲ ਤੇ ਖੋਵੌਂ।
ਕੁਮਤਿ ਕੁਕਰਮੀ ਪਾਪੀ ਜੋਵੌਂ।
ਪੰਥ ਖਾਲਸਾ ਹਮ ਰਚਿ ਦੀਨ।
ਸਨੇ ਸਨੇ ਸਭਿ ਲੈ ਹੈ ਛੀਨ ॥੪੮॥
ਕ੍ਰਿਪਾ ਕਾਲਕਾ ਕੀ ਬਹੁ ਅਹੈ।
ਅਵਲੋਕਤਿ ਸ਼ੱਤ੍ਰੁਨਿ ਕੋ ਦਹੈ।
ਚਢਹੁ ਰਾਵ, ਹਮ ਆਇੰ ਪਿਛੇਰੇ।
ਘਾਲਹਿਂ ਤੋਹਿ ਨਗਰ ਮਹਿਂ ਡੇਰੇ' ॥੪੯॥

[1]ਨਿਵਿਆਂ ਹੈਂ।

[1]ਇਸ ਗੱਲ ਦਾ ਅਪਨੇ ਲਈ ਫਲ) ਬਿਚਾਰੇ ਬਿਨਾਂ ਆਏ ਹੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਿਸਾਲੀ ਰਾਵ ਮਿਲਨਿ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

## ੪੩. [ਜੰਗ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਬਹੁਰ ਬਿਸਾਲੀ ਰਾਵ† ਕਹਿ, 'ਰਣ ਤੁਮ ਕਰੇ ਬਿਸਾਲ।
ਬਿਨਾ ਲਰੇ ਹੀ ਚਢਿ ਚਲਹੁ, ਅਪਨਿ ਸਮਾਜ ਸੰਭਾਲਿ ॥੧॥

†ਸਾਨੂੰ ਖੋਜ ਕਰਨ ਤੇ ਪਤਾ ਮਿਲਿਆ ਹੈ ਕਿ ਇਸ ਰਾਜੇ ਦਾ ਨਾਮ ਸਲਾਹੀ ਚੰਦ ਸੀ। ਤਵਾ: ਖਾ: ਨੇ ਨਾਮ ਧਰਮਪਾਲ ਦਿਤਾ ਹੈ, ਰਾਜਾ ਧਰਮੀ ਹੋਣ ਕਰਕੇ ਇਹ ਉਸ ਦਾ ਅੱਲ ਹੋਸੀ। ਇਸ ਰਾਜੇ ਤੋਂ ਪਿਛਲੇ ਸਭ ਰਾਜੇ ਕੇਸ਼ਾਧਾਰੀ ਰਹੇ ਹਨ। ਗੁਰੂ ਕਾ ਸਥਾਨ ਉੱਥੇ ਹੈ ਜਿੱਥੇ ਰਾਉ ਹੁਣ ਤਕ ਕੜਾਹ ਪ੍ਰਸ਼ਾਦ ਹਰ ਮਹੀਨੇ ਚੜ੍ਹਾਉਂਦਾ ਹੈ। ਮਹਲਾਂ ਦੇ ਅੰਦਰ ਜਿਥੇ ਗੁਰੂ ਜੀ ਟਿਕੇ ਸਨ, ਗੁਰੂ ਕਾ ਟਿਕਾਣਾ ਸੀ, ਜਿਸ ਬਾਬਤ ਅਨੰਦ ਪੁਰ ਦੇ ਟਿਕਾ ਰਾਮ ਨਰਾਇਣ ਸਿੰਘ ਜੀ ਅੱਖੀਂ ਡਿੱਠੀ ਸਾਖ ਭਰਿਆ ਕਰਦੇ ਸਨ। ਨਵੀਨ ਅਕਾਲੀ ਅੰਦੋਲਨ ਨੇ ਹਰ ਕਿਸੇ ਨੂੰ ਭੈ ਭੀਤ ਕਰ ਰਖਿਆ ਹੈ। ਪਰ ਅਚਰਜ ਨਹੀਂ ਕਿ ਹੁਣ ਬੀ ਨਿਸ਼ਾਨ ਮੌਜੂਦ ਹੋਵੇ।

ਚੌਪਈ:

ਭੀਮ ਚੰਦ ਆਦਿਕ ਗਨ ਰਾਜੇ।
ਇਨਹੁਂ ਕਰੇ ਬਡ ਪਾਪਨਿ ਕਾਜੇ[1]। — [1]ਪਾਪਾਂ ਦੇ ਕੰਮ।
ਤਿਸੀ ਪਾਪ ਤੇ ਇਹ ਖਪਿ ਜੈ ਹੈਂ।
ਨਹੀਂ ਕੁਸ਼ਲ ਕੇ ਸਹਿਤ ਥਿਰੈ ਹੈਂ ॥੨॥
ਤੁਰਕ ਆਪ ਹੀ ਗਮਨਹਿਂ ਪਾਛੇ[1]। — [1]ਪਿਛੇ ਮੁੜ ਜਾਣਗੇ।
ਕਸੋਂ ਪ੍ਰਭੁ ਜੰਗ ਆਪ ਅਬਿ ਬਾਂਛੇ।'
ਸੁਨਿ ਕਰਿ ਸ਼੍ਰੀ ਗੋਬਿੰਦ ਸਿੰਘ ਧੀਰ।
ਕਹਜੋ 'ਚਲਹੁ ਲੇ ਸੰਗ ਬਹੀਰ[1] ॥੩॥ — [1]ਇਥੇ ਵਹੀਰ ਤੋਂ ਮੁਰਾਦ ਜਨਤਾ ਦੇ ਉਸ ਹਿੱਸੇ ਦੀ ਹੈ ਜੋ ਲੜਨ ਵਾਲੇ ਨਹੀਂ, ਜਿਵੇਂ ਸ਼ਹਿਰ ਦੇ ਵਾਸੀ, ਤੇ ਹੋਰ ਲੋਕ।
ਹਮ ਇਸ ਤੁਰਕ ਸੰਗ ਕਰਿ ਜੰਗ।
ਭੂਪ ਗੁਮਾਨ ਕਰਹਿਂ ਸਭਿ ਭੰਗ।
ਰੁੰਡ ਮੁੰਡ ਰਨ ਬਿਖੈ ਬਿਖੇਰੌਂ।
ਤੋਲ ਲਰਾਈ[1] ਸਭਿ ਬਿਧਿ ਹੇਰੌਂ ॥੪॥ — [1]ਲੜਾਈ ਦਾ ਤੋਲ।
ਨਾਂਹਿਤ ਬਾਦੀ ਤੁਰਕ ਮਹਾਨੈ।
-ਬਿਨਾ ਲਰੇ ਮਿਟਿਗੇ- ਮਨ ਜਾਨੈਂ।'
ਕਹਿ ਬਹੁ ਰਹਜੋ ਰਾਵ ਤਿਸ ਬਾਰੀ।
ਪ੍ਰਭੁ ਕੀ ਕਹੀ ਬਾਤ ਉਰ ਧਾਰੀ ॥੫॥
ਲਏ ਬਿਹੀਰ ਸੰਗ ਕੋ ਚਾਲਾ।
ਨਗਰ ਬਿਸਾਲੀ ਧੀਰ ਬਿਸਾਲਾ।
ਲੈ ਪਹੁੰਚਜੋ ਜਬਿ ਤਟ ਦਰੀਆਉ।
ਕੁਛ ਬਿਹੀਰ ਕੋ ਪਾਰ ਲੰਘਾਉ ॥੬॥
ਬਜਵਾਯਹੁ ਰਣਜੀਤ ਨਗਾਰਾ।

ਸਕਲ ਖਾਲਸਾ ਹੋਯਸਿ ਤਯਾਰਾ।
ਪਾਇ ਦੁਗੁਲਕਾ ਜ੍ਵਾਲਾਬਮਣੀ।
ਕਰੀ ਤਯਾਰ ਸ਼ੱਤ੍ਰੁਨਿ ਮਦ ਸ਼ਮਣੀ[1]† ॥੭॥
[1]ਵੈਰੀ ਦਾ ਮਦ ਨਾਸ਼ ਕਰਨ ਵਾਲੀਆਂ। †ਪਾ:-ਦਮਣੀ।

ਸਤਿਗੁਰ ਖੱਚਰ ਤੀਰਨਿ ਕੇਰੀ।
ਰਖੀ ਸੰਗ ਸੋ ਲਾਇ ਘਨੇਰੀ।
ਉਦੇ ਸਿੰਘ ਆਲਮ ਸਿੰਘ ਬੀਰ।
ਦਯਾ ਸਿੰਘ ਮੁਹਕਮ ਸਿੰਘ ਧੀਰ ॥੮॥
ਇਨ ਕੇ ਜੁਤਿ ਅਸਵਾਰ ਹਜ਼ਾਰ।
ਕਰੇ ਅਜੀਤ ਸਿੰਘ ਕੇ ਲਾਰ।
ਸਹਿਬਚੰਦ ਮਹਾਂ ਬਲਿ ਜੋਧਾ।
ਰਿਪੁ ਮਾਰਨਿ ਕੋ ਬਰਧਸਿ[1] ਕ੍ਰੋਧਾ ॥੯॥
[1]ਵਧਿਆ।

ਤਿਸ ਕੇ ਸੰਗ ਹਜ਼ਾਰ ਕਰੇ ਹੈਂ।
ਨਮਸਕਾਰਨੀ ਹਾਥ ਧਰੇ ਹੈਂ।
[1] 'ਰਹੈ ਅਜੀਤ ਸਿੰਘ ਹਮ ਆਗੇ[2]।
[1]ਗੁਰੂ ਜੀ ਨੇ ਕਿਹਾ:-। [2]ਸਾਡੇ ਅੱਗੇ ਰਹਿਣ।

ਦੁਸ਼ਮਨ ਗੰਜਹਿ ਜੰਗ ਸੁ ਜਾਗੇ[1] ॥੧੦॥
[1]ਭਾਵ ਜੰਗ ਹੋ ਪਿਆਂ ਤੇ ਵੈਰੀ ਨੂੰ ਮਾਰੇ। (ਅ) ਜੰਗ ਵਿਚ ਸੁਚੇਤ ਹੋਕੇ।

ਸਾਹਿਬਚੰਦ ਪਿਛਾਰੀ ਰਹੈ।
ਹਤਹਿ ਦੁਸ਼ਟ ਜਬਿ ਆਵਤਿ ਲਹੈ।
ਅਪਰ ਖਾਲਸਾ ਸੰਗ ਹਮਾਰੇ।
ਸਨੇ ਸਨੇ ਗਮਨਹਿਂ ਪਰਵਾਰੇ[1]' ॥੧੧॥
[1]ਘੇਰਾ ਪਾ ਕੇ।

ਇਮ ਜਬਿ ਕੂਚ ਗੁਰੂ ਕੋ ਜਾਨਾ।
ਚਹੁੰਦਿਸ਼ਿ ਉਮਡੇ ਸ਼ੱਤ੍ਰੁ ਮਹਾਨਾ।
ਭੂਮ ਅਕਾਸ਼ ਏਕ ਹੁਇ ਗਯੋ।
ਅੰਧ ਧੁੰਧ ਇਕ ਸਮ ਤਬਿ ਭਯੋ ॥੧੨॥
ਉਡੀ ਧੂਲ ਸੂਰਜ ਤਬਿ ਛਾਯੋ।
ਉਮਡੇ ਚਲਿ ਕੈ ਜਲ ਨਿਧਿ ਧਾਯੋ[1]।
[1]ਮਾਨੋਂ ਸਮੁੰਦਰ ਧਾਇਆ ਹੈ।

ਦੁੰਦਭਿ ਢੋਲ ਪਟਹਿ ਸ਼ਰਨਾਈ।
ਚਹੁੰਦਿਸ਼ਿ ਬਾਜ ਉਠੇ ਸਮੁਦਾਈ ॥੧੩॥
ਇਕ ਹੀ ਬਾਰ ਤੜਾਭੜ ਹੋਈ।
ਭੁਰਜੇ ਧਾਨ ਭਾਠ ਜਿਮ ਕੋਈ।
ਇਕ ਇਕ ਵਾਰ ਖਾਲਸੇ ਕੀਨਿ।

ਦੁਇ ਦੁਇ ਕਰੇ ਪ੍ਰਾਨ ਤੇ ਹੀਨ ॥੧੪॥
ਲਗਹਿ ਦੁਗਾੜਾ[1] ਫੋੜ ਸਰੀਰ।
ਦੜਦੜ ਪੜਹਿਂ ਧਰਾਪਰ ਬੀਰ।
ਤੋੜਾ ਮੋੜਿ ਕਲਾ ਪਰ ਜੜੈਂ।
ਡੰਭੈਂ ਪਲੀਤੇ ਤਬਿ ਛੁਟਿ ਪੜੈਂ ॥੧੫॥
ਘਾਲਯੋ ਘੇਰਾ ਤੁਰਕ ਪਹਾਰੀ।
ਬਾਮ ਦਾਹਿਨੇ ਅੱਗ੍ਰ ਪਿਛਾਰੀ।
ਸ਼੍ਰੀ ਅਜੀਤ ਸਿੰਘ ਸੰਧੇ ਬਾਨਾ।
ਹਤਹਿਂ ਰਿਪੁਨਿ ਤਨੁ ਕਰਿ ਕਰਿ ਤਾਨਾ[1] ॥੧੬॥

[1]ਦੋ ਗੋਲੀਆਂ ਕੱਠੀਆਂ।

[1]ਪੂਰਾ) ਤਾਣ ਲਾਕੇ ਬਾਣ ਸੰਧਦੇ ਹਨ ਤੇ ਵੈਰੀ ਦੇ ਤਨ ਨੂੰ ਮਾਰਦੇ ਹਨ।

ਉਦੇ ਸਿੰਘ ਤੇ ਆਦਿਕ ਸਿੰਘ।
ਬਿਚਰੇ ਰਣ ਜਿਮ ਮ੍ਰਿਗ ਪਰ ਸਿੰਘ।
ਆਗੈ ਲਰਤਿ ਭਯੋ ਕਰਿ ਜੋਰ।
ਘਾਲਿ ਘਨੋ ਘਮਸਾਨੈਂ ਘੋਰ ॥੧੭॥
ਰਿਪੁਨਿ ਧਕਾਵਤਿ ਚਲਤਿ ਅਗਾਰੀ।
ਦਰੜਤਿ ਜਾਤੇ ਗਿਰੇ ਸੁਮਾਰੀ[1]।

[1]ਜਿਸ ਨੂੰ ਮਾਰਦੇ ਹਨ ਸੋ ਡਿੱਗਦਾ ਹੈ ਤੇ (ਐਸਿਆਂ ਨੂੰ) ਦਰੜਦੇ ਚਲੇ ਜਾਂਦੇ ਹਨ। (ਅ) (ਧਕਾਂਵਦਿਆਂ) ਜੋ ਡਿੱਗਦੇ ਹਨ ਸੋ ਦਰੜੀਕੇ ਜ਼ਖਮੀ ਹੋ ਜਾਂਦੇ ਹਨ।

ਬਾਮ ਦਾਹਿਨੇ ਸ਼੍ਰੀ ਪ੍ਰਭੁ ਆਪ।
ਦੁਸ਼ਟਨ ਹਨਹਿਂ ਐਂਚਿ ਦ੍ਰਿੜ ਚਾਂਪ ॥੧੮॥
ਬਾਮ ਹਾਥ ਤੇ ਕਬਹੁੰ ਚਲਾਵੈਂ।
ਕਬਹੁੰ ਦਹਿਨੇ ਰਿਪੁਨਿ ਤਕਾਵੈਂ।
ਜਿਤ ਦਿਸ਼ਿ ਦੇਖੈਂ ਦੁਸ਼ਟਨਿ ਜੋਰ।
ਤਿਸ ਕਰ ਗਹਿ ਕੈ[1] ਛੋਰਹਿਂ ਘੋਰ ॥੧੯॥

[1]ਉਸੇ ਹੱਥ ਵਿਚ ਫੜਕੇ।

ਸ਼ੂੰਕੈਂ ਖਪਰੇ ਸਰਪ ਸਮਾਨਾ।
ਇਕ ਦੁਇ ਤ੍ਰੈ ਚਹੁ ਬੇਧਤਿ ਬਾਨਾ।
ਸੁਕੇ ਨਿਕਸਹਿਂ[1] ਪਾਰ ਪਰੰਤਾ।
ਹਯ ਭਟ ਬ੍ਰਿੰਦਨ ਕੋ ਉਥਲੰਤਾ ॥੨੦॥

[1]ਤੀਰ ਦੀ ਤੇਜ਼ੀ ਦੀ ਉਪਮਾ ਕਰ ਰਹੇ ਹਨ।

ਪਾਛੇ ਸਾਹਿਬ ਚੰਦ ਜੁਝਾਰਾ।
ਬਾਨ ਪ੍ਰਹਾਰਤਿ ਕਰਹਿ ਸੁਮਾਰਾ[1]।
ਜਿਸ ਕੇ ਲਗਹਿ ਜਾਚਹਿ ਪਾਨੀ।
ਗਿਰੈ ਤੁਰੰਗ[1] ਹੁਇ ਪ੍ਰਾਨਨਿ ਹਾਨੀ

[1]ਮਾਰ ਕਰਦਾ ਹੈ।

[1]ਘੋੜੇ ਤੋਂ।

॥੨੧॥
ਪਿਖਿ ਸਿਰੰਦ ਸੂਬਾ ਅਭਿਮਾਨੀ।
ਬਿਸਮਜੋ ਖਾਂ ਵਜੀਦ ਮਤਿ ਹਾਨੀ।
-ਜੰਗ ਭਯੰਕੁਰ ਬਡ ਘਮਸਾਨਾ।
ਪ੍ਰਥਮ ਨ ਦੇਖਜੋ ਅਸ ਕਿਸ ਥਾਨਾ-
॥੨੨॥
ਸਗਰੋ ਲਸ਼ਕਰ ਪ੍ਰੇਰਨ ਕਰਜੋ।
'ਲਰਹੁ ਅੱਗ੍ਰ ਹ੍ਵੈ ਕਜੋਂ ਮਨ ਡਰਜੋ।
ਦਗੀ ਤੋਪ ਸਤਿਗੁਰ ਕੇ ਦਲ ਤੇ।
ਮਾਰਤਿ ਤੁਰਕਨਿ ਕੋ ਦਲਮਲਤੇ ॥੨੩॥
ਢੂਕਹਿਂ ਹੇਲ ਘਾਲ ਜੁਤਿ ਜ਼ੋਰ।
ਗੁਲਕਾ ਲਗਤਿ ਦੇਤਿ ਮੁਖ ਤੋਰਿ।
ਗੂਜਰ ਰੰਘਰ ਆਦਿ ਗਵਾਰੇ।
ਪੈਦਲ ਢੁਕੀ ਆਨਿ ਹਜ਼ਾਰੇ ॥੨੪॥
ਭੀਮਚੰਦ ਪ੍ਰੇਰੀ ਨਿਜ ਸੈਨਾ।
ਮਰਿ ਮਰਿ ਗਿਰਹਿਂ ਨਿਹਾਰਨਿ ਨੈਨਾ।
ਭੂਪਚੰਦ ਹੰਡੂਰੀ ਕ੍ਰੋਧਾ।
ਲੈ ਲੈ ਸਾਥ ਆਪਨੇ ਜੋਧਾ ॥੨੫॥
ਵਧਿਕੇ ਚਹਿਂ ਪਹੁੰਚਜੋ ਦਲ ਨੇਰੇ।
ਗੁਲਕਾ ਬਾਨ ਖਾਇ ਤਿਸ ਬੇਰੇ।
ਠਟਕ ਰਹਹਿ ਨਹਿਂ ਚਰਨ ਉਠਾਵਹਿ।
ਤਹਿਂ ਥਿਰ ਹੋਇ ਰੌਰ ਕੋ ਪਾਵਹਿ ॥੨੬॥
ਜਥਾ ਸ਼ੇਰ ਕੇ ਤੀਰ ਨ ਹੋਵੈ।
ਤਥਾ ਭਯੰਕੁਰ ਸਿੰਘਨ ਜੋਵੈ।
ਰਣ ਕੇ ਪਿਖਤਿ ਬੀਰਤਾ ਹਾਲੀ।
ਨਹਿਂ ਪਿਖੀਅਤਿ ਕਿਸ ਧੀਰ ਬਿਸਾਲੀ
॥੨੭॥
ਸਨੇ ਸਨੇ ਗਮਨੇ ਗੁਰ ਜਾਵੈਂ।
ਅਰਹਿ ਜੁ ਅੱਗ੍ਰ ਧਕੇਲਤਿ ਧਾਵੈਂ।
ਚਹੁੰ ਓਰ ਰੌਰਾ ਬਹੁ ਮਾਚੇ।
ਨਿਕਟ ਨ ਹੋਹਿ ਸਕਹਿਂ ਗੁਰ ਸਾਚੇ[1]
॥੨੮॥

[1]ਸੱਚੇ ਗੁਰੂ ਦੇ ਨੇੜੇ ਨਹੀਂ ਹੋ ਸਕਦੇ।

ਗੁਲਕਾ ਸਰ ਬਰਖਹਿਂ ਇਕਸਾਰ।
ਅਸ ਕੋ ਬੀਰ ਰਹੈ ਧ੍ਰਿਤ ਧਾਰਿ।
ਘੇਰਜੋ ਜਾਇ ਗੁਰੂ[1] ਚਹੁਂ ਓਰੇ। — [1]ਗੁਰੂ ਜੀ ਨੂੰ।
ਅਸ ਉਪਮਾ ਹੋਵਤਿ ਤਿਸ ਠੌਰੇ ॥੨੯॥
[1]ਗੁਰ ਦਲ ਚੰਦ ਪ੍ਰਕਾਸ਼ ਬਿਲੰਦੇ। — [1]ਗੁਰੂ ਕਾ ਦਲ ਚੰਦ ਵਾਂਙੂ ਵਡੇ ਪ੍ਰਕਾਸ਼ ਵਾਲਾ ਸ਼ੱਤ੍ਰੂ ਰੂਪੀ ਤਾਰਿਆਂ ਦੇ ਸਮੂਹ ਵਿਚੋਂ ਟੁਰਿਆ ਜਾ ਰਿਹਾ ਹੈ, ਅੱਗੇ ਹੋਰ ਉਪਮਾਂ ਦੇਂਦੇ ਹਨ:-।
ਚਲੇ ਜਾਹਿਂ ਰਿਪੁ ਤਾਰਨਿ ਬ੍ਰਿੰਦੇ।
ਸਿੰਘਨ ਦਲ ਜਿਮ ਮੰਦਰ ਪਰਬਤ[1]। — [1]ਮੰਦ੍ਰਾਚਲ ਪਰਬਤ ਵਤ।
ਮਥਨ ਸਮੈਂ ਸੁਰਅਸੁਰ ਸੁ ਜਿਤ ਕਿਤ[1] ॥੩੦॥ — [1]ਰਿੜਕਣ ਵੇਲੇ ਦੇਵਤਿਆਂ ਦੈਤਾਂ ਵਾਂਗ ਜਿਥੇ ਕਿਥੇ (ਹਨ ਪਹਾੜੀਏ ਤੇ ਤੁਰਕ)।
ਰੋਕ ਰਹੇ ਸੁ ਰੁਕਤਿ ਨ ਕੈਸੇ।
ਬਿਚ ਗੋਬਿੰਦ ਸਿੰਘ ਸ਼੍ਰੀ ਪਤਿ[1] ਜੈਸੇ। — [1]ਵਿਸ਼ਨੂੰ।
ਹਤਿ ਰਾਵਨ[1] ਜਿਮ ਲੰਕਾ ਨਗਰੀ। — [1]ਰਾਵਣ ਦੇ ਮਾਰਨ ਵੇਲੇ......।
ਤਿਮ ਸੈਨਾ ਸਿੰਘਨ ਕੀ ਸਗਰੀ ॥੩੧॥
ਦੁਸ਼ਮਨ ਦਲ ਚਹੁੰਦਿਸ਼ਿ ਕੋ ਘੇਰਾ।
ਸੋ ਸਮੁੰਦ੍ਰ ਹੈ ਚਹੁੰਦਿਸ਼ਿ ਫੇਰਾ।
ਰਾਮਚੰਦ ਸਮ ਸਤਿਗੁਰ ਸ਼ੋਭਾ।
ਲਛਮਨ ਸ਼੍ਰੀ ਅਜੀਤ ਸਿੰਘ ਸ਼ੋਭਾ ॥੩੨॥
ਜਰਾਸੰਧ ਕੀ ਸੈਨ ਚੁਫੇਰੇ।
ਕ੍ਰਿਸ਼ਨ ਹਲੀ[1] ਜਿਮ ਲੀਨਸਿ ਘੇਰੇ। — [1]ਬਲਭੱਦ੍ਰ ਤੇ ਕ੍ਰਿਸ਼ਨ ਨੂੰ।
ਜਾਦਵ ਦਲ ਜੁਤਿ ਜਿਮ ਚਲਿ ਜਾਵੈਂ।
ਸ਼੍ਰੀ ਗੋਬਿੰਦ ਸਿੰਘ ਤਿਮ ਛਬਿ ਪਾਵੈਂ ॥੩੩॥
ਤੁਰਕਨਿ ਲਸ਼ਕਰ ਗਿਰਪਤਿ ਕੇਰਾ।
ਜਨੁ ਉਮਡੇ ਘਨ ਪਾਯਹੁ ਘੇਰਾ।
ਗੋਬਿੰਦ ਸਿੰਘ ਸੂਰਜ ਕੋ ਰੋਕੈਂ[1]। — [1]ਗੁਰੂ ਗੋਬਿੰਦ ਸਿੰਘ ਰੂਪੀ ਸੂਰਜ ਨੂੰ ਰੋਕਿਆ ਹੋਇਆ ਹੈ।
ਕਿਰਨੈ ਬਾਨ ਧਸੈਂ ਜੁਤਿ ਫੋਕੈਂ[1] ॥੩੪॥ — [1]ਬਾਗੜ ਸਣੇ ਤੀਰਾਂ ਰੂਪੀਂ ਕਿਰਨਾਂ ਧਸਦੀਆਂ ਜਾਂਦੀਆਂ ਹਨ (ਵੈਰੀ ਰੂਪ ਬਦਲਾਂ ਵਿਚ) [ਫੋਕ=ਬਾਗੜ]।
ਚੰਦ ਸਹਾਇਕ ਜਿਮ ਚਲਿ ਆਵੈ।
ਤਿਮ ਅਜੀਤ ਸਿੰਘ ਉਪਮਾ ਪਾਵੈ।
ਉਡਗਨਿ ਕੇ ਸਮ ਸਿੰਘ ਘਨੇਰੇ।

ਨਭ ਮਹਿਂ ਚਲੇ ਜਾਹਿਂ ਤਿਮ ਹੇਰੇ ॥੩੫॥
ਸਿਮਟੀ ਤੜਿਤਾ[1] ਜਨੁ ਇਕ ਥਾਇਂ। — [1]ਬਿਜਲੀ।
ਚਹੁੰਦਿਸ਼ਿ ਮੇਘ ਘਿਰੇ ਸਮੁਦਾਇ[1]। — [1]ਸਮੂਹ ਬੱਦਲਾਂ ਦੀ ਘੇਰੀ ਹੋਈ ਬਿਜਲੀ।
ਨਭ ਮਹਿਂ ਚਲਹਿ ਜਾਹਿਂ ਤਿਸ ਬੇਰੇ।
ਤਿਮ ਘੇਰੇ ਮਹਿਂ ਗੁਰੂ ਸੁ ਹੇਰੇ ॥੩੬॥
ਦੇਖ੍ਯੋ ਸੰਘਰ ਅਤਿਸ਼ੈ ਮਾਚੇ।
ਉਰ ਅਨੰਦ ਰਾਚੇ ਗੁਰ ਸਾਚੇ।
ਸੂਰਨਿ ਕੇ ਮੁਖ ਉਘਰਤਿ ਲਾਲੀ।
ਹਤਹਿਂ ਰਿਪੁਨ ਧਰਿ ਧੀਰ ਬਿਸਾਲੀ ॥੩੭॥
ਜੋਗਨਿ ਗਨ ਮਾਰਤਿ ਕਿਲਕਾਰੀ।
ਨਾਚਤਿ ਪ੍ਰੇਤ ਬਜਾਵਤਿ ਤਾਰੀ।
ਭਰਿ ਭਰਿ ਖੱਪਰ ਸ਼੍ਰੋਣਤ ਕੇਰੇ।
ਪੀ ਪੀ ਲੇਤਿ ਡਕਾਰ ਬਡੇਰੇ ॥੩੮॥
ਗ੍ਰਿੱਧ ਬ੍ਰਿੰਧ ਆਮਿਖ ਕਉ ਖਾਇ।
ਜੰਬੁਕ ਮਨ ਮਹਿਂ ਰਹੈਂ ਅਘਾਇ।
ਦਾਰੁਣ ਕੇਤ ਬਿਦਾਰਣ ਜੋਏ[1]। — [1]ਜੋ ਭਿਆਨਕ ਰਣ ਭੂਮੀ ਵਿਚ ਨਾਸ ਹੋਏ (ਉਹ)।
ਗਮਨੇ ਸੁਰਗ ਬਿਦਾ ਰਣ ਹੋਏ[1] ॥੩੯॥ — [1]ਰਣ ਤੋਂ ਵਿਦਾ ਹੋਕੇ ਸੁਰਗ ਨੂੰ ਗਏ।
ਸੂਰ ਬਰੇ ਹੂਰਨ ਮੁਖ ਰੂਰੇ।
ਤਊ ਨਾ ਜਾਤਿ ਮਹਾਂ ਰਿਸ ਪੂਰੇ[1]। — [1]ਕ੍ਰੋਧ ਵਿਚ ਭਰੇ ਸੂਰਮਿਆਂ (ਦੀਆਂ ਰੂਹਾਂ ਨੂੰ ਚਾਹੋ) ਹੂਰਾਂ ਵਰ ਰਹੀਆਂ ਹਨ, ਤਦ ਬੀ ਸੂਰਗਾਂ ਨੂੰ ਨਹੀਂ ਜਾਂਦੇ ਭਾਵ ਲੜਨ ਦਾ ਜੋਸ਼ ਦੇਹ ਵਿਚੋਂ ਨਿਕਲਕੇ ਬੀ ਮੱਠਾ ਨਹੀਂ ਹੋਇਆ।
ਲੋਥ ਸੰਕੀਰਣ ਬਣ ਸਭਿ ਹੋਵਾ[1]। — [1]ਸਾਰਾ ਬਨ ਲੋਥਾਂ ਨਾਲ ਭਰ ਰਿਹਾ ਹੈ।
ਬਿਥਰ੍ਯੋ ਸ਼੍ਰੋਣਤ ਜਹਿਂ ਕਹਿਂ ਹੋਵਾ ॥੪੦॥
ਕਹੌਂ ਕਹਾਂ ਲਗਿ ਰਣ ਘਮਸਾਨਾ।
ਪਰੇ ਦੁਸ਼ਟ ਲਾਯਹੁ ਬਡ ਤਾਨਾ।
ਕੁਛ ਬਸਿ ਚਲ੍ਯੋ ਨ ਦੁਸ਼ਮਨ ਹਾਰੇ।
ਪਹੁਚੇ ਸਤੱਦ੍ਰਵ ਕੇਰ ਕਿਨਾਰੇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

## ੪੪. [ਘਮਸਾਨ। ਸਾਹਿਬ ਚੰਦ ਜੀ ਦੀ ਸ਼ਹਾਦਤ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਸਤੱਦ੍ਰਵ ਸਲਿਤਾ ਕੇ ਨਿਕਟ, ਪਰਯੋ ਜੰਗ ਕੋ ਜੋਰ।
ਬਰਖਾ ਸ਼ਸਤ੍ਰਨ ਕੀ ਪਰੈ, ਗੋਰਾ ਗੋਰੀ ਘੋਰ ॥੧॥

ਰਸਾਵਲ ਛੰਦ:

ਰਿਸੇ ਬੀਰ ਜੁਟੇ। ਰਿਦੇ ਸੀਸ ਫੁਟੇ।
ਤੁਫੰਗੈਂ ਤੜਾਕੈਂ। ਸੁ ਗੋਰੀ ਸੜਾਕੈਂ ॥੨॥
ਚਲੈਂ ਤੀਰ ਤੀਖੇ। ਬਿਖੀਚੈ ਸਰੀਖੈ[1]। — [1]ਸੱਪਾਂ ਵਰਗੇ।
ਕਰੇ ਪੁੰਜਾ ਹੇਲਾ। ਮਹਾਂ ਰੌਰ ਮੇਲਾ ॥੩॥
ਹਲਾ ਹੱਲ ਮਾਚੀ। ਲਹੂ ਧੂਲ ਰਾਚੀ।
ਭਈ ਲੋਥ ਪੋਥੇ। ਬਿਨਾ ਪ੍ਰਾਨ ਥੋਥੇ ॥੪॥
ਸੁ ਨੈਨਾ ਉਘਾਰੇ। ਪਰੇ ਸੂਰ ਮਾਰੇ।
ਤਬੈ ਭੀਮਚੰਦੰ। ਬਿਲੋਕੈਂ ਸੁ ਬ੍ਰਿੰਦੰ ॥੫॥
-[1]ਬਡੀ ਸੈਨ- ਜਾਨੀ। -ਨਹੀ ਨੀਯਰਾਨੀ। — [1]ਪਹਾੜੀਆਂ) ਜਾਣਿਆਂ (ਕਿ ਸਾਡੀ) ਵੱਡੀ ਸੈਨਾ ਬੀ (ਸਿੱਖਾਂ ਦੇ) ਨੇੜੇ ਨਹੀਂ ਢੁੱਕ ਸਕੀ।
ਹਿਲੇ ਸਿੰਘ ਨਾਂਹੀ। ਰਹੇ ਧੀਰ ਮਾਂਹੀ- ॥੬॥
ਬੁਲਯੋ ਭੂਪਚੰਦੰ। 'ਸੁਨੋ ਹੋਸ਼ਵੰਦੰ!
ਚਮੂੰ ਸ਼ਾਹ ਭਾਰੀ। ਹਮੋ ਨੇ ਹਕਾਰੀ ॥੭॥
ਦੁਰੇ ਕੋਟ ਨਾਂਹੀ[1]। ਮਦਾਨੰ ਕਿ ਮਾਂਹੀ। — [1]ਜੇ ਮੈਦਾਨ ਵਿਚ ਬੀ ਤਕੜਾ ਰਹਿ ਗਿਆ ਤੇ ਗੁਰੂ ਨਾ ਹਾਰਿਆ ਤਾਂ.....।
ਰਹੈ ਗੋ ਕਰਾਰਾ। ਗੁਰੂ ਜੇ ਨ ਹਾਰਾ ॥੮॥
ਕਹੌਂ ਫੇਰ ਕੈਸੇ। ਤਜੈ ਧੀਰ, ਵੈਸੇ[1]। — [1]ਫਿਰ ਕਹੋ ਕਿ ਉਹ ਕਿਸ ਤਰ੍ਹਾਂ ਧੀਰਜ ਛੱਡੇਗਾ, ਵੈਸੇ (ਜਦੋਂ ਕਿ ਉਹ ਕਾਮਯਾਬ ਹੋ ਗਿਆ ਤੇ ਕਿਲੇ ਕੋਟ ਮੱਲ ਬੈਠਾ)।
ਅਬੈ ਜੇ ਨ ਮਾਰਾ। ਗਹਯੋ ਕੈ ਨ ਭਾਰਾ[1] ॥੯॥ — [1]ਭਾਰਾ ਜ਼ੋਰ ਕਰਕੇ ਨਾ ਫੜੇ ਗਏ। (ਅ) (ਜੇ) ਭਾਰੇ (ਗੁਰੂ ਨੂੰ) ਨਾ ਫੜ ਲਿਆ।
ਪੁਨੰ ਕੌਨ ਮਾਰੈ। ਕਿਸੂ ਤੇ ਨ ਹਾਰੈ।
ਮਹਾਂ ਧੀਰ ਧਾਰੈ। ਹਮੂ ਕੋ ਪ੍ਰਹਾਰੈ ॥੧੦॥

ਦੋਹਰਾ:

ਗਮਨੌਂ ਸੂਬੇ ਨਿਕਟ ਅਬਿ,
ਕਰੇ ਚਮੂੰ ਕੋ ਜ਼ੋਰ।
ਗੁਰ ਗੋਬਿੰਦ ਸਿੰਘ ਘੇਰਿਯੇ, ਗਹਿ ਲੀਜੈ

ਇਸ ਠੌਰ ॥੧੧॥
ਲਲਿਤਪਦਛੰਦ:
ਬਹੁਰੋ ਘਾਤਿ ਹਾਥ ਨਹਿਂ ਆਵੈ
ਹੁਇ ਮਵਾਸ ਕਿਸ ਥਾਨਾ।
ਸ਼ਾਹੁ ਹੁਕਮ ਭੀ ਪਕਰਨਿ ਕੇਰਾ
ਨਾਂਹਿ ਤ ਕਰਿ ਦਿਹੁ ਹਾਨਾ ॥੧੨॥
ਹੋਇ ਨ ਐਸੀ ਪਾਰ ਉਤਰ ਕਰਿ
ਘਨੀ ਮਚਾਵੈ ਮਾਰਾ।
ਆਗਾ ਘੇਰਿ ਹੇਲ ਕੋ ਘਾਲਹੁ
ਪਕਰ ਲੇਹੁ ਇਸ ਬਾਰਾ' ॥੧੩॥
ਗਮਨਜੋਂ ਤਬਿ ਵਜੀਦ ਖਾਂ ਪਾਸੀ
ਸਗਰੀ ਬਾਤ ਸੁਨਾਈ।
ਕਰੀ ਪ੍ਰਚਾਰਨ[1] ਚਮੂੰ ਘਨੀ ਤਬਿ
ਚਹੁੰ ਦਿਸ਼ਿ ਤੇ ਉਮਡਾਈ ॥੧੪॥
ਆਪ ਵਜੀਦ ਖਾਨ ਭੀ ਸਰਕਜੋ[1],
ਢੁਕੇ ਨਰੇਸ਼ ਪਹਾਰੀ।
ਗੂਜਰ ਰੰਘਰ ਤੁਰਕ ਗਿਨਹਿ ਕੋ,
ਕਰਹਿਂ ਧਕੇਲ ਅਗਾਰੀ ॥੧੫॥
ਮਹਾਂ ਧੂਮ ਮਾਚੀ ਤਿਸ ਥਲ ਮਹਿਂ
ਢੁਕੇ ਆਨਿ ਤਬਿ ਨੇਰੇ।
ਸਾਹਿਬਚੰਦ ਜੁਥਪਤਿ[1] ਗੁਰ ਕੋ,
ਕ੍ਰੁੱਧਤਿ ਜੁੱਧ ਬਡੇਰੇ ॥੧੬॥
ਸਿਪਰ ਕ੍ਰਿਪਾਨ ਖੈਂਚਿ ਕਰਿ ਮਜਾਨੋ
ਅਰਜੋ ਅੱਗ੍ਰ ਬਡ ਜੋਧਾ।
ਸੰਗ ਸੈਂਕਰੇ ਔਰ ਸੂਰਮਾ
ਆਵਤਿ ਦਲ ਕੋ ਰੋਧਾ[1] ॥੧੭॥
ਧਸਜੋ ਕਟਕ[1] ਮਹਿਂ, ਝਟਕ ਕਾਟਤੋ
ਚਲੇ ਖੜਗ ਭਟ ਅੰਗੰ[1]।
ਖੰਡ ਖੰਡ ਕਰਿ ਰੁੰਡ ਮੁੰਡ ਗਨ
ਤੁੰਡ ਪੰਡੁ ਭੇ ਰੰਗ[1] ॥੧੮॥
ਭਯੋ ਪ੍ਰਚੰਡ ਘਮੰਡ ਘਨੇਰਾ
ਪਰੇ ਕੇਤਿਕ ਕਰ ਕਾਟੇ[1]।

[1]ਵੰਗਾਰੀ।
[1]ਟੁਰਿਆ।
[1]ਸੈਨਾਪਤੀ।
[1]ਰੋਕਿਆ।
[1]ਸੈਨਾ।
[1]ਸੂਰਮਿਆਂ ਦੇ ਅੰਗਾਂ ਨੂੰ......।
[1]ਮੂੰਹ ਪੀਲੇ ਰੰਗ ਦੇ ਹੋ ਗਏ।
[1]ਹੱਥ ਕੱਟੇ ਹੋਏ।

ਖੰਡਨ ਕਰਿ ਭੁਜਦੰਡ ਕਿਨਹੁੰ ਕੇ
ਮਾਰਿ ਮਾਰਿ ਕਰਿ ਸਾਟੇ[1] ॥੧੯॥ [1]ਸੁੱਟੇ।
ਝਟਪਟ ਕਟੇ, ਨ ਸਟਕੇ[1] ਸਟਪਟ [1]ਨਹੀਂ ਹਰੇ।
ਕਟ ਤੇ ਕਟਿ ਕਟਿ ਗੇਰੇ।
ਪਗ ਕਾਟੇ, ਕਿਹ ਜੰਘ ਕਟੀ, ਜੁਗ
ਜਾਨੂ[1] ਕਾਟਿ ਨਿਬੇਰੇ ॥੨੦॥ [1]ਦੋਵੇਂ ਗੋਡੇ।
ਉਰੂ[1] ਕਟੇ, ਫਾਟੀ ਕਿਸ ਛਾਤੀ, [1]ਪੱਟ।
ਪ੍ਰਿਸ਼ਟਿ ਖੜਗ ਕਿਨ ਖਾਏ[1]। [1]ਪਿੱਠ ਤੇ ਤਲਵਾਰ ਕਿਸੇ ਖਾਧੀ।
ਰਿਪੁ ਕੋ ਵਾਰ ਸਿਪਰ ਪਰ ਲੈ ਕੈ
ਮਾਰਿ ਮਾਰਿ ਉਥਲਾਏ ॥੨੧॥
ਕਰਾਚੋਲ ਸ਼੍ਰੋਣਤ ਸੋਂ ਲਿਪਟੇ
ਚਮਕਤਿ ਹ੍ਵੈ ਹੈ ਲਾਲੰ।
ਲਹਿਲਹਾਤਿ ਜਨੁ ਜਮ ਕੀ ਜੀਹਾ
ਚਰਿਬੇ ਪਾਨ ਗੁਲਾਲੰ[1] ॥੨੨॥ [1]ਲਾਲ ਪਾਨ ਚੱਬਕੇ।
ਪਰੇ ਕਰਾਹੈਂ ਘਾਵ ਮਹਾਂ ਹੈਂ
ਦਰੜੇ ਉਠਿ ਨ ਸਕੰਤੇ।
ਯੌਂ ਬੀਰਨ ਘਾਲਜੋ ਘਮਸਾਨਾ
ਘੁਮਤਿ ਘਾਵ ਲਗੰਤੇ ॥੨੩॥
ਰਕਤ ਬਹਜੋ, ਪਟ ਰੰਗ ਚਢਜੋ ਸਭਿ,
ਧਰੇ ਲਾਲ ਜਨੁ ਬਾਗੇ[1]। [1]ਪੁਸ਼ਾਕੇ।
ਮਨਹੁੰ ਅਧੂਮ ਅਗਨਿ ਹੈ ਦੀਖਤਿ
ਗਿਰੇ ਲਰਤਿ ਹੁਇ ਆਗੇ ॥੨੪॥
ਸਾਹਿਬਚੰਦ ਅਧਿਕ ਉਤਸਾਹਾ
ਰਿਪੁ ਦਲ ਆਵਤਿ ਦੇਖਾ।
ਸਨਮੁਖ ਹੋਇ ਖੜਗ ਪਰਹਾਰਹਿਂ
ਤੁਰਕ ਬਿਲੋਕਿ ਬਿਸੇਖਾ ॥੨੫॥
ਪੁਨ ਪਹਾੜੀਏ ਓਰੜ ਆਏ
ਘਿਰਜੋ ਬੀਰ ਬਰ ਜੋਧਾ।
ਖਾਇ ਘਾਵ ਤਨ ਰੁਪਜੋ ਮਹਾਂ ਭਟ
ਪਲ ਪਲ ਬਾਢਜੋ ਕ੍ਰੋਧਾ ॥੨੬॥
ਬਹੁਤਨਿ ਘੇਰ ਕ੍ਰਿਪਾਨ ਪ੍ਰਹਾਰੇ,
ਕਟੇ ਅੰਗ ਭੀ ਮਾਰੈ[1]। [1]ਭਾਵੇਂ ਅੰਗ ਕਟੀਜ ਰਹੇ ਹਨ ਫੇਰ ਬੀ ਮਾਰਦਾ ਹੈ

(ਸਾਹਿਬ ਚੰਦ)।

ਜਬਿ ਲੌ ਗਿਰਯੋ ਨ ਅਵਨੀ ਊਪਰ
ਤਬਿ ਲੌ ਖੜਗ ਪ੍ਰਹਾਰੈ ॥੨੭॥
ਰੁਪਯੋ ਚਹੁੰ ਦਿਸ਼ਿ ਕਹਿਂ ਲਗ ਕਾਟਹਿ
ਬਹੁ ਬੀਰਨ ਮਿਲਿ ਮਾਰਯੋ।
ਚੰਦ ਮੁਖੀ ਹੂਰਨ ਲੈ ਤਤਛਿਨ
ਬਰ ਬਿਮਾਨ ਮਹਿਂ ਡਾਰਯੋ ॥੨੮॥
ਦੌਰਿ ਸੁਭਟ ਇਕ ਗੁਰ ਤਟ ਪਹੁੰਚਯੋ
ਸੁਧ ਸੁਨਾਇ ਤਿਨਿ ਸਾਰੀ।
'ਸਾਹਿਬਚੰਦ ਘਿਰਯੋ ਅਰਿ ਗਨ ਮਹਿਂ
ਬਹੁ ਕਰਵਾਰ ਪ੍ਰਹਾਰੀ ॥੨੯॥
ਜੀਵਤਿ ਰਹਯੋ ਤ ਜਾਇ ਨਿਕਸਾਹੁ
ਮਰਯੋ ਲੋਥ ਤਿਹ ਲੀਜੈ।
ਨਹੀਂ ਚਲਯੋ ਬਸ ਸਿੰਘਨ ਕੇਰਾ
ਸੈਨਾ ਬਡੀ ਲਖੀਜੈ' ॥੩੦॥
ਸੁਨਿ ਸਤਿਗੁਰ ਨਰ ਸੋਂ ਕਹਿ ਭੇਜਾ
'ਕਹੁ ਅਜੀਤ ਸਿੰਘ ਤਾਂਈ।
ਸਲਿਤਾ ਤਟ ਲਗਿ ਤਕਰੇ ਰਹੀਅਹਿ
ਰਿਪੁ ਰਖਿ ਦੂਰ ਹਟਾਈ ॥੩੧॥
ਹਮ ਕਰਿ ਜੋਰ ਲੋਥ ਕਹੁ ਆਨਹਿਂ,
ਸੰਸੈ ਕਰੋ ਨ ਕੋਈ।
ਉਦੈ ਸਿੰਘ ਆਦਿਕ ਭਟ ਸਗਰੇ
ਹਤਹੁ ਤੁਰਕ ਰਿਪੁ ਜੋਈ' ॥੩੨॥
ਇਮ ਕਲਗ਼ੀਧਰ ਕਹਿ ਉਰ ਕ੍ਰੋਧੇ
ਲੇ ਬਚਿੱਤ੍ਰ ਸਿੰਘ ਸੰਗਾ।
ਅਪਰ ਸਿੰਘ ਭੀ ਗਮਨੇ ਗੁਰ ਸਿਉਂ
ਕਸੀ ਦੁਗੁਲਕ ਤੁਫੰਗਾ[1] ॥੩੩॥
ਲੋਥ ਪਰੀ ਗਨ ਤੁਰਕਨ ਦਲ ਮਹਿਂ
ਢਿਗ ਹੁਇ ਬਾਨ ਚਲਾਏ।
ਤੁਪਕਨਿ ਸ਼ਲਖ ਛੁਟੀ ਇਕਬਾਰੀ
ਹਤੇ ਗਿਰੇ ਸਮੁਦਾਏ ॥੩੪॥
ਘਾਲਯੋ ਹੇਲ ਪ੍ਰਭੁ ਤਿਸ ਥਲ ਪਰਿ

[1]ਦੁਨਾਲੀ ਬੰਦੂਕਾਂ।

ਲਸ਼ਕਰ ਭੈ ਬਿਰਧਾਯੋ।
ਜਥਾ ਕੇਹਰੀ ਸਨਮੁਖ ਆਵਹਿ
ਤਿਮ ਪ੍ਰਭੁ ਕੋ ਦਰਸਾਯੋ ॥੩੫॥
ਤੀਰਨਿ[1] ਬੀਧੇ ਬਹੁ ਬਹੁ ਬੀਰਨ
ਧੀਰਜ ਸ਼ੱਤ੍ਰੁਨਿ ਤੋਰਾ।
ਖਰੇ ਰਹਨਿ ਕੀ ਸ਼ਕਤਿ ਨ ਹੋਈ
ਤਤਛਿਨ ਹੀ ਮੁਖ ਮੋਰਾ ॥੩੬॥
ਮਾਰਿ ਮਾਰਿ ਕਰਿ ਸਿੰਘ ਪੁਕਾਰੇ
ਬ੍ਰਿੰਦ ਤੁਰਕ ਸੰਘਾਰੇ।
ਜੀਵਤਿ ਜੇ ਪਿਖਿ ਮ੍ਰਿਤਕ ਘਨੇਰੇ
ਭਾਗਨਿ ਕੋ ਪਗ ਧਾਰੇ ॥੩੭॥
ਓਰੜ ਪਰਯੋ ਖਾਲਸਾ ਤਿਤ ਕੋ
ਗੁਰ ਕਹਿ ਤਿਨਹਿ ਹਟਾਏ।
ਚਮਕੇ ਖੜਗ ਬ੍ਰਿੰਦ ਹੀ ਹਾਥਨਿ
ਪਹੁੰਚਤਿ ਨਿਕਟ ਚਲਾਏ ॥੩੮॥
ਤੁਰਕ ਪਹਾਰੀ ਭਏ ਪਲਾਇਨ
ਪਹੁੰਚੇ ਤਹਿਂ ਲਗਿ ਜਾਈ।
ਸਾਹਿਬਚੰਦ ਮਰਯੋ ਜਹਿਂ ਮਾਰਤਿ
ਤਤਛਿਨ ਲੋਥ ਉਠਾਈ ॥੩੯॥
ਪਿਖਿ ਵਜੀਦਖਾਂ ਭਾਜਯੋ ਲਸ਼ਕਰ
ਗਾਰ ਨਿਕਾਰਤਿ ਫੇਰੇ।
'ਕਹਾਂ ਭਯੋ ਥਿਰ ਰਹਯੋ ਨ ਕੈਸੇ
ਕਯੋਂ ਨ ਅਲਪ ਰਿਪ ਹੇਰੇ' ॥੪੦॥

ਰਸਾਵਲ ਛੰਦ:

ਲਈ ਲੋਥ ਚਾਲੇ। ਨਦੀ ਤੀਰ ਜਾਲੇ।
ਮਚਯੋ ਜੁਧ ਭਾਰੀ। ਮਿਲੇ ਹੈਂ ਪਹਾਰੀ ॥੪੧॥
ਵਜੀਦੰ ਪਠਾਨਾ। ਦਲੰ ਫੇਰਿ ਆਨਾ।
ਸਬੈ ਆਇ ਰਾਜੇ। ਬਡੀ ਲਾਜ ਲਾਜੇ[1] ॥੪੨॥
ਨਹੀਂ ਲੋਥ ਰਾਖੀ। 'ਧਿਕੰ' ਆਪ ਭਾਖੀ।
ਚਪੈ[1] ਚੌਪ ਹੀਨਾ। ਨਹੀਂ ਧੀਰ ਲੀਨਾ

[1]ਤੀਰਾਂ ਨਾਲ।

[1]ਲੱਜਾ ਨਾਲ ਲਜਾਇਮਾਨ ਹੋਏ।

[1]ਖਿੱਝਿਆ।

॥ ੪੩ ॥
ਖਰੇ ਸਿੰਘ ਹੇਰੈਂ। ਸੁ ਗੋਰੀਨਿ ਗੇਰੈਂ।
ਮਨੋ ਮੇਘ ਵੁੱਠੇ[1]। ਸੁ ਓਰਾਨ ਵੁੱਠੇ[2] ॥ ੪੪ ॥

[1]ਮਾਨੋਂ ਬਦਲ ਵਰਖਦੇ ਹਨ। [2]ਗੜੇ ਵਰਖਾਉਂਦੇ ਹਨ।

ਕ੍ਰਿਖੀ ਸੇ ਪਹਾਰੀ। ਗਿਰੰਤੇ ਅਗਾਰੀ।
ਮਹਾਂ ਸਾਰ ਬਾਜਾ। ਤਬੈ ਕ੍ਵੈ ਨ ਭਾਜਾ ॥ ੪੫ ॥
ਹਥਾਵੱਥ ਹੋਏ। ਲਰੈਂ ਬੀਰ ਦੋਏ।
ਫਿਰੈਂ ਛੂਛ ਘੋਰੇ। ਜ਼ਰੀ ਜ਼ੀਨ ਬੋਰੇ ॥ ੪੬ ॥
ਕਹੂੰ ਬਾਜ[1] ਮਾਰੇ। ਕਹੂੰ ਸ੍ਵਾਰ ਡਾਰੇ।
ਕਹੂੰ ਘਾਇ ਘਾਲੇ। ਭਜੰਤੇ ਬਿਹਾਲੇ ॥ ੪੭ ॥

[1]ਘੋੜੇ।

ਕਹੂੰ ਮਾਰਿ ਨੇਜੇ। ਜਮੰਧਾਮ ਭੇਜੇ।
ਕਿਨੈ ਸਾਂਗ ਮਾਰੀ। ਭਈ ਫੋਰਿ ਪਾਰੀ ॥ ੪੮ ॥
ਕਰਾਚੋਲ ਕੋਈ। ਹਤੇ ਕੀਨਿ ਦੋਈ[1]।
ਕਿਸੂ ਕੇ ਤਮਾਚੇ। ਹਤੇ ਧੂਲ ਰਾਚੇ ॥ ੪੯ ॥

[1]ਮਾਰਕੇ ਦੋ ਕਰ ਦਿੱਤੇ (ਟੋਟੇ)।

ਗੁਰੂ ਕੇਰ ਤੀਰੰ। ਬਿਧੇ ਬ੍ਰਿੰਦ ਬੀਰੰ।
ਪਰੇ ਪ੍ਰਾਨ ਖੋਏ। ਬਡੀ ਨੀਂਦ ਸੋਏ ॥ ੫੦ ॥
ਚਲੀ ਪੁੰਜ ਗੋਰੀ।
ਮਰੇ ਦੌਨ ਓਰੀ।
ਕਟਾਰੰ ਪ੍ਰਹਾਰਾ। ਕਿਨੂ ਪੇਟ ਫਾਰਾ ॥ ੫੧ ॥
ਬਜੈ ਰਾਗ ਮਾਰੂ। ਲਰੰਤੇ ਜੁਝਾਰੂ।
ਮਹਾਂ ਫਾਗ[1] ਖੇਲੈਂ। ਮਿਲੈਂ ਪੈ ਧਕੇਲੈਂ ॥ ੫੨ ॥

[1]ਹੋਲੀ।

ਸਿਰਖੰਡੀਛੰਦ:
ਕਹਿ ਕਹਿ ਕੜਕਤਿ ਕਾਲੀ, ਆਮਿਖ ਭੱਖਣਾ।
ਧੂੜ ਉਤੰਗ ਬਿਸਾਲੀ, ਸੂਰਜ ਛਪਿ ਗਯੋ।

ਚਮੂੰ ਭਈ ਬਿਕਰਾਲੀ, ਮੁਖ ਪਰ ਖੇਹ ਤੇ।
ਲੋਹੂ ਕਪਟ ਕਰਾਲੀ, ਆਂਤ੍ਰੈ ਗਿਰ ਪਰੀ ॥੫੩॥
ਕੂਕਾਂ ਜੰਬੁਕ ਕੂਕੀ, ਸ੍ਵਾਨ ਪੁਕਾਰਤੇ।
ਗ੍ਰਿੱਝਾਂ ਉਡ ਉਡਿ ਢੂਕੀ, ਕਾਕਨਿ, ਕੰਕ ਸੋ[1]।
ਗੁਲਕਾਂ ਚਲਿ ਚਲਿ ਸ਼ੂੰਕੀ, ਉਰ ਸਿਰ ਫੋੜਤੀ।
ਜੀਵਣ ਆਸ਼ਾ ਚੂਕੀ, ਭੜਥੂ ਘੱਤਣਾ ॥੫੪॥
ਜਿਰਹਿ ਸੰਜੋਵਾਂ ਟੂਟੀ, ਗਰ ਤੇ ਗਿਰ ਪਰੀ।
ਲਰਤਜੋਂ ਚਮੂੰ ਨਿਖੁਟੀ, ਹੁਟੀ ਓਜ ਤੇ।
ਛਾਤੀ ਅਖੀਆਂ ਫੂਟੀ, ਲਗਿ ਲਗਿ ਗੋਰੀਆਂ।
ਬਹੁਤੀ ਬਾਛੜ ਸੁਟੀ[1], ਕਸਿ ਕਸ ਤੁਪਕ ਕੋ ॥੫੫॥
ਕਹਿੰ ਲਗਿ ਕਥੌਂ ਲਰਾਈ, ਭਾਰਥ ਜਨੁ ਭਯੋ।
ਮਿਟੇ ਨ ਭਟ, ਬਰਿਆਈ[1], ਕਟਿ ਕਟਿ ਕਾਟਿਤੇ।
ਲੋਥਨਿ ਅਵਿਨੀ ਛਾਈ, ਜੋ ਰਛ ਖੇਤ ਕੀ[1]।
ਘਾਇਲ ਹ੍ਵੈ ਸਮੁਦਾਈ, ਭਾਗੇ ਕੇਤਿਨੇ ॥੫੬॥

[1]ਕਾਉਂ ਤੇ ਚਿੱਟੀਆਂ ਚੀਲਾਂ।

[1]ਗੋਲੀਆਂ ਦੀ ਵਾਛੜ ਸੁੱਟੀ।

[1]ਜ਼ੋਰੋ ਜ਼ੋਰੀ।

[1]ਸ਼ੁਧ ਪਾਠ 'ਰਣ ਖੇਤ ਕੀ' ਜਪਦਾ ਹੈ; ਅਰਥ-ਰਣ ਭੂਮਕਾ ਦੀ ਪ੍ਰਿਥਵੀ ਲੋਥਾਂ ਨਾਲ ਛਾ ਗਈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਾਹਿਬਚੰਦ ਬੱਧ' ਪ੍ਰਸੰਗ ਬਰਨਨੰ ਨਾਮ ਚਾਰਚੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਵਿਜੈ ਲੈਕੇ ਬਿਸਾਲੀ ਪਹੁੰਚਣਾ]

੪੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਅੰਧ ਧੁੰਧ ਬਹੁ ਧੂਮ[1] ਤੇ, ਚਢੀ ਧੂਲ ਅਸਮਾਨ। [1]ਧੂੰਏਂ ਨਾਲ।
ਧੂਮ ਪਰੀ[1] ਬਹੁ ਬੀਰ ਕੀ, ਮਾਨੀ ਸਭਿ ਨੇ ਆਨਿ ॥੧॥ [1]ਮਸ਼ਹੂਰੀ ਹੋਈ।

ਨਵਨਾਮਕਛੰਦ:

ਤੜਭੜ ਤੁਪਕਨ। ਤਜਿ ਤਜਿ ਅਰਿ ਹਨਿ।
ਖੜਗਨਿ ਹਤਿ ਹਤਿ। ਮਰਤਿ ਸੁ ਜਿਤ ਕਿਤ ॥੨॥
ਸਤੁਦ੍ਰਵ ਤਟ ਪਰ। ਅਟਿਕ ਸੁਭਟ ਬਰ[1]। [1]ਅਟਕੇ (ਸਾਰੇ) ਸ੍ਰੇਸ਼ਟ ਸੂਰਮੇਂ।
ਰੁਪਿ ਰੁਪਿ ਲਰਿ ਕਰਿ। ਮਿਟਤਿ ਨ ਪ੍ਰਣ ਧਰਿ[1] ॥੩॥ [1]ਭਾਵ ਜਿੰਨਾ ਚਿਰ ਪ੍ਰਾਣ ਰਹਿੰਦੇ ਹਨ, ਹਟਦੇ ਨਹੀਂ।
ਗੁਰ ਸੁਤ ਸਰ ਖਰ[1]। ਕਰਖਤਿ[2] ਧਨੁ ਧਰਿ[3]। [1]ਤਿੱਖੇ ਤੀਰ। [2]ਖਿੱਚਦਾ ਹੈ [ਆਕਰਖਤ]। [3]ਧਨੁਖ ਫੜਕੇ।
ਬਲ ਬਡ ਭਰਿ ਭਰਿ। ਤਜਤਿ ਤੁਰਤ ਧਰਿ[1] ॥੪॥ [1]ਤੁਰਤ ਕਰਕੇ ਚਲਾਉਂਦਾ ਹੈ।
ਸਰਪਨ ਸਮਸਰ। ਫੁੰਕਰਤਿ ਅਰਿ ਪਰ[1]। [1]ਵੈਰੀ ਉਤੇ ਫੁੰਕਾਰਕੇ ਜਾ ਲਗਦੇ ਹਨ।
ਬਿਧਿ ਬਿਧਿ ਗਿਰ ਧਰ। ਰਕਤ ਸੁ ਭਰਿ ਭਰਿ[1] ॥੫॥ [1]ਵਿੰਨ੍ਹ ਵਿੰਨ੍ਹ ਕੇ ਧਰਤੀ ਤੇ ਡਿੱਗਦੇ ਹਨ ਲਹੂ ਦੇ ਭਰੇ ਹੋਏ।
ਭਟ ਪਰਿ ਮਹਿ ਮਹਿ[1]। ਪੁਨ ਸਰ ਗਹਿ ਗਹਿ। [1](ਇਉਂ) ਧਰਤੀ ਉਤੇ ਸੂਰਮੇ ਪੈਂਦੇ ਜਾਂਦੇ ਹਨ।
ਰਿਪੁ ਤਨ ਲਹਿ ਲਹਿ। 'ਥਿਤ ਰਹੁ' ਕਹਿ ਕਹਿ ॥੬॥
ਰਿਸ ਉਰ ਕਰਿ ਕਰਿ।
ਧਰ ਧਰਿ ਧਰ ਧਰਿ[1]। [1]ਧਰਤੀ (ਉਤੇ) ਧੜ (ਹੀ) ਧੜ ਧਰੀ ਜਾਂਦੇ ਹਨ।
ਅਰਿ ਅਰਿ ਅਰਿ ਹਰਿ[1]। ਸ਼ੂੰਕਤਿ ਸਰ ਖਰ ॥੭॥ [1]ਅੜਨੇ ਵਾਲੇ ਵੈਰੀਆਂ ਨੂੰ ਅੜਕੇ ਮਾਰਦੇ ਹਨ।

ਚੰਚਲਾ ਛੰਦ:

ਸ੍ਰੀ ਗੁਬਿੰਦ ਸਿੰਘ ਜੀ, ਅਨੰਦ ਮੈਂ ਬਿਲੰਦ ਹੋਇ।
ਸਿੰਘ ਪੁੰਜ ਸੰਗ, ਬਾਕ ਬੋਲਤੇ ਪ੍ਰਕੋਪ

ਜੋਇ।
'ਮਾਰੀਏ ਤੁਫੰਗ ਕੋ, ਜੁ ਅੱਗ੍ਰ ਆਨਿ ਕੀਨਿ ਢੋਇ।
ਪੰਥ ਕੋ ਛੁਟਾਇ ਲੇਹੁ, ਮੋਰ ਲੇਹੁ ਮਾਰ ਸੋਇ[1] ॥ ੮ ॥
ਰਾਖਿਯੇ ਨਦੀ ਉਰਾਰਿ, ਸ਼ੂਰ ਸ਼ੱਤ੍ਰੁ ਜੇ ਸਮੂਹ।
ਪਾਰਿ ਹੈ ਉਲੰਘਨੌਂ, ਹਟਾਇ ਬੈਰਿਯਾਨਿ ਹੂਹ[1]।
ਪਾਛ ਰਾਖਿ ਆਪਨੇ, ਨਿਵਾਰਿਯੇ ਤੁਫੰਗ ਮਾਰਿ।'
ਸ੍ਰੀ ਗੁਰੂ ਉਚਾਰਿ, ਸ਼੍ਰੋਨ ਸ਼ੂਯ ਸਿੰਘ ਕੋਪ ਧਾਰਿ[1] ॥ ੯ ॥
ਆਦਿ ਜੇ ਅਜੀਤ ਸਿੰਘ, ਆਯੁਧਾਨ ਮਾਰਿ ਮਾਰਿ।
ਸ਼ੀਘ੍ਰ ਹੀ ਪਹੂਚਿ ਕੈ, ਗਏ ਤਹਾਂ ਪ੍ਰਹੇਲ ਡਾਰ[1]।
'ਜਾਨ ਨਾਂਹਿ ਦੀਜੀਏ, ਹਨੀਜੀਏ' ਉਚਾਰਿ ਉਚ।
'ਬਾਨ ਮਾਰਿ ਤੀਛਨਾ, ਜਿ ਭੀਛਨਾ ਲਗੰਤਿ ਮੁਚ[1]' ॥ ੧੦ ॥

[1]ਮੋੜਕੇ ਮਾਰ ਲਓ।
[1]ਵੈਰੀਆਂ ਨੂੰ ਹੱਲਾ ਕਰਕੇ।
[1]ਕੰਨੀ ਸੁਣਕੇ ਸਿੰਘਾਂ ਨੇ ਗੁੱਸੇ ਵਿੱਚ ਆਕੇ।
[1]ਹੱਲਾ ਕਰਕੇ।
[1]ਜੋ ਲਗਦਿਆਂ ਡਿੱਗ ਪੈਣ [ਮੁਚ=ਤਿਆਗਣਾ। ਡਿਗਣਾਂ]।

ਲਲਿਤਪਦ ਛੰਦ:
ਪਿਖਿ ਅਜੀਤ ਸਿੰਘ ਗਮਨੇ ਆਗੇ
ਉਦੇ ਸਿੰਘ ਰਿਸ ਧਾਰੀ।
ਆਲਮਸਿੰਘ ਦਯਾ ਸਿੰਘ ਪਹੁੰਚਜੋ
ਮੁਹਕਮ ਸਿੰਘ ਅਗਾਰੀ ॥ ੧੧ ॥
ਬਖ਼ਸ਼ਸ਼ ਸਿੰਘ ਬਖਸ਼ੀਸ਼ ਸਿੰਘ ਜੁਗ
ਈਸ਼ਰ ਸਿੰਘ ਸੁ ਕ੍ਰੋਧਾ।
ਸ਼ੇਰ ਸਿੰਘ ਦੇਵਾ ਸਿੰਘ ਉਮਡਜੋ
ਬਰ ਬਚਿੱਤ੍ਰ ਸਿੰਘ ਜੋਧਾ ॥ ੧੨ ॥
ਨਾਹਰ ਸਿੰਘ ਗਰਜਾ ਸਿੰਘ ਗਰਜਜੋ
ਅਜਬ ਸਿੰਘ ਤਤਕਾਲਾ।

ਗਯੋ ਅਜਾਇਬ ਸਿੰਘ ਤਹਾਂ ਕੋ
ਸੰਤ ਸਿੰਘ ਰਿਪੁ ਕਾਲਾ ॥੧੩॥
ਅਨਿਕ ਸਿੰਘ ਭਗਵਾਨ ਸਿੰਘ ਤਹਿਂ
ਮਹਾਂ ਸਿੰਘ ਹਯ ਪ੍ਰੇਰਾ।
ਧਰਮ ਸਿੰਘ ਸਾਹਿਬ ਸਿੰਘ ਧਾਏ
ਰਾਮ ਸਿੰਘ ਰਸ ਹੇਰਾ ॥੧੪॥
ਕਹਿਂ ਲਗਿ ਗਿਨੌਂ ਸੁਭਟ ਬਰ ਗੁਰ ਕੇ
ਗਏ ਹਟਾਵਨਿ ਆਗੇ।
ਚਮੂੰ ਮਲੇਛਨ ਰੋਕਤਿ ਉਤ ਤੇ
ਸਿੰਘ ਸੁ ਬਰਜਨ ਲਾਗੇ ॥੧੫॥
ਦੋਨਹੁਂ ਕੇ ਭਟ ਭੇੜ[1] ਭਯੰਕਰ
[1]ਮੁਕਾਬਲਾ।
ਸ਼ਸਤ੍ਰ ਪੁੰਜ ਬਰਖਾਏ।
ਹਥਾਵੱਥ ਹ੍ਵੈ ਕੈ ਗੁਥ ਜੁੱਥੇ[1]
[1]ਗੁੱਥਮਗੁੱਥਾ।
ਮਥਹਿਂ[1] ਮਾਰਿ ਉਲਟਾਏ ॥੧੬॥
[1]ਮਲ ਸਿੱਟਦੇ ਹਨ।
ਹਲੀ ਚਮੂੰ ਅਵਲੋਕਿ[1] ਵਜੀਦੇ
[1]ਆਪਣੀ) ਸੈਨਾ ਹੱਲ ਖੜੋਤੀ ਵੇਖਕੇ।
ਜਥੇਦਾਰ ਪਠਿ ਔਰੰ।
ਤਿਤ ਕੋ ਜਾਇ[1] ਤੁਰੰਗਮ ਪ੍ਰੇਰਤਿ
[1]ਉਸ ਪਾਸੇ ਨੂੰ ਜਾਇਕੇ (ਜਥੇਦਾਰ ਨੇ)।
ਰੋਕ ਲਿਏ ਤਿਸ ਠੌਰੰ ॥੧੭॥
ਖਪਰੇ ਤੀਛਨ ਭੀਛਨ ਸਤਿਗੁਰ
ਐਂਚਿ ਐਂਚਿ ਗਨ ਮਾਰੇ।
ਹਯ ਸਮੇਤ ਰਣ ਖੇਤ ਰਹਜੋ ਸੋ
ਸੰਗੀ ਕਿਤਿਕ ਸੰਘਾਰੇ ॥੧੮॥
ਉਤ ਤੇ ਸ੍ਰੀ ਅਜੀਤ ਸਿੰਘ ਮੋਰੇ
ਆਗਾ ਬਿਨ ਰਿਪੁ ਕੀਨੋ।
ਜੋ ਪਹੁੰਚਹਿ ਰੋਕਨ ਤਿਤ ਦਿਸ਼ਿ ਕੋ,
ਹੋਇ ਸੁ ਪ੍ਰਾਨ ਬਿਹੀਨੋ ॥੧੯॥
ਲੂਝ ਰਹੇ ਬਹੁ ਜੂਝ ਪਰੇ[1] ਗਨ,
[1]ਲੜ ਕੇ ਬਹੁਤੇ ਮਰ ਗਏ।
ਤਹਾਂ ਨ ਠਹਿਰਨ ਦੀਨੋ।
ਸਨੇ ਸਨੇ ਸਲਿਤਾ ਜਲ ਪਾਰਹਿ
ਲਰਤਿ ਪਯਾਨੋ ਕੀਨੋ ॥੨੦॥
ਰਿਸ ਕੋ ਧਰਿ ਧਰਿ ਬਲ ਕੋ ਕਰਿ ਕਰਿ
ਰੋਕਨਿ ਫਿਰ ਫਿਰ ਚਾਹੈਂ[1]।
[1]ਚਾਹੁੰਦੇ ਹਨ (ਪਹਾੜੀਏ)।

ਪਹੁੰਚੇ ਨਹੀਂ ਅਨੇਕ ਜਤਨ ਤੇ
ਮਰਿ ਮਰਿ ਗਿਰੇ ਤਹਾਂ ਹੈਂ ॥੨੧॥
ਠਹਿਰ ਨ ਦੇਤਿ ਸਰਨਿ ਕੀ ਬਰਖਾ
ਤੀਨ ਚਾਰ ਬਿਧ ਜਾਈਂ[1]। [1]ਵਿੰਨ੍ਹੇ ਜਾਂਦੇ ਹਨ।
ਬਿਨ ਮਾਰੇ ਕੋ ਛੂਛ ਨ ਚਾਲਹਿ[1] [1]ਖਾਲੀ ਨਹੀਂ ਚਲਦਾ (ਬਾਨ)।
ਹਯ ਭਟ ਮਰਿ ਸਮੁਦਾਈ ॥੨੨॥
ਆਗੈ ਗੁਰ ਸੁਤ, ਮੱਧ ਗੁਰੂ ਥਿਤ,
ਪਾਛੈ ਸਿੰਘ ਜੁਝਾਰੇ।
ਕਰੇ ਕਦਨ ਸ਼ੱਤ੍ਰੂ ਅਨਗਨ ਹੀ
ਲੋਥ ਲੋਥ ਪਰ ਡਾਰੇ ॥੨੩॥
ਸ਼ਸਤ੍ਰਨਿ ਬਲ ਤੇ ਦੂਰ ਰਖੇ ਰਿਪੁ
ਸਲਿਤਾ ਤਰੀ ਸੁਖੈਨਾ।
ਪਾਰ ਗੁਰੂ ਜੁਤਿ ਸਿੰਘਨਿ ਸਭਿ ਦਲ,
ਉਰੇ ਮਲੇਛੀ ਸੈਨਾ ॥੨੪॥
ਸਲਿਤਾ ਬਿਖੈ ਪ੍ਰਵੇਸ਼ਨ ਚਾਹਤਿ
ਪਰੈ ਤੀਰ ਅਰੁ ਗੋਰੀ।
ਮਰੇ ਕਿਤਿਕ ਬਹਿ ਗਏ ਬੀਚ ਹੀ
ਥਿਰਹਿਂ ਉਰਾਰਹਿਂ ਓਰੀ ॥੨੫॥
ਰਿਸ ਕੋ ਕਰਤਿ ਦੰਤ ਕੋ ਚਰਬਤਿ
ਬਸ ਨਹਿਂ ਕਛੁ ਬਸਾਵੈ।
ਗਰਜਹਿ ਤੋਪ ਟੋਲ ਕਹੁ ਮਾਰਹਿਂ
ਖਰੇ ਹੋਨਿ ਨਹਿਂ ਪਾਵੈਂ ॥੨੬॥
ਭੀਮਚੰਦ ਆਦਿਕ ਸਭਿ ਰਾਜੇ
ਮਿਲੇ ਵਜੀਦ ਪਠਾਨਾ।
'ਅਬਿ ਤੌਂ ਪਾਰ ਪਰੇ ਦਿਢ ਹ੍ਵੈ ਕਰਿ,
ਹਤਹਿਂ ਤੁਪਕ ਅਰੁ ਬਾਨਾ ॥੨੭॥
ਨਾਹਕ ਸੈਨ ਨਹੀਂ ਹਨਵਾਵਹੁ[1] [1]ਮਰਵਾਓ।
ਗੁਰੂ ਸੂਰਮਾ ਭਾਰੀ।
ਹਮ ਕੋ ਕਹਤਿ ਹੁਤੇ ਕਜਾ ਹੋਯੋ
ਅਬਿ ਤੁਮ ਲੇਹੁ ਨਿਹਾਰੀ ॥੨੮॥
ਚਮੂੰ ਅਲਪ ਹੈ ਚਾਕਰ, ਨਾਂਹਿਨ,
ਲਾਖਹੁਂ ਸੰਗ ਲਰੰਤਾ[1]। [1]ਲੱਖਾਂ ਦੇ ਨਾਲ (ਗੁਰੂ) ਲੜਦਾ ਹੈ।

ਗਹਿਬੇ ਮਹਿਂ ਤੜਿਤਾ ਨਹਿ ਆਵਹਿ[1],
ਤਿਮ ਗੁਰ ਬੀਰ ਦਿਖੰਤਾ ॥੨੯॥
ਕਰਹੁ ਸੰਭਾਲਨ ਘਾਇਲ ਮ੍ਰਿੱਤਕ
ਘਾਲਯੋ ਦੂਰ ਸੁ ਡੇਰਾ।
ਹਮਰੇ ਦੇਸ਼ ਨਹੀਂ ਗੁਰ ਥਿਰ ਅਬਿ
ਨਦੀ ਤੀਰ ਪਰ ਹੇਰਾ' ॥੩੦॥
ਬਿਸਮਯੋ ਤਬਿ ਵਜੀਦ ਖਾਂ ਬੋਲਯੋ
'ਅਚਰਜ ਕੀਨ ਗਯੋ ਹੈ[1]।
ਜਲ ਪ੍ਰਵਾਹ ਸਮ ਰੁਕਯੋ ਨ ਕਿਮਹੂੰ
ਮਾਰਤਿ ਪਾਰ ਭਯੋ ਹੈ ॥੩੧॥
ਪੁੰਜ ਸੁਭਟ ਕੋ ਖੇਤ ਪਰਯੋ ਪਿਖਿ
ਪੁਰੀ ਨ ਚਿਤ ਕੀ ਬਾਂਛੇ।
ਪਕਰਯੋ ਗਯੋ ਨ ਭਯੋ ਸੰਘਾਰਨਿ,
ਬਿਜੈ ਲੇਤਿ ਗੁਰ ਗਾਛੇ[1]' ॥੩੨॥
ਰਿਦੈ ਬਿਸੂਰਤਿ ਮੂਰਖ ਮਿਲਿ ਕੈ
ਮਹਿੰਮਾ ਤੇ ਅਨਜਾਨੇ।
ਤਜਿ ਸਲਿਤਾ ਤਟ ਦੂਰ ਪਿਛੇ ਹਟ
ਡੇਰਾ ਪਾਇ ਸਥਾਨੇ ॥੩੩॥
-ਗੁਰ ਕੀ ਤੋਪ ਨ ਗੋਰਾ ਪਹੁੰਚਹਿ[1]-
ਕੋਸਕ ਤਜਿ ਕਰਿ ਆਏ।
ਕਰਿ ਤਕਰਾਈ ਅਨਿਕ ਬਿਧਿਨਿ ਕੀ
ਥਿਰ ਸੁਚੇਤਿ ਸਮੁਦਾਏ ॥੩੪॥
ਜਾਗ੍ਰਤ ਰਹੇ -ਨ ਆਇ ਪਰੈ ਗੁਰ-
ਕਸਿ ਤੁਫੰਗ ਧਰਿ ਹਾਥੈਂ।
ਮਰਹਿਂ ਅਨਿਕ ਕੋ ਕਰਹਿ ਸੰਭਾਰਨ[1]?
ਪਰੇ ਮਿਲੇ ਰਜ ਸਾਥੈਂ ॥੩੫॥
ਭੀਮਚੰਦ ਕਰ ਬੰਦਿ ਬਿਨੈ ਕਹਿ
ਦੇ ਬਹੁ ਦਰਬ ਉਤੰਗਾ।
ਅਪਰ ਅਜਾਇਬ ਵਸਤੁ ਦੇ ਕਰਿ
ਇਕ ਸ਼ਿੰਗਾਰ ਮਤੰਗਾ ॥੩੬॥
'ਆਨਿ ਬਚਾਯਹੁ ਭਏ ਸਹਾਇਕ
ਨਤੁ ਗੁਰ ਦੇਸ਼ ਨਿਕਾਰੈ[1]।

[1](ਜਿਵੇਂ) ਬਿਜਲੀ ਫੜੀ ਨਹੀਂ ਜਾਂਦੀ।
[1]ਕਰ ਗਏ ਹਨ।
[1]ਸਗੋਂ ਜੋ ਲੈਕੇ (ਪਾਰ) ਗੁਰੂ ਜੀ ਚਲੇ ਗਏ।
[1]ਗੁਰਾਂ ਦੀ ਤੋਪ ਦਾ ਗੋਲਾ ਨਾ ਆ ਪੁਜੇ।
[1]ਕੌਣ ਸੰਭਾਲੇ।
[1]ਨਹੀਂ ਤਾਂ ਗੁਰੂ ਨੇ ਸਾਨੂੰ ਦੇਸੋਂ ਕੱਢ ਦੇਣਾ ਸੀ।

ਅਬਿ ਬਸਿਬੋ ਹੁਇ ਸੈਲ ਬਿਖੈ ਹਮ
ਗੁਰੂ ਭਯੋ ਜਬਿ ਪਾਰੈ' ॥੩੭॥
ਇੱਤਜਾਦਿਕ ਕਹਿ ਰੁਖ਼ਸਦ ਕੀਨਸਿ
'ਪੁਰਿ ਸਿਰੰਦ ਅਬਿ ਜਾਵੌਂ।
ਹਮ ਹਜ਼ਰਤ ਕੇ ਨਿਤ ਗ਼ੁਲਾਮ ਹੈਂ
ਭੀਰ ਪਰੇ ਤਬਿ ਆਵੌਂ ॥੩੮॥
ਹੋਤਿ ਪ੍ਰਾਤਿ ਕੇ ਹਮ ਨਿਜ ਘਰ ਮਹਿਂ
ਜੈ ਹੈਂ, ਮਿਟੀ ਲਰਾਈ।'
ਸਕਲ ਸੈਲਪਤਿ ਸੂਬੇ ਸਨ ਮਿਲਿ
ਪਹੁੰਚੇ ਨਿਜ ਨਿਜ ਥਾਂਈ ॥੩੯॥
ਰੁਦਨ ਪੀਟਬੋ ਸ਼ੋਕ ਮਹਾਨਾ
ਗਿਰ ਗਨ ਘਰ ਘਰ ਹੋਵਾ।
ਕਿਸ ਕੋ ਸੁਤ, ਪਿਤ, ਭ੍ਰਾਤਾ, ਪਤਿ ਹਤਿ
ਅਪਨਿ ਸੰਬੰਧਨਿ ਜੋਵਾ ॥੪੦॥
ਭੀਮਚੰਦ ਕੋ ਗਾਰਿ ਨਿਕਾਰਹਿਂ
ਪ੍ਰਜਾ ਸੁਭਟ ਮਰਿਵਾਏ।
ਸਾਹਿਬ ਕਰਾਮਾਤਿ ਸੰਗ ਭਿਰਿ ਕੈ
ਕਜਾ ਲੀਨਸਿ ਦੁਖ ਪਾਏ' ॥੪੧॥
ਸ਼੍ਰੀ ਗੁਰ ਮਹਾਰਾਜ ਤਟ ਪਰਲੇ
ਸੁਖ ਸੌਂ ਕਰਿ ਬਿਸਰਾਮਾ।
ਘਾਇਲ ਸਕਲ ਸੰਭਾਰਨਿ ਕੀਨੇ
ਅਰੇ ਕੀਨਿ ਰਣ ਕਾਮਾ ॥੪੨॥
ਮ੍ਰਿਤਕ ਸਿੰਘ ਸਭਿ ਦਾਹ ਕਰਾਏ
ਪਹੁੰਚਾਏ ਸੁਰਲੋਕਾ।
ਸਾਲਪੱਤ੍ਰ ਘਾਯਲ ਪਰ ਲਾਏ
ਪੀਰ ਮਿਟੀ, ਨਹਿਂ ਸ਼ੋਕਾ ॥੪੩॥
ਡੇਰਾ ਕਰਿ ਅਰਾਮ ਭਟ ਸਗਰੇ
ਖਾਨ ਪਾਨ ਸਭਿ ਕੀਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ
ਭਈ ਪ੍ਰਾਤਿ ਤਮ ਛੀਨਾ ॥੪੪॥
ਰਾਵ ਬਿਸਾਲੀ ਕੋ ਤਬਿ ਆਯਹੁ
ਚਰਨ ਸਰੋਜਨ ਬੰਦੇ।

ਕਰਹਿ ਬਾਰਤਾ ਸੰਘਰ ਕੇਰੀ
ਹੋਵਤਿ ਰਿਦੈ ਅਨੰਦੇ ॥੪੫॥
'ਧੰਨ ਗੁਰੂ ਪੂਰਨ ਪ੍ਰਭੁ ! ਕਰਤਾ
ਸਮਸਰ ਆਨ ਨ ਕੋਈ।
ਭੀਮ ਚੰਦ ਹੰਕਾਰ ਨਿਕੰਦਾ
ਤੁਰਕਨਿ ਕੀ ਪਤ ਖੋਈ ॥੪੬॥
ਪਾਰ ਸਥਾਨ ਖੇਤ ਰਣ ਮਾਂਹੀ
ਸੰਕੀਰਨ[1] ਨਰ ਘੋਰਾ[2]।
ਜਿਤ ਕਿਤ ਮਰੇ ਪਰੇ ਦ੍ਰਿਸ਼ਟਾਵੈਂ
ਕੂਕੈਂ ਜੰਬੁਕ ਘੋਰਾ[1] ॥੪੭॥
ਗ੍ਰਿੱਧ ਫਿਰੈਂ ਤਹਿਂ ਭਈ ਹਜ਼ਾਰਹੁੰ,
ਸ੍ਵਾਨ ਪੁਕਾਰਤਿ ਬ੍ਰਿੰਦਾ।
ਕਈ ਦਿਵਸ ਲੌਂ ਖਾਇ ਅਘਾਵਹਿਂ
ਖੁਰਜੋ ਨ ਪਰਜੋ ਬਿਲੰਦਾ[1] ॥੪੮॥
ਮੁਝ ਕੋ ਜਾਨ ਆਪਨੋ ਚੇਰਾ,
ਨਗਰ ਚਲਹੁ ਦ੍ਰਿਗ ਹੇਰੋ।
ਚਰਨ ਸੋਰਜਨ ਪਾਇ ਨਿਕੇਤਹਿਂ
ਪਾਵਨ ਕੀਜਹਿ ਮੇਰੋ ॥੪੯॥
ਵਸਤੁ ਦਾਸ ਕੀ ਘਰ ਤੇ ਆਦਿਕ
ਸਭਿ ਅਪਨੀ ਪ੍ਰਭ ਜਾਨੋ।
ਚਹਹੁ ਸੁ ਬਰਤਹੁ ਕਰੁਨਾ ਕਰਿ ਕੈ
ਮਨ ਭਾਵਤਿ ਸੁਖ ਠਾਨੋ' ॥੫੦॥
ਇਸ ਪ੍ਰਕਾਰ ਬਹੁ ਪ੍ਰੇਮ ਪੇਖਿ ਕਰਿ
ਸਤਿਗੁਰ ਭਏ ਕ੍ਰਿਪਾਲਾ।
ਜ਼ੀਨ ਪਵਾਇ ਕਰਾਯੋ ਦੁੰਦਭਿ
ਦੀਰਘ ਨਾਦ ਉਠਾਲਾ ॥੫੧॥
ਕਰਜੋ ਕੂਚ ਪ੍ਰਭੁ ਰਾਵ ਸੰਗ ਲੇ
ਬਾਤਹਿਂ ਕਰਤਿ ਪਯਾਨੇ।
ਦੇਖਿ ਸਰੂਪ ਤ੍ਰਿਪਤ ਨਹਿਂ ਹੋਵਤਿ,
ਰਹੇ ਬਿਰਾਜ ਮਹਾਨੇ[1] ॥੫੨॥

ਆਨਿ ਉਤਾਰੇ ਅਨਿਕ ਭਾਉ ਕਰਿ

[1]ਖਿੰਡੇ ਪਏ। [2]ਆਦਮੀ ਤੇ ਘੋੜੇ।

[1]ਭਿਆਨਕ।

[1]ਬੜਾ ਪਿਆ ਹੈ ਖੁਰੇਗਾ ਨਹੀਂ (ਮੁਰਦਿਆਂ ਦਾ ਮਾਸ)।

[1]ਭਾਵ (ਜੋ ਉਸ ਵੇਲੇ) ਬਹੁਤ ਸ਼ੋਭਾ ਦੇ ਰਿਹਾ ਸੀ। [ਵਿਰਾਜਨਾ=ਬਹੁਤ ਸ਼ੋਭਾ ਦੇਣਾ]।

ਸੇਵਾ ਮਹਿਂ ਮਨ ਲਾਯੋ।
ਬਾਂਛਤਿ ਵਸਤੁ ਪ੍ਰੇਮ ਤੇ ਦੇ ਕਰਿ
ਰਿਦੈ ਅਧਿਕ ਹਰਖਾਯੋ ॥੫੩॥
ਸ਼੍ਰੀ ਅਜੀਤ ਸਿੰਘ ਸਰਬ ਖਾਲਸਾ
ਰਾਵ ਭਾਵ ਕੋ ਹੇਰੇ।
ਸ਼੍ਰੀ ਪ੍ਰਭੁ ਨਿਕਟ ਪ੍ਰਸ਼ੰਸ਼ਾ ਠਾਨਤਿ
'ਪ੍ਰੇਮੀ ਭਾਗ ਬਡੇਰੇ' ॥੫੪॥
ਸਰਬ ਭਾਂਤਿ ਕਰਿ ਸਭਿਹੂੰ ਸੁਖ ਭਾ
ਬਾਂਛਤਿ ਵਸਤੁ ਪੁਚਾਈ।
ਖਾਨ ਪਾਨ ਕਰਿ ਅਧਿਕ ਅਨੰਦੇ
ਗੁਰ ਤੇ ਖੁਸ਼ੀ ਕਰਾਈ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਿਸਾਲੀ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

## ੪੬. [ਬਿਸਾਲੀ ਡੇਰਾ। ਸਿੰਘਾਂ ਦਾ ਪਹਾੜੀਆਂ ਨਾਲ ਜੰਗ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਬਸੇ ਬਿਸਾਲੀ ਨਗਰ ਮਹਿਂ, ਗੁਰੂ ਗ਼ਰੀਬ ਨਿਵਾਜ।
ਆਇ ਰਾਵ ਬੰਦਨ ਕਰੈ, ਸੇਵੈ ਜਿਤਿਕ ਸਮਾਜ ॥੧॥

ਚੌਪਈ:

ਬੈਠੇ ਨਿਕਟ ਬਾਕ ਗੁਰ[1] ਸੁਨੇ।
ਭਾਗ ਆਪਨੇ ਦੀਰਘ ਗੁਨੇ।
ਸਗਲ ਖਾਲਸੇ ਲਗਹਿ ਦਿਵਾਨ।
ਸ੍ਰੀ ਅਜੀਤ ਸਿੰਘ ਥਿਤ ਹੁਇਂ ਆਨਿ ॥੨॥
ਬੋਲਯੋ ਰਾਵ 'ਸੈਲਪਤਿ ਅੰਧੇ।
ਰਾਵਰਿ ਸਾਥ ਬੈਰ ਬਡ ਬੰਧੇ।
ਲੋਕ ਪ੍ਰਲੋਕ ਖੋਇ ਜਿਨ ਲੀਨੋ।
ਮਹਾਂ ਕੁਕਾਜ ਆਪਨੋ ਕੀਨੋ ॥੩॥
ਅਪਜਸੁ ਜਗ ਮਹਿ ਬਹੁ ਬਿਸਤਾਰਾ।
ਬਾਰਿ ਅਨੇਕ ਲਰਤਿ ਰਣ ਹਾਰਾ।
ਸੁਨਹਿ ਸ਼੍ਰੋਣ ਮਨ ਜੋ ਕਰਤੂਤ।
ਕਹੈ ਗਿਰੇਸ਼ੁਨਿ ਬਿਖੈ ਕੁਪੂਤ ॥੪॥
ਬਾਰਿ ਬਾਰਿ ਤੁਰਕਾਨਿ ਅਗਾਰੀ।
ਨਿੰਮ੍ਰੀ ਹੋਤਿ ਦੇਤਿ ਧਨ ਭਾਰੀ।
ਹਾਰਯੋ ਧਰਮ ਹਿੰਦੂਅਨਿ ਕੇਰਾ।
ਬਨਹਿ ਦੀਨ ਬੋਲਤਿ -ਮੈਂ ਚੇਰਾ- ॥੫॥
ਆਨ ਕਾਨਿ ਜੇ ਰਾਖਤਿ ਰਾਜਾ[1]।
ਕੋ ਇਮ ਕਰਹਿ ਜੁ ਕੀਨਿ ਕੁਕਾਜਾ।
ਧਿਕ ਧਿਕ ਬਾਰ ਬਾਰਿ ਇਸ ਕਹੈਂ।
ਸਤਿਗੁਰ ਸੰਗ ਬਿਰੋਧੀ ਲਹੈਂ ॥੬॥
ਰਾਜ ਤੇਜ ਸ਼ਸਤ੍ਰਨਿ ਬਲ ਤਜਾਗਾ।
ਮਹਾਂ ਰੰਕਤਾ ਕੇ ਮਗ ਲਾਗਾ।
ਤਸਕਰ ਸਮਸਰ ਕਰਿ ਕੈ ਪੰਮਾਂ।
ਚੁਨ ਧੇਨੁ ਲੇ ਗਯੋ ਕੁਕੰਮਾ[1] ॥੭॥
ਕਰੀ ਕੁੱਕ੍ਰਿਤ ਆਨ[1] ਕੋ ਦੀਨ।

[1]ਗੁਰੂ ਜੀ ਦੇ।

[1]ਆਨ ਤੇ ਕਾਣ ਨੂੰ ਰੱਖਣ ਵਾਲਾ ਜੇ ਰਾਜਾ ਹੁੰਦਾ ਤਾਂ।

[1]ਕੁਕਰਮੀ।

[1]ਕਸਮ।

ਬੰਚਕ[1] ਬਨਿ ਪ੍ਰਪੰਚ[2] ਅਸ ਕੀਨ। [1]ਠੱਗ। [2]ਫਰੇਬ।
ਮਹਾਂ ਪਰਾਜਯ[1] ਕੋ ਇਹ ਲੱਛਣ। [1]ਹਾਰ।
ਹਸਹਿਂ ਧਿਕਾਰਹਿਂ ਸਕਲ ਬਿਚੱਛਨ ॥ ੯ ॥
ਤੁਮ ਕੋ ਧੰਨਜ ਸੁਜਸੁ ਬਿਸਤਾਰਾ।
ਮਾਨ ਆਨ[1] ਬਡ ਧਰਮ ਦਿਖਾਰਾ। [1]ਸੁਗੰਦ।
ਰਾਵਰਿ ਬਿਨਾ ਕੌਨ ਅਬਿ ਕਰੈ।
ਰਿਪੁ ਕੇ ਰਹੇ ਆਨ ਕੋ ਧਰੈ[1] ॥ ੧੦ ॥ [1]ਵੈਰੀ ਦੇ ਕਹਿਆਂ ਸਹੁੰ ਨੂੰ ਕੌਣ ਮੰਨਦਾ ਹੈ।
ਅਪਨੋ ਨਗਰ ਬਿਸਾਲ ਬਸੰਤਾ[1]। [1]ਭਾਰੀ ਵਸਦਾ ਸੀ।
ਨਿਕਸੇ ਸਭਿ ਕਿਛੁ ਤਯਾਗਿ ਤੁਰੰਤਾ।'
ਸੁਨਿ ਕਰਿ ਦਯਾ ਸਿੰਘ ਤਬਿ ਕਹਯੋ।
'ਕਰਯੋ ਕੁਕਰਮ ਸਭਿਨਿ ਹੂੰ ਲਹਯੋ ॥ ੧੯ ॥
ਬਡੇ ਪੁਰਖ ਕੂਰੇ ਕਰਿ ਮਾਰਤਿ।
ਤਾਵਤ ਅਧਿਕ ਛਿਮਾ ਕਰਿ ਡਾਰਤਿ।
ਮਹਾਂ ਦੁਸ਼ਟ ਸੁਖ ਸੋਂ ਨਹਿਂ ਬਸੈ।
ਪੰਥ ਖਾਲਸਾ ਸਰਿ ਪਰ ਲਸੈ[1] ॥ ੧੧ ॥ [1]ਚਮਕੇਗਾ।
ਜੇਕਰਿ ਸ਼ਰਣ ਪਰਤਿ ਸੋ ਆਇ।
ਰਾਜ ਤੇਜ ਪਰਤਾਪ ਅਧਿਕਾਇ।
ਲੋਕ ਪ੍ਰਲੋਕ ਸੁਖੀ ਨਿਤ ਰਹਤਿ।
ਸਕਲ ਜਗਤ ਮਹਿਂ ਜਸੁ ਕੋ ਲਹਤਿ' ॥ ੧੨ ॥
ਬੋਲੇ ਕਲਗ਼ੀਧਰ ਮੁਸਕਾਵਿਤ।
'ਇਹ ਨਿਰਭਾਗ ਨਹੀਂ ਕੁਛ ਪਾਵਤਿ।
ਪੰਥ ਖਾਲਸਾ ਹਮ ਉਪਜਾਯੋ।
ਰਾਜ ਤੇਜ ਨਿਤ ਵਧਹਿ ਸਵਾਯੋ ॥ ੧੩ ॥
ਸਕਲ ਸੈਲਪਤਿ ਕੋ ਦੁਖਦਾਈ।
ਤ੍ਰਸਤਿ ਹੋਇ ਪਰਿ ਹੈਂ ਸ਼ਰਨਾਈ[1]। [1]ਡਰਕੇ ਸ਼ਰਣੀ ਪੈਣਗੇ।
ਛੀਨਹਿ ਦੇਸ਼ ਕਿ ਲੈ ਹੈ ਦੰਡ।
ਜੇ ਕਰਿ ਲਰਹਿਂ ਹੋਇਂ ਖੰਡ ਖੰਡ ॥ ੧੪ ॥
ਕੇਤਿਕ ਬਰਖਨ ਮਹਿਂ ਇਕ ਸਿੱਖਯ[1]। [1]ਮਹਾਰਾਜਾ ਰਣਜੀਤ ਸਿੰਘ ਵਲ ਇਸ਼ਾਰਾ ਹੈ।
ਪਰਹਿ ਸਭਿਨਿ ਪਰ, ਕਥਾ ਭਵਿੱਖਯ।

ਤੁਰਕਨ ਸਹਿਤ ਸੈਲਪਤਿ ਸਾਰੇ।
ਕੋ ਕੋ ਬਚਹਿ, ਜਾਹਿਂ ਤਬਿ ਮਾਰੇ ॥੧੫॥
ਦੇਸ਼ ਉਜਾਰਹਿ ਧੂਮ ਉਠਾਵਹਿ।
ਲੂਟ ਕੂਟ ਕਰਿ ਸਭਿਨਿ ਤ੍ਰਸਾਵਹਿ।
ਅਬਿ ਤੌਂ ਹਮ ਨੇ ਖੇਲ ਪਸਾਰੀ।
ਸੀਖਹਿ ਪੰਥ ਕਰਣ ਰਣ ਭਾਰੀ[1] ॥੧੬॥
[1]ਭਾਰੀ ਜੰਗ ਕਰਨਾ।
ਸ਼ਰਣ ਪਰਹਿ ਨਿਤ ਹੋਹਿ ਉਬਾਰਣ[1]।
[1]ਸ਼ਰਨ ਪਏ ਬਚਣਗੇ।
ਨਾਂਹਿ ਤ ਸਹਿਤ ਬੰਸ ਹੁਇ ਮਾਰਣ।
ਏਕ ਸੰਹਸ੍ਰ[1] ਕੋਸ ਜਿਨ[2] ਰਾਜ।
[1]ਇਕ ਹਜ਼ਾਰ। [2]ਭਾਵ ਨੁਰੰਗੇ ਦਾ।
ਚੱਕ੍ਰਵਰਤਿ ਕੋ ਸਿਰ ਪਰ ਤਾਜ ॥੧੭॥
ਹਮ ਤਿਸ ਕੀ ਜਰ ਕਰਹਿਂ ਉਖਾਰਣ।
ਰਾਜ ਤੇਜ ਬਿਨਸੈ ਬਡ ਦਾਰੁਨ।
ਸੈਲਪਤੀ ਗਿਨਤੀ ਕਿਸ ਬਿਖੈ।
ਅਬਿ ਤੌਂ ਪੰਥ ਲਰਨ ਹੀ ਸਿਖੈ' ॥੧੮॥
ਇਮ ਸੁਨਿ ਰਾਵ ਹਰਖ ਚਿਤ ਭਯੋ।
ਬੈਠਿ ਕਿਤਿਕ ਚਿਰ ਘਰ ਉਠਿ ਗਯੋ।
ਰਿਦੈ ਸਰਾਹਤਿ -ਗੁਰ ਬਡ ਤੇਜ।
ਕੋ ਇਨ ਕੇ ਸਮ ਮਹਾਂ ਮਜੇਜ[1]- ॥੧੯॥
[1]ਉਚੇ ਸੁਭਾਵ ਵਾਲਾ, ਚੜ੍ਹਦੀਆਂ ਕਲਾਂ ਵਾਲਾ। (ਅ) ਮਿਜ਼ਾਜ=ਖ਼ੁ, ਸੁਭਾਵ, ਪੰਜਾਬੀ ਵਿਚ 'ਮਿਜ਼ਾਜ' ਕਦੇ ਹੰਕਾਰੀ ਤੇ ਕਦੇ ਉੱਚ ਸੁਰਤੇ ਲਈ ਬੀ ਵਰਤ ਲੈਂਦੇ ਹਨ।
ਚਾਵਰ ਚੂਨ ਪਹਿਤ ਘ੍ਰਿਤ ਆਛੇ।
ਪਹੁੰਚਾਵਤਿ ਜੇਤਿਕ ਹੁਇ ਬਾਂਛੇ।
ਤ੍ਰਿਣ ਕਾਸ਼ਟ ਕੀ ਸਗਰੀ ਸੇਵਾ।
ਕਰਤਿ ਪ੍ਰਸੰਨ ਹੇਤੁ ਗੁਰਦੇਵਾ ॥੨੦॥
ਦੁਇ ਤ੍ਰੈ ਬਾਸੁਰ ਜਬਹਿ ਬਿਤਾਏ।
ਪੁਨ ਰਣਜੀਤ ਨਗਾਰਾ ਵਾਏ[1]।
[1]ਵਜਾਇਆ।
ਕਰਿ ਅਖੇਰ ਕੋ ਵਹਿਰ ਬਹਾਨਾ।
ਭਏ ਅਰੂਢਨਿ ਗੁਰ ਭਗਵਾਨਾ ॥੨੧॥
ਉਤਰ ਉਰਾਰ ਨਦੀ ਤੇ ਆਏ।
ਬਿਚਰਤਿ ਬਨ ਕੇਤਿਕ ਮ੍ਰਿਗ ਘਾਏ।
ਤੁਰਕ ਪਰਾਜੈ ਪਾਇ ਬਿਸਾਲਾ।
ਪਸ਼ਚਾਤਾਪ ਕਰਤਿ ਪੁਰਿ ਚਾਲਾ[1] ॥੨੨॥
[1]ਸ਼ਹਿਰ ਨੂੰ ਚਲਾ ਗਿਆ ਸੀ।

-ਸੁਭਟ ਹਜ਼ਾਰਹੁੰ ਕਰਿ ਮਰਿਵਾਵਨ[1]।
ਨਹਿਂ ਗੁਰ ਗਹ੍ਯੋ ਗਯੋ ਕੋ ਘਾਵ ਨ[1]।
ਚਮੂੰ ਮਾਰਿ[1] ਨਦ ਪਾਰਿ ਉਤਰਿਗਾ।
ਏਕ ਸੰਬੰਧੀ ਤੁਰਕ ਸੁ ਮਰਿਗਾ- ॥੨੩॥
ਇਮ ਪਛੁਤਾਵਤਿ ਗਯੋ ਸਿਰੰਦ।
ਪਾਇ ਨਮੋਸ਼ੀ ਸ਼ੋਕ ਬਿਲੰਦ।
ਭੀਮਚੰਦ ਕੇ ਭਟ ਸਮੁਦਾਈ।
ਉਤਰੇ ਕਿਤ ਕਿਤ ਹਿਤ ਤਕਰਾਈ ॥੨੪॥
ਸੁਨਿ ਸਤਿਗੁਰ ਕੋ ਬਜਤਿ ਨਗਾਰਾ।
ਤ੍ਰਾਸਤਿ ਤੁਰਤ ਕਰਤਿ ਭੇ ਤਜਾਰਾ।
ਗਯੋ ਖਾਲਸਾ ਜਿਤ ਸੋ ਜੋਏ[1]।
ਦੋਨਹੁੰ ਦਲ ਮੁਕਾਬਲੇ ਹੋਏ ॥੨੫॥
ਚਲੀ ਤੁਫੰਗੈਂ ਗੁਲਕਾ ਸੰਗ।
ਕਰੇ ਪਹਾਰੀ ਅੰਗਨ ਭੰਗ।
ਸ਼੍ਰੀ ਪ੍ਰਭੁ ਨਹਿਂ ਤਿਸ ਕੀ ਦਿਸ਼ਿ ਗਏ।
ਕਿਤਿਕ ਸਿੰਘ ਪਹੁੰਚੇ ਰਨ ਭਏ ॥੨੬॥
ਹਯ ਧਵਾਇ ਕਰਿ ਤਾਕਤਿ ਮਾਰੈਂ।
ਦੜ ਗਿਰ ਪਰਹਿਂ ਨ ਬਹੁਰ ਸੰਭਾਰੈਂ।
ਕੇਤਿਕ ਚਿਰ ਲੌਂ ਅਰੇ ਪਹਾਰੀ।
ਉਮਡੇ ਸਿੰਘ ਬੀਰ ਬਲਿ ਭਾਰੀ ॥੨੭॥
ਹੇਲਾ ਘਾਲਿ ਪਰੇ ਇਕ ਬਾਰੇ।
ਊਚ ਪੁਕਾਰਤਿ 'ਮਾਰਹੁ ਮਾਰੇ।'
ਬੀਚ ਪ੍ਰਵੇਸ਼ੇ ਤਿਨ ਕੇ ਜਾਇ।
ਦੀਰਘ ਤੋਮਰ ਹਤੇ ਰਿਸਾਇ ॥੨੮॥
ਖੜਕ ਨਿਕਾਸਿ ਬਿਨਾਸ਼ਨਿ ਕਰੇ।
ਭਜੇ ਗਿਰਨਿ ਨਰ ਡਰ ਉਰ ਧਰੇ।
ਤਿਨ ਮਹੁਂ ਕੇਤਿਕ ਮਾਰਿ ਗਿਰਾਏ।
ਅਪਰ ਪ੍ਰਾਨ ਪ੍ਰਿਯ ਕਰਤਿ[1] ਪਲਾਏ ॥੨੯॥
ਲੂਟ ਕੂਟ ਲੀਨਸਿ ਤਿਨ ਡੇਰਾ।
ਹਯ ਆਯੁਧ ਆਦਿਕ ਜੋ ਹੇਰਾ।

[1]ਭਾਵ, ਮੈਂ ਮਰਵਾ ਲਏ।
[1]ਮਾਰਨਾ ਤਾਂ ਕਿਤੇ ਰਿਹਾ ਗੁਰੂ ਫੜਿਆ ਬੀ ਨਹੀਂ ਗਿਆ।
[1]ਸਾਡੀ) ਫੌਜ ਨੂੰ ਮਾਰਕੇ।
[1]ਜਿਧਰ ਖਾਲਸੇ ਨੇ ਉਹ ਵੇਖੇ ਉਧਰ ਨੂੰ ਗਏ।
[1]ਪ੍ਰਾਣ ਪਿਆਰੇ ਕਰਕੇ।

ਕੇਤਿਕ ਗ੍ਰਾਮ ਮਾਰ ਕਰਿ ਫਿਰੇ।
ਆਇ ਮਿਲੇ ਗੁਰ ਦਰਸ਼ਨ ਕਰੇ ॥੩੦॥
ਮਿਲ੍ਯੋ ਖਾਲਸਾ ਬਹੁ ਗਰਜਾਵੈ।
ਵਾਹਿਗੁਰੂ ਕੀ ਫਤੇ ਬੁਲਾਵੈ।
ਕਰਤਿ ਅਖੇਰ ਪ੍ਰਭੂ ਹਟਿ ਆਏ।
ਸਲਿਤਾ ਉਤਰਿ ਸਿਵਰ ਦਰਸਾਏ ॥੩੧॥
ਤਜੇ ਤੁਰੰਗਮ ਕਿਯ ਬਿਸਰਾਮੂ।
ਡਰੇ ਸਕਲ ਹੀ ਗਿਰ ਕੇ ਗ੍ਰਾਮੂ।
ਲੇ ਲੇ ਭਾਜਰ[1] ਦੂਰ ਸਿਧਾਏ।
ਬਸੇ ਅਨਤ ਥਲ ਬਾਮ ਕਿ ਦਾਏ[1] ॥੩੨॥
ਬਿਗਰ੍ਯੋ ਦਰਬ ਮਾਮਲਾ[1] ਜਬੈ।
ਭੀਮਚੰਦ ਕੋ ਚਿਤ ਦੁਖਿ ਤਬੈ।
ਬਸ ਨ ਬਸਾਇ ਬਿਸੂਰਤਿ ਭਾਰੀ।
ਗੁਰ ਬਿਰੋਧ ਤੇ ਅਧਿਕ ਬਿਗਾਰੀ ॥੩੩॥
ਇਹ ਸਤਿਗੁਰ ਨਿਤ ਕਰਿਤ ਬਿਲਾਸਾ।
ਚਢੇ ਅਖੇਰ ਨਿਹਾਰਿ ਤਮਾਸ਼ਾ[1]।
ਸੰਗਤਿ ਦਰਸ਼ਨ ਕੋ ਤਹਿਂ ਜਾਵੈ।
ਸੁਨਿ ਸੁਨਿ ਸਿੰਘ ਦੇਸ਼ ਤੇ ਆਵੈਂ ॥੩੪॥
ਦਰਬ ਵਸਤੁ ਗਨ ਹਯ ਹੱਥਜਾਰ।
ਲਗਹਿਂ ਅਕੋਰਨਿ ਕੋ ਅੰਬਾਰ।
ਅਧਿਕ ਤਿਹਾਵਲ ਨਿਤਪ੍ਰਤਿ ਹੋਵੈ।
ਬ੍ਰਿੰਦ ਇਕੱਤ੍ਰ ਦਰਸ ਕੋ ਜੋਵੈਂ ॥੩੫॥
ਚਢਹਿਂ ਪ੍ਰਭੂ ਹਯ ਵਹਿਰ ਸਿਧਾਵਹਿਂ।
ਹਿਤ ਅਖੇਰ ਸਲਿਤਾ ਲੰਘ ਆਵਹਿਂ।
ਬਾਜਤਿ ਬਡ ਰਣਜੀਤ ਦਮਾਮਾ।
ਸੁਨਿ ਖਲਭਲ ਹੁਇ ਸ਼ੱਤ੍ਰੁਨਿ ਧਾਮਾ ॥੩੬॥
ਦੂਰ ਦੂਰ ਲਗਿ ਜਾਹਿਂ ਅਖੇਰ।
ਸੁਨਿ ਕੋ ਆਇ ਸਕੈ ਨ ਅਗੇਰ।

[1]ਭਾਵ ਭਾਜੜ ਪੈ ਗਈ ਦੂਰ ਚਲੇ ਗਏ।
[1]ਸੱਜੇ ਕਿ ਖੱਬੇ।
[1]ਮਾਮਲੇ ਦਾ ਰੁਪੱਯਾ।
[1]ਸ਼ਿਕਾਰ ਚੜ੍ਹਕੇ ਤਮਾਸ਼ੇ ਦੇਖਦੇ ਹਨ।

ਇਤ ਉਤ ਤੁਰਤ ਕਹੂੰ ਰਿਪੁ ਦੁਰੈਂ।
ਜਬਿ ਸਤਿਗੁਰ ਡੇਰੇ ਕਹੁ ਮੁਰੈਂ ॥੩੭॥
ਤਬਿ ਨਿਚਿੰਤ ਹੁਇ ਥਿਰ ਨਿਜ ਥਾਨ।
ਦੇਸ਼ ਸੈਲ ਕੇ[1] ਤ੍ਰਾਸ ਮਹਾਨ।
-ਔਚਕ ਸਿੰਘ ਆਇ ਨਹਿਂ ਪਰੈਂ।
ਲੂਟ ਕੂਟ ਹਤਿ ਕਰਿ ਫਿਰ ਫਿਰੈਂ- ॥੩੮॥
ਯਾਂ ਤੇ ਨਿਸਦਿਨ ਬਨਿ ਸਵਧਾਨ।
ਕਸ਼ਟ ਪ੍ਰਜਾ ਰਾਜਾ ਬਹੁ ਮਾਨਿ।
ਪਛੁਤਾਵਤਿ ਮੂਰਖ ਮਤਿਮੰਦ।
ਚਹਤਿ ਰਿਦੈ ਹੁਇ ਸੰਧਿ ਅਨੰਦ ॥੩੯॥
-ਗੁਰ ਕੋ ਬਿਗਰਯੋ ਕਾਜ ਨ ਰਾਈ।
ਬਨਹਿਂ ਸਿੰਘ ਦੇਸ਼ਨਿ ਸਮੁਦਾਈ।
ਦਿਨ ਪ੍ਰਤਿ ਭੇਟ ਸੰਗਤਾਂ ਲ੍ਯਾਵੈਂ।
ਆਦਿ ਵਿਲਾਇਤ ਕੇ ਨਰ ਆਵੈਂ ॥੪੦॥
ਹਮਰੀ ਚਮੂੰ ਖਪੀ ਲਰਿ ਸਾਰੀ।
ਖਰਚ ਹੰਗਾਮੇ ਪਰ[1] ਧਨ ਭਾਰੀ।
ਆਦਿ ਕੇਸਰੀ ਚੰਦ ਅਛੇਰੇ।
ਸਚਿਵ ਸੰਬੰਧੀ ਮਰੇ ਘਨੇਰੇ ॥੪੧॥
ਅਪਜਸੁ ਜਗ ਮਹਿਂ ਭਯੋ ਬਿਸਾਲਾ-।
ਇੱਤਯਾਦਿਕ ਝੁਰਹਿਂ ਗਿਰਪਾਲਾ।
ਲਰਨ ਹੇਤੁ ਉੱਦਯੋਗ[1] ਨ ਕਰੈਂ।
ਰਣ ਕੋ ਸਿਮਰਿ ਸਿਮਰਿ ਡਰਿ ਧਰੈਂ ॥੪੨॥

[1]ਪਹਾੜੀ ਦੇਸ਼ ਵਿਚ।
[1]ਜੰਗ ਉਤੇ।
[1]ਉਦਮ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਅਖੇਰ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥੪੬॥

## ੪੭. [ਬਿਭੌਰ ਦੇ ਰਾਣੇ ਨਾਲ ਮੇਲ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਵਾਰ ਪਾਰ ਦਰੀਆਉ ਕੇ, ਸਤਿਗੁਰ ਕਰੈਂ ਅਖੇਰ।
ਚਢੈਂ ਜਬੈ ਛਿਤ ਬਿਚਰਤੇ, ਉਚ ਨੀਚ ਥਲ ਹੇਰਿ ॥੧॥

ਚੌਪਈ:

ਏਕ ਦਿਵਸ ਚਢਿ ਗੁਰੂ ਪਯਾਨੇ।
ਪੁਰਿ ਭੰਭੌਰ† ਬਸਹਿ ਜਿਸ ਥਾਨੇ।
ਸੰਗ ਖਾਲਸੇ ਕੋ ਦਲ ਭਾਰੀ।
ਬਜਤਿ ਜਾਤਿ ਰਣਜੀਤ ਅਗਾਰੀ ॥੨॥
ਤਹਿਂ ਕੇ ਰਾਵ ਸੁਨੀ ਧੁਨਿ ਜਬੈ।
ਹਰਖਤਿ ਹੋਇ ਅਰੂਢਯੋ ਤਬੈ।
ਨਿਜ ਪਰਧਾਨ ਲਏ ਕੁਛ ਸੰਗ।
ਦੇਨਿ ਹੇਤੁ ਕਰਿ ਤਯਾਰ ਤੁਰੰਗ ॥੩॥
ਨਿਕਸਿ ਨਗਰ ਤੇ ਬਾਹਿਰ ਆਯੋ।
ਜਿਤ ਧੁਨਿ ਸੁਨੀ ਤਿਤੈ ਕੋ ਪਾਯੋ।
ਪ੍ਰਥਮ ਸਚਿਵ ਕੋ ਨਿਕਟ ਪਠਾਇ।
ਆਪ ਗਯੋ ਤੂਰਨ ਤਬਿ ਧਾਇ ॥੪॥
ਦੇਖਤਿ ਉਤਰਿ ਤੁਰੰਗ ਤੇ ਆਯੋ।
ਚਰਨ ਸਰੋਜਨ ਕੋ ਲਪਟਾਯੋ।
'ਸ਼੍ਰੀ ਪ੍ਰਭੁ ! ਕ੍ਰਿਪਾ ਕਰੀ ਇਤ ਆਏ।
ਮੋਹਿ ਆਪਨੋ ਲੀਨ ਬਨਾਏ ॥੫॥
ਮੈਂ ਅਤਿ ਮੰਦ ਨ ਮਹਿਮਾ ਜਾਨੀ।
ਨਹੀਂ ਸ਼ਰਨ ਪਕਰੀ ਸੁਖ ਖਾਨੀ।
ਚਲਹੁ ਨਗਰ ਕਰਿ ਪਾਵਨ ਪਾਵਨ[1]।
ਸਗਰੇ ਮੰਦਿਰ ਕਰੀਅਹਿ ਪਾਵਨ' ॥੬॥
ਇੱਤਯਾਦਿਕ ਜਬਿ ਕੀਨਿ ਬਿਨੰਤੀ।
ਢਰੇ ਕ੍ਰਿਪਾ ਤਜਿ ਔਰੇ ਗਿਨਤੀ।
'ਜੇ ਕਰਿ ਤੁਵ ਉਰ ਭਾਉ ਬਿਸਾਲੇ।
ਚਲਹੁਂ ਬਿਲੋਕਹਿਂਗੇ ਗ੍ਰਿਹ ਚਾਲੇ' ॥੭॥
ਦੇ ਕਰਿ ਭੇਟ ਅਗਾਰੀ ਹੋਵਾ।
ਸਨੇ ਸਨੇ ਚਲਿ ਮਾਰਗ ਜੋਵਾ।

†ਕਵੀ ਜੀ ਨੇ ਦੋ ਤਰ੍ਹਾਂ ਇਸ ਨੂੰ ਲਿਖਿਆ ਹੈ:-ਭੰਭੌਰ, ਬਿਭੌਰ।

[1]ਚਾਣਨ ਪਾਕੇ।

ਨਿਜ ਪੁਰਿ ਮਹਿਂ ਪ੍ਰਭੁ ਆਨਿ ਉਤਾਰੇ।
ਸੇਵਾ ਕੀਨੀ ਅਨਿਕ ਪ੍ਰਕਾਰੇ ॥੮॥
ਭੱਖਜ, ਭੋਜ, ਲੇਹਜ ਅਰੁ ਚੋਸਾ।
ਕਰਿ ਤਯਾਰ ਬਡਿ ਥਾਰ ਪਰੋਸਾ।
ਚੌਕੀ ਚਾਰੁ ਬਿਸਾਲ ਡਸਾਇ।
ਤਿਸ ਪਰ ਸੁਜਨੀ ਬਿਸਦ ਬਿਛਾਇ[1] ॥੯॥

[1]ਚਿਟੀ ਸੋਜ਼ਨੀ ਵਿਛਾਈ।

ਤਾ ਪਰ ਬਿਨਤੀ ਭਾਖਿ ਬਿਠਾਏ।
ਦੂਸਰ ਚੌਂਕੀ ਅੱਗ੍ਰ ਟਿਕਾਏ।
ਤਿਸ ਪਰ ਥਾਰ ਪਰੋਸਿ ਧਰਜੋ ਹੈ।
ਹਾਥ ਜੋਰਿ ਢਿਗ ਆਪ ਖਰਜੋ ਹੈ ॥੧੦॥
ਦਾਸ ਅਨੇਕ ਸੇਵ ਪਰ ਲਾਏ।
ਲੇ ਕਰਿ ਬਿਜਨਾ ਆਪ ਝੁਲਾਏ।
ਸਭਿ ਸਿੰਘਨ ਕੌ ਪੁਨ ਬਰਤਾਯੋ।
ਸ੍ਵਾਦਲ ਭੋਜਨ ਕਰਹਿ ਅਚਾਯੋ ॥੧੧॥
ਸੀਤਲ ਪਾਨੀ ਪਾਨ ਕਰਾਇ।
ਗੁਰ ਤੇ ਖੁਸ਼ੀ ਲਈ ਬਹੁ ਭਾਇ।
ਸੁੰਦਰ ਮੰਦਿਰ ਸੌਧ[1] ਉਚੇਰਾ।

[1]ਚੂਨੇਗਚ [ਸੰਸ:, ਸੌਧ=ਮਹਲ। ਚਿੱਟੇ ਚੂਨੇ ਦਾ ਬਣਿਆ]।

ਤਹਾਂ ਪ੍ਰਯੰਗ ਡਸਾਇ ਬਡੇਰਾ ॥੧੨॥
[1]ਮ੍ਰਿਦੁਲ ਬਿਸਦ ਬਰ ਛਾਦਿ ਬਿਛੌਨਾ।

[1]ਕੂਲੇ ਚਿੱਟੇ ਤੇ ਸ੍ਰੇਸ਼ਟ ਵਿਛੌਣੇ ਨਾਲ (ਪਲੰਘ) ਢੱਕਿਆ ਭਾਵ ਵਿਛਾਇਆ ਤੇ ਸੇਜਬੰਦ ਬੰਨ੍ਹੇ।

ਸੇਜਬੰਦ ਬੰਧੇ[4], ਬਿਚ ਭੌਨਾ।
ਹਿਤ ਅਰਾਮ ਗੁਰ ਕੋ ਲੇ ਗਯੋ[1]।

[1]ਅਤੇ) ਗੁਰੂ ਜੀ ਨੂੰ ਅਰਾਮ ਕਰਨ ਵਾਸਤੇ ਘਰ ਲੈ ਗਿਆ।

ਪੌਢਿ ਰਹੇ ਪ੍ਰਭੁ ਸੁਖ ਕੋ ਲਹਜੋ ॥੧੩॥
ਸਕਲ ਹਯਨਿ ਕੋ ਤ੍ਰਿਣ ਅਰੁ ਦਾਨਾ।
ਕਰਜੋ ਤ੍ਰਿਪਤ ਜੁਤਿ ਸੇਵ ਮਹਾਂਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ ॥੧੪॥
ਸੌਚ ਸ਼ਨਾਨ ਠਾਨਿ ਕਰਿ ਆਛੇ।
ਬਹੁਰ ਅਰੂਢਨਿ ਕੋ ਚਿਤ ਬਾਂਛੇ।
ਹਾਥ ਜੋਰਿ ਕਰਿ ਬੋਲਜੋ ਰਾਊ।

'ਇਤ ਹੀ ਰਹੀਅਹਿ ਸਹਿਜ ਸੁਭਾਊ ॥੧੫॥
ਅਪਨੋ ਨਗਰ ਸਗਰ ਹੀ ਜਾਨਹੁ।
ਸੁੰਦਰ ਮੰਦਿਰ ਮਹਿਂ ਸੁਖ ਠਾਨਹੁ।
ਡੇਰਾ ਜੇਤਿਕ ਰਹ੍ਯੋ ਪਿਛਾਰੀ।
ਬਸਨ ਹੇਤਿ ਇਤ ਲੇਹੁ ਹਕਾਰੀ ॥੧੬॥
ਥਿਰਹੁ ਇਹਾਂ ਮੁਝ ਕਰਹੁ ਨਿਹਾਲ।
ਬਨ੍ਯੋ ਅਚਾਨਕ ਹੀ ਅਸ ਕਾਲ।'
ਇੱਤ੍ਯਾਦਿਕ ਬਹੁ ਬਿਨਤੀ ਕਰਿ ਕਰਿ।
ਭਾਉ ਰਿਦੇ ਮਹਿ ਦੀਰਘ ਧਰਿ ਧਰਿ ॥੧੭॥
ਨਿਜ ਪੁਰਿ ਮਹਿਂ ਗੁਰ ਲਏ ਟਿਕਾਇ।
ਸੇਵਾ ਕਰਤਿ ਧਰਤਿ ਚਿਤ ਚਾਇ।
ਦ੍ਵੈ ਅਸਵਾਰ ਚਢਾਇ ਪਠਾਏ।
ਜਾਇ ਬਿਸਾਲੀ ਰਾਵ ਸੁਨਾਏ ॥੧੮॥
'ਤਿਸ ਪੁਰ ਡੇਰਾ ਰਾਵ ਰਖਾਯੋ।
ਨਿਜ ਬਿਹੀਰ ਭੀ ਤਹਾਂ ਬੁਲਾਯੋ।
ਬਹੁਤ ਬਿਨੈ ਕਰਿ ਕਹਿ ਗੁਰ ਰਾਖੇ।
ਆਵਨ ਦੀਏ ਨ, ਆਵਨ ਕਾਂਖੇ[1]' ॥੧੯॥

[1]ਆਵਨ ਦੀ ਚਾਹ ਸੀ (ਪਰ ਰਾਜੇ ਨੇ) ਆਉਣ ਨਹੀਂ ਦਿੱਤੇ।

ਰਾਵ ਬਿਸਾਲੀ ਕੋ ਸੁਨਿ ਤਬੈ।
ਸੰਗ ਬਿਹੀਰ ਲੀਨਿ ਜੋ ਸਬੈ।
ਚਢਿ ਕਰਿ ਆਪ ਸਾਥ ਹੀ ਗਯੋ।
ਪੁਰੀ ਬਿਭੌਰ ਸੁ ਪ੍ਰਾਪਤਿ ਭਯੋ ॥੨੦॥
ਭਯੋ ਇਕੱਤ੍ਰ ਸਕਲ ਗੁਰ ਡੇਰਾ।
ਮਿਲ੍ਯੋ ਜਾਇ ਚਰਣਾਂਬੁਜ ਹੇਰਾ।
ਹਾਥ ਬੰਦਿ ਕਰਿ ਬਿਨੈ ਬਖਾਨੀ।
'ਮਹਾਰਾਜ! ਤੁਮਰੀ ਰਜਧਾਨੀ ॥੨੧॥
ਨਹੀਂ ਬਿਸਾਲੀ ਮਹਿਂ ਕਿਮ ਰਹੇ।
ਮੋ ਮਹਿਂ ਦੋਸ਼ ਕਿ ਰਾਵਰ ਲਹੇ[1]?
ਦਰਸ਼ਨ ਕਰਤਿ ਨ ਮੈਂ ਤ੍ਰਿਪਤਾਯੋ।
ਸੇਵ ਕਰਨ ਤੇ ਮਨ ਨ ਹਟਾਯੋ ॥੨੨॥
ਕਿਸ ਕਾਰਨ ਤੇ ਇਤ ਥਿਰ ਰਹੇ?'

[1]ਕੀ ਦੋਸ਼ ਆਪ ਜੀ ਨੇ ਵੇਖਿਆ ਹੈ?

ਮੁਸਕਾਵਤਿ ਕਲਗ਼ੀਧਰ ਕਹੇ।
'ਔਚਕ ਰਾਵ ਮਿਲ੍ਯੋ ਬਨ ਬਿਚਰਤਿ।
ਬਿਨਤੀ ਕਰਤਿ ਭਯੋ ਧਰਿ ਹਿਤ ਚਿਤ ॥੨੩॥
ਆਨਿ ਆਪਨੇ ਸਦਨ ਉਤਾਰੇ।
ਬਹੁਰ ਚਢਨ ਹਿਤ ਕੀਨਸਿ ਤਜਾਰੇ।
ਅਧਿਕ ਭਾਉ ਤੇ ਰਾਖਿ ਟਿਕਾਏ।
ਤੋ ਪਰ ਖੁਸ਼ੀ ਅਹੈ ਅਧਿਕਾਏ ॥੨੪॥
ਸੁਖ ਸੋਂ ਭੋਗਹੁ ਰਾਜ ਸਮਾਜਾ।
ਕਰਹੁ ਤਿਹਾਵਲ ਅਰਹਿ ਜੁ ਕਾਜਾ।
ਕਰਿ ਅਰਦਾਸ ਧਰਹੁ ਮਮ ਧਜਾਨਾ।
ਹੋਹਿ ਮਨੋਰਥ ਪੂਰ ਮਹਾਨਾ ॥੨੫॥
ਸ਼ੱਤ੍ਰ ਜ਼ੋਰ ਜੇ ਤੁਮ ਪਰ ਕਰੈ।
ਹੇਤੁ ਸਹਾਇ ਖਾਲਸਾ ਚਰੈ।
ਕਰਿ ਦੀਜਹਿ ਸੁਧਿ ਸੁਨ ਤਿਹ ਧਾਵੈ।
ਅਨਿਕ ਰਿਪੁਨਿ[1] ਦੇ ਹਾਥ ਬਚਾਵੈ' ॥੨੬॥ [1]ਵੈਰੀਆਂ ਤੋਂ।
ਇਮ ਧੀਰਜ ਦੇ ਰਾਵ ਪਠਾਯਹੁ।
ਪਦ ਅਰਬਿੰਦਨ ਸੀਸ ਨਿਵਾਯਹੁ।
ਸਭਿ ਸਿੰਘਨ ਕੋ ਫਤੇ ਬੁਲਾਈ।
ਗਯੋ ਆਪਨੇ ਘਰ ਹਰਖਾਈ ॥੨੭॥
ਸਤਿਗੁਰ ਤਹਾਂ ਬਸੇ ਸੁਖ ਪਾਏ।
ਇਕ ਦਿਨ ਬੈਠੇ ਸਹਿਜ ਸੁਭਾਏ।
ਊਚੇ ਥਲ ਪਰ ਥਿਰੇ ਨਿਹਾਰੇ।
ਦੇਸ਼ ਮਹਾਂ ਰਮਨੀਕ ਬਿਚਾਰੇ ॥੨੮॥
ਨਿਕਟ ਖਾਲਸਾ ਗਨ ਪੁਰਿ[†] ਰਾਊ[1]। [1]ਸਾਰਾ ਖਾਲਸਾ ਤੇ ਪੁਰੀ ਦਾ ਰਾਜਾ। [†]ਪਾ:-ਪੁਨ।
ਹੇਰਿ ਹੇਰਿ ਬੋਲੇ ਚਿਤ ਚਾਊ।
'ਸੁੰਦਰ ਸੈਲ[1] ਸੈਲ[2] ਕੇ ਲਾਯਕ। [1]ਪਹਾੜ। [2]ਸੈਰ।
ਮਨਹੁ ਹਿਮਾਲੇ ਕੀ ਦੁਤਿ ਦਾਯਕ ॥੨੯॥
ਕਿਧੌਂ ਕੈਲਾਸ਼ ਰੁੱਦ੍ਰ[1] ਕੋ ਥਾਨਾ। [1]ਸ਼ਿਵ।
ਉਪਜਾਵਤਿ ਉਰ ਅਨੰਦ ਮਹਾਨਾ।

ਪੰਡਪੁੱਤ੍ਰ[1] ਇਤ ਫਿਰ ਕਰਿ ਬਨ ਮੈਂ।
ਤਪਤ ਸਥਲ ਕੋ ਲਖਿ ਕਰਿ ਮਨ ਮੈਂ ॥੩੦॥

[1]ਯੁਧਿਸ਼ਟਰ।

ਕਿਤਿਕ ਸਮਾ ਬਸਿ ਇਹਾਂ ਬਿਤਾਏ।
ਗਿਰ ਤਰੁਵਰੁ ਪਿਖਿ ਕੈ ਹਰਖਾਏ।
ਪੂਰਬ ਸਤਿਜੁਗ ਮਹਿਂ ਬਿਧਿ[1] ਆਯੋ।
ਥਿਰਯੋ ਇਹਾਂ ਦੀਰਘ ਤਪਤਾਯੋ ॥੩੧॥

[1]ਬ੍ਰਹਮਾ।

ਨਾਮ ਕਲੇਸਰ[1] ਬ੍ਰਹਮੇ ਧਰਯੋ।
ਇਤ ਉਤ ਬਿਚਰਤਿ ਆਨੰਦ ਕਰਯੋ।
ਯਾਂ ਤੇ ਪਾਵਨ ਇਹ ਅਸਥਾਨਾ।
ਪਰਮ ਮੁਨੀ ਤਪ ਤਪੇ ਮਹਾਨਾ ॥੩੨॥

[1]ਭਬੋਰ ਦੇ ਇਕ ਪਹਾੜ ਦਾ ਨਾਮ।

ਫਲ ਮੂਲਨਿ ਤੇ ਸੁਖ ਕੋ ਪਾਏ।
ਗਿਰਵਰ ਸ਼ੋਭਾ ਪਿਖਿ ਬਿਰਮਾਏ।
ਅਧਿਕ ਤਪੇ ਤਪ ਮਨ ਕੋ ਰੋਕਿ।
ਮਰਿ ਪਹੁੰਚੇ ਕਮਲਾਸਨ[1] ਲੋਕ' ॥੩੩॥

[1]ਬ੍ਰਹਮਾ ਦੀ ਪੁਰੀ।

ਇੱਤਯਾਦਿਕ ਸੁਨਿ ਕੈ ਗੁਰ ਬਚਨਾ।
ਕਰਹਿਂ ਨਿਹਾਰਨਿ ਗਿਰਵਰ ਰਚਨਾ।
'ਪ੍ਰਭੁ ਜੀ! ਉਚਰਤਿ ਹੋ ਤੁਮ ਜੈਸੇ।
ਪਿਖੀਯਤਿ ਤਰੁਵਰੁ ਗਿਰਵਰ ਤੈਸੇ ॥੩੪॥
ਮਨ ਕੋ ਮੋਦ ਉਪਾਵਨ ਹਾਰੇ।
ਕਯੋਂ ਨਹਿ ਬਿਰਮਹਿ ਆਇ ਨਿਹਾਰੇ[1]।'
ਇਸ ਪ੍ਰਕਾਰ ਪ੍ਰਭੁ ਸੈਲ ਸਰਾਹਾ।
ਬਸੇ ਤਹਾਂ ਮਨ ਆਨੰਦ ਪਾਹਾ ॥੩੫॥

[1]ਜੋ ਆਕੇ ਵੇਖਦਾ ਹੈ ਕਿਉਂ ਨਾਂ ਲਲਚੇ।

ਮ੍ਰਿਗੀਆ[1] ਕਰਤੇ ਬਿਚਰੈਂ ਕਬੈ।
ਸਿੰਘ ਅਰੂਢਹਿਂ ਸੰਗੀ ਸਬੈ।
ਕਬਹੂੰ ਗੁਰ ਨੰਦਨ ਚਢਿ ਜਾਵੈਂ।
ਸੈਲ ਕਰਹਿਂ ਜੇਤਿਕ ਮਨ ਭਾਵੈ ॥੩੬॥

[1]ਸ਼ਿਕਾਰ।

ਉਚ ਨੀਚ ਥਲ ਬਿਖਮ ਕਿ ਸਮ ਹੈਂ।
ਬਹੁ ਰਮਣੀਕ ਸੁਗਮ ਦੁਰਗਮ ਹੈਂ।
ਚਲਤਿ ਬੇਗ ਤੇ ਨਿਰਮਲ ਵਾਹੈ[1]।

[1]ਨਿਰਮਲ ਨਾਲੇ ਤ੍ਰਿੱਖੇ ਚਲਦੇ ਹਨ [ਵਾਹਾ=ਨਾਲਾ]। (ਅ) ਨਿਰਮਲ ਹਵਾ ਜ਼ੋਰ ਦੀ ਵਗਦੀ ਹੈ। [ਵਾ=ਵਾਯੂ]।

ਬਿਨਾ ਧੂਲ ਬਨ ਮਗ ਅਵਗਾਹੈ[1] ॥ ੩੭ ॥

ਕੁਸਮਤ ਬਨ ਕੀ ਪ੍ਰਭਾ ਬਿਲੋਕੈਂ।
ਸਘਨੇ ਅਧਿਕ ਸੁਗੰਧੀ ਰੋਕੈਂ।
ਜਹਿਂ ਲਗਿ ਇੱਛਹਿਂ ਬਿਚਰਤਿ ਆਵੈਂ[1]।
ਇਸ ਪ੍ਰਕਾਰ ਨਿਸ ਦਯੋਸ ਬਿਤਾਵੈਂ ॥ ੩੮ ॥

ਦੇਸ਼ ਬਿਦੇਸ਼ਨ ਬਿਦਤ ਮਹਾਨ।
ਸਤਿਗੁਰ ਬਸੇ ਜਾਇ ਤਿਸ ਥਾਨ।
ਸੁਨਿ ਸੁਨਿ ਕਰਿ ਸਿਖ ਸੰਗਤਿ ਸਾਰੀ।
ਆਵਹਿ ਦਰਸ਼ਨ ਇੱਛਾਧਾਰੀ ॥ ੩੯ ॥

ਪੂਰਬ ਦੱਛਨ ਪਸ਼ਚਮ ਕੇਰੇ।
ਲੈ ਲੈ ਕਰਿ ਉਪਹਾਰ ਘਨੇਰੇ।
ਪਰੇ ਬਿਹੀਰ ਚਲੇ ਬਹੁ ਆਵੈਂ।
ਗੁਰਬਾਣੀ ਪਠਿ ਗੁਰੁ ਗੁਰੁ ਧਜਾਵੈਂ ॥ ੪੦ ॥

ਕੇਤਿਕ ਸੰਗਤਿ ਸ਼ਸਤ੍ਰਨਿ ਧਾਰੀ।
ਬਨ ਸੁਚੇਤ ਆਵਤਿ ਬਲ ਭਾਰੀ।
ਦੁਸ਼ਟਨ ਕੋ ਦਬਾਇਂ ਜੇ ਅਰੈਂ।
ਬਲੀ ਪਿਖੈਂ ਕੋ ਨੇਰ ਨ ਕਰੈ ॥ ੪੧ ॥

ਕੇਤਿਕ ਬਿਨ ਆਯੁਧ ਗਨ ਮਿਲੈਂ।
ਗੁਰੂ ਆਸਰੇ ਬਲ ਕਰਿ ਚਲੈਂ।
ਕਾਰ ਗੁਰੂ ਕੀ ਇਕਠੀ ਧਰੈਂ।
ਆਵਹਿ ਆਪ ਤ ਲਜਾਵਨ ਕਰੈਂ ॥ ੪੨ ॥

ਇਸ ਪ੍ਰਕਾਰ ਸਤਿਗੁਰ ਬਿਸਰਾਮੇ[†]।
ਅਚਲ ਸਥਾਨ[1] ਸੈਲ ਅਭਿਰਾਮੇ।
ਸਕਲ ਖਾਲਸਾ ਸੁਖ ਕੋ ਪਾਇ।
ਰਣ ਕੋ ਸਿਮਰਹਿ ਦਿਵਸ ਬਿਤਾਇ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਗੁਰ ਬਿਸ੍ਰਾਮ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥ ੪੭ ॥

[1]ਫਿਰਦੇ ਹਨ।

[1]ਭਾਵ ਗੁਰੂ ਜੀ।

[†]ਜਿੱਥੇ ਸਤਿਗੁਰ ਜੀ ਕਦੇ ਕਦੇ ਏਕਾਂਤ ਜਾ ਬੈਠਿਆ ਕਰਦੇ ਸਨ ਤੇ ਜਿਸ ਟਿਕਾਣੇ ਬੈਠਕੇ ਚੌਪਈ ਰਚੀ ਸੋ ਥਾਂ ਭਬੌਰ ਦੇ ਬਾਹਰ ਹੁਣ ਤੱਕ ਦੱਸੀਦਾ ਹੈ।

[1]ਪਹਾੜੀ ਥਾਉਂ।

## ੪੮. [ਕਲਮੋਟ ਨੂੰ ਘੇਰਨਾ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਕਹੈ ਖਾਲਸਾ 'ਗੁਰੁ ਜੀ! ਬਿਨ ਰਣ ਦਿਵਸ ਬਿਤੀਤਿ।
ਸੁਖ ਸੋਂ ਸ਼ੱਤ੍ਰੁ ਸੁਪਤਿ ਹੁਇ, ਆਛੀ ਲਗਹਿ ਨ ਰੀਤਿ' ॥੧॥

ਚੌਪਈ:

ਬਿਕਸੇ ਸ਼੍ਰੀ ਮੁਖ ਤੇ ਫੁਰਮਾਯੋ।
'ਘਨੋ ਜੰਗ ਤੁਮਰੇ ਗਰ ਪਾਯੋ।
ਅਵਨੀ ਪੂਰਨ ਸ਼ੱਤ੍ਰੁ ਤੁਮਾਰੇ।
ਸਨੇ ਸਨੇ ਹਨਿ ਬਨਹੁ ਸੁਖਾਰੇ ॥੨॥
ਜੋ ਇੱਛਹੁ ਅਬਿ[1] ਭੀ ਹੁਇ ਰਹੈ[2]?
ਕੰਟਕ ਦੁਸ਼ਟ ਹਤਨ ਨਿਰਬਹੈ[1]।'
ਬੈਠੇ ਹੁਤੇ ਗੁਰੂ ਸ਼ੁਭ ਥਾਨ।
ਤਬਿ ਲੌ ਸੰਗਤਿ ਪਹੁੰਚੀ ਆਨਿ ॥੩॥
ਕਰਿ ਕਰਿ ਨਮੋ ਦਰਸ ਅਵਿਲੋਕਾ।
ਕਰੀ ਪੁਕਾਰ 'ਹਮੈ ਬਹੁ ਸ਼ੋਕਾ।
ਵਸਤੁ ਅਜਾਇਬ ਰਾਵਰਿ ਹੇਤੁ।
ਕਰੀ ਬਟੋਰਨਿ ਬ੍ਰਿੰਦ ਨਿਕੇਤ ॥੪॥
ਆਵਤਿ ਲੀਏ ਗ੍ਰਾਮ ਕਲਮੋਟਾ[1]।
ਬਸੈਂ ਗਵਾਰ ਕਰਮ ਜਿਨ ਖੋਟਾ।
ਰਾਵਰ ਕੀ ਬਹੁ ਦਈ ਦੁਹਾਈ।
ਨਹਿੰ ਮਾਨੇ ਛੀਨੇ ਸਮੁਦਾਈ ॥੫॥
ਗੁਜਰ ਰੰਘਰ ਪੁੰਜ ਮਿਲੇ ਹੈਂ।
ਆਵਤਿ ਮਾਰਗ ਰੋਕ ਖਲੇ ਹੈਂ।
ਵਸਤੁ ਆਪ ਕੀ ਲਾਯਕ ਜੇਈ।
ਲਈ ਖਸੋਟ, ਬਰੇ ਗਢ ਤੇਈ' ॥੬॥
ਸੁਨਿ ਸਤਿਗੁਰ ਕੈ ਕੋਪ ਬਿਸਾਲਾ।
ਫਰਕੇ ਅਧਰ ਬਿਲੋਚਨ ਲਾਲਾ।
ਸੰਗਤਿ ਕੋ ਧੀਰਜ ਤਬਿ ਦੀਨ।
'ਤੁਮਰੀ ਅਰਪੀ ਹਮ ਨੇ ਲੀਨਿ ॥੭॥
ਚਿੰਤਾ ਕਰਹੁ ਨ ਉਰ ਪਛੁਤਾਵਹੁ।
ਬੈਠਹੁ ਮਨਹੁ ਕਾਮਨਾ ਪਾਵਹੁ।'

[1]ਹੁਣ। [2]ਸੋ ਹੁਣ ਭੀ ਪੂਰਾ ਹੋ ਰਹੇਗਾ।

[1]ਵੈਰੀਆਂ ਦੁਸ਼ਟਾਂ ਦੇ ਮਾਰਨ ਵਿੱਚ ਹੀ ਬੀਤੇਗੀ।

[1]ਨਾਮ ਹੈ ਪਿੰਡ ਦਾ।

ਆਲਮ ਸਿੰਘ ਜੋਰਿ ਕਰ ਕਹਾ।
'ਕੰਟਕ ਦੁਸ਼ਟ ਤਹਾਂ ਕੇ ਮਹਾਂ ॥੮॥
ਤਜਿ ਅਨੰਦਪੁਰਿ ਜਬਿ ਚਲਿ ਆਏ।
ਕੇਤਿਕ ਸਿੰਘ ਉਤੈ ਕੋ ਧਾਏ।
ਰੋਕਯੋ ਚਹਤਿ ਰੁਕੇ ਨਹਿਂ ਕੋਇ।
ਛਲ ਕਰਿ ਘੇਰਿ ਲਿਯੇ ਬਿਚ ਦੋਇ ॥੯॥
ਤਿਨ ਕੇ ਸੀਸ ਕਾਟ ਕਰਿ ਗੇਰੇ।
ਨਹੀਂ ਤ੍ਰਾਸ ਮਾਨਹਿਂ ਕਿਸ ਕੇਰੇ।
ਅਸ ਦੁਸ਼ਟਨਿ ਕੌ ਹ੍ਵੈ ਨ ਸਜ਼ਾਇ।
ਕਰਹਿਂ ਬਿਗਾਰ ਰਹੈਂ ਗਰਬਾਇ ॥੧੦॥
ਗੁਰ ਘਰ ਸੋਂ ਬਹੁ ਰਚਯੋ ਬਿਰੁੱਧਾ।
ਚਹਿਯਤਿ ਹਤੇ ਕ੍ਰੁੱਧ ਕਰਿ ਜੁੱਧਾ।'
ਸੁਨਿ ਪ੍ਰਭੁ ਕੋ ਰਿਸ ਭਈ ਘਨੇਰੀ।
ਜਲਤ ਅਗਨਿ ਅਹੁਤੀ ਜਨੁ ਗੇਰੀ
॥੧੧॥
ਆਲਮ ਸਿੰਘ ਕੇ ਸੰਗ ਉਚਾਰੀ।
'ਚਹਤਿ ਖਾਲਸਾ ਕਰਿਯਹਿ ਤਯਾਰੀ।'
ਜੰਗ ਸਮਾਜ ਤਬਹਿ ਬਰਤਾਯੋ।
ਜਾਮਨਿ[1] ਬਿਤੀ ਭੋਰ ਹੁਇ ਆਯੋ ॥੧੨॥ [1]ਰਾਤ।
ਹੁਕਮ ਕਰਯੋ ਪ੍ਰਭੁ 'ਬਜਹਿ ਨਗਾਰਾ।
ਸਕਲ ਖਾਲਸਾ ਚਢਹਿ ਸ਼ਿਕਾਰਾ।'
ਪਰੇ ਤੁਰੰਗਨਿ ਪਰ ਬਰ ਜ਼ੀਨ।
ਪੂਰਬ ਪ੍ਰਭੂ ਅਰੂਢਨਿ ਕੀਨ ॥੧੩॥
ਪਰੀ ਦੁਚੋਬ ਖਾਲਸਾ ਚਢਯੋ।
ਸ਼ਸਤ੍ਰਨਿ ਸਹਿਤ ਬੀਰ ਰਸ ਬਢਯੋ।
ਕ੍ਰੁੱਧਤਿ ਪ੍ਰਭੂ ਕਰਯੋ ਪ੍ਰਸਥਾਨਾ।
ਥਰਹਰ ਪ੍ਰਿਥਵੀ ਕੰਪ[1] ਮਹਾਨਾ ॥੧੪॥ [1]ਕੰਬੀ।

ਸ੍ਵੈਯਾ:
ਬਾਯੁ ਸਮਾਨ ਸੁ ਬੇਗ ਕੋ ਧਾਰਿ
ਚਲੇ ਗੁਰ ਮਾਰਗ ਮੈਂ ਸਹਿਸਾਈ।
ਦੁੰਦਭਿ ਨਾਦ ਸੁਨਯੋ ਜਹਿਂ ਲੌ
ਸਭਿ ਕੰਪ ਉਠੀ ਗਨ ਲੋਕ ਲੁਕਾਈ।

-ਕੌਨ ਪੈ ਕੋਪ ਕਰਯੋ ਪ੍ਰਭੁ ਧਾਵਤਿ,
ਕੌਨ ਕੀ ਮ੍ਰਿੱਤੁ ਅਬੈ ਨਿਯਰਾਈ?
ਕੋ ਨਹਿਂ ਚਾਹਤਿ ਆਪ ਕੋ ਜੀਵਨ[1]
ਕੀਨਿ ਬਿਗਾਰ ਨਹੀਂ ਸੁਧ ਪਾਈ? - ॥੧੫॥

[1]ਆਪਣੇ ਜੀਵਨੇ ਨੂੰ।

ਜਾਤਿ ਸੁ ਮਾਰਗ ਛੋਰਿ ਤੁਰੰਗਨ
ਧਾਂਕ ਪਰੀ ਗਿਰ ਦੇਸ਼ ਮਝਾਰੀ।
'ਸ਼੍ਰੀ ਗੁਰ ਗੋਬਿੰਦ ਸਿੰਘ ਕੁਪਯੋ,
ਮਤਿ ਹੀਨ[1] ! ਕਹੋ ਕਿਨ ਕੀਨ ਬਿਗਾਰੀ।'
ਭਾਜਤਿ ਏਕ ਮਹਾਂ ਉਰ ਤ੍ਰਾਸਤਿ
ਏਕ ਦੁਰੈਂ ਨਹਿਂ ਦੇਹਿਂ ਦਿਖਾਰੀ।
ਤੇਜ ਧਰੈਂ ਬਲ ਭੂਰ ਭਰੈਂ ਇਮ
ਜਾਤਿ ਭਲੀ ਪ੍ਰਭੁ ਕੀ ਅਸਵਾਰੀ ॥੧੬॥

[1]ਹੇ ਬਾਵਰਿਓ !

ਬਾਜਤਿ ਦੀਹ ਨਿਸ਼ਾਨ ਪਯਾਨਤਿ
ਛੋਰਿ ਨਿਸ਼ਾਨ ਕੋ ਚੀਰ ਦਯੋ[1]।
ਯੌਂ ਫਰਰੇ ਫਹਿਰਾਵਤਿ ਹੈਂ
ਜਨੁ ਪੌਨ ਲਗੇ ਘਨ ਜਾਤਿ ਧਯੋ।
ਤੂਰਨ ਆਇ ਉਲੰਘਿ ਨਦੀ ਕਹੁ
ਪੈਂਡ ਬਡੋ ਕਲਮੋਟ ਲਯੋ[1]।
ਔਚਕ ਹੀ ਪਹੁੰਚੇ ਤਿਨ ਪੈ,
ਗਿਰ ਪੈ ਚਢਿ ਦੇਖਨਿ ਦੁਰਗ ਕਿਯੋ ॥੧੭॥

[1]ਝੰਡੇ ਦਾ ਫਰੈਰਾ ਖੋਲ੍ਹ ਦਿੱਤਾ।

[1]ਬੜ ਪੈਂਡਾ ਕਲਮੋਟ ਦਾ (ਮੁਕਾ) ਲਿਆ।

ਯੌਂ ਉਮਡਯੋ ਦਲ ਗੋਬਿੰਦ ਸਿੰਘ ਕੋ
ਵਾਰ ਨ ਪਾਰ ਸੁ ਮਾਰਨ ਧਾਯੋ।
ਆਇਸੁ ਦੀਨਿ ਪ੍ਰਭੁ ਰਿਸ ਕੀਨਿ
'ਲਿਜੈ ਸਭਿ ਛੀਨ ਵਥੂ ਸਮੁਦਾਯੋ।'
ਸ਼੍ਰੌਨ ਬਿਖੈ ਸੁਨਿ ਸਿੰਘ ਰਿਸੇ ਮਨ
ਧਾਇ ਪਰੇ ਗਨ ਰੌਰ ਉਠਾਯੋ।
ਘੇਰ ਲੀਓ ਕਲਮੋਟ ਕੋ ਕੋਟ,
ਚਲੀ ਬਹੁ ਚੋਟਨਿ ਓਟ ਕੋ ਪਾਯੋ[1] ॥੧੮॥

[1]ਭਾਵ ਚੋਟਾਂ ਪਈਆਂ (ਨਿਸ਼ਾਨੇ ਵੱਜੇ) ਤਾਂ ਓਹਲੇ ਹੋ ਗਏ। (ਅ) ਚੰਗੀ ਮਾਰ ਪਈ ਓਟ ਪਾਕੇ ਘਰੀਂ ਜਾ ਵੜੇ।

ਧਾਮਨਿ ਜਾਇ ਪ੍ਰਵੇਸ਼ ਭਏ,

ਬਹੁ ਤ੍ਰਾਸ ਦਏ ਖਲ ਭਾਜ ਗਏ।
ਕੇਤਿਕ ਹਾਥ ਤੁਫੰਗਨਿ ਲੈ
ਕਸਿ ਮਾਰਤਿ ਸਿੰਘਨ ਤਾਕਿ ਲਏ।
ਉਚ ਅਵਾਸਨ ਹੋਇ ਮਵਾਸ
ਚਲਾਇ ਬੰਦੂਕਨਿ ਘਾਇ ਘਏ।
ਤੌ ਅਵਿਲੋਕਿ ਕ੍ਰਿਪਾਨਨ ਖੈਂਚਿ ਕੇ
ਸ਼ੱਤ੍ਰ ਗਵਾਰ ਸੁ ਮਾਰਿ ਦਿਏ ॥੧੯॥
ਹੋਨਿ ਲਗੇ ਕਟੀਆ ਪੁਰਿ ਮੈਂ
ਠਹਿਰਹਿਂ ਨਹਿਂ ਪੈਰ ਮਹਾਂ ਡਰਪਾਏ।
ਕੇਤਿਕ ਸਾਮੁਹਿ ਹੋਇ ਮਰੇ ਰਣ,
ਕੇਤਿਕ ਕਾਤੁਰ ਹੋਇ ਪਲਾਏ।
ਮਾਰ ਪਰੀ ਦੁਰਜਾਨ ਕੇ ਊਪਰ
ਘਾਇਲ ਹ੍ਵੈ ਧਰਿ ਪੈ ਤਰਫਾਏ।
ਕੋ ਕਰ ਜੋਰਿ ਨਿਹੋਰਤਿ ਹੈਂ,
ਮੁਖ ਮੋਰਤਿ ਹੈਂ ਨ ਘਨੇ ਰਿਪੁ ਘਾਏ[1] ॥੨੦॥

[1]ਕੋਈ ਹੱਥ ਜੋੜਕੇ ਮਿੰਨਤ ਕਰਦੇ ਹਨ, (ਖਾਲਸਾ ਜੀ ਉਨ੍ਹਾਂ ਵਲੋਂ) ਮੂੰਹ ਮੋੜ ਲੈਂਦੇ ਹਨ (ਐਉਂ ਦੇ) ਬਹੁਤੇ ਦੁਸ਼ਮਨ ਨਹੀਂ ਮਾਰੇ ਭਾਵ ਸ਼ਰਨ ਮੰਨਕੇ ਬਹੁਤੇ ਬਚ ਗਏ।

ਕੇਤਿਕ ਮਾਰਿ ਤੁਫੰਗਨਿ ਅੰਗਨ
ਰੰਗ ਸੁਰੰਗ ਕਰੇ ਤਤਕਾਲਾ।
ਕੇਚਿਤ ਕੇ ਤਨ ਮਾਰਿ ਕ੍ਰਿਪਾਨਨਿ
ਗੇਰ ਲਿਯੇ ਕਰਿ ਘਾਵ ਕਰਾਲਾ।
ਧਾਮ ਉਤੰਗਨ ਕੋ ਤਜਿ ਕੈ
ਭਜਿ ਕੈ ਸਭਿ ਕੋਟ ਕੋ ਓਟ ਸੰਭਾਲਾ।
ਬਾਹਰ ਜੇਤਿਕ ਜ਼ਾਹਰ ਥੇ
ਸਭਿ ਮਾਰ ਲਿਯੇ ਬਡਿ ਆਹਰ ਨਾਲਾ[1] ॥੨੧॥

[1]ਉੱਦਮ ਨਾਲ।

ਲੂਟ ਲੀਏ, ਅਰੁ ਕੂਟ ਦਿਏ,
ਅਰਿ ਫੂਟ ਗਏ ਸਿਰ, ਛੂਟਸਿ ਪ੍ਰਾਨਾ।
ਗ੍ਰਾਮ ਕੇ ਧਾਰਨ ਸਿੰਘ ਬਰੇ,
ਤਿਨ ਤ੍ਰੀਯਨਿ ਦੇ ਕਰਿ ਤ੍ਰਾਸ ਮਹਾਨਾ।
ਬਾਹਰ ਦੂਰ ਨਿਕਾਰ ਦਬੀ
ਸਿਰ ਪੀਟਤਿ ਹੈਂ ਕਿਸ ਜਾਇਂ ਸਥਾਨਾ†।

[†]ਜਨਾਨੀਆਂ ਨੂੰ ਬਾਹਰ ਕੱਢ ਦੇਣ ਦਾ ਕਾਰਨ ਇਹ ਸੀ ਕਿ ਕਿਲ੍ਹੇ ਤੇ ਹੱਲਾ ਕਰਨਾ ਹੈ ਤੇ ਘਮਸਾਣ ਵਿੱਚ ਏਹ ਤੇ ਇਨ੍ਹਾਂ ਦੇ ਬੱਚੇ ਵਿੱਚ ਪਏ ਪਿਸਨਗੇ। ਤ੍ਰਾਸ ਇਸ ਕਰਕੇ ਦਿੱਤਾ ਕਿ ਐਵੇਂ ਘਰ ਛਡਕੇ ਕੌਣ ਨਿਕਲਦਾ ਹੈ, ਸੋ ਇਹ ਤ੍ਰਾਸ ਦੇਕੇ ਕੱਢਣਾ ਉਨ੍ਹਾਂ ਦੇ ਭਲੇ ਲਈ ਸੀ ਤੇ ਖਾਲਸੇ ਨੂੰ ਸਬਕ ਸਿਖਾਲਨਾ ਸੀ ਕਿ ਜੰਗ ਵਿੱਚ ਬੀ ਇਸਤ੍ਰੀ ਬੱਚੇ ਤੇ ਭੁੱਲਕੇ ਬੀ ਸ਼ਸਤ੍ਰ ਨਾ ਚੱਲ ਜਾਵੇ।

ਦਯੋਸ ਬਿਤਯੋ ਦਿਨਨਾਥ ਅਥਯੋ
ਤਮ ਪੁੰਜ ਭਯੋ ਭਯ ਦਾਯਕ ਨਾਨਾ
॥੨੨॥
ਘੋਰ ਉਲੂਕ ਸੁ ਬੋਲਿ ਉਠੇ
ਗਨ ਜੰਬੁਕ ਆਨਿ ਪੁਕਾਰ ਕਰੀ।
ਕੂਕਰ ਕੂਕਤਿ ਮਾਸ ਅਘਾਵਤਿ
ਰੌਰ ਪਰਯੋ ਬਹੁ ਤਾਂਹਿ ਘਰੀ।
ਦੁਰਗ ਮਵਾਸ ਗਵਾਰਨਿ ਕੀਨਿ
ਤੁਫੰਗਨ ਕੀ ਤਿਨ ਮਾਰ ਧਰੀ।
ਸਿੰਘ ਬਰੇ ਬਿਚ ਧਾਮਨ ਕੇ
ਚਹਿਂ ਨੇਰ ਕਰਯੋ ਹਤਿ ਲੇਹਿਂ ਅਰੀ
॥੨੩॥
ਸ਼੍ਰੀ ਗੁਰੁ ਗੋਬਿੰਦ ਸਿੰਘ ਥਿਰੇ ਜਹਿਂ,
ਸਿੰਘ ਗਏ ਕਰ ਜੋਰਿ ਬਖਾਨੈਂ।
'ਆਇਸੁ ਆਪ ਉਚਾਰਹੁ ਸ਼੍ਰੀ ਪ੍ਰਭੁ !
ਹੇਲ ਕੋ ਘਾਲਿ ਅਬੈ ਰਿਪੁ ਹਾਨੈਂ।
ਕੋਟ ਮਹਿਂ ਕੂਦ ਕਰਹਿਂ ਕਟਿਯਾ
ਨਹਿਂ ਛੋਰਹਿਂਗੇ ਇਕ ਭੀ ਜੁਤਿ ਪ੍ਰਾਨਹਿਂ।
ਸਿੰਘ ਰਹੇ ਰੁਪ, ਢੁਕ ਚਲੇ ਢਿਗ[1]
ਆਪ ਕੇ ਬਾਕ ਕੀ ਦੇਰ ਪਛਾਨੈ ॥੨੪॥
ਸ਼੍ਰੀ ਪ੍ਰਭੁ ਧੀਰਜ ਦੀਨ ਪ੍ਰਬੀਨ
'ਕਰੇ ਰਿਪੁ ਦੀਨ ਬਰੇ ਗਢ ਜਾਈ[1]।
ਰਾਤਿ ਮੈਂ ਕੋਪ ਨ ਬਾਦ ਕਰੋ[1]
ਥਿਰਤਾ ਗਹਿ ਬੈਠਿ ਰਹੋ ਸਮੁਦਾਈ।
ਹੋਤਿ ਪ੍ਰਭਾਤਿ ਫਤੇ ਕਰਿਯੋ
ਸਭਿ ਹੂੰ ਦਿਹੁ ਨਾਸਿ, ਨ ਜਾਹਿਂ ਪਲਾਈ।
ਮੂਢਨਿ ਸੰਗਤਿ ਛੀਨ ਲਈ
ਤਿਸ ਕੋ ਪਲਟਾ ਹਮ ਲੇਂ ਅਬਿ ਪਾਈ'

[1]ਨੇੜੇ ਢੁੱਕ ਚੱਲੇ ਹਨ।

[1]ਵੈਰੀ ਦੀਨ ਕਰ ਦਿੱਤੇ ਹਨ ਤੇ ਓਹ ਗੜ੍ਹੀ ਵਿੱਚ ਜਾ ਵੜੇ ਹਨ।

[1]ਬਿਅਰਥ ਕ੍ਰੋਧ ਨਾ ਕਰੋ।

॥੨੫॥
ਆਲਮ ਸਿੰਘ ਉਦੇ ਸਿੰਘ ਆਦਿਕ
ਫੇਰ ਕਹ੍ਯੋ ਪ੍ਰਭੁ ਸੋਂ ਕਰ ਜੋਰੇ।
'ਰਾਤ ਹੀ ਮਹਿਂ ਰਿਪੁ ਘਾਤਨਿ ਦੇਹੁ[1] — [1]ਮਾਰਨ ਦਿਓ।
ਨਿਪਾਤ ਕਰੈਂ ਛਿਨ ਮੈਂ ਸਭਿ ਟੋਰੇ[1]। — [1]ਲੱਭਕੇ।
ਭਾਜ ਨ ਜਾਹਿਂ, ਕਿ ਆਇ ਸਹਾਇਕ,
ਕੋ ਕਰਿ ਘਾਤਿ ਨ ਜਾਵਹਿਂ ਛੋਰੇ[1]। — [1]ਕੋਈ ਦਾਉ ਕਰਕੇ (ਕਿਲਾ) ਛੱਡ ਨਾ ਜਾਣ।
ਹ੍ਵੈ ਇੱਤਜਾਦਿਕ ਬਿਘਨ ਘਨੇ ਅਬਿ
ਹੇਲ ਕੋ ਘਾਲਨਿ ਦੇਹੁ ਸੁ ਜ਼ੋਰੇ[1]' ॥੨੬॥ — [1]ਜੋਰ ਨਾਲ।
ਸ਼੍ਰੀ ਕਲਗ਼ੀਧਰ ਸਿੰਘਨਿ ਕੋ ਕਹਿਂ
'ਧੀਰਜ, ਨਾਂਹਿ ਕਰੋ ਸਹਿਸਾਈ[1]। — [1]ਧੀਰਜ ਕਰੋ, ਕਾਹਲੀ ਨਾ ਕਰੋ।
ਚਾਰਹੁੰ ਓਰਨਿ ਘੇਰਨ ਘੇਰਿ
ਸਜੋਰਹਿ ਰਾਖਹੁ ਕੀ ਤਕਰਾਈ[1]। — [1]ਜੋਰ ਨਾਲ ਤਕੜਾਈ ਕਰਕੇ ਰੱਖੋ।
ਕਾਲ ਪੁਜ੍ਯੋ ਇਨ, ਜਾਤਿ ਨਹੀਂ ਕਿਤ,
ਕੋ ਇਕ ਘਾਤਿ ਸੁ ਹਾਥ ਨ ਆਈ[1]। — [1]ਕੋਈ ਵੀ ਦਾਉ ਉਨ੍ਹਾਂ ਨੂੰ ਹੱਥ ਨਹੀਂ ਆਵੇਗਾ।
ਹੋਤਿ ਪ੍ਰਭਾਤਿ ਕਰੌਂ ਸਭਿ ਘਾਤਿ,
ਰਹੌਂ ਸਵਧਾਨ ਇਹੀ ਭਲਿਆਈ'
॥੨੭॥
ਆਇਸੁ ਮਾਨਿ ਸੁਜਾਨ ਗੁਰੂ
ਭਟ ਗ੍ਰਾਮ ਕੇ ਧਾਮ ਅਰਾਮ ਕਰ੍ਯੋ।
ਚਾਰ ਹੂੰ ਓਰਨਿ ਘੇਰ ਰਖ੍ਯੋ
ਗਢ ਤੀਰ ਤੁਫੰਗਨ ਹਾਥ ਧਰ੍ਯੋ।
ਅੰਤਰ ਤੇ ਗੁਲਕਾਂ ਗਨ ਮਾਰਤਿ
ਜਾਤਿ ਹੈਂ ਬਾਦ ਨ ਕੋਇ ਮਰ੍ਯੋ।
ਰਾਖਤਿ ਦੇ ਕਰ ਆਪ ਪ੍ਰਭੂ
ਬਿਨ ਘਾਵ ਸਬੈ ਦਲ ਪੁੰਜ ਥਿਰ੍ਯੋ
॥੨੮॥
ਕੰਟਕ[1] ਸੰਕਟ ਪਾਇ ਘਨੋ — [1]ਵੈਰੀ।
ਗਢ ਬੀਚ ਘਿਰੇ ਡਰਪਾਵਤਿ ਹੈਂ।
ਜੀਵਨ ਕੀ ਨਹਿ ਆਸ ਧਰੈਂ,
ਲੁਟ ਧਾਮ ਗਏ ਪਛੁਤਾਵਤਿ ਹੈਂ।
ਕੀਨ ਕੁਕਾਜ ਮਹਾਂ ਗੁਰ ਕੋ

ਤਿਸ ਕੋ ਫਲ ਸੋ ਦਿਖਰਾਵਤਿ ਹੈਂ।
ਤੀਰ ਚਲਾਵਤਿ ਬਾਦ ਸੁ ਜਾਵਤਿ
ਤਜੋਂ ਗੁਲਕਾ ਬਰ ਖਾਵਤਿ ਹੈਂ ॥੨੯॥
ਮੰਚ ਬਿਛਾਇ ਪ੍ਰਭੂ ਕਿਯ ਪੌਢਨਿ
ਏਕ ਤਰੋਵਰ† ਕੇ ਤਰ ਹੋਏ।
ਸਿੰਘ ਪਚੀਸਕ ਪਾਸ ਥਿਰੇ
ਗਹਿ ਆਯੁਧ ਕੌ ਸਵਧਾਨ ਖਰੋਏ।
ਔਰ ਸਭੇ ਭਟ ਘੇਰ ਰਹੇ ਗਢ,
ਏਕ ਸੁਚੇਤ ਖਰੇ, ਇਕ ਸੋਏ।
ਯਾ ਬਿਧਿ ਜਾਮਨਿ ਕੀਨ ਬਿਤਾਵਨਿ
ਚਾਰ ਘਟੀ ਅਰਣੋਦਯ ਜੋਏ ॥੩੦॥
ਸੰਖਨ ਮਹਿਂ ਭਰਿ ਫੂਕ ਬਜਾਵਤਿ
ਬਾਜ ਉਠ੍ਯੋ ਰਣਜੀਤ ਨਗਾਰਾ।
ਵਾਹਿਗੁਰੂ ਜੀ ਕੀ ਸੁ ਫਤੇ ਕਹਿਂ
ਹੋਤਿ ਭਯੋ ਉਤਸਾਹ ਉਦਾਰਾ।
ਪੁੰਜ ਤੁਫੰਗਨਿ ਕੇਰ ਤੜਾਕਨ
ਅੰਤਰ ਛੋਰਤਿ ਹੈਂ ਡਰ ਧਾਰਾ।
ਹੋਇ ਸੁਚੇਤ ਸ਼ਨਾਨ ਕਰੈਂ
ਕਿਨ ਕੇਸ ਸੁਧਾਰ ਬੰਧੀ ਦਸਤਾਰਾ ॥੩੧॥
ਤਮ ਮੋਹਿ ਕਿ ਪੂਖਣ ਪੂਖਣ ਪੇਖਿ
ਕਹ੍ਯੋ ਭਵ ਭੂਖਣ[1] 'ਹ੍ਵੈ ਸਵਧਾਨਾ।
ਗਢਿ ਪੈ ਅਬਿ ਹੇਲ ਕਰੌ ਮਿਲਿ ਕੈ
ਚਢਿ ਊਪਰ ਬੀਰ ਬਰੋ[1] ਰਿਪੁ ਹਾਨਾ।
ਕਰਿ ਕਾਰਜ ਲੇਹੁ ਸਬੇਰ ਅਬੇਰ[1]
ਨਿਬੇਰਹੁ ਜੰਗ ਪਰੈ ਘਮਸਾਨਾ।'
ਸੁਨਿ ਕੈ ਸਭਿ ਸਿੰਘ ਫਿਰੇ ਚਹੁੰ ਓਰਨਿ
ਘਾਲਨਿ ਜ਼ੋਰ ਸੁ ਸ਼ੋਰ ਮਹਾਨਾ ॥੩੨॥
ਢੋਇ ਕਰੀ ਦ੍ਰਿਗ ਢੂਕ ਗਏ
ਚਹੁੰ ਓਰਨਿ ਤੇ ਲਲਕਾਰ ਪਰੇ।
ਪਾਸ ਗਏ, ਨਹਿਂ ਤ੍ਰਾਸ ਭਏ,

†ਇਹ ਬ੍ਰਿਛ (ਪਿੱਪਲ) ਹੁਣ ਤੱਕ ਮੌਜੂਦ ਹੈ।

[1]ਸੰਸਾਰ ਦੇ ਭੂਖਣ ਤੇ ਮੋਹ (ਰੂਪੀ) ਅੰਧੇਰੇ ਦੇ ਸੂਰਜ (ਗੁਰੂ ਜੀ) ਨੇ ਸੂਰਜ ਵੇਖਕੇ ਕਹਿਆ।

[1]ਵੜੇ।

[1]ਦੇਰੀ ਤੋਂ ਬਿਨਾਂ ਸੁਵੇਰੇ ਹੀ ਕਾਰਜ ਕਰ ਲੌ [ਅ+ਬੇਰ=ਦੇਰੀ ਬਿਨਾਂ]।

ਗਢ ਭੀਤਨ ਲੌਂ[1] ਅਬਿ ਜਾਇ ਅਰੇ। [1]ਕੰਧਾਂ ਤੱਕ।
ਹਾਥ ਕਹੀ ਗਹਿ ਢਾਹਨਿ ਲਾਗਜੋ,
ਰੌਰ ਕੋ ਸ਼ੋਰ ਬਿਸਾਲ ਕਰੇ।
ਫੇਰ ਫਿਰੇ ਅਲਬਾਲ ਪਰੇ
ਬਲ ਭੂਰ ਧਰੇ ਚਹਿਂ ਭੀਤ ਚਰੇ[1] ॥੩੩॥ [1]ਕੰਧਾਂ ਤੇ ਚੜ੍ਹਨਾ।
ਯੌਂ ਚਹੂੰ ਓਰ ਪਰੀ ਜਬਿ ਧੂੰਮ
ਮਿਲੇ ਗਢ ਭੀਤ ਕੇ ਸੰਗ ਸੁ ਜਾਈ।
ਅੰਤਰ ਜ਼ੋਰ ਨਿਰੰਤਰ ਕੋ ਕਰਿ,
ਹਾਰ ਪਰੇ ਤੁਪਕਾਨ ਚਲਾਈ।
ਜਾਨਤਿ ਭੇ -ਚਢਿ ਹੈਂ ਗਢ ਪੈ
ਨਹਿਂ ਪ੍ਰਾਨ ਬਚੈਂ, ਕਤਲਾਮ ਕਰਾਈ-।
ਹੋਇ ਅਧੀਰਜ ਬੀਰਜ[1] ਕੋ ਤਜਿ [1]ਬਲ।
ਤ੍ਰਾਸ ਧਰੇ ਸੋ ਪਰੇ ਘਿਘਿਆਈ ॥੩੪॥
ਚੀਰ ਗਵਾਰਨਿ ਫੇਰਨਿ ਕੀਨਿ[1]' [1]ਹਾਰ ਦਾ) ਪੱਲੂ ਫੇਰਿਆ।
ਭਨੈਂ ਬਿਨਤੀ ਗੁਰ ਕੀ ਸੁ ਦੁਹਾਈ।
'ਪ੍ਰਾਨ ਬਚੈਂ, ਇਹ ਦਾਨ ਕਰੋ ਪ੍ਰਭੁ !
ਆਨ ਨ ਬਾਂਛਤਿ ਹੈਂ ਵਥੁ ਕਾਈ।
ਭੂਲ ਗਏ ਬਖਸ਼ੋ ਹਮ ਕੋ
ਨਹਿਂ ਜੀਵਤਿ ਫੇਰ ਕਰੈਂ ਖੁਟਿਆਈ।
ਆਪ ਦਇਆ ਨਿਧਿ ਸੂਰ ਸ਼ਿਰੋਮਣਿ
ਕੌਨ ਚਹੈ ਤੁਮਰੀ ਸਮਤਾਈ' ॥੩੫॥
ਦੀਨ ਭਏ ਬਿਨਤੀ ਜਬਿ ਕੀਨਿ
ਕ੍ਰਿਪਾਲ ਸੁਨੀ ਕਰੁਨਾ ਹੁਇ ਆਈ।
ਜੀਵਤਿ ਤਯਾਗ ਨਿਕਾਰ ਲਏ ਸਭਿ
ਆਯੁਧ ਛੀਨ, ਕਹੀ ਪਕਰਾਈ।
ਧਾਮ ਸਭੈ ਗਢ ਭੀਤ ਤਬੈ
ਢਹਿਵਾਇ ਦਿਯੇ ਤਿਨ ਤੇ ਬਲ ਲਾਈ।
ਥਾਨ ਸਮਾਨ ਮਦਾਨ ਕਿਯੋ ਤਹਿਂ,
ਮਾਨਹੁ ਨਾਂਹਿ ਬਸੇ ਇਸ ਥਾਂਈ[1] ॥੩੬॥ [1]ਮਾਨੋ ਇਸ ਥਾਵੇਂ (ਕਦੇ) ਵੱਸੇ ਹੀ ਨਹੀਂ ਸਨ।

ਦੋਹਰਾ:

ਲੂਟ ਕੂਟ ਕਲਮੋਟ ਕੋ, ਪਲਟਾ ਤਿਨ ਤੇ
ਲੀਨ।

ਸੂਰ ਸ਼ਿਰੋਮਣਿ ਦਸਮ ਗੁਰ, ਸਭਿ ਜਗ
ਮਹਿਂ ਜਸੁ ਕੀਨ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕਲਮੋਟ ਮਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥੪੮॥

# ੪੯. [ਵਾਪਸ ਆਨੰਦ ਪੁਰ ਆਏ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਕਰਯੋ ਥੇਹ ਕਲਮੋਟ ਕੋ, ਦਈ ਸਜ਼ਾਇ ਬਿਸਾਲ।
ਤਿਸ ਦਿਨ ਤੇ ਸੰਗਤਿ ਸਦਾ, ਸੁਖੀ ਰਹੀ ਸਭ ਕਾਲ ॥੧॥

ਚੌਪਈ:

ਕਿਤ ਤੇ ਆਇ ਕਿਸੂ ਮਗ ਜਾਵੈਂ।
ਬਾਕ ਕਠੋਰ ਭਿ ਨਹੀਂ ਅਲਾਵੈਂ।
ਗੁਰ ਕੋ ਤ੍ਰਾਸ ਧਰਹਿਂ ਉਰ ਭਾਰੀ।
ਦੇਖਿ ਲੇਹੁ ਕਲਮੋਟ ਉਜਾਰੀ† ॥੨॥

†ਪਿੰਡ ਜੋ ਮੁੜਕੇ ਵੱਸਿਆ 'ਖੇੜਾ ਕਲਮੋਟ' ਅਜੇ ਹੈ। ਗੁਰਦੁਆਰਾ ਬੀ ਹੈ।

ਰਾਜੇ ਨਿਜ ਨਿਜ ਪੁਰਿ ਮਹਿਂ ਥਿਰੇ।
ਕੁਛ ਵਿਰੋਧ ਕੋ ਜ਼ਿਕਰ ਨ ਕਰੇ।
ਦਰਬ ਖਰਚ ਹੋਯਸਿ ਬਹੁਤੇਰਾ।
ਦਯੋ ਤੁਰਕ ਅਰ ਭਟਨਿ ਘਨੇਰਾ ॥੩॥
ਜੰਗ ਸਮਾਜ ਅਪਰ ਜੋ ਨਾਨਾ।
ਤਿਨ ਪਰ ਹੋਯਹੁ ਖਰਚ ਮਹਾਨਾ।
ਸਨਬੰਧੀ ਅਰੁ ਸੁਭਟ ਸੰਘਾਰੇ।
ਉਜਰਯੋ ਦੇਸ਼ ਉਪੱਦ੍ਰਵ ਭਾਰੇ ॥੪॥
ਸਭਿ ਹੀ ਰੀਤਿ ਭਯੋ ਨੁਕਸਾਨ।
ਬਧਯੋ ਸ਼ੋਕ ਅਰੁ ਦੁਖੀ ਮਹਾਨ।
ਆਪ ਆਪਨੇ ਪੁਰਿ ਥਿਰ ਰਹੇ।
ਗੁਰ ਕੀ ਬਾਤ ਨ ਕੈਸੇ ਕਹੇਂ ॥੫॥
ਜਬਿ ਸਤਿਗੁਰ ਮਾਰੀ ਕਲਮੋਟ।
ਕਿਸਹੁਂ ਨ ਚਿਤਵਯੋ ਗੁਰ ਸੰਗ ਖੋਟ।
ਇਕ ਮੁਕਾਮ ਕੀਨਸਿ ਤਿਸ ਥਾਨ।
ਬੈਠੇ ਸ਼੍ਰੀ ਪ੍ਰਭੁ ਲਾਇ ਦਿਵਾਨ ॥੬॥
ਦਯਾ ਸਿੰਘ ਆਦਿਕ ਢਿਗ ਥਿਰੇ।
ਸਕਲ ਖਾਲਸਾ ਬਿਨਤੀ ਕਰੇ।
'ਨਿਕਸੇ ਜਬਿ ਅਨੰਦਪੁਰਿ ਛੋਰਿ।
ਗਮਨੇ ਪ੍ਰਿਥਵੀ ਪਰ ਕੀ ਓਰ[1] ॥੭॥

[1]ਜਦੋਂ (ਅਨੰਦਪੁਰ ਛੱਡਕੇ) ਪਰਾਈ ਪ੍ਰਿਥਵੀ ਵੱਲ ਟੁਰੇ ਸੀ ਭਾਵ ਦੂਸਰੇ ਇਲਾਕੇ ਗਏ ਸਾਓ।

ਸ਼੍ਰੀ ਮੁਖ ਬਾਕ ਏਵ ਫੁਰਮਾਯੋ[1]।

[1]ਫੁਰਮਾਇਆ ਸੀ।

ਸਭਿ ਸਿੰਘਨ ਕੋ ਸ਼੍ਰੋਨ ਸੁਨਾਯੋ।
-ਹਮਰੋ ਸਦਨ ਅਨੰਦਪੁਰਿ ਮਾਂਹੀ।
ਇਸ ਕੋ ਕਿਮ ਛੋਰਹਿਂ ਕਬਿ ਨਾਹੀਂ-
॥੮॥
ਸੋ ਅਬਿ ਬਾਕ ਸੰਭਾਲਨਿ ਕਰੋ।
ਚਲਨ ਚਾਹਿ ਉਰ ਪੁਰਿ ਨਿਜ ਧਰੋ।
ਸਰਬ ਗਿਰੇਸ਼ੁਰ ਲਰਿ ਪਚ ਹਾਰੇ।
ਆਪ ਆਪਨੇ ਨਗਰ ਸਿਧਾਰੇ ॥੯॥
ਰਣ ਉੱਦਜੋਗ ਤਜਾਗ ਸਭਿ ਦੀਨਾ।
ਜਨੁ ਉਤਸਾਹ ਛੀਨ ਕਿਨ ਲੀਨਾ।
ਅਬਿ ਹਟਿ ਕਹਾਂ ਬਿਭੌਰ† ਸਿਧਾਰੋ। †ਪਾ:-ਕਿ ਭੋਰ।
ਸ਼੍ਰੀ ਅਨੰਦਪੁਰਿ ਅਪਨਿ ਸੰਭਾਰੋ' ॥੧੦॥
ਸਕਲ ਖਾਲਸੇ ਤੇ ਸੁਨਿ ਬਾਨੀ।
ਜਾਨੀ ਮਨ ਕੀ ਚਾਹਿ ਮਹਾਨੀ।
ਦੇਨਿ ਅਨੰਦ ਅਨੰਦਪੁਰਿ ਕੇਰਾ।
ਮਾਨੀ ਬਾਤ ਪ੍ਰਭੁ[1] ਇਸ ਬੇਰਾ ॥੧੧॥ [1]ਸ੍ਰੀ ਗੁਰੂ ਜੀ ਨੇ।
ਪਾਛਲ ਡੇਰਾ ਕਹਿ ਅਨਵਾਯੋ।
ਸੁਨਿ ਸੁਧਿ ਸ਼੍ਰੌਨ ਸ਼ੀਘ੍ਰ ਹੀ ਆਯੋ।
ਸਕਲ ਬਿਹੀਰ ਮਿਲਜੋ ਇਕ ਥਾਂਏ।
ਸੁਪਤ ਜਥਾ ਸੁਖ ਰਾਤਿ ਬਿਤਾਏ ॥੧੨॥
ਦਿਵਸ ਆਗਲੇ ਕੀਨਸਿ ਤਜਾਰੀ।
ਭਯੋ ਦਮਾਮਾ ਜਿਸ ਧੁਨਿ ਭਾਰੀ।
ਜ਼ੀਨ ਪਵੰਗਮ ਪਰ[1] ਸਭਿ ਪਾਏ। [1]ਘੋੜਿਆਂ ਉਤੇ।
ਆਯੁਧ ਆਦਿ ਤੁਫੰਗ ਉਠਾਏ ॥੧੩॥
ਕਮਰ ਕਸਾ ਕਰਿ ਹੁਇ ਸਵਧਾਨਾ।
ਸਕਲ ਖਾਲਸਾ ਬੀਰ ਮਹਾਨਾ।
ਖੜਗ ਨਿਖੰਗ ਅੰਗ ਸੰਗ ਲਾਇ।
ਚਾਂਪ ਆਪ ਪ੍ਰਭੁ ਹਾਥ ਉਠਾਇ ॥੧੪॥
ਦਲ ਬਿਦਾਰ[1] ਸੁੰਦਰ ਬਡ ਘੋਰਾ। [1]ਦਲ ਨਾਸ਼ਕ (ਅ) ਨਾਮ ਘੋੜੇ ਦਾ।
ਚੰਚਲ ਮਹਾਂ ਭਰਜੋ ਤਨ ਜ਼ੋਰਾ।
ਹੁਇ ਅਰੂਢਿ ਮਾਰਗ ਪ੍ਰਸਥਾਨੇ।
ਦੁੰਦਭਿ ਬਜਤੇ ਸ਼ਬਦ ਮਹਾਨੇ ॥੧੫॥

ਚਲ੍ਯੋ ਖਾਲਸਾ ਪ੍ਰਭੁ ਪਿਛਾਰੀ[1]।
ਮਿਲਹਿਂ ਭੇਟ ਦੇ ਪ੍ਰਭੁ ਅਗਾਰੀ[1]।
ਬਿਨੈ ਕਰੈਂ 'ਹਮ ਪ੍ਰਜਾ ਤੁਮਾਰੀ।
ਅਪਨੇ ਜਾਨਿ ਕਰਹੁ ਰਖਵਾਰੀ' ॥੧੬॥
ਤਿਨ ਕੋ ਦੇ ਧੀਰਜ ਚਲਿ ਪਰੈਂ।
ਕੇਤਿਕ ਦੌਰ ਦੌਰ ਨਰ ਦੁਰੈਂ।
ਸਕੈਂ ਨ ਸਨਮੁਖ ਹੁਇ ਡਰ ਲਾਜੈਂ।
ਕੇਤਿਕ ਦੁਸ਼ਟ ਸੁਨਤਿ ਧੁਨਿ ਭਾਜੈਂ ॥੧੭॥
ਜੇ ਬੇਮੁਖ ਹ੍ਵੈ ਗ੍ਰਾਮ ਪਛਾਨੈਂ[1]।
ਲੂਟੈਂ ਕੂਟਹਿ ਅੱਗ੍ਰ ਪਯਾਨੈਂ[1]।
ਸ਼੍ਰੀ ਅਨੰਦਪੁਰਿ ਕੋ ਚਲਿ ਆਏ।
ਪਿਤਾ ਸਥਾਨ ਪ੍ਰਥਮ ਦਰਸਾਏ ॥੧੮॥
ਉਤਰਿ ਜੋਰਿ ਕਰ ਬੰਦਨ ਕੀਨਿ।
ਬਹੁਰ ਪ੍ਰਕਰਮਾ ਫਿਰ ਕਰਿ ਦੀਨਿ।
ਹਾਥ ਜੋਰਿ ਅਰਦਾਸ ਕਰਾਇ।
ਮਧੁਰ ਪ੍ਰਸ਼ਾਦਿ ਬਹੁਤ ਬਰਤਾਇ ॥੧੯॥
ਬਹੁਰੋ ਸਦਨ ਆਪਨੇ ਗਏ।
ਪੁਰਿ ਮਹਿਂ ਨਾਨਾ ਮੰਗਲ ਭਏ।
ਨਿਜ ਨਿਜ ਥਾਨ ਖਾਲਸਾ ਥਿਰ੍ਯੋ।
ਹਯਨਿ ਲਗਾਵਨਿ ਗਨ ਕੋ ਕਰ੍ਯੋ ॥੨੦॥
ਪ੍ਰਥਮ ਬਸੇ ਨਰ ਸਭਿ ਚਲਿ ਆਏ।
ਧਰਿ ਉਪਹਾਰ ਪਗਨਿ ਲਪਟਾਏ।
ਸਭਿਹਿਨਿ ਮਿਲਿ ਮਿਲਿ ਬਿਨੈ ਬਖਾਨੀ।
ਸੁਨਿ ਪ੍ਰਭੁ ਧੀਰਜ ਦਈ ਮਹਾਨੀ ॥੨੧॥
ਪ੍ਰਥਕ ਪ੍ਰਥਕ ਕੀ ਕੁਸ਼ਲ ਪੁਛਿ ਤਬਿ।
ਹਰਖਤਿ ਕਰੇ ਨਗਰ ਕੇ ਜਨ ਸਬਿ।
ਹੁਕਮ ਕਰ੍ਯੋ 'ਪੁਰਿ ਕੈ ਨਰ ਜੇਈ।
ਉਜਰਿ ਗਏ ਆਨਹੁ ਸਭਿ ਤੇਈ ॥੨੨॥
ਅਪਰ ਬਾਨੀਏਂ ਆਦਿ ਜਿ ਆਵਹਿਂ।
ਬਸਹਿਂ ਸਦਨ ਤਿਨ ਕੇ ਬਨਵਾਵਹਿਂ।

[1]ਗੁਰੂ ਜੀ ਦੇ ਪਿੱਛੇ।
[1]ਅੱਗੋਂ ਭੇਟ ਦੇਕੇ ਮਿਲਦੇ ਹਨ।
[1]ਜੋ ਬੇਮੁਖ ਹੋਏ (ਸਨ ਉਨ੍ਹਾਂ ਦੇ) ਪਿੰਡ ਪਛਾਣਦੇ ਹਨ।
[1]ਚਲਦੇ ਹਨ (ਸਿੰਘ)।

ਬਾਂਛਤਿ ਵਸਤੁ ਲੇਂ ਗੁਰ ਘਰ ਤੇ।
ਬਸਹਿ ਆਨਿ ਕਰਿ ਪੁਰਿ ਅਬਿ ਨਰ ਤੇ' ॥੨੩॥
ਇਮ ਕਹਿ ਸਕਲ ਹਕਾਰਨਿ ਕਰੇ।
ਅਧਿਕ ਬਸਾਵਨ ਬਾਂਛਾ ਧਰੇ।
ਜਹਿਂ ਕਹਿਂ ਤੇ ਕਹਿ ਜਨ ਅਨਵਾਏ।
ਸਨਮਾਨਹਿਂ ਪੁਰਿ ਅਨੰਦ ਬਸਾਏ ॥੨੪॥
ਆਵਨਿ ਲਗੇ ਸੈਂਕਰੇ ਲੋਕ।
ਪ੍ਰਭੁ ਦੇ ਧਨ ਬਨਵਾਏ ਓਕ[1]। — [1]ਘਰ।
ਦੁਇ ਛਾਤਨ ਕੇ ਕਿਸ ਕੀ ਤੀਨ।
ਸੁੰਦਰ ਸਦਨ ਸੁਹਾਵਨ ਕੀਨਿ ॥੨੫॥
ਲਗੇ ਅਨਿਕ ਕਾਰੀਗਰ ਆਨਿ।
ਰਚਹਿਂ ਹਵੇਲੀ ਪੌਰ ਮਹਾਂਨ।
ਨਾਨਾ ਰੀਤਿ ਨਿਕੇਤਨਿ ਪੰਗਤਿ।
ਹਰਖਤਿ ਆਨਿ ਬਸੀ ਗਨ ਸੰਗਤਿ ॥੨੬॥
ਬਿੱਪ੍ਰ ਬਸੇ ਖਟ ਕਰਮੀ ਆਇ।
ਬਿਦਜਾਧੈਨ ਅਧਿਕ ਧਰ੍ਮਰਾਇ[1]। — [1]ਵਿੱਦਜਾ ਪੜ੍ਹਨ ਵਾਲੇ ਬਹੁਤੇ ਧਰਮੀ। [ਸੰਸ:, ਵਿਦਜਾ+ਅਧਜਯਨ=ਪੜ੍ਹਨਾ]।
ਸੀਲ ਸੰਤੋਖੀ ਦਯਾ ਸੁਭਾਊ।
ਗੁਰ ਕੇ ਨਗਰ ਬਸੇ ਸਮੁਦਾਊ ॥੨੭॥
ਖੱਤ੍ਰੀ ਕੇਤਿਕ ਆਨਿ ਰਹੇ ਹੈਂ।
ਜਿਨ ਗੁਰ ਸ਼ਰਧਾ ਭਾਉ ਲਹੇ ਹੈਂ।
ਬੈਸ਼ ਬਨਜ ਕੇ ਕਰਤਾ ਆਏ।
ਕਰੀ ਦੁਕਾਨ ਬਜ਼ਾਰ ਸੁਹਾਏ ॥੨੮॥
ਹੋਨਿ ਲਗਜੋ ਬਿਵਹਾਰ ਬਡੇਰੇ।
ਦੇਸ਼ ਬਿਦੇਸ਼ਨਿ ਲਜਾਇਂ ਘਨੇਰੇ।
ਮਿਹਨਤਿ[1] ਅਧਿਕ ਨਗਰ ਮਹਿਂ ਪਾਏਂ। — [1]ਮਜੂਰੀ।
ਕ੍ਰਿਤ ਕੇ ਕਰਨਹਾਰ ਗਨ ਆਏ ॥੨੯॥
ਸਕਲ ਜਾਤਿ ਸ਼ੂਦਰ ਕੀ ਰਹੀ।
ਕਰਹਿਂ ਮਜੂਰੀ ਧਨ ਗਨ ਲਹੀ।
ਗੁਨੀ ਪੁਰਖ ਆਛੀ ਕ੍ਰਿਤ ਕਰੀ[1]। — [1]ਚੰਗੇ ਕਾਰੀਗਰ।

| | |
|---|---|
| ਕਦਰ ਸ਼ਿਨਾਸ ਜਾਨਿ ਗੁਰ ਭਰੀ[1] ॥ ੩੦ ॥ | [1]ਭਲੀ ਕਦਰ ਸ਼ਿਨਾਸੀ ਕਰਨ ਵਾਲੇ ਗੁਰੂ ਜੀ ਨੂੰ ਜਾਣਕੇ (ਅ) ਕਦਰ ਸ਼ਿਨਾਸ ਗੁਰੂ ਜੀ ਨੇ (ਕਦਰਯੋਗ) ਜਾਣਕੇ (ਉਨ੍ਹਾਂ ਦੀ ਝੋਲ) ਭਰੀ। |
| ਪੁਰਿ ਮਹਿਂ ਬਸੇ ਚਲੀ ਸਭਿ ਕਾਰ। | |
| ਕੋ ਕਰਿ[1] ਲੇ ਪਹੁੰਚਤਿ ਦਰਬਾਰ। | [1]ਕੋਈ (ਬਾਹਰੋਂ ਹੀ) ਕਰਕੇ (ਭਾਵ ਤਿਆਰ ਕਰਕੇ ਚੀਜ਼ਾਂ) ਲੈਕੇ ਦਰਬਾਰ ਵਿੱਚ ਪਹੁੰਚਦਾ ਹੈ। |
| ਧਨ ਇਨਾਮ ਕੋ ਪਾਵਨ ਕਰੈਂ। | |
| ਆਛੀ ਕਰਨ ਚਾਤੁਰੀ ਧਰੈਂ ॥ ੩੧ ॥ | |
| ਕਾਰੀਗਰ ਸੋਂ ਪ੍ਰਭੁ ਉਚਾਰਾ। | |
| 'ਰੁਚਿਰ ਦੁਕਾਨ ਬਨਾਇ ਬਜ਼ਾਰਾ। | |
| ਚਾਰੁ ਪ੍ਰਤੋਲੀ[1] ਰਚੀਐ ਜਿਤ ਕਿਤ। | [1]ਚੌੜੀ ਸੜਕ ਜੋ ਸ਼ਹਿਰ ਦੇ ਵਿੱਚ ਦੀ ਹੋਕੇ ਲੰਘੇ [ਸੰਸ:, ਪ੍ਰਤੋਲੀ]। |
| ਬਸਹਿਂ ਸੁਖੀ ਨਰ ਗਨ ਧਰਿ ਹਿਤ ਚਿਤ' ॥ ੩੨ ॥ | |
| ਸੁਨਿ ਕੈ ਹੁਕਮ ਰਚਯੋ ਸਭਿ ਸੁੰਦਰ। | |
| ਜਹਿਂ ਕਹਿਂ ਰੁਚਿਰ ਪੌਰ ਕੇ ਮੰਦਿਰ। | |
| ਜਨੁ ਬਿਸ਼ਕਰਮਾ ਆਨਿ ਬਨਾਏ। | |
| ਪੰਕਤਿ ਸਦਨ ਬਜ਼ਾਰ ਸੁਹਾਏ ॥ ੩੩ ॥ | |
| ਸੁੰਦਰ ਗਰੀ ਕਰੀ ਇਕਸਾਰੀ[1]। | [1]ਇੱਕੋ ਜਿਹੀ। |
| ਬਿਚਰਤਿ ਹਰਖਤਿ ਚਿਤ ਨਰ ਨਾਰੀ। | |
| ਚਹੁੰਦਿਸ਼ਿ ਮਹਿਂ ਉਪਬਨ ਲਗਵਾਏ। | |
| ਤਰੁਵਰੁ ਸਰਬ ਜਾਤਿ ਕੇ ਲਾਏ ॥ ੩੪ ॥ | |
| ਨਾਨਾ ਬਰਨ ਲਗੀ ਫੁਲਵਾਰੀ। | |
| ਬਿਕਸਤਿ ਪ੍ਰਿਥਕ ਪ੍ਰਿਥਕ ਰਚਿ ਕਜਾਰੀ। | |
| ਬੀਚ ਸਥੰਡਲ ਕਰੇ ਚੁਕੌਨ। | |
| ਨਿਕਟ ਨਿਕਟ ਤਰੁਵਰੁ ਬਡ ਜੌਨ[1] ॥ ੩੫ ॥ | [1]ਜੇਹੜੇ। |
| ਆੜੂ, ਦਾੜਮ[1], ਕਦਲੀ[2] ਖਰੇ। | [1]ਅਨਾਰ। [2]ਕੇਲੇ। |
| ਸੇਉ[1], ਰਸਾਲ[2], ਜਿ ਸ੍ਵਾਦਿਲ ਖਰੇ। | [1]ਸੇਬ। [2]ਅੰਬ। |
| ਤੁਰਸ਼ ਮਧੁਰ ਫਲ ਜਿਨ ਕੋ ਬ੍ਰਿੰਦ। | |
| ਇਕ ਲਘੁ ਹੈ ਇਕ ਹੋਤਿ ਬਿਲੰਦ ॥ ੩੬ ॥ | |
| ਆਦਿ ਅੰਗੂਰ ਲਤਾ[1] ਲਗਵਾਈ। | [1]ਵੇਲਾਂ। |
| ਜਹਿਂ ਕਹਿਂ ਪੰਕਤਿ ਖਰੀ ਸੁਹਾਈ। | |

ਬੋਲਤਿ ਗਨ ਬਿਹੰਗ ਬਹੁ ਜਾਤੀ।
ਕੋਕਿਲ[1] ਕੀਰ[2] ਮੋਰ ਬਹੁ ਭਾਂਤੀ ॥੩੭॥ [1]ਕੋਇਲਾਂ। [2]ਤੋਤੇ।
ਪਾਰਾਵਤ[1] ਚਕਵਨ[2] ਕੇ ਨਾਦਿ। [1]ਕਬੂਤਰ [ਸੰਸ:, ਪਾਰਾਪਤ, ਪਾਰਾਵਤ]। [2]ਚਕਵਿਆਂ।
ਜਿਨ ਕੇ ਸੁਨੇ ਹੋਇ ਅਹਿਲਾਦਿ।
ਥੋਰੇ ਦਿਵਸਨਿ ਰਚਨਾ ਘਨੀ।
ਪ੍ਰਭੁ ਕ੍ਰਿਪਾ ਤੇ ਸੁੰਦਰ ਬਨੀ ॥੩੮॥
ਪੁੰਜ ਕਵੀ ਗੁਰ ਢਿਗ ਪੁਨ ਆਏ।
ਕਰਹਿਂ ਕਬਿੱਤਨਿ ਅਧਿਕ ਰਿਝਾਏ।
ਮੌਜ ਦਰਬ ਕੀ ਪਾਇ ਬਡੇਰੀ।
ਕੀਰਤਿ ਜਹਿਂ ਕਹਿਂ ਬਿਥਰਿ ਘਨੇਰੀ ॥੩੯॥
ਜੇ ਜੇ ਬਸੇ ਅਨੰਦਪੁਰਿ ਆਇ।
ਸਰਬ ਭਾਂਤਿ ਤੇ ਸੁਖ ਬਹੁ ਪਾਇ।
ਪੁੰਜ ਖਾਲਸਾ ਉਤਰਯੋ ਰਹੈ।
ਸੇਵਹਿ ਗੁਰੂ ਸੁ ਰਸ ਕੋ ਲਹੈ ॥੪੦॥
ਗੁਰਮਤਿ ਧਰਿ ਧਰਿ ਹੁਇਂ ਉਰ ਗਯਾਨੀ।
ਰਾਖਹਿਂ ਰਹਤਿ ਪਠਹਿਂ ਗੁਰਬਾਨੀ।
ਪਾਹੁਲ ਆਨਿ ਪੁੰਜ ਸਿਖ ਲੇਵੈਂ।
ਰੀਤਿ ਜਗਤ ਦੁਰਮਤਿ ਤਜਿ ਦੇਵੈਂ[1] ॥੪੧॥ [1]ਜਗਤ ਵਿਚ ਦੁਰਮਤੀ ਰੀਤੀ ਨੂੰ ਛੱਡਦੇ ਹਨ।
ਲਗਹਿ ਦਿਵਾਨ ਬਿਰਾਜੈਂ ਬੀਚ।
ਦਰਸਹਿਂ ਆਨਿ ਊਚ ਅਰੁ ਨੀਚ।
ਅਰਪਹਿਂ ਅਨਿਕ ਅਕੋਰਨਿ ਲਯਾਇ।
ਹਯ ਹੱਥਯਾਰ ਦਰਬ ਸਮੁਦਾਇ ॥੪੨॥
ਬਸਤ੍ਰ ਬਿਭੂਖਨਿ ਬਹੁ ਮੁਲ ਕੇਰੇ।
ਦੇਸ਼ ਬਿਦੇਸ਼ਨਿ ਕੇ ਨਰ ਹੇਰੇ।
ਆਨਿ ਅਨੰਦਪੁਰਿ ਕਰਿ ਬਿਸਰਾਮੂ।
ਬਿਰਮਾਵਹਿਂ ਹੇਰਤਿ ਅਭਿਰਾਮੂ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸ਼੍ਰੀ ਗੁਰ ਆਨੰਦਪੁਰ ਆਗਮਨ' ਪ੍ਰਸੰਗ ਬਰਨਨੰ ਨਾਮ ਏਕ ਉਨ ਪੰਚਾਸਤੀ ਅੰਸੂ ॥੪੯॥

## ੫੦. [ਭੀਮਚੰਦ ਦਾ ਮੇਲ। ਨਾਰਦ ਨੇ ਖੰਭ ਭੇਟ ਕਰਨੇ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਸਕਲ ਸੈਲਪਤਿ ਥਿਰ ਰਹੇ, ਨਿਜ ਰਜਧਾਨੀ ਜਾਇ।
ਆਨ ਮਾਨਿ ਸਤਿਗੁਰੂ ਕੀ, ਉਰ ਹੰਕਾਰ ਬਿਲਾਇ ॥੧॥

ਚੌਪਈ:

ਜਹਾਂ ਕਹਾਂ ਹੁਇ ਤੂਸ਼ਨਿ ਥਿਰੇ।
ਭੀਮਚੰਦ ਨਰ ਪਠਵਨਿ ਕਰੇ।
'ਪ੍ਰਭੁ ਜੀ ! ਭੁਲਜੋ ਮੈਂ ਬਖ਼ਸ਼ੀਜੈ।
ਨਿਜ ਬਖਸ਼ਿੰਦ ਬਿਰਦ ਲਖਿ ਲੀਜੈ ॥੨॥
ਹਮ ਨੇ ਅਪਨੋ ਸਗਲ ਬਿਗਾਰਾ[1]। — [1]ਵਿਗਾੜਿਆ ਹੈ।
ਭਯੋ ਬਿਰੋਧ ਨਿਤਾਪ੍ਰਤਿ ਭਾਰਾ।
ਅਬਿ ਮੈਂ ਸ਼ਰਣ ਪਰਜੋ ਬਲ ਹਾਰੀ[1]। — [1]ਬਲ ਹਾਰਕੇ।
ਗੌਰਵ ਮਹਿਮਾ ਜਾਨਿ ਤਿਹਾਰੀ ॥੩॥
ਗਨ ਰਾਜੇ ਉਪਦੇਸ਼ਤਿ ਮੋਹੀ।
ਜਿਸ ਤੇ ਰਾਵਰਿ ਸੋਂ ਰਣ ਹੋਹੀ[1]। — [1]ਹੋਇਆ ਸੀ।
ਕਹੇ ਅਪਰ ਕੇ ਬਿਗਰਤਿ ਰਹਜੋ।
ਅਬਿ ਮੈਂ ਸ਼ਰਨਿ, ਮਹਾਤਮ ਲਹਜੋ[1]' ॥੪॥ — [1]ਲਖ ਲਿਆ ਹੈ।
ਇੱਤਜਾਦਿਕ ਲਿਖਿ ਬਿਨੈ ਬਡੇਰੀ।
ਗੁਰ ਢਿਗ ਪਠੀ 'ਛਿਮਹੁ ਮਤਿ ਮੇਰੀ।'
ਤਬਿ ਸਤਿਗੁਰ ਕਾਗਦ ਪਠਵਾਯੋ।
ਦਯਾ ਸਿੰਘ ਸੁਨਿ ਬਾਕ ਅਲਾਯੋ ॥੫॥
'ਅਬਿ ਤੌਂ ਭਯੋ ਨਿੰਮ੍ਰ ਤਜਿ ਗਰਬਾ।
ਖੋਇ ਦਰਬ ਅਰੁ ਜਸੁ ਜਗ ਸਰਬਾ।
ਸ਼ਰਨਿ ਪਰਜੋ ਚਾਹਤਿ ਹੁਇ ਹਿਤ ਮੈਂ[1]। — [1]ਸ਼ਰਣ ਪਿਆ ਚਾਹੁੰਦਾ ਹੈ (ਇਸ ਤੋਂ ਜਾਪਦਾ ਹੈ ਕਿ ਹੁਣ) ਹਿਤ ਵਿਚ ਹੋਣਾ ਹੈ।
ਲਖਜੋ ਮਹਾਤਮ ਮੈ[1] ਕੁਛ ਚਿਤ ਮੈਂ ॥੬॥ — [1]ਮਹਾਤਮ ਵਾਲੇ [ਮਹਾਤਮਮਯ] ਪਰ ਸ਼ੁਧ ਪਾਠ-ਮਹਾਤਮ ਕੋ-ਜਾਪਦਾ ਹੈ, ਲਿਖਾਰੀ ਦੀ ਉਕਾਈ ਹੈ।
ਉਚਿਤ ਸੰਧਿ ਜੇ ਜਾਨਹੁ ਤਾਂਹੀ।
ਲਿਹੁ ਮਿਲਾਇ ਸ਼੍ਰੀ ਪ੍ਰਭੁ ! ਪਗ ਪਾਂਹੀ।
ਭੀਮ ਚੰਦ ਜੇ ਮਾਨੀ ਆਨ[1]। — [1]ਜੇ ਆਣ ਮੰਨ ਲਈ।
ਅਪਰ ਜਿ ਗਿਰਪਤਿ ਕੇਤਿਕ ਮਾਨ[1] — [1]ਹੋਰ (ਬੀ) ਕਿੰਨੇ ਹੀ ਰਾਜੇ ਮੰਨ ਜਾਣਗੇ (ਆਨ)। (ਅ) (ਫਿਰ ਉਨ੍ਹਾਂ ਦਾ) ਕਿੰਨਾਂ ਕੁ ਮਾਣ ਹੈ (ਭਾਵ ਉਹ ਬੀ

॥ ੭ ॥
ਅਧੀਨ ਹੋ ਜਾਣਗੇ।

ਬੇਮੁਖ ਹੋਇ ਮਾਰ ਬਹੁ ਖਾਈ।
ਸ਼ਰਨ ਪਰੇ ਉਰ ਮਹਿਂ ਪਛੁਤਾਈ।
ਮੇਲਹੁ ਆਪ ਉਚਿਤ ਹੈ ਬਾਤੀ।
ਜੇ ਅਧੀਨ ਇਮ ਬਡੋ ਅਰਾਤੀ[1]" ॥ ੮ ॥
[1]ਵੱਡਾ ਵੈਰੀ ਜੇ ਐਉਂ ਅਧੀਨ ਹੁੰਦਾ ਹੈ।

ਸੁਨਿ ਕਲ਼ਗੀਧਰ ਬਾਕ ਬਖਾਨਾ।
'ਪ੍ਰਥਮ ਕੁਕਰਮ ਤਿਨਹੁਂ ਹੀ ਠਾਨਾ।
ਅਬਿ ਜੇ ਮਿਲਹਿ ਨਹੀਂ ਅਪਮਾਨੈਂ[1]।
[1]ਹੁਣ ਜੇ ਮਿਲਦਾ ਹੈ ਅਸੀਂ ਨਿਰਾਦਰ ਨਹੀਂ ਕਰਦੇ।

ਤਜੈ ਬਿਰੋਧ ਗੁਰਨਿ ਕੋ ਮਾਨੈ ॥ ੯ ॥
ਹਮ ਹੁਇਂ ਤਥਾ ਜਥਾ ਸੋ ਹੋਇ।
ਮਿਲਹਿ ਮਿਲਾਵਹਿਂ ਅੰਤਰ ਖੋਇ[1]।
[1]ਜੇ ਮਿਲੇਗਾ ਤਾਂ ਅਸੀ ਮਿਲਾ ਲਵਾਂਗੇ ਫਰਕ ਗੁਵਾਕੇ।

ਰਿਸ ਬਸਿ ਹ੍ਵੈ ਕੈ ਲਰਿਬੇ ਚਾਹਾ।
ਤਿਮ ਹੀ ਮਿਲੇ ਮੇਲ ਰਣ ਮਾਂਹਾ[1]" ॥ ੧੦ ॥
[1]ਓਵੇਂ ਹੀ (ਅਸੀਂ) ਰਣ ਵਿਚ (ਉਸਨੂੰ) ਮਿਲੇ।

ਦਯੋ ਹੁਕਮਨਾਮਾ ਲਿਖਵਾਇ।
ਮ੍ਰਿਦੁਲ ਬਾਂਕ ਹਿਤ ਕੇ ਜਿਸ ਭਾਇ।
ਦੂਤ ਗਯੋ ਲੇਕਰਿ ਢਿਗ ਜਬੈ।
ਖੋਲਿ ਪਠਾਇ, ਜਾਨਿ ਹਿਤ ਸਬੈ[1] ॥ ੧੧ ॥
[1]ਖੋਲਕੇ ਪੜ੍ਹਾਈ ਤੇ ਸਾਰੀ ਅਪਣੇ ਹਿਤ ਦੀ ਜਾਣੀ।

ਹਰਖਤਿ ਹ੍ਵੈ ਕਰਿ ਕੋਪ ਮਿਟਾਯੋ।
ਪੁਨ ਪੰਮਾ ਪਰਧਾਨ ਪਠਾਯੋ।
ਮੇਲ ਕਰਯੋ ਬਾਤਨਿ ਕੇ ਸਾਥ।
ਭਯੋ ਸ਼ੁੱਧ ਮਨ ਪੁਨ ਗਿਰਨਾਥ ॥ ੧੨ ॥
ਆਵਾਜਾਈ ਸਚਿਵਨਿ ਕੇਰੀ।
ਕਰਤਿ ਰਹਯੋ ਦੇ ਭੇਟ ਬਡੇਰੀ।
ਅਪਰ ਹੰਡੂਰੀ ਆਦਿਕ ਸਾਰੇ।
ਮੰਤ੍ਰੀ ਪਠਹਿਂ ਪਰਹਿ ਜਬਿ ਕਾਰੇ ॥ ੧੩ ॥
ਕਿਸ ਗਿਰਪਤਿ ਕੈ ਭਾਵ ਬਿਸਾਲਾ।
ਕੇਚਿਤ ਕਰਹਿਂ ਅਲਪ ਹਿਤਵਾਲਾ[1]।
[1]ਕਈਕ ਥੋੜ੍ਹੇ ਹਿਤ ਵਾਲਾ (ਭਾਵ) ਕਰਦੇ ਹਨ।

ਇਸ ਬਿਧਿ ਰਸ ਹੋਯੋ ਗਿਰ ਰਾਜਨ।
ਕਰਹਿਂ ਸੁਧਾਰਨਿ ਅਪਨੇ ਕਾਜਨਿ ॥ ੧੪ ॥
ਕਬਿ ਕਬਿ ਸਤਿਗੁਰ ਚਢਹਿਂ ਅਖੇਰ।

ਬਿਚਰਹਿਂ ਕਾਨਨ ਇਤ ਉਤ ਹੇਰਿ।
ਸੰਗ ਖਾਲਸਾ ਹੈ ਸਮੁਦਾਇ।
ਤੀਰ ਗੋਰੀਆਂ ਵਹਿਰ ਚਲਾਇ ॥੧੫॥
ਨਿਤ ਸ਼ਸਤ੍ਰਨਿ ਕੋ ਹ੍ਵੈ ਅੱਭਜਾਸਾ।
ਪਰਚਹਿਂ ਰਹਹਿਂ ਪ੍ਰਭੁ ਕੇ ਪਾਸਾ।
ਰਾਣੇ ਰਾਇ ਮਿਲੇ ਸਮੁਦਾਇ।
ਜੇ ਸੈਲਨ ਕੇ ਬਿਖੈ ਬਸਾਇਂ[1] ॥੧੬॥
ਸਭਿਹਿਨਿ ਆਨ ਪ੍ਰਭੁ ਕੀ ਮਾਨੀ।
ਮਾਨੈਂ ਜੇ ਨ, ਮਿਟੈ ਰਜਧਾਨੀ[1]।
ਅਨਿਕ ਅਕੋਰਨਿ ਕੋ ਅਰਪੰਤੇ।
ਵਸਤੁ ਅਜਾਇਬ ਹੇਰਿ ਪਠੰਤੇ ॥੧੭॥
ਆਛੇ ਫਲ ਗਨ ਤੋਰਿ ਬਟੋਰਿ[1]।
ਡਾਲੀ ਪਠਹਿਂ ਗੁਰੂ ਕੀ ਓਰ।
ਕੋ ਸੂਖਮ ਚਾਵਰ ਪਹੁੰਚਾਵੈ।
ਕੋ ਬਹੁ ਮੋਲੇ ਬਸਤ੍ਰ ਪਠਾਵੈਂ ॥੧੮॥
ਜਿਸ ਬਿਲੋਕਿ ਪ੍ਰਭੁ ਕਰੈਂ ਅਨੰਦ।
ਐਸੀ ਵਸਤੁ ਪਠਾਇਂ ਬਿਲੰਦ।
ਇਕ ਦਿਨ ਗੁਰੂ ਦਿਵਾਨ ਮਝਾਰੀ।
ਨਾਰਦ ਸਾਧ ਰੂਪ ਨਿਜਧਾਰੀ ॥੧੯॥
ਸੁੰਦਰ ਪੰਖ ਬਿਹੰਗਮ ਕੇਰੇ।
ਧਰੀ ਉਪਾਇਨ ਆਨਿ ਅਗੇਰੇ।
ਬੰਦਨ ਠਾਨਿ ਦਰਸ ਕਰਿ ਬੈਸਾ।
ਦੇਖਿ ਨ ਤ੍ਰਿਪਤਹਿ ਬਹੁ ਛੁਧਿ ਜੈਸਾ ॥੨੦॥
ਤਬਿ ਸਤਿਗੁਰ ਸਾਦਰ ਬੈਠਾਯੋ।
ਮੁਸਕਾਵਤਿ ਸ਼੍ਰੀ ਬਦਨ ਅਲਾਯੋ।
'ਪੰਖ ਆਨਿਬੇ ਹੇਤੁ ਕਸਾਲਾ[1]।
ਕਰੋਂ ਰਿਖਿਦੇਵ! ਆਪ ਤੁਮ ਝਾਲਾ? ॥੨੧॥
ਤੁਮਰੋ ਦਰਸ਼ਨ ਹੈ ਬਹੁ ਪਾਵਨ।
ਕਰਹੁ ਕ੍ਰਿਪਾ ਜਬਿ ਕਰਹੁ ਦਿਖਾਵਨ।
ਪਰਉਪਕਾਰ ਹੇਤ ਧਰ ਫਿਰੋ।

[1]ਵਸਦੇ ਹਨ।

[1]ਰਾਜਧਾਨੀ ਨਾਸ਼ ਹੋ ਜਾਂਦੀ ਹੈ।

[1]ਤੋੜਕੇ ਤੇ ਕੱਠੇ ਕਰਕੇ।

[1]ਖੰਭ ਲਿਆਵਣ ਦੀ ਖੇਚਲ।

ਸੁਰ ਮੁਨਿ ਜਨ ਕੋ ਪਾਵਨ ਕਰੋ' ॥੨੨॥
ਸੁਨਿ ਮੁਨਿ ਨਾਰਦ ਪਰਮ ਬਿਸ਼ਾਰਦ[1]। [1]ਚਤੁਰ।
ਉੱਤਰ ਹੇਤੁ ਬਖਾਨੀ ਸਾਰਦ[1]। [1]ਬਾਣੀ।
'ਸ਼੍ਰੀ ਅਸਕੇਤੁ ਪੁੱਤ੍ਰ ਪ੍ਰਿਯ ਪਰਮ[1]। [1]ਸ੍ਰੀ ਅਕਾਲ ਪੁਰਖ ਦੇ (ਆਪ) ਪਰਮ ਪ੍ਰਿਯ ਪੁੱਤ੍ਰ ਹੈ।
ਧਰਜੋ ਰੂਪ ਗੁਰ ਰਾਖਨਿ ਧਰਮ ॥੨੩॥
ਤੀਨ ਤਾਪ ਖਾਪਨਿ ਸ਼ੁਭ ਦਰਸ਼ਨ।
ਆਇ ਸੁਰਗ ਤੇ ਹਰਖਤਿ ਪਰਸਨ[1]। [1]ਸ੍ਵਰਗ ਤੋਂ ਆਇਆ ਹਾਂ ਅਨੰਦ ਨਾਲ (ਚਰਨ) ਪਰਸਨ।
ਰਿਕਤ ਪਾਣ[1] ਨਹਿਂ ਆਵਤਿ ਆਛੇ। [1]ਖਾਲੀ ਹੱਥ।
ਯਾਂ ਤੇ ਭੇਟ ਲਜਾਇਬੋ ਬਾਂਛੇ ॥੨੪॥
ਬਹੁਰ ਬਿਚਾਰਜੋ ਜੋ ਹੁਇ ਪਜਾਰੀ।
ਐਸੀ ਵਸਤੁ ਲੇਉਂ ਕਰ ਧਾਰੀ।
ਕਰਨਿ ਜੰਗ ਅੱਭਜਾਸ ਬਡੇਰਾ।
ਰਿਦੇ ਬਿਚਾਰਨਿ ਕਰਿ ਮੈਂ ਹੇਰਾ ॥੨੫॥
ਯਾਂ ਤੇ ਸ਼ਸਤ੍ਰਨਿ ਕੀ ਬਹੁ ਚਾਹੂ।
ਬਿੱਦਜਾ ਚਾਂਪ ਅਧਿਕ ਸਭਿ ਮਾਂਹੂ।
ਯਾਂ ਤੇ ਤੁਮਰੇ ਸਰਨਿ ਕਰਨਿ ਕੌਂ[1]। [1]ਬਾਣਾਂ ਨਾਲ (ਜੋੜਨ) ਲਈ।
ਮੈਂ ਆਨੇ ਸ਼ੁਭ ਬੀਨ ਪਰਨਿ ਕੋ[1]† ॥੨੬॥ [1]ਖੰਭ ਚੁਣਕੇ। †ਖੰਬਾਂ ਦਾ ਪਤਾ ਤੇ ਇਨ੍ਹਾਂ ਤੋਂ ਉਪਦੇਸ਼ ਅਗਲੇ ਅੰਸੂ ਵਿਚ ਆਵੇਗਾ।
ਅਪਨੇ ਬਾਨ ਸੰਗ ਲਗਵਾਓ।
ਬਹੁਰ ਚਾਂਪ ਮੈਂ ਸੰਧਿ ਚਲਾਓ।
ਹੇਰਹੁ ਬੇਗ ਹੋਇ ਹੈ ਐਸੇ।
ਉਡਿ ਕਰਿ ਜਾਇਂ ਬਿਹੰਗਮ ਜੈਸੇ ॥੨੭॥
ਜੇਤਿਕ ਹੋਤਿ ਰਹੇ ਅਵਤਾਰਾ।
ਪਹੁੰਚਿ ਸਭਿਨਿ ਕੋ ਦਰਸ ਨਿਹਾਰਾ[1]। [1]ਮੈਂ ਦੇਖਿਆ ਹੈ।
ਰਾਮਚੰਦ ਸ਼੍ਰੀ ਕ੍ਰਿਸ਼ਨ ਨਿਹਾਰੇ।
ਸੁੰਦਰ ਨਰ ਸਰੀਰ ਬਹੁ ਧਾਰੇ ॥੨੮॥
ਅਬਿ ਰਾਵਰ ਕੋ ਰੂਪ ਛਬੀਲਾ।
ਕਰਤੇ ਰਹਹੁ ਮਾਨਵੀ ਲੀਲਾ।
ਦੇਖਤਿ ਹੀ ਮਨ ਹੋਤਿ ਸਨੇਹੂ।
ਸਰਬ ਜੋਗ ਪ੍ਰਾਪਤਿ ਫਲ ਏਹੂ ॥੨੯॥
ਕਹੋਂ ਕਹਾਂ ਰਾਵਰ ਕੀ ਸ਼ੋਭਾ।

ਦੁਸ਼ਮਨ ਭੀ ਦੇਖਤਿ ਮਨ ਲੋਭਾ।
ਖੜਗ ਨਿਖੰਗ ਅੰਗ ਕੇ ਸੰਗਾ।
ਸ਼ੋਭਤਿ ਕਲਗ਼ੀ ਸੀਸ ਉਤੰਗਾ ॥੩੦॥
ਤੁਮ ਦਰਸ਼ਨ ਤੇ ਮਹਿਦ ਅਨੰਦੰ।
ਮੁਖ ਮੰਡਲ ਦੁਤਿ ਦਿਪਹਿ ਬਿਲੰਦੰ।
ਸੁੰਦਰ ਅਪਰ ਬਿਲੋਕਨਿ ਕੇਰੀ।
ਨਹਿਂ ਬਾਂਛਾ ਰਹਿ ਤੁਮ ਕੋ ਹੇਰੀ[1] ॥੩੧॥

[1]ਆਪਦੇ ਦਰਸ਼ਨ ਕਰਕੇ ਹੋਰ ਸੁੰਦਰਤਾ ਦੇ ਦੇਖਣ ਦੀ ਚਾਹ ਨਹੀਂ ਰਹਿੰਦੀ।

ਸੂਰ ਸ਼ਿਰੋਮਣਿ ਪੰਥ ਚਲਾਯੋ।
ਰਚਜੋ ਸਭਿਨਿ ਕੋ ਜੁੱਧ ਸਿਖਾਯੋ।
ਜਿਸ ਮਹਿਂ ਅਤਿ ਪ੍ਰਸੰਨਤਾ ਮੋਹੀ।
ਪਿਖਿ ਪਿਖਿ ਦਾਰੁਣ ਮਨ ਮਹਿਂ ਹੋਹੀ[1] ॥੩੨॥

[1]ਭਿਆਨਕ ਜੰਗ ਵੇਖ ਵੇਖ ਮੇਰੇ ਮਨ ਵਿਚ ਇਹ ਆਉਂਦੀ ਹੈ:-।

ਧੰਨ ਗੁਰੂ ਗੁਰ ਗਾਦੀ ਧੰਨ।
ਜਿਨ ਕੀ ਮਮਤਾ ਕਰਹਿ ਨ ਅੰਨ।
ਰੂਪ ਮਹਿਦ ਮਹੀਯਾਨ ਤੁਮਾਰਾ।
ਨੇਤਿ ਨੇਤਿ ਜਿਸ ਬੇਦ ਉਚਾਰਾ ॥੩੩॥
ਸਰਬ ਸੁਰਾਸੁਰ ਸ਼ਾਰਦ ਸ਼ੇਖ।
ਅੰਤ ਨ ਪਾਇ ਸਕਹਿਂ ਅਵਿਰੇਖ।
ਨਿਜ ਬ੍ਰਹਮੰਡ ਰੂਪ ਤੁਮ ਧਾਰਾ।
ਪਗ ਪਤਾਲ ਜੋ ਧਰੈ ਪਸਾਰਾ[1] ॥੩੪॥

[1]ਪਤਾਲ ਜੋ ਹੇਠ ਪਸਰਿਆ ਹੋਇਆ ਹੈ (ਆਪਦੇ) ਚਰਨ ਹਨ।

ਸਾਗਰ ਉਦਰ[1], ਨਸਾ ਨਦ ਨਾਰੇ[2]।
ਲੋਚਨ ਸੂਰਜ ਚੰਦ ਉਦਾਰੇ।
ਬ੍ਰਹਮਲੋਕ ਪ੍ਰਭੁ ਸੀਸੁ ਬਨਾਯੋ।
ਜਹਿਂ ਕਹਿਂ ਏਕੋ ਰੂਪ ਸੁਹਾਯੋ' ॥੩੫॥

[1]ਸਮੁੰਦਰ ਪੇਟ ਹੈ। [2]ਨਦੀਆਂ ਨਾਲੇ ਨਾੜੀਆਂ ਹਨ।

ਇੱਤਜਾਦਿਕ ਜਬਿ ਨਾਰਦ ਕਹਜੋ।
ਬਰਜਤਿ ਗੁਰੁ[1] 'ਤੁਮ ਸਭਿ ਕਿਛ ਲਹਜੋ।

[1]ਹੋਰ ਕਹਿਣੋ) ਰੋਕਣ ਲਈ ਗੁਰੂ ਜੀ ਨੇ ਕਿਹਾ। ਰੋਕਣ ਦਾ ਕਾਰਨ ਇਹ ਸੀ ਕਿ ਹੋਰ ਖੁਲ੍ਹੀਆਂ ਗੱਲਾਂ ਨਾ ਕਰੇ।

ਅਹੋ ਦੇਵਰਿਖਿ! ਨਿਤ ਸਰਬੱਗਜ।
ਸਭਿ ਤੇ ਦੀਰਘ ਅਹੋ ਤਤੱਗਜ' ॥੩੬॥
ਇਸ ਬਿਧਿ ਕਹਿ ਕਰਿ ਆਪਸ ਮਾਂਹੀ।
ਭਏ ਅਨੰਦਤਿ ਮਿਲਿ ਕਰਿ ਤਾਂਹੀ[1]।

[1]ਤਿਸ ਨਾਰਦ ਨੂੰ।

ਕਰੀ ਪਰਸਪਰ ਨਮੋ ਸਿਧਾਰਾ।
ਬ੍ਰਹਮਲੋਕ ਕੋ ਮੁਨੀ ਪਧਾਰਾ ॥੩੭॥
ਦੇਖਤਿ ਸਭਿ ਕੇ ਅੰਤਰਧਜਾਨਾ।
ਸਿੱਧ ਸਮਾਨ ਖਾਲਸੇ ਜਾਨਾ।
ਪਾਛੇ ਪੂਛਨਿ ਕੀਨੋ ਸਬੈ।
ਭੇਵ ਬਤਾਯੋ ਸਤਿਗੁਰੁ ਤਬੈ ॥੩੮॥
'ਕਮਲਾਸਨ ਕੋ ਨੰਦਨ[1] ਨਾਰਦ। [1]ਬ੍ਰਹਮਾ ਦਾ ਪੁੱਤ੍ਰ।
ਅਹੈ ਦੇਵਰਿਖਿ ਪਰਮ ਬਿਸ਼ਾਰਦ[1]।' [1]ਚਤੁਰ।
ਇਮ ਕਹਿ ਪੰਖ ਆਪ ਕਰ ਲਏ।
ਏਕ ਸਿੰਘ ਸੋਂ ਇਮ ਕਹਿ ਦਏ ॥੩੯॥
'ਲੇ ਗਮਨਹੁ ਕਾਰੀਗਰ ਤੀਰ।
ਬੈਠਿ ਨਿਕਟ ਲਗਵਾਵਹੁ ਤੀਰ।
ਇਨ ਕੋ ਤਜਾਗਿ ਦੂਰ ਨਹਿਂ ਜਾਵਹੁ।
ਦੇਖਤਿ ਦ੍ਰਿਗਨ[1] ਬਾਨ ਬਨਵਾਵਹੁ' ॥੪੦॥ [1]ਅੱਖੀਂ ਵੇਖਦਿਆਂ।
ਸੁਨਿ ਪ੍ਰਭੁ ਤੇ ਲੇ ਕਰਿ ਤਬਿ ਗਯੋ।
ਨਿਕਟ ਬੈਠਿ ਬਨਵਾਵਤਿ ਭਯੋ।
ਦੀਰਘ ਪੰਖ ਸੁ ਦੀਰਘ ਬਾਨਾ।
ਕਰੇ ਤਜਾਰ ਸੋ ਰੁਚਿਰ ਮਹਾਨਾ ॥੪੧॥
ਆਛੇ ਸਰ ਬਨਾਇ ਲੇ ਆਯੋ।
ਸੋ ਪ੍ਰਭੁ ਕੋ ਦੇ ਸੀਸ ਨਿਵਾਯੋ।
ਆਪ ਹਾਥ ਮਹਿਂ ਧਰਿ ਕਰਿ ਹੇਰੇ।
ਸਰਬ ਥੂਲ ਖਪਰੇ ਸੁ ਬਡੇਰੇ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਨਾਰਦ ਜੀ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅੰਸੂ ॥੫੦॥

# ੫੧. [ਖੰਭਾਂ ਦੁਵਾਰਾ ਉਪਦੇਸ਼]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਥਿਰਜੋ ਖਾਲਸਾ ਪਾਸ ਗਨ ਹੁਕਮ ਕਰਜੋ ਮਹਾਰਾਜ।
'ਦੂਰ ਦੂਰ ਲਗਿ ਖਰੇ ਰਹੁ[†] ਬਾਨ ਖੋਜਿਬੇ ਕਾਜ' ॥੧॥ [†]ਪਾ:-ਹੋਇ।

ਚੌਪਈ:

ਸੁਨਿ ਕਰਿ ਸਿੰਘ ਧਾਇ ਕਰਿ ਗਏ।
ਖਰੇ ਸੈਂਕਰੇ ਹੋਵਤਿ ਭਏ।
ਪੂਰਬ ਦਿਸ਼ਿ ਸ਼੍ਰੀ ਮੁਖ ਕੋ ਕਰਿ ਕੈ।
ਚਾਂਪ ਕਠੋਰ ਆਪ ਕਰ ਧਰਿ ਕੈ ॥੨॥
ਖੈਂਚਜੋ ਬਾਨ ਸੰਧਿ ਕੈ ਬਲ ਤੇ।
ਸਕਲ ਬਿਲੋਕਤਿ ਹੈਂ ਤਿਸ ਚਲਿਤੇ।
ਕਹਜੋ ਗੁਰੂ 'ਦੇਖਹੁ ਨਭ ਜੈ ਹੈ[1]। [1]ਅਕਾਸ਼ ਨੂੰ ਜਾਣਦਾ ਹੈ (ਬਾਣ)।
ਰਾਖਹੁ ਦ੍ਰਿਸ਼ਟਿ ਤਰੇ ਉਤਰੈ ਹੈ?' ॥੩॥
ਛੋਰਜੋ ਜਬੈ, ਮਹਾਂ ਧੁਨਿ ਹੋਈ।
ਗਰਜਿ ਸੁਨੀ ਸਭਿ, ਗਮਨਜੋ ਸੋਈ।
ਰਹੇ ਦੇਖਤੇ ਦ੍ਰਿਗਨ ਲਗਾਇ।
ਗਯੋ ਉਤੰਗ ਨ ਪਰੈ ਦਿਖਾਇ ॥੪॥
ਬਹੁਰ ਦੂਸਰੋ ਤਜਾਗਨਿ ਕੀਨ।
ਤੀਸਰ ਚਾਂਪ ਐਂਚਿ ਤਬਿ ਦੀਨ।
ਤਿਮ ਹੀ ਚੌਥੇ ਦਿਯੋ ਚਲਾਇ।
ਬਹੁਰ ਪੰਚਮੋ ਗਾਜਤਿ ਜਾਇ ॥੫॥
ਸਭ ਸੋਂ ਕਹਿ ਕਹਿ ਤਜਾਗਨ ਕਰੈਂ।
ਊਪਰ ਦੂਰ ਦ੍ਰਿਸ਼ਟਿ ਨਹਿਂ ਧਰੈਂ।
ਦੇਖਤਿ ਰਹੇ ਖਰੇ ਸਭਿ ਹੋਇ।
-ਆਵਹਿ ਤੀਰ[1]- ਪ੍ਰਤੀਖਹਿਂ ਸੋਇ ॥੬॥ [1]ਤੀਰ ਆਵੇਗਾ।
ਬੀਤਜੋ ਜਾਮ ਰਹੇ ਤਹਿਂ ਠਾਂਢੇ।
ਹਟਿ ਨਹਿਂ ਆਏ, ਅਚਰਜ ਬਾਢੇ।
ਪੁਨ ਸਭਿ ਸਤਿਗੁਰ ਨਿਕਟ ਪਹੂਚੇ।
'ਪ੍ਰਭੁ ਜੀ! ਦੇਖਿ ਰਹੇ ਹਮ ਊਚੇ ॥੭॥
ਗਏ ਗਗਨ ਮਹਿਂ ਫਿਰੇ ਨ ਫੇਰੇ[1]। [1](ਬਾਣ) ਵਾਪਸ ਨਹੀਂ ਮੁੜੇ।

ਦੂਰਿ ਦੂਰਿ ਥਿਰੁ ਹੁਇ ਤਿਹ ਹੇਰੇ।
ਤਰੇ ਧਰਾ ਪਰ ਸੋ ਨਹਿਂ ਆਏ।
ਜੇ ਆਵਤਿ ਦਿਖੀਅਹਿ ਸਮੁਦਾਏ ॥੮॥
ਗਰਜਤਿ ਪੁਨ ਕੋ ਮੇਘ ਸਮਾਨਾ।
ਸੋ ਹਮ ਸੁਨਤਿ ਰਹੇ ਥਿਰ ਕਾਨਾ।
ਗਏ ਦੂਰ ਪੁਨ ਸੁਨੀ ਨ ਸੋਈ।
ਸਭਿ ਕੀ ਮਤਿ ਬਿਸਮਤਿ ਪਿਖਿ ਹੋਈ' ॥੯॥
ਸੁਨਿ ਪ੍ਰਭੁ ਕਹਯੋ 'ਨ ਊਪਰ ਕੋ ਹੈ'[1]।
ਗਗਨ ਪੁਲਾੜ ਪਰਯੋ ਸਭਿ ਓਹੈ[2]।
ਥਿਰ ਹ੍ਵੈਬੇ ਕੋ ਥਾਨ ਨ ਕੋਈ।
ਗਹੇ ਨ ਕਿਨਹੁ ਨ ਕਿਤ ਗੇ ਸੋਈ ॥੧੦॥
ਨੀਕੇ ਦੇਖਿ ਖੋਜਨਾ ਕਰੀਅਹਿ।
ਬਾਨ ਅਜਾਇਬ ਲਜਾਉ, ਨ ਟਰੀਅਹਿ।
ਕਹਾਂ ਗਏ ਕੈ ਦੇਹੁ ਬਤਾਇ?
ਬਾਨ ਬਿਕੀਮਤ ਦਏ ਚਲਾਇ' ॥੧੧॥
ਸ਼੍ਰੀ ਮੁਖ ਤੇ ਸੁਨਿ ਕੈ ਸਿਖ ਕਹੈਂ।
'ਹਮ ਨਹਿਂ ਭੇਵ ਤਿਨੇਂ ਕੋ ਲਹੈਂ।
ਕੁਦਰਤ ਕੇ ਮਾਲਿਕ ਗੁਰ ਪੂਰੇ।
ਕੌਨ ਲਖਹਿ ਚਾਲਿੱਤ੍ਰ ਸੁ ਰੂਰੇ ॥੧੨॥
ਜਾਨਹੁ ਆਪ ਸਰਬ ਕੀ ਗਤੀ।
ਪਕਰੇ ਕਿਧੌਂ ਥਿਰੇ ਜਿਤ ਕਿਤੀ।
ਦੇਖਤਿ ਰਹੇ ਗਗਨ ਦਿਸ਼ਿ ਸਾਰੇ।
ਪਿਖਿ ਚਲਤੇ ਪੁਨ ਨਹੀਂ ਨਿਹਾਰੇ ॥੧੩॥
ਰਹੇ ਪ੍ਰਤੀਖਤਿ ਜਾਮ ਬਿਤਾਯੋ।
ਤਿਨ ਆਗਮਨ ਨਹੀਂ ਲਖਿ ਪਾਯੋ।'
ਸ਼੍ਰੀ ਮੁਖ ਮੁਸਕਾਵਤਿ ਮੰਦ ਮੰਦ।
ਕਹਤਿ ਭਏ, ਤੁਮ ਸੁਮਤਿ ਬਿਲੰਦ ॥੧੪॥
ਸਗਰੇ ਕਰੀਅਹਿ ਭਲੇ ਬਿਚਾਰਨ।
ਸਰ ਆਗਮਨ[1] ਨ ਭਾ ਕਿਸੁ ਕਾਰਨ?

[1]ਉਪਰ ਕੋਈ (ਥਾਉਂ) ਨਹੀਂ ਹੈ (ਜਿੱਥੇ ਬਾਣ ਅਟਕ ਰਹੇ)। (ਅ) ਉਪਰ ਕੋਈ (ਬਾਣ) ਨਹੀਂ।
[2]ਔਹ (ਸਾਹਮਣੇ) ਸਾਰਾ ਅਕਾਸ਼ ਖਾਲੀ ਪਿਆ ਹੈ।

[1]ਤੀਰਾਂ ਦਾ (ਹੇਠਾਂ) ਆਵਣਾ।

ਗਏ ਗਹੇ ਕੈ ਕਿਤਹੁੰ ਸਿਧਾਰੇ?
ਜਿਸ ਤੇ ਆਵਤਿ ਨਹੀਂ ਨਿਹਾਰੇ' ॥੧੫॥
ਤਬਿ ਕਰ ਜੋਰਿ ਖਾਲਸਾ ਕਹੈ।
'ਰਾਵਰ ਸਕਲ ਸਥਲ ਗਤਿ ਲਹੈਂ।
ਦਾਸਨ ਕੋ ਸਰ ਗਤੀ[1] ਬਖਾਨੋ।

[1]ਬਾਣਾਂ ਦੀ ਗਤੀ।

-ਜਿਮ ਕਿਤ ਅਟਕੇ- ਪ੍ਰਭੁ! ਸੁ ਜਾਨੋਂ ॥੧੬॥
ਲਾਲਸ ਲਖੀ ਖਾਲਸੇ ਕੇਰੀ।
ਸ਼੍ਰੀ ਮੁਖ ਉਚਰਤਿ ਭੇ ਤਿਸ ਬੇਰੀ।
'ਇਹ ਤੁਮ ਕੋ ਦ੍ਰਿਸ਼ਟਾਂਤ ਦਿਖਾਯੋ।
ਦਾਸ਼ਟਾਂਤ[1] ਅਬਿ ਸੁਨਹੁ ਸੁਹਾਯੋ[†] ॥੧੭॥

[1]ਜਿਸ ਪਰ ਦ੍ਰਿਸ਼ਟਾਂਤ ਘਟਦਾ ਹੈ। [†]ਪਾ:-ਸੁਨਹੁ ਖਾਲਸਾ ਸਰਬ ਸੁਹਾਯੋ।

ਪਰ ਹੁਮਾਉ[1] ਸੰਗ ਲਾਗਜੋ ਕਾਨ।

[1]ਇਕ ਪੰਛੀ ਮੰਨਿਆਂ ਹੈ ਜਿਸਦੇ ਸਿਰ ਤੋਂ ਲੰਘਣ ਨਾਲ ਬਾਦਸ਼ਾਹੀ ਮਿਲਦੀ ਹੈ।

ਹਮ ਧਨੁ ਜੋਰਿ ਤਜਜੋ ਬਰ ਬਾਨ।
ਸੋ ਖਗ ਅਪਣੇ ਦੇਸ਼ ਮਝਾਰਾ।
ਲੇ ਗਮਨਜੋਂ ਸਰ, ਤਰੈ ਨ ਡਾਰਾ ॥੧੮॥
ਤਿਮ ਗੁਰਬਾਨੀ ਕੇ ਸੰਗ ਲਾਗਾ।
ਪਠਤਿ ਸੁਨਤਿ ਜੋ ਕਰਿ ਅਨੁਰਾਗਾ।
ਸੋ ਬਾਨੀ ਪਾਠਕ ਲੇ ਜਾਇ।
ਦੇਸ਼ ਗੁਰੂ ਕੋ ਰਿਦਾ ਸੁਹਾਇ[1] ॥੧੯॥

[1](ਉਸ) ਪਾਠਕ ਨੂੰ ਬਾਣੀ ਲੈ ਜਾਂਦੀ ਹੈ ਗੁਰੂ ਕੇ ਹਿਰਦੇ ਰੂਪੀ ਸੁਹਾਵਣੇ ਦੇਸ ਨੂੰ।

ਨਿਜ ਸੰਗੀ ਤਹਿਂ ਕਰਹਿ ਪੁਚਾਵਨ।
ਜਹਾਂ ਬਹੁਰ ਨਹੀਂ ਆਵਨ ਜਾਵਨ[1]।

[1]ਭਾਵ ਬਾਣੀ ਆਪਣੇ ਸੰਗੀ ਨੂੰ ਅਮਰ ਦੇਸ਼ ਪਹੁੰਚਾ ਦੇਂਦੀ ਹੈ। ਯਥਾ-ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ।

ਸ਼੍ਰੀ ਸਤਿਗੁਰ ਸਨ ਦਤਿ ਮਿਲਾਇ।
ਬਡਿ ਅਨੰਦ ਮਹਿਂ ਰਹੈ ਸਮਾਇ ॥੨੦॥
ਪੰਖੀ ਗੁਰੂ, ਸੁ ਪੰਖ ਸ਼ਬਦ ਗਨ[1]।

[1]ਸਾਰੇ (ਗੁਰੂ ਗ੍ਰੰਥ ਜੀ ਦੇ) ਸ਼ਬਦ ਖੰਭ ਹਨ।

ਸਿਖ ਸਰ ਸੰਗ ਲਗੇ ਜਿਸ ਕੇ ਮਨ[1]।

[1]ਸਿੱਖ ਤੀਰ ਹਨ ਜਿਨ੍ਹਾਂ ਦੇ ਮਨਾਂ ਨਾਲ (ਗੁਰੂ ਕੇ ਸ਼ਬਦਾਂ ਰੂਪੀ ਖੰਭ) ਲਗੇ ਹਨ।

ਜਨਮ ਮਰਨ ਜੁਗ ਰਾਗ ਰੁ ਦ੍ਵੈਸ਼।
ਹਰਖ ਸੋਗ ਕੋ ਜਹਾਂ ਨ ਲੇਸ਼ ॥੨੧॥
ਗੁਰ ਪੰਖੀ ਕੋ ਬਾਸਾ ਤਹਾਂ।

ਇਕ ਰਸ ਅਨੰਦ ਉਦਧਿ ਨਿਤ ਜਹਾਂ।
ਜਹਿਂ ਪਰਿਣਾਮ[1] ਨ ਹੋਤਿ ਕਦਾਈ।
ਤਹਿਂ ਸਿਖ ਸਰ ਕੋ[1] ਦੇਤਿ ਪੁਚਾਈ ॥੨੨॥
ਤਥਾ ਅਪਰ ਦ੍ਰਿਸ਼ਟਾਂਤ ਸੁਨੀਜੈ।
ਜਿਸ ਕੋ ਜਾਨਿ ਨਾਮ ਰਸ ਪੀਜੈ।
ਨਾਮ ਪੰਖ, ਨਾਮੀ ਸੁ ਬਿਹੰਗ[1]।
ਜੋ ਜੱਗਜਾਸੀ ਲਾਗਜੋ ਸੰਗ ॥੨੩॥
ਪ੍ਰਾਨ ਅੰਤ ਲਗਿ ਤਜਾਗਜੋ ਨਾਂਹੀ।
ਲਾਗਜੋ ਰਹਜੋ ਨਾਮ ਰਸ ਮਾਂਹੀ।
ਪੰਖ ਨਾਮ ਲੇ ਸਰ ਜੱਗਜਾਸੀ[1]।
ਜਾਇ ਮਿਲਾਵਤਿ ਸ੍ਰੀ ਪ੍ਰਭੁ ਪਾਸੀ ॥੨੪॥
ਜਹਿਂ ਨਾਮੀ ਕੋ ਦੇਸ਼ ਸੁਹਾਵਨ।
ਤਹਾਂ ਕਰਹਿ ਬਿਨ ਬਿਲਮ ਪੁਚਾਵਨ।
ਯਾਂ ਤੇ ਰਟਹੁ ਸਦਾ ਗੁਰਬਾਨੀ।
ਜਗਤ ਉਧਾਰਨਿ ਪਰਖ ਨਿਸ਼ਾਨੀ ॥੨੫॥
ਉਠਤਿ ਬੈਠਤਿ ਥਿਤ ਕੈ ਚਾਲੇ।
ਪਠਹੁ ਸ਼ਬਦ ਨਿਤ ਰਹਹੁ ਸੁਖਾਲੇ।
ਬਹੁਰ ਨ ਹੋਇ ਜਗਤ ਮਹਿਂ ਫੇਰਾ।
ਕਰਹਿ ਉਬਾਰਨਿ ਗੁਰੂ ਬਡੇਰਾ ॥੨੬॥
ਤਿਮ ਹੀ ਸੱਤਿਨਾਮ ਸਿਮਰੀਜੈ।
ਇਕ ਭੀ ਸ੍ਵਾਸ ਨ ਬਿਰਥਾ ਲੀਜੈ।
ਮਨ ਜਿਹਵਾ ਕੇ ਸੰਗ ਮਿਲਾਇ।
ਰਾਖਹਿਂ ਨਿਸ ਦਿਨ ਮਹਿਂ ਸੁਖਦਾਇ ॥੨੭॥
ਤਿਸ ਕੋ ਅੰਤ ਸਮਾ ਜਬਿ ਆਵੈ।
ਨਾਮੀ ਹਿਤ ਸਹਾਇਤਾ ਧਾਵੈ।
ਪੁੰਨ ਪਾਪ ਕੇ ਬੰਧਨ ਸਾਰੇ।
ਸ੍ਰੀ ਕਰਤਾਰ ਤੁਰਤ ਨਿਰਵਾਰੇ ॥੨੮॥

[1]ਭਾਵ ਇਕ ਰਸ ਹਾਲਤ ਰਹੇ ਜਿੱਥੇ [ਸੰਸ:. ਪਰਿਣਾਮ=ਰੁਪਾਂਤਰ ਹੋਣਾ, ਬਦਲੀ]।
[1]ਸਿੱਖ ਰੁਪੀ ਤੀਰ ਨੂੰ।
[1]ਪੰਛੀ ਹੈ।
[1]ਜੱਗਜਾਸੀ ਰੁਪ ਬਾਣ ਨੂੰ ਨਾਮ ਰੁਪੀ ਖੰਭ।

ਨਿਕਟ ਆਪਨੇ ਜਨ ਕਰਿ ਰਾਖੇ।
ਜਿਸ ਪਦ ਕੋ ਜੋਗੀ ਅਭਿਲਾਖੇ।
ਅਨਿਕ ਜਤਨ ਤੇ ਸਾਧਹਿਂ ਜੋਗ।
ਹੋਹਿ ਸਪੂਰਨ, ਤਨ ਬਿਨ ਰੋਗ ॥੨੯॥
-ਬ੍ਰਹਮ ਦ੍ਵਾਰ[1] ਮਹਿਂ ਬ੍ਰਿਤੀ ਟਿਕਾਵੈ।
ਜੁਗਤ ਜੋਗ ਕੇ ਰਸ ਕੋ ਪਾਵੈ[1]-।
ਸੋ ਅਬਿ ਕਲੀਕਾਲ ਮਹਿਂ ਨਾਂਹੀ।
ਯਾਂ ਤੇ ਰਮਹੁ ਨਾਮ ਰਸ ਮਾਂਹੀ ॥੩੦॥
ਰਹਿਤ ਵਹਿਰ ਤਨ ਕੀ ਸਭਿ ਧਰੈ।
ਜਿਮ ਗੁਰ ਭਨਯੋ ਨ ਤਿਸ ਤੇ ਟਰੈ।
ਅੰਤਰ ਵ੍ਰਿਤੀ ਨਾਮ ਲਿਵਲਾਵੈ।
ਗੁਰ ਮੂਰਤਿ ਕੋ ਰਿਦੈ ਬਸਾਵੈ ॥੩੧॥
ਪਾਰਬ੍ਰਹਮ ਪੂਰਨ ਕਰਤਾਰਾ।
ਪਰਮੇਸ਼ੁਰ ਜਗਦੀਸ਼ ਉਦਾਰਾ।
ਦੀਨ ਬੰਧੁ ਪ੍ਰਿਯ ਸਿੱਖਨ ਕੇਰਾ।
ਪ੍ਰਭੁ ਹਰਿ ਬ੍ਯਾਪਕ ਜਹਿਂ ਕਹਿਂ ਹੇਰਾ ॥੩੨॥
ਅਚੁੱਤ[1], ਮਹਾਂ ਪੁਰਖ, ਗੁਣਖਾਨੀ।
ਪਰਮ ਕ੍ਰਿਪਾਲ, ਪਰਮ ਸੁਖਦਾਨੀ।
ਨਿਰਭਉ, ਨਿਰੰਕਾਰ, ਨਿਰਕਾਲ[1]।
ਨਿਰਗੁਨ ਸਰਗੁਨ ਰੂਪ ਬਿਸਾਲ ॥੩੩॥
ਪ੍ਰਭੁਸੰਭੂ[1], ਨਿਰਭਉ, ਸਭਿ ਸ੍ਵਾਮੀ।
ਮਧੁਸੂਦਨ ਨਿਤ ਅੰਤਰਜਾਮੀ।
ਜਗਜੀਵਨ, ਜਗ ਰਚਨ ਬਿਧਾਤਾ।
ਨਾਰਾਇਣ, ਨਰਪਤਿ, ਜਗ ਦਾਤਾ ॥੩੪॥
ਦੁਸ਼ਟਨ ਗੰਜਨ, ਜਨ ਮਨ ਰੰਜਨ।
ਕਰਤਾਪੁਰਖ, ਅਨੰਤ, ਅਭੰਜਨ।
ਸੱਤਿ ਰੂਪ, ਜੋਤਿਨ ਕੀ ਜੋਤਿ।
ਜਿਹ ਸੱਤਾ ਤੇ ਜਗਤ ਉਦੋਤਿ ॥੩੫॥
ਪਰਮਾਤਮ, ਨਰਹਰਿ, ਅਬਿਨਾਸ਼ੀ।

[1]ਬ੍ਰਹਮਰੰਧ੍ਰ। ਸਿਰ ਦੀ ਉਪਰਲੀ ਹੱਡੀ ਵਿਚ ਇਕ ਛੇਕ ਮੰਨਿਆ ਹੈ ਜਿਸਨੂੰ ਫੋੜਕੇ ਯੋਗੀ ਦੇ ਪ੍ਰਾਣ ਨਿਕਲਨੇ ਤੇ ਸਦਗਤੀ ਮੰਨਦੇ ਹਨ। ਇਥੇ ਭਾਵ-ਦਸਮ ਦ੍ਵਾਰ।
[1]ਜੋਗ ਵਿਚ ਜੁੜਕੇ ਉਸ ਦੇ ਰਸ ਨੂੰ ਪਾਵੇ।
[1]ਅਗਿੜ।
[1]ਅਕਾਲ।
[1]ਸੁਤੇ ਪ੍ਰਕਾਸ਼ ਰੂਪ।

ਰੂਪ ਨ ਰੰਗ ਨ ਘਟਿ ਘਟਿ ਵਾਸੀ।
ਪੁਰਸ਼ੋਤਮ, ਪਾਵਨ, ਦੁਖਹਾਰੀ।
ਮਹਿਦ ਮਨੋਹਰ, ਆਨੰਦਕਾਰੀ ॥੩੬॥
ਪਦਮਾਪਤ, ਮਾਧਵ, ਗੋਬਿੰਦ।
ਵਾਹਿਗੁਰੂ, ਸਤਿਗੁਰੂ, ਮੁਕੰਦ।
ਖਲ ਦਲ ਹਰਤਾ, ਗਰਬ ਪ੍ਰਹਾਰੀ।
ਰਾਮ, ਕਿਸ਼ਨ, ਗੋਬਿੰਦ, ਮੁਰਾਰੀ ॥੩੭॥
ਗਨ ਜਨਾਰਦਨ, ਬਿੱਖ੍ਰਕ ਸੈਨਾ[1]।

[1]ਸਮੂਹ ਜਨ ਜਿਸ ਤੋਂ ਯਾਚਦੇ ਹਨ ਤੇ (ਬਿੱਖ੍ਰਕ=) ਸ਼ੇਸ਼ਨਾਗ ਜਿਸ ਦੀ ਸੇਜਾ ਹੈ।

ਕਲਮਲ ਹਰਤਾ, ਪੰਕਜ ਨੈਨਾ।
ਜੋਗੇਸ਼੍ਵਰ ਕੇ ਧ੍ਯਾਨ ਬਸੈਯਾ।
ਸ਼੍ਯਾਮ ਰੂਪ, ਅਨੂਪ ਸੁਹੈਯਾ[†] ॥੩੮॥

[†]ਇਹ ਸਾਰੇ ਕਵਿ ਜੀ ਦੱਸ ਰਹੇ ਹਨ ਕਿ ਮੈਂ ਪਰਮੇਸ਼ਰ ਦੇ ਨਾਮ ਲੈ ਰਿਹਾ ਹਾਂ, ਇਨ੍ਹਾਂ ਦੇ ਅਰਥ ਸਰਗੁਣ ਅਵਤਾਰਾਂ ਦੇ ਏਥੇ ਨਹੀਂ ਲਗਦੇ। ਇਹ ਸਭ ਪਰਮੇਸ਼ਰ ਦੇ ਹੀ ਨਾਮ ਹਨ।

ਖੜਗਕੇਤੁ ਅਸਕੇਤੁ ਨਿਰੰਜਨ।
ਭਗਤਨਿ ਪ੍ਰਿਯ ਭਵ ਭ੍ਯਾਨ ਪ੍ਰਭੰਜਨ[1]।

[1]ਭਿਆਨਕ ਸੰਸਾਰ ਨੂੰ ਨਾਸ਼ ਕਰਨ ਵਾਲਾ।

ਮਹਾਂਕਾਲ ਬਡ ਉੱਗ੍ਰ ਸਰੂਪੰ।
ਸ਼ਾਹਨਸ਼ਾਹ ਭੂਪ ਗਨ ਭੂਪੰ ॥੩੯॥
ਇੱਤ੍ਯਾਦਿਕ ਜਿਹ ਨਾਮ ਅਪਾਰਾ।
ਕਰਿ ਬਿਸਤਾਰ ਨ ਪਈਅਤਿ ਪਾਰਾ।
ਸਿਮਰਨ ਕਰਨਿ ਲੇਨਿ ਰਸ ਰਸਨਾ[1]।

[1]ਜੋ) ਰਸਨਾ ਨਾਲ ਸਿਮਰਨ ਦਾ ਰਸ ਲੈਂਦਾ ਹੈ।

ਸਦਾ ਸੁਖੇਨ ਪਰਹਿ ਜਮ ਬਸ ਨਾ[1] ॥੪੦॥

[1]ਓਹ) ਜਮਾਂ ਦੇ ਵਸ ਨਹੀਂ ਪੈਂਦਾ।

ਜੋ ਕ੍ਰਿਤ ਕਰਹਿ ਮਾਨੁ ਸੋ ਆਛੇ[1]।

[1]ਜੋ ਪਰਮੇਸ਼ਰ ਕਰੇ ਸੋਈ ਅੱਛੀ ਮੰਨੋ।

ਤਿਸ ਮਹਿਂ ਰਹੁ ਹਰਖਤਿ ਸੁਖ ਬਾਂਛੇ।
ਤਨੁ ਹੰਤਾ ਕੋ ਤ੍ਯਾਗਨ ਕਰੀਅਹਿ।
ਪ੍ਰਭੂ ਰਜ਼ਾਇ ਹਰਖ ਅਨੁਸਰੀਅਹਿ' ॥੪੧॥
ਤੀਨਹੁ ਸਾਧਨ[1] ਕੇਵਲ ਕੇਰੇ।

[1]ਭਾਣਾ ਮੰਨਣਾ, ਤਨ ਹੰਤਾ ਤਿਆਗਣਾ ਤੇ ਸਤਿਨਾਮ ਦਾ ਜਾਪ।

ਸਤਿਗੁਰ ਦਏ ਬਤਾਇ ਬਡੇਰੇ।
ਭਾਣਾ ਮਾਨਨਿ, ਹੰਤਾ ਤ੍ਯਾਗਨਿ।

ਸੱਤਿਨਾਮ ਸਿਮਰਨਿ ਲਿਵਲਾਗਨਿ ॥੪੨॥
ਇਹੀ ਪਰਮਪਦ ਕੋ ਪਹੁੰਚਾਵੈਂ।
ਕ੍ਰਿਪਾ ਜਿਨਹੁ ਪਰ ਸੋ ਚਲਿ ਜਾਵੈਂ।
ਵਹਿਰ ਕ੍ਰਿਯਾ ਸ਼ਸਤ੍ਰਨਿ ਅੱਭਜਾਸ।
ਪਾਪੀ ਦੁਸ਼ਟਨ ਕਰਨ ਬਿਨਾਸ ॥੪੩॥
ਸਤਿਗੁਰ ਕਰੀ ਪਰਮ ਬਖਸ਼ੀਸ਼।
ਜਗ ਕੇ ਸੁਖ ਮਿਲਿਬੋ ਜਗਦੀਸ਼[1]।
ਬਡੇ ਭਾਗ ਜਾਗਹਿਂ ਜਿਨ ਕੇਰੇ।
ਚਲੈਂ ਸੁ ਮਾਰਗ ਇਸੀ ਅਛੇਰੇ ॥੪੪॥
ਜਿਮ ਅਰਜਨ ਸੰਗ ਭਾਖੀ ਗੀਤਾ।
'ਕਰਮ ਫਲਨ ਤੇ ਰਹਹੁ ਅਤੀਤਾ[1]।
ਧਰਮ ਧਰਨਿ ਆਯੁਧ[1] ਕੋ ਕਰੀਯਹਿ।
ਅਪਨੋ ਸਾਖੀ ਰੂਪ ਬਿਚਰੀਯਹਿ' ॥੪੫॥
ਤਥਾ ਖਾਲਸੇ ਪ੍ਰਤਿ ਉਪਦੇਸ਼।
'ਸੱਤਿਨਾਮ ਕੋ ਭਜਨ ਹਮੇਸ਼।
ਵਹਿਰ ਕਰਮ ਰਣ ਕਰਨ ਮਹਾਨੇ।
ਕਰਹੁ ਸਦਾ ਸਭਿ ਬਿਧਿ ਸੁਖ ਠਾਨੇ' ॥੪੬॥
ਕਰੇ ਸ਼ੁੱਧ, ਮਨ ਕੀ ਤਜਿ ਮੈਲ[1]।
ਗਮਨੇ ਸੰਤ ਭਗਤ ਜਿਸ ਗੈਲ।
ਸਕਲ ਖਾਲਸੇ ਕੋ ਗੁਰ ਦਯੋ[1]।
ਜਿਨ ਕੇ ਭਾਗ ਬਡੇ ਤਿਨ ਲਹਯੋ ॥੪੭॥
ਕਵਿ ਸੰਤੋਖ ਸਿੰਘ ਗੁਰ ਕੀ ਕਥਾ।
ਕੀਨ ਬਨਾਵਨਿ ਮਮ ਮਤਿ ਜਥਾ।
ਚਤੁਰਥ ਰੁਤ ਪੂਰੀ ਕਰਿ ਤਥਾ।
ਲੀਨੋ ਸਾਰ ਜਥਾ ਘ੍ਰਿਤ ਮਥਾ ॥੪੮॥
ਦਸ ਪਤਿਸ਼ਾਹਨ ਕੇ ਸੁਭ ਚਰਨ।
ਧਰ ਕਰਿ ਧਯਾਨ ਬਿਘਨ ਕਿਯ ਹਰਨ।
ਅਭਿਲਾਖਾਂ ਨਿਜ ਪੂਰਨ ਕਰੀ।
ਦੁਸ਼ਟਨ ਕੀ ਮਤਿ ਕਛੁ ਨਹਿਂ ਅਰੀ[1] ॥੪੯॥

[1]ਜਗਤ ਦੇ ਸੁਖ ਤੇ ਜਗਦੀਸ਼ ਦਾ ਮੇਲ (ਵੀ ਦਿਤਾ)।
[1]ਕਰਮਾਂ ਦੇ ਫਲ ਤੋਂ ਨਿਆਰੇ ਰਹੋ।
[1]ਸ਼ਸਤ੍ਰ ਧਾਰਨੇ ਦਾ ਧਰਮ।
[1]ਮਨ ਦੀ ਮੈਲ ਤਜਕੇ (ਮਨ ਨੂੰ) ਸ਼ੁੱਧ ਕਰੇ।
[1]ਗੁਰਾਂ ਨੇ ਦਿਤਾ (ਓਹ ਰਾਹ)
[1]ਅੜੀ ਨਹੀਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ਼੍ਰੀ ਸਤਿਗੁਰੂ ਕਥਾ' ਬਿਚਤਾਯਾਂ ਭਾਖ ਸੂਰਜ ਯਾਂ ਕਵਿ ਸੰਤੋਖ ਸਿੰਘ ਜਬ ਅਤਿ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

[ਚੌਥੀ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰੁਤਿ ਪੰਜਵੀਂ Rut 5

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA
*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰੁਤਿ ਪੰਜਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ

ਬਲਜਿੰਦਰ ਸਿੰਘ

੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ

ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ

ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ `ਲਿੰਕ
## ਰੁਤਿ ਪੰਜਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਪੰਜਵੀਂ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

੫੨

# ਤਤਕਰਾ ਰੁਤਿ ਪੰਜਵੀਂ

## ਪੰਜਵੀਂ ਰੁਤਿ


੧ ੧. [ਮੰਗਲ। ਮਾਤਾ ਸਾਹਿਬ ਦੇਵਾਂ ਆਗਮਨ]

੧. ਸੰਤ ਮੰਗਲ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੩. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

੨ ੨. [ਭਾਈ ਜੱਗਾ ਸਿੰਘ ਸ਼ਰਧਾਲੂ ਸੇਵਕ]

੩ ੩. [ਪੰਮਾ ਮਾਚੜ ਦੂਤ ਹੋਕੇ ਰਿਹਾ। ਘੋੜੇ ਚੋਰੇ]

੪ ੪. [ਰਵਾਲਸਰ ਦਾ ਮੇਲਾ]

੫ ੫. [ਰਵਾਲਸਰ ਰਾਜਿਆਂ ਨਾਲ ਮੇਲ। ਚੰਬਜਾਲ ਕੁਮਾਰੀ]

੬ ੬. [ਮਾਲਵੀਹ ਪਰਬਤ ਤੇ ਸੈਲ]

੭ ੭. [ਮਾਲਵੀਹ ਉਤੇ ਨਾਗਾਂ ਤੇ ਜੱਛਾਂ ਦਾ ਮੇਲ ਕਰਾਇਆ]

੮ ੮. [ਮੰਡੀ ਪਤੀ ਪਾਸ ਡੇਰਾ]

੯ ੯. [ਮਹਾਂਦਾਨ ਬ੍ਰਾਹਮਣਾਂ ਨੇ ਨਾ ਲਿਆ]

੧੦ ੧੦. [ਕਵੀਯਨ ਸੰਬਾਦ]

੧੧ ੧੧. [ਲਾਲ ਸਿੰਘ ਦੀ ਢਾਲ ਦੀ ਪ੍ਰੀਖ੍ਯਾ]

੧੨ ੧੨. [ਹਰਿ ਗੁਪਾਲ ਉਜੈਨੀ, ਧਿਆਨ ਸਿੰਘ ਮਾਜਰੀਆ]

੧੩ ੧੩. [ਬਿਸ਼ੰਭਰ ਦਾਸ ਉਜੈਨੀ]

੧੪ ੧੪. [ਅਰਦਾਸਾਂ]

੧੫ ੧੫. [ਅਰਦਾਸਾਂ-ਜਾਰੀ]

੧੬ ੧੬. [ਧ੍ਯਾਨ ਸਿੰਘ ਨੂੰ ਵਰ। ਸ਼ਨਾਨ ਫਲ। ਭਵਿੱਖ]

੧੭ ੧੭. [ਭਵਿੱਖਤ। ਬਿਸ਼ੰਭਰ ਦੀਆਂ ਇਸਤ੍ਰੀਆਂ]

੧੮ ੧੮. [ਸ਼੍ਰਾਧ ਨਿਰਣੈ]

੧੯ ੧੯. [ਮਾਤਾ ਜੀਤੋ ਜੀ ਸੱਚਖੰਡ ਪਯਾਨ]

੨੦ ੨੦. [ਪਾਰਧੀ ਇਸਤ੍ਰੀ ਤੋਂ ਮਰਦ]

੨੧ ੨੧. [ਸੋਨਾ ਇਕੱਤ੍ਰ ਕਰਵਾਯਾ]

੨੨ ੨੨. [ਥਾਨ ਸਾੜਨੇ ਨੇ ਖਜ਼ਾਨਾ ਸਤਲੁਜ ਵਿੱਚ]

੨੩ ੨੩. [ਫਕੀਰ ਫੁੱਲਾਂ ਦਾ ਬੁੱਕ ਭੇਟਾ ਲਿਆਇਆ]

੨੪ ੨੪. [ਕਵੀਆਂ ਨਾਲ ਪ੍ਰਸ਼ਨੋਤਰ]

੨੫ ੨੫. [ਪ੍ਰਸ਼ਨੋਤਰ। ਕਲਿ ਵਰਤਾਰਾ]

੨੬ ੨੬. [ਅੰਮ੍ਰਿਤ ਰਾਯ ਕਵੀ। ਚੰਦਨ ਕਵਿ]

੨੭ ੨੭. [ਸੁਖਮਨੀ ਤੇ ਜਪ ਮਹਿਮਾ]

੨੮ ੨੮. [ਜਪੁਜੀ ਮਹਾਤਮ]

| | |
|---|---|
| ੨੯ | ੨੯. [ਤੰਬਾਕੂ] |
| ੩੦ | ੩੦. [ਕੇਸ਼] |
| ੩੧ | ੩੧. [ਇਕ ਮਾਈ ਕੋਲੋਂ ਦੁੱਧ ਪੀਤਾ। ਧਨ ਦੇਵਾਂਗੇ ਮਰਵਾਵਾਂਗੇ] |
| ੩੨ | ੩੨. [ਸੈਦਾ ਬੇਗ ਸ਼ਰਨ ਆਯਾ] |
| ੩੩ | ੩੩. [ਇਕ ਦਿਜ ਦੀ ਇਸਤ੍ਰੀ ਪਠਾਨ ਨੇ ਖੋਹੀ] |
| ੩੪ | ੩੪. [ਦਿਜ ਨੂੰ ਇਸਤ੍ਰੀ ਦਿਵਾਈ। ਸਿੰਘਾਂ ਨੇ ਸਿਰ ਸੱਦਕ ਖੋਹਿਆ] |
| ੩੫ | ੩੫. [ਰਾਜਿਆਂ ਦੀ ਗੁਰੂ ਜੀ ਨਾਲ ਜੰਗ ਦੀ ਤਿਆਰੀ] |
| ੩੬ | ੩੬. [ਰਾਜਿਆਂ ਨਾਲ ਜੰਗ। ਸਿੰਘਾਂ ਦਾ ਮਾਨ ਹਟਾਯਾ] |
| ੩੭ | ੩੭. [‘ਖਾਲਸਾ’ ਪਦ ਦੇ ਅਰਥ। ਭਵਿੱਖਤ ਵਾਕ] |
| ੩੮ | ੩੮. [ਪਾਹੁਲ ਭੇਦ। ਰਹਤ। ਬ੍ਰਹਮਨ ਲੱਛਣ] |
| ੩੯ | ੩੯. [ਬ੍ਰਾਹਮਣ ਖੀਰ ਮਾਸ ਭੁਗਾਏ। ਬ੍ਰਹਮਣ ਦੇ ਲੱਖਣ] |
| ੪੦ | ੪੦. [ਸੰਗਤ ਨੂੰ ਸ਼ਸਤ੍ਰ ਧਾਰਨ ਦਾ ਹੁਕਮ। ਸਾਲ ਪੱਤ੍ਰ। ਜੋਧਾ ੩ ਪ੍ਰਕਾਰ] |
| ੪੧ | ੪੧. [ਭਾਈ ਦਯਾ ਸਿੰਘ ਵਲੋਂ ਕਰਮ ਨਿਰਣਯ] |
| ੪੨ | ੪੨. [ਆਤਮ ਵਿਚਾਰ] |
| ੪੩ | ੪੩. [ਆਤਮ ਵੀਚਾਰ-ਜਾਰੀ] |
| ੪੪ | ੪੪. [ਜੋਗ ਵਰਣਨ] |
| ੪੫ | ੪੫. [ਵੇਦਾਂਤ ਵਿਚਾਰ] |
| ੪੬ | ੪੬. [ਗੁਰਮਤ ਦੇ ਸਾਧਨਾਂ ਦਾ ਵਰਣਨ] |
| ੪੭ | ੪੭. [ਬ੍ਰਹਮ ਗਜਾਨ ਉਪਦੇਸ਼] |
| ੪੮ | ੪੮. [ਬ੍ਰਹਮ ਗਿਆਨ ਉਪਦੇਸ਼] |
| ੪੯ | ੪੯. [ਬ੍ਰਹਮ ਗਿਆਨ ਉਪਦੇਸ਼] |
| ੫੦ | ੫੦. [ਗੁਰਮਤ ਦਾ ਗਜਾਨ ਨਿਰਣੈ] |
| ੫੧ | ੫੧. [ਹਜ਼ੂਰੀ ਕਵੀਆਂ ਦੇ ਕਬਿੱਤ] |
| ੫੨ | ੫੨. [ਕਵੀਆਂ ਦੇ ਕਬਿੱਤ] |

# ਰੁਤਿ ਪੰਜਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

## ਅਥ ਪੰਚਮ ਰੁਤ ਕਥਨੰ ॥

### ਅੰਸੂ ੧. [ਮੰਗਲ। ਮਾਤਾ ਸਾਹਿਬ ਦੇਵਾਂ ਆਗਮਨ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਸੰਤ ਮੰਗਲ।

ਦੋਹਰਾ:

ਗਜਾਨੀ ਧਜਾਨੀ ਸਕਲ ਜਨ, ਸਿਮਰੈਂ ਨਾਮ ਬਿਅੰਤ।
ਜਿਨ ਜਾਨਜੋ ਬੁਧਿ ਸ੍ਰੱਛ ਤੇ, ਪਰੇ ਪਾਰ ਭਵ ਸੰਤ ॥੧॥
ਅਸ ਪਰਮਾਤਮ ਸੰਤ ਗਨ, ਸਦਾ ਸੱਚਿਦਾਨੰਦ।
ਕਰਹੁ ਗ੍ਰੰਥ ਪੂਰਨ ਸਰਬ, ਬੰਦੋਂ ਦ੍ਵੈ ਕਰ ਬੰਦਿ ॥੨॥

ਬੁਧਿ ਸ੍ਰੱਛ=ਮਲ ਰਹਿਤ ਬੁੱਧੀ, ਆਤਮ ਵਿਸ਼ੈਣੀ ਬੁੱਧੀ।
ਬਿਅੰਤ=ਬਿਅੰਤ ਦਾ। ਭਾਵ ਵਾਹਿਗੁਰੂ ਦਾ।

ਅਰਥ:

ਸਾਰੇ ਸਜਣ (ਕੀ) ਗਿਆਨੀ (ਕੀ) ਧਿਆਨੀ, ਬਿਅੰਤ (ਅਕਾਲ ਪੁਰਖ) ਦੇ ਨਾਮ ਨੂੰ ਹੀ) ਸਿਮਰਦੇ ਹਨ। (ਸਿਮਰਦਿਆਂ ਹੋਇਆਂ) ਜਿਨ੍ਹਾਂ ਸੰਤਾਂ ਨੇ ਆਤਮ ਵਿਸ਼ੈਣੀ ਬੁੱਧੀ ਨਾਲ (ਉਸ ਅਕਾਲ ਪੁਰਖ ਨੂੰ) ਜਾਣ (ਭਾਵ ਲਖ) ਲਿਆ ਹੈ (ਉਹ ਇਸ ਸੰਸਾਰ ਸਾਗਰ ਤੋਂ) ਪਾਰ ਹੋ ਗਏ।

ਸਦਾ ਸੱਤ ਚਿਤ ਆਨੰਦ ਸਰੂਪ ਪਰਮਾਤਮਾਂ ਦੇ ਜੋ ਐਸੇ ਸਮੂਹ ਸੰਤ ਹਨ (ਮੈਂ) ਦੋਵੇਂ ਹੱਥ ਜੋੜ ਕੇ ਉਹਨਾਂ ਸਾਰਿਆਂ ਨੂੰ ਬੰਦਨਾ ਕਰਦਾ ਹਾਂ ਤੇ ਇਹ ਬੇਨਤੀ ਕਰਦਾ ਹਾਂ ਕਿ) ਇਹ ਗ੍ਰੰਥ (ਨਿਰਵਿਘਨ) ਪੂਰਨ ਕਰਵਾ ਦੇਵੋ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਸ੍ਵੈਯਾ:

ਜਿਹ ਪਾਰ ਨ ਪਾਵਤਿ ਹੈ ਚਤੁਰਾਨਨ, ਆਨ ਪੰਚਾਨਨ ਗਜਾਨ ਗਤੀ।
ਖਟ ਆਨਨ ਭ੍ਰਾਤ ਗਜਾਨਨ ਗਾਵਤਿ, ਵਾਧਿ ਸਦਾ ਕਮਤੀ ਨ ਰਤੀ।
ਉਚਰੰਤਿ ਹਜ਼ਾਰ ਹੀ ਆਨਨ ਤੇ, ਤਿਸ ਤੇ ਕਹੁ ਦੀਰਘੁ ਕਾਂਹਿ ਮਤੀ?
ਕਰ ਬੇਣਵਤੀ† ਸ਼ੁਭ ਦੇਹੁ ਮਤੀ, ਬਿਘਨਾਨਿ ਹਤੀ ਭਜਿ ਸਾਰਸੁਤੀ ॥੩॥

†ਸ਼ੁਧ ਪਾਠ-ਬੀਣਵਤੀ ਹੋਣਾ ਹੈ ਕਿਉਂਕਿ ਬੇਣੁ ਦਾ ਅਰਥ ਹੈ-ਮੁਰਲੀ ਤੇ ਸਰੱਸ੍ਵਤੀ ਦੇ ਹੱਥ ਹੈ 'ਬੀਣ' ਤੇ ਏਥੇ 'ਣ' ਨੂੰ ਔਂਕੁੜ ਬੀ ਨਹੀਂ। ਜੋਗੀ ਜੋ 'ਕਿੰਗ' ਵਜਾਂਦੇ ਹਨ ਉਸ ਨੂੰ ਵਾਂਸ ਦੀ ਡੰਡੀ ਹੋਣ ਕਰਕੇ ਬੇਨ ਕਹਿੰਦੇ ਹਨ। ਯਥਾ:-ਹਥਿ ਕਰਿ ਤੰਤੁ ਬਜਾਵੈ ਜੋਗੀ ਥੋਥਰ ਵਾਜੈ ਬੇਨ। ਬੇਣੁਮਤੀ ਨਾਮ ਇਕ ਨਦੀ ਦਾ ਬੀ ਹੈ।

ਚਤੁਰਾਨਨ=ਬ੍ਰਹਮਾਂ। ਪੰਚਾਨਨ=ਸ਼ਿਵਜੀ। ਗਜਾਨਗਤੀ=(ਸ਼ਿਵਜੀ ਦੇ) ਗਜਾਨ ਦੀ ਗਤੀ ਦੀ ਨਿਵਿਰਤੀ ਹੈ ਜਿੱਥੇ। (ਅ) (ਗਜਾਨ+ਅਗਤੀ) ਗਜਾਨ ਦੀ ਅਪਹੁੰਚ। ਭਾਵ ਜਿੱਥੇ ਪਹੁੰਚ ਨਹੀਂ

ਗਜ਼ਾਨ ਦੀ। ਖਟਾਨਨ ਭ੍ਰਾਤ ਗਜਾਨਨ=ਕਾਰਤਕੇਯ ਦਾ ਭਾਈ ਗਣੇਸ਼। (ਅ) ਕਾਰਤਕੇਯ ਤੇ ਉਸ ਦਾ ਭਿਰਾ ਗਣੇਸ਼। ਰਤੀ ਕਮਤੀ ਨ=ਥੋੜੀ ਵੀ ਘੱਟ ਨਹੀਂ ਭਾਵ ਵਧ ਤੋਂ ਵੱਧ। ਹਜ਼ਾਰ ਹੀ ਆਨਨ ਤੇ=ਹਜ਼ਾਰ ਹੀ ਮੁਖ ਤੇ (ਸ਼ੇਸ਼ਨਾਗ)।

ਦੀਰਘ ਕਾਹਿ ਮਤੀ=ਤਿਸ ਤੋਂ ਵੱਡੀ ਕਿਸ ਦੀ ਬੁੱਧੀ ਹੈ।

ਕਰ ਏਣਵਤੀ=ਹੱਥਾਂ ਵਿਚ ਵੀਣਾ ਵਾਲੀ। (ਅ) (ਮੈਂ) ਬੇਨਤੀ ਕਰਦਾ ਹਾਂ।

ਅਰਥ:

ਜਿਸ ਦਾ ਪਾਰ ਬ੍ਰਹਮਾ ਨਹੀਂ ਪਾ ਸਕਦਾ ਅਰ ਸ਼ਿਵਜੀ ਦੇ ਗਿਆਨ ਦੀ ਬੀ ਜਿੱਥੇ ਪਹੁੰਚ ਨਹੀਂ ਤੇ ਕਾਰਤਕੇਯ ਦਾ ਭਾਈ ਗਣੇਸ਼ ਵੀ (ਜਿਸ ਨੂੰ) ਸਦਾ ਵੱਧ ਤੋਂ ਵੱਧ ਗਾਉਂਦਾ ਹੈ ਕਦੇ ਰਤੀ ਭਰ ਘੱਟ (ਗਾਇਨ) ਨਹੀਂ ਕਰਦਾ। (ਤੇ) ਹਜ਼ਾਰ ਹੀ ਮੁਖ ਤੋਂ (ਸ਼ੇਸ਼ਨਾਗ ਜਿਸ ਦੇ ਨਾਮਾਂ ਨੂੰ) ਉਚਾਰਦਾ ਹੈ (ਭਲਾ) ਦੱਸੋ ਖਾਂ ਉਸ ਤੋਂ ਕਿਸ ਦੀ ਬੁੱਧੀ ਵੱਡੀ ਹੈ? ਐਸੀ (ਕਵੀਆਂ ਦੇ) ਬਿਘਨਾਂ ਦੇ ਨਾਸ਼ ਕਰਨ ਵਾਲੀ ਸਰੱਸ੍ਵਤੀ ਨੂੰ, (ਜਿਸਦੇ) ਹਥ ਵਿਚ ਵੀਣਾਂ ਹੈ ਮੈਂ ਭਜਦਾ ਹੋਇਆ (ਕਹਿੰਦਾ ਹਾਂ ਕਿ) ਮੈਨੂੰ ਸਭ ਮਤਿ ਦਿਓ (ਕਿ ਗੁਰੂ ਯਸ਼ ਵਰਣਨ ਕਰਾਂ)।

ਹੋਰ ਅਰਥ:

ਜਿਸ (ਪਰਮਾਤਮਾ) ਦਾ ਪਾਰ ਬ੍ਰਹਮਾ ਨਹੀਂ ਪਾ ਸਕਦਾ, ਫਿਰ ਸ਼ਿਵਜੀ ਦੇ ਗਿਆਨ ਦੀ ਜਿਸ ਤਕ ਪਹੁੰਚ ਨਹੀਂ, ਕਾਰਤਕੇਯ ਤੇ ਗਣੇਸ਼ ਜਿਸ ਦਾ (ਜਸ) ਗਾਉਂਦੇ ਹਨ (ਪਰ ਜਿਸ ਵਿਚ ਕਦੇ) ਰਤੀ ਭਰ ਵਾਧਾ ਘਾਟਾ ਨਹੀਂ ਹੁੰਦਾ, (ਅਤੇ) ਸਭ ਤੋਂ ਵਿਸ਼ੇਸ਼ ਬੁੱਧੀ ਵਾਲਾ (ਸ਼ੇਸ਼ਨਾਗ ਆਪਣੇ) ਹਜ਼ਾਰ ਮੂੰਹ ਤੋਂ ਜਿਸ ਦੇ (ਨਾਮ) ਉਚਾਰਦਾ ਹੈ ਤੇ ਹੱਥ ਵਿਚ ਬੀਣਾ ਧਾਰਨ ਵਾਲੀ ਸਰਸ੍ਵਤੀ ਜਿਸ ਨੂੰ ਭੱਜਦੀ ਹੈ, (ਹੇ ਐਸੇ ਪਰਮਾਤਮਾ) ਮੈਨੂੰ ਸ਼ੁਭਮਤੀ ਦਿਓ ਤੇ ਮੇਰੇ ਵਿਘਨ ਦੂਰ ਕਰੋ।

## ੩. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

ਕਬਿੱਤ:

ਬੇਦ ਬੇਦਿ ਨਿਰਾਕਾਰ ਜਾਂ ਕੋ ਕਹੈਂ ਖੇਦ ਬਿਨ
ਸੋਊ ਹ੍ਵੈ ਆਕਾਰਿ ਗੁਰੂ ਨਾਨਕ ਅਨੰਦ ਮੈ।
ਅੰਗਦ, ਅਮਰਦਾਸ, ਰਾਮਦਾਸ, ਅਰਜਨ,
ਸ਼੍ਰੀ ਹਰਿਗੁਬਿੰਦ ਭਏ ਸੋਊ ਸੁਖਕੰਦ ਮੈ।
ਗੁਰੂ ਹਰਿਰਾਇ ਹਰਿ ਕ੍ਰਿਸ਼ਨ ਪਰਮ ਜੋਤਿ
ਤੇਗ ਕੇ ਬਹਾਦਰ ਬਿਸ਼ਾਰਦ ਮੁਕੰਦ ਮੈ।
ਸ਼੍ਰੀ ਗੁਬਿੰਦ ਸਿੰਘ ਲੌ ਪਦਾਰਬਿੰਦ ਸਭਿਨਿ ਕੇ
ਬੰਦੋਂ ਬ੍ਰਿੰਦ ਦੁੰਦ ਹਰਿ ਦੁੰਦ ਹਾਥ ਬੰਦ ਮੈਂ ॥੪॥

ਬੇਦ=ਵੇਦ। ਬੇਦਿ=ਵਿਚਾਰਕੇ। ਨਿਰਾਕਾਰ=ਅਕਾਰ ਰਹਿਤ।

ਆਕਾਰਿ=ਸਰੂਪ ਵਿਚ। ਅਨੰਦ ਮੈ=ਆਨੰਦਮਯ=ਆਨੰਦ ਸਰੂਪ।

ਸੁਖਕੰਦ ਮੈ=ਸੁਖਕੰਦਮਯ=ਸੁਖਦਾਈ ਸਰੂਪ। (ਅ) ਮੇਰੇ ਸੁਖਾਂ ਦੇ ਦਾਤੇ।

ਪਰਮ ਜੋਤਿ=ਮਹਾਨ ਜੋਤਿ। ਬਿਸ਼ਾਰਦ=ਚਤੁਰ।

ਵਿਸ਼ਾਰਦ ਮੁਕੰਦ ਮੈਂ=ਮੁਕਤੀ ਦੇਣ ਵਿਚ ਚਤੁਰ। ਦੁੰਦ=ਦੁੱਖ। (ਅ) ਦੋਵੇਂ।

ਅਰਥ:

ਵੇਦ ਵਿਚਾਰਕੇ ਜਿਸ (ਅਕਾਲ ਪੁਰਖ) ਨੂੰ ਨਿਰਾਕਾਰ ਤੇ ਖੇਦ ਬਿਨ ਦੱਸਦਾ ਹੈ ਉਹੀ (ਨਿਰ ਆਕਾਰ) ਆਨੰਦ ਸਰੂਪ ਗੁਰੂ ਨਾਨਕ ਦੇਵ ਜੀ ਦੇ ਆਕਾਰ ਵਿਚ ਹੋਇਆ, (ਫੇਰ ਗੁਰੂ) ਅੰਗਦ, ਅਮਰਦਾਸ, ਰਾਮਦਾਸ, (ਗੁਰੂ) ਅਰਜਨ, ਸ੍ਰੀ ਹਰਿ ਗੋਬਿੰਦ ਉਸੇ ਦੇ ਸੁਖਦਾਈ ਰੂਪ ਹੋਏ, (ਫਿਰ ਉਹੀ) ਪਰਮ ਜੋਤਿ ਗੁਰੂ ਹਰਿਰਾਇ, ਹਰਿਕ੍ਰਿਸ਼ਨ (ਬਣੀ ਤੇ ਫਿਰ ਉਹੀ) ਮੁਕਤੀ ਦੇਣ ਵਿਚ ਚਤੁਰ (ਗੁਰੂ) ਤੇਗ ਬਹਾਦੁਰ ਦੇ (ਰੂਪ ਵਿਚ ਆਈ); (ਫਿਰ ਉਹੀ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦੇ ਰੂਪ ਵਿਚ ਜੋਤ ਆਈ), (ਉਨ੍ਹਾਂ) ਤੱਕ ਸਮੂਹ ਦੁੰਦਾਂ ਦੇ ਨਾਸ਼ ਕਰਨਹਾਰੇ ਸਾਰੇ ਸਤਿਗੁਰਾਂ ਦੇ ਚਰਨਾਂ ਕਵਲਾਂ ਨੂੰ ਦੋਵੇਂ ਹੱਥ ਜੋੜਕੇ ਨਮਸਕਾਰ ਕਰਦਾ ਹਾਂ।

ਦੋਹਰਾ:

ਸ੍ਰੀ ਕਲਗੀਧਰ ਕੀ ਕਥਾ, ਸ਼੍ਰੋਤਨ ਕੋ ਸੁਖਦਾਇ।
ਰੁਤਿ ਰਚਿ ਕਰਿ ਅਬਿ ਪੰਚਮੀ ਨੀਕੇ ਸਭਿਨਿ ਸੁਨਾਇ ॥੫॥

ਅਰਥ:

ਹੁਣ ਸ਼੍ਰੋਤਿਆਂ ਨੂੰ ਸੁਖ ਦੇਣ ਵਾਲੀ ਸ੍ਰੀ ਕਲਗੀਧਰ ਜੀ ਦੀ ਕਥਾ ਪੰਜਵੀਂ ਰੁਤ ਵਿਚ ਰਚਕੇ ਸਾਰਿਆਂ ਨੂੰ ਸੁਣਾਉਂਦਾ ਹਾਂ।

ਚੌਪਈ:

ਇਸ ਪ੍ਰਕਾਰ ਦਸਮੇ ਪਤਿਸ਼ਾਹੂ।
ਰਚਜੋ ਪੰਥ ਦੇ ਰਣ ਉਤਸਾਹੂ।
ਦੇਸ਼ ਬਿਦੇਸ਼ਨਿ ਸੰਗਤਿ ਆਵੈ।
ਅਨਿਕ ਪ੍ਰਕਾਰ ਅਕੋਰਨਿ ਲਜਾਵੈ ॥੬॥
ਗੁਰ ਕੀ ਸੰਗਤ ਸੁਨਿ ਕਰ ਸਾਰੇ।
ਨਹਿਂ ਬਿਖਾਦ ਕੋ ਦੇਤਿ ਨਿਹਾਰੇ[1]।

[1]ਸਾਰੇ ਗੁਰੂ ਦੀ ਸੰਗਤ ਸੁਣਦੇ ਕੋਈ ਦੁਖ ਦੇਂਦਾ ਨਹੀਂ ਦਿੱਸਦਾ।

ਜਬਿ ਕੀ ਮਾਰ ਲਈ ਕਲਮੋਟ।
ਤਬਿ ਤੇ ਗ੍ਰਾਮ ਬਡੇ ਕੈ ਛੋਟ ॥੭॥
ਗੁਰ ਸੰਗਤਿ ਸੋਂ ਦ੍ਵੈਖ ਨ ਕਰਤੇ।
ਜਹਿਂ ਚਿਤ ਚਾਹਤਿ ਤਹਾਂ ਉਤਰਿਤੇ।
ਸਗਰੇ ਤ੍ਰਾਸ ਪਾਇ ਹਟਿ ਰਹੇ।
ਕੋਮਲ ਬਾਕ ਬਿਲੋਕਤਿ ਕਹੇ[1] ॥੮॥

[1]ਸੰਗਤ ਨੂੰ) ਦੇਖਕੇ ਕੋਮਲ ਵਾਕ ਕਹਿੰਦੇ ਹਨ।

'ਜੋਧਾ ਮਹਾਂ ਪ੍ਰਭੁ ਬਲਿ ਭਾਰਾ।
ਗੁਰੂ ਮਰੈਲਾ[1]' ਕਰੈਂ ਉਚਾਰਾ।

[1]ਜੋ ਕਿਸੇ ਤੋਂ ਮਾਰ ਨ ਖਾਵੇ, ਸਗੋਂ ਜਰਵਾਣਿਆਂ ਨੂੰ ਮਾਰ ਸਕੇ। ਇਹ ਨਾਮ ਢੇਰ ਚਿਰ ਗੁਰੂ ਜੀ ਦਾ ਮਸ਼ਹੂਰ ਰਿਹਾ ਹੈ।

'ਕੋ ਸਮਰਥ ਤਿਹ ਸੰਗਤ ਛੇਰੇ।'

ਜੋ ਛੇਰੇ ਨਿਜ ਜੀਯ ਨਿਬੇਰੇ[1] ॥੯॥
ਇੱਤਯਾਦਿਕ ਕਹਿ ਗ੍ਰਾਮ ਬਿਸਾਲੇ।
ਤ੍ਰਾਸ ਧਰਹਿਂ ਪ੍ਰਭੁ ਤੇ ਸਭਿ ਕਾਲੇ।
ਪਸ਼ਚਮ ਦਿਸ਼ ਤੇ ਸੰਗਤ ਆਈ।
ਦਰਸ਼ਨ ਕਰਨ ਅਧਿਕ ਧਨ ਲ੍ਯਾਈ ॥੧੦॥
ਆਨਿ ਆਨੰਦਪੁਰਿ ਘਾਲ੍ਯੋ ਡੇਰਾ।
ਨਿਸਾ ਬਿਤਾਈ ਸੂਰਜ ਹੇਰਾ।
ਸੌਚ ਸ਼ਨਾਨ ਠਾਨਿ ਕਰਿ ਸਾਰੇ।
ਦਰਸ਼ਨ ਕਰਿਬੇ ਹੇਤੁ ਉਚਾਰੇ[1]† ॥੧੧॥
ਸਭਾ ਸਥਾਨ ਗੁਰੂ ਚਲਿ ਆਏ।
ਸ਼ਸਤ੍ਰ ਬਸਤ੍ਰ ਜੁਤਿ ਅਧਿਕ ਸੁਹਾਏ।
ਲਗ੍ਯੋ ਦਿਵਾਨ ਖਾਲਸੇ ਕੇਰਾ।
ਆਯੁਧ ਧਰਿ ਧਰਿ ਦਰਸ਼ਨ ਹੇਰਾ ॥੧੨॥
ਗਯੋ ਮੇਵੜਾ ਸੰਗਤਿ ਪਾਸ।
'ਦਰਸ਼ਨ ਕਰਹੁ ਚਲਹੁ ਜਿਹ ਪ੍ਯਾਸ।'
ਸੁਨਿ ਕਰਿ ਭਏ ਤ੍ਯਾਰ ਹਰਖਾਏ।
ਚਲੇ ਭੇਟ ਲੇ ਕਰਿ ਸਮੁਦਾਏ ॥੧੩॥
ਸੰਗਤ ਮਹਿਂ ਇਕ ਖੱਤ੍ਰੀ ਆਯੋ।
ਕੰਨ੍ਯਾ ਗੁਰ ਅਰਪਨਿ ਹਿਤ ਲ੍ਯਾਯੋ।
ਰਾਵਾ ਗੋਤ ਬਸਹਿ ਰਵਤਾਸ[1]।
ਡੇਰੇ ਮਹਿਂ ਬਿਠਾਇ ਤਨੁਜਾ ਸੁ[1] ॥੧੪॥
ਸਭਾ ਸਥਾਨ ਕ੍ਰਿਪਾਲ ਸੁਹਾਏ।
ਸਕਲ ਆਇ ਤਹਿਂ ਦਰਸ਼ਨ ਪਾਏ।
ਅਰਪਿ ਅਰਪਿ ਕਰਿ ਅਨਿਕ ਅਕੋਰ।
ਪਦ ਅਰਬਿੰਦ ਬੰਦਿ ਕਰ ਜੋਰਿ ॥੧੫॥
ਰਾਵਾ ਖੱਤ੍ਰੀ ਸਿਖ ਕਰ ਬੰਦਿ।

[1]ਜੀਵਨ ਦਾ ਅੰਤ ਕਰਾਵੇ।

[1]ਗੱਲਾਂ ਕਰਦੇ ਹਨ। †ਪਾ:-ਉਦਾਰੇ।

[1]ਰੁਹਤਾਸ, ਨਾਮ ਹੈ ਨਗਰ ਦਾ ਜੋ ਸ਼ੇਰਸ਼ਾਹ ਦੇ ਬਣਾਏ ਕਿਲ੍ਹੇ ਵਿਚ ਜਿਹਲਮ ਦੇ ਜ਼ਿਲੇ ਵਿਚ ਹੈ।

[1]ਪੁੱਤ੍ਰੀ ਨੂੰ।

ਠਾਂਢੋ ਆਗੇ ਭਯੋ ਮੁਕੰਦ।
'ਹੇ ਪ੍ਰਭੁ ! ਮੈਂ ਹੌਂ ਸ਼ਰਨਿ ਤੁਹਾਰੀ।
ਗਹਜੋ ਆਸਰਾ ਰਾਵਰਿ ਭਾਰੀ ॥੧੬॥
ਨਿਜ ਕੰਨਜਾ ਮੈਂ ਲੇ ਕਰਿ ਆਯੋ।
ਗੁਰ ਦਾਸੀ ਕਰਿਬੇ ਲਲਚਾਯੋ।
ਚਿਰੰਕਾਲ ਕੋ ਮੈਂ ਉਰ ਧਾਰਾ।
ਇਹੀ ਮਨੋਰਥ ਫਲਹਿ ਉਦਾਰਾ ॥੧੭॥
ਸੇਵਹਿ ਸੇਵ ਆਪ ਕੀ ਸਦਾ।
ਕਰਹਿ ਕ੍ਰਿਤਾਰਥ ਕੁਲ ਕੋ ਤਦਾ।
ਮਨਹੁ ਕਾਮਨਾ ਪੁਰਹੁ ਗੁਸਾਈਂ !
ਬਾਂਛਤਿ ਸਿੱਖ ਆਪ ਤੇ ਪਾਈ[1]' ॥੧੮॥

[1]ਚਿੱਤ ਦੀ ਚਾਹੀ (ਮੁਰਾਦ) ਸਿੱਖ ਆਪ ਤੋਂ ਪਾਉਂਦੇ ਹਨ।

ਇਮ ਬਿਨਤੀ ਸੁਨਿ ਕੈ ਸਿਖ ਕੇਰੀ।
ਸ੍ਰੀ ਮੁਖ ਤੇ ਬੋਲੇ ਤਿਸ ਬੇਰੀ।
'ਜਬਿ ਕੀ ਹਮ ਦੇਵੀ ਬਿਦਤਾਈ।
ਦਰਸ਼ਨ ਕਰਜੋ ਕਾਲਕਾ ਮਾਈ ॥੧੯॥
ਤਬਿ ਕੋ ਗ੍ਰਿਹਸਤ ਕਰਨ ਹਮ ਛੋਰਾ।
ਬ੍ਰਹਮਚਰਜ ਮਹਿਂ ਨਿਤ ਮਨ ਜੋਰਾ।
ਯਾਂ ਤੇ ਬਨੈ ਨਹੀਂ ਇਹ ਬਾਤ।
ਛਪਜੋ ਬ੍ਰਿਤਾਂਤ ਨ ਸਭਿ ਬੱਖਜਾਤ' ॥੨੦॥
ਇਹ ਸੁਨਿ ਸਿਖ ਕੈ ਬਹੁ ਦੁਚਿਤਾਈ[1]।

[1]ਦੁਬਿਧਾ, ਚਿੰਤਾ।

ਕਠਨ ਬਨੀ ਬਿਧਿ ਕਿਮ ਬਨਿਆਈ।
ਨੀਚੇ ਮੁਖ ਕਰਿ ਥਿਰਜੋ ਅਗਾਰੀ।
ਜੋਰੇ ਹਾਥ ਕਸ਼ਟ ਉਰ ਭਾਰੀ ॥੨੧॥
ਕਿਤਿਕ ਸਮੇਂ ਲੌ ਕੀਨ ਬਿਚਾਰਾ।
ਪੁਨ ਬਿਨਤੀ ਕੇ ਸਹਿਤ ਉਚਾਰਾ।
'ਪ੍ਰਭੁ ਜੀ ! ਸੁਨੀਅਹਿ, ਬਹੁ ਬਿੱਪ੍ਰੀਤ।
ਮੁਝ ਕੋ ਭਈ, ਦੇਤਿ ਦੁਖ ਚੀਤ[1] ॥੨੨॥

[1]ਜੋ ਬਿਪ੍ਰੀਤ ਕਿ) ਚਿਤ ਨੂੰ ਦੁੱਖ ਦਿੰਦੀ ਹੈ।

ਜਬਿ ਤੇ ਮੈਂ ਉਰ ਮੈਂ ਇਮ ਧਰੀ।
ਕੰਨਯਾ ਗੁਰ ਕੋ ਅਰਪਨ ਕਰੀ।
ਤਬਿ ਕੀ ਮਾਤਾ ਸਮ ਸਭਿ ਕੇਰੀ।
ਮਨ ਸੁ ਭਾਵਨਾ† ਕੀਨਿ ਬਡੇਰੀ[1] ॥੨੩॥

[1]ਤੇ ਵੱਡੀ ਸ਼ੁਭ ਸ਼ਰਧਾ ਮਨ ਵਿਚ ਧਾਰੀ ਹੈ।
†ਪਾ:-ਸੰਭਾਵਨ।

ਜਿਸੀ ਦੇਸ਼ ਮਹਿਂ ਮੋਹਿ ਅਵਾਸਾ।
ਸਭਿਨਿ ਬਿਖੈ ਇਮ ਭਈ ਪ੍ਰਕਾਸ਼ਾ।
ਕੇਤਿਕ ਬਰਸ ਭਏ ਮੁਖ ਕਹਿਤੇ।
ਲਜਾਵਨ ਹੇਤ ਰਹੇ ਨਿਤ ਚਹਿਤੇ ॥੨੪॥
ਅਬਿ ਮਮ ਘਰ ਮੈਂ ਰਹੈ ਕੁਮਾਰੀ।
ਕੋ ਕਰਿ ਸਕਹਿ ਨ ਅੰਗੀਕਾਰੀ।
ਮਾਤਾ ਕੇ ਸਮ ਰਾਖਹਿਂ ਭਾਊ।
ਬੰਦਨ ਠਾਨਹਿਂ ਹੋਤਿ ਅਗਾਊ ॥੨੫॥
ਜਬਿ ਕੋ ਨਾਮ ਤੁਮਾਰੋ ਲਯੋ।
ਤਬਿ ਕੋ ਹੀ ਸਭਿ ਮਹਿਂ ਬਿਦਤਯੋ।
ਜੇ ਮਮ ਘਰ ਮਹਿਂ ਥਿਰਹਿ ਕੁਮਾਰੀ।
ਸਭਿ ਕੋ ਹੁਇ ਕਲੇਸ਼ ਤਬਿ ਭਾਰੀ ॥੨੬॥
ਯਾ ਤੇ ਆਪ ਕ੍ਰਿਪਾ ਉਰ ਧਰੀਯਹਿ।
ਅੰਗੀਕਾਰ ਸੁਤਾ ਮਮ ਕਰੀਅਹਿ।
ਤਜਜੋ ਗ੍ਰਿਹਸਤ ਤੌ ਭੀ ਰਹਿ ਪਾਸ।
ਸੇਵ ਕਰਨ ਕੀ ਜਿਹ ਉਰ ਆਸ ॥੨੭॥
ਭਾਉ ਰਿਦੇ ਕਾ ਪਰਖਹੁ, ਸ੍ਵਾਮੀ!
ਘਟਿ ਘਟਿ ਕੇ ਤੁਮ ਅੰਤਰਜਾਮੀ।
ਮਮ ਮਨ ਅਰੁ ਕੰਨਯਾ ਮਨ ਕੇਰ।
ਦੇਖਹੁ ਪ੍ਰੇਮ ਪ੍ਰਵਾਹ ਬਡੇਰ ॥੨੮॥
ਕਰੁਨਾ ਕਰਹੁ ਸੇਵ ਨਿਜ ਲਾਵਹੁ।
ਸਭਿ ਸੰਗਤਿ ਕੌ ਚਿਤ ਹਰਖਾਵਹੁ।
ਤਿਸੀ ਦੇਸ਼ ਕੇ ਸਿਖ ਪਰਵਾਰੇ[1]।

[1]ਪਰਵਾਰਾਂ ਸਮੇਤ।

ਪਹੁੰਚੇ[1] ਇਹੀ ਕਾਮਨਾ ਧਾਰੇ ॥੨੯॥
ਗੁਨ ਗਾਵਤਿ ਰਾਵਰ ਕੇ ਆਏ।
ਸ਼ਰਧਾ ਭਾਉ ਧਰਤਿ ਅਧਿਕਾਏ।'
ਇਮ ਕਰ ਜੋਰਿ ਕਹੀ ਬਹੁ ਬਿਨਤੀ।
ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ ॥੩੦॥

[1]ਆਏ ਹਨ।

ਸੰਗਤਿ ਕਰੀ ਬਿਲੋਕਨ ਠਾਂਢੀ।
-ਪੁਰਹਿਂ ਆਸ ਇਨ ਮਨ ਰੁਚਿ ਬਾਢੀ-।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ।
'ਪੁਰਹੁ ਕਾਮਨਾ ਸਕਲ ਸਥਾਨਾ[1] ॥੩੧॥

[1]ਗੁਰੂ ਘਰ ਤੋਂ) ਸਭ ਥਾਈਂ (ਤੁਹਾਡੀਆਂ) ਕਾਮਨਾ ਪੂਰਨ ਹੋਣ।

ਰਹੈ ਕੁਆਰੋ ਡੋਰਾ ਨਾਮੂ[†]।

[†]ਗੁਰੂ ਘਰ ਵਿੱਚ ਇਕ ਤੋਂ ਵਧੀਕ ਵਿਆਹਵਾਂ ਸੰਬੰਧੀ ਦੇਖੋ ਸਫਾ ੨੬੧੬ ਰਾਸ ੫ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ। 'ਕੁਆਰੋ ਡੋਰਾ' ਦਾ ਮਤਲਬ ਇਹ ਹੈ ਕਿ ਮਾਤਾ ਸਾਹਿਬ ਦੇਵਾਂ ਜੀ ਸਾਰੀ ਉਮਰ ਕੰਵਾਰੇ ਰਹੇ। ਸੋ ਇਸਨੂੰ ਗੁਰੂ ਜੀ ਦਾ ਸ਼ਰੀਰਕ ਵਿਵਾਹ ਨਹੀਂ ਗਿਣਨਾ ਚਾਹੀਏ।

ਕਰਹਿ ਸੇਵ ਬਾਸਹੁ ਹਮ ਧਾਮੂ।'
ਸੰਗਤਿ ਸਹਿਤ ਸਿੱਖ ਸੋ ਰਾਵਾ।
ਸੁਨਜੋਂ ਬਾਕ ਜਬਿ ਸ਼੍ਰੀ ਮੁਖ ਗਾਵਾ ॥੩੨॥
ਹਰਖਤਿ ਭਏ ਮਨਹੁਂ ਨਿਧਿ[†] ਪਾਈ।

[†]ਪਾ:-ਸਿਧਿ।

ਤਬਿ ਕੰਨਜਾ ਗੁਰ ਸਦਨ ਪੁਚਾਈ।
ਗੁਜਰੀ ਮਾਤ ਰਹੈ ਘਰ ਜਾਂਹਿ।
ਕਰੀ ਬਿਠਾਵਨ ਲੇ ਕਰਿ ਤਾਂਹਿ ॥੩੩॥
ਸਾਹਿਬਦੇਵਿ ਨਾਮ ਜਿਸ ਕੇਰਾ।
ਮਸਤਕ ਟੇਕਿ ਸਾਸ ਕੇ ਪੈਰਾ।
ਨੰਮ੍ਰਿ ਹੋਇ ਕੈ ਬੈਠੀ ਪਾਸ।
ਗੁਜਰੀ ਆਸ਼ਿਖ ਕਰੀ ਪ੍ਰਕਾਸ਼ ॥੩੪॥
ਸੰਗਤਿ ਰਹੀ ਪਾਂਚ ਦਿਨ ਔਰ।
ਬਿਦਾ ਹੋਇ ਪਹੁੰਚੀ ਨਿਜ ਠੌਰ।

ਪੀਛੇ ਸਾਹਿਬਦੇਵੀ ਰਹੀ।
ਰਿਦੈ ਪ੍ਰਤੱਗਜਾ ਕੀਨਸਿ ਅਹੀ ॥੩੫॥
-ਦਰਸ਼ਨ ਕਰਹਿ ਤ ਭੋਜਨ ਪਾਵੈ।
ਨਤੁ ਨਿਸ ਬਾਸੁਰ ਛੁਧਿਤਿ ਬਿਤਾਵੈ†।

†ਪਾ:-ਬਿਹਾਵੈ।

ਪ੍ਰੇਮ ਬਿਲੋਕ ਨੇਮ ਜਿਨ ਕੀਨਾ।
ਸ਼੍ਰੀ ਕਲਗੀਧਰ ਸਭਿ ਬਿਧਿ ਚੀਨਾ ॥੩੬॥
ਤਿਸੀ ਹੇਤ ਕਰਿ ਕੈ ਇਕ ਬਾਰ।
ਦਰਸ਼ਨ ਦੇਤਿ ਸੁ ਕਰੁਨਾ ਧਾਰਿ।
ਕਿਸ ਕਾਰਨ ਤੇ ਜੇ ਨਹਿਂ ਹੋਇ।
ਤਿਸ ਦਿਨ ਖਾਇ ਅਹਾਰ ਨ ਸੋਇ ॥੩੭॥
ਇਹੀ ਨੇਮ ਕਰਿ ਸਮਾ ਬਿਤਾਯੋ।
ਇਕ ਦਿਨ ਸ਼੍ਰੀ ਪ੍ਰਭੁ ਦਰਸ ਦਿਖਾਯੋ।
ਹਾਥ ਜੋਰਿ ਕਰਿ ਮਸਤਕ ਟੇਕਾ।
'ਕਜਾ ਮਨਸਾ?' ਕਹਿਂ ਜਲਧ ਬਿਬੇਕਾ[1] ॥੩੮॥
ਨੰਮ੍ਰਿ ਸਲਾਜ ਤਰੇ ਕਰਿ ਨੈਨ।
ਬਿਨਤੀ ਸਹਿਤ ਕਹਤਿ ਮੁਖ ਬੈਨ।
'ਪ੍ਰਭੁ ਜੀ! ਇਕ ਸੁਤ ਕੀ ਅਭਿਲਾਖੈ।
ਅਪਰ ਬਾਸ਼ਨਾ ਕੋਇ ਨ ਰਾਖੈ ॥੩੯॥
ਕ੍ਰਿਪਾ ਆਪ ਕੀ ਤੇ ਮੈਂ ਪਾਊਂ।
ਇਸਤ੍ਰੀ ਜਨਮ ਅਪਨ ਸੁਫਲਾਊਂ।
ਜਥਾ ਅਹੈਂ ਮਮ ਸਪਤਨਿ[1] ਕੇਰੇ।
ਚਹੌਂ ਤਥਾ ਮਨ ਆਪਨ ਹੇਰੇ' ॥੪੦॥
ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ।
'ਭਲੋ ਮਨੋਰਥ ਰਿਦੇ ਉਠਾਯੋ।
ਕਹਾਂ ਮਨੋਰਥ ਇਕ ਸੁਤ ਕੇਰੇ।
ਪੁੱਤ੍ਰ ਖਾਲਸਾ ਹੋਯਸਿ ਤੇਰੇ ॥੪੧॥
ਲਾਖਹੁਂ ਕੋ ਇਹੁ ਗਣਤ ਨ ਆਵੈ।

[1]ਗੁਰੂ ਜੀ ਨੇ ਕਿਹਾ।

[1]ਸੌਕਣਾਂ।

ਜਗ ਮੈਂ ਥਿਰ ਨਿਤ, ਜਨਮ ਸੁ ਪਾਵੈ[1]।
ਸਕਲ ਸਿੰਘ ਅਪਨੇ ਸੁਤ ਜਾਨੋ।
ਸੁਜਸੁ ਪ੍ਰਤਾਪ ਬਧਾਇ ਮਹਾਨੋ ॥੪੨॥
ਪੁੱਤ੍ਰ ਖਾਲਸਾ ਤੇਰੋ ਭਯੋ।
ਗੋਦ ਪਾਇ ਤੁਝ ਹਮ ਨੇ ਦਯੋ।
ਮਹਿਦ ਪ੍ਰਤਾਪ ਸਮੇਤ ਨਿਹਾਰਹੁ।
ਸਦਾ ਅਨੰਦ ਬਿਲੰਦੈ ਧਾਰਹੁ' ॥੪੩॥
ਸੁਨਿ ਸ੍ਰੀ ਮੁਖ ਤੇ ਭਈ ਅਨੰਦ।
ਮਾਨਜੋਂ ਬਾਕ ਹਾਥ ਕਰਿ ਬੰਦ।
ਮਸਤਕ ਟੇਕਤਿ ਨਿਜ ਘਰ ਗਈ।
ਸੰਤਤਿ ਜਾਨਿ ਹਰਖ ਨਿਜ[†] ਭਈ ॥੪੪॥

[1]ਭਾਵ ਨਵੇਂ ਤੋਂ ਨਵਾਂ ਹੁੰਦਾ ਰਹੇਗਾ।

[†]ਪਾ:-ਚਿਤ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮਰੁਤੇ 'ਸਾਹਿਬਦੇਵੀਕੋ ਡੋਰਾ ਆਵਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਭਾਈ ਜੱਗਾ ਸਿੰਘ ਸ਼ਰਧਾਲੂ ਸੇਵਕ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਇਕ ਸਿਖ ਪ੍ਰੇਮੀ ਗੁਰੂ ਪਗ, ਸੇਵ ਕਰੈ ਦਿਨ ਰੈਨ।
ਪੱਖਾ ਗਹਿ ਕਰਿ ਬਾਉ ਕੋ, ਝੋਲਤਿ ਦੇਖਤਿ ਨੈਨ ॥੧॥

ਚੌਪਈ:

ਨਾਮ ਜੱਗਾ ਸਿੰਘ ਤਿਸ ਕੋ ਕਹੇਂ।
ਚਰਨ ਪਖਾਰਹਿ ਕਰ ਮਹਿਂ ਗਹੇ।
ਚਾਂਪੀ ਕਰਹਿ ਪ੍ਰੇਮ ਉਰ ਧਰਿ ਕੈ।
ਪਨਹੀ ਝਾਰਹਿ ਧਰਹਿ ਸੁਧਰਿ ਕੈ ॥੨॥
ਅਪਰ ਜਿ ਖਿਜਮਤ ਦਾਰ ਨਿਹਾਰੈਂ।
ਤਿਸ ਕੇ ਸੰਗ ਈਰਖਾ ਧਾਰੈਂ[1]।
ਕਟਕ ਬਾਕ[1] ਬਹੁ ਬਾਰ ਕਹੰਤੇ।
ਜਬਿ ਗੁਰ ਤੇ ਕਿਤ ਦੂਰ ਲਹੰਤੇ ॥੩॥
ਨਿਕਟ ਰਹਿਨ ਗੁਰ ਕੋ ਨਹਿਂ ਸਹੈਂ।
ਮਨਹੁ ਸ਼ਰੀਕ ਆਪਨੋ ਲਹੈਂ।
ਜੱਗਾ ਸਿੰਘ ਕੁਛ ਮਨ ਨਹਿਂ ਧਰੈ।
ਪ੍ਰੇਮ ਅਧਿਕ ਤੇ ਸੇਵਾ ਕਰੈ ॥੪॥
ਬਹੁਤਾ ਨਹਿਂ ਬੋਲੈ ਕਿਹ ਸਾਥ।
ਏਕ ਪਰਾਇਨ ਸੇਵਾ ਨਾਥ[1]।
ਕਮਲ ਬਿਲੋਚਨ ਕੋ ਬਿਕਸਾਵੈ।
ਸਤਿਗੁਰ ਸੂਰਜ ਦਰਸ਼ਨ ਪਾਵੈ ॥੫॥
ਜਬਿ ਦੇਖੈ ਸ਼੍ਰੀ ਮੁਖ ਸਸਿ ਓਰਾ।
ਲੋਚਨ ਕਰੈ ਚਕੋਰਨ ਜੋਰਾ।
ਉਰ ਕੀ ਪ੍ਰੀਤਿ ਗੁਰੁ ਭੀ[†] ਜਾਨੈਂ।
ਯਥਾ ਭਗਤਿ ਕੋ ਬਿਸ਼ਨੁ ਪਛਾਨੈ ॥੬॥
ਇਕ ਦਿਨ ਸ਼੍ਰੀ ਪ੍ਰਭੁ ਪੌਢਤਿ ਭਏ।
ਦਾਸਨਿ ਲਖਯੋ ਸੁਪਤਿ ਹ੍ਵੈ ਗਏ।
ਜੱਗਾ ਸਿੰਘ ਕੋ ਨਿਠੁਰ ਬਖਾਨੈਂ।

[1]ਭਾਵ ਉਸ ਨਾਲ ਦੂਜੇ ਖਿਦਮਤਗਾਰ ਈਰਖਾ ਕਰਦੇ ਸਨ।
[1]ਕੌੜੇ ਵਾਕ।
[1]ਮਾਲਕ ਦੀ ਇੱਕ ਸੇਵਾ ਦੇ ਆਸਰੇ ਰਹੇ।
[†]ਪਾ:-ਹੀ।

-'ਜਬਿ ਕਬਿ ਸੇਵ ਅੱਗ੍ਰ ਹੁਇ ਠਾਨੈਂ[1] ॥੭॥ [1]ਕਰਦਾ ਹੈ।

ਸੇਵਕ ਅਪਰ ਜਿ ਕਰਹਿਂ ਨਿਕਾਸਨਿ[1]। [1]ਕੱਢ ਦੇਸੇਂ।

ਆਗੈ ਤੂੰ ਹੋਵਤਿ ਸਭਿ ਦਾਸਨਿ[1]। [1]ਦਾਸਾਂ ਤੋਂ।

ਤੇਰੇ ਸਮ ਕੇਤਿਕ ਬਨਿ ਆਗੇ[1]। [1]ਤੇਰੇ ਜਹੇ ਕਈ ਅੱਗੇ ਬਣੇ।

ਛੋਰਿ ਟਹਿਲ ਕੋ ਨਿਜ ਘਰ ਭਾਗੇ ॥੮॥

ਅਬਿ ਤੇਰੀ ਬਾਰੀ ਦਿਖਿ[1] ਕੈਸੇ। [1]ਦੇਖੀਏ।

ਗੁਰ ਕੀ ਸੇਵ ਕਮਾਵਹਿਂ ਜੈਸੇ।'

ਸੁਨਿ ਕੈ ਜੱਗਾ ਸਿੰਘ ਨਹਿਂ ਭਾਖਾ।

ਪ੍ਰੇਮ ਧਰੇ ਸੇਵਾ ਅਭਿਲਾਖਾ ॥੯॥

ਸ਼੍ਰੀ ਗੁਰੁ ਜਾਗਤਿ[†] ਤੂਸ਼ਨਿ ਸੁਨੇ[1]। [1]ਜਾਗਦੇ ਸਨ, ਚੁੱਪ ਚਾਪ ਸੁਣਦੇ ਰਹੇ। [†]ਪਾ:-ਜਾਗ੍ਰਤ।

ਬਿਨਾ ਭਾਵਨਾਂ ਤੇ ਸੋ ਗਿਨੇਂ।

ਰਾਤਿ ਬਿਤਾਇ ਉਠੇ ਲਖਿ ਪ੍ਰਾਤਿ।

ਸ਼੍ਰੀ ਗੁਰ ਸਿਮਰਨ ਕਰਿ ਸੋ ਬਾਤ ॥੧੦॥

ਬੈਠਿ ਦਿਵਾਨ ਮਝਾਰ ਹਕਾਰਾ।

ਜੱਗਾ ਸਿੰਘ ਕੇ ਸੰਗ ਉਚਾਰਾ।

'ਤੋ ਕਹੁ ਨਿਸਾ ਬਿਖੈ ਗਨ ਦਾਸ।

ਕਹਤਿ ਹੁਤੇ ਕਹਾ? ਕਰਹੁ ਪ੍ਰਕਾਸ਼ ॥੧੧॥

ਗਿਰਾ ਕਠੋਰ ਸੁਨਾਈ ਪਰਤਿ।

ਕੌਨ ਤੋਹਿ ਸਨ ਮਤਸਰ ਧਰਤਿ?'

ਸੁਨਿ ਕੈ ਹਾਥ ਜੋਰਿ ਤਿਨ ਆਖਾ।

'ਪ੍ਰਭੁ ਜੂ! ਮੁਝ ਕੋ ਕਿਹ[†] ਨਹਿਂ ਭਾਖਾ ॥੧੨॥ [†]ਪਾ:-ਕੁਛ।

ਕਯੋਂ ਮਤਸਰ ਕਿਨ ਕਰਨੀ ਅਹੈ[1]। [1]ਕਿਸੇ ਨੇ ਕਿਉਂ ਈਰਖਾ ਕਰਨੀ ਹੈ।

ਮਮ ਉਰ ਚਾਹ ਕ੍ਰਿਪਾ ਤਵ[†] ਲਹੈ[1]। [1]ਮੇਰੇ ਰਿਦੇ ਵਿਚ ਆਪਦੀ ਕ੍ਰਿਪਾ ਲੈਣ ਦੀ ਚਾਹ ਹੈ। [†]ਪਾ:-ਤੁਮ।

ਇਸ ਮਹਿਂ ਸਾਂਝ ਕਿਸੇ ਕੀ ਨਾਂਹਿਨ।
ਅਪਰ ਰਿਦੇ ਮਮ ਕੋ ਕਬਿ ਚਾਹ ਨ'
॥੧੩॥
ਜੱਗਾ ਸਿੰਘ ਕੇ ਸੁਨਿ ਬਚ ਸਾਰੇ।
ਸਗਰੇ ਖਿਜਮਤਦਾਰ ਹਕਾਰੇ।
ਨਿਕਟ ਬਿਠਾਇ ਦਿਵਾਨ ਮਝਾਰੀ।
ਮੰਗਵਾਇਵ ਬਾਸਨ ਭਰਿ ਬਾਰੀ[1] [1]ਪਾਣੀ ਦਾ ਭਰਿਆ ਭਾਂਡਾ।
॥੧੪॥
ਇਕ ਪਥਰੀ ਇਕ ਦਯੋ ਪਤਾਸਾ।
ਆਇਸੁ ਦੀਨਸਿ ਦਾਸ ਜਿ ਪਾਸਾ।
'ਇਨ ਦੋਇਨ ਕੋ ਜਲ ਮਹਿਂ
ਧਰਿਯਹਿ।
ਏਕ ਜਾਮ ਲੌ ਇਨਹੁਂ ਨਿਹਰਿਯਹਿ'
॥੧੫॥
ਬਾਸਨ ਮਹਿਂ ਦੋਨਹੁਂ ਤਬਿ[†] ਪਾਏ। [†]ਪਾ:-ਤਿਨ।

ਅਪਰ ਖਜਾਲ ਮਹਿਂ ਪੁਨ ਬਿਰਮਾਏ।
ਏਕ ਪਹਿਰ ਬੀਤਯੋ ਤਬਿ ਚਹਯੋ।
ਦਾਸਨ ਸਾਥ ਬਾਕ ਅਸ ਕਹਯੋ ॥੧੬॥
'ਪਥਰੀ ਅਪਰ ਪਤਾਸਾ ਜੋਊ।
ਨੀਰ ਨਿਕਾਸਿ ਆਨੀਐ ਦੋਊ।'
ਪਾਣੀ ਬਿਖੈ ਪਾਨ ਜਬਿ ਡਾਰਾ।
ਪਾਹਨ ਕੋ ਤਤਕਾਲ ਨਿਕਾਰਾ ॥੧੭॥
ਢਰਯੋ[1] ਪਤਾਸਾ ਪਾਨੀ ਹੋਵਾ। [1]ਘੁਲਿਆ।
ਤਿਸੁ ਅਕਾਰ ਕੋ ਨਾਂਹਿਨ ਜੋਵਾ।
ਇਮ ਦ੍ਰਿਸ਼੍ਰਾਂਤ ਦਿਖਾਇ ਸਭਿਨਿ ਕੋ।
ਬਿਦਤਿ ਕਰਨ ਕੋ[1] ਕਹਯੋ ਬਚਨ ਕੋ [1]ਦ੍ਰਿਸ਼ਟਾਂਤ) ਖੁਹਲਕੇ ਦੱਸਣ ਲਈ।
॥੧੮॥
'ਕੋਮਲ ਮਧੁਰ ਪਤਾਸਾ ਜੋਇ।
ਮਿਲਿ ਜਲ ਸੰਗ ਏਕ ਰਸ ਹੋਇ।
ਹੁਤੋ ਕਠੋਰ ਜੁ ਪਾਥਰ ਬਿਰਸ।
ਤਿਸ ਕੇ ਅੰਤਰ ਨੀਰ ਨ ਪਰਸ

॥੧੯॥
ਤਿਮ ਜਾਨੋ ਇਹੁ ਦਾਸ ਹਮਾਰੇ।
ਸੁਨਹੁਂ ਖਾਲਸਾ ਕਰਿ ਨਿਰਧਾਰੇ।
ਸਦਾ ਸਮੀਪ ਹਮਾਰੇ ਰਹੇ।
ਏਕ ਨਹੀਂ ਗੁਨ ਮਨ ਮੈਂ ਲਹੇ ॥੨੦॥
ਦੂਰ ਦੇਸ਼ ਤੇ ਸਿਖ ਚਲ ਆਵਤਿ।
ਸ਼ਰਧਾਲੂ ਧਰਿ ਭਾਉ ਸਮਾਵਤਿ।
ਸਾਕਤ ਦਾਦਰ ਜਲ ਮਹਿਂ ਬਾਸਾ।
ਗੁਰ ਗੁਨ ਕਮਲ[1] ਸਾਰ ਨਹਿਂ ਤਾਸਾ ॥੨੧॥

[1]ਗੁਰੂ ਜੀ ਦੇ ਗੁਣਾਂ ਰੂਪੀ ਕਵਲ ਦੀ।

ਅਵਗੁਨ ਜੇ ਸਿਬਾਲ ਕੇ ਗ੍ਰਾਹੀ[1]।

[1]ਅਵਗੁਣਾਂ ਰੂਪੀ ਜਾਲੇ (ਸਿਵਾਲ) ਦੇ ਗ੍ਰਹਣ ਕਰਨ ਵਾਲੇ ਹੋ ਜਾਂਦੇ ਹਨ।

ਗਜਾਨ ਅਨੰਦ ਸਮ ਗੰਧ ਨ ਪਾਹੀਂ[1]।

[1]ਭਾਵ, ਜਿਵੇਂ ਡੱਡੂ ਕਮਲ ਦੀ ਸੁਗੰਧੀ ਨਹੀਂ ਮਾਣਦਾ ਤਿਵੇਂ ਸਾਕਤ ਗਿਆਨ ਅਨੰਦ ਸਤਿਗੁਰਾਂ ਦਾ ਨਹੀਂ ਮਾਣਦਾ। ਮਾਰੂ ਮ: ੧ ਵਿਚ ਦੇ 'ਬਿਮਲ ਮਝਾਰ' ਵਾਲੇ ਸ਼ਬਦ ਦਾ ਭਾਵ ਇੱਥੇ ਕਥਨ ਹੋ ਰਿਹਾ ਹੈ।

ਸ਼ਰਧਾਲੂ ਅਲਿ ਨਿਕਟ ਨ ਰਹੈਂ[1]।

[1]ਸ਼੍ਰਧਾਲੂਆਂ ਰੂਪੀ ਭੌਰੇ, (ਭਾਵੇਂ ਗੁਰੂ ਜੀ ਦੇ) ਕੋਲ ਨਹੀਂ ਰਹਿੰਦੇ।

ਖੋਜਿ ਖੋਜਿ ਗੁਰ ਕਮਲ ਜਿ ਲਹੈਂ[1] ॥੨੨॥

[1]ਖੋਜ ਖੋਜ ਕੇ ਗੁਰੂ ਰੂਪੀ ਕਵਲ ਨੂੰ ਲੱਭ ਲੈਂਦੇ ਹਨ।

ਤਾਤਕਾਲ ਰਸ ਲੇ ਸੁਖ ਪਾਵੈਂ।
ਸਾਰ ਗ੍ਰਹੀਨ ਅਸਾਰ ਲਖਾਵੈਂ[1]।

[1]ਸਾਰ ਨੂੰ ਗ੍ਰਹਿਣ ਕਰਦੇ ਹਨ (ਤੇ ਸੰਸਾਰ) ਨੂੰ ਅਸਾਰ ਜਾਣਦੇ ਹਨ।

ਸਾਕਤ ਬਾਇਸ, ਸੰਤ ਮਰਾਲ।
ਸੰਗ ਰਹੇ ਭੀ ਅਪੁਨੀ ਚਾਲ[1] ॥੨੩॥

[1]ਕਾਂ, ਹੰਸ ਭਾਵੇਂ) ਨਾਲੋ ਨਾਲ ਭਾਵ ਇਕੱਠੇ ਹੀ ਰਹਿਣ (ਪਰ ਫਿਰ) ਬੀ ਆਪਣੀ ਚਾਲ ਨਹੀਂ ਛੱਡਦੇ।

ਚੀਚੜ ਜੋਕ ਲਗੈਂ ਥਨ ਮਾਂਹੀ।
ਰੁਧਰ ਪਾਨ, ਪੈ ਗੁਨ ਲਖਿ ਨਾਂਹੀ[1]।'

[1]ਪਰ ਦੁੱਧ ਦਾ ਗੁਣ ਨਹੀਂ ਜਾਣਦੇ। ਇਸ਼ਾਰਾ ਹੈ ਕਿ ਦੁੱਧ ਦੀ ਸਾਰ ਵੱਛਾ ਜਾਣਦਾ ਹੈ।

ਇੱਤਜਾਦਿਕ ਕਹਿ ਅਨਿਕ ਪ੍ਰਕਾਰਾ।
ਤਾੜਨ ਕਰੇ ਦਾਸ ਤਿਸ ਬਾਰਾ ॥੨੪॥
'ਸਿਖ ਸ਼ਰਧਾਲੁ ਬਿਸਾਲ ਕਿ ਨਾਲ[1]।

[1]ਬਹੁਤੇ ਸ਼ਰਧਾਲੂ ਸਿੱਖ ਦੇ ਨਾਲ।

ਕਰਤਿ ਮੂਢ ਮਤਿ ਮਤਸਰ ਜਾਲ।
ਜੇ ਕਰ ਹਮਨੇ ਪੁਨ ਪਹਿਚਾਨੇ।

ਤੁਮ ਕੋ ਦੇਇਂ ਸਜ਼ਾਇ ਮਹਾਨੇ'
॥੨੫॥
ਜੱਗਾ ਸਿੰਘ ਕੋ ਨਿਕਟ ਬਿਠਾਇ।
ਸਨਮਾਨਜੋ ਕੋਮਲ ਬਚ ਗਾਇ।
ਹਾਥ ਜੋਰਿ ਕਰ ਤਬਿ ਸਭਿ ਦਾਸ।
ਕਰਿ ਬੰਦਨ ਪਗ ਪੰਕਜ ਪਾਸ ॥੨੬॥
ਬਖ਼ਸ਼ਾਵਨ ਔਗੁਨ ਸਭਿ ਕਰੈਂ।
ਗੁਰ ਕੋ ਬਾਕ ਰਿਦੇ ਮਹਿਂ ਧਰੈਂ।
ਇਸ ਪ੍ਰਕਾਰ ਸਿੱਖ੍ਯਾ ਦਿਖਰਾਈ।
ਅੰਤਰਜਾਮੀ ਗੁਰ ਗੋਸਾਈਂ ॥੨੭॥
ਭੀਮਚੰਦ ਕਪਟੀ ਮਤਿਮੰਦ।
ਲਰਤਿ ਮਰਤਿ ਦੁਖ ਪਾਇ ਬਿਲੰਦ।
ਵਹਿਰ ਮੇਲ ਕੀ ਬਾਤ ਬਨਾਈ।
ਅੰਤਰਗਤੀ ਵਿਰੋਧ ਉਠਾਈ ॥੨੮॥
†ਨਿਜ ਮੰਤ੍ਰਿਨ ਕੋ ਨਿਕਟ ਬਿਠਾਇ।

ਮਸਲਤ ਕੀਨੀ ਮਿਲਿ ਸਮੁਦਾਇ।
'ਅਬਿ ਤੋ ਸ਼ਾਂਤਿ ਬਖੇਰਾ ਭਯੋ।
ਤਉ ਪੰਥ ਦੇਖਉ ਬਿਰਧਯੋ ॥੨੯॥
ਲੜਨ ਗੁਰੂ ਸੰਗ ਬਨਹਿ ਨ ਕੋਈ।
ਸੁਭਟ ਹਜ਼ਾਰਹੁਂ ਮਾਰਤਿ ਸੋਈ।
ਦਿਨ ਪ੍ਰਤਿ ਹੋਵਹਿ ਖਰਚ ਬਿਸਾਲਾ।
ਰਾਖਹੁ ਸੰਧਿ ਗੁਰੂ ਕੇ ਨਾਲਾ ॥੩੦॥
ਜਬਹਿ ਦਾਵ ਕੁਛ ਲਗਹਿ ਹਮਾਰੇ।
ਆਨੰਦਪੁਰਿ ਤੇ ਦੇਹਿਂ ਨਿਕਾਰੇ।
ਸ਼ਾਮ[1] ਉਪਾਇ ਪ੍ਰਿਥਮ ਇਹ ਕਹੈਂ।
ਜੇ ਨ ਬਨੈ ਤੌ ਦੂਜੇ[1] ਗਹੈਂ ॥੩੧॥
ਰਾਜਨੀਤ ਕਰਨੀ ਬਨਿ ਆਵੈ।
ਸੰਧਿ ਕਰੇ ਕਾਰਜ ਹੁਇ ਜਾਵੈ।
ਗੁਰ ਢਿਗ ਰਹੈ ਵਕੀਲ ਹਮਾਰੋ।
ਲੇਹਿ ਭੇਤ ਸਭਿ ਕਰਿ ਨਿਰਧਾਰੋ

†ਇਹ ਸੌ ਸਾਖੀ ਦੀ ੩੯ਵੀਂ ਸਾਖੀ ਹੈ।

[1]ਮੈਤ੍ਰੀ।

[1]ਦੂਜੇ (ਉਪਾਵ)।

॥ ੩੨ ॥
ਇਕ ਤੌ ਸਿੰਘ ਕਰੈਂ ਨੁਕਸਾਨ।
ਬਰਜਤਿ ਰਹੈ ਹੋਹਿ ਤਿਸ ਥਾਨ[1]। [1]ਸਾਡਾ ਵਕੀਲ) ਰੋਕਦਾ ਰਹੇਗਾ ਤਿੱਥੇ ਰਹਿਕੇ।
ਚਤਰ ਸੁਮਤਿ ਮਹਿਂ[1] ਜੋ ਮਿਲਿ ਜਾਇ। [1]ਸੁਮਤ ਵਿਚ ਪ੍ਰਬੀਨ (ਵਕੀਲ) ਜੇ ਮਿਲੇ।
ਅਸ ਨਰ ਭੇਜਹਿਂ ਮਤੋ ਪਕਾਇ'
॥ ੩੩ ॥
ਅਪਨੇ ਸਚਿਵਨ ਮਹਿਂ ਤੇ ਬੀਨ।
ਪੰਮਾ ਮਾਚੜ[1†] ਲਖਯੋ ਪ੍ਰਬੀਨ। [1]ਮਚਲਾ, ਜ਼ਿੱਦੀ। (ਅ) ਮਾਚੇ ਤੋੜ ਦਾ ਸੰਖੇਪ ਮਾਚੜ, ਅਫੀਮੀ। (ੲ) ਨਿਰਲੱਜ। [†]ਲਿਖਤ ਵਿਚ ਪਾਠ ਮਾਚੜ ਹੈ ਛਾਪੇ ਵਿਚ ਪਾਠ ਪਾਚੜ ਹੈਸੀ। ਸੌ ਸਾਖੀ ਵਿਚ ਬੀ ਪਾਠ ਮਾਚੜ ਹੈ। ਮਾਚੇ ਤੋੜ ਵਡੇ ਅਫੀਮੀ ਨੂੰ ਕਹਿੰਦੇ ਹਨ। ਉਸੇ ਦਾ ਸੰਖੇਪ ਮਾਚੜ ਹੈ। ਪਾਚੜ ਬਹੁਤਾ ਖਾਣ ਵਾਲੇ ਦਾ ਨਾਮ ਹੈ।

ਤਿਸ ਕੋ ਸਭਿ ਗਾਥਾ ਸਮੁਝਾਈ।
'ਸਤਿਗੁਰ ਨਿਕਟ ਰਹਹੁ ਤਹਿਂ ਜਾਈ
॥ ੩੪ ॥
ਦਾਵ ਘਾਤ ਸਭਿ ਮਤਿ ਮਹਿਂ ਧਰੋ।
ਹਮ ਪੈ ਲਿਖਿ ਲਿਖਿ ਪਠਵਨ ਕਰੋ।
ਜਬਿ ਜਾਨਹਿਂਗੇ[1] ਸਰ ਹੈ ਕਾਰ। [1]ਅਸੀਂ) ਜਾਣਾਂਗੇ।
ਤਬਿ ਹੀ ਪੁਰਿ ਤੇ ਦੇਹਿਂ ਨਿਕਾਰ'
॥ ੩੫ ॥
ਇੱਤਯਾਦਿਕ ਬਹੁ ਕਪਟ ਸਿਖਾਯੋ।
ਕੁਛ ਅਕੋਰ ਦੈ ਚਹਤਿ ਪਠਾਯੋ।
ਸੁੰਦਰ ਚੰਚਲ ਬਲੀ ਤੁਰੰਗ।
ਡਾਰਿ ਜ਼ੀਨ ਜ਼ਰਿ ਕਸਿ ਕੇ ਸੰਗ[1] [1]ਜ਼ਰੀ ਨਾਲ ਕੱਸੀ ਹੋਈ।
॥ ੩੬ ॥
ਜੁਗ ਬੰਦੂਕ ਅਜਾਇਬ ਆਈ।
ਸੋ ਭੀ ਸਤਿਗੁਰ ਹੇਤ ਪਠਾਈ।
'ਹਾਥ ਬੰਦਿ ਬਿਨਤੀ ਬਹੁ ਕਰਿ ਕੇ।
ਮਹਾਂ ਸੁਮਤਿ ਤੇ ਰਹੁ ਢਿਗ ਗੁਰ ਕੇ'
॥ ੩੭ ॥
ਬਹੁ ਸਿੱਖਯਾ ਕੋ ਦੀਨਿ, ਪਠਾਯੋ।

ਚੜ੍ਹਿ ਪੰਮਾ ਪ੍ਰਭੁ ਕੀ ਦਿਸ਼ ਆਯੋ।
ਉਤਰਜੋ ਆਨਿ ਅਨੰਦਪੁਰਿ ਮਾਂਹੀ।
ਪੂਰਬ ਸੁਧ ਪਠਿ ਦ੍ਵਾਰੇ ਤਾਂਹੀ ॥੩੮॥
ਪ੍ਰਭੁ ਸੁਨਿ ਕੈ ਕਰਿਵਾਯਹੁ ਡੇਰਾ।
ਹਿਤ ਸੇਵਾ ਨਰ ਪਠਿ ਤਿਸ ਬੇਰਾ।
ਰਾਜਨੀਤਿ ਜਗਮਹਿਂ ਥਿਰ ਜੈਸੇ।
ਕਲਗ਼ੀਧਰ ਬਰਤੈਂ ਸਭਿ ਤੈਸੇ ॥੩੯॥
[1] 'ਰਹਿਨ ਹੇਤ ਢਿਗ ਸਦਾ ਤੁਮਾਰੇ।
ਭੇਜਜੋ ਭੀਮਚੰਦ ਹਿਤ ਧਾਰੇ।
ਹਿਤ ਰਾਵਰ ਕੇ ਪਠੀ ਉਪਾਯਨ।
ਪਰਸਨ ਚਰਨ ਕਮਲ ਸਮ ਪਾਯਨ[1]'
॥੪੦॥

[1]ਪੰਮਾ ਬੋਲਿਆ:-

[1](ਆਪ ਦੇ) ਕਮਲਾਂ ਵਰਗੇ ਚਰਨਾਂ ਨੂੰ ਹੱਥਾਂ ਨਾਲ ਸਪਰਸ਼ ਕਰਨਾ (ਕਹਿੰਦੇ ਸਨ) ਭਾਵ ਮੱਥਾ ਟੇਕਦੇ ਸਨ।

ਨਿਜ ਆਗਵਨ ਹੇਤ ਸਭਿ ਭਨਿਯੋ।
ਗੁਰ ਪਰਵਾਰ ਸਭਾ ਜੁਤਿ ਸੁਨਿਯੋ।
ਉਤਰ ਪਰਜੋ ਸੋ ਨਿਸਾ ਬਿਤਾਈ।
ਪ੍ਰਾਤਿ ਭਈ ਬਹੁਰੋ ਦਿਖਰਾਈ[1] ॥੪੧॥

[1]ਫਿਰ ਸਵੇਰ ਹੋਈ ਦਿਖਾਈ ਦਿਤੀ। (ਅ) (ਭੇਟਾ) ਸਵੇਰ ਹੋਈ ਨੂੰ ਦਿਖਾਈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਦਾਸਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

## ੩. [ਪੰਮਾ ਮਾਚੜ ਦੂਤ ਹੋਕੇ ਰਿਹਾ। ਘੋੜੇ ਚੋਰੇ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਸਤਿਗੁਰ ਸਭਾ ਲਗਾਇ ਕਰਿ, ਬ੍ਰਿੰਦ ਖਾਲਸਾ ਆਇ।
ਸੋਢੀ ਬੇਦੀ ਬ੍ਰਿੰਦ ਢਿਗ, ਸ਼ੋਭਤਿ ਜਿਉਂ ਸੁਰਰਾਇ ॥੧॥

ਚੌਪਈ:

ਪੰਮਾ ਮਾਚੜ ਨਿਕਟ ਹਕਾਰਾ।
ਲਏ ਅਕੋਰਨ ਆਵਨਿ ਧਾਰਾ।
ਖਰੋ ਤੁਰੰਗ[1] ਖਰੋ ਕਰਿ ਆਗੇ।
ਤੁਪਕ ਧਰੀ ਦ੍ਵੈ ਦੇਖਨਿ ਲਾਗੇ ॥੨॥
ਕਰਿ ਜੋਰਤਿ ਠਾਨਤਿ ਭਾ ਨਮੋ।
ਬੈਠਜੋ ਨਿਕਟ ਸਫਲ ਤਿਹ ਸਮੋ।
'ਭੀਮਚੰਦ ਨ੍ਰਿਪ ਕੀਨਸਿ ਬਿਨਤੀ।
ਕਰੀ ਸੰਧਿ ਤੁਮ ਸੋਂ ਤਜਿ ਗਿਨਤੀ ॥੩॥
ਜਾਨਤਿ ਭਾ ਚਿਤ ਹਹੁ ਗੁਰ ਸਾਚੇ।
ਪ੍ਰੀਤਿ ਕਰਨ ਮਹਿਂ ਜਿਸ ਚਿਤ ਰਾਚੇ।'
ਸਭਾ ਬਿਖੈ ਸੁਨਿ ਕਰਿ ਅਸ ਬੈਨ।
ਕਹਜੋ ਪ੍ਰਭੁ ਤਿਸ ਦਿਸ਼ਿ ਕਰਿ ਨੈਨ ॥੪॥

[1]ਚੰਗਾ ਘੋੜਾ।

ਸ਼੍ਰੀ ਮੁਖਵਾਕ ॥
'ਪੰਮਾ ਵਜ਼ੀਰ। ਆਖਰ ਬਿਪੀਰ[1]।
ਬਾਮਨ ਕਾ ਬੋਲ। ਸਮਝ ਬਿਨ ਸੋਲ[1]†।

[1]ਅੰਤ ਨੂੰ ਬੇਪੀਰਾ (ਨਿਕਲੇਗਾ)।

[1]ਠੰਢ ਪਾਉਣ ਵਾਲਾ (ਸੁਖਦਾਈ) ਹੈ ਪਰ ਬਿਸਮਝਿਆਂ ਨੂੰ। [ਸੰਸ. ਸੋਲ=ਠੰਢਾ]। (ਅ) ਸੋਲਾਂ (ਆਨ) ਬੇ ਸਮਝੀ ਦਾ ਹੈ (ਇਸ ਬ੍ਰਾਹਮਣ ਦਾ ਬਚਨ)। †ਪਾ:-ਸਮਝ ਬਿਨਮੋਲ।

ਰਾਜਪੂਤ ਕੀ ਜਾਤ।
ਨ ਮੀਤ ਸਾਧੂ ਨ ਤਾਤਿ ਮਾਤਿ[1]†।

[1]ਨਾ ਸਾਧੂ ਦੀ ਤੇ ਨਾ ਹੀ ਪਿਤਾ ਮਾਤਾ ਦੀ ਮਿੱਤ੍ਰ ਹੈ। †ਇਸ ਦਾ ਭਾਵ ਰਾਜ ਕਰਨਹਾਰਾਂ ਤੋਂ ਹੈ ਜੋ ਰਾਜ ਦੀ ਖਾਤਰ ਮਾਤਾ ਪਿਤਾ ਸਾਧੂ ਕਿਸੇ ਦਾ ਲਿਹਾਜ਼ ਨਹੀਂ ਕਰਦੇ ਜਿਵੇਂ ਅਖੌਤ ਹੈ 'ਰਾਜ ਪਿਆਰੇ ਰਾਜਿਆਂ ਵੀਰ ਦੁਪਰਿਆਰੇ'।

ਗੁਰੂ ਜੀ ਨੂੰ ਜੋ ਪਹਾੜੀਆਂ ਰਾਜਿਆਂ ਵਲੋਂ ਦਗੇ ਤੇ ਤਜਰਬੇ ਹੋ ਚੁਕੇ ਹਨ, ਉਹਨਾਂ ਵਲ ਸੈਨਤ

ਹੈ। ਇਹੋ ਭਾਵ ਅਗਲੇ ਵਾਕ (ਅੰਗ ੧੦) ਵਿਚ ਹੈ ਕਿ ਰਾਜ ਘਰਾਣਿਆਂ ਨੇ ਕਈ ਵੇਰ ਜੰਮਣ ਵਾਲੇ ਮਾਰੇ ਹਨ, ਏਹ ਲੋਕ ਪਾਲਣਹਾਰਿਆਂ ਤੇ ਪੁੱਤ੍ਰ ਮਿੱਤ੍ਰਾਂ ਤੱਕ ਨੂੰ ਬੀ ਮਾਰਨੋ ਨਹੀਂ ਟਲਦੇ। ਗੁਰੂ ਜੀ ਜਣਾ ਇਹ ਰਹੇ ਹਨ ਕਿ ਇਹ ਪੰਮਾ ਬੀ ਦਗ਼ੇ ਕਰਨ ਵਾਲਾ ਹੈ ਤੇ ਇਸ ਨੂੰ ਘੱਲਣ ਵਾਲੇ ਬੀ ਕਪਟ ਕਰ ਰਹੇ ਹਨ।

॥ ਹੋਰ ॥

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ[†] ॥

[†]ਇਹ ਸਲੋਕ ਮਾਝ ਰਾਗ ਦੀ ਵਾਰ ਵਿਚ ਹੈ।

ਚੌਪਈ:

ਤਰਕਤਿ ਗੁਰ ਕੇ ਬਾਕ ਸੁਨੇ ਜਬਿ।
ਹੇਤ ਹਟਾਵਨਿ ਪੰਮਾ ਕਹਿ ਤਬਿ।
'ਸੁਨਹੁ ਪ੍ਰਭੁ! ਕੋ ਕਰਹਿ ਕੁਕਰਨੀ।
ਫਿਰ ਪਛੁਤਾਇ ਪਰੈ ਜੋ ਸ਼ਰਨੀ ॥੫॥
ਤਿਸ ਕੋ ਤਜਾਗਨਿ ਨਹਿਂ ਬਨਿ ਆਵੈ।
ਏਵ ਆਪ ਸਮ ਗੁਰੂ ਅਲਾਵੈਂ[1]।'

[1]ਆਪ ਵਰਗੇ ਗੁਰੂ ਇੰਞ ਕਹਿੰਦੇ ਹਨ।

ਅਪਰ ਸਿੱਖ ਸੋਢੀ ਗਨ ਪਾਸ।
ਸੁਨਿ ਦੁਇ ਦਿਸ਼ ਤੇ ਕਰਤਿ ਪ੍ਰਕਾਸ਼ ॥੬॥
'ਮਹਾਰਾਜ! ਇਸ ਹੀ ਬਿਧਿ ਅਹੈ।
ਜਿਸ ਪ੍ਰਕਾਰ ਰਾਵਰ ਅਬਿ ਕਹੈਂ।
ਤਉ ਦੇਖੀਅਹਿ ਆਪ ਬਿਚਾਰ।
ਨਿਤ ਹੀ ਕਰਨ ਜੰਗ ਬਲ ਧਾਰਿ ॥੭॥
ਮਾਰਨ ਮਰਨ ਹੋਤਿ ਸਮੁਦਾਈ।
ਯਾਂ ਤੇ ਭਲੀ ਨ ਨੀਤ ਲਰਾਈ[1]।

[1]ਨਿੱਤ ਦੀ ਲੜਾਈ।

ਕਰਨੀ ਸੰਧਿ[1] ਅਹੈ ਅਬਿ ਨੀਕੀ।

[1]ਸੁਲਹ।

ਇਮ ਇੱਛਾ ਹੈ ਸਭਿ ਕੇ ਜੀ ਕੀ ॥੮॥
ਜੁੱਧ ਬਿਸਾਲ ਭਏ ਬਹੁਤੇਰੇ।
ਲਰਤਿ ਹਜ਼ਾਰੋਂ ਸੁਭਟ ਨਿਬੇਰੇ।'
ਇਮ ਸੁਨਿ ਕੈ ਸਭਿ ਤੇ ਗੁਨਖਾਨੀ।
ਕਰਤਿ ਸੁਨਾਵਨਿ ਬੋਲੇ ਬਾਨੀ ॥੯॥

ਸ੍ਰੀ ਮੁਖਵਾਕ ॥

| | |
|---|---|
| 'ਅਧਿਕ ਭਲਾ ਰਜਪੂਤਿ ਕੁਲ,<br>ਜਿਨ੍ਹਾਂ ਜੰਮਨਾ ਸ਼ਤਰੁ[1]। | [1]ਰਾਜਪੂਤਾਂ ਦਾ ਕੁਲ ਡਾਢਾ ਮਾੜਾ ਹੈ ਕਿ ਜੇਹੜੇ ਜੰਮਣ ਉਨ੍ਹਾਂ ਦੇ ਵੈਰੀ ਹੋ ਜਾਂਦੇ ਹਨ [ਅਤਿਭਲਾ, ਵੱਕ੍ਰੋਕਤੀ ਹੈ]। |
| ਪਾਲਨਹਾਰਿਆਂ ਮਾਰਿ ਕੈ,<br>ਪੂਤਿ ਮੀਤ ਸਿਰ ਕਤਰ[1] ॥੧੦॥ | [1]ਪਾਲਣਹਾਰਿਆਂ ਨੂੰ ਮਾਰਕੇ ਪੁੱਤ੍ਰਾਂ ਮਿੱਤ੍ਰਾਂ ਦਾ ਸਿਰ (ਤਕ) ਕਟ ਲੈਂਦੇ ਹਨ। |
| ਭਲਾ ਨ ਹੋਇ ਪਹਾੜੀਆ,<br>ਸਮੁਝਿ ਬਿਸਾਹੀ ਲੇਯ[1]। | [1]ਪਹਾੜੀਆਂ ਕੋਲੋਂ ਭਲਾ ਕਦੀ ਨਹੀਂ ਹੁੰਦਾ, ਇਨ੍ਹਾਂ ਦਾ ਵਿਸਾਹ ਸਮਝ ਕੇ ਕਰੋ। |
| ਆਇ ਭੀੜ ਸਾਧੂ ਬਨੇਂ,<br>ਦਗ਼ਾ ਬਾਪ ਕੋ ਦੇਯ[1] ॥੧੧॥ | [1]ਆਪਣੇ ਤੇ) ਭੀੜ ਆ ਬਣੇ ਤਾਂ ਸਾਧ (ਤੱਕ) ਬਣਕੇ ਬੀ (ਛੁਟਕਾਰਾ ਪਾ ਲੈਂਦੇ ਹਨ ਤੇ ਆਪਣਿਆਂ ਤੇ ਆ ਬਣੇ ਤਾਂ) ਪਿਉ ਨੂੰ ਬੀ ਦਗ਼ਾ ਦੇ ਜਾਂਦੇ ਹਨ। |
| [1]ਘਰਿ ਮੈਂ ਅੰਨ ਦੁਧ ਭਾਤ ਬਹੁ,<br>ਸ਼ਰਧਾ ਦੇਵਨ ਮਾਝ। | [1]ਜੇ ਆਪਣੇ) ਘਰ ਵਿਚ ਅੰਨ ਦੁਧ ਭਤ ਬਹੁਤ ਹੋਵੇ ਤੇ ਦੇਣ ਵਿਚ ਬਹੁਤੀ ਸ਼ਰਧਾ ਹੋਵੇ ਤਾਂ ਪਹਾੜੀਏ ਨੂੰ ਮਿੱਤ੍ਰ ਬਣਾ ਲਓ; |
| ਕਰੋ ਮੀਤ ਤਬਿ ਪਰਬਤੀ,<br>ਸਮੇ ਕਾਮ ਕੇ ਬਾਂਝ ॥੧੨॥ | ਪਰ ਜਦ ਤੁਹਾਨੂੰ ਕੰਮ ਪਏਗਾ ਪਹਾੜੀਆ ਬਾਂਝ ਇਸਤ੍ਰੀ ਵਾਂਗ ਨਿਕੰਮਾ ਸਾਬਤ ਹੋਵੇਗਾ, ਇਹ ਉਹੀ ਲੋਕੋਕਤੀ ਹੈ 'ਪਹਾੜੀਏ ਮਿਤ ਕਿਸ ਕੇ ਭਤ ਖਾਇਆ ਔ ਖਿਸਕੇ'। |
| ਬਾਤ ਕਰੈਂ ਅਤਿ† ਮੋਹਿ ਕੀ,<br>ਅੰਤਰ ਦੁਬਿਧਾ ਪੂਰ[1]। | [1]ਪਿਆਰ ਦੀਆਂ ਗਲਾਂ ਕਰਦੇ ਹਨ ਪਰ ਅੰਦਰੋਂ ਦੁਬਿਧਾ ਨਾਲ ਭਰੇ ਹੋਏ ਹਨ। †ਸੌ ਸਾਖੀ ਦਾ ਪਾਠ 'ਅਤਿ' ਹੈ, ਹੋਰਥੇ 'ਅਥ' ਤੇ 'ਅਬ' ਬੀ ਹੈ। |
| ਲੈਨੇ ਸਿਉਂ ਖਾਣੇ ਭਲਾ,<br>ਬਿਪਤਾ ਦਿਖਿ ਰਹਿਂ ਦੂਰ[1] ॥੧੩॥ | [1]ਲੈਣ ਖਾਣ ਨਾਲ ਤਾਂ ਭਲੇ ਰਹਿੰਦੇ ਹਨ, ਪਰ ਵਿਪਤਾ ਦੇਖਕੇ ਪਰੇ ਹਟ ਜਾਂਦੇ ਹਨ। |

ਚੌਪਈ:

ਸੁਨੋ ਸਭਾ ਸਭਿ ਏਵ ਪਹਾਰੀ।
ਕਰਹਿਂ ਦਗਾ ਨਿਜ ਬਾਪ ਸੰਗਾਰੀ।
ਹਮਰੇ ਸੰਗ ਕਹਾਂ ਸੁਧ ਹੋਇਂ।
ਕਟੁ ਤੂੰਬੀ ਕਬਿ ਮਧੁਰ ਨ ਜੋਇ ॥੧੪॥
ਸ੍ਵਾਂਨ ਪੂਛ ਕਬਿ ਹੋਇ ਨ ਸੂਧੀ।
ਜੇ ਨਲਕੀ ਮਹਿਂ ਰਾਖਹਿਂ ਰੁਧੀ[1]।
ਜਿਸ ਕਿਸ ਕੋ ਜਿਮ ਸਹਿਜ ਸੁਭਾਇ।
ਕਬਹੁਂ ਨ ਬਿਨਸੈ ਕਰੈ ਉਪਾਇ ॥੧੫॥
ਹਮ ਕਸਾ ਕਹੈਂ ਸਕਲ ਤੁਮ ਜਾਨੋ।

[1]ਭਾਵੇਂ ਨਲਕੀ ਵਿਚ ਪਾਕੇ ਰੋਕ ਕੇ ਰੱਖੀਏ।

ਪਰ ਇਹ ਬਾਤ ਭਲੀ ਨਹਿ ਮਾਨੋਂ।'
ਸੁਨਿ ਗੁਰ ਤੇ ਸਭਿਹਿਨਿ ਤਬਿ ਕਹਯੋ।
'ਅਬਿ ਤੇ ਮੇਲ ਅਛੇਰੋ ਲਹਯੋ'
॥੧੬॥
ਸਾਹਿਬ ਪੁਨ ਤੂਸ਼ਨਿ ਕਰਿ ਰਹੇ।
ਸਭਿ ਕੀ ਮਤਿ ਲਖ ਕਯੋਹੁਂ ਨ ਕਹੇ[1]। [1]ਕੁਝ ਨਾ ਕਿਹਾ।
ਪੰਮਾ ਰਹਨ ਲਗਯੋ ਗੁਰ ਪਾਸ।
ਅਨਿਕ ਬਿਧਿਨਿ ਕੀ ਬੁਧਿ ਪ੍ਰਕਾਸ਼
॥੧੭॥
ਨਿਤ ਹਜ਼ੂਰ ਕੋ ਦਰਸ਼ਨ ਕਰੈ।
ਸਕਲ ਭੇਦ ਕੋ ਨਿਜ ਮਤਿ ਧਰੈ।
ਸੁਮਤਿਵੰਤ ਬਹੁ ਚਤੁਰ ਸਿਆਨਾ।
ਮਿਲਿ ਮਿਲਿ ਸਭਿਨਿ ਸੰਗ ਹਿਤ ਠਾਨਾ
॥੧੮॥
ਗੁਰ ਭੀ ਲਗੇ ਵਿਸਾਹੁ[1] ਕਰਨ ਕੋ[†]। [1]ਇਤਬਾਰ। [†]ਭਾਵ ਇਹ ਹੈ ਕਿ ਉਸ ਉਪਰ ਬੇਵਸਾਹੀ ਨੂੰ ਪਹਿਲੇ ਦਿਨ ਵਾਂਗੂੰ ਹੁਣ ਤਾਅਨੇ ਬੋਲੀ ਵਿਚ ਸਮਝਾਉਂਦੇ ਨਹੀਂ ਸਨ।

ਬੋਲਹਿਂ ਤਿਹ ਸੋਂ, ਹੇਤ ਧਰਨ ਕੋ[1]। [1]ਜਦੋਂ (ਪੰਮੇ ਨਾਲ ਸੁਭਾਵਕ ਬੀ) ਬੋਲਦੇ ਹਨ ਉਹ (ਅੱਗੋਂ) ਪਿਆਰ ਦਿਖਾਉਣ ਦੀ ਕਰਦਾ ਹੈ।
ਗੁਰ ਢਿਗ ਬਿਨੈ ਭਨੈ ਬਹੁ ਬਿਧਿ ਕੀ।
ਮਨ ਮਹਿਂ ਖੋਟ ਕਪਟ ਕਰਿ ਸੁਧ ਕੀ[1] [1]ਕਪਟ ਕਰਕੇ ਖਬਰ (ਭੀਮ ਚੰਦ ਨੂੰ) ਕਰਦਾ ਹੈ।
॥੧੯॥
ਭੀਮਚੰਦ ਢਿਗ ਲਿਖੈ ਪਠਾਵੈ।
ਨਿਤਿ ਬ੍ਰਿਤਾਂਤ ਬਰਤਨਿ ਜਿਮ ਆਵੈ।
'ਅਬਿ ਮੇਰੇ ਬਸ ਮੈਂ ਗੁਰ ਹੋਏ।
ਬੋਲੈਂ ਮਧੁਰ ਸੁ ਆਦਰ ਜੋਏ[1] ॥੨੦॥ [1]ਮਿੱਠਾ ਬੋਲਦੇ ਹਨ ਤੇ ਆਦਰ ਨਾਲ ਤੱਕਦੇ ਹਨ।
ਅਨਿਕ ਬਾਤ ਮੈਂ ਕਹੌਂ ਕਰਾਵੌਂ।
ਕੇਤਿਕ ਕੇ ਕਾਰਜ ਸੁਧਰਾਵੌਂ।'
ਪਢਿ ਪਢਿ ਭੀਮਚੰਦ ਹਰਖਾਵੈ।
'ਆਛੀ ਭਈ ਜੁ ਗੁਰ ਬਸ ਆਵੈ'
॥੨੧॥
ਸਿੱਖਨਿ ਕੇ ਸਮ ਬਨਿ ਕਰਿ ਪੰਮਾ।

ਬਿਨਤੀ ਕਰਹਿ ਸੁਧਾਰਹਿ ਕੰਮਾ।
ਜਿਸ ਪ੍ਰਭੁ ਹਰਖਤਿ ਤਿਮ ਹੀ ਕਹੈ।
ਤਿਮ ਹੀ ਕਾਰ ਕਰਨ ਚਿਤ ਚਹੈ ॥੨੨॥
ਇਕ ਦਿਨ ਲਿਖਿ ਭੇਜੀ ਸੁਧ ਐਸੇ।
'ਗੁਰ ਕੇ ਹਯ ਕੋਤਲ ਬਲ ਹੈਸੇ[1]।
ਤਸਕਰ ਪਠਹੁ ਲੇਹੁ ਕਢਵਾਇ।'
ਸਰਬ ਭੇਤ ਕੋ ਦਿਯੋ ਜਨਾਇ ॥੨੩॥
ਗਿਰਪਤਿ ਭੀਮਚੰਦ ਸੁਧ[†] ਪਾਏ।

ਭੇਵ ਜਨਾਯੋ ਚੋਰ ਪਠਾਏ।
ਨਿਸਾ ਅੰਧੇਰੀ ਮਹਿਂ ਸੋ ਲਾਗੇ।
ਲੇ ਕਰਿ ਗਮਨੇ ਮੂਢ ਅਭਾਗੇ ॥੨੪॥
ਭੂਪਤਿ ਕੋ ਦੀਨੇ ਤਬਿ ਜਾਇ।
ਦੇਖਤਿ ਚਪਲ ਰਹ੍ਯੋ ਹਰਿਖਾਇ।
ਪੁਨ ਪੰਮਾ ਗੁਰ ਕੇਰ ਖਜ਼ਾਨਾ।
ਕਰਹਿ ਦ੍ਰਿਸ਼ਟਿ ਮਹਿਂ ਧਰਿ ਜਿਸ ਥਾਨਾ[1] ॥੨੫॥
ਜਿਤਿਕ ਸ਼ੁਮਾਰ[1] ਸਰਬ ਹੀ ਲਹੈ।
ਤਸਕਰ ਕਰਮ ਸਾਧੁ ਬਨਿ ਰਹੈ।
ਗੁਰ ਅੰਤਰਜਾਮੀ ਸਭਿ ਜਾਨੈਂ।
ਤਊ ਨ ਮੁਖਿ ਤੇ ਬਿਦਤ ਬਖਾਨੈਂ ॥੨੬॥
ਅਪਰ ਖਾਲਸਾ ਸੋਢੀ ਆਦਿ।
ਸਭਿ ਸੋਂ ਪੰਮਾ ਕਰਿ ਸੰਬਾਦਿ।
ਲਿਯੇ ਰਿਝਾਇ ਲਖੈ ਹਿਤ ਸਾਚਾ।
ਕਨਕ ਕਲਸ ਜਿਮ ਬਿਚ ਬਿਖ ਰਾਖਾ[1] ॥੨੭॥
ਜਿਮ ਬਕ ਬਿਸਦ ਬਰਨ ਕੌ ਧਾਰੀ[1]।
ਧ੍ਯਾਨ ਪਰਾਇਨ ਰਹਿ ਇਕਸਾਰੀ।
ਅੰਤਰ ਮਹਾਂ ਮਨੋਰਥ ਖੋਟਾ।
ਤਿਮ ਪੰਮਾ ਗੁਰ ਢਿਗ ਮਤਿਮੋਟਾ[1]

[1]ਗੁਰੂ ਕੀ ਖਾਸ ਸਵਾਰੀ ਦੇ ਘੋੜੇ ਬੜੇ ਤਕੜੇ ਹਨ।

[†]ਪਾ:-ਸੁਖ।

[1]ਜਿੱਥੇ ਧਰਦੇ ਸਨ (ਖਜ਼ਾਨਾ)।

[1]ਗਿਣਤੀ।

[1]ਸੋਨੇ ਦੇ ਘੜੇ ਵਿਚ ਜਿਵੇਂ ਬਿਖ ਰੱਖੀ ਹੋਵੇ।

[1]ਬਗਲੇ ਵਰਗਾ ਉੱਜਲ ਰੰਗ ਧਾਰਕੇ।

[1]ਬੁਧੀ ਦਾ ਖੋਟਾ। ਮੋਟਾ ਅੰਦਰੋਂ ਪੋਲਾ ਹੁੰਦਾ ਹੈ, ਭਾਵ

॥੨੮॥

ਖੋਟਾ। (ਅ) ਮੂਰਖ, ਕਿਉਂਕਿ ਗੁਰੂ ਦ੍ਰੋਹ ਕਰਨ ਵਾਲਾ ਅਸਲ ਵਿਚ ਮੂਰਖ ਹੈ, (ੲ) ਮੋਠਾ-ਮੁੱਠਣ ਵਾਲੀ ਬੁੱਧੀ ਵਾਲਾ।

ਸਕਲ ਕਾਰਦਾਰਨਿ ਕੋ ਹੇਰੈ।
ਜਮਾ ਪਛਾਨਹਿ ਅਲਪ ਬਡੇਰੈ[1]।
ਦਰਬ ਆਮਦਨ ਬਰਖ ਜਿਤੇਕ।
ਅਰੁ ਜੋ ਖਰਚਹਿਂ ਜਲਧਿ ਬਿਬੇਕ ॥੨੯॥

[1]ਆਮਦਨ ਪਛਾਣਦਾ ਹੈ ਕਿ ਥੋੜੀ ਹੈ ਕਿ ਬਹੁਤੀ।

ਜਮਾ ਅੰਨਾਦਿ ਆਦਿ ਕੀ ਜੇਤੀ[1]।
ਸਿਤਾ[1] ਸਨੇਹ[2] ਘ੍ਰਿੱਤ[3] ਕੀ ਕੇਤੀ।
ਗੁਲਕਾ ਅਰ ਬਾਰੂਦ ਜਿ ਤਜਾਰੀ।
ਸਦਾ ਸਮੀਪ ਜਿ ਆਯੁਧਧਾਰੀ ॥੩੦॥

[1]ਅੰਨ ਆਦਿਕਾਂ ਦੀ ਜਮਾਂ ਆਦਿਕ।

[1]ਖੰਡ। [2]ਤੇਲ। [3]ਘਿਉ।

ਚਾਕਰ ਹਿੰਦੂ ਤੁਰਕ ਕਿਤੇਕ।
ਗੁਰ ਸਿੱਖੀ ਤੇ ਸਿੰਘ ਜਿਤੇਕ।
ਗੁਰੂ ਗ਼ਰੀਬਨਿਵਾਜ ਸਮਾਜਾ।
ਲੇ ਸਭਿ ਭੇਤ ਲਿਖੇ ਨਿਜ ਰਾਜਾ ॥੩੧॥

ਏਕ ਬਾਰ ਲਿਖਿ ਖਬਰ ਪਠਾਈ।
ਤੁਰਕਾਨੇ ਕੀ ਫੌਜ ਚੜ੍ਹਾਈ[1]।
'ਗੁਰੂ ਸੰਗ ਹੁਇ ਜੰਗ' ਸੁਨਾਯੋ।
ਅਪਨੀ ਦਿਸ਼ ਤੇ ਨੇਹ ਜਨਾਯੋ[1] ॥੩੨॥

[1]ਭਾਵ ਤੁਰਕਾਂ ਨੂੰ ਖਬਰ ਘੱਲ ਕੇ ਉਹਨਾਂ ਦੀ ਫੌਜ ਗੁਰਾਂ ਤੇ ਚੜ੍ਹਾਈ।

[1]ਸਿੱਖਾਂ ਨੂੰ ਸੁਣਾਇਆ ਕਿ (ਤੁਰਕਾਂ ਦਾ) ਗੁਰੂ ਨਾਲ ਜੰਗ ਹੋਏਗਾ, ਪਰ ਨਾਲ ਆਪਣਾ ਹਿਤ ਜਨਾਇਆ ਕਿ ਅਸੀਂ ਮਦਦ ਕਰਾਂਗੇ।

ਭੀਮ ਚੰਦ ਢਿਗ ਲਿਖ੍ਯੋ ਪਠਾਈ।
'ਕਲ਼ਗੀਧਰ ਸੋਂ ਤੁਰਕ ਲੜਾਈ।'
ਹਿਤ ਸਹਾਇ ਕੇ ਸੈਨ ਮੰਗਾਇ।
ਅਨੰਦਪੁਰੇ ਕੇ ਢਿਗ ਉਤਰਾਇ[1] ॥੩੩॥

[1]ਭਾਵ ਇਕ ਪਾਸੇ ਤਾਂ ਤੁਰਕ ਚੜ੍ਹਾਏ ਦੂਜੇ ਪਾਸੇ ਗੁਰੂ ਕੀ ਸਹਾਇਤਾ ਲਈ ਰਾਜੇ ਦੀ ਫੌਜ ਮੰਗਾ ਧਰੀ। ਮਤਲਬ ਰਾਜਿਆਂ ਦਾ ਗੁਰੂ ਨਾਲ ਹਿਤ ਦੱਸਣਾ ਸੀ।

ਕਰ੍ਯੋ ਦਿਖਾਵਾ ਕਪਟ ਪ੍ਰਬੀਨ।
[1] 'ਰਣ ਮਹਿਂ ਕਰਹਿਂ ਗੁਰੂ ਬਲ ਹੀਨ।
ਸਮੈਂ ਕਾਮ ਕੇ ਟਰਹਿਂ, ਨ ਲਰਹਿਂ[1]।
ਕਲ਼ਗੀਧਰ ਕੇ ਹੌਰਾ ਕਰਹਿਂ' ॥੩੪॥

[1]ਪਰ ਵਿਚੋਂ ਇਹ ਨੀਅਤ ਸੀ ਕਿ)।

[1]ਟਲ ਜਾਵਾਂਗੇ ਲੜਾਂਗੇ ਨਹੀਂ।

ਨਹਿਂ ਮੂਰਖ ਮਤਿ ਮਹਿਮਾ ਜਾਨਹਿ।
ਛਲ ਇੱਤਜਾਦਿ ਅਨਿਕ† ਬਿਧਿ ਠਾਨਹਿ।

†ਪਾ:-ਕਰਨ।

ਤੁਰਕ ਸੈਨ ਟਰਿ ਕੈ ਹਟਿ ਗਈ।
ਗਿਰਪਤਿ ਦਲ ਕੋ ਰੁਖਸਦ ਦਈ ॥੩੫॥
ਅਪਨੋ ਆਪਾ ਕਰਹਿ ਜਨਾਵਨਿ।
'ਹਮ ਹੈਂ ਦਾਸ ਆਪ ਕੇ ਪਾਵਨ।'
ਸਿੱਖੀਧਰ ਸਮ ਨੰਮ੍ਰੀ ਹੋਇ[1]।

[1]ਭਾਵ ਸਿੱਖੀ ਧਾਰਨ ਵਾਲਿਆਂ (ਸਿੱਖਾਂ) ਵਾਂਙੂ ਨਿੰਮ੍ਰਤਾ ਕਰ ਦੱਸਦਾ ਸੀ।

ਜਥਾ ਪਾਰਧੀ ਰੀਤੀ ਸੋਇ[1] ॥੩੬॥

[1]ਜਿਵੇਂ ਸ਼ਿਕਾਰੀ ਦੀ ਰੀਤੀ ਹੁੰਦੀ ਹੈ ਭਾਵ ਸ਼ਿਕਾਰੀ ਬਾਣ ਮਾਰਨ ਵੇਲੇ ਨਿਉਂਦਾ ਹੈ।

†ਏਕ ਦਿਵਸ ਕਹਿ ਕੈ ਬਹੁ ਬਾਰੀ[1]।

[1]ਬਹੁਤ ਵਾਰੀ ਕਹਿਕੇ। †ਇਹ ਸੌ ਸਾਖੀ ਦੀ ੪੦ਵੀਂ ਸਾਖੀ ਹੈ।

-ਚਢਹਿਂ ਵਹਿਰ- ਕੀ ਮਸਲਤ ਧਾਰੀ।
'ਕਰਹੁ ਅਖੇਰ ਫਿਰਹੁ ਬਨ ਹੇਰਹੁ।
ਜਹਾਂ ਕੋਲ[1] ਪਾੜ੍ਹੇ ਮ੍ਰਿਗ ਸ਼ੇਰਹੁ' ॥੩੭॥

[1]ਸੂਰ।

ਸ੍ਰੀ ਕਲਗੀਧਰ ਕੀਨਿ ਚਢਾਇ।
ਸੰਗ ਖਾਲਸਾ ਭਟ ਸਮੁਦਾਈ।
ਬਨ ਮਹਿਂ ਬਿਚਰਤਿ ਇਤ ਉਤਿ ਹੇਰੇ।
ਇਮ ਲੇ ਗਮਨਜੋਂ ਦੂਰ ਬਡੇਰੇ ॥੩੮॥
ਲਿਖਿ ਕਰਿ ਪਠਜੋ 'ਅਏ ਇਤ ਸਾਹਿਬ।
ਗਿਰਪਤਿ ਭੇਜਹੁ ਅਪਨ ਮੁਸਾਹਿਬ।'
ਭੀਮ ਚੰਦ ਭਟ ਬੀਨ ਬੀਨ ਕਰਿ।
ਹੁਤੇ ਸਮੀਪੀ ਪਠੇ ਸ਼ੀਘ੍ਰ ਧਰਿ ॥੩੯॥
ਇਤ ਤੇ ਗੁਰ ਪਹੁੰਚੇ ਜਬਿ ਦੂਰ।
ਆਨਿ ਮਿਲੇ ਤਤਕਾਲ ਹਜ਼ੂਰ।
ਨਮੋ ਠਾਨਿ ਸਨਮਾਨ ਕਰੰਤੇ।
ਕਰਨਿ ਅਖੇਰ ਸੁਥਲ ਦਿਖਰੰਤੇ ॥੪੦॥

ਪਹੁੰਚੇ ਬਡ ਅਰੰਨ[1] ਮਹਿਂ ਜਾਏ।
ਤਹਿਂ ਤੇ ਨਿਕਸਿ ਸ਼ੇਰਿ ਦੁਇ ਆਏ।
ਰਜਪੂਤਨ ਕਰ ਜੋਰਿ ਉਚਾਰੇ।
'ਖਰੇ ਆਪ ਪ੍ਰਭੁ ਕਰਹੁ ਨਿਹਾਰੇ ॥੪੧॥
ਕਰਾਚੋਲ ਸੋਂ ਜੰਗ ਹਮਾਰਾ।
ਇਨ ਤੇ ਮਰਹਿਂ ਕਿ ਲੈਹੈਂ ਮਾਰਾ।'
ਬਲ ਦਿਖਾਇ ਚਹਿਂ ਪ੍ਰਭੁ ਰਿਝਾਏ।
ਦ੍ਵੈ ਰਜਪੂਤਿ ਸਮੁਖ ਹੁਇ ਧਾਏ ॥੪੨॥
ਸ਼ੇਰਨਿ ਕੋ ਸਹਿ ਸਿਪਰ ਅਗਾਰੇ[1]।
ਅਪਨੇ ਖੜਗ ਓਜ ਕਰਿ ਮਾਰੇ।
ਘਾਤ ਕਰੇ ਗਿਰ ਭੂਮੀ ਪਰੇ।
ਪਿਖਿ ਗੁਰ ਉਰ ਪ੍ਰਸੰਨਤਾ ਢਰੇ ॥੪੩॥
ਬਖਸ਼ਜੋ ਸਿਰੇਪਾਉ ਅਰੁ ਧਨ ਕੋ।
ਉਤਰੇ ਵਹਿਰ ਦੇਖਿ ਸ਼ੁਭ ਬਨ ਕੋ।
ਮਹਾਂਪ੍ਰਸ਼ਾਦ ਤਜਾਰ ਕਰਿਵਾਏ।
ਅਚਜੋ ਪ੍ਰਭੂ ਅਰੁ ਭਟ ਸਮੁਦਾਏ ॥੪੪॥
ਰਾਜਪੂਤਿ ਬੰਦਨ ਕਰਿ ਗਏ।
ਸ਼੍ਰੀ ਪ੍ਰਭੁ ਚਢਿ ਕਰਿ ਪੁਰਿ ਮਹਿਂ ਅਏ।
ਉਤਰਿ ਤੁਰੰਗ ਤੇ ਕਿਯ ਬਿਸਰਾਮੂ।
ਸੰਕਟ ਮਿਟਹਿਂ ਲਿਯੇ ਜਿਨਿ ਨਾਮੂ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਪੰਮੇ ਕੋ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

[1]ਬਨ।

[1]ਸ਼ੇਰਾਂ ਨੂੰ ਅੱਗੋਂ ਢਾਲਾਂ ਤੇ ਸਹਾਰ ਕੇ।

## ੪. [ਰਵਾਲਸਰ ਦਾ ਮੇਲਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਇਸ ਪ੍ਰਕਾਰ ਪੰਮਾ ਰਹੈ, ਕਪਟ ਰਖੈ ਚਿਤ ਮਾਂਹਿ।
ਸਿਖ ਸਮ ਬਾਹਰ ਪ੍ਰੇਮ ਕੋ, ਕਰਹਿ ਜਨਾਵਨ ਪਾਹਿ[1] ॥੧॥ [1]ਪਾਸ ਰਹਿਕੇ।

ਚੌਪਈ:

ਲਗਹਿ ਦਿਵਾਨ ਗੁਰੂ ਕੇ ਪਾਸ।
ਬੈਠਹਿ ਆਨਿ ਸਨੇਹ ਪ੍ਰਕਾਸ਼।
ਅਨਿਕ ਪ੍ਰਸੰਗਨਿ ਬਾਤ ਚਲਾਵਹਿ।
ਸ਼੍ਰੀ ਪ੍ਰਭੁ ਕੋ ਬਹੁ ਬਿਧਿ ਸਮੁਝਾਵਹਿ ॥੨॥
'ਰਾਜਨਿ ਕੋ ਨਿਜ ਪਾਸ ਹਕਾਰਉ।
ਕਰਹੁ ਮਿਲਾਵਨਿ ਬਾਤ ਉਚਾਰਉ।
ਕਿੰਵਾ[1] ਆਪ ਅਖੇਰ ਸਿਧਾਰਹੁ। [1]ਅਥਵਾ।
ਚਾਰ ਪਾਂਚ ਦਿਨ ਵਹਿਰ ਗੁਜ਼ਾਰਹੁ ॥੩॥
ਤਹਾਂ ਮੇਲ ਰਾਜਨਿ ਕੋ ਹੋਇ।
ਨਿਤਪ੍ਰਤਿ ਚਿਤ ਅਭਿਲਾਖੀ ਜੋਇ[1]। [1]ਜੋ (ਰਾਜੇ ਆਪਦੇ ਦਰਸ਼ਨ ਦੇ) ਨਿਤਪ੍ਰਤੀ ਅਭਿਲਾਖੀ ਹਨ।
ਬਿਨਾ ਮਿਲੇ ਤੇ ਮਿਟੈ ਨ ਅੰਤਰ[1]। [1]ਫਰਕ।
ਦ੍ਵੈਸ਼ ਬਿਨਾਸਹੁ ਆਪ ਨਿਰੰਤਰ ॥੪॥
ਮਿਲਹੁ, ਅਖੇਰ ਚਲਹੁ ਇਕ ਸਾਥ।
ਸਭਿਨਿ ਕਾਮਨਾ ਪੂਰਵਹੁ ਨਾਥ!
ਤੁਮਰੇ ਪਦ ਅਰਬਿੰਦ ਸ ਪ੍ਰੇਮ।
ਸਭਿ ਗਿਰਪਤ ਤੁਮ ਤੇ ਚਹਿੰ ਛੇਮ' ॥੫॥
ਇਤਨੇ ਮੈਂ ਰੁਵਾਲਸਰ ਮੇਲਾ।
ਆਵਤਿ ਭਾ ਨਰ ਪੁੰਜ ਸਕੇਲਾ।
ਤਬਿ ਪੰਮਾ ਲਖਿ ਅਵਸਰ ਭਲੋ।
ਕਹੈ 'ਗੁਰੂ ਜੀ ਮੇਲੇ ਚਲੋ ॥੬॥
ਤੁਮਰੋ ਜਬਿ ਸੁਨਿ ਹੈਂ ਆਗਵਨੂ।
ਸਗਲ ਸੈਲਪਤਿ ਤਜਾਗੈਂ ਭਵਨੂ।

ਮਿਸ ਮੇਲੇ ਕੇ ਸਭਿ ਚਲਿ ਆਵਹਿਂ।
ਰਾਵਰਿ ਪਦ ਸਰੋਜ ਲਪਟਾਵਹਿਂ ॥੭॥
ਸਿੱਖੀ ਧਰਹਿਂ ਆਪ ਕੀ ਸਾਰੇ।
ਨਿਜ ਗੁਰ ਕਰਹਿਂ ਭਾਵਨਾ ਧਾਰੇ।
ਅਨਿਕ ਅਕੋਰਨਿ ਕੋ ਅਰਪਾਵੈਂ।
ਰਾਵਰ ਕੀ ਕੀਰਤਿ ਬਿਰਧਾਵੈਂ'' ॥੮॥
ਇਹ ਮਸਲਤ ਸੁਨਿ ਸਿੰਘ ਅਨੰਦੇ।
ਕਹੈਂ: 'ਪ੍ਰਭੁ ! ਤਹਿਂ ਨਰ ਹੁਇਂ ਬ੍ਰਿੰਦੇ।
ਤੀਰਥ ਕੀ ਮਹਿਮਾ ਕਹਿਂ ਭਾਰੀ।
ਗਿਰਵਰ ਤਰਤੇ ਬਾਰਿ ਮਝਾਰੀ[1] ॥੯॥

[1]ਪੱਥਰ ਤਰਦੇ ਹਨ ਜਲ ਵਿੱਚ।

ਅਚਰਜ ਹੇਰਨਿ ਕੋ ਚਹਿਂ ਸਾਰੇ।
ਤਰੁਵਰੁ ਦਲ ਸਮ ਗਿਰਵਰ ਤਾਰੇ[1]।'

[1]ਬ੍ਰਿੱਖਾਂ ਦੇ ਪੱਤਿਆਂ ਵਾਂਗ ਪੱਥਰ (ਪਹਾੜ) ਤਰਦੇ ਹਨ।

ਸ੍ਰੀ ਗੁਜਰੀ ਸੁਨਿ ਕਰਿ ਚਲਿ ਆਈ।
'ਚਲਹੁ ਪੁੱਤ੍ਰ ਸੋ ਦੇਹੁ ਦਿਖਾਈ ॥੧੦॥
ਸੁਨਤਿ ਰਹੇ ਕਬਿ ਕੇ ਬਿਸਮਾਏ[1]।

[1]ਹੈਰਾਨ ਹੋਕੇ ਕਦੇ ਦੇ ਸੁਣਦੇ ਰਹੇ ਹਾਂ।

ਅਰੁ ਤੀਰਥ ਮਹਿੰਮਾ ਅਧਿਕਾਏ।
ਬ੍ਰਿਧ ਬਯ ਮੇਰੀ ਬਹੁਰ ਨ ਆਸਾ।
ਕਰਹਿਂ ਸ਼ਨਾਨ ਦਾਨ ਤਟ ਤਾਸਾ[1]' ॥੧੧॥

[1]ਤਿਸ ਦੇ ਕੰਢੇ।

ਪੁਨ ਉਠਿ ਜਦ ਮੰਦਰ ਮਹਿਂ ਗਏ।
ਤਹਿਂ ਜੀਤੋ ਸੁੰਦਰੀ ਸੁਨਿ ਲਏ।
ਹਾਥ ਜੋਰਿ ਤਿਨ ਭੀ ਤਬਿ ਕਹ੍ਯੋ।
'ਪ੍ਰਭੁ ਜੀ! ਤੀਰਥ ਹਮ ਨਹਿਂ ਲਹ੍ਯੋ[1] ॥੧੨॥

[1]ਨਹੀਂ ਦੇਖਿਆ।

ਕ੍ਰਿਪਾ ਕਰਹੁ ਇਕ ਬਾਰ ਦਿਖਾਵਹੁ।
ਜਹਿਂ ਗਿਰ ਤਰਹਿਂ ਸ਼ਨਾਨ ਕਰਾਵਹੁ[†]।'

[†]ਗੁਰੂ ਜੀ ਦੀ ਮਾਤਾ ਤੇ ਸੁਪਤਨੀ ਜੀ ਨੂੰ ਪੱਥਰ ਤਰਦੇ ਦੇਖਣ ਦਾ ਖਯਾਲ ਤਾਂ ਆਇਆ ਹੋਵੇ ਪਰ ਗੁਰੂ 'ਤੀਰਥ' ਦੇ ਪਾਸ ਹੁੰਦਿਆਂ ਉਨ੍ਹਾਂ ਨੂੰ ਕਲਿਆਨ ਹਿਤ ਤੀਰਥ ਸ਼ਨਾਨ ਦੀ ਲੋੜ ਨਹੀਂ ਸੀ। ਜਦੋਂ ਕਿ ਗੁਰੂ ਦਸਮ ਜੀ ਤੀਰਥਾਂ ਦੀ ਵਰਜਨਾਂ ਆਪ ਕਰ ਚੁਕੇ ਹਨ। ਫਿਰ ਜਦ ਪਹਿਲੇ ਸਤਿਗੁਰਾਂ ਦੇ ਹੁਕਮ ਬੀ ਇਹੋ ਹਨ:-'ਗੁਰ ਤੀਰਥ ਗੁਰੁ ਪਾਰਜਾਤੁ' ਪੁਨਾ:-'ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ' ॥

ਬਹੁਰ ਅਜੀਤ ਸਿੰਘ ਜੀ ਭਾਖਾ।
'ਹਮਰੇ ਚਿਤ ਮਹਿਂ ਬੀ ਅਭਿਲਾਖਾ'
॥੧੩॥
ਛਲ ਪੰਮੇ ਕੋ ਸਭਿ ਗੁਰ ਜਾਨੈਂ।
ਜਿਮ ਰਾਜਨਿ ਸੰਗ ਮੇਲ ਬਖਾਨੈਂ।
ਤਉ ਸਰਬ ਚਾਹਤਿ ਪਰਵਾਰਾ।
ਮਿਲਜੋ ਖਾਲਸਾ ਚਲਨ ਉਚਾਰਾ[1]
॥੧੪॥

[1]ਭਾਵ ਪਰਵਾਰ ਤੇ ਖਾਲਸਾ ਚਲਣ ਨੂੰ ਕਹਿ ਰਿਹਾ ਹੈ।

ਸਭਿ ਕੋ ਸੰਮਤਿ[1] ਲਖਿ ਕਰਿ ਸ੍ਵਾਮੀ।

[1]ਇਕੋ ਰਾਇ ਵਾਲੇ।

ਛਾਨੀ ਬਾਤ ਨ ਕਛੁ ਬਖਾਨੀ[1]।

[1]ਗੁੱਝੀ ਗੱਲ ਕੁਛ ਨਾ ਕਹੀ।

ਕਹਿ ਕਰ ਤਬਿ ਤਜਾਰੀ ਕਰਿਵਾਈ।
ਸਭਾ ਸਰਬ ਮਹਿਂ ਥਿਰੇ ਗੁਸਾਈਂ
॥੧੫॥
ਏਕ ਹੁਤੋ ਹਯ ਕੋ ਘੁਰਵਾਰ[1]।

[1]ਸਾਈਸ।

ਨਾਮ ਮਦਨ ਸਿੰਘ ਜਾਤਿ ਚਮਾਰ।
ਤਿਸ ਮਹਿਂ ਸ਼ਕਤਿ ਹੁਤੀ, ਸਭਿ ਜਾਨੀ[1]।

[1]ਉਸਨੇ (ਭਵਿੱਖਤ) ਜਾਣ ਲਈ।

ਸਭਿਨਿ ਸੁਨਾਵਨ ਬੋਲਜੋ ਬਾਨੀ
॥੧੬॥
ਬਚਨ:
ਕਰੈਗਾ ਸੁ ਭਰੈਗਾ। ਗੁਰੂ ਕਾ ਕੀ ਕਰੈਗਾ[1]।

[1]ਕੀ ਨੁਕਸਾਨ ਕਰੇਗਾ।

ਸੇਵਕ ਤੇ ਕਾਜ ਸਰੈਗਾ। ਦੁਸ਼ਮਨ ਦੋਖੀ
ਮਰੇਗਾ' ॥੧੭॥
ਚੌਪਈ:
ਸਭਾ ਬਿਖੈ ਸਿੰਘਨ ਜਬਿ ਸੁਨਜੋਂ।
ਰਿਸ ਉਰ ਧਰਿ ਸਭਿਹਿਨਿ ਤਬਿ
ਭਨਜੋਂ।
'ਇਹ ਕਜਾ ਬੋਲਤਿ ਬਾਉ ਦੁਆਈ[1]।

[1]ਵਾਹਦੁਵਾਹ, ਬੇਥਵੀਆਂ ਗੱਲਾਂ।

ਨੀਠ ਨੀਠ ਮਸਲਤ ਠਹਿਰਾਈ ॥੧੮॥
ਬਿਘਨ ਕਰਨ ਕੋ ਕਰਹਿ ਜਨਾਵਨ।
ਤੀਰਥ ਚਹੈ ਸ਼ਨਾਨ ਹਟਾਵਨ।'
ਸੁਨਿ ਕੈ ਮਦਨ ਸਿੰਘ ਮੁਸਕਾਯੋ।
ਧਰਿ ਤੁਸ਼ਨ ਕੋ ਕੁਛ ਨ ਅਲਾਯੋ

॥੧੯॥
ਤਬਿ ਸਤਿਗੁਰ ਕਹਿ ਸਭਿਨਿ ਸੁਨਾਯੋ।
'ਸੇਵਕ ਹਯ ਕੋ ਸਾਚ ਅਲਾਯੋ[1]।
ਜਿਸ ਅਸੁ ਪਰ ਚਢਤੇ ਗੁਰਦੇਵਾ।
ਦ੍ਵਾਦਸ਼ ਮਾਸ ਕਰੀ ਇਨ ਸੇਵਾ ॥੨੦॥
ਜੋ ਨਿਸ਼ਕਾਮ ਹੋਇ ਕਰਿ ਉਰ ਕੋ।
ਸੇਵਹਿ ਭਲੇ ਤੁਰੰਗ ਸਤਿਗੁਰ ਕੋ।
ਤਥਾ ਗੁਰੂ ਕੀ ਸੇਵਾ ਧੇਨੁ[1]।
ਸੋ ਸ਼ਕਤੀ ਕੋ ਕਰਿ ਹੈ ਲੇਨੁ ॥੨੧॥
ਭੂਤ ਭਵਿੱਖਜਤ ਕੇਰ ਬ੍ਰਿਤਾਂਤ।
ਤਿਸ ਕੇ ਰਿਦੇ ਹੋਇ ਬੱਖਯਾਤ।
ਸਭਿ ਕਿਛ ਜਾਨਿ ਲੀਨ ਇਨ ਰਿਦੇ।'
ਸੇਵਕ ਸੰਗ ਬਖਾਨਜੋਂ ਤਦੇ ॥੨੨॥

ਬਚਨ ਸਾਹਿਬ ਜੀ ਕਾ ॥
'ਘੋੜੇ ਦੀ ਸੇਵਾ ਕਰਿ। ਹੋਵੇਗੀ ਸੋ ਜਰ।
ਗੁਰੂ ਕਾ ਘਰ। ਰਾਖਾ ਸਾਚਾ ਸਤਿਗੁਰ ਸਿਖਾ!
ਚਿੰਤਾ ਨਾ ਕਰ। ਚੁੱਪ ਕਾ ਸਮਾ ਸਰ' ॥੧॥

ਚੌਪਈ:
ਤਬਿ ਸਤਿਗੁਰ ਤਯਾਰੀ ਕਰਿਵਾਈ।
ਸਭਿਨਿ ਤੁਰੰਗਨ ਜ਼ੀਨ ਸਜਾਈ।
ਕੰਚਨ ਸਾਜ ਸੰਗ ਸ਼ਿੰਗਾਰੇ।
ਕੋਤਲ ਪੰਚ ਗੁਰੂ ਕੇ ਪਯਾਰੇ ॥੨੩॥
ਨਿਖਲ ਖਾਲਸਾ ਲਾਲਸ ਕਰੇ[1]।
ਭਏ ਸਨੱਧਬੱਧ ਮੁਦ ਧਰੇ।
ਡੇਰੇ ਚਲੇ ਤੀਨ ਗੁਰ ਮਹਿਲਾ।
ਗੁਜਰੀ ਚਢੀ ਪਾਲਕੀ ਪਹਿਲਾ[†] ॥੨੪॥
ਆਨੰਦਪੁਰਿ ਤੇ ਚਢਤਿ ਸਿਧਾਰੇ?
ਸਾਹਿਬਜ਼ਾਦੇ ਲੈ ਸੰਗ ਚਾਰੇ।
ਸਿਖ ਸੰਗਤ ਕੋ ਵਾਰ ਨ ਪਾਰੇ।
ਚਢਜੋ ਖਾਲਸਾ ਗੁਰੂ ਪਿਛਾਰੇ ॥੨੫॥

[1]ਘੋੜੇ ਦੇ ਸੇਵਕ ਨੇ ਸੱਚੀ ਗਲ ਆਖੀ ਹੈ।

[1]ਜਾਂ ਗੁਰਾਂ ਦੀ ਗਊ ਦੀ ਸੇਵਾ ਕਰੇ। ਸੌ ਸਾਖੀ ਮੂਜਬ ਏਹ ਅਰਥ ਠੀਕ ਹੈ।

[1]ਚੁਪ ਦਾ ਸਮਾਂ ਹੀ ਚੰਗਾ ਹੈ।

[1]ਸਾਰਾ ਖਾਲਸਾ ਚਾਹੁੰਦਾ ਹੈ (ਮੇਲੇ ਜਾਣ ਨੂੰ)।

[†]ਪਾ:-ਬਹਿਲਾ।

ਮਾਰਗ ਬਿਖਮ ਗਿਰਨਿ ਕੋ ਜੋਊ।
ਸਨੇ ਸਨੇ ਉਲੰਘਤਿ ਸਭਿ ਕੋਊ।
ਇਸ ਬਿਧਿ ਕਲਗ਼ੀਧਰ ਆਗਵਨੂ।
ਪਹੁੰਚੀ ਸੁਧਿ ਸਭਿ ਗਿਰਪਤਿ ਭਵਨੂ ॥੨੬॥
ਸੁਨਿ ਕਰਿ ਚਢੇ ਸਕਲ ਤਤਕਾਲਾ।
ਸਿਰੀ ਨਗਰੀਏ ਅਰੁ ਚੰਬਿਆਲਾ[1]। — [1]ਚੰਬੇ ਵਾਲਾ।
ਚਢਿ ਨਦੂਨੀਏ[†] ਨ੍ਰਿਪ ਬਘਿਆਲੇ। — [†]ਪਾ:-ਮਦੂਣੀਏ।

ਅਪਰ ਮੰਡੈਲ[1] ਚਮੂੰ ਲੇ ਨਾਲੇ ॥੨੭॥ — [1]ਮੰਡੀ ਦੇ।
ਹੁਤੋ ਕਾਮਗੜੀਆ[1] ਜੁ ਸਿਧਾਰਾ। — [1]ਕਾਮਗੜ ਦਾ ਰਾਜਾ।
ਨਾਮ ਘਮੰਡ ਚੰਦ ਭਟ ਭਾਰਾ।
ਭੀਮਚੰਦ ਗਿਰਨਾਥ ਕਲੂਰੰ।
ਭੂਪਚੰਦ ਚਢਿ ਚਲ੍ਯੋ ਹੰਡੂਰੰ ॥੨੮॥
ਬੀਰ ਸਿੰਘ ਜਸਪਾਲਿ ਪਧਾਰਾ।
ਚਢੇ ਬਸੈਹਰੀ[1] ਆਨੰਦਧਾਰਾ। — [1]ਇਕ ਰਿਆਸਤ ਹੈ ਸ਼ਿਮਲੇ ਦੇ ਇਲਾਕੇ ਵਿਚ।
ਕੁੱਲੂ ਕੈਠਲ ਤੇ ਚਲਿ ਆਏ।
ਇੱਤ੍ਯਾਦਿਕ ਗਿਰਪਤਿ ਚਢਿ ਧਾਏ ॥੨੯॥
ਲਰੇ ਬਿਸਾਲ ਜਿ ਸ਼੍ਰੀਗੁਰ ਸਾਥਾ।
ਦੇਖੇ ਬਡੇ ਜੰਗ ਮਹਿਂ ਹਾਥਾ[1]। — [1]ਚੰਗੇ ਹੱਥ ਜੰਗ ਵਿਚ ਵੇਖੇ ਸਨ (ਜਿਨ੍ਹਾਂ ਨੇ)।
ਤਿਸ ਕਲਗ਼ੀਧਰ ਹੇਰਨ ਹੇਤਿ।
ਬਡ ਜੋਧਾ ਅਤਿਰਥੀ ਸੁਚੇਤ[1] ॥੩੦॥ — [1]ਗੁਰੂ ਜੀ।
ਧਰਿ ਧਰਿ ਉਰ ਦੀਰਘ ਅਭਿਲਾਖਾ।
ਗਏ ਅਖਿਲ ਸੈਲਨਿ ਮਗ ਨਾਖਾ[1]। — [1]ਪਹਾੜਾਂ ਦਾ ਰਾਹ ਲੰਘਕੇ।
ਤੀਰਥ ਥਲ ਰੁਵਾਲਸਰ ਆਯੋ।
ਪ੍ਰਥਮ ਪ੍ਰਭੂ ਡੇਰਾ ਤਹਿਂ ਪਾਯੋ ॥੩੧॥
ਤਿਨ ਪਾਛੇ ਰਾਜੇ ਸਭਿ ਆਏ।
ਹੇਰਿ ਹੇਰਿ ਥਲ ਜਿਤ ਚਿਤ ਭਾਏ।
ਸਭਿਹਿਨਿ ਸਿਵਰ ਕਰ੍ਯੋ ਹਰਿਖਾਏ।
ਖਾਨ ਪਾਨ ਕਰਿ ਸੁਪਤਿ ਸੁਥਾਏ

॥੩੨॥
ਅਗਲੀ ਭਈ ਜਬਹਿ ਭੁਨਸਾਰਾ।
ਸੌਚ ਸ਼ਨਾਨ ਸਕਲ ਤਨ ਧਾਰਾ।
ਸ਼੍ਰੀ ਗੁਰ ਢਿਗੁ ਸਭਿ ਕੇ ਨਰ ਆਏ।
'ਗਿਰਪਤਿ ਚਾਹਤਿ ਦਰਸ਼ਨ ਪਾਏ'
॥੩੩॥
ਪੰਮਾ ਫਿਰੈ ਬੀਚ ਇਤ ਉਤ ਮੈਂ।
ਚਹੈ ਪ੍ਰਭਾਵ[1] ਦਿਖਾਵਨਿ ਚਿਤ ਮੈਂ। [1]ਆਪਣਾ) ਪ੍ਰਭਾਉ, ਪ੍ਰਤਾਪ।
ਤਬਿ ਸਾਹਿਬ ਇਮ ਹੁਕਮ ਬਖਾਨਾ।
'ਕਰਹੁ ਮਖਮਲੀ ਫਰਸ਼ ਮਹਾਂਨਾ
॥੩੪॥
ਸਭਾ ਸ਼ਿੰਗਾਰ ਸੁਧਾਰੋ ਸਾਰੋ।
ਥਿਰੈਂ ਆਨਿ ਜਹਿਂ ਮਨੁਜ ਹਜ਼ਾਰੋਂ।'
ਸੁਨਿ ਦਾਸਨਿ ਤਤਕਾਲ ਸੁਧਾਰੂ।
ਤਨਜੋ ਬਿਤਾਨ ਚੌਕਨੋ ਚਾਰੂ ॥੩੫॥
ਮੁਕਤਾ ਝਾਲਰ ਜ਼ਰੀ ਪਰੋਏ।
ਰੇਸ਼ਮ ਡੋਰੈਂ ਕਸਿਬੋ ਹੋਏ।
ਬ੍ਰਿੰਦ ਦਰਬ ਲਾਗੇ ਬਨਵਾਯੋ।
ਰਵਿ ਪ੍ਰਕਾਸ਼ ਤੇ ਬਹੁ ਚਮਕਾਯੋ
॥੩੬॥
ਫਰਸ਼ ਬਿਸਾਲ ਦੂਰ ਲਗ ਕੀਨਾ।
ਆਇ ਖਾਲਸਾ ਪ੍ਰਥਮ ਅਸੀਨਾ।
ਸਗਰੇ ਸਨਧਬੱਧ ਭਟ ਭਾਰੇ।
ਸ਼ੋਭਤਿ ਜਿਮ ਕੇਹਰਿ ਬਲਿ ਭਾਰੇ
॥੩੭॥
ਸ਼੍ਰੀ ਕਲਗੀਧਰ ਬਸਤ੍ਰ ਸਜਾਏ।
ਜਾਮਾ ਬਹੁ ਸੂਖਮ ਛਬਿ ਪਾਏ।
ਮੁਸ਼ਟ ਹੇਮ ਕੀ ਜੜਤਿ ਸੁ ਹੀਰੇ।
ਸੁੰਦਰ ਕੋਰ ਕਰੀ ਬਰ ਚੀਰੇ ॥੩੮॥
ਪਾਇ ਪੁਲਾਦੀ ਗਰ ਸ਼ਮਸ਼ੇਰ।
ਸਾਯੁਧ ਭਏ[1] ਦਿਪਹਿਂ ਸਮ ਸ਼ੇਰ[2]। [1]ਸ਼ਸ਼ਤ੍ਰ ਪਹਿਨੇ ਹੋਏ। [2]ਸ਼ੇਰ ਵਤ।

ਸਿਰ ਸੁੰਦਰ ਦਸਤਾਰ ਸਜਾਈ।
ਦਮਕਤਿ ਰਤਨ ਜਿਗਾ ਛਬਿ ਪਾਈ ॥੩੯॥
ਝੂਲਤਿ ਕਲਗੀ ਮੋਦ ਬਢਾਵਤਿ।
ਮੁਕਤਾ ਸ੍ਰੱਛਨਿ ਗੁੱਛ ਸੁਹਾਵਤਿ।
ਤਰਗਸ ਜਟਤਿ ਗਰੇ ਗਹਿ ਪਾਯੋ।
ਖਰ ਤੀਰਨਿ ਸੋਂ ਭਰਜੋ ਸੁਹਾਯੋ ॥੪੦॥
ਚਾਂਪ ਕਠੋਰ ਹਾਥ ਮਹਿਂ ਲੀਨਿ।
ਗੋਸ਼ੇ[1] ਜੁਗ ਕੰਚਨ ਕੇ ਕੀਨਿ। [1]ਧਨੁਖ ਦੇ ਕੋਨੇ।
ਡਸਜੋ[1] ਪ੍ਰਯੰਕ ਫਰਸ਼ ਪਰ ਚਾਰੂ। [1]ਵਿਛਾਇਆ।
ਸੇਜਬੰਦ ਗੁੰਫੇ ਦਿਸ਼ ਚਾਰੂ[1] ॥੪੧॥ [1]ਚਹੁੰ ਪਾਸੀਂ।
ਬਿਸਦ ਬਿਛੌਨਾ ਸੁੰਦਰ ਸੋਹਤਿ।
ਮ੍ਰਿਦੁਲ ਅਧਿਕ ਮਨੁਹਰਤਾ ਜੋਹਤਿ[1]। [1]ਕੂਲਾ ਤੇ ਬਹੁਤ ਮਨੋਹਰ ਦਿਖਾਈ ਦਿੰਦਾ ਹੈ।
ਤਿਸ ਪਰ ਥਿਰੇ ਆਨ ਗੁਨਖਾਨੀ।
ਹੇਰਿ ਉਠੇ ਸਭਿ ਹਿਤ ਸਨਮਾਨੀ ॥੪੨॥
ਚਮਰ ਚਾਰੁ ਢੁਰਤੇ ਚਹੁੰਫੇਰੇ।
ਮਨਹੁਂ ਹੰਸ ਝੁਕ ਮੁਕਤਾ ਹੇਰੇ[1]। [1]ਮਾਨੋਂ ਹੰਸ ਝੁਕਕੇ ਮੋਤੀਆਂ ਨੂੰ ਵੇਖਦਾ ਹੈ।
ਡਰਤਿ ਨ ਗਹੈ ਫੇਰ ਉਡ ਜਾਹੀ[1]। [1]ਡਰਦਾ (ਮੋਤੀਆਂ) ਨੂੰ ਫੜਦਾ ਨਹੀਂ ਤੇ ਉਡ ਜਾਂਦਾ ਹੈ। (ਅ) ਡਰਦਾ ਹੈ ਕਿ ਮਤਾਂ ਮੈਨੂੰ ਫੜ ਲੈਣ ਇਸ ਕਰਕੇ ਉਡ ਜਾਂਦਾ ਹੈ।
ਬਾਰਬਾਰ ਤਿਨ ਪਿਖਹਿ ਭ੍ਰਮਾਹੀ[1] ॥੪੩॥ [1]ਘੜੀ ਮੁੜੀ ਵੇਖਕੇ ਇਧਰ ਉਧਰ ਫਿਰਦਾ ਹੈ।
ਇਸ ਪ੍ਰਕਾਰ ਸਭਿ ਸਭਾ ਲਗਾਇ।
ਜਨੁ ਸੁਰ ਗਨ ਮਹਿਂ ਥਿਰ ਸੁਰਰਾਇ।
ਕਿਧੋਂ ਕੁਬੇਰ ਮਹਾਂ ਛਬਿ ਪਾਵੈ।
ਰਾਮਚੰਦ ਕੈ ਸਭਾ ਸੁਹਾਵੈਂ ॥੪੪॥
ਜਿਮ ਜਾਦਵ ਮਹਿਂ ਗੋਵਿੰਦ ਚੰਦ[1]। [1]ਕ੍ਰਿਸ਼ਨ ਚੰਦ।
ਤਿਮ ਸਿੰਘਨ ਮਹਿਂ ਗੋਬਿੰਦ ਸਿੰਘ।
ਕੰਚਨ ਲਸ਼ਟ ਧਰੇ ਥਿਰ ਆਗੇ[1]। [1]ਚੋਬਦਾਰ ਅੱਗੇ ਖੜੇ ਹਨ।
ਸਭਿ ਗੁਰ[†] ਰੂਪ ਪਿਖਹਿਂ ਅਨੁਰਾਗੇ [†]ਪਾ:-ਸਤਿਗੁਰ।

॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁੱਤੇ 'ਰੁਵਾਲ ਸਰ ਜਾਵਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਰਵਾਲਸਰ ਰਾਜਿਆਂ ਨਾਲ ਮੇਲ। ਚੰਬਜਾਲ ਕੁਮਾਰੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਸੈਲਪਤੀ ਮਿਲਿ ਕਰਿ ਸਕਲ, ਚਮੂ ਸੰਗ ਸਮੁਦਾਇ।
ਸ਼੍ਰੀ ਕਲਗ਼ੀਧਰ ਕੇ ਨਿਕਟ, ਆਏ ਉਰ ਹਰਿਖਾਇ ॥੧॥

ਚੌਪਈ:

ਨਿਜ ਨਿਜ ਭੇਟ ਅਗਾਰੀ ਧਰੇ।
ਪਦ ਅਰਬਿੰਦ ਬੰਦਨਾ ਕਰੇ।
ਕੰਚਨ ਜ਼ੀਨ ਤੁਰੰਗ ਸ਼ਿੰਗਾਰੇ।
ਖਰੇ ਕਰੇ ਸਤਿਗੁਰੂ ਅਗਾਰੇ ॥੨॥
ਧਨੁਖ ਤੁਪਕ ਅਰੁ ਸਿਪਰ ਕ੍ਰਿਪਾਨ।
ਦੇਸ਼ ਬਿਦੇਸ਼ਨਿ ਮੋਲ ਮਹਾਂਨ।
ਖੜਗ ਸਿਪਰ ਸਭਿ ਅੰਗ ਲਗਾਏ।
ਬੈਠੇ ਨਿਕਟ ਪ੍ਰਭੁ ਸਮੁਦਾਏ ॥੩॥
ਹੇਰਿ ਹੇਰਿ ਸੁੰਦਰ ਗੁਰ ਸੂਰਤਿ।
ਮਾਨਹੁੰ ਦਿਪਹਿ ਕਾਮ ਕੀ ਮੂਰਤਿ।
ਕੈ ਸਮੇਟ ਸੁੰਦਰਤਾ ਸਾਰੀ।
ਧਰਜੋ ਸਰੀਰ ਆਨਿ ਦੁਤਿ ਭਾਰੀ[1] ॥੪॥

[1]ਭਾਵ ਸਾਰੀ ਸੁੰਦਰਤਾ ਨੇ ਮਾਨੋ ਕੱਠੇ ਹੋਕੇ ਰੂਪ ਧਾਰਿਆ ਹੈ।

ਆਦਿ ਸੂਰਤਾ ਗੁਨ ਸਮੁਦਾਏ।
ਇਕ ਥਲ ਮੈਂ ਬਿਧਿ ਰਚੇ ਟਿਕਾਏ।
ਮਨਹੁਂ ਰੂਪ[1] ਨਿਜ ਧਰਜੋ ਸਰੂਪਾ।
ਇਸ ਪ੍ਰਕਾਰ ਪ੍ਰਭੁ ਦਿਪਹਿਂ ਅਨੂਪਾ ॥੫॥

[1]ਮਾਨੋਂ ਰੂਪ ਭਾਵ ਸੁੰਦਰਤਾ ਨੇ।

ਤਿਸ ਛਿਨ ਜਿਨ ਜਿਨ ਦੇਖਨਿ ਕੀਨੇ।
ਇਕ ਸਮ ਸਭਿ ਕੇ ਮਨ ਹਰਿ ਲੀਨੇ।
ਚਿਰੰਕਾਲ ਕੇ ਚਾਹਤਿ ਚਿਤ ਮੈਂ।
ਦਰਸ਼ਨ ਕਰਜੋ ਭਏ ਸਭਿ ਹਿਤ ਮੈਂ ॥੬॥
ਕੁਸ਼ਲ ਪ੍ਰਸ਼ਨ ਪ੍ਰਭੁ ਸਭਿ ਕੋ ਬੂਝੇ।
ਉੱਤਰ ਦਯੋ ਅਨੰਦ ਅਰੂਝੇ[1]।
ਅਪਰ ਬਾਰਤਾ ਬਹੁਤ ਚਲਾਈ।

[1]ਅਨੰਦ ਵਿਚ ਰੱਤਿਆਂ ਨੇ।

ਬਚਨ ਸੁਨਨਿ ਕੋ ਬਹੁ ਲਲਚਾਈ ॥੭॥
ਭੀਮਚੰਦ ਤੇ ਆਦਿਕ ਰਾਜੇ।
ਭੂਪਚੰਦ ਬਹੁ ਸੰਗ ਸਮਾਜੇ।
ਛੋਟੇ ਬਡੇ ਸੈਲਪਤਿ ਹੇਰੇ।
ਸੁਨਿ ਸੁਨਿ ਬਾਕ ਅਨੰਦ ਬਡੇਰੇ ॥੮॥
ਜਿਨਹੁ ਪ੍ਰਿਥਮ ਹੀ[1] ਦਰਸ਼ਨ ਪਾਯੋ। [1](ਅਜੇ) ਪਹਿਲੀ ਵਾਰ ਹੀ।
ਸੋ[†] ਕਰ ਜੋਰਤਿ ਬਾਕ ਅਲਾਯੋ। [†]ਪਾ:-ਸੇ।

'ਸ੍ਰੀ ਸਤਿਗੁਰ ਕੇ ਗੁਨ ਜਿਮ ਸੁਨੇ।
ਕਹਤਿ ਹੁਤੇ ਜਿਮ ਸੁੰਦਰ ਘਨੇ ॥੯॥
ਤਿਸੀ ਰੀਤਿ ਕੇ ਆਜ ਨਿਹਾਰੇ।
ਦਰਸ਼ਨ[1] ਸਫਲੇ ਜਨਮ ਹਮਾਰੇ।' [1]ਦਰਸ਼ਨ ਕਰਨ ਨਾਲ।
ਰਾਜਪੂਤ ਅਰੁ ਸਭਿ ਗਿਰਪਾਲ।
ਕਹੈਂ ਸਕਲ 'ਹਮ ਭਏ ਨਿਹਾਲ ॥੧੦॥
ਸ੍ਰੀ ਨਾਨਕ ਕੋ ਤਖਤਿ ਸੁਹਾਯੋ।
ਤੀਨ ਲੋਕ ਪਤਿ ਤਨ ਧਰਿ ਆਯੋ।'
ਬਹੁਤ ਸਮੈ ਲਗ ਬੈਠੇ ਰਹੇ।
ਉਠਿ ਗਮਨੇ ਕੋਇ ਨ ਚਿਤ ਚਹੇ[1] ॥੧੧॥ [1]ਜਾਣ ਨੂੰ ਕਿਸੇ ਦਾ ਚਿਤ ਨਹੀਂ ਕਰਦਾ।
ਦੇਖਨਿ ਕੇ ਲਾਲਚ ਅਨੁਰਾਗੇ।
ਬਾਕ ਸੁਨਨਿ ਹਿਤ ਬਾਤਨਿ ਲਾਗੇ।
ਬਾਰ ਬਾਰ ਗੁਰ ਕੋ ਜਸੁ ਕਹੈਂ।
'ਹਮ ਰਾਵਰ ਕੇ ਸਿਖ ਹੀ ਅਹੈਂ ॥੧੨॥
ਕਰੁਨਾ ਕਰਤਿ ਰਹਹੁ ਲਖਿ ਦਾਸ।
ਤੁਮ ਦਰਸ਼ਨ ਤੇ ਨਹਿਂ ਜਮ ਪਾਸ।
ਅਪਨੇ ਜਾਨਿ ਸਿਮਰਤੇ ਰਹੋ।
ਪੂਰਬ ਦੋਸ਼ੁ ਨਹੀਂ ਅਬਿ ਲਹੋ[1] ॥੧੩॥ [1]ਭਾਵ ਭੁਲਾ ਦਿਓ।
ਹਮ ਹੈਂ ਅਲਪ ਬਿਗਾਰਨ ਹਾਰੇ।
ਤੁਮ ਸਮਰਥ ਹੋ ਬਖਸ਼ਨਹਾਰੇ।'

ਇੱਤਯਾਦਿਕ ਕਹਿ ਬਿਨੈ ਘਨੇਰੀ।
ਨੀਠ ਨੀਠ ਉਠਿ ਕਰਿ ਤਿਸ ਬੇਰੀ ॥੧੪॥
ਕਰਿ ਕਰਿ ਨਮੋ ਜਨਾਇ ਸਨੇਹੂ।
ਗਮਨੇ ਡੇਰਨਿ ਬਿਖੈ ਅਛੇਹੂ[1]। [1]ਸਾਰੇ।
ਪੁਨ ਸਗਰੇ ਰਾਜਨ ਕੀ ਰਾਨੀ।
ਦਰਸ਼ਨ ਕੋ ਚਿਤ ਚਹਤਿ ਮਹਾਨੀ ॥੧੫॥
ਬੂਝਿ ਬੂਝਿ ਰਾਜਨ ਕੇ ਸੰਗਾ।
ਆਈ ਦੇਖਨਿ ਧਰੇ ਉਮੰਗਾ।
ਪ੍ਰਿਥਕ ਪ੍ਰਿਥਕ ਨਿਜ ਧਰੀ ਉਪਾਇਨ।
ਪਰਸੇ ਆਨਿ ਕਮਲ ਸਮ ਪਾਇਨ ॥੧੬॥
ਪੂਰਨ ਚੰਦ ਬਦਨ ਕੀ ਓਰਾ।
ਸਭਿ ਰਾਨੀ ਦ੍ਰਿਗ ਕੀਨ ਚਕੋਰਾ।
ਗੁਰ ਸਰੂਪ ਸੂਰਜ ਸਮ ਭਾਸੇ।
ਕਮਲ ਬਿਲੋਚਨ ਸਭਿਨਿ ਬਿਕਾਸੇ ॥੧੭॥
ਏਕ ਬਾਰ ਤਨ ਕੀ ਸੁਧਿ ਭੂਲੀ।
ਪਿਖਿ ਸਰੂਪ ਸਭਿ ਰਾਨਿਨਿ ਝੂਲੀ[1]। [1]ਸਭ ਰਾਣੀਆਂ ਝੂੰਮ ਪਈਆਂ।
ਕਹੈਂ ਪਰਸਪਰ 'ਹੇ ਅਲਿ[1] ! ਜਾਨ। [1]ਹੇ ਸਖੀ।
ਸੁੰਦਰ ਕ੍ਰਿਸ਼ਨ ਸੁਨਜੋ ਹਮ ਕਾਨਿ ॥੧੮॥
ਜਿਨ ਕਉ ਪਿਖਿ ਬਿਰਮਹਿਂ ਨਰ ਨਾਰੀ।
ਬੀਚ ਪੁਰਾਨਨ ਕਥਾ ਉਚਾਰੀ।
ਸੋ ਇਨ ਸਮ ਹ੍ਵੈਗੋ ਕੈ ਨਾਂਹਿਨ।
ਕਾਮ ਕਹਾਂ ਸਮ ਤਨ ਭਾ ਦਾਹਨਿ[1] ॥੧੯॥ [1]ਕਾਮ ਨੇ ਕੀ (ਇਨ੍ਹਾਂ ਦੇ) ਬਰਾਬਰ ਹੋਣਾ ਹੈ (ਉਸਦਾ ਤਾਂ) ਸਰੀਰ ਸਾੜਿਆ ਹੋਇਆ ਹੈ (ਸ਼ਿਵਜੀ ਦਾ)।
ਲਾਜ ਜਹਾਜ[1] ਨਯਨ ਅਨਿਯਾਰੇ[2]। [1]ਲੱਜਾ ਦੇ ਜਹਾਜ ਹਨ। [2]ਅਣੀਆਲੇ ਨੈਣ।
ਖੰਜਨ ਕੰਜਨ ਕੌਨ ਬਿਚਾਰੇ[1]। [1]ਮਮੋਲੇ ਤੇ ਕਵਲ ਵਿਚਾਰੇ (ਇਨ੍ਹਾਂ ਨੈਣਾਂ ਅਗੇ) ਕੌਣ ਹਨ।
ਧੰਨ ਤ੍ਰੀਆ ਬਡਭਾਗੀ ਸੋਈ।

ਇਨ ਸੋਂ ਹਸਿ ਬੋਲਤਿ ਹੈ ਜੋਈ ॥੨੦॥
ਸੁਨਤਿ ਰਹੀ ਹਮ ਸਦ ਹੀ ਸ਼੍ਰੋਨ।
ਗੁਰ ਸਮ ਰੂਪ ਨਹੀਂ ਕਿਤ ਲੋਨ[1]।
ਰਹੀ ਸਿਹਾਵਤਿ ਹੇਰਨਿ ਕਾਰਨ[1]।
ਬਡੇ ਭਾਗ ਕਿਯ ਆਜ ਨਿਹਾਰਨਿ' ॥੨੧॥
ਗੁਰ ਸਰੂਪ ਬਡ ਜਾਲ ਫਸੀ ਹੈਂ[1]।
ਮ੍ਰਿਗੀ ਸਮਾਨ ਨਹੀਂ ਨਿਕਸੀ ਹੈਂ।
ਇਕ ਟਕ ਦੇਖਿ, ਨ ਪਲਕ ਮਿਲਾਵਹਿਂ।
'ਹੇ ਸਖਿ! ਕਹ ਦਰਸ ਪੁਨ ਪਾਵਹਿਂ' ॥੨੨॥
ਭਈ ਬਿਬਸ ਠਹਿਰੀ ਚਿਰ ਕਾਲ।
ਤਿਨ ਮਹਿਂ ਹੁਤੀ ਜਿ ਬਿਰਧਾ ਬਾਲ[1]।
ਸਭਿ ਰਾਨਿਨਿ ਕੇ ਮਨ ਕੀ ਜਾਨਿ।
ਉਠੀ ਗੁਰੂ ਪਗ ਬੰਦਨ ਠਾਨਿ ॥੨੩॥
ਨੀਠ ਨੀਠ ਉਠਿ ਗਵਨੀ ਸਾਰੀ।
ਬੰਧੀ ਲਾਜ ਸੁਕਚਤੇ ਨਾਰੀ[1]।
ਜਬਿ ਸਭਿ ਗਈ ਕਥਤਿ ਗੁਨ ਗਨ ਕੋ[1]।
ਚਲੀ ਹਾਰ ਕਰਿ ਜਨੁ ਨਿਜ ਮਨ ਕੋ ॥੨੪॥
ਸੈਲਪਤੀ ਚੰਬਜਾਲ ਕੁਮਾਰੀ।
ਨਹਿਂ ਬਜਾਹੀ ਸੋ ਹੁਤੀ ਕੁਮਾਰੀ।
ਹੁਤੀ ਚਿੱਤ੍ਰਨੀ[†] ਚਿੱਤ੍ਰ ਸਰੂਪਾ[‡]।
ਕਵਿਤਾ ਕਰਤੀ ਗੁਨਨਿ ਅਨੂਪਾ ॥੨੫॥
ਸੁਨਤਿ ਹੁਤੀ ਗੁਰ ਰਚੀ ਸੁ ਬਾਨੀ।
ਛੰਦ ਸਵੈਯੇ ਆਦਿ ਮਹਾਨੀ।

[1]ਸੁੰਦਰ।
[1]ਦਰਸ਼ਨ ਕਰਨ ਵਾਸਤੇ ਸਿਕਦੀਆਂ ਰਹੀਆਂ ਹਾਂ।
[1]ਸਰੂਪ ਰੂਪੀ ਵੱਡੇ ਜਾਲ ਵਿਚ ਫਸੀਆਂ।
[1]ਬਿਰਧ ਇਸਤ੍ਰੀਆਂ।
[1]ਲਾਜ ਨਾਲ ਬੱਧੀਆਂ ਸੁਕਚਕੇ ਨਾਰੀਆਂ।
[1]ਸਮੂਹ ਗੁਣਾਂ ਨੂੰ ਕਹਿੰਦੀਆਂ।
[†]ਇਸਤ੍ਰੀ ਜਾਤਿ ਵਿੱਚੋਂ ਦੂਸਰੀ। ਡੀਲ ਡੌਲ ਵਿਚਲੇ ਮੇਲ ਦੀ, ਨੈਣ ਕਮਲ ਵਰਗੇ ਨੱਕ ਤਿਲਫੁਲ ਜੇਹਾ। ਕਵਿਤਾ ਨ੍ਰਿਤ ਸੰਗੀਤ ਦੀ ਰੁਚੀ ਉਸ ਵਿਚ ਹੁੰਦੀ ਹੈ। ਆਦਿ। [‡]ਪਾ:-ਚਤੁਰ ਸਰੂਪਾ।

ਪਢਿ ਪਢਿ ਹਰਖਤਿ ਰਿਦੇ ਘਨੇਰੀ।
ਰਸ ਸ਼ਿੰਗਾਰ ਅਧਿਕ ਜਹਿਂ ਹੇਰੀ[1] ॥੨੬॥

[1]ਜਿਸ ਵਿਚ ਸ਼ਿੰਗਾਰ ਰਸ (ਬੱਧਾ ਹੋਯਾ ਬਹੁਤ) ਦੇਖਿਆ ਸੀ (ਉਸ ਨੇ)।

ਮਨ ਮਹਿਂ ਐਸੇ ਚਿਤਵਤਿ ਰਹੀ।
-[1]ਬਾਨੀ ਰਸਵਤਿ ਗੁਰ ਬਹੁ ਕਹੀ।

[1]ਗੁਰੂ ਜੀ ਨੇ ਰਸੀਲੀ ਬਾਣੀ ਬਹੁਤੀ ਕਹੀ ਹੈ, ਜੋ ਨਵੀਨ ਹੈ ਬਰੀਕ ਹੈ ਤੇ ਬਹੁਤੇ ਰਸਾਂ ਵਿਚ ਰਚੀ ਹੈ ਜਿਸ ਵਿਚ ਰੌਦ੍ਰ ਸ਼ਿੰਗਾਰ (ਆਦਿ ਰਸ) ਮਾਨੋਂ ਪਰਤੱਖ ਕਰ (ਦਿਖਾਏ) ਹਨ।

ਨਈ, ਬਰੀਕ, ਕਰੀ ਰਸ ਘਨੋ।
ਰੌਦ੍ਰ, ਸ਼ਿੰਗਾਰ, ਬਿਦਤਿ ਕਰਿ ਮਨੋ ॥੨੭॥
ਅਧਿਕ ਸਨੇਹ ਸੰਗ ਸੋ ਪਢੇ।
ਦਰਸ ਕਰਨ ਕੀ ਬਾਂਛਾ ਬਢੇ।
ਪਿਤ ਸੋਂ ਪੂਛਿ ਲਿਖੀ ਤਿਨ ਪਾਤੀ।
ਨਿਜ ਅਧੀਨਤਾ ਕਰਿ ਬਹੁ ਭਾਂਤੀ ॥੨੮॥
ਸ੍ਰੀ ਸਤਿਗੁਰ ਕੀ ਬਹੁਤ ਬਡਾਈ।
ਲਿਖਿ ਕਰਿ ਦਾਸੀ ਹਾਥ ਪਠਾਈ।
ਆਨਿ ਦਈ ਸਭਿ ਕਹਿ ਕਰਿ ਗਾਥਾ।
ਬਾਚੀ ਤਬਹਿ ਖੋਲਿ ਜਗਨਾਥਾ ॥੨੯॥

ਬਚਨ:

'ਸਾਰਾ, ਪਉਣਾ, ਦੂਜਾ ਗਉਣਾ?
ਨਰ ਨਾਰੀ ਥੇ ਦੋਨੋ ਭਉਣਾ।
ਕੁਛ ਖਾਧਾ, ਕੁਛ ਲੈਕੇ ਸਉਣਾ।
ਉੱਤਰ ਦੇਹੁ ਗੁਰੂ ਜੀ ਕਉਣਾ[1]?' ॥੩੦॥

[1]ਪ੍ਰਸ਼ਨਾਂ ਦਾ ਅਰਥ ਉੱਤਰ ਤੋਂ ਸਮਝ ਆ ਜਾਵੇਗਾ।

ਦੋਹਰਾ:

ਇਮ ਪਾਤੀ ਪਢਿ ਦੇਖਿ ਕੈ, ਸਤਿਗੁਰ ਚਤੁਰ ਬਿਸਾਲ।
ਕਾਗਦ ਪਰ ਉੱਤਰ ਲਿਖ੍ਯੋ, ਪਠਿ ਦੀਨੋ ਤਤਕਾਲ ॥੩੧॥

[1]ਜਾਣੋ ਸਾਰਾ ਦੇਵ ਦੇਹਿ, ਪਉਣਾ ਮਾਣਸ ਦੇਹਿ।
ਦੁਬਿਧਾ ਦੂਜੀ ਕਰੀ ਗਵਨ, ਨਰ ਨਾਰੀ ਲਗ ਹੁਏ ਖੇਹ ॥੩੨॥
ਉਭੈ ਲੋਕ ਭਉਂਦਾ ਫਿਰੈ, ਕੁਝ ਖਾਧਾ ਖਰਚ ਜ ਮਾਲ।

ਪ੍ਰਲੈ ਭਈ ਸਉਣਾ ਹੁਆ, ਉੱਤਰ ਤੁਮਰਾ ਬਾਲ!' ॥੩੩॥

'ਦੇਵ ਤਨ' ਤਾਂ ਸਾਰਾ ਹੈ, ਤੇ 'ਮਨੁੱਖ ਤਨ' ਪੌਣਾ ਹੈ, (ਹੁਣ ਵਿਚਾਰ ਇਹ ਹੈ ਕਿ ਸਾਰਾ ਭਟਕਦਾ ਨਹੀਂ ਤੇ ਪਉਣਾਂ ਭਟਕਦਾ ਹੈ ਇਸ ਕਰਕੇ ਕਿ ਪਉਣਾ ਦੁਬਿਧਾ ਵਿਚ ਚਲਾ ਜਾਂਦਾ ਹੈ ਸੋ ਦੂਜਾ ਕੌਣ ਹੋਇਆ, ਦੂਜਾ ਦੁਬਿਧਾ ਹੈ, ਜਿਸ ਵਿਚ ਗਵਨ ਕਰਕੇ ਨਰ ਤੇ ਨਾਰੀ ਖੇਹ ਹੋ ਜਾਂਦੇ ਹਨ। (ਇਸ ਲੋਕ ਵਿਚ) ਕੁਛ ਮਾਲ ਖਾ ਖਰਚਕੇ (ਦੁਬਿਧਾ ਕਾਰਨ ਸਭ ਕੋਈ) ਦੋਹਾਂ ਜਹਾਨਾਂ ਵਿਚ ਭਟਕਦਾ ਫਿਰਦਾ ਹੈ। (ਇਨ੍ਹਾਂ ਦਾ) ਸਉਣਾ ਪ੍ਰਲੈ ਵਿਚ ਹੁੰਦਾ ਹੈ, (ਨਹੀਂ ਤਾਂ ਭਟਕ ਹੀ ਭਟਕ ਹੈ।) ਹੇ ਕਾਕੀ ਤੇਰਾ ਇਹ ਉੱਤਰ ਹੈ। (ਅ) ਵਿਚਾਰ ਕਰਨ ਤੇ ਵਿਸ਼ੇਸ਼ ਭਾਵ ਇਹ ਬੀ ਪ੍ਰਤੀਤ ਹੁੰਦਾ ਹੈ:-ਦੇਹੀ ਵਿਚ ਜੋ 'ਦੇਵ' (ਰੂਪ ਹੈ ਉਹ) ਸਾਰਾ (ਮੁਕੰਮਲ) ਹੈ, (ਅਤੇ) ਦੇਹਿ ਵਿਚ ਜੋ 'ਮਨੱਸ' (ਮਨ ਯਾ ਲਿੰਗ ਸ਼ਰੀਰ) ਹੈ ਸੋ ਪਉਂਣਾ ਹੈ (ਕਿਉਂਕਿ ਦੇਵ ਦੀ ਸੱਤਾ ਦਾ ਮੁਥਾਜ ਹੈ)। 'ਦੂਜੀ' ਯਾ ਦੂਜਾ (ਅਰਥਾਤ) ਪਉਣਾ ਜੋ ਹੈ ਸੋ ਦੁਬਿਧਾ (ਵਿਚ ਪੈਕੇ ਗਵਨ ਕਰਦਾ ਅਰਥਾਤ ਨਰ ਨਾਰੀ) ਰੂਪ ਧਾਰਦਾ ਹੈ (ਤੇ ਅੰਤ ਏਹ ਦੋਇ ਰੂਪ) ਨਰ ਤੇ ਨਾਰੀ ਖੇਹ ਹੋ ਜਾਂਦੇ ਹਨ। (ਜੋ ਮਨੱਸ ਹੈ ਉਹ) ਦੋਹਾਂ ਲੋਕਾਂ ਵਿਚ ਭਉਂਦਾ ਫਿਰਦਾ, ਜਮਾਂ ਮਾਲ ਨੂੰ (ਅਰਥਾਤ ਕੀਤੇ ਕਰਮਾਂ ਦੇ ਫਲ ਨੂੰ) ਖਾਂਦਾ ਖਰਚਦਾ (ਭਟਕਦਾ ਹੀ ਰਹਿੰਦਾ ਹੈ, ਜਦੋਂ) ਪ੍ਰਲੈ ਹੋਈ ਤਦੋਂ ਸੰਚਿਤ ਕਰਮਾਂ ਨੂੰ ਲੈਕੇ ਸੌਂ ਜਾਂਦਾ ਹੈ। ਕਾਕੀ ਇਹ ਤੇਰਾ ਉੱਤਰ ਹੈ।

ਚੌਪਈ:

ਸੋ ਦਾਸੀ ਲੇ ਤਤਛਿਨ ਆਈ।
ਰਾਜਸੁਤਾ ਗਹਿ† ਪਢਿ ਹਰਿਖਾਈ।

†ਪਾ:-ਤਬਿ।

ਦਰਸ਼ਨ ਪਜਾਸ ਪ੍ਰਥਮ ਹੀ ਲਾਗੀ।
ਉੱਤਰ ਪਢਿ ਦੂਨੀ ਮਨ ਜਾਗੀ ॥੩੪॥
ਨਿਜ ਪਿਤ ਸੰਗ ਬੂਝਿ ਕਰਿ ਆਈ।
ਪਹੁੰਚਿ ਗੁਰੂ ਤਟ ਗ੍ਰੀਵ ਨਿਵਾਈ।
ਹਾਥ ਜੋਰਿ ਜਬਿ ਬੰਦਨ ਠਾਨਿ।
ਹੁਤੀ ਕਮਾਨ ਪ੍ਰਭੂ ਕੇ ਪਾਨ ॥੩੫॥
ਰਾਜ ਸੁਤਾ ਕੀ ਪ੍ਰਿਸ਼ਟੀ ਪਰ ਧਰਿ।
ਥਾਪੀ ਧਨੁਖ ਸਾਥ ਤਿਸ ਦੇ ਕਰਿ।
ਬਹੁਰ ਹਾਥ ਮਹਿਂ ਲੀਨ ਉਠਾਈ।
ਹਿਤ ਬੂਝਨਿ ਤਿਨ ਗਿਰਾ ਅਲਾਈ ॥੩੬॥
'ਮਮ ਪ੍ਰਿਸ਼ਟੀ ਪਰ ਅਪਨੋ ਹਾਥ।
ਕਯੋਂ ਨ ਧਰਯੋ ਅਬ ਹੇ ਗੁਰਨਾਥ!
ਅਧਿਕ ਭਾਵਨਾ ਤੁਮ ਮੈਂ ਮੇਰੀ।
ਜਾਨਹੁੰ ਕਯੋਂ ਨ ਆਪਨੀ ਚੇਰੀ' ॥੩੭॥
ਤਬਿ ਸਤਿਗੁਰ ਸਭਿ ਹੇਤ ਸੁਨਾਯੋ।

'ਪ੍ਰਥਮ ਤੁਰਕਨੀ ਕੋ ਤਨ ਪਾਯੋ।
ਬੇਗਮ ਭਈ ਨੁਰੰਗੇ ਕੇਰੀ।
ਦੇਹਿ ਅਪਾਵਨ ਹੁਤੀ ਬਡੇਰੀ ॥੩੮॥
ਜਮਨਾ ਘਾਟ ਜਹਾਂ ਬਿਸਰਾਂਤਾ[1]।

[1]ਜਮਨਾ ਨਦੀ ਦਾ ਇਕ ਘਾਟ ਜੋ ਮਥੁਰਾ ਵਿਚ ਹੈ ਜਿੱਥੇ ਕ੍ਰਿਸ਼ਨ ਜੀ ਕੰਸ ਮਾਰਕੇ ਟਿਕੇ ਸਨ।

ਤਹਾਂ ਪਰਬ ਦਿਨ ਭਈ ਸਨਾਤਾ[1]।

[1]ਭਾਵ ਸ਼ਨਾਨ ਕੀਤਾ ਸੀ ਤੂੰ।

ਸੋ ਤਜਿ ਦਹਿ ਹਿੰਦੁ ਤਨ ਪਾਯੋ।
ਪਰਬ ਸ਼ਨਾਨ ਤਾਂਹਿ ਫਲ ਦਾਯੋ ॥੩੯॥
ਅਬਿ ਲੌ ਸੁੱਧਿ ਨਹੀਂ ਤੂੰ ਹੋਈ[†]।

[†]ਇਹ ਹਾਸੇ ਵਾਲੀ ਬਾਤ ਸੌ ਸਾਖੀ ਦੇ ਆਖੇਪਕਾਰਾਂ ਦੇ ਦਿਮਾਗ਼ ਦੀ ਘਾੜਤ ਹੈ। ਗੁਰੂ ਜੀ ਤਾਂ ਅੰਮ੍ਰਿਤ ਛਕਾਕੇ ਉਸੇ ਜਨਮ ਦੇ ਤੁਰਕਾਂ (ਇਬਰਾਹੀਮ ਅਜਮੇਰ ਸਿੰਘ ਵਰਗਿਆਂ) ਨੂੰ ਸ਼ੁੱਧ ਕਰ ਲੈਂਦੇ ਰਹੇ ਹਨ, ਜਨਮ ਪਲਟ ਜਾਵੇ ਤੇ ਫਿਰ ਵੀ ਸ਼ੁਧ ਨਹੀਂ ਹੋਈ, ਇਹ ਕੀਕੂੰ ਗੁਰੂ ਜੀ ਆਖ ਸਕਦੇ ਹਨ। ਜਨਮ ਪਲਟ ਜਾਣ ਤੇ ਜ਼ਾਤ ਦੀ ਅਸ਼ੁੱਧੀ ਰਹਿਣੀ ਤਾਂ ਹਿੰਦੂ ਸ਼ਾਸਤ੍ਰ ਭੀ ਨਹੀਂ ਮੰਨਦੇ।

ਹੁਤੀ ਤੁਰਕਨੀ ਸਮੁਝੀ ਸੋਈ[1]।

[1](ਤੂੰ) ਤੁਰਕਣੀ ਸੈਂ (ਤੈਨੂੰ ਅਸਾਂ) ਓਹੀ (ਤੁਰਕਣੀ) ਸਮਝਿਆ ਹੈ।

ਯਾ ਤੇ ਹਮ ਅਬਿ ਹਾਥ ਨ ਛੁਹਾਯੋ।
ਧਨੁਖ ਆਪਨੋ ਤੁਵ ਤਨ ਲਾਯੋ ॥੪੦॥
ਹਮ ਮਹਿਂ ਕਰਿ ਭਾਵਨਾ ਜੋਇ।
ਇਸ ਕੋ ਫਲ ਹ੍ਵੈ ਸੁਨੀਐ ਸੋਇ।
ਜੰਗਲ ਦੇਸ਼ ਦਮਦਮਾ ਥਾਨੁ।
ਤਹਿਂ ਡੱਲਾ ਬੈਰਾੜ ਮਹਾਨੁ ॥੧੪॥
ਇਹਿ[†] ਤਨ ਤਜਹਿਂ ਥੋਰ ਦਿਨ ਮਾਂਹੀ।

[†]ਪਾ:-ਇਤ।

ਤਿਸੀ ਦੇਸ਼ ਮਹਿਂ ਜਨਮਹਿਂ ਜਾਹੀ।
ਸਿੱਖ ਹਮਾਰੋ ਡੱਲਾ ਨਾਇ।
ਤਿਸ ਕੋ ਬਨਹਿਂ ਕਬੀਲਾ[1] ਜਾਇ ॥੪੨॥

[1]ਇਸਤ੍ਰੀ।

[1]ਸਿੱਖ ਸਿੱਖਨੀ ਤਹਿਂ ਸਮੁਦਾਇ।

[1]ਸਮੂਹ ਸਿੱਖ ਤੇ ਸਿੱਖਣੀਆਂ ਦੀ ਤਿੱਥੇ ਸੇਵਾ ਕਰੇਂਗੀ ਤੂੰ ਚਿੱਤ ਲਾਕੇ।

ਸੇਵਾ ਕਰਿਹੈਂ ਤੂੰ ਚਿਤ ਲਾਇ[੫]।
ਤਬਿ ਤੇਰੋ ਹਮ ਕਰਹਿਂ ਉਧਾਰਿ।
ਦਰਸ਼ਨ ਦੇਹਿਂ ਆਇ ਤੁਵ ਦ੍ਵਾਰ'

॥੪੩॥
ਇਮ ਬਖ਼ਸ਼ੀਸ਼ ਕਰੀ ਗੁਰ ਜਬੈ।
ਬਿਸਮੈ ਭਈ ਬਹੁਰ ਸੁਨਿ ਤਬੈ।
ਬਾਰ ਬਾਰ ਬੰਦਨ ਕਹੁ ਕਰੈ।
ਲਖਿ ਤ੍ਰਿਲੋਕਪਤਿ ਸ਼ਰਧਾ ਧਰੈ ॥੪੪॥
ਕਿਤਿਕ ਕਾਲ ਦਰਸ਼ਨ ਕੋ ਪਾਇ।
ਗਈ ਰਿਦੇ ਗੁਰੁ ਰੂਪ ਬਸਾਇ।
ਬਰਤ ਨੇਮ ਸੰਜਮ ਮੈਂ ਰਹੀ।
ਅਪਨੋ ਬਜਾਹੁ ਕਰਾਯੋ ਨਹੀਂ ॥੪੫॥
ਗੁਰੁ ਗੁਰ ਸਿਮਰਤਿ ਕੇਤਿਕ ਦਿਨ ਮੈਂ।
ਤਨ ਕੌ ਤਯਾਗਿ ਮਰੀ ਤਤਛਿਨ ਮੈਂ।
ਦੇਸ਼ ਮਾਲਵੇ ਜਨਮੀ ਜਾਇ।
ਡੱਲੇ ਸੰਗੁ ਬਜਾਹ ਕਰਿਵਾਇ ॥੪੬॥
ਪ੍ਰਭੁ ਜੀ ਸਿਵਰ ਤਹਾਂ ਹੀ ਕਿਯੋ।
ਪਰਬਤਬਾਸੀ ਜੇ ਨਰ ਨਾਰੀ।
ਦਰਸ਼ਨ ਕਰਹਿੰ ਭਾਵਨਾ ਧਾਰੀ
॥੪੭॥ [*]

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਾਜਨ ਮੇਲ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

[*] ਰਵਾਲਸਰ ਜਾਣ ਦਾ ਸੰਮਤ ੧੭੫੮ ਬਿ: (ਇਤਿਹਾਸ, ਕ੍ਰਿਤ ਸ: ਖਜ਼ਾਨ ਸਿੰਘ ਵਿਚ ਦਿੱਤਾ) ਹੈ। ਅਨੰਦਪੁਰ ਦਾ ਆਖਰੀ ਜੁੱਧ ੧੭੬੧ ਬਿ: ਵਿਚ ਹੋਇਆ, ਗੁਰੂ ਜੀ ਡੱਲੇ ਪਾਸ ੧੭੬੨ ਦੇ ਕੱਤਕ ਵਿਚ ਅੱਪੜੇ ਲਿਖੇ ਹਨ। ਚਾਰ ਸਾਲਾਂ ਵਿਚ ਇਹ ਬੀਬੀ ਚੰਬਿਆਲੀ (ਪਦਮਾ) ਮਰ ਬੀ ਗਈ, ਮਾਲਵੇ ਵਿਚ ਜਾਕੇ ਜੰਮ ਬੀ ਪਈ, ਵਰ ਪ੍ਰਾਪਤੀ ਦੀ ਉਮਰਾ ਨੂੰ ਬੀ ਅੱਪੜ ਪਈ, ਤੇ ਡੱਲੇ ਨਾਲ ਵਿਆਹੀ ਬੀ ਗਈ ਤੇ ਗੁਰੂ ਜੀ ਦੀ ਸੇਵਾ ਬੀ ਕਰ ਲਈ। ਇਸ ਥਾਂ ਤੋਂ ਵਰ੍ਹੇ ਕੁ ਮਗਰੋਂ ਸਤਿਗੁਰੂ ਜੀ ਦੱਖਣ ਨੂੰ ਟੁਰ ਬੀ ਜਾਂਦੇ ਹਨ। ਹੁਣ ਵੀਚਾਰ ਦੀ ਬਾਤ ਇਹ ਹੈ ਕਿ ਚਹੁੰ ਵਰਿਹਾਂ ਵਿਚ ਘੱਟ ਤੋਂ ਘੱਟ ੧੬ ਵਰ੍ਹੇ ਦਾ ਕੰਮ ਕੀਕੂੰ ਹੋ ਗਿਆ? ਇਹੋ ਵਿਚਾਰ ਸਪਸ਼ਟ ਦੱਸ ਦੇਵੇਗੀ ਕਿ ਕਵਿ ਜੀ ਨੇ ਸਾਖੀ ਵਾਲੀ ਗੱਲ ਏਥੇ ਭੋਲੇ ਭਾ ਦੇ ਦਿੱਤੀ ਹੈ, ਪੜਚੋਲ ਨਹੀਂ ਕੀਤੀ। ਤੇ ਸੌ ਸਾਖੀ ਵਾਲੇ ਨੇ ਕਮਾਨ ਨਾਲ ਥਾਪੜਾ ਦੇਣ ਦਾ ਕਾਰਨ ਆਪਣੇ ਭਰਮੀ ਦਿਮਾਗ਼ ਤੋਂ ਜੋ ਫੁਰਿਆ ਲਿਖ ਦਿੱਤਾ ਹੈ, ਤਿਵੇਂ ਹੀ ਮਿ: ਮੈਕਾਲਫ ਨੇ ਸੌ ਸਾਖੀ ਵਿਚ ਦੱਸੇ ਕਾਰਨ ਨੂੰ ਪਸਿੰਦ ਨਾ ਕਰਕੇ ਇਕ ਕਾਰਨ ਕੋਲੋਂ ਲਿਖ ਦਿੱਤਾ ਹੈ ਕਿ ਗੁਰੂ ਜੀ ਨੂੰ ਜਦ ਚੰਬਿਆਲੀ ਨੇ ਪੁੱਛਿਆ ਕਿ ਮੈਨੂੰ ਹੱਥ ਨਾਲ ਥਾਪੜਾ ਕਿਉਂ ਨਹੀਂ ਨੇ ਦਿਤਾ, ਤਾਂ ਆਪ ਨੇ ਉੱਤ੍ਰ ਦਿਤਾ ਕਿ ਮੈਂ ਆਪਣੀ ਵਹੁਟੀ ਦੇ ਸਿਵਾ ਕਿਸੇ ਦੂਸਰੀ ਇਸਤ੍ਰੀ ਨੂੰ ਹੱਥ ਨਾਲ ਨਹੀਂ ਛੁਹਿਆ ਕਰਦਾ। ਇਹ ਕਹਿਣਾ ਸਤਿਗੁਰੂ ਜੀ ਦੀ ਰੂਹਾਨੀ ਸੱਤਜਾ ਤੇ ਮਹਾਨ ਉੱਚੀ ਇਖਲਾਕੀ ਜ਼ਿੰਦਗੀ ਨੂੰ ਨਾ ਸਮਝ ਸਕਣਾ ਹੈ। ਗੁਰੂ ਜੀ ਥਾਪੜੇ ਨਰ ਨਾਰੀ ਸਭ ਨੂੰ ਦਿਆ ਕਰਦੇ ਸਨ, ਤੇ ਉਹਨਾਂ ਦੇ ਧਰਮ ਪਵਿੱਤ੍ਰ ਨਾਮ ਰਸ ਨਾਲ ਡੁਲ੍ਹ ਡੁਲ੍ਹ ਪੈਂਦੇ ਹੱਥਾਂ ਦੀ ਛੁਹ ਨਾਲ ਜਗਿਆਸੂਆਂ ਨੂੰ ਨਾਮ ਦੀ ਪਾਰਸ ਛੁਹ

ਲੱਗਿਆ ਕਰਦੀ ਸੀ। ਗੁਰੂ ਦੀ ਤਾਂ ਨਿਸ਼ਾਨੀ ਇਹੋ ਲਿਖੀ ਹੈ 'ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ'। ਪੁਨਾ:-'ਸਤਿਗੁਰ ਮਹਾ ਪੁਰਖੁ ਹੈ ਪਾਰਸੁ ਜੋ ਲਾਗੇ ਸੋ ਫਲੁ ਪਾਵੈਗੋ' ॥ ਪੁਨਾ:-'ਜਾਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ' ਪੁਨਾ:-'ਪਰਸਤ ਚਰਨ ਗਤਿ ਨਿਰਮਲ ਰੀਤਿ' ॥ ਤਥਾ:-'ਪਰਸਤ ਪੈਰ ਸਿਝਤ ਤੇ ਸੁਆਮੀ' ਉਸ ਗੁਰੂ ਨੂੰ ਦੂਸਰੇ ਦੀ ਛੋਹ ਦਾ ਕੀ ਭੈ ਹੋ ਸਕਦਾ ਹੈ। ਤਾਂ ਤੇ ਇਹ ਕਾਰਨ ਬੀ ਕਲਪਤਿ ਹੈ।

ਅਸਲ ਵਿਚ ਧਨੁਖ ਨਾਲ ਥਾਪੜਾ ਦੇਣਾ ਇਕ ਚੋਜ ਮਾਤ੍ਰ ਹੈ, ਇਸ ਵਿਚ ਅਰਥ ਹੋ ਸਕਦਾ ਹੈ ਤਾਂ ਬੀਰਰਸੀ ਸਤਿਗੁਰ ਦਾ ਸ਼ਾਂਤਿਰਸੀ ਭਾਵ ਦਰਸਾਉਣ ਦਾ ਹੋ ਸਕਦਾ ਹੈ, ਕਿ ਮੈਂ ਇੱਕੋ ਕਮਾਨ ਵਿਚ ਸ਼ਾਂਤਿਰਸ ਤੇ ਬੀਰਰਸ ਰੱਖ ਸਕਦਾ ਹਾਂ। ਜਿਸ ਕਮਾਨ ਵਿਚੋਂ ਜਾਨ ਹਰਨ ਤੀਰ ਨਿਕਲਿਆ ਕਰਦੇ ਹਨ ਉਸੇ ਵਿਚੋਂ ਆਤਮ ਜੀਵਨ ਦਾਨ ਕਰਨ ਵਾਲੀ ਰੂਹਾਨੀ ਝਰਨਾਟ ਭੀ ਮੈਂ ਭੇਜ ਸਕਦਾ ਹਾਂ। ਉਹੋ ਬਿੱਲੀ ਦਾ ਮੂੰਹ ਚੂਹਿਆਂ ਲਈ 'ਮੌਤ' ਅਰਥ ਰਖਦਾ ਹੈ, (ਉਹੋ ਮੂੰਹ ਬਿੱਲੀ ਦੇ ਆਪਣੇ ਬੱਚਿਆਂ ਲਈ 'ਪਿਆਰ' ਅਰਥ ਰੱਖਦਾ ਹੈ, ਉਹੋ ਧਨੁਖ ਮਰਨਾਊ ਤੀਰ ਟੋਰਦਾ ਹੈ, ਉਹੋ ਧਨੁਖ ਜੀਵਾਲਣ ਹਾਰ ਜੀਵਨ ਰੌ ਦਾਨ ਕਰ ਰਿਹਾ ਹੈ। ਸ੍ਰੀ ਗੁਰੂ ਜੀ ਦੀ ਛੁਹ ਦੀ ਤਾਸੀਰ ਦੀ ਹੱਡਬੀਤੀ ਤੇ ਅੱਖੀਂ ਡਿੱਠੀ ਉਗਾਹੀ ਲਈ ਦੇਖੋ ਕਲਗ਼ੀਧਰ ਚਮਤਕਾਰ ਦਾ ਪ੍ਰਸੰਗ 'ਬੰਦਾ ਮਿਲਾਪ' ਦਾ ਸਫਾ ੯੦੧ (ਤੀਜੀ ਐਡੀਸ਼ਨ) ਦਾ ਹੇਠਲਾ ਨੋਟ ਜੋ ਐਉਂ ਹੈ:-

ਭਾਈ ਪ੍ਰਭੁਦਿਆਲ ਜੀ ਪਿਸ਼ੌਰ ਵਿਚ ਇਕ ਬੈਰਿਸਟਰ ਸੇ ਜੋ ਐਬਟਾਬਾਟ ਵਾਲੇ ਸਰਦਾਰ ਰੋਚਾਰਾਮ ਜੀ ਦੇ ਸਪੁੱਤ੍ਰ ਸਹਿਜਧਾਰੀ ਸਿਖ ਸੇ। ਆਪ ਦੱਸਦੇ ਸੇ ਕਿ ਓਹ ਜਦ ਚਿਲਾਸ ਦੇ ਇਲਾਕੇ ਕਿਸੇ ਕੰਮ ਗਏ ਤਾਂ ਇਕ ਸੁਹਣਾ ਜਿਹਾ ਪਠਾਣ ਉਹਨਾਂ ਨੂੰ ਮਿਲਿਆ, ਇਸ ਨੇ ਦੱਸਿਆ ਕਿ ਮੇਰਾ ਬਾਬਾ ਮਹਾਰਾਜਾ ਰਣਜੀਤ ਸਿੰਘ ਪਾਸ ਨੌਕਰ ਸੀ। ਮੇਰੇ ਬਾਬੇ ਨੇ ਆਪਣੀ ਅੱਖੀਂ ਡਿੱਠਾ ਇਕ ਸਮਾਚਾਰ ਸੁਣਾਇਆ ਸੀ ਜੋ ਐਉਂ ਸੀ ਕਿ-''ਇਕ ਦਿਨ ਮਹਾਰਾਜਾ ਜੀ ਕੀਰਤਨ ਸੁਣਕੇ ਉਠੇ ਤਾਂ ਕਿਸੇ ਪਿਆਰ ਵਿਚ ਹੁਕਮ ਦਿਤਾ: ਕੋਈ ਸਿੰਘ ਮੇਰੇ ਰਾਜ ਵਿਚ ਲੱਭੋ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪ ਦਰਸ਼ਨ ਕੀਤੇ ਹੋਏ ਹੋਣ। ਹੁਕਮ ਹੋਣ ਪਰ ਸਾਰੇ ਦੇਸ਼ ਵਿਚ ਤਲਾਸ਼ ਆਰੰਭ ਹੋ ਗਈ। ਅੰਤ ਇਕ ਬਿਰਧ ਨਿਹੰਗ ਸਿੰਘ ਲੱਭਾ ਜਿਸ ਦੀ ਉਮਰ ੧੧੫ ਬਰਸ ਦੀ ਸੀ, ਇਸ ਨੂੰ ਪੀਨਸ ਵਿਚ ਬਹਾਕੇ ਲਿਆਏ। ਜਦ ਮਹਾਰਾਜਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦਾ ਹਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹਨਾਂ ਦਾ ਸਰੀਰ ਪਤਲਾ ਤੇ ਲੰਮਾ ਸੀ, ਪਰ ਬਲਕਾਰ ਬਿਅੰਤ ਸੀ, ਅੱਖਾਂ ਦਾ ਤੇਜ ਅਝੱਲ ਸੀ ਤੇ ਚਰਨਾਂ ਵਿਚ ਕੋਈ ਐਸੀ ਤਾਕਤ ਸੀ ਕਿ ਜਦ ਕਿਸੇ ਦਾ ਮੱਥਾ ਉਹਨਾਂ ਤੇ ਟਿਕੇ ਕਿ ਸਿਰ ਚਰਨਾਂ ਨੂੰ ਛੁਹ ਜਾਵੇ ਤਾਂ ਇਕ ਬਿਜਲੀ ਵਰਗੀ ਲਹਿਰ ਆਪਣੇ ਸਰੀਰ ਵਿਚ ਛੁੱਟ ਪੈਂਦੀ ਸੀ ਤੇ ਝਰਨਾਟ ਕੋਈ ਅਜੇਹੀ ਛਿੜਦੀ ਸੀ ਜਿਸ ਤੋਂ ਇਉਂ ਜਾਪਦਾ ਸੀ ਕਿ ਜਿਸ ਸ਼ਰੀਰ ਨਾਲ ਅਸੀਂ ਛੋਹੇ ਹਾਂ ਬਿਜਲੀ ਯਾ ਝਰਨਾਟਾਂ ਦਾ ਬਣਿਆਂ ਹੋਇਆ ਹੈ, ਇਹ ਕਿਸੇ ਪਿੰਡ ਦਾ ਨਹੀਂ। ਨਿਹੰਗ ਸਿੰਘ ਆਖਦਾ ਸੀ ਕਿ ਮੇਰਾ ਤੇ ਸਾਰੇ ਸਿੰਘਾਂ ਦਾ ਇਹ ਨਿੱਤ ਦਾ ਤਜਰਬਾ ਹੱਡ ਬੀਤਿਆ ਸੀ। ਇਹ ਕਹਿਕੇ ਨਿਹੰਗ ਸਿੰਘ ਵੈਰਾਗ ਵਿਚ ਜਲ ਪੂਰਤ ਹੋ ਗਿਆ।" ਪ੍ਰਭੁਦਿਆਲ ਜੀ ਦੱਸਦੇ ਸਨ ਕਿ ਮੇਰੇ ਨਾਲ ਜ਼ਿਕਰ ਕਰਦਾ ਉਹ ਪਠਾਣ ਬੀ ਇਸੇ ਤਰ੍ਹਾਂ ਅਦਬ ਵਿਚ ਨੈਣ ਭਰ ਆਇਆ ਤੇ ਕਹਿਣ ਲੱਗਾ "ਕਿ ਮੇਰਾ ਬਾਬਾ ਜਦੋਂ ਇਹ ਗੱਲ ਸੁਣਾਇਆ ਕਰਦਾ ਸੀ, ਉਹਦਾ ਹਾਲ ਬੀ ਇਉਂ ਹੀ ਹੋ ਜਾਂਦਾ ਸੀ।" ਸੋ ਖਾਲਸਾ ਜੀ! ਇਹ ਅੱਖੀ ਡਿੱਠੀ, ਹੱਡ ਵਰਤੀ ਉਗਾਹੀ ਸ੍ਰੀ ਗੁਰੂ ਜੀ ਦੇ 'ਛੁਹ' ਦੇ ਪ੍ਰਭਾਵ ਦੀ ਅਸਾਂ ਤੱਕ ਅੱਪੜੀ ਹੈ।

## ੬. [ਮਾਲਵੀਹ ਪਰਬਤ ਤੇ ਸੈਲ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>2

ਦੋਹਰਾ:

ਸਕਲ ਸੈਲਪਤਿ ਮੇਲ ਕਰਿ, ਤੀਰਥ ਮੇਲੇ ਮਾਂਹਿ।
ਦਾਨ ਮਹਾਂਨ ਸ਼ਨਾਨ ਤਨ, ਬਹੁਤ ਠਾਨਿ ਚਿਤ ਲਾਹਿ[1†] ॥੧॥

[1]ਚਿਤ ਵਿਚ ਲਾਹਾ (ਸਮਝਕੇ)। [†]ਪਾ:-ਚਾਹਿ।

ਚੌਪਈ:

ਕੰਚਨ ਜ਼ੀਨ ਤੁਰੰਗ ਸ਼ਿੰਗਾਰੇ।
ਕਿਨਹੁਂ ਮਤੰਗ ਦਿਯੇ ਮੁਲ ਭਾਰੇ।
ਬਸਤ੍ਰ ਸ਼ਸਤ੍ਰ ਅਰੁ ਦਰਬ ਬਿਸਾਲਾ।
ਨ੍ਰਿਪਨਿ ਦਾਨ ਦੇ[1] ਬਹੁ ਤਿਸ ਕਾਲਾ ॥੨॥ — [1]ਰਾਜਿਆਂ ਨੇ ਦਾਨ ਦਿਤਾ।

ਕਰਿ ਕਰਿ ਮੇਲਾ ਬਾਸੁਰ ਤੀਨ।
ਮੁਦਤਿ ਭਏ ਨਾਰੀ ਨਰ ਪੀਨ[1]। — [1]ਸਾਰੇ। (ਅ) ਬਹੁਤ।
ਰੁਖਸਦ ਹੇਤ ਗੁਰੂ ਢਿਗ ਆਏ।
ਸਭਿ ਕੋ ਸਿਰੋਪਾਉ ਪਹਿਰਾਏ[†] ॥੩॥ — [†]ਪਾ:-ਸਿਰੋਪਾਉ ਹਰਖਾਏ।

ਕਰਿ ਕਰਿ ਨਮੋ ਨਿਕੇਤ ਸਿਧਾਰੇ।
ਮਗ ਮਹਿਂ ਗੁਰ ਕੋ ਸੁਜਸ ਉਚਾਰੇ।
ਨਿਜ ਨਿਜ ਨਗਰ ਪਹੂਚੇ ਜਾਈ।
ਪੂਰੀ ਕਾਮਨਾ ਪਿਖਿ ਸੁਖਦਾਈ ॥੪॥
ਕਲਗ਼ੀਧਰ ਤਹਿਂ ਰਹੇ ਪਿਛਾਰੀ।
ਮੱਜਨ ਠਾਨਹਿਂ ਤੀਰਥ ਬਾਰੀ[1]। — [1]ਜਲ ਵਿਚ।
ਵਹਿਰ ਅਖੇਰ ਕਰਹਿਂ ਬਨ ਮਾਂਹੀ।
ਸੈਲਨਿ ਸੈਲ ਕਰਹਿਂ ਅਵਗਾਹੀ ॥੫॥
ਜਾਤਿ ਅਨੇਕ[1] ਤਰੋਵਰੁ ਠਾਂਵੇ। — [1]ਅਨੇਕ ਜਾਤੀਆਂ ਦੇ।
ਦਲ ਫਲ ਸੰਕਲ[1] ਛਾਯਾ ਗਾਵੇ। — [1]ਪੱਤੇ ਤੇ ਫਲਾਂ ਨਾਲ ਪੂਰਨ।
ਚਢਿ ਕਰਿ ਦੂਰ ਸੁਚੇਤਾ ਕਰਿਹੀਂ।
ਨਏ ਸਥਲ ਸੈਲਨਪਰ ਫਿਰਿਹੀਂ ॥੬॥
[†]ਇਕਦਿਨ ਦੂਰ ਗਏ ਜਗਸ੍ਵਾਮੀ। — [†]ਇਹ ਸੌ ਸਾਖੀ ਦੀ ੪੧ਵੀਂ ਸਾਖੀ ਹੈ।
ਸੈਲ [†]ਬਿਲੋਕਤਿ ਊਰਧ ਗਾਮੀ[1]। — [1]ਉਚੇ ਚੜ੍ਹਦੇ ਹੋਏ। [†]ਪਾ:-ਸਥਲ।

ਮਾਲਵੀਹ ਪਰਬਤ ਕੋ ਨਾਮੂ।
ਸ਼ਿਖਰ ਚਲੇ ਤਿਸ ਲਖਿ ਅਭਿਰਾਮੂ ॥੭॥
ਸਰਬ ਸੰਗ ਤੇ ਬਰਜਿ ਹਟਾਏ।
'ਥਿਰੇ ਰਹੋ ਨਤੁ ਸਿਵਰ ਸਿਧਾਏ[1]।'
ਪੰਚ ਸਿੰਘ ਨਿਜ ਸਾਥ ਮਿਲਾਇ।
ਤਿਨ ਕੇ ਨਾਮ ਸੁਨਹੁ ਹਰਖਾਇ ॥੮॥
ਦਯਾ ਸਿੰਘ ਪੂਰਨ ਬ੍ਰਹਮ ਗਯਾਨੀ।
ਉਦੇ ਸਿੰਘ ਜੋਧਾ ਬਲ ਖਾਨੀ।
ਆਲਮ ਸਿੰਘ ਚਰਨ ਸੋਂ ਚਾਲੇ।
ਮੁਹਕਮ ਸਿੰਘ ਮਿਲਾਇ ਸੁ ਨਾਲੇ ॥੯॥
ਸਾਹਿਬ ਸਿੰਘ ਤੁਫੰਗ ਸੰਭਾਰੇ।
ਪੰਚਹੁਂ ਗਮਨੇ ਗੁਰੂ ਪਿਛਾਰੇ।
ਦਾਸਨਿ ਕੋ ਦੇ ਤੁਰੰਗ ਹਟਾਏ[1]।
ਤੂਰਨ ਪਾਇਨ ਸਾਥ ਸਿਧਾਏ ॥੧੦॥
ਤੁੰਗ ਸਥਲ ਚਢਿ ਕੈ ਗੁਰ ਖਰੇ।
ਚਾਰੋਂ ਦਿਸ਼ਾ ਬਿਲੋਕਨ ਕਰੇ।
ਤਹਿਂ ਇਕ ਬਿਚਰਤਿ ਹੁਤੋ ਗੰਧੀਲਾ[1]।
ਕਰਜੋ ਨਿਹਾਰਨ ਰੂਪ ਛਬੀਲਾ ॥੧੧॥
ਸ਼ੀਘ੍ਰ ਕਰਤਿ ਚਰਨਨਿ ਪਰ ਪਰਜੋ[†]।
ਹਾਥ ਜੋਰਿ ਸਨਮੁਖਿ ਪੁਨ ਖਰਜੋ।
ਦੇਖਤਿ ਕਲਗ਼ੀਧਰ ਕਹਿਂ ਬਾਨੀ।
'ਕਹਾਂ ਜਾਨਿ ਤੈਂ ਬੰਦਨ ਠਾਨੀ? ॥੧੨॥
ਕੋ ਹੈਂ? ਕਹਾਂ ਬਾਸ? ਸਚੁ ਭਾਖੋ।
ਆਇ ਕਹਾਂ? ਕਤਿ ਗਮਨ ਭਿਲਾਖੋ[1]?'
ਸੁਨਿ ਕਰਿ ਭਨਜੋਂ ਬਾਕ ਮੁਸਕਾਈ।

[1]ਨਹੀਂ ਤਾਂ ਡੇਰੇ ਨੂੰ ਚਲੇ ਜਾਓ।

[1]ਮੋੜ ਦਿੱਤੇ।

[1]ਇਕ ਜੰਗਲੀ ਜ਼ਾਤੀ ਦਾ ਨਾਮ ਹੈ ਜੋ ਸਿਰੋਂ ਪੈਰੋਂ ਨੰਗਦੇ ਰਹਿੰਦੇ ਤੇ ਕਹਿੰਦੇ ਹਨ ਕਿ ਆਪਣੇ ਵਡਿਆਂ ਦਾ ਗਿਆ ਰਾਜ ਪ੍ਰਾਪਤ ਕਰਕੇ ਪਹਿਨਾਂਗੇ। (ਅ) ਗਧੇ ਹੱਕਣ ਵਾਲਾ। (ੲ) ਗ਼ਰੀਬ, ਕੰਗਾਲ। (ਸ) ਗਿਆਨੀ ਗੰਧ੍ਰਬ ਅਰਥ ਬੀ ਲਾ ਲੈਂਦੇ ਹਨ।

[†]ਪਾ:-ਸਿਰ ਧਰਜੋ।

[1]ਕਿੱਥੇ ਜਾਣ ਦੀ ਚਾਹ ਹੈ?।

'ਕਜੋਂ ਨ ਪਛਾਨਤਿ ਹੋ ਸੁਖਦਾਈ! ॥੧੩॥

ਸ੍ਰੀ ਸਤਿਗੁਰ! ਸੁਨੀਏਂ ਮਮ ਗਾਥਾ।
ਪ੍ਰਥਮ ਬ੍ਰਿਤਾਂਤ ਕਹੌਂ ਤੁਮ ਸਾਥਾ।
ਮੈਂ ਰੇਵਾ ਕਾ ਨੰਦਨ ਪਜਾਰੋ[1]।
ਜਗ ਰੇਵਾਲ ਨਾਮ ਮੁਝ ਡਾਰੋ[1] ॥੧੪॥

[1]ਰੇਵਾ ਦਾ ਮੈਂ ਪਿਆਰਾ ਪੁੱਤ੍ਰ ਹਾਂ।
[1]ਜਗਤ ਵਿਚ ਮੇਰਾ ਨਾਮ ਰਵਾਲ ਪਾਇਆ ਹੋਇਆ ਸੀ।

ਇਮ ਮਾਤਾ ਭਾਖਯੋ ਉਪਦੇਸ਼ੂ।
-ਹੇ ਸੁਤ ਤਪ ਕੋ ਤਪਹੁ ਵਿਸ਼ੇਸ਼ੂ।
ਜਗਤ ਬਿਖੈ ਜੇਤੀ ਵਡਿਆਈ।
ਜਿਨ ਕਿਨਿ ਤਪ ਕੋ ਤਪ ਕਰਿ ਪਾਈ ॥੧੫॥

ਤਪ ਤੇ ਕਛੂ ਦੁਲਭ ਜਗ ਨਾਂਹੀ।
ਅਤਿ ਤ ਅਤਿ ਸ਼ਕਤੀ ਤਪੁ ਮਾਂਹੀ।
ਬਿਸ਼ਨੁ ਆਦਿ ਜੇ ਬਡਹੁਂ ਬਡੇਰੇ।
ਤਪ ਮਹਿਂ ਪ੍ਰੀਤ ਕਰਤਿ ਨਿਤ ਹੇਰੇ ॥੧੬॥

ਮਹਾਂ ਦੇਵ ਕੋ ਨੇਮ ਸਦੀਵਾ।
ਨਿਸ ਬਾਸੁਰ ਤਪ ਮਹਿਂ ਥਿਰ ਥੀਵਾ।
ਕਮਲਾਸਨ ਜਬਿ ਉਤਪਤਿ ਭਯੋ।
ਬੈਠਯੋ ਕਮਲ ਕਮਲ ਨਿਪਜਯੋ[1] ॥੧੭॥

[1]ਕਮਲ ਤੋਂ ਪੈਦਾ ਹੋਕੇ ਕਮਲ ਤੇ ਬੈਠਿਆ।

ਤਬਿ ਅਕਾਸ਼ਬਾਣੀ ਸਮੁਝਾਯੋ।
'ਤਪ ਬਿਨ ਬਲ ਨਹਿਂ ਕਿਨਹੂੰ ਪਾਯੋ।
ਸ਼ਕਤਿ ਬਿਸਾਲ ਚਹੈਂ ਜੇ ਪਾਈ।
ਤਪੁ ਕਰੀਯਹਿ ਚਿਰ ਲਗ ਸਮੁਦਾਈ' ॥੧੮॥

ਸੁਨਿ ਤਪੁ ਅਤਿਸ਼ੈ ਬ੍ਰਹਮਾ ਕੀਨ।
ਜਗ ਸਿਰਜਨ ਕੀ ਸ਼ਕਤੀ ਲੀਨਿ।
ਸੁਰ ਨਰ ਮਹਿਂ ਏ ਤੀਨ ਬਡੇਰੇ[1]।
ਤਪੁ ਕੋ ਤਪਹਿਂ ਮਹਾਤਮ ਹੇਰੇ ॥੧੯॥

[1]ਇਹ ਤਿੰਨੇ ਵਡੇ ਹਨ।

ਅਪਰਨ ਕੀ ਗਿਨਤੀ ਕਹੁ ਕਹਾਂ।

ਯਾਂ ਤੇ ਪੁੱਤ੍ਰ ! ਕਰਹੁ ਤਪ ਮਹਾਂ-।
ਸੁਨਿ ਜਨਨੀ ਤੇ ਅਸ ਉਪਦੇਸ਼ੁ।
ਤਪ ਕੋ ਤਾਪਤਿ ਰਹਜੋ ਵਿਸ਼ੇਸ਼ੁ ॥੨੦॥
ਥਿਰ ਹੁਇ ਉੱਤਰ ਖੰਡ ਸਥਾਏ[1]।
ਤਪ ਕਰਤੇ ਜੁਗ ਤੀਨ ਬਿਤਾਏ।
ਤਬਿ ਕਮਲਾਸਨ[1] ਚਲਿ ਕਰਿ ਆਯੋ।
ਆਗੇ ਥਿਰ ਹੁਇ ਦਰਸ ਦਿਖਾਯੋ ॥੨੧॥
ਬਿਬਧ ਬਿਧਿਨਿ ਮੈਂ ਉਸਤਤਿ ਕੀਨਿ।
ਚਰਨ ਕਮਲ ਪਰ ਸਿਰ ਧਰਿ ਦੀਨਿ।
ਹੁਇ ਪ੍ਰਸੰਨ ਬਿਧਿ[2] ਬਾਕ ਬਖਾਨਾ।
-ਅਹੋ ਨਾਗ ਨੰਦਨ[1]! ਸੁਨਿ ਕਾਨਾ ॥੨੨॥
ਤਪ ਤੈਂ ਸਾਧਨ ਕੀਨ ਘਨੇਰੇ।
ਬਰ ਚਾਹੋ ਜਿਮ ਹੈ ਉਰ ਤੇਰੇ-।
ਸੁਨਿ ਬ੍ਰਹਮਾ ਤੇ ਜੁਗ ਕਰ ਜੋਰੇ।
ਜਾਚਜੋ ਜਥਾ ਮਨੋਰਥ ਮੋਰੇ ॥੨੩॥
-ਅਧਿਕ ਬਿਭੂਤਿ ਰਾਜਸੀ ਪਾਊਂ।
ਨਿਜ ਬਰ ਦੀਜੈ ਰਾਜ ਕਮਾਊਂ-।
ਇਮ ਹੀ ਹੋਇ -ਬਿਰੰਚ[1] ਉਚਾਰਾ।
ਬਿਸ਼੍ਵਕਰਮਾ ਤਤਕਾਲ ਹਕਾਰਾ ॥੨੪॥
ਮੰਡਪ ਨਗਰ ਕਰਾਵਨਿ ਕਰਿਯੋ।
ਅਬਿ ਮੰਡੀ ਜਹਿਂ ਨਾਮ ਉਚਰਿਯੋ।
ਤਿਸ ਕੋ ਮੋਹਿ ਬਨਾਯੋ ਰਾਜਾ।
ਅਧਿਕ ਬ੍ਰਿਧਾਯੋ ਰਾਜ ਸਮਾਜਾ ॥੨੫॥
ਜੀਤੇ ਦੇਸ਼ ਬਿਦੇਸ਼ ਬਿਸਾਲੇ।
ਕਰਜੋ ਰਾਜ ਮੈਂ ਬਹੁ ਬਲ ਨਾਲੇ।
ਤ੍ਰੇਸ਼ਠ ਜੁਗ ਬੀਤੇ ਇਸ ਰੀਤਿ।
ਭੋਗਤਿ ਅਨੰਦ ਰਿਪੁਨਿ ਕਹੁ ਜੀਤ ॥੨੬॥

[1]ਦੇਖੋ ਅਗੇ ਅੰਕ ੨੯।
[1]ਬ੍ਰਹਮਾ।
[1]ਹੇ ਨਾਗ ਦੇ ਪੁੱਤ੍ਰ।
[1]ਬ੍ਰਹਮਾਂ ਨੇ।

ਤਬਿ ਜੱਛਨ ਸੋਂ ਰਣ ਮਮ ਪਰਿਯੋ।
ਹਤੇ ਹਜ਼ਾਰਹੁਂ ਸਨਮੁਖ ਲਰਿਯੋ।
ਬਜਜੋ ਲੋਹ ਸੋਂ ਲੋਹ ਕਰਾਰਾ।
ਮਚਜੋ ਮਹਾਂ ਸੰਗ੍ਰਾਮ ਅਖਾਰਾ ॥੨੭॥
ਜੱਛਨ ਲੱਛਨਿ[1] ਘਾਲਜੋ ਹੇਲਾ।
ਕਰਜੋ ਧਕੇਲਨ ਰੇਲ ਰੁ ਪੇਲਾ।
ਬਹੁਤਨਿ ਮਿਲਿ ਮੁਝ ਕੋ ਬਧ ਕੀਨੋ।
ਰਾਜ ਸਕਲ ਮੇਰੋ ਤਬਿ ਛੀਨੋ ॥੨੮॥
ਜਹਿਂ ਪੂਰਬ ਮੈਂ ਤਪ ਬਹੁ ਤਾਪਾ।
ਬਿਧਿ ਬਰ ਤੇ ਤੀਰਥ ਇਹ[1] ਤਾਪਾ।
ਲਘੁ ਗਿਰਵਰ ਤਰੁਵਰੁ ਦਲ ਸਮਸਰ[1]।
ਤਰਤਿ ਫਿਰਤਿ ਹੇਰਤਿ[1] ਸਭਿ ਜਲਪਰ[†] ॥੨੯॥

[1]ਲੱਖਾਂ ਹੀ ਜੱਛਾਂ ਨੇ।
[1]ਇਹ ਤੀਰਥ (ਰਵਾਲਸਰ)।
[1]ਛੋਟੇ ਪਹਾੜ ਬ੍ਰਿੱਛਾਂ ਦੇ ਪੱਤਿਆਂ ਵਤ।
[1]ਦਿਖਾਈ ਦਿੰਦੇ ਹਨ। [†]ਘਾਸ ਫੂਸ ਲੱਕੜਾਂ ਦੇ ਢੇਰਾਂ ਪਰ ਮਿੱਟੀ ਪੱਥਰ ਕੱਠੇ ਹੋਕੇ ਤਰਦੇ ਹਨ ਉਨ੍ਹਾਂ ਪਰ ਬੂਟੇ ਬ੍ਰਿੱਛ ਬੀ ਹੋ ਪੈਂਦੇ ਹਨ, ਜਿਨ੍ਹਾਂ ਦੇ ਜੜ੍ਹਾਂ ਦੇ ਜਾਲ ਹੇਠਾਂ ਬੱਝ ਜਾਂਦੇ ਹਨ। ਕਸ਼ਮੀਰ ਦੀ ਡਲ ਝੀਲ ਵਿੱਚ ਇਸੇ ਤਰ੍ਹਾਂ ਬਨਾਵਟੀ ਖੇਤ ਬਨਾਏ ਹੋਏ ਹਨ, ਜਿਨ੍ਹਾਂ ਪਰ ਖੇਤੀ ਹੁੰਦੀ ਹੈ।

ਨਿਹਕਲੰਕ ਅਵਤਾਰ ਨ ਜਾਵਤਿ[1]।
ਬਾਸ ਕਰੌਂ ਮੈਂ ਇਸ ਥਲ ਤਾਵਤਿ।
ਕਰੁਨਾਂ ਕਰਿ ਅਬਿ ਤੁਮ ਚਲਿ ਆਏ।
ਅਪਨੋ ਦਰਸ਼ਨ ਰੁਚਿਰ ਦਿਖਾਏ ॥੩੦॥

[1]ਨਿਹਕਲੰਕ ਅਵਤਾਰ ਨਹੀਂ ਹੁੰਦਾ ਜਦ ਤਕ।

ਨਰ ਅਵਤਾਰ ਆਪ ਤੁਮ ਅਹੋ[1]।
ਸਕਲ ਸ਼ਕਤਿ ਧਰ ਰਿਪੁ ਗਨ ਦਹੋ।
ਮੈਂ ਅਬਿ ਪਰਜੋ ਆਪ ਕੀ ਸ਼ਰਨੀ।
ਚਹੌਂ ਨਿਖਲ ਬਿਪਤਾ ਨਿਜ ਹਰਨੀ ॥੩੧॥
ਕ੍ਰਿਪਾ ਕਰਹੁ ਪ੍ਰਭੁ ਬਨੌਂ ਸਹਾਇ।
ਦਾਸ ਜਾਨਿ ਕਰਿ ਲੇਹੁ ਬਚਾਇ।
ਜਿਤਿਕ ਸੁਰਾਸੁਰ ਜਗ ਸਮੁਦਾਏ।
ਤੁਮ ਨਿਜ ਆਗਜਾ ਬਿਖੈ ਚਲਾਏ ॥੩੨॥

[1]ਨਰ ਰੂਪ ਵਿਚ (ਆਪ ਈਸ਼੍ਵਰ ਦਾ) ਅਵਤਾਰ ਹੋ।

ਜੋ ਨਹਿਂ ਮਾਨੈ ਸੋ ਤੁਮ ਮਾਰਾ।
ਸਭਿ ਪਰ ਹੁਕਮ ਆਪ ਕੋ ਭਾਰਾ।
ਜੱਛਨ ਕੋ ਬਲ ਤੇ ਸਮੁਝਾਵੋ।
ਬਧਿਓ ਬੈਰ ਬਿਸਾਲ ਮਿਟਾਵੋ' ॥੩੩॥
ਇਮ ਰੁਆਲ† ਕੀ ਬਿਨਤੀ ਸੁਨਿ ਕੈ। †ਇਸ ਤੋਂ ਸਰ ਦਾ ਨਾਮ ਰੁਆਲਸਰ ਹੈ।

ਸ਼ਰਨਿ ਪਰਜੋ ਅਪਨੀ ਮਨ ਗੁਨਿ ਕੈ।
ਸ੍ਰੀ ਕਲਗੀਧਰ ਧਨੁਖ ਸੰਭਾਰਾ।
ਤਾਨਜੋਂ ਪਾਨ ਤਾਨ ਤੇ ਭਾਰਾ[1] ॥੩੪॥ [1]ਬੜੇ ਬਲ ਨਾਲ।
ਗਹੀ ਜੇਹ ਜਬਿ ਕਾਨ ਲਗਾਈ।
ਚਾਂਪ ਨਾਦ ਬਡ ਭਯੋ ਤਦਾਈ।
ਤਿਨ ਤੇ ਗਨ ਪਰਬਤ ਅਰੜਾਏ[1]। [1]ਗੱਜੇ।
ਭਏ ਹਲਾਚਲ ਸ਼ਬਦ ਉਠਾਏ ॥੩੫॥
ਸਭਿ ਤੇ[1] ਤਬਿ ਅਵਾਜ਼ ਇਮ ਆਈ। [1]ਸਭ (ਪਰਬਤਾਂ) ਵਿੱਚੋਂ।
'ਰਾਖ ਲੇਹੁ ਹਮ ਤੁਮ ਸ਼ਰਨਾਈ।'
ਇਤਨੇ ਬਿਖੈ ਪੁਰਖ ਇਕ ਆਯੋ।
ਸਤਿਗੁਰ ਕੇ ਸਨਮੁਖ ਦ੍ਰਿਸ਼ਟਾਯੋ ॥੩੬॥
ਤਨ ਮਹਿਂ ਰੋਮ ਜਟਾ ਸਮ ਜਾਂਹੀ।
ਮ੍ਰਿਗ ਕੋ ਚਰਮ ਓਢਿ ਕਰਿ ਤਾਂਹੀ[1]। [1]ਤਿਸ ਨੇ।
ਲਾਲ ਬਿਲੋਚਨ ਅੰਗ ਬਡੇਰੇ।
ਮੁਖ ਪਰ ਸ਼ਮਸ ਆਇ ਤਿਸ ਬੇਰੇ[1] ॥੩੭॥ [1]ਹੁਣੇ ਆ ਰਹੀ ਸੀ। (ਅ) ਉਸ ਵੇਲੇ ਆਇਆ।
ਸਮੁਖ ਖਰੋ ਹੁਇ ਬੰਦਨ ਠਾਂਨੀ।
ਹਾਥ ਜੋਰਿ ਬੋਲਜੋ ਇਮ ਬਾਨੀ।
'ਪ੍ਰਭੁ ਜੀ ਅਬਿ ਨਹਿਂ ਸਮਾ ਤੁਮਾਰਾ।
ਇਤ ਆਵਨ ਕੋ ਲੇਹੁ ਬਿਚਾਰਾ ॥੩੮॥
ਅਬਿ ਤੁਮ ਗਮਨਹੁ ਆਪਨ ਡੇਰੇ।
ਚਿਰੰਕਾਲ ਪੁਨ ਕਰੀਅਹਿ ਫੇਰੇ[1]। [1]ਭਾਵ ਮੁੜਕੇ ਆਉਣਾ।
ਜਬਿ ਫੈਲੈਗੋ ਪੰਥ ਬਿਸਾਲਾ।

ਰਚਜੋ ਖਾਲਸਾ ਜੋ ਸ਼ੁਭ ਚਾਲਾ† ॥੩੯॥
ਤਬਿ ਤੁਮ ਜੱਛਨ ਕੇ ਹੁਇ ਨੇਰੇ।
ਕਰਨੇ ਭਲੇ ਆਨਿ ਕਰਿ ਡੇਰੇ।
ਮੇਰੋ ਸਰਦਧਾਰ ਜਛ ਨਾਮੂ।
ਨਾਗਨ ਸੰਗ ਸਦਾ ਸੰਗ੍ਰਾਮੂ ॥੪੦॥
ਕਰਤਿ ਰਹੇ ਜਛ ਮਾਰਨ ਮਰਨੋ।
ਬਿਜੈ ਪਰਾਜੈ ਹੁਇ ਨਿਤ ਲਰਨੋ।
ਕਰਹੁ ਨ ਪੱਖ ਆਪ ਕਿਸ ਕੇਰੇ।
ਸਭਿ ਕੇ ਸਾਂਝੇ ਸਦਾ ਬਡੇਰੇ ॥੪੧॥
ਜਬਿ ਤੁਮ ਐਹੋ ਧਾਮ ਹਮਾਰੇ[1]।
ਡੇਰਾ ਕਰਹਹੁ ਲੈ ਦਲ ਭਾਰੇ।
ਦਸ ਹਜ਼ਾਰ ਦਲ ਹਮ ਤਬਿ ਦੈ ਹੈਂ।
ਪੰਥ ਤੁਮਾਰੇ ਬਿਖੇ ਮਿਲੈ ਹੈਂ ॥੪੨॥
ਸਗਰੇ ਕਾਰਜ ਭਲੇ ਸੁਧਾਰੈਂ।
ਸ਼ੱਤ੍ਰ ਪੰਥ ਕੇ ਸਭਿ ਨਿਰਵਾਰੈਂ।
ਲਖਹੁ ਭਵਿੱਖਤ ਏਵ ਬ੍ਰਿਤੰਤ।
ਹਮਰੇ ਹੋ ਅਲੰਬ ਭਗਵੰਤਿ' ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਵਾਲਸਰ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

†ਖਾ:-ਜਾਲਾ।

[1]ਭਾਵ ਇੱਥੇ ਫੇਰਾ ਪਾਓਗੇ।

## ੭. [ਮਾਲਵੀਹ ਉਤੇ ਨਾਗਾਂ ਤੇ ਜੱਛਾਂ ਦਾ ਮੇਲ ਕਰਾਇਆ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਗਨ ਜੱਛਨ ਕੋ ਜੂਥਪਤਿ[1], ਜਬਹਿ ਕਹਜੋ ਇਸ ਭਾਂਤਿ। [1]ਜਥੇਦਾਰ।
ਸ੍ਰੀ ਕਲਗੀਧਰ ਸੁਨਿ ਸਕਲ, ਬੋਲੇ ਬਚ ਬੱਖਜਾਤ ॥੧॥

ਚੌਪਈ:

ਮਹਾਂ ਬੀਰ ਰਸ ਬਿਖੈ ਭਿਗੋਵਾ।
ਛਿਮਾ ਕਰਨ ਆਸ਼ੈ ਜਿਸ ਜੋਵਾ।
ਅਧਿਕ ਪ੍ਰਤਾਪ ਸੰਗ ਭਰਪੂਰਾ।
ਬਿਜੈ ਸਹਿਤ ਬੋਲੇ ਬਚ ਰੂਰਾ ॥੨॥
'ਜਗ ਮਹਿਂ ਤੁਰਕਨ ਸੈਨਾ ਅਨਗਨ।
ਸਪਤਹੁਂ ਅੰਗ ਸਹਿਤ ਅਤਿ ਦੁਰਜਨ[1]। [1]ਤੁਰਕ) ਦੁਰਜਨ (ਰਾਜ ਸਮੱਗ੍ਰੀ ਦੇ) ਸਤਾਂ ਅੰਗਾਂ (ਖਜ਼ਾਨਾ, ਫੌਜ, ਕਿਲ੍ਹੇ ਆਦਿ) ਵਾਲੇ ਹਨ।
ਜਿਨ ਤੇ ਕਹੂੰ ਮਵਾਸਿ ਨ ਰਹਜੋ।
ਸਭਿ ਦੇ ਦੰਡ ਓਜ ਤੇ ਲਹਜੋ ॥੩॥
ਦੀਨ ਦਾਸ ਤਿਨ ਕੇ ਬਨਿ ਰਾਊ[1]। [1]ਰਾਜੇ ਦੀਨ ਹੋਕੇ ਤਿਨ੍ਹਾਂ ਦੇ ਦਾਸ ਬਣ ਰਹੇ ਹਨ।
ਹੁਕਮ ਕਰਹਿਂ ਇਨ ਪਰ ਮਨ ਭਾਊ।
ਜਗ ਮਹਿਂ ਭਯੋ ਅਸ਼ੱਤ੍ਰ[1] ਪ੍ਰਤਾਪੂ। [1]ਜਿਸ ਦਾ ਕੋਈ ਵੈਰੀ ਨਾ ਹੋਵੇ।
ਹੁਤੇ ਸ਼ੱਤ੍ਰ ਕੀਨੇ ਸਭਿ ਖਾਪੂ ॥੪॥
ਤਿਨ ਤੁਰਕਨਿ ਅਨ ਗਨ ਕੌ ਮਾਰੋਂ।
ਇਕ ਸਰ ਸੰਗ ਭਸਮ ਕਰਿ ਡਾਰੋਂ।
ਸਾਯੁਧ ਏਕ ਰਹਨ ਨਹਿਂ ਪਾਵੈ।
ਛੁਟਜੋ ਬਾਨ ਇਕ ਸਾਥ ਖਪਾਵੈਂ ॥੫॥
ਤਊ ਸਮਾ ਹਮ ਕਲੂ ਬਿਚਾਰਾ।
ਬਹੁਰ ਦੇਹਿ ਮਾਨੁਖ ਕੋ ਧਾਰਾ।
ਰਹਨ ਭਲੋ ਇਨ ਕੇ ਅਨੁਸਾਰੀ।
ਨਹਿਂ ਚਹੀਯਤ ਮਿਰਜਾਦ ਬਿਗਾਰੀ ॥੬॥
ਸਨੇ ਸਨੇ ਸਭਿਹੂੰਨਿ ਖਪਾਵੈਂ।
ਤੁਰਕ ਨਗਾਰਬੰਦ ਨਹਿਂ ਪਾਵੈਂ[1]।' [1]ਨਗਾਰ ਬੰਦ ਨਾ ਰਹਿਣ ਤੋਂ ਭਾਵ ਹੈ ਤੁਰਕ ਪਾਤਸ਼ਾਹ ਕੋਈ ਨਹੀਂ ਰਹੇਗਾ, ਜਿਸ ਅੱਗੇ ਨਗਾਰਾ ਵੱਜ ਸਕੇ।
ਸੁਨਿ ਰੇਵਾਲ ਗੁਰੂ ਕੀ ਬਾਨੀ।

ਭਰੀ ਬੀਰ ਰਸ ਆਪ ਬਖਾਨੀ ॥੭॥
'ਅਨੀਕਨੀ[1] ਲੇ ਸੰਗ ਕਰੋਰ।

[1]ਫੌਜ, ਅਨੀਕਨੀ ਕਰੋਰ=ਕਰੋੜ ਫੌਜ। (ਅ) ਉਂਜ ਅਕ੍ਰੋਹਣੀ ਯਾ ਸਾਰੀ ਸੈਨਾਂ ਦੇ ਦਸਵੇਂ ਹਿੱਸੇ ਨੂੰ ਅਨੀਕਨੀ ਕਹਿੰਦੇ ਹਨ, ਜਿਸ ਵਿਚ ੨੧੮੭ ਹਾਥੀ, ੨੧੮੭ ਰਥ, ੬੫੬੧ ਘੋੜੇ ਤੇ ੧੦੯੩੫ ਪੈਦਲ ਹੋਣ।

ਪਹੁਚੌਂ ਆਇ ਆਪ ਕੀ ਓਰ।
ਸੈਨ ਭਯਾਨਕ ਬਨਹਿਂ ਭੁਜੰਗੀ।
ਸੁਨਹੁਂ ਪਿਤਾ ਜੀ ਹੁਇ ਇਕ ਰੰਗੀ ॥੮॥
ਜਬਹਿ ਸਮਾ ਪਹੁੰਚੈਗੋ ਆਈ।
ਸ਼ੱਤ੍ਰੁਨਿ ਸਨ ਤਬਿ ਕਰੌਂ ਲਰਾਈ।
ਜੀਤੌਂ ਗੰਧ੍ਰਬ ਦੇਸ਼ ਬਿਸਾਲਾ।
ਲਰੈ ਖਾਲਸਾ ਮਿਲਿ ਤਿਸ ਕਾਲਾ ॥੯॥
ਗਰਦਸ਼ ਕਰੌਂ[1] ਤੁਰਕ ਸੰਘਾਰ[2]।

[1]ਭਾਵ ਪਰੀਵਰਤਨ ਕਰਾਂਗਾ। (ਅ) ਗਰਦ ਵਿਚ ਰੁਲਾਵਾਂਗਾ। [2]ਮਾਰਕੇ।

ਨਹੀਂ ਰਹਿਨ ਪਾਵੈ ਤਿਸ ਬਾਰ।
ਬਰਖ ਪਚਾਸ ਚਾਨਣਾ ਕਰੌਂ[1]।

[1]ਭਾਵ ਰਾਜ ਕਰੂੰਗਾ।

ਸਾਗਰ ਲਗ ਪ੍ਰਤਾਪ ਜਸ ਧਰੌਂ ॥੧੦॥
ਜੋ ਕਪੀਸ਼ ਗੰਧ੍ਰਬ[1] ਕੀ ਸੰਤਤਿ।

[1]ਸੌ ਸਾਖੀ ਦੇ ਗਿਆਨੀ ਇਸ ਦਾ ਭਾਵ ਅੰਗਰੇਜ਼ ਦੱਸਦੇ ਹਨ। ਇਹੋ ਹੀ ਅਰਥ ਸਰ ਸ: ਅਤਰ ਸਿੰਘ ਜੀ ਨੇ ਕੀਤਾ ਹੈ। [ਦੇਖੋ 'ਸਾਖੀ ਬੁਕ' ਦਾ ਸਫਾ ੮੧]।

ਜ਼ਿਮੀ ਦਬਾਇ ਲੇਯਗੀ ਸੰਤਤਿ।
ਧਰਹਿ ਮਲੇਛ ਭਾਵ ਜੋ ਤਨ ਮੈਂ।
ਸਭਿਨਿ ਪਲਾਇ ਦੇਹ ਹੌਂ ਰਨ ਮੈਂ ॥੧੧॥
ਪੰਥ ਖਾਲਸਾ ਰਾਖਿ ਦਿਖਾਵੌਂ।
ਤੇਜ ਬਿਲੰਦ ਜਗਤ ਬਿਦਤਾਵੌਂ।
ਕਰੌਂ ਬਜਾਹ ਲੇ ਮਦਨਾ[1] ਨਾਰੀ।

[1]ਨਾਮ।

ਪੁੱਤ੍ਰ ਉਪਾਵੌਂ ਦ੍ਵੈ ਬਲ ਭਾਰੀ ॥੧੨॥
ਜਬਿ ਵਹਿ ਰਾਜ ਸਾਜ ਪਰ ਐਹੈਂ।
ਤਬਿ ਸਰੀਰ ਆਪਨ ਤਜਿ ਦੈਹੈਂ[1]।

[1]ਮੈਂ ਤਿਆਗ ਦਿਆਂਗਾ।

ਮੁਝ ਪੀਛੇ ਬਡ ਹੋਇ ਲਰਾਈ।

ਖੰਡਨ ਕਰੈਂ ਪ੍ਰਜਾ ਸਮੁਦਾਈ[1] ॥੧੩॥
[1]ਸਾਰੀ ਪਰਜਾ ਦੀ ਵੰਡ ਕਰਨਗੇ।

ਇਕ ਸੁਤ ਕੋ ਹੁਇ ਰਾਜ ਵਿਸ਼ੇਸ਼ੁ।
ਦੇਸ਼ ਕਾਮਗੜ[1] ਲਗੋਂ ਅਸ਼ੇਸ਼ੁ।
[1]ਨਾਮ ਦੇਸ਼।

ਦਿੱਲੀ ਤੀਰਥ ਬਡੋ ਪ੍ਰਯਾਗੁ[1]।
[1]ਇਲਾਹਾਬਾਦ।

ਜਹਿਂ ਲਗ ਪੂਰਬ ਕੇਰ ਵਿਭਾਗੁ[1] ॥੧੪॥
[1]ਪੂਰਬ ਦਾ ਹਿੱਸਾ ਹੈ।

ਸਭਿ ਕੋ ਰਾਜ ਕਰੈ ਮਮ ਨੰਦ।
ਸੁਜਸ ਪ੍ਰਤਾਪ ਵਧਾਇ ਬਿਲੰਦ।
ਸਿੰਧ ਮਹਾਂ ਨਦ ਬਹਤਿ ਝਨਾਊ[1]।
[1]ਜਿਥੇ ਮਹਾਂਨਦ ਸਿੰਧ ਤੇ ਝਨਾਉ ਵਹਿੰਦੇ ਹਨ। (ਅ) ਬਿਹਥ=ਜੇਹਲਮ।

ਰਾਵੀ ਸਤੁੱਦ੍ਰਵ ਲਗੋ ਪ੍ਰਭਾਊ[1] ॥੧੫॥
[1]ਤਕ ਪ੍ਰਤਾਪ ਹੋਵੇਗਾ (ਮੇਰੇ ਪੁੱਤ੍ਰ ਦਾ)।

ਦੁਤੀਏ ਨੰਦਨ ਕੋ ਹੁਇ ਰਾਜ।
ਵਧਹਿ ਬਿਭੂਤਿ ਬਿਸਾਲ ਸਮਾਜ।
ਪੁਰਿ ਕਸ਼ਮੀਰ ਸੁ ਪਸ਼ਚਮ ਦਿਸ਼ ਕੋ।
ਸਭਿ ਮਹਿਂ ਰਾਜ ਹੋਇ ਹੈ ਤਿਸ ਕੋ ॥੧੬॥
ਵਰਨ ਆਲਮੀ ਕਰੈ ਉਚਾਰਾ[1]।'
[1]ਉਹ ਆਪਣਾ) ਵਰਣ ਆਲਮੀ ਕਹਾਵੇਗਾ।

ਇਮ ਕਹਿ ਗੁਰ ਕੇ ਸੰਗ ਸਿਧਾਰਾ।
ਸਰਦਧਾਰ ਬਿਨਤੀ ਕਹਿ ਐਸੀ।
'ਹੇ ਪ੍ਰਭੁ! ਮੁਝ ਕੋ ਆਗਜਾ ਕੈਸੀ? ॥੧੭॥
ਮਹਾਰਾਜ ਧਨਪਤ ਅਲਿਕੇਸ਼[1]।
[1]ਕੁਬੇਰ (ਜੋ ਹੈ)।

ਤਿਸ ਪ੍ਰਤਿ ਕਹੀਅਹਿ ਕੁਛ ਸੰਦੇਸ।
ਤਿਸ ਕੋ ਪਠਯੋ[1] ਆਪ ਢਿਗ ਆਯੋ।
[1]ਤਿਸ ਦਾ ਭੇਜਿਆ ਹੋਇਆ।

ਜਿਮ ਭਾਖ੍ਯੋ ਮੈਂ ਆਨਿ[†] ਸੁਨਾਯੋ ॥੧੮॥
[†]ਪਾ:-ਆਖਿ।

ਤੁਮ ਜਿਮ ਕਹੋ ਸੁਨਾਵਨ ਕਰਿਹੂੰ।
ਸਕਲ ਜੱਛ ਰਾਵਰਿ ਅਨੁਸਰਹੂੰ।
ਨਤੁ ਮੈਂ ਗਮਨੌਂ ਸੰਗ ਤੁਮਾਰੇ।
ਚਲਿ ਅਨੰਦਪੁਰਿ ਕਰਹੁੰ ਉਚਾਰੇ' ॥੧੯॥
ਸੁਨਿ ਕੈ ਸ੍ਰੀ ਮੁਖ ਬਚਨ ਉਚਾਰੇ।

'ਸਰਦਧਾਰ! ਅਬਿ ਹਟਹੁ ਪਿਛਾਰੇ।
ਕਹਹੁ ਕੁਬੇਰ ਸੰਗ ਸੰਦੇਸ਼।
ਕਰਿ[1] ਅਨੰਦਪੁਰਿ ਜੰਗ ਵਿਸ਼ੇਸ਼ ॥੨੦॥
ਪੁਨ ਚਮਕੌਰ ਕਰਹਿਂ ਘਮਸਾਨਾ।
ਬਹੁਰ ਮੁਕਤਿਸਰ ਕਰਿ ਅਰਿ ਹਾਨਾ।
ਹਿੰਦੂ ਧਰਮ ਸਥਾਪਨ ਕਰਿ ਕੈ।
ਬਹੁ ਤੁਰਕਨਿ ਕੇ ਪ੍ਰਾਨ ਨਿਕਰਿ ਕੈ ॥੨੧॥
ਪੰਥ ਤੁਰਕ ਕੋ ਅਧਿਕ ਵਿਰੋਧ।
ਕਰੌਂ ਖਪਾਵਨ ਨੀਕੇ ਸੋਧਿ।
ਅਵਰੰਗ ਜੋ ਮੁਹੰਮਦੀ ਭਾਰੀ।
ਤਿਸ ਬਿਨਾਸ਼ਿ ਕੈ ਭਲੀ ਪ੍ਰਕਾਰੀ ॥੨੨॥
ਪੁਨ ਹਮ ਦੱਖਣ ਕੋ ਚਢਿ ਜੈ ਹੈਂ।
ਤਹਾਂ ਪਹੁੰਚ ਪਰਲੋਕ ਸਿਧੈ ਹੈਂ।'
ਪੁਨ ਰਿਵਾਲ ਸੰਗ ਕਹ੍ਯੋ ਗੁਸਾਈਂ।
'ਅਬਿ ਬਿਰੋਧ ਤੁਮ ਦੇਹੁ ਮਿਟਾਈ ॥੨੩॥
ਚਿਰੰਕਾਲ ਕਰਿ ਚੁਕੇ ਲਰਾਈ।
ਦਿਸ਼ ਦੋਨਹੁਂ ਤਿਮ[†] ਹੀ ਬਨਿ ਆਈ।

ਸਮਾ ਪਾਇ ਨਿਜ ਲੀਜੈ ਰਾਜੂ।
ਭੋਗਹੁ ਐਸ਼੍ਵਰਜ ਰਾਜ ਸਮਾਜੂ ॥੨੪॥
ਨਾਹਕ ਰਣ ਰਚਿ ਫਸਹੁ ਕਲੇਸ਼ੂ।
ਦਿਸ਼ਿ ਦੋਨਹੁਂ ਤਜਿ ਦ੍ਵੈਸ਼ ਅਸ਼ੇਸ਼ੂ।'
ਇਮ ਹੀ ਸਰਦਧਾਰ ਸਮੁਝਾਯੋ।
ਕਹਿ ਰਿਵਾਲ ਤਿਹ ਸੰਗ ਮਿਲਾਯੋ ॥੨੫॥
[1] 'ਕਹੋ ਕੁਬੇਰ ਸੰਗ ਸਮੁਝਾਇ।
ਨਾਗਨ ਸਾਥ ਬਿਰੋਧ ਮਿਟਾਇ।
ਹਮਰੇ ਕਹੇ ਸੰਧਿ ਕਰਿ ਲੀਜੈ।

[1](ਅਸੀਂ) ਕਰਕੇ।
[†]ਪਾ:-ਇਮ।
[1]ਗੁਰ ਜੀ ਨੇ ਕਿਹਾ।

ਨਾਹਕ ਸੰਘਰ ਨਾਂਹਿ ਕਰੀਜੈ' ॥੨੬॥
ਸੁਨਿ ਰਿਵਾਲ ਪੁਨ ਉਚਰਨਿ ਕੀਨ।
'ਮੈਂ ਤੁਮਰੋ ਬਚ ਸਿਰ ਧਰਿ ਲੀਨ।
ਪ੍ਰਥਮ ਬਖੇਰਾ ਮੈਂ ਨਹਿਂ ਕਰੌਂ।
ਜੱਛ ਹੰਕਾਰੇ ਤੇ ਨਹਿਂ ਟਰੌਂ'' ॥੨੭॥
ਸ੍ਰੀ ਮੁਖ ਕਹਜੋ 'ਹਮਾਰੋ ਬੈਨ।
ਦਿਢ ਕੁਬੇਰ ਮਾਨਹਿਂ ਚਿਤ ਚੈਨ[1]। [1]ਕੁਬੇਰ ਬੜੀ ਪ੍ਰਸੰਨਤਾ ਨਾਲ ਮੰਨੇਗਾ।
ਜਿਮ ਤੂੰ ਕਹੀ ਹਮਾਰੀ ਮਾਨੈਂ।
ਤੁਝ ਤੇ ਦਸਗੁਨ ਸੋ[1] ਮਨ ਮਾਨੈ' ॥੨੮॥ [1]ਭਾਵ ਕੁਬੇਰ।
ਇਮ ਕਹਿਂ ਦੋਨੋ ਸੰਗ ਮਿਲਾਏ।
ਤਬਿ ਰਿਵਾਲ ਉਰ ਬਹੁ ਹਰਿਖਾਏ।
ਹਾਥ ਜੋਰਿ ਕਰਿ ਗਾਥ ਸੁਨਾਈ।
ਇਕ ਸੰਮਤ ਅਪਦਾ ਤੁਮ ਪਾਈ[1] ॥੨੯॥ [1]ਇਕ ਸਾਲ ਆਪ ਨੇ ਅਪਦਾ ਪਾਵਣੀ ਹੈ।
ਅਨਿਕ ਬਿਧਨ ਕੇ ਉਠਹਿਂ ਕਲੇਸ਼ੂ।
ਬਿਪਤਾ ਤੁਮ ਕੋ ਪਰਹਿ ਵਿਸ਼ੇਸ਼ੂ।
ਤਬਿ ਮੈਂ ਮਿਲੌਂ ਆਇ ਇਕ ਬਾਰੀ।
ਤਿਸ[†] ਕੋ ਕਾਰਨ ਕਰੌਂ ਉਚਾਰੀ ॥੩੦॥ [†]ਪਾ:-ਇਸ
ਗਾਇੱਤ੍ਰੀ ਸਭਿ ਬੇਦਨ ਮਾਤਾ।
ਤਿਸ ਕੇ ਰਿਦੇ ਕੋਪ ਉਪਹਾਤਾ[1†]। [1]ਉਪਜਿਆ। [†]ਪਾ:-ਉਪਰਾਤਾ, ਉਮਹਾਤਾ।

-ਮੇਰੋ ਕਰਜੋ ਗੁਰੂ ਅਪਮਾਨਾ।
ਅੰਗੀਕਾਰ ਕਰਨ ਨਹਿਂ ਠਾਨਾ[†] ॥੩੧॥ [†]ਪਾ:-ਮਾਨਾ।
ਨਹੀਂ ਪੰਥ ਮੈਂ ਦਿਯ ਉਪਦੇਸ਼ੂ।
ਮੋਹਿ ਬਿਸਾਰਜੋ ਰਿਦੈ ਅਸ਼ੇਸ਼ੂ[1]। [1]ਸਾਰਿਆਂ ਦੇ ਰਿਦੇ ਵਿਚੋਂ।
ਸਰਬ ਮ੍ਰਿਯਾਦ ਸਥਾਪਨ ਕੀਨਿ।
ਹਿੰਦੁ ਧਰਮ ਧਰਿ ਰਖਜੋ ਪ੍ਰਬੀਨ ॥੩੨॥
ਏਕ ਮੋਹਿ ਕਉ ਰਿਦੈ ਬਿਸਾਰਾ-।

ਯਾਂ ਤੇ ਰਿਸ ਕਰਿ ਸ੍ਰਾਪ ਉਚਾਰਾ†।

†ਇਹ ਖਿਆਲ ਬੀ ਕਿਸੇ ਗੁੱਸੇ ਖਾਧੇ ਬ੍ਰਹਮਣ ਆਖੇਪਕਾਰ ਦਾ ਸੌ ਸਾਖੀ ਵਿਚੋਂ ਹੀ ਕਵਿ ਜੀ ਨੇ ਲੈਕੇ ਲਿਖ ਦਿੱਤਾ ਹੈ ਤੇ ਪੜਚੋਲ ਨਹੀਂ ਕੀਤੀ ਕਿ ਗਾਯਤ੍ਰੀ ਅਰ ਉਪਨਿਖਧ ਅਰ ਸਾਰੇ ਉੱਚੇ ਤੋਂ ਉੱਚੇ ਖਿਆਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੱਧੀ ਅੱਧੀ ਤੁਕ ਵਿਚ ਆਏ ਹਨ। ਜਪਜੀ ਦਾ ਮੂਲ ਮੰਤ੍ਰ ਗਾਯਤ੍ਰੀ ਤੋਂ ਵਿਸ਼ੇਸ਼ ਮੰਤ੍ਰ ਹੈ।

-ਭੋਗਹੁ ਬਿਪਤਾ ਸੰਮਤ ਏਕੂ-।
ਇਹ ਕਾਰਨ ਹੈ ਜਲਧਿ ਬਿਬੇਕੂ!
॥੩੩॥
-ਪਾਹੁਲ ਦਈ ਪੰਥ ਉਪਜਾਏ।
ਆਪ ਲਈ ਪਾਹੁਲ ਹਰਿਖਾਏ।
ਮੇਰੇ ਬਿਨਾਂ ਕੀਨਿ ਸਭਿ ਕਾਰਾ-।
ਯੌਂ ਬਿਚਾਰ ਕਰਿ ਕੋਪ ਉਚਾਰਾ
॥੩੪॥
ਯਾਂ ਤੇ ਤੁਮ ਸੁਚੇਤ ਨਿਤ ਰਹੀਯਹਿ।
ਸ੍ਰਾਪ ਗਾਇੱਤ੍ਰੀ ਕੋ ਉਰ ਲਹੀਯਹਿ।
ਸਮੇ ਸਮੇਂ ਮੈਂ ਪਹੁੰਚਿ ਮਿਲੈ ਹੌਂ।
ਤੁਮਰੇ ਬਾਕ ਸੁਨੌਂ, ਉਚਰੈ ਹੌਂ[1]' [1]ਸੁਣਾਂਗਾ ਤੇ ਉਚਰਾਂਗਾ।
॥੩੫॥
ਇਸ ਪ੍ਰਕਾਰ ਕਰਿ ਕੈ ਸੰਬਾਦਾ।
ਦੋਨੋ ਹਟੇ ਰਿਦੇ ਅਹਿਲਾਦਾ।
ਪਦ ਅਰਬਿੰਦ ਬੰਦਨਾ ਕਰਿ ਕੈ।
ਗਏ ਆਪਨੇ ਥਾਨ ਸਿਧਰਿ ਕੈ ॥੩੬॥
ਸਰਦਧਾਰ ਜਛ ਅਲਕਾ ਪੁਰੀ[1]। [1]ਕੁਬੇਰ ਦੀ ਪੁਰੀ (ਗਿਆ)।
ਮਿਲਿ ਕੁਬੇਰ ਕੋ† ਸਭਿ ਸੁਧ ਕਰੀ। †ਪਾ:-ਸੋਂ।

ਸਤਿਗੁਰ ਕੇ ਸੰਦੇਸ ਸੁਨਾਏ।
ਸੁਨਿ ਧਨਪਤਿ[1] ਮਨ ਮਹਿਂ ਹਰਖਾਏ [1]ਕੁਬੇਰ।
॥੩੭॥
ਬੈਰ ਭਾਵ ਨਾਗਨ ਸੰਗ ਛੋਰਾ।
ਮਿਲੇ ਮੇਲ ਹਿਤ ਕਰਿ ਜੁਗ ਓਰਾ[1]। [1]ਦੋਹੀਂ ਪਾਸੀਂ ਪ੍ਰੇਮ ਕਰਕੇ।
ਇਸ ਪ੍ਰਕਾਰ ਤਹਿਂ ਭਯੋ ਪ੍ਰਸੰਗ।
ਸਤਿਗੁਰ ਪੰਚ ਸਿੰਘ ਲੈ ਸੰਗ ॥੩੮॥

ਇਹ ਕਥਾ ਪੌਰਾਣਕ ਤ੍ਰੀਕੇ ਦੀ ਹੈ, ਜੱਛ ਤੇ ਨਾਗ ਕੁਛ ਦੇਵਤਿਆਂ ਦੇ ਲੱਛਣ ਤੇ ਕੁਛ ਮਨੁੱਖਾਂ ਦੇ ਲੱਛਣਾਂ ਨਾਲ ਮਿਲਦੀ ਰਲਵੀਂ ਗਲ ਬਾਤ ਆਈ ਹੈ। ਜੱਛ ਇਕ ਪ੍ਰਕਾਰ ਦੇ ਦੇਵਤੇ ਮੰਨੇ ਗਏ ਹਨ ਤੇ ਨਾਗ ਕੱਸ਼ਜਪ ਦੀ ਉਲਾਦ ਕੱਦ੍ਰੂ ਤੋਂ ਮੰਨੇ ਗਏ ਹਨ। 'ਰਵਾਲ' ਨਾਗਾਂ ਦਾ ਰਾਜਾ ਤੇ ਸਰਦਧਾਰ ਜੱਛਾਂ ਦੇ ਰਾਜੇ ਦਾ ਵਜ਼ੀਰ ਜਾਪਦਾ ਹੈ।

ਇਸ ਪ੍ਰਕਾਰ ਦੀ ਕਥਾ ਵਿਚੋਂ ਅਸਲੀਅਤ ਲੱਭਣੀ ਕਠਨ ਹੈ, ਜਦ ਤਕ ਵਿਸ਼ੇਸ਼ ਖੋਜ ਨਾਲ ਕੋਈ ਹੋਰ ਸਾਮਾਨ ਰੌਸ਼ਨੀ ਪਾਉਣ ਵਾਲੇ ਨਾ ਮਿਲਣ। ਇਹ ਜਾਪਦਾ ਹੈ ਕਿ ਰੇਵਾਲ ਜੋ ਰੇਵਾ ਦਾ ਪੁੱਤ੍ਰ ਨਾਗਵੰਸ਼ੀ ਦੱਸਿਆ ਹੈ, ਉਸ ਨਾਗਵੰਸ਼ ਤੋਂ ਮੁਰਾਦ 'ਸ਼ਾਕਾ ਕੁਲ' ਦੀ ਨਾਗ ਜਾਤੀ ਤੋਂ ਹੈ, ਜੋ ਹਿਮਾਲਯ ਦੇ ਦੂਸਰੇ ਪਾਸੇ ਰਹਿੰਦੀ ਸੀ, ਇਹ ਹਿੰਦ ਦੇ ਇਸ ਪਾਸੇ ਪਹਾੜਾਂ ਵਿਚ ਆਕੇ ਰਾਜੇ ਹੋਏ। ਮੈਦਾਨਾਂ ਵਿਚ ਬੀ ਇਨ੍ਹਾਂ ਦਾ ਰਾਜ ਰਿਹਾ। ਬਿੱਕ੍ਰਮੀ ਸੰਮਤ ਦੀ ਤੀਸਰੀ ਸਦੀ ਤਕ ਇਨ੍ਹਾਂ ਦੇ ਰਾਜ ਸਮਿਆਂ ਦੇ ਸਿੱਕੇ ਮਿਲਦੇ ਹਨ, ਜਿਨ੍ਹਾਂ ਪਰ ਰਾਜਿਆਂ ਦੇ ਨਾਮ 'ਦੇਵ ਨਾਗ' 'ਰਣਪਤਿ ਨਾਗ' ਆਦਿ ਕਰਕੇ ਮਿਲਦੇ ਹਨ। ਇਲਾਹਾਬਾਦ ਦੇ ਕਿਲੇ ਦੇ ਸ਼ਿਲਾ ਲੇਖ ਤੋਂ ਪਤਾ ਲੱਗਦਾ ਹੈ ਕਿ 'ਸਮੁੰਦ੍ਰ ਗੁਪਤ' ਨੇ 'ਰਣਪਤਿ ਨਾਗ' ਤੇ ਫਤਹ ਪਾਈ। ਗੋਯਾ 'ਗੁਪਤ' ਕੁਲ ਨੇ 'ਨਾਗ' ਕੁਲ ਜਿਤੀ। ਸਿਕੰਦਰ ਦੇ ਹਮਲੇ ਵੇਲੇ ਟੈਕਸਿਲਾ ਦਾ ਰਾਜਾ ਬੀ 'ਨਾਗ' ਵੰਸ਼ੀ ਸੀ, ਜਿਸ ਦਾ ਵੈਰ ਆਰੀਆ ਕੁਲ ਦੇ ਰਾਜਾ ਪਰੁਰਵਸ ਨਾਲ ਸੀ ਤੇ ਇਹ ਨਾਗ ਸਿਕੰਦਰ ਨਾਲ ਰਲਕੇ ਉਸ ਦੇ ਵਿਰੁੱਧ ਚੜ੍ਹਿਆ ਸੀ। ਇਹ ਨਾਗ ਜ਼ਾਤੀ ਦੇ ਰਾਜੇ ਸੱਪਾਂ ਦਾ ਚਿੰਨ੍ਹ ਧਾਰਦੇ ਤੇ ਸੱਪਾਂ ਨੂੰ ਪੂਜਦੇ ਬੀ ਸਨ, ਇਹ ਪੂਜਾ ਸਿਕੰਦਰ ਨੇ ਟੈਕਸਿਲਾ ਵਿਚ ਤੱਕੀ ਸੀ। ਤਿੱਬਤ ਦੇ ਲੋਕ ਹੁਣ ਤਕ ਆਪਣੀ ਬੋਲੀ ਨੂੰ ਨਾਗ ਭਾਸ਼ਾ ਕਹਿੰਦੇ ਹਨ। ਪਹਾੜਾਂ ਵਿਚ ਨਾਗ ਤੇ ਨਾਗਾ ਜ਼ਾਤੀ ਦੇ ਲੋਕ ਵਸਦੇ ਹਨ। ਸੋਂ ਇਉਂ ਪ੍ਰਤੀਤ ਦੇਂਦਾ ਹੈ ਕਿ ਰਿਵਾਲ ਤੋਂ ਮੁਰਾਦ ਨਾਗ ਜ਼ਾਤੀ ਦੇ ਰਾਜਾ ਦੀ ਹੈ ਅਤੇ ਜੱਛ ਤੋਂ ਮੁਰਾਦ ਦੇਵਤਾ ਦੀ ਹੈ ਤੇ ਆਰੀਆ ਆਪ ਨੂੰ ਦੇਵਤਾ ਮੰਨਦੇ ਰਹੇ ਹਨ। ਸੋ ਆਰੀਆ ਕੁਲ ਤੋਂ ਮੁਰਾਦ ਹੈ ਯਾਂ ਜੱਖ ਤੇ ਜੱਛ ਪਾਠ ਦੱਛ ਦੀ ਥਾਂ ਭੁੱਲ ਨਾਲ ਹੋ ਗਿਆ ਹੈ, ਇਹ ਭੁਲ ਸੌ ਸਾਖੀ ਦੇ ਲਿਖਾਰੀ ਦੀ ਹੋਵੇ ਤਾਂ ਅਚਰਜ ਨਹੀਂ ਜੱਛ ਯਾ ਦੱਛ ਤੋਂ ਮੁਰਾਦ ਆਰੀਆ ਕੁਲ ਦੀ ਜਾਪਦੀ ਹੈ। ਆਰੀਆ ਕੁਲ ਤੇ ਨਾਗ ਕੁਲ ਦੋਹਾਂ ਦਾ ਵੈਰ ਰਿਹਾ ਹੈ ਤੇ ਜੰਗ ਜੁੱਧ ਹੁੰਦੇ ਰਹੇ ਹਨ। ਅਕਸਰ ਕਥਾ ਤੇ ਰਵਾਇਤਾਂ ਇਨ੍ਹਾਂ ਦੇ ਪਰਸਪਰ ਅਨੇਕਾਂ ਜੁੱਧਾਂ ਦੇ ਪੁਰਾਣੇ ਪ੍ਰਸੰਗ ਹਨ। ਪੰਜਾਬ ਦੇ ਉੱਤਰੀ ਪਹਾੜਾਂ ਵਿਚ ਰਾਜਪੂਤ (ਜੋ ਖੱਤਰੀ ਤੇ ਆਰੀਆ ਮੰਨੇ ਜਾਂਦੇ ਹਨ) ਇਨ੍ਹਾਂ ਪਹਾੜਾਂ ਤੇ ਜਾ ਚੜ੍ਹੇ ਤੇ ਨਾਗ ਜ਼ਾਤੀਆਂ ਤੋਂ ਰਾਜ ਖੁਹਕੇ ਆਪਣੇ ਰਾਜ ਕੈਮ ਕੀਤੇ, ਇਨ੍ਹਾਂ ਘਮਸਾਨਾਂ ਦੇ ਪ੍ਰਸੰਗ ਐਉਂ ਕਹਾਣੀਆਂ ਬਣ ਗਏ। ਇਹ ਜੁੱਧ ਜੰਗ ਇਸ ਸਮੇਂ ਤਕ ਬੀ ਰਹੇ ਹਨ, ਸੋ ਇਹ ਕੋਈ ਉਸ ਸਮੇਂ ਦੀਆਂ ਭੁੱਲੀਆਂ ਚੁਕੀਆਂ ਰਵਾਇਤਾਂ ਹੈਨ।

ਇਸ ਤੋਂ ਕਿਆਸ ਇਹ ਬੀ ਹੋ ਸਕਦਾ ਹੈ ਕਿ ਰਵਾਲਸਰ ਤੋਂ ਦੂਰ ਦੂਰ ਦੇ ਪਹਾੜੀ ਰਾਜਿਆਂ ਤੇ ਦੋਹਾਂ ਕਿਸਮਾਂ ਦੇ ਰਾਜਿਆਂ ਦਾ ਇਕੱਠ ਸੀ ਚਾਹੇ ਨਾਗ ਵੰਸ਼ਜ਼ ਰਾਜੇ ਥੋੜੇ ਸਨ ਪਰ ਪ੍ਰਜਾ ਵਿਚ ਅਨਆਰਯਾ ਕੁਲ ਬਥੇਰੀ ਸੀ। ਸੋ ਪਹਿਲਾਂ ਰਾਜਪੂਤ ਰਾਜਿਆਂ ਦਾ ਸਤਿਗੁਰਾਂ ਨਾਲ ਮੇਲ ਹੋਇਆ, ਫੇਰ ਆਪ ਨੇ ਦੋਹਾਂ ਜਾਤੀਆਂ ਦਾ ਇਤਫਾਕ ਕਰਾਇਆ। ਅਚਰਜ ਨਹੀਂ ਹੈ ਕਿ ਦੇਸ਼ ਤੇ ਪ੍ਰਜਾ ਦੇ ਉਧਾਰ ਲਈ ਸਾਂਝੇ ਬਾਹੂ ਬਲ ਦੀ ਕੋਈ ਵਿਉਂਤ ਇੱਥੇ ਬਣੀ ਹੋਵੇ, ਜਿਸ ਪਰ ਪਿੱਛੋਂ ਰਾਜੇ ਕਾਇਮ ਨਹੀਂ ਰਹੇ। ਜੋ ਹੋਣਹਾਰਾਂ ਇੱਥੇ ਦੱਸੀਆਂ ਹਨ, ਓਹ ਆਖੇਪਕਾਰਾਂ ਨੇ ਐਸੀ ਬੋਲੀ ਵਿਚ ਕਰ ਦਿਤੀਆਂ ਹਨ ਕਿ ਆਪੋ ਆਪਣੇ ਕਿਆਸ ਦੁੜਾਕੇ ਲੋਕੀ ਭਾਵ ਕੱਢਦੇ ਹਨ। ਅਸਲੀ ਸਾਖੀ ਵਿਚ ਪਤਾ ਨਹੀਂ ਇਹ ਹੋਣਹਾਰਾਂ ਸਨ ਬੀ ਕਿ ਨਹੀਂ, ਜੇ ਸਨ ਤਾਂ ਆਖੇਪਕਾਰਾਂ ਨੇ ਕੀਹ ਕੁਛ ਬਣਾ ਕੱਢਿਆ ਹੈ।

ਪਰਬਤ ਪਰ ਤੇ ਉਤਰਤਿ ਭਏ।
ਸਿਵਰ ਆਪਨੇ ਆਵਨ ਕਏ।
ਚਾਰਹੁੰ ਸਾਹਿਬਜ਼ਾਦੇ ਹਰਖੇ।

ਮੇਲਾ ਹੇਰਤਿ ਤੀਰਥ ਪਰਖੇ ॥੩੯॥
ਮਾਤਾ ਗੁਜਰੀ ਕੀਨਿ ਸ਼ਨਾਨ।
ਕੀਨਸਿ ਕੰਚਨ ਕੋ ਬਹੁ ਦਾਨ।
ਬਸਤ੍ਰ ਬਿਭੂਖਨ ਜੀਤੋ ਆਦਿ।
ਦੇ ਕਰਿ ਗੁਰ ਮਹਿਲਾ ਅਹਿਲਾਦ
॥੪੦॥
ਸਰਬ ਅਨੰਦ ਬਿਲੰਦ ਕਰੰਤੇ।
ਸਤਿਗੁਰ ਮਹਿਮਾ ਉਰ ਪਰਖੰਤੇ।
ਕੇਤਿਕ ਦਿਵਸ ਖਿਰਯੋ ਤਹਿਂ ਡੇਰਾ।
ਦੇਸ਼ ਗਿਰਨਿ ਕੋ ਫਿਰਿ ਫਿਰਿ ਹੇਰਾ
॥੪੧॥
ਪੁਨ ਸਤਿਗੁਰ ਕਰਿ ਕੂਚ ਪਧਾਰੇ।
ਸਕਲ ਖਾਲਸਾ ਹੋਯਹੁ ਤਯਾਰੇ।
ਬਜਿ ਉਠਯੋ ਰਣਜੀਤ ਨਗਾਰਾ।
ਗਿਰਵਰ ਕੇ ਮਗ ਪ੍ਰਭੁ ਪਧਾਰਾ
॥੪੨॥
ਚਢੀ ਪਾਲਕੀ ਗੁਜਰੀ ਚਲੀ।
ਸਨੇ ਸਨੇ ਗਿਰ ਮਗ ਬਿਧਿ ਭਲੀ।
ਤੀਨਹੁਂ ਗੁਰ ਮਹਿਲਾ ਚਢਿ ਡੋਰੇ।
ਗਮਨ ਕੀਨ ਆਨੰਦਪੁਰਿ ਓਰੇ ॥੪੩॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਿਵਾਲ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

## ੮. [ਮੰਡੀ ਪਤੀ ਪਾਸ ਡੇਰਾ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਮੰਡੀਪਤਿ ਮਹਿਪਾਲ ਕੋ, ਸੁਧ ਕੀਨੀ ਕਿਨ[1] ਆਇ। [1]ਕਿਸੇ ਨੇ।
'ਅਬਿ ਲੌ ਗੁਰ ਡੇਰਾ ਤਹਾਂ, ਚਮੂੰ ਸੰਗ ਸਮੁਦਾਇ' ॥੧॥

ਚੌਪਈ: [1]ਮੰਡੀਪਤੀ ਨੇ।

ਸੁਨਿ ਕਰਿ ਅਪਨੇ ਰਿਦੇ ਬਿਚਾਰੀ[1]।
-ਗੁਰ ਆਨੌਂ ਇਸ ਪੰਥ ਮਝਾਰੀ।
ਮਿਲੌਂ ਜਾਇ ਤਹਿਂ ਨਿਜ ਸੰਗ ਲਜਾਊਂ।
ਨਿਜ ਪੁਰਿ ਮਹਿਂ ਡੇਰਾ ਉਤਰਾਊਂ ॥੨॥
ਸੇਵਾ ਕਰੌਂ ਪ੍ਰੀਤ ਕੋ ਧਰਿ ਕੈ।
ਦੀਨਦੁਨੀ ਸੁਖ ਪੈਹੌਂ ਕਰਿ ਕੈ[1]। [1]ਸੇਵਾ) ਕਰਕੇ।
ਸ਼੍ਰੀ ਮੁਖਿ ਤੇ ਜਿਮ ਬਾਕ ਬਖਾਨੈਂ।
ਹੋਇ ਸੁ ਨਿਸ਼ਚੇ ਸਭਿ ਜਗ ਜਾਨੈ- ॥੩॥
ਕਰਿ ਇੱਤਜਾਦਿ ਕਾਮਨਾ ਚਢਯੋ।
ਗੁਰੂ ਮਿਲਿਨਿ ਕੋ ਆਨੰਦ ਬਢਯੋ।
ਲੇ ਕਰਿ ਸੰਗ ਚਮੂੰ ਨਿਜ ਕੇਰੀ।
ਕੇਤਿਕ ਦੂਰ ਗਯੋ ਤਿਸ ਬੇਰੀ ॥੪॥
ਆਵਤਿ ਗੁਰੂ ਅਗਾਰੀ ਚਲੇ।
ਹਰਖਤਿ ਹੋਇ ਪੰਥ ਮੋਂ ਮਿਲੇ।
ਉਤਰਿ ਤੁਰੰਗਮ ਤੇ ਢਿਗ ਗਇਊ।
ਚਰਨ ਸਰੋਜ ਬੰਦਨਾ ਕਇਊ ॥੫॥
ਹਾਥ ਜੋਰਿ ਪੁਨ ਬਿਨਤੀ ਭਨੀ।
'ਮੈਂ ਜਬਿ ਰਾਵਰ ਕੀ ਸੁਧਿ ਸੁਨੀ।
ਇਸ ਮਗ ਲਜਾਵਨ ਹੇਤ ਸਿਧਾਰਾ।
ਤੁਮ ਪੂਰਬ ਹੀ ਇਤ ਪਗ ਧਾਰਾ ॥੬॥
ਘਟਿ ਘਟਿ ਸਭਿ ਕੇ ਜਾਨਨਿਹਾਰੇ।
ਜਨ ਸਿੱਖਨਿ ਕੇ ਕਾਜ ਸੁਧਾਰੇ।
ਮਮ ਪੁਰਿ ਮਹਿਂ ਪਾਵਨ ਕਰਿ ਪਾਵਨ[1]। [1]ਚਰਨਾਂ ਦਾ ਪਾਉਣਾ ਕਰਕੇ।

ਪਾਵਨ ਕਰੋ[1] ਸਰਬ ਹੀ ਥਾਵਨਿ' ॥੭॥
ਸ਼੍ਰੀ ਪ੍ਰਭੁ ਕਹ੍ਯੋ 'ਇਸੀ ਮਗ ਆਏ।
ਤਵ ਪੁਰਿ ਮਹਿਂ ਉਤਰਹਿਂ ਅਬਿ ਜਾਏ।
ਚਢਹੁ ਤੁਰੰਗਮ ਪਰ ਚਲਿ ਆਗੇ।
ਹਮ ਆਵਹਿਂ ਤੁਝ ਪਾਛੇ ਲਾਗੇ' ॥੮॥
ਸੁਨਿ ਗਿਰਪਤਿ ਕਹਿ 'ਚਲੌਂ ਪਿਛਾਰੀ।
ਹੁਜੈ ਪ੍ਰਭੁ ਜੀ! ਆਪ ਅਗਾਰੀ।
ਰਾਵਰ ਕੋ ਡੇਰਾ ਕਰਿਵਾਵੌਂ।
ਪੁਨ ਮੈਂ ਅਪਨੇ ਸਦਨ ਸਿਧਾਵੌਂ' ॥੯॥
ਇਮ ਕਹਿ ਸੰਗ ਤੁਰੰਗਮ ਕੀਨ।
ਚਲਤਿ ਪੰਥ ਕਹਿ ਸੁਨਤਿ[1] ਪ੍ਰਬੀਨ।
ਦਿਵਸ ਢਰ੍ਯੋ ਚਾਲਤਿ ਮਗ ਜਬੈ।
ਸਰਿਤਾ ਤੀਰ ਪਹੁਚੇ ਤਬੈ ॥੧੦॥
ਉਤਰੇ ਤਟ ਪਰ ਲੈਬੇ ਅਮਲ†।
ਧਰੇ ਧਰਾ ਪਗ ਜੁਗ ਪਗ ਕਮਲ।
ਦਾਸ ਆਇ ਸ਼ੁਭ ਫਰਸ਼ ਵਿਛਾਵਾ।
ਤਬਿ ਸੁੱਖਾ ਤਤਕਾਲ ਬਨਾਵਾ ॥੧੧॥
ਉਤਰ੍ਯੋ ਗਿਰਪਤਿ ਚਮੂ ਸਮੇਤ।
ਸ਼੍ਰੀ ਪ੍ਰਭੁ ਨਿਕਟ ਹੋਇ ਸਹਿ ਚੇਤ[1]।
ਥਾਨ ਥਾਨ ਤਟ[1] ਸਿੰਘ ਥਿਰੇ ਹੈਂ।
ਭੰਗ ਅਫੀਮਾਂ ਖਾਨ ਕਰੇ ਹੈਂ* ॥੧੨॥
ਦੋਨਹੁਂ ਮਾਦਿਕ[1] ਗੁਰ ਛਕਿ ਲੀਨੇ।
ਸੌਚ ਸ਼ਨਾਨ ਸਭਿਨਿ ਤਨ ਕੀਨੇ।
ਸ਼੍ਰੀ ਪ੍ਰਭੁ ਤਬਿ ਦਸਤਾਰ ਸਜਾਈ।
ਊਪਰ ਬੰਧਿ ਜਿਗਾ ਦਮਕਾਈ ॥੧੩॥
ਝਪਝੂਲਤਿ ਕਲਗੀ ਬਰ ਤੁੰਗ[1]।
ਲਗੇ ਜਵਾਹਰ ਜਗਮਗ ਰੰਗ।

[1]ਪਵਿੱਤ੍ਰ ਕਰੋ।

[1]ਰਾਹ ਵਿਚ ਕਹਿੰਦੇ ਸੁਣਦੇ ਜਾਂਦੇ ਹਨ।

†ਦੇਖੋ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

[1]ਨੇੜੇ ਤੇ ਸੁਚੇਤ ਹੋਕੇ।

[1]ਪਾਸ।

[1]ਦੋਵੇਂ ਅਮਲ। (ਅ) ਦੋ ਮਾਵੇ।

[1]ਸ੍ਰੇਸ਼ਟ ਤੇ ਉੱਚੀ ਕਲਗੀ ਦੀਆਂ ਬਾਰੀਕ ਤਾਰਾਂ ਦਾ ਹਿਲਾਉ ਛੇਤੀ-ਛੇਤੀ ਹੋ ਰਿਹਾ ਹੈ।

ਆਇ ਖਾਲਸਾ ਲਗ੍ਯੋ ਦਿਵਾਨ।
ਹੇਰਤਿ ਸਰਿਤਾ ਸੁੰਦਰ ਪਾਨ[1] ॥੧੪॥ [1]ਜਲ।
ਮੰਡੀਪਤਿ ਬੈਠ੍ਯੋ ਪ੍ਰਭੁ ਪਾਸ।
ਤਿਸ ਛਿਨ ਬੋਲੇ ਬਾਕ ਪ੍ਰਕਾਸ਼।
'ਮੰਦ ਮੰਦ ਚਲਿ ਨੀਰ ਗੰਭੀਰ।
ਸੁੰਦਰ ਸ਼ੋਭਤਿ ਹੈਂ ਜੁਗ ਤੀਰ[1] ॥੧੫॥ [1]ਦੋਵੇਂ ਕੰਢੇ।
ਇਕ ਘਟ ਲੇ ਜਲ ਪਰ ਧਰਿ ਆਵਹੁ[†]। [†]ਜਾਪਦਾ ਹੈ ਕਿ ਇਹ ਘੜਾ ਕਿਸੇ ਧਾਤੂ ਦਾ ਸੀ।

ਹਤਹੁ ਨਿਸ਼ਾਨਾ ਤੁਪਕ ਚਲਾਵਹੁ।'
ਹੁਕਮ ਖਾਲਸੇ ਪਰ ਇਮ ਭਯੋ।
ਏਕ ਸਿੰਘ ਘਟ ਲੈ ਤਬਿ ਗਯੋ ॥੧੬॥
ਜਿਤ ਤੇ ਜਲ ਆਵਤ ਤਹਿਂ ਧਰਿਓ।
ਸੂਧੋ ਘਟਾ ਨੀਰ ਪਰ ਤਰਿਓ।
ਸਕਲ ਸਿੰਘ ਲੈ ਜ੍ਵਾਲਾ ਬਮਣੀ[1]। [1]ਬੰਦੂਕਾਂ।
ਛੋਰੀ ਗਨ ਗੇਰੀ ਅਰਿਦਮਣੀ[1] ॥੧੭॥ [1]ਵੈਰੀ ਨਾਸ਼ਕ।
ਰਹੇ ਚਲਾਇ ਸਿੰਘ ਬਹੁਤੇਰੇ।
ਇਕ ਨ ਲਗੀ ਘਟ ਕੇ ਤਿਸ ਬੇਰੇ।
ਛੋਰਿ ਛੋਰਿ ਉਰ ਮਹਿਂ ਬਿਸਮਾਏ।
-ਇਹ ਕਸਾ ਭਯੋ ਨ ਜਾਨੀ ਜਾਏ-
॥੧੮॥
ਤਬਿ ਸਤਿਗੁਰ ਕਰ ਤੁਪਕ ਉਠਾਈ।
ਦੇ ਗਿਰਪਤਿ ਕੋ ਗਿਰਾ ਅਲਾਈ।
'ਤੂੰ ਪ੍ਰਹਾਰ ਗੋਰੀ ਇਸ ਮਾਂਹੀ।
ਹਤਿਬੇ ਬਿਨਾ ਲੱਛ ਰਹਿ ਨਾਹੀਂ[1]' [1]ਢੁੰਡੇ ਬਿਨਾਂ ਨਿਸ਼ਾਨਾ ਨਾ ਰਹੇ।
॥੧੯॥
ਹਾਥ ਬੰਦਿ ਗੁਰ ਪਗ ਕਰਿ ਨਮੋ।
ਮੰਡੀ ਪਤਿ ਲੇ ਕਰਿ ਤਿਹ ਸਮੋ।
ਪ੍ਰਥਮ ਪ੍ਰਹਾਰੀ ਘਟ ਉਲਟ੍ਯੋ।
ਸੁਧੇ ਤੇ ਮੁਧਾ ਕਰਿ ਦਯੋ ॥੨੦॥
ਭਏ ਪ੍ਰਸੰਨ ਬਿਲੋਕਿ ਗੁਸਾਈਂ।
ਮੰਡੀ ਪਤਿ ਸੋਂ ਗਿਰਾ ਅਲਾਈ।

'ਰਿਦੇ ਕਾਮਨਾ ਜੋ ਤੁਵ ਹੋਈ।
ਜਾਚਿ ਲੇਹੁ ਹਮ ਪੁਰਵਹਿਂ ਸੋਈ ॥੨੧॥
ਹਤਜੋ ਨਿਸ਼ਾਨਾ ਹੇਰਿ ਪ੍ਰਸੰਨ[1]।
ਗੋਰੀ ਮਾਰਿ ਸਕਜੋ ਨਹਿਂ ਅੰਨ।'
ਸੁਨਿ ਗਿਰਪਤਿ ਕਰ ਜੋਰਿ ਬਤਾਈ।
'ਸ਼੍ਰੀ ਪ੍ਰਭੁ ਮੁਝ ਕੋ ਚਾਹ ਨ ਕਾਈ ॥੨੨॥
ਦੂਧ ਪੂਤਿ ਧਨ ਧਾਮ ਘਨੇਰੇ।
ਕ੍ਰਿਪਾ ਆਪ ਕੀ ਤੇ ਘਰ ਮੇਰੇ।
ਕਹਾਂ ਜਾਚਨਾ ਕਰੌਂ[1] ਗੁਸਾਈਂ।
ਪ੍ਰਥਮ ਕਰੀ ਪੂਰਨ ਸਮੁਦਾਈ' ॥੨੩॥
ਸੁਨਿ ਪੁਨ ਭਨਜੋ ਪ੍ਰਭੁ ਕਛੁ ਮਾਂਗ।
ਪੂਰਨ ਹੋਇ ਦੇਰ ਨਹਿਂ ਲਾਗ।
ਰਿਸ ਪ੍ਰਸੰਨ ਨਹਿਂ ਨਿਫਲ ਹਮਾਰੀ[1]।
ਯਾਂ ਤੇ ਦਯੋ ਚਹੈਂ, ਉਰ ਧਾਰੀ[1]' ॥੨੪॥
ਤਬਿ ਮੰਡੀ ਪਤ ਹਰਖ ਉਚਾਰਾ।
'ਬਹੁ ਪੁਸ਼ਤਨਿ ਲਗ ਰਾਜ ਹਮਾਰਾ।
ਰਹੈ ਇਸੀ ਬਿਧਿ ਜਾਚਨ ਕਰੌਂ।
ਇਹ ਇੱਛਾ ਇਕ ਉਰ ਮਹਿਂ ਧਰੌਂ ॥੨੫॥
ਉਪਜਹਿ ਪੰਥ ਸਮੂਹ ਤੁਮਾਰੇ[1]।
ਕਰਹਿ ਰਾਜ ਛੀਨਹਿਂ ਨ੍ਰਿਪ ਸਾਰੇ।'
ਸੁਨਿ ਸਤਿਗੁਰ ਤਤਕਾਲ ਉਚਾਰਾ।
'ਜੋ ਛੀਨਹਿਂਗੋ ਰਾਜ ਤੁਮਾਰਾ ॥੨੬॥
ਇਸ ਘਟ ਸਮ ਮੂਧਾ ਘਰ ਹੋਵੈ।
ਜੋ ਛੀਨਹਿ ਇਤ ਆਇ ਨ ਜੋਵੈ[1]।'
ਸੁਨਿ ਭੂਪਤਿ ਕੀਨਸਿ ਪਗ ਨਮੋ।
ਚਢਿ ਤੁਰੰਗ ਚਾਲੇ ਤਿਹ ਸਮੋ ॥੨੭॥

[1]ਦੇਖਕੇ (ਅਸੀਂ) ਪ੍ਰਸੰਨ ਹੋਏ ਹਾਂ।

[1]ਕਾਹਦੀ ਮੰਗ ਕਰਾਂ।

[1]ਰਿਸ ਪ੍ਰਸੰਨਤਾ (ਦੋਵੇਂ) ਸਾਡੀਆਂ ਨਿਫਲ ਨਹੀਂ ਹਨ।

[1]ਤੂੰ (ਜੋ ਚਾਹੇਂ) ਦਿਲ ਵਿਚ ਧਾਰ ਲੈ।

[1]ਤੁਹਾਡਾ ਸਾਰਾ ਪੰਥ ਉਪਜੇਗਾ।

[1]ਉਹ ਫਿਰ) ਨਜ਼ਰ ਨਹੀਂ ਆਵੇਗਾ।

ਸਲਿਤਾ ਉਲੰਘਤਿ ਮੰਡੀ ਆਏ।
ਉਤਰਜੋ ਸਿਵਰ ਆਨਿ ਸਮੁਦਾਏ।
ਸਰਬ ਰੀਤ ਕੀ ਨ੍ਰਿਪ ਕਿਯ ਸੇਵਾ।
ਕਰੇ ਰਿਝਾਵਨ ਸ੍ਰੀ ਗੁਰਦੇਵਾ ॥੨੮॥
ਕੇਤਿਕ ਦਿਨ ਪ੍ਰਭੁ ਤਹਾਂ ਟਿਕਾਏ।
ਸੇਵਹਿ ਭੂਪਤਿ ਕਰਿ ਬਹੁ ਭਾਏ।
ਇਕ ਦਿਨ ਹਿਤ ਅਖੇਰ ਲੇ ਗਯੋ।
ਸੰਗ ਆਪ ਹੁਇ ਬਨ ਬਿਚਰਜੋ ॥੨੯॥
ਗੜ੍ਹ ਕਮਲਾਹ[†] ਨਿਕਟ ਚਲਿ ਗਏ।

[†]ਕਮਲਾਹ ਗੜ੍ਹ ਨਾਮੇ ਕਿਲ੍ਹਾ ਜੋ ਹੁਣ ਮੰਡੀ ਰਾਜ ਵਿਚ ਹੈ।

ਮਹਾਂ ਮਵਾਸੀ ਥਲ ਦਿਖਰਏ।
ਤਿਸ ਕੇ ਨਿਕਟ ਸਿਵਰ ਕਰਿ ਦਯੋ।
ਇਕ ਗਢ ਗੁਰੂ ਤਹਾਂ ਰਚਿ ਲਯੋ ॥੩੦॥
ਬੈਠੇ, ਬਚਨ ਭਯੋ ਗੁਰ ਕੇਰੋ।
'ਇਸ ਥਲ ਪੰਥ ਆਇ ਜਬਿ ਮੇਰੋ।
ਤਬਿ ਕਮਲਾਹ ਮਵਾਸੀ ਲੈ ਹੈ[1]।
ਰਾਜ ਆਪਨਾ ਇਹਾਂ ਟਿਕੈ ਹੈ' ॥੩੧॥

[1]ਕਮਲਾਹ ਆਕੀ ਕਿਲ੍ਹੇ ਨੂੰ ਲੈ ਲਵੇਗਾ (ਖਾਲਸਾ)।

ਸੁਨਿ ਮੰਡੀ ਪਤਿ ਕਥਾ ਬਖਾਨੀ।
'ਸਭਿ ਤੇ ਰਹਿਯੋ ਮਵਾਸ ਮਹਾਂਨੀ।
ਪ੍ਰਥਮ ਸਿਕੰਦਰ ਇਸ ਥਲ ਆਯੋ।
ਚਿਤ ਮਹਿਂ ਚਾਹਤਿ ਇਸੈ ਛੁਟਾਯੋ ॥੩੨॥
ਕਰਿ ਬਹੁ ਜਤਨ ਗਯੋ ਸੋ ਹਾਰਾ।
ਤਿਸ ਢਿਗ ਅਫਲਾਤੂਨ[1] ਉਚਾਰਾ[†]।

[1]ਅਫਲਾਤੂਨ ਨੇ।

[†]ਹਿੰਦੁਸਤਾਨ ਤੇ ਸਿਕੰਦਰ ਦਾ ਹਮਲਾ ੩੨੭ ਸੰਨ (ਈਸਾ ਤੋਂ ਪਹਿਲੇ) ਵਿਚ ਹੋਇਆ ਹੈ, ਅਫਲਾਤੂਨ (ਪਲੇਟੋ) ਜੀ ਦਾ ਦਿਹਾਂਤ ੩੪੭ (ਸੰਨ ਈ: ਤੋਂ ਪਹਿਲੇ) ਦੇ ਲਗ ਪਗ ਹੋਇਆ। ਸੋ ਦੁਇ ਜਣੇ ਹਿੰਦ ਵਿਚ ਇਕੱਠੇ ਨਹੀਂ ਆਏ। ਸੁਣੀ ਸੁਣਾਈ ਰਵਾਇਤ ਮੰਡੀ ਦਾ ਰਾਜਾ ਇੱਥੇ ਦੱਸ ਰਿਹਾ ਹੈ। ਸਿਕੰਦਰ ਦਾ ਜਨਮ ਸੰਨ ੩੫੬ (ਈਸਾ ਤੋਂ ਪਹਿਲਾਂ) ਤੇ ਸਿਕੰਦਰ ਦਾ ਚਲਾਣਾ ਸੰਨ ੩੨੩ (ਈ: ਤੋਂ ਪਹਿਲਾਂ) ਹੈ। ਅਫਲਾਤੂਨ ਦਾ ਜਨਮ ਸੰਨ ੪੨੭ (ਈ: ਤੋਂ ਪਹਿਲਾਂ) ਹੈ ਤੇ ਪ੍ਰਲੋਕ ਗਮਨ ੩੪੭ (ਈ: ਤੋਂ ਪਹਿਲਾਂ) ਹੈ।

ਜਿਸ ਕੇ ਸਮ ਬੁਧਿ ਕਿਸ ਕੀ ਨਾਂਹੀ।
ਅਦਭੁਤਿ ਮਤਿ ਅਤਿ ਥੀ ਤਿਸ ਪਾਹੀ ॥੩੩॥
ਤਿਸ ਨੇ ਪਰਬਤ ਕੀ ਨਸ ਜਾਨੀ[1]। — [1]ਨਾੜੀ ਜਾਨੀ।
ਟੰਕ ਦਈ[1] ਤਬਿ ਨਿਖੁਟਜੋ[2] ਪਾਨੀ। — [1]ਬੰਦ ਕਰ ਦਿਤੀ [ਸੰਸ. ਟੰਕਣ]। (ਅ) ਕੱਟ ਦਿਤੀ। [2]ਮੁੱਕ ਗਿਆ।
ਅਤਰ ਨ੍ਰਿਪ ਜਪ ਸੁਰਪਤਿ ਕੇਰਾ[1]। — [1]ਅੰਦਰ ਰਾਜਾ ਨੇ ਇੰਦਰ ਦਾ ਜਪ ਕੀਤਾ।
ਭਯੋ ਪ੍ਰਸੰਨ[1] ਆਇ ਤਿਸ ਬੇਰਾ ॥੩੪॥ — [1](ਇੰਦਰ) ਪ੍ਰਸੰਨ ਹੋਇਆ।
ਇਕ ਪਥਰੀ ਘਨ ਜੁਤਿ ਕਰਿ ਦੀਨ[1]। — [1]ਬਦਲੀ ਵਰਗੀ ਕਰ ਦਿਤੀ।
ਸੋ ਸੰਪਟ ਮਹਿਂ[1] ਪਾਵਨ ਕੀਨ। — [1]ਡੱਬੇ।
ਪੈਸਾ ਭਰ ਘਨ ਕੇਰ ਅਕਾਰਾ[1]। — [1]ਪੈਸਾ ਭਰ ਆਕਾਰ ਸੀ ਬੱਦਲ ਦਾ।
ਜਬਿ ਖੋਲਹਿ ਤਬਿ ਕਰਿ ਬਿਸਤਾਰਾ[1] ॥੩੫॥ — [1](ਪੱਥਰੀ) ਫੈਲ ਜਾਵੇ।
ਇਸ ਗਿਰ[1] ਸਮ ਹੁਇ ਕਰਿ ਬਰਸਾਵੈ†। — [1](ਕਮਲਾਹ) ਦੇ ਪਹਾੜ ਜਿੱਡੀ। †ਪਾ:-ਬਰਖਾਵੈ। ਪੁਨਾ:-ਬਰਪਾਵੈ।
ਅਧਿਕ ਨੀਰ ਕੀਨਸਿ ਮਨ ਭਾਵੈ।
ਜਬਿ ਸੰਪੁਟ ਮਹਿਂ ਪਥਰੀ ਧਰੈ।
ਲਘੁ ਹੁਇ ਸੰਪੁਟ ਮਹਿਂ ਘਨ, ਬਰੈ ॥੩੬॥
ਜਬਿ ਚਾਹਹਿ ਤਬਿ ਲੇਹਿ ਨਿਕਾਰੀ।
ਬਰਖਾਵੈ ਬਰਖਾ ਬਰ ਬਾਰੀ।
ਹੇਰਿ ਸਕੰਦਰ ਏਵ ਮਵਾਸ।
ਤਜਾਗ ਦਈ ਗਢ ਲੈਬੇ ਆਸ ॥੩੭॥
ਗਯੋ ਅਪਰ ਥਲ ਰਹਜੋ ਮਵਾਸ।
ਅਪਰ ਕੌਨ ਲੈਬੇ ਕਰਿ ਆਸ।'
ਸਤਿਗੁਰ ਕਹਜੋ 'ਸਮਾ ਅਸ ਹੋਇ।
ਆਨਿ ਖਾਲਸਾ ਤੋਰਹਿ ਸੋਇ' ॥੩੮॥
ਇਮ ਕਹਿ ਬਸੇ ਦੁਰਗ ਰਚਿ ਤਹਾਂ।
ਨਾਮ ਗੁਬਿੰਦਗੜ੍ਹ ਤਿਸ ਕੋ ਕਹਾ।
ਕੇਤਿਕ ਦਿਨ ਪ੍ਰਭੁ ਤਹਾਂ ਗੁਜ਼ਾਰੇ।

ਬਹੁਰ ਪ੍ਰਭੂ ਹੈ ਕਰਿ ਅਸੁਵਾਰੇ
॥੩੯॥
ਸ੍ਰੀ ਅਨੰਦਪੁਰ ਕੌ ਚਲਿ ਆਏ।
ਸੰਗ ਖਾਲਸਾ ਚਢਿ ਸਮੁਦਾਏ।
ਕਵੀ ਕਹੈ ਜੋ ਗੁਰ ਬਰ ਦੀਨੋ।
ਸੋ ਹਮ ਨੇ ਅਵਿਲੋਕਨ ਕੀਨੋ ॥੪੦॥
ਜਿਸ ਭੂਪਤਿ ਸਿੰਘ ਮੰਡੀ ਲੀਨਿ[1]। [1]ਜਿਸ ਸਿੰਘ ਰਾਜੇ ਨੇ ਮੰਡੀ ਲਈ।
ਤੱਤਕਾਲ ਤਿਸ ਕੋ ਫਲ ਦੀਨ।
ਪਿਤ ਸੁਤ ਦੋਨੋ ਮ੍ਰਿਤੁ ਕੋ ਪਾਇ।
ਤਿਨ ਕੌ ਸਦਨ ਦਿਯੋ ਉਲਟਾਇ
॥੪੧॥
ਮੂਧਾ ਘਰਿ ਹਮ ਆਂਖਨ ਦੇਖਾ।
ਅਪਰ ਸਿੰਘ ਨ੍ਰਿਪ ਥਿਰਜੋ ਵਿਸ਼ੇਖਾ[†]।

[†]ਖੋਜ ਤੋਂ ਪਤਾ ਚਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਤਕ ਮੰਡੀ ਤੇ ਹਮਲਾ ਨਹੀਂ ਹੋਇਆ। ੧੯੩੯ ਈ: ਵਿਚ 'ਵਿਜਨੇ' (G. T. VIGNE) ਨਾਮ ਦੇ ਯੂਰੋਪੀਅਨ ਨੇ, ਜੋ ਮਹਾਰਾਜਾ ਦੇ ਸਿੱਖ ਅਫਸਰਾਂ ਨਾਲ ਮੰਡੀ ਗਿਆ ਸੀ, ਦੱਸਿਆ ਹੈ ਕਿ ਸਿਖ ਅਫਸਰ ਸ਼ਹਿਰ ਵਿਚ ਨਹੀਂ ਸਨ ਵੜੇ ਕਿ ਦਸਵੇਂ ਪਾਤਸ਼ਾਹ ਦਾ ਹੁਕਮ ਨਹੀਂ ਹੈ। ਪਰ ੧੯੪੦ ਵਿਚ ਕੰਵਰ ਨੌਨਿਹਾਲ ਸਿੰਘ ਦੇ ਹੁਕਮ ਨਾਲ ਜਨਰਲ ਵਨਤੂਰਾ ਨੇ ਮੰਡੀ ਤੇ ਹਮਲਾ ਕੀਤਾ ਤੇ ਰਾਜਾ ਬਲਬੀਰ ਸੈਨ ਨੂੰ ਅੰਮ੍ਰਿਤਸਰ ਘੱਲਿਆ। ਪਰੰਤੂ ਥੋੜੇ ਹੀ ਦਿਨਾਂ ਬਾਦ ਮਹਾਰਾਜਾ ਸ਼ੇਰ ਸਿੰਘ ਨੇ ਰਾਜੇ ਨੂੰ ਰਿਹਾ ਕੀਤਾ ਤੇ ਮੰਡੀ ਵਾਪਸ ਦੇ ਦਿਤੀ। ਕਵੀ ਜੀ ਦਾ ਇਸ਼ਾਰਾ ਕੰਵਰ ਨੌਨਿਹਾਲ ਸਿੰਘ ਤੇ ਉਸ ਦੇ ਪਿਤਾ ਮਹਾਰਾਜਾ ਖੜਗ ਸਿੰਘ ਵੱਲ ਜਾਪਦਾ ਹੈ ਜੋ ਬਾਪ ਬੇਟਾ ਉਤੋਥਲੀ ਮਾਰੇ ਗਏ ਸਨ। 'ਅਪਰ ਸਿੰਘ ਨ੍ਰਿਪ' ਤੋਂ ਮੁਰਾਦ ਮਹਾਂਰਾਜਾ ਸ਼ੇਰ ਸਿੰਘ ਦੀ ਹੈ ਜੋ ਕੰਵਰ ਜੀ ਦੇ ਚਲਾਣੇ ਮਗਰੋਂ ਗੱਦੀ ਤੇ ਬੈਠਾ ਸੀ।

ਗੁਰ ਕੋ ਬਾਕ ਨਿਫਲ ਕਿਮ ਜਾਇ।
ਗਢ ਕਮਲਾਹ ਖਾਲਸੇ ਪਾਇ ॥੪੨॥
ਗੁਰ ਬਚ ਸਫਲ ਜਨਾਵਨ ਕਾਰਨ।
ਇਹ ਪ੍ਰਸੰਗ ਭੀ ਕਰਜੋ ਉਚਾਰਨ।
ਸੁਨਿ ਸ੍ਰੋਤਾ ਰਸ ਪੂਰਨ ਕਥਾ।
ਭਈ ਜਥਾ ਪਾਵਨ ਕਹਿੰ ਤਥਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਮੰਡੀ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

## ੯. [ਮਹਾਂਦਾਨ ਬ੍ਰਾਹਮਣਾਂ ਨੇ ਨਾ ਲਿਆ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

†ਕ੍ਰਮਕ੍ਰਮ ਪੰਥ ਉਲੰਘਿ ਕਰਿ, ਸ੍ਰੀ ਅਨੰਦਪੁਰ‡ ਆਇ।
ਕਰਜੋ ਬਾਸ ਸ੍ਰੀ ਸਤਿਗੁਰੂ, ਸੰਗ ਤ ਆਵੈ ਜਾਇ ॥੧॥

†ਇਥੋਂ ਹੁਣ ਸੌ ਸਾਖੀ ਦੀ ੫੯ਵੀਂ ਸਾਖੀ ਆਰੰਭ ਹੁੰਦੀ ਹੈ।

‡ਗੁਰੂ ਸਾਹਿਬ ਜੀ ਦੇ ਇਸ ਸਫਰ ਦੀ ਖੋਜ ਭਾਈ ਧੰਨਾ ਸਿੰਘ ਜੀ (ਗੁਰਦਵਾਰਾ ਸਾਈਕਲ ਯਾਤ੍ਰੂ) ਨੇ ਉਨ੍ਹੀਂ ਰਾਹੀਂ ਜਾਕੇ ਆਪ ਕੀਤੀ ਸੀ, ਜੋ ਉਨ੍ਹਾਂ ਨੇ ਖਾ: ਸਮਾਚਾਰ ਵਿਚ ਛਪਵਾਈ ਸੀ। ਉਹ ਸੰਖੇਪ ਮਾਤ੍ਰ ਇਉਂ ਹੈ:-ਅਨੰਦਪੁਰ ਤੋਂ ਟੁਰਕੇ ਗੁਰੂ ਜੀ ਨੇ ਉਤਰ ਨੂੰ ੫ ਮੀਲ ਤੇ ਕਦਰੋਰ ਡੇਰੇ ਕੀਤੇ। ਡਮਣਿਆਂ ਨੇ ਸੇਵਾ ਕੀਤੀ, ਏਥੇ ਇਕ ਥੜਾ ਗੁਰੂ ਜੀ ਦੀ ਯਾਦਗਾਰ ਹੈ। ਇਥੋਂ ਚਲਕੇ ਦਿਵਾਰੇ ਪੱਤਣੋਂ ਪਾਰ ਹੋਏ। ਏਥੇ ਹੁਣ ਨਵਾਂ ਲੋਹੇ ਦਾ ਪੁਲ ਹੈ। ਗੁਰੂ ਜੀ ਦੇ ਟਿਕਾਣਾ ਕਰਨ ਦੀ ਥਾਂ ਇਥੋਂ ਮੀਲ ਕੁ ਵੀ ਵਿੱਥ ਤੇ ਅਜੇ ਦੱਸੀਦੀ ਹੈ। ਇਥੋਂ ਆਪ ੧੩ ਮੀਲ ਤੇ ਸੁਕੇਤ ਪੁਜੇ, ਏਥੋਂ ਦਾ ਰਾਜਾ ਜੀਤ ਸੈਨ ਦਰਸ਼ਨ ਨੂੰ ਆਇਆ ਤੇ ਸੇਵਾ ਕੀਤੀ। ਇਥੋਂ ੧੨ ਮੀਲ ਚੱਲ ਕੇ ਰਵਾਲਸਰ ਪਹੁੰਚੇ ਤੇ ਪੂਰਬਲੇ ਪਾਸੇ ਡੇਰਾ ਕੀਤਾ। ਇਥੇ ਸਾਰੇ ਰਾਜੇ ਮਿਲੇ ਤੇ ਸੁਲਹ ਦੇ ਸੰਬੰਧ ਹੋਏ। ਮੇਲੇ ਤੋਂ ਬਾਦ ਗੁਰੂ ਜੀ ਏਥੋਂ ਟੁਰਕੇ ਮੰਡੀ ਦੇ ਰਾਜਾ ਸਿਧ ਸੈਨ ਦੀ ਬਿਨੈ ਕਰਨ ਤੇ ਮੰਡੀ ਪਹੁੰਚੇ। ਸਿਧ ਸੈਨ ਗੁਰੂ ਜੀ ਦਾ ਸ਼ਰਧਾਲੂ ਸੀ ਉਸ ਨੇ ਬੜੀ ਸੇਵਾ ਤੇ ਭਾਉ ਕੀਤਾ। ਮੰਡੀ ਦੇ ਸਰਕਾਰੀ ਕਾਗਜ਼ਾਤ ਵਿਚ ਲਿਖਿਆ ਹੈ ਕਿ ਰਾਜੇ ਨੇ ਪਾਲਕੀ ਆਪ ਚਾਈ ਤੇ ਪਾਲਕੀ ਦਾ ਡੰਡਾ ਮੋਢਿਆਂ ਤੋਂ ਉਚਾ ਰਿਹਾ। ਮੰਡੀ ਦੇ ਗੁਰਦੁਆਰੇ ਗੁਰੂ ਜੀ ਦੀ ਯਾਦਗਾਰ ਵਿਚ ਰਾਜੇ ਸਿਧ ਸੈਨ ਨੇ ਬਣਵਾਏ। ਇਕ ਪਡਲ ਵਿਚ ਹੈ ਜਿੱਥੇ ਗੁਰੂ ਜੀ ਟਿਕੇ ਸਨ, ਦੂਸਰਾ ਹਥਲੀ ਵਿਚ 'ਗੁਰੂ ਕੋਟ' ਹੈ। ਇਨ੍ਹਾਂ ਦੁਹਾਂ ਮੰਦਰਾਂ ਨਾਲ ਰਾਜੇ ਵਲੋਂ ਕੁਛ ਮਾਫੀ, ਕੁਛ ਨਕਦੀ ਤੇ ਲੂਣ ਆਦਿ ਹੁਣ ਤਕ ਲਗੇ ਹੋਏ ਹਨ। ਇੱਥੇ ਗੁਰੂ ਜੀ ਦੀ ਤਸਵੀਰ ਤੇ ਬਖਸ਼ੇ ਹੋਏ ਕ੍ਰਿਪਾਨ ਆਦਿ ਸ਼ਸ਼ਤ੍ਰ ਤੇ ਸਮਾਨ ਹੈਨ। ਮੰਡੀ ਦਾ ਰਾਜਾ ਸ਼ਿਕਾਰ ਵਿਚ ਬੀ ਗੁਰੂ ਜੀ ਦੇ ਨਾਲ ਕਈ ਵੇਰ ਗਿਆ। ਗੋਗਰੇ ਦੀ ਧਾਰ ਦੇ ਹੇਠਾੜ ਮੰਡੀ ਤੋਂ ਛੇ ਮੀਲ ਤੇ ਇਕ ਚਸ਼ਮਾ ਹੈ ਜਿਸ ਨੂੰ ਗੁਰੂ ਜੀ ਦਾ ਚਸ਼ਮਾ ਕਹਿੰਦੇ ਹਨ। ਇਥੇ ਰਾਜੇ ਨੇ ਗੁਰੂ ਜੀ ਤੋਂ ਪਾਣੀ ਮੰਗਿਆ ਤੇ ਗੁਰੂ ਜੀ ਦੇ ਭਾਲਾ ਮਾਰਨ ਤੋਂ ਇਹ ਚਸ਼ਮਾ ਟੁਰ ਪਿਆ। ਮੰਡੀ ਤੋਂ ਟੁਰਕੇ ਗੁਰੂ ਜੀ ਗੁਰੂ ਕੋਟ ਅੱਪੜੇ ਜੋ ੧੬ ਮੀਲ ਹੈ, ਇਥੋਂ ਤਾਈਂ ਰਾਜਾ ਵਿਦਾ ਕਰਨ ਆਇਆ ਸੀ। ਦੋ ਦਿਨ ਠਹਿਰਕੇ ਗੁਰੂ ਜੀ ਲੇਦੇ ਪਿੰਡੋਂ ਹੁੰਦੇ ਹੋਏ ਸਿਕੰਦਰੇ ਦੀ ਧਾਰ ਲੰਘਕੇ ੭ ਮੀਲ ਤੇ ਜਾਕੇ ਝੰਡੇਵਾਲ ਠਹਿਰੇ ਜਿਸ ਨੂੰ ਖਣੋਟ ਬੀ ਕਹਿੰਦੇ ਹਨ। ਡੇਰਾ ਪਿਪਲ ਹੇਠ ਕੀਤਾ ਜੋ ਅਜੇ ਹੈ ਤੇ ਯਾਦਗਾਰੀ ਥੜਾ ਬੀ ਹੈ। ਸੇਵਾ ਬ੍ਰਾਹਮਣਾਂ ਨੇ ਕੀਤੀ। ਇਥੋਂ ਟੁਰਕੇ ਆਪ ਤਲਵਾੜਾ, ਮਟੀਅਲ, ਸਾਊ, ਤੋਂ ਬੰਧਾ ਘਾਟ ਦੀ ਧਾਰ ਲੰਘ ਕੋਟਲੂ ਆਏ। ਇਥੋਂ ਸਤਲੁਜ ਪਾਰ ਹੋਕੇ ਕਚਲੋਰ ਪਿੰਡ ਡੇਰੇ ਕੀਤੇ ਜੋ ਖਣੋਟ ਤੋਂ ੩੧ ਮੀਲ ਹੈ। ਪਿੱਪਲ ਜਿਸ ਹੇਠ ਆਪ ਟਿਕੇ ਸਨ ਅਜੇ ਹੈ। ਲੋਕੀਂ ਦੱਸਦੇ ਹਨ ਕਿ ਇੱਥੇ ਗੁਰੂ ਨਾਨਕ ਦੇਵ ਜੀ ਬੀ ਆਏ ਸਨ। ਇਥੋਂ ਚਲਕੇ ਸ੍ਰੀ ਦਸਮੇ ਪਾਤਸਾਹ ਜੀ ਮਲੋਤੇ ਹੁੰਦੇ ਹੋਏ ਅਨੰਦਪੁਰ ਜੀ ਅੱਪੜੇ।

ਚੌਪਈ:

ਅਨਿਕ ਅਕੋਰਨਿ ਕੋ ਅਰਪਾਵੈ।
ਮਨੋ ਕਾਮਨਾ ਪ੍ਰਭੁ ਤੇ ਪਾਵੈ।
ਦੇਗ਼ ਨਿਤਾਪ੍ਰਤਿ ਨਿਖੁਟਤਿ ਨਾਂਹੀ।
ਮਿਲਹਿਂ ਸਿੱਖ ਗਨ ਖਾਲਸ ਮਾਂਹੀ ॥੨॥
ਖੰਡੇ ਕੀ ਪਾਹੁਲ ਕੋ ਧਾਰਹਿਂ।
ਸ਼ਸਤ੍ਰਿਨ ਕੋ ਅੱਭਯਾਸ ਬਿਚਾਰਹਿਂ।

ਗੁਰ ਬਾਣੀ ਕਹੁ ਪੜਹਿਂ ਪੜਾਵਹਿਂ।
ਗੁਰ ਜਸ ਕੋ ਨਿਤ ਸੁਨਹਿਂ ਸੁਨਾਵਹਿਂ ॥੩॥

ਸਥਿਰ[1] ਕੇਸਗੜ ਪਹਿ[†] ਇਕ ਦਿਨ ਮਹਿਂ।
ਪ੍ਰੇਮ ਸੁਰਸ ਨਿਮਗਨ ਥੇ ਮਨ ਮਹਿਂ[†]।

[1]ਗੁਰੂ ਜੀ) ਸਥਿਰ ਸਨ। [†]ਪਾ:-ਮਹਿ।
[†]ਪਾ:-ਪ੍ਰਮੇਸੁਰ ਸਨਿ ਮਗਨ ਥੇ ਮਨ ਮਹਿਂ।

ਸੰਗਤ ਪ੍ਰਤਿ ਅਸ ਹੁਕਮ ਬਖਾਨਾ।
'ਨੰਦਲਾਲ ਜੁਤਿ ਸੁਮਤਿ ਸੁਜਾਨਾ ॥੪॥
ਜੋ ਬੂਝਨਿ ਚਾਹਹਿ ਕੁਝ ਬਾਤ।
ਸੋ ਇਹ ਕਹਹਿ ਭਲੇ ਬੱਖਜਾਤਿ[1]।'

[1]ਸੋ ਇਹ (ਸੁਮਤੀਵਾਨ ਨੰਦ ਲਾਲ ਜੀ) ਚੰਗੀ ਤਰ੍ਹਾਂ ਖੋਲਕੇ ਦੱਸਣਗੇ।

ਬ੍ਰਿੰਦ ਲਿਖਾਰੀ ਕਰੇ ਇਕੱਤ੍ਰ।
ਨਿਤ ਬਾਣੀ ਕਉ ਲਿਖਹਿਂ ਪਵਿੱਤ੍ਰ ॥੫॥
ਜੇ ਪਤਿਸ਼ਾਹੀ ਚਾਰ ਲਿਖਾਰੀ[1]।
ਕਵੀ ਸਕੇਲੇ ਜਿਨ ਮਤਿ ਭਾਰੀ।
ਕਰਹਿਂ ਕਬਿੱਤ ਸੁਨਾਵਹਿਂ ਗੁਰ ਕੋ।
ਉਪਜਾਵਹਿਂ ਬਹੁ ਆਨੰਦ ਉਰ ਕੋ ॥੬॥

[1]ਭਾਵ ਗੁਰੂ ਜੀ ਦੇ ਚਾਰ ਲਿਖਾਰੀ ਜੋ ਖਾਸ ਸਨ।

ਪ੍ਰਥਮ ਗੁਰੂ ਦੇਵੀ ਬਿਦਤਾਈ।
ਪੁਨ ਪਾਹੁਲ ਦੇ ਲਈ[1] ਗੁਸਾਈਂ।
ਕੇਸ ਰਖਾਵਨਿ ਕੀਨ ਸਭਿਨਿ ਕੋ।
ਕਛ ਪਹਿਰਾਇ ਧਰਜੋ ਸ਼ਸਤ੍ਰਨਿ ਕੋ ॥੭॥
ਸੰਗਤ ਚਾਰਹੁਂ ਬਰਨਨਿ ਕੇਰੀ।
ਗੁਰ ਤੇ ਮੁਖ ਮੋਰੇ ਤਿਸ ਬੇਰੀ।
ਬੇਮੁਖ ਹ੍ਵੈ ਹੈ ਬਾਤ ਬਨਾਵੈਂ।
ਨਹੀਂ ਦਰਸ ਕਰਿਬੇ ਕਹੁ ਆਵੈਂ ॥੮॥

[1]ਦਿੱਤੀ ਤੇ ਲਈ।

'ਅਬਿ ਸਤਿਗੁਰ ਉਰ ਸ਼ਿਰਰ[1] ਭਯੋ ਹੈ।
ਕਰਮ ਅਜੋਗ ਬਿਸਾਲ ਕਯੋ ਹੈ।

[1]ਹੱਠ। (ਅ) ਸ਼ਿਰਰ (ਸ਼ਿਰਾਰਾ) ਜਾਦੂ, ਕਮਲਾਪਨ।

ਸਭ ਕੇ ਗਰੇ ਜੰਞੂ ਉਤਰਾਏ।
ਝਾਰਨ ਪਰ ਡਾਰੇ ਪਹਿਰਾਏ[1]' ॥੯॥

[1]ਗਲੇ) ਪਹਿਨੇ ਹੋਏ (ਉਤਰਾਵਕੇ) ਝਾੜਾਂ ਤੇ ਪਾਏ। (ਅ) ਮਾਨੋਂ ਝਾੜਾਂ ਨੂੰ ਪਹਿਨਾਏ।

ਸੁਨਿ ਇਕ ਦਿਨ ਤਬਿ ਗੁਰੂ ਉਚਾਰਾ।
'ਗੁਰ ਕੀ ਸੰਗਤ ਝਾਰ ਉਦਾਰਾ[1]।

[1]ਭਾਵ ਝਾੜ ਝਾੜ ਵਿਚ ਯਾ ਝਾੜਾਂ ਵਾਂਙੂ ਬਹੁਤ ਹੋਵੇਗੀ। (ਅ) ਝਾੜ ਤੋਂ ਮੁਰਾਦ ਮਾਲਵਾ ਬੀ ਲੈਣ ਦਾ ਯਤਨ ਹੁੰਦਾ ਹੈ।

ਇਸ ਬਿਧਿ ਕੇ ਸਿਖ ਸੰਗਤਿ ਹੋਏ।
ਬੰਧੇ ਜਾਤਿ ਸ਼੍ਰਿੰਖਲਾ ਜੋਏ[1]' ॥੧੦॥

[1]ਪਰ ਜੋ) ਜ਼ਾਤੀ ਦੇ ਬੰਧਨਾਂ ਵਿਚ ਬੱਧੇ ਪਏ ਹਨ ਇਸ ਪ੍ਰਕਾਰ ਦੇ ਸਿਖ ਸੰਗਤ ਹੋਏ (ਹੋ ਮੁੱਕੇ ਹਨ)। (ਅ) ਜਾਤੀ ਵਿਚ ਬੱਧੇ ਪਏ ਸਿਖ ਜੋ ਹਨ ਸੋ ਤਾਂ ਝਾੜਾਂ ਵਾਂਙੂ ਹੀ ਹਨ ਭਾਵ ਨਿਕੰਮੇ ਹਨ, ਉਨ੍ਹਾਂ ਦੇ ਗਲੇ ਤੇ ਝਾੜਾਂ ਨੂੰ ਪਹਿਨਾ ਲਏ ਜੰਞੂ ਇਕੋ ਜਿਹੇ ਹਨ।

ਇਕ ਦਿਨ ਕਲਗ਼ੀਧਰ ਕਿਯ ਦਾਨ।
ਲੋਹਾ ਮਾਂਹ ਸਨੇਹ[1] ਮਹਾਨ।
ਸੌ ਸੌ ਮਣ ਇਹ ਵਸਤੂ ਤੀਨ।
ਹੁਕਮ ਪ੍ਰਭੁ ਨੇ ਇਸ ਬਿਧਿ ਕੀਨ ॥੧੧॥

[1]ਤੇਲ।

'ਬਾਂਟ ਦੇਹੁ ਉੱਤਮ ਦਿਜ ਗਨ ਕੋ।'
ਗਏ ਦਾਸ ਲੇ ਮਾਨਿ ਬਚਨ ਕੋ।
ਵਹਿਰ ਦਯੋ ਜਬਿ, ਲੇਂ ਦਿਜ ਨਾਂਹਿ[1]।
ਕਹਿਂ ਅਰਦਾਸੀ ਤਬਿ ਗੁਰ ਪਾਹਿ ॥੧੨॥

[1]ਬ੍ਰਾਹਮਣ ਲੈਣ ਨਾ।

'ਦਿਜਬਰ ਲੇਤਿ ਨਹਿਂ, ਦੇ ਰਹੇ।'
ਸਾਚੇ ਪਾਤਸ਼ਾਹੁ ਬਚ ਕਹੇ।
'ਕਯੋਂ ਨਹਿਂ ਲੇਤਿ? ਕਹੈ ਕੋ ਕਹਾਂ[1]?'
ਉਰ ਭੈ ਧਰਿ ਅਰਾਦਸੀ ਮਹਾਂ ॥੧੩॥

[1]ਕੀ ਕਹਿੰਦੇ ਹਨ?

ਸੁਨਤਿ ਅਰਜ ਕਰ ਜੋਰਿ ਉਚਾਰੀ।
'ਤੁਮ ਹੀ ਜਾਨੋ ਗਤੀ ਤੁਮਾਰੀ।
ਸਾਚੇ ਸਾਹਿਬ! ਅਵਰ ਨ ਜਾਨੈ।
ਅੰਤਰਜਾਮੀ ਨਾਂਹਿ ਨ ਛਾਨੈ' ॥੧੪॥
ਸਾਹਿਬ ਸਿੰਘ ਬੈਠਯੋ ਤਬਿ ਪਾਸੀ।
ਜਾਨਯੋਂ ਡਰਯੋ ਕਹੈ ਅਰਦਾਸੀ[1]।

[1]ਜਾਣ ਲਿਆ ਕਿ ਅਰਦਾਸੀਆ ਹੋਇਆ (ਝਕਦਾ ਕਹਿੰਦਾ ਹੈ।)

ਤਿਸ ਨੇ ਕਹਿਯੋ ਸੁ 'ਦਿਜਨ ਉਚਾਰੀ[1]। [1]ਬ੍ਰਾਹਮਣ ਕਹਿੰਦੇ ਸਨ।
-ਅਬਿ ਗੁਰ ਰਹੇ ਨਹੀਂ ਅਧਿਕਾਰੀ ॥੧੫॥
ਖੱਤ੍ਰੀ ਹ੍ਵੈ ਕਰਿ ਲਾਹਿ ਜਨੇਊ-।
ਇਮ ਹੀ ਕਹਿਂ ਸੋਢੀ ਕੁਲ ਜੇਊ।
-ਭਏ ਗੁਰੂ ਕੇ ਬਾਵਰ ਅਬੈ-।
ਇੱਤਯਾਦਿਕ ਬੋਲਤਿ ਹੈਂ ਸਬੈ' ॥੧੬॥
ਸੁਨਿ ਕਲਗੀਧਰ ਬਾਕ ਉਚਾਰੇ।
'ਕਰਹੁ ਮਾਂਹੁ ਕੇ ਭੱਲੇ ਸਾਰੇ।
ਕੜੇ ਅੰਗੂਠੀ ਮਣਕੇ ਮਾਲਾ।
ਲਿਹੁ ਕਰਵਾਇ ਲੋਹ ਤੇ ਜਾਲਾ' ॥੧੭॥
ਸ਼ਯਾਮਸਿੰਘ ਸੁਨਿ ਕਰਿ ਲੇ ਗਯੋ।
ਤੂਰਨ ਸਕਲ ਕਰਾਵਤਿ ਭਯੋ।
ਸਮਾਂ ਜਬੈ ਪਢਿਬੇ[1] ਰਹਿਰਾਸ। [1]ਪੜਨ ਦਾ ਆਇਆ।
ਲਗਯੋ ਦਿਵਾਨ ਗੁਰੂ ਕੇ ਪਾਸ ॥੧੮॥
ਤਬਿ ਲੇ ਕਰਿ ਪਹੁੰਚਯੋ ਕਰਿਵਾਇ।
ਧਰਿ ਦਿਵਾਨ ਮਹਿਂ ਗੁਰ ਅਗਵਾਇ।
ਦੇਖਿ ਸਭਿਨਿ ਕੋ ਪ੍ਰਭੁ ਤਿਸ ਬਾਰੀ।
ਦ੍ਵੈ ਤੁਕ ਕੋ ਨਿਜ ਬਦਨ ਉਚਾਰੀ ॥੧੯॥

ਸ੍ਰੀ ਮੁਖਬਾਕ:
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ[1] ॥
[1]ਜਿੰਦ ਤੇ ਸਰੀਰ। (ਅ) ਕਵਾਉ=ਵਚਨ, ਹੁਕਮ।

ਚੌਪਈ:
ਇਮ ਪਢਿ ਕੈ ਗੁਰ ਹੁਕਮ ਉਚਾਰਾ।
'ਬਿਚ ਦਿਵਾਨ ਕੇ ਬੰਟਹੁ ਸਾਰਾ।'
ਉਠਿ ਤਬਿ ਸ਼ਯਾਮ ਸਿੰਘ ਵਰਤਾਏ।
ਦੋਇ ਕੜੇ ਇਕ ਛਾਪ ਸੁਹਾਏ ॥੨੦॥
ਦੋਇ ਚੱਕ੍ਰ ਜੰਜੀਰੀ ਦੀਨ।
ਏਕ ਕਰਦ ਪੰਚ ਭੱਲੇ ਲੀਨ।

ਸਕਲ ਖਾਲਸੇ ਅੰਗੀਕਾਰੇ[1]।
ਖੁਸ਼ੀ ਹੋਇ ਉਰ ਗੁਰੂ ਉਚਾਰੇ ॥੨੧॥

[1]ਅੰਗੀਕਾਰ ਕੀਤੇ।

ਦੋਹਰਾ:
'ਖਾਲਸ ਗੁਰ, ਗੁਰ ਖਾਲਸਾ,
ਹੁਇ ਹੈ ਮਹਿਦ ਮਹਾਨ।
ਤਾਣ ਨਿਤਾਣੇ ਨਰਨ ਕੋ,
ਹੋਇ ਨਿਥਾਵੇ ਥਾਨ ॥੨੨॥

ਚੌਪਈ:
ਜਗ ਕੇ ਬ੍ਰਹਮਣ ਹੈਂ ਪ੍ਰਤਿ ਗ੍ਰਾਹੀ[1]।
ਲੇਹਿਂ ਕੁਦਾਨ ਬਿਚਾਰੈਂ ਨਾਂਹੀ।

[1]ਜਗਤ ਦਾ ਦਾਨ ਲੈਣ ਵਾਲੇ [ਸੰਸ: ਪ੍ਰਤਿਗ੍ਰਹ=ਦਾਨ ਲੈਣ ਵਾਲਾ]।

ਤਿਨ ਗੁਰ ਛੋਡਾ, ਸੋ ਗੁਰ[1] ਛੋਡੇ।

[1]ਗੁਰੂ ਨੇ।

ਗੋੜਾਂ ਤੇ ਹੁਇ ਗੌੜ ਸੁ ਰੋਡੇ[1] ॥੨੩॥

[1]ਭਾਵ ਗੌੜ (ਛੜਕ ਦੇ) ਰੋੜਿਆਂ ਵਾਂਙ (ਨਿਕੰਮੇ) ਹੋ ਜਾਣਗੇ, ਸੌ ਸਾਖੀ ਮੁਜਬ ਅਰਥ ਇਹ ਹੈ। ਗਿਆਨੀ, ਗੌੜਾਂ ਵਿਚੋਂ ਗੌੜ ਰੋੜੇ ਹੋ ਜਾਣਗੇ, ਅਰਥ ਬੀ ਕਰਦੇ ਹਨ। ਅਥਵਾ ਗੌੜਾਂ ਤੋਂ ਗੌੜ (ਗੋਲ ਮੋਲ) ਰੋੜੇ ਹੋ ਜਾਣਗੇ।

ਸਕਲ ਸਨੌੜੀ ਭਏ ਪਹੂੜੀ[1]।

[1]ਸੋਢੀ ਹੋਏ ਫੂਹੜ [ਫੂਹੜ=ਮੂਰਖ, ਕੁਢੱਬੇ। ਅ:, ਫੂਹੜ=ਸਫ, ਭਾਵ ਨੀਵੇਂ]। (ਅ) ਸਨੌੜੀ ਤੋਂ ਸਨੌਢ ਬ੍ਰਾਹਮਣ ਬੀ ਮੁਰਾਦ ਲੈਂਦੇ ਹਨ। ਪਰ ਅਗੇ ਚਲਕੇ ਸੋਢੀ ਹੱਥ ਜੋੜਦੇ ਹਨ।

ਜੋ ਗੁਰ ਨਿੰਦਾ ਕਰਿ ਹੈਂ ਕੂੜੀ।
ਹੋਏ ਕਾਨ ਕੁਬਜ ਸਭਿ ਮਾਥਰ[1]।

[1]ਕਾਨ ਕੁਬਜ ਤੇ ਮਾਥੁਰ ਦੋ ਬ੍ਰਾਹਮਣਾਂ ਦੀਆਂ ਜਾਤਾਂ। (ਅ) ਕਿਤੇ ਪਾਠ 'ਪਾਥਰ' ਬੀ ਸੁਣਿਆਂ ਹੈ।

ਕਰਹਿਂ ਉਠਾਵਨ ਸਿਖ ਇਨ ਸਾਥਰ[1]' ॥੨੪॥

[1]ਸਿੱਖ ਇਨ੍ਹਾਂ ਦਾ ਸੱਥਰ ਚੁੱਕ ਦੇਣਗੇ। ਭਾਵ ਸਤਿਕਾਰ ਨਹੀਂ ਰਹੇਗਾ। (ਅ) ਸਿੱਖਾਂ ਦੇ ਬਿਸਤਰੇ ਚੁੱਕਣਗੇ ਭਾਵ ਸੇਵਾ ਕਰਨਗੇ। ਇਸ ਅਰਥ ਵਿਚ 'ਸਿਖਇਨ' ਇਹ ਪਾਠ ਕੱਠਾ ਰਹੇਗਾ।

ਦੇਖਿ ਕੋਪ ਗੁਰ ਕੇ ਉਰ ਬਾਢੋ।
ਭਾ ਕਰ ਜੋਰਿ ਪਰੋਹਤ ਠਾਂਢੋ।
'ਬਖਸ਼ਹੁ ਮਹਾਰਾਜ ਹਮ ਖਰੇ।'
ਤਿਸਹਿ ਦੇਖਿ ਕਹਿਂ ਕਰੁਨਾ ਢਰੇ ॥੨੫॥

ਬਚਨ।
'ਸਾਰਸੁਤ ਖਾਲਸੇ ਕੀ ਜੁਗਤ[1]।

[1]ਖਾਲਸੇ ਵਿਚ ਮਿਲੇ ਰਹਿਣਗੇ।

ਰਹੋ ਕਾਹੂ ਭੇਸ਼[1]। ਖਾਲਸੇ ਕੇ ਦਰਵੇਸ਼[2]।

[1]ਭਾਵ ਕਿਸੇ ਭੇਸ ਵਿਚ ਰਹੋ। [2]ਖਾਲਸੇ ਦੇ ਫਕੀਰ (ਯਾਚਕ) ਹੋਕੇ ਰਹੋਗੇ।

ਤੁਮਰਾ ਹ੍ਵੈ ਬੰਸ। ਸੰਭਲ ਪੁਰ ਬੰਸ[1]।
ਬਿਸ਼ਨੁ ਜਸ ਕੁਲ ਤੁਮਾਰੀ[1]।
ਪਰਜਾ ਕੀ ਰਖਵਾਰੀ[2]।
ਨਿਹਕਲੰਕ ਹੋਵੈ[1]। ਕੁਲ ਸਥਾਨ ਸੋ ਹੈ[2]
॥੧॥

[1]ਨਾਮ ਪੁਰੀ ਦਾ, ਉਥੋਂ ਵੰਸ਼ ਹੋਵੇਗਾ।
[1]ਵਿਸ਼ਨ ਜਸ ਨਾਮੇ ਬ੍ਰਾਹਮਣ ਤੁਹਾਡੀ ਕੁਲ ਵਿਚ ਹੋਵੇਗਾ। [2]ਰਾਖੀ ਵਾਸਤੇ।
[1]ਨਿਹਕਲੰਕ ਅਵਤਾਰ ਹੋਵੇਗਾ। [2]ਕੁਲ ਨਿਹਾਲ ਹੋਵੇਗੀ।

ਚੌਪਈ:
ਸਭਾ ਬਿਖੈ ਸੋਢੀ ਜੇ ਅਹੈਂ।
ਸੋ ਕਰਿ ਜੋਰਿ ਬੇਨਤੀ ਕਹੈਂ।
'ਹਮ ਕੋ ਬਕਸ਼ਹੁ ਰਿਸ ਨਿਰਵਾਰਾ।'
ਤਬਿ ਸ਼੍ਰੀਮੁਖ ਤੇ ਤਿਨਹੁਂ ਉਚਾਰਾ
॥੨੬॥

ਬਚਨ
'ਮੇਰੀ ਗੁਰਿਆਈ। ਜਿਨ ਕੇਮਨ ਭਾਈ।
ਵਧਹੁ ਕੁਲ ਤਾਂਹਿ ਕਾ[1]।
ਮਮ ਪੰਥ ਕੋ ਨਾਹਿਕਾ।

ਮਾਨਹਿ ਮੁਝ ਸਮਾਨ।
ਬਸੀਅਹੁ ਮਮ ਧਾਮ' ॥੨॥

[1]ਜੋ ਸੋਢੀ ਮੇਰੇ ਨਾਹਿ ਦੇ (ਕੀਤੇ) ਪੰਥ ਨੂੰ ਮੇਰੇ ਤੁੱਲ ਸਮਝੇਗਾ ਉਹ ਮੇਰੇ ਧਾਮ ਨੂੰ ਪ੍ਰਾਪਤ ਹੋਵੇਗਾ [ਨਾਹਿ=ਮਾਲਕ, ਅਕਾਲ ਪੁਰਖ]।

ਚੌਪਈ:
ਖੱਤ੍ਰੀ ਸ੍ਰਾਪ ਸੁਨਜੋਂ ਸਮੁਦਾਏ।
ਧਰਿ ਕਰਿ ਤ੍ਰਾਸ ਗੁਰੂ ਢਿਗ ਆਏ।
ਹਾਥ ਜੋਰਿ ਸਨਮੁਖ ਹੁਇ ਖਰੇ।
ਕਹੈਂ 'ਆਨਿ ਹਮ ਸ਼ਰਣੀ ਪਰੇ'
॥੨੭॥
ਪਿਖਿ ਤਿਨ ਸ਼੍ਰੀ ਮੁਖ ਤੇ ਬਚ ਕਹਜੋ।
'ਮੇਰੋ ਪੰਥ ਦਯਾਨਿਧਿ ਲਹਜੋ।
ਤਿਸ ਕੇ ਰਹੋ ਅਧੀਨ ਹਮੇਸ਼ੂ।
ਤੌ ਸੁਖ ਪਾਵਹੁ ਸਕਲ ਵਿਸ਼ੇਸ਼ੂ
॥੨੮॥
ਰਚਹਿ ਬਿਰੋਧ ਦੁਖੀ ਹ੍ਵੈ ਸੋਇ।
ਪੁਨ ਪਛੁਤਾਵਹਿ ਸ਼ਰਨੀ ਹੋਇ।
ਸਭਿ ਜਗ ਕਾਰ ਅਨੇਕ ਪ੍ਰਕਾਰੀ।
ਲਈ ਖਾਲਸੇ ਸਕਲ ਸੰਭਾਰੀ ॥੨੯॥

ਬਚਨ।
ਅੰਬੀਰੀ। ਵਜ਼ੀਰੀ। ਫਕੀਰੀ। ਤਤਬੀਰੀ[1]।
ਜੁਹੀਰੀ[1] ਅਕਲਗੀਰੀ[2]। ਦਾਨ ਕੀ ਦਹੀਰੀ[3]।
ਬੰਦੂਕ ਤਰਗਸ ਗੀਰੀ[1] ॥੩॥

[1]ਜੁਗਤੀ, ਨਿਪੁੰਨਤਾ।

[1]ਪੁਸ਼ਤਪਨਾਹ ਹੋਣਾ, ਸਹਾਇਤਾ ਦਾ ਬਲ। [ਅ:, ਜ਼ਿਹੀਰ=ਪੁਸ਼ਤੋ ਪਨਾਹ]। (ਅ) ਪੂਜਜ ਹੋਣਾ [ਜਹਾਰ=ਨਮਸਕਾਰ]। [2]ਦਾਨਾਈ। [3]ਦਾਤਾ ਹੋਣਾ।

[1]ਸ਼ਸਤ੍ਰਧਾਰੀ ਹੋਣਾ।

ਚੌਪਈ:

ਰਾਜ ਮੰਤ੍ਰ ਕੀ ਦਾਤ ਬਡਾਈ[1]।
ਉਦੇਸਿੰਘ ਮੋਹਰ ਸਿੰਘ ਪਾਈ।
ਧੰਨਾਸਿੰਘ ਮਾਨਸਿੰਘ ਜਾਨ।
ਦਾਨ ਸਿੰਘ ਚੜਤ ਸਿੰਘ ਪ੍ਰਮਾਨ ॥੩੦॥

[1]ਰਾਜ ਸਾਜ ਤੇ ਮੰਤ੍ਰੀ ਪੁਣੇ ਦੀ ਦਾਤ ਵਡਾਈ।

ਜਿਮੀਦਾਰਏ ਗੋਤ ਬਿਸਾਲਾ।
ਬਖਸ਼ਜੋ ਰਾਜ ਬਨੈਂ ਮਹਿਪਾਲਾ।'
ਇਮ ਕਹਿਤੇ ਉਠਿ ਮੰਦਰ ਬਰੇ।
ਆਇ ਅਜੀਤੋ ਹੇਰਨਿ ਕਰੇ ॥੩੧॥
ਹਾਥ ਜੋਰਿ ਪਦਪੰਕਜ ਲਾਗੀ।
ਭਈ ਦੀਨ ਬੋਲੀ ਵਡਭਾਗੀ।
'ਪਾਤਸ਼ਾਹੁ ! ਬੇਟੇ ਕਜਾ ਕਰਿ ਹੈਂ।
ਸਿਖ ਸਰਦਾਰੀ ਲੇ ਬਲ ਧਰਿ ਹੈਂ' ॥੩੨॥
ਹੇਰਿ ਅਜੀਤੋ ਦਿਸ਼ ਮੁਸਕਾਏ।
ਕਹਜੋ ਭਵਿੱਖਤਿ ਗਤਿ ਸਮੁਝਾਏ।
'ਤੁਮ ਸੱਚਾ ਘਰਿ ਅਚਲ[1] ਸੰਭਾਲੋ।
ਜਹਾਂ ਕਲੇਸ਼ ਨਹੀਂ ਕਿਸ ਕਾਲੋ ॥੩੩॥

[1]ਭਾਵ ਅਚਲ ਸਚ ਖੰਡ।

ਤੋਹਿ ਕੁਟੰਬ ਭਾਗ ਮਹਿਂ ਭਾਰੀ[1]।
ਦਈ ਅਰਸ਼ ਕੀ[1] ਬਰ ਸਰਦਾਰੀ।

[1]ਭਾਰੀ ਭਾਗਾਂ ਵਾਲਾ ਹੈ ਤੇਰਾ ਕੁਟੰਬ।

[1]ਸਚਖੰਡ ਦੀ।

ਜਿਸ ਥਲ ਬਨਿ ਹੈ ਬਾਸ ਹਮਾਰਾ।
ਤਹਾਂ ਬਾਸ ਤੁਵ ਜੁਤਿ ਪਰਵਾਰਾ ॥੩੪॥
ਜੇਤਿਕ ਪੰਥ ਖਾਲਸਾ ਭਾਰੀ।
ਸੋ ਸਭਿ ਤੁਮਰੇ ਆਗਜਾ ਕਾਰੀ।

ਨਿਤ ਮਾਨਹਿ ਬੰਦਨ ਕੋ ਠਾਨਹਿ।
ਗੁਰ ਉਪਕਾਰ ਅਪਨ ਪਰ ਜਾਨਹਿ ॥੩੫॥
ਅਵਨੀ ਪਰ ਜਸੁ ਕਰਹਿ ਬਿਸਾਲਾ।
ਗੁਰ ਕੋ ਪੁੱਤ੍ਰ ਖਾਲਸਾ ਜਾਲਾ।
ਬਡੀ ਘਾਲ ਘਾਲੀ ਵਥੁ ਪਾਈ[1]। [1]ਖਾਲਸੇ ਨੇ।
ਨਿਤ ਮਹਿੰਮਾ ਮਹਿ ਮਹਿਂ ਬਹੁ ਛਾਈ' ॥੩੬॥
ਇਮ ਕਹਿ ਕਰਿ ਥਿਰ ਭਏ ਗੁਸਾਈਂ।
ਲੋਚਨ ਮੂੰਦਿ ਸਮਾਧਿ ਲਗਾਈ।
ਸਤਿ, ਚੇਤਨ, ਆਨੰਦ, ਮਝਾਰੀ।
ਨਿਜ ਸਰੂਪ ਮਹਿਂ ਬ੍ਰਿਤਿ ਥਿਰ ਧਾਰੀ ॥੩੭॥
ਦੇਖਿ ਕੰਤ ਕੋ ਮੁਖ ਸਭਿ ਭਾਂਤੀ।
ਭਈ ਅਜੀਤੋ ਸੀਤਲ ਛਾਤੀ।
ਮਾਨਜੋਂ ਬਚਨ ਜਥਾ ਫੁਰਮਾਯੋ।
ਹਾਥ ਜੋਰਿ ਕਰਿ ਸੀਸ ਨਿਵਾਯੋ ॥੩੮॥
ਗਈ ਆਪਨੇ ਥਾਨ ਮਝਾਰੀ।
ਨਹਿਂ ਕਿਸ ਕੇ ਢਿਗ ਬਹੁਰ ਉਚਾਰੀ।
ਪਤਿ ਆਸ਼ੈ ਲਖਿ ਰਿਦੈ ਛਪਾਯੋ।
ਰਹਿ ਅਨੁਸਾਰ ਤਥਾ ਮਨ ਭਾਯੋ ॥੩੯॥
ਇਮ ਸਤਿਗੁਰ ਕੇ ਚਰਿਤ੍ਰ ਬਿਸਾਲੇ।
ਸੁਨਿ ਸ਼੍ਰੋਤਾ ਹਤਿ ਕਲਮਲ ਕਾਲੇ[1]। [1]ਕਲਜੁਗ ਦੇ ਕਾਲੇ ਪਾਪਾਂ ਨੂੰ।
ਕਵਿ ਸੰਤੋਖ ਸਿੰਘ ਕਰਿ ਬੰਦਨ[†]। [†]ਪਾ:-ਬੰਦ।
ਬੰਦਨ ਕਰੌਂ ਚਰਨ ਅਰਬਿੰਦਨਿ[†] ॥੪੦॥ [†]ਪਾ:-ਅਰਬਿੰਦ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਦਾਨ ਦੇਣ' ਪ੍ਰਸੰਗ ਬਰਨਨੰ ਨਾਮ ਨੌਮੋਂ ਅੰਸੂ ॥੯॥

## ੧੦. [ਕਵੀਯਨ ਸੰਬਾਦ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

†ਏਕ ਬਾਰ ਸ਼੍ਰੀ ਸਤਿਗੁਰੂ ਬੈਠੇ ਅਪਨੇ ਭਾਇ[1]।

[1]ਸੁਤੇ ਸਿੱਧ, ਆਪਣੀ ਮੌਜ ਵਿਚ। †ਇਹ ਅਗਲੀ ਲਗਪਗ ਸਾਰੀ ਇਬਾਰਤ ੬੩ਵੀਂ ਸਾਖੀ ਦਾ ਉਤਾਰਾ ਹੈ।

ਕਥਾ ਭਈ ਤਹਿਂ ਪਾਂਡਵਨਿ ਪੰਡਤ ਭਾਰਤ ਆਇ[1] ॥੧॥

[1]ਪੰਡਤ ਨੇ ਆਕੇ ਮਹਾਂ ਭਾਰਤ ਵਿਚੋਂ ਪਾਂਡਵਾਂ ਦੀ ਕਥਾ ਕੀਤੀ।

ਤਹਿਂ ਪਾਛੇ ਚਰਚਾ ਭਈ
'ਮਰਜੋ ਨ ਆਵੈ ਕੋਇ[1]। — [1]ਮਰਿਆ ਮੁੜਕੇ ਕੋਈ ਨਹੀਂ ਆਂਵਦਾ (ਸੰਸਾਰ ਵਿਚ)।

ਕਜਾ ਜਾਨੈ ਕਜਾ ਹੋਇ ਤਹਿਂ
ਹੈ ਵਾ ਨਾਂਹੀ ਹੋਇ[1]' ॥੨॥ — [1]ਕੋਈ (ਰੂਪ ਬਣਿਆਂ) ਰਹਿੰਦਾ ਹੈ ਜਾਂ ਨਹੀਂ।

ਤਬਿ ਬੋਲੇ ਨੰਦ ਲਾਲ ਜੀ
'ਕਰਨੀ ਕਮਲ† ਜਮਾਲ[1]। — [1]ਕਰਨੀ (ਰੂਪੀ) ਕਵਲ ਸੁੰਦਰ (ਜਿਨ੍ਹਾਂ ਦਾ ਖਿੜਿਆ ਹੈ)। †ਪਾ:-ਕਰਮ।

ਸਿੱਖ ਸਿਦਕ ਗੁਰਮੁਖਿ ਬਡੇ[1] — [1]ਸਿਦਕੀ ਤੇ ਵਡੇ ਗੁਰਮੁਖ ਸਿੱਖ (ਜੋ ਹਨ)।
ਤਿਨ ਕੋ ਭਲੋ ਹਵਾਲ[1]' ॥੩॥ — [1]ਪ੍ਰਲੋਕ ਵਿਚ) ਤਿਨ੍ਹਾਂ ਦਾ ਹਾਲ ਭਲਾ ਹੁੰਦਾ ਹੈ।

ਸੈਨਾਪਤਿ ਕਵਿਤਾ ਕਹੈ[1] — [1]ਕਵਿਤਾ (ਕਰਨ ਵਾਲਾ ਭਾਵ ਕਵੀ) ਸੈਨਾਪਤ ਤਦੋਂ ਕਹਿਣ ਲਗਾ।
'ਗੁਰ ਦਰਸ਼ਨ ਤੇ ਪਾਰ।
ਕਰੇ ਭਲੀ ਵਾ ਬੁਰੀ ਨਿਤ
ਸਤਿਗੁਰ ਲੇਇ† ਸਵਾਰ' ॥੪॥ — †ਪਾ:-ਲੇਤਿ।

ਉਦੇਰਾਇ ਕਵਿ ਇਉਂ ਕਹੈ
'ਜੈਸੀ ਕਾਹੂੰ ਘਾਲ।
ਤੈਸਾ ਫਲ ਦ੍ਰੁਮ ਹੋਇਗਾ
ਜੈਸਾ ਬੀਜ ਬਿਸਾਲ' ॥੫॥

ਰਾਵਲ[1] ਬੋਲੇ 'ਜੀਵ ਕੋ — [1]ਨਾਮ ਕਵੀ ਦਾ ਹੈ।
ਈਸੁਰ ਅੰਸ਼ ਨਿਹਾਰ[1]। — [1]ਜੀਵ ਨੂੰ ਈਸ਼ਰ ਦੀ ਅੰਸ਼ ਜਾਣ।
ਨਹੀਂ ਦੰਡ ਅਪਨੀ ਸੁਰਤਿ
ਬਿਚਰੈ ਲੋਭ ਪਸਾਰ[1]' ॥੬॥ — [1]ਇਸ) ਲੋਭ ਦੇ ਪਸਾਰੇ (ਜਗਤ) ਵਿਚ (ਜੋ) ਆਪਣੀ ਸੁਰਤ (ਦੇ ਮੰਡਲ) ਵਿਚ ਵਿਚਰੇ (ਉਸ ਨੂੰ) ਦੰਡ ਨਹੀਂ ਹੈ। (ਅ) ਆਪਣੀ ਸੁਰਤ ਵਿਚ ਵਿਚਰਨ ਵਾਲੇ ਨੂੰ ਦੰਡ ਨਹੀਂ, ਪਰ ਪਸਾਰੇ ਦੇ ਲੋਭ ਵਿਚ ਵਿਚਰਨ

ਵਾਲੇ ਨੂੰ ਦੰਡ ਹੈ। (ੲ) ਜੇ 'ਪਸਾਰ' ਦੀ ਥਾਂ ਪਾਠ 'ਬਿਸਾਰ' ਹੋਵੇ ਤਾਂ ਅਰਥ ਸਪਸ਼ਟ ਹੈ। ਭਾਈ ਗਿਆਨ ਸਿੰਘ ਗਿਆਨੀ ਨੇ ਅਰਥ ਕੀਤਾ ਹੈ ਕਿ ਆਪਣੀ ਅੰਸ ਨੂੰ ਕੋਈ ਦੰਡ ਨਹੀਂ ਦੇਂਦਾ।

ਅੱਲੂ ਬੋਲੈ 'ਦੇਹਿ ਜੜ੍ਹ,
ਪੰਚ ਤੱਤ ਛੁਟਿ ਜਾਹਿ।
ਬੁੱਧ ਪ੍ਰਾਨ ਤਕ ਆਹਿ† ਜੜ
ਚੇਤਨ ਆਪੇ ਆਹਿ[1]' ॥੭॥

†ਪਾ:-ਆਇ।

[1]ਅੱਲੂ ਬੋਲਿਆ 'ਦੇਹ ਜੜ੍ਹ ਹੈ ਤੇ ਬੁੱਧੀ ਪ੍ਰਾਣਾਂ ਤਕ (ਬੀ ਸਾਰੇ) ਜੜ੍ਹ ਹਨ, ਚੇਤਨਤਾ (ਵਿਚੋਂ) ਆਪੇ ਹੀ (ਭਾਵ ਇਨ੍ਹਾਂ ਦੇ ਮੇਲ ਨਾਲ ਪੈਦਾ) ਹੋਈ ਸੀ; ਸੋ (ਮਰਨ ਨਾਲ) ਪੰਜ ਤੱਤ ਛੁੱਟ ਜਾਣਗੇ। ਅਰਥਾਤ ਅਲੱਗ ਅਲੱਗ ਹੋ ਜਾਣਗੇ (ਬਾਕੀ ਕੁਛ ਰਹਿਣਾ ਹੀ ਨਹੀਂ)'। (ਅ) 'ਦੇਹ ਜੜ੍ਹ ਹੈ ਤੇ ਪ੍ਰਾਣਾਂ ਤੋਂ ਬੁੱਧੀ ਤੱਕ (ਸਾਰੇ) ਜੜ੍ਹ ਹਨ, (ਮਰਨ ਨਾਲ) ਪੰਜ ਤੱਤ ਅਲੱਗ ਅਲੱਗ ਹੋ ਜਾਣਗੇ ਤੇ ਚੇਤਨ ਆਪੇ ਵਿਚ ਇਸਥਿਤ ਹੈ, ਭਾਵ ਉਹ ਅਲੱਗ ਆਪੇ ਵਿਚ ਇਸਥਿਤ ਹੋ ਜਾਏਗਾ'।

ਮੱਧੁ ਬੋਲੈ 'ਜੌ ਸਹੀ
ਚੇਤਨ ਪਰਮ ਸਰੂਪ।
ਨਾ ਮਾਰੈ ਮਰਤਾ ਨਹੀਂ
ਦੂਜਾ ਕੋ ਨ ਅਨੂਪ ॥੮॥
ਅਗਨਿ ਅਗਨਿ ਜਿਮ ਸੀਤ ਸੀਤ
ਘ੍ਰਿਤ ਘ੍ਰਿਤ ਪਾਨੀ ਵਾਰ।
ਭਰਮਹਾਰ ਦੇਖਹੁ ਕਵਿਤ†
ਦੂਜਾ ਕਹਾਂ ਵਿਚਾਰ[1]' ॥੯॥

†ਪਾ:-ਕਵਿਨ।

[1]ਮਧੁ ਬੋਲਿਆ 'ਜਦ ਕਿ ਪਰਮ ਸਰੂਪ ਚੇਤਨ ਹੀ ਸਹੀ (ਅਵਿਨਾਸ਼) ਹੈ ਅਤੇ ਜੋ ਨਾ ਮਾਰਦਾ ਹੈ ਨਾ ਮਰਦਾ ਹੈ, ਦੂਜਾ ਉਸ ਦੇ ਤੁੱਲ ਕੋਈ ਹੈ ਨਹੀਂ, (ਅਤੇ ਜਦ) ਅੱਗ ਵਿਚ ਅੱਗ, ਬਰਫ ਵਿਚ ਬਰਫ, ਘਿਉ ਵਿਚ ਘਿਉ, ਪਾਣੀ ਵਿਚ ਪਾਣੀ ਵਾਂਙੂ (ਜੀਵ ਬ੍ਰਹਮ ਦੀ ਏਕਤਾ ਹੈ ਤਾਂ) ਹੇ ਕਵੀ ਜਨੋਂ ਭਰਮ ਦੂਰ ਕਰਕੇ ਦੇਖੋ ਕਿ ਦੂਜਾ ਕੌਣ ਹੈ (ਜਿਸ ਦੀ) ਵਿਚਾਰ ਕਰਦੇ ਹੋ, ਅਥਵਾ ਫਿਰ ਭ੍ਰਮਣੇ ਵਾਲਾ ਕੌਣ ਹੈ। (ਅਛੇਦ ਭਾਵ ਇੱਕੋ ਚੇਤਨ ਅਖੰਡ ਹੈ ਦੂਜਾ ਹੈ ਹੀ ਨਹੀਂ ਤਾਂ ਫਿਰ ਜਨਮ ਮਰਨ ਤੇ ਦੰਡ ਆਦਿ ਕਿਸਨੇ ਕਿਸਨੂੰ ਦੇਣੇ ਹਨ)।

ਚੰਦਾ 'ਚੰਦ ਚਕੋਰ ਜਯੋਂ
ਬਾਲ ਮਾਇ ਕੀ ਰੀਤਿ।
ਤਯੋਂ ਗਤਿ ਈਸ੍ਵਰ ਜੀਵ ਕੀ
ਜਾਣੈ ਪ੍ਰਾਨੀ ਮੀਤ[1]' ॥੧੦॥

[1]ਚੰਦ (ਕਵੀ ਬੋਲਿਆ) ਜਿਵੇਂ ਚੰਦ ਦੀ ਚਕੋਰ ਨਾਲ (ਪ੍ਰੀਤ ਹੈ ਤੇ ਜੋ) ਰੀਤੀ (ਪ੍ਰੇਮ ਦੀ) ਮਾਂ ਤੇ ਬੱਚੇ ਦੀ ਹੈ, ਉਹੀ ਗਤੀ (ਪ੍ਰੇਮ ਸੰਬੰਧ ਵਾਲੀ) ਈਸ਼੍ਵਰ ਤੇ ਜੀਵ ਦੀ ਹੈ। (ਇਸ ਗੱਲ ਨੂੰ) ਮਿੱਤ੍ਰ ਪ੍ਰਾਣੀ (ਈਸ਼੍ਵਰ ਨਾਲ ਮਿੱਤ੍ਰਤਾ ਭਾਵ ਵਾਲੇ ਭਾਵ ਭਗਤ ਜਨ ਹੀ) ਜਾਣਦੇ ਹਨ। ਭਾਵ ਪ੍ਰੇਮਾ ਭਗਤੀ ਨਾਲ ਸਦਗਤੀ ਮਿਲਦੀ ਹੈ।

ਬੱਲੁ 'ਬਿਸ਼ਨੁ ਫਕੀਰ ਕੀ
ਬੋਲੀ ਸੁਨੈ ਨ ਕੋਇ।
ਤਜੋਂ ਈਸ਼੍ਵਰ ਅਰੁ ਜੀਵ ਕੀ
ਦੁਬਿਧਾ ਜੀਅ ਮੈਂ ਹੋਇ[1]' ॥੧੧॥

[1]ਦੁਬਿਧਾ ਜੀ ਵਿਚ ਹੁੰਦੀ ਹੈ (ਤਾਂ) ਜਿਵੇਂ 'ਵਿਸ਼ਨੂੰ' ਤੇ 'ਉਪਾਸਕ' (ਦੀ) ਤਿਵੇਂ ਜੀਵ ਤੇ ਈਸ਼੍ਵਰ (ਦੀ ਬੋਲੀ ਸੁਣੀਂਦੀ ਹੈ, ਦੁਬਿਧਾ ਮਨ ਵਿਚ ਨਾ ਹੋਵੇ ਤਾਂ ਇਸ ਭੇਦ ਦੀ) ਬੋਲੀ ਹੀ ਨਹੀਂ ਸੁਣਾਈ ਦੇਂਦੀ। ਭਾਵ ਇਹ ਹੈ ਕਿ ਭਗਤ ਜਨ 'ਉਪਾਸਜ ਉਪਾਸਕ' ਤੇ ਵੇਦਾਂਤੀ 'ਜੀਵ ਤੇ ਈਸ਼੍ਵਰ' ਦੀ ਦੁਬਿਧਾ ਵਿਚ ਹਨ, ਦੁਬਿਧਾ ਅੰਦਰੋਂ ਦੂਰ ਕਰ ਦੇਣ ਤਾਂ ਫਿਰ ਇਕ ਹੀ ਇਕ ਹੈ। (ਅ) ਬਲੁ ਵੈਸ਼ਨਵ ਫਕੀਰ ਦੀ ਬੋਲੀ ਇਹ ਹੈ ਕਿ ਜਦ ਤਕ ਕੋਈ ਸਤ ਸ਼ਾਸਤ੍ਰ ਨੂੰ ਨਹੀਂ ਸੁਣਦਾ ਤਦ ਤਕ ਜੀਵ ਤੇ ਈਸ਼੍ਵਰ ਦੀ ਦੁਬਿਧਾ ਜੀ ਵਿਚ ਰਹਿੰਦੀ ਹੈ। ਦੁਹਾਂ ਅਰਥਾਂ ਦਾ ਭਾਵ ਇਹ ਹੈ ਕਿ 'ਦੁਬਿਧਾ' ਦੂਰ ਕਰਨੀ ਚਾਹੀਏ।

ਲੱਖਾ 'ਲਖ ਮਣ ਬੋਝ ਜਿਹ
ਸੋਈ ਮਰਤਾ ਭਾਰ।
ਹਸਤੇ ਹਲਕੇ ਲੋਗੁ ਸਭਿ,
ਪਾਪ ਪੁੰਨ ਇਉਂ ਧਾਰਿ[1]' ॥੧੨॥

[1]ਲੱਖੇ ਨੇ ਆਖਿਆ ਕਿ 'ਜਿਸ ਦੇ (ਸਿਰ ਤੇ) ਲੱਖ ਮਣ ਬੋਝ ਹੋਵੇ ਉਹੋ ਭਾਰ ਹੇਠ ਮਰਦਾ ਹੈ, ਹਲਕੇ ਲੋਕ (ਜਿਨ੍ਹਾਂ ਸਿਰ ਭਾਰ ਨਹੀਂ) ਹੱਸਦੇ ਹਨ (ਪ੍ਰਸੰਨ ਹਨ) ਇਸੇ ਤਰ੍ਹਾਂ ਪਾਪ ਪੁੰਨ (ਦੇ ਬੋਝ ਤੇ ਹਲਕਾਪਨ) ਨੂੰ ਸਮਝ ਲਓ'।

ਈਸ਼੍ਵਰ ਕਹਿ 'ਸਾਧਹੁ ਸੁਨਹੁਂ
ਤੀਨ ਕਾਲ ਇਹ ਨਾਂਹਿ।
ਜੋ ਦੀਸੈ† ਲੋ ਅੱਗਤਾ

†ਪਾ:-ਸੰਸੈ।

ਨਹਿਂ ਸੰਸੈ ਯਾਂ ਮਾਂਹਿ[1]' ॥੧੩॥

[1]ਈਸ਼ਰ ਨੇ ਕਿਹਾ 'ਹੇ ਸਾਧੋ ਸੁਣੋ, ਇਹ (ਜਗਤ) ਤਿੰਨ ਕਾਲ ਹੈ ਹੀ ਨਹੀਂ, ਜੋ (ਸੰਸਾਰ) ਦਿੱਸ ਰਿਹਾ ਹੈ ਅਗਿਆਨ ਕਰਕੇ ਦਿੱਸਦਾ ਹੈ, ਇਸ (ਗਲ ਵਿਚ) ਕੋਈ ਸ਼ੱਕ ਨਹੀਂ ਹੈ'। ਮੁਰਾਦ ਇਹ ਕਿ ਅਗਿਆਨ ਦੂਰ ਕਰੋ ਫਿਰ ਜਗਤ ਹੈ ਨਹੀਂ।

[1]ਦੇਖੋ ਅਗਲੇ ਸਫੇ ਦਾ ਪ੍ਰਯਾਯ ੧।

[1]ਸੁਖੀਆ 'ਸੁਪਨੈ ਏਕ ਨਰ
ਕਲਪੈ ਰੂਪ ਅਨੇਕ।
ਤੈਸੇ ਈਸ਼ੁਰ ਚਿੱਤ ਤੇ
ਉਪਜੈ, ਨਿਪਜ ਬਿਬੇਕ[1]' ॥੧੪॥

[1]ਸੁਖੀਆ ਬੋਲਿਆ, ਜਿਵੇਂ ਸੁਪਨੇ ਵਿਚ ਇਕ ਆਦਮੀ ਅਨੇਕ ਰੂਪਾਂ ਦੀ ਕਲਪਨਾ ਕਰ ਲੈਂਦਾ ਹੈ ਤਿਵੇਂ ਇਕ ਈਸ਼੍ਰ ਦੇ ਚਿੰਤਨ (ਫੁਰਨ) ਤੋਂ (ਅਨੇਕ ਰੂਪਾਂ ਵਾਲਾ ਜਗਤ) ਉਪਜਦਾ ਹੈ (ਤੇ) ਗਯਾਨ ਹੋਣ (ਨਾਲ) ਸਮਾਪਤ ਹੋ ਜਾਂਦਾ ਹੈ। ਭਾਵ ਜਿਵੇਂ ਸੁਪਨੇ ਦੀ ਕਲਪਨਾ ਜਾਗਣ ਨਾਲ ਮਿਟ ਜਾਂਦੀ ਹੈ ਤਿਵੇਂ ਜਗਤ ਦੀ ਕਲਪਣਾ ਗਿਆਨ ਹੋਣ ਨਾਲ ਮਿਟ ਜਾਂਦੀ ਹੈ। ਟੁਕ-ਸੁਖੀਆ ਦਾ ਅਰਥ ਕਵੀ ਦੇ ਨਾਮ ਦੀ ਥਾਂ 'ਇਕ ਮੁਖੀਆ ਨਰ' ਬੀ ਲਾ ਲੈਂਦੇ ਹਨ ਕਿ ਜਿਵੇਂ ਇਕ ਆਦਮੀ ਸੁਖੀ ਸੁੱਤਾ ਹੋਇਆ ਸੁਪਨੇ ਵਿਚ 'ਅਨੇਕ' ਰੂਪ ਕਲਪ ਲੈਂਦਾ ਹੈ। ਐਉਂ ਅਰਥ ਲਾਉਣ ਨਾਲ ਇਹ ਦੋਹਾ ਭੀ ਈਸ਼ਰ ਕਵੀ ਦੀ ਉਕਤੀ ਹੀ ਰਹਿ ਜਾਂਦਾ ਹੈ। ਅੱਗੇ ਹੁਣ ਮੁਕਤੀ ਦੇ ਸਾਧਨਾਂ ਪਰ ਕਵੀ ਜੀ ਕਹਿਣਗੇ।

[1]ਧਰਮ ਸਿੰਘ 'ਨਿਜ ਧਰਮ ਹੈ

[1]ਧਰਮ ਸਿੰਘ ਬੋਲਿਆ:-ਆਪਣੇ ਇਸ਼ਟ ਨੂੰ ਪ੍ਰਧਾਨ ਮੰਨਣਾ ਇਹੀ ਆਪਣਾ ਧਰਮ ਹੈ, ਹੋਰ ਸਾਰੇ ਧਰਮ ਨਿਸ਼ਫਲ ਹਨ, ਇਸ ਵਿਚ ਵੇਦ ਦਾ ਪ੍ਰਮਾਣ (ਮੌਜੂਦ) ਹੈ। (ਅ) ਆਪਣੇ ਇਸ਼ਟ ਦਾ (ਦੱਸਿਆ) ਧਰਮ ਹੀ ਪ੍ਰਧਾਨ ਧਰਮ ਹੈ ਜਿਸ ਨਾਲ ਕਲਿਆਨ ਹੋਣੀ ਹੈ, ਦੂਜੇ ਦੇ (ਦੱਸੇ) ਧਰਮ ਸਭ ਨਿਸ਼ਫਲ ਹਨ, ਲੇਖਕ ਜੀ ਦਾ ਖਿਆਲ ਗੀਤਾ ਦੇ ਤੀਸਰੇ ਅਧਯਾਯ ਦੇ ਸ਼ਲੋਕ ੩੫ ਵਿਚ ਗਿਆ ਜਾਪਦਾ ਹੈ।

ਅਪਨੋ ਇਸ਼ਟ ਪ੍ਰਧਾਨ।
ਆਨ ਧਰਮ ਸਕਲੇ ਨਿਫਲ,
ਯਾਂ ਮੈਂ ਬੇਦ ਪ੍ਰਮਾਨ[2]' ॥੧੫॥
'ਤਯਾਗ ਮੂਲ ਹੈ' ਧਿਆਨ ਸਿੰਘ
'ਵਿਖੈ ਭੋਗ ਤੇ ਦੂਰ।
ਧਯਾਨ ਧਰੈ ਇਹ ਪਰਮ ਧਨ
ਸਤਿਗੁਰ ਪਦ ਕੀ ਧੂਰ[1]' ॥੧੬॥

[1]ਧਿਆਨ ਸਿੰਘ ਬੋਲਿਆ:-'ਸਭ ਸਾਧਨਾਂ ਦਾ ਮੂਲ ਤਿਆਗ ਹੈ ਜੋ ਵਿਖੇ ਭੋਗਾਂ (ਵਿਚ ਲਗਿਆਂ) ਦੂਰ ਹੋ ਜਾਂਦਾ ਹੈ, ਅਥਵਾ ਵਿਖੈ ਭੋਗਾਂ ਤੋਂ ਦੂਰ ਰਹਿਕੇ ਤਿਆਗ (ਬ੍ਰਿਤੀ ਧਾਰਨ ਕਰਨੀ ਸਾਰੇ ਸਾਧਨਾ ਦਾ) ਮੂਲ ਹੈ (ਇਉਂ ਵਿਰਾਗ ਕਰਕੇ) ਧਿਆਨ ਪ੍ਰਾਇਣ ਹੋ ਜਾਵੇ ਇਹ ਪਰਮ ਧਨ ਹੈ (ਇਉਂ ਕਰਕੇ ਫਿਰ) ਸਤਿਗੁਰਾਂ ਦੇ ਚਰਨਾਂ ਦੀ ਧੂੜ (ਬਣਿਆ ਰਹੇ)। ਭਾਵ ਵੈਰਾਗ ਧਿਆਨ ਤੇ ਸਤਿਗੁਰ ਸੇਵਾ।

[1]'ਮਾਲਾ ਸਤਿਗੁਰ ਜਾਪ ਕੀ

[1]ਮਾਲਾ ਸਿੰਘ ਬੋਲਿਆ) ਸਤਿਗੁਰ (ਨਾਮ) ਦੀ ਜਪ ਮਾਲਾ ਮਾਲਾ ਸਿੰਘ ਦੀ ਜਾਨ (ਪ੍ਰਿਯਵਸਤੂ) ਹੈ, ਜਿਸ ਤੋਂ (ਵਡਾ ਕਿਹੜਾ ਅਭਯਾਸ ਹੈ ਜੋ ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਖ) ਸੰਯੁਕਤ ਹੈ। [ਸੰਸ. ਚਤੇਰ ਵਰਗ=ਚਹੁੰ ਦਾ ਇਕੱਠ, ਧਰਮ, ਅਰਥ, ਕਾਮ, ਮੋਖ ਦੇਖੋ ਰਾਸ ਸੱਤਵੀਂ ਅੰਸੂ ੩ ਅੰਕ ੪੪-੬] (ਅ) ਮਾਲਾ ਸਿੰਘ ਦੀ ਮਾਲਾ ਸਤਿਗੁਰ (ਦੇ ਨਾਮ ਦੇ ਜਪ ਦੀ ਹੀ ਜਾਣੋ)।

ਮਾਲਾ ਸਿੰਘ ਕੀ ਜਾਨ।
ਜਾ ਤੇ ਕੋ ਅੱਭਿਆਸ ਹੈ
ਚਤੁਰ ਵਰਗ ਕੋ ਸਾਨ? ॥੧੭॥
ਅਨਹਦ ਸਾਧਨ ਜੰਗ ਕੋ
ਸਮਤ ਧਯਾਨ ਇਕ ਆਂਕ[1]।'

[1]ਅਤੇ ਇਕ ਰਸ ਜੁੜੇ ਰਹਿਣ ਦਾ ਇਹੋ ਸਾਧਨ ਹੈ, ਅਤੇ ਏਹੋ ਧਿਆਨ ਹੈ ਜੋ ਸਮ੍ਰਿਵ (ਹਿਰਦੇ ਦੀ ਤੁਲਵੀਂ ਅਵਸਥਾ ਬਣਾਉਂਦਾ ਹੈ, ਹਾਂ) ਇਹੋ ਇਕ ਨਿਸ਼ਚਿਤ ਸਿੱਧਾਂਤ ਹੈ। ਅਨਹਦ=ਜਿਸਦੀ ਸੀਮਾ ਨ ਹੋਵੇ, ਇਕ ਰਸ, ਅਨੰਤ। ਸਮਤ=ਸਮੱਤ੍ਰ=ਤੁੱਲ। ਭਾਵ, ਹਿਰਦੇ ਦੀ ਹੇਠਾਂ ਉਤਾਂਹ ਨਾ ਹੋਣ ਦੀ ਅਵਸਥਾ। ਆਂਕ=ਅੰਕ=ਨਿਸ਼ਚਿਤ ਸਿੱਧਾਂਤ। ਯਥਾ ਤੁਲਸੀ ਜੀ ਕਹਿੰਦੇ ਹਨ:-ਏਕਹਿ ਆਂਕ ਇਹੈ ਮਨ ਮਾਂਹੀ]।

ਸੁਨਿ ਸੰਬਾਦ ਇਹ ਸਭਿਨਿ ਕੋ
ਸਤਿਗੁਰ ਉਚਰੇ ਬਾਕ ॥੧੮॥
'[1]ਤੀਨ ਪੁਰਖ ਪਰ ਬੇਦ ਬਾਕ
ਚੌਥੇ ਨਹਿਂ ਅਧਿਕਾਰ।
ਮੁਕਤਿ ਮੁਮੁੱਖੁ ਵਿਖਯ ਕੋ
ਪਾਮਰ ਚੌਥੇ ਧਾਰ[1] ॥੧੯॥

[1]ਤਿੰਨਾਂ ਪੁਰਖਾਂ ਪਰ ਵੇਦ ਦਾ ਵਾਕ (ਤੁਰਦਾ) ਹੈ, ਚੌਥੇ (ਉਤੇ ਵੇਦ ਦਾ ਕੋਈ) ਹੱਕ ਨਹੀਂ ਹੈ। (ਓਹ ਚਾਰ ਕੌਣ ਹਨ?) (ਉਤਰ-) ਮੁਕਤ, ਮੁਮੁੱਖੁ=ਜਗਿਆਸੂ), ਵਿਸ਼ਈ ਤੇ ਪਾਮਰ। (ਇਨ੍ਹਾਂ ਵਿਚੋਂ ਮੁਕਤ ਉਤੇ ਵੇਦ ਵਾਕ ਨਹੀਂ ਟੁਰਦਾ)।

ਨਿਜ ਸਰੂਪ ਕੋ ਸਮੁਝਿ ਕੈ
ਮੁਕਤੀ[†] ਛੁਟਕਾ ਆਨ। [†]ਪਾ:-ਮਕਲੀ।

ਮੈਂ ਕੋ, ਕੋ ਸੰਸਾਰ ਇਹ,
ਮੁਮੁੱਖੁ ਖੋਜਨਿ ਥਾਨ[1] ॥੨੦॥

[1]ਮੁਕਤਿ (ਪੁਰਖ ਉਹ ਹੈ ਕਿ ਜੋ) ਅਪਣੇ ਸਰੂਪ ਨੂੰ ਸਮਝ ਕੇ (ਸਾਰੇ ਬੰਧਨਾਂ ਤੋਂ) ਛੁੱਟ ਚੁਕਾ ਹੈ। [ਦੇਖੋ ਅਗੇ ਅੰਕ ੨੫]। ਮੁਮੁੱਖੁ ਉਹ ਹੈ ਜੋ 'ਮੈਂ ਕੀ ਹਾਂ ਇਹ ਸੰਸਾਰ ਕੀ ਹੈ' (ਦਾ ਵਿਤ੍ਰੇਕ ਕਰਦਾ ਹੋਇਆ, ਅਪਣੇ) ਥਾਨ (ਸਰੂਪ ਦੀ) ਖੋਜ ਕਰ ਰਿਹਾ ਹੈ। (ਅ) 'ਮੈਂ ਕੀ ਹਾਂ, ਸੰਸਾਰ ਕੀ ਹੈ' ਇਨ੍ਹਾਂ (ਗੱਲਾਂ ਦੀ) ਖੋਜ ਵਿਚ ਜੋ ਲੱਗ ਰਿਹਾ ਹੈ ਉਹ ਮੁਮੁੱਖੁ ਹੈ।

[1]ਵਿਖਈ ਵਿਧਿ ਸਭਿ ਬੇਦ ਕਰਿ
ਤਜਾਗੇ ਸਕਲ ਨਿਖੇਧ।

[1]ਵਿਖਈ ਉਹ ਹੈ ਜੋ ਵੇਦ (ਵਿਚੋਂ ਵਿਹਤ ਅਵਿਹਤ ਦਾ) ਫਰਕ ਸੁਣਦਾ ਤੇ ਸਮਝਦਾ ਹੈ ਤੇ ਸ਼ਾਸਤ੍ਰ ਵਿਹਤ ਗੱਲਾਂ ਨੂੰ ਕਰਦਾ ਹੈ ਤੇ ਨਖੇਧੀ ਗੱਲਾਂ ਨੂੰ ਤਜਾਗਦਾ ਹੈ, ਪਰ ਵਿਖੇ ਭੋਗ ਦੀਆਂ ਵਾਸ਼ਨਾ ਪ੍ਰਬਲ (ਰਹਿੰਦੀਆਂ ਹਨ)

ਵਿਖੈ ਭੋਗ ਵਾਂਛਾ ਅਧਿਕ
ਸਮਝਤਿ ਸੁਨਿ ਕਰਿ ਭੇਦ ॥੨੧॥
[1]ਵਿਖੈ ਭੋਗ ਨਹਿਂ ਤਜਿ ਸਕੈ
ਵਿਧ ਕਰਤੋ ਅਲਸਾਇ।

[1]ਪਾਮਰ (ਉਹ ਹੈ ਜੋ) ਵਿਸ਼ਿਆਂ ਦੇ ਭੋਗਾਂ ਨੂੰ ਤਿਆਗ ਨਹੀਂ ਸਕਦਾ, (ਸ਼ਾਸਤ੍ਰ ਦੇ ਦੱਸੇ) ਵਿਹਤ ਕਰਮ ਕਰਨੋਂ ਆਲਸ ਕਰਦਾ ਹੈ ਤੇ ਕਾਮਨਾ (ਪੂਰਨ ਕਰਨ ਦੇ ਸੁਆਰਥ) ਬਿਨਾ (ਕਦੇ) ਉਪਾਸਨਾ ਨਹੀਂ ਕਰਦਾ, (ਉਸ) ਪਾਮਰ ਦੀ (ਉਮਰਾ) ਅੰਧਕਾਰ ਵਿਚ ਬੀਤ ਰਹੀ ਹੈ। (ਅੰਧਕਾਰ ਵਿਚੋਂ ਨਿਕਲਣ ਦੀ ਗੱਲ ਅਗਲੇ ਅੰਕ ਵਿਚ ਦੱਸਣਗੇ।

ਨਹਿਂ ਉਪਾਸਨਾ ਕਾਮ ਬਿਨੁ
ਪਾਮਰੁ ਧੂਮ ਵਿਹਾਇ[੪†] ॥੨੨॥ [†]ਪਾ:-ਵਿਆਇ।

[1]ਲਗੈ ਜਾਹਿ ਕੋ ਭਾਵਨਾ

ਸੂਝਾ ਮਰਨਾ ਆਜ।

[1]ਜਿਸ ਨੂੰ ਅੱਜ ਆਪਣੇ ਮਰਨੇ ਦੀ ਸੋਝੀ ਹੋ ਜਾਵੇ ਤੇ ਸ਼ਰਧਾ ਲੱਗ ਪਵੇ ਉਹ ਗੁਰੂ ਸਮਾਜ ਨੂੰ ਮਿਲਦਾ ਤੇ ਗ੍ਯਾਨ ਦੀ ਸਮਝ ਪ੍ਰਾਪਤ ਕਰਕੇ ਆਪੇ ਨੂੰ ਲਖ ਲੈਂਦਾ ਹੈ।

ਗ੍ਯਾਨ ਸਮਝ ਆਪਾ ਲਖ੍ਯੋ

ਭੇਟ੍ਯੋ ਗੁਰੂ ਸਮਾਜ ॥੨੩॥

[1]ਜੈਸੀ ਜੈਸੀ ਵਾਸ਼ਨਾ[†]

[1]ਜਿਹੋ ਜਿਹੀ ਜਿਸ ਦੀ ਵਾਸ਼ਨਾ ਹੈ ਉਹੋ ਜਿਹੇ (ਉਸ ਦੇ) ਚਿੱਤ ਦੇ ਤਰੰਗ ਹੁੰਦੇ ਹਨ। ਪਰ (ਤਰੰਗਾਂ ਤੋਂ ਪਰੇ) ਜਿਸ ਗੱਲ ਨਾਲ ਸਾਰੇ ਸੁਖੀ ਹੋ ਸਕਦੇ ਹਨ ਉਹ ਬ੍ਰਹਮ ਦੇ ਪਿਆਰ ਦਾ ਵਿਸ਼ਾ ਹੈ। [†]ਪਾ:-ਭਾਵਨਾ।

ਤੈਸਾ ਚਿੱਤ ਤਰੰਗੁ।

ਜਾਂ ਤੇ ਸਕਲੇ ਸੁਖੀ ਹ੍ਵੈ

ਬਿਖੈ ਬ੍ਰਹਮ ਕੋ ਰੰਗੁ ॥੨੪॥

[1]ਪੂਰਨ [†]ਗੁਰ ਤੇ ਪੂਰਨੋ

ਪੂਰਨ ਘਟੇ ਨ ਅੰਗੁ।

[1]ਇਹ ਪ੍ਰੇਮ ਦਾ ਰੰਗ) ਪੂਰੇ ਗੁਰੂ ਤੋਂ (ਲਗਦਾ ਤੇ ਜਗਿਆਸ ਨੂੰ) ਪੂਰਨ ਬਣਾਉਂਦਾ ਹੈ (ਫਿਰ) ਪੂਰਨ (ਬ੍ਰਹਮ ਦਾ ਉਸ ਨਾਲ) ਅੰਗ (ਪ੍ਰੇਮ) ਘਟਦਾ ਨਹੀਂ। (ਉਹ ਪਰਸਪਰ ਲਗਾ) ਪ੍ਰੇਮ ਐਸਾ ਗੂੜ੍ਹਾ ਹੁੰਦਾ ਹੈ ਕਿ ਜੁਗਤੀਆਂ (ਨਾਲ ਪ੍ਰਾਪਤ ਹੋਣ ਵਾਲੀਆਂ) ਮੁਕਤੀਆਂ ਉਸਦੇ ਅਗੇ ਤੁਛ ਹਨ। (ਅ) ਮੁਕਤੀਆਂ ਜੁਕਤੀਆਂ ਕੌਣ ਵਿਚਾਰੀਆਂ ਹਨ। [†]ਪਾ:-ਪੂਰੇ।

ਮੁਕਤ ਜੁਗਤਿ ਬਪੁਰੀ ਕਹਾਂ

ਐਸਾ ਗੂੜ੍ਹਾ ਰੰਗੁ ॥੨੫॥

[1]ਪਵਨ ਤੱਤ ਸਭਿ ਭਿੰਨ ਜਬਿ

[1]ਇਸਦਾ ਪ੍ਰਯਾਯ ਦੇਖੋ ਅਗਲੇ ਸਫੇ ਦਾ ਅੰਗ ੧।

ਮਰਨਾ ਕਹਿਤੇ ਮੂੜ੍ਹ।

ਫਿਰ ਸੰਜੋਗੀ ਸੁਪਨ ਜਿਮ

ਗਡੀ ਵਾਸ਼ਨਾ ਗੂੜ੍ਹ[1] ॥੨੬॥

[1]ਪੌਣ (ਆਦਿਕ) ਤੱਤ ਜਦ ਸਾਰੇ ਅੱਡ ਅੱਡ ਹੋ ਜਾਂਦੇ ਹਨ ਉਸ ਨੂੰ ਮੂਰਖ ਮਰਨਾਂ ਕਹਿੰਦੇ ਹਨ, (ਪਰੰਤੂ ਮਰਨਾਂ ਤਾਂ ਐਉਂ ਹੈ)। ਜਿਵੇਂ ਸੁਪਨੇ (ਵਿਚ ਜਾਣਾ ਹੈ।) ਜਿਵੇਂ ਮਨ ਵਿਚ ਗਡੀਆਂ ਵਾਸ਼ਨਾਂ ਸੁਪਨਾਵੀ ਨੂੰ ਮੁੜ ਸਰੀਰ ਨਾਲ ਸੰਜੋਗੀ ਕਰ ਦੇਂਦੀਆਂ ਹਨ, ਤਿਵੇਂ) ਗੁਪਤ ਗਡੀਆਂ ਵਾਸ਼ਨਾਂ (ਮੋਏ ਹੋਏ ਨੂੰ ਤੱਤਾਂ ਨਾਲ ਮੁੜ ਸੰਜੋਗੀ ਕਰ ਦੇਂਦੀਆਂ ਹਨ ਭਾਵ ਮੁੜ ਜਨਮ ਦੇਂਦੀਆਂ ਹਨ। (ਅ) ਉਹ (ਪ੍ਰਾਣੀ) ਫਿਰ ਸੰਜੋਗੀ ਹੁੰਦਾ ਹੈ ਆਪਣੀਆਂ ਵਾਸ਼ਨਾਂ ਨਾਲ ਜੋ ਉਸ ਦੇ ਅੰਦਰ ਗੁਪਤ ਗਡੀਆਂ ਹੋਈਆਂ ਹੁੰਦੀਆਂ ਹਨ, ਤਿਵੇਂ (ਜੀਉਂਦੇ) ਨੂੰ ਸੁਪਨੇ ਵਿਚ (ਜਾਗ੍ਰਤ ਦੀਆਂ ਸੰਚੀਆਂ ਵਾਸ਼ਨਾਂ ਪ੍ਰਤੱਖ ਆ ਹੁੰਦੀਆਂ ਹਨ)।

[1]ਵਾਸ਼ਨ ਖੈ ਮਨ ਨਾਸ ਹ੍ਵੈ

ਨਿਤ ਅਭ੍ਯਾਸ ਵਿਚਾਰ[†]।

[1]ਨਾਮ ਦੇ ਨਿੱਤ) ਅਭਿਆਸ ਤੇ ਵੀਚਾਰ ਕਰਨ ਨਾਲ ਵਾਸ਼ਨਾਂ ਦਾ ਖੈ ਤੇ ਮਨ ਦਾ ਨਾਸ਼ ਹੁੰਦਾ ਹੈ, ਇਸ (ਸਾਧਨ) ਨਾਲ ਜਨਮ ਮਰਨ ਕੱਟੀਦਾ ਹੈ, ਹੋਰ ਉਪਾਵ ਸ਼੍ਰੇਸ਼ਟ ਨਹੀਂ ਹੈ। (ਅ) ਮਨ ਦੀ ਨਾਸ਼, ਵਾਸ਼ਨਾ ਦਾ ਖੈ

ਤੇ ਗਿਆਨ ਦਾ ਨਿਤ ਅਭਿਆਸ ਹੋਵੇ ਇਸ ਨਾਲ ਜਨਮ ਮਰਨ ਕਟੀਦਾ ਹੈ, ਹੋਰ ਉਪਾਵ ਇਸ ਤੋਂ ਸ਼੍ਰੇਸ਼ਟ ਕੋਈ ਨਹੀਂ। †ਸੌ ਸਾਖੀ ਦਾ ਪਾਠ ਹੈ:-ਵਾਸ਼ਨਾ ਖਯ ਅਰ ਮਨੋਨਾਸ ਹੋਇ ਅਭਿਆਸ ਵਿਚਾਰ।

ਇਸ ਤੇ ਕਟੀਏ ਜਨਮ ਮਰਨ
ਅਪਰ ਉਪਾਵ ਨ ਸਾਰ ॥੨੭॥
[1]ਸਭਿ ਉਪਾਵ ਸਮ, ਦਮ, ਚਰਜ,
ਜੋਗ, ਜੱਗਜ, ਤਪ, ਦਾਨ।

[1]ਸਾਰੇ ਉਪਾਵ ਸਮ, ਦਮ, ਬ੍ਰਹਮ ਚਰਜ, ਜੱਗ, ਜੋਗ, ਤਪ, ਦਾਨ, ਸਤਿਸੰਗਤ ਬਿਨਾਂ ਨਿਸ਼ਫਲ ਮੰਨੇ, ਬਾਂਝ ਇਸਤ੍ਰੀ (ਜਿਵੇਂ) ਪੁੱਤ੍ਰ (ਬਿਨਾਂ ਨਿਸ਼ਫਲ ਹੈ)।

ਸਤਿ ਸੰਗਤ ਬਿਨੁ ਬਿਫਲ ਹ੍ਵੈ
ਬਾਂਝ ਸੁਵਨ ਸਮ ਮਾਨ† ॥੨੮॥

†ਪਾ:-ਆਨ।

ਸ੍ਵੈਯਾ:

[1]ਲਾੜੇ ਦੇ ਵਾਸਤੇ। †ਪਾ:-ਮਤਿ।

ਕੰਤ †ਕੇ ਕਾਰਨ[1] ਬਜਾਹ ਰਚਜੋ
ਨਰ ਬ੍ਰਿੰਦ ਕੋ ਸਾਜਿ ਜਨੇਤ ਮੰਗਾਈ।
ਦੇਵ ਕੋ ਪੂਜਨ, ਬੰਧ ਸੁ ਬੰਧਨ[1]
ਔ ਬੁਧਿ ਪੰਡਤ ਲੀਨ ਬੁਲਾਈ।
ਸ਼ੋਕ ਤਜੇ ਸ਼ੁਭ ਭਾਮਨਿ[1] ਗਾਵਤਿ
ਮੰਗਲ ਗੀਤ ਸੁ ਵਾਦਿਨ ਛਾਈ[1]।
ਤੈਸੇ ਹੀ ਸਾਧਨ ਆਤਮ ਕਾਰਨ,
ਨਾਂਹਿ ਲਖਜੋ ਤਿਹ ਕੌਨ ਸਹਾਈ[1]? ॥੨੯॥

[1]ਗਾਨਾ ਬੰਨ੍ਹਣਾ। (ਅ) ਸਾਕ ਤੇ ਨੇੜੇ ਦੇ ਸਾਕ।

[1]ਇਸਤ੍ਰੀਆਂ।

[1]ਸੁ ਉਹ ਦਿਨ (ਚੰਗਾ) ਫਬਿਆ। (ਅ) ਵਾਜੇ ਵੱਜੇ।

[1]ਤਿਵੇਂ ਹੀ ਜਿਸ ਨੇ ਆਤਮਾ ਵਾਸਤੇ (ਅਨੇਕਾਂ) ਸਾਧਨ ਕਰਕੇ ਬੀ (ਆਤਮਾ ਨੂੰ) ਨਾ ਲਖਿਆ ਤਿਸਦੀ ਕੌਣ ਸਹਾਇਤਾ ਕਰ ਸਕਦਾ ਹੈ?

ਦੋਹਰਾ:

[1]ਭਲੋ ਜਨਮ ਭਲ ਕੁਲ ਨਗਰ
ਭਲੋ ਗੁਣੀ ਸੋ ਕੱਬ।
ਸਮੁਝਿ ਆਪ ਜਗ ਜਾਲ ਬਚ
ਏਕ ਮੇਕ ਲਖਿ ਰੱਬ' ॥੩੦॥

[1]ਸੋਈ ਕਵੀ ਭਲਾ ਗੁਣੀ ਹੈ ਜੋ ਆਪੇ ਨੂੰ ਸਮਝਕੇ ਜਗਤ ਜਾਲ ਤੋਂ ਬਚੇ ਤੇ ਰੱਬ ਨੂੰ ਇਕ ਮੇਕ (ਸਾਰਿਆਂ ਵਿਚ ਰਵਿਆ ਹੋਇਆ) ਲਖੇ।

ਬ੍ਰਹਮਗਜਾਨ ਚਰਚਾ ਸਦਾ
ਹੋਤਿ ਨਿਕਟਿ ਗੁਰਦਜਾਲੁ।
ਸੁਨੈਂ ਸਿੱਖ ਦ੍ਰਿੜ੍ਹ ਧਜਾਨ ਜੁਤਿ†
ਭਵ ਭਯ ਮਿਟਹਿ ਸਮਾਲ[1]' ॥੩੧॥

†ਪਾ:-ਗਿਆਨ ਸ਼ੁਭ।

[1]ਸਿਖ (ਉਨ੍ਹਾਂ ਚਰਚਾ) ਨੂੰ ਦ੍ਰਿੜ ਧਿਆਨ ਨਾਲ ਸੁਣਦੇ

ਹਨ (ਤੇ ਉਨ੍ਹਾਂ ਤੇ) ਅਮਲ ਕਰਦਿਆਂ ਭੈਜਲ (ਦੇ ਕਸ਼ਟ) ਮਿਟਦੇ ਹਨ [ਸਮਾਲ=ਸਮ੍ਹਾਲਦਿਆਂ, ਅਮਲ ਕਰਦਿਆਂ, ਯਾਦ ਕਰਦਿਆਂ ]।

ਚੌਪਈ:

†ਇਕ ਦਿਨ ਗੁਰ ਸਮੀਪ ਸੁਖਦਾਈ।

†ਇਹ ਸਤਾਹਠਵੀਂ ਸਾਖੀ ਹੈ ਤੇ ਲਗਪਗ ਉਥੋਂ ਦਾ ਹੀ ਉਤਾਰਾ।

ਗੁਣੀ ਪੁਰਖ ਚਰਚਾ ਸੁਚ ਲਾਈ।
'ਸਾਚੇ ਪਾਤਸ਼ਾਹੁ ਇਕ ਸੰਸਾ।
ਦੇ ਉਤਰ ਕੋ ਕਰਹੁ ਬਿਧੁੰਸਾ[1] ॥੩੨॥

[1]ਨਾਸ਼ ਕਰੋ (ਸੰਸਾ)।

ਇਕ ਨਰ ਮੂਰਤਿ ਭਲੋ ਬਨਾਇ।
ਪੂਜਤਿ ਹੈ ਨੀਕੇ ਚਿਤ ਲਾਇ।
ਇਕ ਧਜਾਵਤਿ ਹੈ ਮੁਖ ਮਨ ਮਾਂਹੀ[1]।

[1]ਮੂੰਹ ਤੇ ਮਨ ਨਾਲ ਸਿਮਰਦੇ ਹਨ।

ਦ੍ਵੈ ਮਹਿਂ ਭਲੋ ਕੌਨ, ਕੋ ਨਾਂਹੀ[1]?' ॥੩੩॥

[1]ਦੁਹਾਂ ਵਿਚੋਂ ਕਿਹੜਾ ਭਲਾ ਹੈ ਤੇ ਕਿਹੜਾ ਨਹੀਂ।

ਸੁਨਿ ਬੋਲੇ ਤਬਿ ਸਾਹਿਬ ਸਾਚੇ।
'[1]ਪ੍ਰੇਮ ਬਿਨਾਂ ਲਿਖੀਅਤਿ ਹੈਂ ਕਾਚੇ।

[1]ਸਾਨੂੰ ਤਾਂ) ਪ੍ਰੇਮ ਬਿਨਾਂ ਸਭ ਕੱਚੇ ਦਿੱਸਦੇ ਹਨ, ਮਨ ਦਾ ਚੌਂਕਾ ਦਿੱਤਾ ਹੋਵੇ (ਭਾਵ ਮਨ ਸਾਫ ਹੋਵੇ ਉਸ ਵਿਚ) ਸੱਚ ਦਾ ਪ੍ਰੇਮ ਹੋਵੇ। ਮੂਰਤਿ (ਪੂਜਣੀ) ਨਕਲੀ (ਕੰਮ) ਹੈ, ਅਸਲੀ ਕੰਮ ਨਾਮ (ਜਪਣਾ) ਹੈ। (ਅ) ਅਸਲੀ (ਸ਼ੈ) ਨਾਮ ਹੈ (ਨਾਮ ਜਪਦਿਆਂ) ਮਨ ਤੇ ਚਉਕਸਤਾਈ ਰੱਖੇ ਤੇ ਸੱਚ ਨਾਲ ਪ੍ਰੇਮ ਕਰੇ ਤੇ ਮੂਰਤ ਪੂਜਣੀ ਨਕਲੀ ਕੰਮ ਹੈ।

ਮਨ ਕਾ ਚਉਕਾ ਸਤ ਕਾ ਭਾਇ।
ਮੂਰਤ ਨਕਲੀ, ਅਸਲੀ ਨਾਇ[੫] ॥੩੪॥
ਕਰਨੀ ਕਰਮ ਪੂਰਬ ਪਰਤੀਤ[1]।

[1]ਪਹਿਲਾਂ ਕਰਨੇ ਯੋਗ ਕੰਮ ਸਿਦਕ ਹੈ। (ਅ) ਪਹਿਲੇ ਸ਼ੁਭ ਕਰਮ ਕਰੇ ਫੇਰ (ਵਾਹਿਗੁਰੂ ਤੇ) ਪ੍ਰਤੀਤ ਧਾਰੇ।

ਧਰਤਿ ਧਜਾਨ ਜਮ ਕੀ ਹਤਿ† ਭੀਤਿ[1]।

[1]ਡਰ ਦੂਰ ਕਰੋ। †ਪਾ:-ਖਈ।

ਪ੍ਰਭੁ ਕੋ ਸਿਮਰਨ ਹੈ ਸੁਖ ਸਾਰ।
ਕਜਾ ਮੂਰਤਿ ਮਹਿਂ? ਲਖਹੁ ਅਸਾਰ ॥੩੫॥

ਸ੍ਵੈਯਾ:

ਧਜਾਨ ਧਰੈ ਜਿਹ ਕਾਰਨ ਸਾਧਕ
ਸੋ ਜਗਜਾਸਹਿ ਮੋਖ ਪਛਾਨੋ[1]†।

[1]ਜਿਸ ਵਾਸਤੇ ਸਾਧਿਕ ਧਿਆਨ ਧਾਰਦਾ ਹੈ ਉਹ ਮੁਕਤੀ ਦੀ ਇੱਛਾ ਹੈ, ਪਛਾਣ ਲਓ। †ਪਾ:-ਧਜਾਨ ਧਰੈ ਜਿਹਕਾ ਨਰ ਸਾਧਕ ਸੋ ਜਗਜਾਸੀ ਮੋਖ ਪਛਾਨੋ।

ਕਾਮਨਾ ਪੁੰਜ ਬਿਨਾਸ਼ ਕਰੇ ਹਿਯ,
ਸੋ ਤੁਮ ਸਾਧਿਕ ਅਮਲ ਸਿਰਾਨੋ[1]।

[1]ਜੋ ਰਿਦੇ ਵਿਚੋਂ ਨਾਸ਼ ਕਰੇ ਸਾਰੀਆਂ ਕਾਮਨਾਂ ਉਹ ਤੁਸੀਂ ਉੱਜਲ ਤੇ ਸੀਤਲ ਸਾਧਕ ਜਾਣੋ। (ਅ) ਅਮਲ=ਕਰਮ। ਸਿਰਾਨੋ=ਬੀਤ ਗਿਆ। ਭਾਵ ਉਸ ਲਈ ਕਰਮ ਕਰਨ ਦੀ ਲੋੜ ਮੁੱਕ ਗਈ।

ਮੂਰਤਿ ਸੂਰਤਿ ਬੰਧ ਧਰੀ ਜਿਨ
ਮੂੜ੍ਹਨ ਕੀ ਪਰਤੀਤ ਬਖਾਨੋ[1]।

[1]ਮੂਰਤਾਂ ਸੁਰਤਾਂ ਵਿਚ ਜਿਸ ਨੇ (ਪ੍ਰਤੀਤ) ਬੰਨ੍ਹ ਰਖੀ ਹੈ, ਉਸ ਪ੍ਰਤੀਤੀ ਨੂੰ ਮੂਰਖਾਂ ਦੀ ਪ੍ਰਤੀਤ ਕਹਿੰਦੇ ਹਨ। (ਅ) ਮੂਰਤਾਂ ਵਿਚ ਜਿਸਨੇ ਸੁਰਤ (ਯਾ ਪ੍ਰੀਤ) ਬੰਨ੍ਹ ਰਖੀ ਹੈ ਉਸ ਨੂੰ ਮੂਰਖਾਂ ਦੀ ਪ੍ਰਤੀਤ ਕਹਿੰਦੇ ਹਨ। ਸੂਰਤ=ਸੁਰਤ। ਸੁ+ਰਤਿ=ਚੰਗੀ ਪ੍ਰੀਤ।

ਮੇਰੋ ਸੁਈ ਜਨ ਸਿੱਖ ਸੁਸ਼ੀਲ ਹੈ
ਧਯਾਨ ਅਕਾਲ ਕੇ ਬੀਚ ਸਮਾਨੋ
॥੩੬॥

ਦੋਹਰਾ:

ਅਧਿਕ ਧਯਾਨ ਹਰਿਨਾਮ ਨਿਤ, ਬਾਣੀ ਬਿਨੈ ਸੁਸ਼ੀਲ[1]।

[1]ਬਾਣੀ ਨਿੰਮ੍ਰਤਾ ਵਾਲੀ ਤੇ (ਸ਼ੀਲ=) ਮਿੱਠੀ ਹੈ।

ਸ਼ਸਤਰ ਸੂਰਾ[1] ਦਯਾਵਾਨ ਤਾਂ ਸਮ ਔਰ ਨ ਸ਼ੀਲ[2] ॥੩੭॥

[1]ਸ਼ਸਤ੍ਰਾਂ ਦਾ ਸੂਰਮਾ। [2]ਉਸ ਵਰਗਾ ਭਲੇ ਸੁਭਾਵ ਵਾਲਾ ਹੋਰ ਕੋਈ ਨਹੀਂ।

ਏਕ ਸਮਾਲੈ ਨਾਮ ਕੋ, ਏਕ ਕਰੰਤਾ ਧਯਾਨ।
ਏਕ ਕਰੰਤਾ ਸਿਲਾ ਪੂਜ, ਤੀਨੋ ਭਗਤਿ ਪਛਾਨੁ ॥੩੮॥

ਨਾਮ ਜਪਤਿ ਹੈ ਹਰਿ ਭਗਤ[1], ਧਯਾਨ ਧਰੈ ਸੁਖ ਗਯਾਨ[2]।

[1]ਹਰੀ ਭਗਤ ਨਾਮ ਜਪਦਾ ਹੈ। [2]ਜੋ ਧਿਆਨ ਧਰਦਾ ਹੈ ਉਸ ਨੂੰ ਸੁਖ ਦਾ ਗਿਆਨ ਹੁੰਦਾ ਹੈ।

ਸਿਲਾ ਪੂਜਤੇ ਤਾਮਸੀ, ਤੀਨੋ ਭਗਤ ਸੁਜਾਨਿ[1] ॥੩੯॥

[1]ਪੱਥਰ ਪੂਜਕ) ਤਾਮਸ਼ੀ (ਭਗਤ ਹੈ) ਹੈਨ ਤਿੰਨੇ ਹੀ ਭਗਤ, ਜਾਣ ਲਓ ਭਲੀ ਪ੍ਰਕਾਰ (ਫਰਕ ਇਨ੍ਹਾਂ ਤਿੰਨਾਂ ਦਾ)।

ਹਮਰੋ ਮਤਿ ਹੈ ਭਜਨ ਕੋ, ਧਯਾਨ ਜੁਗਤ ਰਹਿਰਾਸ[1]।

[1]ਸਾਡਾ ਮਤ ਹੈ ਕਿ ਭਜਨ ਕਰੇ ਧਿਆਨ ਸਹਿਤ ਹੋਕੇ ਤੇ ਰਹਿਣੀ ਰਹੇ।

ਕਰਨੀ ਗੁਰ ਨਾਨਕ ਕਰੀ, ਵਰਤੀ ਗੁਰ ਕੁਲ ਭਾਸ[1] ॥੪੦॥

[1]ਸ੍ਰੀ ਗੁਰੂ ਨਾਨਕ ਨੇ ਕਰਨੀ ਕੀਤੀ ਸੋਈ ਗੁਰੂ ਕੁਲ ਵਿਚ ਵਰਤ ਗਈ (ਭਾਵੇਹ ਕਿ ਸਾਰੇ ਗੁਰੂ ਸਾਹਿਬਾਂ ਵਿਚ ਵਰਤੀ ਤੇ ਉਸੇ ਦਾ) ਪ੍ਰਕਾਸ਼ (ਜਗਤ ਤੇ) ਹੋਇਆ।

ਕਲਜੁਗ ਧਰਮ ਹਰਿ ਨਾਮ ਅਤਿ[1],

[1]ਸਭ ਤੋਂ) ਵੱਡਾ ਹੈ। [2]ਸੰਸਾਰ ਤੋਂ ਪਾਰ ਹੋਈਦਾ ਹੈ।

ਜਾਂਹਿ ਭਜੇ ਭਵ ਪਾਰ[2]।
ਸੋ ਕਰਨੀ ਭਰਨੀ ਰਹਿਤ[1]
ਸਿੱਖਨ ਕਰੀ ਸਮਾਰ[1] ॥੪੧॥

[1]ਲੇਖੇ ਤੋਂ ਰਹਿਤ ਹੈ।

[1]ਸਿੱਖਾਂ ਨੇ ਸੰਭਾਲੀ ਹੈ।

[1]ਸਕਲ ਮੁਲਕ ਕੋ ਮੇਲੀਏ
ਦਲਿ ਕੈ ਤੁਰਕਨ ਪੀਰ।

[1]ਸਾਰੇ ਮੁਲਕ ਨੂੰ ਮੇਲੀਏ (ਖਾਲਸੇ ਵਿਚ ਤੇ) ਤੁਰਕਾਂ (ਤੋਂ ਮਿਲ ਰਹੀ) ਪੀੜਾ ਦੂਰ ਕਰੀਏ ਅਥਵਾ ਪੀੜਾ ਦੇਣ ਵਾਲੇ ਤੁਰਕਾਂ ਨੂੰ ਦਲ ਸੁੱਟੀਏ, (ਇਸ ਲਈ ਹੋਇਆ ਹੈ) ਸਾਡਾ ਆਉਣਾ ਧਰਤੀ ਪਰ, ਹੇ ਸਿੱਖੋ ਸਮਝੋ (ਇਸ ਦੇ ਸਿਰੇ ਚੜ੍ਹਨ ਦੀ) ਡੋਲ:-

ਹਮਰੋ ਆਵਨ ਭੂਮ ਪਰ
ਸਮਝੋ ਸਿੱਖ ਤਤਬੀਰ[੧੩] ॥੪੨॥
ਬਾਣਾ ਕੇਸ, ਮੂੰਡਾ ਤੁਰਕ,
ਕਾਛ ਹਮਾਰਾ ਬਿਰਦ[1]।

[1]ਕੇਸਾਂ ਦਾ ਬਾਣਾ (ਧਾਰਨ ਕਰੋ), ਮੁੰਨੇ ਹੋਏ ਨੂੰ ਤੁਰਕ (ਸਮਝੋ), ਕੱਛ ਪਹਿਨਣੀ ਸਾਡਾ ਧਰਮ (ਜਾਣੋਂ।)

ਤੰਬਾ ਫਾਰਾ ਬਾਂਗ ਹਨ
ਤੁਰਕ ਨ ਛੋਰੋ ਗਿਰਦ[1] ॥੪੩॥

[1]ਤੰਬੇ ਦਾ ਪਹਿਰਾਵਾ ਤੇ ਬਾਂਗ (ਤੁਰਕਾਂ ਦੀਆਂ ਚੀਜ਼ਾਂ) ਹਨ, ਤੁਰਕਾਂ ਦੇ ਗਿਰਦੇ ਨਾ ਫਿਰੋ [ਫਾਰਾ=ਪਹਿਰਾਵਾ]। (ਅ) ਗਿਆਨੀ ਐਉਂ ਭੀ ਅਰਥ ਕਰਦੇ ਹਨ। ਤੰਬੇ ਫਾੜਨੇ ਬਾਂਗਾਂ ਦੂਰ ਕਰਨੀਆਂ ਤੇ ਤੁਰਕਾਂ ਨੂੰ ਨੇੜੇ ਨੇੜੇ ਨਾ ਰਹਿਣ ਦੇਣਾ। (ੲ) ਸਰ ਸ: ਅਤਰ ਸਿੰਘ ਜੀ ਨੇ ਐਉਂ ਲਾਇਆ ਹੈ:- ਤੰਬਾ ਤੁਰਕ ਪਹਿਨਦੇ ਤੇ ਗਊਆਂ ਮਾਰਦੇ ਹਨ ਐਸੇ ਦੋਸ਼ੀਆਂ ਦੀ ਸੰਗਤ ਤੋਂ ਦੂਰ ਰਹੋ।

ਸੂਰ ਖਾਇ ਸੋ ਖਾਲਸਾ
ਸੂਰ ਮਰਦਨੀ ਸਿੱਖ[1]।

[1]ਜੋ ਸੂਰ ਖਾਵੇ ਸੋਈ ਖਾਲਸਾ ਹੈ ਜੋ ਸੂਰ ਮਾਰ ਲਵੇ ਸੋਈ ਸਿੱਖ ਹੈ। (ਅ) ਸੂਰਮਿਆਂ ਨੂੰ ਜੋ ਖਾਣ ਵਾਲਾ ਸੂਰਮਾ ਹੈ ਉਸ ਨੂੰ ਮਲ ਸਿੱਟਣ ਵਾਲਾ ਖਾਲਸਾ ਹੈ ਤੇ ਉਹੀ ਸਿੱਖ ਹੈ।

ਗੁਰ ਕਾ ਸਿਖ ਸੁ ਮਾਨੀਐ
ਸਦਾ ਸਮਾਲੈ ਭਿੱਖ[1] ॥੪੪॥

[1]ਜੋ ਸਦਾ (ਭੇਖ=) ਸਿੱਖ ਧਰਮ ਦੀ ਸੰਭਾਲਨਾ (ਸਹੈਤਾ) ਕਰੇ। (ਅ) ਨਾਮ ਰੂਪੀ ਭਿੱਖਿਆ ਨੂੰ ਸੰਭਾਲੇ।

ਕਾਲ ਬੁਰਾ, ਅਰ ਬੁਰਾ ਸੀਤ,
ਬੁਰੀ ਰਾਂਡ[1] ਕੀ ਪ੍ਰੀਤ।

[1]ਵੇਸ਼ਵਾ।

ਬੁਰੀ ਬਡਾਈ ਆਪਨੀ,
ਬੁਰੀ ਅਮਾਨੀ ਰੀਤ[1] ॥੪੫॥

[1]ਅਮਾਨਤ ਰੱਖ ਲੈਣੀ। (ਅ) ਅ+ਮਾਨ=ਤ੍ਰਿਸਕਾਰ ਸਹਿਣਾ।

ਬੁਰਾ ਕਰਜ, ਅਤਿ ਬੁਰੀ ਪ੍ਰੀਤ[1],

[1]ਬਹੁਤੀ ਪ੍ਰੀਤ ਕਰਨੀ ਬੁਰੀ।

ਸਭਿ ਸੋਂ ਭੇਦ ਨ ਦੇਯ[1]।

[1]ਸਾਰਿਆਂ ਨੂੰ ਭੇਦ ਨਾ ਦੇਵੇ (ਆਪਣਾ)।

ਯਾ ਬਿਧਿ ਬਰਤੇ ਜਗਤ ਮੈਂ
ਇਸ਼ਟ ਘਟੀ[†] ਨਹਿਂ ਲੇਯ[1] ॥੪੬॥

[1]ਆਪਣੇ) ਇਸ਼ਟ ਦਾ ਘਾਟਾ ਨਾ ਵੇਖੇ। (ਅ) ਮੁਬਾਰਕ ਘੜੀਆਂ ਨਾ ਪਿਆ ਉਡੀਕੇ। (ੲ) ਜੇ ਪਾਠ ਘਟੀ ਦਾ ਥਾਂਵੇਂ 'ਘਣੇ' ਠੀਕ ਸਮਝੀਏ ਤਾਂ-ਬਹੁਤੇ ਯਾਰ ਨ ਬਣਾਵੇ। [†]ਪਾ:-ਘਣੇ।

ਬੈਦ ਨ ਕੀਜੈ ਮਿੱਤ੍ਰਤਾ,
ਬੈਰੀ ਕਰੈ ਨ ਬੈਦ[1]।

[1]ਵੈਦ ਨਾਲ ਮਿੱਤ੍ਰਤਾ ਵੀ ਨਾ ਕਰੇ ਤੇ ਨਾ ਹੀ ਵੈਦ ਨੂੰ ਵੈਰੀ ਬਣਾਵੇ।

ਜੋਤਿਸ਼ ਬਹੁਤਾ ਸੁਨੈ ਨਹਿਂ
ਪੂਛਿ ਨ ਗ੍ਰੈਹ ਕੀ ਕੈਦ[1] ॥੪੭॥

[1]ਗ੍ਰੈਹ ਦੀ ਕੈਦ (ਸਾੜ੍ਹਸਤੀ) ਕਦੇ ਨਾ ਪੁੱਛੇ।

ਕਾਇਰ ਸਲਾਹੀ ਭਾਰਜਾ
ਕਾਰਜ ਫੋਕਾ ਹੋਇ[1]।

[1]ਜਿਸ ਦਾ ਸਲਾਹੀ ਕਾਇਰ ਅਥਵਾ ਇਸਤ੍ਰੀ ਹੋਵੇ ਉਹਦਾ ਕੰਮ ਨਾਕਾਮਯਾਬ ਰਹਿ ਜਾਂਦਾ ਹੈ।

ਪੂਛੇ ਬਿਨ ਕਾਰਜ ਬੁਰਾ,
ਬੁਰਾ ਪੁਛੈ ਨਹਿਂ ਗੋਇ[1] ॥੪੮॥

[1]ਸਿਆਣੇ ਤੋਂ) ਪੁੱਛੇ ਬਿਨਾਂ ਕੰਮ ਕਰਨਾ ਬੁਰਾ ਹੈ। ਓਹ ਬੀ ਬੁਰਾ ਹੈ ਜੋ ਪੁਛਿਆਂ ਸਲਾਹ ਨਾ ਦੱਸੇ।

ਥੋਰਾ ਖਾਇ ਘਰ ਮੈਂ ਸੁਖੀ
ਲੋਭ ਤਿਆਗੈ ਜੋਇ[1]।

[1]ਜੋ ਲੋਭ ਤਿਆਗੇ ਉਹ ਥੋੜਾ ਖਾ ਕੇ ਘਰ ਵਿਚ ਸੁਖੀ ਰਹੇਗਾ।

ਧਨ ਕੋ, ਮਨ ਕੋ, ਸੁਪਨ ਕੋ,
ਅਪਨੌ ਕਰੈ ਨ ਗੋਇ[1] ॥੪੯॥

[1]ਕਿਸੇ ਨੂੰ ਨਾ ਦੱਸੇ।

ਸਲਲ ਸੇਵੀਐ[1] ਪ੍ਰਾਤਿ ਉਠਿ,

[1]ਭਾਵ ਪਾਣੀ ਨਾਲ ਇਸ਼ਨਾਨ ਕਰੇ।

ਸੀਤ ਮਾਂਝ ਤਪ ਆਗ[1]।

[1]ਸਿਆਲੇ ਵਿਚ (ਪਾਣੀ) ਗਰਮ ਕਰ ਲਵੇ।

ਜਗੈ ਭੂਖ ਭੁਗਤੀ ਭਖੈ[1]

[1]ਭੁੱਖ ਲਗੇ ਤਾਂ ਭੋਜਨ ਖਾਵੇ (ਬਿਨਾਂ ਭੁੱਖ ਦੇ ਨਾ ਖਾਵੇ)।

ਅੰਮ੍ਰਿਤ ਘਰ ਕਾ ਸਾਗ[1] ॥੫੦॥

[1]ਘਰ ਦੇ (ਰਿੱਧੇ) ਸਾਗ ਨੂੰ ਅੰਮ੍ਰਿਤ (ਜਾਣੇਂ)।

ਪਰ ਸ਼ਸਤਰ, ਪਰ ਘੋੜਕਾ,
ਪਰ ਨਾਰੀ, ਪਰ ਗੇਹ[1]।

[1]ਪਰਾਇਆ ਘਰ।

ਪਰ ਧਨ, ਪਰ ਮਨ, ਦੇਸ਼ ਪਰ
ਇਸ ਕੋ ਕਹਾਂ ਸਨੇਹ[1] ॥੫੧॥

[1]ਇਨ੍ਹਾਂ ਨਾਲ ਕੀ ਪ੍ਰੀਤ (ਕਰਨੀ) ਹੋਈ।

[1]ਧਰਨੀ, ਧੇਨੁ, ਸੁਵਰਨ, ਅਸੁ,
ਨਾਰੀ, ਮੰਦਰ, ਪਾਠ।

[1]ਧਰਤੀ, ਗਊ, ਸੋਨਾ, ਘੋੜਾ, ਲੜਕੀ, ਮੰਦਰ ਤੇ ਪੋਥੀ ਅਥਵਾ ਸੰਥਾਦਾਨ ਇਹ ਸਾਰੇ ਦਾਨ ਸ਼ਿਰੋਮਣੀ ਦਾਨ (ਗਿਣੇ ਜਾਂਦੇ) ਹਨ, ਪਰ ਅੰਨ ਦਾਨ ਸਭ ਤੇ ਸ੍ਰੇਸ਼ਟ ਯਾ ਸੱਠ ਗੁਣਾਂ ਵਧੀਕ ਹੈ।

ਇਹੀ ਦਾਨ ਸਭਿ ਦਾਨ ਸਿਰ
ਅੰਨ ਸਭਿਨਿ ਤੇ ਸਾਠ ॥੫੨॥
ਨਾਮ ਜਪਤ ਸਭਿ ਪਾਠ ਤੇ[1]

[1]ਸਾਰੇ ਪਾਠਾਂ (ਯਾ ਪੜ੍ਹਨ) ਤੋਂ ਨਾਮ ਜਪਣਾ ਤੇ।

ਅੰਨ ਦਾਨ ਸਭਿ ਦਾਨ।
ਸਭਿ ਜੂਨੀ ਤੇ ਅਧਿਕ ਨਰ,
ਕਹਜੋ ਸਿੱਖ ਸੁਰ ਗਜਾਨ[1] ॥੫੩॥

[1]ਦੇਵਤਿਆਂ ਤੋਂ ਗਿਆਨੀਆਂ ਤੋਂ ਸਿੱਖ (ਅਧਿਕ, ਸ੍ਰੇਸ਼ਟ) ਕਿਹਾ ਗਿਆ ਹੈ। (ਅ) ਹੇ ਸਿੱਖ! ਦੇਵਤਿਆਂ ਤੇ ਗਜਨੀਆਂ ਨੇ ਐਉਂ ਕਿਹਾ ਹੈ:-

ਮੇਘ ਸਰਬ ਕੋ ਆਸਰਾ
ਸਭਿ ਕੋ ਰਾਖੀ ਛਤ੍ਰ[1]।

[1]ਛੱਤ੍ਰਪਤੀ ਭਾਵ ਰਾਜਾ।

ਘਰ ਕੀ ਰਾਖੀ ਨਾਰਿ ਜਜੋਂ,
ਅੰਤ ਰੱਖਜ ਹਰਿ ਮਿੱਤ੍ਰ[1]' ॥੫੪॥

[1]ਤਿਵੇਂ ਅੰਤ ਦਾ ਰਾਖਾ ਹਰੀ ਮਿੱਤ੍ਰ ਹੈ।

ਬੁਰਾ ਮਰਣ ਜੀਵਨ ਬੁਰਾ
ਕਰਣੀ ਬਿਨ ਕਿਹਿ ਕਾਮ[1]।

[1]ਕਰਨੀ ਬਿਨਾਂ ਕਿਸ ਕੰਮ ਹੈ ਜੰਮਣਾ ਮਰਨਾ, ਦੋਵੇਂ ਬੁਰੇ ਹਨ।

ਸ਼ਸਤ੍ਰਹੀਣ ਛੱਤ੍ਰੀ ਬੁਰਾ,
ਅਣਪੜ ਦਿਜ ਬੇਰਾਨ[1] ॥੫੫॥

[1]ਨਿਕੰਮਾ, ਬੇਫੈਦਾ।

ਬਿੱਪ੍ਰ ਸ਼ਸਤ੍ਰਧਾਰੀ ਬੁਰਾ,
ਬੁਰਾ ਬਿੱਪ੍ਰ ਮਮ ਸਿੰਘ।
ਵੈਸ਼ ਪੜ੍ਹਾ ਸਭਿ ਤੇ ਬੁਰਾ
ਛੱਤ੍ਰੀ ਦੇਵੀ ਸਿੰਘ[1†] ॥੫੬॥

[1]ਦੇਵੀ ਨੂੰ ਪੂਜਣ ਵਾਲਾ ਸਿੰਘ ਬੁਰਾ। [†]ਪਾ:-ਬੇਦੀ ਸਿੰਘ।

ਸੂਦ੍ਰ ਪੜ੍ਹੈ ਬੇਦ ਬਾਕਜ,
ਤਜਾਗੀ ਧਾਰੈ ਨਾਰਿ[1†]।

[1]ਤਿਆਗੀ ਹੋਕੇ ਤ੍ਰੀਮਤ ਕਰ ਲਵੇ।

[†]ਅੰਗ ੫੬ ਤੇ ੫੭ ਦੀ ਪਹਿਲੀ ਸਤਰ ਵਿਚ ਜੋ ਲਿਖਿਆ ਹੈ ਸੋ ਗੁਰਮਤ ਤੇ ਗੁਰ ਇਤਿਹਾਸ ਵਿਰੁੱਧ ਹੈ। ਇਸ ਕਰਕੇ ਇਹੋ ਜੇਹੀਆਂ ਗਲਾਂ ਸੌ ਸਾਖੀ ਵਿਚ ਕਿਸੇ ਮਗਰੋਂ ਪਾਈਆਂ ਹਨ ਕਿਉਂਕਿ ਛੇਵੇਂ ਪਾਤਸ਼ਾਹ ਦੀਆਂ ਫੌਜਾਂ ਵਿਚ ਅਨੇਕਾਂ ਬ੍ਰਾਹਮਣ ਜੋਧਾ ਹੋਏ, ਉਹਨਾਂ ਨੇ ਆਪ ਬਣਾਏ, ਇਥੋਂ ਤਾਂਈ ਕਿ ਆਪਣੇ ਪ੍ਰੋਹਿਤ ਸਿੰਘ ਨੂੰ ਬੀ ਜੋਧਾ ਬਣਾ ਲਿਆ ਸੀ। ਦਸਮੇਂ ਪਾਤਸ਼ਾਹ ਦੇ ਦਲਾਂ ਵਿਚ ਬੀ ਦਯਾਰਾਮ ਆਦਿ ਕਈ ਬ੍ਰਾਹਮਣ ਜੋਧੇ ਹੋਏ ਤੇ ਅਨੇਕਾਂ ਅੰਮ੍ਰਿਤਧਾਰੀ ਸਿੰਘ ਹੋਏ। ਵੈਸ਼ ਬੀ ਬੜੇ ਹੋਏ ਤੇ ਅਨੇਕਾਂ ਸਿੰਘ ਹੋਏ ਤੇ ਵੇਦੀ ਵੀ ਸਿੰਘ ਸਜੇ ਤੇ ਦੇਵੀ ਉਪਾਸਕ ਬੀ ਸਿੰਘ ਸਜੇ। ਕਾਂਸ਼ੀ ਪੜ੍ਹਨ ਲਈ ਸਤਿਗੁਰਾਂ ਨੇ ਸਿੰਘੇ ਆਪ ਘੱਲੇ, ਅਨੰਦਪੁਰ ਵਿਚ ਦਸਮ ਗੁਰੂ ਜੀ ਨੇ ਰਘੁਨਾਥ ਦਾਸ ਪੰਡਤ ਨੂੰ ਕਿਹਾ ਕਿ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਓ ਉਸ ਨੇ ਕਿਹਾ ਕਿ ਤੁਹਾਡੇ ਸਿੱਖਾਂ ਵਿਚ ਸ਼ੂਦਰ ਹਨ ਇਨ੍ਹਾਂ ਨੂੰ ਅਧਿਕਾਰ ਨਹੀਂ, ਤਾਂ ਸਤਿਗੁਰਾਂ ਕਿਹਾ ਉਹ ਦਿਨ ਆਵੇਗਾ ਕਿ ਮੇਰੇ ਸਿੰਘ ਜਿਨ੍ਹਾਂ ਨੂੰ ਤੁਸਾਂ ਸ਼ੂਦਰ ਕਿਹਾ ਹੈ ਬ੍ਰਾਹਮਣਾਂ ਨੂੰ ਸੰਸਕ੍ਰਿਤ ਪੜ੍ਹਾਇਆ ਕਰਨਗੇ, ਜੋ ਗਲ ਕਿ ਸੱਚ ਮੁਚ ਵਰਤ ਰਹੀ ਹੈ, ਅਨੇਕਾਂ ਬ੍ਰਾਹਮਣ ਨਿਰਮਲੇ ਸਿੰਘਾਂ ਤੋਂ ਸੰਸਕ੍ਰਿਤ ਪੜ੍ਹੇ ਹਨ।

ਸਿੱਖ ਜੁ, ਤਜਾਗੈ ਸਿਦਕ ਕੋ
ਕਜਾ ਤਿਨ ਕੋ ਇਤਬਾਰ ॥੫੭॥
ਮੰਤ੍ਰ ਤੰਤ੍ਰ ਕਾ ਬੁਰਾ ਸੰਗ[1],
ਪ੍ਰੇਤ ਸੇਵਨੀ ਨਾਰਿ[1]।
ਬੁਰਾ ਬਾਲ ਸੁਰਾ ਪੀਤਾ[†]
ਰਹੀਏ ਆਪ ਸੰਭਾਰ[1] ॥੫੮॥
ਬਹੁਤਾ ਖਾਣਾ, ਬਾਤ ਬਹੁ,
ਬਹੁਤਾ ਅਮਲ ਸੁ ਤਜਾਗ[1]।
ਮੇਰਾ ਹੁਇ ਸੁ ਮਾਨਿ ਸਚ[1]
ਰਹਿਨੀ ਰਹਿ ਨਿਤ ਲਾਗ' ॥੫੯॥
ਇਸ ਪ੍ਰਕਾਰ ਪ੍ਰਭੁ ਸਤਿ ਗੁਰੂ, ਸਿੱਖਨ
ਦੇ ਉਪਦੇਸ਼।
ਸੁਨਹਿ ਆਨਿ ਸੰਗਤਿ ਮਿਲੈ, ਦਰਸਤਿ
ਹਤਹਿੰ ਕਲੇਸ਼ ॥੬੦॥
ਲੇ ਪਾਹੁਲ ਗੁਰ ਪਾਸ ਤੇ, ਨਵੇਂ ਸਿੰਘ
ਧਰਿ ਕੇਸ।
ਪਹਿਰਹਿੰ ਕਛ ਆਯੁਧ ਧਰੈਂ, ਸਿਮਰੈਂ
ਨਾਮ ਹਮੇਸ਼ ॥੬੧॥

[1]ਮੰਤ੍ਰ ਤੰਤ੍ਰ (ਕਰਨੇ ਵਾਲੇ ਪੁਰਖ) ਦਾ ਸੰਗ ਬੁਰਾ।
[1]ਪ੍ਰੇਤਾਂ ਦੀ ਪੂਜਾ ਕਰਨ ਵਾਲੀ ਨਾਰੀ।
[†]ਪਾ:-ਸੁਰਾ ਪਿਤਾ, ਸੂਰਾ ਪਿਤਾ।
[1]ਗਭਰੂ ਸ਼ਰਾਬ ਪੀਣ ਵਾਲਾ ਬੁਰਾ ਉਸ ਤੋਂ ਬਚਕੇ ਰਹੋ।
[1]ਬਹੁਤ ਖਾਣਾ ਬਹੁਤ ਬੋਲਣ ਦਾ ਅਮਲ ਜੋ ਹੈ ਸੋ ਮੂਲੋਂ ਤਿਆਗੇ (ਅ) ਬਹੁਤ ਖਾਣਾ, ਬਹੁਤ ਬੋਲਣਾ, ਨਸ਼ਿਆਂ ਦਾ ਬਹੁਤ ਤਿਆਗ ਕਰੇ।
[1]ਏਹ ਵਾਰਤਾ) ਸੱਚੀ ਮੰਨੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਦਸ਼ਮੋ ਅੰਸੂ ॥੧੦॥

## ੧੧. [ਲਾਲ ਸਿੰਘ ਦੀ ਢਾਲ ਦੀ ਪ੍ਰੀਖਯਾ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਏਕ ਸਿਖ ਸਤਿਗੁਰੂ ਕੋ, ਪੂਰਬ ਤੇ ਚਲਿ ਆਇ।
ਲਾਲ ਸਿੰਘ ਤਿਸ ਨਾਮ ਹੈ, ਕਰਿ ਦਰਸ਼ਨ ਕੋ ਚਾਇ ॥੧॥

ਚੌਪਈ:

ਜਥਾ ਸ਼ਕਤਿ ਕਰਿ ਅਰਪਿ ਅਕੋਰ।
ਬੰਦਨ ਕਰੀ ਹਾਥ ਜੁਗ ਜੋਰਿ।
ਬੈਠਯੋ ਸਭਾ ਮਾਂਹਿ ਗੁਰ ਆਗੈ।
ਹੁਤੀ ਸਿਪਰ[1] ਸਿੰਘ ਦੇਖਨਿ ਲਾਗੇ ॥੨॥ — [1]ਢਾਲ ਸੀ (ਤਿਸ ਸਿੰਘ ਦੇ ਕੋਲ)।
ਗਹਿ ਗਹਿ ਹਾਥਨ ਬਿਖੈ ਸਰਾਹੈਂ।
'ਆਛੀ ਆਛੀ' ਸਭਿਨਿ ਕਹਾਹੈ[1]। — [1]ਸਾਰੇ ਕਹਿੰਦੇ ਹਨ।
ਦ੍ਰਿਸ਼ਟਿ ਚਲਾਇ ਪ੍ਰਭੂ ਤਬਿ ਦੇਖੀ।
ਕਹਯੋ 'ਸਮਾਨ ਅਹੈ ਅਵਰੇਖੀ[1] ॥੩॥ — [1]ਸਾਮਾਨ ਜਿਹੀ ਦਿਖਾਈ ਦਿੰਦੀ ਹੈ।
ਜੋ ਸ਼ੁਭ ਹੈ ਤਿਸ ਲਗ ਕਰਿ ਗੋਰੀ[1]। — [1]ਜੋ ਚੰਗੀ ਹੁੰਦੀ ਹੈ ਉਸ ਨੂੰ ਗੋਲੀ ਲਗਕੇ।
ਪਾਰ ਨ ਪਰੈ ਫੋਰਿ ਕਰਿ ਮੋਰੀ[1]। — [1]ਫੋੜਕੇ ਮੋਰੀ ਕਰਕੇ ਪਾਰ ਨਹੀਂ ਲੰਘਦੀ।
ਇਸ ਮਹਿਂ ਗੁਲਕਾ ਹੋਵਹਿ ਪਾਰ[1]। — [1]ਪਰ ਇਸ ਵਿਚੋਂ ਗੋਲੀ ਲੱਗਕੇ ਪਾਰ ਹੋ ਜਾਵੇਗੀ।
ਕਹਾਂ ਸਰਾਹੈਂ ਸਿਪਰ ਉਦਾਰ[1]' ॥੪॥ — [1]ਫਿਰ) ਬਹੁਤਾ ਕੀ ਸਲਾਹੁੰਦੇ ਹੋ ਢਾਲ ਨੂੰ।
ਸੁਨਿ ਕੈ ਲਾਲ ਸਿੰਘ ਨਹਿਂ ਜਰੀ।
ਗਰਬਤਿ ਬੋਲਯੋ ਬਚ ਤਿਸ ਘਰੀ।
'ਮੋਰ ਸਿਪਰ ਕੋ ਚਰਮ ਕਠੰਨ[1]। — [1]ਸਖ਼ਤ ਹੈ।
ਗੋਰੀ ਕਹਾਂ ਸਕਹਿ ਇਸ ਭੰਨਿ ॥੫॥
ਲਗਹਿ ਤੜਕ ਕੈ ਗਿਰਹਿ ਸੁ ਪਾਛੇ।
ਯਾਂ ਤੇ ਬਹੁ ਧਨੁ ਤੇ ਲਈ ਆਛੇ।'
ਸੁਨਿ ਕਲਗੀਧਰ ਪੁਨ ਸਮੁਝਾਇ।
'ਇਹ ਗੋਰੀ ਹੈ ਬੁਰੀ ਬਲਾਇ ॥੬॥
ਤਹਾਂ ਨਿਵਾਰਨ ਕਰਿ ਹੈ ਕੌਨ[1]। — [1]ਜਦੋਂ ਗੋਲੀ ਲੱਗੇ) ਤਿਸ ਨੂੰ ਕੌਣ ਪਰੇ ਹਟਾ ਸਕਦਾ ਹੈ?
ਜਹਾਂ ਲਗਤਿ ਫੋਰਤਿ ਥਲ ਤੌਨ[1]†। — [1]ਜਿੱਥੇ ਲਗਦੀ ਹੈ ਸੋਈਓ ਥਾਂ ਪਾੜ ਦੇਂਦੀ ਹੈ। †ਪਾ:-ਜੌਨ।

ਇਸ ਆਗੇ ਨਹਿਂ ਕਿਸ ਕੀ ਅਟਕ।

ਲਾਗੀ ਚਹੈ ਨ ਪੁਨ ਕਿਮ ਹਟਕ[1]' ॥੭॥
ਲਾਲ ਸਿੰਘ ਬਹੁਤਿਨਿ ਮਹਿਂ ਚਪਿ ਕਰਿ[1]।
ਕਹਤਿ ਭਯੋ ਪੁਨ ਚਿਤ ਮਹਿਂ ਹਠ ਧਰਿ।
'ਜ੍ਵਾਲਾਬਮਣੀ ਕਜੋਂ ਨ ਮੰਗਾਵਹੁ।
ਪਰਖਿ ਲੇਹੁ ਅਬਿ ਕਹਿ ਚਲਿਵਾਵਹੁ[1] ॥੮॥
ਮੋਰ ਸਿਪਰ ਕੋ ਭਿਦੈ ਨ ਗੋਰੀ।
ਲਗਿ ਕੈ ਗਿਰੈ, ਨ ਕਰਿ ਹੈ ਮੋਰੀ।'
ਲਖਜੋ ਗੁਰੂ -ਸਿਖ ਨੇ ਹਠ ਧਾਰਾ-।
'ਸੋਦਰ ਸਮਾ' ਭਾਖਿ ਕੈ ਟਾਰਾ[†] ॥੯॥

'ਪ੍ਰਾਤ ਹੋਤਿ ਹਮ ਪਰਖਨਿ ਕਰੈਂ।
ਤੁਪਕ ਹਤਹਿਂ ਹੇਰਹਿਂ ਕਿਮ ਅਰੈ[1]।'
ਇਮ ਹੁਇ ਜ਼ਿਕਰ ਧਰੀ ਪੁਨ ਮੌਨ।
ਸੁਨਿ ਰਹਿਰਾਸ ਗਏ ਸਭਿ ਭੌਨ ॥੧੦॥
ਲਾਲ ਸਿੰਘ ਡੇਰੇ ਮਹਿਂ ਜਾਇ।
ਸਮਝ ਰਿਦੇ ਮਹਿਂ ਬਹੁ ਪਛੁਤਾਇ।
-ਮੂਰਖ ਪਨੌ ਕੌਨ ਮੈਂ ਲਯੋ।
ਗੁਰ ਕੇ ਸਨਮੁਖ ਬੋਲਤਿ ਗਯੋ ॥੧੧॥
ਪ੍ਰਾਤਿ ਹੋਤ ਹਤਿ ਹੈਂ ਜਬਿ ਗੋਰੀ।
ਸਿਪਰ ਫੋਰਿ ਕਰਿ ਡਾਰੈਂ ਮੋਰੀ[†]।

ਲਯੋ ਬਿਗਾਰ ਆਪਨੋ ਕਾਜਾ।
ਕਰਤਾ ਪੁਰਖ ਰਖੈ ਮਮ ਲਾਜਾ- ॥੧੨॥
ਲਜਾਇ ਤਿਹਾਵਲ ਕਰਿ ਬਹੁ ਗਿਨਤੀ।
ਮੁਖ ਤੇ ਸਿੰਘਨਿ ਸੋਂ ਕਹਿ ਬਿਨਤੀ।

[1]ਲੱਗੀ ਚਾਹੀਦੀ ਹੈ ਫਿਰ ਕਿਵੇਂ ਨਹੀਂ ਹਟ ਸਕਦੀ ਹੈ।

[1]ਖਿਝਕੇ।

[1]ਹੁਣ ਕਹਿਕੇ ਚਲਵਾ ਕੇ ਪਰਖ ਲਵੋ। (ਅ) ਅਬਕਹਿ=ਹੁਣੇ ਹੀ।

[†]ਇਸਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬ ਜੀ ਨਿਤਨੇਮ ਦੀ ਕਿਤਨੀ ਪਕਿਆਈ ਦ੍ਰਿੜਾਉਂਦੇ ਸਨ।

[1]ਵੇਖਾਂਗੇ (ਅੱਗੇ) ਕਿਵੇਂ ਅੜਦੀ ਹੈ।

[†]ਪਾ:-ਗੋਰੀ।

'ਪੰਚ ਸਿੰਘ ਕੋ ਦੇਉਂ ਅਹਾਰਾ।
ਪ੍ਰਾਤ ਮੋਹਿ ਰਾਖਹੁ ਸਚਿਆਰਾ'
॥੧੩॥
ਖਰੇ ਹੋਇ ਅਰਦਾਸ ਕਰਾਈ।
'ਸਤਿਗੁਰ ਰਖੈ ਸਿੱਖ ਵਡਿਆਈ।
ਨਿਸ ਮਹਿਂ ਕਰਿ ਕ੍ਰਿਤ ਚੋਰੀ ਗੁਰ ਤੇ[1]।
ਪ੍ਰਭੁ ਅਰਾਧਹਿ ਨਿਸ਼ਚਾ ਉਰ ਤੇ
॥੧੪॥
ਪ੍ਰਾਤਿ ਭਏ ਗੁਰ ਸਭਾ ਲਗਾਇ।
ਲੇ ਕਰਿ ਸਿਪਰ ਗਯੋ ਤਿਸ ਥਾਇਂ।
ਤਬਿ ਸਤਿਗੁਰ ਤਹਿਂ[1] ਤੁਪਕ ਮੰਗਾਈ।
ਸਿਪਰ ਨਿਸ਼ਾਨਾ ਧਰਿ ਅਗਵਾਈ
॥੧੫॥
ਆਲਮ ਸਿੰਘ ਸੰਗ ਪ੍ਰਭੁ ਕਹ੍ਯੋ।
'ਹਤਹੁ ਤੁਫੰਗ ਨਿਸ਼ਾਨਹੁਂ ਲਹ੍ਯੋ।'
ਹੁਕਮ ਸਾਂਥ ਉਠਿ ਤੁਪਕ ਚਲਾਈ।
ਗੋਰੀ ਨਹੀਂ ਲਗੀ ਬਿਚ ਜਾਈ[1] ॥੧੬॥
ਕਸਿ ਬਰੂਦ ਸੋਂ ਫੇਰ ਪ੍ਰਹਾਰੀ।
ਨਾਂਹਿਨ ਲਾਗੀ ਸਿਪਰ ਮਝਾਰੀ।
ਬਿਸਮ ਰਹ੍ਯੋ -ਅਬਿ ਕਜਾ ਇਹੁ ਭਯੋ।
ਨਿਕਟ ਨਿਸ਼ਾਨਾ[1] ਬਚ ਕਰਿ ਗਯੋ-
॥੧੭॥
ਤ੍ਰਿਤੀ ਬਾਰ ਤਬਿ ਕਰਿ ਕੈ ਤਜਾਰੀ।
ਤਾਕਿ ਸ਼ਿਸਤ ਕੋ ਭਲੇ ਪ੍ਰਹਾਰੀ।
ਸੋ ਨਹਿਂ ਲਗੀ ਹੇਰਿ ਪ੍ਰਭੁ ਰਿਸੇ।
ਤੁਪਕ ਗਹੀ ਅਪਨੇ ਕਰ ਬਿਸੇ[1]
॥੧੮॥
ਰਿਦੇ ਬਿਚਾਰ੍ਯੋ ਸਤਿਗੁਰ ਜਬੈ[†]।

ਲਾਲ ਸਿੰਘ ਕੀ ਕ੍ਰਿਤ ਲਖਿ ਤਬੈ[1]।
-ਸਤਿ ਸੰਗਤ ਮਹਿਂ ਕਰ੍ਯੋ ਕਰਾਹੂ।

[1]ਇਹ ਕ੍ਰਿਤ (ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਆਦਿ ਦੀ) ਰਾਤੀਂ ਗੁਰਾਂ ਤੋਂ ਚੋਰੀ ਕੀਤੀ।

[1]ਤਿੱਥੇ ਹੀ।

[1]ਢਾਲ ਦੇ ਵਿਚ) ਨਾਂ ਲੱਗੀ।

[1]ਨੇੜੇ ਦਾ ਨਿਸ਼ਾਨਾ ਹੀ।

[1]ਹੱਥ ਵਿਚ।

[†]ਪਾ:-ਤਬੇ।

[1]ਸਮਝ ਲੀਤੀ।

ਥਿਰ ਅਰਦਾਸ ਕਰਾਇਸਿ ਤਾਹੂ ॥੧੯॥
ਯਾਂ ਤੇ ਲਗਤਿ ਨਹੀਂ ਬਿਚ ਗੋਰੀ।
ਲੀਨ ਹਿਮਾਇਤ[1] ਮੁਝ ਤੇ ਚੋਰੀ-। ([1]ਮਦਦ (ਸਾਧ ਸੰਗਤ ਦੀ)।)
ਰਿਸ ਕਰਿ ਹਾਥ ਬੰਦੂਕ ਸੰਭਾਰੀ।
ਲਾਲ ਸਿੰਘ ਕੇ ਸਾਥ ਉਚਾਰੀ ॥੨੦॥
'ਲਿਹੁ ਕਰਿ ਅਬੈ ਹਿਮਾਇਤ ਔਰ[1]। ([1]ਹੋਰ ਹਿਮਾਇਤ ਕਰਾ ਲੈ।)
ਦੇਖਿ! ਸਿਪਰ ਫੇਰੌਂ ਇਸ ਠੌਰ।'
ਰਿਸ ਜੁਤਿ ਸੁਨੀ ਲਖੀ -ਅਬਿ ਮਾਰੈਂ।
ਨਹੀਂ ਬਚਹਿ ਗੁਲਕਾ ਹੁਇ ਪਾਰੈ- ॥੨੧॥
ਦੌਰ ਸਿੰਘ ਪਾਇਨ ਪਰ ਪਰਜੋ।
'ਛਿਮਹੁ ਨਾਥ ਮੈਂ ਸਠ ਹਠ ਧਰਜੋ।
ਫੋਰ ਦੇਹੁ ਤੁਮ ਅਵਨੀ ਸਾਰੀ।
ਸਿਪਰ ਬਾਪੁਰੀ ਕਹਾਂ ਅਗਾਰੀ' ॥੨੨॥
ਪਿਖਿ ਗੁਰ ਭਨਜੋ ਭਨਜੋਂ 'ਭਯੋ ਦਿਢ ਅਤੇ[1]। ([1]ਅਪਨੇ ਹਠ ਤੇ) ਅਤਿ ਪੱਕਾ ਹੋਇਆ ਹੈਂ।)
ਰਾਤੋ ਰਾਤ ਕਰੇ ਗੁਰਮਤੇ।
ਲਏ ਤਿਹਾਵਲ ਫਿਰਜੋ ਛਕਾਵਤਿ।
ਬਹੁ ਸੁੱਖਾਂ ਸੁਖਿ[1] ਸਿਪਰ ਬਚਾਵਤਿ ॥੨੩॥ ([1]ਸੁੱਖਣਾ ਸੁੱਖਕੇ।)
ਜੇਤਿਕ ਜੋਰ ਔਰ ਲਿਹੁ ਲਾਇ।
ਫੌਰੌਂ ਸਿਪਰ ਨ ਬਚਹਿ ਕਦਾਇ।'
ਸੁਨਿ ਕਰਿ ਲਾਲ ਸਿੰਘ ਕਰ ਜੋਰੇ।
'ਮੇਰੋ ਕਹਿਨ ਭਯੋ ਪ੍ਰਭੁ ਔਰੇ[1] ॥੨੪॥ ([1]ਹੋਰਨਾਂ ਲੋਕਾਂ (ਦੀ ਗੋਲੀ ਬਾਬਤ ਸੀ ਆਪਦੀ ਗੋਲੀ ਬਾਬਤ ਨਹੀਂ ਸੀ)।)
ਰਾਵਰਿ ਕਰ ਤੇ ਛੁਟਹਿ ਤੁਫੰਗਾ।
ਅਚਲ ਸੁਮੇਰੁ ਤੁਰਤ ਕਰਿ ਭੰਗਾ।
ਅਬਿ ਓਰਕ ਨਹਿਂ ਕਰਹੁ ਗੁਸਾਈਂ।
ਸੇਵਕ ਲਾਜ ਰਖਨਿ ਬਨਿ ਆਈ'

॥੨੫॥
ਸੁਨਿ ਕੈ ਬਿਕਸ ਪਰੇ ਗੁਰ ਨਾਥ।
ਕਹ੍ਯੋ 'ਉਠਾਇ ਸਿਪਰ ਲਿਹੁ ਹਾਥ।
ਚਹਿਯਹਿ ਸ਼ਸਤ੍ਰਨਿ ਕੇਰਿ ਭਰੋਸਾ।
ਹਤੀਯਹਿ ਸ਼ੱਤ੍ਰ ਜੁੱਧ ਸਰੋਸਾ[1] ॥੨੬॥ [1]ਗੁੱਸੇ ਨਾਲ।
ਆਯੁਧ ਆਛੋ ਹੀ ਚਹਿ ਪਾਸ।
ਜਿਸ ਤੇ ਆਪ ਬਚਹਿ ਰਿਪੁ ਨਾਸ਼।'
ਸਿਪਰ ਉਠਾਇ ਸਿੰਘ ਕਰਿ ਨਮੋ।
ਬੈਠੇ ਸਕਲ ਸਭਾ ਤਿਹ ਸਮੋ ॥੨੭॥
ਜੰਗਲ[1] ਬਿਖੈ ਕਪੂਰਾ ਜਾਟ। [1]ਮਾਲਵੇ।
ਕੇਤਿਕ ਗ੍ਰਾਮਨ ਕੋ ਪਤਿ ਰਾਠ[1]। [1]ਰਾਜਾ [ਸੰਸ. ਰਾਸ਼੍ਰਰ=ਰਾਜਾ। ਰਾਠ=ਰਾਜਾ]।
ਇਕ ਸੌ ਇਕ ਹਜ਼ਾਰ[1] ਧਨ ਦੈ ਕੈ। [1]ਯਾਰਾਂ ਸੌ।
ਚੰਚਲ ਬਲੀ ਤੁਰੰਗਮ ਲੈ ਕੈ ॥੨੮॥
ਸੋ ਹਜ਼ੂਰ ਮਹਿੰ ਦਯੋ ਪੁਚਾਈ।
ਦੇਖ੍ਯੋ ਬਹੁ ਬਲ ਸੋਂ[†] ਚਪਲਾਈ[1]। [1]ਬਹੁਤ ਬਲੀ ਤੇ ਚੰਚਲਤਾ ਵਾਲਾ। [†]ਪਾ:- ਦੇਖ੍ਯੋ ਸੋ ਬਲ ਸੋਂ। ਦੇਖ੍ਯੋ ਸੋ ਬਲ ਕਰ।

ਅਪਨੋ ਚਢਿਬੇ ਹੇਤ ਬੰਧਾਯੋ।
'ਦਲ ਸ਼ਿੰਗਾਰ ਤਿਸ ਨਾਮ[1] ਬਤਾਯੋ ॥੨੯॥ [1]'ਫੌਜ ਦਾ ਸ਼ਿੰਗਾਰ' ਨਾਮ ਘੋੜੇ ਦਾ।
ਟਹਿਲ ਕਰਾਵਨ ਹੇਤ ਤਬੇਲੇ।
ਬੰਧ੍ਯੋ ਸੇਵਤਿ ਦਾਸ ਸੁਹੇਲੇ।
[†]ਇਕ ਦਿਨ ਸਤਿਗੁਰ ਚਢੇ ਅਖੇਰ। [†]ਇਹ ਸੌ ਸਾਖੀ ਦੀ ੭੩ਵੀਂ ਸਾਖੀ ਹੈ।

ਬਨ ਮਹਿੰ ਬਿਚਰੇ ਜਿਤ ਕਿਤਿ ਹੇਰਿ ॥੩੦॥
ਫਿਰਿ ਕਰਿ ਚਲਿ ਆਏ ਜਿਸ ਕਾਲਾ।
ਦੱਖਣ ਨਗਰ ਉਜੈਨ ਬਿਸਾਲਾ।
ਤਹਿੰ ਤੇ ਕਿਤਿਕ ਸਾਧ ਚਲਿ ਆਏ।
ਸਿਖ ਸੰਗਤਿ ਮਿਲਿ ਕੈ ਸਮੁਦਾਏ ॥੩੧॥
ਦਰਸ਼ਨ ਕਰਨ ਕਾਮਨਾ ਧਾਰੇ।

ਤਿਸ ਹੀ ਛਿਨ ਸਤਿਗੁਰੂ ਨਿਹਾਰੇ।
ਮ੍ਰਿਗ ਖਗ ਮਾਰ ਕਿਤਿਕ ਲੈ ਆਏ।
ਚੱਖੀ[1] ਬਾਜ ਦੇਤਿ ਬਿਗਸਾਏ ॥੩੨॥

[1]ਬਾਜ਼ ਨੂੰ ਸੂਰੇ ਮਾਸ ਦੀ ਥੋੜੀ ਬੋਟੀ ਖਾਣ ਨੂੰ ਦੇਣੀ।

ਸੰਗਤਿ ਮਹਿਂ ਇਕ ਸ਼ਾਹ ਕੁਮਾਰਾ[1]।

[1]ਸੇਠ ਦਾ ਲੜਕਾ।

ਗ੍ਰਿਹਸਤੀ ਹੁਤੋ ਸਹਿਤ ਸੁਤ ਦਾਰਾ।
ਰਹਿਤ ਬੈਸਨੋ ਜਿਸ ਕੀ ਅਹੈ।
ਮਦਰਾ ਮਾਸ ਤਰਕਤੋ ਰਹੈ ॥੩੩॥
ਜਾਤਿ ਬਾਣੀਆ, ਗੁਰ ਜਬਿ ਦੇਖੈ[1]।

[1]ਉਸ ਬਾਣੀਆਂ ਜਾਤੀ ਦੇ ਨੇ ਜਦ ਗੁਰੂ ਜੀ ਨੂੰ (ਇਸ ਹਾਲ) ਵਿਚ ਵੇਖਿਆ।

ਕਲਪਜੋ ਰਿਦੇ ਕ੍ਰਿਆ ਅਵਰੇਖੈਂ[1]।

[1]ਦੇਖਕੇ।

-ਇਹ ਕੈਸੇ ਗੁਰ ਜਿਨ ਹਿਤ ਆਏ ?
ਕੋਸ ਹਜ਼ਾਰਹੁਂ ਮਗ ਉਲੰਘਾਏ ॥੩੪॥
ਕ੍ਰਿਆ ਜਿਨਹੁਂ ਕੀ ਮਹਾਂ ਕੁਢਾਲੀ।
ਹਿੰਸਾ ਕਰਤਿ ਦਯਾ ਉਰ ਖਾਲੀ।
ਪੰਛੀ ਹਤਿ ਕਰਿ ਬਾਜ਼ ਅਚਾਵੈਂ।
ਬਨ ਮਹਿਂ ਬਿਚਰਤਿ ਮ੍ਰਿਗ ਗਨ ਘਾਵੈਂ- ॥੩੫॥
ਮਨ ਮਹਿਂ ਗਿਨਤੀ ਗਨੈ ਅਨੇਕ।
ਸਭਿ ਜਾਨੀ ਗੁਰ ਜਲਧਿ ਬਿਬੇਕ।
ਤਬਿ ਸਭਿ ਮਹਿਂ ਗੁਰ ਬਾਕ ਸੁਨਾਯੋ।
'ਪ੍ਰਿਥਮ ਚੋਰ ਇਨ ਖਗ ਤਨ ਪਾਯੋ ॥੩੬॥
ਤਬਹਿ ਬਾਜ ਰਾਜੇ ਕੀ ਦੇਹਿ[1]।

[1]ਤਦੋਂ ਬਾਜ ਰਾਜੇ ਦੀ ਦੇਹ (ਵਿਚ ਸੀ)।

ਇਕ ਦਿਨ ਤਸਕਰ ਪਕਰਜੋ ਏਹ।
ਦੁਸ਼ਟ ਦਮਨ ਤਬਿ ਨਾਮ ਹਮਾਰਾ।
ਕਰਤਿ ਹੁਤੇ ਤਪ ਬਿਬਿਧ ਪ੍ਰਕਾਰਾ ॥੩੭॥
ਵਸਤੁ ਚੁਰਾਈ ਤੇ ਨਟਿ ਗਯੋ[1]।

[1]ਮੁੱਕਰ ਗਿਆ।

ਰਾਜੇ ਬਹੁ ਬਿਧਿ ਬੂਝਨਿ ਕਯੋ।
ਨਹਿਂ ਮਾਨੀ ਤਬਿ ਸਪਥ[1] ਦਿਵਾਈ।

[1]ਸਹੁੰ।

ਕੂਰੀ ਆਨ[੪] ਹਮਾਰੀ ਖਾਈ ॥੩੮॥
ਹੁਤੋ ਭੂਪ ਸੋ ਸਿੱਖ ਹਮਾਰਾ।

ਨਿਤ ਪ੍ਰਤਿ ਕਰਤੋ ਭਾਉ ਉਦਾਰਾ।
ਸਪਥ ਹਮਾਰੀ ਸੁਨਿ ਕੈ ਰਾਊ।
ਕਰੀ ਪ੍ਰਤੀਤ ਰਾਖਿ ਉਰ ਭਾਊ[†] ॥੩੯॥

[†]ਪਾ:-ਪਰਭਾਊ।

ਲਾਖਹੁਂ ਬਰਸ ਬੀਤ ਕਰਿ ਗਏ।
ਦੋਨਹੁਂ ਜਨਮ ਧਰਤਿ ਅਬਿ ਭਏ।
ਝੂਠੀ ਸਪਥ ਕਰੀ ਕੋ ਪਾਪ।
ਖਗ ਤਨ ਧਰਿ ਕੈ ਭੋਗਯੋ ਪਾਪ ॥੪੦॥

ਯਾਂ ਤੇ ਸਿਖ ਸੰਗਤ! ਸਭਿ ਸੁਨੀਏ।
ਸਾਚੀ ਝੂਠੀ ਸਪਥ ਨ ਭਨੀਏਂ।
ਏ ਖਗ ਭੋਗਤਿ ਨਰਕ ਉਦਾਰ।
ਬਹੁਰੋ ਇਸ ਕੋ ਹੋਤਿ ਉਧਾਰ ॥੪੧॥

ਅਬਿ ਹਮ ਨੇ ਫਲ ਪਾਪ ਭੁਗਾਯੋ।
ਅਪਰ ਕਲੇਸ਼ਨ ਤੇ ਛੁਟਵਾਯੋ।
ਕੂਰੀ ਸਪਥ ਕਰਹਿ ਨਰ ਜੋਇ।
ਜਨਮ ਹਜ਼ਾਰਹੁਂ ਧਰਿ ਕਰਿ ਸੋਇ ॥੪੨॥

ਜਨਮ ਕਰੋਰਹੁਂ ਭੋਗੈ ਨਰਕ।
ਸਦਾ ਕਲੇਸ਼ਨਿ ਮਹਿਂ ਰਹਿ ਗ਼ਰਕ।
ਸਪਥ ਖਾਇ ਸੋ ਸਿੱਖ ਨ ਮੇਰਾ।
ਤਸਕਰ ਹ੍ਵੈ ਲਹਿ ਕਸ਼ਟ ਬਡੇਰਾ[1] ॥੪੩॥

[1]ਜੋ) ਚੋਰ ਬਣੇਗਾ ਤਾਂ ਬੜਾ ਕਸ਼ਟ ਪਾਏਗਾ।

ਦੋਹਰਾ:

ਸਪਥ ਨ ਕਰਿ ਗੁਰ ਸਾਚ ਪਰ[†], ਝੂਠਾ ਟਿਕੈ ਨ ਪਾਇ[1]।

[1]ਸੱਚੀ ਗੱਲ ਪਰ ਬੀ ਗੁਰੂ ਦੀ ਸਹੁਂ ਨਾ ਖਾਹੁ (ਫਿਰ) ਝੂਠ ਪਰ ਸਹੁਂ ਖਾਕੇ ਪੈਰ ਕਿੱਥੇ ਲੱਗਣਗੇ, ਭਾਵ ਤਬਾਹ ਹੋ ਜਾਏਗਾ। [†]ਸੌ ਸਾਖੀ ਦਾ ਪਾਠ ਹੈ:-ਸਹੁਂ ਨ ਕਰੀਏ ਸਾਚ ਪਰ।

ਸਾਚਾ ਜੋਨੀ ਪਰ ਭੁਗੈ, ਕੂਰੇ ਕੈਸਾ ਥਾਇ[1] ॥੪੪॥

[1]ਸੱਚੀ ਸਹੁਂ ਖਾਣ ਵਾਲਾ ਜੋਨੀਆਂ (ਵਿਚ) ਪੈਕੇ (ਦੁੱਖ) ਭੋਗੇਗਾ ਤੇ ਝੂਠੇ ਨੂੰ ਤਾਂ ਕਿਤੇ ਥਾਂ ਹੀ ਨਹੀਂ ਲੱਭਣਾ, ਭਾਵ ਤਬਾਹ ਹੋ ਜਾਸੀ।

ਬਦਲਾ ਦੇਵੈ[1] ਪਾਪ ਕਾ, ਮੰਦਾ ਕਰਹੁ ਨ ਕੋਇ।

[1]ਦੇਣਾ ਪੈਂਦਾ ਹੈ।

ਹੁਇ ਹੈ ਭਾਗੀ ਪਾਪ ਕੋ, ਜੇ ਗੁਰ
ਜਾਮਨ ਹੋਇ ॥੪੫॥
ਕਰਹੁ ਨ ਗੁਰ ਕੀ ਸਪਥ, ਕਬਿ ਕੈਸਹੁੰ
ਬਨਹਿ ਜਰੂਰ।
ਕਬਿ ਸਾਚੀ ਭੀ ਨਹਿਂ ਕਰੋ, ਨਰਕ ਪਰੈ
ਨਰ ਕੂਰ' ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

## ੧੨. [ਹਰਿ ਗੁਪਾਲ ਉਜੈਨੀ, ਧਿਆਨ ਸਿੰਘ ਮਾਜਰੀਆ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਕਹਤਿ ਹੁਤੇ ਗੁਰ ਬਾਰਤਾ, ਤਬਿ ਪ੍ਰਸਾਦਿ ਕੋ ਥਾਰ।
ਸੂਪਕਾਰ ਲ਼ਜਾਯੋ ਤਹਾਂ, ਅਨਿਕ ਪ੍ਰਕਾਰ ਅਹਾਰ ॥੧॥

ਚੌਪਈ:

ਸੁਤ ਬਨੀਏ ਕੋ ਸਿਖ ਤਹਿਂ ਖਰੋ।
ਪਿਖਿ ਤਬਿ ਰਿਦੇ ਮਨੋਰਥ ਕਰੋ।
-ਨਹਿਂ ਗੁਰ ਢਿਗ ਤੇ ਦੇਹਿਂ ਅਹਾਰਾ[1]।
ਆਮਿਖ ਆਦਿਕ ਜਾਂਹਿ ਮਝਾਰਾ- ॥੨॥

[1]ਆਪਣੇ ਪਾਸੋਂ ਭੋਜਨ ਨਾ ਦੇਣ।

ਤਿਹ ਮਨ ਕੀ ਸਤਿਗੁਰੂ ਪਛਾਨੀ।
ਸੂਪਕਾਰ ਕੇ ਸੰਗ ਬਖਾਨੀ।
'ਸੁਧ ਚੌਂਕੇ ਮਹਿਂ ਭੋਜਨ ਜਹਾਂ।
ਇਸ ਸਿਖ ਕੋ ਅਚਵਾਵਹੁ ਤਹਾਂ' ॥੩॥
ਸੁਨਿ ਬਨੀਏਂ ਕੇ ਚਿਤ ਭਈ ਸ਼ਾਂਤੀ।
ਰਿਦੇ ਪ੍ਰਤੀਤ ਆਇ ਭਲਿਭਾਂਤੀ।
ਭੋਜਨ ਅਚਜੋ ਜਾਇ ਕਰਿ ਜਬੈ।
ਬੀਤਜੋ ਦਿਵਸ ਭਈ ਨਿਸ ਤਬੈ ॥੪॥
ਸੁਪਤਿ[1] ਬਿਚਾਰਤਿ ਗਿਨਤੀ ਨਾਨਾ।

[1]ਨੀਂਦਰ ਵਿਚ ਭਾਵ ਉਂਘਲਾਰਿਆ ਤੇ ਸੁਪਨਿਆਂ ਵਿਚ ਵਿਚਾਰਾਂ ਕਰਦਾ ਹੈ। ਸੁਪਨੇ ਦਾ ਧਰਮ ਹੈ ਕਿ ਹੂਬਹੂ ਨਹੀਂ ਆਉਂਦਾ, ਜਿੱਧਰ ਰੁਖ ਪੈ ਜਾਵੇ ਉਸਦੇ ਅਰਥ ਵਿਅਰਥ ਵੱਧ ਘੱਟ ਖਿਆਲ ਦੇਖਦਾ ਹੈ, ਤਿਵੇਂ ਇਸਨੇ ਅਣਹੋਏ ਖਿਆਲ ਦੇਖੇ। ਇਹ ਹਾਲਤ ਕਿਸੇ ਵੇਲੇ ਸੌਂ ਜਾਣ ਤੇ ਸੁਪਨੇ ਦੇਖਣ ਫੇਰ ਜਾਗ ਕੇ ਅਲਸਾਏ ਮਨ ਸੋਚਾਂ ਸੋਚਣ ਫੇਰ ਸੌਂ ਜਾਣ ਦੀ ਹੈ।

ਤਰਕਤਿ ਗੁਰ ਕੀ ਕ੍ਰਿਯਾ ਮਹਾਨਾ।
-ਪ੍ਰਿਥਮ ਪਿਤਾ ਮੇਰੋ ਚਲਿ ਆਯੋ।
ਕਿਸ ਪ੍ਰਕਾਰ ਕੋ ਗੁਰੂ ਬਨਾਯੋ ॥੫॥
ਜੀਵ ਘਾਤ ਆਮਿਖ ਕੋ ਖਾਵੈ।
ਦਯਾ ਆਦਿ ਗੁਨ ਨਹੀਂ ਕਮਾਵੈ।
ਜੈਸੇ ਸ਼ਾਸਤ੍ਰ ਬਿਖੈ ਉਚਾਰੀ।
ਤਜਾਗਨਿ ਮਦ, ਹਿੰਸਾ, ਪਰਨਾਰੀ

॥੬॥
ਜੂਪ ਆਦਿ ਕੇ ਨੇਰ ਨ ਜਾਵੈ।
ਸਾਧ ਧਰਮ ਐਸੇ ਬਨਿ ਆਵੈ।
ਸੋ ਗੁਰ ਬਿਖੈ ਨ ਪੱਯਤਿ ਕੋਈ†।

†ਸ਼ਿਕਾਰ ਵਿਚ ਮਾਰੇ ਪੰਛੀਆਂ ਨੂੰ ਤੱਕ ਕੇ ਬਣੀਆਂ ਇੰਨਾ ਘਬਰਾਇਆ ਕਿ ਨੀਂਦ ਉਂਘਲਾਏ ਦੀਆਂ ਬਿਫਲੀਆਂ ਸੋਚਾਂ ਵਿਚ ਸਰਬ ਗੁਣ ਸੰਪੰਨ ਵਿਚ ਉਸਨੂੰ ਹੁਣ ਗੁਣ ਹੀ ਕੋਈ ਨਹੀਂ ਭਾਸਦਾ। ਜੋ ਅਵਗੁਣ ਉਹ ਵਹਿਮ ਵਿਚ ਚਿਤਵ ਰਿਹਾ ਹੈ ਗੁਰੂ ਜੀ ਨੇ ਆਪ ਵਿਵਰਜਤ ਕੀਤੇ ਹਨ, ਉਨ੍ਹਾਂ ਦੀ ਬਾਣੀ ਸਪਸ਼ਟ ਦੱਸ ਰਹੀ ਹੈ। ਸ਼ਸਤ੍ਰ ਤਾਂ ਦੁਖੀ ਪਰਜਾ ਲਈ ਤੇ ਖੱਸੀ ਹੋ ਗਏ ਦੇਸ਼ ਵਿਚ ਬੀਰ ਰਸ ਭਰਨ ਲਈ ਪਕੜੇ ਸਨ, ਬਾਜ਼ ਨੂੰ ਦਿੱਤੇ ਮਾਸ ਦਾ ਕਾਰਨ ਨਜਾਯ ਤੋਲਣਾ ਆਪ ਸਤਿਗੁਰਾਂ ਨੇ ਦਸਿਆ ਹੈ, ਪਰ ਜਾਤ ਦਾ ਬਣੀਆਂ ਤੇ ਮਾਸ ਤੋਂ ਨਫਰਤ ਹੋਣ ਕਰਕੇ ਬਉਰਾ ਗਿਆ ਹੈ। ਉਸ ਦੀ ਚਿਤਵਨੀ ਉਸ ਦੇ ਬਉਰਾ ਜਾਣ ਕਰਕੇ ਅਟਪਟੀ ਹੈ। ਕਵੀ ਜੀ ਨੇ ਉਸ ਦੀਆਂ ਸੋਚਾਂ ਦਾ ਬੀ ਸੌ ਸਾਖੀ ਵਿਚੋਂ ਤਰਜਮਾਂ ਬੇ ਖਿਆਲੇ ਕਰ ਦਿੱਤਾ ਹੈ।

ਸੰਤ ਕਰਮ ਤੇ ਬ੍ਰਿੱਪੈ ਸੋਈ ॥੭॥
ਦਰਬ ਪੰਚ ਸੈਂ ਮੈਂ ਅਬਿ ਆਨਾ।
ਕਿਮ ਅਰਪੌਂ ਮੈਂ ਜੋਗ ਨ ਜਾਨਾ[1]। [1]ਜੋਗ ਨਹੀਂ ਜਾਣਦਾ ਹਾਂ।
ਰੀਤਿ ਗੁਰੂ ਕੀ ਗੁਰ ਮਹਿਂ ਨਾਂਹੀ।
ਹਿੰਸਾ ਨਿਰਦਯਤਾ ਜਿਨ ਮਾਂਹੀ ॥੮॥
ਗਮਨੌਂ ਹੋਇ ਪ੍ਰਾਪਤਿ ਜਿਸ ਬੇਰੀ।
ਸਿੱਖੀ ਲੇਹੁਂ ਬੈਸ਼ਨੋ ਕੇਰੀ।
ਮਦ ਆਮਿਖ ਕੋ ਬਰਜਨ ਤਹਾਂ।
ਭਲੀ ਬਾਰਤਾ ਪੱਯਤਿ ਜਹਾਂ ॥੯॥
ਦਏ ਰਜਤਪਣ ਸੌ ਮਮ ਬਾਪ।
ਇਨ ਕੋ ਗੁਰ ਕਰਿ ਸਿਖ ਭਾ ਆਪ।
ਦਰਬ ਪੰਚ ਸੈ ਲੈ ਇਹ ਮੋਰ[1]। [1]ਮੈਥੋਂ।
ਇਕ ਹਜ਼ਾਰ ਮੈਂ ਦੇਤੋ ਔਰ ॥੧੦॥
ਕਹਾਂ ਕਰੌਂ ਪਰ ਗੁਰੂ ਨ ਪਾਯੋ।
ਕ੍ਰਿਯਾ ਧਰਮ ਸ਼ੁਭ ਜਾਂਹਿ ਕਮਾਯੋ[1]-। [1]ਕਰਮ ਕਾਂਡ ਜਿਸਨੇ ਚੰਗੀ ਤਰ੍ਹਾਂ ਕਮਾਏ ਹੋਣ ਐਸਾ ਗੁਰੂ ਨਾ ਲੱਭਾ।
ਇੱਤਜਾਦਿਕ ਠਾਨਤਿ ਦੁਚਿਤਾਈ।
ਸਰਬ ਸਰਬਰੀ ਤਬਹਿ ਬਿਤਾਈ ॥੧੧॥
ਭਈ ਪ੍ਰਭਾਤਿ ਗੁਰੂ ਢਿਗ ਗਯੋ।
ਮਸਤਕ ਟੇਕਤਿ ਪਗ ਪਰ ਭਯੋ।
ਬੈਠਜੋ ਸਮੁਖ ਔਰ ਸਮੁਦਾਈ।

ਦ੍ਵੈ ਬੋਤਲ ਪ੍ਰਭੁ ਤਬਿ ਮੰਗਵਾਈ
॥੧੨॥

ਸਿੱਖ ਦੇ ਅਟਪਟੇ ਖਿਆਲਾਂ ਨੂੰ ਹੋਰ ਪ੍ਰੀਖਿਆ ਕਰਨ ਵਾਸਤੇ ਗੁਰੂ ਜੀ ਨੇ ਦੋ ਬੋਤਲਾਂ ਮੰਗਵਾਈਆਂ, ਇਨ੍ਹਾਂ ਵਿਚ ਸ਼ਰਾਬ ਨਹੀਂ ਸੀ, ਪਰ ਬਣੀਏ ਨੂੰ ਭੁਲੇਵਾ ਇਹੋ ਪਿਆ। ਇਸ ਸਾਖੀ ਵਿਚ ਲਫਜ਼ ਬੋਤਲ ਦੱਸਦਾ ਹੈ ਕਿ ਇਸ ਵਿਚ ਹਸਤਾਖੇਪ ਬਹੁਤ ਹੋਏ ਹਨ, ਕਿਉਂਕਿ ਪਦ 'ਬੋਤਲ' ਅੰਗ੍ਰੇਜ਼ੀ ਲਫਜ਼ 'ਬਾਟਲ (ਭ੍ਰੂ ਲੀ) ਤੋਂ ਵਿਗੜਕੇ ਬਣਿਆ ਹੈ। ਗੁਰੂ ਜੀ ਦੇ ਸਮੇਂ ਬੋਤਲ ਲਫਜ਼ ਆਮ ਪ੍ਰਵਿਰਤ ਨਹੀਂ ਸੀ ਹੋਇਆ, ਤਦੋਂ ਸ਼ਰਾਬ ਪਾਉਣ ਦਾ ਬਾਸਨ 'ਸੁਰਾਹੀ' ਹੁੰਦਾ ਸੀ, ਜੈਸੇ ਦਸਮ ਗੁਰੂ ਜੀ ਨੇ ਆਪ ਇਹੋ ਲਫਜ਼ ਵਰਤਕੇ ਦਸਿਆ ਹੈ ਯਥਾ:-'ਸੂਲ ਸੁਰਾਹੀ ਖੰਜਰ ਪਿਆਲਾ'। ਇਸ ਪਦ 'ਬੋਤਲ' ਦੀ ਵਰਤੋਂ ਤੋਂ ਜਾਪਦਾ ਹੈ ਕਿ ਇਹ ਆਖੇਪਾਂ ਵਾਲੀ ਸੌ ਸਾਖੀ ਉਸ ਸਮੇਂ ਦੀ ਹੈ ਜਦੋਂ ਕਿ ਲਫਜ਼ ਬੋਤਲ ਪੰਜਾਬ ਵਿਚ ਆਮ ਹੋ ਗਿਆ ਸੀ, ਜੋ ਸਮਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਨੇੜੇ ਜਾ ਢੁਕਦਾ ਹੈ। ਸਾਡੇ ਪਾਸ ਇਕ ੧੮੧੭ ਈ: ਦੀ ਛਪੀ 'ਹਿੰਦੁਸਤਾਨੀ' ਬੋਲੀ ਦੀ ਡਿਕਸ਼ਨਰੀ ਹੈ, ਜਿਸ ਵਿਚ ਅੰਗ੍ਰੇਜ਼ੀ ਦਾ ਲਫਜ਼ ਪਲੈਟੂਨ (ਯਾ ਬਟੈਲੀਅਨ) ਜੋ ਹਿੰਦੁਸਤਾਨ ਵਿਚ ਪਲਟਨ ਦਾ ਰੂਪ ਲੈਕੇ ਪ੍ਰਵਿਰਤ ਹੋ ਚੁਕਾ ਸੀ ਆਇਆ ਹੈ ਪਰ ਬੋਤਲ ਲਫਜ਼ ਨਹੀਂ ਆਇਆ ਜਿਸ ਤੋਂ ਪਤਾ ਲਗਾ ਕਿ ਬੋਤਲ ਲਫਜ਼ ਤਦੋਂ (੧੮੧੭ ਈ:) ਤਕ ਪਰਵਿਰਤ ਨਹੀਂ ਸੀ। ਕੁਛ ਸਮੇਂ ਬਾਦ ਇਹੋ ਡਿਕਸ਼ਨਰੀ ਦੂਣੇ ਤੋਂ ਵੱਡੀ ਕਰਕੇ ਛਾਪੀ ਗਈ, ਉਸ ਵਿਚ ਬੀ ਪਦ ਬੋਤਲ ਨਹੀਂ ਆਇਆ। ਇਸ ਕੋਸ਼ ਦੇ ਅੰਤ ਪਰ ਇਕ ਇੰਡੈਕਸ ਅੰਗ੍ਰੇਜ਼ੀ ਤੋਂ ਹਿੰਦੁਸਤਾਨੀ ਪਦਾਂ ਦੇ ਅਰਥਾਂ ਦਾ ਦਿਤਾ ਗਿਆ ਹੈ, ਇਸ ਇੰਡੈਕਸ ਵਿਚ ਅੰਗ੍ਰੇਜ਼ੀ ਲਫਜ਼ 'ਬਾਟਲ' ਤਾਂ ਹੈ ਪਰ ਅਰਥਾਂ ਵਿਚ 'ਬੋਤਲ' ਨਹੀਂ ਦਿਤਾ ਗਿਆ, ਹਾਲਾਂ ਕਿ ਇਸੇ ਤਤਕਰੇ ਵਿਚ ਅੰਗ੍ਰੇਜ਼ੀ ਪਦ ਬਟੈਲੀਅਨ ਤੇ ਪਲੈਟੂਨ ਦੇ ਅਰਥਾਂ ਵਿਚ ਪਦ 'ਪਲਟਨ' ਦਿੱਤਾ ਹੈ। ਪਤਾ ਲੱਗਾ ਕਿ ਤਦੋਂ ਅੰਗ੍ਰੇਜ਼ੀ ਤੋਂ ਵਿਗੜਕੇ ਬਣਿਆ 'ਪਲਟਨ' ਲਫਜ਼ ਤਾਂ ਆਮ ਪ੍ਰਵਿਰਤ ਸੀ, ਕਿਉਂਕਿ ਕੋਸ਼ਕਾਰ ਨੇ ਉਸ ਨੂੰ ਹਿੰਦੁਸਤਾਨੀ ਪਦ ਦੀ ਤਰ੍ਹਾਂ ਅਰਥਾਂ ਵਿਚ ਵਰਤਿਆ ਹੈ, ਪਰ 'ਬੋਤਲ' ਪਦ ਪ੍ਰਵਿਰਤ ਨਹੀਂ ਸੀ ਕਿਉਂਕਿ ਕੋਸ਼ਕਾਰ ਨੇ ਉਸ ਨੂੰ ਹਿੰਦੁਸਤਾਨੀ ਪਦ ਦੀ ਥਾਵੇਂ ਨਹੀਂ ਵਰਤਿਆ। ਸੋ ਸਹੀ ਹੋਇਆ ਕਿ ਸੰਨ ੧੮੧੭ ਈ: ਅਰਥਾਤ ੧੮੭੪ ਬਿ: ਵਿਚ ਤੇ ਢੇਰ ਮਗਰੋਂ ਤੱਕ ਪਦ ਬੋਤਲ ਹਿੰਦ ਵਿਚ ਬੀ ਆਮ ਪ੍ਰਵਿਰਤ ਨਹੀਂ ਸੀ, ਪੰਜਾਬ ਤਾਂ ਕਿਤੇ ਰਿਹਾ। ਤੇ ਜੋ ਲੇਖਕ ਇਸ ਨੂੰ ਵਰਤਦਾ ਹੈ ਓਹ ਸੰਮਤ ੧੭੮੧ ਯਾ ੧੭੯੧ ਵਿਚ ਨਹੀਂ ਹੋਇਆ ਪਰ ੧੮੭੪ ਬਿ: ਤੋਂ ਢੇਰ ਮਗਰੋਂ ਹੋਇਆ ਹੈ, ਜਦੋਂ ਇਹ ਲਫਜ਼ ਪ੍ਰਵਿਰਤ ਹੋ ਚੁੱਕਾ ਸੀ। ਇਸ ਤੋਂ ਇਹ ਸਾਖੀ ਤੇ ਪੋਥੀ ਵਿਚ ਆਖੇਪਕਾਰ ਦੇ ਹਸਤਾਖੇਪ ਹੋਣ ਦਾ ਵੀ ਪੂਰਾ ਪਤਾ ਲੱਗ ਗਿਆ।

ਸ੍ਰੀ ਮੁਖ ਤੇ ਇਮ ਬਾਕ ਅਲਾਯੋ।
ਹਰਿਗੁਪਾਲ ਕੋ ਭਲੇ ਸੁਨਾਯੋ।
'ਸਭਿ ਸਿਖਹੁ! ਸੁਨੀਅਹਿ ਚਿਤ
ਲਾਈ।
ਮਨ ਤੇ ਸ੍ਵਾਦ ਜਿਤਿਕ ਸਮੁਦਾਈ[1]'
॥੧੩॥

[1]ਸਾਰੇ ਸੁਆਦ ਮਨ ਦੇ ਜਿੰਨੇ ਕੁ ਹਨ।

ਥਿਰੇ ਨਿਕਟ ਸੁਨਿ ਬੋਲੇ ਸੋਈ[1]।
'ਸ੍ਵਾਦ ਸਕਲ ਜਿਹਵਾ ਕੇ ਹੋਈ।'
'ਸ੍ਵਾਦ ਕਰਮ ਕੇ' ਕੇਚਿਤ ਕਹੈਂ[1]।
ਕੇਚਿਤ ਕਹੈਂ 'ਜੀਵ ਕੇ ਅਹੈਂ' ॥੧੪॥

[1]ਜੋ (ਸਿਖ) ਕੋਲ ਖੜੇ (ਸਨ ਓਹ) ਬੋਲੇ।

[1]ਕਈ ਕਹਿੰਦੇ ਹਨ ਸਵਾਦ ਕਰਮ ਦੇ ਹਨ।

ਭਾਖੈ ਕੋ 'ਸੁਭਾਵ ਕੋ ਹੋਇ।'
ਕੋ ਕਹਿ 'ਧਰਮ ਦੇਹਿ[1] ਕੋ ਜੋਇ।'
ਹਰਿਗੁਪਾਲ ਬਨੀਆਂ ਸਿਖ ਕਹੈ।
'ਸ੍ਵਾਦ ਸਿਦਕ ਜੀਵਹਿ ਕੋ ਅਹੈ[1]' ॥੧੫॥
ਤਿਸ ਤੇ ਸੁਨਿ ਗੁਰ ਕਹਿਂ ਤਿਸ ਬੇਰਾ।
'ਪਿਤਾ ਬਿਸ੍ਵੰਭਰ ਦਾਸ ਸੁ ਤੇਰਾ।
ਸੁਨਿ ਸਿੱਖਾ! ਸਿਖ ਸਿਦਕੀ ਸੋਇ।
ਕਹੁ ਤਿਸ ਸੰਗ ਮਿਲਿਨਿ ਜਬਿ ਹੋਇ[1] ॥੧੬॥

ਦੋਹਰਾ:
-ਸ਼੍ਰੀ ਗੁਰ ਹੁਕਮ ਜੁ ਭਾਵ ਕਾ[1],
ਦਯੋ ਸੁ ਤੇਰੇ ਪਾਸ।
ਤਿਸ ਕੋ ਲੀਨੋ ਹਮ ਅਬੈ,
ਕਰਹੁ ਨ ਕੈਸੇ ਆਸ-' ॥੧੭॥

ਚੌਪਈ:
ਹਰਿਗੁਪਾਲ ਸੁਨਿ ਕਾਨ ਬਖਾਨਾ।
'ਪ੍ਰਭੁ ਜੀ! ਮੈਂ ਕੁਛ ਸਮਝ ਨ ਜਾਨਾ।
ਮੈਂ ਭੀ ਸਿਖ ਹੌਂ ਰਾਵਰ ਕੇਰਾ।
ਸਮੁਝਾਵਨਿ ਕੀਜੈ ਪੁਨ ਫੇਰਾ' ॥੧੮॥
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ।
ਤਰਕ ਕਰਤਿ ਬੋਲੇ ਸਮੁਝਾਏ।
'ਹਮਰੀ ਸਿੱਖੀ ਤੈਂ ਕਬਿ ਪਾਈ?
ਦਾਸ ਬੈਸ਼ਨੋ ਕਾ ਤੁਮ ਭਾਈ[1]! ॥੧੯॥
ਕ੍ਰਿਯਾਵਾਨ[1] ਕੋ ਖੋਜਨਿ ਕਰੀਏ।
ਤਿਸ ਉਪਦੇਸ਼ ਰਿਦੇ ਨਿਜ ਧਰੀਏ।
ਜੋ ਹਮ ਨੇ ਅਬਿ ਦੀਨ ਸੁਨੇਹਾ।
ਸਮਝਿ ਤੇਰੋ ਪਿਤ ਹ੍ਵੈ ਜੇਹਾ[1]' ॥੨੦॥
ਹਰਿਗੁਪਾਲ ਬਨੀਆ ਤਤਕਾਲਾ।
ਪਦ ਅਰਬਿੰਦਨਿ ਪਰ ਧਰਿ ਭਾਲਾ।
'ਸ਼੍ਰੀ ਸਤਿਗੁਰ ਸਾਚੇ ਪਤਿਸ਼ਾਹੁ।

[1]ਦੇਹੀ ਦਾ ਧਰਮ ਹੈਨ।
[1]ਜੀਵ ਨੂੰ ਤਾਂ ਸਿਦਕ ਦਾ ਸੁਆਦ ਹੈ।
[1]ਤਿਸ ਨੂੰ ਜਦੋਂ ਮਿਲੇਂਗਾ ਇਉਂ ਕਹੀਂ।
[1]ਪ੍ਰੇਮ ਦਾ ਵਾਕ (ਸ਼ਰਧਾ ਭਾਵ)।
[1]ਹੇ ਭਾਈ ਤੂੰ ਤਾਂ ਬੈਸ਼ਨੋਂ ਦਾ ਦਾਸ ਹੈਂ।
[1]ਕਰਮ ਕਾਂਡੀ।
[1]ਜੈਸਾ (ਇਹ ਸੁਨੇਹਾ) ਹੈ ਤੇਰਾ ਪਿਤਾ ਸਮਝੇਗਾ।

ਰਖਹੁ ਰਖਹੁ ਨਿਜ ਚਰਨਨਿ ਮਾਹੂ ॥੨੧॥
ਨਹਿਂ ਛੋਰਹੁ ਮੂਰਖ ਮਨ ਮੇਰਾ।
ਮਹਿੰਮਾ ਮੈ ਨ ਲਖੀ ਤਿਸ ਬੇਰਾ।'
ਪੀਠ ਠੋਕਿ ਕਰਿ ਸਤਿਗੁਰ ਕਹੇ।
'ਹਮਰੇ ਹਰਖ ਦ੍ਵੈਖ ਨਹਿਂ ਰਹੇ ॥੨੨॥
ਅਬਿ ਤੂੰ ਬਖਸ਼ੇ ਉਠ ਪਗ ਛੋਰਿ।'
ਸੁਨਿ ਬੈਠੇ ਲਖਿ ਅਪਨੋ ਖੋਰ[1]।
ਪੁਨ ਅਨੰਦਪੁਰਿ ਬਸੇ ਮਹੀਨਾ।
ਦਰਸ਼ਨ ਕਰਤਿ ਰਹੇ ਸੁਖ ਲੀਨਾ ॥੨੩॥
ਚਲਨ ਲਗੇ ਪ੍ਰਸਾਦਿ ਗੁਰ ਦਯੋ।
'ਆਪ ਖਾਉ ਘਰ ਦਿਹੁ ਜੋ ਲਹੇ।'
ਬਖਸ਼ੇ ਸਰਬਲੋਹ ਕੋ ਕੜਾ।
ਤੋਲੇ ਚਾਰ ਤੋਲ ਕੋ ਘੜਾ ॥੨੪॥
'ਰਿਦੇ ਕਾਮਨਾ ਜਬਿ ਕਬਿ ਹੋਇ।
ਇਸ ਕੋ ਪੂਜਹੁ ਪੁਰਵਹਿ ਸੋਇ।
ਲੈ ਬਖਸ਼ਿਸ਼ ਕੋ ਸੀਸ ਨਿਵਾਇ।
ਦਰਬ ਪੰਜ ਸੈ ਦਯੋ ਚੜ੍ਹਾਇ ॥੨੫॥
†ਰੁਖ਼ਸਦ ਹੁਇ ਗੁਰ ਤੇ ਚਲਿ ਪਰਿਯੋ।
ਮਾਰਗ ਮੈਂ ਬਿਚਾਰ ਚਿਤ ਕਰਿਯੋ।
-ਖਟ ਸੈ ਧਨ ਗੁਰ ਕੌ ਹਮ ਦਯੋ।
ਬਖਸ਼ਿਸ਼ ਲੋਹ ਕੜਾ ਹਮ ਲਯੋ ॥੨੬॥
ਭਾਇ ਲੈਨ[1] ਕੋ ਕਹੇ ਸਨੇਹਾ-।
ਗਮਨਤਿ ਬਨੀਆ ਸੋਚਤਿ ਏਹਾ।
ਪਹੁੰਚੇ ਜਹਾਂ ਗ੍ਰਾਮ ਚਮਕੌਰ।
ਚਲੇ ਜਾਤ ਆਗੇ ਤਿਸ ਠੌਰ ॥੨੭॥
ਧਜਾਨ ਸਿੰਘ ਮਾਜਰੀਆ[1] ਰਾਹੀ।

[1]ਖੋਟ।

†ਇਥੋਂ ਸੌ ਸਾਖੀ ਦੀ ੭੪ਵੀਂ ਸਾਖੀ ਆਰੰਭ ਹੁੰਦੀ ਹੈ।

[1]ਸੌ ਸਾਖੀ ਮੂਜਬ ਇਸ ਦਾ ਅਰਥ ਚਾਹੀਏ 'ਪ੍ਰੇਮ ਦਾ ਬਚਨ' ਯਥਾ:-'ਗੁਰੂ ਜੀ ਬਖਸ਼ੀਸ਼ ਦੀਆ ਕੜਾ, ਅਤੇ ਬਚਨ ਭਾਇ ਕਾ।'

[1]ਮਾਜਰੀ ਪਿੰਡ ਦਾ।

ਮਿਲ੍ਯੋ ਬਿਲੋਕਤਿ ਬੂਝਤਿ ਤਾਂਹੀ।
'ਕਿਤ ਤੇ ਆਯੋ' ਸਿੱਖਾ ਕੌਨ!
ਕਿਤ ਕੋ ਜਾਤ, ਕੌਨ ਪੁਰਿ ਭੌਨ?
॥੨੮॥
ਸਮੈਂ ਅਹਾਰ ਕਰਨ ਕੋ ਜਾਨਿ।
ਅਹੈ ਤਯਾਰ ਕਰਿ ਲੀਜੈ ਖਾਨ।
ਪੁਨ ਜਿਤ ਬਾਂਛਹੁ ਤਹਾਂ ਪਯਾਨਹੁ।
ਅਪਨ ਬਾਰਤਾ ਸਕਲ ਬਖਾਨਹੁ'
॥੨੯॥
ਹਰਿਗੁਪਾਲ ਸੁਨਿ ਬਾਕ ਅਲਾਯੋ।
'ਗੁਰ ਕੋ ਸਿਖ ਦਰਸ ਹਿਤ ਆਯੋ।
ਦੱਖਣ ਮਹਿਂ ਉਜੈਨ ਪੁਰਿ ਬਾਸੀ।
ਇਤੀ ਦੂਰ ਤੇ ਆਯੋ ਪਾਸੀ[1] ॥੩੦॥
ਕਰਿ ਦਰਸ਼ਨ ਮੈਂ ਦਈ ਅਕੋਰ।
ਬੰਦੇ ਗੁਰੁ ਚਰਨ ਕਰ ਜੋਰਿ।
ਤਊ ਨ ਖੁਸ਼ੀ ਭਯੋ ਮਨ ਮੇਰੋ।
ਕ੍ਰਿਯਾ ਬਿਖੇ ਗੁਰ ਆਛ ਨ ਹੇਰੋ
॥੩੧॥
ਰੁਖਸਦ ਬਿਖੈ[1] ਨਹੀਂ ਕੁਛ ਦਯੋ।'
ਸੁਨਤਿ ਧਯਾਨ ਸਿੰਘ ਬੂਝਤਿ ਭਯੋ।
'ਕਹਹੁ ਕਹਾਂ ਬਚ ਕਹ੍ਯੋ ਗੁਸਾਈਂ[1]।
ਤੁਮ ਕੋ ਦਯੋ[1] ਸੁ ਦੇਹੁ ਬਤਾਈ'
॥੩੨॥
ਹਰਿ ਗੁਪਾਲ ਤਬਿ ਕਹ੍ਯੋ ਪ੍ਰਸੰਗ।
ਧਯਾਨ ਸਿੰਘ ਗੁਰ ਸਿਖ ਕੇ ਸੰਗ।
'ਪ੍ਰਥਮ ਬਾਪ ਮੇਰੋ ਸਿਖ ਹੋਯੋ।
ਸੌ ਧਨ ਦੇ ਕਰਿ ਦਰਸ਼ਨ ਜੋਯੋ
॥੩੩॥
ਦਯੋਂ ਪੰਚ ਸੈ ਮੈਂ ਅਬਿ ਆਨਿ।
ਰਹ੍ਯੋ ਮਾਸ ਲਗ ਦਰਸ਼ਨ ਠਾਨਿ।
ਮੋਰ ਪਿਤਾ ਨੇ ਦੇ ਉਪਦੇਸ਼।

[1]ਗੁਰੂ ਜੀ) ਪਾਸ।

[1]ਵਿਦਾ ਕਰਨ ਵੇਲੇ।

[1]ਦੱਸ ਖਾਂ ਕੀਹ ਬਚਨ ਤੈਨੂੰ ਗੁਰੂ ਜੀ ਨੇ ਕਿਹਾ ਹੈ।

[1]ਜੋ ਵਸਤ ਤੈਨੂੰ ਦਿੱਤੀ ਹੈ।

ਇਤੀ ਦੂਰ ਭੇਜਯੋ ਪਰਦੇਸ਼ ॥੩੪॥
ਖਟ ਸੈ ਦਰਬ ਗੁਰੂ ਨੇ ਲੀਨ।
ਬਚਨ ਭਾਉ ਕਾ ਇਕ ਅਬਿ ਦੀਨ।
ਗਿਨਤਿ ਗਟੀ ਇੱਤਯਾਦਿ ਬਤਾਵਤਿ।
ਚਲ੍ਯੋ ਜਾਤ ਘਰ ਕੋ ਪਛੁਤਾਵਤਿ' ॥੩੫॥
ਸੁਨਿ ਕੈ ਧ੍ਯਾਨ ਸਿੰਘ ਉਰ ਜਾਨਾ।
-ਗੁਰੂ ਸ਼ਰਧਾ ਤੇ ਹੀਨ ਮਹਾਨਾ-।
'ਸੁਨਿ ਸਿੱਖਾ! ਤੂੰ ਹੈਂ ਮਮ ਭਾਈ।
ਘਰ ਕੋ ਚਲਿ ਅਹਾਰ ਲਿਹੁ ਖਾਈ ॥੩੬॥
ਮਤ ਪਛੁਤਾਵ ਕਰਹੁ ਮਨ ਮਾਂਹੀ।'
ਇਮ ਕਹਿ ਲੇ ਗਮਨ੍ਯੋ ਸੰਗ ਤਾਂਹੀ।
ਆਛੀ ਥਾਂਇ ਬਿਠਾਇਸ ਜਬੈ।
ਸਿੱਖ ਸਿੱਖਣੀ ਦੋਨਹੁਂ ਤਬੈ ॥੩੭॥
ਸੇਵਾ ਕਰੀ ਅਹਾਰ ਅਚਾਯੋ।
ਕਹਿ ਕਰਿ ਅਪਨੇ ਘਰ ਠਹਿਰਾਯੋ।
ਸੁਪਤ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਾਤ ਚਲਿਬੋ ਚਿਤ ਭਾਈ ॥੩੮॥
ਧ੍ਯਾਨ ਸਿੰਘ ਭਾਖ੍ਯੋ ਤਿਸ ਬੇਰੀ।
'ਸੁਨਿ ਸਿੱਖਾ! ਜੇ ਮਰਜ਼ੀ ਤੇਰੀ।
ਗੁਰ ਕੋ ਬਚਨ ਹਮੈ ਦੇ ਜਾਇ।
ਖਟ ਸੈ ਧਨ ਅਪਨੋ ਲਿਹੁ ਪਾਇ ॥੩੯॥

ਦੋਹਰਾ:
-[1]ਸਿੱਖ ਸਿੱਖ ਕਾ ਸਤ ਵਣਜ,
ਸਿੱਖ ਸਿੱਖ ਕਾ ਭਾਉ[1]।
ਦਗਾ ਸਿੱਖ ਮਮ ਨਾ ਕਰੈ,
ਪਾਨੀ ਅੰਨ ਭੁਗਾਉ[1]- ॥੪੦॥
ਜੇ ਪ੍ਰਤੀਤ ਗੁਰਵਾਕ ਪਰ,

[1]ਇਹ ਗੁਰੂ ਵਚਨ ਕਰਕੇ ਦੱਸਿਆ ਗਿਆ ਹੈ।

[1]ਸਿੱਖ ਦਾ ਸਿੱਖ ਦੇ ਨਾਲ ਵਣਜ ਸੱਚ ਦਾ ਹੋਵੇ ਅਤੇ ਸਿੱਖ ਨੂੰ ਸਿਖ ਨਾਲ ਪ੍ਰੇਮ ਕਰਨਾ ਚਾਹੀਏ।

[1]ਅੰਨ ਪਾਣੀ ਭਾਵ ਭੋਜਨ ਛਕਾਵੇ।

ਤੌ ਤੂੰ ਘਰ ਲੇ ਜਾਇ[1]। — [1]ਜੇ ਤਾਂ ਪ੍ਰੀਤ ਹੈ ਤੈਨੂੰ ਤਾਂ (ਗੁਰੂ ਕਾ ਵਚਨ ਅਪਨੇ) ਘਰ ਲੈ ਜਾਹ।

ਜੇ ਭੁੱਖਾ ਤੂੰ ਦਾਮ ਕਾ, ਲੀਜੈ ਅਪਨੋ ਪਾਇ[1]' ॥੪੧॥ — [1]ਅਪਣਾ (ਧਨ) ਲੈ ਲਓ।

ਚੌਪਈ:

ਬਨੀਆ ਸਿੱਖ ਬੋਲਜੋ ਹਰਖਾਵਤਿ।
'ਧਨ ਕੀ ਮਨ ਪ੍ਰਤੀਤ ਮੁਹਿ ਭਾਵਤਿ।
ਬਚਨ ਗੁਰੂ ਕੇ ਭਾਵਤਿ ਨਾਂਹੀ।
ਦੇਹੁ ਦਰਬ ਲੀਜਹਿ ਨਿਜ ਪਾਹੀ[1]' ॥੪੨॥ — [1]ਬਚਨ ਗੁਰਾਂ ਦਾ ਤੂੰ ਆਪਣੇ ਪਾਸ ਲੈ ਲੈ।

ਸੁਨਿ ਕੈ ਧਜਾਨ ਸਿੰਘ ਲਲਚਾਯੋ।
ਜਹਿਂ ਕਹਿਂ ਤੇ ਧਨ ਜਯੋਂ ਕਯੋਂ ਲਜਾਯੋ।
ਸਦਨ ਬਿਭੂਖਨ ਤਰਨੀ ਬਾਲਾ[1]। — [1]ਆਪਣੀ ਇਸਤ੍ਰੀ ਤੇ ਬੱਚੀ ਦੇ ਗਹਿਣੇ।
ਗਿਰਵੀ ਸਗਰੇ ਧਰਿ ਤਤਕਾਲਾ[1] ॥੪੩॥ — [1]ਸਾਰੇ ਉਸੇ ਵੇਲੇ ਗਿਰੌ ਰੱਖਕੇ।

ਆਨਜੋਂ ਖਟ ਸੈ ਦਰਬ ਬਟੋਰਿ।
ਹਰਿਗੁਪਾਲ ਕੋ ਦੇ ਕਰ ਜੋਰਿ[1]। — [1]ਹੱਥ ਜੋੜ ਕੇ ਦੇ ਦਿੱਤੇ।
ਪੰਚ ਰਜਤਪਣ ਦਏ ਸਵਾਇ[1]। — [1]ਵੱਧ।
'ਧਨ ਕੋ ਬਜਾਜ ਲੇਹੁ ਸੁਖ ਪਾਇ' ॥੪੪॥

ਬਨੀਏਂ ਲੇ ਧਨ ਮਨ ਹਰਿਖਾਯੋ।
ਨਹਿਂ ਜਾਨਤਿ ਜੜ[1] ਸਕਲ ਗਵਾਯੋ। — [1]ਮੂਰਖ।
-ਧਜਾਨ ਸਿੰਘ ਹਾਰਜੋ- ਉਰ ਜਾਨੈ[1]। — [1]ਬਣੀਆਂ ਧਿਆਨ ਸਿੰਘ ਨੂੰ ਹਾਰਿਆ ਜਾਣਦਾ ਹੈ।
ਅਪਨ ਆਪ ਕੋ ਚਤੁਰ ਪਛਾਨੈ[1] ॥੪੫॥ — [1]ਆਪਣੇ ਆਪ ਨੂੰ ਚਤਰ ਪਛਾਣਕੇ (ਦਿਹ ਦਿਲ ਵਿੱਚ ਕਹਿੰਦਾ ਹੈ:-)।

-ਕਹਾਂ ਬਚਨ ਮੂਰਖ ਨੇ ਲਯੋ[1]। — [1]ਮੂਰਖ (ਧਿਆਨ ਸਿੰਘ) ਨੇ ਬਚਨ (ਖਰੀਦ ਕੇ) ਕੀਹ ਲੀਤਾ ਹੈ।
ਸਭਿ ਕਿਛ ਬੇਚਿ ਦਰਬ ਮੁਹਿ ਦਯੋ[1]। — [1]ਘਰ ਦਾ) ਸਭ ਕੁਛ ਵੇਚਕੇ ਧਨ ਸਾਰਾ ਮੈਨੂੰ ਦੇ ਦਿੱਤਾ ਹੈ।
ਗਯੋ ਹੁਤੋ ਜਯੋਂ ਪੂਰਬ ਮੇਰੋ[1]। — [1]ਜਿਵੇਂ ਮੇਰਾ ਪਹਿਲੋਂ ਗਵਾਚਿਆ ਹੋਇਆ ਸੀ (ਧਨ)।
ਇਸ ਨੇ ਸਭਿ ਕਿਛ ਕੀਨ ਨਿਬੇਰੋ[1] ॥੪੬॥ — [1]ਤਿਵੇਂ ਇਸ ਨੇ (ਆਪਣਾ) ਸਭ ਕੁਛ ਨਿਬੇੜਾ ਕਰ ਲਿਆ ਹੈ।

ਅਬਿ ਮੈਂ ਜੀਤਿ ਲਈ ਸਭਿ ਬਾਜ਼ੀ-।
ਇਕ ਨਿਸ ਬਸਜੋ ਔਰ ਹ੍ਵੈ ਰਾਜ਼ੀ[1]।
ਭਈ ਪ੍ਰਾਤਿ ਤੇ ਪੰਥ ਪਧਾਰਾ।
ਜਾਨਤਿ ਧਜਾਨ ਸਿੰਘ ਕੋ ਹਾਰਾ
॥੪੭॥

[1]ਇਕ ਰਾਤ ਰਾਜ਼ੀ ਹੋਕੇ ਹੋਰ ਰਿਹਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

## ੧੩. [ਬਿਸ਼ੰਭਰ ਦਾਸ ਉਜੈਨੀ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

†ਪੰਥ ਚਲ੍ਯੋ ਤਬਿ ਬਾਨੀਆ, ਹਰਿਗੁਪਾਲ ਜਿਸ ਨਾਇ।

†ਇਹ ਸੌ ਸਾਖੀ ਦੀ ੭੫ਵੀਂ ਸਾਖੀ ਹੈ।

ਗੁਰ ਤੇ ਲਯੋ ਕਰਾਹੁ ਕੁਛ, ਬੰਧਿ ਗਾਂਠ ਮਹਿਂ ਜਾਇ ॥੧॥
ਇਕ ਦਿਨ ਖੋਲ੍ਯੋ ਦੇਖਿ ਕੈ, ਜੋ ਕਰਾਹੁ ਸੋ ਮਾਸ[1]।

[1]ਕੜਾਹ ਮਾਸ (ਨਜ਼ਰ ਆਇਆ)।

ਦੇਖਤਿ ਹੀ ਲੱਜਾ ਕਰੀ, ਧਰੀ ਬੰਧਿ ਗਠਤਾਸ[1] ॥੨॥

[1]ਗੰਢ ਬੰਨ੍ਹਕੇ ਤਿਸਦੀ (ਆਪਣੇ ਪਾਸ) ਰੱਖੀ।

ਪਿਤਾ ਆਪਣੇ ਪਰ ਖਿਝ੍ਯੋ, -ਭਲੋ ਬਤਾਯੋ ਦੇਵ।
ਮਾਸ ਖਾਇ ਬਿਨਸੈ ਧਰਮ, ਕਸ੍ਯਾ ਕੀਨਾ ਸਤ† ਸੇਵ[1]- ॥੩॥

[1]ਕੀਹ ਸਤ ਦੀ ਸੇਵਾ ਕੀਤੀ (ਪਿਤਾ ਨੇ)। (ਅ) ਕਿਹੋ ਜਿਹੇ ਸਤ ਪੁਰਖ ਨੂੰ ਸੇਵਿਆ ਹੈ (ਪਿਤਾ ਨੇ?)।

†ਪਾ:-ਤਿਹ।

ਚੌਪਈ:

ਨਿਜ ਪੁਰਿ ਕੇ ਮਗ ਗਮਨ੍ਯੋਂ ਗਯੋ।
ਏਕ ਨਗਰ ਬਡ ਆਵਿਤ ਭਯੋ।
ਤਹਾਂ ਦੇਖਿ ਕੀਨਸਿ ਬਿਉਹਾਰ।
ਮੁਕਤਾ ਪੰਨਾ ਪਰਖਿ ਉਦਾਰ ॥੪॥
ਕਰਿ ਖਰੀਦ ਪੁਨ ਆਗੇ ਚਾਲਾ।
ਪੁਨ ਪੁਰਿ ਪਾਲੀ† ਆਇ ਬਿਸਾਲਾ।

†ਪਾਲੀ ਇਕ ਨਗਰ ਹੈ ਜੋਧਪੁਰ ਤੋਂ ਅੱਗੇ ਤੇ ਉਜੈਨ ਤੋਂ ਦੋ ਢਾਈ ਸੌ ਮੀਲ ਉਰੇ ਹੈ।

ਤਿਸ ਮਹਿਂ ਬੇਚ ਦਿਯੇ ਸੋ ਰਤਨ।
ਪਾਯੋ ਲਾਭ ਮਹਾਂ ਕਰਿ ਜਤਨ ॥੫॥
ਜਮਾ ਕੀਨ ਧਨ ਤੀਨ ਹਜ਼ਾਰਾ।
ਨਿਜ ਘਰਿ ਪਹੁੰਚ੍ਯੋ ਕਰਿ ਬਿਉਹਾਰਾ।
ਪਿਤ ਸਿਉਂ ਮਿਲ੍ਯੋ ਜਾਇ ਸੁਖ ਪਾਯੋ।
'ਦਰਸ੍ਯੋ ਮੈਂ ਸਤਿਗੁਰੂ' ਬਤਾਯੋ ॥੬॥
ਸਰਬ ਦਰਬ ਕਰ ਗਰਬ ਦਿਖਾਯੋ[1]।

[1]ਸਾਰਾ ਧਨ ਹੰਕਾਰ ਕਰਕੇ ਵਿਖਾਇਆ (ਪਿਤਾ ਨੂੰ)।

'ਕਰ੍ਯੋ ਬਣਜ ਮੈਂ ਮਗ ਮਹਿਂ ਲਜਾਯੋ।'
ਨਿਜ ਸੁਤ ਪਿਖ੍ਯੋ† ਬਿਸ਼ੰਭਰ ਦਾਸ।

†ਪਾ:-ਲਖ੍ਯੋ।

ਬੂਝ੍ਯੋ ਸਭਿ ਬ੍ਰਿਤੰਤ ਤਿਸ ਪਾਸ ॥੭॥

| | |
|---|---|
| 'ਕਿਮ ਸਤਿਗੁਰ ਤੇ ਲੇ ਪਤਿਯਾਰਾ[1]? | [1]ਪ੍ਰੀਖਿਆ। |
| ਕਹਾਂ[1] ਮੇਲ ਭਾ ਕਹਾਂ ਉਚਾਰਾ[2]?' | [1]ਕੀਕੂੰ। [2]ਕੀ ਬਚਨ ਹੋਏ। |
| ਹਰਿ ਗੁਪਾਲ ਤਬਿ ਖੋਲਜੋ ਪਾਲੇ। | |
| ਦਯੋ ਪਿਤਾ ਕੇ ਹਾਥ ਸੰਭਾਲੇ ॥੮॥ | |
| ਲੇ ਜੁਤਿ ਭਾਉ[1] ਬਿਸ਼੍ਵੰਭਰਦਾਸ। | [1]ਸ਼ਰਧਾ ਨਾਲ। |
| ਧਰਿ ਸਿਰ ਦ੍ਰਿਗ ਪਰ ਹਰਖ ਮਹਾਂ ਸੁ। | |
| ਸੂੱਛ ਕਰਾਹ ਨਿਹਾਰਨਿ ਕੀਨਾ। | |
| ਸਭਿ ਕੁਟੰਬ ਕੋ ਬੰਟਿ ਸੁ ਦੀਨਾ ॥੯॥ | |
| ਜਬਿ ਬੰਟਜੋ ਅਰ ਖਾਯੋ ਸਬੈ। | |
| ਹਰਿਗੁਪਾਲ ਬਿਸਮਾਯੋ ਤਬੈ। | |
| ਕਹਜੋ ਅਚੰਭਾ ਪਿਤ ਕੇ ਸੰਗ। | |
| ਜਿਮ ਗੁਰ ਕੋ ਅਰ ਪੰਥ ਪ੍ਰਸੰਗ[1] ॥੧੦॥ | [1]ਰਸਤੇ ਦਾ ਹਾਲ। |
| 'ਮਗ ਮਹਿਂ ਪਿਖਜੋ ਮਾਸ ਢਿਗ ਜੋਇ[1]। | [1]ਵੇਖਿਆ (ਮੇਰੇ) ਪਾਸ ਮਾਸ ਸੀ। |
| ਅਬਹਿ ਕਰਾਹੁ ਪਿਖਜੋ ਮੈਂ ਸੋਇ[1]।' | [1]ਓਹੀ (ਮਾਸ)। |
| 'ਬੇਚਜੋ ਗੁਰ ਕੋ ਬਾਕ' ਸੁਨਾਯੋ। | |
| 'ਅਧਿਕ ਬਟੋਰਿ ਦਰੋਬ ਕੋ ਲਜਾਯੋ' ॥੧੧॥ | |

ਦੋਹਰਾ:

| | |
|---|---|
| ਪਿਤਾ ਧੁਨਜੋ ਸਿਰ ਯੌਂ ਕਹਜੋ, | |
| 'ਸੁਤ! ਗੁਰ ਪੂਰਨ ਸਾਚ। | |
| ਤੋ ਕੋ ਭੇਜਾ ਲਾਭ ਹਿਤ, | |
| ਤੂੰ ਲੇ ਆਯੋ ਕਾਚ ॥੧੨॥ | |
| ਭਲੀ ਨ ਕੀਨੀ' ਪਿਤ[†] ਕਹਜੋ, | [†]ਪਾ:-ਸੁਤ। |
| 'ਦੇਖਜੋ ਪਰਚਾ ਨਯਨ[1]। | [1]ਕਰਾਮਾਤ ਅੱਖੀਂ ਦੇਖਕੇ ਵੀ। |
| ਹਿਯਾ ਮਲਿਨ[1†] ਪਰਤੀਤ ਨਹਿਂ, | [1]ਹਿਰਦਾ ਤੇਰਾ ਮਲੀਨ ਹੈ। [†]ਪਾ:-ਮਹਿ। |
| ਕਜਾ ਕਰਿ ਹੈਂ ਗੁਰ ਬਯਨ[1]' ॥੧੩॥ | [1]ਫੇਰ ਗੁਰਾਂ ਦੇ ਬਚਨ ਕੀ ਕਰਦੇ। |

ਚੌਪਈ:

| | |
|---|---|
| ਸੁਨਿ ਕੁਕਰਮ ਤਿਹ ਮਾਤ ਦੁਖਾਰੀ। | |
| 'ਸੁਤ! ਕਜੋਂ ਭਾ ਗੁਰਬਚ ਬਿਵਹਾਰੀ[1]? | [1]ਭਾਵ ਗੁਰ ਬਚਨ ਵੇਚਣ ਵਾਲਾ। |

ਕਯੋਂ ਨ ਪ੍ਰਤੀਤ ਭਈ ਉਰ ਤੇਰੇ?
ਪੂਰਨ ਪੁਰਖ ਪਿਤਾ ਤਵ ਹੇਰੇ[1]' ॥੧੪॥

[1]ਤੇਰੇ ਪਿਤਾ ਨੇ (ਉਹ ਗੁਰੂ) ਪੂਰਨ ਪੁਰਖ ਪਰਖੇ ਹਨ।

ਹਰਿਗੁਪਾਲ ਸੁਨਿ ਮਾਤ ਪਿਤਾ ਤੇ।
ਭਏ ਛੁਭਿਤ[1] ਚਿਤ ਬਹੁ ਰਿਸ ਰਾਤੇ।
ਕਹਤਿ ਭਯੋ 'ਮੈਂ ਖੁਸ਼ੀ ਨ ਹੋਯੋ।
ਕ੍ਰਿਯਾ ਬਿਖੈ ਗੁਰ ਆਛ ਨ ਜੋਯੋ ॥੧੫॥

[1]ਦੁਖੀ।

ਬਾਕ ਭਾਉ ਕੋ ਬੇਚਯੋ ਯਾਂ ਤੇ।
ਖਟ ਸੈ ਦਰਬ ਲਿਯੋ ਸਿਖ ਤਾਂ ਤੇ।
ਆਵਤਿ ਰਤਨ ਵਿਹਾਝੇ ਖਰੇ।
ਪੁਨ ਇਕ ਪੁਰਿ ਮੈਂ ਵੇਚਨ ਕਰੇ ॥੧੬॥
ਤੀਨ ਹਜ਼ਾਰ ਨਫੇ ਜੁਤਿ ਪਾਏ।
ਇਮ ਧਨ ਤੇ ਧਨ ਲਿਯੋ ਵਧਾਏ।
ਤ੍ਰੈ ਸਹੰਸ੍ਰ ਤੇ ਸਭਿ ਕਿਛ ਸਰੇ।
ਕਾਰਜ ਕੌਨ ਬਾਕ ਸੋ ਕਰੇ? ॥੧੭॥
ਧਨ ਬਿਨ ਨਰ ਜਿਮ ਸਰ ਜਲ ਹੀਨ।
ਪਰ ਬਿਨ ਪੰਛੀ ਹ੍ਵੈ ਦੁਖ ਖੀਨ[1]†।

[1]ਦੁਖੀ ਤੇ ਨਿਤਾਣਾ ਹੋ ਜਾਂਦਾ ਹੈ ਪਰ ਸ਼ੁੱਧ ਪਾਠ ਚਾਹਜੇ 'ਦੁਖਿਪੀਨ'=ਬਹੁਤਾ ਦੁਖੀ। †ਪਾ:-ਪੀਨ।

ਧਨ ਸਮੇਤ ਨਰ ਬਿਸ਼ਨੁ ਸਮਾਨਾ।
ਚਹੈ ਸੁ ਕਰੈ ਪ੍ਰਤੱਖ ਪ੍ਰਮਾਨਾ[1]' ॥੧੮॥

[1]ਇਹ ਪ੍ਰਤੱਖ ਪ੍ਰਮਾਣ ਹੈ।

ਸੁਨਿ ਕੈ ਭਨਤਿ ਬਿਸ਼੍ਵੰਭਰਦਾਸ।
'ਹੇ ਸੁਤ! ਕੂਰੋ ਧਨ ਹ੍ਵੈ ਨਾਸ਼।
ਕਹਾਂ ਦਰਬ ਕੋ ਉਰ ਹੰਕਾਰ।
ਜਿਸ ਕੋ ਬਿਨਸਤਿ ਲਗੈ ਨ ਬਾਰ ॥੧੯॥
ਸਾਚਾ ਸਤਿਗੁਰ ਪੂਰਨ ਮੇਰਾ।
ਤੈਂ ਦੁਰਾਸ ਧਰਿ ਉਰ ਮੈਂ ਹੇਰਾ[1]।

[1]ਤੈਂ ਖੋਟੀ ਆਸ ਦਿਲ ਵਿਚ ਧਰਕੇ ਦਰਸ਼ਨ ਦੇਖਿਆ ਹੈ (ਗੁਰਾਂ ਦਾ)।

ਬੁਧਿ ਉਤਾਵਲੀ ਹੈ ਬਹੁ ਤੇਰੀ।
ਮਤਿ ਨਿੰਦਾ ਕਰਿ ਸ੍ਰੀ ਪ੍ਰਭੁ ਕੇਰੀ ॥੨੦॥
ਜੇ ਕਰਿ ਤੂੰ ਮੇਰੇ ਸੰਗ ਚਲੈਂ।
ਸਰਲ ਰਿਦਾ ਕਰਿ ਗੁਰ ਸੰਗ ਮਿਲੈਂ।
ਤੌ ਬਿੱਸ੍ਰਾਮ ਪਾਇ ਤਨ ਤੇਰਾ।
ਚਾਰ ਦਿਵਸ ਜੀਵਨ ਜਗ ਕੇਰਾ ॥੨੧॥
ਧਨ ਕੋ ਦੇਖਿ ਕਹਾਂ ਤੂੰ ਭੂਲਾ।
ਖੋਯੋ ਸਕਲ ਬਜਾਜ ਸਨ ਮੂਲਾ[1]।'
ਇਤਜਾਦਿਕ ਕਹਿ ਕਹਿ ਸਮੁਝਾਯੋ।
ਹਰਿਗੁਪਾਲ ਕਯੋਂਹੁ ਨ ਮਨ ਲਜਾਯੋ ॥੨੨॥
ਗੁਰ ਸ਼ਰਧਾ ਹਰਿ ਭਾਉ ਬਿਹੀਨਾ।
ਉਪਦੇਸ਼ ਨ ਠਹਿਰਾਵਨ ਕੀਨਾ[1]।
ਕਰੀ ਮੌਨ ਪਿਤ ਜਾਨੀ ਮਨ ਮਹਿਂ।
-ਪਰਹਿ ਆਪਦਾ ਕੇਤਿਕ ਦਿਨ ਮਹਿਂ- ॥੨੩॥
ਨਿਜ ਪਤਨੀ ਜੁਤਿ ਬਹੁ ਬਿਲਖਾਵੈ[1]।
ਕਛੂ ਪੁੱਤ੍ਰ ਪਰ ਬਸ ਨ ਬਸਾਵੈ।
ਲਗਯੋ ਬਣਜ ਕੋ ਹਰਿਗੋਪਾਲ।
ਦਿਨ ਪ੍ਰਤਿ ਹੋਯਹੁ ਦਰਬ ਬਿਸਾਲ ॥੨੪॥
ਦਸ ਹਜ਼ਾਰ ਕਰ ਬਣਜ ਕਮਾਏ।
ਗਰਬਯੋ ਦੀਰਘ ਉਰ ਹਰਖਾਏ।
ਫੂਲ ਗਯੋ ਮੂਰਖ ਅਭਿਮਾਨੀ।
ਗਤਿ ਈਸ਼੍ਵਰ ਕੀ ਨਾਂਹਿਨ ਜਾਨੀ ॥੨੫॥
ਪੁਨ ਧਨ ਛੀਨ ਹੋਨਿ ਕੋ ਲਾਗਾ।
ਤਬਿ ਗੁਰ ਦਿਸ਼ ਕੋ ਮਨ ਅਨੁਰਾਗਾ।
ਪਰਯੋ ਪਿਤਾ ਕੇ ਪਗ ਪਰ ਜਾਈ।

[1]ਮੂਲ ਸਹਿਤ ਬਿਆਜ।

[1](ਪਿਤਾ ਦਾ) ਉਪਦੇਸ਼ ਵੀ ਨਾ (ਦਿਲ ਵਿਚ) ਠਹਿਰਾਇਆ।

[1]ਅਫਸੋਸ ਕਰਦਾ ਹੈ।

'ਰਾਖਿ! ਰਾਖਿ! ਚਲਿ ਗੁਰ ਸ਼ਰਨਾਈ' ॥੨੬॥
ਸਭਿ ਕੁਟੰਬ ਇਕਠੋ ਹੁਇ ਗਯੋ।
ਗੁਰ ਦਰਸ਼ਨ ਹਿਤ ਚਲਿਬੋ ਕਿਯੋ।
ਕ੍ਰਮ ਕ੍ਰਮ ਪੰਥ ਉਲੰਘਨ ਕੋ ਕਰਿ।
ਆਏ ਧਜਾਨ ਸਿੰਘ ਮਾਜਰੀਏ ਘਰ ॥੨੭॥
ਸਹਿਤ ਕੁਟੰਬ ਬਿਸ਼੍ਵੰਭਰਦਾਸ।
ਮਿਲਯੋ ਭਾਉ ਧਰਿ ਪ੍ਰੇਮ ਪ੍ਰਕਾਸ਼।
ਸਿਵਰ ਕਰਾਇ ਅਹਾਰ ਅਚਾਇਵ।
ਪੁਨ ਚਰਚਾ ਸਤਿਗੁਰਨਿ ਚਲਾਇਵ ॥੨੮॥
'ਧਜਾਨ ਸਿੰਘ! ਸੁਨੀਅਹਿ ਚਿਤ ਲਾਈ।
ਹਿਤਕਾਰੀ ਤੂੰ ਮਮ ਗੁਰਭਾਈ।
ਸੁਤ ਤੇ ਬਚਨ ਭਾਇ ਕਾ ਲੀਨ[1]।
ਬਿਦਤ ਸਦਨ ਪਹੁੰਚਯੋ ਤਬਿ ਕੀਨਿ[1] ॥੨੯॥
ਅਬਿ ਮੇਰੀ ਕਹੁ ਕਜਾ ਹੁਇ ਗਤੀ?
ਸੁਤ[1] ਬਿਨ ਸ਼ਰਧਾ ਜਿਸ ਲਘੁ ਮਤੀ।
ਅਬਿ ਤੁਵ ਹਾਥ ਅਹੈ ਨਿਸਤਾਰਾ।
ਕਰਹੁ ਦੀਨ ਪਰ ਬਹੁ ਉਪਕਾਰਾ ॥੩੦॥
ਸਤਿਗੁਰ ਜਿਮ ਪ੍ਰਸੰਨ ਹੁਇ ਜਾਵੈਂ।
ਸੋ ਉਪਾਵ ਤੁਝ ਤੇ ਬਨਿ ਆਵੈ।'
ਸੁਨਤਿ ਧਜਾਨ ਸਿੰਘ ਤਬਹਿ ਬਖਾਨਾ।
'ਮੈਂ ਭੀ ਤੁਮ ਸੰਗ ਕਰੌਂ ਪਯਾਨਾ' ॥੩੧॥
ਇਮ ਕਹਿ ਸੁਪਤਿ ਬਿਤੀ ਜਬਿ ਰਾਤੀ।
ਭਏ ਤਯਾਰ ਗਮਨੇ ਮਗ ਪ੍ਰਾਤੀ।
ਚਲਿ ਅਨੰਦਪੁਰਿ ਪਹੁੰਚੇ ਆਇ।

[1](ਤੂੰ) ਲਿਆ ਹੈ (ਮੁੱਲ) ਪ੍ਰੇਮ ਦਾ ਬਚਨ।

[1](ਜਦ) ਇਹ ਘਰ ਪੁੱਜਾ ਤਦ। ਇਸਨੇ (ਮੇਰੇ ਪਾਸ) ਪ੍ਰਗਟ ਕੀਤਾ (ਭਾਵ, ਦੱਸਿਆ)।

[1]ਜਿਸਦਾ ਪੁੱਤ੍ਰ ਸ਼੍ਰਧਾ ਹੀਨ ਤੇ ਤੁੱਛ ਬੁੱਧੀ ਵਾਲਾ ਹੈ।

ਜਹਿਂ ਸੋਹੈਂ ਗੋਬਿੰਦ ਸਿੰਘ ਰਾਇ[1] ॥੩੨॥
[1]ਪ੍ਰਕਾਸ਼ ਰੂਪ।

ਸਗਰੇ ਧਾਇ ਪਰੇ ਗੁਰ ਚਰਨ।
'ਪ੍ਰਭੁ ਬਖ਼ਸ਼ਿੰਦ! ਰਾਖੀਅਹਿ ਸ਼ਰਨ।'
ਅਵਲੋਕਤਿ ਕਲਗੀਧਰ ਹਸੇ।
ਮਹਾਂ ਕ੍ਰਿਪਾਲੁ ਕ੍ਰਿਪਾ ਦ੍ਰਿਗ ਰਸੇ[1] ॥੩੩॥
[1]ਅਤੀ ਕ੍ਰਿਪਾਲ ਹਨ ਤੇ ਜਿੰਨ੍ਹਾਂ ਦੇ ਨੇਤ੍ਰ ਮੇਹਰਾਂ ਨਾਲ ਡੁੱਲ੍ਹ ਡੁੱਲ੍ਹ ਪੈ ਰਹੇ ਹਨ।

ਕੁਸ਼ਲ ਪ੍ਰਸ਼ਨ ਕਰਿ ਬੈਠੇ ਪਾਸ।
ਅਪਰ ਬਾਤ ਨਹਿਂ ਕੀਨਿ ਪ੍ਰਕਾਸ਼।
ਡੇਰਾ ਕਰਿ ਉਤਰੇ ਪੁਰਿ ਮਾਂਹਿ।
ਨਿਤ ਦਰਸ਼ਨ ਬਾਂਛਤਿ ਚਿਤ ਚਾਹਿ ॥੩੪॥
ਭੋਜਨ ਕਰਤਿ ਦੇਗ਼ ਤੇ ਲੈ ਕੇ।
ਬਾਸੁਰ ਤੀਨ ਬਿਤਾਵਨ ਕੈ ਕੈ।
ਪੁੱਤ੍ਰ ਸਮੇਤ ਬਿਸ਼੍ਵੰਭਰ ਦਾਸ।
ਆਯੋ ਪਛੁਤਾਵਤਿ ਗੁਰ ਪਾਸ ॥੩੫॥
ਆਗੈ ਖਰੋ ਭਯੋ ਕਰ ਬੰਦਿ।
'ਬਖਸ਼ਹੁ ਕ੍ਰਿਪਾ ਠਾਨਿ ਬਖਸ਼ਿੰਦ!
ਹੇ ਪ੍ਰਭੁ ਪੂਰਨ! ਬੀਰਜ ਭਲਾ।
ਬ੍ਰਿੱਛ ਡਾਲ ਸੂਧਾ ਨਹਿਂ ਚਲਾ[1] ॥੩੬॥
[1](ਜਿਵੇਂ) ਬ੍ਰਿੱਛ ਦਾ ਬੀਜ ਤਾਂ ਭਲਾ ਸੀ ਪਰ ਡਾਲ ਸਿੱਧੀ ਨਹੀਂ ਟੁਰੀ (ਤਿਵੇਂ ਮੇਰਾ ਪੁੱਤਰ ਭਲੇ ਬੀਜ ਦੀ ਵਿੰਗੀ ਡਾਲ ਹੈ।

ਹਮ ਮੂਰਖ ਖੋਟੇ ਮਨ ਕਾਮੀ।
ਕ੍ਰਿਤਘਨ ਕਿਰਪਣ ਲੂਣ ਹਰਾਮੀ।
ਨਾਮ ਗ਼ੁਲਾਮ ਨ ਕਰਹਿਂ ਗੁਲਾਮੀ।
ਤਉ ਕ੍ਰਿਪਾਲ ਆਪ ਹਹੁ ਸੁਆਮੀ ॥੩੭॥
ਬਿਰਦ ਗ਼ਰੀਬ ਨਿਵਾਜ ਤੁਮਾਰਾ।
ਨਾਮ ਪਤਿਤ ਪਾਵਨ ਸੁਖ ਸਾਰਾ[1]।
[1]ਸਾਰ ਸੁਖ ਦਾ (ਦਾਤਾ ਹੈ)।

ਅਧਮ ਉਧਾਰਣ ਸਦਾ ਸੁਭਾਉ।
ਪਿਖਹੁ ਦਾਸ ਕੋ ਦੋਸ਼ ਨ ਕਾਉ[1] ॥੩੮॥
[1]ਦਾਸਾਂ ਦਾ ਕੋਈ ਦੋਸ਼ ਨਹੀਂ ਦੇਖਦੇ।

ਬ੍ਰਿੱਛ ਡਾਲ ਸੁਧਾ ਅਬਿ ਕਰੀਯਹਿ।
ਮੋ ਪਰ ਕਰੁਨਾ ਦ੍ਰਿਸ਼ਟਿ ਨਿਹਰੀਯਹਿ।'
ਸੁਨਿ ਸ਼੍ਰੀ ਮੁਖ ਪੰਕਜ ਬਿਕਸਾਏ।
ਪੂਰਬ ਬਿਤਯੋ ਪ੍ਰਸੰਗ ਬਤਾਏ ॥੩੯॥
'ਸ਼੍ਰੀ ਨਾਨਕ ਸਿੱਧਨ ਸੰਗ ਮਿਲਿ ਕਰਿ।
ਪਹੁੰਚੇ ਤੋਰ ਪਿਤਾਮਾ ਕੇ ਘਰ।
'ਨਾਨੂ' ਨਾਮ ਪਿਖੇ ਗੁਰ ਆਏ।
ਅਨਿਕ ਰੀਤਿ ਕਰਿ ਸੇਵ ਰਿਝਾਏ ॥੪੦॥
ਚਲਿਬੇ ਤਯਾਰ ਭਏ ਜਿਹ ਸਮੇਂ।
ਪੂਛੇ ਕੁਛ ਸੰਸੈ ਪਗ ਨਮੇ[1]। — [1]ਚਰਨਾਂ ਤੇ ਨਮਸਕਾਰ ਕਰਕੇ ਕੁੱਛ ਸੰਸਾ ਪੁਛਿਆ।
ਹਸ ਕਰਿ ਸ਼੍ਰੀ ਨਾਨਕ ਕਹਿਂ ਬਾਤ।
-ਜਬਿ ਤੂੰ ਔਰਹਿ ਧਰਿਹੈਂ ਗਾਤ ॥੪੧॥
ਦਸਮਾ ਜਾਮਾ ਹੋਇ ਹਮਾਰਾ।
ਤਬਿ ਤੁਮ ਬੂਝਹੁ ਕਰਹਿਂ ਉਚਾਰਾ-।
ਸੋ ਤੂੰ ਇਹ ਤਨ ਪ੍ਰਾਪਤਿ ਭਯੋ।
ਦਸਮ ਸਰੀਰ ਇਹੀ ਹਮ ਭਯੋ ॥੪੨॥
ਬਚਨ ਦਰਬ ਸੋ ਧਰਯੋ ਅਮਾਨ[1]। — [1]ਓਦੋਂ ਦਾ) ਬਚਨ (ਰੂਪੀ) ਧਨ ਅਮਾਨਤ ਧਰਿਆ ਪਿਆ ਹੈ।
ਚਹੋ ਸੋ ਪਯਾਰੇ ਪੂਛ ਪਛਾਨ[1]। — [1]ਪੁੱਛ ਪੁਛਾ ਲੈ। (ਅ) ਸਮਝਕੇ ਪੁਛ।
ਤੁਮ ਨਾਨੂ ਸੋ ਹਮ ਗੁਰ ਤੇਰੇ।
ਪ੍ਰਥਮ ਮਿਲਨਿ ਤੇ ਮੇਲ ਬਡੇਰੇ[1] ॥੪੩॥ — [1]ਪਹਿਲੋਂ ਮਿਲਣ ਤੇ ਹੀ (ਓਦੋਂ ਦਾ) ਬੜਾ ਮੇਲ ਹੈ।
ਮਿਲਿਬੇ ਭਾਣਾ ਹੁਤੋ ਹਮਾਰਾ[1]। — [1]ਸਾਡੇ ਨਾਲ ਤੇਰਾ ਮਿਲਣਾ (ਇਹ ਕਰਤਾਰ ਦਾ ਹੀ) ਭਾਣਾ ਸੀ।
ਨਹੀਂ ਦੋਸ਼ ਤਵ ਪੁੱਤ੍ਰ ਮਝਾਰਾ।'
ਸੁਨਤਿ ਬਿਸ਼੍ਵੰਭਰ ਦਾਸ ਅਚੰਭਾ।
ਹਾਥ ਬੰਦਿ ਕਰਿ ਕਹਤਿ ਅਦੰਭਾ ॥੪੪॥
'ਧਯਾਨ ਸਿੰਘ ਗਤ ਵਣਜ ਸੁਚਾਲਾ[1]। — [1]ਧਿਆਨ ਸਿੰਘ ਦੇ ਵਣਜ ਦੀ ਹਾਲਤ ਸੁਹਣੀ ਟੁਰ ਪਈ।
ਭਈ ਸੰਪਦਾ ਸਕਲ ਬਿਸਾਲਾ।

ਬਚਨ ਸਿਦਕ ਕੋ ਸੁਤ ਮਮ ਦੀਨਾ।
ਅਬਿ ਚਾਹਤਿ ਹੌਂ ਸੋ ਮਮ[1] ਲੀਨਾ' ॥੪੫॥ — [1]ਮੈਂ।

ਗੁਰੂ ਕਹ੍ਯੋ† 'ਹਮ ਦੀਨੋ ਤੋਹਿ। — †ਪਾ:-ਕਹਤਿ।

ਬਿਨਾ ਤੋਟ† ਜਿਸ ਤੇ ਧਨ ਹੋਹਿ। — †ਪਾ:-ਤੋਰ।

ਖਾਵਹੁ ਖਰਚ ਕਰਹੁ ਮਨ ਭਾਯਾ।
ਦਿਨ ਪ੍ਰਤਿ ਸਭਿ ਕਿਛੁ ਵਧੈ ਸਵਾਯਾ ॥੪੬॥

ਤਉ ਜਾਨਿ ਜਹਿਂ ਨੇਤ ਬਿਸਾਲੇ[1]। — [1]ਜਿੱਥੇ ਨੇਤ (ਭਾਈ ਪ੍ਰਬਲ) ਹੋਵੇ।
ਗਰਜ ਗਰਜ ਘਨ ਬਹੁ ਜਲ ਡਾਲੇ।
ਤੂੰ ਪ੍ਰੇਮੀ ਇਕ ਸਮ ਹੀ ਜਾਨਾ[1]। — [1]ਤੈਨੂੰ ਪ੍ਰੇਮੀ (ਅਸਾਂ ਅੰਦਰੋਂ ਬਾਹਰੋਂ) ਇਕੋ ਜਿਹਾ ਜਾਣਿਆਂ ਹੈ।
ਤੁਵ ਸੁਤ ਸ਼ਰਧਾ ਹੀਨ ਮਹਾਨਾ ॥੪੭॥

ਸੇਵ ਭਾਵਨਾ ਤੁਵ ਮਹਿਂ ਜੈਸੇ।
ਸਤਿਗੁਰ ਕਰਹਿਂ ਪ੍ਰਾਤਿ ਉਠਿ ਤੈਸੇ[1]।' — [1]ਸਵੇਰੇ ਉਠਕੇ ਸਤਿਗੁਰੂ ਤਿਵੇਂ ਹੀ (ਪੂਰਨ) ਕਰਨਗੇ।
ਇਮ ਕਹਿ ਸ਼੍ਰੀ ਗੁਰ ਮੰਦਰ ਗਏ।
ਖਾਨ ਪਾਨ ਕਰਿ ਨਿਸਾ ਬਿਤਏ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਬਿਸ਼ੰਭਰ ਦਾਸ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋ ਅੰਸੂ ॥੧੩॥

## ੧੪. [ਅਰਦਾਸਾਂ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਸਤਿਗੁਰ ਆਏ ਸਭਾ ਮਹਿਂ, ਸਿੱਖਨਿ ਸ਼੍ਰੇਯ ਕਰੰਤਿ।
ਸਿੱਖ ਬਣੀਆਂ ਤਬਿ ਨਮੋ ਕਰਿ, ਥਿਰਜੋ ਨਿਕਟ ਭਗਵੰਤ ॥੧॥

ਚੌਪਈ:

ਸ਼੍ਰੀ ਮੁਖ ਤੇ ਗੁਰ ਮ੍ਰਿਦੁਲ ਬਖਾਨੇ।
'ਕਹੁ ਸਿੱਖਾ ਇੱਛਾ ਕਜਾ ਠਾਨੇ?
ਹਮ ਪਗ ਕੋ ਨਿਰਮਿਲ[1] ਸਿਖ ਅਹੈਂ। — [1]ਭਾਵ ਸ਼ੁੱਧ ਰਿਦੇ ਵਾਲਾ।
ਦਿਸ਼ ਦੱਖਨ ਮਹਿਂ ਇਕ ਤੂੰ ਰਹੈਂ ॥੨॥
ਦੱਖਣ ਬਿਖੈ ਸਿੱਖ ਹਹਿਂ ਥੋਰੇ।
ਤੁਮ ਸਮਸਰ ਤਹਿਂ ਕੋਇ ਨ ਔਰੇ।'
ਤਬਿ ਕਰ ਜੋਰਿ ਬਿਸ਼ੰਭਰ ਦਾਸ।
ਗੁਰੂ ਪਾਸ ਇਮ ਕਰਜੋ ਪ੍ਰਕਾਸ਼ ॥੩॥
'ਪ੍ਰਭੁ ਜੀ! ਦਾਰਿਦ ਭਾ ਘਰ ਮੋਰੇ।
ਸਕਲ ਪਦਾਰਥ ਹਤਿ ਭਏ ਥੋਰੇ[1]। — [1]ਨਾਸ਼ ਹੋਕੇ ਥੋੜੇ ਹੋ ਗਏ।
ਪੂਰਬ ਕਰਹੁ ਸੰਪਦਾ ਭਾਰੀ[1]। — [1]ਪਹਿਲੇ (ਮੇਰੀ) ਦੌਲਤ ਭਾਰੀ ਕਰੋ।
ਪੀਛੇ ਪੂਛੌਂ ਮਮਤਾ ਟਾਰੀ[1]' ॥੪॥ — [1]ਫਿਰ ਪਿਛੋਂ ਮਮਤਾ ਦੂਰ ਕਰਨ ਦੀ ਗੱਲ ਪੁੱਛਾਂਗਾ।
ਸੁਨਿ ਕਰਿ ਸ਼੍ਰੀ ਸਤਿਗੁਰ ਮੁਸਕਾਏ।
'ਵਧਹਿ ਸੰਪਦਾ' ਤਥਾ ਬਤਾਏ।
'ਦਰਸ਼ਨ ਕਰਿ ਘਰ ਜੈਹੋ ਜਬਿਹੂੰ।
ਕਰਹੁ ਕਰਾਹੁ ਪ੍ਰਸ਼ਾਦ ਸੁ ਤਬਿਹੂੰ ॥੫॥
ਊਪਰ ਛਾਦ ਬਸਤ੍ਰ ਕੋ ਦੀਜੈ।
ਪਾਠ ਅਨੰਦ ਤੀਨ ਕਰਿ ਲੀਜੈ।
ਪ੍ਰਥਮ ਪਢਹੁ ਜਪ ਬੈਠਹੁ ਪਾਸ।
ਸਤਿਗੁਰ ਹਿਤ ਦਿਹੁ ਪੰਚ ਗਿਰਾਸ[1] ॥੬॥ — [1]ਭਾਵ ਭੋਗ ਲਾਉਣ ਵਾਲੇ ਕੌਲ ਵਿਚ ਪੰਜ ਛਾਂਦੇ ਪਾਓ।
ਪੰਚ ਸਿੱਖ ਕੋ ਕਰਹੁ ਅਚਾਵਨ[1]। — [1]ਪੰਜਾਂ ਸਿੱਖਾਂ ਨੂੰ ਖੁਲਾਓ ਮੁਰਾਦ ਪੰਜਾਂ ਪਿਆਰਿਆਂ ਤੋਂ ਜਾਪਦੀ ਹੈ।
ਤਨ ਮਨ ਤੇ ਹ੍ਵੈ ਕੈ ਥਿਤ ਪਾਵਨ।

ਰਹਤਿ ਅਰਦਾਸ ਭੇਵ ਜੋ ਜਾਨੈ।
ਕਜਾ ਕਰਿ ਹੈ ਤਬਿ ਮੰਤ੍ਰ ਮਹਾਨੈ[1] ॥੭॥

[1]ਭਾਵ (ਵੱਡੇ) ਵੱਡੇ ਮੰਤ੍ਰ ਉਸ ਦੇ ਸਾਹਮਣੇ ਕੀਹ ਕਰ ਸਕਦੇ ਹਨ। (ਅ) ਉਸ ਨੂੰ ਫੇਰ ਮਹਾਨ ਮੰਤ੍ਰਾਂ ਦੀ ਲੋੜ ਨਹੀਂ ਹੈ।

ਦੋਹਰਾ:
ਰਹਿਤ ਅਰਦਾਸ ਜਿ ਜਾਨੀਐ
ਕਜਾ ਕਰਿ ਹੈ ਤਬਿ ਮੰਤ।
ਜਪ ਪ੍ਰਯੋਗ ਅਰ ਸਿੱਧਤਾ
ਸਿਖ ਅਰਦਾਸ ਸਿਧਿ ਸੰਤ[1] ॥੮॥

[1]ਜਪੁਜੀ ਦਾ ਪ੍ਰਯੋਗ (ਪਾਠ) ਉਸ ਦੀ ਸਿੱਧੀ ਤੇ ਸਾਰੀਆਂ ਅਰਦਾਸਾਂ ਸੰਤਾਂ ਨੂੰ ਸਿੱਧੀ ਦੇਣ ਜੋਗ ਹਨ।

ਸਿੱਖ ਵਣਜ ਗੁਰ ਧਰਮ ਕੋ
ਸਤਿਗੁਰ ਦੇਵੈ ਲਾਭ[1]।

[1]ਗੁਰੂ ਕਾ) ਸਿੱਖ (ਯਾਂ) ਗੁਰਾਂ ਦੀ ਸਿੱਖਿਆ (ਲੈਕੇ) ਧਰਮ ਦਾ ਵਣਜ ਕਰੇ ਤਾਂ ਸਤਿਗੁਰੂ (ਤਿਸਨੂੰ) ਲਾਭ ਦੇਣਗੇ।

ਬੋਲਿ ਬੁਲਾਵੈ ਸੰਗਤੀ
ਦੇ ਕਰਾਹ ਕੀ ਸਾਂਭ[1]' ॥੯॥

[1]ਜਦ ਕੜਾਹ ਪ੍ਰਸ਼ਾਦ ਤਿਆਰ ਹੋਵੇ ਤਦ ਸੰਗਤ ਨੂੰ ਸੱਦਾ ਭੇਜੇ (ਸਭ ਨੂੰ) ਕੜਾਹ ਦਾ ਛਾਂਦਾ ਦੇਵੇ। ਪੰਜਾਬੀ, ਸਾਂਭ=ਸੰਭਾਲਾ। ਵਿਆਹਾਂ ਵਿਚ ਜਦ ਸੱਜਣਾਂ ਨੂੰ ਕੁਛ ਮਿਠਾਈ ਆਦਿ ਘੱਲਦੇ ਹਨ ਤੇ ਨਿਉਂਦ੍ਰਾ ਲੈਣਾ ਪ੍ਰਯੋਜਨ ਨਹੀਂ ਹੁੰਦਾ ਉਸ ਨੂੰ ਸੰਭਾਲ ਕਹਿੰਦੇ ਹਨ]। (ਅ) ਸੰਭਾਲ ਕੇ ਵਰਤਾਵੇ।

ਸੁਨਿ ਬੋਲਯੋ ਸਿਖ 'ਗੁਰੂ ਜੀ!
ਦੇਸ਼ ਹਮਾਰਾ ਕਠਨ।
ਸਭਿ ਅਰਦਾਸ ਕੋ ਭੇਵ ਕਹੁ
ਜਯੋਂ ਸਿੱਖਨਿ ਸੁਖ ਸਦਨ[1]' ॥੧੦॥

[1]ਜੈਸੇ ਸਿੱਖਾਂ ਦੇ ਘਰ ਸੁਖ ਹੋਵੇ।

ਸਤਿਗੁਰ ਬੋਲੇ 'ਸਿੱਖ! ਸੁਨਿ
ਕਰੋ ਕੜਾਹ ਪ੍ਰਸ਼ਾਦ।
ਹੁਇ ਨ ਆਇ ਜੇ ਸਿੱਖ ਤੇ
ਗੁੜ ਦਾਣਾ ਫਲ ਆਦਿ[1] ॥੧੧॥

[1]ਜੇ (ਕੜਾਹ ਪ੍ਰਸ਼ਾਦ) ਨਾਂ ਬਣ ਸੱਕੇ ਸਿੱਖ ਤੋਂ ਤਾਂ ਗੁੜ, ਦਾਣਾ, ਫਲ ਆਦਿ।

ਸੁਚ ਪਵਿੱਤ੍ਰ ਸਭਿ ਦਿਵਸ ਮੈਂ
ਸੰਤ ਸਾਧ ਮੁਖ ਜਾਪ[1]।

[1]ਸੰਤ ਸਾਧ ਪਵਿੱਤ੍ਰ ਰਹਿਕੇ ਸਾਰਾ ਦਿਨ ਮੁੱਖੋਂ ਜਾਪ (ਜਪਦਾ ਰਹੇ)। (ਅ) ਉਹਨਾਂ ਤੋਂ ਜਾਪ ਜਪਾਵੈ।

ਨਾਮ ਪ੍ਰਤਾਪ ਤੇ ਕਾਜ ਸਰਿ[1]
ਸੁਣ ਅਰਦਾਸ ਕਲਾਪ[1†] ॥੧੨॥

[1]ਕੰਮ ਪੂਰੇ ਹੁੰਦੇ ਹਨ।

[1]ਸਮੂਹ, ਸਾਰੀਆਂ [ਸੰਸ. ਕਲਾਪ=ਸਮੂਹ]। [†]ਪਾ:-ਕੋ ਲਾਪ=ਦਾ ਕਥਨ।

[1]ਧਰਮਬੀਜ[2], ਆਖੰਡ ਬ੍ਰਿਧਿ[3]

[1]ਇਥੋਂ ਅਰਦਾਸਾਂ ਟੁਰੀਆਂ ਗੇਣਤੀ ਵਾਰ। [2]ਪਹਿਲੀ ਅਰਦਾਸ): ਧਰਮ ਅਨਕੂਲ ਬੀਰਜ ਦਾਨ ਕਰਨ ਸਮੇਂ। ਭਾਵ ਇਹ ਕਿ: ਵਿਵਾਹਿਤਾ ਸ੍ਵਯੰ ਪਤਨੀ ਦਾ ਮੇਲ ਹੀ ਧਰਮ ਅਨੁਕੂਲ ਹੋ ਸਕਦਾ ਹੈ ਹੋਰ ਦਾ ਨਹੀਂ, ਤੇ ਅਰਦਾਸ ਕਰਨ ਤੋਂ ਮੁਰਾਦ ਹੈ ਕਿ ਸੰਤਾਨ ਉਤਪਤੀ ਦੇ ਪ੍ਰਯੋਜਨ ਲਈ ਅਰਦਾਸ ਹੋਵੇ ਤਾਂ ਜੋ ਨਿਰੀ ਪਸ਼ੂ ਬ੍ਰਿਤੀ ਨਾ ਵਰਤੇ ਪਰ ਸ਼ੁਭ ਸੰਤਾਨ ਦੀ ਉਤਪਤੀ ਦੀ ਸ਼ੁੱਧ ਭਾਵਨਾਂ ਹੋਵੇ ਜਿਸ ਨਾਲ ਸੰਤਾਨ ਭਲੀ ਉਪਜਦੀ ਹੈ। [3]ਦੂਜੀ: (ਗਰਭ ਹੋਏ ਦੇ) ਨਿਰਵਿਘਨ ਵਧਣ ਲਈ (ਅਰਦਾਸ ਕਰਨੀ)।

ਸਫਲ ਪੂਰ ਇਹ ਤੀਨ[1]।

[1]ਤੀਜੀ: ਪੂਰਨ ਸਫਲਤਾ ਲਈ ਭਾਵ ਗਰਭ ਪੂਰਿਆਂ ਮਹੀਨਿਆਂ ਦਾ ਸਿਰੇ ਚੜ੍ਹੇ। ਏਹ ਤਿੰਨ ਹੋਈਆਂ।

ਕਸ਼ਟ ਹਰੈ[1] ਬੇਲੀ ਫਲੈ[2]

[1]ਚਉਥੀ: (ਪ੍ਰਸੂਤ ਪੀੜਾ ਦੇ) ਕਸ਼ਟ ਹਰਨ ਲਈ। [2]ਪੰਜਵੀਂ: ਔਲਾਦ (ਸੁਖ ਪੂਰਬਕ) ਜੰਮਣ ਤੇ ਜੀਵਣੇ ਲਈ [ਵੇਲ ਫਲਨਾ=ਔਲਾਦ ਜੰਮਣੀ]।

ਗੁਰ ਪੂਜਕ[1] ਸਿਸ ਸੀਨ[2]†' ॥੧੩॥

[1]ਛੇਵੀਂ: ਗੁਰੂ ਪੂਜਾ ਵੇਲੇ ਅਰਥਾਤ ਜੰਮੇ ਬਾਲਕ ਨੂੰ ਜੋ ਕੰਨ ਵਿਚ ਗੁਰ ਮੰਤ੍ਰ ਪੜ੍ਹਕੇ ਸੁਣਾਈਦਾ ਹੈ। [2]ਸੱਤਵੀਂ: ਬੱਚੇ ਨੂੰ ਸੀਨੇ ਲਾਉਣ ਵੇਲੇ ਅਰਥਾਤ ਜਦ ਭੈਣ ਯਾ ਕੋਈ ਬੱਚੀ ਥਣ ਧੋਂਦੀ ਹੈ ਤੇ ਫੇਰ ਬੱਚੇ ਨੂੰ ਮਾਂ ਦਾ ਦੁੱਧ ਪੀਣ ਨੂੰ ਲਾਉਂਦੇ ਹਨ। †ਅੰਕ ੧੪ ਵਿੱਚ ਏਹ ਸੱਤ ਅਰਦਾਸਾਂ ਗਿਣੀਆਂ ਹਨ, ਏਹ ਗੇਣਤੀ ਛੋੜ ਕੇ ਕਈ ਲੋਕ ਇਨ੍ਹਾਂ ਤੁਕਾਂ ਦੇ ਹੋਰ ਹੋਰ ਅਰਥ ਕਰਦੇ ਹਨ ਸੋ ਗ਼ਲਤ ਹੋ ਜਾਂਦੇ ਹਨ।

ਅਬਹਿ ਕਹੌਂ ਅਰਦਾਸ ਮੈਂ
ਜਿਮ ਸ੍ਰੀ ਮੁਖ ਕਹਿ ਦੀਨ।
ਛੰਦ ਬੰਦ ਕੁਛ ਗਿਨਤ ਨਹਿਂ,
ਸਪਤਿ ਪ੍ਰਥਮ ਕੀ ਚੀਨ[1] ॥੧੪॥

[1]ਛੰਦਾਬੰਦੀ (ਦੇ ਹਿਸਾਬ ਦੀ ਦਰੁਸਤੀ ਦੀ) ਗਿਣਤੀ ਨਾ ਕਰਨੀ। ਸਤ ਪਹਿਲੇ (ਮੈਂ ਕਹਿ ਆਯਾ ਹਾਂ ਓਹ) ਸਮਝ ਲੈਣੀਆਂ।

ਆਠੈ ਭੋਜੈ ਪੀਨ[1]।

[1]ਅੱਠਵੀਂ: (ਬੱਚੇ ਨੂੰ ਦੁੱਧ ਦੇ) ਪਿਲਾਉਣ ਵੇਲੇ (ਅਰਦਾਸ ਕਰੇ ਬੱਚਾ) ਤਕੜਾ ਹੋਵੇ।

ਭੁਗ ਬਸਤ੍ਰਨਿ ਮਹਿਂ ਗੁਰ ਸੇਸ ਦੀਨ[1] ॥੧੫॥

[1]ਨੌਵੀਂ): ਵਰਤਿਆ ਹੋਇਆ ਗੁਰੂ (ਗ੍ਰੰਥ ਜੀ) ਦਾ ਬਸਤਰ (ਜੇ) ਵਾਧੂ (ਹੋਵੇ) ਦੇਣ ਲਗਿਆਂ, ਭਾਵ ਜਦੋਂ ਦਸ ਬਾਰਾਂ ਦਿਨ ਮਗਰੋਂ ਬੱਚੇ ਦਾ ਜਨਮ ਸੰਸਕਾਰ ਕਰੀਦਾ ਹੈ ਤੇ ਚੋਲਾ ਪਾਈਦਾ ਹੈ ਤਦੋਂ ਪੁਰਾਤਨ ਰਿਵਾਜ ਹੈ ਕਿ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੇ ਵਰਤੇ ਹੋਏ ਰੁਮਾਲਾਂ ਵਿਚੋਂ ਜੇ ਕੋਈ ਵਾਧੂ ਹੋਵੇ ਤਾਂ ਬੱਚੇ ਨੂੰ ਸਿਰੇਪਾਉ ਵਜੋਂ ਦੇਂਦਾ ਹੈ। ਸੋ ਮੁਰਾਦ ਇਹ ਹੈ ਕਿ ਇਸ ਸੰਸਕਾਰ ਵੇਲੇ ਅਰਦਾਸ ਕਰਨੀ ਨੌਂਵੀਂ ਅਰਦਾਸ ਹੈ।

[1]ਖੁਲਾਵੈ ਬਾਲਕ ਤੁਸ਼ਟ ਪੁਸ਼ਟ
ਦਸਮੀ ਕਰਿ ਅਰਦਾਸ।

[1]ਦਸਵੀਂ: ਬੱਚੇ ਨੂੰ (ਜਦੋਂ ਅੰਨ) ਖੁਲਾਵੇ ਤਾਂ ਅਰਦਾਸ ਕਰੇ ਕਿ ਰਿਸ਼ਟ ਪੁਸ਼ਟ ਹੋਵੇ, (ਇਹ) ਦਸਵੀਂ ਅਰਦਾਸ ਭਾਵ ਦੁੱਧ ਛਡਾਉਣ ਤੇ ਅੰਨ ਮੂੰਹ ਲਾਉਣ ਵੇਲੇ ਦੀ ਹੈ।

[1]ਤੀਨ ਗਰਭ ਪਰਸੂਤ ਕੀ
ਦਰਸ਼ਨ ਗੁਰ ਘਰ ਗਾਸ ॥੧੬॥

[1]ਯਾਰ੍ਹਵੀਂ: (ਪਿਛਲੀਆਂ ਨੂੰ ਮੁੜ ਗਿਣਕੇ ਯਾਰਵੀਂ ਦੱਸਦੇ ਹਨ) ਤਿੰਨ ਗਰਭ ਦੀਆਂ (ਕਹਿ ਆਏ ਹਾਂ, ਧਰਮ, ਬੀਜ, ਆਖੰਡ, ਬ੍ਰਿਧਿ, ਸਫਲ ਪੂਰ) (ਇਕ) ਪ੍ਰਸੂਤ ਦੀ (ਕਹਿ ਆਏ ਹਾਂ ਤੇ) ਛੇ (ਹੋਰ ਦੱਸ ਆਏ ਹਾਂ,) ਯਾਰਵੀਂ ਗੁਰੂ ਘਰ (ਜਾਣ ਵੇਲੇ ਕਰੇ) ਅਰਥਾਤ ਜਦੋਂ ਬੱਚੇ ਨੂੰ ਗੁਰਦੁਆਰੇ ਮੱਥਾ ਟਿਕਾਉਣ ਜਾਣ ਤਦੋਂ। [ਦਰਸ਼ਨ ਦਾ ਅਰਥ ਏਥੇ ਛੇ ਹੈ ਤੇ ਗਾਸ ਹੈ ਗ੍ਯਾਰਸ ਦਾ ਸੰਖੇਪ=ਯਾਰ੍ਹਵੀਂ। (ਅ) ਦਰਸ਼ਨ ਗੁਰੂ ਘਰ ਗਾਸ ਦਾ ਅਰਥ ਗੁਰੂ ਘਰ ਵਿਚ ਦਰਸ਼ਨ ਲਈ ਜਾਣਾ ਬੀ ਕਰਦੇ ਹਨ।

[1]ਬੈਠਨਿ ਮੈਂ, ਪਰਸਾਦਿ ਮੈਂ,

[1]ਬਾਰ੍ਹਵੀਂ: (ਬੱਚੇ ਦੇ) ਬੈਠਣ, ਰੋਟੀ ਖਾਣ, ਕੱਪੜੇ ਪਹਿਨਣ ਹੋਰਨਾਂ ਜੀਵਾਂ (ਭਾਵ ਬੱਚਿਆਂ) ਨਾਲ ਮਿਲਕੇ ਖੇਲਣ ਅਤੇ ਸੌਣ ਵੇਲੇ ਇਹ ਅਰਦਾਸ ਕਰਣੀ (ਕਿ ਬੱਚਾ ਸਦਾ) ਰੋਗਾਂ ਤੋਂ ਅਰੋਗ ਰਹੇ [ਸਥਿਰ ਮੈਂ=ਟਿਕਣ ਯਾ ਸੌਣ ਵੇਲੇ]।

ਪਹਿਰਨ ਮੈਂ, ਹੁਇ ਰੋਗ।
ਖੇਲਨ ਮੈਂ ਜੀਵ ਮੇਲਿ ਕਰਿ,
ਸਥਿਰ ਮੈਂ, ਕਹੋ ਅਰੋਗ ॥੧੭॥

ਪੜਤੇ ਰਸਨਾ ਚੇਤ ਗੁਰ[1],

[1]ਤੇਰ੍ਹਵੀਂ: ਪੜ੍ਹਨਾ (ਅਰੰਭ ਕਰਨਾ) ਵੇਲੇ ਰਸਨਾ ਨਾਲ ਗੁਰੂ ਚੇਤੇ ਭਾਵ ਗੁਰੂ ਅੱਗੇ ਅਰਦਾਸ ਕਰੇ।

ਪਾਹੁਲ ਗੁਰ ਘਰ ਮੇਲ[1]।

[1]ਚੌਦ੍ਹਵੀਂ: ਗੁਰੂ ਘਰ ਵਿਚ ਪਾਹੁਲ ਮਿਲਣ ਵੇਲੇ ਭਾਵ ਅੰਮ੍ਰਿਤ ਛਕਣ ਵੇਲੇ (ਅਰਦਾਸ ਕਰੇ)।

ਭਈ ਚਤੁਰ ਦਸ ਪ੍ਰਥਮ ਕੀ
ਕਰਿ ਅਰਦਾਸ[1] ਸੁਹੇਲ ॥੧੮॥

[1]ਮੁਢਲੀਆਂ ਚੌਦਾਂ ਸੁਖਦਾਈ ਅਰਦਾਸਾਂ ਕਰਨੀਆਂ (ਇਹ) ਹੋਈਆਂ (ਸੋ ਸਿੱਖ) ਕਰੇ।

ਸ੍ਰੀ ਮੁਖਵਾਕ[†] ॥ 'ਪੰਦ੍ਰਵੀਂ।

[†]੧੯੧੨ ਤੇ ੧੯੧੭ ਦੇ ਲਿਖਤੀ ਸੂਰਜ ਪ੍ਰਕਾਸ਼ਾਂ ਵਿਚ 'ਸ੍ਰੀ ਮੁਖਵਾਕ' ਪਾਠ ਹੈ ਤੇ ਸੌ ਸਾਖੀ ਵਿਚ ਨਹੀਂ ਹੈ।

ਸ਼ਸਤਰ ਧਾਰ ਸੇਲ।
ਬਾਜੀ ਪੀਠ ਸਿੰਘ ਅਚਲ ਮੇਲ[1] ॥੧੯॥

[1]ਪੰਦ੍ਰਵੀਂ: ਨੇਜਾ ਸ਼ਸਤ੍ਰ ਧਾਰਨ ਕਰਕੇ ਘੋੜੇ ਦੀ ਪਿੱਠ ਤੇ ਸਿੰਘ ਦੇ ਅਚਲ ਹੋਕੇ ਡਟੇ ਰਹਿਣ ਦੀ (ਅਰਦਾਸ) ਭਾਵ ਨੇਜ਼ਾ ਬਾਜ਼ੀ ਅਰੰਭ ਕਰਨ ਸਮੇਂ ਦੀ।

ਸੋਲ੍ਹਵੀਂ।

ਮ੍ਰਿਗ ਦੁਸ਼ਟ ਮੇਲ। ਹੁਇ ਸ਼ਸਤ੍ਰਪੇਲ[1] ॥੨੦॥

[1]ਸ਼ੇਰ ਬਘਿਆੜ ਆਦ ਦੇ ਮਿਲਨ ਪਰ ਸ਼ਸਤ੍ਰ ਮਾਰਨ ਵੇਲੇ। [ਦੁਸ਼ਟ ਮਿਰਗ=ਬਘਿਆੜ, ਸ਼ੇਰ ਆਦੀ ਹਿੰਸਕ ਪਸ਼ੂ]।

ਸਤਾਰਵੀਂ।

ਤਵ ਪ੍ਰਸਾਦਿ।

ਦੁਖ ਦੂਰ ਸੁਖ ਆਦਿ[1] ॥੨੧॥

[1]ਸਤਾਰਵੀਂ: ਤੇਰੀ ਕ੍ਰਿਪਾ ਨਾਲ ਦੁਖ ਦੂਰ ਹੋਣ, ਸੁਖ ਉਤਪੰਨ ਹੋਣ। [ਆਦਿ=ਆਦਿ ਹੋਣ, ਉਤਪੰਨ ਹੋਣ, ਇਹ ਪ੍ਰਸ਼ਾਦ ਛਕਣ ਵੇਲੇ ਦੀ ਅਰਦਾਸ ਹੈ। ਰਹਿਤ ਨਾਮਿਆਂ ਵਿਚ ਲਿਖਿਆ ਹੈ:-ਤਵ ਪ੍ਰਸਾਦਿ ਕਹਿ ਮੁਖ ਮੈਂ ਪਾਵੈਂ]।

ਅਠਾਰਵੀਂ।

ਆਗਿਆ ਕਾ ਸੰਜੋਗ।

ਵਧੈ ਕਾਯਾਂ ਘਟੈ ਰੋਗੁ[1]† ॥੨੨॥

[1]ਅਠਾਰ੍ਹਵੀਂ: (ਬੀਮਾਰੀ ਵੇਲੇ ਇਹ ਜਾਣੇ ਕਿ ਦੇਹੀ ਨਾਲ ਦੁੱਖ) ਦਾ ਸੰਜੋਗ (ਗੁਰੂ ਕੀ) ਆਗਿਆ ਹੈ (ਤੇ ਅਰਦਾਸ ਕਰੇ ਕਿ ਹੇ ਵਾਹਿਗੁਰੂ) ਰੋਗ ਮੇਰਾ ਮਿਟੇ ਤੇ ਸ੍ਰੀਰ (ਨਰੋਆ ਹੋਕੇ) ਵਾਧੇ ਪਵੇ। †ਪਾ:-ਆਗ ਕਾ ਸੰਯੋਗ, ਵਧੇ ਕਾਯਾਂ ਘਟੇ ਸੋਗ ॥ ਸੌ ਸਾਖੀ ਦਾ ਇਹ ਪਾਠ ਹੈ।

ਉਨੀਸਵੀਂ।

ਮਿਲੇ ਮੰਤ। ਸਤਿਗੁਰ ਮਹੰਤ[1] ॥੨੩॥

[1]ਉਨ੍ਹੀਵੀਂ: (ਕਿਸੇ ਮੁਸ਼ਕਲ ਗੱਲ ਦੇ ਹੱਲ ਕਰਨ ਵੇਲੇ ਅਰਦਾਸ ਕਰੇ) ਹੇ ਪੂਜਜ ਸਤਿਗੁਰ ਆਪਦਾ ਮਸ਼ਵਰਾ (=ਸਲਾਹ ਮੈਨੂੰ) ਮਿਲੇ। (ਅ) ਇਸਦਾ ਅਰਥ ਗੁਰ ਦੀਖਜ਼ਾ ਮਿਲੇ ਲਾਉਣਾ ਠੀਕ ਨਹੀਂ। ਕਿਉਂਕਿ ੧੪ਵੀਂ ਅਰਦਾਸ ਵਿਚ ਇਹ ਗੱਲ ਆ ਗਈ ਹੈ।

ਬੀਸਵੀਂ।

ਹੋਇ ਕਾਜ ਪੂਰ। ਸਤਿਗੁਰ ਹਜ਼ੂਰ[1] ॥੨੪॥

[1]ਵੀਹਵੀਂ: ਸਤਿਗੁਰ ਦੇ ਹਜ਼ੂਰ (ਅਰਦਾਸ ਕਰੇ ਕਿ ਮੇਰਾ) ਕਾਰਜ ਪੂਰਨ ਹੋਵੇ। (ਇਹ ਕਾਰ ਵਿਹਾਰ ਕੰਮ ਕਾਜ ਅਰੰਭ ਕਰਨ ਵੇਲੇ ਤੋਂ ਮੁਰਾਦ ਹੈ)

ਇਕੀਸਵੀਂ।

ਗੁਰ ਮੇਲੀ ਦਾਸੀ। ਪਾਈਏ ਸੁਖ ਪ੍ਰਗਾਸੀ[1] ॥੨੫॥

[1]ਇਕੀਵੀਂ: (ਹੇ) ਗੁਰੂ ਮੇਲਣੀ (ਐਸੀ) ਦਾਸੀ ਕਿ ਜਿਸਤੋਂ ਸੁੱਖਾਂ ਦੀ ਪ੍ਰਗਟਤਾਈ ਪ੍ਰਾਪਤ ਹੋਵੇ। ਇਹ ਵਹੁਟੀ ਦੀ ਢੂੰਡ ਅਰੰਭ ਕਰਨ ਵੇਲੇ ਦੀ ਅਰਦਾਸ ਹੈ।

ਬਾਈਸਵੀਂ।

ਰਾਖਾ ਮੇਰਾ ਸਿਦਕ। ਪੂਰੀ ਗੁਰ ਭਗਤਿ[1] ॥੨੬॥

[1]ਬਾਈਵੀਂ: (ਹੇ) ਗੁਰੂ ਮੇਰੇ ਸਿਦਕ ਦਾ ਰਾਖਾ (ਆਪ ਹੋਵੀਂ) (ਜੋ ਮੇਰੀ) ਭਗਤੀ ਪੂਰਨ ਹੋਵੇ। (ਇਹ ਅਰਦਾਸ ਮਨ ਡੋਲਨ ਵੇਲੇ ਦੀ ਹੈ)।

ਤੇਈਸਵੀਂ।

ਚੋਰੀ ਕਾ ਧੰਧਾ†। ਗੁਰੂ ਰਾਖੇ ਘਰ ਧੰਧਾ[1]‡ ॥੨੭॥

[1]ਤੇਈਵੀਂ: (ਜਦੋਂ) ਚੋਰੀ (ਚਕਾਰੀ) ਦਾ ਰੌਲਾ ਪਵੇ (ਤਾਂ ਅਰਦਾਸ ਕਰੇ ਕਿ) ਹੇ ਗੁਰੂ ਮੇਰੇ ਘਰ ਦਾ ਵਲੇਵਾ ਬਚਾ ਲੈਣਾ। [ਧੰਧਾ=ਰੌਲਾ। ਧੰਧਾ=ਵਲੇਵਾ]। †ਪਾ:-ਅੰਧਾ। ‡ਪਾ:-ਬੰਧਾ।

ਚੌਬੀਸਵੀਂ।

ਰਾਜਾ ਕਾ ਮਿਲਾਪ। ਸਹਾਈ ਗੁਰ ਆਪ[1] ॥੨੮॥

[1]ਚਉਵੀਵੀਂ: ਰਾਜੇ ਦੇ ਮਿਲਾਪ (ਵੇਲੇ ਭਾਵ ਸਰਕਾਰੀ ਕੰਮ ਪੈਣ ਵੇਲੇ ਅਰਦਾਸ ਕਰੇ ਕਿ) ਹੇ ਗੁਰੂ ਆਪ ਸਹਈ ਹੋਵੀਂ।

ਪੱਚੀਸਵੀਂ।

ਸਤਿਗੁਰ ਪਾਵੈ ਮੇਘ। ਦੁਰਭਿੱਖ ਵੇਮੁਖ ਗਹੀ ਨਿਮੇਖ[1] ॥੨੯॥

[1]ਪੱਚੀਵੀਂ: (ਜੇ) ਕਾਲ (ਪਿਆ ਹੋਵੇ ਤੇ ਮਨ ਨੂੰ) ਨਿਮਖ ਮਾਤ੍ਰ ਬੀ ਵਿਮੁਖਤਾ ਆ ਫੜੇ (ਤਾਂ ਅਰਦਾਸ ਕਰੇ) ਕਿ ਹੇ ਸਤਿਗੁਰੂ ਮੀਂਹ ਪਾਓ, ਭਾਵ ਜੇ ਕਾਲ ਤੋਂ ਘਬਰਾਵੇ ਤਾਂ ਵਾਹਿਗੁਰੂ ਜੀ ਨੂੰ ਦੋਸ਼ ਨਾ ਦੇਵੇ ਭਾਣਾ ਮੰਨੇ ਤੇ ਅਰਦਾਸ ਕਰੇ।

ਛਬੀਸਵੀਂ।

ਧਰਮ ਕਾ ਡੰਡ।

ਤਨਖੀ ਬਖਸ਼ੀਆ ਦੂਖਨਿ ਬਿਹੰਡ[1] ॥੩੦॥

[1]ਛੱਬੀਵੀਂ: (ਜਦੋਂ ਕਿਸੇ ਭੁੱਲ ਹੋਣ ਪਰ) ਧਰਮ ਦੇ ਦੰਡ (ਪਾਉਣ ਦੇ ਯੋਗ ਹੋਵੇ ਤਾਂ) ਤਨਖਾਹ ਬਖਸ਼ਾਵੇ (ਉਸ ਭੁੱਲ ਦਾ) ਦੂਸ਼ਨ ਦੂਰ ਹੋ ਜਾਏਗਾ (ਤਨਖਾਹ ਖਾਲਸੇ ਵਿਚ ਅਰਦਾਸ ਸੋਧਕੇ ਹੀ ਬਖਸ਼ਦੇ ਹਨ) ਸੋ ਛੱਬੀਵੀਂ ਅਰਦਾਸ ਤਨਖਾਹ ਬਖਸ਼ਾਉਣ ਦੀ ਹੈ।

ਸਤਾਈਸਵੀਂ।

ਮਾਰਗ ਕੀ ਭੂਲ।

ਬਖਸ਼ਾ ਗੁਰੂ ਚਲੂਲ[1] ॥੩੧॥

[1]ਸਤਾਈਵੀਂ: (ਪਰਦੇਸ਼ ਜਾਣ ਵੇਲੇ ਅਰਦਾਸ ਕਰੇ) ਹੇ ਸੁਹਣੇ ਗੁਰੂ ਜੀ! ਰਸਤੇ ਵਿਚ ਹੋਣ ਵਾਲੀਆਂ ਭੁੱਲਾਂ ਤੋਂ ਬਖਸ਼ ਲਈਂ। (ਅ) ਕੁਰਾਹੇ ਪੈਣੋਂ ਬਖਸ਼ ਲੈਣਾ ਹੇ ਗੁਰੂ ਸੁਹਣੇ ਜੀ!

ਅਠਾਈਸਵੀਂ।

ਚੂਕ ਸਭਿ ਜਾਇ।

ਪਿਤਰਨਿ ਸੁਖ ਭਾਇ[1] ॥੩੨॥

[1]ਅਠਾਈਵੀਂ: ਪਿਤਰਾਂ ਦੇ ਸੁਖ ਵਾਸਤੇ (ਅਰਦਾਸ ਕਰੇ) ਕਿ ਉਹਨਾਂ ਦੀ ਭੁੱਲ ਸਭ ਦੂਰ ਹੋਵੇ, ਇਹ ਵਡਕਿਆਂ ਦੇ ਚਲਾਣੇ ਯਾ ਭੋਗ ਆਦਿ ਸਮੇਂ ਦੀ ਅਰਦਾਸ ਹੈ।

ਉਨੱਤੀਸਵੀਂ।

ਮਨ ਸ਼ੇਰ ਵੱਸ।

ਸਤਿਗੁਰ ਬਖਸ਼[1] ॥੩੩॥

[1]ਜੇ ਮਨ ਮੰਦ ਵਾਸ਼ਨਾ ਵਿਚ ਜਾਏ ਤਾਂ ਅਰਦਾਸ ਕਰੇ) ਹੇ ਸਤਿਗੁਰੂ (ਮੇਰਾ) ਮਨ ਸ਼ੇਰ ਮੇਰੇ ਵੱਸ ਰਹੇ ਇਹ ਬਖਸ਼ਿਸ਼ ਕਰੋ।

†ਪਾ:-ਗਈ।

ਦੋਹਰਾ:

ਭੁਖ ਪਜਾਸ ਸਗਰੀ ਟਰੀ†,

ਸਤਿਗੁਰ ਪੂਰੀ ਪਾਇ[1]।'

[1]ਤ੍ਰੀਹਵੀਂ: (ਵਿਹਾਰ ਬ੍ਰਿਧੀ ਲਈ ਅਰਦਾਸ ਕਰੋ) ਭੁੱਖ ਪਿਆਸ ਸਾਰੀ ਟਲੀ ਰਹੇ ਤੇ ਸਤਿਗੁਰੋ ਮੇਰੀ ਪੂਰੀ

ਪਾਓ (ਕਾਮਯਾਬੀ ਬਖਸ਼ੋ)।

ਤੀਸ ਕਹੀ ਅਰਦਾਸ ਗੁਰ[1],

[1]ਤੀਹ ਅਰਦਾਸਾਂ (ਇਥੋਂ ਤਾਈਂ) ਗੁਰੂ ਜੀ ਨੇ ਆਖੀਆਂ।

ਸੁਨੈ ਸਿਖ ਚਿਤ ਲਾਇ ॥੩੪॥

[†]ਸੁਨੈ [‡]ਸਿੱਖ ਚਰਨੀ ਲਗਾ,

[†]ਇਥੋਂ ਸੌ ਸਾਖੀ ਦੀ ੭੬ਵੀਂ ਸਾਖੀ ਚਲੀ ਹੈ। [‡]ਪਾ:-ਕਹੈ।

ਗੁਰੂ ਕਹੈਂ ਹੁਲਸਾਇ[1]।

[1]ਗੁਰੂ ਜੀ (ਹੋਰ ਅਰਦਾਸਾਂ ਅੱਗੇ) ਅਨੰਦ ਹੋਕੇ ਕਹਿੰਦੇ ਹਨ।

'ਜੋੜੀ ਅਚਲ ਬਰ ਨਾਰ ਕੀ,
ਕਹੌਂ ਸਿੱਖ ਸਮੁਝਾਇ[1] ॥੩੫॥

[1]ਇਕੱਤੀਹਵੀਂ): ਵਿਆਹ ਸਮੇਂ ਅਰਦਾਸ ਕਰੇ) ਇਸਤ੍ਰੀ ਭਰਤਾ ਦੀ ਜੋੜੀ ਅਟੱਲ ਰਹੇ ਹੇ ਸਿੱਖ ਤੈਨੂੰ ਸਮਝਾਕੇ ਕਹਿੰਦੇ ਹਾਂ।

[1]ਹੀਲਾ ਨਸਿ ਹੈ[†] ਬਹਾਲ ਬਨਿ ਹੈ,

[1]ਬੱਤੀਵੀਂ ਤੇ ਤੇਤੀਵੀਂ: (ਜੇ ਦਿੱਸਦੇ ਸੰਸਾਰ ਵਿਚੋਂ ਵੈਹੀ ਸਤਾਵੇ ਯਾ ਅਦ੍ਰਿਸ਼ਜ ਵਿਚੋਂ ਸਾਇਆ ਤੈਨੂੰ ਆ ਪਵੇ ਤਾਂ ਅਰਦਾਸ ਕਰੇ) ਦੁਸ਼ਟ ਖਪ ਜਾਏਗਾ, ਸਾਇਆ ਨੱਸ ਜਾਏਗਾ (ਗ਼ੈਬ ਤੋਂ) ਸ਼ਹੀਦੀ (ਫੌਜਾਂ) ਧਾਕੇ (ਤੇਰੀ ਮਦਦ ਨੂੰ ਆਉਣਗੀਆਂ) (ਤੇਰਾ) ਦੁੱਖ ਨਸ ਜਾਏਗਾ ਜਿਉਂ ਕਾ ਤਿਉਂ ਹੋ ਜਾਏਂਗਾ ਅੰਨ ਜਲ ਤੈਨੂੰ ਪਚ ਜਾਏਗਾ ਭਾਵ ਅਰੋਗ ਹੋ ਜਾਏਂਗਾ। [ਸੰਸ:-ਪਾਥਸ=ਜਲ]। (ਇਸ ਦਾ ਦੂਜਾ ਅਰਥ ਦੇਖੋ ਅਗਲੇ ਪੰਨੇ ਦਾ ਅੰਕ ੧)। [†]ਪਾ:-ਨਾਸੈ।

ਅੰਨ ਪੱਥ ਪਚ ਜਾਇ।
ਦੁਸ਼ਟ ਖਪੈ ਸਾਯਾ ਭਗੈ, ਪਰੈ ਸ਼ਹੀਦੀ ਧਾਇ[੧੯] ॥੩੬॥

[1]ਚੌਤੀ ਸੋਵੈ[†] ਸੁਖਾਧੀਸ਼, ਇਹ ਅਰਦਾਸ ਕਰਿ ਲੇਹਿ[2]।

[1]ਅੰਕ ੩੫, ੩੬ ਦਾ ਐਉਂ ਬੀ ਅਰਥ ਲਗਦਾ ਹੈ:-ਹੇ ਵਰ ਤੇ ਇਸਤ੍ਰੀ ਦੀ ਅਚਲ ਜੋੜੀ! (ਮੈਂ ਤੁਹਾਨੂੰ) ਸਮਝਾ ਕੇ ਕਹਿੰਦਾ ਹਾਂ (ਕਿ ਜਦੋਂ ਬੀਮਾਰੀ ਆਵੇ ਤਾਂ ਅਰਦਾਸ ਕਰੋ) ਦੁੱਖ ਨੱਸ ਜਾਏਗਾ, ਅਰੋਗ ਹੋ ਜਾਓਗੇ, ਅੰਨ ਜਲ ਪਚ ਜਾਏਗਾ, (ਇਹ ੩੧ਵੀਂ ਹੋਈ), (੩੨ਵੀਂ ਇਹ ਹੈ ਕਿ ਜਦੋਂ ਵੈਰੀ ਆ ਘੇਰਨ ਤਾਂ ਅਰਦਾਸ ਕਰੋ ਫਿਰ) ਦੁਸ਼ਟ ਖਪ ਜਾਣਗੇ। (੩੩ਵੀਂ ਅਰਦਾਸ ਛਾਯਾ ਪੈਣ ਤੇ ਕਰੋ) ਛਾਯਾ ਦੂਰ ਹੋ ਜਾਏਗੀ (ਉਨ੍ਹਾਂ ਤੇ) ਸ਼ਹੀਦੀ ਸੈਨਾ ਧਾਕੇ ਆ ਪਵੇਗੀ। [2]ਚੌਤੀਵੀਂ: ਅਰਦਾਸ ਸੌਣ ਵੇਲੇ ਇਹ ਕਰ ਲਵੇ ਕਿ ਮੈਂ ਹੁਣ ਸੁੱਖਾਂ ਦਾ ਰਾਜਾ ਹੋਵਾਂ ਭਾਵ ਅਰਾਮ ਨਾਲ ਸੋਵਾਂ। [†]ਪਾ:-ਚੌਤੀਸ।

ਪੈਂਤੀ ਗੁਰ ਪਸਾਰਾ ਕਰੈ, ਵਧੈ ਪਸੂ ਕੀ

[1]ਪੈਂਤੀਵੀਂ: (ਇਹ ਹੈ ਕਿ) ਗੁਰੂ ਵਾਧਾ ਕਰੇ ਪਸ਼ੂਆਂ

ਵੇਹਿ[1] ॥੩੭॥

ਦੀ ਸੁ ਵਧੇ। [ਪੰ:, ਵਿਊਣਾ=ਪ੍ਰਸੂਤ ਹੋਣਾ]।

ਛੱਤੀ ਅਰਦਾਸ ਹੁਇ ਭਾਵਨਾ ਅੰਤ੍ਰ ਭਾਵ ਫਲ ਦੇਸ਼[1]।

[1]ਛਤੀਵੀਂ: ਅਰਦਾਸ ਸ਼ਰਧਾ ਲਈ ਹੋਵੇ (ਕਿ ਹੇ ਗੁਰੋ ਮੇਰੇ) ਅੰਤ੍ਰੀਵ ਦੇਸ਼ (ਅੰਤਹ ਕਰਣ) ਵਿਚ ਪ੍ਰੇਮ ਪ੍ਰਫੁੱਲਤ ਹੋਵੇ।

ਸੈਂਤੀ ਵੇਲ ਬਾਗ ਫਲੇ, ਅਫਲ[†] ਸਫਲ ਵਹਿ ਸ਼ੇਸ਼[1] ॥੩੮॥

[1]ਸੈਂਤੀਵੀਂ: ਬਾਗ਼ ਦੀਆਂ ਵੇਲਾਂ (ਤੇ ਬਿੱਖ ਜੋ) ਅਫਲ ਹਨ ਫਲ ਪੈਣ (ਤੇ ਜੋ) ਫਲ ਦੇਂਦੇ ਹਨ ਓਹ ਬਹੁਤਾ (ਫਲਨ)। [ਵਹਿ=ਉਹ। ਸ਼ੇਸ਼=ਬਹੁਤਾ। ਹੋ ਸਕਦਾ ਹੈ ਕਿ ਸੌ ਸਾਖੀ ਵਾਲੇ ਨੇ ਵਿਸ਼ੇਸ਼ ਨੂੰ ਹੀ ਵਹਿਸ਼ੇਸ਼ ਲਿਖਿਆ ਹੋਵੇ]। [†]ਪਾ:-ਅਟਲ।

ਅਠਤੀਸਵੀਂ।

ਮਨਮੁਖ ਉਠੈ ਸਨਮੁਖ ਝੁਕੈਂ,
ਨਵੇਂ ਗ੍ਰਿਹਿ ਆਰੰਭ[1]।

[1]ਅੱਠਤੀਵੀਂ: ਨਵੇਂ ਘਰ ਅਰੰਭ ਵੇਲੇ (ਅਰਦਾਸ ਕਰੇ ਕਿ ਜੋ) ਮਨਮੁਖ ਹੋਕੇ (ਮੇਰੇ) ਸਾਹਮਣੇ ਉਠੇ ਸੋ ਸਨਮੁਖ ਹੋਕੇ ਅਰਥਾਤ ਮੇਰੇ ਅਨੁਕੂਲ ਹੋਕੇ ਮੇਰੇ ਅਗੇ ਝੁਕ ਜਾਵੇ।

ਪ੍ਰਵੇਸ਼ ਉਣਤਾਲੀ ਅਚਲ ਬਸ,
ਸਿੰਘ ਵਸਤ ਅਸੰਭ[1] ॥੩੯॥

[1]ਉਣਤਾਲੀਵੀਂ: (ਅਰਦਾਸ ਨਵੇਂ ਘਰ ਵਿਚ) ਪ੍ਰਵੇਸ਼ (ਕਰਨ ਵੇਲੇ ਕਰੇ ਕਿ ਸਿੰਘ ਦਾ ਨਿਵਾਸ ਅਚਲ ਹੋਵੇ ਤੇ (ਘਰ ਵਿਚ) ਵਸਤੂਆਂ ਬਹੁਤ ਹੋਣ [ਸੰਸ. ਅਸੰਭਾਰ=ਬਹੁਤ]।

ਚਾਲੀਸਮੀ।

ਖੇਤੀ ਪਰ। ਮਾਤਾ ਕੋ ਅਮਾਨ।
ਵਾਧੈ ਕਾ ਅਸਾਨ[1] ॥੪੦॥

[1]ਚਾਲੀਸਵੀਂ: (ਅਰਦਾਸ) ਖੇਤੀ ਪਰਥਾਇ (ਕਰੇ ਜਦੋਂ ਬੀਜੇ ਅਰਦਾਸ ਕਰੇ ਕਿ ਹੇ ਗੁਰੋ ਧਰਤੀ) ਮਾਤਾ ਪਾਸ (ਬੀਜ) ਅਮਾਨਤ ਧਰਿਆ ਹੈ ਉਸ ਦਾ ਸੁਖੈਨ ਵਾਧਾ ਹੋਵੇ, [ਫਾ. ਆਸਾਨ=ਸੌਖਾ]।

ਇਕਤਾਲੀ।

ਕੂਆ ਅਖੰਡ। ਗੁਰ ਪੂਰਨ ਬ੍ਰਹਮੰਡ[1] ॥੪੧॥

[1]ਇਕਤਾਲੀਵੀਂ: (ਖੂਹ ਦੇ ਜਲ ਦੀ ਅਟੁੱਟਤਾ ਦੀ ਅਰਦਾਸ ਖੂਹ ਲਾਉਣ ਵੇਲੇ ਕਰੇ) ਹੇ ਬ੍ਰਹਮੰਡ ਵਿਚ ਪੂਰਨ ਗੁਰੂ (ਮੇਰਾ) ਖੂਹ ਅਖੰਡ (ਜਲ ਵਾਲਾ) ਹੋਵੇ।

ਬਿਆਲੀ।

ਵੰਡੇ ਰਿੱਧਿ ਬ੍ਰਿੱਧ। ਸਤਿਗੁਰੁ ਸਭਿ ਸਿੱਧ[1] ॥੪੨॥

[1]ਬਿਤਾਲੀ: (ਜਿਸ ਵੇਲੇ ਬੋਹਲ) ਵੰਡੇ (ਤਾਂ ਅਰਦਾਸ ਕਰੇ) ਹੇ ਸਭ ਸਿੱਧੀਆਂ ਦੇ ਦਾਤਾ ਗੁਰੂ ਜੀ (ਮੇਰੀ) ਰਿਧਿ ਵਧੇ। ਭਾਵ ਢੇਰੀ ਬਰਕਤ ਪਵੇ।

ਤੇਤਾਲੀ।

ਸਤਿਗੁਰ ਟੇਕ ਰਾਖ। ਦਿਖਾਵੈ ਸਿਦਕ ਸਾਖ[1] ॥੪੩॥

[1]ਤਿਰਤਾਲਵੀਂ: (ਜੇ ਵਿਹਾਰੀ ਹੋਵੇ ਤਾਂ ਅਰਦਾਸ ਕਰੇ ਕਿ) ਹੇ ਸਤਿਗੁਰੋ ਮੇਰੀ ਸਾਖ (ਵਿਹਾਰਕ ਅਬਰੋ ਦੀ ਟੇਕ ਰਖ ਦਿਖਾਉਣੀ (ਤੇ ਅੰਦਰੋਂ ਮੈਨੂੰ) ਸਿਦਕ ਵਿਚ

ਰੱਖਣਾ। (ਅ) ਸਾਖ (ਉਗਾਹੀ ਭਰਨ ਵੇਲੇ ਅਰਦਾਸ ਕਰੇ) ਕਿ ਹੇ ਸਤਿਗੁਰੋ ਮੇਰੇ ਸਿਦਕ ਦੀ ਟੇਕ ਰੱਖ ਦਿਖਾਓ ਭਾਵ ਇਹ ਹੈ ਕਿ ਉਗ਼ਾਹੀ ਵੇਲੇ ਮੈਂ ਸੱਚ ਤੋਂ ਨਾਂ ਥਿੜਕਾਂ।

ਚੌਤਾਲੀ।

ਗੁਪਤਿ ਕਾਮ। ਅੰਤਰਜਾਮੀ ਸਫਲ ਜਾਨ[1] ॥੪੪॥

[1]ਚੌਤਾਲਵੀਂ: (ਕੋਈ) ਗੁਪਤ ਕੰਮ (ਆ ਪਵੇ ਤਾਂ ਅਰਦਾਸ ਕਰੇ) ਹੇ ਅੰਤਰਜਾਮੀ ਮੇਰੇ ਕੰਮ ਸਫਲੇ ਹੋ ਜਾਣ। (ਅ) ਮੇਰੇ ਗੁਪਤ ਕੰਮ ਜੋ ਹੇ ਅੰਤਰਜਾਮੀ! ਤੂੰ ਜਾਣਦਾ ਹੈਂ ਸਫਲ ਹੋਣ।

ਪੈਂਤਾਲੀ।

ਬਾਹਰ ਈਤ ਊਤ ਧਾਵੈ। ਜਾਹਰ ਪ੍ਰਦੇਸ ਜਾਵੈ[1] ॥੪੫॥

[1]ਪੈਂਤਾਲਵੀਂ: (ਘਰੋਂ) ਬਾਹਰ ਇਧਰ ਉਧਰ ਕਿਤੇ ਸਹਿਸੁਭਾ ਜਾਣਾ ਹੋਵੇ ਜਾਂ ਪ੍ਰਦੇਸ਼ ਨੂੰ ਖੁੱਲਮਖੁੱਲਾ ਜਾਣਾ ਪਵੇ (ਤਾਂ ਬੀ ਅਰਦਾਸ ਕਰੇ)। (ਅ) ਜ਼ਾਹਰ ਤੋਂ ਇਹ ਮੁਰਾਦ ਬੀ ਹੋ ਸਕਦੀ ਹੈ ਕਿ ਮੇਰੀ ਪ੍ਰਗਟਤਾਈ ਹੋਵੇ ਭਾਵ ਪਰਦੇਸ਼ ਵਿਚ ਮੈਨੂੰ ਸਤਿਕਾਰ ਮਿਲੇ।

ਛਿਆਲਵੀਂ।

ਘਰ ਫੂਟ ਮੈਂ। ਘਰ ਸਭਿ ਬਿਹਾਲ।
ਭਗਤ ਪ੍ਰਤਿਪਾਲ[1] ॥੪੬॥

[1]ਛਿਤਾਲੀਵੀਂ: ਘਰ ਵਿਚ ਫੁਟ ਪਰਥਾਇ (ਅਰਦਾਸ ਕਰੇ) (ਕਿ ਹੇ ਦਾਤਾ!) ਸਾਰਾ ਘਰ ਬੇਹਾਲ ਹੋ ਰਿਹਾ ਹੈ। ਤੁਸੀਂ ਭਗਤ ਪ੍ਰਤਿਪਾਲ ਹੋ (ਸੇਵਕ ਦੀ ਸਹਾਇਤਾ ਕਰੋ)। (ਅ) ਭਗਤ ਦੀ ਪ੍ਰਤਿਪਾਲਾ ਕਰੋ।

ਸੈਂਤਾਲੀ।

ਖਜ਼ਾਨੇ ਆਕਰਖ ਟੇਕ।
ਰਾਖਾ ਤੂੰਹੀ ਏਕ[1] ॥੪੭॥

[1]ਸੈਂਤਾਲਵੀਂ: ਖਜ਼ਾਨਾ (ਆਕਰਖ=) ਕੱਢਣ ਲਗਿਆਂ ਤੇ ਟਿਕਾਉ (ਰੱਖਣ) ਲਗਿਆਂ (ਅਰਦਾਸ ਕਰੇ ਹੇ ਸਤਿਗੁਰ) ਤੂੰਹੋਂ ਇਕੋ ਹੀ ਰਾਖਾ ਹੈਂ। [ਆਕਰਖ=ਖਿੱਚਣਾ, ਕੱਢਣਾ। ਟੇਕ=ਟਿਕਾਉਣਾ]। (ਅ) ਪਾਠਾਂਤ੍ਰ-ਖਜ਼ਾਨੇ ਆਂਕ ਰਖ ਟੇਕ=ਖਜ਼ਾਨੇ ਗਿਣਕੇ ਰੱਖਣ ਲਗਿਆਂ (ਅਰਦਾਸ ਕਰੇ) ਇਕ (ਤੇਰੀ) ਟੇਕ ਹੈ ਤੂੰਹੇਂ ਰਾਖਾ ਹੈਂ।

ਅਠਤਾਲੀ।

ਰੋਗੁ ਜੁਰੇ। ਸਤਿਗੁਰ ਸ਼ਾਂਤ।
ਸਿਖ ਕੋ ਅਨਾਗਤ[1] ॥੪੮॥

[1]ਅਠਤਾਲੀਵੀਂ: ਜਦ ਵਬਾ ਪੈ ਜਾਵੇ (ਤਾਂ ਅਰਦਾਸ ਕਰੇ ਹੇ ਗੁਰੋ) ਸਿੱਖ ਪਾਸ ਇਹ ਨਾ ਅਪੜੇ (ਤੇ ਚੁਫੇਰਿਓਂ ਇਹ) ਸ਼ਾਂਤ ਹੋ ਜਾਵੇ [ਰੋਗ ਜੁੜੇ=ਰੋਗ ਜੁੜ ਕੇ ਆਵੇ ਭਾਵ ਵਬਾ ਪਵੇ। ਅਨਾਗਤ=ਅਣ+ਆਗਤ=ਭਾਵ ਹੈ ਨਾ ਆਵੇ]।

[1]ਉਣੰਜਾ।

ਮਿਲੇ ਵਿਛੁੜੇ ਕੋ।
ਆਵੈ ਗੁਰ ਜਾਲਮ। ਜਾਨੈ ਸਭਿ ਆਲਮ
॥੪੯॥

[1]ਉਣੰਜਵੀਂ: (ਇਹ ਗਲ ਸਾਰਾ ਜਹਾਨ ਜਾਣਦਾ ਹੈ (ਕਿ ਆਪ ਵਿਛੁੜਿਆਂ ਨੂੰ ਮੇਲਦੇ ਹੋ ਕਿਰਪਾ ਕਰੋ ਕਿ) ਜ਼ਾਲਮ (ਦੇ ਜ਼ੁਲਮ ਨਾਲ) ਵਿਛੜਿਆਂ (ਮੇਰਾ ਪਿਆਰਾ ਮੁੜ ਘਰ) ਆਵੇ (ਤੇ ਮੈਨੂੰ) ਮਿਲੇ। ਇਹ ਅਰਦਾਸ ਕੈਦ ਪਿਆਂ ਸੱਜਣਾਂ ਦੀ ਬੰਦ ਖਲਾਸੀ ਲਈ ਹੈ)। (ਅ) ਪਰ ਸ਼ੁਧ ਪਾਠ ਜਾਪਦਾ ਹੈ, ਆਵੈ ਘਰ ਬਾਲਮ=ਅਰਥ-ਵਿਛੁੜੇ ਦੇ ਮਿਲਾਪ ਲਈ ਅਰਦਾਸ ਕਰੇ (ਹੇ ਗੁਰੋ) ਮੇਰਾ ਪਿਆਰਾ ਘਰ ਆਵੇ ਸਾਰਾ ਜਹਾਨ ਜਾਣਦਾ ਹੈ (ਕਿ ਵਿਛੁੜਿਆਂ ਮੇਲੇ ਪ੍ਰਭੁ) ਅਥਵਾ ਤੂੰ ਸਾਰੇ ਜਗ ਨੂੰ ਜਾਣਦਾ ਹੈਂ ਤੈਨੂੰ ਮੇਰੇ ਪਿਆਰੇ ਦਾ ਪਤਾ ਹੈ। (ੲ) ਜਦੋਂ ਮਿਲਿਆ ਹੋਇਆ ਵਿਛੜੇ ਤਦ ਅਰਦਾਸ ਕਰੇ ਕਿ ਹੇ ਸਤਿਗੁਰੋ (ਜ਼ਾਲਮ=) ਡਾਢਾ ਵਿਛੋੜਾ ਆ ਰਿਹਾ ਹੈ ਜਿਸ ਨੂੰ ਸਾਰਾ ਆਲਮ ਜਾਣਦਾ ਹੈ (ਉਸ ਵਿਖੇ ਸਹਾਈ ਹੋਣਾ)।

ਪੰਚਾਸ।
ਸ਼ਾਦੀ ਕੀ। ਖੁਲਾ ਗੁਰ ਦਰਬਾਰ।
ਇੱਛਾ ਬਿਹਾਰ[1] ॥੫੦॥

[1]ਪੰਜਾਹਵੀਂ: ਵਿਵਾਹ ਦੀ (ਅਰਦਾਸ, ਅਰਥਾਤ) ਵਿਵਾਹ (ਰਚਾਉਣ) ਦੀ ਆਗਿਆ ਸਤਿਗੁਰਾਂ ਤੋਂ ਲੈਣ ਵੇਲੇ ਅਰਦਾਸ ਕਰੇ ਹੇ ਗੁਰੋ (ਆਪਦੀ) ਇੱਛਾ (ਅਨੁਸਾਰ ਵਿਵਾਹ ਦਾ) ਵਿਹਾਰ ਗੁਰੂ ਕੇ ਖੁੱਲ੍ਹੇ ਦਰਬਾਰ ਵਿਚ ਹੋਵੇ। ਮੁਰਾਦ ਗੁਰੂ ਮਿਰਯਾਦਾ ਦੇ ਅਨੁਸਾਰ ਵਿਆਹ ਹੋਵੇ।

ਇਕ ਪੰਚਾਸ।
ਬਾਜ ਜੰਗ। ਗੁਰ ਬਖਸ਼ੀ ਅਸੰਗ[1]
॥੫੧॥

[1]ਇਕਵੰਜਵੀਂ: (ਘੋੜੇ ਲੈਣ ਵੇਲੇ ਦੀ ਅਰਦਾਸ) ਗੁਰੋ ਐਸਾ ਜੰਗੀ ਘੋੜਾ ਬਖਸ਼ੋ ਕਿ ਅਟਕ ਫਟਕ ਤੋਂ ਰਹਿਤ ਹੋਵੇ [ਅ+ਸੰਗ=ਸੰਗੇ ਨਾ, ਭਾਵ ਅੜੀ ਨਾ ਕਰੇ]। (ਅ) ਹੇ ਗੁਰੋ ਜੰਗ ਬਾਜੀ (ਜੰਗੀ ਤਾਕਤ ਐਸੀ) ਬਖਸ਼ੋ ਕਿ ਬਿਨਾਂ ਕਿਸੇ ਦੀ ਮਦਦ ਦੇ (ਫਤੇ ਹੋਵੇ)।

ਬਵੰਜਾ।
ਗੁਰ ਦੀਨਾ ਗਣੇਸ਼।
ਸੁਫਲਾ ਕਾਮ ਮਾਨੈ ਆਦੇਸ਼[1] ॥੫੨॥

[1]ਬਵੰਜਵੀਂ: (ਹਾਥੀ ਪ੍ਰਾਪਤੀ ਤੇ ਅਰਦਾਸ ਕਰੇ ਹੇ) ਗੁਰੋ ਆਪ ਨੇ ਹਾਥੀ ਬਖਸ਼ਿਆ ਹੈ, (ਇਸ ਪਰ ਚੜ੍ਹਕੇ ਜਿਸ) ਕੰਮ (ਜਾਵਾਂ) ਸੁਫਲਾ ਹੋਵੇ (ਤੇ ਇਹ ਹਾਥੀ) ਮੇਰਾ ਹੁਕਮ ਮੰਨੇ। ਅਥਵਾ ਲੋਕੀ ਮੈਨੂੰ ਨਮਸਕਾਰਾਂ ਕਰਨ। [ਗਣੇਸ਼=ਗਣੇਸ਼ ਦਾ ਸਿਰ ਹਾਥੀ ਦਾ ਹੋਣ ਕਰਕੇ ਖਾਲਸੇ ਦੇ ਬੋਲੇ ਵਿਚ ਗਣੇਸ਼ ਹਾਥੀ ਨੂੰ ਕਹਿੰਦੇ ਹਨ। [ਆਦੇਸ਼=ਹੁਕਮ, ਨਮਸਕਾਰ]।

ਤ੍ਰਿਪੰਜਾ।
ਚਿਤ ਥੰਭਣ ਮੈਂ।
ਦਰੀਆਉ ਥੰਭ ਪ੍ਰਵਾਹੁ।
ਮਨ ਆਸਹੁ[1] ॥੫੩॥

[1]ਤ੍ਰਿਵੰਜਵੀਂ: (ਖਿੰਡੇ ਚਿਤ ਏਕਾਗਰ ਕਰਨ ਲਈ

ਅਰਦਾਸ। ਹੇ ਗੁਰੋ) ਮਨ ਦਰਿਆਉ ਦੇ ਪਰਵਾਹ (ਵਾਂਗੂੰ) ਵੇਗਵਾਨ ਹੈ। (ਇਸ ਨੂੰ ਆਪ ਹੀ) ਥੰਮੋ [ਅਸਾਹੁ=ਜੋ ਸਾਹ ਨ ਲਏ ਭਾਵ ਇਕਤਾਰ ਟੁਰਿਆ ਜਾਵੇ, ਵੇਗਵਾਨ]। (ਅ) ਅਸਾਧ੍ਯ। (ੲ) ਅਸਾ+ਹ=ਅਸਾਡਾ। ਯਥਾ 'ਅਉਗਣ ਸਭਿ ਅਸਾਹ']।

ਚੁਰੰਜਾ।

ਅੱਸੁਨੀ ਕੁਮਾਰ। ਹਿਰਦਾ ਸੁਖ ਸਾਰ[1] ॥੫੪॥

[1]ਚੁਰੰਜਵੀਂ: (ਘੋੜੀ ਦਾ ਵਛੇਰਾ ਹੋਵੇ ਤਾਂ ਅਰਦਾਸ ਕਰੇ ਹੇ ਗੁਰੋ) ਵਛੇਰਾ ਹਿਰਦੇ ਨੂੰ ਚੰਗਾ ਸੁਖਦਾਈ ਹੋਵੇ। [ਸੰ:, ਅਸ਼੍ਵਨੀ ਕੁਮਾਰ। ਅਸ਼੍ਵਨੀ=ਘੋੜੀ ਦੇ (ਕੁਮਾਰ=) ਪੁੱਤ੍ਰ। 'ਸੰਗਜਾ' ਸੂਰਜ ਦੀ ਵਹੁਟੀ ਸੀ, ਜੋ ਘੋੜੀ ਬਣ ਗਈ ਸੀ ਇਸ ਤੋਂ ਜੰਮੇ ਪੁੱਤ੍ਰਾਂ ਦਾ ਨਾਮ ਅਸ਼੍ਵਨੀ ਕੁਮਾਰ ਹੈ (ਦੇਖੋ -ਨਿਰੁਕ੍ਤ ਦੈਵਤ ਕਾਂਡ); ਇਸ ਕਰਕੇ ਖਾਲਸਈ ਬੋਲੇ ਵਿਚ ਵਛੇਰੇ ਨੂੰ ਅਸ਼੍ਵਨੀ ਕੁਮਾਰ ਕਹਿੰਦੇ ਹਨ]।

ਪਚਵੰਜਾ।

ਬਿਆਹ ਕੀ ਕ੍ਰਿਤ ਮੈਂ।
ਆਰੰਭ ਤਵ ਕ੍ਰਿਪਾਲ।
ਸਿੱਖ ਕੋ ਨਿਹਾਲ[1] ॥੫੫॥

[1]ਪਚਵੰਜਵੀਂ: ਵਿਆਹ ਰਚਾਉਣ ਵੇਲੇ (ਦੀ ਅਰਦਾਸ) ਹੇ ਕ੍ਰਿਪਾਲੂ (ਗੁਰੋ) ਤੇਰਾ (ਕਰਾਇਆ) ਕਾਰਜ ਅਰੰਭ ਕਰਨ ਲੱਗੇ ਹਾਂ (ਸਿੱਖ ਨੂੰ ਨਿਹਾਲ ਕਰਨਾ)।

ਛਿਪੰਜਾ।

ਬੰਧਨ ਮੈਂ। ਅੰਧਾ ਹੂਆ ਵਿਰੋਧ।
ਸਿੱਖ ਕੋ, ਸੋਧ[1] ॥੫੬॥

[1]ਛਿਵੰਜਵੀਂ: ਬੰਧਨ (ਦੇ ਦੂਰ ਕਰਨ ਵਾਸਤੇ ਅਰਦਾਸ:-ਹੇ ਗੁਰੋ) ਵਿਰੋਧੀ ਨੇ (ਬਲ ਆਦਿ ਮਦ ਵਿਚ) ਅੰਨ੍ਹੇ ਹੋਕੇ (ਸਿੱਖ ਨੂੰ ਬੰਧਨ ਪਾਏ ਹਨ) ਆਪ ਉਧਾਰ ਕਰੋ। ਅਥਵਾ ਸਿੱਖ ਨੂੰ ਢੂੰਡ ਕੇ ਆਪ ਲੈ ਆਓ [ਸੋਧਣਾ=ਢੂੰਡਣਾ]। (ਅ) ਦੁਸ਼ਮਨ ਨੂੰ ਬੰਨ੍ਹ ਲੈਣ ਲਈ ਅਰਦਾਸ-(ਹੇ ਗੁਰੋ) ਵਿਰੋਧੀ ਅੰਨ੍ਹਾ ਹੋਕੇ ਸਿੱਖ ਨੂੰ (ਦੁੱਖ ਦੇਣਾ ਚਾਹੁੰਦਾ ਹੈ ਉਸ ਨੂੰ ਸੋਧੋ)। [ਖਾਲਸੇ ਦਾ ਬੋਲਾ ਹੈ ਸੋਧੋ=ਠੀਕ ਕਰੋ]।

ਸਤਵੰਜਾ।

ਮੋਹਨੀ ਮੈਂ। ਦੇਖਤਿ ਖੁਸ਼ਾਲ।
ਸਿੱਖ ਕਾਰਜ ਸੰਭਾਲ[1] ॥੫੭॥

[1]ਸਤਵੰਜਵੀਂ: (ਜਿਸ ਗੋਚਰਾ ਕੰਮ ਹੋਵੇ ਉਸ ਨੂੰ ਆਪਣੇ ਤੇ) ਮੋਹਿਤ ਕਰ ਲੈਣ ਨਮਿੱਤ (ਇਉਂ ਅਰਦਾਸ ਕਰੇ:-ਹੇ ਗੁਰੋ! ਓਹ) ਦੇਖਦਾ ਹੀ ਖੁਸ਼ਹਾਲ ਹੋ ਜਾਵੇ (ਤੇ ਤੇਰੇ) ਸਿੱਖ ਦਾ ਕਾਰਜ ਸੰਵਾਰ ਦੇਵੇ।

ਅਠਵੰਜਾ।

ਕੀਰਤਨ ਕੀ। ਗੁਰੋਂ ਕਾ ਉਚਾਰ।

ਨਾਮ ਫਲ ਸੁਣ ਹੋ ਉਧਾਰ[1]† ॥੫੮॥

[1]ਅਠਵੰਜਵੀਂ: (ਕੀਰਤਨ ਕਰਨ ਲਗਿਆਂ ਅਰਦਾਸ ਕਰੇ:-) (ਹੇ ਗੁਰੋ) ਗੁਰੂ ਬਾਣੀ ਸੁਣਨ ਦਾ ਫਲ ਲੱਗੇ ਨਾਮ (ਪ੍ਰਾਪਤ ਹੋਵੇ ਤੇ) ਉੱਧਾਰ ਅਰਥਾਤ ਨਿਸਤਾਰਾ ਹੋਵੇ [ਗੁਰੋਂ ਕਾ ਉਚਾਰ=ਉਹ ਜੋ ਗੁਰਾਂ ਨੇ ਉਚਾਰਿਆ ਹੈ, ਭਾਵ ਗੁਰਬਾਣੀ]। †ਪਾ:-ਅਧਾਰ।

ਉਣਾਹਠ।

ਬਿਘਨ ਹਟਾਵਨ ਮੈਂ।

ਸ਼ਹੀਦ ਸਿੰਘ ਉਮੰਡ। ਬਿਰੋਧੀ ਰੁਕੈ ਬਿਹੰਡ[1] ॥੫੯॥

[1]ਉਨਾਹਠਵੀਂ: (ਵਿਘਨਾਂ ਦੇ ਦੂਰ ਕਰਨ ਸਮੇਂ ਅਰਦਾਸ ਕਰੇ:-ਕਿ ਹੇ ਗੁਰੋ) ਸ਼ਹੀਦ ਸਿੰਘ ਉਮਡ ਕੇ ਪੈਣ (ਕਿਉਂ ਕਿ ਮੇਰਾ) ਵਿਰੋਧੀ ਮੇਰਾ ਨਾਸ਼ ਕਰਨ ਤੋਂ ਰੁਕ ਜਾਵੇ। (ਅ) ਵਿਰੋਧੀ ਰੁਕਜਾਣ (ਤੇ ਵਿਘਨ) ਨਾਸ਼ ਹੋ ਜਾਣ।

ਸਾਠਮੀ।

ਸਾਧ ਮਿਲਿਨਿ ਮੈਂ।

ਮਨ ਹੋਵੈ ਅਧੀਨ। ਸਾਧ ਮਿਲੈ ਫਲ ਪੀਨ[1] ॥੬੦॥

[1]ਸੱਠਵੀਂ: ਸਾਧੂ ਦੇ ਮਿਲਨ ਲਈ (ਅਰਦਾਸ, ਹੇ ਗੁਰੋ ਮੇਰਾ) ਮਨ ਨਿੰਮ੍ਰਤਾ ਵਾਲਾ ਹੋਵੇ, ਸਾਧੂ ਮਿਲੇ, ਤੇ ਪੂਰਨ ਫਲ ਪ੍ਰਾਪਤ ਹੋਵੇ। ਇਹ ਰੋਜ਼ ਅਰਦਾਸੇ ਵਿਚ ਕਹੀਦਾ ਹੈ:-ਗੁਰਮੁਖ ਦਾ ਮੇਲ ਸਾਧ ਦਾ ਸੰਗ ਸੇਈ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

ਦੋਹਰਾ:

ਸਾਠ ਅਰਦਾਸਾ ਮੰਗਲੀ,
ਦੀਨ ਬਿਸ਼ੰਭਰ ਸਿੱਖ।
ਤੋਹਿ ਭਾਵ ਜੈਸੋ ਫਲਜੋ,
ਐਸਾ ਸਿੱਖ ਨ ਦਿੱਖ[1] ॥੬੧॥

[1]ਸੱਠ ਮੰਗਲਮਈ ਅਰਦਾਸਾਂ ਹੇ ਬਿਸ਼ੰਭਰ ਸਿੱਖ ਤੈਨੂੰ ਦੱਸੀਆਂ ਹਨ ਜੈਸਾ ਤੇਰਾ ਪ੍ਰੇਮ ਫਲਿਆ ਹੈ ਐਸਾ ਸਿੱਖ (ਦੱਖਣ ਵਿਚ ਕੋਈ ਹੋਰ) ਨਹੀਂ ਦੇਖਿਆ। ਅਥਵਾ ਜੈਸਾ ਤੇਰਾ ਪ੍ਰੇਮ ਫਲਿਆ ਹੈ। (ਸਿੱਖਨ ਦਿਖ) ਸਿੱਖਾਂ ਨੇ ਵੇਖਿਆ ਹੈ ਭਾਵ ਪ੍ਰਗਟ ਹੈ।

†ਇਕਾਹਠਮੀ।

†ਇਥੋਂ ਸੌ ਸਾਖੀ ਦੀ ੭੭ਵੀਂ ਸਾਖੀ ਚੱਲੀ ਹੈ।

ਮਨ ਸਾਲ ਹੋਇ ਮੇਰ। ਤੁਮ ਰਾਖੋ ਜਗ ਝੇਰੁ[1] ॥੬੨॥

[1]ਇਕਾਹਠਵੀਂ: (ਜਗਤ ਦੇ ਝਗੜਿਆਂ ਤੋਂ ਬਚਨ ਲਈ ਅਰਦਾਸ:-ਹੇ ਗੁਰੋ) ਮੇਰਾ ਮਨ (ਆਪ ਦੇ ਚਰਨਾਂ ਨਾਲ) ਸਿੱਧਾ ਰਹੇ (ਤੁਸੀਂ ਮੈਨੂੰ) ਜਗਤ ਦੇ ਝਗੜਿਆਂ ਤੋਂ ਰੱਖ ਲਵੋ।

ਬਾਹਠੀ।

ਗੁਰ ਪਗ ਬਿਸ੍ਰਾਮ। ਠਹਿਰੇ ਮਨ

[1]ਬਾਹਠਵੀਂ: (ਗੁਰੂ ਚਰਨਾਂ ਦੇ ਧਿਆਨ ਸਿੱਧੀ ਲਈ ਅਰਦਾਸ ਹੈ ਗੁਰੋ ਮੇਰਾ ਮਨ ਗੁਰੂ ਚਰਨਾਂ ਦੇ ਧਿਆਨ

ਧਿਆਨ[1] ॥੬੩॥

ਵਿਚ ਟਿਕ ਕੇ ਵਿਸ਼੍ਰਾਮ ਪਾਵੇ [ਸੰਸ. ਵਿਸ਼੍ਰਾਮ=ਅਰਾਮ, ਸੁਖ]।

ਤ੍ਰੇਹਠੀ।

ਤਰਣ ਕੀ ਤਰਣਾਇ। ਸਤਿਗੁਰ ਸਹਾਇ[1] ॥੬੪॥

[1]ਤ੍ਰੇਹਠਵੀਂ: ਜੁਆਨ ਦੀ ਜੁਆਨੀ (ਨੂੰ ਭੁੱਲਾਂ ਤੋਂ ਰੱਖਣ ਲਈ ਅਰਦਾਸ:-ਹੇ) ਸਤਿਗੁਰੂ ਆਪ (ਸਦਾ) ਸਹਾਈ ਰਹੋ, ਭਾਵ ਕੁਕਰਮ ਤੋਂ ਬਚਾਓ।

ਚੌਂਸਠੀ।

[1]ਚਾਕਰ ਧਾਰਣੈ। ਮਨ ਮੈਣ।

[1]ਚਉਠਵੀਂ: (ਨੌਕਰੀ ਸੰਬੰਧੀ ਅਰਦਾਸ:-) ਨੌਕਰ ਰੱਖਣ ਵੇਲੇ (ਕਹੇ:-ਹੇ ਗੁਰੋ) ਮੇਰਾ ਮਨ ਮੋਮਵਤ (ਨਰਮ ਹੋਵੇ) ਭਾਵ ਮੈਥੋਂ ਨੌਕਰ ਤੇ ਜ਼ੁਲਮ ਨਾ ਹੋਵੇ। (ਅ) ਆਪ ਨੌਕਰੀ ਕਰਨ ਵੇਲੇ ਦੀ (ਅਰਦਾਸ) (ਹੇ ਗੁਰੋ) ਮੇਰਾ ਮਨ ਮੋਮਵਤ (ਨਰਮ ਰਹੇ ਤੇ ਦਿਨ ਰਾਤ ਪੂਰਾ ਉਤਰਾਂ (ਕਦੇ ਕੱਸਾ ਨਾ ਨਿਕਲਾਂ) ਭਾਵ ਇਹ ਹੈ ਕਿ ਮਾਲਕ ਦੀ ਰਜ਼ਾ ਵਿੱਚ ਟੁਰਾਂ।

ਪੂਰਾ ਦਿਨ ਰੈਣ ॥੬੫॥

ਪੈਂਸਠੀ।

ਅਮਾਨ ਸਚਾਇ। ਸਤਿਗੁਰ ਸਹਾਇ[1] ॥੬੬॥

[1]ਪਹਿਠਵੀਂ: (ਅਮਾਨਤ ਰੱਖਣ ਦੀ ਅਰਦਾਸ) ਹੇ ਸਤਿਗੁਰ ਜੀ! ਆਪਣੀ ਸਹਾਯਤਾ ਨਾਲ ਅਮਾਨਤ (ਰੱਖਣ) ਵਿਚ ਮੈਨੂੰ ਸਚਿਆਰ ਰੱਖਣਾ।

ਛੇਸਠੀ।

ਅਮਲ ਸੁਖਦਾਇ। ਤਨ ਸੁਖ ਛਾਇ[1] ॥੬੭॥

[1]ਛਿਆਹਠਵੀਂ: (ਸ਼ੁਭ ਅਮਲਾਂ ਲਈ ਅਰਦਾਸ:-(ਹੇ ਗੁਰੋ) ਐਸੇ ਸੁਖਦਾਈ ਕੰਮ ਕਰਵਾਓ ਕਿ ਸ਼ਰੀਰ ਵਿਚ ਸੁਖ ਛਾਇਆ ਰਹੇ [ਅ਼:, ਅਮਲ=ਕੰਮ]। (ਅ) (ਹੇ ਗੁਰੋ) ਐਸਾ ਸੁਖਦਾਈ ਅਮਲ (ਨਸ਼ਾ) ਲਗਾਓ ਕਿ ਸਰੀਰ ਵਿਚ ਸੁਖ ਛਾਇਆ ਰਹੇ। ਭਾਵ 'ਨਾਮ ਅਮਲ' ਤੋਂ ਹੈ। ਯਥਾ 'ਕਹੁ ਨਾਨਕ ਅਮਲ ਹਰਿ ਲਾਇ' ਪੁਨ: 'ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ।' (ੲ) ਸੁੱਖੇ ਆਦਿਕ ਦੇ ਪ੍ਰੇਮੀ ਐਉਂ ਅਰਥ ਕਰਦੇ ਹਨ, ਅਮਲ ਐਸਾ ਸੁਖਦਾਈ ਹੋਵੇ ਤੇ ਸਰੀਰ ਵਿਚ ਸੁਖ ਛਾਵੇ। ਪਰ ਨਾਮ ਬਿਨਾ ਕੋਈ ਅਮਲ ਐਸਾ ਨਹੀਂ ਜੋ ਸਰੀਰ ਨੂੰ ਦੁਖੀ ਨਾ ਕਰੇ ਤੇ ਨਿਰੋਲ ਸੁਖਦਾਈ ਹੋਵੇ।

ਸਤਾਹਠੀ।

ਮੇਠਰ। ਗੁਰੂ ਕਰੇ ਸੇਠਰ[1] ॥੬੮॥

[1]ਸਤਾਹਠਵੀਂ: (ਗ਼ੀਬ ਤੋਂ ਅਮੀਰ ਬਣਨ ਲਈ ਅਰਦਾਸ:-ਹੇ ਗੁਰੋ! ਮੈਂ) ਗ਼ੀਬ ਹਾਂ ਮੈਨੂੰ ਅਮੀਰ ਬਣਾਓ। [ਮੇਠਰ=ਹਾਥੀਆਂ ਦਾ ਘਾਹੀ ਭਾਵ ਗ਼ੀਬ। ਸੇਠਰ=ਸ੍ਰੇਸ਼ਟ, ਧਨੀ, ਸ਼ਾਹੂਕਾਰ]। (ਅ) ਗੁਰੂ ਸਾਦੇ ਕਮਾਦਾਂ ਨੂੰ ਮਿੱਠਿਆਂ ਕਰ ਦੇਵੇ।

ਅਠਾਹਠੀ।

ਮੋਦੀਖਾਨੇ ਮੈਂ[†]।

[1]ਮੁਲਕ ਮਾਲਕ। ਸੁਖ ਕਾ ਤਾਲਕ ॥੬੯॥

[1]ਅਠਾਹਰਵੀਂ: ਮੋਦੀਖਾਨੇ ਦਾ (ਕਾਰਦਾਰ ਬਣਨ ਵੇਲੇ ਦੀ ਅਰਦਾਸ:-) ਮੁਲਕ ਦੇ ਮਾਲਕ ਨਾਲ (ਮੇਰੇ) ਸੁਖ ਦੇ ਤਅੱਲਕ (ਸੰਬੰਧ) ਰਹਿਣ।

†ਗੁ:ਪ੍ਰ:ਸੂ: ਵਿਚ ਸਿਰਨਾਮੇ ਪਹਿਲੇ ਚਲ ਰਹੇ ਹਨ, ਸੌ ਸਾਖੀ ਵਿਚ ਕਿਤੇ ਪਹਿਲੇ ਹਨ ਕਿਤੇ ਪਿਛੇ। ਅੰਕ ੬੭ ਤੋਂ ੭੩ ਤੱਕ ਸੌ ਸਾਖੀ ਨੇ ਸਿਰਨਾਮੇ ਮਗਰੋਂ ਦਿੱਤੇ ਹਨ, ਪਰ ਸੂਰਜ ਪ੍ਰਕਾਸ਼ ਨੇ ਏਥੇ ਬੀ ਪਹਿਲੋਂ ਦਿੱਤੇ ਹਨ, ਇਸ ਕਰਕੇ ਅਸਾਂ ਸੂਰਜ ਪ੍ਰਕਾਸ਼ ਮੁਜਬ ਅਰਥ ਉੱਤੇ ਦਿੱਤੇ ਹਨ, ਪਰ ਸੌ ਸਾਖੀ ਮੁਜਬ ਅਰਥ ਵਧੇਰੇ ਢੁਕਦੇ ਹਨ ਜੋ ਐਉਂ ਲੱਗਦੇ ਹਨ:-ਮੇਠਰ, ਗੁਰੂ ਕਰੇ ਸੇਠਰ ਮੋਦੀ ਖਾਨੇ ਮੇ=ਕਿ ਮੈਂ (ਮੇਠਰ=) ਢਿੱਲਾ ਮੱਠਾ ਹਾਂ ਆਪ ਨੇ ਮੋਦੀ ਖਾਨਾ ਬਖਸ਼ਿਆ ਹੈ ਮੈਨੂੰ (ਸੇਠਰ=) ਸ੍ਰੇਸ਼ਟ ਬੀ ਬਨਾ ਦਿਓ ਭਾਵ ਇਸ ਕੰਮ ਦੀ ਯੋਗਤਾ ਬਖਸ਼ੋ। (ਇਹ ਮੋਦੀ ਖਾਨੇ ਦੀ ਨੌਕਰੀ ਵੇਲੇ ਦੀ ਅਰਦਾਸ ਹੈ) ॥ ੬੭ ॥ ਮੁਲਖ ਮਾਲਕ ਸੁਖ ਕਾ ਤਾਲਕ ਦਿਵਾਨ ਪੈ=ਦਿਵਾਨਗੀ (ਮਿਲਨ ਵੇਲੇ ਅਰਦਾਸ ਕਰੇ) ਮੁਲਕ ਦੇ ਮਾਲਕ ਨਾਲ ਮੇਰਾ ਸੁਖ ਦਾ ਤਅੱਲਕ ਨਿਭੇ ॥ ੬੮ ॥ ਸਿਦਕ ਸਾਬਤ ਭਾਵ ਆਗਤ ਧਿਆਨ ਮੈਂ=ਧਿਆਨ (ਵੇਲੇ ਅਰਦਾਸ) ਕਰੇ ਮੇਰਾ ਸਿਦਕ ਸਾਬਤ ਰਹੇ ਤੇ ਪ੍ਰੇਮ ਮੈਨੂੰ ਪ੍ਰਾਪਤ ਹੋਵੇ। [ਆਗਤ=ਆਵੇ] ॥ ੬੯ ॥ ਅਗਨ ਸੂਰ ਵਪੁ ਮੇਰਾ ਪੂਰ ਸਤਰਵੇਂ ਲੜਾਈ ਮੈਂ=ਸਤਾਰਵੀਂ ਅਰਦਾਸ ਲੜਾਈ ਵੇਲੇ ਕਰੇ ਕਿ ਅਗਨੀ ਤੇ ਸੂਰਜ ਵਾਂਗ ਤੇਜ ਨਾਲ ਮੇਰਾ ਸਰੀਰ ਭਰ ਜਾਵੇ ॥ ੭੦ ॥ ਸੁਖ ਸਾਠ ਦਿਨ ਰੈਨ ਆਹ ਨਿਤ ਮੈਂ=ਹਰ ਰੋਜ਼ ਦੀ (ਅਰਦਾਸ ਇਹ ਹੋਵੇ ਕਿ ਹੇ ਗੁਰੋ ਮੇਰੇ) ਦਿਨ ਰੈਨ ਅੱਠੇ ਪਹਿਰ ਸੁਖ ਨਾਲ ਬੀਤਣ ॥ ੭੧ ॥ ਪਾਲਕੀ ਪਾਲ ਸਿੱਖ ਸਦਾ ਸੁਖਾਲ=(ਹੇ ਗੁਰੋ) ਪਾਲਕੀ ਕਿ ਸੁਖਪਾਲ ਵਿਚ (ਚੜ੍ਹਕੇ ਤੇਰਾ ਸਿੱਖ) ਸਦਾ ਸੁਖਾਲਾ ਰਹੇ ॥ ੭੨ ॥ ਪਾਪ ਪੇਲ ਤਰਕ ਤੇਲ ਪੀੜਨ ਮੈਂ=ਪੀੜਾ ਵੇਲੇ ਅਰਦਾਸ ਕਰੇ ਹੇ ਗੁਰੋ ਮੇਰੇ ਪਾਪਾਂ ਨੂੰ ਪੀੜ ਸੁਟੋ (ਤੇ ਸਿੱਖ) ਤੇਲ (ਆਦਿ ਦੇਣੇ) ਦੂਰ ਕਰੇ ॥ ੭੩ ॥

ਉਨ੍ਹੱਤ੍ਰੀ।

ਦਿਵਾਨ ਮੈਂ।

ਸਿਦਕ ਸਾਬਤ। ਭਾਵ ਆਗਤ[1] ॥੭੦॥

[1]ਉਨ੍ਹੱਤਰਵੀਂ: ਦੀਵਾਨ (ਕਿਸੇ ਕੰਮ ਦਾ ਜ਼ਿੰਮੇਵਾਰ ਬਣਨ ਵੇਲੇ ਦੀ ਅਰਦਾਸ) (ਹੇ ਗੁਰੋ! ਅੰਦਰੋਂ ਮੇਰਾ) ਸਿਦਕ ਸਾਬਤ ਰਹੇ ਤੇ (ਬਾਹਰੋਂ) ਮੇਰਾ ਭਾਵ ਤੇ ਆਦਰ (ਬਣੇ) [ਭਾਵ=ਭਾਉ, ਸਤਿਕਾਰ। ਆਗਤ=ਆਗਤ ਭਾਗਤ, ਆਦਰ]।

ਸੱਤ੍ਰੀ।

ਧਿਆਨ ਮੈਂ।

ਅਗਨਿ ਸੂਰ। ਵਪੁ ਮੇਰਾ ਪੂਰ[1] ॥੭੧॥

[1]ਸੱਤਰਵੀਂ: (ਧਯਾਨ ਜੋੜਨ ਸਮੇਂ ਦੀ ਅਰਦਾਸ ਹੇ ਗੁਰੋ) ਮੇਰਾ ਸਰੀਰ ਅਗਨੀ ਤੇ ਸੂਰਜ (ਸਮ ਤੇਜ ਨਾਲ) ਭਰਪੂਰ ਕਰੋ।

ਇਕੱਤ੍ਰੀ[1]।

[1]ਇਕੱਤ੍ਰਵੀਂ: ਲੜਾਈ ਵਿਚ ਜਾਣ ਵੇਲੇ (ਅਰਦਾਸ ਕਰੇ) ਹੇ ਗੁਰੋ ਦਿਨ ਰਾਤ ਅੱਠੇ (ਪਹਿਰ) ਸੁਖ ਨਾਲ ਜੋੜੀ ਰਖੋ। [ਸਾਂਠ=ਜੋੜਨਾ, ਦੇਖੋ ਗੁਰੂ ਗ੍ਰੰਥ ਕੋਸ਼]।

ਲੜਾਈ ਮੈਂ।

ਸੁਖਸਾਠ†। ਦਿਨ ਰਾਤ‡ ਆਠ ਦਿਨ ਮੈਂ†† ॥੭੨॥

†ਪਾ:-ਸਾਰ। ‡ਪਾ:-ਰੈਣ।। ††ਪਾ:-ਨਿਤ ਮੈਂ।

ਬਹੱਤ੍ਰੀ।

ਪਾਲਕੀ ਪਾਲ। ਸਿੱਖ ਸਦਾ ਸੁਖਾਲ[1]

[1]ਬਹੱਤਰਵੀਂ: (ਪਾਲਕੀ ਚੜ੍ਹਨ ਵੇਲੇ ਦੀ ਅਰਦਾਸ:-ਹੇ ਗੁਰੋ) ਪਾਲਕੀ ਕਿ ਸੁਖਪਾਲ (ਵਿਚ ਤੇਰਾ ਸਿੱਖ)

॥੨੩॥

ਸਦਾ ਸੁਖਾਲਾ ਰਹੇ।

ਤਿਹੱਤ੍ਰੀ।

ਪਾਪ ਪੇਲ। ਤਰਕ ਤੇਲ, ਪੀੜਨ ਮਹਿ[1]

॥੨੪॥

[1]ਤਿਹੱਤਰਵੀਂ: ਗ੍ਰੈਹ ਪੀੜਾ ਵੇਲੇ (ਅਰਥਾਤ ਜਦ ਜਜੋਤਸ਼ੀ) ਕਹਿਣ ਕਿ ਤੁਸਾਡੀ ਪੀੜਾ ਅਨਿਸ਼੍ਟ ਗ੍ਰੈਹ ਕਰਕੇ ਹੈ ਤਾਂ ਗ੍ਰਹਿ ਦੀ ਪੂਜਾ ਲਈ) ਤੇਲ (ਮਾਂਹ ਆਦਿ ਦੇਣੇ) ਤਰਕ ਕਰੋ (ਤੇ ਅਰਦਾਸ ਕਰੋ ਕਿ ਹੇ ਗੁਰੋ ਆਪ ਮੇਰੇ) ਅਨਿਸ਼੍ਟ ਗ੍ਰੈਹ ਨੂੰ ਟਾਲ ਦਿਓ। [ਪਾਪ ਤੋਂ ਮੁਰਾਦ ਪਾਪ ਗ੍ਰੈਹ ਦੀ ਹੈ। ਪਾਪ ਗ੍ਰੈਹ ਕਹਿੰਦੇ ਹਨ ਅਨਿਸ਼੍ਟ ਗ੍ਰੈਹ ਨੂੰ ਕ੍ਰੂਰ ਗ੍ਰੈਹ ਨੂੰ। ਉਹ ਗ੍ਰੈਹ ਜਿਸ ਦੇ ਅਸਰ ਨਾਲ ਦੁਖ ਪੀੜਾ ਆਈ ਮੰਨਦੇ ਹਨ। ਪੇਲ, ਪੇਲਨਾ=ਧਕੇਲਨਾ, ਦਬਾਉਣਾ, ਟਾਲਣਾ। ਤਰਕ=ਦੂਰ ਕਰਨਾ, ਤਿਆਗਣਾ। ਪੀੜਨ=ਪੀੜਾ, ਭਾਵ ਗ੍ਰੈਹ ਪੀੜਾ]।

ਚਹੁੱਤ੍ਰੀ।

ਬਰਨ ਕਾ ਆਗਮ। ਅਤੁਲ ਜਲ ਰਾਗਮ[1]

॥੨੫॥

[1]ਚੁਹੱਤਰਵੀਂ: (ਜਿਨ੍ਹਾਂ ਥਾਈਂ ਦਰਯਾਵਾਂ ਦੇ ਚੜ੍ਹਨ ਨਾਲ ਸਿਲਾਬ ਹੁੰਦੀ ਹੈ ਤੇ ਇਸ ਸਿਲਾਬ ਨਾਲ ਖੇਤੀਆਂ ਫਸਲ ਹੁੰਦੇ ਹਨ, ਉਥੋਂ ਦੇ ਸਿੱਖ ਜਦ ਰੁਤ ਆਵੇ ਤੇ ਪਾਣੀ ਨਾ ਚੜ੍ਹਨ ਤਾਂ ਅਰਦਾਸ ਕਰਨ ਹੇ ਗੁਰੋ) ਵਰੁਣ (ਆਪ) ਆਵੇ, (ਸਾਡੀਆਂ) ਜੂਹਾਂ ਵਿਚ ਅਤੁੱਲ ਜਲ ਚੜ੍ਹੇ, [ਵਰੁਣ=ਪਾਣੀਆਂ ਦਾ ਦੇਉਤਾ: ਮੁਰਾਦ ਹੈ ਹੜ੍ਹ ਆਉਣ ਤੋਂ। ਰਾਗ਼ਮ ਫਾਰਸੀ ਪਦ ਹੈ, ਰਾਗ਼=ਸਬਜ਼ਾ ਜ਼ਾਰ, ਮਲਗੁਜ਼ਾਰ, ਜੂਹ। ਰਾਗ਼+ਮ=ਜੂਹਾਂ ਵਿਚ]।

ਪਛੱਤ੍ਰੀ।

ਸਿਰ ਮੁਕਟ ਕੀ ਲਾਜ।

ਬਿਰਦ ਤਵ ਸਾਜ[1] ॥੨੬॥

[1]ਪੰਜੁਤਰਵੀਂ-(ਕੇਸਾਧਾਰੀ ਸਿੰਘ ਅਰਦਾਸ ਕਰੇ, ਹੇ ਗੁਰੋ) ਸਿਰ (ਪਰ ਧਾਰਨ ਕੀਤੇ ਕੇਸਾਂ ਰੂਪੀ) ਮੁਕਟ ਦੀ ਲਾਜ ਆਪ ਨੂੰ ਹੈ, ਆਪਣੇ ਬਿਰਦ (ਬਾਣੇ) ਦੀ ਸਾਜਨਾ ਨਿਬਾਹ ਦਿਓ। (ਅ) ਮੁਕਟ ਦਾ ਅਰਥ ਪਗ ਤੇ ਰਾਜਿਆਂ ਦੇ ਗਦੀ ਨਸ਼ੀਨੀ ਵੇਲੇ ਕਲਗ਼ੀ ਜਿਗਾ ਧਾਰਨ ਵੇਲੇ ਦੀ ਅਰਦਾਸ ਬੀ ਹੋ ਸਕਦੀ ਹੈ।

ਛਿਹੱਤ੍ਰੀ†।

†ਏਥੋਂ ਸੌ ਸਾਖੀ ਵਿਚ ੭੫ ਅੰਗ ਹੈ ਤੇ ਅੱਗੇ ੭੬ ਨਹੀਂ ਲਿਖਿਆ ਹੈ। ਅੱਗੇ ਚਲਕੇ ੨੬ ਅਰਦਾਸਾਂ ਹੋਰ ਆਉਣਗੀਆਂ ਤੇ ਜੋੜ ੧੦੧ ਦਿਤਾ ਹੈ, ਸੋ ਏਥੇ 'ਛਿਹੱਤ੍ਰੀ' ਪਦ ਗਲਤ ਲਗਦਾ ਹੈ। ਬਾਕੀ ੨੬ ਅਰਦਾਸਾਂ ਦਾ ਅਰੰਭ ਅਗਲੇ ਅੰਸੂ ਦੇ ਅੰਕ ੧੯ ਤੋਂ ਹੁੰਦਾ ਹੈ। ਕਈ ਗਿਆਨੀ ੭੬ ਨੂੰ ਏਥੇ ਦਰੁਸਤ ਮੰਨਕੇ ਅੱਗੇ ਆਉਣ ਵਾਲੀਆਂ ਅਰਦਾਸਾਂ ੨੫ ਗਿਣਦੇ ਹਨ ਤੇ ਅਗਲੇ ਅੰਸੂ ਦੇ ਅੰਕ ੨੭ ਵਿਚ ਆਏ ਪਦ 'ਛੱਬੀ' ਨੂੰ 'ਛਬੀ' ਪੜ੍ਹਕੇ ਫਬੀ ਯਾ ਸੁੰਦਰਤਾ ਅਰਥ ਕਰਦੇ ਹਨ, ਪਰ ਛੰਦ ਦੀ ਚਾਲ ਓਥੇ ਪਾਠ 'ਛੱਬੀ' ਹੀ ਦਰੁਸਤ ਦੱਸਦੀ ਹੈ।

ਦੋਹਰਾ:

ਸਿੱਖ ਸਖਾ, ਸਤ ਸਿੱਖ ਮਮ,

ਸਿੱਖ ਹਮਾਰਾ ਧਜਾਨ।

ਸੇਵੈ ਸਿਖ ਨਿਜ ਰੂਪ ਕੌ

ਸਿੱਖ ਸੁਖਾਂ ਕੀ ਖਾਨ[1] ॥੨੭॥

[1]ਸਿੱਖ ਹੀ ਸਖਾ ਹੈ, ਸਿੱਖ ਹੀ ਮੇਰਾ ਪੁੱਤ੍ਰ ਹੈ ਤੇ ਸਿੱਖ ਵਿਚ ਹੀ ਮੇਰਾ ਧਿਆਨ ਲੱਗ ਰਿਹਾ ਹੈ, ਤੇ ਸਿੱਖ ਹੀ ਸੁੱਖਾਂ ਦੀ ਖਾਣ ਹੈ, ਜੋ ਸਿੱਖ ਨੂੰ ਸੇਂਵਦਾ ਹੈ (ਸੋ ਮੇਰੇ)

ਨਿਜ ਰੂਪ ਨੂੰ ਸੇਉਂਦਾ ਹੈ।

ਸੁਨੌ ਬਿਸ਼ੰਭਰ ਕੌਡੀਆਂ
ਨਿੱਤ ਗੁਰੂ ਹਿੱਤ ਪਾਂਚ।
ਧਨ ਹੋਵੈ ਬਖਸ਼ਾ ਸਕਲ
ਸੁਖ ਸੰਪਤਿ ਰਤਿ ਰਾਂਚ[1] ॥੭੮॥

[1]ਹੇ ਬਿਸ਼ੰਭਰ! ਸੁਣੋ (ਜੋ ਸਿੱਖ) ਪੰਜ ਕਉਡੀਆਂ ਰੋਜ਼ ਗੁਰਾਂ ਹਿਤ (ਰੱਖਕੇ ਅਰਦਾਸ ਕਰੇ) ਤਿਸਨੂੰ ਧਨ ਬਹੁਤਾ ਬਖਸ਼ੀਵੇਗਾ ਤੇ ਸਾਰੇ ਸੁਖ ਸੰਪਦਾ (ਉਸਨੂੰ) ਮਿਲਨਗੇ (ਤੇ ਉਹ ਗੁਰਾਂ ਦੀ) ਪ੍ਰੀਤੀ ਵਿਚ ਰਚਿਆ ਰਹੇਗਾ (ਅ) ਸੁਖ ਸੰਪਦਾ ਵਿਚ ਰਚਿਆ ਹੋਇਆ ਬੀ (ਨਰ ਨਾਰੀਆਂ ਨੂੰ ਮੇਰੀ ਸਿੱਖਿਆ) ਦਿਓ।

[1]ਮੇਰੀ ਸਿੱਖਜਾ ਜਾਨਿ ਕੈ
ਨਰ ਨਾਰੀ ਹਿਯ ਚੇਤਿ।
ਬਾਣੀ ਗੁਰ ਸੁਰ ਕੀ[†] ਰਹਤਿ,
ਰਹਿਨੀ ਰਹੋ ਸੁਚੇਤ[3] ॥੭੯॥

[1]ਮੇਰੀ ਇਸ ਸਿੱਖਿਆ ਨੂੰ ਸਮਝਕੇ ਨਰ ਨਾਰੀਆਂ (ਸੱਭੇ) ਹਿਰਦੇ ਵਿਖੇ ਯਾਦ ਰੱਖੋ ਤੇ ਗੁਰਬਾਣੀ (ਗਾਵੋ), ਦੇਵਤਿਆਂ (ਵਰਗਾ) ਆਚਰਨ ਰੱਖੋ ਤੇ ਰਹਿਤ ਮਿਰਯਾਦਾ ਵਿਚ ਸੁਚੇਤ ਰਹੋ।

[†]ਪਾ:-ਗੁਰ ਕੀ।

[1]ਜਾਮ ਨਹਾਈਏ[†] ਨਾਮ ਧਿਆਈਏ[‡]
ਘਰ ਕੀ ਕੀਜੈ ਕਾਰ।
ਥੋੜਾ ਬੋਲ, ਸਾਚਾ ਰੋਲ,
ਇਕ ਮਨ, ਸੰਕਟ ਹਾਰ[4] ॥੮੦॥

[1]ਪਹਿਰ ਰਾਤ ਰਹਿੰਦੀ ਨਹਾਈਏ, ਨਾਮ ਧਿਆਈਏ, ਤੇ (ਦਿਨੇ) ਘਰ ਦੀ ਕਾਰ ਕਰੀਏ, ਥੋੜਾ ਬੋਲੀਏ, ਸੱਚ ਨੂੰ ਗ੍ਰਹਿਣ ਕਰੀਏ, ਮਨ ਨੂੰ ਟਿਕਾਉ ਵਿਚ ਰੱਖੀਏ (ਏਹ ਸਾਧਨ) ਸੰਕਟ ਹਰਨ ਹਾਰਾ ਹੈ। [ਰੋਲ=ਚੁਣਕੇ ਕੱਠੇ ਕਰੁਨਾ]। [†]ਪਾ:-ਨਹਾਈ। [‡]ਪਾ:-ਧਿਆਈ।

ਮਨ ਕਾ ਮਾਰਨ ਸੁਗਮ ਹੈ
ਤਨ ਕੋ ਬਾਂਧੋ ਆਦਿ।
ਸੁੱਧ ਬਿਹਾਰੀ ਕਾਰ ਗੁਰ
ਦੋਖ ਛੋਡੀਏ ਬਾਦ[1] ॥੮੧॥

[1]ਮਨ ਦਾ ਮਾਰਣਾ ਸੌਖਾ ਹੈ (ਜੇ) ਪਹਿਲੋਂ ਤਨ ਨੂੰ ਬੰਨ੍ਹ ਲਵੋ, ਸੁੱਧ ਵਿਹਾਰ ਵਾਲੇ ਬਣੋ ਤੇ ਗੁਰਾਂ ਦੀ ਕਾਰ (ਦੇਵੋ), ਦੂਸ਼ਣ (ਛਾਂਟਣੇ ਤੇ) ਝਗੜੇ ਕਰਨੇ ਛੱਡ ਦੇਵੋ। (ਅ) ਮਾਰ ਨ ਸੁਗਮ-ਮਨ ਦਾ ਮਾਰਨਾ ਸੌਖਾ ਨਹੀਂ ਹੈ।

[1]ਮਾਲ ਲਾਲ ਅਰੁ ਸਾਲ ਮੈਂ

[1]ਹਰ ਇਕ) ਸਿੱਖ ਦੀ ਇਹ ਮੰਗ ਹੋਣੀ ਚਾਹੀਦੀ ਹੈ ਕਿ ਹੇ ਗੁਰੋ ਮਾਲਾਂ, ਤੇ ਲਾਲਾਂ (ਜਵਾਹਰਾਤਾਂ) ਤੇ

ਦੁਸ਼ਾਲਿਆਂ ਵਿਚ (ਰਹਿੰਦੀਆਂ) ਅਥਵਾ ਟੁੱਟੀ ਜੁੱਤੀ ਨਾਲ ਟੁਰਨਾ ਪਵੇ (ਹਰ ਹਾਲੇ) ਗੁਰੂ ਕਾ ਸਿਦਕ ਜਿਉਂ ਕਾ ਤਿਉਂ (ਮੇਰੇ) ਪਾਸ ਰਹੇ। [ਲਾਲ=ਜਵਾਹਰਾਤ]। (ਅ) ਪੁੱਤ੍ਰ। ਸ਼ਾਲ=ਦੁਸ਼ਾਲੇ, (ਅ) ਘਰ। ਵਾ=ਅਥਵਾ। ਖ਼ਾਲ=ਖੱਲ, ਜੁੱਤੀ, (ਅ) ਊਠ, [ਫਾ, ਖ਼ਾਲ=ਕਾਲਾ ਊਠ]। ਚਾਲ=ਜੋ ਚੱਲ ਚੁੱਕੀ ਹੋਵੇ ਭਾਵ ਟੁੱਟੀ ਹੋਈ। ਚਾਲ=ਚੱਲਣਾ, ਪੈਦਲ ਟੁਰਨਾ।

ਖਾਲ ਚਾਲ ਵਾਚਾਲ।
ਸਿਦਕ ਗੁਰੂ ਕਾ ਐਨ ਢਿਗੁ
ਇਹੀ ਸਿੱਖ ਕਾ ਸੁਾਲ[1] ॥੯੨॥

[1]ਇਸਦਾ ਪ੍ਰਜਾਯ ਪਿਛਲੇ ਪੰਨੇ ਦੇ ਅੰਕ ਛੇ ਵਿੱਚ ਆ ਚੁਕਾ ਹੈ।

[1]ਐਂਡਾ ਕੈਂਡਾ ਬੈਨੜਾ

[1]ਆਕੜਿਆ ਹੋਇਆ (ਹੰਕਾਰੀ), ਦੁੱਖ ਦੇਣ ਵਾਲਾ, ਗੱਪੀ, ਕੰਨਿਆਂ ਦਾ ਬੁਰਾ ਮੰਗਣ ਵਾਲਾ (ਮਾਰਨ ਯਾ ਵੇਚਣ ਵਾਲਾ ਅਤੇ ਜੋ ਗੁਰੂ ਤੋਂ) ਬੇਮੁਖ ਹੋਵੇ, ਇਨ੍ਹਾਂ ਸਭਨਾਂ ਤੋਂ ਬਚੋ (ਤੁਹਾਡੀ) ਸੰਪਦਾ ਪ੍ਰਫੁਲਤ ਹੋਇਗੀ। [ਐਂਡਾ=ਐਂਠ ਵਾਲਾ, ਆਕੜ ਵਾਲਾ। ਕੈਂਡਾ=ਕਠੋਰ, ਕੰਡੇ ਵਤ ਚੁਭਣ ਵਾਲਾ। ਬੈਨੜਾ=ਬਹੁਤਾ ਬੋਲਣ ਵਾਲਾ। ਬੈਂਡੜਾ=ਵਿੰਗਾ, ਹਰ ਗੱਲੇ ਪੁੱਠਾ ਪੈਣ ਵਾਲਾ। (ਅ) ਕੈਂਡਾ ਬੈਨੜਾ=ਕਠੋਰ ਵਾਕ ਬੋਲਣ ਵਾਲਾ]।

ਕੰਨਜਾ ਬੁਰਾ ਮਨਾਇ।
ਵੇਮੁਖ ਇਨ ਸਭਿ ਤੇ ਬਚਹੁ
ਫੂਲ ਸੰਪਦਾ ਆਇ[2] ॥੯੩॥

[1]ਨਾਰੀ ਕੀ ਮਾਨੈ ਨਹੀਂ

[1]ਇਸਤ੍ਰੀ ਦੇ ਆਖੇ ਨਾ ਲੱਗੇ ਤੇ ਬਾਲ ਨੂੰ ਮਿੱਤ੍ਰ ਨਾ ਬਨਾਵੇ ਤੇ ਮਨ ਨੂੰ ਜੁੱਧ ਵਿਚ ਡੁਲਾਵੇ ਨਾਂ ਤੇ ਕਰਨੀ ਦੀ ਰੀਤੀ ਨਿਰਦੂਖਣ ਰੱਖੇ। ਮੁਰਾਦ ਇਹ ਹੈ ਕਿ ਆਪਣੀ ਬੁੱਧੀ ਨੂੰ ਪਿਛੇ ਰੱਖਕੇ ਇਸਤ੍ਰੀ ਅੱਗੇ ਸੱਤ ਬਚਨੀਆ ਨਾਂ ਬਣੇ ਤੇ ਨਾਂ ਹੀ ਬੱਚੇ ਦੀ ਪ੍ਰੀਤ ਤੇ ਭਰੋਸਾ ਧਾਰੇ ਕਿ ਵੱਡਾ ਹੋਕੇ ਨਿਭੇਗਾ। [ਕਰਨੀ ਦੀ ਰੀਤਿ=ਵਰਤੋਂ। ਬਾਲ=ਬੱਚਾ, ਮੂਰਖ]।

ਬਾਲ ਨ ਕਰਨਾ ਮੀਤ।
ਡੋਲੈ ਨਹਿਂ ਮਨ ਜੁੱਧ ਮਹਿਂ
ਨਿਰਦੁਖ ਕਰਨੀ ਰੀਤ[3]' ॥੯੪॥
ਸਿਖ ਕੀਆ ਤਬਿ ਹਰਿਗੁਪਾਲ
ਚਰਨ ਪਾਹੁਲੀ ਦੇਯ।
ਸਤਿਗੁਰ ਪੂਰਨ ਵਾਕ ਸੁਨਿ
ਸਿੱਖ ਕਹੈਂ ਗਾ ਸ਼੍ਰੇਯ[1] ॥੯੫[†]॥

[1]ਕਵਜੋਕਤੀ ਹੈ:-) ਚਰਨਾਂ ਦੀ ਪਾਹੁਲ ਦੇਕੇ ਹਰਗੁਪਾਲ ਨੂੰ ਸਿੱਖ ਕੀਤਾ (ਕੋਲੇ ਬੈਠੇ) ਸਿੱਖ ਪੂਰਨ

ਸਤਿਗੁਰੂ ਦਾ ਵਾਕ ਸੁਣਕੇ ਕਹਿਣ ਲੱਗੇ (ਇਹ ਹੁਣ) ਕਲਿਆਨ ਨੂੰ ਪਹੁੰਚਾ [ਗਾ=ਗਿਆ, ਪਹੁੰਚਾ। ਸ਼੍ਰੇਯ=ਕਲਜਾਣ]। (ਅ) (ਹੁਣ ਅਗਲੇ ਅੰਸੂ ਵਿਚ) ਪੂਰਾ ਸਤਿਗੁਰੂ (ਜੋ) ਵਾਕ ਸਿੱਖ ਦੀ ਕਲਜਾਣ ਬਾਬਤ ਆਖੇਗਾ ਸੋ ਸੁਣ:- [ਕਹੇਗਾ ਸ਼੍ਰੇਯ=ਕਲਜਾਣ ਬਾਬਤ ਕਹੇਗਾ]। †ਇਸ ਅੰਸੂ ਦੇ ਅੰਕ ਅੱਡ ਅੱਡ ਨੁਸਖਿਆਂ ਵਿਚ ਬਹੁਤੇ ਛੰਦਾਂ ਦੇ ਅੰਤ ਤੇ ਨਹੀਂ ਦਿੱਤੇ। ਪਰ ਏਥੇ ਅਸਾਂ ਇਨ੍ਹਾਂ ਦੀ ਤਰਤੀਬ ਠੀਕ ਕਰ ਦਿੱਤੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਅਰਦਾਸ ਭੇਦ' ਕਥਨੰ ਨਾਮ ਚਤੁਰਦਸ਼ਮੇ ਅੰਸੂ ॥੧੪॥

## ੧੫. [ਅਰਦਾਸਾਂ-ਜਾਰੀ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਹਰਿਗੁਪਾਲ ਸਿਖ ਹੋਇ ਕਰਿ, ਪਿਤਾ ਬਿਸ਼ੰਭਰਦਾਸ[1]। [1]ਤੇ (ਉਸਦਾ) ਪਿਤਾ ਬਿਸ਼ੰਭਰ ਦਾਸ।

ਹਾਥ ਜੋਰਿ ਬੂਝਨ ਲਗਜੋ, ਸ੍ਰੀ ਸਤਿਗੁਰ ਕੇ ਪਾਸ ॥੧॥

†'[1]ਜੇ ਨਹਿਂ ਸਿੱਖ ਬਿਹਾਲ ਹੁਇ, ਹੁਵੈ ਨ ਸਿਦਕੀ ਮੇਲ।

[1]ਜੇ ਸਿੱਖ ਤਿਆਰ ਬਰ ਤਿਆਰ (ਸਿੰਘ ਨਾ ਸਜ ਸੱਕੇ) ਹੋਵੇ ਸਿਦਕੀ ਤੇ ਆਪ ਦਾ ਮੇਲ ਬੀ ਨਾ ਹੋ ਸਕੇ। (ਜੋ ਚਰਨ ਪਾਹੁਲ ਲੈ ਲਵੇ) ਤਾਂ ਇਹ ਖੇਲ (ਜੁਗਤ) ਦੱਸੋ ਕਿ ਸਿੱਖ ਚਰਨਾਂ ਦੀ ਪਾਹੁਲ ਕਿਵੇਂ ਲਵੇ? ਭਾਵ ਇਹ ਹੈ ਕਿ ਪਾਹੁਲ ਕੇਵਲ ਗੁਰੂ ਦੇ ਸਕਦਾ ਹੈ। ਅੰਮ੍ਰਿਤ ਹੁਣ ਆਪ ਨੇ ਖਾਲਸੇ ਨੂੰ ਛਕਾਉਣ ਦੀ ਖੁਲ੍ਹ ਦੇ ਦਿੱਤੀ ਹੈ, ਹੁਣ ਇਹ ਦੱਸੋ ਕਿ ਜੇ ਕੋਈ ਸਿੱਖ ਹੋਵੇ ਤਾਂ ਸਿਦਕੀ, ਅੰਮ੍ਰਿਤ ਛਕ ਨ ਸਕੇ, ਆਪ ਪਾਸ ਪੁੱਜ ਨਾ ਸਕੇ ਉਹ ਚਰਨ ਪਾਹੁਲ ਕੈਸੇ ਲਵੇ। [ਬਹਾਲ=ਪੂਰੀ ਹਾਲਤ ਵਿਚ, ਮਤਲਬ ਹੈ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ]। †ਸੌ ਸਾਖੀ ਦੀ ਇਹ ੭੮ਵੀਂ ਸਾਖੀ ਹੈ।

ਕੈਸੇ ਪਾਹੁਲ ਚਰਨ ਕੀ, ਸਿੱਖ ਬਤਾਵਹੁ ਖੇਲ[1]?' ॥੨॥

[1]ਇਸਦਾ ਪ੍ਰਯਾਯ ਪਿਛਲੇ ਸਫੇ ਦੇ ਅੰਕ ੬ ਵਿਚ ਆ ਚੁਕਾ ਹੈ।

ਸਤਿਗੁਰ ਬੋਲਿ ਸੁਨਾਇਓ, 'ਸੁਨਹੁ ਬਿਸ਼ੰਭਰ ਰੀਤਿ।

ਬਚ ਵਿਸ਼ਵਾਸੀ ਹੋਵਨਾ, ਮੋ ਪਦ ਰਾਖਹੁ ਪ੍ਰੀਤਿ[1] ॥੩॥

[1]ਬਚਨਾਂ ਤੇ ਭਰੋਸਾ ਰੱਖੋ ਤੇ ਮੇਰੇ ਚਰਨਾਂ ਵਿਚ ਪ੍ਰੀਤੀ ਰਖੋ।

[1]ਦਸ ਅਵਤਾਰ ਗੁਰ ਏਕ ਸਮ, ਜਯੋਂ ਜਾਨੈਂ ਜੋ ਮੇਰ।

[1]ਜੋ ਮੇਰੇ ਹਨ ਜਿਵੇਂ ਦਸਾਂ ਗੁਰੂ ਅਵਤਾਰਾਂ ਨੂੰ ਇੱਕ ਤੁਲ ਜਾਣਦੇ ਹਨ ਤਿਵੇਂ ਸਤਿਗੁਰਾਂ ਦੀ ਬਾਣੀ ਗੁਰੂ ਗ੍ਰੰਥ ਜੀ ਨੂੰ ਗਿਆਰਵੇਂ ਪਾਤਸ਼ਾਹ ਜਾਣਨ।

ਇਕ ਦਸ਼ਮੋ ਗੁਰ ਗ੍ਰੰਥ ਜੀ, ਬਾਣੀ ਸਤਿਗੁਰ ਹੇਰਿ ॥੪॥

ਧੋਇ ਰੁਮਾਲ ਗੁਰ ਗ੍ਰੰਥ ਕੋ ਪਾਹੁਲ ਲੇਵੈ ਦੇਇ[1]।

[1]ਅਦੀਖਯਤ) ਲਵੇ ਤੇ (ਦੀਖਯਤ) ਦੇਵੇ।

ਸਿਦਕ ਸਮਾਲੈ[1] ਕਰਿ ਕੜਾਹ ਬਾਂਟੇ ਅਥਿਤੀ ਲੇਇ ॥੫॥

[1]ਪਾਹੁਲ ਲੈਕੇ ਫਿਰ) ਭਰੋਸਾ ਸੰਭਾਲਕੇ ਰੱਖੇ।

ਨਾਮ ਧਰੈ ਸਤਿਗੁਰ ਕਹੇ ਤੁਕ ਗਿਆਰਵੇਂ ਮਾਨ[1]।

[1]ਗਯਾਰਵੇਂ ਸਤਿਗੁਰ (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਕਹੀ ਤੁਕ ਤੋਂ (ਉਸ ਪਾਹੁਲ ਧਾਰੀ ਦਾ) ਨਾਮ ਧਰੇ।

ਪੱਤ ਸਿਰੇ ਅੱਖਰ ਧਰੇ ਪੁਨ ਪੁਨ ਧਰੇ ਸੁਜਾਨ[1] ॥੬॥

[1]ਪੱਤ੍ਰੇ ਦੇ ਸਿਰੇ ਦੇ (ਸ਼ਬਦ ਦਾ ਪਹਿਲਾ) ਅੱਖਰ (ਲੈਕੇ) ਵਾਰੀ ਵਾਰੀ ਨਾਮ ਰੱਖੇ ਸੁਜਾਨ (ਗ੍ਰੰਥੀ ਸਿੰਘ)। ਪੁਨਾ ਪੁਨਾ ਤੋਂ ਭਾਵ ਹੈ ਜੇ ਬਹੁਤੇ ਸਿੱਖ ਹੋਣ ਤਾਂ। ਜਾਂ ਇਹ ਭਾਵ ਹੈ ਕਿ ਅੱਖਰ ਲੈ ਕੇ ਫਿਰ ਬਹੁਤੇ ਨਾਮ ਉਸ ਅੱਖਰ ਤੋਂ ਸ਼ੁਰੂ ਹੋਣ ਵਾਲੇ ਗਿਣੇ ਜਾਣ (ਤੇ ਕੁਲ ਵਿਚ ਦੇ ਅਗਲੇ ਨਾਵਾਂ ਦੀ ਵਿਚਾਰ ਕਰਕੇ) ਨਾਮ ਰੱਖੇ।

[1]ਆਸ ਗੁਰੂ ਕੀ ਮੰਤ੍ਰ ਸਿਖ ਕਾਜ ਸੰਸਾਰੀ ਕੀਨ।

ਬੋਲੀ ਗਰੀਬੀ ਸਿੱਖ ਕਰਿ ਕੰਨਜਾਂ ਦੇਇ ਮਸਕੀਨ ॥੭॥

[1]ਗੁਰ) ਮੰਤ੍ਰ (ਦਾ ਧਾਰਣੀ) ਸਿੱਖਜਦ) ਸੰਸਾਰਿਕ ਕਾਰਜ ਕਰੇ ਤਾਂ ਗੁਰੂ ਦੀ ਆਸ ਤੇ ਕਰੇ ਭਾਵ ਗੁਰਮਤ ਕਰੇ। ਧੀ ਦੇਵੇ ਤਾਂ ਸਿਖ (ਸਹੀ) ਕਰਕੇ (ਚਾਹੋ) ਗ੍ਰੀਬ ਹੋਵੇ। (ਤੇ ਗ੍ਰੀਬ ਨੂੰ ਬੀ ਦੇਕੇ ਬਚਨ ਹਲੀਮੀ ਦਾ ਕਰੇ। ਭਾਵ

ਇਹ ਕਿ ਪਾਹੁਲੀ ਸਿੱਖ ਕੰਨਿਆ ਪਾਹੁਲੀ ਸਿੱਖ ਨੂੰ ਦੇਵੇ, ਅਸਿੱਖ ਨੂੰ ਨਾ ਦੇਵੇ, ਗ਼ੀਬੀ ਅਮੀਰੀ ਨਾ ਪਰਖੇ ਪਰ ਦੀਖ੍ਯਤ ਜ਼ਰੂਰ ਦੇਖੇ ਤੇ ਹਲੀਮੀ ਵਿਚ ਵਰਤੇ।

**ਜਗ ਛੋਡੈ ਖੰਡੇ ਚਰਨ, ਪਾਹੁਲ ਸਿੱਖਾਂ ਸਾਰ[1]।**

[1]ਜਗਤ ਰੀਤੀਆਂ ਛੱਡਕੇ ਹੇ ਸਿੱਖਾ ਅੱਵਲ ਤਾਂ ਸ੍ਰੇਸ਼ਟ ਖੰਡੇ ਦੀ ਪਾਹੁਲ ਲੈ ਲਵੇ (ਨਹੀਂ ਤਾਂ) ਚਰਨ ਪਾਹੁਲ ਲਵੇ, (ਅ) ਜਗ ਛੋਡੈ=ਜਗਤ (ਦੇ ਸਾਕ ਅੰਗ) ਛੱਡੇ ਭਾਵ ਪਾਹੁਲ ਪਿਛੇ ਜੇ ਸਾਕ ਤਜਾਗਣੇ ਪੈਣ ਤਾਂ ਤਜਾਗੇ।

**ਪਾਹੁਲ ਖੰਡੇ ਹੋਇ ਜਿਸ, ਚਰਨਨ ਕੀ ਨਹਿਂ ਧਾਰ[1] ॥੮॥**

[1]ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ ਓਹ ਚਰਨ ਪਾਹੁਲ ਨਾਂ ਲਵੇ।

**ਚਰਨ ਪਾਹੁਲੀ ਖੰਡ ਦੇ, ਸਿਖ ਕਾ ਨਾਤਾ ਮਾਨ।**

**ਜਹਾਂ ਨ ਹੋਵੈ ਤਹਿਂ ਕਰਹੁ, ਵੈ ਤੋ ਆਪਨੀ ਸ਼ਾਨ[1] ॥੯॥**

[1]ਪਰ) ਚਰਨ ਪਾਹੁਲੀ ਨੂੰ ਖੰਡੇ ਦਾ ਅੰਮ੍ਰਤ (ਬੇਸ਼ੱਕ) ਛਕਾ ਦੇਵੇ, ਸਿੱਖੀ ਦਾ ਸੰਬੰਧ (ਦੋਹਾਂ ਵਿਚ ਹੈ ਇਹ ਗੱਲ) ਮੰਨੇ, ਜਿੱਥੇ (ਦੋਹਾਂ ਪਾਹੁਲਾਂ ਵਿਚੋਂ ਕੋਈ ਨਾ ਛਕੀ) ਹੋਵੇ ਓਥੇ (ਜਿਸਦਾ ਅਭਿਲਾਖੀ ਜਗਜਾਸੂ ਹੋਵੇ ਉਹ ਪਾਹੁਲ ਦੇਕੇ) ਸਿੱਖ ਕਰ ਲਓ, (ਉਹ ਸਿੱਖ ਫਿਰ) ਆਪਣੇ ਤੁੱਲ (ਸਿੱਖ ਜਾਣੋ)।

**ਅਧਰ ਦਸਨ ਮਹਿਂ ਭੇਦ ਨਹਿਂ, ਭੇਦ ਨ ਪਿਤ ਅਰ ਸੁਵਨ।**

**ਤਜੋਂ ਸਿੱਖ੍ਯਾ ਕੀ ਏਕਤਾ, ਪਾਹੁਲ ਭੇਦ ਨ ਤਵਨ[1] ॥੧੦॥**

[1]ਹੁਣ ਦੱਸਦੇ ਹਨ ਕਿ ਅੰਮ੍ਰਤਧਾਰੀਆਂ ਦਾ ਆਪੋ ਵਿਚ ਵਡਿਆਈ, ਛੁਟਿਆਈ, ਜਾਤ ਜਨਮ ਕਰਕੇ ਕੋਈ ਫਰਕ ਨਾ ਰਹੇ) ਜਿਵੇਂ ਹੋਠਾਂ ਦੰਦਾਂ ਵਿਚ ਫਰਕ ਨਹੀਂ ਪਿਤਾ ਤੇ ਪੁੱਤ੍ਰ ਵਿਚ ਫਰਕ ਨਹੀਂ ਹੈ, ਤਿਵੇਂ ਉਨ੍ਹਾਂ ਵਿਚ ਸਿਖ੍ਯਾ ਦੀ ਏਕਤਾ ਹੈ ਤੇ ਪਾਹੁਲ ਦਾ ਭੇਦ ਬੀ ਨਹੀਂ।

**[1]ਬਡੇ ਲਘੁ ਕੋ ਭੇਦ ਨਹਿਂ, ਸਿੱਖ੍ਯਾ ਲੇਵੈ ਸਿੱਖ।**

**ਬਰਣ ਜਾਤ ਕੋ ਦੂਰ ਧਰਿ, ਐਸੇ ਸਿੱਖ ਸੁਲੱਖ ॥੧੧॥**

[1]ਇਸ ਕਰਕੇ ਉਨ੍ਹਾਂ ਵਿਚ) ਵੱਡੇ ਛੋਟੇ ਦਾ (ਅਮੀਰੀ ਗ਼ੀਬੀ ਕਰਕੇ) ਕੋਈ ਫਰਕ ਨਹੀਂ, ਵਰਣ ਤੇ ਜਾਤ (ਦੇ ਫਰਕ) ਨੂੰ (ਬੀ) ਦੂਰ ਕਰ ਦਿਓ, ਜੋ ਸਿੱਖ੍ਯਾ ਤੇ (ਦੀਖ੍ਯਾ=ਖੰਡੇ ਦਾ ਅੰਮ੍ਰਿਤ ਲੈ) ਲਵੇ ਸੋ ਸਿਖ ਹੈ। ਐਸੇ ਸਿੱਖ (ਸੁਲੱਖ੍ਯ=ਪੂਰੇ ਲੱਛਣਾਂ ਵਾਲੇ=) ਆਦਰਸ਼ਕ ਸਿੱਖ ਹੈਨ। (ਅ) ਸੁਲੱਖਣੇ ਸਿੱਖ ਹਨ। (ੲ) ਐਸੇ ਨੂੰ ਸਿੱਖ ਸਮਝੋ। ਭਾਵ ਇਹ ਹੈ ਕਿ ਅੰਮ੍ਰਿਤ ਧਾਰੀਆਂ ਵਿਚ ਜੋ ਫਰਕ ਜਾਤ ਜਨਮ ਅਮੀਰੀ ਗ਼ੀਬੀ ਦਾ ਹੈ ਉਹ ਫਰਕ ਨਾ ਸਮਝਿਆ ਜਾਵੇ, ਸਗੋਂ ਪਿਤਾ ਪੁੱਤ੍ਰ ਦੀ ਏਕਤਾ ਯਾ ਇੱਕ ਸਰੀਰ ਦੇ ਅੰਗ ਹੋਣ ਕਰਕੇ ਅੰਗ ਅੰਗੀ' ਭਾਵ ਦੀ ਏਕਤਾ ਸਮਝੀ ਜਾਵੇ।

**ਦੇਵੈ ਲੇਵੈ ਪ੍ਰੀਤ ਕਰਿ, ਖਾਵੈ ਕਰਜ ਦੁਵਾਇ[†]** [†]ਪਾ:-ਕਰੈ ਦਵਾਇ।

**ਸਿੱਖੀ ਪਦ ਜੋ ਦਗ਼ਾ ਕਰਿ, ਠੌਰ ਨ ਕਤਹੂੰ ਪਾਇ[1] ॥੧੨॥**

[1]ਦੇਣ ਲੈਣ ਪ੍ਰੀਤ ਨਾਲ ਕਰੇ। ਜੇ ਕਰਜ਼ ਲੈਕੇ ਖਾਵੇ ਤਾਂ (ਮੁੜਕੇ) ਅਦਾ ਕਰੇ। ਅਸਲ ਪਾਠ 'ਕਰਜ ਦੁਵਾਇ' ਹੀ ਹੈ। ਗੁ:ਪ੍ਰ:ਸੂ: ਵਿਚ ਅਕਸਰ ਪਾਠ ਹੈ 'ਕਰੈ ਦੁਵਾਇ' ਪਰ ਅਗਲੀ ਤੁਕ ਦੱਸਦੀ ਹੈ ਕਿ ਪਾਠ 'ਕਰਜ ਦੁਵਾਇ' ਠੀਕ ਹੈ। ਸਿੱਖੀ ਪਦ ਤੇ (ਖੜੋਤਾ ਹੋਇਆ) ਦਗ਼ਾ ਕਰੇ ਉਸ ਨੂੰ ਠੌਰ ਕਿਤੇ ਨਹੀਂ ਮਿਲਦੀ।

**ਪ੍ਰੀਤ ਨਾਮ ਕੀ, ਨਾਮ ਜਪ, ਨਾਮ ਰਮੈ ਵਿਚ ਪ੍ਰਾਣ[1]।**

[1]ਪ੍ਰਾਣਾਂ ਵਿਚ ਨਾਮ ਰਮੇ ਯਾ ਰਚ ਜਾਵੇ, ਯਥਾ:-ਏਕੁ ਸਬਦੁ ਮੇਰੇ ਪ੍ਰਾਨਿ ਬਸਤੁ ਹੈ।

**ਨਾਮ ਉਪਦੇਸੈ ਨਾਮ ਸੁਖ, ਸਖਾ ਸਾਚਲਾ ਨਾਮ[1] ॥੧੩॥**

[1]ਨਾਮ ਦਾ ਹੀ ਉਪਦੇਸ਼ ਦੇਵੇ, ਨਾਮ ਦਾ ਹੀ ਸੁਖ ਮਾਣੇ, ਸੱਚਾ ਮਿੱਤ੍ਰ ਨਾਮ ਹੀ ਹੈ।

**ਜੀਵਨ ਜਾਕਾ ਧਰਮ ਹਿਤ, ਚਲਨਾ ਗੁਰ ਕੀ ਰੀਤ।**

**ਭੋਜਨ ਜਾਂ ਕਾ ਦੇਹ ਹਿਤ, ਰਹੈ ਵੈਰਾਗੀ ਮੀਤ[1] ॥੧੪॥**

[1]ਜਿਸ ਦਾ ਜੀਵਨ ਧਰਮ ਲਈ ਹੈ, ਤੇ ਚਲਨ ਜਿਸਦਾ ਗੁਰੂ ਰੀਤੀ ਪਰ ਹੈ, ਜੇ ਭੋਜਨ (ਭੋਗਾਂ ਲਈ ਨਹੀਂ ਪਰ) ਦੇਹ (ਰੱਖ਼ਜਾ) ਲਈ ਕਰਦਾ ਹੈ, ਤੇ ਜੋ ਵੈਰਾਗ ਵਿਚ ਰਹਿੰਦਾ ਹੈ, ਹੇ ਮਿੱਤ੍ਰ!

**ਜਯੋਂ ਰਾਹੀ ਪ੍ਰਦੇਸ਼ ਜਾਇ, ਨਿਤ ਮਾਰਗ ਕੀ ਆਸ[1]।**

[1]ਉਸਨੂੰ ਸਦਾ ਹੀ ਸਫਰ ਦੀ ਤਾਂਘ ਰਹਿੰਦੀ ਹੈ।

**ਤਿਉਂ ਆਤਮ ਹਿਤ ਆਚਰੈ, ਰਹੀਏ ਚਿੱਤ ਉਦਾਸ[1] ॥੧੫॥**

[1]ਤਿਵੇਂ ਆਤਮਾਂ ਦੀ ਪ੍ਰਾਪਤੀ ਵਾਸਤੇ ਹੀ ਵਿਚਰੀਏ (ਯਾ, ਕਰਮ ਕਰੇ) ਤੇ ਚਿੱਤੋਂ ਉਦਾਸ ਰਹੀਏ।

**ਸੁਨੋ ਸਖਾ! ਚਿਤ ਲਾਇ ਕੈ, ਚਲਨੇ ਕੇਰੀ ਪ੍ਰੀਤ[1]।** [1]ਚਲਣ ਵਿਚ ਹੀ ਪ੍ਰੀਤ ਰੱਖੇ।

**ਮੋਹਿ ਤੋਹਿ ਸਬਿ ਚਲੈਂਗੇ, ਚਲਨ ਨ ਕੋਈ ਰੀਤ[1] ॥੧੬॥**

[1]ਚਲਣ ਤੋਂ ਖਾਲੀ ਕੋਈ ਨਹੀਂ। ਭਾਵ ਸਭ ਚੱਲਣਗੇ। ਸੰਸ. ਰਿਕ੍ਤ। ਹਿੰ:, ਰੀਤਾ=ਸੱਖਣਾ]।

**ਇਹ ਬੈਰਾਗ ਹਿਤ ਕਹਿਨ ਹੈ, ਨਹਿਂ ਆਵਨ ਨਹਿਂ ਜਾਇ[1]।**

[1]ਇਹ (ਗਲ) ਵੈਰਾਗ (ਕਰਾਉਣ) ਲਈ ਕਹੀਦੀ ਹੈ, (ਅਸਲ ਵਿਚ ਤਾਂ) ਆਉਣਾ ਜਾਣਾ ਹੈ ਹੀ ਨਹੀਂ।

**[1]ਅਪਨੀ ਵਾਸ਼ਨ ਆਪ ਮਹਿਂ, ਸਮ ਸੁਪਨੇ ਮਿਲਿ ਜਾਇ ॥੧੭॥**

[1]ਗਿਆਨ ਹੋਣ ਤੇ) ਸੁਪਨੇ ਵਾਂਙੂ ਆਪਣੀਆਂ ਵਾਸ਼ਨਾਂ ਅਪਣੇ ਵਿਚ ਹੀ ਸਮਾ ਜਾਂਦੀਆਂ ਹਨ। ਜਿਵੇਂ ਨੀਂਦ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਗ੍ਰਤ ਸੀ, ਨੀਂਦ ਖੁਲ੍ਹਿਆਂ ਫਿਰ ਜਾਗ੍ਰਤ ਹੀ ਹੈ ਤਿਵੇਂ ਜਗਤ ਰੂਪੀ ਸੁਪਨੇ ਦੇ ਆਦਿ ਤੇ ਅੰਤ ਵਿਚ ਇਕ ਆਤਮਾ ਹੀ ਜਾਣੋ। (ਅ) ਨੀਂਦਰ ਵਿਚ (ਉਪਜੀਆਂ) ਸੁਪਨੇ ਦੀਆਂ ਵਾਸ਼ਨਾਂ (ਜਾਗ ਪੈਣ ਨਾਲ) ਆਪੋ ਆਪਣੇ ਵਿਚ ਸਮਾ ਜਾਂਦੀਆਂ ਹਨ, ਇਸੇ ਤਰ੍ਹਾਂ (ਵਿੱਦਯਾ ਰੂਪੀ ਨੀਂਦ ਦੇ) ਆਦਿ ਅੰਤ ਵਿਚ (ਇਕੋ) ਆਤਮ ਭਾਵ ਹੀ ਹੈ। ਜਿਵੇਂ ਜਾਗ੍ਰਤ ਵਿਚ ਸੁਪਨੇ ਦੀ ਰਚਨਾ ਨਹੀਂ ਸੀ, ਜਦ ਨੀਂਦ ਆਈ ਤਾਂ ਸੁਪਨੇ ਦੀ ਰਚਨਾ ਰਚੀ ਗਈ, ਜਦ ਫੇਰ ਜਾਗ੍ਰਤ ਹੋ ਆਈ ਤਾਂ ਓਹ ਰਚਨਾ ਹੈ ਨਹੀਂ। ਤਿਵੇਂ ਅਵਿੱਦਯਾ ਰੂਪੀ ਨੀਂਦ ਦੇ ਕਾਰਨ ਆਤਮਾ ਵਿਚ ਵਾਸ਼ਨਾ ਪ੍ਰਗਟ ਹੋ ਭਾਸੀਆ, ਜਦ ਲੀਨ ਹੋ ਗਈਆਂ।

**ਆਦਿ ਅੰਤ ਜਿਉਂ ਨੀਂਦ ਮਹਿਂ, ਆਤਮ ਜਾਨੋ ਭਾਇ[2]।**

**ਇਹੀ ਜੋਗ ਕੀ ਰੀਤਿ ਹੈ, ਮੈਂ ਤੁਹਿ ਕਹੀ ਬਨਾਇ[1] ॥੧੮॥**

[1]ਪਹਿਲੇ ਗਿਆਨ ਦੀ ਰੀਤਿ ਦੱਸੀ ਸੀ ਹੁਣ ਕਹਿੰਦੇ ਹਨ ਕਿ ਯੋਗ ਦੀ ਰੀਤਿ ਭੀ ਇਹੋ ਹੈ। ਅੱਗੇ ਜੋਗ ਦੀਆਂ ਅਰਦਾਸਾਂ ਕਹਿਣਗੇ।

**ਪੰਚ ਅਰਦਾਸਾ ਜੋਗ ਕੀ, ਸੋਹੰ ਹੰਸਾ ਹੇਤ[1]।**

[1]ਪੰਜ ਜੋਗ ਦੀਆਂ ਅਰਦਾਸਾਂ ਹਨ। (ਪਹਿਲੀ ਹੈ) ਸੋਹੰ ਹੰਸਾ (ਦੇ ਜਾਪ) ਲਈ। [ਸੋਹੰ ਹੰਸਾ=ਉਹ ਮੈਂ ਹਾਂ, ਮੈਂ ਉਹ ਹਾਂ]।

**ਕੁੰਡਲੀ ਪ੍ਰਾਣ ਅਪਾਨ ਕੌਂ, ਸਤਿਗੁਰ ਰਾਖੈ ਚੇਤ[1] ॥੧੯॥**

[1]ਦੂਜੀ ਅਰਦਾਸ ਕਰੇ ਕਿ ਹੇ) ਸਤਿਗੁਰ ਜੀ! ਪ੍ਰਾਣ ਅਪਾਨ (ਦੇ ਅਭ੍ਯਾਸ ਦੇ ਵਿਘਨਾਂ ਤੋਂ) ਰੱਖ਼ਜਾ ਕਰੋ ਤੇ ਕੁੰਡਲਨੀ ਜਾਗ ਪਵੇ। [ਚੇਤ=ਜਾਗ ਪਵੇ]।

**ਅਨਹਦ ਉਠੈ ਝੁਣਕਾਰ ਜਬਿ, ਸਤਿਗੁਰ ਨਾਮ ਚਿਤਾਰ[1]।**

[1]ਤੀਜੀ ਅਰਦਾਸ:-ਹੇ ਸਤਿਗੁਰੂ!) ਜਦੋਂ ਅਨਹਦ ਦੀ ਝੁਨਕਾਰ ਉਠੇ (ਤਾਂ ਭੀ ਮੈਂ) ਸਤਿਗੁਰ ਦੇ ਨਾਮ ਦੀ ਯਾਦ ਵਿਚ ਰਿਹਾਂ। ਸੂਚਨਾ-ਕੰਨਾਂ ਦੀ ਘੂੰ ਘੂੰ ਲਈ ਇਹ ਅਰਦਾਸ ਨਹੀਂ ਹੈ ਕਿਉਂਕਿ ਉਹ ਤਾਂ ਕੇਵਲ ਕੰਨ ਮੁੰਦਣ ਨਾਲ ਸੁਣਾਈ ਪਈ ਦੇਂਦੀ ਹੈ, ਉਸ ਲਈ ਯਤਨ ਤੇ ਅਰਦਾਸ ਦੀ ਕੀ ਲੋੜ ਹੈ? ਇਹ ਤਾਂ ਕੁੰਡਲੀ ਦੇ (ਸੁਲਝਨ) ਮਗਰੋਂ ਦੱਸ ਰਹੇ ਹਨ।] ਦੇਖੋ ਗੁਰੂ ਗ੍ਰੰਥ ਕੋਸ਼ ਖਾਲਸਾ ਟ੍ਰੈ: ਸੁ: ਵਾਲਾ ਪਦ 'ਅਨਹਦ' ਤੇ 'ਸ਼ਬਦ' ੬. ੭. ]।

**ਗੁਹਯ ਧਯਾਨ ਗੁਰ ਗਯਾਨ ਮੈਂ, ਚੌਥੀ ਲੀਜੈ ਧਾਰ[1] ॥੨੦॥**

[1]ਚੌਥੀ (ਅਰਦਾਸ ਇਹ) ਕਰੀਏ ਕਿ ਹੇ ਗੁਰੋ ਗੁਪਤ ਧ੍ਯਾਨ ਤੇ ਗੁਪਤ ਸਿਆਣ (ਗ੍ਯਾਨ ਵਿਚ ਆਪ ਸਹਾਈ ਹੋਵੋ)। ਸੂਚਨਾ=ਗੁਹਯ ਤੋਂ ਭਾਵ ਪ੍ਰਮਾਤਮਾ ਦਾ ਜਾਪਦਾ ਹੈ ਜੋ ਗੁਪਤ ਤੋਂ ਗੁਪਤ ਹੈ।

**ਚਾਰ ਪਦਾਰਥ ਹਾਥ ਗੁਰ, ਪੰਜਵੀਂ ਇਹ ਅਰਦਾਸ[1]।**

[1]ਪੰਜਵੀਂ (ਅਰਦਾਸ ਇਹ ਹੈ ਕਿ) ਹੇ ਗੁਰੋ ਚਾਰ ਪਦਾਰਥ ਮੇਰੇ ਹੱਥ ਕਰ ਦਿਓ।

**ਪੂਰਨ ਪੂਰੀ ਪਾਇਗੋ, ਛੇਵੀ ਛਦਮ ਪ੍ਰਕਾਸ਼[1] ॥੨੧॥**

[1]ਛੇਵੀਂ ਅਰਦਾਸ ਇਹ ਕਰੇ ਕਿ ਹੇ ਗੁਰੋ! ਮਾਯਾ ਦੇ) ਛਲ (ਮੇਰੇ ਤੇ) ਪ੍ਰਕਾਸ਼ ਕਰੀ ਰੱਖੋ। (ਇਸ ਅਰਦਾਸ ਨਾਲ) ਪੂਰਨ (ਅਕਾਲ ਪੁਰਖ) ਪੂਰੀ ਪਾਏਗਾ। ਭਾਵ, ਗੁਹਯ ਗ੍ਯਾਨ ਹੋ ਜਾਣ ਤੇ ਭੀ ਭਾਵੇਂ ਗ੍ਯਾਨ ਮੁੜ ਅਗ੍ਯਾਨ ਨਹੀਂ ਹੋ ਜਾਂਦਾ ਪਰ ਕੁਸੰਗ ਅਤੇ ਸਾਵਧਾਨ ਨਾ ਰਹਿਣ ਨਾਲ ਗ੍ਯਾਨ ਸਿਥਲਤਾ ਹੋ ਜਾਂਦੀ ਹੈ। ਇਹ ਅਰਦਾਸ ਏਸ ਸਿਥਲਤਾ ਤੋਂ ਬਚਣ ਲਈ ਹੈ ਕਿ ਹੁਣ ਰੱਬ ਪੂਰੀ ਪਾਵੇ, ਗ੍ਯਾਨ ਦੀ ਸਫਲਤਾ ਹੋਵੇ। ਮਾਯਾ ਕਿਸੇ ਛਲ ਨਾਲ ਗ੍ਯਾਨ ਸਿਥਲਤਾ ਨਾ ਕਰ ਦੇਵੇ। ਸੂਚਨਾ=ਗ੍ਯਾਨੀ ਗ੍ਯਾਨ ਪਾਕੇ ਸਫਲ ਗ੍ਯਾਨੀ ਤਾਂ ਹੀ ਹੋ ਸਕਦਾ ਹੈ ਜੇ ਭਗਤੀ ਦੀ ਵਰਤਣ ਤੇ ਸ਼੍ਰੇਸ਼ਟਾਚਾਰ ਦਾ ਕਰਤੱਵ੍ਯ ਰੱਖੇ, ਇਸ ਲਈ ਹੁਣ ਓਹ ਅਰਦਾਸਾਂ ਦੱਸਦੇ ਹਨ ਜੋ ਗ੍ਯਾਨੀ ਵਿਚ ਭਗਤੀ ਭਾਵ ਕਾਇਮ ਰੱਖਣ ਵਾਲੀਆਂ ਹਨ ਤੇ ਜੱਗ੍ਯਾਸੂ ਨੂੰ ਸਿਰੇ ਚਾੜ੍ਹਨ ਵਾਲੀਆਂ ਹਨ।

**ਸੱਤਵੀਂ ਸ਼ਰਨੀ ਆਇ ਪਰ, ਸਤਿਗੁਰ ਪੂਰੀ ਪਾਇ[1]।**

[1]ਸੱਤਵੀਂ, ਪੂਰੀ (ਗ੍ਯਾਨ ਅਵਸਥਾ) ਪਾਕੇ (ਬੀ) ਸਤਿਗੁਰੂ ਦੀ ਸ਼ਰਨ ਪਏ ਰਹਿਣ (ਦੀ ਅਰਦਾਸ ਕਰੇ)। (ਅ) (ਹੇ ਸਿੱਖ! ਗੁਹਯ ਗ੍ਯਾਨੀ ਹੋ ਕੇ ਬੀ) ਸਤਿਗੁਰੂ ਦੀ ਸ਼ਰਨੀ ਆਕੇ ਪਉ (ਤੇ ਨਿਤ ਅਰਦਾਸ ਕਰ ਕਿ ਮੇਰੀ) ਪੂਰੀ ਪਾਓ, ਭਾਵ ਗ੍ਯਾਨ ਸਫਲਤਾ ਬਖਸ਼ੋ। (ੲ) ਜੱਗ੍ਯਾਸੂ ਅਰਦਾਸ ਕਰੇ ਮੈਨੂੰ ਸ਼ਰਨ ਵਿਚ ਲਓ ਤੇ ਪੂਰੀ ਪਾਓ।

**ਅੱਠਵੀਂ ਮਾਲਾ ਫੇਰੀਏ, ਸਾਸ ਸਾਸ ਗੁਰ ਧ੍ਯਾਇ[1] ॥੨੨॥**

[1]ਗ੍ਯਾਨੀ ਹੋਕੇ ਭੀ ਨਾਮ ਦਾ ਅਭ੍ਯਾਸ' ਨਾ ਛੋੜੇ ਇਸ ਲਈ ਫੁਰਮਾਉਂਦੇ ਹਨ ਕਿ) ਅੱਠਵੀਂ (ਅਰਦਾਸ ਇਹ ਕਰੇ ਕਿ) ਮੈਂ ਸ੍ਵਾਸ ਸ੍ਵਾਸ ਗੁਰੂ ਜੀ ਦੇ ਨਾਮ ਜਪਣ ਰੂਪੀ ਮਾਲਾਂ ਫੇਰਾਂ। (ਅ) ਭਾਵ ਸ਼ਰਨ ਆਯਾ ਜਗ੍ਯਾਸੂ ਹੁਣ ਨਾਮ ਜਪਣ ਲਈ ਅਰਦਾਸ ਕਰੇ ਤੇ ਸ੍ਵਾਸ ਸ੍ਵਾਸ ਨਾਮ ਜਪੇ ਤੇ (ਜੇ ਆਲਸ ਪਵੇ ਤਾਂ) ਮਾਲਾ ਫੇਰਕੇ ਨਾਮ ਜਪੇ।

**ਨਾਵੀਂ ਨਿਤ ਗੁਰ ਸੇਵਨੇ, ਨਰਕ ਨਿਵਾਰਨਿ ਜੋਗੁ[1]।**

[1]ਨਾਵੀਂ (ਅਰਦਾਸ ਇਹ ਹੈ ਕਿ) ਨਰਕ ਨਿਵਾਰਣ ਜੋਗ ਸਤਿਗੁਰੂ ਜੀ ਨੂੰ ਨਿੱਤ ਮੈਂ ਸੇਵਾਂ ਭਾਵ ਇਹ ਹੈ ਕਿ ਗ੍ਯਾਨੀ ਬੀ ਨਾਮ ਵਿਚ ਵਸਦਾ ਹੋਇਆ ਗੁਰੂ ਨਾਨਕ ਦੇਵ ਜੀ ਦੀ ਟੇਕ ਧਾਰੇ ਤੇ ਨਿਜ ਨੂੰ ਉਨ੍ਹਾਂ ਦੇ ਸੇਵਕ ਭਾਵ ਵਿਚ ਰਖੇ, ਜਿਵੇਂ ਭਾਈ ਬੁੱਢਾ ਤੇ ਭਾਈ ਗੁਰਦਾਸ ਆਦਿਕਾਂ ਨੇ ਕੀਤਾ ਹੈ।

**ਦਸਮੀ ਦਗਧ ਨ ਹੋਇਯੇ, ਸ਼ਾਂਤਿ ਯੋਗ ਮੈਂ ਹੋਗੁ[1] ॥੨੩॥**

[1]ਦਸਵੀਂ (ਅਰਦਾਸ ਇਹ ਕਰੇ ਕਿ ਹੇ ਗੁਰੋ) ਸੰਸਾਰ ਤੋਂ ਆ ਰਹੀ ਈਰਖਾ, ਤ੍ਰਿਸ਼ਨਾ ਆਦਿ ਅਗਨੀ) ਨਾਲ (ਮੈਂ) ਦਗਧ ਨਾਂ ਹੋਵਾਂ, (ਮੈਂ ਅੰਦਰੋਂ ਆਪ ਨਾਲ) ਜੁੜਿਆ ਰਹਾਂ (ਤੇ ਵਰਤੋਂ ਮੇਰੀ) ਸ਼ਾਂਤਿ ਦੀ ਹੋਵੇ। ਭਾਵ-ਸਫਲ ਗ੍ਯਾਨੀ-ਬ੍ਰਹਮ ਗਿਆਨੀ ਪਰਉਪਕਾਰ ਉਮਾਹਾ-ਦੇ ਮਹਾਂ ਵਾਕ ਅਨੁਸਾਰ ਜਦ ਜਗਤ ਜਲੰਦੇ ਨੂੰ ਨਾਮ ਦਾਨ ਦੇਵੇਗਾ ਤਾਂ ਸੰਸਾਰ ਵਲੋਂ ਕਈ ਅਗਨੀਆਂ ਆਉਣਗੀਆਂ। ਵਾਚ ਗਿਆਨੀ ਆਦਿਕ ਈਰਖਾ ਦੇ ਚੰਗਾਰੇ ਸੱਟਣਗੇ, ਸੰਸਾਰ ਦੇ ਪਦਾਰਥ ਤ੍ਰਿਸ਼ਨਾਂ ਦਾ ਸੇਕ ਲੈਕੇ ਆਉਣਗੇ ਤਦ ਅੰਦਰੋਂ ਸਾਈਂ ਨਾਲ ਜੁੜੇ ਰਹਿਣਾ ਤੇ ਦ੍ਵੈਖੀਆਂ ਆਦਿਕਾਂ ਨਾਲ ਸ਼ਾਂਤਿ ਨਾਲ ਵਰਤਣਾ ਲੋੜੀਏ, ਇਸ ਦਾਤ ਲਈ ਗੁਰੂ ਮੁਹਰੇ ਅਰਦਾਸ ਕਰੇ।

**ਸਿੱਖਾ! ਭਰਮ ਨ ਕੀਜੀਏ, ਬੁੱਧਿ ਰਾਖੀਏ ਠੌਰ[1]।**

[1]ਯਾਰਵੀਂ-) ਹੇ ਸਿੱਖ! (ਕਦੇ) ਭਰਮ ਨਾਂ ਕਰੀਏ (ਪਰ ਜੇ ਕਦੇ ਮਤ ਭਰਮ ਵਿਚ ਜਾਵੇ ਤਾਂ ਅਰਦਾਸ ਕਰੀਏ ਕਿ ਹੇ ਗੁਰੋ) ਮੇਰੀ ਬੁੱਧੀ ਨੂੰ (ਆਪਣੀ) ਟੇਕ ਤੇ ਰੱਖੀਏ।

**ਰਾਖਾ ਸਤਿਗੁਰ ਸਿੱਖ ਕਾ, ਜਯੋਂ ਅਚਾਰ ਹਿਤ ਔਰ[1] ॥੨੪॥**

[1]ਬਾਰ੍ਹਵੀਂ) ਜਿਵੇਂ (ਔਰ=) ਇਤਰ ਲੋਕਾਂ ਦਾ ਹਿਤ ਆਪਣੇ ਕਰਤੱਵਜ ਉਤੇ ਹੈ, (ਤਿਵੇਂ ਹੇ ਸਤਿਗੁਰ ਮੇਰੀ ਟੇਕ ਆਪਣੀ ਕਰਨੀ ਕਰਤੂਤ ਤੇ ਨਹੀਂ) ਮੇਰੇ ਤਾਂ ਕੇਵਲ ਸਤਿਗੁਰੂ ਜੀ ਆਪ ਰੱਖਯਕ ਹੋ, (ਮੇਰੀ ਰੱਖਿਆ ਕਰੋ)। (ਅ) 'ਔਰ' ਦਾ ਅਰਥ 'ਰਾਈ' ਬੀ ਕਰਦੇ ਹਨ। ਫਿਰ ਅਰਥ ਲਗੇਗਾ:- ਜਿਵੇਂ ਰਾਈ ਅਚਾਰ ਦੀ ਹਿਤ ਨਾਲ ਰਖ੍ਯਾ ਕਰਦੀ ਹੈ ਤਿਵੇਂ ਸਤਿਗੁਰੂ ਜੀਓ ਸਿਖ ਦੇ ਰਾਖੇ ਬਣੋ।

## ਬਾਲੀ ਬਿਹਾਏ ਗੁਰੂ ਢਿਗ[1], ਤੋਰੇ ਗੁਰੂ ਨਿਬਾਹ[2]।

[1]ਤੇਰ੍ਹਵੀਂ ਅਰਦਾਸ-) ਬੱਚਿਆਂ ਵਾਙੂੰ ਗੁਰੂ ਸਮੀਪ ਰਹਿੰਦਿਆ ਮੇਰੀ ਉਮਰਾ ਬੀਤੇ, ਭਾਵ ਇਹ ਹੈ-'ਪਾਇਓ ਨਾਲ ਬੁਧਿ ਸੁਖੁਦੇ'। (ਅ) ਕਿਤੇ ਪਾਠਾਂਤ੍ਰ ਹੈ 'ਬਲੀ ਬਹਾਏ ਗੁਰੂ ਬਿਨ' ਤਾਂ ਅਰਥ ਐਉਂ ਲੱਗੇਗਾ-(ਦੇਵੀ ਦੇਉਤਿਆ ਨੂੰ) ਬਲੀਆਂ ਦੇਣੀਆਂ ਛੱਡ ਦੇਵੇ ਤੇ ਗੁਰੂ ਅੱਗੇ (ਬਿਨ=) ਬਿਨਤੀ ਕਰੇ। (ੲ) ਗੁਰੂ ਤੋਂ ਬਿਨਾਂ (ਹੋਰ ਦੇਵਾਂ ਨੂੰ) ਭੇਟਾ ਦੇਣੀਆਂ ਛੱਡ ਦੇਵੇ। [2]ਚਉਧਵੀਂ-ਹੇ ਗੁਰੋ ਮੇਰਾ ਨਿਬਾਹ ਤੋਰੋ, ਭਾਵੇਹ ਕਿ ਕਿਸੇ ਦਾ ਮੁਥਾਜ ਨਾਂ ਕਰੋ।

## ਬਚਨ ਮਾਨ ਹਿਤ ਪੰਦ੍ਰਵੀਂ[1], ਦੀਨਾ ਸਤਿਗੁਰ ਰਾਹ[2] ॥੨੫॥

[1]ਪੰਦ੍ਰਵੀਂ-(ਅਰਦਾਸ:-ਹੇ ਗੁਰੋ) ਆਪ ਦੇ ਬਚਨ ਮੰਨਣ ਵਿਚ ਹੀ ਮੇਰਾ ਪ੍ਰੇਮ ਹੋਵੇ। [2]ਸੋਲ੍ਹਵੀਂ-ਆਪ ਦੇ ਦੱਸੇ ਰਾਹ (ਅਰਥਾਤ ਸਿੱਖੀ ਮਾਰਗ ਵਿਚ ਮੈਂ) ਨਿੰਮ੍ਰੀ ਭੂਤ ਹੋਵਾਂ [ਦੀਨਾ=ਦੀਨ ਹੋਵਾਂ]। (ਇਹ ਵਰਤੋਂ ਦੀ ਗ਼ਰੀਬੀ ਹੈ ਦਿਲ ਦੀ ਅੱਗੇ ਆਵੇਗੀ ਦੇਖੋ ੨੦ਵੀਂ ਅਰਦਾਸ)।

## ਮਾਨ ਦੇਇ[1], ਕੁਲ ਕੀ ਰਹੈ[2], ਬਨੈਂ ਸੰਬੰਧੀ ਸੰਤ[3]।

[1]ਸਤਾਰ੍ਹਵੀਂ-ਹੇ ਗੁਰੋ (ਆਪ ਹੀ ਮੈਨੂੰ ਦੀਨ ਦੁਨੀ ਵਿਚ) ਮਾਣ ਦਿਓ। [2]ਅਠਾਰਵੀਂ)-(ਹੇ ਗੁਰੋ) ਕੁਲ ਵਿਚ ਮੇਰੀ (ਅਬਰੋ ਬਣੀ ਰਹੇ। (ਅ) ਮੇਰੀ ਕੁਲ ਦੀ ਆਬਰੋ ਬਣੀ ਰਹੇ। [3]ਉਨੀਵੀਂ-ਮੇਰੇ ਸੰਬੰਧੀ ਸੰਤ ਬਣ ਜਾਵਣ, ਭਾਵ ਗੁਰਮੁਖ ਬਣ ਜਾਣ। (ਅ) ਗੁਰਮੁਖ ਲੋਕ ਮੇਰੇ ਸੰਬੰਧੀ ਬਣ ਜਾਣ।

## ਬ੍ਰਿੱਤ ਨਿਵੈਂ[1] ਥਿਤ ਸ਼ੁੱਧ ਗ੍ਰਿਹ[2], ਇਹੀ ਖੂਬ ਕਲਕੰਤ[3] ॥੨੬॥

[1]ਵੀਹਵੀਂ)-(ਹੇ ਗੁਰੋ ਮੇਰੀ) ਬ੍ਰਿਤੀ ਨਿਉਂ ਜਾਵੇ ਭਾਵ ਦਿਲ ਵਿਚ ਗਰੀਬੀ ਵੱਸੇ। [2]ਇਕੀਵੀਂ-ਸ਼ੁਧ ਘਰ ਵਿਚ ਮੇਰੀ ਇਸਥਿਤੀ ਹੋਵੇ। ਭਾਵ ਅੰਤਹਕਰਣ ਮਲ ਤੇ ਵਿਖ੍ਯੇਪ ਤੋਂ ਰਹਿਤ ਹੋ ਜਾਵੇ। (ਅ) ਮੇਰੇ ਘਰ ਵਿਚ ਸ਼ੁੱਧੀ ਟਿਕੀ ਰਹੇ। ਭਾਵ ਮੇਰਾ ਘਰ ਸੁੱਧ ਤੇ (ਬਾਣੀ ਨਾਮ) ਨਾਲ ਪਵਿੱਤ੍ਰ ਰਹੇ। [3]ਬਾਈਵੀਂ)-(ਹੇ ਗੁਰੋ) ਇਸ ਲੋਕ ਵਿਚ ਵਹਿਗੁਰੂ ਦੀ ਸੁੰਦਰਤਾ ਹੀ ਚੰਗੀ ਤਰ੍ਹਾਂ ਲੱਗੇ, ਭਾਵ ਇਹ ਕਿ ਇਲਾਹੀ ਸੁੰਦਰਤਾ ਹੀ ਪਿਆਰੀ ਲੱਗੇ। ਇਹੀ=ਇਸੀ ਲੋਕ ਵਿਚ, ਯਥਾ:-ਇਹਾਮੁਤ੍ਰ=ਲੋਕ ਤੇ ਪ੍ਰਲੋਕ। ਕਲ=ਸੁੰਦਰਤਾ। ਕੰਤ=ਪਤੀ=ਵਾਹਿਗੁਰੂ। ਖੂਬ=ਚੰਗਾ]। (ਅ) (ਇਹੀ=) ਜੋ ਪਿਛੇ ਕਹੀ ਹੈ ਬ੍ਰਿਤੀ ਖੂਬ ਕਲਕੇ, ਭਾਵ ਬ੍ਰਿਤੀ ਜੁੱਧ ਸਮੇਂ ਖੂਬ ਕਲਕੇ=ਗਰਮ ਹੋਵੇ, ਬੀਰ ਰਸੀ ਹੋਵੇ, ਕਿਉਂਕਿ ਅੱਗੇ ਹੁਣ ਬੀਰ ਰਸੀ ਅਰਦਾਸਾਂ ਚੱਲਣੀਆਂ ਹਨ। (ੲ) (ਇਹੀ=) ਮੇਰਾ ਸਰੀਰ (ਖੂਬ=) ਵਿਕਾਰ ਹੀਨ ਹੋਕੇ (ਕਲਕੰਤ=) ਚਮਕੇ।

## ਤੇਵੀ ਤਰਗਸ ਗੁਰੂ ਕਾ[1], ਚੌਵੀ ਕਟਾਰੀ ਸਿੱਧ[2]।

[1]ਤੇਈਵੀਂ (ਅਰਦਾਸ ਤੀਰ ਤਰਕਸ਼ ਪਹਿਨਣ ਵੇਲੇ) ਹੇ ਗੁਰੋ (ਮੈਂ) ਤਰਕਸ਼ (ਪਹਿਰਿਆ ਹੈ) (ਇਹ) ਗੁਰੂ ਕਾ (ਸਮਝ ਕਰੇ ਪਰਸੁਆਰਥ ਵਿਚ ਵਰਤਾਂ)। [2]ਚਉਵੀਵੀਂ-(ਮੈਂ) ਕਟਾਰੀ (ਪਹਿਰੀ ਹੈ) ਇਹ (ਆਪਦੀ ਆਗਯਾ ਅਨੁਸਾਰ ਕਾਰਜਾਂ ਵਿਚ) ਸਿੱਧੀ (ਪ੍ਰਾਪਤ) ਕਰੇ।

## ਪਚਵੀਂ ਪਤ ਸਿਉਂ ਗੁਰੂ ਥਿਰ[1]†, ਛੱਬੀ ਗੁਰ ਢਿਗ ਬ੍ਰਿੱਧ[2] ॥੨੭॥

[1]ਪੱਚੀਵੀਂ (ਅਰਦਾਸ ਇਹ ਹੋਵੇ ਕਿ) ਗੁਰੂ ਜੀ ਪਾਸ ਪਤ ਨਾਲ ਕਾਇਮ ਰਹਾਂ। †ਸੌ ਸਾਖੀ ਦਾ ਪਾਠ:-ਘਰ। [2]ਛੱਬੀਵੀਂ-(ਇਹ ਅੰਤ ਸਮੇਂ ਦੀ ਅਰਦਾਸ ਹੈ ਕਿ) (ਹੇ) ਗੁਰੋ (ਮੈਨੂੰ ਆਪਣੇ) ਸਮੀਪ ਹੋਣ ਦੀ (ਬ੍ਰਿੱਧੀ=) ਵਡਿਆਈ ਬਖਸ਼ੋ ਭਾਵ ਸ਼ਰੀਰ ਤਿਆਗ ਉਪ੍ਰਾਂਤ ਆਪ ਦੇ ਚਰਨਾਂ ਵਿਚ ਨਿਵਾਸ ਹੋਵੇ।

## [1]ਇਕ ਸੌ ਇਕ ਅਰਦਾਸ ਕਰਿ, ਸੌ ਬਰਸਾਂ ਕੇ ਦੋਖ।

[1]ਪਿਛੇ ਆਈਆ ੭੫ ਤੇ ਏਥੇ ਆਈਆ ੨੬ ਜੋੜ) ੧੦੧ ਜੋ ਕਰੇਗਾ ਅਰਦਾਸਾਂ ਉਸ ਸਿੱਖ ਦੇ ਸੌ ਬਰਸਾਂ ਦੇ ਦੂਸ਼ਣ ਗੁਰੂ ਦੂਰ ਕਰੇਗਾ।

ਗੁਰੂ ਗਵਾਵੈ ਸਿਖ ਕੇ, ਪਾਵੈ ਗੁਰ ਪਦ ਮੋਖ[1] ॥੨੮॥

[1]ਤੇ ਉਹ ਸਿੱਖ) ਗੁਰਾਂ ਦੇ ਚਰਨਾਂ ਦੀ ਪ੍ਰਾਪਤੀ ਰੂਪ ਮੁਕਤ ਪਾਵੇਗਾ ਭਾਵ ਸਾਮੀਪ ਮੁਕਤੀ।

[†]ਸੋ ਅਰਦਾਸੀਆ ਜੋਗ ਹੈ, ਤਾਂ ਕੇ[1] ਪੂਜੈ ਪਾਇ।[†]

[†]ਲਿਖਤੀ ਸੌ ਸਾਖੀ ਵਿਚ ਏਥੇ ਇੱਕ ਹੋਰ ਤੁਕ ਹੈ:-ਜਬ ਉਤਰੈ ਤਬ ਸਿੱਖ ਘਰ, ਦਸਵੰਧੀ ਗਤਿ ਪਾਇ। ਅਰਥਾਤ (ਸਾਮੀਪ ਮੁਕਤੀ ਵਾਲਾ ਐਸਾ ਸਿੱਖ ਜੇ ਸੰਸਾਰ ਉਪਕਾਰ ਹਿਤ ਕਦੇ ਜਗਤ ਵਿਚ) ਉਤਰੇਗਾ ਤਾਂ ਸਿਖ ਦੇ ਘਰ ਜਨਮ ਲਏਗਾ ਤੇ ਫੇਰ ਦਸਾਂ ਸਰੂਪਾਂ ਵਿਚ (ਅਭੇਦ ਰੂਪ=ਸਾਯੁਜ) ਮੁਕਤੀ ਪਾਏਗਾ। [1]ਤਿਸ (ਅਰਦਾਸੀਏ ਦੇ)।

ਸਿੱਖ ਸੁਖੀ ਸੋ ਹੋਇਗਾ, ਸੌ ਅਰਦਾਸ ਕਰਾਇ ॥੨੯॥

ਸਤਿਗੁਰ ਹਿਤ ਦਸਵੰਧ ਦੇਇ, ਸਿੱਖੀ ਜੁਗਤ ਰਹਾਇ[1]। [1]ਸਿੱਖੀ ਦੀ ਰਹਿਤ ਵਿਚ ਰਹੇ।

ਨ੍ਹਾਨ[1] ਦਾਨ ਸਤਿਨਾਮ ਮਹਿਂ, ਬਰਤੇ[†] ਬੈਸ ਬਿਤਾਇ ॥੩੦॥ [1]ਇਸ਼ਨਾਨ।। [†]ਕਰਤੇ।

ਪਰਨਾਰੀ ਧਨ ਛੋਡਿ ਕੈ, ਨਿਸ਼ਚਾ ਗੁਰ ਪਦ ਸ਼ਰਨਿ।

ਬਾਣੀ ਸਤਿਗੁਰੂ ਕੀ ਪੜ੍ਹੈ, ਕਾਟੈ ਜਨਮਾ ਮਰਨ ॥੩੧॥

ਚੌਪਈ:

[†]ਭੱਦਨ ਨਾਮ ਸਿੱਖ ਨਹਿਂ ਕਰੈ[1]। [1]ਜੋ ਸਿੱਖ ਨਾਮ ਹੈ ਓਹ ਭਦਨ ਨਾ ਕਰੇ। [†]ਇਹ ਸੌ ਸਾਖੀ ਦੀ ੭੯ਵੀਂ ਸਾਖੀ ਹੈ।

ਮੂਏ ਬੰਧੁ ਨਹਿਂ ਰੋਦਨ ਧਰੈ[1]। [1]ਸੰਬੰਧੀ ਦੇ ਮੋਇਆ ਨਾਂ ਰੋਵੇ।

ਬੁਰੇ ਕਰਮ ਤੇ ਆਪਿ ਬਚਾਇ[1]। [1]ਆਪਣੇ ਆਪ ਨੂੰ ਬਚਾਵੇ।

ਸਭਿ ਕੁਟੰਬ[1] ਸ਼ੁਭ ਮਾਰਗ ਪਾਇ ॥੩੨॥ [1]ਆਪਣੇ) ਸਾਰੇ ਕੁਟੰਬ ਨੂੰ।

ਫਲੇ ਨ ਬੇਚੀਏ ਅੰਨ ਬਪਾਰ[1]। [1]ਨਾ ਫਲ ਵੇਚੇ ਨਾ ਅੰਨ ਦਾ ਵਪਾਰ ਕਰੇ।

ਤ੍ਰਿਣ, ਕਾਸ਼ਟ, ਅਰ ਚਾਮ ਨਿਵਾਰ[1][†]।

[1]ਦਾ ਵਪਾਰ ਬੀ) ਨਾ ਕਰੇ। [†]ਇਹ ਖਿਆਲ ਲੇਖਕ ਯਾ ਆਖੇਪਕਾਰਾਂ ਨੇ ਉਸ ਸਮੇ ਦੇ ਪਾਏ ਹਨ ਜਦੋਂ ਫਲਾਂ ਦੇ ਬਾਗ਼ ਬਪਾਰ ਵਾਸਤੇ ਨਹੀਂ ਸਨ ਲਗਦੇ, ਸਗੋਂ ਬਨਾਂ ਤੇ ਸੜਕਾਂ ਤੇ ਖੂਹਾਂ ਤੇ ਲੱਗੇ ਬ੍ਰਿੱਛਾਂ ਦੇ ਫਲ ਸਭ ਦੇ ਸਾਂਝੇ ਤੇ ਬਾਨਪ੍ਰਸਥੀਆਂ ਲਈ ਇਦਂ ਕਰਕੇ ਨਿਯਤ ਹੁੰਦੇ ਸੇ। ਕਣਕ ਘਾਸ ਦੇ ਵਪਾਰ ਵਿਚ ਇਸਦੇ ਮਹਿੰਗੇ ਹੋਣ ਦੀ ਇੱਛਾ ਖਲਕਤ ਦਾ ਬੁਰਾ ਚਿਤਵਨ ਦਾ ਸੂਚਕ ਸਮਝੀ ਜਾਂਦੀ ਸੀ। ਤੇ ਚੰਮ ਦੇ ਬਪਾਰ ਵਿਚ ਜਾਨਵਰਾਂ ਦੀ ਹਿੰਸਾ ਦਾ ਖਿਆਲ ਤੇ ਕਈ ਵੈਰ ਉੱਦਮ ਉਪਜਦਾ ਸੀ। ਲਕੜੀ ਤੇ ਘਾਹ ਬਨਾਂ ਵਿਚ ਖੁਲ੍ਹੇ ਹੁੰਦੇ ਸੇ ਤੇ ਹਰ ਕੋਈ ਜੋ ਸਿਰ ਤੇ ਚਾਈ ਜਾ ਸਕਣ ਵਾਲੀ ਪੰਡ ਘਾਹ ਯਾ ਲਕੜਾਂ ਦੀ ਲੈ ਆਵੇ ਤਾਂ ਬਨਾਂ ਦੇ ਮਾਲਕ ਗੁੱਸੇ ਨਹੀਂ ਸਨ ਹੁੰਦੇ, ਤਦੋਂ ਇਨ੍ਹਾਂ ਨੂੰ ਵਪਾਰ ਵਿਚ ਲੈ ਆਉਣ ਵਾਲਾ ਖਲਕਤ ਦਾ ਦੋਖੀ ਖਿਆਲ ਕੀਤਾ ਜਾਂਦਾ ਸੀ।

ਕਰਜ ਨ ਦੇਈ ਨੀਚ ਚੰਡਾਲ।

ਵੇਸ਼ਵਾ ਨਾਰੀ ਰਿਨ ਨਹਿਂ ਸਾਲ[1] ॥੩੩॥ [1]ਵੇਸ਼ਵਾ ਇਸਤ੍ਰੀ ਨੂੰ (ਕਰਜਾ ਦੇਣਾ ਯਾ ਉਸ ਤੋਂ ਲੈਣਾ) ਚੰਗਾ ਨਹੀਂ। (ਅ) ਵੇਸ਼ਵਾ ਨਾਲ ਨਾਰੀ ਭਾਵ ਕਰਨਾ ਚੰਗਾ ਨਹੀਂ ਤੇ ਨਾ ਕਰਜਾ (ਚਾਉਣਾ) ਚੰਗਾ ਹੈ।

ਕਾਹੂੰ ਸਿਉਂ ਝਗਰਾ ਨਹਿਂ ਮਾਂਡੋ[1]। [1]ਨਾਂ ਕਰੋ।

ਰਹਤ ਆਪਨੀ ਮੂਲ ਨ ਛਾਡੋ।

| | |
|---|---|
| ਦੁਰਜਨ ਸੇਤੀ ਪ੍ਰੀਤ ਨ ਕਰੋ। | |
| ਹਿਰਦੇ ਰੋਸ ਕਾਮ ਪਰਹਰੋ[1] ॥੩੪॥ | [1]ਕ੍ਰੋਧ ਕਾਮ (ਆਦਿ ਪੰਜ ਵਿਕਾਰ) ਰਿਦੇ ਤੋਂ ਦੂਰ ਕਰੋ। |
| ਚਹੁੰ ਮਾਰਗ[1] ਮਹਿਂ ਬੈਠੇ ਨਾਂਹਿ। | [1]ਚੁਰਸਤੇ। |
| ਟੂਟਾ ਬਾਸਨ ਮੰਜੀ ਲਾਹਿ[1]। | [1]ਟੁੱਟਾ ਭਾਂਡਾ ਤੇ ਟੁੱਟੀ ਮੰਜੀ ਲਾਹ ਦੇਵੇ (ਵਰਤੇ ਨਾ)। |
| ਉਰਧ ਸ੍ਵਾਸ, ਧੋਇ ਆਧਾ ਪਾਇ[1]। | [1]ਨਾ ਸ਼ੁਕਰੀ ਨਾਲ) ਹਾਹੁਕੇ ਲੈਣੇ ਤੇ (ਗੁਰਦੁਆਰੇ ਜਾਂਦਿਆਂ, ਘਰ ਵੜਦਿਆਂ ਤੇ ਸੌਣ ਵੇਲੇ) ਅੱਧੇ ਪੈਰ ਧੋਣੇ (ਠੀਕ ਨਹੀਂ, ਸਾਰੇ ਧੋਵੇ)। |
| ਦਾਂਤਨਿ ਸੋਂ ਨਖ ਦੇਤਿ ਰਿਤਾਇ[1] ॥੩੫॥ | [1]ਦੰਦਾ ਨਾਲ ਨਹੁੰ ਰੇਤਣੇ ਭਾਵ ਕੱਟਣੇ। |
| ਖਾਵਤਿ ਬੇਰ ਹਸੈ ਬਕਬਾਦ[1]। | [1]ਖਾਵਣ ਵੇਲੇ ਹੱਸਣਾ ਤੇ ਬਕਵਾਸ ਕਰਨਾ। |
| ਭੋਜਨ ਪੀਛੇ ਪੇਟ ਜੁ ਥਾਪ[1]। | [1]ਪੇਟ ਤੇ ਹੱਥ ਮਾਰਨਾ ਭਾਵ ਪੇਟ ਵਜਾਉਣਾ। |
| ਰੋਵੈ ਹਸੈ ਨ ਕਬਿ ਗੁਰ ਆਗੈ। | |
| ਲਖਮੀ ਨਾਸ਼ ਦਰਿੱਦ੍ਰੀ ਪਾਗੈ[1] ॥੩੬॥ | [1]ਜੋ ਇਨ੍ਹਾਂ ਗਲਾਂ ਨੂੰ ਕਰੇਗਾ) ਉਸਦਾ ਧਨ ਨਾਸ਼ ਹੋ ਜਾਊ ਤੇ ਉਹ ਕੰਗਾਲ ਹੋ ਜਾਵੇਗਾ। |
| ਮਗ ਮੈਂ ਸਯਨ, ਰਾਹ ਮੈਂ ਭੋਜ[1]। | [1]ਰਾਹ ਵਿਚ ਸੌਣਾ ਤੇ ਰਸਤੇ (ਟੁਰੇ ਜਾਂਦਿਆਂ) ਖਾਣਾ ਨਾ ਕਰੇ। |
| ਮਲ ਮੂਤ੍ਰ ਨਹਿਂ ਮਗ ਮੈਂ ਰੋਜ[1]। | [1]ਰਸਤੇ ਵਿਚ ਨਾ ਸੁਟੇ [ਫਾ. ਰੇਜ਼=ਗੇਰੇ, ਸੱਟੇ]। (ਅ) ਰਸਤੇ ਵਿਚ ਤੇ ਆਮ ਥਾਂਈਂ ਮਲ ਮੂਤ੍ਰ ਨਾ ਕਰੇ [ਫਾ. ਰੋਜ਼=ਦਿਨ, ਪ੍ਰਗਟ, ਪ੍ਰਕਾਸ਼]। ਇਥੇ ਭਾਵ ਹੈ ਪ੍ਰਗਟ ਥਾਵਾਂ ਆਮ ਥਾਵਾਂ ਜੋ ਖਲਕਤ ਦੇ ਵਰਤੋਂ ਦੀਆਂ ਹਨ। |
| ਗਾਂਇ ਬਿੱਪ੍ਰ ਕੋ ਪਾਇ ਨ ਛੁਵੈ। | |
| ਅੰਨ ਭੁਗਤ ਕੀ ਨਿੰਦ ਨ ਭੁਵੈ[1] ॥੩੭॥ | [1]ਜੋ ਅੰਨ ਖਾ ਲਿਆ ਹੋਵੇ ਉਸ ਅੰਨ ਦੀ ਨਿੰਦਾ ਨਾ ਕਰੇ। |
| ਰਹੈ ਇਕਾਂਤ ਬੈਠਿ ਕਰਿ ਧ੍ਯਾਨਾ[1]। | [1]ਇਕਾਂਤ ਬੈਠਕੇ ਧਿਆਨ ਕਰੇ। |
| ਹਿਰਦੈ ਗਨੈ ਨ ਚਿਤਵਤਿ ਨਾਨਾ[1]। | [1]ਬਹੁਤੀਆਂ ਚਿੰਤਾਂ ਨਾ ਕਰੇ। |
| ਪਾਂਬਰ, ਨਾਰੀ ਪਰ ਕੀ ਬੁਰੀ[1]। | [1]ਬਦਚਲਨ (ਆਦਮੀ), ਪ੍ਰਾਈ ਇਸਤ੍ਰੀ ਬੁਰੇ ਹਨ [ਪਾਂਬਰ ਪਦ ਦੇ ਅਰਥ ਲਈ ਦੇਖੋ ਰੁ: ੫ ਅੰਸੂ ੧੦ ਅੰ: ੨੨]। |
| ਰਾਜਦੂਤ ਕੀ ਮੈਤ੍ਰੀ ਛੁਰੀ[1] ॥੩੮॥ | [1]ਰਾਜੇ ਦੇ ਸੂੰਹੀਏਂ ਦੀ ਮਿੱਤ੍ਰਤਾ ਛੁਰੀ ਵਤ ਹੈ। |
| ਸਕਲ ਰਾਤਿ ਜਾਗਤਿ ਨਹਿਂ ਰਹੈ। | |
| ਮੈਥੁਨ ਬਹੁਤ ਬਾਰ ਨਹਿਂ ਗਹੈ। | |
| ਸਿਥਲ ਦੂਤ ਅਨੱਭਯਾਸੀ ਸਿੱਖ[1]। | [1]ਆਲਸੀ ਦੂਤ ਤੇ ਅਨ ਅੱਭਯਾਸੀ ਸਿੱਖ। |
| ਕਾਚਾ ਸੂਕਾ ਤਯਾਗੇ ਆਮਿਖ[1] ॥੩੯॥ | [1]ਕੱਚਾ ਤੇ ਸੁੱਕਾ ਮਾਸ (ਏ ਸੱਭੋ) ਤਿਆਗੇ। |

| | |
|---|---|
| ਪਰ ਕੀ ਰਮਤੀ ਨਾਰੀ ਛੋਰਿ। | |
| ਜੇ ਅਪਨੀ ਇੰਦ੍ਰੀ ਹੈ ਠੌਰ। | |
| ਦੰਭ ਨਾਸਤਕੀ ਮਤਸਰ ਤਜੇ[1]। | [1]ਦੰਭ ਤੇ ਨਾਸਤਕਤਾ ਤੇ ਈਰਖਾ ਨੂੰ ਛੱਡੇ। |
| ਅਸੂਆ, ਨਿੰਦਾ, ਚਿੰਤ ਨ ਭਜੇ[1] ॥੪੦॥ | [1]ਦੂਸ਼ਣ ਅਰੋਪਣੇ, ਨਿੰਦਾ ਤੇ ਚਿੰਤਾ ਨਾ ਕਰੇ। |
| ਖਗ ਤਰੁਵਰੁ ਜਗ ਬਾਸ ਨਿਹਾਰੈ[1]। | [1]ਜਗਤ ਵਿਚ ਵਾਸਾ ਬ੍ਰਿੱਛਾਂ ਪਰ ਪੰਛੀ ਵਤ ਜਾਣੇ। |
| ਰੈਨ ਦਿਨਾ ਨਿਜ ਤੱਤ੍ਵ ਵਿਚਾਰੈ। | |
| ਹਿਯ ਵਿਰਾਖ ਲਖਿ ਜਗਤ ਅਸਾਰਾ[1]। | [1]ਹਿਰਦੇ ਵਿਚ ਵਿਰਾਗ (ਰੱਖਕੇ) ਜਗਤ ਨੂੰ ਅਸਾਰ ਜਾਣੇ। |
| ਦੇਹ ਪ੍ਰਾਣ ਗਣੁ ਆਤਮ ਨਜਾਰਾ[1] ॥੪੧॥ | [1]ਦੇਹ ਪ੍ਰਾਣ ਤੇ ਆਤਮਾ ਨੂੰ ਤਿੰਨਾਂ ਗੁਣਾਂ ਤੋਂ ਨਿਆਰਾ ਜਾਣੇ। |
| ਸੁਨਿ ਕਰਿ ਸ਼ਾਸਤ੍ਰਨ ਗਰਬ ਗਵਾਵੈ[1]। | [1]ਧਰਮ ਪੁਸਤਕਾਂ ਨੂੰ ਪੜ੍ਹਕੇ ਹੰਕਾਰ ਗਵਾਵੇ। |
| ਕਾਹੁੰ ਵਸਤ ਸੋਂ ਨੇਹੁੰ ਨ ਲਾਵੈ। | |
| ਧੀਰਜ ਸੋਂ ਵਿਵਹਾਰ[1] ਘਟਾਵੈ। | [1]ਭਾਵ ਜ਼ਿਮੇਵਾਰੀਆਂ ਜਗਤ ਦੇ ਜੰਜਾਲ। |
| ਸਹਿਜ ਸਹਿਜ ਸਭਿ ਸੋਂ ਛੁਟਕਾਵੈ ॥੪੨॥ | |
| ਦੀਸੇ ਕੁਧੀ ਸੁਮਤਿ ਕਾ ਬੋਧਕ[1]। | [1]ਜੇ ਆਪਣੀ ਬੁੱਧੀ ਖੋਟੀ ਦਿੱਸੇ ਸੁਮਤ ਦਾ ਜਾਣਨਹਾਰ ਬਣੇ। (ਅ) ਜੋ ਖੋਟੀ ਬੁੱਧੀ ਵਾਲਾ ਦਿੱਸੇ ਤਾਂ ਉਸ ਨੂੰ ਸੁਮਤੀ ਦਾ ਬੋਧਕ ਹੋਵੇ। |
| ਪ੍ਰਾਣ ਅਪਾਨ ਕੀ ਗਤਿ ਕਾ ਸੋਧਕ[1]। | [1]ਭਾਵ ਸਵਾਸਾਂ ਨਾਲ ਨਾਮ ਜਪੇ। |
| ਬਡੀ ਬੇਰ[1] ਭੋਜਨ ਨਹਿਂ ਖਾਇ। | [1]ਬਹੁਤੀ ਵੇਰ। |
| ਮਾਨ ਬਡਾਈ ਅਪਨ ਨ ਗਾਇ ॥੪੩॥ | |
| ਕੁਸਤ, ਕੁਭੋਜ, ਸ੍ਵਨਾਰੀ ਸ਼ੋਭਾ[1]। | [1]ਖੋਟਾ ਹੱਠ, ਖੋਟੇ ਭੋਜਨ ਤੇ ਆਪਣੀ ਨਾਰੀ ਦੀ ਸ਼ੋਭਾ। |
| ਇਨ ਕੋ ਤਜੈ, ਨ ਧਰਿ ਉਰ ਲੋਭਾ। | |
| ਖਲ ਕੀ, ਮਲ ਕੀ, ਨਟ ਕੀ ਪੰਗਤ[1]। | [1]ਮੂਰਖ ਦੀ, ਪਹਿਲਵਾਨਾਂ ਦੀ, ਨਟ ਦੀ ਸੁਹਬਤ (ਛੱਡ)। |
| ਪੁੱਤ੍ਰ ਪੜ੍ਹਾਵੈ ਸਾਧੁ ਸੰਗਤਿ ॥੪੪॥ | |
| ਦੇਵ ਭਵਨ ਮਹਿਂ ਚਿਰ ਨਹਿਂ ਰਹੈ[1]। | [1]ਪੂਜਾ ਮੰਦਰ ਵਿਚ ਜ਼ਿਆਦਾ ਦੇਰ ਨਾ ਰਹੇ। |
| ਕਰਨੀ ਭੇਦ ਨ ਕਿਹ ਸੋਂ ਕਹੈ[1]। | [1]ਆਪਣੀ ਭਜਨ ਬੰਦਗੀ) ਕਰਨੀ ਦਾ ਭੇਦ ਨਾ ਕਿਸੇ ਨੂੰ ਕਹੇ। |
| ਸਮਤਾ[1] ਨਿੱਤ ਸਭਿਨਿ ਕੋ ਹੇਰੈ। | [1]ਸਮਦ੍ਰਿਸ਼ਟੀ ਨਾਲ......। |
| ਨਜਾਇ ਸਮੈ ਕੁਛ ਪੱਛ ਨ ਟੇਰੈ[1] ॥੪੫॥ | [1]ਪੱਖ ਕਿਸੇ ਦਾ ਨਾ ਕਰੇ। |

ਭੋਗਨ ਕੀ ਕੀਰਤਿ ਨਹਿੰ ਕੀਜੈ[1]। [1]ਭੋਗਾਂ ਦੀ ਉਸਤੁਤੀ ਨਾ ਕਰੇ।

ਖਾਨ ਪਾਨ ਮਹਿਂ ਥਿਤ ਮਨ ਭੀਜੈ[1]। [1]ਖਾਣ ਪੀਣ ਵਿਚ ਮਨ ਨੂੰ ਥਿਤ ਕਰੇ ਭਾਵ ਰੱਬ ਵਿਚ ਟਿਕਿਆ ਰਖੇ।

ਸੁਧਾਹਾਰ, ਬਿਹਾਰ ਜੁ ਸੁਧਾ[1]। [1]ਆਹਾਰ ਸੁਧਾ ਤੇ ਵਿਹਾਰ ਵੀ ਸੁਧ ਰਖੇ।

ਕਰਤਿ ਰਹੈ ਸਿਖ, ਘਰ ਧਨ ਰੂਧਾ[1] ॥੪੬॥ [1]ਜੋ ਸਿੱਖ ਕਰਦਾ ਰਹੇ ਉਸ ਦਾ ਘਰ ਧਨ ਨਾਲ ਭਰਿਆ ਰਹੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਹਿਤ ਸਿੱਖੀ' ਬਰਨਨੰ ਨਾਮ ਪੰਚਦਸ਼ਮੋ ਅੰਸੂ ॥੧੫॥

## ੧੬. [ਧਜਾਨ ਸਿੰਘ ਨੂੰ ਵਰ। ਸ਼ਨਾਨ ਫਲ। ਭਵਿੱਖ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

†ਧਜਾਨ ਸਿੰਘ ਗੁਰ ਸ਼ਬਦ ਪਰ, ਦੀਨਾ ਸਭਿ ਘਰਿ ਬੇਚਿ[1]।

[1]ਵੇਚ ਦਿਤਾ ਸੀ (ਬਚਨ ਖਰੀਦਣ ਵੇਲੇ)। †ਇਹ ਸੌ ਸਾਖੀ ਦੀ ੮੦ਵੀਂ ਸਾਖੀ ਹੈ।

ਪਾਸ ਹੀ ਬੈਠਾ ਪੂਛਿਆ, 'ਕਹੁ ਸਿੱਖਾ ਤੂੰ ਚੇਤ[1]' ॥੧॥ [1]ਚਿਤ ਦੀ ਗਲ ਦੱਸ।

ਧਜਾਨ ਸਿੰਘ ਗੁਰ ਸ਼ਬਦ ਸੁਨਿ, ਬੋਲਾ ਬਚਨ ਰਸਾਲ।

'ਮੇਰੀ ਸਿੱਖੀ ਦ੍ਰਿੜ ਭਈ, ਸਤਿਗੁਰ ਹੋਇ ਕ੍ਰਿਪਾਲ[1] ॥੨॥

[1]ਜਦੋਂ ਆਪ ਕ੍ਰਿਪਾਲ ਹੋਏ ਤਦੋਂ ਮੇਰੀ ਸਿੱਖੀ ਦ੍ਰਿੜ ਹੋਈ ਸੀ।

ਜਾਂ ਦਿਨ[1] ਸੌਦਾ ਹਮ ਕਿਯਾ, ਸੁਨੀਏ ਸ਼੍ਰੀ ਪ੍ਰਭੁ ਦਯਾਲ। [1]ਪਰ) ਜਿਸ ਦਿਨ.......।

ਹਰਿਗੁਪਾਲ ਬੇਚਤਿ ਭਯੋ, ਮੋ ਕੋ ਕਿਯੋ ਨਿਹਾਲ ॥੩॥

ਚੌਪਈ:

ਸਪਤਿ ਦਿਵਸ ਪੀਛੇ ਮੈਂ ਗਯੋ।
ਖੇਤ ਬਿਖੈ ਹਲ ਜੋਰਤਿ ਭਯੋ।
ਕਾਢਯੋ ਬਾਹਤਿ ਜਬਿ ਸੀਆਰ[1]। [1]ਵਾਹੁੰਦਿਆਂ ਜਦ ਸਿਆੜ ਕੱਢਿਆ।
ਧਨ ਪ੍ਰਾਪਤਿ ਮੁਝ ਕਈ ਹਜ਼ਾਰ ॥੪॥
ਹਿਰਦੇ ਹਰਖਯੋ ਲੀਨ ਖਜ਼ਾਨਾ।
ਗੁਰ ਮਹਿਮਾ ਪਰ ਮਨ ਠਹਿਰਾਨਾ।
ਘਰਿ ਮੈਂ ਆਇ ਕਰਾਹ ਗੁਰ ਦੀਨਾ।
ਭੋਜਨ ਸਿੱਖ† ਅਤਿੱਥਨਿ ਕੀਨਾ ॥੫॥ †ਪਾ:-ਬਿੱਪ੍ਰ।

‡ਗੁਰ ਦਸੌਂਧ ਗੁਰ ਕੇ ਘਰਿ ਆਨਾ।

‡ਇਨ੍ਹਾਂ ਤੁਕਾਂ ਦਾ ਭਾਵ ਏਥੇ ਸੰਸੇ ਵਾਲਾ ਹੈ। ਪਰੰਤੂ ਸੌ ਸਾਖੀ ਦੇ ਪਾਠ ਤੋਂ ਅਰਥ ਸਪੱਸ਼ਟ ਹੋ ਜਾਂਦਾ ਹੈ ਜੋ ਐਉਂ ਹੈ:-ਗੁਰ ਕੀ ਦਸਵੀਂ ਗੁਰ ਗ੍ਰਿਹ ਆਣੀ। ਗੁਰ ਸਨਮੁਖ ਧਨ ਕੀਨ ਵਿਡਾਣੀ। 'ਤੁਮਾਰੀ ਵਸਤ ਕਹੋ ਸੋ ਕਰਾਂ'। ਤੁਮ ਗੁਰ ਆਪਣੀ ਰਸਨ ਉਚਰਾ। 'ਤੁਮਰਾ ਸੌਦਾ ਨਫਾ ਇਹ ਆਵਾ। ਗੁਰ ਦਸਵੰਧ ਤੁਹਿ ਦੀਨ ਚੜ੍ਹਾਵਾ। ' ਮਸਤਕ ਟੇਕ ਗਇਆ ਮੈਂ ਤਬ ਹੀ। ਉਚਿਤ ਕਰਮ ਧਨ ਸੋ ਤਬ ਕਰਿ ਹੀ। ਜਿਸਦਾ ਅਰਥ ਇਉਂ ਹੈ:-ਗੁਰੂ ਦਾ ਦਸਵੰਧ ਮੈਂ ਗੁਰਾਂ ਦੇ ਘਰ ਲੈ ਆਂਦਾ। ਇਹ ਦੇਕੇ ਬਾਕੀ ਦੀ ਵੰਡ ਵਿਚ ਰਿਹਾ ਬੀ ਮੈਂ ਗੁਰਾਂ ਦੇ ਸਨਮੁਖ ਕਰ ਦਿੱਤਾ ਤੇ ਆਖਿਆ ਹੈ-ਹੇ ਗੁਰੋ ਏਹ ਤੁਹਾਡੀ ਵਸਤੁ ਹੈ ਜਿਵੇਂ ਕਹੋ ਇਸ ਨਾਲ ਕਰਾਂ। ਹੇ ਗੁਰੋ ਤੁਸਾਂ ਤਦੋਂ ਆਪਣੀ ਰਸਨਾਂ ਤੋਂ ਉਚਾਰਿਆ ਸੀ 'ਕਿ ਇਹ ਧਨ ਤੇਰੇ (ਗੁਪਾਲ ਨਾਲ ਕੀਤੇ) ਸੌਦੇ ਦਾ ਨਫਾ ਆਇਆ ਹੈ, ਗੁਰੂ ਦਸਵੰਧ ਤੂੰ ਚੜ੍ਹਾ ਹੀ ਦਿੱਤਾ ਹੈ'। (ਸੋ ਮੈਂ ਬਚਨ ਮੰਨ ਕੇ ਬਾਕੀ ਧਨ ਲੈਕੇ) ਆਪ ਨੂੰ ਮੱਥਾ ਟੇਕਕੇ ਤਦੋਂ ਚਲਾ ਗਿਆ ਤੇ ਉਸ ਧਨ ਨਾਲ ਮੁਨਾਸਬ ਕੰਮ ਕਰਦਾ ਰਿਹਾ ਹਾਂ।

ਗੁਰ ਸਨਮੁਖ ਧਨ ਕੀਨ ਬਿਡਾਨਾ।
-ਤੁਮਰੀ ਵਸਤੁ ਕਹੋ ਸੋ ਕਰੌਂ।
ਖਰਚੌਂ ਕੈ ਕਿਹਠਾਂ ਧਨ ਧਰੌਂ† ॥੬॥ †ਪਾ:-ਖਰਚੋਂ ਕੈ ਕਿਹ ਰਾਖਨ ਧਰੌਂ।

ਸੌਦਾ ਸਤਿਗੁਰ ਤੇ ਇਹ ਆਯੋ।
ਗੁਰ ਦਸੌਂਧ ਮੈਂ ਆਨਿ ਚੜ੍ਹਾਯੋ-।
ਮਸਤਕ ਟੇਕਿ ਗਯੋਂ ਮੈਂ ਤਬੈ।
ਉਚਿਤ ਕਰਮ ਮੈਂ ਧਨ ਦਿਯ ਸਬੈ[1]++ ॥੭॥

[1]ਯੋਗ ਕੰਮਾਂ ਵਿਚ (ਬਾਕੀ ਦਾ) ਸਾਰਾ ਧਨ ਦੇ ਦਿੱਤਾ।

ਭਲੋ ਭਯੋ ਇਹ ਸਿਖ[1] ਹੈ ਸੁਨਮੁਖ।
ਸ਼ਰਨੀ ਤੁਮਰੀ ਆਯੋ ਗੁਰਮੁਖ।'
ਸੁਨਿ ਸਤਿਗੁਰ ਸ਼੍ਰੀ ਮੁਖ ਤੇ ਕਹਜੋ†।

[1]ਭਾਵ ਹਰਗੁਪਾਲ।

†ਸੌ ਸਾਖੀ ਵਿਚ ਇਹ ਦੋ ਤੁਕਾਂ ਏਥੇ ਨਹੀਂ ਹਨ ਤੇ 'ਤੁਹਿ ਲੀਨ' ਦੀ ਥਾਂ ਪਾਠ 'ਤਹਿ ਲੀਨ' ਹੈ। ਧਜਾਨ ਸਿੰਘ ਅਜੇ ਕਹਿ ਰਿਹਾ ਹੈ:- ਸਿੱਖ ਦੀ ਭੁੱਲ ਮੁੱਕ ਗਈ ਹੈ ਦੁੱਖ ਰੁਕ ਗਿਆ ਇਸ ਨੇ ਵੈਕੁੰਠ ਲਿਆ ਹੈ, ਸਹਿਜਧਾਰੀ ਗੁਰ ਨਾਨਕ ਦੀ ਛਾਪ ਦਾ ਸਿੱਖ ਹੈ, ਖੰਡੇ ਪਾਹੁਲ (ਛਾਪ) ਆਪ ਨੇ ਹੁਣ ਟੋਰੀ ਹੈ।

'ਧਜਾਨ ਸਿੰਘ! ਸਿਖ ਸਿਦਕੀ ਲਹਜੋ[1]* ॥੮॥

[1]ਹੇ ਧਿਆਨ ਸਿੰਘ (ਤੈਨੂੰ) ਅਸਾਂ ਸਿਦਕੀ ਸਿੱਖ ਜਾਣਿਆਂ ਹੈ।

ਦੋਹਰਾ:

ਚੁਕ ਮੁਕ ਸਿਖ, ਰੁਕ ਦੁਖ,
ਬਿਸ਼ਨੁ ਥਾਨ ਤੁਹਿ ਲੀਨ[1]।

[1]ਇਸ ਸਿੱਖ ਦੀ) ਭੁੱਲ ਮੁੱਕ ਗਈ ਹੈ ਤੇ ਦੁੱਖ ਰੁਕ ਗਏ ਹਨ ਤੇ ਤੈਨੂੰ ਹੁਣ (ਵਚਨ ਲੈਣ ਕਰਕੇ ਵਿਸ਼ਨੁ ਥਾਨ=) ਵੈਕੁੰਠ ਪ੍ਰਾਪਤ ਹੋਇਆ ਹੈ।

ਗਿਰਾ ਪਰਾ ਸਨਮੁਖ ਖਰਾ
ਨਾ ਟੂਟਾ ਨਾ ਹੀਨ[1] ॥੯॥

[1]ਕਿਉਂਕਿ) ਸਾਹਮਣੇ ਖੜੋਕੇ (ਚਰਨੀ) ਜੋ ਡਿੱਗ ਪਿਆ, ਹੁਣ ਟੁੱਟਾ ਤੇ ਹੀਨ ਨਹੀਂ ਰਿਹਾ।

[1]ਸਹਜਧਾਰੀਆ ਆਦਿ ਸਿਖ
ਗੁਰ ਨਾਨਕ ਕੀ ਛਾਪ।
ਖੰਡੇ ਪਾਹੁਲ ਹਤਨ ਕੋ
ਤੁਰਕਨਿ ਸਿੰਘਨਿ ਥਾਪ[8] ॥੧੦॥

[1]ਆਦਿ ਗੁਰੂ ਨਾਨਕ ਦੇਵ ਜੀ ਨੇ ਸਹਿਜਧਾਰੀਆਂ ਦੀ ਛਾਪ 'ਸਿੱਖ' ਰਖੀ (ਪਰ ਹੁਣ ਅਸਾਂ) ਖੰਡੇ ਦਾ ਅੰਮ੍ਰਿਤ ਛਕਾਕੇ (ਉਹਨਾਂ ਸਿੱਖਾਂ ਦੀ ਛਾਪ) ਸਿੰਘ ਥਾਪੀ ਹੈ ਤੇ ਓਹ ਤੁਰਕਾਂ ਨੂੰ ਮਾਰਨਗੇ।

ਚੌਪਈ:

ਸਿਦਕੀ ਸਿਖ ਹੱਦ ਤੂੰ ਮੇਰਾ।
ਮੋ ਚਰਨਨ ਮਹਿਂ ਪ੍ਰੇਮ ਘਨੇਰਾ।'
ਮੁਸਕਾਵਤਿ ਮੁਖਿ ਬਹੁਰ ਉਚਾਰਾ[1]।
'ਧਜਾਨ ਸਿੰਘ ਤੂੰ ਸਿੱਖ ਹਮਾਰਾ ॥੧੧॥

[1]ਕਿਹਾ (ਧਿਆਨ ਸਿੰਘ ਨੂੰ)।

ਜੋ ਚਿਤ ਇੱਛਾ ਜਾਚਹੁ ਪਜਾਰੇ!
ਸਿਦਕ ਬਚਨ ਕਾ ਪ੍ਰੇਮ ਉਦਾਰੇ[1]।'

[1]ਸਾਡੇ) ਬਚਨਾਂ ਉਤੇ ਸਿਦਕ ਦਾ ਤੇਰੇ ਵਿਚ ਬੜਾ ਪ੍ਰੇਮ ਹੈ।

ਕਲਗ਼ੀਧਰ ਤੇ ਸੁਨਿ ਕਰਿ ਕਾਨਾ।
ਹਾਥ ਜੋਰਿ ਕਰਿ ਸਿੱਖ ਬਖਾਨਾ ॥੧੨॥
'ਸ਼੍ਰੀ ਪ੍ਰਭੁ! ਬਹੁ ਚਿੰਤਾ ਮਨ ਮੇਰੇ[1]।

[1]ਅਗੇ ਹੁਣ ਸਿੱਖਾਂ ਲਈ ਅਰਦਾਸ ਕਰਦਾ ਹੈ।

ਅਬਿ ਤੁਮ ਬਖਸ਼ਹੁ ਅਪਨ ਅਗੇਰੇ[1]।

[1]ਹੁਣ ਆਪ ਦੇ ਸਾਹਮਣੇ (ਜੇ ਕੋਈ ਸਿਦਕ ਤੋਂ ਡੋਲਦਾ ਹੈ, ਤਾਂ ਤੁਸੀਂ (ਸਿਦਕ) ਬਖਸ਼ਦੇ ਹੋ।

ਅਬਹਿ ਸਿੱਖ ਮੁਰਝਾਵਤਿ ਐਸੇ[1]।

[1]ਤੇ ਫੇਰ ਬੀ) ਅਜੇ (ਹਰ ਗੁਪਾਲ) ਵਰਗੇ ਸਿੱਖ ਮੁਰਝਾ ਜਾਂਦੇ ਹਨ ਭਾਵ ਡੋਲ ਜਾਂਦੇ ਹਨ।

ਪੀਛੇ ਸਿਦਕ ਹੋਇ ਦ੍ਰਿੜ੍ਹ ਕੈਸੇ? ॥੧੩॥
ਇਸ ਹਿਤ ਜਾਚੌਂ ਆਪ ਅਗਾਰੇ।
ਦਿਹੁ ਸਿੱਖਨਿ ਕੋ ਸਿਦਕ ਉਦਾਰੇ।'
ਹਸ ਕਰਿ ਸ਼੍ਰੀ ਮੁਖ ਤਬੈ ਬਖਾਨਾ।
'ਧਜਾਨ ਸਿੰਘ ਸੁਨਿ ਆਗਲ ਭਾਨਾ[1] ॥੧੪॥

[1]ਅਗੇ ਹੋਣ ਵਾਲਾ ਭਾਣਾ।

[1]ਸਿੰਧ ਲਸਨ ਮੁਕਤਾ ਅਰੁ ਹੀਰਾ।

[1]ਪ੍ਰਜਾਯ ਅਗਲੇ ਸਫੇ ਦੇ ਅੰਕ ੧ ਵਿਚ ਦੇਖੋ।

ਕਮੀ ਠੌਰ ਮਹਿਂ ਮੋਲ ਗਹੀਰਾ।
ਤਜੋਂ ਪਾਛੇ ਸਿਖ ਸਿਦਕੀ ਮੇਰੇ।
ਲਾਖਹੁਂ ਹੋਵਹਿਂ ਵਧਹਿਂ ਵਧੇਰੇ ॥੧੫॥

ਦੋਹਰਾ:

ਹਮਰੀ ਤਨ ਕੀ ਸੁਰ ਗਤਿ
ਅਸਰ ਰਾਤਿ ਹੁਇ ਜਾਇ।
ਘੂਕ ਉਠਤਿ ਜਗ ਮਹਿਂ ਲਸਤਿ
ਤਿਉਂ ਸਿੰਘੀ ਮਮ ਆਇ[1] ॥੧੬॥

[1]ਕਵਿ ਜੀ ਨੇ ਧਿਆਨ ਸਿੰਘ ਦੇ ਵਰ ਮੰਗਣ ਵੇਲੇ ਸੌ ਸਾਖੀ ਦੇ ਪਾਠ ਵਿਚੋਂ 'ਸਾਂਝ' ਪਦ ਛੱਡ ਦਿੱਤਾ ਹੈ। ਇਸ ਕਰਕੇ ਇਹ ਅਰਥ ਰਲੇ ਵਿਚ ਪੈਂਦੇ ਹਨ। ਸੌ ਸਾਖੀ ਦਾ ਪਾਠ ਹੈ:-'ਮਾਂਗਾ ਵਰ ਤਬ ਧਿਆਨ ਸਿੰਘ ਚਿੰਤਾ ਮੋ ਮਨ ਮਾਂਝ। ਤੁਮਰੇ ਆਗੇ ਬਖਸ਼ਿਆ ਪੀਛੈ ਭਾਣਾ ਸਾਂਝ'। ਜਿਸਦਾ ਭਾਵ ਇਹ ਹੈ ਕਿ ਮੈਨੂੰ ਇਹ ਚਿੰਤਾ ਹੈ ਕਿ ਇਸ ਸਿੱਖ ਦਾ ਸਿਦਕ ਆਪਦੇ ਬੈਠਿਆਂ ਡੋਲਿਆ ਤਾਂ ਆਪ ਨੇ ਸਿਦਕ ਬਖਸ਼ ਕੇ ਸਿੱਖ ਨੂੰ ਬਚਾ ਲਿਆ, ਆਪ ਦੇ ਮਗਰੋਂ ਤਾਂ ਭਾਣਾ ਸੰਧਿਆ ਪੈ ਜਾਣ ਦੀ ਹੀ ਹੈ ਨਾ, ਜੀਕੂੰ ਕਹੀਦਾ ਹੈ 'ਕਾਲੀ ਰਾਤ ਪੈ ਜਾਏਗੀ'। ਇਸ ਤੋਂ ਅਗੇ ਸੌ ਸਾਖੀ ਦਾ ਪਾਠ ਹੈ 'ਹਸ ਕਰ ਪ੍ਰਭੂ ਜੀ ਤਬ ਕਹਾ ਸਾਹਿਬ ਸਿੰਘ ਸੁਨ ਬਾਤ। ਸਿੰਧ ਲਸਨ ਹੀਰਾ ਮੁਕਤ ਕਮੀ ਠੌਰ ਕਹੂੰ ਜਾਤ। ਹਮਰੀ ਤਨ ਕੀ ਸੁਰਗਤਿ ਅਸਤਿ ਰਾਤਿ ਹੁਇ ਜਾਇ। ਘੁਕ ਉਠਤ ਜਗ ਮਹਿ ਲਸਤ ਤਿਉ ਸਿੰਘੀ ਮਮ ਆਇ'। ਗੁਰ ਪ੍ਰਤਾਪ ਸੂਰਜ ਦੀਆਂ ਦੋ ਤੁਕਾਂ:-'ਤਜੋਂ ਪਾਛੇ.....

ਤੋਂ...... ਵਧਹਿ ਵਧੇਰੇ' ਵਾਲੀਆਂ ਨਹੀਂ ਹਨ ਸੋ ਅਰਥ ਸਰਲ ਇਹ ਬਣਿਆ ਕਿ ਹੱਸ ਕੇ ਪ੍ਰਭੂ ਜੀ ਨੇ ਕਿਹਾ: ਹੇ ਸਾਹਿਬ ਸਿੰਘ (ਅਥਵਾ ਧਿਆਨ ਸਿੰਘ) ਗਲ ਸੁਣ, ਸਿੰਧ ਵਿਚ ਦੋ ਹੀਰੇ ਮੋਤੀ ਤੇ ਲਸਨੀਏਂ ਦੀ ਕੀਮਤ ਕਿਸੇ ਹੋਰ ਥਾਂ ਗਿਆਂ ਘਟ ਜਾਂਦੀ ਹੈ? ਭਾਵ ਸਮੁੰਦਰ ਦੇ ਪਾਸ ਹੁੰਦਿਆਂ ਰਤਨ ਰਤਨ ਹਨ ਕੱਚ ਨਹੀਂ ਹਨ, ਜਦੋਂ ਉਹ ਦੂਰ ਵਿੱਥ ਤੇ ਹੋ ਜਾਂਦੇ ਹਨ ਭਾਵ ਦੁਨੀਆਂ ਵਿਚ ਜੌਹਰੀਆਂ ਤੇ ਧਨੀਆਂ ਪਾਸ ਜਾਂਦੇ ਹਨ ਉਨ੍ਹਾਂ ਦਾ ਕੁਛ ਘਟ ਜਾਂਦਾ ਹੈ? ਕੀ ਉਹ ਕੱਚ ਹੋ ਜਾਂਦੇ ਹਨ? ਨਹੀਂ ਉਹ ਤਦ ਬੀ ਰਤਨ ਹਨ ਸਗੋਂ ਦੂਰ ਜਾਕੇ ਵਧੇਰੀ ਕੀਮਤੀ ਸਮਝੇ ਜਾਂਦੇ ਹਨ? ਇਸੀ ਤਰ੍ਹਾਂ ਮੇਰੇ ਸਿੱਖ ਸਿੱਖ ਹਨ, ਸਿਦਕ ਉਨ੍ਹਾਂ ਵਿਚ ਮੈਂ ਰਤਨ ਭਾਵ ਪਾਇਆ ਹੈ ਉਹ ਸਦਾ ਰਤਨ ਰਹਿਣਗੇ। ਦੂਸਰਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਮੇਰੇ ਤਨ ਦੀ ਗਤੀ ਸੂਰਜ ਵਤ ਹੈ। ਸੂਰਜ ਹੁੰਦਿਆਂ ਤਾਰੇ ਅਸਤ ਜਾਪਦੇ ਹਨ ਪਰ ਜਦ ਰਾਤ ਹੋ ਜਾਏ ਤਾਂ (ਇਉਂ ਤਾਰੇ) ਉਠਦੇ (ਦਿੱਸਦੇ ਹਨ ਜਿਵੇਂ) ਜਾਗੇ ਹਨ ਤੇ ਸੁੱਤੇ ਜਗਤ ਵਿਚ ਚਮਕਦੇ ਹਨ, ਇਸ ਤਰ੍ਹਾਂ ਮੇਰੀ ਸਿੱਖੀ ਹੈ। ਭਾਵ ਦੋ ਦ੍ਰਿਸ਼ਟਾਂਤ ਗੁਰੂ ਜੀ ਨੇ ਦਿੱਤੇ ਹਨ। ਸਮੁੰਦਰ ਗੁਰੂ ਜੀ ਹਨ। ਸਿੱਖ ਰਤਨ ਹਨ ਦੂਜੇ ਗੁਰੂ ਜੀ ਸੂਰਜ ਹਨ, ਸਿਖ ਤਾਰੇ ਹਨ। ਸਮੁੰਦਰ ਵਿਚੋਂ ਵਿੱਥ ਪੈਕੇ ਰਤਨ ਰਤਨ ਹਨ ਤੇ ਵਧੇਰੇ ਮੁੱਲ ਪਾਉਂਦੇ ਹਨ, ਸੂਰਜ ਦੇ ਉਹਲੇ ਹੋ ਜਾਣ ਤੇ ਤਾਰੇ ਉਵੇਂ ਹੀ ਹਨ ਤੇ ਰੌਸ਼ਨ ਹਨ ਜਿਵੇਂ ਦਿਨ ਵੇਲੇ ਸਨ ਪਰ ਹੁਣ ਵਧੇਰੇ ਚਮਕਦੇ ਦਿੱਸਦੇ ਹਨ ਤਿਵੇਂ ਸਿੱਖ ਸਿੱਖ ਹਨ ਗੁਰੂ ਜੀ ਦੇ ਮਹਾਨ ਤੇਜ ਕਰਕੇ ਮਾਤ ਦਿੱਸਦੇ ਹਨ, ਮਗਰੋਂ ਸਿੱਖ ਸਿੱਖ ਹੀ ਹੋਣਗੇ ਤੇ ਵਧੇਰੇ ਚਮਕਣਗੇ। ਅੱਗੇ ਫਿਰ ਸਿਦਕ ਦਾ ਸਿੱਖਾਂ ਨੂੰ ਵਰ ਦਿੰਦੇ ਹਨ। ਧਿਆਨ ਸਿੰਘ ਨੂੰ ਸਮਝਾਕੇ ਫਿਰ ਉਸਦੀ ਅਰਦਾਸ ਮੰਨਕੇ ਵਰਦਾਨ ਕਰਦੇ ਹਨ।

ਸਿਦਕ ਦੀਆ ਵਿਭੁਤਾ ਦਈ
ਵਿੱਦਯਾ ਦੀਨੀ ਪੂਰ।
ਰਟਤਿ ਸਿੰਘ ਮਮ ਤੇਜ ਵਧਿ
ਬੈਠਤਿ ਮਤ ਹੋ ਮੂਰ[1] ॥੧੭॥

[1]ਮੈਂ ਸਿੰਘਾਂ ਨੂੰ) ਸਿਦਕ ਦਿੱਤਾ ਹੈ, ਵਿਭੂਤੀ ਦਿੱਤੀ ਹੈ। (ਤੇ ਉਨ੍ਹਾਂ ਵਿਚ) ਵਿਦਿਆ ਭਰ ਦਿੱਤੀ ਹੈ। (ਹੁਣ ਤਾਂ ਮੈਂ ਬੈਠਾ ਹਾਂ ਪਰ ਮੇਰੇ ਮਗਰੋਂ) ਜਿਉਂ ਜਿਉਂ ਸਿੰਘ ਮੇਰਾ (ਨਾਮ) ਰਟਣਗੇ (ਤਿਵੇਂ ਤਿਵੇਂ) ਤੇਜ ਵਧੇਗਾ ਤੇ ਮੂਰਖ ਬੀ ਸੁਮਤਿਵਾਨ ਹੋਕੇ ਬੈਠਣਗੇ। [ਮੂਰ=ਮੂਲ੍ਹ, ਜੜ੍ਹ, ਮੂਰਖ]।

[1]ਸੂਰ ਹੂਰ ਸਭਿ ਕੂਰ ਤਜਿ
ਦੂਰ ਦੂਰ ਭੂ ਬਨ ਮਾਂਹਿ।

[1]ਜੋ ਮੇਰੇ ਸਿੰਘ ਬਣਨਗੇ ਉਹ ਹੌਲੇ (ਕਾਇਰ) ਹਨ ਤਾਂ ਸੂਰਮੇ ਹੋ ਜਾਣਗੇ; ਕੂੜੇ ਹਨ ਤਾਂ ਕੂੜ ਉਹਨਾਂ ਤੋਂ ਛੁਟ ਜਾਏਗਾ। (ਮੇਰੇ ਸਿੰਘ) ਬਨਾਂ ਵਿਚ ਤੇ ਪ੍ਰਿਥਵੀ ਉਤੇ ਮੋਤੀਆਂ ਵਾਂਙੂ ਚਮਕਣਗੇ [ਪੰਜਾ:, ਹੂਰ=ਹੌਲੇ; ਕਾਇਰ। ਫਾ. ਦੁਰ=ਮੋਤੀ]। (ਅ) ਤੁਰਕਾਂ ਦੇ ਸੂਰਮੇ ਤੇ ਸੁੰਦਰੀਆਂ ਭੂਮੀ (ਦੀ ਮਾਲਕੀ ਦੇ) ਝੂਠੇ (ਦਾਵੇ) ਛੋੜਕੇ ਬਨਾਂ ਵਿਚ ਲੁਕ ਲੁਕ (ਕੇ ਦਿਨ ਕੱਟਣਗੇ) ਤੇ ਮੈਂ ਆਪਣੇ ਪਾਸੋਂ। (ਸਿੰਘਾਂ ਨੂੰ) ਰਾਜ ਘੋੜੇ, ਹਾਥੀ, ਸਾਰੇ ਸਾਮਾਨ ਤੇ ਸਿਦਕ ਦਿੱਤਾ ਹੈ।

ਰਾਜ ਬਾਜ ਗਜ ਸਾਜ ਸਭਿ
ਸਿਦਕ ਦੀਆ ਮਮ ਪਾਂਹਿ੧' ॥੧੮॥

ਚੌਪਈ:

ਇਸ ਪ੍ਰਕਾਰ ਕਹਿ ਕਰਿ ਜਗ ਸ੍ਵਾਮੀ।
ਮੰਦਰ ਗਮਨੇ ਅੰਤਰਜਾਮੀ।
ਖਾਨ ਪਾਨ ਕਰਿ ਨਿਸਾ ਗੁਜਾਰੀ।
ਆਇ ਪ੍ਰਾਤਿ ਪੁਨ ਸਭਾ ਮਝਾਰੀ

॥੧੯॥
†ਬੈਠੇ ਕਰਿ ਕੈ ਸੌਚ ਸ਼ਨਾਨਾ।

†ਇਹ ਸੌ ਸਾਖੀ ਦੀ ੮੧ਵੀਂ ਸਾਖੀ ਹੈ।

ਆਇ ਖਾਲਸਾ ਲਗਯੋ ਦਿਵਾਨਾ।
ਮਾਘ ਮਾਸ ਤਬਿ ਸੀਤ ਮਹਾਨੇ।
ਨਰ ਨਾਰੀ ਬਹੁ ਪ੍ਰਾਤਿ ਸ਼ਨਾਨੇ ॥੨੦॥
ਤਬਿ ਸਿੱਖਨਿ ਕਰਿ ਜੋਰਿ ਉਚਾਰਾ।
'ਮਾਘ ਮਾਸ ਅਰੁ ਕਾਤਿਕ ਸਾਰਾ।
ਨਰ ਨਾਰੀ ਗਨ ਪ੍ਰਾਤੀ[1] ਜਾਗਹਿਂ।

[1]ਸੁਵੇਰੇ ਹੀ।

ਸੀਤ ਨੀਰ ਸੋਂ ਮੱਜਨ ਲਾਗਹਿਂ ॥੨੧॥
ਅਪਰ ਮਾਸ ਕੇ ਦਿਵਸੁਨਿ ਮਾਂਹੀ।
ਜਿਸ ਕਿਸ ਵੇਲੇ ਲੋਕ ਨਹਾਹੀਂ[1]।

[1]ਨ੍ਹਾਉਂਦੇ ਹਨ।

ਸਤਿਗੁਰ ਪਾਤਿਸ਼ਾਹ ਇਨ ਬਾਤ।
ਕਿਮ ਹੋਵਤਿ ਬਰਨਹੁ ਬੱਖਯਾਤ' ॥੨੨॥
ਸੁਨਿ ਸਿੱਖਨਿ ਕੇ ਸੰਸੈ ਬੈਨ।
ਸ਼੍ਰੀ ਮੁਖ ਤੇ ਬੋਲੇ ਸੁਖ ਐਨ।
'ਸੁਨਿ ਭਾਈ ਸਭਿ ਜਗਤ ਤਮਾਸ਼ਾ।
ਕਯਾ ਇਸ ਕੀ ਗਤਿ ਕਰਹਿਂ ਪ੍ਰਕਾਸ਼ਾ ॥੨੩॥

ਛੰਦ:

ਮਤਲਬ ਕੀ ਕਯਾ ਪ੍ਰੀਤ, ਚਿਰ ਨਹੀਂ ਠਹਿਰਦੀ[1]।

[1]ਮਤਲਬ ਦੀ ਪ੍ਰੀਤੀ ਚਿਰ ਤਕ ਨਹੀਂ ਠਹਿਰਦੀ।

ਦੂਧ ਦੇਤਿ ਜਾ ਧੇਨੁ, ਦੇਵਤਾ ਮਿਹਰਦੀ[1]।

[1]ਜੇ ਗਾਂ ਦੁੱਧ ਦੇਵੇ ਤਾਂ ਕਹਿੰਦੇ ਹਨ ਦੇਵਤਾ ਮਿਹਰ ਦੀ ਹੈ, ਭਾਵ ਗਊ ਦੇਵਤਾ ਹੈ ਤੇ ਮੇਹਰ ਕਰ ਰਹੀ ਹੈ।

ਪੂਜਾ ਦੇਵੇ ਦੇਵ, ਤਾਂ ਪ੍ਰੀਤ ਹੋ ਸ਼ਹਿਰ ਦੀ[1]।

[1]ਜੇ ਦੇਵ (ਮੁਰਾਦਾਂ) ਦੇਵੇ ਤਾਂ ਪੂਜਾ ਵਿਚ ਸ਼ਹਿਰ ਦੀ ਪ੍ਰੀਤ ਹੁੰਦੀ ਹੈ।

ਪੁੱਤ੍ਰ ਜਣੰਦੀ ਨਾਰਿ, ਘਰ ਭੀਤਰ ਭਾਂਵਦੀ।
ਦਾਨ ਦੇਯ ਜਜਮਾਨ, ਦਿਜ ਗਲ ਕਹਿ ਭਾਂਵਦੀ[1]।

[1]ਜੇ ਜਜਮਾਨ ਦਿਜ ਨੂੰ ਦਾਨ ਦੇਵੇ ਤਾਂ ਦਿਜ ਨੂੰ ਉਸ ਜਜਮਾਨ ਦੀ ਗਲ ਕਹੀ ਭਾਂਵਦੀ ਹੈ। (ਅ) ਦਿਜ ਜਜਮਾਨ ਨੂੰ ਮਨ ਭਾਂਵਦੀਆਂ ਗਲਾਂ ਕਹਿੰਦਾ ਹੈ ਭਾਵ ਖੁਸ਼ਾਮਦ ਕਰਦਾ ਹੈ।

ਮਾਲਕ ਦੇਵੈ ਖਾਨ, ਤਾਂ ਚਾਕਰ ਚਾਂਦਨੀ[1]†।

[1]ਨੌਕਰ ਚਾਂਦਨੀ ਵਾਂਙੂ ਖਿੜਿਆ ਮਿਲਦਾ ਹੈ। †ਪਾ:-ਤਾਨ ਦੀ=ਤਨ ਦਿਹੀ।

| | |
|---|---|
| ਹੋ ਮਖੱਟੂ ਹੋਵੈ ਪੁਰਖ, ਨਾਰਿ ਦਿਲ ਮਾਦਨੀ[1,†]। | [1]ਤਾਂ ਨਾਰੀ ਦਾ ਦਿਲ ਉਦਾਸ ਰਹਿੰਦਾ ਹੈ। [†]ਪਾ:-ਮਾਨਦੀ। |
| ਦੇਖਾ ਦੇਖੀ ਰੀਤ, ਸਭਿਹਿਨਿ ਮਨ ਭਾਂਵਦੀ[†]। | [†]ਪਾਠ ਸੌ ਸਾਖੀ:-ਆਂਵਦੀ। |
| ਸਿੱਖੋ ! ਸੱਚੀ ਸਤਿਗੁਰ ਪ੍ਰੀਤ, ਸਦਾ ਹੀ ਭਾਂਵਦੀ। | |
| ਭਾਈ ਮੇਰਾ ਸਿੱਖ ! ਸੁਨੋ ਸਭਿ ਕਾਮ ਦੀ[1]। | [1]ਹੇ ਮੇਰੇ ਸਾਰੇ ਸਿੱਖ ਭਾਈਓ ਸੁਨੋ ਸਹਿਕਾਮਤਾ ਦੀ ਗੱਲ। (ਅ) ਇਹ ਦੁਨੀਆਂ ਕਾਮਨਾ ਦੀ (ਬੱਧੀ ਹੋਈ ਕੰਮ ਕਰਦੀ ਹੈ) (ੲ) ਹੇ ਭਾਈ! ਸਭ ਦੇ ਕੰਮ ਦੀ ਸਿੱਖਿਆ ਸੁਣੋਂ। |
| ਨਿੱਤ ਜੱਗੁ ਫਲ ਦਾਨ ਹੋਤਿ, ਸਿਦਕ ਗੁਰਧਾਮ ਦੀ[1]। | [1]ਗੁਰੂ ਘਰ ਦੇ ਸਿਦਕ ਵਿਚ ਜੋ ਰਹਿੰਦਾ ਹੈ (ਉਸ ਨੂੰ) ਨਿੱਤ ਜੱਗ ਦਾ ਫਾਲ ਦਾਨ ਹੁੰਦਾ ਹੈ। ਕਟਾਖਯ ਇਹ ਹੈ ਕਿ ਉਹ ਤਾਂ ਨਿਰੰਤਰ ਸਿਮਰਨ ਦੁਆਰਾ ਨਿਰੰਤਰ ਮੇਲ ਵਿਚ ਆ ਚੁਕਾ ਹੈ। (ਅ) ਨਿੱਤ ਯੱਗ ਤੇ ਨਿਤ ਦਾਨ ਦਾ ਫਲ ਹੁੰਦਾ ਹੈ। |
| ਪਹਿਰ ਰਾਤ ਇਸ਼ਨਾ,ਨ ਸਦਾ ਹੀ ਭਾਂਵਦੀ[1]। | [1]ਗੁਰੂ ਸਿੱਖਾਂ ਨੂੰ) ਪਹਿਰ ਰਾਤ (ਰਹਿੰਦੀ) ਦਾ ਇਸ਼ਨਾਨ ਸਦਾ ਪਿਆਰਾ ਲਗਦਾ ਹੈ। |
| ਅਸ੍ਵਮੇਧ ਗੋਮੇਧ, ਘਟੀ[†] ਘਟ ਜਾਂਵਦੀ[1]। | [1]ਅੱਗੋਂ ਫੇਰ ਹਰ) ਘੜੀ ਘਟਦੀ ਜਾਂਦਿਆਂ (ਨ੍ਹਾਉਣਾ ਫਲ ਨੂੰ ਘਟਾਉਂਦਾ ਹੈ, ਇੰਞ ਕਿ ਇਕ ਘੜੀ ਘਟੇ ਤੇ ਨ੍ਹਾਉਣਾ) ਅਸ੍ਵਮੇਧ (ਦੋ ਘੜੀ ਘਟੇ ਤੇ) ਗੋਮੇਧ (ਤੁੱਲ ਫਲ ਦਾਤਾ ਹੈ)। [†]ਇਹ ਪਾਠ ਸੌ ਸਾਖੀ ਦਾ ਗੁ: ਪ੍ਰ: ਸੂ ਵਿਚ ਅਕਸਰ ਥਾਈਂ ਪਾਠ 'ਘਟੇ' ਹੈ। |
| ਤੀਜੀ ਅਗਨ-ਹੋਤ੍ਰਸਟੋਮ ਜੋਤ ਮਾਵਦੀ[1]। | [1]ਤੀਜੀ ਘੜੀ ਘਟੇ ਤੇ ਨ੍ਹਾਤਿਆਂ) ਜਯੋਤਿਸ਼੍ਰੋਮ ਅਗਨੀਹੋਤ੍ਰੀ ਦੇ ਤੁੱਲਯ ਫਲ ਹੁੰਦਾ ਹੈ, ਜਯੋਤਿਸ਼੍ਰੋਮ ਇਕ ਯੱਗ ਦਾ ਨਾਮ ਹੈ)। |
| ਸ੍ਵਰਨ ਚਾਂਦੀ ਦੁਧ, ਤਾਂਬਾ ਦੇਇ ਸਾਮਦੀ[1]। | [1]ਚੌਥੀ ਦੇ ਘਟਿਆਂ) ਸੋਨੇ (ਦਾਨ ਦਾ) (ਪੰਜਵੀਂ ਦੇ ਘਟਿਆਂ) ਚਾਂਦੀ (ਦਾਨ ਦਾ) (ਛੇਵੀਂ ਦੇ ਘਟਿਆਂ) ਦੁੱਧ (ਦਾਨ ਦਾ) ਤੇ (ਸੱਤਵੀਂ ਦੇ ਘਟਿਆਂ) ਤਾਂਬੇ (ਦਾਨ ਦੇ) ਸਮਾਨ ਹੈ। |
| ਰਸਮ ਦੇਖ ਜਲ ਦਾਨ, ਪਾਪ ਹਨ ਜਾਮਦੀ[1]। | [1]ਅੱਠਵੀਂ ਘਟਿਆਂ ਤੇ ਅਰਥਾਤ ਸੂਰਜ ਦੀਆਂ) ਕਿਰਨਾਂ ਦੇਖਕੇ (ਇਸ਼ਨਾਨ ਕਰਨਾ) ਜਲ ਦਾਨ ਦੇ ਫਲ ਤੁੱਲ ਹੈ। (ਜਿਸ ਨਾਲ) ਪਾਪ ਚਲੇ ਜਾਂਦੇ ਹਨ, ਭਾਵ ਨਾਸ਼ ਹੁੰਦੇ ਹਨ। |
| ਹੋਇ ਪਵਿੱਤਰ ਕਾਯਾਂ, ਨ੍ਹਾਇ ਦੁਪਹਿਰ ਜੋ[1]। | [1]ਜੇ ਦੁਪਹਿਰੇ ਨ੍ਹਾਵੇ ਤਾਂ ਕੇਵਲ ਕਾਯਾਂ ਹੀ ਪਵਿੱਤ੍ਰ ਹੁੰਦੀ ਹੈ। |
| ਤੀਜੈ ਮਲੇਛ ਸ਼ਨਾਨ, ਚਤਰਥੇ ਕਹਿਰ ਜੋ[1]। | [1]ਤੀਜੇ (ਪਹਿਰ) ਸ਼ਨਾਨ ਮਲੇਛ ਸ਼ਨਾਨ ਹੈ ਤੇ ਚੌਥੇ ਪਹਿਰ (ਆਪਣੇ ਆਪ ਤੇ) ਕਹਿਰ ਕਰਨਾ ਹੈ, ਭਾਵ ਤਮੋਗੁਣੀ ਕੰਮ ਹੈ। |

| | |
|---|---|
| ਰਾਤ ਰਾਖਸੀ[1] ਨ੍ਹਾਇ, ਅਰਧ ਹੁਇ ਪਾਤਕੀ[2]। | [1]ਪਹਿਲੇ ਪਹਿਰ) ਰਾਤ ਨ੍ਹਾਉਣਾ ਰਾਖਸ਼ੀ ਸ਼ਨਾਨ ਹੈ। [2]ਅੱਧੀ ਰਾਤ ਨ੍ਹਾਤਿਆਂ ਪਾਪੀ ਹੁੰਦਾ ਹੈ। |
| ਹਿੰਸਾ ਸਭਿ ਕੀ ਪਾਪ, ਜਲ ਕਾਲ ਨ ਸ਼ਾਂਤ ਕੀ[1]। | [1]ਜਲ ਵਾਸੀ) ਸਭ ਜੀਵਾਂ ਦੀ ਹਿੰਸਾ (ਹੁੰਦੀ ਹੈ ਇਸ ਕਰਕੇ) ਪਾਪ ਹੈ। (ਕਿਉਂਕਿ ਅੱਧੀ ਰਾਤ ਦਾ ਸਮਾਂ) ਜਲ ਸ਼ਾਂਤਕੀ ਹੁੰਦਾ ਹੈ, ਇਸ ਕਰਕੇ ਉਸ ਨੂੰ (ਛੇੜਨ ਦਾ) ਕਾਲ ਨਹੀਂ ਹੁੰਦਾ। |
| ਇਹੀ ਨੇਮ ਕੀ ਰੀਤਿ, ਨਾਇ ਭਜਿ ਨਾਮ ਕੋ[1]। | [1]ਨੇਮ ਦੀ ਰੀਤੀ ਇਹੀ ਧਾਰੇ ਕਿ ਨਾਮ ਭਜਨ ਦੇ ਵਸਤੇ ਇਸ਼ਨਾਨ ਕਰੇ। |
| ਹੂਆ ਜਗਤ ਤੇ ਪਾਰ, ਸੋਚੁ ਬ੍ਰਤ ਰਾਮ ਕੋ[1]। | [1]ਜਿਸ ਨੇ) ਰਾਮ (ਦਾ ਨਾਮ ਜਪਣ) ਦਾ ਸੱਚਾ ਬ੍ਰਤ ਧਾਰਿਆ ਹੈ ਉਹੋ ਜਗਤ ਤੇ ਪਾਰ ਹੋਇਆ ਹੈ। |
| ਹੋਰ ਕਪਟ ਕੀ ਰੀਤਿ, ਜੋ ਆਲ ਜੰਜਾਲ ਕੀ[1]। | [1]ਹੋਰ ਰੀਤਾਂ ਜੋ ਘਰ ਦੇ ਜੰਜਾਲ (ਵਿਚ ਫਸ ਕੇ ਕੀਤੀਆਂ ਜਾਣ) ਕਪਟ ਦੀਆਂ (ਰੀਤਾਂ ਹਨ)। |
| [1]ਅਰਘੇ ਕੁੰਡੀ ਜਾਲਨਿ, ਨਾਮ ਸੰਭਾਲ ਕੀ[2]। | [1]ਪ੍ਰਜਾਯ ਦੇਖੋ ਅਗਲੇ ਸਫੇ ਤੇ ਅੰਕ ੧। [2]ਜੋ) ਅਰਘੇ (ਮੰਤ੍ਰ ਪੜ੍ਹਕੇ ਦੇਂਦੇ ਭਾਵ ਡੁਹਲਦੇ ਹਨ) ਕੁੰਡੀ ਜਾਲ (ਲਾਉਂਦੇ ਹਨ) ਉਹਨਾਂ ਨੂੰ ਨਾਮ ਦੀ ਸੰਭਾਲ ਕਿੱਥੇ। |
| ਸਤਿਗੁਰ ਹੋਇ ਦਿਆਲ, ਬ੍ਰਿੱਤ ਰਹਿ ਸੱਚੁ ਕੀ[1]। | [1]ਸੱਚੇ ਨਾਮ ਵਿਚ ਬ੍ਰਿਤੀ ਰਹਿੰਦੀ ਹੈ ਉਸ ਦੀ। |
| ਸੱਚਾ ਜਗੁ ਬਿਉਹਾਰ[1], ਤਜੈ ਸਭਿ ਕੱਚੁ ਕੀ। | [1]ਵਿਹਾਰ ਸਚਾਈ ਨਾਲ ਕਰੇ। |
| ਭਾਈ ! ਜਗ ਤਰਨਾ ਹੈ ਸੁਗਮ, ਤਮਾਸ਼ਾ ਵਿਸ਼ਨ ਕਾ[1]। | [1]ਭਾਈ ਜੱਗ ਤਰਨਾ ਸੌਖਾ ਹੈ ਜੇ ਇਸ ਨੂੰ (ਪਰਮਾਤਮਾ ਦਾ) ਤਮਾਸ਼ਾ ਸਮਝੇ। |
| ਰਹੈ ਕ੍ਰਿਯਾ ਮਹਿ ਧਯਾਨ, ਦਾਸ ਨਹਿੰ ਸਿਸਨ ਕਾ[1]। | [1]ਕੰਮ ਕਰਦਿਆਂ ਧਿਆਨ (ਸਾਂਈਂ ਵਿਚ ਲਗਾ) ਰਹੇ ਤੇ ਇੰਦ੍ਰੀਆਂ ਦਾ ਦਾਸ ਨਾ ਬਣੇ। |
| ਏਹਾ ਜੁਗਤ ਵਰਤਨੀ, ਅਲੱਗ ਵਰਤਣਾ[1]। | [1]ਸੰਸਾਰ ਤੋਂ) ਅਲੱਗ ਵਰਤਣਾ। |
| ਇਹੀ ਜਗਤ ਕਾ ਮੇਲ, ਪਰ ਕਾ ਦਿਲ ਪਰਚਣਾ[1]। | [1]ਜਗਤ ਦਾ ਮੇਲ ਤਾਂ ਇਹੋ ਹੈ (ਕਿ ਇਕ) ਪਲ ਮਾਤ੍ਰ ਦਿਲ ਦਾ ਪਰਚਾਵਾ ਹੈ। (ਅ) ਇਕ ਦੂਏ ਦਾ ਦਿਲ ਪਰਚਾਵਾ ਹੈ। |
| ਜਿਉ ਚੌਪੜ, ਸ਼ਤਰੰਜ, ਗੰਜਫਾ[1], ਰਾਮਚੌਕ[2]। | [1]ਛਿਆਨਵੇਂ ਪੱਤਿਆਂ ਦਾ ਤਾਸ਼ ਇਸ ਦੇ ੧੨. ੧੨ ਪੱਤਿਆਂ ਦੇ ੮ ਰੰਗ ਹੁੰਦੇ ਹਨ। [2]ਇਕ ੧੨ ਟਾਹਣ ਦੀ ਖੇਲ ਵਾਂਙੂ ੮੧ ਟਾਹਣ ਦੀ ਖੇਲ ਜੋ ਠੀਕਰੀਆਂ ਆਦਿ ਨਾਲ ਖੇਲਦੇ ਹਨ। |
| ਲਾਭ ਨਾਹਿ ਕੁਛ ਰੰਚ, ਤਿਉਂ ਹੀ ਇਹ ਮਨ ਕੇ ਸ਼ੌਕ ॥੧॥ | |
| ਚੌਪਈ: | †ਸੌ ਸਾਖੀ ਦੀ ਇਹ ੮੨ਵੀਂ ਸਾਖੀ ਹੈ। |
| †ਪ੍ਰੇਮ ਬਿਨਾਂ ਸਭਿ ਫੋਕੇ ਕਾਮ। | |
| [1]ਪ੍ਰੇਮ ਕਰੈ ਸਿਮਰੈ ਸੱਤਿਨਾਮ। | [1]ਤਾਂਤੇ......)। |
| ਮੇਲ ਸਕਲ ਕੋ ਪ੍ਰੇਮ ਮਹਾਨੋ। | |
| ਪ੍ਰੇਮ ਬਿਨਾ ਸਭਿ ਕੇਰਿ ਨਿਦਾਨੋ[1] ॥੨੪॥ | [1]ਸਭ ਦਾ ਅੰਤ ਹੁੰਦਾ ਹੈ। |

**ਸ੍ਵੈਯਾ:**

ਜਾ ਤਨ ਪ੍ਰੇਮ ਪ੍ਰਵਾਹ ਬਹੈ ਸੁਖ
ਸੋ ਨਰ ਪਾਵਨ, ਬੇਦ ਉਚਾਰੈ[1]।

[1]ਵੇਦ ਕਹਿੰਦਾ ਹੈ ਕਿ ਓਹ ਨਰ ਸੁਖੀ ਤੇ ਪਵਿੱਤਰ ਹੈ ਜਿਸ ਦੇ ਸਰੀਰ ਵਿਚ ਪ੍ਰੇਮ ਦਾ ਪ੍ਰਵਾਹ ਵਹਿੰਦਾ ਹੈ।

ਕੰਚਨ ਕੱਸਪ ਪ੍ਰੇਮ ਬਿਨਾ ਖਯ
ਨਰਹਰਿ ਸੁਤ ਹਿਤ ਕੇ ਵਪੁ ਧਾਰੈ[1]।

[1]ਹਿਰਨਕਸ਼ਪ ਪ੍ਰੇਮ ਬਿਨਾਂ ਨਾਸ਼ ਹੋ ਗਿਆ। (ਤੇ ਉਸੇ ਦੇ) ਪੁੱਤ੍ਰ ਦੇ ਹਿਤ (ਨੂੰ ਦੇਖਕੇ ਹਰੀ ਨੇ) ਨਰਸਿੰਘ ਦਾ ਰੂਪ ਧਾਰਿਆ।

ਸਿੱਧ ਅਠਾਰਹਿਂ ਜਾਂਹਿ ਅਧੀਨ ਹੈਂ
ਸਹਸ੍ਰ ਭੁਜਾ ਦਿਜ ਸੂਨ[†] ਬਿਡਾਰੇ[1]।

[1]ਉਸ ਪ੍ਰੇਮ ਦੇ ਨਾ ਹੋਣ ਕਰਕੇ) ਸਹੱਸ੍ਰ ਬਾਹੂ ਨੂੰ ਦਿਜ ਸੁਨ (=ਜਮਦਗਨੀ ਨਾਮੇ ਬ੍ਰਾਹਮਣ ਦੇ ਪੁੱਤ੍ਰ) ਪਰਸਰਾਮ ਨੇ ਮਾਰ ਦਿੱਤਾ। (ਕਿਉਂਕਿ ਸਹੱਸ੍ਰ ਬਾਹੂ ਨੇ ਇਕ ਗਾਂ ਬਦਲੇ ਜਮਦਗਨੀ ਨੂੰ ਮਾਰ ਦਿੱਤਾ ਸੀ)।
[†]ਪਾਠ ਸੌ ਸਾਖੀ-ਸੂਨ।

ਬੇਦ ਉਚਾਰਤਿ -ਵਿਸ਼੍ਰਵਾ ਪੁੱਤ੍ਰ[1] ਹੀ
ਪ੍ਰੇਮ ਬਿਨਾ ਸੁਰਲੋਕ ਸਿਧਾਰੈ ॥੨੫॥

[1]ਰਾਵਣ।

ਪੁਲਕਤਿ ਗਾਤ ਅਨਾਹਤ ਬਾਤ[1]

[1]ਇਕ ਰਸ ਪਰਮਾਤਮਾ ਦਾ ਸਿਮਰਨ ਕਰਦਿਆਂ ਪੁਲਕਾਵਲੀ ਆ ਜਾਵੇ (ਐਸਾ ਪ੍ਰੇਮ ਹੋਵੇ)।

ਸੁ ਭੂਲ ਨ ਆਨ ਕਹੁ ਚੇਤਹੁ ਪ੍ਰਾਨੀ[1] !

[1]ਭੁੱਲਕੇ ਹੋਰ ਕਿਸੇ ਨੂੰ ਹੇ ਪ੍ਰਾਣੀਓ ਨਾ ਚੇਤੋ।

ਤੇਰੇ ਹੀ ਭੀਤਰ ਓਧਜ[1] ਮਾਖਨ

[1]ਦੁੱਧ [ਸੰਸ. ਊਧਨਜ, ਊਦਸਜ=ਜੋ ਥਣਾਂ ਵਿਚੋਂ ਹੋਵੇ ਸੋ ਦੁੱਧ। ਡਿੰਗਲ ਭਾ:-ਊਧਸ]।

ਸੈਲ ਕੇ ਅੰਤਰ ਪਾਵਕ ਭਾਨੀ[1]।

[1]ਜਿਵੇਂ ਦੁੱਧ ਵਿਚ ਮੱਖਣ ਹੈ, ਜਿਵੇਂ ਪੱਥਰ ਵਿਚ (ਭਾਨੀ=) ਪ੍ਰਕਾਸ਼ ਰੂਪ ਅੱਗ ਹੈ, ਤਿਵੇਂ ਤੇਰੇ ਹੀ ਅੰਦਰ (ਉਹ ਜਯੋਤੀ ਸਰੂਪ ਹੈ)।

ਏਕ ਹੀ ਭਾਸਤਿ ਸ਼ਾਂਤਿ ਕੋ ਰਾਖਤਿ
ਤਜੋਂ ਤੁਹਿ ਅੰਤਰ ਚੇਤਨ ਮਾਨੀ[1†]।

[1]ਪੱਥਰ ਤੇ ਅੱਗ ਇਕੋ ਰੂਪ ਭਾਸਦੇ ਹਨ ਤੇ (ਅੱਗ ਉਥੇ) ਸ਼ਾਂਤੀ ਰੂਪ ਰਖਦੀ ਹੈ। ਭਾਵ ਦਾਹ ਸ਼ਕਤੀ ਪ੍ਰਗਟ ਨਹੀਂ ਕਰਦੀ ਤਿਵੇਂ ਤੇਰੇ ਅੰਦਰ ਉਹ ਚੇਤਨ ਸਮਾਇਆ ਹੋਇਆ ਹੈ। [ਮਾਨੀ=ਮਾਇਆ ਹੋਇਆ, ਸਮਾਇਆ ਹੋਇਆ]। [†]ਪਾਠ ਸੌ ਸਾ:- ਪ੍ਰਾਨੀ।

ਜਾਂ ਲਗੁ ਨੇਹ ਕੀ ਪਾਲ ਟੁਟੀ ਨਹਿਂ
ਸੱਤਿ ਸਰੂਪ ਸਨੇਹਿ ਸਮਾਨੀ[1] ॥੨੬॥

[1]ਜਦ ਤਕ ਕਿ (ਸੰਸਾਰ ਦੇ ਮੋਹ ਦੀ ਪਾਲ ਨਹੀਂ ਟੁਟਦੀ ਓਦੋਂ ਤੱਕ ਸੱਤ ਪ੍ਰਮਾਤਮਾ ਦੇ ਪ੍ਰੇਮ ਵਿਚ ਤੇਰੀ ਸਮਾਈ ਨਹੀਂ ਹੁੰਦੀ ਹੈ।

**ਦੋਹਰਾ:**

ਸੱਤਿ ਰੂਪ ਪਰਮਾਤਮਾ,

ਸਭਿ ਘਟਿ ਰਹ੍ਯੋ ਬਿਆਪ।
ਜਿਨ ਜਾਨਾ ਤਾਂ ਕੋ ਅਨੰਦ
ਔਰ ਨ ਜਾਨਤਿ ਆਪ[1] ॥੨੭॥

[1]ਹੋਰਨਾਂ ਨੂੰ ਨਹੀਂ (ਅਨੰਦ ਜਿਨ੍ਹਾਂ ਨੇ ਉਸਨੂੰ) ਆਪੇ ਵਿਚ ਨਹੀਂ ਪਛਾਣਿਆਂ।

ਸੱਤਿ, ਸੁੰਨਿ, ਚੇਤਨ, ਅਮਲ,
ਸ੍ਵੈ ਪ੍ਰਕਾਸ਼, ਅਬਿਨਾਸ਼ਿ।
ਆਤਮ ਰਾਮ ਸ੍ਵਛੰਦ ਨਿਤ,
ਜਾਨਤਿ ਪੂਰਨ ਆਸ[1] ॥੨੮॥

[1]ਜੇ ਜਾਣਦਾ ਹੈ ਉਸਦੀਆਂ ਆਸਾਂ ਪੂਰਨ ਹੁੰਦੀਆਂ ਹਨ।

ਸਸੇ ਸ੍ਰਿੰਗ ਜਿਉਂ ਜਗੁ ਦਿਖਹਿ,
ਬੰਧਜਾ ਸੁਤ ਕਾ ਭਾਸ[1]।

[1]ਜਿਵੇਂ ਸਹੇ ਦੇ ਸਿੰਗਾਂ ਦਾ ਤੇ ਬਾਂਝ ਇਸਤ੍ਰੀ ਦੇ ਪੁੱਤ੍ਰ ਦਾ ਆਭਾਸ ਝੂਠਾ ਹੁੰਦਾ ਹੈ ਤਿਵੇਂ ਇਹ ਦੀਸਣਹਾਰਾ ਜਗਤ ਹੈ।

ਗਗਨ ਸੁਮਨ, ਬਾਰੂ ਸ੍ਨਿਗਧ,
ਤਜੋਂ ਝੂਠਾ ਆਭਾਸ[1]† ॥੨੯॥

[1]ਆਕਾਸ਼ ਦੇ ਫੁੱਲ ਤੇ ਰੇਤੇ ਵਿਚ ਚਿਕਨਤਾ ਜਿਵੇਂ ਝੂਠੀ ਹੈ ਤਿਵੇਂ ਇਸ ਜਗਤ ਦਾ ਆਭਾਸ ਅਰਥਾਤ ਪ੍ਰਤੀਤੀ ਝੂਠੀ ਹੈ। †ਪਾ:-ਅੱਭਜਾਸ।

ਸੁਨਹੁ ਬਿਸ਼ੰਭਰ ਦਾਸ ਸਿੱਖ!
ਪੂਰਹਿ ਆਸਾ ਜਾਨ[1]।
ਜਨਮ ਮਰਨ ਤੁਹਿ ਮਿਟਹਿਗੋ,
ਅਸ਼ਟ ਜਨਮ ਧਰਿ ਆਨ[1]' ॥੩੦॥

[1]ਜਾਣ ਲੈ ਆਸ਼ਾ ਪੂਰੀਆਂ ਹੋਣਗੀਆਂ।

[1]ਅੱਠ ਜਨਮ ਹੋਰ ਧਾਰਨੇ ਪੈਣਗੇ।

ਤਬਿ ਪੂਛ੍ਯੋ ਸਿਖ ਸੋਚਕੇ,
'ਕਹੀਏ ਜਾਮਾ ਮੋਰ[1]।
ਸਿੱਖੀ ਮਾਂਗੌਂ ਗੁਰੂ ਢਿਗ,
ਰਹੌਂ ਦਾਸ ਨਿਤ ਤੋਰ[1]' ॥੩੧॥

[1]ਅਗਲੇ) ਜਨਮ ਮੇਰੇ ਦੱਸੋ।

[1]ਨਿੱਤ ਤੇਰਾ ਦਾਸ ਰਹਾਂ।

'ਸੱਤਿਨਾਮ ਸਿਮਰੌ ਸਦਾ',
ਸਤਿਗੁਰ ਕਹ੍ਯੋ ਸੁਨਾਇ।
'ਸ਼੍ਰੀ ਨਾਨਕ ਅੰਗਦ ਗੁਰੂ,
ਅਮਰਦਾਸ ਸੁਖ ਪਾਇੰ[1] ॥੩੨॥

[1]ਜੀ ਤੋਂ ਸੁਖ ਪਾਵੇਂਗਾ।

ਰਾਮਦਾਸ ਅਰਜਨ ਗੁਰੂ,
ਹਰਿਗੁਬਿੰਦ ਹਰਿਰਾਇ।
ਸ਼੍ਰੀ ਸਤਿਗੁਰ ਹਰਿ ਕ੍ਰਿਸ਼ਨ ਜੁਤਿ,
ਤੇਗ ਬਹਾਦਰ ਰਾਇ ॥੩੩॥

ਤਿਸ ਕੋ ਸੁਤ ਦਸਵੋਂ ਗੁਰੂ,
ਪੰਥ ਖਾਲਸਾ ਕੀਨ।'
ਅਪਰ ਭਵਿੱਖਜਤ ਬਾਰਤਾ, ਪ੍ਰਭੁ
ਬਤਾਇ ਸੁ ਦੀਨਿ ॥੩੪॥
'ਦਯਾ ਸਿੰਘ ਤੇ ਆਦਿ ਸਿੱਖ, ਦਿਜਬਰ
ਕੇਸ਼ੋ ਦਾਸ।
ਧਰਹਿਂ ਪੰਥ ਮਹਿਂ ਜਨਮ ਪੁਨ, ਕਰਿ ਹੈਂ
ਰਾਜ ਪ੍ਰਕਾਸ਼ ॥੩੫॥

ਚੌਪਈ:
ਜੇ ਜੇ ਗੁਰ ਢਿਗ ਘਾਲਹਿਂ ਘਾਲਾ[1]।
ਤੇ ਸਭਿ ਜਨਮ ਧਰਹਿਂ ਤਿਸ ਕਾਲਾ।
ਅਵਿਤਰਿ ਹੈਂ[1] ਤਬਿ ਭਗਤ ਅਠਾਰਾਂ।
ਛੀਨੈਂ ਰਾਜ ਸਭਿਨਿ ਤੇ ਸਾਰਾ ॥੩੬॥
ਆਇ ਮੋਨ[1] ਕੇਤਿਕ ਦਿਨ ਵਧੈਂ।
ਪੂਰਬ ਦੇਸ਼ ਅਧਿਕ ਹੀ ਸਧੈਂ[1]।
ਤੇਜ ਕਿਤਿਕ ਸਿੰਘਨਿ ਪਰ ਛਾਵੈ।
ਅਰਹਿਂ ਪੰਥ ਸੋਂ ਪੁਨ ਘਟਿ ਜਾਵੈ
॥੩੭॥
ਪਰਬਤ ਮੈਂ ਪ੍ਰਵੇਸ਼ ਹੁਇ ਜਾਇ[1]।
ਲੇਹਿ ਖਾਲਸਾ ਦਰਬ ਦਬਾਇ।
ਜੇ ਅਬਿ ਹਮਰੇ ਸ਼ੱਤ੍ਰੂ ਪਹਾਰੀ।
ਸੈਲਨਿ ਤੇ ਜਰ ਦੇਹਿ ਉਖਾਰੀ[1]
॥੩੮॥
ਕਾਂਗੜੇਸ਼ ਭੂਪਤਿ ਕੋ ਨੰਦ।
ਕਰੇਂ ਨਿਕਾਸਨ ਸਿੰਘ ਬਿਲੰਦ।
ਸੋ ਗੰਗਾ ਬਿਚ ਤਜਾਗੈ ਪ੍ਰਾਨ।
ਸ਼ਿਵ ਕੋ ਸੇਵਕ ਦਾਨਿ ਮਹਾਨ[1]
॥੩੯॥
ਪੁਨ ਸਿੰਘਨ ਮੈਂ ਸੋ ਜਨਮੈ ਹੈ।
ਕਾਂਸੀ ਰਾਜ ਕਰੈ ਬਿਦਤੈ ਹੈ।'
ਕਹਿ ਕਵਿ ਸ਼੍ਰੋਤਾ ਸੁਨਹੁ ਅਸ਼ੇਖਾ!

[1]ਕਮਾਈ ਕਰਨਗੇ।
[1]ਅਵਤਾਰ ਧਾਰਨਗੇ।
[1]ਮੋਨੀ। ਸੌ ਸਾਖੀ ਦੇ ਪ੍ਰੇਮੀ ਇਸ ਦਾ ਅਰਥ ਫਰੰਗੀ ਕਰਦੇ ਹਨ।
[1]ਸਾਧਣਗੇ।
[1]ਖਾਲਸਾ) ਹੋ ਜਾਵੇਗਾ।
[1]ਉਖਾੜ ਦੇਵੇਗਾ (ਖਾਲਸਾ)।
[1]ਮਹਾਂ ਦਾਨੀ ਹੋਵੇਗਾ।

ਮਰਜੋ ਗੰਗ ਪਰ ਹਮਹੁਂ ਪਰੇਖਾ[1]
॥੪੦॥

ਦੋਹਰਾ:
ਨਾਮ ਤਾਂਹਿ ਅਨਰੁਧ ਸਸੀ[1], ਅਬਿ ਤਜਾਗੀ ਤਿਨ ਦੇਹ[†]।
ਹੋਹਿ ਭਵਿੱਖਤ ਮੈਂ ਜਨਮ, ਕਾਂਸੀ ਜੈ ਕਰਿ ਲੇਹਿ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਹਿਤ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

[1]ਅਸਾਂ ਪਾਠ ਡਿੱਠਾ ਹੈ।

[1]ਅਨੁਰੁਧ ਚੰਦ ਸੀ। [†]ਕਵੀ ਜੀ ਆਪਣੀ ਨਿਜ ਦੀ ਵਾਕਫੀਅਤ ਦੇ ਆਧਾਰ ਤੇ ਦੱਸ ਰਹੇ ਹਨ।

## ੧੭. [ਭਵਿੱਖਤ†। ਬਿਸ਼ੰਭਰ ਦੀਆਂ ਇਸਤ੍ਰੀਆਂ]

†ਸੌ ਸਾਖੀ ਦੀ ੯੨ਵੀਂ ਸਾਖੀ ਹੀ ਚਲ ਰਹੀ ਹੈ।

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

'ਰਾਜ ਕਰੈਗਾ† ਖਾਲਸਾ, ਰਹੈ ਮਵਾਸ[1] ਨ ਕੋਇ†। ਪਾ:-ਰਾਜ ਕਰੈ ਸਬ। [1]ਆਕੀ।
ਕਰੈ ਨੌਕਰੀ ਮੋਹਿ[1] ਜੋ, ਜੀਵਾ† ਪਾਵੈ ਸੋਇ ॥੧॥

[1]ਮੇਰੀ ਵਾ ਮੇਰੇ ਖਾਲਸੇ ਦੀ। †ਪਾ:-ਜੀਵਕਾ।

ਚੌਪਈ:

ਤੁਰਕ ਡੋਗਰੇ ਗਿਲਜੇ ਬ੍ਰਿੰਦ।
ਸਭਿ ਚਾਕਰ ਹੁਇੰ ਪੰਥ ਬਿਲੰਦ[1]। [1]ਉੱਚੇ ਖਾਲਸਾ ਪੰਥ ਦੇ।
ਜੰਬੁਕ ਨਗਰ[1] ਭੂਪ ਹ੍ਵੈ ਭਲੇ। [1]ਜੰਮੂ ਨਗਰ ਦਾ।
ਰਾਜ ਕਰਹਿੰਗੇ ਸਿੰਘਨਿ ਮਿਲੇ† ॥੨॥ †ਇਥੋਂ ਪਤਾ ਲਗਦਾ ਹੈ ਕਿ ਇਹ ਆਖੇਪ ਇਨ੍ਹਾਂ ਨੇ ਹੀ ਕਰਾਏ ਹਨ।

ਤੀਨ ਹਜ਼ਾਰ ਕੋਸ ਕੇ ਅੰਦਰ।
ਫਿਰੈ ਖਾਲਸਾ ਪਾਵੈ ਦੁੰਦਰ[1]। [1]ਰੌਲਾ।
ਕਿਸਹੂੰ ਦੇਸ਼ ਦਾਮ ਲੇ ਭੇਟ[1]। [1]ਭਾਵ ਕਿਸੇ ਦੇਸ਼ ਤੋਂ ਖਿਰਾਜ ਲਵੇਗਾ (ਖਾਲਸਾ)।
ਕਾਹੂੰ ਲਜਾਵਹਿ ਰਾਜ ਸਮੇਟ[1] ॥੩॥ [1]ਭਾਵ ਕਈ ਰਿਆਸਤਾਂ ਆਪਣੇ ਵਿਚ ਮਿਲਾ ਲਵੇਗਾ (ਖਾਲਸਾ)।

ਸੁਨਹੁ ਬਿਸ਼ੰਭਰ ਦਾਸ ਸੁਜਾਨ।
ਏਵ ਬਿਚਾਰਹੁ ਅਨਦ ਮਹਾਨ।
ਪਹੁੰਚਹੁ ਨਿਜ ਘਰ ਤੂੰ ਮਮ ਸਿੱਖ।
ਹੋਵੈਗੀ ਸੁਧਿ ਭੂਤ ਭਵਿੱਖ[1] ॥੪॥ [1]ਤੂੰ ਆਪਣੇ ਘਰ ਪਹੁੰਚੇਂਗਾ ਤਾਂ ਤੈਨੂੰ ਭੂਤ ਭਵਿੱਖਤ ਦੀ ਸੋਝੀ ਹੋ ਆਵੇਗੀ।

ਕਾਰਜ ਸਕਲ ਸਪੂਰਨ ਹੋਵੈਂ।
ਦੁਖ ਅਰੁ ਦਾਰਿਦ ਘਰ ਤੇ ਖੋਵੈਂ।
ਇੱਤਜਾਦਿਕ ਕਹਿ ਸਤਿਗੁਰ ਪੂਰੇ।
ਉਠੇ ਸਭਾ ਤੇ ਦੇ ਬਰ ਰੂਰੇ ॥੫॥
ਸਰਬ ਆਪਨੇ ਡੇਰੇ ਗਏ।
†ਮੋਹਿ[1] ਸੰਗ ਇਮ ਭਾਖਤਿ ਭਏ। [1]ਭਾਵ ਭਾਈ ਰਾਮਕੁਇਰ ਜੀ ਪ੍ਰਤਿ। †ਇਹ ਸੌ ਸਾਖੀ ਦੀ ੯੩ਵੀਂ ਸਾਖੀ ਹੈ।

'ਸੁਨਿ ਗੁਰਬਖਸ਼ ਸਿੰਘ! ਇਹ ਬਾਤ।
ਰਾਤ ਬਿਤੀਤਹਿ ਹੁਇ ਜਬਿ ਪ੍ਰਾਤਿ

॥੬॥

ਗਮਨਹੁ ਸਿੱਖ ਉਜੈਨੀ ਪਾਸ[1]।
ਆਨਹੁ ਸੰਗੁ ਬਿਸ਼ੰਭਰਦਾਸ।'
ਸਾਹਿਬ ਸਿੰਘ ਆਦਿ ਸੁਨਿ ਸ੍ਰੋਤੇ[1]!
ਮੰਦਰ ਮਹਿਂ ਗੁਰ ਪ੍ਰਵਿਸ਼ਨ ਹੋਤੇ ॥੭॥

[1]ਭਾਵ ਬਿਸ਼ੰਭਰ ਦਾਸ ਪਾਸ।

[1]ਭਾਈ ਰਾਮਕੁਇਰ ਜੀ ਕਹਿੰਦੇ ਹਨ ਹੇ ਸਾਹਿਬ ਸਿੰਘ ਤੋਂ ਆਦਿ ਲੈਕੇ ਸ੍ਰੋਤਿਓ ਸੁਣੋ:-

ਸੁਨਿ ਕਰਿ ਮੈਂ ਬੰਦਨ ਕਰਿ ਮੁਰਿਯੋ।
ਨਿਜ ਬਲ ਥਾਨ ਪਾਨ ਕੋ ਕਰਿਯੋ।
ਸੁਪਤ ਜਥਾ ਸੁਖ ਰਾਤਿ ਬਿਤਾਈ।
ਜਾਗੇ ਜਬਿ ਪ੍ਰਭਾਤਿ† ਹੁਇ ਆਈ ॥੮॥

†ਪਾ:-ਪ੍ਰਾਤੀ।

ਚਾਰ ਘਟੀ ਜਬਿ ਦਿਨਹੂੰ ਚਰਿਯੋ।
ਸਿੱਖ ਉਜੈਨੀ[1] ਲਜਾਵਨ ਕਰਿਯੋ।
ਸਭਿ ਤ੍ਰਿਯ ਲੇ ਅਰੁ ਸੁਤ ਕੋ ਸਾਥ।
ਪਹੁੰਚਯੋ ਜਹਿਂ ਬੈਠੇ ਗੁਰ ਨਾਥ ॥੯॥

[1]ਬਿਸ਼ੰਭਰ ਦਾਸ।

ਭੇਟ ਰਜਤਪਣ ਸ਼ਾਹਜਹਾਨੀ[1]।
ਧਰੇ ਹਜ਼ਾਰ, ਬੰਦਨਾਂ ਠਾਨੀ।
ਸੁਤ ਜੁਤਿ ਲੇ ਗੁਰ ਖੁਸ਼ੀ ਘਨੇਰੀ।
ਰੁਖਸਦ ਹੋਨਿ ਲਗਯੋ ਤਿਸ ਬੇਰੀ ॥੧੦॥

[1]ਸ਼ਾਹਜਹਾਨੀ ਰੁਪੱਯਾਂ ਦੀ।

ਤਿਸ ਕੀ ਜੁਵਤੀ[1] ਅੰਤਰ ਗਈ।
ਗੁਰ ਮਹਿਲਾ ਕੋ ਦਰਸਤਿ ਭਈ।
ਦਰਬ ਉਪਾਇਨ ਧਰਿ ਕਰਿ ਆਗੀ।
ਸ਼ਰਧਾ ਜੁਤਿ ਪਦ ਪੰਕਜ ਲਾਗੀ ॥੧੧॥

[1]ਇਸਤ੍ਰੀਆਂ।

ਚਲਨਿ ਸਮੈਂ ਸਤਿਗੁਰ ਢਿਗ ਆਈ।
ਨਾਮ ਮਦਨਵੰਤੀ ਹਰਖਾਈ।
ਚਰਨਿ ਕਮਲ ਪਰ ਨਿਜ ਸਿਰ ਧਰਯੋ।
ਅੱਸ਼੍ਰਨਿ ਕੋ ਜਲ ਊਪਰ[1] ਪਰਯੋ ॥੧੨॥

[1]ਚਰਨਾਂ) ਉਪਰ।

ਸਤਿਗੁਰ ਰਹੇ ਹਟਾਇ ਪਿਛੇਰੇ।

ਤਊ ਧਰਜੋ ਸਿਰ ਹੋਇ ਅਗੇਰੇ।
ਪਗ ਪਰ ਅੱਸ਼ੂ ਪਿਖਿ† ਹਸ ਕਹਜੋ। †ਪਾ:-ਦੇਖ।

'ਕਜੋਂ ਤੁਵ ਚਿਤ ਚਿੰਤਾ ਮਹਿਂ ਬਹਜੋ ॥੧੩॥
ਗੁਰ ਘਰ ਦੇਤਿ ਲੇਤਿ ਨਹਿਂ ਜੋਵੈ[1]। [1]ਸੌ ਸਾਖੀ ਦਾ ਪਾਠ ਹੈ:-ਗੁਰੂ ਕਾ ਘਰ ਦੇਂਦਾ ਹੈ ਲੈਂਦਾ ਨਹੀਂ, ਇਹੋ ਭਾਵ ਤੁਕ ਦਾ ਹੈ।
ਤੁਵ ਸੁਤ ਦਾਸ ਹਮਾਰੋ ਹੋਵੈ।
ਅਪਰ ਜਨਮ ਮਹਿਂ ਇਮ ਬਨ ਜਾਇ[1]। [1]ਇਹ (ਬਾਰਤਾ) ਬਣ ਜਾਵੇਗੀ ਭਾਵ ਤੇਰੀ ਸੰਤਾਨ ਸਿੰਘ ਹੋਵੇਗੀ।
ਅਬਿ ਦੀਨੋ ਤੁਹਿ ਨਿਸ਼ਚੈ ਪਾਇ[1] ॥੧੪॥ [1]ਨਿਸ਼ਚਾ ਕਰ ਲੈ।
ਸਾਬਤ ਹੋਵਾ[1] ਭਲੇ ਪਛਾਨ। [1]ਹੁਣ ਤੇਰਾ ਪੁੱਤ੍ਰ ਸਿੱਖਾਂ ਵਿਚ) ਸਾਬਤ ਹੋ ਗਿਆ।
ਗੋਰਖ ਜਾਨੈ ਕੈ ਤੂੰ ਜਾਨ[1]।' [1]ਗੋਰਖ=) ਪਰਮਾਤਮਾ ਜਾਣਦਾ ਹੈ ਜਾਂ ਤੂੰ ਜਾਣੇਂਗੀ।
ਸੁਨਤਿ ਮਦਨ- ਵੰਤੀ ਤਬਿ ਕਹਜੋ।
'ਮੋਹ ਨ ਹੋਇ[1] ਇਹੀ ਮੈਂ ਚਹਜੋ' ॥੧੫॥ [1]ਮੈਨੂੰ ਮੋਹ ਨਾ (ਕਦੇ) ਵਾਪਰੇ।
ਗੁਰੂ ਕਹੈ:-
'ਹੁਸ਼ਨਾਕ[1] ਉਦਾਰੀ! ਤੂੰ ਗੁਰਬਖਸ਼ ਸਿੰਘ ਦੀ ਨਾਰੀ। [1]ਹੋਸ਼ ਵਾਲੀ। ਕਵੀ ਜੀ ਨੇ ਸੌ ਸਾਖੀ ਦੇ ਪਾਠ 'ਉਸ ਨਿਕੇ' ਨੂੰ ਉਸ਼ਨਾਕ ਸਮਝਿਆ ਹੈ। ਉਸ ਨਿਕੇ ਤੋਂ ਮੁਰਾਦ ਓਥੇ ਰਾਮਕੌਰ ਜੀ ਦੀ ਹੈ, ਜਿਨ੍ਹਾਂ ਨੂੰ ਫੇਰ ਪੰਜ ਸੱਤ ਸਤਰਾਂ ਬਾਦ 'ਲੜਕੇ' ਕਰਕੇ ਲਿਖਿਆ ਹੈ।
ਪੁਨ ਪਛੁਤਾਵਤਿ ਸੁਤ ਕੋ ਰਹੈਂ।
ਅਗਲੇ ਜਨਮ ਬਿਖੈ ਨਹਿਂ ਲਹੈਂ ॥੧੬॥
ਜਾਮਾ ਜਾਨਹੁਂ ਤ੍ਰੀਮਤੁ ਕੇਰਾ[1]। [1]ਹੁਣ) ਜਾਣ ਤੇਰਾ ਜਾਮਾ ਇਸਤ੍ਰੀ ਦਾ ਹੈ।
ਅਹੈ ਸੁਭਾਵ ਪੁਰਖ ਕੋ ਤੇਰਾ।'
ਸੁਨਤਿ ਮਦਨਵੰਤੀ ਹਰਿਖਾਨੀ।
ਸਮੁਝਿ ਵਾਰਤਾ ਮੁਖ ਮੁਸਕਾਨੀ ॥੧੭॥
ਹੁਤੀ ਮੋਦਨੀ ਦੂਸਰਿ ਦਾਰਾ।
ਪਹੁਂਚਿ ਨਿਕਟ ਪਗ ਪਰ ਸਿਰ ਧਾਰਾ।
ਤਬਿ ਸਤਿਗੁਰ ਤੁਸ਼ਨ ਹੁਇ ਰਹੇ।

ਸਿਰ ਕੋ ਧੁਨਜੋਂ ਬਾਕ ਨਹਿਂ ਕਹੇ ॥੧੮॥
ਯੁਤਿ ਪਰਿਵਾਰ ਬਿਸ਼ੰਭਰ ਦਾਸ।
ਰੁਖ਼ਸਦ ਹ੍ਵੈ ਕਰਿ ਸਤਿਗੁਰ ਪਾਸ।
ਮਸਤਕ ਟੇਕਤਿ ਕੀਨ ਪਯਾਨਾ।
ਦੱਖਣ ਦਿਸ਼ ਉਜੈਨ ਪੁਰਿ ਜਾਨਾ ॥੧੯॥
ਸਤਿਗੁਰ ਹਸੇ ਤਿਨਹੁਂ ਕੇ ਪਾਛੇ।
ਮੈਂ[1] ਢਿਗ ਖਰੋ ਖੁਸ਼ੀ ਪਿਖਿ ਆਛੇ। [1]ਭਾਵ ਗੁਰਬਖਸ਼ ਸਿੰਘ ਜੀ।
ਬੂਝਨਿ ਕਰਤਿ ਭਯੋ ਤਿਸ ਬੇਰਾ।
'ਕਹਾਂ ਹੁਕਮ ਹੈ ਰਾਵਰ ਕੇਰਾ?' ॥੨੦॥
ਸੁਨਿ ਕਲਗੀਧਰ ਬਾਕ ਉਚਾਰਾ।
'ਨਾਮ ਮਦਨਵੰਤੀ ਜੋ ਦਾਰਾ।
ਜਬਿ ਗੁਰਬਖਸ਼ ਸਿੰਘ ਤਨ ਤੇਰਾ[1]। [1]ਜਦੋਂ (ਹੇ) ਗੁਰਬਖਸ਼ ਸਿੰਘ (ਹੋਰ) ਤਨ ਤੇਰਾ ਹੋਵੇਗਾ। (ਅ) ਜਦੋਂ ਤੇਰਾ ਤਨ ਫੇਰ ਗੁਰਬਖਸ਼ ਸਿੰਘ (ਬਣੇਗਾ)।
ਤੁਵ ਸਿਖਣੀ ਹੋਵੈ ਤਿਸ ਬੇਰਾ ॥੨੧॥
ਹੁਇ[1] ਦੋਨੋ ਢਿਗ ਰਾਜ ਬਿਸਾਲਾ। [1]ਹੋਵੇਗਾ।
ਤਹਿਂ ਲਗ ਕਰਹੁ ਜਹਾਂ ਲਗ ਜ੍ਵਾਲਾ[1]। [1]ਜ੍ਵਾਲਾਮੁਖੀ ਤੱਕ।
ਜਗ ਮਹਿਂ ਜੀਵਣ ਹੁਇ ਤੁਵ ਥੋਰਾ।
ਸਿੱਧ ਮਨੋਰਥ ਬਨਿ ਹੈ ਤੋਰਾ ॥੨੨॥
ਸੁਨਹੁਂ ਨੀਂਗਰਾ! ਗਯੋ ਹਕਾਰਨਿ।
ਤਹਾਂ ਲੁਭਾਯੋ[1] ਕਰੀ ਨਿਹਾਰਨਿ। [1](ਤੂੰ) ਲੁਭਾ ਗਿਆ।
-ਮੋਕਹੁ ਨਹਿਂ ਬਖਸ਼ੀ ਗੁਰ ਏਹ-।
ਕਰਜੋ ਮਨੋਰਥ ਦੇਖਤਿ ਦੇਹ ॥੨੩॥
ਭੂਲਜੋ ਕਹਾਂ ਬਿਲੋਕਤਿ ਐਸੇ[1]। [1]ਦੇਖਕੇ ਭੁੱਲਕੇ (ਤੂੰ) ਐਉਂ ਕਿਹਾ ਸੀ। (ਅ) ਐਉਂ ਵੇਖਕੇ ਤੂੰ ਕਿੱਥੇ ਭੁੱਲ (ਭਰਮ) ਗਿਆ?
ਅਬਿ ਹਮ ਨੇ ਬਖਸ਼ੀ ਤੁਹਿ ਤੈਸੇ।
ਦੁਤੀ ਸਿੱਖਣੀ ਰਜ ਜੁਤਿ ਓਹੀ।
ਹਮਰੇ ਚਰਨ ਸੰਗ ਸੋ ਛੋਹੀ ॥੨੪॥
ਯਾਂ ਤੇ ਹਮ ਨਹਿਂ ਆਦਰ ਦੀਨਾ।

ਬਾਕ ਨ ਕਛੂ ਉਚਾਰਨਿ ਕੀਨਾ।
ਮੁਸਲੀ ਬੇਸਜਾ† ਬਨਿ ਹੈ ਸੋਇ। †ਪਾਠ ਸੌ ਸਾਖੀ-ਮੁਸਲੀ ਵੇਸਿਆ ਹੋਗ।

ਨੇਤ ਪ੍ਰਮੇਸੁਰ ਕੀ ਇਮ ਹੋਇ ॥੨੫॥
ਹਮਰੋ ਸਿਦਕ ਭਾਵ ਕਰਿ ਆਈ।
ਇਸ ਕੋ ਫਲ ਪੈ ਹੈ ਬਡਿਆਈ।
ਕੇਸ਼ੋ ਦਾਸ ਜਬੈ ਤਨ ਧਰੇ।
ਰਣ ਸਿੰਘ[1] ਨਾਮ ਰਾਜ ਬਡ ਕਰੇ ॥੨੬॥ [1]ਰਣਜੀਤ ਸਿੰਘ।
ਅੰਗੀਕਾਰ ਕਰੈਗੋ ਸੋਇ।
ਮਰਿ ਕਰਿ ਪੁਨ ਹਿੰਦਵਾਣੀ ਹੋਇ।
ਰਾਜਪੂਤਣੀ ਜਨਮੈਂ ਫੇਰ।
ਅਬਿ ਬਖਸ਼ੀ ਕੇਸ਼ੋ ਕੋ ਹੇਰਿ[1]' ॥੨੭॥ [1]ਕੇਸ਼ੋ ਨੂੰ ਵੇਖਕੇ ਬਖਸ਼ੀ।
ਇਸ ਪ੍ਰਕਾਰ ਕਹਿ ਕਰਿ ਗੁਰ ਸ੍ਵਾਮੀ।
ਭੂਤ ਭਵਿੱਖਤਿ ਅੰਤਰਜਾਮੀ।
ਪੁਨ ਮੁਝ ਕੋ ਬਰਜਯੋ 'ਬਸ ਕਰਹੁ।
ਅਪਰ ਨ ਬੂਝਹੁ ਤੁਸ਼ਨਿ ਧਰਹੁ ॥੨੮॥
ਔਰ ਖਜਾਲ ਕੋ ਬੇਲਾ ਭਯੋ।'
ਇਮ ਸਤਿਗੁਰ ਤੇ ਮੈਂ ਸੁਨਿ ਲਯੋ।
ਧਰੀ ਮੋਨ ਨਹਿਂ ਕਛੂ ਉਚਾਰਾ।
ਕੇਤਿਕ ਚਿਰ ਥਿਰ ਸਭਾ ਮਝਾਰਾ ॥੨੯॥
ਉਠਿ ਕਰਿ ਪੁਨ ਮੰਦਰ ਕੋ ਗਏ।
ਤਿਸ ਦਿਨ ਵਹਿਰ ਨ ਆਵਤਿ ਭਏ।
ਰਹੇ ਆਪਨੇ ਸਦਨ ਮਝਾਰਾ।
ਮਨ ਭਾਵਤਿ ਸੋ ਅਚਜੋ ਅਹਾਰਾ ॥੩੦॥
ਕਹਿ ਕਵਿ ਹਮ ਸੋ ਪਿਖਯੋ ਬ੍ਰਿਤਾਂਤ।
ਸੁਨਯੋ[1] ਗੁਰਬਖਸ਼ ਸਿੰਘ ਜਿਸ ਭਾਂਤ। [1]ਜਿਵੇਂ ਸੁਣਿਆਂ ਸੀ।
ਸਦਾ ਕੁਇਰ ਭਈ ਤਿਸ ਕੀ ਨਾਰੀ।
ਸੋ ਹਮ ਨੇ ਨਿਜ ਨਯਨ ਨਿਹਾਰੀ

॥ ੩੧ ॥

ਭਈ ਦੂਸਰੀ ਬੇਸਜਾ ਤਬੈ।
ਬਜਾਹੀ ਰਣ ਸਿੰਘ ਜਾਨੀ ਸਬੈ।
ਗੁਰ ਕੇ ਬਾਕ ਸੁਫਲ ਹੁਇ ਗਏ।
ਸੋ ਤ੍ਰਿਯ ਹੇਰੀ ਤਨ ਧਰਿ ਲਏ

॥ ੩੨ ॥ ⚐

⚐ ਜੈ ਸਿੰਘ ਕਨ੍ਹੱਯਾ ਮਿਸਲ ਦਾ ਸਰਦਾਰ ਵਟਾਲੇ ਮੁਕੇਰੀਆਂ ਆਦਿ ਇਲਾਕੇ ਦਾ ਸਿੱਖ ਰਾਜਾ ਸੀ, ਇਸ ਦੇ ਪੁੱਤ੍ਰ ਦਾ ਨਾਮ ਗੁਰਬਖਸ਼ ਸਿੰਘ ਜੀ। ਸਾਹਿਬ ਰਾਮ ਕੌਰ ਜੀ ਦਾ ਅੰਮ੍ਰਤ ਦਾ ਨਾਮ ਬੀ ਗੁਰਬਖਸ਼ ਸਿੰਘ ਸੀ, ਇਸ ਤੋਂ ਕਵੀ ਜੀ ਨੇ ਸੌ ਸਾਖੀ ਦੇ ਲਿਖੇ ਨੂੰ ਪੂਰਾ ਹੋ ਗਿਆ ਸਮਝਿਆ ਹੈ ਤੇ ਕਨ੍ਹੱਯੇ ਗੁਰਬਖਸ਼ ਸਿੰਘ ਨੂੰ ਸਾਹਿਬ ਰਾਮ ਕੌਰ ਦਾ ਤਨ ਪਲਟਿਆ ਸਿਆਨਿਆ ਹੈ ਤੇ ਉਸ ਦੀ ਵਹੁਟੀ ਸਦਾ ਕੌਰ ਨੂੰ ਮਦਨਵੰਤੀ ਦਾ ਅਉਤਾਰ ਜਾਤਾ ਹੈ; ਜਿਸ ਦੇ ਘਰ ਪੁੱਤ ਨਹੀਂ ਸੀ ਇਕ ਧੀ ਸੀ ਜੋ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਵਿਆਹੀ ਸੀ। ਇਸੇ ਤਰ੍ਹਾਂ ਕੇਸ਼ੋ ਦਾਸ ਦਾ ਅਵਤਾਰ ਮਹਾਰਾਜਾ ਰਣਜੀਤ ਸਿੰਘ ਨੂੰ ਮੰਨਕੇ ਮੋਰਾਂ ਕੰਜਰੀ ਦੀ ਕਹਾਣੀ ਯਾ ਊਜ ਨੂੰ ਸਾਖੀ ਦੀ ਪੂਰਨਤਾ ਸਮਝੀ ਹੈ। ਪਰ ਇਸੇ ਸਾਖੀ ਦੇ ਲਿਖਣ ਵਾਲਾ ਤੇ ਸਾਖੀਆਂ ਦੀ ਪੋਥੀ ਵਿਚ ਪਾ ਦੇਣ ਵਾਲਾ ਗੁਰ ਇਤਿਹਾਸ ਦਾ ਉੱਕਾ ਜਾਣੂ ਨਹੀਂ। ਤ੍ਰੈ ਵੇਰੀ ਇਸ ਸਾਖੀ ਵਿਚ ਉਸ ਨੇ ਦਸਮ ਸਤਿਗੁਰ ਦੇ ਮੁਖਾਰਬਿੰਦੋਂ ਸਾਹਿਬ ਰਾਮ ਕੌਰ ਜੀ ਨੂੰ ਨਿੱਕਾ, ਲੜਕਾ ਤੇ ਨੀਂਗਰ ਅਖਵਾਇਆ ਹੈ। ਉਸ ਨੂੰ ਇਤਨਾਂ ਬੀ ਪਤਾ ਨਹੀਂ ਸੀ ਕਿ ਸਾਹਿਬ ਰਾਮ ਕੌਰ ਜੀ ਦਸ਼ਮੇਸ਼ ਪਿਤਾ ਜੀ ਤੋਂ ਉਮਰ ਵਿਚ ਥੋੜਾ ਹੀ ਛੋਟੇ ਯਾ ਹਮ ਉਮਰ ਸਨ। ਇੰਨੇ ਛੋਟੇ ਨਹੀਂ ਸਨ ਕਿ ਗੁਰੂ ਜੀ ਉਹਨ੍ਹਾਂ ਨੂੰ ਨੀਂਗਰ, ਲੜਕਾ ਤੇ ਨਿੱਕਿਆ ਸੱਦਦੇ। ਦਸਮੇਸ਼ ਜੀ ੧੭੩੨ ਵਿਚ ਗੱਦੀ ਤੇ ਬੈਠੇ ਉਸ ਵੇਲੇ ਲਗ ਪਗ ਆਰਬਲਾ ੯-੧੦ ਬਰਸ ਦੀ ਸੀ ਤੇ ਗੁਰ ਪ੍ਰਤਾਪ ਸੂਰਜ ਦੀ ਲਿਖਤ ਮੂਜਬ ਭਾਈ ਰਾਮਕੁਇਰ ਜੀ ਤਦੋਂ ੩ ਬਰਸ ਦੇ ਸਨ (ਦੇਖੋ ਰੁਤ ੧ ਅੰਸੂ ੫ ਅੰਕ ੫) ਉਪਰ ਲਿਖੀ ਵਾਰਤਾ ਸੰਮਤ ੧੭੫੮ ਵਿਚ ਦੀ ਹੈ ਇਸ ਵੇਲੇ ਸਾਹਿਬਾਂ ਦੀ ਉਮਰਾ ੩੫ ਬਰਸ ਦੀ ਹੈ ਤੇ ਰਾਮਕੁਇਰ ਜੀ ੨੯ ਬਰਸ ਦੇ। ਸੋ 'ਨੀਂਗਰ' 'ਨਿੱਕੇ' ਤੇ 'ਲੜਕੇ' ਨਹੀਂ ਸੇ।

ਦੂਸਰੇ, ਸਾਹਿਬ ਰਾਮ ਕੌਰ ਜੀ ਬੀਤ ਰਾਗ ਗਿਆਨੀ ਤੇ ਜੀਵਨ ਮੁਕਤ ਸੇ, ਇਹ ਕਵੀ ਜੀ ਨੇ ਕਈ ਵੇਰ ਲਿਖਿਆ ਹੈ। ਇਕ ਸਾਖੀ ਪਿਛੇ ਆਈ ਹੈ ਕਿ ਮਾਤਾ ਜੀ ਦੇ ਬ੍ਰਹਮ ਗਿਆਨੀ ਦੇ ਦਰਸ਼ਨ ਦੀ ਯਾਚਨਾ ਪਰ ਸਾਹਿਬਾਂ ਨੇ ਰਾਮ ਕੌਰ ਜੀ ਦੇ ਦਰਸ਼ਨ ਕਰਾਏ ਸੇ। ਗਿਆਨੀ ਤੇ ਜੀਵਨ ਮੁਕਤ ਦਾ ਪੁਨਰ ਪੁਨਰ ਜਨਮ ਹੋ ਨਹੀਂ ਸਕਦਾ। ਇਸ ਤੋਂ ਬੀ ਸਾਫ ਪਤਾ ਲਗਾ ਕਿ ਇਸ ਸਾਖੀ ਦਾ ਘੜਨਹਾਰਾ ਨਾ ਤਾਂ ਰਾਮ ਕੌਰ ਜੀ ਦੀ ਉਮਰਾ ਦਾ ਜਾਣੂ ਹੈ ਤੇ ਨਾ ਹੀ ਉਹਨਾਂ ਦੀ ਜੀਵਨ ਮੁਕਤੀ ਦਾ ਜਾਣੂ ਹੈ ਤੇ ਨਾ ਹੀ ਉਹਨਾਂ ਦੀ ਬੀਤਰਾਗ ਤੇ ਮੋਹ ਮਾਇਆ ਤੋਂ ਅਲੇਪਤਾ ਦਾ ਜਾਣੂ ਹੈ ਤਾਂ ਹੀ ਉਹਨਾਂ ਵਿਚ ਪਰਾਈ ਇਸਤ੍ਰੀ ਨੂੰ ਦੇਖਕੇ ਕਾਮ ਫੁਰਨੇ ਦੀ ਸੰਭਾਵਨਾ ਕਰ ਰਿਹਾ ਹੈ। ਏਸੇ ਸੌ ਸਾਖੀ ਦੀ ਹੀ ੬੯ਵੀਂ ਸਾਖੀ ਵਿਚ ਭਾਈ ਰਾਮ ਕੌਰ ਜੀ ਨੂੰ ਮਰਨੇ ਬਾਦ ਸਤਿਗੁਰਾਂ ਦੇ ਚਰਨਾਂ ਵਿਚ ਵੱਸਣੇ ਦਾ ਵਰ ਪ੍ਰਾਪਤ ਦੱਸਿਆ ਹੈ। ਕਲਗ਼ੀਧਰ ਜੀ ਉਹਨਾਂ ਨੂੰ ਕਹਿੰਦੇ ਹਨ:-ਤੁਮ ਭੋਗੋ ਰਤਿਨਾਦ। ਅੰਤਕਾਲ ਮਮ ਦਰਸ ਹੋਇ, ਤੁਮ ਚਿਤ ਮਮ ਪਦ ਆਦਿ। ਅਰਥਾਤ-ਹੇ ਰਾਮਕੁਇਰ ਤੂੰ ਸ਼ਬਦ ਦਾ ਪ੍ਰੇਮੀ ਹੈਂ, ਤੈਨੂੰ ਅੰਤਕਾਲ ਮੇਰਾ ਦਰਸ਼ਨ ਹੋਵੇਗਾ ਅਰ ਤੇਰਾ ਚੇਤਨ ਮੇਰੇ ਚਰਨਾਂ ਨੂੰ ਪ੍ਰਾਪਤ ਹੋਵੇਗਾ ਤੇ ਕਵੀ ਸੰਤੋਖ ਸਿੰਘ ਜੀ ਨੇ ਆਪ ਐਉਂ ਲਿਖਿਆ ਹੈ:-

ਕਹ੍ਯੋ ਸਬਦ ਮੈ ਜੋ ਤਤ ਸਾਰ। ਸੋ ਤੁਵ ਪ੍ਰਾਪਤਿ ਅਹੈ ਉਦਾਰ।
ਅੰਤਕਾਲ ਜਬਿ ਹੋਵਹਿ ਤੋਰਾ। ਤਾਂਹਿ ਸਮੈਂ ਦਰਸ਼ਨ ਹੁਇ ਮੋਰਾ ॥ ੩੨ ॥
ਮੋਹਿ ਚਰਨ ਕੋ ਸਿਖ ਮੁਖਿ ਅਹੈਂ। ਮਮ ਸਮੀਪਤਾ ਸਦ ਹੀ ਲਹੈਂ।

ਨਿਸ ਦਿਨ ਮਨ ਸਤਿਗੁਰ ਮਹਿਂ ਲਾਯਹੁ। ਨਹੀਂ ਬਿਕਾਰ ਛੁਹਨ ਕੋ ਪਾਯਹੁ ॥ ੩੩ ॥

।ਰੁਤ ੫ ਅੰਸੂ ੧੯

ਇਥੇ ਹੁਣ ਕਵੀ ਜੀ ਆਪ ਮੰਨ ਰਹੇ ਹਨ ਕਿ 'ਨਹੀਂ ਬਿਕਾਰ ਛੁਹਨ ਕੋ ਪਾਯਹੁ' ਜਿਸ ਨੂੰ ਬਿਕਾਰ ਕਦੇ ਛੁਹਿਆ ਨਹੀਂ ਤੇ ਜਿਸ ਨੇ 'ਨਿਸ ਦਿਨ ਮਨ ਸਤਿਗੁਰ ਮਹਿਂ ਲਾਯਹੁ' ਉਸ ਨੂੰ ਕਹਿਣਾ ਕਿ ਕਦੇ ਉਹਨਾਂ ਦਾ ਮਨ ਪਰਇਸਤ੍ਰੀ ਦੇ ਫੁਰਨੇ ਵਿਚ ਗਿਆ ਅਨਹੋਣੀ ਬਾਤ ਹੈ ਤੇ ਵਦਤੋਵਜਾਘਾਤ ਹੈ, ਫਿਰ ਐਸੇ ਸਿੱਖ ਨੂੰ ਕਦੇ ਪੁਨਰ ਜਨਮ ਹੋ ਸਕਦਾ ਹੈ ਇਹ ਬੀ ਕਹਿਣਾ ਅਸੰਗਤਿ ਹੈ। ਫਿਰ ਦੇਖੋ ਕਵੀ ਜੀ ਆਪ ਸਾਹਿਬ ਰਾਮ ਕੌਰ ਜੀ ਬਾਬਤ ਰੁਤ ੪ ਅੰਸੂ ੩੩ ਵਿਚ ਜੋ ਲਿਖ ਆਏ ਹਨ ਸ੍ਰੀ ਕਲਗ਼ੀਧਰ ਜੀ ਆਪਣੀ ਮਾਤਾ ਜੀ ਪਾਸ ਸਾਹਿਬ ਰਾਮ ਕੌਰ ਜੀ ਦਾ ਵਰਣਨ ਕਰਦੇ ਹਨ:-

ਅਸ ਪੁਰਸੋਤਮ ਸੰਤ ਸੁਚਾਲੀ। ਪਿਖਹੁ ਨਿਸੰਸੈ ਹੋਵਤਿ ਕਾਲੀ।
ਦਰਸ਼ਨ ਕਰਿਕੈ ਅਚਹੁ ਅਹਾਰਾ। ਕਰਹੁ ਪ੍ਰਤੀਖਨ ਭਾਵ ਉਦਾਰਾ ॥ ੧੦ ॥
ਐਸਿਨ ਕਹੁ ਰਚਿਕੇ ਕਰਤਾਰਾ। ਲਖਹਿ ਸਫਲ ਸਿਰਜਨ ਜਗ ਸਾਰਾ।
ਸ਼ੇਖ ਸਾਰਦਾ ਬੇਦ ਬਿਰੰਚ। ਕਰ ਨ ਸਕਹਿ ਜਿਹ ਮਹਿੰਮਾ ਰੰਚ ॥ ੧੧ ॥
ਸਮ ਦ੍ਰਿਸ਼ਟੀ ਇਕ ਰਸ ਮਨ ਸ਼ਾਂਤਿ। ਮਹਾਂ ਪੁਰਖ ਪੂਰਨ ਅਵਿਦਾਤਿ।
ਮਨਹੁ ਕਾਮਨਾ ਪੂਰਨ ਹੋਵਹੁ। ਨਿਹਸੰਸੈ ਦਰਸ਼ਨ ਕਹੁ ਜੋਵਹੁ ॥੧੨॥
ਪੁਨਾ:- ਜਨੁ ਦੀਪਕ ਤੇ ਦੀਪ ਜਗਾਯੋ। ਗਯਾਨ ਅਸਸਥਾ ਮਹਿਂ ਦਿਪਤਾਯੋ।
ਸਿੱਖਯ ਮੁੱਖਿ ਸਤਿਗੁਰ ਘਰ ਕੇਰੇ। ਜਿਨ ਕੀ ਸਮਤਾ ਅਪਰ ਨ ਹੇਰੇ ॥੧੭॥

ਫਿਰ ਇਨ੍ਹਾਂ ਨੂੰ ਮਾਤਾ ਜੀ ਨੇ ਪ੍ਰਸ਼ਾਦ ਛਕਾਇਆ, ਆਪ ਪੱਖਾ ਝੱਲਿਆ ਤੇ ਰਾਇ ਕਾਇਮ ਕੀਤੀ ਸੀ ਕਿ ਇਹ ਪੂਰਨ ਪੁਰਖ ਹੈ:-

ਮੰਦ ਮੰਦ ਕਰ ਪੰਖ ਝੁਲਾਵਾ। ਧਰੇ ਭਾਵ ਭੋਜਨ ਅਚਵਾਵਾ ॥੪੦॥
ਮਹਾਂ ਪੁਰਖ ਪੂਰਨ ਮਨ ਜਾਨੇ। ਦਰਸ਼ਨ ਕਰਤਿ ਭਾਉ ਬਹੁ ਠਾਨੇ ॥

ਇਥੋਂ ਹੁਣ ਕਵੀ ਜੀ ਦੀ ਆਪਣੀ ਜ਼ਬਾਨੀ ਸ਼ਪਸ਼ਟ ਹੋ ਗਿਆ ਕਿ ਸਾਹਿਬ ਰਾਮ ਕੌਰ ਜੀ ਨਿਰਵਿਕਾਰ, ਪੂਰਨ ਬ੍ਰਹਮ ਗਿਆਨੀ, ਨਾਮਰਸੀਏ, ਬੀਤਰਾਗ ਤੇ ਸਿਰੋਮਣੀ ਸਿੱਖ ਸਨ, ਉਨ੍ਹਾਂ ਨੂੰ ਨਾ ਐਸਾ ਫੁਰਨਾ ਸੰਭਵ ਹੈ ਨਾ ਪੁਨਰ ਜਨਮ ਸੰਭਵ ਹੈ ਤਾਂਤੇ ਸਾਖੀ ਆਖੇਪਕ ਹੈ। ਇਸੀ ਤਰ੍ਹਾਂ ਮੋਰਾਂ ਨੂੰ ਬਿਸ਼ੰਭਰ ਦਾਸ ਦੀ ਦੂਜੀ ਵਹੁਟੀ ਦੱਸਣਾ ਬੀ ਜੇ ਸੱਚ ਮੁੱਚ ਮੋਰਾਂ ਹੋਈ ਹੈ ਤਾਂ ਸੋ ਸਾਖੀ ਦੇ ਆਖੇਪਕਾਰ ਦਾ ਲਿਖਣਾ ਇਸ ਯਤਨ ਲਈ ਜਾਪਦਾ ਹੈ ਕਿ ਮਹਾਰਾਜੇ ਨੂੰ ਜੋ ਮੁਸਲਮਾਨੀ ਤੇ ਵੇਸ਼ਵਾ ਦੇ ਵਿਆਹ ਲੈਣ ਦਾ ਦੂਸ਼ਣ ਲਗਦਾ ਸੀ ਉਹ ਦੂਰ ਹੋ ਜਾਵੇ। ਦੈਵਨੇਤ ਤੇ ਗੁਰੂ ਜੀ ਦਾ ਵਾਕ ਉਸ ਦਾ ਜ਼ਿਮੇਵਾਰ ਠਹਿਰ ਜਾਵੇ। ਲੇਖਕ ਨੇ ਇਹ ਨਹੀ ਸੋਚਿਆ ਕਿ ਬਿਸ਼ੰਭਰ ਦਾਸ ਜੀ ਜੈਸੇ ਸਿਦਕੀ ਸਿੱਖ ਨਾਲ ਜੋ ਆਦਿ ਪਾਤਸ਼ਾਹੀ ਤੋਂ ਬਖਸ਼ਿਸ਼ ਵਿਚ ਸੀ ਤੇ ਦਸਮ ਗੁਰੂ ਜੀ ਆਪ ਵੀ ਉਸ ਨੂੰ ਵਰਾਂ ਨਾਲ ਭੂਸ਼ਿਤ ਕਰ ਰਹੇ ਹਨ, ਕਿਤਨਾ ਅੱਨਜਾਇ ਹੋ ਗਿਆ ਹੈ। ਉਸ ਦਾ ਕੀਹ ਕਸੂਰ ਸੀ ਕਿ ਦੋਇ ਇਸਤ੍ਰੀਆਂ ਪਤਿਤ ਹੋਈਆਂ? ਮਦਨਵੰਤੀ ਤਾਂ ਮੋਹ ਦਾ ਦੂਰ ਕਰਨਾ ਸਤਿਗੁਰ ਤੋਂ ਦਾਨ ਮੰਗ ਰਹੀ ਹੈ ਉਸਨੂੰ ਬੀਤਰਾਗਤਾ ਦੇਣ ਦੀ ਥਾਂ ਗੁਰੂ ਜੀ ਤੋਂ ਪੁਨਰ ਜਨਮ ਤੇ ਇਕ ਰਾਜੇ ਦੀ ਰਾਣੀ ਬਣਨਾ ਤੇ ਪੁੱਤ੍ਰ ਹੀਨ ਰਹਿਣਾ, ਇਹ ਵਰ ਮਿਲ ਰਿਹਾ ਹੈ ਕਿ ਸ੍ਰਾਪ? ਫਿਰ ਦੇਖੋ ਫੁਰਨਾ ਤਾਂ ਕਾਮ ਦਾ ਰਾਮ ਕੌਰ ਜੀ ਨੂੰ ਫੁਰਿਆ ਤੇ ਮਦਨਵੰਤੀ ਨੂੰ 'ਗੁਰਬਖਸ਼ ਸਿੰਘ ਦੀ ਰੰਨੇ' ਦਾ ਅਸ਼ਲੀਲ ਵਾਕ ਕਿਉਂ ਕਿਹਾ। ਫਿਰ ਕਦੇ ਹੋ ਸਕਦਾ ਹੈ ਕਿ ਸਿੱਖਾਂ ਦੀਆਂ ਬਹੂ ਬੇਟੀਆਂ ਨੂੰ ਆਪਣੀਆਂ ਬੇਟੀਆਂ ਕਹਿਣ ਵਾਲੇ ਸਤਿਗੁਰੂ ਐਸੇ ਵਾਕ ਆਖਣ; ਫਿਰ ਰਜੱਸ੍ਵਲਾ ਇਸਤ੍ਰੀ ਦੀ ਛੂਤ ਐਨੀ ਬੁਰੀ ਸ਼ੈ ਹੈ ਕਿ ਉਸ ਨੂੰ ਤੁਰਕਣੀ ਤੇ ਵੇਸ਼ਵਾ ਹੋਣ ਦਾ ਮਹਾਨ ਕ੍ਰੂਰ ਸ੍ਰਾਪ ਮਿਲੇ ਇਹ ਕਿਸੇ ਭਰਮੀ ਵਹਿਮੀ ਲੇਖਕ ਦੇ ਦਿਮਾਗ ਨੂੰ ਹੀ ਫੁਰ ਸਕਦਾ ਹੈ। ਇਖਲਾਕ ਦੇ ਅਧਿਸ਼੍ਟਾਤਾ ਕਿਸੇ ਪਤੀਬ੍ਰਤਾ ਨੂੰ ਵੇਸ਼ਵਾ ਹੋਣ ਦਾ ਸ੍ਰਾਪ ਦੇਣ, ਇਹ ਤਿੰਨ ਕਾਲ ਅਨਹੋਣੀ ਬਾਤ ਹੈ। ਇਨ੍ਹਾਂ ਗੱਲਾਂ ਤੋਂ ਸਰੀਹਨ ਪਤਾ ਲਗ ਗਿਆ ਕਿ ਇਹ ਸਾਖੀ ਉੱਕੀ

ਨਿਰਮੂਲ ਹੈ। ਤੇ ਕਵਿ ਜੀ ਨੇ ਜੋ ਟੋਹ ਲਾਕੇ ਇਨ੍ਹਾਂ ਦੀ ਪੂਰਣਤਾ ਹੋਈ ਸਮਝੀ ਹੈ ਉਹ ਬੀ ਇਤਿਹਾਸ ਵਿਰੁੱਧ ਬਾਤ ਹੈ। ਕਿਉਂਕਿ ਠੀਕ ਮਦਨਵੰਤੀ ਹੀ ਸਦਾ ਕੌਰ ਬਣੀ ਦੂਸਰੀ ਇਸਤ੍ਰੀ ਠੀਕ ਮੋਰਾਂ ਹੀ ਬਣੀ ਇਸ ਗਲ ਦਾ ਕੋਈ ਇਤਿਹਾਸਕ ਸਬੂਤ ਨਹੀਂ ਦਿੱਤਾ ਹੈ, ਸੌ ਸਾਖੀ ਵਿਚ ਇਹ ਸਾਖੀ ਉਸੇ ਸਮੇਂ ਘੜੀ ਤੇ ਪਾਈ ਗਈ ਤੇ ਇਹੋ ਗੱਲ ਇਸ ਦੀ ਪੂਰਣਤਾ ਦੱਸਕੇ ਫੈਲਾਈ ਗਈ, ਸੋਈ ਗੱਲ ਕਵੀ ਜੀ ਨੇ ਬਿਨ ਪੜਤਾਲੇ ਸੌ ਸਾਖੀ ਦਾ ਭਰੋਸਾ ਕਰਕੇ ਕੇਵਲ 'ਗੁਰਬਖਸ਼ ਸਿੰਘ' ਨਾਮਾਂ ਦੀ ਏਕਤਾ ਕਰਕੇ ਸਹੀ ਮੰਨਕੇ 'ਨਿਜ ਨਯਨ ਨਿਹਾਰੀ' ਲਿਖਿਆ ਹੈ। ਆਪ ਨੂੰ ਇਸ ਦੀ ਪੂਰੀ ਖੋਜ ਪੜਤਾਲ ਦਾ ਅਵਸਰ ਨਹੀਂ ਮਿਲਿਆ।

†ਇਕ ਦਿਨ ਕਰਿਵਾਵਨਿ ਹਿਤ ਸ੍ਰਾਧਾ।
ਕਰੇ ਇਕੱਠੇ ਪੰਡਿਤ ਪਾਂਧਾ।
ਧਰਮ ਸ਼ਾਂਤਿ ਕੋ ਭਯੋ ਸਮਾਜਾ[1]।
ਕਰਤਿ ਅਨੇਕ ਮਿਲੇ ਨਰ ਕਾਜਾ ॥੩੩॥
ਸਤਿਗੁਰ ਦੀਨਸਿ ਦਾਨ ਮਹਾਨਾ।
ਸਿਹਜਾ ਚਾਰੁ ਬਿਛੌਨੇ ਨਾਨਾ।
ਜ਼ੇਵਰ ਬ੍ਰਿੰਦ ਦਏ ਮਰਦਾਨੇ।
ਜਰੇ ਜਵਾਹਰ ਜਬਰ ਜ਼ਨਾਨੇ ॥੩੪॥
ਕੰਚਨ ਜ਼ੀਨ ਤੁਰੰਗ ਸ਼ਿੰਗਾਰੇ।
ਉੱਤਮ ਧੇਨੁ ਸਮਾਜ ਸਵਾਰੇ।
ਦਿਜ ਧਰਮੱਗਜ ਬਿਸਾਲ ਅਚਾਰੀ।
ਪੰਡਤ ਜੇ ਜਾਨਤਿ ਬਿਧਿ ਸਾਰੀ ॥੩੫॥
ਬੈਠੇ ਬਹੁਤ ਗੁਰੂ ਕੇ ਪਾਸ।
ਕਰਤਿ ਪਰਸਪਰ ਬਾਦ[1] ਪ੍ਰਕਾਸ਼।
ਨੰਦਰਾਮ ਪੰਡਤ ਬੁਧਿਵੰਤਾ।
ਸਭਿ ਮੈਂ ਕਹਯੋ ਸ੍ਰਾਧ ਬਿਰਤੰਤਾ ॥੩੬॥
'ਪਿੱਤ੍ਰਨਿ ਕੋ ਨਹਿਂ ਪਹੁੰਚਤਿ ਕਬੈ।
ਜਿਮ ਜਗ ਬਿਖੈ ਕਰਤਿ ਨਰ ਸਬੈ।'
ਨੰਦਰਾਮ ਕੇ ਬਾਕ ਸੁਨੇ ਜਬਿ।
ਸ੍ਰੀ ਮੁਖ ਤੇ ਸਭਿ ਬਿਖੈ ਕਹਯੋ ਤਬਿ ॥੩੭॥

†ਸੌ ਸਾਖੀ ਦੀ ਇਹ ੭੨ਵੀਂ ਸਾਖੀ ਹੈ।

[1]ਸੌ ਸਾਖੀ ਵਿਚ ਇਉਂ ਹੈ:-ਸ੍ਰਾਧ ਦੀ ਧਰਮ ਸ਼ਾਂਤਿ ਕਰੀ।

[1]ਚਰਚਾ।

'ਮਿਲਿ ਕੈ ਧਰਮ ਸ਼ਾਸਤ੍ਰਨਿ ਆਦਿ।
ਨਿਰਨੈ ਕਾਰਨ ਕਹਜੋ ਸੰਬਾਦ[1]।'

[1]ਧਰਮ ਸ਼ਾਸਤ੍ਰ ਆਦਿਕਾਂ ਦਵਾਰਾ ਨਿਰਨੈ ਕਰਨ ਲਈ ਮਿਲਕੇ ਚਰਚਾ ਕਰੋ।

ਗੁਰ ਆਇਸੁ ਤੇ ਬੋਲਤਿ ਭਏ।
ਸ਼ਾਸਤ੍ਰਨਿ ਕੇ ਪ੍ਰਮਾਨ ਬਹੁ ਦਏ ॥੩੮॥
ਤਬਿ ਮਲ ਮਾਸ[1] ਨਿਖੇਧੈ ਕਯੋ।

[1]ਤਿਥੀਆਂ ਦੇ ਹਿਸਾਬ ਹਰ ਸਾਲ ਵਰ੍ਹੇ ਦੇ ਬਾਰਾਂ ਕੁ ਦਿਨ ਘਟ ਜਾਂਦੇ ਹਨ। ਇਸ ਤਰ੍ਹਾਂ ਪੰਜ ਬਰਸ ਬਾਦ ਤਿਥੀਆਂ ਵਾਲੇ ਹਿਸਾਬ ਵਿਚ ਦੋ ਮਹੀਨੇ ਦਾ ਫਰਕ ਪੈ ਜਾਂਦਾ ਹੈ। ਇਸ ਫਰਕ ਨੂੰ ਕੱਢਣ ਲਈ ਤ੍ਰੈ ਬਰਖ ਬਾਦ ੧ ਮਹੀਨਾ ਵਧਾਕੇ ਪੂਰਾ ਕਰਦੇ ਹਨ, ਇਸ ਨੂੰ ਆਮ ਤੌਰ ਤੇ 'ਮਲ ਮਾਸ' ਕਹਿੰਦੇ ਹਨ। ਇਹ ਜੋ ਜੁੱਟ ਮਹੀਨਾ ਹੁੰਦਾ ਹੈ ਕਿਸੇ ਵਿਚ ਸੰਗ੍ਰਾਂਦ ਪੈਂਦੀ ਹੈ ਕਿਸੇ ਵਿਚ ਨਹੀਂ। ਸੰਗ੍ਰਾਂਦ ਵਾਲਾ 'ਮਹਾਂ ਸ਼ੁੱਧ' ਕਹਿਲਾਉਂਦਾ ਹੈ, ਤੇ ਦੂਸਰਾ ਮਹੀਨਾ 'ਮਲਮਾਸ'। ਉਂਞ ਮਲਮਾਸ ਮਹੀਨੇ ਬੀ ਤ੍ਰੈ ਪ੍ਰਕਾਰ ਦੇ ਹਨ:-ਭਾਨੂੰ ਲੰਘਿਤ, ਕਸ਼ਜ ਤੇ ਮਲਮਾਸ। ਤੁਕ ਦਾ ਭਾਵ ਇਹ ਹੈ ਕਿ ਸ਼ਰਾਧ ਕਰਨਾ ਸ਼ੁੱਧ ਪੱਖ ਵਿਚ ਵਿਹਤ ਤੇ ਮਲਮਾਸ ਵਿਚ ਅਵਿਹਤ ਨਿਸ਼ਚੇ ਹੋਇਆ।

ਸ਼ੁੱਧ ਪੱਛ ਕੌ ਨਿਸ਼ਚੈ ਭਯੋ[1]।

[1]ਭਾਵ ਸ਼੍ਰਾਧ ਸ਼ੁੱਧ ਪੱਖ ਵਿਚ ਹੋਵੇ।

ਤਬੈ ਸਿੱਖ ਢਿਗ ਸੁਨਤੇ ਰਹੇ।
ਪੁਨ ਸਭਿ ਦਿਜ ਸੋਂ ਸਤਿਗੁਰ ਕਹੇ ॥੩੯॥
'ਜਿਮ ਨਿਰਵਾਦ ਭਯੋ ਸੰਬਾਦ[1]।

[1]ਸੰਬਾਦ ਕਰਦਿਆਂ ਜੋ ਨਿਰਵਿਵਾਦ (ਸਿਧਾਂਤ ਸਿੱਧ ਹੋਇਆ।)

ਕਰਹੁ ਬਿਦਿਤ ਆਛੀ ਬਿਧਿ ਆਦਿ[1]।

[1]ਖੋਹਲਕੇ ਵਿਧੀ ਆਦਿਕ।

ਜਿਸ ਤੇ ਪਿੱਤ੍ਰਨ ਕੋ ਪਹੁੰਚੰਤਿ।
ਸੋ ਅਬਿ ਨਿਰਨੈ ਕਰਹੁ ਮੰਤਤ[†]।' ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸ਼੍ਰਾਧ ਬਿਧਿ ਨਿਰਨੈ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥੧੭॥

[†]ਇਹ ਸਾਖੀ ਦੱਸ ਰਹੀ ਹੈ ਕਿ ਕੋਈ ਪੰਡਿਤ ਜੀ ਮੁੜਕੇ ਖਾਲਸੇ ਵਿਚ ਸ਼ਾਸਤ੍ਰਾਂ ਦੇ ਮਲਮਾਸ ਆਦਿਕ ਭਰਮ ਤੇ ਰਸਮੀ ਸ਼ਕਲ ਦੇ ਸ਼੍ਰਾਧ ਆਦਿ ਨੂੰ ਕਿਸ ਖੂਬੀ ਨਾਲ ਸਾਖੀਆਂ ਵਿੱਚ ਪਾ ਰਹੇ ਹਨ, ਮਹੀਨੇ ਦਿਨਾਂ ਵਾਸਤੇ ਗੁਰਵਾਕ ਹੈ:-'ਮਾਹ ਦਿਵਸ ਮੂਰਤ ਭਲੇ'। ਜਿਸ ਸਤਿਗੁਰ ਨੇ ਐਲਾਨ ਕਰ ਦਿੱਤਾ ਹੈ ਕਿ 'ਦਾਨ ਦੀਓ ਇਨ ਹੀ ਕੋ ਭਲੋ' ਉਨ੍ਹਾਂ ਨੇ ਮੁੜ ਬ੍ਰਾਹਮਣਾਂ ਨੂੰ ਕੀਹ ਸੱਦਣਾ ਸੀ ਤੇ ਜਿਸ ਰਸਮੀ ਸ਼੍ਰਾਧ ਨੂੰ ਗੁਰੂ ਗ੍ਰੰਥ ਸਾਹਿਬ ਜੀ ਚੰਗਾ ਨਹੀਂ ਕਹਿ ਰਹੇ ਉਸਨੂੰ ਫੇਰ ਗੁਰੂ ਜੀ ਨੇ ਕਿਉਂ ਕਰਨਾ ਸੀ ਤੇ ਉਸ ਦਾ ਨਿਰਨਾ ਕਾਹਨੂੰ ਕਰਾਉਣਾ ਸੀ।

## ੧੮. [ਸ਼੍ਰਾਧ ਨਿਰਣੈ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਸ੍ਰੀ ਮੁਖ ਤੇ ਜਬਿ ਇਮ ਕਹ੍ਯੋ, ਸੁਨਤਿ ਸ਼ਾਸਤਰ ਬਿੱਪ੍ਰ[1]। [1]ਸ਼ਾਸਤ੍ਰੀ ਬ੍ਰਾਹਮਣ ਸੁਣਕੇ ਬੋਲੇ।

ਬੋਲੇ ਇਕ ਮਤ ਹੋਇ ਕੇ, ਗੁਰ ਸਮੀਪ ਤੇ ਛਿੱਪ੍ਰ[1] ॥੧॥ [1]ਛੇਤੀ।

ਚੌਪਈ:

'ਬਿੱਪ੍ਰ ਨਿਮੰਤ੍ਰਨਿ ਨਿਸ ਕੇ ਕਰੇ[1]। [1]ਬ੍ਰਾਹਮਣ ਨੂੰ ਨਿਉਤਾ ਰਾਤ ਨੂੰ ਦੇਵੇ।

ਸ੍ਰਾਧ ਬਿਧੀ ਦੋਪਹਿਰੇ ਢਰੇ[1]। [1]ਦੁਪਹਿਰ ਢਲਦਿਆਂ ਕਰੇ।

ਉਚਿਤ ਬਿੱਪ੍ਰ ਕੋ ਨਿਜ ਘਰ ਆਨੈ।

ਜੋ ਪ੍ਰਤਿਗ੍ਰਾਹੀ, ਲੇ ਨ ਕੁਦਾਨੈ[1] ॥੨॥ [1]ਵਿਧਿ ਪੂਰਬਕ ਦਾਨ ਲੈਣ ਵਾਲਾ ਤਾਂ ਹੋਵੇ ਪਰ ਕੁਦਾਨ ਲੈਣ ਵਾਲਾ ਨਾ ਹੋਵੇ।

ਮੂਰਤਿ ਛਾਯਾ ਦਾਨ ਨ ਲੇਹਿ[1]। [1]ਮੂਰਤੀ ਦੀ ਛਾਇਆ ਦਾ ਦਾਨ ਨਾ ਲਵੇ (ਭਾਵ ਛਾਯਾ ਪਾਤ੍ਰ ਦਾ ਦਾਨ ਨਾ ਲਵੇ)।

ਅੰਗ ਹੀਨ ਕੁਲਹੀਨ ਨ ਜੇਇ[1]। [1]ਨੂੰ ਨਾ ਖੁਆਵੇ (ਅ) ਜੇਹੜਾ।

ਮਹਾਂਦਾਨ[1] ਕੋ ਹੋਇ ਨ ਗ੍ਰਾਹੀ। [1]ਪ੍ਰਿਥਵੀ, ਹਾਥੀ, ਰਥ, ਕੰਨਜਾਂ, ਸੋਨੇ ਦੀ ਗਾਂ ਯਾ ਘੋੜੇ ਆਦਿ ਦਾ ਦਾਨ।

ਤੁਲਾ ਦਾਨ ਪਰ ਤ੍ਰਿਯ ਨਹਿੰ ਚਾਹੀ[1] ॥੩॥ [1]ਇਸਤ੍ਰੀ ਦਾਨ ਦੇ ਬਦਲੇ ਉਸਦੇ ਤੋਲ ਵਿਚ ਧਨ ਲੈਣ ਦਾ ਚਾਹਵਾਨ ਨਾ ਹੋਵੇ।

ਪਾਤਕ ਸੂਤਕ ਤੁਲਾ ਨ ਦਾਨ[1]। [1]ਪਾਤਕ ਸੂਤਕ ਤੇ ਤੁਲਾ ਦਾ ਦਾਨ ਨਾ ਲਵੇ।

ਤਜਾਗਹਿ ਜੁਵਤੀ ਭੋਗੀ ਆਨ[1]। [1]ਆਪਣੀ ਵਹੁਟੀ ਛੱਡਕੇ ਦੂਜੀਆਂ ਨਾਲ ਭੋਗ ਕਰਨ ਵਾਲਾ ਬ੍ਰਹਮਣ (ਯੋਗ ਨਹੀਂ)।

ਚੋਰ ਨ ਛਲੀਆ ਦੂਤ[1] ਨ ਹੋਇ। [1]ਸੂੰਹੀਆਂ।

ਛੱਤ੍ਰੀ ਕਰਮ ਨ ਧਾਰਹਿ ਜੋਇ[1] ॥੪॥ [1]ਛੱਤ੍ਰੀ ਕਰਮ ਜੋ (ਬ੍ਰਾਹਮਣ) ਨਾ ਕਰਦਾ ਹੋਵੇ।

ਤਕਰੀ ਧਰੈ ਨ ਕੁਦੂਬ ਭੋਗੀ[1]। [1]ਤੱਕੜੀ ਨਾ ਤੋਲੇ ਤੇ ਕੁਦੂਵ ਨਾ ਖਾਵੇ। [ਕੁਦੂਵ=ਮਾਸ ਸ਼ਰਾਬ ਆਦਿ]।

ਗ੍ਰਹਨ ਦਾਨ ਕੋ ਲੇਇ ਨ[1] ਰੋਗੀ[†]। [1]ਲੈਣ ਵਾਲਾ ਨਾ ਹੋਵੇ। [†]ਪਾ:-ਸੋਗੀ, ਪੁਨਾ:-ਭੋਗੀ।

ਅਜ, ਗਜ, ਤੁਰੰਗ ਦਾਨ ਲੇ ਨਾਂਹੀ।

ਅੰਤ ਅਵਸਥਾ ਦਾਨ[1] ਨ ਚਾਹੀ[2] ॥੫॥ [1]ਬਕਰੀ, ਹਾਥੀ, ਘੋੜੇ ਦਾ ਦਾਨ। [2]ਭਾਵ ਮਰਨਾਊ ਦਾ ਦਿੱਤਾ ਦਾਨ ਨਾ ਲਵੇ।

ਗਨਕ ਨ ਵੈਦ ਨ ਸ਼ਸਤਰ ਧਾਰੀ[1]। [1]ਬ੍ਰਾਹਮਣ) ਨਾ ਹੀ ਜੋਤਸ਼ੀ ਹੋਵੇ ਨਾ ਵੈਦ ਹੋਵੇ ਤੇ ਨਾ ਹੀ ਸ਼ਸਤ੍ਰਧਾਰੀ ਹੋਵੇ।

ਸੁਚ ਬਿਹੀਨ ਰਹਿ ਜੰਞੁ ਉਤਾਰੀ[1]। [1]ਸੁਚ ਤੋਂ ਬਿਨਾਂ ਹੋਵੇ ਤੇ ਜੰਞੂ ਲੱਥਾ ਹੈਸ।

ਸਕਲ ਅੰਨ ਭੁਗਤਾ ਤੇ ਹੀਨਾ[1]। [1]ਸਭ ਕਿਸੇ ਦੇ ਅੰਨ ਖਾਣ ਤੋਂ ਰਹਿਤ ਹੋਵੇ ਭਾਵ ਜੋ ਹਰ ਕਿਸੇ ਦਾ ਨਾ ਖਾਵੇ।

ਕਰਮ ਭ੍ਰਿਸ਼ਟਿ[1] ਬ੍ਰਹਮਗਜ੍ਯਾਨ ਨ ਚੀਨਾ ॥੬॥
[1]ਜੋ ਨਿੱਤ ਨਮਿੱਤ ਕਰਮ ਨਾ ਕਰੇ।

ਬਹੁਤ ਪਾਨ ਗ੍ਰਹਣੀ ਨਹਿਂ ਹੋਇ[1]।
[1]ਬਹੁਤੇ ਵਿਵਾਹ ਭੀ ਨਾ ਕੀਤੇ ਹੋਣ ਜਿਸ ਨੇ।

ਲਾਗ ਵਜਾਹ ਕੋ ਲੇਯ ਨ ਜੋਇ।
ਕਰਿ ਕੈ ਜਾਪ ਮੋਲ ਤੇ ਦੇਯ ਨ[1]।
[1]ਭਾਵ ਜਾਪ ਕਰਕੇ ਜੋ ਜਾਪ ਦਾ ਮੁੱਲ ਲਵੇ ਉਹ ਬੀ ਨਾ ਲਓ।

ਰੰਡਾ ਮੁੰਡਾ ਮੁੰਡਤਿ ਜੇ ਨ[1] ॥੭॥
[1]ਜੋ ਰੰਡਾ, ਬਾਲਕ ਤੇ ਸਿਰ ਮੁੰਨਿਆਂ ਹੋਵੇ (ਉਹ ਬੀ) ਨਾ ਲਓ।

ਜਟਲ ਸ਼੍ਰਾਧ ਕੋ ਹੋਇ ਨ ਤਜ੍ਯਾਗੀ[1]।
[1]ਜਟਾਂ ਵਾਲਾ ਤੇ ਸ਼੍ਰਾਧ ਦਾ ਤਿਆਗੀ (ਜੋ ਹੋਵੇ ਉਹ ਬੀ) ਨਾ ਲਓ।

ਸੰਨਜ੍ਯਾਸੀ ਅਨਪਢਤਿ ਬਿਰਾਗੀ[1]।
[1]ਅਨਪੜ੍ਹ ਸੰਨਜ੍ਯਾਸੀ ਤੇ ਬੈਰਾਗੀ (ਬੀ ਨਾ ਲਓ)।

[1]ਛੱਤ੍ਰੀ ਬੈਸ ਸ਼ੂਦ੍ਰ ਕੀ ਨਾਰੀ।
[1]ਛੱਤ੍ਰੀ, ਵੈਸ਼, ਸੂਦ੍ਰ, ਤੇ ਇਨ੍ਹਾਂ ਦੀਆਂ ਇਸਤ੍ਰੀਆਂ, ਬਕਵਾਸੀ ਤੇ ਵਿਭਚਾਰੀ (ਸ਼੍ਰਾਧ) ਦੇ (ਅਧਿਕਾਰੀ) ਨਹੀਂ ਹੁੰਦੇ।

ਬਕਬਾਦੀ ਹੋਇ ਨ ਬਿਭਚਾਰੀ[6] ॥੮॥
ਧਰਮਧੁਜੀ ਨ ਅਮਲ ਕੋ ਖਾਵੈ[1]।
[1]ਨਾ ਹੀ ਪਖੰਡੀ ਤੇ ਨਾ ਹੀ ਜੋ ਨਸ਼ਾ ਖਾਂਦਾ ਹੋਵੇ।

ਨੀਲੋ ਰਕਤ ਨ ਬਸਤ੍ਰ ਹੰਢਾਵੈ।
ਪੁਰਿ ਕੋ ਪਾਂਧਾ ਪ੍ਰੋਹਿਤ ਹੋਇ ਨ।
ਨੀਚ ਮਲੇਛ ਦਾਨ ਲੇ ਜੋਇ ਨ ॥੯॥
ਖੇਤੀ ਕਰੈ ਨ ਗਾਡੀ ਬਾਹੈ।
ਇੱਤਜ੍ਯਾਦਿਕ ਦੋਸ਼ ਨ ਜਿਸ ਮਾਂਹੈ।
ਉਚਿਤ ਸ਼੍ਰਾਧ ਕੇ ਦਿਜਬਰ ਸੋਇ।
ਇਨ ਦੋਸ਼ਨਿ ਤੇ ਨਜੋਤੇ ਜੋਇ[1] ॥੧੦॥
[1]ਜੋ ਇਨ੍ਹਾਂ ਦੋਸ਼ਾਂ ਵਾਲਿਆਂ ਨੂੰ ਨਿਉਂਦਾ ਦੇਊ।

ਤਿਨ ਕੇ ਪਿੱਤ੍ਰ ਜਾਤਿ ਹੈਂ ਖਾਲੀ।
ਦੇ ਕਰਿ ਸ੍ਰਾਪ ਆਪਦਾ ਘਾਲੀ[1]।'
[1]ਸ੍ਰਾਪ ਦੇਕੇ ਅਪਦਾ ਪਾਕੇ ਖਾਲੀ ਚਲੇ ਜਾਂਦੇ ਹਨ।

ਸਕਲ ਸਭਾ ਸੁਨਿ ਜਬਿ ਇਮ ਲਹਜੋ।
ਸ਼੍ਰੀ ਮੁਖ ਤੇ ਕਲਗੀਧਰ ਕਹਜੋ ॥੧੧॥
'ਸੁਨਹੁ ਸਕਲ ਨਰ! ਸ਼ਾਸਤ੍ਰ ਜੁ ਬਿਧਿ ਹੈ।
ਸੋ ਬਹੁ ਦੂਰ, ਹੋਤਿ ਨਹਿਂ ਸਿੱਧਿ ਹੈ।
ਬਿਰਲਾ ਹੀ ਪ੍ਰਾਪਤ ਕੋ ਅਹੈ।
ਪ੍ਰਾਪਤਿ ਨਹੀਂ ਕਹਾਂ ਕੋ ਲਹੈ[1] ॥੧੨॥
[1]ਕਿਥੋਂ ਕੋਈ ਲੱਭੇ।

ਤੀਰਥ ਪਰ ਸ਼ਰਾਧ ਕਰਿਵਾਵੈ।
ਕਿਧੌਂ ਅਥਿਤ ਕੇ ਮੁਖ ਮਹਿਂ ਪਾਵੈ।
ਇਨ ਦ੍ਵੈ ਬਿਧਿ ਹ੍ਵੈ ਪਿਤਰ ਉਧਾਰਾ।
ਕਰੈਂ ਸ੍ਰਾਧ ਇਮ ਅੰਗੀਕਾਰਾ[1†]'
॥੧੩॥

[1]ਪਿੱਤ੍ਰ) ਇਉਂ ਅੰਗੀਕਾਰ ਕਰਦੇ ਹਨ ਸ੍ਰਾਧ। †ਪਿੱਤ੍ਰਾਂ ਦਾ ਉਧਾਰ ਤਾਂ ਸ੍ਰੀ ਗੁਰੁ ਜੀ ਨੇ ਐਉਂ ਲਿਖਿਆ ਹੈ "ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ " ਤੀਰਥਾਂ ਤੇ ਰਸਮੀ ਸ੍ਰਾਧਾਂ ਨਾਲ ਪਿਤਰ ਉਧਾਰ ਗੁਰਮਤ ਵਿਹਤ ਨਹੀਂ ਹੈ। ਪਿਤ੍ਰਾਂ ਲਈ ਪਾਠ, ਭੋਗ, ਕੀਰਤਨ, ਅਰਦਾਸ ਕਰਨੇ ਸੁਖਦਾਈ ਹਨ ਤੇ ਦਾਨ ਗੁਰਮਤ ਵਿਚ ਕਦੇ ਮਨ੍ਹੇ ਨਹੀਂ।

ਪੰਡਤ ਬ੍ਰਿੰਦ ਬਹੁਰ ਗੁਰ ਬੂਝੇ[1]।
'ਸੂਤਕ ਗ੍ਰਹਣ ਬਿਧੀ ਜਿਨ ਸੂਝੇ[1†]?

[1]ਸਾਰੇ ਪੰਡਤਾਂ ਨੂੰ ਗੁਰਾਂ ਨੇ ਪੁੱਛਿਆ।

[1]ਜਿਨ੍ਹਾਂ ਨੂੰ ਸੂਤਕ ਤੇ ਗ੍ਰਹਣ ਦੀ ਵਿਧੀ ਦੀ ਸੋਝੀ ਹੈ, ਤੇ ਸ਼ਾਸਤ੍ਰਾਂ ਵਿਚ ਕੀਕੂੰ (ਵਿਧੀ) ਲਿਖੀ ਹੈ, ਦੱਸੋ। †ਗੁਰੂ ਜੀ ਦੇ ਆਪਣੇ ਸ਼ਾਸਤ੍ਰ ਵਿਚ 'ਸਭੋ ਸੂਤਕ ਭਰਮ ਹੈ' ਲਿਖਿਆ ਹੈ, ਉਨ੍ਹਾਂ ਨੂੰ ਹੁਣ ਸੂਤਕ ਦੀ ਬਿਧੀ ਪੁਛਣ ਦੀ ਕੀ ਲੋੜ ਸੀ? ਇਹ ਬੀ ਸੌ ਸਾਖੀ ਦਾ ਤਰਜਮਾ ਹੀ ਕਵੀ ਜੀ ਨੇ ਕੀਤਾ ਹੈ।

ਸ਼ਾਸਤ੍ਰਨਿ ਬਿਖੈ ਲਿਖੇ ਕਿਮ ਕਹੋ?
ਨਿਰਨੈ ਕਰਜੋ ਮੁਨੀ ਗਨ ਲਹੋ'
॥੧੪॥
ਪੰਡਤ ਹਿਮਾਦ੍ਰੀ ਦੇਵਰਾਜ ਤਹਿਂ[1]।

[1]ਹਿਮਾਲੇ ਦਾ (ਅ) ਹਿਮਾਂਦ੍ਰਿ ਨਾਮੇ ਪੰਡਿਤ ਦੇ ਰਚਿਤ 'ਚਤੁਰ ਵਰਗ ਚਿੰਤਾਮਣਿ' ਨਾਮੇ ਗ੍ਰੰਥ ਦਾ ਜੋ ਪੰਡਿਤ ਹੋਵੇ ਸੋ ਹਿਮਾਂਦ੍ਰੀ, ਜਿਸ ਦਾ ਨਾਮ ਦੇਵਰਾਜ ਸੀ। (ੲ) ਸੁਮੇਰ ਦਾ।

ਸੁਨਿ ਸਤਿਗੁਰ ਤੇ ਆਸ਼ੈ ਕੋ ਲਹਿ।
[1]ਏਕ ਮਾਸ ਕੀ ਕਥਾ ਪੁਰਾਣ।

[1]ਇਕ ਮਹੀਨਾ ਭਰ ਕਥਾ ਪੁਰਾਣ ਦੀ ਹੋਈ (ਜਿਸ ਵਿਚ) ਧਰਮ ਸ਼ਾਸਤ੍ਰ ਦੀ (ਗਲ) ਵਰਣਨ ਕੀਤੀ।

ਧਰਮ ਸ਼ਾਸਤ੍ਰ ਕੀ ਕਰੀ ਬਖਾਨ ॥੧੫॥
ਮੈਂ[1] ਭੀ ਸੁਣੀ ਬਿਸਰ ਅਬਿ ਗਈ।
ਯਾਂ ਤੇ ਨਹੀਂ ਕਹੌਂ ਜਿਮ ਭਈ।
ਅਰੁ ਕਹਿਬੇ ਕੋ ਅਰਥ ਨ ਕੋਈ[1]।

[1]ਭਾਵ ਭਾਈ ਰਾਮਕੁਇਰ ਜੀ।

[1]ਲੋੜ ਵੀ ਕੋਈ ਨਹੀਂ। ਇਸ ਤੋਂ ਪਤਾ ਲੱਗਾ ਕਿ ਇਹੋ ਜਿਹੀਆਂ ਕਥਾਂ ਸਿੱਖਾਂ ਦੇ ਕਿਸੇ ਪ੍ਰਯੋਜਨ ਸਿੱਧੀ ਦੀਆਂ ਨਹੀਂ ਹਨ।

ਗੁਰੂ ਕਥਾ ਸੁਨੀਏ ਜਿਮ ਹੋਈ ॥੧੬॥
ਸ੍ਰੋਤਾ ਸਾਹਿਬ ਸਿੰਘ ਤੇ ਆਦਿ।

ਬੋਲੇ ਕਥਾ ਸੁਨਤਿ ਅਹਿਲਾਦ।
'ਭਾਈ ਜੀ! ਤੁਮ ਕੌ ਸਭਿ ਗਜਾਤਾ।
ਜੇਤਿਕ ਨਿਰਨਾ ਉਰ ਬੱਖਜਾਤਾ ॥੧੭॥
'ਗੁਰੁ ਢਿਗ ਕੋ ਨਿਰਨਾ ਜੁ ਬਿਸਾਲ।
ਕਹਹੁ ਅਲਪ ਭੀ[1] ਤੁਮ ਇਸ ਕਾਲ।
ਨਤੁ ਗੁਰ ਸਿੱਖ ਸੁਨਹਿੰਗੇ ਕਹਾਂ।
ਜੇ ਕਰਿ ਤੁਮ ਅਬਿ ਨਾਂਹਿਨ ਕਹਾ' ॥੧੮॥
ਸੁਨਿ ਕੈ ਰਾਮਕੁਵਰ ਤਬਿ ਕਹਯੋ।
ਸ੍ਰੀ ਗੁਰ ਮੁਖ ਤੇ ਜਿਮ ਸੁਨਿ ਲਹਯੋ[†]।

[1]ਥੋੜਾ ਜਿਹਾ ਹੀ ਕਹੋ।

[†]ਅੰਕ ੧੫ ਵਿਚ ਕਹਿ ਆਏ ਹਨ ਕਿ ਹਿਮਾਂਦ੍ਰੀ ਦੇਵਰਾਜ ਨੇ ਸੂਤਕ ਪਾਤਕ ਦੀ ਵਿਧੀ ਦੀ ਮਹੀਨੇ ਵਿਚ ਕਥਾ ਸੁਣਾਈ ਤੇ ਮੈਨੂੰ ਭੁੱਲ ਗਈ ਹੈ ਤੇ ਸ਼੍ਰੋਤਾ ਕਹਿੰਦੇ ਹਨ ਕਿ ਨਹੀਂ ਆਪ ਗਜਾਤਾ ਹੋ ਸੁਣਾਓ। ਹੁਣ ਚਾਹੀਦਾ ਸੀ ਕਿ ਆਪ ਕਹਿੰਦੇ ਕਿ ਹਿਮਾਂਦ੍ਰੀ ਬ੍ਰਾਹਮਣ ਤੋਂ ਅਸਾ ਐਉਂ ਸੁਣਿਆ ਸੀ, ਪਰ ਆਖਦੇ ਹਨ ਕਿ ਅਸਾਂ ਸਤਿਗੁਰਾਂ ਤੋਂ ਐਉਂ ਸੁਣਿਆਂ ਸੀ। ਸਤਿਗੁਰਾਂ ਦੇ ਸੂਤਕ ਸੁਨਾਉਣ ਦਾ ਜ਼ਿਕਰ ਪਿਛੇ ਕੋਈ ਨਹੀਂ ਹੈ, ਤਾਂਤੇ ਇਹ ਬੀ ਸੌ ਸਾਖੀ ਵਾਲੇ ਦੀ ਬਨਾਵਟ ਦਾ ਸੂਚਕ ਹੈ ਜੋ ਚੇਤਾ ਖੁੰਝ ਗਿਆ ਹੈ, ਬਨਾਵਟ ਕਰਨ ਵਿਚ ਚੇਤਾ ਖੁੰਝ ਜਾਣਾ ਮਾਮੂਲੀ ਬਾਤ ਹੈ। ਸੌ ਸਾਖੀ ਵਿਚ ਇਹ ਇਬਾਰਤ ਹੈ:-'ਬੋਲ ਵਾਕ ਗੁਰੂ ਜੀ ਪਾਤਸ਼ਾਹੀ ਦਸਵੀਂ।'

ਦਿਜ ਕੇ ਦਸ ਦਿਨ ਸੂਤਕ ਹੋਇ।
ਛੱਤ੍ਰੀ ਕੇ ਦ੍ਵਾਦਸ਼[1] ਲਖਿ ਸੋਇ ॥੧੯॥
ਦਿਵਸ ਪੰਚ ਦਸ਼ ਬੈਸ਼ ਪਛਾਨ।
ਸਦਨ ਸ਼ੂਦ੍ਰ ਕੇ ਤੀਸ ਬਖਾਨ।
ਦੂਧ ਧੇਨੁ ਕੋ ਦਸ ਦਿਨ ਜੋਇ।
ਮਹਿਖੀ ਕੋ ਦ੍ਵਾਦਸ਼ ਲਖਿ ਸੋਇ ॥੨੦॥
ਸ਼੍ਰਾਧ ਨ ਜੱਗ ਕਰਹੁ ਤਿਹ ਸੰਗਾ।
ਜੋ ਖਾਵੈ ਰੋਗੀ ਹੁਇ ਅੰਗਾ।
ਸੂਤਕ ਤੇ ਪਾਤਕ[1] ਸਭਿ ਮਿਟੈ।
ਪਾਤਕ ਤੇ ਸੂਤਕ ਨਹਿਂ ਹਟੇ ॥੨੧॥
ਸੂਤਕ ਪਾਤਕ ਸਦਨ ਰਹੇਯ[1]।
ਤਬਿ ਲੌ ਦਾਨ ਦੇਯ ਨਹਿਂ ਲੇਯ।
ਜੌ ਲੇਵੈ ਬੰਦਰ ਤਨ ਪਾਵੈ।
ਦਾਨ ਦੇਯ ਸੋ ਨਰਕ ਸਿਧਾਵੈ[†] ॥੨੨॥

[1]ਬਾਰਾਂ (ਦਿਨ)।

[1]ਸੂਤਕ=ਜੰਮੇ ਦੀ ਛੂਹ। ਪਾਤਕ=ਮਰੇ ਦੀ ਛੋਹ।

[1]ਜਦ ਤਕ) ਘਰ ਰਹੇ।

[†]ਏਹ ਵਹਿਮ ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦੇ ਵਿਰੁੱਧ ਹਨ। ਹਾਂ ਸਫਾਈ ਤੇ ਸੁੱਛਤਾ ਦਾ

ਤਜਾਗ ਕਦੇ ਨਹੀ ਕਰਨਾ।

ਦੋਹਰਾ:

ਗ੍ਰਹਣ ਜੁ ਖਜਾਹੀ ਅਸ਼ਟਕਾ, ਰੋਗੀ ਦੇਵੈ ਤਜਾਗ[1]।

[1]ਗ੍ਰਹਣ ਦਾ, ਖਜਾਹ ਦਾ, ਅਸ਼ਟ (ਜੋਗਣੀ) ਦਾ ਤੇ ਰੋਗੀ ਦਾ ਦਾਨ ਤਿਆਗ ਦੇਵੇ।

ਅੰਤ ਦਾਨ ਕ੍ਰਿਆ ਮ੍ਰਿਤਕ ਕੀ, ਕਰੈ ਸੂਤਕੀ ਰਾਗ[1] ॥੨੩॥

[1](ਮਰਨਹਾਰੇ ਦੇ) ਅੰਤਲੇ ਦਾਨ ਦਾ, ਮੋਏ ਦੀ ਕਿਰਿਆ ਦੇ (ਦਾਨ) ਦਾ ਤੇ ਸੂਤਕ ਦੇ ਦਾਨ ਦਾ ਜੋ ਲਾਲਚ ਕਰੇਗਾ।

ਤੀਰਥ ਜਾਵੈ ਸ਼੍ਰਾਧ ਬਿਧਿ, ਅਰ ਜੋ ਕਰੈ ਨ ਦਾਨ[1]।

[1]ਜੇ ਤੀਰਥ ਤੇ ਤਾਂ ਜਾਵੇ ਤੇ ਬਿਧਿ ਸੰਯੁਕਤ ਸ਼੍ਰਾਧ ਤੇ ਦਾਨ ਨਾ ਕਰੇ (ਸੋ.....)।

ਰਾਖਸ਼ ਹੁਇ ਚੰਡਾਲ ਘਰ, ਭੋਗੈ ਦੀਆ ਆਨ[1] ॥੨੪॥

[1]ਤੇ ਦੂਜੇ ਦਾ ਦਿੱਤਾ ਖਾਏਗਾ।

[1]ਗ੍ਰਹਣ ਆਦਿ ਗੰਗਾ ਸਲਲ, ਪੁੱਤ੍ਰ ਜਨਮ ਜਬਿ ਹੋਇ।

ਬਜਾਹ ਸਮੈਂ ਨੰਦੀ ਕਰੈ, ਦੋਖ ਸ਼ੰਕ ਦੇ ਧੋਇ ॥੨੫॥

[1]ਗ੍ਰਹਣ ਆਦਿ (ਸਮੇਂ) ਗੰਗਾ ਜਲ ਵਿਚ (ਨ੍ਹਾਵੇ ਤੇ) ਪੁੱਤ੍ਰ ਜਨਮ ਜਦ ਹੋਵੇ ਜਾਂ ਵਿਆਹ ਹੋਵੇ ਤਾਂ ਨੰਦੀ ਮੁਖ ਕਰੇ ਤਾਂ ਦੋਖ ਤੇ ਸ਼ੰਕ ਧੋਤੇ ਜਾਣਗੇ। [ਨੰਦੀ ਮੁਖ=ਵਿਵਾਹ, ਪੁੱਤ੍ਰ ਜਨਮ, ਬ੍ਰਿਧੀ ਆਦਿ ਮੰਗਲ ਸਮਿਆਂ ਤੇ ਇਕ ਸ਼੍ਰਾਧ ਕਰਦੇ ਹਨ, ਉਸ ਨੂੰ ਨਾਂਦੀ ਮੁਖ ਕਹਿੰਦੇ ਹਨ]।

[1]ਅਪਦਾ ਬਿਪਦ ਬਿਦੇਸ਼ ਮਹਿਂ ਅਣਸੁਨ ਦੋਖ ਨ ਹੋਇ।

ਸ਼ੁੱਧਿ ਕਰਮ ਬਿੱਪ੍ਰ ਨ ਕਰੈ, ਸਕਲ ਦੋਸ਼ ਲੇ ਸੋਇ[੬] ॥੨੬॥

[1]ਆਪਤ ਕਾਲ ਵਿਚ, ਵਿਪਤਾ ਵਿੱਚ ਵਿਦੇਸ਼ ਗਏ ਹੋਇਆਂ ਨਾ ਸੁਣਨ ਦੀ ਹਾਲਤ ਵਿਚ ਦੋਸ਼ ਨਹੀਂ ਲੱਗਦਾ, (ਪਰ ਜੇ ਇਨ੍ਹਾਂ ਗੱਲਾਂ ਤੋਂ) ਸ਼ੁੱਧ ਅਵਸਥਾ ਵਿਚ ਬ੍ਰਹਮਣ (ਲੋੜੀਂਦਾ) ਕਰਮ ਨਾਂ ਕਰੇਗਾ ਉਹ ਸਾਰੇ ਦੂਸ਼ਣ ਲੈ ਲਵੇਗਾ।

ਲੋਭੀ ਬਿੱਪ੍ਰ ਜੁ ਪਾਤਕੀ, ਲੋਭੀ ਸਾਕ ਰੁ ਸਿੱਖ[1]।

[1]ਲੋਭੀ ਬ੍ਰਾਹਮਣ, ਲੋਭੀ ਸਾਕ ਤੇ ਲੋਭੀ ਸਿੱਖ ਪਾਪੀ ਹਨ।

ਭੋਗੇ ਨਰਕ ਪਿਸ਼ਾਚੁ ਹੁਇ,
ਇਹੀ ਬੇਦ ਕਹਿਂ ਰਿੱਖਿ[1] ॥੨੭॥

[1]ਰਿਖੀ ਤੇ ਬੇਦ ਕਹਿੰਦੇ ਹਨ।

ਮੇਰੋ ਸਿੱਖ ਸਭਿ ਜਾਤਿ ਕਾ,
ਪੰਦ੍ਰਾ ਦਿਨ ਕੀ ਮਾਨ[1][†]।

[1]ਪੰਦ੍ਰਾਂ ਦਿਨਾਂ ਦਾ ਸੂਤਕ ਮੰਨੇ। [†]ਕਿਸ ਚਲਾਕੀ ਨਾਲ ਕੋਈ ਆਖੇਪਕਾਰ ਸਿੱਖਾਂ ਨੂੰ ਆਪਣੇ ਹਿਸਾਬ ਵੈਸ਼ ਦਾ ਦਰਜਾ ਦੇ ਰਿਹਾ ਹੈ। ਦੇਖੋ ਪਿਛੇ ਅੰਕ ੨੦।

| | |
|---|---|
| ਪਿੱਤ੍ਰ ਦਿਵਸ ਪਛ ਏਕ ਕਰ, ਸੋ ਮਮ ਨਿਕਟਿ ਜਾਨ[1†] ॥੨੮॥ | [1]ਸਾਰੇ) ਪਿੱਤ੍ਰ ਪੱਖ ਵਿਚ ਇਕ ਦਿਨ ਕਰੇ (ਸ਼ਰਾਧ) ਉਹ ਮੇਰਾ ਨਿਕਟੀ ਜਾਣੋ। [†]ਸੂਤਕ ਤੇ ਮ੍ਰਿਤਕ ਦੇ ਸ਼੍ਰਾਧ ਆਦਿ ਗੁਰਮਤ ਵਿਚ ਵਿਹਤ ਨਹੀਂ। ਕੀਰਤਨ ਪਾਠ ਅਰਦਾਸੇ ਪੁੰਨ ਦਾਨ ਆਦਿ ਸਦਾ ਵਿਹਤ ਹਨ। |
| ਭਲਾ ਬਹੁਤ ਅਣਪੜ੍ਹ ਜੁ ਨਰ, ਵਾ ਗਜਾਨੀ ਨਿਰਲੋਭ[1]। | [1]ਜੋ ਨਰ ਅਨਪੜ੍ਹ ਹੈ ਚਾਹੋ ਗਿਆਨੀ ਹੈ ਜੋ ਨਿਰਲੋਭ ਹੈ ਤਾਂ ਬਹੁਤ ਭਲਾ ਹੈ। |
| ਪੜਿਆ ਪਾਪੀ ਨਾਰਕੀ, ਜੋ ਲੋਭੀ ਬਹੁ ਖੋਭ[1]' ॥੨੯॥ | [1]ਪੜਿਆ ਲੋਭੀ ਤੇ ਗੁੱਸੇ ਵਾਲਾ ਨਾਰਕੀ ਹੈ। |
| ਇੱਤਜਾਦਿਕ ਨਿਰਨੈ ਭਯੋ, ਧਰਮ ਸ਼ਾਸਤ੍ਰਨ ਮਾਂਹਿ। | |
| ਨਿਜ ਸਿੱਖਨਿ ਪਹਿ[†] ਗੁਰ ਕਹੀ[1], ਸਭਿਹੂੰ ਬੈਠੇ ਪਾਹਿ ॥੩੦॥ | [1]ਭਾਵ ਸਿੱਖਜ਼। [†]ਪਾ:-ਪਰਿ। |
| [‡]ਕਹਿ ਕਰਿ ਮੰਦਰ ਮੋਂ ਗਏ, ਥਿਰੇ ਸੇਜ ਪਰ ਜਾਇ। | [‡]ਇਹ ਸੌ ਸਾਖੀ ਦੀ ੬੮ਵੀਂ ਸਾਖੀ ਹੈ। |
| ਤਬਿ ਗੁਰ ਮਹਿਲਾ ਦੀਰਘਾ[1], ਜੀਤੋ ਜਿਸ ਕਾ ਨਾਇ ॥੩੧॥ | [1]ਵਡੇ ਮਹਿਲ। |

ਚੌਪਈ:

ਪਹੁੰਚੀ ਸ਼੍ਰੀ ਕਲ਼ਗੀਧਰ ਪਾਸ।
ਜਿਸ ਕੇ ਰਿਦੇ ਸ਼੍ਰੇਯ ਕੀ ਆਸ।
ਬਾਰ ਬਾਰ ਪਦ ਬੰਦਨ ਕਰੀ।
ਭਨਤਿ ਬਿਨੈ ਕਰ ਜੋਰਿ ਹੁਇ ਖਰੀ ॥੩੨॥
ਕਮਲ ਬਿਲੋਚਨ ਤੇ ਗੁਰ ਹੇਰੀ।
ਹੁਇ ਪ੍ਰਸੰਨ ਬੋਲੇ ਤਿਸ ਬੇਰੀ।
'ਘਰ ਵਾਲਜੇ ਮਨ ਮਤਾ ਤੁਹਾਰਾ।
ਕਿਸ ਬਿਧ ਕੋ ਹੈ[1]? ਕਰੋ ਉਚਾਰਾ ॥੩੩॥ — [1]ਮਨ ਦਾ ਮਤਾ ਤੁਹਾਡਾ ਕੀਹ ਹੈ।
ਕਹਿਬੇ ਉਚਿਤਿ ਹੋਇ ਕਛੁ ਕਹੋ।
ਜਥਾ ਕਾਮਨਾ ਤੈਸੇ ਲਹੋ।'
ਸੁਨਿ ਅਧੀਨ ਹੁਇ ਜੀਤੋ ਤਬੈ।
ਮਨ ਕੋ ਮਤਾ ਭਨਤਿ ਭੀ ਸਬੈ ॥੩੪॥

'ਜਗ ਗੁਰ ! ਮੈਂ ਹੌਂ ਤੁਮਰੇ ਗ੍ਰੇਹ।
ਹਮ ਭੀ ਅਹੈਂ ਮਾਨੁਖੀ ਦੇਹ।
ਕਹਾਂ ਭਯੋ ਜੇ ਤ੍ਰੀਮਤ ਜਾਮਾ।
ਬੀਤੀ ਬੈਸ ਆਪ ਕੇ ਧਾਮਾ ॥੩੫॥
ਪ੍ਰਾਪਤਿ ਨਹਿਂ ਸਤਿਸੰਗ ਵਿਸ਼ੇਸ਼ਹੁ।
ਤੁਮ ਹੀ ਗੁਰ ਸਭਿ ਕੋ ਉਪਦੇਸ਼ਹੁ।
ਨਿਜ ਪ੍ਰਿਯ ਸਿੱਖਨਿ ਜਿਮ ਸਮੁਝਾਵਹੁ।
ਤਿਮ ਮੋ ਕਉ ਉਪਦੇਸ਼ ਦ੍ਰਿੜਾਵਹੁ ॥੩੬॥
ਨਿਤ ਹੀ ਚਿਤ ਕੀ ਚਾਹ ਬਖਾਨੀ[1]।
ਮਨ ਥਿਰਤਾ ਲਹਿ ਜਿਮ ਨਿਜ ਥਾਨੀ।'
ਸ੍ਰੀ ਸਤਿਗੁਰ ਸੁਨ ਪਤਨੀ ਬਾਤ।
ਬੋਲੇ ਜੋਗ ਰੀਤੀ ਬੱਖਜਾਤ ॥੩੭॥

[1]ਮੈਂ ਕਹੀ ਹੈ।

**ਦੋਹਰਾ:**
'ਮਨ ਤੇ ਸਭਿ ਸਾਧਨ ਬਨੇ, ਮਨ ਲਗ ਸਭਿ ਉਪਦੇਸ਼[1]।
ਮਨੂਆ ਪਲਟੈ ਗਜਾਨ ਹੁਇ, ਮਨ ਲਾਗੇ ਰਤਿ ਸ਼ੇਸ਼[1] ॥੩੮॥

[1]ਮਨ ਤਕ ਸਭ ਸਾਧਨ ਤੇ ਮਨ ਤਕ ਹੀ ਸਭ ਉਪਦੇਸ਼ ਹਨ।

[1]ਜਦ ਮਨ (ਸੰਸਾਰ ਵਲੋਂ) ਪਲਟਦਾ ਹੈ ਤੇ ਗਿਆਨ ਹੋ ਜਾਂਦਾ ਹੈ ਤਦ ਮਨ ਦੀ ਪ੍ਰੀਤੀ ਵਿਸੇਸ਼ (ਕਰਕੇ) ਲਗਦੀ ਹੈ (ਵਾਹਿਗੁਰੂ ਵਿਚ)। (ਅ) ਮਨ ਦੀ ਪ੍ਰੀਤ ਲਗਦੀ ਹੈ ਸ਼ੇਸ਼ (=ਬ੍ਰਹਮ) ਵਿਚ।

ਮੁਖ ਰੁਧੈ ਲਖਿ ਸ੍ਵਾਸ ਕੋ, ਬ੍ਰਿਤ ਅੰਤਰ ਮੁਖਿ ਦੇਇ[1]।
ਇਹੈ ਰੀਤਿ ਕਰਨਾ ਦੁਰਤਿ, ਮਨੂਆ ਮ੍ਰਿਗ ਸੁਖ ਲੇਇ[1] ॥੩੯॥

[1]ਮੂੰਹ ਰੋਕੇ (ਮੋਨ ਕਰੇ) ਸ੍ਵਾਸਾਂ ਨੂੰ ਵੇਖੇ (ਕਿ ਨਾਮ ਨਾਲ ਮਿਲੇ ਆ ਜਾ ਰਹੇ ਹਨ ਇਉਂ) ਬ੍ਰਿਤੀ ਨੂੰ ਅੰਤਰਮੁਖੀ ਕਰੇ।

[1]ਇਹ ਰੀਤ ਕਰਨ ਨਾਲ ਮਨ ਰੂਪੀ ਮ੍ਰਿਗ (ਦ੍ਰੁਤ=)ਛੇਤੀ ਸੁਖੀ ਹੋ ਜਾਂਦਾ ਹੈ। (ਅ) ਜੇ ਪਾਠ 'ਨਾਦ ਰਤਿ' ਕਰੀਏ ਤਾਂ ਸੌ ਸਾਖੀ ਨੇ ਇਹੋ ਪਦ 'ਰਤਿ ਨਾਦ' ਕਹਿਕੇ ਫੇਰ ਵਰਤਿਆ ਹੈ। ਉਸਦਾ ਟੀਕਾ ਕਵਿ ਜੀ ਨੇ ਅਗਲੇ ਅੰਸੂ ਦੇ ਅੰਕ ੩੧-੩੨-੩੩ ਵਿਚ ਕੀਤਾ ਹੈ।

ਨੈਨ ਲਗੇ ਬੈਨਨਿ ਲਗੇ, ਸ੍ਰਵਨ ਸ਼ਬਦ ਕੇ ਮੱਧ।
ਉਪ੍ਰੰਤ ਮਨੂਆ ਬਿਖੈ ਤੇ, ਬ੍ਰਹਮਨੰਦ ਸੁਖ ਸੁੱਧ[1] ॥੪੦॥

[1]ਵਿਸ਼ਿਆਂ ਤੋਂ ਮਨ ਦੇ ਉਪ੍ਰਾਮ ਹੋਣ ਨਾਲ ਆਨੰਦ ਰੂਪ ਬ੍ਰਹਮ ਦੇ ਸੁਖ ਦੀ ਸੋਝੀ ਹੁੰਦੀ ਹੈ।

ਜਿਹਬਾ ਤਾਲੂ ਮੱਧ ਦੇ, ਨੈਨ ਲਗਾਵੈ

[1]ਨੱਕ ਦੀ ਕੋਲੀ ਯਾ ਭਰਵਟਿਆਂ ਦੇ ਵਿਚ ਨੱਕ ਦੀ ਜੜ੍ਹ ਤੋਂ ਭਾਵ ਹੈ। (ਇਹ ਹਠ ਯੋਗ ਦੀ ਖੇਚਲੀ ਮੁੱਦ੍ਰਾ

ਨਾਕ[1]।

ਹੈ, ਦੇਖੋ ਹਠ ਯੋਗ ਪ੍ਰਾ: ੩੦ ਤੋਂ ੩੫)।

ਪਹਿਲਾਂ ਐਸੇ ਸੇਵੀਐ, ਸਤਿਗੁਰ ਪਦ ਮਨ ਭਾਕ[1] ॥੪੧॥

[1]ਭਾਵ ਸ਼ੁਧ [ਦੇਖੋ ਗੀਤਾ ੯. ੩੦ ਜਿਥੇ ਪਦ ਭਾਕ ਵਰਤਿਆ ਹੈ]।

ਨਾਭਿ ਠਹਿਰਾਵੈ ਸ੍ਵਾਸ ਜਬ, ਬ੍ਰਿੱਤਿ ਥੰਭਾਵੈ ਅੰਤਿ[1]।

[1]ਜਦੋਂ ਸਵਾਸਾਂ ਨੂੰ ਨਾਭੀ ਵਿਚ ਠਹਿਰਾਵੇ (ਤਦੋਂ) ਬ੍ਰਿਤੀ ਨੂੰ ਅੰਤਰਮੁਖ ਠਹਿਰਾਵੇ।

ਬਹੀ ਬਾਸਨਾ ਰੋਕੀਏ, ਤੀਨ ਮਾਸ ਲਗੁ ਸੰਤ[1] ॥੪੨॥

[1]ਹੇ ਸੰਤ ਜੀ! ਜਦ ਤ੍ਰੈ ਮਹੀਨੇ ਤਕ ਚਲ ਰਹੀਆਂ ਵਾਸ਼ਨਾਂ ਨੂੰ ਰੋਕੀਏ ਤਾਂ......[1]

[1]ਚੌਥ ਮਾਸ ਥਿਤ ਪਾਇ ਕੈ, ਨਾਮ ਵਸਤੁ ਜੋ ਦੇਖਿ।

[1]ਚੌਥੇ ਮਹੀਨੇ ਟਿਕਾਉ ਪ੍ਰਾਪਤ ਹੋ ਜਾਕੇ ਨਾਮ (ਰੂਪੀ) ਵਸਤੂ ਨੂੰ ਲਖ ਲੈਂਦਾ ਹੈ, ਉਹੀ (ਨਾਮ ਫਿਰ) ਆਪਣੇ (ਅੰਗ=ਹਿਰਦੇ ਵਿਚ ਅਥਵਾ) ਅੰਗ ਅੰਗ ਵਿਚ ਲਖ ਲੈਂਦਾ ਹੈ, ਇਹੋ ਵਡੇ ਜੋਗੀਆਂ ਨੇ ਲਖਿਆ ਹੈ। (ਅ) ਕਈ ਸਿਆਣੇ ਵੇਦਾਂਤ ਪੱਖ ਵਿਚ ਇਸ ਦਾ ਅਰਥ ਐਉਂ ਲਾਉਣ ਦਾ ਯਤਨ ਕਰਦੇ ਹਨ :-੪ ਮਹੀਨੇ (ਮਨ ਦੇ) ਟਿਕ ਗਿਆਂ ਜੋ ਵਸਤੂ (ਬਾਹਰ) ਦੇਖੀਦੀ ਹੈ (ਸੋ) ਨਾਮ (ਰੂਪ, ਭਾਵ ਮਿਥਿਆ) ਦਿੱਸਦੀ ਹੈ ਤੇ ਉਹੋ (ਸਾਧਕ ਫਿਰ) ਆਪਣੇ (ਅੰਗ=) ਸਰੂਪ ਨੂੰ ਲਖ ਲੈਂਦਾ ਹੈ।

ਸੋਈ ਅੰਗ ਆਪਨ ਲਖੈ, ਇਹੀ ਜੁਗੀਸ਼ਰ ਪੇਖਿ[3] ॥੪੩॥

ਤੀਬਰ ਬਾਸ਼ਨਾ ਦੂਰ ਕਰਿ, ਜਿਉਂ ਜਲ ਮਕਰੀ ਧਾਇ[1]।

[1]ਤ੍ਰਿਖੀਆਂ ਵਾਸ਼ਨਾਂ ਨੂੰ ਜੋ ਤਲ ਉਤੇ ਮਕੜੀ ਵਾਂਗੂੰ ਦੌੜਦੀਆਂ ਹਨ ਦੂਰ ਕਰੇ। (ਅ) ਤੀਬਰ ਵਾਸ਼ਨਾ ਦੂਰ ਕਰੇ ਤੇ ਬ੍ਰਹਮ ਵਲ ਐਉਂ ਚਲੇ ਕਿ ਜਿਵੇਂ ਜਲ ਤੇ ਮਕਰੀ ਚਲਦੀ ਹੈ। [ਸੰਸਕ੍ਰਿਤ, ਮਕਰੀ=ਮਾਗਰ ਮੁੱਖੀ]। [ਪੰਜਾ:, ਜਲਮਕੜੀ=ਜਲ ਤੇ ਦੌੜਨ ਵਾਲਾ ਇਕ ਨਿੱਕਾ ਜੰਤੂ]।

ਐਸੀ ਸਾਧੋ ਸਾਧਨਾ, ਮਨੂਆ ਚਿੱਤ ਬਿਲਾਇ[1] ॥੪੪॥

[1]ਮਨ ਦੀਆਂ ਚਿਤਵਨਾਂ ਨਾਸ਼ ਹੋ ਜਾਣ।

ਪੰਚ ਭੂਤ[1], ਭੂੰ[2], ਬਾਰਿ[3], ਹਰਿ[4], ਬਾਯੁ, ਗਗਨ[5], ਸਥੂਲ[6]।

[1]ਪੰਜ ਤੱਤ। [2]ਪ੍ਰਿਥਵੀ। [3]ਜਲ। [4]ਅਗਨੀ। [5]ਅਕਾਸ਼। [6](ਇਹ ਪੰਜੇ) ਸਥੂਲ ਹਨ।

ਗੰਧ, ਰਸ, ਰੂਪ, ਸਪਰਸ[1], ਧੁਨਿ[2], ਸੂਖਮ ਕ੍ਰਮ ਇਹ ਮੂਲ[3] ॥੪੫॥

[1]ਛੁਹ। [2]ਸ਼ਬਦ। [3]ਇਹ ਸੂਖਮ ਤੱਤ (ਦੂਜੇ ਪੰਜਾਂ) ਦਾ ਕ੍ਰਮਵਾਰ ਮੂਲ ਹਨ।

ਪ੍ਰਾਨ, ਅਪਾਨ, ਸਮਾਨ, ਤ੍ਰੈ, ਪੁਨ ਬਿਆਨ, ਉਦਜਾਨ[1]।

[1]ਇਹ ਪੰਜ ਪ੍ਰਾਣ ਹਨ)।

ਉਰ[1], ਪਾਯੂ[2], ਰਿਦ[3], ਸੰਧ[4†], ਲਖਿ ਨਾੜੀ ਪੰਚ ਸਥਾਨ[‡] ॥੪੬॥

[1]ਹਿਰਦਾ। [2]ਗੁਦਾ। [3]ਨਾਭਿ। [4]ਕੰਠ।

[†]ਸੌ ਸਾਖੀ ਨੇ ਨਾਭਿ ਦੀ ਥਾਂ ਪਦ 'ਹਿਰਦਾ' ਵਰਤਿਆ ਹੈ ਤੇ ਕਵਿ ਜੀ ਨੇ ਇਸ ਨੂੰ 'ਰਿਦ' ਲਿਖਿਆ ਹੈ ਤੇ ਸੌ ਸਾਖੀ ਨੇ 'ਕੰਠ' ਦੀ ਥਾਵੇਂ 'ਸੰਧ' ਲਿਖਿਆ ਹੈ ਤੇ ਕਵੀ ਜੀ ਨੇ ਵੀ 'ਸੰਧ' ਹੀ ਲਿਖ ਦਿੱਤਾ ਹੈ। ਜਾਪਦਾ

ਹੈ ਕਿ ਸੌ ਸਾਖੀ ਵਿਚ ਪਦ ‘ਸੰਘ’ ਸੀ, ਲਿਖਾਰੀ ਦੀ ਭੁਲ ਨੇ ‘ਸੰਧ’ ਕੀਤਾ ਹੈ ਤੇ ਸੂ: ਪ੍ਰ: ਵਿਚ ਬੀ ਇਹੋ ਗ਼ਲਤੀ ਮੱਖੀ ਤੇ ਮੱਖੀ ਵਾਂਙੂ ਜਾ ਵੱਜੀ ਹੈ। ਸੰਧ ਦਾ ਅਰਥ ਕੰਠ ਨਹੀਂ ਹੈ। ਤੇ ਉਦਜਾਨ ਨਾਮੇ ਪ੍ਰਾਣ ਕੰਠ ਯਾ ਸੰਘ ਵਿਚ ਹੈਨ ਸੋ ਏਥੇ ਕ੍ਰਮ ਭੰਗ ਦੋਸ਼ ਬੀ ਹੈ ਕਿਉਂਕਿ ਨਾ: ਪ੍ਰ: ਪੂ: ਧਿ: ੬੦ ਅੰਕ ੫੦, ੫੧ ਅਨੁਸਾਰ ਠੀਕ ਕ੍ਰਮ ਇਹ ਹੈ:- ਪ੍ਰਾਨ, ਅਪਾਨ, ਸਮਾਨ, ਉਦਜਾਨ ਤੇ ਬਜਾਨ। ਇਹੀ ਕ੍ਰਮ ਵਿਚਾਰ ਚੰਦੋਦਯ ਦਾ ਹੈ। ‡ਇਹ ਪੰਜ ਪ੍ਰਾਣਾਂ ਤੇ ਪੰਜ ਉਨ੍ਹਾਂ ਦੇ ਟਿਕਾਣਿਆਂ ਦਾ ਵੇਰਵਾ ਕਵਿ ਜੀ ਨੇ ਸੌ ਸਾਖੀ ਮੁਜਬ ਦਿੱਤਾ ਹੈ:- ਪ੍ਰਾਣ (ਉਰ=) ਦਿਲ ਵਿਚ, ਅਪਾਨ (ਪਾਯੂ=) ਗੁਦਾ ਵਿਚ, ਸਮਾਨ (ਰਿਦ=) ਨਾਭੀ ਵਿਚ, ਬਜਾਨ (ਸੰਘ=) ਕੰਠ ਵਿਚ ਤੇ ਉਦਜਾਨ (ਨਾੜੀ=) ਨਾੜੀਆਂ ਵਿਚ। ਇਸ ਹਿਸਾਬ ਵਿਚ ਗ਼ਲਤੀ ਹੈ, ਉਦਜਾਨ ਕੰਠ ਵਿਚ ਤੇ ਬਿਆਨ ਸਾਰੇ ਸਰੀਰ ਅਥਵਾ ਨਾੜੀਆਂ ਵਿਚ ਹੈਨ। ਇਹ ਦਰੁਸਤ ਹਿਸਾਬ ਕਵਿ ਜੀ ਆਪ ਨਾ: ਪ੍ਰ: ਪੂ: ਧਿ: ੬੦ ਅੰਕ ੫੦-੫੧ ਵਿਚ ਦੇ ਆਏ ਹਨ, ਏਥੋ ਸੌ ਸਾਖੀ ਵਿਚ ਜੋ ਸ਼ਰਧਾ ਆਪ ਦੀ ਸੀ ਉਸ ਕਰਕੇ ਇਸ ਗ਼ਲਤੀ ਨੂੰ ਬੀ ਉਸ ਦੇ ਮੁਤਾਬਿਕ ਟੀਕਾ ਕਰ ਗਏ ਹਨ, ਦਰੁਸਤ ਕਰਨ ਵਲ ਧਿਆਨ ਨਹੀਂ ਗਿਆ।

ਨਾਗ, ਕੱਛੂਓ, ਕ੍ਰਿੱਕਲੀ,
ਦੇਵ ਦੱਤ, ਧਨ ਜੀਤ[1]।

[1]ਇਹ ਪੰਜੇ ਉਪ ਪ੍ਰਾਣ ਹਨ।

ਉਦਗਾਰ[1], ਨੇਤ੍ਰ[2], ਛਿਕ[3], ਜੰਭਣਾ[4],
ਮੂਏ ਕਪਾਲੀ ਰੀਤ[1] ॥੪੭॥

[1]ਡਕਾਰ। [2]ਪਲਕ ਉਘਾੜਨਾ। [3]ਨਿੱਛਣਾ। [4]ਉਬਾਸੀ।

[1]ਪ੍ਰਾਣ ਮੋਇਆ ਤੇ (ਧਨੰਜੇ) ਕਪਾਲ ਕ੍ਰਿਯਾ ਨਾਲ (ਨਿਕਲਦੇ ਹਨ) ਭਾਵ ਇਹ ਹੈ ਕਿ ਪੰਜੇ ਕ੍ਰਮਵਾਰ ਉਪ ਪ੍ਰਾਣਾਂ ਦੀਆਂ ਕ੍ਰਿਯਾਂ ਹਨ।

ਭਿੰਨ ਭਿੰਨ ਸਭ ਬਾਂਟ ਕਰਿ
ਤੱਤ੍ਵਨਿ ਧਾਤੂ ਬਾਂਟ[1]।
ਅੰਤਹਕਰਨ ਸੁ ਭਿੰਨ ਕਰਿ
ਸ਼ੇਖ ਆਤਮਾ ਸਾਟ[1]† ॥੪੮॥

[1]ਤੱਤਾਂ ਦੀਆਂ ਪ੍ਰਕ੍ਰਿਤੀਆਂ ਬੀ ਵੰਡ ਦੇਵੇ।

[1]ਬਾਕੀ ਆਤਮਾ ਨੂੰ। ਛਾਂਟ ਲਵੇ ਭਾਵ ਪ੍ਰਿਥਕ ਪ੍ਰਿਥਕ ਲਖ ਲਵੇ। (ਅ) ‘ਸਾਟ’ ਦਾ ਅਰਥ ਸ੍ਰੇਸ਼ਟ ਭੀ ਕਰਦੇ ਹਨ। †ਇਹ ਹਠ ਯੋਗ ਦਾ ਵਿਸ਼ਾ ਸ਼੍ਰੀ ਗੁ: ਨਾਨਕ ਪ੍ਰਕਾਸ਼ ਪੂਰ: ਧਿਆ ੬੦ ਵਿਚ ਖੁੱਲ੍ਹਾ ਆ ਚੁੱਕਾ ਹੈ।

ਇਹੀ ਗਜਾਨ ਇਹ ਜੋਗ ਹੈ
ਇਹੀ ਭਗਤਿ ਕਾ ਕਾਜ।
ਜੱਗ ਦਾਨ ਤੀਰਥ ਤਪਨਿ
ਜਾਂ ਬਿਧ ਮਨ ਕੋ ਸਾਜ[1] ॥੪੯॥

[1]ਜਿਸ ਤਰ੍ਹਾਂ ਮਨ ਸਵਾਰਿਆ ਜਾਂਦਾ ਹੈ।

ਚੌਪਈ:

ਦਿਨ ਕੈ ਨਿਸ ਮਹਿਂ ਅਲਪ ਅਹਾਰੀ।
ਦਮ ਕੋ[1] ਸਾਧੈ ਮਨਹਿਂ ਸੁਧਾਰੀ।
ਮਿੱਥਿਆ ਤਨ ਧਨ ਸੁਤ ਅਰੁ ਦਾਰਾ।
ਮਿੱਥਿਆ ਜਗੁ ਕੋ ਬ੍ਰਿੰਦ ਪਸਾਰਾ ॥੫੦॥

[1]ਸ੍ਵਾਸਾਂ ਨੂੰ।

ਪ੍ਰਾਪਤਿ ਜੋਗੁ ਬਨੈ ਅੱਭਜਾਸੀ[1]।

[1]ਪਿਛਲੀਆਂ ਦੋ ਤੁਕਾਂ ਵਿਚ ਵੈਰਾਗ ਦੱਸਿਆ ਨੇ ਤੇ

ਕਹਿੰਦੇ ਹਨ ਕਿ ਵੈਰਾਗ ਨਾਲ) ਅਭਜਾਸੀ ਜੋਗ ਨੂੰ ਪ੍ਰਾਪਤ ਹੁੰਦਾ ਹੈ।

ਬਿਨ ਅੱਭਜਾਸ ਪਰੈ ਜਮ ਫਾਸੀ।
ਰਾਜ ਜੋਗ ਇਹ ਤੋਹਿ ਬਤਾਯੋ।
ਕਰਿ ਸਾਧਨ ਜੇ ਚਿਤ ਲਲਚਾਯੋ'
॥੫੧॥⚐

ਸੁਨਿ ਸਤਿਗੁਰ ਕੇ ਬਚ ਗਤਿ ਜੋਗੁ[1]।
ਸ੍ਰੀ ਜੀਤੋ ਜੀ ਲਾਗੀ ਜੋਗੁ।
ਬੰਦਨ ਕਰਿ ਬੈਠੀ ਇਕ ਥਾਨ।
ਸਾਧਨ ਲਾਗੀ ਸ੍ਵਾਸ ਮਹਾਨ ॥੫੨॥

[1]ਮੁਕਤੀ ਦੇ ਦੇਣੇ (ਲਾਇਕ ਯਾ) ਵਾਲੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸ੍ਰੀ ਜੀਤੋ ਜੀ' ਪ੍ਰਸੰਗ ਬਰਨਨੰ ਨਾਮ ਅਸ਼ਟਦਸ਼ਮੋ ਅੰਸੂ ॥੧੮॥

⚐ਇਹ ਉਪਦੇਸ਼ ਵਿਸ਼ੇਸ਼ ਕਰਕੇ ਹਠ ਯੋਗ ਦਾ ਹੈ ਜਿਸ ਨੂੰ ਕਵਿ ਜੀ ਕਲਿਜੁਗ ਲਈ ਨਾ ਮੁਨਾਸਬ ਦੱਸ ਆਏ ਹਨ (ਦੇਖੋ ਨਾ: ਪ੍ਰ: ਪੂ: ਧਿਆ ੪੮ ਅੰਕ ੯੧) ਤੇ ਆਪ ਇਸ ਦਾ 'ਕਸ਼ਟ ਯੋਗ' ਨਾਮ ਧਰ ਆਏ ਹਨ। ਇਹ ਪ੍ਰਕ੍ਰਿਆ ਸੌ ਸਾਖੀ ਦੀ ਹੈ:-ਅੰਕ ੩੯ ਤੋਂ ੪੭ ਤਕ ਹਠ ਯੋਗ ਦੀ ਪ੍ਰਕ੍ਰਿਆ ਕਹਿਕੇ ਅੰਕ ੪੮ ਵਿਚ ਸਾਂਖ ਤੇ ਵੇਦਾਂਤ ਦੀ ਸੈਨਤ ਮਾਰਦੇ ਹਨ, ਅੰਕ ੫੦ ਵਿਚ ਵੈਰਾਗ ਤੇ ਅੱਭਜਾਸ ਗੀਤਾ ਦਾ ਉਪਦੇਸ਼ ਦਿਤਾ ਹੈ, ਇਸ ਸਾਰੇ ਮਿਸ੍ਰਤ ਨੂੰ ਰਾਜ ਯੋਗ ਕਿਹਾ ਹੈ।

ਇਹ ਉਪਦੇਸ਼ ਗੁਰਮਤ ਦੇ ਰਾਜ ਜੋਗ ਦੇ ਅਨਕੂਲ ਨਹੀਂ ਹੈ, ਇਹ ਸੌ ਸਾਖੀ ਦਾ ਆਖੇਪਕਾਰ ਮੁੜ ਭਗਤੀ ਮਾਰਗ ਦੇ ਨਾਮ ਉਪਾਸਕਾਂ ਤੇ ਪ੍ਰੇਮ ਭਾਵਨਾ ਦੇ ਅੱਭਜਾਸੀ ਸਿਖਾਂ ਨੂੰ ਇਕ ਮਿਸ੍ਰਿਤ ਜਿਹਾ ਤ੍ਰੀਕਾ ਸਿਖਾਲਦਾ ਹੈ ਤੇ ਮੌਕਿਆ ਕੈਸਾ ਲੈਂਦਾ ਹੈ ਕਿ ਸਾਹਿਬ ਆਪ ਪਰਮ ਪਾਵਨ ਜੀਤੋ ਜੀ ਨੂੰ ਉਪਦੇਸ਼ ਦੇ ਰਹੇ ਹਨ ਤੇ ਫਰਜ਼ ਕਰ ਲੈਂਦਾ ਹੈ ਕਿ ਮਾਤਾ ਜੀ ਹੁਣ ਤਕ ਪਰਮ ਪਦ ਦੀ ਪ੍ਰਾਪਤੀ ਤੋਂ ਸੱਖਣੇ ਸਨ।

ਬਚਿੱਤ੍ਰ ਸਿੰਘ ਤੇ ਉਦਯ ਸਿੰਘ ਵਾਲਾ ਜੰਗ ਜਿਸ ਵਿਚ ਜਸਵਾਲੀਆਂ ਦੇ ਹਾਥੀ ਦਾ ਮੁਕਾਬਲਾ ਬਚਿੱਤ੍ਰ ਸਿੰਘ ਜੀ ਨੇ ਕੀਤਾ ਸੀ ਕਵੀ ਜੀ ਪਿਛੇ ਦੇ ਆਏ ਹਨ, ਇਸ ਜੰਗ ਦਾ ਸੰਮਤ ੧੭੫੮ ਬਿ: ਸਹੀ ਹੁੰਦਾ ਹੈ। ਮਾਤਾ ਜੀਤੋ ਜੀ ਦਾ ਦੇਹਾਂਤ ਅੱਸੂ ੧੭੫੭ ਬਿ: ਵਿਚ ਹੋਇਆ ਹੈ ਜੋ ਕਿ ਉਪ੍ਰੋਕਤ ਜੁੱਧ ਤੋਂ ਪਹਿਲੋਂ ਦਾ ਵਾਕਿਆ ਹੈ। ਇਸ ਹਿਸਾਬ ਦੇਖੀਏ ਤਾਂ ਏਥੇ ਇਹ ਸਾਖੀ ਦੇਣੀ ਹੀ ਇਤਿਹਾਸਕ ਹਿਸਾਬ ਤੋਂ ਅਨਬਨ ਪਈ ਭਾਸਦੀ ਹੈ। ਇਹ ਬਾਤ ਨਿਰਸੰਸੇ ਹੈ ਕਿ ਮਾਤਾ ਜੀ ਪਰਮਪਦ ਨੂੰ ਪ੍ਰਾਪਤ ਸੇ ਅਰ ਉਨ੍ਹਾਂ ਨੂੰ ਦਿੱਬ ਦ੍ਰਿਸ਼ਟੀ ਪ੍ਰਾਪਤ ਸੀ। ਗੁਰ ਉਪਦੇਸ਼ ਤੇ ਉਨ੍ਹਾਂ ਦੇ ਭਜਨ ਬੰਦਗੀ ਕਰਨ ਦੀ ਸਾਖੀ ਇਸ ਤੋਂ ਬਹੁਤ ਪਹਿਲੋਂ ਦੀ ਵਰਤ ਚੁੱਕੀ ਹੋਸੀ। ਹਾਂ ਜਿਸ ਹੋਣਹਾਰ ਨੂੰ ਦੇਖਕੇ ਮਾਤਾ ਜੀ ਨੇ ਚੋਲਾ ਛੋੜਿਆ ਉਹ ਉਨ੍ਹਾਂ ਨੂੰ ਦਿਸ ਪੈਣੀ, ਉਨ੍ਹਾਂ ਦੇ ਅੱਭਜਾਸੀ ਮਨ ਲਈ ਮਾਮੂਲੀ ਬਾਤ ਸੀ। ਸ੍ਰੀ ਮੁਖਵਾਕ ਪਾਤਸਾਹੀ ੧੦ ਕਸ਼ਟ ਯੋਗ ਆਦਿਕਾਂ ਦੇ ਉਲਟ ਇਉਂ ਹਨ:-

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸ੍ਰਾਵਗ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨ ਏਕ ਰਤੀ ਕੇ ॥ ੧ ॥

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥
ਬੇਦ ਪੁਰਾਨ ਕਤੇਬ ਕੁਰਾਨ ਜ਼ਿਮੀਨ ਜਮਾਨ ਸਬਾਨ ਕੇ ਪੇਖੈ ॥
ਪਉਣ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰਕ ਦੇਖੈ ॥
ਸ੍ਰੀ ਭਗਵਾਨ ਭਜੇ ਬਿਨ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥ ੪ ॥

ਜੋ ਤ੍ਰਿਕਾਲ ਗਿਆਨ ਹਠ ਯੋਗ ਨਾਲ ਯੋਗੀ ਮੰਨਦੇ ਹਨ ਉਹ ਸੁਤੇ ਹੀ ਰਾਜ ਯੋਗ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ।

ਯਥਾ:- ਗੁਪਤੁ ਪ੍ਰਗਟੁ ਸਭੁ ਜਾਣੀਐ ਜੇ ਮਨੁ ਰਾਖੈ ਠਾਇ"।
ਪੁਨ:- ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ" ॥
ਗੁਰ ਘਰ ਦਾ ਰਾਜ ਜੋਗ ਇਹ ਹੈ।
ਯਥਾ: ਥਿਰ ਥਿਰ ਚਿਤ ਥਿਰਹਾਂ ॥ ਬਨੁ ਗ੍ਰਿਹ ਸਮਸਰਿ ਹਾਂ।
ਅੰਤਰਿ ਏਕ ਪਿਰਹਾਂ ॥ ਬਾਹਰਿ ਅਨੇਕ ਧਰਿਹਾਂ ॥
ਰਾਜਨ ਜੋਗੁ ਕਰਿਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥
।ਆਸਾਵਾਰੀ ਮ: ੫।

ਜਦ ਮਨ ਨਾਮ ਸਿਮਰਨ ਨਾਲ ਟਿਕਦਾ ਹੈ ਤਾਂ ਸ੍ਵਾਸ ਆਪੇ ਟਿਕਵੇਂ ਆਉਂਦੇ ਹਨ, ਤੇ ਟਿਕਾਵੇ ਸ੍ਵਾਸਾਂ ਦਾ ਬੀ ਮਨ ਪਰ ਅਸਰ ਪੈਂਦਾ ਹੈ। ਰਾਜ ਯੋਗ ਵਿਚ ਇਹ ਗੱਲ ਸੁੱਤੇ ਹੀ ਹੈ। ਅੰਕ ੩੦ ਵਿਚ ਸਾਹਿਬ ਰਾਮਕੌਰ ਇਹੋ ਹਠ ਜੋਗ ਸਿੱਖਣਾ ਚਾਹੁੰਦੇ ਹਨ ਤਦ ਗੁਰੂ ਜੀ ਉਸਨੂੰ ਨਿਰਵਿਕਾਰਤਾ, ਪ੍ਰੇਮ, ਤੇ ਗਯਾਨ ਦਾ ਉਪਦੇਸ਼ ਦਿੰਦੇ ਹਨ, ਹਠ ਜੋਗ ਨਹੀਂ ਸਿਖਾਲਦੇ।

## ੧੯. [ਮਾਤਾ ਜੀਤੋ ਜੀ ਸੱਚਖੰਡ ਪਯਾਨ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਅਲਪ ਅਹਾਰਨ ਹੋਇ ਕਰਿ, ਬੈਠਹਿ[1] ਆਸਨ ਧਾਰਿ। [1]ਮਾਤਾ ਜੀ) ਬੈਠਦੇ ਹਨ।
ਦ੍ਰਿਸ਼ਟਿ ਠਹਿਰਾਵੈ ਨਾਸਕਾ[†], ਮਨ ਤੇ ਬਾਸ਼ਨ ਡਾਰ[1] ॥੧॥
[1]ਵਾਸ਼ਨਾ ਦੂਰ ਕਰਕੇ। [†]ਇਹ ਗੀਤਾ ਦਾ ਉਪਦੇਸ਼ ਹੈ।

ਚੌਪਈ:

ਖਸ਼ਟ ਮਹੀਨੇ ਸਾਧਯੋ ਜਬੈ।
ਸਿੱਧਾਂ ਪ੍ਰਾਪਤਿ ਹੋਈ ਸਬੈ।
ਸਾਧਤਿ ਦ੍ਵਾਦਸ਼ ਮਾਸ ਬਿਤਾਏ।
ਅੰਤ੍ਰਜਾਮਤਾ ਉਰ ਬਿਦਤਾਏ ॥੨॥
ਭੂਤਤ ਭਵਿੱਖਤ ਕੀ ਸਭਿ ਬਾਤ।
ਭਈ ਰਿਦੇ ਮਹਿਂ ਸਭਿ ਬੱਖਜਾਤ।
ਗੁਰ ਕੀ ਗਤਿ[1] ਜਬਿਹੂੰ ਮਨ ਜਾਨੀ। [1]ਗੁਰਾਂ (ਦੇ ਭਾਣੇ) ਦੀ ਗਤੀ।
-ਜੰਗ ਬੀਚ ਹੁਇ ਸੰਤਤਿ ਹਾਨੀ- ॥੩॥
ਅਪਰ ਬਾਰਤਾ ਸਭਿ ਬਿਦਤਾਈ।
ਇਕ ਦਿਨ ਪੁਨਿ ਸਤਿਗੁਰ ਢਿਗ ਆਈ।
'ਸਕਲ ਕਲਾ ਸਮਰਥ ਗੁਰ ਪੂਰਨ।
ਥਪਹੁ ਉਥਾਪਹੁ ਰਾਵਰ ਤੂਰਨ ॥੪॥
ਖਾਲੀ ਭਰੋ ਭਰੇ ਕਰਿ ਖਾਲੀ।
ਥਾਪਹੁ[†] ਨਾਸਹੁ ਚਹਹੁ ਉਤਾਲੀ। [†]ਪਾ:-ਬਖਸ਼ਹੁ।
ਜਗ ਮਹਿਂ ਬੰਸ ਰਾਖਿਬੋ ਕਰੀਯਹਿ।
ਪੁਰਹੁ ਆਸ ਇਹ ਆਪ ਬਿਚਰੀਯਹਿ' ॥੫॥
ਸ੍ਰੀ ਜੀਤੋ ਤੇ ਸੁਨਿ ਮੁਸਕਾਏ।
'ਭੂਤ ਭਵਿੱਖਤ ਤੁਵ ਲਖਿ ਪਾਏ।
ਸੰਤਤਿ ਕੇ ਹਿਤ ਜੋਗ ਕਮਾਯੋ[1]? [1]ਕੀ ਤੂੰ ਆਪਣੀ ਉਲਾਦ ਵਾਸਤੇ ਯੋਗ ਕਮਾਯਾ ਹੈ?
ਕੈ ਪਰਲੋਕ ਭਲੋ ਉਰ ਭਾਯੋ ॥੬॥
ਮੋਹ ਆਦਿ ਸੇ ਸਕਲ ਬਿਕਾਰਾ।

ਇਨ ਤੇ ਚਹੀਯਹਿ ਬਨਿਬੋ ਨਜਾਰਾ।
ਤੈਂ ਬਿੱਪ੍ਰੀਤ ਸਗਲ ਇਹ ਧਾਰੀ।
ਕਯੋਂ ਨਹਿਂ ਲਖੀ ਅਰਸ਼ ਸਿਰਦਾਰੀ[1] ॥੭॥

[1]ਅਰਸ਼ਾਂ ਦੀ ਪਾਤਸ਼ਾਹੀ।

ਸੁਤ ਸਮੇਤ ਜੋ ਪਦ ਅਬਿਨਾਸ਼ੀ।
ਤਹਿਂ ਕੋ ਬਨੋ ਸਦਾ ਤੁਮ ਬਾਸੀ।
ਨੱਸ੍ਵਰ ਜਗਤ ਦੇਖਿ ਕਯੋਂ ਭੂਲੀ।
ਜੋਗ ਧਰੇ ਆਨੰਦ ਬ੍ਰਿਤਿ ਝੂਲੀ[1] ॥੮॥

[1]ਜੋਗ ਧਾਰਕੇ ਤੇਰੀ ਬਿਰਤੀ ਅਨੰਦ ਵਿਚ ਝੂਲੀ ਹੈ ਭਾਵ ਮਗਨ ਹੋ ਰਹੀ ਹੈ।

ਬ੍ਰਹਮਾਤਮ ਕਹੁ ਗ੍ਯਾਨ ਉਪੰਨਾ।
ਸਫਲ ਜਨਮ ਹੋਯਸਿ ਤੂੰ ਧੰਨਾ।
ਉਚਿਤ ਨਹੀਂ ਇੱਤ੍ਯਾਦਿਕ ਕਹਿਬੋ।
ਤਨ ਤੇ ਭਿੰਨ ਆਪ ਕੋ ਲਹਿਬੋ[1]†' ॥੯॥

[1]ਜਾਣਨਾ। †ਪਾ:-ਤੇ ਬਹਿਬੋ।

ਸੁਨਿ ਜੀਤੋ ਕਰ ਜੋਰਿ ਉਚਾਰੀ।
'ਮੈਂ ਸਦੀਵ ਰਾਵਰਿ ਅਨੁਸਾਰੀ।
ਦੇਖਿ ਜਗਤ ਦਿਸ਼ ਕੀਨਸਿ ਅਰਜ਼ੀ।
ਬਰਤਹੁ ਜਥਾ ਆਪ ਕੀ ਮਰਜ਼ੀ ॥੧੦॥

ਮੁਝ ਕੌ ਖੁਸ਼ੀ ਕਰੋ ਤਨ ਛੋਰੌਂ।
ਮਹਿਦ ਬਿਘਨ ਗਨ ਪਿਖਯੋ ਨ ਲੋਰੌਂ।
ਪੀਛੇ ਰਚੋ ਜਥਾ ਮਨ ਭਾਯਾ।
ਅਸ ਅਪਦਾ ਮੈਂ ਪਿਖਿ ਨ ਸਕਾਯਾ[1]' ॥੧੧॥

[1]ਦੇਖ ਨਹੀਂ ਸਕਦੀ।

ਤਬਿ ਗੁਰ ਕਹਯੋ 'ਤੋਹਿ ਚਿਤ ਜੈਸੇ।
ਕਰਹੁ ਆਪ ਭਾਵਤਿ ਸ਼ੁਭ ਤੈਸੇ।
ਚਾਰ ਦਿਵਸ ਜੀਵਨ ਜਗ ਮਾਂਹੀ।
ਨਿਜ ਨਿਜ ਵਾਰੀ ਸਭਿ ਚਲਿ ਜਾਂਹੀ ॥੧੨॥

ਆਗੇ ਪੀਛੈ ਚਲਨਿ ਜ਼ਰੂਰ।
ਦੁਖ ਕੈ ਸੁਖੀ† ਨੇਰ ਕੈ ਦੂਰ[1]।

[1]ਭਾਵ ਛੋਟੀ ਵੱਡੀ ਆਯੂ ਵਾਲਾ। †ਪਾ:-ਦੁਖੀਏ ਸੁਖੀਏ।

ਰਾਉ ਰੰਕ ਸਭਿ ਏਕ ਸਮਾਨਾ।
ਉਪਜਨ ਹਾਰੇ ਬਿਨਸ ਨਿਦਾਨਾ[1]' ॥੧੩॥ — [1]ਅੰਤ ਨੂੰ ਨਾਸ਼ ਹੋਣਾ ਹੈ।

ਸੁਨਤਿ ਕੰਤ ਤੇ ਬੰਦਨ ਠਾਨੀ।
ਦਰਸ਼ਨ ਕਰਜੋ ਸਥਿਰ ਹ੍ਵੈ ਥਾਨੀ।
ਪਤਿ ਮੂਰਤਿ ਕੋ ਰਿਦੇ ਬਸਾਈ।
ਕਰਿ ਬਹੁ ਨਮੋ ਅਪਨਿ ਘਰ ਆਈ ॥੧੪॥

ਕਰਿ ਸ਼ਨਾਨ ਪਾਵਨ ਤਨ ਹ੍ਵੈ ਕੈ।
ਕੁਸ਼ਕੋ ਆਸਨ ਡਾਸਨਿ ਕੈ ਕੈ।
ਦਾਸੀ ਆਦਿ ਅਪਰ ਬਹੁ ਨਾਰੀ।
ਕਰਤਿ ਜਿ ਸੇਵਾ ਰਖਤਿ ਸੁਖਾਰੀ[1] ॥੧੫॥ — [1]ਸੁਖੀ ਰਖਦੀਆਂ ਸਨ (ਮਾਤਾ ਜੀ ਨੂੰ)।

ਕੇਤਿਕ ਪਾਸ ਰਹਤਿ ਤਿਨ ਸਾਥ।
ਨਿਜ ਚਲਿਬੇ ਕੀ ਕਹਿ ਕਰਿ ਗਾਥ[1]। — [1]ਕਥਾ।
ਜੋ ਜਿਨ ਜਾਚਜੋ ਸੋ ਤਿਨ ਦੀਯੋ।
ਮਨ ਭਾਵਤਿ ਸਭਿਹੂੰ ਬਰ ਲੀਯੋ ॥੧੬॥

ਆਸਨ ਕਰਿ ਬੈਠੀ ਤਤਕਾਲਾ।
ਸਾਧਜੋ ਪੂਰਬ ਜੋਗ ਬਿਸਾਲਾ।
ਤਿਸ ਅੱਭਜਾਸ ਬਲ ਤੇ ਖਿਚਿ ਸ੍ਵਾਸ।
ਦਸਮ ਦ੍ਵਾਰ ਮਹਿਂ ਕਰਿ ਤਿਹ[1] ਬਾਸ ॥੧੭॥ — [1]ਭਾਵ ਸ੍ਵਾਸਾਂ ਦਾ।

ਪਾਇ ਜੋਰ ਬ੍ਰਹਮਰੰਧਰ[1] ਫੋਰਾ। — [1]ਭਾਵ ਦਸਮ ਦੁਆਰ ਦਾ ਛੇਕ।
ਗਮਨੀ ਗੁਰ ਪੁਰਿ ਤਨ ਕੋ ਛੋਰਾ।
ਦੇਖਤਿ ਦਾਸੀ ਦੌਰਤਿ ਗਈ।
ਮਾਤਾ ਗੁਜਰੀ ਕਉ ਸੁਧਿ ਦਈ ॥੧੮॥

ਸੁਨਤਿ ਅਚੰਭੈ ਹੁਇ ਕਰਿ ਆਈ।
ਦੇਖਿ ਨੁਖਾ ਗਤਿ ਕੋ ਬਿਲਖਾਈ[1]। — [1]ਘਬਰਾਈ।

ਪੁਨ ਸੁਨਿ ਸੁਨਿ ਸੁੰਦਰੀ ਤੇ ਆਦਿ।
ਮਿਲੀ ਆਇ ਕਿਯ ਰੋਦਨਿ ਨਾਦ ॥੧੯॥
ਤਬਿ ਸਤਿਗੁਰ ਪਠਿ ਦਾਸ ਹਟਾਈ।
'ਕਰਹੁ ਦਾਹੁ ਇਹੁ ਸੁਰਗ ਸਿਧਾਈ।'
ਸੁਨਿ ਆਇਸੁ ਤਯਾਰੀ ਕਰਿਵਾਇ।
ਕਰਿ ਸ਼ਨਾਨ ਪਟ ਨਵ ਪਹਿਰਾਇ ॥੨੦॥
ਸਾਹਿਬਜ਼ਾਦੇ ਚਾਰਹੁੰ ਸਾਥ।
ਕਰੇ ਬਿਬਾਨ ਉਠਾਇਸਿ ਹਾਥ[1]।
ਆਦਿ ਖਾਲਸਾ ਲੋਕ ਘਨੇਰੇ।
ਗਮਨੇ ਸੰਗ ਵਹਿਰ ਤਿਸ ਬੇਰੇ ॥੨੧॥
ਨਾਮ ਅਗੰਮ ਪੁਰਾ ਜਿਸ ਥਾਨਾ।
ਤਹਿੰ ਲੌ ਪਹੁੰਚੇ ਗੁਰੂ ਬਖਾਨਾ[1]।
ਗਾਵਤਿ ਸ਼ਬਦ ਰਬਾਬੀ ਆਗੇ।
ਸਿਮਰੈਂ ਨਾਮ ਸਿੱਖ ਵਡਭਾਗੇ ॥੨੨॥
ਗਨ ਚੰਦਨ ਕੀ ਚਿਖਾ ਬਨਾਈ।
ਸੁਤ ਨੇ ਗਹਿ ਕਰਿ ਅਗਨਿ ਲਗਾਈ।
ਤਿਲ ਜਵ ਘ੍ਰਿਤ ਪਾਏ ਸਮੁਦਾਏ।
ਕਰੀ ਪ੍ਰਕਰਮਾ ਫਿਰਿ ਚਹੁੰਘਾਏ[1] ॥੨੩॥
ਅਵਲੋਕੀ ਜਬਿ ਆਧਿਕ ਜਰੀ[1]।
ਪੁੱਤ੍ਰ ਕਪਾਲ ਕ੍ਰਿਆ ਤਬਿ ਕਰੀ।
ਸਤੁੱਦ੍ਰਵ ਨਿਕਟ ਗਏ ਚਲਿ ਫੇਰ।
ਕਰਯੋ ਸ਼ਨਾਨ ਸਭਿਨਿ ਤਿਸ ਬੇਰ ॥੨੪॥
ਬਿਧਿ ਸੋਂ ਦਿਯੋ ਤਿਲਾਂਜੁਲਿ[†] ਤਬੈ।
ਆਏ ਗੁਰ ਸਿਮਰਤਿ ਪੁਰਿ ਸਬੈ।
ਸ੍ਰੀ ਕਲਗੀਧਰ ਕੇ ਢਿਗੁ ਬੈਸੇ।
ਚਲਯੋ ਪ੍ਰਸੰਗ ਤਜਯੋ ਤਨ ਜੈਸੇ

[1]ਬਿਬਾਨ ਕਰਕੇ (ਭਾਵ ਬਣਾਕੇ) ਹੱਥਾਂ ਨਾਲ ਉਠਾਯਾ।

[1]ਗੁਰੂ ਜੀ ਦੇ ਕਹਿਣ ਤੇ।

[1]ਚੌਫੇਰੇ ਫਿਰਕੇ।

[1]ਅੱਧੀਕੁ ਸੜ ਗਈ।

[†]ਪਾ:-ਤਿਲਾਵਨਿ। ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

| | |
|---|---|
| ॥੨੫॥ | |
| ਇਕ ਤਹਿਂ ਪਰਸਰਾਮ ਬੈਰਾਗੀ। | |
| ਸੁਨਿ ਕੈ ਜੋਗੁ ਬਾਤ ਅਨੁਰਾਗੀ[1]। | [1]ਪ੍ਰੇਮੀ ਹੋਯਾ। |
| 'ਬ੍ਰਹਮਰੰਧਰ ਕੋ ਫੋਰਿ ਸਿਧਾਰੀ।' | |
| ਬਿਸਮਨ ਬੂਝਨ ਹੇਤ ਉਚਾਰੀ[1] ॥੨੬॥ | [1]ਅਸਚਰਜ ਹੋਕੇ ਪੁੱਛਣ ਵਾਸਤੇ (ਇਹ) ਕਹੀ। |
| 'ਜਿਮ ਬਡਭਾਗਨ ਕੋ ਉਪਦੇਸ਼ਾ। | |
| ਕ੍ਰਿਪਾ ਕਰਹੁ ਮੁਝ ਕਹੀਅਹਿ ਤੈਸਾ। | |
| ਥੋਰੇ ਦਿਵਸਨ ਮੈਂ ਸਿਧ ਹੋਵਾ[1]। | [1]ਜਿਵੇਂ ਮਾਤਾ ਜੀ ਦਾ ਯੋਗ) ਥੋੜੇ ਦਿਨਾਂ ਵਿਚ ਸਿੱਧ ਹੋ ਗਿਆ। |
| ਬਿਦਤਿ ਦੇਹਿ ਤਜਾਗਨਿ ਮਹਿਂ ਜੋਵਾ[1] ॥੨੭॥ | [1]ਪ੍ਰਗਟ ਹੀ (ਮਾਤਾ ਜੀ ਦੇ) ਸ੍ਰੀਰ ਤਜਾਗਣ ਤੋਂ ਮੈਂ ਦੇਖਿਆ ਹੈ। |
| ਪਰਜੋ ਆਨਿ ਮੈਂ ਸ਼ਰਨਿ ਤੁਮਾਰੀ। | |
| ਉਪਦੇਸ਼ੋ ਲਖਿ ਕਰਿ ਅਧਿਕਾਰੀ।' | |
| ਭਯੋ ਦੀਨ ਕਲਗ਼ੀਧਰ ਜਾਨਾ। | |
| ਤਿਸ ਹੀ ਬਿਧਿ ਕੋ ਜੋਗ ਬਖਾਨਾ ॥੨੮॥ | |
| ਸਭਿ ਬਿਧਿ ਤੇ ਸਮੁਝਾਵਨ ਕਰਿਯੋ। | |
| ਜਥਾ ਜੋਗੁ ਤਿਨ ਸਾਧਨ ਧਰਿਯੋ। | |
| ਸਤਿਗਤਿ[1] ਕੋ ਪ੍ਰਾਪਤਿ ਸੋ ਭਯੋ। | [1]ਉੱਤਮ ਗਤੀ। |
| ਜੋਗ ਸਾਧ ਰਵਿ ਭੇਦਤਿ ਗਯੋ[1†] ॥੨੯॥ | [1]ਭਾਵ ਸੂਰਜ ਮੰਡਲ ਨੂੰ ਭੇਦ ਕੇ (ਬ੍ਰਹਮਲੋਕ ਨੂੰ) ਗਿਆ। [†]ਪਾ:-ਜੋਗ ਸਾਧ ਤਵ ਦੇਹ ਤਜ ਗਇਓ। |
| ਭਾਖਤਿ ਰਾਮਕੁਇਰ ਕਥ[1] ਭਾਈ। | [1]ਕਥਾ। |
| -ਸੁਨਹੁ ਖਾਲਸਾ! ਹਿਤ ਚਿਤ ਲਾਈ। | |
| ਮੈਂ ਭੀ ਸੋ ਬਿਧਿ ਬੂਝਨ ਕੀਨੀ। | |
| ਪਰਸਰਾਮ ਸੋਂ ਜੋ ਕਹਿ ਦੀਨੀ ॥੩੦॥ | |
| ਸੁਨਿ ਕਰਿ ਕਲਗ਼ੀਧਰ ਮੁਸਕਾਏ। | |
| ਮੋ ਸੰਗ ਕਹਜੋ ਅਧਿਕ ਅਪਨਾਏ[1]। | [1]ਆਪਣਾ (ਦਾਸ ਜਾਣਕੇ)। |
| 'ਬ੍ਰਹਮ ਆਤਮਾ ਸੱਚਿਦਾਨੰਦ। | |
| ਗਜਾਨ ਭਯੋ ਸੁਖ ਭੋਗ ਬਿਲੰਦ[1] ॥੩੧॥ | [1]ਤੈਨੂੰ ਉਸ ਦਾ) ਗਜਾਨ ਹੋਯਾ ਹੈ ਤੂੰ ਬੜੇ ਸੁਖ ਨੂੰ ਭੋਗ। |
| ਕਹਜੋ ਸ਼ਬਦ ਮੈਂ ਜੋ[1] ਤਤਸਾਰ। | [1]ਗੁਰੂ) ਸ਼ਬਦਾਂ ਵਿਚ ਜੋ ਕਹਿਆ ਹੈ। |

ਸੋ ਤੁਵ ਪ੍ਰਾਪਤਿ ਅਹੈ ਉਦਾਰ।
ਅੰਤਕਾਲ ਜਬਿ ਹੋਵਹਿ ਤੋਰਾ।
ਤਾਂਹਿ ਸਮੈ ਦਰਸ਼ਨ ਹੁਇ ਮੋਰਾ
॥੩੨॥
ਮੋਹਿ ਚਰਨ ਕੋ ਸਿਖ ਮੁਖਿ ਅਹੈਂ।
ਮਮ ਸਮੀਪਤਾ ਸਦ ਹੀ ਲਹੈਂ।
ਨਿਸ ਦਿਨ ਮਨ ਸਤਿਗੁਰ ਮਹਿਂ ਲਾਯੋ।
ਨਹੀਂ ਬਿਕਾਰ ਛੁਹਨਿ ਕੋ ਪਾਯੋ'
॥੩੩॥
ਇੱਤਜਾਦਿ ਮੁਝ ਸੋਂ ਤਬਿ ਕਹਜੋ।
ਗੁਰੂ ਕ੍ਰਿਪਾਲ ਅਪਨ ਪਰ ਲਹਜੋ[1]।

[1]ਗੁਰਾਂ ਨੂੰ (ਮੈਂ ਜਦੋਂ) ਆਪਣੇ ਉਪਰ ਕ੍ਰਿਪਾਲੂ ਜਾਣਿਆ।

ਹਾਥ ਬੰਦਿ ਮੈਂ ਬੰਦਨ ਕੀਨਿ।
ਪਦ ਅਰਬਿੰਦਨਿ ਸਿਰ ਧਰਿ ਦੀਨ
॥੩੪॥
ਸੁਨਿਯਹਿ ਸਾਹਿਬ ਸਿੰਘ ਲਿਖਾਰੀ।
ਇਹ ਸਾਖੀ[†] ਗੁਰ ਆਪ ਉਚਾਰੀ।

[†]ਪਾ:-ਸਾਖਾ।

ਮੋ ਕਹੁ ਦੀਨੀ ਕਿਰਪਾ ਕਰਿ ਕੈ।
ਤੂੰ ਲਿਖਿ ਸਿੱਖਨਿ ਹੇਤ ਸੁਧਰਿ ਕੈ
॥੩੫॥
ਸਭਿ ਸੁਖਦਾਇਕ ਗੁਰ ਕੀ ਕਥਾ।
ਸ਼੍ਰੋਤਾ ਜਿਮ ਬਾਂਛਤਿ ਦੇ ਤਥਾ।
ਅਦਭੁਤ ਲੀਲਾ ਕਰਤਿ ਗੁਸਾਈਂ।
ਦੇਖਿ ਦੇਖਿ ਜਗ ਰਹਿ ਬਿਸਮਾਈ
॥੩੬॥
ਸਕਲ ਕਲਾ ਸਮਰਥ ਬਲਿ ਭਾਰੀ।
ਬਰਤਹਿਂ ਮਾਨੁਖ ਤਨ ਅਨੁਸਾਰੀ।
ਭੂਤ ਭਵਿੱਖਤ ਅੰਤਰਜਾਮੀ।
ਪੂਰਵਹਿਂ ਸਕਲ ਕਾਮਨਾ ਸ੍ਵਾਮੀ
॥੩੭॥
ਬੈਠਿ ਸਭਾ ਮਹਿਂ ਦਰਸ਼ਨ ਦੇਤਿ।

ਸਿੱਖ ਸੰਗਤ ਚਿਤ ਬਾਂਛਤਿ ਲੇਤਿ।
ਗੁਨੀ ਕਵੀਸ਼ੁਰ ਪੰਡਿਤ ਘਨੇ।
ਬਰਨਹਿਂ ਗੁਰ ਗਾਥਾ, ਅਨ ਸੁਨੇਂ[1] ॥੩੮॥ — [1]ਹੋਰ (ਲੋਕੀਂ) ਸੁਣਦੇ ਹਨ।
ਕੀਰਤਿ ਕੇ ਕਲ[1]† ਕਰਹਿਂ ਕਬਿੱਤ। — [1]ਸੁੰਦਰ। †ਪਾ:-ਕਵਿ।

ਆਨਿ ਸੁਨਹਿ ਬਚਿੱਤ੍ਰ ਪਵਿੱਤ।
ਬਖਸ਼ਹਿਂ ਕੰਚਨ ਜ਼ੀਨ ਤੁਰੰਗ।
ਜ਼ੇਵਰ ਜਰੇ ਜਾਵਹਰ ਸੰਗ ॥੩੯॥
ਦਰਬ ਬ੍ਰਿੰਦ ਮੁਕਤਾ ਬਰ ਹੀਰੰ।
ਪਸ਼ਮ[1] ਰੇਸ਼ਮੀ ਸੂਖਮ ਚੀਰੰ। — [1]ਪਸ਼ਮੀਨੇ ਦੇ।
ਗੁਨੀ ਇਕਾਕੀ[1] ਘਰ ਤੇ ਆਵੈਂ। — [1]ਇਕੱਲੇ।
ਸੈਨ ਸੇਵਕਨਿ ਸਹਿਤ ਸਿਧਾਵੈਂ[1] ॥੪੦॥ — [1]ਨੌਕਰਾਂ ਦੀ ਸੈਨਾ ਵਾਲੇ ਹੋਕੇ ਜਾਂਦੇ ਹਨ ਭਾਵ ਅਮੀਰ ਹੋਕੇ।
ਸਿੰਧੁ ਮੇਖਲਾ ਅਵਨੀ ਸਾਰੀ।
ਕੀਰਤਿ ਪਸਰੀ ਸਸਿ ਉਜਿਆਰੀ[1]। — [1]ਚੰਦ੍ਰਮਾ ਵਤ ਉੱਜਲ।
ਅਤਿ ਉਦਾਰਤਾ ਬਰਨਹਿਂ ਜਹਿਂ ਕਹਿਂ।
ਮਹਦ ਬੀਰਤਾ, ਸਮ ਨਹਿਂ ਮਹਿ ਮਹਿਂ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸ੍ਰੀ ਅਜੀਤੋ ਜੀ ਪ੍ਰਲੋਕ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥੧੯॥

## ੨੦. [ਪਾਰਧੀ ਇਸਤ੍ਰੀ ਤੋਂ ਮਰਦ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਇਕ ਦਿਨ ਕਲ਼ਗੀਧਰ ਨਿਕਟ, ਸਿੱਖ ਸਿੱਖਣੀ ਬ੍ਰਿੰਦ।
ਸ੍ਰੀ ਜੀਤੋ ਤਨ ਤਜਨ ਕੋ, ਕਰਤਿ ਪ੍ਰਸ਼ੰਸ਼ ਬਿਲੰਦ ॥੧॥

ਚੌਪਈ:

'ਗੁਰ ਪਤਨੀ ਜਗ ਮਾਤਾ ਦੇਵੀ।
ਬ੍ਰਹਮਰੰਧਰ ਤਜਿ ਦੇਹ ਅਭੇਵੀ[1]।'

[1]ਬ੍ਰਹਮਰੰਧ੍ਰ (ਭੇਦ ਕੇ) ਦੇਹ ਛਡਕੇ (ਵਾਹਿਗੁਰੂ ਨਾਲ) ਇਕ ਹੋ ਗਈ।

ਸਭਿ ਤੇ ਸੁਨਿ ਕੈ ਬਚਨਿ ਕ੍ਰਿਪਾਲਾ।
†ਸ੍ਰੀ ਮੁਖ ਤੇ ਬੋਲੇ ਤਿਸ ਕਾਲਾ ॥੨॥

†ਸੌ ਸਾਖੀ ਦੀ ਇਹ ੬੯ਵੀਂ ਸਾਖੀ ਹੈ।

ਦੋਹਰਾ:

'ਧੰਨ ਨਾਰੀ† ਧੰਨ ਭਜਨ ਹੈ,

†ਸੌ ਸਾਖੀ ਤੋਂ ਪਤਾ ਲਗਦਾ ਹੈ ਕਿ ਇਹ ਸਾਖੀ ਨਵੀਂ ਚੱਲੀ ਹੈ, ਨੰਬਰ ੬੯ ਹੈ। ਸੌ ਸਾਖੀ ਨੇ ਇਸਨੂੰ ਪਿਛਲੇ ਕਿਸੇ ਪ੍ਰਸੰਗ ਨਾਲ ਜੋੜਿਆ ਨਹੀਂ।

ਧੰਨ ਕਲਜੁਗ ਜੁਗ ਈਸ਼[1]।

[1]ਭਜਨ ਵਾਨ) ਇਸਤ੍ਰੀ ਧੰਨ ਹੈ, ਭਜਨ ਧੰਨ ਹੈ ਕਲਜੁਗ ਧੰਨ ਹੈ ਤੇ ਜੁਗ ਦਾ ਈਸ਼੍ਵਰ (ਗੁਰੂ ਨਾਨਕ) ਧੰਨ ਹੈ।

ਮਹਾਂ ਬਿਕਾਰੀ ਜੁਗ ਤਰੇ
ਭਜਨ ਤਰਾਏ ਕੀਸ[1] ॥੩॥

[1]ਜਿਸ ਵਿਚ) ਜਗਤ ਦੇ ਮਹਾਂ ਵਿਕਾਰੀਂ ਤਰੇ ਹਨ, ਹਾਂ ਭਜਨ ਨੇ (ਸ਼ੁਭ ਗੁਣਾਂ ਤੋਂ ਨੰਗਿਆਂ ਭਾਵ) ਗੁਣਹੀਨਾਂ ਨੂੰ ਵੀ ਤਾਰਿਆ ਹੈ। [ਸੰਸ. ਕੀਸ਼=ਨੰਗੇ। ਬਾਂਦਰ]। (ਅ) ਬਾਂਦਰਾਂ ਨੂੰ।

ਨਾਰੀ ਦਇਆ ਅਨੰਤ ਹੈ
ਜਾਂ ਜਗੁ ਭੀਤਰ ਭਾਖਿ[1]।

[1]ਇਸ ਜਗਤ ਵਿਚ ਕਹੀ ਗਈ ਹੈ ਕਿ ਨਾਰੀ ਵਿਚ ਦਇਆ ਬੜੀ ਹੈ।

ਖਟ ਸ਼ਾਸਤ੍ਰ ਪੜ† ਕਿਯਾ ਕਰੈ

†ਪਾ:-ਪਦ।

ਨਾਮ ਜਪਤਿ ਮਨ ਰਾਖਿ[1] ॥੪॥

[1]ਜਿਸ ਨੇ ਨਾਮ ਦੇ ਜਾਪਣ ਵਿਚ ਮਨ ਰੱਖਿਆ ਹੈ ਉਸ ਖੱਟ ਸ਼ਸਤ੍ਰ ਪੜ੍ਹਕੇ ਕੀ ਕਰਨੇ ਹਨ।

ਇਸ ਪਰ ਇਕ ਇਤਿਹਾਸਿ[1] ਹੈ
ਦਯਾ ਤ੍ਰਿਯਾ ਜਿਮ ਕੀਨਿ।
ਸੰਗਤਿ ਸੁਨੀਅਹਿ ਬਾਰਤਾ
ਜਿਮ ਫਲ ਪ੍ਰਾਪਤਿ ਪੀਨ ॥੫॥

[1]ਭਾਵ ਕਥਾ।

ਚੌਪਈ:

[1]ਸ਼ਿਕਾਰੀ।

ਏਕ ਪਾਰਧੀ[1] ਬਨ ਮਹਿਂ ਗਯੋ।
ਖਗ ਮ੍ਰਿਗ ਕੋ ਸੰਘਾਰਤਿ ਭਯੋ।
ਚਿਰੀਆ ਹਤੀ ਫਸਾਵਤਿ ਜਾਰੀ[1]। [1]ਜਾਲੀ ਵਿਚ ਫਸਾਕੇ ਚਿੜੀਆਂ ਮਾਰੀਆਂ ਸਨ।
ਅਪਰ ਬਿਹੰਗਮ ਕੇਤਿਕ ਮਾਰੀ[1] ॥੬॥ [1]ਹੋਰ ਕਿੰਨੇ ਪੰਛੀ ਮਾਰੇ ਸਨ।
ਪੰਛੀ ਮਿਲਿ ਇਤ ਉਤ ਸਮੁਦਾਇਆ।
ਨਾਦਤਿ ਬਹੁਤ ਬ੍ਰਿਲਾਪ ਸੁਨਾਯਾ।
ਬਨ ਮੈਂ ਬਜਾਕੁਲ ਪਿਖੇ ਬਿਹੰਗ।
ਬੱਧਕ† ਸੋਚਤਿ ਰਿਦੇ ਬਿਲੰਦ ॥੭॥ †ਪਾ:-ਫੰਧਕ।

ਮਨ ਸੋਂ ਕਹੈ ਦਇਆ ਉਰ ਧਰੈ[1]। [1]ਦਿਲ ਵਿਚ ਦਯਾ ਧਾਰਕੇ ਮਨ ਨੂੰ ਕਹਿਆ (ਅ) ਮਨ ਨੂੰ ਕਹਿੰਦਾ ਹੈ ਕਿ ਮੈਂ ਬੀ ਦਇਆ ਧਾਰਨ ਕਰਕੇ ਤਪੱਸੀ ਹੋ ਕੇ ਤਪ ਕਰਾਂ ਆਦਿ।
-ਬਨ ਮਹਿਂ ਤਪਸੀ ਤਪੁ ਕੋ ਕਰੈਂ।
ਮਹਿਪਾਲਕ ਭੀ ਰਾਜ ਤਜਤਿ ਹੈ।
ਬਨਿ ਮਹਿਂ ਤਪੁ ਕਰਿ ਈਸ਼ ਭਜਤਿ ਹੈ ॥੮॥
ਹਮ ਨਰ ਤਨ ਹੋਏ ਅਸ ਪਾਪੀ।
ਬਨ ਮਹਿਂ ਭੀ ਹਮ† ਆਇੰ ਜਦਾਪੀ[1]। [1]ਜਦੋਂ ਬੀ। †ਪਾ:-ਮੈਂ।

ਹਤੈਂ ਜੀਵ ਗਨ ਮਹਾਂ ਸੰਤਾਪੀ।
ਭਲੋ ਕਰਮ ਨਹਿਂ ਕੀਨ ਕਦਾਪੀ ॥੯॥
ਜਹਾਂ ਆਇ ਨਰ ਜਨਮ ਸੁਧਾਰੈ।
ਤਹਾਂ ਪਹੁੰਚਿ ਹਮ ਜੀਵਨਿ ਮਾਰੈਂ।
ਧਿਕ ਹਮ ਜਨਮ ਕਰਮ ਧਿਕ ਬ੍ਰਿੰਦ[1]। [1]ਸਾਰੇ ਕਰਮਾਂ ਨੂੰ ਧ੍ਰਿਕਾਰ ਹੈ।
ਜਿਸ ਤੇ ਹਿੰਸਾ ਕਰਤਿ ਬਿਲੰਦ- ॥੧੦॥
ਹਟਯੋ ਤਬੈ ਉਰ ਬਿਖੈ ਬਿਚਾਰੀ।
-ਬਿੱਕ੍ਰਮਜੀਤ ਅਬੈ[1] ਉਪਕਾਰੀ। [1]ਹੁਣ ਹੈ।
ਤਿਸ ਢਿਗ ਚਲਿ ਕਰਿ ਜਨਮ ਸੁਧਾਰੋਂ।
ਸਹੌਂ ਦੰਡ ਅਘ ਭਾਰ[1] ਉਤਾਰੌਂ- ॥੧੧॥ [1]ਪਾਪਾਂ ਦਾ ਭਾਰ।
ਇਮ ਬਿਚਾਰਿ ਤਿਸ ਪੁਰਿ ਕੋ ਚਾਲਾ।
ਆਗੇ ਆਵਤਿ ਹੁਤੋ ਭੁਵਾਲਾ।

ਚਢ੍ਯੋ ਤੁਰੰਗ ਸੰਗ ਜਿਹ ਸੈਨਾ।
ਸਮੁਖ ਪਾਰਧੀ ਦੇਖ੍ਯੋ ਨੈਨਾ ॥੧੨॥
ਪਾਪੀ ਜਾਨਿ ਲੀਨ ਪਕਰਾਇ।
ਬੰਧਿ ਪੰਚ ਦਿਨ ਦਈ ਸਜ਼ਾਇ।
ਇਕ ਦਾਸੀ ਨੇ ਮਾਰਤਿ ਦੇਖਾ।
ਮਨ ਮਹਿਂ ਉਪਜੀ ਦਯਾ ਵਿਸ਼ੇਖਾ ॥੧੩॥
ਪੁਰਖ ਬੇਖ ਧਰਿ ਆਪ ਬੰਧਾਯੋ।
ਤਤਛਿਨ ਫੰਧਕ ਕੋ ਛੁਰਵਾਯੋ।
ਬੀਤ ਗਯੋ ਜਬਿ ਏਕ ਮਹੀਨਾ।
ਯਾਦ ਨਰੇਸ਼ੁਰ ਨੇ ਉਰ ਕੀਨਾ ॥੧੪॥
ਸ਼ਾਹੁ ਬਨਕ ਕੀ ਹੁਤੀ ਜੁ ਦਾਸੀ।
ਤਤਛਿਨ ਗਮਨੀ[1] ਭੂਪਤਿ ਪਾਸੀ।
ਧਨ ਕੁਛ ਦੇ ਮੁਕਰਾਇ ਸਿਪਾਹੀ[1]।
ਠਾਢੀ ਭਈ ਜਾਇ ਨ੍ਰਿਪ ਪਾਹੀ ॥੧੫॥
ਦੇਖਿ ਚਿੰਨ੍ਹ ਰਾਜਾ ਭ੍ਰਮ ਗਯੋ।
ਸਭਾ ਬਿਖੈ ਕਹਿ ਬੂਝਤਿ ਭਯੋ।
-ਨਾਰੀ ਕਿਧੌਂ ਪੁਰਖ ਤੂੰ ਅਹੈ?
ਕਯੋਂ ਤੂੰ ਪਾਪ ਕਰਤਿ ਬਹੁ ਰਹੈਂ- ॥੧੬॥
ਸੁਨਿ ਬੋਲੀ -ਹੇ ਭੂਪਤਿ ਪਾਪੀ!
ਮੈਂ ਫੰਧਕ ਪਾਪੀ ਸੰਤਾਪੀ।
ਮਹਾਂ ਪਾਪ ਤੇਰ ਮੈਂ ਦੇਖੋ।
ਮੋ ਮਨ ਅਚਰਜ ਭਯੋ ਵਿਸ਼ੇਖੋ ॥੧੭॥
ਤੁਵ ਘਰ ਕੋ ਭੋਜਨ ਅਰ ਬਾਰੀ।
ਖਾਵਤਿ ਹੀ ਪਲਟ੍ਯੋ ਤਨ ਨਾਰੀ।
ਪੁਰਖ ਦੇਹਿ ਕਰਿ ਦੀਜੈ ਮੋਹੀ।
ਨਤੁ ਮੈਂ ਮਰੌਂ ਅੱਗ੍ਰ ਅਬਿ ਤੋਹੀ- ॥੧੮॥
ਸੁਨਿ ਮਹੀਪ ਮਨ ਹ੍ਵੈ ਬਿਸਮਾਨਾ।

[1]ਬੱਧਕ ਦੇ ਭੇਸ ਵਿਚ) ਪਹੁੰਚੀ (ਉਹ ਨਾਰੀ)।

[1]ਸਿਪਾਹੀਆਂ ਨੂੰ ਧਨ ਦੇਕੇ ਮੁਕਰਾ ਦਿੱਤਾ (ਕਿ ਦਰਬਾਰ ਵਿਚ ਇਹ ਨਾ ਕਹਿਣਾ ਕਿ ਫੰਧਕ ਛੱਡਕੇ ਦਾਸੀ ਫੜੀ ਹੈ।)

ਮਹਿਦ ਸ਼ੋਕ ਮਹਿਂ ਭਾ ਗ਼ਲਤਾਨਾ।
-ਕਰੌਂ ਜਤਨ ਮੈਂ, ਨਹਿਂ ਤਜਿ ਪ੍ਰਾਨਾ[1]-। [1]ਮੈਂ ਜਤਨ ਕਰਾਂਗਾ ਤੂੰ ਪ੍ਰਾਣ ਨਾ ਤਜ।
ਬਹੁ ਚਿੰਤਾ ਕਰਿ ਬਹੁਰ ਬਖਾਨਾ ॥੧੯॥
ਇਮ ਦੇ ਧੀਰਜ ਰਾਤਿ ਗੁਜ਼ਾਰੀ।
ਉਠꣳ ਪ੍ਰਾਤਿ ਕੀਨਸਿ ਤਬਿ ਤਜਾਰੀ।
ਚਢਿ ਤੁਰੰਗ ਪਰੁ ਬਨ ਮਹਿਂ ਗਯੋ।
ਇਤ ਉਤ ਦੇਖਤਿ ਬਿਚਰਤਿ ਭਯੋ ॥੨੦॥
ਤਹਾਂ ਪਾਰਧੀ ਬੈਠꣳ ਸੋਇ।
ਤਪ ਹਿਤ ਬੇਸ ਤਾਪਸੀ[1] ਹੋਇ। [1]ਤਪੱਸ੍ਵੀ ਦੇ ਵੇਸ ਵਿਚ।
ਮਹਿਪਤਿ ਨੇ ਅਵਿਲੋਕਿ ਅਸੀਨਾ[1]। [1]ਬੈਠਾ ਵੇਖਕੇ।
ਜਾਨਿ ਤਪੀ ਪਦ ਬੰਦਨ ਕੀਨਾ ॥੨੧॥
ਹੋਇ ਅਨਿੱਛਤਿ[1] ਸੋ ਥਿਰ ਰਹꣳ। [1]ਇੱਛ ਰਹਿਤ ਹੋਕੇ।
ਮਹੀਪਤਿ ਸੋਂ ਕੁਛ ਕਹꣳ ਨ ਲਹꣳ।
ਬਡ ਮਹਾਤਮਾ ਤਪਸੀ ਜਾਨਾ।
-ਮੋਹ ਨ ਕ੍ਰੋਹ ਨ ਲੋਭ ਨ ਮਾਨਾ- ॥੨੨॥
ਸਾਦਰ ਤਿਹ ਚਢਾਇ ਕਰਿ ਲਜਾਯੋ।
ਨਿਜ ਗਾਦੀ ਪਰ ਆਨਿ ਬਿਠਾਯੋ।
ਸਭਿ ਸਚਿਵਨ ਕੇ ਸੰਗ ਬਖਾਨਾ।
-ਇਹਿ ਮਮ ਗੁਰ ਹੈ ਤਪੀ ਮਹਾਨਾ ॥੨੩॥
ਹਟਿਕੈ ਮੈਂ ਨ ਆਇ ਹੌਂ ਜਾਵਦ।
ਇਸ ਆਗਜਾ ਮਹਿਂ ਰਹੀਓ ਤਾਵਦ-।
ਨਿਜ ਨਿਜ ਥਲ ਪਰ ਸਭਿਨਿ ਟਿਕਾਇ।
ਕਹਿ ਕਰਿ ਗਮਨꣳ ਬਿੱਕ੍ਰਮ ਰਾਇ ॥੨੪॥
ਕਾਨਨ ਮਹਿਂ ਤਪ ਕਰਨੈ ਲਾਗਾ।
-ਤ੍ਰੀਮਤ ਕਰੌਂ ਪੁਰਖ-ਕ੍ਰਿਤ ਪਾਗਾ[1]। [1]ਇਸ ਕ੍ਰਿਤ ਵਿਚ ਰੱਪ ਗਿਆ।

ਤਪਸੀ ਫੰਧਕ ਬੈਠਯੋ ਰਾਜਾ।
ਸਭਿ ਸੇਵਤਿ ਭੇ ਰਾਜ ਸਮਾਜਾ ॥੨੫॥
ਗਨ ਮੰਤ੍ਰੀ ਨਿਜ ਨਿਕਟ ਬੁਲਾਏ।
ਸਭਿ ਸੋਂ ਮਨ ਕੋ ਮਤੋ ਬਤਾਏ।
ਗਹੀ ਜੁ ਦਾਸੀ ਸੋ ਮੰਗਵਾਈ।
ਰਾਜ ਕਰਨ ਪਰ[†] ਤੁਰਤ ਬਿਠਾਈ ॥੨੬॥ [†]ਪਾ:-ਕੋ।
ਆਪ ਗਯੋ ਬਨ ਤਿਸੀ ਸਥਾਨਾ।
ਲਾਗਯੋ ਤਪੁ ਕੋ ਤਪਨਿ ਮਹਾਨਾ।
ਸਚਿਵ ਸਕਲ ਮਿਲਿ ਦਾਸੀ ਪਾਸ।
ਹਾਥ ਜੋਰਿ ਕੀਨਸਿ ਅਰਦਾਸ ॥੨੭॥
-ਗੁਰ ਸਥਾਨ ਬੈਠੀ ਕਰਿ ਰਾਜ[੧]। [੧]ਬੈਠੀ ਰਾਜ ਕਰੇ।
ਤੁਵ ਅਨੁਸਾਰੀ ਸਰਬ ਸਮਾਜ।
ਆਗਯਾ ਕਹੋ ਕਰੈਂ ਹਮ ਸੋਈ।
ਬਸਿ ਬਰਤੀ[1] ਤੁਵ ਹੈ ਸਭਿ ਕੋਈ ॥੨੮॥ [1]ਭਾਵ ਹੁਕਮ ਹੇਠ।
ਸੁਨਿ ਦਾਸੀ ਨੇ ਹੁਕਮ ਬਖਾਨਾ।
-ਪਕਰਹੁ ਜਹਿਂ ਸ੍ਰੀ ਬਿਸ਼ਨੁ[†] ਮਹਾਨਾ। [†]ਪਾ:-ਕ੍ਰਿਸ਼ਨ।

ਸਚਿਵ ਸੈਨ ਨ੍ਰਿਪ ਕੇ ਨਰ ਜੇਈ।
ਖੋਜਨ ਜਾਂਹਿ[1] ਸਕਲ ਮਿਲਿ ਤੇਈ ॥੨੯॥ [1]ਲੱਭਣ ਚਲੇ ਜਾਣ।
ਬਿਨ ਪਕਰੇ ਨਹਿਂ ਹਟਿ ਕਰਿ ਆਵੌਂ।
ਦੇਸ਼ ਬਿਦੇਸ਼ਨ ਮੈਂ ਫਿਰ ਪਾਵੌਂ-।
ਸੁਨਤਿ ਹੁਕਮ ਕੋ ਜਹਿਂ ਤਹਿਂ ਧਾਏ।
ਅਨਿਕ ਉਪਾਵ ਕਰੈਂ ਬਲ ਲਾਏ ॥੩੦॥
ਸਗਰੋ ਨੱਗ੍ਰ ਭਯੋ ਬੈਰਾਨ।
ਖੋਜਹਿਂ ਜਿਤ ਕਿਤ ਬਿਸ਼ਨੁ ਸੁਜਾਨ।
ਕਰਤਿ ਜਤਨ ਕੋ ਪੁਸ਼ਕਰ ਆਏ।
ਏਕ ਗੁਫਾ ਦੇਖੀ ਤਿਸ ਥਾਏਂ ॥੩੧॥
ਖੋਜਤਿ ਅੰਤਰ ਜਾਇ ਪ੍ਰਵੇਸ਼ੇ।

ਤਹਿਂ ਪਾਯੋ ਇਕ ਸਿੱਧ ਵਿਸ਼ੇਸ਼ੇ।
ਨਮੋ ਕਰੀ ਨਿਜ ਕਾਜ ਸੁਨਾਯੋ।
-ਹਾਰ ਪਰੇ ਹਮ, ਬਿਸ਼ਨੁ ਨ ਪਾਯੋ ॥੩੨॥
ਪ੍ਰਾਨ ਦਾਨ ਦਿਹੁ ਕਰਹੁ ਬਤਾਵਨਿ।
ਮਹਾਂ ਪੁਰਖ ਤੁਮ ਸੁਖ ਉਪਜਾਵਨ-।
ਸੁਨਿ ਕੈ ਸਿਧ ਸਭਿ ਬਿਧਿ ਮਨ ਮਾਨੀ[1]।
ਹਠ ਕਰਿ ਰਹੇ ਪ੍ਰਾਨ ਹੁਇ ਹਾਨੀ ॥੩੩॥

[1]ਮਨ ਵਿਚ ਮੰਨੀ।

ਦਇਆ ਕਰੀ ਸਿਧ ਲੇ ਸਭਿ ਸੰਗ[1]।
ਚਢੇ ਜਾਇ ਗਿਰਨਾਰ[1] ਉਤੰਗ।

[1]ਸਿੱਧ ਨੇ ਸਾਰਿਆਂ ਨੂੰ ਨਾਲ ਲੈਕੇ।

[1]ਗਿਰਨਾਰ' ਨਾਮੇ ਪਰਬਤ ਉਤੇ। ਗਿਰਨਾਰ ਪਰਬਤ ਗੁਜਰਾਤ ਕਾਠੀਆਵਾੜ ਵਿਚ ਹੈ।

ਤਿਸ ਮਹਿ ਸਿੱਧ ਰਹੈਂ ਸਮੁਦਾਯਾ।
ਊਚੇ ਚਢੇ ਬਿਲੋਕ ਨਿਕਾਯਾ[1] ॥੩੪॥
ਇਕ ਜਗਰਾਜ[1] ਸਿੱਧ ਤਹਿਂ ਪੂਰਾ।
ਮਿਲੇ ਜਾਇ ਕਰਿ ਤਿਸ ਜਸ ਰੂਰਾ।
ਸਕਲ ਪ੍ਰਸੰਗ ਸੁਨਾਵਨ ਕੀਨ।
ਜਿਸ ਬਿਧਿ ਰਾਜ ਤ੍ਰਿਆ ਨੇ ਲੀਨ ॥੩੫॥

[1]ਸਮੂਹ ਦੇਖੇ।

[1]ਸਿੱਧ ਦਾ ਨਾਮ।

-ਬਨਜੋ ਚਹੈ ਨਰ, ਹੁਕਮ ਬਖਾਨਾ[1]।
ਪਕਰਹੁ ਆਨਹਿਂ[1] ਬਿਸ਼ਨੁ ਸੁਜਾਨਾ-।
ਇਸ ਕਰਿ ਲੋਕ ਹਜ਼ਾਰਹੁਂ ਫਿਰੇ।
ਨਹੀਂ ਬਿਸ਼ਨੁ ਕੋ ਕਤਹੂੰ ਧਰੇ[1] ॥੩੬॥
ਸੁਨਿ ਜਗਰਾਜ ਸਿੱਧ ਬਰ ਦੀਨਾ।
-ਤੁਮਰੋ ਨ੍ਰਿਪ ਨਰ ਹੁਇ ਲਿਹੁ ਚੀਨਾ-।
ਪੁਨ ਮੰਤ੍ਰੀ ਕਹਿ -ਬਿਸ਼ਨੁ ਜਿ ਚਾਹੈ[1]।
ਤੌ ਹਮ ਕਹਾ ਕਹੈਂ ਤਿਸ ਪਾਹੈ- ॥੩੭॥
ਇਮ ਸੁਨਿਸਿੱਧ ਸਾਥ ਤਬਿ ਹੋਏ।

[1]ਓਹ ਇਸਤ੍ਰੀ) ਨਰ ਬਣਿਆ ਚਾਹੁੰਦੀ ਹੈ (ਤੇ ਉਸ ਸਾਨੂੰ) ਹੁਕਮ ਕੀਤਾ ਹੈ।

[1]ਫੜ ਲਿਆਓ।

[1]ਫੜਿਆ।

[1]ਜੇ ਸਾਡਾ ਰਾਜਾ) ਵਿਸ਼ਨੂੰ ਨੂੰ ਮੰਗੇ।

ਬਿੱਕ੍ਰਮ ਨਿਕਟਿ ਗਏ ਸਭਿ ਕੋਏ।
ਤਿਸ ਕੋ ਲੇ ਕਰਿ ਸੰਗ ਸਿਧਾਰੇ।
ਸਗਲੇ ਪਹੁੰਚੇ ਪੁਰੀ ਮਝਾਰੇ ॥੩੮॥
ਦਾਸੀ ਤ੍ਰਿਯਾ ਪੁਰਖ ਕਰਿ ਦਯੋ।
ਸਰਬ ਰਾਜ ਪਰ ਬਿੱਕ੍ਰਮ ਕਿਯੋ।
ਬਹੁਰ ਮਛਿੰਦਰ† ਗੋਰਖਨਾਥ। †ਪਾ:-ਮਛਿੰਦ੍ਰ ਸੁ।

ਆਵਤਿ ਭਏ ਮੇਲ ਕਰਿ ਸਾਥ ॥੩੯॥
ਮਿਲਿ ਕਰਿ ਰਾਜਾ ਰਾਜ ਬਿਠਾਯੋ।
ਸੋ ਦਾਸੀ ਮੰਤ੍ਰੀ ਠਹਿਰਾਯੋ।
ਕਹ੍ਯੋ -ਮਨੁੱਖ ਦੇਹਿ ਹੈ ਵਿਸ਼ਨੂੰ[1]। [1]ਮਨੁਖਾ ਦੇਹੀ ਹੀ ਵਿਸ਼ਨੂੰ ਹੈ।
ਤੁਰਤ ਦਯਾ ਕੋ ਫਲ ਦਿਯ ਤਿਸ ਨੂੰ[1]- ॥੪੦॥ [1]ਤਿਸ (ਇਸਤ੍ਰੀ) ਨੂੰ।
ਜੁਗ ਕੋ ਧਰਮ ਇਹੀ ਦਿਖਰਾਯੋ।
ਗੁਰੂ ਪਾਰਧੀ ਨ੍ਰਿਪ ਠਹਿਰਾਯੋ[1]। [1]ਰਾਜੇ ਨੇ ਫੰਧਕ ਨੂੰ ਗੁਰੂ ਕੀਤਾ।
ਸਗਰੇ ਪਾਪ ਕਟੇ ਤਿਸ ਕੇਰੇ।
ਯਾਂ ਤੇ ਸਿੱਖਹੁ ਸੁਨੋ ਭਲੇਰੇ ॥੪੧॥
ਨਾਮ ਪ੍ਰਤਾਪ ਭਲੇ ਪਿਖਿ ਲਯੋ।
ਰਾਜਾ ਗੁਰੂ[1] ਪਾਰਧੀ ਭਯੋ। [1]ਰਾਜੇ ਦਾ ਗੁਰੂ।
ਦਾਸੀ ਦੇਹਿ ਪੁਰਖ ਹ੍ਵੈ ਗਯੋ।
ਬਹੁਰ ਨ੍ਰਿਪਤਿ ਮੰਤ੍ਰੀ ਠਹਿਰਯੋ ॥੪੨॥
ਭਯੋ ਦਯਾ ਕੋ ਫਲ ਤਤਕਾਲਾ।
ਕਰੀ ਕਹਾਂ ਤੇ ਕਹਾਂ[1] ਬਿਸਾਲਾ। [1]ਕੀ ਤੋਂ ਕੀ ਕਰ ਦਿੱਤੀ।
ਮਹਿਪਾਲਕ ਪਰਮਾਰਥ[1] ਕੀਨਾ। [1]ਬਨ ਵਿਚ ਜਾ ਕੇ ਤਪ ਕਰਨ ਰੂਪੀ ਪਰਮਾਰਥ।
ਗਨ ਸਿੱਧਨਿ ਕੌ ਦਰਸ਼ਨ ਲੀਨਾ ॥੪੩॥
ਅੰਤ ਸਮੈ ਤਨ ਤਜਾਗਿ ਸਿਧਾਰੇ।
ਬਸੇ ਬਿਸ਼ਨੁਪੁਰਿ ਮਹਿਂ ਪੁਨ ਸਾਰੇ†। †ਅਜੇਹੀਆਂ ਕਹਾਣੀਆਂ ਸੌ ਸਾਖੀ ਵਾਲਾ ਗੁਰੂ ਜੀ ਦੇ ਮੂੰਹੋਂ ਕਹਾਉਂਦਾ ਹੈ। ਪਰੰਤੂ ਏਹ 'ਲੋਕ ਗਾਥਾ' (Folk lore) ਵਿਚ ਵਧੇਰੇ ਫਬਦੀਆਂ ਹਨ।

ਇਮ ਕਲਜੁਗ ਕੋ ਧੰਨ ਬਖਾਨਾ।
ਫਲ ਸਭਿ ਜੁਗ ਤੇ ਦੇਤਿ ਮਹਾਂਨਾ
॥੪੪॥

ਦੋਹਰਾ:
ਧੰਨ ਇਹ ਕਲਜੁਗ ਜੁਗ ਖਰਾ, ਕਰਨੀ
ਥੋਰੀ ਹੋਇ।
ਔਰ ਜੁਗਨਿ ਤੇ ਅਤਿ ਭਲੋ ਪਾਰ
ਉਤਾਰੇ ਸੋਇ' ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਨ੍ਰਿਪ ਬਿੱਕ੍ਰਮ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਸੋਨਾ ਇਕੱਤ੍ਰ ਕਰਵਾਯਾ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਛੁਟੀ ਮਸੰਦਨ ਤੇ ਸਕਲ, ਸੰਗਤਿ ਦੇਸ਼ ਬਿਦੇਸ਼।
ਅਧਿਕ ਭਈ ਸਿੱਖੀ ਜਗਤ, ਸ਼ਰਧਾ ਸਹਿਤ ਵਿਸ਼ੇਸ਼ ॥੧॥

ਚੌਪਈ:

ਆਪ ਕਾਰ ਸੰਗਤਿ ਲੈ ਆਵੈ।
ਭਾਂਤਿ ਭਾਂਤਿ ਕੀ ਭੇਟ ਚੜ੍ਹਾਵੈ।
ਅਨ ਗਨ ਧਨ ਭੂਖਨ ਅਰਪੰਤੇ।
ਬਹੁਤ ਮੋਲ ਕੇ ਬਸਤ੍ਰ ਸੁਭੰਤੇ ॥੨॥
ਜ਼ਰੀ ਬਾਦਲਾ ਕੇ ਬਡ ਥਾਨ।
ਲਜਾਇੰ ਰੇਸ਼ਮੀ ਰੰਗੁ ਮਹਾਨ[1]। [1]ਸੁਹਣੇ ਰੰਗਾਂ ਦੇ।
ਅਨਿਕ ਰੀਤਿ[†] ਕੇ ਮਸਰੂ[1] ਆਵੈਂ। [1]ਇਕ ਰੇਸ਼ਮੀ ਕਪੜਾ ਧਾਰੀਦਾਰ [ਅ਼:, ਮਸ਼ਰੂਅ=ਰੇਸ਼ਮ ਤੇ ਸੂਤ ਦਾ ਮਿਲਾ ਕੇ ਬਣਿਆ ਕਪੜਾ ਜਿਸ ਨੂੰ ਪਹਿਨੇ ਹੋਏ ਮੁਸਲਮਾਨ ਨੂੰ ਨਿਮਾਜ਼ ਪੜ੍ਹਨੀ ਜਾਇਜ਼ ਹੈ]। । [†]ਪਾ:-ਰੰਗ।
ਪਸ਼ਮੰਬਰ ਕਸ਼ਮੀਰੀ ਲਜਾਵੈਂ ॥੩॥
ਖੀਨਖਾਬ ਕੇ ਥਾਨ ਘਨੇਰੇ।
ਸੂਖਮ ਅੰਬਰ ਮੋਲ ਬਡੇਰੇ।
ਜਿਸ ਜਿਸ ਦੇਸ਼ ਵਸਤੁ ਸ਼ੁਭ ਹੋਇ।
ਕਰਹਿਂ ਪ੍ਰੇਮ ਸਿਖ, ਆਨਹਿਂ ਸੋਇ ॥੪॥
ਯੁਤਿ ਮਿਰਯਾਦਾ ਪੂਜਾ ਕਰੈਂ।
ਅਰਪਿ ਅਰਪਿ ਕਰਿ ਉਰ ਮੁਦ ਭਰੈਂ।
ਵਾਸੀ ਵਾਸੀ ਕੇ ਇਕ ਥਾਇੰ[1]। [1]ਨੱਗਰ ਨਗਰ ਦੇ ਇਕ ਥਾਂ ਹੋ ਕਰਕੇ।
ਸਹਿਤ[1] ਤਿਹਾਵਲ ਦੇਗ਼ ਬਨਾਇੰ ॥੫॥ [1]ਪ੍ਰੇਮ ਨਾਲ।
ਨਿਜ ਨਿਜ ਡੇਰੇ ਭਜਨ ਕਰੰਤੇ।
ਸਿੱਖਜਨ ਸੋਂ ਸਿੱਖ ਪ੍ਰੇਮ ਧਰੰਤੇ।
ਮਿਲਿ ਮਿਲਿ ਉਪਜਤਿ ਅਧਿਕ ਅਨੰਦ।
ਜਿਮ ਭ੍ਰਾਤਾ ਸੰਗੁ ਭ੍ਰਾਤਾ[1] ਬ੍ਰਿੰਦ ॥੬॥ [1]ਜਿਵੇਂ ਭਰਾ ਨੂੰ ਭਰਾ ਮਿਲੇ।
ਭਯੋ ਖਾਲਸਾ ਸ਼ਸਤ੍ਰਨਿ ਧਾਰੀ।
ਪੂਜਾ ਮੇਲੇ ਪਰ ਹੁਇ ਭਾਰੀ।

ਇਕ ਦਿਨ ਸਿੰਘ ਸੁਮਤਿ ਕੇ ਧਾਰੀ।
ਬੈਠਿ ਪਰਸਪਰ ਗਿਰਾ ਉਚਾਰੀ ॥੭॥
'ਸਤਿਗੁਰ ਕੋ ਦਰਸ਼ਨ ਅਤਿ ਸੋਹਤਿ।
ਦੇਖਨਿ ਕਰੇ[1] ਸਭਿਨਿ ਮਨ ਮੋਹਤਿ। — [1]ਦੇਖਦਿਆਂ।
ਏਕ ਬਨਹਿ ਕੰਚਨ ਕੋ ਮੰਦਰ[1]। — [1]ਸੋਨੇ ਦਾ ਮੰਦਰ।
ਜ਼ੇਬ ਜਵਾਹਰ ਬਾਹਰ ਅੰਦਰ[1] ॥੮॥ — [1]ਅੰਦਰੋਂ ਬਾਹਰੋਂ।
ਦਰ ਪਰ ਮੁਕਤਾ ਝਾਲਰ ਹੋਇ।
ਰਚਹਿਂ ਚਤਰ ਕਾਰੀਗਰ ਜੋਇ।
ਸ੍ਰੀ ਸਤਿਗੁਰ ਬਹੁ ਮੋਲੇ ਚੀਰ।
ਏਕ ਰੰਗ ਕੇ ਧਰੇਂ ਸਰੀਰ ॥੯॥
ਦਮਕਹਿਂ ਹੀਰੇ ਆਦਿ ਜਰਾਊ।
ਪਹਿਰ ਬਿਭੂਖਨ ਕੋ ਸਮੁਦਾਊ।
ਜਿਗਾ ਸੁ ਕਲਗੀ ਸਿਰ ਪਰ ਧਾਰੈਂ।
ਗਰ ਮਹਿਂ ਸ੍ਰੀ ਕ੍ਰਿਪਾਣ ਕੋ ਡਾਰਹਿਂ ॥੧੦॥
ਤਰਕਸ਼ ਜਰੇ ਜਵਾਹਰ ਜਾਲ।
ਬਨੀ ਚੁਗਿਰਦੇ ਮੁਕਤਾ ਮਾਲ।
ਤਿਸ ਕੋ ਧਰਹਿਂ[1], ਧਨੁਖ ਲੇਂ ਹਾਥ। — [1]ਪਹਿਰਨ।
ਅਸ ਸ਼ੋਭਾ ਯੁਤ ਹੁਇਂ ਗੁਰ ਨਾਥ ॥੧੧॥
ਕੰਚਨ ਸਦਨ ਬਿਰਾਜਹਿਂ ਫੇਰੇ।
ਇਸ ਪ੍ਰਕਾਰ ਹਮ ਦਰਸ਼ਨ ਹੇਰੇਂ[1]। — [1]ਦੇਖੀਏ।
ਸੁੰਦਰ ਸ਼ੋਭਾ ਹੁਇ ਬਿਸਾਲਾ।
ਨਹਿਂ ਤ੍ਰਿਪਤਹਿਂ ਹਿਮ ਪਿਖਿ ਤਿਸ ਕਾਲਾ' ॥੧੨॥
ਮਿਲੇ ਸਿੰਘ ਅਸ ਮਸਲਤਿ ਕਰਹਿਂ।
ਸਤਿਗੁਰ ਪ੍ਰੇਮ ਰਿਦੇ ਬਹੁ ਧਰਹਿਂ।
ਸ੍ਰੀ ਗੋਬਿੰਦ ਸਿੰਘ ਸਭਿ ਕੇ ਸ੍ਵਾਮੀ।
ਲਖੀ ਬਾਤ ਇਹ ਅੰਤਰਜਾਮੀ ॥੧੩॥
ਸ਼ਰਧਾ ਪੂਰਨਿ ਹਿਤ ਨਿਜ ਦਾਸ।
ਲਯੋ ਬੁਲਾਇ ਲਿਖਾਰੀ ਪਾਸ।

ਸ੍ਰੀ ਮੁਖਿ ਤੇ ਅਸ ਆਗਯਾ ਕਰੀ।
'ਹਰੀ ਮੋਹਿ ਸੰਗਤ ਸੁਖ ਭਰੀ[1] ॥੧੪॥
ਲਿਖਹੁ ਹੁਕਮਨਾਮੇ ਸਭਿ ਦੇਸ਼।
ਲਯਾਵਹਿਂ ਸੁਇਨਾ ਕਾਰ ਅਸ਼ੇਸ਼[†]।

[1]ਮੇਰੀ ਸੰਗਤ ਸੁਖਾਂ ਦੇ ਨਾਲ ਹਰੀ ਭਰੀ ਰਹੇ।
[†]ਪਾ:-ਹਮੇਸ਼।

ਹੇਮ ਬੰਗਲਾ ਗੁਰੂ ਬਨਾਵਹਿਂ।
ਯਾਂ ਤੇ ਸਭਿ ਹੀ ਕੰਚਨ ਲਯਾਵਹਿਂ' ॥੧੫॥
ਸੁਨਤਿ ਲਿਖਾਰੀ ਲਿਖਿ ਸਮੁਦਾਏ।
ਦੇਸ਼ ਬਿਦੇਸ਼ਨ ਬਿਖੈ ਪਠਾਏ।
'ਹੁਇ ਇਕ ਬੀਸੁ ਰਜਤਪਣ ਤੋਲਾ[1]।
ਅਸ ਕੁੰਦਨ[1] ਆਨਹਿ ਬਹੁ ਮੋਲਾ ॥੧੬॥
ਅਸ ਨਹਿਂ ਹੋਇ ਤਾਂ ਲੀਜੈ ਮੋਲ[1]।
ਆਨਹੁ ਜਹਿਂ ਕਹਿਂ ਤੇ ਲਿਹੁ ਤੋਲ।'
ਨੇਰੇ ਦੂਰ ਹੁਕਮ ਲਿਖਿ ਪਠਜੋ।
ਖੋਲਜੋ ਕਾਗਦ ਸਿੱਖਨਿ ਪਠਜੋ ॥੧॥
ਲੈ ਲੈ ਕੰਚਨ ਕੋ ਚਲਿ ਆਏ।
ਕੁੰਦਨ ਕੀ ਸ਼ੁਭਿ[†] ਜਿਨਸ ਲਿਆਏ।

[1]ਇਕੀਸ ਰੁਪੈ ਤੋਲੇ ਵਾਲਾ।
[1]ਸ਼ੁੱਧ ਸੋਨਾ।
[1]ਜੇ ਐਸਾ (ਘਰ) ਨਾ ਹੋਵੇ ਤਾਂ ਮੁੱਲ ਲਈ ਆਉਣਾ।
[†]ਪਾ:-ਸਮ ਸਭ।

ਸ੍ਰੀ ਕਲਗੀਧਰ ਕਹਜੋ 'ਲਿਖੀਜੈ।
ਜਗੰਨਾਥ[1] ਪਰ ਹੁਕਮ ਪਠੀਜੈ' ॥੧੮॥
ਪੁਰਸ਼ੋਤਮ ਪਰ ਲਿਖਜੋ ਪਠਾਯੋ।
ਹੁਕਮ ਮੇਵੜਾ ਲੇ ਕਰਿ ਧਾਯੋ।
ਹੁਤੇ ਜੁ ਪਾਂਡੇ ਤਿਹ ਪਰਧਾਨਾ।
ਕਾਗਦ ਦਿਯੋ ਤਿਨ੍ਹੋ ਕੇ ਪਾਨਾ ॥੧੯॥
ਪਢਿ ਸੁਨਿ ਹੁਕਮ ਸਕਲ ਬਿਸਮਾਏ।
-ਜਗੰਨਾਥ ਪਰ ਕੌਨ ਪਠਾਏ[1]?
ਹਮ ਤੋ ਕਿਸ ਕੋ ਜਾਨਹਿਂ ਨਾਂਹੀ।
ਐਸੋ ਕਉਨ ਭਯੋ ਜਗ ਮਾਂਹੀ-

[1]ਜਗਨ ਨਾਥ।
[1]ਜਗਨ ਨਾਥ ਤੇ ਕੌਣ (ਹੁਕਮ) ਭੇਜ ਸਕਦਾ ਸੀ?

॥੨੦॥
ਰਹ੍ਯੋ ਮੇਵੜੋ ਨਿਸ ਬਿਸਰਾਮੂ।
ਲਖਹਿ -ਕਰਹਿੰਗੇ ਸਤਿਗੁਰ ਕਾਮੂ[1]। [1]ਜਾਣਿਆਂ ਕਿ ਗੁਰੂ ਜੀ ਕਾਜ ਸਵਾਰਨਗੇ।
ਤਿਨ ਕੋ ਲਿਖ੍ਯੋ ਬਿਅਰਥ ਨ ਜਾਵੈ।
ਪੁਰਸ਼ੋਤਮ ਗੁਰ ਕਾਰ ਦਿਵਾਵੈ-
॥੨੧॥
ਤਹਿਂ ਕੋ ਜੋ ਰਾਜਾ ਧਰਮਾਤਮ।
ਲਖਹਿ ਸੁ ਠਾਕਰ ਬਡੋ[†] ਮਹਾਤਮ[1]। [1]ਠਾਕਰਾਂ ਦਾ ਬੜਾ ਮਹਾਤਮ ਜਾਣਦਾ ਸੀ। [†]ਪਾ:-ਮਹਾਂ।

ਭਈ ਜਾਮਨੀ ਏਕਲ ਥਿਰਿਯੋ।
ਜਗੰਨਾਥ ਤਬਿ ਸ਼ਬਦ ਉਚਰਿਯੋ
॥੨੨॥
ਅਪਰ ਨ ਸੁਨਹਿਂ, ਸਰਬ ਪਰ ਸੋਏ[1]। [1]ਹੋਰ ਨੇ ਨਹੀਂ ਸੁਣਿਆ ਕਿਉਂਕਿ ਉਹ ਸਾਰੇ (ਲੰਮੇ) ਪੈ ਕੇ ਸੁੱਤੇ ਸਨ।

ਭੂਪਤਿ ਸੁਨਹਿ ਕਹ੍ਯੋ ਪ੍ਰਭੁ ਜੋਏ।
'ਭੋ ਮਹਿਪਾਲਕ! ਮਮ ਅਵਤਾਰ।
ਲੀਨਹੁ ਸਤਿਗੁਰ ਕੋ ਤਨ ਧਾਰਿ
॥੨੩॥
ਰਾਖਨਿ ਹਿੰਦੁਪਨੇ ਕੀ ਲਾਜ।
ਅਪਰ ਅਨੇਕ ਸੁਧਾਰਨਿ ਕਾਜ।
ਦਿੱਲੀ ਮਹਿਂ ਤੁਰਕੇਸ਼ ਨਿਕੇਤ।
ਰਾਜ ਤੇਜ ਤਿਨ ਖੋਵਨਿ ਹੇਤੁ ॥੨੪॥
ਸਭਿ ਪਰ ਹੁਕਮ ਗੁਰੂ ਕੋ ਭਯੋ।
ਕੁੰਦਨ ਦੇਸ਼ ਬਦੇਸ਼ਨ ਲਯੋ।
ਸੋ ਮੇਰੋ ਹੀ ਹੁਕਮ ਪਛਾਨ।
ਉਰ ਸੰਦੇਹ ਨ ਆਨਹੁ ਆਨ ॥੨੫॥
ਹਮਰੀ ਦਿਸ਼ ਤੇ ਦਿਹੁ ਸੌ ਤੋਲਾ।
ਕੁੰਦਨ ਜਿਨਸ[1] ਹੋਇ ਬਹੁ ਮੋਲਾ। [1]ਕੁੰਦਨ ਦੀ ਕਿਸਮ।
ਅਹੈ ਮੇਵਰਾ ਪੁਰੀ ਮਝਾਰੇ।
ਤਿਸ ਕੋ ਨਿਕਟ ਹਕਾਰਿ ਸਕਾਰੇ
॥੨੬॥
ਸਾਦਰ ਦੀਜਹਿ ਹਮਰੀ ਦਿਸ਼ ਤੇ।

ਬਿਰਥਾ ਹੁਕਮ ਫਿਰਹਿ ਨਹਿਂ ਜਿਸ
ਤੇ।'
ਸੁਨਿ ਮਹਿਪਾਲਕ ਨਿਸਾ ਬਿਤਾਈ।
ਹੋਤ ਪ੍ਰਾਤਿ ਕੇ ਲਿਯੋ ਬੁਲਾਈ ॥੨੭॥
ਸੌ ਤੋਲਾ ਕੁੰਦਨ ਮੰਗਵਾਇਸ।
ਪਾਰੁਖ ਢਿਗ ਨੀਕੇ ਪਰਖਾਇਸਿ।
ਦਿਯੋ ਤੋਲ ਕਰਿ ਲੇ ਸੋ ਆਯੋ।
ਸਤਿਗੁਰ ਨਿਕਟ ਆਨਿ ਅਰਪਾਯੋ
॥੨੮॥
ਭਈ ਬਾਰਤਾ ਤਿਹ ਠਾਂ ਜੈਸੇ।
ਹੇਮ ਲੇਨਿ ਕੀ ਬਰਨੀ ਤੈਸੇ।
ਸੁਨਿ ਕਲਗੀਧਰ ਬਹੁ ਬਿਕਸਾਏ।
ਪੁਰਸ਼ੋਤਮ ਕੀ ਮਹਿਮਾ ਗਾਏ ॥੨੯॥
ਦੁਹੂੰ ਲੋਗ ਕੀ ਸਭਿ ਵਡਿਆਈ।
ਸ਼੍ਰੀ ਸਤਿਗੁਰ ਕੇ ਸੀਸ ਟਿਕਾਈ[1]।
ਦੇਸ਼ ਬਿਦੇਸ਼ਨਿ ਹੁਕਮ ਪਠਾਏ।
ਸੁਨਿ ਸੁਨਿ ਜਿਨ ਮਾਨਜੋ ਹਰਖਾਏ
॥੩੦॥
ਕੁੰਦਨ ਮੋਲ ਲੀਨ ਪਰਖਾਏ।
ਭੇਜਯੋ ਸਤਿਗੁਰ ਢਿਗ ਸੁਖ ਪਾਏ।
ਮਨੋ ਕਾਮਨਾ ਪੂਰਨ ਭਈ।
ਪਾਪ ਤਾਪ ਸਗਰੇ ਬਿਨਸਾਈ ॥੩੧॥
ਮੀਆਂ ਦੌਲਾ ਬਿਚ ਗੁਜਰਾਤ।
ਮਹਾਂ ਫਕੀਰ ਧੀਰ ਬਿੱਖਜਾਤ।
ਆਰਬਲਾ ਬਪੁ[1] ਬਿਤੀ ਬਿਸਾਲ।
ਸਰਬ ਸਿੱਧਿ ਧਰਤਾ ਸਭਿ ਕਾਲ
॥੩੨॥
ਜਬਿ ਗੁਜਰਾਤ ਹੁਕਮ ਗੁਰ ਗਯੋ।
ਸਿਖ ਲੋਕਨਿ ਤੇ ਤਿਨ ਸੁਨਿ ਲਯੋ।
ਬਹੁਤ ਬਿਸੂਰਤ ਉਰ ਕੇ ਮਾਂਹੀ।
-ਹਮ ਪਰ ਹੁਕਮ ਲਿਖਯੋ ਗੁਰ ਨਾਂਹੀ

[1]ਅਕਾਲ ਪੁਰਖ ਨੇ)।

[1]ਸ਼ਰੀਰ ਦੀ ਆਯੂ।

॥੩੩॥
ਤਨ ਮਨ ਤੇ ਮੈਂ ਹਾਂ ਸਿਖ ਗੁਰ ਕੋ।
ਨਹੀਂ ਅਪਰ ਆਸ਼ਾ ਮਮ ਉਰ ਕੋ-।
ਬਹੁਤ ਬਿਚਾਰਤਿ ਉਰ ਪਛੁਤਾਯੋ।
ਸੌ ਤੋਲਾ ਕੁੰਦਨ ਸ਼ੁਭ ਲਜਾਯੋ ॥੩੪॥
ਸ਼੍ਰੀ ਸਤਿਗੁਰੂ ਹਦੂਰ ਪਠਾਯੋ।
ਬਿਨਤੀ ਲਿਖੀ 'ਨ ਮੈਂ ਚਿਤ ਆਯੋ†।

†ਪਾ:-ਲਜਾਯੋ।

ਨਿਸ ਬਾਸੁਰ ਮੈਂ ਸਿਮਰੌਂ ਨਾਮ।
ਸਦਨ ਜੁ ਤੁਮ ਕੋ ਸਦਾ ਗ਼ੁਲਾਮ
॥੩੫॥
ਸੇਵਾ ਸਮੈ ਮੋਹਿ ਚਿਤ ਕਰੀਐ[1]।
ਅਪਨੋ ਦਾਸਨ ਦਾਸ ਬਿਚਰੀਐ।'

[1]ਚੇਤੇ ਕਰੋ।

ਤਿਸ ਕੋ ਕੁੰਦਨ ਲੇ ਪਠਿ ਅਰਜ਼ੀ[1]।
ਭਏ ਪ੍ਰਸੰਨ ਅਧਿਕ ਉਰ ਗੁਰ ਜੀ
॥੩੬॥

[1]ਸੋਨਾ ਲੈਕੇ ਤੇ ਅਰਜ਼ੀ ਪੜ੍ਹਕੇ।

'ਦੌਲਾਸ਼ਾਹੁ ਸੁ ਮੌਲਾ ਪਜਾਰੋ।
ਪਰਉਪਕਾਰ ਸਦਾ ਉਰ ਧਾਰੋ।
ਸਭਿ ਜੀਵਨ ਕੇ ਹਿਤ ਕੋ ਕਰਤਾ।
ਦੇਖਿ ਦੁਖੀਨਿ ਦਯਾ ਦਿਲ ਧਰਤਾ
॥੩੭॥
ਰਹੈ ਨਿਮਾਨੋ ਅਹੈ ਮਹਾਨੋ[1]।
ਲਹਜੋ ਟਿਕਾਨੋ ਆਨੰਦ ਥਾਨੋ[1]।'

[1]ਹੈ ਤਾਂ ਮਹਾਨ ਪਰ ਰਹਿੰਦਾ ਹੈ ਨਿਮਾਣਾ ਹੋਕੇ।
[1]ਅਨੰਦ ਦੇ ਥਾਂ ਉਸ ਟਿਕਾ ਲਿਆ ਹੈ।

ਇਮ ਸ਼੍ਰੀ ਮੁਖਿ ਤੇ ਮਹਿਮਾ ਗਾਈ।
ਨਿਜ ਭਗਤਨਿ ਕੋ ਦੇ ਵਡਿਆਈ
॥੩੮॥
ਜਹਾਂ ਜਹਾਂ ਪ੍ਰਭੁ ਹੁਕਮ ਪਠਾਯੋ।
ਸਰਬ ਥਾਨ ਤੇ ਕੁੰਦਨ ਆਯੋ।
ਪੂਰਨ ਹੋਯੋ ਏਕ ਖਜ਼ਾਨਾ।
ਗਿਣਤੀ ਜਿਸ ਕੀ ਜਾਇ ਨ ਜਾਨਾ
॥੩੯॥
ਇਹ ਮਾਇਆ ਕੋ ਕੀਨ ਚਲਿੱਤ੍ਰਾ।

ਨਿਜ ਸੰਗਤ ਕੋ ਕਿਯੋ ਪਵਿੱਤ੍ਰਾ।
ਜਬਿ ਤੇ ਕੋਸ਼ ਵਿਖੈ ਧਰਿਵਾਯਸਿ।
ਪੁਨ ਗੁਰ ਉਰ ਚੇਤਾ ਨਹਿਂ ਆਯਸਿ ॥੪੦॥
ਕੋਸ਼ ਬਿਖੈ ਕੋਸ਼ਪ ਧਰਿ ਲੀਨ।
ਨਹਿ ਕਿਛ ਕੀਨ[1] ਨ ਕਿਸ ਕੋ ਦੀਨ।
ਭਈ ਇਕੱਤਰ ਲੱਖਮੀ ਭਾਰੀ।
ਨਹਿਂ ਤਿਸ ਤੇ ਕੁਛ ਕਾਰ ਸੁਧਾਰੀ ॥੪੧॥
ਅਚਰਜ ਲੀਲਾ ਸਤਿਗੁਰ ਕਰੈਂ।
ਨਹਿਂ ਕਿਸ ਕੇ ਮਨ ਜਾਨੀ ਪਰੈਂ।
ਸ਼੍ਰੀ ਹਰਿਰਾਇ ਬਾਕ ਜੋ ਭਯੋ।
'ਸ਼੍ਰੀ ਨਾਨਕ ਜਹਾਜ ਫਟ ਗਯੋ' ॥੪੨॥
ਪੰਥ ਖਾਲਸਾ ਉਪਜਨਿ ਕਿਯੋ।
ਸੋ ਜਹਾਜ ਸਾਬਤ ਕਰਿ ਦਯੋ।
ਟੂਟੇ ਫੂਟੇ ਬਹੁ ਫਟ ਗਏ[1]।
ਤੇਜ ਪੰਥ ਕੋ ਪਿਖਿ ਇਕ ਭਏ[1] ॥੪੩॥
ਯੌਂ ਸਤਿਗੁਰ ਸਭਿ ਕਾਜ ਸਵਾਰੇ।
ਮਹਾਂ ਬਿਘਨ ਤੇ ਦਾਸ ਉਧਾਰੇ।
ਗੁਰਮਤਿ ਸਿੱਖੀ ਬਹੁ ਬਿਸਤਾਰੇ[1]।
ਕਵਿ ਸੰਤੋਖ ਸਿੰਘ ਹ੍ਵੈ ਬਲਿਹਾਰੇ ॥੪੪॥

ਦੋਹਰਾ:
ਕਲਗ਼ੀਧਰ ਸਤਿਗੁਰੂ ਕੀ[੫,] ਬਾਤਿ ਬਾਤ ਮੈਂ ਬਾਤ।
ਜੋ ਸਾਧੇ ਸਿਧ ਹੋਤਿ ਤਿਸ, ਨਿਸ਼ਕਲੰਕ ਜਿਮ ਧਾਤ[1] ॥੪੫॥

[1]ਭਾਵ ਨਾ ਵਰਤਿਆ।

[1]ਟੁੱਟਦਿਆਂ ਟੁੱਟਦਿਆਂ ਬਹੁਤ ਟੁੱਟ ਗਏ।

[1]ਪੰਥ ਦੇ ਤੇਜ ਨੂੰ ਵੇਖਕੇ ਫਿਰ ਇਕ ਹੋ ਗਏ।

[1]ਗੁਰਮਤ ਤੇ ਸਿੱਖੀ ਬੜੀ ਫੈਲਾਈ।

[1]ਸਧਾਰਨ) ਗੱਲਾਂ ਬਾਤਾਂ ਵਿਚ ਗੁਹਯ ਸਿਧਾਂਤ ਹੁੰਦੇ ਹਨ, ਜਿਨ੍ਹਾਂ ਨਾਲ ਮਨ ਨੂੰ ਸਾਧਿਆਂ ਸਿੱਧੀ ਪ੍ਰਾਪਤ ਹੁੰਦੀ ਹੈ, ਜਿਸ ਤਰ੍ਹਾਂ ਪਾਰੇ ਧਾਤੂ ਨੂੰ ਸਾਧਿਆਂ ਸਿੱਧੀ ਪ੍ਰਾਪਤ ਹੁੰਦੀ ਹੈ ਭਾਵ ਸਿੱਧੀ ਔਖਧੀ ਯਾ ਰਸਾਯਣ ਪ੍ਰਾਪਤ ਹੋ ਜਾਂਦੀ ਹੈ। ['ਨਿਸ਼ਕਲੰਕ' ਨਾਮ ਵੈਦਕ ਵਿਚ 'ਪਾਰੇ' ਦਾ ਹੈ]। (ਅ) 'ਨਿਸ਼ਕਲੰਕ' ਨਾਮ

ਸ਼ੁਧ ਦਾ ਬੀ ਹੈ, ਭਾਵ ਸ਼ੁੱਧ ਧਾਤੂ। [ਬਾਤ=ਗਲ। ਬਾਤ=ਬੁਝਾਰਤ, ਗੁਹਯ ਭਾਵ]।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕੰਚਨ ਇਕੱਤ੍ਰ ਕਰਨ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥੨੧॥

## ੨੨. [ਥਾਨ ਸਾੜਨੇ ਨੇ ਖਜ਼ਾਨਾ ਸਤਲੁਜ ਵਿੱਚ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਸਿਖ ਸੰਗਤਿ ਕੋ ਬਰਸ ਮਹਿਂ, ਕੇਤਿਕ ਛਠਵੈਂ ਮਾਸ।
ਆਵਹਿ ਅਪਰਹਿਂ ਪਾਇਂ ਫਲ, ਹੋਤਿ ਬਿਸਾਲ ਪ੍ਰਕਾਸ਼ ॥੧॥

ਚੌਪਈ:

ਧਨ ਅਨ- ਗਨਤ ਚਲ੍ਯੋ ਨਿਤ ਆਵਹਿ।
ਕੁਛ ਗਿਨਤੀ ਕਿਸ ਕੋ ਨਹਿਂ ਪਾਵਹਿ।
ਇਕ ਦਿਨ ਬੈਠੇ ਗੁਰੂ ਕ੍ਰਿਪਾਲਾ।
ਲੀਲਾ ਅਚਰਜ ਕਰਹਿਂ ਬਿਸਾਲਾ† ॥੨॥

†ਪਾ:-ਕ੍ਰਿਪਾਲਾ।

ਦਾਸਨਿ ਸੋਂ ਇਕ ਹੁਕਮ ਬਖਾਨਾ।
'ਸਕਲ ਨਿਕਾਸਹੁ ਤੋਸ਼ੇਖਾਨਾ।
ਆਨਿ ਆਨਿ ਕਰਿ ਧਰਹੁ ਅਗਾਰੀ।
ਬਹੁ ਲਗੁ ਜਾਹੁ[1] ਨ ਕਰਹੁ ਅਵਾਰੀ' ॥੩॥

[1]ਬਹੁਤੇ ਲੱਗ ਪਵੋ।

ਸੁਨਿ ਆਗ੍ਯਾ ਕੋ ਕਰਤਿ ਨਿਕਾਸੇ।
ਜ਼ਰੀ ਬਾਫਤਾ ਮਲਮਲ ਖਾਸੇ।
ਤਾਸ[1] ਬਾਦਲਾ[2] ਚਮਕਤਿ ਘਨੇ।
ਖੀਨਖਾਬ ਜ਼ਰ ਬੂਟੇ ਸਨੇ[1] ॥੪॥

[1]ਤਿੱਲੇ ਦਾ ਕਪੜਾ [ਹਿੰਦੀ, ਤਾਸ਼]। [2]ਜ਼ਰਬਫਤ ਦੀ ਕਿਸਮ ਦਾ ਕਪੜਾ ਰੇਸ਼ਮ ਤੇ ਸੋਨੇ ਚਾਂਦੀ ਦੀਆਂ ਤਾਰਾਂ ਨਾਲ ਉਣਿਆ।
[1]ਜ਼ਰੀ ਦੇ ਬੂਟਿਆਂ ਸਮੇਤ।

ਭਾਰ ਉਠਾਵਤਿ ਲੇ ਲੇ ਆਵਹਿਂ।
ਸ੍ਰੀ ਸਤਿਗੁਰ ਕੇ ਅੱਗ੍ਰ ਟਿਕਾਵਹਿਂ।
ਬਸਤ੍ਰਨਿ ਜਾਤਿ ਅਨੇਕ ਪ੍ਰਕਾਰੋ।
ਸਭਿ ਦੇਸ਼ਨਿ ਤੇ ਲ੍ਯਾਇ ਹਜ਼ਾਰੋਂ ॥੫॥
ਸੋ ਸਗਰੇ ਬਾਹਰ ਨਿਕਸਾਏ।
ਜੁਦੇ ਜੁਦੇ ਕਰਿ ਗੁਰੂ ਦਿਖਾਏ।
ਅਨਿਕ ਜਾਤਿ ਕੇ ਸੁੰਦਰ ਘਨੇ।
ਚਹੁਂ ਦਿਸ਼ਿ ਤੇ ਆਏ ਜ਼ਰਿ ਸਨੇ[1] ॥੬॥

[1]ਜ਼ਰੀ ਦੇ ਨਾਲ (ਕੱਢੇ ਹੋਏ)।

ਜਿਨ ਕੇ ਦੇਖਤਿ ਹੋਤਿ ਹੁਲਾਸ।
ਮਨਹੁਂ ਦੇਤਿ ਕਰਿ ਅਧਿਕ ਪ੍ਰਕਾਸ਼[1]।

[1]ਬਹੁਤ ਚਾਨਣਾ (ਅ) ਜਦ ਚਮਕਦੇ ਹਨ ਮਾਨੋ ਕਿਰਨਾਂ ਛੁਟਦੀਆਂ ਹਨ।

ਕਾਰੀਗਰ ਚਤਰਨਿ ਕੇ ਕਰੇ[1]।
ਸਭਿ ਦਿਖਾਇ ਕਰਿ ਆਗੇ ਧਰੇ ॥੭॥

[1]ਚਤੁਰ ਕਾਰੀਗਰਾਂ ਦੇ ਬਣਾਏ ਹੋਏ।

ਬਹੁਰ ਜੌਨਪੁਰ ਆਦਿਕ ਜੇਤੇ।
ਅਨਿਕ ਉਪਾਇਨ ਪਠਵਤਿ ਤੇਤੇ।
ਅਤਰ ਫੁਲੇਲ ਬਿਸਾਲ ਤਹਾਂ ਕੋ।
ਕਹਿ ਕਰਿ ਸੋ ਨਿਕਸਾਇ ਮਹਾਂ ਕੋ ॥੮॥
ਜਬਹਿ ਬ੍ਰਿੰਦ ਕੋ ਧਰਜੋ ਅਗਾਰੀ।
ਦਾਸਨ ਪ੍ਰਤਿ ਸਤਿਗੁਰੂ ਉਚਾਰੀ।
'ਅਤਰ ਫੁਲੇਲਨ ਥਾਨ ਭਿਗੋਵਹੁ।
ਤਾਸ ਬਾਦਲਾ ਆਦਿਕ ਜੋਵਹੁ' ॥੯॥
ਬਡੇ ਬਡੇ ਪੁਰਿ ਤੇ ਬਹੁ ਆਏ[1]।
ਕਹਿ ਕਰਿ ਅੰਤਰ ਫੁਲੇਲ ਭਿਗਾਏ।
ਦਾਸ ਸਮੀਪੀ ਬਿਸਮਤ ਜੋਵਤਿ।
ਕਹਾ ਲੀਲਾ ਸਤਿਗੁਰ ਕੀ ਹੋਵਤਿ ॥੧੦॥

[1]ਬੜੇ ਬੜੇ ਸ਼ਹਿਰਾਂ ਤੋਂ ਜੋ (ਕਪੜੇ) ਆਏ ਸਨ।

ਕਹਿ ਸਭਹਿਨਿ ਕੋ ਆਗ ਲਗਾਈ।
ਜਰਿ ਬਰਿ ਭਸਮ ਭਈ ਤਿਸ ਥਾਈਂ।
ਅਤਰ ਸਮੇਤ ਫੁਕਾਏ ਥਾਨ।
ਜੋ ਪ੍ਰਾਪਤ ਹੁਇ ਮੋਲ ਮਹਾਨ ॥੧੧॥
ਤਿਨ ਤੇ ਨਿਕਸਜੋ ਰਜਤ ਘਨੇਰਾ[1]।
ਇਕਠੋ ਕਰਿਵਾਯੋ ਤਿਸ ਬੇਰਾ।

[1]ਬਹੁਤ ਸੋਨਾ ਚਾਂਦੀ। [ਸੰਸ. ਰਜਤ=ਸੋਨਾ, ਚਾਂਦੀ]।

ਬੰਧਿ ਪੋਟਦੇ ਗੰਢ ਸਭਿਨਿ ਕੋ[1]।
ਹੁਕਮ ਮੰਨਿ ਦਾਸਨਿ ਧਰਿ ਤਿਨ ਕੋ ॥੧੨॥

[1]ਸਾਰਿਆਂ ਨੂੰ ਗੰਢ ਬੰਨ੍ਹ ਦਿੱਤੀ।

ਵਹਿਰ ਧਰਾਇ ਉਠੇ ਗੋਸਾਂਈ।
ਨਹੀਂ ਕੋਸ਼ ਮਹਿਂ[1] ਸੌਂਪਿ ਧਰਾਈ।
ਇਮ ਚਰਿੱਤ੍ਰ ਕਰਿ ਸਦਨ ਮਝਾਰੇ।
ਬਦਨ ਪ੍ਰਫੁਲਤਿ ਵਹਿ ਪਧਾਰੇ ॥੧੩॥

[1]ਖ਼ਜ਼ਾਨੇ ਵਿਚ।

ਸਤੁੱਦ੍ਰਵ ਨਦੀ ਕਿਨਾਰੇ ਗਏ।
ਦਾਸਨ ਸਾਥ ਹੁਕਮ ਅਸ ਕਏ।
ਏਕ ਹਾਥ ਪਰ ਜਿਹਠਾਂ ਪਾਨੀ।
ਤਹਾਂ ਪ੍ਰਯੰਕ ਡਸਾਯਹੁ† ਆਨੀ ॥੧੪॥ †ਪਾ:-ਡਸਾਵਹੁ।

ਤਿਸ ਪਰ ਬੈਠੇ ਗੁਰ ਮਹਾਰਾਜ।
ਜੋਤਿ ਬਦਨ ਪਰ ਰਹੀ ਬਿਰਾਜ।
ਬਹੁਤ ਸਿੱਖ ਤਿਸ ਥਾਨ ਲਗਾਏ।
ਜਲ ਮਹਿਂ ਏਕ ਗਰਤ ਖਨਵਾਏ ॥੧੫॥
ਬਹੁਰ ਹੁਕਮ ਬਹੁਤਨਿ ਕੋ ਦੀਨਾ।
ਸਿਖ ਦਾਸਨਿ ਸੋ ਮਾਨਨਿ ਕੀਨਾ[1]। [1]ਉਹ (ਹੁਕਮ) ਮੰਨ ਲੀਤਾ।
'ਕੰਚਨ ਮਹਾਂ ਰਜਤਪਣ ਜੋਊ।
ਕੋਸ਼ ਬਿਖੈ ਤੇ ਆਨਹੁ ਸੋਊ' ॥੧੬॥
ਸਿੱਖ ਸੈਂਕਰੇ ਲਗੇ ਹਜ਼ਾਰੇ।
ਕੰਚਨ ਪੋਟ ਬੰਧਿ ਸਿਰਧਾਰੇ।
ਜੋ ਚਹੁੰਦਿਸ਼ਿ ਤੇ ਕਹਿ ਮੰਗਵਾਯੋ[1]। [1]ਕੀਹ ਕਹਿ ਕੇ ਮੰਗਾਯਾ ਸੀ।
ਅਪਰ ਹੁਤੋ ਸੋ ਸਕਲ ਅਨਾਯੋ ॥੧੭॥
ਮਹਾਂ ਰਜਤਪਣ ਸਿਰ† ਧਰਿ ਲਜਾਵਹਿਂ[1]। [1]ਸਿਰਾਂ ਤੇ ਧਰ ਧਰਕੇ ਲਈ ਆਉਂਦੇ ਹਨ। †ਪਾ:-ਸਰ
ਗਰਤ ਗੁਰੂ ਆਗੈ ਤਹਿਂ ਪਾਵਹਿਂ[1]। [1]ਗੁਰਾਂ ਅਗੇ ਜੋ ਟੋਆ ਸੀ ਤਿਸ ਵਿਚ ਪਾਈ ਜਾਂਦੇ ਹਨ।
ਘਰਿ ਸਲਿਤਾ ਲਗ ਹੋਯਹੁ ਲਾਰਾ[1]। [1]ਘਰ ਤੋਂ ਨਦੀ ਤਕ ਇਕ ਕਤਾਰ ਬੱਝ ਗਈ (ਮਨੁੱਖਾਂ ਦੀ)।
ਇਕ ਆਵਤਿ ਇਕ ਜਾਤ ਸਿਧਾਰਾ ॥੧੮॥
ਤੋਰੇ ਆਨ ਰਜਤਪਣ ਕੇਰੇ[1]। [1]ਰੁਪੱਯਾਂ ਦੇ ਤੋੜੇ ਲਿਆ ਕੇ (ਤੋੜਾ=ਇਕ ਹਜ਼ਾਰ ਰੁਪੈ ਦੀ ਥੈਲੀ, ਦੋ ਹਜ਼ਾਰ ਵਾਲੀ ਨੂੰ ਵੀ ਕਹਿੰਦੇ ਹਨ]।
ਬਹੁਤ ਅਸ਼ਰਫੀ ਲੇ ਲੇ ਗੇਰੇ।
ਰਜਤ ਹੇਮ ਕੋ ਜਿਤੋ ਖਜ਼ਾਨਾ।
ਸਿੱਖ ਹਜ਼ਾਰੋਂ ਸਿਰ ਧਰਿ ਆਨਾ ॥੧੯॥

ਬਹੁਰ ਹੁਕਮ ਸਤਿਗੁਰੂ ਬਖਾਨਾ।
'ਲਜਾਵਹੁ ਅਬਹਿ ਜਵਾਹਰ ਖਾਨਾ[1]।' [1]ਜਵਾਹਰਖਾਨੇ ਵਿਚੋਂ ਜਵਾਹਿਰ ਲਿਆਓ।
ਲਜਾਵਨ ਲਾਗੇ ਮੁਕਤਾ ਹੀਰੇ।
ਗੇਰੇ ਸਲਿਤਾ ਜਲ ਮਹਿਂ ਤੀਰੇ[1] [1]ਕਿਨਾਰੇ ਖੜੋਕੇ।
॥੨੦॥
ਕੰਚਨ ਚਾਂਦੀ ਕੇ ਬਹੁ ਬਾਸਨ।
ਹੇਮ ਜਰਾਊ ਲਜਾਇ ਸੁ ਦਾਸਨਿ।
ਡਾਰਤਿ ਹੈਂ ਸਭਿ ਗਰਤ ਮਝਾਰੇ।
ਲੋਪ ਹੋਤਿ ਨਹਿਂ ਪਰਹਿਂ ਨਿਹਾਰੇ
॥੨੧॥
ਜੇਤਿਕ ਸਿੱਖ ਸੰਗਤ ਤਹਿਂ ਪਾਸ।
ਕਰਹਿਂ ਕਾਰ ਜਿਮ ਹੁਕਮ ਪ੍ਰਕਾਸ਼।
ਪੁਨਹਿ ਸਿਲਹਖਾਨਾ[1] ਮੰਗਵਾਇਵ। [1]ਸ਼ਸਤ੍ਰ ਘਰ।
ਬਹੁਤ ਮੋਲ ਤੇ ਸ਼ਸਤ੍ਰ ਸੁਹਾਇਵ
॥੨੨॥
ਕੰਚਨ ਮੁਸ਼ਟ ਜਰਾਵ ਜਵਾਹਰ।
ਖੰਡੇ ਖੜਗ ਦੁਧਾਰੇ ਜ਼ਾਹਰ।
ਮੁਕਤਾ ਹੀਰੇ ਜਰੇ ਜਿ ਸੰਗ।
ਇਸ ਪ੍ਰਕਾਰ ਕੇ ਅਨਿਕ ਨਿਖੰਗ
॥੨੩॥
ਬ੍ਰਿੰਦ ਸਰਾਸਨ ਕੀਮਤ ਮਹਾਂ।
ਸਭਿ ਉਠਾਇ ਕਰਿ ਲਜਾਏ ਤਹਾਂ।
ਤਬਿ ਇਕ ਸਿੱਖ ਨੇ ਪਨਚ[1] ਉਤਾਰਾ। [1]ਚਿੱਲਾ।
ਕਟ ਲਪੇਟ ਕਰਿ ਢਾਂਪਯੋ ਸਾਰਾ
॥੨੪॥
ਕੀਨ ਦੁਰਾਵਨ ਭਲੇ ਬਨਾਇ।
ਬ੍ਰਿੰਦ ਸਰਾਸਨ ਡਾਰੇ ਆਇ।
ਅੰਤਰਜਾਮੀ ਨੇ ਸੋ ਜਾਨਾ।
ਨਿਕਟ ਸਿੱਖਯ ਭਾ ਤਬਹੁ ਬਖਾਨਾ
॥੨੫॥
'ਕਟ ਸੋਂ ਕਹਾਂ ਲਪੇਟਨ ਕਰਿਯੋ?'

ਸੁਨਤਿ ਬਾਕ ਕੋ ਸੋ ਉਰ ਡਰਿਯੋ।
ਹਾਥ ਜੋਰਿ ਕਰਿ ਕੀਨਸਿ ਬਿਨਤੀ।
'ਸੁਨਹੁ ਪ੍ਰਭੂ! ਮੈਂ ਠਾਨੀ ਗਿਨਤੀ ॥੨੬॥
ਮਮ ਕਮਾਨ ਕੋ ਪਨਚ ਪੁਰਾਨਾ।
ਸ਼ੱਤ੍ਰੁਨਿ ਸੰਗ ਲਰਹਿਂ ਜਿਸ ਥਾਨਾ।
ਇਹ† ਜੇ ਟੂਟ ਜਾਇ ਜਿਸ ਬਾਰੀ।
ਤਬਹਿ ਚਢਾਵਹੁਂ ਇਹ ਗੁਨ ਧਾਰੀ[1] ॥੨੭॥
ਰਹਤਿ ਪੰਥ ਕੀ ਨੀਤਿ ਲਰਾਈ।
ਚਹੁਂਦਿਸ਼ ਬਿਖੈ ਸ਼ੱਤ੍ਰੁ ਸਮੁਦਾਈ।'
ਬੋਲੇ ਸੋਢੀ ਕੁਲ ਅਵਿਤੰਸ਼।
'ਇਹੁ ਪੂਜਾ ਕੀ ਹੈ ਸਭਿ ਅੰਸ਼ ॥੨੮॥
ਬਿਖ ਸਮਾਨ ਸਭਿ ਸਿੱਖਨ ਕੋ ਹੈ।
ਹੀਨ ਬੀਰਤਾ ਕਰਤੀ ਜੋ ਹੈ[1]।
ਦੋਨੋ ਲੋਕਨਿ ਕਰਤਿ ਬਿਰਾਗ।
ਲੇਨਹਾਰ ਕੇ ਪੁੰਨ ਨਿਵਾਰ† ॥੨੯॥
ਜਪੁ ਤਪੁ ਐਂਚਿ ਲੇਤਿ ਇਸ ਭਾਇ।
ਪੋਲ ਤੀਲ ਤੇ ਜਲ ਜਿਮ ਜਾਇ[1]।
ਇੱਤਯਾਦਿਕ ਕੋ ਕਰਹੁ ਬਿਬੇਕ[1]।
ਔਗੁਨ ਇਸ ਮਹਿਂ ਲਖਹੁ ਅਨੇਕ' ॥੩੦॥
ਸੁਨਤਿ ਸਿੱਖ ਸੋ ਥਰਹਰ ਕਾਂਪਾ।
ਚਰਨ ਪਰਯੋ ਬਖਸ਼ਾਵਨ ਆਪਾ।
'ਪ੍ਰਭੁ ਲਗਯੋ ਅਬਿ ਰਾਵਰਿ ਸ਼ਰਨੀ।
ਮਾਫ ਅਵੱਗਯਾ ਇਹ ਮਮ ਕਰਨੀ ॥੩੧॥
ਨਾਮ ਗ਼ਰੀਬਨਿਵਾਜ ਤੁਮਾਰਾ।
ਅਧਮ ਉਧਾਰਨ ਬਿਰਦ ਤੁਮਾਰਾ।'

†ਪਾ:-ਇਨ।
[1]ਇਸ ਚਿੱਲੇ ਨੂੰ ਫੜਕੇ ਚੜ੍ਹਾਵਾਂਗਾ, [ਸੰਸ. ਗੁਣ=ਚਿੱਲਾ]।
[1]ਜੋ ਬੀਰਤਾ ਤੋਂ ਹੀਨ ਕਰਦੀ ਹੈ।
†ਪਾ:-ਪੁਨਨਿਹਾਰਿ।
[1]ਪੋਲੀ ਤੀਲ ਵਿਚ ਦੀ ਜਿਵੇਂ ਜਲ ਖਿੱਚ ਲਈਦਾ ਹੈ।
[1]ਵਿਚਾਰੋ।

ਸੁਨਿ ਸ਼੍ਰੀ ਮੁਖ ਤੇ ਹੁਕਮ ਬਖਾਨ।
'ਤਜਾਗਹੁ ਪਨਚ ਧਰਹੁ ਇਸ ਥਾਨ
॥੩੨॥
ਵਸਤੁ ਅਪਰ ਕੋਸ਼ ਮਹਿਂ ਜੇਤੀ।
ਪਹੁੰਚਹੁ ਤੂਰਨ ਆਨਹੁ ਤੇਤੀ।
ਕੋਸ਼ਪਤੀ ਕੇ ਸੰਗ ਉਚਾਰਨਿ[1]। [1]ਜਾਕੇ ਕਹੋ।
ਸਭਿ ਸਥਾਨ ਤੇ ਹੇਰਿ ਸੰਭਾਰਨਿ[1] [1]ਸੰਭਾਲਕੇ ਵੇਖਕੇ।
॥੩੩॥
ਸਭਿ ਨਿਕਾਸ ਸਿੰਘਨ ਕਰ ਦੇਹੁ[1]। [1]ਸਿੰਘਾਂ ਹੱਥੀਂ।
ਖਰੇ ਨ ਹੋਵਹਿਂ ਲਜਾਇਂ ਅਛੇਹੁ।'
ਗੁਰ ਘਰ ਕੋ ਬਡ ਤੋਸ਼ੇਖਾਨਾ।
ਕਿਸ ਤੇ ਹੋਇ ਸਕਹਿ ਪਰਮਾਨਾ[1] [1]ਅੰਦਾਜ਼ਾ।
॥੩੪॥
ਸਤਿਗੁਰ ਸਿੱਖ ਹਜ਼ਾਰਹੁਂ ਢੋਵੈਂ।
ਮਹਾਂ ਅਨੂਠੀ ਵਸਤੁ ਜੋਵੈਂ।
ਤੂਰਨ ਦੌਰਿ ਦੌਰਿ ਕਰਿ ਆਨਹਿਂ।
ਕੰਚਨ ਆਯੁਧ ਰਜਤ ਮਹਾਂਨਹਿ
॥੩੫॥
ਜਬਰ ਜਵਾਹਰ ਜੋਤਿ ਜਗੇ ਤੇ।
ਜਲ ਮਹਿਂ ਗੇਰਤਿ ਆਨਿ ਤੁਰੇਤੇ[1]। [1]ਛੇਤੀ ਛੇਤੀ ਲਿਆਕੇ।
ਐਸੋ ਕੌਨ ਹੁਕਮ ਕੋ ਹੋਰਹਿ।
ਗੁਰੂ ਤਜਹਿ ਤਿਸ ਸੰਗ੍ਰਹਿ ਲੋਰਹਿ[1] [1]ਗੁਰੂ (ਜਿਸ ਧਨ ਦਾ) ਤਜਾਗ ਕਰਨ (ਤੇ ਸਿੱਖ) ਉਸਦਾ ਸੰਗ੍ਰਹ ਲੋੜੇ (ਐਸਾ ਕੌਣ ਸਿੱਖ ਹੈ)।
॥੩੬॥
ਅਨਗਨ ਸਿੱਖ ਅਨਗਿਨਤੀ ਵਾਰੀ।
ਅਨਗਨ ਧਨ ਆਨਤਿ ਜਲ ਡਾਰੀ[†]। [†]ਪਾ:-ਭਾਰੀ।

ਗੁਰੂ ਹੁਕਮ ਤੇ ਦੌਰਤਿ ਜਾਂਹੀ।
ਆਇ ਸ਼ੀਘ੍ਰ ਤਹਿਂ ਬਿਲਮਤਿ ਨਾਂਹੀ
॥੩੭॥
ਸੰਧਜਾ ਲਗ ਢੋਵਨ ਗਨ ਕਰਿਯੋ।
ਨੀਠ ਨੀਠ ਕਰਿਤੇ ਤਬਿ ਭਰਿਯੋ।
ਜਬਿ ਸਭਿ ਆਇ ਚੁਕਯੋ ਅਸਬਾਬ।

ਸਭਿ ਦਿਨ ਧਰਤੇ ਰਹੇ ਸ਼ਿਤਾਬ
॥੩੮॥
ਸਭਿ ਕੋ ਸ੍ਰੀ ਮੁਖ ਤੇ ਫੁਰਮਾਯੋ।
'ਅਬਿ ਤੌਂ ਸਰਬ ਪਦਾਰਥ ਆਯੋ।
ਸਭਿ ਸੰਗਤ ਅਬਿ ਡੇਰੋ ਚਲੋ।
ਬਿਸਰਾਮਹੁ ਤਨ ਤੇ ਸ੍ਰਮ ਦਲੋ[1]' [1]ਥਕਾਨ ਲਾਹੋ।
॥੩੯॥
ਇਮ ਕਹਿ ਗਮਨੇ ਗੁਰ ਗੋਸਾਈਂ।
ਸਿੰਘ ਸਮੂਹ ਸੰਗ ਸੁਖ ਪਾਈ।
ਸੁੰਦਰ ਸਦਨ ਬਿਰਾਜੇ ਆਇ।
ਸਭਿ ਸਿਖ ਪਹੁੰਚੇ ਨਿਜ ਨਿਜ ਥਾਇੰ
॥੪੦॥
ਜਬਿ ਗੁਰ ਪ੍ਰਾਤਿ ਹੁਕਮ ਕੋ ਦਯੋ[1]। [1]ਹੁਕਮ ਸਵੇਰੇ ਦਿੱਤਾ ਸੀ (ਧਨ ਲੁੱਟਣ ਦਾ)।
ਪਰਬਤ ਪਤੀ ਦੂਤ ਸੁਨਿ ਲਯੋ।
ਲਿਖਿ ਕਰਿ ਸੁਧ ਤਤਕਾਲ ਪਠਾਈ।
'ਗਾਡਜੋ ਧਨ ਸਲਿਤਾ ਜਲ ਥਾਈਂ'
॥੪੧॥
ਸੁਨਿ ਕੈ ਸ਼੍ਰੌਨ ਮੁਢ ਲਲਚਾਨੇ।
ਭਏ ਤਿਮਰ ਆਏ ਤਿਸ ਥਾਨੇ।
ਗਯੋ ਦੇਖਿ ਤਿਨ ਥਾਇੰ ਬਤਾਈ[1]। [1]ਜੋ ਦੇਖ ਗਿਆ ਸੀ। (ਦੂਤ) ਤਿਸ ਨੇ ਥਾਂ ਦੱਸੀ।
'ਇਹਠਾਂ ਧਰਜੋ ਕੋਸ਼ ਸਮੁਦਾਈ'
॥੪੨॥
ਸੁਭਟ ਸਨੱਧ ਬੱਧ ਕਰਿ ਠਾਂਢੇ।
ਪੁਰਿ ਦਿਸ਼ ਕਰੇ ਲਰਨ ਹਿਤ ਗਾਢੇ।
ਲਗੇ ਸੈਂਕਰੇ ਖੋਜਨਿ ਤਹਾਂ।
ਨਹਿੰ ਜਾਨੈ ਮੂਰਖ ਹੈ ਕਹਾਂ ॥੪੩॥
ਸਭਿ ਜਾਮਨਿ ਲੌਂ ਖੋਜਤਿ ਰਹੇ।
ਨਦੀ ਬੀਚ ਜਹਿੰ ਜਹਿੰ ਜਿਨ ਕਹੇ[1]। [1]ਜਿੱਥੇ ਜਿੱਥੇ ਜਿਸ ਨੇ ਕਹਿਆ।
'ਇਸ ਥਲ ਬੈਠੇ ਗੁਰ ਦਿਨ ਸਾਰੇ।
ਤਿਨ ਆਗੈ ਸਗਰੋ ਧਨ ਡਾਰੇ' ॥੪੪॥
ਜਾਰਿ ਮਸਾਲੈਂ ਖੋਜਤਿ ਰਹੇ।

ਖਨਹਿਂ ਮਿੱਤ੍ਰਕਾ ਜਲ ਮਹਿਂ ਲਹੇ।
ਹੋਤ ਪ੍ਰਾਤਿ ਸੋ ਉਠਿ ਕਰਿ ਗਏ।
ਰਿਦੈ ਬਿਸੂਰਤਿ ਜਨੁ ਲੁਟ ਲਏ ॥੪੫॥
ਚਢਯੋ ਦਿਵਸ ਸਿਖ ਦੇਖਨਿ ਆਏ।
ਬਹੁਤ ਸਥਾਨ ਗਰਤ ਖਨਵਾਏ[1]। [1]ਪੱਟੇ ਹੋਏ ਟੋਏ (ਸਿੱਖਾਂ ਨੇ ਵੇਖੇ)।
ਖੋਜ[1] ਸੈਂਕਰੇ ਮਨਮੁਖਿ ਕੇਰਾ। [1]ਪੈਰਾਂ ਦੇ ਨਿਸ਼ਾਨ।
ਇਤ ਉਤਿ ਬਿਚਰੇ ਸੋ ਸਭਿ ਹੇਰਾ ॥੪੬॥
ਇਮ ਅਵਿਲੋਕਿ ਗਏ ਗੁਰ ਪਾਸੀ।
ਸਤੁੱਦ੍ਰਵ ਤਟ ਕੀ ਬਾਤ ਪ੍ਰਕਾਸ਼ੀ।
'ਖਨੀ ਥਾਉਂ ਤਹਿਂ ਦੂਰ ਘਨੇਰੀ।
ਘਨੀ ਪੈੜ[੬] ਲੋਕਨਿ ਕੀ ਹੇਰੀ' ॥੪੭॥
ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨਾ।
'ਹੈਂ ਪਹਾਰੀਏ ਨਰ ਅਨਜਾਨਾ।
ਸਭਿ ਮਾਇਆ ਅਸਬਾਬ ਜੁ ਰਾਸੀ[1]। [1]ਸਾਰਾ ਹੀ।
ਹਮ ਸੌਂਪਯੋ ਸਤੁੱਦ੍ਰਵ ਕੇ ਪਾਸੀ ॥੪੮॥
ਧਰੀ ਧ੍ਰੋਹਰ[1] ਹਮ ਸਭਿ ਸੰਭਾਰਿ। [1]ਅਮਾਨਤ [ਪੰਜਾ:, ਧਰੋਹਰ=ਕਿਸੇ ਪਾਸ ਅਮਾਨਤ ਰੱਖੀ ਸ਼ै]।
ਰਹਿ ਚਿਰਕਾਲਹਿ ਇਸੀ ਮਝਾਰ।
ਪੰਥ ਹਮਾਰੋ ਪ੍ਰਗਟਹਿ ਭਾਰੋ।
ਪ੍ਰਿਥੀ ਰਾਜ ਲੇ[†] ਕਰਹਿਂ ਉਦਾਰੋ ॥੪੯॥ [†]ਪਾ:-ਕੋ।
ਸਿੰਘ ਪੁਰਖ ਜਨਮਹਿ ਬਲਿ ਭਾਰੀ।
ਮਹਾਂ ਤੇਜਸੀ ਰਿਪੁਨਿ ਪ੍ਰਹਾਰੀ।
ਤਿਸ ਕੇ ਹਿਤ ਹਮ ਨੇ ਇਹ ਰਾਖੀ।
ਸੋ ਆਵੈ ਇਸ ਕੋ ਅਭਿਲਾਖੀ ॥੫੦॥
ਲੇਹਿ ਅਮਾਨਤ ਅਪਨੀ ਆਇ।
ਪਹੁੰਚਹਿ ਸਮਾਂ ਸਕਲ ਬਨ ਜਾਇ।
ਨਹੀਂ ਅਪਰ ਕੇ ਇਹ ਕਰ ਆਵੈ।

ਜੇ ਕਰਿ ਜਤਨ ਅਨੇਕ ਬਨਾਵੈ'
॥੫੧॥
ਜਿਤਨੋ ਧਨ ਗੁਰ ਸਲਿਤਾ ਡਾਰਾ।
ਗੁਰ ਸਿੱਖਨਿ ਕਿਛੁ ਗਿਨਜੋ ਬਿਚਾਰਾ।
ਨੌ ਕਰੋੜ ਨਗਦੀ ਠਹਿਰਾਯੋ।
ਵਸਤੁ ਮੋਲ ਕਛੁ ਨਹਿਂ ਨ ਲਖਾਯੋ
॥੫੨॥
ਕੰਚਨ ਕੀ ਕਛੁ ਗਿਨਤੀ ਨਾਂਹੀ।
ਮਹਾਂ ਜਵਾਹਰ ਮੋਲ ਨ ਤਾਂਹੀ।
ਗੁਰ ਘਰ ਜਹਿਂ ਲਖਮੀ ਤਹਿਂ ਰਹੇ[1]।
ਤਿਸ ਕੀ ਗਿਨਤੀ ਕਹੁ ਕੋ ਕਹੇ
॥੫੩॥
ਇਹ[†] ਸਤਿਗੁਰ ਕੇ ਰੁਚਿਰ ਬਿਲਾਸ।
ਪਠਨਿ ਸੁਨਨਿ ਕੋ ਕਰੋਂ ਪ੍ਰਕਾਸ਼।
ਸਦਾ ਬਿਅੰਤ ਅੰਤ ਜਿਸ ਨਾਂਹੀ।
ਸੰਖ੍ਯਾ ਕਰਨ ਕੌਨ ਤਿਨ ਚਾਹੀ
॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਤੁੱਦ੍ਰਵ ਮੈਂ ਦ੍ਰੱਬਧਰਨ' ਪ੍ਰਸੰਗ ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥੨੨॥

[1]ਭਾਵ, ਜਿੱਥੇ ਗੁਰਾਂ ਦਾ ਘਰ ਓਥੇ ਤਾਂ ਲਖਮੀ ਵਾਸਾ ਕਰਦੀ ਹੈ।

[†]ਪਾ:-ਇਕ।

## ੨੩. [ਫਕੀਰ ਫੁੱਲਾਂ ਦਾ ਬੁੱਕ ਭੇਟਾ ਲਿਆਇਆ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

†ਇਕ ਬਿਰ ਦੇਸ਼ ਬਿਦੇਸ਼ ਤੇ, ਗਨ ਸੰਗਤਿ ਚਲਿ ਆਇ।

†ਸੌ ਸਾਖੀ ਦੀ ਇਹ ੭੦ਵੀਂ ਸਾਖੀ ਹੈ।

ਪਰੀ ਰਹੀ ਅਨੰਦਪੁਰਿ, ਕਰਿ ਦਰਸ਼ਨ ਕੀ ਚਾਹਿ† ॥੧॥ †ਪਾ:-ਕੋ ਚਾਇ।

ਚੌਪਈ:

ਕਰੀ ਮੇਵਰੇ ਸੁਧਿ ਸਤਿਗੁਰ ਕੋ।
'ਸੰਗਤਿ ਦਰਸ ਮਨੋਰਥ ਉਰ ਕੋ।
ਘਨੀ ਬਟੋਰਨ ਹ੍ਵੈ ਚਲਿ ਆਈ।
ਬੀਤੇ ਕੇਤਿਕ ਦਿਵਸ ਇਥਾਈ' ॥੨॥
ਸੁਨਿ ਕਲਗੀਧਰ ਗਿਰਾ ਉਚਾਰੀ।
'ਕਰਹੁ ਪ੍ਰਾਤ ਕੋ ਸਭਿ ਕਿਛ ਤਯਾਰੀ।
ਬੈਠੇ ਸਭਾ ਸਥਾਨ ਪਿਛਾਰੀ†। †ਪਾ:-ਮਝਾਰੀ।

ਕਹਿ ਦੀਜਹਿ ਜਹਿਂ ਕਹਿਂ ਨਰ ਨਾਰੀ'
॥੩॥
ਸੁਨਤਿ ਹੁਕਮ ਇਮ ਨਿਸਾ ਬਿਤਾਈ।
ਉਠੇ ਪ੍ਰਾਤਿ ਸੇਵਕ ਸਮੁਦਾਈ।
ਅਨਿਕ ਬਰਨ ਕੇ ਕਰੇ ਬਿਛੌਨੇ।
ਹੇਮ ਪ੍ਰਯੰਕ ਡਸਾਯਹੁ ਲੌਨੇ[1] ॥੪॥ [1]ਸੁੰਦਰ।
ਆਸਤਰਨ ਤੇ ਸਹਿਤ ਸੁਹਾਵਤਿ।
ਸੇਜਬੰਦ ਸੁੰਦਰ ਛਬਿ ਪਾਵਤਿ।
ਕਟ ਸੋਂ ਕਸਿ ਨਿਖੰਗ ਸ਼ਮਸ਼ੇਰ।
ਧਨੁ[1] ਕਰਿ ਗਹੇ ਬਨੇ ਸਮ ਸ਼ੇਰ ॥੫॥ [1]ਧਨੁਖ।
ਆਨਿ ਬਿਰਾਜੇ ਸਭਾ ਸਥਾਨ।
ਸਿੰਘ ਪੁੰਜ ਕੋ ਲਗਯੋ ਦਿਵਾਨ।
ਸਤਿਗੁਰ ਕੀ ਸੁਧ ਸੰਗਤਿ ਪਾਈ।
ਹੁਮ ਹੁਮਾਇ ਦਰਸਨ ਕਉ ਆਈ
॥੬॥
ਅਨਿਕ ਅਕੋਰਨਿ ਕਹੁ ਅਰਪੰਤੀ।
ਬੰਦਤਿ ਪਦ ਅਰਬਿੰਦ ਪੁਜੰਤੀ[1]। [1]ਪੂਜਦੀ ਹੈ।

ਬਡੀ ਭੀਰ ਹੋਈ ਗੁਰ ਤੀਰ।
ਰੁਤਿ ਗਰਮੀ ਕੀ ਸ੍ਵੇਦ[1] ਸਰੀਰ ॥੭॥ — [1]ਮੁੜ੍ਹਕਾ।
ਸਿੱਖਨਿ ਦਿਸ਼ ਤੇ ਹੁਇ ਅਰਦਾਸ।
ਕਲਗ਼ੀਧਰ ਪੁਰਵਹਿਂ ਉਰ ਆਸ[†]। — [†]ਪਾ:-ਅਰਦਾਸ।

ਚਹੁਂਦਿਸ਼ਿ ਮਨੁਜ ਹਜ਼ਾਰਹੁਂ ਖਰੇ।
ਜ਼ਰੀ ਦੋਜ਼ ਬਰ ਬਿਜਨਾ ਫਿਰੇ ॥੮॥
ਚਾਮਰ ਚਾਰੁ ਚਲਾਚਲ ਢੋਰਹਿਂ।
ਪ੍ਰੇਮੀ ਜਨ ਕੇ ਮਨ ਗੁਰ ਚੋਰਹਿਂ[1]। — [1]ਚੁਰਾ ਲੈਂਦੇ ਹਨ।
ਕਰਤਿ ਖੁਸ਼ੀ ਸਿੱਖਨਿ ਪਰ ਭੂਰੀ।
ਜਿਸ ਤੇ ਸਕਲ ਕਾਮਨਾ ਪੂਰੀ ॥੯॥
ਤਿਸ ਛਿਨ ਇਕ ਫਕੀਰ ਮੰਦਾਰੀ[1]। — [1]ਬਦੀਉੱਦੀਨ ਮਦਾਰ, ਜੋ ਕਨੌਜ ਵਿਚ ਹੋਇਆ ਹੈ, ਦੀ ਸੰਪ੍ਰਦਾ ਦਾ ਫਕੀਰ।

ਆਯੁਹ ਬਲ ਤੇ ਭੀਰ ਮਝਾਰੀ।
ਬਿਸਦ ਬ੍ਰਿੰਦ ਲੇ ਫੂਲਨਿ ਮੰਜੁਲ[1]। — [1]ਉਜਲ ਤੇ ਉੱਜਲ ਫੁੱਲ।
ਭਰਿ ਕਰਿ ਦੋਨਹੁਂ ਕਰ ਕੋ ਅੰਜੁਲ ॥੧੦॥
ਪਹੁਂਚਯੋ ਸ੍ਰੀ ਸਤਿਗੁਰੂ ਹਜੂਰਿ।
ਚਲਹਿ ਸ੍ਵੇਦ ਜਿਹ ਕਾਂਯਾ ਭੂਰ[1]। — [1]ਮੁੜ੍ਹਕਾ ਚੱਲੇ ਸਾਰੇ ਸਰੀਰ ਤੋਂ।
ਨਗਨ ਅੰਗ ਤੇ ਦੌਰਤਿ ਆਯੋ।
ਬਡੀ ਭੀਰ ਚੀਰਤਿ ਨਿਕਸਾਯੋ ॥੧੧॥
ਫੂਲ ਗੁਲਾਬ ਚੰਬੇਲੀ ਕੇਰੇ।
ਧਰੀ ਭੇਟ ਸਤਿਗੁਰੂ ਅਗੇਰੇ।
ਬੰਦਨ ਕਰਿ ਜਬਿ ਠਾਂਢੋ ਹੋਯੋ।
ਸ੍ਵੇਦ ਸਨੇ ਕਲਗ਼ੀਧਰ ਜੋਯੋ ॥੧੨॥
ਸ੍ਰੀ ਮੁਖ ਤੇ ਬੋਲੇ ਅਵਿਲੋਕਿ।
'ਸਾਂਈਵਾਲੇ ਸਾਹਿਬ ਲੋਕ!
ਇਤੋ ਕਸ਼ਟ ਕਿਉਂ ਤਨ ਕੋ ਦੀਨੋ।
ਲਜਾਵਨ ਫੂਲ ਜਤਨ ਬਹੁ ਕੀਨੋ ॥੧੩॥
ਦਰਸ਼ਨ ਤੁਮ ਸਭਿ ਸੰਤਨ ਕੇਰਾ।
ਭੇਟ ਅਹੈ ਸੋ ਹਮ ਨੇ ਹੇਰਾ[1]। — [1]ਓਹੋ ਦਰਸ਼ਨ ਹੀ) ਸਾਡੀ ਭੇਟਾ ਹੈ, (ਸੋਈ ਦਰਸ਼ਨ)

ਅਸਾਂ ਇਹ ਦੇਖ ਲਿਆ ਹੈ।

ਇਕ ਜਾਨਯੋ ਤਬਿ ਭੇਦ ਨ ਕੋਈ[1]।
ਦੁਬਿਧਾ ਜਿਸ ਉਰ ਮਾਨਹਿੰ ਦੋਈ[1]' ॥੧੪॥

[1]ਜਦ ਇਕ ਮੰਨ ਲਿਆ ਤਦ ਫੇਰ ਕੋਈ ਭੇਦ ਨਹੀਂ।
[1]ਜਿਸ ਨੇ ਦੋ ਕਰ ਮੰਨਿਆ ਹੈ ਉਸਦੇ ਅੰਦਰ ਦੁਬਿਧਾ ਹੈ।

ਰਿਦੇ ਅਨੰਦ ਫਕੀਰ ਮੰਦਾਰੀ।
ਹਿਤ ਉੱਤਰ ਕੇ ਚਤੁਰ ਉਚਾਰੀ[1]।
'ਦਸਤ ਜੁ ਖਾਲੀ ਰੂਹ ਸੁ ਸਜਾਹ।
ਦਸਤ ਸੁ ਆਮਦ ਵੇ ਪਰਵਾਹ ॥੧੫॥
ਅਵਾਜ਼ ਖਾਲੀ ਜਹਾਨ ਬਿਪੀਰ।
ਬਦਨ ਸੁੰਨ ਕਾਫਲ ਬੇਵਜ਼ੀਰ[†]।'

[1]ਚਤੁਰ ਨੇ ਕਹਿਆ। (ਅ) ਚਤੁਰਾਈ ਨਾਲ ਕਿਹਾ।
[†]ਇਸ ਗੁਫਤਗੂ ਦੀ ਫਾਰਸੀ ਇਬਾਰਤ ਸਫਾ ਨਹੀਂ।

ਦਸਤ=ਹੱਥ। ਰੁਇ ਸਿਆਹ=ਮੂੰਹ ਕਾਲਾ ਭਾਵ ਸ਼ਰਮਿੰਦਾ।
ਰੂਹ ਸਿਆਹ=ਆਤਮਾ ਕਾਲਾ, ਮੈਲਾ ਦਿਲ।
ਆਮਦ=ਆਮਦਨ। ਅਵਾਜ਼=ਸੱਦ, ਵੰਗਾਰ, ਸਦਾ।
ਬਿਪੀਰ=ਬੇ ਉਸਤਾਦਾ, ਬੇਮੁਰਸ਼ਦਾ। ਕਾਫਰ=ਜੋ ਦੀਨ ਹੱਕ ਤੇ ਨਾ ਟੁਰੇ, ਭਾਵ ਬੇਦੀਨ। ਵਜ਼ੀਰ=ਜੋ ਕਿਸੇ ਦੇ ਭਾਰ ਵੰਡਾਉਣ ਵਿਚ ਸ਼ਰੀਕ ਹੋਵੇ।
ਬੇ ਵਜ਼ੀਰ=ਬੇ ਮਦਦਗਾਰ। ਬੇ ਆਸ਼੍ਰਾ।
ਬਦਨ ਸੁੰਨ=ਮੂੰਹ ਸੁੰਞਾ। (ਅ) [ਫਾ:, ਬਦਨ =ਸਰੂਰ]। ਸਰੀਰ ਸੁੰਞਾਂ।
ਅਰਥ:
ਜੋ ਹੱਥ ਖਾਲੀ ਹੈ ਉਸ ਦਾ ਰੂਹ ਕਾਲਾ ਹੈ। ਜਿਸ ਦੇ ਹੱਥਾਂ ਵਿਚ ਆਮਦਨ ਹੈ ਉਹ ਬੇ ਪਰਵਾਹ ਹੈ, ਜਿਸ ਦੀ ਜਹਾਨ ਵਿਚ ਸਦਾ ਖਾਲੀ ਜਾਂਦੀ ਹੈ ਉਹ ਬੇ ਪੀਰਾ ਹੈ, (ਭਾਵ ਗੁਰਮੁਖ ਦੀ ਆਵਾਜ਼ ਸਦਾ ਸਤਿਕਾਰੀ ਜਾਂਦੀ ਹੈ)। (ਬੇ ਪੀਰਾ ਹੈ ਜੋ, ਉਸ ਦਾ) ਮੂੰਹ ਸੁੰਞਾ ਹੁੰਦਾ ਹੈ ਉਹ ਬੇ ਦੀਨ ਹੰਦਾ ਹੈ ਤੇ ਬੇ ਆਸਰਾ ਹੁੰਦਾ ਹੈ।

ਗੁਰ ਕਹਿੰ 'ਰੂਹ ਖਾਲਸੀ ਦੀਦਹਿ।
ਬਾਜ਼ੀ ਬਗੈਰ ਸਾਂਈ ਮੁਰੀਦਹਿ ॥੧੬॥
ਖ਼ੁਦਾ ਬੰਦਾ ਬਗ਼ੈਰ ਹਵਾਇ।
ਖ਼ੁਦਾਇ ਚਸ਼ਮ ਸੋ ਬੇਪਰਵਾਹਿ।
ਬਦਨ ਫੁਰਮਾਨ ਖਲਾਸੀ ਜਹਾਨ।
ਬੰਦਗੀ ਦਾਰ ਦਰਗਹਿ ਪਰਵਾਨ ॥੧੭॥

ਰੂਹ ਖਲਾਸੀ=ਰੂਹ ਦੀ ਆਜ਼ਾਦਗੀ, ਰੂਹ ਜਿਸ ਦੀ ਆਜ਼ਾਦ ਹੋਈ ਹੈ। ਭਾਵ ਸਰਬ ਬੰਧਨਾਂ ਤੋਂ ਜੋ ਨਿਰਬੰਧ ਹੋਇਆ ਹੈ।
ਦੀਦਹਿ=ਦੇਖੋ ਯਾ ਦੀਦਹ ਬਾਯਦ=ਉਸ ਨੂੰ ਦੇਖਣਾ ਚਾਹਿਯੇ। ਦਰਸ਼ਨ ਜੋਗ।
ਬਾਜ਼ੀ-ਖੇਲ, ਬਾਜ਼ੀਗਰੀ, ਬਨਾਵਟ। ਬਗੈਰ=ਬਿਨਾਂ।
ਸਾਂਈ ਮੁਰੀਦਹਿ=ਰਬ ਦਾ ਸਿੱਖ। ਸਾਂਈਂ ਦਾ ਸੇਵਕ।

ਖੁਦਾ ਬੰਦਾ=ਰੱਬ ਦਾ ਦਾਸ। ਹਵਾਇ=ਹਿਰਸ, ਲਾਲਚ, ਤ੍ਰਿਸ਼ਨਾਂ।
ਚਸ਼ਮ=ਅੱਖ। ਖੁਦਾਇ ਚਸ਼=ਰੱਬ ਤੇ ਹੈ ਤੱਕ ਜਿਸਦੀ।
ਬਦਨ ਫੁਰਮਾਨ=ਮੂੰਹ ਦਾ ਹੁਕਮ, ਭਾਵ ਤੋਰਾ।
ਖੁਲਾਸੀ=ਬੇ ਰੋਕ, ਖੁਲ੍ਹਾ ਚੱਲਣ ਵਾਲਾ।
ਬੰਦਗੀਦਾਰ=ਬੰਦਗੀ ਕਰਨ ਵਾਲਾ।
ਅਰਥ:
ਗੁਰੂ ਜੀ ਨੇ ਕਿਹਾ:-(ਜਿਸਦੀ) ਆਤਮਾ ਆਜ਼ਾਦ ਹੋਈ ਹੈ (ਉਹੀ) ਦੀਦਾਰ ਜੋਗ ਹੈ (ਭਾਵ ਉਹ ਰੂਹ ਸਿਆਹ ਨਹੀਂ)। ਸਾਈਂ ਦਾ ਸੇਵਕ (ਉਸ ਲੈਣ ਦੇਣ ਤੋਂ) ਬਿਨਾਂ ਹੈ ਕਿ ਜੋ ਬਾਜ਼ੀਗਰੀ (ਵਾਂਙੂੰ ਬਨਾਵਟੀ ਗੁਰੂ ਚੇਲਿਆਂ ਵਿਚ ਪਰਵਿਰਤ ਹੈ), (ਕਿਉਂਕਿ) ਰੱਬ ਦਾ ਬੰਦਾ ਹਵਾ (ਤ੍ਰਿਸ਼ਨਾ) ਤੋਂ ਖਾਲੀ ਹੁੰਦਾ ਹੈ (ਇਸ ਲਈ ਕਿ) ਉਸ ਦੀ ਅੱਖ (ਤੱਕ) ਖੁਦਾ ਉਤੇ ਹੁੰਦੀ ਹੈ ਉਹ ਬੇਪਰਵਾਹ ਰਹਿੰਦਾ ਹੈ। ਉਸ ਦੇ ਮੂੰਹ ਦਾ ਫੁਰਮਾਨ (ਤੋਰਾ, ਹੁਕਮ) ਜਹਾਨ ਉਪਰ ਖੁੱਲ੍ਹਾ ਤੁਰਦਾ ਹੈ, ਦਰਗਾਹ ਵਿਚ (ਵੀ ਉਹ) ਬੰਦਗੀ ਵਾਲਾ (ਹੀ) ਪਰਵਾਨ ਹੈ (ਚਾਹੋ ਹੱਥ ਉਸ ਦਾ ਖਾਲੀ ਹੈ ਚਾਹੋ ਆਮਦਨ ਵਾਲਾ ਹੈ)।
ਸੂਚਨਾ:
ਜੇ ਫਕੀਰ ਦੇ ਵਾਕਾਂ ਦੇ ਟਾਕਰੇ ਤੇ ਉਸ ਦੀ ਭੁੱਲ ਦੂਰ ਕਰਨ ਵਾਲੇ ਗੁਰਵਾਕਾਂ ਨੂੰ ਵੇਖਣਾ ਹੋਵੇ ਤਾਂ ਫਕੀਰ ਬਚਨ ਤੇ ਗੁਰਬਚਨ ਦੀ ਵੰਡ ਐਉਂ ਲਗਦੀ ਹੈ:-

| ਫਕੀਰ ਬਚਨ | ਗੁਰ ਬਚਨ |
|---|---|
| | ਰੂਹ ਖਲਾਸੀ ਦੀਦਹਿ। |
| ਦਸਤਜੁ ਖਾਲੀ ਰੂਹ ਸੁ ਸਿਆਹ | ਬਾਜ਼ੀ ਬਗੈਰ ਸਾਈਂ ਮੁਰੀਦਹ। |
| ਦਸਤ ਜੁ ਆਮਦ ਬੇ ਪਰਵਾਹ | ਖੁਦਾ ਬੰਦਾ ਬਗੈਰ ਹਵਾਇ। |
| ਅਵਾਜ਼ ਖਾਲੀ ਜਹਾਨ ਬਿਪੀਰ | ਖੁਦਾਇ ਚਸ਼ਮ ਸੋ ਬੇਪਰਵਾਹ। |
| ਬਦਨ ਸੁੰਨ ਕਾਫਲ ਬੇ ਵਜ਼ੀਰ | ਬਦਨ ਫੁਰਮਾਨ ਖੁਲਾਸੀ ਜਹਾਨ। |
| | ਬੰਦਗੀਦਾਰ ਦਰਗਹਿ ਪਰਵਾਨ। |

ਵਿਸ਼ੇਸ਼ ਵੀਚਾਰ:
ਵਾਰਤਕ ਮਹਿਮਾ ਪ੍ਰਕਾਸ਼ ਪੁਰਾਣਾ ਗ੍ਰੰਥ ਹੈ ਉਸ ਵਿਚ ਜੋ ਵਾਰਤਾਲਾਪ ਆਇਆ ਹੈ ਸੋ ਥੋੜਾ ਹੈ, ਸਿੱਧਾ ਹੈ ਤੇ ਸਾਫ ਹੈ, ਉਹ ਐਉਂ ਹੈ:-
ਤਬ ਫਕੀਰ ਕਹਿਆ: ਦਸਤ ਖਾਲੀ ਰੂਈ ਸ਼ਾਹ। ਹੁਕਮ ਹੋਆ ਦਸਤ ਖਾਲੀ ਪਾਤਸ਼ਾਹ। ਦਿਲ ਖਾਲੀ ਰੁਈ ਸ਼ਾਹ। ਸੌ ਸਾਖੀ ਵਾਲੇ ਨੇ ਇਹ ਬਚਨ ਬਹੁਤ ਕਠਨ ਕਰਕੇ ਕਹੇ ਹਨ ਤੇ ਉਹੋ ਬਚਨ ਕਵਿ ਜੀ ਨੇ ਲਗ ਪਗ ਰਚੇ ਹਨ ਜਿਨ੍ਹਾਂ ਦਾ ਅਰਥ ਭਾਵ ਉਤੇ ਦੇ ਆਏ ਹਾਂ। ਇਨ੍ਹਾਂ ਵਾਕਾਂ ਦੇ ਹੋਰਵੇਂ ਅਰਥ ਬੀ ਲਾਉਣ ਦਾ ਜਤਨ ਹੁੰਦਾ ਹੈ ਜੋ ਇਸ ਪ੍ਰਕਾਰ ਹੈ:-
ਫਕੀਰ ਬਚਨ:-
੧. ਜੋ ਵਡਿਆਂ ਪਾਸ ਖਾਲੀ ਹੱਥ ਆਵੇ ਉਸ ਦਾ ਮੂੰਹ ਕਾਲਾ (ਯਾ ਆਤਮਾ ਕਾਲੀ) ਹੈ।
੨. ਜੋ ਹੱਥ ਵਿਚ ਕੁਛ ਲੈਕੇ ਆਵੇ ਸੋ ਬੇ ਪਰਵਾਹ ਹੋ ਜਾਂਦਾ ਹੈ।
੩. (ਖਾਲੀ ਹੱਥ ਵਾਲੇ ਦੀ) ਆਵਾਜ਼ ਖਾਲੀ ਹੈ ਉਹ ਜਹਾਂ ਵਿਚ ਬੇ ਪੀਰਾ ਹੈ।
(ਅ) ਜੋ ਫਕੀਰ ਦੀ ਆਵਾਜ਼ ਸੁਣਕੇ ਖਾਲੀ ਮੋੜਦਾ ਹੈ ਸੋ ਬੇ ਪੀਰਾ ਹੈ।
੪. ਮੂੰਹ ਉਸ ਦਾ ਸੁੰਞਾ ਹੈ ਕਾਫਰ ਹੈ ਤੇ ਬਿਨਾਂ ਸਲਾਹੀਏ ਦੇ ਹੈ। (ਅ) (ਨਾਮ ਤੋਂ) ਸੁੰਞਾ ਹੈ ਜਿਸ ਦਾ ਮੂੰਹ ਉਹ ਕਾਫਰ ਹੈ, ਉਸਦਾ ਸਿੱਖਜਾ ਦਾਤਾ ਕੋਈ ਨਹੀਂ ਹੈ।
ਗੁਰਵਾਕ:-
੫. ਗੁਰਾਂ ਕਿਹਾ (ਤੁਸਾਂ) ਆਤਮਾ ਦੀ ਖਲਾਸੀ ਨੂੰ ਡਿੱਠਾ ਹੈ?

(ਅ) ਗੁਰਾਂ ਕਿਹਾ (ਉਹ) ਜੀਵ ਬੰਧਨਾਂ ਤੋਂ ਰਹਿਤ ਦੇਖੀਦਾ ਹੈ ਜੋ......[।]
੬. ਜਗਤ ਰੁਪੀ ਬਾਜ਼ੀ ਤੋਂ ਬਗੈਰ ਹੋਕੇ ਸਾਈਂ ਦਾ ਮੁਰੀਦ ਹੈ। (ਅ) ਸੰਸਾਰ ਬਾਜ਼ੀ ਤੋਂ ਰਹਿਤ ਹੋਕੇ ਉਸ ਦਾ ਮੁਰੀਦ ਬਣੇ।
੭. ਕਾਮਨਾ ਬਿਹੀਨ ਖ਼ੁਦਾ ਦਾ ਬੰਦਾ ਹੋਵੇ।
੮. ਜੋ ਅੱਖਾਂ ਨਾਲ ਵੇਖਦਾ ਹੈ (ਪਰੀ ਪੂਰਨ) ਖ਼ੁਦਾ ਨੂੰ ਸੋ ਬੇ ਪ੍ਰਵਾਹ ਹੈ।
੯. ਗੁਰਾਂ ਦਾ ਫੁਰਮਾਨ ਹੀ ਜਹਾਨ ਤੋਂ ਮੁਕਤੀ ਹੈ। (ਅ) ਜੋ ਗੁਰਾਂ ਦੇ ਮੁਖ ਦਾ ਫੁਰਮਾਨ ਮੰਨਦਾ ਹੈ ਸੋ ਜਹਾਨ ਤੋਂ ਮੁਕਤ ਹੁੰਦਾ ਹੈ।
੧੦. ਬੰਦਗੀ ਵਾਲਾ ਦਰਗਹਿ ਪਰਵਾਨ ਹੈ।

ਸੁਨਿ ਕਰਿ ਹੋਯੋ ਖੁਸ਼ੀ ਵਿਸ਼ੇਸ਼।
ਬੋਲ੍ਯੋ ਪ੍ਰਭੁ ਸਿਉਂ ਪੁਨ ਦਰਵੇਸ਼।
'ਜ਼ਾਰਤ ਮੱਕੇ ਕੀ ਮੈਂ ਮਾਨੀ[1]। — [1]ਆਪ ਦਾ ਦਰਸ਼ਨ) ਮੱਕੇ ਦਾ ਦਰਸਨ ਮੰਨਦਾ ਹਾਂ। [ਫਾ. ਜ਼ਯਾਰਤ=ਦਰਸ਼ਨ]।
ਰੋਜ਼ ਬਿਐਬ ਆਪ ਸ਼ੁਭ ਜਾਨੀ[1] ॥੧੮॥ — [1]ਅਜ (ਬੇਐਬ=) ਪੁੰਨਾਂ ਵਾਲਾ ਦਿਨ ਹੈ, (ਮੈਂ) ਆਪ ਭਲੀ ਪ੍ਰਕਾਰ ਇਹ ਗੱਲ ਜਾਣ ਲਈ ਹੈ।
ਦੀਦਮ ਚਸ਼ਮ ਖੁਦਾਇ ਅਲਾਹਿ[1]। — [1]ਮੈਨੇ ਖ਼ੁਦਾਇ ਦਾ ਦਰਸ਼ਨ ਅੱਖੀਂ ਦੇਖਿਆ ਹੈ।
ਖੂਬ ਦਿਦਾਰ ਸੁ ਬੇ ਪਰਵਾਰ[1]। — [1]ਆਪ ਬੇਪਰਵਾਹ ਦਾ ਬੜਾ (ਚੰਗਾ) ਦੀਦਾਰ ਹੈ।
ਏਕ ਬਾਤ ਹੈਗੀ ਗੁਨਖਾਨ[1]! — [1]ਹੇ ਗੁਨਖਾਨ! ਇਹ ਇਕ ਗੱਲ ਹੈ।
ਤੂੰ ਸਾਚੋ ਗੁਰ ਪੀਰ ਜਹਾਨ ॥੧੯॥
ਬੰਦਾ ਬਦਨ ਕਦਮ ਦਰ ਚੁਨਹਿ।
ਤੂੰ[1] ਖੁਦਾਇ ਬਰਤਹਿਂ ਬਹੁ ਗੁਨਹਿਂ[2]। — [1]ਮੈਂ ਬੰਦਾ ਮੁਖ (ਵਿਚ ਪਾਂਵਦਾ ਹਾਂ) ਆਪਦੇ ਚਰਨਾਂ ਵਿਚ ਦੀ ਧੂੜੀ। [2]ਤੂੰ ਖ਼ੁਦਾ ਹੈਂ ਤੇ ਬਹੁਤ ਰੰਗਾਂ ਵਿਚ ਵਰਤਦਾ ਹੈਂ।
ਏਕ ਦਿਵਸ ਮੈਂ ਦਰਿ ਦਰਿਆਉ।
ਦੇਹਿ ਖੈਰ ਹਿਤ ਦੀਨਸਿ ਪਾਉ[1] ॥੨੦॥ — [1]ਦਰਿਆਉ ਵਿਚ ਆਪਣੀ ਦੇਹ ਦੀ ਸੁਖ ਵਾਸਤੇ ਪੈਰ ਰਖਿਆ (ਸ਼ਨਾਨ ਲਈ)
ਗ਼ੁਸਲ ਕੁਨਦ[1] ਮੈਂ ਡੁਬਕ ਲਗਾਈ। — [1]ਸ਼ਨਾਨ ਕਰਨ ਲਗਿਆਂ ਮੈਂ (ਜਦ) ਟੁੱਬੀ ਲਾਈ।
ਏਕ ਪੁਰਖ ਤਬਿ ਦੀਨ ਦਿਖਾਈ।
ਲੇ ਕਰਿ ਦੂਰ ਗਯੋ ਮੁਝ ਸੋਈ।
ਮਮ ਮਨ ਭਰਮ ਖਾਬ ਸਮ ਹੋਈ[1] ॥੨੧॥ — [1]ਸੁਪਨੇ ਵਾਂਗ ਝਾਂਵਲਾ ਪਿਆ।
ਤਹਾਂ ਪਹੁੰਚਿ ਇਕ ਦੇਖੀ ਦਾਰਾ[1]। — [1]ਇਸਤ੍ਰੀ।
ਜਿਸ ਕੇ ਤਨ ਮਹਿਂ ਜੀਵ ਹਜ਼ਾਰਾਂ[1]। — [1]ਮੱਛ ਕੱਛ ਆਦਿ।
ਮੰਦਰ ਅੰਦਰ ਸੋ ਲੇ ਗਈ।
ਮਮ ਸਨਮਾਨ ਕਰਤਿ ਬਹੁ ਭਈ

॥੨੨॥
ਪੂਜਾ ਕਰਿ ਅਕੋਰ ਮੁਝ ਦੀਨਿ।
ਪੁਨ ਇਕ ਪੁਰਖ ਬਿਲੋਕਨ ਕੀਨਿ।
ਬਹੁ ਬਾਹੂ ਬਹੁ ਬਦਨ ਸੁਹੇਲੇ[1]।
ਨਾਗ ਲਪੇਟੇ ਮਨਹੁਂ ਸਪੇਲੇ[1] ॥੨੩॥
ਮੋਹਿ ਸੰਗ ਬੋਲਜੋ -ਸੁਖਦਾਈ[1]-!
ਮੁਝ ਕੇ ਕਛੂ ਨ ਜਾਨਜੋ ਜਾਈ[1]।
ਕਹਜੋ ਤਬੈ -ਮੈਂ ਨਹੀਂ ਪਛਾਨੋ।
ਕੋ ਤੂੰ, ਕੈਸੇ ਕਰਤਿ ਬਖਾਨੋ-?
॥੨੪॥
ਸੁਨਿ ਕਰਿ ਕਹਜੋ ਸੰਦੇਸਾ ਰੂਰਾ[1]।
-ਦਸਮੇ ਪਾਤਸ਼ਾਹ ਗੁਰ ਪੂਰਾ।
ਤਿਨ ਢਿਗ ਪਹੁਂਚਹੁ ਕਰਹੁ ਬਤਾਵਨ।
ਨਉਂ ਕਰੋਰ ਅਰੁ ਲਾਖ ਪਚਾਵਨਿ
॥੨੫॥
ਦਰਬ ਤੁਮਾਰੋ ਅਬਿ ਕੋ ਧਰਿਯੋ।
ਮੋਹਿ ਭਾਰਜਾ ਕੇ ਢਿਗ ਪਰਿਯੋ।
ਦਸ ਕਰੋਰ ਅਰ ਸੱਤਰ ਲਾਖਾ।
ਦੁਤੀ ਭਾਰਜਾ ਕੇ ਢਿਗ ਰਾਖਾ ॥੨੬॥
ਪ੍ਰਥਮ ਦੇਹਿ ਕੋ ਧਰਜੋ ਤੁਮਾਰੋ[1]।
ਕਿਉਂ ਕਰਿ ਤਿਸ ਕੀ ਬਾਤ ਉਚਾਰੋ[1]।
ਉਨੀ ਸਵਾ ਕਰੋਰ ਭਯੋ ਸਭਿ[1]।
ਵਾਧੇ ਸਹਿਤ[1] ਲੀਜੀਐ ਸੋ ਅਬਿ
॥੨੭॥
ਕੈ ਸਭਿ ਧਨ ਕੋ ਲੀਜੈ ਦੇਸ਼।
ਚਹਹੁ ਤੁਸੀਂ ਜਹਿਂ ਲੇਹੁ† ਅਸ਼ੇਸ਼[1]।
ਦੇਨਦਾਰ† ਮੈਂ ਰਾਵਰਿ ਏਹੋ‡।
ਜਹਿਂ ਜਬਿ ਚਾਹੋ ਤਹਿਂ ਤਬ ਲੇਹੋ-'
॥੨੮॥

[1]ਬਹੁਤੀਆਂ ਬਾਹਾਂ ਬਹੁਤੇ ਮੁਖ ਸੁਹਣੇ।
[1]ਮਾਨੋ ਸਪਾਧੇ ਨੇ ਲਾਗ ਲਪੇਟੇ ਹਨ।
[1]ਉਹ ਮੇਰੇ ਨਾਲ ਬੋਲਿਆ:-ਹੇ ਸਾਈਂ ਜੀ ਸੁਖ ਹੈ? (ਅ) ਹੇ ਸੁਖਾਂ ਦੇ ਸਾਈਂ (ਗੁਰੂ ਜੀਓ!)।
[1]ਪਰ ਮੈਨੂੰ ਕੁਛ ਪਤਾ ਨਾ ਲਗੇ।
[1]ਉਸ ਨੇ) ਕਿਹਾ ਸੁੰਦਰ ਸਨੇਹਾ।
[1]ਤੁਹਾਡੇ ਪਹਿਲੇ ਜਨਮ ਦਾ ਰੱਖਿਆ ਹੋਇਆ ਹੈ ਜੋ।
[1]ਭਾਵ ਦੱਸੋ ਉਸ ਦਾ ਕੀ ਕੀਤਾ ਜਾਵੇ।
[1]ਉੱਨੀਂ+ਸਵਾ ਕ੍ਰੌੜ (=ਸਵਾ ਵੀਹ ਕ੍ਰੌੜ)। ਪਿਛੇ ਕਿਹਾ ਹਿਸਾਬ ਇਉਂ ਹੈ। -੯੫੫੦੦੦੦੦। ੧੦੭੦੦੦੦੦੦=੨੦੨੫੦੦੦੦੦।
[1]ਭਾਵ ਬਿਆਜ ਸਮੇਤ।
[1]ਸਾਰਾ। †ਪਾ:-ਲਹਹੁ।
†ਪਾ:-ਦੇਨਹਾਰ। ‡ਪਾ:-ਏਵੋ।

ਹਸ ਕਰਿ ਸ੍ਰੀ ਪ੍ਰਭੁ ਗਿਰਾ ਅਲਾਈ।
'ਭਲਾ ਫਕੀਰ! ਭਲਾ ਸੁਨਿ ਸਾਈਂ[1]!
ਜਾਨ ਲੀਨ ਹਮ ਸਰਬ ਸੰਦੇਸਾ।
ਸਮੁਝਜੋ ਪਾਛਲ ਪ੍ਰਥਮ ਅਸ਼ੇਸ਼ਾ' ॥੨੯॥

[1]ਹੇ ਭਲੇ ਫਕੀਰ ਸਾਈਂ ਸੁਣ (ਲਿਆ ਹੈ) ਭਲਾ। (ਅ) (ਭਲਾ ਭਲਾ=) ਬਹੁਤ ਭਲਾ, ਸੁਣ ਲਿਆ ਹੈ ਫਕੀਰ ਸਾਈਂ।

ਸੁਨਿ ਫਕੀਰ ਹੁਇ ਦੀਨ ਬਖਾਨੈ।
'ਜ਼ਾਹਰ ਕਰਹੁ ਜਥਾ ਹਮ ਜਾਨੈਂ।
ਤਹਾਂ ਨ ਭੇਦ ਪਛਾਨਜੋ ਕੋਈ।
ਇਹਾਂ ਆਪ ਭਾਖੀ ਰਖਿ ਗੋਈ[1] ॥੩੦॥

[1]ਗੁਪਤ ਰੱਖਕੇ ਕਹੀ।

ਤਹਾਂ ਖਾਬ ਸਮ ਕਛੁ ਨ ਜਾਨਾ।
ਕਛੁ ਮੇਰੋ ਬਸ ਚਲਜੋ ਨ ਸਜਾਨਾ[1]।
ਤੁਮ ਅਬਿ ਕਰੁਨਾ ਕਰਿ ਸਮੁਝਾਵੋ।
ਕਹਾਂ ਬਾਤ ਏ ਸਕਲ ਬਤਾਵੋ?' ॥੩੧॥

[1]ਮੇਰੀ ਪਛਾਣ ਦੀ ਕੋਈ ਵਾਹ ਨਾ ਚੱਲੀ।

ਬਿਨੈ ਸੁਨਤਿ ਸਤਿਗੁਰੂ ਉਚਾਰੀ।
'ਪੁਰਖ ਉਦਧਿ[1], ਸਤੁੱਦ੍ਰਵ[2] ਸੋ ਨਾਰੀ।
ਦੂਜੀ ਗੋਦਾਵਰੀ ਸੁ ਦਾਰਾ।
ਤਿਨਹੁੰ ਸੁਨੇਹਾ ਤੋਹਿ ਉਚਾਰਾ ॥੩੨॥

[1]ਓਹ ਪੁਰਖ ਸਮੁੰਦਰ ਸੀ। [2]ਸਤਲੁਜ।

ਸੋ ਲੇਖਾ ਹਮ ਸਮਝਹਿਂ ਸਾਰਾ।
ਦਰਬ ਇਕੱਤ੍ਰ ਜੁ ਧਰਜੋ ਉਦਾਰਾ।
ਸਿਖ ਪੁੱਤ੍ਰਾਂ ਕੋ ਲੈ ਹਮ ਦੈਹੈਂ[1]।
ਜਬਹਿ ਪੰਥ ਜਗ ਮਹਿਂ ਬਿਰਧੈ ਹੈ ॥੩੩॥

[1]ਸਿੱਖਾਂ ਪੁੱਤ੍ਰਾਂ ਨੂੰ ਲੈ ਕੇ ਦਿਆਂਗੇ।

ਰਾਜ ਕਰਨ ਕੀ ਲਾਇਕ ਹੋਵਹਿ।
ਅਵਨੀ ਤੇ ਦੁਸ਼ਟਨ ਕੋ ਖੋਵਹਿ।
ਤਿਨ ਮਹਿਂ ਏਕ ਸਿੱਖ ਹ੍ਵੈ ਭਾਰਾ।
ਤਿਸ ਹੱਥੀਂ ਲੇਖਾ ਹੁਇ ਸਾਰਾ ॥੩੪॥
ਸੋ ਲੇਵੈ ਨਿਜ ਮਾਤਾ ਸਹਤਿ[1]।

[1]ਮਾਤਾ (ਧਰਤੀ) ਸਮੇਤ ਆਪ ਓਹ ਲਵੇਗਾ (ਰੁਪੱਯਾ) (ਅ) ਉਸ ਦੀ ਆਪਣੀ ਮਾਤਾ ਵੀ ਨਾਲ ਹੋਵੇਗੀ।

ਸਮੁਝਹਿੰਗੇ, ਲੇਖਾ ਹੈ ਮਹਿਤ।
ਇਸੀ ਹੇਤੁ ਦ੍ਵੈ ਬਾਰ ਉਚਾਰਾ।
ਭਲਾ ਭਲਾ ਜੀ ਜਾਨਜੋ ਸਾਰਾ ॥੩੫॥
ਹੈਗਾ ਸੱਚੁ ਫਕੀਰਹਿ ਸਾਂਈ[1]।
ਸਭਿ ਹਮ ਸਮੁਝਜੋ ਜਥਾ ਬਤਾਈ।'
ਸੁਨਤਿ ਫਕੀਰ ਝੁਕਜੋ ਕਰਿ ਨਮੋ।
ਬੂਝਨਿ ਹੇਤ ਕਹਜੋ ਤਿਹ ਸਮੋ ॥੩੬॥
'ਮੋ ਕਹੁ ਲਾਭ ਕਹਾਂ ਕਛੁ ਹੋਵਾ।
ਦਰਸ਼ਨ ਰਾਵਰ ਕੋ ਬਰ ਜੋਵਾ।'
ਸ੍ਰੀ ਕਲਗੀਧਰ ਤਬਿ ਮੁਸਕਾਏ।
'ਪੰਥ ਬਿਖੈ ਤੁਮ[†] ਉਪਜਹੁ ਆਏ ॥੩੭॥
ਤੁਮ ਭੀ ਤਪੁ ਕੋ ਫਲ ਹੁਇ ਜੇਤਾ।
ਭੋਗਹੁ ਭੋਗ ਹਰਖ ਕਰਿ ਤੇਤਾ।
ਕਰੋ ਰਾਜ ਕੋ ਲੇ ਕਰਿ ਧਰਨੀ।
ਜਿਸ ਪ੍ਰਕਾਰ ਕੀ ਕੀਨਸਿ ਕਰਨੀ' ॥੩੮॥
ਕ੍ਰਿਪਾ ਦ੍ਰਿਸ਼ਟਿ ਕੋ ਜਾਨਿ ਫਕੀਰ।
ਪੁਨ ਬੋਲਜੋ ਜੁਤਿ ਬਿਨੈ ਗਹੀਰ।
'ਭਉਜਲ ਤੇ ਪ੍ਰਭੁ ਹਮਹਿ ਬਚਾਵੋ।
ਭੋਗ ਰੋਗ ਮਹਿੰ ਨਾਹਿਨ ਪਾਵੋ ॥੩੯॥
ਸੱਚੁ ਹੱਕ ਸੋਂ ਮੋਹਿ ਮਿਲਾਵੋ[1]।
ਜਿਸ ਤੇ ਆਵਾਗਵਣ ਮਿਟਾਵੋ।'
ਸੁਨਿ ਸ੍ਰੀ ਮੁਖ ਤੇ ਮਾਲਕ ਬੋਲੇ।
'ਸਾਂਈ ਜੀ! ਪ੍ਰਭੁ ਪੂਰਾ ਤੋਲੇ ॥੪੦॥
ਦੋਹਰਾ:
ਭਾਣਾ ਹੈ ਇਸ ਰੀਤਿ ਕੋ,
ਕਿਸ ਬਿਧਿ ਮਿਟੈ ਨ ਕੋਇ।
ਹੁਕਮੈ ਅੰਦਰਿ ਸਭਿ ਕੋ,
ਬਾਹਰ ਹੁਕਮ ਨ ਕੋਇ ॥੪੧॥
ਤਲ ਤ੍ਰੀਮਤ ਉਪਰ ਮਰਦ,

[1]ਹੇ ਫਕੀਰ ਸਾਈਂ ਇਹ ਸੱਚ ਹੈ।
[†]ਪਾ:-ਤਬ।
[1]ਨਿਸ਼ਚੇ ਕਰਕੇ ਵਾਹਿਗੁਰੂ ਨਾਲ ਮੈਨੂੰ ਮਿਲਾਓ।

ਦੋਨੋ ਕੇ ਦਰ ਜੋਇ।
ਫੈਸਲ ਦੀਦਮ ਚਸ਼ਮ ਸਭਿ,
ਸਾਬਤ ਰਹੈ ਨ ਕੋਇ[1]' ॥੪੨॥

[1]ਮੈਂ ਇਹ) ਫੈਸਲਾ (ਦਰਗਾਹ ਦਾ) ਅੱਖੀਂ ਡਿੱਠਾ ਹੈ ਕਿ (ਤੇਰੇ ਉਪਰ) ਮਰਦ (ਰੱਬ) ਹੋਵੇਗਾ ਤੇ ਤੇਰੇ ਤਲੇ ਤ੍ਰੀਮਤ (ਮਾਇਆ) ਹੋਵੇਗੀ ਭਾਵ ਤੂੰ ਮਾਇਆ ਵਿਚ ਅਲੇਪ ਰੱਬ ਦਾ ਪ੍ਰੇਮੀ ਹੋਵੇਂਗਾ (ਇਸ ਹੁਕਮ ਦੀ ਗੱਲ ਨੂੰ ਸਮਝੇ ਬਿਨਾਂ) ਕੋਈ ਸਾਬਤ ਨਹੀਂ ਰਹਿੰਦਾ ਭਾਵ ਪੂਰਾ ਨਹੀਂ ਉਤਰ ਸਕਦਾ (ਅ) ਉਪਰ ਮਰਦ (ਅਕਾਸ਼) ਹੈ, ਤਲੇ ਤ੍ਰੀਮਤ (ਧਰਤੀ) ਹੈ ਦੋਹਾਂ ਦੇ ਵਿਚ ਜੋ ਕੋਈ ਆਇਆ ਹੈ ਮੈਂ ਇਹ ਫੈਸਲਾ ਅੱਖੀਂ ਡਿੱਠਾ ਹੈ ਕਿ ਸਾਬਤ ਕੋਈ ਨਹੀਂ ਰਹਿੰਦਾ, (ਭਾਵ ਸਾਈਂ ਵਿਚ ਜੁੜੇ ਬਿਨਾਂ) ਕੋਈ ਨਹੀਂ ਬਚਦਾ। ਇਸ਼ਾਰਾ ਹੈ ਇਸ ਗੁਰਵਾਕ ਵਲ- ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ [ਵਾਰ ਮਾਝ ਮ: ੧

ਸੁਨਿ ਕਲਗੀਧਰ ਕੇ ਬਚਨ
ਖੁਸ਼ੀ ਭਯੋ ਮਨ ਮਾਂਹਿ।
ਜਿਤ ਇੱਛਾ ਤਿਤ ਕੋ ਗਯੋ
ਗੁਰ ਦਰਸ਼ਨ ਕੋ ਚਾਹਿ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਦਰਵੇਸ਼' ਪ੍ਰਸੰਗ ਬਰਨਨੰ ਨਾਮ ਤ੍ਰੈ ਬਿੰਸਤੀ ਅੰਸੂ ॥੨੩॥

## ੨੪. [ਕਵੀਆਂ ਨਾਲ ਪ੍ਰਸ਼ਨੋਤਰ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

†ਸੁਪਤੇ‡ ਨਿਸ ਮਹਿਂ ਸਤਿਗੁਰੂ, ਮਨ ਭਾਵਤਿ ਕਰਿ ਖਾਨ।

†ਇਹ ਸੌ ਸਾਖੀ ਦੀ ੮੪ਵੀਂ ਸਾਖੀ ਹੈ। ‡ਪਾ:-ਸੁਪਤਹਿ।

ਅੰਮ੍ਰਿਤ ਵੇਲਾ ਮਹਿਂ ਉਠੇ, ਕੀਨੋ ਸੌਚ ਸ਼ਨਾਨ ॥੧॥

ਚੌਪਈ:

ਬਸਤ੍ਰ ਸ਼ਸਤ੍ਰ ਕੋ ਪਹਿਰਨਿ ਕਰਿ ਕੈ।
ਸੁੰਦਰ ਅੰਗ ਬਿਭੂਖਨ ਧਰਿ ਕੈ।
ਸਭਾ ਬਿਖੈ ਕਲ਼ਗੀਧਰ ਆਏ।
ਚਾਮੀਕਰਿ ਪ੍ਰਯੰਕ ਜਿਸ ਥਾਏਂ ॥੨॥
ਆਸਤਰਨ ਮਖਮਲ ਕੋ ਕਸਿਯੋ।
ਜਰੀ ਸਹਿਤ ਗੁੰਫਨ ਯੁਤਿ ਲਸਿਯੋ।
ਤਿਸ ਪਰ ਥਿਰੇ ਬਿਸਾਲ ਕ੍ਰਿਪਾਲਾ।
ਆਇ ਖਾਲਸਾ ਗਨ ਤਿਸ ਕਾਲਾ ॥੩॥
ਨਮੋ ਕਰਤਿ ਅਰੁ ਬੈਠਤਿ ਹੇਰੇ।
ਲਗਯੋ ਦਿਵਾਨ ਆਨਿ ਤਿਸ ਬੇਰੇ।
ਹੇਮ ਲਸ਼ਟਕਾ ਧਾਰਨ ਕਰੇ।
ਆਗੇ ਚੋਬਦਾਰ ਤਹਿਂ ਖਰੇ ॥੪॥
ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ।
'ਗੁਨੀ ਕਵੀਸ਼ੁਰ ਪੰਡਤਿ ਨਾਨਾ।
ਸਭਿਹਿਨਿ ਕੋ ਹਕਾਰਿ ਲੇ ਆਵਹੁ।
ਜਹਿਂ ਜਹਿਂ ਡੇਰੇ ਤਹਾਂ ਸਿਧਾਵਹੁ'
॥੫॥
ਸੁਨਿ ਕੈ ਸਭਿ ਤਤਕਾਲ ਬੁਲਾਏ।
ਤਿਨ ਕੇ ਦੈ ਹੌਂ ਨਾਮ ਬਤਾਏ।
ਕੇਸ਼ੋਦਾਸ ਪੁੱਤ੍ਰ ਕੁਵਰੇਸ਼।
ਦ੍ਰੋਣ ਪਰਬ ਜਿਨ ਕੀਨ ਅਸ਼ੇਸ਼[1] ॥੬॥

[1]ਜਿਸ (ਕੇਸ਼ੋਦਾਸ ਦੇ ਪੁੱਤ੍ਰ ਕੁਵਰੇਸ਼) ਨੇ ਮਹਾਂਭਾਰਤ ਵਿਚੋਂ ਦ੍ਰੋਣ ਪਰਬ ਸਾਰਾ (ਭਾਸ਼ਾ) ਕੀਤਾ ਸੀ।

ਗੁਣੀਆ, ਸੁਖੀਆ, ਬੱਲਭ ਆਯੋ।
ਧਜਾਨ ਸਿੰਘ ਗੁਰ ਦਰਸ਼ਨ ਪਾਯੋ।
ਇੱਤਯਾਦਿਕ ਪਹੁਂਚੇ ਕੁਛ ਔਰ।

ਬੰਦਤਿ ਭੇ ਸੋਢੀ ਸਿਰਮੌਰ ॥੭॥
ਸਾਦਰ ਬੈਠੇ ਸਭਾ ਮਝਾਰੀ।
ਸਭਿ ਪ੍ਰਤਿ ਸ਼੍ਰੀ ਪ੍ਰਭੁ ਗਿਰਾ ਉਚਾਰੀ।
'ਤੁਮ ਸਗਲੇ ਬੁਧਿਵੰਤਿ ਬਿਸਾਲੇ।
ਕਰਹੁ ਬਿਚਾਰਨ ਵਿੱਦਜਾ ਜਾਲੇ ॥੮॥
ਕਹਿਂ ਤੇ ਸੁਪਨਾ ਪਾਵਹਿ ਪ੍ਰਾਨੀ?
ਕਿਮ ਨਿਸਪਤਿ ਮੈਂ ਸ਼ਾਮ ਨਿਸ਼ਾਨੀ[1]?

[1]ਕਿਉਂ ਚੰਦ੍ਰਮਾ ਵਿਚ ਕਾਲੇ ਦਾਗ਼ ਹਨ।

ਕਿਮ ਗੋਡੇ ਪਰ ਪਾਗ ਰਖੰਤੇ?
ਕਿਮ ਚੀਤੇ ਪਾਛੇ ਥੁਕਿਯੰਤੇ[1]? ॥੯॥

[1]ਪਿਸ਼ਾਬ ਕਰਕੇ ਪਿਛੋਂ ਕਿਉਂ ਥੁੱਕਦੇ ਹਨ। [ਖਾਲਸਾਈ ਬੋਲਾ:, ਚੀਤਾ ਭਜਾਉਣਾ=ਪੇਸ਼ਾਬ ਕਰਨਾ]।

ਚੂਨ[1] ਪਕਾਵਨ ਜਬਿ ਹੀ ਲਾਗੇ।

[1]ਆਟਾ।

ਤੋਰਿ ਪਿਛੇ ਕਿਮ ਜੋਰਤਿ ਆਗੇ[1]?

[1]ਤਾਉਣ ਦੇ) ਅਗੋਂ ਆਟਾ ਤੋੜ ਕੇ ਪਿਛੇ ਕਿਉਂ ਲਾਉਂਦੇ ਹਨ।

ਰੁਖ਼ ਬਿਗੈਰ ਕਿਉਂ ਬੋਲਨ ਕਰਿਹੈ?
ਧਨੁ[1] ਟੰਕਾਰ ਕਰੈਂ ਕਿਉਂ ਨਰ ਹੈਂ? ॥੧੦॥

[1]ਧਨੁਖ਼ਦਾ।

ਕਹਹੁ ਤੁਮਾਕੁ ਕਿਉਂ ਨਹਿਂ ਛੁਹੈਂ?
ਕਥਾ ਦ੍ਵਾਦਸ਼ੀ ਕਿਮ ਨਹਿਂ ਕਹੈਂ?'
ਇਸ ਸ਼੍ਰੀ ਸਤਿਗੁਰ ਤੇ ਸਭਿ ਸੁਨੈਂ[1]।

[1]ਸਭ ਨੇ ਸੁਣਿਆਂ।

ਕਵਿ ਕੁਵਰੇਸ਼ ਪ੍ਰਥਮ ਹੀ ਭਨੈ ॥੧੧॥

ਦੋਹਰਾ:

[†]ਪਾ:-ਨਰ।

'ਖਾਇ ਸਕਲ ਰਸ[†] ਅੰਨ, ਦੇ
ਦਪਟੇ ਨਾਰੀ ਭਾਵ[1]।

[1]ਸਾਰੇ ਅੰਨ ਆਦਿ ਰਸ ਖਾਕੇ ਨਾੜੀਆਂ ਦੇ (ਸੂਖਮ) ਭਾਵ ਦਬ ਜਾਂਦੇ ਹਨ।

ਘੂੰਮ[1] ਨੀਦ ਪੀਛੈ ਪਚੇ[†]

[1]ਘੁਰਮ ਹੋਕੇ। [†]ਪਾ:-ਪਰੇ।

ਜੀਵ ਕਲਾ ਛੁਟ ਦਾਵ[1†] ॥੧੨॥

[1]ਅੰਨ ਪਚੇ ਤੇ ਪਿਛੋਂ ਗਾੜ੍ਹੀ ਨੀਂਦ ਪੈਂਦੀ ਹੈ ਤੇ ਜੀਵਕਲਾ (ਅੰਨ ਰਸ ਦੇ) ਦਬਾ ਤੋਂ ਛੁੱਟ ਜਾਂਦੀ ਹੈ। [†]ਪਾ:-ਜਾਵ।

ਫੁਰੇ ਸੁਪਨ ਸਭਿ ਜੰਤੁ ਕੌ
ਸਾਚ ਝੂਠ ਮਨ ਬੂਝਿ[1]।

[1]ਉਸ ਵੇਲੇ ਸੁਪਨੇ ਨੂੰ ਜੋ ਝੂਠਾ ਹੁੰਦਾ ਹੈ ਤਾਂ ਸੱਚ ਸਮਝਦਾ ਹੈ।

ਇਤਨੀ ਜਾਨੀ ਗਜਾਨ ਤੇ,

| | |
|---|---|
| ਤਾਂ ਪਰ ਤੁਮਰੀ ਸੂਝ[1]' ॥੧੩॥ | [1]ਇਸ ਤੋਂ ਪਰੇ ਆਪ ਨੂੰ ਖਬਰ ਹੈ (ਹੇ ਕਲਗੀਧਰ ਜੀ)! |
| [1]ਬਲਭ: 'ਕਾਲਸ਼ ਪਾਪ ਫਲ<br>ਗੋਤਮ ਪਤਨੀ ਪ੍ਰੀਤ।<br>ਸਸਿ ਉਠਾਇ ਰਿਖਿ ਨ੍ਹਾਣ ਕੋ<br>ਕਾਮੀ ਬਾਸ਼ਵ ਮੀਤ[੬]' ॥੧੪॥ | [1]ਬੱਲਭ (ਕਵੀ ਨੇ ਕਿਹਾ):-(ਚੰਦ ਦੀ) ਕਾਲੋਂ ਪਾਪ ਦਾ ਫਲ ਹੈ ਜੋ ਗੋਤਮ ਦੀ ਵਹੁਟੀ ਨਾਲ ਪ੍ਰੀਤ ਕੀਤੀ ਸੀ (ਇੰਦਰ ਨੇ); ਤਦੋਂ ਚੰਦ੍ਰਮਾਂ ਨੇ ਵਕਤ ਤੋਂ ਪਹਿਲੇ ਉਦੇ ਹੋਕੇ ਰਿਖੀ (ਗੋਤਮ) ਨੂੰ ਨ੍ਹਾਉਣ ਲਈ ਉਠਾਇਆ ਕਾਮੀ ਇੰਦ੍ਰ ਦਾ ਮਿੱਤ੍ਰ ਬਣਕੇ। |
| ਗੁਨੀਆ: 'ਜਾਨੁ ਜਾਨਵੀ<br>ਸ਼ੁੱਧ ਠੌਰ ਵਰ ਈਸ਼[1]।<br>ਮੀਤ ਪਾਗ ਸ਼ਰਨਾਗਤੀ<br>ਗੋਡ ਲਾਗ ਸੁਖ ਸੀਸ[1]' ॥੧੫॥ | [1]ਗੁਨੀਆਂ (ਕਵੀ ਨੇ ਕਿਹਾ):-(ਵਰ+ਈਸ਼=) ਸ੍ਰੇਸ਼ਟ ਸ਼ਿਵਜੀ ਦੇ ਸ਼ੁੱਧ ਠੌਰ (ਭਾਵ ਜਟਾਂ ਵਿਚੋਂ ਨਿਕਲੀ) ਗੰਗਾ ਨੂੰ ਜਾਨੁ ਰਿਸ਼ੀ ਨੇ ਪੀ ਲਿਆ ਫਿਰ ਉਸਨੇ (ਆਪਣੇ) ਜਾਨੁ (ਗੋਡੇ ਤੋਂ ਕੱਢੀ ਤਾਂਤੇ ਗੋਡਾ ਪਵਿੱਤ੍ਰ ਮੰਨਿਆਂ ਗਿਆ)।<br>[1]ਦੂਜਾ ਕਾਰਣ) ਮਿੱਤ੍ਰ ਦੀ ਸ਼ਰਨ ਆਇਆਂ ਪਗ ਸਿਰ ਸਮੇਤ ਗੋਡਿਆਂ ਨੂੰ ਲਗ ਜਾਂਦੀ ਹੈ (ਤਾਂ ਇਸ ਨੂੰ ਉਸ ਤੋਂ) ਸੁਖ ਮਿਲਦਾ ਹੈ। |
| ਸੁਖੀਆ: 'ਤੰਤਰ ਮੰਤ੍ਰ ਕੇ<br>ਨਾਸ਼ ਕਰਨ ਕੇ ਹੇਤ।<br>ਥੂਕ ਕੀਏ ਹਤਿ ਹੋਤਿ ਹੈਂ<br>ਜਾਂ ਤੇ ਕੀਨਾ ਚੇਤਿ[1]' ॥੧੬॥ | [1]ਸੁਖੀਆ (ਕਵੀ ਨੇ ਕਿਹਾ):-ਕਿਉਂਕਿ ਥੁੱਕ ਸੁਟਿਆ ਤੰਤ੍ਰ ਮੰਤ੍ਰ ਨਾਸ਼ ਹੋ ਜਾਂਦੇ ਹਨ (ਤੇ ਖ਼ਯਾਲ ਇਹ ਹੈ ਕਿ ਪਿਸ਼ਾਬ ਕੀਤਿਆਂ ਅਪਵਿੱਤ੍ਰ ਹੋਈਦਾ ਹੈ ਤੇ ਅਪਵਿੱਤ੍ਰ ਤੇ ਤੰਤ੍ਰ ਮੰਤ੍ਰ ਚਲ ਜਾਂਦਾ ਹੈ, ਇਸ ਕਰਕੇ ਥੁਕ ਸੁਟਣੀ ਸਭ ਦੇ) ਚੇਤੇ ਵਿਚ ਹੈ। (ਅ) ਕੀਨਾਚੇਤ=ਚੀਤਾ ਕਰਕੇ, ਪਿਸ਼ਾਬ ਕਰਕੇ। |
| ਗੁਰਦਾਸ: 'ਦਾਸ ਪਗ ਸਤਿਗੁਰੂ<br>ਅਹੰ ਮਿਟੈ ਤੁਮ ਸ਼ਰਨ।<br>ਤੁਵਨ ਕ੍ਰਿਪਾ ਬਿਨ ਅਹੰਮਤੀ<br>ਬੋਲਤ ਪ੍ਰੀਤੀ ਹਰਨ[1]†' ॥੧੭॥ | [1]ਰੁਖ ਬਿਗੈਰ ਬੋਲਣ ਦਾ ਉਤਰ) ਗੁਰਦਾਸ (ਨੇ ਕਿਹਾ:-ਮੈਂ) ਸਤਿਗੁਰੂ ਦੇ ਚਰਨਾਂ ਦਾ ਦਾਸ ਹਾਂ, ਆਪਦੀ ਸ਼ਰਨ ਆਇਆ ਅਹੰਕਾਰ ਮਿਟ ਜਾਂਦਾ ਹੈ (ਪਰ) ਜੋ ਜੀ ਤੁਸਾਡੀ ਕ੍ਰਿਪਾ ਤੋਂ ਬਿਨਾਂ ਹਨ ਓਹ (ਇੰਨੇ) ਹੰਕਾਰੀ (ਮੂਰਖ) ਹੋ ਜਾਂਦੇ ਹਨ (ਕਿ ਜਦੋਂ ਕਿਸੇ ਦੀ ਵਿਚ) ਪ੍ਰੀਤੀ ਨਹੀਂ ਬੀ ਹੈ ਤਾਂ ਬੀ ਬੋਲੀ |

ਜਾਂਦੇ ਹਨ। †ਪਾ:-ਸਰਨ।

ਸੈਨਾਪਤਿ ਕਹਿਤਾ 'ਇਹੀ
ਪ੍ਰਥਮ ਬਰਕਤੀ ਜਾਨ।
ਗਨਪਤਿ ਆਦਿ ਮਨਾਈਏ
ਆਦਿ ਤਵਨ ਕੀ ਕਾਨ[1]' ॥੧੮॥

[1]ਸੈਨਾਪਤ ਨੇ ਕਿਹਾ ਕਿ ਪਹਿਲਾਂ ਇਹ (ਆਟਾ ਤੌਣ ਵਿਚੋਂ) ਬਰਕਤ ਵਾਸਤੇ ਜਾਣਕੇ ਕੱਢਦੇ ਹਨ, ਜਿਵੇਂ ਗਣਪਤ ਨੂੰ (ਹਰ ਗਲ ਦੇ) ਆਦਿ ਵਿਚ ਮਨਾਕੇ (ਉਸਦਾ ਹਿੱਸਾ ਕਢੀਦਾ ਹੈ ਤਿਵੇਂ) ਤੌਣ ਵਿਚੋਂ (ਉਸਦਾ ਹਿੱਸਾ) ਪਹਿਲੋਂ ਕਢੀਦਾ ਹੈ। [ਕਾਨ=ਕੱਢੀਦਾ ਹੈ] । (ਅ) ਤਵਨਕੀ ਕਾਨ=ਉਸ ਗਣੇਸ਼ ਦੇ ਵਾਸਤੇ।

ਸੁੱਖਾ ਸਿੰਘ 'ਟੰਕਾਰ ਕੀ
ਸ਼ੱਤ੍ਰੁਨਿ ਦਯੋ ਵੰਗਾਰ[1]।

[1]ਧਨੁਖ ਦੀ) ਟੰਕਾਰ ਪਹਿਲੋਂ ਤਾਂ ਕਰੀਦੀ ਹੈ ਕਿ ਵੈਰੀਆਂ ਨੂੰ ਵੰਗਾਰ ਦੇਈਦਾ ਹੈ ਕਿ.....[1]

ਹੈ ਬਲ ਬਿੱਦਜਾ ਜਾਸ ਕੈ
ਆਵੈ ਮਮ ਢਿਗ ਸਾਰ[1]' ॥੧੯॥

[1]ਕਿ ਜਿਸ ਪਾਸ ਬਲ ਤੇ ਵਿਦਜਾ ਹੈ ਉਹ ਲੋਹਾ (ਸ਼ਸਤ੍ਰ) ਲੈਕੇ ਮੇਰੇ ਸਾਹਮਣੇ ਆਵੇ।

[1]ਕਲੂਆ: 'ਤੁਰਕਨਿ ਰਾਜ ਜਬਿ

[1]ਕਲੂਆ (ਕਵੀ ਕਹਿੰਦਾ ਹੈ) ਤੁਰਕਾਂ ਦਾ ਰਾਜ ਜਦੋਂ ਪ੍ਰਿਥਵੀ ਤੇ ਛਾ ਰਿਹਾ ਸੀ, (ਉਥੋਂ) ਜੂਠ ਪਾਨ (=ਤੰਬਾਕੂ) ਚਲੀ (ਤਾਂਕਿ) ਹਿੰਦੂਆਂ ਦੇ ਮੰਤ੍ਰ ਜਪਣ ਦਾ ਫਲ ਛਪ ਜਾਵੇ। [ਹੁੱਕਾ ਇਕ ਦੂਜੇ ਦੀ ਜੂਠ ਵਰਤਣਾ ਹੈ ਇਸ ਕਰਕੇ ਤਮਾਕੂ ਦਾ ਨਾਮ 'ਜਠ ਪਾਨ' ਹੈ]।

ਰਹਜੋ ਭੂਮ ਪਰ ਛਾਇ।
ਜੂਠ ਪਾਨ ਜਪ ਮੰਤ੍ਰ ਫਲ
ਹਿੰਦੂ ਕੇ ਛਪ ਜਾਇ[8] ॥੨੦॥
ਸਕਲ ਪਾਪ ਜੇ ਭੂਮ ਕੇ
ਹਰਿ ਪੈ ਗਏ ਫਿਰਜਾਦਿ।
ਕਲ ਮਹਿਂ ਤੁਮਰੀ ਮਹਿ ਹਨਨ
ਹਰਿ ਕਹਿ ਸ੍ਰੂਤ ਕਥ ਬਾਦ[1] ॥੨੧॥

[1]ਦ੍ਵਾਦਸ਼ੀ ਸੰਬੰਧੀ ਉਤਰ) ਧਰਤੀ ਦੇ ਸਾਰੇ ਪਾਪ ਹਰੀ ਫਰਯਾਦੀ ਹੋਕੇ ਗਏ ਕਿ ਕਲਜੁਗ ਵਿਚ ਤੁਹਾਡੀ ਮਹਿਮਾ (ਭਾਵ ਤੁਹਾਡੀ ਕਥਾ ਸਾਨੂੰ) ਮਾਰਨਹਾਰੀ ਹੈ ਤਾਂ ਹਰੀ ਨੇ ਕਿਹਾ (ਦ੍ਵਾਦਸ਼ੀ ਦੇ ਦਿਨ ਮੇਰੀ) ਕਥਾ ਸੁਣਨੀ (ਇਹ ਫਲ ਦੇਣੋ) ਬਿਰਥਾ ਜਾਏਗੀ, ਭਾਵ ਦ੍ਵਾਦਸ਼ੀ ਨੂੰ ਮੇਰੀ ਕਥਾ ਸੁਣਨ ਦਾ ਫਲ ਪਾਪਾਂ ਦਾ ਨਾਸ਼ ਹੋਣਾ ਨਹੀਂ ਹੋਵੇਗਾ।

ਨਾਨਕ ਜਾਂ ਤੁਮ ਦਯਾਲ ਹੁਇ
ਸਕਲ ਦੋਖ ਮਿਟ ਜਾਇਂ।
ਸੰਕਰ ਬਿਦਰ, ਦਾਰਿਦ ਬਿੱਪ੍ਰ,
ਅਜਮਿਲ, ਕੁਬਜ, ਭਿਲਾਇ[1]' ॥੨੨॥

[1]ਪਰ ਹੇ ਗੁਰੂ) ਨਾਨਕ ਦੇਵ ਜਦੋਂ ਤੁਸੀਂ ਦਿਆਲ ਹੋ ਜਾਓ ਸਾਰੇ ਦੂਸ਼ਨ ਮਿਟ ਜਾਂਦੇ ਹਨ ਜੈਸੇ ਕਿ ਸ਼ੰਕਰ ਵਰਨੀ ਬਿਦਰ ਦੇ, ਦਰਿੱਦ੍ਰੀ ਬ੍ਰਹਮਣ (ਸੁਦਾਮਾਂ) ਦੇ, ਅਜਾਮਿਲ ਦੇ, ਕੁਬਜਾਂ ਦੇ ਤੇ ਭੀਲਨੀ ਦੇ (ਪਾਪ ਤੁਹਾਡੀ ਕਿਰਪਾ ਨਾਲ ਮਿਟ ਗਏ ਸਨ)। (ਸੂਚਨਾ- ਨਾਨਕ ਕਿਸੇ ਕਵੀ ਦਾ ੫੨ ਵਿਚੋਂ ਨਾਮ ਨਹੀਂ ਹੈ)।

ਚੁੱਪ ਹੁਏ ਸਭਿ ਗੁਰ ਕਹੈਂ
'ਲੜਕੇ ਗੁਰਬਖ਼ਸ਼ ਸਿੰਘ!
ਤੂੰ ਕਯੋਂ ਬੋਲਤਿ ਨਹਿਂ ਅਬੈ,
ਕਹਿਨ ਹੋਗ ਮਮ ਸਿੰਘ[1]' ॥੨੩॥

[1]ਮੇਰੇ ਸਿੰਘਾਂ ਪ੍ਰਤੀ ਤੂੰ ਕਹਿਣਾ ਹੋਵੇਗਾ, ਭਾਵ ਤੂੰ ਅਗੋਂ ਨੂੰ ਖਾਲਸੇ ਵਿਚ ਕਥਾ ਕਰੇਂਗਾ। (ਅ) ਹੇ ਮੇਰੇ ਸਿੰਘ ਤੂੰ ਬੀ ਕੁਛ ਕਹੁ।

ਤਬਿ ਮੈਂ ਬੋਲਯੋ ਸਮੁਝਿ ਕੈ
'ਮਨ ਪਰਚਾ ਤੁਮ ਚਰਨ[1]।

[1]ਮੇਰਾ ਪ੍ਰੇਮ ਆਪ ਦੇ ਚਰਨਾਂ ਨਾਲ ਹੈ।

[1]ਜੰਤੀ ਕੇ ਕਯਾ ਬਸ ਸਹੀ?
ਕਰਤਾ ਤੁਮਰੀ ਸ਼ਰਨ[੬] ॥੨੪॥

[1]ਵਾਜੇ ਦੇ ਕੀਹ ਵੱਸ ਹੈ, ਨਿਸ਼ਚੇ ਹੇ ਕਰਤਾਰ ਜੀ! ਮੈਂ ਤੇਰੀ ਸ਼ਰਨ ਹਾਂ।

ਆਠ ਪਹਿਰ ਕੀ ਚੇਸ਼ਟਾ
ਬੈਠਿ ਸਮਰਪਯੋ ਧਯਾਨ।
ਨੱਥ ਹਮਾਰੀ ਕੱਥ ਕਰਿ
ਤੁਮਰੇ ਹਮਰਾ ਗਯਾਨ[1]' ॥੨੫॥

[1]ਸਾਡੀ ਕਥਾ ਦੀ ਨੱਥ ਤੁਹਾਡੇ ਹੱਥ ਵਿਚ ਹੈ ਗਯਾਨ ਸਾਡਾ ਤੁਹਾਡਾ (ਦਿਤਾ) ਹੈ। (ਅ) ਸਾਡੀ ਨੱਥ ਆਪ ਦੇ (ਕਰ=) ਹੱਥ ਵਿਚ ਹੈ ਤੇ ਸਾਡਾ ਕਥਨ (ਆਪ ਦੇ ਬਖਸ਼ੇ) ਗਿਆਨ (ਨੂੰ ਕਥਨ ਕਰਨਾ ਹੈ)।

ਸੁਨਿ ਸਾਹਿਬ ਸਿੰਘ! ਸੁਨਿ ਹਸੇ
ਤਬਿ ਹਉਂ ਕਹਿਂ[1] ਕਰ ਜੋਰਿ।

[1]ਆਖਿਆ।

'ਸਭਿ ਕੋ ਉੱਤਰ ਆਪ ਹੀ
ਕਹੀਏ ਸੰਗਤ ਤੋਰ[1]' ॥੨੬॥

[1]ਇਹ ਸੰਗਤ ਆਪ ਦੀ ਹੈ।

†ਬੋਲੇ ਪ੍ਰਭੁ ਤਬਿ ਦਯਾਲ ਹੁਇ

†ਇਹ ਸੌ ਸਾਖੀ ਦੀ ੯੫ਵੀਂ ਸਾਖੀ ਹੈ।

'ਜਨਮ ਜੋਨਿ ਭ੍ਰਮ ਜੀਵ।
ਨਿੰਦ੍ਰਾ ਵਸ਼ਿ ਏਕਾਂਤ ਚਿਤ

ਲਖੈ ਭ੍ਰਮੈ ਸੁਪਨੀਵ[1] ॥੨੭॥

[1]ਜੋਨੀਆਂ ਵਿਚ ਭ੍ਰਮਣ ਤੇ ਅਰ ਇਸ ਜਨਮ ਦੇ (ਅੰਦਰ ਦਬੇ ਸੰਸਕਾਰ) ਨਿੰਦ੍ਰਾ ਦੇ ਵੱਸ ਵਿਚ (ਪਿਆਂ) ਜੀਵ ਚਿੱਤ ਦੀ ਏਕਾਂਤ ਲਖਕੇ ਸੁਪਨੇ ਵਿਚ (ਉਹ ਦਬੇ ਸੰਸਕਾਰ) ਭਖਲਾਉਂਦਾ ਹੈ। ਭਾਵ ਇਸ ਜਨਮ ਤੇ ਅਗਲੇ ਜਨਮਾਂ ਦੇ ਚਿਤ (ਡੂੰਘੇ ਮਨ) ਵਿਚ ਪਏ ਸੰਸਕਾਰਾਂ ਨੂੰ ਸੁਪਨਿਆਂ ਵਿਚ ਲਿਆਕੇ ਜੀਵ ਦੇਖਦਾ ਹੈ। (ਅ) ਜੀਵ ਜਿਵੇਂ ਜਨਮ (ਲੈ ਲੈ) ਜੂਨਾਂ ਵਿਚ ਭਟਕਦਾ ਹੈ ਤਿਵੇਂ ਨਿੰਦ੍ਰਾ ਦੇ ਵਸ ਏਕਾਂਤ ਹੋਕੇ ਸੁਪਨਿਆਂ ਵਿਚ ਆਪ ਨੂੰ ਭਟਕਦਾ ਲਖਦਾ ਹੈ।

ਤਾਰਾ ਗੁਰ ਪਤਨੀ ਭੁਗੀ
ਚੰਦ ਕਾਲਖਾ ਦੇਖਿ।
ਪਰ ਨਾਰੀ ਪਰਸਨ ਅਘੀ
ਲੋਕ ਦਿਖਾਯੋ ਲੇਖ[1] ॥੨੮॥

[1]ਗੁਰੂ (=ਬ੍ਰਹਸਪਤੀ) ਦੀ ਤਾਰਾ ਨਾਮੇ ਇਸਤ੍ਰੀ (ਚੰਦ੍ਰਮਾਂ ਨੇ) ਭੋਗੀ ਸੀ (ਇਸ ਕਰਕੇ) ਚੰਦ ਵਿਚ ਕਾਲਖ ਦੇਖੀਦੀ ਹੈ। ਪਰ ਨਾਰੀ ਦੇ ਪਰਸਨ (ਨਾਲ) ਪਾਪੀ (ਹੋਇਆ ਚੰਦ੍ਰਮਾ ਹੁਣ) ਲੋਕਾਂ ਵਿਚ (ਆਪਣੇ ਪਾਪ ਦਾ) ਲੇਖ ਦਿਖਾ ਰਿਹਾ ਹੈ।

[1]ਰਾਮ ਲਖਨਿ ਮ੍ਰਿਗੀਆ ਗਏ
ਵਿਛੁਰੇ ਦੋਨੋ ਭ੍ਰਾਤ।

[1]ਰਾਮ ਲਛਮਨ ਸ਼ਿਕਾਰ ਨੂੰ ਗਏ ਤੇ ਦੋਨੋਂ ਭਾਈ ਆਪਸ ਵਿਚ ਵਿੱਛੁੜ ਗਏ, ਸਵੇਰੇ (ਦੋਵੇਂ ਭਰਾ) ਮਿਲ ਪਏ (ਰਾਤ ਨੂੰ) ਪਗੜੀ ਦੇ ਪਰਚੇ (ਦੀ ਗਲ ਬਾਤ ਸੁਣਕੇ) ਇਹ ਵਰ ਤਦੋਂ ਦਿੱਤਾ ਕਿ ਜੋ ਗੋਡੇ ਪਰ ਪੱਗ ਰਖੇਗਾ ਉਹ ਆਪਣੀ ਦੇਹੀ ਨਿਰਦੁਖ ਕਰ ਲਏਗਾ। ਕਥਾ ਇਉਂ ਹੈ ਕਿ ਸ਼ਿਕਾਰ ਵਿਚ ਮ੍ਰਿਗ ਦੇ ਮਗਰ ਰਾਮ ਲਛਮਨ ਜੀ ਨੇ ਘੋੜਾ ਸੁੱਟਿਆ ਤਾਂ ਆਪੋ ਵਿਚ ਵਿਛੜ ਗਏ। ਰਾਤ ਨੂੰ ਦੋਵੇਂ ਸੁਤੇ ਨਹੀਂ ਇਕ ਬ੍ਰਿੱਛ ਨਾਲ ਢੋ ਲਾਕੇ ਗੋਡੇ ਉੱਤੇ ਆਪੋ ਆਪਣੀ ਪਗ ਰੱਖਕੇ ਬੈਠ ਗਏ ਤੇ ਲਛਮਨ ਜੀ ਪੱਗ ਨੂੰ ਰਾਮ ਸਮਝਕੇ ਤੇ ਰਾਮ ਦੀ ਪਗ ਨੂੰ ਲਛਮਣ ਸਮਝਕੇ ਪੱਗ ਨਾਲ ਸਾਰੀ ਰਾਤ ਗੁਣਾਨੁਵਾਦ ਕਰਦੇ ਰਹੇ। ਸਵੇਰੇ ਦੋਵੇਂ ਮਿਲ ਪਏ ਤਾਂ ਪਗ ਨਾਲ ਰਾਤ ਦੇ ਪਰਚਾਵੇ ਦੀ ਗੱਲ ਦੱਸੀ, ਤਦੋਂ ਇਹ ਵਰ ਦਿੱਤਾ ਜੋ ਗੋਡੇ ਪਰ ਪਗ ਧਰੇਗਾ ਉਸਦੀ ਦੇਹਿ ਦੁਖ ਰਹਿਤ ਰਹੇਗੀ।

ਨਿਸ ਗੋਡੇ ਪਗੜੀ ਧਰੀ
ਮਿੱਤ੍ਰ ਕਹਾਨੀ ਬਾਤ ॥੨੯॥
ਭਿਆਨ ਮਿਲੇ ਪਰਚਾ ਪਗੜ
ਵਰ ਦੀਨਾ ਤਬਿ ਏਹ।
ਗੋਡੇ ਪਰ ਦਸਤਾਰ ਧਰਿ
ਪਾਵਹਿ ਨਿਰਦੁਖ ਦੇਹਿ ॥੩੦॥

[1]ਭੂਤ ਜਾਤਿ ਭੁ ਪਰ ਜਿਤੇ
ਮੂਤ੍ਰ ਦੋਖ ਮਿਟਿ ਜਾਇ।
ਝੁਕ ਦਿਏ ਸੁਧਿ ਕਾਇ ਹੁਇ
ਪੀਛੇ ਸਹੀ ਬਨਾਇ[1] ॥੩੧॥

[1]ਪ੍ਰਯਾਯ ਦੇਖੋ ਅੰਕ ੧ ਅਗਲੇ ਸਫੇ ਦਾ।

[1]ਧਰਤੀ ਉਤੇ (ਜਿਤੇ=) ਜਿੱਥੇ ਕਿਤੇ ਭੂਤ ਜਾਤੀ (ਹੋਵੇ ਤੇ ਉਥੇ) ਪਿਸ਼ਾਬ (ਕੋਈ ਕਰ ਬੈਠੇ ਤਾਂ ਉਸ ਤੇ ਪਿਸ਼ਾਬ ਕਰ ਬੈਠਣ ਦਾ) ਦੋਸ਼ ਦੂਰ ਕਰਨ ਲਈ (ਪਿਸ਼ਾਬ, ਕਰਨ ਮਗਰੋਂ) ਥੁੱਕ ਦੇਵੇ ਪਿਛੋਂ (ਥੁੱਕ ਦੇਣ ਦੇ ਮਗਰੋਂ ਫਿਰ ਸਹੀ ਬਣਾਵੇ ਭਾਵ ਹੱਥ ਆਦਿਕ ਧੋਣੇ ਥੁੱਕ ਸੁੱਟਣ ਤੋਂ ਕਰੇ, ਫਿਰ ਸਰੀਰ ਸ਼ੁੱਧ ਹੋ ਜਾਵੇਗਾ।

[1]ਪਾਪ ਗ੍ਰਸੈ ਜਬਿ ਆਨਿ ਕੈ

ਤ੍ਰਿਸਕਾਰੈ ਬਿਧਿ ਆਨ।

[1]ਜਦੋਂ ਪਾਪ ਆਕੇ ਗ੍ਰਸਦੇ ਹਨ ਤੇ ਤ੍ਰਿਸਕਾਰ ਦੀ ਬਿਧੀ ਆ ਬਣਦੀ ਹੈ ਤਦੋਂ ਬਿਨਾਂ ਬੁਲਾਏ ਬੋਲੀ ਦਾ ਹੈ ਇਸ ਬਿਧੀ ਨੂੰ ਚੰਗਾ ਨਾ ਜਾਣੇਂ ਭਾਵ ਜਦੋਂ ਬਿਨ ਬੁਲਾਏ ਬੋਲਣ ਨੂੰ ਜੀ ਕਰੇ ਤਾਂ ਸਮਝ ਲਓ ਕਿ ਪਾਪ ਉਦੇ ਹੋਏ ਹਨ ਤੇ ਨਿਰਾਦਰ ਦੀ ਬਿਧੀ ਬਣਨ ਲਗੀ ਹੈ।

ਬਿਨਾ ਬੁਲਾਏ ਬੋਲੀਏ

ਜਾਂ ਬਿਧਿ ਭਲੀ ਨ ਮਾਨਿ[2] ॥੩੨॥

[1]ਆਦਿ ਅੰਤਿ ਰੋਟੀ ਗ੍ਰਿਹੀ

ਦੇਵ ਪਿਤ੍ਰ ਹਿਤ ਦੇਨਿ।

[1]ਗ੍ਰਿਹਸਤੀ (ਰੋਟੀ ਪਕਾਉਣ ਦੇ) ਆਦਿ ਅੰਤ ਵਿਚ (ਦੋ ਰੋਟੀਆਂ) ਦੇਵ ਤੇ ਪਿਤ੍ਰਾਂ ਨਮਿੱਤ ਦੇਂਦੇ ਹਨ, ਵੇਦ ਦੀ ਉਕਤੀ ਮੁਜਬ ਚਲਣ ਵਾਲੇ ਧਰਮਵਾਨ ਇਕ ਪਿਛਲੀ ਰੋਟੀ ਹੀ ਲੈਣ। ਭਾਵ ਇਹ (ਕਿ ਤੌਣ ਤੋਂ ਪਹਿਲਾਂ ਟੁਕੜਾ ਜੋ ਤੋੜੀਦਾ ਹੈ ਉਹ ਦੇਵ (ਭਗਵਾਨ) ਨਮਿੱਤ ਹੁੰਦਾ ਹੈ ਉਸ ਨੂੰ ਪਕਾਉਣ ਵਾਲੀ ਤੌਣ ਦੇ ਪਿਛੇ ਲਾ ਦੇਂਦੀ ਹੈ ਕਿ ਛਾਂਦਾ ਦੇਵ ਦਾ ਕੱਢਕੇ ਰੱਖ ਲਿਆ ਹੈ। ਫਿਰ ਉਹ ਦੂਸਰਾ ਟੁਕੜਾ ਕੱਟਕੇ ਪੇੜਾ ਬਣਾਉਂਦੀ ਹੈ ਇਹ ਪਿਤਰਾਂ ਨਮਿੱਤ ਹੁੰਦਾ ਹੈ। ਇਸ ਨੂੰ ਹੰਦਾ ਆਖਦੇ ਹਨ ਤੇ ਬ੍ਰਾਹਮਣ ਲੈ ਜਾਂਦਾ ਹੈ। ਪਰ ਜੋ ਆਟਾ ਪਹਿਲੋਂ ਕੱਟਕੇ ਤੌਣ ਦੇ ਅੰਤ ਰੱਖ ਲਿਆ ਹੈ ਇਸ ਦੀ ਰੋਟੀ ਅਖੀਰ ਪੱਕਦੀ ਹੈ। ਇਹ ਸਾਧੂ ਅਭਜਾਗਤ ਧਰਮ ਅਵਲੰਬੀਆਂ ਨੂੰ ਦੇਈਦੀ ਹੈ, ਇਸ ਨੂੰ ਮੰਡਾ ਆਖਦੇ ਹਨ। ਅਰਥਾਤ ਜੋ ਅਭਜਾਸੀ ਲਈ ਮੰਡਨ ਕੀਤਾ ਗਿਆ ਹੈ। ਇਸ ਪਰ ਲੇਖਕ ਕਹਿੰਦਾ ਹੈ ਇਕ ਪਿਛਲੀ ਰੋਟੀ ਜੋ ਹੈ ਧਰਮਵਾਨ ਉਹੋ ਅੰਗੀਕਾਰ ਕਰੇ ਇਹ ਵੇਦ ਦਾ ਹੁਕਮ ਹੈ, ਕਿਉਂਕਿ ਉਹ ਈਸ਼ਵਰ ਨਮਿੱਤ ਹੁੰਦੀ ਹੈ।

ਬੇਦ ਉਕਤਿ ਤੇ ਧਰਮਵਾਨਿ

ਏਕ ਪਿਛਾੜੀ ਲੇਨਿ[3] ॥੩੩॥

ਸਗੁਨ ਹੋਹਿ ਸਭਿ ਸੂਰਮੇ

ਦੇਵ ਦਾਹਿਨੇ ਹੋਹਿ।

ਰਨ ਸ਼ੱਤ੍ਰੁਨਿ ਕੋ ਸਾਮਨੇ

ਕਰੇ ਟੰਕਾਰੀ ਕ੍ਰੋਹਿ[1] ॥੩੪॥

[1]ਜੋ ਰਣ ਵਿਚ ਸ਼ਤ੍ਰੂਆਂ ਦੇ ਸਾਹਮਣੇ ਕ੍ਰੋਧ ਵਿਚ ਭਰਕੇ (ਧਨੁਖ ਦੀ) ਟੰਕਾਰ ਕਰਦਾ ਹੈ ਉਸ ਸੂਰਮੇਂ ਦੇ ਸਾਰੇ (ਸ਼ੁਭ) ਸ਼ਗਨ ਹੋ ਜਾਂਦੇ ਹਨ ਤੇ ਦੇਵ ਉਸ ਦਾ ਸਹਾਈ ਹੋ ਜਾਂਦਾ ਹੈ (ਕਿਉਂਕਿ ਸ਼ਗਨ ਵੇਲੇ ਭੀ ਵਾਜੇ ਦਾ ਸ਼ਬਦ ਹੁੰਦਾ ਹੈ ਤੇ ਦੇਵ ਪੂਜਨ ਵੇਲੇ ਭੀ ਘੜਿਆਲ, ਛੈਣੇ, ਕੈਂਸੀ ਆਦਿ ਦਾ ਸ਼ੁਭ ਸ਼ਬਦ ਹੁੰਦਾ ਹੈ, ਸੋ ਧਨੁਖ ਦੀ ਟੰਕਾਰ ਦੁਵੱਲੀ ਅਸਰ ਕਰਦੀ ਹੈ)।

ਚੌਪਈ:

ਅਜਮੇਰ ਸ਼ਾਹ ਕੀ ਕੰਨਜਾਂ ਹੋਈ।

ਪਿਤ ਆਇਸੁ ਕੋ ਲੇ ਕਰਿ ਸੋਈ।

ਚਹਿਤਿ ਕੰਤ ਕੋ ਕਰਨਿ ਨਿਹਾਰੈ[1]। [1]ਕੰਤ ਆਪ ਦੇਖਕੇ ਕਰਨਾ ਚਾਹੁੰਦੀ ਸੀ।

ਖੋਜਨਿ ਕਰਹਿ ਨ ਨਿਸ਼ਚੈ ਧਾਰੈ

॥੩੫॥
-ਤਪ ਬਿਸਾਲ ਕੋ ਤਾਪਤਿ ਜੋਇ।
ਤੇਜ ਸਹਿਤ, ਮਮ ਪਤਿ ਹ੍ਵੈ ਸੋਇ-।
ਖੋਜਤਿ ਰਹੀ ਬਿੱਪ੍ਰ ਇਕ ਹੇਰਾ।
ਜਿਨ ਤਨ ਤਾਪਯੋ ਬਹੁਤ ਬਡੇਰਾ ॥੩੬॥
ਬੇਦ ਮੰਤ੍ਰ ਹਸਤਾਮਲ ਜਾਂਹੀ।
ਦ੍ਰਿੜ ਤਪੁ ਰਹੈ ਉਂਛਬ੍ਰਿਤ[1] ਮਾਂਹੀ।

[1]ਭਾਵ ਸਿਲਾ ਚੁਗਕੇ ਗੁਜ਼ਾਰਾ ਕਰਨ ਵਾਲਾ ਸੀ (ਉਹ ਬ੍ਰਾਹਮਣ)।

ਰਾਹਕ ਕ੍ਰਿਖੀ ਬਾਢ ਲੈ ਜਾਵੈ।
ਬੀਨ ਬੀਨ ਦਾਨੇ ਤਹਿਂ ਲਜਾਵੈ ॥੩੭॥
ਖਾਇ ਨ੍ਰਿਬਾਹਿਨ ਕਰਹਿ ਸਰੀਰ।
ਬੇਦ ਖੜੰਗਨ ਥਿਤ ਚਿਤ ਧੀਰ[1]।

[1]ਵੇਦ ਦੇ ਖਟ ਅੰਗ ਪੜ੍ਹੇ ਤੇ ਚਿਤ ਧੀਰਜ ਧਾਰੇ।

ਤਿਸ ਬਿਲੋਕਿ ਅਜਮੇਰ ਕੁਮਾਰੀ।
ਤਪ ਬਿਸਾਲ ਕੀ ਨਿਧਿ ਜਿਨ ਭਾਰੀ[1] ॥੩੮॥

[1]ਦਾ ਖਜ਼ਾਨਾ ਜਿਸ ਨੇ ਲੱਭਿਆ ਸੀ।

ਬੁਧਿ ਬਲ ਤੇ ਕਰਿ ਬਿਬਿਧ ਉਪਾਇਆ।
ਤਿਸੀ ਬਿੱਪ੍ਰ ਸੋਂ ਬਜਾਹ ਕਰਾਇਆ।
ਦਿਜਬਰ ਕੇ ਉਰ ਅਤਿ ਦੁਚਿਤਾਈ।
ਮੈਥੁਨ ਕਰੇ ਧਰਮ ਬਿਨਸਾਈ ॥੩੯॥
ਭਾਜਯੋ ਜਾਇ ਨ ਕਿਸਹੂੰ ਦੇਸ਼।
ਇਨਹੁਂ ਗੰਮਤਾ ਥਾਨ ਅਸ਼ੇਸ਼[1]।

[1]ਇਨ੍ਹਾਂ ਦੀ ਪਹੁੰਚ ਹਰ ਥਾਂ ਹੈ।

ਰਹਯੋ ਬਿਚਾਰਤਿ ਬਸ ਨ ਬਸਾਯੋ।
ਪਕਰਿ ਮਲੇਛਨਿ ਸਦਨ ਸੁਵਾਯੋ[1] ॥੪੦॥

[1]ਮਲੇਛਾਂ ਨੇ ਪਕੜ ਕੇ ਘਰ ਸੁਲਾ ਦਿੱਤਾ।

ਦ੍ਵਾਰ ਕਿਵਾਰ ਅਸੰਜਤਿ ਕਰੇ।
ਨਿਸਾ ਬਿਖੈ ਬਾਸੋ ਕਰਿ ਥਿਰੇ[1]।

[1]ਟਿਕ ਕੇ ਵਾਸਾ ਕਰੇ।

ਇਸ ਬਿਧਿ ਦਿਜ ਬੇਬਸਿ ਭਾ ਜਬੈ।
ਬੇਦ ਮੰਤ੍ਰ ਕੋ ਪਠਿ ਕਰਿ ਤਬੈ ॥੪੧॥
ਕੋਟ ਲੋਹ ਕੋ ਚਹੁੰ ਦਿਸ਼ਿ ਰਚਯੋ।
ਤਿਸ ਅੰਤਰ ਥਿਰ ਹ੍ਵੈ ਕਰਿ ਬਚਯੋ।

ਤਬਿ ਅਜਮੇਰ ਸੁਤਾ ਅਵਲੋਕਾ।
ਲੋਹ ਦੁਰਗ ਤੇ ਚਹੁੰ ਦਿਸ਼ ਰੋਕਾ ॥੪੨॥
ਕੁਛ ਨਹਿਂ ਜਤਨ ਚਲ੍ਯੋ ਬਿਤਿ ਰਾਤੀ[1]। [1]ਰਾਤ ਬੀਤ ਗਈ।
ਖੋਲਿ ਕਿਵਾਰ ਦਏ ਪਿਖਿ ਪ੍ਰਾਤੀ ॥੪੩॥
ਬਹੁਰ ਜਾਮਨੀ ਪ੍ਰਾਪਤਿ ਜਬੈ।
ਘਰ ਮਹਿਂ ਰੋਕ ਦਿਯੋ ਦਿਜ ਤਬੈ।
ਥਿਰ ਅੰਤਰ ਸੁਪਤਨਿ ਕੇ ਕਾਲ।
ਪਠਹਿ ਮੰਤ੍ਰ ਅਯਕੋਟ ਬਿਸਾਲ[1] ॥੪੪॥ [1]ਲੋਹੇ ਦਾ ਕਰੜਾ ਕੋਟ (ਬਣਾ ਲਵੇ)।
ਬਿਨ ਚਿੰਤਾ ਸੁਪਤਹਿ ਸੁਖ ਪਾਵੈ।
ਭਈ ਭੋਰ ਬਾਹਰ ਨਿਕਸਾਵੈ।
ਕੇਤਿਕ ਬਾਸਰ ਇਸ ਬਿਧਿ ਕੀਨ।
ਨਰ ਨਾਰੀ ਸਭਿਹੂੰ ਸੁਨਿ ਲੀਨ ॥੪੫॥
ਤਬਿ ਅਜਮੇਰ ਸ਼ਾਹ ਕੇ ਪਾਸ।
ਮੰਤ੍ਰ ਸ਼ਕਤਿ ਦਿਜ ਕਰਤ ਪ੍ਰਕਾਸ਼[1]। [1]ਦਿਜ ਦੀ ਮੰਤ੍ਰ ਸ਼ਕਤੀ ਦਾ ਪ੍ਰਕਾਸ਼ (ਜ਼ਿਕਰ) ਕੀਤਾ (ਲੋਕਾਂ ਨੇ)।
ਕਹ੍ਯੋ ਮਲੇਛਨਿ ਸਭਿ ਸਮੁਝਾਇ।
-ਇਸ ਕੋ ਜਾਨੋ ਸੁਗਮ ਉਪਾਇ ॥੪੬॥
ਤਨਕ ਤਮਾਕੂ ਇਸੇ ਪਿਲਾਵਹੁ।
ਸਭਿ ਹਿੰਦੁਨਿ ਕੇ ਮੰਤ੍ਰ ਨਸਾਵਹੁ।
ਕਿਸੂ ਮੰਤ੍ਰ ਕੀ ਸ਼ਕਤਿ ਨ ਰਹੈ।
ਤਨਕ ਤਮਾਕੂ ਹਿੰਦੁ ਜਿ ਛੁਹੈ- ॥੪੭॥
ਅਸ ਮਸਲਤ ਕਰਿ ਕੈ ਸਮੁਦਾਇ।
ਸਭਾ ਬਿਖੈ ਦਿਜ ਲੀਨ ਬੁਲਾਇ।
ਸਭਿਨਿ ਮਲੇਛਨਿ ਆਦਰ ਕੀਨਾ[1]। [1]ਸੌ ਸਾਖੀ ਵਿਚ ਇਥੇ ਐਉਂ ਲਿਖਿਆ ਹੈ:-ਪੀਰ ਮਲੇਛੀ ਬੈਠ ਕੇ ਕਰ ਆਦਰ ਬੈਠਾਇ। ਇਸੇ ਪੀਰ ਮਲੇਛੀ ਦਾ ਜ਼ਿਕਰ ੨੯ ਅੰਸੂ ਦੇ ਅੰਕ ੯, ੧੫ ਤੇ ੧੭ ਵਿਚ ਆਯਾ ਹੈ।
ਨਿਕਟ ਬਿਠਾਇ ਤਪੋਧਨ ਲੀਨਾ[1] [1]ਤਪੱਸ੍ਰੀ ਨੂੰ ਕੋਲ ਬਿਠਾ ਲਿਆ।

॥੪੮॥
ਕੰਚਨ ਕੋ ਹੁੱਕਾ ਬਨਵਾਯੋ।
ਦਿਜ ਦਿਖਾਇ ਗੁੜ ਸੰਗ ਮਿਲਾਯੋ।
ਅਪਰ ਬਿੱਪ੍ਰ ਕੇ ਹਾਥ ਗਹਾਇ।
ਤਿਸ ਕੇ ਆਗੇ ਧਰਜੋ ਬਨਾਇ ॥੪੯॥
ਰਿਖਿ ਪਿਖਿ ਕੈ ਸਭਿ ਸੰਗ ਉਚਾਰਾ।
-ਮੈਂ ਨ ਕਰਹੁੰ† ਇਹ ਅੰਗੀਕਾਰਾ।

ਭਲੋ ਕਿ ਬੁਰੋ ਨਹੀਂ ਸੁਧ ਕੋਈ।
ਨਹੀਂ ਸਪਰਸੌਂ ਦੋਸ਼ ਜਿ ਹੋਈ-
॥੫੦॥
ਸੁਨਿ ਕਰਿ ਜੇ ਮਲੇਛ ਬੁਧਿਵੰਤੇ।
ਹਿਤ ਨਿਰਦੋਖ ਕਰਨ ਉਚਰੰਤੇ।
-ਸਕਲ ਸਭਾ ਕੋ ਕਜੋਂ ਨ ਨਿਹਾਰੇ।
ਮਿਲਿ ਪੀਵਤਿ ਹੈਂ ਸ੍ਵਾਦਤਿ ਸਾਰੇ
॥੫੧॥
ਇਸ ਮਹਿਂ ਦੋਸ਼ ਕਹਾਂ ਅਵਲੋਕਾ।
ਕੰਚਨ ਪਾਵਨ ਕੋ ਬਨ ਹੋਕਾ[1]।
ਗੁੜ ਸਨ ਮਿਲਜੋ, ਬਿੱਪ੍ਰ ਲੇ ਆਯੋ-।
ਇੱਤਜਾਦਿਕ ਕਹਿ ਕੈ ਬਿਰਮਾਯੋ
॥੫੨॥
ਕਹੇ ਸਭਿਨਿ ਕੇ ਕੀਨਸਿ ਪਾਨ।
ਭਈ ਜਾਮਨੀ ਦਿਜ ਜੁ ਬਿਹਾਨ[1]।
ਘਰ ਅਜਮੇਰ ਸੁਤਾ ਕੇ ਗਯੋ।
ਤਥਾ ਮੰਤ੍ਰ ਪਠਿ ਕਰਿ ਥਿਰ ਭਯੋ†
॥੫੩॥
ਬਨਜੋ ਨ ਕੋਟ ਮੰਤ੍ਰ ਨਹਿਂ ਫੁਰਜੋ।
ਬਿੱਪ੍ਰ ਬਿਬਸਿ ਹ੍ਵੈ ਕਰਿ ਪੁਨ ਥਿਰਜੋ।
ਮਿਲਿ ਅਜਮੇਰ ਸੁਤਾ ਨਿਜ ਅੰਗ।
ਮੈਥੁਨ ਕਰਜੋ ਤਿਸੀ ਕੇ ਸੰਗ†'
॥੫੪॥

†ਪਾ:-ਕਬਹਿ।

[1]ਹੁੱਕਾ।

[1]ਬੀਤ ਗਿਆ।

†ਪਾ:-ਬਿਰਮਯੋ।

†ਇਹੋ ਜੇਹੀਆਂ ਰਵਾਯਤਾਂ ਦੇ ਆਧਾਰ ਤੇ ਕਥੀਆਂ ਸੌ ਸਾਖੀ ਦੀਆਂ ਕਥਾਵਾਂ ਦਾ ਇਤਿਹਾਸਕ ਪਤਾ ਕਰਨਾ ਕਠਨ ਹੈ। ਪਰ ਸ਼ੱਕ ਹੁੰਦਾ ਹੈ ਕਿ ਲੇਖਕ 'ਮੁਅੱਯਨੁੱਦੀਨ ਚਿਸ਼ਤੀ' ਤੋਂ 'ਅਜਮੇਰਸ਼ਾਹ' ਦੀ ਮੁਰਦਾ ਲੈ ਰਿਹਾ ਹੈ। ਆਪ ਨੇ ੧੧੯੬ ਸੰਨ ਈ: ਦੇ ਲਗ ਪਗ ਹਿੰਦ ਦੇ ਰਾਜਪੂਤਾਨੇ ਦੇ ਅਜਮੇਰ ਸ਼ਹਿਰ ਜਾਕੇ ਡੇਰਾ ਲਾਇਆ। ਇਨ੍ਹਾਂ ਨੇ ਇਸਲਾਮ ਦਾ ਅਤਿ ਪ੍ਰਚਾਰ ਕੀਤਾ। ਇਨ੍ਹਾਂ ਦੀ ਖਾਨਕਾਹ ਓਥੇ ਹੋਣ ਕਰਕੇ ਮੁਸਲਮਾਨ ਅਜਮੇਰ ਸ਼੍ਰੀਫ ਕਹਿੰਦੇ ਹਨ। ਆਪ ਨੇ ਅਜਮੇਰ ਦੇ ਸਭ ਤੋਂ ਵੱਡੇ ਬ੍ਰਾਹਮਣ ਮਹੰਤ ਨੂੰ ਆਪਣੇ ਦੀਨ ਵਿਚ ਆਂਦਾ ਸੀ। ਇਸ ਮਹੰਤ ਦੇ ਇਸਲਾਮ ਵਿਚ ਦਾਖਲ ਹੋਣ ਬਾਬਤ ਇਸ ਪ੍ਰਕਾਰ ਦੀਆਂ ਰਵਾਯਤਾਂ ਹਿੰਦੂਆਂ ਵਿਚ ਹੋਣਗੀਆਂ। ਪੀਰ ਜੀ ਦੀ ਪੁੱਤ੍ਰੀ ਨੇ ਬੀ ਦੀਨ ਫੈਲਾਉਣ ਵਿਚ ਬਹੁਤ ਹਿੱਸਾ ਲਿਆ ਸੀ। ਤਮਾਕੂ ਅਮਰੀਕਾ ਤੋਂ ੧੫੫੮ ਈ: ਵਿਚ ਪਹਿਲੋ ਪਹਿਲ ਯੂਰਪ ਵਿਚ ਆਇਆ ਹੈ ਤੇ ਹਿੰਦ ਵਿਚ ਲਗ ਪਗ ੧੬੦੫ ਈ: ਵਿਚ ਆਇਆ ਹੈ। ਇਸੇ ਸਾਲ ਅਕਬਰ ਗੁਜ਼ਰਿਆ ਹੈ। ਉੱਪਰ ਕਥੇ ਪੀਰ ਅਜਮੇਰੀ ਸੰਨ ੧੬੩੫ ਵਿਚ ਚੜ ਚੁਕੇ ਸਨ। ਇਤਿਹਾਸਕ ਹਿਸਾਬ ਤਾਂ ਇਸ ਪੀਰ ਤਕ ਠੀਕ ਨਹੀਂ ਬੈਠਦਾ, ਪਰ ਮਗਰੋਂ ਕਹਾਣੀ ਘੜਨ ਵਾਲੇ ਨੂੰ ਤਾਰੀਖਾਂ ਦਾ ਕੀ ਥਹੁ ਤੇ ਕੀ ਪਰਵਾਹ। ਇਹ ਬੀ ਹੋ ਸਕਦਾ ਹੈ ਕਿ ਮਗਰੋਂ ਦੇ ਕਿਸੇ ਪੀਰ ਵਲ ਸੈਨਤ ਹੋਵੇ। ਪਹਿਲੇ ਪੀਰ ਤੋਂ ਮਗਰੋਂ ਪੀਰ ਅਜਮੇਰੀ ਇਨ੍ਹਾਂ ਦੀ ਅੱਲ ਤਾਂ ਪੈ ਗਈ ਸੀ।

ਜਗਤ ਜੂਠ ਮਹਿਂ ਦੋਸ਼ ਬਡੇਰਾ।
ਕਰਜੋ ਬਤਾਵਨਿ ਪ੍ਰਭੁ ਤਿਸ ਬੇਰਾ।
'ਧਰਮ ਹਿੰਦ ਕੋ ਮੰਤ੍ਰ ਸਮੇਤ।
ਕਰਮ† ਬਿਨਾਸ਼ਨਿ ਕੋ ਬਡ ਹੇਤ[1] ॥੫੫॥ [1]ਵੱਡਾ ਕਾਰਨ ਹੈ। †ਪਾ:-ਕਰਨ।

ਚੋਬਦਾਰ ਕਲਜੁਗ ਕੋ ਜਗ ਮੈਂ[1]। [1]ਜਗਤ ਵਿਚ ਕਲਜੁਗ ਦਾ ਚੋਬਦਾਰ ਹੈ।
ਸੌਚ ਆਦਿ ਗੁਨ ਨਾਸ਼ਕ ਲਗਿ ਮੈਂ[1]। [1]ਸੌਚ ਆਦਿ ਦੇ (ਸਾਰੇ) ਗੁਣਾਂ ਨੂੰ ਨਾਸ਼ ਕਰਨ ਵਾਲਾ ਹੈ ਨਾਲ ਲਗਣ ਨਾਲ ਹੀ।
ਅਧਿਕ ਅਪਾਵਨ ਕਰਿਬੇ ਹਾਰੋ।'
ਕਵਿਨਿ ਸਭਾ ਮਹਿਂ ਗੁਰੂ ਉਚਾਰੋ[1] ॥੫੬॥ [1]ਕਵੀਆਂ ਦੀ ਸਭਾ ਵਿਚ ਇਹ ਗੁਰੂ ਜੀ ਨੇ ਕਿਹਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪੰਚਮ ਰੁਤੇ 'ਕਵਿਯਨਿ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

## ੨੫. [ਪ੍ਰਸ਼ਨੋਤਰ। ਕਲਿ ਵਰਤਾਰਾ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਉੱਤਰ ਅਪਰ ਜਿ ਰਹਿ ਗਏ, ਸਤਿਗੁਰ ਸਭਿਨਿ ਬਤਾਇ[1]। [1]ਸਾਰਿਆਂ ਨੂੰ ਦੱਸੇ।
ਸੁਨਿ ਕੈ ਜਿਨ ਕਉ[1] ਰਿਦੇ ਮਹਿਂ, ਨਿਸ਼ਚੈ ਤਤਛਿਨ ਆਇ ॥੧॥ [1]ਜਿਨ੍ਹਾਂ ਉਤ੍ਰਾਂ ਨੂੰ।
'[1]ਤਾਂ ਰਿਖਿ ਸੁਭ ਗੋਪਦ ਸੁਵਨ, ਦੀਨਾ ਸ੍ਰਾਪ ਬਨਾਇ।
ਮਰਨ ਕਾਲ ਨਭ ਸ਼ਬਦ ਹੁਇ, ਗੋ ਕਰਨੀ ਤਜਿ ਜਾਇ ॥੨॥

[1]ਉਸ ਸ਼ੁਭ ਰਿਖੀ ਨੇ ਗਊ ਦੇ ਪੈਰਾਂ ਦੇ ਪੱਤ੍ਰ ਭਾਵ ਤਮਾਕੂ ਨੂੰ ਮਾਰਨ ਸਮੇਂ ਸ੍ਰਾਪ ਦਿੱਤਾ ਜੋ ਅਕਾਸ਼ ਬਾਣੀ (ਹੋਕੇ ਸੁਣਾਈ ਦਿਤਾ ਕਿ ਤਮਾਕੂ ਦੇ ਪੀਣ ਵਾਲੇ ਨੂੰ) ਸ਼ੁਭ ਕਰਨੀ ਛੱਡ ਜਾਏਗੀ। ਸੌ ਸਾਖੀ ਵਿਚ ਪਿਛਲੇ ਅੰਸੂ ਵਾਲੇ ਰਿਖੀ ਦੀ ਜਦ ਤਮਾਕੂ ਪੀਣ ਨਾਲ ਮੰਤ੍ਰ ਸ਼ਕਤੀ ਦੂਰ ਹੋ ਗਈ ਅਗਲੀ ਤੁਕ ਫਿਰ ਇਹੋ ਹੈ ਕਿ 'ਤਾਂ ਰਿਖ ਸੁਤ..... ' ਤਾਂ ਉਸ ਵੇਲੇ ਰਿਖੀ ਸੁਤ ਨੇ ਸ੍ਰਾਪ ਦਿੱਤਾ। ਜਿਸ ਤੋਂ ਸਿੱਧ ਹੋਇਆ ਕਿ ਗੁਰ ਪ੍ਰਤਾਪ ਸੂਰਜ ਵਿਚ ਪਿਛਲੇ ਅੰਸੂ ਵਾਲੀ ਕਥਾ ਹੀ ਚਲ ਰਹੀ ਹੈ। ਪਰੰਤੂ ਕਈ ਗਿਆਨੀ ਇਸ ਦੋਹੇ ਦਾ ਹੋਰ ਅਰਥ ਕਰਦੇ ਹਨ, ਕਿ ਯਮਦਗਨੀ ਨੇ ਜਦੋਂ ਸਹੱਸ੍ਰ ਬਾਹੂ ਨੂੰ ਕਾਮਧੇਨ ਗਾਂ, ਜੋ ਉਸ ਨੇ ਸੁਰਗਾਂ ਤੋਂ ਮਾਂਗਵੀ ਮੰਗਾਈ ਸੀ, ਨਾ ਦਿੱਤੀ ਤਾਂ ਗਊ ਅਕਾਸ਼ਾਂ ਨੂੰ ਉੱਡ ਚਲੀ। ਸਹੱਸ੍ਰ ਬਾਹੂ ਨੇ ਤੀਰ ਮਾਰਿਆ ਗਊ ਦੇ ਪੈਰੋਂ ਲਹੂ ਢੱਠਾ ਜਿਸ ਤੋਂ ਤਮਾਕੂ ਉਪਜਿਆ, ਸਹੱਸਰ ਬਾਹੂ ਨੇ ਯਮਦਗਨੀ ਦਾ ਸਿਰ ਕਟ ਦਿੱਤਾ, ਉਸ ਵੇਲੇ ਆਕਾਸ਼ ਬਾਣੀ ਹੋਈ ਕਿ ਤਮਾਕੂ ਵਰਤਣ ਵਾਲੇ ਦੀ ਗੋ ਕਰਨੀ ਨਸ਼ਟ ਹੋ ਜਾਏਗੀ [ਗੋ ਕਰਨੀ=ਧਰਤੀ ਤੇ ਰਹਿਕੇ ਕੀਤੀ ਸ਼ੁਭ ਕਰਨੀ ਯਾ ਵੇਦ ਅਨੁਸਾਰ ਕੀਤੀ ਕਰਨੀ]।

ਸਕਲ ਪਾਪ ਜੇ ਭੂਮ ਮਹਿਂ, ਬਸੇਂ ਆਇ ਪਦ ਮਾਂਝ।
ਸ੍ਰੋਤਾ ਬਕਤਾ ਕੋ ਲਗੈ, ਕਬੈ ਨ ਪੂਜ ਕਰਾਂਝ[1] ॥੩॥

[1]ਭੂਮੀ ਦੇ ਜੋ ਸਾਰੇ ਪਾਪ ਹਨ ਉਹ ਤਮਾਕੂ ਵਿਚ ਆਕੇ ਵੱਸਣਗੇ, (ਉਸ ਤਮਾਕੂ ਪੀਣ ਵਾਲੇ) ਵਕਤਾ (ਬ੍ਰਾਹਮਣ ਤੋਂ) ਜੋ ਸ੍ਰੋਤਾ ਕਥਾ ਸੁਣੇਗਾ ਉਸ ਨੂੰ ਵੀ ਲੱਗਣਗੇ, ਇਸ ਕਰਕੇ (ਐਸੇ ਬ੍ਰਾਹਮਣ ਦੀ) ਪੂਜਾ ਕਦੇ ਨਾ ਕਰੋ। [ਪਦ ਦਾ ਭਾਵ ਹੈ;-ਗੋ ਪਦ ਸੁਵਨ=ਤਮਾਕੂ। ਟੂਕ-ਅਗੇ ੨੯ ਅੰਸੂ ਵਿਚ ਇਸ ਜ਼ਿਕਰ ਦਾ ਪਤਾ ਸਕੰਧ ਸੰਹਿਤਾ ਵਿਚੋਂ ਦਿੱਤਾ ਹੈ (ਦੇਖੋ ਅੰਸੂ ੨੯ ਅੰਕ ੪) ਤੇ ਸਕੰਧ ਸੰਹਿਤਾ ਵਿਚ ਐਉਂ ਲਿਖਿਆ ਹੈ;- ਦਾਤਾਰੰ ਨਰਕੰ ਯਾਤੀ ਬ੍ਰਾਹਮਣੋ ਗ੍ਰਾਮ ਸ਼ੂਕਰਾ। ਅਰਥਾਤ-ਤਮਾਕੂ ਪੀਣ ਵਾਲਾ ਦਾਨੀ ਨਰਕ ਨੂੰ ਜਾਏਗਾ ਤੇ ਤਮਾਕੂ ਪੀਣ ਹਾਰ ਦਾਨ ਲੈਣ ਵਾਲਾ ਬ੍ਰਾਹਮਣ ਪਿੰਡ ਦਾ ਸੂਰ ਬਣੇਗਾ।

[1]ਅਨੱਧਜਾਇ ਬਿੱਦਜਾ ਘੁਖੈ, ਸੋ ਬਾਦੀ ਜਗ ਮਾਂਹਿ।
ਦਾਰਿਦ ਆਰਬਲ ਨਾਸ਼ ਹੁਇ, ਆਪਦ ਇਹੁ ਉਹੁ ਆਹਿ[1] ॥੪॥

[1]ਜੋ ਛੁੱਟੀ ਵਾਲੇ ਦਿਨ ਵਿੱਦਜਾ ਪੜ੍ਹੇਗਾ (ਭਾਵ ਹਰੀ ਦੀ ਕਥਾ ਕਰੇਗਾ) ਉਹ ਜਗਤ ਵਿਚ ਝਗੜਾਲੂ ਬਣੇਗਾ, ਉਸ ਨੂੰ ਦਰਿੱਦ੍ਰ ਪਏਗਾ, ਉਮਰਾ ਨਾਸ਼ ਹੋਏਗੀ। ਇਹ ਤੇ ਉਹ (ਭਾਵ ਸਾਰੀਆਂ) ਅਪਦਾ ਉਸ ਨੂੰ ਪੈਣਗੀਆਂ [ਅਨਅੱਧਜਾਈ=ਉਹ ਦਿਨ ਜਿਸ ਦਿਨ ਪੜ੍ਹਨਾ ਵਿਵਰਜਤ ਹੈ। ਛੁੱਟੀ ਦਾ ਦਿਨ। ਸੋ ਆਮ ਕਰਕੇ ਅਸ਼ਟਮੀ, ਚੌਦਸ, ਅਮਾਵਸ ਤੇ ਪੂਰਣਮਾ ਹਨ, ਅਰ ਏਕਮ ਵੀ ਵਿਚ ਸ਼ਾਮਲ ਸਮਝੀ ਜਾਂਦੀ ਹੈ। ਪਰ ਪਿਛੇ ਪ੍ਰਸ਼ਨ ਵਿਚ ਦ੍ਵਾਦਸ਼ੀ ਨੂੰ ਕਥਾ ਮਨ੍ਹੇ ਦਾ ਕਾਰਨ ਪੁੱਛਿਆ ਸੀ। ਏਥੇ ਉਤਰ ਨਾ ਪੜ੍ਹਨ ਦੇ ਦਿਨ ਦੇ ਆਏ ਹਨ]।

[†]ਰਜ ਨਾਰੀ[1] ਤਜਾਗਨ ਬਨੈ, ਤਜੈ ਰਾਂਡ ਕਾ ਭੋਗ।

[1]ਰਿਤੂ ਵਾਲੀ ਇਸਤ੍ਰੀ। [†]ਪ੍ਰਸ਼ਨਾਂ ਦੇ ਉਤਰ ਮੁਕ ਗਏ, ਅਗੇ ਖੁੱਲ੍ਹੇ ਖਿਆਲ ਚੱਲੇ ਹਨ।

ਬਿਨ ਬਜਾਹੀ, ਅਨਰੁਚ ਤ੍ਰਿਯਾ[1], ਤਜਾਗੈ ਕੁਲ ਅਰੁ ਰੋਗ[2] ॥੫॥

[1]ਜਿਸ ਇਸਤ੍ਰੀ ਦੀ ਰੁਚੀ (ਭੋਗ ਵਿਚ) ਨਾ ਹੋਵੇ। [2]ਆਪਣੀ ਕੁਲ ਦੀ (ਆਪਣੀ ਜ਼ਾਤ ਦੀ ਤੇ) ਰੋਗਣ ਭਾਵ ਬੀਮਾਰ ਇਸਤ੍ਰੀ ਬੀ ਤਿਆਗੇ।

ਸੌਚ ਸ਼ੇਖ ਜਲ ਅਸੁੱਚ ਹੁਇ[1], ਨਿਗੁਰੇ ਕਰ ਅਪਵਿੱਤ੍ਰ[2]।

[1]ਸੌਚ ਦਾ ਬਚਿਆ ਜਲ ਅਪਵਿੱਤ੍ਰ ਹੁੰਦਾ ਹੈ। [2]ਤੇ ਨਿਗੁਰੇ ਦੇ ਹੱਥਾਂ ਦਾ (ਪਾਣੀ ਬੀ) ਅਪਵਿੱਤ੍ਰ ਹੁੰਦਾ ਹੈ।

ਸ੍ਵਾਨ, ਸੁਪਚ ਜੁਠਾ, ਅਲਪ, ਘਟਿ ਬੰਧਾ, ਜਲ ਅਸਿਤ[1] ॥੬॥

[1]ਕੁਤੇ ਤੇ ਚੂੜ੍ਹੇ ਦਾ ਜੂਠਾ ਥੋੜਾ ਖੜੋਤਾ ਹੋਇਆ ਤੇ ਘੜੇ ਵਿਚ (ਬਹੁਤ ਦਿਨਾਂ ਦਾ) ਬੰਦ ਪਿਆ ਹੋਇਆ ਤੇ ਮੈਲਾ (ਪਾਣੀ ਅਪਵਿੱਤ੍ਰ ਹੈ) [ਅਸਤਿ=ਜੋ ਚਿੱਟਾ ਨਾ ਹੋਵੇ ਭਾਵ ਮੈਲਾ]।

ਐਸੇ ਵੇਦ ਪੁਰਾਨ ਸੁਚ, ਸੰਕਰ ਮਲਿਨ ਨ ਜੋਗ।

ਸ਼੍ਰੋਤਾ ਸੁਨਿ ਨਾਰਕ ਪਸੂ, ਹਾਨ, ਕੁਲੀਨੀ ਜੋਗ[1] ॥੭॥

[1]ਐਸੇ ਹੀ ਪਵਿੱਤ੍ਰ ਵੇਦ ਅਰ ਪੁਰਾਣ ਸ਼ੰਕਰ ਵਰਨ ਤੇ ਮੈਲੀਆਂ (ਭਾਵ ਨੀਚ) ਜਾਤੀਆਂ ਦੇ (ਪੜ੍ਹਨ) ਜੋਗ ਨਹੀਂ ਹਨ। (ਐਸਿਆਂ ਤੋਂ) ਸੁਣਨ ਵਾਲਾ ਨਾਰਕੀ ਤੇ ਪਸ਼ੂ ਹੋਵੇਗਾ। (ਤੇ ਉਸ ਦੀ ਹਰ ਤਰ੍ਹਾਂ) ਹਾਨੀ ਹੋਵੇਗੀ (ਇਹ ਕੰਮ ਕਥਾ ਵਾਰਤਾ ਕਰਨ ਦਾ) ਕੁਲੀਨ ਪੁਰਖਾਂ ਨੂੰ ਹੀ ਜੋਗ ਹੈ। [ਸਤਿਗੁਰੂ ਜੀ ਸਿੱਖਾਂ ਨੂੰ ਵਿਦਿਆ ਦੇ ਰਹੇ ਸਨ। ਇਸ ਕਰਕੇ ਉੱਚ ਜਾਤ ਦਾ ਕੋਈ ਅਭਿਮਾਨੀ ਆਖੇਪਕਾਰ ਪੇਸ਼ਬੰਦੀਆਂ ਕਰ ਰਿਹਾ ਹੈ ਕਿ ਆਮ ਸਿੱਖਾਂ ਨੂੰ ਕਥਾ ਵਰਤਾ ਦਾ ਅਧਿਕਾਰ ਨਾ ਰਹੇ]। (ਅ) ਇਨ੍ਹਾਂ ਦੇ ਅਰਥ ਐਉਂ ਬੀ ਲਗਦੇ ਹਨ:-ਐਸੇ ਵੇਦ ਪੁਰਾਨ ਸੁੱਚਤਾ (ਕਹਿਣ ਵਾਲੇ ਕਹਿੰਦੇ ਹਨ ਕਿ ਤਮਾਕੂ) ਸ਼ੰਕਰ (ਵਰਣ ਕਰਨ ਵਾਲਾ ਹੈ ਤੇ) ਮਲੀਨ ਹੈ (ਇਸ ਕਰਕੇ ਵਰਤਣੇ) ਜੋਗ ਨਹੀਂ। ਹੇ ਸ਼੍ਰੋਤਾ ਜਨੋ ਸੁਣੋ (ਪੀਣ ਵਾਲਾ ਨਾਰਕੀ ਪਸ਼ੂ ਤੇ ਉੱਚ ਕੁਲਤਾ ਨੂੰ ਹਾਨੀ ਦੇਣ ਵਾਲਾ ਹੈ। ਜੈਸੇ ਕਿ (ਸ੍ਰੈ) ਇਸਤ੍ਰੀ ਇਸਤ੍ਰਿਤਯ ਕਰਕੇ ਬੁਰੀ ਨਹੀਂ, ਪਰ ਰਜਸ੍ਵਲਾ (ਮਨ੍ਹੇ ਹੈ)। ਵਿਧਵਾ ਰੰਡੀ, ਅਨਵਿਆਹੀ ਤੇ ਅਨਰੁਚ ਭਾਵ ਵਿਧਵਾ, ਕੁਆਰੀ, ਤੇ ਜਬਰੀ ਸਭ ਮਨ੍ਹੇ ਹੈ ਕੇਵਲ ਵਿਆਹੀ ਵਿਹਤ ਹੈ। ਤੇ ਜੈਸੇ ਪਾਣੀ ਪਾਣੀਪੁਣੇ ਕਰਕੇ ਤਜਾਗਨੇ ਜੋਗ ਨਹੀ ਪਰ ਸੌਚ ਦੀ ਅਪਵਿੱਤ੍ਰਤਾ ਕਰਕੇ, ਨਿਗੁਰੇ ਦੇ ਬੁਰੇ ਪ੍ਰਭਾਵ ਕਰਕੇ, ਕੁੱਤੇ ਚੁੜੇ ਦਾ ਜੂਠਾ ਹੋਣ ਕਰਕੇ, ਮੈਲਾ ਤੇ ਬੱਧਾ ਹੋਣ ਕਰਕੇ ਤਜਾਗਨੇ ਯੋਗ ਹੈ। ਐਸੇ ਹੀ ਵੇਦ ਪੁਰਾਣ ਤਾਂ ਸੁੱਚੇ ਹਨ ਪਰ ਦ੍ਵਾਦਸ਼ੀ ਵਾਲੇ ਦਿਨ ਅਨਅੱਧਜਾਯੀ ਦਿਨ ਹੋਣ ਕਰਕੇ ਨਹੀਂ ਸੁਣਨੇ ਚਾਹੀਏ। ਜੋ ਸ਼੍ਰੋਤਾ ਸੁਣਨਗੇ ਓਹ ਸ਼ੰਕਰ ਬਰਨੀ ਤੇ ਮੈਲੇ ਹੋ ਜਾਣਗੇ, ਨਾਰਕੀ ਪਸ਼ੂ ਤੇ ਅਕੁਲੀਨ ਹੋਕੇ ਕਿਸੇ ਗਲ ਜੋਗੇ ਨਹੀਂ ਰਹਿਣਗੇ।

ਪੰਥ ਰਚਜੋ ਮੈਂ ਧਰਮ ਹਿਤ, ਪੂਜਾ ਦਾਨ ਨ ਖਾਇ।

ਲੋਭ ਬੰਧ[1] ਮਾਨਤਿ ਨਹੀਂ, ਸ਼ੂਕਰ ਜੋਨੀ ਪਾਇ ॥੮॥ [1]ਜੋ ਲੋਭ ਦੇ ਵੱਸ ਹੋ ਕੇ।

ਦਿਵਸ ਰੈਨ ਗੁਰ ਚਰਨ ਭਜਿ, ਕੁਲ ਕੀ ਕਰਿ ਹੈ ਕਾਰ।

ਪਾਪ ਬਿਡਾਰੈ ਸਿੱਖ ਮਮ, ਸਾਖੀ ਸੁਨਿ ਉਪਕਾਰ[1] ॥੯॥

[1]ਸਿੱਖ ਮੇਰੀ ਸਿੱਖਜਾ ਸੁਣਕੇ ਪਾਪ ਦੂਰ ਕਰੇ, ਉਪਕਾਰ ਕਰੇ। (ਅ) ਗੁਰ ਉਪਕਾਰ ਦੀਆਂ ਸਾਖੀਆਂ ਸੁਣੇ ਅਤੇ ਪਰਉਪਕਾਰ ਵਾਸਤੇ ਸਾਖੀਆਂ ਸੁਣਾਵੇ।

ਖੰਡੇ ਕੀ ਪਾਹੁਲ ਜਿਨਹੁ, ਸੋ ਸ਼ਸਤ੍ਰਨਿ ਕੋ ਧਾਰਿ।

ਕਰੈਂ ਜੀਵਕਾ ਆਪਨੀ, ਪਰਾਲਬਧ ਅਨੁਸਾਰ ॥੧੦॥

ਰਣ ਮਹਿਂ ਸ੍ਵਾਮੀ ਧਰਮ ਕੋ, ਪੀਠ ਨ ਰਿਪੁ ਕੋ ਦੇਹਿ[1]।

[1]ਸੁਆਮੀ ਧਰਮ=ਮਾਲਕ ਨਾਲ ਅੰਗ ਪਾਲਨ ਤੋਂ ਮੂੰਹ ਨਾ ਮੋੜੇ ਤੇ (ਸ਼ੱਤ੍ਰੂ ਦੇ ਸਾਹਮਣੇ ਹੋਕੇ ਲੜੇ), ਉਸ ਨੂੰ ਪਿੱਠ ਦੇਕੇ ਭੱਜੇ ਨਾ।

ਸਨਮੁਖ ਹੁਇ ਸ਼ਸਤ੍ਰਨਿ ਹਤਹਿ, ਸੁਰਪੁਰਿ ਕੈ ਜਸ ਲੇਹਿ[1] ॥੧੧॥

[1]ਐਥੇ) ਜਸ ਤੇ (ਅੱਗੇ) ਸੁਰਗ ਨੂੰ ਲਵੇਗਾ।

ਤਜਿ ਧੀਰਜ ਰਣ ਤੇ ਭਜਹਿ, ਜਗ ਮਹਿਂ ਲੇ ਅਪਵਾਦ[1]। [1]ਨਿੰਦਾ।

ਮਰੇ ਪਾਪ ਫਲ ਭੋਗਿ ਹੈ, ਪਾਇ ਨ ਕਿਤ ਅਹਿਲਾਦ ॥੧੨॥

ਜਾਤ ਬਰਣ ਕੀ ਕਾਨ ਤਜਿ, ਮਿਲਹਿ ਖਾਲਸੇ ਸੰਗ।
ਗੁਰਬਾਣੀ ਸੋਂ ਪ੍ਰੇਮ ਕਰਿ, ਮਨ ਰਪ ਗੂੜ੍ਹਾ ਰੰਗੁ[1] ॥੧੩॥
[1]ਗੂੜ੍ਹੇ ਰੰਗ (ਪ੍ਰੇਮ) ਵਿਚ ਮਨ ਰੰਗੇ।
ਹਮਰੋ ਹੈ ਉਪਦੇਸ਼ ਅਸ, ਜੋ ਧਾਰਹਿ ਸੁਖ ਪਾਇ।
ਵਧਹਿ ਖਾਲਸਾ ਜਗਤ ਮਹਿਂ, ਸਭਿ ਅਵਨੀ ਪਰ ਛਾਇ ॥੧੪॥
†ਵਧੈਂ ਪੰਥ ਪਰ ਧਰਮ ਨਹਿਂ[1], ਯਾ ਬਿਧਿ ਕਲਿ ਕਾ ਧਰਮ।
[1]ਕਲਿਜੁਗ ਵਿਚ ਹੋਰ ਪੰਥ (ਬਥੇਰੇ) ਵਧਣਗੇ ਪਰ ਉਨ੍ਹਾਂ ਵਿਚ ਧਰਮ ਭਾਵ ਨਹੀਂ ਹੋਵੇਗਾ। †ਇਹ ਸੌ ਸਾਖੀ ਦੀ ੯੬ਵੀਂ ਸਾਖੀ ਹੈ।
ਵਰਤਹਿ ਸਕਲ ਜਹਾਨ ਮਹਿਂ, ਵਿਰਲਾ ਜਾਨੈ ਮਰਨ ॥੧੫॥
ਕਰਤਾ ਹੁਕਮ ਹੁਇਓ ਹਮੈ, ਤਬਿ ਕਲਿ ਜੋਰੇ ਹਾਥ[1]।
[1]ਕਲਿਜੁਗ ਨੇ (ਤਦੋਂ) ਹੱਥ ਜੋੜੇ ਸਨ।
-ਰਾਜ ਤੁਮਾਰੋ ਬੇਰ ਹਮ, ਹਮੈ ਪੰਥ ਕੇ ਸਾਥ[1] ॥੧੬॥
[1]ਤੁਹਾਡਾ (ਅਰਥਾਤ ਖਾਲਸੇ ਦਾ) ਰਾਜ ਮੇਰੇ ਸਮੇਂ ਵਿਚ ਹੈ ਤਾਂਤੇ ਮੈਨੂੰ ਵੀ ਪੰਥ ਦੇ ਨਾਲ ਰੱਖੋ।
ਜਗੰਨਾਥ ਦੀ ਠਉਰ ਮੁਹਿ, ਦ੍ਵਾਰਕਾ ਮਹਿਂ ਰਨਛੋਰ।
ਕਾਂਸ਼ੀ ਬਿਸ੍ਵਾ ਨਾਥ ਮੈਂ, ਕੁਰ ਮਹਿਂ ਧਰਮਨਿ ਵੋਰ[1] ॥੧੭॥
[1]ਜੈਸੇ ਜਗਨਨਾਥ ਵਿਚ (ਜਗਨ ਨਾਥ ਨੇ) ਤੇ ਰਣਛੋਰ (ਭਗਵਾਨ) ਦ੍ਵਾਰਕਾ ਵਿਚ, ਕਾਸ਼ੀ ਵਿਸ਼ੇਸ਼੍ਵਰ ਨਾਥ ਤੇ ਕੁਰਛੇਤਰ ਵਿਚ ਧਰਮ ਵਾਲਿਆਂ ਨੇ ਮੈਨੂੰ ਠਉਰ ਦਿੱਤੀ ਹੈ [ਧਰਮਨਿ ਵੋਰ=ਧਰਮ ਵਾਲਿਆਂ ਨੇ]।
ਤੈਸੇ ਤੁਮ ਮਮੁ ਰਾਖੀਯੋ, ਸਕਲ ਕਰੌਂਗਾ ਕਾਜ।
ਸਕਲ ਲੋਕ ਮਹਿਂ ਜਾਨੀਯੋਂ, ਮੋਰ ਤੁਮਾਰੋ ਰਾਜ[1]- ॥੧੮॥
[1]ਕਿ ਮੇਰੇ ਸਮੇਂ ਆਪ ਦਾ ਰਾਜ ਹੋਯਾ ਹੈ। (ਅ) ਜਾਨਿਆ ਜਾਏ ਕਿ ਮੇਰਾ ਤੁਹਾਡਾ ਰਾਜ (ਇਕੱਠਾ ਹੋ ਰਿਹਾ) ਹੈ।
ਤਬਿ ਹਮ ਐਸੇ ਕਹਜੋ ਤਿਹ, -ਤੁਮ ਕੋ ਕਰਨੀ ਸਿੱਧ[1]-?
[1]ਤੇਰੇ ਸਮੇਂ ਵਿਚ ਕੇਹੜੀ ਕਰਨੀ ਸਿੱਧ ਹੋਸੀ, ਭਾਵ ਕਿਸ ਕਰਨੀ ਨਾਲ ਫਲ ਦੀ ਪ੍ਰਾਪਤੀ ਹੋਵੇਗੀ।
ਬੋਲਾ -ਕਰਨੀ ਨਾਂਹਿ ਕੋ, ਕਰੌਂ ਨਾਮ ਕੀ ਬ੍ਰਿੱਧ[1] ॥੧੯॥ [1]ਨਾਮ ਦਾ ਵਾਧਾ ਕਰਾਂਗਾ।
ਕਲਹਿ ਕਰਾਵੌਂ ਬਾਪ ਸੁਤ, ਨਾਰਿ ਪੁਰਖ ਕੋ ਜੁੱਧ।
ਭੈਨ ਮਾਇ ਕੋ ਛੋਡਿ ਕੈ, ਪਾਲੈ ਗ੍ਰੇਹਨ ਸੁੱਧ[1] ॥੨੦॥
[1]ਨਿਰੋਲ ਵਹੁਟੀ ਨੂੰ ਪਾਲਣਗੇ (ਕਲਜੁਗ ਦੇ ਜੀਵ)।
ਸੁਤ ਨਾਰੀ ਸਸੁਰਾ ਭਜੈ, ਸਾਸੂ ਭਜੈ ਜਮਾਤ[1]। [1]ਜਵਾਈ।
ਦਾਸ ਭਜੈ ਭੁਪਤਿ ਜੁਵਤਿ[1], ਬਿੱਪ੍ਰਨ ਉਪਜੈ ਸ਼ਾਂਤਿ ॥੨੧॥ [1]ਰਾਜੇ ਦੀ ਇਸਤ੍ਰੀ।
ਸ਼ੂਦ੍ਰ ਨੇਂਵਦਾ ਜੇਂਵਦੇ, ਬਿੱਪ੍ਰਹਿ ਦੇਂ ਧਿਧਕਾਰ।
ਉਪਕਾਰੀ ਸੁਝੇ ਨਹੀਂ[1], ਬਹੁਤੇ ਬਧੈਂ ਬਿਕਾਰ ॥੨੨॥
[1]ਲੱਭੇਗਾ ਨਹੀਂ। (ਅ)..... ਦੀ ਸੋਝੀ ਨਹੀਂ ਰਹੇਗੀ।
ਪੁੱਤ੍ਰ ਜਨੈ ਨਾਰੀ ਭਲੀ, ਕੰਨਜਾਂ ਜਨਨੀ ਦੂਰ[1]। [1]ਕੰਨਜਾਂ ਜੰਮਣ ਵਾਲੀ ਨੂੰ ਤਿਆਗਣਗੇ।
ਸੁਤ ਸਮੁਝਾਵੈ ਬਾਪ ਕੋ, ਨੁਹਿ[1] ਕਹਿ ਸਾਸੁ ਕੂਰ[2] ॥੨੩॥ [1]ਨੂੰਹ। [2]ਸੱਸ ਝੂਠੀ ਹੈ।

ਸਿਖ ਉਪਦੇਸ਼ੈ ਗੁਰੂ ਕੋ, ਅੰਨ ਅਪਾਵਨ ਖਾਇੰ[1]। [1]ਅੰਨ ਅਪਵਿੱਤ੍ਰ ਖਾਣਗੇ।

ਨ੍ਹਾਣ ਤਜੈਂ ਕਾਯਾਂ ਦੁਖੀ[1], ਖਾਵੈਂ ਬਹੁ ਰੁਚਿ ਭਾਇ[2] ॥੨੪॥

[1]ਨ੍ਹਾਉਣਾ ਛੱਡ ਦੇਣਗੇ (ਕਹਿਣਗੇ ਕਿ) ਸਰੀਰ ਦੁਖੀ ਹੈ। [2]ਰੁਚੀ ਤੋਂ ਬਹੁਤ, (ਭਾਇ=) ਲੋਭ ਨਾਲ।

ਪ੍ਰੀਤ ਥੋਰ ਖੁਸ਼ਮਤਿ ਬਚਨ, ਉਦਰ ਭਰਨ ਕੇ ਕਾਜ[1]।

[1]ਖੁਸ਼ਾਮਦ ਦੇ ਬਚਨ (ਕਹਿਣਗੇ) ਪੇਟ ਪਾਲਣ ਲਈ।

ਨਾਰੀ ਮਿਲਨਾ ਭੋਗ ਕਵਿ, ਗ੍ਰਿਹ ਗ੍ਰਿਹ ਜਜੀਏ ਸਾਜ[1] ॥੨੫॥

[1]ਮਰਦ ਤਾਂ ਸਾਰਾ ਦਿਨ ਇਨ੍ਹਾਂ ਮੰਦ ਸੋਚਾਂ ਵਿਚ ਰਹਿਣਗੇ ਕਿ) ਕਦੋਂ (ਰਾਤ ਆਵੇ ਤੇ) ਨਾਰੀ ਦਾ ਭੋਗ ਮਿਲੇ (ਤੇ ਇਸਤ੍ਰੀਆਂ ਸਾਰਾ ਦਿਨ) ਘਰ ਘਰ ਵਿਚ (ਸੰਭੋਗ) ਦੇ ਸਮਾਨ ਇਕੱਤ੍ਰ ਕਰਨਗੀਆਂ। (ਅ) ਕਵੀ ਨਾਰੀਆਂ ਦੇ ਮਿਲਣ ਤੇ ਭੋਗ ਬਿਲਾਸ ਦੀ ਸਾਜਨਾ (ਰਚਨਾ) ਰਚਣਗੇ ਤੇ ਘਰ ਘਰ (ਇਹ ਸੋਹਿਲੇ) ਸੁਣਾਕੇ ਮੰਗਦੇ ਫਿਰਨਗੇ।

ਬੇਦ ਬੇਚਦੇ ਬੇਦਧਰ[1] ਭੂਮਿ ਬੇਚਤੇ ਛੱਤ੍ਰਿ[2†]।

[1]ਬ੍ਰਾਹਮਣ। [2]ਛੱਤ੍ਰੀ ਜ਼ਿਮੀਨ ਵੇਚਣਗੇ। [†]ਪਾਠਾਂਤ੍ਰ-ਭੂਪ ਬੇਚਤੇ ਛਤ੍ਰ=ਰਾਜੇ ਛੱਤ (ਭਾਵ) ਰਾਜ ਵੇਚਣਗੇ, ਯਾ ਰਾਜੇ ਭੂਮੀ=ਜ਼ਿਮੀਨਾਂ ਵੇਚਣਗੇ।

ਘਰ ਬੇਚੇ ਬਨੀਏ[1] ਬਹੁਤ, ਸ਼ੂਦ੍ਰ ਬੇਚਤੇ ਪੁੱਤ੍ਰ ॥੨੬॥ [1]ਵੈਸ਼।

ਭੂਖੇ ਮਰਤੇ ਕਾਮ ਬਿਨ, ਭਗਵਾ ਕਰਿ ਕੈ ਭੇਖ[1]।

[1]ਕੰਮ ਤੋਂ ਬਿਨਾਂ (ਬੇਰੁਜ਼ਗਾਰੇ ਹੋਕੇ) ਸਾਧ ਬਣਨਗੇ।

ਜਟਾ ਬੰਧਿ ਕਰਤੇ ਸੁਰਗ, ਮ੍ਰਿਗਛਾਲਾ ਪਰਵੇਖ[1] ॥੨੭॥

[1]ਜਟਾਂ ਬੰਨ੍ਹਕੇ ਤੇ ਮ੍ਰਿਗਛਾਲਾ ਪਹਿਨਕੇ ਵਿਸ਼ੇ ਭੋਗ ਭੋਗਣਗੇ [ਸੰਸ. ਪਰਿਵਿਖ਼=ਲਪੇਟੇ ਹੋਏ। ਰਸ=ਵਿਸ਼ੇ ਰਸ]।

ਲੋਕਨ ਕਉ ਐਸੇ ਕਹੈਂ, ਸੰਤ ਸੰਗ ਹ੍ਵੈ ਭਾਗ[1]। [1]ਭਾਗਾਂ ਨਾਲ ਮਿਲਦਾ ਹੈ।

ਆਪ ਨਰਕ ਅਵਰਨ ਨਰਕ, ਕਰਨੀ ਬਨੈ ਨ ਲਾਗ[1] ॥੨੮॥

[1]ਸ਼ੁਭ ਕਰਨੀ ਨਾਲ ਲੱਗਣਾਂ ਹੀ ਨਾ ਬਣੇਗਾ ਭਾਵ ਛੁਹਣਗੇ ਨਹੀਂ।

ਲੋਕਨਿ ਕੋ ਬੰਚਨ ਕਰੈਂ, ਕਥੈਂ ਗਜਾਨ ਕੀ ਬਾਤ।

ਸਿਰ ਧੁਨ[1], ਲੋਚਨ ਜਲ ਸ੍ਰਵਤ[2], ਕਪਟੀ ਅਧਿਕ ਸੁਹਾਤ ॥੨੯॥

[1]ਸਿਰ ਝੁਮਾਉਣਗੇ। [2]ਭਾਵ ਅੱਥਰੂ ਕਿਰਨਗੇ।

ਗਰਭ ਗਿਰਾਵੈਂ ਰੰਡ ਕਾ, ਸੁਭਗਾ ਹੋਹਿ ਨ ਗਰਭ[1]। [1]ਸੁਹਾਗਣਾਂ ਨੂੰ ਗਰਭ ਨਹੀਂ ਹੋਵੇਗਾ।

ਭੂਤ ਪ੍ਰੇਤ ਸੇਵਨ ਕਰੈਂ, ਨਹਿਂ ਸਿਮਰੈਂ ਸ੍ਰੀ ਪ੍ਰਭੁ ॥੩੦॥

ਜਹਾਂ ਚਾਹ[1] ਤਹਿਂ ਬਿਘਨ ਬਹੁ, ਬਿਨਾਂ ਚਾਹ[2] ਹੁਇ ਕਾਮ।

[1]ਸ਼ੁਭ ਕੰਮ ਦੀ ਇੱਛਾ। [2]ਅਸ਼ੁੱਭ ਇੱਛਾ।

ਮਿੱਤ੍ਰ ਕਰੈਂ ਅਤਿ ਸ਼ੱਤ੍ਰੁਤਾ, ਸ਼ੱਤ੍ਰੁ ਮੀਤ ਕਾ ਕਾਮ[1]- ॥੩੧॥

[1]ਕੰਮ ਆ ਪਏ ਤੇ) ਮਿੱਤ੍ਰ ਅਤਿ ਸ਼ੱਤ੍ਰੁਤਾ ਕਰੇਗਾ, (ਪਰ ਜਦ ਆਪਣਾ ਕੰਮ ਆ ਪਏਗਾ ਤਾਂ ਓਹੋ) ਸ਼ੱਤ੍ਰੂ ਮਿੱਤ੍ਰਤਾ ਦਾ ਕੰਮ ਆ ਕਰੇਗਾ ਭਾਵ, ਉਸ ਨੂੰ ਸ਼ਰਮ ਨਾ ਆਏਗੀ ਕਿ ਮੈਂ ਅੱਗੇ ਵੈਰ ਕਮਾਯਾ ਸੀ ਹੁਣ ਮੇਰੀ ਮਿੱਤ੍ਰਤਾ ਦਾ ਕੀ ਅਰਥ ਹੈ ਪਰੰਤੂ ਸ੍ਵਾਰਥਵਸ਼ ਫੇਰ ਬਨਾਵਟਾਂ ਆ ਕਰੇਗਾ (ਅ) ਜਿੱਥੇ (ਮਿੱਤ੍ਰ ਨੂੰ ਕਿਸੇ ਕੰਮ ਦੇ ਸਿਰੇ ਚਾੜ੍ਹਨ ਦੀ ਤੀਬਰ) ਇੱਛਾ ਹੋਵੇਗੀ ਓਥੇ ਤਾਂ ਬਹੁਤੇ ਵਿਘਨ (ਪਾਉਣੇ ਚਾਹੁਣਗੇ ਤੇ ਜਿੱਥੇ ਆਪਨੂੰ ਕਿਸੇ) ਕੰਮ ਦੀ ਚਾਹ ਹੋਵੇਗੀ (ਓਥੇ ਚਾਹੁਣਗੇ ਕਿ) ਬਿਨਾਂ ਵਿਘਨ ਕੰਮ ਹੋ ਜਾਏ।

ਸੁਨਿ ਬੋਲੇ -ਕਉਤਕ ਭਲੇ, ਤੂੰ ਤਾ ਨਟ ਜਿਉਂ ਪੰਥ।
ਨਾਮ ਦਾਨ ਹੁਇ ਪੰਥ ਮਹਿਂ, ਕਰੀਅਹੁ ਅਪਨੀ ਸੰਥ[1]' ॥੩੨॥

[1]ਸੁਣ ਕੇ ਆਪ ਬੋਲੇ (ਤੇਰੇ) ਕਰਮ ਤਾਂ ਅਚਰਜ ਹਨ, ਤੂੰ ਤਾਂ ਐਉਂ ਗੱਲਾਂ ਕਰਦਾ ਹੈਂ ਜਿਵੇਂ ਨਟ ਪੰਥੀ (ਹੁੰਦਾ ਹੈ), ਤੇ ਸਾਡੇ ਪੰਥ ਵਿਚ ਨਾਮ ਤੇ ਦਾਨ ਨੇ (ਪ੍ਰਧਾਨ) ਹੋਣਾ ਹੈ, (ਮੇਲ ਕੀਕੂੰ ਬਣੇ? ਤਦ ਕਲਜੁਗ ਬੋਲਿਆ, ਕਿਵੇਂ ਜਿਵੇਂ ਹੋ ਸਕੇ ਆਪਣੇ ਪੰਥ ਨਾਲ) ਮੇਰੀ ਸਾਂਝ ਰਲਾਓ। [ਸੰਥ=ਸੰਧਿ=ਮੇਲ] (ਅ) (ਪਿਛਲੀ ਤੁਕ ਦਾ) ਮੇਰੇ ਪੰਥ ਵਿਚ ਨਾਮਦਾਨ ਹੋਵੇਗਾ (ਤੂੰ ਕੋਈ ਆਪਣੀ) ਮ੍ਰਿਯਾਦਾ (ਵੱਖਰੀ ਟੋਰ) [ਸੰਸ. ਸੰਸਥਾ=ਮ੍ਰਿਯਾਦਾ]।

[1]ਤਬਿ ਬੋਲੇ ਸਤਿਗੁਰੂ 'ਸਹੀ, ਸੁਨੈ ਸੁਨਾਵ ਉਦਾਤ। [1]ਭਾਈ ਰਾਮਕੁਇਰ ਜੀ ਕਹਿੰਦੇ ਹਨ।
ਹਮ ਹਮਰੇ ਸੰਗਤਿ ਭਗਤ, ਕਹਾਂ ਤੁਮਾਰੀ ਬਾਤ[1]- ॥੩੩॥

[1]ਤਦ ਸਤਿਗੁਰ ਜੀ ਬੋਲੇ:- ਸਚੀ ਸੁਣਨਾ ਹੈਂ? (ਲੈ ਤੈਨੂੰ) ਉੱਚੀ ਉਚਾਰ ਕੇ ਸੁਣਾਉਂਦੇ ਹਾਂ ਕਿ ਸਾਡੇ ਭਗਤ ਤਾਂ ਸਾਡੇ ਨਾਲ ਜੁੜੇ ਰਹਿੰਦੇ ਹਨ, ਤੁਹਾਡੀ ਗੱਲ ਹੀ ਕੀ ਹੈ ਭਾਵ ਕੋਈ ਥਾਂ ਨਹੀਂ [ਸੰਗਤਿ=ਮਿਲੇ ਹੋਏ, ਜੁੜੇ ਹੋਏ]।

ਕਲਜੁਗ ਬੋਲ ਸੁਨਾਇਓ, -ਸੁਨੋ ਹਮਾਰੀ ਖਜਾਤ।
ਕਥਾ ਸੁਨਾਵਹੁਂ ਆਦਿ ਕੀ, ਮਤ ਕਰੀਅਹੁ ਬਿੱਖਜਾਤ[1]-' ॥੩੪॥

[1]ਕਲਜੁਗ ਨੇ ਫੇਰ ਬੋਲਕੇ ਸੁਣਾਇਆ:-ਸਾਡੀ ਪ੍ਰਗਟਤਾਈ (ਦੀ ਗੱਲ) ਸੁਣੋਂ ਮੈਂ ਮੁੱਢਲੀ ਕਥਾ ਸੁਣਾਉਂਦਾ ਹਾਂ ਇਸ ਨੂੰ ਵਿਸ਼ੇਸ਼ ਕਰਕੇ ਪ੍ਰਗਟ ਨਾ ਕਰਨਾ [ਸੰਸ. ਖਜਾਤ=ਪ੍ਰਗਟ, ਪ੍ਰਗਟਤਾਈ। ਬਿੱਖਜਾਤ=ਵਿਸ਼ੇਸ਼ ਕਰਕੇ ਪ੍ਰਗਟ]।

'ਕਲਿ ਨਾਮਾ ਗੁਰਬਖਸ਼ ਸਿੰਘ, ਤੋ ਕੋ ਦੀਨੋ ਏਹ।
ਸਤਿਗੁਰ ਆਪ ਸੁਨਾਇਆ, ਸਾਚੁ ਸੁਨਾਵੌਂ ਤੋਹਿਂ[1] ॥੩੫॥

[1]ਸੁਣੋਂ ਸਾਹਿਬ ਸਿੰਘ ਜੀ! ਸਤਿਗੁਰ ਜੀ ਮੈਨੂੰ ਕਹਿਣ ਲੱਗੇ) (ਹੁਣ ਰਾਮ ਕੌਰ ਜੀ ਸਾਹਿਬ ਸਿੰਘ ਨੂੰ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਬੋਲੇ ਕਿ ਹੇ) ਗੁਰਬਖਸ਼ ਸਿੰਘ ਅਸੀਂ ਇਹ ਕਲਿਨਾਮਾਂ ਤੈਨੂੰ ਦਿੱਤਾ ਹੈ। ਸੋ ਸਤਿਗੁਰੂ ਜੀ ਨੇ ਮੈਨੂੰ ਕਹਿਕੇ ਸੁਣਾਇਆ ਸੀ (ਹੇ ਸਾਹਿਬ ਸਿੰਘ!) ਉਹ ਤੈਨੂੰ ਮੈਂ ਸੱਚੋ ਸੱਚ ਸੁਣਾਉਂਦਾ ਹਾਂ।

ਕਲਿਜੁਗ ਕਹਿਤਾ -ਆਦਿ ਮੈਂ, ਬ੍ਰਹਮਾ ਜਨਤਾ ਕੀਨ[1]।

[1]ਕਲਜੁਗ ਕਹਿੰਦਾ ਹੈ ਕਿ ਮੁੱਢਕਾਲ ਵਿਚ ਜਦ ਬ੍ਰਹਮਾ ਜੀ ਨੇ ਸਾਡੀ ਉਤਪਤੀ ਕੀਤੀ।

ਕਹੈਂ ਸਕਲ ਹਮ ਹੈਂ ਅਧਿਕ, ਹੰਕਾਰੀ ਲਖਿ ਲੀਨ[1] ॥੩੬॥

[1]ਅਸੀਂ ਸਾਰੇ) ਆਖੀਏ ਅਸੀਂ ਵੱਡੇ ਹਾਂ ਤਾਂ ਬ੍ਰਹਮਾ ਜੀ ਨੇ ਸਾਨੂੰ ਹੰਕਾਰੀ ਜਾਣ ਲਿਆ।

ਤਬਿ ਬ੍ਰਹਮਾ ਸਮੁਝਾਯਹੁ, -ਤੁਮਾਰਾ ਨਜਾਇ ਸਮਾਜ[1]-।

[1]ਹੇ ਬੇਟਿਓ!) ਤੁਹਾਡਾ (ਜਦ ਰਾਜ) ਸਮਾਜ (ਹੋਵੇਗਾ ਤਦੋਂ) ਨਜਾਯ ਕਰਨਾ।

ਕਹਿ ਸਮਾਧਿ ਕਰਿ† ਮੌਨ ਹੁਇ, ਚਿਤਵਾ ਪੁਰਖ ਜੁਰਾਜ[1] ॥੩੭॥

†ਪਾ:-ਕਹਿ। [1]ਇਹ ਗਲ) ਕਹਿਕੇ ਬ੍ਰਹਮਾ ਚੁਪ ਕਰਕੇ ਟਿਕ ਗਿਆ ਤੇ ਯੁਵਰਾਜ (ਟਿੱਕੇ ਵਲ) ਤੱਕਿਆ [ਸੰਸ. ਪੁਰਖ=ਬ੍ਰਹਮਾ। ਯੁਵਰਾਜ ਨੂੰ ਜੁਰਾਜ ਲਿਖਿਆ ਹੈ]।

ਏਕ ਖਰਾ ਦੂਵਾ ਹੂਯਾ, ਤੀਜਾ ਚੌਥਾ ਸੁਵਨ[1]†।

[1]ਇਕ ਖੜੋ ਗਿਆ ਫੇਰ ਦੂਜਾ (ਵੀ ਖੜੋ) ਗਿਆ ਫੇਰ ਤੀਜਾ ਚੌਥਾ ਪੁੱਤਰ (ਖੜੇ ਹੋ ਗਏ)। †ਪਾ:-ਸੁੰਨਿ।

ਪ੍ਰਥਮ ਜਨਮ ਕੋ ਸੌਂਪ ਕਰਿ, ਨੀਤਿ ਪੜਾਈ ਗੁੰਨ[1] ॥੩੮॥

[1]ਪਹਿਲੇ ਜੰਮੇ ਭਾਵ (ਸਤਿਜੁਗ) ਨੂੰ (ਰਾਜ) ਸੌਂਪਕੇ ਪੜ੍ਹਾਈ ਹੋਈ ਨੀਤੀ ਪਰ ਵੀਚਾਰ ਅਰੰਭੀ [ਗੁਣਨਾ=ਵੀਚਾਰਨਾ]।

ਬਿਧਿ ਬੂਝਹੁ -ਕਜਾ ਵਰਤਣੀ, ਪੁਤ੍ਰ ਕਰੇਂਗਾ ਜਾਇ[1]?

[1]ਬ੍ਰਹਮਾ ਨੇ ਪੁਛਿਆ ਕਿ ਹੇ ਪੁੱਤਰ (ਨਜਾਯ ਦੀ) ਵਰਤੋਂ ਤੂੰ ਜਾਕੇ ਕੀਹ ਕਰੇਂਗਾ?

ਸੋ ਈਹਾਂ ਕਹੁ ਮੋਹਿ ਢਿਗ, ਹੁਕਮ ਰਾਜ ਮਹਿਂ† ਦਾਇ[1]- ॥੩੯॥

[1]ਜੋ ਹੁਕਮ ਰਾਜ ਵਿਚ ਦੇਵੇਂਗਾ। †ਪਾ:-ਮੁਹਿ।

ਸਤ ਬੋਲ੍ਯੋ ਤਬਿ -ਪੁਰਖਿ ਨੈ, ਦੇਸ਼ ਦੇਸ਼ ਦਿਯੋ ਬਾਂਟ।

ਜਿਸੈ ਦੇਸ਼ ਤਾਂ ਕਾ ਲਿਖੌਂ, ਪਾਪ ਪੁੰਨ ਕੀ ਸਾਂਟ[1] ॥੪੦॥

[1]ਤਬ ਸਤਿਗੁਰ ਬੋਲਿਆ ਕਿ (ਜੋ ਪਾਪ ਪੁੰਨ ਕਿਸੇ) ਦੇਸ਼ ਦੇ ਪੁਰਖ ਨੇ (ਕੀਤਾ ਸੋ ਮੈਂ ਉਸਦੇ ਆਪਣੇ) ਦੇਸ਼ ਵਿਚ ਵੰਡ ਦਿਆਂਗਾ। ਜਿਸ (ਦੇਸ਼ ਨੇ) ਪਾਪ ਪੁੰਨ ਕੀਤਾ ਉਸ ਦੇਸ਼ ਦਾ ਲਿਖ ਲਵਾਂਗਾ (ਤੇ ਉਸ ਦੇਸ਼ ਨੂੰ ਪਾਪ ਪੁੰਨ ਦਾ ਸਾਂਟ=) ਬਦਲਾ ਦਿਆਂਗਾ।

ਤਪਿ, ਸਤ, ਅਰੁ ਮਖ, ਅਰਚਨਾ, ਲੋਕ ਕਰਾਊਂ ਰੋਜ[1]।

[1]ਤਪੱਸਜਾ, ਸੱਚ, ਜੱਗਜ, ਪੂਜਾ, (ਚਾਰੇ ਧਰਮ ਦੇ ਕੰਮ) ਰੋਜ਼ ਕਰਵਾਵਾਂਗਾ (ਲੋਕਾਂ ਤੋਂ)।

ਬ੍ਰਾਹਮਣ ਬ੍ਰਹਮ ਪਰਾਯਣੀ, ਊਚਾ ਬਨ ਬਸਿ ਜੋਜ[1]† ॥੪੧॥

[1]ਬ੍ਰਾਹਮਣ ਬ੍ਰਹਮ ਪ੍ਰਾਯਣ ਹੋਣਗੇ, ਬਨਾਂ ਵਿਚ ਵੱਸਕੇ ਯੋਗ ਕਰਕੇ ਉੱਚੇ ਹੋਣਗੇ (ਅ) ਊਚਾ ਬਨ ਬਸ ਸੋਜ=ਸੌਜ (ਗ੍ਰਿਹਸਤ ਦੀ ਸਮੱਗਰੀ ਵਿਚ) ਵਸਦੇ ਹੋਏ ਉੱਚੇ ਬਣਨਗੇ। (ੲ) ਬਨ ਬਸ ਸੌਜ=ਬਨਾਂ ਵਿਚ ਵੱਸਣਾ ਉਨ੍ਹਾਂ ਨੂੰ ਫਬੇਗਾ। †ਪਾ:-ਸੋਜ।

ਬੀਜ ਫਲਾਊ ਬੇਰ ਸੌਂ, ਉਮਰ ਲਾਖਿ ਇਕ ਬਰਸ[1]।

[1]ਇਕ ਵੇਰ ਦਾ ਬੀਜਿਆਂ ਸੌ ਵੇਰ ਫਲਾਵਾਂਗਾ। (ਅ) ਭਾਵ ਏਥੇ ਇਕ ਬੀਜਿਆ ਅਗਲੇ ਲੋਕ ਵਿਚ ਸੌ ਗੁਣਾਂ ਹੋਕੇ ਫਲੇਗਾ। ਉਮਰ ਲੱਖ ਵਰ੍ਹੇ ਦੀ ਦਿਆਂਗਾ।

ਜੋਗ ਬਿਖੈ ਲਾਊਂ ਨਰਨਿ, ਸ਼ੁਭ ਗੁਨ ਉਪਜੈਂ ਸਰਸ[1] ॥੪੨॥ [1]ਬਹੁਤੇ।

ਸ਼ਸਤ੍ਰ ਧਰਮ ਛੱਤ੍ਰੀ ਕਰੈਂ, ਪੁੰਨਜ ਬਿਹਾਰੀ ਬੈਸ[1]। [1]ਵੈਸ਼ ਧਰਮ ਦਾ ਵਿਹਾਰ ਕਰਨਗੇ।

ਤੀਨ ਬੇਦ ਤੀਨੋ ਬਰਨ, ਸਭਿਨਿ ਲਖਾਊਂ ਐਸ[1]- ॥੪੩॥

[1]ਤਿੰਨਾਂ ਵਰਨਾਂ ਨੂੰ ਤਿੰਨਾਂ ਵੇਦਾਂ ਦੇ ਧਰਮ ਐਸ ਤਰ੍ਹਾਂ ਲਖਾ ਦਿਆਂਗਾ।

ਦੂਜਾ[1] ਬੋਲ੍ਯੋ -ਪਿਤਾ ਜੀ! ਸ਼ਸਤ੍ਰ ਧਰਮ ਮੁਹਿ ਖੂਬ[2]।

[1]ਭਾਵ ਤ੍ਰੇਤਾ। [2]ਮੇਰੇ ਸਮੇਂ ਵਿਚ ਸ਼ਸਤ੍ਰ ਧਰਮ ਚੰਗਾ ਹੋਵੇਗਾ।

ਸਭੈ ਚਲਾਊਂ ਰੀਤ[1] ਮੈਂ, ਦੇਵੌਂ ਸੇਵਾ ਹੂਬ[2] ॥੪੪॥

[1]ਸਭ ਨੂੰ ਮਿਰਯਾਦਾ ਵਿਚ ਚਲਾਵਾਂਗਾ। [2]ਸੇਵਾ ਵਿਚ ਭਾਵਨਾ ਲਾ ਦਿਆਂਗਾ [ਹੁੱਬ (=ਮੁਹੱਬਤ) ਤੋਂ ਹੂਬ]।

ਜੱਗਜ ਕਰਾਊਂ ਅਰਥ ਸੰਜਿ, ਪਾਪ ਮਿਟਾਊਂ ਲੋਗ[1]।

[1]ਧਨ ਕੱਠਾ ਕਰਕੇ ਜੱਗ ਕਰਵਾਵਾਂਗਾ ਤੇ ਲੋਕਾਂ ਦੇ ਪਾਪਾਂ ਨੂੰ ਮਿਟਾਵਾਂਗਾ।

ਸੁਰਗ ਲੋਕ ਲਗ ਕਰਮ ਹੀ, ਦਸ ਬੋਈ ਲੇ ਭੋਗ[1] ॥੪੫॥

[1]ਸੁਰਗ ਲੋਕ ਤਕ (ਅੱਪੜਨ ਲਈ ਸ਼ੁਭ) ਕਰਮ ਹੀ ਕਰਨਗੇ, ਤੇ ਇਕ ਵੇਰ ਬੀਜਿਆ ਦਸ ਵੇਰੀ ਲੈਕੇ ਭੋਗਣਗੇ [ਬੋਈ=ਬੀਜਿਆ]। (ਅ) ਜੋ ਕਰਮਾਂ ਦਾ (ਬੋਈ=) ਬੀਜ ਬੀਜਣਗੇ ਉਹ ਸੁਰਗ ਲੋਕ ਵਿਚ ਦਸ ਹਿੱਸੇ ਜ਼ਯਾਦਾ ਭੋਗਣਗੇ।

ਦਸ ਸਹੰਸ੍ਰ ਜੀਵੈਂ ਸਕਲ, ਪਾਪ ਡਰਨ ਸਭਿ ਆਹ[1]।

[1]ਦਸ ਹਜ਼ਾਰ (ਵਰਖ) ਸਾਰੇ (ਜੀਵ) ਜੀਵਿਆ ਕਰਨਗੇ, ਪਾਪਾਂ ਤੋਂ ਸਾਰੇ ਡਰਨਗੇ।

ਬਡੇ ਭ੍ਰਾਤ ਤੇ ਊਨ ਦਸ, ਧਰਮ ਚਲਾਊਂ ਰਾਹ[1]- ॥੪੬॥

[1]ਵਡੇ ਭਿਰਾ (ਭਾਵ ਸਤਿਜੁਗ) ਤੋਂ ਦਸ ਹਿੱਸੇ ਘੱਟ ਧਰਮ ਦਾ ਰਾਹ ਚਲਾਵਾਂਗਾ।

ਚੁੱਪ ਹੋਇ, ਤੀਜਾ ਕਹੈ, -ਅਰਚਾ ਘਰ ਕੀ ਵੰਡ।
ਸਹੰਸ੍ਰ ਜੀਵਨਾ, ਚਾਰ ਬੀਜ[1], ਅਰਧ ਪੁੰਨ ਅਘ ਖੰਡ[2] ॥੪੭॥

[1]ਜਦੋਂ ਦੂਜਾ ਜੁਗ) ਚੁਪ ਹੋ ਗਿਆ ਤਾਂ ਤੀਜਾ (=ਦੁਆਪਰ) ਕਹਿੰਦਾ ਹੈ ਕਿ ਮੈਂ ਘਰ ਘਰ ਵਿਚ ਪੂਜਾ ਵੰਡ ਦਿਆਂਗਾ ਤੇ ਆਰਬਲਾ ਹਜ਼ਾਰ ਵਰ੍ਹੇ ਦੀ ਹੋਸੀ (ਇਕ ਵੇਰ ਦਾ) ਬੀਜਿਆ ਚਾਰ (ਵੇਰ ਫਲੇਗਾ)। (ਅ) ਇਥੇ ਇਕ ਦਿੱਤਾ ਅੱਗੇ ਚੱਲਕੇ ਚੌਗੁਣਾ ਮਿਲੇਗਾ। [2]ਅੱਧਾ ਪੁੰਨ ਤੇ ਅੱਧਾ ਪਾਪ ਦਾ ਹਿੱਸਾ (ਰਹਿ ਜਾਏਗਾ)। (ਅ) ਪਾਪਾਂ ਦੇ ਖੰਡਨ ਲਈ (ਜੀਵ ਦੇ ਕੀਤੇ) ਪੁੰਨ ਅੱਧੇ (ਕੱਟੇ ਜਾਣਗੇ, ਅੱਧਿਆਂ ਦਾ ਫਲ ਭੋਗੇਗਾ)।

ਅਧਿਕ ਬਿੱਪ੍ਰ ਅਰ ਛੱਤ੍ਰ ਕੀ, ਵਣਜ ਕਰੈ ਜਨ ਆਪ।
ਰਾਜਾ ਕੋ ਗੁਰ ਮਾਨਿ ਕੈ, ਨਜਾਇ ਕਰਾਵੈ ਆਪ[1]- ॥੪੮॥

[1]ਬਹੁਤ ਬ੍ਰਹਮਨ ਤੇ ਛੱਤ੍ਰੀ (ਲੋਭ ਵਸ਼ ਹੋਏ) ਵਪਾਰ ਕਰਨ ਲਗ ਪੈਣਗੇ, ਕੋਈ ਆਪ (ਕਰਨਗੇ ਕੋਈ) ਜਨ (=ਨੌਕਰ ਰੱਖਕੇ ਉਨ੍ਹਾਂ ਦੇ ਜ਼ਰੀਏ ਵਪਾਰ ਕਰਨਗੇ)। ਰਾਜਾ ਨੂੰ ਵੱਡਾ ਮੰਨਕੇ ਉਸ ਤੋਂ ਜਾ ਕੇ ਨਜਾਇ ਕਰੌਣਗੇ (ਭਾਵ ਪੰਚੈਤ ਦਾ ਯਾ ਘਰ ਦਾ ਘਰੇ ਫੈਸਲਾ ਨਹੀਂ ਨਜਿੱਠਿਆ ਜਾ ਸਕੇਗਾ। [ਛੱਤ੍ਰਕੀ=ਛੱਤ੍ਰੀ ਵੰਸ਼ ਦੇ]।

ਚੁੱਪ ਹੂਆ ਚੁਪ ਚਤੁਰਥਾ, ਬ੍ਰਹਮਾ ਕਹਿ -ਤੂੰ ਬੋਲ-।
ਤਬਿ ਹਮ ਕਰਿ ਜੋਰੇ ਨੰਮ੍ਰ, -ਆਦਿਸ ਤੁਮਰੀ ਕੋਲ[1]- ॥੪੯॥

[1]ਤੀਜਾ) ਚੁੱਪ ਹੋਯਾ (ਤੇ) ਚੌਥਾ (ਮੈਂ) ਜੋ ਚੁੱਪ (ਸਾਂ ਮੈਨੂੰ) ਬ੍ਰਹਮਾਂ ਨੇ ਕਿਹਾ:-ਤੂੰ ਬੋਲ; ਤਦ ਮੈਂ ਹੱਥ ਜੋੜਕੇ ਨਿਵਿਆਂ (ਤੇ ਕਿਹਾ ਕਿ) ਤੁਸਾਂ ਕੋਲ (ਮੇਰੀ) ਨਮਸਕਾਰ ਹੋਵੇ। [ਆਦਿਸ਼= ਆਦਿਸ, ਆਦੇਸ਼=ਨਮਸਕਾਰ ਹੋਵੇ]। (ਅ) ਤੁਸੀਂ ਮੇਰਾ ਆਸਰਾ ਹੋ। [ਆਦਿ+ਸ=ਆਸਰਾ ਹੋ]।

ਹਸ ਕਰਿ ਬ੍ਰਹਮਾ ਬੋਲਿਯੋ, -ਪੁੱਤ੍ਰ ਪਿਛਾਰੀ ਮੋਰ।
ਤੇਰੀ ਇੱਛਾ ਹੋਇ ਜੋ, ਸੋ ਮੇਰੇ ਮਨ ਲੋਰ[1]- ॥੫੦॥

[1]ਹੱਸਕੇ ਬ੍ਰਹਮਾ ਬੋਲਿਆ:-ਤੂੰ ਮੇਰਾ ਪਿਛਲਾ ਪੁੱਤ੍ਰ ਹੈਂ, ਜੋ ਤੇਰੀ ਇੱਛਯਾ ਹੋਵੇ ਸੋ ਮੇਰਾ ਮਨ (ਸੁਣਨਾ) ਲੋੜਦਾ ਹੈ।

-ਕੁਛ ਤੋ† ਹੌਂ ਕਹਿਨੇ ਲਗਾ, ਜਮ ਘਰ ਪੁੰਨ ਰੁ ਪਾਪ।

†ਪਾ:-ਕਹਤੋ-ਸੌ ਸਾਖੀ ਦਾ ਪਾਠ ਹੈ।

ਬਯ ਸੌ ਬਰਖ ਦੁ ਬੀਜ ਲੇ, ਕਰੈ ਸੁ ਭੋਗੈ ਆਪ[1] ॥੫੧॥

[1]ਸੰਕੁਚਦਿਆਂ ਹੋਇਆਂ ਮੈਂ ਕਹਿਣ ਲਗ ਪਿਆ ਕਿ ਪੁੰਨ ਤੇ ਪਾਪ (ਜੋ) ਜਨ (ਕਰੇਗਾ ਆਪਣੇ ਘਰ=) ਦੇਹ (ਉਪਰ ਹੀ ਕਰੇਗਾ,) ਜੋ ਕਰੇਗਾ ਸੋ ਆਪ ਭੋਗੇਗਾ, ਉਮਰਾ ਸੌ ਵਰ੍ਹੇ ਦੀ ਹੋਵੇਗੀ, ਜੋ ਬੀਜੇਗਾ ਦੂਣਾ ਲਵੇਗਾ। [ਕੁਛਤੋ=ਸੰਕੋਚਦਾ]। (ਅ) ਜੋ ਏਥੇ ਬੀਜੇਗਾ ਅਗੇ ਚਲਕੇ ਦੂਣਾ ਹੋਵੇਗਾ। (ੲ) ਦੋ ਬੀਜ ਦਾ ਅਰਥ ਨਾਮ ਦਾਨ ਤੇ ਪਾਪ ਪੁੰਨ ਬੀ ਕਰਦੇ ਸਨ।

[1]ਬਹੁਤ ਪੁੱਤ੍ਰ ਬਹੁ ਬਾਸ਼ਨਾ, ਇੱਛਜਾ ਸਿੱਛਜਾ ਸਾਰ।

ਵਿਸ਼ੇ) ਵਾਸ਼ਨਾ ਬਹੁਤ (ਹੋਵੇਗੀ), ਪੁੱਤ੍ਰ ਬਹੁਤੇ (ਹੋਣਗੇ), ਸਿੱਖਯਾ ਦਾ ਸਾਰ ਇੱਛਯਾ ਹੋਵੇਗੀ ਭਾਵ ਮਨਮਤੀਏ ਹੋਣਗੇ, ਜੋ ਜੀ ਕਰੇਗਾ ਉਸ ਨੂੰ ਸਾਰ ਸਿਧਾਂਤ ਆਖਣਗੇ। ਸ਼ੂਦ੍ਰਾਂ ਦੇ ਘਰ ਰਾਜ ਹੋਵੇਗਾ ਤੇ ਅਹੀਰ (ਨੀਵੇਂ ਲੋਕ) ਵੇਦਾਂ ਦਾ (ਪਾਠ) ਕਰਨਗੇ ਤੇ ਹਰੀ ਦਾ ਜਾਪ ਧਾਰਨ ਕਰਨਗੇ। (ਅ) ਸ਼ੂਦਰ ਰਾਜ ਕਰਨਗੇ ਘਰ (ਘਰ ਵਿਚ ਹੀ) (ਰਨ=) ਜੁੱਧ ਮਚੇਗਾ ਤੇ ਵੇਦ ਉਚਾਰਨ ਤੇ ਉਸ ਦਾ ਧਾਰਨਾ (ਹਰਿ=) ਦੂਰ ਹੋ ਜਾਏਗਾ। (ੲ) ਇਕ ਥਾਵੇਂ 'ਹੀਯਰਨ' ਦੀ ਥਾਵੇਂ ਪਾਠ ਹੈ 'ਹੀ ਅਰਨ' ਇਸ ਨਾਲ ਅਰਥ ਲਗੇਗਾ 'ਸ਼ੂਦ੍ਰ' ਰਾਜ ਕਰਨਗੇ, ਘਰ ਹੀ ਬਨ (ਹੋਣਗੇ ਤੇ) ਹਰ ਕੋਈ ਵੇਦ ਜਪ ਨੂੰ ਧਾਰੇਗਾ, ਭਾਵ ਸਤਿਗੁਰ ਵਾਂਗੂੰ ਬਨਾਂ ਵਿਚ ਵੇਦ ਪਾਠ ਦੀ ਮ੍ਰਿਯਾਦਾ ਨਹੀਂ ਰਹੇਗੀ ਤੇ ਵਰਣਾਸ਼੍ਰਮ ਦੀ ਸੋਝੀ ਉਡ ਜਾਏਗੀ।

ਸ਼ੂਦ੍ਰ ਰਾਜ ਘਰ, ਹੀਯਰਨ, ਬੇਦ ਜਾਪ ਹਰਿ ਧਾਰ[2] ॥੫੨॥
[1]ਭਗਤ ਕਰੈ ਪਾਪੀ ਤਰੈ, ਨਰ ਨਾਰੀ ਦਿਜ ਸੂਦ।

[1]ਮੇਰੇ ਰਾਜ ਵਿਚ) ਜੋ ਭਗਤੀ ਕਰੇਗਾ ਉਹ ਤਰੇਗਾ (ਚਾਹੋ) ਪਾਪੀ ਹੋਵੇ (ਚਾਹੋ) ਨਾਰੀ ਹੋਵੇ, (ਚਾਹੋ) ਬ੍ਰਹਮਣ (ਚਾਹੋ) ਸੂਦ੍ਰ (ਹੋਵੇ, ਚਾਹੋ) ਨੀਚ ਹੋਵੇ, (ਚਾਹੋ) ਬਾਲ (ਹੋਵੇ) ਚਾਹੋ ਜ੍ਵਾਨ (ਹੋਵੇ, ਚਾਹੋ) ਤੁਰਕ (ਹੋਵੇ, ਚਾਹੋ) ਸ਼ੰਕਰ ਬਰਨੀ ਹੋਵੇ ਤੇ ਚਾਹੋ ਅਨਾਸ਼੍ਰਮੀ ਹੋਵੇ। ਆਸਮ ਖੁਦ=ਆਸ਼੍ਰਮ ਖੁੰਦ। ਹਿੰਦੀ, ਖੁੰਦਨਾ=ਤੋੜਨਾ, ਕੁਚਲਨਾ। [ਸੰਸ. ਖੁੰਡਨ ਤੋਂ ਖੁੰਦ ਤੋੜਿਆ ਹੋਇਆ, ਵਿਹੂਣਾ। ਭਾਵ ਆਸ਼੍ਰਮ ਤੋਂ ਵਿਹੂਣਾ। ਅਨਾਸ਼੍ਰਮੀ]।

**ਨੀਚ ਬਾਲ ਜ੍ਵਾਨੀ ਤੁਰਕ, ਸੰਕਰ ਆਸਮ ਖੁਦ[3] ॥੫੩॥**

**[1]ਨਾਮ ਬਿਨਾ ਦੰਡੋਂ ਸਕਲ, ਨਰਕ ਸੁਰਗ ਮਮ ਰਾਜ।**

[1]ਨਾਮ ਤੋਂ ਬਿਨਾ ਸਰਬੱਤ ਨੂੰ ਮੈਂ ਦੰਡ ਦਿਆਂਗਾ, ਨਰਕ ਸੁਰਗ (ਸਭ ਥਾਂ) ਮੇਰਾ ਰਾਜ ਹੋਵੇਗਾ।

**ਭੂਹੀ ਦੋਨੋਂ ਗਤਰਦੇ, ਜੋਨੀ ਅਰਥ ਸਮਾਜ[1] ॥੫੪॥**

[1]ਪ੍ਰਿਥ੍ਵੀ ਪਰ ਦੇ ਹੀ ਤੋਰੇ ਤੋਰਾਂਗਾ:-ਵਿਸ਼ੇ ਭੋਗ ਤੇ ਪਦਾਰਥਾਂ ਦੀ ਇਕੱਤ੍ਰਤਾ [ਸੰਸ. ਗਤ੍ਵਰ।] [ਹਿੰਦੀ, ਗਤਰ=ਟੁਰਨੇ ਯੋਗ। ਤੋਰਾ]।

**ਇਹ ਭਾਵੀ ਪੂਰਨ ਕਰੋ, ਤਬਿ ਜਾਵੌਂਗਾ ਖੂਬ[1]।**

[1]ਇਹ ਭਾਵੀ (ਇੱਛਾ ਪੂਰਨ ਕਰੋ ਤਾਂ ਮੈਂ ਜੌਂਕੀ ਸੰਸਾਰ ਵਿਚ ਜਾਵਾਂਗਾ। [ਫ਼ਾ. ਖੂਬ=ਚੰਗੀ ਤਰ੍ਹਾਂ ਜੌਂਕੀ। ਸੂਚਨਾਂ=ਭਾਵੀ ਦਾ ਏਥੇ ਭਵਿੱਖਤ ਅਰਥ ਕਰਨਾ ਪ੍ਰਕਰਣ ਵਿਰੁੱਧ ਹੈ, ਸੌ ਸਾਖੀ ਵਿਚ 'ਭਾਵਨੀ' ਪਾਠ ਹੈ ਜੋ ਸੰਸਾ ਦੂਰ ਕਰ ਦਿੰਦਾ ਹੈ]।

**ਏਕ ਤੁਮਾਰੇ ਦੰਡ ਸਹੁੰ, ਅਵਰ ਨ ਜਾਨੌਂ ਦੂਬ[1]-' ॥੫੫॥**

[1]ਇਕ ਆਪ ਦਾ (ਬ੍ਰਹਮਾ ਦਾ) ਦੰਡ ਸਹਾਂਗਾ ਹੋਰ ਕਿਸੇ ਦੂਸਰੇ ਨੂੰ ਨਹੀਂ ਪਛਾਣਾਂਗਾ ਭਾਵ ਪਰਵਾਹ ਨਹੀਂ ਕਰਾਂਗਾ। [ਦੂਬ=ਦੂਸਰਾ]।

**[†]ਸਤਿਗੁਰ ਕਹਿ 'ਇਕ ਸਮੇ ਮੈਂ, ਬ੍ਰਹਮਾ ਕਹਤਿ ਸੁਹਾਤ।**

[†]ਇਹ ਸੌ ਸਾਖੀ ਦੀ ੮੯ਵੀਂ ਸਾਖੀ ਹੈ।

**-ਸੁਨਿ ਸੁਤ! ਭੂਮੀ ਜਾਈਅਹੁ, ਧਰਮ ਕਰਮ ਵਿੱਖਜਾਤ[1] ॥੫੩॥**

[1]ਰਾਮਕੁਇਰ ਜੀ ਕਹਿੰਦੇ ਹਨ ਕਿ) ਸਤਿਗੁਰੂ ਜੀ (ਮੈਨੂੰ ਫੇਰ) ਕਹਿਣ ਲਗੇ (ਕਿ ਸੁਣ ਰਾਮ ਕੁਇਰ!) ਇਕ ਸਮੇਂ ਬ੍ਰਹਮਾਂ ਨੇ (ਕਲਜੁਗ ਨੂੰ) ਸ਼ੋਭਨੀਕ ਬਚਨ ਕਹੇ 'ਸੁਣ ਹੇ ਪੁੱਤ੍ਰ ਪ੍ਰਿਥਵੀ ਵਿਚ ਜਾਓ ਤਾਂ ਉਥੇ (ਆਪਣੇ) ਧਰਮ ਕਰਮ ਪ੍ਰਗਟ ਕਰੋ'। (ਅ) (ਓਥੇ ਪਿਛਲੇ ਜੁਗ ਦੇ) ਧਰਮ ਕਰਮ (ਅੱਗੇ) ਪ੍ਰਗਟ ਹੀ ਹੋਣਗੇ।

**ਸੁਨਿ ਕਲਜੁਗ! ਮੇਰੋ ਹੁਕਮ, ਤੂੰ ਮਮ ਆਗਜਾਵਾਰੁ।**

**ਸਰਬ ਮੰਤ੍ਰ ਤੁਹਿ ਰਾਜ ਰੱਦ, ਨਾਮ ਮੰਤ੍ਰ ਸਿਧ ਸਾਰੁ[1] ॥੫੭॥**

[1]ਸੁਣ ਹੇ ਕਲਿਜੁਗ ਮੇਰਾ ਹੁਕਮ, ਤੂੰ ਮੇਰਾ ਆਗਿਆਕਾਰੀ ਹੈਂ; ਸਾਰੇ ਮੰਤ੍ਰ ਤੇਰੇ ਰਾਜ ਵਿਚ ਮੈਂ ਰੱਦ ਦਿਆਂਗਾ; ਨਾਮ ਮੰਤ੍ਰ ਹੀ ਸਾਰ ਸਿੱਧ (ਮੁਕਤੀ ਦਾ ਦਾਤਾ) ਹੋਵੇਗਾ।

**[1]ਔਰ ਜੁਗਨਿ ਮਹਿਂ ਆਸਰਾ, ਬਹੁਤ ਜੱਗ ਤਪੁ ਅਰਚ।**

**ਰਾਮ ਨਾਮ ਜਪੁ ਰਸਨ ਸ੍ਵਾਸ, ਕਲਿ ਮਹਿਂ ਕਾਰਜ ਸਰਚ[3] ॥੫੮॥**

[1]ਹੋਰ ਜੁਗਾਂ ਵਿਚ ਤਾਂ ਜੱਗ ਤਪ ਅਰਚਨਾ ਆਦਿ ਦਾ ਆਸਰਾ ਬਹੁਤਾ ਹੋਵੇਗਾ ਪਰ ਰਸਨਾਂ ਤੋਂ ਸਵਾਸ ਸਵਾਸ ਈਸ਼੍ਵਰ ਦਾ ਨਾਮ ਜਪਣਾਂ ਤੇਰੇ ਰਾਜ ਵਿਚ ਕਾਰਜ ਸਾਰਨ ਵਾਲਾ ਹੋਵੇਗਾ [ਸਰਚ=ਸਾਰਨੇ ਵਾਲਾ]।

**ਤੋਹਿ ਰਾਜ ਹੁਇ ਪੁੱਤ੍ਰ! ਜਬਿ, ਸਭਿ ਦੇਵਨ[1] ਦਯੋਂ ਵਰਜ।** [1]ਦੇਵਤਿਆਂ ਨੂੰ।

**ਜਿਉਂ ਇੱਛਾ ਤਿਉਂ ਵਰਤੀਏ, ਨਾਮ ਮਹਾਤਮ ਗਰਜ[1] ॥੫੯॥**

[1]ਨਾਮ ਮਹਾਤਮ ਗੱਜਕੇ (ਸੁਣਾਵੀਂ)।

**ਭਲਾ ਤੁਮਾਰਾ ਰਾਜ ਹੁਇ, ਸਕਲ ਸਿੱਧ ਹੁਇ ਵਾਚ[1]।**

[1]ਸੌ ਸਾਖੀ ਦਾ ਪਾਠ ਹੈ-ਤੁਹਿ ਵਾਚ=ਤੇਰੇ ਬਚਨ ਜੋ ਤੂੰ ਕਹੇ ਹਨ ਸਿੱਧ ਹੋ ਜਾਣਗੇ।

ਥੋੜੀ ਕਰਨੀ ਫਲ ਅਧਿਕ, ਤੀਨ ਰਾਖੀਓ ਸਾਚੁ[1] ॥੬੦॥

[1]ਤਿੰਨਾਂ (ਜੁਗਾਂ ਨਾਲੋਂ ਇਹ ਗਲ ਆਪਣੇ ਸਮੇਂ) ਸੱਚ ਜਾਣ ਰਖੀਂ ਕਿ (ਨਾਮ ਦੀ) ਥੋੜੀ ਕਰਨੀ ਦਾ ਵੀ ਬਹੁਤ ਫਲ ਹੋਸੀ। (ਅ) ਤਿੰਨ ਗਲਾਂ ਸਚ ਰਖੀਂ ਜੋ ਅਗੇ ਦਸਦੇ ਹਨ। ਪਰ ਅੰਸ਼ ਰਹਿਤਤਾ, ਪਰ ਨਾਰ ਤੋਂ ਬਚਣਾ, ਸਵਾਸ ਸਵਾਸ ਨਾਮ ਜਪਣਾ।

ਪਰ ਅੰਸ਼ੀ ਪਰ ਨਾਰ ਤਜਿ, ਨਾਮ ਸਰਾਹੈ ਸ੍ਵਾਸ।

ਹਰਿ ਭਜ, ਹਰਿ ਚਿਤ, ਹੇਤ ਹਰਿ[1], ਹਰਿ ਸਿਦਕੀ ਕੁਲ ਆਸ[2] ॥੬੧॥

[1]ਹਰਿ ਜਪਨਾ, ਹਰਿ ਸਿਮਰਨਾ ਤੇ ਹਰਿ ਪ੍ਰੇਮ। [2]ਹਰਿ ਤੇ ਭਰੋਸਾ ਤੇ ਸਭ ਆਸਾਂ (ਹਰੀ ਪਰ ਰੱਖਣੀਆਂ)।

ਦੇਹ ਅੰਤ ਭੀ[1] ਹਰਿ ਭਜੇ, ਤਉ ਭੀ ਹੁਇ ਨਿਸਤਾਰ। [1]ਭਾਵ ਦੇਹੀ ਦੇ ਅੰਤ ਸਮੇਂ ਬੀ ਜੇ।

ਐਸੇ ਹਰਿ ਕੋ ਨਿਤ ਭਜੈ, ਭਉਜਲ ਉਤਰੈ ਪਾਰੁ ॥੬੨॥

ਬ੍ਰਹਮ ਪਰਾਇਣ[1] ਹੋਇ ਕੈ, ਤਨ ਮਨ ਅਰਪੈ ਜੋਇ।

[1]ਵਾਹਿਗੁਰੂ ਵਿਚ ਭਗਤੀ ਭਾਵ।

ਤਾਂ ਕਾ ਭੀ ਤੂੰ ਭੈ ਕਰੀਂ, ਇਹੈ ਹਮਾਰੀ ਖੋਇ[1] ॥੬੩॥

[1]ਖਸਲਤ ਹੈ, ਭਾਵ ਇਹ ਹੈ ਕਿ ਇਹ ਓਪਰੀ ਸਿਖਿਆ ਨਹੀਂ ਸਾਡੇ ਸੁਭਾਵ ਭੂਤ ਹੋ ਚੁਕੀ ਹੈ ਤੂੰ ਇਸ ਦਾ ਉਲੰਘਨ ਕਰੇਂਗਾ ਤਾਂ ਅਸੀਂ ਬੇਵਸੇ ਵਿਰੋਧੀ ਹੋ ਜਾਵਾਂਗੇ।

ਅਪਰ ਸਕਲ ਤਜਿ ਆਸਰੋ, ਏਕ ਨਾਮ ਕੋ ਪ੍ਰੇਮ[1]।

[1]ਜੋ ਕੋਈ) ਇਕ ਨਾਮ ਨਾਲ ਪ੍ਰੇਮ ਕਰੇਗਾ ਸੋ......।

ਤੀਨ ਲੋਕ ਕਉ ਬੇਧਿ ਕੈ, ਜਾਇ ਸਾਜੁਸੀ ਖੇਮ[1] ॥੬੪॥

[1]ਤਿੰਨਾਂ ਲੋਕਾਂ ਨੂੰ ਚੀਰ ਕੇ (ਉਲੰਘ ਕੇ) ਸਾਯੁਜ ਮੁਕਤੀ (ਪਾਏਗਾ) [ਸਾਜੁਜੀ ਖੇਮ;-ਸਾਯੁਜ=ਅਭੇਦ। ਕਸ਼੍ਰੇਮ=ਮੁਕਤੀ]।

ਅਪਨੀ ਨਾਰੀ, ਸੱਚ ਬ੍ਰਿਤ, ਖਾਜ ਅਖਾਜੀ ਬ੍ਰਿੱਤ[1]।

[1]ਆਪਣੀ ਨਾਰ (ਤੇ ਸੰਤੋਖ), ਸੱਚ (ਦੀ) ਵੀਚਾਰ (ਯਾ ਸੱਚ ਦਾ ਵਰਤ) ਤੇ ਖਾਣੇ ਯੋਗ ਕੀ ਹੈ ਤੇ ਨਾ ਖਾਣੇ ਜੋਗ ਕੀ ਹੈ (ਇਸ ਦਾ) ਵੀਚਾਰ (ਜੋ ਧਾਰੇਗਾ)। (ਅ) ਆਪਣੀ ਨਾਰੀ ਵਿਚ ਸਤਿਬ੍ਰਿਤ ਹੋਵੇ ਤੇ ਅਖਾਜ ਦੇ ਖਾਣ ਵਿਚ ਬ੍ਰਿਤੀ (ਵੈਰਾਗਵਾਨ ਹੋਵੇ)।

ਸੋਈ ਸੰਤ ਗੁਰੁ ਮਾਨੀਯਹੁ, ਕਲੂ ਪੁੱਤ੍ਰ ! ਸਤਿ ਚਿੱਤ[1] ॥੬੫॥

[1]ਚਿੱਤ ਵਿਚ ਸੱਚ ਕਰਕੇ (ਧਾਰ ਲੈ)।

ਸਤਿਜੁਗ ਮੇਰੇ ਸਿਰ ਬਸਹੁ, ਭੁਜਾ ਬਸਹੁ ਤ੍ਰਿਤੇਯ[1]। [1]ਤ੍ਰੇਤਾ।

ਦੁਆਪੁਰ ਬਸੀਯਹੁ ਜੰਘ[1] ਮਮ, ਤੂੰ ਚਰਨਨ ਕੋ ਸੇਯ[2] ॥੬੬॥ [1]ਲੱਤਾਂ ਵਿਚ। [2]ਸੇਵਾ ਕਰ।

ਅੰਗ ਅੰਗ ਕੀ ਮੁਕਤਿ ਇਹ, ਬੇਦ ਮਾਂਝ ਲਿਖਿ ਦੀਨ[1]।

[1]ਵੇਦ ਵਿਚ ਇਹ ਗਲ ਲਿਖ ਦਿੱਤੀ ਹੈ ਕਿ (ਧਰਮ ਦੇ ਕਿਹੜੇ) ਅੰਗ ਨਾਲ (ਬ੍ਰਹਮਾ ਦੇ ਕਿਹੜੇ) ਅੰਗ (ਭਾਵ ਜੁੱਗ ਵਿਚ) ਮੁਕਤੀ ਹੋਣੀ ਹੈ।

ਸੋਈ ਸੋ ਸਾਚੀ ਭਲੀ, ਸਕਲ ਸਮਾਲਾ ਕੀਨ[1] ॥੬੭॥

[1]ਉਹੋ (ਪਿਛੇ ਕਹੀ ਗਲ) ਸੱਚੀ ਹੈ, ਉਹੋ ਭਲੀ ਹੈ ਸਾਰੀ ਦਾ ਸਮਾਲ੍ਹਾ ਤੁਹਾਨੂੰ ਕਰ ਦਿੱਤਾ ਹੈ। ਅਥਵਾ ਤੁਸਾਂ ਸਮਾਲ੍ਹਾ ਕਰਨਾ।

ਅਪਨੋ ਅਪਨੋ ਰਾਜ ਕਰਿ, ਤੁਮ ਆਈਅਹੁ ਮਮ ਧਾਮ।

ਕਰਿ ਕਰਿ ਕਰਨੀ ਕਲਪ ਲਗ[1], ਪਾਈਅਹੁ ਆਇ ਅਰਾਮ ॥੬੮॥ [1]ਤਕ।

ਬ੍ਰਹਮ ਵਾਕ ਕਹਿ ਸੰਘਤਾ[1], ਪਰਾ ਪਸੰਤੀ ਜਾਪੁ।

[1]ਸੰਹਿਤਾ ਵਿਚ ਬ੍ਰਹਮਾ ਦੇ ਇਹ ਵਾਕ ਕਹੇ ਹਨ। (ਅ) ਇਹ ਵਾਕ ਬ੍ਰਹਮ ਸੰਹਿਤਾ ਵਿਚ ਕਹੇ ਹਨ।

ਮਧਮਾ, ਵੈਖਰੀ ਜਾਪ ਰਸਿ[1] ਚਾਰ ਵੇਦ[†] ਇਸ ਥਾਪੁ[2] ॥੬੯॥

[1]ਕਿ ਜਪ (ਚਾਰ ਪ੍ਰਕਾਰ ਦਾ ਹੈ) ਪਰਾ, ਪਸੰਤੀ, ਮਧਮਾਂ; ਬੈਖਰੀ, (ਇਨ੍ਹਾਂ ਵਿਚੋਂ ਕਿਸੇ ਦੁਆਰਾ ਨਾਮ ਦੇ) ਜਾਪ ਦਾ ਰਸ (ਲਵੇ, ਦੇਖੋ ਜ: ਸਾ: ਭਾ: ਮਨੀ ਸਿੰਘ:-ਪਰ ਸੋਈ ਬਾਣੀ ਵਿਸੇਖ ਹੈ ਜੋ ਯਕ ਦਿਲ ਹੋਕੇ ਕਰਤਾਰ ਨੂੰ ਯਾਦ ਕਰੀਏ)। [2]ਚਾਰ ਇਨ੍ਹਾਂ ਦੇ ਦੇਵਤੇ ਹਨ। [†]ਸੌ ਸਾਖੀ ਵਿਚ ਪਾਠ 'ਦੇਵ' ਹੈ, ਕਿਉਂਕਿ ਅਗਲੀ ਤੁਕ ਵਿਚ ਚਾਰ ਦੇਵਤਾ ਗਿਣੇ ਹਨ ਇਸ ਕਰਕੇ 'ਦੇਵ' ਪਾਠ ਸ਼ੁੱਧ ਸਮਝਣਾ ਚਾਹੀਏ।

ਨਾਰਾਇਨ ਦੇਵ ਹੈ ਪਰਾ ਕਾ, ਨਰ ਪਸਜੰਤੀ ਇਸ਼ਟ[1]।

[1]ਪਰਾ ਦਾ ਦੇਵਤਾ ਨਾਰਾਯਣ ਤੇ ਪਸਜੰਤੀ ਦਾ ਦੇਵ ਨਰ ਹੈ। (ਨਰ ਨਾਰਾਯਣ ਦੋਵੇਂ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ)।

ਵਾਗਦੇਵੀ[1] ਮੱਧਮਾ ਬਸੈ, ਬਜਾਸ ਬੈਖਰੀ ਸ੍ਰਿਸ਼ਟਿ[2] ॥੭੦॥

[1]ਸਰੱਸ੍ਵਤੀ। [2]ਬੈਖਰੀ ਦਾ ਸ੍ਰੇਸ਼ਟ (ਦੇਵਤਾ) ਬਜਾਸ ਹੈ।

ਸ੍ਵਾਸ ਠਹਿਰਾਵੈ ਨਾਭਿ ਘਰ, ਉਠੇ ਤਰੰਗੀ ਤੌਜ[1]।

[1]ਨਾਭੀ ਦੇ ਟਿਕਾਣੇ ਸਵਾਸ ਟਿਕਾਵੇ ਤਾਂ ਅਨੰਦ ਦੀ ਲਹਿਰ ਉਠਦੀ ਹੈ [ਤੁਰੰਗ-ਲਹਿਰ। ਤੌਜ=ਖੁਸ਼ੀ। ਸੂਚਨਾ-ਨਾਭੀ ਵਿਚ 'ਮਨਿਪੂਰ ਚੱਕ੍ਰ' ਨੂੰ ਕਈ ਵੇਰ ਅਨੰਦ ਦਾ ਟਿਕਾਣਾ ਵੀ ਜੋਗੀ ਦੱਸਦੇ ਹਨ:-ਦੇਖੋ ਵਸੰਤ ਰੇਲੇ ਦੀ ਕੁੰਡਲਨੀ ਸਫਾ ੪੦]। (ਅ) ਨਾਭੀ ਟਿਕਾਣੇ ਸਵਾਸ ਟਿਕਾਉਣ ਨਾਲ ਦੂਰ ਹੁੰਦੀ ਹੈ ਸੰਕਲਪਾਂ ਦੀ ਤੇਜ਼ੀ। [ਉਠੇ=ਦੂਰ ਹੁੰਦੀ ਹੈ। ਤਰੰਗ=ਲਹਿਰ, ਸਕੰਲਪ। ਤੌਜ ਦੀ ਥਾਵੇਂ ਸੌ ਸਾਖੀ ਵਿਚ ਪਾਠ ਤੇਜ ਹੈ]।

ਨਾਮ ਭਜਨ ਕੀ ਜੁਗਤ ਇਹ, ਮਥਰਾ[1†] ਬਖਸ਼ੀ ਮੌਜ-' ॥੭੧॥

[1]ਮਥੁਰਾ ਕਹਿੰਦਾ ਹੈ ਕਿ ਨਾਮ ਭੋਜਨ ਦੀ ਇਸ ਜੁਗਤੀ ਦੀ ਮੌਜ (=ਸੁਖ) ਮੈਨੂੰ (ਰਾਮ ਕੁਇਰ ਜੀ ਨੇ) ਬਖਸ਼ੀ ਹੈ। [†]ਸੌ ਸਾਖੀ ਦੇ ਮੁੱਢ ਵਿਚ ਮਥਰਾ ਆਪਣੇ ਆਪ ਨੂੰ 'ਪ੍ਰਸ਼ਨੋਤਰ ਕਰਤਾ' ਸਾਖੀਆਂ ਦਾ ਦੱਸਦਾ ਹੈ, ਪਰ ਏਥੋਂ ਬੜਾ ਸੰਸਾ ਪੈ ਜਾਂਦਾ ਹੈ ਕਿ ਸੌ ਸਾਖੀ ਦਾ ਲੇਖਕ ਮਥਰਾ ਮਿਸਰ ਆਪ ਹੀ ਨਾ ਕਿਤੇ ਹੋਵੇ।

ਕਹਿ ਕਰਿ ਸਾਹਿਬ ਸਿੰਘ ਸੁਨਹੁਂ, ਚੁਪ ਕੀਨੀ, ਕਲਿ ਗੰਮ[1]।

[1]ਹੇ ਸਾਹਿਬ ਸਿੰਘ ਸੁਣੋ (ਇਹ ਗੱਲਾਂ ਕਹਿਕੇ ਬ੍ਰਹਮਾ ਨੇ) ਚੁਪ ਕੀਤੀ ਤੇ ਕਲੀ ਚਲਾ ਗਿਆ।

ਇਹ ਸਾਖੀ ਸਤਿਗੁਰ ਦਈ, ਪੜਤਿ ਸੁਨਤਿ ਸੁਖ ਸੰਮ[1] ॥੭੨॥

[1]ਸੁਖ ਸੰਜੁਗਤ ਹੋਵੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕਲਜੁਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਅੰਮ੍ਰਿਤ ਰਾਯ ਕਵੀ। ਚੰਦਨ ਕਵਿ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਸਭਾ ਸਰਬ ਕਵੀਅਨਿ ਬਿਖੈ, ਇਸ ਬਿਧਿ ਭਯੋ ਸੰਬਾਦ।
ਧੰਨ ਧੰਨ ਸਭਿ ਹੀ ਕਹੈਂ, ਰਿਦੈ ਅਧਿਕ ਅਹਿਲਾਦ ॥੧॥

ਚੌਪਈ:

ਉਠੇ ਪ੍ਰਭੂ ਮੰਦਰ ਕੋ ਗਏ।
ਨਾਨਾ ਰਸ ਅਹਾਰ ਅਚਿ ਲਏ।
ਪੁਨ ਪ੍ਰਯੰਕ ਪਰ ਕਰਜੋ ਅਰਾਮੂ।
ਇਮ ਸੰਬਾਦ ਕਵਿਨਿ[1] ਅਭਿਰਾਮੂ ॥੨॥

[1]ਕਵੀਆਂ ਦਾ।

ਦੇਸ਼ ਬਿਦੇਸ਼ਨਿ ਮਹਿਂ ਕਵਿ ਗੁਨੀ।
ਆਵੈਂ ਚਲੇ ਸੁ ਕੀਰਤਿ ਸੁਨੀ।
'ਦਰਬ ਕਰੋਰਹੁਂ ਲਗ ਬਖਸ਼ੰਤੇ।
ਜੁਗ ਲੋਕਨਿ ਕੇ ਸੁਖਨਿ ਲਭੰਤੇ' ॥੩॥

ਅੰਮ੍ਰਿਤਰਾਇ ਕਵੀ ਇਕ ਆਯੋ।
ਕਰਿ ਕੀਰਤ† ਕੋ ਕਵਿੱਤ ਲਿਆਯੋ।

†ਪਾ:-ਕਰਿ ਕਵਿ ਗੁਰ।

ਮਿਲਜੋ ਪ੍ਰਥਮ ਹੂੰ ਕੀਨਿ ਪ੍ਰਣਾਮੂ।
ਬਹੁਰ ਸੁਨਾਇ ਸੁਜਸ ਅਭਿਰਾਮੂ ॥੪॥

ਕਬਿੱਤ:

ਜਾਂਹੀ ਓਰ ਜਾਊਂ, ਅਤਿ ਆਦਰ ਤਹਾਂ ਤੇ ਪਾਊਂ,
ਤੇਰੇ ਗੁਨ ਗਨ ਕੋ ਅਗਾਊ ਗਨੈ ਸ਼ੇਸ਼ ਜੂ[1]।

[1]ਜਿਸ ਤਰਫ ਮੈਂ ਜਾਂਦਾ ਹਾਂ ਓਥੋਂ ਹੀ ਆਦਰ ਪਾਂਵਦਾ ਹਾਂ। ਤੇਰੇ ਸਾਰੇ ਗੁਣਾਂ ਨੂੰ ਤਾਂ ਸ਼ੇਸ਼ਨਾਗ ਪਹਿਲੇ ਤੋਂ ਹੀ ਗਿਣ ਰਿਹਾ ਹੈ। ਭਾਵ ਇਹ ਹੈ ਕਿ ਮੈਂ ਹੋਰਨਾਂ ਦਰਬਾਰਾਂ ਵਿਚ ਜਾਕੇ ਸਾਰੇ ਥਾਂ ਹੀ ਆਦਰ ਪਾਉਂਦਾ ਹਾਂ ਪਰ ਤੇਰੇ ਦਰਬਾਰ ਵਿਚ ਮੈਂ ਨੰਮ੍ਰੀਭੂਤ ਹੋਕੇ ਹੀ ਆ ਸਕਦਾ ਹਾਂ ਕਿਉਂਕਿ ਤੇਰਾ ਗੁਣ ਗਾਯਕ ਕਵੀ ਤਾਂ ਸ਼ੇਸ਼ਨਾਗ ਆਪ ਹੈ ਉਸਦੇ ਸਾਹਮਣੇ ਹੋਰ ਕਵੀ ਮਾਤ ਹੈਨ, ਕਿਉਂਕਿ ਉਸਦੀ ਹਜ਼ਾਰ ਜੀਭ ਹੈ ਤੇ ਮੇਰੀ ਇਕ ਹੈ, ਉਹ ਆਦਿ ਤੋਂ ਕੀਰਤ ਕਰ ਰਿਹਾ ਹੈ ਮੈਂ ਅਜ ਕਰਨ ਲਗਾ ਹਾਂ।

ਹੀਰ ਚੀਰ ਮੁਕਤਾ ਜੇ ਦੇਤਿ ਦਿਨ ਪ੍ਰਤਿ ਦਾਨ
ਤਿਨੈ ਦੇਖ ਦੇਖ ਅਭਿਲਾਖਤਿ ਧਨੇਸ਼ ਜੂ[1]।

[1]ਹੀਰੇ, ਬਸਤਰ, ਮੋਤੀ, ਜੇਹੜੇ ਆਪ ਹਰ ਰੋਜ਼ ਦਾਨ ਦੇਂਦੇ ਹੋ ਤਿੰਨ੍ਹਾਂ ਨੂੰ ਵੇਖ ਵੇਖ ਕੇ ਕੁਬੇਰ ਵੀ ਚਾਹੁੰਦਾ ਹੈ (ਕਿ ਮੈਨੂੰ ਵੀ ਇਹੋ ਜਿਹਾ ਦਾਨ ਮਿਲੇ)।

ਗੁਨਨ ਮੈਂ ਗੁਨੀ ਕਵਿ ਅੰਮ੍ਰਿਤ ਪਢੱਯਾ ਮੇਰੋ
ਜਬ ਇਨੈ ਹੇਰੋ ਪਯਾਰ ਕੀਜੇ ਅਮਰੇਸ਼ ਜੂ[1]।

[1]ਹੇ ਅਮਰਾਂ (ਦੇਵਤਿਆਂ) ਦੇ ਈਸ਼੍ਵਰ ਜੀ! ਆਪ ਗੁਣੀਆਂ ਤੋਂ ਵੱਡੇ ਗੁਣੀ ਹੋ ਤੇ ਅੰਮ੍ਰਿਤ ਕਵੀ ਨੂੰ (ਜਦ ਇਹ ਦੇਖੋਗੇ ਕਿ) ਮੇਰੇ (ਗੁਣਾਂ ਦਾ) ਪੜ੍ਹਨ ਵਾਲਾ (=ਉਚਾਰਨ ਵਾਲਾ) ਹੈ ਤਾਂ ਪਯਾਰ ਕਰੋਗੇ। (ਅ) ਇਸੇ ਸਤਰ ਦਾ ਅਰਥ ਹੋਰਵੇਂ ਵੀ ਕਰਦੇ ਹਨ:-(ਆਪ ਦੇ) ਗੁਣਾਂ (ਦੇ ਗਾਇਨ ਵਿਚ ਮੈਂ) ਗੁਨੀ ਹਾਂ, ਅੰਮ੍ਰਿਤ ਕਵੀ ਮੇਰਾ ਨਾਮ ਹੈ (ਤੇ ਜਦੋਂ ਅਮ੍ਰੇਸ਼=) ਇੰਦਰ ਮੈਨੂੰ (ਆਪ ਦੀ ਕੀਰਤੀ) ਪੜ੍ਹਦੇ ਦੇਖਦਾ ਹੈ ਤਾਂ ਪਿਆਰ ਕਰਦਾ ਹੈ। (ੲ) ਪ੍ਰੰਤੂ ਜੇ ਇਸ ਚਰਣ ਵਿਚ ਆਏ ਪਦ 'ਹੇਰੋ' ਤੇ 'ਕੀਜੈ' ਨੂੰ ਸ਼ੁਧ ਵ੍ਯਾਕਰਣਕ ਅਰਥਾਂ ਵਿਚ ਲਾਈਏ ਤਾਂ ਐਉਂ ਜਾਪਦਾ ਹੈ ਕਿ ਇਹ ਚਿੱਠੀ ਅੰਮ੍ਰਿਤ ਰਾਇ ਦਾ ਉਸਤਾਦ ਉਸ ਨੂੰ ਦੇਕੇ ਗੁਰੂ ਜੀ ਪਾਸ ਘੱਲ ਰਿਹਾ ਹੈ ਤੇ ਕਹਿ ਰਿਹਾ ਹੈ ਕਿ:-ਹੇ ਅਮਰੇਸ਼ ਜੂ! ਗੁਣੀਆਂ ਵਿਚੋਂ ਗੁਣੀ ਹੈ ਅੰਮ੍ਰਿਤ ਰਾਇ ਕਵੀ ਤੇ ਮੇਰਾ ਪੜ੍ਹਾਇਆ ਹੋਇਆ ਹੈ ਇਸ ਨੂੰ ਜਦ ਵੇਖੋ ਤਾਂ ਪਿਆਰ ਕਰਨਾ ਮੈਂ ਇਸ ਨੂੰ ਇਹ ਸੁਨੇਹਾ ਦੇ ਕੇ ਘਲ ਰਿਹਾ ਹਾਂ ਕਿ ਆਪਦੀ ਕੀਰਤੀ ਹੁਣ ਖੀਰ ਸਮੁੰਦਰਾਂ ਤੋਂ ਪਾਰ ਨਿਕਲ ਗਈ ਹੈ ਆਦਿ।

ਸ਼੍ਰੀ ਗੋਬਿੰਦ ਸਿੰਘ ਛੀਰ ਨਿਧਿ ਪਾਰ ਭਈ
ਕੀਰਤਿ ਤਿਹਾਰੀ ਤੁਮੈਂ ਕਹਿਕੇ ਸੰਦੇਸ ਜੂ[1] ॥ ੧ ॥

[1]ਹੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ! ਆਪਦੀ ਕੀਰਤੀ ਖੀਰ ਸਮੁੰਦਰੋਂ ਬੀ ਪਾਰ ਨਿਕਲ ਗਈ ਹੈ (ਕੇਵਲ ਇਤਨਾ) ਸੰਦੇਸਾ ਕਹਿਕੇ ਆਪ ਜੀ ਨੂੰ (ਸੁਨਾਉਂਣ ਲਈ ਮੈਂ ਆਇਆ ਹਾਂ)।

ਚੌਪਈ:

ਸੁਨਿ ਪ੍ਰਸੰਨ ਕਲਗੀਧਰ ਹ੍ਵੈ ਕੇ।
ਰਾਖਯੋ ਨਿਕਟ ਮਾਨ ਬਹੁ ਕੈ ਕੈ।
ਰੋਜ ਦਯੋ ਕਰਿ ਦਰਬ ਘਨੇਰਾ[1]।
ਇਮ ਸੁਨਿ ਸੁਨਿ ਕਰਿ ਸੁਜਸੁ ਬਡੇਰਾ ॥੫॥

[1]ਭਾਵ, ਬਹੁਤਾ ਰੋਜ਼ੀਨਾ ਲਾ ਦਿੱਤਾ।

ਕਰਣ ਪਰਬ[†] ਭਾਖਾ ਤਿਨ ਕੀਨੀ।

[†]ਹੰਸਰਾਮ ਕਵੀ ਦੀ ਉਥਾਨਕਾ ਤੋਂ ਪਤਾ ਲਗਦਾ ਹੈ ਕਿ 'ਕਰਣ ਪਰਬ' ਦਾ ਟੀਕਾ ਉਸਨੇ ਕੀਤਾ ਹੈ, ਅੰਮ੍ਰਿਤ ਰਾਇ ਨੇ ਨਹੀਂ ਕੀਤਾ ਯਥਾ:-ਹੰਸਰਾਮ ਤਾਂ ਦਿਨ ਕਰਯੋ ਕਰਣ ਪਰਬ ਆਰੰਭ। ਅੰਮ੍ਰਿਤ ਕਵੀ ਨੇ 'ਸਭਾ ਪਰਬ' ਬਣਾਇਆ ਹੈ ਜੋ ਪਟਿਆਲਾ ਲਾਇਬ੍ਰੇਰੀ ਵਿਚ ਹੈ।

ਛੰਦ ਬੰਦ ਸੁੰਦਰ ਗਤਿ ਲੀਨੀ[1]।

[1]ਛੰਦਾ ਬੰਦੀ ਨੇ ਸੁਹਣੀ ਚਾਲ ਲਈ।

ਲਾਖ ਦਰਬ ਕੀ ਬਖਸ਼ਿਸ਼ ਪਾਈ[†]।

[†]ਹੰਸਰਾਮ ਲਿਖਦਾ ਹੈ ਕਿ ੬੦ ਹਜ਼ਾਰ ਰੁਪੱਯਾ ਮੈਨੂੰ ਕਰਣ ਪਰਬ ਦਾ ਇਨਾਮ ਮਿਲਿਆ। ਯਥਾ:-ਪ੍ਰਥਮ ਕ੍ਰਿਪਾ ਕਰਿ ਰਾਖ ਕਰ ਗੁਰੁ ਗੋਬਿੰਦ ਉਦਾਰ। ਟਕਾ ਕਰੇ ਬਖਸ਼ੀਸ਼ ਤਬ ਮੋਕੋ ਸਾਠ ਹਜ਼ਾਰ। ਇਹ 'ਕਰਣ ਪਰਬ' ਬੀ ਪਟਿਆਲਾ ਲਾਇਬ੍ਰੇਰੀ ਵਿਚ ਹੈ।

ਗੁਰ ਕੀ ਕੀਰਤਿ ਮਹਿਦ ਬਨਾਈ ॥੬॥

ਹੰਸਰਾਸ ਕਵਿ ਪਰਬ ਬਨਾਯੋ।
ਦ੍ਰੋਣਪਰਬ ਕੁਵਰੇਸ਼ ਸੁਨਾਯੋ[1]।
ਇਸੀ ਰੀਤਿ ਬਹੁ ਭਾਖਾ ਬਨੀ।
ਮਿਲੇ ਆਨਿ ਇਸ ਹੀ ਬਿਧਿ ਗੁਨੀ ॥੭॥
ਬਾਵਨ ਕਵਿ ਗਿਨਤੀ ਮਹਿਂ ਨੀਤਿ।
ਰਹੈਂ ਨਿਕਟ ਹਰਖਾਵੈਂ ਚੀਤਿ।
ਇਕ ਦਿਨ ਸਤਿਗੁਰ ਸਭਾ ਲਗਾਇ।
ਬੈਠੇ ਹੁਤੇ ਮਹਾਂ ਦੁਤਿ† ਪਾਇ ॥੮॥

ਏਕ ਕਵੀ ਚਲਿ ਕਰਿ ਤਹਿਂ ਆਯੋ।
ਨਿਜ ਬਿੱਦਯਾ ਹੰਕਾਰ ਬਢਾਯੋ।
ਕੀਨ ਸਵੈਯਾ ਅਰਥ ਛਪਾਯੋ।
ਅਭਿਲਾਖਤਿ ਗੁਰ ਤੇ ਪਰਖਾਯੋ ॥੯॥
ਹਾਥ ਬੰਦਿ ਕਰਿ ਬੰਦਨ ਠਾਨੀ।
ਬੈਠਿ ਪ੍ਰਭੂ ਕੇ ਨਿਕਟ ਬਖਾਨੀ।
'ਦੇਸ਼ ਦੇਸ਼ ਮਹਿਂ ਰਾਵਰਿ ਕੀਰਤਿ।
ਜਿਸ ਜਿਸ ਤੇ ਸੁਨਿਯਤਿ ਬਿਸਤੀਰਤਿ ॥੧੦॥
ਸਭਿ ਬਿੱਦਯਾ ਕੇ ਗੁਨੀ ਬਖਾਨੇ।
ਰਹੈਂ ਸਭਾ ਤੁਮਰੀ ਸਨਮਾਨੇ।
ਛੰਦ ਰਚਹਿਂ ਲਾਖਹੁਂ ਰਹਿਂ ਤੀਰ।
ਪਰਖਹੁ ਸਭਿ ਕੇ ਗੁਨੀ ਗਹੀਰ ॥੧੧॥
ਏਕ ਸ੍ਵੈਯਾ ਰਚੋ ਨਵੀਨਾ।
ਅਰਥ ਅਜਾਇਬ ਸ਼ੁਭ ਧਰਿ ਦੀਨਾ†।

ਸਭਾ ਆਪ ਕੀ ਨਹਿਂ ਮਹਿਂ ਐਸਾ।
ਜ਼ਾਹਰ ਕਹੈ ਅਰਥ ਕੋ ਜੈਸਾ' ॥੧੨॥
ਸੁਨਿ ਹੰਕਾਰ ਸਮੇਤ ਉਬਾਚਾ।
ਬੋਲਯੋ ਪਾਤਸ਼ਾਹੁ ਗੁਰ ਸਾਚਾ।
'ਨਿਜ ਮਤਿ ਕਰਿ ਕੈ ਕੀਨਸਿ ਜਥਾ।
ਸਭਾ ਮਝਾਰ ਉਚਾਰਹੁ ਤਥਾ' ॥੧੩॥

[1]ਕੁਵਰੇਸ਼ ਨੇ ਦ੍ਰੋਣ ਪਰਬ (ਭਾਖਾ ਕਰਕੇ) ਸੁਣਾਇਆ।

†ਪਾ:-ਸੁਖ।

†ਪਾ:-ਸੁਧਰੀ ਦੀਨਾ।

ਜਿਸ ਪ੍ਰਕਾਰ ਕਰਿ ਕੈ ਕਵੀ ਲਜਾਯੋ।
ਸ਼੍ਰੀ ਸਤਿਗੁਰੂ ਕੋ ਤਬੈ ਸੁਨਾਯੋ।
ਸਭਾ ਬਿਖੈ ਸਭਿਹੂੰ ਸੁਨਿ ਲਯੋ।
ਸੋ ਮੈਂ ਇਹਾਂ ਪਾਠ ਲਿਖਿ ਦਯੋ ॥੧੪॥

ਸ੍ਵੈਯਾ:

ਨਵਸਾਤ ਤਿਯੇ ਨਵਸਾਤ ਕਿਯੇ
ਨਵਸਾਤਿ ਪਿਯੇ, ਨਵਸਾਤ ਪਿਯਾਏ[1]।

[1]ਸੋਲ੍ਹਾਂ (ਵਰ੍ਹੇ ਦੀ) ਤ੍ਰੀਮਤ ਨੇ ਸੋਲ੍ਹਾਂ (ਸ਼ਿੰਗਾਰ) ਕੀਤੇ (ਉਸਦਾ) ਸੋਲਾਂ (ਵਰ੍ਹੇ ਦਾ) ਪਤੀ ਸੀ ਸੋ ਪਤੀ ਸੋਲਾਂ (ਮਹੀਨੇ ਮਗਰੋਂ ਪਰਦੇਸੋਂ ਆਯਾ। (ਅ) ਸੋਲਾਂ 'ਰਸ ਪਿਆਏ' ਵੀ ਅਰਥ ਕਰਦੇ ਹਨ।

ਨਵਸਾਤ ਰਚੇ, ਨਵਸਾਤ ਬਦੇ,
ਨਵਸਾਤ ਪਯਾ ਪਹਿ ਦਾਯਕ ਪਾਏ[1]।

[1]ਸੋਲਾਂ (ਘਰਾਂ ਵਾਲਾ ਚੌਪੜ) ਵਿਛਾਇਆ, ਸੋਲ੍ਹੀਆ (ਦਾਉ ਹਾਰ ਜਿੱਤ ਦਾ) ਬਦਿਆ। ਅਥਵਾ ਸੋਲਾਂ (ਦਾਉ ਪਾਉਣ ਦੀ) ਸ਼ਰਤ ਲਾਈ, ਪਰ ਸੋਲ੍ਹੀਆ ਦਾਉ ਪੀਆ ਦਾ ਪੈ ਗਿਆ ਭਾਵ ਪੁੱਗ ਗਿਆ। (ਅ) ਦਾਯ ਦਾ ਅਰਥ 'ਦਾਉ' ਦੇ ਥਾਂ 'ਦੇਣੇ ਯੋਗ ਧਨ' ਬੀ ਹੁੰਦਾ ਹੈ।

ਜੀਤ ਕਲਾ ਨਵਸਾਤਨ ਕੀ
ਨਵਸਾਤਨ ਕੇ ਮੁਖ ਅੰਚਰ ਛਾਏ[1]।

[1]ਸੋਲਾਂ (ਨਰਦਾਂ ਵਾਲੇ ਚੌਪੜ) ਦੀ ਬਾਜੀ (ਪਤੀ ਨੇ) ਜਿੱਤ ਲਈ, ਤਾਂ ਸੋਲਾਂ ਕਲਾਂ ਵਾਲੇ ਚੰਦ ਵਰਗੇ (ਮੁਖੜੇ ਵਾਲੀ ਨੇ) ਪੱਲੇ ਨਾਲ ਮੂੰਹ ਕੱਜ ਲਿਆ। [ਕਲਾ=ਬਾਜ਼ੀ]।

ਮਾਨਹੁ ਮੇਘ ਕੇ ਮੰਡਲ ਮੈਂ
ਕਵੀ ਚੰਦਨ ਚੰਦ ਕਲੇਵਰ ਛਾਏ[1] ॥ ੧ ॥

[1]ਚੰਦਨ ਕਵੀ ਕਹਿੰਦਾ ਹੈ ਕਿ ਮਾਨੋਂ ਬਦਲਾਂ ਦੇ ਮੰਡਲ ਵਿਚ ਚੰਦ ਦਾ ਸਰੀਰ ਛੁਪ ਗਿਆ ਹੈ।

ਚੌਪਈ:

ਸ਼੍ਰੀ ਕਲਗੀਧਰ ਸੁਨਿ ਮੁਸ਼ਕਾਏ।
ਕਹਿ ਚੰਦਨ ਕੋ ਗਰਬ ਗਵਾਏ।
'ਇਸ ਜੈਸਨਿ[1] ਕੋ ਅਰਥ ਬਿਚਾਰਨ।
ਹਮਰੇ ਘਾਹੀ ਕਰਹਿਂ ਉਚਾਰਨਿ ॥੧੫॥

[1]ਏਹੋ ਜੇਹੇ (ਛੰਦਾਂ) ਦਾ।

ਇਹ ਲਾਇਕ ਕਵਿਯਨਿ ਕੇ ਨਾਂਹੀ।
ਮਿਲਿ ਆਪਸ ਮਹਿਂ ਕਰਤੇ ਘਾਹੀ।
ਛੰਦ ਸਭਾ ਹਮਰੀ ਮਹਿਂ ਸਰਸਤਿ[1]।
ਜਿਨ ਕੇ ਪਾਠ ਕਰੇ ਰਸ ਬਰਸਤਿ ॥੧੬॥

[1]ਰਸ ਵਾਲੇ। (ਅ) ਵਧੀਆ।

ਕਵਯਨਿ ਕੇ ਹਮਰੇ ਹਯ ਦਾਸ[1]।
ਪਠਤਿ ਸੁਨਤਿ ਆਨਤਿ ਜਬਿ ਘਾਸ।'

[1]ਸਾਡੇ ਕਵੀਆਂ ਦੇ ਘੋੜਿਆਂ ਦੇ ਦਾਸ।

ਚੰਦਨ ਕਵਿ ਗੁਰ ਕੇ ਬਚ ਸੁਨੇ।
ਬੋਲਯੋ ਧਰਿ ਕਰਿ ਅਚਰਜ ਘਨੇ ॥੧੭॥
'ਇਕ ਘਾਹੀ ਕੋ ਲੇਹੁ ਬੁਲਾਇ।
ਜੋ ਇਸ ਕੇ ਦੇ ਅਰਥ ਸੁਨਾਇ।
ਜਿਸ ਤੇ ਆਵੈ ਮੋਹਿ ਪ੍ਰਤੀਤ।
ਸਭਾ ਗੁਰੂ ਕੀ ਹੈ ਕਵੀ ਜੀਤ[1]' ॥੧੮॥

[1]ਕਵੀਆਂ ਨੂੰ ਜਿੱਤਣ ਵਾਲੀ ਹੈ।

ਹੇਮ ਲਸ਼ਟਕਾ ਜੁਤਿ ਤਹਿਂ ਖਰਿਯੋ[1]।
ਪ੍ਰਭੁ ਸੁਨਿ, ਤਾਂਹਿ ਪਠਾਵਨਿ ਕਰਿਯੋ।
'ਆਨਹੁ ਧੰਨਾ ਸਿੰਘ ਹਕਾਰਿ।
ਇਸ ਹੀ ਛਿਨ ਕੁਛ ਲਗਹਿ ਨ ਬਾਰ' ॥੧੯॥

[1]ਜੋ ਚੋਬਦਾਰ) ਖੜਾ ਸੀ।

ਸਤਿਗੁਰ ਹੁਕਮ ਮਾਨਿ ਸੋ ਗਯੋ।
ਧੰਨਾ ਸਿੰਘ ਸੰਗ ਕਹਿ ਦਯੋ।
ਸੁਨਿ ਕੈ ਤਿਨ ਸੋ ਬੂਝਨ ਕੀਨਾ।
'ਕਿਮ ਸਿਮਰਯੋ ਮੁਝ ਕਰਹੁ ਪ੍ਰਬੀਨਾ[1]?' ॥੨੦॥

[1]ਭਾਵ ਪ੍ਰਬੀਨ ਗੁਰੂ ਜੀ ਨੇ।

ਚੋਬਦਾਰ ਤਬਿ ਕਹਯੋ ਪ੍ਰਸੰਗ।
ਜਿਮ ਗੁਰ ਭਨਯੋ ਕਵੀ ਕੇ ਸੰਗ।
ਧੰਨਾ ਸਿੰਘ ਸੁਜਾਨ ਸਭਿ ਜਾਨੀ।
ਸਫਲ ਕਰੀ ਚਾਹੈ[†] ਗੁਰਬਾਨੀ ॥੨੧॥

[†]ਪਾ:-ਚਾਹੌਂ।

ਬਹੁਤ ਮੋਲ ਕੇ ਬਸਤ੍ਰ ਉਤਾਰੇ।
ਜੀਰਣ ਮੋਟ ਦੇਹਿ ਪਰ ਧਾਰੇ।
ਇਕ ਖੁਰਪਾ[1] ਲੇ ਕਰਿ ਜੁਤ ਜਾਰੀ[2]।
ਇਕਠੀ ਕਰਿ ਸਿਕੰਧ ਪਰ ਡਾਰੀ ॥੨੨॥

[1]ਚੰਬਾ। [2]ਤੰਗੜ। ਜਾਲੀ।

ਸਭਿ ਘਾਹੀ ਕੋ ਬੇਖ ਬਨਾਯੋ।
ਸ਼ੰਕ ਬਿਹੀਨ ਸਭਾ ਮਹਿਂ ਆਯੋ।
ਗੁਰ ਪਦ ਪਦਮ ਕੀਨ ਤਬਿ ਨਮੋਂ।
ਉਚਤਿ ਥਾਨ ਬੈਠਯੋ ਤਿਹ ਸਮੋ

॥੨੩॥
ਸ਼੍ਰੀ ਕਲ਼ਗੀਧਰ ਹੁਕਮ ਉਚਾਰਾ।
'ਇਹ ਕਵਿ ਹੈ ਮਤਿਵਾਨ ਉਦਾਰਾ।
ਰਚਿ ਕਰਿ ਆਨਜੋ ਏਕ ਸਵੈਯਾ।
ਅਰਥ ਬਿਚਾਰਹੁ ਦੇਹ ਸੁਨੈਯਾ'
॥੨੪॥
ਸੁਣ ਧੰਨਾ ਸਿੰਘ ਅਰਥ ਬਖਾਨਾ।
-ਤਿਯ ਖੋੜਸ[1] ਬਰਖਨ ਬਯਵਾਨਾ।
ਤਨ ਖੋੜਸ ਸ਼ਿੰਗਾਰ ਸੁਹਾਯੋ।
†ਖੋੜਸ ਮਾਸਨ ਮਹਿਂ ਪਿਯ ਆਯੋ[1]
॥੨੫॥

[1]ਸੋਲਾਂ। ਨਵ ਸਾਤ (੯+੭) ਦਾ ਅਰਥ ਹੈ।

[1]ਪ੍ਰਦੇਸੋਂ) ਆਇਆ। †ਨਵਸਾਤ ਪਿਯੋ' ਦਾ ਅਰਥ ਨਹੀਂ ਆਯਾ।

ਖੋੜਸ ਘਰ ਕੋ ਚੌਪਰ ਰਚਿਯੋ।
ਖੋੜਸ ਦਾਵ ਲਾਇ ਸੁਖ ਮਚਿਯੋ।
ਸੋਈ ਖੋੜਸ ਪਜਾਰੋ ਲਜਾਯੋ[1]।

[1]ਸੋਈ ਸੋਲ੍ਹੀਆਂ ਦਾਉ ਪਜਾਰੇ (ਪਤੀ ਨੇ) ਲਿਆਂਦਾ ਭਾਵ ਪਾ ਲਿਆ।

ਖੋੜਸ ਕੀ ਬਾਜੀ ਜੈ ਪਾਯੋ[1] ॥੨੬॥

[1]ਚੌਪੜ ਦੀ ਬਾਜ਼ੀ ਜਿੱਤ ਲਈ।

ਖੋੜਸ ਕਲਾ ਚੰਦ ਮੁਖ ਜੋਈ[1]।

[1]ਸੋਲਾਂ ਕਲਾਂ (ਸੰਪੂਰਨ) ਚੰਦ ਵਰਗੇ ਮੁੱਖ ਵਾਲੀ।

ਹਾਰ ਪਾਯ ਤ੍ਰਿਯ ਛਾਦਤਿ ਸੋਈ[1]।

[1]ਤ੍ਰਿਯਾ ਨੇ ਹਾਰ ਪਾਕੇ ਮੂੰਹ ਢਕ ਲਿਆ।

ਮਨਹੁਂ ਮੇਘ ਮਹਿਂ ਨਿਸਪਤਿ[1] ਛਾਯੋ।

[1]ਚੰਦ੍ਰਮਾਂ।

ਇਮ ਅੰਚਰ ਮਹਿਂ[1] ਮੁਖਿ ਦਰਸਾਯੋ[2]-
॥੨੭॥

[1]ਪੱਲੇ ਵਿਚ। [2]ਮੂੰਹ ਦਿੱਸਿਆ।

ਸਤਿਗੁਰ ਸਹਿਤ ਸਭਾ ਸਭਿ ਸੁਨਿਯੋ।
ਅਰਥ ਜਥਾਵਤਿ ਜਿਮ ਇਹ ਭਨਿਯੋ।
ਸੁਨਿ ਚੰਦਨ ਕਵਿ ਤਜਿ ਹੰਕਾਰਾ।
ਹਾਥ ਜੋਰਿ ਗੁਰ ਸਾਥ ਉਚਾਰਾ ॥੨੮॥
'ਮਹਾਰਾਜ! ਬਲ ਨਹਿਂ ਬੁਧਿ ਕੇਰਾ।
ਕਰਾਮਾਤ ਸਾਹਿਬ ਕੋ ਚੇਰਾ[1]।

[1]ਕਰਾਮਾਤ ਦੇ (ਆਪ) ਸਾਹਿਬ ਹੋਤੇ ਇਹ ਆਪ ਦਾ ਚੇਰਾ ਹੈ।

ਗਰਬ ਨ ਚਲਹਿ ਆਪ ਕੇ ਆਗੇ।
ਸਿਮਰਹਿ ਨਾਮ ਬਨਾਵਨ ਲਾਗੇ[1]'
॥੨੯॥

[1]ਜੋ (ਆਪ ਦੇ) ਨਾਮ ਨੂੰ ਸਿਮਰਦਾ ਹੈ ਉਹ ਹੀ (ਕਵਿਤਾ) ਬਣਾਉਣ ਲੱਗ ਜਾਂਦਾ ਹੈ।

ਤਬਿ ਕਲ਼ਗੀਧਰ ਬਾਕ ਸੁਨਾਯੋ।

'ਧੰਨਾ ਸਿੰਘ ਜੁ ਤੋਹਿ ਬਨਾਯੋ।
ਸੋ ਪਠਿ, ਇਸ ਤੇ ਅਰਥ ਕਰਾਵਹੁ।
ਸੁਨਹੁ ਭਲੇ ਪੁਨ ਆਪ ਸੁਨਾਵਹੁ'
॥੩੦॥
ਸਭਾ ਬਿਖੇ ਜਬਿ ਸਤਿਗੁਰ ਕਹਿਯੋ।
ਆਸ਼ੈ ਸਕਲ ਸਿੰਘ ਨੇ ਲਹਿਯੋ[1]।
'ਕਥਹੁ ਅਰਥ ਜੇ ਕਰਿ ਲਖਿ ਪਾਯੋ[1]।'
ਉਭੈ[†] ਸਵੈਯਾ ਕਰਜੋ ਸੁਨਾਯੋ ॥੩੧॥

[1]ਧੰਨਾ ਸਿੰਘ ਨੇ ਸਾਰਾ ਆਸ਼ਾ ਜਾਣ ਲਿਆ।
[1]ਹੇ ਚੰਦਨ!) ਜੇ ਤੂੰ ਅਰਥ ਸਮਝ ਲਵੇਂ ਤਾਂ ਕਥਨ ਕਰ ਦੇਈਂ।
[†]ਪਾ:-ਏਕ। ਧੰਨਾ ਸਿੰਘ।

ਸ੍ਵੈਯਾ:
ਮੀਨ ਮਰੇ ਜਲ ਕੇ ਪਰਸੇ, ਕਬਹੂੰ ਨ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ, ਕਬਹੂੰ ਨ ਮਰੇ ਤਨ ਤਾਪ ਕੇ ਆਏ।
ਤੀਯ ਮਰੇ ਪੀਯ ਕੇ ਪਰਸੇ, ਕਬਹੂੰ ਨ ਮਰੇ ਪਰਦੇਸ਼ ਸਿਧਾਏ।
ਗੂੜ੍ਹ ਮੈਂ ਬਾਤ ਕਹੀ ਦਿਜਰਾਜ[1]! ਬਿਚਾਰ ਸਕੇ ਨ ਬਿਨਾਂ ਚਿਤ ਲਾਏ ॥੧॥ [1]ਹੇ ਚੰਦਨ ਕਵੀ!
ਕਉਲ ਮਰੇ ਰਵਿ ਕੇ[1] ਪਰਸੇ, ਕਬਹੂੰ ਨ ਮਰੇ ਸੀਸ ਕੀ ਛਬਿ[2] ਪਾਏ।

[1]ਸੂਰਜ ਦੀ ਧੁੱਪ। [2]ਚਾਂਦਨੀ-ਚੰਦ ਦੀਆਂ ਕਿਰਨਾਂ।

ਮਿੱਤ੍ਰ ਮਰੇ ਮਿਤ ਕੇ ਮਿਲਿਬੇ, ਕਬਹੂੰ ਨ ਮਰੇ ਜਬਿ ਦੂਰ ਸਿਧਾਏ।
ਸਿੰਘ ਮਰੇ ਜਬਿ ਮਾਸ ਮਿਲੇ, ਕਬਹੂੰ ਨ ਮਰੇ ਜਬਿ ਹਾਥ ਨ ਆਏ[1]। [1]ਮਾਸ) ਹੱਥ ਨਾ ਆਵੇ ਤਾਂ।
ਗੂੜ੍ਹ ਮੈਂ ਬਾਤ ਕਹੀ ਦਿਜਰਾਜ![1] ਬਿਚਾਰ ਸਕੇ ਨ ਬਿਨਾਂ ਚਿਤ ਲਾਏ[†] ॥੨॥

[1]ਹੇ ਦਿਜਰਾਜ (ਚੰਦਨ)! [†]ਇਨ੍ਹਾਂ ਦੋਹਾਂ ਸ੍ਵੈਯਾਂ ਦੇ ਅਰਥ ਕਰਨ ਦੀ ਕੁੰਜੀ ਇਹ ਹੈ ਕਿ ਪਦ 'ਕਬਹੂੰ ਨ' ਦੇ ਅੱਗੇ ਵਿਰਾਮ ਕਰ ਦਿੱਤਾ ਜਾਵੇ ਅਰਥਾਤ ਇਸ ਦਾ ਅਰਥ ਪਹਿਲੇ ਅੱਧ ਨਾਲ ਲੱਗ ਜਾਵੇ, ਯਥਾ-ਮੱਛੀ ਜਲ ਦੇ ਸਪਰਸ਼ ਨਾਲ ਮਰੇਗੀ ਕਦੇ ਨਾ, ਪਰ (ਅੱਗ=) ਸੇਕ ਪਾਕੇ ਮਰ ਜਾਏਗੀ।

ਚੌਪਈ:
ਧੰਨਾ ਸਿੰਘ ਬਨਾਇ ਸੁਨਾਏ।
ਚੰਦਨ ਕਵਿ ਤੇ ਅਰਥ ਨ ਆਏ।
ਰਹਜੋ ਬਿਚਾਰਤਿ ਥਿਰ ਚਿਰ ਕਾਲਾ।
ਪੁਨ ਲੱਜਾ ਧਰਿ ਰਹਜੋ ਬਿਸਾਲਾ
॥੩੨॥
ਭਯੋ ਦੀਨ ਤਬਿ ਗੁਰ ਅਗੁਵਾਈ।
ਮੁਖਿ ਤੇ ਕਛੁ ਨ ਬੋਲਜੋ ਜਾਈ।
ਮਹਿੰਮਾ ਮਹਾਂ ਜਾਨਿ ਪ੍ਰਭੁ ਕੇਰੀ।
ਬਿਨਤੀ ਕਰਤਿ ਭਯੋ ਤਿਸ ਬੇਰੀ
॥੩੩॥

'ਜੇ[1] ਰਾਵਰ ਕੀ ਚਰਨੀ ਲਾਗੇ।
ਮੂਰਖ ਭੀ ਚਾਤੁਰ ਬਡਭਾਗੇ।
ਕੌਨ ਚਹੈ ਸਮਤਾ ਤਿਨ ਕੇਰੀ।
ਚਹੈ ਜੁ ਹੋਇ ਦਸ਼ਾ ਜਸਮੇਰੀ[1]' ॥੩੪॥

[1]ਜਿਹੜੇ।

[1]ਜੋ (ਸਮਤਾ ਕਰਨੀ) ਚਾਹੇਗਾ ਉਸ ਦੀ ਐਸੀ ਦਸ਼ਾ ਹੋਵੇਗੀ ਜੈਸੀ ਮੇਰੀ ਹੋਈ ਹੈ।

ਬੋਲਜੋ ਦੀਨ ਗਰਬ ਜਬਿ ਹਰਜੋ।
ਸ੍ਰੀ ਗੁਰ ਸੋ ਭੀ ਰਾਖਨਿ ਕਰਜੋ।
ਇਸੀ ਪ੍ਰਕਾਰ ਅਨਿਕ ਗੁਨਵੰਤੇ।
ਸੁਨਿ ਸੁਨਿ ਜਸ ਕੋ ਆਇ ਰਹੰਤੇ ॥੩੫॥

ਕਰਿ ਚਰਚਾ ਪ੍ਰਭੁ ਕੋ ਪਰਚਾਵੈਂ।
ਅਨਿਕ ਜੁਗਤ ਜੁਤਿ ਕਵਿਤ ਸੁਨਾਵੈਂ।
ਬਖਸ਼ਿਸ਼ ਲੇਤਿ ਮਹਾਂ ਮਨ ਭਾਈ।
ਰੀਝਹਿਂ ਰਿਦੇ ਗੁਨਨਿ ਅਧਿਕਾਈ ॥੩੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕਵਿਯਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

## ੨੭. [ਸੁਖਮਨੀ ਤੇ ਜਪ ਮਹਿਮਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

†ਇਕ ਦਿਨ ਗੁਰ ਕਹਿਂ ਸਭਾ ਮਹਿਂ, 'ਸ਼੍ਰੀ ਅਰਜਨ ਕੀ ਰਹਿਤ।

†ਸੌ ਸਾਖੀ ਦੀ ੮੯ਵੀਂ ਸਾਖੀ ਚੱਲੀ।

ਕਲਿ[1] ਮਹਿਮਾ ਸੁਖਮਨੀ ਬਹੁ, ਜਪੁਜੀ ਮਹਿਮਾਂ ਮਹਿਤ ॥੧॥ [1]ਕਲਜੁਗ ਵਿਚ।

ਜਿਨ ਕੇ ਸੇਵਨ ਤੇ ਮਿਟੈਂ, ਬਿਘਨ ਕਲੁਖ ਸਮੁਦਾਇ।

ਨਿੱਤ ਪਾਠ† ਚਿਤ ਪ੍ਰੀਤ ਤੇ, ਅੰਤ ਭਲੀ ਗਤ ਪਾਇ' ॥੨॥ †ਪਾ:-ਪਾਠ ਕਹਿ।

ਸੁਨਿ ਕਰਿ ਤਬਿ ਨੰਦਲਾਲ ਇਕ, ਪੰਡਤ ਪਿੰਡੀ ਲਾਲ।

ਦੋਨਹੁਂ ਬੂਝਨਿ ਲਗੇ ਸ਼ੁਭ, ਮਹਿਮਾ ਜਥਾ ਬਿਸਾਲ ॥੩॥

'ਸ਼੍ਰੀ ਅਰਜਨ ਜੀ ਰਚੀ ਏ[1], ਸ਼੍ਰੀ ਨਾਨਕ ਜਪੁ ਕੀਨਾ। [1]ਭਾਵ ਸੁਖਮਨੀ।

ਸ਼੍ਰੀ ਮੁਖ ਤੇ ਬਰਨਹੁਂ ਅਬੈ, ਜਥਾ ਮਹਾਤਮ ਪੀਨ' ॥੪॥

ਚੌਪਈ:

ਇਤਨੇ ਬਿਖੈ ਨੰਦ ਸਿੰਘ ਕਹਿਯੋ।

'ਮਹਾਰਾਜ ਮੈਂ ਅਚਰਜ ਲਹਿਯੋ।

ਬਿਚ ਸਰਾਇ ਕੇ ਇਕ ਸਿਖ ਹੇਰਾ।

ਤਿਸ ਮਹਿਂ ਪ੍ਰਵਿਸ਼ਯੋ ਪ੍ਰੇਤ ਬਡੇਰਾ' ॥੫॥

ਇਤਨੋ ਈ ਪ੍ਰਸਤਾਵ ਚਲਾਏ[1]। [1]ਇਤਨਾ ਪ੍ਰਸੰਗ ਚਲ ਹੀ ਰਿਹਾ ਸੀ ਕਿ........।

ਕਵੀ ਗੁਨੀ ਗਨ ਗੁਰ ਢਿਗ ਆਏ।

ਪਠਨਿ ਸੁਨਨਿ ਕੋ ਪਰਚਾ ਜੋਇ।

ਜਿਨ ਕੇ ਸੰਗ ਕਰੈਂ ਰਸ ਸੋਇ[1] ॥੬॥ [1]ਜਿਨ੍ਹਾਂ ਨਾਲ ਗੁਰੂ ਜੀ ਮਿਲਕੇ ਰਸ ਨਾਲ (ਚਰਚਾ) ਕਰਦੇ ਹੁੰਦੇ ਸਨ।

ਬਿਧੀਚੰਦ, ਪੰਡਤ ਬ੍ਰਿਜਲਾਲ।

ਖਾਨਚੰਦ, ਅਰੁ ਚੰਦ ਨਿਹਾਲ।

ਮਾਨਦਾਸ ਬੈਰਾਗੀ ਜੇਵ।

ਸੈਨਾਪਤਿ, ਪੰਡਤਿ ਸੁਖਦੇਵ ॥੭॥

ਆਲਮਸ਼ਾਹ†, ਮਦਨ ਗਿਰ ਆਯੋ।

†ਸ਼ਿਵ ਸਿੰਘ ਸਰੋਜ ਤੇ ਹਿੰਦੀ ਸ਼ਬਦ ਸਾਗਰ ਕੋਸ਼ ਤੇ ਹਿੰਦੀ ਅੱਖਰਾਂ ਵਿਚ ਲਿਖੇ ਮਾਧਵਾਨਲ ਕਾਮ ਕੰਦਲਾ ਦੇ ਅੰਤਲੇ ਦੋਹੇ ਤੋਂ ਬੀ ਸਹੀ ਹੋ ਗਿਆ ਹੈ ਕਿ ਇਹ ਕਵੀ ਦਸਮ ਗੁਰੂ ਜੀ ਦੇ ਸਮੇਂ ਹੋਇਆ ਹੈ। ੬੯੧ ਹਿ: ਸੰਮਤ ਇਸ ਦੇ ਦੀਬਾਚੇ ਵਿਚ ਦਿਤਾ ਜੋਧ ਕਵੀ ਸੰਸਕ੍ਰਿਤ ਦੇ ਲੇਖ ਦਾ ਸੰਮਤ ਹੈ। ਜੋਧ ਨੇ ਰਾਗਮਾਲਾ ਨਹੀਂ ਦਿੱਤੀ। ਗੁਰਦਰਬਾਰੀ ਹੋਣ ਕਰਕੇ ਆਲਮ ਨੇ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਆਪਣੇ ਤਰਜਮੇ ਵਿਚ ਦਿਤੀ ਹੈ। ਦੇਖੋ ਸ੍ਰੀ ਗੁਰ ਗ੍ਰੰਥ ਕੋਸ਼ ਦੀ ਅੰਤਕਾ ਪੁਨਾ ਦੇਖੋ ਪਿਛੇ ਰਾਸ ੩ ਅੰਸੂ ੪੮ ਅੰਕ ੪੧ ਦੀ ਹੇਠਲੀ ਟੂਕ।

ਬ੍ਰਿੱਖਾ[†], ਸੁੱਖੂ, ਗੁਨੀਆ ਭਾਯੋ। [†]ਪਾ:-ਸੱਖਾ।

ਗੁੱਨਾ, ਅਲੀ ਹੁਸੈਨ ਰੁ ਅੱਲ।
ਉਦੇਰਾਵ, ਰਾਵਲ, ਕਵਿ ਬੱਲ[†] ॥੮॥ [†]ਪਾ:-ਉੱਦੇ ਰਾਵਲ ਹੈ ਕਵੀ ਬੱਲ।

ਸੁਖੀਆ, ਧਰਮ ਸਿੰਘ ਅਰੁ ਚੰਦਾ।
ਬੱਲਭ ਕਵਿ, ਕੁਵਰੇਸ਼ ਬਿਲੰਦਾ।
ਮੱਧੂ, ਲੱਖਾ, ਈਸ਼ੁਰਦਾਸ।
ਧਜਾਨ ਸਿੰਘ, ਧੰਨਾ ਸਿੰਘ ਦਾਸ ॥੯॥
ਹੰਸ ਰਾਮ ਆਦਿਕ, ਕਵਿ ਔਰ[†]।

[†]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ੫੨ ਕਵੀ ਹੈਸਨ ਪ੍ਰਸਿੱਧ ਬਾਤ ਹੈ, ਪਰ ਇਹ ਗੇਣਤੀ ਵਧਦੀ ਘਟਦੀ ਬੀ ਸੀ। ਉਨ੍ਹਾਂ ਬਵੰਜਾ ਕਵੀਆਂ ਵਿਚੋਂ ਹੇਠ ਲਿਖੇ ੪੧ ਕਵੀਆਂ ਦੇ ਨਾਮ ਗੁ: ਪ੍ਰ: ਸੂਰਜ ਦੀ ਇਸੇ ਰੁਤ ਵਿਚ ਅੱਡ ਅੱਡ ਥਾਈਂ ਆਏ ਹਨ:-
ਉਦੇ ਰਾਇ, ਅੱਲੂ, ਆਸਾ ਸਿੰਘ, ਆਲਿਮ, ਅਲੀ ਹੁਸੈਨ, ਅੰਮ੍ਰਿਤਰਾਇ, ਈਸ਼ਰ, ਸੁਖਾਸਿੰਘ, ਸੁਖਦੇਵ, ਸੁੱਖੂ, ਸੁਖੀਆ, ਸੁਦਾਮਾ, ਸੈਨਾ ਪਤ, ਹੰਸ ਰਾਮ, ਕਲੂਆ, ਕੁਵਰੇਸ਼, ਖਾਨ ਚੰਦ, ਗੁਣੀਆਂ, ਗੁਰਦਾਸ, ਚੰਦਨ, ਚੰਦਾ, ਧਰਮ ਸਿੰਘ, ਧਿਆਨ ਸਿੰਘ, ਧੰਨਾ ਸਿੰਘ, ਨਿਹਾਲ ਚੰਦ, ਨੰਦ ਲਾਲ, ਨੰਦ ਸਿੰਘ, ਪਿੰਡੀ ਲਾਲ, ਬੱਲਭ, ਬੱਲੂ, ਬਿਧੀ ਚੰਦ, ਬ੍ਰਿੱਖਾ, ਬ੍ਰਿਜ ਲਾਲ, ਮਦਨ ਗਿਰ, ਮੱਧੂ, ਮਾਨ ਚੰਦ, ਮਾਨ ਦਾਸ, ਮਾਲਾ ਸਿੰਘ, ਮੰਗਲ, ਰਾਵਲ, ਲੱਖਾ। ਬਾਕੀ ੧੧ ਕਵੀਆਂ ਦੇ ਨਾਮ ਇਹ ਹਨ:-
ਅਣੀਰਾਇ, ਸ਼ਜਾਮ, ਸੁੰਦਰ, ਸੋਹਨ, ਹੀਰ, ਟਹਿਕਨ, ਦਯਾ ਸਿੰਘ, ਨਾਨੂ, ਨਿਸ਼ਚਲ ਦਾਸ, ਰਾਮ ਚੰਦ, ਰੌਸ਼ਨ ਸਿੰਘ। ਇਨ੍ਹਾਂ ਤੋਂ ਛੁੱਟ ਅਚਲ ਦਾਸ, ਜਮਾਲ, ਬੁਲੰਦ, ਮਥੁਰਾ, ਮੱਲੂ, ਗੋਪਾਲ ਤੇ ਮਦਨ ਸਿੰਘ, ਹੋਰ ਨਾਮ ਕਵੀਆਂ ਦੇ ਹਨ ਜੋ ਗੁਰ ਦਰਬਾਰ ਵਿਚ ਰਹੇ ਹਨ।

ਬਿੱਦਯਾਵੰਤਨਿ ਕੇ ਸਿਰਮੌਰ।
ਪ੍ਰਿਥਕ ਪ੍ਰਿਥਕ ਸਭਿ ਟੇਕਯੋ ਮਾਥਾ।
ਬੈਠੇ ਸਭਾ ਦੇਖਿ ਗੁਰ ਨਾਥਾ ॥੧੦॥
ਇਨ ਪਸ਼ਚਾਤੀ ਆਇ ਸ਼ਿਤਾਬੀ।
ਸੱਦੂ ਮੱਦੂ ਦੌਨ ਰਬਾਬੀ।
ਕਿਰਤਨ ਕਰਨਿ ਲਗੇ ਤਬਿ ਆਏ।
ਥਿਰ ਚਿਤ ਜਬਹਿ ਥਿਰੇ ਸਮੁਦਾਏ ॥੧੧॥
ਤਬਿ ਸ਼੍ਰੀ ਮੁਖ ਤੇ ਉੱਤਰ ਕਹਯੋ।
'ਪ੍ਰੇਤ ਲਗਯੋ ਜਿਹ ਸਿਖ ਕੇ ਲਹਯੋ[1]। [1]ਪ੍ਰੇਤ ਲੱਗਾ ਹੋਯਾ ਜਿਸ ਸਿੱਖ ਦੇ (ਤੁਸੀਂ) ਵੇਖਿਆ ਹੈ।
ਸੋ ਨਹਿੰ ਪਢਤਿ ਹੋਗ ਜਪੁ ਰਸਨਾ।
ਜਿਨਹੁੰ ਕੰਠ ਤਿਨ ਪਰ ਕਛੁ ਬਸ ਨਾ[1]' ॥੧੨॥ [1]ਭਾਵ ਜਿਨ੍ਹਾਂ ਨੂੰ ਜਪੁਜੀ ਕੰਠ ਹੈ ਉਨ੍ਹਾਂ ਪਰ ਭੂਤ ਦਾ ਵੱਸ ਨਹੀਂ ਚਲਦਾ।

ਨਿਕਟ ਖਾਲਸਾ ਗੁਰ ਬਚ ਸੁਨਿਯੋ।
ਬੂਝਨਿ ਕਾਰਨ ਨੀਕੇ ਭਨਿਯੋ।
'ਸ੍ਰੀ ਪ੍ਰਭੁ ਪਾਤਸ਼ਾਹ ਗੁਰ ਸਾਚੇ !
ਦਿਹੁ ਬਤਾਇ ਸੰਸੈ ਚਿਤ ਰਾਚੇ ॥੧੩॥
ਲੇਤਿ ਮੁਕਤਿ ਜਪੁ ਪਾਠਕ ਜੋਇ[1]?
ਕੈ ਸਰੀਰ ਕੀ ਰੱਛਾ ਹੋਇ?
ਇਹ ਨਿਰਨੈ ਹਮ ਪਾਵਹਿਂ ਜੈਸੇ।
ਸਿੱਖਨ ਹੇਤ ਉਚਾਰਹੁ ਤੈਸੇ' ॥੧੪॥
ਸ੍ਰੀ ਮੁਖ ਤੇ ਫੁਰਮਾਵਨ ਕੀਨ।
'ਅੰਮ੍ਰਿਤ ਫਲ ਕਿਸਹੂੰ ਕਰ ਲੀਨ[1]।
ਜੋ ਅਚਿ ਲੇਹ ਅਮਰ ਹੁਇ ਜਾਇ।
ਭੂਖ ਤ੍ਰਿਖਾ ਭੀ ਦੁਖ ਬਿਨਸਾਇ ॥੧੫॥
ਅੰਮ੍ਰਿਤ ਫਲ ਜਿਮ ਦੋਨੋਂ ਕਰੇ[1]।
ਤਥਾ ਸ਼ਕਤਿ ਜਪੁਜੀ ਜੁਗ[1] ਧਰੇ।
ਤਨ ਕੀ ਰੱਛਾ ਮੁਕਤਿ ਪਦਾਰਥ[1]।
ਦੇ ਦੋਨੋਂ ਕੋ ਸਦਾ ਸਕਾਰਥ' ॥੧੬॥
ਸੁਨਿ ਕਰਿ ਤਬਿ ਪੰਡਤਿ ਬ੍ਰਿਜਲਾਲ।
ਬਿਨਤੀ ਕਰਤਿ ਭਯੋ ਤਿਸ ਕਾਲ।
'ਪਾਤਿਸ਼ਾਹੁ ! ਸੁਨਿ ਮੇਰੀ ਬਾਤ।
ਇਕ ਦਿਨ ਸੁਪਨੇ ਮਹਿਂ ਬਿੱਖਜਾਤ ॥੧੭॥
ਸ੍ਰੀ ਨਾਨਕ ਕੋ ਦਰਸ਼ਨ ਕੀਨੋ।
ਜਨਮ ਕ੍ਰਿਤਾਰਥ ਮੈਂ ਨਿਜ ਚੀਨੋ।
ਪਰਮ ਅਰਥ[1] ਜਪੁਜੀ ਕੋ ਹੋਇ।
ਮੈਂ ਭੀ ਸੁਨਜੋ, ਸੁਣਾਵੌਂ ਸੋਇ ॥੧੮॥
ਕਰਜੋ ਸ਼ਲੋਕ ਸੁਨਾਵਨ ਚਹੌਂ[1]।
ਤਹਿਂ ਤੇ ਸੁਨਿ ਜੇਤਿਕ ਮੈਂ ਲਹੋਂ[1]।'
ਸਤਿਗੁਰ ਤਬੈ ਉਚਾਰਨ ਕੀਨੋ[†]।

[1]ਕੀ (ਜਪੁਜੀ ਪਾਠਕ) ਮੁਕਤੀ ਲੈਂਦਾ ਹੈ?

[1]ਜੇ) ਅੰਮ੍ਰਿਤ ਫਲ ਕਿਸੇ ਹੱਥ ਵਿਚ ਲਿਆ ਹੈ।

[1]ਜਿਵੇਂ ਦੋਵੇਂ (ਅਸਰ) ਕਰਦਾ ਹੈ (ਅਮਰ ਵੀ ਤੇ ਭੁੱਖ ਤ੍ਰਿਖਾ ਦਾ ਨਾਸ਼ ਵੀ)।

[1]ਦੋਵੇਂ ਸ਼ਕਤੀਆਂ।

[1]ਮੋਖ ਪਦਾਰਥ।

[1]ਗੂਢ ਅਰਥ।

[1]ਜੋ) ਮੈਂ ਸ਼ਲੋਕ ਰਚਿਆ ਸੀ ਸੋ ਸੁਨਾਯਾ ਚਾਹੁੰਦਾ ਹਾਂ।

[1]ਜਿਤਨਾ ਕੁ ਮੈਂ ਸਮਝਿਆ ਹੈ।

[†]ਪਾ:-ਕੀਨਾ।

'ਗੁਰ ਘਰ ਕੋ ਪੰਡਤ ਮਤ ਪੀਨੋ[†] ॥੧੯॥

[†]ਪਾ:-ਪੀਨਾ।

ਗੁਰ ਮਹਿਂ ਤੁਵ ਪ੍ਰਤੀਤ ਹੈ ਭਾਰੀ।
ਸੁਨਜੋ ਜਥਾ ਅਬਿ ਕਰਹੁ ਉਚਾਰੀ।'
ਸੁਨਿ ਕਲਗੀਧਰ ਤੇ ਦਿਜਬਰ ਤਬਿ।
ਕਰਜੋ ਸੁਨਵਾਨ ਆਸ਼ੈ ਨਿਜ ਸਬਿ ॥੨੦॥

ਸਲੋਕ:
'ਹਰਿ ਸ਼ਤ੍ਰੂਨਿ ਮਮ ਗ੍ਰਿਹੇ
ਦਿਵਾਰਾ ਤ੍ਰੋਹਿ ਦੁਖ ਦਾਨਿ।
ਤ੍ਰਾਹਿਮਾਂ ਦ੍ਰਸ਼ਯ ਗੁਰੋ ਸ੍ਵਪਨ
ਸਲੋਕੋਕਤਿ ਉਕਤਵਾਨਿ[1]' ॥ ੧ ॥

[1]ਗੁਰ ਕੇ ਬਚਨ।

ਚੌਪਈ:
ਇਮ ਪੜਿਓ ਪੰਡਤ ਬ੍ਰਿਜਲਾਲ।
ਪੁਨ ਬੋਲਜੋ ਸੰਗਤ ਕੇ ਨਾਲ।
'ਸ੍ਰੀ ਨਾਨਕ ਗੁਰ ਅਰਜਨ ਜੋਊ।
ਸ੍ਵਪਨ ਬਿਖੈ ਦਰਸੇ ਤਬਿ ਦੋਊ ॥੨੧॥
ਤਹਾਂ ਸੁਨਜੋਂ ਸੋ ਕਰਹੁਂ ਸੁਨਾਵਨਿ।
ਸੁਨਹੁਂ ਭਲੇ ਸ਼ੁਭ ਚਰਚਾ ਪਾਵਨ।
ਮਹਿਮਾ ਗੁਰ ਬਚ ਅਰ ਗੁਰ ਕੇਰੀ।
ਕਹੈ ਕੌਨ ਜੌ ਬਡਿਹੁਂ ਬਡੇਰੀ ॥੨੨॥

ਸਲੋਕ:
ਮੋਖੇ ਚ ਪ੍ਰਾਣੇ ਗੁਣੇ ਦ੍ਰਬਜ ਲਾਭੇ ਭਰਮੇ
ਵਿਰਕਤੋ ਸੁਰ ਸੇਵਨੇ ਵਾ।
ਯੋਖਤ ਸੁ ਦਾਸੇ ਸਤ ਪੁੱਤ੍ਰ ਯਾਨੇ ਸੰਗ੍ਰਹਿ
ਸੁਭਾਵੇ ਰਿਸਟੋ ਪਰਮਦੇ।
ਮਨੋ ਨਿਰੋਧੇ ਯੁਧਿ ਸਤਿ ਪ੍ਰਗ੍ਰਹੇ ਧਰਮੇਚ
ਨੀਤੌ ਦਾਨੇ ਗੁਣਾ ਕਰੇ।
ਏਤੇ ਖੁ ਕੁਰਯਾਤਿ ਸਤਿਨਾਮ ਬਾਣਿ ਮੋ ਕਾਰਿ
ਮਾਦੋ ਕਲਿਸ ਦਧਾਨ[1] ॥ ੨ ॥'

[1]ਯੋਖ਼ਿਤ੍ਰ ਸੁਦਾਸੇ, ਸਤ੍ਰ ਪੁਤ੍ਰ, ਯਾਨੇ, ਸੰਗ੍ਰਹ, ਵਭਾਵੇ, ऽਰਿਸ਼੍ਰੋ ਪ੍ਰਮੋਦੇ। ਮਨੋ ਨਿਰੋਧੇ, ਯੁਧਜਸਤ੍ਰ, ਪ੍ਰਗ੍ਰਹੇ, ਧਰ੍ਮੇਚਨੀਤੌਂ, ਦਾਨੇ, ਗੁਣਾਕਰੇ। ਏਤੇ ਖ਼ੁ ਕੁਰ੍ਯਾਤ੍ ਸਤਜਨਾਮ ਬਾਣੀ ਮੋਕਾਰ ਮਾਦੌਂ ਕਲਿ ਸੰਦਧਾਨ:। ਅਰਥ: ਮੁਕਤੀ ਵਿਚ, ਪ੍ਰਾਣਾਂ (ਦੀ ਰੱਖਜਾ) ਵਿਚ, ਗੁਣ ਤੇ ਧਨ ਦੇ ਲਾਭ ਵਿਚ, ਧਰਮ ਵਿਚ, ਉਦਾਸੀ ਵਿਚ, ਦੇਵਤਾ

ਪੂਜਨ ਕਰਨ ਵਿਚ, (ਦਾਸਾ ਭਾਵ ਵਾਲੀ ਭਾਵ) ਆਗਯਾਕਾਰ ਸ੍ਰੇਸ਼ਟ ਇਸਤ੍ਰੀ (ਵਿਆਹੁਣ) ਵਿੱਚ, ਸ੍ਰੇਸ਼ਟ ਪੁੱਤ੍ਰ (ਦੇ ਪ੍ਰਾਪਤ ਕਰਨ) ਵਿਚ, ਸਫਰ ਕਰਨ ਵਿੱਚ, ਸ੍ਰੇਸ਼ਟ ਸੁਭਾਵ ਦੇ ਗ੍ਰਹਣ ਕਰਨ ਵਿਚ, ਦੁਖਦਾਈਆਂ ਨੂੰ ਪ੍ਰਸੰਨ ਕਰਨ ਵਿਚ, ਮਨ ਰੋਕਣ ਵਿੱਚ, ਯੁੱਧ ਵਿੱਚ ਅਸਤ੍ਰ ਗ੍ਰਹਣ ਕਰਨ ਵਿੱਚ, ਵਸੀਕਾਰ ਕਰਨ ਵਿੱਚ, ਧਰਮ ਨੀਤੀ (=ਰਾਜ ਨੀਤੀ) ਵਿਚ, ਦਾਨ ਵਿੱਚ, ਗੁਣਾਂ ਦੇ ਖਜ਼ਾਨੇ ਭਾਵ ਗੁਣ ਕੱਠੇ ਕਰਨ ਵਿੱਚ, ਇਤਨਿਆਂ (ਸਾਰਿਆਂ) ਵਿੱਚ ਸਤਿਨਾਮ ਬਾਣੀ ਜਿਸਦੇ ਆਦਿ ੴਕਾਰ ਹੈ ਕਲਯੁਗ ਵਿਚ ਧਾਰਨ ਕਰੇ।

ਚੌਪਈ:

ਸੁਨਿ ਕੈ ਸੰਗਤਿ ਬਹੁਰ ਸੁਨਾਯੋ।
'ਸੁਪਨੇ ਮਹਿਂ ਸਲੋਕ ਸਿਖ ਆਯੋ।
ਭਾਵ ਅਰਥ ਇਸ ਕੋ ਸਮੁਝਾਵੋ।
ਕਹਿ ਸ਼੍ਰੀਮੁਖ ਤੇ ਆਪ ਸੁਨਾਵੋ' ॥੨੩॥

ਸੁਨਿ ਕਲਗੀਧਰ ਉਚਰਜੋ ਨੀਕੋ।
'ਜਾਨਹੁਂ ਪਰਮਮੰਤ੍ਰ ਜਪੁਜੀ ਕੋ[1]।

[1]ਜਪੁਜੀ ਨੂੰ ਸ਼ਰੋਮਣੀ ਮੰਤ੍ਰ ਸਮਝੋ। ਸੌ ਸਾਖੀ ਵਾਲਾ ਐਉਂ ਲਿਖਦਾ ਹੈ:-ਭਾਈ ਇਹ ਜਪੁਜੀ ਕਾ ਮਾਨਸੀ ਪਰਮ ਮੰਤ੍ਰ ਦਾ ਅਰਥ ਹੈ।

ਅਹੈਂ ਮਾਨਸੀ ਪੰਚੀ ਅੱਛਰ[1]।

[1]ਮਾਨਸੀ-ਮਨੋਂ ਵਾਂਛਿਤ ਦੇ ਦੇਣ ਹਾਰੇ। (ਅ) ਮਨ ਨਾਲ ਜਪੇ ਜਾਣ ਵਾਲੇ ਹਨ ਪੰਚੀ ਅਖਰ। ੨੫ ਅਖਰ, ਭਾਵ 'ਏਕੋਂਕਾਰ' ਤੋਂ ਲੈਕੇ 'ਅਕਾਲ ਮੂਰਤਿ' ਤਕ ੨੫ ਅੱਖਰ ਹਨ। ਯਾਦ ਰਹੇ ਕਿ 'ੴ' ਨੂੰ ਇਕ ਅਖਰ ਗਿਣਨਾ ਹੈ, ਕਿਉਂਕਿ ਗੁਰਮਤ ਵਿਚ ਵਾਹਿਗੁਰੂ ਜੀ ਦਾ ਚਿੰਨ੍ਹ 'ੴ' ਹੈ 'ਨਿਰਾ 'ਓਂ' ਨਹੀਂ। ਨਿਰਾ 'ਓਂ' ਤ੍ਰਿਧਾ ਮੂਰਤੀ ਦਾ ਅਰਥ ਕਈ ਮਤਾਂ ਵਿਚ ਰਖਦਾ ਹੈ, ਉਸ ਭਾਵ ਤੋਂ ਸ਼ੁੱਧ ਕਰਕੇ ਏਕਤਾ (ਵਾਹਦਾਨੀਅਤ) ਦੀ ਮੁਰਾਦ ਉਤੇ ਸੰਕੇਤ ਕਰਨ ਹਿਤ ਇਸ ਦਾ ਗੁਰਮਤ ਵਿਚ ਸੰਪੂਰਨ ਰੂਪ 'ੴ' ਹੈ, ਜਿੱਥੇ ਓਂਕਾਰ ਪਾਠ ਅੱਗੇ ਆਵੇਗਾ ਸਭ ਜਗਾ ਮੁਰਾਦ 'ੴ' ਤੋਂ ਲੈਣੀ ਹੈ, ਗੁਰਮਤ ਵਿਚ ਵਿਹਤ ਰੂਪ ਇਹੋ 'ੴ' ਹੈ। ਜੈਸਾ ਕਿ ਸੌ ਸਾਖੀ ਦੇ ਕਰਤਾ ਨੇ ਮੰਨਿਆ ਹੈ ਕਿ ਮੂਲ ਮੰਤ੍ਰ ਦੇ ਮੁੱਢ ਵਿਚ ਏਕੋਂਕਾਰ ਦਾ ਪਾਠ ਕਰੋ; ਦੇਖੋ ਅੰਸੂ ੨੮ ਅੰਕ ੩੪।

ਬਾਂਛਤਿ ਦੇ[1] ਸਿਮਰਜੋ ਜਿਨ ਰਿਦ ਧਰਿ' ॥੨੪॥

[1]ਭਾਵ (ਮਨ) ਮੰਗੀ ਮੁਰਾਦ ਦੇ ਦੇਣਹਾਰੇ ਹਨ।

ਤਿਸ ਕੋ ਅਰਥ ਕਹਜੋ ਗੁਰ ਦਯਾਲ।
ਹਿਤ ਸਿੱਖਨਿ ਕੇ ਕਰਨ ਨਿਹਾਲ।
'ਬਰਨ ਪਚੀਹ ਅਜੱਪਾ ਜਪੈ[1]।

[1]ਭਾਵ ਮਨ ਨਾਲ ਜਪੇ।

ਕੈ ਰਸਨਾ ਰਸ ਤੇ ਮਨ ਰਪੈ[1] ॥੨੫॥

[1]ਯਾ ਰਸਨਾ ਨਾਲ (ਜਪੇ ਤੇ) ਮਨ ਰਸ ਵਿਚ ਰਚਿਆ ਰਹੇ।

†ਤਿਸ ਤੇ ਦੂਖਨ, ਦੁਖ, ਰੁਜ ਤੀਨ[1]।

[1]ਮੋਖੇ' ਦਾ ਅਰਥ ਤੁਰਿਆ) ਤਿੰਨ ਤਰ੍ਹਾਂ ਦੇ ਦੂਸ਼ਨ, ਤਿੰਨ ਤਰ੍ਹਾਂ ਦੇ ਦੁਖ ਤੇ ਤਿੰਨ ਤਰ੍ਹਾਂ ਦੇ ਰੋਗ। ਦੂਖਨ=ਮਨ ਦੇ, ਬਾਣੀ ਦੇ, ਸਰੀਰ ਦੇ। ਦੁਖ=ਆਧਿ ਬਿਆਧਿ ਉਪਾਧਿ। ਰੁਜ=ਵਾਤ ਪਿਤ ਕਫ। (ਅ) ਦੂਖਨ ਦੁੱਖ ਤੇ ਰੁਜ ਏ ਤ੍ਰੈ ਚੀਜ਼ਾਂ। †ਇਥੋਂ ਦੂਜੇ ਸ਼ਲੋਕ ਦਾ ਅਰਥ ਚਲਿਆ ਪਰ ਇਹ ਉਥੇ ਦਿਤੇ ਕ੍ਰਮ ਨਾਲ ਕ੍ਰਮ ਵਾਰ ਨਹੀਂ ਹੈ।

ਬਾਤ ਪਿੱਤ ਕਫ ਕਰਤਾ ਹੀਨ[1]।

[1]ਅਤੇ ਵਾਤ ਪਿੱਤ ਤੇ ਕਫ (ਦੇ ਵਿਗਾੜ ਨੂੰ) ਹੀਨ ਕਰਨਹਾਰੇ ਹਨ (੨੫ ਅੱਖਰ) ਸੂਚਨਾ-ਵਾਤ ਪਿਤ ਕਫ ਦਾ ਭਾਵ ਲੋਭ ਕ੍ਰੋਧ ਤੇ ਕਾਮ ਵੀ ਹੋ ਸਕਦਾ ਹੈ, ਕਿਉਂਕਿ ਲੋਭੀ ਨੂੰ ਵਾਤ, ਕ੍ਰੋਧੀ ਨੂੰ ਪਿੱਤ ਤੇ ਕਾਮੀ ਨੂੰ ਕਫ ਦੇ ਵਿਗਾੜ ਹੋ ਜਾਂਦੇ ਹਨ। ਯਾ ਪਿੱਤ ਵਾਲੇ ਦਾ ਸੁਭਾਵ ਕ੍ਰੋਧੀ, ਲੋਭੀ ਦਾ ਵਾਤੀ ਤੇ ਕਫੀ ਦਾ ਕਾਮੀ ਹੋ ਜਾਂਦਾ ਹੈ।
ਸੌ ਸਾਖੀ ਦੇ ਪਾਠ ਤੋਂ ਪਤਾ ਲਗਦਾ ਹੈ ਕਿ ਤ੍ਰੈ ਦੋਖ, ਵਾਤ ਪਿੱਤ ਕਫ ਤੋਂ ਕੇਵਲ ਮੁਰਾਦ ਹੈ।

ਮੁਕਤਿ ਜੁਗਤਿ ਉੱਤਮ ਪਦ ਪਾਵੈ।
ਸੁਖੀ ਹੋਇ ਨਹਿਂ ਅਵਗਤਿ ਜਾਵੈ ॥੨੬॥
ਜੇ ਭੋਜਨ ਪਰ ਕਰਹਿਂ ਉਚਾਰਨਿ।
ਵਧੈ ਰਿਧਿ ਹੁਇ ਅੰਨ ਬਿਕਾਰ ਨ[1]। — [1]'ਪ੍ਰਾਣੇ' ਦਾ ਅਰਥ:-) ਅੰਨ ਦਾ ਵਿਗਾੜ ਨਹੀਂ ਹੋਸੀ।
ਸੁਖ ਸੋਂ† ਪਚਹਿ, ਨ ਰੁਜ ਉਪਜਾਵੈ। — †ਪਾ:-ਪੁਨਿ ਸੋ, ਸੁਨਿ ਸੋ।
ਕਾਲ ਰਹਿਤ ਹੁਇ ਦੋਖ ਮਿਟਾਵੈ[1] ॥੨੭॥ — [1]ਭਾਵ ਲੰਮੀ ਆਯੂ ਵਾਲਾ ਹੋਵੇਗਾ ਤੇ ਅਰੋਗ ਰਹੇਗਾ।
[1]ਦਰਬ ਲਾਭ ਮਹਿਂ, ਧਰਮ ਮਝਾਰਾ। — [1]ਅੱਗੇ ਦੱਸੇ ਦਸਾਂ ਕੰਮਾਂ ਵਿਚ ਇਹ ਮੰਤ੍ਰ ਸਹਾਈ ਹੈ:-ਸੰਸਕ੍ਰਿਤ ਸਲੋਕ ਦਾ ਭਾਵ ਅਰਥ ਹੀ ਮਾਨੋ ਚੱਲ ਰਿਹਾ ਹੈ।
ਬੀਚ ਉਦਾਸੀ ਕੇ ਸੁਖਕਾਰਾ।
ਇਸਤਰੀ ਬਜਾਹਨਿ, ਸੁਤ ਉਪਜੰਤੇ।
ਦੇਸ਼ ਬਿਦੇਸ਼ਨ ਕੋ ਗਮਨੰਤੇ ॥੨੮॥
ਜੁੱਧ ਚਢਨਿ ਨਹਿਂ ਸ਼ਸਤ੍ਰ ਪ੍ਰਹਾਰਨਿ।
ਹੋਨਿ ਅਰੂਢਨਿ ਬਾਜੀ ਬਾਰਨ[1]। — [1]ਘੋੜੇ ਹਾਥੀਆਂ ਉਤੇ।
ਸੁਰ ਪੂਜਨ ਮਹਿਂ† ਮੋਹਨ ਕਰਨ[1]।

[1]ਵਸੀ ਕਰਨ ਵਿਚ। †ਸਤਿ ਨਾਮ..... ਅਕਾਲ ਮੂਰਤਿ' ਮੰਤ੍ਰ ਤਾਂ ਇਕ ਅਕਾਲ ਨੂੰ ਨਿਰੂਪਨ ਕਰ ਰਿਹਾ ਹੈ ਤੇ ਇਸ ਦੇ ਜਪੁ ਨੇ ਇਕ ਅਕਾਲ ਦੀ ਪ੍ਰਾਪਤੀ ਕਰਾਉਣੀ ਹੈ। ਗੁਰੂ ਅਰਜਨ ਦੇਵ ਤੇ ਦਸਮੇ ਗੁਰੂ ਜੀ ਨੇ ਇਸ ਮੰਤ੍ਰ ਨੂੰ ਦੇਵਤਿਆਂ ਦੀ ਸੇਵਾ ਤੇ ਮੋਹਨ ਵਸੀਕਾਰ ਆਦਿ ਲਈ ਕਿਉਂ ਦੱਸਣਾ ਸੀ? ਇਹ ਸੌ ਸਾਖੀ ਦਾ ਆਖੇਪਕਾਰ ਹੀ ਮੱਲੋ ਮੱਲੀ ਖਿਆਲ ਪਾ ਰਿਹਾ ਜਾਪਦਾ ਹੈ। ਪਿੱਛੇ ਅੰਸੂ ੨੫ ਅੰਕ ੬੧ ਵਿਚ ਪਰਨਾਰੀ ਪਰ ਅੰਸ਼ ਦਾ ਤਿਆਗ ਸਿਖਲਾ ਹੀ ਆਏ ਹਨ। ਯਥਾ-ਪਰ ਅੰਸੀ ਪਰਨਾਰ ਤਜ ਨਾਮ ਸਰਾਹੈ ਸਵਾਸ।
ਇਹ ਪਾਠ ਸੌ ਸਾਖੀ ਦੀ ੯੮ਵੀਂ ਸਾਖੀ ਦਾ ਹੈ।

ਸਿਮਰਨਿ ਕਰਿ ਹੈ ਪਚੀਹ ਬਰਨ[1] ॥੨੯॥ — [1]ਪੱਚੀਆਂ ਅਖਰਾਂ ਨੂੰ।
ਸਦਨ ਪ੍ਰਵੇਸ਼ਨਿ[1], ਬਾਹਰ ਜਾਨ। — [1]ਨਵੇਂ ਘਰ ਵਿਚ ਪ੍ਰਵੇਸ਼ ਕਰਨ।
ਇੱਤਯਾਦਿਕ ਜੇ ਕਾਜਿ ਮਹਾਨ।
ਮਸਤਕ ਨੰਮ੍ਰਿ ਕਰਹਿ ਗੁਰ ਆਗੇ।
ਦ੍ਰਿੜ ਪ੍ਰਤੀਤ ਕਰਿ ਸਿਮਰਨ ਲਾਗੇ

॥੩੦॥
ਦੇ ਦਸਵੰਧ ਗੁਰੂ ਕੋ ਸਿੱਖ।
ਕਰਨ ਕਰਾਹ ਕਰਹਿ ਸੁ ਭਵਿੱਖ[1]।
[1]ਭਾਵ, (ਭਵਿੱਖ=) ਅੱਗੋਂ ਨੂੰ ਮੈਂ ਕੜਾਹ ਕਰਾਵਾਂਗਾ (ਐਸੀ ਸੁੱਖਣਾ ਸੁੱਖੇ)।

ਦਾਨ ਦੇਨਿ ਲੇਨੇ ਮਹਿਂ ਪ੍ਰਾਹਿ[1]।
[1]ਜਪੇ।

ਅਤਿ ਸੁਭਾਵ ਕੀ ਪਲਟਨ ਮਾਂਹਿ[1] ॥੩੧॥
[1]ਅਤਯੰਤ ਸੁਭਾਵ ਦੇ ਪਲਟਨੇ ਵਿਖੇ ਭਾਵ ਆਪਣਾ ਭੈੜਾ ਸੁਭਾਵ ਇਸ ਮੰਤ੍ਰ ਨਾਲ ਬਦਲਦਾ ਹੈ।

ਭੂਤ, ਕਿ ਪ੍ਰੇਤ, ਡਾਕਨੀ ਡੀਠਿ[1]।
[1]ਨਜ਼ਰ।

ਸਹਿਤ ਪ੍ਰਤੀਤ ਪਠਹਿ ਦਿਢ ਨੀਠ[1]।
[1]ਚੰਗੀ ਤਰ੍ਹਾਂ।

ਸੁਪਨੇ ਮਹਿਂ ਸ੍ਰੀ ਅਰਜਨ ਕਹ੍ਯੋ।
ਦਿਜ ਬ੍ਰਿਜਲਾਲ ਸੁ ਪੰਡਿਤ ਲਹ੍ਯੋ' ॥੩੨॥
ਦਸਮੇ ਪਾਤਸ਼ਾਹੁ ਗੁਰ ਸਾਚੇ।
ਲਿਖਵਾਏ ਸ੍ਰੀ ਬਚਨ[†] ਉਬਾਚੇ।
[†]ਪਾ:-ਬਦਨ।

ਆਗੇ ਲਾਗੇ ਲਿਖਨਿ ਲਿਖਾਰੀ।
ਜਿਮ ਮਹਿਮਾ ਬਿਧਿ ਸਹਿਤ ਉਚਾਰੀ ॥੩੩॥

ਦੋਹਰਾ:
'[†]ਚਲਨ ਸਮੈ, ਸੰਗ੍ਰਹਿਣ ਮਹਿਂ[1],
[1]ਇਕੱਠ ਵਿਖੇ (ਅ) ਸ਼ੁਭ ਗੁਣਾਂ ਦੇ ਸੰਗ੍ਰਹਿ ਕਰਨ ਵਿਖੇ। [†]ਪਿਛੇ ਸੌ ਸਾਖੀ ਦੇ ਵਾਰਤਕ ਬਚਨ ਕਵਿਤਾ ਵਿਚ ਕਹੇ ਹਨ ਤੇ ਹੁਣ ਸੌ ਸਾਖੀ ਦੀ ਕਵਿਤਾ ਹੀ ਨਕਲ ਕਰਨ ਲਗੇ ਹਨ ਜੋ ਅੰਕ ੩੪, ੩੫, ੩੬ ਵਿਚ ਹੈ।

ਦਾਨ ਦੇਨਿ ਔ ਲੇਨਿ।
ਅਤਿ ਸੁਭਾਵ ਕੀ ਪਲਟ ਮਹਿਂ,
ਭੂਤ ਡਾਕਨੀ ਸੇਨ[1] ॥੩੪॥
[1]ਸੈਨਤ, ਨਜ਼ਰ।

ਮਨ ਜੀਤਨ, ਰਣ ਮਹਿਂ ਧਰਾ[1]
[1]ਅੰਕ ੨੯ ਮੂਜਬ 'ਜੁੱਧ ਵਿਚ ਸ਼ਸਤ੍ਰ ਧਾਰਨ ਸਮੇਂ' ਲੱਗੇਗਾ।

ਰਾਜ ਕਾਜ ਸੁਖਵਾਹਿ[1]।
[1]ਸੁਖਾਂ ਵਾਸਤੇ।

ਮਿਲਨੇ ਗਿਲਨੇ ਬੰਧੁ ਮਹਿ
ਰਾਜ ਜੋਗ ਉਤਸਾਹਿ ॥੩੫॥
ਇਨ ਕਾਰਜ ਕੀ ਅਟਕ ਮਹਿਂ
ਪੰਚ ਪਚੀਸਾ ਜਾਪ।

ਛੱਤੀ ਅਠਤੀ ਜਾਪ ਕਰਿ
ਲਾਖ ਅਰਧ ਤੇ ਲਾਖ[†1] ॥੩੬॥

[1]ਬਰਣਪੰਚ=ਪੰਚ ਅਖਰਾਮੰਤ੍ਰ=ੴ ਸਤਿਨਾਮ। ਪਚੀਸ=ਪੱਚੀ ਅਖਰਾ ਮੰਤ੍ਰ ਜੋ '......... ਮੂਰਤਿ' ਤਕ ਹੈ। ਛੱਤੀ='ਪ੍ਰਸਾਦਿ' ਤਕ ਮੰਤ੍ਰ ੩੬ ਅੱਖਰਾਂ ਦਾ ਗਿਣਿਆ ਨੇ 'ਸੈਭੰ' ਨੂੰ ਤ੍ਰੈ ਅੱਖਰ ਮੰਨਕੇ (ਇਸੇ ਅੰਸੂ ਦੇ ਅੰਕ ੪੫ ਦੇ ੨੯, ੩੦, ੩੧, ਵਿਚ ਲੇਖਕ ਨੇ ਸੈਭੰ ਦੇ ਅੱਖਰ 'ਸ. ਇ. ਭੰ. ' ਗਿਣੇ ਹਨ) ਫਿਰ 'ਜਪੁ' ਤਕ ੩੮ ਅੱਖਰਾਂ ਦਾ ਮੰਤ੍ਰ ਦੱਸ ਰਹੇ ਹਨ, ਸੋ ਇਨ੍ਹਾਂ ਵਿਚੋਂ ਕੋਈ ਮੰਤ੍ਰ ਲੈ ਕੇ ਉਹਦਾ ਲੱਖ ਯਾ ਡੂਢ ਲਖ ਜਪੇ ਅਥਵਾ। †ਪਾ:-ਲਾਪ।

ਬਰਣ ਪੰਚ ਪੰਚੀਸ ਕੈ
ਅਥਵਾ ਛੱਤੀ ਹੋਇ।
ਜਪ ਹਜ਼ਾਰ ਸਮ ਵਰਣ ਕੇ
ਪਾਠ ਕਰਹਿ ਨਰ ਜੋਇ[1] ॥੩੭॥

[1]ਪੰਜ, ਪੰਝੀ ਯਾ ਛੱਤੀ ਅਖਰਾ (ਕੋਈ ਬੀ ਮੰਤ੍ਰ) ਹੋਵੇ ਅਖਰਾਂ ਮੁਜਬ ਉਨੇ ਹਜ਼ਾਰ ਜਪੇ ਭਾਵ ਪੰਜ ਅਖਰਾ ਮੰਤ੍ਰ ਪੰਜ ਹਜ਼ਾਰ ਵੇਰੀ, ਪੰਝੀ ਅਖਰਾ ੨੫ ਹਜ਼ਾਰ ਵੇਰੀ, ਛੱਤੀ ਅਖਰਾ ੩੬ ਹਜ਼ਾਰ ਵੇਰੀ ਪੜੇ।

ਕਰੈ ਹੋਮ ਗੁਰਮੰਤ੍ਰ ਕੋ
ਸਕਲ ਬਿਘਨ ਦੇ ਖਾਪ।
ਕਾਰਜ ਹੁਇ ਬੰਧਨ ਤੁਟੈਂ
ਸ੍ਰੀ ਮੁਖ ਗੁਰੂ ਪ੍ਰਤਾਪ[1] ॥੩੮॥

[1]ਸੁਹਣੇ ਮੂੰਹ ਵਾਲੇ ਗੁਰੂ ਦੇ ਪ੍ਰਤਾਪ ਨਾਲ। (ਅ) ਸ੍ਰੀ ਗੁਰੂ ਜੀ ਦੇ ਮੁਖ ਦੇ (ਉਚਾਰੇ ਹੋਏ ਮੰਤ੍ਰ ਜਪ) ਦੇ ਪ੍ਰਤਾਪ ਨਾਲ।

ਬ੍ਰਹਮਣ ਵਿਦਿਆ ਯੁਤ ਪਢੈ
ਏਕ ਭਾਗ ਦੁਇ ਮੂੜ।
ਛਤ੍ਰੀ ਤ੍ਰੈਂ, ਸ਼ੂਦ੍ਰੰ ਚਤਰ,
ਸਾਢੇ ਤ੍ਰੈ ਵਿਸ਼ ਗੂੜ[1†] ॥੩੯॥

[1]ਭਾਵ, ਵਿਦ੍ਵਾਨ ਬ੍ਰਾਹਮਣ ਤਾਂ ਜਿਨਾਂ ਕਿਹਾ ਹੈ ਓਨਾ ਹੀ ਪੜ੍ਹੇ ਜੈਸੇ ਪੰਜ ਹਜ਼ਾਰ ਦਾ ਪੰਜ ਹੀ ਪੜ੍ਹੇ ਅਵਿਦ ਬ੍ਰਾਹਮਣ ਦੂਣਾ, ਛੱਤ੍ਰੀ ਤੀਣਾ, ਵੈਸ਼ ਤੇ ਗੂੜ ਸਾਢੇ ਤਿੰਨ ਗੁਣਾਂ ਤੇ ਸ਼ੂਦ੍ਰ ਚਾਰ ਗੁਣਾਂ। [ਸੰਸ. ਗੂਢਜਾ, ਗੂਢ=ਗੁੱਝੇ ਜਨਮ ਵਾਲੇ ਭਾਵ ਹੈ ਅਨਿਸਚਿਤ ਪਿਤਾ ਤੋਂ ਟੁਰੀ ਜਾਤ ਦੇ ਲੋਗ, ਹਿੰਦੂ ਲਾ ਦੇ ੧੨ ਪੁੱਤ੍ਰਾਂ ਵਿਚੋਂ ਇਕ। (ਅ) ਭਾਵ, ਗੁਪਤ ਪਾਠ ਕਰੇ]। †ਕਿਸ ਚਾਤੁਰੀ ਨਾਲ ਈਸ਼੍ਵਰ ਉਪਾਸਨਾ ਵਿਖੇ ਵਰਣਾਸ਼੍ਰਮ ਦੀ ਵੰਡ ਮੁੜ ਸਿੱਖਾਂ ਵਿਚ ਰਲਾਈ ਜਾ ਰਹੀ ਹੈ। ਗੁਰਮਤ ਤਾਂ ਸਪਸ਼ਟ ਦੱਸ ਰਹੀ ਹੈ 'ਬੀਜ ਮੰਤ੍ਰ' ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮ ॥ ਜੋ ਜੋ ਜਪੈ ਤਿਸਕੀ ਗਤਿ ਹੋਇ ॥ ' ਪੁਨਾ:-'ਖੱਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ' ਏਹ ਉਪਦੇਸ਼ ਪੰਚਮ ਗੁਰੂ ਜੀ ਅਪਨੀ ਬਾਣੀ ਵਿਚ ਦੇ ਰਹੇ ਹਨ। ਹੁਣ ਬ੍ਰਿਜ ਲਾਲ ਨੂੰ ਪੰਚਮ ਗੁਰੂ ਜੀ ਨੇ ਸੁਪਨੇ ਵਿਚ ਵਰਣਾਸ਼੍ਰਮ ਦਾ ਵਿਤਕਰਾ ਕਿਵੇਂ ਸਿਖਾ ਦਿੱਤਾ?

ਗਜਾਨੀ, ਧਜਾਨੀ, ਜੋਗਧਰਿ[1],

[1]ਜੋਗੀ।

ਕਰਮੀ, ਸੁੱਕ੍ਰਿਤ[1] ਮੱਧ।

[1]ਸ਼ੁਭ ਕਰਮੀ।

ਉਤਨਾ ਹੀ ਲਿਖਿਆ ਸਹੀ
ਜੇ ਗੁਰ ਸ਼ਰਧਾ ਸਿੱਧ[1†] ॥੪੦॥

[1]ਗਜਾਨੀ, ਧਜਾਨੀ, ਜੋਗੀ, ਸੁੱਕ੍ਰਿਤਕਰਮੀ ਅਤੇ ਉਸ

ਸਿੱਖ ਲਈ ਜਿਸ ਦੀ ਸ਼ਰਧਾ ਗੁਰੂ ਪਰ ਹੈ ਉਤਨਾ ਹੀ ਸਹੀ ਹੈ ਕਿ ਜਿਤਨਾ ਲਿਖ੍ਯਾ ਹੈ [ਸੌ ਸਾ: ਦਾ ਪਾਠ ਹੈ 'ਸ਼੍ਰਧਾ ਸਿੱਖ' ਜੋ ਸਹੀ ਜਾਪਦਾ ਹੈ। ਸ਼੍ਰਧਾ ਸਿੱਧ=ਜ੍ਹਿਦੀ ਪੱਕੀ ਸ਼੍ਰੱਧਾ ਹੈ]। †ਪਾ:-ਬ੍ਰਧਾ ਸਿਧ। ਸੌ ਸਾ: ਦਾ ਪਾਠ ਹੈ:-ਸ਼੍ਰਧਾ ਸਿੱਖ।

ਗੁਰ ਪ੍ਰਸਾਦਿ ਲਗ ਮੁਕਤਿਮਯ,
ਪੰਚ ਗ੍ਯਾਨਕੇ ਜੋਗ[1]।

[1]ਗੁਰਪ੍ਰਸਾਦਿ ਤਕ (ਮੰਤ੍ਰ) ਮੁਕਤੀ ਦਾਤਾ ਹੈ, ਪੰਜ (ਅੱਖਰਾ ੧ਓ ਸਤਿਨਾਮ') ਗ੍ਯਾਨ ਦੇਣ ਜੋਗ ਹੈ।

ਹਿਰਦੇ ਸ਼ੋਧਨ ਸੰਗ੍ਰਹ ਮੈਂ
ਪੱਚੀ ਲਗਿ ਸੰਜੋਗ[1] ॥੪੧॥

[1]ਹ੍ਰਿਦੇ ਦੀ ਸ਼ੁਧੀ ਤੇ (ਸ਼ੁਭਗੁਣਾਂ) ਦੇ ਸੰਗ੍ਰਹਣ ਵਿਚ ਪੰਞੀ (ਅੱਖਰਾਂ ਤਕ ਦੇ ਪਾਠ ਦਾ) ਸੰਬੰਧ ਹੈ। (ਅ) ਸੰਜੋਗ ਕਰੇ=ਪਾਠ ਕਰੇ।

ਪ੍ਰਥਮ ਮਾਰਜਨ ਹੋਮ ਬਿਧਿ[1]

[1]ਪਹਿਲਾਂ ਹੋਮ ਦੀ ਬਿਧੀ (ਫੇਰ) ਜਲ ਉਤੇ ਮੰਤ੍ਰ ਉਚਾਰਕੇ ਅੰਗਾਂ ਨੂੰ ਉਸ ਨਾਲ ਪਵਿੱਤ੍ਰ ਕਰਨਾ।

ਲਿਖਿ ਕਰਿ ਸਭਿ ਸਮੁਝਾਇ[1]।

[1]ਸਮਝਾਉਂਦੇ ਹਾਂ। ਸੌ ਸਾਖੀ ਵਿਚ ਹੈ:-ਲਿਖ੍ਯਤੇ=ਲਿਖਦੇ ਹਾਂ।

ਮਹਾਂ ਮਹਾਤਮ ਮੰਤ੍ਰ ਇਹ
ਚਾਰ ਪਦਾਰਥ ਦਾਇ ॥੪੨॥

[1]ਓਅੰਕਾਰਾਯ ਨਮਹ ॥੧॥

[1]ਹੁਣ ਅੱਗੇ ਸੌ ਸਾਖੀ ਦੇ ਲੇਖਕ ਜੀ ਮੂਲ ਮੰਤਰ ਦੇ ਪਦਾ ਦੇ ਪਹਿਲੇ ਪਹਿਲੇ ਅੱਖਰ ਲੈ ਲੈ ਕੇ ਪ੍ਰਮਾਤਮਾ ਦੇ ਨਾਮ ਬਣਾਕੇ ਨਮਸਕਾਰਾਂ ਕਰਦੇ ਹਨ, ਹੋਮ ਕਰਨ ਲਈ ਨਵੇਂ ਪਦ ਬੀ ਘੜਦੇ ਹਨ, ਸ਼ਾਸਤ੍ਰਕ ਹੋਮ ਦੀ ਰੀਸ ਪੂਰੀ ਕਰਨ ਲਈ। ਗੁਰਮਤ ਵਿਚ ਹੋਮ ਬਾਬਤ ਕੀ ਖ੍ਯਾਲ ਹੈ, 'ਹੋਮ ਜੱਗ ਤੀਰਥ ਕੀਏ ਵਿਚ ਹਉਮੈ ਬਧੈ ਬਿਕਾਰ। ' ਪੁਨਾ ਦੇਖੋ ਨਾਨਕ ਪ੍ਰਕਾਸ਼ ਪੂਰ: ਅਧ੍ਯਾਯ ੪੮ ਅੰਕ ੫੫ ਤੋਂ ੫੮।

ਸਤ੍ਯਾਯ ਨਮਹ ॥੨॥

ਤਗ੍ਯਾਯ[1] ਨਮਹ ॥੩॥

[1]ਤੱਤ ਗ੍ਯਾਤਾ ਨੂੰ।

ਨਾਰਾਇਣਾਯ ਨਮਹ ॥੪॥

ਮਖ੍ਯਾਯ[1] ਨਮਹ ॥੫॥

[1]ਜੱਗ੍ਯ ਰੂਪ।

ਕਰਤ੍ਰੇ ਨਮਹ ॥੬॥

ਰਖਤ੍ਰੇ[1] ਨਮਹ ॥੭॥

[1]ਰੱਖ੍ਯਾ ਕਰਨ ਵਾਲਾ।

ਤਾਰਕਾਯ[1] ਨਮਹ ॥੮॥

[1]ਤਾਰਨ ਹਾਰ।

ਪੁਰਸ਼ੋਤਮਾਯ ਨਮਹ ॥੯॥

ਰੁਕਮਾ ਕਰਤ੍ਰੋ[1] ਨਮਹ ॥੧੦॥

[1]ਉੱਜਲਤਾ ਕਰਨ ਹਾਰ। (ਅ) ਸ੍ਵਰਨਰੂਪ।

ਖਾਤਮਨੇ[1] ਨਮਹ ॥੧੧॥

[1]ਆਕਾਸ਼ ਰੂਪ।

ਨਿਰੰਜਨਾਯ ਨਮਹ ॥੧੨॥

| | |
|---|---|
| ਰਥਾਂਗਾਤਮਨੇ[1] ਨਮਹ ॥੧੩॥ | [1]ਸਰੀਰ ਰੂਪੀ ਰਥ ਵਿਚ ਆਤਮ ਰੂਪ ਕਰਕੇ ਬਿਰਾਜਮਾਨ। |
| ਭਵਾਂਤਕਾਯ[1] ਨਮਹ ॥੧੪॥ | [1]ਸੰਸਾਰ ਦੇ ਅੰਤ ਕਰਨ ਵਾਲੇ। |
| ਉੱਤਮ ਯਸਸੇ[1] ਨਮਹ ॥੧੫॥ | [1]ਉਤਮ ਯਸ ਵਾਲੇ ਨੂੰ। |
| ਨਿੱਤ ਰਪਾਯ ਨਮਹ ॥੧੬॥ | |
| ਰਜਾਤਮਨੇ[1] ਨਮਹ ॥੧੭॥ | [1]ਤੇਜ ਰੂਪ। |
| ਬੈਕੁੰਠਾਯ[†] ਨਮਹ ॥੧੮॥ | [†]ਮੂਲ ਮੰਤ੍ਰ ਦੇ ਅੱਖਰਾਂ ਅਨੁਸਾਰ ਪਾਠ ਵੈਕੁੰਠ 'ਵਵੇ' ਨਾਲ ਚਾਹਯੇ। |
| ਰਮਾਯ ਨਮਹ[1] ॥੧੯॥ | [1]ਵ੍ਯਾਪਕ। (ਅ) ਰਮ੍ਯ=ਸੁੰਦਰ ਰੂਪ। |
| ਅਖਰਾਯ[1] ਨਮਹ ॥੨੦॥ | [1]ਨਾਸ਼ ਰਹਿਤ। |
| ਕਾਲਾਯ ਨਮਹ ॥੨੧॥ | |
| ਲਖਮੀਪਤਿਯਾਯ[1] ਨਮਹ ॥੨੨॥ | [1]ਮਾਯਾ ਦੇ ਸ੍ਵਾਮੀ। |
| ਮੂਰਤਿ ਧਰਾਯ[1] ਨਮਹ ॥੨੩॥ | [1]ਮੂਰਤ ਧਾਰੀ ਨੂੰ। |
| ਰਮਾਪਤੀਯੇ[1] ਨਮਹ ॥੨੪॥ | [1]ਲਛਮੀ ਦੇ ਪਤੀ ਨੂੰ। |
| [†]ਤ੍ਰਿਲੋਕੇਸ਼ਾਯ[1] ਨਮਹ ॥੨੫॥ | [1]ਤ੍ਰਿਲੋਕੀ ਦੇ ਨਾਥ ਨੂੰ। [†]ਮੂਲ ਮੰਤ੍ਰ ਦੇ ਅੱਖਰਾਂ ਮੁਜਬ 'ਤਤਾ' ਚਾਹੀਏ। |
| ਅਖ੍ਯਾਯ[1] ਨਮਹ ॥੨੬॥ | [1]ਖ੍ਯ ਤੋਂ ਰਹਤ। |
| ਜਗਦੀਸ਼ਾਯ ਨਮਹ ॥੨੭॥ | |
| ਨਿਰਾਕਾਰਾਯ ਨਮਹ ॥੨੮॥ | |
| ਸਦਮੇਸਾਯ[1] ਨਮਹ[†] ॥੨੯॥ | [1]ਨਿੱਤ੍ਯ ਈਸ਼੍ਵਰ। (ਅ) ਬ੍ਰਹਮੰਡ ਰੂਪ ਘਰ ਦਾ ਮਾਲਕ। [†]ਪਾ:-ਦਸਮੇਸਾਯ ਨਮਹ। |
| ਇਕਾਰ ਵਾਗ ਵਾਇਨੇ[1][†] ਨਮਹ ॥੩੦॥ | [1]ਏਕ ਵਾਕ ਦੇ ਉਚਾਰਨ ਵਾਲੇ ਨੂੰ (ਏਕੋ ਕਵਾਉ)। [†]ਪਾ:-ਇਕਾਰ ਵਾਗ ਵਾਦਨੇ। |
| ਭੰਜਨਾਯ[1] ਨਮਹ ॥੩੧॥ | [1]ਨਾਸ਼ ਕਰਤਾ। |
| ਉਕਾਰਾਯ[1] ਨਮਹ ॥੩੨॥ | [1]ਓਅੰਕਾਰ ਰੂਪ ਨੂੰ। |
| ਸ੍ਵਾਹਾ ਪ੍ਰਾਣ ਹੁਤੋ ਜਪੁ ਇਤਿ[1]। | [1]ਜਾਪਦਾ ਹੈ ਕਿ ਸ਼ੁੱਧ ਪਾਠ ਐਉਂ ਸੀ: 'ਸ੍ਵਾਹਾ ਪੂਰਣਾਹੁਤੀ ਜਪ ਇਤ। '=(ਹਰ ਪਦ ਦੇ ਉਚਾਰਨ ਤੇ ਆਹੁਤੀ ਦੇਣ ਵੇਲੇ) ਸ੍ਵਾਹਾ (ਪਦ ਕਹੇ ਤੇ ਅੰਤਲੀ ਆਹੂਤੀ ਦੇਣ ਵੇਲੇ 'ਜਪ' (ਏਹ ਦੋ ਅੱਖਰ ਕਹੇ) ਪਰ ਜੇ ਪਾਠ 'ਪ੍ਰਾਣ ਹੁਤੋ' ਨੂੰ ਹੀ ਸਫਲ ਕਰਨਾ ਹੋਵੇ ਤਾਂ ਐਉਂ ਅਰਥ ਲਗੇਗਾ:-ਪ੍ਰਾਣਾਹੁਤਿ=ਉਹ ਪੰਚ ਗ੍ਰਾਸ ਜੋ ਰੋਟੀ ਖਾਣ ਤੋਂ ਪਹਿਲਾਂ 'ਪ੍ਰਾਣਾਯਸ੍ਵਾਹਾ' ਅਪਾਨਾਯ ਸ੍ਵਾਹਾ', 'ਵ੍ਯਾਨਾਯ ਸ੍ਵਾਹਾ' ਸਮਾਜਾਯ ਸ੍ਵਾਹਾ' 'ਉਦਾਨਾਯ ਸ੍ਵਾਹਾ' ਮੰਤ੍ਰ ਉਚਾਰ ਕੇ ਖਾਧੇ ਜਾਂਦੇ ਹਨ ਇਹ ਫਿਰ ਹੋਮ ਤੋਂ ਮਗਰੋਂ ਯਗ ਨਾਲ ਜਾ |

ਸਿੱਖ ਸੁਖਾਯ ਨਮਹ[1] ॥੩੩॥

ਸਬੰਧ ਰੱਖਣਗੇ।
[1]ਸਿੱਖਾਂ ਨੂੰ ਸੁਖ ਦੇਣ ਵਾਲੇ (ਗੁਰੂ ਨਾਨਕ ਜੀ) ਨੂੰ ਨਮਸਕਾਰ (ਇਕ ਅਸ਼ੀਰਵਾਦ) ਹੈ।

ਦੋਹਰਾ:

ਅੱਖਰ ਛੱਤੀਸ ਪੰਚ ਪੁਨ,
ਪੱਚੀ ਤੱਤ ਸੁਜਾਨ।
ਗੁਰ ਪ੍ਰਸਾਦਿ ਪਢਿ ਅੱਗ੍ਰ ਤ੍ਰੈ,
ਲਖਹੁ ਸਿੱਖ ਬੁਧਿਵਾਨ[1] ॥੪੩॥

[1]ਹੇ ਸੁਜਾਨ (ਤੱਤ=) ਸਿਧਾਂਤ ਦੀ ਗਲ (ਇਹ ਹੈ ਕਿ) ਪੰਜ, ਪੰਝੀ ਤੇ ੩੬ ਅੱਖਰਾਂ ਦੇ ਜੋ ਮੰਤ੍ਰ ਰੂਪ ਹੈਨ ਤਿੰਨਾਂ ਦੇ ਅੱਗੇ ਗੁਰਪ੍ਰਸਾਦਿ ਪੜ੍ਹੋ।

ਅਰੁ ਲਿਖਿਬੇ ਮੈਂ ਬਰਨ ਅਠ,
ਪਾਂਚ ਪ੍ਰਾਣ ਕੇ ਮਾਂਝ[1]।

[1]ਅਤੇ ਲਿਖਣ ਵਿਚ ਅੱਠ ਅੱਖਰ ਲਿਖੇ ਭਾਵ ਚਿੱਠੀ ਪੋਥੀ ਦੇ ਮੁਢ ਵਿਚ '੧ੴ ਸਤਿਗੁਰ ਪ੍ਰਸਾਦਿ' ਲਿਖੇ ਪਰੰਤੂ (ਜਪਣ) ਲਈ ਪ੍ਰਾਣਾਂ ਵਿਚ ਪੰਜ ਅਖਰਾ (ਨਾਮ ਧਾਰਨ ਕਰੇ '੧ੴ ਸਤਿਨਾਮੁ'।

ਪੱਚੀ ਸਭਿ ਵਿਵਹਾਰ ਮੇਂ
ਛੱਤੀਸ ਲਖਿ ਗੁਨ ਸਾਂਝ[1] ॥੪੪॥

[1]ਹੋਰ) ਸਾਰੇ ਵਿਹਾਰਾਂ ਵਿਚ ਪੱਚੀ ਅੱਖਰਾਂ ਤੇ ਸਭ ਗੁਣਾਂ ਦੇ ਧਾਰਨ ਲਈ ੩੬ ਅੱਖਰੇ (ਮੰਤ੍ਰ ਦਾ ਜਾਪ ਕਰੇ)।

ਛੱਤੀਸ ਲਾਖ ਆਹੂਤਿ ਦੇ
ਮੁਕਤਿ[1] ਹੋਇ ਤਤਕਾਲ।

[1]ਮੁਕਤੀ ਵਾਸਤੇ ਇਸ ਦੀਆਂ ੩੬ ਲੱਖ ਅਹੂਤੀਆਂ ਦੇਵੇ।

ਜਪ ਤੇ ਆਤਮ ਸ਼ੁੱਧ ਹੁਇ
ਮਾਰਜਨ ਦੂਖਨ ਟਾਲ[1] ॥੪੫॥

[1]ਭਾਵ ਪਾਣੀ ਤੇ ਮੰਤ੍ਰ ਪੜ੍ਹਕੇ ਛਿੜਕੇ ਤਾਂ ਦੂਖਨ ਟਲਣਗੇ।

ਪ੍ਰਥਮ ਸਲੋਕ ਜਪੁ ਕੋ ਭਲੋ
ਤਿਸ ਕੀ ਬਿਧਿ ਕਹਿ ਦੀਨ।
ਆਗੈ ਸਭਿ ਪੌੜੀਨ ਕੋ
ਕਹੈਂ ਸੁ ਸੁਨਹੁ ਪ੍ਰਬੀਨ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਜਪੁ ਸਲੋਕ ਮਹਾਤਮ' ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਜਪੁਜੀ ਮਹਾਤਮ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਸ੍ਰੀ ਜਪੁਜੀ ਪੌੜੀ ਪ੍ਰਥਮ, ਕਰਹਿ ਕਾਮਨਾ ਪੂਰ।
ਪਾਠਕ ਸਭਿ ਸੁਖ ਪਾਇ ਕੈ, ਬਿਘਨ ਬਿਨਾਸੈ ਕੂਰ[1] ॥੧॥ [1]ਭਯਾਨਕ, ਕਰੜੇ।
ਆਸ਼ਾ ਪਰ ਦੂਜੀ ਪੜੈ[1], 'ਆਦਿ ਸੱਚੁ' ਜਿਹ ਨਾਮ।
[1]ਆਸ਼ਾ ਪੂਰਣ ਹਿਤ ਦੂਜੀ (ਪੌੜੀ) ਪੜ੍ਹੇ।
ਦੇਵ ਮੰਤ੍ਰ[1], ਅਰ ਚਲਨ ਮੈਂ, ਔਸ਼ਧਿ[2], ਰਸਾਯਨ[3], ਸ਼ਾਮ[4†] ॥੨॥
[1]ਦੇਵ ਮੰਤ੍ਰ=ਇਸ਼ਟ ਦੇਵ ਨਿਮੰਤ੍ਰਨ=ਆਪਣੇ ਇਸ਼ਟ ਦੇਵ ਨੂੰ ਆਵਾਹਨ ਲਈ। (ਅ) ਦੇਵਤਾ ਦਾ ਮੰਤ੍ਰ ਆਰਾਧਨ ਲਈ ਵੀ ਅਰਥ ਲਗਦਾ ਹੈ ਪਰ ਦੇਵ ਮੰਤ੍ਰ ਵੀ ਹੈ ਤੇ ਇਕ ਸ਼ਲੋਕ ਮਹਾਂ ਮੰਤ੍ਰ ਹੈ ਇਸ ਲਈ ਉਹ ਅਰਥ ਫਬਦਾ ਨਹੀਂ। [2]ਦਵਾ ਵਰਤਨ ਵੇਲੇ। [3]ਰਸਾਯਨ ਬਨਾਉਣ ਲਈ। [4]ਸ਼ਰਨ ਲੈਣ ਲਈ। [†]ਸੌ ਸਾ: ਦੇ ਕਰਤਾ ਨੇ ਏਥੇ ਟਪਲਾ ਖਾਧਾ ਹੈ। ਜਪੁਜੀ ਵਿਚ ਪਹਿਲਾਂ ਮੂਲ ਮੰਤ੍ਰ ਆਉਂਦਾ ਹੈ, ਤੇ 'ਹੋਸੀ ਬੀ ਸਚ' ਪਰ ਅੰਕ ੧ ਆਉਂਦਾ ਹੈ। ਸੌ ਸਾ: ਵਾਲੇ ਨੇ ਇਸ ਨੂੰ ਦੂਜੀ ਪੌੜੀ ਕਿਹਾ ਹੈ ਗੋਯਾ ਉਸਨੇ 'ਗੁਰ ਪ੍ਰਸਾਦਿ' ਤਕ ੧ ਤੇ 'ਹੋਸੀ ਬੀ ਸਚ' ਤਕ ੨ ਪੌੜੀਆਂ ਕਲਪ ਲਈਆਂ ਹਨ ਪਰ ਅੱਗੇ ਚਲਕੇ ਇਸ ਨੇ 'ਗਾਵੈ ਕੋ' ਨੂੰ ਚੌਥੀ ਪੌੜੀ ਜਣਾਇਆ ਹੈ। ਇਸ ਦੇ ਆਪਣੇ ਇਸ ਲੇਖੇ 'ਗਾਵੈ ਕੋ' ਦੀ ਪੌੜੀ ਪੰਜੀਵੀਂ ਹੋਣੀ ਚਾਹੀਦੀ ਸੀ। ਜਪੁਜੀ ਵਿਚ 'ਗਾਵੈ ਕੋ' ਦੀ ਪੌੜੀ ਪਰ ਅੰਕ ੩ ਹੈ, ਸੌ ਸਾਖੀ ਦੇ ਕਰਤਾ ਨੇ ਪਹਿਲੋਂ ਦੋ ਦਾ ਵਾਧਾ ਕਰਕੇ 'ਗਾਵੈ ਕੋ' ਤੇ ਜਾਕੇ ੧ ਦਾ ਵਾਧਾ ਰਹਿਣ ਦਿੱਤਾ ਹੈ। ਸਾਰੀਆਂ ਪੌੜੀਆਂ ਇਸ ਨੇ ੪੦ ਗਿਣੀਆਂ ਹਨ, ਇਸ ਤਰ੍ਹਾਂ ਇਸ ਨੇ ਆਪਣੇ ਹਿਸਾਬ ਅਖੀਰਲਾ ਸ਼ਲੋਕ ਪੌੜੀਆਂ ਦੀ ਗੇਣਤੀ ਵਿਚ ਸ਼ਾਮਲ ਕੀਤਾ ਹੈ। ਸੋ ਇਸ ਦੀ ਗਿਣਤੀ ਸਮਝਣ ਲਈ ਇਸ ਦੀ ਪੰਜਵੀਂ ਪੌੜੀ ਨੂੰ 'ਸਾਚਾ ਸਾਹਿਬ' ਵਾਲੀ ਸਮਝ ਲਈਏ ਤਾਂ ਅਗੋਂ ਪੌੜੀਆਂ ਦੀ ਸਮਝ ਪੈਂਦੀ ਜਾਊ, ਇਸ ਹਿਸਾਬ ਹੁਣ ਗਾਵੈ ਕੋ ਤੋਂ ਪਹਿਲੀਆਂ ਤੇ 'ਹੋਸੀ ਭੀ ਸਚ' ਤੋਂ ਮਗਰਲੀਆਂ ਦਾ ਵੇਰਵਾ ਇਹ ਬਣੂ:-ਦੇਵ ਮੰਤ੍ਰ ਅਰ ਚਲਨ ਮੈਂ 'ਸੋਚੈ ਸੋਚ ਦੀ' ਤੇ ਔਸ਼ਧਿ ਰਸਾਯਨ ਸ਼ਾਮ ਮੈਂ 'ਹੁਕਮੀ ਹੋਵਨ ਆਕਾਰ' ਦੀ ਪੌੜੀ ਤੇ ਫਿਰ 'ਗਾਵੈ ਕੋ' ਦੀ ਪੌੜੀ ਵਿਚ ਆ ਜਾਣਗੇ ਵਿਪਦਾ ਕਾਰਜ, ਹਾਨ ਮਹਿਂ, ਕਾਰਜ ਅਟਕ, ਨਵ ਘਰ ਤੇ ਨਵ ਗੁਣ।
ਬਿਪਦਾ ਕਾਰਜ ਹਾਨ ਮਹਿਂ, 'ਗਾਵਹਿਂ ਕੋ[1]' ਰਹਿ ਲਾਗੁ। [1]'ਗਾਵੇ ਕੋ' ਵਾਲੀ ਪੌੜੀ।
ਕਾਰਜ ਕਾਹੂੰ ਅਟਕ ਮਹਿਂ, ਦੇਯ ਭੇਟ ਗੁਰ ਭਾਗ[1] ॥੩॥
[1]ਗੁਰੂ ਭਾਗ ਭਾਵ ਦਸਵੰਧ ਦੇਵੇ ਭੇਟਾ। (ਅ) (ਧਨ) ਭੇਟਾ ਦੇਵੇ ਤਾਂ (ਅਟਕ) ਭੱਜ ਜਾਵੇਗੀ।
ਨਵ ਘਰ, ਨਵ ਗੁਣ ਸੰਗ੍ਰਹੈ[1], ਚੌਥੀ ਕੋ ਕਰਿ ਧਯਾਨ।
[1]ਨਵਾਂ ਘਰ (ਰਚਨ) ਲਈ ਯਾ ਨਵੇਂ ਗੁਣ ਧਾਰਨ ਲਈ।
ਜਪੁ ਜਪੁ ਸਮ ਪੜਿ ਸਪਤ[†] ਦਿਨ, ਸਪਤ ਭੇਟ ਧਰਿ ਮਾਨ[1‡] ॥੪॥
[1]ਜਪੇ (ਜਪ ਸਮ=ਜਪੁਜੀ ਦੇ ਤੁੱਲ ਭਾਵ) ਚਾਲੀ ਵਾਰ ਸਤ ਦਿਨਾਂ (ਤਕ ਰੋਜ਼ ਤੇ) ਸੱਤ ਭੇਟਾ ਧਰਨੀਆਂ ਸਨਮਾਨ ਲਈ।। [†]ਪਾ:-ਸਾਤ। [‡]ਪਾ:-ਸਾਨ।
ਉੱਦਮ ਪੰਜੇ[1], ਜੁੱਧ ਮੈਂ, ਛੇਵੀਂ, ਸਪਤਮ ਬੰਧ[2]।
[1]ਉਦਮ ਲਈ ਪੰਜਵੀਂ ਪੌੜੀ। [2]ਕਿਸੇ ਬੰਧਨ ਦੇ ਪਿਆਂ। (ਅ) ਬੰਧੂ ਦੀ ਰੱਖਯਾ ਲਈ ਸੱਤਵੀਂ।
ਅਟਕੀ ਨਾਰੀ[1] ਆਠਵੀਂ, ਨਾਵੀਂ ਮੰਤ੍ਰਹਿ ਸੰਧ[2] ॥੫॥
[1]ਭਾਵ ਪ੍ਰਸੂਤ ਵਿਚ ਅਟਕ ਪਿਆਂ। [2]ਕਿਸੇ ਦੇ ਮੰਤ੍ਰ ਦੇ ਅਸਰ ਨੂੰ ਸੋਧਣ ਲਈ ਜੋ ਆਪਣੇ ਪਰ ਬੁਰਾ ਅਸਰ ਨਾ ਪਵੇ। (ਅ) ਸੁਲਾਹ ਆਦਕ ਦੇ ਮਸ਼ਵਰੇ ਸਮੇਂ (ਸੰਧਿ=ਮੇਲ)।
ਦਸਵੀਂ ਦਸਦੇ ਵਨਜ ਜੈ, ਵਾਹਨ ਲੈਬੇ ਬੀਚ[1]।

[1]ਦਸਵੀਂ ਦਸਦੇ ਹਾਂ ਵਣਜ ਵਿਚ (ਜੈ=) ਕਾਮਯਾਬੀ ਤੇ ਵਾਹਨ ਦੇ ਖਰੀਦਨ ਵਿਚ। (ਅ) ਦਸਵੀਂ ਦੱਸ ਦੇਸਨ ਜਜੈ=ਦੇਵਤਿਆਂ ਤੋਂ ਮੁਰਾਦ ਮੰਗਣ ਲਈ ਦੱਸੀ ਹੈ।

ਚੜਨੇ ਕ੍ਰਿਯ ਵਿੱਕ੍ਰਯ ਵਿਖੇ[1] ਗਜਾਰਾ ਪੌੜੀ ਖੀਚ ॥੬॥

[1]ਉਸ ਖਰੀਦ ਫ੍ਰੋਖਤ ਵਿਚ ਜੋ ਚੜਕੇ ਕਰੀਦੀ ਹੈ ਭਾਵ ਸੌਦਾਗਰੀ। (ਅ) ਖਰੀਦ ਫ੍ਰੋਖਤ ਲਈ ਜਦ ਚੜ੍ਹੇ (ਭਾਵ ਤੁਰੇ)।

ਬਾਰ੍ਹੀ ਪੜ ਕਲਪਨ ਕਰੇ, ਦੁਖ ਅਰਿਸ਼ਟ ਕੋ ਨਾਸ਼[1]।

[1]ਬਾਰ੍ਹਵੀਂ ਪੜ੍ਹਕੇ ਕਲਪਨਾ (ਆਧਿ), ਦੁਖ (ਬਜਾਧਿ) ਤੇ ਅਰਿਸ਼ਟ (ਉਪਾਧਿ) ਦਾ ਨਾਸ਼ ਕਰੇ।

ਤੇਰਾਂ ਤੇ ਸਿੱਧਨ ਭਜੈ, ਕਾਰਜ ਰਾਜਸਿ ਰਾਸ[1] ॥੭॥

[1]ਤੇਰਵੀਂ ਪੌੜੀ ਸਿੱਧੀਆਂ ਦੇ ਸੇਵਨ ਤੇ ਰਾਜਸੀ ਕੰਮਾਂ ਦੇ ਰਾਸ ਪੈਣ ਲਈ ਹੈ।

ਜੰਤ੍ਰਨਿ ਮਹਿਂ[1] ਚੌਦਸ਼ ਕਹਜੋ, ਪੰਚਦਸ਼ੀ ਤੇ ਭੂਤ[2]।

[1]ਜੰਤ੍ਰ (ਲਿਖਣ ਵੇਲੇ) ਯਾ ਜੰਤ੍ਰਾਂ ਤੋਂ ਰੱਖਜਾ ਲਈ। [2]ਪੰਦ੍ਰਵੀਂ ਨਾਲ ਭੂਤ (ਨੱਠੇ)।

ਖੋੜਸਿ ਤੇ ਡਾਕਨ[1] ਤਜੈ, ਸਤਦਸ ਮੋਹਨ ਕੂਤ[2] ॥੮॥

[1]ਡੈਣ। [2]ਸਤਾਰ੍ਹਵੀਂ ਮਨਮੋਹਨ ਭੋਜਨ ਪ੍ਰਾਪਤੀ ਲਈ।

ਪੜਹਿ ਅਠਾਰਹਿ ਆਠਦਸ, ਨਿਤ ਉਠਿ ਵਿੱਦਜਾ ਹੇਤ[1]।

[1]ਅਠਾਰਾਂ ਵਿਦਿਆ ਦੇ ਪੜਨ ਵਿਚ ਅਠਾਰਵੀਂ।

ਖਟ ਮਾਹੇ ਵਿੱਦਜਾ ਵਧੇ[1], ਨਿਰਮਲ ਬੁੱਧਿ ਸੁਚੇਤ ॥੯॥

[1]ਛੇ ਮਹੀਨੇ ਵਿਚ ਵਿਦਿਆ ਵਧੇਗੀ।

ਉੱਨੀ ਸੁੰਨੀ ਜੋਗ ਮਹਿਂ[1], ਬਿੰਸੀਨਾਰ ਸੰਜੋਗ[2]।

[1]ਅਫੁਰ ਯੋਗ ਵਿਖੇ। [2]ਵੀਹਵੀਂ ਨਾਰੀ ਵਿਆਹੁਣ ਲਈ।

ਸੰਤਤਿ ਹਿਤ[1] ਇੱਕੀਸਵੀਂ, ਮ੍ਰਿਤ ਸੁਤ ਬਾਵੀ ਜੋਗ[2] ॥੧੦॥

[1]ਔਲਾਦ ਵਾਸਤੇ। [2]ਬਾਈਵੀਂ ਦਾ ਮੇਲ ਹੈ ਪੁੱਤਰ ਦੇ ਮਰਨ ਨਾਲ ਭਾਵ ਅਠਰਾਹ ਆਦਿ ਕਸਰ ਹੋਵੇ ਤੇ ਪੁੱਤ੍ਰ ਜੰਮਕੇ ਮਰ ਮਰ ਜਾਂਦੇ ਹੋਣ।

ਤੇਈ ਰਿਧਨ ਅਖੁੱਟ ਮੈਂ[1], ਚੌਵੀ ਚਾਤੁਰਪ੍ਰੀਤ[2]।

[1]ਅਖੁੱਟ ਰਿੱਧੀਆਂ (ਦੀ ਪ੍ਰਾਪਤੀ) ਲਈ। (ਅ) ਪਾਠਾਂਤ੍ਰ-ਰਿਪਨ ਅਖੁਟ=ਵੈਰੀਆਂ ਦੇ ਨਿਖੁੱਟਣ ਲਈ। [2]ਸਿਆਣਿਆਂ ਨਾਲ ਪ੍ਰੀਤੀ ਲਾਉਣ ਵਿਚ।

ਪੰਚਵਿੰਸਵੀ ਆਦਰੇ, ਸਭਿ ਕੋ ਮੋਹਨਰੀਤ[1] ॥੧੧॥

[1]ਆਪਣੇ ਆਦਰ ਲਈ ਜੋ ਸਾਰੇ ਮੋਹਿਤ ਹੋ ਜਾਣ।

ਛੱਬੀ ਛਲ ਮੈਂ[1], ਬਲ ਧਰੇ, ਸਪਤ ਵਿੰਸ਼ਕਾ ਜਾਪੁ[1]।

[1]ਦੂਸਰਿਆਂ ਦੇ) ਛਲਾਂ ਵਿਚੋਂ ਬਚਣ ਲਈ। [2]ਸਤਾਈਵੀਂ ਦਾ ਜਾਪ ਬਲ ਧਾਰਨ ਲਈ।

ਅਠਾਵਿੰਸ ਭੈ ਦੂਰ ਕੋ, ਹੋਇ ਬੱਜ੍ਰ ਸਮ ਪਾਪੁ[1] ॥੧੨॥

[1]ਭੈ ਦੇ ਦੂਰ ਕਰਨ ਲਈ ਚਾਹੇ ਬੱਜ੍ਰ ਪਾਪ ਹੋ ਗਿਆ ਹੋਵੇ।

ਵਿਖ ਪੀਵੈ ਬਿਖੀਆ ਕਟੇ, ਉਨਤੀਸੇ ਕਾ ਝਾੜ[1]।

[1]ਜ਼ਹਿਰ ਪੀਤੀ ਹੋਵੇ, ਜਾਂ ਸੱਪ (ਆਦਿ ਜੰਤੂ) ਕੱਟ ਜਾਵੇ, ਤਾਂ ਉਨੱਤੀਵੀਂ ਪੌੜੀ ਦਾ ਪਾਠ ਉਸ ਨੂੰ ਝਾੜ ਦੇਵੇਗਾ। (ਅ) ਝਾੜਾਂ ਕਰੇ ਉਨੱਤੀਵੀਂ ਦਾ।

ਦੂਧ ਵਧਾਵੈ ਵਜ਼ਨ ਮੈਂ, ਤੀਸ ਪੌੜੀਆਂ ਗਾੜ[1] ॥੧੩॥

[1]ਤੀਸਵੀਂ ਪੌੜੀ ਨਾਲ ਦੁੱਧ ਤੋਲ ਵਿਚ ਵਧਦਾ ਤੇ ਗਾੜ੍ਹਾ ਹੋ ਜਾਂਦਾ ਹੈ।

ਏਕੀ ਛੇਕੋ, ਦੋਕੀ ਭਾਗੇ, ਤ੍ਰੈ, ਤੇਤੇ ਇਕ ਤਾਪ।
ਨਿੱਤ ਜ੍ਵਰੀ ਚੌਤੀ ਪੜੈ, ਚਾਲੀ ਚਾਲੀ ਮਾਪੁ[1] ॥੧੪॥

[1]ਏਕੀ=) ਇਕੱਤੀਵੀਂ ਪੌੜੀ ਦੇ ਜਪ ਤੋਂ (ਛੇਕੋ=) ਕਦੇ ਲਹਿਣ ਕਦੇ ਚੜ੍ਹਣ ਵਾਲਾ (ਤਪ ਤੇ ਦੋ ਕੀ=) ਬੱਤੀਵੀਂ ਪੌੜੀ ਤੋਂ (ਭਾਗੇ ਤ੍ਰੈ=) ਤੇਈਆ ਭਜ ਜਾਂਦਾ ਹੈ, ਤੇ (ਤੇਤੇ=) ਤੇਤੀਵੀਂ ਦੇ ਪਾਠ ਨਾਲ ਇਕੋ ਜਿਹਾ ਚੜ੍ਹਿਆ ਰਹਿਣ ਵਾਲਾ (ਤਾਪ ਭੱਜ ਜਾਂਦਾ ਹੈ ਤੇ) ਜਿਸ ਨੂੰ ਰੋਜ਼ ਤਾਪ ਚੜ੍ਹਦਾ ਹੋਵੇ ਉਹ ਚੌਤੀਵੀਂ ਪੜ੍ਹੇ। (ਇਨ੍ਹਾਂ ਸਾਰਿਆਂ ਲਈ ਇਕ ਇਕ ਪੌੜੀ) ਚਾਲੀ ਚਾਲੀ ਵਾਰ ਪੜੇ।

[1]ਕਰਮ ਮਾਂਝ ਦਸ ਕੋ ਪੜੈ, ਅਰਥ ਮਾਂਹਿ ਵੀਹ ਪਾਠ।

[1]ਪੌੜੀਆਂ ਦੇ ਪਾਠਾਂ ਦੀ ਗਿਣਤੀ ਦਾ ਆਮ ਨਿਯਮ ਦੱਸਦੇ ਹਨ) ਕਿ:-ਕਰਮ (ਪਰਥਾਇ ਜੋ ਪੌੜੀ ਕਹੀ ਹੈ ਉਸਦੇ) ੧੦ ਪਾਠ ਪੜ੍ਹੇ, ਅਰਥ (ਧਨ ਆਦਿਕ) ਲਈ (ਜੋ ਕਹੀ ਹੈ ਉਸ ਦੇ) ੨੦ ਪਾਠ ਤੇ ਕਾਮਨਾ ਪ੍ਰਾਪਤੀ ਲਈ (ਜੋ ਕਹੀ ਹੈ ਉਸ ਦੇ) ੩੦ ਪਾਠ ਤੇ ਸ੍ਰੇਸ਼ਟ ਮੁਕਤੀ ਲਈ (ਜੋ ਕਹੀ ਹੈ ਉਸ ਪੌੜੀ ਦੇ) ੪੦ ਪਾਠ ਕਰੇ। (ਅ) ਕਿਸੇ ਕਾਰਜ ਦੀ ਸਿੱਧੀ ਲਈ ੧੦ (ਪਾਠ ਪੂਰੇ ਜਪੁਜੀ ਦੇ ਕਰੇ) ਧਨ ਲਈ (੨੦ ਪਾਠ ਜਪੁਜੀ ਦੇ ਤੇ), (ਸੁਰਾਠ ਕਾਮਨਾ ਸੰਚਰਤ=) ਰਾਜ ਦੀ ਕਾਮਨਾ ਪੂਰਨ ਹੋਣ ਲਈ ੩੦ ਤੇ ਮੁਕਤੀ ਲਈ ੪੦ ਪਾਠ (ਜਪੁਜੀ ਦੇ ਕਰੇ)।

ਤੀਹ ਕਾਮਨਾ ਸੰਚਰਤਿ, ਚਾਲੀ ਮੁਕਤ ਸੁ ਰਾਠ[2] ॥੧੫॥
ਪੈਂਤੀ ਪੰਗਤ, ਛੱਤੀ ਗੜ੍ਹ, ਸੂਰ ਕਾਜ ਸੈਂਤੀਸ[1]।

[1]ਪੈਂਤਵੀਂ ਪੌੜੀ ਭਾਈਚਾਰੇ (ਵਿਚ ਮਾਨ ਲਈ, ਤੇ) ਛੱਤੀਵੀਂ ਕਿਲਾ (ਫਤੇ ਕਰਨ ਲਈ ਤੇ) ਸੈਂਤੀਵੀ ਸੂਰਮਗਤੀ ਦੇ ਕਾਰਜ ਲਈ।

ਅਠੱਤੀ ਮਿਲਨੇ ਸਾਧ ਕੇ, ਕੈ ਨ੍ਰਿਪ ਪੌਰ ਅਸੀਸ[1] ॥੧੬॥

[1]ਯਾ ਰਾਜਦ੍ਵਾਰੇ ਅਸ਼ੀਰਵਾਦ ਦੇਣ ਵੇਲੇ। (ਅ) ਰਾਜ ਦੁਆਰੇ ਟਿਕਣ ਲਈ [ਆਸੀਸ=ਟਿਕਾਣਾ]।

ਉਨਤਾਲੀ ਤਨ ਦੇਵ ਕੋ[1], ਚਾਲੀ ਚਤਰਭੁਜ ਰੂਪ[2]।

[1]ਦੇਵ ਰੂਪ ਹੋਣ ਲਈ। [2]ਵਿਸ਼ਨੂੰ ਰੂਪ ਹੋਣ ਲਈ।

ਚਾਰ ਭਾਂਤ ਜਪ ਲਿਖਿ ਹੁਤੇ, ਭੋਜਨ ਅਖੈ ਸਰੂਪ[1] ॥੧੭॥

[1]ਅਖੈ ਸਰੂਪ ਹੋਣ ਲਈ ਭਾਵ ਕੇਵਲ ਮੁਕਤੀ ਲਈ ਚਾਰ ਤਰ੍ਹਾਂ ਨਾਲ (ਜਪੁਜੀ) ਸੇਵਨ ਕਰੇ:-ਜਪੇ, ਲਿਖੇ, ਹੋਮ ਕਰੇ ਤੇ ਭੋਜਨ ਦੇਵੇ ਭਾਵ ਯੱਗ ਕਰੇ। ਸੂਚਨਾ-ਸੌ ਸਾਖੀ ਵਾਲਾ ਇਥੇ ਵੀ ਮੰਤ੍ਰ ਸ਼ਾਸਤ੍ਰ ਦੀ ਵਿਧੀ ਹੀ ਗੁਰਮਤ ਵਿਚ ਪਾ ਰਿਹਾ ਹੈ। ਇਹ ਅਸੂਲ ਉਥੋਂ ਦਾ ਹੈ ਕਿ ਜਿਤਨਾ ਮੰਤ੍ਰ ਪੜੇ ਉਸਦਾ ਦਸਵਾਂ ਹਿੱਸਾ ਹੋਮ ਕਰੇ, ਜਿਤਨਾ ਹੋਮ ਕਰੇ ਉਸਦਾ ਦਸਵਾਂ ਹਿੱਸਾ ਯੱਗ ਕਰੇ ਅਰਥਾਤ ਭੋਜਨ ਦੇਵੇ। ਮੰਤ੍ਰ ਲਿਖਕੇ ਜਲ ਪ੍ਰਵਾਹ ਕਰਨੇ ਵੀ ਮੰਤ੍ਰ ਵਿਦਿਆ ਵਿਚ ਲਿਖੇ ਹਨ। (ਅ) ਚਾਰ ਭਾਂਤ ਜਪ ਤੋਂ ਜੇ ਚਾਰ ਬਾਣੀਆਂ ਵਲ ਇਸ਼ਾਰਾ ਕੋਈ ਖਿਆਲ ਕਰੇ ਤਾਂ ਓਹ ਵਿਸ਼ਾ ਅੱਗੇ ਅੰਕ ੨੭ ਵਿਚ ਸ੍ਵੈਯੰ ਆਵੇਗਾ। (ੲ) 'ਭੋਜਨ ਅਖੈ ਸਰੂਪ' ਦਾ ਕਈ ਗਜਾਨੀ ਅਰਥ ਲਾਉਂਦੇ ਹਨ ਕਿ:-ਜੇ ਲਿਖਕੇ ਜਪੁਜੀ ਨੂੰ ਭੋਜਨ ਵਿਚ ਰਖੇਗਾ ਤਾਂ ਭੋਜਨ ਅਖੈ ਸਰੂਪ ਹੋ ਜਾਏਗਾ।

ਜਾਪ ਮਹਿੰਮਾ ਪੌੜੀ ਪੜੈ, ਕਰਿਹੈ ਗੁਰ ਸਨ ਪ੍ਰੀਤ[1]।

[1]ਜਪੁਜੀ ਦੀ ਪੌੜੀਆਂ ਦੀ ਜੋ ਮਹਿਮਾਂ (ਅਸਾਂ ਲਿਖੀ ਹੈ ਉਸ ਨੂੰ ਉਸ ਉਸ ਕਾਰਜ ਲਈ) ਪੜ੍ਹੇ ਗੁਰੂ ਨਾਲ ਪ੍ਰੀਤੀ ਧਾਰਨ ਕਰਕੇ। (ਅ) ਗਿਆਨੀ ਮਹਿਮਾ ਦੀ ਪੌੜੀ ਦਾ ਇਸ਼ਾਰਾ ਜਨਮ ਸਾਖੀ ਦੀ ਇਸ ਪੌੜੀ ਵੱਲ ਬੀ ਦਸਦੇ ਹਨ 'ਇਹ ਜਪੁ ਕਰਤੇ ਪੁਰਖ ਕਾ..... '।

ਨਿਹਚਾ ਜਾਂਕਾ ਗੁਰਨਿ ਮੈਂ, ਹੋਇ ਸਫਲ ਤਿਹ ਰੀਤ ॥੧੮॥
[1]ਇਹ ਜਪ ਗੁਰ ਅਰਜਨ ਸਬਿਧਿ, ਗੁਰ ਨਾਨਕ ਮੁਖ ਮੰਤ[†]।

[1]ਇਹ ਜਪੁਜੀ ਗੁਰ ਨਾਨਕ ਦੇਵ ਜੀ (ਦੇ) ਮੁਖੋਂ (ਉਚਾਰਿਆ) ਮੰਤ੍ਰ ਹੈ ਤੇ ਗੁਰੂ ਅਰਜਨ ਜੀ (ਨੇ ਇਸਨੂੰ) ਵਿਧੀ ਸਣੇ (ਹੁਣ) ਪ੍ਰਗਟ ਕੀਤਾ ਹੈ ਤੇ ਗੁਰ ਰਾਜ (ਗੁਰੂ ਰਾਮਦਾਸ ਜੀ ਨੇ) ਹੱਥੀਂ ਲਿਖਿਆ (ਉਸ ਤੋਂ ਫੇਰ) ਸੰਤਾਂ ਦੇ ਸੁਖ ਲਈ ਸਤਿਗੁਰੂ ਸਨਮੁਖ (ਭਾਈ ਗੁਰਦਾਸ ਜੀ) ਨੇ (ਲਿਖਿਆ) ਸੀ। ਭਾਵ ਇਹ ਹੈ ਕਿ ਗੁਰੂ ਰਾਮਦਾਸ ਜੀ ਨੇ ਜਪੁਜੀ ਸਾਹਿਬ ਦੇ ਸ਼ੁੱਧ ਪਾਠ ਦੀ ਇਕ ਸੈਂਚੀ ਆਪ ਲਿਖੀ ਸੀ, ਭਾਈ ਗੁਰਦਾਸ ਜੀ ਨੇ ਲਿਖਤੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਜਪੁਜੀ ਦਾ ਉਤਾਰਾ ਉਸ ਤੋਂ ਕੀਤਾ। ਉਸਤੋਂ ਹੋਏ ਕਈ ਉਤਾਰਿਆਂ ਵਿਚ ਐਉਂ ਲਿਖਿਆ ਹੈ—'ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ ਥਾ ਤਿਸ ਕੀ ਨਕਲ। ' (ਇਹ ਪਾਠ ਬਾਬਾ ਜੀ ਦੀ ਇਕ ਬੀੜ ਸੰਮਤ ੧੭੩੬ ਅੱਸੂ ਸੁਦੀ ੩ ਦੀ ਲਿਖੀ ਹੋਈ ਵਿਚੋਂ ਹੈ)। ਜਿੰਨੀਵੀਂ ਨਕਲ ਹੁੰਦੀ ਹੈ ਉਨੀ ਵੇਰ 'ਨਕਲ' ਲਿਖਿਆ ਹੁੰਦਾ ਹੈ। (ਅ) ਜੋ ਸੰਤ ਗੁਰੂ ਸਨਮੁਖ ਹੋ ਕੇ ਪਾਠ ਕਰਦਾ ਹੈ ਸੁਖ ਪਾਉਂਦਾ ਹੈ। (ੲ) ਕਈ ਗਜਾਨੀ ਸਤਿਗੁਰ ਦੀ ਥਾਂ ਸੁਤਗੁਰ ਪਾਠ ਪੜ੍ਹਕੇ ਇਸ ਦਾ ਅਰਥ ਗੁਰੂ ਅਰਜਨ ਦੇਵ ਜੀ ਕਰਦੇ ਹਨ ਕਿ ਉਨ੍ਹਾਂ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। †ਪਾ:-ਸੁਖ ਮੰਤ।

ਲਿਖਜੋ ਸੁ ਕਰ ਗੁਰ ਰਾਜ ਸਤ, ਗੁਰ ਸਨਮੁਖਿ ਸੁਖ ਸੰਤ[1] ॥੧੯॥

ਸਭਿ ਸਾਧਨ ਪ੍ਰਗਟ ਕੀਏ, ਨਹੀਂ ਦੁਸ਼ਟ ਕੋ ਦੇਹ[1]।

[1]ਭਾਵ (ਪ੍ਰਯੋਜਨ ਸਿੱਧੀ ਲਈ) ਸਾਰੇ ਸਾਧਨ (ਅਸਾਂ ਏਥੇ) ਪ੍ਰਗਟ ਕੀਤੇ ਹਨ ਏਹ ਦੁਸ਼ਟਾਂ ਨੂੰ ਨਹੀਂ ਦੱਸਣੇ।

ਫਲਹਿਂ ਸਿੱਖ ਪਰਤੀਤ ਤੇ[1], ਬਿੱਪ੍ਰ† ਸਾਧ ਕੀ ਸੇਵ ॥੨੦॥

[1]ਸਿਖ ਦੇ ਭਰੋਸੇ ਨਾਲ (ਸਾਧਨ) ਫਲਨਗੇ। †ਪਾ:-ਏਥੇ ਇਕ ਗਿਆਨੀ ਜੀ ਦੇ ਨੁਸਖੇ ਵਿਚ ਪਾਠ 'ਸਿੰਘ' ਵੀ ਵੇਖਣ ਵਿਚ ਆਯਾ ਹੈ।

ਉਸਤਤਿ ਨਿੰਦਾ ਪਰਹਰੈ, ਕਲਹਿ ਈਰਖਾ ਮਾਨ।

ਬੇਦ ਬਚਨ ਸਮ ਗੁਰ ਬਚਨ, ਸਭਿ ਸੰਤਨ ਪਰਮਾਨ[1] ॥੨੧॥ [1]ਚੰਗੀ ਤਰ੍ਹਾਂ ਮੰਨਦੇ ਹਨ।

ਸੈਯਾ:

ਜਪੁ ਜਾਪੁ ਕਿਯੇ[1] ਅਘ ਕੋਟ ਹਰੈ, [1]ਜਪੁਜੀ ਦੇ ਜਾਪ ਕੀਤਿਆਂ।

ਨਿਤ ਦਾਨ ਵਧੈ, ਬੁਧਿ† ਸਾਰ ਧਰੈ †ਪਾ:-ਮਤ।

ਮਨ ਭਾਵ[1] ਵਧੈ ਸੁਖ ਕਾਮ ਸਧੈ[2], [1]ਪ੍ਰੇਮ। [2]ਸੁਖ ਦੀਆਂ ਕਾਮਨਾਂ ਸਿੱਧ ਹੁੰਦੀਆਂ ਹਨ।

ਸੁਰ ਸਾਧਨ ਮੈਂ ਤਮ ਪੁੰਜ ਹਰੈ[1]।

[1]ਦੈਵੀ ਗੁਣਾਂ ਯਾ ਦੈਵੀ ਸਾਧਨਾਂ ਵਿਚ ਸਾਰਾ ਅੱਗਜਾਨ ਨਾਸ਼ ਕਰੇਗਾ।

ਧਨ ਮੈਂ, ਤਨ ਮੈਂ, ਘਰ ਮੈਂ, ਸੁਤ ਮੈਂ,

ਅਰੁ ਨਾਰਿ ਬਿਖੈ ਸਭਿ ਦੋਖ ਟਰੈ।

ਜਿਹ ਪ੍ਰੀਤ ਨਹੀਂ, ਪਰਤੀਤ ਨਹੀਂ

ਤਿਸ ਕੋ ਸਿਖ ਦੇਹਿ[1] ਸੁ ਦੋਖ ਕਰੈ† ॥੨੨॥

[1]ਭਾਵ ਜੋ ਸਿੱਖ ਇਹ ਵਿਧੀ ਦੱਸ ਦੇਵੇਗਾ। †ਸੌ ਸਾਖੀ ਦਾ ਪਾਠ ਹੈ:-ਨਹਿਂ ਪ੍ਰੀਤ ਕਰੈ ਵਿਸ਼ਵਾਸ਼ ਨਹੀਂ ਜਹਿਂ ਤਾਹਿਂ ਕੋ ਦੇਇ ਸੋ ਦੋਖ ਕਰੈ।

ਜਿਸ ਕੀ ਬਿਧਿ ਏਹ ਕਰੀ ਗੁਰ ਪੂਰਨ[1], [1]ਪੂਰੇ ਗੁਰੂ ਨੇ ਕਹੀ ਹੈ।

ਹ੍ਵੈ ਸਿਖ ਪ੍ਰਾਪਤ ਸਾਧਨ ਤੇ[1]। [1]ਸਿੱਖ ਨੂੰ ਪ੍ਰਾਪਤ ਹੁੰਦੀ ਹੈ ਸਾਧਨ ਕਰਨ ਤੇ।

ਸਭਿ ਪਾਠਨਿ ਗੀਤ ਖੜੰਗਨ ਤੇ

ਉਪਜੇ ਫਲ ਕੋ ਤਤ ਜੋਗਨ ਤੇ।

ਤਿਮ ਸਾਧਨ ਸਿੱਧ ਸੁਚੇਤ ਭਲੀ ਬਿਧਿ

ਕਾਜ ਸਰੇ ਸੁਖ ਭੋਗਨ ਤੇ[1]।

[1]ਜਿਵੇਂ) ਛੇ ਨਿਯਮ ਧਾਰਨ ਕਰਕੇ ਵੇਦ ਦੇ ਪਾਠ (ਤੇ ਜਿਵੇਂ ਛੇ ਕਰਮਾਂ ਨਾਲ) ਜੋੜ ਕਰਨ ਤੇ ਤੱਤ ਰੂਪੀ ਫਲ ਪ੍ਰਾਪਤ ਹੁੰਦਾ ਹੈ, ਤਿਵੇਂ (ਜਪੁਜੀ ਦਾ) ਸਾਧਨ ਸੁਚੇਤ ਹੋਕੇ ਸਿਧੀ ਸਹਿਤ ਭਲੀ ਤਰ੍ਹਾਂ ਨਾਲ ਕਰਨੇ ਤੇ ਸਿੱਧੀ ਪ੍ਰਾਪਤ ਹੁੰਦੀ ਹੈ, ਕਾਜ ਸੰਵਰਦੇ ਹਨ ਤੇ ਸੁਖਾਂ ਦੇ ਭੋਗ ਮਿਲਦੇ ਹਨ। (ਅ) ਜਿਵੇਂ ਸਾਰੇ ਗੀਤਾਂ ਖੱਟ ਸ਼ਾਸਤਾਂ ਯਾ ਵੇਦਾਂ ਦੇ ਛੇ ਅੰਗਾਂ (ਦੇ ਵੀਚਾਰਨ) ਤੇ ਤੱਤ ਜੋਗ ਦੇ ਕਰਨ ਤੇ ਜੋ ਫਲ ਹੁੰਦਾ ਹੈ।

ਸਭਿ ਸਿੱਧ ਕੀਏ ਗੁਰ ਭੇਟ ਦੀਏ

ਇਹ ਬੀਜ[†] ਧਰੇ ਗੁਰ ਮੋਦਨ ਤੇ[1] ॥੨੩॥

[1]ਇਹ ਜੋ ਬੀਜ ਧਰੇ ਹਨ ਗੁਰੂ ਭੇਟਾ ਦਿੱਤਿਆਂ ਤੇ ਗੁਰੂ ਦੇ ਪ੍ਰਸੰਨ ਹੋਇਆਂ ਸਭ ਸਿੱਧ ਕੀਤੇ (ਜਾਣ ਲਓ)। [†]ਪਾ:-ਬੀਚ।

ਦੋਹਰਾ:

ਗੁਰ ਨਾਨਕ ਕਰੁਨਾ ਕਰੀ, ਪੰਥ ਬਤਾਯੋ ਸਿੱਖ।

ਗੁਰ ਅਰਜਨ ਬਰਨਨ ਕਰੀ, ਅਰਥ ਖਜਾਤਿ ਭਾ ਲਿੱਖ[1†] ॥੨੪॥

[1]ਇਸ ਤੁਕ ਦਾ ਭਾਵ ਅਗਲੀਆਂ ਦੋ ਤੁਕਾਂ ਵਿਚ ਹੈ। [ਖਜਾਤ ਭਾ ਲਿੱਖ=ਪ੍ਰਗਟ ਹੋਇਆ ਅਰਥ ਲਿਖਿਆ ਗਿਆ]। [†]ਸੌ ਸਾ: ਪਾ:-ਸਿੱਖ।

[1]ਸੁਪਨਿ ਬਾਤ ਪਰਗਟ ਕਰੀ, ਸਤਿਗੁਰ ਪੂਰਨ ਖਜਾਤ।

[1]ਸਤਿਗੁਰ ਪੂਰਨ ਅਨੁਭਵ ਵਾਲੇ ਨੇ ਜੋ ਸੁਪਨੇ ਵਿਚ ਬਾਤ ਪ੍ਰਗਟ ਕੀਤੀ ਸੀ ਓਸੇ ਦਾ ਅਰਥ ਏਥੇ ਪ੍ਰਗਟ ਕਰਕੇ ਲਿਖਿਆ ਹੈ ਜੋ ਸਿੱਖਾਂ ਨੂੰ ਸੁਹਾਉਂਦਾ ਹੈ।

ਇਹਾਂ ਅਰਥ ਬਿਦਤਾਇ ਸੋ, ਲਿਖੜੋ ਜੁ ਸਿੱਖ ਸੁਹਾਤ[੪†] ॥੨੫॥

[†]ਅੰਸੂ ੨੭ ਦੇ ਅੰਕ ੩੫ ਵਿਚ ਦੱਸਿਆ ਹੈ ਕਿ ਦਸਮੇਂ ਗੁਰੂ ਜੀ ਨੇ ਅੱਗੇ ਆਉਣ ਵਾਲੀ ਗਲ ਕਹੀ ਤੇ ਲਿਖਾਰੀਆਂ ਨੇ ਲਿਖ ਲਈ। ਪਰ ਇਸ ਅੰਸੂ ੨੮ ਦੇ ਅੰਕ ੨੪ ਤੋਂ ਮਲੂਮ ਹੁੰਦਾ ਹੈ ਕਿ ਪੰਡਤ ਬ੍ਰਿਜ ਲਾਲ ਲਿਖਾਰੀਆਂ ਦੇ ਲਿਖ ਲੈਣ ਬਾਦ ਫਿਰ ਬੋਲਦਾ ਹੈ ਕਿ ਗੁਰੂ ਨਾਨਕ ਜੀ ਨੇ ਮੇਹਰ ਕਰਕੇ ਰਾਹ ਟੋਰਿਆ ਤੇ ਇਸ ਜਪ ਪਾਠ ਦੀ ਗੁਰੂ ਅਰਜਨ ਜੀ ਨੇ ਮੈਨੂੰ ਉਹ ਬਿਧੀ ਸੁਪਨੇ ਵਿਚ ਪ੍ਰਗਟ ਕੀਤੀ। ਮੇਰੇ ਸੁਪਨੇ ਦੇ ਅਰਥ ਦਸਮੇਂ ਪਾਤਸ਼ਾਹ ਨੇ ਖੁਹਲਕੇ ਦੱਸੇ ਹਨ ਜੋ ਲਿਖਾਰੀਆਂ ਲਿਖ ਲਏ ਹਨ ਆਦਿ।

ਪਾਠਕ ਪਰ ਪੂਰਨ ਕ੍ਰਿਪਾ, ਅਰਜਨ ਗੁਰੂ ਪ੍ਰਤਾਪ[1]।

[1]ਗੁਰੂ ਅਰਜਨ ਦੇ ਪ੍ਰਤਾਪ ਕਰਕੇ (ਉਸ) ਪਾਠਕ ਤੇ ਪੂਰਨ ਕ੍ਰਿਪਾ ਹੈ ਜੋ....।

ਦੇਖਿ, ਪੜੇ, ਦੇ ਲਿਖ, ਸੁਨੇ, ਕਰਿ ਪੂਜਾ, ਗੁਰ ਜਾਪ[1] ॥੨੬॥

[1]ਗੁਰ ਜਾਪ=ਗੁਰੂ (ਕ੍ਰਿਤ) ਜਪੁਜੀ ਸਾਹਿਬ ਨੂੰ (ਚਾਰ ਤਰ੍ਹਾਂ ਵਿਚੋਂ ਕਿਸੇ ਤਰ੍ਹਾਂ ਨਾਲ ਸੇਂਵਦਾ ਹੈ ਯਥਾ:-) (੧ ਦੇਖ ਕਰ ਪੂਜਾ=) ਦਰਸ਼ਨ ਕਰਕੇ ਪੂਜਨ ਕਰਦਾ ਹੈ, (੨) ਪੜ੍ਹਦਾ ਹੈ, (੩) (ਪਾਠ) ਸੁਣਦਾ ਹੈ, (੪) ਲਿਖਕੇ (ਦੂਜਿਆਂ ਨੂੰ ਗੁਟਕੇ) ਦੇਂਦਾ ਹੈ।

ਕਲਜੁਗ ਮੈਂ ਚਹੁ ਬਰਣ ਕੋ, ਚਾਰ ਭਾਂਤ ਕਾ ਜਾਪ[†]।

[†]ਇਨ੍ਹਾਂ ਤੋਂ ਅਗਲੀਆਂ ਤੁਕਾਂ ਦੇ ਪਾਠ ਸੌ ਸਾਖੀ ਦੇ ਨੁਸਖਿਆਂ ਨਾਲ ਰਤਾ ਰਤਾ ਫਰਕ ਰਖਦੇ ਹਨ, ਭਾਵ ਇਕੋ ਹੈ।

ਪਰਾ, ਮੱਧਮਾ, ਵੇਦ ਕਹਿ, ਪੱਸਯੰਤੀ ਜਿਸ ਮਾਪ ॥੨੭॥

ਬੈਖਰੀ ਚਾਰੇ ਥਾਨ ਮਹਿਂ, ਤਨ ਮੈਂ ਕਰਿ ਹੋ ਵਾਸ।

ਪ੍ਰਗਟ ਹੋਤ ਮੁਖ ਮਹਿਂ ਵਸਹਿ, ਸਭਿ ਨਰ ਕਰਤਿ ਪ੍ਰਕਾਸ਼[1] ॥੨੮॥

[1]ਭਾਵ ਸਾਰੇ ਜਿਸ ਨੂੰ ਬੋਲਦੇ ਹਨ।

ਨਾਭੀ ਪਹਿਲੀ[1], ਰਿਦੇ ਦੁਇ[2], ਕੰਠ ਤ੍ਰਿਤੀ[3], ਮੁਖ ਬੋਲ[4†]।

[1]ਭਾਵ ਨਾਭੀ ਵਿਚ ਪਰਾ। [2]ਰਿਦੇ ਵਿਚ ਮੱਧਮਾ। [3]ਕੰਠ ਵਿਚ ਪਸਯੰਤੀ। [4]ਮੁਖੋਂ ਬੋਲਣ ਵਿਚ ਬੈਖਰੀ। [†]ਅੰਕ ੨੭ ਵਿਚ ਦਿਤਾ ਚਾਰ ਬਾਣੀਆਂ ਦਾ ਕ੍ਰਮ ਤੇ ਉਸ ਅਨੁਸਾਰ ਅੰਕ ੨੯ ਵਿਚ ਦਿਤੀ ਥਾਵਾਂ ਦੀ ਵੰਡ ਵਿਚ ਕ੍ਰਮ ਭੰਗ ਦੂਸ਼ਣ ਹੈ, ਕਵੀ ਜੀ ਨੇ ਕੇਵਲ ਸੌ ਸਾਖੀ ਦਾ ਉਤਾਰਾ ਕੀਤਾ ਹੈ। ਸ਼ੁਧ ਵੇਰਵਾ ਐਉਂ ਹੈ:-
'ਪਰਾ ਨਾਭੌ ਤੁ ਪਸ਼ਯੰਤੀ ਹ੍ਰਿਦਿ ਦੇਸ਼ੇ ਪਰਿ ਕਲਪਤ: ਮੱਧਮਾ ਕੰਠ ਦੇਸ਼ੇਚ ਵੇਸ੍ਰੂਰੀ ਰਸਨਾਗ੍ਰਤਾ।'
ਸ਼ਾਸ਼ਤ੍ਰਕਾਰਾਂ ਨੇ ਚਾਰ ਬਾਣੀਆਂ ਤੇ ਚਾਰ ਥਾਉਂ ਉਹਨਾਂ ਦੇ ਮੰਨੇ ਹਨ; ਵੇਰਵਾ ਇਸ ਸ਼ਲੋਕ ਵਿਚ ਹੈ ਤੇ ਭਾਵ ਇਸ ਪ੍ਰਕਾਰ ਹੈ-ਨਾਭੀ ਤੋਂ ਉਠਣ ਵਾਲੀ ਦਾ ਨਾਉਂ 'ਪਰਾ' ਤੇ ਉਥੇ ਉਠਕੇ ਹ੍ਰਿਦਯ ਵਿਚ ਆਈ ਦਾ ਨਾਉਂ 'ਪਸਯੰਤੀ' ਮੰਨਿਆ ਹੈ, ਹ੍ਰਿਦਯ ਤੋਂ ਉਠ ਕੰਠ ਆਈ ਦਾ ਨਾਮ'ਮਧਮਾ' ਤੇ ਕੰਠ ਤੋਂ ਉੱਠ ਉਚਾਰੀ ਗਈ ਦਾ ਨਾਮ 'ਵੈਖਰੀ' ਹੈ। ਪਰਾ ਬਾਣੀ ਮੂਲਾਧਾਰ ਤੋਂ ਨਿਕਲੀ ਹੋਈ ਬੀ ਲਿਖਦੇ ਹਨ।

ਜਿਉਂ ਕਿਉਂ ਪਠ ਫਲ ਅਧਿਕ ਹੁਇ, ਇਹੀ ਜਾਪ ਕੋ ਮੋਲ[1] ॥੨੯॥ [1]ਮੂਲ।

ਜਾਪ ਅਜਪਾ ਜਪ ਪਠਹੁ, ਦਿਜਬਰ ਕੁਲ ਨੰਦ ਨੰਦ।
ਗੁਰ ਅਰਜਨ ਢਿਗ ਦਾਸ ਕੋ, ਪਾਇਓ ਪਰਮਾਨੰਦ[1] ॥੩੦॥

[1]ਫਿਰ) ਬ੍ਰਿਜਲਾਲ ਹੀ ਕਹਿੰਦਾ ਹੈ) ਕਿ ਦਾਸ ਨੇ ਗੁਰੂ ਅਰਜਨ ਜੀ ਪਾਸੋਂ ਬੜਾ ਅਨੰਦ ਪਾਇਆ ਤੇ ਉਨ੍ਹਾਂ ਨੇ ਮੈਨੂੰ ਕਿਹਾ ਹੈ ਹੇ ਬ੍ਰਿਜਲਾਲ ਜਪ ਦਾ ਅਜਪਾ ਪਾਠ ਕਰਿਆ ਕਰੋ। [ਨੰਦ ਦਾ ਨੰਦ ਹੈ ਕ੍ਰਿਸਨ। ਕ੍ਰਿਸ਼ਨ ਦਾ ਇਕ ਨਾਮ ਹੈ ਬ੍ਰਿਜਲਾਲ, ਇਸ ਕਰਕੇ ਨੰਦ ਨੰਦ ਦਾ ਅਰਥ ਹੈ। ਬ੍ਰਿਜਲਾਲ]।

ਚੌਪਈ:

ਇਸ ਬਿਧਿ ਪੰਡਤਿ ਪਿੰਡੀ ਲਾਲ।
ਬਿਧੀਚੰਦ, ਨੰਦ ਲਾਲ, ਗੁਪਾਲ।
ਖਾਨ ਚੰਦ, ਅਰੁ ਆਲਮਸ਼ਾਹੁ।
ਸਾਧ ਮਦਨ ਗਿਰ ਸੁਨਤਿ ਉਮਾਹੁ[1] ॥੩੧॥

[1]ਹੁਣ ਚੌਪਈ ੩੧ ਵਿਚ ਸੌ ਸਾਖੀ ਦੇ ਕਰਤਾ ਦੀ ਕਵਯੋਕਤੀ ਹੈ ਕਿ ਮਦਨ ਗਿਰ ਆਦਿਕ ਸਾਰੇ ਸੁਣ ਕੇ ਪ੍ਰਸੰਨ ਹੋਏ।

ਦੋਹਰਾ:

[1]ਮਾਨਯੋ ਗੁਰ ਤੇ ਰਾਤ ਕੇ, ਉਡਯੋ ਵਿਹੰਗਮ ਭਾਂਤਿ।

[1]ਹੁਣ ਫੇਰ ਬ੍ਰਿਜਲਾਲ ਸਭਾ ਵਿਚ ਬੋਲਦਾ ਹੈ, ਕਿ ਮੈਂ ਰਾਤ ਨੂੰ (ਸੁਪਨੇ ਵਿਚ) ਜਦ ਪੰਛੀ ਵਾਂਙੂ ਉਡਕੇ ਗਿਆ (ਸਾਂ ਤਾਂ ਹੁਣ ਤਕ ਦੱਸੀ ਗਲ ਬਾਤ) ਗੁਰੂ (ਅਰਜਨ ਦੇਵ) ਤੋਂ (ਸੁਣਕੇ) ਮੰਨ ਲਈ। (ਅ) 'ਮਾਨਯੋ..... '=ਪਿੰਡੀ ਲਾਲ ਆਦਿਕਾਂ ਨੇ ਖੁਸ਼ੀ ਨਾਲ ਮੰਨ ਲਿਆ ਜੋ ਗੁਰੂ ਅਰਜਨ ਜੀ ਨੇ ਬ੍ਰਿਜ ਲਾਲ ਨੂੰ ਸੁਪਨੇ ਵਿਚ ਕਿਹਾ ਸੀ ਕਿ ਜਦੋਂ ਉਹ ਰਾਤ ਨੂੰ ਪੰਛੀ ਵਾਂਙ ਉਡਿਆ ਸੀ:-ਕਿ ਓਥੇ ਮੈਂ ਪੂਰਨ ਪੁਰਖ (ਗੁਰ ਅਰਜਨ ਦੇਵ ਜੀ ਨੂੰ ਜਦ) ਮਿਲਿਆ ਸਾਂ। ਉਨ੍ਹਾਂ ਤੋਂ ਮੈਂ (ਮੁੜ) ਪੁਛਿਆ ਸੀ ਕਿ ਸ਼ਾਂਤ ਹੋਣ (ਮਰਣ ਵੇਲੇ) ਕੌਣ (ਪਾਠ ਕੀਤਾ ਜਾਵੇ? ਤਾਂ) ਤਿੰਨ ਵਾਰ ਗੁਰੂ ਜੀ ਨੇ ਇਉਂ ਕਿਹਾ ਕਿ ਇਹ ਜਪੁ ਅਮੋਲਕ ਰਤਨ ਹੈ ਇਸੇ ਨਾਲ ਤੁਸੀਂ ਮੈਨੂੰ ਆ ਮਿਲੋਗੇ, (ਤੇਰਾ) ਅੰਤ ਦਾ ਚੋਲਾ ਇਹੀ ਹੈ, ਭਾਵ ਇਹ ਤੇਰਾ ਆਖਰੀ ਜਨਮ ਹੈ। (ਅ) ਅੰਤ ਕੋ ਚੋਲ=ਸਰੀਰ ਦੇ ਅੰਤ ਵੇਲੇ ਇਹ (ਪਾਠ ਕਰਨਾ)।

ਭੇਟਯੋ ਪੁਰਖ ਪੂਰਨ ਤਹਾਂ, ਪੂਛਯੋ ਪੁਨ ਕੋ ਸ਼ਾਂਤਿ ॥੩੨॥
ਤੀਨ ਵਾਰ ਗੁਰ ਇਵ ਕਹੀ, 'ਇਹ ਜਪੁ ਰਤਨ ਅਮੋਲ।
ਜਾਂ ਤੇ ਮੁਝ ਕੌ ਭੇਟਿਓ, ਇਹੀ ਅੰਤ ਕੋ ਚੋਲ' ॥੩੩॥
ਏਕੋ ਓਅੰਕਾਰ ਕਹੁ, ਪੁਨ ਸਤਿਗੁਰੂ ਪ੍ਰਸਾਦਿ।

ਸੱਤਿਨਾਮ ਕਰਤਾ ਪੁਰਖ, ਜਪਹਿ ਜਾਪ ਅਹਿਲਾਦ[1] ॥੩੪॥

[1]ਪਿਛੇ ਆਏ ਮੂਲ ਮੰਤ੍ਰ ਦੇ ਜਾਪ ਵਿਚ ਕੋਈ ਭੁਲੇਵਾਂ ਨਾ ਰਹਿ ਜਾਏ ਏਥੇ ਦੱਸਦੇ ਹਨ ਆਦਿ ਅੰਤ ਵਿਚ ਜਿਸ ਮੂਲ ਮੰਤ੍ਰ ਦੇ '੧ਓ' ਤੇ 'ਗੁਰਪ੍ਰਸਾਦਿ' ਹੈ ਤੇ ਵਿਚਾਲੇ 'ਸਤਿਨਾਮ ਕਰਤਾ ਪੁਰਖ' ਆਦਿਕ ਪਾਠ ਹੈ। (ਇਸ ਸਾਰੇ ਮੂਲ ਮੰਤ੍ਰ) ਦਾ ਜਪ ਜੋ ਜਪੇਗਾ ਆਨੰਦ (ਨੂੰ ਪ੍ਰਾਪਤ ਹੋਵੇਗਾ। ਮੂਲ ਮੰਤ੍ਰ ਦਾ ਰੂਪ ਇਹ ਹੈ:-) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਦੇਖੋ ਅੰਸੂ ੨੭ ਅੰਕ ੪੨ ਤੋਂ ਅੱਗੇ।

[1]ਜਪੇ ਜਾਪ ਤਨ ਤਾਪ ਖਪੁ, ਆਰਬਲਾ ਵਧ ਜਾਇ।

[1]ਹੁਣ ਸੌ ਸਾਖੀ ਦੇ ਕਰਤਾ ਦੀ ਕਵਿਤੋਕਤੀ ਟੁਰਦੀ ਹੈ:

ਕਰਹਿ ਕਾਮਨਾ ਜਥਾ ਉਰ, ਤਥਾ ਜਾਪ ਤੇ ਪਾਇ ॥੩੫॥

ਨਾਰੀ ਸੁਤ ਕੇ ਕਾਰਨੇ, ਅੱਖਰ ਜਪ ਅਰਧੈਨ[1]।

[1]ਪੁਤ੍ਰ ਨਮਿਤ ਇਸਤ੍ਰੀ ਇਨ੍ਹਾਂ ਹੀ ਅਖਰਾਂ ਦਾ ਜਾਪ ਕਰੇ ਉਸ ਨੂੰ ਆਧਾਨ ਹੋ ਜਾਏਗਾ। [ਸੰਸ. ਆਧਾਨ=ਗਰਭ। ਅਧਰੈਨ=ਬੁਲ੍ਹਾਂ ਨਾਲ]।

ਸਕਲ ਕਾਮ ਸਾਧਨ ਸਿਧੈ[1], ਸਾਧਕ ਸੁਖ ਬਹੁ ਚੈਨ ॥੩੬॥

[1]ਜਪੁਜੀ ਸਾਹਿਬ ਦੇ) ਸਾਧਨ ਨਾਲ ਸਭ ਕਾਮਨਾ ਸਿੱਧ ਹੋਣਗੀਆਂ।

ਸਲੋਕ:

[ਪ]ਸ਼ੁਭੰ ਪ੍ਰਭਾਤੇ ਸ੍ਵਰਥੇ ਚ ਮੱਧਯੇ ਕਾਮੇ ਪਰਾਹਨੇ ਮੋਖਯੇਚ ਸਿਧਯੇ।
ਮੋਹਨ ਪ੍ਰਦੋਖੇ ਵਸਤੈਕ ਯਾਮੇ ਰਿਪੁਦ ਘਾਤੈ ਰਜੰਨਜਰਧ ਬੀਤੇ।
ਮੁਕਤੀ ਪਰਾਯਣੇ ਪ੍ਰਹਰੇਚ ਸ਼ੇਖ਼ੇ ਸੁਰਜੋਦਏਚ ਕਿੰਨੈਵ ਸਿੱਧਯੰ।
ਇਦੰ ਫਲੰ ਵੈ ਵਿਰਚਤੰ ਦਿਜੇ ਨੌ ਸ੍ਰੀ ਗੁਰੂ ਕਰੰ ਸ੍ਰੀ ਕੇਸ਼ਵੇ ਨਾਂ[1] ॥

[1]ਇਸ ਸ਼ਲੋਕ ਦਾ ਸ਼ੁੱਧ ਪਾਠ ਐਉਂ ਕੁ ਦਾ ਹੈ:-
ਸ਼ੁਭੰ ਪ੍ਰਭਾਤੇ ਸ੍ਵਰ੍ਥੇਚ ਮਧਜਮੇ, ਕਾਮਜੇ ਪਰਾਹੇਣ ਖਲੁ ਮੋਕਸ਼ ਸਿਧਧੈ,
ਮੋਹਨ ਪ੍ਰਦੋਖ਼ੇ ਵਸ੍ਤੈਕ ਯਾਮੇ, ਰਿਪੁਦਘਾਤੇ ਹਿ ਰਜਨਜਰ੍ਧ ਵੀਤੇ,
ਮੁਕ੍ਤਿ ਪਰਾਯਣੇ ਪ੍ਰਹਰੇਚ ਸ਼ੇਖ਼ੇ, ਸੁਰਜੋਦਜੇਚ ਕਿੰ ਨੈਵ ਸ਼ਿਦਧਜਮ੍,
ਇਦੰ ਫਲੰ ਵੈ ਰਚਿਤੰ ਦ੍ਵਿਜੇਨ ਸ੍ਰੀ ਗੁਰੁ ਕਰੰ ਹਿ ਸ੍ਰੀ ਕੇਸ਼੍ਵੇਨ ॥

ਅਰਥ: ਪ੍ਰਭਾਤ ਨੂੰ ਤਾਂ (ਜਪੁ ਪਾਠ ਵੈਸੇ ਹੀ) ਸ਼ੁਭ ਹੈ, ਪਰ ਜੇ ਕਿਸੇ ਕਾਰਜ ਸਿੱਧੀ ਲਈ ਕਰਨਾ ਹੋਵੇ ਤਾਂ ਐਉਂ ਕਰੇ), ਆਪਣੇ ਸ੍ਵਾਰਥ ਲਈ ਦੁਪਹਿਰੇ, ਕਾਮਨਾ ਤੇ ਮੁਕਤੀ ਦੀ ਸਿੱਧੀ ਲਈ ਨਿਸ਼ਚੇ ਕਰਕੇ ਦੁਪਹਿਰ ਤੋਂ ਪਿੱਛੇ, ਮੋਹਨ ਕਰਨ ਵਾਸਤੇ ਸੰਝਾਂ ਵੇਲੇ, ਕਿਸੇ (ਗੁਪਤ) ਵਸਤੂ ਲਈ ਪਹਿਰ ਰਾਤ ਬੀਤਿਆਂ, ਵੈਰੀਆਂ ਦੇ ਨਾਸ਼ ਲਈ ਅੱਧੀ ਰਾਤ, ਮੁਕਤੀ ਦੇ ਆਸਰੇ ਹੋਣ ਲਈ ਪਹਿਰ ਰਾਤ ਬਾਕੀ ਰਹੇ ਵੇਲੇ, ਸੂਰਜ ਉਦੇ ਹੋਣ ਵੇਲੇ ਕੀਹ ਸਿਧ ਨਹੀਂ ਹੋ ਸਕਦਾ (ਭਾਵ ਸਾਰੀਆਂ ਗਲਾਂ ਵਾਸਤੇ ਸੂਰਯੋਦਯ)। ਸ੍ਰੀ ਗੁਰੂ ਜੀ ਦੀ ਕੀਤੀ ਹੋਈ (ਬਾਣੀ ਜਪੁਜੀ) ਦਾ ਇਹ ਫਲ ਬ੍ਰਹਮਣ ਬ੍ਰਿਜਲਾਲ ਨੇ ਰਚਿਆ ਹੈ।'ਸ੍ਰੀ ਕੇਸ਼ਵ' ਨਾਮ 'ਕ੍ਰਿਸ਼ਨ' ਜੀ ਦਾ ਹੈ ਤੇ 'ਬ੍ਰਿਜਲਾਲ' ਨਾਮ ਬੀ 'ਕ੍ਰਿਸ਼ਨ'ਦਾ ਹੈ ਇਸ ਕਰਕੇ 'ਸ੍ਰੀ ਕੇਸ਼ਵ' ਦਾ ਮਤਲਬ 'ਬ੍ਰਿਜਲਾਲ' ਹੈ।

ਦੋਹਰਾ:

ਸ੍ਰੀ ਗੁਰੂ ਅਰਜਨ ਬਚਨ ਜਬਿ, ਸੁਨਜੋ ਸਿੱਖ ਸਮੁਦਾਇ[††]ਪਾ: ਸੁਖਦਾਇ।

ਤਾਂ ਦਿਨ ਤੇ ਘਰ ਸੁਰਪੜੈ[†], ਮਿਟਜੋ ਦੂਖ ਕੋ ਭਾਇ[1] ॥੩੭॥

[1]ਭਾਵ ਜਿਸ ਨੂੰ ਭੂਤ ਲਗਾ ਪਿਛੇ ਕਿਹਾ ਸੀ ਉਹ ਓਸ ਦਿਨ ਤੋਂ ਸੁਰ ਨਾਲ ਜਪੁਜੀ ਦਾ ਪਾਠ ਕਰਨ ਲਗ ਪਿਆ ਤਾਂ ਉਸ ਦਾ ਦੁੱਖ ਮਿਟ ਗਿਆ। [†]ਪਾ:-ਸੁਰਗ ਮੇਂ।

ਅਬਿ ਸੁਨੀਏ ਇਕ ਜਪ ਪੜੈ, ਸਤਿਗੁਰ ਸਿੱਖ ਕੇ ਸੰਗ[1]।

[1]ਜੋ ਕੇਵਲ ਇਕ ਜਪੁ ਪੜ੍ਹੇ ਗੁਰੂ ਜੀ ਉਸ ਦੇ ਅੰਗ ਸੰਗ ਹਨ।

ਭੁਗਤ ਮੁਕਤਿ ਬਖ਼ਸ਼ੀ ਗੁਰੂ, ਦਰਗਹਿ ਜਾਹਿ ਨਿਸੰਗ ॥੩੮॥

ਸਭਿ ਪ੍ਰਸੰਗ ਕੇ ਅੰਤ ਮਹਿਂ, ਕਹਿਂ ਦਸਮੇ ਪਤਸ਼ਾਹੁ।

ਕਰਜੋ ਨੇਮ ਨਿਤ ਜਪ ਪੜੇ, ਸਭਿ ਬਯ ਲਗ ਨਿਰਬਾਹੁ[1] ॥੩੦॥

[1]ਸਾਰੀ ਉਮਰ ਤਕ ਨਿਰਬਾਹ ਕਰੇ।

ਆਤਮ ਦਰਸੀ ਕੀ ਗਤੀ, ਪ੍ਰਾਪਤੀ ਤਿਸ ਕੋ ਹੋਇ।

ਰਹੈ ਸੰਗ ਤਿਹ ਸਤਿਗੁਰੂ, ਪਾਇ ਸਹਾਇਕ ਸੋਇ[1†] ॥੪੯॥

[1]ਗੁਰੂ ਨੂੰ ਆਪਣਾ ਸਹਾਇਕ ਪਾਏਗਾ। [†]ਪਾ:-ਹੋਇ।

ਜਿਉਂ ਧੰਨੇ ਕੀ ਧੇਨੁ ਕੋ, ਠਾਕਰ ਚਾਰੇ ਨਿੱਤ।

ਕਰਿ ਪ੍ਰਤੀਤ ਨਿਤ ਜਪ[1] ਪੜੇ, ਤਿਮ ਤਿਹ ਸਤਿਗੁਰ ਮਿੱਤ[†] ॥੪੧॥

[1]ਜਪੁਜੀ। [†]ਜਪੁਜੀ ਦੇ ਪਰਮਅਰਥ ਮਹਾਤਮ ਫਲ ਬਾਬਤ ਇਹ ਸੁਪਨਾ ਬ੍ਰਿਜਲਾਲ ਦਾ ਦੇਖਣਾ ਤੇ ਅੱਗੋਂ ਦੱਸਣਾ ਤੇ ਗੁਰੂ ਦਸ਼ਮੇਸ਼ ਜੀ ਦਾ ਲਿਖਵਾਉਣ ਦਾ ਸੰਮਤ ਇਸ ਥਾਵੇਂ ਸੌ ਸਾਖੀ ਨੇ ਦਿਤਾ ਹੈ ੧੭੩੦ ਬਿੱਕ੍ਰਮੀ।

'ਯਥਾ:- 'ਸੰਮਤ ਵਿਕ੍ਰਮ ਰਾਇ ਕੋ ਸਤ੍ਰਹ ਸੈ ਤ੍ਰਿੰਸ ਮਾਸ। ਜਪ ਪਰਮਾਰਥ ਫਲ ਲਿਖਿਓ ਕਰੀ ਸਰਲਤਾ ਤਾਸ'।

ਵੀਚਾਰ: ੧੭੩੦ ਵਿਚ ਸ੍ਰੀ ਦਸ਼ਮੇਸ਼ ਜੀ ਸੱਤ ਬਰਸ ਦੇ ਸੇ, ਅਜੇ ਪਟਨੇ ਸਾਹਿਬ ਰਹਿੰਦੇ ਸੇ। ੧੭੩੨ ਵਿਚ ਨਾਵੇਂ ਗੁਰੂ ਜੀ ਦਾ ਸਾਕਾ ਹੋਇਆ। ੧੭੩੦ ਵਿਚ ਨਾ ਦਸ਼ਮੇਸ਼ ਗੁਰੂ ਜੀ ਗੱਦੀ ਪਰ ਸੇ, ਨਾ ਕਵੀਆਂ ਦਾ ਦਰਬਾਰ ਸੀ, ਨਾ ਬ੍ਰਿਜਲਾਲ ਸੀ। [ਸਤ੍ਰਹ ਸੈ ਤ੍ਰਿੰਸ=੧੭੩੦। ਮਾਸ=ਮਾਂਹ=ਵਿਚ]। ਇਹੋ ਅਰਥ ਸ: ਸਰ ਅਤਰ ਸਿੰਘ ਜੀ ਨੇ ਕੀਤਾ ਹੈ। ਇਹੋ ਸੌ ਸਾਖੀ ਦੇ ਗਯਾਨੀ ਲਾਯਾ ਕਰਦੇ ਸਨ। ਇਸ ਦਾ ਇਹ ਭਾਵ ਨਹੀਂ ਕਿ ਜਪੁਜੀ ਦਾ ਮਹਾਤਮ ਨਹੀਂ ਯਾ ਦਸ਼ਮੇਸ਼ ਪਿਤਾ ਜੀ ਨੇ ਕਿਹਾ ਨਹੀਂ ਹੋਣਾ। ਜਪੁਜੀ ਅਕਾਲ ਪੁਰਖ ਦੇ ਗਯਾਨ ਦੀ, ਭਗਤੀ ਦੀ ਜੁੜਨ ਦੀ ਤੇ ਫਿਲਸਫੇ ਦੀ ਬਾਣੀ ਹੈ। ਮਨ ਨੂੰ, ਸ਼ਾਂਤਿ ਰਸ, ਏਕਾਗ੍ਰਤਾ, ਨਿਰਮਲਤਾ ਤੇ ਜੀਵ ਨੂੰ ਕਲਯਾਨ ਦਾਤੀ ਹੈ। ਇਹ ਅਨੇਕ ਸ਼ਕਤੀਆਂ ਦੀ ਪ੍ਰਦਾਤਾ ਹੈ। ਦਸੇ ਸਤਿਗੁਰੂ ਆਪ ਪੜ੍ਹਦੇ ਪੜ੍ਹਾਉਂਦੇ ਮਹਿੰਮਾਂ ਤੇ ਮਹਾਤਮ ਦੱਸਦੇ ਰਹੇ ਹਨ। ਸਾਹਿਬ ਰਾਮਕੌਰ ਜੀ ਨੇ ਦਸ਼ਮੇਸ਼ ਜੀ ਤੋਂ ਸੁਣੀ ਮਹਿੰਮਾਂ ਲਿਖੀ ਬੀ ਹੋਣੀ ਹੈ ਪਰ ਜੋ ਕੁਛ ਇਥੇ ਦਿਤਾ ਹੈ ਇਸ ਵਿਚ ਆਖੇਪ ਬਹੁਤ ਕੁਛ ਹੈ ਤੇ ਸੰਮਤ ਵਾਲੀ ਗਲ ਉਸ ਹਸਤਾਖੇਪ ਦਾ ਪ੍ਰਤੱਖ ਸਬੂਤ ਹੈ।

[‡]ਪੜੈ ਸੁਨੈ ਚਿਤ ਲਾਇ ਕੈ, ਜੋ ਲਿਖਿ ਦੇਯ ਸਪ੍ਰੀਤ।

[‡]ਇਹ ਸੌ ਸਾਖੀ ਦੀ ੯੦ਵੀਂ ਸਾਖੀ ਹੈ।

ਮਨ ਚਿੰਤਤਿ ਫਲ ਪਾਇ ਕੈ[1], ਤਰਿ ਹੈ ਸੁਖ ਭੈ ਭੀਤ[2] ॥੪੨॥

[1]ਮਨ ਇੱਛਤ ਫਲ ਪਾਵੇਗਾ। [2]ਭੈ ਭੀਤ (ਸੰਸਾਰ) ਤੋਂ ਸੁਖੈਨ ਤਰ ਜਾਏਗਾ।

ਭੇਟਾ ਕਰਿ ਉਪਦੇਸ਼ ਗੁਰ, ਤਬੀ ਫਲੈ ਗੁਰ ਸਿੱਖ[1]।

[1]ਤਦ ਹੀ ਫਲੇਗਾ ਗੁਰ ਉਪਦੇਸ਼ (ਭਾਵ ਜਪੁਜੀ ਜੇ) ਗੁਰੂ ਸਿੱਖ (ਜਪੁਜੀ ਦੀ) ਭੇਟਾ ਪੂਜਾ ਕਰੇ (ਦੇਖੋ ਅੰਕ ੨੬ ਇਸੇ ਅੰਸੂ ਦਾ)।

ਜਥਾ ਸ਼ਕਤਿ ਜਪ ਕੋ ਜਪੈ, ਸਿੱਧ ਹੋਇ ਗੁਰਮੁੱਖ ॥੪੩॥

'ਆਦਿ ਸੱਚ ਜੁਗਾਦਿ ਸਚ, ਹੈ ਭੀ ਸੱਚ ਬਖਾਨ।'

'ਨਾਨਕ ਹੋਸੀ ਭੀ ਸੱਚ', ਇਹ ਪੌੜੀ[1] ਪੜਹੁ ਪ੍ਰਮਾਨ ॥੪੪॥

[1]ਇਹ ਸ਼ਲੋਕ ਹੈ, ਪੌੜੀਆਂ 'ਸੋਚੈ ਸੋਚ' ਤੋਂ ਸ਼ੁਰੂ ਹੁੰਦੀਆਂ ਹਨ।

ਸਿਰੈ ਮੰਤ੍ਰ ਸਭਿ ਪੌੜੀਅਨਿ, ਇਹ ਪੌੜੀ ਲਖਿ ਸਾਰ[1]।

[1]ਸਭ ਪੌੜੀਆਂ ਤੋਂ ਸਿਰੇ ਵਾਲਾ ਮੰਤਰ ਤੇ ਇਹ ਪੌੜੀ (ਭਾਵ ਸ਼ਲੋਕ) ਨੂੰ ਸਾਰ ਲਖੋ।

ਅੰਤ ਸਮੈ ਚਲਿਬੇ ਗੁਰੂ, ਕੀਨੋ ਇਹੀ ਉਚਾਰ[1] ॥੪੫॥

[1]ਜੋਤੀ ਜੋਤ ਸਮਾਉਣ ਵੇਲੇ ਗੁਰੂ (ਕਲਗ਼ੀਧਰ) ਜੀ ਨੇ ਇਹੀ ਉਚਾਰਨ ਕੀਤੀ ਸੀ।

ਸੱਤਿਨਾਮ ਸਤਿਗੁਰ ਪ੍ਰਸਾਦਿ[1], ਸਿੱਧ ਮੰਤ੍ਰ ਇਹ ਜਾਨ।

[1]ਸਤਿਨਾਮ' ਤੋਂ 'ਗੁਰਪ੍ਰਸਾਦਿ' ਤਕ।

ਰਾਮਕੁਇਰ ਭਾਖੈ[1] ਭਲੇ,

ਸਾਹਿਬ ਸਿੰਘ! ਸੁਨਿ ਕਾਨ ॥੪੬॥ [1]ਰਾਮਕੁਇਰ ਜੀ ਕਹਿੰਦੇ ਹਨ।

ਹਮ ਭੀ ਜਬਿ ਕਬਿ ਜਪਤਿ ਹੈਂ, ਇਹੀ ਮੰਤ੍ਰ ਬਰ ਸਾਰ[1]। [1]ਤੋਂ ਹੋਸੀ ਭੀ ਸੱਚ' ਤਕ।

ਗੁਰ ਧਰਿ ਕੈ ਅਵਤਾਰ ਕੋ, ਕੀਨੋ ਜਗਤ ਉਧਾਰ ॥੪੭॥

ਸਤਿਗੁਰ ਚਲਤਿ ਦਿਖਾਇਆ, ਦੇਹ ਧਾਰਿ ਕੈ ਮੀਤ!

ਸਭਿ ਦੇਖਾ[1] ਸਤਿਗੁਰ ਚਲਿਤ, ਸਿਮਰੈਂ[2] ਅਹਿਨਿਸ ਚੀਤ ॥੪੮॥

[1]ਸਾਰਾ (ਮੈਂ) ਵੇਖਿਆ ਹੈ। [2]ਸਿਮਰਦੇ ਹਨ।

ਏਕ ਬਾਰ ਸਤਿਗੁਰ ਕਹਯੋ, 'ਮੰਤ੍ਰ ਜੰਤ੍ਰ ਕਲਿ ਮਾਂਹਿ।

ਲੋਗ ਕਰਹਿੰਗੇ ਜਗਤ ਮਹਿਂ, ਮੇਰਾ ਸਿੱਖ ਨ ਚਾਹਿ ॥੪੯॥

ਏਕ ਸਮੈਂ ਮੰਤ੍ਰੀ ਬਹੁਤ, ਘਰਿ ਘਰਿ ਬਾਜਹਿ ਬਾਜ[1]।

[1]ਇਕ ਸਮੇਂ ਮੰਤ੍ਰਾਂ ਵਾਲੇ ਬਹੁਤ (ਕੱਠੇ ਹੋਣਗੇ) ਤੇ ਘਰ ਘਰ ਵਿਚ (ਮੰਤ੍ਰਾਂ ਦੇ) ਵਾਜੇ ਵਜਣਗੇ (ਭਾਵ) ਤੋਰਾ ਤੁਰੇਗਾ।

ਜਪ ਤਪ ਨਿਹਚਾ ਨ ਰਹੈ, ਕਰਿਹੈ ਦੇਖਤ ਸਾਜ[1] ॥੫੦॥

[1]ਜਪ ਤਪ ਵਿਚ ਨਿਹਚਾ ਨਹੀਂ ਰਹੇਗਾ ਤੇ ਦਿਖਾਲੇ ਦੇ ਬਨਾਉ ਬਨਾਉਣਗੇ। (ਅ) ਬਨਾਉਟ ਦੇਖਕੇ ਕਰਨ ਲੱਗ ਜਾਣਗੇ।

ਜੈਸੀ ਗੁਰ ਕੀ[1] ਭਾਵਨਾ, ਤੈਸੀ ਗਤਿ ਹੁਇ ਸ਼ਕਤਿ[2]।

[1]ਵਿਚ। [2]ਤੈਸੀ ਸ਼ਕਤੀ ਪ੍ਰਾਪਤ ਹੋਵੇਗੀ।

ਸ਼ਰਨ ਭਜਹੁ ਸ੍ਰੀ ਰਾਮ ਕੀ[1], ਕਲਿ ਮਹਿਂ ਨਿਹਚਾ ਮੁਕਤਿ[2†] ॥੫੧॥

[1]ਵਾਹਿਗੁਰੂ ਜੀ ਦੀ। (ਅ) ਸ੍ਰੀ ਰਾਮ ਤੋਂ ਭਾਵ ਗੁਰੂ ਰਾਮਦਾਸ ਜੀ ਦਾ ਵੀ ਹੋ ਸਕਦਾ ਹੈ ਕਿਉਂਕਿ ਪਿਛੇ ਜਪੁਜੀ ਦੇ ਉਨ੍ਹਾਂ ਦੇ ਹਸਤਾਖਰੀ ਲਿਖੇ ਨੁਸਖੇ ਦਾ ਜ਼ਿਕਰ ਕਰ ਆਯਾ ਹੈ। [2]ਕਲਜੁਗ ਵਿਚ ਨਿਹਚੇ ਨਾਲ ਹੀ ਮੁਕਤੀ ਹੈ। [†]ਪਾ:-ਸਦਾ ਮੁਕਤਿ, ਪਰ ਸੌ ਸਾਖੀ ਦਾ ਪਾਠ 'ਨਿਹਚਾ ਮੁਕਤ' ਹੈ।

ਵਾਹਿਗੁਰੂ ਇਹ ਮੰਤ੍ਰ ਜਪੁ, ਸਗਲ ਸਰੈਂਗੇ ਕਾਮ।

ਸਿੱਖ ਗੁਰੂ ਕੇ ਹਿਤ ਕਰਹੁ, ਨਿਤ ਸਵਾਰ ਅਰਾਮ[1†]' ॥੫੨॥

[1]ਸਵੇਰੇ ਤੇ ਰਾਤ [ਸਵਾਰ=ਸਵੇਰ। ਅਰਾਮ=ਅਰਾਮ ਦਾ ਵੇਲਾ=ਰਾਤ]। [†]ਪਾ:-ਸਵਾਰੇ ਰਾਮ।

ਘੋੜਾ ਅਟਕਯੋ ਚਲਤਿ ਹੀ, ਬਡੋ ਜੁੱਧ[1] ਇਕ ਬੇਰ। [1]ਜੁੱਧ ਵਿਚ।

ਸਤਿਗੁਰ ਬੋਲੇ 'ਮਦਨ ਸਿੰਘ! [†]ਘੋਰਾ ਘਾਸ ਜੁ ਹੇਰ[1]' ॥੫੩॥

[1]ਹੇ ਮਦਨ ਸਿੰਘ (ਘਾਹੀ!) ਘੋੜੇ ਦੇ (ਅੱਗੇ) ਘਾਹ ਨੂੰ ਦੇਖ। [†]ਸੌ ਸਾਖੀ ਦਾ ਪਾਠ-ਬਦਨ ਸਿੰਘ।

ਦੇਖਤਿ ਨਿਕਸਯੋ ਘਾਹ ਮਹਿਂ, ਪਰਾ ਤਮਾਕੂ ਰੰਚ।

**ਬੋਲੇ ਸਤਿਗੁਰ 'ਪਾਹੁਲੀ[1], ਇਸ ਤੇ ਰਹੈ ਸਕੁੰਚ ॥੫੪॥** [1]ਜੋ ਅੰਮ੍ਰਤੀਆ ਹੈ।

**ਮੇਰੇ ਘੋਰੇ ਘਾਹ ਮਹਿਂ, ਦੇਖਿ ਸੰਭਾਰੋ ਸਿੱਖ[1]!**

[1]ਮੇਰੇ ਘੋੜੇ ਨੇ ਘਾਹ (ਉਗੇ) ਵਿਚੋਂ (ਹੇ) ਸਿਖੋ (ਤੰਮਾਕੂ) ਦੇਖਕੇ (ਆਪਣੇ ਆਪ ਨੂੰ) ਸੰਭਾਲ ਲਿਆ ਹੈ।

**ਦੁਸ਼ਟ ਬੀਜ ਤੁਰਕਨ ਕਰਜੋ, ਹਿੰਦੀ ਤੋਰੀ ਰਿੱਖ[1] ॥੫੫॥**

[1]ਹਿੰਦੀ (ਰਿਖੀ ਦੀ) ਰਿਖ ਸ਼ਕਤੀ ਤੋੜ ਦਿੱਤੀ, ਤੁਰਕਾਂ ਨੇ ਇਹ ਦੁਸ਼ਟ ਬੀਜ (ਤਮਾਕੂ) ਨੂੰ (ਪ੍ਰਚਲਤ) ਕਰਕੇ।

**ਹਿੰਦੂ ਹਲਕਾ ਮੁਕਤਿ ਹੈ, ਤਜੈ ਦੁਸ਼ਟ ਗੁਰਵਾਕ[1]।**

[1]ਇਸ ਤੁਕ ਦਾ ਪਾਠ ਲਿਖਾਰੀ ਦੀ ਕਲਮ ਉਕਾਈ ਨਾਲ ਵਿਗਾੜ ਗਿਆ ਹੈ, ਇਸ ਲਈ ਜਿੰਨੇ ਅਰਥ ਲਾਏ ਜਾਂਦੇ ਹਨ ਅਟਪਟੇ ਬਣਦੇ ਹਨ, ਸ਼ੁਧ ਪਾਠ ਇਉਂ ਜਾਪਦਾ ਹੈ-ਹਿੰਦੂ ਹਲ ਕਾਮ ਕਰਤਿ ਹੈ ਤਜੈ ਦੁਸ਼ਟ ਗੁਰਵਾਕ=ਜੋ ਹਿੰਦੂ ਹਲ (ਵਾਹੁਣ) ਦਾ ਕੰਮ ਕਰਦਾ ਹੈ, ਉਹ ਗੁਰਵਾਕ ਮੰਨਕੇ ਦੁਸ਼ਟ (ਦੁਸ਼ਟ ਬੀਜ=ਭਾਵ ਤਮਾਕੂ) ਨੂੰ (ਬੀਜਣਾ) ਛੱਡ ਦੇਵੇ। ਅਗਲੀ ਤੁਕ ਵਿਚ ਇਸੇ ਭਾਵ ਦੀ ਪੂਰਣਤਾਈ ਹੈ ਕਿ ਉਹ ਖੇਤੀ ਨਾਪਾਕ ਹੈ। ਸੂਚਨਾ-ਪਿਛੇ ਹੁਕਮ ਸੀ ਕਿ ਗੁਰ ਸਿੱਖ ਤਾਂ ਵਪਾਰ ਬੀਜਣ ਆਦਿ ਵਰਤਣ ਕੁਛ ਨਾ ਕਰੇ, ਇਥੇ ਹਿੰਦੂ ਨੂੰ ਬੀ ਮਨਾਹੀ ਕੀਤੀ ਹੈ।

**ਜਹਾਂ ਤਮਾਕੂ ਹੋਤਿ ਹੈ, ਸੋ ਖੇਤੀ ਨਾਪਾਕ[1]' ॥੫੬॥** [1]ਅਪਵਿੱਤ੍ਰ।

**ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਜਪੁ ਮਹਿਮਾ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥**

# ੨੯. [ਤੰਬਾਕੂ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਇਸ ਪ੍ਰਕਾਰ ਕਹਿ ਸਤਿਗੁਰੂ, ਸਦਨ ਪ੍ਰਵੇਸ਼ੇ ਜਾਇ।
ਬਹੁਰ ਸਭਾ ਮਹਿਂ ਥਿਰ ਭਏ, ਮਿਲੇ ਸਿੱਖ ਸਮੁਦਾਇ ॥੧॥
†ਭਲਕ[1] ਭਯੋ ਸਤਿਗੁਰ ਸਭਾ, ਸਿਖ ਸੰਗਤਿ ਕੀ ਭੀਰ।

[1]ਦੂਜੇ) ਸਵੇਰ। †ਇਥੋਂ ਸੌ ਸਾਖੀ ਦੀ ੯੧ਵੀਂ ਸਾਖੀ ਚੱਲੀ।

ਹਾਥ ਜੋਰਿ ਸਤਿਗੁਰ ਪੁਛੇ[1], ਸੁਲਤਾਨੀ† ਸਿਖ ਬੀਰ ॥੨॥

[1]ਗੁਰਾਂ ਪਾਸੋਂ ਪੁਛਿਆ। †ਸੌ ਸਾਖੀ ਦਾ ਪਾ: ਹੈ 'ਮੁਲਤਾਨੀ', ਤੇ 'ਮੁਲਤਾਨ' ਜੋ ਸਹੀ ਜਾਪਦਾ ਹੈ।

ਦੋਇ ਭ੍ਰਾਤ ਕੋ ਉਮਗਤਾ, ਖੱਤ੍ਰੀ ਤਨ ਸੁਲਤਾਨ[1]+।

[1]ਦੋਹਾਂ ਭਰਾਵਾਂ ਨੂੰ (ਪ੍ਰੇਮ) ਉਮਗਿਆ, ਖੱਤ੍ਰੀ (ਜਨਮ) ਸੀ, ਪਰ ਸੁਲਤਾਨੀਏ ਸਨ।

ਪਾੜੇ ਸੰਗਤ ਸੁਵਨ ਦੋ, ਕਹੈਂ 'ਤਮਾਕੂ ਕਾਨ[1]?' ॥੩॥

[1]ਸੰਗਤ ਵਿਚ ਇਹ ਦੋਵੇਂ ਲੜਕੇ ਪੜ੍ਹੇ ਹੋਏ ਸਨ। (ਅ) ਸੰਗਤ (ਨਾਮੇ ਸਿਖ ਦੇ) ਦੋ ਪੁੱਤ੍ਰ ਪਾੜ੍ਹੇ (ਜਾਤ) ਤੇ ਸੁਲਤਾਨੀਏ ਸਨ (ਉਨ੍ਹਾਂ ਪੁਛਿਆ) ਤੰਮਾਕੂ ਦੇ ਵਾਸਤੇ ਯਾ ਬਾਬਤ (ਕਿ ਕਿਉਂ ਮਨ੍ਹਾ ਕਰਦੇ ਹੋ?)

ਸ੍ਰੀ† ਸਤਿਗੁਰ ਬੋਲਤਿ ਭਏ, 'ਮੇਰੀ ਬਾਤ ਪ੍ਰਤੀਤ।

†ਪਾ:-ਤਬ।

ਸਕੰਧ ਸੰਘਤਾ† ਸ਼ਿਵ ਕਹੀ, ਕਥਾ ਭਵਿੱਖਤ ਰੀਤ[1] ॥੪॥

[1]ਪੇਸ਼ੀਨ ਗੋਈ ਦੀ ਸੂਰਤ ਵਿਚ ਸ਼ਿਵ ਨੇ ਕਹੀ ਹੈ, ਕਿ ਜੋਸਕੰਦ ਸੰਹਿਤਾ ਵਿਚ ਹੈ। ਸਕੰਦ ਨਾਮ ਸ਼ਿਵ ਦੇ ਪੁੱਤ੍ਰ ਕਾਰਤਕੇਯ ਦਾ ਹੈ ਜਿਸ ਨੂੰ ਕਥਾ ਕਹੀ ਗਈ ਦੱਸ ਰਹੇ ਹਨ, ਇਸ ਕਰਕੇ ਪਾਠ 'ਸਕੰਦ' ਠੀਕ ਹੈ। †ਸੌ ਸਾ: ਦਾ ਪਾਠ 'ਸੰਕਦ ਸੰਘਿਤਾ' ਹੈ, ਜੋ ਸ਼ੁੱਧ ਪਾਠ ਹੈ।

ਸਕੰਧ ਪੁਛਾ -ਹੇ ਪਿਤਾ ਜੀ! ਜਗਤ ਜੂਠ ਕਯਾ ਨਿੰਦ[1]?

[1]ਸਕੰਦ ਨੇ (ਸ਼ਿਵ ਜੀ ਨੂੰ) ਪੁਛਿਆ ਹੈ ਪਿਤਾ ਜੀ ਤਮਾਕੂ ਕਿਉਂ ਨਿੰਦਨ ਯੋਗ ਹੈ?

ਕਲਿਜੁਗ ਕੈਸੇ ਵਰਤੀਏ, ਇਹੁ ਕਿਨ ਕੀਨ ਮੁਨਿੰਦ[1]-? ॥੫॥

[1]ਕਲਜੁਗ ਵਿਚ ਕਿਵੇਂ ਵਰਤ ਗਿਆ (ਹੈ ਇਕ ਤਮਾਕੂ) ਤੇ ਕਿਸ ਮੁਨੀ ਰਾਜ ਨੇ ਇਸ ਨੂੰ ਪੈਦਾ ਕੀਤਾ ਹੈ?

ਸ਼ਿਵ ਕਹਿਨਾ -ਸੁਨ ਪੂਤਿ ਹਿਤ[1], ਜਾਂ ਕੀ ਚਰਚਾ ਆਹਿ[2]।

[1]ਪਯਾਰੇ! (ਅ) ਹਿਤ ਨਾਲ ਸੁਣ। [2]ਜਿਸ ਦੀ ਚਰਚਾ ਹੋ ਰਹੀ ਹੈ ਭਾਵ ਤਮਾਕੂ।

ਅਘ ਮਰਖਣ ਤੇ ਸ਼ੁੱਧ ਮਨ, ਛੁਹੇ ਗੰਗ ਜਲ ਨਾਇ[1] ॥੬॥

[1]ਤਮਾਕੂ (ਯਾਦ ਕੀਤਿਆਂ) ਮਨ ਦੀ ਸ਼ੁਧੀ ਅਘ ਮਰਖਨ ਪਾਠ ਨਾਲ ਹੁੰਦੀ ਹੈ ਤੇ ਤਮਾਕੂ ਛੁਹਿਆਂ ਗੰਗਾ ਜਲ ਾਲ ਨ੍ਹਾਤਿਆਂ (ਸ਼ਰੀਰ) ਸ਼ੁਧੀ ਹੁੰਦੀ ਹੈ। [ਅਘ ਮਰਖਣ=ਰਿਗਵੇਦ ਦਾ ਇਕ ਮੰਤ੍ਰ ਜੋ ਜਲ ਹਥ ਵਿਚ ਲੈ ਕੇ ਨਾਸਾਂ ਨੂੰ ਛੁਹਾਕੇ ਪੜ੍ਹਦੇ ਹਨ ਤੇ ਜਲ ਦੇਂਦੇ ਹਨ ਇਸ ਨਾਲ ਪਾਪ ਦੂਰ ਹੋਏ ਸਮਝਦੇ ਹਨ। ਸੰ:, ਅਘ+ਮਰ੍ਖਣ]।

ਖਾਵਤਿ ਜਪੁ ਤਪੁ ਨਾਸ਼ ਹੁਇ, ਮੰਤ੍ਰ ਭ੍ਰਿਸਟ[1] ਕਿਯੇ ਪਾਨ[2]।

[1]ਮੰਤ੍ਰ ਸ਼ਕਤੀ ਨਾਸ਼ ਹੋ ਜਾਂਦੀ ਹੈ। [2]ਪੀਣ ਨਾਲ।

ਖੇਤੀ ਮਗਹਰ ਸਮ ਜਿਮੀ, ਸੁੱਧ ਬਰਖ ਤੇ ਜਾਨ[1] ॥੭॥

[1]ਜਿੱਥੇ ਬੀਜਿਆ ਜਾਵੇ) ਉਹ ਖੇਤੀ ਹੜੰਬਾ ਧਰਤੀ ਸਮ ਹੋ ਜਾਂਦੀ ਹੈ ਤੇ ਇਕ ਵਰ੍ਹੇ ਪਿਛੋਂ ਸ਼ੁੱਧ ਹੁੰਦੀ ਹੈ। (ਅ) ਬਰਖਤੇ=ਮੀਂਹ ਵੱਸਣ ਨਾਲ।

ਕਥਾ ਸੁਨੋ: ਸਤਿਜੁਗ ਨਹੀਂ, ਤ੍ਰੇਤਾ ਨਹਿ ਜੁਗ ਦੂਜ[1]।

[1]ਭਾਵ ਤਿੰਨ੍ਹਾਂ ਜੁੱਗਾਂ ਵਿਚ ਨਹੀਂ ਸੀ।

ਨੇਮ ਨਾਥ ਨ੍ਰਿਪ ਪੰਡ ਕੁਲ, ਪ੍ਰਜਾ ਦੁਖਾਇ ਅਕੁਜ[1] ॥੮॥

[1]ਨੇਮ ਨਾਥ ਪਾਂਡਵਾਂ ਦੀ ਕੁਲ ਵਿਚੋਂ ਸੀ ਤੇ ਬਿਨਾਂ ਕਿਸੇ ਕਾਰਨ ਦੇ ਉਸਨੇ ਪ੍ਰਜਾ ਦੁਖਾਈ।

ਪ੍ਰਜਾ ਵਾਰ[1] ਟੂਟੀ ਜਬੈ, ਦੁਖਤਿ ਭਏ ਸਭਿ ਲੋਗੁ। [1]ਪ੍ਰਜਾ ਦੀ ਵਾੜ (ਨਿਆਂ ਰੂਪੀ)।

ਪੀਰ ਮਲੇਛ ਪਸ਼ਚਮ ਤਪੇ[1], ਤਾਂ ਪਹਿ ਗਏ ਸਸੋਗੁ[2] ॥੯॥

[1]ਪੱਛਮ ਵਿੱਚ ਮਲੇਛਾਂ ਦਾ ਪੀਰ ਤਪ ਕਰਦਾ ਸੀ। [2]ਉਦਾਸ ਹੋਏ ਹੋਏ ਲੋਕੀ ਉਸ ਪਾਸ ਗਏ।

ਤਿਨ ਮੇਲੇ ਬੁਰਕਾਨ ਨ੍ਰਿਪ, ਬਡਾ ਮਲੇਛਨਿ ਰਾਜ[1]।

[1]ਉਸਨੇ ਮਲੇਛਾਂ ਦੇ ਵਡੇ ਰਾਜੇ ਬੁਰਕਾਨ ਨਾਲ ਮੇਲਿਆ (ਪ੍ਰਜਾ ਨੂੰ)।

ਤਾਂ ਕੇ ਘਰ ਅਜਮੇਰ ਸੁਤ, ਸੰਗੀ ਪ੍ਰਜਾ ਸਮਾਜ[1] ॥੧੦॥

[1]ਉਸਦੇ ਘਰ ਅਜਮੇਰ ਨਾਮੇ ਪੁੱਤਰ ਸੀ (ਜਿਸ ਨੂੰ) ਸਾਰੀ ਪ੍ਰਜਾ ਦਾ ਸੰਗੀ ਬਣਾ ਦਿੱਤਾ (ਬੁਰਕਾਨ ਨੇ)। ਭਾਵ ਪੁੱਤ੍ਰ ਨੂੰ ਉਨ੍ਹਾਂ ਦੇ ਨਾਲ ਟੋਰਿਆ ਜੋ ਉਨ੍ਹਾਂ ਨੂੰ ਮਦਦ ਦੇਵੇ।

[1]ਮੁਨੀ ਰੂਪ ਦਿਖਿ ਦੇਸ਼ ਮਨੁ, ਗਯੋ ਸੁ ਪੁਸ਼ਕਰ ਮਾਝ।

[1]ਸੁ (ਅਜਮੇਰ) ਮਨੁ ਦੇ ਦੇਸ਼ (ਭਾਰਤ ਵਰਸ਼) ਵਿਚ ਪੁਸ਼ਕਰ (ਦੇ ਟਿਕਾਣੇ) ਇਕ ਮੁਨੀ ਸਰੂਪ ਨੂੰ ਦੇਖਣ ਵਾਸਤੇ ਗਿਆ। (ਉਥੇ ਇਕ) ਘਨਾ (ਜੰਗਲ ਸੀ) ਸ਼ਿਵਬਨ (ਨਾਮੇ, ਜਿੱਥੇ ਜਾਕੇ ਅਜਮੇਰ) ਬਕਰੀਆਂ ਦਾ ਗੁਆਲਾ ਬਣ ਗਿਆ, (ਬਕਰੀਆਂ ਬਨ ਵਿਚ ਚਰਦੀਆਂ ਉਸ ਨੂੰ) ਇਕ ਸ਼ਾਮਾਂ ਵੇਲੇ (ਉਸ ਮੁਨੀ ਦਾ) ਖੋਜ ਮਿਲ ਗਿਆ ਤੇ ਉਹ ਉਸ ਪਾਸ ਪੁੱਜ ਗਿਆ।

ਸ਼ਿਵ ਬਨ ਗਹਿਰ ਗ੍ਵਾਲ ਅਜ, ਪਾਇ† ਖੋਜ ਇਕ ਸਾਂਝ[੧੫‡] ॥੧੧॥

†ਪਾ:-ਘਾਹਿ। ‡ਪਾ:-ਸਾਜ।

ਤਿਨ ਕਹਿਆ: ਸੁਨਿ ਸਾਧ ਜੀ! ਮੁਹਿ ਜਲ ਪਾਤ੍ਰ ਸੁ ਚੋਇ।

ਪ੍ਰਗਟਜੋ ਨਰ ਮੁਹਿ ਕਹਿ ਉਠਜੋਂ, ਮਾਂਗ, ਧਰਨ ਜਸੁ ਹੋਇ[1] ॥੧੨॥

[1]ਤਿਨ੍ਹ (ਭਾਵ ਅਜਮੇਰ ਨੇ) ਕਿਹਾ ਹੈ ਸਾਧੂ ਜੀ ਸੁਨੋ (ਬੇਨਤੀ) ਮੈਨੂੰ ਆਪਣਾ ਜਲ ਪਾਤ੍ਰ ਦਿਓ (ਮੈਂ ਉਸ ਵਿਚ ਆਪ ਨੂੰ ਦੁੱਧ) ਚੋ ਦਿਆਂ। (ਭਾਵੇਂ ਕਿ ਅਜਮੇਰ ਨੇ ਮੁਨੀ ਨੂੰ ਦੁੱਧ ਪਿਲਾਉਣ ਦੀ ਸੇਵਾ ਚਾ ਲਈ ਜਿਸ ਪਰ ਮੁਨੀ ਰੀਝ ਪਿਆ)। ਉਹ ਨਰ (ਜੋ ਪਹਿਲਾਂ ਅਜਮੇਰ ਤੋਂ ਉਹਲੇ ਸੀ ਤੇ ਹੁਣ ਉਸ ਨੂੰ) ਪ੍ਰਤੱਖ ਹੋ ਗਿਆ ਸੀ, ਮੂਹੋਂ ਬੋਲ ਉਠਿਆ, ਤੂੰ ਕੁਛ ਮੰਗ, (ਅਜਮੇਰ ਬੋਲਿਆ:-) ਧਰਤੀ ਦਿਓ ਜਿਸ ਨਾਲ ਆਪਦਾ ਜਸ ਹੋਵੇ, ਭਾਵ ਧਰਤੀ ਦਾ ਰਾਜ ਮੰਗਿਆ।

[1]ਲੇ ਤਾ ਕੋ ਤਪ ਕਰਤਬੋ, ਇਕ ਦਿਨ ਤਹਿਂ ਅਜਮੇਰ।

[1]ਮੁਨੀ ਨੇ ਵਰ ਦਿੱਤਾ, ਉਸ ਵਰ ਨੂੰ ਲੈਕੇ ਉਹ ਤਦੋਂ ਹੀ ਤਪ ਕਰਨ ਲਗ ਪਿਆ, ਉਥੇ (ਤਪ ਕਰਦੇ) ਅਜਮੇਰ ਨੂੰ ਇਕ ਦਿਨ (ਉਸ) ਪੁਰਖ ਭਾਵ ਮੁਨੀ ਨੇ ਵਾਜ ਦਿੱਤੀ: (ਕਿ ਕਦੇ ਕਿਸ ਨੇ) ਗੋਮੇਧ ਜਗ ਕੀਤਾ ਸੀ। (ਓਥੇ ਇਕ) ਔਖਧੀ (ਪੈਦਾ) ਹੋਈ ਸੀ, ਉਹ ਤੈਨੂੰ (ਮਨੋਰਥ ਦੀ) ਸਿੱਧੀ ਦੇਵੇਗੀ।

ਪੁਰਖ ਵਾਜ ਗੋ ਮੇਧ ਕਯੋ, ਔਖਧ ਦੇ ਸਿਧ ਤੇਰ[2] ॥੧੩॥

[1]ਪਸ਼ਚਮ ਗੋਮੇਧੀ ਧਰਮ, ਸਿੱਧ ਖਾਲ ਤੇ ਲਜਾਇ।

[1]ਇਹ ਸੁਣ ਕੇ ਅਜਮੇਰ) ਪੱਛਮ ਨੂੰ ਚਲਾ ਗਿਆ (ਉਥੋਂ) ਗੋਮੇਧੀ ਧਰਤੀ ਤੋਂ ਸਿੱਧ (ਅਉਸ਼ਧੀ ਭਾਵ ਤਮਾਕੂ) ਉਠਾਂ ਤੇ (ਲੱਦਕੇ ਲੈ ਆਇਆ), ਇਥੇ ਆ ਕੇ (ਉਸ ਨੇ ਉਸ ਅਉਖਧੀ ਨੂੰ) ਪ੍ਰਗਟ ਕੀਤਾ ਭਾਵ ਪ੍ਰਚਾਰ ਕੀਤਾ, ਇਸ ਦਾਉ ਨਾਲ ਮਲੇਛੀ (ਭਾਰਤਵਰਸ਼ ਵਿਚ) ਵਧ ਗਈ। ਭਾਵ ਨੇਮਨਾਥ ਰਾਜਾ ਤੇ ਉਸਦੀ ਪ੍ਰਜਾ ਤਮਾਕੂ ਪੀ ਪੀ ਕੇ ਕਮਜ਼ੋਰ ਹੋ ਗਏ, ਬਲ ਬੁੱਧਿ ਧੈਰਯ ਘਟ ਗਿਆ ਤੇ ਅਜਮੇਰ ਤੇ ਉਸਦੇ ਮਲੇਛਾਂ ਨੇ ਦੇਸ਼ ਸਾਂਭ ਲਿਆ। ਸੂਚਨਾ-ਭਾਵ ਇਹ ਜਾਪਦਾ ਹੈ ਕਿ ਕਲਜੁਗ ਵਿਚ ਗੋਮੇਧ ਜੱਗ ਕਰਨਾ ਮਨ੍ਹੇ ਹੈ, ਪੱਛਮ ਵਿਚ

ਕਿਸੇ ਨੇ ਕੀਤਾ ਉਥੇ ਗੋਮੇਧ ਕੁੰਡ ਤੋਂ ਤਮਾਕੂ ਉਗਿਆ ਖੜਾ ਸੀ। ਭਾਵ ਗੋ ਹੱਤਜਾ ਕਰਨ ਕਰਕੇ ਐਸੀ ਪਾਪ ਦੀ ਇਕ ਬੂਟੀ ਪੈਦਾ ਹੋਈ ਸੀ। [ਪੁਰਖ ਦਾ ਅਰਥ 'ਸ਼ਿਵ ਜੀ' ਬੀ ਕਰਦੇ ਹਨ ਕਿ 'ਸ਼ਿਵਬੋਲੇ'। ਖਾਲ=ਊਠ]।

ਇਹਾਂ ਆਇ ਪਰਗਟ ਕਿਯੋ ਵਧੀ ਮਲੇਛੀ ਦਾਇ ॥੧੪॥

[1]ਅਜਾਪਾਲ ਰਾਜਾ ਭਯੋ ਤਾਕੀ ਬੇਟੀ ਸੁੰਠ।

[1]ਐਉਂ ਬੱਕਰੀਆਂ ਦਾ ਚਰਵਾਹਾ (ਅਜਮੇਰ) ਰਾਜਾ ਹੋ ਗਿਆ। ਇਹ ਰਾਜਾ ਅਜਮੇਰ ਦੇ ਘਰ ਸੁੰਦਰ ਬੇਟੀ ਹੋਈ (ਜਿਸ ਨੇ ਇਕ ਮਹਾਨ ਤਪੱਸ੍ਰੀ ਨਾਲ ਵਿਆਹ ਕਰਨ ਦਾ ਪ੍ਰਣ ਕੀਤਾ, ਇਹ ਕਥਾ ਪਿੱਛੇ ਅੰਸੂ ੨੪ ਅੰਕ ੩੪-੫੪ ਵਿਚ ਆਈ ਹੈ ਕਿ ਇਕ ਤਪੀ ਲੱਭਾ ਜਿਸਨੇ ਵਿਆਹ ਤੋਂ ਨਾਂਹ ਕੀਤੀ। ਬਦੋਬਦੀ ਵਿਆਹ ਕੀਤਾ ਗਿਆ ਤਾਂ ਉਹ ਤਪੀ ਰਾਤ ਲੋਹੇ ਦਾ ਕੋਟ ਮੰਤ੍ਰਾਂ ਨਾਲ ਉਦਾਲੇ ਬਣਾ ਲਵੇ, ਅਜਮੇਰ ਸੁਤਾ ਨੇ ਉਸ ਨੂੰ ਚੰਗੀ ਤਰ੍ਹਾਂ ਮੁੱਠਣ ਲਈ ਪੀਰ ਤੋਂ (ਵਿਧੀ) ਪੁੱਛੀ, (ਉਸ ਨੇ ਤਮਾਕੂ ਪਿਲਾਉਣਾ ਦੱਸਿਆ ਜਿਸਦੇ) ਪੀ ਲੈਣ ਨਾਲ ਮੁਨਿ ਦਾ ਸੁਤ (ਉਹ ਤਪੀ ਜੋ ਲੋਹੇ ਦਾ ਕੋਟ ਉਸਾਰ ਲੈਂਦਾ ਸੀ) ਜਿੱਤਿਆ ਗਿਆ।

ਮੁਨਿ ਸੁਤ ਜੀਤਾ ਪਾਨ ਤੇ, ਪੂਛੀ ਪੀਰ ਸਮੁੰਠ ॥੧੫॥

ਗਊ ਮੇਧ ਕੇ ਕੁੰਡ ਤੇ, ਉਪਜੀ ਪਾਪਨਿ ਪਾਤਿ।

[1]ਜਪੁ ਤਪੁ ਬ੍ਰਤ ਸੰਜਮ ਦਹੈ, ਤੀਰਥ ਫਲ ਸਭਿ ਖਾਤਿ ॥੧੬॥

[1]ਗਊ ਮੇਧ ਦੇ ਕੁੰਡ ਤੋਂ ਪਾਪਣ ਪੱਤੀ (ਤਮਾਕੂ ਦੀ) ਪੈਦਾ ਹੋਈ ਇਹ ਜਪ ਤਪ ਸੰਜਮ ਦਾਹ ਕਰਦੀ ਹੈ, ਤੀਰਥ ਯਾਤ੍ਰਾ ਦੇ ਸਾਰੇ ਫਲ ਨੂੰ ਖਾ ਜਾਂਦੀ ਹੈ।

ਗੋ ਹੱਤਜਾ ਸਮ ਜਗਤ ਜੂਠ, ਪੀਰ[†] ਅਜਮੇਰ ਲਿਆਇ।

[†]ਅਜਮੇਰ ਨੂੰ ਰਾਜਾ ਹੋਣ ਕਰਕੇ 'ਸ਼ਾਹ' ਤੇ ਤਪੱਸਜਾ ਕਰਨ ਕਰਕੇ 'ਪੀਰ' ਲਿਖਿਆ ਹੈ।

ਹਿੰਦ ਦੇਸ਼ ਫੈਲਤਿ ਸਹੀ, ਕਲਿ ਕੀ ਐਸੀ ਵਾਇ[1] ॥੧੭॥

[1]ਗਊ ਹੱਤਜਾ ਦੇ ਤੁੱਲ (ਇਹ) ਤਮਾਕੂ ਹੈ ਜੋ ਅਜਮੇਰਸ਼ਾਹ ਲਿਆਇਆ; ਕਲਜੁਗ ਦੀ ਵਾਉ ਸਭ ਨੂੰ ਐਸੀ ਵਗ ਗਈ ਕਿ (ਫਿਰ) ਹਿੰਦ ਦੇਸ਼ ਵਿਚ (ਇਹ) ਫੈਲ ਗਈ।

[1]ਪੋਤੇ ਥੋਮ ਅਰੁ ਕਰਨ ਤੇ, ਹੋਇ ਤਮਾਕੂ ਨਿੰਦ।

[1]ਥੋਮ ਦੀ ਗੰਢੀ ਅਰ ਤਮਾਕੂ (ਗਾਂ ਦੇ) ਕੰਨਾਂ ਤੋਂ ਹੋਏ ਹਨ (ਇਸ ਕਰਕੇ) ਨਿੰਦਨੀਯ ਹਨ। (ਅ) ਕੰਨਾਂ ਤੋਂ ਪਤਰ ਤੇ ਪੋਟਿਆ ਤੋਂ ਥੋਮ [ਪੋਤੇ=ਪੋਟੇ]। (ਇਸਦੇ ਵਰਤਣ ਨਾਲ) ਮਨ ਮੁੜਦਾ ਹੈ ਅਪਣੇ ਇਸ਼ਟ ਤੋਂ ਤਾਂਤੇ ਹੈ ਸ੍ਰੇਸ਼੍ਰ ਪੁਤਰ ਇਸ ਨੂੰ ਛੱਡ ਦਿਓ। (ਭਾਵ ਸ਼ਿਵ ਆਪਣੇ ਪੁਤਰ ਸਕੰਦ ਨੂੰ ਇਹ ਕੁਛ ਕਹਿ ਰਿਹਾ ਹੈ)। ਸੂਚਨਾ: ਥੋਮ ਪੁਰਾਤਨ ਹਿੰਦੀ ਸ਼ੈ ਹੈ। ਵੈਦਕ ਵਿਚ ਇਸਦਾ ਵਰਤਣਾ ਲਿਖਿਆ ਹੈ। ਹੁਣ ਬਹੁਤ ਗੁਣਦਾਇਕ ਸਾਬਤ ਹੋ ਰਹੀ ਹੈ। ਸਿਖਾਂ ਨੂੰ ਗੁਰੂ ਜੀ ਨੇ ਤਮਾਕੂ ਵਰਜਿਆ, ਜਿਸ ਨੂੰ ਵੈਦ, ਹਕੀਮ ਤੇ ਡਾਕਟਰ ਸਭ ਹਾਨੀਕਾਰਕ ਦੱਸਦੇ ਹਨ। ਥੋਮ ਗੁਰਸਿਖਾਂ ਲਈ ਗੁਰਮਤ ਵਿਚ ਕਦੇ ਵਰਜਿਤ ਨਹੀਂ ਸੀ ਤੇ ਨਾਂ ਹੈ।

ਮਨ ਮੁਰਤਾ ਸ੍ਵੈ ਇਸ਼ਟ ਤੇ, ਤਾਂ ਤੇ ਤਜਿ ਪੁਤਿੰਦ[3]! ॥੧੮॥

[1]ਜਾਂ ਦਿਨ ਆਇਆ ਬੀਜ ਤਿਸ, ਤਜਾਗੀ ਭੂ ਸੁਰ ਪਿਤਰ।

[1]ਜਿਸ ਦਿਨ ਤੋਂ (ਹਿੰਦੀ ਵਿਚ) ਤਿਸ (ਤਮਾਕੂ) ਦਾ ਬੀਜ ਆਇਆ ਹੈ ਦੇਵਤਿਆਂ ਤੇ ਪਿਤਰਾਂ ਨੇ (ਇਹ) ਧਰਤੀ ਛੱਡ ਦਿੱਤੀ ਹੈ, ਕੇਸ਼ਵ ਬ੍ਰਾਹਮਣ ਨੇ ਬੀ ਕਿਹਾ ਸੀ ਕਿ ਇਹ ਗੱਲ ਸਾਰੀ ਸੱਚੀ ਹੈ (ਇਸਦੇ) ਤਜਾਗੀ ਬਣੋ ਹੇ ਪਿਆਰੇ ਜੀ।

ਸੋਈ ਦਿਜ ਕੇਸ਼ਵ ਕਹਜੋ, ਸਾਚੀ ਤਜਾਗੀ ਮਿੱਤ੍ਰ- ॥੧੯॥

ਤਾਂ ਤੇ ਹਮ ਛੋਰਜੋ ਸੁਨਜੋ, ਕਹਜੋ ਸੰਗਤੀ ਬਰਜਿ।

ਕਥਾ ਇਹੀ ਬਰਨਨ ਕਰੀ, ਦੋਖ ਕਲੰਕੀ ਖਰਜ[1] ॥੨੦॥

[1]ਤਾਂ ਤੇ ਅਸਾਂ ਨੇ ਕਹਿਕੇ ਸੰਗਤਾਂ ਨੂੰ ਵਰਜ ਦਿੱਤਾ ਹੈ, (ਜਿਸ ਦਿਨ ਤੋਂ ਸੰਗਤਾਂ ਨੇ ਸਾਡਾ ਇਹ ਹੁਕਮ) ਸੁਣਿਆ ਹੈ (ਉਨ੍ਹਾਂ ਨੇ ਤਮਾਕੂ) ਛੋੜ ਦਿੱਤਾ ਹੈ। ਇਹੋ ਕਥਾ ਪਿਛੇ ਵਰਣਨ ਕੀਤੀ ਹੈ, ਤਮਾਕੂ ਨੂੰ ਦੋਖੀ ਤੇ ਕਲੰਕੀ ਜਾਣਕੇ ਖਾਰਜ ਕੀਤਾ ਹੈ।

†ਸੁਨੋ ਸਿਖ ਮਮ ਰਹਿਤ ਜੋ, ਤਜਹੁ ਤਮਾਕੂ ਸੰਗ†ਸਾਖੀ ੯੨ਵੀਂ ਚੱਲੀ।

ਮਰਨ ਮਰੇ ਤੋ ਅਤਿ ਭਲੋ, ਜਗਤ ਜੂਠ ਨਹਿਂ ਅੰਗ[1] ॥੨੧॥

[1]ਅੰਗ ਨਾ ਲਾਵੇ, ਛੋਹੇ ਨਾ।

ਤਨਕ ਤਮਾਕੂ ਸੇਵੀਏ, ਦੇਵ ਪਿੱਤ੍ਰ ਤਜਿ ਜਾਇ।

ਪਾਨੀ ਤਾਂ ਕੇ ਹਾਥ ਕੋ, ਮਦਰਾ[1] ਸਮ ਅਘ ਦਾਇ[2] ॥੨੨॥ [1]ਸ਼ਰਾਬ। [2]ਪਾਪਦਾਇਕ।

ਮਦਰਾ[1] ਦਹਿਤਾ ਸਪਤਿ ਕੁਲ, ਭੰਗੁ ਦਹੈ ਤਨ ਏਕ[2]।

[1]ਸ਼ਰਾਬ। [2]ਇਥੇ ਗੁਰੂ ਜੀ ਦੀ ਜ਼ਬਾਨੀ ਕਿਹਾ ਜਾ ਰਿਹਾ ਹੈ ਕਿ ਭੰਗ ਸਰੀਰ ਨੂੰ ਸਾੜ ਸੁਟਦੀ ਹੈ, ਫਿਰ ਗੁਰੂ ਜੀ ਨੂੰ ਸੁੱਖਾ ਛਕਣ ਵਾਲਾ ਕਹਿਣਾ ਕਿਤਨਾ ਅੰਨਜਾਯ ਹੈ।

ਸ਼ਤ[1] ਕੁਲ ਦਹਿਤਾ ਜਗਤ ਜੂਠ[2], ਨਿੰਦਾ ਦਹੈ ਅਨੇਕ ॥੨੩॥ [1]ਸੌ। [2]ਤਮਾਕੂ।

ਤਜੈ ਤਮਾਕੂ ਮਨੁਖ ਕਲਿ[1], ਉਧਰਿਆ ਦਰ ਪਰਵਾਨ[2]।

[1]ਕਲਜੁਗ ਵਿਚ ਜੋ ਤਮਾਕੂ ਛੱਡੇ। [2]ਸਾਈਂ) ਦਰ ਪ੍ਰਵਾਨ ਹੋਕੇ ਉਧਰ ਗਿਆ ਸਮਝੋ।

ਪੂਰੀ ਪਰੀ ਤਿਸ ਭਾਵਨਾ, ਸਫਲ ਕਮਾਈ ਮਾਨਿ ॥੨੪॥

ਸ਼ਾਸਤ੍ਰ ਅਖਾਜਿ ਯਾ ਕੋ ਕਹੈ[1], ਕਹੈ ਅਪੇਯਾ ਮੱਦ[2]।

[1]ਸ਼ਾਸਤ੍ਰ ਇਸ (ਤਮਾਕੂ) ਨੂੰ ਨਾ ਖਾਣੇ ਜੋਗ ਕਹਿੰਦਾ ਹੈ। [2]ਸ਼ਰਾਬ ਨਾ ਪੀਣੇ ਜੋਗ ਹੈ।

ਨਿੰਦਾ ਕਹਿਂ ਇਹ ਨੀਚਨੀ[1], ਪੁਰਖ ਕੁਸੰਗੁ ਕੁਬੁੱਧਿ[2] ॥੨੫॥

[1]ਚੰਡਾਲਨੀ। [2]ਜੋ (ਇਨ੍ਹਾਂ ਦਾ) ਕੁਸੰਗ ਕਰਦਾ ਹੈ ਉਹ ਪੁਰਖ ਦੁਰਮਤੀ ਹੈ। (ਅ) ਕੁਸੰਗੀ ਪੁਰਖ ਦਾ ਸੰਗ ਮੂਰਖਤਾ ਹੈ।

ਘੋੜੀ ਚੜਨਾ ਖੱਤ੍ਰਿਕਾ[1], ਬਿੱਪ੍ਰ ਚੜੈ ਜੋ ਬੈਲ।

[1]ਖੱਤ੍ਰੀ ਦਾ ਘੋੜੀ ਚੜ੍ਹਨਾ ਬੁਰਾ ਹੈ। ਭਾਵ ਘੋੜੇ ਤੇ ਚੜ੍ਹੇ। ਅਥਵਾ ਗੱਭਣ ਘੋੜੀ ਤੇ ਨਾ ਚੜ੍ਹੇ।

ਘੋੜ ਚੜੇ ਸੰਨਜਸਤ ਜੋ[1], ਨਾਰੀ ਪੁਰਖਨ ਖੇਲ[1] ॥੨੬॥

[1]ਸੰਨਯਾਸੀ ਦਾ ਘੋੜੇ ਚੜ੍ਹਨਾ। [2]ਨਾਰੀ ਜੋ ਮਨੁੱਖਾਂ ਨਾਲ ਖੇਡੇ।

ਪੰਡਿਤ ਇਰਖਾਵਾਨ ਜੋ, ਸੂਦ੍ਰ ਪੱਛ ਮਹਿਂ ਬਿੱਪ੍ਰ[1]।

[1]ਬ੍ਰਾਹਮਣ ਜੋ ਸ਼ੂਦਰ ਦਾ ਪੱਖ ਕਰੇ।

ਰਾਜਾ ਹੁਇ ਵੱਢੀ ਲਏ, ਮਤਸਰ ਗਜਾਨੀ ਖਿੱਪ੍ਰ[1] ॥੨੭॥

[1]ਗਜਾਨੀ ਜੋ ਈਰਖਾ ਵਿਚ ਖਚਤ ਹੈ।

ਕੰਨਜਾ ਜਾਰੀ, ਬ੍ਰਿੱਧ ਕਾਮ, ਬਹੁ ਨਾਰੀ ਪਰਸੰਗ[1]।

[1]ਕੰਨਜਾਂ ਨਾਲ ਯਾਰੀ, ਬ੍ਰਿੱਧ (ਇਸਤ੍ਰੀ) ਨਾਲ ਕਾਮ ਭੋਗ, ਬਹੁਤ ਇਸਤ੍ਰੀਆਂ ਨਾਲ ਭੋਗ।

ਬਜਾਹ ਦਾਮ ਦੈ[1], ਖਰ ਵੀਰਜ ਲੈ, ਬੈਲ ਨਿਪੁੰਸਕ ਪੰਗ[1] ॥੨੮॥

[1]ਰੁਪੱਯੇ ਦੇ ਕੇ ਵਿਆਹ। [2]ਭਾਵ ਖੱਚਰ ਉਤਪਤ ਕਰਨੀ, ਬੈਲ ਨੂੰ ਖੱਸੀ ਕਰਨਾ ਤੇ ਬੈਲ ਨੂੰ ਪੰਗਾ ਚੋਭਣਾ। [ਬੈਲਾਂ ਨੂੰ ਮਾਰਨ ਵਾਲੀ ਪਰਾਣੀ ਯਾ ਛਾਂਟੇ ਦੀ ਲੱਕੜ ਦੇ ਸਿਰੇ ਵਿਚ ਲੋਹੇ ਦੀ ਚੁੰਝ ਜਿਹੀ ਹੁੰਦੀ ਹੈ ਜਿਸ ਨੂੰ ਆਰ ਭੀ ਕਹਿੰਦੇ ਹਨ ਇਸਦੇ ਚੋਭਿਆ ਬੈਲ ਦੁਖੀ ਹੁੰਦੇ ਹਨ]।

ਧੇਨੁ ਲਾਦੁ[1], ਪਰ ਬਸਤ੍ਰ ਲੈ[2], ਉਚਿਸ਼੍ਟ ਭੋਗ[3], ਕੁਲ ਰੀਤ[4]।

[1]ਗਊ ਤੇ ਭਾਰ ਲੱਦਣਾ। [2]ਪਰਾਇਆ ਕਪੜਾ ਉਤੇ ਲੈਣਾ। [3]ਜੂਠਾ ਖਾਣਾ। [4]ਗੁਰਮਤ ਦੇ ਵਿਰੁੱਧ) ਕੁਲਾਰੀਤ ਕਰਨੀ ਜਿਸ ਨੂੰ ਲੋਕਾ ਰੀਤ ਕਹਿੰਦੇ ਹਨ ਯਥਾ 'ਦੁਤੀਆ ਤਿਆਗੀ ਲੋਗਾ ਰੀਤਿ'।

ਜੀਵ ਜੀਵਕਾ ਅਪ ਹਰੇ, ਚੁਗਲੀ ਤੋਰੈ ਪ੍ਰੀਤ[1] ॥੨੯॥

[1]ਜੀਵਾਂ ਦੀ ਉਪਜੀਵਕਾ (ਰੋਜ਼ੀ) ਮਾਰੇ, ਚੁਗਲੀ ਮਾਰਕੇ (ਪ੍ਰੀਤਵਾਨਾਂ ਦੀ) ਪ੍ਰੀਤ ਤੋੜੇ। (ਅ) ਆਪਣੀ ਜੀਵਕਾ ਲਈ ਜੀਵਾਂ ਨੂੰ ਮਾਰੇ।

ਧਿਕ ਜੀਵਨ ਇਹ ਪਾਪ ਹੈ, ਸੁਰਗ ਨ ਲਹਿ ਕਿਹ ਕਾਲ।
ਸਿਦਕ ਛੋਰਿ ਗੁਰ ਬਚਨ ਹਤਿ, ਦੋਖ ਅਣਗਣੇ ਭਾਲ[1] ॥੩੦॥

[1]ਮੱਥੇ ਤੇ ਅਣਗਿਣਤ ਦੋਖ ਮਲੀਂਦੇ ਹਨ।

ਦਸ ਕਰਮਨਿ ਕੇ ਸਾਲਸੀ, ਕਾਯਾਂ ਮਨ ਅਰ ਬਾਚ[1]।

[1]ਜੋ ਮਨ ਬਚਨ ਤੇ ਕਾਯਾਂ ਕਰਕੇ ਦਸ ਕਰਮਾਂ ਦਾ ਉਪੇਕਸ਼ੀ ਭਾਵ ਤਜਾਗੀ ਹੈ। [ਅ:, ਸਾਲਿਸ=ਤ੍ਰਜਾਕਲ, ਉਪਕੇਸ਼ਾ ਵਾਲਾ, ਅਨਰੁਕਤ ਨਾ ਹੋਵੇ ਜੋ। ਦਸ ਕਰਮ ਅੱਗੇ ਗਿਣਨਗੇ।

ਚਾਰ ਬਰਨ ਮਹਿਂ ਸਾਧ ਸੋ, ਜਮ ਗ੍ਰਿਹ ਜਾਇ ਨ ਸਾਚ[1] ॥੩੧॥

[1]ਚਹੁੰ ਵਰਨਾਂ ਵਿਚ ਓਹੋ ਸਾਧੂ ਹੈ, ਸੱਚ ਜਾਣੋ ਓਹ ਜਮ ਧਾਮ ਨਹੀਂ ਜਾਏਗਾ।

ਹਿੰਸਾ, ਪਰਤ੍ਰਿਯ, ਪਰਦ੍ਰਵ, ਤੀਨ ਤਜੈ ਇਹ ਦੇਹ[1]।

[1]ਇਹ ਦੇਹੀ ਦੇ ਤਿੰਨ (ਕਰਮ) ਤਜਾਗੇ।

ਬੁਰਾ ਨ ਚਿਤਵੈ ਆਨ ਕਾ, ਅਸਤ ਵਸਤੁ ਨਹਿਂ ਕੇਹ[1] ॥੩੨॥

[1]ਅਸੱਤ ਵਸਤੂ ਵਿਚ ਨਾ ਨਿਸ਼ਚਾ ਕਰੇ।

ਪਰਨਾਰੀ ਚਿੰਤਾ ਤਜੈ, ਤੀਨ ਮਾਨਸੀ ਤਜਾਗ[1]।

[1]ਇਹ ਤਿੰਨੇ ਮਨ ਦੇ ਤਜਾਗ ਹਨ।

ਪਰੁਖ[1], ਅਸਤਿ[2], ਸਾਲਾਘ ਨਹਿਂ[3], ਅਰਿਤ ਮੰਦ ਤਜੁ ਵਾਗ[4] ॥੩੩॥

[1]ਕਠੋਰ ਵਚਨ ਕਹਿਣੇ। [2]ਝੂਠ ਬੋਲਣਾ। [3]ਨਿੰਦਾ ਕਰਨੀ [ਸਾਲਾਘ ਨਹਿਂ=ਉਹ ਵਾਕ ਜੋ ਸ਼ਲਾਘਾ ਦੇ ਨਹੀਂ, ਭਾਵ ਨਿੰਦਾ ਦੇ]। [4]ਵਾਚਲਤਾ, ਬਹੁਤਾ ਬੋਲੀ ਚਲਨਾ [ਅਰਿਤ ਮੰਦ ਵਾਗ=ਉਹ ਵਾਕ ਜਿਸਨੂੰ ਬੋਲਦਿਆਂ ਆਪ ਆਰਤ ਹੋ ਜਾਵੇ, ਥੱਕ ਜਾਵੇ ਤੇ ਸੁਣਨ ਵਾਲਾ ਮੰਦ ਪੈ ਜਾਵੇ, ਅੱਕ ਜਾਵੇ]।

ਪੀਛੇ ਭੁਲਾ ਬਖਸ਼ੀਐ, ਸਦਾ ਕਰੈ ਦ੍ਰਿੜ੍ਹ ਮੂੜ੍ਹ[1]।

[1]ਜੋ ਕਰਕੇ ਪਿਛੋਂ ਭੁੱਲ ਮੰਨੇ ਉਹ ਬਖਸ਼ਿਆ ਜਾਂਦਾ ਹੈ ਪਰ ਜੋ ਕਰਕੇ ਸਦਾ ਦ੍ਰਿੜ੍ਹ ਰਹੇ ਸੋ ਮੂਰਖ ਹੈ।

ਕਹਿਨੀ ਏ ਰਹਿਨੀ ਸਦਾ, ਸ੍ਰੀ ਗੁਰ ਬਖਸ਼ੀ ਗੂੜ੍ਹ[1†] ॥੩੪॥

[1]ਸਾਰ ਰੂਪ। [†]ਸੌ ਸਾਖੀ ਦਾ ਪਾਠ: ਕਰਨੀ ਏ ਰਹਿਨੀ ਸਿਦਕ ਗੁਰ ਨਾਨਕ ਬਖਸ਼ੀ ਗੂੜ੍ਹ।

ਨਾਮ ਜਪਨ ਦ੍ਰਿੜ੍ਹ ਸਾਧਨਾ, ਸਿੱਖ ਹਮਾਰਾ ਸੋਇ।
ਤਰਨ ਉਪਾਵ ਤਾਂ ਇਹ ਕਹੇ, ਡੂਬਨ ਕਹੇ ਨ ਕੋਇ[1] ॥੩੫॥

[1]ਸੋ ਸਾਡਾ ਸਿੱਖ ਜੋ ਪਿਛਲੀ ਤੁਕ ਵਿਚ ਆਯਾ ਹੈ ਉਹ) ਤਰਨ ਦਾ ਇਹ ਉਪਾਉ (ਭਾਵ ਨਾਮ) ਤਾਂ ਦੱਸੇ, ਪਰ ਡੁੱਬਣ ਦਾ ਉਪਾਉ ਕੋਈ ਨਾ ਕਹੇ, ਭਾਵ ਪਾਪਮਯ ਵਾਕ ਨਾ ਕਹੇ। ਯਥਾ-ਜਿਥੈ ਜਾਇ ਬਹੀਐ ਭਲਾ ਕਹੀਐ।

ਸਮਤਾ[1] ਨਮਤਾ ਬੰਕਤਾ[2], ਸਿਦਕ ਸਾਬਤੀ ਜਾਂਹਿ।

[1]ਭਾਵ ਸਮ ਦ੍ਰਿਸ਼ਟੇ ਹੋਣਾ। [2]ਨਿੰਮ੍ਰਤਾ ਤੇ ਸਰਲਤਾ [ਨਮਤਾਵੰਕਤਾ=ਨਮਤਾ ਅਵੰਕਤਾ=ਨਿੰਮ੍ਰਤਾ ਤੇ ਸਰਲਤਾ]।

ਸੋ ਮੇਰਾ ਨਿਤ ਮਿਲਜੋ ਮੁਹਿ, ਮਨ ਤਨ ਮੁਹਿ ਤਿਸ ਆਹਿ ॥੩੬॥

[1]ਮਰਨੇ ਕਾ ਸਹਿਸਾ ਨਹੀਂ, ਜੀਵ ਨ ਲੀਨਾ ਨਾਮ।

[1]ਜਿਸ ਨੂੰ) ਮਰਨੇ ਦਾ ਕਦੇ ਭੈ ਨਹੀਂ ਆਯਾ, ਜੀਉਂਦਿਆਂ ਕਦੇ ਨਾਮ ਨਹੀਂ ਲਿਆ, (ਸਗੋਂ) ਸਾਰੇ ਦੋਖਾਂ ਵਿਚ ਮੋਹ ਕਰਕੇ ਜੋ ਆਸ਼ਕਤ ਹੈ (ਉਸ ਨੇ ਆਪਣਾ) ਕੰਮ ਵਿਗਾੜ ਲਿਆ ਹੈ [ਸੰ:, ਸਸਤ੍ਰ=ਆਸ਼ਕਤ]। (ਅ) ਜਿਸਨੇ ਜੀਉਂਦਿਆਂ ਨਾਮ ਜਪਿਆ ਹੈ ਉਸ ਨੂੰ ਮਰਨ ਦਾ ਕੋਈ ਭੈ ਨਹੀਂ, ਸਾਰੇ ਦੋਸ਼ਾਂ ਵਿਚ ਆਸ਼ਕਤੀ ਦਾ, ਕਾਮ ਦਾ ਤੇ ਮੋਹ ਦਾ ਜਿਸ ਨੇ ਕੰਮ ਵਿਗਾੜ ਦਿੱਤਾ ਹੈ।

ਸਭੀ ਦੋਖ ਸੰਸਕਤ ਮਹਿਂ, ਮੋਹਿ ਬਿਗਾਰਾ ਕਾਮ[੧੯] ॥੩੭॥

ਖਾਦੇ ਕੀ ਉਪਮਾ ਬੁਰੀ, ਬੁਰੀ ਖੁਸ਼ਾਮਤਿ ਨਿੱਤ[1]।

[1]ਖਾ ਕੇ ਉਪਮਾ ਕਰਨ ਵਾਲੇ ਦੀ ਉਪਮਾ ਬੁਰੀ ਹੈ ਤੇ ਖੁਸ਼ਾਮਦ ਸਦਾ ਹੀ ਬੁਰੀ ਹੈ ਭਾਵ ਖੁਸ਼ਾਮਦੀ ਤੇ ਖਾ ਕੇ ਉਪਮਾ ਕਰਨ ਵਾਲੇ ਤੇ ਭਰੋਸਾ ਨਹੀਂ ਕਰਨਾ।

ਬੁਰਾ ਬਹੁਤ ਬੋਲਨ ਅਧਿਕ, ਬੁਰਾ ਪਰਬਤੀ ਮਿੱਤ ॥੩੮॥

ਨਾਮ ਨ ਛੋਰੇ, ਸ਼ਸਤ੍ਰ ਹਿਤ, ਸਿੱਖ ਸਮਾਲਾ ਹੌਹੁ[1]।

[1]ਜੋ ਨਾਮ ਨਾ ਛੱਡੇ ਤੇ ਜੋ ਸ਼ਸਤ੍ਰ ਨਾਲ ਪਿਆਰ ਕਰੇ ਮੈਨੂੰ ਉਸ ਸਿੱਖ ਦੀ ਸੰਭ੍ਾਲ ਹੈ।

ਖੁੱਜਤਿ ਤਰਕ ਨ ਕੀਜੀਏ, ਮੇਰੀ ਕਰੈ ਨ ਸੌਹੁ[1]' ॥੩੯॥

[1]ਹੁੱਜਤਾਂ ਤੇ ਤਰਕ ਨਾ ਕਰੇ ਨਾ ਮੇਰੀ ਸਹੁੰ ਖਾਵੇ। (ਅ) 'ਖੁਜਤ ਤੁਰਕ' ਪਾਠ ਕਰਕੇ ਅਰਥ ਕਰਦੇ ਹਨ ਕਿ 'ਤੁਰਕਣੀ ਨਾਲ ਜੁੱਧ ਨਾਂ ਕਰੇ', ਪਰ ੧੯੦੫ ਦੀ ਸੌ ਸਾਖੀ ਤੇ ੧੯੧੨ ਦੇ ਗੁਰ ਪ੍ਰਤਾਪ ਸੂਰਜ ਦੇ ਲਿਖਤੀ ਨੁਸਖੇ ਵਿਚ ਪਾਠ 'ਤਰਕ' ਹੈ, 'ਤੁਰਕ' ਨਹੀਂ ਹੈ।

ਚੌਪਈ:

†ਇਕ ਦਿਨ ਪਿਖਿ ਸਤਿਗੁਰ ਕੀ ਮਰਜ਼ੀ।

†ਹੁਣ ਕਵੀ ਜੀ ਸੌ ਸਾ: ਦੀ ੯੩ਵੀਂ ਸਾਖੀ ਦਾ ਭਾਵ ਅਪਨੀ ਕਵਿਤਾ ਵਿਚ ਖੁਲ੍ਹੇ ਤੌਰ ਤੇ ਦੇਣ ਲਗੇ ਹਨ, ਤੇ ਆਪਣੀ ਵਧੀਆ ਵਾਕਫੀਅਤ ਬੀ ਵਿਚ ਵਿਚ ਦਰਜ ਕਰਦੇ ਜਾਣਗੇ।

ਸੰਗਤ ਹਾਥ ਜੋੜਿ ਕਿਯ ਅਰਜ਼ੀ।

'ਸਾਚੇ ਪਾਤਸ਼ਾਹੁ ! ਇਹ ਕਹੀਏ।

ਚਤੁਰ ਬਰਣ ਮੁੰਡਤਿ ਹੀ ਲਹੀਏ[1] ॥੪੦॥

[1]ਇਸ ਜੁਗ ਵਿਚ) ਚਾਰੋਂ ਵਰਣ ਸਿਰੋਂ ਮੁੰਡੇ ਹੀ ਦਿੱਸਦੇ ਹਨ।

ਪੂਰਬ ਤੀਨ ਜੁਗਤਿ ਕੀ ਬਾਤ।

ਸੁਨੀ ਪੁਰਾਨਨ† ਮਹਿਂ ਬੱਖਜਾਤ।

†ਪਾ:-ਪੁਰਾਤਨ।

ਸਭਿ ਕੇ ਸਿਰ ਪਰ ਹੁਤੇ ਸੁ ਕੇਸ਼[1]।

[1]ਕੇਸ਼ ਹੁੰਦੇ ਸਨ।

ਸ਼ਮਸ਼[1] ਮੁਛ ਕੋ ਧਰਤਿ ਵਿਸ਼ੇਸ਼ ॥੪੧॥

[1]ਦਾੜ੍ਹਾ।

ਕਿਸ ਪ੍ਰਕਾਰ ਸਭਿ ਮੁੰਡਨ ਭਏ।

ਝਗਰਤਿ ਅਬਹਿ ਬੰਧਿ ਪਖ ਲਏ[1]।

[1]ਪੱਖ ਬੰਨ੍ਹ ਲਏ ਹਨ।

ਜਗ ਹੋਯਹੁ ਸਗਰੋ ਇਕਸਾਰੇ।

ਜੇ ਬੂਝਹਿਂ ਕਹਿਂ ਸ੍ਰੁਤੀ ਉਚਾਰੇ[1] ॥੪੨॥

[1]ਜੇ ਪੁੱਛੋ ਤਾਂ ਕਹਿੰਦੇ ਹਨ ਕਿ ਸ਼ਾਸਤ੍ਰ ਐਉਂ ਉਚਾਰਦਾ ਹੈ।

ਕਬਿੱਤ:

ਸੁੰਦਰ ਸਰੂਪ ਤੇ ਕਰੂਪ ਬਨ ਰੋਡੇ ਹੋਤਿ
ਜੈਸੇ ਭੂਪ ਦੰਡ ਦੇਤਿ† ਨੈਕ ਨ ਸ਼ਰਮ ਹੈ।
ਮਲ ਮੂਤ ਬਾਸਨ ਮਲੀਨ ਤੇ ਮਲੀਨ ਮਹਾਂ,
ਸਿਸਨੁ ਲਗਤਿ[1] ਊਚ ਨੀਚ ਕੇ ਚਰਮ ਹੈ।
ਪਾਕ ਮੁਖ ਮੂੰਡ ਪੈ ਨਿਪਾਕ[1] ਕੋ ਫਿਰਾਵੈਂ ਨਿਤ[2]
ਆਗੈ ਕਰਿ ਦੇਤ ਜੈਸੇ ਰਾਂਡ[1] ਕੋ ਕਰਮ ਹੈ।
ਸ਼ੋਭਾ ਲੋਕ[1] ਗਤਿ ਪਰਲੋਕ ਕੀ[2] ਬਿਗਾਰੈਂ ਮੂਢ
ਮੁੰਡਨ ਕਰਾਇ ਫੇਰ ਭਾਖਤੇ ਧਰਮ ਹੈ ॥੪੩॥

†ਪੁਰਾਤਨ ਸਮੇਂ ਸਿਰ ਮੁੰਨਣਾ ਸਿਰ ਕੱਟਣੇ ਸਮਾਨ ਦੰਡ ਹੁੰਦਾ ਸੀ।

[1]ਗੰਦੇ ਇੰਦ੍ਰੇ ਨੂੰ ਲਗਦਾ ਹੈ (ਉਸਤਰਾ)।

[1]ਭਾਵ ਉਸਤਰਾ। [2]ਐਸੇ ਨਾਪਾਕ (ਉਸਤਰੇ) ਨੂੰ ਪਵਿੱਤ੍ਰ ਮੂੰਹ ਅਤੇ ਸਿਰ ਤੇ ਨਿੱਤ ਫਿਰਾਉਂਦੇ ਹਨ।

[1]ਵੇਸ਼ਵਾ।

[1]ਜਗਤ ਦੀ ਸ਼ੋਭਾ ਤੇ। [2]ਪਰਲੋਕ ਦੀ ਮੁਕਤੀ।

ਚੌਪਈ:

ਇਹ ਕਿਮ ਹੋਏ ਕਰਹੁ ਬਤਾਵਨ?
ਆਪ ਪੰਥ ਮਹਿਂ ਕਰੇ ਰਖਾਵਨ[1]?'
ਸੁਨਿ ਸ੍ਰੀ ਕਲਗੀਧਰ ਤਿਸ ਕਾਲ।
ਕਹਯੋ ਪ੍ਰਸੰਗ ਸਭਿਨਿ ਕੇ ਨਾਲ ॥੪੪॥
'ਰਾਜ ਪਾਂਡਵਨ ਕੋ ਜੈ ਭਯੋ।
ਚਿਰੰਕਾਲ ਬਹੁਰੋ ਬਿਤ ਗਯੋ।
ਭੂਪ ਨੰਦ ਕੇ ਭੇ ਛਿਤ ਮਾਲਿਕ[1]।
ਵਧਯੋ ਰਾਜ ਬਹੁ ਸ਼ੱਤ੍ਰਨਿ ਘਾਲਿਕ ॥੪੫॥
ਛੀਨ ਲੀਨ ਭੂਪਤਿ ਸਮੁਦਾਈ[1]।
ਫੇਰੀ ਸਭਿ ਜਗ ਅਪਨਿ ਦੁਹਾਈ।
ਚਾਰੋਂ ਬਰਨ ਚਲੇ ਅਨੁਸਾਰੇ।
ਪਰਸਰਾਮ ਸਮ ਛੱਤ੍ਰੀ ਮਾਰੇ ॥੪੬॥

[1]ਭਾਵ ਕੇਸ਼।

[1]ਨੰਦਰਾਜੇ ਦੇ (ਪੁੱਤ੍ਰ) ਪ੍ਰਿਥਵੀ ਪਤਿ ਹੋਏ।

[1]ਭਾਵ ਸਾਰੇ ਰਾਜੇ ਜਿੱਤ ਲਏ।

ਡੇਢ ਹਜ਼ਾਰ ਬਰਸ ਤਕ ਰਾਜੁ।
ਕਰਤਿ ਰਹੇ ਬਡ ਭਯੋ† ਸਮਾਜੁ।
†ਪਾ:-ਭੋਗ।

ਸੰਗਜਾ ਸਭਿਨਿ ਨੰਦ ਕੇ ਰਹੀ।
ਏਕ ਬਿਸਾਲ ਵਧਜੋ ਤਿਨ ਮਹੀ ॥੪੭॥
ਜੋ ਮਹੀਪ ਤਿਨ ਦੇਸ਼† ਨਿਕਾਰੇ।
†ਪਾ:-ਛੀਨ।

ਤਿਨ ਤੇ ਰਿਦੇ ਤ੍ਰਾਸ ਇਮ ਧਾਰੇ[1]।
[1]ਨੰਦ ਵੰਸ਼ ਦਾ ਉਹ ਵੱਡਾ ਰਾਜਾ) ਡਰ ਗਿਆ।

-[1]ਬਿੱਪ੍ਰਨ ਤੇ ਬਰਨੀ ਕਰਿਵਾਇ।
[1]ਕਿਤੇ ਉਹ (ਰਾਜੇ ਜਿਨ੍ਹਾਂ ਦੇ ਰਾਜ ਮੈਂ ਖੋਹੇ ਹਨ) ਬ੍ਰਹਮਣਾਂ ਤੋਂ ਬਰਨੀ ਕਰਵਾਕੇ ਮੇਰਾ ਰਾਜ ਨਾਸ਼ ਨਾ ਕਰ ਦੇਣ।

ਮੇਰੋ ਰਾਜ ਦੇਹਿਂ ਬਿਨਸਾਇ[2] ॥੪੮॥
ਦੂਰਿ ਦੂਰਿ ਮੰਤ੍ਰ ਜਾਪ ਦਿਜ ਕਰੈਂ।
ਮੋ ਤੇ ਰਾਜ ਤੇਜ ਸਭਿ ਹਰੈਂ-।
ਕਰੇ ਇਕੱਤ੍ਰ ਸਚਿਵ ਨਿਜ ਸਾਰੇ।
ਅਪਨੋ ਤ੍ਰਾਸ ਸੁਨਾਇ ਉਚਾਰੇ ॥੪੯॥
ਮਿਲਿ ਸਭਿਹਿਨਿ ਮਸਲਤ ਮਤਿ ਧਾਰੀ।
-ਮੰਤ੍ਰ ਸਿੱਧ ਨਹਿਂ ਹੋਇ- ਬਿਚਾਰੀ।
-ਦਿਜਬਰ ਬਿੱਦਯਾ ਜਿਤਿਕ ਪ੍ਰਬੀਨਾ[1]।
[1]ਵਿਦਿਆ ਵਿਚ ਜੇਹੜੇ ਬਿੱਪ੍ਰ ਪ੍ਰਬੀਨ ਹਨ।

ਸਭਿ ਕੋ ਕੀਜਹਿ ਕੇਸ਼ ਬਿਹੀਨਾ ॥੫੦॥
ਸ਼ੂਦ੍ਰ ਛਾਪ[1] ਅਪਨੀ ਦਿਹੁ ਲਾਇ।
[1]ਉਸਤਰਾ ਲਾ ਦਿਓ ਭਾਵ ਸਿਰ ਮੁੰਨ ਦਿਓ। (ਅ) ਸ਼ੂਦ੍ਰ ਪਨੇ ਦੀ ਨਿਸ਼ਾਨੀ ਜੋ ਸਿਰ ਮੁੰਡਨ ਸੀ।

ਮੂੰਡੇ ਸੀਸ ਮੰਤ੍ਰ ਨਿਫਲਾਇ।
ਬਰਨੀ ਸਿੱਧ ਨ ਕਿਸ ਕੀ ਹੋਇ।
ਅਨਿਕ ਉਪਾਇ ਕਰਹਿ ਜੇ ਕੋਇ- ॥੫੧॥
ਸੁਨਿ ਮਹਿਪਤ ਕੇ ਮਨ ਮਹਿਂ ਭਾਈ।
ਜਹਿਂ ਕਹਿਂ ਤੇ ਦਿਜ ਲੀਏ ਬੁਲਾਈ।
ਨਿਜ ਬਲ ਕਰਿ ਕੈ ਸਿਰ ਮੁੰਡਵਾਏ।
ਸ਼ਮਸ ਸਮੇਤ ਕੇਸ਼ ਬਿਨਸਾਏ ॥੫੨॥
ਕਵੀਅਨਿ ਤੇ ਸ਼ਲੋਕ ਬਨਵਾਇ।

ਬਹੁ ਗ੍ਰੰਥਨਿ ਮਹਿਂ ਦਏ ਲਿਖਾਇ।
ਸਭਿ ਜਗ ਮੁੰਡਤਿ ਭਏ ਬਿੱਪ੍ਰ ਜਬਿ[1]।
ਇਹ ਭੀ ਧਰਮ ਬਖਾਨਤਿ ਭੇ ਤਬਿ[1] ॥੫੩॥
ਪਠਹਿਂ ਸ਼ਲੋਕ ਸੁਨਾਵਨਿ ਕਰੇ।
ਛੱਤ੍ਰੀ ਬੈਸ਼ਨਿ ਕੇ ਕਚ ਹਰੇ[1]।
ਸਕਲ ਲੋਕ ਹੈਂ ਪਸ਼ੂ ਸਮਾਨੇ।
ਬਿੱਪ੍ਰ ਚੁਗਾਵਨਹਾਰ ਮਹਾਨੇ[1] ॥੫੪॥
ਪਠਨਿ ਸ਼ਲੋਕ ਲਸ਼ਟਕਾ ਹਤੈਂ[1]।
ਜਿਤ ਕੋ ਚਹੈਂ ਚਲਾਵੈਂ ਤਿਤੈ।
ਬਿੱਪ੍ਰਨਿ ਅਪਨੇ ਸਿਰ ਮੁੰਡਵਾਏ।
ਅਪਰ ਲੋਗ ਮਗ ਇਸੀ ਚਲਾਏ ॥੫੫॥
ਜਗਤ ਜੂਠ ਕਹੁ ਅੰਗੀਕਾਰਾ।
ਸੀਸ ਮੁੰਡਾਵਨਿ ਪੰਥ ਬਿਥਾਰਾ[1]।
ਇਨ ਦੋਨੋ ਤੇ ਕਲਿ ਕੋ ਕਾਲਾ।
ਜਹਿਂ ਕਹਿਂ ਦੀਖਤਿ ਭਯੋ ਬਿਸਾਲਾ[1]' ॥੫੬॥

[1]ਸਾਰੇ ਜਗ ਵਿਚ ਬ੍ਰਾਹਮਣਾਂ ਦੇ ਸਿਰ ਜਦ ਮੁੰਨੇ ਗਏ।
[1]ਤਦ ਸਿਰ ਮੁੰਨੇ ਬ੍ਰਾਹਮਣ) ਇਸ (ਸਿਰ ਮੁੰਨਣ) ਨੂੰ ਵੀ ਧਰਮ ਕਹਿਣ ਲਗ ਪਏ।
[1]ਖੱਤ੍ਰੀਆਂ ਤੇ ਵੈਸ਼ਾਂ ਦੇ ਬੀ ਕੇਸ਼ ਨਾਸ਼ ਕੀਤੇ।
[1]ਬ੍ਰਾਹਮਣ ਮਾਨੋਂ ਵਡੇ ਚਰਵਾਹੇ ਹਨ।
[1]ਸ਼ਲੋਕਾਂ ਦਾ ਪੜ੍ਹਨ ਰੂਪੀ ਸੋਟਾ ਮਾਰਦੇ ਹਨ ਤੇ........।
[1]ਦਾ ਪੰਥ ਫੈਲਾਯਾ।
[1]ਭਾਵ ਕਲਜੁਗ ਵਧ ਗਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿਰ ਮੁੰਡਾਵਨਿ ਦਿਜ ਕੋ' ਪ੍ਰਸੰਗ ਬਰਨਨੰ ਨਾਮ ਏਕ ਊਨਤ੍ਰਿੰਸਤੀ ਅੰਸੂ ॥੨੯॥

## ੩੦. [ਕੇਸ਼]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

‘[1]ਸੁਨਿ ਸੰਗਤਿ ਅਰੁ ਖਾਲਸਾ! ਤਾਂ ਦਿਨ ਤੇ ਅਸ ਰੀਤਿ। [1]ਗੁਰੂ ਜੀ ਸੁਣਾ ਰਹੇ ਹਨ।

ਜਗਤ ਬਿਖੈ ਦਿਨਪ੍ਰਤਿ, ਵਧੀ ਕਲੂ ਕੀਨ ਬਿੱਪ੍ਰੀਤ ॥੧॥

ਮਹਿਪਤਿ ਦੀਨੋ ਦੰਡਿ ਜੋ, ਸੋ ਅਬਿ ਧਰਮ ਸਥਾਪ[1]।

[1]ਭਾਵ ਸਿਰ ਮੁੰਨਣ ਨੂੰ ਲੋਕਾਂ ਧਰਮ ਸਥਾਪ ਲਿਆ।

ਝਗਰਤਿ ਜੁਗਤਿ ਅਨੇਕ ਤੇ, ਬਨੇ ਚਹੈਂ ਸਚੁ ਆਪਿ[1] ॥੨॥

[1]ਆਪ ਸੱਚੇ ਬਣਨਾ ਚਾਹੁੰਦੇ ਹਨ।

[1]ਚੋਰ ਠਗਨਿ ਕੇ ਕਾਰਨੇ, ਬੰਧਨ ਸੰਗਲ ਕੀਨ।

[1]ਜਿਵੇਂ ਚੋਰਾਂ ਠੱਗਾਂ ਨੂੰ ਬੰਨ੍ਹਣ ਵਾਸਤੇ ਸੰਗਲ ਘੜੀਦੇ ਹਨ, ਤਿਵੇਂ ਜਗਤ ਦੇ ਲੋਕਾਂ ਨੂੰ (ਇਨ੍ਹਾਂ ਬ੍ਰਾਹਮਣਾਂ ਨੇ) ਵਿਧਿ ਨਿਖੇਧਿ ਤੇ ਸੁਰਗ ਨਰਕ (ਦੇ ਸੰਗਲ) ਪਾਏ ਹਨ।

ਵਿਧਿ ਨਿਖੇਧ ਸੁਰ ਪੁਰ ਨਰਕ, ਜਗ ਲੋਗਨ ਕਹੁ ਦੀਨ†[੩] ॥੩॥

†ਸੌ ਸਾਖੀ ਦਾ ਪਾਠ ਅਰਥ ਖੋਹਲਦਾ ਹੈ-ਚੋਰ ਠੱਗ ਕੇ ਕਾਰਨੇ ਬੰਧਨ ਸੰਗਲ ਕੀਨ। ਤਿਉਂ ਨਿਖੇਧ ਬਿਧ ਸੇਵਕਨ ਸੁਰਗ ਨਰਕ ਬਿਧ ਈਨ।

ਸੰਤ ਭਗਤ ਭਗਵੰਤਿ ਕੇ, ਇਨ ਪਰ ਦੁੰਦ ਨ ਜੋਇ[1]।

[1]ਵਿਧਿ ਨਿਖੇਧ, ਸੁਵਰਗ ਨਰਕ ਆਦਿ ਦੁੰਦ=) ਜੋੜੇ ਨਹੀਂ ਹਨ ਸੰਤਾਂ ਤੇ ਭਗਵਤ ਭਗਵੰਤਾ ਦੇ ਸਿਰ। (ਅ) ਦੁੰਦ=ਦੁੱਖ।

ਜਥਾ ਮੁਸਾਹਿਬ ਭੂਪ ਕੇ, ਨਹਿਂ ਅਟਕਹਿ ਕਿਤ ਕੋਇ ॥੪॥

ਜਿਨਿ ਜਾਨਿਆ ਤਿਨ ਜਾਨਿਆ, ਬਹੁਤਾ ਕਿਆ ਬਕਬਾਦ[1]।

[1]ਜਿਸ ਨੇ (ਉਪਦੇਸ਼ ਤੇ ਕਮਾਈ ਨੂੰ) ਸਮਝਿਆ ਹੈ ਉਸ ਨੇ (ਅਸਲੀਅਤ) ਨੂੰ ਅਨੁਭਵ ਕਰ ਲਿਆ ਹੈ (ਫਿਰ ਉਹ ਚੁਪ ਹੈ, ਜੋ ਬਹੁਤਾ ਬਕਵਾਸ ਕਰਦਾ ਹੈ ਉਸ ਦਾ ਕੀਹ ਬਣਿਆ ਭਾਵ ਨਾ ਜਾਨਣੇ ਵਾਲਾ) ਬੋਲਦਾ ਹੈ ਬਹੁਤਾ ਪਰ ਉਸ ਦਾ ਬਣਦਾ ਕੁਛ ਨਹੀਂ।

ਕਰਨੀ ਵਾਲਾ ਤਰ ਗਿਆ, ਡੂਬਾ ਬਕਹਿ ਜੁ ਬਾਦ[1] ॥੫॥ [1]ਵਿਅਰਥ।

[1]ਸਗਲ ਈਸ਼ਤਾ ਗਜਾਨ ਕੀ, ਭਗਤ ਰਾਜ ਕੀ ਮੰਡ।

[1]ਗਜਾਨ ਦੀ (ਪ੍ਰਾਪਤੀ) ਸਾਰੀ ਈਸ਼੍ਵਰੱਤ੍ਵ ਹੈ, ਭਗਤੀ (ਦੀ ਪ੍ਰਾਪਤੀ) ਸਾਰੇ ਪ੍ਰਤਾਪ ਦੇ ਬਨਾਵਣ ਵਾਲੀ ਹੈ, (ਹੋਰ) ਸਾਰੀ ਪ੍ਰਜਾ ਜੋ ਵਿਕਾਰਾਂ ਸਹਿਤ ਹੈ ਉਹ ਮਹਾਨ ਦੁੱਖ ਵਿਚ ਹੈ, (ਐਸੇ ਲੋਕਾਂ ਦਾ ਧਰਮ) ਕਰਮ ਕਾਂਡ ਹੈ (ਯਥਾ-) ਤੀਰਥ, ਜਪ, ਤਪ ਕਰਨੇ, ਦੱਖਣਾ ਦੇਣੀ, ਨੇਮ ਧਾਰਨੇ, ਸੰਜਮ ਕਰਨੇ ਤੇ ਦਾਨ ਦੇਣੇ। ਵਰਣਾਸ਼੍ਰਮ (ਲਈ) ਇਹ ਵਿਧੀ ਬ੍ਰਹਮਾ ਨੇ ਵੇਦ ਵਿਚ ਰਚਕੇ ਧ੍ਰੁਵਾ (ਮਰਯਾਦਾ) ਬੰਨ੍ਹੀ ਹੈ। [ਸੰਸ. ਈਸ਼ਤਾ=ਈਸ਼੍ਵਰਪਨਾ, ਈਸ਼੍ਵਰ ਨਾਲ ਅਭੇਦਤਾ। (ਅ) ਐਸ਼੍ਵਰਜ। (ੲ) ਇਕ ਸਿੱਧੀ। ਵਿਪਲ=ਬਹੁਤ। ਕ੍ਰਮ ਕੰਡ=ਕਰਮ ਕਾਂਡ। ਬਿਧਾਤਾ=ਬ੍ਰਹਮਾ। ਥਾਨ=ਟਿਕਾਣਾ, ਧ੍ਰੁਵਾ, ਮਿਰਯਾਦਾ]।

ਯੁਤਿ ਵਿਕਾਰ ਪਰਜਾ ਸਰਬ, ਵਿਪੁਲ ਦੁਖ ਕ੍ਰਮ ਕੰਡ ॥੬॥

ਤੀਰਥ, ਜਪੁ, ਤਪੁ, ਦੱਖਣਾ, ਨੇਮ, ਸੰਜਮ ਅਰ ਦਾਨ।

ਵਰਣਾਸ਼੍ਰਮ ਇਹ ਵੇਦ ਵਿਧ, ਰਚਯੋ ਬਿਧਾਤੇ ਥਾਨ ॥੭॥

ਮਨ ਕੋ ਮਨ ਇੰਦ੍ਰਨਿ ਇੰਦ੍ਰ, ਮਤਿ ਮੋ ਮਤਿ ਅਨੁਰਾਗ।

ਈਸ਼ ਜੀਵ ਕੀ ਭੇਦਤਾ, ਮੂਰਖ ਹਿਯ ਰਹਿ ਲਾਗੁ[1]' ॥੮॥

[1]ਸੌ ਸਾਖੀ ਦਾ ਪਾਠ ਹੈ 'ਭਈ ਜੀਵ ਕੀ ਭੇਦਤਾ' ਇਸ ਤੋਂ ਅਰਥ ਚੰਗਾ ਖੁਲ੍ਹਦਾ ਹੈ:-ਮਨ ਨੂੰ ਮਨ ਤੇ ਇੰਦਰੀਆਂ ਨੂੰ ਇੰਦ੍ਰੇ ਤੇ ਬੁੱਧਿ ਵਿਚ ਬੁੱਧੀ ਨੂੰ ਹੀ (ਸਤ੍ਯ) ਸਮਝਕੇ ਜੋ ਅਨੁਰੁਕਤ ਰਹਿਣਾ ਹੈ (ਸੋ ਜੀਵ ਈਸ਼੍ਵਰ ਦੀ ਭੇਦਤਾ ਹੈ। ਇਹ ਜੋ) ਜੀਵ ਈਸ਼੍ਵਰ ਦੀ ਭੇਦਤਾ ਹੈ ਮੂਰਖਾਂ ਦੇ ਹਿਰਦੇ ਨੂੰ ਲਗ ਰਹੀ ਹੈ। ਭਾਵ ਇੰਦ੍ਰਿਯਾਂ ਦੇ ਪਿਛੇ ਮਨ, ਮਨ ਦੇ ਪਿਛੇ ਬੁੱਧਿ ਤੇ ਬੁੱਧੀ ਦੇ ਪਿਛੇ ਇਨ੍ਹਾਂ ਦੇ ਪ੍ਰੇਰਕ ਆਤਮਾ ਨੂੰ ਲਖ ਨਾ ਸਕਣਾ ਇਹ ਭੇਦ ਬੁੱਧੀ ਹੈ। (ਅ) ਐਉਂ ਵੀ ਅਰਥ ਕਰਦੇ ਹਨ:-ਮਨ ਦਾ ਮਨ, ਇੰਦ੍ਰਿਯਾਂ ਦਾ ਇੰਦ੍ਰੈ, ਬੁੱਧੀ ਦੀ ਬੁੱਧੀ (ਆਤਮਾ) ਨੂੰ ਜਾਣਕੇ ਪ੍ਰੇਮ ਕਰੇ।

ਸਾਹਿਬ ਸਿੰਘ! ਤੂੰ ਜਾਨਿ ਅਬਿ, ਹਮਹਿ ਦ੍ਵੈਤ ਨਹਿ ਦਿੱਸ[1]।

[1]ਦ੍ਵੈਤ ਨਹੀਂ ਦਿੱਸਦੀ। (ਅ) ਦ੍ਵੈਤ ਦ੍ਰਿਸ਼ਟੀ ਨਹੀਂ ਰਹੀ।

ਸਤਿਗੁਰ ਦਰਸ਼ਨ ਸਫਲ ਭਾ, ਪਾਇ ਰੂਪ ਹਿਯ ਸਰਸ[1] ॥੯॥

[1]ਸ੍ਵਰੂਪ ਪ੍ਰਾਪਤੀ ਹੋ ਜਾਣ ਕਰਕੇ ਦਿਲ ਰਸ ਵਿਚ ਰਹਿੰਦਾ ਹੈ। (ਅ) ਸਰੂਪ ਦੇ ਅਧਿਕ (ਅਨੰਦ) ਨੂੰ ਹਿਰਦੇ ਵਿਖੇ ਪਾਇਆ ਹੈ।

ਰਾਮਕੁਵਰ ਭਾਈ ਭਨੈ, -ਪਿਖ੍ਯੋ ਆਤਮਾ ਰੂਪ।
ਬਰਨ੍ਯੋ ਜਾਇ ਨ ਜਿਹ ਕਛੂ, ਪਰਮ ਅਨੰਦ ਅਨੂਪ ॥੧੦॥
ਸੁਨਿ ਕੈ ਨਿਹਸੰਸੈ ਭਏ[1], ਸ੍ਰੀ ਮੁਖ ਤੇ ਸਭਿ ਬਾਤ। [1]ਨਿਰਸੰਸੇ ਹੋ ਗਏ।
ਬਹੁਰ ਉਠੇ[1] ਦੇਖਨਿ ਲਗੇ, ਹਯ ਬੇਗੀ ਸਮ ਬਾਤਿ[2] ॥੧੧॥

[1]ਕਲਗੀਧਰ ਜੀ) ਉਠੇ। [2]ਹਯ ਵੇਗੀ ਨਾਮੇ ਘੋੜੇ ਨੂੰ ਦੇਖਣ ਲਗੇ ਜੋ ਪੌਣ ਸਮਾਨ ਤ੍ਰਿੱਖਾ ਸੀ। (ਅ) ਹਵਾ ਸਮਾਨ ਵੇਗ ਵਾਲੇ ਘੋੜਿਆਂ ਨੂੰ ਵੇਖਣ ਲਗੇ। ਪਾਠਾਂਤ੍ਰ-ਸ਼ੁਭ ਭਾਂਤਿ ਵੀ ਹੈ।

ਚੌਪਈ:

ਇਸ ਪ੍ਰਕਾਰ ਸਿੱਖਨਿ ਉਪਦੇਸ਼ੈਂ।
ਸੁਨਿ ਧਾਰਹਿਂ ਜੇ ਭਾਗ ਵਿਸ਼ੇਸ਼ੈ।
ਵਹਿਰ ਅਖੇਰ ਬ੍ਰਿਤਿ ਕੋ ਕਰੈਂ।
ਸੰਗ ਖਾਲਸਾ ਬਨ ਮਹਿਂ ਫਿਰੈ ॥੧੨॥
ਕੇਤਿਕ ਗ੍ਰਾਮ ਛੀਨ ਕਰਿ ਲੀਨੇ[†]।

[†]ਮੁਰਾਦ ਹੈ ਆਲਮੁਨ ਵਰਗੇ ਸੰਗਤਾਂ ਨੂੰ ਦੁਖ ਦੇਣ ਵਾਲੇ। ਅਕਾਰਣ ਪਿੰਡਾਂ ਨੂੰ ਖੁਹਣਾ ਮਾਰਨਾ ਮੁਰਾਦ ਨਹੀਂ ਹੈ।

ਕੇਤਿਕ ਭੇਟ ਦੇਹਿਂ ਡਰ ਭੀਨੇ।
ਜੇ ਨਹਿਂ ਮਿਲੇ ਗਰਬ ਕੁਛ ਧਰੈਂ।
ਤਿਨ ਹਿਤ ਬ੍ਰਿੰਦ ਖਾਲਸਾ ਚਰੈ ॥੧੩॥
ਕਰਹਿਂ ਸ਼ਿਕਾਰ ਤਹਾਂ ਮਨ ਭਾਯੋ।
ਭਾਜਹਿਂ ਤਜਹਿਂ ਗ੍ਰਾਮ ਡਰ ਪਾਯੋ[1]। [1]ਗ੍ਰਾਮ ਤਜਕੇ ਡਰ ਪਾਕੇ ਭੱਜ ਜਾਣ।
ਕ੍ਰਿਖੀ ਬਢਾਇ ਪੁੰਜ ਲੇ ਆਵੈਂ।
ਆਨੰਦ ਪੁਰ ਤੁਰੰਗ ਸੋ ਖਾਵੈਂ ॥੧੪॥
ਭੀਮਚੰਦ ਦੇਖੈ ਦੁਖ ਲਹੈ।

ਲਰ ਨਹਿਂ ਸਕੈ ਤ੍ਰਾਸ ਮਨਿ ਲਹੈ।
ਕਲਗ਼ੀਧਰ ਰਸ ਬੀਰ ਮਝਾਰਾ।
ਚਹੈਂ ਜੰਗੁ ਕੋ ਸਦਾ ਅਖਾਰਾ ॥੧੫॥
ਸਿੰਘਨ ਕੋ ਨਿਤ ਲਰਨ ਸਿਖਾਵਨਿ।
ਤੁਰਕਨ ਗਨ ਸਨ[1] ਬੈਰ ਬਧਾਵਨ। [1]ਨਾਲ।
-ਰਣ ਜੇ ਕਰਤਿ ਰਹੈਗੋ ਪੰਥਾ।
ਸਭ ਸ਼ਸਤ੍ਰਨਿ ਕੀ ਸੀਖਹਿ ਸੰਥਾ ॥੧੬॥
ਜੁੱਧ ਕਰਨ ਹਥਿਆਰਨ ਮਾਰਹਿ।
ਤੌ ਛਿਤ ਬਲ ਤੇ ਰਾਜ ਸੰਭਾਰਹਿ-।
ਇਹ ਆਸ਼ੈ ਸਤਿਗੁਰ ਕੇ ਮਨ ਕੋ।
ਜਿਸ ਤੇ ਚਿਤ ਚਾਹਤਿ ਨਿਤ ਰਨ ਕੋ ॥੧੭॥
ਯਾਂ ਤੇ ਅਨਿਕ ਪ੍ਰਕਾਰ ਬਖੇਰਾ।
ਪਰਬਤਿ ਪਤਿ[†] ਪੁੰਜਨਿ ਸਨ ਝੇਰਾ। [†]ਪਾ:-ਪਰਬਤੇਸ਼।

ਤ੍ਰਾਸਤਿ ਹੋਇ ਲਰਤਿ ਨਹਿਂ ਕੋਈ।
ਤੁਰਕਨਿ ਕੀ ਸਹਾਇ ਚਹਿਂ ਸੋਈ ॥੧੮॥
ਦਰਬ ਪਠਾਵਤਿ ਰਹੇ ਬਿਸਾਲਾ।
ਜਾਤ ਵਕੀਲ ਸੁਨਾਇ ਕੁਚਾਲਾ।
ਅਵਰੰਗ ਨਿਕਟ ਕਿਤੇਕ ਸਿਧਾਵੈਂ।
ਕੋ ਸੂਬੇਨਿ ਸਮੀਪ ਸੁਨਾਵੈਂ ॥੧੯॥
'ਦਸਮੇ ਗੁਰੂ ਉਤਾਰੀ ਧੂਮ[1]। [1]ਧੁੰਮ ਪਾਈ ਹੋਈ ਹੈ।
ਰਾਜ ਕਰਨ ਕੋ ਛੀਨਤਿ ਭੂਮ।
ਗਿਰ ਕੇ ਦੇਸ਼ ਜਿ[1] ਗ੍ਰਾਮ ਉਜਾਰੇ। [1]ਜਿੰਨੇ ਹਨ।
ਲੂਟਹਿਂ ਕੂਟਹਿਂ ਸਭਿ ਹਮ ਹਾਰੇ[†]' ॥੨੦॥ [†]ਪਾ:-ਮਾਰੇ।
ਇਮ ਪੁਕਾਰ ਨਿਤ ਕਰਤੇ ਰਹੈਂ।
ਗੁਰ ਸਨ ਸੰਧਿ ਬਾਰਤਾ ਕਹੈਂ[1]। [1](ਇਧਰ) ਗੁਰਾਂ ਦੇ ਨਾਲ ਮੇਲ ਕਰਨ ਦੀ ਵਾਰਤਾ ਕਰਦੇ ਰਹਿੰਦੇ ਹਨ।

ਇਮ ਹੀ ਕੇਤਿਕ ਸਮਾ ਬਿਤਾਯੋ।

ਸੂਰਜ ਗ੍ਰਹਣ ਪਰਬ ਦਿਨ ਆਯੋ ॥੨੧॥
ਕੁਛਕ ਸੈਨ ਲੈ ਸਿੰਘਨਿ ਕੇਰੀ।
ਭਏ ਤਜਾਰ ਚਲਿਬੇ ਤਿਸ ਬੇਰੀ।
ਸ਼੍ਰੀ ਗੁਜਰੀ ਮਾਤਾ ਤੇ ਆਦਿ।
ਰੁਖ ਗੁਰ ਕੋ ਲਖਿ ਸਦਨ ਅਬਾਦ[1] ॥੨੨॥

[1]ਘਰ ਹੀ ਵੱਸੇ (ਨਾਲ ਨਾ ਗਏ)।

ਗਮਨੇ ਪ੍ਰਭੁ ਅਸਵਾਰੀ ਛੜੀ[1]।
ਪ੍ਰੇਰਿ ਤੁਰੰਗ ਬਾਗ ਕਰ ਫੜੀ।
ਮਜ਼ਲ ਦੂਰ ਕੀ ਕਰਤਿ ਸਿਧਾਰੇ।
ਗ੍ਰਹਣ ਬਿਖੈ ਦਿਨ ਅਲਪ ਬਿਚਾਰੇ ॥੨੩॥

[1]ਭਾਵ ਪਰਵਾਰ ਨਾਲ ਨਾ ਗਿਆ, ਇਕੱਲੇ ਗਏ।

ਜਿਸ ਥਲ ਮਹਿਂ ਤੀਰਥ ਸਮੁਦਾਏ।
[†]ਨਗਰ ਥਨੇਸੁਰ ਮਹਿਂ ਚਲਿ ਆਏ।

[†]ਸੌ ਸਾਖੀ ਦੀ ੪੯ਵੀਂ ਸਾਖੀ ਚਲੀ।

ਦੱਖਣ[1] ਦਿਸ਼ ਮਹਿਂ ਤੀਰਥ ਮਹਾਂ।
ਡੇਰੇ ਹਿਤ ਚਾਹਤਿ ਭੇ ਤਹਾਂ ॥੨੪॥
ਉਤਰੇ ਪੁੰਜ ਤੀਰ ਨਰ ਨਾਰੀ।
ਮੇਲਾ ਭਯੋ ਗ੍ਰਹਣ ਕੋ ਭਾਰੀ।
ਉਰੇ ਨਗਰ ਤੇ[†] ਪਰੀ ਜਮਾਤ[1]।

[1]ਭਾਵ ਥਨੇਸਰ ਦੇ ਦੱਖਨ ਨੂੰ।

[1]ਜੋਗੀਆਂ ਦੀ) ਜਮਾਤ। [†]ਪਾ:-ਉਰੇ ਨੀਰ ਕੇ।

ਜੇ ਜੋਗੀ ਜਗ ਮਹਿਂ ਬਿੱਖਜਾਤ ॥੨੫॥
ਮਦਨ ਨਾਥ ਸਭਿ ਬਿਖੈ ਮਹੰਤ।
ਤਿਨ ਦੇਖੇ ਆਵਤਿ ਭਗਵੰਤਿ।
ਆਗੇ ਹੋਇ ਮਿਲਜੋ ਤਿਸ ਬਾਰੀ।
ਮੁਖ 'ਆਦੇਸ ਅਦੇਸ' ਉਚਾਰੀ ॥੨੬॥
ਖਰੇ ਭਏ ਅਵਿਲੋਕਿ ਗੁਸਾਈਂ।
'ਸਤਿਗੁਰ ਕੋ ਆਦੇਸ' ਬੁਲਾਈ[†]।'

[†]ਪਾ:-ਬੁਝਾਈ।

ਪੁਨ ਜੋਗੀ ਨੇ ਬੂਝਨਿ ਕਰੇ।
'ਬੁਰਕਾ ਸ਼ੇਰਨਿ ਕੋ ਤਨ ਧਰੇ[1]

[1]ਤਨ ਤੇ ਸ਼ੇਰ ਦਾ ਬੁਰਕਾ ਧਾਰਿਆ ਹੈ।

॥੨੭॥
ਕਰਨੀ ਸਿੱਧਹੁਂ ਕੀ ਸ਼ੁਭ ਧਾਰੀ।
ਤੁਮਰੀ ਅਦਭੁਤ ਬਾਤ ਬਿਚਾਰੀ।'
ਤਬਿ ਕਲ਼ਗੀਧਰ ਬਹੁ ਸਨਮਾਨਾ।
'ਸੁਨਹੁਂ ਨਾਥ ਜੀ' ਕੀਨ ਬਖਾਨਾ
॥੨੮॥
'ਤੁਰਕ ਗੁਫਤਾਰ ਅਧਿਕ ਜਗ ਮਾਂਹੀ[1]।

[1]ਤੁਰਕਾਂ (ਦੇ ਜ਼ੁਲਮ ਦੀ) ਗਲ ਬਾਤ ਜੱਗ ਵਿਚ ਬਹੁਤ (ਚੱਲ ਰਹੀ ਹੈ)।

ਦੰਡ ਬਿਨਾ ਬਸਿ ਹੋਇਂ ਸੁ ਨਾਂਹੀ[1]।'

[1]ਜ਼ੁਲਮੋਂ) ਬੱਸ ਨਹੀਂ ਕਰਨਗੇ। (ਅ) ਤੁਰਕ ਵੱਸ ਨਹੀਂ ਹੋਣਗੇ।

ਕਹਿ ਜੋਗੀ:-'ਚਰਚਾ ਸੁ ਚਵਾਇ[1†]।

[1]ਸੋ ਚਰਚਾ (=ਤੁਰਕ ਦੇ ਜ਼ੁਲਮ ਦੀ, ਘਰ ਘਰ) ਕਹੀ ਜਾ ਰਹੀ ਹੈ। [ਚਵਾਉਣਾ=ਕਹਿਣਾ]। [†]ਪਾ:-ਸੁਚ ਭਾਇ।

ਹੁਇ ਕਬੂਲ ਸਿੱਧੀ ਪਤਿਸ਼ਾਹਿ[1]
॥੨੯॥

[1]ਹੇ ਪਾਤਸ਼ਾਹ! (ਆਪ ਦੀ ਭਾਵਨਾ ਪਰਮੇਸ਼ਰ ਦਰ) ਪਰਵਾਨ ਹੋਵੇ ਤੇ (ਆਪ ਨੂੰ ਕਾਰਜ ਦੀ) ਸਿੱਧੀ (ਪ੍ਰਾਪਤ ਹੋਵੇ)।

ਰਹਿਣੀ ਸਿੱਧ ਨਾਨਕ ਕੇ ਫਕੀਰ[1]।

[1]ਕਿਉਂਕਿ) ਹੇ ਗੁਰੂ ਨਾਨਕ ਕੇ ਫਕੀਰ! ਰਹਿਣੀ (ਆਪ ਦੀ ਠੀਕ) ਸਿੱਧਾਂ ਵਾਲੀ ਹੈ।

ਖੇਰਜ ਭੇਖ ਕਾਜ ਦਸੁਗੀਰ[1]।

[1]ਅਤੇ ਆਪ ਦਾ) ਬਾਹਰਲਾ (ਸ਼ੇਰਾਂ ਵਾਲਾ) ਵੇਸ (ਪ੍ਰਜਾ ਦੀ) ਦਸਤਗੀਰੀ (ਮਦਦ ਵਾਸਤੇ ਹੈ)। [ਅ਼:, ਖ਼ੇਰਜ=ਖਾਰਜ=ਬਾਹਰ; ਬਾਹਰ ਦਾ]।

[1]ਜਿਉਂ ਦਿਲ ਨੇਕੀ ਹੋਇ ਜਵਾਲ।

[1]ਜਦ ਕਿ (ਆਪ ਦੇ) ਦਿਲ ਵਿਚ ਨੇਕੀ ਹੈ (ਤਾਂ ਤੁਰਕਾਂ ਦਾ ਜ਼ਰੂਰ) ਜ਼ਵਾਲ ਹੋਵੇਗਾ, (ਕਿਉਂਕਿ) ਤੁਹਾਡੀ ਕਰਨੀ ਕੁਦਰਤ ਦੇ ਖਿਆਲ (ਦੇ ਅਨੁਕੂਲ) ਹੈ। ਭਾਵ ਕੁਦਰਤ ਸਦਾ ਜ਼ੁਲਮ ਦਾ ਨਾਸ਼ ਮੰਗਦੀ ਹੈ। [ਅ਼:, ਜ਼ਵਾਲ=ਗਿਰਾਉ, ਪਤਨਤਾ, ਘਟਾਈ]। (ਅ) ਜਿਵੇਂ ਕਿਸੇ ਦੇ ਦਿਲ ਵਿਚ ਨੇਕੀ ਹੋਵੇ ਤਾਂ ਉਥੇ ਜਮਾਲ ਹੁੰਦਾ ਹੈ ਤੇ (ਜਿਸ ਦੇ) ਖਿਆਲ ਵਿਚ (ਨੇਕੀ ਹੈ, ਉਸਦੀ) ਕਰਨੀ ਵਿਚ ਤਾਕਤ ਹੁੰਦੀ ਹੈ। [ਜਮਾਲ=ਚਿਹਰੇ ਤੇ ਪ੍ਰਗਟ ਰਹੀ ਖੂਬਸੂਰਤੀ। ਅ਼:, ਕੁਦਰਤ=ਕਾਦਰ ਹੋਣ ਦਾ ਭਾਵ, ਤਾਕਤ]।

ਕਰਣੀ ਕੁਦਰਤਿ ਕੇਰ ਖਿਆਲ[2]'
॥੩੦॥
ਇਮ ਕਹਿ ਸੁਨਿ ਕੈ ਆਪਸ ਮਹੀਆ।
ਰੀਝੇ ਦੁਹਿ ਦਿਸ਼ ਆਨੰਦ ਲਹੀਆ।
ਬੋਲ੍ਯੋ ਨਾਥ ਬਿਨੈ ਤਿਹ ਸਾਇਤ[1]।

[1]ਤਿਸ ਘੜੀ [ਅ਼:, ਸਾਇਤ]।

'[1]ਕੁਛ ਜੋਗੀ ਕੀ ਚਹਿਯ ਹਿਮਾਯਤ?
॥੩੧॥
ਮੇਲ ਸਕਾਰਥ ਰਾਵਰ ਕੇਰਾ[8]।'

[1]ਕੀ ਕੁਛ ਜੋਗੀ ਦੀ ਮਦਦ ਦੀ ਲੋੜ ਹੈ? ਤਾਂ ਜੋ (ਸਾਡਾ) ਆਪ ਨੂੰ ਮਿਲਨਾ ਸਕਾਰਥ ਹੋ ਜਾਵੇ।

ਸੁਨਿ ਬੋਲੇ ਸਤਿਗੁਰ ਤਿਸ ਬੇਰਾ।
'ਫਰਕਾ ਅਮੁੰਡ ਦ੍ਵੈ ਫਰਕੱਸ[1]।

[1]ਫਿਰਕਾ (ਸਾਡਾ) ਕੇਸ਼ਾਧਾਰੀ ਹੈ (ਇਸ ਕਰਕੇ ਹਿੰਦੂ ਤੁਰਕ) ਦੋਹਾਂ ਤੋਂ ਵੱਖਰਾ ਹੈ। [ਫਰਕਾ=ਫਿਰਕਾ। ਅਮੁੰਡ=ਮੁੰਡਣ ਰਹਿਤ, ਕੇਸ਼ਾਧਾਰੀ। ਫਰਕਸ਼=ਫਰਕ ਵਾਲਾ, ਵੱਖਰ੍ਹਾ। (ਅ) ਦੋ (ਡੌਲੇ ਖਾਲਸੇ ਦੇ ਬਲ ਨਾਲ) ਫੜਕਦੇ ਹਨ ਤੇ ਘੋੜੇ ਦੀ ਪਿੱਠ ਤੇ (ਬੈਠਕ ਇਨ੍ਹਾਂ ਦੀ) ਅਮੁੜ ਹੈ, ਇਸ ਲਈ... [ਫਾ. ਫਰਖਸ਼=ਘੋੜੇ ਦੀ ਪਿੱਠ]। (ੲ) ਸਿਰ ਕੇਸ਼ਾਧਾਰੀ ਹੈ (ਇਸ ਕਰਕੇ ਖਾਲਸਾ) ਦੋ ਸਿਰਾਂ ਵਾਲਾ ਹੈ। (ਦੋ ਸਿਰਾਂ ਵਾਲਾ ਉਸ ਸੂਰਮੇ ਨੂੰ ਕਹਿੰਦੇ ਹਨ ਜੋ ਜੰਗ ਵਿਚ ਮਰਨ ਤੇ ਚਾਉ ਨਾਲ ਡੁੱਲ੍ਹ ਡੁੱਲ੍ਹ ਪਵੇ। ਕੇਸ਼ ਧਾਰਨ ਨੂੰ ਬਲ ਵਧਣ ਦਾ ਕਾਰਨ ਦੱਸ ਰਹੇ ਹਨ)।

ਖਾਲਸਹ ਬਲੀ ਸੁ ਕਸੇ ਤਰਕੱਸ[1]' ॥੩੨॥

[1]ਖਾਲਸਾ (ਇਸ ਕਰਕੇ ਕੱਲਾ ਹੀ) ਬਲੀ ਹੈ ਤੇ ਖੂਬ ਤੀਰ ਖਿੱਚੇਗਾ।

ਸੁਨਿ ਜੋਗੀ ਨੇ ਬਾਕ ਬਖਾਨਾ।
'ਮੋਹਿ ਦਿਖਾਵਹੁ ਛੋਰਹੁ ਬਾਨਾ[1]।

[1]ਤੀਰ ਚਲਾਕੇ ਵਿਖਾਓ।

ਧਨ ਬਿੱਦਜਾ ਮਹਿਂ ਸੁਨੋਂ ਬਿਸਾਲਾ[1]।

[1]ਤੁਹਾਨੂੰ ਮੈਂ ਬੜੇ (ਚਤੁਰ) ਸੁਣਦਾ ਹਾਂ।

ਯਾਂ ਤੇ ਚਹੌਂ ਪਿਖਨਿ ਇਸ ਕਾਲਾ' ॥੩੩॥
ਤਬਿ ਸਤਿਗੁਰ ਸਰ ਗੁਨ ਪਰ ਧਰਿਕੇ[1]।

[1]ਤੀਰ) ਚਿੱਲੇ ਤੇ ਰੱਖਕੇ।

ਐਂਚਿ ਧਨੁਖ ਛੋਰਜੋ ਬਲ ਕਰਿਕੇ।
ਕਿਲਾ ਮੁਗ਼ਲ ਕੋ ਹੁਤੋ ਸੁ ਕੋਸ।
ਤਿਸ ਕੀ ਦਿਸ਼ ਮਾਰਜੋ ਯੁਤਿ ਰੋਸ ॥੩੪॥
ਸ਼ਿਖਰ ਦੁਰਗ ਕੇ ਜਬਿਹੁਂ ਗਯੋ।
ਜੋਗੀ ਦੇਖਤਿ ਬੋਲਤਿ ਭਯੋ।
'ਬਿੱਦਜਾ ਧਨੁ ਜਿਹਂ ਹੋਹਿ ਕਮਾਈ।
ਕੋਇ ਨ ਕਰਿ ਸਕ ਹੈ ਸਮਤਾਈ ॥੩੫॥
ਤ੍ਰੇਤੇ ਮਹਿਂ ਰਘੁਬਰ ਕੀ ਸੁਨੀ।
ਦ੍ਵਾਪੁਰ ਮਹਿਂ ਅਰਜਨ ਕੀ ਗੁਨੀ।
ਮੋਹਿ ਭਯੋ ਅਬਿ ਦ੍ਰਿੜ ਨਿਸ਼ਚਾ ਸੁ।
ਹੁਇ ਤੁਮ ਹਾਥ ਤੁਰਕ ਗਨ ਨਾਸ਼ ॥੩੬॥
ਹਮ ਕਟਾਸ ਪਰ ਕਰਿ ਹੈਂ ਬਾਸਨਿ।
ਬਾਲ ਗੁੰਦਾਈ ਸਿਧ† ਕੇ ਆਸਨ[1]।

[1]ਕਟਾਸ ਤੇ ਬਾਲ ਗੁਦਾਈ ਦਾ ਟਿੱਲਾ ਦੁਇ ਜਿਹਲਮ ਦੇ ਜ਼ਿਲੇ ਵਿਚ ਹਨ। ਕਟਾਸ ਪੁਰਾਣਾਂ ਤੀਰਥ ਹੈ ਤੇ ਖੀਉੜੇ ਸਟੇਸ਼ਨ ਤੋਂ ਕਟਾਸ ਨੂੰ ਜਾਂਦੇ ਹਨ। ਬਾਲ ਗੁਦਾਈ ਨੂੰ ਜਿਹਲਮ ਯਾਂ ਦੀਨੇ ਤੋਂ ਜਾਂਦੇ ਹਨ (ਦੀਨੇ ਤੋਂ ੧੩ ਕੁ ਮੀਲ ਹੈ) ਦੋਹਾਂ ਵਿਚ ਪੰਝੀ ਕੁ ਮੀਲ ਦੀ ਵਿੱਥ ਹੈ। ਪਰ ਰਸਤਾ ਦੋਹਾਂ ਦੇ ਵਿਚਾਲੇ ਹੈ। ਭਾਵ ਇਹ ਹੈ ਕਿ ਕਟਾਸ ਪਰ ਜੋ ਡੇਰਾ ਬਾਲ ਗੁਦਾਈ ਜੋਗੀ ਦਾ ਹੈ ਉਥੇ ਅਸੀਂ ਰਹਿੰਦੇ ਹਾਂ। †ਪਾ:-ਦੇਸ਼।

ਤਹਾਂ ਪਹੁੰਚਨਾ ਜਲਧਿ ਬਿਬੇਕ।
ਰਾਖਹੁ ਭਲੇ ਫਕੀਰੀ ਟੇਕ[1] ॥੩੭॥ — [1]ਸਾਡੀ ਫਕੀਰਾਂ ਦੀ ਟੇਕ ਰੱਖਣੀ।
ਸਭਿ ਸਿੱਧਨ ਕੋ ਦਰਸ਼ਨ ਦੀਜੈ।
ਸਰਬ ਦੇਸ਼ ਕੀ ਸੈਲ ਕਰੀਜੈ।'
ਸ੍ਰੀ ਮੁਖ ਤੇ ਮੁਸ਼ਕਾਇ ਬਖਾਨਾ।
'ਸੁਨਹੁ ਨਾਥ ਜੀ! ਤਹਾਂ ਨ ਜਾਨਾ[1] ॥੩੮॥ — [1]ਤਿੱਥੇ ਅਸਾਂ ਨਹੀਂ ਜਾਣਾ।
ਹੋਯਹੁ ਹੁਕਮ ਨ ਡਾਢੇ ਕੇਰਾ[1]। — [1]ਡਾਢੇ ਦਾ ਹੁਕਮ ਨਹੀਂ ਹੋਇਆ।
ਜੋ ਸਭਿਹਿਨਿ ਤੇ ਬਡਹੁੰ ਬਡੇਰਾ।
ਸਦੀ ਤੇਰ੍ਹਵੀਂ[1] ਜਬਿਹੂੰ ਆਵੈ। — [1]ਭਾਵ ਹਿਜਰੀ ਤੇਰ੍ਹਵੀਂ ਸਦੀ।
ਤੁਰਕਨਿ ਰਾਜ ਤੇਜ ਬਿਨਸਾਵੈ ॥੩੯॥
ਤਬਿ ਪਹੁੰਚਹਿਗੋ ਪੰਥ ਹਮਾਰਾ।
ਰਾਜ ਲੇਹਿ ਤਿਸ ਦੇਸ਼ਨਿ ਸਾਰਾ।
ਤੀਰ ਗੁਦਾਵਰਿ[1] ਕੇ ਹਮ ਜੈ ਹੈਂ। — [1]ਗੋਦਾਵਰੀ ਦੇ ਕੰਢੇ।
ਤਹਿੰ ਤੇ ਪੁਨ ਪਰਲੋਕ ਸਿਧੈ ਹੈਂ' ॥੪੦॥
ਸੁਨਿ ਕਰਿ ਸਿਧ ਸਗਰੇ ਹਰਖਾਏ।
ਲੀਨ ਪ੍ਰਸਾਦਿ ਦੀਨ ਤਿਸ ਥਾਏ[1]। — [1]ਉਥੇ ਸਤਿਗੁਰਾਂ ਪ੍ਰਸਾਦਿ ਦਿੱਤਾ ਤੇ ਜੋਗੀਆਂ ਲੀਤਾ।
ਸਭਿਹਿਨਿ ਬਹੁਰ ਅਦੇਸ ਬਖਾਨੀ।
ਸਨਮਾਨਤਿ ਕਲਗੀਧਰ ਮਾਨੀ ॥੪੧॥
ਚਲੇ ਅੱਗ੍ਰ ਨਗਰੀ ਮਹਿਂ ਆਏ।
ਇਤ ਉਤ ਬਚਰੇ ਦੇਖਤਿ ਥਾਏ।
ਪੁਰਿ ਬਿਲੋਕ ਕਰਿ ਗਰੀ ਬਜਾਰੇ।
ਬਹੁਰ ਅਗਾਰੀ ਨਿਕਸਿ ਪਧਾਰੇ ॥੪੨॥
ਦੱਖਣ ਦਿਸ਼ ਤੀਰਥ ਪਰ ਆਏ।
ਸਿੰਘ ਉਤਾਰੇ ਦੂਰ ਕਿਥਾਏ।
ਆਪ ਬਿਲੋਕੇ ਸੁੰਦਰ ਤੀਰ।

ਮੇਲਾ ਹੋਇ ਰਹ੍ਯੋ ਬਹੁ ਭੀਰ ॥੪੩॥
ਏਕ ਅਟਾਰੀ ਅੱਟਣ ਸ਼ਾਹੂ[1]। [1]ਕਿਸੇ ਫਕੀਰ) ਅੱਟਣ ਸ਼ਾਹ ਦੀ।
ਉਤਰੇ ਪ੍ਰਭੁ ਜਾਇ ਤਿਸ ਮਾਹੂ[†]। [†]ਪਾ:-ਪਾਹੂ।

ਪਸ਼ਚਮ ਦਿਸ਼ ਤੀਰਥ ਕੀ ਬਾਹੀ।
ਨਿਸ ਮਹਿਂ ਬਾਸ ਕਰਤਿ ਭੇ ਤਾਂਹੀ ॥੪੪॥
ਭਈ ਪ੍ਰਭਾਤਿ ਪੁੰਜ ਦਿਜ ਆਏ।
ਸੁਧਿ ਕੋ ਸੁਨਿ ਸੁਨਿ ਬਹੁ ਉਤਲਾਏ।
ਸਭਿ ਕੋ ਦਰਬ ਇਕੱਤ੍ਰੈ[1] ਦੀਨੋ। [1]ਇਕੱਠਾ।
ਆਪਸ ਮਹਿਂ ਤਿਨ ਬੰਟਨ ਕੀਨੋ[†] ॥੪੫॥ [†]ਪਾ:-ਆਪਸ ਮਹਿ ਤਿਨਹੂੰ ਬੰਟ ਲੀਨੋ।
ਰਾਮਦੱਤ ਕਿੰਗਰੀਆ ਏਕ।
ਜਿਸ ਕੇ ਉਰ ਕੁਛ ਗੁਰਨਿ ਬਿਬੇਕ।
ਰਹ੍ਯੋ ਹਜ਼ੂਰ ਬਿਲੋਕਤਿ ਦਰਸ਼ਨ।
ਅਭਿਲਾਖਤਿ ਕਲਿਆਨ ਅਪਨਿ ਮਨ ॥੪੬॥
ਕ੍ਰਿਪਾ ਦ੍ਰਿਸ਼ਟਿ ਪਿਖਿ ਕਹ੍ਯੋ ਸੰਗ ਤਿਹ।
'ਜਾਚਹੁ ਦਿਜਿ! ਸਭਿ ਕੁਛ ਗੁਰ ਘਰਿ ਮਹਿਂ।'
ਸੁਨਿ ਕਲਗੀਧਰ ਤੇ ਵਡਭਾਗੀ।
ਬੋਲ੍ਯੋ ਬਿੱਪ੍ਰ ਸ਼੍ਰੇਯ ਅਨੁਰਾਗੀ[1] ॥੪੭॥ [1]ਮੁਕਤੀ ਦਾ ਪਿਆਰਾ।
'ਮੈਂ ਲੋਭੀ ਨਹਿਂ ਲੇਵਨਿ ਕੇਰਾ।
ਕਰ ਪਕਰਹੁ ਛੋਰਹੁ ਨਹਿਂ ਮੇਰਾ।
ਕਿਸਹੂੰ ਕੀ ਹ੍ਵੈ ਪਹੁੰਚ ਨ ਜਹਾਂ।
ਮੋਹਿ ਦੀਨ ਕੋ ਰਾਖਹੁ ਤਹਾਂ' ॥੪੮॥
ਸ੍ਰੀ ਗੁਰ[†] ਕਹ੍ਯੋ 'ਸਹਿਤ ਪਰਵਾਰਾ। [†]ਪਾ:-ਸ੍ਰੀ ਮੁਖ।

ਤਹਾਂ ਬੁਲਾਈਐਗਾ ਸੁਖ ਭਾਰਾ[1]।' [1]ਤੈਨੂੰ ਉਥੇ ਬੁਲਾਯਾ ਜਾਵੇਗਾ ਜਿੱਥੇ ਭਾਰੀ ਸੁਖ ਹੋਵੇਗਾ।

ਇਮ ਕਹਿ ਘੋੜਾ ਏਕ ਕਟਾਰ।
ਦਈ ਅਸ਼ਰਫੀ ਕਿਤਿਕ ਨਿਕਾਰਿ

॥੪੯॥
ਦੇ ਕਰਿ ਕਹ੍ਯੋ 'ਸਦਨ ਭਰਪੂਰ।
ਗੁਰੂ ਦਿਯੋ ਕਰਿ ਤੇਰੋ ਰੂਰ[1]। [1]ਗੁਰੂ ਨੇ ਤੇਰੀ ਭਲਿਆਈ ਕਰ ਦਿੱਤੀ ਹੈ।
ਬਹੁਤ ਰਾਮਦੱਤ ਕੀ ਗਹਿ ਬਾਹੁ।
ਤੀਰਥ ਕੇ ਤਟ ਤਟ ਚਲਿ ਜਾਹੁੰ
॥੫੦॥
ਬਾਯੁ ਕੋਨ[1] ਤੀਰਥ ਕੀ ਬੈਸੇ। [1]ਉੱਤਰ ਪੱਛਮ ਦੀ ਲਾਂਭ।
ਦਰਸਹਿਂ ਲੋਕ ਦੂਜ ਸਸਿ ਜੈਸੇ[1]। [1]ਜਿਵੇਂ ਦੂਜ ਦੇ ਚੰਦ ਨੂੰ।
ਏਕ ਸੁਦਾਗਰ ਤਬਿ ਤਹਿਂ ਆਇਵ।
ਕਰਿ ਬੰਦਨ ਕੋ ਬਾਕ ਸੁਨਾਇਵ
॥੫੧॥
'ਪ੍ਰਭੁ ਜੀ! ਅਹੈ ਤੁਰੰਗ ਵਿਕਾਊ।
ਅਬਿ ਲਗਿ ਨਹਿਂ ਲੀਨੋ ਕਿਨ ਰਾਊ।
ਰਾਵਰ ਲੇਹਿਂ ਤੁ ਕਰੌਂ ਦਿਖਾਵਨ।'
ਪਾਇ ਹੁਕਮ ਤਹਿਂ ਕੀਨੋ ਲਜਾਵਨ
॥੫੨॥
ਚਢਿ ਕੈ ਊਪਰ ਫੇਰ ਧਵਾਏ।
ਚਾਲ ਦਿਖਾਵਨਿ ਕਰੀ ਕੁਦਾਏ।
ਤੀਨ ਤੁਰੰਗਮ ਕੀਨ ਪਸੰਦ।
ਚੰਚਲ ਬੇਗੀ ਬਲੀ ਬਿਲੰਦ ॥੫੩॥
ਪੁਨ ਬੈਠੇ ਦੀਵਾਨ ਲਗਾਏ।
ਥਿਰ੍ਯੋ ਖਾਲਸਾ ਢਿਗ ਸਮੁਦਾਏ।
ਮੇਲੇ ਕੀ ਸੰਗਤਿ ਸੁਨਿ ਕਰਿ ਕੈ।
ਮਹਾਂ ਲਾਭ ਕੋ ਰਿਦੈ ਬਿਚਰਿ ਕੈ
॥੫੪॥
-ਕਲਗ਼ੀਧਰ ਕੋ ਭਾ ਆਗਵਨੂੰ-।
ਮਿਲਿ ਸਿਖ ਸੰਗਤਿ ਜੀਵਨ ਰੁ ਕਵਨੁ[1]। [1]ਜੇਹੜੀ ਕੇਹੜੀ।
ਦਰਸ਼ਨ ਕਰਨ ਹੇਤ ਚਲਿ ਆਏ।
ਜਥਾ ਸ਼ਕਤਿ ਕੋ ਭੇਟ ਲਿਆਏ[†] [†]ਪਾ:-ਭੇਟਨ ਕੋ ਲਜਾਏ।
॥੫੫॥
ਦੇਖਿ ਦੇਖਿ ਮਨੁ ਕਾਮਨ ਪਾਈ।

ਸਭਿ ਦਿਨ ਥਿਰੇ ਰਹੇ ਤਿਸ ਥਾਂਈ।
ਸੁੱਖਾ ਛਕਿ ਅਫੀਮ† ਕੋ ਫੇਰ।

†ਦੇਖੋ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

ਸੌਚ ਸ਼ਨਾਨ ਕਰੇ ਤਿਸ ਬੇਰ ॥੫੬॥
ਮੋਲ ਹਯਨਿ ਕੋ ਦਰਬ ਹਜ਼ਾਰ।
ਗਇਓ ਸੁਦਾਗਰ ਬੰਦਨ ਧਾਰਿ।
ਤਿਸ ਨਿਸ ਬਸਿ ਕਰਿ ਪ੍ਰਾਤਿ ਸ਼ਨਾਨੇ।
ਚਢਿ ਤੁਰੰਗ ਪ੍ਰਭੁ ਕਿਯਸਿ ਪਿਯਾਨੇ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕੁਰਛੇਤ੍ਰ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਇਕ ਮਾਈ ਕੋਲੋਂ ਦੁੱਧ ਪੀਤਾ। ਧਨ ਦੇਵਾਂਗੇ ਮਰਵਾਵਾਂਗੇ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਚਢੇ ਇਕਾਕੀ ਸਤਿਗੁਰੂ, ਆਵਲਖੇੜੀ[1] ਗ੍ਰਾਮ। [1]ਨਾਮ ਪਿੰਡ ਦਾ।
ਪਹੁੰਚੇ ਤਿਸ ਥਲ ਜਾਇ ਕਰਿ, ਉਤਰੇ ਹਿਤ ਬਿਸਰਾਮ ॥੧॥

ਚੌਪਈ:

ਇਕ ਬ੍ਰਿੱਧਾ ਨੇ ਗੁਰੂ ਪਛਾਨੇ।
ਸ਼ਰਧਾਧਿਕ[1] ਪ੍ਰਣਾਮ ਪਗ ਠਾਨੇ। [1]ਸ਼ਰਧਾ ਵਧੀ ਤੇ।
ਪੁਨ ਗਹਿ ਕਰਿ ਗੁਰ ਹਯ ਕੋ ਲੀਨੋ।
ਏਕ ਜਾਮ ਜਬਿ ਬੀਤਨ ਕੀਨੋ ॥੨॥
ਦੇਖਤਿ ਖੋਜ ਸਿੰਘ ਚਲਿ ਆਏ।
ਸੇਵਕ ਅਰੁ ਸਮਾਜ ਸਮੁਦਾਏ।
ਤਬਿ ਕਰ ਜੋਰਿ ਬ੍ਰਿਧਾ ਕਹਿ ਮਾਈ।
'ਪ੍ਰਭੁ ਜੀ! ਕੁਛ ਪ੍ਰਸਾਦਿ ਲਿਹੁ ਖਾਈ ॥੩॥
ਬਿਨ ਬਿਲੰਬ ਤੇ ਕਰਹੁਂ ਤਜਾਰੀ[1]। [1]ਮੈਂ ਤਯਾਰ ਕਰਦੀ ਹਾਂ।
ਅਚਹੁ ਇਹਾਂ, ਪੁਨ ਕਰਿ ਅਸਵਾਰੀ।'
ਦੇਖਿ ਸ਼੍ਰਧਾ ਕੋ ਸਤਿਗੁਰ ਬੋਲੇ।
'ਹਾਜ਼ਰ ਜੋ ਪ੍ਰਸਾਦਿ ਹੁਇ ਸੋ ਲੇ[1]' ॥੪॥ [1]ਓਹੀ ਲੈ ਆ।
ਸੁਨਿ ਬਿਰਧਾ ਤਤਕਾਲ ਸਿਧਾਰੀ।
ਬਾਸਨ ਦੁਗਧ ਉਠਾਯਹੁ ਭਾਰੀ।
ਲੇ ਕਰਿ ਮਧੁਰ ਸਹਿਤ[1] ਤਹਿਂ ਆਈ। [1]ਮਿਠੇ ਸਣੇ।
ਧਰਯੋ ਸਰਬ ਪ੍ਰਭੁ ਕੇ ਅਗੁਵਾਈ ॥੫॥
ਜੁਤਿ ਮਿਸ਼ਟਾਨ ਸੁ ਦੁਗਧ ਮਲਾਈ।
ਸੀਤਲ ਕੀਨਸਿ ਬਾਯੁ ਝੁਲਾਈ।
ਸ੍ਰੀ ਪ੍ਰਭੁ ਕੋ ਭਰਿ ਦੀਯੋ ਕਟੋਰਾ।
ਕਰਯੋ ਪਾਨ ਰੁਚਿ ਜਿਤਿਕ, ਸੁ ਛੋਰਾ[1] ॥੬॥ [1]ਬਾਕੀ) ਛੱਡ ਦਿੱਤਾ।
ਪੀਛੇ ਕੀਨ ਸਭਿਨਿ ਹੀ ਪਾਨਾ।
ਪੁਨ ਸਿੰਘਨਿ ਪਿਖਿ ਬਾਕ ਬਖਾਨਾ।
'ਸ਼ਰਧਾ ਘਨੀ ਪਿਖੀ ਇਸ ਮਾਈ।

ਸੇਵਾ ਕਰੀ ਦੁਗਧ ਬਹੁ ਲਜਾਈ'
॥੭॥
ਸ਼੍ਰੀ ਮੁਖਿ ਤੇ ਬੋਲੇ ਮੁਸਕਾਤ।
'ਉਦੇ ਸਿੰਘ! ਸੁਨਿ ਇਸ ਕੀ ਬਾਤ।
ਦਿਨ ਥੋਰਨਿ ਕਾਇਆਂ ਇਹ ਤਜਾਗਹਿ।
ਜਾਟ ਸਦਨ ਜਨਮਹਿ ਬਡਭਾਗਹਿ
॥੮॥
ਤਬਿ ਇਸ ਤੇ ਇਕ ਸਿਧ ਜਨਮੈ ਹੈ।
-ਜੰਮਨ ਜਤੀ- ਨਾਮ ਤਿਸ ਹ੍ਵੈ ਹੈ।
ਮਾਨਨੀਯ ਸਭਿ ਲੋਕਨਿ ਕੇਰਾ।
ਬਚਨ ਸ਼ਕਤਿ ਧਰਿ ਗੁਨਨ ਬਡੇਰਾ'
॥੯॥
ਅਚਰਜ ਉਦੇ ਸਿੰਘ ਸੁਨਿ ਹ੍ਵੈ ਕੈ।
ਬੂਝਨਿ ਕਰੇ ਅਪਨ ਹਿਤ ਪੈ ਕੈ[1]।
'ਸ਼੍ਰੀ ਪ੍ਰਭੁ! ਭੂਤ ਭਵਿੱਖਜਤ ਗਜਾਤਾ।
ਜਥਾ ਬੱਦ੍ਰਿ ਫਲ ਕਰ ਪਰ[1] ਜਾਤਾ
॥੧੦॥
ਕਰਹੁ ਬਤਾਵਨਿ ਕੁਛ ਗਤਿ ਮੇਰੀ।
ਕਹਾਂ ਜਨਮ ਕੌ ਧਰਿ ਹੌਂ ਫੇਰੀ?'
ਪ੍ਰਿਯ ਸੇਵਕ ਤੇ ਸੁਨਤਿ ਉਚਾਰੀ।
'ਪੰਥ ਖਾਲਸਾ ਕੀ ਸਿਰਦਾਰੀ[1] ॥੧੧॥
ਚਾਰ ਬਾਰ ਲੈ ਕਰਿ ਹੁਇ ਮਾਲਿਕ।
ਕਰਹਿਂ ਰਾਜ ਭਾਰੀ ਮਹਿਪਾਲਕ[1]।
ਬਾਰ ਪੰਚਮੀ ਉਪਜਹਿਂ ਤਬੈ।
ਮੌਨ ਗ਼ਾਰਕੀ[1] ਪ੍ਰਾਪਤਿ ਜਬੈ ॥੧੨॥
ਹੁਇ ਕਰਤਾਰ ਕੋ ਇਮ ਹੀ ਭਾਣਾ।
ਰਾਜ ਖਾਲਸੇ ਕਰਹਿ ਮਹਾਣਾ।'
ਇਮ ਕਹਿ ਸਤਿਗੁਰ ਚਢਿ ਕਰਿ ਚਲੇ।
ਡੇਰਾ ਆਨਿ ਕਰਜੋ ਇਕ ਥਲੇ ॥੧੩॥

[1]ਭਾਵ ਆਪਣੀ ਬਾਬਤ।

[1]ਹੱਥ ਤੇ ਧਰੇ ਬੇਰ ਵਾਂਙੂ।

[1]ਤੈਨੂੰ ਦਿੱਤੀ)।

[1]ਰਾਜਾ ਯਾ ਸਰਦਾਰ ਹੋਕੇ।

[1]ਸੌ ਸਾਖੀ ਵਿਚ ਫਰੰਗੀ ਗ਼ਾਰਕੀ ਪਦ ਪਿਆ ਹੈ ਇਸ ਕਰਕੇ ਮੌਨ ਗ਼ਾਰਕੀ ਦਾ ਭਾਵ ਫਿਰੰਗੀ ਲਗਦਾ ਹੈ, ਸੌ ਸਾ: ਦੇ ਟੀਕਾਕਾਰ ਬੀ ਇਹੋ ਅਰਥ ਕਰਦੇ ਆਏ ਹਨ।

ਕ੍ਰਮ ਕ੍ਰਮ ਮਗ ਉਲੰਘ ਕਰਿ ਆਏ।
ਬਸਹਿ ਗ੍ਰਾਮ ਚਮਕੌਰ ਜਿਥਾਏ[1]। [1]ਜਿਸ ਥਾਵੇਂ।
ਉਤਰ ਪਰੇ ਕਰਿਬੇ ਹਿਤ ਡੇਰਾ।
ਆਇਓ ਸਕਲ ਵਹੀਰ ਪਿਛੇਰਾ ॥੧੪॥
ਸਗਲ ਤੁਰੰਗਮ ਦਏ ਲਗਾਇ।
ਤ੍ਰਿਣ ਦਾਣਾ ਆਨਜੋ ਸਮੁਦਾਇ।
ਖਾਨ ਪਾਨ ਸਭਿਹਿਨਿ ਤਹਿਂ ਕਰਿ ਕੈ।
ਭਈ ਜਾਮਨੀ ਸੁਪਤੇ ਪਰਿ ਕੈ ॥੧੫॥
ਰਾਤ ਪਾਛਲੀ ਜਾਗਨਿ ਕਰੇ।
ਗੁਰਬਾਣੀ ਕੋ ਸਿੰਘਨਿ ਰਰੇ।
ਸੱਦੂ ਮੱਦੂ[1] ਆਸਾਵਾਰ। [1]ਨਾਮ ਰਬਾਬੀਆਂ ਦੇ।
ਕੀਰਤਨ ਕਰਤੇ ਰਾਗ ਸੁਧਾਰਿ ॥੧੬॥
ਸੌਚ ਸ਼ਨਾਨ ਕਰਜੋ ਪ੍ਰਭੁ ਥਿਰੇ।
ਵਸਤ੍ਰ ਸ਼ਸਤ੍ਰ ਕੋ ਪਹਿਰਨ ਕਰੇ।
ਭਈ ਪ੍ਰਾਤ ਪਿਖਿ ਥਲ ਅਭਿਰਾਮ।
ਸਤਿਗੁਰ ਕੀਨਸਿ ਤਹਾਂ ਮੁਕਾਮ ॥੧੭॥
ਦਿਵਸ ਚਢੇ ਤੇ ਸਿਖ ਸਮੁਦਾਏ।
ਨਮੋ ਕਰਹਿਂ ਦੀਵਾਨ ਲਗਾਏ।
ਜਹਿਂ ਜਹਿਂ ਸੁਧ ਹੋਈ ਜਿਸ ਗਾਊਂ।
ਦਰਸ਼ਨ ਹਿਤ[†] ਆਏ ਚਿਤ ਚਾਉ ॥੧੮॥ [†]ਪਾ:-ਕਰਿ।
ਦੁਗਧ ਦਹੀਂ ਲੇ ਰਸਤ ਘਨੇਰੀ।
ਅਰਪ ਉਪਾਇਨ ਬਹੁ ਤਿਸ ਬੇਰੀ।
[†]ਪਸ਼ਚਮ ਦਿਸ਼ ਕੀ ਸੰਗਤਿ ਘਨੀ। [†]ਇਹ ਸੌ ਸਾਖੀ ਦੀ ੭੧ਵੀਂ ਸਾਖੀ ਹੈ।
ਸਤਿਗੁਰ ਕੀ ਸੁਧ ਇਤ ਕੀ ਸੁਨੀ[1] ॥੧੯॥ [1]ਇਥੇ ਔਣ ਦੀ ਖ਼ਬਰ ਸੁਨੀ।
ਇਕ ਦਿਨ ਬੀਤੇ ਸੋ ਚਲਿ ਆਈ।
ਪ੍ਰੇਮੀ ਸਿੱਖ ਹੁਤੇ ਅਧਿਕਾਈ।
ਬਲਖ ਬੁਖਾਰਾ ਅਰੁ ਕੰਧਾਰ।

ਗ਼ਜ਼ਨੀ, ਕਾਬਲ ਨਗਰ ਉਦਾਰ ॥੨੦॥
ਪੁਰੀ ਜਲਾਲਾਵਾਦ ਪਿਸ਼ੌਰ।
ਸਭਿ ਪੁਰਿ ਕੈ ਹ੍ਵੈ ਕੈ ਇਕ ਠੌਰ।
ਦਰਸ਼ਨ ਕਾਰਨ ਮਿਲਿ ਕਰਿ ਚਲੇ।
ਆਇ ਗ੍ਰਾਮ ਚਮਕੌਰ ਸੁ ਮਿਲੇ ॥੨੧॥
ਸਤਿਗੁਰ ਬੈਠੇ ਸਭਾ ਲਗਾਇ।
ਸੰਗਤਿ ਲੇ ਅਕੋਰ ਸਮੁਦਾਇ।
ਅਰਪ ਅਰਪ ਕਰਿ ਪਗ ਸਿਰ ਧਰੈਂ।
ਬੈਠਿ ਸਮੀਪ ਦਰਸ ਕੋ ਕਰੈਂ ॥੨੨॥
ਸਿੱਖ ਮੁਖੀ ਜੇ ਸੰਗਤ ਕੇਰੇ।
ਹਾਥ ਜੋਰਿ ਬੋਲੇ ਤਿਸ ਬੇਰੇ।
'ਪ੍ਰਭੁ ਜੀ! ਦਰਸ਼ਨ ਹੋਇਓ ਭਲੇ।
ਗੁਰ ਘਰ ਤੇ ਬਖਸ਼ਿਸ਼ ਕੁਛ ਮਿਲੇ' ॥੨੩॥
'ਠਹਿਰਹੁ' ਸ੍ਰੀ ਗੁਰ ਬਾਕ ਅਲਾਵਹਿਂ।
'ਧਨ ਕੋ ਦੇਵੈਂਗੇ ਮਰਿਵਾਵੈਂ[1†]।'

[1]ਧਨ ਦੇਵਾਂਗੇ ਤੇ ਮਰਵਾਵਾਂਗੇ। ਇਸ ਦਾ ਅਰਥ ਅੱਗੇ ਖੁੱਲ੍ਹੇਗਾ ਦੇਖੋ ਅੰਕ ੨੮। [†]ਪਾ:-ਧਨ ਕੋ ਦੇ ਵੈਰੀ ਮਰਵਾਵੈਂ।

ਸੁਨਿ ਸਿਖ ਤੂਸ਼ਨ ਭੇ ਧਰਿ ਤ੍ਰਾਸਾ।
-ਕਹਾਂ ਬਾਕ ਇਹ ਗੁਰੂ ਪ੍ਰਕਾਸ਼ਾ- ॥੨੪॥
ਕਰਿ ਬਿਚਾਰ ਬੋਲੇ ਤਿਹਿ ਸਮੈ।
'ਦੇਹੁ ਹੁਕਮ ਧੰਦ ਕੋ ਹਮੈਂ[1]।

[1](ਘਰ ਬਾਹਰਦੇ) ਕੰਮ ਧੰਦੇ ਦਾ ਸਾਨੂੰ ਹੁਕਮ ਦਿਓ। ਦੇਖੋ ਅਗੇ ਅੰਕ ੨੯।

ਅਰ ਬਖਸ਼ਹੁ ਜੀਵਨ ਕੀ ਖੁਸ਼ੀ।
ਕ੍ਰਿਪਾ ਕਰਹੁ ਸੰਗਤਿ ਪਰ ਤੁਸੀਂ ॥੨੫॥
ਪ੍ਰੇਮ ਧਰੇ ਦਰਸ਼ਨ ਕੋ ਆਏ।
ਚਾਹੈਂ ਮਨੋਕਾਮਨਾ ਪਾਏ।
ਸਫਲ ਬਿਲੋਕਨਿ ਅਹੈ ਤੁਮਾਰਾ।'

ਸੁਨਿ ਸ੍ਰੀ ਮੁਖ ਤੇ ਬਚਨ ਉਚਾਰਾ ॥੨੬॥

ਛੰਦ:

'ਬਰਸੈ ਬਾਦਲ ਖੁਸ਼ੀ ਕਰਿ ਜਲ ਲੇਯ ਨ ਖੇਤ।

ਚਾਤ੍ਰਿਕ ਚੁਪਕਾ ਹੁਇ ਰਹਯੋ ਕਯਾ ਬਾਦਲ ਹੇਤ[1]।

[1]ਭਾਵ, ਜੇ ਚਾਤ੍ਰਿਕ ਚੁਪ ਰਹੇ ਭਾਵ ਮੂੰਹ ਬੰਦ ਰਖੇ ਤਾਂ ਬੱਦਲ ਦਾ ਹਿਤ (ਸ੍ਵਾਂਤੀ ਬੂੰਦ ਵਸਾਉਣ ਦਾ) ਕੀ ਕਰੇਗਾ।

ਚੰਦਨ ਪਰਉਪਕਾਰ ਹਿਤ ਬਨ ਰਹੇ ਸੁਚੇਤ[1]।

[1]ਚੰਦਨ ਤਾਂ ਪਰਉਪਕਾਰ ਵਾਸਤੇ ਹੈ ਪਰ ਵਾਂਸ ਸੁਚੇਤ ਰਹੇ (ਕਿ ਸੁਗੰਧੀ ਨਹੀਂ ਲੈਣੀ ਤਾਂ ਚੰਦਨ ਕੀ ਕਰੇ)। [ਬਨ=ਬੇਨੁ-ਵਾਂਸ]।

ਗੰਗਾ ਪਾਪਾਂ ਦੂਰ ਹਿਤ ਕਯਾ ਨ੍ਹਾਇ ਅਚੇਤ[1]।

[1]ਗੰਗਾ ਦਾ ਪਾਪਾਂ ਨੂੰ ਦੂਰ ਕਰਨੇ ਦਾ ਹਿਤ ਕੀ ਕਰੇ ਜੇ ਕੋਈ ਇਸ਼ਨਾਨ ਕਰਨ ਤੋਂ ਅਚੇਤ ਰਹੇ ਭਾਵ ਗਾਫਲੀ ਕਰੇ।

ਗੁਰੂ ਬਿਚਾਰਾ ਕਯਾ ਕਰੈ, ਸਿਖ ਫਸਿਆ ਏਤ[1]।

[1]ਇਸ ਲੋਕ ਦੇ ਪਦਾਰਥਾਂ ਵਿਚ।

ਮੀਠਾ ਦੇਵੈ ਬਾਲ ਨੂੰ ਓਹ ਮਾਂਗੇ ਰੇਤ[1]।

[1]ਭਾਵ, ਮਾਂ ਕੀ ਕਰੇ ਜੇ ਓਹ ਦੇਵੇ ਖੰਡ ਤੇ ਬਾਲ ਮੰਗੇ ਰੇਤ।

ਘੜਾ ਲੱਜ ਹਥ ਖਸਮ ਦੇ ਕਯਾ ਕੂਪ ਨ ਦੇਤਿ[1]।

[1]ਘੜਾ ਤੇ ਲੱਜ (ਜੇ ਹੱਥ ਵਿਚ ਲੈਕੇ) ਖਸਮ (ਵਹਾਵੇ ਨਾਂ ਤਾਂ ਕੀ ਕਹੋਗੇ ਕਿ) ਖੂਹ (ਪਾਣੀ) ਨਹੀਂ ਦੇ ਰਿਹਾ।

ਬਾਪ ਮਾਇ ਹਿਤ ਕਯਾ ਕਰੇ ਸੁਤ ਦੇਤਿ ਨ ਭੇਤ[1]।

[1]ਜੇ ਪੁੱਤ੍ਰ (ਆਪਣੇ ਦੁਖ ਸੁਖ ਦਾ) ਭੇਤ ਨਾ ਦੇਵੇ ਤਾਂ ਮਾਪਿਆਂ ਦਾ ਹਿਤ ਕੀਹ ਕਰੇ।

ਲੀਪਨ ਹਾਰੇ ਦੋਸ਼ ਕਯਾ ਭੀਤ ਗਿਰਦੀ ਰੇਤ[1]।

[1]ਰੇਤ ਦੀ ਕੰਧ ਜੇ ਢਹਿੰਦੀ ਹੈ ਤਾਂ......।

ਅਟਕਾ ਜਲ ਤਾਂ ਬੰਧੀਏ ਜਾਂ ਬੰਧ ਨਿਕੇਤ[1]।

[1]ਜਲ ਅਗੇ ਅਟਕਾ (ਬੰਨ੍ਹ) ਤਾਂ ਬੰਨ੍ਹੀਏ ਜੇ ਘਰ ਬੰਨ੍ਹਣ ਦੀ (ਸਾਮੱਗ੍ਰੀ) ਹੋਵੇ ਤਾਂ। (ਅ) (ਹੜ੍ਹ ਦੇ) ਜਲ ਅਗੇ ਅਟਕ (=ਬੰਨ੍ਹ) ਤਾਂ ਪਾਵੇ ਜੇ ਘਰ ਬੰਨ੍ਹਣੇ (ਉਸਾਰਨੇ) ਹੋਣ ਤਾਂ। (ੲ) ਜੇ ਘਰ ਵਿਚ ਬੰਧ (ਭਾਵ ਘੜਾ) ਹੋਵੇ ਤਾਂ ਜਲ (ਘਰ ਵਿਚ) ਰਖ ਸਕੀਏ।

ਧਨ ਵਡਿਆਈ ਦੇਇ ਕਿਸ ਖਰ ਧੂੜੀ ਲੇਤਿ[1]।

[1]ਜੇ ਖੋਤੇ ਨੂੰ ਧੂੜੀ ਵਿਚ ਹੀ ਲੇਟਣਾ ਹੈ ਤਾਂ ਵਡਿਆਈ ਤੇ ਧੰਨਤਾ ਕਿਸ ਨੂੰ ਦਿੱਤੀ ਜਾਵੇ। (ਅ) (ਉਤੇ ਲੱਦੇ) ਧਨ ਦੀ ਵਡਿਆਈ ਕਿਸ ਖੋਤੇ ਨੂੰ ਦਿਤੀ ਜਾਵੇ ਜੇ ਉਹ (ਮਿੱਟੀ ਦੇ ਬੋਰੇ ਤੇ ਧਨ) ਨੂੰ (ਇਕੋ ਜੇਹਾ ਲੈਂਦਾ ਹੈ)। (ੲ) ਪਰੰਤੂ ਸ਼ੁੱਧ ਪਾਠ 'ਖਰ' ਦੀ ਥਾਂ 'ਰਖ' ਜਾਪਦਾ ਹੈ। ਫਿਰ ਅਰਥ ਐਉਂ ਹੋਊ:-ਜੇ ਧਨ ਨੂੰ ਮਿਟੀ ਵਿਚ (ਦੱਬ) ਰਖੇ ਤਾਂ ਧਨ ਵਡਿਆਈ ਕੀਕੂੰ ਦੇਵੇ?

ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾ ਦੇਤਿ[1]।

[1]ਭੱਠ ਵਿਚਾਰਾ ਕਿਵੇਂ ਠਰੇ ਜੇ (ਝੁਲਕਾ ਦੇਣ ਵਾਲਾ) ਝੁਲਕਾ ਦੇਈ ਜਾਂਦਾ ਹੈ ਤਾਂ।

ਧੰਦੇ ਅਟਕੇ ਸਿੱਖ! ਸੁਣ ਪਰਵਾਰ ਸਮੇਤ[1]।

[1]ਸੁਣ ਹੇ ਸਿੱਖਾ! ਜੇ ਤੁਸੀਂ ਪਰਵਾਰ ਸਣੇ ਧੰਧਿਆਂ ਵਿਚ ਫਸੇ ਹੋ (ਤਾਂ ਗੁਰੂ ਕੀ ਕਰੇ।

ਕਾਰੀਗਰ ਖਾਤੀ[1] ਕਜਾ ਕਰੇ ਕਾਸ਼ਟ ਨਹੀਂ ਖੇਤ।

[1]ਕਾਰੀਗਰ ਤ੍ਰਿਖਾਣ।

ਨਦੀ ਬਾਰ ਕਿਉਂ ਪੀਵੀਏ ਕੁਣੀਆ ਨਾਂ ਲੇਤ[1]।

[1]ਬੁੱਕ ਨਹੀਂ ਭਰਦਾ। (ਅ) ਕੰਢੇ ਤੇ ਨਹੀਂ ਜਾਂਦਾ।

ਖਾਣਾ ਕੀਕੂੰ ਪੱਕਣਾਂ ਜੇ ਅੱਗ ਨ ਨਿਕੇਤ।

ਬਿਨਾ ਸਮੇਂ ਤੇ ਬੁੱਧ ਨਹਿਂ ਕਿਆ ਹਠ ਕਾ ਹੇਤ[1]।

[1]ਬੁੱਧੀ ਤਾਂ ਸਮਾਂ ਲੱਗਕੇ ਹੀ ਆਉਂਦੀ ਹੈ ਹਠ ਦਾ ਕੀ ਲਾਭ ਹੈ (ਭਾਵ ਹਠ ਨਾਲ ਬੁੱਧੀ ਨਹੀਂ ਆ ਸਕਦੀ)।

ਮਨ ਹੀ ਚੱਕ੍ਰ ਘੁਮਾਰ ਕਾ ਘੜਿ ਭਾਂਡੇ ਦੇਤਿ[1]।

[1]ਜੇ) ਘੁਮਾਰ ਦਾ ਮਨ ਹੀ ਚੱਕ੍ਰ ਬਣੇ ਤਾਂ ਕੀਹ ਓਹ ਭਾਂਡੇ ਘੜ ਸਕਦਾ ਹੈ, ਭਾਵ ਸੰਕਲਪ ਮਾਤ੍ਰ ਨਾਲ ਬਿਨਾਂ ਮਿੱਟੀ ਤੇ ਚੱਕ ਦੇ ਭਾਂਡੇ ਨਹੀਂ ਘੜੇ ਜਾ ਸਕਦੇ। (ਅ) ਭਾਵ, ਜੇ ਘੁਮਾਰ ਦਾ ਮਨ ਚੱਕ੍ਰਾਂ ਵਿਚ ਹੈ ਤਾਂ ਭਾਂਡੇ ਨਹੀਂ ਘੜ ਸਕਦਾ।

ਮੁਹ ਕਾ ਆਖਣ ਰੀਸ ਹੈ[†] ਫਿਰ ਮਨ ਹੀ ਚੇਤਿ[1]।

[1]ਮੂੰਹ ਦਾ ਕਹਿਣਾ ਤਾਂ ਰੀਸ ਮਾਤ੍ਰ ਹੈ ਫੇਰ (ਬਣੇਗਾ ਤਾਂ ਕੁਛ ਜੇ) ਮਨ ਵਿਚ ਚਿੰਤਨ ਕਰੇਗਾ ਤਾਂ। (ਅ) ਮੂੰਹੋਂ ਕਹਿਣਾ (ਤਾਂ) ਰੀਸ ਮਾਤ੍ਰ ਹੈ (ਇਸ ਨੂੰ) ਫੇਰ ਆਪਣੇ ਮਨ ਵਿਚ ਹੀ ਸੋਚ ਲਓ। [†]ਪਾ:-ਆਖਣ ਹੀ ਸਹੈ।

ਪਹਿਲਾਂ ਮੰਗੇ ਸੰਗਤੀ ਗੁਰ ਦੇਣਮ ਹੇਤ[1]।

[1]ਪਹਿਲਾਂ ਸੰਗਤ ਨੇ ਮੰਗਿਆਂ (ਜਦੋਂ ਗੁਰੂ ਦਾ) ਦੇਣ ਵਿਚ ਹਿਤ ਹੋਇਆ (ਤਦੋਂ.....)।

ਕਰਮ ਕੜਾਕਾ ਹਾਥ ਕਾ ਮੁਹ ਮਾਰੈ ਸੇਤ[1]।

[1]ਅਪਨੇ ਹੀ) ਕਰਮ ਦਾ ਤਮਾਚਾ (ਅਪਣੇ) ਹੱਥੀਂ (ਅਪਣੇ) ਮੂੰਹ ਤੇ ਮਾਰਕੇ (ਮੂੰਹ) ਬੱਗਾ (ਕਰ ਲਿਆ)।

ਹਉਂ ਬਾਰ ਬਾਰ ਬਲਿਹਾਰਨੇ ਜਿਹ ਮਰ ਮਨ ਨੇਤ[1] ॥ ੧ ॥

[1]ਜਿਸ ਨੂੰ ਮੌਤ ਨਿਤ ਯਾਦ ਹੈ ਉਸ ਦੇ ਵਾਰ ਵਾਰ ਸਦਕੇ ਹਾਂ। (ਅ) ਜਿਸ ਨੇ ਮਨ ਨੂੰ ਮਾਰਿਆ ਹੈ......।

ਚੌਪਈ:

ਸੁਨਿ ਸਿੱਖਹੁ ਮਨ ਨਹੀਂ ਬਿਚਾਰੀ।
ਤੁਮਰੇ ਹਿਤ ਹਮ ਗਿਰਾ ਉਚਾਰੀ।
ਠਹਿਰਹੁ ਮਨ ਠਹਿਰਾਵਨ ਕਹਜੋ।
ਇਹ ਤੁਮ ਅਰਥ ਨ ਉਰ ਮਹਿਂ ਲਹਜੋ ॥੨੭॥

ਦੇਹਿਂ ਮੁਕਤਿ ਧਨ ਸਤਿਗੁਰ ਭਲੇ[1]।

[1]ਜੋ ਧਨ ਦੇਣਾ ਕਿਹਾ ਸੀ ਸੋ ਮੁਕਤਿ ਰੂਪੀ ਧਨ ਦੇਣਾ ਕਿਹਾ ਸੀ।

ਇਹ ਭੀ ਅਰਥ ਨ ਮਤਿ ਮਹਿਂ ਮਿਲੇ।
-ਮਰਵਾਵਹਿਂਗੇ- ਕੀਨ ਉਚਾਰੇ।

| | |
|---|---|
| ਅਰਥ[1] -ਕਿ ਕਾਟਹਿਂ ਜਨਮ ਤੁਮਾਰੇ ॥੨੮॥ | [1]ਉਸਦਾ ਇਹ) ਅਰਥ ਸੀ ਕਿ। |
| ਘਰਿ ਕੋ ਹੀ ਧੰਦਾ ਤੁਮ ਚਹਿਯੋ। | |
| ਅਜਹੂੰ ਸ਼ੇਸ਼ ਕਰਮ ਕੋ ਰਹਿਯੋ[1]। | [1]ਪਰ ਤੁਸਾਂ ਘਰ ਦਾ ਧੰਦਾ ਹੀ ਚਾਹਿਆ, ਅਜੇ ਤੁਹਾਡਾ ਕੋਈ ਕਰਮ (ਮੁਕਤੀ ਦਾ ਬਾਧਕ) ਬਾਕੀ ਹੈ। |
| ਤਉ ਨ ਸਹਿੰਸਾ ਉਰ ਮਹਿਂ ਧਰੋ। | |
| ਬਿਲਮ ਕਛੂ[1], ਨ ਉਤਾਵਲ ਕਰੋ ॥੨੯॥ | [1]ਥੋੜੀ ਦੇਰ ਹੈ। |
| ਪਰਚੋ ਸ਼ਬਦ ਸਾਥ ਲਿਵਲੀਨ। | |
| ਹਰਿ ਕੀਰਤਨ ਤੁਮ ਕੋ ਗੁਰ ਦੀਨ। | |
| ਤਾਰਹਿਗੋ ਜਗ ਸਿਦਕ ਤੁਮਾਰਾ। | |
| ਰਹਹੁ ਸੁਚੇਤ' ਸੁ ਹੁਕਮ ਉਚਾਰਾ ॥੩੦॥ | |
| 'ਹਮ ਭੀ ਨਦੀ ਨ ਉਤਰਹਿਂ ਪਾਰ। | |
| ਬਸਿ ਹੈਂ ਆਨੰਦ ਪੁਰੀ ਉਰਾਰ। | |
| ਸ਼੍ਰੀ ਅੰਮ੍ਰਿਤਸਰ ਪਹੁੰਚਹੁਂ ਨਾਂਹਿ। | |
| ਰਹੈਂ ਉਰੇ ਕੇ ਦੇਸ਼ਨਿ ਮਾਂਹਿ ॥੩੧॥ | |
| ਛੰਦ: | |
| ਰਾਮਦਾਸ ਸਰ ਸੰਗਤੀ ਨਾਵੈ ਸਭਿ ਨਿੱਤ। | |
| ਛੇ ਜੋਜਨ ਗੁਰ ਨਗਰ ਵਸ ਹਮ ਆਵਹਿਂ ਮਿੱਤ[1]। | [1]ਤਦੋਂ ਅਸੀਂ) ਹੇ ਮਿੱਤ੍ਰ ਆਵਾਂਗੇ। |
| ਬੈਠ ਦੁਲੀਚੇ ਚਮਰ ਢੁਲ ਸਿੱਖ ਦਰਸ਼ਨ ਚਿੱਤ[1]। | [1]ਦਰਸ਼ਨ ਕਰਨਗੇ। |
| ਸਿੰਘ ਲਾਖ ਦਸ ਏਕਠੇ ਗਜ ਬਾਜ ਸਮੇਤ। | |
| ਲੂਟ ਪਿਆਰੀ ਮੇਰਿਆਂ ਘਰ ਧਨ ਕਾ ਖੇਤ[1]। | [1]ਮੇਰੇ ਸਿੱਖਾਂ ਦੇ ਘਰਾਂ ਵਿਚ ਇੰਨਾ ਧਨ ਹੋਵੇਗਾ ਕਿ ਮਾਨੋਂ) ਘਰ ਧਨ ਦਾ ਖੇਤ ਹੋਵੇਗਾ ਤੇ (ਧਨ) ਲੁਟਾਉਣਾ ਮੇਰਿਆਂ ਨੂੰ ਪਿਆਰਾ ਹੋਵੇਗਾ ਭਾਵ ਇਹ ਕਿ ਜੋ ਮੇਰੇ ਹੋਣਗੇ ਓਹ ਬੜੇ ਦਾਨੀ ਹੋਣਗੇ। (ਅ) 'ਮੇਰੇ ਸਿੱਖਾਂ ਨੂੰ ਲੁੱਟ ਨਾਲ ਪਿਆਰ ਹੋਵੇਗਾ' ਇਹ ਅਰਥ ਲਾਉਣਾ ਗੁਰੂ ਜੀ ਦੇ ਉਪਦੇਸ਼ਾਂ ਵਿਰੁੱਧ ਹੈ, ਦੂਜੀ ਵਿਚਾਰ ਇਹ ਹੈ ਕਿ ਜਿਨ੍ਹਾਂ ਦਾ ਘਰ ਧਨ ਦਾ ਖੇਤ ਹੋਵੇਗਾ ਉਨ੍ਹਾਂ ਨੂੰ ਲੁੱਟਣ ਦੀ ਕੀਹ ਲੋੜ ਹੋਊ? |
| ਸਭ ਸੰਗਤ ਨੂੰ ਮੇਲ ਲੈ ਕੋ ਕਰੌਂ ਨ ਛੇਤ[1]। | [1]ਛੇਕਣਾ ਨਹੀਂ ਕਰਾਂਗੇ। |
| ਪਹਿਲਾਂ ਆਵੈ ਉਦੇ ਸਿੰਘ ਫਿਤਕਾਰੀ ਫੇਤ[1]। | [1]ਫਤਹ ਕਰਨ ਵਾਲਿਆਂ ਨੂੰ ਫਤਹ ਕਰੇਗਾ ਭਾਵ ਤੁਰਕਾਂ ਨੂੰ। (ਅ) ਫਿਟਕਾਰਿਆਂ ਹੋਇਆਂ ਨੂੰ ਫਤਹ |

ਕਰੇਗਾ।

ਭਾਣਾ ਮੰਨਿਆਂ ਸੀਸ ਪਰ ਹੋਇ ਜੀਵਨ ਜੇਤਿ[1]†' ॥ ੨ ॥

[1]ਉਦੇ ਸਿੰਘ) ਨੇ ਸਿਰ ਤੇ ਭਾਣਾ ਮੰਨਣਾ ਹੈ ਇਸ ਕਰਕੇ ਜ਼ਿੰਦਗੀ ਦੇ ਜਿੱਤਣ ਵਾਲਾ ਹੋਵੇਗਾ। ਸੂਚਨਾ:- ਉਦੇ ਸਿੰਘ ਜੀ ਚਮਕੌਰ ਜੁੱਧ ਵਾਲੀ ਰਾਤ ਚਮਕੌਰ ਤੋਂ ਪਹਿਲੇ ਮਹਾਂ ਜੁੱਧ ਕਰਕੇ ਸ਼ਹੀਦ ਹੋਏ ਸੀ। (ਅ) ਜਿਨ੍ਹਾਂ ਨੇ ਸਿਰ ਤੇ ਭਾਣਾ ਮੰਨ ਲਿਆ ਹੈ ਉਨ੍ਹਾਂ ਨੇ ਜੀਵਨ ਜਿੱਤ ਲਿਆ ਹੈ। †ਪਾ:-ਚੇਤ।

ਚੌਪਈ:

ਇਮ ਸਤਿਗੁਰ ਕੇ ਬਾਕ ਸੁਹਾਏ।
ਸੁਨਿ ਕਰਿ ਸਿਖ ਮਨ ਮਹੁਂ ਪਛੁਤਾਏ।
-ਗੁਰ ਕੋ ਬਾਕ ਨ ਉਚਿਤ ਹਟਾਵਨ।
ਮਾਨਹਿਂ ਸ਼ਰਧਾ ਜੁਤਿ ਸੁਖ ਪਾਵਨ ॥੩੨॥
ਅਪਨੋ ਹਿਤ† ਮਾਨਨ ਮਹਿਂ[1] ਜਾਨਹਿਂ।

[1]ਬਚਨ) ਮੰਨਣ ਵਿਚ। †ਪਾ:-ਅਪਨੇ ਹਿਤ।

ਮਹਾਂ ਅਹਿਤ ਜੇ ਮੋਰਨ ਠਾਨਹਿਂ[1]-।

[1]ਜੇ ਮੋੜਨਾ ਕਰੀਏ ਤਾਂ।

ਸਕਲ ਖਾਲਸੇ ਗੁਰ ਬਚ ਸੁਨੇ।
ਦਾਤ ਪ੍ਰਭੂ ਕੀ ਲਖੀ ਨ ਗੁਨੇ[1] ॥੩੩॥

[1]ਗੁਰਾਂ ਦੀ ਦਾਤ ਨੂੰ ਲਖ ਲਿਆ (ਤੇ ਜਾਣ ਲਿਆ ਕਿ ਅਸੀਂ) ਨਿਰਗੁਣੇ ਹਾਂ। (ਅ) ਗੁਰਾਂ ਦੀ ਦਾਤ ਵਿਚਾਰ ਕੇ ਸਮਝ ਨਾ ਸਕੇ।

ਸ਼੍ਰੀ ਗੁਰੁ ਬਾਸ ਕੀਨ ਚਮਕੌਰ।
ਸੰਗਤਿ ਘਨੀ ਬਸੀ ਇਸ ਠੌਰ।
ਆਨੰਦਪੁਰਿ ਮਹਿਂ ਸੁਧਿ ਜਬਿ ਗਈ।
ਸੈਨਾ ਸਿੰਘਨ ਆਵਤਿ ਭਈ ॥੩੪॥
ਅਪਰ ਸਮਾਜ ਘਨੋ ਚਲਿ ਆਯੋ।
ਜੋ ਜੋ ਚਹਿਯਹਿ ਸੋ ਮੰਗਵਾਯੋ।
ਡੇਰਾ ਭਯੋ ਗੁਰੂ ਕੋ ਭਾਰੀ।
ਰਾਖੇ ਦੂਤ[1] ਲਗਾਇ ਪਹਾਰੀ[2] ॥੩੫॥

[1]ਸੂੰਹੀਏਂ। [2]ਪਹਾੜੀਆਂ ਨੇ।

ਚਿਤਵਤਿ ਦ੍ਵੈਸ਼ ਗੁਰੂ ਕੇ ਸੰਗ।
-ਸੈਨਪ ਤੁਰਕ ਕਰਹਿ ਕੋ ਜੰਗ[1]-।

[1]ਕੋਈ ਤੁਰਕ ਸੈਨਾਪਤੀ (ਗੁਰੂ ਜੀ ਨਾਲ ਜੰਗ ਕਰੇ।

ਕਰਤੇ ਰਹੇ ਪ੍ਰਤੀਖਨ ਸਦਾ।
-ਕੋ ਉਮਰਾਵ ਲਰਾਵੈਂ ਕਦਾ[1]- ॥੩੬॥

[1]ਭਾਵ ਪਹਾੜੀ ਰਾਜੇ ਸਦਾ ਉਡੀਕਦੇ ਰਹੇ ਕਿ ਕੋਈ ਤੁਰਕਾਂ ਦਾ ਸੈਨਾਪਤੀ ਗੁਰਾਂ ਨਾਲ ਲੜੇ। (ਅ)..... ਕਦੇ ਅਸੀਂ ਕਿਸੇ (ਤੁਰਕ) ਉਮਰਾਵ ਨਾਲ ਲੜਾ

ਦੇਈਦੇ ਗੁਰਾਂ ਨੂੰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੰਗਤਿ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਸੈਦਾ ਬੇਗ ਸ਼ਰਨ ਆਯਾ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

†ਦ੍ਵੈ ਉਮਰਾਵ ਲਹੌਰ ਕੇ, ਦਿੱਲੀ ਕੇ ਮਗ ਜਾਤਿ।
ਭੀਮ ਚੰਦ ਸੁਨਿ ਬਾਤ ਕੋ, ਘਾਤ ਜਾਨਿ ਭਲਿ ਭਾਂਤਿ ॥੧॥

†ਸੌ ਸਾਖੀ ਦੀ ੨੦ਵੀਂ ਸਾਖੀ ਚਲੀ।

ਚੌਪਈ:

ਆਦਿਕ ਭੂਪਚੰਦ† ਹੰਡੂਰੀ।

†ਪੁਰਾਤਨ ਨੁਸਖੇ ਦਾ ਪਾਠ 'ਭੂਪਚੰਦ' ਹੈ, ਮਗਰਲਿਆਂ ਤੇ ਭੀਮ ਚੰਦ ਹੈ। ਹੰਡੂਰ ਦਾ ਰਾਜਾ ਭੂਪ ਚੰਦ ਸੀ।

ਸਭਿ ਕੇ ਸੰਗ ਗਿਨੀ ਬਿਧਿ ਰੂਰੀ।
'ਔਚਕ ਆਨਿ ਬਨੀ ਕਜੋਂ ਟਰੋ।
ਤੁਰਕ ਲਰਾਵਹੁ ਆਪ ਨ ਲਰੋ ॥੨॥
ਕੇਤਿਕ ਦਰਬ ਦੇਉ ਉਮਰਾਊ।
ਸਤਿਗੁਰ ਪੁਰਿ ਬਾਹਰ ਪਰਥਾਊ[1]।

[1]ਸਤਿਗੁਰੂ ਜੀ (ਅਨੰਦ) ਪੁਰੋਂ ਬਾਹਰ ਪਰਾਈ ਥਾਂ ਵਿਚ ਹਨ।

ਨਹੀਂ ਦੁਰਗ ਬਡ ਲਰਿਬੇ ਕਾਰਨ।
ਥੋਰੇ ਸਿੰਘ ਧਰੇ ਹਥੀਆਰਨਿ ॥੩॥
ਆਪ ਆਪਨੇ ਅਹੈਂ ਟਿਕਾਨੇ[1]।

[1]ਟਿਕਾਨੇ ਹਨ (ਸਿੰਘ)।

ਸੋ ਨਹਿਂ ਪਹੁੰਚ ਸਕਹਿਂ ਤਿਸ ਥਾਨੇ[1]।

[1]ਭਾਵ ਚਮਕੌਰ ਸਾਹਿਬ।

ਭੇੜ ਅਚਾਨਕ ਹੀ ਬਨ ਜਾਇ।
ਕੌਨ ਲਰੈ ਤੁਰਕਨਿ ਅਗਵਾਇ ॥੪॥
ਲੁਟ ਜਾਵਹਿ ਸਤਿਗੁਰ ਕੋ ਡੇਰਾ।
ਕਿਮ ਹੂੰ ਬਚੈ ਨ, ਹੁਇ ਭਟ ਭੇਰਾ।
ਹਤਜੋ ਜਾਇ ਗੁਰ ਕਿਧੌਂ ਪਲਾਏ।
ਹਮਰੀ ਬਾਤ ਭਲੀ ਬਨਿ ਜਾਏ ॥੫॥
ਨਹਿਂ ਕਲਗੀਧਰ ਕਰਹਿ ਬਿਗਾਰਾ[1]।

[1]ਫਿਰ ਸਾਡਾ ਵਿਗਾੜ ਨਹੀਂ ਕਰ ਸਕੇਗਾ।

ਹਮਰੋ ਦੇਸ਼ ਨ੍ਰਿਭੈ ਹੁਇ ਸਾਰਾ।'
ਇਮ ਗਿਨਿ ਸਭਿਨਿ ਪ੍ਰਧਾਨ ਪਠਾਏ।
ਮਿਲੇ ਪੰਥ ਮਹਿਂ ਹੁਇ ਅਗੁਵਾਏ ॥੬॥
ਸਭਿ ਰਾਜਨ ਕੋ ਕਹਜੋ ਸੁਨਾਯੋ।

ਲਘੁ ਦਲ ਜੁਤਿ ਗੁਰ ਸਿਵਰ ਬਤਾਯੋ।
ਮਜਲ ਮਜਲ ਪ੍ਰਤਿ ਦਰਬ ਹਜ਼ਾਰ।
ਹਮਰੋ ਕਾਰਜ ਦੇਹੁ ਸੁਧਾਰਿ ॥੭॥
ਹਜ਼ਰਤ ਕੇ ਸੰਗ[1] ਸਦਾ ਬਖੇਰਾ। [1]ਔਰੰਗਜ਼ੇਬ ਨਾਲ।
ਖੁਸ਼ੀ ਹੋਇ ਸੁਨਿ ਕੈ ਤਿਸ ਬੇਰਾ।
ਲੁਦਕ[1] ਨਗਰ ਕੇ ਪੰਥ ਨ ਜਾਵਹੁ। [1]ਲੁਧਿਆਣਾ।
ਘਾਟ[1] ਦੂਸਰੇ ਸੁਗਮ ਸਿਧਾਵਹੁ ॥੮॥ [1]ਪੱਤਣ।
ਪਰਲੇ ਪਾਰ ਗ੍ਰਾਮ ਚਮਕੌਰ।
ਬੁਰਜ ਨ ਦੁਰਗ ਅਟਾ ਤਿਸ ਠੌਰ[1]। [1]ਭਾਵ ਗੁਰੂ ਜੀ ਦੇ ਪਾਸ ਓਥੇ ਬੁਰਜ ਵੀ ਨਹੀਂ ਕਿਲਾ ਵੀ ਨਹੀਂ ਤੇ ਕੋਈ ਅਟਾਰੀ ਵੀ ਨਹੀਂ।
ਥਲ ਮਦਾਨ ਮਹਿਂ ਉਤਰਜੋ ਡੇਰਾ[1]। [1]ਮਦਾਨੇ ਥਾਂ ਉਤਰਿਆ ਪਿਆ ਹੈ ਡੇਰਾ।
ਪਰਹੁ ਅਚਾਨਕ ਲੀਜੈ ਘੇਰਾ' ॥੯॥
ਸੈਦਾਬੇਗ ਏਕ ਕੋ ਨਾਉਂ।
ਅਲਫ਼ਖਾਨ ਦੂਸਰ ਉਮਰਾਉ।
ਸੁਨਿ ਕਰਿ ਦੌਨ ਲੋਭ ਕੇ ਪ੍ਰੇਰੇ।
ਤਿਸੀ ਪੰਥ ਮਹਿਂ ਪਾਇਨ ਗੇਰੇ[1] ॥੧੦॥ [1]ਪੈਰ ਧਰੇ।
ਸਤੁੱਦ੍ਰਵ ਉਲੰਘਿ ਆਇ ਦਲ ਸਾਰਾ।
ਸੁਨਜੋਂ ਖਾਲਸੇ ਬਜਤਿ ਨਗਾਰਾ।
ਇਤਨੇ ਮਹਿ ਇਕ ਨਰ ਚਲਿ ਆਯੋ।
ਦਲ ਮਹਿਂ ਹੁਤੋ[1] ਭੇਤ ਸਭਿ ਲਜਾਯੋ ॥੧੧॥ [1]ਤੁਰਕਾਂ ਦੇ) ਦਲ ਵਿਚ ਸੀਗਾ।
ਹਾਥ ਜੋਰਿ ਗੁਰ ਸਾਥ ਉਚਾਰਾ।
'ਕਿਮ ਨਚਿੰਤ ਪ੍ਰਭੁ ! ਡੇਰੋ ਡਾਰਾ?
ਤੁਮ ਪਰ ਦਸ ਹਜ਼ਾਰ ਅਸਵਾਰ।
ਦੋ ਉਮਰਾਵ ਆਇ ਰਿਸ ਧਾਰਿ ॥੧੨॥
ਪ੍ਰੇਰਿ ਗਿਰੇਸ਼ੁਰ[1] ਇਤ ਲੇ ਆਏ। [1]ਪਹਾੜੀ ਰਾਜੇ।
ਸਾਵਧਾਨ ਪ੍ਰਭੁ ਰਚਉ ਉਪਾਏ।
ਮੈਂ ਰਾਵਰਿ ਸਿਖ ਸੁਨਿ ਕੈ ਧਾਯੋ।
ਆਨਿ ਭੇਤ ਗਨ ਰਿਪੁਨਿ[1] ਬਤਾਯੋ' ॥੧੩॥ [1]ਵੈਰੀਆਂ ਦਾ ਸਾਰਾ ਭੇਤ।

ਸੁਨਿ ਕਲਗੀਧਰ ਹੁਕਮ ਉਚਾਰਾ।
'ਦਿਹੁ ਬਜਾਇ ਰਣਜੀਤ ਨਗਾਰਾ।
ਡੀਲ ਹਯਨਿ ਪਰ ਜ਼ੀਨ ਉਤਾਲੇ।
ਤੁਪਕ ਖੜਗ ਧਨੁ ਢਾਲ ਸੰਭਾਲੇ ॥੧੪॥
ਸਾਵਧਾਨ ਹ੍ਵੈ ਰੋਕਯੋ ਆਗਾ[1]। [1]ਹੋਕੇ ਅੱਗਾ ਰੋਕਿਓ।
ਸਿੰਘਨਿ ਰਿਦੈ ਬੀਰ ਰਸ ਜਾਗਾ।
ਦਲ ਮੁਕਾਬਲੇ ਦੋਨਹੁਂ ਹੋਏ।
ਗੋਚਰ ਦ੍ਰਿਸ਼ਟਿ ਪਰਸਪਰ ਦੋਏ[1] ॥੧੫॥ [1]ਦੋਵੇਂ (ਦਲ) ਇਕ ਦੂਏ ਨੂੰ ਦਿੱਸ ਪਏ।
ਪੰਜ ਹਜ਼ਾਰੀ ਇਕ ਉਮਰਾਵ।
ਸੈਦਾਬੇਗ ਜਿਸੀ ਕੋ ਨਾਵ।
ਤਿਨ ਸਤਿਗੁਰ ਦਿਸ਼ ਦ੍ਰਿਸ਼ਟਿ ਚਲਾਈ।
ਤਤਛਿਨ ਰਿਦੇ ਸੁਮਤਿ ਹੁਇ ਆਈ ॥੧੬॥
ਜਾਗ ਪਰੈ ਪੂਰਬਲੇ ਭਾਗਾ।
ਸੁਪਤਿ ਉਠਯੋ ਜਿਮ ਲਗ ਅਨੁਰਾਗਾ[1]। [1]ਮਾਨੋਂ ਪ੍ਰੇਮ (ਅਗੇ ਹੀ) ਲਗਿਆ ਹੋਇਆ ਸੀ, (ਤੇ ਸੁੱਤਾ ਪਿਆ ਸੀ ਹੁਣ) ਸੁੱਤਾ ਜਾਗ ਉਠਿਆ ਹੈ।
ਜੇਤਿਕ ਚਮੂੰ ਕਹੇ ਮੈਂ ਹੁਤੀ।
ਸਭਿ ਕੀ ਅਪਨ ਸੰਗ ਕਰ ਮਤੀ[1] ॥੧੭॥ [1]ਸਾਰਿਆਂ ਦੀ ਸਲਾਹ ਆਪਣੇ ਨਾਲ ਰਲਾਕੇ।
ਜੇਤਿਕ ਹੁਤੀ ਸ਼ਾਹ ਦਿਸ਼ ਕੇਰੀ।
ਸਭਿ ਕੋ ਤਜਾਗ ਕੀਨ ਤਿਸ ਬੇਰੀ।
ਪ੍ਰਿਥਕ ਹੋਹਿ ਦੁੰਦਭਿ ਬਜਵਾਯੋ।
ਸਨੇ ਸਨੇ ਸੰਗ੍ਰਾਮ ਮਚਾਯੋ ॥੧੮॥
ਜਬਿ ਘਮੰਡ ਕੀ ਮਚੀ ਲਰਾਈ[1]। [1]ਜਦੋਂ ਜ਼ੋਰ ਦੀ ਲੜਾਈ ਮਚੀ।
ਜ੍ਵਾਲਾ ਬਮਣੀ[1] ਬ੍ਰਿੰਦ ਚਲਾਈ। [1]ਬੰਦੂਕਾਂ।
ਫੇਰਿ ਹਯਨਿ ਕੋ ਸਿੰਘ ਪ੍ਰਹਾਰੈਂ।
ਤਥਾ ਤੁਰਕ ਸਨਮੁਖ ਹ੍ਵੈ ਮਾਰੈਂ ॥੧੯॥
ਸੁਭਟ ਤੁਰੰਗ ਅੰਗ ਲਗ ਗੋਰੀ।
ਗਿਰਹਿੰ ਧਰਨ ਪਰ ਮੁਖ ਨਹਿਂ ਮੋਰੀ[1]। [1]ਭਾਵ ਸੂਰਮੇ ਮੂੰਹ ਨਹੀਂ ਮੋੜਦੇ।
ਦਿਸ਼ ਦੋਇਨਿ ਤੇ ਟਿਕੀ ਲਰਾਈ।

ਅਵਲੋਕਹਿਂ ਥਿਰ ਹੋਇ ਗੁਸਾਈਂ ॥੨੦॥
ਨਹੀਂ ਪ੍ਰਹਾਰ ਸਰਨਿ ਕੋ ਕਰੈਂ[1]। — [1]ਆਪ ਗੁਰੂ ਜੀ) ਤੀਰਾਂ ਦੇ ਵਾਰ ਨਹੀਂ ਕਰਦੇ।
ਗਾਢੇ ਹੋਇ[1] ਖਾਲਸਾ ਲਰੈ। — [1]ਤਕੜੇ ਹੋਕੇ।
ਕਿਤਕਿ ਬੇਰ ਜਬਿ ਲਰਤਿ ਬਿਤਾਈ।
ਸੈਦਾ ਬੇਗ ਚਹੈ ਸ਼ਰਨਾਈ[1] ॥੨੧॥ — [1]ਸ਼ਰਨ ਆਇਆ ਚਾਹੇ।
ਤਜਿ ਤੁਰਕਨਿ ਕੇ ਦਲ ਕੋ ਸਾਥ[1]। — [1]ਦਲ ਦਾ ਸੰਗ ਤਜਕੇ।
ਮਿਲ੍ਯੋ ਖਾਲਸੇ ਸਨ ਕਹਿ ਗਾਥ[1]। — [1]ਅਪਣਾ ਹਾਲ ਕਹਿਕੇ।
‘ਜਿਮ ਤੁਮ ਗੁਰ ਕੇ ਸਿੱਖ ਬਡੇਰੇ।
ਤਥਾ ਪਿਖੀਜੈ ਮੋ ਕੋ ਚੇਰੇ ॥੨੨॥
ਜੰਗ ਜੀਤਿ ਕੈ ਮਿਲਿਹੌਂ ਫੇਰ[1]। — [1]ਮਿਲਾਂਗਾ ਫੇਰ (ਕਲਗ਼ੀਧਰ ਜੀ ਦੇ ਚਰਨੀ ਸੀਸ ਟਿਕਾਵਣ ਹਿਤ)।
ਇਮ ਕਹਿ ਮਿਲਿ ਕਰਿ ਭਯੋ ਦਲੇਰ।
ਸਿੰਘਨ ਤੇ ਆਗੈ ਹੁਇ ਲਰਿਓ।
ਗਨ ਤੁਰਕਨ ਕੋ ਮਾਰਨ ਕਰਿਓ ॥੨੩॥
ਅਲਫ਼ ਖਾਨ ਪਿਖਿ ਕਰਿ ਬਿੱਪ੍ਰੀਤ।
-ਸਾਥੀ ਫਟ੍ਯੋ ਕਹਾਂ ਅਬਿ ਜੀਤ? -।
ਸਨੇ ਸਨੇ ਨਿਜ ਸੈਨ ਹਟਾਈ।
ਤਊ ਖਾਲਸਾ ਮਾਰਤਿ ਜਾਈ ॥੨੪॥
ਸੈਦਾਬੇਗ ਸਿੰਘ ਮਿਲਿ ਸਾਰੇ।
ਦੂਰ ਭਜਾਵਤਿ ਲਗ ਬਹੁ ਮਾਰੇ[1]। — [1]ਬਹੁਤ ਦੂਰ ਤਕ ਭਜਾਏ ਤੇ ਮਾਰੇ।
ਲੇ ਕਰਿ ਫਤੇ ਹਟੇ ਪਸ਼ਚਾਤੀ।
ਤੁਰਕ ਪੁੰਜ ਕੇ ਬਨ ਕਰਿ ਘਾਤੀ ॥੨੫॥
ਜਹਾਂ ਖਲੇ ਕਲ਼ਗੀਧਰ ਧੀਰ।
ਉਰ ਪ੍ਰਮੋਦ ਧਰਿ ਪਹੁਚੇ ਤੀਰ।
ਸੈਦਾਬੇਗ ਉਤਰਿ ਹਯ ਤਰੇ।
ਗੁਰ ਕੇ ਚਰਨ ਬੰਦਨਾ ਕਰੇ ॥੨੬॥
ਬੋਲੇ ਪ੍ਰਭੁ, ‘ਉਮਰ ਬਰ ਕਰਾਰ[1]। — [1]ਤੇਰੀ ਉਮਰ ਵੱਡੀ ਹੋਵੇ।
ਮਿਲੇ ਸੁ ਖੂਬ ਈਨ ਤਕਰਾਰ[1]†। — [1]ਤੁਸੀਂ ਐਨ ਇਕਰਾਰ (ਮੁਜਬ) ਚੰਗੇ ਮਿਲੇ ਹੋ। †ਪਾ:-ਲੀਨ ਤਕਰਾਰ। ਪੁਨਾ:-ਮਿਲੇ ਸੁ ਖੂਬ ਤੁਮ

ਈਕਰਾਰ। ਸੌ ਸਾ: ਦਾ ਪਾਠ ਹੈ, ਮਿਲੇ ਖ਼ੂਬ ਈਨ ਤਕਰਾਰ।

ਸੈਦਾਬੇਗ ਸਮਝ ਤੂੰ ਬੇਗ[1]।
ਅਹੋ ਕੰਧਾਰੀ ਬਾਂਧਹੁ ਤੇਗ[1] ॥੨੭॥
ਪੂਰਬ ਗੁਰ ਨਾਨਕ ਤੁਮ ਮਿਲੇ।
ਸੇਵਾ ਕਰੀ ਹੁਤੀ ਤਬਿ ਭਲੇ[†]।

[1]ਛੇਤੀ ਸਮਝ।
[1]ਤੂੰ ਕੰਧਾਰੀ ਸੈਂ ਤੇ ਤੇਗ਼ ਬੰਨ੍ਹਦਾ ਹੁੰਦਾ ਸੈਂ।
[†]ਸੌ ਸਾਖੀ ਦਾ ਪਾਠ ਹੈ:- ਬਾਗ ਮੇਂ ਸੇਵਾ ਕਰੀ ਥੀ।

ਤਬਿ ਹਮ ਤੋ ਸੋਂ ਇਮ ਕਹਿ ਗਏ।
-ਕਬਹਿ ਬੁਲਾਵਹਿੰਗੇ ਹਿਤ ਕਿਏ[1] ॥੨੮॥
ਸ਼ਸਤ੍ਰ ਬਿਲੋਕਨ ਕਰੈਂ ਤਿਹਾਰੋ।
ਤਬਿ ਪਰਖਹਿੰਗੇ ਜਥਾ ਉਚਾਰੋ-।
ਪਰਚਾ ਪ੍ਰਥਮ ਸ਼ਬਦ ਕੋ ਕੀਆ[1]।
ਪਾਛੇ ਇਸ ਪ੍ਰਕਾਰ ਕਹਿ ਦੀਆ ॥੨੯॥
-[1]ਤੁਪਕ ਕਮਾਇਲ ਕਰਾਮਾਤ।

[1]ਕਦੀ ਫ਼ੇਰ ਸੱਦਾਂਗੇ ਪ੍ਰੇਮ ਕਰਕੇ।
[1]ਤਦੋਂ ਨਾਮ ਦਾ ਪਰਚਾ ਕੀਤਾ ਸੀ ਪਹਿਲੋਂ, ਭਾਵ ਨਾਮ ਵਿਚ ਲਾਇਆ ਸੀ ਤੈਨੂੰ।

[1]ਜੇ ਤੁਪਕ ਪਾਠ ਸਹੀ ਸਮਝੀਏ ਤਾਂ ਅਰਥ ਐਉਂ ਹੋਸੀ:-ਬੰਦੂਕ ਦੀ ਕਮਾਈ ਯਾ ਕਮਾਲ (ਐਸਾ ਹੋਵੇ ਕਿ ਲੋਕ ਇਸ ਨੂੰ) ਕਰਾਮਾਤ (ਸਮਝਣ)। (ਅ) ਬੰਦੂਕ ਦਾ ਕਮਾਲ ਕਰਾਮਾਤ ਹੈ। (ਇਸ ਕਮਾਲ ਵਾਲੇ ਨੂੰ) ਕਿਹੜੀ ਨੇਕੀ ਨਹੀਂ (ਮਿਲੇਗੀ ਦੋਸਤਾਂ ਵਾਲੀ ਕਿ) ਬਹਿਸ਼ਤਾਂ ਵਾਲੀ (ਭਾਵ ਦੁਇ ਮਿਲਨਗੀਆਂ, ਦੋਸਤ ਤਾਂ ਅਸ਼ ਅਸ਼ ਕਰਨਗੇ ਕਮਾਲ ਤੇ, ਤੇ ਕਮਾਲ ਹੋਣ ਕਰਕੇ ਸੂਰਬੀਰਤਾ ਹੋਵੇਗੀ, ਸੂਰਬੀਰ ਸੁਰਗਾਂ ਵਿਚ ਜਾਂਦੇ ਹਨ)। [ਫ਼ਾ. ਚਿਨ=ਚਿਹ ਨਾ=ਕਿਹੜੀ ਨਹੀਂ। ਅ:, ਖ਼ੈਰ=ਨੇਕੀ। ਖ਼ਿਲਿਸ=ਸੱਚਾ ਦੋਸਤ, ਦੋਸਤੀ। ਜੱਨਾਤ=ਜੱਨਤ ਦਾ ਬਹੁਵਚਨ, ਸੁਰਗਾਂ]। (ੲ) ਸੌ ਸਾਖੀ ਦਾ ਪਾਠ ਹੈ ਤੁਬਕ। ਅਰਥ ਫਿਰ ਐਉਂ ਬੀ ਲਗਦਾ ਹੈ:-(ਕਿ ਤਦੋਂ) ਤੂੰ ਕਿਹਾ ਸੀ ਕਿ (ਤੁਸਾਂ ਵਿਚ) ਕਰਾਮਾਤ ਦਾ ਕਮਾਲ ਹੈ। ਕਿਸੇ ਦੀ ਖ਼ੈਰ ਨਹੀਂ (ਸਿਵਾ ਆਪਦੀ) ਦੋਸਤੀ ਦੇ, (ਇਨਸਾਨ ਕੀਹ) ਜਿੰਨਾਂ ਤਕ (ਏਹ ਗਲ ਮੰਨਦੇ ਹਨ) [ਤੁਬਕ=ਤੁਵ+ਕ=ਤੂੰ ਕਿਹਾ ਸੀ]।

ਚਿ ਨ ਖੈਰ ਖਿਲਸ ਜੱਨਾਤਿ[?]-।'
ਏਤੀ ਬਾਤ ਗੁਰ ਅਬਿ ਕਹੀ।
ਸਮਝਜੋ ਮੁਗ਼ਲ ਰਿਦੇ ਤਬਿ ਸਹੀ ॥੩੦॥
ਪਰਜੋ ਅਗਾਰੀ ਦੰਡ ਸਮਾਨ।
'ਰਾਖਿ ਰਾਖਿ ਮੁਝ ਪੀਰ ਮਹਾਨ!
ਰਾਵਰਿ ਦਰਸ ਸੁਨੇ ਬਚ ਜਬੈ।
ਪੂਰਬ ਸਿੰਮ੍ਰਤ ਭੀ[1] ਅਬਿ ਸਬੈ ॥੩੧॥

[1]ਯਾਦ ਆ ਗਈ ਹੈ।

ਭਈ ਸ਼ਕਤਿ ਮੁਝ ਬਿਖੈ ਬਿਸਾਲ।
ਰਖਹੁ ਪੀਰ ਜੀ! ਲੇਹੁ ਸੰਭਾਲ।
ਜਿਤਿਕ ਪ੍ਰਥਮ ਕੀ[1] ਬਾਤਿ ਉਬਾਚੀ।
ਸਭਿ ਜਾਨੀ ਮੈਂ ਬਿਤੀ ਸੁ ਸਾਚੀ'
॥੩੨॥
ਦੇ ਧੀਰਜ ਤਬਿ ਪ੍ਰਭੁ ਢਿਗ ਰਾਖਾ।
ਜਿਸ ਕੋ ਨਿਤ ਦਰਸ਼ਨ ਅਭਿਲਾਖਾ।
ਮੁਗ਼ਲ ਪ੍ਰਮੋਦ[1] ਘਨੋ ਉਰ ਪਾਯੋ।
ਜੇਤਿਕ ਡੇਰਾ ਸਕਲ ਲੁਟਾਯੋ ॥੩੩॥
ਸਭਿ ਕਿਛ ਤਜਾਗਿ ਰਹਜੋ ਪ੍ਰਭੁ ਪਾਸ।
-ਹੁਇ ਪ੍ਰਲੋਕ ਸੁਖ- ਲਾਗੀ ਆਸ।
ਸਗਲੇ ਤੁਰਕ ਗਏ ਜਬਿ ਦੂਰ।
ਉਤਰੇ ਡੇਰੇ ਬਿਖੈ ਹਜ਼ੂਰ[1] ॥੩੪॥
ਖਾਨ ਪਾਨ ਦਾਨਾ ਤ੍ਰਿਨ ਪਾਇ।
ਬਸੇ ਨਿਸਾ ਪੂਰਬ ਕੀ[1] ਥਾਇ।
ਭਈ ਪ੍ਰਭਾਤਿ ਕੂਚ ਕਰਿ ਦੀਨ।
ਸੈਦਾਬੇਗ ਹਕਾਰਨਿ ਕੀਨ ॥੩੫॥
ਬਖਸ਼ੇ ਸ਼ਸਤ੍ਰ ਗੁਰੂ ਜੀ ਫੇਰ।
ਚਢਿ ਤੁਰੰਗ ਪਰ ਮੁਦਤਿ ਬਡੇਰ।
ਚਲਜੋ ਸੰਗ ਮਿਲਿ ਸਿੰਘਨਿ ਸਾਥ।
ਗਮਨੇ ਆਨੰਦਪੁਰਿ ਦਿਸ਼ ਨਾਥ
॥੩੬॥
ਸਗਲੋ ਪੰਥ ਉਲੰਘਨਿ ਕਰਿਓ।
ਦੁੰਦਭਿ ਸ਼ਬਦ ਸ਼੍ਰੋਨ ਮਹਿਂ ਪਰਿਓ।
ਪੁਰਿ ਜਨ ਸੁਨਿ ਕੈ ਬਹੁ ਅਹਿਲਾਦੇ।
ਨਿਕਸੇ ਚਾਰੋਂ ਸਾਹਿਬਜ਼ਾਦੇ ॥੩੭॥
ਮਿਲਿ ਮਾਨਵ ਸਭਿ ਵਹਿਰ ਪਧਾਰੇ।
ਦਰਸ਼ਨ ਕਰਤਿ ਬੰਦਨਾ ਧਾਰੇ।
ਕੁਸ਼ਲ ਪ੍ਰਸ਼ਨ ਪ੍ਰਭੁ ਸਭਿ ਪ੍ਰਤਿ ਗਾਏ।
ਮਿਲੇ ਅੱਗ੍ਰ ਜੇ ਦਰਸ਼ਨ ਪਾਏ ॥੩੮॥
ਅਨਿਕ ਬਿਧਿਨਿ ਕੀ ਅਰਪਿ

[1]ਪਿਛਲੇ ਜਨਮ ਦੀ।
[1]ਖੁਸ਼ੀ।
[1]ਤਦ) ਗੁਰੂ ਜੀ ਆਪਣੇ ਡੇਰੇ ਉਤਰੇ।
[1]ਪਹਿਲੇ ਜਿੱਥੇ ਉਤਰੇ ਸਨ।

ਉਪਾਇਨ।
ਪਰਸਤਿ ਸ਼੍ਰੀ ਸਤਿਗੁਰ ਕੇ ਪਾਇਨਿ।
ਅੱਗ੍ਰ ਆਇ ਸਭਿ ਮਿਲਿ ਨਰ ਹਰਖੇ।
ਪੁਰਿ ਮਹਿਂ ਬਰੇ ਪੁਸ਼ਪ ਗਨ ਬਰਖੇ ॥੩੯॥
ਗਏ ਤੁਰੰਗਮ[1]† ਪੰਥ ਬਜਾਰੇ।

[1]ਭਾਵ, ਘੋੜਿਆਂ ਉਤੇ ਸਵਾਰ। †ਪਾ:-ਦੁਰਗ ਮਹਿਂ।

ਸਗਰੇ ਨਰ ਬੰਦਨ ਕਹੁ ਧਾਰੇ।
ਉਤਰ ਪਰੇ ਨਿਜ ਮੰਦਰ ਗਏ।
ਪ੍ਰਥਮ ਮਾਤ ਕੋ ਬੰਦਨ ਕਏ ॥੪੦॥
ਆਸ਼ਿਖ ਦੇ ਸਿਰ ਪਰ ਕਰ ਫੇਰਾ।
ਸ਼੍ਰੀ ਗੁਜਰੀ ਉਰ ਅਨੰਦ ਬਡੇਰਾ।
ਬੈਠਨ ਕੇ ਸਥਾਨ ਪੁਰ ਗਏ।
ਰੁਚਿਰ ਪ੍ਰਯੰਕ ਡਸਾਵਨਿ ਕਏ ॥੪੧॥
ਦਿਨ ਕੇਤਿਕ ਪੁਰਿ ਬਸੇ ਗੁਸਾਈਂ।
ਸੰਗਤ ਚਲੀ ਆਇ ਸਮੁਦਾਈ।
ਦਰਸ਼ਨ ਕਰਹਿਂ ਕਾਮਨਾ ਪਾਵਹਿਂ।
ਬਸਹਿ ਨਿਕਟ ਪੁਨ ਸਦਨ ਸਿਧਾਵਹਿਂ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੈਦਾਬੇਗ' ਪ੍ਰਸੰਗ ਬਰਨਨੰ ਦ੍ਵੈਤ੍ਰਿੰਸਤੀ ਅੰਸੂ ॥੩੨॥

## ੩੩. [ਇਕ ਦਿਜ ਦੀ ਇਸਤ੍ਰੀ ਪਠਾਨ ਨੇ ਖੋਹੀ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਸੈਦਬੇਗ ਤੇ ਸਭਿ ਸੁਨਜੋ, ਗਿਰਈਸ਼੍ਰਨ[1] ਬ੍ਰਿਤਾਂਤ। [1]ਪਹਾੜੀ ਰਾਜਿਆਂ ਦਾ।
'ਸੈਨ ਗੁਰੂ ਪਰ ਦਰਬ ਦੇ, ਲਜਾਏ ਲਰਨ ਪ੍ਰਯਾਤਿ[1]' ॥੧॥
[1]ਕਿ (ਸਾਡੀ) ਸੈਨਾ ਨੂੰ ਦੌਲਤ ਦੇਕੇ ਗੁਰ ਜੀ ਨਾਲ ਲੜਨ ਵਾਸਤੇ ਲਿਆਏ ਸਨ।

ਚੌਪਈ:

ਉਦੇ ਸਿੰਘ ਆਲਮਸਿੰਘ ਆਦਿ।
ਸਭਿ ਸੁਨਿ ਕਰਿ ਹੋਏ ਬਿਸਮਾਦ।
-ਮੰਦ ਮਤੀ ਸਭਿ ਦੁਸ਼ਟ ਪਹਾਰੀ।
ਰਚਜੋ ਕਪਟ ਆਨਜੋ ਦਲ ਭਾਰੀ— ॥੨॥
ਇਕ ਦਿਨ ਸਤਿਗੁਰ ਸਭਾ ਮਝਾਰਾ।
ਥਿਰੇ, ਖਾਲਸਾ ਆਯਹੁ ਸਾਰਾ।
ਦਇਆ ਸਿੰਘ ਮੁਹਕਮ ਸਿੰਘ ਧੀਰ।
ਧਰਮ ਸਿੰਘ ਹਿੰਮਤ ਸਿੰਘ ਬੀਰ ॥੩॥
ਈਸ਼ਰ ਸਿੰਘ ਟੇਕ ਸਿੰਘ ਆਏ।
ਇੱਤਜਾਦਿਕ ਗੁਰ ਕੋ ਦਰਸਾਏ।
ਆਲਮ ਸਿੰਘ ਕਹੀ ਤਬਿ ਬਾਤ।
'ਪ੍ਰਭੁ ਜੀ! ਗਿਰਪਤਿ ਗਤਿ ਬਿੱਖਜਾਤ[1] ॥੪॥ [1]ਪਹਾੜੀਆਂ ਦੀ (ਅੰਦਰ ਬਾਹਰ) ਦੀ ਗਤੀ ਪ੍ਰਗਟ ਹੋ ਗਈ ਹੈ।
ਊਪਰ ਤੇ ਮਿਲਿ ਕੀਨਸ ਮੇਲਾ।
ਰਾਖਜੋ ਅੰਤਰ ਕਪਟ ਦੁਹੇਲਾ।
ਸੈਨ ਅਚਾਨਕ ਤੁਰਕਨਿ ਕੇਰੀ।
ਲਰਿਬੇ ਹੇਤ ਆਨਿ ਕਰਿ ਗੇਰੀ[1] ॥੫॥ [1]ਢੋਈ।
ਸੈਦਾਬੇਗ ਬਤਾਵਨਿ ਸਾਰ[1]। [1]ਸਾਰੇ (ਹਾਲ)।
ਗਹਿਬੇ ਹਿਤ ਤੁਮ ਕੋ ਛਲ ਧਾਰਿ।
ਰਾਵਰ ਕੋ ਪ੍ਰਤਾਪ ਹੈ ਭਾਰਾ।
ਛੁਇ ਨ ਛਾਵ ਭੀ ਸਕੈਂ ਗਵਾਰਾ[1] ॥੬॥ [1]ਪਰ ਗੰਵਾਰ ਆਪ ਦੀ ਛਾਯਾ ਨੂੰ ਭੀ ਨਹੀਂ ਛੁਹ ਸਕਦੇ।
ਦੇ ਕਰਿ ਦਰਬ ਤੁਰਕ ਗਨ ਆਨੇ।
ਇਸੀ ਜਤਨ ਮਹਿ ਲਗੇ ਮਹਾਨੇ।'

ਸੁਨਿ ਕਰਿ ਉਦੇ ਸਿੰਘ ਭੀ ਕਹੵੋ।
'ਸਿਰ ਲਗ ਬੈਰ ਇਨਹੁ ਕੋ ਲਹੵੋ ॥੭॥
ਸਤਿਗੁਰ ਛਿਮਾ ਧਰਤਿ ਹੈਂ ਜਿਉਂ ਜਿਉਂ।
ਮੂਰਖ ਕਪਟ ਰਚਤਿ ਹੈਂ ਤਿਉਂ ਤਿਉਂ।
ਲੈਨਿ ਦੇਨਿ ਇਨ ਕੋ ਨਹਿਂ ਕੋਈ।
ਤਉ ਮੂਢ ਛਲ ਠਾਨਹਿਂ ਸੋਈ' ॥੮॥
ਸ੍ਰੀ ਕਲਗੀਧਰ ਬਾਕ ਅਲਾਏ।
'ਇਹ† ਪਲਟੋ ਸਭਿ ਲੇਹਿਂ ਬਨਾਏ।

†ਪਾ:-'ਇਕ'। ਇਸ ਤੋਂ ਭਾਵ ਬੰਦੇ ਲਾ ਲੈਂਦੇ ਹਨ।

ਕਰੈ ਖਾਲਸਾ ਮਹਿਦ ਬਖੇਰਾ।
ਦੂਣਨਿ ਬਿਖੈ ਪਾਇ ਹੈ ਫੇਰਾ ॥੯॥
ਸਮਾਂ ਪਾਇ ਇਨ ਕੀ ਜਰ ਜਾਇ[1]।

[1]ਜੜ ਨਾਸ਼ ਹੋ ਜਾਏਗੀ।

ਰਾਜ ਖਾਲਸਾ ਕਰੈ ਬਨਾਇ।
ਅਬਿ ਭੀ ਸੁਖ ਸੋਂ ਸੁਪਤਿ ਨ ਦੀਜੈ।
ਕਹੀ ਗ੍ਰਾਮ ਕ੍ਰਿੱਖੀ ਕਰਿ ਲੀਜੈ[1] ॥੧੦॥

[1]ਗ੍ਰਾਵਾਂ ਦੀ ਖੇਤੀ ਦੀ ਕਹੀ ਕਰ ਲਓ। (ਕਹੀ ਕਰਨਾਂ ਦੇ ਅਰਥ ਲਈ ਦੇਖੋ ਰ: ੪ ਅੰ: ੧-੨੬)।

ਖੜਗ ਕੇਤੁ ਨਿਤ ਹਮਹੁ ਸਹਾਇਕ।
ਕੋ ਗਹਿ ਸਕੈ, ਕੌਨ ਹੁਇ ਘਾਇਕ?
ਪ੍ਰਥਮ ਮੇਲ ਭੀ ਇਨਹੂੰ ਕੀਨੋ।
ਬਹੁਰ ਕਪਟ ਮੂਢਨਿ ਚਿਤ ਦੀਨੋ ॥੧੧॥
ਪਲਟਾ ਲੇਹਿ ਖਾਲਸਾ ਇਨ ਤੇ।
ਰਾਜ ਤੇਜ ਬਿਨਸਹਿ ਨਿਤ ਹਨਤੇ[1]।'

[1]ਮਾਰਦਿਆਂ ਮਾਰਦਿਆਂ।

ਸ੍ਰੀ ਮੁਖ ਤੇ ਇਮ ਹੁਕਮ ਬਖਾਨਾ।
ਸੁਨਿ ਹਰਖੵੋ ਸਭਿ ਪੰਥ ਮਹਾਨਾ ॥੧੨॥
-ਸਿਖਤਾ ਉਚਿਤੈ ਕਹਾਂ ਪਹਾਰੀ[1]।

[1]ਸਿੱਖਜ਼ਾ ਦੇ ਲਾਇਕ ਇਹ ਪਹਾੜੀਏ ਕਿੱਥੇ ਹਨ?

ਸੁਧਰਹਿਂ ਮੂਢ ਪਰਹਿ ਜਬਿ ਮਾਰੀ-।
ਸੋ ਬਾਸੁਰ ਨਿਸ ਜੁਗਤ ਬਿਤਾਯੋ[1]।

[1]ਦਿਨ ਸਮੇਤ ਰਾਤ ਬਿਤਾਈ।

ਭਈ ਭੋਰ ਦੁੰਦਭਿ ਬਜਵਾਯੋ ॥੧੩॥

ਸਿੰਘਨਿ ਜ਼ੀਨ ਤੁਰੰਗਨਿ ਡਾਲੇ।
ਕਸੀ ਕਮਰ ਗਨ ਤੁਪਕ ਉਠਾਲੇ।
ਚਢ਼ੵੋ ਖਾਲਸਾ ਹੇਤ ਸ਼ਿਕਾਰਾ।
ਗਏ ਦੂਰ ਲਗ ਦੂਨ ਮਝਾਰਾ ॥੧੪॥
ਸੁਨਿ ਦੁੰਦਭਿ ਧੁਨਿ ਕੋ ਚਲਿ ਆਵਹਿ।
ਅਰਪਹਿ ਭੇਟਨਿ ਬਿਨੈ ਅਲਾਵਹਿ।
ਤਿਸ ਕੋ ਤਜਾਗਹਿਂ, ਬਸਹਿ ਸੁ ਚੈਨ।
ਬਚਹਿਂ ਪਦਾਰਥ ਸਗਰੇ ਐਨ[1] ॥੧੫॥
[1]ਸਾਰੇ ਘਰ ਦੇ ਪਦਾਰਥ ਬਚ ਜਾਣ।
ਆਗੈ ਆਇ ਮਿਲਹਿ ਨਹਿਂ ਜੋਊ।
[1]ਰਾਜਨਿ ਓਜ ਹੰਕਾਰਹਿਂ ਓਊ।
[1]ਤੇ ਓਹ (ਜੇਹੜੇ) ਰਾਜਿਆਂ ਦੇ ਬਲ ਕਰਕੇ ਹੰਕਾਰ ਕਰਨ।
ਤਿਨ ਪਰ ਹੁਇ ਸਭਿ ਕੀ ਹਥਛੋਰ[1]।
[1]ਭਾਵ ਹੱਥਾਂ ਦੀ ਮਾਰ।
ਕਹੀ ਕਰਹਿਂ ਦੇਂ ਸੰਕਟ ਘੋਰ ॥੧੬॥
ਲੂਟ ਕੂਟ ਕਰਿ ਗ੍ਰਾਮ ਉਜਾਰਹਿਂ।
ਸਭਿ ਬਿਧਿ ਕੋ ਹੰਕਾਰ ਨਿਵਾਰਹਿਂ।
ਜਾਇਂ ਪੁਕਾਰੂ ਰਾਜਨਿ ਪਾਸ।
ਦੀਨ ਹੋਇ ਕਰਤੇ ਅਰਦਾਸ ॥੧੭॥
ਸੁਨਿ ਗਿਰਪਤਿ ਉਰ ਕੁਪਹਿਂ ਘਨੇਰਾ।
ਧਰਹਿਂ ਤ੍ਰਾਸ ਲਰ ਸਕਹਿਂ ਨ ਫੇਰਾ।
-ਭਲੇ ਸੂਰ ਨਰ[1] ਪ੍ਰਥਮ ਸੰਘਾਰੇ।
[1]ਚੰਗੇ ਚੰਗੇ ਸੂਰਮੇ।
ਆਦਿ ਕੇਸਰੀ ਚੰਦ ਜੁਝਾਰੇ ॥੧੮॥
ਤਊ ਨ ਸਤਿਗੁਰ ਲਰਿ ਤ੍ਰਿਪਤਾਯੋ।
ਦਲ ਤੁਰਕਨ ਕੋ ਅਨਗਨ ਆਯੋ।
ਮਾਰਨ ਮਰਨ ਹਜ਼ਾਰੋਂ ਕੇਰਾ।
ਮਿਟੵੋ ਨ ਕੈਸੇ ਸਿੰਘਨਿ ਝੇਰਾ- ॥੧੯॥
ਇਕ ਦੁਇ ਮਾਸ ਇਸੀ ਬਿਧਿ ਬੀਤੇ।
ਚਢਹਿ ਅਖੇਰ ਖਾਲਸਾ ਨੀਤੇ।
ਲੂਟ ਕੂਟ ਕਰਿ ਕਿਤਿਕ ਉਜਾਰੇ।
ਕੇਤਿਕ ਅਪਨੇ ਕਰ ਪ੍ਰਤਿਪਾਰੇ ॥੨੦॥
ਖੇਤੀ ਬੰਟਨ ਪਰ ਸਿਖ ਰਹੇ[1]।
[1]ਖੇਤੀ ਦੇ ਵੰਡੌਣ ਤੇ ਸਿਖ ਰਹੇ।

ਢਿਗ ਢਿਗ ਗ੍ਰਾਮ ਜਿ ਗੁਰ ਪੁਰਿ ਅਹੇ।
ਪਰਜਾ ਭਰਨ ਲਗੀ ਸਭਿ ਹਾਲਾ[1]। [1]ਮਾਮਲਾ।
ਖੁਸ਼ੀ ਬਸਨ ਲਾਗੇ ਤਿਸ ਕਾਲਾ ॥੨੧॥
ਦਿਨਪ੍ਰਤਿ ਵਧਤਿ ਪ੍ਰਤਾਪ ਉਚੇਰਾ।
ਮਾਨਹਿਂ ਆਨ ਬਾਸ ਜਿਨ ਨੇਰਾ[1]। [1]ਜਿਨ੍ਹਾਂ ਦਾ ਨੇੜੇ ਵਾਸਾ ਹੈ ਆਨ ਮੰਨਦੇ ਹਨ।
ਨਹੀਂ ਅਨੀਤਿ ਕਰਨ ਕੋ ਪਾਵੈ।
ਚੋਰ ਜਾਰ ਪਕਰਯੋ ਦ੍ਰੂਤ[1] ਜਾਵੈ ॥੨੨॥ [1]ਛੇਤੀ।
ਨਹਿਂ ਬਟਪਾਰ ਕਰਹਿਂ ਬਟਪਾਰੀ।
ਕਰੈ ਸੁ ਪਕਰਯੋ ਜਾਇ ਦੁਖਾਰੀ।
ਪਿਖਿ ਰਾਜੇ ਦੁਖ ਪਾਇਂ ਸਚਿੰਤਾ।
ਗੁਰੂ ਖਾਲਸੇ ਤੇਜ ਬਧੰਤਾ ॥੨੩॥
ਇਕ ਦਿਨ ਸ਼੍ਰੀ ਸਤਿਗੁਰ ਭਗਵਾਨ।
ਬੈਠੇ ਸਭਾ ਸਹਿਤ ਉਚ ਥਾਨ।
ਚਾਮਰ ਚਾਰੁ ਚਲਾਚਲ[1] ਫੇਰੈ। [1]ਚੰਚਲ।
ਸਿੱਖ ਹਜ਼ਾਰਹੁਂ ਦਰਸਨ ਹੇਰੈਂ ॥੨੪॥
ਇਕ ਦਿਜ ਦੀਨ ਦੁਖੀ ਚਲਿ ਆਯੋ[†]। [†]ਤਵਾ: ਖਾ: ਨੇ ਇਸ ਬ੍ਰਾਹਮਣ ਦਾ ਨਾਮ ਦੇਵ ਦਾਸ ਸਾਰਸੁਤ ਬ੍ਰਾਹਮਣ ਦਸਿਆ ਹੈ, ਤੇ ਪਠਾਨ ਦਾ ਨਾਮ ਜਾਬਰਖਾਂ ਦਿੱਤਾ ਹੈ।

ਰੋਦਤਿ ਊਚੇ ਬਾਕ ਸੁਨਾਯੋ।
'ਹੇ ਪ੍ਰਭੁ! ਹਿੰਦੁ ਧਰਮ ਕੀ ਧੁਜਾ!
ਦੀਨ ਦਯਾਲ ਦੀਰਘ ਬਲ ਭੁਜਾ ॥੨੫॥
ਸਭਿ ਥਲ ਤੇ ਮੈਂ ਹੋਇ ਨਿਰਾਸੀ।
ਫਿਰ ਆਯੋ ਰਾਵਰ ਕੇ ਪਾਸੀ।
ਅਤਿ ਅਨਿਆਇ ਮੋਹਿ ਸੰਗ ਕੀਨਾ।
ਦੁਸ਼ਟ ਪਠਾਨ* ਗਰਬ ਦੁਖ ਦੀਨਾ' ॥੨੬॥
ਤਨਕ ਪਰੀ ਧੁਨ ਸ਼੍ਰੁਤਿ ਦੁਖ ਭਰੀ।
ਤਬਹਿ ਦਯਾਨਿਧਿ ਆਗਯਾ ਕਰੀ।
'ਕੋ ਬੋਲਤਿ ਹੈ ਸ਼ੋਕ ਸਮੇਤਾ?

| | |
|---|---|
| ਕਿਨ ਮਾਰਯੋ ਦੋਹੀ[1] ਇਹ ਦੇਤਾ' ॥੨੭॥ | [1]ਦੁਹਾਈ। |
| ਚੋਬਦਾਰ ਤਬਿ ਬੂਝਨਿ ਗਯੋ। | |
| ਨਿਕਟ ਹੋਇ ਸਭਿ ਉਚਰਤਿ ਭਯੋ। | |
| 'ਪੁਰਿ ਹੁਸ਼ੀਆਰ ਨਿਕਟ ਇਕ ਬਸੀ[1]। | [1]ਨਾਮ ਪਿੰਡ। |
| ਬਸੈ ਪਠਾਨ ਤਹਾਂ ਮਤਿ ਨਸੀ[1] ॥੨੮॥ | [1](ਨਜਾਯ) ਬੁੱਧੀ ਵਿਨਾਸ਼ ਹੋਈ ਹੈ ਜਿਸ ਦੀ। |
| ਮੈਂ ਮੁਕਲਾਇ ਬਧੂ ਕੋ ਡੋਰਾ। | |
| ਗਵਨਤਿ ਜਾਤਿ ਅਪਨ ਘਰ ਓਰਾ। | |
| ਕਰੀ ਬਿਲੋਕਨਿ ਤਿਨ ਮਮ ਦਾਰਾ[1]। | [1]ਇਸਤ੍ਰੀ। |
| ਛੀਨ ਬਰਜੋ ਲੇ ਸਦਨ ਮਝਾਰਾ ॥੨੯॥ | |
| ਜੋ ਜਬਿ ਊਚੇ ਕੀਨ ਪੁਕਾਰਾ। | |
| ਨਰ ਤੇ ਗਹਿਵਾਯੋ ਬਹੁ ਮਾਰਾ[1]। | [1]ਮੈਨੂੰ) ਮਾਰਿਆ। |
| ਤਿਸ ਹਿਤ ਮੈਂ ਬਹੁਤਨਿ ਢਿਗ ਗਯੋ। | |
| ਤੁਰਕ ਜਹਾਂ ਕਹਿਂ ਧਨ ਤਿਨ ਦਯੋ[1] ॥੩੦॥ | [1]ਉਸ ਨੇ ਤੁਰਕ (ਹਾਕਮਾਂ) ਨੂੰ (ਜਿੱਥੇ ਕਿੱਥੇ) ਧਨ (ਭਾਵ ਵੱਢੀ) ਦਿੱਤੀ ਹੈ। |
| ਨਹੀਂ ਫਿਰਾਦ ਲਗਨ ਕਿਤ ਦੀਨ[1]। | [1]ਮੇਰੀ ਫਰਯਾਦ ਕਿਤੇ ਅੱਪੜਨ ਨਹੀਂ ਦਿੱਤੀ। |
| ਜਿਉਂ ਕਿਉਂ ਜਤਨ ਅਨਿਕ ਮੈਂ ਕੀਨ। | |
| ਕਾਜ਼ੀ ਕੋਟਵਾਰ[1] ਢਿਗ ਫਿਰਿਯੋ। | [1]ਕੁਤਵਾਲ। |
| ਕਿਨਹੂੰ ਨਜਾਉਂ ਨ ਮੇਰੋ ਕਰਿਯੋ ॥੩੧॥ | |
| ਲਖਿ ਕੇ ਗੁਰ ਹਿੰਦੂਨਿ ਸਿਰਮੌਰ। | |
| ਪਰਮ ਦੁਖੀ ਆਇਓ ਇਸ ਠੌਰ। | |
| 'ਸਭਿ ਬ੍ਰਿਤੰਤ ਸੁਨਿ ਕੈ ਹਟਿ ਗਇਊ[1]। | [1]ਚੋਬਦਾਰ) ਮੁੜ ਆਇਆ। |
| ਗੁਰ ਸਮੀਪ ਨਿਵੇਦਤਿ ਭਇਊ[1]' ॥੩੨॥ | [1]ਗੁਰੂ ਜੀ ਨੂੰ ਦੱਸਿਆ। |
| ਸੁਨਿ ਦਿਜ ਕੋ ਤਬਿ ਨਿਕਟ ਬੁਲਾਯੋ। | |
| ਹਾਥ ਜੋਰਿ ਗੁਰ ਸਨਮੁਖਿ ਆਯੋ। | |
| ਛੀਨੀ ਦਾਰਾ ਸਕਲ ਬ੍ਰਿਤੰਤਾ। | |
| ਕਰਯੋ ਸੁਨਾਵਨਿ ਪੁਨ ਭਗੰਵਤਾ ॥੩੩॥ | |
| 'ਸ੍ਰੀ ਪ੍ਰਭੂ! ਕੈ ਅਬਿ ਤ੍ਰਿਯ ਕੋ ਪਾਊਂ। | |

ਨਤੁ ਮੈਂ ਦ੍ਵਾਰ ਅੱਗ੍ਰ ਜਰ ਜਾਊਂ।
ਜੀਵਨ ਧਰਮ ਨਹੀਂ ਅਬਿ ਮੇਰਾ।
ਤੁਮ ਬਿਨ ਜਤਨ ਨਹੀਂ ਕੋ ਹੇਰਾ'
॥੩੪॥
ਸੁਨਿ ਕਲਗੀਧਰ ਧੀਰਜ ਦੀਨ।
'ਜਰਹੁ ਨ, ਦੁਖ ਚਿੰਤਾ ਕਰਿ ਹੀਨ।
ਕਰੈਂ ਜਤਨ ਤੁਵ ਦਾਰਾ ਹੇਤ।
ਜਿਉਂ ਕਿਉਂ ਕਰਿ ਲੈ ਦੇਹਿਂ ਨਿਕੇਤ[1] — [1]ਘਰ ਵਾਲੀ ਤੈਨੂੰ ਲੈ ਦਿਆਂਗੇ।
॥੩੫॥
ਤਿਸ ਛਿਨ ਪੁੱਤ੍ਰ ਬਿਸਾਲ[1] ਬੁਲਾਯੋ। — [1]ਭਾਵ ਸਾਹਿਬ ਅਜੀਤ ਸਿੰਘ ਜੀ ਨੂੰ।
ਸੁਨਤਿ ਹੁਕਮ ਕੋ ਪਿਤ ਢਿਗ ਆਯੋ।
ਤਰੁਨ ਅਵਸਥਾ ਜਿਸ ਤਨ ਸੋਹੈ†। — †ਪਾ:-ਮੋਹੈ।
ਜਨੁ ਅਰਜਨ ਸੁਤ ਅਭਿਮੰਨੁ ਓਹੈ[1]† — [1]ਜਿਵੇਂ ਓਹ ਅਰਜਨ ਦਾ ਪੁੱਤ੍ਰ ਅਭਿਮੰਨੂੰ (ਸੋਹਿੰਦਾ ਹੈ ਸੀ)। †ਪਾ:-ਮੋਹੈ।
॥੩੬॥
ਖੜਗ ਸਿਪਰ ਜਿਹ ਅੰਗ ਲਗਾਏ।
ਅਧਿਕ ਸਪੂਤ[1] ਸੁੰਦਰੀ ਜਾਏ। — [1]ਵੱਡੇ ਪੁੱਤ੍ਰ।
ਸਕਲ ਕੁਟੰਬ ਮੋਦ ਕੋ ਦਾਇਕ।
ਮਿੱਤ੍ਰਨਿ ਸੁਖਦ ਸ਼ੱਤ੍ਰੁ ਗਨ ਘਾਇਕ
॥੩੭॥
ਚਪਲ ਬਿਲੋਚਨ ਯੁਤਿ ਬਿਸਤਾਰਾ[1]। — [1]ਭਾਵ ਵੱਡੇ।
ਪਿਤ ਕੇ ਗੁਨ ਅਰੁ ਤਨ ਅਨੁਹਾਰਾ[1]। — [1]ਤੁੱਲ।
ਸਭਾ ਮਝਾਰ ਗੁਰੂ ਢਿਗ ਆਯੋ।
ਉਡਗਨ ਰਵਿ ਸਸਿ ਸਮ ਦਰਸਾਯੋ[1] — [1]ਤਾਰਿਆਂ (ਰੂਪ ਸਮੂਹ ਸਿੱਖਾਂ ਨੂੰ ਗੁਰੂ ਜੀ) ਸੂਰਜ (ਤੇ ਸਾਹਿਬ ਅਜੀਤ ਸਿੰਘ ਜੀ) ਚੰਦ੍ਰਮਾ ਵਤ ਨਜ਼ਰੀਂ ਆਏ।
॥੩੮॥
ਪਿਤਾ ਗੁਰੂ ਕੇ ਪਗ ਕਰਿ ਨਮੋ।
ਸਾਦਰ ਬੈਠਿ ਗਯੋ ਤਿਹ ਸਮੋ।
ਸਰਬ ਸਭਾਸਦ ਬੰਦਨ ਕੀਨ।
ਦੇਖਿ ਦੇਖਿ ਦਿਸ ਮਾਨ ਸੁ ਲੀਨ[1] — [1]ਨਮਸਕਾਰਾਂ) ਮੰਨ ਲਈਆਂ (ਉਨ੍ਹਾਂ ਦੀਆਂ)।
॥੩੯॥
ਪਿਖਿ ਸਪੂਤ ਕੋ ਹੁਕਮ ਬਖਾਨਾ।

'ਲੇਹੁ ਸਿੰਘ ਸੰਗ ਕਰਹੁ ਪਿਆਨਾ।
ਬਲੀ ਤੁਰੰਗਮ ਪਰ ਸ਼ੁਭ ਜ਼ੀਨ।
ਖਰ ਖਪਰੇ ਧਰਿ ਕੈ ਧਨੁ ਪੀਨ ॥੪੦॥
ਦਿਜ ਕੋ ਦੁਖ, ਛੀਨੀ ਖਲ ਦਾਰਾ[1]।
ਦੋਹੀ ਦੀਨ, ਦੀਨ ਲਖਿ ਮਾਰਾ[1]।
ਬਸੀ[1] ਬਸੀ ਇਕ ਤਿਸ ਮਹਿਂ ਬਸੇ।
ਕਰਿ[†] ਅੱਨਜਾਇ ਖੁਸ਼ੀ ਯੁਤਿ ਹਸੇ ॥੪੧॥
ਆਨੁਹ ਦਿਜ ਕੀ ਤ੍ਰਿਯਾ ਸਮੇਤ[1]।
ਔਚਕ ਘੇਰਹੁ ਜਾਇ ਨਿਕੇਤ।
ਆਵਤਿ ਜਾਤਿ ਨ ਬਿਲਮ ਲਗਾਵਹੁ।
ਗਹਿ ਦੋਨਹੁਂ ਕੋ ਤੂਰਨ ਲਜਾਵਹੁ[†]' ॥੪੨॥
ਪਿਤਾ ਹੁਕਮ ਕੋ ਸੁਨਿ ਪਦ ਬੰਦੇ।
ਤੁਰਤ ਤਯਾਰ ਹੁਇ ਰਿਦੈ ਅਨੰਦੇ।
ਸੌ ਅਸਵਾਰ ਸਿੰਘ ਚਢਿ ਚਾਲੇ।
ਜ੍ਵਾਲਾ ਬਮਣੀ ਹਾਥ ਸੰਭਾਲੇ ॥੪੩॥
ਸਤੁੱਦ੍ਰਵ ਕੋ ਜਲ ਉਤਰੇ ਪਾਰ।
ਦ੍ਵੈ ਘਟਿਕਾ ਬਾਸੁਰ ਤਿਸ ਬਾਰ।
ਬਿੱਪ੍ਰ ਸੰਗ ਲੇ ਨਿਸ ਮਹਿਂ ਚਾਲੇ।
ਗ੍ਰਾਮ ਗ੍ਰਾਮ ਤੇ ਨਰਹਿ ਨਿਕਾਲੇ[1] ॥੪੪॥

[1]ਬ੍ਰਾਹਮਣ ਨੂੰ ਦੁਖ ਦੇਕੇ ਮੂਰਖ ਨੇ (ਇਸ ਦੀ) ਇਸਤ੍ਰੀ ਖੋਹੀ ਹੈ।

[1](ਸਾਡੇ ਨਾਮ ਦੀ) ਦੁਹਾਈ ਇਸ ਨੇ ਦਿਤੀ ਹੈ (ਕਿ ਮੈਨੂੰ) ਦੀਨ ਜਾਣਕੇ ਉਸ ਨੇ ਮਾਰਿਆ ਹੈ (ਆਪ ਹਮਾਯਤ ਕਰੋ)।

[1]ਬਸੀ ਨਾਮੇ ਇਕ ਬਸਤੀ ਹੈ।

[†]ਪਾ:-ਘਰ।

[1]ਲਿਆਓ (ਪਠਾਣ ਨੂੰ) ਦਿਜ ਤ੍ਰਿਯਾ ਸਣੇ।

[†]ਪਾ:-ਗਹਿ ਦਇਨ ਕੋ ਤੂਰਨ ਆਵਹੁ।

[1](ਰਸਤਾ ਦੱਸਣ ਲਈ) ਪਿੰਡਾਂ ਵਿਚੋਂ ਆਦਮੀ ਕੱਢਕੇ ਨਾਲ ਲੈਂਦੇ ਗਏ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁੱਤੇ 'ਦਿਜ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੩॥

## ੩੪. [ਦਿਜ ਨੂੰ ਇਸਤ੍ਰੀ ਦਿਵਾਈ। ਸਿੰਘਾਂ ਨੇ ਸਿਰ ਸੱਦਕ ਖੋਹਿਆ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਘੋਰੇ ਤੁਰਨ ਤੋਰ ਕਰਿ, ਬਸੀ ਬਸੀ[1] ਜਿਸ ਥਾਇੰ। [1]ਬਸੀ ਨਾਮੇ ਬਸਤੀ ਸੀ ਜਿੱਥੇ।
ਬਸਿ ਹੈ ਬਾਸ ਪਠਾਣ ਕੋ[1], ਦੀਨੋ ਬਿੱਪ੍ਰ ਬਤਾਇ ॥੧॥ [1]ਪਠਾਣ ਦਾ ਘਰ ਜਿੱਥੇ ਵਸਦਾ ਸੀ।

ਚੌਪਈ:

ਤੁਰਕ ਸੁਪਤ ਜਹਿਂ ਸਹਿਜ ਸੁਭਾਇ।
ਜਾਇ ਅਚਾਨਕ ਘੇਰੋ ਪਾਇ।
ਸਕਲ ਗ੍ਰਾਮ ਕੇ ਜੇਤਿਕ ਖਾਨ।
ਦੇਖਿ ਸੈਨ ਕੋ ਭਏ ਹਿਰਾਨ ॥੨॥
ਕਿਤਿਕ ਦੁਰੇ ਕੋ ਪੂਛਨ ਲਾਗੇ।
ਕੇਤਿਕ ਦਾਵ ਪਾਇ ਕਰਿ ਭਾਗੇ।
ਕੇਚਿਤ ਕਹਯੋ 'ਨ ਦੋਸ਼ ਹਮਾਰੋ।
ਦੋਖੀ ਤਜਹੁ ਗਹ ਕੈ ਮਾਰੋ[1] ॥੩॥ [1]ਜੋ ਦੋਖੀ ਹੈ ਉਸ ਨੂੰ ਛਡੋ ਭਾਵੇਂ ਮਾਰੋ।
ਕਿਸਹੁਂ ਨ ਆਗੇ ਸ਼ਸਤ੍ਰ ਉਠਾਯਹੁ।
ਗਹਯੋ ਪਠਾਨ ਸੁ ਬੰਧਿ ਚਲਾਯੋ।
ਦਿਜਨੀ ਕੋ ਇਕ ਤੁਰੰਗ ਚਢਾਯੋ।
ਇਹ ਕੁਰੀਤਿ ਫਲ ਸਭਿਨਿ ਸੁਨਾਯੋ ॥੪॥
ਗਹਿ ਦੋਨਹੁਂ ਕੋ, ਅਪਰ ਨ ਛੇਰਾ।
ਸ਼ੀਘ੍ਰ ਕਰਤਿ ਗਮਨੇ ਤਿਸ ਬੇਰਾ।
ਜਿਸ ਮਗ ਗਏ ਤਿਸੀ ਮਗ ਆਏ।
ਕਿਤਿਕ ਚਢੇ ਦਿਨ ਪੁਰਿ[1] ਨਿਯਰਾਏ ॥੫॥ [1]ਅਨੰਦਪੁਰ ਦੇ।
ਸਤਿਗੁਰ ਸਭਾ ਮਾਂਹਿ ਜਬਿ ਅਏ।
ਤਬਿ ਲੇ ਦੋਨੋ ਪਹੁਂਚਤਿ ਭਏ।
'ਵਾਹਿਗੁਰੂ ਜੀ ਕੀ ਕਹਿ ਫਤੇ।'
ਸਭਿ ਕੋ ਭਯੋ ਹਰਖ ਉਰ ਅਤੇ ॥੬॥
ਦੋਨਹੁਂ ਕੋ ਗੁਰ ਨਿਕਟ ਬਿਠਾਏ।
ਆਪ ਉਤਰ ਕਰਿ ਸ਼੍ਰਮ[1] ਬਿਸਰਾਏ। [1]ਆਪ ਸਾਹਿਬ ਅਜੀਤ ਸਿੰਘ ਜੀ ਨੇ ਥਕਾਨ ਲਾਹੀ (ਭਾਵ ਆਰਾਮ ਕੀਤਾ)।

ਦਿਜ ਕੀ ਦਾਰਾ ਦਿਜ ਕੋ ਦਈ।
ਆਸ਼ਿਖ ਬਾਦ ਕਹਜੋ ਸੁਖ ਮਈ ॥੭॥
ਤੁਰਕ ਪਠਾਨ ਅਰਧ ਗਡਵਾਯੋ।
ਤੀਰਨ ਸੋਂ ਤਿਸ ਕੋ ਮਰਵਾਯੋ।
ਇਸ ਚਰਿੱਤ੍ਰ ਕੋ ਸੁਨਿ ਜਗ ਸਾਰਾ।
ਸ੍ਰੀ ਸਤਿਗੁਰ ਜਸ ਮਹਿਦ ਉਚਾਰਾ ॥੮॥
ਜਥਾ ਚਾਂਦਨੀ ਨਿਰਮਲ ਹੋਤਿ।
ਤਿਮ ਘਰ ਘਰ ਮਹਿਂ ਸੁਜਸ ਉਦੋਤ।
ਮਨਹੁਂ ਮਾਲਤੀ ਫੂਲਤਿ ਝੂਲੀ।
ਰਾਇਬੇਲ ਕੈ ਸੁੰਦਰ ਫੂਲੀ ॥੯॥
ਜਹਿਂ ਕਹਿਂ ਕੀਰਤਿ ਬਰਨਨ† ਕਰਤੇ।

†ਪਾ:-ਬੰਟਨ।

'ਧੰਨ ਧੰਨ ਪ੍ਰਭੁ ਧੰਨ' ਉਚਰਤੇ।
ਇਕ ਦਿਨ ਸ੍ਰੀ ਗੁਰ ਚਢਿਬੇ ਚਹਿਯੋ।
ਬਾਜੀ ਕੇ[1] ਸੇਵਕ ਸੰਗ ਕਹਿਯੋ ॥੧੦॥

[1]ਘੋੜੇ ਦੇ।

'ਜਾਟ ਕਪੂਰੇ ਤੁਰੰਗ ਪਠਾਯੋ।
ਦਲ ਬਿਡਾਰ ਕੇ ਨਿਕਟ ਬੰਧਾਯੋ[1]।

[1]ਦਲ ਬਿਡਾਰ (ਨਾਮੇ) ਘੋੜੇ ਦੇ ਪਾਸ ਬੱਧਾ ਹੈ।

ਮਿਸ਼ਟ ਘ੍ਰਿਤ ਕੋ ਰਾਤਬ ਕਰਿਯੋ[1]।

[1]ਮਿਲਾ ਕਰਕੇ।

ਅਬਿ ਲੌਂ ਭਲੀ ਭਾਂਤ ਪ੍ਰਤਿਪਰਿਯੋ ॥੧੧॥
ਆਜ ਪਾਇ ਕਰ ਜ਼ੀਨ ਸ਼ਿੰਗਾਰੋ।
ਭੂਖਨ ਕਰਨ ਹਮੇਲਾਂ ਡਾਰੋ[1]।

[1]ਕੰਨਾਂ ਦੇ ਗਹਿਣੇ ਤੇ (ਹਮੇਲ=) ਗਲੇ ਦਾ ਗਹਿਣਾ ਪਾਓ।

ਕੰਚਨ ਕੇ ਜ਼ੇਵਰ[1] ਪਹਿਰਾਵੋ।

[1]ਗਹਿਣੇ।

ਭਲੇ ਤਜਾਰ ਕਰਿ ਕੈ ਲੈ ਆਵੋ' ॥੧੨॥
ਹੁਕਮ ਮਾਨਿ ਸੇਵਕ ਕਿਯ ਤਜਾਰਾ।
ਅਲੰਕਾਰ? ਕੰਚਨ ਸ਼ਿੰਗਾਰਾ।
ਕਲਗ਼ੀ ਧਰੀ ਸੀਸ ਪਰ ਖਰੀ[1]।

[1]ਘੋੜੇ ਦੇ ਸਿਰ ਤੇ ਉੱਚੀ ਕਲਗ਼ੀ ਲਗਾਈ।

ਲੂਲ ਹਮੇਲ ਸਜਾਵਨ ਕਰੀ[1] ॥੧੩॥

[1]ਛੱਬੇ ਤੇ ਹਮੇਲ ਪਾਕੇ ਸਜਾਵਟ ਕੀਤੀ। [ਪੰਜਾ:, ਲੂਲ=ਛੱਬਾ। ਅ:, ਲੂਲੁ=ਮੋਤੀ]।

ਤਹਿਰੂ ਡਾਲ, ਬਸਤਨੀ[1] ਲਾਲਾ।
ਜੇ ਬਹੁ ਮੋਲਾ ਹੁਤੋ ਦੁਸ਼ਾਲਾ।
ਤੰਗ ਰੇਸ਼ਮੀ ਐਂਚਨਿ ਕੀਨ।
ਦੋਨੋ ਚਾਰੁ[1] ਰਕਾਬਨਿ ਪੀਨ[2] ॥੧੪॥
ਕਵਕਾ ਦੇ ਕਰਿ ਲਜਾਯਹੁ ਤਹਾਂ।
ਪ੍ਰਭੁ ਬਿਰਾਜਹਿਂ ਬੈਠੇ ਜਹਾਂ।
ਅਵਿਲੋਕਨ ਕਰਿ ਸੁੰਦਰ ਘੋਰਾ।
ਸੇਵਾ ਕਰੇ ਭਯੋ ਤਨ ਜੋਰਾ ॥੧੫॥
ਉਠਿ ਕਰੁਨਾਨਿਧਿ ਤਬਿ ਚਲਿ ਆਏ।
ਇਕ ਰਕਾਬ ਪਗ ਪੰਕਜ ਪਾਏ।
ਗ੍ਰੀਵ ਕੇਸ ਗਹਿ ਹਯ ਕੇ ਜਬੈ।
ਉਕਸੇ ਊਪਰ ਚਢਿਤੇ ਤਬੈ ॥੧੬॥
ਉਛਰਜੋ ਘੋਰਾ ਬਲ ਕੋ ਭਰਿਯੋ।
ਨਹਿਂ ਆਸਨ ਪਰ ਸ਼੍ਰੀ ਪ੍ਰਭੁ ਥਿਰਿਯੋ।
ਅਵਨੀ ਪਰ ਤਿਸ ਤੇ ਥਿਰ ਖਰੇ।
ਦਾਹਨ ਭੁਜਾ ਝਟਕਬੋ ਕਰੇ[1] ॥੧੭॥
ਚਢੇ ਬਹੁਰ, ਪੀੜਾ ਕੁਛ ਭਈ।
ਸੇਤ ਰੁਮਾਲ ਸੰਗ ਬੰਧਿ ਦਈ।
ਪ੍ਰਿਥਮ ਤੁਰੰਗ ਤੋਰ ਕਰਿ ਚਾਲਾ।
ਫੇਰਜੋ ਫੇਰ ਸਤੇਜ ਬਿਸਾਲਾ ॥੧੮॥
ਬਹੁ ਧਵਾਇ ਕਰਿ ਭਲੇ ਫੰਦਾਇਓ।
ਪੁਨ ਜਨਨੀ ਮੰਦਰ ਪ੍ਰਭੁ ਆਇਓ।
ਉਤਰਿ ਤੁਰੰਗ ਤੇ ਅੰਤਰ ਬਰੇ।
ਮਾਤਾ ਨਿਕਟ ਬੈਠਿਬੋ ਕਰੇ ॥੧੯॥
ਗੁਰ ਸਪੂਤਿ ਪਰ ਦ੍ਰਿਸ਼ਟਿ ਪਸਾਰੀ।
ਅਤਿ ਪ੍ਰਿਯ ਹੇਰਤਿ ਹ੍ਵੈ ਬਲਿਹਾਰੀ।
ਮੁਖ ਕੋ ਪਿਖਿ, ਸਕੰਧ[1] ਪੁਨ ਪੇਖਾ।
ਬੰਧਜੋ ਬਸਤ੍ਰ ਸਾਥ ਅਵਰੇਖਾ ॥੨੦॥
ਹੁਇ ਸ਼ੰਕਤਿ[1] ਸੁਤ ਕੋ ਪੁਨ ਕਹਯੋ।
'ਇਹ ਕਜਾ ਭਯੋ ਬਸਤ੍ਰ ਬੰਧ ਰਹਯੋ।
ਅਹੈ ਕੁਸ਼ਲ ਸਭਿ ਦੇਹ ਤੁਮਾਰੇ?

[1]ਚਾਰ ਜਾਮੇ ਉੱਤੇ ਪਾਇਆ ਜਾਣ ਵਾਲਾ ਕੱਪੜਾ।

[1]ਸੁੰਦਰ। [2]ਵੱਡੀਆਂ।

[1]ਸੱਜੀ ਬਾਂਹ ਝਟਕਾ ਖਾ ਗਈ।

[1]ਮੋਢਾ।

[1]ਖੁਹਲ ਕੇ ਦੱਸੋ।

ਕੋ ਕਾਰਨ ਕਹਿਯਤਿ ਨਿਰਧਾਰੇ[1]' ॥੨੧॥
ਸੁਨਿ ਜਨਨੀ ਤੇ ਕਹ੍ਯੋ ਕ੍ਰਿਪਾਲਾ।
'ਚਢਨ ਲਗੇ ਜਬਿ ਤੁਰੰਗ ਬਿਸਾਲਾ।
ਉਛਰ੍ਯੋ ਬਲ ਤੇ ਭੁਜ ਅਟਕਾਈ।
ਖਾਇ ਜ਼ੋਰ ਪੁਨ ਪੀਰ ਉਠਾਈ' ॥੨੨॥
ਸੁਨਿ ਸੰਕਤਿ ਜਨਨੀ ਤਬਿ ਭਈ।
ਬ੍ਰਿੰਦ ਸਮੱਗ੍ਰੀ ਸੰਚਨ ਕਈ।
ਕਾਰਦਾਰ ਸਨ ਭਨਿ ਤਤਕਾਲਾ।
ਕਰੀ ਮੰਗਾਵਨਿ, ਸੁਤ ਬੈਠਾਲਾ ॥੨੩॥
ਤੇਲ ਮਾਂਹਿ ਸਤਨਾਜ[1] ਅਣਾਇ।
ਲੋਹਾ, ਤਿਲ, ਕੰਚਨ ਮੰਗਵਾਇ।
ਗੁਰ ਸਪੂਤ ਕੇ ਅੰਗਨ ਲਾਏ।
ਇਮ ਛੁਹਾਇ ਕਰਿ ਦਿਜਨ ਦਿਵਾਏ ॥੨੪॥
ਤਬਿ ਦਿਜ ਲੇ ਕਰਿ ਨਿਕਸ੍ਯੋ ਬਾਹਰ।
ਥਿਰੇ ਪੌਰ ਪਰ ਸਿੰਘ ਸੁ ਜ਼ਾਹਰ।
ਬੂਝ੍ਯੋ ਬਿੱਪ੍ਰ 'ਕਹਾਂ[1] ਇਹ ਲ੍ਯਾਯੋ?'
'ਸਿਰ ਸਦਕਾ ਸਤਿਗੁਰੂ ਦਿਵਾਯੋ ॥੨੫॥
ਸੋ ਬਿੱਪ੍ਰਨਿ ਕੋ ਜਨਨੀ ਦੀਨ।
ਜਾਂਹਿ ਸਦਨ ਕੋ ਹਮ ਸਭਿ ਲੀਨ[1]।'
ਜਬਿ ਸਿਰ ਸੱਦਕ ਸਿੰਘਨਿ ਸੁਨਿਓ।
ਮਿਲਿ ਆਪਸ ਮਹਿਂ ਨੀਕੇ ਗੁਨਿਓਂ ॥੨੬॥
-ਸਿਰ ਸੱਦਕ ਨਹਿਂ ਦੈਬੋ ਬਨੈ।
ਹਮ ਸਿਖ ਗੁਰ ਕੇ ਹੈਂ ਹਿਤ ਸਨੈਂ।
-ਇਮ ਬਿਚਾਰ ਕਰਿ ਲੀਨਸਿ ਛੀਨ।
ਬਿੱਪ੍ਰ ਪੁਕਾਰ ਰਹ੍ਯੋ, ਨਹਿਂ ਦੀਨ

[1]ਸੋਚਵਾਨ।
[1]ਸੱਤ ਅਨਾਜ।
[1]ਕੀਹ।
[1]ਅਸੀਂ) ਲੈ ਕੇ ਘਰ ਜਾ ਰਹੇ ਹਾਂ ਸਾਰੇ।

॥੨੭॥
ਕਰਤਿ ਪੁਕਾਰ ਮਾਤ ਢਿਗ ਆਯੋ।
'ਸਿੰਘਨ ਛੀਨਜੋ' ਸਕਲ ਸੁਨਾਯੋ।
ਸੁਨਿ ਜਨਨੀ ਕਰਿ ਕੋਪ ਬਿਸਾਲਾ।
ਊਚੇ ਬੋਲਿ ਕਹਜੋ ਤਿਸ ਕਾਲਾ
॥੨੮॥
'ਕੈਸੇ ਸਿੰਘ ਪੌਰ ਪਰ ਰਾਖੇ।
ਲੇਨਿ ਦਾਨ ਪਰ ਜੇ ਅਭਿਲਾਖੇ[1]।
ਆਵਨ ਜਾਨੋ ਬੰਦ ਕਰੰਤੇ।
ਦਿਜ ਆਦਿਕ ਸਭਿ ਸੰਗ ਲਰੰਤੇ
॥੨੯॥
ਕਹੇ ਸੁਨੇ ਮਹਿਂ ਕਿਸ ਕੇ ਨਾਂਹੀ।
ਉਚਿਤ ਅਨੁਚਿਤੈ ਲਖਿ ਨ ਸਕਾਹੀਂ।'
ਊਚੇ ਬੋਲ ਮਾਤ ਕੇ ਸੁਨੇ।
ਸ਼੍ਰੀ ਸਤਿਗੁਰ ਸ਼੍ਰੀ ਮੁਖ ਤੇ ਭਨੇ
॥੩੦॥
'ਮਾਤ! ਕੋਪ ਕਿਹ ਸਨ ਅਸ ਕੀਨਾ?
ਹੁਕਮ ਤੁਮਾਰੋ ਕੋ ਨਹਿਂ ਚੀਨਾ[1]?'
ਸੁਨਿ ਸੁਤ ਤੇ ਪ੍ਰਸੰਗ ਕਹਿ ਦਯੋ।
'ਤਉ ਸਿਰ ਸੱਦਕ ਬਿੱਪ੍ਰਨਿ ਲਯੋ
॥੩੧॥
ਲਏ ਜਾਤ ਸੋ ਸਿੰਘਨਿ ਛੀਨੇ।
ਹੁਇ ਨਿਸੰਗ ਅਸ ਊਧਮ[1] ਕੀਨੇ।'
ਸ਼੍ਰੀ ਸਤਿਗੁਰ ਸੁਨਿ ਬਿੱਪ੍ਰ ਬੁਲਾਯੋ।
ਬੂਝਨਿ ਹੇਤ ਨਿਕਟ ਠਹਿਰਾਯੋ
॥੩੨॥
'ਕਹੁ ਦਿਜ! ਸਿੰਘਨ ਸੰਗ ਪ੍ਰਸੰਗ।
ਕਿਮ ਬੋਲੇ ਕਿਮ ਕੀਨ ਕੁਢੰਗ?'
'ਮਹਾਰਾਜ ਹਮ ਲੇ ਕਰਿ ਗਏ।
ਪੌਰ ਸਥਾਨ ਪਹੁਂਚਤੇ ਭਏ ॥੩੩॥
ਬੂਝਨਿ ਲਗੇ ਕਹਾਂ ਤੁਮ ਆਨਜੋਂ?

[1]ਦਾਨ ਲੈਣ ਪਰ ਜੋ ਇੱਛਾ ਰਖਦੇ ਹਨ।

[1]ਕਿਸਨੇ ਨਹੀਂ ਜਾਣਿਆ ਭਾਵ ਮੰਨਿਆ।

[1]ਉਪੱਦ੍ਰਵ।

-ਗੁਰ ਸਿਰ ਸੱਦਕ- ਹਮੈਂ ਬਖਾਨਜੋਂ।
ਇਮ ਸੁਨਿ ਸਿਰ ਤੇ ਪੋਟ ਉਤਾਰੀ।
ਕਹੈਂ ਕਿ -ਇਸ ਕੇ ਹਮ ਅਧਿਕਾਰੀ
॥੩੪॥
ਅਪਰ ਕਿਸੀ ਕੋ ਹਮ ਨਹਿਂ ਦੇਤਿ-।
ਇਸ ਬਿਧਿ ਕਹਿ ਲੇ ਧਰੀ ਨਿਕੇਤਿ।'
ਸੁਨਿ ਸਤਿਗੁਰ ਜਨਨੀ ਸੰਗ ਕਹਿਯੋ।
'ਅਪਰ ਦਾਨ ਜੇਤਿਕ ਬਚ ਰਹਿਯੋ
॥੩੫॥
ਸੋ ਇਨ ਕੋ ਦਿਹੁ, ਨਿਕਸਹੁ ਪੌਰ।
ਜੇ ਬੂਝਹਿਂ ਸਿਖ ਪੁਨ ਤਿਸ ਠੌਰ।
ਕਹਹੁ -ਸੰਕਲਪ ਕਰਿ ਦੀਆ ਦਾਨ।
ਸੋ ਹਮ ਲਏ ਜਾਤ ਨਿਜ ਥਾਨ-'
॥੩੬॥
ਬਹੁਰ ਬੰਧਿ ਕੈ ਪੋਟ ਪਯਾਨੋ।
ਸਿੰਘਨਿ ਬੂਝੇ ਤਬਹਿ ਬਖਾਨੋ।
'ਕਰਿ ਸੰਕਲਪ ਦਯੋ ਗੁਰ ਦਾਨਾ।
ਸੋ ਸਾਮਿਗ੍ਰੀ ਹਮ ਅਬਿ ਆਨਾ'
॥੩੭॥
ਸੁਨਤਿ ਖਾਲਸੇ ਤਬਿ ਕਹਿ ਦਯੋ।
'ਜਾਹੁ ਮਿਸਰ ਜੁ! ਆਛੋ ਭਯੋ।'
ਪ੍ਰਥਮ ਸਮਿਗ੍ਰੀ ਛੀਨੀ ਜੋਇ।
ਅੰਨ ਦੇਗ਼ ਮਹਿਂ ਪਾਯੋ ਸੋਇ ॥੩੮॥
ਕੰਚਨ ਆਦਿਕ ਵਸਤੁ ਬਿਕਾਈ[1]। [1]ਵੇਚੀ।
ਲੇ ਕਰਿ ਮੈਦਾ ਘ੍ਰਿੱਤ ਮਿਠਾਈ[1]। [1]ਖੰਡ।
ਪੰਚਾਂਮ੍ਰਿਤ ਸਭਿ ਕੋ ਕਰਿਵਾਯੋ।
ਸਕਲ ਖਾਲਸੇ ਮਹਿਂ ਵਰਤਾਯੋ ॥੩੯॥
ਜਹਿਂ ਕਹਿਂ ਭੇਜਜੋ ਸਭਿ ਕੇ ਡੇਰੇ।
ਸੁਨਿ ਕੈ ਸੰਗਤਿ ਸੰਤ ਅਛੇਰੇ।
ਭਯੋ ਪ੍ਰਮੋਦ ਕਹੈਂ 'ਕਿਯ ਨੀਕੋ।
ਸਿਰ ਸੱਦਕ ਸ਼੍ਰੀ ਸਤਿਗੁਰ ਜੀ ਕੋ[†] [†]ਪਾ:-ਹੀਕੋ।

॥੪੦॥

ਬਹੁਰ ਹੋਇ ਜਿਸ ਪਰ ਅਰਦਾਸ[1]।

[1]ਫਿਰ ਉਹ (ਵਸਤ ਕਿ) ਜਿਨ੍ਹਾਂ ਪਰ ਅਰਦਾਸਾ ਸੋਧਿਆ ਗਿਆ ਹੋਵੇ।

ਮਾਲਕ ਤਾਂਹਿ ਖਾਲਸਾ ਖਾਸ।
ਜਿਸ ਕੋ ਜੋਗੀ ਖੋਜਤਿ ਹਾਰੇ।
ਪਾਇ ਨ ਸਕਹਿਂ ਸੁਰਾਸੁਰ ਪਾਰੇ
॥੪੧॥

ਸੋ ਸਰੂਪ ਜਗ ਤਾਰਣ ਹੇਤਾ।
ਪ੍ਰਗਟ ਭਏ ਬੇਦੀ ਕੁਲ ਕੇਤਾ।
ਤਿਸ ਕੋ ਦਸਮ ਰੂਪ ਅਵਤਾਰਾ।
ਸਿਰ ਸੱਦਕ ਪ੍ਰਭੁ ਹੋਨਿ ਸੁਖਾਰਾ[1]

[1]ਪ੍ਰਭੂ ਦੇ ਸੁਖਾਲੇ ਹੋਣ ਦਾ ਸਿਰਸੱਦਕ।

॥੪੨॥

ਤਿਹ ਲੇ ਜਾਤਿ ਅਪਰ ਕੋ ਭੌਨ[1]।

[1]ਹੋਰ ਕੋਈ ਘਰ ਲੈ ਜਾਵੇ।

ਤਬਹਿ ਖਾਲਸਾ ਹੋਵਤਿ ਕੌਨ[1]।'

[1]ਤਾਂ ਫੇਰ ਖਾਲਸਾ ਕੌਣ ਹੋਯਾ। ਭਾਵ ਤ੍ਰਿਆਕਲ ਹੋ ਗਿਆ।

ਇਮ ਬਿਚਾਰ ਸਗਰੇ ਹਰਖਾਏ।
ਇਸ ਬਿਧਿ ਕੇਤਿਕ ਦਿਵਸ ਬਿਤਾਏ
॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਤਿਗੁਰ' ਪ੍ਰਸੰਗ ਬਰਨਨੰ ਨਾਮ ਚਤਰ ਤ੍ਰਿੰਸਤੀ ਅੰਸੂ ॥੩੪॥

## ੩੫. [ਰਾਜਿਆਂ ਦੀ ਗੁਰੂ ਜੀ ਨਾਲ ਜੰਗ ਦੀ ਤਿਆਰੀ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

†ਇਮ ਬੀਤੇ ਕੇਤਿਕ ਦਿਵਸ, ਭੀਮਚੰਦ ਦੁਖ ਪਾਇ।
ਪਠੇ ਦੂਤ ਗਿਰਪਤਿਨਿ ਢਿਗ, ਅਪਨੋ ਕਸ਼ਟ ਬਤਾਇ ॥੧॥

†ਇਹ ਸੌ ਸਾਖੀ ਦੀ ੨੧ਵੀਂ ਸਾਖੀ ਹੈ।

ਚੌਪਈ:

'ਸ਼੍ਰੀ ਗੁਰ ਗੋਬਿੰਦ ਸਿੰਘ ਉਦਾਰਾ।
ਨਿਤ ਚਾਹਤਿ ਸੰਗ੍ਰਾਮ ਅਪਾਰਾ।
ਪੰਥ ਰਚੋ ਨਿਤ ਸ਼ਸਤ੍ਰਧਾਰੀ।
ਮਾਰਨ ਮਰਨ ਬਨਹਿਂ ਬਲ ਭਾਰੀ† ॥੨॥ †ਪਾ:-ਧਾਰੀ।
ਆਗੈ ਰਣ ਘਾਲੇ ਘਮਸਾਨਾ।
ਮਰੇ ਬੀਰ ਲਰਿ ਲਰਿ ਕਰਿ ਜਾਨਾ[1]। [1]ਜਾਨਾਂ ਲੜਾ ਲੜਾਕੇ।
ਦਿੱਲੀ ਪਤਿ ਕੇ ਦਲ ਬਹੁ ਆਏ।
ਕਿਸਿ ਬਿਧਿ ਕਿਸ ਕੋ ਬਸ ਨ ਬਸਾਏ ॥੩॥
ਗਹਜੋ ਨ ਗਯੋ ਨ ਮਾਰਜੋ ਗਯੋ।
ਇਹ ਪ੍ਰਸੰਗ ਤੌਂ ਦੂਰਹਿ ਭਯੋ।
ਲਰਤਿ ਜੁੱਧ ਨਹਿਂ ਕਿਨਹੁਂ ਭਜਾਵਾ।
ਅਰਜੋ ਰਹਜੋ, ਜੈ ਕੋ ਕਰਿ ਦਾਵਾ' ॥੪॥
ਇੱਤਜਾਦਿਕ ਲਿਖਿ ਸਕਲ ਹਕਾਰੇ।
ਪਠੇ ਪੱਤ੍ਰ ਪਠਿ[1] ਹੁਇ ਨ੍ਰਿਪ ਤਜਾਰੇ। [1]ਭੇਜੇ ਹੋਏ ਪੱਤ੍ਰ ਪੜ੍ਹਕੇ।
ਮਿੱਤ੍ਰ ਕਿ ਸ਼ੱਤ੍ਰ ਕਿ ਸਮ ਗੁਰ ਸਾਥ।
ਚਲਿ ਆਏ ਇਕ ਥਲ ਗਿਰਨਾਥ ॥੫॥
ਪ੍ਰਥਮੇ ਭੀਮਚੰਦ ਕਹਿਲੂਰੀ।
ਭੂਪਚੰਦ ਸੈਲਪ ਹੰਡੂਰੀ।
ਆਇ ਚੰਬੇਲ, ਫਤੇਪੁਰਿ ਵਾਰੋ[1]। [1]ਵਾਲਾ।
ਨਾਮ ਵਜ਼ੀਰ ਸਿੰਘ ਬਲਿ ਭਾਰੋ ॥੬॥
ਦੇਵ ਸ਼ਰਣ ਨਾਹਣ ਕੋ ਰਾਜਾ†।

†ਨਾਹਣ ਦੇ ਰਾਜੇ ਨਾਲ ਪਾਉਂਟੇ ਨਿਵਾਸ ਤੋਂ ਤਅੱਲਕਾਤ ਮਿੱਤ੍ਰਤਾ ਦੇ ਸਨ ਤੇ ਅਖੀਰ ਤਕ ਰਹੇ ਹਨ ਕਿਉਂਕਿ ਚਮਕੌਰ ਸੰਗ੍ਰਾਮ ਤੋਂ ਪਹਿਲੀ ਰਾਤ ਆਪਣੇ ਦੋਹਾਂ ਭਰਾਵਾਂ ਗੁਲਾਬ ਸਿੰਘ ਸ਼ਾਮ ਸਿੰਘ ਨੂੰ ਗੁਰੂ ਜੀ ਨੇ ਨਾਹਣ ਦੇ ਰਾਜੇ ਪਾਸ ਪੁੱਤ੍ਰ ਦੇਕੇ ਟੋਰਿਆ ਸੀ ਕਿ ਇਨ੍ਹਾਂ ਨੂੰ ਪਿੰਡ ਦੇਕੇ ਆਪਣੇ ਪਾਸ ਬਸਾਓ। [ਦੇਖੋ ਰੁਤ ੬ ਅੰਸੂ ੩੨] ਜੇ ਪੱਕੀ ਮਿੱਤ੍ਰਤਾ ਨਾ ਹੁੰਦੀ ਤਾਂ ਭਰਾਵਾਂ ਦੀ ਸਲਾਮਤੀ ਓਥੇ ਕੀਕੂੰ ਸਮਝੀ ਜਾਂਦੀ। ਇਸ ਕਰਕੇ ਪੱਕਾ ਸੰਸਾ ਹੁੰਦਾ ਹੈ ਕਿ ਇੱਥੇ ਨਾਹਣੇਸ਼ ਨੂੰ ਸ਼ਾਮਲ ਕਰਨਾ ਸੌ ਸਾਖੀ ਵਾਲੇ ਦੀ ਉਕਾਈ ਹੈ। ਉਸ ਨੇ ਦੇਵਸ਼ਰਣ ਨੂੰ ਨਾਹਣੀਆਂ ਸਮਝਣ ਵਿਚ ਉਕਾਈ ਕੀਤੀ ਹੈ ਕਿਉਕਿ ਪਾਂਵਟੇ ਨਿਵਾਸ ਵੇਲੇ ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼ ਸੀ ਜੋ ਗੁਰੂ ਜੀ ਦਾ ਸ਼ਰਧਾਲੂ ਸੀ, ਇਸ ਦਾ ਦੇਹਾਂਤ ਸੰ: ੧੭੫੧ ਬਿ. ਵਿਚ ਹੋਇਆ। ਹੁਣ ਜੋ ਰਾਜਾ ਗੱਦੀ ਤੇ ਬੈਠਾ ਉਸ ਦਾ ਨਾਮ 'ਹਰੀ ਪ੍ਰਕਾਸ਼' ਸੀ।

ਲੇ ਕਰਿ ਸੰਗ ਸਿਪਾਹ ਸਮਾਜਾ।
ਦੇਖੀ ਦੇਖੀ ਬਹੁ ਚਲਿ ਆਏ।
'ਗਿਰਪਤਿ ਹਮ ਭ੍ਰਾਤਾ ਸਮੁਦਾਏ ॥੭॥
ਹਾਨ ਲਾਭ ਮਹਿਂ ਚਹਿਯਤਿ ਮੇਲੇ।'
ਇਮ ਬਿਚਾਰ ਸਭਿ ਭਏ ਸਕੇਲੇ[1]।
ਕਰਿ ਕਰਿ ਸਭਿ ਸਨਮਾਨ ਉਤਾਰੇ।
ਖਾਨ ਪਾਨ ਕਰਿ ਰਾਤਿ ਮਝਾਰੇ ॥੮॥
ਸੁਪਤਿ ਜਥਾ ਸੁਖ ਭੀ ਭੁਨਸਾਰਾ।
ਸੌਚ ਸ਼ਨਾਨ ਠਾਨਿ ਹੁਇ ਤਯਾਰਾ।
ਲਘੁ ਦੀਰਘ ਮਿਲਿ ਕਰਿ ਸਮੁਦਾਈ।
ਭਏ ਏਕ ਥਲ ਸਭਾ ਲਗਾਈ ॥੯॥
ਮੀਏਂ, ਰਾਜੇ, ਰਾਵ ਕਿ ਰਾਣੇ।
ਸਚਿਵ ਸਮੀਪੀ ਜੇ ਮਤਿ ਸਯਾਣੇ।
ਬੈਠਿ ਸਭਿ ਨਿਸ਼ਚਲ ਜਬਿ ਹ੍ਵੈ ਕੈ।
ਆਪਸ ਮੈਂ ਜੈਦੇਵਾ ਕੈ ਕੈ ॥੧੦॥
ਭੀਮਚੰਦ ਸੈਲਿੰਦ੍ਰ ਬਿਲੰਦਾ।
ਭਨਯੋ 'ਸੁਨਹੁ ਤੁਮ ਸਕਲ ਗਿਰਿੰਦਾ!
ਕਯੋਂ ਨ ਭਵਿੱਖਤ ਬਾਤ ਬਿਚਾਰੋ।
ਸਿਰ ਪਰ ਸ਼ੱਤ੍ਰੂ ਪ੍ਰਬਲ ਬਿਚਾਰੋ ॥੧੧॥
ਦਿਨਪ੍ਰਤਿ ਵਧਤਿ ਦੂਜ ਜਿਮ ਚੰਦ।
ਦੇਖਤਿ ਵੇਖਤਿ ਭਯੋ ਬਿਲੰਦ।
ਜਿਨਹੁ ਇਰਾਦਾ ਲੈਬੇ ਦੇਸ਼।
ਲਰਨ ਮਰਨ ਕੀ ਕਾਰ ਵਿਸ਼ੇਸ਼ ॥੧੨॥

[1]ਇਕੱਠੇ।

ਹਮ ਤੁਮ ਸਭਿ ਕੋ ਇਕ ਸਮ ਜਾਨੋ।
ਆਜ ਮੋਹਿ ਪੁਨ ਤੋ ਕਹੁ ਮਾਨੋ[1]।
ਗੁਰੂ ਗੁਬਿੰਦ ਸਿੰਘ ਭੁਜ ਭਾਰੀ।
ਸ਼ਾਹੁ ਆਦਿ ਤੇ ਤ੍ਰਾਸ ਨ ਧਾਰੀ ॥੧੩॥
ਦੇਸ਼ ਉਜਾਰਯੋ, ਛੀਨੇ ਗ੍ਰਾਮ।
ਕਈ ਬੇਰ ਕੀਨੋ ਸੰਗ੍ਰਾਮ।
ਮੁਖਿ ਸੈਨਾ ਕੇ ਮਰੇ ਹਮਾਰੇ।
ਆਦਿ ਕੇਸਰੀ ਚੰਦ ਜੁਝਾਰੇ ॥੧੪॥
ਪੁਜਹਿ ਨ ਸਮਤਾ ਲਰਿਬੇ ਮਾਂਹਿ।
ਪਰਖੇ ਕਈ ਬਾਰ ਬਲ ਜਾਂਹਿ[1]।
ਜੇ ਅਬਿ ਬੈਠਿ ਰਹਹਿਂ ਕਰਿ ਟਾਰਾ।
ਰਾਜ ਦੇਸ਼ ਕੋ ਛੀਨਹਿ ਸਾਰਾ[†] ॥੧੫॥

ਨਿਤਪ੍ਰਤਿ ਦਲ ਸਿੰਘਨ ਕੋ ਆਵੈ।
ਲੂਟ ਕੂਟ ਕਰਿ ਮਿਟਿ ਹਟਿ ਜਾਵੈ।
ਬਾਜਤਿ ਰਹੈ ਬੰਦੂਕ ਸਦਾਈ।
ਮਰਹਿਂ ਕਿ ਮਾਰਹਿਂ ਫਤੇ ਬੁਲਾਈ ॥੧੬॥
ਸ਼ਾਹੁ ਪੁਕਾਰ ਸੁਨੀ ਇਕਸਾਰੀ।
ਲਰਯੋ ਆਨਿ ਲਸ਼ਕਰਿ ਤਬਿ ਭਾਰੀ।
ਅਬਿ ਕੈ ਜਾਇ ਕਹਾਂ ਕਹਿਂ ਸ਼ਾਹੂ[1]?
ਨਿਰਬਲ ਅਧਿਕ ਲਖਹਿ ਮਨ ਮਾਂਹੂ ॥੧੭॥
ਬਾਰਿ ਬਾਰਿ ਕੀ ਸੁਨਹਿ ਪੁਕਾਰ[1]।
ਕੈ ਖਿਝ ਪਰਹਿ ਕਰਹਿ ਬੁਰਿਆਰ।
ਇਕ ਸੌ ਜੇ ਗੁਰ ਕੇ ਸਿਖ ਮਰੈਂ।
ਆਇ ਹਜ਼ਾਰਹੁਂ ਕੇਸਨਿ ਧਰੈਂ ॥੧੮॥
ਨਹਿਂ ਨਿਪਟਹਿਂ ਨਹਿਂ ਪਾਇਂ ਪਰਾਜੈ[1]।
ਹਾਨ ਲਾਭ ਕੋ ਲਖਹਿਂ ਨ ਕਾਜੈ।
ਸੁਨਹੁ ਗਿਰੀਸ਼ਹੁ! ਕਰਹੁ ਉਪਾਇ।
ਯੌਂ ਬਿਗਰਤਿ ਕਾਰਜ ਸਮੁਦਾਇ'

[1]ਅੱਜ ਮੇਰੇ ਤੇ ਹੈ ਫਿਰ ਤੁਹਾਡੇ ਤੇ ਪਿਆ ਜਾਣੋ।

[1]ਜਿਨ੍ਹਾਂ ਦਾ ਬਲ ਕਈ ਵਾਰ ਪਰਖਿਆ ਹੈ।

[†]ਪਾ:-ਛੀਨ ਹਜ਼ਾਰਾ।

[1]ਐਤ ਕਾਂ ਜਾਕੇ ਪਾਤਸ਼ਾਹ ਨੂੰ ਕੀਹ ਆਖੀਏ?

[1]ਬਾਰ ਬਾਰ ਦੀ ਕੀਤੀ ਹੋਈ ਸਾਡੀ ਪੁਕਾਰ ਸੁਣ ਕੇ।

[1]ਨਾਂ ਤਾਂ ਨਿਬੜਦੇ ਹੀ ਹਨ ਤੇ ਨਾਂ ਹਾਰਦੇ ਹੀ ਹਨ।

॥੧੯॥
ਸੁਨਤਿ ਘਮੰਡ ਚੰਦ ਤਬਿ ਭਾਖਾ।
'ਕੋ ਉਪਾਇ ਤੁਮ ਨੇ ਅਭਿਲਾਖਾ?
ਬਿਨਾ ਲਰਨ ਤੇ ਅਪਰ ਨ ਕੋਊ।
ਮਿਲੇ ਨ ਬਚਹੁ, ਛੀਨ ਲੇ ਸੋਊ
॥੨੦॥
ਪ੍ਰਥਮ ਸ਼ਾਹ ਢਿਗ ਬਨਹਿ ਨ ਜਾਨਾ।
ਸੈਨਾ ਸੰਚਿ ਘਾਲਿ ਘਮਸਾਨਾ।
ਲਰਿਬੇ ਕਹੁ ਨ੍ਰਿਪ ਧਰਹਿ ਜਿ ਆਲਸ।
ਰਾਜ ਕਰਨ ਕੀ ਧਰਹਿ ਨ ਲਾਲਸ[†]

[†]ਪਾ:-ਕਰਿਹ ਜੁ ਆਲਸ।

॥੨੧॥
ਰਿਪੁ ਬਸ ਹੋਹਿ ਨ ਦੰਡ ਬਿਹੀਨਾ[1]।

[1]ਦੰਡ ਦਿੱਤੇ ਬਿਨਾਂ।

ਵਧਹਿ ਪ੍ਰਤਾਪ ਸੁ ਦੰਡ ਅਧੀਨਾ[1]।

[1]ਸ਼ੱਤ੍ਰ) ਦੰਡ ਨਾਲ ਅਧੀਨ ਰਹੇ ਤਾਂ ਪ੍ਰਤਾਪ ਵਧਦਾ ਹੈ।

ਬਿਨਾਂ ਦੰਡ ਤੇ ਕੋਇ ਨ ਜਾਨਹਿ।
ਪ੍ਰਜਾ ਦੀਨ ਭੀ ਤ੍ਰਿਸਕ੍ਰਿਤ ਠਾਨਹਿ[1]

[1]ਦੀਨ ਪ੍ਰਜਾ ਭੀ ਉਸ ਰਾਜੇ ਦਾ ਤ੍ਰਿਸਕਾਰ ਕਰਦੀ ਹੈ।

॥੨੨॥
ਜਗ ਮਹਿਂ ਊਚ ਕਿ ਨੀਚ ਸਮਾਜਾ।
ਦੰਡ ਦੇਨਿ ਤੇ ਸਰੈ ਸੁ ਕਾਜਾ।'
ਸੁਨਤਿ ਘਮੰਡ ਚੰਦ ਕੋ ਆਸ਼ੈ।
ਭੂਪਚੰਦ ਪੁਨ ਬਾਕ ਪ੍ਰਕਾਸ਼ੈ ॥੨੩॥
'ਜਥਾ ਜੋਗ ਤੁਮ ਨੀਤਿ ਉਚਾਰੀ।
ਉਚਿਤ ਨ ਮਿਟਹਿਂ ਮਾਨ ਕਰਿ ਹਾਰੀ[1]।

[1]ਹਾਰ ਮੰਨਕੇ ਟਲੇ ਰਹੀਏ, ਇਹ ਬੀ ਜੋਗ ਨਹੀਂ।

ਮਰੇ ਜੁੱਧ ਮਹਿਂ ਬੀਰ ਘਨੇਰੇ।
ਸਿਮਰਹਿਂ ਤਿਨਹੁਂ ਮਰਨ ਡਰ ਹੇਰੇ[1]
॥੨੪॥

[1]ਉਨ੍ਹਾਂ ਨੂੰ ਯਾਦ ਕਰ ਕਰਕੇ ਜੋ ਮਰਦੇ ਵੇਖੇ ਹਨ ਡਰੇ ਰਹੀਏ। (ਅ) ਉਨ੍ਹਾਂ ਨੂੰ ਯਾਦ ਕਰਕੇ (ਆਪਣੀ) ਮੌਤ ਦਾ ਡਰ ਤੱਕਕੇ (ਜੇ ਹਟੇ ਰਹੀਏ ਤਾਂ)।

ਰਾਜਨਿ ਕੋ ਇਹ ਬਾਤ ਨ ਨੀਕੀ।
ਉੱਦਮ ਕਰਨ ਬਨਤਿ ਹੈ ਠੀਕੀ।
ਥੋਰੇ ਸਿੰਘ ਅਬਹਿ ਗੁਰ ਤੀਰ।
ਲਰਹੁ ਭਲੇ ਲੈ ਕਰਿ ਭਟ ਭੀਰ
॥੨੫॥

ਹਮਰੀ ਭੂਮ ਬਿਖੈ ਨਹਿਂ ਫਿਰੈ।
ਜੇ ਨਹਿਂ ਮਿਟਤਿ ਉਚਿਤ ਹਮ ਲਰੈ[1]।' [1]ਟਲਨ ਨਾ ਤਾਂ ਸਾਨੂੰ ਫਿਰ ਲੜਨਾ ਯੋਗ ਹੈ।
ਇੱਤਜਾਦਿਕ ਮਿਲਿ ਮਸਲਤ ਕਰੀ।
ਓਰਕ[1] ਲਰਨ ਹੇਤ ਬੁਧਿ ਧਰੀ ॥੨੬॥ [1]ਅੰਤ ਨੂੰ।
ਸਕਲ ਸਮਾਜ ਤਯਾਰ ਕੋ ਕੀਨਿ।
ਗੁਲਕਾਂ ਅਰ ਬਰੂਦ ਭਰਿ ਲੀਨਿ।
ਸਤਿਗੁਰ ਕੇ ਢਿਗ ਲਿਖੇ ਪਠਾਏ।
'ਅਬਿ ਲੌਂ ਟਰੇ ਰਹੇ ਗ਼ਮ ਖਾਏ[1]' ॥੨੭॥ [1]ਭਾਵ ਸਹਾਰਾ ਕਰਕੇ ਟਲੇ ਰਹੇ ਹਾਂ।
ਨਿਤ ਬਿਗਾਰ ਕਰਿ ਸਿੰਘ ਸਿਧਾਰੈਂ।
ਲੂਟ ਕੂਟ ਕ੍ਰਿਖਿ ਮਾਨਵ ਮਾਰੈਂ।
ਤੁਮ ਨਹਿਂ ਟਰੋ ਹੇਰਿ ਹਮ ਹਾਰੇ।
ਅਬਿ ਬਾਜਹਿੰਗੇ ਲੋਹ ਕਰਾਰੇ ॥੨੮॥
ਨਾਂਹਿ ਤ ਇਤ ਕੋ ਪਾਯ ਨ ਫੇਰੇ।
ਬੈਠੇ ਰਹਹੁ ਹਰਖ ਜੁਤਿ ਡੇਰੇ।'
ਸਭਾ ਮਝਾਰ ਲਿਖਯੋ ਜਬਿ ਆਯੋ।
ਸ੍ਰੀ ਕਲਗ਼ੀਧਰ ਸੋ ਪਢਵਾਯੋ ॥੨੯॥
'ਸਭਿ ਰਾਜੇ ਇਕਠੇ ਪੁਨ ਹ੍ਵੈ ਕੈ।
ਸੈਨ ਸਕੇਲੀ ਧਨ ਬਹੁ ਦੈ ਕੈ।
ਚਾਹਤਿ ਲਰਯੋ ਫੇਰ ਤੁਮ ਸੰਗ।'
ਰਨ ਪ੍ਰਿਯ ਸੁਨਿ ਕੈ ਨ੍ਰਿਪਨਿ ਕੁਢੰਗ[1] ॥੩੦॥ [1]ਰਣ ਦੇ ਪਿਆਰੇ ਭਾਵ ਗੁਰੂ ਜੀ ਨੇ ਰਾਜਿਆਂ ਦਾ ਖੋਟ ਸੁਣਕੇ।
ਲਿਖਵਾਯਹੁ ਉੱਤਰ ਤਤਕਾਲਾ।
ਗਿਰ ਦੇਸ਼ਨਿ ਕੋ ਰਾਜ[1] ਬਿਸਾਲਾ। [1]ਪਹਾੜ ਦੇ ਵਡੇ ਹੰਕਾਰੀ ਰਾਜਿਆਂ ਵੱਲ।
'ਕਰਹਿਂ ਅਖੇਰ ਬ੍ਰਿੱਤ ਜਬਿ ਜੈ ਹੈਂ।
ਕੋ ਅਰ ਪਰਹਿ ਤ ਸਿੰਘ ਲਰੈਂ ਹੈਂ ॥੩੧॥
ਫਿਰਤਿ ਦੂਣ ਮਹਿਂ ਦੇਖ ਨ ਸਕੋ।
ਨਾਹਕ ਜੰਗ ਕਰਨ ਕੋ ਤਕੋ।
ਤੌ ਇਤ ਕਹਾਂ ਤ੍ਰਾਸ ਕੋ ਧਾਰੈ[1]। [1]ਤਾਂ ਏਥੇ ਕੇਹੜੇ ਅਸੀਂ (ਤੁਹਾਥੋਂ) ਡਰਦੇ ਹਾਂ।
ਬੈਠਿ ਰਹੈਂ, ਨਹਿਂ ਵਹਿਰ ਪਧਾਰੈਂ[1]† [1]ਕਿ (ਅੰਦਰ) ਬੈਠੇ ਰਹੀਏ, ਤੇ ਬਾਹਰ ਨਾ ਨਿਕਲੀਏ। †ਇਥੇ ਸਾਫ ਹੋ ਗਿਆ ਕਿ ਸਿੰਘ ਆਪੂੰ

॥੩੨॥

ਧੱਕਾ ਨਹੀਂ ਕਰਦੇ, ਕੋਈ ਅੜੇ ਤਾਂ ਲੜਦੇ ਹਨ, ਐਵੇਂ ਵਿਗਾੜ ਨਹੀਂ ਕਰਦੇ। ਜੰਗ ਨੂੰ ਓਹ ਨਾਹਕ ਮੰਗਦੇ ਹਨ।

ਲਰਿਬੇ ਚਹੌ[1], ਖਾਲਸਾ ਲਰੈ।
ਮਾਰਨ ਮਰਨ ਜੁੱਧ ਮਹਿਂ ਥਿਰੈ।
ਚਢਹੁ ਜਿ ਤੁਮ ਇਹ ਠਾਂ ਨਹਿਂ ਦੇਰ।
ਦੇਖਹੁ ਪੁਨ ਕਰਿ ਕੈ ਭਟ ਭੇਰ'
॥੩੩॥

[1]ਜੇ ਤੁਸੀਂ ਲੜਨਾ ਚਾਹੋ।

ਲਿਖਜੋ ਗੁਰੂ ਕੋ ਪਹੁਂਚਜੋ ਜਾਇ।
ਪਠਿਵਾਯਹੁ ਸੁਨਿ ਸਭਿ ਗਿਰਰਾਇ।
ਸੈਨ ਸਕੇਲਨਿ ਕੀਨਸਿ ਤਯਾਰੀ।
ਅਬਿ ਹੁਇ ਠਾਠ[1] ਟਰੈ ਨਹਿਂ ਟਾਰੀ
॥੩੪॥

[1]ਜੰਗ ਦਾ ਠਾਠ।

ਸਭਿ ਰਾਜਨ ਕੇ ਬਜੇ ਨਗਾਰੇ।
ਜ਼ੀਨ ਤੁਰੰਗਨਿ ਤਤਛਿਨ ਡਾਰੇ।
ਮੁਜਰਾ[1] ਸਭਿ ਸੁਭਟਨਿ ਕੋ ਲਯੋ।
ਦਸ ਹਜ਼ਾਰ ਗਿਨਤੀ ਮਹਿਂ ਭਯੋ
॥੩੪॥

[1]ਸਲਾਮੀ ਲਈ ਭਾਵ ਗਿਣਤੀ ਕੀਤੀ।

ਚਢਿ ਅਨੰਦਪੁਰਿ ਕੀ ਦਿਸ਼ ਆਏ।
ਆਯੁਧ ਗਹੇ ਭਟਨਿ ਸਮੁਦਾਏ।
ਤੋਮਰ, ਤੀਰ, ਤੁਪਕ, ਤਰਵਾਰ।
ਸਿਪਰ, ਕਮਾਨ, ਜਮਧਰਾ ਧਾਰ[1]
॥੩੬॥

[1]ਜਮਧਰਾਂ ਧਾਰਕੇ।

ਚਲਿ ਥੋਰੇ[1] ਹੀ ਕੀਨਸ ਡੇਰੇ।
ਸਕਲ ਸੰਭਾਰੇ ਜਿਸ ਜਿਸ ਕੇਰੇ।
ਸੁਧ ਸਤਿਗੁਰ ਪਹਿ ਤਤਛਿਨ ਆਈ।
'ਗਿਰਪਤਿ ਚਢਿ ਆਏ ਸਮੁਦਾਈ
॥੩੭॥

[1]ਥੋੜੀ ਦੂਰ ਜਾਕੇ।

ਪਹੁਂਚੇ ਲਖਹੁ ਆਪਨੇ ਤੀਰ।
ਗਹੇ ਤੁਪਕ, ਤੋਮਰ, ਧਨੁ, ਤੀਰ।'
ਸੁਨਿ ਸਤਿਗੁਰ ਤਯਾਰੀ ਕਰਿਵਾਈ।

ਗੁਲਕਾ ਅਰੁ ਬਰੂਦ† ਸਮੁਦਾਈ ॥੩੮॥ †ਪਾ:-ਦਾਰੂ।

ਲੇ ਲੇ ਸਿੰਘ ਧਰੈਂ ਉਤਸਾਹੂ।
ਕਹੈਂ 'ਪ੍ਰਹਾਰਹੁ ਰਿਪੁ ਰਣ ਮਾਂਹੂ।'
ਹੁਕਮ ਦੀਨ 'ਰਣਜੀਤ ਨਗਾਰਾ।
ਦਿਹੁ ਬਜਾਇ ਦਲ ਹ੍ਵੈ ਸਭਿ ਤਯਾਰਾ' ॥੩੯॥

ਸਕਲ ਖਾਲਸੇ ਗਰ ਧਰਿ ਅਸੀ[1]। [1]ਕ੍ਰਿਪਾਣ ਗਲ ਵਿਚ ਧਾਰੀ ਭਾਵ ਗਾਤ੍ਰੇ ਪਾਈ।
ਸਿਪਰ ਸਮੇਤ† ਤੁਰਤ ਕਟ ਕਸੀ। †ਪਾ:-ਸਮੇਟ।

ਲਰਨ ਜਿਨਹੁਂ ਕੋ ਨਿਤ ਬਿਵਹਾਰੇ।
ਭਏ ਸਨੱਧ ਬੱਧ ਸਭਿ ਸਾਰੇ ॥੪੦॥
ਆਪ ਚਢੇ ਤਬਿ ਗੋਬਿੰਦ ਸਿੰਘ।
ਮੱਤ ਗਜਨਿ ਪਰ ਜਿਮ ਕ੍ਰੁਪ ਸਿੰਘ[1]। [1]ਮਸਤ ਹਾਥੀਆਂ ਤੇ ਜਿਵੇਂ ਕ੍ਰੋਧ ਕਰਕੇ ਸ਼ੇਰ (ਚੜ੍ਹਦਾ ਹੈ)।

ਜਰਾਸੰਧ ਪਰ ਗੋਬਿੰਦ[1] ਜੈਸੇ। [1]ਕ੍ਰਿਸ਼ਨ।
ਜਾਦਵ ਸੰਗ ਖਾਲਸਾ ਤੈਸੇ[1] ॥੪੧॥ [1]ਜਿਵੇਂ ਜਾਦਵ (ਸਨ) ਤਿਵੇਂ ਖਾਲਸਾ ਗੁਰੂ ਜੀ ਨਾਲ ਹੈ।

ਸਿੰਘਨ ਭਨਯੋ 'ਪ੍ਰਭੁ ਸੁਨਿ ਲੀਜੈ।
ਚਲੋ ਅੱਗ੍ਰ ਹੀ ਰਣ ਕੋ ਕੀਜੈ।
ਇਹਾਂ ਨ ਪਹੁਂਚੈਂ ਰਿਪੁ ਸਮੁਦਾਈ।
ਵਧਿ ਆਗੇ ਹੀ ਲੇਹਿਂ ਲਰਾਈ' ॥੪੨॥
ਦੂਰ ਅਨੰਦ ਪੁਰਿ ਕੋ ਤਜਿ ਗਏ।
ਰਾਜਨਿ ਕੇ ਮੁਕਾਬਲੇ ਭਏ।
ਹਿਤ ਸੰਗ੍ਰਾਮ ਹੋਹਿ ਕਰਿ ਤਯਾਰੇ।
ਹਰਖ ਸਮੇਤ ਸੁਚੇਤ ਉਦਾਰੇ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਾਜਨ ਕੋ ਰਣ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

## ੩੬. [ਰਾਜਿਆਂ ਨਾਲ ਜੰਗ। ਸਿੰਘਾਂ ਦਾ ਮਾਨ ਹਟਾਯਾ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਉਮਡੇ ਦਲ ਦਿਸ਼ ਦੁਹਨਿ ਤੇ, ਕਰੀ ਤੁਫੰਗੈਂ ਤਜਾਰ।
ਦਸਤਰਵਾਂ ਕਰ ਤਜਿ ਦਈ, ਹੋਨਿ ਲਗੀ ਤਬਿ ਮਾਰ ॥੧॥

ਚੌਪਈ:

ਹਿਤ ਹੇਰਨਿ ਕੇ ਜੰਗ ਤਮਾਸ਼ਾ।
ਸ੍ਰੀ ਕਲਗੀਧਰ ਹ੍ਵੈ ਇਕ ਪਾਸਾ।
ਉਚੇ ਥਲ ਪਰ ਹ੍ਵੈ ਥਿਤ ਰਹੇ।
ਦੋਨਹੁਂ ਦਿਸ਼ ਕੇ ਦਲ ਕੋ ਲਹੇ[1] ॥੨॥ [1]ਦੇਖਦੇ ਹਨ।
ਸਿੰਘ ਆਠ ਸੈ ਹੁਇ ਸਵਧਾਨੇ।
ਦਸ ਹਜ਼ਾਰ ਗਿਰਪਤਿ ਭਟ ਆਨੇ।
ਜ੍ਵਾਲਾ ਬਮਣੀ ਕੀ ਥਿਰ ਮਾਲਾ[1]। [1]ਬੱਧੀ ਹੋਈ ਕਤਾਰ।
ਛੁਟਿ ਇਕਬਾਰ ਪ੍ਰਕਾਸ਼ੀ ਜ੍ਵਾਲਾ ॥੩॥
ਘਟਾ ਚਮੂੰ ਮਹਿਂ ਤੜਿਤਾ ਜਾਗੀ।
ਕਰਕਾ ਬਰਖਤਿ ਗੁਲਕਾਂ ਲਾਗੀ।
ਹਯ ਕੋ ਫੇਰਿ ਤੁਫੰਗ ਚਲਾਵੈਂ।
ਵਧੇ ਅੱਗ੍ਰ ਕੋ ਮਾਰ ਗਿਰਾਵੈਂ ॥੪॥
ਦੇਖਿ ਪਰਸਪਰ ਭਨਹਿਂ ਪਹਾਰੀ।
'ਇਹ ਬਿੱਦਜਾ ਸਿੰਘਨ ਮਹਿਂ ਭਾਰੀ।'
ਹਯ ਧਵਾਇ ਪੁਨ ਹਤੈਂ ਨਿਸ਼ਾਨੇ।
ਨਿਜ ਬਚਾਇ ਕਰਿ ਬਹੁਰ ਪਯਾਨੇ ॥੫॥
ਕਰਿ ਹੰਕਾਰ ਖਾਲਸਾ ਰਿਦੇ।
ਓਰੜ ਪਰੇ[1] ਅੱਗ੍ਰ ਕੋ ਤਦੇ। [1]ਟੁੱਟਕੇ ਪਏ।
ਭੀਮਚੰਦ ਨਿਜ ਅੰਗ ਬਚਾਏ।
ਰਣ ਕੇ ਸਨਮੁਖ ਸਕੈ ਨ ਆਏ ॥੬॥
ਭੂਪਚੰਦ ਹੰਡੂਰੀ ਧਾਯੋ।
ਦੇਵ ਸ਼ਰਣ ਕੋ ਸੰਗ ਮਿਲਾਯੋ।
ਬਹੁਰ ਵਜ਼ੀਰ ਸਿੰਘ ਰਣ ਘਾਲਾ।
ਛੁਟਤਿ ਗੁਲਕਾਂ ਨਾਦ ਕਰਾਲਾ ॥੭॥

ਸਭਿ ਸਿਪਾਹ ਕੋ ਆਗੈ ਧਰਿਓ।
ਆਪ ਭਿ ਲਰਨ ਹੇਤ ਮਨ ਕਰਿਓ।
ਹੋਤਿ ਤੜਾਭੜ ਸ਼ਬਦ ਤੁਫੰਗਨਿ।
ਗਿਰਹਿਂ ਸੂਰ ਲਾਗੀ ਜਿਨ ਅੰਗਨਿ ॥੮॥
ਰੁਧਰ ਨਿਕਸਿ ਛਿਤ ਰਕਤ ਬਿਸਾਲਾ।
ਲਗੇ ਕਰਾਹਨਿ ਘਾਇਲ ਜਾਲਾ[1]।
ਪੁਨ ਚੰਬੇਲ ਆਨਿ ਕਰਿ ਲਰੇ।
ਆਯੁਧ ਅਨਿਕ ਪ੍ਰਹਾਰਨ ਕਰੇ ॥੯॥
ਕੁੱਲੂ ਕੈਂਠਲ ਕੈ ਜਸੁਵਾਰੀ।
ਬੀਰ ਸਿੰਘ ਪਹੁੰਚਜੋ ਬਲਿ ਭਾਰੀ।
ਇਤ ਤੇ ਆਲਮ ਸਿੰਘ ਅਗਾਰੇ।
ਉਦੇ ਸਿੰਘ ਗਨ ਬਾਨ ਪ੍ਰਹਾਰੇ ॥੧੦॥
ਤਿਸ ਛਿਨ ਭੇਜਜੋ ਨਰ ਗੋਸਾਈਂ।
ਸਕਲ ਖਾਲਸੇ ਦਯੋ ਸੁਨਾਈ।
'ਵਧਹੁ ਨ ਆਗੇ ਥਿਰ ਹ੍ਵੈ ਲਰੋ।
ਜ੍ਵਾਲਾ ਬਮਣੀ ਛੋਰਨ ਕਰੋ' ॥੧੧॥
ਸੁਨਜੋ ਹੁਕਮ ਕੋ ਟਿਕਿ ਟਿਕਿ ਲਰੇ।
ਆਗੇ ਨਹੀਂ ਬਧੈ ਭਟ ਭਿਰੇ।
ਮਿਲਿ ਪਹਾਰੀਯਨਿ ਘਾਲਜੋ ਹੇਲਾ।
ਮਾਰਿ ਮਾਰਿ ਕਰਿ ਰੌਰਹਿਂ ਮੇਲਾ ॥੧੨॥
ਦੁੰਦਭਿ ਢੋਲ ਪਟਹਿ ਬਹੁ ਬਾਜੇ।
ਮਾਰੂ ਰਾਗ ਸੁਨਤਿ ਭਟ ਗਾਜੇ।
ਨਟ ਜਿਮ ਉਛਲੇ ਛਾਲ ਛਲੰਗੀ[1]।
ਗਹਿ ਕੈ ਸਿਪਰ ਕ੍ਰਿਪਾਨੈਂ ਨੰਗੀ ॥੧੩॥
ਓਰੜ ਪੜੇ ਬੀਰ ਇਕ ਬਾਰੀ।
ਸਿੰਘਨਿ ਲਗ ਪਹੁੰਚੇ ਬਲਿ ਭਾਰੀ।
ਸੇਲੇ ਬਰਛੇ ਆਨਿ ਚਲਾਏ।
ਸਿੰਘਨਿ ਸਨਮੁਖ ਘਾਵ ਸੁ ਖਾਏ

[1]ਸਾਰੇ ਜ਼ਖਮੀ ਹਾਏ ਹਾਏ ਕਰਨ ਲੱਗੇ।

[1]ਛੈਲ ਅੰਗਾਂ ਵਾਲੇ ਭਾਵ ਸੂਰਮੇ ਨਟ ਵਾਂਙੂੰ ਛਾਲਾਂ ਮਾਰਕੇ ਉਛਲੇ।

॥੧੪॥
ਥਾਵ ਨ ਤਜੀ ਅਰੇ ਰਣ ਰਹੇ।
ਗੁਰ ਪ੍ਰਤਾਪ ਤੇ ਰਿਪੁ ਗਨ ਦਹੇ।
ਘਾਲੀ ਹੇਲ ਝਾਲ† ਭਟ ਖਰੇ[1]।

[1]ਜੇ ਹੱਲਾ (ਪਹਾੜੀਆਂ) ਕੀਤਾ ਸੋ (ਸਿੰਘ) ਸੂਰਮੇ ਝੱਲ ਖੜੋਤੇ। †ਪਾ:-ਚਾਲ।

ਇਤਨੇ ਬਿਖੈ ਸਿੰਘ ਰਿਸ ਭਰੇ ॥੧੫॥
ਖੜਗ ਮਜਾਨ ਤੇ ਖੈਂਚਿ ਨਿਕਾਰੇ।
ਤੁਰਤ ਫੁਰਤ ਕਰਿ ਹਤੇ ਜੁਝਾਰੇ।
ਜਬਿ ਦਸ ਬੀਸ ਅੱਗ੍ਰ ਕੇ ਮਾਰੇ।
ਹਟੇ ਕੁਛਕ ਸ਼ੱਤ੍ਰੂ ਡਰ ਧਾਰੇ ॥੧੬॥
ਦੇਖਤਿ ਭਯੋ ਖਾਲਸਾ ਆਗੇ।
ਮੁਹਰਾ ਛੋਡਿ ਪਹਾਰੀ ਭਾਗੇ[1]।

[1]ਪਹਾੜੀਏ ਨੱਸ ਪਏ।

ਪਰੇ ਗੈਲ ਮਹਿਂ[1] ਟਲੇ ਨ ਟਾਲੇ।

[1](ਸਿੱਖ) ਪਿੱਛੇ ਪਏ।

ਖੜਕਜੋ ਖੜਗ ਕਰਾਲ ਬਿਸਾਲੇ ॥੧੭॥

ਛੰਦ†:
ਜਬੈ ਜੁੱਧ ਜਾਗਾ। ਕਟੇ ਸੀਸ ਬਾਗਾ[1]।

[1]ਸਿਰ ਤੇ ਵਾਗਾਂ (ਵਾਲੇ ਹੱਥ)। (ਅ) ਪੁਸ਼ਾਕਾਂ ਸਮੇਤ ਸਿਰ ਕੱਟੇ। †ਇਥੇ ਕਈ ਥਾਈਂ ਛਪੈ ਛੰਦ ਲਿਖਿਆ ਹੈ, ਪਰ ਚਾਲ ਰਸਾਵਲ ਛੰਦ ਦੀ ਹੈ।

ਬਢੇ ਖੱਗ ਧਾਰਾ[1]। ਜਥਾ ਕਾਠ ਆਰਾ[2] ॥੧੮॥

[1]ਖੰਡੇ ਦੀ ਧਾਰ ਨਾਲ ਵੱਢੇ। [2]ਜਿਵੇਂ ਆਰਾ ਕਾਠ ਨੂੰ (ਚੀਰਦਾ) ਹੈ।

ਗਿਰੇ ਜੁੱਧ ਸੂਰਾ। ਨ੍ਰਿਪੈ ਨੰਦ ਕੂਰਾ[1]।

[1]ਰਾਜਕੁਮਾਰ ਝੂਠੇ ਪੈ ਗਏ। ਸੌ ਸਾਖੀ ਦਾ ਪਾਠ ਹੈ:-ਰਾਜਸੁਤ ਕੂਰਾ। (ਅ) ਰਾਜਿਆਂ ਦਾ ਅਨੰਦ ਝੂਠਾ ਪੈ ਗਿਆ।

ਗੁਰੂ ਦੇਖਿ ਦੂਰੰ। ਭਯੋ ਜੰਗ ਭੂਰੰ ॥੧੯॥
ਕੜਾਕੜੇ ਮਾਚੀ। ਜ਼ਿਮੀਂ ਸ਼੍ਰੋਣ ਰਾਚੀ।
ਭਜੇ ਡੋਂਗਰਾਨੇ[1]। ਤਜਜੋ ਖੇਤ ਬਾਨੇ ॥੨੦॥

[1]ਪਹਾੜੀਏ।

ਜਬੈ ਸਿੰਘ ਧਾਏ। ਪਹਾਰੀ ਪਲਾਏ।
ਤਜਜੋ ਨਾਂਹਿ ਗੈਲੰ। ਡਰੇ ਨਾਥ ਸੈਲੰ[1] ॥੨੧॥

[1]ਪਹਾੜੀ ਰਾਜੇ ਡਰੇ।

ਨ ਆਗਜਾ ਗੁਸਾਈਂ[1]।

[1]ਗੁਰੂ ਜੀ ਦੀ (ਇਹ) ਆਗਿਆ ਨਹੀਂ ਸੀ।

-ਅਗਾਰੇ ਸਿਧਾਈ[1]-। — [1]ਕਿ ਅੱਗੇ ਵਧੇ ਜਾਓ।

ਸੁ ਬਾਤੈ ਬਿਸਾਰੀ[1]। — [1]ਅੱਗੇ ਵਧਣ ਦੀ ਆਗਯਾ ਨਹੀਂ ਸੀ) ਇਹ ਗੱਲ ਸਿੰਘਾਂ ਨੇ ਵਿਸਾਰ ਦਿੱਤੀ ਸੀ।

ਨਹੀਂ ਯਾਦ ਕਾਰੀ ॥੨੨॥

ਗੁਰ ਹੈ† ਬਿਚਾਰੇ[1]। -ਮਹਾਂ ਏ ਹੰਕਾਰੇ। — [1]ਗੁਰੂ ਜੀ ਨੇ ਵਿਚਾਰਿਆ। †ਪਾ:-ਸੋ।

ਬਡੀ ਜੀਤ ਪਾਏ। ਚਲੇ ਜਾਤਿ ਧਾਏ- ॥੨੩॥

ਉਠੇ ਆਪ ਸ੍ਵਾਮੀ। ਚੜ੍ਹੇ ਤੇਜ ਗਾਮੀ[1]। — [1]ਤੇਜ਼ ਚਾਲ ਵਾਲੇ........।

ਹਯੰ ਰੰਗ ਨੀਲਾ[1]। ਸ਼ਿੰਗਾਰਯੋ ਛਬੀਲਾ ॥੨੪॥ — [1]ਨੀਲੇ ਰੰਗ ਵਾਲੇ ਘੋੜੇ ਉੱਤੇ।

ਪਰੇ ਪੰਥ ਪਾਛੇ[1]। ਬਡੀ ਚਾਲ ਗਾਛੇ[2]। — [1]ਪਿਛੇ ਟੁਰ ਪਏ ਭਾਵ ਅਨੰਦਪੁਰਿ ਨੂੰ ਮੁੜ ਪਏ। [2]ਤ੍ਰਿੱਖੀ ਚਾਲ ਨਾਲ ਟੁਰੇ।

ਸੁ ਤਯਾਗੇ ਲਰਾਈ। ਚਲੇ ਜਾਤਿ ਧਾਈ ॥੨੫॥

ਦੋਹਰਾ:

ਸਿੰਘ ਬਿਲੋਕਤਿ ਭੇ ਕਿਤਿਕ,
ਗਏ ਗੁਰੂ ਰਣ ਛੋਰਿ।
ਪਾਛੈ ਕਰਤਿ ਨ ਡੀਠ ਭੀ[1], — [1]ਪਿਛਲੇ ਪਾਸੇ ਤੱਕਦੇ ਬੀ ਨਹੀਂ।
ਜਾਤਿ ਅਨੰਦਪੁਰਿ ਓਰ ॥੨੬॥

ਚੌਪਈ:

ਗੁਰੂ ਚਰਿੱਤ੍ਰ ਕੋ ਪਿਖਿ ਬਿਸਮਾਏ।
ਨਹਿ ਮਾਰਨ ਕੋ ਸ਼ਸਤ੍ਰ ਉਠਾਏ।
ਕੇਤਿਕ ਲਰਤਿ ਪਾਛ ਕੋ ਹਟਕੇ†। — †ਪਾ:-ਸਟਕੇ।
ਰਣ ਕੋ ਤਯਾਗਤਿ ਇਤ ਉਤ ਸਟਕੇ ॥੨੭॥
ਤਬਿ ਪਹਾਰੀਅਨਿ ਇਨ ਗਤਿ ਜਾਨਿ।
ਹਟਿ ਘਾਲਯੋ ਹੇਲਾ ਘਮਸਾਨ[1]। — [1]ਮੁੜਕੇ ਹੱਲਾ ਕੀਤਾ ਤੇ ਘਮਸਾਨ ਮਚਾ ਦਿੱਤਾ।
ਪਰੀ ਖਾਲਸੇ ਮਹਿ ਬਹੁ ਭਾਜ[1]। — [1]ਹਾਰ।
ਪੀਛੇ ਭਜੇ ਤਯਾਗ ਸਭਿ ਲਾਜ ॥੨੮॥
ਘਨੀ ਪਰੀ ਸ਼ਸਤ੍ਰਨਿ ਕੀ ਮਾਰ।
ਕੇਤਿਕ ਊਚੇ ਕੀਨਿ ਪੁਕਾਰ।

'ਸ੍ਰੀ ਪ੍ਰਭੁ ! ਪੰਥ ਆਪ ਕੋ ਅਹੈ।
ਕਟੀਆ ਹੋਤਿ ਪਰਾਜੈ ਲਹੈ ॥੨੯॥
ਕਿਉਂ ਨ ਸੰਭਾਰਤਿ ਹਟਿ ਪਿਛਵਾਈ?
ਕੌਨ ਖਤਾ ਇਨ ਕੇ ਗਰ ਪਾਈ।
ਜੇ ਕਰਿ ਸਿੰਘ ਹੈ ਅਵਗੁਨਿਯਾਰੇ।
ਤਊ ਆਪ ਕੇ ਜਗਤ ਉਚਾਰੇ[1]' ॥੩੦॥
ਇੱਤਯਾਦਿਕ ਬੋਲਤਿ ਸਮੁਦਾਏ।
ਮਿਲੇ ਆਨਿ ਕੋ ਹਯਨਿ ਧਵਾਏ।
ਕਰਤਿ ਪੁਕਾਰ ਸੁ ਆਇ ਘਨੇਰੀ।
ਹਿਤ ਹੇਰਨਿ ਗੁਰ ਗ੍ਰੀਵ ਨ ਫੇਰੀ ॥੩੧॥
ਕਹੈਂ ਬਹੁਤ 'ਪ੍ਰਭੁ ਛਿਨ ਭਰ ਥਿਰੋ।
ਲਰਤਿ ਪੰਥ ਅਵਲੋਕਨਿ ਕਰੋ।'
ਕਹਿ ਜਬਿ ਰਹੇ, ਖਰੇ ਨਹਿਂ ਹੋਏ।
ਨੌਰੰਗ ਸਿੰਘ ਮਿਲਯੋ ਪ੍ਰਭੁ ਜੋਏ ॥੩੨॥
ਤੁਰਤ ਤੁਰੰਗ ਉਤਰਯੋ ਅਗਵਾਈ।
ਐਂਚਿ ਲਕੀਰ ਦਈ ਸਹਿਸਾਈ।
ਭਾਖਯੋ 'ਨੀਲਜਾ ! ਥਿਰੋ ਇਥਾਏ[1]।
ਗੁਰ ਕੀ ਆਨ ਅੱਗ੍ਰ ਨਹਿਂ ਜਾਏ' ॥੩੩॥
ਸੁਨਿ ਕਰਿ ਦਲ ਬਿਦਾਰ[1]† ਥਮ ਗਯੋ।
ਪਾਇ ਅੱਗ੍ਰ ਨਹਿਂ ਪਾਵਤਿ ਭਯੋ।
ਤਬਿ ਗੁਰ ਮਾਰਯੋ ਏਡਨਿ ਜੋਰਾ।
ਲੰਘਯੋ† ਲਕੀਰ ਨਹੀਂ ਕਿਮ ਘੋਰਾ ॥੩੪॥
ਛਰੀ ਹਾਥ ਮੈਂ ਪਤਰੀ[1] ਹੁਤੀ।
ਦ੍ਵੈ ਚਾਰਿਕ ਕਰਿ ਬਲ ਤੇ ਹਤੀ।
ਖਾਇ ਮਾਰ ਨਹਿਂ ਚਰਨ ਉਠਾਵਾ।
ਫੁਰਕਤਿ ਇਤ ਉਤ ਅੱਗ੍ਰ ਨ ਜਾਵਾ

[1]ਜਗਤ ਆਪਦੇ ਹੀ (ਸਿੰਘ) ਕਹੇਗਾ।

[1]ਹੇ ਨੀਲੇ ਘੋੜੇ ! ਏਥੇ ਠਹਿਰ ਜਾਹ।

[1]ਨਾਮ ਘੋੜੇ ਦਾ। †ਪਾ:-ਦਲ ਬਿਡਾਰ।

†ਪਾ:-ਲਖਯੋ। ਭਾਵ ਲੰਘਣ ਦਾ ਹੀ ਹੈ।

[1]ਪਤਲੀ ਛੜੀ।

॥੩੫॥
ਜਯੋਂ ਨਹਰੀ ਕੰਟਕ[1] ਮੁਖ ਦੀਨੀ।
ਰੁਕਯੋ ਤਿਸੀ ਤੈਸੀ ਬਿਧਿ ਚੀਨੀ।
ਜਬਿ ਸਤਿਗੁਰ ਹਯ ਏਵ ਬਿਲੋਕਾ।
ਦੇ ਕਰਿ ਆਨ ਚਲਨਿ ਤੇ ਰੋਕਾ ॥੩੬॥

[1]ਮਾਨੋਂ ਕੰਡਿਆਲਾ ਕੜਿਆਲਾ।

ਤਰੇ ਉਤਰਿ ਕਰਿ ਤਹਿਂ ਤਤਕਾਲੇ।
ਕਲਗੀਧਰ ਭਾਖ੍ਯੋ ਅਸੁ ਨਾਲੇ[1]।
'ਪ੍ਰਥਮ ਜਨਮ ਤੇਰੋ ਹਮ ਜਾਨਯੋਂ।
ਜਿਸ ਤੇ ਥਿਰਯੋ ਬਾਕ ਸਿਖ ਮਾਨਯੋ ॥੩੭॥

[1]ਘੋੜੇ ਨੂੰ।

ਹੁਤੋ ਮਸੰਦ ਲੇਤਿ ਬਹੁ ਧਨ ਕੋ।
ਰਹਯੋ ਅਚਤਿ[†] ਭੋਜਨ ਤਬਿ ਇਨ ਕੋ।

[†]ਪਾ:-ਅਚਿੰਤ।

ਸਿੱਖਨ ਤੇ ਲੇ ਕਰਿ ਗੁਰ ਕਾਰ।
ਖਾਵਤਿ ਰਹਯੋ ਅਨੇਕ ਪ੍ਰਕਾਰ' ॥੩੮॥
ਸੁਨਿ ਸਤਿਗੁਰ ਤੇ ਜਥਾ ਅਲਾਯੋ।
ਸਿਰ ਹਿਲਾਇ ਘੋਰਾ ਫੁਰਕਾਯੋ।
ਤਬਿ ਸ਼੍ਰੀ ਪ੍ਰਭੁ ਬੈਠੇ ਤਿਸ ਥਾਨਾ।
ਸਭਿਨਿ ਸੁਨਾਵਤਿ ਊਚ ਬਖਾਨਾ ॥੩੯॥

ਦੋਹਰਾ:
'ਖਾਲਸ ਗੁਰੁ ਗੁਰੁ ਖਾਲਸਾ[1], ਥਿਰਹੁ ਖਾਲਸਾ ਜੁੱਧ[2]।
ਹਤਉ ਰਿਪੁਨਿ ਦਲ ਕੋ ਦਲਹੁ, ਪਕਰਹੁ ਸ਼ਸਤ੍ਰਨਿ ਕ੍ਰੱਧ' ॥੪੦॥

[1]ਖਾਲਸਾ ਗੁਰੂ ਰੂਪ ਹੈ ਤੇ ਗੁਰੂ ਖਾਲਸਾ ਹੈ। [2]ਜੁੱਧ ਵਿੱਚ ਟਿਕ (ਕੇ ਲੜੋ)।

ਚੌਪਈ:
ਸੁਨਿ ਸਤਿਗੁਰ ਕੇ ਵਰ ਸਮ ਬੈਨ।
ਹਟਯੋ ਖਾਲਸਾ ਰਿਸ ਕਰਿ ਨੈਨ।
ਧਰਿ ਜ੍ਵਾਲਾਬਮਣੀ ਅਰਿ ਦਮਣੀ[1]।
ਛੋਰੀ ਗੁਲਕਾਂ ਗਨ ਰਿਪੁ ਸ਼ਮਣੀ[1]

[1]ਦੁਸ਼ਮਨ ਮਾਰਨ ਵਾਲੀ।
[1]ਰਿਪੂ ਨੂੰ ਸ਼ਮਨ (ਨਾਸ਼) ਕਰਨ ਵਾਲੀਆਂ ਗੋਲੀਆਂ।

॥੪੧॥
ਸ੍ਰੀ ਗੁਰ ਥਿਰ ਹ੍ਵੈ ਧਨੁਖ ਸੰਭਾਰੇ।
ਸਪਤ ਬਾਨ ਐਂਚਨ ਕਰਿ ਮਾਰੇ।
ਪਰੀ ਗਗਨ ਮਹਿਂ ਗਰਵ[1] ਗੁੰਜਾਰ।
ਬਿਸਮਾਨੇ ਰਿਪੁ ਸੁਨਿ ਧੁੰਕਾਰ ॥੪੨॥
ਇਕ ਹੀ ਬਾਰ ਹਟੇ ਸਭਿ ਸਿੰਘ।
ਮ੍ਰਿਗ ਬਿਲੋਕਿ ਜਿਉਂ ਭੂਖਾ ਸਿੰਘ[1]।
ਅੱਗ੍ਰ ਜੁ ਮਾਰਤਿ ਆਵਤਿ ਧਾਏ।
ਕਿਤਿਕ ਹਤੇ ਕੋ ਮਾਰਿ ਹਟਾਏ
॥੪੩॥
ਤੋਮਰ, ਸੇਲੇ, ਸਾਂਗ ਪ੍ਰਹਾਰੇ।
ਸਿਪਰ ਅੱਗ੍ਰ ਕਰਿ ਕਿਸ ਖਗ ਮਾਰੇ[1]।
ਗੁਰ ਬਚ ਤੇ ਸ਼ਹੀਦ ਗਨ ਦਉਰੇ।
ਪਰੇ ਹੇਲ ਕਰਿ, ਭੇ ਰਿਪੁ ਬੌਰੇ
॥੪੪॥
ਮਚੀ ਮਾਰ ਦੀਰਘ ਇਕ ਬਾਰੀ।
ਮਰਿ ਮਰਿ ਪਰਤੇ ਪਾਇ ਪਸਾਰੀ।
ਜਨੁ ਮਲੰਗ ਭੰਗਹਿਂ ਕੋ ਖਾਇ।
ਲਿਟਹਿਂ ਪਰੇ ਇਸ ਬਿਧਿ ਸਮੁਦਾਇ
॥੪੫॥
ਸੁਭਟ ਤੁਰੰਗ ਮਰਿ ਖੇਤ ਮਝਾਰਾ।
ਲੋਥਨਿ ਸੋਂ ਪੂਰਨ ਥਲ ਸਾਰਾ।
ਸਰਬ ਗਿਰੇਸ਼ੁਰ ਓਜ ਲਗਾਏ।
ਪਰੀ ਭਾਂਜ ਕਿਮ ਪਗ ਨ ਜਮਾਏ
॥੪੬॥
ਫੇਰਿ ਤੁਰੰਗ ਸਿਪਾਹ ਹਟਾਵੈਂ।
ਮ੍ਰਿਗ ਸਮ ਭਾਜੇ ਕਿਮ ਅਟਕਾਵੈਂ।
ਬਜੀ ਬੰਬ ਰਣਜੀਤ ਨਗਾਰੇ।
ਭਾਜੇ ਸ਼ੱਤ੍ਰੂ ਕੇਤਿਕ ਮਾਰੇ ॥੪੭॥
ਰੁੰਡ ਮੁੰਡ ਹੁਇ ਪਰੇ ਹਜ਼ਾਰਾਂ।
ਗ੍ਰਿੱਧ ਬ੍ਰਿੱਧ ਉਡਿ ਗਗਨ ਮਝਾਰਾ।

[1]ਭਾਰੀ।

[1]ਮ੍ਰਿਗਾਂ ਨੂੰ ਵੇਖ ਕੇ ਜਿਵੇਂ ਭੁੱਖਾ ਸ਼ੇਰ।

[1]ਕਿਸੇ ਨੇ ਤਲਵਾਰ ਮਾਰੀ।

ਕਹਿੰ ਲਗ ਬਰਨੌਂ ਜੁੱਧ ਬਿਸਾਲਾ।
ਭਈ ਬਿਜੈ ਸਿੰਘਨਿ ਤਿਸ ਕਾਲਾ
॥੪੮॥
ਸਗਰੀ ਸੁਖ ਹੋਈ ਸਭਿ ਮਾਂਹੀ।
ਘਾਇਲ ਮ੍ਰਿਤਕ ਤਜਜੋ ਕੋ ਨਾਂਹੀ।
ਚਢੇ ਅਨੰਦਪੁਰਿ ਕੋ ਚਲਿ ਆਏ।
ਹਟੇ ਪਹਾਰੀ ਗੇ ਨਿਜ ਥਾਂਏ ॥੪੯॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੰਗ੍ਰਾਮ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [‘ਖਾਲਸਾ’ ਪਦ ਦੇ ਅਰਥ। ਭਵਿੱਖਤ ਵਾਕ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਗਏ ਪਹਾਰੀ ਤ੍ਰਾਸਤੇ, ਚਲ੍ਯੋ ਨਹੀਂ ਬਸਿ ਕੋਇ।
ਸੁਭਟ ਮਰਾਏ ਸੈਂਕਰੇ, ਜਗ ਮਹਿਂ ਅਪਜਸ ਹੋਇ ॥੧॥

ਚੌਪਈ:

ਪੁਨ ਇਕ ਥਲ ਹੁਇ ਮਸਲਤ ਕੀਨੀ।
‘ਭਲੀ ਲਰਾਈ ਕਯੋਂਹੁਂ ਨ ਚੀਨੀ[1]।’ — [1]ਲੜਾਈ ਕਰਨੀ ਕਿਵੇਂ ਬੀ ਭਲੀ ਨਹੀਂ ਦੇਖੀ ਗਈ। (ਅ) ਅਸਾਂ ਜੰਗ ਕਰਕੇ (ਆਪਣਾ) ਭਲਾ ਕਦੇ ਨਹੀਂ ਡਿੱਠਾ।
ਭੀਮਚੰਦ ਸਭਿ ਬਿਖੈ ਉਚਾਰੀ।
‘ਮੈਂ ਪੂਰਬ ਹੀ ਗਿਨਤੀ ਧਾਰੀ ॥੨॥
ਗੁਰੂ ਸੰਗ ਜੰਗ ਨਹਿਂ ਬਨਿ ਆਵੈ।
ਜਿਨ ਤੇ ਜੈ ਕਯੋਂਹੁਂ ਨ[1] ਕੋ ਪਾਵੈ। — [1]ਕਿਵੇਂ ਬੀ ਨਹੀਂ।
ਗੁਰ ਚਲਿ ਗਏ ਭਾਗ ਕਿਛ ਪਰੀ[1]। — [1]ਭਾਜੜ ਕੁਛ ਸਿੰਘਾਂ ਨੂੰ ਪਈ ਸੀ।
ਠਹਿਰੇ ਬਹੁਰ ਬਾਹਨੀ ਮੁਰੀ ॥੩॥
ਪਰੀ ਮਾਰ ਐਸੀ ਕਿਛ ਆਇ।
ਨਹੀਂ ਸੰਭਾਲ ਭਈ ਕਿਸ ਥਾਂਇ।
ਦਸ ਹਜ਼ਾਰ ਸੰਗ ਹੁਤੀ ਸਿਪਾਹ।
ਰਹੇ ਹਟਾਇ ਹਟੀ ਕਿਮ ਨਾਂਹਿ[1] ॥੪॥ — [1](ਸਿੰਘਾਂ ਉਤੇ) ਮੋੜ ਰਹੇ ਪਰ ਮੋੜੀ ਨਹੀਂ।
ਅਬਿ ਤੁਰਕਨਿ ਕੀ ਸੈਨ ਚਢਾਵਹੁ।
ਦੇਹੁ ਦਰਬ ਤੁਰਨ ਅਨਵਾਵਹੁ।
ਸਭਿ ਗਿਰਪਤਿ ਕੇ ਸਚਿਵ ਸਿਧਾਵੈਂ।
ਗੈਲ[1] ਆਪਨੇ ਲੈ ਕਰਿ ਆਵੈਂ’ ॥੫॥ — [1]ਨਾਲ।
ਮਾਨੀ ਭੂਪ ਚੰਦ ਹੰਡੂਰੀ।
ਭਨੀ ਘਮੰਡ ਚੰਦ ਭੀ ‘ਰੂਰੀ[1]।’ — [1]ਸੁਹਣੀ (ਸਲਾਹ ਹੈ)।
ਤਤਛਿਨ ਦਿੱਲੀ ਸਚਿਵ ਪਠਾਏ।
ਮਿਲੇ ਸੁ ਅਵਰੰਗ ਕੇ ਉਮਰਾਏ ॥੬॥
ਸਕਲ ਜ਼ਿਕਰ ਤਿਨ ਖੋਲਿ ਸੁਨਾਯੋ।
‘ਦਰਬ ਇਤਿਕ ਤੁਮ ਨਿਕਟ ਪਠਾਯੋ।
ਪੁਨ ਕਦੀਮ ਹੈਂ ਪ੍ਰਜਾ ਤੁਮਾਰੀ।
ਬਨਹੁ ਆਪ ਸਭਿ ਕੀ ਰਖਵਾਰੀ ॥੭॥

ਗੁਰ ਤੇ ਦੇ ਕਰਿ ਹਾਥ ਬਚਾਵਹੁ।
ਪੁਨ ਧਨ ਪਠੈਂ ਅਧਿਕ ਇਤ[1] ਆਵਹੁ[†]।'
ਇਮ ਗਿਰਪਤਿ ਬਹੁ ਸਚਿਵ ਪਠਾਏ।
ਇਤ ਅਨੰਦ ਪੁਰਿ ਸਤਿਗੁਰ ਆਏ ॥੮॥
ਕਰਜੋ ਕਰਾਹ ਬਹੁ ਵਜੀ ਵਧਾਈ।
ਆਏ ਜੀਤ ਸ਼ੱਤ੍ਰੂ ਸਮੁਦਾਈ।
ਦਾਨ ਬ੍ਰਿੰਦ ਰੰਕਨਿ ਕੋ ਦੀਨੋ।
ਸੁਜਸ ਪਸਾਰਨ ਜਹਿਂ ਕਹਿਂ ਕੀਨੋ ॥੯॥
ਮੰਗਲ ਕਰੇ ਅਨੇਕ ਪ੍ਰਕਾਰਾ।
ਮੰਗਲ ਮੂਲ ਗੁਰੂ ਦਾਤਾਰਾ।
ਬਜਹਿਂ ਮ੍ਰਿਦੰਗ ਰਬਾਬ ਘਨੇਰੇ।
ਗਾਵੈਂ ਸ਼ਬਦ ਸੁਖਦ ਗੁਰ ਕੇਰੇ ॥੧੦॥
ਘਾਇਲ ਸਾਲ ਪੱਤ੍ਰ ਕੋ ਲਾਏ।
ਮਿਲੇ ਘਾਉ ਉਠਿ ਤੁਰਤ ਨਹਾਏ।
ਕੇਤਿਕ ਦਿਨ ਇਸ ਰੀਤ ਬਿਤੀਤੇ।
ਆਇਂ ਜਾਇਂ ਸਿਖ ਸੰਗਤ ਪ੍ਰੀਤੇ ॥੧੧॥
[†]ਇਕ ਦਿਨ ਸਤਿਗੁਰ ਸਭਾ ਲਗਾਏ।

ਬੈਠਿ ਸਿੰਘ ਆਨਿ ਸਮੁਦਾਏ।
ਬੀਰ ਸਿੰਘ ਜਸਪਾਲੀ ਆਯੋ।
ਮਿਲਿ ਸ਼੍ਰੀ ਪ੍ਰਭੁ ਕੇ ਸੀਸ ਨਿਵਾਯੋ ॥੧੨॥
ਮਦਨ ਸਿੰਘ ਰਜਪੂਤ ਦਰਸ ਕਰਿ।
ਬੰਦਨ ਕਰੀ ਸਭਾ ਮਹਿਂ ਹ੍ਵੈ ਥਿਰ।
ਇਨ ਤੇ ਆਦਿਕ ਅਪਨ ਬਿਰਾਨੇ[1]।
ਬੈਠੇ ਸਕਲ ਸੁਨਹਿਂ ਬਚ ਕਾਨੇ ॥੧੩॥
ਸ਼ਜਾਮ ਸਿੰਘ ਪ੍ਰਭੁ ਕੇ ਢਿਗ ਬੈਸਾ।
ਹਾਥ ਜੋਰਿ ਬੂਝਤਿ ਭਾ ਐਸਾ।

[1]ਇਸ ਤੋਂ ਵਧੀਕ। [†]ਪਾ:-ਪਾਵਹੁ।

[†]ਇਥੋਂ ਸੌ ਸਾਖੀ ਦੀ ੬੦ਵੀਂ ਸਾਖੀ ਚੱਲੀ।

[1]ਆਪਣੇ ਤੇ ਓਪਰੇ।

'ਸ਼੍ਰੀ ਪ੍ਰਭੁ ਚਿਤ ਸੰਸੈ ਬਹੁ ਮੇਰੇ।
ਉੱਤਰ ਕਹੋ ਆਪ ਇਸ ਬੇਰੇ ॥੧੪॥
ਹਿੰਦੂ ਮੁਸਲਮਾਨ ਹੈਂ ਘਨੇ।
ਜਹਿਂ ਕਹਿਂ ਜਗ ਮਹਿਂ ਦੁਸ਼ਟ ਸੁ ਬਨੇ।
ਪੰਥ ਖਾਲਸਾ ਹੋਯਸਿ ਥੋਰਾ।
ਪੱਯਤਿ ਕਹੂੰ ਕਹੂੰ ਕੋ ਟੋਰਾ[1] ॥੧੫॥

[1]ਕਿਤੇ ਕਿਤੇ ਕੋਈ ਲੱਭਿਆ ਮਿਲਦਾ ਹੈ।

ਸਕਲ ਸ਼ੱਤ੍ਰੂ ਕੋ ਹਤਿ ਕਰਿ ਕੈਸੇ।
ਰਾਜ ਪਾਇ ਕਿਮ? ਕਹੀਯਹਿ ਤੈਸੇ।
ਵਧਹਿ ਤੇਜ ਕਿਮ ਲੈ ਹੈ ਧਰਨੀ?
ਠਹਿਰਹਿ ਰਾਜ ਕੌਨ ਕਰਿ ਕਰਨੀ ॥੧੬॥
ਬਹੁਤਨਿ ਕੀ ਕ੍ਰਿਤ ਅਲਪ ਕਰੈਂ ਕਿਮ[1]?

[1]ਬਹੁਤਿਆਂ ਦੀ ਕਾਰ ਥੋੜੇ ਕਿਵੇਂ ਕਰਨਗੇ?

ਬਨਹਿ ਅਲਪ ਕੀ ਬਹੁਤਨਿ ਤੇ ਤਿਮ[1]।

[1]ਤਿਵੇਂ (ਕੀਕੂੰ) ਬਣੇਗੀ ਥੋੜਿਆਂ ਦੀ ਕ੍ਰਿਤ ਬਹੁਤਿਆ ਉੱਤੇ, ਭਾਵ ਬਹੁਤਿਆਂ ਉੱਤੇ ਥੋੜਿਆਂ ਦਾ ਰਾਜ (ਜੇ ਹੋ ਵੀ ਜਾਏ ਤਾਂ) ਰਹੇਗਾ ਕੀਕੂੰ?

ਹਿੰਦੂ ਤੁਰਕਨਿ ਬਡੋ ਸਮਾਜੂ।
ਸਭਿ ਰਿਪੁ ਪਰ ਕਿਮ ਠਹਿਰਹਿ ਰਾਜੂ ॥੧੭॥
ਕਹੀਯਹਿ ਪੰਥ ਸੁਨਹਿ ਪ੍ਰਭੁ! ਤੇਰਾ।
ਹਾਨ ਲਾਭ ਜਾਨਹਿਂ ਇਸ ਬੇਰਾ।'
ਵਰਤਹਿ ਵਰਤਾਰਾ[1] ਜਗ ਜਥਾ।
ਸ਼੍ਰੀ ਮੁਖ ਸੁੰਦਰ ਤੇ ਕਹਿ ਤਥਾ ॥੧੮॥

[1]ਜੋ ਵਰਤਾਰਾ ਵਰਤੇਗਾ।

ਦੋਹਰਾ:
'ਵਰਤਾਰਾ ਵਰਤੈ[੪] ਜਗਤ,
ਸੁਨੋ ਸਿੱਖ ਚਿਤ ਲਾਇ।
ਸਤਿਗੁਰ ਜੈਸੀ ਭਾਵਸੀ
ਤੈਸੀ ਚਲਸੀ ਵਾਇ ॥੧੯॥
†ਖਾਇਗੋ ਖਰਚ ਲੇਇਗੋ ਲਾਲ[1]।

[1]ਖਾ=) ਖਾਵੇਗਾ, ਖਰਚੇਗਾ, (ਲ=) ਲਾਲ ਰਤਨ ਲਵੇਗਾ। †ਇਨ੍ਹਾਂ ਤੁਕਾਂ ਵਿਚ ਪਦ ਖਾਲਸਾ ਦੇ ਅੱਖਰ ਅੱਖਰ ਦੇ ਅਰਥ ਕੀਤੇ ਹਨ ਦੇਖੋ ਅਗੇ ਅੰਕ ੩੧, ੩੨।

ਸਰਕੈਗੋ[1] ਜੁੱਧ ਮਾਂਹਿ,
ਕਰੈਗੋ ਨਿਹਾਲ ॥੨੦॥

[1]ਸ=) ਅੱਗੇ ਵਧੇਗਾ।

*ਖਾਰੀ ਲਗ ਲਛਮੀ ਸਿਮਟੀ,
ਸਗਰੀ ਆਨੇ ਸਾਰ[1]।

[1]ਖਾਰੀ ਤੋਂ 'ਖਾ', ਲਗ ਤੋਂ 'ਲ', ਸਾਰ ਤੋਂ 'ਸਾ'। ਸਮੁੰਦਰ ਤਕ ਦੀ ਸ੍ਰੇਸ਼ਟ ਲਛਮੀ ਸਾਰੀ ਕੱਠੀ ਕਰਕੇ ਲਿਆਵੇਗਾ। (ਅ) ਸਾਰ=ਲੋਹਾ ਬਜਾਕੇ।

*ਖੜ ਲੜੇ ਸੰਗ੍ਰਾਮ ਮਹਿਂ,
ਖੇਲਕ ਕਰੋਗੇ ਪਾਰ[1] ॥੨੧॥

[1]ਖੜੇ ਤੋਂ 'ਖ', ਲੜੇ ਤੋਂ 'ਲ' ਸੰਗ੍ਰਾਮ ਤੋਂ 'ਸਾ'। ਜੁੱਧ ਵਿਚ ਡਟਕੇ ਲੜੇਗਾ, ਖਲਕਤ ਨੂੰ ਦੁੱਖਾਂ ਤੋਂ ਪਾਰ ਕਰੇਗਾ।

*ਖ਼ਾਨ ਖਾਇ ਲਸ਼ਕਰ ਪਰੇ,
ਕਰੈ ਸਾਰ ਕਾ ਮੇਲ[1]।

[1]ਖਾਂ) ਖਾਨਾਂ ਨੂੰ ਖਾ ਜਾਏਗਾ, (ਲ) ਲਸ਼ਕਰਾਂ ਉੱਤੇ ਪਾਏਗਾ, (ਸਾ) ਸਾਰ ਸ਼ਸਤ੍ਰਾਂ ਦਾ ਮੇਲ ਕਰੇਗਾ, ਭਾਵ ਸਦਾ ਸੰਭਾਲੇਗਾ।

ਤਬੈ ਖਾਲਸਾ ਜਗੈਗੋ,
ਜਾਨਹੁ ਭਾਰਥ ਪੇਲ[1] ॥੨੨॥

[1]ਐਸਾ ਦਬਾ ਪਾਵੇਗਾ ਕਿ ਮਾਨੋਂ ਮਹਾਂ ਭਾਰਥ (ਦਾ ਜੁੱਧ) ਹੋ ਰਿਹਾ ਹੈ।

ਖੰ ਜੋਗੀ ਲੰ ਭੋਗ ਮਹਿਂ,
ਸਾਰ ਸੰਗ੍ਰਹਣੇ ਮਾਂਝ[1]।

[1]ਖੰ=ਖਾ ਤੋਂ) ਜੋਗ, (ਲੰ=ਲ ਤੋਂ) ਭੋਗ, (ਸੰ=ਤੋਂ ਸਾ=) ਸਾਰ ਗ੍ਰਹਣ (ਲੋਹਾ ਯਾ ਸ਼ਸਤ੍ਰ ਧਾਰਨ) ਵਿਚ ਅਰਥਾਤ ਜੋਗ, ਭੋਗ ਤੇ ਬੀਰਰਸ ਤ੍ਰੈਹਾਂ ਦਾ ਖਾਲਸਾ ਮੇਲ ਕਰੇਗਾ। (ਅ) ਜੇ 'ਸਾਰ' ਦਾ 'ਰਾਰਾ' ਲਿਖਾਰੀ ਦੀ ਭੁੱਲ ਸਮਝੀਏ ਕਿਉਂਕਿ ਇਕ ਮਾਤ੍ਰਾ ਵੱਧ ਹੈ ਤੇ ਪਾਠ ਐਉਂ ਕਹੀਏ। 'ਖੰ ਜੋਗੀ, ਲੰ ਭੋਗ ਮਹਿਂ, ਸਾ ਸੰਗ੍ਰਹਣੇ ਮਾਝ', ਤਾਂ ਅਰਥ ਬਣੇਗਾ=(ਖਾਲਸਾ) ਜੋਗ ਤੇ ਭੋਗ (ਦੋਹਾਂ ਨੂੰ) ਮਿਲਕੇ (ਵਿਚਰੇਗਾ)। [ਖ, (ਖੰ=ਨਭ) ਤੋਂ ਮੁਰਾਦ 'ਚਿਦਾਕਾਸ਼'। ਲੰਭੋਗ ਮਹਿਂ=ਲੰਪਟ ਤੋਂ ਲੰ 'ਭੋਗ' ਅਰਥ ਵਿਚ ਲੀਤਾ ਹੈ। ਸੰਗਹਣ ਇਕੱਠ, ਮੇਲ]।

ਸੁੰਨ ਧਜਾਨ ਗੁਣ ਗਜਾਨ ਮਹਿਂ,
ਕਰੈ ਖਾਲਸਾ ਸਾਂਝ[1] ॥੨੩॥

[1]ਅਤੇ) ਅਫੁਰ ਸਮਾਧੀ, ਦੈਵੀ ਗੁਣ ਤੇ ਗਿਆਨ (ਸਭਨਾਂ) ਵਿਚ) ਖਾਲਸਾ ਸਾਂਝ ਕਰੇਗਾ।

ਖਾਦਰੁ ਲਾ ਦਰੁ ਸਾਗਰੇ,
ਬੀਚ ਕਰੈਗੋ ਰਾਜ[1]।

[1]ਖਾਦਰ (ਤੋਂ ਲੈ) ਸਿੰਧ (ਦੇਸ਼) ਤਕ (ਖਾਲਸਾ) ਰਾਜ ਕਰੇਗਾ। [ਖਾਦਰ=ਤਰਾਈ, ਉਹ ਧਰਤੀ ਜਿਸ ਪਰ ਦਰਯਾ ਦਾ ਪਾਣੀ ਚੜ੍ਹਕੇ ਸੈਲਾਬ ਕਰਕੇ ਚਿਕੜਾਲੀ ਕਰ ਜਾਏ। ਭਾਵ ਪੰਜਾਬ ਦੇ ਪੰਜਾਂ ਦਰਯਾਵਾਂ ਦੇ ਮਿਲਕੇ ਵਹਿਣ ਤੋਂ ਅੰਦਰ ਬਾਹਰ ਦੀ ਭੋਂ ਤੇ ਸਤਲੁਜ ਸਰੱਸ੍ਵਤੀ ਜਮੁਨਾ ਦੀ ਭੋਂ, ਮੁਰਾਦ ਜੋ ਜੀਂਦ ਤੋਂ ਲੈ ਕੇ ਪਸ਼ੌਰ ਤਕ। ਲਾ=ਤਕ। ਦਰ ਸਾਗਰ=ਸਮੁੰਦਰ ਦਾ ਦਰਵਾਜ਼ਾ=ਸਿੰਧ ਦੇਸ਼ ਜੋ ਪੰਜਾਬ ਤੋਂ ਸਮੁੰਦਰ ਦੇ ਵਿਚਕਾਰੇ ਹੈ ਤੇ ਜਿਸ ਵਿਚੋਂ ਪੰਜਾਬ ਦੇ ਪਾਣੀਆਂ ਨੂੰ ਸਮੁੰਦਰ ਵਿਚ ਜਾਣ ਦਾ ਰਾਹ ਹੈ]। ਸੂਚਨਾ-ਇਸ ਵਿਚ ਖਾਲਸਾ ਦੇ ਤ੍ਰੈ ਅੱਖਰਾਂ ਪਰ ਲਿਖਿਆ ਹੈ:-ਖਾ-ਤੋਂ ਖਾਦਰ। ਲਾ-ਤੋਂ ਲਾ ਦਰ। ਸਾ-ਤੋਂ ਸਾਗਰ। (ਅ) ਖਾਦਰ=ਮਾਲਵਾ ਮੈਨਦਾਬ ਆਦਿ ਜੀਂਦ ਇਲਾਕੇ ਤੱਕ। ਲਾਦਰ=ਪੰਜਾਬ ਸਤਲੁਜ ਤੋਂ ਪਸ਼ੌਰ ਤਕ। ਸਾਗੇਰ=ਸਿੰਧ ਦੇਸ਼ ਤਕ।

ਦਿੱਲੀ ਟਿਕੈ ਨ ਰਾਜ ਸਿਖ,
ਗੁਰ ਨਾਨਕ ਬਖਸ਼ੀ ਸਾਂਝ[1†] ॥੨੪॥

[1]ਬਖਸ਼ਿਸ਼ ਕਰਕੇ) ਗੁਰੂ ਨਾਨਕ ਜੀ ਨੇ ਸਾਂਝ ਬਖਸ਼ੀ ਹੈ, ਦਿੱਲੀ ਵਿਚ ਰਾਜ ਨਹੀਂ ਟਿਕੇਗਾ। ਇਹ ਇਸ਼ਾਰਾ ਸ੍ਰਦਾਰ ਬਘੇਲ ਸਿੰਘ ਨਾਲ ਪੰਥ ਦੇ ਦਿੱਲੀ ਕਬਜ਼ਾ ਕਰਕੇ ਛੱਡ ਆਉਣ ਵੱਲ ਜਾਪਦਾ ਹੈ। [†]ਇਕ ਛਾਪੇ ਦੇ ਨੁਸਖੇ ਵਿਚ, ਜੋ ਕੈਕਸਟਨ ਪ੍ਰੈਸ ਲਾਹੌਰ ਵਿੱਚ ਛਪਿਆ ਹੈ ਇਸ ਥਾਵੇਂ ਇਕ ਦੋਹਾ ਵੱਧ ਹੈ ਜੋ ਐਉਂ ਹੈ:-"ਫਿਰ ਆਵਹਿਂ ਅੰਗ੍ਰੇਜ਼ ਚੜ ਪੂਰਬ ਪੱਛਮ ਕਰੈਂਗੇ ਰਾਜ। ਖਾਲਸਾ ਸਾਥ ਮਿਲਾਪ ਕਰਿ ਸ੍ਰੀ ਗੁਰੂ ਨਾਨਕ ਬਖਸ਼ੀ ਸਾਂਝ। " ਇਹ ਦੋਹਾ ਇਸ ਤੋਂ ਪਹਿਲੇ ਦੇ ਦੀਵਾਨ ਬੂਟਾ ਸਿੰਘ ਵਾਲੇ ਛਾਪੇ ਦੇ ਨੁਸਖੇ ਵਿਚ ਜੋ ਆਫਤਾਬ ਪੰਜਾਬ ਪ੍ਰੈਸ ਵਿਚ ੧੮੯੨ ਈ. (੧੯੪੯ ਬਿ.) ਵਿਚ ਛਪਿਆ ਹੈ, ਬੀ ਨਹੀਂ, ਹੋਰ ਵੀ ਕਿਸੇ ਲਿਖਤੀ ਨੁਸਖੇ ਵਿਚ ਨਹੀਂ, ਲਿਖਤੀ ਤੇ ਛਾਪੇ ਦੀਆਂ ਸੌ ਸਾਖੀਆਂ ਵਿਚ ਵੀ ਨਹੀਂ ਹੈ। ਤੇ ਸੌ ਸਾਖੀਆਂ ਦੇ ਅੰਗ੍ਰੇਜ਼ੀ ਟੀਕਾ (ਕ੍ਰਿਤ ਸਰ. ਸ: ਅਤਰ ਸਿੰਘ) ਵਿਚ ਵੀ ਇਸ ਦੋਹੇ ਦਾ ਟੀਕਾ ਨਹੀਂ ਹੈ। ਸਾਰੇ ਪਹਿਲੂਆਂ ਤੋਂ ਸੋਚਿਆਂ ਇਹ ਦੋਹਾ ਆਖੇਪਕ ਸਿੱਧ ਹੁੰਦਾ ਹੈ। ਸੌ ਸਾਖੀ ਵਿਚ ਏਥੇ ਸੰਮਤਾਂ ਦੇ ਹੋਰ ਦੋਹੇ ਹਨ, ਜੋ ਸ਼ਾਯਦ ਕਵੀ ਜੀ ਵਾਲੇ ਨੁਸਖੇ ਵਿਚ ਨਾ ਹੋਣ, ਉਨ੍ਹਾਂ ਟੀਕਾ ਜੁ ਨਹੀਂ ਕੀਤਾ।

ਮਾਲਵ[1], ਕੁਰ, ਜਾਂਗੁਲ[2], ਕਿਲੇ,
ਮਾਝਾ, ਪਰਬਤ, ਅਟਕ।
ਕਸ਼ਮੀਰੀ ਓ ਹੰਸਪੁਰ[1],
ਮਲਕ ਪੁਰੇ ਮੈਂ ਸਟਕ[1] ॥੨੫॥
ਪਿਸ਼ੌਰ, ਜਲਾਲਾ ਕਾਬਲੀ,
ਲੇਵੈਂਗੇ ਜਉ ਕੇਸ[1]।
ਤਬੈ ਖਾਲਸਾ ਸਿੰਧ ਦੁਰ,
ਦਿੱਲੀ ਕੇ ਸੁਰ ਭੇਸ[1] ॥੨੬॥

[1]ਮਾਲਵਾ। [2]ਕੁਰਖੇਤ੍ਰ ਤੇ ਉਸਤੋਂ ਅਗਲਾ ਜੰਗਲ ਦੇਸ਼।

[1]ਹਾਂਸੀ।

[1]ਜਾਵੇਗਾ। ਹਟੇਗਾ।

[1]ਕੇਸਾਧਾਰੀ ਲੈ ਲੈਣਗੇ। (ਅ) ਜਉਕ ਸੇ, ਸ਼ੌਂਕ ਨਾਲ।

[1]ਤਦ ਖਾਲਸਾ ਦੂਰ ਸਿੰਧ ਤਕ ਰਾਜ ਕਰੇਗਾ ਦਿੱਲੀ ਕੇ ਈਸ਼੍ਵਰ ਤੁੱਲ ਭੇਸ ਕਰਕੇ, ਭਾਵ ਪਾਤਸ਼ਾਹੀ ਠਾਠ ਨਾਲ। [ਦਿਲੀਕੇਸ਼੍ਵਰ ਭੇਸ=ਦਿੱਲੀ ਕੇ ਈਸ਼੍ਵਰ ਦੇ ਭੇਸ ਵਿਚ]।

[3]ਰੂਪ ਰੰਗ ਸਭਿ ਛਿਪੈਗੀ,
ਦੀਪ ਸਿੰਘ ਨਵਰੰਗ।
ਜੋਤੀ ਜੋਤ ਸਮਾਇ ਕਰਿ,
ਲੋਹੇ ਛੋਹ ਭੁਜੰਗ[1†] ॥੨੭॥

[1]ਤੁਰਕਾਂ ਪਠਾਣਾਂ ਦੇ ਰਾਜ ਸਾਜ ਦੇ ਪੁਰਾਣੇ) ਰੂਪ ਰੰਗ ਛਪ ਜਾਣਗੇ, ਨਵੀਨ ਰੰਗ ਦੇ ਸਿੰਘਾਂ ਦਾ (ਦੀਪ=) ਤੇਜ ਪ੍ਰਤਾਪ ਫੈਲੇਗਾ। (ਮੈਂ ਤਾਂ) ਜੋਤੀ ਜੋਤ ਸਮਾ ਜਾਵਾਂਗਾ, ਪਰ ਭੁੰਜਗੀਆਂ (ਖਾਲਸੇ ਨੂੰ) ਲੋਹੇ ਦੀ ਛੋਹ ਲਾ ਜਾਵਾਂਗਾ, (ਜੋ ਸਭੋ ਕੁਛ ਕਰਨਗੇ) ਸੂਚਨਾ-ਸੌ ਸਾਖੀ ਦੇ ਪ੍ਰੇਮੀ ਏਥੇ ਦੀਪ ਸਿੰਘ ਤੋਂ ਮੁਰਾਦ ਮਹਾਰਾਜਾ ਦਲੀਪ ਸਿੰਘ ਹੀ ਲੈਂਦੇ ਹਨ। [†]ਇਥੇ ਇਕ ਹੋਰ ਦੋਹਾ ਕੈਕਸਟਨ ਪ੍ਰੈਸ ਵਾਲੇ ਛਾਪੇ ਦੇ ਨੁਸਖੇ ਵਿਚ ਹੈ ਜੋ ਲਿਖਤੀ ਨੁਸਖਿਆਂ ਤੇ ਆਫਤਾਬ ਪ੍ਰੈਸ ਵਾਲੇ ਛਾਪੇ ਦੇ ਨੁਸਖੇ ਵਿਚ ਨਹੀ, ਨਾ ਹੀ ਸੌ ਸਾਖੀ ਵਿਚ ਹੈ, ਤਾਂਤੇ ਆਖੇਪਕ ਹੈ। ਉਹ ਦੋਹਾ ਇਹ ਹੈ:-"ਪਹਿਲੇ ਮੇਰਾ ਏਕ ਸਿਖ ਕਰੇ ਪੰਜਾਬੀ ਰਾਜ। ਪਰਜਾ ਸੁਖੀ ਵਸਾਇਸੀ ਕਰੇ ਧਰਮ ਕੇ ਕਾਜ।"

ਕੋਊ ਦਿਨ ਖਾਹੇ[1] ਸਹੀ,
ਲਵਪੁਰਿ ਅਰੁ ਕਸ਼ਮੀਰੁ।

[1]ਪਾ:-ਸੌ ਸਾ: ਦਾ-ਖਾਏ। ਭਾਵ ਮਾਮਲਾ ਖਾਏਗਾ।

ਸਾਧੈਗਾ ਸੋ ਖਾਲਸਾ,
ਹੁਇ ਮਮ ਦਸਤੰਗੀਰ[1] ॥੨੮॥

[1]ਉਹ ਖਾਲਸਾ (ਮੁਲਕ ਨੂੰ) ਸਾਧੇਗਾ ਮੇਰੀ ਉਸ ਨੂੰ ਦਸਤਗੀਰੀ ਹੋਵੇਗੀ।

ਅਹੈ ਗੁਰੂ ਕਾ ਖਾਲਸਾ,
ਗੁਰੂ ਖਾਲਸਾ ਹੋਇ।'
ਇਮ ਸੁਨਿ ਕੈ ਸਭਿ ਸਿੰਘ ਤਬਿ,
ਨਮੋ ਕਰੈ ਸਭਿ ਕੋਇ ॥੨੯॥
ਗੁਰ ਬੂਝੇ[1] 'ਪੁਨ ਆਪ ਕੋ,
ਦਰਸ਼ਨ ਹੋਇ ਕਿ ਨਾਂਹ?'
ਬੋਲੇ 'ਹੌਂ ਬਨ ਖਾਲਸਾ,
ਵਰਤੌਂਗੇ ਸਭਿ ਮਾਂਹਿ[†] ॥੩੦॥

[1](ਸਿੰਘਾਂ ਨੇ) ਗੁਰਾਂ ਤੋਂ ਪੁਛਿਆ।

[†]ਏਥੇ ਸਪਸ਼ਟ ਗੁਰੂ ਜੀ ਆਪਣਾ ਅਵਤਾਰ ਖਾਲਸੇ ਵਿਚ ਵਰਤਣਾ ਦੱਸ ਰਹੇ ਹਨ।

ਖਾਰੀ ਲਗ ਲੱਛਮੀ ਜਹਾਂ,
ਤੁੱਕਾਂ ਲਿਖੀ ਬਨਾਇ।
ਤਿਨ ਕੇ ਅਰਥ ਬਿਚਾਰੀਏ,
ਤੀਨ ਬਰਣ ਨਿਕਸਾਇ ॥੩੧॥
ਇਕ ਖ਼ਕਾਰ ਕੋ ਲੀਜੀਏ,
ਬਹੁਰ ਲਕਾਰ ਸਕਾਰੁ।
ਤੀਨਹੁੰ ਕੋ ਪਦ ਖਾਲਸਾ,
ਕੀਨੋ ਅਰਥ ਉਚਾਰੁ[1][†] ॥੩੨॥

[1]'ਖਾਰੀ ਲਗ ਲੱਛਮੀ' ਦੀਆਂ ਤੁਕਾਂ ਜਿਥੇ ਕੁ ਲਿਖੀਆਂ ਹਨ ਬਣਾਕੇ ਉਨ੍ਹਾਂ ਦੇ ਅਰਥ ਵਿਚਾਰੋ ਤਾਂ ਤ੍ਰੈ ਅਖਰ ਨਿਕਲਣਗੇ। ਇਕ ਖਖਾ ਲਓ, ਫਿਰ ਲਲਾ, (ਤੇ) ਸਸਾ, ਤਿੰਨਾਂ ਤੋਂ ਪਦ ਖਾਲਸਾ ਬਣਿਆ ਹੈ, ਜਿਸ ਦਾ ਅਰਥ ਉਨ੍ਹਾਂ ਤੁਕਾਂ ਵਿਚ ਕਿਹਾ ਹੈ। [ਪਿਛੇ ਆਏ ਅੰਕ ੨੦, ੨੧, ੨੨, ੨੩, ੨੪ ਵਿਚ ਇਹੋ ਗਲ ਮੁੜ ਮੁੜ ਆਈ ਹੈ, ਸਗੋਂ ਅੰਕ ੨੧ ਵਿਚ ਦੋ ਵੇਰ ਇਹੋ ਪਦ ਆਇਆ ਹੈ]। [†]ਪਾ:-ਵਿਚਾਰ।

ਚੌਪਈ:

[†]ਇਥੋਂ ੬੧ਵੀਂ ਸਾਖੀ ਚੱਲੀ।

[†]ਇਮ ਕਹਿ ਤੂਸ਼ਨਿ ਭਏ ਗੁਸਾਈਂ।
ਦੇਖਤ ਸਭਿ ਦਿਸ਼ ਦ੍ਰਿਸ਼ਟਿ ਚਲਾਈ।
ਲਖ੍ਯੋ ਸੁਭਾਇ ਖਾਲਸੇ ਗੁਰ ਕੋ।
ਬੂਝ੍ਯੋ ਪੁਨ ਜੋ ਸੰਸੈ ਉਰ ਕੋ ॥੩੩॥
'ਸ੍ਰੀ ਪ੍ਰਭੁ! ਕਿਮ ਵਰਤਹਿ ਵਰਤਾਰਾ?
ਕਿਮ ਭਾਣਾ ਹੋਵੈ ਕਰਤਾਰਾ[1]?
ਸਮੈ ਕਲੂ ਕੋ ਕੋ ਕੋ ਹੋਇ?

[1]ਕਰਤਾਰ ਦਾ।

ਵਧਹਿ ਰਾਜ ਨ੍ਰਿਪ ਕਹੀਅਹਿ ਸੋਇ
॥੩੪॥
ਰਿਦੈ ਖਾਲਸੇ ਲਾਲਸ ਲਹੋ।
ਭੂਤ ਭਵਿੱਖਤ ਕੀ ਗਤਿ ਕਹੋ।'
ਇਮ ਸੁਨਿ ਸਿੰਘਨਿ ਕੀ ਅਰਦਾਸ।
ਸ੍ਰੀ ਕਲਗੀਧਰ ਕੀਨਿ ਪ੍ਰਕਾਸ਼ ॥੩੫॥
'ਚਾਰ ਲੱਖ ਬੱਤੀਹ ਹਜ਼ਾਰਾ।
ਕਲੂ ਆਰਬਲ ਕਰੀ ਉਚਾਰਾ[1]।

[1]ਕਲਜੁਗ ਦੀ ਆਰਬਲਾ ੪੩੨੦੦੦ ਕਹੀ ਹੈ।

ਜਿਸ ਮਹਿਂ ਸੰਤ ਹੋਇ ਬ੍ਰਹਮ ਗਜਾਨੀ।
ਸਗਰੇ ਦੋਖ ਕਰਹਿ ਸੋ ਹਾਨੀ[1] ॥੩੬॥

[1]ਇਹ ਇਸ਼ਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਹੈ।

ਦੋਹਰਾ:

ਕਲਿ ਦਰਸ਼ਨ ਕੇ ਕਾਰਣੇ
ਉਠੇ ਪ੍ਰਾਤ ਇਕ ਬਰਖ[1]।

[1]ਇਕ ਸਾਲ ਕਲਜੁਗ ਗੁਰ ਨਾਨਕ ਦੇ ਦਰਸ਼ਨ ਨੂੰ ਸਵੇਰੇ ਉਠਕੇ ਟੁਰਿਆ।

ਨਗਰ ਦੂਰ ਹੁਇ ਦੇਖੀਐ
ਤਬਿ ਦਰਸਾਵੈ ਹਰਖ[1] ॥੩੭॥

[1]ਨਗਰ ਤੋਂ ਦੂਰ ਜਾਕੇ ਡਿੱਠੇ ਸੁ ਤਾਂ ਉਹ ਦਰਸ਼ਨ ਕਰਕੇ ਖੁਸ਼ ਹੋਇਆ।

ਨਗਨ ਸ਼ਿਸ਼ਨ[1], ਬਾਤਲ ਵਪੂ[2],

[1]ਨਗਨ ਸ਼ਿਸ਼ਨ ਕਰ ਮੈਂ=ਇੰਦ੍ਰੀ ਨੰਗੀ ਹੱਥ ਵਿੱਚ। [2]ਭਾਵ ਦਾ ਵਾਰੋਲੇ ਦਾ ਸਰੀਰ ਸੀ ਉਸਦਾ।

ਕਰ ਮੈਂ ਭੋਜਨ ਖਾਇ।
ਨੀਲ ਵਸਨ[1], ਬੋਲੈ ਹਸੈ[2],

[1]ਨੀਲੇ ਕਪੜੇ ਸਾਸੁ। [2]ਹਸ ਹਸ ਬੋਲਦਾ ਸੀ।

ਸਹਿਜ ਸੁਭਾਇ ਨਹਾਇ[1] ॥੩੮॥

[1]ਪ੍ਰੇਮ ਨਾਲ ਸਹਿਜੇ ਝੁਕ ਗਿਆ। [ਨਿਹਾਇ=ਨਿਉਂਕੇ, ਸੌ ਸਾਖੀ ਦਾ ਪਾਠ ਹੈ ਨਾਇ=ਨਿਉਂਕੇ]।

ਦਰਸ਼ਨ ਤੇ ਪਾਤਕ ਗਏ,
ਮਿਟੀ ਸੰਕ ਸਭਿ ਦੇਹ[1]।

[1]ਦਰਸ਼ਨ ਕਰਨ ਨਾਲ (ਕਲਜੁਗ ਦੇ) ਪਾਪ ਮਿਟ ਗਏ, (ਤੇ ਗੁਰੂ ਜੀ ਦੇ ਵਾਕ ਸੁਣਕੇ) ਉਸਦੇ ਸਰੀਰ ਅੰਦਰਲੀਆਂ ਭਾਵ ਮਨ ਦੀਆਂ ਸ਼ੰਕਾਂ ਸਾਰੀਆਂ ਮਿਟ ਗਈਆਂ।

ਜੋ ਬੋਲੈ ਸੋ ਵਾਕ ਉਠਿ
ਚਿਤਵਤਿ ਪੂਰਨ ਲੇਹਿ[1] ॥੩੯॥

[1]ਗੁਰੂ ਕੇ ਵਾਕ (=ਬਾਣੀ) ਜੋ (ਕੋਈ ਸਵੇਰੇ) ਉਠਕੇ ਪੜ੍ਹੇਗਾ ਉਹ ਆਪਣੀਆਂ ਚਿਤਵਨੀਆਂ ਪੂਰਨ ਹੁੰਦੀਆਂ ਵੇਖੇਗਾ। 'ਮੋਤੀ ਤ ਮੰਦਰ ਊਸਰਹਿ' ਦਾ ਉਪਦੇਸ਼ ਕਲਜੁਗ ਨੂੰ ਗੁਰੂ ਨਾਨਕ ਜੀ ਨੇ ਕੀਤਾ ਸੀ ਇਸ ਸ਼ਬਦ ਤੋਂ ਮੁਰਾਦ ਹੈ (ਅ) ਇਨ੍ਹਾਂ ਤੁਕਾਂ ਵਿਚ ਇਉਂ ਅਰਥ ਬੀ ਲਾਉਣ ਦਾ ਯਤਨ ਹੁੰਦਾ ਹੈ:-ਸਵੇਰੇ ਉਠਕੇ ਇਕ ਵਰ੍ਹਾ ਜੇ ਕੋਈ ਨਗਰੋਂ ਦੂਰ ਜਾਕੇ ਨਜ਼ਰ ਜੋੜੇ ਤਾਂ ਉਹ ਕਲਜੁਗ ਨੂੰ ਦੇਖੇਗਾ ਜਿਸ ਦਾ ਸਰੀਰ ਨੰਗਾ ਆਦਿਕ ਹੈ।

ਚੌਪਈ:

ਜਬਿ ਪਾਂਡਵ ਹਟਿ ਗਯੋ ਸਮਾਜਾ।
ਮਾਘਧ[1] ਇਕ ਹਜ਼ਾਰ ਕਿਯ ਰਾਜਾ। [1]ਮਾਘਧੀਆਂ ਨੇ।
ਤਿਨ ਪਸ਼ਚਾਤ ਨੰਦ ਕੇ ਰਾਜੇ[1]। [1]ਨੰਦ ਅੱਲ ਵਾਲੇ ਰਾਜੇ ਦੇਖੋ ਅੰਸੂ ੨੯ ਅੰਕ ੪੪ ਤੋਂ ਅੱਗੇ।
ਡੇਢ ਹਜ਼ਾਰ ਸੁ ਭੁਗਜੋ ਸਮਾਜੇ ॥੪੦॥
ਪਰਸਰਾਮ ਸਮ ਸੇ ਜਗ ਹੋਇ।
ਸੂਦ੍ਰ ਛਾਪ[1] ਕੀਨੀ ਸਭਿ ਕੋਇ। [1]ਮੁੰਡਨ ਕਰ ਦਿਤੇ। (ੳ) ਉਸਤਰਾ।
ਜਗ ਮਹਿਂ ਦਿਜ ਆਦਿਕ ਜੇ ਭਏ।
ਸਿਰ ਮੁਖ ਸਭਿਨਿ ਮੁੰਡਾਇ ਸੁ ਦਏ ॥੪੧॥
ਕੇਸ਼ ਦੂਰ ਸਭਿ ਇਕ ਸਮ ਕਰੇ।
ਦੋਖ ਅਧਿਕ ਬਜਾਪਜੋ ਸਮਸਰੇ।
ਰਾਜਪੂਤ ਜੇ ਦਾਸੀ ਨੰਦ[1]। [1]ਨੰਦ ਜੋ ਦਾਸੀ ਦੇ ਪੁੱਤ੍ਰ ਰਾਜਪੂਤ ਸਨ।
ਪੰਚ ਪੁਸ਼ਤ ਕਿਯ ਰਾਜ ਬਿਲੰਦ[1] ॥੪੨॥ [1]ਪੰਜ ਪੁਸ਼ਤਾਂ ਤਕ ਬੜਾ ਰਾਜ ਕੀਤਾ।
ਸੌਰਜ,[1] ਮੌਰਜ[2], ਤੂਰਜ[3] ਹੋਇ।

[1]ਸੂਰਜਵੰਸ਼ੀ, (ਅ) ਸੂਰਮੇ ਮੋਰੀਆ ਖਾਨਦਾਨ ਵਾਲੇ। [2]ਮੋਰੀਆ ਖਾਨਦਾਨ ਜਿਨ੍ਹਾਂ ਵਿਚ ਚੰਦ੍ਰ ਗੁਪਤ ਹੋਇਆ ਹੈ। [3]ਤੂਰਜ ਤੋਂ ਮੁਰਾਦ ਤੂਰਾਨੀਆਂ ਦੀ ਹੈ ਜੋ ਪਾਰਸੀ ਕੌਮ ਦੇ ਸਨ, ਪਰ ਇਥੇ ਮੁਰਾਦ ਰਾਜਾ ਜੈਪਾਲ ਵੰਸ਼ਜਾਂ ਦੀ ਹੈ ਯਾ ਚੌਹਾਨ ਰਾਜਪੂਤਾਂ ਤੋਂ ਹੈ ਜਿਨ੍ਹਾਂ ਦਾ ਦਿੱਲੀ ਦਾ ਰਾਜ ਪਠਾਣਾਂ ਨੇ ਮੇਟਕੇ ਆਪਣਾ ਰਾਜ ਸ਼ੁਰੂ ਕੀਤਾ ਸੀ।

ਬਹੁਰ ਪਠਾਨ ਰਾਜ ਲਿਯ ਸੋਇ।
ਮੁਗ਼ਲ ਭਏ ਤਿਨ ਤੇ ਪਸ਼ਚਾਤੀ।
ਪ੍ਰਜਾ ਭਈ ਸਭਿ ਔਰੇ ਜਾਤੀ ॥੪੩॥
ਪੁਨ ਰੌਰਾ ਕੇਤਿਕ ਦਿਨ ਪਰੈ।
ਸੈਨ ਕਾਬਲੀ ਤੇ ਸਭਿ ਡਰੈ।
ਦੱਛਨ ਕੇ ਦਲ[1] ਉਮਡਹਿਂ ਘਨੇ। [1]ਮਰਹਟਿਆਂ ਵਲ ਇਸ਼ਾਰਾ ਹੈ।
ਲੂਟ ਕੂਟ ਜਗ ਕੋ ਦੁਖ ਬਨੇ ॥੪੪॥
ਤਬਹਿ ਸਿੰਘ ਗਰਜੈਂ ਬਡ† ਭਾਰੀ। †ਪਾ:-ਬਲ।

ਪਰਹਿ ਜੰਗ ਸੰਗ ਸੈਨ ਕੰਧਾਰੀ।
ਪੂਰਬ ਬਿਖੈ ਮੌਨ[1] ਵਧ ਜਾਵੈਂ। [1]ਅੰਗ੍ਰੇਜ਼।
ਲਰ ਕਰਿ ਸਭਿ ਕੀ ਸਫਾ ਉਠਾਵੈਂ

॥੪੫॥
ਇਤੈ ਸਿੰਘ ਉਤ ਹੋਇਂ ਫਿਰੰਗੀ?।
ਦਲ ਦੋਨਹੁਂ ਕੇ ਹ੍ਵੈਂ ਬਡ ਜੰਗੀ।
ਕੇਤਿਕ ਸੰਮਤਿ ਇਮਹੁ ਬਿਤਾਵੈਂ।
ਮਿਲਿ ਕਰਿ ਮਸਲਤ ਰਾਜ ਕਮਾਵੈਂ
॥੪੬॥
ਵਧਹਿ ਖਾਲਸਾ ਲੇ ਬਡ ਰਾਜਾ।
ਸਭਿ ਬਿਧਿ ਤੇ ਅਧਿਕਾਇ[1] ਸਮਾਜਾ[†]।

[1]ਵਧੇਗਾ। [†]ਇਸ ਤੋਂ ਅਗੇ ਕੈਕਸਟਨ ਪ੍ਰੈਸ ਵਾਲੇ ਨੁਸਖੇ ਵਿਚ ਦੋ ਤੁਕਾਂ ਹੋਰ ਹਨ, ਜੋ ਛਾਪੇ ਦੇ ਦੂਜੇ ਨੁਸਖੇ ਤੇ ਲਿਖਤੀਆਂ ਵਿਚ ਨਹੀਂ ਹਨ, ਤੁਕਾਂ ਇਹ ਹਨ:-"ਜਿਤ ਕਿਤ ਲਸ਼ਕਰ ਲੈ ਮੁਖ ਧਰਿਹੈਂ ॥ ਜਿਸ ਕੋ ਚਹਿਂ ਗਾਦੀ ਪਰ ਕਰਿ ਹੈਂ" ਤਾਂ ਤੇ ਆਖੇਪਕ ਹਨ।

ਜਿਤ ਕਿਤ ਸਿੰਘ ਨਾਮ ਗੁਰ ਜਪੈਂ।
ਚਹੈਂ ਊਥਪਹਿ ਕਿਸ ਹੂੰ ਥਪੈ[1†]
॥੪੭॥

[1]ਚਾਹੇ ਕਿਸੇ ਨੂੰ ਥਾਪ ਦੇਣ ਚਾਹੇ ਉਜਾੜ ਦੇਣ। [†]ਪਾ:-ਕਹੈਂ ਊਚ ਪਹਿ ਕਿਸਹੂੰ ਥਪੈਂ।

ਦੋਹਰਾ:
ਘਰ ਘਰ ਉਜਰੈ ਘਰ ਘਰ ਵੱਸੈ
ਘਰ ਘਰ ਰੋਵੈ ਨਾਰਿ।
ਘਰ ਘਰ ਪੂਜਾ, ਘਰ ਘਮੰਡ[1†],

[1]ਜੁੱਧ। [†]ਪਾ:-ਘਰ ਘਰ ਘਮੰਡ ॥

ਘਰ ਘਰ ਹੁਇ ਮਰਸਾਰ[1†] ॥੪੮॥

[1]ਮਸਾਣ। ਘਰ ਘਰ ਦਾ ਭਾਵ ਇਹ ਬੀ ਲੈਂਦੇ ਹਨ=ਕਿਸੇ ਘਰ ਵਿਚ। [†]ਇਸ ਦੇ ਅਗੇ ਕੈਕਸਟਨ ਪ੍ਰੈਸ ਦੇ ਛਾਪੇ ਵਾਲੇ ਨੁਸਖੇ ਵਿਚ ਦੋ ਤੁਕਾਂ ਹੋਰ ਹਨ, ਜੋ ਛਾਪੇ ਦੇ ਦੂਜੇ ਅਤੇ ਲਿਖਤੀ ਨੁਸਖ਼ਿਆਂ ਵਿਚ ਨਹੀਂ ਹਨ, ਤੁਕਾਂ ਇਹ ਹਨ:-"ਘਰ ਘਰ ਦਉਲਤ ਘਰ ਘਰ ਖੁਸ਼ੀਆਂ ਘਰ ਘਰ ਮੰਗਲ ਚਾਰ। ਘਰ ਘਰ ਪੂਜਾ ਘਰ ਘਰ ਵਿੱਦਿਆ ਘਰ ਘਰ ਹੁਇ ਹੈ ਨਾਰ" ਤਾਂਤੇ ਆਖੇਪਕ ਹਨ।

ਚੌਪਈ:
ਚਿਰੰਕਾਲ ਲੌਂ ਰਾਜ ਕਮਾਵੈਂ।
ਪਾਛੈ ਪੁਨ ਮਲੇਛ ਵਧਿ ਜਾਵੈਂ।
ਕਲਜੁਗ ਘੋਰ ਹੋਇ ਜਿਸ ਕਾਲ।
ਨਿਹਕਲੰਕ ਤਬਿ ਤੇਜ ਬਿਸਾਲ'
॥੪੯॥
ਇਸ ਪ੍ਰਕਾਰ ਗੁਰ ਸਕਲ ਸੁਨਾਯੋ।

ਸੁਨਿ ਸਿੰਘਨਿ ਸਭਿ ਸੀਸ ਨਿਵਾਯੋ।
ਕਹਿ[1] ਗੁਰਬਖਸ਼ ਸਿੰਘ ਸ਼ੁਭ ਕਥਾ।
ਸਿਖ ਸ਼੍ਰੋਤਾ ਪ੍ਰੇਮੀ ਸੁਨਿ ਤਥਾ ॥੫੦॥

[1]ਕਹਿ ਕਰਕੇ।

ਦੋਹਰਾ:
ਰਾਮਦਾਸ ਕੁਲ ਰਾਮ ਕੁਇਰ
ਗੁਰ ਉਕਤੀ ਕਹਿ ਚੁੱਪ।
ਕਹਿਤੇ ਲਗੀ ਸਮਾਧਿ ਪਦ
ਲਈ ਗੁਪਤਿ[†] ਰਸ ਗੁੱਪ[1] ॥੫੧॥

[1]ਗੁਰ ਚਰਨਾਂ ਵਿਚ ਸਮਾਧ ਲਗੀ ਤੇ (ਗੁਪ=) ਲੀਨ ਹੋਕੇ ਗੁਪਤ ਰਸ ਲੀਤਾ। [†]ਸੌ ਸਾ: ਦਾ ਪਾਠ ਹੈ-ਮੁਕਤਿ।

ਕਲ ਵਰਤਾਰਾ ਪਢਿ ਸੁਨੇ
ਕਲਜੁਗ ਤਾਂ ਕਾ ਦਾਸ।
ਪਾਪ ਭਗੈ, ਭਗਤੀ ਜਗੈ,
ਧੰਨ ਸਿੱਖ ਕੀ ਆਸ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰੁਤੇ ‘ਕਲੁ’ ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਪਾਹੁਲ ਭੇਦ। ਰਹਤ। ਬ੍ਰਹਮਨ ਲੱਛਣ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

†ਕੇਤਿਕ ਦਿਨ ਬੀਤੇ ਬਹੁਰ, ਬੈਠੇ ਸਭਾ ਮਝਾਰ।
ਕਰੈਂ ਰਬਾਬੀ ਕੀਰਤਨ, ਸੁੰਦਰ ਸ਼ਬਦ ਉਚਾਰਿ ॥੧॥

†ਸੌ ਸਾਖੀ ਦੀ ਇਹ ਬਾਹਠਵੀਂ ਸਾਖੀ ਹੁਣ ਚੱਲੀ ਹੈ।

ਚੌਪਈ:

ਰਾਮਕੁਇਰ ਨਿਜ ਤਜਾਗ ਸਮਾਧਿ।
ਰਿਦੇ ਧਜਾਨ ਧਰਿ ਗੁਰੂ ਅਗਾਧ।
ਸਿਖ ਸੰਗਤ ਗਨ ਸਿੰਘ ਜਿ ਸ਼੍ਰੋਤਾ।
ਸੁਨਿ ਸੁਨਿ ਸਭਿ ਕੇ ਅਨੰਦ ਉਦੋਤਾ† ॥੨॥

†ਪਾ:-ਆਨੰਦ ਹੋਤਾ।

ਸਤਿਗੁਰ ਕਥਾ ਕਰਨ ਲਗ ਭਾਈ।
ਗੁਰ ਸੇਵਕ ਕੇ ਤਨ ਮਨ ਭਾਈ।
ਭਗਤਿ ਗਜਾਨ ਤੇ ਪੂਰਨ ਜੋਈ।
ਸਿੱਖੀ ਅਰੁ ਵਿਰਾਗ ਮਹਿਂ ਭੋਈ[1]:- ॥੩॥

[1]ਮਿਲੀ ਹੋਈ।

ਸੱਦੂ ਮੱਦੂ ਦੋਨਹੁਂ ਭ੍ਰਾਤਾ।
ਗਾਵੈਂ ਰਾਗ ਸੁਰਨਿ ਕੇ ਗਜਾਤਾ[1]।
ਕਰੀ ਬਿਲਾਵਲ ਚੌਂਕੀ ਚਾਰੁ[1]।
ਭੋਗ ਪਾਇ ਅਰਦਾਸ ਉਚਾਰਿ ॥੪॥

[1]ਸੁਰ ਤਾਰਾਂ ਦੇ ਜਾਣੂ।

[1]ਬਿਲਾਵਲ ਦੀ ਚੌਂਕੀ ਜੋ ਸਵੇਰੇ ਸੱਤ ਅੱਠ ਵਜੇ ਹੁੰਦੀ ਹੈ। ਚੌਂਕੀਆਂ ਦੇ ਵੇਰਵੇ ਲਈ ਤੱਕੋ ਰਾ: ੫ ਅੰਸੂ ੪੩ ਅੰਕ ੩੫ ਦੀ ਹੇਠਲੀ ਟੂਕ।

ਪੀਛੇ ਸਿੰਘਨ ਬਿਨਤੀ ਕੀਨਿ।
ਸਕਲ ਕਲਾ ਸਮਰੱਥ ਪ੍ਰਬੀਨ।
ਕਲ ਮਹਿਂ ਕਰਜੋ ਖਾਲਸਾ ਬੀਰ।
ਸਭਿ ਤੇ ਉੱਤਮ ਗੁਨੀ ਗਹੀਰ ॥੫॥

ਦੋਹਰਾ:

ਸਰਬ ਸ਼ਿਰੋਮਣ ਖਾਲਸਾ
ਰਚਜੋ ਪੰਥ ਸੁਖਦਾਇ।
ਬਿਨ ਇਕ ਗੰਦੇ ਧੂਮ ਤੇ
ਜਗ ਮਹਿਂ ਅਧਿਕ ਸੁਹਾਇ† ॥੬॥

†ਇਹ ਛੰਦ ਪਿਛੇ ਰਾਸ ੧ ਅੰਸੂ ੧ ਅੰਕ ੪੩ ਵਿਚ ਆ ਚੁੱਕਾ ਹੈ।

ਪੂਛੈਂ ਪਰਮ ਸੁ ਪ੍ਰੇਮ ਕਰਿ
ਰਹਿਨੀ ਕੋ ਬਿਰਤੰਤ।
ਤਿਸ ਕੋ ਦੇਵੇ[1], ਕਿਮ ਰਹੈ[2],
ਕੈਸੇ ਵਰਤੋਂ ਸੰਤ?' ॥੭॥

[1]ਦਾਨ) ਕਿਸ ਨੂੰ ਦੇਵੀਏ। [2]ਕਿਸ ਰਹਿਣੀ ਵਿਚ ਰਹੀਏ।

ਗੁਰੂ ਕਹੈਂ 'ਸੁਨਿ ਖਾਲਸਾ!
ਕੇਸ ਪਾਹੁਲੀ ਮੁਕਤਿ।
ਖੰਡੇ ਕੀ ਸਭਿ ਤੇ ਭਲੀ
ਕੈ ਚਰਨਨ ਕੀ ਜੁਗਤ ॥੮॥
ਜੁਗ ਜੁਗ ਮਹਿਂ ਹਮ ਅਵਤਰੈਂ
ਅਪਨੇ ਭਗਤਨਿ ਕਾਜ।
ਰਹਿਨੀ ਰਹੈ ਸੁ ਖਾਲਸਾ
ਸੋ ਮੇਰੋ ਸਿਰਤਾਜ ॥੯॥
ਧਰੈ ਕੇਸ ਪਾਹੁਲ ਬਿਨਾ
ਭੇਖੀ ਮੂਰਖ ਸਿੱਖ[1]।

[1]ਭਾਵ ਇਹ ਕਿ ਅੰਮ੍ਰਿਤ ਜ਼ਰੂਰ ਛਕੋ, ਕਿਉਂਕਿ ਅੰਮ੍ਰਤ ਛਕਿਆਂ ਰਹਿਤ ਦਾ ਧਾਰਨੀ ਹੁੰਦਾ ਹੈ। ਐਵੇਂ ਰਹਿਤ ਨਹੀ ਕੋਈ ਰਖਦਾ, ਰਹਿਤ ਬਿਨਾਂ ਜੀਵਨ ਪਲਟਾ ਨਹੀਂ ਖਾਂਦਾ ਇਸ ਲਈ ਕੇਸ, ਅੰਮ੍ਰਿਤ ਤੇ ਰਹਿਤ ਪਰਸਪਰ ਜ਼ਰੂਰੀ ਚੀਜ਼ਾਂ ਹਨ। (ਅ) ਇਸ ਦਾ ਇਸ਼ਾਰਾ ਉਨ੍ਹਾਂ ਵਲ ਬੀ ਹੈ ਜਿਨ੍ਹਾਂ ਨੇ ਸਿੱਖ ਪ੍ਰਤਾਪ ਵੇਲੇ ਭੇਖ ਮਾਤ੍ਰ ਕੇਸ ਰੱਖਕੇ ਸਿੱਖ ਰਈਸਾਂ ਤੇ ਮਹਾਂਰਾਜਿਆਂ ਨੂੰ ਆਪਣੇ ਮਤਲਬ ਸਾਧਣ ਲਈ ਧੋਖੇ ਦਿੱਤੇ, ਇਨ੍ਹਾਂ ਵਿਚੋਂ ਹੀ ਕਈ ਭੇਖੀ ਸਿੱਖ ਰਾਜ ਡੋਬਣ ਦਾ ਕਾਰਨ ਬਣੇ।

ਮੇਰਾ ਦਰਸ਼ਨ ਨਹੀਂ ਤਿਸ
ਪਾਪੀ ਤਜਾਗੇ ਸਿੱਖ[1]† ॥੧੦॥

[1]ਉਹ ਪਾਪੀ ਹੈ ਉਸਦਾ ਸਿੱਖ ਤਜਾਗ ਕਰਨ। †ਸੌ ਸਾ: ਪਾ:-ਭਿਖ।

ਏਕ ਮਜਬ ਰਹਿਨਾ ਭਲਾ
ਦੋ ਮੈਂ ਰਹੇ ਨ ਕੋਇ।
ਮੇਰੋ ਸਿੱਖ ਕਹਾਇ ਕੈ
ਭਰਮੈ[1] ਪਾਪੀ ਸੋਇ ॥੧੧॥

[1]ਜੋ ਭਰਮੇਂਗਾ।

ਤ੍ਰੈ ਪ੍ਰਕਾਰ ਮਮ ਸਿੱਖ ਹੈਂ
ਸਹਿਜੀ[1], ਚਰਨੀ[2], ਖੰਡ[3]।

[1]ਸਹਿਜਧਾਰੀ, ਉਹ ਸਿੱਖ ਜੋ ਗੁਰੂ ਸਾਹਿਬਾਂ ਨੂੰ ਇਸ਼ਟ ਦੇਵ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੀ ਧਰਮ ਪੁਸਤਕ ਮੰਨਦਾ ਹੈ, ਪਰ ਜੋ ਅਜੇ ਖੰਡੇ ਦਾ ਅੰਮ੍ਰਿਤ ਦਾ ਧਾਰਨੀ ਨਹੀਂ ਹੈ। [2]ਭਾਵ ਜਿਸ ਚਰਨ ਪਾਹੁਲ ਲਈ ਹੈ। [3]ਜਿਸ ਖੰਡੇ ਦਾ ਅੰਮ੍ਰਤ ਇਕਆ ਹੈ।

ਯਾਂ ਤੇ ਕੇਸੀ ਹੋਇ ਸਿੱਖ
ਤੀਨੋ ਕਰੈ ਬਿਹੰਡ[1] ॥੧੨॥

[1]ਤਾਂਤੇ (ਖੰਡੇ ਦੇ ਅੰਮ੍ਰਿਤ ਵਾਲੇ) ਕੇਸਾਧਾਰੀ ਸਿਖ ਨੇ ਤਿੰਨੇ ਸਿੱਖੀਆਂ ਪੂਰਨ ਕੀਤੀਆਂ ਹਨ। [ਬਿ+ਹੰਡ=ਬਿਨਾਂ ਹੰਡਣ ਤੋਂ ਭਾਵ ਪੂਰਨ]। (ਅ) ਇਸ ਲਈ ਸਿੰਘ ਕੇਸਾਧਾਰੀ ਹੋਵੇ ਤੇ ਤਿੰਨਾਂ (ਸ਼ੈਆਂ ਦਾ) ਤਯਾਗ ਕਰੇ। (ਇਹ ਤ੍ਰੈ ਚੀਜ਼ਾਂ ਅੰਕ ੨੬ ਵਿਚ ਗਿਣੀਆਂ ਹਨ:-ਮੜੀਆਂ ਮਠਾਂ ਦਾ ਮੰਨਣਾ, ਭੇਖੀ ਨੂੰ ਦਾਨ ਦੇਣਾ ਤੇ ਹਰ ਕਿਸੇ ਦਾ ਪ੍ਰਸ਼ਾਦ ਛਕਣਾ)।

**ਚੌਪਈ:**

ਮੇਰਾ ਸੋ ਜੋ ਰਾਖੈ ਰਹਿਤ[1]। — [1]ਰਹਿਣੀ।
ਗੁਰ ਆਇਸੁ ਮਹਿਂ ਨਿਸ ਦਿਨ ਰਹਤਿ[1]। — [1]ਰਹਿੰਦਾ ਹੈ।
ਪਹਿਰ ਰਾਤ ਤੇ ਕਰੈ ਸ਼ਨਾਨ।
ਸੁਚ ਸੰਜਮ ਸੋਂ ਹੁਇ ਸਵਧਾਨ ॥੧੩॥
ਜਪ ਆਦਿਕ ਗੁਰਬਾਣੀ ਪਾਠ।
ਪਢੈ ਗੁਰਮੁਖੀ ਤਜਿ ਅਨ ਠਾਠ[1]। — [1]ਹੋਰ ਬਨਾਵਟਾਂ ਤਯਾਗੇ।
ਸ੍ਰੁਤ ਅਰੁ ਸਤਿਗੁਰ ਬਾਕਨਿ ਧਾਰੈ[†1]। — [1]ਵੇਦ ਅਰ ਸਤਿਗੁਰ ਦੇ ਵਾਕਾਂ ਨੂੰ ਧਾਰੇ। [†]ਸੌ ਸਾ: ਪਾ:-ਬੇਦ ਸ਼ਾਸਤ੍ਰ ਗੁਰਵਾਕ ਕੋ ਧਾਰੈ।
ਔਰ ਬਜਾਧ ਸਮ ਸਗਰੀ ਟਾਰੈ[1] ॥੧੪॥ — [1]ਹੋਰ ਬਾਣੀਆਂ ਰੋਗ ਸਮਝਕੇ ਨਾ ਧਾਰੇ।
ਨਹੀਂ ਪਾਰਸੀ ਅਰਬੀ ਪਢੈ[†]।

[†]ਇਹ ਉਪਦੇਸ਼ ਦਸਮੇਂ ਪਾਤਸ਼ਾਹ ਜੀ ਦੇ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਨੇ ਆਪ ਜ਼ਫ਼ਰਨਾਮਾ ਫ਼ਾਰਸੀ ਵਿਚ ਲਿਖਿਆ ਹੈ। ਇਹ ਗ਼ਾਲਬਨ, 'ਮਥਰਾ' ਲੇਖਕ ਦੇ ਖਿਆਲ ਹਨ ਜੋ ਫ਼ਾਰਸੀ ਅਰਬੀ ਤੋਂ ਹੋੜ ਕੇ ਸਿੱਖਾਂ ਨੂੰ ਸ਼ਾਸਤ੍ਰਾਂ ਦੇ ਪੜ੍ਹਨ ਦਾ ਨਿਜ ਪੱਖ ਦਾ ਉਪਦੇਸ਼ ਦੇ ਰਿਹਾ ਹੈ। ਭਾ: ਦੇਸਾ ਸਿੰਘ ਦੇ ਰਹਿਤਨਾਮੇ ਵਿਚ ਲਿਖ੍ਯਾ ਹੈ:- ਔਰ ਜਿ ਵਿਦ੍ਯਾ ਜਹਿਂ ਤਹਿਂ ਹੋਈ, ਅਵਰਨ ਤੇ ਬੀ ਲੇਵੈ ਸੋਈ।

ਮੁਖ ਤੇ ਨਿਸ ਦਿਨ ਗੁਰ ਗੁਰ ਰਢੈ[1†]। — [1]ਰਰੈ, ਜਪੈ। [†]ਇਹ ਗੁਰਮਤ ਠੀਕ ਹੈ।
ਨਹੀਂ ਤੁਰਕ ਕੋ ਸੀਸ ਨਿਵਾਵੈ।
ਨਹਿਂ ਸੰਗਤਿ ਬੈਠਹਿ, ਨਹਿਂ ਖਾਵੈ ॥੧੫॥
ਚਾਕਰ ਬਨੈ ਜੀਵਕਾ ਹੇਤ[1]। — [1]ਜੇ ਉਪਜੀਵਕਾ ਵਾਸਤੇ ਨੌਕਰੀ ਕਰਨੀ ਪਵੇ ਤਾਂ......।
ਧਰੈ ਸ਼ਸਤ੍ਰ ਰਣ ਰਹੈ ਸੁਚੇਤ।
ਕਬਹੁਂ ਨ ਠਹਿਰੈ ਲੋਭੀ ਮੀਤ[1]। — [1]ਲੋਭੀ ਮਿੱਤ੍ਰ ਪਾਸ ਨਾ ਰਹੇ। (ਅ) ਲੋਭੀ ਮਿੱਤ੍ਰ ਨਾਲ ਨਹੀਂ ਨਿਭ ਸਕਦੀ।
ਸਿੱਖ ਪਹਾੜੀ ਕਰੈ ਨ ਪ੍ਰੀਤ ॥੧੬॥

ਚਾਰ ਬਰਨ ਸੋਂ ਬਰਤੈ ਐਸੇ।
ਸੁਨੋ ਸਿੱਖ ਮਮ ਬਚ ਹੈਂ ਜੈਸੇ।
ਬਾਹਮਣ ਚਰਨ ਪਾਹੁਲੀ ਹੋਵੈ।
ਅਥਵਾ ਸਹਿਜੇ ਸਿੱਖੀ ਜੋਵੈ ॥੧੭॥
ਮੇਰੋ ਸਿੱਖ ਆਨ ਸਭਿ ਤਜਾਗੈ[1]।

[1]ਬਾਹਮਨਾਂ ਨੂੰ ਤਜਾਗੇ)। (ਅ) ਸੌਂਹ (ਖਾਣੀ) ਛੱਡ ਦੇਵੇ।

ਭੇਖੀ ਬਾਹਮਣ ਦਾਨ[1] ਨ ਲਾਗੈ।

[1]ਭੇਖੀ ਬ੍ਰਾਮਣ ਨੂੰ ਦਿੱਤਾ ਦਾਨ।

ਦਿਜ ਲੋਭੀ ਨਹਿੰ ਨਿਕਟ ਬੁਲਾਵੈ।
ਮੇਰੋ ਹੋਇ ਸੁ ਮੁਖ ਨਹਿੰ ਲਾਵੈ ॥੧੮॥
[1]ਸਰਵਰ ਗੁਗਾ ਆਦਿ ਜਿ ਪੀਰ।

[1]ਉਹ ਬਾਹਮਣ ਤੇ ਬਾਹਮਣੀ ਜੋ ਕਾਇਰ ਹੋਕੇ ਸਰਵਰ ਤੇ ਗੁੱਗੇ ਆਦਿ ਪੀਰਾਂ ਨੂੰ ਸੇਂਵਦੇ ਹੈਨ ਉਨ੍ਹਾਂ ਦੀ ਤਾਂ ਸੰਗਤ ਵਿਚ ਨਾ ਬਹੇ, ਦਿੱਤਾ ਦਾਨ ਤਾਂ ਐਸਿਆਂ ਨੂੰ ਕਿੱਥੋਂ ਫਲ ਸਕਦਾ ਹੈ (ਦੇਖੋ ਅੰਕ ੨੩)।

ਦਿਜ ਦਿਜਨੀ ਸੇਵੈ ਹੁਇ ਭੀਰੁ।
ਤਿਸ ਕੀ ਸੰਗਤਿ ਸਿੱਖ ਨ ਬੈਸੇ।
ਦੇਨੋ ਦਾਨ ਕਹਾਂ ਫਲ ਹੈਸੇ[੪] ॥੧੯॥
ਗੁਰ ਗੁਰਸਿਖ ਕੀ ਨਿੰਦਾ ਕਰੈ[1]।

[1]ਉਹ ਬਾਹਮਣ ਜੋ) ਗੁਰੂ ਤੇ ਗੁਰਸਿਖ ਦੀ ਨਿੰਦਾ ਕਰੇ.......।

ਤਿਸ ਦਿਜ ਕੋ ਦੇ ਸੋ ਦੁਖ ਭਰੈ[†]।

[†]ਐਹੋ ਜਹੇ ਟਿਕਾਣੇ ਕਈ ਥਾਈਂ ਸੌ ਸਾਖੀ ਵਿਚ ਕਈ ਪਾਠ ਵਾਧੂ ਹਨ।

ਜੇ ਕੋ ਮੇਰਾ ਹੋਇ ਨ ਸਿੱਖ[1]।

[1]ਜੋ ਬਾਹਮਣ ਮੇਰਾ ਸਿੱਖ ਨਾ ਹੋਵੇ।

ਤਿਸ ਬਾਮਣ ਕੋ ਦੇਇ ਨ ਭਿੱਖ[1] ॥੨੦॥

[1]ਖੈਰ ਬੀ ਨਾ ਪਾਵੇ।

[1]ਦਿਜ ਬਿਨ ਕੇਸ ਜੁ ਪਾਹੁਲ ਧਾਰੇ[†]।

[1]ਉਹ) ਬਾਹਮਣ (ਜੋ ਖੰਡੇ ਦੀ) ਪਾਹੁਲ ਤੋਂ ਬਿਨਾਂ ਕੇਸ ਧਾਰਦਾ ਹੈ ਉਸਨੂੰ ਪਖੰਡੀ ਸਮਝਕੇ ਦੂਰ ਰਖੇ, [ਧਾਰੇ ਪਦ ਕੇਸਾਂ ਨਾਲ ਲਗਦਾ ਹੈ]। [†]ਸੌ ਸਾ: ਪਾਠ- ਬਾਹਮਨ ਕੇਸ ਬਿਨ ਪਾਹੁਲ ਧਾਰੈ। ਪਾਖੰਡੀ ਕੋ ਦੂਰ ਨਿਵਾਰੈ।

ਤਿਸ ਪਾਖੰਡੀ ਦੂਰ ਨਿਵਾਰੇ[੯]।
ਸੁਚ ਸੰਤੋਖ ਰਹਿਤ ਕੋ ਰਾਖਣ।
ਧਾਰੈ ਧਰਮ, ਸ੍ਰੁਤ[1] ਕਰੈ ਜੁ ਭਾਖਣ ॥੨੧॥

[1]ਵੇਦ।

ਦੋਹਰਾ:
[1]ਮੇਰੇ ਸਿੱਖਨਿ ਬੇਖ ਧਰਿ

ਦਾਨ ਲੂਟਿਬੇ ਹੇਤ।

[1]ਮੇਰੇ ਸਿਖਾਂ ਦਾ ਦਾਨ ਲੁਟਣ ਵਾਸਤੇ ਜੋ (ਸਿੱਖੀ ਦਾ) ਵੇਸ 'ਕੇਸ' ਧਾਰਨ ਕਰਦਾ ਹੈ, ਪਰ ਰਿਖ ਧੰਦਿਆਂ (ਵਿਚ ਖਚਤ ਹੈ) ਉਸ ਨੂੰ ਤਜਾਗ ਦਿਓ ਉਹ ਕਪਟੀ ਹੈ, ਪਾਪੀ ਹੈ, ਕੇਤੂ ਵਤ ਹੈ। [ਰਿਖ ਧੰਧ=ਇੰਦ੍ਰਿਆਂ ਦੇ ਪਿੱਟਣੇ। ਕਾਮ ਆਦਿ ਕੁਕਰਮ ਅਰਥਾਤ ਜੋ ਲੰਪਟ ਹੋਵੇ (ਅ) ਰਿਖਿ ਧੰਧ=ਕਰਮ ਕਾਂਡ ਆਦਿ ਦੇ ਧੰਧੇ। ਕੇਤੂ=ਸਿਰ ਵਢਿਆ ਰਾਹੂ ਨਾਮੇ ਰਾਖਸ਼। (ਅ) ਪਾਪੀ ਕੇਤੂ=ਪਾਪੀਆਂ ਦਾ ਸ਼ਰੋਮਣੀ]।

ਧਰੇ ਕੇਸ ਰਿਖ ਧੰਧ ਤਜਿ
ਕਪਟੀ ਪਾਪੀ ਕੇਤ ॥੨੨॥
ਬਿੱਪ੍ਰ ਬਰਣ ਉਤਮ ਬਡਾ
ਤੀਨ ਦੇਵ ਕੋ ਰੂਪ।
ਪਲਟ ਮਜਬ ਪੀਰਨ ਜਜੈ[1]
ਸੋ ਪਾਪੀ ਪਰੇ ਕੂਪ[1] ॥੨੩॥

[1]ਗੁੱਗੇ ਆਦਿ ਪੀਰਾਂ ਨੂੰ ਪੂਜੇ। [ਦੇਖੋ ਅੰਕ ੧੯]।
[1]ਨਰਕ) ਕੂਪ ਵਿਚ।

[1]ਭੇਸ ਕੇਸ ਧਰਿ ਆਨ ਸਿੱਖ,
ਪੂਜਤਿ ਤੁੱਛਨ ਦੇਵ।

[1]ਜੋ ਬ੍ਰਾਹਮਣ) ਸਿੱਖ ਕੇਸਾਂ ਦਾ ਭੇਸ ਧਾਰਨ ਕਰਕੇ ਹੋਰ ਤੁੱਛ ਦੇਵਤਿਆਂ ਨੂੰ ਪੂਜਦਾ ਹੈ ਉਸਨੂੰ ਪਾਣੀ ਤੱਕ ਬੀ ਨਾ ਦੇਵੇ, (ਪਰ ਜੋ) ਮੇਰਾ ਸਿੱਖ ਹੈ ਉਸਦੀ ਸੇਵਾ ਕਰੋ। (ਅ) ਸੌ ਸਾ: ਦਾ ਪਾਠ 'ਆਨ ਸਿੱਖ' ਦੀ ਥਾਵੇਂ ਹੈ 'ਆਨਰਿਖ', ਜਿਸਦਾ ਅਰਥ ਹੈ ਹੋਰਨਾਂ ਰਿਖੀਆਂ ਤੇ ਦੇਵਤਿਆਂ ਨੂੰ।

ਤਾਂਹਿ ਨ ਪਾਨੀ ਦੀਜੀਏ,
ਮੇਰਾ ਸਿੱਖ ਸੁ ਸੇਵ[13] ॥੨੪॥
[1]ਕੇਸਾ ਧਾਰੀ ਭੇਖੀਆ
ਜੀਵਨ ਕੇ ਤਿਨ ਕਾਜ।

[1]ਭੇਖੀ ਕੇਸਾਂ ਨੂੰ ਧਾਰਨ ਵਾਲਾ ਚੰਡਾਲ ਸਮ ਹੈ ਉਸਨੇ ਉਪਜੀਵਕਾ ਵਾਸਤੇ ਕੇਸ ਧਾਰੇ ਹਨ (ਉਸਨੂੰ) ਦਾਨ ਦਿੱਤਾ ਨਿਸ਼ਫਲ ਜਾਏਗਾ [ਤਿਨ=ਉਸਨੂੰ। ਪਾਜ=ਬਨਾਵਟ, ਨਿਸ਼ਫਲ। ਸੌ ਸਾ: ਦਾ ਪਾਠ ਹੈ 'ਬਾਦ']।

ਧਰੇ ਕੇਸ ਚੰਡਾਲ ਸਮ
ਦੇਇ ਦਾਨ ਹੁਇ ਪਾਜ[1] ॥੨੫॥

ਚੌਪਈ:

ਮੜ੍ਹੀ ਮਸਾਣੀ ਗੋਰ ਨ ਮਾਨੈ[†]।

[†]ਸੌ ਸਾਖੀ ਦਾ ਪਾਠ-ਮੇਰਾ ਸਿੱਖ ਸੀਤਲਾ ਮਾਨੈ....... ' ਆਦਿ ਲਿਖਕੇ ਅਗੇ ਕਹਿੰਦੇ ਹਨ:-'ਮੇਰੋ ਸਿੱਖ ਨ ਆਦਿ ਜੁਗਾਦਿ' ਕਿ ਸੀਤਲਾ ਮੰਨਣ ਵਾਲਾ ਆਦਿ ਜੁਗਾਦਿ ਮੇਰਾ ਸਿੱਖ ਨਹੀਂ ਹੈ।

ਭੇਖੀ ਕੋ[1] ਨਹਿਂ ਦੇਵੈ ਦਾਨੈ।
ਜਹਿਂ ਕਹਿਂ ਕੋ ਨਹਿਂ ਖਾਇ ਪ੍ਰਸਾਦਿ।
ਕਰੈ ਜਿ ਤੀਨੋ ਸਿੱਖ ਸੁ ਬਾਦ[1] ॥੨੬॥
ਬਿਨ ਬੂਝੇ[1] ਦੇਵਨਿ ਕੋ ਜਜੈ।
ਮੈਂ ਛੋਡਾ, ਸੋ ਸਿਖ ਮਮ ਤਜੈ।
[1]ਮੇਰਾ ਸਿੱਖ ਜੁ ਤੀਰਥ ਜਾਵੈ।

[1]ਹਰ ਕਿਸੇ ਦਾ।
[1]ਬਿਅਰਥ ਹੈ।
[1]ਗੁਰਾਂ ਦੇ ਹੁਕਮ) ਸਮਝੇ ਬਿਨਾਂ।
[1]ਮੇਰਾ ਸਿਖ ਜੋ ਤੀਰਥ ਜਾਵੇ ਜਾਂ ਅਥਿਤੀਆਂ ਨੂੰ ਕੁਛ

ਦੇਣਾ ਚਾਹੇ ਜਾਂ ਭੋਜਨ ਛਕਾਉਣਾ ਚਾਹੇ ਜਾਂ ਗੁਰਪੁਰਬ ਪਰ ਦਾਨ ਦੇਣਾ ਚਾਹੇ ਓਹ ਗੁਰੂ ਵਿਸ਼ਵਾਸ਼ੀਆਂ ਨੂੰ ਦੇਵੇ ਤੇ ਗੁਰੂ ਅਸਥਾਨਾਂ ਤੇ ਦੇਵੇ।

ਦੇਹਿ ਅਥਿਤ ਕੋ ਭੋਗ ਭੁਗਾਵੈ ॥੨੭॥

ਦੇਯ ਜੁ ਦਾਨ ਪਰਬ ਕੋ ਮਾਨਿ।

ਗੁਰ ਵਿਸ਼ਵਾਸ਼ੀ ਗੁਰੂ ਸਥਾਨ।

[1]ਵੇਖੋ ਨਾਂਹਿ ਤੀਰਥਨ ਪਾਂਡੇ।

[1]ਤੀਰਥਾਂ ਤੇ ਜਾਕੇ) ਤੀਰਥਾਂ ਦੇ ਪਾਂਡਿਆਂ ਵਲ ਤੱਕੇ (ਬੀ) ਨਾ, ਓਹ ਭੇਖ ਕਰਕੇ ਤੇ ਦਿਖਾਵੇ ਬਣਾਕੇ ਆਉਂਦੇ ਹਨ। [ਆਂਡੇ ਤੋਂ ਮਤਲਬ ਆਡਾਟੀਕਾ ਹੈ, ਦੂਜ ਦੇ ਚੰਦ ਵਰਗਾ ਤਿਲਕ ਜੋ ਸ਼ੈਵੀ ਲਾਉਂਦੇ ਹਨ। ਵੈਸ਼ਨਵ ਇਸ ਨੂੰ ਮਾੜਾ ਦੱਸਦੇ ਹਨ। ਮੁਰਾਦ ਤਿਲਕ ਆਦਿਕ ਬਨਾਵਟ ਕਰਨ ਤੋਂ ਹੈ]।

ਕਰੇ ਭੇਖ ਬਨ ਆਵਹਿਂ ਆਂਡੇ ॥੨੮॥

[1]ਰਹੈ ਇਕਾਂਤ ਪ੍ਰੀਤ ਜਨ ਦੂਰ।

[1]ਇਕਾਂਤ ਰਹਿੰਦਾ ਹੋਵੇ, ਪੁਰਖਾਂ ਦੀ ਪ੍ਰੀਤ ਤੋਂ ਪਰੇ ਹੋਵੇ, ਮੇਰੇ ਵਿਚਾਰ ਨਾਲ ਨਿਤ ਭਰਿਆ ਹੋਵੇ ਭਾਵ ਗੁਰੂ ਧ੍ਯਾਨੀ ਹੋਵੇ, ਐਸੇ ਸਿੱਖ ਨੂੰ ਮੇਰਾ ਸਿਖ ਪ੍ਰਸ਼ਾਦ ਛਕਾਵੇ, (ਉਹ ਬ੍ਰਾਹਮਣ ਜਿਸਨੇ) ਕੇਸਾਂ ਦਾ ਭੇਸ (ਮਾਤ੍ਰ) ਧਾਰਿਆ ਹੈ ਮੇਰੇ ਪੰਥ ਵਿਚੋਂ ਨਹੀਂ (ਬ੍ਰਿੱਛ ਤੋਂ ਉਪਲਖਤ ਪੰਥ)। ਸੂਚਨਾ-ਸੌ ਸਾਖੀ ਦਾ ਪਾ:-'ਬਿਖੈ' ਹੈ, ਅਰਥ:-ਮੇਰਾ ਵੇਸ ਕੇਸਾਂ ਦਾ ਜਿਸ ਨੇ ਨਹੀਂ ਲਿਆ ਉਹ ਜ਼ਹਿਰ ਤੁੱਲ ਹੈ।

ਮਮ ਬਿਚਾਰ ਸੋਂ ਨਿਤ ਭਰਪੂਰ।

ਸਿੱਖ ਭੁਗਾਵੈ ਮੇਰਾ ਸਿੱਖ।

ਕੇਸ ਭੇਸ ਨਹਿਂ ਮੇਰੋ ਬ੍ਰਿੱਖ ॥੨੯॥

ਦੋਹਰਾ:

[1]ਹੁਇ ਸਕੇਸ ਕੈ ਕੇਸ ਬਿਨ

ਮੇਰਾ ਹੋਇ ਨਿਸੰਗ।

[1]ਸੌ ਸਾਖੀ ਵਿਚ ਪਾਠ 'ਕੈ' ਨਹੀਂ ਹੈ। ਐਉਂ ਪਾਠ ਹੈ:-ਕੇਸਵਾਨ ਬਿਨ ਕੇਸ ਹੋਇ ਮੇਰਾ ਹੋਇ ਨਿਸੰਗ। ਅਰਥ:-ਜੋ ਮੇਰਾ (ਧ੍ਯਾਨੀ) ਹੈ ਉਹ (ਬ੍ਰਾਹਮਣ) ਕੇਸਾਂ ਬਿਨਾਂ ਜੇ ਹੈ ਤਾਂ ਨਿਸੰਗ ਹੋਕੇ ਕੇਸਵਾਨ ਹੋ ਜਾਵੇ। ਉਹ ਬ੍ਰਾਹਮਣ ਬਜਾਸ ਤੁੱਲ ਹੈ ਉਸ ਨੂੰ ਦਾਨ ਖੁਸ਼ੀ ਨਾਲ ਦਿਓ। ਪਿਛੋਂ ਚਲੇ ਆ ਰਹੇ ਪ੍ਰਸੰਗ ਅਨੁਸਾਰ ਇਹ ਅਰਥ ਸ਼ੁੱਧ ਜਾਪਦਾ ਹੈ।

ਬਾਮਣ ਸੋਈ ਬਜਾਸ ਸਮ

ਦੇਵੈ ਦਾਨ ਉਮੰਗ ॥੩੦॥

ਕੰਨਜਾਂ ਦੇਵੈ ਸਿੱਖ ਕੋ

ਲੇਵੈ ਨਹਿਂ ਕੁਛ ਦਾਮ।

ਸੋਈ ਮੇਰਾ ਸਿੱਖ ਹੈ

ਪਹੁੰਚੇ ਲੈ ਮਮ ਧਾਮ[1] ॥੩੧॥

ਸਰਵਰ ਗੁੱਗਾ[†] ਪੀਰ ਜੇ,

ਜੋਗੀ, ਭੂਤ ਨ ਸੇਵ।

[1]ਉਹ (ਪੁੰਨ) ਲੈਕੇ ਮੇਰੇ ਧਾਮ ਅੱਪੜੇਗਾ।

[†]ਸੌ ਸਾ: ਵਿਚ ਏਥੇ 'ਸੀਤਲਾ' ਪਦ ਹੈ।

ਗੁਰ ਪੂਜੇ ਸਭਿ ਕਾਮ ਮਹਿਂ
ਪਹੁੰਚਹਿ ਮਮ ਘਰ ਏਵ ॥੩੨॥
ਜਪੁ, ਅਨੰਦ, ਪਢਿ ਜਾਪ ਨਿਤ
ਥੋੜਾ ਸਾਰਾ ਸਿੱਖ।
ਰਹਿਰਾਸ, ਆਰਤੀ ਸ਼ਬਦ ਪੁਨ
ਕੀਰਤਨ ਕਰੈ ਸੁ ਭਿੱਖ[1] ॥੩੩॥

[1]ਸ਼ੁਭ ਇੱਛਾ ਨਾਲ [ਸ਼ੁਭ+ਇੱਛ]। (ਅ) ਕੀਰਤਨ ਦਾ ਸੁਭਿੱਖ (=ਸੁਕਾਲ) ਕਰ ਦੇਵੇ।

ਸਿੱਖ ਸਿੱਖਣੀ ਮਿਲਿ ਬਹੈਂ
ਚਰਚਾ ਕਰੈਂ ਅਪਾਰ।
ਭਜਨ ਸਿਖਾਵੈਂ ਪੁੱਤ੍ਰ ਕੋ
ਨਿਤ ਭਜਿ ਬਾਰੰ ਬਾਰੁ ॥੩੪॥
ਖੱਤ੍ਰੀ ਵੈਸ਼ ਕਿ ਸ਼ੂਦ੍ਰ ਸਿਖ
ਸ੍ਰਾਧ ਪਿਤ੍ਰ† ਕੋ ਜਾਨਿ।

†ਪਿਤਰਾਂ ਲਈ ਕੀਰਤਨ ਪਾਠ ਭੋਗ ਅਖੰਡ ਪਾਠ ਅਰਦਾਸ ਤਾਂ ਗੁਰਮਤ ਵਿਚ ਵਿਹਤ ਹਨ, ਪਰ ਸ਼੍ਰਾਧ ਨਹੀਂ, ਦੇਖੋ ਰਾਸ ੩ ਅੰਸੂ ੬੨ ਅੰਕ ੧੦ ਹੇਠਲੀ ਟੂਕ।

ਕਰੈ ਕਰਾਵੈ ਬਿੱਪ੍ਰ ਸਿਖ
ਆਨ ਬਿੱਪ੍ਰ ਨਹਿਂ ਮਾਨ[1] ॥੩੫॥

[1]ਬ੍ਰਾਹਮਣ ਸਿੱਖ ਕੋਲੋਂ ਕਰਾਵੇ ਹੋਰ ਬਿੱਪ੍ਰ ਨੂੰ ਨਾ ਮੰਨੇ।

ਦੇਇ ਕੁਦਾਨ ਜੁ ਸਿੱਖ ਮਮ
ਗ੍ਰਾਹਕ ਜਾਵੈ ਨਰਕ[1]।

[1]ਗ੍ਰਹਣ ਕਰਨ ਵਾਲਾ ਨਰਕ ਜਾਊ।

ਅਪਨ ਭਲਾ ਤਾਂ ਕੋ ਬੁਰੋ
ਤਾਂਹੀ ਤੇ ਕਰਿ ਫਰਕ[1] ॥੩੬॥

[1]ਦੇਣ ਵਾਲਾ) ਆਪਣਾ ਭਲਾ ਕਰਦਾ ਹੈ ਪਰ ਲੈਣ ਵਾਲੇ ਦਾ ਬੁਰਾ ਹੁੰਦਾ ਹੈ (ਲੈਣ ਵਿਚ); ਇਸ ਕਰਕੇ ਲੈਣ ਵਾਲਾ ਤਮੀਜ਼ ਕਰੇ ਯਾ ਉਸ ਦਾਨ ਤੋਂ ਦੂਰ ਰਹੇ।

ਗੁਰੂ ਭਰੋਸਾ, ਆਸ ਗੁਰ,
ਨਹਿਂ ਕੋ ਲੋਕ ਪ੍ਰਲੋਕ[1]।

[1]ਤੇ ਸਮਝੇ ਕਿ ਗੁਰੂ ਬਿਨਾਂ) ਲੋਕ ਪ੍ਰਲੋਕ ਵਿਚ ਮੇਰਾ ਕੋਈ ਨਹੀਂ।

ਗਜਾਨ, ਧਜਾਨ, ਇਸ਼ਨਾਨ ਜੁਤਿ
ਸਿੱਖੀ ਰੀਤਿ ਅਸ਼ੋਕ ॥੩੭॥
ਪਰ ਨਾਰੀ ਰਮਤਾ ਜੁਈ,
ਪੜੈ ਪਾਰਸੀ ਜੀਵ†।

†ਬਿਨਾਂ ਫਾਰਸੀ ਪੜ੍ਹੇ ਜ਼ਫ਼ਰਨਾਮਾ ਕੀਕੂੰ ਪੜ੍ਹ ਸਕੇ। ਤਾਂਤੇ ਇਹ ਖਜਾਲ ਦਸਮੇਸ਼ ਜੀ ਦਾ ਨਹੀਂ ਹੋ ਸਕਦਾ। ਲਫਜ਼ ਖਾਲਿਸਾ, ਦੀਵਾਨ ਆਦਿ ਬੀ ਫਾਰਸੀ ਤੋਂ ਆਏ ਹਨ, ਲੇਖਕ ਨੂੰ ਸ਼ਾਯਦ ਪਤਾ ਨਹੀਂ।

ਨਾਂ ਮੈਂ ਤਾਂ ਕਾ ਨਾਂਹਿ ਮਮ
ਸਿੱਖ ਨ ਤਿਸ ਜਲ ਪੀਵ ॥੩੮॥
ਪਢੈ ਪਾਰਸੀ ਜਾਂਹਿ ਘਰ
ਤਾਂ ਕਾ ਨਹੀਂ ਵਿਸਾਹੁ।
ਤਾਂ ਕਾ ਛੁਹਿਆ ਨ ਖਾਈਏ
ਤਜਜੋ ਧਰਮ ਕੋ ਰਾਹੁ ॥੩੯॥
ਸ੍ਰਾਧ ਕਰਾਈ ਬਜਾਹ ਧਨ,
ਮਮ ਸਿਖ ਬਿੱਪ੍ਰ ਜਿ ਖਾਹਿ[1]।
ਸੋ ਭੇਖੀ ਪਾਪੀ ਅਧਿਕ
ਅਤਿਥਨਿ ਦੇਹਿ ਜੁ ਨਾਂਹਿ ॥੪੦॥

[1]ਮੇਰਾ ਬ੍ਰਾਹਮਨ ਸਿੱਖ ਜੇ ਖਾਵੇ ਤਾਂ।

ਗ੍ਰਹ ਪੂਜਾ, ਪੁਨ ਗਾਇਤ੍ਰੀ
ਬੇਚਿ ਦਾਮ ਲੈ, ਬਿੱਪ੍ਰ[1]।
ਗ੍ਰਹਣ ਦਾਨ, ਛਾਇਆ[1] ਪਸੂ[2]
ਖਾਵਤਿ ਨਰਕੀ ਛਿੱਪ੍ਰ[1] ॥੪੧॥

[1]ਜੋ ਬ੍ਰਹਮਣ।

[1]ਛਾਯਾ ਪਾਤ੍ਰ ਦਾ ਦਾਨ। [2]ਪਸ਼ੂ ਦਾਨ।

[1]ਇਨ੍ਹਾਂ ਦਾਨਾਂ ਦੇ) ਖਾਣ ਵਾਲਾ ਛੇਤੀ ਨਾਰਕੀ ਬਣ ਜਾਂਦਾ ਹੈ।

ਗ੍ਰਹਣ ਸਮੈ ਪੂਜਾ, ਜਪੈ,
ਤਰਪਣ ਹੋਮ, ਸ਼ਨਾਨ[1]।
ਛੁਟੇ ਗ੍ਰਹਣ ਦੇ ਦਾਨ ਕੋ[†]

[1]ਏਹ ਗਲਾਂ ਕਰੇ।

[†]ਇਥੇ ਛੇ ਕਰਮ ਦ੍ਵਿਜਾਤੀਆਂ ਦੀ ਸ਼ਾਸਤ੍ਰਾਂ ਮੁਜਬ ਗਿਣੇ ਹਨ।

ਸੋ ਮਮ ਸਿਖ ਸ਼ੁਭ ਜਾਨ[†] ॥੪੨॥

[†]ਪਾ:-ਸਿਖ ਸੁਜਾਨ।

ਦਾਨ ਲੇਇ ਜੋ ਗ੍ਰਹਣ ਮੈਂ
ਆਤਮ ਘਾਤੀ ਮੂੜ੍ਹ।
ਮੇਰਾ ਸਿਖ ਤਿਸ ਬਿੱਪ੍ਰ ਕੋ
ਗੇਰੇ ਕੂਪਨ ਗੂੜ੍ਹ[†] ॥੪੩॥

[†]ਐਸੇ ਵਾਕ ਕਿ-ਅੰਨ੍ਹੇ ਖੂਹਾਂ ਵਿਚ ਸੱਟੋ ਗੁਰੂ ਜੀ ਦੇ ਕਦੇ ਨਹੀਂ ਹੋ ਸਕਦੇ। ਸੌ ਸਾਖੀ ਦੇ ਕਰਤਾ ਦਾ ਭਾਵ ਬੀ ਘ੍ਰਿਣਾਂ ਪ੍ਰਗਟ ਕਰਨ ਤੋਂ ਹੈ ਅੱਖਰੀ ਅਰਥ ਨਹੀਂ ਲੈਣੇ ਚਾਹੀਦੇ।

[1]ਦਾਨ ਪਤਿੱਗ੍ਰਹ ਨਿਰਧਨਾ
ਲੇਤਿ ਕੁਲੀਨੀ ਜੋਇ।

[1]ਜੋ ਕੁਲੀਨ ਬ੍ਰਹਮਨ ਨਿਰਧਨ (ਹੋਣ ਦੀ ਹਾਲਤ ਵਿਚ ਬੀ ਪਿਛੇ ਕਿਹਾ) ਦਾਨ ਗ੍ਰਹਣ ਕਰੇ ਉਸ ਦੀ ਬ੍ਰਹਮਣਤਾਈ ਮਲੇਛਤਾ ਤੁੱਲ ਹੋ ਜਾਏਗੀ ਤੇ ਸੁਰਗ ਉਸ ਨੂੰ ਨਹੀਂ ਮਿਲੇਗਾ। [ਦਾਨ ਪਤਿਗ੍ਰਹ=ਕਰੜਾ ਦਾਨ ਜੈਸੇ ਗ੍ਰਹਣ ਸਮੇਂ ਦਾ]।

ਸਮ ਮਲੇਛ ਹੁਇ ਬਿੱਪ੍ਰਤਾ
ਤਾਂਹਿ ਸ੍ਵਰਗ ਨਹਿਂ ਹੋਇ[੧] ॥੪੪॥
ਕੰਨਜਾ ਧਨ, ਜੋ ਗ੍ਰਹਣ ਧਨ,
ਦੇਵ[1] ਪੂਜ ਜੋ ਖਾਇ।

[1]ਮਹਾਂ ਦੇਵ ਦਾ ਧਾਨ [=ਸ਼ਿਵ ਨਿਰਮਾਲਯ]।

ਇਹਾਂ[1] ਤਜੈਂ ਤਿਹ ਕੋ ਸਕਲ,

[1]ਭਾਵ ਏਥੋਂ।

ਭਲੀ ਨ ਗਤ ਕੋ ਪਾਇ[1] ॥੪੫॥

[1]ਭਾਵ ਅੱਗੇ ਸ਼ੁਭ ਗਤੀ ਨਾ ਪਾਊ।

ਮੇਰਾ ਸਿੱਖ ਗਰੰਥ ਕੀ
ਪੂਜਾ ਲੇ ਅਰਦਾਸ[†]।

[†]ਸੌ ਸਾ: ਦਾ ਪਾਠ ਹੈ 'ਮੇਰਾ ਸਿੱਖ ਗ੍ਰੰਥੀਆ ਪੂਜਾ ਖਾਇ ਅਰਦਾਸ' ਭਾਵ ਹੈ ਕਿ ਜੋ ਮੇਰਾ ਸਿਖ ਗ੍ਰੰਥੀ ਹੋਕੇ ਪੂਜਾ ਦਾ ਧਨ ਅਰਦਾਸ ਕਰਕੇ ਪਾਵੇ (ਅਥਵਾ ਗੁਰੂ ਗ੍ਰੰਥ) ਲਿਖਕੇ (ਵੇਚੇ)।

ਲਿਖਿ[†] ਖਾਵੈ ਝੂਠਾ ਚੁਗਲ

[†]ਇਥੇ ਸ਼ੁਧ ਪਾਠ 'ਬਿਖ' ਹੋਣਾ ਹੈ ਕਿਉਂਕਿ ਸੌ ਸਾ: ਦਾ ਪਾਠ ਹੈ, 'ਬਿਖ ਖਾਵੈ'। ਇਹ ਭਾਈ ਗੁਰਦਾਸ ਜੀ ਨਾਲ ਗਲ ਜਾ ਮਿਲਦੀ ਹੈ ਕਿ 'ਤਿਉ ਧਰਮਸਾਲ ਦੀ ਝਾਕ ਹੈ। ਵਿਹੁ ਖੰਡੂ ਪਾਜ। '

ਸੋ ਮੇਰਾ ਨਹਿਂ ਦਾਸ ॥੪੬॥
ਜੋ ਲੇ ਪੂਜਾ ਦਰਬ ਕੋ
ਦੇਗ ਦੇਇ ਬੰਟ ਖਾਇ[1]।

[1]ਪਰ ਜੋ ਲਵੇ ਸੋ ਵੰਡ ਖਾਵੇ ਤੇ ਦੇਗ ਚਲਾਵੇ ਭਾਵ ਲੋਭ ਨਾ ਕਰੇ। ਭਾਵ ਜੋ ਵਰਤੇ ਤੇ ਵੰਡ ਛਕੇ ਮਨ ਵਿਚ ਲੋਭ ਨਾ ਕਰੇ।

ਕਰਹਿ ਨ ਮਨ ਮਹਿਂ ਲੋਭ ਕੋ,
ਕਰੈ ਜੁ ਲਹੈ ਸਜ਼ਾਇ ॥੪੭॥
ਖਾਲਸਾ ਸੋ ਜੋ ਲੇਇ ਨ ਦਾਨ।
ਹਿੰਦੂ ਤੁਰਕ ਕੀ ਰਖੈ ਨ ਆਨ[1]।

[1]ਕਾਨ, ਈਨ।

ਦਿਜ ਪਤਿਗ੍ਰਾਹੀ[1] ਛੁਵੈ ਨ ਅੰਗ।

[1]ਕਰੜੇ ਦਾਨ ਲੈਣ ਵਾਲੇ।

ਸੋ ਮੇਰਾ ਹਉਂ ਤਿਸ ਕੇ ਸੰਗ ॥੪੮॥

ਦੋਹਰਾ:

ਸ਼ਸਤ੍ਰ ਧਾਰਿ ਕੇ ਖਾਈਏ
ਇਹ ਛੱਤ੍ਰਿਨ ਕੀ ਰੀਤਿ।
ਦਿਜ ਸੰਤੋਖੀ ਦਾਨ ਭਲ[1]

[1]ਸੰਤੋਖੀ (ਸਿੱਖ) ਬ੍ਰਾਹਮਨ ਨੂੰ ਦਾਨ ਦੇਣਾ ਭਲਾ ਹੈ।

ਖਾਵੈ ਭਜੈ ਸੁ ਮੀਤ ॥੪੯॥
ਭੇਖ ਨ ਪਜਾਰੋ ਮੋਹਿ ਕੋ,

ਵਰਨ ਨਹੀਂ ਪ੍ਰਿਯ ਕਾਹਿ।
ਰਹਿਤ ਸੁ ਪਜਾਰੀ ਮੋਹਿ ਕਉ
ਸਿਦਕ ਮਹਾਂ ਪ੍ਰਿਯ ਆਹਿ ॥੫੦॥
ਰਹਿਨੀ ਸਤਿਗੁਰ ਸਿੱਖ ਕੀ
ਕਹੀ ਜੁ ਹਿਤ ਚਿਤ ਲਾਇ।
ਪੜੈ ਸੁਨੈ ਭਗਤੀ ਲਹੈ
ਮੁਕਤਿ ਗੁਰੂ ਘਰ ਜਾਇ' ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਰਹਿਤ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਬ੍ਰਾਹਮਣ ਖੀਰ ਮਾਸ ਭੁਗਾਏ। ਬ੍ਰਹਮਣ ਦੇ ਲੱਖਣ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

†ਪ੍ਰਥਮ ਸਮੈਂ ਸ੍ਰੀ ਗੁਰੂ ਜੀ, ‡ਧਰਮ ਸੁ ਪ੍ਰੀਛਾ ਹੇਤ[1]।

[1](ਬ੍ਰਾਹਮਣਾਂ ਦੇ) ਧਰਮ ਦੀ ਪ੍ਰੀਖ੍ਯਾ ਵਾਸਤੇ। †ਇਹ ਸੌ ਸਾਖੀ ਦੀ ੬੪ਵੀਂ ਸਾਖੀ ਹੈ। ‡ਪਾ:-ਸਤਿਗੁਰੂ।

ਕਰਯੋ ਜੱਗ ਨਿਵਤਾ ਦਯੋ, ਭੋਜਨ ਕਰਯੋ ਸੰਕੇਤ ॥੧॥
ਭਾਖਯੋ ਹੁਤੇ ਸੁਨਾਇ ਕੈ, 'ਮਾਸ ਖਾਇ ਦਿਜ ਸੋਇ।
ਸ਼ਰਫੀ ਇਕ ਦਛਨਾ ਤਿਸੈ, ਲੈ ਗਮਨੈ ਘਰਿ ਸੋਇ ॥੨॥
ਖੀਰ ਖੰਡ ਕੋ ਭੋਗਤਾ, ਏਕ ਰੁੱਪਯਾ ਪਾਇ।'
ਖਾਇ ਚੁਕੇ ਬਹੁ ਲੋਭ ਕਰਿ, ਮਾਸ ਅਹਾਰੀ ਆਇ ॥੩॥
'ਖੀਰ ਅਹਾਰੀ ਮੁਹਰ ਦੈਂ, ਮਾਸ ਰੁਪੱਯਾ ਦੀਨ।'
ਬਾਕ ਕਹਯੋ ਸ੍ਰੀ ਗੁਰ ਤਬੈ, 'ਧਨ ਲੋਭੀ ਧ੍ਰਮ ਹੀਨ ॥੪॥
ਇਹ ਸਾਧੂ ਜਿਨ ਲੋਭ ਨਹਿਂ, ਧਰਮ ਕਮਾਇਓ ਸੱਤਿ।
ਮਾਸ ਖਾਇ ਬਿੱਪਰ ਕਹਾਂ, ਸੋ ਚੰਡਾਲ ਕਾ ਮਿੱਤ' ॥੫॥
ਪੀਛੈ ਸਤਿਗੁਰ ਇਮ ਕਹਯੋ, 'ਸੁਨੋ ਸਿੱਖ! ਚਿਤ ਲਾਇ।
ਸਿੱਖ ਹੋਇ ਆਮਿਖ ਭਖੈ, ਬਿੱਪ੍ਰ ਨਹੀਂ ਸੋ ਖਾਇ' ॥੬॥
ਬਚਨ ਸੁਨਯੋ ਸਭਿ† ਸੰਗਤੀ, ਕਰੀ ਬੇਨਤੀ ਏਹ†ਪਾ:-ਸ਼੍ਰੁਤਿ।
'ਜੋ ਦਿਜ ਹੁਇ ਸਿਖ ਪਾਹੁਲੀ[1], ਤਾ ਕੀ ਕਰਨੀ ਕੇਹ?' ॥੭॥ [1]ਅੰਮ੍ਰਿਤਧਾਰੀ।
ਬਾਕ ਭਯੋ ਤਬਿ ਗੁਰੂ ਕਾ, 'ਆਲਮ ਸਿੰਘ ਸਪੂਤ[1]! [1]ਹੇ ਆਲਮ ਸਿੰਘ ਪੁੱਤ!
ਛੱਤ੍ਰੀ ਧਰਮ ਸੁ ਪਾਇ ਕੇ, ਦਿਜ ਤੇ ਭਾ ਪੁਰਹੂਤ[1] ॥੮॥

[1](ਜਿਸ ਬ੍ਰਾਹਮਨ ਨੇ) ਛੱਤ੍ਰੀ ਧਰਮ (ਖਾਲਸਾ ਧਰਮ) ਧਾਰਨ ਕਰ ਲਿਆ ਹੈ ਉਹ ਬ੍ਰਾਹਮਨ ਤੋਂ (ਮਾਨੋਂ) ਇੰਦ੍ਰ ਬਣ ਗਿਆ ਹੈ।

ਤਾਂ ਕੀ ਦਿਜਤਾ ਛੱਤ੍ਰ ਕੀ, ਕਰੈ ਖੜਗ ਕੀ ਸੇਵ[1]।

[1](ਖਾਲਸਾ ਧਰਮ) ਪਾਕੇ ਉਸ ਦਾ ਬ੍ਰਹਮਨ ਪੁਨਾ ਇਹ ਹੈ ਕਿ ਛੱਤ੍ਰੀ ਧਰਮ ਧਾਰਕੇ ਤਲਵਾਰ ਦੀ ਸੇਵਾ ਕਰੇ।

ਨਿਵਤਾ ਦਾਨ ਨ ਪੁਜ ਲੇ, ਜੋ ਦੇਯਸ ਦੁਖ ਤੇਵ[1] ॥੯॥

[1]ਜੋ ਦੇਵੇਗਾ ਉਸ ਨੂੰ ਦੁੱਖ ਹੋਵੇਗਾ।

ਜਾਂਹੀ ਤੇ ਹਮ ਉਤਰਿਓ, ਜਗੁਪਵੀਤ ਕੀ ਆਨ[1]।

[1]ਇਸੇ ਕਰਕੇ ਅਸਾਂ ਜੋ ਜੰਵੂ ਦੀ ਆਨ ਸੀ ਉਤਾਰ ਦਿੱਤਾ ਹੈ।

ਮਦਰਾ ਆਮਿਖ ਛੋਰਨਾ, ਇਹੀ ਬਿੱਪ੍ਰ ਕੀ ਮਾਨ[1] ॥੧੦॥

[1]ਐਸੇ (ਖਾਲਸਾ ਸਜੇ) ਬ੍ਰਹਮਨ ਦਾ ਮਾਸ ਸ਼ਰਾਬ ਛੱਡ ਦੇਣਾ ਇਹੀ ਬ੍ਰਾਹਮਨਪਨਾ ਮੰਨੇ।

ਬ੍ਰਾਹਮਣ ਹੋ ਕੈ ਬਿਧਿ† ਕਰੈ, ਹਿੰਸਾ ਮਾਸੁ ਨ ਖਾਇ[1]।

[1]ਬ੍ਰਹਮਨ ਹੋਣ ਕਰਕੇ ਵਿਧੀ ਕਰਮ ਕਰੇ, ਨਾ ਹਿੰਸਾ ਕਰੇ ਨਾ ਮਾਸ ਖਾਏ। (ਅ) ਬ੍ਰਹਮਣ (ਸਿੰਘ ਜੋ) ਹੋਵੇ ਸੋ ਕੈ ਬਿਧ=) ਕੀਹ ਬਿਧੀ ਕਰੇ? (ਅਗੇ ਉੱਤਰ ਹੈ)। †ਸੌ ਸਾ: ਦਾ ਪਾਠ 'ਬਿਧਿ' ਹੈ ਪਰ ਪਾਠਾਂਤ੍ਰ 'ਬਧ' ਬੀ ਹੈ ਕਿ ਹੱਥੀਂ ਮਾਰੇ ਨਾ ਕਿਸੇ ਜੀਵ ਨੂੰ। ਪ੍ਰਸੰਗਕ ਅਰਥ ਇਹੋ ਜਾਪਦਾ ਹੈ।

ਖਾਵੈ ਜੋ ਲੁੱਚਾ ਸੁ ਦਿਜ, ਸਮ ਚੰਡਾਲ ਕਹਾਇ ॥੧੧॥
ਲੋਭ ਹੀਨ ਸਮਤਾ ਧਰੈ, ਕਰੈ ਗਜਾਨ ਕੋ ਅੰਗੁ[1]।
[1]ਲੋਭ ਹੀਨ ਹੋਵੇ ਸਮਤਾ ਧਰੇ ਗਜਾਨ ਨੂੰ ਦਿਲ ਵਿਚ ਧਾਰੇ।
ਦੇਵ ਰਿਖੀ ਸੋ ਹੋਤਿ ਹੈ, ਮੇਰੇ ਬਾਕ ਅਭੰਗ ॥੧੨॥
ਜੋ ਗ੍ਰੇਹੀ[1] ਜੰਗਲ ਬਸੈ, ਬੇਦ ਪੜੈ ਚਿਤ ਲਾਇ। [1]ਗ੍ਰਹਸਤੀ।
ਉਛ ਸਿਲਾ ਕਰਿ ਜੀਵ ਹੈ[1], ਸੋ ਦਿਜ ਮੁਨੀ ਕਹਾਇ ॥੧੩॥
[1]ਸਿਲਾ ਚੁਗਾਕੇ ਜੀਵਕਾ ਕਰੇ [ਸੰਸ. ਉਂਛ ਸ਼ਿਲ]।
ਨਗਰ ਬਾਸ ਗ੍ਰਿਹ ਧਰਮ ਜੁਤਿ, ਨਿੰਦ ਈਰਖਾ ਛੋਰਿ[1]। [1]ਜੋ ਛੱਡ ਦੇਵੇ।
ਸੋ ਬ੍ਰਾਹਮਨ ਹੈ ਬਿੱਪ੍ਰ ਬਰ, ਐਸੇ ਜਾਨਹੁ ਮੋਰ[1] ॥੧੪॥ [1]ਮੇਰਾ (ਸਿਧਾਂਤ) ਜਾਣੋ।
ਸ਼ਸਤ੍ਰਨਿ ਤੇ ਛੱਤ੍ਰੀ ਭਯੋ, ਹੱਟੀ ਤੇ ਹੈ ਬੈਸ[1]। [1]ਵੈਸ਼।
ਕਸਬਦਾਰ ਹੁਇ ਸ਼ੂਦ੍ਰ ਸੋ, ਦਿਜ ਕੇ ਜਾਨਹੁ ਬੇਸ[1] ॥੧੫॥
[1]ਜੋ ਬ੍ਰਾਹਮਨ ਸ਼ਸਤ੍ਰ ਧਾਰੇ ਸੋ ਛੱਤ੍ਰੀ ਜੋ ਹੱਟੀ ਤੇ ਬਹੇ ਵੈਸ਼, ਜੋ ਕਾਰੀਗਰੀ ਦੇ (ਯਾ ਸੇਵਾ ਦੇ) ਕੰਮ ਕਰੇ ਸੋ ਸ਼ੂਦ੍ਰ ਹੈ ਉਸਦਾ ਵੇਸ ਮਾਤਰ ਬ੍ਰਹਮਨ ਹੈ।
[1]ਗਾਇ ਨਿਰਤ ਤੇ ਬਿੱਪ੍ਰ ਨਟ, ਚੁਗਲ ਸੁ ਦੂਤ ਮਲੇਛ।
[1]ਜੋ ਗਾਵੇ ਨਾਚ ਕਰੇ ਉਹ ਬ੍ਰਾਹਮਣ ਨਟ ਹੈ, ਤੇ ਜੋ ਜਾਸੂਸੀ ਤੇ ਚੁਗਲੀ ਕਰੇ ਸੋ ਮਲੇਛ ਹੈ। (ਅ) ਜੋ ਗਾਵੈ, ਨੱਚੇ, ਤਮਾਸ਼ਾ ਕਰੇ, ਜੋ ਜਾਸੂਸੀ ਤੇ ਚੁਗਲੀ ਕਰੇ ਸੋ ਮਲੇਛ ਹੈ।
ਖਟ ਕਰਮਨਿ ਤੇ ਹੀਨ ਦਿਜ, ਅਘੀ ਸੁ ਬਰਤੇ ਸ੍ਵੈਛ[1] ॥੧੬॥
[1]ਖਟ ਕਰਮਾਂ ਤੋਂ ਹੀਨ, ਸ੍ਵੈਇੱਛਾ ਨਾਲ ਵਰਤਣ ਵਾਲਾ ਉਹ ਬ੍ਰਾਹਮਣ ਪਾਪੀ ਹੈ।
ਭੱਖਾਭਖ ਸਮਝੈ ਨਹੀਂ, ਮੱਦ[1] ਮਾਂਸ ਪਰ ਨਾਰ। [1]ਸ਼ਰਾਬ।
ਸੋ ਚੰਡਾਲ, ਤਿਹ ਤਜਾਗ ਕਰਿ, ਮੇਰੋ ਸਿਖ ਨ ਨਿਹਾਰ[†] ॥੧੭॥
[†]ਪਾ:-ਮੇਰੋ ਸਿਖ ਨਿਹਾਰ। ਪਰ ਪੁ: ਨੁਸਖੇ ਦਾ ਪਾਠ-'ਮੇਰੋ ਸਿਖ ਨ ਨਿਹਾਰ' ਹੈ।
ਆਪ ਲੇਯ ਲੋਭੀ ਬਡਾ, ਅਵਰਨ ਪਿਖਿ ਘੁਰਰਾਇ[1]। [1]ਘੁਰਕੇ। ਭਾਵ ਘੂਰੇ।
ਸੋ ਮੰਜਾਰ ਦਿਜ[1] ਜਾਨੀਓਂ, ਤਾਂਹਿ ਨ ਦੇਵੈ ਭਾਇ[2†] ॥੧੮॥
[1]ਬਿੱਲਾ ਬ੍ਰਾਹਮਣ। [2]ਪ੍ਰੇਮ ਕਰਕੇ। [†]ਏਹ ਬ੍ਰਾਹਮਨ ਦੇ ਲੱਛਣ ਭਾਗਵਤ ਪੁਰਾਣ ਦੇ ੧੧ਵੇਂ ਸਿਕੰਧ ਵਿਚੋਂ ਦਿਤੇ ਜਾ ਰਹੇ ਸਹੀ ਹੁੰਦੇ ਹਨ।
ਪਾਧਾ ਬ੍ਰਾਹਮਣ ਬਜਾਹ ਧਨ, ਦਖਣਾ ਲੇਇ ਪ੍ਰਯੋਗ[1]।
[1]ਮੰਤ੍ਰ ਪੜਨ ਦੀ ਤੇ ਵਿਆਹ ਕਰਾਉਣ ਦੀ (ਦੱਖਣਾਂ ਦਾ) ਧਨ ਜੋ ਪਾਂਧਾ ਬ੍ਰਹਮਣ ਲਵੇਗਾ........।
ਕਸਬੀ ਬਿੱਪ੍ਰ ਸੁ ਪਾਪ ਘਰ, ਤਹਿਂ ਦਾਤਾ ਅਘ ਭੋਗ[1] ॥੧੯॥
[1]ਉਹ ਬ੍ਰਾਹਮਨ ਕਸਬੀ ਤੇ ਪਾਪਾਂ ਦਾ ਘਰ ਹੈ, ਤਿਸਨੂੰ ਦੇਣ ਵਾਲਾ ਪਾਪਾਂ (ਦਾ ਫਲ) ਭੋਗੇਗਾ।
ਬਿੱਪ੍ਰ ਪਵੈ, ਪ੍ਰਭੁ ਕੋ ਭਜੈ, ਨਿੰਦਾ ਉਸਤਤਿ ਤਜਾਗ।
ਕਰੈ ਸੁਭਾਵਕ ਕਰਮ ਕੋ, ਸੋ ਪਾਤਰ ਸ਼ੁਭ ਵਾਗ[1] ॥੨੦॥
[1]ਸ਼੍ਰੇਸ਼੍ਰ ਬਾਣੀ ਵਾਲਾ ਪਾਤ੍ਰ ਹੈ ਦਾਨ ਦਾ। (ਅ) ਗੁਰਬਾਣੀ ਪੜ੍ਹਨ ਵਾਲਾ।

ਚੌਪਈ:

ਬਿੱਪ੍ਰ ਹੋਇ ਕੈ ਏਕੋ ਬਜਾਹ।

ਬਿੱਪ੍ਰ ਬਰਨ ਕੇ ਬਜਾਹਨ ਬਜਾਹ[1]।

[1]ਵਿਆਹ ਪਰ ਵਿਆਹ ਨ ਕਰੇ ਭਾਵ ਦੂਜਾ ਵਿਆਹ ਨਾ ਕਰੇ। (ਅ) ਬ੍ਰਾਹਮਨ ਜਾਤੀ (ਦੀ ਤੀਵੀਂ) ਵਿਆਹ (ਹੋਰ ਜਾਤ ਦੀ) ਨਾ ਵਿਆਹੇ।

ਬਜਾਹ ਕਰਾਈ ਲੇਇ ਨ ਦਾਨ।<br>
ਆਨ ਦੇਵ ਕੀ ਕਰੈ ਨ ਕਾਨ ॥੨੧॥<br>
ਬਿਧਿ ਕਰਿ ਤਾਗਾ[1] ਬਿਧ ਕਰਿ ਬੇਦ।

[1]ਜੰਞੂ।

ਬਿਧਿ ਕਰਿ ਦਾਨ ਨ ਧਾਰੈ ਭੇਦ[1]।

[1]ਵਿਤਕਰਾ ਨਾ ਕਰੇ ਭਾਵ ਏਹ ਕਰਮ ਕਰਕੇ ਦਾਨ ਨਾ ਮੰਗੇ।

ਭੋਜਨ ਦਾਨ ਕੁਦਾਨ ਸੁ ਤਜਾਗੈ[1]।

[1]ਧਾਨ ਕੁਧਾਨ ਦਾ ਭੋਜਨ ਛੱਡੇ।

ਸੋ ਦਿਜਬਰ ਪੂਜਤਿ ਬਡਭਾਗੈ ॥੨੨॥<br>
ਗ੍ਰਹਨ[1] ਨ ਲੇਵੈ, ਤੁਲਾ ਨ ਮੂਰਤਿ।

[1]ਗ੍ਰਹਨ ਲਗੇ ਵਿਚ ਦਾਨ।

ਛਾਯਾ[1], ਮ੍ਰਿਤਕ, ਜਨਮ ਕਿ[†] ਦੂਰਤਿ[2]।

[1]ਛਾਯਾ ਪਾਤ੍ਰ। [2]ਇਨ੍ਹਾਂ ਦਾਨਾਂ ਤੋਂ) ਦੂਰ ਰਹੇ। (ਅ) ਛਾਯਾ ਪਾਤ੍ਰ, ਮ੍ਰਿਤਕ ਤੇ ਜਨਮ ਸਮੇਂ ਦੇ ਬੜੇ ਕਠਨ ਦਾਨ ਹਨ [ਸੰਸ. ਦੁਰੱਤਜ=ਕਠਨ ਸਾਧਜ]। [†]ਪਾ:-ਸੌ ਸਾਖੀ ਦਾ-ਗ੍ਰਹਿ।

ਬਿਨ ਮਾਂਗੇ ਪਢਿ ਬੇਦ ਪੁਰਾਨ।<br>
ਦੇਵ ਦੱਤ ਭੋਗੈ ਸੁਰ ਗਜਾਨਿ[1] ॥੨੩॥

[1]ਜੋ ਰਬ ਦੇਵੇ ਸੋ ਖਾਵੇ ਉਹ ਦੇਵਤਾ ਹੈ ਤੇ ਗਜਾਨੀ ਹੈ।

ਲੇਵੈ ਦੇਵੈ ਮੋਹ ਨ ਕਰੈ।<br>
ਸੋ ਦਿਜ ਸਕਲ ਜਗਤ ਤੇ ਪਰੈ।<br>
ਤਿਨ ਕੇ ਪਾਇ ਪਰੈ ਹੁਇ ਤੇਜ[1]।

[1]ਤੇਜ ਪ੍ਰਾਪਤ ਹੁੰਦਾ ਹੈ।

ਦੇਵ ਗਿਆਨੀ ਕਰਮ ਧਰੇਜ[1] ॥੨੪॥

[1]ਉਹ ਦਿੱਵਜ ਗਜਾਨੀ ਹੈ ਤੇ (ਸ਼ੁਭ) ਕਰਮਾਂ ਦਾ ਧਾਰਨ ਹਾਰ ਹੈ।

ਮੈਂ ਜੋ ਪੰਥ ਕਰਜੋ ਤਿਸ ਕਾਰਨ[†]।

[†]ਇਹ ਸਾਰੇ ਸਿੰਘ ਬ੍ਰਹਮਨ ਦੇ ਲਛਨ ਕਹਿ ਰਹੇ ਹਨ, ਦੇਖੋ ਇਸੇ ਅੰਸੂ ਦਾ ਅੰਕ ੭. ੮।

ਨਹਿਂ ਤੌ ਮੇਰੋ ਜਨਮ ਅਕਾਰਨ।<br>
ਮੇਰਾ ਸਿੱਖ ਬੈਰਾਗੀ ਰਹੈ।<br>
ਆਜ ਕਾਲ ਕਰਿ ਕਾਲ ਸੰਗ ਹੈ[1] ॥੨੫॥

[1]ਇਹ ਸਮਝੇ ਕਿ) ਕਾਲ ਨਾਲ ਹੀ ਹੈ।

ਸ੍ਵਾਮੀ ਧਰਮ ਸਦਾ ਪ੍ਰਤਿਪਾਲੈ।<br>
ਧਰਮਪਾਲ ਸ਼ੁਭ ਰਸਤਾ ਭਾਲੈ।<br>
ਸਮੈਂ ਸਮੈਂ ਸਿਰ ਭੋਜਨ ਸੇਵਾ।<br>
ਜੜ੍ਹਤਾ[1] ਤਜਿ ਬਾਣੀ ਗੁਰ ਗੇਵਾ[2]

[1]ਨਿੰਦ੍ਰਾ, ਆਲਸ। [2]ਗਾਵੇ।

॥੨੬॥
ਸੁਨਹੁਂ ਸਿੱਖ ਮਮਤਾ ਨਹਿਂ ਕਰਨੀ।
ਭਲੇ ਬੁਰੇ ਕੀ ਸੇਵਾ ਧਰਨੀ।
ਨੀਚ ਸੰਗ ਨਹਿਂ ਕੀਜੈ ਮਿੱਤ੍ਰ।
ਬਚਨ ਹਾਰ ਕਾ ਝੂਠ ਚਰਿੱਤ੍ਰ[1] ॥੨੭॥

[1]ਬਚਨਹਾਰਨ ਵਾਲੇ ਦਾ ਚਰਿੱਤ੍ਰ ਝੂਠਾ ਹੈ।

ਜੋ ਮੇਰਾ ਸ਼ੁਭ ਸਿੱਖ ਕਹਾਵੈ।
ਪਾਹੁਲ ਲੇ ਸ਼ੁਭ ਕਰਮ ਕਮਾਵੈ।
ਪਿਛਲੇ ਅਘ ਸਭਿ ਜਾਇਂ ਬਿਲਾਇ।
ਗੁਰਸ਼ਰਨੀ ਜਬਿ ਹੀ ਪਰਿ ਜਾਇ ॥੨੮॥
ਅਸੁਰ ਭੂਤ ਕੀ ਸੇਵਾ ਤਜੈ।
ਪਾਹਨ ਕੀ ਪੂਜਾ ਨਹਿਂ ਜਜੈ।
ਪਾਹਨ ਪੂਜਾ ਕਾਲਿ ਕਾ ਭਾਉ[1]।

[1]ਕਲਜੁਗ ਦਾ ਪ੍ਰਚਾਰ ਯਾ ਤ੍ਰੀਕਾ ਹੈ।

ਮੜੀ ਮਸਾਣੀ ਝੂਠ ਸੁਆਉ[1] ॥੨੯॥

[1]ਝੂਠੇ ਪ੍ਰਯੋਜਨ ਹਨ।

ਡਿੰਭ ਕਰਹਿ ਮੂੰਦਹਿ ਜੇ ਨਾਕ।
ਜਪਨੀ ਫੇਰੈ ਬਡਾ ਨਪਾਕ[1]।

[1]ਅਪਵਿੱਤ੍ਰ।

ਜਿਨ ਕੇ ਭਾਉ ਨ ਅੰਤਰ ਫੁਰਾ[1]।

[1]ਜਿਨ੍ਹਾਂ ਦੇ ਅੰਦਰ ਪ੍ਰੇਮ ਨਹੀਂ ਫੁਰਿਆ।

ਕਿਉਂ ਮੂਰਖ ਤੀਰਥ ਭ੍ਰਮਿ ਫਿਰਾ ॥੩੦॥
ਕੀਰਤਨ ਭਜਨ ਗੰਗ ਜਲ ਧਾਰ[1]।

[1]ਕੀਰਤਨ ਤੇ ਭਜਨ ਇਹੀ ਗੰਗਾ ਦੀ ਜਲ ਧਾਰਾ ਹੈ। ਯਥਾ ਗੁਰਵਾਕ 'ਗੰਗਾ ਜਲ ਗੁਰ ਗੋਬਿੰਦ ਨਾਮ'।

ਸੋਈ ਮੁਕਤਿ ਜੁ ਭਜੈ ਮੁਰਾਰੁ।'
ਇਮ ਸਿੱਖਨਿ ਸੋਂ ਪ੍ਰਥਮ ਪ੍ਰਸੰਗ।
ਕਰਜੋ ਸੁਨਾਵਨ ਚਿਤ ਹਿਤ ਸੰਗ ॥੩੧॥

ਦੋਹਰਾ:
† 'ਦੀਪ ਸਿੰਘ ਹੁਇ ਅਵਤਰੈ, ਕੂੜੇ ਕਰਸੀ ਰਾਸ[1]।

[1]ਮਜ਼ਹਬਾਂ) ਸਾਰਿਆਂ ਨੂੰ ਕੂੜਾ ਕਰੇਗਾ। (ਅ) ਕੂੜਿਆਂ ਨੂੰ ਰਾਸ ਕਰੇਗਾ ਭਾਵ ਸੋਧੇਗਾ। †ਇਹ ਸੌ ਸਾਖੀ ਦੀ ੬੫ਵੀਂ ਸਾਖੀ ਹੈ।

ਸਿੱਖ ਹਮਾਰੇ ਅਮਦ ਸਦ, ਤਨ ਕੀ ਕਰੀ ਪ੍ਰਕਾਸ਼[1] ॥੩੨॥

[1]ਤਿੰਨ੍ਹਾਂ ਦਾ ਪ੍ਰਕਾਸ਼ ਕਰੇਗਾ।

ਏਕ ਬੇਰ ਸਤਿਗੁਰ ਕਹਜੋ, 'ਕਲਿ

ਮਹਿਂ ਸਿੱਖੀ ਮੋਰ।
ਧਰਮ ਕਮਾਵੈ ਬਚੈ ਸੋ, ਸਿਦਕ ਬਿਨਾਂ ਸਭਿ ਖੋਰ[1] ॥੩੩॥

[1]ਪ੍ਰਾਲੀ ਭਾਵ ਤੱਛ।

ਭੰਗਾਣੀ ਕੇ ਖੇਤ ਮਹਿਂ ਜੂਝੇ, ਸਿਖ ਬਹੁ ਤਾਂਹਿ।
ਸੁਖ ਭੋਗੇ ਆਨੰਦਪੁਰਿ, ਮਾਖੋਵਾਲ ਕਿ ਮਾਂਹਿ[1] ॥੩੪॥

[1]ਭੰਗਾਣੀ ਦੇ ਰਣ ਖੇਤ ਵਿਚ ਬਹੁਤੇ ਸਿੱਖ ਓਥੇ ਹੀ ਲੜਦੇ ਸ਼ਹਿਦ ਹੋਏ ਸਨ (ਉਥੋਂ ਆਕੇ ਅਸਾਂ ਫਿਰ) ਮਾਖੋਵਾਲ ਅਨੰਦਪੁਰ ਵਿਚ ਬਹੁਤ ਸੁਖ ਭੋਗੇ।

[1]ਭਯੋ ਯੁੱਧ ਨਾਦੌਣ ਮਹਿਂ, ਗਏ ਪਹਾੜੀ ਭਾਜ।

[1]ਇਸ ਤੋਂ ਮਗਰੋਂ) ਨਦੌਣ ਵਿਚ ਜੁੱਧ ਹੋਇਆ ਜਿਸ ਵਿਚ ਪਹਾੜੀਏ ਭਾਵ ਅਲਫ ਖਾਂ ਤੇ ਉਸਦੇ ਨਾਲ ਆਏ ਕਾਂਗੜੇ ਤੇ ਜੰਮੂ ਦੇ ਪਹਾੜੀਏ ਨੱਠ ਗਏ, (ਇਸ ਤੋਂ ਮਗਰੋਂ ਲਾਹੌਰ ਤੋਂ ਤੁਰਕ ਆਏ ਔਰੰਗਜ਼ੇਬ ਦੀ ਗ਼ੁਲਾਮੀ ਵਿਚ ਰਚੇ ਹੋਏ, ਮੁਰਾਦ ਹੁਸੈਨੀ ਦੇ ਹਮਲੇ ਤੋਂ ਹੈ)।

ਆਏ ਤੁਰਕ ਲਹੌਰ ਤੇ, ਨੁਰੰਗ ਗ਼ੁਲਾਮੀ ਪਾਗ ॥੩੫॥
ਰਾਜੇ ਫੂਟੇ ਆਪ ਮਹਿਂ, ਮਰਯੋ ਤੁਰਕ ਸਰਦਾਰ[1]।
ਹਮੈਂ ਬਚਾਯੋ ਹਾਥ ਦੈ, ਸੋ ਮਾਰੇ ਕਰਤਾਰ ॥੩੬॥

[1]ਭਾਵ ਹੁਸੈਨੀ।

[1]ਲਖਣਉਤੀ ਕੇ ਗੁੰਮ ਪੁਰਿ†, ਭਏ ਜੁੱਧ ਸਭਿ ਸੁੱਧ।
ਦਿੱਲੀ ਪਤਿ ਕੀ ਫੌਜ ਚੜਿ, ਮਾਰੇ ਤੁਰਕਨਿ ਬ੍ਰਿੱਧ[1] ॥੩੭॥

†ਸੌ ਸਾ: ਪਾਠ ਬੀ ਇਹੋ ਹੈ।

[1]ਲਖਣਉਤੀ ਕੇ ਗੁੰਮਪੁਰ ਦਾ ਸ਼ੁਧ ਪਾਠ 'ਲਖਨੋ ਤਾਰਾ ਪੁਰ' ਚਾਹੀਦਾ ਸੀ। ਇਹ ਦੋ ਪਿੰਡ ਹਨ ਲਾਗ ਲਾਗ, ਆਨੰਦਪੁਰੋਂ ਉੱਤਰ ਪੱਛਮ ਨੂੰ ਦੋ ਢਾਈ ਕੋਹ ਪਰੇ, ਇੱਥੇ ਦਸਮੇਸ਼ ਜੀ ਦਾ ਕਿਲ੍ਹਾ ਸੀ 'ਤਾਰਾ ਗੜ' ਨਾਮੇ, ਜੋ ਮਿਸਮਾਰ ਹੋ ਚੁਕਾ ਹੈ, ਇਹ 'ਲਖਨੋ' ਪਿੰਡ ਦੀ ਹੱਦ ਵਿਚ ਸੀ। ਪਰੰਤੂ ਇਕ ਸੁੰਦਰ ਬਾਵਲੀ ਤੇ ਬਾਗ਼ ਗੁਰੂ ਜੀ ਦੇ ਲਵਾਏ ਹੋਏ ਏਥੇ ਅਜੇ ਹੈਨ, ਗੁਰਦਵਾਰਾ ਬੀ ਹੈ ਜਿਸਦਾ ਨਾਮ 'ਤਾਰਾ ਗੜ' ਹੈ' ਜੋ ਰਜਾਸਤ ਬਿਲਾਸਪੁਰ ਦੀ ਹੱਦ ਵਿਚ ਪੈਂਦਾ ਹੈ। ਇਹ ਬੀ ਹੋ ਸਕਦਾ ਹੈ ਕਿ 'ਲਖਨਉਤੀ' ਤੋਂ 'ਲਖਨੋ' ਮੁਰਾਦ ਹੋਵੇ ਤੇ 'ਗੁੰਮ ਪੁਰ' ਤੋਂ 'ਅਗਮ ਪੁਰਾ' ਮੁਰਾਦ ਹੋਵੇ। ਅਗਮ ਪੁਰੇ ਵਿਚ ਹੀ ਕਿਲ੍ਹਾ ਹੋਲਗੜ੍ਹ ਦੇ ਨਿਸ਼ਾਨ ਹਨ।

ਬਡੇ ਜੁੱਧ ਕਰਿ ਖਾਲਸਾ, ਜੀਤੇ ਸ਼ੱਤ੍ਰ ਉਦਾਰ।
ਜੀਤ ਖਾਲਸਾ† ਕੁਲ ਨਾਸ਼ ਕਰਿ, ਸੀਸ ਦਿਏ ਧ੍ਰਮਕਾਰ[1] ॥੩੮॥

[1]ਜੀਤ ਖਾਲਸੇ ਨੇ ਪਾਈ (ਵੈਰੀ) ਸਾਰੇ ਨਾਸ਼ ਕੀਤੇ, ਧਰਮ ਵਾਸਤੇ ਸੀਸ ਦਿੱਤੇ। †ਪਾ:-ਸੰਤ ਖਾਲਸਾ। ਸੌ ਸਾ: ਪਾ:-ਜੀਤ ਖਲਕ, ਕੁਲ ਨਾਸ਼ ਕਰ ਸੀਸ ਦੀਏ ਧਰਮਕਾਰ।

ਅਬਿ ਭੀ ਮਲੇਛੀ ਬਹੁ ਵਧੀ, ਸਿੰਘ ਖਪਾਵੈਂ ਬੀਰ।

ਮੇਰੀ ਸਿੱਖਯਾ ਸੱਤਿ ਲਖਿ[1], ਨਾਂਹਿ ਭੁਲਾਵਹੁ ਧੀਰ[2]! ॥੩੯॥

[1]ਸੱਚ ਜਾਣੋ। [2]ਹੇ ਬੁੱਧੀਮਾਨੋਂ।

ਸਿੱਖ ਹਮਾਰੇ ਹੋਹਿੰਗੇ[†], ਘਰਿ ਘਰਿ ਹੁਇਗਾ ਰਾਜ।

[†]ਪਾ:-ਰਹੇਂਗੇ।

ਤਾਂ ਪੀਛੇ ਇਕ ਸਿੱਖ ਮਮ[1], ਧਰੇ ਪੰਥ ਕੀ ਲਾਜ ॥੪੦॥

[1]ਇਕ ਸਿੱਖ ਤੋਂ ਭਾਵ ਮਹਾਰਾਜਾ ਰਣਜੀਤ ਸਿੰਘ ਲੈਂਦੇ ਹਨ।

ਬਹੁਤ ਬਰਖ ਬੀਤਹਿਂ ਲਰਤਿ, ਸਭਿ ਸਿੱਖਨ ਕੋ ਭੂਪ[1]।

[1]ਸਾਰੇ ਸਿੱਖਾਂ ਦਾ ਰਾਜਾ ਹੋ ਜਾਏਗਾ।

ਤੇਜਵਾਨ ਰਾਜੇ ਅਧਿਕ, ਹੁਵੈਂ ਖਾਲਸਾ ਰੂਪ[1] ॥੪੧॥

[1]ਹੋਰ ਰਾਜੇ ਤੇਜਵਾਨ ਹੋਣਗੇ ਖਾਲਸਾ ਰੂਪ ਵਾਲੇ। ਰਾਜਾ ਧਯਾਨ ਸਿੰਘ ਆਦਿਕਾਂ ਵਲ ਇਸ਼ਾਰਾ ਜਾਪਦਾ ਹੈ।

ਫਿਰ ਪੀਛੇ ਬਹੁ ਦਿਨੋ ਤੇ, ਰਾਜ ਖਾਲਸਾ ਠਹਿਰ[1]।

[1]ਟਿਕੇਗਾ।

ਪਸ਼ਚਮ ਜੀਤੇ ਪਰਬਤੀ, ਪੁਨ ਕਸ਼ਮੀਰ ਜੁ ਸ਼ਹਿਰ[1] ॥੪੨॥

[1]ਪਸਚਮ ਭਾਵ ਸਰਹੱਦ, ਪਹਾੜ ਤੇ ਕਸ਼ਮੀਰ ਨੂੰ ਜਿੱਤਣਗੇ।

ਹੁਕਮੀ ਸਿਖ ਅਰ[†] ਪਰਬਤੀ, ਕਰੈ ਖਾਲਸਾ ਦ੍ਰੋਹ[1]।

[1]ਮੇਰੇ ਇਹ ਪਹਾੜੀ ਸਿਖ ਹੁਕਮ (ਹਾਸਲ) ਵਾਲੇ ਨਾਲ ਖਾਲਸਾ ਵੈਰ ਕਰੇਗਾ। [ਸੰ:, ਦ੍ਰੋਹ=ਪਰਾਏ ਦਾ ਬੁਰਾ ਚਿਤਵਨਾ, ਵੈਰ]। [†]ਸੌ ਸਾਖੀ ਵਿਚ 'ਅਰ' ਪਾਠ ਨਹੀਂ, ਐਉਂ ਹੈ:-ਪਰਬਤੀ ਹੁਕਮੀ ਸਿੱਖ ਮਮ ਕਰੈ ਖਾਲਸਾ ਦ੍ਰੋਹ=ਇਕ ਪਰਬਤੀ ਮੇਰਾ ਸਿੱਖ ਹੋਇਗਾ ਉਸ ਨਾਲ ਖਾਲਸਾ ਦ੍ਰੋਹ ਕਰੇਗਾ।

ਮਾਰ ਮਾਰ ਕਰਿ ਮਰੈਗੋ, ਜਯੋਂ ਓਲੇ ਕੋ ਬੋਹ[1] ॥੪੩॥

[1]ਮਾਰ ਮਾਰ ਕੇ ਗੜੇ ਦੇ ਢੇਰ ਵਾਂਙੂ ਮਰੇਗਾ (ਖਾਲਸਾ)।

ਜਿਉਂ ਹੀਰਾ ਨੂਤਨ ਮੁਕਤਿ, ਲਸੈ ਦੀਪ ਕੀ ਕ੍ਰਾਂਤ[1]।

[1]ਦੀਵੇ ਦੀ ਕ੍ਰਾਂਤੀ ਸਮ।

[1]'ਕੂਟ ਅਰਥ ਸਿੱਖਨਿ ਵਰਜ, ਆਪ ਆਪ ਮੈਂ ਸ਼ਾਂਤ[8]' ॥੪੪॥

[1]ਇਸ ਦ੍ਰਿਸ਼ਟ ਕੂਟ ਦਾ ਅਰਥ ਪੁੱਛੋ ਨਾ' ਇਹ ਵਰਜਿਆ ਸਿੱਖਾਂ ਨੂੰ ਤੇ ਕਿਹਾ ਕਿ ਆਪਣੇ ਆਪ ਵਿਚ ਸ਼ਾਂਤ ਰਹੋ। ਅੰਕ ੪੫ ਵਿਚ ਇਸੇ ਕੂਟ ਨੂੰ ਦ੍ਰਿਸ਼ਟ ਕੂਟ ਕਿਹਾ ਹੈ।

ਚੌਪਈ:

ਭਾਖੈ ਰਾਮਕੁਇਰ ਕਥ ਭਾਈ।

**ਦ੍ਰਿਸ਼ਟ ਕੂਟ[1] ਜਬਿ ਸ੍ਰੀ ਮੁਖ ਗਾਈ।**

[1]ਬੁਝਾਰਤ। ਕਿਸੇ ਵਾਕ ਵਿਚ ਰੁੱਖਿਆ ਅਰਥ ਜੋ ਪਦ ਅਰਥ ਕਰਨ ਮਾਤ੍ਰ ਨਾਲ ਸਮਝ ਨਾ ਪੈ ਸਕੇ।

ਅਰਥ ਵਿਚ ਗੁਪਤ ਅਰਥ ਕੀ ਹੈ? ਕਿ ਪਹਾੜੀਏ ਹੁਕਮ ਹਾਸਲ ਵਾਲੇ ਮੇਰੇ ਸਿੱਖ ਨਾਲ ਖਾਲਸਾ ਦ੍ਰੋਹ ਕਰੇਗਾ, ਤਦੋਂ ਨਵੇਂ ਮੋਤੀ ਵਾਂਗੂੰ ਹੀਰਾ ਚਮਕੇਗਾ ਜਿਵੇਂ ਦੀਵੇ ਦੀ ਲਾਟ ਹੁੰਦੀ ਹੈ। ਭਾਵੇਹ ਕਿ ਪਰਬਤੀ ਸਿੱਖਾਂ (ਡੋਗਰਿਆਂ) ਨਾਲ ਖੁਣਸਦਾ ਖਾਲਸਾ ਆਪੋ ਵਿਚ ਲੜ ਮਰੇਗਾ ਤਦੋਂ ਦਲੀਪ ਸਿੰਘ ਦੀ ਥਾਵੇਂ ਹੀਰਾ ਸਿੰਘ (ਰਾਜਾ ਧਜਾਨ ਸਿੰਘ ਡੋਗਰੇ ਦਾ ਪੁੱਤ੍ਰ) ਚਮਕੇਗਾ, ਰਾਜ ਕਰੇਗਾ (ਮ. ਰਣਜੀਤ ਸਿੰਘ ਦੇ ਤਖ਼ਤ ਤੇ)।

ਇਥੇ ਉਸ ਸਮੇਂ ਦੇ ਇਤਿਹਾਸ ਜਾਣਨ ਦੀ ਲੋੜ ਹੈ। ਕਨਿੰਘਮ ਲਿਖਦਾ ਹੈ ਕਿ ਸਿੱਖ ਦਰਬਾਰ ਵਿੱਚ ਜੰਮੂ ਵਾਲਿਆਂ ਦੀ ਹੁਕਮ ਹਾਸਲੀ ਸਿਖ ਲੋਗਾਂ ਵਿਚ ਨਫਰਤ ਦੀ ਨਜ਼ਰ ਨਾਲ ਵੇਖੀ ਜਾਂਦੀ ਸੀ (ਦੇਖੋ, ਸਫਾ ੧੭੭, ਐਡਿ: ੧)। ਇਹੋ ਗਲ ਸੌ ਸਾਖੀ ਨੇ ਅੰਕ ੧੩ (ਗੁ: ਪ੍ਰ: ਸੂ: ਅੰਕ ੪੩ ਉਪਰਲੇ) ਵਿਚ ਦੱਸੀ ਹੈ। ਸ: ਗੰਡਾ ਸਿੰਘ ਜੀ ਕੇਵਲ ਨੇ ਧਜਾਨ ਸਿੰਘ ਦੇ ਤੋਪਖਾਨੇ ਦੇ ਕਮਾਂਡੈਂਟ ਤੇ ਨਿਕਟਵਰਤੀ ਅਲੈਗਜ਼ੈਂਡਰ ਗਾਰਡਨਰ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ 'ਡੋਗਰਾ ਤ੍ਰਿੱਕੜੀ, ਗੁਲਾਬ ਸਿੰਘ, ਧਜਾਨ ਸਿੰਘ ਤੇ ਸੁਚੇਤ ਸਿੰਘ, ਅੰਦਰੋ ਅੰਦਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਉਂਦੇ ਜੀ ਹੀ ਉਹਨਾਂ ਦੀ ਮੌਤ ਪਿਛੋਂ ਰਾਜ ਦੇ ਅਸਲੀ ਵਾਰਸਾਂ ਨੂੰ ਟਿਕਾਣੇ ਲਗਾਕੇ ਵਜ਼ੀਰ ਧਜਾਨ ਸਿੰਘ ਦੇ ਪੁੱਤ ਹੀਰਾ ਸਿੰਘ ਨੂੰ ਰਾਜ ਗੱਦੀ ਤੇ ਬਿਠਾਉਣ ਦੇ ਸੁਫਨੇ ਦੇਖ ਰਹੇ ਸਨ। " ਅਲੈਗਜ਼ੈਂਡਰ ਗਾਰਡਨਰ ਇਨ੍ਹਾਂ ਭੇਤਾਂ ਨੂੰ ਕੀਕੂੰ ਜਾਣਦਾ ਸੀ, ਇਸ ਦਾ ਪਤਾ ਉਹ ਆਪ ਐਉਂ ਦਿੰਦਾ ਹੈ:-

Being as I was, the commandant of Raja Dhyan Singh's artillery and high in his confidence, I was closely connected with the events which I am about to describe.

[Memoirs of Colonel Alexander Gardner.

ਅਰਥਾਤ ਚੂੰਕਿ ਮੈਂ ਰਾਜਾ ਧਜਾਨ ਸਿੰਘ ਦੇ ਤੋਪਖਾਨੇ ਦਾ ਕੁਮੇਦਾਨ ਸਾਂ ਤੇ ਉਸ ਦਾ ਬੜਾ ਇਤਬਾਰੀ ਸਾਂ, ਮੈਂ ਉਹਨਾਂ ਵਾਕਜਾਤ ਦਾ ਜਿੰਨ੍ਹਾਂ ਨੂੰ ਕਿ ਮੈਂ ਬਜਾਨ ਕਰਨ ਲੱਗਾ ਹਾਂ ਬਹੁਤ ਨਿਕਟਵਰਤੀ (ਜਾਣੂ) ਸਾਂ। ਉਹ ਭੇਤ ਅਲੈ: ਗਾਰਡਨਰ ਐਉਂ ਦੱਸਦਾ ਹੈ:-

The dream was that Hira Singh the heir of their family, or at least the most promising of its rising generation, might eventually succeed to the throne of Ranjit Singh. Those to be swept away were the male members of the Maharaja's family, and all those ministers, advisers, and chiefs who would not join the Dogra party.

ਅਰਥਾਤ:-'ਇਨ੍ਹਾਂ ਦਾ ਸੁਪਨਾ ਇਹ ਸੀ ਕਿ ਉਨ੍ਹਾਂ ਦੇ ਟੱਬਰ ਦਾ ਜਾਨਸ਼ੀਨ ਯਾ ਘੱਟੋ ਘੱਟ ਉਹਨਾਂ ਦੀ ਉੱਚੀ ਉਠ ਰਹੀ ਨਸਲ ਦਾ ਸਾਰਿਆਂ ਨਾਲੋਂ ਹੋਣਹਾਰ 'ਹੀਰਾ ਸਿੰਘ' ਆਖਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਗੱਦੀ ਦਾ ਮਾਲਕ ਬਣੇ। ਜਿਨ੍ਹਾਂ ਦੀ ਸਫਾਈ ਕਰਨੀ (ਯਾ ਜਿਨ੍ਹਾਂ ਨੂੰ ਟਿਕਾਣੇ ਲਾਕੇ ਰਸਤਾ ਸਾਫ ਕਰਨਾ) ਸੀ, ਉਹ ਮਹਾਰਾਜਾ ਸਾਹਿਬ ਦੇ ਖਾਨਦਾਨ ਦੇ ਮਰਦ ਮੈਂਬਰ ਉਨ੍ਹਾਂ ਦੇ ਸ਼ਾਹਜ਼ਾਦੇ) ਤੇ ਉਹ ਸਾਰੇ ਵਜ਼ੀਰ ਸਲਾਹਕਾਰ ਤੇ ਸਰਦਾਰ ਸਨ ਜੋ ਡੋਗਰਾ ਪਾਰਟੀ ਨਾਲ ਸ਼ਾਮਲ ਨਹੀਂ ਸਨ ਹੁੰਦੇ। ' ਰਾਜਾ ਧਿਆਨ ਸਿੰਘ ਦੇ ਘਰ ਵਿਚ ਇਹ ਖਜਾਲ ਇੱਡਾ ਪਰਪੱਕ ਸੀ ਕਿ ਉਸ ਦੀ ਰਾਣੀ ਨੇ ਸਤੀ ਹੋਣ ਵੇਲੇ ਆਖਰੀ ਇੱਛਾ ਇਹੋ ਕਹੀ ਕਿ 'ਹੀਰਾ ਸਿੰਘ ਦੇ ਸੀਸ ਤੇ ਸਲਤਨਤ ਦਾ ਤਾਜ ਧਰ ਦਿਓ' ਜਾਂ ਸਰਦਾਰਾਂ ਨੇ ਐਸਾ ਕਰ ਦਿੱਤਾ ਤਾਂ ਖੁਸ਼ ਹੋਕੇ ਸਤੀ ਹੋ ਗਈ।

[ਦੇਖੋ ਸਿਖਾਂ ਦੇ ਰਾਜ ਦੀ ਵਿਥਜਾ ਸਫਾ ੯੨, ਅੰਗ੍ਰੇਜ਼ੀ ਤਰਜਮਾ]।

ਇਨ੍ਹਾਂ ਪ੍ਰਮਾਣਾਂ ਤੋਂ ਪਤਾ ਲੱਗਾ ਕਿ ਸਿੱਖਾਂ ਵਿਚ ਡੋਗਰਿਆਂ ਦੇ ਲਾਹੌਰ ਦਰਬਾਰ ਵਿਚ ਵਧਦੇ ਹੁਕਮ ਹਾਸਿਲ ਨਾਲ ਖਾਲਸੇ ਵਿਚ ਤੌਖਲਾ ਤੇ ਘ੍ਰਿਣਾ ਸੀ। ਡੋਗਰਿਆਂ ਦਾ ਖਿਆਲ ਮਹਾਰਾਜੇ ਦੇ ਵਾਰਸਾਂ ਨੂੰ ਸਫਾ ਕਰਕੇ ਲਾਹੌਰ ਦੇ ਤਖਤ ਤੇ ਧਜਾਨ ਸਿੰਘ ਦੇ ਆਪਣੇ ਪੁੱਤ੍ਰ ਹੀਰਾ ਸਿੰਘ ਨੂੰ ਬਿਠਾਉਣ ਦਾ ਸੀ।

ਇਸ ਮੁਖਾਲਫ ਭਾਵ ਨੂੰ ਠੰਢ ਪਾਉਣ ਤੇ ਆਪਣੇ ਇੰਦੀਏ ਨੂੰ ਸਿਰੇ ਚਾੜ੍ਹਨ ਲਈ ਗੁਰੂ ਜੀ ਦੇ ਮੁਖਵਾਕ ਭਵਿੱਖਤ ਵਾਕਾਂ ਦੀ ਪ੍ਰਮਾਣੀਕਤਾ ਦੇਕੇ ਖਾਲਸੇ ਨੂੰ ਆਪਣੇ ਪੱਖ ਵਲ ਪ੍ਰੇਰਨਾ ਤੇ ਮੁਖਾਲਫਤ ਨੂੰ ਠੰਢਾ ਕਰਨਾ ਬੀ ਇਕ ਵਸੀਲਾ ਸੀ। ਚੂੰਕਿ ਇਹ ਵਾਹੜੇ ਆਪ ਵਰਤਾਉਣੇ ਸਨ ਇਸ ਕਰਕੇ ਕੁਛ ਸਾਲ ਪਹਿਲੋਂ ਇਨ੍ਹਾਂ ਦਾ ਭਵਿੱਖਤ ਬਣਾ ਕੇ ਲਿਖਿਆ ਜਾਣਾ ਕੁਛ ਔਖਾ ਨਹੀਂ ਸੀ, ਦ੍ਰਿਸ਼ਟ ਕੂਟ ਇਸ ਵਾਸਤੇ ਰੱਖੀ ਕਿ ਅਰਥਾਂ ਨੂੰ ਘੱਟ ਵੱਧ ਕਰਨ ਯਾ ਹੇਰ ਫੇਰ ਕਰਨ ਦੀ ਗੁੰਜਾਇਸ਼ ਰਹੇ ਤੇ ਪਹਿਲੋਂ ਲੋਕੀਂ ਨਾ ਸਮਝਣ ਤੇ ਮਗਰੋਂ ਦ੍ਰਿਸ਼ਟ ਕੂਟ ਖੁਹਲਕੇ ਇਹੋ ਅਰਥ ਸਮਝਾ ਦਿੱਤੇ ਜਾਣ। ਇਹ ਘਾੜਤਾਂ ਇਸ ਪੋਥੀ ਵਿਚ ਮਹਾਰਾਜਾ ਦਲੀਪ ਸਿੰਘ ਦੇ ਜਨਮ ਸੰਮਤ ੧੮੯੪ ਤੋਂ ਅਤੇ ਮਹਾ: ਰਣਜੀਤ ਸਿੰਘ ਦੇ ਚਲਾਣੇ ੧੮੯੬ ਤੇ 'ਮ: ਸ਼ੇਰ ਸਿੰਘ' ਦੇ ਸਮੇਂ ਪਈਆਂ ਹਨ। ਸਰ ਸ: ਅਤਰ ਸਿੰਘ ਜੀ ਨੇ ਵੀ ਸੌ ਸਾਖੀ ਦੇ ਪਦ 'ਹੀਰੇ' ਦਾ ਭਾਵ ਹੀਰਾ ਸਿੰਘ ਡੋਗਰਾ ਤੇ ਦੀਪ ਦਾ ਭਾਵ 'ਮ: ਦਲੀਪ ਸਿੰਘ' ਸਮਝਿਆ ਹੈ।

ਇਹ ਹੋਰ ਖਿਆਲ ਕਰਨ ਵਾਲੀ ਗੱਲ ਹੈ ਕਿ ਸੌ ਸਾਖੀ ਦੇ ਅੰਕ ੧੩ ਵਿਚ ਪਰਬਤੀ ਨੂੰ ਗੁਰੂ ਜੀ 'ਸਿਖਮਮ' ਕਹਿ ਰਹੇ ਹਨ ਤੇ ਗੁ: ਪ੍ਰ: ਸੂ: ਦੇ ਅੰਕ ੪੩ ਵਿਚ ਖਾਲਸੇ ਨੂੰ ਗੜਿਆਂ ਵਾਂਙੂ ਨਾਸ਼ ਹੁੰਦਾ ਦੱਸ ਰਹੇ ਹਨ। ਪਰ ਅਸਲ ਬਾਤ ਇਹ ਹੈ ਕਿ ਪਹਾੜੀਏ ਦਾ ਵਿਸਾਹ ਕਰਨ ਤੋਂ ਇਸੇ ਸੌ ਸਾਖੀ ਵਿਚ ਗੁਰੂ ਜੀ ਮਨ੍ਹੇ ਕਰਦੇ ਰਹੇ ਤੇ ਸ੍ਰੀ ਮੁਖਵਾਕਾਂ ਵਿਚ ਖਾਲਸੇ ਨੂੰ ਆਪਣਾ ਸਰੂਪ ਦੱਸਦੇ ਰਹੇ ਤੇ ਇਸ ਥਾਵੇਂ ਪਹਾੜੀਏ ਦੀ ਮਹਿਮਾ ਤੇ ਖਾਲਸੇ ਦੀ ਹੇਠੀ ਹੈ। ਕਦੇ ਹੋ ਸਕਦਾ ਹੈ ਕਿ ਐਸੇ ਕੌੜੇ ਵਾਕ ਕਦੀ ਖਾਲਸੇ ਨੂੰ ਗੁਰੂ ਜੀ ਕਹਿੰਦੇ, ਜਿਸ ਨੂੰ ਕਿ ਆਪਣਾ ਰੂਪ ਕਹਿੰਦੇ ਰਹੇ? ਇਹ ਬੀ ਦ੍ਰਿਸ਼ਟ ਕੂਟ ਦੇ ਅਰਥ ਨੂੰ ਉਪਰ ਲਿਖੇ ਭਾਵ ਵਿਚ ਰਹਿਨੁਮਾਈ ਕਰਦੀ ਹੈ। ਫਿਰ ਸਾਖੀ ੯੭ ਇਸੇ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ 'ਹੀਰਾ ਸਿੰਘ' ਨੂੰ ਤਖਤ ਤੇ ਬਹਾਲਣ ਦੇ ਸੰਕਲਪ ਨੂੰ ਪੂਰਾ ਕਰਨ ਵਾਸਤੇ ਕਿੱਥੋਂ ਤੱਕ ਸੌਹਾ: ਵਿਚ ਘਾੜਤਾਂ ਘੜੀਆਂ ਗਈਆਂ। ਕਨਿੰਘਮ ਲਿਖਦਾ ਹੈ:-

Golab Singh the eldest of three sons claimed that his grandfather was the brother of the well known Ranjeet Deo, but the family was perhaps illegitimate and had become improverished and Golab Singh took service as a horseman in a band commanded by Jamadar Khoshal Singh.

[Phag. 189. Ed. I

ਇਸ ਦਾ ਭਾਵ ਇਹ ਹੈ ਕਿ ਸਭ ਤੋਂ ਵੱਡਾ ਰਾਜਾ ਗੁਲਾਬ ਸਿੰਘ (ਮਹਾਰਾਜੇ ਦੇ ਸਰਦਾਰ) ਖੁਸ਼ਾਲ ਸਿੰਘ ਦੀ ਫੌਜ ਵਿਚ ਆ ਕੇ ਅਸਵਾਰ ਭਰਤੀ ਹੋਇਆ ਤੇ ਉਹ ਆਪਣੇ ਆਪ ਨੂੰ ਰਣਜੀਤ ਦੇਵ (ਜੰਮੂ ਦੇ ਕਿਸੇ ਪੁਰਾਣੇ ਰਾਜੇ) ਦੇ ਭਿਰਾ ਦਾ ਪੋਤਾ ਦੱਸਦਾ ਸੀ। ਹੁਣ ਜਦੋਂ ਇਹ ਗੁਲਾਬ ਸਿੰਘ ਦਾ ਖਾਨਦਾਨ ਲਾਹੌਰ ਦਰਬਾਰ ਵਿਚ ਬਲਵਾਨ ਹੋਇਆ ਤਾਂ ਜੈਸਾ ਅਲੈ: ਗਾਰਡਨਰ ਨੇ ਲਿਖਿਆ ਹੈ ਤਾਂ ਲਾਹੌਰ ਤਖਤ ਨੂੰ ਹੀ ਸਾਂਭ ਲੈਣ ਦੇ ਸੁਪਨ ਦੇਖਣ ਲਗ ਪਿਆ। ਹੋਰਨਾਂ ਜਤਨਾਂ ਵਿਚ ਸੌ ਸਾਖੀ ਵਿਚ ਇਸ ਗਲ ਦੀਆਂ ਘਾੜਤਾਂ ਘੜੀਆਂ ਜਾਣੀਆਂ ਇਕ ਵਸੀਲਾ ਸਨ ਜਿਸ ਨਾਲ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਰ ਮੋਹਰ ਲਗ ਜਾਵੇ ਜਿਨ੍ਹਾਂ ਵਿਚੋਂ ਇਕ ਇਹ ਹੈ:-(ਦੇਖੋ ਸਾਖੀ ੯੭ ਅੰਕ ੧੩ ਤੋਂ) ਜਿੱਥੇ ਕਹਿੰਦੇ ਹਨ ਕਿ ਜੰਮੂ ਦਾ ਰਾਜਾ ਰਣਜੀਤ ਦੇਉ ਉਸ ਦਾ ਪਿਤਾ ਰਤਨ ਦੇਉ ਜੋ ਕਹਿਲੂਰੀ ਦਾ ਦੁਹਿਤਾ ਸੀ ਗੁਰੂ ਦਸਮੇਸ਼ ਜੀ ਪਾਸ ਸਤ ਬਰਸ ਰਿਹਾ ਤੇ ਸਤਿਗੁਰ ਨੂੰ ਰਿਝਾਕੇ ਖੜਗ, ਕਟਾਰ, ਬਰਛੀ, ਤੁਪਕ, ਲਹੌਰੀ ਕਮਾਨ ਆਦਿ ਸ਼ਸਤ੍ਰ ਪਾਏ ਤੇ ਇਹ ਵਰ ਪ੍ਰਾਪਤ ਕੀਤਾ:-'ਤੁਮਰੇ ਬੰਸ ਆਇਆ ਹੀ ਜਾਨੋ, ਮੋਕੋ ਤੁਝ ਮੈਂ ਭੇਦ ਨ ਭਾਨੋ।' ਫੇਰ ਇਸੇ ਰਤਨ ਦੇਉ ਨੂੰ ਗੁਰੂ ਜੀ ਸੁਪਨੇ ਵਿਚ ਮਿਲਕੇ ਕਹਿੰਦੇ ਹਨ, 'ਤੇਰੇ ਵੰਸ ਆਵੋਂਗਾ ਤਾਂ ਦਿਨ। ਸ਼ਸਤ੍ਰ ਜਾਹਿੰਗੇ ਤੇਰੇ ਮਰਕਿਨ।' ਗੋਯਾ ਗੁਰੂ ਜੀ ਕਹਿ ਰਹੇ ਹਨ ਕਿ ਹੇ ਰਤਨ ਦੇਉ ਤੇਰੇ ਵੰਸ਼ ਵਿਚ ਮੇਰਾ ਅਵਤਾਰ ਹੋਵੇਗਾ।

ਇਸ ਤੋਂ ਸਪੱਸ਼ਟ ਹੋ ਗਿਆ ਕਿ ਰਣਜੀਤ ਦੇਉ ਨਾਲ ਆਪਣਾ ਸਾਕ ਦੱਸਦੇ ਹੋਏ ਓਹਦੇ ਪਿਤਾ ਨੂੰ ਵਰ ਪ੍ਰਾਪਤ ਦੱਸਕੇ ਪਿੱਛੇ ਕਹੇ (ਹੀਰਾ ਸਿੰਘ) ਨੂੰ ਗੁਰੂ ਜੀ ਦਾ ਅਵਤਾਰ ਦੱਸਣ ਦਾ ਜਤਨ ਹੋ ਰਿਹਾ

ਹੈ। ਜੇ ਹੀਰਾ ਸਿੰਘ ਦੇ ਗੱਦੀ ਤੇ ਬੈਠਣ ਦਾ ਵਕਤ ਆਉਂਦਾ ਤਾਂ ਹੀਰਾ ਸਿੰਘ ਨਾ ਕੇਵਲ ਗੁਰੂ ਜੀ ਦੇ ਭਵਿੱਖਤ ਵਾਕ ਤੋਂ ਰਾਜਾ ਹੋਇਆ ਦੱਸਿਆ ਜਾਂਦਾ (ਸਾਖੀ ੬੫ ਮੂਜਬ) ਬਲਕਿ ਗੁਰੂ ਜੀ ਨੂੰ ਉਸ ਦੇ ਰੂਪ ਵਿਚ ਆਯਾ (ਸਾਖੀ ੬੭ ਮੂਜਬ) ਪ੍ਰਗਟ ਕੀਤਾ ਜਾਂਦਾ।

ਮੈਂ ਤਬਿ ਭਾਖਜੋ ਪੰਥ ਮਝਾਰੀ।
'ਹੋਇ ਖਾਲਸੇ ਮਹਿਂ ਅਵਤਾਰੀ† ॥੪੫॥

†ਸੋ ਸਾਖੀ ਦਾ ਪਾਠ:-'ਇਸ ਕੂਟ ਦ੍ਰਿਸ਼ਟ ਮੇਂ ਖਾਲਸੇ ਕੇ ਅਵਤਾਰੀ ਰਾਜੇ ਹੋਵੇਂਗੇ। '

ਇਤਨੀ ਕਹਿ ਕਰਿ ਬੋਲੈ ਨਾਂਹੀ।
ਪਰਚੇ ਸ਼ਸਤ੍ਰ ਬਿਲੋਕਨਿ ਮਾਂਹੀ।
ਆਲਮ ਸਿੰਘ ਕੀ ਦਿਸ਼ ਤਬਿ ਹੇਰਿ।
ਚਾਰ ਘਰੀ ਮਹਿ ਬੋਲੇ ਫੇਰ ॥੪੬॥

ਦੋਹਰਾ:
ਸ਼੍ਰੀ ਮੁਖਿ ਤੇ ਮੁਸਕਾਇ ਕਹਿ
ਕਰੁਨਾ ਦ੍ਰਿਸ਼ਟਿ ਨਿਹਾਰਿ।
'ਆਲਮ ਸਿੰਘ! ਰੰਘੜ ਬਡਾ
ਤੂੰ ਹਮ ਪਿਖਜੋ ਬਿਚਾਰ' ॥੪੭॥
ਕਹਿ ਆਲਮ ਸਿੰਘ ਜੋਰਿ ਕਰ
'ਮੈਂ ਸਿਖ ਰਾਵਰ ਕੇਰ।
ਜਾਨਹੁ ਅਪਨੋ ਦਾਸ ਮੁਝ
ਰਖੋਂ ਭਰੋਸ ਬਡੇਰ' ॥੪੮॥

ਚੌਪਈ:
ਕਹਜੋ 'ਲੋਹ ਕੋ ਕਾਟਹਿ ਲੋਹਾ।
ਰੰਘੜ ਕੋ ਰੰਘੜ ਹਤਿ ਰੋਹਾ।
ਜਨਮ ਫੇਰ ਰੰਘੜ ਘਰ ਧਰੇ।
ਰਾਜੇ ਸਭਿ ਮੌਜੂਦ ਤੁਵ ਕਰੇ[1] ॥੪੯॥

[1]ਤੇਰੇ ਅਧੀਨ ਕੀਤੇ।

ਦਿਯੋ ਰਾਜ ਤੋ ਕਹੁ ਹਮ ਸਾਰਾ।
ਸਿੱਖੀ ਅਰਧ ਦਈ ਹਿਤ ਧਾਰਾ†।'

†ਰਾਇਕੋਟ ਦੇ ਰੰਘੜਾਂ ਦੇ ਸਰਦਾਰ ਵਲ ਸੈਨਤ ਸਮਝਦੇ ਹਨ, ਪਰ ਸ: ਸ਼ੇਰ ਸਿੰਘ ਤੋਂ ਬੀ ਮੁਰਾਦ ਹੋ ਸਕਦੀ ਹੈ, ਇਨ੍ਹਾਂ ਦਾ ਸੁਭਾਵ ਜ਼ਰਾ ਕਰੜਾ ਸੀ।

ਆਲਮ ਸਿੰਘ ਬੰਦਿ ਕਰ ਦੋਇ।
ਕਹਜੋ ਕਿ 'ਦਰਸ਼ਨ ਭੀ ਤੁਮ ਹੋਇ' ॥੫੦॥

ਦੋਹਰਾ:

ਕਹ੍ਯੋ ਗੁਰੂ 'ਹਮ ਭੀ ਰਖਹਿਂ,
ਹ੍ਰਿਦੇ ਭਾਵਨੀ ਸੋਇ[1]। [1]ਭਾਵ ਮੁੜਕੇ ਆਉਣ ਦੀ।
ਸ਼੍ਰੀ ਅੰਮ੍ਰਿਤਸਰ ਪਹੁਂਚਿਬੇ,
ਰਾਮ ਸਰੋਵਰ ਜੋਇ ॥੫੧॥

ਚੌਪਈ: †ਪਾਠਾਂਤ੍ਰ-ਹਮ ਬਪੁ ਲਜਾਵਹਿਂ।

ਬੇਰ ਗਜਾਰਵੀਂ ਹਮ ਚਲਿ ਆਵਹਿ†।
ਜਿਸ ਤੇ ਕੋਇ ਨ ਹਮ ਲਖਿ ਪਾਵਹਿ†।

†ਪਾ:-ਜਿਮ ਤੋਕੋ ਨਾਹਿਨ ਲਖ ਪਾਵਹਿ। ਪੁਨਾ: ਜਿਸ ਤੇ ਕੋ ਨਾਹਿਨ ਲਖਿ ਪਾਵਹਿ। ਸੌ ਸਾਖੀ ਦਾ ਪਾਠ ਹੈ- ਕੋਈ ਨਾ ਜਾਣ ਸਕੇ। ਮੁਰਾਦ ਹੋਈ ਕਿ ਜੇ ਕਿਸੇ ਨੇ ਪਛਾਣ ਕਰ ਲਈ ਤਾਂ ਉਹ ਸਤਿਗੁਰੂ ਨਹੀਂ ਹੋਵੇਗਾ। ਕਿਉਂਕਿ ਇਥੇ ਨੇਮ ਬੱਝਦਾ ਹੈ ਕਿ ਕਿਸੇ ਨੇ ਨਹੀਂ ਪਛਾਣ ਸਕਣਾ। ਇਹ ਇਸ਼ਾਰਾ ਬੀ 'ਹੀਰਾ ਸਿੰਘ' ਵੰਨੇ ਜਾਪਦਾ ਹੈ ਕਿਉਂਕਿ ਅਗੇ ਅੰਕ ੫੪ ਵਿਚ ਗੂੜ ਫੂੜ ਮੂੜ ਤ੍ਰੈਏ ਤਰ੍ਹਾਂ ਦੇ ਰਾਜਿਆਂ ਦੇ ਮਰ ਜਾਣ ਦਾ ਪਤਾ ਦਿਤਾ ਹੈ। ਗੂੜ ਤੋਂ ਮੁਰਾਦ-ਦਾਨੇ ਮ: ਰਣਜੀਤ ਸਿੰਘ ਵਰਗੇ, ਫੂੜ ਤੋਂ ਮੁਰਾਦ ਮ: ਸ਼ੇਰ ਸਿੰਘ ਵਰਗੇ ਤੇ ਮੂੜ ਤੋਂ ਮੁਰਾਦ ਖੜਗ ਸਿੰਘ ਤੇ ਨੌ ਨਿਹਾਲ ਸਿੰਘ ਤੇ ਦਲੀਪ ਸਿੰਘ, ਉਹਨਾਂ ਦੇ ਮਰਨ ਮਗਰੋਂ ਹੀਰਾ ਸਿੰਘ ਨੂੰ ਗੁਰੂ ਜੀ ਆਇਆ ਦੱਸਣ ਲਈ ਇਹ ਭਵਿੱਖਤ ਵਾਕ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ।

ਪੰਥ ਖਾਲਸਾ ਖੇਤੀ ਮੇਰੀ।
ਕਰੌਂ ਸੰਭਾਲਨਿ ਮੈਂ ਤਿਸ ਬੇਰੀ ॥੫੨॥⚐ ਦੇਖੋ ਅੰਸੂ ਦੇ ਅਖੀਰ ਵਿੱਚ ⚐ ਨਿਸ਼ਾਨ ਦੀ ਟੂਕ।

ਦੋਹਰਾ:

ਵਧਹਿ ਰਾਜ ਛਿਤ ਸਿੰਘ ਗਨ
ਉੱਮਤ ਹੋਇ ਬਿਨਾਸ।
ਠੇਡੇ ਖਾਵੈ ਖਾਲਸਾ
ਮੋਹਿ ਸੰਭਾਲੈ ਸਾਸ[1] ॥੫੩॥ [1]ਸ੍ਵਾਸ ਸ੍ਵਾਸ।
ਉਤਰੋਂਗਾ ਮੈਂ ਤਬੀ ਦਿਨ
ਜਾ ਦਿਨ ਮੁਕਤੇ ਸਿੰਘ।
ਫੂੜ ਗੂੜ ਅਰ ਮੂੜ ਨ੍ਰਿਪ
ਜਾਇ ਖਪੈਂਗੇ ਪਿੰਘ[1] ॥੫੪॥ [1]ਫੂੜ ਮੂਰਖ ਤੇ ਕਪਟੀ ਰਾਜੇ (ਜੰਗ ਵਿਚ) ਪਿੰਗਲੇ (ਕਮਜ਼ੋਰ ਹੋਕੇ) ਖਪ ਜਾਣਗੇ।
ਸਭੈ ਸਿਰੰਦੀ[1] ਨਾਸ਼ ਹੁਇਂ [1]ਸਿਰਹੰਦ ਦੇ ਵਾਸੀ ਤੁਰਕ।
ਕੁਲ ਮੇਰੀ ਹੁਇ ਨਾਸ਼[1]। [1]ਮੇਰੀ ਕੁਲ ਬੀ ਨਾਸ਼ ਹੋ ਜਾਵੇਗੀ।
ਜਿਉਂ ਜਾਦਵ ਲੈ ਗੇ ਕ੍ਰਿਸ਼ਨ
ਕਾਟੋਂ ਕੁਲ ਜਿਮ ਘਾਸ[1] ॥੫੫॥ [1]ਜਿਵੇਂ ਜਾਦਵਾਂ ਨੂੰ ਲੈ ਗਏ ਕ੍ਰਿਸ਼ਨ (ਪ੍ਰਭਾਸ ਤੇ) ਕੁਲ ਨੂੰ ਘਾਹ (ਨਾਲ ਲੜਾ ਲੜਾ ਕੇ) ਕਟਵਾ ਦਿੱਤਾ। (ਅ) ਤਿਵੇਂ ਮੈਂ ਕੱਟਾਂਗਾ।
ਪੰਚ ਸਿੱਖ ਸਰਦਾਰ[1] ਮਮ [1]ਸਰਦਾਰ (ਹੋਣਗੇ)।

ਕੀਨੇ ਕੂਟ ਬਖਾਨ[1]।
ਇਨ ਕੋ ਅਰਥ ਨ ਬੂਝੀਓ'
ਮਮ ਹਮ ਸੁਤ ਕਾ ਆਨ[1†]' ॥੫੬॥

[1]ਇਹ ਬੁਝਾਰਤ ਕਹੀ ਹੈ।

[1]ਤੁਸਾਨੂੰ) ਮੇਰੀ ਤੇ ਮੇਰੇ ਸਪੁੱਤ੍ਰਾਂ ਦੀ ਸਹੁੰ ਹੈ। [†]ਅਪਨੀ ਤੇ ਪੁੱਤ੍ਰਾਂ ਦੀ ਸਹੁੰ ਦੇਕੇ ਵਾਕ ਕਰਨੇ ਸਤਿਗੁਰੂ ਜੀ ਦੇ ਸੁਭਾਵ ਦੇ ਉੱਚਿਤਾ ਦੇ ਵਿਰੁੱਧ ਹਨ। ਏਹ ਗੁਰਵਾਕ ਨਹੀਂ ਹਨ, ਇਹ ਘੜੇ ਹੋਏ ਲਫਜ਼ ਹਨ ਤੇ ਪਿਛੇ ਲਿਖੇ ਨੋਟ ਅਨੁਸਾਰ ਪੰਜ ਸਿਖ ਸਰਦਾਰ ਗ਼ਾਲਬਨ ਜਮਾਦਾਰ ਖੁਸ਼ਾਲ ਸਿੰਘ ਤੇ ਤੇਜਾ ਸਿੰਘ ਆਦਿਕਾਂ ਵਰਗੇ ਡੋਗਰਾ ਪਾਰਟੀ ਦੇ ਪੱਖੀ ਸਰਦਾਰਾਂ ਵਲ ਇਸ਼ਾਰਾ ਹੈ। ਸਿੱਖਾਂ ਦੇ ਰਾਜ ਦੇ ਅਧ੍ਯਾ: ੭ ਵਿਚ ਮ: ਸ਼ੇਰ ਸਿੰਘ ਦੇ ਲਾਹੌਰ ਆਉਣ ਪਰ ਗੁਲਾਬ ਸਿੰਘ ਇਨ੍ਹਾਂ ਸਰਦਾਰਾਂ ਨਾਲ ਮਸ਼ਵਰੇ ਕਰਦਾ ਹੈ।

ਇਤਨੀ ਕਹਿ ਸ੍ਰੀ ਪ੍ਰਭੁ ਉਠੇ
ਪਰਚੇ ਪਿਖਿਨਿ ਤੁਰੰਗ।
ਗਿਨੇ[1] ਤਬੇਲੇ ਮਹਿਂ ਸਕਲ
ਖੁਸ਼ੀ ਭਏ ਮੁਦ ਸੰਗ ॥੫੭॥

[1]ਘੋੜੇ) ਗਿਣੇ।

ਪੁਨ ਸ੍ਰੀ ਗੁਰ ਲੰਗਰ ਗਏ
ਛੱਕਜ ਛਕਾਇ ਪ੍ਰਸਾਦਿ।
ਲੇਟੇ ਪੁਨਾ ਪ੍ਰਯੰਕ ਪਰ
ਸਿੰਘ ਧਰੇ ਅਹਿਲਾਦ ॥੫੮॥
ਨਿਜ ਨਿਜ ਡੇਰੇ ਖਾਲਸਾ
ਗਯੋ ਮਹਾਂ ਸੁਖ ਪਾਇ।
ਕਵਿ ਸੰਤੋਖ ਸਿੰਘ ਬੰਦਨਾ
ਕਰੀ ਗੁਰਨਿ ਕੇ ਪਾਇ ॥੫੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ
ਰੁੱਤੇ 'ਭਵਿੱਖਤ' ਪ੍ਰਸੰਗ ਬਰਨਨੰ ਨਾਮ ਏਕ
ਊਨਚੱਤ੍ਵਾਰਿੰਸਤੀ ਅੰਸੂ ॥੩੯॥

[☞]ਗੁਰੂ ਜੀ ਦੇ ਦੁਬਾਰਾ ਆਉਣ ਬਾਬਤ ਅਰਥਾਤ ਉਹਨਾਂ ਦੇ ਗਜਾਰਵੇਂ ਰੂਪ ਧਾਰਨ ਬਾਬਤ ਸੌ ਸਾਖੀ ਵਿਚ ਕਈ ਤਰ੍ਹਾਂ ਦੇ ਵਾਕ ਹਨ, ਤੇ ਕਵਿ ਜੀ ਨੇ ਵੀ ਜਿੰਨੇ ਵਾਕ ਲਿਖੇ ਹਨ ਓਥੋਂ ਹੀ ਲੈਕੇ ਰੱਖੇ ਹਨ, ਇਨ੍ਹਾਂ ਨੂੰ ਕੱਠੇ ਕੀਤੇ ਬਿਨਾਂ ਠੀਕ ਵਿਚਾਰ ਨਹੀਂ ਹੋ ਸਕਦੀ, ਇਸ ਲਈ ਨਮੂਨਾ ਹੇਠਾਂ ਦੇਂਦੇ ਹਾਂ। ਇਨ੍ਹਾਂ ਨੂੰ ਪਾਠਕ ਆਪ ਵਿਚਾਰ ਲੈਣ। ਇਨ੍ਹਾਂ ਦੇ ਪਰਸਪਰ ਵਿਰੋਧਾਂ ਤੋਂ ਆਪੇ ਪਤਾ ਲਗ ਜਾਂਦਾ ਹੈ ਕਿ ਐਸੇ ਵਾਕ ਜੋ ਆਪੋ ਵਿਚ ਹੀ ਵਿਰੋਧ ਰੱਖਦੇ ਹੋਣ, ਕਦੇ ਸ੍ਰੀ ਮੁਖ ਵਾਕ ਨਹੀਂ ਹੋ ਸਕਦੇ। ਵਧੇਰੇ ਟੀਕਾ ਟਿੱਪਣੀ ਦੀ ਲੋੜ ਨਹੀਂ ਹੈ।

ਸੌ ਸਾ: ਦੀ ਸਾਖੀ ੭੮-

੧
ਦਸ ਅਵਤਾਰ ਗੁਰ ਏਕ ਸਮ ਜਿਉ ਜਾਨੈ ਜੋ ਮੇਰ।
ਏਕ ਦਸਾ ਗੁਰੂ ਗ੍ਰੰਥ ਜੀ ਬਾਣੀ ਸਤਿ ਭਾ ਹੇਰ।
ਧੋਇ ਰੁਮਾਲ ਤਬ ਗੁਰ ਗ੍ਰੰਥ ਪਾਹਿਲ ਲੇਵੈ ਦੇਇ।
(ਗੁ:ਪ੍ਰ:ਸੂ:ਰੁ:੫ ਅਂ: ੧੫)
ਦਸ ਅਵਤਾਰ ਗੁਰ ਏਕ ਸਮ ਜਿਉਂ ਜਾਨੈਂ ਜੋ ਮੇਰ।

ਙ੧੧ਵਾਂ ਰੂਪ ਗੁਰੂ ਗ੍ਰੰਥ ਸਾ: ਜੀ ਹੈਨ।
ਅਰਥਾਤ ੧੧ਵਾਂ ਰੂਪ ਗੁਰੂ ਗ੍ਰੰਥ ਸਾਹਿਬ ਜੀ ਹੈਨ।

ਇਕਾਦਸ਼ਮੋ ਗੁਰ ਗ੍ਰੰਥ ਜੀ ਬਾਣੀ ਸਤਿਗੁਰ ਹੇਰਿ ॥੪॥
ਧੋਇ ਰੁਮਾਲ ਗੁਰ ਗ੍ਰੰਥ ਕੋ ਪਾਹੁਲ ਲੇਵੈ ਦੇਇ।

੨ ਸੌ ਸਾ: ਦੀ ਸਾਖੀ ੬੦:-
ਬਚਨ ਹੁਆ ਖਾਲਿਸੇ ਮੈਂ ਹੌਂ ਅਵਤਰੋਂਗਾ।
ਗ: ਪ੍ਰ: ਸੂ:, ਰੁ: ੫ ਅੰ: ੩੭:-
ਬੋਲੇ 'ਹਉਂ ਬਨ ਖਾਲਿਸਾ ਵਰਤੌਂਗੇ ਸਭ ਮਾਂਹਿ' ॥੩੦॥

ਅਗੋਂ ਨੂੰ ਖਾਲਸਾ ਗੁਰੂ ਰੂਪ ਹੈ।
ਅਰਥਾਤ ਮੈਂ ਖਾਲਸੇ ਵਿੱਚ ਵਰਤਾਂਗਾ ਖਾਲਸਾ ਮੇਰਾ ਰੂਪ ਹੈ। ਭਾਵ ਹੋਰ ਸਰੀਰ ਨਹੀਂ ਧਾਰਨਾ।

੩ ਸੌ ਸਾ: ਦੀ ਸਾਖੀ ੯੭:-
ਤੁਮਰੇ ਵੰਸ ਆਇਆ ਹੀ ਜਾਨੋ।
ਅੰ:੧੭
ਤੇਰੇ ਵੰਸ ਆਵੋਂਗਾ ਤਾ ਦਿਨ।
ਅੰ: ੨੪
ਇਹ ਸਾਖੀ ਗੁ: ਪ੍ਰ: ਸੂ: ਵਿਚ ਨਹੀਂ ਆਈ।

ਡੋਗਰੇ ਰਾਜ ਘਰ ਵਿਚ ਅਵਤਣ।
ਅਰਥਾਤ ਜੰਮੂ ਦੇ ਡੋਗਰੇ ਰਜਪੂਤ ਰਾਜੇ ਦੇ ਘਰ ਅਵਤਰਾਂਗਾ।

ਸੌ ਸਾ: ਦੀ ੭੦ਵੀਂ ਸਾਖੀ:-
ਤਾਂ ਹੱਸਕੇ ਬੋਲੇ, ਅਗਜਾਤ ਮੂਰਤਿ ਹਮਾਰੀ ਉਤਰੇਗੀ।
ਸੌ ਸਾ: ਦੀ ਸਾਖੀ ੬੫:-
ਬਚਨ ਹੋਇਆ:- ਹਮ ਬੀ ਅੰਮ੍ਰਤਸਰ ਰਾਮ ਸਰ ਦੀ ਭਾਵਨੀ ਰਖਦੇ ਹਾਂ, ਤਾਂ ਉਤਰਾਂਗੇ ਗਜਾਰਵੀਂ ਵੇਰ ਅਪਨੀ ਖੇਤੀ ਖਾਲਸੇ ਨੂੰ ਸੰਮਾਲਣ, ਕੋਈ ਨ ਜਾਣ ਸਕੇਗਾ।
੪ ਗੁ:ਪ੍ਰ:ਸੂ:ਰੁ:੫ ਅੰ: ੩੯:-
ਕਹਯੋ ਗੁਰੂ 'ਹਮ ਭੀ ਰਖਹਿਂ ਹ੍ਰਿਦੇ ਭਾਵਨੀ ਸੋਇ।
ਸ੍ਰੀ ਅੰਮ੍ਰਤਸਰ ਪਹੁੰਚਿਬੇ ਰਾਮ ਸਰੋਵਰ ਜੋਇ ॥੫੧॥
ਬੇਰ ਗਜਾਰਵੀਂ ਹਮ ਚਲਿ ਆਵਹਿ।
ਜਿਸਤੇ ਕੋਇ ਨ ਹਮ ਲਖਿ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ।
ਕਰੋਂ ਸੰਭਾਲਨ ਮੈਂ ਤਿਸ ਬੇਰੀ ॥੫੨॥

ਬੇਪਤਾ ਆਉਣਾ
ਅੰਮ੍ਰਿਤਸਰ ਠਿਕਾਣਾ ਹੋਸੀ ਪਰ ਪਤਾ ਕਿਸੇ ਨੂੰ ਨਾ ਲਗਸੀ। ਨਤੀਜਾ-ਸੋ ਜਿਸ ਨੂੰ ਇਨ੍ਹਾਂ ਤੁਕਾਂ ਅਨੁਸਾਰ ਇਦੰ ਕਰਕੇ ਕਹਿ ਦਿਤਾ ਜਾਊ ਕਿ ਇਹ ਹੈ ੧੧ਵਾਂ ਰੂਪ, ਤਾਂ ਉਹ ਮੰਨਣੇ ਯੋਗ ਨਾ ਰਹੂ ਕਿਉਂਕਿ ਸ਼ਰਤ ਇਹ ਹੈ ਕਿ ਉਸ ਨੂੰ ਗਜਾਤ ਵਿਚ ਲਿਆ ਸਕਣਾ ਸੰਭਵ ਨਹੀਂ ਹੋਵੇਗਾ।

ਪਤੇ ਦੱਸਕੇ ਆਉਣਾ।
੧. ਅੰਮ੍ਰਿਤਸਰ ਦਰਬਾਰ ਸਾਹਿਬ, ਆਕੇ ਕਲੀਚਾ ਵਿਛਾਕੇ ਚੌਰ ਢੁਲਦੇ ਹੇਠ ਬੈਠਾਂਗੇ, ਪੰਜ ਲੱਖ ਯਾ ਦਸ ਲੱਖ ਸਿੱਖ ਘੋੜੇ ਹਾਥੀਆਂ ਸਣੇ ਨਾਲ ਹੋਸਨ।
੨. ਅੰਮ੍ਰਤਸਰ ਤਦੋਂ ਛੇ ਜੋਜਨ=੨੪ ਕੋਹਾਂ ਯਾ ੩੨ ਮੀਲਾਂ ਵਿਚ ਹੋਸੀ।

੫ ਸੌ ਸਾ: ਦੀ ਸਾਖੀ ੭੧ਵੀਂ:-
ਰਾਮਦਾਸ ਸਰ ਸੰਗਤੀ ਨਾਵੈ ਸਭਿ ਨਿੱਤ।
ਛੇ ਜੋਜਨ ਗੁਰ ਨਗਰ ਵਸ ਹਮ ਆਵੈਂ ਮਿੱਤ।
ਬੈਠ ਦੁਲੀਚੇ ਚਮਰ ਢੁਲ ਸਿਖ ਦਰਸ਼ਨ ਚਿਤ।
ਸਿੰਘ ਲਾਖ ਪੰਜ ਏਕਠੇ ਗਜ ਬਾਜ ਸਮੇਤ।
ਗੁ:ਪ੍ਰ:ਸੂ:ਰੁ: ੫, ਅੰਸੂ ੩੧-
ਪਹਿਲੀਆਂ ਤਿੰਨ ਤੁਕਾਂ ਇਹੋ ਹਨ, ਚੌਥੀ ਹੈ:-
ਸਿੰਘ ਲਾਖ ਦਸ ਏਕਠੇ ਗਜ ਬਾਜ ਸਮੇਤ।

ਵੀਚਾਰ
ਅਜੇ ਅੰਮ੍ਰਤਸਰ ੩੨ ਮੀਲ ਵਿਚ ਨਹੀਂ ਹੈ ਤੇ ਦਸਮੇਸ਼ ਜੀ ਤੋਂ ਮਗਰੋਂ

ਕੋਈ ਵਜਕਤੀ ਅਜੇ ਦਰਬਾਰ ਸਾਹਿਬ ਆਕੇ ਚਮਰ ਹੇਠ ਦੁਲੀਚੇ ਤੇ ਨਹੀਂ ਬੈਠੀ, ਜਿਸ ਨਾਲ ਪੰਜ ਯਾ ਦਸ ਲੱਖ ਗਜ ਬਾਜ ਵਾਲੇ ਸਿੰਘ ਹੋਣ।

ਸੋ ਸਾ: ਦੀ ਸਾਖੀ ੯੨:-
ਰਾਮਦਾਸ ਪੁਰ ਜਨਮ ਧਰ ਉੱਨੀ ਸੈ ਕੇ ਮਾਂਝ।
੬ ਗੁ: ਪ੍ਰ: ਸੂਰਜ ਵਿਚ ਇਹ ਸਾਖੀ ਲਿਖਦਿਆਂ ਇਹ ਤੁਕ ਨਹੀਂ ਆਈ, ਪਤਾ ਨਹੀਂ ਸੌ ਸਾਖੀ ਵਿਚ ਕਿਸੇ ਮਗਰੋਂ ਪਾਈ ਕਿ ਕਵੀ ਜੀ ਨੇ ਨਹੀਂ ਪਾਈ। ੧੯੦੦ ਵਿਚ ਕਵੀ ਜੀ ਆਪ ਜੀਉਂਦੇ ਸਨ।

ਸੰਮਤ ਦਾ ਪਤਾ ਦੇ ਕੇ ਆਉਣਾ

ਵੀਚਾਰ-੧੯੦੦ ਸੰਮਤ ਵਿਚ ਕੋਈ ਵਜਕਤੀ ਪ੍ਰਸਿੱਧ ਨਹੀਂ ਕਿ ਜਿਸਨੂੰ ਗੁਰੂ ਕਾ ਅਵਤਾਰ ਮੰਨਿਆਂ ਗਿਆ ਹੋਵੇ। ਇਸ ਸਾਖੀ ਵਿਚ ਹੋਰ ਪਤੇ ਬੀ ਪੂਰੇ ਨਹੀਂ ਹੋਏ, ਜਿਵੇਂ ਦਿੱਲੀ ਦੇ ਤਖ਼ਤ ਤੇ ਬੈਠਣਾ ਆਦਿ।

ਇਹ ਗੁ:ਪ੍ਰ:ਸੂ: ਦੀ ਇਸੇ ਰੁਤ ਦੇ ਵਦਤੋਵਜਘਾਤ ਸੌ ਸਾਖੀ ਦੇ ਤਰਜਮੇ ਹਨ ਵਰਨਾਂ ਸ੍ਰੀ ਗੁਰ ਨਾ: ਪ੍ਰ: ਤੋਂ ਲੈ ਕੇ ੧੨ ਰਾਸਾਂ ਤੱਕ ਜਿੱਥੇ ਕਿਤੇ ਸਤਿਗੁਰੂ ਜੀ ਦੇ ਭਵਿੱਖਤ ਜਾਮਿਆਂ ਬਾਬਤ ਬਚਨ ਆਏ ਹਨ ਤਾਂ ਕਵਿ ਜੀ ਨੇ ਦਸ ਜਾਮੇ ਹੀ ਦੱਸੇ ਹਨ, ਇਨ੍ਹਾਂ ਤੋਂ ਵਧੀਕ ਦਾ ਕਿਤੇ ਜ਼ਿਕਰ ਨਹੀਂ। ਜੈਸਾ ਕਿ ਸ੍ਰੀ ਗੁ:ਨਾ:ਪ੍ਰ: ਵਿਖੇ ਭਾ: ਮੂਲੇ ਦੇ ਪ੍ਰਸੰਗ ਵਿਚ ਕਿਹਾ ਕਿ ਦਸਮੋਂ ਜਾਮੇਂ ਇਸਦਾ ਉਧਾਰ ਕਰਾਂਗੇ। ਕਿਸੇ ਥਾਂ ਤੇ ਬੀ ਦਸਵੇਂ ਤੋਂ ਬਾਦ ਕਿਸੇ ਹੋਰ ਜਾਮੇਂ ਵਿਚ ਆਕੇ ਕਿਸੇ ਨੂੰ ਉਧਾਰਨ ਦਾ ਜ਼ਿਕਰ ਕਵੀ ਜੀ ਨੇ ਨਹੀਂ ਕੀਤਾ। ਫੇਰ ਜਿੱਥੇ ਮੰਗਲ ਨੰਬਰਵਾਰ ਸ੍ਰੀ ਗੁ:ਨਾ:ਪ੍ਰ: ਵਿਚ ਹਨ ਅਧਜਾਵਾਂ ਦੇ ਸਿਰਾਂ ਤੇ, ਓਥੇ ੧੦ ਸਤਿਗੁਰੂ ਤੇ ੧੧ਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੰਗਲ ਹੈ। ਕਿਤੇ ਬੀ ਜ਼ਿਕਰ ੧੧ਵੇਂ ਮਨੁੱਖੀ ਜਾਮੇਂ ਦਾ ਕਵੀ ਜੀ ਨੇ ਨਹੀਂ ਕੀਤਾ।

## ੪੦. [ਸੰਗਤ ਨੂੰ ਸ਼ਸਤ੍ਰ ਧਾਰਨ ਦਾ ਹੁਕਮ। ਸਾਲ ਪੱਤ੍ਰ। ਜੋਧਾ ੩ ਪ੍ਰਕਾਰ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

†ਇਕ ਦਿਨ ਬੈਠੇ ਸਭਾ ਮਹਿਂ, ਸ੍ਰੀ ਗੋਬਿੰਦ ਸਿੰਘ ਰਾਇ।
ਥਿਰਯੋ ਖਾਲਸਾ ਚਹੁੰ ਦਿਸ਼ਨਿ, ਯਥਾ ਕੁਬੇਰ ਸੁਹਾਇ ॥੧॥

†ਇਹ ਸੌ ਸਾਖੀ ਦੀ ੬੬ਵੀਂ ਸਾਖੀ ਹੈ।

ਚੌਪਈ:

ਸਿੱਖਨਿ ਕੋ ਉਪਦੇਸ਼ ਬਤਾਵਤਿ।
ਜਿਨ ਤੇ[1] ਜਮਨ ਮਰਣ ਛੁਟਿ ਜਾਵਤਿ। [1]ਜਿਨ੍ਹਾਂ (ਉਪਦੇਸ਼ਾਂ) ਨਾਲ।
'ਭ੍ਰਾਤਾ ਸਿੱਖਹੁ[1]! ਹਿਤ ਕੀ ਸੁਨਹੁ। [1]ਹੇ ਭਾਈ ਸਿੱਖੋ।
ਸੱਤਿਨਾਮ ਸਤਿਗੁਰ ਨਿਤ ਭਨਹੁ ॥੨॥
ਜਿਨ ਤੇ[1] ਪਾਇ ਪਰਮ ਸੁਖ ਥਿਰਹੁ। [1]ਜਿਸ (ਸਿਮਰਨ) ਤੇ।
ਲਖ ਚਉਰਾਸੀ ਜੂਨ ਨ ਫਿਰਹੁ।
ਬਡੇ ਭਾਗ ਮਾਨੁਖ ਤਨ ਪਾਯੋ।
ਹਾਨ ਲਾਭ ਜਿਸ ਮੇਂ ਦਰਸਾਯੋ ॥੩॥
ਮਹਾਂ ਰਤਨ[1] ਕੋ ਪਾਇ ਨ ਖੋਵਹੁ। [1]ਭਾਵ ਮਨੁੱਖਾ ਜਨਮ।
ਰਹਿਨ ਸਥਿਰ ਨਹਿਂ[1] ਨੀਕੇ ਜੋਵਹੁ। [1]ਇੱਥੇ ਰਹਿਣਾ ਸਦਾ ਨਹੀਂ।
ਸਿਮਰਨ ਸ੍ਰੀ ਸਤਿਗੁਰ ਸਤਿਨਾਮੁ।
ਲਾਹਾ ਨਰ ਤਨ ਕੋ ਅਭਿਰਾਮੁ' ॥੪॥
ਇਸ ਬਿਧਿ ਕਹਤਿ ਹੁਤੇ ਜਿਹ ਸਮੈਂ।
ਇਕ ਸਿਖਨੀ ਆਈ ਕਿਯ ਨਮੈ[1]। [1]ਨਮਸਕਾਰ ਕੀਤੀ।
ਥਿਰ ਸਮੀਪ ਹੁਇ ਲਾਗੀ ਰੋਵਨਿ।
ਅੱਸ਼੍ਰੁਪਾਤ ਤੇ ਬਸਤ੍ਰ ਭਿਗੋਵਨਿ ॥੫॥
ਸ਼੍ਰੀ ਮੁਖ ਤੇ ਤਬਿ ਬੂਝਨ ਕਰੀ।
'ਕਿਉਂ ਬਿਰਲਾਪਤਿ ਕਯਾ ਦੁਖ ਭਰੀ?'
ਪੁਨ ਕਰ ਜੋਰਿ ਉਚਾਰਨਿ ਲਾਗੀ।
'ਸੁਨਹੁਂ ਗੁਰੂ ਜੀ ਮੈਂ ਦੁਖ ਪਾਗੀ ॥੬॥
ਮਮ ਭਰਤਾ ਦਰਸ਼ਨ ਹਿਤ ਆਯੋ।
ਇਤ ਮਰਿ ਗਯੋ ਅਧਿਕ ਦੁਖ ਪਾਯੋ।
ਸਾਚੇ ਪਾਤਸ਼ਾਹੁ ਕਯਾ ਕਰੌਂ।
ਮੈਂ ਪਰਦੇਸ਼ਨਿ ਅਬਿ ਕਿਤ ਥਿਰੌਂ

॥੭॥
ਨਗਰ ਜਲਾਲਾਵਾਦ ਸੁ ਦੂਰ।
ਵਿਧਵਾ ਭਈ ਪਰਜੋ ਦੁਖ ਭੂਰ।
ਅਬਿ ਮੇਰਾ ਕੋਇ ਨ ਇਸ ਦੇਸ਼।
ਇਸ ਪ੍ਰਕਾਰ ਕੋ ਪਰਜੋ ਕਲੇਸ਼' ॥੮॥

ਦੋਹਰਾ:
ਹੂਆ ਬਚਨ ਤਬਿ 'ਸੰਗਤੀ![1] ਆਯੁਧ ਬਾਂਧਹੁ ਨਿੱਤ।'
[1]ਹੇ ਸੰਗਤ!

ਸੁਣਿਆਂ ਮੰਨਿਆਂ ਬਾਕ ਤਿਨ, ਸ਼ਸਤ੍ਰ ਸੰਗਤੀ ਮਿੱਤ[1] ॥੯॥
[1]ਸੰਗਤ ਨੇ ਸ਼ਸਤ੍ਰ ਮਿੱਤਰਾਂ ਵਾਂਗ ਰੱਖੇ ਭਾਵ ਧਾਰੇ।

ਲੜਤੀ ਸੰਗਤਿ ਗੁਰੂ ਕੀ, ਸੁਨਿ ਪਿਖਿ ਸਤਿਗੁਰ ਦਜਾਲ।
ਵਾਰ ਭਗੌਤੀ ਪਠਨ ਕਰਿ, ਸੰਗਤਿ ਤੁਰਕਨਿ ਸਾਲ[1] ॥੧੦॥
[1]ਪਾਠ ਕਰਦੀ ਹੈ ਸੰਗਤ ਤੇ ਤੁਰਕਾਂ ਨੂੰ ਸੱਲਦੀ ਹੈ।

ਸਿੱਖ ਬਡਾਈ ਕਰਤਿ ਆਪ, ਸ਼ਸਤ੍ਰ ਕਰੈਂ ਬਹੁ ਜੁੱਧ[1]।
[1]ਸਿੱਖ ਆਪਣੇ ਸ਼ਸਤ੍ਰਾਂ ਦੀ ਬਡਾਈ ਕਰਦੇ ਤੇ ਸ਼ਸਤ੍ਰਾਂ ਨਾਲ ਜੁੱਧ ਬਹੁਤ ਕਰਦੇ ਹਨ। (ਅ) ਜੋ ਸਿੱਖ ਸ਼ਸਤ੍ਰ ਧਾਰ ਕੇ ਬਹੁਤ ਜੁੱਧ ਕਰਦਾ ਹੈ (ਉਸ) ਸਿੱਖ ਦੀ ਵਡਿਆਈ (ਗੁਰੂ ਜੀ) ਆਪ ਕਰਦੇ ਹਨ।

ਤੁਰਕਨਿ ਸੋਂ ਵਧਤਾ ਗਯਾ, ਸਭਿ ਸੰਗਤ ਕੋ ਕ੍ਰੁੱਧ ॥੧੧॥
ਵਧਤੀ ਹੋਵੈ ਮਰੈ ਮਾਰ, ਕਰੈ ਪਯਾਨਾ ਨਾਕ[1]।
[1]ਜਿੱਥੇ (ਤੁਰਕਾਂ ਵਲੋਂ) ਵਧੀਕੀ ਹੋਵੇ, (ਸਿੱਖ) ਮਰਨ ਮਾਰਨ ਨੂੰ ਜਾ ਪੈਣ, (ਯਾ ਜਿੱਤ ਲੈਣ ਯਾ) ਸ਼ਹੀਦ ਹੋ ਜਾਣ। [ਪਿਆਨਾ-ਨਾਕ=ਸੁਰਗ ਜਾਣਾ, ਸ਼ਹੀਦ ਹੋਣਾ]।

ਬਢਜੋ ਹੌਂਸਲਾ ਜਗਤ ਕੋ, ਹੋਵਤਿ ਸਿਖ ਗੁਰ ਵਾਕ[1] ॥੧੨॥
[1]ਗੁਰਵਾਕ (ਮੰਨਕੇ) ਸਿੱਖ ਹੋਣ ਲਗ ਪਏ।

ਪ੍ਰੀਤੋ ਪ੍ਰੀਤਾ ਮੀਤੋ ਮੀਤਾ, ਲਗੇ ਹੋਨਿ ਤਬਿ ਲੋਗ[1]।
[1]ਦੋਸਤ ਤੋਂ ਦੋਸਤ ਮਿੱਤ੍ਰ ਤੋਂ ਮਿੱਤ੍ਰ ਲੋਕੀ (ਇਕ ਦੂਜੇ ਦੇ ਉਪਦੇਸ਼ ਨਾਲ) (ਸਿੱਖ) ਹੋਣ ਲਗੇ।

ਭਲੇ ਬੁਰੇ ਬਿਦਤੈਂ ਦੁਰੈ[1], ਕਹੂੰ ਹਰਖ ਕਹੂੰ ਸੋਗ ॥੧੩॥
[1]ਭਲੇ ਪ੍ਰਗਟ ਹੋਣ ਲੱਗੇ ਤੇ ਬੁਰੇ ਲੁਕਣ ਲੱਗ ਪਏ।

ਨਾਮ ਜਪੈਂ ਉਰ ਸਿਦਕ ਗੁਰ, ਹੋਵੈ ਅਧਿਕ ਪ੍ਰਸਾਦਿ।
ਸ਼੍ਰੀ ਗੁਰ ਕੇ ਪਾਇਨ ਪਰੈਂ, ਮੇਟੈਂ ਜਗਤ

ਬਿਖਾਦ ॥੧੪॥

ਸਾਲਪੱਤ੍ਰ ਸਤਿਗੁਰੂ ਜੀ, ਸਿੱਖਨਿ ਦੇਤਿ ਅਨਾਇ।

ਜ਼ਖਮ ਮਿਟੈ ਘਾਇਲ ਖਰੋ[1], ਇਹ ਬਿਧਿ ਦਈ ਬਤਾਇ ॥੧੫॥

[1]ਬਹੁਤ ਘਾਇਲਾਂ (ਦਾ ਬੀ)।

ਸ਼ਾਹ ਸਿਕੰਦਰ ਗੁਰਮ ਕਾ, ਆਯੋ ਵਿਚ ਪੰਜਾਬ[1]।

[1]ਸ਼ਾਹ ਸਿਕੰਦਰ (ਨਾਮੇ ਇਕ ਹਕੀਮ ਗੁਰਮ) ਦੇਸ਼ ਦਾ ਪੰਜਾਬ ਵਿਚ ਆਇਆ ਸੀ।

ਤਿਨ ਘਰ ਇਲਮੀ ਤਬਕ ਕੋ, ਤਾਲਬ ਕੀਨ ਸ਼ਿਤਾਬ[1] ॥੧੬॥

[1]ਉਸ ਦੇ ਪਾਸ ਚਕਿਤਸਾ ਦਾ ਇਲਮ ਸੀ (ਜਿਸ ਨੂੰ ਮੰਗਣ ਵਾਸਤੇ) ਤਾਲਬ (=ਵਿਦ੍ਯਾਰਥੀਆਂ) ਨੇ ਛੇਤੀ ਕੀਤੀ। [ਅ਼:, ਤਿੱਬ=ਚਕਿਤਸਾ, ਜਾਦੂ। 'ਇਲਮਿ ਉਤਬ' ਨੂੰ ਕਵੀ ਜੀ ਨੇ ਇਲਮੀ ਤਬਕ ਲਿਖ੍ਯਾ ਜਾਪਦਾ ਹੈ। ਤਾਲਿਬ=ਮੰਗਣ ਵਾਲਾ, ਵਿਦਿਆਰਥੀ]।

ਬਿੱਦ੍ਯਾ ਤਿਸ ਕੇ ਸਦਨ ਇਹ[1], ਬੀਤੇ ਬਰਖ ਪਚਾਸ।

[1]ਉਸਦੇ ਘਰ ਇਹ ਵਿਦ੍ਯਾ (ਸਾਲਪੱਤ੍ਰ) ਦੀ ਹੈਸੀ।

ਲੁਦਕ ਨਗਰ ਮਹਿਂ ਬਾਸ ਹ੍ਵੈ[1], ਸੱਤ ਵਸਤ ਚਹਿ ਤਾਸ[2] ॥੧੭॥

[1]ਉਹ ਲੁਧਿਆਨੇ ਸ਼ਹਿਰ ਵਿਚ ੫੦ ਵਰ੍ਹੇ ਰਿਹਾ। [2]ਪਰ) ਉਸ ਨੂੰ ਸੱਤ ਵਸਤੂ=(ਪ੍ਰਮਾਰਥ ਪ੍ਰਾਪਤੀ) ਦੀ ਲੋੜ ਸੀ।

[1]ਰਹੀ ਬਰਖ ਬਯ ਮਿਲ੍ਯੋ ਤਬਿ, ਸਰਰੁਵਾਲ ਕੇ ਸਾਥ।

[1]ਜਾਂ ਉਸ ਦੀ ਉਮਰ ਇਕ ਸਾਲ ਰਹਿ ਗਈ ਤਾਂ ਓਹ ਰਵਾਲਸਰ ਤੇ ਗੁਰੂ ਜੀ ਨਾਲ ਆ ਮਿਲਿਆ। ਵਰ੍ਹਾ ਦਿਨ ਓਹ (ਗੁਰੂ ਜੀ ਨਾਲ) ਰਿਹਾ, ਮਰਨ ਵੇਲੇ ਉਸਨੇ ਇਸ ਵਿਦ੍ਯਾ ਦਾ ਰਸਤਾ ਦੱਸ ਦਿੱਤਾ। ਪਰੰਤੂ ਕਵਿ ਜੀ ਰਵਾਲ ਸਰ ਤੋਂ ਪਹਿਲੇ ਜੁੱਧਾਂ ਵਿਚ ਸਾਲਪੱਤ੍ਰ ਦੇ ਵਰਤੀਣ ਦਾ ਪਤਾ ਦੇ ਆਏ ਹਨ ਦੇਖੋ ਰੁਤ ੪ ਅੰਸੂ ੧੬ ਅੰਕ ੨੬ ਤੇ ਅੰਸੂ ੧੯ ਦੇ ਅੰਕ ੮ ਤੇ ੧੦।

ਬਰਖ ਰਹ੍ਯੋ ਮਰਨੇ ਸਮੈ, ਦੀਨਸ ਬਿੱਦ੍ਯਾ ਪਾਥ[3] ॥੧੮॥

†ਤਹਿਂ ਤੇ ਬਿੱਦ੍ਯਾ ਗੁਰੂ ਘਰਿ, ਸਾਲ ਪੱਤ੍ਰ ਕੀ ਆਇ‡।

†ਸੌ ਸਾਖੀ ਦੀ ੬੬ਵੀਂ ਸਾਖੀ ਇਥੇ ਮੁੱਕ ਜਾਂਦੀ ਹੈ ਅੱਗੇ ਕਵ੍ਯੋਕਤੀ ਚੱਲੀ ਹੈ। ‡ਸਾਲ ਪੱਤ੍ਰ ਮਾਤ੍ਰ ਲਾਉਣ ਦੀ ਵਿਦ੍ਯਾ ਤੋਂ ਮੁਰਾਦ ਨਹੀਂ ਕਿਉਂਕਿ ਵਰਤਦੇ ਤਾਂ ਪਹਿਲੋਂ ਬੀ ਸੇ, ਪਰ ਸਾਲਪੱਤ੍ਰ ਨੂੰ ਕਿਸੇ ਖਾਸ ਵਿਧੀ ਨਾਲ ਤਿਆਰ ਕਰਕੇ ਲਾਉਣ ਤੋਂ ਮੁਰਾਦ ਜਾਪਦੀ ਹੈ।

ਕੈਸੋ ਘਾਇਲ ਵਡੋ ਹੁਇ, ਲਗੇ ਤਾਂਹਿ ਸੁਖ ਪਾਇ' ॥੧੯॥

ਸਿਖਣੀ ਮਸਤਕ ਟੇਕਿ ਕੈ, ਪਾਇ

ਕਾਮਨਾ ਜਾਚਿ।
ਗਈ ਆਪਨੇ ਦੇਸ਼ ਕੋ, ਜਪਤਿ ਰਹੀ
ਗੁਰ ਸਾਚ ॥੨੦॥
ਨਿਤਪ੍ਰਤਿ ਗੁਰ ਉਪਦੇਸ਼ਹੀਂ, ਸੁਖ
ਸਾਧਨ ਕੋ ਮੁੱਖਜ[1]।

[1]ਮੁੱਖਜ ਸਾਧਨ ਸੁਖ ਦੇ।

ਸੁਗਮ ਪਾਇਂ ਕੱਲਜਾਣ ਕੋ, ਕਰਹਿਂ
ਨਿਵਾਰਨ ਦੁੱਖ[1] ॥੨੧॥

[1](ਜਿੰਨ੍ਹਾਂ ਨਾਲ ਸਿੱਖ ਆਪਣੇ) ਦੁੱਖ ਦੂਰ ਕਰਕੇ ਕਲਜਾਣ ਸੌਖੇ ਪਾ ਲੈਣ।

ਸੂਖਮ ਮਤ ਨਹਿਂ ਪਢਨ ਮਹਿਂ, ਤਿਮ
ਹੀ ਸ਼੍ਰਵਨ ਮਝਾਰ।
ਕਰਨ ਜੰਗ ਤਿਨ ਪ੍ਰਤਿ ਕਹੈਂ, 'ਸੁਰ
ਪੁਰਿ ਬਸਹਿਂ ਜੁਝਾਰ ॥੨੨॥
[1]ਪੀਠ ਦੇਨਿ ਕਰਿ ਪ੍ਰਾਨ ਪ੍ਰਿਯ, ਕਾਤੁਰ
ਸ਼ੁਭ ਮਤਿ ਹੀਨ।

[1]ਪ੍ਰਾਣ ਪਿਆਰੇ ਕਰਕੇ ਪਿੱਠ ਦੇਕੇ ਉਹ ਜੋ ਕਾਇਰ ਸ਼ੁਭ ਬੁੱਧੀ ਤੋਂ ਖਾਲੀ ਹਨ, ਆਪ ਭੱਜ ਉਠਦੇ ਹਨ ਤੇ ਹੋਰਨਾਂ ਦੇ ਧੀਰਜ ਨੂੰ ਨਾਸ਼ ਕਰਦੇ ਹਨ।

ਆਪ ਪਲਾਵੈ ਅਪਰ ਕੈ, ਧੀਰਜ ਕਰਤਾ
ਛੀਨ[੬] ॥੨੩॥
ਬਹੁ ਪਾਪਨਿ ਫਲ ਭੋਗਤਾ, ਪਰੈ ਨਰਕ
ਮਹਿਂ ਸੋਇ।
ਪਾਇ ਭਾਂਜ ਨਿਜ ਭਾਜ ਕੈ, ਧਰਮ
ਪ੍ਰਹਾਰੀ ਹੋਇ[1] ॥੨੪॥

[1]ਆਪ ਭੱਜਕੇ (ਸਾਰੀ ਸੈਨਾ ਨੂੰ) ਭਾਜੜ ਪਾਉਂਦਾ ਹੈ ਉਹ ਧਰਮ ਦਾ ਨਾਸ਼ ਕਰਤਾ ਹੈ।

ਜੰਗ ਵਿਖੈ ਨਹਿਂ ਸੰਗ ਲਿਹੁ,
ਸੰਗ ਜਿ ਰਹੈ ਪਿਛਾਰ[1]।

[1]ਜੋ ਸੰਗ ਕਰਕੇ ਪਿਛੇ ਰਹੇ ਉਸ ਨੂੰ ਜੰਗ ਵਿਚ ਨਾਲ ਹੀ ਨਾ ਲਓ।

ਯੋਧਾ ਅੱਗ੍ਰ ਵਧੈ ਅਧਿਕ
ਨਿਰਭੈ ਧੀਰਜ ਧਾਰਿ ॥੨੫॥
ਉੱਤਮ ਮੱਧਮ ਅਧਮ ਹੈਂ
ਜੋਧਾ ਤੀਨ ਪ੍ਰਕਾਰ[1]।

[1]ਅਧਮ ਦੇ ਲਛਨ ਚੱਲੇ।

ਅਭਜਾਸੈ ਸ਼ਸਤ੍ਰਨਿ ਹਤਨਿ
ਨਿਤ ਪ੍ਰਤਿ ਬਾਰੰਬਾਰੁ ॥੨੬॥
ਟਿਕੈ ਜੰਗ ਲਰਤਾ ਰਹੈ,
ਬਾਮ ਦਾਹਨੇ ਹੋਇ।
[੧੦]ਸਨਮੁਖ ਹਤੈ ਕਿ ਹੇਲ ਮਹਿਂ

ਸ਼ੱਤ੍ਰੁ ਬਿਨਾਸੈ ਜੋਇ[1] ॥੨੭॥

[1]ਸਨਮੁਖ ਆਏ ਨੂੰ ਯਾ ਹੱਲੇ ਵਿਚ ਜੋ ਵੈਰੀ ਨੂੰ ਮਾਰੇ।

[1]ਟਿਕੇ ਜੰਗ ਮਹਿਂ ਅੱਗ੍ਰ ਵਧਿ
ਮਾਰਹਿ ਰਿਪੁ ਕੋ ਧਾਇ।
ਮੱਧਮ ਜੋਧਾ ਜਾਨੀਏ
ਪਰ ਦਲ ਦੇਇ ਚਲਾਇ[1] ॥੨੮॥

[1]ਮੱਧਮ ਦੇ ਲੱਛਣ ਚਲੇ।

[1]ਵੈਰੀ ਦਲ ਨੂੰ ਭਜਾ ਦੇਵੇ।

[1]ਭਾਜਜੋ ਪਰ ਦਲ ਦੇਖਿ ਕੈ
ਦੇ ਧ੍ਰਿਤ ਸਭਿਨਿ ਹਟਾਇ[1]।
ਫਿਰੈ ਆਪ ਰਿਪੁ ਸਮੁਖ ਹਤਿ
ਉੱਤਮ ਲਖਹੁ ਸੁਭਾਇ ॥੨੯॥

[1]ਉੱਤਮ ਦੇ ਲੱਛਣ ਚੱਲੇ।

[1]ਧੀਰਜ ਦੇ ਕੇ ਭਜਦਿਆਂ ਨੂੰ ਮੋੜ ਲਵੇ।

ਦਲ ਪਲਾਇ ਧਰਿ ਤ੍ਰਾਸ ਕੋ
ਟਿਕਹਿ ਨ ਪਾਇ ਜਮਾਇ[1]।

[1]ਜਦੋਂ ਫੌਜ ਡਰਦੇ ਉੱਠ ਭੱਜੇ ਤੇ ਪੈਰ ਜਮਾਕੇ ਟਿਕ ਨਾ ਸਕੇ।

ਦੁਸ਼ਤਰ ਤਿਨਹੁਂ ਬਹੋਰਨਾ
ਜਿਮ ਜਲ ਹੜ ਕੋ ਜਾਇ ॥੩੦॥
ਮ੍ਰਿਗ ਗਨ ਥੰਭੈਂ ਨ ਭਾਜਤੇ
ਤਿਮ ਪਲਾਇਬੋ ਜੰਗ[1]।

[1]ਜੰਗ ਵਿਚੋਂ ਨੱਸਣਾ (ਐਸਾ) ਹੈ।

ਤਬਿ ਧੀਰਜ ਧਰਿ ਹੁਇ ਖਰੋ
ਜਿਮ ਰਣ ਥੰਭ ਨਿਸੰਗ ॥੩੧॥
ਕਰਹਿ ਵਾਰ ਤਬਿ ਆਪਨੇ,
ਰਿਪੁ ਤੇ ਸਹਿ ਕੈ ਅੰਗ।
ਖਰੇ ਕਰੇ ਭਟ ਸੰਗ ਕੈ
ਰੋਕਹਿ ਸ਼ਤ੍ਰੁ ਨ ਜੰਗ[1] ॥੩੨॥

[1]ਨਾਲ ਦੇ ਸੂਰਮਿਆਂ ਨੂੰ ਖੜੇ ਰਖੇ ਤੇ ਵੈਰੀਆਂ ਨੂੰ ਜੰਗ ਵਿਚ ਰੋਕੇ।

ਭਏ ਪਲਾਇਨ ਬੀਰ ਜੇ
ਜੋ ਰੋਕਹਿ ਧਰਿ ਧੀਰ[†]।

[†]ਪਾ:-ਕੌ ਰੋਕਹਿ ਧਰ ਧੀਰ।

ਫਲ ਪ੍ਰਾਪਤਿ ਅਸੁਮੇਧ ਕੋ
ਉੱਤਮ ਸੂਰ ਅਭੀਰ[1] ॥੩੩॥

[1]ਨਿਰਭੈ। ਬਹਾਦਰ।

ਸੁਭਟਨਿ ਤੇ ਪਰਵਾਰਿਓ[1]
ਮਾਰਹਿ ਸਹਹਿ ਪ੍ਰਹਾਰ।

[1]ਵੇੜ੍ਹਿਆ ਹੋਇਆ।

ਪਹੁੰਚੈ ਅਛੈ ਸੁ ਲੋਕ[1] ਮਹਿਂ
ਤਨ ਕਲੰਕ ਸਭਿ ਡਾਰਿ ॥੩੪॥

[1]ਨਾਸ਼ ਰਹਿਤ ਲੋਕ। (ਅ) ਚੰਗੇ ਲੋਕਾਂ ਵਿਚ।

ਕਹੈ ਕਲੀਵ ਨ ਬਾਕ ਕੋ[1],
ਬਜਾਕੁਲ ਹੋਇ ਨ ਜੋਇ।
ਅਸਤ੍ਰ ਸ਼ਸਤ੍ਰ ਕੋ ਨਹਿਂ ਗਨਹਿ
ਮਾਰਨ ਮਹਿਂ ਰਿਸ ਹੋਇ[†] ॥੩੫॥

[1]ਕਾਇਰ ਵਾਕ ਜੋ ਨਾ ਕਹੇ।
[†]ਪਾ:-ਮਾਰਨ ਮਰਹਿ ਸੁ ਹੋਇ।

ਮਰਨ ਬਿਖੈ ਨਿਸ਼ਚੈ ਜਿਸੈ
ਰਣ ਪ੍ਰਿਯ ਧੀਰ ਸਮੇਤ।
ਪਜਾਰੇ ਕਰੈ ਨ ਪ੍ਰਾਨ ਕੋ
ਲਰੈ ਧਰਮ ਕੇ ਹੇਤ ॥੩੬॥
ਚਮੂ ਬਯੂਹ ਕੇ ਅੱਗਰ ਮੈਂ[1]
ਠਹਿਰਾਵੈ ਬਰ ਬੀਰ।
ਹੁਇੰ ਜੋਧਾ ਇਕ ਜੋਰ ਕੇ
ਬਿਚ ਤੇ[†] ਭਜੈ ਨ ਭੀਰੁ[1] ॥੩੭॥

[1]ਸਾਰੀ ਸੈਨਾ ਦੇ ਠਾਠ ਅੱਗੇ।
[1]ਇਕ ਜੋੜ ਦੇ ਜੋਧਾ ਹੋਣ ਉਨ੍ਹਾਂ ਵਿਚੋਂ ਕਾਇਰ ਹੋਕੇ ਕੋਈ ਨਾ ਭੱਜਣ ਵਾਲਾ ਹੋਵੇ। [†]ਪਾ:-ਭੈ।

ਮੁਖ ਲੱਛਨ ਇਹ ਜੀਤ ਕੋ,
ਹਿਯੇ ਹਰਖ ਭਟ ਹੋਇ[1]।
ਹਤੈ ਸ਼ੱਤ੍ਰੁ ਕੋ ਜੰਗ ਮਹਿਂ
ਯਹੈ ਚਹੈ ਸਭਿ ਕੋਇ ॥੩੮॥
[1]ਬਾਯੁ ਪ੍ਰਿਸ਼ਟਿ, ਰਵਿ ਪਿਸ਼ਟ ਪਰ,
ਘਨ ਭੀ ਹੁਇ ਪਸ਼ਚਾਤ।
ਪੀਛੇ ਬੋਲ ਬਿਹੰਗ ਹੁਇ
ਲਖੈ ਜੀਤ ਕੀ ਬਾਤ ॥੩੯॥
ਬਯ ਬਾਕੀ ਜਾਵਦ ਅਹੈ
ਮਰੈ ਨਹੀਂ ਕਿਸ ਥਾਂਇ।
ਪੂਰੇ ਆਰਬਲ ਹੋਨਿ ਤੇ
ਬਚਹਿ ਨ ਕੋਟ ਉਪਾਇ ॥੪੦॥
ਇਮ ਲਖਿ ਕੈ ਧੀਰਜ ਧਰੈ
ਪਰ ਦਲ ਕਰੈ ਬਿਨਾਸ਼।
ਜੀਤੇ[†] ਧਨੁ ਜਸੁ ਪ੍ਰਾਪਤੀ,

ਮਰੇ ਸੁਰਗ ਮਹਿਂ ਬਾਸ ॥੪੧॥

[1]ਸੂਰਮੇ ਦੇ ਦਿਲ ਵਿਚ ਉਤਸਾਹ ਹੋਵੇ।
[1]ਇਥੋਂ ਜੈ ਦੇ ਸ਼ਗਨ ਚੱਲੇ।
[†]ਪਾ:-ਜੈ ਤੇ।

ਸ਼ਸਤ੍ਰਨਿ ਮਹਿਂ ਕਰਿ ਪ੍ਰੇਮ ਕੋ
ਨਿਤ ਲੇ ਸਾਰ ਸੰਭਾਲ।
ਨਿਰਮਲ ਕਰਿ ਧਰਿ ਕਰ ਬਿਖੈ[1],
ਅਰਪਹਿ ਪੁਸ਼ਪਨਿ ਮਾਲ ॥੪੨॥

[1]ਸ਼ਸਤ੍ਰ ਨੂੰ) ਨਿਰਮਲ ਕਰਕੇ ਹੱਥ ਵਿਚ ਪਕੜੇ। (ਅ) ਨਿਰਮਲ ਹੱਥਾਂ ਵਿਚ ਧਾਰਨ ਕਰਕੇ (ਸ਼ਸਤ੍ਰ ਨੂੰ)।

ਧੂਪ ਧੁਪਾਇ, ਚੰਦਨ ਚਰਚਿ[1],
ਸੌਰਭ[1] ਅਰਪਿ† ਚਢਾਇ।

[1]ਛਿੜਕੇ।

[1]ਸੁਗੰਧੀ। †ਪਾ:-ਆਪ।

ਧਾਰੈ ਆਦਰ ਸਹਿਤ ਭਟ
ਰਾਖੈ ਅੰਗ ਲਗਾਇ ॥੪੩॥
[1]ਪ੍ਰਥਮ ਟਿਕਾਵਹਿ ਹਾਥ ਨਿਜ
ਅਨਿਕ ਗੁਲੇਲੇ ਮਾਰਿ[1]।

[1]ਧਨੁਖ ਚਲਾਉਣ ਦਾ ਵੱਲ ਟੁਰਿਆ।

[1]ਗੁਲੇਲੇ ਮਾਰ ਮਾਰਕੇ ਹੱਥ ਟਿਕਾਵੇ (ਨਿਸ਼ਾਨੇ ਮਾਰਨ ਤੇ)।

ਪੁਨ ਧਨੁ ਖੈਂਚਨਿ ਕੇ ਬਿਖੇ[1]
ਨਿਤ ਹੀ ਜਤਨ ਸੰਭਾਰਿ ॥੪੪॥

[1]ਕਮਾਨ ਖਿੱਚਣ ਵਿਚ।

ਹਾਥ ਸਿਕੰਧੈ ਸਮ ਕਰੈ
ਨਿਸ਼ਚਲ ਨੈਨ ਸਮੇਤ[1]।

[1]ਹੱਥ ਮੋਢੇ ਦੇ ਬਰਾਬਰ ਕਰਕੇ ਨੈਣਾਂ ਸਣੇਂ ਟਿਕਾਵੇ।

ਦ੍ਰਿਸ਼ਟ ਮੁਸ਼ਟ ਤੇ ਲੱਛ ਕੋ
ਛਾਦਹਿ ਇਕਤਾ ਲੇਤ[1] ॥੪੫॥

[1]ਭਾਵ ਇਹ ਕਿ ਨਜ਼ਰ ਨੂੰ ਮੁੱਠ ਦੀ ਸੇਧ ਤੇ ਰੱਖਕੇ ਨਿਸ਼ਾਨੇ ਨਾਲ ਐਸੀ ਏਕਤਾ (ਸਿਧਾਈ) ਕਰੇ ਕਿ ਲੱਛ ਮੁੱਠ ਦੇ ਐਨ ਓਹਲੇ ਪਵੇ।

ਦ੍ਰਿਸ਼ਟਿ[1], ਮੁਸ਼ਟ[2], ਮਨ, ਲੱਛ[3] ਜਬਿ
ਇਕ ਸੰਗਤ ਕੋ ਪਾਇਂ[1]।
ਨਹਿਂ ਚੂਕਹਿ ਸੋ ਹਤਨਿ ਤੇ[1]
ਇਮ ਅੱਭਜਾਸ ਕਮਾਇ ॥੪੬॥

[1]ਨਜ਼ਰ। [2]ਮੁੱਠ। [3]ਨਿਸ਼ਾਨਾ।

[1]ਇਕ ਸੇਧ ਵਿਚ ਆ ਜਾਣ।

[1]ਢੁੰਡਣ ਤੋਂ।

ਬਾਮ ਮੁਸ਼ਟ ਧਨੁ ਪਰ ਟਿਕੀ[1]
ਤਥਾ ਤੁਪਕ ਕੇ ਸਾਥ।

[1]ਹੁਣ ਬੰਦੂਕ ਚੱਲੀ ਹੈ।

ਬਲ ਪਰ[1] ਨਿਹਚਲ ਹੋਤਿ ਹੈ
ਨਹਿਂ ਡੋਲਹਿ ਪੁਨ ਹਾਥ ॥੪੭॥

[1]ਬਲ ਨਾਲ।

[1]ਦੀਦਮਾਨ, ਮਨ, ਦ੍ਰਿਸ਼ਟ, ਲੱਛ

[1]ਦੀਦਮਾਨ (=ਛੇਕ) ਜਿਸ ਵਿਚੋਂ ਬੰਦੂਕ ਦੀ ਸੇਧ ਲੈਂਦੇ ਸਨ, ਮਨ (ਅੰਦਰੋਂ ਦੇਖਣਹਾਰਾ), ਦ੍ਰਿਸ਼ਟੀ (ਨਜ਼ਰ), ਨਿਸ਼ਾਨਾ (=ਜਿਸ ਨੂੰ ਮਾਰਨਾ ਹੈ), ਮੱਖੀ (ਜੋ ਬੰਦੂਕ ਉਤੇ ਹੁੰਦੀ ਹੈ), ਜੇ ਏਹੋ ਪੰਜੇ ਇਕ ਸੇਧ ਵਿਚ ਹੋਣਗੇ ਤਾਂ (ਬੰਦੂਕ) ਚਲਾਈ ਦੇ ਅੱਗੇ ਕੋਈ

ਨਹੀਂ ਬਚੇਗਾ। [ਮੱਖੀ=ਬੰਦੂਕ ਉਤੇ ਸੇਧ ਬੰਨ੍ਹਣ ਲਈ ਲਾਇਆ ਇਕ ਨਿਸ਼ਾਨ। ਦੀਦਮਾਨ=ਬੰਦੂਕ ਦੀ ਸ਼ਿਸਤ ਲੈਣ ਦਾ ਛੇਕ]।

ਮੱਖੀ ਜੁਤ ਸਭਿ ਸੋਇ।
ਪੰਚਹੁਂ ਜੇ ਇਕ ਸੂਤ ਹ੍ਵੈਂ
ਹਤਜੋ ਬਚੈ ਨਹਿਂ ਕੋਇ[੧੬] ॥੪੮॥
ਨਿਤ ਅੱਭਜਾਸਹਿ, ਕਰ ਟਿਕਹਿ
ਮਿਲਜੋ ਰਹੈ ਤਿਨ ਸੰਗ।
ਸੋ ਆਯੁਧ ਭਟ ਹਾਥ ਕੇ
ਕਜੋਂ ਨ ਕਾਜ ਦੇ ਜੰਗ ॥੪੯॥
ਸਿਰ ਤਨ ਰਖਹਿ ਨ ਸ਼ਸਤ੍ਰ ਕੋ
ਅਦਬ ਸਹਿਤ ਧਰਿ ਪਾਸ।
ਅੰਗ ਸੰਗ ਲਾਯੋ ਰਹੈ
ਕਰਹੁ ਨ ਰਿਪੁ ਬਿਸਵਾਸ' ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸ਼ਸਤ੍ਰਨ ਅੱਭਜਾਸ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਭਾਈ ਦਯਾ ਸਿੰਘ ਵਲੋਂ ਕਰਮ ਨਿਰਣਯ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਨਿਤ ਪ੍ਰਤਿ ਬੈਠਹਿਂ ਸਿੰਘ ਢਿਗ, ਰਹਿਣੀ ਰਹਿਤ ਬਤਾਇ।
ਭਗਤ ਗ੍ਯਾਨ ਕੀ ਬਾਰਤਾ, ਸੁਨਹਿਂ ਸਦਾ ਚਿਤ ਲਾਇ ॥੧॥

ਚੌਪਈ:

ਸਭਿ ਸਿੱਖਨ ਬੂਝੇ ਕਰ ਜੋਰਿ।
'ਪ੍ਰਾਨੀ ਕਰਮ ਬੰਧ ਪਰ ਘੋਰ[1]। — [1]ਪ੍ਰਾਣੀ ਭ੍ਯਾਨਕ ਕਰਮਾਂ ਦੇ ਬੰਧਨਾਂ ਵਿਚ ਪਿਆ ਹੈ।
ਤਿਨ ਕੋ[1] ਨਿਰਨਾ ਕਰਹੁ ਸੁਨਾਵਨ। — [1]ਭਾਵ ਕਰਮਾਂ ਦਾ।
ਜਿਸ ਕੇ ਜਾਨਹਿ ਕਰਹਿ ਬਚਾਵਨ[1]' ॥੨॥ — [1]ਜਿਸ (ਕਰਮਾਂ ਦੇ ਨਿਰਨੇ) ਦੇ ਜਾਣਨ ਤੇ (ਪ੍ਰਾਣੀ ਆਪਣੇ ਆਤਮਾ) ਨੂੰ ਬਚਾਵਣਾ ਕਰੇ।
ਸ੍ਰੀ ਮੁਖ ਤੇ ਸਭਿਹੂੰਨਿ ਉਚਾਰਾ।
'ਦਇਆ ਸਿੰਘ ਮਮ ਰੂਪ ਉਦਾਰਾ।
ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ।
ਉੱਤਰ ਕਹੈ ਸਕਲ ਹੀ ਸੋਇ[1] ॥੩॥ — [1]ਸੋਇ=ਦਯਾ ਸਿੰਘ।
ਇਮ ਕਹਿ ਕੈ ਗੁਰ ਅੰਤਰ ਗਏ।
ਅਪਰ ਸਰਬ ਤਹਿਂ ਬੈਠਤਿ ਭਏ।
ਨਿਰਨੈ ਕਰਨ ਬਿਖੈ ਚਿਤ ਦਯੋ।
ਦਯਾ ਸਿੰਘ ਤਬਿ ਬੋਲਤਿ ਭਯੋ ॥੪॥
'ਸਰਬ ਪ੍ਰਕਾਰ ਗੁਰੂ ਸਰਬੱਗ੍ਯ।
ਹਮ ਤਿਨ ਅੱਗ੍ਰ ਕਹਾਂ ਅਲਪੱਗ੍ਯ।
ਤਿਮ ਬੋਲੈਂ ਮੈਂ ਜਥਾ ਬੁਲਾਵੈਂ।
ਨਰ ਪੁਤਲੀ ਕੋ ਜਥਾ ਨਚਾਵੈਂ ॥੫॥
ਸੋਊ ਨਿਜ ਮੁਖ ਬੋਲਿ ਸੁਨਾਵਹਿਂ।
ਲੋਕ ਲਖਹਿਂ ਪੁਤਲੀ ਸੁ ਅਲਾਵਹਿ।
ਪੂਰਬ ਸੁਨਹ ਕਰਮ ਕੀ ਗਾਥਾ।
ਨਰਕ ਸੁਰਗ ਹੁਇ ਜਿਨ ਫਲ ਸਾਥਾ ॥੬॥
ਤੀਨ ਬਿਧਿਨਿ ਕੇ ਕਰਮ ਪਛਾਨ।
ਸੰਚਿਤਿ, ਪਰਾਲਬਧ, ਕਿਰੇਮਾਨ[1]। — [1]ਕ੍ਰਿਯ ਮਾਨ।
ਤਰਕਸ਼ ਅੰਤਹਕਰਨ ਮਝਾਰ[1]। — [1]ਅੰਤਹ ਕਰਨ ਰੂਪੀ ਭੱਥੇ ਵਿੱਚ।

| | |
|---|---|
| ਤ੍ਰੈ ਬਿਧਿ ਬਾਣ ਸਿ ਬਸਿਬੇਹਾਰ[1] ॥੭॥ | [1]ਤਿੰਨੇ ਪ੍ਰਕਾਰ ਦੇ ਕਰਮ ਰੂਪੀ ਬਾਣ ਵਸਦੇ ਹਨ। |
| ਚੇਤਨ ਆਤਮ ਛਾਯਾ ਜੋਇ[1]। | [1]ਚੇਤਨ ਆਤਮਾ ਦੀ ਜੋ ਛਾਯਾ ਹੈ। ਅਰਥਾਤ ਆਭਾਸ (=ਅਕਸ)। |
| ਪ੍ਰਤਿਬਿੰਬਤਿ ਅੰਤਹਕਰਣ ਹੋਇ[1]। | [1]ਦੂਸਰਾ) ਤਿਸ ਆਭਾਸ ਕਰਕੇ ਪ੍ਰਤਿਬਿੰਬਤ ਅੰਤਹਕਰਣ ਹੈ। |
| ਅਰੁ ਅੱਗਜਾਨ ਅੰਸ ਕੇ ਸਹਿਤ[1]। | [1]ਤੀਸਰੇ) ਅੱਗਜਾਨ ਅੰਸ ਦੇ ਸਮੇਤ। |
| ਤਿਸ ਮਹਿਂ ਕਰਮ ਬੀਜ ਗਨ ਰਹਤਿ[1] ॥੮॥ | [1]ਇਨ੍ਹਾਂ (ਤਿੰਨਾਂ ਦੇ ਸਮੁਦਾਇ) ਵਿਚ ਸਾਰੇ ਕਰਮਾਂ ਦੇ ਬੀਜ ਰਹਿੰਦੇ ਹਨ। |
| ਅੰਤਹਕਰਨ ਆਪ ਜੜ ਅਹੈ। | |
| ਜਬਿ ਲੌਂ ਸੱਤਾ ਚਿੱਤੰਨ ਨ ਲਹੈ[1]। | [1]ਜਦ ਤਕ (ਅੰਤਹਕਰਣ) ਚੇਤਨ ਦੀ ਸੱਤਾ ਨਹੀਂ ਲੈਂਦਾ। |
| ਤਬਿ ਲੌਂ ਕਰਮ ਧਰਣ ਸਮਰਥ ਨਹਿਂ[1]। | [1]ਕਰਮਾਂ ਦੇ ਧਾਰਨ ਵਿਚ (ਅੰਤਹਕਰਣ) ਤਦੋਂ ਤੱਕ ਸਮਰੱਥ ਨਹੀਂ। |
| ਚੇਤਨ ਛਾਇਆ ਤੇ ਸਮਰਥ ਲਹਿ[1] ॥੯॥ | [1]ਅੰਤਹਕਰਨ) ਚੇਤਨ ਦੇ ਆਭਾਸ (ਅਕਸ) ਪੈਣ ਨਾਲ ਸਮਰਥਾ ਪ੍ਰਾਪਤ ਕਰਦਾ ਹੈ (ਕਰਮ ਧਾਰਨ ਦੀ)। |
| ਅੰਤਹਕਰਣ ਅਹੈ ਮਨ ਜੋਇ[1]। | [1]ਮਨ ਜੋ ਅੰਤਹਕਰਣ ਹੈ। |
| ਜਬਿ ਅੱਗਜਾਨ ਸਮੇਤੈ ਹੋਇ। | |
| ਤਬਿ ਸਮਰੱਥ ਕਰਮ ਧਰਿ ਸਾਰੇ[1]। | [1]ਤਦ ਸਾਰੇ ਕਰਮਾਂ ਦੇ ਧਾਰਨ ਨੂੰ ਹੁੰਦਾ ਹੈ ਸਮਰੱਥ। |
| ਬਿਨ ਅੱਗਜਾਨ ਕਰਮ ਨਹਿਂ ਧਾਰੇ ॥੧੦॥ | |
| ਦੋਹਰਾ: | |
| ਅੰਤਹਕਰਣ, ਅੱਗਜਾਨ ਦ੍ਵੈ, | |
| ਚੇਤਨ ਆਤਮ ਤੀਨ। | |
| ਹ੍ਵੈ ਇਕੱਤ੍ਰ ਧਾਰਹਿਂ ਕਰਮ, ਧਰੈ ਨ ਹ੍ਵੈ ਇਕ ਹੀਨ[1] ॥੧੧॥ | [1]ਇਕ ਜੇ ਨਾ ਹੋਵੇ (ਤਾਂ ਫਿਰ ਕਰਮ) ਨਹੀਂ ਧਾਰ ਸਕਦਾ। |
| ਚੌਪਈ: | |
| ਇਸ ਕੋ ਕਹੌਂ ਸਹਤ ਦ੍ਰਿਸ਼ਟਾਂਤ। | |
| ਸੁਨਹੁ ਖਾਲਸਾ! ਹੈ ਜਿਸ ਭਾਂਤਿ। | |
| -ਸਤਿਗੁਣ ਰੂਪ ਮ੍ਰਿੱਤਕਾ ਆਹਿ[1]। | [1]ਸਤੋਗੁਣ ਰੂਪੀ (ਮਾਨੋਂ) ਇਕ ਮਿੱਟੀ ਹੈ। |
| ਅੰਤਹਕਰਣ ਪਿੰਡ ਹੈ ਤਾਂਹਿ[1] ॥੧੨॥ | [1]ਮਿੱਟੀ) ਦਾ ਪਿੰਡ (ਢੇਲਾ) ਹੈ। |
| ਆਤਮ ਚੇਤਨ ਰੂਪ ਅਕਾਸ਼[1]। | [1]ਚੇਤਨ ਆਤਮਾ ਰੂਪੀ ਅਕਾਸ਼ ਹੈ। |
| ਅਰੁ ਅੱਗਜਾਨ ਰੂਪ ਜਲ ਰਾਸ[1]। | [1]ਸਾਰਾ ਅੱਗਜਾਨ ਜਲ ਰੂਪੀ ਹੈ। |
| ਮ੍ਰਿਤਕਾ ਪਿੰਡ ਮਿਲੈ ਜਲ ਸੰਗ। | |

| | |
|---|---|
| ਤਬਿ ਘਟ ਰੂਪ ਬਨਹਿ ਸਰਬੰਗ[1] ॥੧੩॥ | [1]ਸਭ ਤਰ੍ਹਾਂ ਨਾਲ। |
| ਅੰਤਰ ਲਏ ਗਗਨ ਕੋ ਹੋਇ[1]। | [1]ਘੜਾ ਹੋਕੇ ਅੰਦਰ ਅਕਾਸ਼ ਨੂੰ ਲੈਂਦਾ ਹੈ। |
| ਕਰਮ ਅਨਾਜ ਧਰੇ ਤਬਿ ਸੋਇ[1]। | [1]ਕਰਮਾਂ ਰੂਪੀ ਅਨਾਜ ਨੂੰ ਤਦ ਉਹ (ਅੰਤਹਕਰਣ ਰੂਪੀ) ਘੜਾ ਧਾਰਦਾ ਹੈ। |
| ਤੀਨਹੁੰ ਮਿਲਿ ਕਰਿ ਘਟਾ ਸੁਧਾਰੇ[1]। | [1]ਘੜਾ ਬਣਦਾ ਹੈ। |
| ਸਮਰਥ ਹੋਇ ਪਦਾਰਥ ਧਾਰੇ[1] ॥੧੪॥ | [1]ਤਦ ਘੜਾ) ਪਦਾਰਥ ਧਾਰਨ ਨੂੰ ਸਮਰਥ ਹੁੰਦਾ ਹੈ। |
| ਤੀਨਹੁੰ ਨਿਜ ਨਿਜ ਹ੍ਵੈ ਕਰਿ ਨਜਾਰੇ। | |
| ਧਰਨ ਪਦਾਰਥ ਸ਼ਕਤਿ ਨ ਧਾਰੇ[1]। | [1]ਪਦਾਰਥ ਧਾਰਨ ਦੀ ਸ਼ਕਤੀ ਨਹੀਂ ਰੱਖਦੇ। |
| ਤਿਸ ਪ੍ਰਕਾਰ ਇਕ ਆਤਮ ਜੋਇ। | |
| ਕਰਮ ਧਰੈ[1] ਸਮਰਥ ਨਹਿਂ ਸੋਇ ॥੧੫॥ | [1]ਕਰਮ ਧਾਰਨ ਕਰਨ ਵਿਚ। |
| ਕੇਵਲ ਅੰਤਹਿਕਰਣ ਨ ਧਾਰੇ। | |
| ਤਿਮ ਅੱਗਜਾਨ ਨ ਧਰਹਿ, ਨਿਵਾਰੇ[1]। | [1]ਜੁਦਾ ਹੋਕੇ। |
| ਤੀਨਹੁੰ ਕੋ ਸੰਜੋਗ ਜਬਿ ਹੋਇ। | |
| ਕਰਮ ਧਰਨਿ ਸਮਰਥ ਹੈਂ ਸੋਇ ॥੧੬॥ | |
| ਅੰਤਹਿਕਰਣ ਰੂਪ ਤਰਕਸ਼ ਮਹਿਂ। | |
| ਕਰਮ ਬਾਣ ਬਾਸਾ ਨਿਤ ਪ੍ਰਤਿ ਲਹਿਂ[1]। | [1]ਪਰਾਰਬਧ ਕਰਮ ਤੁਰਿਆ। |
| ਜੋ ਤਰਕਸ਼ ਤੇ ਤੀਰ ਨਿਕਾਰਾ। | |
| ਐਂਚਿ ਧਨੁਖ ਛੁਟਿ ਚਲ੍ਯੋ ਅਗਾਰਾ ॥੧੭॥ | |
| ਅਪਨੋ ਬੇਗਸੁ ਸਭਿ ਹੀ ਕਰਿ ਕੇ। | |
| ਨਿਸ਼ਫਲ ਹੋਤਿ ਰਹੈ ਧਰ ਪਰਿ ਕੇ[1]। | [1]ਜ਼ਿਮੀਂ ਤੇ ਡਿੱਗਕੇ ਨਿਫਲ ਹੋ ਜਾਂਦਾ ਹੈ। |
| ਪਰਾਰਬਧ ਹੈ ਯਾਂ ਕੋ ਨਾਮ। | |
| ਦੇ ਫਲ ਸਭਿ ਕੋ ਹੋਇ ਵਿਰਾਮ[1] ॥੧੮॥ | [1]ਫਲ ਦੇਕੇ ਸ਼ਾਂਤ ਹੋ ਜਾਂਦੀ ਹੈ। |
| [1]ਥਿਰ ਤਰਕਸ਼ ਮਹਿਂ ਜੇਤਿਕ ਬਾਨ[2]। | [1]ਸੰਚਿਤ ਟੁਰਿਆ:- [2]ਜਿੰਨੇ ਬਾਣ ਟਿਕੇ ਪਾਏ ਹਨ। |
| ਤਿਨ ਕੋ ਸੰਚਿਤ ਨਾਮ ਬਖਾਨ। | |
| [1]ਧਨੁਖ ਜੇਹ ਸੋਂ ਜੋਰਯੋ ਜੋਇ[2]। | [1]ਕ੍ਰਿਯਮਾਨ ਟਰੇ:- [2]ਜੋ ਧਨੁਸ਼ ਦੇ ਚਿੱਲੇ ਨਾਲ ਜੋੜਿਆ ਹੈ। |
| ਨਾਮ ਸੁ ਕਿਰੇਮਾਨ ਤਿਸ ਹੋਇ | |

॥੧੯॥
ਜਿਨ ਕਰਮਨਿ ਕੋ ਦਿਯੋ ਸਰੀਰ।
ਪਰਾਰਬਧ ਸੋ ਜਾਨਹੁਂ ਧੀਰ!
ਅਨਿਕ ਜਨਮ ਕੇ ਕਰੇ ਇਕੱਤ੍ਰ।
ਸੋ ਸੰਚਤਿ ਹੈਂ ਨਾਮ ਬਚਿੱਤ੍ਰ[1] ॥੨੦॥

[1]ਉਨ੍ਹਾਂ ਦਾ ਨਾਮ ਸੰਚਿਤ ਹੈ ਤੇ ਓਹ (ਬਚਿੱਤ੍ਰ=) ਕਈ ਪ੍ਰਕਾਰ ਦੇ ਹਨ।

ਕ੍ਰਿਆ ਹੋਤਿ ਨਿਤ ਜੁਤਿ ਅਭਿਮਾਨ।
ਕਿਰੇਮਾਨ ਜੋ ਜਾਨ ਸੁਜਾਨ[1]।

[1]ਜਿਹੜੇ ਅਭਿਮਾਨ ਨਾਲ (ਕਿ ਮੈਂ ਕਰ ਰਿਹਾ ਹਾਂ) ਕਰਮ ਰੋਜ਼ ਕੀਤੇ ਜਾ ਰਹੇ ਹਨ ਏਹ ਕਿਰੇਮਾਨ ਕਰਮ ਜਾਣੋ।

ਕਿਰੇਮਾਨ ਜੋ† ਕਹਜੋ ਬਨਾਇ।

†ਪਾ:-ਸੋ।

ਤ੍ਰੈ ਸੰਗਜਾ ਇਸ ਕੀ ਹੁਇ ਜਾਇਂ[1] ॥੨੧॥

[1]ਇਸੇ (ਕਿਰੇਮਾਨ) ਦੇ ਹੀ ਤ੍ਰੈ ਨਾਮ ਹੋ ਜਾਂਦੇ ਹਨ।

ਪ੍ਰਥਮ ਅਵਸਥਾ ਮਹਿਂ 'ਕਿਰੇਮਾਨ।'
ਦੁਤੀਏ ਮਹਿਂ 'ਸੰਚਿਤ' ਇਹ ਜਾਨ।
ਤ੍ਰਿਤੀ ਅਵਸਥਾ ਜਬਿ ਹੀ ਪਾਇ।
'ਪਰਾਰਬਧ' ਸੰਗਜਾ ਹੁਇ ਜਾਇ ॥੨੨॥
ਜਿਮ ਇਕ ਕਾਲ ਭਵਿੱਖਤ[1] ਹੋਇ।

[1]ਆਉਣ ਵਾਲਾ।

ਬਹੁਰੋ ਬਰਤਮਾਨ[1] ਹੈ ਸੋਇ।

[1]ਹੁਣ ਦਾ ਸਮਾਂ।

ਸੋਈ ਕਾਲ ਭੂਤ[1] ਹ੍ਵੈ ਜਾਇ।

[1]ਬੀਤ ਗਿਆ ਸਮਾਂ।

ਲਖਹੁ ਖਾਲਸਾ ਤਿਸ ਹੀ ਭਾਇ ॥੨੩॥
ਪਰਾਰਬਧ ਕੇ ਫਲ ਹੈਂ ਤੀਨ।
ਜਾਤਿ[1], ਆਰਬਲ[2] ਭੋਗ[3], ਸੁ ਚੀਨ[4]।

[1]ਜਾਤੀ। [2]ਉਮਰ। [3]ਭੋਗ। ਦੇਖੋ ਹੇਠਾਂ ਅੰਕ ੧੯। [4]ਜਾਣੋ।

[1]ਸੁਰ ਨਰ ਆਦਿ ਚਰਾਚਰ ਦੇਹਿ[2]।

[1]ਹੁਣ ਜਾਤੀ ਤੁਰੀ। [2]ਜੜ ਜੰਗਮ ਦੇ ਸਰੀਰ।

ਉੱਤਮ ਮੱਧਮ ਅਧਮ ਅਛੇਹ[1] ॥੨੪॥

[1]ਜੋ ਹੈਨ (ਅ) ਇਕ ਰਸ।

ਸਭਿ ਕੇ ਵਿਖੈ ਹੋਤਿ ਹੈ ਨਾਨਾ[1]।

[1]ਭਾਵ ਜਾਤੀ ਦੀਆਂ ਕਿਸਮਾਂ।

ਇਹ ਜਾਨਹੁ ਫਲ ਜਾਤਿ ਬਖਾਨਾ[1]।

[1]ਜਾਤੀ ਰੂਪ ਫਲ ਵਰਣਨ ਕੀਤਾ ਹੈ।

[1]ਨਿਮਖ ਆਦਿ ਹੁਇ ਜੀਵਨ ਜੇਤਿਕ[2]।

[1]ਹੁਣ ਆਰਬਲਾ ਚੱਲੀ। [2]ਨਿਮਖ ਆਦਿਕ ਤੋਂ ਲੈਕੇ ਜਿੰਨਾ ਵੀ ਕਿਸੇ ਦਾ ਜੀਵਨ ਹੈ।

ਆਰਬਲਾ ਫਲ ਜਾਨਹੁ ਤੇਤਿਕ[1]

[1]ਉਸ ਸਾਰੀ ਨੂੰ ਆਰਬਲਾ ਜਾਣੋ (ਜੋ ਪਰਾਰਬਧ ਦਾ

॥੨੫॥ — ਇਕ) ਫਲ ਹੈ।

[1]ਦੁਖ ਸੁਖ, ਕੋ ਜੋ ਅਨੁਭਵ ਰੂਪ। — [1]ਹੁਣ ਭੋਗ ਟੁਰਿਆ।

ਬ੍ਰਿੱਧ ਕਿਧੋਂ ਲਘੁ ਕਰਨ ਅਨੂਪ।

ਇਸ ਕੋ ਨਾਮ ਭੋਗ ਬੁਧਿ ਕਹੈਂ[1]।

[1]ਦੁਖ, ਸੁਖ ਦਾ ਸਰੂਪ ਅਨੁਭਵ ਕਰਨਾ, ਵਡਾਈ ਛੁਟਾਈ, ਸੁੰਦਰਤਾਈ (ਯਾ ਕੋਝਾ ਪਨ ਅਨੁਭਵ ਕਰਨਾ)। ਇਸਦਾ ਨਾਮ ਬੁਧੀਵਾਨ ਭੋਗ ਕਹਿੰਦੇ ਹਨ। (ਅ) ਬਹੁਤ ਜਾਂ ਥੋੜਾ ਜਾਂ ਦਰਮਜਾਨਾ (ਅਨੁਭਵ ਕਰਨਾ) ਹੈ। [ਅਨ ਉਪ=ਜਿਸ ਨੂੰ ਨਜੂਨ ਯਾ ਉਚ ਨਾ ਕਿਹਾ ਜਾ ਸਕੇ ਸੋ ਦਰਮਜਾਨਾ]।

ਚੌਦਹਿ ਲੋਕ ਬਿਖੈ ਜਨ ਲਹੈ ॥੨੬॥

ਦ੍ਵੈ ਜਿ ਕਰਮ ਸੰਚਤਿ ਕਿਰੇਮਾਨ।

ਆਤਮ ਗਜਾਨੀ ਕੇ ਹੁਇੰ ਹਾਨ।

ਜਿਮ ਤਰਕਸ਼ ਮਹਿ ਸਰ ਸੁ ਮਿਟਾਇ[1]। — [1]ਜਿਵੇਂ ਭੱਥੇ ਵਿਚ ਪਏ ਤੀਰ ਚਲਾਉਣੋਂ ਰੋਕੇ ਜਾ ਸਕਦੇ ਹਨ।

ਧਰਜੋ ਪਨਚ ਪਰ ਸੋ ਪਿ ਹਟਾਇ[1] ॥੨੭॥ — [1]ਭਾਵ ਜੋ ਤੀਰ ਚਿੱਲੇ ਪਰ ਧਰਿਆ ਹੈ ਉਹ ਵੀ ਚਲਾਉਣੋਂ ਰੋਕਿਆ ਜਾ ਸਕਦਾ ਹੈ।

[1]ਪਰਾਰਬਧ ਜੋ ਛੁਟਜੋ ਸੁ ਬਾਨ। — [1]ਪਰ ਪਰਾਰਬਧ ਛੁਟੇ ਹੋਏ ਬਾਣ (ਵਾਂਙੂ ਹੈ) ਜਿਸ ਨੂੰ ਕੋਈ ਟਾਲ ਨਹੀਂ ਸਕਦਾ।

ਤਿਸ ਕੋ ਕਰ ਨ ਸਕੈ ਕੋ ਹਾਨਿ[22]।

ਅੱਗਜ ਤੱਗਜ[1] ਕੈ ਇਕ ਸਮ ਹੋਇ। — [1]ਅੱਗਜਾਨੀ ਤੇ ਗਜਾਨੀ।

ਪਰਾਰਬਧ ਫਲ ਦੇ ਸਮ ਦੋਇ[1] ॥੨੮॥ — [1]ਦੋਹਾਂ ਨੂੰ ਇਕੋ ਜਿਹਾ ਫਲ ਦੇਂਦੀ ਹੈ ਪਰਾਰਬਧ।

ਦੋਹਰਾ:

ਸੰਚਤਿ ਗਜਾਨ ਪ੍ਰਭਾਵ ਸੋਂ, ਗਜਾਨੀ ਕਰਹਿ ਬਿਨਾਸ[1]। — [1]ਸੰਚਤ ਕਰਮਾਂ ਨੂੰ ਗਜਾਨ ਦੇ ਪ੍ਰਭਾਵ ਨਾਲ ਗਜਾਨੀ ਨਾਸ਼ ਕਰ ਲੈਂਦਾ ਹੈ।

ਜਿਮ ਅਨਾਜ ਮੰਦਰ ਸਹਤ, ਦਾਹੈ ਅਗਨਿ ਪ੍ਰਕਾਸ਼[1] ॥੨੯॥ — [1]ਜਿਵੇਂ ਅੱਗ ਬਾਲਕੇ ਮੰਦਰ ਵਿਚ ਪਿਆ ਅਨਾਜ ਮੰਦਰ ਸਣੇ ਸਾੜ ਲਈਦਾ ਹੈ।

ਮੰਦਰ ਸਹਤ ਅਨਾਜ ਕੇ, ਜਬਿ ਭਾ ਜਲਿ ਕੈ ਛਾਰ[1]। — [1]ਬਲ ਕੇ ਸੁਆਹ ਹੋਇਆ।

ਅੰਕੁਰ ਕੋ ਨ ਸਮ੍ਰੱਥ ਪੁਨ[1], ਜਾਨੋ ਤਿਸੀ ਪ੍ਰਕਾਰ ॥੩੦॥ — [1]ਭਾਵ ਮੁੜ ਫੁੱਟਣ ਨੂੰ ਅੰਗੁਰ ਕੋਈ ਨਹੀਂ ਸਮਰਥ ਰਹਿੰਦਾ ਹੈ।

ਚੌਪਈ:

ਸੰਚਿਤ ਕਰਮ[1] ਸੋ ਅੰਤਹ ਕਰਣ[2]। — [1]ਅਨਾਜ ਸਮਾਨ) ਸੰਚਤਕਰਮ (ਤੇ ਮੰਦਰ ਸਮਾਨ) ਅੰਤਹਕਰਣ। [2]ਅਨਾਜ ਸਮਾਨ) ਸੰਚਤਕਰਮ (ਤੇ ਮੰਦਰ ਸਮਾਨ) ਅੰਤਹਕਰਣ।

ਗਜਾਨ ਅਗਨਿ ਤੇ ਕਰੈ ਪ੍ਰਹਰਣ[1]। — [1]ਨਾਸ਼ ਕਰ ਲੈਂਦਾ ਹੈ।

ਬਹੁਰ ਜਨਮ ਦਾਇਕ ਨਹਿੰ ਸੋਇ।

| | |
|---|---|
| ਜਲੇ[1] ਅਨਾਜ ਅੰਕੁਰ ਨ ਹੋਇ ॥੩੧॥ | [1]ਜਿਵੇਂ) ਸੜਿਆ ਅਨਾਜ ਉਗਦਾ ਨਹੀਂ। |
| ਅੰਤਹਕਰਣ ਨਾਸ਼[1] ਇਸ ਭਾਂਤ। | [1]ਨਾਸ਼ ਹੋ ਜਾਂਦਾ ਹੈ। |
| ਚਿਤ ਸਤਿ ਹੋਇ ਜਾਤਿ ਸਭਿ ਸ਼ਾਂਤਿ[1]। | [1]ਚਿੱਤ ਸੱਤਿ ਸਰੂਪ ਹੋਕੇ ਸ਼ਾਂਤ ਹੋ ਜਾਂਦਾ ਹੈ। |
| ਚਿਤ ਸਤਿ ਕੋ ਅਬਿ ਅਰਥ ਬਖਾਨੋਂ[1]। | [1]ਕਹਿੰਦਾ ਹਾਂ। |
| ਅੰਤਹਕਰਣ[1] ਰੂਪ ਅਸ ਜਾਨੋ ॥੩੨॥ | [1]ਭਾਵ ਮਨ ਤੋਂ ਹੈ। |
| [1]ਜਿਸ ਤੇ ਦਰਸ ਅਸੰਮਕ ਪਿਖੈ[2]। | [1]ਹੁਣ ਮਨ ਦਾ ਰੂਪ ਦੱਸਣ ਲੱਗੇ ਹਨ:-। [2]ਜਿਸ (ਮਨ) ਕਰਕੇ ਜਿਉਂ ਕਾ ਤਿਉਂ ਦਰਸ਼ਨ ਨਹੀਂ ਦੇਖੀਦਾ [ਅਸਮਜਕ=ਅਯਥਾਰਥ]। |
| ਆਤਮ ਬੁੱਧਿ ਅਨਾਤਮ ਬਿਖੈ[1]। | [1]ਅਨਾਤਮ ਵਿਚ ਆਤਮ ਬੁੱਧੀ ਹੁੰਦੀ ਹੈ। |
| ਜਗਤ ਅਸੱਤਿ ਬਿਖੈ ਸਤਿ ਬੁੱਧ। | |
| ਆਤਮ ਸੱਤਿ ਅਸੱਤਿ ਕੀ ਸੁੱਧ[1] ॥੩੩॥ | [1]ਆਤਮਾ ਸੱਤਿ ਹੈ ਉਸ ਵਿਚ ਅਸੱਤਿ ਦੀ ਸੋਝੀ ਕਰ ਲੈਂਦਾ ਹੈ। |
| ਨਾਮ ਇਸੀ ਕੋ ਮਨ ਪਹਿਚਾਨ। | |
| ਜਬਿ ਹੈ ਪ੍ਰਾਪਤਿ ਆਤਮ ਗ੍ਯਾਨ। | |
| ਤਬਿ ਇਸ ਬਿਧਿ ਕੋ ਭਾਵ ਬਿਨਾਸੇ। | |
| ਜਿਉਂ ਕਾ ਤਿਉਂ ਸੁ ਪਦਾਰਥ ਭਾਸੇ[1] ॥੩੪॥ | [1]ਭਾਵ ਆਤਮਾ ਆਤਮਾ ਦਿੱਸਦਾ ਹੈ ਤੇ ਅਨਾਤਮਾ ਅਨਾਤਮਾ ਦਿੱਸਦਾ ਹੈ। |
| ਜਬਿ ਚਿਤ ਸੱਤਿ ਇਸ ਬਿਧਿ ਕੋ ਭਯੋ। | |
| ਤਬਿ ਸੰਚਤਿ ਜੁਤਿ[1] ਮਨ ਜਲਿ ਗਯੋ। | [1]ਸੰਚਿਤ ਕਰਮਾਂ ਸਮੇਤ। |
| ਜਿਮ ਮੰਦਰ ਜੁਤਿ ਜਲ੍ਯੋ ਅਨਾਜ। | |
| ਪੁਨ ਅੰਕੁਰ ਨਹੀਂ ਉਪਰਾਜ[1] ॥੩੫॥ | [1]ਉਗਦਾ ਨਹੀਂ। |
| ਕਿਰੇਮਾਨ ਜੋ ਕਰਨ ਕਰਾਹੀਂ[1]। | [1]ਕਿਰੇਮਾਨ ਓਹ ਕਰਮ ਹਨ ਜੋ ਕੀਤੇ ਜਾ ਰਹੇ ਹਨ (ਰੋਜ਼)। |
| ਗ੍ਯਾਨੀ ਕੇ ਉਪਜਤਿ ਸੋ ਨਾਂਹੀ। | |
| [1]ਪਰਾਰਬਧ ਕਰਿ ਕ੍ਰਿਆ ਜੁ ਠਾਨਿ[2]। | [1]ਨਾ ਉਪਜਣ ਦਾ ਪ੍ਰਕਾਰ ਦੱਸਦੇ ਹਨ। [2]ਪਰਾਰਬਧ ਕਰਕੇ ਜਿਹੜੀ ਕ੍ਰਿਆ ਕਰੀਦੀ ਹੈ। |
| ਹੋਤਿ ਅਨਾਤਮ ਜੁਤਿ ਅਭਿਮਾਨ[1] ॥੩੬॥ | [1]ਓਹ ਅਨਾਤਮ ਦੇ ਅਭਿਮਾਨ ਸੰਜੁਕਤ ਹੁੰਦੀ ਹੈ, ਭਾਵ ਦੇਹ ਅਭਿਮਾਨ ਨਾਲ। |
| ਵਹੀ ਕ੍ਰਿਆ ਹੋਵੈ ਕ੍ਰਿਯਮਾਨ[1]। | [1]ਉਹੀ ਕ੍ਰਿਯਾ ਕ੍ਰਿਯਮਾਨ ਕਰਮ ਬਣ ਜਾਂਦੀ ਹੈ। ਭਾਵ ਉਹ ਕਰਮ ਜੋ ਅਸੀਂ ਦੇਹ ਅਭਿਮਾਨ ਸੰਜੁਕਤ ਕਰ ਰਹੇ ਹਾਂ। |
| ਜਾਤਿ ਪ੍ਰਣੰਮਤਿ ਅਪਰ ਬਿਧਾਨ[1]। | [1]ਓਹੀ ਕ੍ਰਿਯਮਾਨ ਹੋਰ ਰੂਪ ਬਦਲਦੇ ਜਾਂਦੇ ਹਨ, ਭਾਵ ਕ੍ਰਿਯਮਾਨ ਹੀ ਸੰਚਿਤ ਤੇ ਪਰਾਰਬਧ ਬਣਦੇ ਜਾਂਦੇ ਹਨ। |

ਸੋਈ ਕ੍ਰਿਯਾ ਹੀਨ ਅਭਿਮਾਨ[1]।

[1]ਸੋ (ਗ੍ਯਾਨੀ) ਅਭਿਮਾਨ ਹੀਨ ਹੋਣ ਕਰਕੇ ਕ੍ਰਿਯਾ ਹੀਨ ਹੋ ਗਿਆ ਹੈ।

ਉਪਜੈ ਨਹੀਂ ਕਦਾਚਿਤ ਜਾਨ[1] ॥੩੭॥

[1]ਉਸਦੇ ਤਾਂ (ਕਰਮ) ਕਦਾਚਿਤ ਉਪਜਦੇ ਹੀ ਨਹੀਂ।

[1]ਪਰਾਰਬਧ ਤੇ ਹੁਇ ਕਿਰਮਾਨ।

[1]ਹੁਣ ਪਰਾਰਬਧ ਤੋਂ ਕ੍ਰਿਯਮਾਨ ਕਰਮ (ਜੀਕੂੰ) ਹੁੰਦੇ ਹਨ ਉਨ੍ਹਾਂ ਦਾ ਪ੍ਰਕਾਰ ਦੱਸਦੇ ਹਨ।

ਭੋਜਨ ਰੂਪ ਕ੍ਰਿਯਾ ਜਿਮ ਠਾਨਿ[1]।

[1]ਭੋਜਨ ਰੂਪੀ ਕ੍ਰਿਯਾ (ਜੀਕੂੰ) ਕਰੀਦੀ ਹੈ।

ਪਰਾਰਬਧ ਕੋ ਰੂਪਹਿ ਸੋਇ[1]।

[1]ਉਹ ਪਰਾਰਬਧ ਦਾ ਰੂਪ ਸਮਝੋ।

ਭੋਜਨ ਕਰੇ ਪੁਸ਼ਟਤਾ ਜੋਇ[1] ॥੩੮॥

[1]ਭੋਜਨ ਕੀਤਿਆਂ ਜੋ ਪੁਸ਼ਟੀ ਹੁੰਦੀ ਹੈ।

ਸੋ ਕ੍ਰਿਯਮਾਨ ਰੂਪ ਪਹਿਚਾਨ[1]।

[1]ਸੋ ਕ੍ਰਿਯਮਾਨ ਦਾ ਰੂਪ ਪਛਾਣ ਲਓ।

ਦੇਹਿ ਸਰੁਜ ਸੋ ਪੁਸ਼ਟ ਨ ਜਾਨ[1]।

[1]ਜੋ ਦੇਹ ਬੀਮਾਰ ਹੈ ਸੋ (ਭੋਜਨ ਖਾਕੇ) ਪੁਸ਼ਟ ਨਹੀਂ ਹੁੰਦੀ।

ਜੇ ਅਰੋਗ ਸੋ ਪੁਸ਼ਟ ਬਡੇਰੀ[1]।

[1]ਜੋ ਅਰੋਗ ਹੈ ਉਹ (ਦੇਹ) ਪੁਸ਼ਟ ਬਹੁਤ ਹੁੰਦੀ ਹੈ।

ਤਿਸੀ ਪ੍ਰਕਾਰ ਜੁਗਤਿ ਲਿਹੁ ਹੇਰੀ[1]
॥੩੯॥

[1]ਇਸੇ ਤਰ੍ਹਾਂ ਜੁਗਤਿ ਸਮਝ ਲਓ। ਭਾਵ ਜਿਵੇਂ ਰੋਟੀ ਖਾਣਾ ਇਕ ਕ੍ਰਿਯਾ ਹੈ ਇਸ ਨੂੰ ਸਮਝੋ ਕਿ ਪਰਾਰਬਧ ਹੈ, ਇਸ ਕ੍ਰਿਯਾ ਤੋਂ ਸਰੀਰ ਪੁਸ਼ਟ ਹੁੰਦਾ ਹੈ, ਇਹ ਪੁਸ਼ਟੀ ਉਹੋ ਪਰਾਰਬਧ ਕ੍ਰਿਯਮਾਨ ਬਣ ਗਈ ਹੈ। ਪਰ ਜੇ ਰੋਗੀ ਭੋਜਨ ਖਾਏ ਤਾਂ ਪੁਸ਼ਟ ਨਹੀਂ ਹੁੰਦਾ ਤਿਵੇਂ ਗ੍ਯਾਨੀ ਦੇ ਪਰਾਰਬਧ ਅਨੁਸਾਰ ਕੀਤੇ ਕਰਮ ਕ੍ਰਿਯਮਾਨ ਨਹੀਂ ਬਣਦੇ ਅਰਥਾਤ ਉਸਦੇ ਕਰਮ ਬੰਧਨ ਦਾ ਕਾਰਨ ਨਹੀਂ ਬਣਦੇ।

ਹੋਇ ਕ੍ਰਿਯਾ ਜੁਤਿ ਤਨ ਅਭਿਮਾਨ।
ਸੋਇ ਕ੍ਰਿਯਾ ਹੈ ਉਪਜਨਵਾਨ[1]।

[1]ਜੋ ਕ੍ਰਿਯਾ ਤਨ ਅਭਿਮਾਨ ਸਹਿਤ ਹੁੰਦੀ ਹੈ ਉਹੋ ਕ੍ਰਿਯਾ ਉਗਣ ਵਾਲੀ ਹੈ ਭਾਵ ਫਲ ਦੇਣ ਵਾਲੀ ਹੈ।

ਤਨ ਅਭਿਰਾਮ ਨ ਗ੍ਯਾਨੀ ਧਰੈ।
ਯਾਂ ਤੇ ਨਹੀਂ ਬੰਧ ਕੋ ਕਰੈਂ[1] ॥੪੦॥

[1]ਇਸ ਤਰ੍ਹਾਂ ਕਰਮ ਉਸ (ਗ੍ਯਾਨੀ) ਨੂੰ ਬੰਨ੍ਹਦੇ ਨਹੀਂ।

ਕਰਮ ਮਾਲ[1] ਸਭਿ ਕੇ ਗਰ ਪਰੀ।

[1]ਕਰਮਾਂ ਦੀ ਮਾਲਾ।

ਤਨ ਹੰਤਾ ਤ੍ਯਾਗੇ ਤਿਨ ਹਰੀ[1]।

[1]ਜਿਨ ਤਨ ਹੰਤਾ ਤ੍ਯਾਗੀ ਉਸਨੇ ਉਹ ਮਾਲਾ ਲਾਹ ਸੁੱਟੀ ਹੈ।

ਬਿਨਾ ਤ੍ਯਾਗ ਤੇ ਅਨਿਕ ਕਲੇਸ਼।
ਜਨਮ ਮਰਨ ਕੇ ਕਸ਼ਟ ਅਸ਼ੇਸ਼ ॥੪੧॥
ਯਾਂ ਤੇ ਸਤਿਗੁਰ ਨੇ ਬਹੁ ਬਾਰ।
ਬਰਨਨ ਕੀਨੋ ਗ੍ਰੰਥ ਮਝਾਰ[1]।

[1]ਸ੍ਰੀ ਗੁਰੂ ਗ੍ਰੰਥ ਜੀ ਵਿੱਚ।

'ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ'
॥੪੨॥

ਇੱਤਯਾਦਿਕ ਕੁਛ ਗਿਨੇ ਨ ਜਾਂਹਿ।
ਕਹ੍ਯੋ ਦੇਹਿ ਹੰਤਾ ਕਰਿ ਨਾਂਹਿ[1]।

[1]ਕਿਹਾ ਹੈ (ਗੁਰੂ ਗ੍ਰੰਥ ਜੀ ਨੇ) ਕਿ ਦੇਹ ਹੰਤਾ ਨਾ ਕਰੋ।

ਤਨ ਹੰਤਾ ਮਹਿਂ ਸਭਿ ਉਤਪਾਤ[1]।

[1]ਸਾਰੇ ਉਪੱਦ੍ਰਵ ਤਨ ਹੰਤਾ (ਦੇਹ ਅਭਿਮਾਨ) ਵਿਚ ਹਨ।

ਦੁਖ ਪ੍ਰਾਪਤਿ ਪੁਨ ਪੁਨ ਪਛੁਤਾਤ ॥੪੩॥
ਜਨਮ ਅਸੰਖ ਇਸੀ ਤੇ ਧਰੈ।
ਅੱਪ੍ਰਮਾਨ[1] ਸੰਕਟ ਤੇ ਮਰੈ।

[1]ਬਹੁਤੇ।

ਮਮਤਾ ਆਦਿ ਬਿਕਾਰ ਅਨੇਕ।
ਤਨ ਹੰਤਾ ਜਨਤੀ ਅਬਿਬੇਕ[1] ॥੪੪॥

[1]ਤਨ ਹੰਤਾ ਪੈਦਾ ਹੋਈ ਹੈ ਅਗ੍ਯਾਨ ਤੋਂ, ਭਾਵ ਅਬਿਬੇਕ ਤੋਂ ਤਨਹੰਤਾ, ਤਨ ਹੰਤਾ ਤੋਂ ਮਮਤਾ, ਮਮਤਾ ਤੋਂ ਵਿਕਾਰ।

ਜਿਸ ਜਨ ਪਰ ਹੋਵੈ ਗੁਰ ਕਰੁਨਾ।
ਤਨ ਹੰਤਾ ਕੋ ਕਰਹਿ ਪ੍ਰਹਰਨਾ।
ਤੱਤ ਉਪਦੇਸ਼ ਨਾਮ ਲਿਵਲਾਵੈ।
ਜਨਮ ਮਰਨ ਦੁਖ ਤੇ ਛੁਟਿ ਜਾਵੈ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕਰਮ ਨਿਰਨੈ' ਪ੍ਰਸੰਗ ਬਰਨਨੰ ਨਾਮ ਇਕ ਚੱਤ੍ਵਾਰਿੰਸਤੀ ਅੰਸੂ ॥੪੧॥

## ੪੨. [ਆਤਮ ਵਿਚਾਰ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਚੌਪਈ:

ਪੁਨ ਸਿੰਘਨ ਬੂਝਨਿ ਕਰਜੋ 'ਕਹੋ ਰੂਪ ਅੱਗਜਾਨ[੧]।
ਮਾਯਾ[੨], ਬਹੁਰ ਅਬਿੱਦਿਆ[੩], ਬੰਧਨ[੪], ਮੋਖ[੫] ਬਖਾਨਿ ॥੧॥

ਚੌਪਈ:

ਜਾਗ੍ਰਤ[੬], ਸੁਪਨ[੭], ਸਖੋਪਤਿ[੮] ਤੀਨ।
ਏਹ ਅਵਸਥਾ ਕਹੋ ਪ੍ਰਬੀਨ!
ਮੁਰਛਾ ਰੂਪ[੯], ਸਮਾਧਿ[੧੦] ਕਹੀਜੈ।
ਤੁਰੀ ਅਵਸਥਾ[੧੧] ਰੂਪ ਭਨੀਜੈ ॥੨॥
ਇਕ ਸਾਖੀ[੧੨] ਅਰੁ ਜੀਵ[੧੩] ਜਿ ਹੋਇ।
ਜਸ ਇਨ ਰੂਪ ਬਖਾਨਹੁ ਸੋਇ।
ਪ੍ਰਨਹੁ ਬ੍ਰਹਮ[੧੪] ਨਿਰਨੈ[†] ਕਰਿ ਲਹੋ।

[†]ਪਾ:-ਪੁਨ ਬ੍ਰਹਮ ਕੋ।

ਪੰਚ ਕੋਸ਼[੧੫] ਕੋ ਰੂਪ ਸੁ ਕਹੋ' ॥੩॥
ਪੰਦ੍ਰਹ ਪ੍ਰਸ਼ਨ ਸੁਨੇ ਸਭਿ ਕਾਨ।
ਦਇਆ ਸਿੰਘ ਜੀ ਕਰਤਿ ਬਖਾਨ।
'ਜਿਸ ਪਰ ਗੁਰੂ ਪ੍ਰਸੰਨਤਾ ਧਰੈਂ।
ਸੁਨਿ ਕੈ ਦਿਢ ਨਿਸ਼ਚੈ ਸੋ ਕਰੈ ॥੪॥
ਸੁਨੀਅਹਿ ਸਭਿ ਕੇ ਰੂਪ ਬਖਾਨੋਂ।
ਗੁਰ ਕਰੁਨਾ ਤੇ ਮੈਂ ਜਿਮ ਜਾਨੋਂ।
ਜਿਸ ਜਾਨੇ ਅਰ ਨਿਰਨੈ ਕਰੇ।
ਜਗ ਸਾਗਰ ਤੇ ਸੋ ਨਰ ਤਰੇ ॥੫॥

ਸ੍ਵੈਯਾ ਛੰਦ:

[1]ਅਗਜਾਨ ਦੇ ਲੱਛਣ ਚੱਲੇ।

[1]ਬਿਨ ਅਕਾਰ, ਬਿਨ ਜਨਮ, ਅਨਾਦੀ
ਰਹਿ ਇਕ ਦੇਸ਼ ਬ੍ਰਹਮ ਕੇ ਮਾਂਹਿ।
ਨਾਮ ਅੱਗਜਾਨ[1], ਲਿਏ ਖਟ ਸੰਗਜਾ

[1](ਪਿਛੇ ਕਹੇ ਦਾ) ਨਾਮ ਅਗਜਾਨ ਹੈ।

ਇਕ ਚਿਤੰਨ ਵਜਾਪਕ[੧] ਵਿਚ ਤਾਂਹਿ[1]।

[1]ਇਸ ਅਗਜਾਨ ਦੇ ਕਾਰਨ) ਛੇ ਸੰਗਜਾ (ਹੋ ਗਈਆਂ ਹਨ, ਯਥਾ-) ਵਜਾਪਕ ਚੈਤੰਨ ਇਕ।

ਚੇਤਨ[੨], ਸੋ ਸਬੰਧ ਈਸ਼੍ਵਰਤਾ[੩],
ਚਤੁਰਥ ਸੰਗਜਾ ਜੀਵ ਬਜਿ ਆਹਿ।
ਈਸ਼ੁਰ ਜੀਵ ਵਿਭਾਗ[੫] ਪੰਚਮੋ

ਚਿਦਾ ਭਾਸ੬ ਖਸ਼ਟਮ ਲਖਿ ਵਾਹਿ ॥੬॥
ਜਿਸ ਅੱਗਜਾਨ ਬਿਖੈ ਇਹ ਖਟ ਹੈਂ
ਸੂਖਮ ਭੂਤ ਪ੍ਰਗਟ ਹੁਇ ਨਾਂਹਿ[1]।

[1]ਭਾਵ ਸੂਖਮ ਰੂਪ ਹੋਕੇ ਰਹਿੰਦੇ ਹਨ ਤੇ ਪ੍ਰਗਟਦੇ ਨਹੀਂ।

ਜਿਮ ਬਟ ਬੀਜ ਬਿਖੈ ਜਟ, ਤੁਕ[1], ਦਲ[2],

[1]ਜੜ੍ਹਾਂ ਤੇ ਛਿੱਲ। [2]ਪੱਤੇ।

ਸ਼ਾਖਾ[1], ਕਾਂਡ[2], ਸਹਤਿ ਫਲ ਆਹਿ।

[1]ਟਾਹਣੀਆਂ। [2]ਟਾਹਣੇ।

ਤਿਸ ਹੀ ਕੋ -ਅੱਬਜਾਕ੍ਰਿਤ ਕਹੀਯਹਿ
ਪੁਨ 'ਅੱਬਜਕਤ' ਨਾਮ ਭੀ ਤਾਂਹਿ।
ਸਾਮਜ ਅਵਸਥਾ[1] ਪ੍ਰਥਮ ਇਹੀ ਹੈ

[1]ਉਹ ਅਵਸਥਾ ਜਿਸ ਵਿਚ ਸਤ ਰਜ ਤਮ ਤ੍ਰੈਏ ਗੁਣ ਬ੍ਰਾਬਰ ਹੋਣ ਕਿਸੇ ਤਰ੍ਹਾਂ ਦਾ ਵਿਕਾਰ ਉਹਨਾਂ ਵਿਚ ਨਾ ਹੋਵੇ। [ਸੰਸ: ਸਾਮਯਾਵਸਥਾ]।

ਬੇਦਨ ਆਦਿ ਸੰਤ† ਪ੍ਰਾਹਿੰ[1] ॥੭॥

[1]ਕਹਿੰਦੇ ਹਨ। †ਪਾ:-ਆਦਿ ਅੰਤ।

ਤ੍ਰਿਗੁਣਾਤਮਕਾ[1] ਸਾਮਜ ਅਵਸਥਾ

[1]ਤ੍ਰੈ ਗੁਣਾਂ ਦੇ ਸਰੂਪ ਵਾਲੀ।

ਚੇਤਨ ਭਾਸ ਸਹਿਤ ਪਹਿਚਾਨ।
ਹੋਇ ਵਿਕਾਰ ਅਵਸਥਾ ਤਿਸਕੀ ਪ੍ਰਿਥਕ ਪ੍ਰਿਥਕ ਬਨ ਤੈ ਗੁਨਵਾਨ।
[1]ਸਤ, ਰਜ, ਤਮ ਗੁਣ ਸੁੱਧਾ ਸੁੱਧ ਇਹ

[1](ਮਾਯਾ ਤੁਰੀ) ਸਤ, ਰਜ, ਤਮ ਤ੍ਰੈਏ ਗੁਣ ਨਾਲ ਲਏ ਹੋਏ (ਆਪਣੇ) ਸ਼ੁਧ ਸ਼ੁਧ ਰੂਪ ਵਿਚ ਚਿਦਾਭਾਸ ਨਾਲ ਮਿਲਕੇ ਪ੍ਰਧਾਨ ਕਹਿਲਾਉਂਦੀ ਹੈ।

ਚਿਦਾਭਾਸ ਜੁਤਿ ਲਿਏ ਪ੍ਰਧਾਨ[3]।
ਸੁਨਹੁ ਸਿੱਖ ਸੋ 'ਮਾਯਾ' ਲਖੀਅਹਿ[1],

[1]ਉਸ ਨੂੰ ਮਾਯਾ ਸਮਝੋ।

ਸਮੁਝਿ ਰਿਦੇ ਸਭਿ ਕਰਹਿੰ ਬਖਾਨ ॥੮॥
ਸਾਮਜ ਅਵਸਥਾ ਚਿਦਾਭਾਸ ਲੇ
ਭਈ ਬਿਕਾਰਾਵਸਥਾ ਸੋਇ।
[1]ਸ਼ੁਧ ਸ਼ੱਤ੍ਰੂ ਲੇ ਮਾਇਆ ਜਿਮ ਭੀ

[1]੩. ਅਵਿੱਦਯਾ ਟੁਰੀ) ਸਤ੍ਵ ਆਦਿ ਦੇ ਤ੍ਰੈ ਗੁਣਾਂ ਦੀ ਮਲਿਨਤਾ ਮੁਖ ਹੈ ਜਿਸ ਵਿਚ ਉਸ ਨੂੰ ਅਵਿਦਯਾ ਜਾਣੋ। ਉਹ ਅਵਿਦਯਾ ਗੁਰੂ ਦੇ ਉਪਦੇਸ਼ ਨਾਲ ਨਾਸ਼ ਹੁੰਦੀ ਹੈ।

ਮਲਿਨ ਸ਼ੱਤ੍ਰੂ ਮੁਖ ਤ੍ਰੈ ਗੁਣ ਜੋਇ।
ਤਿਸ ਕੋ ਲਏ 'ਅਵਿੱਦਯਾ' ਜਾਨਹੁ

ਗੁਰ ਉਪਦੇਸ਼ ਬਿਨਾਸ਼ੀ ਹੋਇ[੫]।
[1]ਅੰਤਸ਼ਕਰਣ ਬਿਰਤਿ ਜਬਿ ਉਪਜੀ
ਅਹੰਬ੍ਰਹਮਾਸਮਿ ਦ੍ਵੈਤ ਨ ਕੋਇ[1] ॥੯॥

[1]ਹੁਣ ਵਿਦਯਾ ਦਾ ਸਰੂਪ ਕਹਿਣਗੇ ਜੋ ਅਵਿੱਦਯਾ ਨਾਸ਼ਕ ਹੈ)।
[1]ਅੰਤਹਕਰਨ ਵਿਚ ਜਦੋਂ 'ਅਹੰ ਬ੍ਰਹਮਾਸਮਿ' ਦੀ ਬਿਰਤੀ ਉਪਜ ਪਈ ਫਿਰ ਦ੍ਵੈਤ ਕੋਈ ਨਹੀਂ ਰਹਿੰਦੀ।

ਦੋਹਰਾ:
ਬਿਰਤ ਅਖੰਡਾਕਾਰ ਅਸ
'ਵਿੱਦਯਾ' ਨਾਮ ਸੁਜਾਨ[1]।
ਕਾਰਣ ਕਾਰਜ ਭੇਦ ਤੇ
ਦੁਬਿਧਾ ਹਾਨ ਅੱਗਯਾਨ[1] ॥੧੦॥

[1]ਐਸੀ ਅਖੰਡਾਕਾਰ ਬ੍ਰਿਤੀ ਦਾ ਨਾਮ ਵਿਦਯਾ ਜਾਣੋ।
[1]ਇਸ ਵਿਦਯਾ ਨਾਲ ਦੋ ਤਰ੍ਹਾਂ ਦਾ ਅੱਗਯਾਨ-ਕਾਰਨ ਤੇ ਕਾਰਜ-ਰੂਪ ਨਸ਼ਟ ਹੋ ਜਾਂਦਾ ਹੈ।

ਚੌਪਈ:
[1]ਤਨ ਇੰਦ੍ਰੀ, ਮਨ, ਪ੍ਰਾਣ, ਅਨਾਤਮ[2]।
ਇਸ ਸੰਘਾਤ ਵਿਖੈ ਬੁਧਿ ਆਤਮ[1]।
'ਬੰਧਨ' ਇਹੀ, ਸਦਾ ਦੁਖ ਕਾਰਣ।
ਅਹੰ ਦੇਹ, ਲਖਿ ਕਰਹਿ ਉਚਾਰਣ[1] ॥੧੧॥

[1]ਹੁਣ ਬੰਧਨ ਦਾ ਰੂਪ ਚਲਿਆ)। [2]ਇਹ ਅਨਾਤਮਾ ਹਨ।
[1]ਇਨ੍ਹਾਂ ਦੇ ਸਮੁਦਾਇ ਵਿਚ ਜੋ ਆਤਮਾ ਬੁੱਧੀ ਕਰਨੀ ਹੈ, ਭਾਵ ਜੋ ਇਨ੍ਹਾਂ ਨੂੰ ਆਪਣਾ ਆਪ ਸਮਝਣਾ ਹੈ।
[1]ਦੇਹ ਨੂੰ ਆਪਣਾ ਆਪ ਲਖਕੇ ਉਚਾਰਦਾ ਹੈ (ਕਿ ਮੈਂ ਦੇਹ ਹਾਂ)।

ਦੋਹਰਾ:
[1]ਅੱਭਯਾਸੈ ਗੁਰ ਸ਼ਬਦ ਕੋ, ਮਿਟਹਿ ਦੇਹਿ ਅਭਿਮਾਨ।
ਸਤ ਚੇਤਨ ਆਨੰਦ ਮਯ, 'ਮੁਕਤਿ' ਸੁਜਾਨ ਸੁਜਾਨ ॥੧੨॥

[1]ਹੁਣ ੫. ਮੁਕਤ ਟੁਰੀ)।

ਸ੍ਵੈਯਾ ਛੰਦ:
[1]ਅੱਧਯਾਤਮ ਗੋ ਰੂਪ ਚਤਰਦਸ,
ਇਤੇ[†] ਬਿਖਯ ਅਧਭੂਤ ਸੁਜਾਨ।
ਇਨਹੁਂ ਦੇਵ ਅਧਿਦੇਵ ਚਤਰਦਸ,
ਬਜਾਲੀ[†] ਫੁਰਹਿਂ ਭਾਵ ਬਿਦਮਾਨ।
ਸੁਖਪਤਿ ਸੁਪਨ ਅਭਾਵ, ਫੁਰੈ ਗਨ
ਮੂਰਤਿ ਬਜਸ੍ਰਿ ਸਮਸ੍ਰਿ ਪਛਾਨ[1]।

[1]੬. ਜਾਗ੍ਰਤ ਚਲੀ)। ਪ੍ਰਜਾਯ ਲਈ ਦੇਖੋ ਅਗਲੇ ਸਫੇ ਤੇ ਅੰਕ ੧.
[†]ਪਾ:-ਇਨਕੇ।
[†]ਵੇਰਵੇ ਲਈ ਦੇਖੋ ਅੰਸੂ ੪੪, ਅੰਕ ੧੨ ਤੋਂ ੧੫।
[1]ਚੌਦਾਂ ਇੰਦ੍ਰੀਆਂ ਦੇ ਸਮੁਦਾਯ ਨੂੰ ਅਧਯਾਤਮ (ਕਹਿੰਦੇ ਹਨ), ਇਨ੍ਹਾਂ ਦੇ ਵਿਸ਼ੇ ਬੀ ਇਤਨੇ (ਭਾਵ ੧੪) ਹਨ, ਉਨ੍ਹਾਂ ਨੂੰ 'ਅਧਭੂਤ' ਜਾਣੋ, ਇਨ੍ਹਾਂ ਦੇ ਦੇਵਤੇ ਬੀ ੧੪ ਹਨ ਉਨ੍ਹਾਂ ਨੂੰ 'ਅਧਿਦੈਵ' ਜਾਣੋ (ਜਿਸ ਹਾਲਤ ਵਿਚ

ਇਹ) ੪੨ ਪਰਤੱਖ ਫੁਰ ਰਹੇ ਹਨ, ਸਖੋਪਤੀ ਤੇ ਸੁ੍ਪਨ ਦਾ ਅਭਾਵ ਹੈ ਜਿਸ ਵਿਚ ਵਜਸ਼ਟੀ ਤੇ ਸਮਸ਼੍ਰੀ ਦੀਆਂ ਸਾਰੀਆਂ ਮੂਰਤਾਂ ਸਫੁਰਨ ਹੋ ਰਹੀਆਂ ਹਨ [ਬਜਸ਼ਟਿ=ਪ੍ਰੀਤ ਏਕਤਾ, ਵੱਖੋ ਵੱਖਤਾ। ਸਮਸ਼ਟਿ=ਸਮੁਦਾਇ, ਸਮੂਹ]।

ਫੁਰੈ ਸਰਬ ਸਾਖੀ ਮਹਿਂ 'ਜਾਗ੍ਰਤਿ
ਵਿਸ਼੍ਵ ਅਭਿਮਾਨੀ ਕੀ' ਲਿਹੁ ਮਾਨਿ[1]
॥੧੩॥

[1]ਜਿਸ ਵੇਲੇ ਇਹ ਸਾਰੇ ਸਾਖੀ ਵਿਚ ਸਫੁਰਨ ਹੋ ਰਹੇ ਹਨ, ਉਹ ਜਾਗ੍ਰਤ ਅਵਸਥਾ ਹੈ ਇਸ ਨੂੰ ਵਿਸ਼੍ਵ ਅਭਿਮਾਨੀ ਦੀ ਜਾਗ੍ਰਤ ਅਵਸਥਾ ਆਖਦੇ ਹਨ [ਸਾਖੀ=ਦ੍ਰਿਸ਼੍ਰਾ, ਅੰਦਰਲਾ, ਨਿਰਲੇਪ ਦੇਖਣਹਾਰ। ਵਿਸ਼ਵ ਅਭਿਮਾਨੀ=ਅੱਖਾਂ ਵਿਚ ਬੈਠਕੇ ਵਿਸ਼ਵ (ਜਗਤ ਨੂੰ) ਜੋ ਦੇਖਦਾ ਹੈ ਉਸ ਵੇਲੇ ਜੀਵ ਦਾ ਨਾਮ ਵਿਸ਼੍ਵ ਕਹਿੰਦੇ ਹਨ। ਇਹ ਜਾਗ੍ਰਤ ਅਵਸਥਾ ਨੂੰ ਅਨੁਭਵ ਕਰਦਾ ਹੈ ਕਿ ਮੈਂ ਜਾਗਦਾ ਹਾਂ, ਇਸ ਕਰਕੇ ਇਸ ਨੂੰ ਜਾਗ੍ਰਤ ਦਾ ਅਭਿਮਾਨੀ ਕਹਿੰਦੇ ਹਨ]।

[1]੭ ਸੁ੍ਪਨ ਚਲਿਆ:=)

[1]ਥੂਲ ਸਰੀਰ ਨ ਥੂਲ ਵਿਖਯ ਨਹਿਂ
ਸੁਖਪਤਿ ਕੋ ਅਭਾਵ ਜਿਸ ਮਾਂਹਿ[1]।

[1]ਜਿਸ ਅਵਸਥਾ ਵਿਚ ਨਾ ਸਥੂਲ ਸਰੀਰ ਨਾ ਸਥੂਲ ਵਿਸ਼ੇ ਸਫੁਰਨ) ਹੁੰਦੇ ਹਨ, ਤੇ ਸਖੋਪਤੀ ਦਾ ਜਿਸ ਵਿਚ ਅਭਾਵ ਹੈ।

[1]ਜੇ ਚੌਦਹਿ ਅੱਧਜਾਤਮਾਦਿ ਕੀ

[1]ਜੋ ਪਿਛੇ ੧੪ ਅਧਜਾਤਮ ਆਦਿਕ (ਭਾਵ ੪੨) ਕਹੇ ਹਨ ਅਤੇ ਜਿੱਥੇ ਸਾਰੀਆ ਵਾਸ਼ਨਾਂ ਰਹਿੰਦੀਆਂ ਹਨ, ਓਥੇ ਜੋ 'ਸਾਖੀ' ਨੂੰ ਅਵਿੱਦਜਾ ਮਈ ਸੂਖਮ ਅਮੂਰਤ ਵਿਵਹਾਰ ਫੁਰਦਾ ਹੈ ਉਸ ਨੂੰ ਸੁਪਨ ਅਵਸਥਾ ਕਹੀਦਾ ਹੈ, ਉਹ ਅਵਸਥਾ ਤੈਜਸ ਅਭਿਮਾਨੀ ਦੀ ਜਾਣੋ।

ਰਹਤਿ ਸਮੱਗ੍ਰ ਵਾਸ਼ਨਾ ਜਾਂਹਿ।
ਅਵਿੱਦਜਾ ਮਯ ਸੂਖਮ ਵਿਵਹਾਰ ਜੁ
ਫੁਰੈ ਅਮੂਰਤਿ ਸਾਖੀ ਮਾਂਹਿ।
'ਤੈਜਸ ਅਭਿਮਾਨੀ ਕੀ' ਜਾਨਹੁ
'ਸੁਪਨਾਵਸਥਾ' ਕਹੀਯੈ ਤਾਂਹਿ[੫] ॥
੧੪॥

[1]੮. ਸਖੋਪਤੀ ਟੁਰੀ)।

[1]ਸਮੱਗ੍ਰ ਵਾਸ਼ਨਾਮਯ ਜੁ ਅਮੂਰਤਿ
ਸਰਵ ਅਵਿੱਦਜਾ ਕੋ ਵਿਵਹਾਰ।
ਕਾਰਣ ਦੇਹ ਅਵਿੱਦਜਾ ਮਹਿਂ ਏ
ਭਏ ਲੀਨ ਸੁਖਮਤਾ ਸਾਰ।
ਸਾਖੀ ਗਜਾਨ ਰਹਜੋ ਸਨ[1] ਮਾਤ੍ਰੰ,
'ਪ੍ਰਾਗ ਅਭਿਮਾਨੀ ਕੀ' ਨਿਰਧਾਰ।
ਇਹ 'ਸੁਖਪਤੀ ਅਵਸਥਾ' ਲਖਿ

[1]ਸੱਤਯ।

[1]ਸਾਰੀਆਂ ਵਾਸ਼ਨਾਂ ਰੂਪ ਜੋ ਅਮੂਰਤ ਵਿਵਹਾਰ ਹੈ ਤੇ ਅਵਿੱਦਜਾ ਦਾ ਸਰਬ ਵਿਵਹਾਰ ਹੈ, (ਇਹ) ਕਾਰਨ

| | |
|---|---|
| ਸਿਖ[1] ! | ਦੇਹ ਰੁਪੀ ਅਵਿੱਦਜਾ ਵਿਚ ਸੂਖਮ ਹੋਕੇ ਜਿੱਥੇ ਸਾਰਾ ਲੀਨ ਹੋ ਗਿਆ, ਜਿਥੇ ਸਤਜ ਮਾਤ੍ਰ ਦਾ ਗਜਾਨ ਸਾਖੀ ਰਹਿ ਗਿਆ ਉਸ ਨੂੰ 'ਸਖੋਪਤੀ' ਅਵਸਥਾ ਲਖ ਹੇ ਸਿੱਖ, ਇਹ ਅਵਸਥਾ ਪ੍ਰਾਗ ਅਭਿਮਾਨੀ ਦੀ ਹੈ। |
| ਤੀਨਹੁਂ ਭਲੀ ਭਲੇ ਉਰ ਧਾਰਿ ॥੧੫॥ | |
| [1]ਜਾਗ੍ਰਤਿ ਮਹਿਂ ਕਿਸ ਕਾਰਣ ਤੇ ਕਿਤ<br>ਲਗਹਿ ਚੋਟ ਜਹਿਂ ਮਰਮ ਸਥਾਨ।<br>ਕਿਧੌਂ ਰੋਗ, ਕੈ ਅਪਰ ਹੇਤ ਹੁਇ,<br>ਜੌ ਲੌ ਰਹੇ ਅਚੇਤ ਮਹਾਂਨ[1]।<br>ਤੌ ਲੌ ਸਾਖੀ ਕੇਰ ਅਵਾਂਤਰ<br>ਵਿੱਸ਼੍ਵ ਅਭਿਮਾਨੀ ਕੋ ਪਹਿਚਾਨ[1]। | [1]੯. ਮੂਰਛਾ ਚੱਲੀ)।<br>[1]ਗਲ ਕਿ) ਜਦ ਤਕ ਬਹੁਤ ਬੇਹੋਸ਼ ਰਹੇ।<br>[1]ਤਦ ਤਕ ਸਾਖੀ ਦੇ ਵਿਚ (ਇਹ ਸਫੁਰਨ ਹੋ ਰਹੀ ਹੈ) ਇਸਦਾ ਅਭਿਮਾਨੀ ਬੀ ਵਿਸ਼੍ਵ ਹੈ। |
| ਕਹੈਂ 'ਮੂਰਛਾ' ਕੋ ਸਰੂਪ ਇਹ,<br>ਜਾਵਦ ਨਹੀਂ ਪ੍ਰਾਨ ਕੋ ਹਾਨ[1] ॥੧੬॥ | [1]ਭਾਵ ਜਦ ਤਕ ਮਰਿਆ ਨਹੀਂ। |
| [1]ਤ੍ਰਿਪੁਟੀ ਗਜਾਤਾ ਗਜਾਨ ਗੇਯ ਜਹਿਂ<br>ਭਾਸੈ ਬ੍ਰਹਮ ਭਾਵ ਕੋ ਲੀਨ।<br>ਤਿਹ 'ਸਮਾਧਿ ਸਵਿਕਲਪ' ਕਹਤਿ ਹੈਂ,<br>ਜਹਿਂ ਤ੍ਰਿਪੁਟੀ ਵਿਕਲਪ ਵਿਹੀਨ।<br>ਇਕ ਬ੍ਰਹਮ ਭਾਵ 'ਸਮੇਤ ਸਮਾਧੀ<br>ਨਿਰਵਿਕਲਪ' ਤਿਹ ਕੋ ਮਨ ਚੀਨ[1]। | [1]੧੦. ਸਮਾਧੀ ਤੁਰੀ)।<br>[1]ਜਿੱਥੇ ਬ੍ਰਹਮ ਭਾਵ ਨੂੰ ਲੈਕੇ ਤ੍ਰਿਪੁਟੀ ਅਰਥਾਤ ਗਜਾਤਾ ਗਿਆਨ ਗੇਯ ਭਾਸ ਰਹੀ ਹੈ ਉਸ ਨੂੰ ਸਵਿਕਲਪ ਸਮਾਧੀ ਕਹਿੰਦੇ ਹਨ (ਪਰ) ਜਿੱਥੇ ਤ੍ਰਿਪੁਟੀ ਵਿਕਲਪ ਤੋਂ ਖਾਲੀ ਇਕ ਬ੍ਰਹਮ ਭਾਵ ਮਾਤ੍ਰ ਹੈ ਉਸ ਨੂੰ ਨਿਰਵਿਕਲਪ ਸਮਾਧੀ ਮਨ ਵਿਚ ਸਮਝ ਲੈ। |
| ਵਿੱਸ਼੍ਵ ਅਭਿਮਾਨੀ ਕੀ ਸਾਖੀ ਮਹਿਂ<br>ਦੁਇ ਪ੍ਰਕਾਰ ਕੀ ਕਹੈਂ ਪ੍ਰਬੀਨ[1] ॥੧੭॥ | [1]ਸਾਖੀ ਵਿਚ ਵਿਸ਼੍ਵ ਅਭਿਮਾਨੀ ਦੀ ਸਮਾਧੀ ਦੀ ਅਵਸਥਾ ਦੋ ਪ੍ਰਕਾਰ ਦੀ ਕਹਿੰਦੇ ਹਨ ਪ੍ਰਬੀਨ। |
| [1]ਸਮਾਧਿ, ਮੂਰਛਾ, ਤੀਨ ਅਵਸਥਾ,<br>ਸਭਿਨਿ ਪ੍ਰਕਾਸ਼ੈ ਭਾਵਾਭਾਵ।<br>ਨਿਜ ਅਨਸੂਤ ਸਭਿਨਿ ਮਹਿਂ ਦੇਖੈ,<br>ਹਉਂ ਹੀ ਪਿਖਨਹਾਰ ਉਰ ਲਜਾਵ।<br>ਜਾਗ੍ਰਤਿ ਥੂਲ ਬਿਰਤਿ ਸੋਂ ਮਿਲਿ ਕੈ<br>ਸੁਪਨੇ ਸੂਖਮ ਬਿਰਤਿ ਮਿਲਾਵ। | [1]੧੧. ਤੁਰੀਆ ਚੱਲੀ)। |

ਬਿਰਤਿ ਅਵਿੱਦਜਾ ਸੁਖਪਤਿ ਮਹਿਂ
ਮਿਲਿ
ਪਿਖਹਿ ਜੁ 'ਤੁਰੀਯਾਵਸਥਾ' ਗਾਵ[1]
॥੧੮॥

[1]ਮੂਰਛਾ, ਸਮਾਧੀ, ਤ੍ਰੈ ਅਵਸਥਾ (ਜਾਗ੍ਰਤ, ਸੁਪਨ, ਸਖੋਪਤਿ, ਸਭਨਾਂ ਦੇ ਹੋਣ ਨਾ ਹੋਣ ਨੂੰ ਪ੍ਰਕਾਸ਼ੇ ਤੇ ਆਪਣੇ ਆਪ ਨੂੰ ਸਭ ਵਿਚ ਮਿਲਿਆ ਹੋਇਆ ਦੇਖੇ ਤੇ ਅਨੁਭਵ ਕਰੇ ਕਿ ਮੈਂ ਹੀ (ਸਭ ਦਾ) ਦੇਖਣਹਾਰ ਹਾਂ, ਜਾਗ੍ਰਤ ਵਿਚ ਸਥੂਲ ਬਿਰਤੀ ਨਾਲ ਮਿਲਕੇ, ਸੁਪਨੇ ਵਿਚ ਸੂਖਮ ਬਿਰਤੀ ਨਾਲ ਮਿਲਕੇ, ਸਖੋਪਤੀ ਵਿਚ ਅਵਿਦਜਾ ਬਿਰਤੀ ਨਾਲ ਮਿਲਕੇ, (ਸਭ ਨੂੰ) ਜੋ ਦੇਖੋ, ਉਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ।

ਦੋਹਰਾ:

ਨਿਰਵਿਕਲਪਤਾ ਤੇ ਰਹਤਿ
ਸਭਿ ਮਹਿਂ ਮੋਹਿ ਸਰੂਪ[1]।

[1]ਸਾਰਿਆਂ ਵਿਚ ਮੇਰਾ ਹੀ ਸਰੂਪ ਹੈ।

ਤੁਰੀਯਾਵਸਥਾ ਜਾਨੀਏ
ਤੁਰੀਯਾ ਤੱਤ ਅਨੂਪ[1] ॥੧੯॥

[1]ਇਹ ਤੁਰੀਆਂ (ਅਵਸਥਾ ਜਾਣੋ, ਨਹੀਂ ਨਹੀਂ ਇਹ ਤਾਂ) ਬੇਮਿਸਾਲ ਤੱਤ੍ਵ (ਯਥਾਰਥ) ਹੈ।

ਸ੍ਵੈਯਾ ਛੰਦ:

[1]੧੨. ੧੩, ਜੀਵ ਤੇ ਸਾਖੀ ਟੂਰੇ)।

[1]ਜਾਗ੍ਰਤਿ ਆਦਿ ਸਮਾਧਿ ਅੰਤ ਲੌ
ਤ੍ਰਿਧਾਭਿਮਾਨੀ ਮਲਿਨ ਸੁ 'ਜੀਵ[1]।'

[1]ਜਾਗ੍ਰਤ ਤੋਂ ਆਦਿ ਲੈਕੇ ਸਮਾਧੀ ਦੇ ਅੰਤ ਤਕ ਤੇ ਤਿੰਨਾਂ (ਸਰੀਰਾਂ) ਦਾ ਅਭਿਮਾਨੀ ਜੋ ਹੈ ਸੋ ਜੀਵ ਹੈ, (ਪਰ ਇਹ ਜੀਵ ਦਾ) ਮਲਿਨ ਸਰੂਪ ਹੈ।

ਤੁਰੀਯਾ [1]ਜਾਗ੍ਰਿਤਾਦਿ ਸਭਿਹਿਨਿ ਕਹੁ

[1]ਤੁਰੀਆਂ ਤੇ ਜਾਗ੍ਰਿਤ ਆਦਿ ਸਭਨਾਂ ਦਾ ਜੋ ਪ੍ਰਕਾਸ਼ਕ ਹੈ ਸਾਖੀ ਹੈ, ਉਹ ਜੀਵ ਦਾ ਸ਼ੁਧ ਸਰੂਪ ਹੈ, ਉਹੀ ਬ੍ਰਹਮ ਰੂਪ ਹੈ ਜਿਸ ਨੂੰ ਜਾਣਕੇ ਆਨੰਦ ਦੀ ਅਵਧੀ ਹੋ ਜਾਂਦੀ ਹੈ [ਆਨੰਦ+ਆਸੀਵ=ਆਨੰਦ (ਰੂਪ) ਹੋ ਜਾਂਦਾ ਹੈ। (ਅ) ਆਨੰਦ+ਸੀਮਾ=ਆਨੰਦ ਦੀ ਹਦ, ਪੂਰਨ ਆਨੰਦ]।

ਅਹੈ ਪ੍ਰਕਾਸ਼ੀ ਸਾਖੀ ਥੀਵ।
ਸੋ ਸਰੂਪ ਹੈ ਸੁੱਧ ਜੀਵ ਕੋ
ਬ੍ਰਹਮ ਰੂਪ ਲਖਿ ਆਨੰਦ ਸੀਵ[1]।

[1]ਲਖ ਲਓ।

ਤੁਰੀਆ ਸਾਖੀ ਸਾਖੀ ਤੁਰੀਆ
ਯਾਂ ਤੇ ਏਕ ਰੂਪ ਲਖਿ ਲੀਵ[1] ॥੨੦॥

[1]ਬ੍ਰਹਮਾ ਵਿਸ਼ਨੂੰ ਤੇ ਸ਼ਿਵ ਤਿੰਨੇ ਉਤਮ ਮੂਰਤੀਆਂ ਈਸ਼੍ਵਰ ਦੀਆਂ ਹੀ ਹਨ, ਜਿਵੇਂ ਜੀਵ ਦਾ ਤੁਰੀਆ ਸਰੂਪ ਬ੍ਰਹਮ ਹੀ ਹੈ ਤਿਵੇਂ ਈਸ਼੍ਵਰ ਦਾ ਬੀ ਤੁਰੀਆ ਸਰੂਪ ਬ੍ਰਹਮ ਹੀ ਹੈ। ਐਉਂ ਈਸ਼੍ਵਰ ਤੇ ਜੀਵ ਨੂੰ ਇਕੋ ਜਾਣੋ, ਇਨ੍ਹਾਂ ਦੋਹਾਂ ਦਾ ਰੂਪ ਇਕੋ ਤੁਰੀਆ ਹੀ ਹੋਇਆ। ਸਾਖੀ ਦਾ ਜੋ ਨਿਰਵਿਕਲਪ ਸਰੂਪ ਹੈ ਸੋਈ ਸੁਖ ਰੂਪ ਬ੍ਰਹਮ ਜਾਣ।

[1]ਈਸ਼ੁਰ, ਬ੍ਰਹਮਾਂ, ਬਿਸ਼ਨੁ, ਰੁੱਦ੍ਰ ਕਹੁ
ਮੂਰਤਿ ਧਾਰੀ ਤ੍ਰਿਧਾ ਅਨੂਪ।
ਬ੍ਰਹਮ ਸਰੂਪ ਸੁ ਤੁਰੀਯਾ ਜੀਵਹਿ
ਈਸ਼ੁਰ ਤੁਰਯਾ ਬ੍ਰਹਮ ਸਰੂਪ।
ਈਸ਼ੁਰ ਜੀਵ ਏਕ ਇਮ ਜਾਨਹੁ
ਦ੍ਵੈ ਤੁਰੀਯਾ ਹੀ ਇਨ ਕੋ ਰੂਪ[†]।

[1]੧੫. ਹੁਣ ਕੋਸ਼ ਚੱਲੇ, ਪਹਿਲਾ ਕੋਸ਼ ਆਨੰਦਮਯ ਟੁਰਿਆ, ਪੰਛੀ ਦੇ ਸਰੂਪ ਵਿਚ ਵਰਣਨ ਕਰਨਗੇ :-)

[†]ਪਾ:-ਦ੍ਵੈ ਕੋ ਤੁਰੀਆ ਹੀ ਅਨੁਰੂਪ।

ਸਾਖੀ ਕੋ ਸਰੂਪ ਨਿਰਵਿਕਲਪ
ਸੋਈ ਬ੍ਰਹਮ ਜਾਨ ਸੁਖ ਰੂਪ[1] ॥੨੧॥

[1]ਇਸ਼ਟ ਪਿਆਰੀ ਵਸਤੂ ਦੇ ਦਰਸ਼ਨ (ਦੇ ਆਨੰਦ) ਨੂੰ ਕਹਿੰਦੇ ਹਨ, ਇਸ ਨੂੰ ਇਕ ਪੰਖੀ ਦਾ ਸਿਰ ਸਮਝੋ, ਉਸ (ਇਸ਼ਟ ਵਸਤੂ ਦੀ) ਪ੍ਰਾਪਤੀ (ਦੇ ਆਨੰਦ) ਨੂੰ ਮੋਦ (ਕਹਿੰਦੇ ਹਨ ਉਹ) ਪੰਛੀ ਦਾ ਦਹਿਨਾ ਪਰ ਸਮਝੋ, (ਪ੍ਰਾਪਤ ਇਸ਼ਟ ਵਸਤੂ ਦੇ) ਭੋਗਣ (ਦੇ ਆਨੰਦ ਨੂੰ) ਪ੍ਰਮੋਦ ਕਹਿੰਦੇ ਹਨ, (ਇਸ ਨੂੰ) ਦੂਸਰਾ ਖੰਭ (ਸਮਝੋ)। ਆਨੰਦਮਯ ਕੋਸ਼ ਦਾ ਸਰੂਪ (ਪੂਰਾ) ਹੋਣ ਵਿਚ ਅਧਿਸ਼ਠਾਨ ਜੋ ਬ੍ਰਹਮ ਹੈ ਉਸ ਨੂੰ ਪੂਛ ਜਾਣੋ। ਇਹ ਸ਼ੰਕਾ ਨਾ ਕਰੋ ਕਿ ਬ੍ਰਹਮ ਅੰਗਾਂ ਵਾਲਾ ਹੋ ਗਿਆ ਹੈ, ਆਸ਼ਰਾ ਰੂਪ (ਅਧਿਸ਼ਠਾਨ) ਹੋਣ ਕਰਕੇ ਉਸ ਨੂੰ ਪੂਛ ਦੇ ਤੁੱਲ ਕਿਹਾ ਹੈ।

ਦੋਹਰਾ:

ਸੋ ਬ੍ਰਹਮ ਕਿਹ ਸੋਂ ਮਿਲ੍ਯੋ ਨਹਿਂ
ਨਜਾਰੋ ਨਹਿਂ ਕਿਹ ਸਾਥ।
ਨਿਰਵਿਕਲਪ ਸੋ ਬ੍ਰਹਮ ਹੈ
ਉਰ ਜਨਾਇ ਗੁਰ ਨਾਥ ॥੨੨॥
ਬ੍ਰਹਮ ਰੂਪ ਆਨੰਦ ਹੈ
ਆਨੰਦ ਸੋ ਬ੍ਰਹਮ ਰੂਪ।
ਜਿਸ ਜਾਨੇ ਬੰਧਨ ਕਟੈਂ
ਮਿਟਹਿ ਅੰਧ ਤਮ ਕੂਪ ॥੨੩॥

ਸ੍ਵੈਯਾ ਛੰਦ:

'[4]ਇਸ਼ਟ' ਕਹੈਂ ਪ੍ਰਿਯ ਬਸਤੁ ਕਿ
ਦਰਸ਼ਨ
ਸੀਸ ਇਹੀ ਪੰਛੀ ਕੋ ਜਾਨ।
ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ,
ਭੋਗਨ ਹ੍ਵੈ, 'ਪ੍ਰਮੋਦ' ਪਰ ਆਨ।
ਹੋਨਿ 'ਅਨੰਦ ਸਰੂਪ ਕੋਸ਼' ਕੋ,
'ਬ੍ਰਹਮ' ਪੂਛ ਲਖੀਯਹਿ ਧਿਸ਼ਟਾਨ।
ਬ੍ਰਹਮ ਅਵੈਵ ਭਯੋ ਨਹਿਂ ਸ਼ੰਕਹੁ

ਆਸ੍ਰਿਤ ਤੇ ਕਹਿ ਪੁੰਛ ਸਮਾਨ[5]
॥੨੪॥

ਦੋਹਰਾ:

[1]ਕਾਰਣ ਇਹੀ ਸਰੀਰ ਹੈ
ਬਜਸ੍ਰਿ ਜੀਵ ਇਕ ਕੇਰ।
ਤਿਮ ਸਮਸ੍ਰਿ ਹੈ ਈਸ਼ੁ ਕੋ
ਅੰਤਰ ਸਭਿ ਤੇ ਹੇਰਿ[1] ॥੨੫॥

[1]ਇਕ ਜੀਵ ਦਾ ਇਹ 'ਵਜਸ਼੍ਰੀ ਕਾਰਣ ਸਰੀਰ' ਹੈ ਤਿਵੇਂ ਈਸ਼੍ਵਰ ਦਾ (ਇਕ) 'ਸਮਸ਼੍ਰਟੀ ਕਾਰਣ ਸਰੀਰ' ਹੈ, ਜੋ ਸਾਰਿਆਂ (ਸਰੀਰਾਂ ਤੇ ਕੋਸ਼ਾਂ) ਤੋਂ ਅੰਦਰਲਾ ਹੈ।

[1]ਪ੍ਰਯਾਯ ਪਿਛੇ ਆ ਚੁਕਾ ਹੈ।

[1]ਇਸ ਊਪਰ ਤ੍ਰੈ ਕੋਸ਼ ਜੋ
ਜਾਨੋ ਲਿੰਗ ਸਰੀਰ।
ਬਜਸ੍ਰਿ ਜੀਵ ਕੇ ਏਕ ਹੈ
ਸਮਸ੍ਰਿ ਈਸ਼ ਕੋ ਧੀਰ[2] ॥੨੬॥

[1]ਇਸ ਦੇ ਉਪਰ ਤ੍ਰੈ ਕੋਸ਼ ਜੋ ਹਨ, ਓਹ ਲਿੰਗ ਸ਼ਰੀਰ ਵਿਚ ਜਾਣੋ। ਵਜਸ਼ਟੀ (ਲਿੰਗ ਸਰੀਰ) ਹਰੇਕ ਜੀਵ ਦਾ ਹੈ ਤੇ ਸ਼ਮਸ਼੍ਰੀ (ਲਿੰਗ ਸਰੀਰ) ਈਸ਼੍ਵਰ ਦਾ ਹੈ, ਹੇ ਦਾਨਿਓਂ!

[1] 'ਕੋਸ਼ ਅੰਨਮਯ' ਵਹਿਰ ਕੋ
ਜਾਨਹੁ ਸਕਲ ਸਰੀਰ।
ਸਿਰ ਸਿਰ ਬਾਹੁ ਬਾਹੁ ਦ੍ਵੈ
ਪ੍ਰਿਸ਼ਟ ਥਿਰੈ ਜਹਿਂ ਧੀਰ[3] ॥੨੭॥

[1]ਬਾਹਰ ਦੇ ਸਾਰੇ ਸਰੀਰ ਨੂੰ ਅੰਨਮਯ ਕੋਸ਼ ਜਾਣੇ (ਪੰਛੀ ਦੇ) ਸਿਰ ਦੀ ਥਾਂ ਸਿਰ, ਪਰਾਂ ਦੀ ਥਾਂ ਦੋ ਬਾਹਾਂ ਤੇ ਬਾਕੀ ਦਾ ਧੜ ਪੰਛੀ ਦੀ ਪੂਛ (ਦੀ ਥਾਵੇਂ) ਹੈ। [ਥਿਰੇ ਜਹਿਂ=ਜਿਸ ਨਾਲ ਇਸਥਤਿ ਹਨ ਸਿਰ ਤੇ ਬਾਹਾਂ ਉਹ ਕੀ ਹੈ? ਬਾਕੀ ਦਾ ਧੜ। ਪ੍ਰਿਸ਼ਟ=ਪਿੱਠ, ਪੂਛ]।

ਚੌਪਈ:

[1]ਪੰਚ ਕੋਸ਼ ਪੰਛੀ ਪੰਚ ਕਹੇ।
ਬੀਚ ਬੇਦ ਕੇ ਸੰਤਨਿ ਲਹੇ।
ਪੰਚ ਕਰਮ ਇੰਦ੍ਰੀ, ਪੰਚ ਪ੍ਰਾਨ।
'ਕੋਸ਼ ਪ੍ਰਾਣਮਯ' ਜਾਨ ਸੁਜਾਨ[4]
॥੨੮॥

[1]ਪੰਜ ਕਰਮ ਇੰਦ੍ਰੇ ਪੰਜ ਪ੍ਰਾਣ, ਇਸ ਨੂੰ ਹੇ ਸੁਜਾਨ! ਪ੍ਰਾਣਮਯ ਕੋਸ਼ ਜਾਣ।

[1]ਏਕ ਪ੍ਰਾਣ ਕੀ ਚਾਰਹੁਂ ਪੌਣ।
ਸਿਰ ਇਕ ਪਰ ਦ੍ਵੈ ਪੂਛ ਇਕ ਤੌਨ[5]।
ਕਰਮ ਇੰਦ੍ਰੀਆਂ ਮਨ ਕੇ ਸਹਤਿ।

[1]ਇਕ ਪ੍ਰਾਣ ਦੀਆਂ ਚਾਰ ਪੌਣਾਂ (ਜੋ ਹਨ ਉਹੀ) ਇਕ ਸਿਰ ਹੈ, ਦੋ ਪਰ ਹਨ ਤੇ ਇਕ ਪੂਛ ਹੈ।

| | |
|---|---|
| 'ਕੋਸ਼ ਮਨੋਮਯ' ਇਸ ਕੋ ਕਹਤ[1] ॥੨੯॥ | [1]ਮਨੋਮਯ ਕੋਸ਼ ਚੱਲਿਆ:-) ਕਰਮ ਇੰਦ੍ਰੀਆਂ ਮਨ ਦੇ ਸਮੇਤ ਇਸ ਨੂੰ ਮਨੋਮਯ ਕੋਸ਼ ਆਖਦੇ ਹਨ। |
| ਗਿਰਾ ਬੈਖਰੀ[1] ਇਸ ਕੋ ਸਿਰ ਹੈ। | [1]ਬੈਖਰੀ ਬਾਣੀ। |
| ਪਸ਼ਯੰਤੀ, ਮਧਮਾ, ਜੁਗ ਪਰ ਹੈਂ[1]। | [1]ਦੋਵੇਂ ਖੰਭ ਹਨ। |
| ਪਰਾ ਪੁੰਛ[1] ਇਹ ਜਾਨ ਸੁਜਾਨ। | [1]ਪਰਾ ਬਾਣੀ ਪੂਛ ਹੈ। |
| ਭਯੋ ਬਿਹੰਗਮ ਇਸੀ ਬਿਧਾਨ[1] ॥੩੦॥ | [1]ਇਸ ਤ੍ਰੀਕੇ ਨਾਲ ਇਹ ਬੀ ਪੰਛੀ (ਦਾ ਰੂਪਕ) ਹੋ ਗਿਆ। |
| ਪੰਚਹੁੰ ਇੰਦ੍ਰੈ ਗ੍ਯਾਨ ਸੁਹਾਇ[1]। | [1]ਪੰਜ ਗ੍ਯਾਨ ਇੰਦ੍ਰੇ। |
| ਔਰ ਖਸ਼ਟਮੀ ਬੁੱਧਿ ਮਿਲਾਇ। | |
| 'ਕੋਸ਼ ਬਿਗ੍ਯਾਨ ਮਯੰ' ਇਹ ਜਾਨੋ। | |
| ਤਿਨ ਸਮ ਇਹ ਪੰਛੀ ਪਹਿਚਾਨੋ ॥੩੧॥ | |
| ਤੀਨ ਕੋਸ਼ ਜੋ ਕਰੇ ਬਖਾਨ। | |
| ਏ ਹੈਂ ਲਿੰਗ ਸ਼ਰੀਰ ਪਛਾਨ। | |
| ਪੰਚਹੁੰ ਕੋਸ਼ ਰੁ[1] ਤੀਨ ਸਰੀਰ। | [1]ਅਰ। |
| ਬਰਨਨ ਕਰੇ ਲਖਹੁ ਉਰ ਧੀਰ[1] ॥੩੨॥ | [1]ਦਾਨਿਓ! ਦਿਲ ਵਿਚ ਸਮਝੋ, ਵਰਣਨ ਕੀਤੇ ਹਨ। [ਸੂਚਨਾ:-ਪਰ ਕ੍ਰਮਵਾਰ ਕੋਸ਼ਾਂ ਤੇ ਸਰੀਰਾਂ ਦਾ ਵਰਣਨ ਨਹੀਂ ਹੋਇਆ, ਸੋ ਕ੍ਰਮਵਾਰ ਐਉਂ ਹੈ:-ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗ੍ਯਾਨਮਯ ਕੋਸ਼ ਤੇ ਆਨੰਦਮਯ ਕੋਸ਼, ਤੇ ਸਰੀਰ ਤਿੰਨ ਇਹ ਹਨ:-ਸਥੂਲ, ਸੂਖਮ (ਲਿੰਗ) ਤੇ ਕਾਰਣ]। |
| ਸਤਿ ਚੇਤਨ ਆਨੰਦ ਸਰੂਪ। | |
| ਸੂਖਮ ਤੇ ਸੂਖਮ ਅਨਰੂਪ[1]। | [1]ਰੂਪ ਰਹਿਤ। |
| ਇੰਦ੍ਰਯ ਥੂਲ ਬਿਸ਼ੈ ਕਿਮ ਹੋਇ[1]? | [1]ਥੂਲ ਇੰਦ੍ਰੀਆਂ ਦਾ ਵਿਸ਼ਾ ਕੀਕੂੰ ਬਣੇ ਭਾਵ ਓਹ ਕੀਕੂੰ ਇਸ ਨੂੰ ਲਖ ਲੈਣ। |
| ਬੁਧਿ ਸੂਖਮ ਤੇ ਲਖੀਏ ਸੋਇ ॥੩੩॥ | |
| ਤਿਸ ਕੇ ਢਿਗ ਵਰਤੀ ਬੁਧਿ ਏਕ[1]। | [1]ਭਾਵ ਆਤਮਾ ਦੇ ਨੇੜੇ ਵਰਤਣ ਵਾਲੀ ਇਕ ਬੁੱਧੀ ਹੈ। |
| ਯਾਂ ਤੇ ਇਹ ਲਖਿ ਸਕਹਿ ਬਿਬੇਕ[1]। | [1]ਉਸਦਾ) ਗ੍ਯਾਨ। |
| [1]ਰਚਜੋ ਜੁ ਮਨ ਕੋ ਮਹਿਦ ਪ੍ਰਵਾਹ। | [1]ਮਨ ਦਾ ਵੇਗ ਵਿਸ਼ੇਸ਼ ਕਰਕੇ ਬਾਹਰ ਮੁਖ ਹੈ, ਅੰਤਰ ਮੁਖ ਨਹੀਂ ਰਚਿਆ ਗਿਆ। |
| ਕਰਜੋ ਵਹਿਰ ਕੋ ਅੰਤਰ ਨਾਂਹਿ[2] ॥੩੪॥ | |
| ਤਿਮ ਇੰਦ੍ਰੈ ਜੇ ਪੰਚਹੁੰ ਗ੍ਯਾਨ। | |

ਇਨ ਕੋ ਭੀ ਕਿਯ ਵਹਿਰ ਪਯਾਨ[1]।
[1]ਬਾਹਰ ਜਾਣ ਵਾਲੇ ਰਚੇ ਹਨ।

ਪੰਚਹੁੰ ਵਿਸ਼ੈ ਵਹਿਰ ਕੋ ਗਹੈਂ[1]।
[1]ਏਹ) ਬਾਹਰ ਦੇ ਪੰਜ ਵਿਸ਼ਿਆਂ ਨੂੰ ਗ੍ਰਹਣ ਕਰਦੇ ਹਨ।

ਕਿਸ ਪ੍ਰਕਾਰ ਮਨ ਕੋ ਨਹਿਂ ਲਹੈਂ[1] ॥੩੫॥
[1]ਨਹੀਂ ਲਖਦੇ।

ਮਨ ਸਵਧਾਨ ਹੋਇ ਇਨ ਪ੍ਰੇਰੈ।

ਪ੍ਰੇਰਤਿ ਕੋ ਹਟਿ ਕਰਿ ਨਹਿਂ ਹੇਰੈਂ[1]।
[1]ਏਹ) ਨਹੀਂ ਦੇਖ ਸਕਦੇ।

ਮਨ ਸੂਖਮ ਇੰਦ੍ਰੈ ਹੈਂ ਥੂਲ।

ਯਾਂ ਤੇ ਇਨ ਕੋ ਬਿਸ਼ੈ ਨ ਮੂਲ[1] ॥੩੬॥
[1]ਮਨ ਇਨ੍ਹਾਂ ਇੰਦ੍ਰੀਆਂ ਦਾ ਵਿਸ਼ਾ ਨਹੀਂ।

ਤੈਸੇ ਮਨ ਕੋ ਬਿਸ਼ੈ ਨ ਆਤਮ[1]।
[1]ਤਿਵੇਂ ਆਤਮਾ ਮਨ ਦਾ ਵਿਸ਼ਾ ਨਹੀਂ ਹੈ।

ਜਾਨ ਸਕੈ ਨਹਿਂ ਅਹੈ ਅਨਾਤਮ[1]।
[1]ਕਿਉਂਕਿ ਮਨ) ਅਨਾਤਮਾ ਹੈ।

ਸੂਖਮ ਆਤਮ, ਮਨ ਹੈ ਥੂਲ।

ਨਹੀਂ ਜਾਇ ਤਿਸ ਕੀ ਦਿਸ਼ ਭੂਲ[1] ॥੩੭॥
[1]ਭਾਵ ਮਨ ਆਤਮਾ ਵਲ ਨਹੀਂ ਜਾਂਦਾ।

ਪੰਚਹੁੰ ਇੰਦ੍ਰੈ ਮਨ ਖਸ਼ਟਮ ਹੈ।

ਵਹਿਰ ਮੁਖੀ ਇਹ ਕਰੇ ਪ੍ਰਥਮ ਹੈ[1]।
[1]ਮੁੱਢ ਤੋਂ ਬਾਹਰ ਮੁਖੀ ਰਚੇ ਗਏ ਹਨ।

ਯਾਂ ਤੇ ਹਤਿ ਹੋਏ ਇਸ ਰੀਤਿ[1]।
[1]ਇਸ ਕਰਕੇ ਸਰੂਪ ਤੋਂ ਭ੍ਰਿਸ਼ਟ ਹੋਏ ਹਨ।

ਤ੍ਰਿਪਤਹਿਂ ਨਹੀਂ ਧਾਵਤੇ ਨੀਤਿ ॥੩੮॥

ਬਿਨ ਸਤਿਗੁਰ ਕੀ ਸ਼ਰਨੀ ਪਰੇ।

ਅੰਤਰਮੁਖੀ ਨ ਬ੍ਰਿਤ ਕੋ ਕਰੇ।

ਜਿਸ ਤੇ ਥਿਰ ਹ੍ਵੈ ਲਹੈਂ ਅਰਾਮ।

ਪ੍ਰਾਪਤਿ ਹੋਹਿਂ ਅਪਨ ਧਨ ਧਾਮ[1] ॥੩੯॥
[1]ਆਪਣੇ ਘਰ (ਸਰੀਰ) ਵਿਚ ਹੀ ਆਤਮਧਨ ਨੂੰ ਪ੍ਰਾਪਤ ਹੋ ਜਾਣ।

ਬਿਗਰ ਗਏ ਜਿਮ ਪਸੁ ਹਰਿਆਉ[1]।
[1]ਹਰਿਆਰੇ ਪਸੂ ਵਾਂਙੂ।

ਜਿਤ ਕਿਤ ਦੌਰਤਿ ਸਹਿਜ ਸੁਭਾਉ।

ਸਦਾ ਜੀਵ ਕੋ ਬਡ ਦੁਖਦਾਨੀ[1]।
[1]ਛੀਏ) ਦੁਖਦਾਈ ਹੈਨ।

ਮ੍ਰਿਗ ਤ੍ਰਿਸ਼ਨਾ ਕੇ ਹਰਨ ਸਮਾਨੀ ॥੪੦॥

ਜਿਮ ਕਸਤੂਰੀ ਮਿਰਗ ਪਲਾਵੈ।

ਠਹਿਰਹਿ, ਮੁਖ ਜਬਿ ਨਾਭਿ ਲਗਾਵੈ।

ਤਿਮ ਹੀ ਬ੍ਰਹਮ ਕੋ ਜਬਿ ਇਹ ਜਾਨਹਿਂ।
ਗਹੈਂ ਸਥਿਰਤਾ ਆਨੰਦ ਮਾਨਹਿਂ
॥੪੧॥

ਦੋਹਰਾ:
ਵਸਤੁ ਵਿਚਾਰ ਧਿਆਵਤੇ[1]
ਮਨ ਪਾਵੈ ਬਿਸਰਾਮ।
ਰਸ ਸ੍ਵਾਦਤਿ ਸੁਖ ਊਪਜੈ
ਅਨੁਭਵ ਜਾਂ ਕੋ ਨਾਮ[1] ॥੪੨॥

[1]ਆਤਮ) ਵਸਤੂ ਦੀ ਵਿਚਾਰ ਕਰਦਿਆਂ (ਤੇ ਨਾਮ) ਧਿਆਉਂਦਿਆਂ।

[1]ਨਾਮ) ਰਸ ਦਾ ਸ੍ਵਾਦ ਲੈਂਦਿਆਂ ਸੁਖ ਉਪਜਦਾ ਹੈ ਅਨੁਭਵ (ਅੰਤ੍ਰੀਵ ਗਜ਼ਾਨ) ਇਸਦਾ ਨਾਮ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਬਿਚਾਰ' ਪ੍ਰਸੰਗ ਬਰਨਨੰ ਨਾਮ ਬਿਆਲੀਸਮੋ ਅੰਸੂ ॥੪੨॥

## ੪੩. [ਆਤਮ ਵੀਚਾਰ-ਜਾਰੀ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਅਥ ਕਰਤਾ:-

ਨਖ ਸ਼ਿਖ ਲੌ[1] ਤਨ ਥੂਲ ਮਹਿਂ, 'ਅਹੰ' ਬਿਰਤਿ[1] ਜਿਨ ਕੀਨਿ।

[1]ਨਹੁਵਾਂ ਤੋਂ ਚੋਟੀ ਤਕ। [2]'ਮੈਂ ਪਨੇ' ਦੀ ਬੁੱਧੀ, ਹਉਂ।

ਸੋ 'ਕਰਤਾ' ਲਖੀਯਹਿ ਰਿਦੇ, ਚੀਨਹੁ ਸਿੱਖ ਪ੍ਰਬੀਨ ॥੧॥

ਕ੍ਰਿਯਾ:-

ਇੰਦ੍ਰਯ ਦ੍ਵਾਰਾ ਨਿਕਸਿ ਕੈ, ਵਿਰਤਿ ਵਿਖਯ ਲੌ ਜਾਇ[1]।

[1]ਬ੍ਰਿਤੀ ਵਿਸ਼ਿਆਂ ਤਕ ਜਾਵੇ।

'ਕ੍ਰਿਯਾ' ਕਹੈਂ ਤਿਸ ਵਿਰਤਿ ਕੋ[1], ਸਤਿਗੁਰ ਦੇਤਿ ਸੁਨਾਇ ॥੨॥

[1]ਬ੍ਰਿਤੀ ਨੂੰ।

ਕਰਮ:-

ਬਿਖਯ ਅਹੈਂ ਸ਼ਬਦਾਦਿ ਜੇ, ਸਭਿ ਕੇ ਸਹਿਜ ਸੁਭਾਇ।
ਤਿਨ ਸੰਗ ਬਯਾਪਹਿ ਵਿਰਤਿ ਜਬਿ, ਕਹੀਯਹਿ ਕਰਮ ਬਨਾਇ[1]† ॥੩॥

[1]ਸ਼ਬਦ (ਸਪਰਸ ਰੂਪ) ਆਦਿ ਜੋ ਵਿਸ਼ੇ ਹਨ ਤਿਨਾਂ ਸਾਰਿਆਂ ਨਾਲ ਜੇ ਸਹਿਜ ਸੁਭਾਵ ਬਿਰਤੀ ਵਿਆਪੇ (ਜਾਂ ਲਗੇ) ਤਾਂ ਉਸ ਨੂੰ ਕਰਮ ਕਹੀਦਾ ਹੈ। †ਪਾ:-ਕਰੀਅਹਿ ਕਰਮ ਕਮਾਇ।

ਗਯਾਤਾ ਅਰ ਗਯਾਨ:-

[1]ਅਹੰਵਿਰਤਿ ਚਿਦ ਭਾਸ ਜੁਤਿ, ਸੋ ਗਯਾਤਾ ਪਹਿਚਾਨ।
ਕ੍ਰਿਯਾ ਵਿਰਤਿ ਮਹਿਂ ਭਾਸ ਚਿਦ, ਤਾਂ ਕੋ 'ਗਯਾਨ' ਬਖਾਨ ॥੪॥

[1]ਚਿਦਾ ਭਾਸ ਸਹਿਤ ਜੋ ਅਹੰ (ਮੈਂ ਹਾਂ) ਦੀ ਬ੍ਰਿਤੀ (ਅੰਦਰ) ਹੈ, ਉਸ ਨੂੰ ਗਯਾਤਾ ਸਮਝੋ। ਕ੍ਰਿਯਾ ਬ੍ਰਿਤੀ ਵਿਚ ਜੋ ਚੇਤਨ ਦਾ ਆਭਾਸ ਹੈ ਉਸ ਨੂੰ 'ਗਯਾਨ' ਕਹਿੰਦੇ ਹਨ।

ਗੇਯ ਅਰ ਪ੍ਰਮਾਤਾ†:-

†ਏਥੇ ਕੇਵਲ 'ਗੇਯ' ਪਾਠ ਚਾਹੀਏ। ਪ੍ਰਮਾਤਾ ਨਾਲ ਲਿਖਣਾ ਲਿਖਾਰੀ ਦੀ ਭੁੱਲ ਹੈ।

[1]ਕਰਮ ਵਿਰਤਿ ਮਹਿਂ ਭਾਸ ਚਿਦ, ਇਸ ਜੁਤਿ ਗੇਯ ਸੁ ਹੋਇ[1]।

[1]ਕਰਮ ਬ੍ਰਿਤੀ ਵਿਚ ਜਦੋਂ ਚਿਦਾ ਭਾਸ ਮਿਲੇ ਸੋ ਗੇਯ ਹੈ।

†ਗਯਾਤਾ ਪਰਮਾਤਾ ਅਹੈ, ਇਕ ਕੇ ਆਖਯ ਦੋਇ[1] ॥੫॥

†ਏਥੇ-ਗਯਾਤਾ ਪ੍ਰਮਾਤਾ-ਸਿਰਨਾਵਾਂ ਦੇਣਾ ਚਾਹੀਦਾ ਸੀ, ਲਿਖਾਰੀ ਦੀ ਭੁੱਲ ਨਾਲ ਰਹਿ ਗਿਆ ਹੈ।

[1]ਗਯਾਤਾ ਦੇ ਪ੍ਰਮਾਤਾ ਇਕ ਦੇ ਹੀ ਦੋ ਨਾਮ ਹਨ।

ਗਯਾਨ ਕਹੈਂ ਪ੍ਰਮਾਣ ਕੋ, ਗੇਯ ਪ੍ਰਮੇਯ ਸੁਜਾਨ[1]।

[1](ਤਿਵੇਂ) ਗਯਾਨ ਨੂੰ ਪ੍ਰਮਾਣ ਤੇ ਗੇਯ ਨੂੰ ਪ੍ਰਮੇਯ ਕਹਿ ਲੈਂਦੇ ਹਨ।

†ਤ੍ਰਿਪੁਟੀ ਮੈਂ ਲਖਿ ਆਪ ਕੋ, ਕਹੈਂ ਅਪਰਮਾ ਗਯਾਨ[1] ॥੬॥

†ਏਥੇ ਸਿਰਨਾਮਾ ਚਾਹੀਦਾ ਸੀ, 'ਅਪਰਮਾ ਗਯਾਨ', ਲਿਖਾਰੀ ਦੀ ਭੁੱਲ ਨਾਲ ਰਹਿ ਗਿਆ ਜਾਪਦਾ ਹੈ।

[1]ਤ੍ਰਿਪੁਟੀ ਵਿਚ ਆਪ ਨੂੰ ਜਾਣਨਾ ਇਹ ਅਪਰਮਾ ਗਯਾਨ ਕਹੀਦਾ ਹੈ।

ਪ੍ਰਮਾ ਗਯਾਨ:-

ਤ੍ਰਿਪੁਟੀ ਕੋ ਜੁ ਪ੍ਰਕਾਸ਼ ਹੀ, ਅਰ ਸਭਿ ਕੋ ਧਿਸਠਾਨ[1]। [1]ਜੋ ਸਭ ਦਾ ਅਧਿਸ਼ਟਾਨ ਹੈ।
ਅਪਨੋ ਆਪ ਸੁਜਾਨ ਹੀ, ਸੋ ਕਹਿੰ ਪਰਮਾ ਗ੍ਯਾਨ[1] ॥੭॥
[1]ਉਸ ਨੂੰ ਆਪਣਾ ਆਪ ਜਾਣਨਾ ਇਹ 'ਪਰਮਾ ਗ੍ਯਾਨ' ਹੈ।

ਸ੍ਵੈਯਾ ਛੰਦ: [1]ਸਤਿਗੁਰੂ:-

[1]ਮਹਾਂਵਾਕ ਵੇਦਾਂਤ ਕਿ ਸਤਿਗੁਰ
ਤਿਸ ਕੋ ਹੋਨਿ ਯਥਾਰਥ ਗ੍ਯਾਨ[1]।
[1]ਇਹ ਯਥਾਰਥ ਗ੍ਯਾਨ ਉਸ ਨੂੰ (ਪ੍ਰਾਪਤ) ਹੁੰਦਾ ਹੈ ਕਿ ਜਿਸ ਨੂੰ ਕਿ ਵੇਦਾਂਤ ਦੇ ਮਹਾਂ ਵਾਕ (ਦੇ ਉਪਦੇਸ਼ਟਾ) ਸਤਿਗੁਰੂ (ਮਿਲਨ)। ਸਤਿਗੁਰੂ ਤੋਂ ਮੁਰਾਦ ਇਥੇ ਇਸ ਵਿਦਿਆ ਦੇ ਉਸਤਾਦ ਦੀ ਹੈ।

[1]ਅਧਿਕਾਰੀ ਜੁ[†] ਚਤੁਸ਼੍ਟੈ ਸਾਧਨ[2]
[1]ਚਾਰ ਅਨੁਬੰਧ ਚਲੇ। [2]ਪਹਿਲਾਂ, 'ਅਧਿਕਾਰੀ' (ਓਹ ਹੈ) ਜੋ ਚਾਰ ਸਾਧਨ ਸੰਪੰਨ ਹੈ। [†]ਪਾ:-ਜੁਗਤ।

ਵਿਖਯ ਜੀਵੇਸ਼੍ਵਰ ਇਕਤਾ ਜਾਨ[1]।
[1]ਦੂਜੇ 'ਵਿਖਯ', ਜੋ ਇਹ ਹੈ: 'ਜੀਵ ਈਸ਼੍ਵਰ ਦੀ ਏਕਤਾ'।

ਬੋਧ ਬ੍ਰਹਮ ਬੋਧਕ ਵੇਦਾਂਤ ਸੁ
ਇਹ ਸਬੰਧ ਨੀਕੇ ਪਹਿਚਾਨ[1]।
[1]ਤ੍ਰਾਸ੍ਰੇ 'ਸੰਬੰਧ' (ਅਨੁਬੰਧ) ਇਹ ਹੈ:-ਬ੍ਰਹਮ ਬੋਧ੍ਯ ਹੈ ਤੇ ਵੇਦਾਂਤ ਬੋਧਕ ਹੈ ਇਸ ਗਲ ਨੂੰ ਚੰਗੀ ਤਰ੍ਹਾਂ ਸਮਝ ਲਓ। (ਇਸੇ ਨੂੰ ਪ੍ਰਤੀ ਪਾਦ੍ਯ ਪ੍ਰਤੀਪਾਦਿਕ ਅਨੁਬੰਧ ਕਹਿੰਦੇ ਹਨ)।

[1]ਦੁਖ ਨਿਵਿਰਤਿ ਪਰਮਾਨੰਦ ਪ੍ਰਾਪਤਿ
ਇਹੀ ਪ੍ਰਯੋਜਨ ਕਰਹਿੰ ਬਖਾਨ[1] ॥੮॥
[1]ਚੌਥੇ 'ਪ੍ਰਯੋਜਨ' ਚਲਿਆ:-
[1]ਦੁਖ ਦੀ ਨਵਿਰਤੀ ਤੇ ਪਰਮ ਆਨੰਦ ਦੀ ਪ੍ਰਾਪਤੀ ਇਸ ਨੂੰ 'ਪ੍ਰਯੋਜਨ' ਕਹਿੰਦੇ ਹਨ।

ਦੋਹਰਾ:
[1]ਇਹ ਚਾਰੋਂ ਅਨੁਬੰਧ ਕੋ
ਗ੍ਯਾਨ ਰਿਦੇ ਜਬਿ ਹੋਇ।
ਕਹੈਂ ਗਿਆਨ ਪ੍ਰਕਰਣ ਸੋ,
ਸੰਤਨ ਕੇ ਮਤ ਜੋਇ[ੳ] ॥੯॥
[1]ਗ੍ਯਾਨ ਦਾ ਵਿਸ਼ਾ ਉਸ ਨੂੰ ਸੁਨਾਉਣਾ ਚਾਹੀਏ ਜਿਸਦੇ ਹਿਰਦੇ ਵਿਚ ਇਨ੍ਹਾਂ ਚਹੁੰ ਅਨੁਬੰਧਾਂ ਦਾ ਗ੍ਯਾਨ ਹੋਵੇ, (ਇਹ) ਸੰਤਾਂ ਦੀ ਮਤ ਹੈ। (ਅ) ਸੰਤਾਂ ਦੇ ਮਤ ਵਿਚ ਇਸ ਨੂੰ ਗ੍ਯਾਨ ਪ੍ਰਕਰਣ ਕਹਿੰਦੇ ਹਨ।

[1]ਬ੍ਰਹਮ ਅਖੰਡ ਚੈਤੰਨ ਕੋ
ਗ੍ਯਾਨ ਜਥਾਰਥ ਜਾਨ।
ਜਿਸੀ ਵਾਕ੍ਯ ਤੇ ਹੋਤ ਹੈ
ਮਹਾਂਵਾਕ ਸੋ ਮਾਨ[1] ॥੧੦॥
[1]ਮਹਾਂ ਵਾਕ ਦਾ ਰੂਪ ਟੁਰਿਆ:-
[1]ਜਿਸ ਵਾਕ ਤੋਂ ਅਖੰਡ ਚੇਤੰਨ ਬ੍ਰਹਮ ਦਾ ਗ੍ਯਾਨ ਹੋਵੇ ਉਸ ਨੂੰ ਮਹਾਂ ਵਾਕ ਜਾਣੋ।

ਚੌਪਈ: [1]ਮਹਾਂ ਵਾਕ ਟੁਰੇ:-
'[1]ਪ੍ਰਗ੍ਯਾਨ ਮਾਨੰਦ ਬ੍ਰਹਮ' ਇਹ।

ਮਹਾਂ ਵਾਕਯ ਰਿਗ ਬੇਦ ਬਿਖੇ† ਕਹਿ[1]।

[1]'ਇਹ ਜੀਵ ਅਨੰਦ ਸਰੂਪ ਬ੍ਰਹਮ ਹੈ' ਇਹ ਮਹਾਂ ਵਾਕ ਰਿਗਵੇਦ ਦਾ ਕਹੀਦਾ ਹੈ)। †ਰਿਗੇਵਦ) ਏਤਰੇਯ ਉਪਨਿਸ਼ਦ, ਅਧ੍ਯਾਯ ੩ ਖੰਡ ੧।

'ਅਹੰ ਬ੍ਰਹਮਾ ਸਮਿ' ਜੁਜਰ ਬਖਾਨੇ[1]†।

[1]'ਮੈਂ ਬ੍ਰਹਮ ਹਾਂ' ਯੁਜਰਵੇਦ ਦਾ ਮਹਾਂ ਵਾਕ ਇਹ ਕਹੀਦਾ ਹੈ। †ਬ੍ਰਹਦਾਰਣ੍ਯਕ ਉਪਨਿਸ਼ਦ। ਅਧ੍ਯਾਯ ੧, ਬ੍ਰਹਮਣ ੪ ਖੰਡ ੨੦।

ਸ਼ਾਮਬੇਦ 'ਤਤ੍ਵੰਮਸਿ' ਮਾਨੇ[1]† ॥੧੧॥

[1]'ਸ਼ਾਮ ਵੇਦ ਮੰਨਦਾ ਹੈ 'ਉਹ ਤੂੰ ਹੈ'। †ਸਾਮ ਵੇਦ ਦੀ ਛਾਂਦੋਗ ਉਪਨਿਸ਼ਦ। ਪ੍ਰਪਾਠਕ ੬, ਖੰਡ ੮।

'ਆਯੰ ਆਤਮਾ ਬ੍ਰਹਮ' ਅਥਰਬਣ[1]†।

[1]'ਇਹ ਆਤਮਾ ਬ੍ਰਹਮ ਹੈ' ਅਥਰਬਣ (ਦਾ ਮਹਾਂ ਵਾਕ ਕਹੀਦਾ ਹੈ)। †ਅਥਰਵ ਵੇਦ) ਮਾਂਡੂਕ੍ਯ ਉਪਨਿਸ਼ਦ ਖੰਡ ੧, ਮੰਤ੍ਰ ੨।

ਮਹਾਂਵਾਕ੍ਯ ਏ ਚਾਰਹੁੰ ਸ੍ਰੁਤ ਗਣ[1]।
ਇਹ ਚਾਰੋਂ ਹੀ ਜਪੁਜੀ ਬਿਖੇ†।

[1]ਵੇਦਾਂ ਦੇ ਜਾਣੂ।

†ਹੁਣ ਕਵੀ ਜੀ ਦਾ ਯਤਨ ਏਹ ਚੱਲਿਆ ਹੈ ਕਿ ਵੇਦਾਂਤ ਜਪੁਜੀ ਵਿਚੋਂ ਸਿੱਧ ਕਰ ਦੇਣ। ਵਿਸ਼ੇਸ਼ ਵੇਰਵਾ ਆਪਦੇ ਜਪੁਜੀ ਦੇ ਟੀਕੇ ਵਿਚ ਹੈ।

ਸ੍ਰੀ ਨਾਨਕ ਜੀ ਕਹਿ ਕਰਿ ਲਿਖੇ ॥੧੨॥
'ਤੂੰ ਸਦਾ ਸਲਾਮਤ ਨਿਰੰਕਾਰ।'
ਚਾਰ ਬਾਰ ਤੁਕ ਕਰੀ ਉਚਾਰ।
'ਸ੍ਰਵਣ' 'ਮਨਨ' ਇਹ ਪੂਰਬ ਲਹਯੋ[1]।

[1]'ਸੁਣਿਐ' ਤੇ 'ਮੰਨੈ' ਦੀਆਂ ਪੌੜੀਆਂ ਤੋਂ ਭਾਵ ਹੈ।

'ਪੰਚ ਪ੍ਰਵਾਣ' ਨਿਧ੍ਯਾਸਨ ਕਹਯੋ[1] ॥੧੩॥

[1]'ਪੰਚ ਪਰਵਾਣ' ਵਾਲੀ ਪੌੜੀ ਨਿਧ੍ਯਾਸਨ (ਪਰ) ਕਹੀ ਹੈ।

ਸਾਖ੍ਯਾਤ ਪਰ ਏ ਤੁਕ ਚਾਰ[1]।

[1]ਭਾਵ 'ਤੂੰ ਸਦਾ ਸਲਾਮਤ ਨਿਰੰਕਾਰ' ਏਹ ਤੁਕ ਸਾਖ੍ਯਾਤਕਾਰ ਪਰਿਥਾਇ ਚਾਰ (ਵੇਰ ਕਹੀ ਹੈ)।

ਚਾਰਹੁੰ ਮਹਾਂਵਾਕ ਨਿਰਧਾਰ।
ਪੁਨ ਸ੍ਰੀ ਅਰਜਨ ਤੁਕੈਂ ਬਨਾਈ।
ਮਹਾਂਵਾਕ ਜਿਸ ਬਿਖੈ ਲਖਾਈ[1] ॥੧੪॥

[1]ਲਖਾਏ ਹਨ।

ਸ੍ਰੀ ਮੁਖਵਾਕ:

ਸਰਗੁਣ ਨਿਰਗੁਣ ਥਾਪੈ ਨਾਉ ॥
ਦੁਹ ਮਿਲਿ ਏਕੈ ਕੀਨੋ ਠਾਉ ॥੩॥

ਪੁਨਾ:-

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

ਪੁਨਾ:-

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਉਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥

ਚੌਪਈ:

ਪੁਨ ਇਕਤਾ ਜਪੁਜੀ ਮਹਿਂ ਕਹੀ।
ਸੋ ਮੈਂ ਕਰਉਂ ਸੁਨਾਵਨ ਸਹੀ।
ਜੀਵ ਈਸ਼ ਇਕ ਬ੍ਰਹਮ ਸਰੂਪ[1]। — [1]ਜੀਵਈਸ਼੍ਵਰ ਇਕ ਰੂਪ ਹੈਨ।
ਸਭਿ ਬਿਧਿ ਕੀਨ ਅਭੇਦ ਅਨੂਪ[1] ॥੧੫॥ — [1]'ਅਭੇਦ' ਦਾ ਵਰਣਨ ਸਭ ਪ੍ਰਕਾਰ ਨਾਲ ਦੱਸਿਆ ਹੈ (ਯਥਾ:-)

ਸ੍ਰੀ ਮੁਖਵਾਕ:

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਚੌਪਈ:

[1]ਸਦਾ ਸਲਾਮਤਿ ਤੱਤ ਪਦ ਜਾਨ। — [1]ਸਦਾ ਸਲਾਮਤ' (ਪਦ ਨੂੰ) 'ਤਤ' ਪਦ ਸਮਝੋ (ਇਸਤੋਂ) ਪਹਿਲੇ (ਪਦ) 'ਤੂੰ' ਦਾ ਅੰਨ੍ਵੈ ਕਰੋ ਭਾਵ ਨਾਲ ਜੋੜੋ।
ਤੂੰ ਤੇ ਪੂਰਬ ਅੱਨ੍ਵੈ ਠਾਨ।
ਤਤ ਤੂੰ ਦੋਨਹੁਂ ਹੈ ਨਿਰੰਕਾਰ[1]। — [1]ਹੁਣ ਇਹ ਬਣ ਗਿਆ:-) ਤਤ ਤੂੰ ਦੋਵੇਂ ਨਿਰਾਕਾਰ ਹੋ, ਭਾਵ ਤਤ=ਈਸ਼੍ਵਰ। ਤੂੰ=ਜੀਵ। ਨਿਰੰਕਾਰ=ਬ੍ਰਹਮ। ਜੀਵ ਈਸ਼੍ਵਰ ਬ੍ਰਹਮ ਹੈਨ (ਉਪਾਧੀ ਤਯਾਗ ਕੇ)।
ਸਤ ਚੇਤਨ ਆਨੰਦ ਇਕ ਸਾਰ[1] ॥੧੬॥ — [1]'ਤਤ' ਤੇ 'ਤੂੰ' ਦੋਹਾਂ ਵਿਚ) ਸਤ ਚੇਤਨ ਇਕ ਸਾਰ ਹੋਣ ਕਰਕੇ (ਦੋਹਾਂ ਦਾ, ਵਾਸਤਵ ਵਿਚ ਇਕੋ ਰੂਪ ਹੈ)।
ਨਿਰਗੁਣ ਜੀਵ ਰੁ ਈਸ਼ਰ ਸਗੁਨਾ[1]। — [1]ਇਸ ਵਿਚ) 'ਨਿਰਗੁਣ ਆਪ ਸਰਗੁਣ ਬੀ ਓਹੀ' ਤੁਕ ਦਾ ਭਾਵ ਦੇਂਦੇ ਹਨ।
ਚੇਤਨ ਕਲਾ ਦੁਹਨ ਸਮ, ਭਨਾ[1]। — [1]ਦੋਹਾਂ ਵਿਚ ਚੇਤਨ ਕਲਾ ਇਕੋ ਜੇਹੀ ਹੈ।
[1]ਨਦੀ ਈਸ਼ ਵਾਹਾ ਲਖਿ ਜੀਵ। — [1]ਹੁਣ 'ਨਦੀਆਂ ਅਤੇ ਵਾਹ' ਦਾ ਭਾਵ ਕਹਿੰਦੇ ਹਨ।
ਪਰੇ ਸਮੁੰਦ੍ਰ ਰੂਪ ਜਲ ਥੀਵ[1] ॥੧੭॥ — [1]ਹੋ ਜਾਂਦੇ ਹਨ।
ਇੱਤਯਾਦਿਕ ਲਿਹੁ ਅਰਥ ਵਿਚਾਰ।
ਵਧੈ ਗ੍ਰੰਥ ਜਿ ਕਰਹੁਂ ਵਿਸਥਾਰ।
ਸੂਛਮ ਬਿਧਿ[1] ਮੈਂ ਸਕਲ ਜਨਾਈ। — [1]ਭਾਵ ਸੰਖੇਪ ਕਰਕੇ।
ਮਹਾਂਵਾਕ ਇਮ ਦਏ ਦਿਖਾਈ ॥੧੮॥

ਸ੍ਰੀ ਗ੍ਰੰਥ ਸਾਹਿਬ ਮਹਿਂ ਔਰ।
ਏਕ ਅਭੇਦ ਕਹੑਯੋ ਬਹੁ ਠੌਰ।
ਸੁਮਤਿ ਵੰਤਿ ਜੇ ਅਰਥ ਬਿਚਾਰਹਿਂ।
ਮਹਾਂਵਾਕ ਇਸ ਬਿਧਿ ਨਿਰਧਾਰਹਿਂ ॥੧੯॥

ਪ੍ਰਕ੍ਰਿਤਿਵਾਕ[1]†:–

[1]ਜਿਸ ਵਿਚ ਪੂਰਨ ਬ੍ਰਹਮ ਗਯਾਨੀ ਦੀ ਸੁਭਾਵਿਕ ਇਸਥਿਤੀ ਹੈ ਐਸਾ ਵਾਕ। †ਪਾ:–ਪ੍ਰਕਿਰਤ ਵਾਕ।

ਸ੍ਵੈਯਾ ਛੰਦ:

ਨਹਿਂ ਬਿਨਾਸ਼ ਸੁਖ ਦੁਖ ਧ੍ਰਮਵੰਤ ਨ[1]
ਸਾਧਨ ਨਹੀਂ ਮਮੁੱਖ ਨ ਕੋਇ।
ਮੁਕਤਿ ਨਿਵਿਰਤਿ ਨ ਬਿੱਦਯਾ ਕੋਈ
ਲੋਕ ਅਲੋਕ ਦੇਵ ਨਹਿਂ ਹੋਇ।
ਬੇਦਾ ਬੇਦਾ[1], ਮਾਤਾ ਮਾਤਾ[2]
ਪਿਤਾ ਪਿਤਾ[1], ਇਮ ਲਖੀਯਹਿ ਸੋਇ।
ਸੁਖਪਤਿ ਮਹਿਂ[1] ਨਹਿਂ ਜੀਵ ਬ੍ਰਹਮ ਹੈ
ਜਿਸ ਤੇ ਨਹਿਂ ਸੰਸਾਰ ਕੋ ਜੋਇ[1]' ॥੨੦॥

[1]ਨਾ ਸੁਖ ਦੁਖ ਨੂੰ ਧਾਰਨੇ ਵਾਲਾ (ਭਾਵ) ਅੰਤਹਕਰਣ ਕੋਈ ਨਹੀਂ।

[1]ਨਾਂ ਜਾਣਨਾ ਤੇ ਨਾਂ ਨਾ ਜਾਣਨਾ। [2]ਨਾ ਮਾਂ ਤੇ ਨਾ ਨਾਂ ਮਾਂ,

[1]ਨਾ ਪਿਤਾ ਤੇ ਨਾ ਨਾਂ ਪਿਤਾ (ਕੋਈ ਨਹੀਂ)।

[1]ਸੁਖੋਪਤ ਵਿੱਚ।

[1]ਮੈਂ ਸੋਖਪਤੀ (ਭਾਵ ਲਿਵਲੀਨਤਾ) ਵਿਚ ਹਾਂ, ਮੇਰੇ ਵਿਚ ਜੀਵ ਬ੍ਰਹਮ ਨਹੀਂ ਹੈ, ਜਿਸ ਕਰਕੇ ਸੰਸਾਰ ਬੀ ਨਹੀਂ (ਮੇਰੇ ਵਿਚ) ਦੇਖੀਦਾ।

ਦੋਹਰਾ:

ਇਤਯਾਦਿਕ ਜੇ ਵਾਕਯ ਹੈਂ
ਅਰਥ ਨ ਜਿਹ ਬਿਬਚਾਰ[1]।
ਵਾਕ ਪ੍ਰਕਿਰਤ ਪਛਾਨਿਯੇ
ਜਿਨ ਕੋ ਇਮ ਨਿਰਧਾਰ[1] ॥੨੧॥

[1]ਓਹ ਵਾਕ ਜੋ ਵਿਕਾਰ ਯਾ ਦੂਈ ਦੇ ਲਖਾਯਕ ਨਾ ਹੋਣ। ਭਾਵ ਜਿਨ੍ਹਾਂ ਦੇ ਅਰਥ ਇਕ ਰਸ ਘਨਾਨੰਦਤਾ ਦੇ ਲਖਾਯਕ ਹਨ।

[1]ਜਿਨ੍ਹਾਂ ਦਾ ਐਉਂ (ਉਪਰ ਮੈਂ) ਨਿਰਣਾ ਕੀਤਾ ਹੈ।

ਸਵਿਕਲਪ ਵਾਕਯ:–

ਸ੍ਵੈਯਾ ਛੰਦ:

ਜਿਸ ਤੇ ਭੂਤ ਭਏ ਸਭਿ ਉਤਪਤ
ਪੁਨ ਜਿਸ ਤੇ ਜੀਵਤਿ ਥਿਤ ਹੋਇ[1]।
ਅੰਤ ਸਮੈ ਸਭਿ ਲੈ ਹ੍ਵੈ ਤਿਸ ਮਹਿਂ[1]
ਕਰ ਨਿਸ਼ਚੈ ਉਰਧਾਰਹੁ ਸੋਇ।
ਜਾਗ੍ਰਤਿ ਸੁਪਨ ਕੁਲ ਉਭਿਯਨਿ ਮਹਿਂ

[1]ਜਿਸ ਤੋਂ ਸਾਰੇ ਪ੍ਰਾਣੀ ਉਪਜੇ ਹਨ ਤੇ ਜਿਸ ਕਰਕੇ ਜੀਉ ਰਹੇ ਹਨ।

[1]ਉਸੇ ਵਿਚ ਅੰਤ ਸਮੇਂ ਲੈ ਹੋ ਜਾਣਗੇ।

ਮਹਾਂ ਮਤਿਸ ਬਿਚਰਤਿ ਲਖਿ ਜੋਇ[1]।

[1]ਜਾਗ੍ਰਤ ਤੇ ਸੁਪਨ ਰੂਪੀ ਦੋ ਕਿਨਾਰਿਆਂ ਦੇ ਅੰਦਰ (ਫੁਰਨੇ ਰੂਪੀ ਨਦ ਵਿਚ) ਵਡੇ ਮੱਛ ਵਿਚਰ ਰਹੇ ਹਨ (ਰਾਗ ਦ੍ਵੈਖ ਆਦਿ)।

'ਤਿਸ ਆਤਮ ਤੇ ਨਭ ਸੰ ਭੂਤੰ[†]'

[†]ਆਤਮਨਾ ਆਕਾਸ਼: ਸੰਭੂਤ:।

ਵਾਕਯ ਇੱਤਯਾਦਿ ਸਵਿਕਲਪ ਓਇ[1] ॥੨੨॥

[1]'ਉਸ ਆਤਮਾ ਤੋਂ ਅਕਾਸ਼ਾਦਿ ਉਪਜੇ ਹਨ' ਇਸ ਪ੍ਰਕਾਰ ਦੇ ਵਾਕ 'ਸਵਿਕਲਪ ਵਾਕ' ਕਹੀਦੇ ਹਨ।

ਨਿਰਵਿਕਲਪ ਵਾਕ:-

ਚੌਪਈ:

ਸਤਯੰ ਗਯਾਨ ਮਨੰਤੰ ਬ੍ਰਹਮ[†]।

[†]ਸਤਯੰ ਗਯਾਨ ਮਨੰਤੰ ਬ੍ਰਹਮ। ਤੈਤ੍ਰੀਯ ਉਪ: ਬ੍ਰਹਮ ਵਲੀ, ਅਨੁ: ੧।

ਅਯੰ ਵਿਗਯਾਨ ਰੂਪ ਬਿਨ ਭਰਮ[1]।

[1]ਬ੍ਰਹਮ ਸੱਤਯ ਹੈ, ਗਯਾਨ ਹੈ, ਅਨੰਤ ਹੈ। ਇਹ (ਬ੍ਰਹਮ) ਵਿਗਯਾਨ ਰੂਪ ਹੈ ਭਰਮ ਤੋਂ ਬਿਨਾਂ ਹੈ।

ਪ੍ਰਾਨ ਰਿਦਯੰਤਰ ਜੋਤੀ ਜੋਇ[1]।

[1]ਹ੍ਰਿਦੇ ਦੇ ਅੰਤਰ (ਉਹ) ਜਯੋਤ (ਸਰੂਪ ਸਥਿਤ ਹੋਕੇ) ਪ੍ਰਾਣਾਂ ਨੂੰ (ਚਲਾ ਰਿਹਾ ਹੈ)।

ਨਿਰਵਿਕਲਪ ਵਾਕਯ ਅਸ ਹੋਇ[1] ॥੨੩॥

[1]ਐਸੇ ਵਾਕ ਨਿਰਵਿਕਲਪ ਕਹੀਦੈ ਹਨ।

ਦੋਹਰਾ:

[1]ਨਿਰਵਿਕਲਪ ਆਦਿਕ ਲਖੋ

[1]ਮਹਾਂ ਵਾਕਾਂ ਤੋਂ ਵੱਖਰਾ ਜੋ (ਮੈਂ) ਨਿਰਵਿਕਲਪ (ਸਵਿਕਲਪ ਵਾਕ) ਵਰਣਨ ਕੀਤੇ ਹਨ ਉਨ੍ਹਾਂ ਸਭਨਾਂ ਵਾਕਾਂ ਨੂੰ 'ਅਵਾਂਤਾਰ ਵਾਕ' (ਬੀ ਕਹਿੰਦੇ ਹਨ) ਜਾਣ ਲਓ।

ਮਹਾਂਵਾਕਯ ਤੇ ਆਨ।
ਵਾਕ ਅਵਾਂਤਰ ਜਾਨ ਸਭਿ
ਜੈਸੇ ਕਰੇ ਬਖਾਨ[11] ॥੨੪॥

ਕਰਮਕਾਂਡ:-

ਦੋਹਰਾ:

[1]ਕਾਮਯਕ ਕਰਮ ਨਿਖਿੱਧ ਬਿਨ

[1]ਕਾਮਨਾ ਅਰਥ ਕੀਤੇ ਕੰਮ ਅਤੇ ਮਾੜੇ ਕੰਮ (ਇਨ੍ਹਾਂ ਦੋਹਾਂ) ਤੋਂ ਵੱਖਰੇ ਦੋ (ਪ੍ਰਕਾਰ ਦੇ ਕਰਮ ਹੋਰ ਹਨ) ਨਿੱਤ ਤੇ ਨਮਿੱਤ।

ਨਿੱਤ ਨਮਿੱਤ ਜਿ ਦੋਇ[12]।
ਕਰਮ ਪ੍ਰਾਯਸ਼ਚਿਤ ਤੀਨ ਗਿਨ[1],

[1]ਤੀਸਰਾ (ਇਨ੍ਹਾਂ ਦੇ ਨਾਲ) ਪ੍ਰਾਯਸਚਿਤ ਕਰਮ ਗਿਣੋਂ।

'ਕਰਮਕਾਂਡ' ਇਹ ਹੋਇ ॥੨੫॥

ਸ੍ਵੈਯਾ ਛੰਦ:

'ਨਿੱਤਯ ਕਰਮ' ਸੰਧਯਾ ਬੰਦਨਾਦਿਕ,
ਸੁਤ ਜਨਮਾਦਿ 'ਨਮਿੱਤਯਕ' ਜਾਨ।
'ਪ੍ਰਯਾਸ਼ਚਿਤ' ਕ੍ਰਿਛ ਚੰਦ੍ਰਯਨ ਆਦਿਕ

ਕਲਮਲ ਛੈ ਸਾਧਨ ਪਹਿਚਾਨ[1]।

[1]ਪਾਪਾਂ ਦੇ ਨਸ਼ਟ ਦੇ ਸਾਧਨ (ਲਈ ਕੀਤੇ ਕਰਮ) ਬ੍ਰਿਛ ਚੰਦ੍ਰਾਯਣ ਆਦਿ (ਬ੍ਰਤ) ਪ੍ਰਾਸਚਿਤ ਕਰਮ ਪਛਾਣੋ।

ਅਗਨੀ ਜੋਤਿਸ਼ਟੋਮਾਦਿਕ ਜੇ
'ਕਾਮਕ' ਐਸੇ ਬੇਦ ਬਖਾਨ[1]।

[1]ਅਗਨਿਹੋਤ੍ਰ ਤੇ ਜਜੋਤਸ਼ਿਟੋਮ ਆਦਿ 'ਕਾਮਜ' ਕਰਮ ਹਨ, ਵੇਦ ਨੇ ਐਸੇ ਕਿਹਾ ਹੈ।

ਹਨਨਿ ਬ੍ਰਹਮਾਦਿਕ ਇਹ 'ਨਖਿੱਧ' ਹੈਂ[1],
ਕਰਮ ਪੰਚ ਏ ਜਾਨ ਸੁਜਾਨ ॥੨੬॥

[1]ਬ੍ਰਾਹਮਣ ਆਦਿਕਾਂ ਦਾ ਮਾਰਨਾ ਇਹ 'ਨਖਿੱਧ' ਕਰਮ ਹੈ।

ਦੋਹਰਾ:
[1]ਕਿੰਵਾ ਚਾਰਹੁਂ ਵਰਣ ਕੋ
ਆਸ਼੍ਰਮ ਧਰਮ ਜਿਤੇਕ।
'ਕਰਮਕਾਂਡ' ਸੋ ਜਾਨੀਯਹਿ,
ਭਾਖਤਿ ਸੁਮਤਿ ਬਿਬੇਕ ॥੨੭॥

[1]ਹੋਰ ਗਲਾਂ ਕਹਿੰਦੇ ਹਨ, ਕਰਮ ਕਾਂਡ ਸੰਬੰਧੀ।

ਉਪਾਸਨਾ:-

ਸ੍ਵੈਯਾ ਛੰਦ:
ਤ੍ਰਿਗੁਣ ਰੂਪ: ਬਿਧਿ, ਬਿਸ਼ਨੁ, ਰੁਦ੍ਰ ਜੋ,
ਬ੍ਰਹਮਾਤਮ ਲਖਿ ਚਿਤਵਨ ਤੀਨ[1]।

[1]ਤਿੰਨ ਗੁਣ ਰੂਪ ਬ੍ਰਹਮਾ ਵਿਸ਼ਨੂੰ ਸ਼ਿਵ ਤਿੰਨਾਂ ਨੂੰ 'ਬ੍ਰਹਮ ਆਤਮਾ' ਜਾਣਕੇ ਚਿਤਵਨਾ (ਇਹ ਉਪਾਸ਼ਨਾ ਹੈ)।

ਅਬਜਾਕ੍ਰਿਤ ਕਿ ਵੈਸ੍ਵਾਨਰ ਕੋ
ਹਿਰਣਗਰਭ ਆਤਮ ਚਿਤ ਚੀਨ[1]।

[1]ਅਥਵਾ ਅਬਜਾਕ੍ਰਿਤ) ਈਸ਼ਰ ਯਾ ਵੈਰਾਟ (ਯਾ) ਹਰਨ ਗਰਭ ਨੂੰ ਚੇਤਨ ਆਤਮਾ ਪਛਾਣ ਕੇ।

ਚਿਤਵਹਿ ਏਕ ਆਤਮਾ ਇਨ ਪ੍ਰਤਿ,
ਕਿਧੌਂ ਉਪਾਸਹਿ ਸਗੁਣ ਪ੍ਰਬੀਨ[1]।

[1]ਇਨ੍ਹਾਂ ਨੂੰ ਆਤਮਾ (ਆਪਣੇ ਆਪ ਨਾਲ) ਇਕ ਜਾਣਕੇ ਚਿਤਾਵੈ। ਅਥਵਾ ਸਗੁਣ ਦੀ ਉਪਾਸਨਾ ਕਰੇ ਅਧਿਕਾਰੀ [ਪ੍ਰਬੀਨ=ਸਿਆਣਾ ਪੁਰਖ ਭਾਵ ਅਧਿਕਾਰੀ]।

ਅਹੰ ਬ੍ਰਹਮਾਸਮਿ ਚਿੰਤਨ ਕਿੰਵਾ
ਨ੍ਰਿਗੁਣ ਉਪਾਸ ਭਾਵ ਇਕ ਭੀਨ[1] ॥੨੮॥

[1]ਅਥਵਾ) ਅਹੰਬ੍ਰਮਾਸਮਿ ਦੇ ਚਿੰਤਨ ਵਿਚ ਰਹੇ, ਅਥਵਾ ਇਕੋ ਨਿਰਗੁਣ ਦੀ ਉਪਾਸਨਾ ਦੇ ਭਾਵ (ਪ੍ਰੇਮ ਭਾਵ) ਵਿਚ ਭਿੱਜਾ ਰਹੇ।

ਅਥ ਪੱਖਜਾਂਤਰ[1]:-

[1]ਇਸੇ ਪੱਖ ਦਾ ਹੋਰ ਰੂਪ ਦੱਸਦੇ ਹਨ:-

ਸ੍ਵੈਯਾ ਛੰਦ:
ਅਕਾਰ, ਉਕਾਰ, ਮਕਾਰ, ਨਾਦ ਵਿੰਦ,
ਬਿਧੁ, ਹਰਿ, ਸ਼ਿਵ, ਕਿ ਸਦਾਸ਼ਿਵ

[1]ਓਂ ਦੀ ਉਪਾਸਨਾ ਦੀ ਵਿਧਿ:-) ਐੜੇ ਨੂੰ ਬ੍ਰਹਮਾਂ,

ਜਾਨ[1]। — ਉੜੇ ਨੂੰ ਵਿਸ਼ਨੂੰ, ਮੰਮੇ ਨੂੰ ਸ਼ਿਵ ਤੇ ਨਾਦ ਬਿੰਦੂ (ਅਰਧ ਮਾਤ੍ਰਾ ਨੂੰ) ਸਦਾ ਸ਼ਿਵ ਸਮਝਕੇ (ਉਪਾਸਨਾ ਕਰੇ)।

ਛਿਤ, ਅਪ, ਤੇਜ, ਵਾਯੁ, ਨਭ, ਰਵਿ ਸਸਿ,

ਪੁਰਖ ਸ ਏਤਤ ਆਤਮ ਮਾਨ[1]। — [1]ਵੈਰਾਟ ਸਮੇਤ ਇਨ੍ਹਾਂ ਨੂੰ ਆਤਮਾ ਮੰਨਕੇ (ਉਪਾਸਨਾ ਕਰੇ)।

ਇਕ ਉਪਾਸਜ, ਅਰੁ ਕਰਿ ਉਪਾਸਨਾ,

ਬ੍ਰਹਮ ਆਤਮਾ ਏਕ ਸਮਾਨ[1]। — [1]ਇਕ ਉਪਾਸਜ ਹੈ (ਤੇ ਇਕ) ਉਪਾਸਨਾ ਕਰਨ ਵਾਲਾ ਹੈ, (ਉਪਾਸਜ ਬ੍ਰਹਮ ਹੈ, ਉਪਾਸਕ) ਆਤਮਾ ਹੈ, (ਦੋਹਾਂ ਨੂੰ) ਇਕ ਕਰਕੇ ਉਪਾਸੇ।

ਇਕ ਪ੍ਰਤੀਕ ਉਪਸਨਾਂ ਕਿੰਵਾ[1] — [1]ਇਕ ਪ੍ਰਤੀਕ ਉਪਾਸਨਾ ਹੈ [ਪ੍ਰਤੀਕੇਪਾਸਨਾ=ਕਿਸੇ ਵਸਤੂ ਯਾ ਮੂਰਤੀ ਆਦਿਕ ਵਿਚ ਬ੍ਰਹਮ ਦੀ ਭਾਵਨਾ ਕਰਕੇ ਉਪਾਸਨਾ ਕਰਨੀ]।

ਕਹੈਂ ਅਪਰ ਸੁਨੀਅਹਿ ਦੈ ਕਾਨ[1] ॥੨੯॥ — [1]ਕੰਨ ਦੇਕੇ ਸੁਣੋ ਹੋਰ ਕਹਿੰਦੇ ਹਾਂ:-

[1]ਅਥਵਾ ਵਿਲੈ ਅਕਾਰ ਉਕਾਰੇ, — [1]ਅਥਵਾ ਅਕਾਰ ਨੂੰ ਉਕਾਰ ਵਿਚ ਲੀਨੇ ਕਰੇ ਤੇ ਉਕਾਰ ਨੂੰ ਮਕਾਰ ਵਿਚ ਤੇ ਮਕਾਰ ਨੂੰ ਅਰਧ ਮਾਤ੍ਰਾ ਵਿਚ, ਅਰਧ ਮਾਤ੍ਰਾ ਨੂੰ ਪੁਰਖ ਵਿਚ (ਲੀਨ ਕਰੇ), ਤੇ ਪੁਰਖ ਨੂੰ ਪ੍ਰਮਾਤਮਾ ਵਿਚ ਇਸਥਿਤ, (ਹੁਣ) ਬ੍ਰਹਮ ਆਤਮਾ ਹੀ ਬਾਕੀ ਰਹਿ ਗਿਆ, ਵਿਚਾਰ ਲਓ। ਭਾਵ ਆਤਮਾ ਬ੍ਰਹਮ ਰੂਪ ਲਖਿਆ ਗਿਆ।

ਵਿਲੈ ਉਕਾਰ ਮਕਾਰ ਮਝਾਰ।
ਅਰਧ ਮਾਤ੍ਰ ਮਹਿਂ ਕਰਿ ਮਕਾਰ ਲੇ,
ਅਰਧਮਾਤ੍ਰ ਕੋ ਪੁਰਖ ਉਦਾਰ।
ਪੁਰਖ ਪ੍ਰਮਾਤਮ ਏਵ ਤਿਸ੍ਰਤੇ,
ਬ੍ਰਹਮ ਆਤਮਾ ਸ਼ੇਖ ਬਿਚਾਰ[2]।
ਇਤ ਉਪਾਸਨਾ ਨਰ ਕੁਰਯਾਤਹਿ,

ਭਿੰਨ ਭਿੰਨ ਲੀਜਹਿ ਉਰਧਾਰ[1] ॥੩੦॥ — [1]ਐਉਂ ਆਦਮੀ ਉਪਾਸਨਾ ਕਰੇ, ਅੱਡੋ ਅੱਡ ਸਭ ਨੂੰ ਸਮਝ ਲਓ।

ਅਥ ਗਿਆਨ ਕਾਂਡ:-

ਸ੍ਵੈਯਾ ਛੰਦ:

'ਸਤਜੰ ਗਜਾਨ ਮਨੰਤੰ ਬ੍ਰਹਮ[†]' ਜੁ — [†]ਇਹ ਅਵਾਂਤਰ ਵਾਕ ਹੈ ਜੋ ਪਿਛੇ ਆਇਆ ਹੈ। ਤੈਤਿਰੀਯ ਉਪਨਿਸ਼ਦ ਬ੍ਰਹਮਵਲੀ-ਅਨੁਵਾਕ ੧ ਵਿਚੋਂ ਹੈ।

'ਤੱਤ੍ਵਮਸਜਾਦਿ[†]' ਵਾਕਜ ਜੇ ਚਾਰ। — [†]ਇਹ ਮਹਾਂ ਵਾਕ ਹੈ ਅਰ ਚਾਰੇ ਮਹਾਂਵਾਕ ਪਿਛੇ ਆ ਚੁਕੇ ਹਨ।

'ਸਰਬਾਤਮ ਬ੍ਰਹਮ[1]' 'ਬ੍ਰਹਮ ਸ੍ਰਬਾਤਮ[2]'

[1]ਇਹ ਸਭ ਆਤਮ ਬ੍ਰਹਮ ਹੈ, ਸਭ ਦਾ ਆਤਮਾ ਬ੍ਰਹਮ ਹੈ। [2]ਬ੍ਰਹਮ ਸਰਬਾਤਮ ਹੈ, ਬ੍ਰਹਮ ਸਭ ਦਾ ਆਤਮਾ ਹੈ।

ਅਦੁਤੀ ਦ੍ਵੈਤ ਨਾਸਤੀ ਧਾਰ[1]।

[1]ਬ੍ਰਹਮ) ਅਦੁਤੀ ਹੈ, ਉਸ ਵਿਚ ਦ੍ਵੈਤ ਨਹੀਂ ਹੈ, (ਐਸਾ ਭਾਵ) ਧਾਰਨ ਕਰਨਾ।

[1]ਸਤਜੰ ਗਜਾਨ ਮਨੰਤ ਆਤਮਾ

[1]ਆਤਮਾ ਸਤਜ ਹੈ, ਗਜਾਨ ਹੈ, ਅਨੰਤ ਹੈ (ਉਸ ਆਤਮਾ ਨੂੰ) ਇਕ ਅਦ੍ਵੈਤ ਬ੍ਰਹਮ ਨਿਸ਼ਚੇ ਕਰੇ। (ਕੀਕੂੰ? ਐਉ:-)

ਬ੍ਰਹਮ ਏਕ ਅੱਦ੍ਵੈ ਨਿਰਧਾਰ[2]।
ਸਤਜੰ ਸਤਜੰ ਗਜਾਨੰ ਗਜਾਨੰ
ਇਕੰ, ਅਨੰਤ ਮਨੰਤ ਬਿਚਾਰ[1] ॥੩੧॥

[1]ਉਹ ਬੀ) ਸੱਤਜ ਹੈ (ਉਹ ਬੀ) ਸਤਜ ਹੈ, (ਉਹ ਬੀ) ਗਜਾਨ ਹੈ (ਉਹ ਬੀ) ਗਜਾਨ ਹੈ, (ਉਹ ਬੀ) ਇਕ ਹੈ (ਉਹ ਬੀ) ਇਕ ਹੈ, (ਉਹ ਬੀ) ਅਨੰਤ ਹੈ (ਉਹ ਬੀ) ਅਨੰਤ ਹੈ (ਐਸਾ) ਵਿਚਾਰਕੇ।

ਇਕ ਮੇਵਾ ਦੁਤੀਯੰ ਬ੍ਰਹਮੰ
ਨੇਹ ਨਾਨਾਸਤਿ ਕਿੰਚਨ ਸੋਇ[1]।

[1]ਨਿਸ਼ਚੇ ਕਰਕੇ ਇਕ ਹੀ ਅਦੁਤੀ ਬ੍ਰਹਮ ਹੈ ਇਸ ਵਿਚ ਨਾਨਤ੍ਵ ਕਿੰਚਤ ਬੀ ਨਹੀਂ ਹੈ। [ਏਕੰ, ਏਵ, ਅਦ੍ਵਿਤੀਯ, ਬ੍ਰਹਮ, ਨ, ਨਾਨਾ, ਅਸਤਿ, ਕਿੰਚਨ]।

ਕਰਮ ਉਪਾਸਨ ਦੁਊ ਬਿਵਰਜਤਿ[1],

[1]ਦੋਵੇਂ ਮਨ੍ਹੇ ਹਨ।

ਪੁਰਖ ਸਾਧਜ ਤੇ ਬਰਜਤਿ ਹੋਇ[1]।

[1]ਪੁਰਖ ਦੇ ਸਾਧਨੇ ਜੋਗ ਹੋਣੇ ਕਰਕੇ ਮਨ੍ਹੇ ਹਨ।

ਕੇਵਲ ਗਜਾਨ ਮਾਤ੍ਰ ਹੀ ਤਿਸ੍ਰਤਿ
ਗਜਾਨ ਕਾਂਡ ਕੋ ਲੱਛਨ ਜੋਇ[1]।

[1]ਕੇਵਲ ਗਜਾਨ ਮਾਤਰ ਵਿਚ ਹੀ ਟਿਕ ਜਾਵੇ, ਇਹ ਗਜਾਨ ਕਾਂਡ ਦਾ ਲੱਛਣ ਹੈ।

ਗਜਾਨਕਾਂਡ ਉਪਨਿਸ਼ਦ ਕਹੈਂ ਸਭਿ
ਵੇਦ ਅੰਤ ਵੇਦਾਂਤਕ ਹੋਇ[1] ॥੩੨॥

[1]ਸਾਰੀਆਂ ਉਪਨਿਸਦਾਂ ਨੂੰ ਗਜਾਨ ਕਾਂਡ ਕਹਿੰਦੇ ਹਨ, ਤੇ ਵੇਦ ਦਾ ਅੰਤ ਹੋਣ ਕਰਕੇ ਵੇਦਾਂਤ ਬੀ ਕਹੀਦਾ ਹੈ।

[1]ਜਹਿਂ ਲੌ ਪੁਰਖ ਸਾਧਜ ਕਰਤੱਬਜੰ
ਪੂਰਬ ਮਿਮਾਂਸਾ ਕਰਹਿਂ ਬਖਾਨ[1]।

[1]ਵੇਦ ਤੇ ਵੇਦਾਂਤ ਦਾ ਫਰਕ ਦੱਸਦੇ ਹਨ:-)

[1]ਜਿੱਥੋਂ ਤਕ ਇਨਸਾਨ ਦੇ ਸਾਧਣੇ ਯੋਗ ਕਰਤੱਬ ਹੈ ਉਸ ਨੂੰ ਪੂਰਬ ਮਿਮਾਂਸਾ ਕਹਿੰਦੇ ਹਨ।

ਤਹਿਂ ਲਗ ਸ਼ਬਦ ਬੇਦ ਇਹ ਕਹੀਯਹਿ
ਜਹਾਂ ਜਾਨਿ ਵੋ ਜਾਨ ਸੁਜਾਨ।
ਸੋ ਵੇਦਾਂਤ ਭਾਖੀਯਹਿ ਆਖਯ[1]

[1]ਉਥੋਂ ਤਾਈਂ ਪਦ 'ਵੇਦ' ਕਹੀਦਾ ਹੈ, ਪਰ ਜਿਥੇ ਜਾਕੇ ਜਾਣਨ ਯੋਗ ਨੂੰ ਜਾਣ ਲਈਦਾ ਹੈ ਹੇ ਸੁਜਾਨ, ਉਸ ਦਾ ਨਾਮ 'ਵੇਦਾਂਤ' ਕਹੀਦਾ ਹੈ।

ਇਸੀ ਪ੍ਰਕਾਰ ਭੇਦ ਪਹਿਚਾਨ।
ਕਵੀ ਸੰਤੋਖ ਸਿੰਘ ਲਖਿ ਸਰੂਪ ਕੋ

ਸਗਰੇ ਸਫਲ ਤਬਹਿ ਮਨ ਮਾਨ'
॥੩੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗ਼ਜਾਨ ਬਿਚਾਰ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋ ਅੰਸੂ ॥੪੩॥

## ੪੪. [ਜੋਗ ਵਰਣਨ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਅਥ ਜੋਗ:-

ਸ੍ਵੈਯਾ ਛੰਦ:

'ਅੰਗ ਜੋਗ ਕੇ ਅਸ਼ਟ ਗਿਨੀਜਹਿ
ਜਮ੧, ਅਰ ਨੇਮ੨, ਸੁ ਆਸਨ, ਤੀਨ।
ਪ੍ਰਾਣਾਯਾਮ੩, ਰੁ ਪ੍ਰਤਾਜਾਹਾਰਹਿ,
ਔਰ ਧਾਰਨਾ ਧ੍ਯਾਨ, ਪ੍ਰਬੀਨ।
ਅਸ਼ਟਮ ਅੰਗ ਸਮਾਧਿ, ਲਖੀਜੈ,
[1]ਪੂਰਬ ਯਮ: ਪੰਦਰਾਂ ਬਿਧਿ ਚੀਨ[†]।

[1]ਹੁਣ ੧. ਯਮ ਚਲਿਆ)। [†]ਯੋਗ ਦਰਸ਼ਨ ਵਿਚ ਪੰਜ ਯਮ ਗਿਣੇ ਹਨ ਪਰ ਯਾਗਵਲਕ ਸਿੰਮ੍ਰਤੀ ਪਾਰਸਕਾਰ ਗ੍ਰਹ ਸੂਤ੍ਰਾਂ ਵਿਚ ਯਮ ੧੦ ਗਿਣੇ ਹਨ।

ਲਯ, ਵਿਖੇਪ, ਪਰਮਾਦਿ, ਜੁ ਨਿੰਦ੍ਰਾ,
ਇਨ ਚਾਰਨ ਤੇ ਮਨ ਹੁਇ ਹੀਨ[1] ॥੧॥

[1]ਪਹਿਲਾ ਯਮ ਹੈ ਨਿਰਆਲਸਤਾ:-) ਲਯ, ਵਿਖੇਪ, ਪ੍ਰਮਾਦਿ, ਨਿੰਦ੍ਰਾ ਇਨ੍ਹਾਂ ਚੌਹਾਂ ਤੋਂ ਮਨ ਸਫਾ ਕਰੇ।

ਜਥਾ ਲਾਭ ਸੰਤੁਸ਼ਟ ਰਹਿਨ ਦ੍ਵੈ[1],

[1]ਦੂਜਾ (ਸੰਤੋਖ) ਜੋ ਮਿਲੇ ਉਸ ਪਰ ਰਾਜ਼ੀ ਰਹਿਣਾ।

'ਮੌਨ' ਤਜਨਿ ਮਿਥ੍ਯਾ ਬਚ ਹੋਇ[1]।

[1]ਤੀਸਰਾ ਹੈ) ਮੌਨ (ਅਰਥਾਤ) ਮਿਥਿਆ ਬਚਨਾਂ ਦਾ ਤਿਆਗ।

ਸ਼ਬਦਾਦਿਕ ਕੇ ਵਿਖਯ ਤ੍ਯਾਗਨਿ
'ਇੰਦ੍ਰਯ ਨਿਗ੍ਰਹਿ' ਯਾਂ ਕੋ ਜੋਇ[1]।

[1]ਚੌਥਾ ਹੈ) ਇੰਦ੍ਰਯ ਨਿਗ੍ਰਹ:-(ਇੰਦ੍ਰੀਆਂ) ਦਾ ਸ਼ਬਦ ਆਦਿ ਵਿਸ਼ਿਆਂ ਨੂੰ ਤ੍ਯਾਗਣਾ।

'ਦਯਾ' ਭੂਤ ਪ੍ਰਾਣੀ ਸੰਗ ਵੈਰ ਨ[1],

[1]ਪੰਜਵਾਂ ਹੈ) ਦਇਆ, ਕਿਸੇ ਪ੍ਰਾਣਧਾਰੀ ਜੀਵ ਨਾਲ ਵੈਰ ਨਾ ਹੋਣਾ।

'ਆਰਜਵ' ਬਿਨਾ ਕੁਟਲਤਾ ਜੋਇ[1]।

[1]ਛੇਵਾਂ ਹੈ) ਆਰਜਵ:-ਜੋ ਕੁਟਿਲਤਾ ਤੋਂ ਬਿਨਾਂ ਹੋਣਾ ਹੈ।

'ਦਾਖਣ' ਵਿਵਹਾਰਨ ਮਹਿਂ ਚਾਤੁਰ
'ਆਗ੍ਰਹਿ[†] ਕੋ ਤ੍ਯਾਗਨੋ ਸੋਇ[1] ॥੨॥

[1]ਸੱਤਵਾਂ ਹੈ) ਦਾਖਣ:-ਵਿਵਹਾਰਾਂ ਵਿਚ ਚਤੁਰ ਹੋਣਾ ਤੇ ਹਠ ਦਾ ਤਿਆਗ। [†]ਪਾ:-ਅੱਗ੍ਰਾਹ।

ਮਨ ਤੇ ਕਰੈ[†] ਨ ਦੰਭ ਕਮਾਵੈ

[†]ਇਕ ਥਾਂ ਪਾਠ 'ਕਦੇ' ਬੀ ਦੇਖਣ ਵਿਚ ਆਯਾ ਹੈ।

ਇਕ ਲਾਲਸ ਕਰਿਬੇ ਕਲ੍ਯਾਨ[1]।

[1]ਅੱਠਵਾਂ ਹੈ) ਨਿਰਦੰਭਤਾ:-ਨਾਂ ਮਨ ਨਾਲ ਦੰਭ ਕਰੇ ਨਾਂ ਕਮਾਵੈ (ਕੇਵਲ) ਇਕ (ਆਪਣੇ) ਕਲ੍ਯਾਣ ਦੀ ਇੱਛਾ ਰਖੇ।

ਪਰਾਰਬਧ ਕਰਿ ਪ੍ਰਾਪਤਿ ਹੋਇ ਜੁ

| | |
|---|---|
| ਤਿਸ ਕੋ ਬਰਤੈ ਆਨੰਦ ਮਾਨਿ[1]। | [1]ਜੇ ਪਰਾਰਬਧ ਨਾਲ (ਪਦਾਰਥ) ਪ੍ਰਾਪਤ ਹੋਵੇ ਉਸ ਨੂੰ ਖੁਸ਼ੀ ਮੰਨਕੇ ਵਰਤੇ। |
| ਹੇਰਿ ਪਦਾਰਥ ਅਪਰਨ ਕੇ ਢਿਗ<br>ਨਹਿਂ ਮਤਸ਼ਰ ਕੋ ਧਰਹੁ ਸੁਜਾਨ[1]। | [1]ਹੋਰਨਾਂ ਪਾਸ ਪਦਾਰਥ ਦੇਖਕੇ ਈਰਖਾ ਨਾ ਕਰੋ ਹੇ ਬੁੱਧੀਵਾਨੋ ! |
| ‘ਆਸਤੱਕਜ’ ਜੋ ਗ੍ਰੰਥ ਮੁਕਤਿ ਦੇ<br>ਤਿਨ ਮਹਿਂ ਵਿਸ਼ਵਾਸ਼ੀ ਮਨ ਜਾਨ[1] ॥੩॥ | [1]ਨੌਂਵਾਂ ਹੈ) ਆਸਤੱਕਜ:-ਜਿਹੜੇ ਗ੍ਰੰਥ ਮੁਕਤੀ ਦੇਣ ਵਾਲੇ ਹਨ ਉਨ੍ਹਾਂ ਵਿਚ ਮਨ ਦਾ ਸਿਦਕ ਹੋਣਾ ਇਹ ਜਾਣ ਲਓ। |
| ਕੋਮਲਤਾ ਕੋ ਕਹੈਂ ‘ਮਾਰਦਵ[1]’, | [1]ਦਸਵਾਂ ਹੈ) ਮਾਰਦਵ:-ਕੋਮਲਤਾ ਨੂੰ ਕਹਿੰਦੇ ਹਨ। |
| ਉਰ ਨਿਸ਼ਕ੍ਰੋਧ ‘ਛਿਮਾ’ ਇਸ ਨਾਮ[1]। | [1]ਗਾਜਰਵੇਂ ਦਾ) ਨਾਮ ਹੈ ਖਿਮਾ:-ਦਿਲ ਵਿਚੋਂ ਕ੍ਰੋਧ ਦੂਰ ਰਹਿਣਾ। |
| ਰਜ ਤਮ ਗੁਣ ਬਿਨ ਅੰਤਸ਼ ਕਰਣੰ<br>‘ਭਾਵ ਸ਼ੁੱਧ’ ਭਾਖਹਿਂ ਅਭਿਰਾਮ[1]। | [1]ਬਾਰਵੇਂ ਨੂੰ) ‘ਭਾਵ ਸ਼ੁਧਿ’ ਕਹਿੰਦੇ ਹਨ:-ਅੰਤਹਕਰਣ ਨੂੰ ਰਜੋ ਤਮ ਸਤੋ ਗੁਣ ਤੋਂ ਸੁਹਣਾਂ ਸਾਫ ਰੱਖਣਾ। |
| ਪਰ ਕੋ ਪੀਰ ਨ ਦੇ ਬਚ ਕ੍ਰਮ ਤੇ<br>ਨਾਮ ‘ਅਹਿੰਸਾ’ ਲਖਿ ਸੁਖ ਧਾਮ[1]। | [1]ਤੇਰਵੇਂ ਦਾ) ਨਾਮ ਅਹਿੰਸਾ ਹੈ:-ਬਾਣੀ ਜਾਂ ਸਰੀਰ ਨਾਲ ਦੂਸਰੇ ਨੂੰ ਪੀੜਾ ਨਾ ਦੇਣੀ, ਇਹ ਜਾਣੋ ਸੁੱਖਾਂ ਦਾ ਘਰ ਹੈ। |
| ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ<br>ਮੈਥੁਨ ਤਜਾਗਨਿ ਹ੍ਵੈ ਨਿਸ਼ਕਾਮ[1] ॥੪॥ | [1]ਚੌਦਵਾਂ ਹੈ) ਬ੍ਰਹਮ ਚਰਜ:-ਅੱਠ ਪ੍ਰਕਾਰ ਦੇ ਮੈਥਨ ਦਾ ਤਿਆਗ ਕਰਕੇ ਕਾਮ ਰਹਿਤ ਹੋਣਾ। |
| [1]ਸਿਮਰਣ, ਸ਼੍ਰਵਣ, ਕੇਲ ਅਰ ਦੇਖਣ,<br>ਗੁਹਜ ਭਾਖਣ, ਸੰਕਲਪ ਸੁ ਕੀਨ।<br>ਅੱਧਿਵਸਾਯੰ, ਕ੍ਰਿਯਾ ਨਿਵਰਤੈ<br>ਇਹ ਮੈਥੁਨ ਅਸ਼ਟਾਂਗ ਬਿਹੀਨ[੮]। | [1]ਅੱਠ ਪ੍ਰਕਾਰ ਦਾ ਮੈਥਨ ਇਹ ਹੈ:-੧. (ਇਸਤ੍ਰੀ ਦਾ) ਸਿਮਰਣ। ੨. (ਇਸਤ੍ਰੀ ਦੀਆਂ ਗਲਾਂ) ਸੁਣਨੀਆਂ। ੩. ਕੇਲ ਕਰਨੇ। ੪. ਦੇਖਣਾ। ੫. ਲੁਕ ਕੇ ਗੱਲਾਂ ਕਰਨੀਆਂ (ਇਸਤ੍ਰੀ ਨਾਲ)। ੬. ਚਿਤ ਵਿਚ ਸੰਕਲਪ (ਪੱਕਾ) ਕਰਨਾ। ੮. ਮੈਥੁਨ ਦੀ ਕ੍ਰਿਯਾ ਵਿਚ ਵਰਤਣਾ। ਮੈਥੁਨ ਦੇ ਇਨ੍ਹਾਂ ਅੱਠ ਅੰਗਾਂ ਤੋਂ ਰਹਿਤ ਹੋਵੇ। |
| ਜਨਮ ਰੋਗ ਦੁਖ ਤਥਾ ਜਰਾ ਦੁਖ<br>ਤ੍ਰੈ ਕੋ ਚਿਤਵਨ ਸਿੰਮ੍ਰਤ ਚੀਨ[1]। | [1]ਪੰਦ੍ਰਵਾਂ ਯਮ ਹੈ) ਸਿੰਮ੍ਰਤੀ ਦੇ ਧ੍ਰਿਤੀ:-ਜਨਮ ਰੋਗ ਤੇ ਬੁਢੇਪੇ ਦੇ ਦੁੱਖਾਂ ਨੂੰ ਯਾਦ ਰੱਖਣਾ ਇਹ ਸਿੰਮ੍ਰਤੀ ਜਾਣੋ। (ਕਈਆਂ ਦੇ ਹਿਸਾਬ ਵਿਚ ਧ੍ਰਿਤੀ ਤੇ ਸਿੰਮ੍ਰਤੀ ਵਖੋ ਵੱਖ ਦੋ ਯਮ ਹਨ)। |

ਮਨ ਤਨ ਪ੍ਰਾਣ ਰਿਖੀਕਿਨ ਦੁਖ ਤੇ
ਨਿਸ਼ਚਲ ਰਹੈ ਸੁ ਧ੍ਰਿਤ ਪ੍ਰਬੀਨ[1] ॥੫॥

[1]ਸੋ) ਮਨ ਪ੍ਰਾਣ ਤੇ ਇੰਦ੍ਰੀਆਂ ਤੇ ਦੁਖ ਆਏ ਤੇ ਨਿਸਚਲ ਰਹਿਣਾ ਇਹ ਧ੍ਰਿਤੀ ਹੈ।

ਯਮ ਦਸ ਪੰਚ ਕਹੇ ਇਕਿ ਅੰਗਹਿ,
ਦੂਸਰ ਅੰਗ ਨੇਮ ਅਠ ਸਾਤ[1†]।

[1]ਯੋਗ ਦੇ) ਪਹਿਲੇ ਅੰਗ 'ਯਮ' ਦੇ ਪੰਦ੍ਰਹ ਪ੍ਰਕਾਰ ਕਹੇ ਹਨ, ਦੂਸਰਾ ਅੰਗ ਨੇਮ ਬੀ ਪੰਦ੍ਰਾਂ (ਪ੍ਰਕਾਰ ਦਾ ਹੈ)। [†]ਯੋਗ ਦਰਸ਼ਨ ਨੇ ੫ ਤੇ ਯਾਗ: ਸਿਮ੍ਰ: ਨੇ ੧੦ ਨਿਯਮ ਗਿਣੇ ਹਨ।

ਸਮੈ ਉਚਿਤ ਅਸ਼ਨਾਨ ਕਰੈ ਜਲ,
ਜੋਗ ਸਾਧਜ ਇਹ ਸੌਚ ਸੁ ਗਾਤ[1]।

[1]ਪਹਿਲਾ ਨੇਮ ਹੈ ਇਸ਼ਨਾਨ)-ਠੀਕ ਸਮੇਂ ਜਲ ਨਾਲ ਨ੍ਹਾਵੇ ਯੋਗ ਸਾਧਨੇ ਲਈ ਇਸ ਨਾਲ ਸਰੀਰ ਦੀ ਸ਼ੁਧੀ ਹੋ ਜਾਂਦੀ ਹੈ।

ਅੰਤਹਕਰਣ ਸੌਚ ਇਮ ਜਾਨੋ
ਭਾਵ ਸ਼ੁੱਧ ਯਮ ਤੇ ਹੁਇ ਜਾਤਿ[1]।

[1]ਦੂਸਰਾ ਨਿਯਮ ਹੈ)-ਅੰਤਹਕਰਣ ਦੀ ਸੌਚ:-ਇਹ ਸੁੱਚਤਾ (ਉਪਰ ਦੱਸੇ ਬਾਰਵੇਂ ਯਮ) 'ਭਾਵ ਸ਼ੁੱਧੀ' ਤੋਂ ਹੋ ਜਾਂਦੀ ਹੈ।

ਜੋਗ ਸਾਧਿਬੇ ਮਹਿਂ ਪ੍ਰਭੁ ਪੂਜਨ
'ਕ੍ਰਿਤੁ' ਨਾਮ ਨੇਮਸੁ ਬੱਖਜਾਤ[1] ॥੬॥

[1]ਤੀਸਰਾ) ਨੇਮ 'ਕ੍ਰਿਤੁ' ਨਾਮ ਕਰਕੇ ਪ੍ਰਸਿੱਧ ਹੈ, (ਉਹ ਹੈ) ਯੋਗ ਸਾਧਨਾ ਲਈ ਪ੍ਰਭੂ ਦਾ ਪੂਜਨ।

ਸੱਤਜ ਅਰਥ ਲੇ ਕਹੈ 'ਸੱਤਜ ਸੋ[1],

[1]ਚੌਥਾ ਹੈ ਸਤਜ:-) ਸੱਚ ਆਖੇ ਤੇ ਸੋਈ (ਸੱਚ ਹੀ) ਭਾਵ ਹੋਵੇ।

ਪ੍ਰਣਵ ਜਾਪ ਕੋ 'ਜਪੁ' ਕਹਿਯੰਤਿ[1]।

[1]ਪੰਜਵਾਂ ਹੈ) ਜਪ:-ਪ੍ਰਣਵ 'ਓਂ' ਦਾ ਜਾਪ ਕਰਨਾ ਭਾਵ ਨਾਮ ਜਪਣਾਂ।

ਜਠਰਾਗਨ ਮਹਿਂ ਜੁਗਤ ਅਹਾਰੰ
ਹੋਮਹਿ ਭਲੋ 'ਹੋਮ' ਲਖਿਯੰਤਿ[1]।

[1]ਛੇਵਾਂ ਨੇਮ) ਹੋਮ ਨੂੰ ਲਖੇ:-ਜਠਰ ਅਗਨੀ ਵਿਚ ਮੁਨਾਸਬ ਭੋਜਨ ਹੋਮ ਕਰਨਾ।

'ਤਰਪਣ' ਜਲ ਪੀਵਹਿ ਸੁਰਸਰਿ ਕੇ[1],

[1]ਸੱਤਵਾਂ ਹੈ) ਤਰਪਣ, ਜੋ ਗੰਗਾ ਦਾ ਜਲ ਪੀਵਣਾ।

ਇੰਦ੍ਰੀ ਨਿੱਗ੍ਰਹਿ 'ਤਪੁ' ਸੁ ਤਪੰਤਿ[1]।

[1]ਅੱਠਵਾਂ ਹੈ) ਤਪ:-ਇੰਦ੍ਰੀਆਂ ਨੂੰ ਰੋਕਣ ਰੂਪ ਤਪ ਕਰਨਾ।

ਮਮੁਖੀ ਕੋ ਉਪਦੇਸ਼ਨਿ 'ਦਾਨ' ਸੁ[1],

[1]ਨਾਵਾਂ ਹੈ) ਦਾਨ:-ਮਮੁੱਖੂ ਨੂੰ ਉਪਦੇਸ਼ ਦੇਣਾ।

'ਤਤਿੱਖਜਾ' ਰਾਗ ਰੁ ਦ੍ਵੈਖ ਸਹੰਤਿ[1] ॥੭॥

[1]ਦਸਵਾਂ ਹੈ) ਤਤਿੱਖਜਾ, (ਉਹ ਹੈ) ਰਾਗ ਤੇ ਦ੍ਵੈਖ ਨੂੰ ਸਹਿਣਾ।

ਖਾਇ ਅਹਾਰ ਸੂਰ ਸੁਰ 'ਬ੍ਰਤ' ਸੋ[1],

[1]੧੧ਵਾਂ) ਬ੍ਰਤਿ ਹੈ:-ਆਹਾਰ ਉਸ ਵੇਲੇ ਖਾਵੇ ਜਦ ਸੂਰਜ ਸੁਰ ਭਾਵ ਸੱਜੀ ਸੁਰ ਚਲਦੀ ਹੋਵੇ।

ਖਾਇ ਅਯੁਕਤਿ ਨ ਇਹ 'ਉਪਵਾਸ[1]।'

[1]ਬਾਹਰਵਾਂ) ਹੈ ਉਪਵਾਸ, ਉਹ ਇਹ ਹੈ ਕਿ ਪੱਥ ਕੁਪੱਥ ਨਾ ਖਾਵੇ।

| | |
|---|---|
| 'ਨਿਰਅਗਨੀ' ਸੋ ਅਗਨ ਨ ਤਾਪਹਿ[1] | [1]ਤੇਹਰਵਾਂ ਹੈ) ਨਿਰਅਗਨੀ (ਉਹ ਹੈ ਕਿ) ਅੱਗ ਨਾ ਸੇਕੇ। |
| 'ਇਸਤ੍ਰੀ ਬਰਜਨ' ਸੰਗ ਨ ਤਾਸ[1]। | [1]ਚੌਧਵਾਂ ਹੈ) ਇਸਤ੍ਰੀ ਵਰਜਨ (ਉਹ ਹੈ) ਇਸਤ੍ਰੀ ਦਾ ਸੰਗ ਨਾ ਕਰਨਾ। |
| 'ਮਾਦਕ ਬਰਜਣ' ਭੰਗ ਆਦਿ ਜੇ<br>ਪਾਨਿ ਨ ਕਰਹਿ ਅਮਲ ਨਿਰਜਾਸ[1]। | [1]ਪੰਦ੍ਰਵਾਂ ਹੈ) ਮਾਦਕ ਬਰਜਨ (ਉਹ ਹੈ) ਭੰਗ ਆਦਕ ਅਮਲ ਨਾ ਪੀਵੇ ਨਿਸ਼ਚੇ ਕਰਕੇ। |
| ਇਹ ਪੰਦ੍ਰਾਂ ਗਿਨ ਨੇਮ ਕਹੇ ਸਭਿ<br>ਅੰਗ ਜੋਗ ਕੋ ਦੁਤਿਯ ਪ੍ਰਕਾਸ਼ ॥੮॥ | |
| [1]ਲਖ ਚੌਰਾਸੀ ਜੋਨਿ ਜੀਵ ਕੀ | [1]ਹੁਣ ਆਸਨ ਟੁਰਿਆ:– |
| ਬੈਠਕ ਤਿਤੀ ਸੁ ਆਸਨ ਜਾਨਿ[1]। | [1]ਚੁਰਾਸੀ ਲੱਖ ਜੂਨੀਆਂ ਦੀਆਂ ਜਿੰਨੀਆਂ ਬੈਠਕਾਂ ਹਨ ਉਤਨੇ ਆਸਨ ਜਾਣੋ। |
| ਤਿਨ ਮਹਿਂ ਸਾਰ ਚੁਰਾਸੀ ਲਖੀਯਹਿ,<br>ਸਾਰ ਇਨਹੁੰ ਮਹਿਂ ਖੋੜਸ ਮਾਨ। | |
| [1] 'ਸ੍ਵਸਤ$_{੧}$, 'ਪਦਮ$_{੨}$', 'ਗੋਮੁਖ$_{੩}$, ਅਰੁ 'ਹੰਸੰ$_{੪}$', | [1]ਹੁਣ ੧੬ ਆਸਣ ਚਲੇ:–) |
| ਆਸਨ ਚਾਰ ਬ੍ਰਹਮਾ ਕੇ ਸਜਾਨ[1]। | [1]ਇਹ ਚਰਾ ਆਸਣ ਬ੍ਰਹਮਾ ਦੇ ਜਾਣੋ। |
| 'ਗਰੁੜ$_{੫}$, 'ਨਾਗ$_{੬}$', 'ਕੂਰਮ$_{੭}$', 'ਨਰਸਿੰਘਹਿ$_{੮}$', | |
| ਚਾਰਹੁੰ ਬਿਸ਼ਨੁ ਕੇਰ ਪਹਿਚਾਨ[1] ॥੯॥ | [1]ਬਿਸ਼ਨੂੰ ਦੇ (ਇਹ) ਚਾਰੇ ਆਸਨ ਪਛਾਣੋ। |
| 'ਵੀਰ$_{੯}$', 'ਮਯੂਰ$_{੧੦}$', 'ਵੱਜ$_{੧੧}$', 'ਸਿੱਧ$_{੧੨}$' | |
| ਚਾਰਹੁੰ ਰੁਦ੍ਰਾਸਨ ਇਹ ਕਰੈ ਬਨਾਇ[1]। | [1]ਇਹ ਚਾਰੇ ਰੁੱਦ੍ਰ ਦੇ ਆਸਨ ਹਨ। |
| ਹੋਤਿ 'ਭਗਾਸਨ$_{੧੩}$' ਕਹੈਂ ਸ਼ਕਤਿ ਕੋ[1], | [1]ਭਗਾਸਨ ਦੇਵੀ ਦਾ ਆਸਨ ਕਹਿੰਦੇ ਹਨ। |
| ਸ਼ਿਵ ਕੋ 'ਪਸਚਮਤਾਨ$_{੧੪}$' ਸੁਹਾਇ[1]। | [1]ਪਸਚਮਤਾਨ' (ਨਾਮੇ) ਸ਼ੋਭਨੀਕ (ਆਸਨ) ਸ਼ਿਵ ਦਾ ਹੈ। |
| 'ਧਨੁਖ$_{੧੫}$' 'ਉਤਾਨ$_{੧੬}$' ਦੋਇ ਇਹ[1], | [1]ਏਹ ਦੋ ਹੋਰ ਹਨ। |
| ਸਭਿ ਕੇ ਸੋਲਹਿ ਆਸਨ ਦਏ ਬਤਾਇ[1]। | [1]ਸਭਨਾਂ ਦੇ ਮਿਲਾਕੇ ਏਹ ੧੬ ਆਸਨ ਦੱਸ ਦਿੱਤੇ ਹਨ। |
| ਪਖਜਾਂਤਰ ਖੋੜਸ ਮਹਿਂ ਚਾਰਹੁੰ<br>ਹੈਂ ਸ੍ਰੇਸ਼ਟ ਸੋ ਦੇਉਂ ਸੁਨਾਇ[1]:– ॥੧੦॥ | [1]ਹੋਰ ਪੱਖ ਵਿਚ ੧੬ ਵਿਚੋਂ ੪ ਮੁੱਖ ਮੰਨੇ ਹਨ ਸੋ ਦੱਸਦਾ ਹਾਂ:– |
| 'ਸਿੰਘ', 'ਪਦਮ', 'ਸਿੱਧ', 'ਭੱਦ੍ਰ' ਚਾਰ ਗਿਨ, | |

ਇਨ ਮਹਿਂ ਦ੍ਵੈ ਸ਼੍ਰੇਸ਼ਟ ਲਖਿਯੰਤਿ।
ਸਿੱਧ, ਪਦਮ, ਇਨ ਦ੍ਵੈ ਮਹਿਂ 'ਸਿਧ' ਬਰ[1]
ਇਸ ਪ੍ਰਕਾਰ ਆਸਨ ਕਰਿਯੰਤ[†]।

[1]'ਸਿੱਧ' ਸ੍ਰੇਸ਼ਟ ਹੈ।
[†]ਸਿਧ ਆਸਨ ਤੇ ਪਦਮਾਸਨ ਦੇ ਪ੍ਰਕਾਰ ਲਈ ਦੇਖੋ ਸ੍ਰੀ ਗੁ: ਨਾ: ਪ੍ਰਕਾਸ਼, ਪੂਰ: ਅਧਯਾਯ ੪੮ ਅੰਕ ੬੦ ਤੋਂ ਅੱਗੇ।

[1]ਪ੍ਰਾਣਾਯਾਮ ਤ੍ਰਿਧਾ[2], ਇਕ 'ਉੱਤਮ੧,'
'ਮੱਧਜਮ੨,' ਅਰੁ 'ਕਨਿਸ਼ਟ੩,' ਜਨਿਯੰਤ।
ਦ੍ਵਾਦਸ਼ ਮਾਤ੍ਰ ਚੰਦ ਕਰਿ ਪੂਰੈ
ਕੁੰਭਕ ਸ਼ਕਤਿ ਪ੍ਰਮਾਣ ਰਖੰਤਿ[1] ॥੧੧॥

[1]ਹੁਣ ਪ੍ਰਾਣਾਯਾਮ ਟੁਰਿਆ:-। [2]ਇਹ ਤਿੰਨ ਪ੍ਰਕਾਰ ਦਾ ਹੈ।
[1]ਚੰਦ੍ਰ ਸੁਰ (ਖੱਬੀ ਨਾਸਕਾ) ਵਿਚ ੧੨ ਮਾਤ੍ਰਾ (ਭਾਵ ਬਾਰਾਂਵਾਰ ਓਅੰਕਾਰ) ਉਚਾਰਕੇ ਪੂਰੇ ਭਾਵ ਸ੍ਵਾਸ ਖਿੱਚੇ ਤੇ ਜਿੰਨੀ ਮਿਣਤੀ ਦੀ ਤਾਕਤ ਹੋਵੇ ਉਨਾ ਕੁੰਭਕ ਰੱਖੇ।

ਰੇਚੈ ਖੋੜਸ ਮਾਤ੍ਰ ਸੂਰਜ ਕਰਿ[1]
ਪ੍ਰਾਣਾਯਾਮ 'ਕਨਿਸ਼ਟ'ਪਛਾਨ।

[1]ਖੋੜਸ ਮਾਤ੍ਰਾ ਉਚਾਰਕੇ ਸੂਰਜ ਸੁਰ ਦੁਆਰਾ ਰੇਚਕ ਕਰੇ ਭਾਵ ਕੱਢੇ।

ਇਸੈ ਕਰਹਿ ਦੁਗੁਨੀ ਕਹਿਂ 'ਮੱਧਜਮ[1]',
ਤ੍ਰਿਗੁਣੀ ਮਾਤ੍ਰ[†] ਸੁ 'ਉੱਤਮ' ਜਾਨਿ[1]।

[1]ਇਸਤੋਂ ਦੁਗਣਾ ਕਰੇ ਤਾਂ ਉਹ ਮੱਧਮ ਪ੍ਰਾਣਾਯਮ ਹੈ।
[1]ਉਸ ਨੂੰ ਉਤਮ ਜਾਣੋ। [†]ਮਾਤ੍ਰਾ ਦਾ ਭਾਵ ਓਂਕਾਰ ਦੇ ਉਚਾਰਨ ਵਿਚ ਜੋ ਸਮਾਂ ਲਗਦਾ ਹੈ।

ਉਠੈ ਬਿਰਤਿ ਇਕ ਗ੍ਰਹਣ ਕਰੈ ਤਿਹ
'ਪ੍ਰੱਤਜਾਹਾਰ' ਨਾਮ ਪਹਿਚਾਨ[1]।

[1]ਪ੍ਰਤਜਾਹਾਰ ਨਾਮ ਇਸਦਾ ਪਛਾਣੋ ਕਿ ਜਦੋਂ ਇਕ ਬ੍ਰਿਤੀ ਉਠੇ ਉਸ ਨੂੰ ਪਕੜ ਲਵੇ ਭਾਵ ਰੋਕ ਲਵੇ।

ਬਿਧਿ, ਹਰਿ, ਹਰ ਕੀ, ਕੈ ਪੰਚ ਤਤ ਕੀ
ਕਰਣ 'ਧਾਰਣਾ' ਇਸੈ ਬਖਾਨ[1] ॥੧੨॥

[1]ਚਿਤ ਨੂੰ) ਬ੍ਰਹਮਾ ਯਾ ਸ਼ਿਵ ਯਾ ਵਿਸ਼ਨੂੰ ਯਾ ਪੰਜਾਂ ਤੱਤਾਂ ਵਿਚ ਧਾਰ ਲੈਣ ਨੂੰ ਧਾਰਨਾ ਕਹਿੰਦੇ ਹਨ ਭਾਵ ਇਨ੍ਹਾਂ ਵਿਚ ਟਿਕਾਉ ਕਰਨਾ। ਪਰ ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਕਿਸੇ ਦੇਸ਼ ਵਿਚ ਚਿਤ ਨੂੰ ਬੰਨ੍ਹ ਰੱਖਣਾ ਧਾਰਨਾ ਹੈ]।

ਏਕ ਬਿਖੈ ਬ੍ਰਿਤ ਟਿਕਹਿ 'ਧਜਾਨ' ਸੋ
ਲਖਹੁ[1], 'ਸਮਾਧੀ' ਦੋਇ ਪ੍ਰਕਾਰ[2]।

[1]ਇਕ ਵਿਸ਼ੇ ਵਿਚ ਬ੍ਰਿਤੀ ਟਿਕਣੀ (ਇਸ ਨੂੰ)

| | |
|---|---|
| | 'ਧ੍ਯਾਨ' ਜਾਣੋ। [2]ਅਗੇ) ਸਮਾਧੀ ਹੈ ਸੋ ਦੋ ਤਰ੍ਹਾਂ ਦੀ ਹੈ। |
| ਇਕ 'ਸਵਿਕਲਪ' ਦੁਤੀ 'ਨਿਰਵਿਕਲਪ†', | †ਵੇਰਵੇ ਲਈ ਦੇਖੋ ਸ੍ਰੀ ਗੁ: ਨਾਨਕ ਪ੍ਰਕਾਸ਼, ਪੂ: ਅਧ੍ਯਾ: ੪੮ ਅੰਕ ੭੩ ਤੋਂ ਅੱਗੇ। |
| ਅੰਗ ਜੋਗ ਕੇ ਅਸ਼ਟ ਵਿਚਾਰ। | |
| [1]ਸ਼੍ਰੋਤ੍ਰ[2], ਤੁਚਾ[3], ਚਖੁ[4], ਜੀਹ[5], ਰੁ ਨਾਸਾ[6], | [1]ਪਿਛੇ (ਅੰਸੂ ੪੨ ਅੰਕ ੧੩ ਕਹੇ ਇੰਦ੍ਰੇ ਉਨ੍ਹਾਂ ਦੇ ਵਿਸ਼ੇ ਤੇ ਦੇਵਤਾ ਦਾ ਪ੍ਰਕਾਰ ਟੁਰਿਆ। [2]ਕੰਨ। [3]ਖਲੜੀ। [4]ਅੱਖਾਂ। [5]ਜੀਭ। [6]ਨੱਕ। |
| ਗ੍ਯਾਨਿੰਦ੍ਰੀ ਏਹ ਪੰਚ ਉਚਾਰ[1]। | [1]ਏਹ ਪੰਜ ਗ੍ਯਾਨਇੰਦ੍ਰਯ ਹਨ। |
| ਵਾਕ[1], ਪਾਨ[2], ਪਦ[3], ਗੁਦਾ, ਉਪਸਥੰ[4], | [1]ਮੂੰਹ। [2]ਹੱਥ। [3]ਪੈਰ। [4]ਲਿੰਗ ਇੰਦ੍ਰੇ। |
| ਪੰਚ ਕਰਮ ਇੰਦ੍ਰੇ ਉਰਧਾਰ[1] ॥੧੩॥ | [1]ਏਹ ਪੰਜ ਕਰਮ ਇੰਦ੍ਰੇ ਸਮਝ ਲੈ। |
| ਸ਼ਬਦ[1], ਸਪਰਸ[2], ਰੂਪ[3], ਰਸ, ਗੰਧਯੰ[4], | [1]ਅਵਾਜ਼। [2]ਛੁਹਨਾ। [3]ਸੁਆਦ। [4]ਖੁਸ਼ਬੋ। |
| ਬਿਖਯ ਪੰਚ ਗ੍ਯਾਨਿੰਦ੍ਰੀ ਕੇਰ[1]। | [1]ਪੰਜ) ਗ੍ਯਾਨ ਇੰਦ੍ਰੀਆਂ ਦੇ ਏਹ ਪੰਜ ਵਿਸ਼ੇ ਹਨ। |
| ਕਹਿਣ[1], ਗ੍ਰਹਣ[2], ਗਤਿ[3], ਅਨੰਦ[4], ਬਿਸਰਗੰ[5], | [1]ਬੋਲਣਾ। [2]ਲੈਣਾ। [3]ਚਲਣਾ। [4]ਕਾਮ) ਸੁਆਦ। [5]ਮਲ ਤ੍ਯਾਗ। |
| ਕਰਮੇਂਦ੍ਰੀ ਕੇ ਬਿਖਯ ਬਡੇਰ[1]। | [1]ਏਹ ਕਰਮ ਇੰਦ੍ਰੀਆਂ ਦੇ ਵਿਸ਼ੇ ਹਨ। |
| ਮਨੁ, ਬੁਧ, ਚਿਤ, ਅਹੰਕਾਰ ਚਤੁਸ਼ਟੈ | |
| ਅੰਤਸ਼ਕਰਣ ਰੂਪ ਇਹ ਹੇਰਿ[1]। | [1]ਭਾਵ ਏਹ ਚਤੁਸ਼ਟੇ ਅੰਤਹਕਰਣ ਹਨ। |
| ਸੰਕਲਪ[1], ਨਿਸ਼ਚੈ[2], ਅਨੁਸੰਧਾਨੰ[3], | [1]ਫੁਰਨਾ (ਇਹ ਮਨ ਦਾ ਵਿਸ਼ਾ ਹੈ)। [2]ਇਹ ਬੁੱਧੀ ਦਾ ਵਿਸ਼ਾ ਹੈ)। [3]ਚਿੰਤਨ (ਇਹ ਚਿਤ ਦਾ ਵਿਸ਼ਾ ਹੈ)। |
| ਗਰਵ[1], ਜਥਾ ਕ੍ਰਮ ਬਿਖਯ ਨਿਬੇਰ[2] ॥੧੪॥ | [1]ਅਹੰ ਬ੍ਰਿਤੀ (ਇਹ ਅਹੰਕਾਰ ਦਾ ਵਿਸ਼ਾ ਹੈ)। [2]ਪਿਛੇ ਕਹੇ ਚੌਹਾਂ ਦੇ ਕ੍ਰਮ ਅਨੁਸਾਰ ਸਮਝ ਲਓ। (ਇਹ ਚੌਦਾਂ ਇੰਦ੍ਰੇ ਤੇ ਵਿਸ਼ੇ ਮੁੱਕੇ)। |
| ਦਿਸ਼ਾ੧, ਪੌਨ੨, ਰਵਿ੩, ਜਲ ਪਤਿ੪[1], ਛਿਤ੫[2], ਸੁਰ[3], | [1]ਵਰਣ। [2]ਧਰਤੀ। [3]ਏਹ ਪੰਜੇ ਗ੍ਯਾਨ ਇੰਦ੍ਰਿਆਂ ਦੇ) ਦੇਵਤਾ ਹਨ। |
| [1]ਅਗਨੀ੬, ਇੰਦ੍ਰ੭, ਉਪਿੰਦ੍ਰ੮, ਬਖਾਨ। | [1]ਅਗਨੀ, ਇੰਦ੍ਰ; ਉਪਿੰਦ੍ਰ; ਪ੍ਰਜਾਪਤੀ ਤੇ ਜਮ (ਏਹ ਪੰਜ ਕਰਮ ਇੰਦ੍ਰਿਆਂ ਦੇ ਦੇਵਤਾ ਹਨ)। |
| ਪ੍ਰਜਾ ਪਤੀ੯, ਮ੍ਰਿੱਤ੍ਯੂ੧੦ ੩੩, ਸਸਿ੧੧[1], ਬ੍ਰਹਮਾ੧੨, | [1]ਚੰਦ। |
| ਖੇਤ੍ਰੱਗ੧੩[1], ਰੁਦ੍ਰ੧੪, ਦੇਵਤਾ ਜਾਨ[2]। | [1]ਵਾਸ ਦੇਵ। [2]ਏਹ ਚਾਰ ਦੇਵਤੇ ਅੰਤਹਕਰਣ ਦੇ ਹਨ (ਏਹ ੪੨ ਦੀ ਗਿਣਤੀ ਮੁੱਕੀ)। |
| [1]ਪ੍ਰਾਨ੧, ਅਪਾਨ੨, ਸਮਾਨ੩, ਉਦਾਨੰ੪, | [1]ਦਸ ਪ੍ਰਕਾਰ ਦੇ ਪ੍ਰਾਣ ਚੱਲੇ। |

ਬਜਾਨ$_{੫}$, ਨਾਗ$_{੬}$, ਕੂਰਮ$_{੭}$, ਪਹਿਚਾਨ।
ਕਿਰਕਲ$_{੮}$, ਦੇਵੰਦੱਤ$_{੯}$, ਧਨੰਜਯ$_{੧੦}$,
ਇਹ ਦਸ ਬਯਸ੍ਟ ਗਿਨੀਜੈ ਪ੍ਰਾਨ[1] ॥੧੫॥

[1]ਏਹ (ਪਿਛੇ ਕਹੇ) ਦਸ ਵਜਸ਼ਟੀ (ਪ੍ਰਤਜੇਕਤਾ) ਪ੍ਰਾਣ ਹਨ (ਸ਼੍ਰੀ ਗੁ: ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧਜਾਯ ੬੦ ਅੰਕ ੪੯, ੫੦ ਵਿਚ ਆ ਚੁਕੇ ਹਨ)।

ਕ੍ਰਿਯਾ ਸ਼ਕਤਿ ਨੇ ਪ੍ਰਾਨ ਸਮਸ਼ਟੇ,
ਕਾਰਨ ਸੂਖਮ ਥੂਲ ਸਰੀਰ[1]।

[1]ਕ੍ਰਿਆ ਸ਼ਕਤੀ ਕਰਕੇ 'ਪ੍ਰਾਣ' ਪਦ ਸਮਸ਼ਟੀ ਹੈ। ਕਾਰਣ, ਸੂਖਮ ਤੇ ਅਸਥੂਲ (ਏਹ ਤਿੰਨ) ਸਰੀਰ ਹਨ। ਏਹ ਤ੍ਰੈਏ ਸਰੀਰ ਵੀ ਵਜਸ਼ਟੀ ਸਮਸ਼ਟੀ ਭੇਦ ਕਰਕੇ ਦੋ ਤਰ੍ਹਾਂ ਦੇ ਹਨ, ਵਜਸ਼ਟੀ ਤ੍ਰੈ ਸਰੀਰ ਜੀਵ ਦੇ ਪਿਛੇ ਕਹਿ ਆਏ ਹਨ, ਈਸ਼੍ਵਰ ਦੇ ਸਮਸ਼ਟੀ ਸਰੀਰਾਂ ਦੇ ਨਾਮ ਹੁਣ ਦੱਸਦੇ ਹਨ:-ਵੈਰਾਟ, ਸੂਤ੍ਰ; ਅਬਜਾਕ੍ਰਿਤ।

ਵੈਰਾਟ, ਸੂਤ੍ਰ; ਅੱਬਜਾਕ੍ਰਿਤ[1] ਜੇਈ

[1]ਅਵਜਾਕ੍ਰਿਤ=ਮਾਇਆ।

ਇਹੀ ਸਮਸ਼ਟਿ ਸਰੀਰ ਗੰਭੀਰ[1]।

[1]ਇਹ ਤ੍ਰੈ ਮਹਾਨ ਸਮਸ਼ਟੀ ਦੇ ਸਰੀਰ ਹਨ।

[1]ਅਭਿਮਾਨੀ ਵਿਸ਼੍ਵ, ਤੇਜਸ, ਪ੍ਰਾਗਹਿ

[1]ਜਿਸ ਤਰ੍ਹਾਂ) ਵਜਸ਼ਟੀ ਕਾਰਣ ਸੂਖਮ ਤੇ ਸਥੂਲ ਤਿੰਨਾਂ ਸਰੀਰਾਂ ਦੇ ਅਭਿਮਾਨੀ ਵਿਸ਼ਵ, ਤੇਜਸ, ਪ੍ਰਾਗ ਹਨ ਤਿਵੇਂ ਹੀ ਸਮਸ਼ਟੀ ਤ੍ਰੈਆਂ ਸਰੀਰਾਂ ਦੇ ਅਭਿਮਾਨੀ, ਈਸ਼੍ਵਰ, ਹਿਰਣਗਰਭ ਤੇ ਵੈਸ਼੍ਵਾਨਰ ਹਨ।

ਇਹ ਬਯਸ਼ਟਿ ਕੇ ਤੀਨ ਸਧੀਰ।
ਈਸ਼੍ਵਰ ਹਿਰਣ ਗਰਭ ਬੈਸ਼੍ਵਾਨਰ
ਇਹ ਸਮਸ਼ਟਿ ਅਭਿਮਾਨੀ ਬੀਰ[2] ॥੧੬॥
ਬਯਸ਼ਟਿ ਸਮਸ਼ਟ ਅਧਯਸ੍ਤੁ ਲਖਹੁ ਦ੍ਵੈ
ਜਿਮ ਸਰਪਾਦਿ ਜੇਵਰੀ ਮਾਂਹ[1]।

[1]ਬ੍ਰਹਮ ਵਿਚ) ਵਜਸ਼ਟੀ ਤੇ ਸਮਸ਼ਟੀ ਦੋਵੇਂ ਕਲਪਤ ਜਾਣੋ ਜਿਵੇਂ ਰੱਸੀ ਵਿਚ ਸੱਪ ਆਦਿਕ [ਅਧਜਸ੍ਤੁ=ਜਿਸਦਾ ਭ੍ਰਮ ਕਿਸੇ ਅਧਿਸ਼੍ਠਾਨ ਵਿਚ ਹੋਵੇ, ਜੈਸੇ ਸੱਪ। ਅਧਿਸ਼ਠਾਨ=ਜਿਸ ਵਿਚ ਭ੍ਰਮ ਦਾ ਆਰੋਪ ਹੋਵੇ, ਜੈਸੇ ਰੱਸੀ]।

ਸੀਪ ਬਿਖੈ ਰੂਪੋ ਜਿਮ ਕਲਪਤਿ[1]

[1]ਸਿੱਪੀ ਵਿਚ ਜਿਵੇਂ ਚਾਂਦੀ ਭੁਲੇਵਾਂ ਮਾਤ੍ਰ ਹੈ।

ਤਿਮ ਬ੍ਰਹਮਾਤਮ ਚੇਤਨ ਆਹਿ।
ਹੈ ਅੱਗਜਾਨ ਕਰਿ ਕਲਪਤਿ ਸਭਿ ਜਗ[1],

[1]ਤਿਵੇਂ ਬ੍ਰਹਮ ਆਤਮ ਚੈਤਨਜ ਵਿਚ (ਅਗਜਾਨ ਕਰਕੇ) ਕਲਪਤ ਹੈ ਸਾਰਾ ਜਗ।

ਅਧਿਸ਼੍ਠਾਨਿ ਆਤਮ ਇਕ ਚਾਹਿ[1]।

[1]ਇਸ ਦਾ ਅਧਿਸ਼ਠਾਨ (ਸੱਤ ਸਰੂਪ) ਇਕ ਆਤਮਾ ਨੂੰ ਹੀ ਦੇਖੋ।

ਨਹੀਂ ਜੇਵਰੀ ਜਾਨਹਿ ਜੌ ਲਗ

ਤੌ ਲਗ ਕਲਪ ਕਲਪ ਦੁਖ ਪਾਹਿ[1] ॥੧੭॥

[1]ਜਦ ਤਕ ਰੱਸੀ ਨੂੰ ਨਹੀਂ ਪਛਾਣਦਾ ਤਦ ਤਾਈਂ ਕਲਪ ਕਲਪ ਕੇ ਦੁਖ ਪਾਉਂਦਾ ਹੈ।

[ਪ੍ਰਲਯ:-]

[1]ਤਪੰਚੀਕ੍ਰਿਤ ਪੰਚ ਅਪੰਚਿਕ੍ਰਿਤ

[1]ਜਦ) ਪੰਚੀ ਕ੍ਰਿਤ ਤੱਤ ਅਪੰਚੀ ਕ੍ਰਿਤ ਤੱਤਾਂ ਵਿਚ ਸਾਰੇ ਲਯਤਾ ਪਾ ਜਾਂਦੇ ਹਨ, (ਤਦ) ਫਿਰ ਸਾਰੇ ਅਪੰਚੀ ਕ੍ਰਿਤ ਤੱਤ ਅੱਬਜਾਕ੍ਰਿਤ ਵਿਚ ਲੈ ਹੋ ਜਾਂਦੇ ਹਨ।

ਜਬਿ ਸਗਰੇ ਲੈਤਾ ਕਹੁ ਪਾਇੰ।

ਭੂਤ ਅਪੰਚੀਕ੍ਰਿਤ† ਪੁਨ ਸਾਰੇ

†ਜਿਸ ਵੇਲੇ ਪੰਜ ਤਤ ਪੰਞੀ ਪ੍ਰਕ੍ਰਿਤੀਆਂ ਦੇ ਰੂਪ ਵਿਚ ਆ ਜਾਂਦੇ ਹਨ, ਉਨ੍ਹਾਂ ਨੂੰ ਪੰਚੀਕ੍ਰਿਤ ਕਹਿੰਦੇ ਹਨ। ਜਿਹੜੇ ਪੰਞੀ ਪ੍ਰਕ੍ਰਿਤੀਆਂ ਦੇ ਰੂਪ ਵਿਚ ਨਹੀਂ ਆਏ ਉਨ੍ਹਾਂ ਨੂੰ ਅਪੰਚੀ ਕ੍ਰਿਤ ਕਹਿੰਦੇ ਹਨ। ਪਹਿਲਿਆਂ ਨੂੰ ਸਥੂਲ ਤੇ ਦੂਜਿਆਂ ਨੂੰ ਸੂਖਮ ਭੂਤ ਕਹੀਦਾ ਹੈ।

ਅੱਬਜਾਕ੍ਰਿਤ ਮੈਂ ਲੈ ਹੁਇ ਜਾਹਿੰ[੮]।

ਭੂਤ ਸਥੂਲ ਹੋਇੰ ਲੈ ਜਬਹੂੰ

ਯਾ ਕੋ 'ਪ੍ਰਲੈ ਰੈਨ ਦਿਨ' ਨਾਇ[1]।

[1]ਜਦੋਂ ਸਥੂਲ ਭੂਤ ਲੈ ਹੋ ਜਾਂਦੇ ਹਨ ਇਸ ਦਾ ਨਾਮ 'ਰਾਤਦਿਨ ਦੀ ਪ੍ਰਲੈ' ਹੈ।

ਸੂਖਮ ਭੂਤ ਹੋਤਿ ਲਯ ਜਾਨਹੁ

'ਪ੍ਰਾਕ੍ਰਿਤ ਪ੍ਰਲੈ' ਸੁ ਨਾਮ ਕਹਾਇ[1] ॥੧੮॥

[1]ਜਦੋਂ ਸੁਖਮ ਭੂਤ ਲਯ ਹੋ ਜਾਂਦੇ ਹਨ (ਅਵਜਾਕ੍ਰਿਤ ਵਿਚ) ਤਾਂ ਉਸ ਨੂੰ 'ਪ੍ਰਾਕ੍ਰਿਤ ਪ੍ਰਲੈ' ਕਹਿੰਦੇ ਹਨ।

ਬ੍ਰਹਮ ਸੱਚਿਦਾ ਨੰਦ ਗਜਾਨ ਤੇ

ਸਭਿ ਕੋ ਜਬਿ ਅਭਾਵ ਹੁਇ ਜਾਇ।

ਸੀਪ ਰੱਜੂ ਕੋ ਗਜਾਨ ਹੋਇ ਜਬਿ

ਰੁਪਾ ਸਰਪ ਨਹੀਂ ਜਿਸ ਭਾਇ[1]।

[1]ਜਿਸ ਤਰ੍ਹਾਂ ਸਿੱਪੀ ਤੇ ਰੱਸੀ ਦੇ ਗਜਾਨ ਹੋਣ ਤੇ ਚਾਂਦੀ ਤੇ ਸੱਪ ਨਹੀਂ ਰਹਿੰਦੇ।

ਤਥਾ ਅਧਜਸ਼ਟ ਗਜਾਨ ਤੇ ਨਾਨਾ[1]

[1]ਨਾਨੱਤ੍ਵ।

ਹੁਇ ਅਭਾਵ ਸਭਿ ਦ੍ਵੈਤ ਬਿਲਾਇ[1]।

[1]ਤਿਵੇਂ ਅਧਿਸ਼ਠਾਨ ਦੇ ਗਜਾਨ ਹੋਣ ਤੇ ਨਾਨੱਤ੍ਵ (ਕਲਪਤ ਜਗਤ) ਅਭਾਵ ਹੋ ਜਾਂਦਾ ਹੈ ਤੇ ਸਾਰੀ ਦ੍ਵੈਤ ਦੂਰ ਹੋ ਜਾਂਦੀ ਹੈ। [ਅਧਜਸ਼ਟ ਤੋਂ ਮੁਰਾਦ ਅਧਿਸ਼ਠਾਨ ਦੀ ਹੈ]।

'ਗਜਾਨ ਪ੍ਰਲੈ' ਇਸ ਨਾਮ ਕਹਿਤ ਹੈਂ[1]

[1]ਇਸਦਾ ਨਾਮ 'ਗਜਾਨ ਪ੍ਰਲੈ' ਕਹਿੰਦੇ ਹਨ।

ਸਤਿਗੁਰ ਉਪਦੇਸ਼ਨਿ ਤੇ ਪਾਇ ॥੧੯॥

[ਉਤਪਤਿ:-]

| | |
|---|---|
| ਭੂਤ ਅਪੰਚੀਕ੍ਰਿਤ ਜੁਤਿ ਕਾਰਜ<br>ਪੰਚੀਕ੍ਰੱਤ ਸਕਾਰਜ ਹੋਇ[1]। | [1]ਅਪੰਚੀ ਕ੍ਰਿਤ ਭੂਤ ਆਪਣੇ ਕਾਰਜ ਸਮੇਤ ਜਦ ਪੰਚੀਕ੍ਰਿਤ ਸਕਾਰਜ ਹੋ ਜਾਣ। |
| ਇਨ ਕੋ ਉਪਜਨ ਆਦਿ ਪੁਰਖ ਤੇ<br>'ਉਤਪਤਿ' ਨਾਮ ਜਾਨੀਏ ਸੋਇ[1]। | [1]ਇਨ੍ਹਾਂ ਦਾ ਉਪਜਣਾਂ ਬ੍ਰਹਮ ਤੋਂ ਜਦ ਹੋਵੇ ਉਸ ਨੂੰ 'ਉਤਪਤੀ' ਕਹਿੰਦੇ ਹਨ। |
| [ਸਥਿਤੀ:-]<br>ਉਪਜਿ ਪ੍ਰਪੰਚ ਥਿਰੈ ਬਿਧਿ ਬਯ ਲਗ<br>ਇਸ ਕੋ ਨਾਮ 'ਸਥਿਤ[1]' ਤੂੰ ਜੋਇ। | [1]ਜਗਤ ਉਤਪਤ ਹੋਕੇ ਬ੍ਰਹਮਾਂ ਦੀ ਉਮਰਾ ਤਕ ਟਿਕਿਆ ਰਹਿੰਦਾ ਹੈ ਇਸ ਦਾ ਨਾਮ 'ਸਥਿਤੀ' ਹੈ। |
| [1]'ਸਥਿਤਿ ਅਵਾਂਤਰ'† ਭੇਦ ਜੁ ਬਿਧਿ | [1]ਅਵਾਂਤਰ ਇਸਥਿਤਿ' ਦਾ ਭੇਦ ਸੁਣੋ:-। †ਅਵਤਾਰ ਪ੍ਰਲੈ ਨੂੰ 'ਨੈਮਿੱਤਕ ਪ੍ਰਲੈ ਤੇ ਮਨਵੰਤਰ ਪ੍ਰਲੈ' ਬੀ ਕਹਿੰਦੇ ਹਨ। |
| ਨਿਸਦਿਨ 'ਬਿਧਿ ਪ੍ਰਲੈ' ਕਹੈਂ ਸਭਿ<br>ਕੋਇ[1] ॥੨੦॥ | [1]ਕਿ ਬ੍ਰਹਮਾ ਦੇ ਦਿਨ ਨੂੰ 'ਅਵਾਂਤਰ ਇਸਥਿਤੀ' ਕਹਿੰਦੇ ਹਨ ਤੇ ਬ੍ਰਹਮਾ ਦੀ ਰਾਤ ਨੂੰ 'ਅਵਾਂਤਰ ਪ੍ਰਲੈ' ਕਹਿੰਦੇ ਹਨ। |
| ਪੂਰਣ ਆਯੁ ਬ੍ਰਹਮਾ ਲੈ ਹੁਇ<br>ਦੁਤੀ ਪ੍ਰਲੈ ਸਭਿ ਕੋ ਛੈ ਜਾਨਿ[1]। | [1]ਦੂਜੀ ਪ੍ਰਲੈ ਇਹ ਹੈ ਕਿ ਜਿਸ ਵੇਲੇ ਬ੍ਰਹਮਾ ਦੀ ਆਯੂ ਪੂਰੀ ਹੋ ਜਾਵੇ ਸਭ ਦਾ ਨਾਸ਼ ਹੋ ਜਾਵੇਗਾ। |
| ਜਿਸ ਮਹਿਂ ਉਤਪਤਿ, ਸਥਿਤ ਨ ਪਰਲੈ,<br>ਤ੍ਰਿਤੀ ਹੋਤਿ ਹੈ 'ਪ੍ਰਲੈ ਗਯਾਨ[1]।' | [1]ਤੀਜੀ ਗਯਾਨ ਪ੍ਰਲੈ ਇਹ ਹੈ ਕਿ ਜਿਸ ਵਿਚ ਉਤਪਤੀ, ਇਸਥਿਤੀ, ਪ੍ਰਲੈ, ਤਿੰਨੇ ਨਹੀਂ ਹਨ। |
| ਮੁਕਤਿ ਕਾਲ ਅੱਦ੍ਵੈਤ ਅਖੰਡ ਇਕ<br>ਐਸੋ ਰੂਪ ਤਾਂਹਿ ਪਹਿਚਾਨ[1]। | [1]ਇਕ, ਅਦ੍ਵੈਤ, ਅਖੰਡ, ਐਸਾ ਰੂਪ ਕਰਕੇ ਉਸ ਨੂੰ ਪਹਿਚਾਨਣਾ 'ਮੁਕਤੀ ਕਾਲ' ਹੈ। (ਅ) ਜਿਸ ਨੇ ਐਸਾ ਪਹਿਚਾਨਿਆ ਉਹ ਕਾਲ ਤੋਂ ਮੁਕਤ ਹੋ ਗਿਆ। |
| ਜੌਂ ਲਗ ਵਿੱਦਯਾ ਗਯਾਨ ਨ ਉਪਜੈ<br>ਕਾਲ ਅਖੰਡ ਅਵਿੱਦਯਾ ਮਾਨ[1] ॥੨੧॥ | [1]ਜਦ ਤਕ (ਬ੍ਰਹਮ) ਵਿਦਯਾ ਦੁਆਰਾ ਗਿਆਨ ਨਹੀਂ ਉਪਜਦਾ ਉਸ ਕਾਲ ਤਕ ਅਵਿੱਦਯਾ ਨੂੰ ਅਖੰਡ ਮੰਨੋ। (ਅ) ਤਦ ਤਕ ਅਵਿੱਦਯਾ ਤੇ ਕਾਲ ਉਸਦੇ ਨਹੀਂ ਟੁੱਟਦੇ। |
| [1]ਸੰਚਿਤ, ਪਰਾਰਬਧ, ਕ੍ਰਿਯਮਾਣ ਜੁ | [1]ਜਦ ਤਕ ਗਯਾਨ ਨਹੀਂ ਤਦ ਤਕ ਸੰਚਤ ਪ੍ਰਾਰਬਧ ਕ੍ਰਿਯਮਾਨ ਤਿੰਨੇ ਕਰਮ ਹੈਨ, (ਤਦ ਤਕ ਹੀ) ਭੂਤ ਭਵਿੱਖਤ ਵਰਤਮਾਨ ਏਹ ਪ੍ਰਤਿਬੰਧ (ਰੁਕਾਵਟ) ਪਛਾਣਨੇ (ਗਯਾਨ ਪ੍ਰਾਪਤੀ ਵਿਚ। |
| ਤ੍ਰਿਧਾ ਕਰਮ ਜਾਵਤ ਨਹਿਂ ਗਯਾਨ। | |

ਭੂਤ, ਭਵਿੱਖਜਤਿ, ਬਰਤਮਾਨ ਕੋ
ਇਹ ਪ੍ਰਤਿਬੰਧ ਲਏ ਪਹਿਚਾਨ[੧੧]।
ਤ੍ਰਿਗੁਣੀ ਮਾਯਾ ਲਿਏ ਚੈਤੰਨ ਮਹਿੰ
ਜੀਵ ਸੁਭਾਗ ਗ੍ਯਾਨ ਬਿਨ ਜਾਨ[1]।

[1]ਤ੍ਰਿਗੁਣੀ ਮਾਯਾ ਜਦ ਚੇਤਨ ਨੇ ਆਪਣੇ ਵਿਚ ਲੈ ਲਈ ਤਦ ਗ੍ਯਾਨਹੀਨ ਹੋਕੇ ਜੀਵ ਸੁਭਾਵ ਵਾਲਾ ਹੋ ਗਿਆ।

ਸਤ, ਰਜ ਤਮ ਗੁਣ ਤੀਨਹੁ ਤਬਿ ਲੌ
ਜਬਿ ਲੌ ਗ੍ਯਾਨ ਨ ਭਯੋ ਮਹਾਨ
॥੨੨॥
ਗੁਣ ਕੀ ਪਰਿਵਰਤਨ ਤੇ ਰਹਿਤਨ,
ਭਿੰਨ ਲਖਹਿ ਨਿਜ, 'ਨਿਰਗੁਣ' ਸੋਇ[1]।

[1]ਜਦ ਚੇਤਨ) ਗੁਣਾਂ ਦੀ ਪਰਵਿਰਤੀ ਤੋਂ ਰਹਿਤ ਹੈ ਤੇ ਆਪਣੇ ਆਪ ਨੂੰ ਭਿੰਨ ਲਖਦਾ ਹੈ ਤਦ ਤਕ ਉਹ 'ਨਿਰਗੁਣ' (ਕਹੀਦਾ) ਹੈ।

[1]ਜਬਹਿ ਤ੍ਰਿਗੁਨ ਮਹਿੰ ਚਿਤੰਨ ਅਪਨਿਪੌ

[1]ਜਦੋਂ ਚੇਤਨ ਆਪਣੇ ਆਪ ਨੂੰ ਅੱਗ੍ਯਾਨ ਕਰਕੇ ਤਿੰਨਾਂ ਗੁਣਾਂ ਵਿਚ ਜਾਣਦਾ ਹੈ ਤਦੋਂ ਉਹ 'ਸਰਗੁਣ' ਹੈ।

ਲਖਿ ਅੱਗ੍ਯਾਨ ਤੇ 'ਸਰਗੁਣ' ਹੋਇ।
[1]ਨਾਸ਼ਵੰਤ ਆਕਾਰ ਪਛਾਨਹੁ,

[1]ਆਕਾਰ ਨੂੰ ਨਾਸ਼ਵੰਤ ਜਾਣੋ ਤੇ ਨਿਰਾਕਾਰ ਨੂੰ ਅਬਿਨਾਸ਼ੀ ਜਾਣੋ।

ਨਿਰਾਕਾਰ ਅਬਿਨਾਸ਼ੀ ਜੋਇ।
ਕਵੀ ਸੰਤੋਖ ਸਿੰਘ, ਕਹਿੰ ਸਤਿਗੁਰ ਜੀ
ਸਾਰ ਗ੍ਰਹਣ ਬਿਨ ਸਾਰ ਸਖੋਇ[1]
॥੨੩॥

[1]ਸਤਿਗੁਰ ਜੀ ਕਹਿੰਦੇ ਹਨ ਕਿ ਆਤਮਾ ਨੂੰ ਗ੍ਰਹਿਣ ਕੀਤੇ ਬਿਨ ਤੱਤ ਨੂੰ ਖੋ ਲੈਂਦਾ ਹੈ।

ਚੌਪਈ:

[1]ਤਨ, ਇੰਦ੍ਰੈ, ਮਨ, ਪ੍ਰਾਣ ਅਨਾਤਮ।

[1]ਤਨ, ਇੰਦ੍ਰੇਂ, ਮਨ, ਪ੍ਰਾਣ (ਸਭ) ਅਨਾਤਮਾ ਹਨ, (ਇਸ) ਅਨਾਤਮਾ ਨੂੰ ਤੂੰ ਜੋ ਅਪਨਪੌ (ਆਪਣਾ ਆਪ) ਜਾਣਦਾ ਹੈਂ, ਲਖ ਲੈ ਕਿ (ਇਹ ਸਾਰਾ) ਆਕਾਰ ਵਾਲਾ ਅਗ੍ਯਾਨ ਦੇ ਹਨੇਰੇ ਸੰਯੁਕਤ ਹੈ, (ਕੇਵਲ) ਸਾਖੀ ਆਤਮਾ ਨਿਰਾਕਾਰ ਬ੍ਰਹਮ ਹੈ, ਅਥਵਾ ਬ੍ਰਹਮਾਤਮਾ ਨਿਰਾਕਾਰ ਤੇ ਸਾਖੀ ਰੂਪ ਹੈ।

ਲਖਹੁ ਅਕਾਰ ਅੱਗ੍ਯਾਨ ਸਹਿਤ ਤਮ।
ਨਿਰੰਕਾਰ ਸਾਖੀ ਬ੍ਰਹਮਾਤਮ।
ਅਪਨਪੌ ਜਾਨਹਿ ਜੁ ਅਨਾਤਮ[੪†]
॥੨੪॥

[†]ਪਾ:-ਜੋ ਆਤਮ।

ਸੋਰਠਾ:
[1]ਚਿਤ ਬ੍ਰਹਮ ਨਿਜ ਲਖਿ ਨਾਂਹਿ

ਸੋ ਅਕਾਰ ਨਿਰਕਾਰ ਨਹਿਂ।

[1]ਤੂੰ ਆਪ ਨੂੰ ਚੇਤਨ ਬ੍ਰਹਮ ਨਹੀਂ ਲਖਿਆ ਉਹ ਤਾਂ ਨਿਰਅਕਾਰ ਤੇ ਨਿਰਕਾਰਣ ਹੈ, (ਜਦ) ਤੂੰ ਆਪ ਹੀ ਵਿਸਰ ਗਿਆ ਹੈਂ ਤਦੇ ਹੀ ਤਾਂ ਤੂੰ ਆਪਣਾ ਆਪ (ਸਹੀ) ਨਹੀਂ ਕੀਤਾ। [ਅਕਾਰ ਨਿਰਕਾਰ ਨਹਿ। 'ਨਿਰ' ਦੇਹੁਰੀ ਦੀਪਕ ਹੈ। ਅਕਾਰਨਿਰ+ਨਿਰਕਾਰਨਹਿ]। (ਅ) ਅਕਾਰ ਨਿਰਕਾਰਨਹਿਂ ਨੂੰ 'ਅਕਾਰ ਨਿਰਕਾਰ ਨਹਿਂ' ਪੜ੍ਹਕੇ ਅਰਥ ਕਰਦੇ ਹਨ ਉਹ ਨਾ ਆਕਾਰ ਵਾਲਾ ਹੈ ਨਾ ਨਿਰ ਅਕਾਰ ਹੈ।

ਕਿਯੋ ਅਪਨਪੌ ਨਾਂਹਿ

ਬਿਸਰ ਪਰਜੋ ਜੋ ਆਪ ਹੀ ॥੨੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਵਿਚਾਰ ਨਿਰਨੈ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋ ਅੰਸੂ ॥੪੪॥

## ੪੫. [ਵੇਦਾਂਤ ਵਿਚਾਰ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

[ਗੁਰੂ:-][†]

। [†]ਗੁਰਮਤ ਵਿਚ ਗੁਰੂ ਦਾ ਕੀ ਦਰਜਾ ਹੈ'? ਅਗਲੇ ਅੰਸੂ ਵਿਚ ਦੱਸਣਗੇ।

[1]ਈਸ਼ਰ ਮੂਰਤ ਗ੍ਯਾਨ ਕੀ, ਸਿਖ ਸੰਸਾਰ ਤੇ ਪਾਰ।
ਸੋ ਸਤਿਗੁਰ ਉੱਤਮ ਅਧਿਕ, ਇਤਰ ਗੁਰੂ ਵਿਵਹਾਰ[੬] ॥੧॥

[1]ਸਿਖ ਨੂੰ ਸੰਸਾਰ ਤੋਂ ਪਾਰ ਕਰਨੇ ਵਾਲਾ ਉਹ ਸਤਿਗੁਰੂ ਅਧਿਕ ਉੱਤਮ ਹੈ ਜਿਸ ਵਿਚ (ਬ੍ਰਹਮ) ਗ੍ਯਾਨ ਦੀ ਇਸਥਿਤੀ ਹੈ ਉਹ ਈਸ਼੍ਵਰ ਮੂਰਤੀ ਹੈ। ਹੋਰ ਗੁਰੂ ਵਿਵਹਾਰ (ਮਾਤ੍ਰ) ਹਨ। (ਜਿਨ੍ਹਾਂ ਅਰਥਾਂ ਵਿਚ ਗੁਰੂ ਪਦ ਦਸਾਂ ਪਾਤਸ਼ਾਹੀਆਂ ਨਾਲ ਵਰਤੀਂਦਾ ਹੈ ਉਹ ਅਰਥ ਏਥੇ ਨਹੀਂ। ਸ਼ਾਸਤ੍ਰੀ ਲੋਕ 'ਗੁਰੂ' ਪਦ ਆਮ ਉਸਤਾਦ ਦੇ ਅਰਥਾਂ ਵਿਚ ਵਰਤਦੇ ਹਨ, ਚਾਹੋ ਕਿਸੇ ਵਿਦ੍ਯਾ ਦਾ ਉਸਤਾਦ ਹੋਵੇ)।

ਚੌਪਈ:

[ਸਿੱਖ:-][†]

[†]ਗੁਰੂ, ਸਿੱਖ, ਉਪਦੇਸ਼ ਆਦਿਕ ਸਿਰਨਾਮੇਂ ਪਾਠਕਾਂ ਦੇ ਸੁਖ ਲਈ ਅਸੀਂ ਦੇ ਰਹੇ ਹਾਂ ਇਸ ਕਰਕੇ ਇਨ੍ਹਾਂ [ ] ਨਿਸ਼ਾਨਾਂ ਦੇ ਵਿਚ ਦਿੱਤੇ ਹਨ।

ਬਿਬੇਕ$_{੧}$, ਵਿਰਾਗ$_{੨}$, ਮਮੁਖਤਾ$_{੩}$[1], ਤੀਨ।
[1]ਖਟਧਾ$_{੪}$ ਚਤੁਰਥ, ਸਮ$_{੧}$, ਦਮ$_{੨}$, ਚੀਨ।
ਉਪਰਤਿ$_{੩}$, ਤਤਿੱਖ੍ਯਾ$_{੪}$, ਸ਼ਰਧਾ$_{੫}$, ਕਰੈ[੧]।
ਸਮਾਧਾਨ$_{੬}$, ਚਾਤੁਸ਼ਟੈ ਧਰੇ[1] ॥੨॥

[1]ਮੋਖ ਦੀ ਇੱਛਾ।

[1]ਚੌਥੇ ਖਟਸੰਪੱਤੀ ਜੋ ਇਹ ਹੈ:-ਸਮ, ਦਮ, ਉਪ੍ਰਤਿ, ਤਤਿੱਖ੍ਯਾ, ਸ਼ਰਧਾ, ਸਮਾਧਾਨ। ਸੂਚਨਾ-ਵੇਰਵਾ ਦੇਖੋ ਅੱਗੇ ਅੰਕ ੩੦ ਤੋਂ ੩੪ ਤਕ।

[1]ਜੋ ਇਹ ਚਾਰ (ਬਿਬੇਕ, ਵੈਰਾਗ, ਮੋਖ ਇੱਛਾ, ਖਟਸੰਪੱਤੀ) ਧਾਰੇ।

'ਸਿਖ' ਸੋਈ ਲਖ ਲਹਿ ਕੱਲ੍ਯਾਣ[1]।
ਅਪਰ ਦੇਹ ਪੋਖਨਿ ਕੇ ਜਾਨਿ[1]।

[1]ਉਹ ਸਿੱਖ ਹੈ ਤੇ ਜਾਣ ਲਓ ਕਿ ਉਹ ਕੱਲ੍ਯਾਨ ਨੂੰ ਪਾ ਲਵੇਗਾ।

[1]ਹੋਰ (ਸਿੱਖ) ਦੇਹ ਪਾਲਨਹਾਰੇ ਜਾਣੋ।

[ਉਪਦੇਸ਼:-]

[1]ਹੋਇ ਬਿਚਾਰ ਆਤਮਾ ਨਾਤਮ।
ਗ੍ਯਾਨ ਸਰੂਪ ਪਾਇ ਉਰ ਹਾਤਮ[੫] ॥੩॥

[1]ਜਿਸ ਵਿਚ) ਆਤਮਾ ਅਨਾਤਮਾ ਦਾ ਵਿਚਾਰ ਹੋਵੇ (ਅਤੇ) ਸਰੂਪ ਦੇ ਗ੍ਯਾਨ ਨੂੰ ਪਾਕੇ (ਅਗ੍ਯਾਨ) ਦਾ ਅੰਧੇਰਾ ਦਿਲ ਵਿਚੋਂ ਦੂਰ ਹੋ ਜਾਵੇ।

ਸਿਖ ਕੇ ਨਾਸ਼ਹਿਂ ਬੰਧ ਕਲੇਸ਼[1]।
ਤਿਸ ਕੋ ਨਾਮ ਭਨੈਂ 'ਉਪਦੇਸ਼।'

[1]ਜਿਸ ਨਾਲ) ਸਿੱਖ ਦੇ ਬੰਧਨ ਤੇ ਕਲੇਸ਼ੂ ਦੂਰ ਹੋ ਜਾਣ।

[ਦੀਖ੍ਯਾ:-]

[1]ਬਿਮਲ ਗ੍ਯਾਨ ਦੇ ਗੁਰ ਭਾਵ ਹਾਨਾ।

[1]ਜੋ ਨਿਰਮਲ ਗ੍ਯਾਨ ਗੁਰੂ ਦੇਕੇ ਜਨਮ ਮਰਨ ਤੇ ਸਾਰੇ

ਕਸਟ ਮਿਟਾ ਦੇਵੇ ਸੋ ਦੀਖਯਾ ਹੈ।

ਇਹ 'ਦੀਖਯਾ' ਸਭਿ ਕਸ਼ਟ ਮਿਟਾਨਾ ॥੪॥

[ਮੰਤ੍ਰ:-]

ਮੰਤ੍ਰ ਸ਼ਿਰੋਮਣਿ ਕਹਿਂ ਸਤਿਨਾਮ[1]।

[1]'ਸਤਿਨਾਮ' ਨੂੰ ਸ਼ਿਰੋਮਣ ਮੰਤ੍ਰ ਕਹਿੰਦੇ ਹਨ।

ਜਿਸ ਕੇ ਸਿਮਰਣ ਲਹਿ ਸੁਖ ਧਾਮ।

[ਅਥਵਾ:-]

[1]ਅੱਦ੍ਵੈਤ ਵਾਕ ਤੱਤ੍ਵੰਮਸਿ ਜੋਇ।

[1]ਅਦ੍ਵੈਤ ਵਾਕ 'ਤਤ ਤ੍ਵੰ ਅਸਿ' ਅਰਥਾਤ 'ਤੂੰ ਹੈਂ ਬ੍ਰਹਮ' ਸਿੱਖ ਸੁਣੇ।

ਤੂੰ ਹੈ ਬ੍ਰਹਮ ਸੁਨੈ ਸਿਖ ਸੋਇ੯ ॥੫॥

'ਅਹੰਬ੍ਰਮਾਸਮਿ' ਬਹੁਰ ਉਚਾਰੇ।

ਮਹਾਵਾਕਯ ਏਹ ਮੰਤ੍ਰ ਸੁ ਧਾਰੇ[1]।

[1]ਇਸ ਮਹਾਂ ਵਾਕ ਨੂੰ ਹੀ ਮੰਤ੍ਰ ਧਾਰਨ ਕਰੇ।

[ਵਰਣ:]

ਲਏ ਪ੍ਰਕਿਰਤਿ ਸਤਿਗੁਣ ਦ੍ਵਿਜ ਜਾਤਿ[1]।

[1]ਸਤੋਗੁਣ ਨੂੰ ਲੈ ਕੇ ਪ੍ਰਕ੍ਰਿਤੀ ਦਿਜ ਜਾਤੀ (ਉਤਪੰਨ ਕਰਦੀ ਹੈ)।

ਸਤ ਰਜ ਮਿਸ੍ਰਤ ਛੱਤ੍ਰੀ ਭਾਂਤਿ[1] ॥੬॥

[1]ਸਤ ਤੇ ਰਜ ਨੂੰ ਮਿਲਾਕੇ ਛੱਤ੍ਰੀਆਂ ਦੀ ਕਿਸਮ ਪੈਦਾ ਕਰਦੀ ਹੈ।

ਰਜ ਤਮ ਲਏ ਪ੍ਰਕ੍ਰਿਤ ਤਨ ਬੈਸ[1]।

[1]ਰਜੋ ਤੇ ਤਮੋ ਨੂੰ ਲੈਕੇ ਪ੍ਰਕ੍ਰਿਤੀ ਵੈਸ਼ ਸਰੀਰ ਪੈਦਾ ਕਰਦੀ ਹੈ।

ਤਮ ਪ੍ਰਕ੍ਰਿਤਿ ਤੇ ਸ਼ੂਦ੍ਰਨ ਹੈਸ[1]।

[1]ਪ੍ਰਕ੍ਰਿਤੀ ਨੇ ਤਮੋ ਨੂੰ ਲੈ ਕੇ ਸ਼ੂਦ੍ਰਾਂ (ਨੂੰ ਰਚਿਆ) ਹੈ।

ਤ੍ਰਿਗੁਣੀ ਪ੍ਰਕ੍ਰਿਤੀ ਚਾਰ ਵਰਣ ਗਣ[1]।

[1]ਤ੍ਰੈਗੁਣੀ ਪ੍ਰਕ੍ਰਿਤੀ ਤੋਂ ਚਾਰ ਵਰਣ (ਐਉਂ) ਗਿਣੀਂਦੇ ਹਨ।

ਇਕ ਇਕ ਬਰਣ ਮਹਿਂ ਚਾਰਹੁਂ ਬਰਣ[1] ॥੭॥

[1]ਪਰ (ਕਰਮਾਂ ਅਨੁਸਾਰ) ਇਕ ਇਕ ਵਰਣ ਦੇ ਚਾਰੋਂ ਵਰਣ ਬਣ ਸਕਦੇ ਹਨ।

ਅਥਵਾ ਵਰਣ ਦੋਇ ਇਸ ਢਾਲ[1]।

[1]ਯਾ ਵਰਨ ਦੋ ਹਨ ਜੋ ਇਸ ਤਰ੍ਹਾਂ ਹਨ:-

ਬ੍ਰਹਮਨ ਆਦਿ ਅੰਤ ਚੰਡਾਲ[1]।

[1]ਮੁੱਢਲਾ ਬ੍ਰਾਹਮਣ ਤੇ ਅੰਤਲਾ ਚੰਡਾਲ।

ਬ੍ਰਹਮ ਅਭਿਮਾਨੀ[1] ਬ੍ਰਹਮਣ ਕਹੀਏ।

[1]ਮੈਂ ਬ੍ਰਹਮ ਹਾਂ) ਐਸੀ ਨੇਸ਼ਟਾ ਵਾਲੇ ਨੂੰ।

ਤਨ ਅਭਿਮਾਨਿ ਚੰਡਾਲ ਸੁ ਲਹੀਏ[1] ॥੮॥

[1]ਤਨ ਦੇ ਅਭਮਾਨੀ ਨੂੰ ਚੰਡਾਲ ਸਮਝੀਏ।

ਬ੍ਰਹਮਣ ਸੋ ਜੋ ਬ੍ਰਹਮ ਜਾਨਾਤਿ[1]।

[1]ਜੋ ਬ੍ਰਹਮ ਨੂੰ ਜਾਣਦਾ ਹੈ।

ਬੇਦ ਗ੍ਰੰਥ ਭਾਖਤਿ ਬੱਖਯਾਤਿ[1]।

[1]ਵੇਦ ਤੇ ਸ੍ਰੀ ਗੁਰੁ ਗ੍ਰੰਥ ਜੀ ਆਖਦੇ ਹਨ ਪ੍ਰਗਟ।

[ਆਸ਼੍ਰਮ:]

ਆਸ਼੍ਰਮ ਬ੍ਰਹਮਚਾਰੀ ਚੱਤ੍ਰਾਸ।

ਗ੍ਰਹਸਥ ਬਾਨ ਪ੍ਰਸਥੰ ਸੰਨਯਾਸ[1] ॥੯॥

[1]ਆਸ਼੍ਰਮ ਚਾਰ ਹਨ- ਬ੍ਰਹਮਚਾਰੀ, ਗ੍ਰਹਸਥ ਬਾਨਪ੍ਰਸਥ ਤੇ ਸੰਨਯਾਸ।

[ਅਤਿ ਵਰਣਾਸ਼੍ਰਮ:–]

[1]ਉਲੰਘਹਿਂ ਵਰਣਾਸ਼੍ਰਮ ਅਭਿਮਾਨ।

[1]ਵਰਣਾਸ਼੍ਰਮ ਦੇ ਅਭਿਮਾਨ ਤੋਂ ਪਰੇ ਹੋ ਜਾਵੇ ਉਸ ਨੂੰ ਅਤਿ ਵਰਣਾਸ਼੍ਰਮ ਵਾਲਾ ਜਾਨ ਲਓ।

ਅਤਿ ਵਰਣਾਸ਼੍ਰਮਵਾਨ ਸੁ ਜਾਨ[2]।

ਅਤਿ ਵਰਣਾਸ਼੍ਰਮੀਯ ਬਿਭਚਾਰ ਨ[1]।

[1]ਅਤਿ ਵਰਨਾਸ਼੍ਰਮੀ ਉਹ ਹੈ ਜੋ ਅਨਿੰਨ ਹੈ ਭਾਵ ਬ੍ਰਹਮ ਭਾਵ ਛੱਡਕੇ ਹੋਰਥੇ ਨਹੀਂ ਜਾਂਦਾ।

[ਧਰਮ:–]

ਬ੍ਰਹਮਨਿਸ਼ਠ ਆਤਮ ਧ੍ਰਮ ਧਾਰਨ[1] ॥੧੦॥

[1]ਆਤਮਾ ਵਿਚ ਬ੍ਰਹਮ ਨੇਸ਼ਠਾ ਦਾ ਧਾਰਨਾ 'ਧਰਮ' ਹੈ।

[ਅਧਰਮ:–]

[1]ਧਰਮ ਆਤਮਾ ਤੇ ਜਬਿ ਹੀਨ।

[1]ਆਤਮਾ (ਨੇਸ਼ਠਾ ਰੂਪੀ) ਧਰਮ ਤੋਂ ਜਦ ਹੀਨ ਹੈ ਤੇ ਅਨਾਤਮ ਧਰਮ ਵਿਚ ਲੀਨ ਰਹਿੰਦਾ ਹੈ, ਇਸ ਨੂੰ ਅਧਰਮ ਵਰਣਨ ਕਰੀਦਾ ਹੈ।

ਰਹੈ ਅਨਾਤਮ ਧਰਮੰ ਲੀਨ।

ਇਹ ਅਧਰਮ ਕਰੀਜੈ ਬਰਣ[੫]।

[ਮਰਣ:–]

[1]ਸੱਤਿਨਾਮ ਸਿਮਰਣ ਨਹਿਂ ਮਰਣ ॥੧੧॥

[1]ਸੱਤਿਨਾਮ ਦਾ ਸਿਮਰਣ ਨਹੀਂ, ਇਹ ਮ੍ਰਿਤਯੂ ਹੈ, ਅਥਵਾ ਸਚਾਦਨੰਦ ਸਰੂਪ ਦਾ (ਆਤਮਾ ਰੂਪ ਕਰਕੇ) ਜੋ ਚਿੰਤਨ ਨਹੀਂ ਹੈ ਉਹੀ ਬੀ ਬੁਰੀ ਮ੍ਰਿਤਯੂ ਹੈ।

ਅਥਵਾ ਸਚੁਦਾਨੰਦ ਸਰੂਪ।

ਨਿਹ ਸਿਮਰਣ ਸੋ ਮਰਣ ਕੁਰੂਪ[੬]।

[ਜਨਮ:–]

ਸੱਤਿਨਾਮ ਲਿਵ ਅਹੰ ਬ੍ਰਹਮਾਸਮਿ।

ਇਸ ਵਿੱਦਯਾ ਕੀ ਉਤਪਤਿ ਜਨਮ[1] ॥੧੨॥

[1]ਜਨਮ ਕੀ ਹੈ?) ਸਤਿਨਾਮ ਵਿਚ ਲਿਵ ਜੁੜੀ ਹੋਵੇ (ਅਥਵਾ) ਅਹੰ ਬ੍ਰਹਮਾਸਿਮੀ (ਵਿਚ ਲਿਵ ਜੁੜੀ ਹੋਵੇ) ਇਸ ਵਿਦਯਾ ਦੀ ਜੋ ਉਤਪਤੀ ਹੈ, ਇਹ ਜਨਮ ਹੈ!

[ਬਿਖ, ਅੰਮ੍ਰਿਤ:–]

[1]ਹ੍ਵੈ ਸੰਸਾਰ ਕੀ ਪ੍ਰਾਪਤਿ ਜੋਇ।

[1]ਨਿਜ ਸਰੂਪ ਨੂੰ ਜੋ ਬਿਸਰ ਜਾਣਾ ਹੈ ਸੋ ਬਿਖ ਹੈ ਉਸ ਤੋਂ ਸੰਸਾਰ ਦੀ ਪ੍ਰਾਪਤੀ (ਜਨਮ ਮਰਣ) ਹੁੰਦਾ ਹੈ।

ਨਿਜ ਸਰੂਪ ਬਿਸਰਹਿ ਬਿਖ ਸੋਇ।

[1]ਹੁਇ ਜੁ ਗਯਾਨ ਤੇ ਸਫੁਰਣ ਸ੍ਵਰੂਪ।

[1]ਗਿਆਨ ਦੁਆਰਾ ਜੋ (ਨਿਜ) ਸਰੂਪ ਦੀ ਸਫੁਰਣਤਾ ਹੁੰਦੀ ਹੈ ਉਹ ਅੰਮ੍ਰਿਤ ਹੈ ਜਿਸਤੋਂ ਕੇਵਲ ਮੋਖ ਮਿਲਦੀ ਹੈ।

ਸੋਈ ਅੰਮ੍ਰਿਤ ਮੋਖ ਅਨੂਪ[੯] ॥੧੩॥

[ਗੁਣ, ਦੋਖ:–]

[1]ਬਿਨ ਬਿਵਹਾਰ ਆਤਮਾ ਦੇਖ।

[1]ਆਤਮਾ ਨੂੰ ਬਿਵਹਾਰ ਤੋਂ ਬਿਨਾ ਦੇਖਣਾ ਭਾਵ ਤ੍ਰਿਗੁਣਾਂਤੀਤ ਤੱਕਣਾ ਇਸ ਨੂੰ ਬੁਧੀਵਾਨ ਬੜਾ ਗੁਣ

ਦੇਖਦੇ ਹਨ।

ਇਹੀ ਬਡੋ ਗੁਣ ਸੁਮਤਿ ਪਰੇਖ।
ਤ੍ਰਿਗੁਣ ਸਮੇਤ ਆਤਮਾ ਪਿਖੇ†[1]।
[1]ਤਿੰਨਾਂ ਗੁਣਾਂ ਸਮੇਤ ਆਤਮਾ ਨੂੰ ਦੇਖੇ। †ਪਾ:-ਬਿਖੇ।

ਬਡੋ ਦੋਖ ਗ੍ਯਾਨੀ ਇਹ ਲਖੇ[1] ॥੧੪॥
[1]ਗ੍ਯਾਨੀ ਇਹ ਬਡਾ ਦੋਖ ਲਖਦੇ ਹਨ।

[ਜਸ, ਅਪਜਸ:-]

[1]ਗ੍ਯਾਨ ਭਏ ਤੇ ਜੀਵਨ ਮੁਕਤਿ।
[1]ਸ੍ਰੇਸ਼ਟ ਜਸ ਦੇ ਹੋਣ ਦੀ ਇਹੀ ਜੁਗਤ ਹੈ ਕਿ ਗਿਆਨ ਹੋਣ ਤੇ ਜੀਵਨ ਮੁਕਤ ਹੋਵੇ।

ਸੁਜਸ ਬਿਸਾਲ ਇਹੀ ਹੁਇ ਜੁਗਤਿ[13]।
[1]ਜੀਵਨ ਮੁਕਤਿ ਨ ਆਤਮ ਗ੍ਯਾਨ।
[1]ਬੜਾ ਭਾਰੀ ਅਪਜਸ ਉਹ ਹੈ ਕਿ ਆਤਮ ਗਿਆਨ ਪਾਕੇ ਜੀਵਨ ਮੁਕਤੀ ਨਾ ਹੋਵੇ। ਅਥਵਾ ਜੀਵਨ ਮੁਕਤੀ ਦੇਣੇ ਵਾਲਾ ਆਤਮਗ੍ਯਾਨ ਨਾ ਮਿਲੇ।

ਸੋਈ ਅਪਜਸ ਮਹਿਦ ਮਹਾਨ[14] ॥੧੫॥

ਦੋਹਰਾ:

[ਪੰਡਤ ਸੰਤ:-]

[1]ਬੁੱਧਿ ਰਹਹਿ ਬ੍ਰਹਮਭਾਵ ਮਹਿਂ,
[1]ਬ੍ਰਹਮਾ ਆਦਿਕਾਂ ਤੋਂ ਲੈ ਕੇ ਸ਼ੇਸ਼ਨਾਗ ਤਕ (ਭਾਵ ਅਕਾਸ਼ ਵਾਸੀਆਂ ਤੋਂ ਲੈਕੇ ਪਾਤਾਲ ਵਾਸੀਆਂ ਤਕ) ਬੁੱਧੀ ਬ੍ਰਹਮਭਾਵ ਵਿਚ ਰਹੇ, ਏਕਤਾ ਵਿਚ ਨਿਸ਼ਚਾ ਪਕਾ ਲਵੇ ਉਹੀ ਪੰਡਤ ਹੈ ਓਹੀ ਸੰਤ ਹੈ।

ਬ੍ਰਹਮਾਦਿ ਸ਼ੇਖ ਪਰਯੰਤ।
ਇਕਤਾ ਮਹਿ ਨਿਸ਼ਚਾ ਲਹੈ,
ਸੋਈ ਪੰਡਤਿ, ਸੰਤ ॥੧੬॥

ਚੌਪਈ:

[ਰੋਗੀ, ਅਰੋਗੀ:-]

[1]ਹੰ ਮਮਤਾ ਅਭਿਮਾਨੀ ਥੀਵ।
[1]ਜੋ ਸੰਸਾਰੀ ਜੀਵ ਦਾ ਅਹੰਤਾ ਮਮਤਾ ਕਰਕੇ ਅਭਿਮਾਨੀ ਹੈ ਸੋ ਰੋਗੀ ਹੈ।

ਰੋਗੀ ਸੋ ਸੰਸਾਰੀ ਜੀਵ[2]।
ਅਹੰ ਮਮਤਾ ਭਿਮਾਨ ਤੈ ਹੀਨ।
ਗ੍ਯਾਨ ਸਰੂਪ ਅਰੋਗੀ ਚੀਨ ॥੧੭॥
ਬੁੱਧਿ ਅਨਾਤਮ ਮਹਿਂ ਸੋ ਰੋਗੀ।
ਬ੍ਰਹਮਬੁੱਧਿ ਤਿਹ ਜਾਨ ਅਰੋਗੀ[1]।
[1]ਜਿਸਦੀ ਬੁੱਧੀ ਬ੍ਰਹਮ ਵਿਚ ਹੈ ਸੋ ਅਰੋਗੀ ਹੈ।

[ਧਨੀ ਨਿਰਧਨੀ:-]

ਆਤਮਧਨ ਪ੍ਰਾਪਤ ਸੋ ਧਨੀ।
ਬਿਨ ਆਤਮ ਪਾਏ[1] ਨਿਰਧਨੀ ॥੧੮॥
[1]ਆਤਮਾ ਪਾਏ ਤੋਂ ਬਿਨਾਂ।

[ਨਿਸ਼ਕਾਮਤਾ:-]

ਜਗਜਾਸੀ ਨਰ ਚਹੈ ਜੁ ਸ਼ੇਯ[1]।
 [1]ਕਲਜਾਣ।
ਉੱਤਮ ਕਰਮ ਕਰੈ ਹਿਤ ਦੇਯ[1]।
 [1]ਪ੍ਰੇਮ ਨਾਲ।
ਨਹਿਂ ਅਭਿਲਾਖਾ ਫਲ ਕੀ ਕਰੈ।
ਹੁਇ ਨਿਸ਼ਕਾਮ ਬ੍ਰਿਤ ਦ੍ਰਿਢ ਧਰੈ ॥੧੯॥

[ਪੰਚਕਰਮ:-]

ਕਰਿਬੇ ਕਰਮ ਪੰਚ ਪਰਕਾਰ।
ਇਕਤੌਂ 'ਨਿੱਤ ਕਰਮ[੧]' ਹਿਤ ਧਾਰ।
ਮੱਜਨ[1] ਗੁਰਬਾਣੀ ਕੋ ਪਠਨਾ।
 [1]ਇਸ਼ਨਾਨ ਕਰਕੇ।
ਸੰਧਜਾਦਿਕ ਸੱਤਿਨਾਮ ਮੁ ਰਟਨਾ ॥੨੦॥
ਸ਼੍ਰਾਧ ਆਦਿ 'ਨੈਮਿੱਤਜਕ[੨]' ਅਹੈਂ[1]।
 [1]ਸ਼੍ਰਾਧ ਆਦਿ ਨੈਮ੍ਰਿੱਤਕ ਕਰਮ ਹਨ।
ਕਿਹ ਨਮਿੱਤ ਤੇ ਕਰਨ ਜੁ ਲਹੈ[1]।
 [1]ਜੋ ਕਿਸੇ ਨਮਿੱਤ ਕਰਕੇ ਕਰਨਾ ਬਣਦਾ ਹੈ।
'ਪ੍ਰਾਸ਼ਚਿਤਾਦਿਕ[੩]' ਤ੍ਰਿਤੀਓ ਧਰੈਂ[1]।
 [1]ਪ੍ਰਾਸਚਿਤ ਆਦਿ (ਜੋ ਪਾਪ ਉਤਾਰਣ ਲਈ ਕਰੀਦੇ ਹਨ) ਤੀਜੇ ਹਨ।
ਬਰਤ ਚੰਦ੍ਰਾਇਣਾਦਿ ਜੇ ਕਰੈਂ[1] ॥੨੧॥
 [1]ਚੰਦ੍ਰਾਇਣ ਆਦਿ ਵਰਤ ਜੋ ਰੱਖੀਦੇ ਹਨ।
ਚਤੁਰਥ ਹੈ 'ਉਪਾਸਨਾ[੪]' ਰੂਪ।
ਪੂਜਨ ਅਪਨੋ ਇਸ਼ਟ ਅਨੂਪ।
ਇਹ ਚਾਰਹੁਂ ਸ਼ੁਭ ਕਰੈ ਸਦੀਵ।
ਹੁਇ ਨਿਸ਼ਕਾਮ ਭਲੇ ਨਿਰ ਨੀਵ[1] ॥੨੨॥
 [1]ਨੀਵਾਂ ਹੋਵੇ। (ਅ) ਨਿਰਣੈ ਕਰਕੇ।
ਪਰਮੇਸ਼ੁਰ ਕੈ ਸਤਿਗੁਰ ਪਾਸ।
ਅਰਪਹਿ ਸਕਲ ਕਰਮ ਨਿਰਜਾਸ।
ਕਰਮ ਪੰਚਮੋ 'ਨਿਖਿਧ[੫]' ਪਛਾਨ।
ਆਦਿਕ ਪਰ ਇਸਤ੍ਰੀ ਰਤਿ ਠਾਨਿ ॥੨੩॥
ਇਨ ਕੋ ਅੰਗੀਕਾਰ ਨ ਕਰੈ।
ਜੌ ਨਰ ਸ਼੍ਰੇਯ ਚਾਹ ਕੋ ਧਰੈ।
ਭਗਤਿ ਜੋਗ ਕਰਿ ਜਬਿ ਨਿਸ਼ਕਾਮ[1]।
 [1]ਨਿਸ਼ਕਾਮ ਭਗਤੀ ਜੋਗ ਕਰਕੇ।
ਸ਼ੁਧ ਅੰਤਹਕਰਣ ਹੁਇ ਅਭਿਰਾਮ ॥੨੪॥

| | |
|---|---|
| ਜਥਾ ਮਲੀਨ ਬਸਤ੍ਰ ਬਹੁ ਕਾਰੇ[1]। | [1]ਕਾਲੇ। |
| ਉੱਜਲ ਸਾਬਣ ਸਾਥ ਪਖਾਰੇ। | |
| ਇਮ ਉਪਾਇ ਤੇ ਮਨ ਸ਼ੁਧਿ ਜਬੈ। | |
| ਈਸ਼ ਪ੍ਰਸੰਨ ਹੋਤਿ ਹੈ ਤਬੈ ॥੨੫॥ | |
| [ਚਾਰ ਸਾਧਨ:-] | |
| ਚਾਰਹੁੰ ਸਾਧਨ[1] ਉਰ ਉਪਜਾਵੈ। | [1]ਵੈਰਾਗ, ਖਟ ਸੰਪੱਤੀ, ਮਮੋਖਸ਼ਾ। |
| ਸੁਧਰੇ ਖੇਤ ਅੰਨ ਜਿਮ ਪਾਵੈ[1†]। | [1]ਸੁਧਰੇ ਹੋਏ ਖੇਤ ਵਿਚ ਜਿਵੇਂ ਬੀ ਪਾਈਦਾ ਹੈ। †ਪਾ:-ਜਾਵੇ। |
| ਇਕ 'ਬੈਰਾਗ$_1$' ਫੁਰੈ ਮਨ ਐਸੇ। | |
| ਵਿਸ਼ਟਾ ਕਾਗ ਸੁਰਗ ਸੁਖ ਤੈਸੇ[1†] ॥੨੬॥ | [1]ਸੁਰਗ ਦੇ ਸੁਖ ਨੂੰ ਕਾਕ ਵਿਸ਼ਟਾ ਵਤ ਜਾਣੇ। †ਪਾ:-ਜੈਸੇ। |
| ਲੋਕ ਪ੍ਰਲੋਕ ਵਿਸ਼ਯ ਸੁਖ ਜੇਤੇ। | |
| ਬਮਨ[1] ਸਮਾਨ ਨ ਭਾਵੈਂ ਤੇਤੇ। | [1]ਉਲਟੀ, ਕੈ। |
| ਤੱਤ ਮਿਥਿਆ ਕੋ ਫੁਰੈ ਬਿਚਾਰ[1]। | [1]ਤੱਤ ਤੇ ਮਿਥਿਆ ਦਾ ਵਿਚਾਰ ਫੁਰੇ। |
| ਸਾਧਨ ਦੁਤਿਯ ਬਿਬੇਕ ਉਚਾਰ ॥੨੭॥ | |
| ਰੂਪ ਜਥਾਰਥ ਆਤਮ[1] ਜਾਨੇ। | [1]ਆਤਮਾ ਦਾ ਯਥਾਰਥ ਰੂਪ। |
| ਸਦਾ ਸੱਤ ਹੈ ਤੱਤ ਪਛਾਨੈ। | |
| ਸਾਚ ਝੂਠ ਹ੍ਵੈ ਇਕ ਹੀ ਬਿਖੈ[1]। | [1]ਇਕ ਪਦਾਰਥ ਵਿਚ। |
| ਮਿਥਿਆ ਨਾਮ ਇਸੀ ਕੋ ਲਖੈ ॥੨੮॥ | |
| ਜਬਿ ਅਧਿਸ਼ਟਾਨ ਸਾਚ ਕਰਿ ਜਾਨਾ। | |
| ਤਿਸ ਮਹਿਂ ਕਲਪਤਿ ਝੂਠ ਪਛਾਨਾ। | |
| ਰਜੁ ਮਹਿਂ ਸਰਪ, ਸੀਪ ਮਹਿਂ ਰੂਪਾ[1]। | [1]ਚਾਂਦੀ। |
| ਭੂਖਨ ਹੇਮ ਬਿਖੈ ਅਨਰੂਪਾ[1] ॥੨੯॥ | [1]ਭਾਵ ਸੋਨੇ ਵਿਚ ਗਹਿਣੇ ਭਾਵਨਾ ਕਰਨਾ। |
| ਤਿਮ ਆਤਮ ਸਭਿ ਰੂਪ ਮਝਾਰਾ। | |
| ਦੇਹਾਦਿਕ ਪਰਪੰਚ ਪਸਾਰਾ। | |
| ਇਮ ਤਤ ਮਿਥਿਆ ਕਰਨ ਵਿਚਾਰ[1]। | [1]ਦੀ ਵਿਚਾਰ ਕਰਨੀ। |
| ਸਾਧਨ ਦੁਤਿਯ 'ਬਿਬੇਕ$_2$' ਬਿਚਾਰ ॥੩੦॥ | |
| [1]ਜਿਤਿਕ ਬਾਸਨਾ ਮਨ ਮਹਿਂ ਜੋਇ। | [1]ਤੀਸਰੀ ਖਟ ਸੰਪਦਾ ਚੱਲੀ)। |
| ਤਜਾਗਣ ਤਿਨਹੁ ਨਾਮ 'ਸਮ$_1$' ਹੋਇ[1]। | [1]ਤਜਾਗਣ ਦਾ ਨਾਮ ਹੈ 'ਸਮ'। |

ਬਿਸ਼ਿਯਨਿ ਸਭਿ ਤੇ ਰੁਕੈ ਰਿਖੀਕ[1]।
ਇਹ 'ਦਮ੨' ਨਾਮ ਕਹੈਂ ਮਤਿ ਨੀਕ ॥੩੧॥
ਪ੍ਰਾਪਤਿ ਭਏ ਆਨ ਕਰਿ ਬਿਸੈ।
ਫੁਰੈ ਨ ਤ੍ਰਿਸ਼ਨਾ ਮਨ ਮਹਿਂ ਜਿਸੈ।
ਅੰਗੀਕਾਰ ਨ ਕਰਿਬੇ ਭਾਵੈਂ।
ਨਾਮ 'ਉਪਰਤਿ੩', ਇਸੀ ਕੋ ਗਾਵੈਂ ॥੩੨॥
ਸੀਤ ਉਸ਼ਨ ਆਦਿਕ ਦੁਖ ਸਾਰੇ।
ਸਹੈ 'ਤਤਿੱਖਯਾ੪' ਨਾਮ ਉਚਾਰੇ।
ਇਸ਼ਟ ਦੇਵ ਮਹਿਂ ਰਿਦੈ ਲਗਾਇ।
'ਸਮਾਧਾਨ੫' ਇਸ ਨਾਮ ਕਹਾਇ ॥੩੩॥
ਗੁਰੂ ਬਚਨ ਪਰ ਸਾਚ ਪ੍ਰਤੀਤ।
'ਸ਼ਰਧਾ' ਨਾਮ ਕਹੈਂ ਸੁਧ ਚੀਤ।
ਖਸ਼ਟ ਸੰਪਦਾ ਭਨੀ ਸੁਨਾਇ।
ਸਾਧਨ ਤ੍ਰਿਤੀ ਰਿਦੇ ਹੁਇ ਆਇ[1] ॥੩੪॥
[1]ਛੁਧਿਤਿ ਤ੍ਰਿਖਤਿ ਕੋ ਅੰਨ ਰੁ ਪਾਨੀ।
ਇਨ ਬਿਨ ਨਹਿਂ ਭਾਵੈ ਕੁਛ ਪ੍ਰਾਨੀ।
ਤਥਾ ਆਤਮਾ ਪ੍ਰਾਪਤਿ ਕਾਂਖਾ੧੩।
ਨਾਮ 'ਮੁਮੁਖਤਾ' ਇਸ ਕੋ ਭਾਖਾ ॥੩੫॥
ਜਬਿ ਏ ਚਾਰੋਂ ਸਾਧਨ ਪਾਏ।
ਸਤਿਗੁਰ ਸ਼ਰਣਿ ਰਹਹਿ ਅਧਿਕਾਏ।
[ਬ੍ਰਹਮ ਨੇਸ਼੍ਰੀ ਤੇ ਬ੍ਰਹਮ ਸ਼੍ਰੋਤ੍ਰੀ ਗੁਰੂ:-]
ਸ਼੍ਰੋਤੀ ਬ੍ਰਹਮ ਨਿਸ਼ਠੀ ਗੁਰ ਪੂਰਾ।
ਤਿਸ ਤੇ ਲਹੈ ਪਰਮ ਪਦ ਸੂਰਾ ॥੩੬॥

[1]ਸਾਰੇ ਵਿਸ਼ਿਆਂ ਤੋਂ ਇੰਦ੍ਰੀਆਂ ਨੂੰ ਰੋਕਣਾ।

[1]ਤੀਸਰਾ ਸਾਧਨ ਹਿਰਦੇ ਵਿਚ ਪ੍ਰਗਟ ਹੋ ਆਵੇ (ਇਨ੍ਹਾਂ ਛਿਆਂ ਨੂੰ ਇਕ ਸਾਧਨ ਗਿਣਿਆ ਜਾਂਦਾ ਹੈ)।

[1](ਜਿਵੇਂ) ਭੁੱਖੇ ਤਿਹਾਏ ਪ੍ਰਾਣੀ ਨੂੰ ਅੰਨ ਪਾਣੀ ਦੀ ਐਨੀ ਇੱਛਾ ਹੁੰਦੀ ਹੈ ਕਿ ਇਨ੍ਹਾਂ ਬਿਨਾਂ ਕੁਛ ਭਾਉਂਦਾ ਨਹੀਂ, ਉਸ ਜਿਹੀ ਆਤਮਾ ਦੀ ਪ੍ਰਾਪਤੀ ਦੀ ਇੱਛਾ (ਤੀਬਰ) ਹੋਵੇ।

[1]ਕੇਵਲ ਸ਼੍ਰੋਤ੍ਰੀ ਤੇ ਕੱਲਜਾਨ।

[1]ਕੇਵਲ (ਬ੍ਰਹਮ) ਸ਼੍ਰੋਤ੍ਰੀ ਹੋਵੇ ਤਾਂ (ਸ਼ਾਸਤ੍ਰਾਂ ਦਾ) ਗਿਆਨ (ਤਾਂ ਮਿਲ ਜਾਂਦਾ ਹੈ ਪਰ) ਕਲਜਾਨ ਨਹੀਂ ਹੁੰਦੀ ਤੇ ਨਾ ਹੀ ਦੁਖ ਦੂਰ ਹੁੰਦੇ ਹਨ।

ਪਾਇ ਗਜਾਨ ਨਹਿਂ ਹ੍ਵੈ ਦੁਖ ਹਾਨ[1]।

[1]ਦੇਖੋ ਪਿਛਲਾ ਪ੍ਰਯਾਯ ਅੰਕ ੧੪।

ਕੇਵਲ ਬ੍ਰਹਮ ਨਿਸ਼ਟ ਥੇ ਨਾਂਹੀ[1]।

[1]ਕੇਵਲ ਬ੍ਰਹਮ ਨੇਸ਼ਠੀ ਤੋਂ ਵੀ ਨਹੀਂ ਹੋਵੇਗੀ (ਕੱਲਜਾਨ)।

ਇਸ ਪਰ ਜੁਗਤ ਸੁਨਹੁ ਸ਼੍ਰੁਤਿ ਮਾਂਹੀ ॥੩੭॥

ਬੇਦ ਸ਼ਾਸਤ੍ਰ ਸਭਿ ਹੀ ਪਢਿ ਲਹਯੋ।
ਬ੍ਰਹਮ ਸਾਖਜਾਤਕਾਰ ਨਹਿਂ ਭਯੋ।
ਸੋ ਸ਼੍ਰੋਤ੍ਰੀ[1] ਸੰਸੇ ਕਰਿ ਦੂਰ[2]।

[1]ਬ੍ਰਹਮ ਸ੍ਰੋਤ੍ਰੀ। [2]ਦੂਰ ਕਰਦਾ ਹੈ।

ਹੋਇ ਨ ਅਨੁਭਵ ਆਤਮ ਪੂਰ[1] ॥੩੮॥

[1]ਪੂਰਨ ਆਤਮਾ ਦਾ ਅਨੁਭਵ ਨਹੀਂ ਹੁੰਦਾ ਉਸਤੇ।

ਸਰਿਤਾ ਪਾਰ ਉਤਰਨੇ ਹਾਰ।
ਆਇ ਪਿਖਯੋ ਅੰਧਾ ਕਰ੍ਣਧਾਰ[1]।

[1]ਅੰਨ੍ਹਾ ਮਲਾਹ।

ਪਾਰ ਕਰਾਰ ਦ੍ਰਿਸ਼ਟਿ ਨਹਿਂ ਆਵੈ[1]।

[1]ਪਾਰ ਦਾ ਕਿਨਾਰਾ ਉਸਨੂੰ ਨਹੀਂ ਦਿੱਸਦਾ।

ਆਪ ਤਰੈ ਨਹਿਂ ਅਪਰ ਤਰਾਵੈ ॥੩੯॥

ਪਿੰਗ ਗੁੰਗ ਹੈ ਕੇਵਟ ਦੂਜਾ।
ਸੋ ਭੀ ਮਿਲੇ ਨ ਕਾਰਜ ਪੂਜਾ[1]।

[1]ਪੁੱਜਦਾ।

ਬ੍ਰਹਮ ਨਿਸ਼ਟ ਤੌਂ ਕਿਮ ਹੁਇ ਗਯੋ[1]।

[1]ਕਿਸੇ ਤਰ੍ਹਾਂ ਹੋ ਗਿਆ ਹੈ।

ਬੇਦ ਸ਼ਾਸਤ੍ਰ ਕੋ ਲਖਤਿ ਨ ਭਯੋ ॥੪੦॥

ਸੋ ਭੀ ਦੇਯ ਨ ਸਕਹੀ ਸ਼੍ਰੇਯ।
ਕਹਿਬੇ ਕੀ ਸਮਰਥ ਨ ਜੇਯ।
ਆਪ ਤਰਨਿ ਕੋ ਸਮਰਥ ਦੋਊ।
ਅਪਰ ਤਰਾਇ ਸਕਹਿਂ ਨਹਿਂ ਕੋਊ ॥੪੧॥

[1] 'ਯਾਂ ਤੇ ਸੁਨਹੁ ਖਾਲਸਾ ਸ਼੍ਰੋਨ!

[1]ਏਥੋਂ ਤਾਈਂ ਕਵੀ ਜੀ ਨੇ ਸ਼ਾਸਤ੍ਰਾਂ ਦੀਆਂ ਗੱਲਾਂ ਦੁਹਰਾ ਦੁਹਰਾ ਕੇ ਦੱਸੀਆਂ ਹਨ। ਹੁਣ ਅੱਗੋਂ ਜੋ ਕੁਛ ਆਵੇਗਾ ਉਸ ਵਿਚ ਗੁਰਮਤ ਦੀ ਝਲਕ ਦਿਖਾਉਣਗੇ।

ਹਮਰੇ ਗੁਰੂ ਸਕਲ ਗੁਨ ਭੌਨ।
ਸ਼੍ਰੋਤ੍ਰੀ, ਬ੍ਰਹਮਨਿਸ਼ਟੀ, ਹਿਤਕਾਰੀ[1]।

[1]ਜੋ ਪਿਆਰ ਕਰਨ ਵਾਲੇ ਹਨ. ਬ੍ਰਹਮ ਸ਼੍ਰੋਤ੍ਰੀ ਤੇ

ਬ੍ਰਹਮਨੇਸ਼ਠੀ ਬੀ ਹਨ।

ਕਰਹਿਂ ਕ੍ਰਿਪਾ ਤੇ ਸ਼੍ਰੇਯ ਹਮਾਰੀ[1] ॥੪੨॥

[1]ਕ੍ਰਿਪਾ (ਮਾਤ੍ਰ) ਨਾਲ ਸਾਡੀ ਕਲਜ਼ਾਨ ਕਰ ਦੇਂਦੇ ਹਨ।

ਇਸ਼ਟ ਦੇਵ ਭੀ ਇਹੀ ਹਮਾਰੇ।
ਸਤਿਗੁਰ ਰੂਪ ਪ੍ਰਤਾਪੀ ਭਾਰੇ।
ਅਹੈ ਜਗਤਪਤਿ ਕੇ ਅਵਤਾਰ[1]†।

[1]ਜਗਤ ਦੇ ਮਾਲਕ (ਰੱਬ) ਦੇ ਅਵਤਾਰ ਹਨ। †ਦਸੋ ਗੁਰੂ ਸਾਹਿਬ 'ਹਰਿ ਅਵਤਾਰ ਗੁਰੂ' ਹਨ, ਗੁਰਮਤ ਵਿਚ ਗੁਰੂ ਦੇ ਏਹ ਅਰਥ ਹਨ।
ਪੁ: ਜ: ਸਾਖੀ ਵਿਚ ਵਾਹਿਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ 'ਗੁਰ ਪਰਮੇਸੁਰ' ਆਖਿਆ ਹੈ। ਸ਼ਾਸਤ੍ਰਾਂ ਵਿਚ ਤੇ ਆਮ ਬੋਲੀ ਵਿਚ ਗੁਰੂ ਪਦ ਦਾ ਵਰਤਾਉ ਸਾਧਾਰਨ 'ਉਸਤਾਦ' ਅਰਥਾਂ ਵਿਚ ਹੈ। ਇਹ ਫਰਕ ਗਿਆਨੀਆਂ ਤੇ ਗੁਰ ਸਿੱਖਾਂ ਨੂੰ ਵਿਸਾਰਨਾ ਨਹੀਂ ਚਾਹੀਏ।

ਚਾਰ ਪਦਾਰਥ ਦੇਤਿ ਉਦਾਰ ॥੪੩॥
ਇਨ ਕੀ ਸ਼ਰਨ ਨ ਤਜਾਗਨ ਜੋਗ।
ਗ੍ਰਿਹਸਤ ਭੋਗ ਮਹਿਂ ਦੇਤੇ ਜੋਗ।
ਨਿਜ ਕਰੁਨਾ ਬਲ ਤੇ ਕਲਿਆਨ।
ਦੇਤਿ ਸਿੱਖ ਉਰ ਬ੍ਰਹਮ ਗਿਆਨ ॥੪੪॥
ਦਸ ਪਤਿਸ਼ਾਹ ਇਸੀ ਬਿਧਿ ਭਏ।
ਕੋਟਨ ਸਿੱਖ ਉਧਾਰਨਿ ਕਏ।
ਗੁਰੂ ਰੂਪ ਹ੍ਵੈ ਹਰਿ ਅਵਤਾਰ*।
ਤੁਮ ਕੋ ਪ੍ਰਾਪਤ ਭਏ ਉਦਾਰ ॥੪੫॥
ਭਲੇ ਭਾਗ ਅਪਨੇ ਮਨ ਜਾਨੋਂ।
ਇਨ ਕੋ ਸੰਗ ਸਦਾ ਤੁਮ ਠਾਨੋ।
ਤਨ ਮਨ ਅਰਪਹੁ ਬਨਿ ਕਰਿ ਦਾਸ।
ਜਗ ਸਾਗਰ ਉਬਰਹੁ ਅਨਯਾਸ[1]†' ॥੪੬॥

[1]ਨਿਰਯਤਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਵਿਚਾਰ' ਬਰਨਨੰ ਨਾਮ ਪੈਤੀਲਸਮੋ ਅੰਸੂ ॥੪੫॥

†ਪਿਛਲੇ ਸਾਧਨ ਕਵੀ ਜੀ ਨੇ ਭਾਈ ਦਯਾ ਸਿੰਘ ਜੀ ਦੀ ਜ਼ਬਾਨੀ ਪੁਰਾਣੇ ਸ਼ਾਸਤ੍ਰਾਂ ਦੇ ਮਤ ਅਨੁਸਾਰ ਕਥੇ ਸਨ, ਕੋਈ ਵਖ ਵਖ ਤੇ ਕੋਈ ਰਲਵੇਂ ਸਨ। ਹੁਣ ਗੁਰਮਤ ਦੇ ਸਾਧਨ ਦੱਸਣ ਲੱਗੇ ਹਨ। ਪਿਛਲੇ ਸਾਧਨ ਕੇਵਲ ਜਾਣਨੇ ਨਮਿੱਤ ਕਹੇ ਸਾਨੇ ਹੁਣ ਓਹ ਸਾਧਨ ਕਹਿਣ ਲਗੇ ਹਨ ਜੋ ਸਿੱਖਾਂ ਦੇ ਕਰਨੇ ਯੋਗ ਹਨ, ਸਾਧਨ ਕ੍ਰਮ ਅਨੁਸਾਰ ਦੱਸਣਗੇ। ਅਸੀਂ ਇਸ ਕਰਕੇ ਹਰ ਸਾਧਨ ਦੇ ਮੁੱਢ ਵਿੱਚ ਸਿਰਨਾਵਾਂ ਤੇ ਕਿਤੇ ਕਿਤੇ ਗੁਰਮਤ ਦੀ ਤੁਕ ਜਿਸ ਦੇ ਆਸ਼੍ਰਿਤ ਕਵੀ ਜੀ ਲਿਖਦੇ ਹਨ, ਦੇਣ ਦਾ ਯਤਨ ਕਰਾਂਗੇ।

## ੪੬. [ਗੁਰਮਤ ਦੇ ਸਾਧਨਾਂ ਦਾ ਵਰਣਨ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

[ਗੁਰੂ:-]

'ਐਸੇ ਸਤਿਗੁਰ† ਪਾਸ ਤੇ, ਲਹਤਿ ਜੀਵ ਕੱਲਜਾਨ।
ਜਸ ਦੇਖਤਿ ਅਧਿਕਾਰਿ ਜਨ, ਤਸ ਉਪਦੇਸ਼ ਬਖਾਨ[1] ॥੧॥

[1]ਗੁਰੂ ਜੀ ਦੇਖਦੇ ਹਨ ਜਨ ਦਾ ਜੈਸਾ ਅਧਿਕਾਰ ਤੈਸਾ ਉਪਦੇਸ਼ ਕਹਿੰਦੇ ਹਨ। †ਭਾਈ ਦਇਆ ਸਿੰਘ ਜੀ ਪਿਛਲੇ ਅੰਸੂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਦਸਾਂ ਸਤਿਗੁਰਾਂ ਨੂੰ 'ਹਰ ਗੁਰ ਅਵਤਾਰ' ਕਰਕੇ ਗੁਰੂ ਰੂਪ ਵਰਣਨ ਕਰਦੇ ਆਏ ਹਨ ਤੇ ਹੁਣ ਬੀ ਉਹੋ ਵਿਸ਼ਯ ਜਾਰੀ ਹੈ।

ਚੌਪਈ:

ਖਟ ਗੁਣ[1]† ਸਹਤਿ ਗੁਰੂ ਭਗਵਾਨ।
ਜਥਾ ਬਿਸ਼ਨੁ ਕੇ ਮਹਦ ਮਹਾਨ[1]। — [1]ਜਿਵੇਂ ਵਿਸ਼ਨੂੰ ਵਿਚ ਛੇ ਗੁਣ ਵਡੇ ਹਨ, ਪਰ (ਜੀਵਾਂ ਵਿਚ ਅਲਪ ਹੁੰਦੇ ਹਨ)।
ਯਾਂ ਤੇ ਨਿਜ ਸ਼ਕਤੀ ਤੇ ਲਖੈਂ[1]। — [1]ਯਾਂ ਤੇ ਜਾਣ ਲੈਂਦੇ ਹਨ (ਗੁਰੂ ਜੀ) ਆਪਣੀ ਸ਼ਕਤੀ ਨਾਲ।
ਗੁਨ ਅਵਗੁਨ ਜੱਗਜਾਸੀ ਬਿਖੈ ॥੨॥
ਜਥਾ ਜਰਾਹ[1] ਹੋਤਿ ਮਤਿਵੰਤਾ। — [1]ਨਾਈ, ਜ਼ਖ਼ਮਾਂ ਦੀ ਚੀਰ ਫਾੜ ਕਰਨ ਵਾਲਾ।
ਘਾਵ ਮਝਾਰ ਬਿਕਾਰ ਲਹੰਤਾ[1]। — [1]ਜ਼ਖਮ ਵਿਚ ਵਿਗਾੜ (ਜਦ) ਦੇਖਦਾ ਹੈ।
ਤੌ ਮੇਲਨ ਅਉਖਧ ਨਹਿਂ ਲਾਵੈ[1]। — [1]ਤਦ (ਜ਼ਖਮ) ਮੇਲਨ ਵਾਲੀ ਦਵਾਈ ਨਹੀਂ ਲਾਉਂਦਾ।
ਮੇਲੇ ਤੇ ਨਸੂਰ† ਰਹਿ ਜਾਵੈ ॥੩॥ — †ਪਾ:-ਕਸੂਰ।

ਟੂਟਯੋ ਅਸਥੀ[1] ਆਦਿ ਬਿਕਾਰ। — [1]ਟੁੱਟੀ ਹੱਡੀ।
ਤਿਸ ਕੋ ਪੂਰਬ ਲੇਤਿ ਨਿਕਾਰ।
ਪੁਨਹ ਘਾਵ ਮੇਲਤਿ ਸੁਖ ਦੇਤਿ।
ਕਾਚ ਜਰਾਹ ਹੋਤਿ ਦੁਖ ਹੇਤ[1]† ॥੪॥ — [1]ਦੁੱਖ ਦਾ ਕਾਰਨ ਬਣ ਜਾਂਦਾ ਹੈ।। †:-ਦੇਤਿ।

ਇਮ ਹਮਰੇ ਸਤਿਗੁਰ ਗੁਨਵੰਤੇ†। — †ਪਾ:-ਬੁਧਿਵੰਤੇ।

ਸਿਖ ਕੋ ਨੀਕੀ ਬਿਧਿ ਪਰਖੰਤੇ।
ਜਿਸ ਕਰਿ ਪਾਵਹਿਂ ਜਨ ਕਲਿਆਨ।
ਇਮ† ਉਪਦੇਸ਼ਤਿ ਹੈਂ ਹਿਤ ਠਾਨਿ ॥੫॥ — †ਪਾ:-ਤਿਮ।

[ਅਧਿਕਾਰੀ:-]

ਜਿਨ ਕੀ[1] ਬ੍ਰਿਤਿ ਸੁਖ ਦੁਖ ਮਹਿਂ ਭਾਰੀ[2]। — [1]ਜਿਨ੍ਹਾਂ (ਜੀਵਾਂ) ਦੀ। [2]ਭਾਰੀ (ਖਚਤ ਹੋਈ ਹੈ)।

ਰਾਗ ਦ੍ਵੈਖ ਕੇ† ਨਿਤ ਅਨੁਸਾਰੀ। — †ਪਾ:-ਤੇ।

ਸੁਤ ਬਿਤ ਆਦਿ ਪਦਾਰਥ ਸਾਰੇ।
ਇਨ ਹਿਤ ਬੈਸ ਬਿਤਾਇੰ ਬਿਚਾਰੇ[1] ॥੬॥ — [1]ਜੋ) ਵਿਚਾਰੇ (ਪੁਰਸ਼)।

[ਸੇਵਾ:-]† — †ਯਥਾ:- ਗੁਰਸਿੱਖੀ ਦਾ ਸਿੱਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ। [ਭਾ:ਗੁ:]

ਤਿਸ ਕੋ ਕਹੈਂ[1] ਕਰਹੁ ਧ੍ਰਮਕਾਰ। — [1]ਗੁਰੂ ਜੀ) ਕਹਿੰਦੇ ਹਨ।
ਸੇਵਹੁ ਸਿੱਖਨਿ ਦੇਹੁ ਅਹਾਰ।
ਜਥਾ ਸ਼ਕਤਿ ਦਿਹੁ ਛਾਦਨ[1] ਆਛੇ। — [1]ਕਪੜਾ।
ਚਾਂਪਹੁ ਪਗ, ਕਰੀਐ ਸਿਖ ਬਾਂਛੇ[1] ॥੭॥ — [1]ਸਿੱਖਾਂ ਦੀ ਇੱਛਾ ਅਨੁਸਾਰ ਕਰੋ।
ਮਰਦਨ ਕਰਿ ਇਸ਼ਨਾਨ ਕਰਾਵਹੁ†। — †ਪਾ:-ਸ਼ਨਾਨ ਕਰਵਾਵਹੁ।

ਬਸਤ੍ਰ ਪਖਾਰਹੁ ਸੁੱਧ ਬਨਾਵਹੁ।
ਹਾਂਕਹੁ ਪੌਨ ਸ੍ਵੇਦ[1] ਜਬਿ ਹੋਇ। — [1]ਮੁੜ੍ਹਕਾ।
ਝਾਰਹੁ ਪਨਹੀ, ਪਗ ਕੋ ਧੋਇ ॥੮॥
ਜੂਠੇ ਭਾਂਵਨਿ ਮਾਂਵਨ ਕਰਹੁ।
ਸੀਤਲ ਨੀਰ ਕੂਪ ਤੇ ਭਰਹੁ।
ਰਦਧਾਵਨ[1] ਕੋ ਅਰਪਹੁ ਆਨਿ। — [1]ਦਾਤਣਾਂ।
ਕਰਹ ਰਸੋਈ ਸੁੱਧ ਮਹਾਂਨ ॥੯॥
ਇੱਤਯਾਦਿਕ ਸੇਵਾ ਬਹੁ ਭਾਂਤਿ।
ਸਿੱਖਨ ਕੀ ਕੀਜਹਿ ਦਿਨ ਰਾਤਿ।
[ਗੁਰਬਾਣੀ:-]
ਸਤਿਗੁਰ ਗਿਰਾ ਸੀਖਿ ਨਿਤਿ ਪਠੋ[1]†। — [1]ਗੁਰਬਾਣੀ ਸਿੱਖ ਕੇ ਨਿਤ ਪੜ੍ਹੋ। †ਯਥਾ:-'ਪ੍ਰਭੁ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ [ਸੋਰ: ਮ: ੫]।

ਸੱਤਿਨਾਮ ਕਹੁ ਮੁਖ ਤੇ ਰਟੋ[1]† ॥੧੦॥ — [1]ਜਪੋ, ਉਚਾਰੋ। †ਜਪਿ ਜਨ ਸਦਾ ਸਦਾ ਦਿਨੁ ਰੈਣੀ ॥ [ਸੁਖਮਨੀ]।

ਨਿਜ ਨਿਜ ਧਰਮ ਰਹਹੁ ਸਵਧਾਨ।
[ਇਸ਼ਨਾਨ:-]

| | |
|---|---|
| ਬਡੀ ਰਾਤਿ ਤੇ ਕਰਿ ਅਸ਼ਨਾਨ†। | †ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ। [ਗਉ: ਵਾ: ਮ: ੪]। |
| [ਦਇਆ:-† ] | †ਪੁੰਨ ਦਾਨ ਕਾ ਕਰੇ ਸਰੀਰੁ ॥ ਪੁਨਾ:-ਧੌਲੁ ਧਰਮੁ ਦਇਆ ਕਾ ਪੂਤੁ ॥ |
| ਛੁਧਤਿ ਕਿ ਨਗਨ ਬਿਨਾ ਧਨ ਕੋਇ। | |
| ਦਿਹੁ ਭੋਜਨ ਛਾਦਨ ਤਿਸ ਜੋਇ ॥੧੧॥ | |
| ਦੇਖਿ ਦੁਖੀ ਕੇ ਦਇਆ ਉਪਾਵਹੁ। | |
| ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ। | |
| ਕਰਨ ਦਇਆ ਕੋ ਪੁੰਨ ਘਨੇਰਾ। | |
| ਦਇਆ ਕਰਤਿ ਹੁਇ ਬਡਿਹੁਂ ਬਡੇਰਾ ॥੧੨॥ | |
| ਜੇ ਜੇ ਬਡੇ ਦਯਾ ਉਰ† ਧਾਰੈਂ। | † :-ਸਭਿ। |
| ਮਨ ਕੋਮਲ ਤੇ ਕਸ਼ਟ ਨਿਵਾਰੈਂ। | |
| ਕਰਹਿਂ ਦੀਨ[1] ਕੋ ਸੁਖੀ ਬਿਸਾਲਾ। | [1]ਗ਼ਰੀਬ। |
| ਆਦਿ ਪ੍ਰਮੇਸ਼ੁਰ ਬਡੇ ਕ੍ਰਿਪਾਲਾ[1] ॥੧੩॥ | [1]ਪਰਮੇਸ਼ਰ ਤੋਂ ਆਦਿ ਲੈਕੇ ਸਾਰੇ ਵਡੇ ਕ੍ਰਿਪਾਲ ਹੋ ਜਾਂਦੇ ਹਨ। |
| [ਸਚੁ:-] | |
| ਸਚੁ ਬੋਲਹੁ ਸੁਖਿ ਦੇਤਿ ਬਡੇਰਾ†। | †ਸਚੁ ਸਭਨਾ ਹੋਇ ਦਾਰੂ। |
| ਤਜਹੁ ਕੂਰ ਦੁਖ ਦਾਯ ਘਨੇਰਾ। | |
| [ਮੈਤ੍ਰੀ ਭਾਵ:-] | |
| ਪਰ ਸੁਖਿ ਪਿਖਿ ਤਪਤਉ ਉਰ ਨਾਂਹੀ। | |
| ਪਾਪ ਬਿਅਰਥ ਹੋਤਿ ਸਿਰ ਤਾਹੀ ॥੧੪॥ | |
| ਇਕ ਤੌ ਰਿਦਾ ਤਪਹਿ ਦੁਖ ਪਾਵੈ। | |
| ਪਿਖਹੁ ਭਲੇ[1] ਕੁਛ ਹਾਥ ਨ ਆਵੈ। | [1]ਚੰਗੀ ਤਰ੍ਹਾਂ ਸਮਝ ਲਵੋ। |
| ਪੁਨ ਪਰਮੇਸ਼ੁਰ ਕੋਪ ਕਰੰਤਾ। | |
| -ਮੋਹਿ ਦਿਯੋ, ਪਿਖਿ ਏਹ ਜਰੰਤਾ[1]- ॥੧੫॥ | [1]ਕਿ ਮੇਰੇ ਦਿਤੇ ਨੂੰ ਦੇਖਕੇ ਇਹ ਸੜਦਾ ਹੈ। |
| ਇੱਤਜਾਦਿਕ ਇਸ ਮਹਿਂ ਬਹੁ ਦੋਖ†। | †ਰੋਸੁ ਨ ਕਾਹੂ ਸੰਗ ਕਰਹੁ ॥ [ਗਉ: ਬਾਵ: ਮ: |

੫]।

[ਸੰਤੋਖ:-]

ਲਾਲਚ ਤਜੈ ਧਰੈ ਸੰਤੋਖ†।

†ਸੰਤੋਖੁ ਥਾਪਿ ਰਖਿਆ ਜਿਨਿ ਸੁਤਿ ॥

[ਤਜਾਗਣੇ ਜੋਗ ਕਰਮ:-]

ਪਰਤ੍ਰਿਯ ਪਰਧਨ ਪਰ ਕੀ ਅੰਸ਼†।

†ਪਰਧਨ ਪਰਦਾਰਾ ਪਰਹਰੀ ॥
ਤਾਕੈ ਨਿਕਟਿ ਬਸੈ ਨਰਹਰੀ ॥
ਪੁਨਾ:-ਹੋ ਪਰਧਨ ਪਾਹਨ ਤੁਲ, ਤ੍ਰਿਆ ਪਰ ਮਾਤ ਹਮਾਰੇ।
[ਦਸਮ ਗੁਰੂ ਜੀ]।

ਨਹਿ ਲਿਹੁ, ਲੇਹਿ† ਜੁ ਕਰਹਿ ਬਿਧ੍ਵੰਸ[1] ॥੧੬॥

[1]ਜੋ ਲਵੇਗਾ ਤਾਂ (ਉਸਦਾ) ਨਾਸ਼ ਕਰ ਦੇਵੇਗਾ (ਇਹ ਪਾਪ)। †ਪਾ:-ਏਹ।

[ਖਿਮਾ:-]

ਅਪਨੇ ਤੇ ਨਿਰਬਲ ਕੋ ਜਾਨਿ।
ਤਿਸ ਪੁਰ ਕੋਪ ਨ ਕਰਹੁ ਸੁਜਾਨ।

[ਨਿਰ ਅਭਿਮਾਨਤਾ:-]

ਬਿੱਦਿਆ ਕੈ ਸਰੂਪ ਹੈ ਤਨ ਕੋ[1]।

[1]ਬੜਾ ਵਿੱਦ੍ਵਾਨ ਹੈ ਯਾ ਬਹੁਤ ਸੁੰਦਰ ਸਰੀਰ ਵਾਲਾ ਹੈ।

ਬੁਧਿ ਬਿਸਾਲ ਕੈ ਦੀਰਘ ਧਨ ਕੋ[1] ॥੧੭॥

[1]ਭਾਵ ਅਕਲਈਆ ਹੈ ਯਾ ਬਹੁਤੇ ਧਨ ਵਾਲਾ ਹੈ।

ਇੱਤਯਾਦਿਕ ਤੇ ਗਰਬ[1] ਨ ਧਰੀਯਹਿ।

[1]ਅਭਿਮਾਨ।

ਦਾਤਾ ਈਸ਼ੁਰ ਏਕ ਬਿਚਰੀਅਹਿ।
ਤੀਰਥ ਬਰਤ ਆਦਿ ਕਰਿ ਕਰਮ।
ਨਹਿਂ ਅਭਿਮਾਨ ਧਰਹੁ ਜੁਤਿ ਸ਼ਰਮ[1] ॥੧੮॥

[1]ਯਤਨ ਨਾਲ ਤੀਰਥ ਬਰਤ ਆਦਿ ਕਰਮ ਕਰਕੇ ਅਭਿਮਾਨ ਨਾ ਧਾਰਨ ਕਰੋ।

ਕਰਹਿ ਸੁ ਕਰਮ ਧਰਹਿਂ ਅਭਿਮਾਨ।
ਨਿਫਲ ਜਾਤਿ ਜਿਉਂ ਗਜ ਇਸ਼ਨਾਨ।
ਅਪਨੋ ਜਸ, ਪਰਨਿੰਦ ਨ ਕਹੈ।
ਕਹੈ ਤ ਇਸ ਤੇ ਭੀ ਅਘ ਲਹੈ ॥੧੯॥
ਦਾਨ ਕਰਯੋ ਮੁਖਤੇ ਨਹਿਂ ਭਾਖੈ।
ਸਦਾ ਛਪਾਵਨ ਕੋ ਅਭਿਲਾਖੈ†।

†ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨ ॥ ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ

ਇਸਨਾਨੁ ॥
[ਸਲੋਕ ਮ: ੯]।

[ਮਿੱਠਾ ਬੋਲਨਾ:-]
ਮਧੁਰ ਕਹੈ ਸਭਿ ਕੋ ਤ੍ਰਿਪਤਾਵੈ।
ਫੀਕਾ ਬੋਲ ਨ ਕਿਸੀ ਦੁਖਾਵੈ† ॥੨੦॥

†ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
[ਵਾਰ ਆਸਾ ਮ: ੧]।

[ਧਰਮ ਕਿਰਤ:-]
ਧਰਮ ਕ੍ਰਿਤ† ਕਰ ਦਰਬ ਕਮਾਵੈ।

†ਪਾ:-ਕਿਰਤ।

[ਵੰਡ ਛਕਣਾ:-]
ਬੰਟ ਅਤਿੱਥਨਿ ਕੋ ਪੁਨ ਖਾਵੈ†।

†ਖਾਇ ਕਿਛੁ ਹਥਹੁ ਦੇਇ ॥

[ਸੁੱਛਤਾ:-]
ਊਪਰ ਬਸਤ੍ਰ ਨ ਰਖੈ ਮਲੀਨ।
ਤਿਮ ਕਾਯਾ ਕੋ ਨਿਤ ਮਲਹੀਨ[1] ॥੨੧॥

[1]ਉੱਜਲ ਰੱਖੇ।

[ਕੁਸੰਗ:-]
ਚੋਰ, ਜਾਰ, ਬਟਪਾਰ, ਜੁਆਰੀ।
ਕ੍ਰਿਤਘਨ, ਬੰਚਕ, ਛਲੀ ਕੁਚਾਰੀ।
ਸੁਪਨੇ ਮਹਿਂ ਭੀ ਇਨ ਕੀ ਸੰਗਤਿ।
ਕਰੇ ਨ ਕਬਿਹੂੰ, ਥਿਰੇ ਨ ਪੰਗਤਿ[1] ॥੨੨॥

[1]ਭਾਵ ਖਾਣ ਪੀਣ ਦੇ ਸਮਾਗਮਾਂ ਵਿਚ ਨਾਲ ਨਾ ਰਲੇ।

ਬਿਸ਼ਿਯਨਿ ਤੇ ਬਿਸ਼ਈ ਨਰ ਬੁਰੋ[1]।
ਲਖਿ ਦੁਰਜਨ ਤਤਛਿਨ ਪਰਹਰੋ।
ਜਥਾ ਅਗਨਿ ਤੇ ਲੋਹ ਤਪਾਯੋ।
ਦਿਪਤਿ, ਜਾਤਿ ਨਹਿਂ ਹਾਥ ਛੁਵਾਯੋ ॥੨੩॥

[1]ਵਿਸ਼ਿਆਂ ਤੋਂ ਵਿਸ਼ਈ ਪੁਰਸ਼ ਬੁਰੇ ਹਨ।

[ਸਤਿਸੰਗ:-]
ਜਨ ਸੁਸ਼ੀਲ ਕੀ ਸੰਗਤਿ ਕਰੀਏ।
ਜਿਨ ਮਿਲਿਤੇ ਅਵਗੁਨ ਪਰਹਰੀਏ†।

†ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥

[ਕਥਾ ਸ਼੍ਰਵਣ:-]
ਸੁਨੀਅਹਿ ਅਵਤਾਰਨ ਇਤਿਹਾਸ[1]।

[1]ਦਸਾਂ ਗੁਰੂ ਸਾਹਿਬਾਂ ਤੋਂ ਮੁਰਾਦ ਹੈ ਜੋ ਅਗਲੀ ਤੁਕ

ਵਿਚ ਖੁਹਲਦੇ ਹਨ।

ਸਤਿਗੁਰ ਦਸ ਜਿਮ ਕਰੇ ਬਿਲਾਸ[1] ॥੨੪॥

[1]ਦਸੋ ਸਤਿਗੁਰਾਂ ਨੇ ਜਿਵੇਂ (ਸੁਹਣੇ) ਚੋਜ ਕੀਤੇ ਹਨ (ਉਹ ਇਤਿਹਾਸ ਸੁਣੋਂ)।

ਬਹੁਰ ਬ੍ਰਹਮ ਕੋ ਨਿਰਨੈ ਜਹਾਂ।
ਸੂਖਮ ਬੁਧਿ ਕਰਿ ਸੁਨੀਅਹਿ ਤਹਾਂ।

[ਸ੍ਰੀ ਅੰਮ੍ਰਿਤਸਰ ਯਾਤ੍ਰਾ:-]

ਸ੍ਰੀ ਅੰਮ੍ਰਤਸਰ ਮੱਜਨ ਕਰੀਏ।
ਜਨਮ ਮਰਨ ਕੇ ਅਘ ਪਰਹਰੀਏ ॥੨੫॥
ਹਰਿ ਮੰਦਿਰ ਦਰਸਹੁ ਦਰਬਾਰ।
ਹੋਤਿ ਸਦਾ ਗੁਰ ਗਿਰਾ ਉਚਾਰ।
ਸਹਤਿ ਅਦਬ ਕੇ ਬੈਠਹਿ ਮਾਂਹਿ[1]।
ਗੁਰ ਬਿਨ ਮਨ ਨ ਡੁਲਾਵੈ ਕਾਂਹਿ ॥੨੬॥

[1]ਵਿਚ (ਹਰਿ ਮੰਦਿਰ ਦੇ)।

ਸਤਿਗੁਰ ਜੋਤਿ ਜਾਗਤੀ ਜਹਾਂ।
ਨਿਤ ਪ੍ਰਤਿ ਸਾਦਰ ਦਰਸਹੁ ਤਹਾਂ।
ਕਿਧੌਂ ਪਰਬ ਕੇ ਦਿਨ ਚਲਿ ਜਾਵਹੁ।
ਕਿਧੌਂ ਖਸ਼ਟਮੇ ਮਾਸ ਸਿਧਾਵਹੁ ॥੨੭॥
ਅਧਿਕ ਦੂਰ ਹੁਇ ਸੰਮਤ ਮਾਂਹਿ[1]।
ਸਤਿਗੁਰ ਘਰ ਕੋ ਦਰਸਹਿ ਜਾਹਿ।
ਤਨ ਮਨ ਤੇ ਗੁਰ ਸਿਖ ਹੁਇ ਕਰਿ ਕੇ।
ਗਯੋ ਨ ਦਰਸ਼ਨ ਅੰਮ੍ਰਿਤਸਰ ਕੇ ॥੨੮॥

[1]ਜੇ ਬਹੁਤ ਹੀ ਦੂਰ ਹੋਵੇ ਤਾਂ ਵਰ੍ਹੇ ਮਗਰੋਂ।

ਕਿਉਂ ਤਿਨ ਜਨਮ ਧਰਯੋ ਜਗ ਆਇ।
ਨਿਸ਼ਫਲ ਭਯੋ ਗਯੋ ਪਛੁਤਾਇ।
-ਜੇ ਦਰਸਹਿਂ ਅਰੁ ਸਰੁਵਰੁ ਮੱਜੈਂ[1]।
ਪਾਇੰ ਪਦਾਰਥ, ਸਭਿ ਅਘ ਭੱਜੈਂ- ॥੨੯॥

[1]ਸਰੋਵਰ ਵਿਚ ਇਸ਼ਨਾਨ ਕਰਨ।

ਅਸ ਉਪਦੇਸ਼ ਪ੍ਰਥਮ ਗੁਰ ਕਰੈਂ[1]।
ਅੰਤਹਕਰਣ ਸੁੱਧਤਾ ਧਰੈ।

[1]ਐਸਾ ਉਪਦੇਸ਼ ਪਹਿਲਾਂ ਗੁਰੂ ਜੀ ਕਰਦੇ ਹਨ (ਜਿਸ ਤੇ ਅਮਲ ਕਰਨ ਨਾਲ)।

ਸੱਤਿਨਾਮ ਸਿਮਰਤਿ ਜਨ ਜੋਇ†। — †ਪਾ:-ਸਿਮਰਨ ਜਨ ਕੋਇ।

ਹਰਿ ਗੁਰ ਸੰਗ ਪ੍ਰੇਮ ਜਿਸ ਹੋਇ[1] ॥੩੦॥ — [1]ਭਾਵ ਜਿਸਦਾ ਅੰਤਹਕਰਣ ਸ਼ੁੱਧ ਹੋ ਗਿਆ ਉਹ ਸਤਿਨਾਮ ਸਿਮਰਦਾ ਹੈ ਤੇ ਸਿਮਰਨ ਨਾਲ ਉਸ ਦਾ ਵਾਹਿਗੁਰੂ ਤੇ ਗੁਰੂ ਨਾਲ ਪ੍ਰੇਮ ਹੋ ਗਿਆ ਹੈ।

[ਭਗਤੀ:-]

ਤਿਸੈ ਨਿਤਾਪ੍ਰਤਿ ਭਗਤ ਦ੍ਰਿੜਾਵੈਂ।
ਭਾਣਾ ਮੰਨਣ ਕੋ ਸਿਖਰਾਵੈਂ।
ਕਸ਼ਟ ਆਪਦਾ ਪਰੈ ਜਿ ਕੋਈ।
ਕਿਧੌਂ ਸਰੀਰ ਬਿਖੈ ਰੁਜ ਹੋਈ ॥੩੧॥
ਬਿੱਪਰੈ[1] ਸੁਤ ਬਿਤ ਆਦਿਕ ਮਾਂਹੀ। — [1]ਕੋਈ ਉਲਟੀ ਗਲ ਹੋ ਜਾਵੇ।
ਪਰਾਰਬਧ ਕਰਿ ਹੁਇ ਕੁਛ ਜਾਹੀ[1]†। — [1]ਚਾਹੋ) ਕੁਝ ਹੋ ਜਾਵੇ। †ਪਾ:-ਨਾਹੀਂ।

ਪ੍ਰਭੁ ਮਹਿਂ ਦੋਸ਼ ਅਰੋਪੇ ਕੋਇ ਨ।
ਨੀਕੋ ਲਖੈ, ਦੀਨ ਮਨ ਹੋਇ ਨ[1] ॥੩੨॥ — [1]ਉਦਾਸ ਨਾ ਹੋਵੇ।
-ਭਲਾ ਕਰਹਿ ਪਰਮੇਸਰ ਮੇਰਾ।
ਅਘ ਫਲ ਨਿਬਰਹਿ[1], ਮੈਂ ਨਿਤ ਚੇਰਾ-। — [1]ਪਾਪਾਂ ਦਾ ਫਲ (ਭਾਵ ਦੁੱਖ) ਨਿਬੜ ਰਿਹਾ ਹੈ।
ਇੱਤਯਾਦਿਕ ਬਹੁ ਰਿਦੈ ਮਝਾਰ।
ਹਰਖੈ ਈਸ਼ੁਰ ਕ੍ਰਿੱਤਿ ਬਿਚਾਰ[1] ॥੩੩॥ — [1]ਪਰਮੇਸ਼ੁਰ ਦਾ ਕੀਤਾ ਵਿਚਾਰਕੇ।
ਕਰਨੈ ਹਾਰ ਨ ਦੂਜਾ ਕੋਈ।
ਜੇ ਹਰਿ ਕਰੈ ਤ ਬੁਰੀ ਨ ਹੋਈ।
ਇਹ ਨਿਸ਼ਚਾ ਗੁਰ ਭਲੇ ਟਿਕਾਵੈ।
ਈਸ਼ੁਰ ਕੀ ਕ੍ਰਿਤਿ ਪਰ ਹਰਿਖਾਵੈ† ॥੩੪॥ — †ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥ [ਗਉ: ਮ: ੫ ॥ ]

ਨਿਸ ਦਿਨ ਲਿਵਲਾਵਨ ਸਤਿਨਾਮ।
ਪੁਨ ਉਪਦੇਸ਼ੈ ਇਹ ਅਭਿਰਾਮ।
-ਊਠਤਿ ਬੈਠਤਿ ਸੋਵਤਿ ਚਾਲਹੁ।
ਕ੍ਰਿਤਿ ਕਰਿਬੇ ਮਹਿਂ ਨਾਮ ਸੰਭਾਲਹੁ† ॥੩੫॥ — †ਊਠਤ ਬੈਠਤ ਸੋਵਤ ਨਾਮ ॥
ਹਾਥ ਪਾਂਵ ਤੇ ਕਾਰ ਸੁਧਾਰਹੁ।

| | |
|---|---|
| ਮਨ ਤੇ ਮੁਖ ਤੇ ਨਾਮ ਉਚਾਰਹੁ†। | †ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ |
| ਸਨੇ ਸਨੇ ਤਨ ਹੰਤਾ ਤਜਾਗਨ। | |
| ਪੁਨ ਉਪਦੇਸ਼ ਕਰਤਿ ਇਮ ਲਾਗਨ[1†] ॥੩੬॥ | [1]ਐਉਂ ਸਿੱਖ) ਨੂੰ ਉਪਦੇਸ਼ ਕਰਦੇ ਹਨ। †ਪਾ:-ਕਰਨ ਮਹਿਂ ਲਾਗਨ। |
| -ਸਭਿ ਮਹਿਂ ਰਮਜੋ ਏਕ ਪ੍ਰਭੁ ਮੇਰਾ। | |
| ਸ਼ੱਤ੍ਰ ਮਿੱਤ੍ਰ ਅਰ ਠਾਕਰ ਚੇਰਾ[1†]। | [1]ਭਾਵ ਹਰਇਕ ਵਿਚ। †ਸਰਬ ਮੈ ਪੇਖੈ ਭਗਵਾਨੁ ॥ [ਸੁਖਮਨੀ] |
| ਯਾਂ ਤੇ ਰਾਗ ਦ੍ਵੈਖ ਕੋ ਤਜਾਗਹੁ। | |
| ਨੀਂਦ ਅਵਿਦਜਾ ਤਜਿ ਕਰਿ ਜਾਗਹੁ ॥੩੭॥ | |
| ਗੁਰ ਕੀ ਗਿਰਾ ਬਿਚਾਰਹੁ ਨੀਕੇ। | |
| ਜਿਸ ਤੇ ਭਲੇ ਹੋਤਿ ਇਸ ਜੀ ਕੇ। | |
| ਕੀਰਤਨ ਕਰਹੁ, ਪ੍ਰੇਮ ਕੋ ਸੀਂਚਿ[1]। | [1]ਪ੍ਰੇਮ (ਜਲ) ਨਾਲ ਸਿੰਚ ਕੇ। |
| ਲਖਹੁ ਸਕਲ ਗੁਨ ਪ੍ਰਭੁ ਕੇ ਬੀਚ ॥੩੮॥ | |
| ਆਦਿ ਸ਼ਰੀਰ ਪਦਾਰਥ ਸਾਰੇ[1†]। | [1]ਸ਼ਰੀਰ ਆਦਿ ਸਾਰੇ ਪਦਾਰਥ ਭਾਵ ਜਨਮ ਪਦਾਰਥ, (ਪ੍ਰੇਮ ਪਦਾਰਥ, ਗਜਾਨ ਪਦਾਰਥ ਤੇ ਨਾਮ ਪਦਾਰਥ)। †ਪਾ:-ਚਾਰੇ। |
| ਜਿਸ ਪ੍ਰਭੁ ਦੀਨੇ ਹਮੈ ਬਿਚਾਰੇ[1]। | [1]ਇਹ ਵੀਚਾਰ ਕਰੋ ਕਿ:। |
| ਅਸ ਈਸ਼ੁਰ ਕਿਉਂ 'ਰਿਦੇ ਬਿਸਾਰਹੁ। | |
| ਨਿਸ ਬਾਸੁਰ ਮਨ ਜੀਹ ਸੰਭਾਰਹੁ[1†] ॥੩੯॥ | [1]ਦਿਨ ਰਾਤ ਮਨ ਤੇ ਜੀਭ ਨਾਲ ਸੰਭਾਲੋ। †ਪਾ:-ਨਿਹ ਨਿਸ ਬਾਸੁਰ ਜੀਅ ਸੰਭਾਰਹੁ। |
| ਸ੍ਰੀ ਗੁਰ ਗ੍ਰੰਥ ਸਾਹਿਬ ਕੇ ਮਾਹਿ। | |
| ਭਗਤਿ ਉਪਦੇਸ਼ ਅਧਿਕ ਅਧਿਕਾਹਿ[1]। | [1]ਭਗਤੀ ਦਾ ਉਪਦੇਸ਼ ਵੱਧ ਤੋਂ ਵੱਧ ਹੈ। |
| ਇਕ ਤੌ ਸੱਤਿਨਾਮ ਕੋ ਸਿਮਰਨ। | |
| ਲਿਵ ਲਗਾਇ, ਨਹਿਂ ਤਜਾਗਹਿ ਨਿਸ ਦਿਨ ॥੪੦॥ | |
| ਦੁਤੀਏ ਭਾਣ ਪ੍ਰਭੁ ਕੋ ਮਾਨੇ। | |
| ਪ੍ਰਭੁ ਕ੍ਰਿਤ ਤੇ ਉਰ ਹਰਖ ਸੁ ਠਾਨੇ। | |

ਤ੍ਰਿਤੀਏ ਤਨਹੰਤਾ ਕੋ ਤਜਾਗੇ।
ਤਜਿ ਕੂਰੇ ਸਚ ਪਰ ਅਨੁਰਾਗੇ ॥੪੧॥
ਇਨ ਤੀਨਹੁ ਮੈਂ ਪਰਪਕ ਹੋਇ।
ਬ੍ਰਹਮ ਗਜਾਨ ਅਧਿਕਾਰੀ ਸੋਇ-।
ਫੁਰਹਿਂ ਚਤੁਸ਼ਟੈ ਸਾਧਨ ਰਿਦੈ[1]।

[1]ਭਾਵ ਪਿਛਲੇ ਅੰਸੂਆਂ ਵਿਚ ਕਥੇ ਚਤੁਸ਼ਟੇ ਸਾਧਨ:-੧. ਵਿਰਾਗ, ੨. ਵਿਵੇਕ, ੩. ਖਟ ਸੰਪੱਤੀ ਤੇ ੪. ਮੋਖ ਇੱਛਾ, ਇਸ ਭਗਤੀ ਸਾਧਨ ਵਾਲੇ ਦੇ ਅੰਦਰ (ਸੁਤੇ ਹੀ ਸਫੁਰਨ ਹੋ ਜਾਂਦੇ ਹਨ)।

ਲਖੈਂ ਉਚਿਤ ਉਪਦੇਸ਼ਨਿ ਤਦੈ[1] ॥੪੨॥

[1](ਗੁਰੂ ਜੀ) ਉਸ ਨੂੰ ਉਪਦੇਸ਼ ਦਾ ਅਧਿਕਾਰੀ ਲਖਦੇ ਹਨ।

ਸ਼ਰਣ ਪਰਜੋ ਸਿਖ ਕੋ ਪਹਿਚਾਨ।
ਪਰੇ ਕੁਬੰਧਨ ਕਰੈ ਪ੍ਰਹਾਨ[1]।

[1]ਭਾਵ ਜਨਮ ਮਰਨ ਆਦਿ ਖੋਟੇ ਬੰਧਨਾਂ ਨੂੰ ਦੂਰ ਕਰ ਦਿੰਦੇ ਹਨ।

ਅਸ ਦਸ ਗੁਰ ਸਾਚੇ ਪਤਿਸ਼ਾਹ[†]।

[†]ਭਾਈ ਦਇਆ ਸਿੰਘ ਜੀ ਦਸਾਂ ਗੁਰੂ ਸਾਹਿਬਾਂ ਨੂੰ ਐਸਾ ਮੋਖ ਦਾਤਾ ਗੁਰੂ ਕਹਿ ਰਹੇ ਹਨ।

ਸਿਮਰਹੁ ਵਾਹਿਗੁਰੂ ਗੁਰ ਵਾਹਿ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਉਪਦੇਸ਼' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋ ਅੰਸੂ ॥੪੬॥

## ੪੭. [ਬ੍ਰਹਮ ਗਜਾਨ ਉਪਦੇਸ਼]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

†'ਚਾਰਹੁੰ ਸਾਧਨ ਪਾਇ ਕੈ, ਸਤਿਗੁਰ ਸ਼ਰਣਿ ਸਿਧਾਇ।
ਪਰਖੈਂ ਮਹਾਂ ਸੁਜਾਨ[1] ਤਬਿ, ਬ੍ਰਹਮ ਬਿਦਿਆ ਸਿਖਰਾਇੰ ॥੧॥

[1]ਪਰਖਦੇ ਹਨ (ਗੁਰੂ ਜੀ) ਸਿੱਖ ਨੂੰ ਮਹਾਂ ਸੁਜਾਨ। †ਹੁਣ ਫੇਰ ਬ੍ਰਹਮ ਗਜਾਨ ਦਾ ਵਿਸ਼ਾ ਵਰਣਨ ਕਰਨਗੇ ਤੇ ਗੁਰਬਾਣੀ ਵਿਚੋਂ ਉਸਦੇ ਪਦਾਰਥ ਦਿਖਾਲਣਗੇ।

ਚੌਪਈ:

ਚਾਰ ਪ੍ਰਕਾਰ ਅਹੈ ਬ੍ਰਹਮ ਗਜਾਨ।
ਸ੍ਰਵਣ, ਮਨ, ਨਿੱਧਜਾਸਨ ਜਾਨ।
ਚੌਥੇ ਸਾਖਜਾਤ ਗੁਰ ਕਹੈਂ।
ਜਿਸ ਕੋ ਪਾਇ ਨ ਜਗ ਮਹਿਂ ਬਹੈ[1] ॥੨॥

[1]ਰੁੜ੍ਹਦਾ ਨਹੀਂ।

[ਸ੍ਰਵਨ:-]

ਪ੍ਰਥਮ ਸ੍ਰਵਣ ਖਟ ਲਿੰਗ ਪ੍ਰਕਾਰ[1]।

[1]ਪਹਿਲਾਂ ਸ੍ਰਵਣ ਹੈ ਜਿਸ ਦੇ ਖਟ ਲਿੰਗ (ਚਿੰਨ੍ਹ) ਹਨ, ਉਸਦਾ ਪ੍ਰਕਾਰ ਕਹਿੰਦੇ ਹਨ:-ਭਾਵ ਬ੍ਰਹਮ ਪ੍ਰਤਿਪਾਦਨ ਕਰਨ ਵਾਲੇ ਗ੍ਰੰਥ ਦਾ ਜਿਸ ਨੂੰ ਸੁਣਨਾ ਹੈ ਉਸਦੇ ਛੇ ਚਿੰਨ੍ਹ ਹਨ।

[1]ਜਿਸ ਤੇ ਚੇਤਨ ਅਦੁਤਿ ਮਝਾਰ।
ਤਾਤਪਰਯ ਕੋ ਨਿਸ਼ਚੈ ਹੋਇ।
ਸ੍ਰੀ ਸਤਿਗੁਰੂ 'ਸ੍ਰਵਣ' ਕਹਿਂ ਸੋਇ[8] ॥੩॥

[1]ਭਾਵ ਜਿਨ੍ਹਾਂ ਖਟਲਿੰਗਾਂ ਕਰਕੇ ਅਦੁਤੀ ਚੇਤਨ ਦੇ ਵਿਚ ਤਾਤਪਰਯ ਦਾ ਨਿਸ਼ਚਾ ਹੋ ਜਾਏ ਉਸ ਨੂੰ ਸਤਿਗੁਰ 'ਸ੍ਰਵਣ' ਕਹਿੰਦੇ ਹਨ।

ਇਕ 'ਉਪਕਰਮ ਅਰੁ ਉਪ ਸੰਹਾਰ$_{੧}$।'
ਦੂਜੇ ਕੋ 'ਅਭਜਾਸ$_{੨}$' ਉਚਾਰ।
'ਸ੍ਰਵਣ ਅਪੂਰਬਤਾ$_{੩}$' ਲਖਿਤੀਨ।
'ਫਲ$_{੪}$' ਪੁਨ 'ਅਰਥਬਾਦ$_{੫}$' ਕੋ ਚੀਨ ॥੪॥
'ਉਪਪਤਿ$_{੬}$' ਖਸ਼ਟਮ ਕਰਹਿਂ ਉਚਾਰਨ।
ਅਬਿ ਇਨ ਕੇ ਕਰਿ ਅਰਥ ਬਿਚਾਰਨ।
[1]ਅਰਥ ਜੁ ਆਦਿ ਗ੍ਰੰਥ ਮਹਿਂ ਧਰਨਾ।

[1]ਜੋ ਅਰਥ ਭਾਵ ਗ੍ਰੰਥ ਦੇ ਆਦਿ ਵਿਚ ਰਖਣਾ ਉਸੇ ਦਾ ਪ੍ਰਤਿਪਾਦਨ ਕਰਦੇ ਹੋਏ ਅੰਤ ਉਸੇ ਅਰਥ ਵਿਚ

ਸਮਾਪਤ ਕਰਨਾ, ਇਸ ਦਾ ਨਾਉਂ 'ਉਪਕ੍ਰਮ ਉਪਸੰਹਾਰ' ਚਿਤ ਵਿਚ ਜਾਣੋ।

ਤਿਸ ਕੋ ਪ੍ਰਤਿ ਪਾਦਨ ਬਹੁ ਕਰਨਾ
॥੫॥
ਤਿਸੀ ਅਰਥ ਮਹਿਂ ਹੋਹਿ ਸਮਾਪਤਿ।
ਉਪਕ੍ਰਮ ਉਪਸੰਹਾਰ ਜਾਨ ਚਿਤ[੫]।
ਸ੍ਰੀ ਨਾਨਕ ਜੀ ਕੀਨ ਬਨਾਇ।
ਉਦਾਹਰਣ ਸੁਨਿ ਲਿਹੁ ਸੁਖ ਪਾਇ
॥੬॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਚੌਪਈ:

ਆਦਿ ਜਗਤ ਕੇ ਸੱਚ ਦਿਖਾਯੋ।
ਅੰਤ ਸਕਲ ਕੇ ਸੱਚ ਬਤਾਯੋ[†]।

[†]ਕਵੀ ਜੀ ਨੇ 'ਉਪਕ੍ਰਮ ਉਪਸੰਹਾਰ' ਦਾ ਲੱਛਣ ਕਰਨ ਵੇਲੇ 'ਗ੍ਰੰਥ' ਪਦ ਵਰਤਿਆ ਹੈ ਤੇ ਉਦਾਹਰਣ ਵਿਚ ਇਕ ਸਲੋਕ ਦੇ ਆਦਿ ਅੰਤ ਤੇ ਮੱਧ ਵਿਚ ਇਕ ਵਿਸ਼ੇ ਦੀ ਹੋਂਦ ਦਿਖਾਈ ਹੈ, ਪਰ ਜੇ ਸਾਰੇ ਜਪੁਜੀ ਦੇ ਵਿਸ਼ੇ ਵਿਚ ਇਹ ਲੱਛਣ ਘਟਾਇਆ ਜਾਵੇ ਤਾਂ ਬੀ ਠੀਕ ਹੈ, ਆਦਿ ਮੱਧ ਤੇ ਅੰਤ ਇਕ ਅਕਾਲ ਪੁਰਖ ਦੇ ਸਰੂਪ ਤੇ ਪ੍ਰਾਪਤੀ ਨੂੰ ਪ੍ਰਤਿਪਾਦਨ ਕੀਤਾ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਇਸੇ ਪ੍ਰਕਾਰ ਹੈ।

ਆਦਿ ਅੰਤ ਮਹਿਂ ਬਰਨਜੋ ਏਕ।
'ਉਪਕ੍ਰਮ ਉਪ ਸੰਹਾਰ' ਬਿਬੇਕ[1] [1]ਜਾਣੋ।
॥੭॥

[ਅੱਭਯਾਸ:-]

ਜੋਗ ਨਿਰੂਪਣ ਕੇ ਜੋ ਅਹੈ[1]। [1]ਜੋ (ਗਲ) ਨਿਰੂਪਣ ਕਰਨ ਦੇ ਯੋਗ ਹੈ।
[1]ਵਸਤੁ ਅਦੁਤੀ ਜੁ ਚੇਤਨ ਲਹੈ। [1]ਅੱਭਯਾਸ ਲਿੰਗ ਇਸ ਨੂੰ ਸਮਝੋ ਕਿ ਨਿਰੂਪਣ ਕਰਨੇ ਜੋਗ ਜੋ ਹੈ ਅਦੁੱਤੀ ਚੇਤਨ ਵਸਤੂ ਉਸ ਨੂੰ ਲਖੌਣ ਲਈ ਬਾਰ ਬਾਰ ਗ੍ਰੰਥ ਵਿਚ ਉਸਦਾ ਪ੍ਰਕਾਸ਼ ਕਰੇ।

ਬਾਰ ਬਾਰ ਤਿਸ ਕਰਹਿ ਪ੍ਰਕਾਸ਼ਾ।
ਗ੍ਰੰਥ ਬਿਖੈ, ਸੋ ਲਖਿ ਅੱਭਯਾਸਾ[੩]
॥੮॥
ਜਪੁਜੀ ਬਿਖੈ ਨਿਰੂਪਣ ਕਰਿਓ।
ਬਾਰਹਿ ਬਾਰ ਅਰਥ ਸੋ ਧਰਿਓ।

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਪੁਨਾ:
ਥਾਪਿਆ ਨ ਜਾਇ ਕੀਤਾ ਨ ਹੋਇ ॥

ਇੱਤਯਾਦਿਕ ਪਉੜੀ ਬਹੁ ਮਾਂਹਿ।

ਬਰਨਨ ਕਰਯੋ ਸੱਚੁ ਸੁਖ ਪਾਹਿ[1] ॥੯॥

[1]ਭਾਵ ਸੱਚ ਦਾ (ਅਦੁਤੀ ਬ੍ਰਹਮ ਦਾ) ਬਹੁਤ ਪੌੜੀਆਂ ਵਿਚ ਵਰਣਨ ਕੀਤਾ ਹੈ, ਜਿਸ ਤੋਂ ਸੁਖ ਪ੍ਰਾਪਤ ਹੋਵੇਗਾ।

[ਅਪੂਰਵਤਾ:-]

[1]ਜੋ ਪ੍ਰਤਿ ਪਾਦਯ ਅਦੁਤੀ ਵਸਤੁ ਹੁਇ।

[1]ਤੀਜਾ ਸ੍ਰਵਣ ਲਿੰਗ 'ਅਪੂਰਵਤਾ' ਹੈ ਸੋ ਇਹ ਹੈ:-ਪ੍ਰਤਿਪਾਦਨ ਕਰਨੇ ਜੋਗ ਜੋ ਅਦੁਤੀ (=ਚੇਤਨ) ਵਸਤੂ ਹੈ ਉਹ ਹੋਰ ਪ੍ਰਮਾਣਾਂ ਦੇ ਅਵਿਸ਼ੈ ਕਹਿੰਦੇ ਹਨ। ਭਾਵ ਪ੍ਰਤੱਖ ਪ੍ਰਮਾਣ ਆਦਿ ਪ੍ਰਮਾਣ ਉਸ ਪਰ ਨਹੀਂ ਚਲਦੇ। ਮੁਰਾਦ ਇਹ ਹੈ ਕਿ ਇਸ ਤਰ੍ਹਾਂ ਦੇ ਲੱਛਣ ਰੂਪ ਬੰਨ੍ਹਣੇ ਛੁਟੇਰੇ ਦਿਮਾਗਾਂ ਦਾ ਕੰਮ ਹੈ ਜਿਨ੍ਹਾਂ ਦੇ ਵਿਦ੍ਯਾ ਦੇ ਪ੍ਰਕਰਣ ਬੰਨ੍ਹਣੇ ਹੁੰਦੇ ਹਨ, ਇਲਹਾਮੀ ਤੇ ਬ੍ਰਹਮ ਆਵੇਸ਼ਜ ਵਾਲੇ ਬ੍ਰਹਮ ਰੂਪ ਮਹਾਂ ਪੁਰਖ ਸਤਿਗੁਰਾਂ ਨੂੰ ਇਹ ਲੋੜ ਨਹੀਂ ਕਿ ਨਿੱਕੇ ਵੇਰਵਿਆਂ ਦੇ ਲੇਖੇ ਲਿਖੀ ਜਾਣ।

ਪ੍ਰਮਾਣਾਂਤਰ ਕਹਿਂ ਅਬਿਸ਼ੈ ਸੁਇ।

ਸ੍ਰਵਣ ਅਪੂਰਬਤਾ ਲਖਿ ਤੀਜਾ[4]।

ਸੱਚ ਏਕ ਹੈ ਅਵਰ ਨ ਬੀਜਾ[1] ॥੧੦॥

[1]ਏਕ (ਅਦੁਤੀ ਵਸਤੂ ਹੀ) ਸੱਚ ਹੈ ਦੂਸਰੀ ਕੋਈ ਨਹੀਂ।

ਕਥਨਾ ਕਥੀ ਨ ਆਵੈ ਤੋਟਿ ॥

ਪੁਨਾ:

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਪੁਨਾ:

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥

ਪੁਨਾ:

ਵਾਰਿਆ ਨ ਜਾਵਾ ਏਕ ਵਾਰ ॥

ਪ੍ਰਤੱਛ ਪ੍ਰਮਾਣ ਆਦਿ ਸਭਿਹਿਨਿ ਤੇ।

ਬਿਸ਼ੇ ਨ ਹੋਇ ਸਕਹਿ ਜਿਨ ਕਿਨਤੇ[1] ॥੧੧॥

[1]ਭਾਵ ਇਹ ਕਿ ਪ੍ਰਤੱਛ ਆਦਿ ਪ੍ਰਮਾਣਾਂ ਕਰਕੇ (ਉਹ ਅਦੁਤੀ) ਕਿਸੇ ਕਰਕੇ ਬੀ ਵਿਸ਼ੇ ਨਹੀਂ ਹੋ ਸਕਦਾ। ਪ੍ਰਮਾਣਾਂ ਦੇ ਵੇਰਵੇ ਲਈ ਦੇਖੋ ਅੰਸੂ ੪੮ ਦੇ ਅੰਗ ੧੯ ਤੋਂ ਅੱਗੇ ਤੇ ਅੰਸੂ ੪੯ ਦਾ ਆਰੰਭ।

[ਫਲ ਚਲਿਆ]

[1]ਪ੍ਰਤਿਪਾਦਨ ਕਰਿਬੇ ਕੋ ਜੋਗ।

[1]ਪ੍ਰਭੁ ਦੇ ਲੋਗ (ਸੰਤ) ਕਹਿੰਦੇ ਹਨ ਕਿ ਪ੍ਰਕਰਣ ਕਰਕੇ ਪ੍ਰਤਿਪਾਦਨ ਕਰਨ ਦੇ ਯੋਗ ਜੋ ਆਤਮਾ ਗਿਆਨ ਹੈ, ਅਰ ਤਿਸ ਆਤਮ ਗਿਆਨ ਦਾ ਜੋ ਅਨੁਸ਼ਠਾਨ (ਅਰਥਾਤ) ਸੇਵਨ ਕਰਨਾ ਹੈ ਬਹੁਤ ਸ੍ਰੇਸ਼ਟ ਹੈ ਇਹ ਸ੍ਰਵਣ ਦਾ ਚੌਥਾ ਅੰਗ 'ਪ੍ਰਯੋਜਨ' ਹੈ, 'ਫਲ' ਬੀ ਇਸੇ ਦਾ ਨਾਮ ਹੈ, ਸੁਣੋ ਉਹ ਜੀਕੂੰ ਪੈਦਾ ਹੁੰਦਾ ਹੈ:-ਭਾਵ ਅੱਗੇ ਦ੍ਰਿਸ਼੍ਟਾਂਤ ਦੇਂਦੇ ਹਨ।

ਆਤਮ ਗਯਾਨ ਕਹੈਂ ਪ੍ਰਭੁ ਲੋਗ[†]।

[†]ਪਾ:-ਸਭ ਲੋਗ।

ਤਿਸੀ ਗਯਾਨ ਕੋ ਜੋ ਅਨੁਸ਼ਠਾਨ।

ਸੇਵਨ ਕਰਨੋ ਮਹਿਦ ਮਹਾਨ ॥੧੨॥
ਚੌਥੇ ਸ਼੍ਰਵਣ ਪ੍ਰਯੋਜਨ ਸੋਇ।
ਫਲ ਭੀ ਨਾਮ, ਸੁਨਹੁਂ ਜਿਮ ਹੋਇ[1]।

[1]ਇਸਦਾ ਪ੍ਰਯਾਯ ਪਿਛਲੇ ਪੰਨੇ ਦੇ ਅੰਕ ੮ ਵਿਚ ਆ ਗਿਆ ਹੈ।

'ਗੁਰਮੁਖਿ ਨਾਦੰ ਗੁਰਮੁਖਿ ਵੇਦੰ।'
'ਗੁਰਾ ਇਕ ਦੇਹਿ ਬੁਝਾਇਵ ਭੇਦੰ[1†]' ॥੧੩॥

[1]ਗੁਰਾਂ ਨੇ ਇਕ ਭੇਤ (ਐਸੇ) ਸਮਝਾ ਦਿੱਤਾ। [ਬੁਝਾਈ। ਇਵ]। [†]ਸ਼ੁੱਧ ਪਾਠ ਹੈ:-ਗੁਰਾ ਇਕ ਦੇਹਿ ਬੁਝਾਈ ॥

ਨਿਤ ਸਤਿਗੁਰ ਕੀ ਸੇਵਾ ਕਰਨੀ।
ਗੁਰ ਤੇ ਗਜਾਨ ਪ੍ਰਾਪਤੀ ਬਰਨੀ।
ਮੁਕਤਿ ਦੇਤਿ ਹੈ ਆਤਮ ਗਜਾਨ।
ਇੱਤਜਾਦਿਕ ਜਹਿਂ ਕੀਨ ਬਖਾਨ ॥੧੪॥
[1]ਪੰਚਮ 'ਅਰਥਵਾਦ' ਸੁਨਿ ਲੱਛਨ।

[1]ਪੰਜਵੇਂ 'ਅਰਥ ਵਾਦ' ਦਾ ਲੱਛਣ ਸੁਣ, ਗਜਾਨ ਵਿਚ ਚਤੁਰ ਪੁਰਖ ਜਿਵੇਂ ਕਹਿੰਦੇ ਹਨ ਕਿ ਵਰਣਨ ਜੋਗ ਜੋ (ਅਦੁਤੀ) ਵਸਤੂ ਹੈ, ਤਿਸ (ਗ੍ਰੰਥ) ਵਿਚ ਉਸਦੀ ਉਸਤਤੀ ਹੋਵੇ।

ਜੋ ਭਾਖਤਿ ਹੈਂ ਗਜਾਨ ਬਿਚੱਛਨ।
ਬਰਨਨ ਜੋਗ ਵਸਤੁ ਹੈ ਜੋਇ।
ਤਿਸ ਮਹਿਂ ਤਿਸ ਕੀ ਉਸਤਤ ਹੋਇ[3] ॥੧੫॥
'ਨਾਨਕ ਨਿਰਗੁਣਿ ਗੁਣਹਿ 'ਕਰੇਇ।'
'ਗੁਣਵੰਤਿਆ' ਜੋ ਹੁਇ 'ਗੁਣ ਦੇਇ[†]।'

[†]ਸ਼ੁੱਧ ਪਾਠ ਐਉਂ ਹੈ:-ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥

'ਤੇਹਾ ਕੋਇ ਨ ਸੁਝਈ' ਪਰੇ।
'ਜੇ ਤਿਸੁ' ਕੋ 'ਗੁਣੁ ਕੋਇ ਕਰੇ'[†] ॥੧੬॥

[†]ਸ਼ੁੱਧ ਪਾਠ ਐਉਂ ਹੈ:-ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥

ਸਭਿ ਤੇ ਗਜਾਨਵਾਨ ਹੁਇ ਦੀਹਾ[1]।

[1]ਵਡਾ ਹੈ।

ਤਿਸ ਪਰ ਕੋ ਉਪਕਾਰ ਕਰੀਹਾ[1]? [†]।

[1]ਉਸ (ਬ੍ਰਹਮ ਗਜਾਨੀ ਤੇ) ਕੌਣ ਉਪਕਾਰ ਕਰ ਸਕਦਾ ਹੈ, ਭਾਵ ਕੋਈ ਨਹੀਂ ਕਰ ਸਕਦਾ। [†]ਦੇਖੋ ਕਵੀ ਜੀ ਕ੍ਰਿਤ ਗਰਬ ਗੰਜਨੀ ਟੀਕਾ ਜਪ ਸਾਹਿਬ ਪੌੜੀ ਸੱਤਵੀਂ।

ਚਹੈ ਸੁ ਕਰੈ ਆਪ ਸਮਰੱਥ।
ਬ੍ਰਹਮਗਜਾਨੀ ਕੈ ਸਭਿ ਕਿਛ ਹੱਥ
॥੧੭॥
[1]'ਉਪਪਤਿ'ਖਸ਼ਟਮ ਸ਼੍ਰਵਣ ਸੁ ਲੱਛਨ।

[1]ਛੇਵਾਂ ਲਿੰਗ ਸ਼੍ਰਵਣ ਦਾ 'ਉਪਪਤੀ' ਹੈ, ਕਹਿੰਦੇ ਹਨ ਵੇਦ ਤੇ ਚਤੁਰ ਸਤਿਗੁਰੂ। ਜੋ ਪ੍ਰਕਰਣ ਕਰਕੇ ਸ਼ੁਭ ਅਰਥ ਸਿੱਧ ਹੁੰਦਾ ਹੋਵੇ ਤੇ ਜੋ ਉਸੇ ਅਰਥ ਨੂੰ ਕਥਨ ਕਰਨ ਵਿਚ ਸਮਰੱਥ ਹੋਵੇ ਅਰਥਾਤ ਉਸ ਜੁਗਤੀ ਨੂੰ ਉਪਪਤੀ ਵੀਚਾਰ ਲਓ ਕਿ ਉਸੇ ਪ੍ਰਕਰਣ ਵਿਚ ਉਸੇ ਅਰਥ ਨੂੰ ਸਿੱਧ ਕਰਨੇ ਵਿਖੇ ਸ਼੍ਰਵਣ ਕੀਤੀ ਜਾਏ। [ਸੂਚਨਾ-ਕਵੀ ਜੀ ਨੇ ਉਪਪਤਿ ਦਾ ਲੱਛਣ ਅਪਣੇ ਗਰਬ ਗੰਜਨੀ ਟੀਕੇ ਵਿਚ ਐਉਂ ਦਿੱਤਾ ਹੈ:-ਪ੍ਰਕਰਣ ਕਰਿਕੈ ਪ੍ਰਤਿਪਾਦਨ ਕੇ ਜੋਗ ਜੋ ਅਰਥ ਹੈ, ਤਿਸ ਅਰਥ ਕੇ ਸਿੱਧ ਕਰਨ ਮੈਂ ਤਿਸੀ ਪ੍ਰਕਰਣ ਵਿਖੇ ਸ਼੍ਰਵਣ ਕਰੀ ਹੈ ਜੋ ਜਗਤ, ਤਿਸ ਜੁਗਤ ਸ਼੍ਰਵਣ ਕੋ ਨਾਮ ਉਪਪਤਿ (੧੧ਵੀਂ ਪੌੜੀ ਸਮਾਪਤੀ ਉਪ੍ਰੰਤ) ਕਵੀ ਜੀ ਦੀ ਕਵਿਤਾ ਵਿਚ ਇਥੇ ਕੀਤੇ ਲਛਣ ਵਿਚ ਤੇ ਜਪੁਜੀ ਟੀਕੇ ਵਿਚ ਕੀਤੇ ਅਰਥ ਵਿਚ ਇਹ ਫਰਕ ਹੈ ਕਿ ਕਵਿਤਾ ਵਿਚ ਦੋ ਪਦ 'ਸ਼ੁਭ' ਤੇ 'ਸਮਰਥ' ਵਾਧੂ ਹਨ]।

ਕਹਤਿ ਬੇਦ ਸਤਿਗੁਰੂ ਬਿਚੱਛਨ।
ਜੋ ਪ੍ਰਕਰਨ ਕਰਿ ਕੈ ਸ਼ੁਭ ਅਰਥ।
ਪ੍ਰਤਿਪਾਦਨ ਕੇ ਜੋਗ ਸਮਰਥ[6] ॥੧੮॥

ਦੋਹਰਾ:

ਤਿਸੀ ਅਰਥ ਸਿਧ ਕਰਨ ਮੈਂ
ਤਿਸੀ ਪ੍ਰਕਰਣ ਮਝਾਰ।
ਸ਼੍ਰਵਣ ਕਰੀ ਹੈ ਜੁਗਤਿ ਜੋ
ਸੋ ਉਪਪੱਤਿ ਬਿਚਾਰ ॥੧੯॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥

ਚੌਪਈ:

ਨਦੀ ਈਸ਼ ਹੈ, ਜੀਵ ਸੁ ਵਾਹਾ[1]। — [1]ਜੀਵ ਨਾਲਾ ਹੈ।
ਦੋਨਹੁੰ ਮਿਲੇ ਉਦਧਿ ਬ੍ਰਹਮ ਮਾਂਹਾ[1]। — [1]ਬ੍ਰਹਮ ਰੂਪੀ ਸਮੁੰਦਰ ਵਿਚ ਜਾ ਮਿਲੇ।
ਨਾਮ ਨਦੀ ਵਾਹਾ ਮਿਟ ਜਾਇਂ[1]। — [1]ਨਦੀ ਤੇ ਵਾਹਾ ਦੋਨੋਂ ਨਾਮ ਮਿਟ ਜਾਂਦੇ ਹਨ (ਸਮੁੰਦਰ ਵਿਚ ਪਿਆਂ)।
ਤਿਮ ਹੀ ਈਸ਼ ਜੀਵ ਨ ਰਹਾਇ
॥੨੦॥
ਸਿੰਧੁ ਰੂਪ ਬਨਿ ਸਿੰਧੁ ਕਹਾਵੈਂ।
ਤਥਾ ਬ੍ਰਹਮ ਸੋਂ ਦ੍ਵੈ[1] ਮਿਲਿ ਜਾਵੈਂ। — [1]ਜੀਵ ਈਸ਼ਰ।
ਕੋਟ ਜਤਨ ਤੇ ਨਜਾਰੇ ਹੋਇਂ ਨ।
ਮਿਲੇ ਵਿਭੇਦ[1] ਸਕੈ ਕਰਿ ਕੋਇ ਨ — [1]ਫਰਕ।

॥੨੧॥

ਜੁਕਤਿ ਉਕਤਿ ਇਕਤਾ ਮਹਿਂ ਐਸੇ[1]। [1]ਏਕਤਾ ਦੀ ਉਕਤੀ ਵਿਚ ਯੁਕਤੀ ਇਸ ਤਰ੍ਹਾਂ ਹੈ (ਅ) ਏਕਤਾ ਵਿਚ ਉਕਤੀ ਯੁਕਤੀ ਐਉਂ ਹੈ।

ਉਪਪਤਿ ਸ਼੍ਰਵਣ ਰੂਪ ਲਖਿ ਤੈਸੇ[1]। [1]'ਉਪਪਤੀ ਸ਼੍ਰਵਣ' ਦਾ ਰੂਪ ਇਸੀ ਤਰ੍ਹਾਂ ਸਮਝ ਲਓ।

[1]ਬੇਦ ਛਾਂਦੋਗ ਖਸ਼ਟਮੇ ਧਜਾਇ[†]।

[1]ਛਾਂਦੋਗ ਉਪਨਿਖ਼ਦ ਦੇ ਛੇਵੇਂ ਧਿਆਇ ਵਿਚ 'ਛੇ ਸ਼੍ਰਵਣ' ਵਰਣਨ ਕੀਤੇ ਹਨ। [ਏਥੇ ਵੇਦ ਪਦ ਤੋਂ ਮੁਰਾਦ ਉਪਨਿਖ਼ਦ ਦੀ ਹੈ]। [†]ਛਾਂਦੋਗ ਉਪਨਿਖ਼ਦ ਦੇ ਛੇਵੇਂ ਧਿਆਇ ਵਿਚ ਛੇ ਲਿੰਗ ਨਾਮ ਦੇਕੇ ਨਹੀਂ ਦਿੱਤੇ ਹੋਏ, ਆਤਮ ਪੁਰਾਣ ਦੀ ਟੀਕਾ ਵਿਚ ਇਨ੍ਹਾਂ ਦਾ ਜ਼ਿਕਰ ਹੈ ਤੇ ਤਤ੍ਵਾਨੁਸੰਧਾਨ ਵਿਚ ਬੀ ਹੈ।

ਤਹਾਂ ਕਰੇ ਖਟ ਸ਼੍ਰਵਣ ਬਨਾਇ

॥੨੨॥

ਸੋ ਜਪੁਜੀ ਮਹਿਂ ਗੁਰ ਦਿਖਾਏ[†]।

[†]ਗੁਰੂ ਜੀ ਨੇ ਤਾਂ ਵਾਹਿਗੁਰੂ ਜੀ ਤੋਂ ਪ੍ਰਾਪਤ ਗਿਆਨ ਦਿਤਾ ਹੈ, ਕਿਨ੍ਹਾਂ ਵੇਰਵਿਆਂ ਹੇਠ ਵਿਦ੍ਵਾਨ ਉਹਨਾਂ ਦੀ ਵੰਡ ਕਰਦੇ ਹਨ, ਇਹ ਵਿਦਵਾਨਾਂ ਦਾ ਕੰਮ ਹੈ, ਸਤਿਗੁਰੂ ਜੀ ਨੂੰ ਇਨ੍ਹਾਂ ਵਿਸਥਾਰਾਂ, ਵੰਡਾਂ, ਵੇਰਵਿਆਂ ਦੀ ਚੋਣ ਦੀ ਲੋੜ ਨਹੀਂ ਸੀ।

ਸ਼੍ਰਵਣ ਪੌੜੀਆਂ ਚਾਰ ਬਣਾਏ।

ਸ਼੍ਰਵਣ ਮਹਾਤਮ ਕੋ ਦਿਖਰਾਯੋ।

ਸ਼੍ਰਵਣ ਰੂਪ ਕੋ ਨਹੀਂ ਬਤਾਯੋ[+] ॥੨੩॥

ਸੋ ਖਟ ਰੂਪ ਪ੍ਰਗਟ ਦਿਖਰਾਏ।

ਸਿੱਖ ਮੁਮੋਖੀ ਕੋ ਸਮੁਝਾਏ।

[ਮਨਨ:]

ਮਨਨ ਗਜਾਨ ਕੋ ਭੇਦ ਬਤਾਵਤਿ[1]। [1]ਮੈਂ ਦੱਸਦਾ ਹਾਂ।

ਜਿਸ ਕੇ ਕਰੇ ਪਰਮ ਗਤਿ ਪਾਵਤਿ

॥੨੪॥

ਮਨਨ ਕਰੇ ਮਨ ਹੋਤਿ ਬਿਲਾਇ[1]। [1]ਲੈ ਹੋ ਜਾਂਦਾ ਹੈ।

ਜੋ ਮਨ ਦ੍ਵੈਤ ਰਹ੍ਯੋ ਲਪਟਾਇ।

ਸਤਿ ਚੇਤਨ ਆਨੰਦ ਅਪਾਰ।

ਬ੍ਰਹਮ ਆਤਮਾ ਹੀਨ ਬਿਕਾਰ[1] ॥੨੫॥ [1]ਵਿਕਾਰ ਰਹਿਤ ਹੈ।

ਇਕ ਰਸ ਸਦਾ, ਬਾਲ ਨਹਿਂ ਤਰੁਣ[1]। [1]ਜੁਆਨ।

ਨਹੀਂ ਜਰਾ ਤੇ ਜਰ ਜਰ ਮਰਣ[1]। [1]ਬੁਢੇਪੇ ਤੋਂ ਜਰਜਰਾ ਹੋ ਕੇ ਮਰਨਾ ਨਹੀਂ।

ਜੜ ਸੋ ਨਹੀਂ, ਨਹੀਂ ਦੁਖ ਰੂਪ।

ਏਕ ਆਤਮਾ ਅਚਲ ਅਨੂਪ ॥੨੬॥

ਤੀਨ ਸਰੀਰਨ ਤੇ ਨਿਤ ਭਿੰਨ[1]। [1]ਤਿੰਨਾਂ (ਸੂਖਮ, ਸਥੂਲ ਕਾਰਨ) ਸਰੀਰਾਂ ਤੋਂ ਭਿੰਨ ਹੈ।

ਸਾਖੀ ਰੂਪ, ਨਹੀਂ ਪਰਛਿੰਨ[1]। [1]ਨਹੀਂ ਪ੍ਰਛੰਨ-ਨਾ ਆਛਾਦਿਤ, ਪ੍ਰਗਟ [ਸੰਸ.

ਪ੍ਰਚਛਨ੍ਨ]। (ਅ) ਅਵਿਰਲ [ਪ੍ਰਛਾਦਿਤ]। (ੲ) ਜੋ ਇਕ ਦੇਸ਼ੀ ਨਾ ਹੋਵੇ।

ਥੂਲ ਦੇਹਿ ਬਿਨਸਤਿ ਅਰੁ ਜਨਮਹਿ[1]।
ਆਤਮ ਜਿਉਂ ਕਾ ਤਿਉਂ ਲਖਿ ਮਨ ਮਹਿਂ ॥੨੭॥

[1]ਅਸਥੂਲ ਦੇਹੀ ਤਾਂ ਜਨਮਦੀ ਤੇ ਮਰਦੀ ਹੈ।

ਅਵਨੀ ਕੈ ਸਿਹਜਾ ਪਰ ਪਰੈ[1]।

[1]ਸੌਣ ਵੇਲੇ ਪ੍ਰਿਥਵੀ ਤੇ ਯਾ ਸੇਜਾ ਤੇ ਪਿਆਂ।

ਥੂਲ ਦੇਹ ਜੜ ਸਮਸਰ ਥਿਰੈ[1]।

[1]ਸਥੂਲ ਦੇਹ ਜੜ੍ਹ ਵਰਗੀ ਹੋਕੇ ਪਈ ਰਹਿੰਦੀ ਹੈ।

ਆਤਮ ਲਿੰਗ ਦੇਹ ਪਰਕਾਸ਼ੈ[1]।

[1]ਆਤਮਾ ਲਿੰਗ ਦੇਹ (=ਸੂਖਮ ਸਰੀਰ) ਪ੍ਰਕਾਸ਼ਦਾ ਹੈ।

ਅਨਿਕ ਪ੍ਰਕਾਰਨਿ ਸੁਪਨਾ ਭਾਸੈ[1] ॥੨੮॥

[1]ਅਨੇਕ ਪ੍ਰਕਾਰ ਦੇ ਸੁਪਨੇ ਭਾਸਦੇ ਹਨ।

ਸੁਪਨੇ ਕੇਰ ਪਦਾਰਥ ਭਾਰੇ[1]।

[1]ਬਹੁਤੇ। (ਅ) ਪਹਾੜ ਆਦਿ ਭਾਰੇ।

ਅਰੁ ਸੁਪਨੇ ਪਰਕਾਸ਼ਹਿ ਸਾਰੇ[1]।

[1]ਆਤਮਾ) ਸੁਪਨੇ ਦੇ ਸਾਰੇ ਸਾਮਾਨ) ਨੂੰ ਪ੍ਰਕਾਸ਼ਦਾ ਹੈ।

ਜਬਿ ਸੁਖਪਤੀ ਅਵਸਥਾ ਹੋਇ।
ਤਬੈ ਅਭਾਵ ਲਿੰਗ ਤਨ ਹੋਇ ॥੨੯॥
ਜੀਵ ਆਤਮਾ ਇੰਦ੍ਰ ਸਰੂਪ[1]।

[1]ਜੀਵਾਤਮਾ ਮਾਨੋ ਇੰਦਰ ਹੈ।

ਇੰਦ੍ਰਾਣੀ ਲੇ ਬੁੱਧਿ ਅਨੂਪ[1]।

[1]ਬੁੱਧੀ ਮਾਨੋਂ ਇੰਦ੍ਰਾਣੀ ਹੈ ਉਸ ਨੂੰ ਨਾਲ ਲੈਕੇ।

ਰਿਦੇ ਸਦਨ ਮਹਿਂ ਲਹਿ ਬਿਸਰਾਮ[1]।

[1]ਰਿਦਾ ਮਾਨੋ ਘਰ ਹੈ ਜਿੱਥੇ ਦੋਵੇਂ ਬਿਸਰਾਮ ਕਰਦੇ ਹਨ।

ਤਬਿ ਲੌ ਸੁਖਪਤਿ ਹੈ ਸੁਖ ਧਾਮ[1] ॥੩੦॥

[1]ਤਦ ਤਕ ਸੁਖਾਂ ਦਾ ਘਰ ਰੂਪ ਸੁਖੁਪਤੀ ਹੈ।

ਬਹੁਰ ਉਠਹਿ ਲੈ ਕੇ ਨਿਜ ਰਾਨੀ।
ਸਰਬ ਸਰੀਰ ਕਰਹ ਸਵਧਾਨੀ।
ਜਾਗ੍ਰਤਿ ਅਵਸਥਾ ਕੋ ਜਬਿ ਪਾਇ।
ਗਹੈ ਬਿਸ਼ੈ ਕੋ ਸਹਿਜ ਸੁਭਾਇ ॥੩੧॥
ਲਹੈ ਸਥਿਰਤਾ ਲੋਚਨ ਦਾਏ[1]।

[1]ਸੱਜੇ ਨੇਤ੍ਰ ਵਿਚ (ਜੀਵਾਤਮਾ ਰੂਪ ਇੰਦਰ) ਸਥਿਰ ਹੁੰਦਾ ਹੈ।

ਬੁੱਧਿ ਇੰਦ੍ਰਾਣੀ ਥਿਰ ਹ੍ਵੈ ਬਾਏ[1†]।

[1]ਖਬੇ ਪਾਸੇ। †ਪਾ:-ਥਾਂਏ।

ਇੰਦ੍ਰਯ ਬਿਸ਼ੈ ਪ੍ਰਕਾਸ਼ਨਿ ਠਾਨੈ[1]।

[1]ਆਤਮਾ ਪ੍ਰਕਾਸ਼ਦਾ ਹੈ ਇੰਦ੍ਰਿਆਂ ਤੇ ਵਿਸ਼ਿਆ ਨੂੰ।

ਸੁਪਨ ਸਖੋਪਤਿ ਤਬਿ ਦ੍ਵੈ ਹਾਨੈ[1] ॥੩੨॥

[1]ਤਦੋਂ ਸੁਖੁਪਤੀ ਤੇ ਸੁਪਨ ਦੋਵੇਂ ਨਹੀਂ ਹੁੰਦੇ।

ਯਾਂ ਤੇ ਮਿੱਥਯਾ ਤੀਨ ਅਵਸਥਾ[1]।

[1]ਜਾਗ੍ਰਤਿ, ਸੁਪਨ, ਸੁਖੋਪਤਿ।

ਮਿੱਥ੍ਯਾ ਤੀਨ ਸਰੀਰ ਬਿਵਸਥਾ[1]।
[1]ਤਿੰਨਾਂ ਸਰੀਰਾਂ ਦੀ ਰੀਤੀ ਬੀ ਮਿਥਿਆ ਹੈ।

ਬਾਰੰਬਾਰ ਬਿਚਾਰਨ ਐਸੇ।
'ਮਨਨ' ਬਿਚਾਰ ਨਾਮ ਇਸ ਹੈਸੇ[1] ॥੩੩॥
[1]ਇਸ ਵਿਚਾਰ ਦਾ ਨਾਮ ਮੰਨਨ ਹੈ।

ਮਨ ਕੀ ਬ੍ਰਿਤਾਂ ਪੰਚ ਬਿਧਿ ਹੋਇ[1]।
[1]ਪੰਜ ਪ੍ਰਕਾਰ ਦੀਆਂ ਬ੍ਰਿਤੀਆਂ ਹਨ ਮਨ ਦੀਆਂ।

ਇਕ ਪਰਮਾਨ$_{੧}$, ਵਿਪਰਜੈ$_{੨}$ ਦੋਇ।
ਵਿਕਲਪ$_{੩}$, ਨਿੰਦ੍ਰਾ$_{੪}$, ਸਿੰਮ੍ਰਿਤਿ$_{੫}$, ਜਾਨਿ।
ਸੁਨਹੁ ਸਰੂਪ ਜੁ ਬ੍ਰਿਤਿ ਪ੍ਰਮਾਨ[1] ॥੩੪॥
[1]ਪਹਿਲੀ) ਪ੍ਰਮਾਣ ਬ੍ਰਿਤੀ ਦਾ ਰੂਪ ਸੁਣੋ।

[ਪ੍ਰਮਾਣ:-]

ਅੰਤਹਿਕਰਣ ਕਰਣ ਬ੍ਰਿਤਿ ਹੈ ਜੋਇ[1]।
[1]ਅੰਤਹਕਰਣ ਦੀ (ਉਹ) ਬ੍ਰਿਤੀ ਜੋ।

ਇੰਦ੍ਰਯ ਦ੍ਵਾਰਾ ਨਿਕਰੈ ਸੋਇ[1]।
[1]ਇੰਦ੍ਰੀਆਂ ਦ੍ਵਾਰੇ (ਬਾਹਰ) ਨਿਕਲਦੀ ਹੈ ਉਹ।

ਨਾਨਾ ਘਟ ਪਟ ਧਰੇ ਪਦਾਰਥ।
ਤਿਨਹਿ ਜਾਨਿਬੋ ਹੋਇ ਜਥਾਰਥ[1] ॥੩੫॥
[1]ਉਨ੍ਹਾਂ ਨੂੰ ਜਿਉਂ ਦਾ ਤਿਉਂ ਜਾਣ ਲੈਂਦੀ ਹੈ (ਇਹ ਪ੍ਰਮਾਣ ਬ੍ਰਿਤੀ ਹੈ)।

[ਵਿਪਰਜੈ:-]

ਦੁਤੀ 'ਵਿਪਰਜੈ' ਇਸ ਕੋ ਕਹੈਂ।
ਰੱਜੁ ਪਰੀ ਸਰਪ ਤਿਸ ਲਹੈ।

[ਵਿਕਲਪ:-]

ਬ੍ਰਿਤਿ 'ਵਿਕਲਪ' ਰੂਪ ਇਹ ਮਾਨ[1]।
[1]ਤੀਜੀ ਵਿਕਲਪ ਬ੍ਰਿਤੀ ਦਾ ਰੂਪ ਇਹ ਮੰਨੇ।

ਸ਼ਬਦ ਅਰਥ ਕੋ ਲੀਜੈ ਜਾਨਿ ॥੩੬॥
ਤਾਤਪਰਯ ਮਹਿਂ ਰਹੈ ਸੰਦੇਹਿ[1]।
[1]ਸ਼ਬਦ ਦੇ ਅਰਥ ਨੂੰ ਜਾਣ ਲੈਣ ਪਰ ਬੀ ਤਾਤਪਰਯ ਸਮਝਣ ਵਿਚ ਸੰਸਾ ਰਹੇ।

ਨਿਹਚੈ ਭਯੋ ਨ ਲਖੀਅਹਿ ਏਹ।

[ਨਿੰਦ੍ਰਾ:]

[1]ਅਭਾਵ ਗ੍ਯਾਨ ਕੋ ਆਸ਼੍ਰੈ ਬ੍ਰਿਤਿ।
'ਨਿੰਦ੍ਰਾ' ਬ੍ਰਿਤਿ ਕਹਿਂ ਸਮਝਹੁ ਚਿਤ ॥੩੭॥
[1]ਅਭਾਵ ਗਿਆਨ ਨੂੰ ਆਲੰਬਨ ਕਰਨ ਵਾਲੀ ਬ੍ਰਿਤੀ ਨੂੰ ਨਿੰਦ੍ਰਾ ਬ੍ਰਿਤੀ ਕਹਿੰਦੇ ਹਨ, ਚਿਤ ਵਿਚ ਸਮਝ ਲਓ।

[1]ਜਾਗ੍ਰਤਿ ਸੁਪਨ ਜੁ ਬ੍ਰਿਤਿ ਅਭਾਵ।
[1]ਜਾਗ੍ਰਤ ਸੁਪਨ ਦੇ (ਗ੍ਯਾਨ ਦੀਆਂ) ਬ੍ਰਿਤੀਆਂ ਨੂੰ ਅਭਾਵ ਕਰਕੇ ਜੋ ਤਮੋ ਗੁਣ ਨੂੰ ਆਸਰੇ ਕਰਕੇ ਤੇ ਸਖੇਪਤੀ ਵਿਚ ਤਮੋ ਗੁਣ ਭਾਵ ਨੂੰ ਗ੍ਰਹਿਣ ਕਰਨ ਵਾਲੀ ਹੈ ਉਸ ਦਾ ਨਾਮ ਨਿੰਦ੍ਰਾ ਬ੍ਰਿਤੀ ਹੈ।

ਕਰਣ ਹਾਰ ਸੋ ਤੁਮੁ ਗੁਣ ਭਾਵ[?]।
ਸੁਖਪਤਿ ਤਮੁ ਗੁਣ ਗ੍ਰਹਿਣ ਜੁ ਕਰੈ।
ਨਿੰਦ੍ਰਾ ਬ੍ਰਿਤੀ ਨਾਮ ਤਿਸ ਰਹੈਂ ॥੩੮॥

[ਸਿੰਮ੍ਰਤੀ:-]

[1]ਪ੍ਰਥਮ ਸਮੇਂ ਕੁਛ ਅਨੁਭਵ ਕੀਨ । — [1]ਕੋਈ ਗਲ ਸਮਝੀ ਸੀ। ਫੇਰ ਕਿਸੇ ਸਮੇਂ (ਉਸ ਦੀ) ਹੋਂਦ ਪਛਾਣਕੇ ਯਾਦ ਕਰੇ।
ਅਪਰ ਸਮੈਂ ਚਿਤਵੈ ਸਤ ਚੀਨ।
[1]ਜਥਾ ਭਨੈ ਇਹ ਨਰ ਹੈ ਸੋਈ। — [1]ਜਿਵੇਂ ਕੋਈ ਆਕੇ ਕਿ ਇਹ ਆਦਮੀ ਉਹੋ ਹੈ ਜੋ ਮੈਂ ਪਹਿਲੋਂ ਕਿਸੇ ਥਾਂ ਡਿੱਠਾ ਸੀ।
ਪੂਰਬ ਪਿਖਜੋ ਥਾਵ ਕਿਸ ਜੋਈ ॥੩੯॥
ਜਿਸ ਕਰ ਚਿਤ ਕਰਨਾ[1] ਇਹ ਹੋਇ। — [1]ਚੇਤੇ ਕਰਨਾ।
ਸਿੰਮ੍ਰਿਤ ਬ੍ਰਿੱਤਿ ਜਾਨੀਅਹਿ ਸੋਇ।

[ਸਥਿਤੀ:-]

ਪੰਚ ਬ੍ਰਿਤਾਂ ਬਿਨ ਚਿਤ ਹੁਇ ਜਾਵੈ[1]। — [1]ਪੰਜਾਂ ਬ੍ਰਿਤੀਆਂ ਤੋਂ ਚਿੱਤ ਜਦੋਂ ਬਿਨਾਂ ਹੋ ਜਾਵੇ।
ਆਤਮ ਕੇ ਸਰੂਪ ਦਿਸ਼ ਧਾਵੈ ॥੪੦॥
ਮਨ ਪ੍ਰਵਾਹ[1] ਜਬਿ ਇਸ ਬਿਧਿ ਹੋਇ। — [1]ਮਨ ਦਾ ਪ੍ਰਵਾਹ।
ਨਾਮ 'ਸਥਿਤੀ' ਬਖਾਨੈਂ ਸੋਇ।

[ਅੱਭਜਾਸ:-]

[1]ਇਸਥਿਤਿ ਪ੍ਰਾਪਤਿ ਹੇਤ ਪ੍ਰਯਾਸ। — [1]ਇਸਥਿਤੀ ਦੀ ਪ੍ਰਾਪਤੀ ਵਾਸਤੇ ਜਤਨ ਕਰਨਾ ਇਸ ਦਾ ਨਾਮ ਅਭਿਆਸ ਜਾਣੋ।
ਤਿਸ ਕੋ ਨਾਮ ਲਖੋ ਅੱਭਜਾਸ[14] ॥੪੧॥
ਸੋ ਅਭਜਾਸ ਹੈ ਦੋਇ ਪ੍ਰਕਾਰ।
ਏਕ 'ਅਲਪ' ਦੂਸਰ 'ਦ੍ਰਿੜ੍ਹ' ਧਾਰਿ।
ਕਬਿ ਕਬਿ ਆਤਮ ਕੋ ਅੱਭਜਾਸੈ।
ਇਹ ਤੌਂ 'ਅਲਪ' ਨਾਮ ਕਹੁ ਭਾਸੈ ॥੪੨॥
ਸਾਦਰ, ਦੀਰਘ ਕਾਲ, ਨਿਰੰਤਰ[1]। — [1]ਆਦਰ ਨਾਲ ਢੇਰ ਚਿਰ ਤੇ ਲਗਾਤਾਰ।
ਸੋ 'ਦ੍ਰਿੜ੍ਹ ਭੂਮਿ' ਰੂਪ ਲਖਿ ਅੰਤਰ[1]। — [1]ਇਸ ਨੂੰ ਚਿਤ ਵਿਚ ਦ੍ਰਿੜ ਭੂਮਿਕਾ ਰੂਪ ਲਖੋ।

[ਵੈਰਾਗ:-]

ਮਿਟੀ ਪ੍ਰੀਤ ਵਿਸ਼ਿਯਨਿ ਤੇ ਜਬੈ।
ਨਾਮ ਵਿਰਾਗ ਹੋਤਿ ਹਿਯ ਤਬੈ ॥੪੩॥

ਸੋ ਵੈਰਾਗ ਹੈ ਚਾਰ ਪ੍ਰਕਾਰ[1]।
ਇਕ 'ਯਤਮਾਨ੧' 'ਵਿਤ੍ਰੇਕ੨' ਬਿਚਾਰ।
'ਇਕ ਇੰਦ੍ਰੈ੩, ਅਰੁ 'ਵਸੀਕਾਰ੪'
ਕਹਿਂ।
ਇਨ ਕੇ ਲੱਛਨ ਭਨੌਂ ਜਥਾ ਲਹਿ[1]
॥੪੪॥

[1]ਅੱਗੇ ਜ਼ਿਕਰ ਹੈ।
[1]ਜੀਕੂੰ ਮੈਂ ਸਮਝਿਆ ਹੈ।

[ਯਤਮਾਨ:]
ਦੁੱਖ ਰੂਪ ਸੰਸਾਰ ਪਛਾਨਾ।
ਸੰਤਨ ਸੇਵਾ ਰੁਚੀ ਮਹਾਨਾ।
ਸੱਤਿ ਰੂਪ ਪਰਮੇਸ਼ਰ ਪਾਊਂ[1]।
ਬੰਧਨ ਕਰਮ ਪਏ ਛੁਟਕਾਊਂ ॥੪੫॥
ਇਸ ਕੋ ਯੱਤਿਮਾਨ ਮਨ ਜਾਨਿ।
ਸੰਤਨ ਸੰਗਤ ਕੀਨ ਮਹਾਨ।

[1](ਇਹ ਰੁਚੀ ਹੋ ਆਵੇ ਕਿ) ਸੱਤ ਸਰੂਪ ਪਰਮੇਸ਼ੁਰ ਨੂੰ ਪਾਵਾਂ।

[ਵਿੱਤ੍ਰੇਕ:-]
ਲਗਜੋ ਬਿਚਾਰਨ ਗੁਨ ਅਰੁ ਦੋਖ।
[1]ਦੋਖ ਤਜੋਂ, ਕਿਸ ਗੁਨ ਤੇ ਮੋਖ?
॥੪੬॥
ਸਤਿ ਸੰਤੋਖ ਆਦਿ ਬਿਰਧਾਵੈ।
ਕਾਮ ਕ੍ਰੋਧ ਮੋਹ ਆਦਿ ਘਟਾਵੈ।
ਇਹ ਵੈਰਾਗ 'ਵਿੱਤ੍ਰੇਕ' ਪਛਾਨ।

[1]ਵਿਚਾਰਦਾ ਹੈ ਕਿ......)।

[ਏਕ ਇੰਦ੍ਰੈ ਵੈਰਾਗ:-]
ਇਕਇੰਦ੍ਰੀ ਕੋ ਸੁਨਿ ਦੈ ਕਾਨ ॥੪੭॥
ਵਹਿਰ ਬਿਸ਼ੈ ਗੁਨ ਤਜਾਗਨ ਕੀਨ[1]।
ਮਨ ਮਹਿਂ ਤਨਕ ਹੋਇ ਲਿਵਲੀਨ[1]।

[1]ਬਾਹਰੋਂ ਇੰਦ੍ਰੀਆਂ ਦੇ ਵਿਸ਼ੇ (ਸ਼ਬਦ ਆਦਿ) ਤਜਾਗੇ ਹਨ।
[1]ਮਨ ਵਿਚ ਥੋੜੇ ਥੋੜੇ ਚੰਬੜੇ ਹੋਏ ਹਨ।

[ਵਸੀਕਾਰ:-]
ਵਸੀਕਾਰ ਕੋ ਸੁਨਿ ਇਸ ਬੇਰੇ।
ਬਿਸ਼ੈ ਭੋਗ ਜੁਗ ਲੋਕਨਿ ਕੇਰੇ[1]
॥੪੮॥
ਸ਼ਬਦ, ਸਪਰਸ਼, ਰੂਪ, ਰਸ, ਗੰਧ।
ਇਨ ਤੇ ਛੁਟਿ ਗਯੋ ਮਨ ਬੰਧ।
ਬਾਇਸ ਵਿਸ਼ਟਾ ਸਮ ਸਭਿ ਬਿਸ਼ੇ।

[1]ਦੋਹਾਂ ਲੋਕਾਂ ਦੇ ਵਿਸ਼ੇ ਭੋਗ।

ਬਮਨ ਸਰਸ[1] ਨਹਿਂ ਭਾਵਤਿ ਜਿਸੇ [1]ਉਲਟੀ ਸਮਾਨ।
॥੪੯॥
ਅਸ ਵੈਰਾਗ ਸੰਗ ਮਨ ਜੀਤ†। †ਪਾ:-ਤਾ।

ਗਹੇ ਸਥਿਰਤਾ ਆਤਮ ਨੀਤ*।
ਬ੍ਰਹਮ ਗਜਾਨ ਸੂਰਜ ਕੇ ਸੰਗ।
ਤਮ ਅੱਗਜਾਨ ਸਕਲ ਦੇ ਭੰਗ ॥੫੦॥
ਇਤਿ ਸ੍ਰੀ ਗੁਰ ਪ੍ਰਤਾਪ ਸਰੂਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋ ਅੰਸੂ ॥੪੭॥

# ੪੮. [ਬ੍ਰਹਮ ਗਿਆਨ ਉਪਦੇਸ਼]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

[ਨਿੱਧਜਾਸਨ:-]

ਕਰਤਿ ਮਨਨ ਨੀਕੀ ਬਿਧਿਨਿ[1], ਪੁਨ ਨਿਧਜਾਸਨ ਹੋਤਿ।
ਰਾਤ ਦਿਨਸ ਅੱਭਜਾਸ ਤੇ[1], ਪੁਨ ਸੱਖਜਾਤ ਉਦੋਤ ॥੧॥

[1]ਭਾਵ ਨਿੱਧਜਾਸਨ ਦੇ ਅੱਭਜਾਸ ਨਾਲ।

ਚੌਪਈ:

ਸੁਨਿਯਹਿ ਨਿੱਧਜਾਸਨ ਕੋ ਲੱਛਨ।
ਜਿਮ ਭਾਖਤਿ ਹੈਂ ਸੰਤ ਬਿਚੱਛਨ।
[1]ਦੇਹਾਦਿਕ ਪ੍ਰਤੀਤ ਕਰਿ ਜੋਇ।

[1]ਦੇਹ ਆਦਿਕਾਂ ਦੀਆਂ ਪ੍ਰਤੀਤੀਆਂ ਜੋ ਹੈਨ ਇਨ੍ਹਾਂ ਵਿਚੋਂ ਕਿਸੇ ਤੋਂ ਜੋ ਬ੍ਰਿਤੀ ਨਾ ਖੰਡੀ ਜਾਏ ਤੇ ਜੋ ਬ੍ਰਿਤੀ ਸਰੂਪ ਦੀ ਅੱਭਜਾਸਨ ਹੋ ਗਈ ਹੈ।

ਖੰਡੀ ਜਾਇ ਨ ਕਿਸ ਤੇ ਸੋਇ ॥੨॥
ਬ੍ਰਿਤਿ ਸਰੂਪ ਅੱਭਜਾਸਨ ਭਈ।
ਕਿਸ ਤੇ ਨਸ਼ਟ ਹੋਤਿ ਨਹਿਂ ਜੁਈ[1]।

[1]ਜੋ ਕਿਸੇ ਤੋਂ ਨਾਸ਼ ਨਹੀਂ ਕੀਤੀ ਜਾ ਸਕਦੀ।

ਮੋਹ ਆਦਿਕ† ਜੋ ਅਖਿਲ ਵਿਕਾਰ।

†ਪਾ:-ਮੋਹਾਦਿਕ।

ਇਨ ਬਿਘਨਨਿ ਤੇ ਰਹਿ ਇਕ ਸਾਰ[1] ॥੩॥

[1]ਇਨ੍ਹਾਂ ਵਿਘਨਾਂ ਦੇ ਪੈਣ ਤੇ ਬੀ ਜੋ ਬ੍ਰਿਤੀ ਇਕਾਗ੍ਰ ਰਹੇ।

ਸਤਿ ਸੰਤੋਖ ਆਦਿ ਗੁਨ ਪਾਇ।
ਬ੍ਰਹਮ ਬਿਖੈ ਬ੍ਰਿਤਿ ਲਾਗਤਿ ਜਾਇ।
ਅਲਖ ਲਖਨ ਕੇ ਹਿਤ ਅਨੁਰਾਗੀ[1]।

[1]ਪ੍ਰਮਾਤਮਾ ਦੇ ਲਖਣੇ ਵਾਸਤੇ (ਜੋ ਬ੍ਰਿਤੀ) ਪ੍ਰੇਮੀ ਰਹਿੰਦੀ ਹੋਵੇ।

ਪ੍ਰਥਮ ਲਖਜੋ ਤਿਸ ਤੇ ਹੁਇ ਤਜਾਗੀ[1] ॥੪॥

[1]ਪਹਿਲੇ ਜੋ (ਅਨਾਤਮ) ਲਖਿਆ ਹੋਇਆ ਹੈ ਉਸ ਦੀ ਤਿਆਗੀ ਹੁੰਦੀ ਜਾਏ।

ਕਾਰਨ ਕਾਰਜ ਇਕਤਾ ਕਰਨੀ।
ਜਲ ਤਰੰਗ ਕੀ ਰੀਤੀ ਬਰਨੀ[1]।

[1]ਕਾਰਣ ਤੇ ਕਾਰਜ ਦੀ ਏਕਤਾ ਦੀ ਸਮਝ ਕਰਨੀ, ਭਾਵ ਕਾਰਨ ਬ੍ਰਹਮ ਤੇ ਕਾਰਜ ਜਗਤ ਨੂੰ ਜਲ ਤੇ ਤ੍ਰੰਗ ਵਾਂਗ ਇਕ ਰੂਪ ਸਮਝਣਾਂ।

[1]ਆਦਿ ਉਕਾਰ† ਬਰਣ ਜੇ ਨਾਨਾ।

[1]ਊੜਾ ਆਦਿਕ ਜੋ ਨਾਨਾ ਪ੍ਰਕਾਰ ਦੇ ਅੱਖਰ ਹਨ ਸ਼ਾਹੀ ਬਿਨਾਂ ਹੋਰ ਕੁਛ ਨਹੀਂ ਹਨ (ਇਹ ਸਮਝ ਲੈਣਾ)। †ਪਾ:-ਆਕਾਰ।

ਮੱਸੁ ਬਿਨਾ ਨਹੀਂ ਕੁਛ ਆਨਾ[1]† ॥੫॥

†ਪਾ:-ਬਿਨਾ ਅਕਾਰ ਨਹੀਂ ਕੁਛ ਆਨ।

ਅੰਤਹਿ ਕਰਣ ਬ੍ਰਿਤਿ ਉਠਿ ਜਬੈ।
ਹ੍ਵੈ ਅਨਸੂਤ ਚਿੰਤਨ ਕੇ ਤਬੈ[1]।

[1]ਅੰਤਹਕਰਣ ਦੀ ਬ੍ਰਿਤੀ ਚੇਤਨ ਦੇ ਨਾਲ ਮਿਲੀ ਹੋਈ ਜਦੋਂ (ਅੰਦਰੋਂ) ਉੱਠੀ.....।

[1]ਨਿਕਸੀ ਬਾਹਿਰ ਲੋਚਨ ਦੁਆਰੇ।

[1]ਤੇ ਅੱਖਾਂ ਰਸਤੇ ਬਾਹਰ ਨਿਕਲੀ, ਜਾਣਨੇ ਯੋਗ ਸਾਰੇ ਪਦਾਰਥ ਜੋ ਅੱਗੇ ਪਏ ਹਨ ਉਹਨਾਂ ਨਾਲ ਤਦਾਕਾਰ ਹੋ ਜਾਏਗੀ।

ਗੇਯ ਪਦਾਰਥ ਆਗੇ ਸਾਰੇ ॥੬॥
ਤਦਾਕਾਰ ਤਿਨ ਕੇ ਸੰਗ ਹੋਇ[੯]।
ਪ੍ਰਾਪਤਿ ਗਜਾਨ ਤਬਹਿ ਤਿਹ ਸੋਇ[1]।

[1]ਤਦੋਂ ਉਸ (ਗੇਯ) ਦਾ ਗਿਆਨ ਪ੍ਰਾਪਤ ਹੋਵੇਗਾ।

[1]ਬ੍ਰਿਤ ਅਵਛਿੰਨ ਚਿਤ ਘਟ ਅਵਛਿਨ ਚਿਤ।

[1]ਬ੍ਰਿਤੀ ਨਾਲ ਮਿਲਿਆ ਚੇਤਨ ਤੇ ਘੋੜਾ (ਆਦਿ ਗੇਯ ਪਦਾਰਥ) ਨਾਲ ਮਿਲਿਆ ਚੇਤਨ, ਦੋਹਾਂ ਚੇਤਨਾਂ ਦੇ ਵਿਚ ਜੋ ਆਵਰਨ (ਪਰਦਾ ਸੀ) ਸੋ ਨਾਸ਼ ਹੋ ਗਿਆ, ਐਉਂ ਜਦ (ਦੋਵੇਂ ਚੇਤਨ) ਏਕਤਾ ਨੂੰ ਪ੍ਰਾਪਤ ਹੋ ਗਏ ਤਾਂ ਅਨੇਕਾਂ ਵਿਸ਼ਜਾਂ ਦਾ ਗਿਆਨ ਉਹ (ਜੀਵ) ਲਖ ਲੈਂਦਾ ਹੈ।

ਦੋਨਹੁੰ ਕੇ ਅਵਰਨ ਸੰਘਾਰ ਕਿਤ ॥੭॥
ਜਬਿ[†] ਇਕਤਾ ਕੋ ਪ੍ਰਾਪਤ ਹੋਇ।

[†]ਪਾ:-ਤਬ।

ਬਿਖੈ ਅਨੇਕ ਗਜਾਨ ਲਹਿ ਸੋਇ[੧੦]।
[1]ਤ੍ਰਿਪੁਟੀ ਗਜਾਤਾ ਗੇਯ ਰੁ ਗਜਾਨ।

[1]ਗਜਾਤਾ ਗਜਾਨ ਗੇਯ ਜੋ ਤ੍ਰਿਪੁਟੀ ਹੈ, ਸਭਨਾਂ ਵਿਚ ਬ੍ਰਹਮ ਇਕ ਤੁੱਲਜ ਮਿਲਿਆ ਹੋਇਆ ਹੈ।

ਮਿਲਜੋ ਬ੍ਰਹਮ ਸਭਿ ਬਿਖੈ ਸਮਾਨ[੧੧] ॥੮॥
ਜਥਾ ਤਾਲ ਮਹਿਂ ਨੀਰ ਬਿਸਾਲਾ[1]।

[1]ਜਿਵੇਂ ਤਲਾ ਵਿਚ ਵਿਸ਼ਾਲ ਪਾਣੀ ਹੈ।

ਕੂਲ ਕੇ ਦ੍ਵਾਰਾ ਹ੍ਵੈ ਕਰਿ ਚਾਲਾ[1]।

[1]ਉਹ ਆਡਾਂ ਦੇ ਰਸਤੇ ਹੋ ਕੇ ਟੁਰ ਰਿਹਾ ਹੈ।

ਕਜਾਰੀ ਰੂਪ ਬਨਹਿਂ ਸੋ ਜਾਇ[1]।

[1]ਉਹੋ (ਪਾਣੀ ਕਜਾਰੀ ਵਿਚ ਜਾਕੇ) ਕਿਆਰੀ ਰੂਪ ਹੋ ਜਾਂਦਾ ਹੈ।

ਤੀਨਹੁ ਮਹਿਂ ਅਕਾਸ਼ ਇਕ ਭਾਇ[1] ॥੯॥

[1]ਅਕਾਸ਼ ਇਕੋ ਜਿਹਾ ਹੈ।

ਤਾਲ, ਕੂਲ, ਕਜਾਰੀ[1] ਮੈਂ ਨਭ ਹੈ[2]।

[1]ਤਲਾਬ, ਆਡ, ਕਿਆਰੀ। [2]ਭਾਵ ਅੰਤਹਕਰਣ ਰੂਪੀ ਤਲਾ ਹੈ, ਬ੍ਰਿਤੀ ਰੂਪ ਆਡ ਹੈ, ਘਟ ਪਟ ਆਦਿਕ ਕਜਾਰੇ, ਉਹਨਾਂ ਵਿਚ ਬ੍ਰਿਤੀ ਦਾ ਜਾਕੇ ਜੋ ਆਕਾਰ ਧਾਰਨਾ ਹੈ ਇਹ ਪਾਣੀ ਦਾ ਪੈਣਾ ਹੈ, ਇਨ੍ਹਾਂ ਤਿੰਨਾਂ ਵਿਚ ਬ੍ਰਹਮ ਅਕਾਸ਼ ਦੀ ਨਜਾਈਂ ਇਕੋ ਹੈ।

ਤਿਮ ਤ੍ਰਿਪਟੀ ਮਹਿਂ ਬ੍ਰਹਮ ਸੁ ਲਭ ਹੈ[1]।

[1]ਇਕੋ) ਲਭਦਾ ਹੈ।

ਬ੍ਯਾਪਕ ਹੈ[1] ਅਕਾਸ਼ ਕੀ ਨ੍ਯਾਇ। [1]ਅਕਾਸ਼ ਵਾਂਙੂ ਵ੍ਯਾਪਕ ਹੈ।
ਸਭਿਨਿ ਪ੍ਰਕਾਸ਼ਹਿਂ ਸਭਿਨੀ ਥਾਂਇ ॥੧੦॥

[1]ਅੰਤਹਿਕਰਣ ਬ੍ਰਿਤਿ ਇਸ ਕੇਰ। [1]ਅੰਤਹਕਰਣ ਅਰ ਅੰਤਹਕਰਣ ਦੀ (ਬ੍ਰਿਤੀ) ਦੁਹਾਂ ਦਾ ਪ੍ਰਕਾਸ਼ਕ ਬ੍ਰਹਮ ਹੈ।
ਅਹੈ ਪ੍ਰਕਾਸ਼ਕ ਦੁਹਨ ਬਡੇਰ[੬]।
[1]ਅਹੰਬ੍ਰਿਤਾਦਿ ਬਿਨਾਂ ਕਿਸ ਕੋਇ ਨ। [1]ਭਾਵ 'ਅਹੰ' ਬ੍ਰਿਤੀ ਤੋਂ ਬਿਨਾਂ ਕਿਸੇ ਨੂੰ ਕਿਸੇ ਤਰ੍ਹਾਂ ਬੀ ਆਤਮਾਂ ਦਾ ਪ੍ਰਕਾਸ਼ ਸਿੱਧ ਨਹੀਂ ਹੁੰਦਾ।
ਆਤਮ ਕੋ ਪ੍ਰਕਾਸ਼ ਸਿਧ ਹੋਇ ਨ[੭] ॥੧੧॥

ਅਹੰਬ੍ਰਿਤਾਦਿ ਜੁਗਤ ਚਿਤ ਹੋਇ[1]। [1](ਚਿਤ=) ਚੇਤਨ ਜਦ ਅਹੰਬ੍ਰਿਤੀ ਦੇ ਸਹਿਤ ਹੋਵੇ।
ਤਬਹਿ ਪ੍ਰਕਾਸ਼ ਹੋਤਿ ਹੈ ਸੋਇ[1]। [1]ਤਦੋਂ ਹੀ ਉਸ (ਚੇਤਨ) ਦਾ ਪ੍ਰਕਾਸ਼ ਹੁੰਦਾ ਹੈ।
ਬ੍ਯਾਪਕ ਅਪਰ ਪ੍ਰਕਾਸ਼ਕ ਭਾਵ।
ਵਾਸਤਵ ਬ੍ਰਹਮ ਮਹਿਂ ਨਹੀਂ ਲਖਾਵ[1] ॥੧੨॥ [1]ਵ੍ਯਾਪਕ ਤੇ ਪ੍ਰਕਾਸ਼ਕ ਭਾਵ ਵਾਸਤਵ ਬ੍ਰਹਮ ਵਿਚ ਨਹੀਂ ਹਨ (ਏਹ ਉਪਾਧੀ ਕਰਕੇ ਹਨ)।

[1]ਵਾਸਤਵ ਆਤਮ ਤਤ ਨਿਰੰਕਾਰ। [1]ਜੋ ਵਾਸਤਵ ਆਤਮ ਤੱਤ ਹੈ ਸੋ ਹੈ ਨਿਰਾਕਾਰ, ਨਿਰਵਿਕਲਪ ਤੇ ਵਿਕਾਰ ਰਹਿਤ।
ਨਿਰਵਿਕਲਪ ਅਰੁ ਬਿਨਾ ਵਿਕਾਰ[੧੧]।
[1]ਅਹੰ ਅਹੰ ਕੀ ਬ੍ਰਿਤੀ ਜੁ ਸਬੈ।

[1]ਇਨ੍ਹਾਂ ਤੁਕਾਂ ਦਾ ਅਰਥ ਪਹਿਲੀਆਂ ਦੋ ਨੂੰ ਪਿਛਲੀਆਂ ਦੇ ਨਾਲ ਮਿਲਾਕੇ ਤੇ ਵਿਚਲੀਆਂ ਚਾਰ ਲੋਹੇ-ਅੱਗ ਦੇ ਦ੍ਰਿਸ਼ਟਾਂਤ ਵਾਲੀਆਂ ਨੂੰ ਮਗਰੋਂ ਲਾਇਆਂ ਖੁੱਲ੍ਹੇਗਾ: ਯਥਾ:-ਅਹੰ ਅਹੰ ਬ੍ਰਿਤੀ ਦਾ ਜੋ ਸਮੁਦਾਇ ਹੈ ਜਦੋਂ ਉਹਨਾਂ ਨਾਲ ਆਤਮਾ ਦਾ ਤਦਾਤਮ ਸਬੰਧ ਹੁੰਦਾ ਹੈ ਤਾਂ ਆਤਮਾ 'ਅਹੰ' ਦਾ ਸਬੰਧ ਪਾਕੇ ਵ੍ਯਾਪਕਤਾ ਅਰ ਪ੍ਰਕਾਸ਼ਕਤਾ ਨਾਮ ਪਾਉਂਦਾ ਹੈ, ਜਿਸ ਤਰ੍ਹਾਂ ਲੋਹੇ ਦੇ ਗੋਲੇ ਨਾਲ ਅੱਗ ਦਾ ਜਦ ਤਦਾਤਮ ਸੰਬੰਧ ਹੁੰਦਾ ਹੈ (ਤਾਂ ਉਹ ਲੋਹਾ ਅੱਗ ਨਾਲ) ਇਕ ਰੰਗ ਹੋ ਜਾਂਦਾ ਹੈ ਤਦੋਂ ਅਗਨੀ ਦੇ ਗੁਣ (ਤਪਤ) ਨੂੰ ਪਾਕੇ ਲੋਹਾ ਕੱਖਾਂ ਨੂੰ ਸਾੜਦਾ ਹੈ। (ਇਸ ਵਿਚ ਇਹ ਇਸ਼ਾਰਾ ਵੀ ਜਾਪਦਾ ਹੈ ਕਿ ਬ੍ਰਿਤੀ ਅਰੂਢ ਚੇਤਨ ਅਵਿੱਦ੍ਯਾ ਦਾ ਵਿਰੋਧੀ ਹੈ)। [ਤਦਾਤਮ=ਉਸੇ ਦਾ ਰੂਪ ਹੋ ਜਾਣਾ। ਦੋ ਵੱਖੋ ਵੱਖ ਚੀਜ਼ਾਂ ਦਾ ਆਪੋ ਵਿਚ ਮਿਲਕੇ ਇਕ ਰੂਪ ਹੋ ਜਾਣਾ]।

ਹੋਇ ਸਬੰਧ ਤਦਾਤਮ ਜਬੈ ॥੧੩॥

ਜਥਾ ਲੋਹੇ ਕੇ ਗੋਲੇ ਸੰਗ।
ਅਗਨਿ ਤਦਾਤਮ ਹੁਇ ਇਕ ਰੰਗ।
ਪਾਇ ਅਗਨਿ ਕੇ ਗੁਨ ਕੋ ਲੋਹਾ।
ਤ੍ਰਿਣ ਆਦਿਕ ਕੋ ਦਾਹਿਤ ਓਹਾ ॥੧੪॥

ਆਤਮ ਅਹੰ ਸਬੰਧ ਕੋ ਪਾਇ।
ਬ੍ਯਾਪਕ ਅਪਰ ਪ੍ਰਕਾਸ਼ਕ ਤਾਇ[੧੨]।

ਇੱਤਯਾਦਿਕ ਨਿਤਪ੍ਰਤਿ ਬਿਚਾਰੈ[†]। — [†]ਇਹ ਚਾਰੇ ਤੁਕਾਂ ਪੁਰਾਤਨ ਨੁਸਖਿਆਂ ਵਿਚ ਨਹੀਂ ਹਨ, ਹੋਰਨਾਂ ਲਿਖਤੀਆਂ ਵਿਚ ਹੈਨ।

ਨਿੱਧਯਾਸਨ ਕੋ ਨੀਕੇ ਧਾਰੇ[*] ॥੧੫॥

ਤੀਨ ਸਰੀਰਨ ਤੇ ਮੈਂ ਨਯਾਰੋ[1*]। — [1]ਮੈਂ ਤਿੰਨਾਂ ਸਰੀਰਾਂ ਤੋਂ ਨਯਾਰਾ ਹਾਂ।

ਤੀਨ ਅਵਸਥਾ ਸਾਖੀ ਧਾਰੋ[1*]। — [1]ਮੈਂ ਤਿੰਨਾਂ ਅਵਸਥਾਂ ਦਾ ਸਾਖੀ ਹਾਂ (ਐਸਾ) ਸਮਝੋ।

ਨਿੱਤ ਸੁੱਧ ਹੈ ਗਯਾਨ ਸਰੂਪ[1]। — [1]ਆਤਮਾ ਵਾਸਤਵ ਵਿਚ) ਨਿਤ ਸ਼ੁੱਧ ਤੇ ਗਯਾਨ ਸਰੂਪ ਹੈ।

ਇਕ ਰਸ ਅਚਲ ਅਨੰਦ ਅਨੂਪ ॥੧੬॥

ਇਸ ਬਿਧਿ 'ਪ੍ਰੋਖ ਗਯਾਨ[†]' ਹੁਇ ਆਵੈ। — [†]ਦੇਖੋ ਇਸੇ ਪੰਨੇ ਦਾ ਅੰਕ ੬ ਵਾਲਾ ਪ੍ਰਯਾਯ।

ਤਨ ਅਭਿਮਾਨ ਖੀਨ ਹੁਇ ਜਾਵੈ।

ਅਰੁ ਜਬਿ ਮਨਨ ਨਿੱਧਯਾਸਨ ਦ੍ਵਾਰਾ।

ਹੋਤਿ ਭਯੋ ਸੱਖਯਾਤ ਉਦਾਰਾ ॥੧੭॥

ਬ੍ਰਹਮਾਕਾਰ ਬ੍ਰਿੱਤਿ ਦ੍ਰਿੜ ਭਈ।

ਮੂਲ ਅਵਿੱਦਯਾ[1] ਛੈ ਹੁਇ ਗਈ। — [1]ਮੂਲਾਵਿੱਦਯਾ=ਜੋ ਸਰੂਪ ਨੂੰ ਢਾਪੇ। (ਤੂਲਾਵਿੱਦਯਾ=ਜੋ ਘਟ ਪਟ ਆਦਿ ਵਿਚ ਵ੍ਯਾਪਕ ਚੇਤਨ ਨੂੰ ਢਾਪੇ)।

ਤਨ ਅਭਿਮਾਨ ਕਹਾਂ ਪੁਨ ਰਹੈ।

ਅਪਨ ਸਰੂਪ ਜਥਾਰਥ ਲਹੈ ॥੧੮॥

ਉਰ ਸਿਮਰਣ ਆਤਮ ਵਿੱਗਯਾਨ[1]। — [1]ਹ੍ਰਿਦੇ ਵਿਚ ਸਿਮਰਨ (ਨਿਧਯਾਸਨ) ਨਾਲ ਆਤਮ ਸਾਖ੍ਯਾਤਕਾਰ ਹੋ ਜਾਂਦਾ ਹੈ।

ਗਯਾਨ ਵਿੱਗਯਾਨ ਪ੍ਰਕਾਸ਼ ਮਹਾਨ[1]। — [1]ਗਯਾਨ=ਪ੍ਰੋਖ ਗਯਾਨ। ਵਿਗਯਾਨ=ਅਪ੍ਰੋਖ ਗਯਾਨ, ਦਾ ਮਹਾਨ ਪ੍ਰਕਾਸ਼ ਹੋ ਜਾਂਦਾ ਹੈ। (=ਤੂਲਾਵਿਦਯਾ ਦਾ ਵਿਰੋਧੀ ਭਾਵ ਪ੍ਰੋਖ ਗਯਾਨ ਤੇ ਮੂਲਾਵਿੱਦਯਾ ਦਾ ਵਿਰੋਧੀ ਭਾਵ ਅਪ੍ਰੋਖ ਗਯਾਨ)।

[ਛੇ ਪ੍ਰਮਾਣ ਚਲੇ:-]

ਖਟ ਪ੍ਰਮਾਣ ਕਰਿ ਲਹਯੋ ਪ੍ਰਕਾਸ਼।

ਤਿਨ ਤੇ ਭਈ ਅਵਿੱਦਯਾ ਨਾਸ਼ ॥੧੯॥

[1]ਅਪਨ ਮੋਹ ਕਾਰਜ ਕਹੁ ਕਰਿਬੇ। — [1]ਮੋਹ ਆਦਿਕ ਅਪਨੇ ਕਾਰਜ ਕਰਨੇ ਨੂੰ ਅਵਿਦਿਆ ਸਮਰਥਾ ਨਹੀਂ ਰਖਦੀ।

ਨਹੀਂ ਅਵਿੱਦਯਾ ਸਮਰਥ ਧਰਿਬੇ[?]।

ਸੋ ਪ੍ਰਮਾਣ ਖਟ ਸੁਨਿ ਚਿਤ ਲਾਇ[1]। — [1]ਉਹ (ਖਟ ਪ੍ਰਮਾਨ) ਚਿਤ ਲਾਕੇ ਸੁਣ।

ਜਿਸ ਤੇ ਸੰਸੇ ਸਭਿ ਬਿਨਸਾਇ

॥੨੦॥

[੧. ਸ਼ਬਦ ਪ੍ਰਮਾਣ:-]

[1]ਬੇਦ ਰੁ ਸਤਿਗੁਰ ਸ਼ਬਦ ਜੁ ਸੁਨਿ ਕਰਿ[†]।

[1]ਵੇਦ ਤੇ ਸਤਿਗੁਰ ਦੇ ਉਪਦੇਸ਼ ਸੁਣਕੇ ਮਹਾਂਵਾਕ ਦੇ ਸਿੱਧਾਂਤ ਹਿਰਦੇ ਧਾਰਨੇ ਤੇ ਬ੍ਰਹਮਾਤਮਾ ਦਾ ਨਿਰਣੈ ਗ੍ਰਹਣ ਕਰਨਾ ਸ਼ਬਦ ਪ੍ਰਮਾਣ ਹੈ। [†]ਪਾ:- ਬੇਦ ਸ਼ਾਸਤ੍ਰ ਗੁਰ ਸ਼ਬਦ ਜੁ ਸੁਨਿ ਕਰਿ।

ਮਹਾਂਵਾਕ ਤੇ ਨਿਰਨੈ ਉਰ ਧਰਿ।
'ਸਬਦ ਪ੍ਰਮਾਣ' ਇਹੀ ਇਕ ਜਾਨ।
ਬ੍ਰਹਮ ਆਤਮਾ ਨਿਰਨੈ ਠਾਨਿ[੯] ॥੨੧॥

[੨. ਅਨੁਮਾਨ:-]

ਦੂਸਰ ਜੋ ਅਨੁਮਾਨ ਕਹਿਤ ਹੈਂ[1]।

[1]ਕੋਈ) ਨਿਸ਼ਾਨੀ ਵੇਖਕੇ ਵਸਤੂ ਨੂੰ ਸਮਝ ਲੈਣਾ (ਜਿਵੇਂ ਧੂਆਂ ਵੇਖਕੇ ਅੱਗ ਨੂੰ ਸਮਝ ਲੈਣਾ)।

ਚਿੰਨ੍ਹ ਦੇਖਿ ਕਰਿ ਵਸਤੁ ਲਹਤਿ ਹੈਂ।
ਮਨ ਚੱਖਯਾਦਿ ਸੁਤੇ ਜੜ ਜੋਇ[1]।

[1]ਨੇਤ੍ਰ ਮਨ ਆਦਿ ਜੋ ਸੁਤੇ ਜੜ ਹਨ।

ਜਿਸਤੇ ਗ੍ਯਾਨ ਪਾਇ ਸਭਿ ਕੋਇ[1] ॥੨੨॥

[1]ਜਿਸ (ਆਤਮਾ) ਤੋਂ ਸਾਰੇ ਗ੍ਯਾਨ ਪ੍ਰਾਪਤ ਕਰਦੇ ਹਨ।

-ਸੋ ਆਤਮ ਹੈ- ਜਾਨਜੋਂ ਜਾਇ[1]।

[1]ਇਸ ਗਲ ਤੋਂ) ਜਾਣਿਆਂ ਜਾਂਦਾ ਹੈ ਕਿ ਉਹ ਆਤਮਾ ਹੈ। ਭਾਵ, ਮਨ ਇੰਦ੍ਰਿਆਂ ਦੀ ਚੇਸ਼ਟਾ ਦੇਖਕੇ ਇਨ੍ਹਾਂ ਨੂੰ ਸਫੁਰਣ ਕਰਨ ਵਾਲੇ ਕਰਤਾ ਆਤਮਾ ਦਾ ਅਨੁਮਾਨ ਹੁੰਦਾ ਹੈ।

ਸਾਖੀ ਤੀਨ ਅਵਸਥਾ ਗਾਇ[1]।

[1]ਤਿੰਨਾਂ ਅਵਸਥਾਂ ਦਾ ਸਾਖੀ ਕਹੀਦਾ ਹੈ।

ਨਿਤ ਸੁਧ ਸੱਤਿ ਜੁ ਪਰਮਾਨੰਦ[1]।

[1]ਜੋ ਨਿੱਤ ਹੈ, ਸ਼ੁੱਧ ਹੈ, ਸੱਤਿ ਹੈ, ਪਰਮਾਨੰਦ ਹੈ।

ਸ਼੍ਰਵਣ ਕਰਯੋ ਜੋ ਪ੍ਰਥਮ ਬਿਲੰਦ[1] ॥੨੩॥

[1]ਜੋ ਪਹਿਲਾਂ ਵਡਾ ਸੁਣਿਆ ਸੀ।

ਸ਼ਬਦ, ਸਪਰਸ਼, ਰੂਪ, ਰਸ, ਗੰਧ।
ਜਿਸ ਤੇ ਲਖਤਿ ਇੰਦ੍ਰੈ[†] ਸੰਬੰਧ[1]।

[1]ਜਿਸ ਤੋਂ ਇੰਦ੍ਰੀਆਂ ਦਾ ਸੰਬੰਧ ਲਖਿਆ ਜਾਂਦਾ ਹੈ। [†]ਪਾ:-ਲਖਤਿੰਦ੍ਰੈ, ਲਖੀਅਤਇੰਦ੍ਰ।

ਸੋ ਆਤਮ ਸਾਖੀ ਹੈ ਕੋਇ[1]।

[1]ਸੋ ਕੋਈ ਆਤਮਾ ਸਾਖੀ ਰੂਪ (ਜ਼ਰੂਰ) ਹੈ।

ਇਮ ਜਬਿ ਸਮਝ ਬਿਲੋਕਨ ਹੋਇ ॥੨੪॥
ਇਸ ਕੋ ਨਾਮ ਜਾਨ 'ਅਨੁਮਾਨ।'

[੩. ਉਪਮਾਨ:-]

ਸ਼੍ਰਵਣ ਉਪਰੰਤ ਮਨਨਿ ਇਸ ਜਾਨ।
ਸੱਤਿ, ਨਿਰੰਸ, ਅਨੰਤ, ਅਖੰਡ[1]। — [1]ਅੰਸ਼ (ਭਾਗ) ਰਹਿਤ, ਅੰਤ ਰਹਿਤ ਤੇ ਅਖੰਡ।
ਵਹਿਰੰਤਰ ਪੂਰਨ ਬ੍ਰਹਿਮੰਡ[1] ॥੨੫॥ — [1]ਬਾਹਰ ਅੰਦਰ ਸਾਰੇ ਬ੍ਰਹਮੰਡ ਵਿਚ ਪੂਰਨ ਹੈ।
ਬ੍ਯਾਪਕ ਹੈ ਅਕਾਸ਼ ਕੀ ਨ੍ਯਾਈਂ।
ਘਟ ਮਟ ਮਹਿਂ ਲਖੀਏ ਸਭਿ ਥਾਈਂ।
ਇਹ 'ਉਪਮਾਨ ਪ੍ਰਮਾਣ' ਲਖੀਜੈ।
ਜਹਿਂ ਦੂਸਰ ਕੀ ਸਮ ਜਾਨੀਜੈ[1] ॥੨੬॥ — [1]ਭਾਵ ਜਿਥੇ ਦੂਸਰੇ ਦੀ ਉਪਮਾ ਦੇਵੀਏ।
[੪. ਅਰਥਾਪਤੀ ਪ੍ਰਮਾਣ:-]
[1]ਇਹ ਨਰ ਦੀਖਤਿ ਪੀਨ ਮਹਾਨ। — [1]ਦ੍ਰਿਸ਼੍ਟਾਂਤ ਦੇਕੇ ਦੱਸਦੇ ਹਨ:-(ਕਿ ਕੋਈ ਕਹਿੰਦਾ ਹੈ ਕਿ)।
[1]ਦਿਨ ਮਹਿਂ ਭੋਜਨ ਕਰੈ ਨ ਖਾਨ। — [1]ਦੂਸਰਾ ਕਹਿੰਦਾ ਹੈ ਕਿ)।
[1]ਇਸ ਤੇ ਲਖੀਯਤਿ ਨਿਸ ਮੈਂ ਖਾਇ। — [1]ਪਹਿਲਾ ਕਹਿੰਦਾ ਹੈ ਕਿ)।
ਦੇਹ ਪੀਨਤਾ ਦੇਤਿ ਜਨਾਇ[1] ॥੨੭॥ — [1]ਰਾਤ ਦੇ ਭੋਜਨ ਨੂੰ) ਸਰੀਰ ਦਾ ਮੁਟਾਪਾ ਜਣਾ ਦਿੰਦਾ ਹੈ। ਭਾਵੇਹ ਕਿ ਕਿਸੇ ਦਾ ਮੁਟਾਪਾ ਚਾਹੋ ਓਹ ਦਿਨੇ ਭੋਜਨ ਨਾ ਖਾਵੇ ਜਣਾ ਦੇਂਦਾ ਹੈ ਕਿ ਏਹ ਰਾਤ ਨੂੰ ਖਾਂਦਾ ਹੈ, ਮੁਟਾਪੇ ਰੂਪੀ 'ਕਾਰਜ' ਨੇ ਰਾਤ ਨੂੰ ਖਾਣਾ ਰੂਪੀ 'ਕਾਰਨ' ਨਿਸ਼ਚੇ ਕਰ ਦਿੱਤਾ।
ਜੋ ਇਹ ਰਾਤ ਅਹਾਰ ਨ ਖਾਇ।
ਨਹਿ ਸਰੀਰ ਮੋਟਾ ਹੁਇ ਜਾਇ।
ਯਾਂ ਤੇ ਨਿਸ ਮਹਿਂ ਭੋਜਨ ਖਾਯੋ।
ਯਹਿ ਨਿਸ਼ਚੈ ਨਿਰਨੈ ਠਹਿਰਾਯੋ ॥੨੮॥
[1]ਤਿਮ ਆਤਮ ਕੇ ਵਿਖੈ ਵਿਚਾਰੈ। — [1]ਤਿਸ ਪ੍ਰਕਾਰ ਆਤਮਾ ਦੇ ਵਿਸ਼ੇ ਵਿਚਾਰ ਕਰੇ ਕਿ ਜਿਸ ਆਤਮਾ ਕਰਕੇ ਜਾਗ੍ਰਤ ਆਦਿ ਸਾਰੇ ਪਦਾਰਥ ਅਤੇ ਸੁਖੁਪਤੀ ਦੇ ਅਭਾਵ ਆਦਿ ਜਾਣੇ ਜਾਂਦੇ ਹਨ ਓਹ ਆਤਮਾ ਕਰਕੇ ਹੀ ਸਿੱਧ ਹੁੰਦੇ ਹਨ।
ਜਾਗ੍ਰਤਿ ਆਦਿ ਪਦਾਰਥ ਸਾਰੈ।
ਜਿਸ ਆਤਮ ਕਰਿ ਜਾਨੇ ਜਾਹਿਂ।
ਸੁਖਪਤਿ ਆਦਿ ਅਭਾਵ ਜਿ ਆਹਿਂ ॥੨੯॥
ਸੋ ਆਤਮ ਹੀ ਕਰਿ ਸਿੱਧ ਹੋਇ[੧੫]।
ਸਿੱਧ ਕਰਤਾ ਹੈ ਅਪਰ ਨ ਕੋਇ।
ਜੇ ਕਰਿ ਹ੍ਵੈ ਨ ਆਤਮਾ ਪਰੈ।
ਆਦਿ ਅਭਾਵ ਸਿੱਧ ਕਿਮ ਕਰੈ[1]? — [1]ਜੇ (ਸੁਖੋਪਤੀ ਤੇ ਅਭਾਵ ਆਦਿਕ ਤੋਂ ਪਰੇ ਆਤਮਾ

॥੩੦॥ — ਨਾ ਹੋਵੇ ਤਾਂ ਅਭਾਵ ਆਦਿ ਨੂੰ ਸਿੱਧ ਕਿਵੇਂ ਕਰੇ।

ਕਾਰਜ ਜਿਸ ਕੋ ਜਗਤ ਪ੍ਰਤੱਛ[1]।
'ਅਰਥਾਪਤਿ' ਵਿਖੈ ਇਮ ਲੱਛ[1]।

[1]ਜਿਸ (ਆਤਮਾ ਦਾ) ਕਾਰਜ ਜਗਤ ਪ੍ਰਤੱਖ ਹੈ।

[1]ਅਰਥਾਪਤਿ ਵਿਚ ਇਹ ਲੱਛਣ ਹੈ। [ਅਰਥਾਪੱਤਿ=ਭਾਵ ਜਿੱਥੇ ਕਾਰਜ ਤੋਂ ਕਾਰਣ ਜਾਣਿਆਂ ਜਾਏ]।

[੫. ਅਈਤੇਜਕ ਪ੍ਰਮਾਣ† :-]

†ਸ਼ੁੱਧ ਪਾਠ ਚਾਹੀਏ 'ਐਤਿਹਯ ਪ੍ਰਮਾਣ'।

ਕਹਯੋ ਕਿਸੀ ਨੇ ਇਸ ਤਰੁ ਵਿਖੈ।
-ਯੱਖਯ ਬਸਤਿ ਹੈ, ਕਿਸ ਨਹਿਂ ਪਿਖੈ- ॥੩੧॥
ਜਾਨਯੋਂ ਜਾਇ ਨ ਕਿਯ ਅਨੁਮਾਨ[1]।

[1]ਨਾ (ਪ੍ਰਤੱਖ) ਜਾਣਿਆਂ ਜਾਂਦਾ ਹੈ ਨਾ ਅਨੁਮਾਨ ਹੋ ਸਕਦਾ ਹੈ।

ਨਹਿਂ ਕਿਹ ਸ਼ਾਸਤ੍ਰਹਿ ਕੀਨ ਬਖਾਨ।
ਪਰੰਪਰਾ ਸੁਨਿਬੇ ਮਹਿਂ ਆਵੈ।
'ਅਈਤੇਜਕ ਪਰਮਾਣ' ਕਹਾਵੈ ॥੩੨॥
ਤਿਮ ਆਤਮ ਇਹ ਕਹੈਂ ਸਨਾਤਨ।
ਪਰੰਪਰਾ ਸਭਿ ਕਥੈਂ ਪੁਰਾਤਨ।
ਸੱਤਿ ਪਰਾਤਮ ਈਸ਼ੁਰ ਜੋਇ।
ਸਭਿ ਕੋ ਅਹੈ ਆਤਮਾ ਸੋਇ ॥੩੩॥

[੬. ਪ੍ਰਤੱਖਯ:-]

ਅਬਿ ਪ੍ਰਤੱਖਯ ਸੁਨਿ ਨੀਕੇ ਉਰ ਧਰਿ।
-[1]ਅੰਤਹਕਰਣ ਕੀ ਬ੍ਰਿੱਤਿ ਨਿਕਲ ਕਰਿ।

[1]ਜਦੋਂ ਅੰਤਹਕਰਣ ਦੀ ਬ੍ਰਿਤੀ ਇੰਦ੍ਰੀਆਂ ਦ੍ਵਾਰਾ ਨਿਕਲ ਕੇ ਬਾਹਰ ਗਈ (ਤਦੋਂ ਬੀ ਚੇਤਨ ਨੇ ਉਸ ਨੂੰ) ਪ੍ਰਕਾਸ਼ਿਆ, (ਜਦ) ਪਦਾਰਥਾਂ ਨਾਲ ਮਿਲੀ (ਤਦ ਵੀ ਉਹ ਚੇਤਨ ਹੀ) ਪ੍ਰਕਾਸ਼ਦਾ ਹੈ, (ਐਉਂ) ਸਤ, ਚਿਤ, ਆਨੰਦ ਪ੍ਰਤੱਖ (ਪ੍ਰਮਾਣ ਦਾ) ਵਿਸ਼ੈ ਸਿੱਧ ਹੋ ਗਿਆ।

ਇੰਦ੍ਰਯ ਦੁਆਰਾ ਵਹਿਰ ਪ੍ਰਕਾਸ਼ੈ।
ਸਾਥ ਪਦਾਰਥ ਮਿਲਿ ਕਰਿ ਭਾਸੈ ॥੩੪॥
ਸਤਿ ਚਿਤ ਆਨੰਦ ਬਿਖੈ ਪ੍ਰਤੱਛ[੫]।
[1]ਅਸਤਿ ਭਾਂਤਿ ਪ੍ਰਿਯ ਆਤਮ ਲੱਛ।

[1]ਅਸਤੀ, ਭਾਂਤੀ, ਪ੍ਰੇਯ ਆਤਮਾਂ ਦੇ ਲੱਛਣ ਹਨ ਇਹ ਤਿੰਨੇ ਹੀ ਜਿੱਥੇ ਕਿਤੇ (ਦੇਖੋ ਪਏ) ਦਿੱਸਦੇ ਹਨ।

ਇਹ ਤੀਨਹੁਂ ਜਿਤ ਕਿਤ ਦ੍ਰਿਸ਼ਟਾਵੈਂ[੬]।

ਇਨ ਬਿਹੀਨ ਕਿਛੁ ਕਿਤ ਨ ਜਨਾਵੈ[1] ॥੩੫॥

[1]ਇਨ੍ਹਾਂ ਬਿਨਾਂ ਕਿਤੇ ਕੁਛ ਨਹੀਂ।

[1]ਅਸਤੀ ਹੈ ਸੁ ਪਦਾਰਥ ਸਾਚੁ।

[1]ਅਸਤੀ ਭਾਂਤੀ ਪ੍ਰੇਯ ਤੇ ਸਤ ਚਿਤ ਆਨੰਦ ਨੂੰ ਇਕ ਰੂਪ ਕਰਕੇ ਦੱਸਦੇ ਹਨ, ਅਸਤੀ ਤੇ ਸੱਤ ਦੁਹਾਂ ਦਾ ਪਦ ਅਰਥ ਹੈ 'ਸਤਜ', ਚਿਤ ਤੇ ਭਾਂਤੀ ਦਾ ਭਾਵ ਹੈ 'ਪ੍ਰਕਾਸ਼', ਆਨੰਦ ਤੇ ਪ੍ਰਿਯ ਇਕੋ ਹਨ ਕਿਉਂਕਿ ਪ੍ਰਿਯ ਵਸਤੂ ਪਾਕੇ ਆਨੰਦ ਹੁੰਦਾ ਹੈ ਐਉਂ ਤਿੰਨੇ ਸਭ ਵਿਚ ਵਰਤ ਰਹੇ ਹਨ।

ਚਿਤ ਭਾਂਤੀ ਪਰਕਾਸ਼ ਉਬਾਚ।
ਪਾਇ ਪਦਾਰਥ ਪ੍ਰਿਯ ਆਨੰਦ।
ਇਮ ਤੀਨਹੁੰ ਸਭਿ ਮਹਿਂ ਬਰਤੰਦ॥੩੬॥

[ਤਿੰਨ ਭੇਦ:-]

[1]ਨਿਰਾਵੈਵ ਬ੍ਰਹਮ ਭਲੇ ਪਛਾਨੈ।

[1]ਬ੍ਰਹਮ ਨੂੰ ਅਵੈਵ (=ਅੰਗ) ਰਹਿਤ ਚੰਗੀ ਤਰ੍ਹਾਂ ਪਛਾਣੇ, ਇਸੀ ਕਰਕੇ ਕਿ ਤਿੰਨੇ ਭੇਦ ਉਸ ਵਿਚ ਨਹੀਂ ਹਨ, ਭਾਵ ਸੁਗਤਿ, ਸਜਾਤੀ, ਵਿਜਾਤੀ ਤਿਨਾਂ ਭੇਦਾਂ ਤੋਂ ਰਹਿਤ ਹੈ।

ਤੀਨੋ ਭੇਦ ਤਿਸੀ ਤੇ ਹਾਨੈ।
ਇਕ ਤਰੁ ਤੇ ਜਿਮ ਹੈ ਤਰੁ ਆਨ[1]।

[1]ਜਿਵੇਂ ਇਕ ਬ੍ਰਿੱਛ ਦੂਸਰੇ ਬ੍ਰਿੱਛ ਤੋਂ ਵੱਖਰਾ ਹੈ।

ਭੇਦ 'ਸਜਾਤੀ' ਲੀਜੈ ਜਾਨ ॥੩੭॥
ਇਕ ਬ੍ਰਹਮ ਤੇ ਦੂਸਰ ਬ੍ਰਹਮ ਨਾਂਹੀ।
ਭੇਦ ਸਜਾਤੀ ਤੌ ਹੁਇ ਕਾਂਹੀ[1]।

[1]ਕਿੱਥੇ ਹੈ ਭਾਵ ਨਹੀਂ ਹੈ।

ਇਕ ਤਰੁ ਪਾਥਰ ਦੂਸਰ ਲਹਯੋ[1]।

[1]ਇਕ ਬ੍ਰਿੱਛ ਹੈ ਇਕ ਪੱਥਰ ਹੈ।

ਭੇਦ 'ਵਿਜਾਤੀ' ਹੈ ਇਮ ਕਹਯੋ[1] ॥੩੮॥

[1]ਇਹ ਵਿਜਾਤੀ ਭੇਦ ਕਿਹਾ ਹੈ।

ਬ੍ਰਹਮ ਤੇ ਅਪਰ ਨਹੀਂ ਤਿਸ ਪਾਸ।
ਯਾਂ ਤੇ ਭੇਦ ਬਿਜਾਤੀ ਨਾਸ਼।
ਤਰੁ ਕੇ ਹੈਂ ਸਕੰਧ ਅਰੁ ਸ਼ਾਖਾ।
ਭੇਦ 'ਸੁਗਤਿ' ਦਲ ਆਦਿਕ ਭਾਖਾ[1] ॥੩੯॥

[1](ਜਿਵੇਂ) ਬ੍ਰਿੱਛ ਦੇ ਡਾਲ ਤੇ ਟਾਹਣੀਆਂ ਤੇ ਪੱਤੇ ਆਦਿਕ ਹੈਨ ਇਸ ਨੂੰ ਸੁਗਤਿ ਭੇਦ ਕਿਹਾ ਹੈ। [ਸ੍ਵਗਤ=ਅਪਣੇ ਵਿਚ ਪ੍ਰਾਪਤਿ]।

ਇਹ ਭੀ ਭੇਦ ਨਹੀਂ ਬ੍ਰਹਮ ਮਾਂਹੀ।
[1]ਲਖਯੋ ਅਭੇਦ ਆਤਮਾ ਜਾਂਹੀ।

[1]ਜਿਸ (ਪੁਰਖ) ਨੇ ਉਸ ਬ੍ਰਹਮ ਨੂੰ (ਆਪਣੇ) ਆਤਮਾ ਨਾਲ ਅਭੇਦ ਜਾਣਿਆਂ ਹੈ, (ਕਿ ਆਤਮਾ) ਇਕ ਹੈ, ਅਖੰਡ ਹੈ, ਸਚਦਾਨੰਦ ਰੂਪ ਹੈ (ਉਸ ਨੇ ਇਹ ਗਲ) ਸੁਖਮ ਬੁੱਧੀ ਕਰਕੇ ਲਖੀ ਹੈ, ਜੈਸੇ ਕਠ ਉਪਨਿਖਦ

ਵਿਚ ਕਿਹਾ ਹੈ:- "ਬੇਖ ਸਰ੍ਵੇਖੁ ਭੂਤੇਖੁ ਗੂਢੋऽऽ ਤ੍ਮਾ ਨ ਪ੍ਰਕਾਸ਼ਤੇ। ਦ੍ਰਿਸ਼ਜਤੇ ਤ੍ਵਗ੍ਰਯਯਾ ਬੁਧਧਜਾ ਸੁਕਸ੍ਮਯਾ ਸੂਕਸ਼ਮ ਦਰ੍ਸ਼ਿਭਿ: ॥" ਅਰਥਾਤ—ਇਹ ਆਤਮਾ ਸਭ ਭੂਤਾਂ ਵਿਚ ਛਿਪਿਆ ਹੋਇਆ ਹੈ, ਬਾਹਰ ਨਹੀਂ ਪ੍ਰਕਾਸ਼ਦਾ ਕਿੰਤੂ ਤੀਕਸ਼ਨ ਅਰ ਸੂਖਮ ਬੁੱਧਿ ਨਾਲ ਉਹਨਾਂ ਲੋਗਾਂ ਨੂੰ ਦਿੱਸਦਾ ਹੈ ਜੋ ਸੂਖਮ ਦਰਸ਼ੀ ਹਨ। [ਕਠ ਉਪਨਿਖਦ-ਧਿਆ ੧ ਵਲੀ ੩ ਅੰਕ ੧੨]।

ਇਕ ਅਖੰਡ ਸਚਿਦਾਨੰਦ ਰੂਪ।
ਬੁਧਿ ਸੂਖਮ ਤੇ ਲਖਯੋ ਅਨੂਪ[੬]
॥੪੦॥
ਮਿਲਜੋ ਅਨੰਦ ਬ੍ਰਿੱਤਿ ਮਹਿਂ ਸੋਈ।
ਜਨਮ ਮਰਨ ਕੇ ਸੰਕਟ ਖੋਈ[1]।

[1]ਉਹ ਆਨੰਦ ਰੂਪ ਆਤਮਾ ਬ੍ਰਿਤੀ ਵਿਚ ਮਿਲਿਆ ਹੋਇਆ ਜਨਮ ਮਰਨ ਦੇ ਸੰਕਟ ਖੋਏਗਾ।

[1]ਖਸ਼ਟ ਪ੍ਰਮਾਣਨਿ ਕਰ ਜਿਸ ਆਪਤਿ।

[1]ਛੇ ਪ੍ਰਮਾਣਾਂ ਦੀ ਪ੍ਰਾਪਤੀ ਕਰਕੇ ਜਿਸ ਨੂੰ ਆਤਮਾ ਦੀ ਸੁਧਿ ਪ੍ਰਾਪਤੀ ਹੋਈ ਹੈ ਉਸ ਨੂੰ ਅਵਿਦਜਾ ਉਪਜਦੀ ਨਹੀਂ, ਜੋ ਨਾਸ਼ ਹੋ ਗਈ ਹੈ ਉਹ ਫੇਰ ਨਹੀਂ ਉਪਜਦੀ। (ਅ) (ਆਪਤ=) ਆਪਤ ਵਕਤਾ (ਬ੍ਰਹਮ ਗਿਆਨੀ) ਤੋਂ ਛੇ ਪ੍ਰਮਾਣਾਂ ਕਰਕੇ ਜਿਸ ਨੂੰ ਆਤਮਾ ਦੀ ਸੁੱਧ ਪ੍ਰਾਪਤ ਹੋਈ ਹੈ....।

ਭਈ ਆਤਮਾ ਕੀ ਸੁਧਿ ਪ੍ਰਾਪਤਿ
॥੪੧॥
ਤਿਸੈ ਅਵਿੱਦਜਾ ਉਪਜੇ ਨਾਂਹਿ।
ਨਾਸ਼ ਭਈ ਤੇ ਨਹਿਂ ਉਪਜਾਹਿ[੮]।
ਅਜਾ ਅਵਿੱਦਜਾ ਤਾਂ ਤੇ ਨਾਇ[1]।

[1]'ਅ+ਜਾ' ਨਾਮ ਹੈ ਤਾਂਤੇ ਅਵਿੱਦਜਾ ਦਾ [ਅ+ਜਾ=ਜੋ ਨਸ਼ਟ ਹੋਕੇ ਫੇਰ ਨਾ ਜੰਮੇ]।

ਬਿਨਸੀ ਜਨਮ ਨਹੀਂ ਪੁਨ ਪਾਇ[1]'
॥੪੨॥

[1]ਤਾਂਤੇ ਅਜਾ ਅਵਿਦਜਾ ਜਿਸ ਦਾ ਨਾਮ ਹੈ ਉਹ) ਬਿਨਸੀ ਹੋਈ ਮੁੜ ਨਹੀਂ ਪੈਦਾ ਹੁੰਦੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੇ' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋ ਅੰਸੂ ॥੪੮॥

# ੪੯. [ਬ੍ਰਹਮ ਗਿਆਨ ਉਪਦੇਸ਼]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

'ਬਿਸ਼ੈ ਪ੍ਰਮਾਣਨਿ ਕੋ ਭਯੋ, ਕਹਯੋ ਅਬਿਸ਼ੈ ਸਰੂਪ[1]।'

[1]ਬ੍ਰਹਮਾਤਮਾ ਦੇ) ਸਰੂਪ ਨੂੰ (ਤੁਸਾਂ ਪਿਛੇ ਪ੍ਰਮਾਣਾਂ ਦੇ) ਅਵਿਸ਼ਯ ਕਿਹਾ ਹੈ (ਤੇ ਹੁਣ ਜੋ ਕੁਝ ਤੁਸਾਂ ਕਿਹਾ ਹੈ ਉਸ ਨਾਲ ਉਹ) ਪ੍ਰਮਾਣਾਂ ਦਾ ਵਿਸ਼ਯ ਹੋ ਗਿਆ।

ਇਹ ਸੰਸੈ ਬੂਝਨਿ ਕਰਯੋ[1], ਸੁਨਿ ਕੈ ਗਾਥ ਅਨੂਪ ॥੧॥ [1]ਖਾਲਸੇ ਨੇ) ਪੁੱਛਿਆ।

ਚੌਪਈ:

ਸ਼ੰਕਾ ਕਰੀ ਖਾਲਸੇ ਜਬੈ।
ਦਯਾ ਸਿੰਘ ਬੋਲਯੋ ਸ਼ੁਭ ਤਬੈ।
'ਵਿਧਿ ਮੁਖ ਸਿਖ ਜਨਾਇਬੇ ਹੇਤ।
ਕਹਯੋ ਬ੍ਰਹਮ ਕੋ ਬਿਸ਼ੈ ਸੰਕੇਤ[1] ॥੨॥

[1]ਵਿਧੀ ਪੱਖ ਦੁਆਰਾ ਸਿੱਖ ਨੂੰ ਜਨਾਵਣ ਵਾਸਤੇ (ਪ੍ਰਮਾਣਾਂ ਦਾ) ਸੰਕੇਤ ਕਰਕੇ ਬ੍ਰਹਮ ਨੂੰ (ਉਹਨਾਂ ਦਾ) ਵਿਸ਼ਯ ਕਿਹਾ ਹੈ।

[1]ਨੇਤਿ ਨੇਤਿ ਕਰਿ ਨਿਖਿਧ ਪਛਾਨ।

[1]ਨਿਖੇਧੀ ਪੱਖ ਦੁਆਰਾ ਨੇਤੀ ਨੇਤੀ ਕਰਕੇ ਜੇ ਪਛਾਣ ਕਰਾਈਏ ਤਾਂ (ਬ੍ਰਹਮਾਤਮਾ ਨੂੰ) ਪ੍ਰਮਾਣਾਂ ਦਾ ਵਿਸ਼ਯ ਨਾ ਜਾਣੋ।

ਤੌ ਪ੍ਰਮਾਨ ਕੋ ਬਿਸ਼ਯ ਨ ਜਾਨ[੪]।
ਜਿਮ ਨਹਿਂ ਬਿਸ਼ੈ ਸੁਨਹੁ ਦੇ ਸ਼੍ਰੌਨ।
-ਅਗਮ ਅਗੋਚਰ ਕਹੀਐ ਤੌਨ[1] ॥੩॥ [1]ਤਿਸ (ਬ੍ਰਹਮ) ਨੂੰ।
ਇੰਦ੍ਰੀ ਤੇ ਪ੍ਰਤੱਛ ਨਹਿਂ ਸੋਇ।
ਪ੍ਰਤੱਛ ਪ੍ਰਮਾਨ ਅਬਿਸ਼ਯੈ ਹੋਇ[1]। [1]ਇਸ ਕਰਕੇ ਪ੍ਰਤੱਛ ਪ੍ਰਮਾਨ ਦਾ ਅਵਿਸ਼ਯ ਹੋ ਗਿਆ।
ਚਿੰਨ੍ਹ ਬ੍ਰਹਮ ਕੈ ਕੋਇ ਨ ਅਹੈ।
ਜਥਾ ਧੂਮ ਤੇ ਪਾਵਕ ਲਹੈਂ ॥੪॥
ਨਹਿਂ ਅਨੁਮਾਨ ਬਿਸ਼ੈ[1] ਇਮ ਜਾਨਿ। [1]ਅਨੁਮਾਨ' (ਪ੍ਰਮਾਣ) ਦਾ ਵਿਸ਼ਯ ਨਹੀਂ ਹੈ।
ਅੱਦ੍ਵੈ ਏਕ ਆਤਮਾ ਮਾਨਿ।
ਚੇਤਨ ਸਮ ਚੇਤਨ ਨਹਿਂ ਕੋਇ[1]। [1]ਉਸ ਚੇਤਨ ਦੇ ਤੁੱਲ ਕੋਈ ਹੋਰ ਚੇਤਨ ਨਹੀਂ ਹੈ।
ਬਿਸ਼ੈ 'ਉਪਮਾਨ' ਨ ਯਾਂ ਤੇ ਹੋਇ[1] ॥੫॥ [1]ਇਸ ਕਰਕੇ 'ਉਪਮਾਨ' ਦਾ ਵਿਸ਼ਾ ਨਹੀਂ ਹੈ।
ਕਾਰਣ ਕਾਰਜ ਭੇਦ ਨ ਅਹੈਂ[1]। [1]ਉਸ ਬ੍ਰਹਮ ਵਿਚ ਕਾਰਣ ਕਾਰਜ (ਆਦਿ) ਭੇਦ ਨਹੀਂ ਹਨ।
'ਅਰਥਾਪੱਤਿ' ਬਿਸ਼ੈ ਨਹਿਂ ਲਹੈ[1]। [1]ਇਸ ਕਰਕੇ 'ਅਰਥਾ ਪਤਿ' ਦਾ ਵਿਸ਼ਾ ਨਹੀਂ ਹੈ।
ਮਨ ਬਾਨੀ ਕੋ ਬਿਸ਼ੈ ਨ ਜੋਇ[1]। [1]ਜਾਣ ਲਓ (ਬ੍ਰਹਮ) ਮਨ ਬਾਣੀ ਦਾ ਵਿਸ਼ਯ ਨਹੀਂ।
ਸ਼ਬਦ 'ਅਈਤੇਜਕ' ਬਿਸ਼ੈ ਨ ਹੋਇ[1] [1]ਸ਼ਬਦ ਤੇ ਐਤਿਹਯ ਪ੍ਰਮਾਣ ਦਾ ਉਹ ਵਿਸ਼ਯ ਨਹੀਂ

॥੬॥ — ਹੋ ਸਕਦਾ।

ਦੇਸ਼ ਕਾਲ ਨਹਿਂ ਵਸਤੁ ਪ੍ਰਛਿੰਨ[1]।
ਏਕ ਆਤਮਾ ਅਨੰਦ[†] ਅਭਿੰਨ।

[1]ਦੇਸ਼ ਕਾਲ ਵਸਤੂ ਤੇ ਉਹ ਪ੍ਰਛੇਦ ਨਹੀਂ ਹੁੰਦਾ।
[†]ਪਾ:-ਆਤਮਾ ਨੰਦ।

ਦੇਸ਼ ਨਹੀਂ ਐਸੋ ਕਿਤ ਲਹੋ।
ਚੇਤਨ ਬ੍ਰਹਮ ਨਹੀਂ ਜਿਹ, ਕਹੋ[1] ॥੭॥

[1]ਐਸਾ ਦੇਸ਼ ਕਿਤੇ ਨਹੀਂ ਦਿੱਸਦਾ ਜਿੱਥੇ ਕਿਤੇ ਕਿ ਚੇਤਨ ਬ੍ਰਹਮ ਨਹੀਂ ਹੋਵੇ। (ਅ) ਕਹੋ=ਦੱਸੋ।

ਸਕਲ ਦੇਸ਼ ਮਹਿਂ ਪੂਰਨ ਪਿਖੀਏ।
ਦੇਸ਼ ਪ੍ਰਛੇਦ ਨ ਯਾਂ ਤੇ ਲਖੀਏ।
ਭੂਤ ਭਵਿੱਖਤ ਅਰੁ ਬ੍ਰਤਮਾਨ।
ਬ੍ਰਹਮ ਆਤਮਾ ਏਕ ਸਮਾਨ ॥੮॥
ਵਾਧ ਨ ਘਾਟ, ਜਨਮ ਨਹਿਂ ਨਾਸ਼।
ਇਕਰਸ ਸਦਾ ਰਹਜੋ ਸੁ ਪ੍ਰਕਾਸ਼।
ਯਾਂ ਤੇ ਕਾਲ ਪ੍ਰਛੇਦ ਨ ਕੋਇ[1]।
ਅੱਕ੍ਰੈ, ਅਚਲ ਕੂਟ ਸਮ[1] ਸੋਇ ॥੯॥

[1]ਤਾਂਤੇ ਕਾਲ ਕਰਕੇ ਪ੍ਰਛੇਦਨ ਨਹੀਂ ਹੁੰਦਾ।
[1]ਪਰਬਤ ਵਾਂਙ ਅਚੱਲ।

ਸਰਬ ਆਤਮਾ ਸਭਿ ਮਹਿਂ ਬਾਸਾ।
ਸਰਬਾਧਾਰ ਸਮਸਤਿ ਪ੍ਰਕਾਸ਼ਾ।
ਯਾਂ ਤੇ ਵਸਤੁ ਪ੍ਰਛੇਦ ਨ ਕੋਈ[1]।
ਤੀਨਹੁੰ ਤੇ ਪਰਛਿੰਨ ਨ ਹੋਈ[1] ॥੧੦॥

[1]ਤਾਂਤੇ ਵਸਤੂ ਕਰਕੇ ਪ੍ਰਛੇਦਨ ਨਹੀਂ ਹੁੰਦਾ।
[1]ਭਾਵ ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ। [ਸੰ:ਸ, ਪ੍ਰਚਛਨ੍ਹ=ਢੱਕਿਆ ਹੋਯਾ]।

ਦੋਹਰਾ:
ਆਸ਼੍ਰੈ ਵਿਖੈ ਅੱਗਜਾਨ ਕੋ,
ਹੋਤਿ ਬ੍ਰਹਮ ਹੀ ਏਕ[1]।

[1]ਅਦੁਤੀ ਬ੍ਰਹਮ ਹੀ ਅੱਗਜਾਨ ਦਾ ਆਸ਼੍ਰਯ ਅਰ ਵਿਸ਼ਯ ਹੈ।

ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ,
ਕੀਜੈ ਬਹੁਰ ਬਿਬੇਕ ॥੧੧॥
ਚੌਪਈ:
ਜਿਮ ਕੋਸ਼ਟ ਕੇ ਬੀਚ[1] ਅੰਧੇਰਾ।
ਛਾਦਨ ਕੀਨਸ ਪਰੈ ਨ ਹੇਰਾ[1]।
[1]ਕੋਸ਼ਠ ਕਰਜੋ ਵਿਖੈ ਤਮ ਹੋਇ।
ਦਿਖਿਬੇ ਮਹਿਂ ਨਹਿਂ ਆਵਤਿ ਸੋਇ[6] ॥੧੨॥

[1]ਕੋਠੇ ਵਿਚ।
[1]ਕੋਠੇ ਨੂੰ ਤਮ ਨੇ ਛਾਦਨ ਕੀਤਾ ਹੋਯਾ ਹੈ ਤੇ ਕੋਠਾ ਹੀ ਨਹੀਂ ਦਿੱਸਦਾ।
[1]ਕੋਠੇ ਨੂੰ ਹਨੇਰੇ ਨੇ ਵਿਸ਼ਯ ਕੀਤਾ ਹੈ (ਭਾਵ ਕੋਠੇ ਦੇ ਹਨੇਰੇ ਵਿਚ ਖੜੋਤਿਆਂ) ਕੋਠਾ ਨਜ਼ਰ ਨਹੀਂ ਆਉਂਦਾ।

ਅਰੁ ਕੋਸ਼ਟ ਹੀ ਆਸ਼੍ਰੈ ਤਮ ਕੋ[1]। — [1]ਤੇ ਕੋਠਾ ਹੀ ਹਨੇਰੇ ਦਾ ਆਸਰਾ ਹੈ।
ਇਮ ਹੀ ਜਾਨੋ ਰੂਪ ਬ੍ਰਹਮ ਕੋ।
ਤਿਸ ਤੇ ਹੀ ਉਪਜਯੋ ਅੱਗਜਾਨ।
ਯਾਂ ਤੇ ਅਹੈ ਆਸਰੋ ਜਾਨ[1] ॥੧੩॥ — [1]ਭਾਵ ਅੱਗਜਾਨ ਦਾ ਆਸਰਾ ਬ੍ਰਹਮ ਹੈ।
ਬ੍ਰਹਮ ਕੋ ਲਖਨ ਦੇਤਿ ਨਹਿਂ ਸੋਇ[1]। — [1]ਉਹੀ (ਅੱਗਜਾਨ) ਬ੍ਰਹਮ ਨੂੰ ਨਹੀਂ ਲਖਣ ਦੇਂਦਾ।
ਯਾਂ ਤੇ ਬਿਸ਼ੈ ਬ੍ਰਹਮ ਹੀ ਹੋਇ।
ਦ੍ਵੈ ਸ਼ਕਤੀ ਧਾਰਤਿ ਅੱਗਜਾਨ।
ਇਕ ਆਵਰਨ, ਵਿਖੇਪੈ ਆਨ[1] ॥੧੪॥ — [1]ਦੂਜੀ ਵਿਖੇਪ ਹੈ।

[ਆਵਰਨ ਸ਼ਕਤੀ:-][1] — [1]ਜਿਸ (ਸ਼ਕਤੀ) ਨੇ ਬ੍ਰਹਮ ਨੂੰ ਆਛਾਦਨ ਕੀਤਾ ਹੈ, ਜਿਸ ਕਰਕੇ ਬ੍ਰਹਮ ਨੂੰ ਜਾਣ ਨਹੀਂ ਸਕੀਦਾ ਕਿਸੇ ਤਰ੍ਹਾਂ ਬੀ।

ਬ੍ਰਹਮ ਕਰਯੋ ਆਛਾਦਨ ਜਾਂਹਿ।
ਜਿਸ ਤੇ ਜਾਨ ਸਕਹਿਂ ਕਿਮ ਨਾਂਹਿ[11]।
ਇਹ ਆਵਰਨ ਸ਼ਕਤਿ ਦ੍ਰਿੜ ਅਹੈ।
ਜਿਸ ਕੇ ਭਏ ਜੀਵ ਜਗ ਬਹੈ[1] ॥੧੫॥ — [1]ਜਿਸ ਆਵਰਨ ਦੇ ਹੋਇਆਂ ਜੀਵ ਜਗਤ ਵਿਚ ਰੁੜ੍ਹਿਆ ਜਾਂਦਾ ਹੈ।

[ਵਿਖੇਪ ਸ਼ਕਤੀ:-]

[1]ਪੁਨ ਨਾਨੱਤ੍ਵ ਦਿਖਾਵਨ ਕਰੇ। — [1]ਇਕ ਦੀ ਥਾਂ ਤੇ) ਬਹੁਤਾਯਤ ਦਿਖਾਉਂਦਾ ਹੈ ਜੈਸੇ, ਹਾਥੀ, ਘੋੜੇ, ਬਨ, ਸਾਵੇ ਬ੍ਰਿੱਛ, (ਆਦਿ)।
ਗਜ, ਬਾਜੀ, ਬਨ, ਗਨ ਤਰੁ ਹਰੇ[13]।
ਸ਼ਕਤਿ ਵਿਖੇਪ ਇਹੀ ਤਿਸ ਮਾਂਹਿ।
ਏਕ ਰੂਪ ਕਿਮ ਜਾਨਤਿ ਨਾਂਹਿ ॥੧੬॥
ਸ਼੍ਰਵਣ, ਮਨਨ, ਨਿੱਧਜਾਸਨ ਦ੍ਵਾਰਾ।
ਜਬਿ ਹੋਇਓ ਸੱਖਜਾਤ ਉਦਾਰਾ।
ਤ੍ਰੈ ਗੁਣ ਤੀਨ ਅਵਸਥਾ ਛੋਰਿ।
ਥਿਰੀ ਬ੍ਰਿੱਤਿ ਚਲਿ ਤੁਰੀਆ ਓਰ[1] ॥੧੭॥ — [1]ਤੁਰੀਆ ਵੱਲ ਚੱਲਕੇ ਇਸਥਿਤ ਹੋਈ।
ਅਨੰਦਾਤਮ ਮਹਿਂ ਥਿਰਤਾ ਭਈ।
ਜਿਤ ਕਿਤ ਏਕ ਰੂਪ ਹ੍ਵੈ ਗਈ।
ਦੋਨਹੁਂ ਸ਼ਕਤਿ ਸਹਿਤ ਅੱਗਜਾਨ[1]। — [1]ਅਗਜਾਨ ਦੋਹਾਂ ਸ਼ਕਤੀਆਂ ਸਮੇਤ।
ਗੁਰੂ ਬਾਕ ਤੇ ਕੀਯਸਿ ਹਾਨ ॥੧੮॥
ਜੀਵ ਈਸ਼ ਨਦਿ ਵਾਹਾ ਰੂਪ।

| | |
|---|---|
| ਪਰੇ ਬੀਚ ਭੇ ਸਮੁੰਦ੍ਰ ਅਨੂਪ। | |
| ਜਹਿਤੀ ਤੇ ਨ ਏਕਤਾ ਬਨੇ[1]। | [1]ਜਹਿਤੀ (ਲੱਖਣਾ) ਏਕਤਾ ਦਵਾਰਾ ਸਿੱਧ ਨਹੀਂ ਹੁੰਦੀ। |
| ਗੰਗ ਘੋਖ ਇਕ ਤਜਿਬੋ ਭਨੇ[1] ॥੧੯॥ | [1]ਜਿਵੇਂ ਜਦ) ਕਹੀਏ ਕਿ ਗੰਗਾ ਵਿਚ ਘਰ ਹੈ ਤਾਂ ਇਕ ਛਡਣਾ ਕਿਹਾ ਹੈ। ਭਾਵ, ਜਦ ਕਿਸੇ ਕਿਹਾ ਗੰਗਾ ਵਿਚ ਘਰ ਹੈ ਤਾਂ ਗੰਗਾ ਪਦ ਦਾ ਅਰਥ ਹੈ ਜਲ ਦਾ ਪ੍ਰਵਾਹ, ਉਸ ਵਿਚ ਘਰ ਸੰਭਵ ਨਹੀਂ, ਤਾਂ ਤੇ ਸਮਝਾਂਗੇ ਕਿ ਘਰ ਗੰਗਾ ਦੇ ਕਿਨਾਰੇ ਹੈ। ਇਸ ਤਰ੍ਹਾਂ 'ਗੰਗਾ' ਪਦ ਛਡਕੇ 'ਕਿਨਾਰਾ' ਪਦ ਗ੍ਰਹਣ ਕਰਾਂਗੇ, ਇਸਦਾ ਨਾਮ ਜਹਿਤੀ ਲੱਛਣਾ ਹੈ। |
| ਜੀਵ ਈਸ਼ ਦੋਨਹੁੰ ਪਰਹਰੇ। | |
| ਤਬਿ ਇਕਤਾ ਕਹੁ ਕਿਸ ਕੀ ਕਰੇ[1]। | [1]ਭਾਵ, ਜਿਵੇਂ ਜਦ ਕਹੀਏ ਕਿ ਜੀਵ ਈਸ਼੍ਵਰ ਦੋ ਹਨ, ਹੁਣ ਇਨ੍ਹਾਂ ਵਿਚੋਂ ਕੋਈ ਇਕ ਪਦ ਛਡ ਦੇਈਏ ਤਾਂ ਬਾਕੀ ਇਕੋ ਰਹਿ ਗਿਆ ਉਸ ਦੀ ਏਕਤਾ ਕਿਸ ਨਾਲ ਕਰਾਂਗੇ? |
| ਤਥਾ ਅਜਹਿਤੀ ਗ੍ਰਹਨ ਕਰਨ ਮੈਂ[1]। | [1]ਤਿਵੇਂ ਹੀ 'ਅਜਹਿਤੀ ਲੱਛਨਾ' ਹੈ ਕੁਛ ਹੋਰ ਗ੍ਰਹਨ ਕਰਨ ਵਿਚ (ਅਰਥਾਤ ਜਿੱਥੇ ਕੁਛ ਹੋਰ ਅਰਥ ਬੀ ਗ੍ਰਹਣ ਕਰੀਦਾ ਹੈ)। |
| ਇਹ ਭੀ ਬਨਹਿ ਨ, ਸੁਨਹੁੰ ਸ਼੍ਰਵਣ ਮੈਂ ॥੨੦॥ | |
| [1]ਜੀਵ ਈਸ਼ ਦੋਨਹੁੰ ਕੋ ਰਾਖੈ। | [1]ਜੀਵ ਈਸ਼ਰ ਦੋਹਾਂ ਨੂੰ ਰੱਖਕੇ ਹੋਰ ਕੁਛ ਗ੍ਰਹਿਣ ਕਰਨ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ ਹੈ। [ਭਾਵ ਜਿਵੇਂ ਕਿਸੇ ਨੇ ਕਿਹਾ ਕਿ ਲਾਲ ਦੌੜਿਆ ਜਾਂਦਾ ਹੈ, ਇਥੇ 'ਘੋੜਾ' ਪਦ ਨਾਲ ਲਾਉਣਾ ਪਏਗਾ ਕਿਉਂਕਿ ਲਾਲ ਰੰਗ ਤਾਂ ਦੌੜਦਾ ਨਹੀਂ, ਲਾਲ ਘੋੜਾ ਦੌੜਦਾ ਹੈ ਇਹ ਅਜਹਿਤੀ ਲੱਛਣਾ ਹੈ, ਜਿਤੇ ਵਾਚਜ ਅਰਥ ਨਾਲ ਕੁਛ ਅਧਿਕ ਰਲਾਉਣਾ ਪਵੇ]। |
| ਔਰ ਗ੍ਰਹਨ ਕਿਹ ਕਰਨ ਭਿਲਾਖੈ[ਪ]। | |
| ਅਰਥ ਨ ਸਿੱਧ ਦੁਹਨਿ ਤੇ[1] ਹੋਵਾ। | [1]ਭਾਵ ਜਹਿਤੀ ਤੇ ਅਜਹਿਤੀ ਦੋਹਾਂ ਤੋਂ ਅਰਥ ਸਿੱਧ ਨਾ ਹੋਇਆ। |
| ਤਬਿ ਸਤਿਗੁਰਨਿ ਤ੍ਰਿਤੀ ਪਖ ਜੋਵਾ ॥੨੧॥ | |
| ਲਛਣਾਂ ਦੌਨ ਮਿਲਾਇ ਬਿਚਾਰਾ[1]। | [1]ਹੁਣ) ਦੋਵੇਂ ਲੱਛਣਾ ਮਿਲਾਕੇ ਵਿਚਾਰ ਕੀਤੀ। |
| 'ਭਾਗ ਤਜਾਗ' ਤਿਹ ਨਾਮ ਉਚਾਰਾ[†]। | [†]ਭਾਗਜ ਤਜਾਗ ਨੂੰ ਜਹਤਾਜਹਤਿ ਲੱਛਣਾ ਬੀ ਕਹਿੰਦੇ ਹਨ। |
| ਇਕਤਾ ਕਰਨ ਅਰਥ ਭਾ ਸਿੱਧ[1]। | [1]ਜੀਵ ਈਸ਼੍ਵਰ ਦੀ) ਏਕਤਾ ਕਰਨ ਦਾ ਅਰਥ ਸਿੱਧ ਹੋ ਗਿਆ। |

ਸ੍ਰੋਤਾ! ਸੁਨਹੁਂ ਕਹਯੋ ਜਿਮ ਬ੍ਰਿੱਧ[1] [1]ਬ੍ਰਿਧਾਂ ਨੇ।

॥੨੨॥

[1]ਜੀਵ ਵਾਚਯ ਕਰਿ ਹੈ ਅਲਪੱਗਯ।

[1]ਤੱਤ ਤ੍ਵਮ ਅਸਿ' ਮਹਾਵਾਕ ਵਿਚ ਜੀਵ ਈਸ਼੍ਵਰ ਦੀ ਏਕਤਾ 'ਭਾਗ ਤਯਾਗ' ਲੱਛਣਾਂ ਦੁਆਰੇ ਦੱਸਣ ਲਗੇ ਹਨ)।

[ਸੂਚਨਾ: ਜੋ ਪਦ ਕਹੀਏ ਉਸ ਨੂੰ ਵਾਚਕ ਕਹਿੰਦੇ ਹਨ। ਜਿਸ ਨੂੰ ਪਦ ਵਰਣਨ ਕਰੇ ਯਾ ਜੋ ਉਸ ਵਿਚ ਸਿੱਧ ਅਰਥ ਹੈ ਉਸ ਨੂੰ ਵਾਚਯ ਕਹਿੰਦੇ ਹਨ, ਜੈਸਾ 'ਤੂੰ' ਪਦ ਵਾਚਕ ਹੈ ਤੇ ਇਸ ਦਾ ਅਰਥ 'ਜੀਵ' ਵਾਚਯ ਹੈ]। (ਤ੍ਵੰ ਪਦ) ਕਰਕੇ ਵਾਚਯ ਜੀਵ ਅਲਪੱਗ ਹੈ। ਯਾ ਇਉਂ ਕਹੋ ਕਿ 'ਤੂੰ' ਪਦ ਦਾ ਵਾਚਯ ਅਰਥ ਹੈ 'ਜੀਵ' ਜੋ ਅਲੱਪਗ ਹੈ। (ਤਤ ਪਦ ਦਾ) ਵਾਚਯ 'ਈਸ਼੍ਵਰ' ਹੈ, ਉਹ ਸਰਬੱਗਯ ਹੈ। ਜਾਂ ਇਉਂ ਕਹੋ ਕਿ 'ਤੱਤ' ਪਦ ਦਾ ਵਾਚਯ ਅਰਥ 'ਈਸ਼੍ਵਰ' ਹੈ ਜੋ ਸਰਬੱਗਯ ਹੈ। (ਜੀਵ ਜੋ ਹੈ ਸੋ ਛੇ ਉਰਮੀਆਂ ਅਰਥਾਤ ਦੁੱਖਾਂ ਵਾਲਾ ਹੈ ਯਥਾ:-) ਜਨਮ ਮਰਨ ਸਰੀਰ ਦੀਆਂ, ਭੁਖ ਤ੍ਰੇਹ ਪ੍ਰਾਣਾਂ ਦੀਆਂ, ਤੇ ਹਰਖ ਸੋਗ ਮਨ ਦੀਆਂ ਉਰਮੀਆਂ ਹਨ। ਜੀਵ ਇਨ੍ਹਾਂ ਛਿਆਂ ਸੰਜੁਗਤ ਹੈ।

ਈਸ਼ੁਰ ਵਾਚਯ ਅਹੈ ਸਰਬੱਗਯ।

ਜਨਮ ਮਰਣ ਉਰਮੀ ਤਨ ਦੋਇ।

ਛੁਧਾ ਤ੍ਰਿਖਾ ਪ੍ਰਾਣਨਿ ਕੀ ਹੋਇ

॥੨੩॥

ਹਰਖ ਸੋਗ ਮਨ ਕੀ ਪਹਿਚਾਨ।

ਇਨ ਖਟ ਸਹਿਤ ਜੀਵ ਕੋ ਮਾਨ[1]। [1]ਪ੍ਰਯਾਯ ਪਿਛਲੇ ਪੰਨੇ ਦੇ ਅੰਕ ੧੦ ਵਿਚ ਆ ਚੁਕਾ ਹੈ।

[1]ਲੱਛਮੀ੧, ਗਯਾਨ੨, ਵਿਰਾਗ੩, ਉਦਾਰ੪।

[1]ਈਸ਼ੁਰ ਵਿਚ ਛੇ ਗੁਣ ਸੰਪੂਰਨ ਹਨ, ਯਥਾ:-) ਲਛਮੀ, ਗਯਾਨ, ਵਿਰਾਗ, ਉਦਾਰਤਾ, ਜਸ ਤੇ ਐਸ਼੍ਵਰਜ; (ਇਹ) ਛੇ ਗੁਣ ਜੋ ਕਹੀਦੇ ਹਨ ਸੋ ਜੀਵਾਂ ਵਿਚ ਕਿਤੇ ਕਿਤੇ ਇਨ੍ਹਾਂ ਦੀ ਅੰਸ਼ (ਮਾਤ੍ਰ) ਹੈ, (ਪਰ) ਈਸ਼੍ਵਰ ਵਿਚ ਛੀਏ ਸੰਪੂਰਨ ਹਨ, ਇਸ ਕਰਕੇ ਸ੍ਰਿਸ਼ਟੀ ਉਪਜਾਵਨ, ਪਾਲਨ, ਨਾਸ਼ ਕਰਨ ਤਿੰਨਾਂ ਦਾ ਕਾਰਨ ਈਸ਼੍ਵਰ ਹੈ।

ਜਸ੫, ਐਸ਼੍ਵਰਜ੬, ਗੁਣ ਖਸ਼ਟ ਉਚਾਰ

॥੨੪॥

ਜੀਵਨ ਮਹਿਂ ਇਨ ਕੋ ਕਿਤ ਅੰਸ਼।

ਈਸ਼ੁਰ ਬਿਖੈ ਖਸ਼ਟ ਸਰਬੰਸ।

ਯਾਂ ਤੇ ਸ੍ਰਿਸ਼ਟਿ ਉਪਾਵਨਿ, ਪਾਰਨਿ।

ਨਾਸ਼ਨ ਕਰਨਿ ਈਸ਼ ਤ੍ਰੈ ਕਾਰਨ[2]

॥੨੫॥

[1]ਜੀਵ ਪ੍ਰਤੰਤ੍ਰ ਦੁਖੀ ਗੁਣ ਹੀਨ। [1]ਜੀਵ ਪਰਾਧੀਨ ਹੈ, ਦੁਖੀ ਹੈ, ਗੁਣ ਹੀਨ ਹੈ, ਇਨ੍ਹਾਂ ਦੋਹਾਂ ਦੀ ਏਕਤਾ ਕਿਵੇਂ ਲਈ ਜਾਵੇ?

ਕਿਮ ਦੋਇਨਿ ਕੀ ਇਕਤਾ ਲੀਨਿ[1]। [1]ਉਤ੍ਰ:-) ਵਾਚਯ ਵਿਚ ਏਕਤਾ ਨਹੀਂ ਹੈ, ਲੱਛਣਾ ਕਰਨ ਨਾਲ ਲੱਖਯ ਵਿਚ ਹੋ ਜਾਂਦੀ ਹੈ।

ਵਾਚਜ ਵਿਖੈ ਇਕਤਾ ਨਹਿਂ ਜੋਇ।
ਲਖਣਾ ਕਰੇ ਲਖਜ ਮੈਂ ਹੋਇ ॥੨੬॥
ਦੁਖੀ, ਪ੍ਰਤੰਤ੍ਰ, ਅਲਪਤਾ, ਜੀਵ।
ਤੀਨੋ ਤਜਿ ਪਾਛੈ ਜੋ ਥੀਵ।
ਸਰਬਗਤਾ, ਖਟ ਗੁਣ, ਸੁਖ ਈਸ਼।
ਤੀਨੋ ਤਜਿ ਪਸ਼ਚਾਤਿ ਰਹੀਸ[1] ॥੨੭॥

[1]ਭਾਵ, ਜੀਵ ਦੇ ਤ੍ਰੈ ਤੇ ਈਸ਼ ਦੇ ਤ੍ਰੈ ਛੱਡਕੇ ਜੋ ਬਾਕੀ ਰਹੇ।

[1]ਸੱਚਿਦਾਨੰਦ ਦੁਹਨਿ ਮਹਿਂ ਰਹਯੋ।

[1]ਸਤਿ, ਚਿਤ, ਆਨੰਦ, ਇਹ ਰੂਪ ਦੋਹਾਂ ਦਾ ਬਾਕੀ ਰਿਹਾ। ਇਸ ਕਰਕੇ ਦੋਹਾਂ ਦੀ ਏਕਤਾ ਹੋ ਗਈ।

ਯਾਂ ਤੇ ਇਕਤਾ ਦੋਨਹੁਂ ਲਹਯੋ[੬]।
ਜਥਾ ਅਗਨਿ ਕੇ ਗੁਨ ਹੈ ਤੀਨ।
ਦਾਹਕ[1], ਉਸ਼ਨ[2], ਪ੍ਰਕਾਸ਼ਕ[3], ਚੀਨ ॥੨੮॥

[1]ਸਾੜਨਾ। [2]ਗਰਮੀ। [3]ਚਾਨਣਾ।

ਤਿਸੀ ਅਗਨਿ ਕੇ ਤੀਨਹੁਂ ਰੂਪ।
੧ਬਨ ਦੌਂ[1], ੨ਦੀਪ[2], ੩ਮਸਾਲ[3] ਅਨੂਪ।

[1]ਬਨ ਅਗਨੀ। [2]ਦੀਵਾ। [3]ਮਿਸਾਲ, (ਲੀਰਾਂ ਦੇ ਗੁੱਥੇ ਪਰ ਤੇਲ ਪਾਕੇ ਜੋ ਬਾਲੀਦੀ ਹੈ)।

ਤ੍ਰੈਗੁਣ ਤੀਨਹੁਂ ਰੂਪ ਮਝਾਰ[1]।

[1]ਤਿੰਨਾਂ ਅਗਨੀਆਂ ਵਿਚ ਤ੍ਰੈਏ ਗੁਣ (ਦਾਹ, ਉਸ਼ਨ, ਪ੍ਰਕਾਸ਼) ਹੈਨ।

ਈਸ਼ ਜੀਵ ਤਿਮ ਬ੍ਰਹਮ ਬਿਚਾਰ[1] ॥੨੯॥

[1]ਤਿਵੇਂ ਜੀਵ, ਈਸ਼੍ਵਰ ਤੇ ਬ੍ਰਹਮ (ਵਿਚ ਤ੍ਰੈਏ ਸਾਂਝੇ ਗੁਣ ਸਤ ਚਿਤ ਆਨੰਦ ਸਰੂਪਤਾ ਦੀ ਏਕਤਾ) ਵਿਚਾਰ ਲੈ।

ਇਕ ਅਕਾਸ਼ ਤ੍ਰੈ ਭੇਦ ਬਨਾਏ।
'ਘਟ੧, ਮਟ੨', 'ਮਹਾਂਕਾਸ਼੩' ਦ੍ਰਿਸ਼ਟਾਏ[1]।

[1]ਹੋਰ ਦ੍ਰਿਸ਼੍ਟਾਂਤ ਦੇਂਦੇ ਹਨ। ਆਕਾਸ਼ ਦੇ ਤ੍ਰੈ ਭੇਦ ਬਣਦੇ ਹਨ, ਘੋੜੇ ਵਿਚ ਦਾ, ਮਠ ਵਿਚ ਦਾ ਤੇ ਮਹਾਂ ਅਕਾਸ਼।

ਛੋਟੇ ਬਡ ਉਪਾਧਿ ਤੇ ਹੋਇ[1]।

[1]ਅਕਾਸ਼ ਦਾ ਛੋਟਾ ਵਡਾ ਪਨ (ਭਾਵ ਘੋੜੇ ਦਾ ਅਕਾਸ਼ ਤੇ ਮੱਠ ਦਾ ਅਕਾਸ਼ ਆਦਿ) (ਘੋੜੇ ਤੇ ਮਠ ਦੀ) ਉਪਾਧੀ ਕਰਕੇ ਹੋਇਆ ਹੈ।

ਨਾਸ਼ ਉਪਾਧਿ ਏਕ ਹੀ ਸੋਇ[1] ॥੩੦॥

[1]ਜਦ ਉਪਾਧੀਆਂ ਨਾਸ਼ ਹੋਈਆਂ ਤਾਂ ਉਹ ਇਕ ਹੀ ਹੋ ਗਿਆ।

ਇਮ ਸਾਖਜਾਤਕਾਰ ਮੈਂ ਏਕ।
ਰਹੈ ਨ ਭਾਵਾਭਾਵ ਬਿਬੇਕ[1]।

[1]ਇਕ ਰਹਿ ਜਾਂਦਾ ਹੈ ਤੇ ਭਾਵ ਅਭਾਵ (ਹੈ ਕਿ ਨਹੀਂ) ਦਾ ਗਜਾਨ ਨਹੀਂ ਰਹਿੰਦਾ।

'ਤਤ੍ਵੰਮਸੀ' 'ਅਹੰਬ੍ਰਹਮਾਸਮਿ'[1]।

[1]ਤਤ੍ਵੰਮਸੀ (ਸਮਝਕੇ ਉਪਰ ਲਿਖੀ ਭਾਵ ਤਜਾਗ ਲੱਖਣਾ ਅਨੁਸਾਰ ਬ੍ਰਹਮ ਆਤਮ ਦੀ ਏਕਤਾ ਜਾਣਕੇ) ਅਹੰ ਬ੍ਰਹਮਾਸਮਿ (ਸਫੁਰਣ ਹੁੰਦਾ ਹੈ)।

ਇਕ ਰਸ ਬ੍ਰਿੱਤਿ ਨ ਉਥਤੈ ਭਰਮ[1]

[1]ਉਸ ਵਿਚ ਬ੍ਰਿਤੀ ਇਕ ਰਸ ਰਹਿੰਦੀ ਹੈ ਭਰਮ ਨਹੀਂ

॥੩੧॥

ਸ਼੍ਰੋਤ੍ਰੀ ਬ੍ਰਹਮ ਨਿਸ਼ਠੀ ਤੇ ਗ੍ਯਾਨ[1]। ਉਠਦਾ।

[1]ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤ੍ਰੀ (ਗੁਰੂ ਤੋਂ) ਗਜਾਨ ਪਾਕੇ।

ਪਾਇ ਮਮੋਖੁ ਬੰਧਨ ਹਾਨ।
ਜੋ ਕਾਚੇ ਗੁਰ ਤੇ ਲਹਿ ਕੋਇ।
ਕਿਧੌਂ ਗ੍ਰੰਥ ਪਠਿ ਆਪੇ ਹੋਇ ॥੩੨॥
ਤਿਨ ਕੀ ਗਤਿ ਸ਼੍ਰੀ ਨਾਨਕ ਕਹੀ।
ਅਹੰਬ੍ਰਹਮਾਸਮਿ ਬੋਲੇ ਸਹੀ[1]।

[1]ਭਾਵ ਬੋਲਦਾ ਤਾਂ ਹੈ।

ਗਜਾਨਵਾਨ ਕੀ ਬਨੈ ਨ ਰੀਸ।
ਹੁਇ ਕੂੜਨਿ ਕੀ ਕੂਰੀ ਠੀਸ† ॥੩੩॥

†'ਇਕ ਦੂ ਜੀਭੌ ਲਖ ਹੋਹਿ' ਵਾਲੀ ਪਾਉੜੀ ਵਲ ਇਸ਼ਾਰਾ ਹੈ।

ਸ੍ਰੀ ਮੁਖਵਾਕ ॥
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥

ਚੌਪਈ:

†ਪਢੇ ਗ੍ਰੰਥ ਬਨ ਬੈਠੇ ਗਜਾਨੀ।

†ਗੁਰਮਤਾਵਲੰਬੀ ਸਿੱਖ ਸੰਗਤਾਂ ਵਿਚ ਵੇਦਾਂਤ ਦੇ ਪ੍ਰਚਾਰਕ ਗਜਾਨੀਆਂ ਨੂੰ ਕਵੀ ਜੀ ਦੀ ਇਸ ਸਿੱਖਜਾ ਨੂੰ ਗ੍ਰਹਿਣ ਕਰਨਾ ਚਾਹੀਏ। ਆਮ ਤੌਰ ਤੇ ਦੇਖਿਆ ਜਾਂਦਾ ਹੈ, ਕਿ ਵੇਦਾਂਤ ਦੇ ਵਾਚਜ ਗਜਾਨੀਆਂ ਨੇ-ਆਪ ਮਾਯਾ ਦੇ ਸ਼ਿਕੰਜੇ ਵਿਚ ਜਕੜੇ ਰਹਿਕੇ, ਪੂਜਾ ਦੇ ਲੋਭ ਵਿਚ-ਵਾਕਜ ਰਚਨਾ ਸੁਣਾ ਸੁਣਾ ਕੇ ਸੇਵਾ, ਬਾਣੀ, ਨਾਮ, ਆਦਿਕ ਜੀਵਨ ਮੁਕਤ ਦੇ ਅਸਲੀ ਤੇ ਰਸਦਾਤਾ ਸਾਮਾਨਾਂ ਤੋਂ ਵਿਛੋੜ ਕੇ ਹਿਰਦੇ ਊਖਰ ਧਰਤੀ ਵਾਂਞੂ ਉਜਾੜ ਕਰ ਦਿਤੇ ਹਨ। ਅੰਕ ੩੩ ਵਿਚ 'ਇਕ ਦੂ ਜੀਭੌ ਲਖ ਹੋਹਿ' ਵਾਲੀ ਪੌੜੀ ਵਲ ਇਸ਼ਾਰਾ ਕਰਕੇ ਕਵੀ ਜੀ ਦੱਸਦੇ ਹਨ ਕਿ ਇਸ ਗੁਰੂ ਵਾਕ ਵਿਚ ਨਾਮ ਜਪੇ ਬਿਨ ਇਕ ਈਸ਼ਤਾ ਹੋਣੀ ਕੀੜਿਆਂ ਨੂੰ ਰੀਸ ਆਉਣ ਵਤ (=ਅਸੰਭਵ) ਦੱਸਿਆ ਹੈ। ਗੁਰਮਤ ਵਿਚ ਨਾਮ ਸਭ ਤੋਂ ਉੱਚਾ ਮਰਹਲਾ ਹੈ, ਨਾਮੀ ਪੁਰਖ ਨੂੰ ਸਭ ਕੁਛ ਸੁਤੇ ਪ੍ਰਾਪਤ ਹੁੰਦਾ ਹੈ। ਨਾਮ ਬਿਨਾਂ ਗਜਾਨ ਆਦਿਕ ਕੇਵਲ ਮ੍ਰਿਗ ਤ੍ਰਿਸ਼ਨਾ ਦੇ ਝਲਕਾਰੇ ਹਨ, ਸ਼੍ਰੀ ਗੁਰੂ ਅਮਰ ਦੇਵ ਜੀ ਦੀ ਆਗਜਾ ਹੈ:-

ਵੇਦੁ ਪੜਹਿ ਹਰਿ ਰਸੁ ਨਹੀਂ ਆਇਆ ॥
ਵਾਦੁ ਵਖਾਣਹਿ ਮੋਹੇ ਮਾਇਆ। [ਮਾਝ ਮ: ੩
ਪੁਨਾ:-ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥ [ਮਾਰੂ ਸੋ: ਮ: ੩

ਗੁਰਮਤ ਤੇ ਟੁਰਨ ਵਾਲੇ ਅਭਿਲਾਖੀਆਂ ਨੂੰ ਅਗਲਾ ਅੰਸੁ ਧਿਆਨ ਨਾਲ ਪੜ੍ਹਨਾ ਤੇ ਉਸ ਉਤੇ ਅਮਲ ਕਰਨਾ ਚਾਹੀਏ, ਜਿੱਥੇ ਹਰ ਕਦਮ ਤੇ ਨਾਮ ਸਿਮਰਨ ਦੀ ਤਾਕੀਦ ਹੈ ਤੇ ਉੱਚੀ ਤੋਂ ਉੱਚੀ ਗਤੀ ਨੂੰ ਪਾਕੇ ਬੀ ਨਾਮ ਦਾ ਤਜਾਗ ਵਰਜਿਤ ਹੈ ਤੇ ਅਹੰਬ੍ਰਹਮਾਸਮਿ ਉਚਾਰਨ ਤੋਂ ਬੀ ਰੋਕਿਆ ਗਿਆ ਹੈ, ਦੇਖੋ ਅੰਕ ੨੦।

ਨਾਨਾ ਜੁਗਤਿਨਿ ਕਰਹਿਂ ਬਖਾਨੀ।
'ਅਹੰਬ੍ਰਹਮਾਸਮਿ' ਕਹੈਂ ਸੁਨਾਇ।
ਤਨਹੰਤਾ ਨਹਿਂ ਛੁਟੀ ਬਲਾਇ ॥੩੪॥

ਤਿਨ ਮਹਿਂ ਸਾਰ[1] ਨ ਪੱਯਤਿ ਕੈਸੇ।
ਭਸਮ ਬੂਆੜ ਤਿਲਨਿ ਮਹਿਂ ਜੈਸੇ।
ਕਿਧੌਂ ਗਜਾਨ ਬ੍ਰਿਤਿ ਕਾਚੀ ਰਹੀ।
ਥਿਰਤਾ ਭਲੇ ਨ ਮਨ ਨੇ ਲਹੀ ॥੩੫॥

[1]ਤਤ੍ਵ ਗਿਆਨ।

ਕਰਮਨਿ ਮਹਿਂ ਨਿਸੰਗ ਹੁਇ ਬਰਤਾ।
ਬਹੈ ਸੁ ਜਨਮ ਮਰਨ ਕੀ ਸਰਿਤਾ।
ਸੁਨਹੁਂ ਖ਼ਾਲਸਾ! ਸਤਿਗੁਰ ਮਤ ਕੋ।
ਜਿਸ ਤੇ ਜੀਵ ਪਾਇ ਸਦ ਗਤਿ ਕੋ ॥੩੬॥

ਬੇਦ ਸ਼ਾਸਤ੍ਰ ਕੋ ਸਾਰ ਨਿਕਾਰਾ†।
ਹਿਤ ਸਿੱਖਨਿ ਸਤਿਗੁਰੂ ਉਚਾਰਾ।
ਸਕਲ ਮਤਨਿ ਸੋਂ ਮਿਲਯੋ ਪਛਾਨੋ[1]।
ਅਰ ਸਭਿ ਤੇ ਨਯਾਰੋ ਪਹਿਚਾਨੋ ॥੩੭॥

†ਦੇਖੋ ਰਾਸ ੩ ਅੰਸੂ ੪੧ ਅੰਕ ੧੧ ਤੇ ਅੰਕ ੫੦ ਤੇ ਅੰਸੂ ੪੨ ਅੰਕ ੩੫ ਦੀਆਂ ਹੇਠਲੀਆਂ ਟੂਕਾਂ।

[1]ਭਾਵ ਗੁਰਾਂ ਦਾ ਮਤ।

†ਜਾਤ ਸ਼੍ਰਿੰਖਲਾ ਅਰ ਜਗ ਲਾਜਾ[1]।

[1]ਜ਼ਾਤ ਤੇ ਜਗਤ ਦਾ ਲਾਜ ਰੂਪੀ ਸੰਗਲ। †ਪਿਛਲਾ ਵਿਸ਼ਾ ਮੁੱਕਾ ਹੈ ਜਿਸ ਵਿਚ ਸ਼ਾਸਤ੍ਰਮਤ ਦਿਖਾਕੇ ਗੁਰਮਤ ਦੀ ਵਿਸ਼ੇਸ਼ਤਾ ਸੂਚਨ ਕੀਤੀ ਨੇ। ਹੁਣ ਗੁਰੂ ਘਰ ਦੀ (ਲੌਕਿਕ ਤੇ ਪਾਰਲੌਕਿਕ ਦੋਵੇਂ ਬਖਸ਼ੀਸ਼ਾਂ ਦੀ) ਪ੍ਰੌਢਤਾ ਦੱਸਦੇ ਹਨ, ਪਹਿਲਾਂ ਇਹ ਦਿਖਾਲਣਗੇ ਕਿ ਜੋ ਜੀਵ ਦੁਖਾਂ ਸੁਖਾਂ ਦੇ ਮਾਰੇ ਬੀ ਗੁਰੂ ਸ਼ਰਨ ਉਪਜੀਵਕਾ ਮਾਤ੍ਰ ਵਾਸਤੇ ਆਏ ਹਨ ਸੋ ਭੀ ਗੁਰੂ ਚਰਨਾਂ ਦਾ ਸਤਿਸੰਗ ਪਾਕੇ ਉੱਚ ਜੀਵਨ ਵਾਲੇ ਹੋ ਗਏ ਹਨ।

ਇਨ ਤੇ ਦੁਖਿ ਕੈ ਦਾਰਿਦ ਸਾਜਾ।
ਨਿਕਸਨਿ ਚਹਯੋ ਲੇਨਿ ਸੁਖ ਹੇਤ।
ਤਜਿ ਕੁਟੰਬ ਕੋ ਬਨਯੋਂ ਸੁਚੇਤ ॥੩੮॥

ਕਬਿੱਤ:

ਸਦਨ ਕੀ ਕਾਰ ਹੋਤਿ ਅਨਿਕ ਪ੍ਰਕਾਰ ਬਹੁ
ਕਰਤਿ ਕਰਤਿ ਹਾਰ ਜਾਤਿ ਦੁਖੀ ਮਨ ਮੈਂ।
ਸੁਨਿ ਕੈ ਸੁ ਪੰਥ ਕੀ ਬਡਾਈ ਆਯੋ ਖਾਲਸੇ ਮੈਂ,
ਜੀਵਕਾ ਕੀ ਚਾਹ ਬਸਿ ਰਹੀ[1] ਰੈਨ ਦਿਨ

[1]ਜਿਸਦੇ ਕਦੇ) ਵਸਦੀ ਹੁੰਦੀ ਸੀ।

ਮੈਂ।
ਅੰਮ੍ਰਿਤ ਕੋ ਪਾਨ ਕੀਨ ਗੁਰਬਾਨੀ ਰਿਦੇ ਭੀਨ,
ਸਿੰਘ ਨਾਮ ਲੀਨ, ਭਯੋ ਬੀਰ ਧੀਰ ਰਨ ਮੈਂ।
ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨਿ ਕੋ
ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ ॥੩੯॥

ਚੌਪਈ:

ਦਸਹੁਂ ਗੁਰਨਿ ਕੀ ਸ਼ਰਨੀ ਪਰੇ।
ਬਿਬਧ ਬਿਧਿਨਿ ਤੇ ਪ੍ਰਾਨੀ ਤਰੇ।
ਗੁਰ ਕੀ ਸੇਵ ਕੀ ਸਤਿਸੰਗ ਸੇਵਾ।
ਕਰੇ ਰਿਝਾਵਨ ਸ਼੍ਰੀ ਗੁਰਵੇਦਾ ॥੪੦॥
ਕੈ ਨਿਜ ਘਰ ਤੇ ਪ੍ਰੇਮ ਉਪਾਇ।
ਛਾਦਨ ਭੋਜਨ ਦੇ ਸਮੁਦਾਇ।
ਯਾਂ ਤੇ ਭੀ ਪ੍ਰਸੰਨ ਗੁਰ ਕਰੇ।
ਜਗ ਸੰਕਟ ਤੇ ਸਿੱਖ ਸੁ ਤਰੇ ॥੪੧॥
ਕਿਧੌਂ ਰਹੈ ਸਤਿਗੁਰ ਕੇ ਤੀਰ।
ਖੜਗ, ਤੁਪਕ, ਕੈ[†] ਧਰਿ ਧਨੁ ਤੀਰ। [†]ਪਾ:-ਕੋ।
ਲਰਹਿ ਜੁੱਧ ਮਹਿਂ ਸ਼ੱਤ੍ਰਨਿ ਹਤੇ।
ਗੁਰਨਿ ਰਿਝਾਵੈ ਲੈ ਕਰਿ ਫਤੇ ॥੪੨॥
ਕਿਧੌਂ ਜੰਗ ਮਹਿਂ ਤਜਿ ਕੈ ਪ੍ਰਾਨ।
ਸਤਿਗੁਰ ਆਗੈ ਬਹੁ ਬਲਿ ਠਾਨਿ[1]। [1]ਬਲ ਕਰਕੇ (ਦਿਖਾਵੇ)।
ਕਿਧੌਂ ਭਵਿੱਖਤ ਮਹਿਂ ਗੁਰ ਹੇਤ।
ਲਰਹਿ ਮਰਹਿ ਮਾਰਹਿ ਰਣਖੇਤ ॥੪੩॥
ਤਿਨ ਕੋ ਭੀ ਗੁਰ ਸਦਗਤਿ[1] ਦੈ ਹੈਂ। [1]ਸ਼ੁਭ ਗਤੀ।
ਜਨਮ ਮਰਣ ਸੰਕਟ ਨਹਿਂ ਪੈ ਹੈ।
ਇੱਤਯਾਦਿਕ ਕਾਰਨ ਗਨ, ਜਾਨ।
ਜਿਸ ਤੇ ਬੰਧਨ ਜਗ ਕੇ ਹਾਨ ॥੪੪॥

ਗ੍ਯਾਨ ਦੇਨਿ ਕੀ ਗਤਿ[1] ਹੈ ਜਥਾ।
ਉਪਦੇਸ਼ਤਿ ਹੈਂ ਸਤਿਗੁਰ ਤਥਾ।
ਸੋ ਮੈਂ ਬਰਨੌਂ ਭਲੀ ਪ੍ਰਕਾਰ।
ਸੁਨਹੁ ਖਾਲਸਾ! ਸਭਿ ਨਿਰਧਾਰ[1]' ॥੩੫॥

[1]ਰੀਤੀ।

[1]ਪਿਛੇ ਗੁਰਮਤ ਦੱਸਦੇ ਆਏ ਹਨ ਹੁਣ ਗੁਰਮਤ ਦੀ ਪ੍ਰੌਢਤਾ ਵਿਚ ਮੁੜ ਲਿਖਣ ਲਗੇ ਹਨ:-

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਗੁਰਮਤ ਦਾ ਗਜ਼ਾਨ ਨਿਰਣੈ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

[ਇਸ਼ਨਾਨ:-]

'ਸਵਾ ਜਾਮ, ਕੈ ਜਾਮ ਨਿਸ, ਖਟ ਘਟਿਕਾ ਕੈ ਚਾਰ।
ਸੌਚ ਸ਼ਨਾਨੇ ਸਿੱਖ ਤਨੁ, ਸਰਿਤਾ ਸਰੁ ਬਰ ਬਾਰ[1] ॥੧॥

[1]ਨਦੀ ਯਾ ਸਰੋਵਰ ਦੇ ਸ੍ਵੱਛ ਜਲ ਵਿਚ।

ਚੌਪਈ:

[ਨਾਮ:-]

ਸੱਤਿਨਾਮ ਸਿਮਰਨ ਕੋ ਲਾਗੈ।
ਪਾਛਲ ਰਾਤਿ ਨਿਤਾ ਪ੍ਰਤਿ ਜਾਗੈ।
ਗੁਰਬਾਣੀ ਪਠਿ ਅਰਥ ਬਿਚਾਰੈ।
ਗੁਨ ਸੰਗ੍ਰਹ, ਅਵਗੁਨ ਗਨ ਟਾਰੈ[1] ॥੨॥

[1]ਸਾਰੇ ਅਵਗੁਣ ਤਜਾਗੇ।

ਦਿਨਸ ਚਢੇ ਕਾਰਜ ਜੋ ਕਰੈ।
ਸੱਤਿਨਾਮ ਮੁਖਿ ਤੇ ਉਰ ਧਰੈ।
ਨਿਸ ਦਿਨ ਮਹਿਂ ਨਹਿਂ ਕਬਹੂੰ ਬਿਸਾਰੈ।
ਜਿਉਂ ਲੋਭੀ ਧਨ ਮਹਿਂ ਮਨ ਧਾਰੈ[†] ॥੩॥

[†]ਸ਼੍ਰੀ ਗੁਰੂ ਰਾਮਦਾਸ ਜੀ ਦੇ ਹੁਕਮ ਦੀ ਇਹ ਵਿਆਖਿਆ ਹੈ। ਹੁਕਮ ਇਸ ਪ੍ਰਕਾਰ ਹੈ, ਯਥਾ- ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ ॥ ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖੁ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹੁ ਨਾਮੁ ਜਪਾਵੈ ॥ ੨ ॥ [ਵਾ: ਗਉ: ਮ: ੪

ਲਿਵ ਲਗ ਜਾਇ ਪਕੇ ਅਭਿਆਸਾ।
ਸਨੇ ਸਨੇ ਤਨ ਹੰਤਾ ਨਾਸਾ।
ਸ਼੍ਰਵਣ ਗਜ਼ਾਨ ਮਹਿਂ ਪੁਨ ਲਗ ਜਾਇ।
ਸਚਿਦਾਨੰਦ ਬ੍ਰਹਮ ਜਿਸ ਭਾਇ[1] ॥੪॥

[1]ਜਿਸ ਪ੍ਰਕਾਰ (ਨਿਰਣੈ ਹੋਵੇ)।

ਕਰ ਨਿਰਨੈ ਮਨ ਦੇ ਕਰਿ ਸੁਨੇ।
ਤਜਹਿ ਨ ਤਬਿ ਸਿਮਰਨ ਨਿਤ ਭਨੇ।
ਮਨਨ ਕਰਹਿ ਪੁਨ ਜੁਗਤਿ ਅਨੇਕ।
ਬ੍ਰਹਮ ਆਤਮਾ ਕੇਰ ਬਿਬੇਕ ॥੫॥

ਤਬਿ ਭੀ ਨਿਤ ਸਿਮਰਹਿ ਸਤਿਨਾਮ।
ਨਹਿਂ ਤਜਾਗਹਿ ਜਾਨਹਿ ਸੁਖ ਧਾਮ।
ਪੁਨਿ ਬ੍ਰਿਤਿ ਚਢੀ ਨਿਧਜਾਸਨ ਜਾਇ।
ਅਨੰਦ ਆਤਮਾ ਬਿਖੈ ਟਿਕਾਇ ॥੬॥
ਸਜਾਤੀ ਪ੍ਰਤੈ ਬਿਹੈ ਪ੍ਰਵਾਹ[1]।

[1]ਸਜਾਤੀ ਬ੍ਰਿਤੀਆਂ ਦਾ (ਬ੍ਰਹਮ) ਵਿਚ ਪ੍ਰਵਾਹ ਚੱਲ ਪੈਂਦਾ ਹੈ।

ਪ੍ਰਾਪਤਿ ਭਯੋ ਅਨੰਦ ਕੇ ਮਾਂਹਿ।
ਤਬਿ ਭੀ ਨਾਂਹਿਨ ਨਾਮ ਬਿਸਾਰਹੁ।
ਰਿਦੈ ਬਿਖੈ ਕੈ ਮੁਖਹੁੰ ਉਚਾਰਹੁ ॥੭॥
ਪੁਨ ਸੱਖਜਾਤਕਾਰ ਹੁਇ ਜਾਇ।
ਤਬਿ ਇਕ ਹੁਇ ਆਪੇ ਮਿਟ ਜਾਇ[1]।

[1]ਆਪਾ ਮਿਟ ਜਾਂਦਾ ਹੈ।

ਜਬ ਲਗ ਆਪਾ ਜਾਨਹਿ ਨਜਾਰਾ।
ਨਹਿਂ ਅਭੇਦਤਾ ਭਲੀ ਪ੍ਰਕਾਰਾ ॥੮॥
ਤਬਿ ਲੌ ਸੱਤਿਨਾਮ ਲਿਵ ਲਾਵੈ[1]।

[1]ਭਾਵ ਇਹ ਕਿ ਯਤਨ ਨਾਲ ਵੀ ਇਨ੍ਹਾਂ ਸਾਰੀਆਂ ਅਵਸਥਾਂ ਵਿਚ ਸੱਤਿਨਾਮ ਵਿਚ ਲਿਵ ਲਾਵੇ, ਕਿਉਂਕਿ ਅੱਗੋਂ ਤਾਂ ਅਛਲ ਨਾਮ ਚੱਲਣਾ ਹੈ, ਜਿਸ ਬਾਬਤ ਵਾਕ ਹੈ:-'ਸੋਈ ਨਾਮੁ ਅਛਲੁ ਭਗਤਹ ਭਾਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ" ॥

ਨਾਨਾ ਬਿਘਨ ਹੋਨਿ ਨਹਿਂ ਪਾਵੈ।
ਸ਼ੁਭ ਗੁਨ ਸ਼੍ਰਵਨ ਮਨਨ ਨਿੱਧਜਾਸ।
ਇਹ ਫੁਲਵਾੜੀ ਰਹੀ ਪ੍ਰਕਾਸ਼ ॥੯॥
ਕਾਮ ਕ੍ਰੋਧ ਤੇ ਆਦਿ ਬਿਕਾਰੇ।
ਇਹ ਮ੍ਰਿਗ ਨਾਨਾ ਬਿਧਿਨਿ ਹਜ਼ਾਰੋਂ।
ਸੱਤਿਨਾਮ ਕੋ ਹਰਿ ਬਲਿ ਭਾਰੀ।
ਇਨਹੁੰ ਬਿਨਾਸ਼ੈ ਬਿਨਾ ਅਵਾਰੀ[1] ॥੧੦॥

[1]ਕਾਮ ਕ੍ਰੋਧ ਆਦਿ ਮ੍ਰਿਗਾਂ ਨੂੰ ਨਾਸ਼ ਕਰੇ, ਯਥਾ- "ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿਨਾਮੁ ਉਚਾਰੀ" ॥

ਨਿੱਧਜਾਸਨ ਲਗ ਚਹੈ ਸਹਾਇ।
ਰਥੀ, ਮਹਾਰਥਿ ਹੈ ਜਿਸ ਭਾਇ[1]।

[1]ਰਥੀ ਤੇ ਮਹਾਂਰਥੀ ਨੂੰ ਜਿਵੇਂ ਸਹਾਇਤਾ ਦੀ ਲੋੜ ਹੈ।

ਹੈ ਅਤਿਰਥੀ ਗਜਾਨ ਸੱਖਜਾਤ[1]।

[1]ਸਾਖਜਾਤ ਗਜਾਨ ਜੋ ਹੈ ਸੋ ਅਤਿਰਥੀ ਵਾਂਙੂ ਹੈ।

ਸਗਰੇ ਬਿਘਨ ਕਰਤਿ ਹੈ ਸ਼ਾਂਤਿ ॥੧੧॥
ਚਾਹ ਸਹਾਯਕ ਕੀ ਨਹਿਂ ਧਰੈ।

ਜੁਤਿ ਅੱਗਜਾਨ ਬਿਕਾਰਨ ਹਰੈ।
ਸਾਲਾਹੀ ਸਾਲਾਹਹੁ[1] ਤਬਿ ਲੌਂ[†]। [1]ਪ੍ਰਮਾਤਮਾਂ ਨੂੰ ਸਾਲਾਹੋ।

[†]ਇਨ੍ਹਾਂ ਤੁਕਾਂ ਤੋਂ ਨਾਮ ਦੇ ਤਜਾਗ ਦਾ ਭੁਲੇਵਾਂ ਨਹੀਂ ਖਾਣਾ ਚਾਹੀਏ ਕਿਉਂਕਿ ਕਵੀ ਜੀ ਆਪ ਪਿਛੇ ਨਾਮ ਨੂੰ ਬ੍ਰਹਮ ਦੱਸ ਆਏ ਹਨ, ਜਦ ਸ਼੍ਰੀ ਗੁ: ਨਾ: ਪ੍ਰ: ਅਧਜਾ: ੧ ਅੰਕ ੫੪ ਵਿਚ ਵਚਨ ਕੀਤਾ ਨੇ ਕਿ ਖੰਡ ਬ੍ਰਹਮੰਡ ਸਰੀਰ ਸਭ ਨਾਮ ਨੇ ਸਾਜੇ ਹਨ, ਫਿਰ ਅੰਕ ੫੫ ਵਿਚ ਕਿਹਾ ਨੇ ਕਿ ਗੁਰੂ ਦੇ ਮਤ ਵਿਚ ਨਿਰਗੁਣ ਤੇ ਸਰਗੁਣ ਸਭ ਤੋਂ ਵੱਡਾ ਨਾਮ ਹੈ, ਇਹ ਕਵੀ ਜੀ ਭੁੱਲ ਨਹੀਂ ਸਕਦੇ ਕਿ ਗੁਰਮਤ ਵਿਚ ਨਾਮ ਸਰਬ ਸ਼ਿਰੋਮਣ ਹੈ ਤੇ ਗਜਾਨ ਪੱਖ ਵਿਚ 'ਬ੍ਰਿਤੀ ਅਰੂੜ ਬ੍ਰਹਮ' ਨਾਮ ਨਾਲ ਹੀ ਰਹਿੰਦਾ ਹੈ, ਯਥਾ-"ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ" ॥ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਪਸ਼ਟ ਵਾਕ ਇਸ ਵਿਸ਼ੇ ਤੇ ਇਹ ਹਨ:-'ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ" ॥ ਪੁਨਾ:-"ਬ੍ਰਹਮ ਗਿਆਨੀ ਕੈ ਨਾਮੁ ਅਧਾਰੁ" ॥ ਸੋ ਗੁਰਮਤ ਵਿਚ ਬ੍ਰਹਮ ਗਿਆਨੀ ਵੀ ਨਾਮ ਦਾ ਤਜਾਗ ਨਹੀਂ ਕਰਦਾ। ਯਥਾ:-"ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ" ॥ ਜੀਵਨ ਮੁਕਤੀ ਦਾ ਰਸ ਲੈਣ ਵਾਲੇ ਤਾਂ ਇੰਵ ਹੀ ਸਫਲ ਗਜਾਨੀ ਰਹਿ ਸਕਦੇ ਹਨ। ਪਰ ਜੋ ਗਜਾਨੀ ਸਰੀਰ ਕਲਾ ਨਾਲੋਂ ਮੂਲੋਂ ਤ੍ਰੁਟਦਾ ਹੈ ਤੇ ਵੇਦਾਂਤ ਵਿਦਜਾ ਦੇ ਆਪਣੇ ਨਿਯਮਾਂ ਮੂਜਬ ਬ੍ਰਿਤੀਆਂ ਨੂੰ ਸੱਤਜਾ ਦੇਣੋਂ ਬੀ ਅਲੱਗ ਹੋਕੇ ਲੀਨ ਹੋ ਜਾਂਦਾ ਹੈ, ਜਿਸ ਨੂੰ ਸੱਤਵੀਂ ਭੂਮਕਾ ਕਹਿੰਦੇ ਹਨ, ਤਾਂ ਉਸ ਦੇ ਸਰੀਰ ਦੀ ਕ੍ਰਿਯਾ ਬੀ ਰਹਿ ਜਾਂਦੀ ਹੈ ਤੇ ਓਹ ਵਧੀਕ ਤੋਂ ਵਧੀਕ ੭ ਦਿਨ ਜੀਉਂਦਾ ਰਹਿ ਸਕਦਾ ਹੈ। ਉਸ ਬਾਬਤ ਕੁਛ ਬੀ ਨਹੀਂ ਕਿਹਾ ਜਾ ਸਕਦਾ। ਪਰੰਤੂ ਜੀਵਨ ਮੁਕਤੀ ਦੇ ਅਲੌਕਿਕ ਰਸ ਨੂੰ ਮਾਨਣ ਵਾਲੇ ਗਜਾਨੀ ਨੂੰ ਜੋ ਆਪ ਰਸ ਮਾਣਦਾ ਤੇ ਜਗਤ ਨੂੰ ਤਾਰਨ ਹਿੱਤ ਉਪਕਾਰ ਕਰਦਾ ਹੈ (ਬ੍ਰਹਮ ਗਿਆਨੀ ਪਰਉਪਕਾਰ ਉਮਾਹਾ) ਉਸ ਨੂੰ ਆਪਣੇ ਉਪਕਾਰਾਂ ਤੇ ਸਰੀਰ ਰੱਖਜਾ ਆਦਿ ਕ੍ਰਿਯਾਵਾਂ ਦੇ ਕਰਨ ਵਿਚ ਜੋ ਵਿਖੇਪਾਂ ਦੇ ਪਰਛਾਵੇਂ ਪੈਂਦੇ, ਸਿਥਲਤਾਂ ਆਉਂਦੀਆਂ ਹਨ, ਉਹਨਾਂ ਦੇ ਦੂਰ ਕਰਨ ਲਈ ਨਿਰਮਲ ਨਾਮ ਦਾ ਆਧਾਰ ਨਾ ਕੇਵਲ ਸੁਖਦਾਈ ਤੇ ਸਹਾਈ ਹੁੰਦਾ ਹੈ ਸਗੋਂ ਜ਼ਰੂਰੀ ਹੈ, ਇਸੇ ਕਰਕੇ ਸ਼੍ਰੀ ਗੁਰੂ ਜੀ ਨੇ ਫੁਰਮਾਯਾ ਹੈ:- 'ਨਿਰਮਲ ਨਾਮੁ ਮੇਰਾ ਆਧਾਰੁ'।

ਸੁਰਤਿ ਨ ਮਿਲਹਿ ਬ੍ਰਹਮ ਮਹਿਂ ਜਬਿ
ਲੌਂ ॥੧੨॥
ਜਿਮ ਨਦ ਵਾਹ ਸਮੁੰਦ੍ਰ ਮਹਿਂ ਮਿਲੇ।
ਏਕ ਰੂਪ ਨਹਿਂ ਹੋਵਤਿ ਭਲੇ।
ਤਬਿ ਲੌਂ ਸੱਤਿਨਾਮ ਕੋ ਸਿਮਰਨ*।
ਰਹੁ ਸਲਾਹਤਿ ਪ੍ਰਭੁ ਕੋ ਨਿਸ ਦਿਨ
॥੧੩॥
ਇਮ ਸਤਿਗੁਰ ਕੋ ਮਤਿ ਪਹਿਚਾਨ।
ਸੂਖਮ ਮਤਿ ਤੇ ਨਿਸ਼ਚੈ ਠਾਨਿ।
ਏਕ ਰੂਪ ਹੋਵਨ ਲਗ ਨੀਕੇ।
ਸੱਤਿਨਾਮ ਸਿਮਰਹਿ ਵਿਚ ਜੀ ਕੇ
॥੧੪॥
ਪ੍ਰਭੁ ਕੀ ਭਗਤਿ ਨਹੀਂ ਕਬਿ ਤਜਾਗੈ।
ਸਾਖਿਯਾਤ ਲਗ ਉਰ ਅਨੁਰਾਗੈ।
ਸਾਲਾਹੀ ਸਾਲਾਹ ਮਝਾਰ।
ਇਹ ਆਸ਼ੈ ਗੁਰ ਕੀਨ ਉਚਾਰ ॥੧੫॥

ਸਾਖਿਆਤ ਪਰ ਤੁਕ ਜਹਿਂ ਬਨੀ।
ਤਹਾਂ ਭਗਤਿ ਸ਼੍ਰੀ ਨਾਨਕ ਭਨੀ।
'ਜੋ ਤੁਧੁ ਭਾਵੈ ਸਾਈ ਭਲੀ ਕਾਰ।
ਤੂੰ ਸਦਾ ਸਲਾਮਤਿ ਨਿਰੰਕਾਰ[†]' ॥੧੬॥

[†]ਇਹ ਅਪਨੇ ਚਾਏ ਪ੍ਰਕਰਣ ਦੇ ਨਿਬਾਹ ਵਿਚ ਕੋਸ਼ਿਸ਼ ਕਰ ਰਹੇ ਹਨ ਕਿ ਕਿਵੇਂ ਜਪੁਜੀ ਵਿਚੋਂ ਵੇਦਾਂਤ ਸਹੀ ਹੋ ਜਾਵੇ, ਇਨ੍ਹਾਂ ਤੁਕਾਂ ਦੀ ਨਿਰਪੱਖ ਵਿਚਾਰ ਇਹ ਭਾਵਾਰਥ ਸਹੀ ਨਹੀਂ ਕਰਦੀ, ਕਿਉਂਕਿ ਇਸ ਪੌੜੀ ਵਿਚ ਜਿਸ ਨੂੰ 'ਤੁੱਧ' ਪਦ ਕਿਹਾ ਹੈ ਉਸ ਨੂੰ ਦੂਸਰੀ ਵਿਚ 'ਤੂੰ' ਕਿਹਾ ਹੈ, ਦੁਇ ਪਦ ਪ੍ਰਮਾਤਮਾਂ ਦੇ ਵਾਚਕ ਹਨ, ਜੀਵ ਪਦ ਦਾ ਵਾਚਕ ਪਦ ਦੁਹਾਂ ਵਿਚ ਕੋਈ ਨਹੀਂ ਭਾਸਦਾ।

ਸ਼੍ਰਵਨ ਮਨਨ ਨਿੱਧਯਾਸਨ ਪਾਛੇ।
ਪ੍ਰਭੁ ਭਾਣਾ ਪੁਨ ਮਾਨਹਿ ਆਛੇ।
ਸਾਖਿਯਾਤ ਕੀ ਤੁਕ ਨੇ ਨੇਰੇ।
ਚਾਰ ਹੀ ਥਾਨ ਕਹੀ ਚਹੁਂ ਬੇਰੇ ॥੧੭॥
ਸ਼੍ਰੁਤਿ ਮਹਿਂ ਮਹਾਂਵਾਕ ਜਿਮ ਚਾਰ।
ਤਿਮ ਜਪੁਜੀ ਮਹਿਂ ਚਾਰ ਉਚਾਰ।
ਮਿਲਯੋ ਭਗਤਿ ਸੋਂ ਗ੍ਯਾਨ ਬਖਾਨਾ[1]।
ਕਲ ਮਹਿਂ ਕੇਵਲ[1] ਨਹਿਂ ਸ਼ੁਭ ਜਾਨਾ ॥੧੮॥

[1]ਭਗਤੀ ਨਾਲ ਮਿਲਿਆ ਗ੍ਯਾਨ।

[1]ਕੇਵਲ (ਗ੍ਯਾਨ)।

ਸ਼ੁਭ ਗਤਿ ਤੇ ਕੋਈ ਨਰ ਪਾਵੈ।
ਸੁਨਿ ਬ੍ਰਹਮ ਗ੍ਯਾਨ ਬਿਗਰ ਬਹੁ ਜਾਵੈਂ।
ਯਾਂ ਤੇ ਰੂਖੋ[1] ਗ੍ਯਾਨ ਨ ਭਨਯੋ।
ਜਹਿਂ ਕਹਿਂ ਕਹਯੋ ਭਗਤਿ ਕੇ ਸਨਯੋ ॥੧੯॥

[1]ਸੁੱਕਾ।

ਅਹੰਬ੍ਰਹਮਾਸਮਿ ਵਹਿਰ ਨ ਗਾਵੋ।
ਇਹ ਬ੍ਰਿਤਿ ਹਿਯਰੇ ਬਿਖੈ ਟਿਕਾਵੋ।
ਬਾਹਰ ਪ੍ਰਭੁ[†] ਕੇ ਦਾਸ ਉਚਾਰਹੁ।
ਸੰਤਨ ਬਿਖੈ ਭਾਉ ਕੋ ਧਾਰਹੁ[†] ॥੨੦॥

[†]ਪਾ:-ਸਭਿ।

[†]ਕਵਿ ਜੀ ਦੀ ਇਹ ਤੁਕ ਕਥਨੀ ਮਾਤ੍ਰ ਨਹੀਂ ਆਪਦੀ ਕਰਨੀ ਬੀ ਇਹੋ ਹੈ। ਇਤਨੇ ਉਚੇ ਦਰਜੇ ਦੇ ਕਵੀ ਵਿਦਵਾਨ ਤੇ ਬ੍ਰਹਮ ਗ੍ਯਾਨ ਦੇ ਵੇਤਾ ਹੋ ਕੇ ਆਪ ਨੂੰ ਜਦ ਸਮਾਂ ਮੰਗਣ ਦਾ ਆਯਾ ਹੈ ਤਾਂ ਸਤਿਗੁਰੂ ਜੀ ਤੋਂ

ਭਗਤੀ ਦਾਨ, ਸਿੱਖੀ ਦਾਨ, ਨਾਮ ਦਾਨ ਹੀ ਮੰਗਿਆ ਹੈ। ਯਥਾ:-ਲਾਜ ਰਖਹੁ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ। [ਨਾ: ਪ੍ਰ: ਪੂ: ਅਧ੍ਯਾ: ੧ ਅੰਕ ੩੧] ਪੁਨਾ:-ਗੁਰਸਿੱਖੀ ਜਾਚਉਂ ਹਉਂ ਦਾਨਾ। ਜਿਸ ਤੇ ਹੋਇ ਪਰਮ ਕੱਲਜਾਨਾ। [ਨਾ: ਪ੍ਰ: ਅਧ੍ਯਾ: ੫੭ ਅੰਕ ੧੦੯] ਪੁਨਾ:-ਅਸਿ ਤਿੱਖੀ ਸਿੱਖੀ ਅਸ ਜਾਚ। ਚਿਤ ਕੀ ਬ੍ਰਿਤੀ ਸਾਚ ਮਹਿਂ ਰਾਚ। [ਗੁ: ਪ੍ਰ: ਸੂ: ਐਨ ੨ ਅੰਸੂ ੩੬-੩੮] ਫਿਰ ਆਪ ਦੀ ਰਚਨਾ ਗੁਰੂ ਯਸ਼, ਗੁਰੂ ਸ਼ਰਧਾ ਤੇ ਗੁਰ ਭਗਤੀ ਨਾਲ ਇਤਨੀ ਭਰੀ ਪਈ ਹੈ ਕਿ ਜਿਸ ਦੇ ਅੱਗੇ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਰਹਿੰਦੀ ਕਿ ਕਵੀ ਜੀ ਪੂਰਨ ਗੁਰ ਸਿੱਖ, ਨਾਮੀ ਸਿੱਖ, ਤੇ ਗੁਰੂ ਪ੍ਰੇਮ ਨਾਲ ਰੱਤੇ ਗੁਰਮੁਖ ਸੇ। ਵਾਚ ਗਿਆਨੀਆਂ ਨੂੰ ਆਪ ਦੇ ਅਮਲ ਵਲ ਤੱਕ ਕੇ ਸਿੱਖਯਾ ਲੈਣੀ ਚਾਹੀਏ। ਉਹਨਾਂ ਦੇ ਵੇਦਾਂਤ ਨਿਰੂਪਣ ਨੂੰ ਪੜ੍ਹਕੇ ਉਹਨਾਂ ਨੂੰ ਖੁਸ਼ਕ ਵੇਦਾਂਤੀ ਸਮਝਕੇ ਵੇਦਾਂਤ ਦੀ ਵਾਕ ਰਚਨਾ ਸਿੱਖਕੇ ਫੋਕੇ ਕਥਨੀ ਦੇ ਗਯਾਨੀ ਬਣਨ ਨੂੰ ਕਵੀ ਜੀ ਦਾ ਆਸ਼ਯ ਸਮਝਣਾ ਭੁੱਲ ਹੈ। ਕਵੀ ਜੀ ਨੇ ਸਾਰੇ ਐਸੇ ਵਿਸ਼ੇ ਗੁਰਸਿੱਖਾਂ ਦੀ ਵਾਕਫੀ ਲਈ ਦਿੱਤੇ ਹਨ, ਨਾਕਿ ਗੁਰਮਤ ਉਤੇ ਕਿਸੇ ਸ਼ੈ ਨੂੰ ਤਰਜੀਹ ਦੇਕੇ ਗੁਰਮਤ ਤੋਂ ਵਿਮੁਖ ਹੋਣ ਲਈ। ਗੁਰਮਤ ਦੇ ਇਸ ਅਸੂਲ ਨੂੰ ਕਦੇ ਨਹੀਂ ਭੁੱਲਣਾ ਚਾਹੀਏ:-

ਜਗੁ ਕਊਆ ਮੁਖਿ ਚੁੰਚ ਗਿਆਨੁ ॥
ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥ [ਬਿਲਾ: ਮ: ੩
ਪੁਨਾ:- ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ [ਆ: ਮ: ੧

ਜਿਉਂ ਕਿਉਂ ਸ਼ਕਤਿ ਮਹਿਤ ਕੋ ਧਰਹੁ।
ਤਜੋਂ ਤਜੋਂ ਛਿਮਾ ਅਜਰ ਕੋ ਜਰਹੁ।
†ਉਰ ਮਹਿਂ ਨਭ ਅੰਗੁਸ਼ਟ ਪ੍ਰਮਾਨ[1]।
ਜੀਵਾਤਮ ਕੋ ਬਾਸ ਪਛਾਨ ॥੨੧॥

[1]ਰਿਦੇ ਰੂਪੀ ਆਕਾਸ਼ ਵਿਚ ਅੰਗੂਠੇ ਪ੍ਰਮਾਨ ਹੈ। †ਹੁਣ ਆਤਮ ਪੁਰਾਣ ਦੇ ਭਾਵ ਟੁਰ ਪਏ ਹਨ।

[1]ਬੁਧਿ ਮਹਿਂ ਪ੍ਰਤਿਬਿੰਬਤਿ ਭਾ ਬ੍ਰਹਮ।
ਜੜ ਚੇਤਨ ਮਿਲ ਭੇ ਇਕ ਧਰਮ[2]।

[1]ਬੁਧੀ ਵਿਚ ਬ੍ਰਹਮ ਦਾ ਅਕਸ ਪਿਆ (ਇਸ ਤਰ੍ਹਾਂ) ਜੜ੍ਹ (ਬੁੱਧੀ ਤੇ) ਚੇਤਨ (ਬ੍ਰਹਮ) ਦੇ ਧਰਮ ਮਿਲਕੇ ਇਕ ਹੋ ਗਏ।

ਮਨ ਸਾਧਨ ਸੰਕਲਪ ਕਰਨ ਕੋ[1]।
ਅਤਿ ਚੰਚਲਤਾ ਕਰਹਿ ਧਰਨ ਕੋ[1] ॥੨੨॥

[1](ਜੀਵ ਲਈ) ਸੰਕਲਪ ਕਰਨ ਦਾ ਸਾਧਨ (ਵਸੀਲਾ) ਮਨ ਹੈ।

[1](ਮਨ) ਚੰਚਲਤਾ ਨੂੰ ਅਤੀ ਕਰਕੇ ਧਾਰਨ ਕਰਦਾ ਹੈ।

ਰਵਿ ਕੇ ਅੱਗ੍ਰ ਤਿਰਵਰਾ[1] ਜੈਸੇ।
ਮਨ ਸਰੂਪ ਸੂਖਮ ਲਖਿ ਤੈਸੇ।
ਇੰਦ੍ਰੈ ਗਯਾਨ ਉਪਾਵਨ ਹਾਰੋ।
ਮਨ ਤੇ ਬਿਨਾ ਨ ਅਪਰ ਬਿਚਾਰੋ ॥੨੩॥

[1]ਤ੍ਰਸ਼ਰੇਣੂ, ਨਿੱਕੇ ਨਿੱਕੇ ਚਮਕਦੇ ਕਿਣਕੇ ਜੋ ਕਿਸੇ ਛੇਕ ਵਿਚੋਂ ਲੰਘਦੀ ਧੁੱਪ ਵਿਚੋਂ ਦਿੱਸਦੇ ਹਨ। ਤਿੰਨ ਯਾ ੩੦ ਪ੍ਰਮਾਣੂ ਦਾ ਇਕ ਤ੍ਰਸ਼ਰੇਣੂ ਮੰਨਿਆ ਹੈ।

ਤ੍ਵਚ ਕੇ ਸੰਗ ਸਪਰਸ਼ ਹੋਇ ਮਨ।

ਪੰਚਹੁਂ ਗ੍ਯਾਨ ਉਪਾਵਨ ਤਤਛਿਨ[1]। — [1]ਪੰਜਾਂ ਹੀ ਇੰਦ੍ਰੀਆਂ ਨੂੰ ਗ੍ਯਾਨ ਉਤਪਤ ਹੁੰਦਾ ਹੈ ਉਸ ਵੇਲੇ।

[1]ਸੁਖਪਤਿ ਮਹਿਂ ਇਕ ਨਾਰਿ ਮਝਾਰੇ। — [1]ਸੁਖੋਪਤੀ ਵਿਚ ਨਾੜੀ ਵਿਚ ਜਾਕੇ ਮਨ ਰਹਿੰਦਾ ਹੈ ਤਦੋਂ ਤ੍ਵਚਾ ਨਾਲ ਸਪਰਸ਼ ਨਹੀਂ ਕਰਦਾ।

ਨਹਿਂ ਸਪਰਸ਼ ਤ੍ਵਚ ਸੋਂ ਤਬਿ ਧਾਰੇ ॥੨੪॥

ਲਪਟ੍ਯੋ[†] ਰਹਿਤਿ ਨਾਰ ਕੇ ਮਾਂਹੀ[1]। — [1](ਉਸ) ਨਾੜੀ ਵਿਚ ਲਿਪਟਿਆ ਰਹਿੰਦਾ ਹੈ। [†]ਪਾ:-ਲਟਕਿਓ।

ਪ੍ਰਾਪਤਿ ਤਬਹਿ ਗ੍ਯਾਨ ਕੀ ਨਾਂਹੀ[1]। — [1](ਬਾਹਰਲੇ) ਗ੍ਯਾਨ ਦੀ ਪ੍ਰਾਪਤੀ ਉਸ ਨੂੰ ਨਹੀਂ ਰਹਿੰਦੀ।

ਜਾਗ੍ਰਤਿ ਮਹਿਂ ਸਪਰਸ਼ ਤ੍ਵਚ[1] ਹੋਇ। — [1]ਤ੍ਵਚਾ ਨਾਲ।

ਗ੍ਯਾਨ ਪਾਇ ਸਭਿ ਕੋ ਤਬਿ ਸੋਇ ॥੨੫॥

ਸੌਮੋ ਭਾਗ ਚੀਰਿਯੇ ਬਾਰ[1]। — [1]ਵਾਲ ਚੀਰੀਏ ਤਾਂ ਉਸ ਦੇ ਸੌਵੇਂ ਹਿੱਸੇ (ਬਰਾਬਰ)।

ਅਸ ਅਤਿ ਸੂਖਮ ਹੈ ਇਕ ਨਾਰਿ[1]। — [1]ਨਾੜੀ।

ਸੁਪਨਾਵਸਥਾ ਤਿਸ ਮਹਿਂ ਪਾਵੈ।

ਥਿਰ ਨਾਰੀ ਮਹਿਂ ਸਕਲ ਬਨਾਵੈ[1]ਃ- ॥੨੬॥ — [1](ਉਸ) ਨਾੜੀ ਵਿਚ ਬੈਠਾ ਹੋਇਆ ਸਭ ਕੁਛ ਬਣਾਉਂਦਾ ਹੈ।

ਸਭ ਛਿਤ, ਸਿੰਧੁ, ਧਰਾਧਰ ਭਾਰੇ[1]। — [1]ਭਾਰੀ ਪਰਬਤ।

ਸੂਰਜ, ਚੰਦ, ਗਗਨ, ਗਨ ਤਾਰੇ[†]। — [†]ਪਾ:-ਗਗਨ ਗਤਿ ਤਾਰੇ।

ਸ਼ਕਤਿ ਬ੍ਰਹਮੰਡ ਰਚਨ ਕੀ ਹੋਇ।

ਸੂਖਮ ਬਿਖੈ ਥੂਲ ਇਮ ਜੋਇ[1] ॥੨੭॥ — [1]ਬ੍ਰਹਮੰਡ ਰਚਨ ਦੀ ਸ਼ਕਤੀ (ਇਸ ਮਨ ਵਿਚ ਹੁੰਦੀ ਹੈ, ਐਉਂ ਸੂਖਮ ਵਿਚ ਅਸਥੂਲ ਦਿਖਾਈ ਦਿੰਦਾ ਹੈ।

ਜਿਮ ਸੁਪਨਾ ਜੀਵਾਤਮ ਕੇਰਾ।

ਜੋ ਚਾਹੈ ਰਚਿ ਲੇਤਿ ਬਡੇਰਾ।

ਤਿਮ ਈਸ਼ੁਰ ਕੋ ਸੁਪਨਾ ਅਹੈ[1]। — [1]ਤਿਵੇਂ ਈਸ਼੍ਵਰ ਦਾ ਸੁਪਨਾ ਹੈ (ਜਗਤ)।

ਬਿਧਿ ਪ੍ਰਪੰਚ ਜੇਤਿਕ ਦ੍ਰਿਸ਼ ਲਹੈ[1] ॥੨੮॥ — [1]ਜਿਤਨਾ ਕੁ ਬ੍ਰਹਮਾ ਦੀ ਰਚਨਾ ਸੰਸਾਰ ਦਿਖਾਈ ਦਿੰਦੀ ਹੈ ਭਾਵ ਇਹ ਈਸ਼੍ਵਰ ਦਾ ਸੁਪਨਾ ਹੈ।

ਇਸ ਜਗ ਮਹਿਂ ਸਭਿ ਜੀਵ ਦੁਖਾਰੇ।

ਬਸਿ ਅੱਗ੍ਯਾਨ ਬੰਧ ਮਹਿਂ[†] ਭਾਰੇ[1]। — [1]ਅਗ੍ਯਾਨ ਦੇ ਭਾਰੇ ਬੰਧਨ ਵਿਚ ਹੈਨ। [†]ਪਾ:-ਹਿਤ।

ਅਤਿ ਸੰਕਟਿ ਤੇ ਤਨ ਕੋ ਤਜੈ।

ਅਘ ਤੇ ਦੂਤ ਸਾਸਨਾ ਸਜੈ[1] ॥੨੯॥ — [1]ਪਾਪਾਂ ਦੇ ਕਾਰਨ ਜਮ ਦੀਆਂ ਤਾੜਨਾ ਸਹਿੰਦਾ ਹੈ (ਜੀਵ)।

ਨਾਨਾ ਨਰਕਨਿ ਕਸ਼ਟ ਭੁਗਾਵੈ।
ਅਘ ਫਲ ਭੁਗੇ ਵਹਿਰ ਨਿਕਸਾਵੈ।
ਤਿਮ ਹੀ ਨਾਨਾ ਸੁਖ ਕੋ ਦੇਤਿ।
ਕਰਤਿ ਪੁੰਨ ਜੋ ਰਹੈ ਸੁਚੇਤ ॥੩੦॥
ਪਾਪੀ ਪੁੰਨੀ ਦੁਖ ਸੁਖ ਪਾਇ।
ਚੰਦ ਅੰਸ ਮਹਿਂ ਪੁਨ ਮਿਲ ਜਾਇ[1]। — [1]ਚੰਦ੍ਰਮਾਂ ਦੀ ਕਿਰਨ ਵਿਚ ਫਿਰ ਮਿਲ ਜਾਂਦਾ ਹੈ। (ਜੀਵ)।
ਤਿਨ ਦ੍ਵਾਰਾ[1] ਅੰਨਨ ਮਾਹਿਂ ਆਵੈ। — [1]ਚੰਦ ਦੀਆਂ ਕਿਰਣਾਂ) ਦ੍ਵਾਰਾ।
ਚਾਕੀ ਮੂਸਲ ਤੇ[1] ਦੁਖ ਪਾਵੈ ॥੩੧॥ — [1]ਚੱਕੀ ਤੇ ਮੂਸਲ ਆਦਿ ਤੋਂ।
ਅਗਨੀ ਬਿਖੈ ਪਕਾਵਤਿ ਫੇਰ।
ਭੋਗਹਿ ਨਾਨਾ ਕਸ਼ਟ ਬਡੇਰ।
ਪੁਨ ਪ੍ਰਾਨੀ ਕੇ ਦਾੜਨਿ ਮਾਹਿਂ।
ਚਿਥਿ[†] ਬਹੁ ਭਾਂਤਨਿ ਤੇ ਦੁਖ ਪਾਹਿ ॥੩੨॥ — [†]ਪਾ:-ਬਚ।
ਉਦਰ ਬਿਖੈ ਜਠਰਾਗਨਿ ਤੇਜ।
ਤਹਿਂ ਸੰਕਟ ਲਹਿ ਅਸਨ ਅਮੇਜ[1]। — [1]ਭੋਜਨ ਵਿਚ ਮਿਲਿਆ।
ਪੁਨ ਰਸ ਸੰਗ ਨਸਾ ਮਹਿਂ ਬਸੈ।
ਤਨ ਕੋ ਰੁਧਰ ਹੋਤਿ ਦੁਖ ਗ੍ਰਸੈ ॥੩੩॥
ਬਹੁਰ ਸ਼੍ਰੋਨ ਤੇ ਆਮਿਖ ਬਨੈ।
ਤਹਾਂ ਪਹੁੰਚਿ ਬਡ ਸੰਕਟ ਸਨੈ।
ਸਨੇ ਸਨੇ ਪੁਨ ਮੇਦ ਮਝਾਰਾ[1]। — [1]ਮਿੱਝ ਵਿਚ।
ਤਾਂਹਿ ਬਸਹਿ ਸਭਿ ਰੀਤਿ ਦੁਖਾਰਾ ॥੩੪॥
ਅਸਥੀ ਮਹਿਂ ਮੁਸ਼ਕਲਤਾ ਪਾਇ।
ਇਮ ਹੀ ਸਪਤ ਧਾਤ[1] ਮਹਿਂ ਜਾਇ। — [1]ਰਕਤ, ਰੋਮ, ਨਾੜੀ, ਤੁਚਾ, ਅਸਥਿ, ਮਿੱਝ (ਚਰਬੀ), ਵੀਰਜ।
ਪੁਨ ਬੀਰਜ ਕੇ ਮਿਲਿ ਕੈ ਸੰਗ।
ਪ੍ਰਾਨੀ ਕੇ ਉਪਜਾਇ ਅਨੰਗ[1] ॥੩੫॥ — [1]ਕਾਮ।
ਇਸਤ੍ਰੀ ਕੇ ਸੰਜੋਗ ਕੋ ਪਾਇ।

| | |
|---|---|
| ਨਿਕਸ ਲਿੰਗ[1] ਤੇ ਭਗ[2] ਮਹਿਂ ਜਾਇ। | [1]ਇੰਦ੍ਰੀ। [2]ਯੋਨੀ। |
| ਰਜ ਕੋ ਰੁਧਰ ਬੀਰਜ ਲਪਟੰਤਿ[1]। | [1]ਰਜ ਦੇ ਲਹੂ ਵਿਚ ਜਦ ਵੀਰਜ ਲਪਟਿਆ। |
| ਗੁਲਕਾ ਸਮ ਗ੍ਰਭ ਥਲ ਥਿਰਿਯੰਤਿ[1] ॥੩੬॥ | [1]ਗਰਭਾਸ਼ਯ ਵਿਚ ਟਿਕਕੇ ਗੋਲ ਮੋਲ (ਜਿਹਾ) ਬਣਦਾ ਹੈ। |
| ਤਹਿਂ ਨੌ ਮਾਸ ਬਾਸ ਕੋ ਪਾਇ। | |
| ਦੁਖ ਭੋਗੈ ਬਨਿ ਸਿਰ ਤਰਵਾਇ[1]। | [1]ਸਿਰ ਤਲਵਾਇਆ ਰਹਿਕੇ। |
| ਮਿਲ੍ਯੋ ਰਹੈ ਮਲ ਮੂਤ੍ਰ ਕੇ ਸੰਗ। | |
| ਬਨਹਿ ਬ੍ਰਿਧਹਿ ਕਾਇਆਂ ਸਰਬੰਗ[1] ॥੩੭॥ | [1]ਉਸ ਗੋਲੇ ਦੇ ਫੇਰ) ਸਾਰੇ ਅੰਗ ਬਣਦੇ ਵਧਦੇ ਤੇ ਸਰੀਰ (ਬਣਦਾ ਹੈ)। |
| ਕਸ਼ਟ ਗਰਭ ਕੇ ਗਿਨੇ ਨ ਜਾਇਂ। | |
| ਜਿਨ ਕੋ ਸੁਨਿ ਰੁਮੰਚ ਹ੍ਵੈ ਆਇ[1]। | [1]ਰੋਮ ਖੜੇ ਹੋ ਜਾਂਦੇ ਹਨ। |
| ਭਗ ਦ੍ਵਾਰਾ ਨਿਕਸਤਿ ਦੁਖ ਪਾਵੈ। | |
| ਨੀਠ ਨੀਠ ਬਾਹਰ ਕੋ ਆਵੈ ॥੩੮॥ | |
| ਦ੍ਵਾਰ ਤੰਗ ਤਨ ਥੂਲ ਬਡੇਰਾ[1]। | [1]ਜੋਨੀ ਦਾ) ਦਵਾਰਾ ਤੰਗ ਹੈ ਤੇ (ਬੱਚੇ ਦਾ) ਸਰੀਰ ਬਹੁਤ ਥੂਲ ਤੇ ਵਡਾ ਹੁੰਦਾ ਹੈ। |
| ਜੰਤੀ ਸਮ[1] ਖੈਂਚਿਯ ਤਿਸ ਬੇਰਾ। | [1]ਜਿਵੇਂ ਸੁਨਾਰਾ) ਤਾਰ (ਖਿੱਚਦਾ ਹੈ) ਬਾਰੇ (ਵਿਚੋਂ ਤਿਸ) ਵਾਂਗ। |
| ਆਪ ਦੁਖੀ, ਜਨਨੀ ਦੁਖ ਦੇਤਿ। | |
| ਨਿਕਸਤਿ ਗਿਰਤਾ ਹੋਤਿ ਅਚੇਤ ॥੩੯॥ | |
| ਜਥਾ ਬਿਰਣ ਤੇ ਪਰਹਿ ਸੁ ਕੀਰਾ[1]। | [1]ਜਿਵੇਂ ਫੋੜੇ ਵਿਚੋਂ ਕੀੜਾ (ਡਿੱਗ ਪੈਂਦਾ ਹੈ)। |
| ਤਿਮ ਬਾਹਰ ਭਾ ਬਹੁ ਦੁਖ ਪੀਰਾ। | |
| ਕਿਤਿਕ ਸਮੇਂ ਮਹਿਂ ਚੇਤਨ ਹੋਇ। | |
| ਸੁਧ ਕੋ ਪਾਇ ਉਠਤਿ ਹੈ ਰੋਇ ॥੪੦॥ | |
| ਬਾਲ ਅਵਸਥਾ ਮਹਿਂ ਦੁਖ ਘਨੇ। | |
| ਰਾਵ ਰੰਕ ਕੇ ਇਹ ਸਭਿ ਬਨੇ[1]। | [1]ਭਾਵੇਂ ਰਾਜਾ ਹੋਵੇ ਭਾਵੇਂ ਕੰਗਾਲ ਸਭ ਨੂੰ ਇਹ (ਦੁੱਖ) ਬਣਦੇ ਹੈਨ। |
| ਸਗਰੇ ਗਰਭ ਬਿਖੈ ਪਰਿਆਵੈਂ[1]। | [1]ਸਾਰੇ ਗਰਭ ਵਿਚ ਪੈਕੇ ਹੀ (ਸੰਸਾਰ ਵਿਚ) ਆਉਂਦੇ ਹਨ। |
| ਬਾਲ ਮੂੜ[1] ਰੋਦਨ[2] ਤਪਤਾਵੈ ॥੪੧॥ | [1]ਬੱਚਾ ਮੂਰਖ ਹੁੰਦਾ ਹੈ। [2]ਰੋਂਦਾ ਹੈ। |
| ਕਸ਼ਟ ਹੋਤਿ ਨਹਿਂ ਜਾਤਿ ਬਤਾਯੋ। | |
| ਸਦਾ ਅਸ਼ੁਚਿ[1] ਡਹਿਕਤਿ[2] ਡਰਪਾਯੋ[3]। | [1]ਮੈਲਾ। [2]ਤ੍ਰਬ੍ਰਕਦਾ ਹੈ। [3]ਡਰਦਾ ਹੈ। |

ਰਹੈ ਅਸ਼ਕਤਿ ਕ੍ਰਿਯਾ ਨਹਿਂ ਹੋਇ।
ਜਾਚਹਿ ਚੰਦ ਕਹਾਂ ਦੇ ਕੋਇ[1] ॥੪੨॥

[1]ਚੰਦ੍ਰਮਾ ਮੰਗਦਾ ਹੈ ਭਲਾ ਕੌਣ ਲਿਆਕੇ ਦੇਵੇ।

ਇੱਤਜਾਦਿਕ ਸੰਕਟ ਗਨ ਪਾਇ।
ਭਯੋ ਤੁਰਨ ਤਰੁਨੀ ਚਿਤ ਲਾਇ।
ਬਧੇ ਬਿਕਾਰ ਅਨੇਕ ਪ੍ਰਕਾਰਾ।
ਸ਼ੱਤ੍ਰੁ ਮਿੱਤ੍ਰ ਕਰਿ ਬੰਧ ਅਖਾਰਾ[1] ॥੪੩॥

[1]ਸੱਜਨ ਤੇ ਵੈਰੀ ਥਾਪ ਕੇ (ਜੁੱਧ) ਅਖਾੜੇ ਮਚਾਉਂਦਾ ਹੈ।

ਚਹਜੋ ਪਦਾਰਥ ਹਾਥ ਨ ਆਇ[1]।

[1]ਜੋ ਪਦਾਰਥ ਚਾਹੁੰਦਾ ਹੈ ਸੋ ਹੱਥ ਨਹੀਂ ਆਉਂਦਾ (ਤਾਂ ਸੜਦਾ ਹੈ ਤੇ)।

ਜੋ ਪ੍ਰਾਪਤਿ ਸੋ ਨਹਿਂ ਖੁਸ ਜਾਇ[1]।

[1]ਤੇ ਜੋ ਪ੍ਰਾਪਤ ਹੈ, ਉਹ ਖੁੱਸ ਨਾ ਜਾਵੇ (ਇਹ ਚਿੰਤਾ ਰਹਿੰਦੀ ਹੈ)।

ਜਿਤ ਕਿਤ ਧਨ ਕੋ ਲੈਬੇ ਹੇਤ।
ਜਤਨ ਕਰਤਿ ਬਲ ਬੁੱਧਿ ਸਮੇਤ ॥੪੪॥
ਤ੍ਰਿਪਤਿ ਹੋਨਿ ਲਗ ਪ੍ਰਾਪਤਿ ਨਾਂਹੀ[1]।

[1]ਭਾਵ ਰੱਜਵਾਂ (ਪਦਾਰਥ) ਨਹੀਂ ਮਿਲਦਾ।

ਬੋਲੈ ਕੂਰ, ਨ ਧਰਮ ਰਖਾਹੀ।
ਭਯੋ ਬ੍ਰਿੱਧ ਨਿਰਬਲ ਤਨ ਰਹਿਯੋ।
ਜੀਰਣ ਅਧਿਕ ਜਰਜਰੀ ਲਹਿਯੋ ॥੪੫॥
ਖਾਂਸੀ ਆਦਿ ਬਯਾਧਿ ਹੁਇਂ ਬ੍ਰਿੰਦ।
ਅਪਮਾਨਤ ਪਰਵਾਰ ਬਿਲੰਦ[1]।

[1]ਭਾਵ ਟੱਬਰ ਉਸਦਾ ਆਦਰ ਨਹੀਂ ਕਰਦਾ।

ਸੰਕਟ ਅਧਿਕ ਪਾਇ ਮਰਿ ਰਹੈ।
ਜੀਵ ਗਤੀ ਜਿਮ, ਕਯਾ ਕਰਿ ਕਹੈਂ[1] ॥੪੬॥

[1]ਭਾਵ ਜੀਵ ਦੀ (ਦੁਖ ਭਰੀ) ਗਤੀ ਕਹੀ ਨਹੀਂ ਜਾ ਸਕਦੀ।

ਲੇਸ਼ ਮਾਤ੍ਰ ਦੁਖ ਬਰਨਨ ਕਰੇ।
ਸਰਬ[†] ਜਿ ਕਹੈਂ ਗ੍ਰੰਥ ਇਕ ਭਰੇ।

[†]ਪਾ:-ਬਹੁ।

ਜਨਮ ਕਰੋਰਹੁਂ ਧਰਿ ਧਰਿ ਮਰਿਯੋ।
ਕਿਸੀ ਸ਼ਰੀਰ ਬਿਖੈ ਨਹਿਂ ਥਿਰਿਯੋ ॥੪੭॥
ਜਨਮ ਅਸੰਖ ਭਵਿੱਖਤਿ[1] ਲਹੈ।

[1]ਅਗੋਂ ਨੂੰ।

ਦੁਖ ਸੁਖ ਕੂਰ ਭੋਗ ਮਰਿ ਰਹੈ[1]।

[1]ਕੂੜੇ ਦੁਖ ਸੁਖ ਭੋਗਕੇ ਮਰ ਰਹਿੰਦਾ ਹੈ।

ਬਿਨ ਸਤਿਗੁਰ ਕੀ ਸ਼ਰਨੀ ਪਰੇ।
ਕੋਇ ਨ† ਬੰਦ ਖਲਾਸੀ ਕਰੇ ॥੪੮॥ †ਪਾ:-ਨਹਿਂ।

ਭੂਰ ਭਾਗ ਤੇ ਭਾਉ ਭਗਤਿ ਲਹਿ।
ਬਨਹਿ ਸਿੱਖ ਗੁਰ ਚਰਨ ਸ਼ਰਨ ਰਹਿ।
ਤਨ ਕਰਿ ਮਨ ਕਰਿ ਧਨ ਕਰਿ ਸੇਵਾ।
ਛਲ ਬਿਨ ਹ੍ਵੈ ਰਿਝਾਇ ਗੁਰਦੇਵਾ ॥੪੯॥
ਲੇ ਉਪਦੇਸ਼ ਕਮਾਵੈ ਮਨ ਤੇ।
ਸੇਵਾ ਕਰਹਿ ਸਰਬ ਹੀ ਤਨ ਤੇ।
ਤੌ ਇਸ ਕੋ ਹੋਵਤਿ ਛੁਟਕਾਰਾ।
ਕਰਮ ਬੰਧ ਤਜਿ[1] ਬਨਹਿ ਸੁਖਾਰਾ ॥੫੦॥ [1]ਕਰਮਾਂ ਦੇ ਬੰਧਨ ਤਜਕੇ।
ਨਾਂਹਿ ਤ ਵਹਜੋ ਫਿਰਤਿ† ਬਿਲਪਾਵਤਿ‡। †ਪਾ:-ਫਿਰੈ। ‡ਪਾ:-ਬਿਲਪਾਵਹਿ।
ਜਗ ਸਮੁੰਦ੍ਰ ਕੋ ਪਾਰ ਨ ਪਾਵਤਿ।'
ਦਇਆ ਸਿੰਘ ਉਪਦੇਸ਼ ਬਤਾਯੋ।
ਸੁਨਤਿ ਖਾਲਸੇ ਧਰਿ ਸੁਖ ਪਾਯੋ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੰਘਨ ਉਪਦੇਸ਼' ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

## ੫੧. [ਹਜ਼ੂਰੀ ਕਵੀਆਂ ਦੇ ਕਬਿੱਤ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

†ਅਬਿ ਆਗੇ ਬਰਨਨ ਕਰੌਂ, ਕਵਿ ਜਿ ਰਹੈਂ ਗੁਰ ਪਾਸ।
ਸੁਜਸ ਕਬਿੱਤਨ ਮਹਿਂ ਕਰਜੋ, ਲੇਤਿ ਭਏ ਧਨ ਰਾਸ ॥੧॥

†ਕਵੀ ਜੀ ਇਸ ਅੰਸੂ ਵਿਚ ਕਵੀਆਂ ਦੇ ਕਬਿੱਤ ਦੇਣਗੇ ਉਸ ਸੰਚੇ ਵਿਚੋਂ ਜੋ ਆਪ ਨੂੰ ਪ੍ਰਾਪਤ ਹੋਇਆ ਹੈ। ਲਾਇਕ ਕਵੀ ਹੋਣ ਕਰਕੇ ਇਨ੍ਹਾਂ ਕਬਿੱਤਾਂ ਨੂੰ ਲਿਖਦਿਆਂ ਆਪ ਨੂੰ ਕਈ ਥਾਈਂ ਆਪਣੀ ਕਵਿਤਾ ਕਰਨ ਦਾ ਹੁਲਾਸ ਆ ਜਾਂਦਾ ਹੈ ਸੋ ਆਪ ਨੇ ਆਪਣੇ ਛੰਦ ਰਚਕੇ ਏਥੇ ਦਿਤੇ ਹਨ, ਉਨ੍ਹਾਂ ਵਿਚ ਆਪਣਾ ਨਾਮ ਦੇ ਦਿਤਾ ਹੈ ਜਿਸ ਤੋਂ ਕੋਈ ਭੁਲੇਵਾ ਨਹੀਂ ਪੈਂਦਾ।

ਚੌਪਈ:

ਧਨ ਅਰਥੀ ਧਨ ਗਨ ਕੋ ਪਾਯੋ।
ਨਿਜ ਬੁਧਿ ਕਰਿ ਗੁਰਦੇਵ ਰਿਝਾਯੋ।
ਅਪਰ ਪਦਾਰਥ ਜਿਨ ਕਿਨਿ ਚਾਹਾ।
ਦਸਮ ਗੁਰੂ ਤੇ ਲੀਨਸਿ ਪਾਹਾ[1] ॥੨॥ [1]ਪਾ ਲਿਆ।
ਮਹਾਂ ਉਦਾਰ ਮੁਕਤਿ ਲੌ ਦੇਤਿ।
ਚਹੁੰਦਿਸ਼ਿ ਤੇ ਕਵਿ ਤਜਾਗਿ ਨਿਕੇਤ।
ਆਨਿ ਅਨੰਦ ਪੁਰਿ ਕੀਨਸਿ ਬਾਸਾ।
ਸੁਤ ਬਿਤ ਆਦਿ ਪਾਇ ਸੁਖ ਰਾਸਾ ॥੩॥
ਜੇ ਨਿਸ਼ਕਾਮ ਮੁਕਤਿ ਹੀ ਦਈ।
ਕਿਤਿਕ ਸੰਪਦਾ ਅਰੁ ਗਤਿ ਲਈ[1]। [1]ਕਈਆਂ ਨੇ ਧਨ ਤੇ ਮੁਕਤੀ (ਦੁਇ) ਲਏ।
ਚਾਰਹੁੰ ਚੱਕਨਿ ਗੁਰ ਜਸ ਫੈਲਾ।
ਮਨਹੁਂ ਚੰਦ ਉੱਜਲ ਬਿਨ ਮੈਲਾ ॥੪॥
ਕੇਤਿਕ ਕਵੀਯਨਿ ਕੇਰ ਕਬਿੱਤ।
ਲਿਖੌਂ ਸੁਨਾਵਨਿ ਕੇ ਹਿਤ ਮਿੱਤ!
ਗੁਰ ਸਿੱਖਨਿ ਕੇ ਹੇਤ ਰਿਝਾਵਨਿ।
ਅਰ ਪ੍ਰਭੁ ਲੋਗਨਿ ਜਿਨ ਮਨ ਪਾਵਨ ॥੫॥
ਸ੍ਰੀ ਕਲਗੀਧਰ ਕੀ ਬਰ ਕਥਾ।
ਕਥੋਂ ਜਥਾਮਤਿ ਸੁਨੀਯਹਿ ਤਥਾ।
ਅਦਭੁਤਿ ਕਰੇ ਚਰਿਤ ਗੁਨ ਖਾਨੀ।
ਕਹੇ ਜਿਨਹੁਂ ਭਈ ਪਾਵਨ ਬਾਨੀ[1] ॥੬॥

[1]ਜਿਨ੍ਹਾਂ ਨੇ ਚਰਿੱਤ੍ਰ ਕਹੇ ਹਨ ਉਨ੍ਹਾਂ ਦੀ ਬਾਣੀ ਪਵਿੱਤ੍ਰ ਹੋਈ ਹੈ।

ਗੁਰ ਕੀ ਦਾਤ ਬੀਰਤਾ ਭਾਰੀ।
ਬੀਚ ਕਬਿੱਤਨਿ ਜਥਾ ਉਚਾਰੀ।

ਅਬਿ ਸੋ ਲਿਖੌਂ ਕਵਿਨਿ ਕਹਿ ਜੈਸੀ[1]। [1]ਕਵੀਆਂ ਨੇ ਜੈਸੀ ਕਹੀ ਹੈ।

ਸੁਨਹੁਂ ਖਾਲਸਾ! ਉਪਮਾ ਤੈਸੀ:- ॥੭॥

ਕਬਿੱਤ:

ਅਵਧ[1] ਅਨਾਏ ਕਹਾਂ, ਤਿਲਕ ਬਨਾਏ ਕਹਾਂ,

ਦ੍ਵਾਰਕਾ ਛਪਾਏ ਕਹਾਂ ਤਨ ਤਾਈਯਤਿ ਹੈ[੫]?

[1]ਅਯੁੱਧਿਆ (ਜਾਕੇ ਸਰਜੂ ਨਦੀ ਵਿਚ) ਨ੍ਹਾਤਿਆਂ ਕੀ, (ਮੱਥੇ ਤੇ) ਤਿਲਕ ਬਣੌਣ ਨਾਲ ਕੀ, ਦ੍ਵਾਰਕਾ ਛਾਪੇ ਲਵਾਉਣ ਨਾਲ ਕੀ ਤੇ ਤਨ ਤਪਾਵਣ ਤੋਂ ਕੀ [ਤਨ ਤਪਾਉਣਾ=ਪੰਚ ਅਗਨੀ ਤਪਨੀ]।

ਕੋਵਿਦ[1] ਕਹਾਏ ਕਹਾਂ, ਬੇਨੀ[2] ਕੇ ਮੁੰਡਾਏ ਕਹਾਂ

ਕਾਸ਼ੀ ਕੇ ਬਸਾਏ ਕਹਾਂ ਲਾਹਾ ਲਖੀਯਤਿ ਹੈ[3†]?

[1]ਪੰਡਤ। [2]ਬੋਦੀ। [3]ਕਾਸ਼ੀ ਵਿਚ ਵਸਣ ਤੇ ਲਾਭ ਕੀ ਮਿਲਦਾ ਹੈ? । [†]ਪਾ:-ਹਲਾਹਲ ਖਾਈਅਤ ਹੈ।

ਮੋਹਨ ਮਨਾਏ ਕਹਾਂ[1], ਭੂਪਤਿ ਰਿਝਾਏ ਕਹਾਂ,

ਕਹਾਂ ਹੰਸਰਾਮ ਜੋ ਧਰਾ ਮੈਂ ਧਾਈਯਤਿ ਹੈ[2]?

[1]ਕ੍ਰਿਸ਼ਨ ਮਨਾਵਣ ਤੇ ਕੀ। [2]ਧਰਤੀ ਵਿਚ ਦੌੜਨ ਤੇ ਕੀ? ਭਾਵ (ਮੁਕਤੀ ਲਈ ਦੇਸ਼ ਦੇਸ਼ ਫਿਰਨ ਅਥਵਾ ਪ੍ਰਿਥਵੀ ਪ੍ਰਕਰਮਾ ਕਰਨ ਤੇ ਕੀ ਲਾਭ?)

ਚਾਰਹੂੰ ਬਰਨ ਤਾਂ ਕੇ ਹੇਰਨਿ ਕਲੇਸ਼

ਗੁਰ ਗੋਬਿੰਦ ਕੇ ਚਰਨ ਮੁਕਤਿ ਪਾਈਯਤਿ ਹੈ[1] ॥੮॥

[1]ਉਨ੍ਹਾਂ ਦੇ ਕਲੇਸ਼ ਨਾਸ਼ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਹਨ ਜਿਨ੍ਹਾਂ ਤੋਂ ਮੁਕਤੀ ਪਾਈਦੀ ਹੈ।

ਜਹਾਂ ਦਿਨਕਰ ਕੋ ਪ੍ਰਤਾਪ ਦਿਨਮਾਨ ਨਾਂਹੀ[1],

ਜਹਾਂ ਨ ਦਿਲੇਸ਼ ਕੋ ਪ੍ਰਤਾਪ ਛਾਈਯਤਿ ਹੈ।

[1]ਜਿੱਥੇ ਸੂਰਜ ਦੇ ਪ੍ਰਤਾਪ ਕਰਕੇ ਦਿਨ ਵਾਰ ਦੀ ਗਿਣਤੀ ਨਹੀਂ ਹੈ।

[1]ਜਹਾਂ ਨ ਕਲਾਨਿਧਿ ਕੀ ਕਲਾ ਕੀ ਕਿਰਨ ਏਕ,

ਜਹਾਂ ਮ੍ਰਿਗ ਰਾਜਨ ਕੇ ਥਰ ਧਾਈਯਤਿ ਹੈਂ।

[1]ਜਿੱਥੇ ਚੰਦ੍ਰਮਾਂ ਦੀ ਕਲਾ ਦੀ ਇਕ ਕਿਰਣ ਨਹੀਂ ਪ੍ਰਕਾਸ਼ਦੀ, ਜਿਸ ਥਾਂ ਤੇ ਸ਼ੇਰਾਂ ਦੇ ਝੁੰਡ ਦੌੜਦੇ ਹਨ।

ਜਹਾਂ ਸੁਰਪਤਿ[1] ਕੀ ਨ ਗਤਿ, ਰਤਿ ਪੱਤਿ ਕੀ

ਨ ਮਤਿ[2], ਕਹਾਂ ਧੌਲਪਤਿ ਹੂੰ ਮੈਂ ਪਾਈਯਤਿ ਹੈ[3]।

[1]ਇੰਦ੍ਰ। [2]ਕਾਮਦੇਵ ਦੀ ਬੁੱਧੀ (ਜਿਥੇ ਨਹੀਂ ਪਹੁੰਚਦੀ)। [3]ਸ਼ਿਵਜੀ ਵਿਚ ਬੀ ਇਹ ਮਤੀ ਕਿਥੋਂ ਪਾਈ ਜਾਂਦੀ ਹੈ (ਜੋ ਉਥੇ ਅਪੜੇ)।

ਜਹਾਂ ਸ਼੍ਰੁਤਿ ਸਿੰਮ੍ਰਿਤਿ ਸੁਨੀ ਨ ਸ਼੍ਰੋਨ ਸੁਪਨੇ ਹੂੰ

ਤਹਾਂ ਗੁਰੂ ਗੋਬਿੰਦ ਕੋ ਜਸ ਗਾਈਯਤਿ ਹੈ ॥੯॥

ਸ੍ਵੈਯਾ:

ਕੌਨ ਬਨਾਰਸੀ ਬਾਸ ਕਰੈ, ਜਹਿਂ ਬਾਸ਼ਕ ਨਾਗ ਹੀਯੇ ਮੈਂ ਲਸੈ[1]।

[1]ਜਿਥੇ (ਸ਼ਿਵਜੀ ਦੇ) ਬਾਸ਼ਕ ਨਾਗ ਛਾਤੀ ਤੇ ਲਿਸ਼ਕ ਰਿਹਾ ਹੈ।

ਔਧ ਕੋ ਔਸਰ ਨਾਥ ਭਇਓ, ਰਘੁਨਾਥ ਕੇ ਪਾਇ ਨ ਪਾਪ ਨਸੈ[1†]।

[1]ਆਪਣੇ) ਸਮੇਂ ਸਿਰ ਅਯੁੱਧਿਆ ਦੇ ਪਤੀ ਰਘੁਨਾਥ ਜੀ ਹੋਏ (ਪਰ ਹੁਣ ਓਹ ਓਥੇ) ਮਿਲਦੇ ਨਹੀਂ, (ਇਸ ਲਈ ਅਯੁੱਧਿਆ ਗਿਆਂ ਹੁਣ) ਪਾਪ ਦੂਰ ਨਹੀਂ ਹੁੰਦੇ। [ਪਾਇ ਨਾ=ਮਿਲਦੇ ਨਹੀਂ, 'ਨ' ਦੇਹੁਰੀ ਦੀਪਕ ਹੈ]।
†ਪਾ:-ਪਾਇਨ ਪਾਇ ਨਸੇ।

ਕਰਿ ਮੁੰਡਨ ਕੌਂ ਨ ਸਿਤਾਸਿਤ ਮੇਂ, ਜਹਿਂ† ਦੇਖਿ ਕੈ ਲੋਕ ਰੁ ਦੇਵ ਹਸੈਂ[1]।

[1]ਪ੍ਰਯਾਗ ਵਿਚ ਕਈ ਜਾਕੇ ਕਿਉਂ ਸਿਰ ਮੁਨਾਵੇ ਜਿਸ (ਮੁੰਨੇ ਹੋਏ ਸਿਰ) ਨੂੰ ਦੇਖਕੇ ਦੇਵਤੇ ਤੇ ਮਨੁੱਖ ਮਖੌਲ ਕਰਨ। [ਸਿਤਾਸਿਤ=ਸਿਤ+ਅਸਿਤ=ਚਿੱਟਾ ਤੇ ਕਾਲਾ, ਗੰਗਾ ਤੇ ਜਮਨਾ। ਭਾਵ ਹੈ ਗੰਗਾ ਜਮਨਾ ਦਾ ਸੰਗਮ, ਪ੍ਰਯਾਗ]। †ਕਈ ਗਜਾਨੀ 'ਮੇ ਜਹਿਂ' ਨੂੰ 'ਮੱਜਹਿਂ' ਸਮਝਕੇ 'ਇਸ਼ਨਾਨ ਕਰੇ' ਅਰਥ ਕਰਦੇ ਹਨ।

ਇਮ ਤੇਗ ਬਹਾਦਰ ਨੰਦ ਜਗੇ, ਕਿਨ ਗੋਬਿੰਦ ਰਾਇ ਗੁਰੂ ਦਰਸੈ[1]? ॥੧੦॥

[1]ਇਸ ਵੇਲੇ) ਏਥੇ (ਅਨੰਦਪੁਰ ਵਿਚ ਗੁਰੂ) ਤੇਗ ਬਹਾਦਰ ਜੀ ਦੇ ਸਪੁੱਤ੍ਰ ਪ੍ਰਕਾਸ਼ ਰਹੇ ਹਨ, ਕਿਉਂ ਨਾਂ (ਇਨ੍ਹਾਂ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਪ੍ਰਤੱਖ) ਦਰਸ਼ਨ (ਏਥੇ ਆਕੇ) ਕਰੇ।

ਕਬਿੱਤ:

ਚਾਰੋਂ ਚੱਕ ਸੇਵੈਂ ਗੁਰੂ ਗੋਬਿੰਦ ਤਿਹਾਰੇ ਪਾਇ,
ਮੇਰੇ ਜਾਨੈ ਆਜ ਤੂੰਹੀ ਦੂਜੋ ਕਰਤਾਰ ਹੈਂ।
[1]ਪਬਲ ਪ੍ਰਚੰਡ ਖੰਡ ਖੰਡ ਮਹਿ ਮੰਡਲ ਮਹਿਂ,
ਸਾਚੋ ਪਾਤਸ਼ਾਹੁ, ਜਾਂ ਕੋ ਸਾਚੋ ਸਿਰ ਭਾਰ ਹੈ।

[1]ਮਹੀ ਮੰਡਲ ਦੇ ਖੰਡਾਂ ਖੰਡਾਂ ਵਿਚ ਬਲ ਧਾਰਕੇ (ਆਪ ਨੇ) ਚੰਗੀ ਤਰ੍ਹਾਂ (ਜ਼ਾਲਮਾਂ ਨੂੰ) ਦੰਡਿਆ; ਆਪ ਸੱਚੇ ਪਾਤਸ਼ਾਹ ਹੋ ਤੇ ਸੱਚੋ (=ਕਰਤਾਰ ਵਲੋਂ ਸਿਸ਼੍ਰਟੀ ਉਧਾਰਨ ਦਾ ਆਪਦੇ) ਸਿਰ ਭਾਰ ਹੈ ਭਾਵ ਫਰਜ਼ ਹੈ।

ਕਾਮਨਾ ਕੇ ਦਾਨ ਬਾਨ ਜਾਂ ਕੀ[1], ਹੰਸਰਾਮ ਕਹੈ,
ਪਰਮ ਧਰਮ ਦੇਖੈ ਬਿਬਧ ਬਿਚਾਰ ਹੈ[2]।

[1]ਮੁਰਾਦਾਂ ਦੇ ਪੂਰੇ ਕਰ ਦੇਣੇ ਵਾਲਾ ਜਿਨ੍ਹਾਂ ਦਾ ਸੁਭਾਵ ਹੈ। [2]ਦੇਖੈ=) ਦਰਸ਼ਨ ਕਰਨ ਨਾਲ ਪਰਮ ਧਰਮ ਤੇ ਦੈਵੀ ਵਿਚਾਰ (ਦੇ ਦਾਤੇ ਹਨ) ਬਿਬੁਧ=ਦੇਵਤਾ। [ਬਿਬੁਧ ਵਿਚਾਰ=ਦੈਵੀ ਵਿਚਾਰ। ਬਿਬਿਧ=ਤਰ੍ਹਾਂ ਤਰ੍ਹਾਂ ਦਾ, ਵਚਿੱਤ੍ਰ]।

ਪਰਮ ਉਦਾਰ, ਪਰ ਪੀਰ ਕੋ ਹਰਨਹਾਰ,
ਕੌਨ ਜਾਨੈ ਕਉਨੈ ਭਾਂਤਿ ਲੀਨੋ ਅਵਤਾਰ ਹੈ[1] ॥੧੧॥

[1]ਕੀ ਜਾਣੀਏ ਕਿਵੇਂ ਅਵਤਾਰ ਲੀਤਾ ਹੈ। ਬਿਸਮਾਦ ਦਾ ਵਾਕ ਹੈ ਕਿ ਐਸੇ ਕਠਨ ਸਮੇਂ ਐਡੇ ਉੱਚੇ ਹੋਕੇ ਸਾਡੇ ਅਧਰਮੀ ਜੀਵਾਂ ਵਿਚ ਕਿਵੇਂ ਆ ਗਏ।

## ਅਥ ਸ਼ਿਕਾਰ ਬਰਨਨੰ।

ਕਬਿੱਤ:

ਬੇਸ਼ ਬੇਸਰਾ ਹੈ ਗੁਰੂ ਗੋਬਿੰਦ ਸਿੰਘ ਕੀ ਸਰਕਾਰ,
ਜਾਂ ਕੀ ਦਹਿਸ਼ਤ ਗਿਰੇ ਕੁਹਨ ਕੇ ਘਰ ਹੈਂ[1]।

[1]ਗੁਰੂ ਗੋਬਿੰਦ ਸਿੰਘ ਜੀ ਦੀ ਸਰਕਾਰ ਦਾ ਬੇਸਰਾ ਬੁਹਤ ਵਧੀਆ ਹੈ ਜਿਸ ਦੇ ਭੈ ਨਾਲ ਕੁਹੀਆਂ ਦੇ ਘਰ ਡਿੱਗ ਪਏ ਹਨ। [ਬੇਸ਼=ਵਧੀਆ। ਬੇਸਰਾ=ਬਾਜ਼ ਦੀ ਤਰ੍ਹਾਂ ਦਾ ਇਕ ਸ਼ਿਕਾਰੀ ਪੰਛੀ। ਕੁਹੀ=ਇਕ ਸ਼ਿਕਾਰੀ ਪੰਛੀ]।

ਜਾਂ ਕੀ ਦਹਿਸ਼ਤ ਬਰ ਬਾਜਨ ਬਰ ਨ ਧਰੈਂ,
ਜਾਂ ਕੀ ਦਹਿਸ਼ਤਿ ਛੁਟੇ ਬਹਿਰੀ ਕੇ ਬਰ ਹੈਂ[1]।

[1]ਜਿਸ ਦੇ ਡਰ ਕਰਕੇ ਸ੍ਰੇਸ਼ਟ ਬਾਜ਼ ਬੀ ਬਲ ਨਹੀਂ ਧਾਰਦੇ ਤੇ ਬਹਿਰੀਆਂ ਦੇ ਬਲ ਛੁੱਟ ਗਏ ਹਨ।

ਜਾਂ ਕੀ ਦਹਿਸ਼ਤ ਚਾਰਾ ਚੁਗਤਿ ਨ ਚੱਕ੍ਰਵਾਕ,

ਜਾਂ ਕੀ ਦਹਿਸ਼ਤ ਸ਼ਾਰਦੂਲ ਸੁਰਤ ਰਹੈ[1]।

[1]ਸ਼ੇਰਾਂ ਦੀ ਸੁਰਤ ਰਹਿ ਗਈ ਹੈ, ਭਾਵ ਹੋਸ਼ ਭੁੱਲ ਗਈ ਹੈ। (ਅ) ਸ਼ਾਰਦੂਲ ਸੁਰ ਤਰ ਹੈ=ਸ਼ੇਰ ਦੀ ਗਰਜ ਨੀਵੀਂ ਪੈ ਜਾਂਦੀ ਹੈ।

ਸਗਰੇ ਜਹਾਨ ਕੇ ਬਿਹੰਗ ਜਿਨ ਭੰਗ ਕੀਨੇ,
ਕੋਪ ਸੁਨਿ ਆਵਤਿ ਕੁਲੰਗ ਪਾਇ ਤਰ ਹੈਂ[1] ॥੧੨॥

[1]ਕੁਲੰਗ (ਪੰਛੀ ਆਪੇ) ਪੈਰਾਂ ਹੇਠ ਆ ਜਾਂਦੇ ਹਨ। [ਫਾ. ਕੁਲੰਗ=ਕੂੰਜ, ਸਾਰਸ]।

ਗਰੁਰ[1] ਗ਼ਰੂਰ ਤਜਯੋ, ਬਾਜ਼ ਸਭਿ ਬਾਜ਼ ਆਏ[2],
ਜ਼ੋਰਾਵਰ ਜੁਰ੍ਰਾ ਜਾਨਿ ਜ਼ੇਰ ਆਨ ਹੈਂ ਭਏ[3]।

[1]ਗਰੜ ਨੇ। [2]ਬਾਜ਼ ਪਿਛੇ ਹਟ ਗਏ। [3]ਜ਼ੁਰਰੇ (ਬੇਸਰੇ ਨੂੰ) ਜ਼ੋਰਾਵਰ ਜਾਣਕੇ ਤਾਬੇਦਾਰ ਹੋ ਗਏ ਹਨ।

ਹਾਥ ਗੁਰੂ ਗੋਬਿੰਦ ਕੇ ਬੇਸਰਾ ਸਿਧਾਯੋ ਮਾਨੋ
ਛੂਟਯੋ ਲਖਿ ਲਾਖਨ ਬਿਹੰਗ ਲੀਨ ਹ੍ਵੈ ਗਏ[1]।

[1]ਜਦੋਂ) ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਛੋਟਾ ਬੇਸਰਾ ਛੁੱਟਿਆ ਲੱਖਾਂ ਪੰਖੀ ਉਸ ਨੂੰ ਛੁਟਿਆ ਦੇਖਕੇ ਗੁੰਮ ਹੋ ਗਏ।

ਚਰਨ ਚਪੇਟ, ਚਿੰਚ ਚੋਭ ਤੇ ਚਿਮਿਟ ਚਪਿ
ਮਾਰਯੋ ਕੁਲਮੁਰਗ, ਕਲੋਲ ਜੀਅ ਮੈਂ ਭਏ[1]।

[1]ਪਹਿਲਾਂ ਇਸ ਨੇ) ਪੈਰਾਂ ਦੀ ਚਪੇਟ ਮਾਰੀ (ਫੇਰ) ਚੁੰਝ ਦੀ ਚੋਭ ਦਿੱਤੀ, (ਫਿਰ) ਗੁੱਸੇ ਵਿਚ ਆਕੇ ਚੰਬੜ ਕੇ ਕਲਮੁਰਗ ਨੂੰ ਮਾਰ ਲਿਆ, ਦੇਖਕੇ (ਗੁਰੂ ਜੀ) ਜੀ ਵਿਚ ਪ੍ਰਸੰਨ ਹੋਏ। [ਫਾ. ਕਲ ਮੁਰਗ਼=ਗਿੱਧ ਦੀ ਇਕ ਕਿਸਮ ਜਿਸ ਦਾ ਸਿਰ ਲਾਲ ਤੇ ਗੰਜਾ ਜਿਹਾ ਹੁੰਦਾ ਹੈ, ਘੋਗੜ]।

ਤਾਂ ਹੀ ਖਿਨ ਤੀਖੇ ਤੇਜ਼ ਤਰਲ ਤੁਰੰਗ ਕੇਤੇ
ਮੌਜ ਸੋਂ ਮੰਗਾਇ ਮੋਲ ਮਹਾਂਬਾਹੁ ! ਤੈਂ ਦਏ[1] ॥੧੩॥

[1]ਓਸੇ ਸਮੇਂ ਛੇਤੀ ਨਾਲ ਕਿੰਨੇ ਹੀ ਚੰਚਲ ਘੋੜੇ (ਬਹੁਤੇ) ਮੁੱਲ ਵਾਲੇ ਖੁਸ਼ੀ ਨਾਲ ਮੰਗਾਏ ਤੇ ਹੇ ਮਹਾਬਾਹੂ ! (=ਹੇ ਅਜਾਨ ਬਾਹੂ) ਤੁਸਾਂ ਦਾਨ ਕੀਤੇ।

ਸੈਲਹਿਂ ਦਬਿਤ, ਐਲ ਪਰਤਿ ਅਲੰਕ ਪਰਿ
ਖੈਲ ਭੈਲ ਖਲਕ ਖਲਨ ਘਰ ਬਾਰ ਹੈ[1]।

[1]ਜਦ ਸ਼ਿਕਾਰ ਚੜ੍ਹਦੇ ਹਨ ਤਾਂ) ਪਹਾੜ ਦਬਦੇ ਹਨ, ਰੌਲਾ ਆਕਾਸ਼ ਵਿਚ ਪੈਂਦਾ ਹੈ; ਖਲਕਤਾਂ (ਵਿਚ) ਤੇ ਖਲਾਂ (ਦੁਸ਼ਟਾਂ ਦੇ) ਘਰ ਬਾਰਾਂ ਵਿਚ ਹਲਚਲ ਮਚ ਜਾਂਦੀ ਹੈ।

ਕਾਨਨ ਕੁਰੰਕ, ਬਾਚੇ ਮਦ ਕੇ ਮਤੰਗ,
ਕਹੂੰ ਬਾਘਨ, ਬਿਹੰਗ, ਬ੍ਰਿਕ, ਬਾਨਰ ਕਹਾਂ ਰਹੈਂ[1]।

[1]ਜੰਗਲ ਵਿਚ ਹਰਨ ਤੇ ਮਦਮੱਤੇ ਹਾਥੀ, ਸ਼ੇਰ, ਪੰਛੀ, ਬਘਿਆੜ ਤੇ ਬਾਂਦਰ ਬਚਕੇ ਕਿੱਥੇ ਰਹਿਣ।

ਝਾਖ, ਰੋਝ, ਰੀਛ, ਘਰ ਝਾਖਰ, ਬਰਾਹਨਿ ਕੇ,
ਦਾਹਨਿ ਦਰਨ ਦੇਵਿ ਬਾਹਨ ਸੁ ਮਾਰ ਹੈਂ[1]।

[1]ਝਾਂਖ, ਰੋਝ, ਰਿੱਛ; ਬਾਰਾਂਸਿੰਗੇ ਤੇ ਸੂਰਾਂ ਨੂੰ (ਉਨ੍ਹਾਂ ਦੇ) ਘਰ (=ਬਨ) ਵਿਚ ਸ਼ੇਰਾਂ ਨੂੰ ਕੰਦ੍ਰਾਂ ਵਿਚੋਂ ਚਾਹੁੰਦੇ ਤੇ ਮਾਰਦੇ ਹਨ। [ਦਾਹਨ ਤੋਂ ਮੁਰਾਦ ਬੰਦੂਕ ਨਾਲ ਤੇ ਮਾਰ ਤੋਂ ਮੁਰਾਦ ਤਲਵਾਰ ਤੀਰ ਨਾਲ ਮਾਰਨ ਦੀ ਹੈ। ਦੇਵਿਬਾਹਨ=ਦੇਵੀ ਦੀ ਅਸਵਾਰੀ, ਭਾਵ ਸ਼ੇਰ। ਝਾਂਖ=ਚੀਤਲ ਮ੍ਰਿਗ। ਰੋਝ=ਨੀਲ ਗਾਇ। ਝਾਂਖਰ=ਬਾਰਾਂ ਸਿੰਗਾ]। (ਅ) ਦਾਹਨ ਦਰਨ=(ਸੂਰਾਂ ਦੀਆਂ) ਦਾਹੜਾਂ ਦਲਦੇ ਹਨ।

ਪਰਨ ਪੁਕਾਰ ਅਰਿ ਛੋਡੇ ਘਰ ਬਾਰ ਭਾਜੇ,
ਸੋ ਤੌ ਗੁਰੂ ਗੋਬਿੰਦ ਕੀ ਸਹਿਜ ਸ਼ਿਕਾਰ ਹੈ[1] ॥੧੪॥

[1]ਸ਼ਿਕਾਰ ਦੀ ਐਉਂ ਪੁਕਾਰ ਪੈਣ ਤੇ ਵੈਰੀ ਘਰ ਬਾਰ ਛੋਡਕੇ ਭੱਜ ਉਠਦੇ ਹਨ; ਇਹ ਗੁਰੂ ਜੀ ਦੇ ਸਹਿਜੇ ਭਾਣੇ ਦੇ ਸ਼ਿਕਾਰ (ਦਾ ਰੂਪਕ) ਹੈ। (ਅ) ਪੁਕਾਰ ਪੈ ਜਾਣ ਤੋਂ ਮਤਲਬ 'ਦੁਹਾਈ ਏ ਰਖ ਲੋ' ਦੀ ਅਵਾਜ਼ ਦੇਣ ਲਗ ਪੈਂਦੇ ਹਨ।

ਸ੍ਵੈਯਾ:

ਸਾਜ ਸ਼ਿੰਗਾਰ ਚਢੇ ਗੁਰ ਗੋਬਿੰਦ, ਪੱਬਜਨ ਸ਼੍ਰਿੰਗ ਪਿਸਾਨ ਭਏ ਨਿਤ[1]।

[1]ਸ਼ਿੰਗਾਰ ਸਾਜਕੇ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੇ ਹਨ ਤਾਂ ਪਹਾੜੀਆਂ ਦੀਆਂ ਚੋਟੀਆਂ ਨਿਤ ਪਿਸਦੀਆਂ ਹਨ।

ਲੰਕ ਅਲੰਕ ਪੁਕਾਰ ਪਰੀ, ਪੁਰਿ ਸ਼ੰਕ ਬਿਭੀਖਨ ਰੰਕ ਭਯੋ ਤਿਤ[1]।

[1]ਭੈ ਦੀ ਪੁਕਾਰ ਲੰਕਾ ਵਿਚ ਪੈ ਗਈ, (ਲੰਕਾ) ਪੁਰ ਤੇ ਬਿਭੀਖਨ ਸ਼ੰਕਮਾਨ ਹੋਕੇ (ਦਿਲੋਂ) ਰੰਕ ਹੋ ਗਿਆ, ਭਾਵ ਕਾਇਰ ਹੋ ਗਿਆ।

ਟੂਟਿ ਫਨੀ ਫਨ, ਹੂਟਿਗੇ ਦਿੱਗਜ, ਧੀਰਜ ਧੌਲ ਕੀ ਜਾਇ ਰਹੀ ਕਿਤ[1]।

[1]ਸ਼ੇਸ਼ਨਾਗ ਦੇ ਫਨ ਟੁੱਟ ਗਏ ਦਿਗਪਾਲ (ਹਾਥੀ) ਥੱਕ ਗਏ ਤੇ ਧੌਲ ਦਾ ਧੀਰਜ ਕਿਤੇ ਚਲਾ ਗਿਆ।

ਕੱਛਪ ਕੋਲ ਬਿਹਾਲ ਭਏ ਸਭਿ, ਚਾਲ ਪਰੇ ਚਤੁਰੰਗ ਚਮੂੰ ਚਿਤ[1] ॥੧੫॥

[1]ਧਰਤੀ ਹੇਠਲੇ) ਕੱਛੂ ਤੇ ਸੂਰ ਘਬਰਾ ਗਏ (ਗੁਰੂ ਜੀ ਦੀ) ਚਤੁਰੰਗਨੀ ਸੈਨਾ ਨੂੰ ਚਾਲੇ ਪਿਆਂ ਵੇਖਕੇ।

ਦਾਨ ਕੇ ਕਬਿੱਤ:

[1]ਏਕ ਸੰਗ ਪਢੇ ਅਵੰਤਕਾ ਸੰਦੀਪਨ ਕੇ,
ਸੋਈ ਸੁਧ ਆਈ ਤੋ ਬੁਲਾਇ ਬੂਝੀ ਬਾਮਾ ਮੈਂ[2]।

[1]ਸੁਦਾਮਾ ਨਾਮੇ ਕਵੀ ਜੋ ਗੁਰੂ ਦਰਬਾਰ ਵਿਚ ਰਿਹਾ ਹੈ। ਆਪਣੇ ਆਪਨੂੰ ਸ਼੍ਰੀ ਕ੍ਰਿਸ਼ਨ ਜੀ ਦੇ ਮਿੱਤ੍ਰ ਸੁਦਾਮਾ ਦਾ ਅਵਤਾਰ ਮਿਥ ਕੇ ਕਹਿੰਦਾ ਹੈ। [2]ਅਵੰਤਕਾ ਪੁਰੀ ਵਿਚ ਸੰਦੀਪਨ (ਉਸਤਾਦ ਪਾਸੋਂ) ਇਕੱਠੇ ਪੜ੍ਹੇ ਸੀ (ਕ੍ਰਿਸ਼ਨ ਤੇ ਸੁਦਾਮਾ), ਇਹ ਗਲ ਜਦ ਚੇਤੇ ਆਈ ਤਾਂ ਮੈਂ (ਆਪਣੀ) ਇਸਤ੍ਰੀ ਨੂੰ ਬੁਲਾਕੇ ਪੁੱਛਿਆ।

ਪੁੰਗੀਫਲ ਹੋਤਿ ਤੌ ਅਸੀਸ ਦੇਤੋ ਨਾਥ ਜੀ ਕੋ,
ਤੰਦੁਲ ਲੇ ਦੀਜੈ ਬਾਂਧ ਲੀਜੈ ਫਟੇ ਜਾਮਾ ਮੈਂ[1]।

[1]ਜੇ (ਘਰ ਵਿਚ) ਸੁਪਾਰੀ ਹੁੰਦੀ ਤਾਂ ਮੈਂ ਜਾਕੇ ਨਾਥ (ਭਾਵ ਗੁਰੂ ਗੋਬਿੰਦ ਸਿੰਘ ਜੀ) ਨੂੰ (ਭੇਟਾ ਧਾਰਕੇ) ਅਸੀਸ ਦੇਂਦਾ। (ਇਸਤ੍ਰੀ ਨੇ ਕਿਹਾ) ਚਾਵਲ ਹੀ ਲਿਜਾ (ਕੇ ਭੇਟਾ) ਦੇ ਦਿਓ, ਤੇ ਬੰਨ੍ਹ ਲਿਜਾਓ ਪਾਟੇ ਟੱਲੇ ਵਿਚ। (ਅ) (ਇਸਤ੍ਰੀ ਨੇ ਕਿਹਾ:-) ਤੰਦੁਲ ਲੇ। (ਮੈਂ ਕਿਹਾ:-) ਦੀਜੈ ਬਾਂਧ। (ਇਸਤ੍ਰੀ ਬੋਲੀ:-) ਲੀਜੈ ਫਟੇ ਜਾਮੇ ਮੈਂ (ਭਾਵ ਹੋਰ ਕਪੜਾ ਨਹੀਂ ਘਰ ਵਿਚ)।

ਦੀਨ ਦੁਆਰ ਸੁਨਿ ਕੈ ਦਯਾਲ ਦਰਬਾਰ ਮਿਲੇ
ਏਤੋ ਕੁਛ ਦੀਨੋ ਪਾਈ ਅਗਨਤ ਸਾਮਾ ਮੈਂ[1]।

[1]ਨਾਥ ਜੀ) ਦੁਆਰੇ ਆਇਆ ਗਰੀਬ ਸੁਣਕੇ ਦਰਬਾਰ ਵਿਚ (ਅਗੋਂ ਉੱਠਕੇ) ਆ ਮਿਲੇ ਤੇ ਇੰਨਾ ਕੁਝ ਦਿੱਤਾ ਕਿ ਮੈਂ ਅਣਗਿਣਤ ਸਮਿੱਗ੍ਰੀ ਪਾ ਲਈ। [ਸਾਮਾਂ=ਸਾਮਾਨ, ਸਮੱਗ੍ਰੀ]।

ਪ੍ਰੀਤਿ ਕਰਿ ਜਾਨੇ ਗੁਰ ਗੋਬਿੰਦ ਕੈ ਮਾਨੇ,
ਤਾਂ ਤੇ ਵਹੈ ਤੂੰ ਗੋਬਿੰਦ ਵਹੈ ਬਾਮਨ ਸੁਦਾਮਾ ਮੈਂ[1] ॥੧੬॥

[1]ਪ੍ਰੀਤਿ ਕਰਕੇ (ਮੈਂ ਤੁਸਾਨੂੰ) ਜਾਣ (ਪਰਖ) ਲਿਆ ਹੈ ਤੇ ਮੰਨ (=ਨਿਸ਼ਚੇ ਕਰ) ਲਿਆ ਹੈ ਕਿ ਤੂੰ ਹੇ ਗੁਰੂ ਗੋਬਿੰਦ ਸਿੰਘ ਜੀ ਉਹੋ ਗੋਬਿੰਦ ਸਿੰਘ ਹੈਂ ਤੇ (ਮੈਂ) ਉਹੀ ਸੁਦਾਮਾ (ਬ੍ਰਹਮਨ) ਹਾਂ। (ਅ) ਹੇ ਗੁਰੂ ਗੋਬਿੰਦ

ਸਿੰਘ ਜੀ! (ਆਪ ਨੇ ਜੋ) ਪ੍ਰੀਤ ਕਰਕੇ (ਮੈਨੂੰ) ਮਾਣ ਦਿੱਤਾ ਹੈ ਉਸ ਤੋਂ (ਮੈਂ) ਜਾਣ ਲਿਆ ਹੈ ਕਿ ਓਹੀ ਤੂੰ ਗੋਬਿੰਦ (ਕ੍ਰਿਸ਼ਨ) ਹੈਂ ਤੇ ਓਹੀ ਮੈਂ ਸੁਦਾਮਾ ਹਾਂ।

ਭ੍ਰਿਗੁਨੰਦ ਦਾਨ ਦੀਨ, ਤਾਂ ਕੇ ਹੀ ਅੱਛਤ ਛੀਨ,
ਜਾਚਤਿ ਫਿਰਤਿ ਦੀਨ ਦਿੱਜਨ ਕੋ ਗੋਤ ਹੈ।
ਰਾਮਚੰਦ ਅਨੰਦ ਸੰਦੋਹ ਅਸੁਮੇਧ ਬਿਖੈ
ਪਾਯੋ ਦਾਨ, ਖਾਯੋ ਪੂਤ ਪੋਤੇ ਨਾਤੀ ਪੋਤ ਹੈ।
ਪੰਡ ਪੂਤ, ਸੂਰ ਸੁਤ, ਆਦਿ ਜੇ ਸੰਤੋਖ ਸਿੰਘ
ਦੀਨੋ ਜਿਨ ਦਾਨ ਪੁਨ ਛੀਨਤਾ ਉਦੋਤਿ ਹੈ।
ਸ੍ਰੀ ਗੁਰੂ ਗੋਬਿੰਦ ਸਿੰਘ ਦਾਨ ਦੀਨੋ ਕੋ ਨ ਸਮ,
ਦਿਨ ਦਿਨ ਦੂਨੋ ਦੂਨੋ ਚੌਨੋ ਚੌਨੋ ਹੋਤਿ ਹੈ† ॥੧੭॥

†ਸ੍ਰੀ ਕ੍ਰਿਸ਼ਨ ਜੀ ਤੋਂ ਦਾਨ ਪਾਕੇ ਸੁਦਾਮਾ ਕਵੀ ਇਹ ਗਲ ਮੰਨਣ ਵਿਚ ਕਿ ਮੈਂ ਉਹੋ ਸੁਦਾਮਾ ਹਾਂ ਮਾਨੋਂ ਇਹ ਕਹਿ ਰਿਹਾ ਹੈ ਕਿ ਫੇਰ ਕੰਗਾਲ ਹੋ ਰਿਹਾ ਹਾਂ। ਇਸ ਖਯਾਲ ਤੋਂ ਕਵੀ ਜੀ ਨੂੰ ਹੋ ਬੀਤੇ ਵਡੇ ਦਾਨੀਆਂ ਦੇ ਦਾਨਾਂ ਨੂੰ ਪਾਕੇ ਦਿਜਾਂ ਦੇ ਫੇਰ ਲੋੜਵੰਦ ਦੇ ਲੋੜਵੰਦ ਬਣੇ ਰਹਿਣ ਦੇ ਭਾਵ ਨੇ ਗੁਰੂ ਜੀ ਦੇ ਦਾਨ ਦੀ ਵਿਸ਼ੇਸ਼ਤਾ ਦਰਸਾਉਣ ਲਈ ਇਹ ਕਬਿੱਤ ਲਿਖਣ ਲਈ ਪ੍ਰੇਰਿਆ ਜਾਪਦਾ ਹੈ, ਜਿਸ ਨੂੰ ਆਪ ਨੇ ਦੋ ਥਾਈਂ ਵਰਤਿਆ ਹੈ (ਦੇਖੋ ਰਾਸ ੬, ਅੰਸੂ ੧ ਅੰਕ ੧੨)। ਸ੍ਰੀ ਕ੍ਰਿਸ਼ਨ ਜੀ ਦੇ ਦਿੱਤੇ ਦਾਨ ਦਾ ਨਿਖੁੱਟ ਜਾਣਾ ਤਾਂ ਸੁਦਾਮਾ ਜੀ ਨੇ ਇਥੇ ਆਪ ਮੰਨਿਆ ਹੈ, ਹੋਰ ਮਹਾਂ ਦਾਨੀਆਂ ਦੇ ਦਾਨ ਬਾਬਤ ਕਵੀ ਜੀ ਇਸ ਛੰਦ ਵਿਚ ਜ਼ਿਕਰ ਕਰਦੇ ਹਨ। ਇਸ ਕਬਿੱਤ ਦੇ ਅਰਥ ਤੇ ਭਾਵ ਸਈ ਦੇਖੋ ਰਾਸ ੬, ਅੰਸੂ ੧, ਅੰਕ ੧੨। ਪਾਠ ਵਿਚ ਥੋੜਾ ਫਰਕ ਹੈ।

ਅਰਬ ਅਰਾਕਵੈ ਦ੍ਵੈ ਨਾਥ ਦ੍ਵੈ ਰਕਾਬ ਵਾਰੇ,
ਬਾਰੇ ਬਡੇ ਡੀਲ ਪੀਲ ਸੈਨਕ ਹੈਂ ਕੂਤ ਕੇ[1]।

[1]ਹੇ ਨਾਥ) ਇਰਾਕ ਅਰਬ ਦੇ ਦੋ ਅਸਵਾਰੀ ਵਾਲੇ ਘੋੜੇ, ਦੋਵੇਂ ਨਾਯਾਬ, (ਬਾਰੇ=ਉਮਰ ਦੇ ਕੁਮਾਰ ਭਾਵ) ਚੜ੍ਹਦੀ ਜਵਾਨੀ ਵਾਲੇ, ਵਡੀ ਡੀਲ ਵਾਲੇ (ਐਸੇ ਕਿ) ਮਾਨੋਂ ਹਾਥੀਆਂ ਦੇ ਸਰਦਾਰ ਹਨ ਕੁੱਵਤ ਵਿਚ [ਅ਼:, ਅਰਬ ਅਰਾਕ=ਇਰਾਕ਼ ਅ਼ਰਬ ਨਾਮ ਹੈ ਦੇਸ਼ ਦਾ, ਫਾ. ਨਾਬ=ਨਾਯਾਬ, ਦੁਰਲਬ। ਫਾ. ਨਾਬ=ਸੁੰਦਰ, ਸ੍ਵਛ। ਫਾ. ਰਕਾਬ=ਸ੍ਵਾਰੀ ਦਾ ਘੋੜਾ]। (ਅ) ਪੀਲ+ਸੈਨ+ਕਾਹੈ+ਕੂ ਤਕੈ=ਭਾਵ ਇਨ੍ਹਾਂ ਨੂੰ ਤੱਕ ਕੇ ਫੇਰ ਹਾਥੀਆਂ ਦੀ ਸੈਨਾ ਨੂੰ ਕਿਉਂ ਕੋਈ ਤੱਕੇ।

[1]ਚਪਲਾ ਸੇ ਚਪਲ, ਚਲਾਕ ਚਹੂੰ ਪਾਇ ਪੂਰੇ,
ਪੌਨ ਗੌਨ, ਪਲ ਕੌ ਸਕੇ ਨ ਦਿਨ ਦੂਤ ਕੇ[2]।

[1]ਬਿਜਲੀ ਵਾਂਗ ਚੰਚਲ ਹਨ, ਚਹੁੰ ਪੈਰਾਂ ਤੋਂ ਪੂਰੇ ਚਲਾਕ ਹਨ, ਚਾਲ ਵਿਚ ਪੌਣ (ਵਰਗੇ ਹਨ;) ਸੂਰਜ ਦੇ (ਘੋੜੇ ਇਨ੍ਹਾਂ) ਦੀ ਬਰਾਬਰੀ ਨਹੀਂ ਕਰ ਸਕਦਾ। [ਦਿਨਦੂਤ=ਅਰੁਣ, ਸੂਰਜ। ਸੂਰਜ ਦਾ ਰਥਵਾਹੀ। ਪਲ=ਪੱਲਾ=ਬਰੱਬਰੀ]। [2]ਇਸ ਦਾ ਪ੍ਰਯਾਯ ਪਿਛਲੇ ਪੰਨੇ ਦੇ ਅੰਕ ੩ ਵਿਚ ਹੈ।

ਮਨ ਕੇ ਹਰਨ, ਮਨ ਮੀਨ ਕੇ ਦਰਨ,
ਜਿਨੈ ਚਾਹਨ ਕੀ ਚਾਹ ਪਾਤਸ਼ਾਹਨ ਕੇ ਪੂਤਿ ਕੇ[1]।

[1]ਮਨ ਦੇ ਹਰਨ ਵਾਲੇ (ਭਾਵ ਸੁਹਣੇ) ਹਨ, ਮੱਛੀ ਦੇ ਮਨ ਨੂੰ ਦਲਣ ਵਾਲੇ (ਭਾਵ ਚੰਚਲਤਾ ਤੋਂ ਹੈ), ਜਿਨ੍ਹਾਂ ਦੇ (ਚਾਹਨ=) ਦੇਖਣ ਦੀ ਚਾਹ ਪਾਤਸ਼ਾਹਾਂ ਦੇ ਪੁੱਤ੍ਰਾਂ ਨੂੰ ਬੀ ਹੈ।

ਬਖਸ਼ੇ ਤਿਹਾਰੇ ਗੁਰੂ ਗੋਬਿੰਦ ਜੀ ਐਸੇ ਹੈ
ਬਿਰਥ ਹੈਂ, ਨ ਜਾਇ ਪਾਇ ਗਏ ਪੁਰਹੂਤ ਕੇ[1] ॥੧੮॥

[1]ਹੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਬਖਸ਼ੇ ਹੋਏ ਘੋੜੇ ਐਸੇ ਵਿਰਥ (ਘੋੜੇ ਹਨ ਕਿ) ਇੰਦਰ ਕੋਲ ਗਿਆਂ ਬੀ ਨਹੀਂ ਲੱਭ ਸਕਦੇ। [ਹੈ ਵਿਰਥ=ਵਿ+ਰਥ+ਹਯ=ਓਹ ਘੋੜੇ ਜੋ ਰਥ ਵਿਚ ਨਾ ਲੱਗੇ ਹੋਣ, ਖਾਸ ਸ੍ਵਾਰੀ ਦੇ ਘੋੜੇ]। (ਅ) ਹੇ ਗੁਰੂ ਜੀ ਤੁਸਾਡੇ ਬਖਸ਼ੇ ਘੋੜੇ ਐਸੇ ਹਨ ਕਿ ਜਿਨ੍ਹਾਂ ਨੇ ਪਾ ਲਏ ਸੋ ਬਿਰਥਾ ਨਹੀਂ ਗਏ, ਇੰਦ੍ਰ ਹੋ ਗਏ।

**ਪਾਰਥ[1] ਸਮਾਨ ਮਹਾਂਭਾਰਥ[2] ਮਚਾਯੋ ਤਹਾਂ**
**ਖਾਯੋ ਮਾਸਹਾਰਨੀ ਅਹਾਰ ਜੇਤੋ ਖਾਇਗੋ[3]।**

[1]ਅਰਜਨ। [2]ਭਾਵ ਜੁੱਧ। [3]ਭਾਵ, ਮਾਸਾਹਾਰੀ ਪੰਛੀਆਂ ਇੱਲ ਆਦਿਕਾਂ ਨੇ ਰੱਜ ਰੱਜ ਕੇ ਮਾਸ ਖਾਧਾ ਮੁਰਦਿਆਂ ਦਾ।

**ਮੰਦਰ ਸੇ ਮੋਕਲ ਗਇੰਦਨਿ ਕੀ ਗਰਜਨਿ**
**ਧੌਂਸਾ ਕੀ ਧੁੰਕਾਰ ਧਰਾ ਸੀਸ ਅਕੁਲਾਇਗੋ[1]।**

[1]ਮੰਦਰਾਂ ਤੋਂ ਨਿਕਲਕੇ ਹਾਥੀਆਂ ਦੀ ਗਰਜ ਤੇ ਧੌਂਸਿਆਂ ਦੀ ਧੁੰਕਾਰ ਸੁਣਕੇ ਰਾਜੇ ਘਬਰਾ ਗਏ। (ਅ) ਮੰਦ੍ਰਾਚਲ ਵਰਗੇ ਮਸਤ ਹਾਥੀਆਂ ਦੀ ਗਰਜ....।

**ਐਸੋ ਕੀਨੋ ਸਮਰ ਅਪਰ ਲੋਕ ਸੁਨਿਯਤਿ**
**ਤੇਰੋ ਹੀ ਬਖਾਨ ਖਾਨ ਪਾਨ ਸੋ ਭੁਲਾਇਗੋ[1]।**

[1]ਐਸਾ ਜੁੱਧ ਕੀਤਾ ਕਿ ਜਦ ਸੁਰਗ ਲੋਕ ਵਿਚ ਸੁਣਿਆ ਗਿਆ ਤਾਂ ਦੇਵਤੇ ਆਪਦੇ ਹੀ ਜ਼ਿਕਰ ਵਿਚ ਲਗ ਗਏ, ਖਾਣ ਪੀਣ ਤੱਕ ਭੁੱਲ ਗਿਓ ਨੇ।

**ਮਾਰਿ ਕੈ ਮਦਾਨ ਅਰਿ ਡਾਰੇ ਗੁਰ ਗੋਬਿੰਦ ਕੇ**
**ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇਗੋ[1] ॥੧੯॥**

[1]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੈਦਾਨ ਵਿਚ ਮਾਰਕੇ ਸੁੱਟੇ ਹੋਏ ਵੈਰੀ (ਐਸੇ ਹੁਣ ਮਰੇ ਹਨ ਕਿ) ਕਾਲ ਹੀ ਆਪਣਾ ਚਕਰ (ਫੇਰਕੇ ਕੋਈ ਸਮਾਂ ਬੀਤਣੇ ਪਰ ਮੁੜ) ਸੁਰਜੀਤ ਕਰ ਸਕੇ ਤਾਂ ਕਰ ਸਕੇ।

**ਮਹਾਂ ਬਾਹੁ ਬੀਰ ਗੁਰ ਗੋਬਿੰਦ ਤਿਹਾਰੇ ਤ੍ਰਾਸ**
**ਬੈਰਿਨਿ ਕੀ ਸੈਨਾ ਬਨ ਬਨ ਬਿਚਰਤਿ ਹੈ[1]।**

[1]ਭਾਵ ਲੁਕੀ ਫਿਰਦੀ ਹੈ।

**ਗਹਿ ਕਰਵਾਰ ਕਾਢਿ ਕਾਟਿ ਕੈ ਦੂਜਨ ਦਲ**
**ਜੋਗਿ ਜੁਰੇ ਜੋਗਨਿ ਜਮਾਤ ਬਿਹਰਤਿ ਹੈ[1]।**

[1]ਮਿਆਨ ਤੋਂ) ਤਲਵਾਰ ਫੜਕੇ ਕੱਢੀ ਤੇ ਦੁਰਜਨਾਂ ਦੇ ਦਲਾਂ ਨੂੰ ਕੱਟ ਲਿਆ (ਜਿਨ੍ਹਾਂ ਦੇ ਮਾਸ ਤੇ ਸਿਰਾਂ ਲਈ) ਸ਼ਿਵ ਤੇ ਜੋਗਨੀਆਂ ਦੀ ਜਮਾਤ ਜੁੜਕੇ ਮੈਦਾਨ ਵਿਚ ਫਿਰ ਰਹੀ ਹੈ। [ਜੋਗਿ=ਜੋਗੀ ਭਾਵ ਸ਼ਿਵ]।

**[1]ਸੈਹਥਿਨਿ ਹਨੇ ਰਿਪੁ ਹਾਥਨਿ ਕੇ ਘਾਇਨ ਤੇ**
**ਰੁੱਧ੍ਰ ਧਾਰ ਐਸੀ ਬਹੀ ਆਸ ਨ ਧਰਤਿ ਹੈ[†]।**

[1]ਆਪ ਦੇ ਸੂਰਮਿਆਂ ਦੇ) ਹੱਥਾਂ ਤੋਂ ਸੈਹਥੀ (ਬਰਛੀ) ਨਾਲ ਮਾਰੇ ਗਏ ਦੁਸ਼ਮਨਾਂ ਦੇ ਘਾਵਾਂ ਤੋਂ ਐਸੀ ਲਹੂ ਧਾਰਾ ਵਹੀ ਕਿ ਬਚਣ ਦੀ ਆਸ ਚੁਕ ਗਈ, (ਜੈਸੇ ਕਿ) ਅੱਗ ਲੱਗਿਆ ਧੂਆਂ ਘਰਾਂ ਦੇ ਆਕਾਰ ਦਾ ਹੋ ਜਾਂਦਾ ਹੈ (ਘਰਾਂ ਵਿਚ ਭਰ ਜਾਂਦਾ ਹੈ) ਤਾਂ ਝਰੋਖਿਆਂ ਵਿਚੋਂ ਝੱਪ ਝੱਪ ਕਰਕੇ (ਅੱਗ) ਨਿਕਲਦੀ ਹੈ (ਐਉਂ ਲਹੂ ਧਾਰਾ ਚਲ ਰਹੀ ਹੈ, ਤਦ ਫਿਰ ਕੀ ਆਸ ਬਚਣ ਦੀ ਹੋ ਸਕਦੀ ਹੈ]। [†]ਪਾ:-ਰੁਧ੍ਰ ਕੀ ਧਾਰ ਐਸੀ ਆਸ ਨਾ ਧਰਤਿ ਹੈ।

**ਆਗ ਲਾਗੇ ਧੂਮ ਭਏ ਘਰਨਿ ਅਕਾਰ ਸਮ**
**ਮਾਨਹੁ ਝਰੋਖਨਿ ਝਰੱਪਨਿ ਕਰਤਿ ਹੈ[1] ॥੨੦॥**

[1]ਇਸ ਦਾ ਅਰਥ ਪਿਛਲੇ ਪੰਨੇ ਦੇ ਅੰਕ ੧੨ ਵਿਚ ਹੈ।

ਦਿਸ਼ ਦਿਸ਼ ਦੇਸ਼ ਦੇਸ਼ ਏਸ਼ ਦਿਗਪਾਲ[†] ਕੇਤੇ
ਆਜ ਕਰੇ ਕਾਲ ਕੇਤੇ ਗੁਨਹਿ ਗਹਤਿ ਹੈਂ[1]।

[1]ਦਿਸ਼ਾ ਦਿਸ਼ਾ ਦੇ ਸ੍ਵਾਮੀ ਦਿਗਪਾਲ ਤੇ ਦੇਸ਼ ਦੇਸ਼ ਦੇ ਰਾਜੇ ਅੱਜ ਦੇ ਸਮੇਂ ਕਿੰਨੇ ਹੀ (ਆਪ ਦੇ) ਗੁਣਾਂ ਨੂੰ ਗ੍ਰਹਿਣ ਕਰਦੇ ਹਨ ਅਥਵਾ ਕਿੰਨੇ ਅਜ ਗ੍ਰਹਿਣ ਕਰਦੇ ਹਨ, ਕਿੰਨੇ (ਕਲ=) ਅੱਗੇ ਨੂੰ ਗ੍ਰਹਿਣ ਕਰਨਗੇ।
[†]ਪਾ:-ਗ੍ਰਿੰਦਪਾਲ।

ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਅਤਿ
ਤੇਰੇ ਸਿਰ ਭਾਰ ਭੂ ਕੋ ਸਾਰਦਾ ਕਹਿਤ ਹੈ[1]।

[1]ਆਪ ਪ੍ਰਬਲ ਪ੍ਰਤਾਪ ਵਾਲੇ ਤੇ ਸੱਚੇ ਪਾਤਸ਼ਾਹ ਸੁਣੀਂਦੇ ਹੋ, ਤੇ ਸ਼ਾਰਦਾ ਕਹਿੰਦੀ ਹੈ ਕਿ ਆਪ ਦੇ ਸਿਰ ਤੇ ਹੀ ਪ੍ਰਿਥਵੀ ਦਾ ਭਾਰ ਹੈ, ਭਾਵ ਆਪ ਦੇ ਆਸ਼੍ਰਯ ਹੈ। [ਸੂਚਨਾ-ਹੋ ਸਕਦਾ ਹੈ 'ਸਾਰਦਾ' ਕਵੀ ਦੀ ਬੀ ਛਾਪ ਹੋਵੇ]।

ਓਜਨ ਕੇ ਸੂਰ ਮਹਾਂ ਮੌਜਨ ਸੋਂ ਘੇਰ ਮਾਰ
ਔਰ ਨ ਬਿਚਾਰ ਕੀਜੈ ਦਾਰਿਦ ਦਹਤਿ ਹੈਂ[1]।

[1]ਉਮੰਗ ਤੇ ਉਤਸਾਹ ਦੇ ਮਹਾਂ ਸੂਰਮੇ ਹੋ, ਬਖਸ਼ਿਸ਼ਾਂ ਨਾਲ ਘੇਰਕੇ ਮਾਰ ਦਿੰਦੇ ਹੋ (ਮੇਰੇ ਮਨ) ਹੋਰ ਵਿਚਾਰਾਂ ਵਿਚ ਨਾ ਪਉ, ਉਹ ਤਾਂ ਐਉਂ (ਕਰਨ ਵਿਚ) ਦਰਿੱਦ੍ਰ (ਗਰੀਬੀ) ਦਾ ਨਾਸ਼ ਕਰ ਰਹੇ ਹਨ। [ਓਜ=ਉਤਸਾਹ, ਉਮੰਗ, ਜੋਸ਼। ਬਲ] [ਸੂਚਨਾ-ਆਪ ਦੀ ਸਖਾਵਤ ਦੀ ਮਹਿਮਾ ਹੈ]। (ਅ) ਬਲਾਂ ਦੇ ਵਡੇ ਸੂਰਮੇਂ ਹਨ, ਮੌਜ ਨਾਲ ਭਾਵ ਸਹਿ ਸੁਭਾ ਹੀ ਵੈਰੀ ਨੂੰ ਘੇਰ ਮਾਰਦੇ ਹਨ, (ਦਾਨ ਦੇਣ ਵੇਲੇ ਕਿਸੇ ਦੇ ਅਧਿਕਾਰ ਆਦਿ ਦੀ) ਵੀਚਾਰ ਨਹੀਂ ਕਰਦੇ ਉਸ ਦਾ ਦਰਿੱਦ੍ਰ ਦੂਰ ਕਰ ਦੇਂਦੇ ਹਨ।

ਹਰਿ ਮਾਂਗੇ ਬਰ ਦੇਤਿ ਮਾਂਗ ਗੁਰ ਗੋਬਿੰਦ ਕੋ
ਕਰਤਾਰ ਮਾਂਗੇ ਕਰਤਾਰ ਦੇ ਰਹਤਿ ਹੈਂ[1] ॥੨੧॥

[1]ਹਰੀ ਤੋਂ ਕੁਛ ਮੰਗੀਏ ਤਾਂ ਓਹ ਵਰ ਦੇ ਦੇਂਦੇ ਹਨ, (ਪਰ ਮੇਰੇ ਮਨ ਤੂੰ) ਗੁਰੂ ਗੋਬਿੰਦ ਸਿੰਘ ਤੋਂ ਮੰਗ (ਜੋ) ਮੰਗਿਆਂ ਹੱਥਾਂ (ਦੇ ਦਾਨ) ਨਾਲ ਤਾਰ ਦੇਂਦੇ ਹਨ (ਤੇ ਨਾਲ) ਕਰਤਾਰ ਬੀ ਦੇ ਦੇਂਦੇ ਹਨ, ਭਾਵ ਵਾਹਿਗੁਰੂ ਪ੍ਰਾਪਤ (ਬੀ) ਕਰਾ ਦੇਂਦੇ ਹਨ। [ਕਰ ਤਾਰ=ਹੱਥਾਂ ਨਾਲ ਤਾਰਨਾ, ਕਰਤਾਰ=ਈਸ਼੍ਵਰ]। (ਅ) ਇਨ੍ਹਾਂ ਦੇ ਹਥੋਂ ਤੰਦ ਮੰਗੋ ਤਾਂ ਹੱਥਾਂ (ਦੇ ਦਾਨ) ਨਾਲ ਤਾਰ ਦੇਂਦੇ ਹਨ। [ਕਰ=ਹੱਥ। ਤਾਰ=ਤੰਦ। ਤੰਦ ਚੰਦ ਨੂੰ ਦੇਂਦੇ ਹਨ, ਉਸ ਤੋਂ ਦੇਣ ਨਾਲ ਤੰਦ ਪਦ ਵਰਤਦੇ ਹਨ, ਮਤਲਬ ਹੈ ਥੋੜਾ ਦਾਨ। ਭਾਵ ਤੰਦ ਮਾਤ੍ਰ ਮੰਗੀਏ ਤਾਂ......। (ੲ) ਮੰਗੀਏ ਕਰਤਾਰ (ਖੜਤਾਲ) ਤਾਂ ਓਹ ਸਮਝਦੇ ਹਨ ਕਿ ਮੰਗ ਰਿਹਾ ਹੈ ਸੋ ਕਰਤਾਰ (ਪ੍ਰਾਪਤੀ ਦਾ ਦਾਨ) ਦੇ ਦੇਂਦੇ ਹਨ। [ਸੰਸ. ਪਦ ਕਰਤਾਰ ਦਾ ਦੂਸਰਾ ਰੂਪ ਹੈ ਕਰਤਾਰ। ਕਰਤਾਲ ਨਾਮ ਹੈ ਖੜਤਾਲ ਦਾ]। (ਸ) ਮੰਗ ਗੁਰੂ ਗੋਬਿੰਦ ਸਿੰਘ ਜੀ ਤੋਂ ਜੋ ਹਰ ਮੰਗ ਮੰਗਿਆਂ ਵਰ ਬੀ ਦੇਂਦੇ ਹਨ ਤੇ ਕਰਤਾਰ ਮੰਗਿਆਂ ਕਰਤਾਰ ਬੀ ਦੇ ਦੇਂਦੇ ਹਨ। ਵਰ ਤਾਂ ਮੁਰਾਦ ਸੰਸਾਰਕ ਵਿਭੂਤੀ ਦਾ ਵਰ ਤੇ ਕਰਤਾਰ ਤੋਂ ਮੁਰਾਦ ਕਰਤਾ ਪਦ=ਬ੍ਰਹਮਾ ਵਾਲੀ ਪਦਵੀ ਹੈ।

ਜੌਨੈ ਦੇਸ਼ ਜੱਯਤਿ[1] ਨਰੇਸ਼ਨਿ ਕੇ ਪਾਸ ਤਹਾਂ,
ਠੌਰ ਠੌਰ ਤੁਮਰੋ ਹੀ ਜਸ ਗਾਈਯਤਿ ਹੈ।

[1]ਜਾਂਦੇ ਹਾਂ।

ਪਾਇ ਗਹੇ ਤੇਰੇ ਪਾਇ ਗਹੇ ਪਾਈਯਤਿ, ਕਹੂੰ
ਔਰ ਜਾਇ ਗਰਜ਼ਾਇ ਗਰੋ ਪਾਈਯਤਿ ਹੈ[1]।

[1]ਜਦ) ਤੇਰੇ ਚਰਨ ਪਕੜ ਲਈਦੇ ਹਨ ਤਾਂ ਮਰਤਬਾ ਪਾ ਲਈਦਾ ਹੈ, ਕਿਤੇ ਹੋਰਥੇ ਜਾਕੇ ਗ਼ਰਜ਼ਮੰਦ ਹੋਈਏ ਤਾਂ ਗਿਰਾਉ ਪਾਈਦਾ ਹੈ। [ਫ਼ਾ. ਪਾਏਗਾਹ=ਦਰਜਾ, ਮਰਾਤਬਾ। ਗ਼ਰਜ਼ਾਇ=ਗਰਜ਼ਮੰਦ ਹੋਈਏ। ਅ਼:, ਗ਼ਰਜ਼=ਲੋੜ]।

**ਐਸੇ ਗੁਰ ਗੋਬਿੰਦ ਕੀ ਸੁਕਬਿ ਸ਼ਰੱਨ ਤਾਕੋ**
**ਪੂਰਨ ਪ੍ਰਤਾਪ ਜਾਂਕੋ ਜੱਗ ਛਾਈਯਤਿ ਹੈ[1]।**

[1]ਹੇ ਕਵਿ! ਐਸੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਤੱਕੋ ਜਿਸਦਾ ਪੂਰਨ ਪ੍ਰਤਾਪ ਜਗਤ ਤੇ ਛਾ ਰਿਹਾ ਹੈ।

**ਰਾਜੀ ਹੁਜੀਯਤਿ ਗਾਜੀਯਤਿ ਜਾਂ ਕੇ ਦਰਬਾਰ**
**ਘਰ ਬਾਜੀ ਬਾਂਧ ਬਾਜੀ ਲੈਨਿ ਆਈਯਤਿ ਹੈ[1] ॥੨੨॥**

[1]ਜਿਸਦੇ ਦਰਬਾਰ ਵਿਚ ਜਦ ਗੱਜੀਦਾ ਹੈ (ਭਾਵ ਕਵੀਤਾ ਕਹੀਦੀ ਹੈ) (ਤਾਂ ਦਾਨ ਸਨਮਾਨ ਐਨਾ ਮਿਲਦਾ ਹੈ ਕਿ) ਰਾਜ਼ੀ ਹੋ ਜਾਈਦਾ ਹੈ, (ਇਕ) ਘੋੜਾ (ਦਾਨ ਮਿਲਿਆ) ਘਰ ਬੰਨ੍ਹਕੇ (ਇਕ ਹੋਰ) ਘੋੜਾ ਲੈਣ ਆ ਜਾਈਦਾ ਹੈ।

ਸ੍ਵੈਯਾ:

**[1]ਸ਼੍ਰੀ ਗੁਰ ਗੋਬਿੰਦ ਖੱਗ ਗਹ੍ਯੋ, ਅਰਿ ਫੌਜਨਿ ਕੇ ਇਭ ਸੈਲ ਬਿਭੈਲਹਿ[2]।**

[1]ਬਚਿੱਤ੍ਰ ਸਿੰਘ ਦੇ ਪ੍ਰੇਏ ਹਾਥੀ ਦਾ ਰੂਪਕ ਹੈ:)। [2]ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਪਕੜੀ ਤਾਂ ਵੈਰੀ ਪਹਾੜੀਆਂ ਨੇ ਫੌਜਾਂ (ਦੇ ਅੱਗੇ) ਹਾਥੀ ਪ੍ਰੇਰਿਆ। (ਅ) ਇਭ ਸੈਲ=ਪਹਾੜ ਜਿੱਡਾ ਹਾਥੀ ਅੱਗੇ ਟੋਰਿਆ [ਸੰਸ. ਇਭ=ਹਾਥੀ]।

**ਸਾਂਗ ਸੰਭਾਰਿ ਦਈ ਗਜ ਸੀਸ, ਅਸੀਸ ਦਈ ਹਰਿ ਘੁਮਤਿ ਗੈਲਹਿ[1]।**

[1]ਜਿਵੇਂ ਬਚਿੱਤ੍ਰ ਸਿੰਘ ਨੇ) ਸਾਂਗ ਸੰਭਾਲੀ ਤੇ ਹਾਥੀ ਦੇ ਸਿਰ ਵਿਚ ਖੋਭ ਦਿੱਤੀ ਤਾਂ ਹਾਥੀ ਨੇ (ਸਿਰ ਨਿਵਾਇਆ ਮਾਨੋ) ਅਸੀਸ ਦਿੱਤੀ ਤੇ ਪਿਛਲੇ ਪਾਸੇ ਮੁੜ ਪਿਆ। [ਹਰ=ਹਾਥੀ। ਘੁਮਤਗੈਲਹਿ=ਰਸਤਾ ਮੋੜ (ਗਿਆ)]।

**ਘਾਇਨ ਤੇ ਭਭਕੈ ਨਿਜ ਸ਼੍ਰੋਨ, ਫੁਹਾਰਨਿ ਲੌ ਉਪਮਾ ਛਬਿ ਫੈਲਹਿ[1]।**

[1]ਹਾਥੀ ਨੇ) ਅਪਨੇ ਘਾਵਾਂ ਤੋਂ ਲਹੂ ਐਉਂ ਫੁਟਿਆ ਕਿ ਫੁਹਾਰਿਆਂ ਦੀ ਉਪਮਾ ਦੀ ਸੁੰਦਰਤਾ ਫੈਲੀ।

**ਦੋ ਭੁਜ ਹੇਲ ਮਨੋ ਹਨਮਾਨ, ਹਿਲਾਵਤਿ ਜਾਨਿ ਸੰਜੀਵਨਿ ਸੈਲਹਿ[1] ॥੨੩॥**

[1]ਸਾਂਗ ਕੱਢਣ ਵੇਲੇ ਦੀ ਉਪਮਾ:) ਮਾਨੋਂ ਹਨੂਮਾਨ ਅਪਣੀਆਂ ਦੋ ਬਾਹਾਂ ਨਾਲ ਘੁਮਾ ਕੇ ਸੰਜੀਵਨੀ ਬੂਟੀ ਦੇ ਪਰਬਤ ਨੂੰ ਹਿਲਾ ਰਿਹਾ ਹੈ। ਭਾਵ, ਬਚਿੱਤ੍ਰ ਸਿੰਘ ਹਨੂਮਾਨ, ਹਾਥੀ ਪਰਬਤ ਹੈ, ਲਹੂ ਦਾ ਫੁਹਾਰਾ ਸੰਜੀਵਨੀ ਬੂਟੀ।

ਕਬਿੱਤ:

**ਮਹਾਂਬਾਹੁ ਬਿਰਚ ਬਨੈਤਿ ਗੁਰ ਗੋਬਿੰਦ ਜੀ**
**ਅਰਿ ਗਜ ਮਾਰਿ ਡਾਰੇ ਮਾਨੋ ਦਰਖਤ ਹੈਂ[1]।**

[1]ਆਜਾਨ ਬਾਹੁ (ਗੁਰੂ ਜੀ) ਸਨੱਧਬਧ ਹੋਕੇ ਜਦ (ਜੁੱਧ ਵਿਚ) ਵਿਚਰੇ ਹਨ ਤਾਂ ਦੁਸ਼ਮਨ ਐਉਂ ਮਾਰ ਜਿਵੇਂ ਹਾਥੀ ਨੇ ਬ੍ਰਿੱਛ ਤੋੜੇ ਹਨ। (ਅ) ਵੈਰੀ ਤੇ ਹਾਥੀ ਬ੍ਰਿੱਛਾਂ ਵਾਙੂ ਕੱਟੇ।

**ਭੈਰੋਂ ਔ ਬਿਤਾਲ ਭੂਤ ਕਰਤਿ ਬਿਹਾਰ ਤਹਾਂ[1]**
**ਹਾਰ ਕਰਿਬੇ ਕੋ ਮੁਖੀ ਪੰਚ ਪਰਖਤਿ ਹੈ[2]।**

[1]ਸ਼ਿਵ ਜੀ ਹਾਰ ਪ੍ਰੋਣ ਲਈ (ਕੱਟੇ ਪਏ ਸਿਰਾਂ ਨੂੰ) ਪਰਖਦੇ ਹਨ। [2]ਭਾਵ, ਫਿਰਦੇ ਹਨ ਓਥੇ।

**[1]ਲਹੂਕੀਚ ਭਰੇ ਗਜ ਮੋਤੀ ਲੈ ਗਗਨ ਗੀਧ**
**ਗਰਜੇ ਅਗਨ ਦੇਖੇ ਹਰ ਹਰਖਤਿ ਹੈ।**

[1]ਲਹੂ ਦੇ ਚਿਕੜ ਦੇ ਭਰੇ ਗਜਮੋਤੀ ਗਿੱਧਾਂ ਲੈ ਕੇ ਅਕਾਸ਼ ਵਿਚ ਜਦ ਉਡਦੀਆਂ (ਉਨ੍ਹਾਂ ਮੋਤੀਆਂ ਨੂੰ) ਅਗਨ ਰੂਪ ਦੇਖਕੇ ਗਜਦੀਆਂ ਹਨ (ਤਾਂ) ਸ਼ਿਵ ਜੀ (ਇਹ ਦੇਖਕੇ) ਖੁਸ਼ ਹੁੰਦੇ ਹਨ। (ਗਿਰਝਾਂ ਗਜ ਮੋਤੀਆਂ ਨੂੰ ਅੱਗ ਦੇ) ਭੁਲੇਖੇ ਖਾਂਦੀਆਂ ਨਹੀਂ, (ਸੋ ਉਹ) ਛੁੱਟਕੇ ਧਰਤੀ ਵਲ ਡਿਗਦੇ ਹਨ, ਬਿਥਰੇ ਹੋਏ (ਡਿਗਦੇ) ਮੋਤੀ ਐਉਂ ਲਖੀਦੇ ਹਨ ਕਿ-ਮਾਨੋਂ ਬੱਦਲਾਂ ਤੋਂ ਤਾਰੇ ਬਰਸ ਰਹੇ ਹਨ। (ਅ) ਲਹੂ ਚਿਕੜ ਭਰੇ ਗਜ ਮੋਤੀ ਅਣਗਿਣਤ ਗਿਰਝਾਂ ਲੈ ਕੇ ਘੁਰ ਘੁਰ ਕਰਦੀਆਂ ਅਕਾਸ਼ ਚੜਦੀਆਂ ਹਨ, ਸ਼ਿਵਜੀ ਦੇਖਕੇ ਹੱਸਦੇ ਹਨ, ਰੱਜੀਆਂ ਹੋਈਆਂ (ਗਿਰਝਾਂ) ਮੋਤੀਆਂ ਨੂੰ ਖਾਂਦੀਆਂ ਨਹੀਂ, ਧਰਤੀ ਤੇ ਸਿੱਟ ਦੇਂਦੀਆਂ ਹਨ, (ਗਿਰਝਾਂ) ਅਕਾਸ਼ ਤੇ ਉਡਦੀਆਂ ਦਿਖਾਈ ਦੇਂਦੀਆਂ ਹਨ ਕਿ ਮਾਨੋਂ ਖਿੱਲਰੇ ਹੋਏ ਬੱਦਲ ਹਨ (ਤੇ ਮੋਤੀ ਉਨ੍ਹਾਂ ਤੋਂ ਡਿਗਦੇ ਐਉਂ ਲਗਦੇ ਹਨ ਕਿ ਮਾਨੋਂ) ਤਾਰੇ ਬਰਸ ਰਹੇ ਹਨ। [ਗਜ ਮੋਤੀ=ਉਹ ਮੋਤੀ ਜੋ ਹਾਥੀ ਦੇ ਮਸਤਕ ਵਿਚੋਂ ਨਿਕਲਦਾ ਹੈ। ਅਗਨ=ਅੱਗ ਵਿਚੋਂ ਅਥਵਾ ਅਨਗਿਨਤ। ਹਰ=ਸ਼ਿਵ। ਧੋਖੇ=ਭੁਲੇਖੇ, ਅਥਵਾ ਰੱਜੀਆਂ ਹੋਈਆਂ]

ਧੋਖੇ ਨ ਭਖਤਿ, ਛੂਟ ਧਰਨ ਲਖਤਿ ਮਨੋ
ਬਿਥਰੇ ਹ੍ਵੈ ਬਾਦਰ ਨਖਤ ਬਰਖਤਿ ਹੈਂ[1] ॥੨੪॥

ਛਪਯ ਛੰਦ:

ਡੁੱਲਤਿ ਅਪਰ ਨਰੇਸ਼, ਪੱਤਿ ਹੱਥਨਿ ਜਿਮ ਹੱਲੈ[1]।

[1]ਡੋਲਦੇ ਹਨ ਹੋਰ ਰਾਜੇ ਜਿਵੇਂ ਹਥ ਫੜਿਆ ਪੱਤਾ (ਹਵਾ ਨਾਲ) ਹਿਲਦਾ ਹੈ।

ਸੂਖਤਿ ਸਾਇਰ ਸਲਲ, ਸੰਕ ਧ੍ਰੂਅ ਧਾਮ ਨ ਚੱਲੈ[1]।

[1]ਸਮੁੰਦ੍ਰ ਦਾ ਪਾਣੀ ਸੁਕਦਾ ਹੈ ਤੇ ਧ੍ਰੂਅ ਦਾ ਅਚਲ ਘਰ ਸ਼ੰਕਮਾਨ ਹੋ ਜਾਂਦਾ ਹੈ, ਭਾਵ ਡੋਲਦਾ ਹੈ।

ਖਲਕ ਖੈਲ ਖਲਭਲਤਿ, ਭੈਲ ਭਗਹਿ ਤਿਲੋਕ ਮਹਿਂ[1]।

[1]ਸਮੂਹ ਖਲਕਤ ਵਿਚ ਖੜਬੜਾਟ ਪੈਂਦੀ ਹੈ (ਤੇ ਉਹ) ਉਠ ਭੱਜਦੀ ਹੈ ਅਰ ਤ੍ਰਿਲੋਕੀ ਤੇ ਭੈ ਛਾ ਜਾਂਦਾ ਹੈ [ਭੈਲ=ਭੈ ਸੰਯੁਕਤ ਹੋਣਾ]।

ਪਲਕ ਪੇਲ ਗਢਿ ਲੇਤਿ ਹੇਤ, ਹੁੰਕਤਿ ਸੁ ਜੰਗ ਮਹਿਂ[1]।

[1]ਕਿਲ੍ਹਾ ਲੈਣ ਵਾਸਤੇ ਜੰਗ ਵਿਚ ਜਦ ਹੰਗੂਰਾ ਮਾਰਦੇ ਹਨ ਤਦ ਪਲ ਵਿਚ ਮਾਰ ਲੈਂਦੇ ਹਨ। [ਪੇਲ=ਦਬਾ ਲੈਂਦੇ। ਮਾਰ ਲੈਂਦੇ। ਹੁੰਕਤ=ਹੁੰਗਾਰਾ ਮਾਰਦੇ ਹਨ]।

ਕਹਿ ਹੰਸਰਾਮ ਸਤਿ ਸਿਮਰ ਕੈ, ਸਕਚ ਰਹਤਿ ਦਿਗਪਾਲ ਤਬਿ[1]।

[1]ਤਦੋਂ (ਗੁਰੂ ਜੀ ਦੀ) ਸੱਤਯਾ ਨੂੰ ਯਾਦ ਕਰਕੇ ਹੀ ਦਿਗਪਾਲ ਡਰੇ ਰਹਿੰਦੇ ਹਨ, [ਸਤਿ=ਸਤੁ=ਸਤਯਾ]। (ਅ) ਹੰਸਰਾਮ ਸਤਿ ਕਹਿੰਦਾ ਹੈ.....। (ੲ) ਸਤਿ=ਸਤਿਗੁਰ ਦਾ ਸੰਖੇਪ।

ਧਸਮਸਤਿ ਧਰਨ ਦਲ ਭਾਰ ਤੇ, ਸੋ ਬਿਰਚ ਰਾਇ ਗੋਬਿੰਦ ਜਬਿ[1] ॥੨੫॥

[1]ਜਦ ਗੁਰੂ ਜੀ ਦਲਾਂ ਨੂੰ ਨਾਲ ਲੈ ਕੇ ਫਿਰਦੇ ਹਨ ਤਦ ਭਾਰ ਨਾਲ ਧਰਤੀ ਧਸਕਦੀ ਹੈ।

ਕਬਿੱਤ:

ਬਾਜਤਿ ਨਿਸ਼ਾਨ ਕੇ ਦਿਸ਼ਾਨ ਭੂਪ ਭਹਿਰਤਿ,
ਹਾਲਾ ਡੋਲ ਪਰਤਿ ਕੁਬੇਰ ਹੂੰ ਕੇ ਘਰ ਮੈਂ[1]।

[1]ਨਗਾਰੇ ਦੇ ਵਜਦਿਆਂ ਦਿਸ਼ਾਂ ਦੇ ਰਾਜੇ ਡਰਦੇ ਹਨ ਤੇ ਕੁਬੇਰ ਦੇ ਘਰ ਵਿਚ ਤਾਂ ਹਲਚਲੀ ਮਚ ਜਾਂਦੀ ਹੈ।

ਹੋਤਿ ਹੈ ਅਤੰਕ ਸ਼ੰਕ ਲੋਕ ਹੂੰ ਮੈਂ ਮਾਨੀਯਤਿ
ਰੰਕ ਹ੍ਵੈ ਬਿਭੀਖਨ ਸੋ ਡੋਲਤਿ ਡਹਰ ਮੈਂ[1]।

[1]ਐਸਾ) ਹੁੰਦਾ ਹੈ ਡਰ ਕਿ ਲੰਕਾ ਦੇ ਵਿਚ ਬੀ ਭੈ ਮੰਨਿਆਂ ਜਾਂਦਾ ਹੈ, ਤੇ ਬਿਭੀਖਨ ਕਾਇਰ ਹੋਕੇ ਜੰਗਲਾਂ ਵਿਚ ਫਿਰਦਾ ਹੈ ਡੋਲਦਾ। (ਅ) ਡੋਲਦਾ ਤੇ ਧੜਕਦਾ ਹੈ।

ਭੂਮੈਂ ਗੁਰ ਗੋਬਿੰਦ ਸੋਂ ਭੂਪਤਿ ਕਹਤਿ ਠਾਂਢੇ

ਭੂ ਮੈਂ ਹਮੈਂ ਰਾਖ ਜੋ ਤੁਹਾਰੇ ਆਵੈ ਧਰਮੈਂ[1]।

[1]ਪ੍ਰਿਥਵੀ ਤੇ ਖੜੇ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿ ਰਹੇ ਹਨ:-ਜ਼ਿਮੀਂ ਤੇ ਸਾਨੂੰ ਰਖ ਲੈ (ਕਿਉਂਕਿ) ਤੁਹਾਡੀ (ਸ਼ਰਨ) (ਜੋ) ਆਵੇ (ਉਸ ਨੂੰ ਰੱਖਣਾ ਤੁਸਾਡਾ) ਧਰਮ ਹੈ। (ਅ) ਜੋ ਅਸੀਂ ਤੁਹਾਡੀ (ਧਰ-ਮੈਂ) ਸ਼ਰਨ ਵਿਚ ਆਏ ਹਾਂ।

ਅਰਿਨਿ ਕੀ ਰਾਨੀ ਬਿਲਲਾਨੀ ਚਹੈਂ ਪਾਨੀ ਤੇਵੈਂ
ਮੋਤਿਨ ਕੀ ਮਾਲ ਲੈ ਨਿਚੋਵਤੀ ਅਧਰ ਮੈਂ[1] ॥੨੬॥

[1]ਵੈਰੀਆਂ ਦੀਆਂ ਰਾਣੀਆਂ (ਭੈ ਨਾਲ) ਵਿਲਪਦੀਆਂ ਦੇ (ਹੋਠ ਸੁਕਦੇ ਹਨ ਤਾਂ) ਪਾਣੀ ਮੰਗਦੀਆਂ ਹਨ, (ਪਾਣੀ ਘਬਰਾ ਵਿਚ ਲੱਭਦਾ ਨਹੀਂ ਤਾਂ) ਮੋਤੀਆਂ ਦੀ ਮਾਲਾ ਹੋਠਾਂ ਤੇ ਨਚੋੜਦੀਆਂ ਹਨ।

ਸ਼ੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈਂ,
ਬਲਿ ਭੀਮ ਸਮ, ਸ਼ੀਲ ਕਹਾਂ ਲੌ ਗਿਨਾਈਏ[1]।

[1]ਸ਼ੋਭਾ ਦੇ ਸਮੁੰਦਰ ਹੋ, (ਨਿੱਤ) ਨਵੇਂ ਪ੍ਰੇਮ ਵਾਲੇ ਦਾਨੇ (ਯਾ ਛਬੀਲੇ ਹੋ)। (ਭਾਵ ਭਗਤਾਂ ਨਾਲ ਆਪ ਦਾ ਪ੍ਰੇਮ ਬੁੱਢਾ ਨਹੀਂ ਹੁੰਦਾ), ਭੀਮ ਜਿਹਾ ਬਲ ਹੈ, ਤੇ ਸ਼ੀਲ (ਸੁਭਾਵ ਦੀ ਸ਼੍ਰੇਸ਼੍ਰਤਾ) ਦੀ ਗਿਣਤੀ ਹੀ ਨਹੀਂ ਹੈ।

ਭੂਮ ਕੇ ਬਿਭੂਖਨ, ਜੁ ਦੂਖਨ ਕੇ ਦੂਖਨ
ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ[1]।

[1]ਪ੍ਰਿਥਵੀ ਦਾ ਸ਼ਿੰਗਾਰ ਹੋ, ਦੋਖੀਆਂ ਨੂੰ ਨਾਸ਼ ਕਰਦੇ ਹੋ, ਸਾਰੇ ਸੁੱਖਾਂ ਦੇ ਦਾਤੇ ਹੋ, ਦੇਖਕੇ ਤ੍ਰਿਪਤ ਹੋਈਦਾ ਹੈ। [ਸੂਚਨਾ-ਜਾਪਦਾ ਹੈ ਕਿ ਦਰੁਸਤ ਪਾਠ ਐਉਂ ਸੀ:-'ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ'। ਲਿਖਾਰੀ ਦੀ ਕਲਮ ਉਕਾਈ ਨੇ ਪਾਠ 'ਸੁਖ' ਦਾ 'ਮੁਖ' ਕਰ ਦਿੱਤਾ ਹੈ]।

ਹਿੰਮਤ ਨਿਧਾਨ, ਆਨ ਦਾਨ ਕੋ ਬਖਾਨੇ?
ਜਾਨੇ ਆਲਮ ਤਮਾਮ ਜਾਮ ਆਠੋਂ ਗੁਨ ਗਾਈਏ[1]।

[1]ਹਿੰਮਤ ਦੇ ਖਜ਼ਾਨੇ ਹੋ, ਹੋਰ ਦਾਨਾਂ ਨੂੰ ਕੌਣ ਵਰਣਨ ਕਰੇ? (ਉਸ ਨੂੰ) ਸਾਰਾ ਜਹਾਨ ਜਾਣਦਾ ਹੈ, ਅਠੇ ਪਹਿਰ ਆਪ ਦਾ ਗੁਣ ਗਾਈਦਾ ਹੈ ['ਆਲਮ' ਪਦ ਕਵੀ ਦੀ ਛਾਪ ਬੀ ਜਾਪਦੀ ਹੈ]।

ਪ੍ਰਬਲ ਪ੍ਰਤਾਪੀ ਪਾਤਿਸ਼ਾਹੁ ਗੁਰੂ ਗੋਬਿੰਦ ਸਿੰਘ ਜੀ!
ਭੋਜ ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ[1] ॥੨੭॥

[1](ਰਾਜੇ) ਭੋਜ ਵਰਗੀ ਬਖਸ਼ਿਸ਼ (ਜੋ ਭੋਜ ਨੂੰ ਤਾਂ ਕਦੇ ਕਦੇ ਆਉਂਦੀ ਸੀ ਪਰ) ਤੁਸਾਂ ਦੇ ਹਰ ਰੋਜ਼ ਪਾਈਦੀ ਹੈ। ਸ਼ਾਂਤਰਸ ਦੇ (ਆਪ) ਸਮੁੰਦਰ ਹੋ, ਬੀਰਰਸ ਵਿਚ ਆਪ ਰਣ ਦੇ (ਸਾਰੇ) ਰੰਗਾਂ ਵਿਚ ਧੀਰ ਹੋ (ਇੰਨੇ ਕਿ) ਜੰਗ ਆ ਪਏ ਤੇ (ਸਦਾ) ਜਿੱਤਣ ਵਾਲੇ ਹੋ ਤੇ ਕੁਬੇਰ ਤੁੱਲ ਆਪ ਦੀ ਕਰਨੀ ਹੈ (ਜੁੱਧ ਤੇ ਦਾਨ ਦੁਹਾਂ ਵਿਚ)। [ਅ਼:, ਰਜੀਲ=ਮਰਦਾਨਗੀ, ਮੁਰਾਦ ਹੈ ਬੀਰ ਰਸ ਤੋਂ]।

ਸ਼ੀਲ ਰਸ ਸਾਇਰ, ਰਜੀਲੋ ਰਣ ਰੰਗ ਧੀਰ,
ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ[1]।

[1]ਕੇਹੜਾ ਕਵੀ (ਆਪ ਦੇ) ਤੇਜ ਦਾ ਵਰਣਨ ਕਰੇ ਜੋ ਉਪਰ ਨੂੰ ਤਾਂ ਸੂਰਜ ਤੀਕ ਤਪ ਰਿਹਾ ਹੈ (ਤੇ ਹੇਠਾਂ) ਸਮੁੰਦਰ ਤਕ (ਆਪ ਦੀ) ਸ੍ਰੀ ਸਾਹਿਬ ਦੀ ਫਤਹ (ਦੀ ਕੀਰਤੀ) ਫੈਲ ਰਹੀ ਹੈ। [ਤੁਅੰਗ=ਤੁੰਗ=ਉੱਚਾ। (ਅ) ਤੁਅੰਗ=ਤਵ, ਤੂੰ=ਤੁਸਾਡਾ]।

ਕਹੈ ਕਬਿ ਕੌਨ, ਤੇਜ ਤਰਨਿ ਲੌ ਤਪੇ ਤੁਅੰਗ[†]
ਪਾਰਾਵਾਰ ਲਗਿ ਫੈਲੀ ਜੀਤ ਸ਼ਮਸ਼ੇਰ ਕੀ।

[†]ਪਾ:-ਤਪੈ ਤਨ ਅੰਗ=ਭਾਵ ਆਪ ਦੇ ਸਰੀਰ ਦਾ ਤੇਜ।

ਕਰ ਰਣ ਰੋਸ ਖਲ ਖੰਡਨਿ ਕਟਕ ਕੂਟ,

**ਦੁੱਜਨ ਦਰੇਰ ਜਗ ਜੀਤ ਜ਼ਿਮੀ ਜ਼ੇਰ ਕੀ[1]।**

[1]ਜੁੱਧ ਮਚੇ ਵਿਚ ਗੁੱਸੇ ਵਿਚ ਆਕੇ ਖਲਾਂ ਦੇ ਕੁਟਾਂ (ਭਾਵ ਛਲੀਏ ਪਹਾੜੀਆਂ) ਦੇ ਲਸ਼ਕਰਾਂ ਨੂੰ ਖੰਡ ਸੁਟਿਆ, ਦੁਰਜਨਾਂ (ਭਾਵ ਤੁਰਕਾਂ) ਨੂੰ ਦਰੇੜ ਕੇ ਜਗਤ ਨੂੰ ਜਿੱਤ ਜ਼ਿਮੀਂ ਤਾਬੇ ਕੀਤੀ ਹੈ। (ਅ) ਜੁੱਧ ਵਿਚ ਬੀਰ ਰਸ ਧਾਰਕੇ ਖਲਾਂ ਨੂੰ ਖੰਡਿਆਂ ਹੈ, ਕਟਕਾਂ (ਲਸ਼ਕਰਾਂ ਨੂੰ) ਕੱਟਿਆ, ਦੁਰਜਨਾਂ ਨੂੰ ਦਰੜਿਆ ਹੈ, ਜਗ ਜਿੱਤਕੇ ਜ਼ਿਮੀਂ ਤਾਬੇ ਕੀਤੀ ਹੈ।

**ਤੇਗ ਤ੍ਰਾਸ ਸਾਚੋ ਗੁਰੂ ਗੋਵਿੰਦ ਜੂ ਤੇਰੋ ਜਸ**
**ਜਗਰ ਮਗਰ ਭਏ ਸ਼ੋਭਾ ਗਈ ਮੇਰੁ ਕੀ[1] ॥੨੮॥**

[1]ਹੇ ਸੱਚੇ ਗੁਰੂ ਗੋਬਿੰਦ ਸਿੰਘ ਤੇਰੀ ਤੇਗ਼ ਦਾ ਡਰ ਤੇ ਤੇਰਾ ਜਸ (ਦੋਵੇਂ ਐਨੇ) ਜਗ ਮਗਾ ਉਠੇ ਹਨ ਕਿ ਹੁਣ ਸੁਮੇਰ ਦੀ ਸ਼ੋਭਾ ਕੋਈ ਨਹੀਂ ਰਹੀ, [ਜਗਰ ਮਗਰ=ਜਗ ਮਗ, ਰੋਸ਼ਨ]।

**ਦੁੰਦਭੀ ਧੁੰਕਾਰੇ ਬਾਜੇ[1] ਮਾਨੋ ਜਲਧਰ[2] ਗਾਜੇ,**
**ਰਾਜਤਿ ਨਿਸ਼ਾਨ ਭਯ ਭਾਨੁ ਛਿਪੇ ਜਾਤਿ ਹੈਂ[3]।**

[1]ਦੁੰਦਭੀ ਧੁੰਕਾਰਦੀ ਤੇ ਵਜਦੀ ਹੈ (ਐਸੀ ਕਿ)। (ਅ) ਦੁੰਦਭੀ ਤੇ ਵਾਜੇ ਧੁੰਕਾਰਦੇ ਹਨ। [2]ਬੱਦਲ। [3]ਝੰਡਿਆਂ ਦੇ ਫਹਿਰਾਉਣ ਨਾਲ ਡਰ ਖਾਕੇ ਸੂਰਜ ਹੁਰੀਂ ਛੁਪੇ ਜਾ ਰਹੇ ਹਨ।

**ਹਾਥਿਨਿ ਕੇ ਹਲਕਾ ਹਜ਼ਾਰਨਿ, ਗਨੇ ਕੋ ਹਯ,**
**ਜਟਤਿ ਜਵਾਹਰ ਜੋ ਜਗਮਗ ਗਾਤ ਹੈ[1]।**

[1]ਹਾਥੀਆਂ ਦੇ ਨਗ ਹਜ਼ਾਰਾਂ ਹਨ ਤੇ ਘੋੜਿਆਂ ਨੂੰ ਗਿਣੇ ਹੀ ਕੌਣ? ਜਿਨ੍ਹਾਂ ਦੇ ਸਰੀਰ ਜੜਾਊ ਗਹਿਣਿਆਂ ਨਾਲ ਜਗਮਗ ਕਰ ਰਹੇ ਹਨ [ਅ਼:, ਹ਼ਲਕ਼ਹ=ਨਗ। ਅਦਦ]।

**ਕੋਰ ਸਾਜੇ ਜੋਰ ਕਰ ਨਾਲਨ ਕੋ ਸ਼ੋਰ ਸੁਨੋ**
**ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤਿ ਹੈਂ[1]।**

[1]ਇਨ੍ਹਾਂ ਦੀਆਂ) ਕਤਾਰਾਂ ਜੁੜਕੇ (ਜਦੋਂ ਚਲਦੀਆਂ ਹਨ ਤਾਂ) ਉਨ੍ਹਾਂ ਦੀਆਂ ਨਾਅਲਾਂ ਦਾ ਸ਼ੋਰ ਸੁਣਕੇ (ਪ੍ਰਿਥਵੀ ਦੇ) ਰਾਜੇ ਘਾਬਰਦੇ ਹਨ ਤੇ (ਸੁਰਗਾਂ ਦਾ) ਇੰਦਰ ਡਰਦਾ ਹੈ। (ਅ) 'ਕਰਨਾਲਨ' ਪਾਠ ਕਰਕੇ ਬੰਦੂਕ ਅਰਥ ਲਗਦਾ ਹੈ, ਪਰ ਅਗਲੀ ਤੁਕ ਉਸ ਨੂੰ ਖੰਡਦੀ ਹੈ। (ੲ) ਕਰਨਾਇ=ਨਰਸਿੰਘਾਂ ਅਰਥ ਬੀ ਲਾਉਂਦੇ ਹਨ।

**ਹੰਸ ਰਾਮ ਕਹਿਤ ਬਿਰਾਜੋ ਜਿਨ ਭਾਜੋ**
**ਗੁਰ ਗੋਬਿੰਦ ਕੋ ਮਾਂਗੇ ਕਵੀਰਾਜ ਚਲੇ ਜਾਤਿ ਹੈਂ[1]† ॥੨੯॥**

[1]ਹੰਸ ਰਾਮ ਕਹਿੰਦਾ ਹੈ ਕਿ (ਹੇ ਸੁਰੇਸ਼ੋ ਨਰੇਸ਼ੋ) ਟਿਕੇ ਰਹੋ ਨੱਸੋ ਨਾ (ਇਹ ਫੌਜ ਨਹੀਂ ਚੜ੍ਹਕੇ ਆਈ ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਦਾਨ ਲੈਕੇ ਕਵੀ ਰਾਜ (ਘੋੜੇ ਹਾਥੀਆਂ ਤੇ ਚੜ੍ਹੇ) ਚਲੇ ਜਾ ਰਹੇ ਹਨ। †ਇਨ੍ਹਾਂ ਗਲਾਂ ਨੂੰ ਨਿਰੇ ਮੁਬਾਲਗੇ ਨਹੀਂ ਸਮਝਣਾ ਚਾਹੀਦਾ, ਵਿਦ੍ਵਾਨਾਂ ਦੀ ਕਦਰ ਆਪ ਅਤਿ ਕਰਦੇ ਤੇ ਖੁੱਲ੍ਹੇ ਦਾਨ ਦੇਂਦੇ ਸੇ। ਮਹਾਂਭਾਰਥ ਦੇ ਇਕ 'ਕਰਨ ਪਰਬ' ਦਾ ਉਲਥਾ ਕਰਨ ਤੇ ਇਹੋ ਕਵੀ ਆਪ ਲਿਖਦਾ ਹੈ ਕਿ ਇਸ ਪਰਬ ਦੇ ਉਲਥੇ ਦਾ ਇਨਾਮ ਗੁਰੂ ਜੀ ਨੇ ਸੱਠ ਹਜ਼ਾਰ ਰੁਪੱਯਾ ਮੈਨੂੰ ਬਖਸ਼ਿਆ। ਦੇਖੋ ਪਿਛੇ ਇਸੇ ਰੁਤ ਦੇ ਅੰਸੂ ੨੬ ਅੰਕ ੬ ਦੀ ਹੇਠਲੀ ਟੂਕ।

**ਸਾਧਨ ਕੋ ਸਿੱਧ ਸ਼ਰਣਾਗਤ, ਸਮਰ ਸਿੰਧੁ,**
**ਸੁਧਾਸਰ ਸੁੰਦਰ ਸਰਸ ਪਦਪਾਯੋ ਹੈ[1]।**

[1]ਸ਼ਰਣਾਗਤ ਸਾਧਕਾਂ ਦੀ ਆਪ ਸਿੱਧ ਹੋ (ਸਿੱਧੀਦਾਤਾ ਹੋ) ਜੁੱਧ ਦੇ ਸਮੁੰਦਰ ਹੋ, ਸੁੰਦਰ ਚੰਦ੍ਰਮਾਂ ਤੋਂ ਉੱਚੀ ਪਦਵੀ ਪਾਈ ਹੈ, ਭਾਵ ਆਪ ਦੀ ਸੁੰਦਰਤਾ ਨਿਸ਼ਕਲੰਕ ਹੈ।

**ਕੁਲ ਕੋ ਕਲਸ[1], ਕਵਿ ਕਾਮਨਾ ਕੋ ਕਾਮਤਰੁ[2],**
**ਕੋਪ ਕੀਏ ਕਾਲ[2], ਕਵੀਯਨਿ ਗੁਨ ਗਾਯੋ ਹੈ।**

[1]ਸ਼ਿਰੋਮਣੀ। [2]ਕਵੀਆਂ ਦੀ ਇੱਛਾ ਪੂਰਨ ਲਈ ਕਲਪ ਬ੍ਰਿੱਛ ਹੋ। [2]ਕੋਪ ਕੀਤਿਆਂ ਕਾਲ ਰੂਪ ਹੋ।

ਦੇਵਨਿ ਮੈਂ, ਦਾਨਵ ਮੈਂ[1], ਮਾਨਵ, ਮੁਨਿਨਿ ਹੂੰ ਮੈਂ
ਜਾਂ ਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ।

[1]ਦੈਤਾਂ ਵਿਚ।

ਤੇਗ਼ ਸਾਚੋ ਦੇਗ਼ ਸਾਚੋ ਸੂਰਮਾ ਸ਼ਰਨ ਸਾਚੋ,
ਸਾਚੋ ਪਾਤਸ਼ਾਹੁ ਗੁਰੂ ਗੋਬਿੰਦ ਕਹਾਯੋ ਹੈ ॥੩੦॥

ਕਬਿੱਤ:

ਬੇਦਿਨ ਮਹਿਂ ਸ਼ਾਮ ਸੁਨੋ, ਸਿੰਧੁ ਮਰਜਾਦਾ,
ਮੇਰੁ ਮੰਡਲ ਮਹੀ ਮੈਂ, ਗੁਰਿਆਈ ਗੁਨ ਗਾਏ ਹੋ[1]।

[1]ਵੇਦਾਂ ਵਿਚ ਸ਼ਾਮ, ਮਿਰਯਾਦਾਂ ਵਿਚ ਸਮੁੰਦ੍ਰ, ਪ੍ਰਿਥ੍ਵੀ ਦੇ ਮੰਡਲਾਂ ਵਿਚ ਸੁਮੇਰੁ (ਅਸਾਂ ਸ਼ਿਰੋਮਣੀ ਸੁਣੇ ਹਨ), (ਪਰ ਤੁਸੀਂ ਇਨ੍ਹਾਂ) ਗੁਣਾਂ ਵਿਚ (ਇਨ੍ਹਾਂ ਤੋਂ ਬੀ) ਅਧਿਕ ਗੁਣਾਂ ਵਾਲੇ ਗਾਏ ਗਏ ਹੋ। ਭਾਵ ਗਜਾਨ, ਮਿਰਯਾਦਾ ਪ੍ਰਸ਼ੋਤਮਤਾ ਤੇ ਅਚੱਲ ਉੱਚਤਾ ਵਿਚ ਤੁਸੀਂ ਇਨ੍ਹਾਂ ਤੋਂ ਬੀ ਅਧਿਕ ਹੋ। (ਅ) ਵੇਦਾਂ ਵਿਚੋਂ ਸ਼ਾਮ (ਵੱਡਾ) ਸੁਣਿਆ ਹੈ, ਉਸਨੇ ਆਪਦੀ ਗੁਰਿਆਈ ਦੇ ਗਜਾਨ ਦੇ ਗੁਣ ਗਾਏ ਹਨ, ਸਮੁੰਦਰ ਨੇ ਆਪਦੀ ਗੁਰਿਆਈ ਵਿਚ ਮਿਰਯਾਦਾ ਦੀ ਅਵਧੀ ਵੇਖ ਕੇ ਗੁਣ ਗਾਏ ਹਨ।

ਸ਼ਰਮ ਕੇ ਸਾਗਰ, ਸਪੂਤਨਿ ਕੇ ਸਿਰਮੌਰ,
ਸੁੰਦਰ ਸੁਧਾਸਰ ਸੇ ਸੁੰਦਰ ਗਨਾਏ ਹੋ[1]।

[1]ਸੋਹਣੇ ਚੰਦ ਤੋਂ ਸੁਹਣੇ ਗਿਣੇ ਗਏ ਹੋ। ['ਸੁੰਦਰ' ਕਵੀ ਦੀ ਛਾਪ ਵੀ ਜਾਪਦੀ ਹੈ]।

ਰਚਨ ਮੇਂ ਦਾਨ ਬਾਨਿ ਬਾਨੀ ਹਰੀ ਚੰਦ ਕੀ ਸੀ[1],
ਬਿਦਤ ਬਿਨਯ ਬਡੇ ਬੰਸ ਚਲਿ ਆਏ ਹੋ[2]।

[1]ਬਾਣੀ ਰਚਨ ਵਿਚ (ਬਾਨੀ=) ਸਾਰਦਾ ਹੋ ਤੇ ਦਾਨ ਹਰੀ ਚੰਦ ਵਾਂਞੂ (ਦੇਂਦੇ ਹੋ)। (ਅ) ਰਚਨਾ (ਰਚਨ ਵਿਚ ਬਾਨੀ=) ਸ਼ਾਰਦਾ ਤੁੱਲ ਹੋ, ਬਾਣਾਂ (ਵਿਚ ਰਾਮ ਹੋ) ਦਾਨ ਵਿਚ ਹਰੀ ਚੰਦ ਹੋ। [2]ਵਡੇ ਬੰਸ (ਭਾਵ ਗੁਰੂ ਪ੍ਰਣਾਲੀ) ਵਿਚੋਂ ਚਲੇ ਆਏ ਹੋ (ਫਿਰ ਆਪ ਦੀ) ਨਿੰਮ੍ਰਤਾ ਵਿਦਿਤ ਹੈ।

ਤੇਜ ਕੋ ਤਰਨਿ[1] ਤਰਵਾਰ ਕੋ ਪਰਸਰਾਮ[2]
ਗੁਰਨਿ ਮਹਿਂ ਐਸੇ ਗੁਰੂ ਗੋਬਿੰਦ ਕਹਾਏ ਹੋ ॥੩੧॥

[1]ਤੇਜ ਦੇ ਸੂਰਜ ਹੋ। [2]ਪਰਸਰਾਮ (ਜਿਵੇਂ ਕੁਹਾੜੇ ਫੜਨ ਵਿਚ ਤਿਵੇਂ ਆਪ) ਤਲਵਾਰ (ਫੜਨ ਵਿਚ ਸਿੱਧ) ਹੋ।

ਸੁੰਦਰ ਅਨੰਗ, ਕਿਧੌਂ ਚਪਲ ਕੁਰੰਗ ਸਮ,
ਗਰੁਰ ਕੇ ਸੰਗ ਚਲਿ ਆਗੇ ਹੀ ਕੋ ਚੇਤ ਹੈਂ[1]।

[1]ਕਾਮ ਵਰਗੇ ਸੁਹਣੇ ਹਰਨ ਵਰਗੇ ਚੰਚਲ (ਆਪ ਦੇ ਘੋੜੇ ਹਨ) ਗਰੁੜ (ਜੇ ਆਪ ਦੇ ਘੋੜਿਆਂ ਨਾਲ ਚੱਲੇ (ਤਾਂ ਘੋੜਿਆਂ ਨੂੰ) ਅੱਗੇ ਜਾਂਦੇ ਹੀ ਵੇਖੇਗਾ।

ਪਵਨ ਕੋ ਪਾਛੇ ਕਰਿ, ਮਨ ਕੋ ਗਵਨ ਹਰਿ,
ਦੌਰ ਮੈਂ ਪਲਕ ਮਾਂਹਿ ਫਾਂਧ ਜਾਹਿਂ ਸੇਤ ਹੈਂ[1]।

[1]ਪੌਣ ਨੂੰ ਪਿੱਛੇ ਸੱਟਕੇ ਮਨ ਦੀ ਗਤੀ ਨੂੰ ਹਰਾਉਂਦੇ ਹਨ, ਦੌੜ ਵਿਚ ਪੁਲ ਨੂੰ ਪਲ ਵਿਚ ਟੱਪ ਜਾਂਦੇ ਹਨ।

ਰਵਿ ਰਥ ਚਢਤਿ ਉਤਰ ਜਾਤਿ ਯਾਂ ਹੀ ਲੀਏ
ਮੇਰੇ ਏਕ, ਏ ਅਨੇਕ ਸਾਜਨ ਸਮੇਤ ਹੈਂ[1]।

[1]ਸੂਰਜ (ਆਪਣੇ ਘੋੜਿਆਂ ਦੇ) ਰਥ ਤੇ (ਦਿਨੇ) ਚੜ੍ਹਕੇ ਰਾਤੀਂ ਉਤਰ ਜਾਂਦਾ ਹੈ ਕਿ ਮੇਰੇ ਪਾਸ (ਐਸੇ ਘੋੜਿਆਂ ਵਾਲਾ ਰਥ) ਇਕੋ ਹੈ ਪਰ ਗੁਰੂ ਜੀ ਪਾਸ ਐਸੇ (ਰਥ) ਸਾਜਾਂ ਸਮੇਤ ਅਨੇਕ ਹੈਨ।

**ਐਸੇ ਬਾਜੀ ਦੇਖੀਐ ਨਾਂ ਕਹੂੰ ਤੀਨ ਭਵਨ ਮੈਂ[†]**

**ਕਵਿਨਿ ਕੋ ਜੈਸੇ ਗੁਰੂ ਗੋਬਿੰਦ ਜੀ ਦੇਤਿ ਹੈਂ[1] ॥੩੨॥**

[1]ਤਿੰਨਾਂ ਲੋਕਾਂ ਵਿਚ ਐਸੇ ਘੋੜੇ ਕਿਤੇ ਨਹੀਂ ਦੇਖੀਦੇ ਜੈਸੇ ਘੋੜੇ ਕਿ ਗੁਰੂ ਜੀ ਕਵੀਆਂ ਨੂੰ ਦੇਂਦੇ ਹਨ। [†]ਪਾ:-ਭਵਨਨ ਮੈਂ।

ਸ੍ਵੈਯਾ:

**ਹੂਰਨਿ ਕੋ ਨਰ ਸੂਰ ਮਿਲੇ ਬਰ, ਚੌਸਠ ਜੋਗਨਿ ਸੈਨ ਅਘਾਈ[1]।**

[1]ਹੂਰਾਂ ਨੂੰ ਸੂਰਮੇ ਮਰਦ ਵਰ ਮਿਲ ਗਏ, ਚੌਹਠ ਜੋਗਣੀਆਂ ਦੀ ਸੈਨਾ ਰੱਜ ਗਈ।

**ਦੇਤਿ ਅਸੀਸ ਸਬੈ ਮਿਲਿ ਜੰਬੁਕ[1], ਗੀਧਨਿ ਤੇ ਰਣਭੂਮ ਸੁਹਾਈ[2]।**

[1]ਸਾਰੇ ਗਿਦੜ ਮਿਲਕੇ ਅਸੀਸਾਂ ਦਿੰਦੇ ਹਨ। [2]ਗਿੱਧਾਂ ਨਾਲ ਰਣਭੂਮੀ ਸੁਹਾ ਗਈ।

**ਛਾਡਿ ਸੁਹਾਗ ਲੀਏ ਬਿਧਵਾ, ਇਕ ਬੈਰਨ ਕੀ ਤਿਯ ਕੋ ਦੁਖਤਾਈ[1]।**

[1]ਜਿਨ੍ਹਾਂ) ਨੂੰ ਸੁਹਾਗ ਛੱਡਣਾ ਪਊ ਤੇ ਬਿਧਵਾਪਨ ਲੈਣਾ ਪਊ ਵੈਰੀਆਂ ਦੀਆਂ ਇਸਤ੍ਰੀਆਂ ਨੂੰ ਦੁਖ ਹੁੰਦਾ ਹੈ। (ਅ) ਜਿਨ੍ਹਾਂ ਨੇ ਸੁਹਾਗ (ਦੇ ਵੇਸ) ਛੱਡਕੇ ਵਿਧਵਾ (ਦਾ ਵੇਸ) ਲੈਣਾ ਹੈ।

**ਖੱਗ ਗਹੇ ਗੁਰ ਗੋਬਿੰਦ ਕੇਹਰਿ, ਨਾਰਦ ਕੇ ਘਰ ਹੋਤਿ ਵਧਾਈ[1] ॥੩੩॥**

[1]ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਪਕੜਦਿਆਂ ਨਾਰਦ ਦੇ ਘਰ ਵਧਾਈ ਹੁੰਦੀ ਹੈ (ਕਿਉਂਕਿ ਉਸਦੀ ਵਹੁਟੀ ਦਾ ਨਾਂ ਕਲਹਾ ਹੈ)।

ਕਬਿੱਤ:

**ਆਵਤਿ ਨ ਤੀਰ ਤੀਰ, ਮਾਨ ਨ ਕਮਾਨ ਕਰੇ[1],**

**ਗੋਲਨ ਕੀ ਗੂੰਦ ਦੂੰਦ ਬੂੰਦ ਮਨੋ ਬਾਰ ਹੈ[2]।**

[1]ਤੀਰ ਨੇੜੇ ਨਹੀਂ ਆਉਂਦੇ, ਕਮਾਨ ਮਾਨ ਨਹੀਂ ਕਰਦੀ। [2]ਜੰਗ ਵਿਚ ਗੋਲੀਆਂ ਦਾ ਬੁਛਾੜ ਮਾਨੋ ਪਾਣੀ ਦੀਆਂ ਬੂੰਦਾਂ ਹਨ। [ਗੂੰਦ=ਇਕੱਠ ਭਾਵ ਬੁਛਾੜ। (ਅ) ਗੂੰਜ। ਦੂੰਦ=ਦ੍ਵੰਦ=ਜੰਗ]।

**ਛੀਨ ਬਰਛੀਨ ਲੇਯ, ਸੈਹਥੀ ਹੈ ਕੋ ਟਿਕ,**

**ਕਟਾਰਨ ਕੋ ਬੀਰ ਅਤਿ ਬੈਠੀ ਬਰਦਾਰ ਹੈ[1]।**

[1]ਬਰਛੀਆਂ ਨੂੰ ਛੀਨ ਕਰ ਦੇਂਦੀ ਹੈ, ਅਥਵਾ ਖੁਹ ਲੈਂਦੀ ਹੈ। ਸੈਹਥੀ ਨੂੰ ਕੀ ਟਿਕਾਉ (ਹੋ ਸਕਦਾ ਹੈ)? ਵਡੇ ਬੀਰਾਂ ਦੀਆਂ ਕਟਾਰਾਂ ਨੂੰ ਝੱਪਣ ਲਈ (ਤਯਾਰ) ਬੈਠੀ ਹੈ। [ਬਰਦਾਰ=ਚੱਕਣ ਵਾਲੀ, ਝੱਪਣ ਵਾਲੀ]।

**ਛੁਰੀ ਨ ਛੁਹਤਿ, ਗੁਰਜਨ ਹੂੰਕੀ ਗੁਰਜ ਨ[1],**

**ਬਰ ਤਬਰਨਿ ਕੋ ਨਿਵਾਰਤਿ ਨਿਹਾਰ ਹੈ[2]।**

[1]ਛੁਰੀ (ਨੇੜੇ) ਨਹੀਂ ਛੁੰਹਦੀ, ਗੁਰਜਾਂ ਦੀ ਬੀ ਏਥੇ [ਗੁਰੱਜ+ਨ=) ਵਡਿਆਈ ਨਹੀਂ ਰਹਿੰਦੀ। [2]ਚੰਗੇ ਕੁਹਾੜਿਆਂ ਨੂੰ ਪਰੇ ਸੱਟਦੀ ਦੇਖੀਦੀ ਹੈ, [ਫਾ. ਤਬਰ=ਕੁਹਾੜਾ]।

**ਸੈਨਾ ਅਰਿ ਘਾ ਕੀਏ, ਕਹਾਂ ਕਹੂੰ ਸੂਹਾ ਕੀ**

**ਗੁਰੂ ਗੋਬਿੰਦ ਕੇ ਕਰ ਐਸੀ ਬਾਂਕੀ ਤਰਵਾਰ ਹੈ[1] ॥੩੪॥**

[1]ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਐਸੀ (ਬਾਂਕੀ) ਤਲਵਾਰ ਹੈ ਕਿ ਜਿਸ ਨੇ ਵੈਰੀ ਦੀ ਸੈਨਾ ਘਾ ਕੇ ਸਫਾਈ ਕਰ ਦਿੱਤੀ (ਉਸ ਦੀ ਹੋਰ ਉਪਮਾ) ਮੈਂ ਕੀ ਕਹਾਂ। [ਸੂਹਾ=ਬੁਹਾਰੀ ਦੇ ਦਿੱਤੀ, ਸਫਾਈ ਕਰ ਦਿੱਤੀ]।

**ਨਿਕਸਤਿ ਮਯਾਨ ਤੈ ਹੀ ਛਟਾ ਘਨ ਮਯਾਨ[†] ਤੈ ਹੀ,**

ਕਾਲ ਜੀਹ ਲਹਿ ਲਹਿ ਹੋਇ ਰਹੀ ਹਲਿ ਹਲਿ[1]।

[1]ਮਜਾਨ ਵਿਚੋਂ ਐਉਂ ਨਿਕਲਦੀ ਹੈ ਜਿਵੇਂ ਬਿਜਲੀ ਬੱਦਲਾਂ ਵਿਚੋਂ (ਅਥਵਾ) ਕਾਲ ਦੀ ਜੀਭ ਹਲ ਹਲਕੇ ਲਹਿ ਲਹਿ ਕਰ ਰਹੀ ਹੈ। [ਮਜਾਨ=ਤਲਵਾਰ ਦਾ ਖੋਲ। ਮਜਾਨ=ਵਿਚੋਂ]। †ਪਾ:-ਸਜਾਨ।

ਲਾਗੈ ਅਰਿ ਗਰ ਗੇਰੈ ਧਰ ਪਰ ਧਰ ਸਿਰ,
ਧਰਤਿ ਨ ਧੀਰ ਚਾਰੋਂ ਚਕਿ ਪਰੈ ਚਲਿ ਚਲਿ[1]।

[1]ਲਗਦੀ ਹੈ ਜਦ ਵੈਰੀ ਦੇ ਗਲੇ ਨੂੰ ਧਰਤੀ ਤੇ ਡੇਗ ਦਿੰਦੀ ਹੈ ਧੜ ਤੇ ਸਿਰ ਨੂੰ, (ਵੈਰੀ ਫਿਰ) ਧੀਰਜ ਨਹੀਂ ਧਾਰਦਾ, ਚਹੁੰ ਚੱਕਾਂ ਵਿਚ ਹਲਚਲੀ ਪੈ ਜਾਂਦੀ ਹੈ (ਭਾਵ ਭੱਜ ਉਠਦੇ ਹਨ)।

ਕੌਨ ਰਹੈ ਠਾਂਢੋ ਸ੍ਰੀ ਗੁਬਿੰਦ ਸਿੰਘ! ਆਪ ਆਗੇ
ਜਲ ਥਲ ਉਥਲ ਪਥਲ ਹੋਇ ਥਲਿ ਥਲਿ[1]।

[1]ਜਲ ਦੇ ਥਾਉਂ ਉਲਟ ਕੇ ਥਲ ਹੋ ਗਏ ਜੋ ਥਲ ਸਨ ਓਹ ਪਥਲ (ਪਯ+ਥਲ=ਪਾਣੀ ਦੇ ਥਲ) ਹੋ ਗਏ।

ਭਾਜੈ ਬਿਨ ਦੇਰ, ਨੇਰ ਕਰੈਂ ਨ ਸੰਤੋਖ ਸਿੰਘ,
ਹੇਰਿ ਸ਼ਮਸ਼ੇਰ ਸਮ ਸ਼ੇਰ ਤੇਰੀ† ਪਲ ਪਲ[1]‡ ॥੩੫॥

[1]ਕਵੀ) ਸੰਤੋਖ ਸਿੰਘ ਜੀ (ਕਹਿੰਦੇ ਹਨ) ਕਿ ਵੈਰੀ ਭੱਜਦੇ ਹਨ ਛੇਤੀ, ਨੇੜੇ ਨਹੀਂ ਢੁੱਕਦੇ, ਤੇਰੀ ਸ਼ੇਰ ਵਰਗੀ ਤਲਵਾਰ ਨੂੰ ਪਲ ਪਲ ਵਿਚ ਵੇਖਕੇ। (ਅ) ਪਲ ਪਲ ਕਰਦੀ=ਲਿਸ਼ਕਦੀ। †ਪਾ:-ਹੇਰ ਸ਼ਮਸ਼ੇਰ ਤੇਰੀ ਸਮ ਸ਼ੇਰ। ‡ਇਹ ਕਬਿੱਤ ਭਾਈ ਸਾਹਿਬ ਜੀ ਨੇ ਆਪਣੇ ਗਰਬ ਗੰਜਨੀ ਟੀਕਾ ਸ੍ਰੀ ਜਪੁਜੀ ਦੇ ਮੰਗਲਾ ਚਰਨ ਵਿਚ ਬੀ ਦਿੱਤਾ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ ਕਵੀਯਨਿ ਕੇ ਕਬਿੱਤ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਕਵੀਆਂ ਦੇ ਕਬਿੱਤ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਬਾਵਨ ਕਵੀ[1] ਹਜ਼ੂਰ ਗੁਰ, ਰਹਿਤ ਸਦਾ ਹੀ ਪਾਸ। [1]ਬਵੰਜਾ ਕਵੀ।
ਆਵੈਂ ਜਾਹਿਂ ਅਨੇਕ ਹੀ, ਕਹਿ ਜਸ, ਲੇਂ ਧਨ ਰਾਸ ॥੧॥
ਤਿਨ ਕਵੀਅਨਿ ਬਾਨੀ ਰਚੀ, ਲਿਖਿ ਕਾਗਦ ਤੁਲਵਾਇ।
ਨੌ ਮਣ ਹੋਏ ਤੋਲ ਮਹਿਂ, ਸੂਖਮ[1] ਲਿਖਤ ਲਿਖਾਇ ॥੨॥ [1]ਬਰੀਕ।
'ਵਿੱਦਜਾਧਰ' ਤਿਸ ਗ੍ਰੰਥ ਕੋ, ਨਾਮ ਧਰਜੋ ਕਰਿ ਪ੍ਰੀਤ।
ਨਾਨਾ ਬਿਧਿ ਕਵਿਤਾ ਰਚੀ, ਰਖਿ ਰਖਿ ਨੌ ਰਸ ਰੀਤਿ† ॥੩॥ †ਪਾ:-ਨੀਤ। ਪਾ:-ਨੀਤ।
ਮਚਜੋ ਜੰਗ ਗੁਰ ਸੰਗ ਬਡ, ਰਹਜੋ ਗ੍ਰੰਥ ਸੋ ਬੀਚ[1]। [1]ਅਨੰਦ ਪੁਰ ਦੇ) ਵਿਚ।
ਨਿਕਸੇ ਆਨੰਦ ਪੁਰਿ ਤਜਜੋ†, ਲੂਟਜੋ ਪੁਨ ਮਿਲਿ ਨੀਚ[1] ॥੪॥
[1]ਨੀਚਾਂ ਨੇ। †ਪਾ:-ਆਨੰਦਪੁਰਾ।
ਪ੍ਰਿਥਕ ਪ੍ਰਿਥਕ ਪੱਤ੍ਰੇ ਹੁਤੇ, ਲੁਟਜੋ ਸੁ ਗ੍ਰੰਥ ਬਖੇਰ[1]। [1]ਬਿਖਰ ਗਿਆ।
ਇਕ ਥਲ ਰਹਜੋ ਨ, ਇਮ ਗਯੋ, ਜਿਸ ਤੇ ਮਿਲਜੋ ਨ ਫੇਰ ॥੫॥
ਬਾਹਠ ਪੱਤ੍ਰੇ ਕਹੂੰ ਤੇ, ਰਹੇ ਅਨੰਦਪੁਰਿ ਮਾਂਹਿ।
ਤਿਨ ਤੇ ਲਿਖੇ ਕਬਿੱਤ ਇਹੁ, ਗੁਰ ਜਸੁ ਬਰਨਜੋ ਜਾਂਹਿ ॥੬॥
ਕਿਤਿਕ ਲਿਖੌਂ ਆਗੇ ਅਵਰ, ਸੁਨਿ ਸ਼੍ਰੋਤਾ ਚਿਤ ਲਾਇ।
ਗੁਰ ਜਸ ਤੇ ਉਚਟਹੁ ਨਹੀਂ[1], ਚਤੁਰ ਪਦਾਰਥ ਦਾਇ[2] ॥੭॥
[1]ਗੁਰੂ ਯਸ਼ (ਦੇ ਸੁਣਦਿਆਂ) ਉਦਾਸ ਨਾ ਹੋਵੋ। [2]ਜੋ (ਜਸ) ਕਿ ਚਾਰ ਪਦਾਰਥਾਂ ਦਾ ਦਾਤਾ ਹੈ।

ਕਬਿੱਤ:

ਅਨੰਦ ਦਾ ਵਾਜਾ ਨਿਤ ਵੱਜਦਾ ਅਨੰਦਪੁਰਿ,
ਸੁਣਿ ਸੁਣਿ ਸੁਧਿ ਭੁੱਲਦੀ ਏ ਨਰਨਾਹ ਦੀ[1]। [1]ਰਾਜਿਆਂ ਦੀ ਹੋਸ਼ ਭੁੱਲ ਜਾਂਦੀ ਹੈ।
ਭੌ ਭਯਾ ਬਿਭੀਛਣੇ ਨੂੰ ਲੰਕਾਗੜ ਵੱਸਣੇ ਦਾ,
-ਫੇਰ ਅਸਵਾਰੀ ਆਂਵਦੀ ਏ ਮਹਾਂਬਾਹੁ ਦੀ[1]-।
[1]ਬਿਭੀਛਣ ਨੂੰ ਲੰਕਾ ਗੜ੍ਹ ਵੱਸਣ ਦਾ ਭੈ ਪੈ ਰਿਹਾ ਹੈ ਕਿ ਮਹਾਂਬਾਹੂ ਜੀ ਦੀ ਅਸਵਾਰੀ ਫੇਰ ਆ ਰਹੀ ਹੈ। ਭਾਵ, ਕਿ ਅੱਗੇ ਰਾਵਣ ਨੂੰ ਕੱਢਕੇ ਮੈਨੂੰ ਦੇ ਗਏ ਸਨ, ਹੁਣ ਮਤਾਂ ਮੈਨੂੰ ਕੱਢਕੇ ਕਿਸੇ ਹੋਰ ਨੂੰ ਦੇਣ ਨਾ ਆ ਰਹੇ ਹੋਣ। [ਮਹਾਂਬਾਹੁ=ਲੰਮੀਆਂ ਬਾਹਾਂ ਵਾਲੇ। ਗੁਰੂ ਗੋਬਿੰਦ ਸਿੰਘ ਜੀ, ਦੇਖੋ ਅੰਕ ੧੦ ਇਸੇ ਅੰਸੂ ਦਾ]। (ਅ) ਮਹਾਂਬਾਹੂ ਦਾ ਅਰਥ ਬਹੁਤਿਆਂ ਬਾਹਾਂ ਵਾਲਾ ਕਰਕੇ 'ਰਾਵਣ' ਬੀ ਲਾਉਂਦੇ ਹਨ। ਪਰੰਤੂ ਇਕ ਤਾਂ ਰਾਵਣ ਨਾਲ ਉਪਮਾ ਦੇਣੀ ਅਯੋਗ ਹੈ, ਦੂਜੇ ਬਿਭੀਛਣ ਨੂੰ ਕਵੀ 'ਦੁਜਨਾਂ' ਵਿਚ ਗਿਣ ਰਿਹਾ ਹੈ। ਕੀ ਜਾਣੀਏ ਕਵੀ ਉਸ ਦੇ ਰਾਖਸ਼ ਹੋਣ ਨੂੰ ਯਾ ਭ੍ਰਾਤ੍ਰੀ ਦ੍ਰੋਹ ਨੂੰ ਯਾਦ ਕਰਕੇ ਦੁਜਨਾਂ ਵਿਚ ਗਿਣ ਰਿਹਾ ਹੋਵੇ।
ਬਲ ਛਡ ਬਲਿ[1] ਜਾਇ ਛਪਿਆ ਪਤਾਲ ਬਿਚ,
ਫਤੇ ਦੀ ਨਿਸ਼ਾਨੀ ਜੈਂ ਦੇ ਦ੍ਵਾਰ ਦਰਗਾਹ ਦੀ[2]।
[1]ਬਲਿ ਰਾਜਾ ਬਲ ਛੱਡਕੇ। [2]ਦਰਗਾਹ ਦੀ ਮਿਲੀ ਫਤਹ ਦੀ ਨਿਸ਼ਾਨੀ ਜਿਸ (ਗੁਰੂ ਜੀ) ਦੇ ਦ੍ਵਾਰ ਤੇ ਹੈ।

ਸਵਣ ਨ ਦੇਂਦੀ ਸੁਖ ਦੁੱਖਣਾ ਨੂੰ ਰਾਤ ਦਿਨ
ਨੌਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ ॥੮॥
ਊਪਰ ਨਰੇਸ਼ ਹੂੰ ਕੀ, ਹੋਹਿਂ ਸ਼ੁਭ ਬੇਸ਼ ਹੂੰਕੀ,
ਕਾਸ਼ਮੀਰ ਦੇਸ਼ ਹੂੰ ਕੀ ਭਰੀ ਆਨ ਧਾਮਰੀ[1]।

[1]ਕਸ਼ਮੀਰ ਦੇਸ਼ ਦੀਆਂ (ਬਣੀਆਂ ਹੋਈਆਂ) ਰਾਜਿਆਂ ਦੇ ਉਪਰ ਲੈਣ ਵਾਲੀਆਂ ਜੋ ਪਹਿਨੀਆਂ ਹੋਈਆਂ (ਉਨ੍ਹਾਂ ਉਤੇ ਬੀ) ਚੰਗੀਆਂ ਲਗਦੀਆਂ ਹਨ, ਘਰ ਵਿਚ (ਮੰਗਕੇ) ਭਰ ਰੱਖੀਆਂ ਹਨ।

ਬੁਨੀ ਕਾਰੀਗਰ ਭਾਰੀ, ਕਰੀ ਖ਼ੂਬ ਗੁਲਕਾਰੀ,
ਪਹਿਰੇਂ ਭਿਖਾਰੀ, ਮੋਲ ਪਾਵੈਂ ਲਾਖ ਦਾਮਰੀ[1]।

[1]ਭਾਰੇ ਕਾਰੀਗਰਾਂ ਦੀਆਂ ਬੁਣੀਆਂ ਹੋਈਆਂ, ਉਪਰ ਚੰਗੇ ਫੁਲਾਂ ਦੀ ਕਾਢ ਕੱਢੀ ਹੋਈ, ਲੱਖਾਂ ਰੁਪੱਯੇ ਜਿਨ੍ਹਾਂ ਦਾ ਮੁੱਲ ਪਵੇ, (ਮੇਰੇ ਵਰਗੇ) ਭਿਖਾਰੀ ਪਹਿਨ ਰਹੇ ਹਨ। (ਅ) ਜੇ ਭਿਖਾਰੀ ਪਾਵੇ ਤਾਂ ਲੱਖਾਂ ਦਾ ਬਣ ਜਾਵੇ।

ਸੀਤ ਹੂੰ ਕੋ ਜੀਤ ਲੇਤਿ, ਐਸੀ ਸ਼ੋਭਾ ਦੇਹ ਦੇਤਿ
ਮੰਗਲ ਸੁਕਬਿ ਜਨੋਂ ਕਨ੍ਹੱਯਾ ਜੀ ਕੋ ਕਾਮਰੀ[1]।

[1]ਮਾਨੋ ਕ੍ਰਿਸ਼ਨ ਜੀ ਦੀ ਕੰਬਲੀ ਹੈ।

ਸ਼ਜਾਮ, ਸੇਤ, ਪੀਰੀ†, ਲਾਲ, ਜ਼ਰਦ, ਸਬਜ਼ ਰੰਗ
ਗੁਰੂ ਜੀ ਗੋਬਿੰਦ ਐਸੀ ਦੇਤਿ ਮੌਜ ਪਾਮਰੀ[1] ॥੯॥

[1]ਗੁਰੂ ਜੀ ਐਸੀਆਂ ਪਾਮਰੀਆਂ ਬਖਸ਼ਦੇ ਹਨ। [ਹਿੰ:, ਪਾਮਰੀ=ਦੁਪੱਟਾ। ਸੰਸ. 'ਪ੍ਰਾਵਾਰ:'=ਉਪਰਲਾ ਕਪੜਾ ਯਾ ਚੋਗਾ। ਇਸ ਕਬਿੱਤ ਵਿਚ ਜੋ ਵਜਾਖਜਾ ਆਈ ਹੈ ਉਸ ਤੋਂ ਸਪੱਸ਼ਟ ਹੈ ਕਿ ਇਹ ਕਸ਼ਮੀਰੀ ਦੁਸ਼ਾਲੇ ਸਨ, ਕਸ਼ਮੀਰ ਦੇ ਜਾਮੇਵਾਰ ਉਣੀ ਹੋਈ ਗੁਲਕਾਰੀ ਦੇ ਬੜੇ ਕੀਮਤੀ ਹੁੰਦੇ ਹਨ। ਫਿਰ ਇਸ ਛੰਦ ਵਿਚ ਪਾਮਰੀ ਨੂੰ ਉਪਮਾ ਕੰਬਲੀ ਨਾਲ ਦਿੱਤੀ ਹੈ ਇਸ ਵਾਸਤੇ 'ਉਤੇ ਲੈਣ ਦਾ ਕਪੜਾ'=ਦੁਸ਼ਾਲਾ ਹੀ ਠੀਕ ਭਾਵ ਹੈ]।
†ਪਾ:-ਪੀਠੀ।

ਚਢਤਿ ਹੀ ਬਾਜੀ ਚਢਜੋ ਗਾਢੇ ਗਢ ਚਾਹਬੇ ਕੋ,
ਦਾਹਿਬੇ ਕੋ ਦੁੱਖ ਰੀਝੈ ਬਰ ਜਨੋਂ ਭਵਾਨੀ ਕੋ[1]।

[1]ਘੋੜੇ ਤੇ ਚੜ੍ਹਦਿਆਂ ਹੀ (ਸਿੰਘ) ਤਕੜੇ ਕਿਲ੍ਹੇ ਦੇ (ਫਤਹ) ਕਰਨ ਦੀ ਚਾਹ ਕਰਦਾ ਹੈ, (ਜਗਤ ਦੇ) ਦੁੱਖਾਂ ਨੂੰ ਸਾੜਨ ਲਈ ਉਹ ਐਉਂ ਰੀਝਦਾ ਹੈ ਜਿਵੇਂ ਸ਼ਿਵ। ਭਾਵ ਦੁਨੀਆਂ ਦੇ ਦੁਖ ਦੂਰ ਕਰਨ ਨੂੰ ਉਹ ਕਲਜਾਨ ਸਰੂਪ ਹੈ [ਭਵਾਨੀ ਕੋ ਬਰ=ਪਾਰਬਤੀ ਦੇ ਪਤੀ=ਸ਼ਿਵਜੀ। ਸ਼ਿਵ=ਕਲਜਾਨ ਸਰੂਪ]।

ਆਵਤਿ ਹੀ ਦਾਢੀ ਛਾਤੀ ਦਾਢੀ ਛਿਤ ਪਾਲਨਿ ਕੀ
ਰਜ ਕੇ ਕਰੱਯਾ ਉਨ ਹੀ ਕੀ ਰਜਧਾਨੀ ਕੋ†[1]।

[1]ਦਾੜ੍ਹੀ ਆਉਂਦਿਆਂ ਹੀ ਰਾਜਿਆਂ ਦੀ ਛਾਤੀ ਸਾੜਦਾ ਹੈ ਤੇ ਉਹਨਾਂ ਦੀ ਰਾਜਧਾਨੀ ਨੂੰ (ਰਜ=) ਧੂੜ ਕਰਦਾ ਹੈ। †ਕਵੀ ਜੀ ਨੇ ੬੨ ਪੱਤਰਿਆਂ ਵਿਚੋਂ ਚੁਣਕੇ ਥੋੜੇ ਜਿਹੇ ਕਬਿੱਤ ਦਿੱਤੇ ਦੱਸਿਆ ਹੈ। ਸਾਰੇ ਨਾ ਹੋਣ ਕਰਕੇ ਪ੍ਰਕ੍ਰਿਆ ਲੱਗਣੀ ਕਠਨ ਹੋ ਜਾਂਦੀ ਹੈ। ਜਾਪਦਾ ਹੈ ਕਿ ਇਸਤੋਂ ਪਹਿਲਾਂ ਕੋਈ ਸਾਧਾਰਣ ਕਬਿੱਤ ਹੋਸੀ ਜਿਸ ਵਿਚ ਉਨ੍ਹਾਂ ਵੈਰੀਆਂ ਦੇ ਖਾਲਸੇ ਨਾਲ ਅਕਾਰਣ ਦ੍ਰੋਹ ਕਰਨ ਤੇ ਦੁਖ ਦੇਣ ਦਾ ਹਾਲ ਹੋਵੇ ਜਿਸ ਪਰ ਵੈਰੀਆਂ ਉਤੇ ਸਿੰਘਾਂ ਦੇ ਭੈ ਛਾਉਣ ਦਾ ਨਕਸ਼ਾ ਤੇ ਸਿੰਘਾਂ ਦੀ ਸ਼ਸਤ੍ਰ ਪ੍ਰੀਤੀ ਦਾ ਹਾਲ ਇਸ ਕਬਿੱਤ ਵਿਚ ਕਿਸੇ ਕਵੀ ਨੇ ਦਿੱਤਾ ਹੈ।

ਮਹਾਂਬਾਹੁ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਿਉਂ
ਭਾਰਥ ਕੋ ਜੀਤ ਲੇਤਿ ਬਸੁਧਾ ਬਿਰਾਨੀ ਕੋ[1]।

[1]ਲੰਮੇ ਭੁਜਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ (ਦੇ ਸਿੰਘ) ਵੈਰੀਆਂ ਦੀ ਧਰਤੀ ਐਉਂ ਜਿੱਤ ਲੈਂਦੇ ਹਨ ਜਿਵੇਂ ਅਰਜਨ ਨੇ ਭਾਰਥ ਜਿੱਤਿਆ ਸੀ।

ਪਾਗ ਹੂੰ ਕੋ ਬਾਂਧਬੋ ਕਛੁਕ ਦਿਨ ਪਾਛੇ ਸੀਖਯੋ
ਪਹਿਲੇ ਹੀ ਸੁ ਸੀਖਯੋ ਸਿੰਘ[†] ਬਾਂਧਿਬੋ ਕ੍ਰਿਪਾਨੀ ਕੋ[1] ॥੧੦॥

[1]ਪਗ ਬੰਨ੍ਹਣੀ ਤਾਂ ਸਿੰਘ (ਬੱਚਾ) ਕੁਛ ਦਿਨ ਮਗਰੋਂ ਸਿੱਖਦਾ ਹੈ ਪਰ ਕ੍ਰਿਪਾਨ ਬੰਨ੍ਹਣੀ ਪਹਿਲੋਂ ਸਿੱਖਦਾ ਹੈ। [†]ਇਹ ਪਦ ਸਪਸ਼ਟ ਕਰਦਾ ਹੈ ਕਿ ਇਹ ਕਬਿੱਤ ਗੁਰੂ ਕੇ ਸਿੰਘਾਂ ਦਾ ਵਰਣਨ ਕਰਦਾ ਹੈ, ਗੁਰੂ ਜੀ ਦਾ ਨਹੀਂ।

ਜਾਚੇ ਧ੍ਰੂ ਪਾਯੋ ਹੈ ਅਮਰਪਦ ਸੁਰਲੋਕ,
ਨਾਮਾ ਜੂ ਕੇ ਜਾਚੇ ਦੀਓ ਦੇਹੁਰਾ ਫਿਰਾਇ ਜੀ[1]।

[1](ਆਪ ਤੋਂ) ਧ੍ਰੂ ਨੇ ਮੰਗਕੇ ਸੁਰ ਲੋਕ ਵਿਚ ਅਮਰ ਪਦਵੀ ਪਾਈ ਤੇ ਨਾਮ ਦੇਵ ਦੇ ਜਾਚਣ ਨਾਲ (ਆਪ ਨੇ ਓਸ ਦਾ) ਦੇਹੁਰਾ ਫੇਰ ਦਿਤਾ।

ਬਿਪਦਾ ਮੈਂ ਲੰਕਾ ਦੀਨੀ ਜਾਚੈ ਤੇ ਬਿਭੀਖਨ ਕੋ,
ਮੰਗਲ ਸੁ ਕਬਿ ਜਾਚੌਂ ਮੰਗਲ ਸੁਨਾਇ ਜੀ[1][†]।

[1]ਬਿਭੀਖਣ ਬਿਪਤਾ ਫਸੇ ਨੂੰ ਮੰਗਣ ਤੇ (ਆਪ ਨੇ) ਲੰਕਾ ਦਿਤੀ ਪਰ ਮੰਗਲ ਕਵੀ ਇਹ ਜਾਚਦਾ ਹੈ ਕਿ ਮੈਂ ਸਦਾ ਆਪ ਦੇ ਮੰਗਲ ਸੁਣਾਉਂਦਾ ਰਿਹਾ। [†]ਇਥੇ ਮੰਗਲ ਕਵੀ 'ਗੁਰੂ ਕੀਰਤੀ' ਦਾ ਦਾਨ ਮੰਗ ਰਿਹਾ ਹੈ। ਕਵੀ ਮੰਗਲ ਨੇ ਮਹਾਂ ਭਾਰਤ ਦੇ ਸ਼ਲ ਪਰਬ ਦਾ ਤਰਜਮਾ ਗੁਰੂ ਜੀ ਦੇ ਦਰਬਾਰ ਕੀਤਾ, ਜੋ ਸੰਮਤ ੧੭੫੩ ਵੈਸਾਖ ਤ੍ਰੌਦਸ਼ੀ ਮੰਗਲਵਾਲ ਨੂੰ ਮੁੱਕਿਆ, ਕਵੀ ਕਹਿੰਦਾ ਹੈ ਕਿ ਇਸ ਪਰ ਮੈਂ (ਅਰਬ ਖਰਬ) ਅਤਯੰਤ ਧਨ ਪਾਇਆ। ਇਹ ਅਸ਼ੀਰਵਾਦ ਬੀ ਓਥੇ ਲਿਖੀ ਹੈ:-ਜੌ ਲੌ ਧਰਨ ਅਕਾਸ਼ ਗਿਰ ਚੰਦ ਸੂਰ ਸੁਰਇੰਦ। ਤੌ ਲੌ ਚਿਰ ਜੀਵੇ ਜਗਤ ਸਾਹਿਬ ਗੁਰ ਗੋਬਿੰਦ। [ਦੇਖੋ ਪਟਿਆਲਾ ਲਾਇਬ੍ਰੇਰੀ ਦਾ ਨੰ: ੧ ਦਾ ਅੰਕ ੧੧]।

ਦ੍ਰੋਪਤੀ ਨਗਰ ਹੋਤਿ[†] ਜਾਚਯੋ ਸਭਾ ਮਾਂਹਿ ਠਾਂਢੇ,
ਅੰਬਰ ਲੌਂ ਅੰਬਰ ਮਹੀ ਪੈ ਰਹੇ ਛਾਇ ਜੀ[1]।

[1]ਅਕਾਸ਼ ਤਕ ਕਪੜੇ (ਆਪਦੇ ਬਖਸ਼ੇ) ਪ੍ਰਿਥ੍ਵੀ ਤੇ ਛਾ ਗਏ। [†]ਪਾ:-ਹੋਨਿ।

ਐਸੋ ਦਾਨ ਦੈਬੋ ਕੌਨ ਕੋਊ ਸਤਿਗੁਰੂ ਬਿਨਾਂ
ਔਰ ਕਉ ਨ ਜਾਚੀਏ ਬਿਨਾਂ ਗੋਬਿੰਦ ਰਾਇ ਜੀ ॥੧੧॥
ਅਸੁਰ ਬਿਦਾਰਿਬੇ ਕੋ ਸੁਰਪਤਿ ਪਾਰਿਬੇ ਕੋ,
ਭਗਤ ਉਧਾਰਿਬੇ ਕੋ ਮੁਕਤਿ ਕੀ ਜਰੀ ਹੈ[1]। [1]ਜੜੀ ਬੂਟੀ ਹੈ।
ਅਰਿ ਦਲ ਭੰਜਿਬੇ ਕੋ, ਗਾੜ੍ਹੇ ਗੜ ਗੰਜਿਬੇ ਕੋ[1]
ਸਭਿ ਸੁਖ ਸੰਜਿਬੇ ਕੋ[2] ਮਹਾਂ ਸੁਖ ਭਰੀ ਹੈ। [1]ਪੱਕੇ ਕਿਲੇ ਤੋੜਨੇ ਨੂੰ। [2]ਕੱਠੇ ਕਰਨ ਲਈ।
ਕਰਤਿ ਕਲੋਲ ਗੁਰ ਗੋਬਿੰਦ ਕੇ ਕਰ ਮਾਂਹਿ
ਚੱਕ੍ਰ[1] ਸਾਥ ਹੂੰ ਤੇ ਮਾਰਿਬੇ ਕੀ ਬਿਧਿ ਪਰੀ ਹੈ।

[1]ਇਸ਼ਾਰਾ ਸੁਦਰਸ਼ਨ ਚੱਕ੍ਰ ਵਲ ਹੈ ਕਿ ਓਸ ਚੱਕ੍ਰ ਦੇ ਨਾਲ ਗਦਾ ਦੀ ਸ਼ਕਲ ਵਿਚ ਇਹ ਛੜੀ ਵਿਸ਼ਨੂੰ ਦੇ ਹੱਥਾਂ ਵਿਚ ਰਹੀ ਹੈ, ਗੁਰੂ ਜੀ ਕਵੀ ਇਥੇ ਵਿਸ਼ਨੂੰ ਰੂਪ ਵਰਣਨ ਕਰ ਰਿਹਾ ਹੈ।

ਫਤੇ ਕੀ ਨਿਸ਼ਾਨੀ ਯਹਿ ਪੂਰਬ ਜਨਮ ਹੂੰ ਕੀ
ਤਬਿ ਹੁਤੀ ਗਦਾ ਅਸਿ ਸ਼ਜਾਮ ਰੰਗ ਛਰੀ ਹੈ[1] ॥੧੨॥ [1]ਹੁਣ ਕਾਲੇ ਰੰਗ ਦੀ ਸੋਟੀ ਹੈ।
ਕੁੰਜ ਕੁੰਜ ਗਲਿਨਿ ਬਜਾਈ ਬਨ ਬਾਂਸਰੀ ਸੀ[1]

ਉਨਹੀ ਕੇ ਸੰਗ ਸੋਈ ਸਾਰਦਾ ਕਹਤਿ ਹੈ[1]।

[1]ਬਿੰਦ੍ਰਾ) ਬਨ ਦੀ ਕੁੰਜ ਕੁੰਜ ਤੇ ਗਲੀ ਗਲੀ ਵਿਚ ਬਾਂਸਰੀ ਬਜਾਈ ਸੀ। [2]ਸਾਰਦਾ ਕਵੀ ਕਹਿੰਦਾ ਹੈ ਕਿ ਉਹੋ (ਬਾਂਸਰੀ) ਹੀ ਹੁਣ ਉਨ੍ਹਾਂ ਦੇ ਨਾਲ ਹੈ (ਛੜੀ ਦੇ ਰੂਪ ਵਿਚ)।

ਜਮਨਾ ਕੇ ਤਟ ਬੰਸੀ ਬਟ ਕੇ ਨਿਕਟ ਸੋਈ
ਤਟ ਸਤੁਦ੍ਰੱਵ ਆਨਿ ਸਾਹਿਬੀ ਕਰਤਿ ਹੈ[1]।

[1]ਜਮਨਾਂ ਦੇ ਕਿਨਾਰੇ ਜੋ ਬਟ ਹੈ (ਉਥੇ ਜੋ) ਬੰਸੀ (ਬਜਾਉਂਦਾ ਸੀ) ਉਹੋ ਸਤਲੁਜ ਦੇ ਕਿਨਾਰੇ ਆਕੇ ਹੁਣ ਸਾਹਿਬੀ ਕਰ ਰਿਹਾ ਹੈ। (ਅ) ਬੰਸੀ ਬੰਟ ਦੇ ਨੇੜੇ (ਜੋ ਵਿਚਰਦਾ ਸੀ) ਉਹੋ ਹੁਣ.....।

ਦੇਖੋ ਭੂਪ ਭੂਪਨਿ ਕੇ ਭੂਮ ਕੇ ਭਗਤ ਲੋਗੋ,
ਭਾਗ ਯਾ ਛਰੀ ਕੇ ਮੋ ਸੋਂ ਕਹਿਬੇ ਬਨਤਿ ਹੈਂ[2]।

[1]ਹੇ (ਸਿੰਘਾਸਣ ਤੇ ਵਿਰਾਜੇ) ਰਾਜਿਆਂ ਦੇ ਰਾਜੇ (ਗੁਰੂ ਜੀ!) ਤੇ ਹੇ ਪ੍ਰਿਥਵੀ (ਤੇ ਬੈਠੇ) ਭਗਤ ਜਨੋ (ਸਾਧ ਸੰਗਤ ਜੀ) ਦੇਖੋ ਇਸ ਛੜੀ ਦੇ ਭਾਗ ਮੈਨੂੰ ਕਹਿਣੇ ਹੀ ਬਣੇ ਹਨ।

ਕਾਨ੍ਹ ਹ੍ਵੈ ਕੈ ਔਤਰਯੋ ਤੋ ਮੁੱਖ ਹੀ ਰਹੋਤਿ ਲਾਗੀ,
ਗੋਬਿੰਦ ਹ੍ਵੈ ਔਤਰਯੋ ਤੋ ਹਾਥ ਹੀ ਰਹਿਤ ਹੈ ॥੧੩॥

ਕਬਿੱਤ:

ਪੂਰਨ ਪੁਰਖ ਅਵਤਾਰ ਆਨਿ ਲੀਨਿ ਆਪ,
ਜਾਂ ਕੇ ਦਰਬਾਰ ਮਨ ਚਿਤਵੈ ਸੋ ਪਾਈਏ।
ਘਟਿ ਘਟਿ ਬਾਸੀ, ਅਬਿਨਾਸ਼ੀ ਨਾਮ ਜਾਂ ਕੋ ਜਗ,
ਕਰਤਾ ਕਰਨਹਾਰ ਸੋਈ ਦਿਖਰਾਈਏ[1]।

[1]ਬ੍ਰਹਮਾ ਦਾ ਰਚਨਹਾਰ ਭਾਵ ਪ੍ਰਮਾਤਮਾ ਉਸੇ ਨੂੰ ਦੇਖੀਦਾ ਹੈ।

ਨੌਮੇ ਗੁਰ ਨੰਦ ਜਗ ਬੰਦ, ਤੇਗ ਤ੍ਯਾਗ ਪੂਰੇ[1]
ਮੰਗਲ ਸੁ ਕਬਿ ਕਹਿ ਮੰਗਲ ਸੁਥਾਈਏ[1†]।

[1]ਨਾਵੇਂ ਗੁਰਾਂ ਦੇ ਸਪੁੱਤ੍ਰ ਤੇ ਜਗਤ ਦੇ ਬੰਦਨ ਕਰਨੇ ਯੋਗ ਤੇਗ਼ (ਵਾਹੁਣ ਤੇ ਮਾਯਾ) ਤਿਆਗਨ ਵਿਚ ਪੂਰੇ। [2]ਮੰਗਲ ਕਵੀ ਕਹਿੰਦਾ ਹੈ ਕਿ ਇਸ ਥਾਂ ਤੇ ਕੁਸ਼ਲ ਹੈ। [ਜਾਪਦਾ ਹੈ ਕਿ ਮੰਗਲ ਕਵੀ ਕਿਸੇ ਮਿੱਤ੍ਰ ਕਵੀ ਨੂੰ ਲਿਖ ਰਿਹਾ ਹੈ ਕਿ ਏਥੇ ਸੁਖ ਸਾਂਦ ਹੈ ਤੇ ਜੇ ਤੁਸਾਂ ਨੂੰ ਸੁਖੀ ਹੋਣ ਦੀ ਲੋੜ ਹੈ ਤਾਂ ਏਥੇ ਆ ਜਾਓ]।
[†]ਪਾ:-ਸੁਨਾਈਏ।

ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ,
ਚਾਹੈ ਜੋ ਅਨੰਦ ਤੌ ਅਨੰਦ ਪੁਰਿ ਆਈਏ[2] ॥੧੪॥

[1]ਭਾਵ ਗੁਰੂ ਜੀ ਆਨੰਦ ਦੇ ਦਾਤਾ ਹਨ ਜੇ ਆਨੰਦ ਦੀ ਲੋੜ ਹੈ ਤਾਂ ਅਨੰਦਪੁਰ ਆਓ।

ਕਬਿੱਤ:

ਦਿੱਜਨ ਕੇ ਦਲ, ਜੋਗੀ ਜੰਗਮ ਜਮਾਤ ਦ੍ਵਾਰ,
ਬੰਦੀ ਜਨ ਕਿਤਕ ਹੈਂ[1], ਜਗਤ ਮੈਂ ਜਾਂਹਿ ਕੀ।

[1]ਜਿਸਦੇ) ਦ੍ਵਾਰੇ ਤੇ ਬ੍ਰਾਹਮਣਾਂ ਦੇ ਦਲ, ਜੋਗੀ ਜੰਗਮਾਂ ਦੀਆਂ ਜਮਾਤਾਂ, ਕਿਤਨੇ ਹੀ ਯਸ਼ ਗਾਇਣ ਵਾਲੇ ਹਨ।

ਸੁਭਾ ਸੁਭ ਲੇਤਿ ਦੇਤਿ ਲੱਛਨ ਕੋ ਲੱਛ ਰੋਜ
ਦੇਖਿ ਦੇਖਿ ਸੁਧਿ ਭੂਲ ਜਾਤਿ ਸੁਰ ਨਾਹਿ ਕੀ[1]।

[1]ਜਗਤ ਵਿਚ ਜਿਸਦੀ ਸ਼ੋਭਾ (ਹੋ ਰਹੀ ਹੈ ਕਿ) ਖੁਸ਼ੀ ਨਾਲ ਦਿੰਦੇ ਹਨ (ਗੁਰੂ ਜੀ ਤੇ) ਲੈਂਦੇ ਹਨ (ਯਾਚਕ) ਲੱਖਾਂ ਦੇ ਲੱਖ ਕਿ ਵੇਖ ਵੇਖਕੇ ਇੰਦਰ ਦੀ ਹੋਸ਼ ਭੁੱਲ ਜਾਂਦੀ ਹੈ।

ਗੁਬਿੰਦ ਗੁਰੂ ਕੋ ਦਾਨ ਮਾਲਮ ਜਹਾਨ ਭਯੋ[1],
ਭਿੱਛਕ ਕੀਏ ਹੈਂ ਭੂਪ, ਪਰਵਾਹ ਨ ਕਾਹਿ ਕੀ[†]।

[1]ਜਹਾਨ ਨੂੰ ਮਾਲੂਮ ਹੋ ਗਿਆ ਹੈ। [†]ਪਾ:-ਪਰਵਾਹਿ ਨਾਹਿ ਕਾਹਿ ਕੀ।

ਬਲਿ, ਬੈਨ, ਬਿੱਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ
ਜਾਂ ਕੀ ਏਕ ਮੌਜ ਨਵ ਰੋਜ ਪਾਤਸ਼ਾਹਿ ਕੀ[1] ॥੧੫॥

[1](ਪਿਛਲੇ ਸਮੇਂ) ਬਲਿ, ਬੈਨ, ਬਿੱਕ੍ਰਮ ਤੇ ਭੋਜ ਰਾਜਿਆਂ ਵਿਚ ਓਹ ਬਖਸ਼ਿਸ਼ ਨਹੀਂ ਹੈਸੀ, (ਜੋ ਗੁਰੂ ਜੀ ਦੇ ਹੈ ਤੇ ਅਜ ਕਲ) ਪਾਤਸ਼ਾਹਾਂ ਦੇ ਨੌ ਰੋਜ ਜੈਸੀ ਬਖਸ਼ਿਸ਼ ਗੁਰੂ ਜੀ ਦੀ ਇਹ (ਰੋਜ਼ ਦੀ) ਬਖਸ਼ਿਸ਼ ਦੇ ਸਮਾਨ ਹੁੰਦੀ ਹੈ [ਨੌ ਰੋਜ=ਸਾਲ ਦਾ ਨਵਾਂ ਦਿਨ, ਜੋ ਈਰਾਨੀ ਹਿਸਾਬ ਮੂਜਬ ੨੨ ਮਾਰਚ ਤੇ ਢੁੱਕਦਾ ਹੈ। ਪਾਤਸ਼ਾਹ ਦਾ ਨੌ ਰੋਜ਼=ਪਾਤਸ਼ਾਹ ਦੀ ਵਰ੍ਹੇ ਗੰਢ ਯਾ ਗੱਦੀ ਨਸ਼ੀਨੀ ਦੇ ਜਸ਼ਨ ਦਾ ਦਿਨ]। (ਅ) 'ਨਵੀਂ ਤੋਂ ਨਵੀਂ ਤੇ ਰੋਜ ਰੋਜ ਬਖ਼ਸ਼ਿਸ਼ ਮਿਲਦੀ ਹੈ' ਇਹ ਅਰਥ ਵੀ ਲਾਉਂਦੇ ਹਨ।

ਕਬਿੱਤ:

ਰਾਵਨ ਤੇ ਛੀਨਿ ਦਈ ਬਖਸ਼ ਬਿਭੀਖਣ ਕੋ,
ਬਾਵਨ ਹ੍ਵੈ ਬਾਂਧਯੋ ਬਲਿ[1] ਜਬਿ ਤੁਮ ਚਾਹੀ ਹੈ।

[1]ਬਾਵਨ ਅਵਤਾਰ ਹੋਕੇ ਬੱਧਾ ਬਲਿ ਰਾਜਾ ਨੂੰ।

ਕਬਿ ਚਾਰਮੁਖ ਰਚਯੋ ਥੰਭ ਬੀਚ ਨਰਸਿੰਘ
ਪ੍ਰਹਿਲਾਦ ਜੂ ਕੀ ਪੈਜ ਪੂਰਨ ਨਿਬਾਹੀ ਹੈ[1]।

[1]ਬ੍ਰਹਮਾ ਨੇ ਥੰਮ੍ਹੇ ਵਿਚ ਨਰ ਸਿੰਘ ਕਦੋਂ ਰਚਿਆ ਸੀ (ਪਰ ਤੁਸਾਂ ਨਰ ਸਿੰਘ ਰੂਪ ਧਾਰਕੇ) ਪ੍ਰਹਲਾਦ ਦੀ ਪੂਰਨ ਪੈਜ ਨਿਬਾਹੀ ਸੀ। [ਪ੍ਰਹਿਲਾਦ ਦੇ ਪਿਉ ਨੇ ਵਰ ਲਿਆ ਹੋਇਆ ਸੀ ਕਿ ਬ੍ਰਹਮਾ ਦੇ ਰਚਿਆਂ ਵਿਚੋਂ ਮੈਂ ਕਿਸੇ ਦੇ ਹੱਥੋਂ ਨਾ ਮਰਾਂ ਸੋ ਨਰਸਿੰਘ ਉਸਦੀ ਰਚਨਾ ਤੋਂ ਬਾਹਰ ਸੀ]।

ਗੁਰੂ ਜੀ ਗੁਬਿੰਦ ਰਾਇ ਚਾਹੋ ਤੁਮ ਸੋਈ ਕਰੋ,
ਬੂਝਿ ਦੇਖੋ ਬੇਦ ਇਸ ਬਾਤ ਕੋ ਉਗਾਹੀ ਹੈ[1]।

[1]ਵੇਦ ਇਸ ਗੱਲ ਦੀ ਉਗਾਹੀ ਹੈ ਕਿ ਜੋ ਤੁਸੀਂ ਚਾਹੋ ਕਰ ਸਕਦੇ ਹੋ।

ਔਰ ਪਾਤਸ਼ਾਹੀ ਸਭਿ ਲੋਗਨਿ ਕੋ ਪਾਤਸ਼ਾਹੁ,
ਪਾਤਸ਼ਾਹੋਂ ਪਰ ਸਾਚੀ ਤੇਰੀ ਪਾਤਸ਼ਾਹੀ ਹੈ ॥੧੬॥

ਕਬਿੱਤ:

ਭਾਵੈਂ ਜਾਇ ਤੀਰਥ ਭ੍ਰਮਤਿ[1] ਸੇਤੁ ਬੰਦ ਹੂੰ ਲੌਂ,
ਭਾਵੈ ਜਾਇ ਕੰਦਰਾ ਮੈਂ ਕੰਦ ਮੂਲ ਖਾਈਏ।

[1]ਫਿਰੀਏ।

ਭਾਵੈਂ ਦੇਹਿ ਦ੍ਵਾਰਕਾ ਦਗਧ ਕਰੇ ਛਾਪੇ ਲਾਇ[1]
ਭਾਵੈਂ ਕਾਸ਼ੀ ਮਾਂਹਿ ਜਾਇ ਜੁੱਗ ਲੌ ਬਸਾਈਏ[†]।

[1]ਛਾਪੇ ਲੁਆਕੇ ਦੇਹ ਸਾੜੇ। [†]ਪਾ:-ਭਾਵੇਂ ਜਾਇ ਦ੍ਵਾਰਕਾ ਦੁਗਧ ਦੇਹ ਕਰੇ ਛਾਪੇ ਲਾਇ, ਭਾਵੇਂ ਕਾਂਸ਼ੀ ਮਾਹਿ ਜੁੱਗ ਲੌ ਬਸਾਈਏ।

ਭਾਵੈਂ ਪੂਜੋ ਦੇਹੁਰੇ ਦਿਵਾਲੈ ਸਭਿ ਜੱਗ ਹੂੰਕੇ,

ਭਾਵੈਂ ਖਟ ਦਰਸ਼ਨ ਕੇ ਭੇਖ ਮੈਂ ਫਿਰਾਈਏ।
ਜੌ ਤੂੰ ਚਾਹੇਂ ਮਨਸਾ ਕੋ ਮੰਗਲ ਤੁਰਤ ਫਲ[1]
ਗੋਬਿੰਦ ਗੁਰੂ ਕੀ ਏਕ ਮੌਜ[2] ਹੂੰ ਮੈਂ ਪਾਈਏ ॥੧੭॥

[1]ਹੇ ਮੰਗਲ ਕਵੀ ਜੇ ਤੂੰ ਭਾਵਨੀ ਦਾ ਤੁਰਤ ਫਲ ਚਾਹੁੰਦਾ ਹੈਂ ਤਾਂ। [2]ਬਖਸ਼ਿਸ਼।

ਸਮੁੰਦਰ ਦੇ ਵਾਰ ਪਾਰ, ਵਿੱਚ ਮਹੀ ਮੰਡਲ ਦੇ,
ਜੈਂ ਦਾ[1] ਜਸ ਦੇਸ਼ ਦੇਸ਼ ਸੱਭੇ ਲੋਕ ਗਾਂਵਦੇ।

[1]ਜਿਸ (ਗੁਰੂ ਗੋਬਿੰਦ ਸਿੰਘ ਜੀ) ਦਾ।

ਸੇਂਵਦੇ ਭਿਖਾਰੀ ਸੇਈ ਹੋਂਦੇ ਨੀ ਹਜ਼ਾਰੀ[1] ਹੁਣ,

[1]ਭਿਖਾਰੀ ਹਜ਼ਾਰਾਂ ਵਾਲੇ ਹੋ ਜਾਂਦੇ ਨੀ।

ਵਾਰੀ ਵਾਰੀ ਪਢਿਕੇ ਕਬਿੱਤ ਨੀ ਸੁਨਾਂਵਦੇ।
ਚਾਰੋਂ ਹੀ ਬਰਨ ਖਟ ਦਰਸ਼ਨ ਜੈਂ ਦੇ ਦ੍ਵਾਰ
'ਮੰਗਲ ਸੁ ਕਬਿ' ਮਨ ਇੱਛਾ ਫਲ ਪਾਂਵਦੇ।
ਵੇਖੀਂ ਬਲ ਵਾਂਗੂੰ ਕੋਈ ਛਲੀ ਗੁਰੂ ਗੋਬਿੰਦ ਜੀ
ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ[1] ॥੧੮॥

[1]ਹੇ ਗੁਰੂ ਗੋਬਿੰਦ ਸਿੰਘ! ਵੇਖੀਂ ਮਤਾਂ ਕੋਈ (ਦਾਨ ਦੇ ਬਹਾਨੇ) ਬਲ ਵਾਂਗੂੰ ਤੁਸਾਨੂੰ ਛਲ ਨਾ ਜਾਵੇ (ਕਿਉਂਕਿ ਉਥੇ ਤਾਂ ਯਾਚਕ ਇਕ ਆਇਆ ਸੀ ਤੇ ਏਥੇ) ਇਕ ਲੈ ਲੈ ਜਾਂਦੇ ਕਿ ਲੈਣ ਨੂੰ ਹੋਰ ਆ ਰਹੇ ਹਨ ਭਾਵ ਅਨੰਤ ਯਾਚਕ ਹਨ। [ਸੂਚਨਾ-ਦ੍ਰਿਸ਼ਟਾਂਤ ਦਾ ਇਕ ਅੰਗ ਕੇਵਲ ਦਾਨ ਦੀ ਬਹੁਲਤਾ ਮਾਤ੍ਰ ਦਾ ਲੈਣਾ]।

ਤੋ ਸੋ ਬੈਰ ਬਾਂਧਿ ਬੈਰੀ ਧੀਰ ਨ ਧਰਤਿ ਕਹੂੰ,
ਧੌਂਸਾ ਕੀ ਧੁੰਕਾਰ ਧਰਾਧਰ ਧਸਕੱਤਿ ਹੈਂ[1†]।

[1]ਨਾਲ ਪਹਾੜ ਕੰਬਦੇ ਹਨ। [†]ਪਾ:-ਧੁੰਦਕਾਰ ਕਾਹੂੰ ਧਰਾ ਧਸਕਤ ਹੈਂ।

ਦਲ ਕੇ ਚਲਤਿ ਮਹਿ ਹਾਲਤਿ[1] ਹਲਤਿ ਕੋਲ,
ਕੂਰਮ ਕਹੱਲ[2], ਫਨੀ ਫਨਿ ਨ ਸ਼ਕੱਤਿ ਹੈ[3]।

[1]ਫੌਜ ਦੇ ਟੁਰਿਆਂ ਪ੍ਰਿਥਵੀ ਹਿਲਦੀ ਹੈ। [2]ਹਿਲਦਾ ਹੈ ਸੂਰ ਤੇ ਕੱਛੂ ਨੂੰ ਘਬਰਾ ਪੈ ਜਾਂਦਾ ਹੈ। [ਕਹੱਲ=ਕਾਹਲ, ਘਬਰਾ। ਸੂਰ ਕੱਛੂ ਤੋਂ ਮੁਰਾਦ ਧਰਤੀ ਹੇਠਲੇ ਸੂਰ ਕੱਛੂ ਦੀ ਹੈ]। [3]ਸ਼ੇਸ਼ਨਾਗ ਦੇ ਫਨਾਂ ਵਿਚ ਸ਼ਕਤੀ ਨਹੀਂ ਰਹੀ ਹੈ।

ਪ੍ਰਬਲ ਪ੍ਰਤਾਪੀ ਪਾਤਿਸ਼ਾਹੁ ਗੁਰੂ ਗੋਬਿੰਦ ਸਿੰਘ ਜੀ!
ਤੇਰੇ ਭਯਭੀਤ ਭਾਰੀ ਭੂਪ ਸਸਕੱਤਿ ਹੈਂ[1]।

[1]ਭਾਰੇ ਰਾਜੇ ਸਹਿਕਦੇ ਹਨ।

ਹੋਤਿ ਭੂਮਚਾਲ[1], ਦਿਗਪਾਲ ਪਾਇਮਾਲ ਹੋਤਿ[2],
ਹਲਕੇ ਹਹੱਲ ਹਾਥੀ ਮਾਥੇ ਮਸਕੱਤਿ ਹੈਂ[2†] ॥੧੯॥

[1]ਭੁਚਾਲ। [2]ਦਿਗਪਾਲ ਦੁਖੀ ਹੁੰਦੇ ਹਨ [ਫਾ. ਪਾਮਾਲ=ਦੁਖੀ, ਮੁਸੀਬਤ ਜ਼ਦਹ]। [2]ਆਪਣੇ ਅਪਣੇ ਹਲਕਿਆਂ ਵਿਚ ਭਾਵ) ਦਿਸ਼ਾ ਵਿਚ ਓਹੀ (ਦਿਗਪਾਲ) ਹਾਥੀ ਡਰੇ ਹੋਏ (ਆਪ ਅੱਗੇ) ਮੱਥੇ ਰਗੜਦੇ ਹਨ। (ਅ) ਹਾਥੀਆਂ ਦੇ ਹਲਕੇ (ਸਮੁਦਾਇ) ਡਰਕੇ ਮੱਥੇ (ਧਰਤੀ ਤੇ) ਰਗੜਦੇ ਹਨ। [†]ਇਨ੍ਹਾਂ ਛੰਦਾਂ ਵਿਚ ਦਿਗਪਾਲਾਂ ਦਾ ਦਹਿਲਨਾ, ਸ਼ੇਸ਼ਨਾਗ ਕੱਛੂ ਆਦਿਕਾਂ ਦਾ ਹਿੱਲ ਪੈਣਾ ਬਲ ਤੇ ਬਿਭੀਛਣ ਆਦਿਕਾਂ ਦਾ ਘਬਰਾ ਜਾਣਾ ਆਦਿਕ ਪ੍ਰਸੰਗ ਕਵੀਆਂ ਗੁਰੂ ਦੀ ਦੀ ਜੰਗੀ ਤਾਕਤ ਤੇ ਬੀਰਰਸੀ ਪ੍ਰਾਗੱਲਭਤਾ ਦੇ ਅਤਿਸ਼ੈ ਪ੍ਰਭਾਵ ਨੂੰ ਦੱਸਣ ਲਈ ਬੰਨ੍ਹੇ

ਹਨ ਕਿ ਵੈਰੀ ਤੇ ਨਰ ਵੈਰੀ ਤਾਂ ਘਬਰਾਉਂਦੇ ਹਨ; ਉਹਨਾਂ ਦੀ ਅਤਿਸ਼ੈ ਪ੍ਰਾਗੱਲਭਤਾ ਪ੍ਰਿਥਵੀ ਦੇ ਹਰ ਭਾਗ ਹੇਠਾਂ ਤੇ ਦਿਸ਼ਾ ਤੱਕ ਜਾ ਅਸਰ ਕਰਦੀ ਹੈ ਤੇ ਇਕ ਵੇਰੀ ਓਹ ਵਜਕਤੀਆਂ ਵੀ ਦਹਿਲ ਉਠਦੀਆਂ ਹਨ ਕਿ ਜੋ ਅਵਤਾਰਾਂ ਦੀਆਂ ਪ੍ਰਿਯ ਤੇ ਆਗਜਾਕਾਰੀ ਹੁੰਦੀਆਂ ਹਨ। ਇਨ੍ਹਾਂ ਵਿਚ ਇਹ ਭਾਵ ਨਹੀਂ ਕਿ ਉਹ ਵਜਕਤੀਆਂ ਵਿਰੋਧੀ ਹਨ ਤੇ ਦੁਖੀ ਹੁੰਦੀਆਂ ਹਨ। ਦ੍ਰਿਸ਼੍ਰਾਂਤ ਦਾ ਇਕ ਅੰਗ ਲਈਦਾ ਹੈ ਤੇ ਇਕੋ ਅੰਗ ਏਥੇ ਬੀਰਰਸੀ ਪ੍ਰਭਾਵ ਮਾਤ੍ਰ ਦੇ ਅਸਰ ਦੀ ਵਿਸ਼ਾਲਤਾ ਦੇ ਦੱਸਣ ਦਾ ਹੈ।

ਕਬਿੱਤ:

ਮਹਾਂਬਾਹੁ ਬੀਰ ਗੁਰੂ ਗੋਬਿੰਦ ਤਿਹਾਰੇ ਰੋਸ
ਬੈਰਿਨਿ ਕੀ ਬਧੂ ਬਨ ਬਨ ਬਿਲਖਾਨੀ ਹੈਂ[1]। [1]ਦੁਖੀ ਹਨ।
ਕਰੋ ਨ ਗਵਨ ਭੂਲ ਭਵਨ ਕੇ ਭੀਤਰ ਤੇ
ਚਢਤੀ ਪਹਾਰ ਨਿਰਾਧਾਰ ਅਕੁਲਾਨੀ ਹੈਂ[1]।

[1]ਜਿਨ੍ਹਾਂ ਨੇ ਕਦੇ) ਭੁੱਲਕੇ ਘਰ ਦੇ ਅੰਦਰੋਂ ਬਾਹਰ ਜਾਣਾ ਨਹੀਂ ਕੀਤਾ ਸੀ ਓਹ ਹੁਣ ਇਕੱਲਿਆਂ ਪਹਾੜ ਤੇ ਚੜ੍ਹਦੀਆਂ ਬਿਆਕੁਲ ਹੋ ਰਹੀਆਂ ਹਨ। (ਅ) ਤੁਸੀਂ ਆਪਣੇ ਘਰੋਂ ਬਾਹਰ ਨਾ ਜਾਇਆ ਕਰੋ ਨਹੀਂ ਤਾਂ ਓਹ ਪਹਾੜਾਂ ਤੇ ਚੜ੍ਹਦੀਆਂ ਘਬਰਾ ਉਠਣਗੀਆਂ।

ਸੁੰਦਰ ਸਰੋਜਮੁਖੀ[2] ਦੁਖੀ ਭਈ ਭੁੱਖ ਪਜਾਸ,
ਪਤਿਨਿ ਸੋਂ ਖੀਝੇਂ ਕਹੇਂ ਮੋਤਨ ਮਹਿਂ ਪਾਨੀ ਹੈ[1]।

[2]ਕਵਲਮੁਖੀ। [1]ਮੋਤੀਆਂ ਦੇ ਆਬ ਨੂੰ ਪਾਣੀ ਸਮਝਦੀਆਂ ਹਨ [ਜੌਹਰੀ ਰਤਨਾਂ ਦੀ ਆਬ ਨੂੰ ਪਾਣੀ ਬੀ ਆਖਦੇ ਹਨ]।

ਚੰਦ ਸੀ ਚਕੋਰ ਜਾਨੈਂ, ਬਿੰਬ ਸੇ ਸੂਆ ਕੈ ਮਾਨੈਂ,
ਕੋਕਲ ਸੀ ਕਾਕ, ਨਾਗ ਮੋਰਨ ਕੀ ਮਾਨੀ ਹੈਂ[1†] ॥੨੦॥

[1]ਚਕੋਰ (ਉਨ੍ਹਾਂ ਦੇ ਮੁਖੜੇ ਨੂੰ) ਚੰਦ ਪਿਆ ਸਮਝਦਾ ਹੈ ਤੇ ਤੋਤਾ ਹੋਠਾਂ ਨੂੰ ਕੁੰਦਰੂ ਫਲ ਤੇ ਕਾਂ (ਉਹਨਾਂ ਦੀ ਆਵਾਜ਼ ਤੋਂ ਉਹਨਾਂ ਨੂੰ) ਕੋਇਲ ਤੇ ਮੋਰ (ਉਨ੍ਹਾਂ ਦੀ ਗੁਤ ਨੂੰ) ਨਾਗਨੀ ਸਮਝ ਰਹੇ ਹਨ (ਐਸੀਆਂ ਸੁੰਦਰ ਹਨ)। [†]ਇਸ ਛੰਦ ਵਿਚ ਗੁਰੂ ਜੀ ਦੀ ਕਿਸੇ ਕਰਨੀ ਦਾ ਜ਼ਿਕਰ ਨਹੀ, ਵੈਰੀਆਂ ਦੇ ਘਰੀਂ ਗੁਰੂ ਜੀ ਦੇ ਰੁਸੇਵੇਂ ਮਾਤ੍ਰ ਦੀ ਖਬਰ ਸੁਣਕੇ ਘਬਰਾ ਪੈ ਜਾਣ ਦਾ ਰੂਪਕ ਅਤਯੋਕਤੀ ਅਲੰਕਾਰ ਵਿਚ ਬੱਧਾ ਹੈ।

ਜਿਨ ਕੋ ਪ੍ਰਤਾਪ ਪਰਿ ਪੂਰਨ ਪੁਹਮਿ[1] ਪਰਿ
ਸੋਊ ਤੇਰੇ ਚਰਨ ਕੋ ਕਰਤਿ ਬਖਾਨ ਹੈਂ। [1]ਪ੍ਰਿਥਵੀ।
ਜਿਨੈ ਚਾਹ ਚੱਕ੍ਰਵੈ ਚਕਿਤ ਹੋਤਿ ਹੰਸਰਾਮ
ਤੇਊ ਤੇਰੇ ਚਾਹਿਬੇ ਕੋ ਧਾਰਤਿ ਧਿਆਨ ਹੈਂ[1]।

[1]ਜਿਨ੍ਹਾਂ (ਰਿਖੀਆਂ ਮੁਨੀਆਂ ਸਿੱਧਾਂ) ਨੂੰ ਚੱਕ੍ਰਵਰਤੀ ਰਾਜੇ ਦੇਖਕੇ ਚੱਕ੍ਰਿਤ ਹੁੰਦੇ ਹਨ, ਓਹ ਆਪ ਦੇ ਦਰਸ਼ਨਾਂ ਲਈ ਧਿਆਨ ਧਾਰਦੇ ਹਨ।

ਜਿਨ ਕੋ ਬਿਜਯ ਪਾਰਾਵਾਰ ਪਾਰ ਦੇਖੀਯਤਿ
ਪ੍ਰਬਲ ਪ੍ਰਚੰਡ ਸੁਨੇ ਜ਼ਾਹਰ ਜਹਾਨ ਹੈ[1]।

[1]ਜਿਨ੍ਹਾਂ ਦੀ ਫਤਹ ਸਮੁੰਦਰੋਂ ਪਾਰ ਦੇਖੀਦੀ ਹੈ ਤੇ ਜਿਨ੍ਹਾਂ ਦਾ ਪ੍ਰਬਲ ਤੇਜ ਜਗਤ ਵਿਚ ਪ੍ਰਗਟ ਸੁਣੀਦਾ ਹੈ। [ਪਾਰਾਵਾਰ=ਸਮੁੰਦਰ]।

ਜਿਨ ਕੌ ਨ ਦਰਬਾਰ ਪਾਯਤਿ ਮਹੀਨਿਕ ਲੌ[1†]
ਤੇਊ ਤੇਰੇ ਦਰਬਾਰ ਦੇਖੇ ਦਰਵਾਨ ਹੈਂ[2] ॥੨੧॥

[1]ਜਿਨ੍ਹਾਂ (ਰਾਜਿਆਂ) ਦੇ ਦਰਬਾਰ ਵਿਚ (ਜਾਣਾ ਨਹੀਂ) ਪਾ ਸਕੀਦਾ ਮਹੀਨਿਆਂ ਤਕ। [2]ਓਹ (ਰਾਜੇ) ਤੇਰੇ ਦਰਵਾਜੇ ਤੇ ਦਰਬਾਨ ਤੱਕੀਦੇ ਹਨ। (ਅ) ਦਰਵਾਜ਼ੇ ਤੇ ਉਡੀਕਦੇ ਦੇਖੀਦੇ ਹਨ। [†]ਪਾ:-ਮਨ ਹੀਨਕ ਲੌਂ।

ਕਬਿੱਤ:

ਕਰਨ ਸੇ ਦਾਤਾ ਹੋ, ਬਿਧਾਤਾ[1] ਮਹੀ ਮੰਡਲ ਕੇ,
ਬੈਰੀ ਕੇ ਬਿਹੰਡਨਿ[2], ਪ੍ਰਚੰਡ ਭੂਅ ਭਾਰ ਕੋ[3]।

[1]ਰਚਣਹਾਰ। [2]ਨਾਸ਼ ਕਰਨ ਨੂੰ (ਅਤੇ)। [3]ਧਰਤੀ ਦੇ ਭਾਰ ਉਤਾਰਨ ਨੂੰ ਮਹਾਂ ਤੇਜੱਸ੍ਵੀ ਹੋ। (ਅ) ਪ੍ਰਿਥਵੀ ਤੇ ਭਾਰ ਰੂਪ ਜੋ ਵੈਰੀ ਹਨ ਉਹਨਾਂ ਦੇ ਨਾਸ਼ ਕਰਤਾ ਹੋ।

ਪੁਰਖ ਪੁਰਾਨ ਸੇ ਪੁਰਾਨਨ ਮੇਂ ਗਾਈਯਤਿ[1]
ਸਾਚੇ ਗੁਰ ਗੋਬਿੰਦ ਅਧਾਰ ਨਿਰਾਧਾਰ ਕੋ[2]।

[1]ਪੁਰਾਣਾਂ ਵਿਚ ਤੁਸੀਂ ਪੁਰਾਤਣ ਪੁਰਖ ਕਰਕੇ ਗਾਇਨ ਕੀਤੇ ਗਏ ਹੋ। [ਸੰਸ. ਪੌਰਾਣਨ ਪੁਰਖ=ਅਨਾਦੀ ਪਰਮਾਤਮਾਂ]। [2]ਆਪ ਨਿਆਸਰਿਆਂ ਦੇ ਆਸਰਾ ਹੋ।

ਜੌਨ ਤੇਰੀ ਕੀਰਤਿ ਜਗਾਤੋ ਜੰਬੂ ਦੀਪ ਕੈ ਕੈ,
ਪਸਰੇ ਉਜਾਰੋ ਪਰਸਤਿ ਪਾਰਾਵਾਰ ਕੋ[1]।

[1]ਜੰਬੂ (ਦੀਪ) ਵਿਚ ਆਪ ਦੀ ਜਿਸ ਕੀਰਤੀ ਨੂੰ ਅਸੀਂ ਦੀਵੇ ਬਣਾ ਬਣਾਕੇ ਜਗਾ ਰਹੇ ਹਾਂ, ਉਹ ਆਪ ਦੀ ਕੀਰਤੀ ਚਾਂਦਨੀ ਹੋਕੇ ਸੱਤਾਂ ਸਮੁੰਦਰਾਂ ਤੋਂ ਪਾਰ ਆਪਣਾ ਉਜਾਲਾ ਪਸਾਰ ਰਹੀ ਹੈ।

ਗੁਰਨਿ ਕੇ ਬੰਸ ਚਲਿ ਆਈ ਹੰਸਰਾਮ ਸਦਾ
-ਗੁਨੀ ਸੋਂ ਉਦਾਰ, ਤੋਰਾਦਾਰ ਤਰਵਾਰ ਕੋ[1]- ॥੨੨॥

[1]ਗੁਰੂ ਸਾਹਿਬਾਂ ਦੇ ਬੰਸ ਵਿਚ ਇਹ ਗਲ ਚਲੀ ਆਈ ਹੈ ਕਿ ਗੁਣੀਆਂ ਨਾਲ ਸਦਾ ਉਦਾਰ ਰਹੇ ਹਨ ਤੇ ਤਲਵਾਰ (ਖਿੱਚਣ ਵਾਲੇ ਨੂੰ) ਸਦਾ ਬੰਦੂਕ ਵਾਲੇ ਹੋਕੇ ਟੱਕਰਦੇ ਹਨ।

ਕਬਿੱਤ:

ਸਤਿਜੁਗ[†] ਪ੍ਰਬਲ ਪ੍ਰਗਟ ਪਰਸਪਰ ਹ੍ਵੈ ਕੈ
ਛੇਕ ਛਾਡੇ ਛੱਤ੍ਰੀ ਕਰ ਕਾਹੂੰ ਅੱਤ੍ਰ ਨਾ ਧਰਜੋ[1]।

[1]ਮੁਕਾਬਲੇ ਤੇ ਕੋਈ ਹੱਥ ਵਿਚ ਸ਼ਸਤ੍ਰ ਫੜਕੇ ਨਾ ਆਯਾ। [†]ਸਤਿਜੁਗ ਦਾ ਅਵਤਾਰ ਪਰਸਰਾਮ ਨੂੰ ਲਿਖਣਾ ਰਾਮਾਯਣ ਅਨੁਸਾਰ ਉਕਾਈ ਹੈ। ਦੇਖੋ ਅਗਲਾ ਅੰਕ ੨੬ ਜਿਸ ਵਿਚ ਸਤਿਜੁਗ ਦਾ ਅਵਤਾਰ ਬਾਵਨ ਦੱਸਿਆ ਹੈ।

ਤ੍ਰੇਤੈ ਰਘੁਨਾਥ ਹ੍ਵੈ ਕੇ ਰਾਵਨ ਸਨਾਥ ਕੀਨੋ
ਗੀਧਨ ਖੁਵਾਯੋ ਮਾਸ ਲੰਕਪਤਿ ਜੋ ਲਰਜੋ[1†]।

[1]ਲੰਕਾਪਤੀ ਰਾਵਣ ਜਾਂ ਲੜਿਆ ਤਾਂ ਉਸ ਦੇ (ਲਸ਼ਕਰ ਦਾ) ਮਾਸ ਗਿੱਧਾਂ ਨੂੰ ਖੁਵਾਇਆ। [†]ਪਾ:-ਜੋਰ ਲਰਜੋ।

ਦ੍ਵਾਪਰ ਕਨ੍ਹਾਈ ਬਨਿ[1] ਬਾਂਸਰੀ ਬਜਾਈ ਸੁਨਿ
ਸੁਰਿ ਮੁਨਿ ਨਰ ਕਾਹੂੰ ਧੀਰ ਨ ਤਬੈ ਕਰਜੋ[2]।

[1]ਕ੍ਰਿਸ਼ਨ ਬਣਕੇ। [2]ਕਿਸੇ ਨੇ ਬੀ ਧੀਰਜ ਨਾ ਕੀਤਾ, ਭਾਵ ਸਾਰੇ ਮੋਹਤ ਹੋ ਗਏ।

ਕਲਜੁਗ ਤਾਰਿਬੇ ਕੋ ਸਾਧਨ ਕੇ ਪਾਰਿਬੇ ਕੋ,
ਸੁੰਦਰ ਸਰੂਪ ਗੁਰੂ ਗੋਬਿੰਦ ਹ੍ਵੈ ਅਵਤਰਜੋ ॥੨੩॥

ਸ੍ਵੈਯਾ:

ਗੌਰਿ ਦੁਰਾਵਤਿ ਗੋਦ ਗਨੇਸ਼ਹਿ, ਅੰਗ ਬਿਭੂਤ ਮਹੇਸ਼ ਮਲੈ ਨਿਤ[1]।

[1]ਪਾਰਬਤੀ ਗੋਦ ਵਿਚ ਗਨੇਸ਼ ਨੂੰ ਲੁਕਾਉਂਦੀ ਹੈ ਤੇ ਸ਼ਿਵ ਸਦਾ ਅੰਗਾਂ ਨੂੰ ਸੁਆਹ ਮਲਦਾ ਹੈ।

ਸ਼ੋਰ ਪਰੇ ਦਿਗਪਾਲਨ ਕੈ, ਭੁਵਪਾਲਨ ਕੇ ਮਨ ਮਾਂਹਿ ਨਹੀਂ ਥਿਤ[1]।

[1]ਭਾਵ ਮਨ ਡੋਲ ਰਿਹਾ ਹੈ।

ਦ੍ਵਾਰ ਮੁੰਦੇ ਪੁਰਿ ਸ਼ੱਤ੍ਰੁਨਿ ਕੇ, ਗੁਰ ਗੋਬਿੰਦ ਖਜਾਲ ਹੀ ਖੱਗ ਗਹੇ ਇਤਿ[1]।

[1]ਸ਼ੱਤ੍ਰੂ ਸ਼ਹਿਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ (ਜਦੋਂ) ਇਧਰ ਗੁਰੂ ਜੀ ਤਲਵਾਰ ਪਕੜਨ ਦਾ ਖਿਆਲ ਹੀ ਕਰਦੇ ਹਨ।

ਹਾਥੀ ਨ ਸਾਥੀ ਸੰਭਾਰ ਸਕੈ ਕੋਊ, ਚਾਲ ਪਰੇ ਚਤੁਰੰਗ ਚਮੂੰ ਚਿਤ[1] ॥੨੪॥

[1]ਸ਼ੱਤ੍ਰੂਆਂ) ਦੀ ਚਤੁਰੰਗਨੀ ਸੈਨਾਂ ਦੇ ਚਿਤਾਂ ਵਿਚ ਹਲ ਚਲ ਪੈ ਜਾਂਦੀ ਹੈ। ਫਿਰ ਹਾਥੀ (ਰਥ ਘੋੜੇ ਤੇ) ਸਾਥੀ ਕਿਸੇ ਨੂੰ ਕੋਈ ਸੰਭਾਲ ਨਹੀਂ ਸਕਦਾ। (ਅ) (ਹਾਥੀਆਂ ਦੇ ਸਾਥੀ ਭਾਵ) ਮਹਾਵਤ ਹਾਥੀ ਨਹੀਂ ਸੰਭਾਲ ਸਕਦੇ, ਕੋਊ (ਕੋਈ ਬੀ, ਭਾਵ ਸਵਾਰ ਘੋੜਿਆਂ ਨੂੰ, ਰਖਵਾਨ ਰਥਾਂ ਨੂੰ, ਗੱਲ ਕੀ ਸਭ) ਚਤੁਰੰਗਨੀ ਸੈਨਾ ਚਾਲੇ ਪੈ ਜਾਂਦੀ ਭਾਵ ਉਠ ਭੱਜਦੀ ਹੈ। (ੲ) (ਫਿਰ ਜਦ ਗੁਰੂ ਜੀ) ਹਾਥੀ (ਤੇ ਸ੍ਵਾਰ ਹੋ ਜਾਣ ਤਦ ਤਾਂ ਦੇਖਦੇ ਸਾਰ) ਚਤੁਰੰਗਨੀ ਸੈਨਾ ਹੀ ਵੈਰੀ ਦੀ ਉਠ ਭਜਦੀ ਹੈ, ਕੋਈ ਆਪਣੇ ਸਾਥੀ ਨੂੰ ਬੀ ਨਹੀਂ ਸੰਭਾਲ ਸਕਦਾ।

ਛਪਯ:

ਬਨ ਟੁਟਤਿ, ਗਿਰ ਫਟਤਿ, ਛੁਟਤਿ ਧੀਰਜ ਸੁ ਧਰਨ ਤਨ[1]।

[1]ਜੰਗਲਾਂ ਦੇ ਬ੍ਰਿੱਛ ਟੁਟਦੇ ਹਨ, ਪਹਾੜ ਫਟਦੇ ਹਨ ਤੇ ਧਰਤੀ ਦੇ ਦੇਹ ਧਾਰੀਆਂ ਦੇ ਧੀਰਜ ਛੁੱਟ ਜਾਂਦੇ ਹਨ।

ਦਿੱਗਜ ਦਿਗ ਕਲਮਲਤਿ, ਹਲਤਿ ਤਲ ਸ਼ੇਖਨਾਗ ਮਨ[1]।

[1]ਦਿਗਪਾਲ ਹਾਥੀ ਕਲਮਲਾ ਜਾਂਦੇ ਹਨ, (ਪ੍ਰਿਥਵੀ ਦੇ) ਹੇਠ (ਪਾਤਾਲ ਵਿਚ) ਸ਼ੇਸ਼ਨਾਗ ਦਾ ਮਨ ਹਿੱਲ ਜਾਂਦਾ ਹੈ।

ਉਡਿਯ ਰੇਨ ਹਯ ਖਰਨਿ, ਸੂਰ ਬਰ ਕਹੂੰ ਲੁੱਕ ਗਿਯ[1]।

[1]ਘੋੜਿਆਂ ਦੇ ਖੁਰਾਂ ਨਾਲ ਐਸੀ ਮਿੱਟੀ ਉਡਦੀ ਹੈ ਕਿ ਸ਼੍ਰੇਸ਼੍ਟ ਸੂਰਜ ਹੁਰੀਂ ਬੀ (ਮਾਨੋਂ) ਕਿਤੇ ਲੁਕ ਗਏ (ਜਾਪਦੇ ਹਨ)।

ਬਿਭੀਛਨ ਭਹਿਰਤਿ ਮੂੰਦਿ, ਗੜ ਦ੍ਵਾਰ ਦੁਰਤਿ ਭਯੋ[1]।

[1]ਬਿਭੀਖਨ ਭੈ ਭੀਤ ਹੋਕੇ (ਲੰਕਾ) ਗੜ ਦਾ ਦੁਆਰ ਬੰਦ ਕਰ ਲੈਂਦਾ ਹੈ ਤੇ ਭੈ ਨਾਲ ਲੁਕ ਜਾਂਦਾ ਹੈ।

ਕਰ ਗਹਿ ਕ੍ਰਿਪਾਣ ਗੋਬਿੰਦ ਗੁਨ, ਜਬਿ ਸਲੋਹ ਪੱਖਰ ਸਜਤਿ[1]।

[1]ਹਥ ਵਿਚ ਤਲਵਾਰ ਪਕੜਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰ ਧਾਰੀ ਹੋਕੇ (ਘੋੜੇ ਦੀ) ਕਾਠੀ ਤੇ (ਆਕੇ) ਸਜਦੇ ਹਨ।

ਕਲਮਲਤਿ ਹਰਤਿ ਪੁਰ ਚੱਕਵੈ, ਸੁ ਘਰਨ ਛਾਡ ਘਰ ਤੇ ਭਜਤਿ[1] ॥੨੫॥

[1]ਚੱਕ੍ਰਵਰਤੀ (ਇਹ ਸਮਝਕੇ ਕਿ ਸਾਡੇ) ਸ਼ਹਿਰ ਹੁਣੇ ਹਰਦੇ ਹਨ, ਘਾਬਰਦੇ ਵਹੁਟੀਆਂ ਨੂੰ ਬੀ ਛਡਕੇ ਘਰਾਂ ਤੋਂ ਉੱਠ ਭਜਦੇ ਹਨ। (ਅ) ਕਲਮਲਤ ਹਰਤਿ=ਘਬਰਾਕੇ ਤੇ ਸਾਵੇ ਪੀਲੇ ਹੋਕੇ...।

ਕਬਿੱਤ:

ਸਤਿਜੁਗ ਬਾਵਨ ਸਰੂਪ ਹ੍ਵੈ ਨ ਉਪਜਤਿ,
'ਬਲਿ' ਕਰ ਜੱਗਹ ਸੁਰਪੁਰਿ ਦੈਂਤ ਬਾਸਤੇ[1]।

[1]ਬਲਿ ਦੇ ਜੱਗ ਕਰਨ ਨਾਲ ਦੈਂਤ ਸੁਰਗਾਂ ਵਿਚ ਜਾ ਵੱਸਦੇ।

ਭਨਤਿ ਸੰਤੋਖ ਸਿੰਘ ਤ੍ਰੇਤੇ ਜੇ ਨ[1] ਰਾਮਚੰਦ,
ਰਾਵਨ ਕੋ ਰਾਜ ਰਹੇ ਕੋਊ ਨ ਬਿਨਾਸ਼ਤੇ[1]।

[1]ਜੇ ਨਾਂ (ਹੁੰਦੇ)। [2]ਰਾਵਨ ਦਾ ਰਾਜ ਰਹਿੰਦਾ ਸਦਾ ਹੀ ਤੇ (ਰਾਖਸ਼) ਕਦੇ ਨਾ ਨਾਸ਼ ਹੁੰਦੇ।

ਦ੍ਵਾਪੁਰਿ ਮੈਂ ਸ਼ਯਾਮਘਨ ਹੋਤੇ ਨ ਕਰਤਿ ਕੌਨ,
ਦੋਖੀਨ ਕੋ ਦੁਖ, ਸੁਖ ਸੰਤਨ ਕੇ ਵਾਸਤੇ।
ਤੈਸੇ ਕਲੀ ਕਾਲ ਮਾਹਿਂ ਗੁਰੂ ਰੂਪ ਹੋਵਤਿ ਨ,
ਕੌਨ ਹਿੰਦਾਵਨੋ ਰਾਖਿ ਧ੍ਰਮ ਕੋ ਪ੍ਰਕਾਸ਼ਤੇ[1] ॥੨੬॥

[1]ਹਿੰਦੂਆਂ ਦੇ ਧਰਮ ਨੂੰ ਰੱਖਕੇ ਧਰਮ ਦਾ ਕੌਣ ਪ੍ਰਕਾਸ਼ ਕਰਦਾ।

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਹੋਵਤੀ[1] ਕੁਚੀਲਤਾ ਕਿਤਾਬਨਿ ਕੁਰਾਨ ਕੀ।

[1]ਭਾਵ ਫੈਲ ਜਾਂਦੀ।

ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ[1],
ਬਰਨ ਗ਼ਰੱਕ ਜਾਤੇ[2] ਸਹਿਤ ਬਿਧਾਨ ਕੀ[3]।

[1]ਧਰਮ ਗ਼ਰਕ ਹੋ ਜਾਂਦੇ। [2]ਡੁੱਬ ਜਾਂਦੇ। [3]ਬਿਧੀਆਂ ਸਹਤ।

ਦੇਵੀ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜਉਪੈ ਕਰੁਣਾ ਨਿਧਾਨ ਕੀ ॥੨੭॥
ਰਾਮ ਛੱਤ੍ਰਿ, ਬੰਧ ਪਰ, ਰਾਮ ਦਸਕੰਧ ਪਰ,
ਰਾਮ ਜਰਾਸਿੰਧ ਪਰ, ਤ੍ਰੈਜਜੋਂ ਨਰ ਸਿੰਘ ਹੈਂ[1]।

[1]ਜਿਵੇਂ) ਪਰਸ ਰਾਮ ਛੱਤ੍ਰੀਆਂ ਦੇ ਬੰਨ੍ਹਣ (ਜਾਂ ਮਰਨ) ਪਰ, ਰਾਮ ਜਿਵੇਂ ਰਾਵਣ ਉਤੇ, ਬਲਰਾਮ ਜਿਵੇਂ ਜਰਾਸੰਧ ਉਤੇ, ਜਿਵੇਂ ਤਿੰਨੇ ਨਰਾਂ ਵਿਚ ਸਿੰਘ ਹੈਨ, ਭਾਵ ਨਰ ਸ਼ਿਰੋਮਣ ਹਨ। (ਅ) ਬੰਧੁ ਛੱਤ੍ਰੀ=ਨੀਚ ਛੱਤ੍ਰੀ।

ਰੁੱਦ੍ਰ ਜਿਉਂ ਮਾਰ ਪਰ[1], ਬੈਨਤੇਯ ਮਾਰ ਪਰ[2],
ਪੌਨ ਦੀਪਮਾਰ ਪਰ[3], ਮਾਰ ਪਰ ਸਿੰਘ ਹੈ[4]।

[1]ਜਿਵੇਂ ਸ਼ਿਵ ਜੀ ਕਾਮ ਉਤੇ। [2]ਗਰੁੜ ਸੱਪਾਂ ਉਤੇ। [3]ਹਵਾ ਜਿਵੇਂ ਦੀਪਮਾਲਾ ਪਰ। (ਅ) ਦੀਵੇ ਦੀ ਲਾਟ ਪਰ। [4]ਸ਼ੇਰ ਜਿਵੇਂ ਸ਼ਿਕਾਰ ਪਰ।

ਸੂਰ ਤਮ ਬ੍ਰਿੰਦ ਪਰ[1], ਸੂਰਰਣ ਦੁੰਦ ਪਰ[2],
ਸੂਰਦਿੱਤੀ ਨੰਦ ਪਰ[3], ਦੂਜੇ ਨਰਸਿੰਘ ਹੈ[4]।

[1]ਸੂਰਜ ਸਾਰੇ ਹਨੇਰੇ ਉਤੇ। [2]ਸੂਰਮਾਂ ਦੁੰਦ ਜੁੱਧ ਪਰ। [ਦੁੰਦ=ਦੋਂਹ ਪੁਰਸ਼ਾਂ ਦਾ ਪਰਸਪਰ ਜੁੱਧ। (ਅ) ਇਸ ਤੋਂ ਵੱਧ ਵੈਰੀਆਂ ਦੇ ਮੁਕਾਬਲੇ ਤੇ ਇਕੱਲਾ ਜੁੱਟ ਜਾਣਾ]। [3]ਸੂਰ (ਬ੍ਰਾਹ ਅਵਤਾਰ) ਹਰਿਨਕੱਸ਼ਯਪ ਪੁਰ। [4]ਦੂਜੇ (=ਹਿਰਨਕੱਸ਼ਯਪ ਦੇ ਦੂਜੇ ਭਰਾ ਹਰਨਾਕਸ਼ ਪਰ ਜਿਵੇਂ) ਨਰਸਿੰਘ ਸੀ।

ਕਾਲ ਸਰਬੰਸ ਪਰ[1], ਦਾਵ ਬਨ ਬੰਸ ਪਰ[2],
ਤਜੋਂ ਮਲੇਛ ਬੰਸ ਪਰ[3] ਸ੍ਰੀ ਗੁਬਿੰਦ ਸਿੰਘ ਹੈਂ ॥੨੮॥

[1]ਕਾਲ ਜਿਵੇਂ ਸਭਨਾਂ ਪਰ। [2]ਦਾਵਾ ਅਗਨੀ ਬਾਸਾਂ ਦੇ ਬਨ ਪਰ। [3]ਮਲੇਛਾਂ ਦੇ ਬੰਸ ਪਰ।

ਦੋਹਰਾ:

ਸ੍ਰੀ ਗੁਰ ਦਸਹੁਂ ਸਰੂਪ ਕੀ, ਮਹਿਮਾ ਮਹਾਂ ਮਹਾਨ।

ਕਹਤਿ ਜਥਾ ਮਤਿ ਜੇ ਸੁ ਕਵਿ, ਪਠਤਿ ਸੁਨਤਿ ਦੁਖ ਹਾਨਿ ॥੨੯॥
ਸੀਪ ਨ ਸਿੰਧ ਉਲੀਚੀਏ[1], ਰਜ ਕਨ ਗਿਨੇ ਨ ਜਾਹਿਂ।
[1]ਸਿੱਪੀ ਨਾਲ ਸਮੁੰਦਰ ਝੱਟਿਆ ਨਹੀਂ ਜਾ ਸਕਦਾ।
ਸ਼੍ਰੀ ਗੁਰ ਗੋਬਿੰਦ ਸਿੰਘ ਕੀ[†], ਮਹਿਮਾਂ ਪਾਰ ਨ ਪਾਹਿ ॥੩੦॥
[†]ਪਾ:-ਸ਼੍ਰੀ ਗੁਬਿੰਦ ਸਿੰਘ ਕੀ ਕਥਾ।
ਬਾਂਛਤਿ ਸੁਖ ਪਰਲੋਕ ਜੇ[1], ਸ਼ੁਭ ਗਨ ਸੁਨਿ ਲੇਂ ਧਾਰਿ[2]।
[1]ਜੋ) ਪ੍ਰਲੋਕ ਦੇ ਸੁਖ ਚਾਹੁੰਦੇ ਹਨ ਤੇ...। [2]ਜੋ ਧਾਰ ਲੈਂਦੇ ਹਨ।
ਤਿਨ ਪ੍ਰਸੰਨ ਹਿਤ ਗੁਰ ਕਥਾ, ਮੈਂ ਬਰਨੀ ਬਿਸਤਾਰ ॥੩੧॥
ਮਹਿਖ[1], ਕੋਲ[2], ਖਰ[3], ਸ੍ਵਾਨ[4] ਮਿਲਿ; ਚਹੈਂ ਮਲਿਨ ਕਰਿ ਗੰਗ।
[1]ਮਹੇਂ। [2]ਸੂਰ। [3]ਗਧੇ। [4]ਕੁੱਤੇ।
ਤਿਮ ਬਾਦੀ ਗੁਰ ਕਥਾ ਕੋ, ਚਲੈ ਨ ਬਸ ਕੁਛ ਸੰਗ ॥੩੨॥
ਪਰ ਗੁਨ ਨਹੀਂ ਸਰਾਹਿਤੇ, ਅਪਨੇ ਮਹਿਂ ਗੁਨ ਨਾਹਿ।
ਇਹਾਂ ਤਪੇ ਚਿਤ ਦੁਖ ਲਹੈਂ[1], ਮਰਹਿ ਨਰਕ ਮਹਿ ਪਾਹਿਂ ॥੩੩॥
[1]ਇੱਥੇ ਆਪਣੇ ਚਿਤ ਨੂੰ ਤਪਾਕੇ ਦੁੱਖ ਲੈਂਦੇ ਹਨ (ਓਹ)।
ਰੁਤ ਪੂਰਨ ਅਬਿ ਪੰਚਮੀ, ਕਵਿ ਸੰਤੋਖ ਸਿੰਘ ਕੀਨਿ।
ਗੁਰ ਜਸ ਕਵਿਨਿ ਕਬਿੱਤ ਇਹ, ਖੋਜਿ ਖੋਜਿ ਲਿਖਿ ਦੀਨਿ ॥੩੪॥
ਪਠਹੁ ਸੁਨਹੁ ਸ਼ਰਧਾ ਧਰਹੁ, ਹਰਹੁ ਭਰਮ, ਕਰਿ ਪ੍ਰੇਮ।
ਪਰਹੁ[†], ਸੁਮਗ, ਸਿਮਰਨ ਕਰਹੁ, ਲਹਹੁ ਸੁਗਮ ਹੀ ਛੇਮ ॥੩੫॥ [†]ਪਾ:-ਪਠਹੁ।
ਸਭਿਨਿ ਸੰਗ ਮਮ ਬੰਦਨਾ, ਸੁਨਹੁਂ ਕ੍ਰੋਧ ਨਹਿਂ ਧਾਰਿ।
ਜਹਾਂ ਭੂਲ ਮੋ ਤੇ ਪਰੀ, ਪਠੀਯਹਿ ਆਪ ਸੁਧਾਰਿ[†] ॥੩੬॥
[†]ਇਸ ਰੁਤ ਦੇ ਸਾਰੇ ਅੰਸੂ ਅਸਲ ਵਿਚ ੫੨ ਹੀ ਠੀਕ ਹਨ ਪਰ ਛਾਪੇ ਤੇ ਲਿਖਤੀ ਨੁਸਖਿਆਂ ਵਿਚ ੨੩ ਤੇ ੨੪ ਅੰਸੂ ਦੇ ਅੰਤ ਥਾਈਂ ੨੩ ਅੰਸੂ ਦੇਕੇ ਇਕ ਅੰਕ ਘਟਾਕੇ ਸਾਰੇ ੫੧ ਲਿਖੇ ਹਨ। ਅਸਾਂ ਇਹ ਅਸ਼ੁੱਧੀ ਸ਼ੁੱਧ ਕਰਕੇ ਪਾਠਕਾਂ ਦੀ ਸੁਖੈਨਤਾ ਲਈ ਇਸ ਦੇ ਅੰਕ ਤਰਤੀਬਵਾਰ ਕਰ ਦਿੱਤੇ ਹਨ।
ਗਿਰਾ ਕਰਨਿ ਅਪਨੀ ਸਫਲ, ਜੁਗ ਲੋਕਨਿ ਸੁਖ ਹੇਤ।
ਗੁਰੂ ਕਥਾ ਬਰਨਨ ਕਰੀ, ਚਾਰ ਪਦਾਰਥ ਦੇਤਿ ॥੩੭॥
ਜੀਵਤਿ ਜਗ ਮਹਿਂ ਸੁਖ ਦਏ, ਬਾਂਛਤਿ ਪ੍ਰਾਪਤਿ ਕੀਨਿ।
ਰਿਦੈ ਭਰੋਸ ਪ੍ਰਲੋਕ ਕੋ, ਹੋਇਂ ਸਹਾਇ ਪ੍ਰਬੀਨ[1] ॥੩੮॥
[1]ਰਿਦੈ ਵਿਚ ਭਰੋਸਾ ਹੈ ਕਿ ਪ੍ਰਲੋਕ ਵਿਚ ਸਹਾਈ ਹੋਣਗੇ ਸਕਲ ਗੁਣ ਸੰਪੰਨ (ਗੁਰੂ ਜੀ) [ਪ੍ਰਬੀਨ=ਗੁਣ ਸੰਪੰਨ, ਭਾਵ ਸਕਲ ਗੁਣ ਸੰਪੰਨ]। ਦੇਖੋ ਅਗਲੀ ਰੁਤ ਅੰਸੂ ੧ ਅੰਕ ੪ ਤੇ ੫ ਵਿਚ ਇਹੋ ਖਿਆਲ ਫੇਰ ਆਇਆ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ ਗੁਰ ਜਸ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਗੁਰ ਮਹਿਮਾ ਕਬਿੱਤ' ਪ੍ਰਸੰਗ ਨਾਮ ਦੁਇ ਪੰਚਾਸਤੀ ਅੰਸੂ ॥੫੨॥

[ਪੰਜਵੀਂ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰੁਤਿ ਛੇਵੀਂ Rut 6

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji's
## Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰੁਤਿ ਛੇਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਕਰਿ ਆਗੈ ਨਿਜ ਸੀਸ ਝੁਕਾਯੋ ॥੪੭॥
ਤਬਿ ਸਤਿਗੁਰ ਤਿਸ ਕੋ ਕਰ ਗਹਜੋ।
'ਬੰਧਿ ਮੁਸ਼ਟ ਦਿਢ[1] ਸ੍ਰੀ ਮੁਖ ਕਹਜੋ।
'ਅਧਿਕ ਜ਼ੋਰ ਤੇ ਗਾਢੀ ਕੀਜੈ[1]।
ਨਹੀਂ ਖਜ਼ਾਨਾ ਖੋਲਨ ਕੀਜੈ' ॥੪੮॥
ਸੁਨਿ ਕ੍ਰਿਪਾਲ ਬੂਝਜੋ ਬੰਦਿ ਹਾਥ।
'ਰਾਖਨ ਹੀ ਭਾਖਜੋ ਅਬਿ ਨਾਥ[1] !
-ਕਬਹੂੰ ਖੁਲਹਿ- ਸੋ ਭੀ ਬਚ ਕਹੀਏ[1]।
ਕਰੁਨਾ ਕਰਤਿ ਇਨਹੁ ਪਰ ਰਹੀਏ' ॥੪੯॥
ਸ੍ਰੀ ਮੁਖ ਕਹਜੋ ਸੁਨਹੁ ਸੋ ਕਾਨ[1]।
ਦਸਮ ਗੁਰੂ ਬਚ ਕੀਨ ਬਖਾਨ।
'ਤੁਵ ਗਾਦੀ ਪਰ ਦਸਮੋ ਥਿਰੇ।
ਸੁਉ ਖਜ਼ਾਨਾ ਖੋਲਨਿ ਕਰੇ' ॥੫੦॥
ਕਹੈ ਕਵੀ ਅਬਿ ਲੌ ਸੋ ਧਰੈਂ।
ਨਹੀਂ ਕੋਸ਼ ਤੇ ਖਰਚਨ ਕਰੈਂ।
ਪੰਚ ਗ੍ਰਾਮ ਕੇ ਤਬਹਿ ਬੁਲਾਏ।

[1]ਮੁੱਠੀ ਚੰਗੀ ਤਰ੍ਹਾਂ ਘੁੱਟਕੇ ਰੱਖੋ।
[1]ਭਾਵ ਪੱਕੀ ਗੰਢ ਦੇ ਲਓ।
[1]ਆਪ ਨੇ ਰੱਖਣ ਵਾਸਤੇ ਹੀ ਕਿਹਾ ਹੈ ਹੇ ਨਾਥ ਕਿ।
[1]ਕਦੇ ਖੁੱਲ੍ਹੇਗਾ ਵੀ, ਉਹ ਬੀ ਬਚਨ ਕਹੋ।
[1]ਕਵੀ ਜੀ ਕਹਿੰਦੇ ਹਨ ਕਿ ਹੇ ਸ੍ਰੋਤਾ ਜਨੋ!) ਜੋ ਸ੍ਰੀ ਮੁਖੋਂ ਕਿਹਾ ਸੀ ਓਹ ਕੰਨ ਦੇਕੇ ਸੁਣੋ।

ਕਹ੍ਯੋ[1] ਕਿ 'ਮੰਜਾ ਲੇਹੁ ਉਚਾਏ' ॥੫੧॥
ਸੁਨਿ ਚਾਰਹੁੰ ਨੇ ਪਲੰਘ ਉਠਾਵਾ।
ਗਮਨ ਕੀਨਿ ਡੇਰੇ ਨਿਕਸਾਵਾ[1]।
ਗੁਰੂ ਕਹ੍ਯੋ 'ਇਕ ਦਿਸ਼ ਤੇ ਨੀਵੋਂ।
ਸਮ ਹੁਇ ਚਲਹੁ ਨ ਬਿਖਮੀ ਥੀਵੋ' ॥੫੨॥
ਕਹਿ ਰਾਹਕ 'ਛੋਟਾ ਮਮ ਤਨ ਹੈ।
ਤ੍ਰੈ ਲਾਂਬੈ, ਯਾਂ ਤੇ ਅਨਬਨ ਹੈ।'
ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰਾ।
ਸਮ ਬਨ ਜਾਹੁ[1] ਜਿਨਹੁਂ ਸਿਰ ਧਾਰਾ' ॥੫੩॥
ਭਯੋ ਬਚਨ ਤੇ ਤਿਨ ਸਮ ਤਤਛਿਨ।
ਦੇਖਿ ਸਕਲ ਤਬਿ ਬਿਸਮਤਿ ਬਹੁ ਮਨ।
ਲਗ੍ਯੋ ਕ੍ਰਿਪਾਲ ਪੰਚ ਸਿਰ[1] ਧਾਰੇ।
ਸਿੰਘ ਸੰਗ ਹੁਇ ਪੰਥ ਪਧਾਰੇ ॥੫੪॥
ਇਕ ਜੱਟੀ ਭੱਟੀ ਤਿਸ ਨਾਇ।
ਤਰ ਪ੍ਰਯੰਕ ਸਿਰ ਦੀਨਸਿ ਧਾਇ।
ਪਿਖਿ ਗੁਰ ਭਾਖ੍ਯੋ 'ਦੇਹੁ ਹਟਾਈ[†]।
ਕਯਾ ਮਾਂਗਤਿ ਬੂਝਹੁ ਇਸ ਤਾਈਂ?' ॥੫੫॥
ਦਯਾ ਸਿੰਘ ਤਬਿ ਕਰੀ ਹਟਾਵਨ।
'ਕਯਾ ਜਾਚਹਿ ਕਹੁ ਕਰੀਅਹਿ ਪਾਵਨ[1]।'
ਸੁਨਿ ਕਰਿ ਬੋਲੀ ਉਰ ਅਹਿਲਾਦੀ।
'ਕਹੋ ਮੋਹਿ ਸੁਤ ਕੀ ਹੁਇ ਸ਼ਾਦੀ' ॥੫੬॥
ਤਬਿ ਗੁਰ ਭਨ੍ਯੋਂ 'ਬੰਸ ਬਿਰਧੈ ਹੈ।
ਸਪਤ ਸਪਤ ਸ਼ਾਦੀ ਕਰਵੈ ਹੈਂ।'
ਹਟੀ ਸੁ ਰਿਦੇ ਅਨੰਦਹਿ ਧਰੇ।
ਤਿਹ ਸੁਤ ਤੀਨ ਬਜਾਹੁ ਪੁਨ ਕਰੇ ॥੫੭॥
ਪੋਤ੍ਰੇ ਸਪਤ ਬਜਾਹੁ ਕਰਿਵਾਏ।
ਸੋ ਹਮ ਦੇਖੇ ਲਿਖੇ ਬਨਾਏ।

[1]ਕ੍ਰਿਪਾਨ ਨੇ) ਕਿਹਾ।

[1]ਨਿਕਲਿਆ (ਪਲੰਘ)।

[1]ਬਰੱਬਰ ਦਾ ਹੋ ਜਾ।

[1]ਪੈਂਚਾਂ ਦੇ ਨਾਲ ਕ੍ਰਿਪਾਲ ਬੀ ਮੰਜਾ ਸਿਰ ਚਾਉਣ ਵਿਚ ਲੱਗ ਪਿਆ।

[†]ਤ੍ਰੀਮਤ ਤੇ ਤਰਸ ਕਰਕੇ ਕਿ ਇਹ ਔਖਾ ਕੰਮ ਨਾ ਕਰੇ।

[1]ਆਖ ਤੇ (ਗੁਰੂ ਜੀ ਤੋਂ) ਪਾਵਨਾ ਕਰ।

ਇਮ ਸਤਿਗੁਰ ਕੇ ਸ੍ਰਾਪ ਕਿਧੌਂ ਬਰ।
ਬਿਦਤ ਜਾਨੀਯਹਿ ਜਹਿਂ ਕਹਿਂ ਧਰਿ ਪਰ
॥੫੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼੍ਰੀ ਗੁਰੂ ਪਯਾਨ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

## ੪੯. [ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ। ਰਾਇ ਕੱਲ੍ਹੇ ਦੇ ਧਰਮ ਦੀ ਵਿਥਯਾ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਆਗੇ ਗਮਨੇ ਸਤਿਗੁਰੂ, ਉਲੰਘੇ ਕੇਤਿਕ ਕੋਸ।
ਜਗਰਾਵਾਂ ਪੁਰਿ ਕੋਟ ਕੋ, ਰਾਇ ਹੁਤੋ ਬਡ ਹੋਸ਼[1] ॥੧॥

[1]ਰਾਇਕੋਟ ਜਗਰਾਵਾਂ ਨਗਰ (ਦਾ ਰਾਇ) ਵੱਡਾ ਦਾਨਾ (ਆਦਮੀ) ਸੀ। ਮੁਰਾਦ ਇਹ ਹੈ ਕਿ 'ਕੱਲਾ' ਗੁਰੂ ਜੀ ਦਾ ਸਿੱਖ ਸੀ ਜੋ ਅੱਗੇ ਜਾਕੇ ਦੱਸਣਗੇ। [ਦੇਖੋ ਅੰਸੂ ੫੩ ਅੰਕ ੩-ਦਾਸ ਕਦੀਮੀ ਰਾਵਰ ਕੇਰਾ]। ਰਾਇਕੋਟ ਜਗਰਾਵਾਂ ਦੀ ਤਸੀਲ ਵਿਚ ਹੈ।

ਨਿਸ਼ਾਨੀ ਛੰਦ:

ਜਨਮ ਤੁਰਕ ਹਿੰਦੂ ਧਰਮ, ਜਿਨ ਧਾਰਨ ਕੀਨਾ।
ਦਯਾ ਧਰਮ ਪੁੰਨਜਾਤਮਾ, ਸ਼ੁਭ ਮਗ ਮਨ ਭੀਨਾ।
ਸਕਲ ਭੇਵ ਗੁਰਦੇਵ ਕੋ, ਸੁਨਿ ਸੇਵ ਉਮਾਹਾ।
ਲੈ ਸੈਨਾ ਸੰਗ ਤੀਨ ਸੈ, ਚਲਿ ਦਰਸ਼ਨ ਚਾਹਾ ॥੨॥
ਆਇ ਅਗਾਰੀ ਸੋ ਮਿਲ੍ਯੋ, ਅਵਿਲੋਕੇ ਸ੍ਵਾਮੀ।
ਨੀਲੇ ਬਸਤ੍ਰ ਪ੍ਰਯੰਕ ਪਰ, ਥਿਰ ਅੰਤਰਜਾਮੀ।
ਤਜ੍ਯੋ ਤੁਰੰਗਮ ਦੂਰ ਹੀ, ਪਾਇਨ ਸੋ ਆਯੋ।
ਹਾਥ ਜੋਰਿ ਸਨਮੁਖ ਗਯੋ, ਬਹੁ ਸੀਸ ਨਿਵਾਯੋ ॥੩॥
ਕਦਮ ਪਦਮ ਸਮ ਸੁਖ ਸਦਨ[1], ਪਰਸੇ ਕਰ ਦੋਊ।

[1]ਕਵਲਾਂ ਵਰਗੇ ਚਰਨ ਸੁਖ ਦਾ ਘਰ।

ਬਦਨ ਬਿਲੋਚਨ ਭਾਲ ਪਰ, ਫਿਰ ਫੇਰਤਿ ਸੋਊ।
'ਆਪ ਸਾਥ ਰਣ ਗਾਥ ਬਡ, ਹੇ ਨਾਥ! ਅਸੰਭੈ[1]।

[1]ਹੇ ਨਾਥ ਆਪ ਸਾਥ (ਤੁਰਕਾਂ ਦੇ) ਰਣ ਦੀ ਗਾਥਾ ਬੜੀ ਨਾਮੁਨਾਸਬ ਹੈ, ਭਾਵ ਤੁਰਕਾਂ ਨੂੰ ਆਪ ਨਾਲ ਲੜਨਾ ਨਹੀਂ ਸੀ ਚਾਹੀਦਾ।

ਤਊ ਬਿਲੋਕਿ ਬਹਾਦਰੀ, ਸਭਿ ਤੁਰਕ ਅਚੰਭੈ ॥੪॥

ਕਰਾਮਾਤ ਸਾਹਿਬ ਬਡੇ, ਸਮਰਥ ਸਭਿ ਭਾਂਤੀ।
ਚਹੋ ਬਨਾਵੋ ਛਿਨਕ ਮਹਿਂ, ਅਨਬਨ ਬਨਿ ਜਾਤੀ।
ਨਰ ਲੀਲਾ ਕਲਿ ਕਾਲ ਕੀ, ਕਰਿ ਜਗ ਦਿਖਰਾਵੋ।
ਹਰਖ ਸ਼ੋਕ ਨਹਿਂ ਬਜਾਪ ਹੀ, ਤਿਲ ਲੇਪ ਨ ਲਾਵੋ ॥੫॥
ਹਮ ਲੋਕਨ ਕੌ ਦੀਖਤੀ, ਜਬਰੀ ਤੁਰਕੇਸ਼ਾ।
ਕਰਜੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦ੍ਵੈਸ਼ਾ।'
ਸੁਨਿ ਕੈ ਸ਼੍ਰੀ ਮੁਖ ਤੇ ਕਹਜੋ, 'ਇਮ ਹੋਵਨਹਾਰੀ।
ਮਿਟਤਿ ਨ ਕੋਟ ਉਪਾਵ ਤੇ, ਨਰ ਹ੍ਵੈ ਕੈ ਨਾਰੀ ॥੬॥
ਮਾਨਨੀਯ ਸਭਿ ਸੀਸ ਪਰ, ਸੁਰ ਅਸੁਰਨਿ ਕੇਰੀ।
ਨਰ ਬਪੁਰੇ ਕੀ ਕਹਾਂ ਗਤਿ, ਜੋ ਫੇਰੈ ਹੇਰੀ[1]।'
ਬਹੁਰ ਕਹਜੋ ਸ਼੍ਰੀ ਬਦਨ ਤੇ, 'ਸੁਨਿ ਕੱਲਾ ਰਾਉ।
ਹਯ ਅਰੂਢਿ ਗਮਨੀਜੀਏ, ਕੁਛ ਚਲੈਂ ਅਗਾਊ' ॥੭॥
ਮਾਨਿ ਹੁਕਮ ਕੋ ਹਯ ਚਢਜੋ, ਪੁਨ ਸਤਿਗੁਰ ਪਜਾਨੇ।
ਲੰਮੇ ਗ੍ਰਾਮ[†] ਪੁਨ ਪਹੁੰਚ ਕੇ, ਬਚ ਰਾਇ[1] ਬਖਾਨੇ।
'ਉਤਰਹੁ ਕਰਹੁ ਅਰਾਮ ਕੁਛ, ਆਏ ਬਹੁ ਦੂਰੀ।
ਮੁਝ ਪਰ ਕਰੁਨਾ ਕੀਜੀਅਹਿ, ਦ੍ਰਿਸ਼ਟੀ ਦਿਖਿ ਰੂਰੀ ॥੮॥
ਲੰਮੇ ਗ੍ਰਾਮ ਥਿਰੀਜੀਏ, ਆਯਹੁ ਮੈਂ ਸੰਗੀ।

[1]ਦੇਖਕੇ ਹਟਾਵੇ

[1]ਕੱਲਾ ਰਾਇ ਨੇ। [†]ਇਹ ਪਿੰਡ ਰਾਇ ਕੋਟ ਤੋਂ ਮੀਲ ਕੁ ਦੀ ਵਿੱਥ ਤੇ ਹੈ।

ਬੈਠਿ ਬਿਤਾਵਹੁ ਸਮਾ ਕੁਛ, ਮਮ ਪੁਰਹੁ ਉਮੰਗੀ।'
ਸੁਨਿ ਕਰਿ ਬੋਲੇ ਸਤਿਗੁਰੂ, 'ਕੋ ਸ਼ੀਘ੍ਰ ਬਿਸਾਲਾ[1]।
ਸੁਧਿ ਕੋ ਲਯਾਇ ਸਿਰੰਦ ਤੇ, ਮਗ ਜਾਇ ਉਤਾਲਾ ॥੯॥

[1]ਬੜੀ ਛੇਤੀ ਕੋਈ (ਜਾਕੇ)।

ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇਂ ਅਗਾਊ।
ਮਾਤਾ ਗੁਜਰੀ ਉਤ ਗਈ, ਮਗ ਪਾਇ ਨ ਕਾਊ[1]।'
ਕਹਿ ਕੱਲਾ 'ਸ੍ਰੀ ਪ੍ਰਭੁ ! ਸੁਨਹੁ, ਦਸ ਜੋਜਨ ਜਾਨਹੁਂ।
ਪੁਰਿ ਸਿਰੰਦ ਇਸ ਥਾਨ ਤੇ, ਸਭਿ ਕਰੌਂ ਬਖਾਨਹੁ ॥੧੦॥

[1]ਮਾਤਾ ਜੀ ਉਸ ਰਾਹ ਗਏ ਹਨ ਪਰ ਪਤਾ ਕੋਈ ਨਹੀ ਲੱਗਾ।

ਬਨਹਿ ਨ ਜਾਨ ਸਊਰ ਕੋ, ਲਖਿ ਤੁਰਕ ਪਛਾਨੈਂ[1]।

[1]ਦੇਖਕੇ (ਸੁਰਮੇ ਨੂੰ) ਤੁਰਕ ਪਛਾਣ ਲੈਣਗੇ।

ਇਕ ਮਾਹੀ ਹਮਰੇ ਰਹੈ, ਸੋ ਇਤੋ ਪਯਾਨੈ[1]।

[1]ਇਤਨਾ ਹੀ (੧੦×੪=੪੦ ਕੋਹ) ਟੁਰ ਸਕਦਾ ਹੈ (ਇਕ ਦਿਨ ਵਿਚ)।

ਹੁਕਮ ਕਰਹੁ ਭੇਜੈਂ ਤਿਸੈ, ਦਸ ਜੋਜਨ ਜਾਵੈ।
ਦਿਵਸ ਦੂਸਰੇ ਤਿਤਿਕ ਚਲਿ[1], ਸੁਧਿ ਆਨਿ ਸੁਨਾਵੈ' ॥੧੧॥

[1]ਤਿਤਨੀ ਭਾਵ ੪੦ ਕੋਹ ਹੀ ਚੱਲਕੇ।

'ਪਠਹੁ ਤਿਸੈ' ਸ਼੍ਰੀ ਗੁਰ ਕਹਯੋ, 'ਸੋ ਸ਼ੀਘ੍ਰ ਪਯਾਨੈ।
ਸੁਧਿ ਲੇ ਕਰਿ ਪੁਰਿ ਬੀਚ ਤੇ, ਪਹੁੰਚੈ ਇਸ ਥਾਨੈ।'
ਇਮ ਕਹਿ ਕੈ ਸ਼੍ਰੀ ਬਦਨ ਤੇ, ਉਤਰਾਇ ਪ੍ਰਯੰਕਾ।
ਥਿਰੇ ਤਿਸੀ ਥਲ ਮਹਿਂ ਤਬੈ, ਗੁਰ ਹੀਨ ਅਤੰਕਾ ॥੧੨॥
ਪਠਯੋ ਹਕਾਰ ਸੁ ਮਾਹਖੀ[1], 'ਚਲਿ ਸ਼ੀਘ੍ਰ' ਸਿਖਾਯੋ[2]।

[1]ਮਾਹੀ। [2]ਇਹ ਸਿਖਾਇਆ ਕਿ ਛੇਤੀ ਚੱਲੀਂ।

'ਬਖਸ਼ਹਿ ਧਨ ਬਿਨ ਬਿਲਮ ਜੇ, ਪਹੁੰਚਹਿ ਮਗ ਧਾਯੋ।'
ਹੁਤੋ ਸਮਾ ਤਬਿ ਪ੍ਰਾਤਿ ਕੋ, ਗਮਨਜੋ ਜਬਿ ਮਾਹੀ।
ਬਾਯੁ ਬੇਗ ਤੇ ਸ਼ੀਘ੍ਰ ਚਲਿ, ਧਾਯੋ ਮਗ ਮਾਂਹੀ ॥੧੩॥
ਸਭਿ ਲਸ਼ਕਰ ਤੁਰਕਾਨ ਕੋ, ਪਸਰਜੋ ਤਬਿ ਚਾਲਾ।
ਪੁਰਿ ਸਿਰੰਦ ਡੇਰੇ ਗਏ[1], ਬਿਸਮੰਤਿ ਬਿਸਾਲਾ।
ਕੇਚਿਤ ਕਹੈਂ 'ਨ ਗੁਰ ਲਹਜੋ, ਨਹਿਂ ਕਿਨਹੂੰ ਹੇਰਾ।
ਗਯੋ ਸਭਨਿ ਕੇ ਬੀਚ ਤੇ, ਗੁਰ ਬੀਰ ਬਡੇਰਾ' ॥੧੪॥
ਕੇਚਿਤ ਕਹਿਂ 'ਰਣ ਮਹਿਂ ਮਰਜੋ, ਨਹਿਂ ਦੇਖਜੋ ਜਾਈ।
ਲਾਖਹੁਂ ਲੋਥਨਿ ਬੀਚ ਤੇ, ਕਹੁ ਕਿਸ ਬਿਧਿ ਪਾਈ।'
ਇੱਤਜਾਦਿਕ ਬਹੁ ਬਾਰਤਾ, ਮਿਲਿ ਤੁਰਕ ਕਰੰਤੇ।
ਸਗਰੇ ਗਏ ਸਿਰੂੰਦ ਕੋ, ਬਹੁ ਸ਼ੋਕ ਬਧੰਤੇ ॥੧੫॥
ਪੁਰਿ ਪੁਰਿ ਘਰ ਘਰ ਰੁਦਨ ਹ੍ਵੈ, ਜਹਿਂ ਕੇ ਨਰ ਮਾਰੇ।
ਚਚਾ ਭਤੀਜਾ ਸੁਤ ਪਿਤਾ, ਕਿਹ ਭ੍ਰਾਤ ਸੰਘਾਰੇ।
ਸਸੁਰ ਜਮਾਤਾ ਸੁਸਾ ਸੁਤ, ਬਹਿਨੋਈ ਸਾਰੇ।
ਕੇਚਿਤ ਮਾਤੁਲ ਭਾਣਜੇ, ਬੰਧਪ ਹਤਿ ਡਾਰੇ ॥੧੬॥
ਜਹਿਂ ਕਹਿਂ ਜਾਤਿ ਸੁਨਾਵਨੀ[1], ਪੀਟਹਿਂ ਮਿਲਿ ਨਾਰੀ।

[1]ਤੁਰਕ ਦਲ ਦੇ ਡੇਰੇ ਸਿਰਹੰਦ ਚਲੇ ਗਏ।

[1]ਕਿਸੇ ਦੇ ਦੇਹਾਂਤ ਹੋਣ ਦੀ ਖਬਰ।

ਨਿਜ ਸਨਬੰਧੀ ਸਿਮਰ ਕਰਿ, ਗੁਨ ਗਨਨ ਉਚਾਰੀ[1]।
ਦਿੱਲੀ ਆਦਿਕ ਉਤ ਨਗਰ, ਇਤ ਲਵਪੁਰਿ ਰੋਵੈਂ।
ਕਾਬਲ ਅਰੁ ਕੰਧਾਰ ਲਗ, ਮਨ ਕਸ਼ਟ ਪਰੋਵੈਂ ॥੧੭॥
ਮਨਹੁਂ ਸ਼ੋਕ ਕੰਜਰ ਭਯੋ, ਗਨ ਬਾਂਧਿ ਅਖਾਰੇ।
ਨਿਰਤਿ ਕਰਾਵਤਿ ਥਾਨ ਬਹੁ, ਤੁਰਕਨ ਘਰ ਸਾਰੇ।
ਦੇਤਿ ਤਲੀਮਾ ਨਾਇਨੀ[1], ਗਾਵਤਿ ਸੇ ਗੀਤਾ।
'ਓਹ ਓਹ' 'ਹੈ ਹੈ' ਕਹਨਿ ਇਹ, ਇਮ ਤਾਲ ਪੁਰੀਤਾ ॥੧੮॥
ਭਾਲ ਰੁ ਛਾਤੀ ਉਰੂ ਪਰ, ਲਗ ਹਾਥ ਬਜੰਤੇ।
ਕਰਤਿ ਜਾਤਿ ਇਕ ਗਤ[1] ਸਕਲ, ਨਹਿਂ ਗਨ ਬਿਚਲੰਤੇ[2]।
ਉਠਤਿ ਨਾਦ ਰੋਦਨ ਬਡੋ, ਧੁਨਿ ਗੀਤ ਬਿਸਾਲੀ।
ਜਮ ਕੀ ਹੇਤੁ ਪ੍ਰਸੰਨਤਾ, ਮ੍ਰਿਤੁ ਕੀਨ ਖੁਸ਼ਾਲੀ[1] ॥੧੯॥
ਜਹਿਂ ਬਾਸਾ ਤੁਰਕਾਨ ਕੋ, ਤਹਿਂ ਸ਼ੋਕ ਪਸਾਰਾ।
ਮਨਹੁਂ ਜੀਤ[1] ਇਸ ਦੇਸ਼ ਕੋ, ਬਿਚ ਸੈਲ ਸਿਧਾਰਾ।
ਮੀਏਂ ਮਰੇ ਹਜ਼ਾਰ ਹੀ, ਰਾਣੇ ਅਰ ਰਾਜੇ।
ਗਿਰਬਾਸੀ ਰੋਦਤਿ ਘਨੇ, ਰਸ ਕਰੁਨਾ ਸਾਜੇ ॥੨੦॥
ਇਮ ਅਵਨੀ ਤਲ ਸ਼ੋਕ ਭਾ, ਜਹਿਂ ਕਹਿਂ ਸੁਧਿ ਜਾਈ।

[1]ਉਨ੍ਹਾਂ ਦੇ) ਬਹੁਤ ਗੁਣ ਉਚਾਰੇ ਹਨ।

[1]ਨੈਣਾਂ ਮਾਨੋਂ ਤਾਲੀਮਾਂ ਦੇਂਦੀਆਂ ਹਨ। (ਕੰਜਰੀਆਂ ਨੂੰ ਰਾਗ ਸਿਖਾਉਣ ਵਾਲੇ ਆਪਣੀ ਸਿੱਖਯਾ ਦੇਣ ਨੂੰ ਤਾਲੀਮ ਦੇਣੀ ਕਹਿੰਦੇ ਹਨ)। [ਅ:, ਤਅ਼ਲੀਮ=ਸਿੱਖਯਾ]।

[1]ਰਾਗ ਵਿੱਦਯਾ ਵਿਚ ਤਾਲ ਦੱਸਣ ਦਾ ਬੋਲ ਜੋ ਜੋੜੀ ਆਦਿ ਤੋਂ ਵਜਾਉਂਦੇ ਹਨ। [2]ਭਾਵ ਸਾਰੀਆਂ ਦਾ ਤਾਲ ਟੁੱਟਦਾ ਨਹੀਂ।

[1]ਮੌਤ ਨੇ ਖੁਸ਼ੀ ਕੀਤੀ ਹੈ।

[1]ਜਿੱਤਕੇ (ਸ਼ੋਕ)।

ਲਸ਼ਕਰ ਗਏ ਸਿਰੰਦ ਕੋ, ਬੋਲਤਿ ਬਿਸਮਾਈ।
ਗੁਰ ਸੋਂ ਲਰਨ ਕਰਾਮਤਿ ਅਹੈ, ਭਟ ਪੁੰਜ ਖਪਾਏ।
ਤਊ ਨ ਪਕਰਜੋ ਕਿਨਹੁੰ ਰਣ, ਹਤਿ ਸੁਭਟ ਸਿਧਾਏ ॥੨੧॥
ਇੱਤਯਾਦਿਕ ਸਭਿ ਦੇਸ਼ ਮਹਿਂ, ਪਸਰਯੋ ਬਡ ਰੌਰਾ।
ਰੋਦਤਿ ਪੀਟਤਿ ਕਸ਼ਟ ਬਡ, ਜਗ ਠੌਰਹਿਂ ਠੌਰਾ।
ਤਬਿ ਮਾਹੀ ਗਮਨਯੋਂ ਗਯੋ, ਸੀਰੁੰਦ ਪੁਰਿ ਮਾਂਹੀ।
ਸੁਧਿ ਸਗਰੀ ਕੋ ਸੁਨਤਿ ਭਾ, ਬੀਤੀ ਜਿਮ ਆਹੀ ॥੨੨॥
ਸਤਿਗੁਰ ਥਿਰੇ ਪ੍ਰਭਾਤਿ ਤੇ, ਬੈਠੇ ਢਿਗ ਰਾਊ।
ਕਰਹਿਂ ਜੁੱਧ ਕੀ ਬਾਰਤਾ 'ਜੜ੍ਹ ਤੁਰਕਨ ਰਾਊ[1][†]।'

[1]ਤੁਰਕਾਂ ਦਾ ਰਾਜਾ (ਨੌਰੰਗਾ) ਮੂਰਖ ਹੈ। (ਅ) ਜੜ੍ਹ ਤੁਰਕ ਨਾ ਰਾਊ=ਤੁਰਕਾਂ ਦੀ ਜੜ੍ਹ ਨਹੀਂ ਰਹੇਗੀ। [†]ਪਾ:-ਜੜ੍ਹ ਤੁਰਤ ਖਪਾਊ।

ਸਚਿਵ ਆਦਿ ਗਨ ਰਾਇ ਕੇ[1], ਕਹਿਂ ਰਾਇ ਤਰੀਫੰ।

[1]ਕੱਲਾਰਾਇ ਦੇ ਵਜ਼ੀਰ।

'ਸ਼੍ਰੀ ਗੁਰ ! ਇਹ ਧਰਮਾਤਮਾ, ਹਤਿ ਦੁਸ਼ਟ ਹਰੀਫੰ[1] ॥੨੩॥

[1]ਦੁਸ਼ਟ ਵੈਰੀ ਮਾਰੇ ਹਨ (ਇਸ ਨੇ)।

ਨਗਰ ਤਿਹਾੜਾ[†] ਬਡ ਬਸੈ, ਲਾਖਹੁੰ ਨਰ ਜਾਂਹੀ।

[†]ਇਕ ਪਾਸੇ ਸਤਲੁਜ ਦੂਜੇ ਪਾਸੇ ਮਾਲਵਾ ਤੇ ਤੀਜੇ ਪਾਸੇ ਪੁਆਧ, ਤ੍ਰੈਹਾਂ ਦੇ ਵਿਚ ਦਾ ਇਲਾਕਾ ਜੋ ਜਗਰਾਵਾਂ ਦੀ ਤਸੀਲ ਵਿਚ ਹੈ। ਪਹਿਲੋਂ ਇਸ ਨਾਮ ਦਾ ਇਥੇ ਨਗਰ ਸੀ ਜੋ ਸਤਲੁਜ ਨੇ ਢਾਹ ਦਿੱਤਾ। ਕਥਾ ਅੱਗੇ ਹੈ।

ਹੁਤੇ ਤੁਰਕ ਤਹਿਂ ਦੁਸ਼ਟ ਬਡ, ਨਿਸ਼ਚੈ ਅਘ ਮਾਂਹੀ।
ਗੋਬਧ ਪਾਪੀ ਬਹੁ ਕਰਹਿਂ, ਸੁਨਿ ਕੱਲਾ ਰਾਊ।
ਪਾਪ ਸਮੀਪੀ ਹੋਨਿ ਤੇ, ਮਨ ਸਹਿ ਨ ਸਕਾਊ ॥੨੪॥
ਚਮੂੰ ਬਟੋਰਤਿ ਚਢਿ ਚਲਯੋ, ਧੌਂਸਾ

ਧੁੰਕਾਰਾ।
ਨਗਰ ਤੀਰ ਤਬਿ ਪਹੁੰਚਿ ਕੈ, ਕਿਯ ਜੰਗ ਅਖਾਰਾ।
ਨਿਕਸਿ ਵਹਿਰ ਪੂਰਬ ਲਰੇ, ਇਨ ਹਮਲਾ ਘਾਲਾ।
ਕਰੇ ਕਤਲ ਪਿਖਿ ਭਾਜਿਗੇ, ਬਿਚ ਲਰੇ ਬਿਸਾਲਾ ॥੨੫॥
ਲਾਇ ਮੋਰਚੇ ਨਗਰ ਕੋ, ਪੁਨ ਮੰਡਿ ਲਰਾਈ।
ਨਿਕਸਿ ਨ ਆਇ ਪ੍ਰਵੇਸ਼ ਤੇ, ਘੇਰੇ ਚਹੁੰ ਘਾਈ[1]।

[1]ਅੰਦਰ) ਵੜੇ (ਬਾਹਰ) ਨਿਕਲ ਨਾ ਸਕੇ (ਐਸੇ) ਘੇਰੇ ਚਹੁ ਪਾਸਿਆਂ ਤੋਂ। (ਅ) ਚਹੁ ਪਾਸਿਆਂ ਤੋਂ ਐਸੇ ਘੇਰੇ ਕਿ (ਅੰਦਰਲੇ) ਨਿਕਲ ਨਾ ਸੱਕਣ ਤੇ (ਬਾਹਰਲੇ ਅੰਦਰ) ਪ੍ਰਵੇਸ਼ ਨਾ ਕਰ ਸਕਣ।

ਇਕ ਸੰਮਤ ਲਰਤੇ ਰਹੇ, ਪੁਨ ਭਏ ਲਚਾਰੀ।
ਮਿਲਨ ਹੇਤ ਕਰਿ ਤ੍ਰਾਸ ਕੋ, ਬਾਤੈਂ ਬਿਚ ਡਾਰੀ ॥੨੬॥
-ਕਹਹੁ ਰਾਇ ਤੁਮ ਕਯੋਂ ਲਰਹੁ, ਕੁਛ ਲੈਨ ਨ ਦੈਨਾ।
ਨਾਹਕ ਬਿਨਸੈਂ ਆਦਮੀ, ਦੁਹਿ ਦਿਸ਼ ਕੀ ਸੈਨਾ-।
ਰਾਇ ਕਹਯੋ -ਗੋਬਧ ਤਜਹੁ, ਇਸ ਕਾਰਜ ਹੇਤਾ।
ਮੈਂ ਖਰਚਯੋ ਲਾਖਹੁਂ ਦਰਬ, ਰਣ ਰੋਸ ਸਮੇਤਾ- ॥੨੭॥
ਸੁਨਿ ਬੋਲੇ ਲਾਚਾਰ ਹੁਇ, -ਹਮ ਨੇ ਅਬਿ ਮਾਨੀ।
ਆਗੇ ਨਹਿਂ ਗੋਬਧ ਕਰਹਿਂ, ਸਚ ਲੀਜਹੁ ਜਾਨੀ-।
ਰਾਇ ਕਹੈ -ਦਿਹੁ ਜਾਮਨੀ, ਤੁਮ ਕੌ ਤਬਿ ਤਜਾਗੋਂ।
ਨਾਂਹਿ ਤ ਕਰਿ ਕੈ ਜੰਗ ਬਲ, ਬਾਢਨ[1] ਸਭਿ ਲਾਗੌਂ ॥੨੮॥

[1]ਕਤਲ ਕਰਨ।

ਬੀਨ ਬੀਨ ਸਭਿ ਕੋ ਹਤੌਂ, ਜਰ ਖੋਜ ਮਿਟਾਵੌਂ।
ਬਹੁਰ ਕਰਹਿਂ ਨਹਿਂ ਪਾਪ ਇਮ, ਅਸ ਪੁਰਖ ਬਸਾਵੌਂ-।
ਕਹਿਂ ਅੰਤਰ ਕੇ ਤ੍ਰਾਸ ਧਰਿ, -ਕੋ ਜਾਮਨ ਹੋਵੈ।
ਅਸ ਪੱਯਤਿ ਨਹਿਂ ਨਿਕਟ ਕੋ, ਬਿਚ ਆਨਿ ਖਲੋਵੈ ॥੨੯॥
ਅਪਰ ਨਹੀਂ ਲਖਿਯਤਿ ਇਹਾਂ, ਹਮ ਸਕਲ ਬਿਚਾਰੇਂ।
ਇਕ ਸਤੁੱਦ੍ਰਵ ਦਰਿਯਾਉ ਹੈ, ਬਿਚ ਆਇ ਹਮਾਰੇ।
ਚਹਹੁ ਜਿ ਲੀਜਹਿ ਜਾਮਨੀ, ਚਲੀਅਹਿ ਤਿਸ ਤੀਰਾ।
ਲਿਖਿ ਕਾਗਦ ਹਮ ਦੇਹਿਂਗੇ, ਸਾਪਰਸੈਂ ਨੀਰਾ[1]- ॥੩੦॥
ਭਨੀ ਦੁਸ਼ਟ ਜਿਮ ਬਾਰਤਾ,
ਮਾਨੀ ਤਿਮ ਰਾਊ।
ਸਪਤਿ ਕੋਸ ਤਹਿਂ ਤੇ ਹੁਤੇ,
ਗਮਨੇ ਤਿਸ ਥਾਊ।
ਬੈਠਿ ਪ੍ਰਥਮ ਪੂਜਾ ਕਰੀ,
ਸਭਿ ਬਿਧਿ ਦਿਸ਼ ਦੋਊ।
ਬਹੁਰ ਲਿਖੀ ਤਹਿਂ ਜਾਮਨੀ,
ਜੈਸੀ ਬਿਧਿ ਹੋਊ ॥੩੧॥
-ਜੇ ਹਮ ਗੋਬਧ ਕਰਹਿਂਗੇ,
ਦੰਡਹੁ ਦਰਿਆਊ- !
ਇੱਤਜਾਦਿਕ ਲਿਖਵਾਇ ਕਰਿ,
ਹਰਖ਼ੋ ਤਬਿ ਰਾਊ।
ਕਾਗਦ ਲੇ ਕਰਿ ਪੁਰਿ ਅਪਨਿ,
ਆਯਹੁ ਪੁਨ ਬਾਸਾ।
ਨਗਰ ਤਿਹਾੜਾ ਬਡ ਬਸੈ,
ਚਹੁਂ ਬਰਨ ਖੁਲਾਸਾ[1] ॥੩੨॥

[1]ਸਤਲੁਜ ਦਾ ਜਲ ਸਪਰਸ਼ ਕੇ ਭਾਵ ਸੁਗੰਦ ਖਾਕੇ ਨੀਰ ਦੀ।

[1]ਖੁੱਲ੍ਹਾ।

ਸੁਨੀਅਹਿ ਸ਼੍ਰੀ ਪ੍ਰਭੁ ਸਤਿਗੁਰ! ਇਕ ਬਰਖ ਬਿਤਾਵਾ।
ਬਹੁਰ ਏਕ ਗੋਬਧ ਕਰੀ, ਬਡ ਪਾਪ ਕਮਾਵਾ।
ਸੁਨੀ ਰਾਇ ਜਬਿ ਬਾਰਤਾ, ਦਰੀਆਉ ਅਰਾਧਾ।
-ਤੁਮ ਜ਼ਾਮਨ ਇਸ ਬਾਤ ਕੇ, ਇਹ ਦੁਸ਼ਟ ਅਸਾਧਾ ॥ ੩੩ ॥
ਨਿਰਵਾਰਹੁ ਨਿਜ ਜ਼ਾਮਨੀ, ਦਿਹੁ ਦੰਡ ਬਿਸਾਲਾ-।
ਭਈ ਆਨ ਜਬਿ ਜਾਮਨੀ -ਕਹਿਤੇ ਇਸ ਢਾਲਾ[1]।

[1]ਇਉਂ ਕਹਿੰਦੇ ਹਨ ਕਿ ਜਦੋਂ ਰਾਤ ਪੈ ਗਈ।

-ਸਪਤ ਕੋਸ ਸਤੁੱਦ੍ਰਵ ਹੁਤੋ, ਢਾਹਨ ਤਟ ਲਾਗੇ[1]।

[1]ਕੰਢਾ ਢਾਹੁੰਦਾ ਹੋਇਆ।

ਪਹੁੰਚਯੋ ਪੁਰਿ ਕੇ ਨਿਕਟ ਲੌਂ, ਨਰ ਨਾਰਿਨਿ ਜਾਗੇ ॥ ੩੪ ॥
ਬਨੇ ਸਦਨ ਗਿਰਨੇ ਲਗੇ, ਢਾਹਤਿ ਜਲ[1] ਗੇਰੇ।

[1]ਜਲ ਵਿਚ।

ਕੇਤਿਕ ਨਰ ਤ੍ਰਿਯ ਬਹਿ ਗਏ, ਭਾ ਰੌਰ ਬਡੇਰੇ।
ਔਚਕ ਜਲ ਕਹਿੰ ਤੇ ਆਯੋ, ਕੁਛ ਜਾਇ ਨ ਜਾਨਾ।
ਦਰਬ ਆਦਿ ਘਰ ਵਸਤੁ ਗਨ, ਵਿਚ ਜਲ ਕੇ ਨਾਨਾ ॥ ੩੫ ॥
ਨਿਸਾ ਅੰਧੇਰੀ ਨਾਰਿ ਨਰ, ਭਾਜੇ ਉਤਲਾਏ।
ਨਹਿਂ ਦੀਖਤਿ ਜਲ ਮਹਿਂ ਗਿਰੇ, ਸਭਿ ਦਿਏ ਬਹਾਏ।
ਨਗਰ ਸਗਰ ਘਰ ਘਰ ਬਗਰ, ਦਰਿਆਉ ਬਿਦਾਰੇ[1]।

[1]ਦਰਯਾ ਨੇ ਸਾਰਾ ਸ਼ਹਿਰ ਘਰ ਘਰ, ਵਲਗਣਾਂ (ਤਕ) ਨਾਸ਼ ਕਰ ਦਿੱਤੇ।

ਕੇਤਿਕ ਬਚੇ ਪਲਾਇ ਕਰਿ, ਕੇਤਿਕ ਬਿਚ ਮਾਰੇ ॥ ੩੬ ॥

ਕੋਸਨ ਮਹਿਂ ਜੋ ਬਸਤ ਥੋ[1], ਸਭਿ ਦੀਨ ਬਹਾਈ।
ਇਮ ਸਤੁੱਦ੍ਰਵ ਨਿਜ ਜਾਮਨੀ, ਨ੍ਰਿਪ ਕੀ ਉਤਰਾਈ-।
ਸ਼੍ਰੀ ਗੁਰ ਤੁਮਰੀ ਕ੍ਰਿਪਾ ਤੇ, ਇਮ ਰਾਇ ਕੱਲ੍ਹੇਰਾ[1]।
ਕਰਤਿ ਸਦਾ ਸਤਿਸੰਗ ਕੋ, ਕਰਿ ਪੁੰਨ ਬਡੇਰਾ' ॥੩੭॥
ਸੁਨਿ ਕਰਿ ਸ਼੍ਰੀ ਸਤਿਗੁਰ ਕਹਜੋ, 'ਆਛੋ ਪਦ ਪੈ ਹੈ।
ਨਹਿਂ ਸਜ਼ਾਇ ਪਰਲੋਕ ਮਹਿਂ, ਨੀਕੇ ਮਗ ਜੈਹੈ।
ਸਾਧ ਸਾਧ ਇਸ ਕੋ ਕਰਮ, ਸਤੁੱਦ੍ਰਵ ਭੀ ਮਾਨਾ।'
ਸੁਨਿ ਕਰਿ ਕੱਲੇਰਾਇ ਤਬਿ, ਅਭਿਬੰਦਨ ਠਾਨਾ ॥੩੮॥

[1]ਜੋ ਵਸਦਾ ਸੀ।

[1]ਭਾਵ ਰਾਇ ਕੱਲਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਰਾਇ ਕੱਲੇ ਕੇ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਮਾਹੀ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਬੈਠੇ, ਮਾਹੀ ਕੇ ਗਏ, ਬਾਤੈਂ ਕਰਤਿ ਬਿਤਾਇ।
ਭਯੋ ਦੁਪਹਿਰਾ ਆਨ ਕਰਿ, ਥਿਰਿ ਪ੍ਰਯੰਕ ਸੁਖਦਾਇ ॥੧॥

ਨਿਸਾਨੀ ਛੰਦ:

ਨਿਕਟ ਰਾਇ ਕੱਲਾ ਥਿਰਯੋ, ਤ੍ਰੈ ਸੈ ਭਟ ਸਾਥਾ।
ਅਪਰ ਲੋਕ ਥਿਰ ਸੈਂਕਰੇ, ਦਰਸਤਿ ਹੈਂ ਨਾਥਾ।
ਭੀਰ ਅਹੈ ਬਹੁ ਨਰਨਿ ਕੀ, ਥਿਰ ਦੂਰਹਿਂ ਦੂਰੀ।
ਆਨਿ ਆਨਿ ਬੰਦਨ ਕਰਹਿਂ, ਪਿਖਿ ਮੂਰਤਿ ਰੂਰੀ ॥੨॥
ਦੇਖਿ ਦੁਪਹਿਰੇ ਦਿਸ਼ਾ ਗੁਰ, ਸ਼੍ਰੀ ਬਦਨ ਬਖਾਨਾ।
'ਸੁਨਹੁ ਰਾਇ ਕੱਲਾ! ਅਬੈ ਮਾਹੀ ਪ੍ਰਸਥਾਨਾ[1]।
ਪਹੁੰਚਯੋ ਆਇ ਕਿ ਨਹੀਂ ਸੋ, ਦੇਖਹੁ ਤਿਸ ਘਾਈ[1]।
ਬੀਤ ਗਏ ਦੋ ਪਹਿਰ ਤਿਹ, ਆਵਹਿ ਕਰਿ ਧਾਈ' ॥੩॥
ਬੋਲਯੋ ਕੱਲਾ ਜੋਰਿ ਕਰ 'ਕਿਯ ਗਮਨ ਸਕਾਰੇ।
ਪਹੁੰਚਹਿ ਚਾਲੀ ਕੋਸ ਸੋ, ਚਲਿ ਬਾਸੁਰ ਸਾਰੇ।
ਅਗਲੇ ਦਿਨ ਪਹੁੰਚੈ, ਇਹਾਂ ਸਭਿ ਬਾਤ ਬਤਾਵੈ।
ਮਾਰਗ ਅੱਸੀ ਕੋਸ ਕੋ, ਬਲ ਕੇ ਜੁਤਿ ਆਵੈ' ॥੪॥
ਸੁਨਿ ਤੂਸ਼ਨ ਗੁਰ ਹੁਇ ਰਹੇ, ਕਹਿਂ ਔਰ ਪ੍ਰਸੰਗਾ।

[1]ਗਿਆ ਸੀ।
[1]ਤਿਸ ਤਰਫ।

ਜਥਾ ਗਿਰੇਸ਼ੁਰ ਭੀਮਸਸਿ[1], ਮਚਵਾਯਹੁ ਜੰਗਾ।
'ਬਾਈ ਧਾਰਨਿ ਕੇ ਪਤੀ, ਬਡ ਚਮੂੰ ਬਟੋਰੀ।
ਸਭਿ ਇਕੱਤ੍ਰ ਮਤਿ ਕੋ ਕਰੇ, ਆਏ ਹਨ ਓਰੀ' ॥੫॥
ਦ੍ਵੈ ਘਟਕਾ ਬੀਤੀ ਬਹੁਰ, ਇੱਤਜਾਦਿ ਕਹੰਤੇ।
ਅਕਸਮਾਤ੍ਰ ਸ਼੍ਰੀ ਸਤਿਗੁਰੂ, ਇਮ ਬਚਨ ਭਨੰਤੇ।
'ਮਨੁਜ ਚਢਾਵਹੁ ਤਰੂ ਪਰ[1], ਪਗ ਦੇਖਹਿ ਸੋਈ।
ਆਵਤ ਮਾਹੀ ਕੈ ਨਹੀਂ, ਸੁਧਿ ਪਾਵਹਿਂ ਜੋਈ' ॥੬॥
ਪੁਨਹਿ ਰਾਇ ਕੱਲਾ ਕਹੈ, 'ਪਹੁੰਚਜੋ ਭਿ ਨ ਸੋਊ।
ਕਹਾਂ ਹੋਇ ਆਗਵਨ ਅਬਿ, ਕਜਾ ਤਰੁ ਪਰ ਜੋਊ।
ਸੰਧਜਾ ਅਗਲੇ ਦਿਵਸ ਹੀ, ਹੋਵਤਿ ਸੋ ਆਵੈ।
ਥਿਰਹਿ ਨ ਪੁਰਿ ਅਰੁ ਮਗ ਬਿਖੈ, ਤੂਰਨ ਹੀ ਧਾਵੈ' ॥੭॥
ਸੁਨਿ ਪੁਨ ਗੁਨ ਗਨ ਖਾਨਿ ਗੁਰ, ਪਰਚੇ ਅਨ[1] ਖਜਾਲਾ।
ਡੂਢ ਪਹਿਰ ਦਿਨ ਜਬਿ ਰਹਜੋ, ਬੈਠੇ ਤਿਸ ਕਾਲਾ।
ਬਾਕ ਤੀਸਰੋ ਕਹਤਿ ਭੇ, ਸਭਿ ਬਿਖੈ ਸੁਨਾਯੋ।
'ਚਢੋਂ ਬ੍ਰਿੱਛ ਮਾਹੀ ਪਿਖਹੁ, ਆਯੋ ਕਿ ਨ ਆਯੋ?' ॥੮॥
ਸੁਨਤਿ ਰਾਇ ਕੱਲਾ ਕਹੈ, ਨਿਜ ਨਰਨਿ ਮਝਾਰਾ।

[1]ਭੀਮਚੰਦ।
[1]ਬ੍ਰਿੱਛ ਉੱਤੇ।
[1]ਹੋਰ।

'ਪੁਰਸ਼ੋਤਮ ਪੂਰਨ ਪੁਰਖ, ਤ੍ਰੈ ਬਾਰਿ ਉਚਾਰਾ।
ਕਹਾਂ ਹਮਾਰੋ ਖਰਚ ਹੁਇ, ਚਢਿ ਤਰੁ ਪਰ ਹੇਰੋ।
ਬਚਨ ਸਾਚ ਇਨ ਕੋ ਸਦਾ, ਨਿਸ਼ਚੈ ਬਹੁਤੇਰੋ' ॥੯॥
ਇਕ ਨਰ ਤਰੁ ਪਰ ਤੁਰਤ ਹੀ, ਕਹਿ ਰਾਇ ਚਢਾਯੋ।
ਚਢਿ ਕਰਿ ਤੁੰਗ ਸਕੰਧ ਪਰ[1], ਸੋ ਮਗ ਦਰਸਾਯੋ।
ਮਾਹੀ ਆਵਤਿ ਦੂਰ ਤੇ, ਤਿਨ ਦੇਖਨਿ ਕੀਨਾ।
ਬਿਸਮਾਵਤਿ ਬੋਲਯੋ ਤਬੈ, 'ਆਯਹੁ ਮੈਂ ਚੀਨਾ' ॥੧੦॥
ਨਿਕਟ ਪਹੂੰਚਯੋ ਜਬਿ ਲਗੌਂ, ਰਹਿ ਦੇਖਤਿ ਸੋਊ।
ਉਤਰਯੋ ਤਰੁ ਪਰ ਤੇ ਤਰੇ, ਸੁਨਿ ਕਰਿ ਸਭਿ ਕੋਊ।
ਗਮਨਯੋਂ ਜੋਜਨ ਬੀਸ ਮਗ[1], ਮਨ ਮਹਿਂ ਬਿਸਮਾਏ।
ਕਰਾਮਾਤ ਸਾਹਿਬ ਗੁਰੂ, ਅਚਰਜ ਦਿਖਰਾਏ ॥੧੧॥
ਇਤਨੇ ਮਹਿਂ ਮਾਹੀ ਅਯੋ, ਕਰਿ ਬੰਦਨ ਬੈਸਾ।
ਕਹਯੋ 'ਸਿਰੰਦ ਬ੍ਰਿਤੰਤ ਕੋ, ਦੇਖਯੋ ਤਹਿਂ ਕੈਸਾ?'
ਹਾਥ ਜੋਰਿ ਕਰਿ ਤਬਿ ਕਹਯੋ, 'ਜੁਗ ਸਾਹਿਬਜ਼ਾਦੇ।
ਮਹਾਂ ਮਲੇਛਨ ਹਤਿ ਦਏ, ਕਰਿ ਦੀਰਘ ਬਾਦੇ' ॥੧੨॥
ਪੁਨਹਿ ਰਾਇ ਕੱਲੇ ਕਹਯੋ, 'ਬਿਛੁਰੇ ਗੁਰ ਸੰਗਾ।

[1]ਉੱਚੇ ਟਾਹਣੇ ਤੇ।

[1]ਵੀਹ ਜੋਜਨ ਦਾ ਰਸਤਾ।

ਤਹਿਂ ਤੇ ਕਿਤ ਪਕਰੇ ਗਏ, ਕਿਮ ਭਯੋ ਪ੍ਰਸੰਗਾ?
ਸਰਬ ਛੋਰ ਤੇ ਅੰਤ ਲੌ, ਅਬਿ ਦੇਹੁ ਸੁਨਾਈ।
ਜਿਸ ਹਿਤ ਸ਼੍ਰੀ ਸਤਿਗੁਰ ਥਿਰੇ, ਕਹੀਅਹਿ ਸਮੁਝਾਈ?' ॥੧੩॥
ਤਬਿ ਮਾਹੀ ਕਰ ਬੰਦਿ ਕਰਿ, ਬਿਚ ਸਭਾ ਉਚਾਰੀ।
'ਸੁਨਹੁ ਪ੍ਰਭੁ! ਬਿਛਰੇ ਜਬੈ, ਇਕ ਬਿੱਪ੍ਰ ਅਗਾਰੀ[1]।
ਸੰਗ ਮਾਤ ਕੇ ਕਪਟ ਕਰਿ, ਲੇ ਗਯੋ ਨਿਰਾਲਾ।
ਪਹੁੰਚਯੋ ਅਪਨੇ ਗ੍ਰਾਮ ਲੇ, ਧਰਿ ਲੋਭ ਬਿਸਾਲਾ ॥੧੪॥
ਸਜੰਦਨ ਮਹਿਂ ਮਾਤਾ ਹੁਤੀ, ਦ੍ਵੈ ਸਾਹਿਬਜ਼ਾਦੇ।
ਇਕ ਖੱਚਰ ਇਕ ਦਾਸ ਤਿਹ, ਦੀਨਾਰਨਿ ਲਾਦੇ।
ਬਿੱਪ੍ਰ ਉਤਾਰੇ ਸਦਨ ਮਹਿਂ, ਸਭਿ ਵਸਤੁ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ, ਦਿਜ ਅਧਮ ਕੁਚਾਰੀ ॥੧੫॥
ਕੁਛਕ ਮਸੰਦੀ ਭੀ ਕਰੀ, ਇਸ ਹੇਤੁ ਚਿਨਾਰੀ[1]।
ਮਧੁਰ ਬਾਕ ਕਹਿ ਲੇ ਗਯੋ, ਧਨ ਸੰਗ ਨਿਹਾਰੀ।
ਖੱਚਰ ਪਰ ਖੁਰਜੀ ਤਕੀ, ਦੀਨਾਰਨਿ ਕੇਰੀ।
ਬਿਸਰਾਮੇ ਬਹੁ ਥਕਤਿ ਭੇ, ਚਲਿ ਬਾਟ ਬਡੇਰੀ ॥੧੬॥
ਆਂਖ ਬਚਾਇ ਉਠਾਇ ਕਰਿ, ਲੈ ਕੈ ਘਰ ਮਾਂਹੀ।

[1]ਅੱਗੋਂ (ਮਿਲਿਆ)।

[1]ਇਸ ਵਾਸਤੇ ਪਛਾਣ ਸੀ (ਉਸ ਨੂੰ ਮਾਤਾ ਜੀ ਦੀ)।

ਦਾਬੀ ਅਵਨੀ ਕੇ ਬਿਖੈ, ਜਿਮ ਜਾਨਹਿ ਨਾਂਹੀ।
ਕਿਤਿਕ ਬੇਰ ਮਹਿਂ ਆਨਿ ਕਰਿ, ਬੋਲਯੋ ਦਿਜ ਪਾਪੀ।
-ਲੋਕ ਗ੍ਰਾਮ ਕੇ ਚੋਰ ਹੈਂ, ਸੁਚਿਤੀ ਰਖਿ ਆਪੀ[1] ॥੧੭॥

[1]ਆਪਣੀ ਸੰਭਾਲ ਰੱਖਣੀ।

ਵਸਤੁ ਸੰਭਾਰਹੁ ਆਪਨੀ, ਮੈਂ ਭਾਖਿ ਸੁਨਾਵੋਂ।
ਦੋਸ਼ ਨ ਦੀਜੈ ਮੋਹਿ ਕੋ, ਸਭਿ ਭੇਦ ਬਤਾਵੌਂ-।
ਦਾਸ ਗਯੋ ਥੋ ਵਹਿਰ ਕੋ, ਸੋ ਤਿਸ ਛਿਨ ਆਯੋ[1]।

[1]ਭਾਵ ਸੋ ਦਾਸ ਤਿਸ ਵੇਲੇ (ਜਿਸ ਵੇਲੇ ਕਿ ਬ੍ਰਾਹਮਣ ਗੱਲ ਕਰ ਰਿਹਾ ਸੀ ਮਾਤਾ ਜੀ ਨਾਲ ਕਿ ਵਸਤੂ ਸੰਭਾਲਕੇ ਰੱਖਣੀ) ਆਯਾ।

ਤਿਮਰ ਭਏ ਤੇ ਵਸਤੁ ਸਭਿ, ਸੰਭਾਰਨ ਲਾਯੋ ॥੧੮॥
ਤਬਹਿ ਦਾਸ ਕਹਿ ਮਾਤ ਕੋ, -ਖੁਰਜੀ ਵਿਚ ਨਾਂਹੀ।
ਬਸਤ੍ਰ ਆਦਿ ਸਭਿ ਹੈਂ ਧਰੇ-, ਮਾਤਾ ਸੁਨਿ ਪ੍ਰਾਹੀ।
-ਦਿਜ ਘਰ ਮਹਿਂ ਕੋ ਅਪਰ ਨਹਿਂ, ਹਮ ਹੈਂ, ਕੈ ਸੋਊ।
ਧਰੀ ਹੋਇਗੀ ਬੂਝ ਤਿਹ, ਅੰਤਰ ਕਿਤ ਹੋਊ- ॥੧੯॥
ਸੁਨਿ ਕੈ ਬੂਝਯੋ ਦਾਸ ਦਿਜ, -ਖੁਰਜੀ ਤੈਂ ਲੀਨੀ?
ਹੇਤ ਸੰਭਾਰਨਿ ਕੇ ਧਰੀ, ਅੰਤਰਗਤਿ ਕੀਨੀ[1]-।

[1]ਭਾਵ ਛੁਪਾਕੇ ਰੱਖੀ ਹੋਵੇ।

ਸੁਨਤਿ ਦਿਜਾਧਮ[1] ਕੁਮਤਿ ਮਨ, ਊਚੀ ਧੁਨਿ ਭਾਖੇ।

[1]ਨੀਚ ਦਿਜ।

-ਇਹ ਮੁਝ ਕੋ ਗੁਨ ਤੁਮ ਕਰਯੋ, ਮਰਤੇ ਮੈਂ ਰਾਖੇ ॥੨੦॥
ਪਤਿਸ਼ਾਹੀ ਨਵਰੰਗ ਕੀ, ਨਹਿਂ ਦੂਸ਼ਨ ਲਾਵੋ।

ਆਨਿ ਗਹੈਂਗੇ ਤੁਰਤ ਹੀ, ਮੁਝ ਚੋਰ ਬਨਾਵੋ।
ਕਜਾ ਫਲ ਆਗੇ ਕਰਹੁਗੇ, ਮੈਂ ਜਿਯਤ ਬਚਾਏ।
ਅਬਿ ਮੁਝ ਕੋ ਇਤਬਾਰ ਨਹਿਂ, ਨਿਕਸਹੁ ਉਤਲਾਏ ॥੨੧॥
ਸੁਨਹਿਂ ਜਿ ਨਰ ਗੁਰ ਮਾਤ ਹੈ, ਇਨ ਘਰ ਮਹਿਂ ਰਾਖੇ।
ਤਬੈ ਤੁਰਕ ਦੇਂ ਕੈਦ ਕਰਿ, ਗੁਰ ਪਰ ਬਹੁ ਮਾਖੇ[1]।
ਤੁਵ ਨੰਦਨ ਮਾਰੇ ਘਨੇ, ਨਹਿਂ ਕਰੀ ਭਲਾਈ।
ਜੀਤਯੋ ਚਹਿ ਬਦਸ਼ਾਹ ਸੋ, ਨਿਤ ਧੂਮ ਉਠਾਈ ॥੨੨॥
ਮੈਂ ਜੁ ਉਤਾਰੇ ਆਨਿ ਘਰ, ਲਾਯਸ ਤੌ ਚੋਰੀ।
ਕਯੋਂ ਨਾ ਜਾਹੁ ਜਿਤ ਕੋ ਚਹੋ, ਅਬਿ ਲੌ ਬਿਤਿ ਥੋਰੀ[1]–।
ਊਚੀ ਧੁਨਿ ਤੇ ਬੋਲ ਭਾ, ਬਹੁ ਨਰਨਿ ਸੁਨਾਵੈ।
ਪੌਤ੍ਰ ਸੰਗ ਲੇ ਮਾਤ ਗੁਰ, ਕਿਤ ਡਰਤਿ ਪਲਾਵੈ[1] ॥੨੩॥
ਤਊ ਕੂਰ[1] ਨਹਿਂ ਰਹਿ ਸਕਯੋ, ਚਹਿ – ਦਿਓਂ ਗਹਾਈ।
ਸਭਿ ਦੀਨਾਰਨਿ ਕੌ ਰਖਉਂ, ਕੋ ਨਹਿਂਨ ਲਖਾਈ–।
ਊਚੇ ਬੋਲਤਿ ਗ੍ਰਾਮ ਮਹਿਂ, ਗਮਨਯੋਂ ਸਹਿਸਾਈ।
ਜਹਾਂ ਚੌਧਰੀ ਕੋ ਸਦਨ, ਤਹਿਂ ਜਾਇ ਜਨਾਈ ॥੨੪॥
ਤਿਸ ਕੋ ਲੇ ਕਰਿ ਸੰਗ ਮਹਿਂ, ਗਿਨਤੀ ਇਮ ਕੀਨੀ।

[1]ਗੁਰੂ ਜੀ ਪਰ ਬਹੁਤੇ ਗੁੱਸੇ ਹਨ।

[1]ਅਜੇ ਤਾਂ (ਮੇਰੇ ਨਾਲ) ਥੋੜੀ ਬੀਤੀ ਹੈ।

[1]ਗੁਰੂ ਮਾਤਾ ਡਰਦੀ ਹੈ (ਤੇ ਸੋਚਦੀ ਹੈ) ਕਿ ਪੋਤ੍ਰਿਆਂ ਨੂੰ ਨਾਲ ਲੈਕੇ ਕਿਧਰੇ ਭੱਜ ਜਾਵੇ।

[1]ਝੂਠਾ ਭਾਵ ਬ੍ਰਾਹਮਣ।

-ਚਲਹੁ ਬਤਾਵਹਿਂ ਮੋਰੰਡੇ, ਸਭਿ ਭੇਵ ਜੁ ਚੀਨੀ[1]।
ਲੇਂ ਇਨਾਮ ਧਨ ਤੁਰਕ ਤੇ, ਦੇ ਬਹੁ ਬਡਿਆਈ।
ਗੁਰ ਅਰਿ ਕੀ ਮਾਤਾ, ਤਨੁਜ; ਗਹਿ ਕੈ ਹਰਖਾਈ- ॥੨੫॥
ਇਮ ਸਲਾਹ ਦੋਨਹੁਂ ਕਰੀ, ਤੂਰਨ ਤਬਿ ਧਾਏ।
ਤਹਿਂ ਸੈਨਾ ਕੁਛ ਤੁਰਕ ਕੀ, ਖੋਜਨ ਹਿਤ ਆਏ।
ਗ੍ਰਾਮ ਮੋਰੰਡੇ ਪਹੁਂਚਿ ਕੈ, ਦੋਨਹੁਂ ਅਘਵੰਤੇ।
ਸੈਨਪਤੀ ਕੋ ਨਿਕਟ ਗੇ, ਹਿਤ ਕਹਿਨ ਬ੍ਰਿਤੰਤੇ ॥੨੬॥
-ਸੁਨਹੁ ਮੀਆਂ ਜੀ! ਬਖਸ਼ੀਏ, ਕੁਛ ਹਮੈ ਇਨਾਮਾ।
ਗੁਰ ਕੀ ਮਾਤਾ ਪੁੱਤ੍ਰ ਦ੍ਵੈ, ਲਜਾਏ ਨਿਜ ਧਾਮਾ।
ਚਲਹੁ ਆਪ ਗਹਿ ਲੀਜੀਏ ਨਹਿਂ ਦੇਰਿ ਕਰੀਜੈ।
ਹਜ਼ਰਤ ਢਿਗ ਲੇ ਪਹੁਂਚੀਏ, ਤਹਿਂ ਬਖਸ਼ਿਸ਼ ਲੀਜੈ- ॥੨੭॥
ਸੁਨਤਿ ਚਮੂੰ ਹਯ ਜ਼ੀਨ ਧਰਿ, ਗਮਨੇ ਉਤਲਾਏ।
ਪੋਈਏ ਪਾਇਲ ਪਾਵਤੇ, ਤੂਰਨ ਚਲਿ ਆਏ।
ਸੁਨਹੁਂ ਗੁਰੂ ਜੀ! ਮਾਤ ਜੁਤਿ, ਦੋ ਸਾਹਿਬਜ਼ਾਦੇ।
ਸਜੰਦਨ ਲਏ ਚਢਾਇ ਤਬਿ, ਮੂਰਖ ਕਰਿ ਬਾਦੇ ॥੨੮॥
ਪੁਰਿ ਸਿਰੰਦ ਕੋ ਲੇ ਗਏ, ਮਗ ਉਲੰਘ੍ਯੋ ਸਾਰਾ।
ਸੂਬਾ ਖਾਨ ਵਜੀਦ ਜਹਿਂ, ਉਤਰ੍ਯੋ ਦਲ

[1]ਮੋਰੰਡੇ ਪਿੰਡ ਚੱਲੋ ਦੱਸੀਏ ਸਾਰਾ ਭੇਦ ਜੋ ਦੇਖਿਆ ਹੈ ਅਥਵਾ ਜੋ ਸਾਨੂੰ ਪਤਾ ਹੈ।

ਭਾਰਾ।
ਤਿਹ ਕੋ ਕਹ੍ਯੋ- ਨਬਾਬ ਜੀ! ਹਮ ਗਹਿ ਕਰਿ ਲ੍ਯਾਏ।
ਗੁਰੂ ਗੁਬਿੰਦ ਸਿੰਘ ਮਾਤ ਹੈ, ਦ੍ਵੈ ਪੁੱਤ੍ਰ ਸੁਹਾਏ ॥੨੯॥
ਨਿਸਾ ਬਿਖੇ ਆਏ ਚਲੇ, ਪਹੁੰਚੇ ਹੁਇ ਪ੍ਰਾਤੀ-।
ਕਹ੍ਯੋ ਨਵਾਬ -ਉਤਾਰੀਏ, ਜਹਿਂ ਬੁਰਜ ਇਕਾਤੀ।
ਰਹੈਂ ਸਿਪਾਹੀ ਖਰੇ ਤਹਿਂ, ਰਾਖਹੁ ਤਕਰਾਈ-।
ਪੁਰਿ ਨਰ ਸੁਨਿ ਸੁਨਿ ਦੌਰ ਕਰਿ, ਆਵਤਿ ਸਮੁਦਾਈ ॥੩੦॥
ਦੇਖਹਿਂ ਬੂਝਹਿਂ ਬਿੱਪ੍ਰ ਕੋ, ਸਭਿ ਗਾਰਿ ਨਿਕਾਰੈਂ[1]।
-ਧਿਕ ਧ੍ਰੋਹੀ ਕ੍ਰਿਤਘਨੀ ਜੜ, ਕਯਾ ਲਹ੍ਯੋ ਪੁਕਾਰੈ?
ਸ਼੍ਰੀ ਗੋਬਿੰਦ ਸਿੰਘ ਜਗਤ ਗੁਰ, ਦਾਤਾ ਸਭਿ ਸ੍ਵਾਮੀ।
ਤਿਨ ਕੇ ਸੁਤ ਗਹਿਵਾਇ ਕਰਿ, ਭਾ ਲੂਣ ਹਰਾਮੀ ॥੩੧॥
ਲਾਖਹੁਂ ਜੀਉ ਉਧਾਰਿ ਕੈ, ਹਿੰਦੁਨ ਕੀ ਰਾਖੀ[1]।
ਦੀਨੋ ਸਿਰ ਜਿਨ ਕੇ ਪਿਤਾ, ਅਰਿ ਜਰ ਹਰਿ ਕਾਂਖੀ[1]†।
ਚਰਨ ਕਮਲ ਸੁਰ ਅਸੁਰ ਗਨ, ਪੂਜਹਿਂ ਜਿਨ ਕੇਰੇ।
ਰਿਖਿ ਜੋਗੀ ਉਰ ਧਯਾਨ ਧਰਿ, ਗਤਿ ਲਹਤਿ ਅਛੇਰੇ ॥੩੨॥
ਤਿਨ ਕੇ ਸੰਗ ਅਧਰਮ ਕਰਿ, ਦੁਰ ਕਰਮ ਕਮਾਯੋ।
ਨਾਕ ਸਕੋਰਹਿ ਨਰਕ ਭੀ, ਸਹਿ ਸਕਹਿ ਨ

[1]ਦੇਖਦੇ ਹਨ, ਪੁੱਛਦੇ ਹਨ, (ਜਦ ਸਮਝਦੇ ਹਨ ਤਾਂ) ਬ੍ਰਾਹਮਣ ਨੂੰ ਗਾਲਾਂ ਕੱਢਦੇ ਹਨ।

[1]ਪੈਜ) ਰੱਖ ਲਈ।

[1]ਜ਼ਾਲਿਮਾਂ ਦੀ) ਜੜ੍ਹ ਦੇ ਨਾਸ਼ ਕਰਨ ਦੇ ਚਾਹਵਾਨ ਹੋਏ।
†ਪਾਠਾਂਤ੍ਰ:-ਅਰ ਜਰ ਹਰ ਕਾਖੀ=ਅਤੇ (ਹਿੰਦੂਆਂ ਦੀ) ਜੜ੍ਹ ਹਰੀ (ਰੱਖਣ ਦੇ) ਚਾਹਵਾਨ ਹੋਏ।

[1]ਨਰਕ ਬੀ ਨੱਕ ਵੱਟੇਗਾ ਤੇ ਸਹਿ ਨਹੀਂ ਸਕੇਗਾ (ਤੈਨੂੰ

ਪਾਯੋ[1]।

ਕੁੰਭੀ ਨਰਕ ਪਪਾਤ ਹ੍ਵੈ[1], ਤਹਿਂ ਜੀਵ ਤਪੈ ਹੈਂ[2]।

ਤੁਝ ਸਮ ਪਾਪੀ ਦੁਤਿਯ ਨਹਿਂ, ਬਡ ਸੰਕਟ ਸਹਿਹੈਂ[1]" ॥੩੩॥

ਬਿੱਪ੍ਰ ਜਨਮ ਚੰਡਾਲ ਕ੍ਰਿਤਿ, ਕਜਾ ਕੀਨਿ ਕਸਾਈ-!

ਲਾਖਹੁੰ ਬਾਰ ਧਿਕਾਰਤੇ, -ਲਹਿਂ ਅਧਿਕ ਸਜ਼ਾਈ-।

ਇਮ ਪੁਰਿ ਜਨ ਗਨ ਤਹਿਂ ਮਿਲੇ, ਹੋਈ ਬਡ ਭੀਰਾ।

ਸਾਹਿਬਜ਼ਾਦੇ ਜੁਗ ਪਿਖੈਂ, ਬਹੁ ਰੂਪ ਸਰੀਰਾ ॥੩੪॥

ਸਭਿ ਕੋ ਤਬੈ ਹਟਾਇ ਕਰਿ, ਲੇ ਗਏ ਤਹਾਂ ਹੀ।

ਬੁਰਜ ਬਿਖੇ ਉਤਰੇ ਥਿਰੇ, ਜਨਨੀ ਦੁਖ ਮਾਂਹੀ।

ਜਹਾਂ ਬਿਠਾਈ ਬੈਠਿ ਗੀ, ਢਿਗ ਪੌਤ੍ਰ ਬਿਠਾਏ।

ਤੁਰਕਨਿ ਕੀ ਪਰਿ ਕੈਦ ਮਹਿਂ, ਚਿਤਵਤਿ ਪਛੁਤਾਏ ॥੩੫॥

-ਕਹਾਂ ਹੋਇਗੀ ਬਾਰਤਾ, ਅਰੁ ਕਹਾਂ ਕਰੈਂਗੇ?

ਪਰੇ ਬਸੀ ਮਹਿਂ ਆਨਿ ਕੈ, ਪਿਖਿ ਕੋਪ ਧਰੈਂਗੇ।

ਸੁਤ ਕੀ ਮਾਨੀ ਬਾਤ ਨਹਿਂ, ਤੌ ਅਪਦਾ ਪਾਈ।

ਭਏ ਕ੍ਰੋਧ ਕਿਤ ਬਿਛੁਰਿਗੇ, ਜਿਨ ਸੁਧਿ ਨਹਿਂ ਕਾਈ ॥੩੬॥

ਰਹਤਿ ਦੁਰਗ ਮਹਿਂ ਲਰਤਿ ਜਬਿ, ਸੁਤ ਕਹਤਿ ਬਚੰਨਾ।

ਸਪਤ ਦਿਵਸ ਮਹਿਂ ਸਕਲ ਸੁਖ, ਹਮ

ਆਪਣੇ ਵਿਚ) ਪਾਏ ਜਾਣ ਤੋਂ।

[1]ਤੂੰ ਡਿੱਗੇਂਗਾ। [2]ਉਥੇ ਤੇਰਾ ਜੀਵ ਤਪੇਗਾ।

[1]ਸਹੇਂਗਾ।

[1]ਯਕੀਨ ਨਾ ਕੀਤਾ।

ਕਿਯ ਨ ਅਮੰਨਾ[1]।
ਆਪ ਆਪ ਬਿਛੁਰੇ ਕਿਤਹੁਂ, ਸਗਰੇ ਪਰਵਾਰਾ।
ਕਹਾਂ ਹੋਇ ਹੈਂ ਸ਼੍ਰੀ ਗੁਰੂ-, ਲੈ ਸ੍ਵਾਸ ਉਦਾਰਾ[1] ॥੩੭॥

[1]ਲੰਮੇ।

ਰਿਦੇ ਬਸੂਰਤਿ ਮਾਤ ਬਹੁ, ਲੇ ਪੌਤ੍ਰਨਿ ਅੰਕਾ।
ਬਾਰਿ ਬਿਲੋਚਨ ਤੇ ਮੁਚਤਿ, ਲਹਿ ਰਿਪੁਨਿ ਅਤੰਕਾ[1]।
ਪੁਰਿ ਮਹਿਂ ਘਰ ਘਰ ਬਾਰਤਾ, ਪਸਰੀ ਸੁਧਿ ਸਾਰੇ।
ਆਇ ਹਜ਼ਾਰਹੁਂ ਹੇਰਤੇ, ਕਰਿ ਹਾਹਾਕਾਰੇ' ॥੩੮॥

[1]ਵੈਰੀਆਂ ਦਾ ਡਰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮਾਤਾ ਗੁਜਰੀ ਸਿਰ੍ਹੰਦ ਆਵਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅੰਸੂ ॥੫੦॥

## ੫੧. [ਮਾਹੀ ਨੇ ਸਾਕਾ ਸੁਨਾਉਣਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

'ਖਾਨ ਵਜ਼ੀਦਾ ਨਿਕਸਿਕੈ, ਆਯੋ ਸਭਾ ਸਥਾਨ।
ਬ੍ਰਿੰਦ ਚਮੂੰਪਤਿ ਮਿਲਿ ਗਏ, ਬੈਠੇ ਮੇਲ ਮਹਾਨ' ॥੧॥

ਚੌਪਈ:

'ਸੁਨਿ ਪ੍ਰਭੁ' ਮਾਹੀ ਕਰਹਿ ਬਤਾਵਨ।
'ਇਕ ਸਿਖ ਮੋ ਕਹੁ ਕੀਨ ਸੁਨਾਵਨ।
ਜਥਾ ਜੋਗ ਮੈਂ ਬੂਝਿ ਬ੍ਰਿਤੰਤਾ।
ਸੋ ਤੁਮ ਪਾਸ ਭਨੌਂ ਭਗਵੰਤਾ! ॥੨॥
ਮੁਗ਼ਲ ਪਠਾਨ ਦਿਵਾਨ ਮਹਾਨਾ।
ਆਨ ਥਿਰੇ ਜਹਿਂ ਸਭਾ ਸਥਾਨਾ।
ਦੂਰ ਦੂਰ ਲਗਿ ਗਿਰਦ ਸਿਰੰਦ।
ਹੁਤੇ ਤਹਾਂ ਮਿਲਿ ਬੈਠੇ ਬ੍ਰਿੰਦ ॥੩॥
ਹਿੰਦੂ ਖੱਤ੍ਰੀ ਬਨਕ ਕਿਤੇਕ।
ਪੁਰਿ ਜਨ ਦੇਖਨਿ ਹੇਤ ਅਨੇਕ।
ਭਈ ਸਭਾ ਮਹਿਂ ਭੀਰ ਬਿਸਾਲਾ।
ਬੈਠੇ ਜਾਲ[1], ਖਰੇ ਨਰ ਜਾਲਾ ॥੪॥ [1]ਬਹੁਤੇ।
ਰੰਘਰ ਗ੍ਰਾਮ ਮੋਰੰਡੇ ਬਾਸੀ।
ਸੋ ਸਰਦਾਰ ਹੁਤੋ ਦਲ ਪਾਸੀ।
ਤਿਸ ਕੀ ਦਿਸ਼ਾ ਕਰੇ ਤਬਿ ਨੈਨਾ।
ਬੋਲ੍ਯੋ ਤਬਿ ਵਜ਼ੀਦ ਖ਼ਾਂ ਬੈਨਾ ॥੫॥
-ਪੁੱਤ੍ਰ ਗੁਰੂ ਕੇ ਜਹਾਂ ਬਿਠਾਏ।
ਤਹਿਂ ਤੇ ਲੇ ਆਵਹੁ ਇਸ ਥਾਏਂ।
ਸਾਦਰ ਮ੍ਰਿਦੁਲ ਬਾਕ ਕਹਿ ਕਰਿ ਕੈ।
ਦੇਹੁ ਦਿਲਾਸਾ ਲੇਹੁ ਸਿਧਰਿ ਕੈ[1]- ॥੬॥ [1]ਜਾਕੇ ਲੈ ਆਵੋ।
ਮੋਰੰਡੇਸ਼ ਸੁਨਿ ਕਰਿ ਤਹਿਂ ਗਯੋ।
ਦਾਦੀ ਪੌਤ੍ਰ ਬਿਲੋਕਤਿ ਭਯੋ।
ਨਿਖਟ ਪਹੁੰਚਿ ਬੋਲ੍ਯੋ -ਸੁਨਿ ਮਾਈ!
ਸਭਾ ਨਬਾਬ ਲੋਕ ਸਮੁਦਾਈ ॥੭॥
ਤਿਨ ਸਭਿਹੁੰਨਿ ਹੇਰਿਬੇ ਕਾਰਨ।
ਗੁਰ ਸੁਤ ਦੋਨਹੁੰ ਕਰੇ ਹਕਾਰਨ-।

ਸੁਨਤਿ ਮਾਤ ਕੰਪਤਿ ਦੁਖ ਪਾਯੋ।
ਰੰਘਰ ਸੰਗ ਬਾਕ ਇਮ ਗਾਯੋ ॥ ੮ ॥
-ਗੁਰ ਕੇ ਪੁੱਤ੍ਰ ਗਏ ਤਿਨ ਸੰਗ।
ਸੁਧਿ ਨ ਤਿਨਹੁੰ ਕੀ ਭਾ ਕਿਮ ਢੰਗ।
ਇਹ ਜੁਗ ਬਾਰਿਕ ਪਾਰਿਕ ਮੇਰੇ।
ਬਹੁ ਪ੍ਰਤਿਪਾਰੇ ਕੀਨ ਬਡੇਰੇ- ॥ ੯ ॥
ਸੁਨਿ ਰੰਘਰ ਨੇ ਜਾਇ ਸੁਨਾਈ।
-ਪਾਰਿਕ ਮੇਰੇ ਭਾਖਤਿ ਮਾਈ-।
ਸੁੱਚਾ ਨੰਦ ਖੱਤ੍ਰੀ ਇਕ ਨੀਚ।
ਬੈਠਯੋ ਤਹਾਂ ਸਭਾ ਕੇ ਬੀਚ ॥ ੧੦ ॥
ਸੁਤਾ ਸੰਬੰਧ ਕਰਤਿ ਗੁਰ ਘਰ ਮੈਂ।
ਦਿਯੋ ਹਟਾਇ ਸੁ ਪ੍ਰਥਮ ਝਗਰ ਮੈਂ।
ਯਾਂ ਤੇ ਦ੍ਵੈਸ਼ ਕਰੈ ਗੁਰ ਸੰਗ।
ਸੁਨਤਿ ਸਭਾ ਮਹਿਂ ਕਹਯੋ ਕੁਢੰਗ ॥ ੧੧ ॥
-ਪਤਿਸ਼ਾਹੀ ਲਸ਼ਕਰ ਗਨ ਗਾਰਾ।
ਨਹਿਂ ਪੌਤ੍ਰਨਿ ਤਬਿ ਪਜਾਰ ਬਿਚਾਰਾ[1]।
ਅਬਿ ਕਰਿ ਤ੍ਰਾਸ ਕਹੈ ਇਹ ਪਾਰਿਕ।
ਗੁਰ ਕੇ ਪੁੱਤ੍ਰ ਬਿਦਤਿ ਏ ਬਾਰਿਕ- ॥ ੧੨ ॥
ਖ਼ਾਨ ਵਜੀਦ ਕਹਯੋ -ਅਬਿ ਜਾਓ।
ਦੋਨਹੁੰ ਗੁਰ ਨੰਦਨ ਕੋ ਲਜਾਓ।
ਮਾਤਾ ਸੰਗ ਕਹੋ ਸਮੁਝਾਏ।
ਹੇਤ ਬਿਲੋਕਨ ਸਭਾ ਬੁਲਾਏ ॥ ੧੩ ॥
ਅਪਰ ਬਾਤ ਕੁਛ ਕਰੈਂ ਨ ਕੋਈ।
ਤੁਝ ਢਿਗ ਹੀ ਪਹੁੰਚਾਵਹਿਂ ਦੋਈ-।
ਮੋਰੰਡੇਸ਼ ਰੰਘਰ ਪੁਨ ਆਯੋ।
ਨਿਕਟ ਮਾਤ ਕੇ ਹੋਇ ਅਲਾਯੋ ॥ ੧੪ ॥
-ਪਿਖਹਿ ਨਬਾਬ ਪਠਾਵੈ ਫੇਰ।
ਚਾਹਤਿ ਸਭਾ ਬਿਖੇ ਇਕ ਵੇਰ-।
ਜੁਗ ਪੌਤ੍ਰੇ ਜੁਗ ਜ਼ਾਨੂ ਪਰ ਥਿਰ।
ਨਿਜ ਪਟ ਤੇ ਆਛਾਦਾਨ ਤਿਨ ਕਰਿ ॥ ੧੫ ॥

[1]ਤਦੋਂ ਨਾ ਪੋਤ੍ਰਿਆਂ ਦਾ ਪਿਆਰ ਵਿਚਾਰਿਆ।

ਬੈਠੀ ਹੁਤੀ ਮਾਤ ਬਹੁ ਨੇਹੂ।
ਬਾਰਿ[1] ਬਿਲੋਚਨ ਬਹਤੋ ਅਛੇਹੂ।
ਤਬਿ ਜੁਝਾਰ ਸਿੰਘ ਹੁਇ ਸਵਧਾਨ।
ਦਾਦੀ ਪਟ ਕੋ ਗਹਿ ਨਿਜ ਪਾਨ ॥੧੬॥
ਨਿਜ ਊਪਰ ਤੇ ਕਰਤੋ ਉਤਾਰਨਿ।
ਉਠਿ ਠਾਂਢੇ ਹੁਇ ਕੀਨ ਉਚਾਰਨਿ।
-ਕਤੋਂ ਦਾਦੀ ਤੂੰ ਕਰਹਿਂ ਬਿਖਾਦਾ?
ਤੁਰਕਨਿ ਸੰਗ ਸਦਾ ਹਮ ਬਾਦਾ ॥੧੭॥
ਅਬਿ ਨਹਿਂ ਜਾਹਿਂ ਕਹਾਂ ਬਨਿ ਆਵੈ।
ਯਾਂ ਤੇ ਉਚਿਤ ਸਭਾ ਮਹਿਂ ਜਾਵੈਂ-।
ਫਤੇ ਸਿੰਘ ਕੋ ਲੈ ਕਰਿ ਸਾਥ।
ਚਲੇ ਗੁਰੂ ਸੁਤ ਜਿਮ ਨਿਸਨਾਥ[1] ॥੧੮॥
ਸੁੰਦਰ ਬਦਨ ਮ੍ਰਿਦੁਲ ਜਿਨ ਅੰਗ।
ਚਪਲ ਬਿਲੋਚਨ ਚਾਰੂ ਰੰਗ।
ਸੰਮਤ ਅਲਪ ਬੈਸ ਹੈ ਜਿਨ ਕੀ।
ਸੁੰਦਰ ਆਭਾ[1] ਦੋਨਹੁ ਤਨ ਕੀ ॥੧੯॥
ਝਗਲੀ ਝੀਲ[†] ਝਮਕ ਲਗਿ ਜ਼ਰੀ।
ਅੰਗ ਬਿਭੁਖਨ ਬਿਨ ਦੁਤਿ ਖਰੀ[1]।
ਗਮਨੇ ਦੋਨਹੁ ਬੀਰ ਅਗਾਰੀ।
ਰੰਘਰ ਚਾਲਤੋ ਤਿਨਹੁ ਪਿਛਾਰੀ ॥੨੦॥
ਸਭਾ ਸਮੀਪ ਪਹੂਚੇ ਜਾਈ।
ਮੋਰੰਡੇਸ਼ ਕਹਿ ਸਭਿਨਿ ਸੁਨਾਈ।
-ਸਾਹਿਬਜ਼ਾਦਤੋ! ਪਿਤਾ ਤੁਹਾਰਾ।
ਗਢ ਚਮਕੌਰ ਘੇਰਿ ਗਹਿ ਮਾਰਾ ॥੨੧॥
ਤਹਿਂ ਤੁਮਰੇ ਦ੍ਵੈ ਭ੍ਰਾਤ ਪ੍ਰਹਾਰੇ।
ਸੰਗੀ ਸਿੰਘ ਸਕਲ ਸੋ ਮਾਰੇ।
ਅਬਿ ਤੁਮਰੋ ਰਾਖਾ ਨਹਿਂ ਕੋਈ।
ਆਨਿ ਉਬਾਰੇ ਇਨ ਤੇ ਜੋਈ ॥੨੨॥
ਇਹ ਨਬਾਬ ਸਰਦਾਰ ਤਮਾਮੂ।
ਝੁਕਿ ਸਿਰ ਤੇ ਤੁਮ ਕਰਹੁ ਸਲਾਮੂ।

[1] ਜਲ।

[1] ਚੰਦ੍ਰਮਾ।

[1] ਸ਼ੋਭਾ।

[†] ਮਹੀਨਾ ਪੋਹ ਦਾ ਹੈ, ਝੀਨ ਝਗਲੀ ਦਾ ਮੌਸਮ ਨਹੀਂ ਹੈ, ਮੁਹਾਵਰੇ ਪਏ ਹੋਏ ਤੇ ਕਵੀ ਜੀ ਦੀ ਕਲਮ ਤੋਂ ਪਦ ਲਿਖ੍ਯਾ ਗਿਆ ਹੈ? ਯਾ ਉੱਪਰਲੇ ਭਾਰੇ ਕਪੜੇ ਬ੍ਰਾਹਮਣ ਦੇ ਘਰ ਰਹਿ ਗਏ ਹਨ?

[1] ਗਹਿਣਿਆਂ ਤੋਂ ਬਿਨਾਂ ਅੰਗਾਂ ਦੀ ਚੰਗੀ ਸ਼ੋਭਾ ਹੈ।

ਨਹਿਂ ਮਾਰਹਿਂਗੇ, ਲੇਹਿਂ ਬਚਾਈ।
ਜੀਵਤਿ ਰਹੀਅਹਿ ਸੀਸ ਝੁਕਾਈ-
॥੨੩॥
ਸੁਨਿ ਜੁਝਾਰ ਸਿੰਘ ਬਨਿ ਸਵਧਾਨ।
ਸਭਿਨਿ ਸੁਨਾਵਤਿ ਬਾਕ ਬਖਾਨ।
-ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ।
ਜਗ ਮਹਿਂ ਕੌਨ ਸਕਹਿ ਤਿਹ ਮਾਰਾ
॥੨੪॥
ਜਿਮ ਅਕਾਸ਼ ਕੋ ਕਜ਼ਾ ਕੁਈ ਮਾਰਹਿ।
ਕੌਨ ਅੰਧੇਰੀ ਕੋ ਨਿਰਵਾਰਹਿ।
ਮੇਰੁ ਚਲਾਇ ਸਕੈ ਨਹਿਂ ਕੋਈ।
ਸਸਿ ਸੂਰਜ ਨਹਿਂ ਪਕਰਨ ਹੋਈ ॥੨੫॥
ਕਰਤਾ ਪੁਰਖ ਅਕਾਲ ਕ੍ਰਿਪਾਲੂ।
ਸਭਿ ਤੇ ਬਡੋ ਕਾਲ ਕੋ ਕਾਲੂ।
ਤਿਸ ਆਗੇ ਹਮ ਅਰਪੇ ਸੀਸ।
ਸਕਲ ਕਲਾ ਸਮਰਥ ਜਗਦੀਸ਼ ॥੨੬॥
ਇਹ ਨਰ ਪਾਮਰ[1] ਪਾਪ ਕਮਾਵੈਂ।
ਕਿਮ ਇਨ ਆਗੇ ਸੀਸ ਨਿਵਾਵੈਂ-।
ਸੁਨਿ ਕਰਿ ਸਭਾ ਸਕਲ ਬਿਸਮਾਈ।
-ਇਹ ਬਾਰਿਕ ਕਜ਼ਾ ਸਮੁਝਿ ਸਕਾਈ
॥੨੭॥
ਸ਼ੀਰ ਖੋਰ ਇਨ ਕਹਾਂ ਬਿਗਾਰਾ।
ਲਰਿਬੇ ਮਿਲਿਬੇ ਨਹਿਨ ਬਿਚਾਰਾ[1]-।
ਸੁਨਤਿ ਜਰਜੋ ਖੱਤ੍ਰੀ ਮਤਿਮੰਦ।
ਬੋਲਜੋ ਬਾਕ ਸੁਨਾਵਨ ਬ੍ਰਿੰਦ ॥੨੮॥
-ਇਹ ਨਾਗਨ ਕੇ ਬੱਚੇ ਛੋਟੇ।
ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।
ਨਹਿਂ ਨਬਾਬ ਕੋ ਕਰਹਿਂ ਸਲਾਮੂ।
ਡਰਪਤਿ ਨਹੀਂ ਬਿਲੋਕਿ ਤਮਾਮੂ ॥੨੯॥
ਇਨ ਕੇ ਉਰ ਹੰਕਾਰ ਬਡੇਰੇ।
ਕਿਮ ਇਹ ਝੁਕਹਿਂ ਨਬਾਬ ਅਗੇਰੇ-।
ਬਹੁਰ ਬਜੀਦਖਾਨ ਬਚ ਕਹਜੋ।

[1]ਨੀਚ।

[1]ਲੜਨ ਤੇ ਮਿਲਣ ਦੀ ਇਨ੍ਹਾਂ ਨੂੰ ਵਿਚਾਰ ਨਹੀਂ।

-ਭ੍ਰਾਤ ਪਿਤਾਦਿਕ ਨਹਿੰ ਕੋ ਰਹਜੋ
॥੩੦॥
ਦੀਨ ਬਿਖੈ ਆਵਹੁ ਤੁਮ ਅਬੈ।
ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।
ਪੁਨ ਤੁਮ ਕੋ ਦੇਂ ਬਹੁ ਬਡਿਆਈ।
ਗਜ ਬਾਜੀ ਅਰੁ ਧਨ ਸਮੁਦਾਈ ॥੩੧॥
ਹਜ਼ਰਤ ਨਿਕਟ ਆਪਨੇ ਰਾਖੈ।
ਪਾਲਨ ਪੋਸਨ ਕੋ ਅਭਿਲਾਖੈ।
ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।
ਕੇਤਿਕ ਚਮੂੰ ਸੰਗ ਤੁਮ ਲਾਵਹਿ ॥੩੨॥
ਜਿਮ ਹਮ ਕਰਹਿਂ ਅਧਿਕ ਸਿਰਦਾਰੀ।
ਤਿਮ ਹੋਵਹੁਗੇ ਲਿਹੁ ਸੁਖ ਭਾਰੀ।
ਸੁਨਤਿ ਜੁਝਾਰ ਸਿੰਘ ਰਿਸ ਆਈ।
ਬੂਝਜੋ ਫਤੇ ਸਿੰਘ ਲਗੁ ਭਾਈ ॥੩੩॥
-ਪਹੁੰਚਜੋ ਸਮਾਂ ਮੋਹਿ ਅਸ ਜੋਵਾ।
ਗੁਰੂ ਪਿਤਾਮੇਂ ਪਰ ਜਿਮ ਹੋਵਾ।
ਸਾਬਤ ਰਹਨਿ ਬਾਤ ਹੈ ਨੀਕੀ।
ਕਹੁ ਭ੍ਰਾਤਾ ! ਤੂੰ ਅਪਨੇ ਜੀ ਕੀ- ॥੩੪॥
ਫਤੇ ਸਿੰਘ ਸੁਨਿ ਉੱਤਰ ਦੀਨਾ।
-ਧਰਮ ਪਿਤਾਮੇ ਜਸੋਂ ਰਖਿ ਲੀਨਾ।
ਸ਼ੁਭ ਜਸ ਤੇ ਜਗ ਪੂਰਨ ਕੀਨਾ।
ਤੀਨ ਲੋਕ ਮਹਿਂ ਸ਼ਾਕਾ ਚੀਨਾ[1] ॥੩੫॥ [1]ਸਾਕਾ ਜਾਣਿਆ ਗਿਆ।
ਹਮ ਤੁਮ ਕੋ ਤਿਮ ਹੀ ਬਨਿ ਆਵੈ।
ਸਿਰ ਦਿਹੁ ਤੁਰਕਨਿ ਮੂਲ ਗਵਾਵੈਂ।
ਹਿੰਦੂ ਧਰਮ ਜਾਗ ਹੈ ਫੇਰ।
ਤਨ ਸਭਿ ਨਾਸ਼ਵੰਤ ਹੀ ਹੇਰਿ ॥੩੬॥
ਦੀਨ ਬਿਖੈ ਲਜਾਵਨ ਕੇ ਹੇਤ।
ਕਰਜੋ ਪਿਤਾਮੇ ਕੋ ਬਹੁ ਦੇਤਿ[1]। [1]ਦਾਦਾ ਜੀ ਨੂੰ ਬਹੁਤ ਕੁਛ ਦੇਣ ਲਈ ਕਹਿੰਦੇ ਰਹੇ ਸਨ।
ਧਰਮ ਧੁਰੰਧਰ ਧੀਰਜ ਧਾਰੀ।
ਇਨ ਕਹਿਨੇ ਪਰ ਪਨਹੀ ਮਾਰੀ[1] [1]ਜੁੱਤੀ ਮਾਰੀ ਸੀ।
॥੩੭॥
ਤਿਮ ਸ਼ਾਕਾ ਜਗ ਤੁਮ ਦਿਖਰਾਵੋ।

ਮਨ ਕੋ ਥਿਰ ਕਰਿ ਨਹੀਂ ਡੁਲਾਵੋ।
ਸਰਬ ਸ਼ਿਰੋਮਣਿ ਬੰਸ ਹਮਾਰਾ।
ਰਾਖਹੁ ਤਿਸ ਕੀ ਲਾਜ ਉਦਾਰਾ- ॥੩੮॥
ਸੁਨੇ ਅਨੁਜ ਤੇ[1] ਧੀਰਜ ਬੈਨ। — [1]ਛੋਟੇ ਭਰਾ ਤੋਂ।
ਕਹਜੋ[1] ਜੁਝਾਰ ਸਿੰਘ ਰਿਸ ਨੈਨ। — [1]ਨਵਾਬ ਨੂੰ) ਕਿਹਾ।
-ਸ਼ਰ੍ਹਾ ਸੀਸ ਹਮ ਪਨਹੀ ਮਾਰੈਂ।
ਧਰਮ ਆਪਨੋ ਨਹੀਂ ਬਿਗਾਰੈਂ ॥੩੯॥
ਹਮਰੇ ਬੰਸ ਰੀਤਿ ਇਮ ਆਈ।
ਸੀਸ ਦੇਤਿ ਪਰ ਧਰਮ ਨ ਜਾਈ।
ਤੁਮਰੀ ਜਰਾਂ ਉਖਾਰਨਿ ਹੇਤ।
ਹਮ ਨਹਿਂ ਡਰਪਹਿਂਗੇ ਸਿਰ ਦੇਤਿ ॥੪੦॥
ਕਹਾਂ ਮੰਦ ਮਤਿ ! ਤੂੰ ਬਿਰਮਾਵੈਂ[1]? — [1]ਭਾਵ, ਭੁੱਲਾ ਫਿਰਦਾ ਹੈਂ।
ਕੂਰ ਪਦਾਰਥ ਪਰ ਨ ਲੁਭਾਵੈਂ[1]। — [1]ਅਸੀਂ ਨਹੀਂ ਲੋਭਾਇਮਾਨ ਹੋਵਾਂਗੇ।
ਧਰਮ ਸਾਚ ਹੈ ਸਦ ਹੀ ਸੰਗ।
ਕੋ ਅਸ ਮੂਰਖ ਕਰਹਿ ਜੁ ਭੰਗ ॥੪੧॥
ਬਡੇ ਗੁਰੂ ਕੀ ਅਗਨਿ ਅਵੱਗਜਾ[1]। — [1]ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਵੱਗਜਾ ਦੀ ਅਗਨੀ।
ਦਾਹਨ ਤੁਰਕ ਜਰਨ ਕੋ ਲੱਗਜਾ[1]। — [1]ਤੁਰਕਾਂ ਦੀਆਂ ਜੜ੍ਹਾਂ ਸਾੜਣ ਲੱਗੀ ਹੋਈ ਹੈ।
ਹਮ ਸਿਰ ਦੈਬੋ ਬਾਯੁ ਬਡੇਰ[1]। — [1]ਸਾਡਾ ਸਿਰ ਦੇਣਾ ਬਡੀ ਹਵਾ (ਝੁੱਲੇਗੀ)।
ਜਾਰਹਿ ਛਾਰ ਕਰਹਿ ਨਹਿਂ ਦੇਰ- ॥੪੨॥
ਸੁਨਤਿ ਜੁਝਾਰ ਸਿੰਘ ਕੀ ਬਾਨੀ।
ਹਿੰਦੂ ਤੁਰਕ ਸਭਾ ਬਿਸਮਾਨੀ।
-ਕਜੋਂ ਨ ਕਹੈਂ ਗੁਰ ਕੇ ਸੁਤ ਅਹੈਂ[1]। — [1]ਕਿਉਂ ਨਾ (ਏਹੋ ਜੇਹੇ ਬਹਾਦਰੀ ਦੇ ਬਚਨ ਕਹਿਣ) ਗੁਰੂ ਜੀ ਦੇ ਪੁੱਤ੍ਰ ਜੁ ਹੋਏ।
ਜਿਨ ਉਪਦੇਸ਼ੇ ਸ਼ੁਭ ਗਤਿ ਲਹੈਂ- ॥੪੩॥
ਸਿਖ ਸੰਗਤ ਹਿੰਦੂ ਤਹਿਂ ਸਬੈ।
ਧੰਨ ਧੰਨ ਬੋਲਤਿ ਭੇ ਤਬੈ।
ਤੁਰਕ ਜਰੇ ਉਰ ਜਰੇ ਨ ਕੈਸੇ।
ਪਾਵਸ ਪਰੇ ਜਵਾਸਾ ਜੈਸੇ ॥੪੪॥
ਖ਼ਾਨ ਵਜੀਦੇ ਨੈਨ ਤਰੇਰੇ[1]। — [1]ਭਾਵ ਤਾੜਨਾ ਵਾਲੀਆਂ ਅੱਖਾਂ ਕੀਤੀਆਂ।

-ਡਰਤਿ ਨਹੀਂ ਕਿਮ ਕਹੈਂ ਕਰੇਰੇ[1]।
ਇਨ ਕੋ ਅਬਿ ਦੈ ਹੈਂ ਮਰਿਵਾਇ-।
ਇਮ ਨਿਸ਼ਚੈ ਕਰਿ ਰਿਸ ਕੌ ਪਾਇ'
॥੪੫॥

[1]ਡਰਦੇ ਨਹੀਂ (ਸਗੋਂ) ਕੈਸੇ ਕਰੜੇ ਬੋਲਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਜੁਝਾਰ ਸਿੰਘ ਬਾਕ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਮਾਹੀ ਨੇ ਸਾਕਾ ਸੁਨਾਉਣਾ-ਜਾਰੀ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

[1] 'ਖੱਤ੍ਰੀ ਝੂਠਾਨੰਦ ਤਬਿ, ਕਹਿ ਨਬਾਬ ਕੇ ਸਾਥ। [1]ਮਾਹੀ ਕਹਿ ਰਿਹਾ ਹੈ।
-ਦੇਖਹੁ ਕਿਮ ਇਹ ਬੋਲਤੇ, ਡਰਤਿ ਨ ਜੋਰਤਿ ਹਾਥ ॥੧॥

ਚੌਪਈ:

ਬਡੇ ਹੋਇੰਗੇ ਪਿਤਾ ਸਮਾਨਾ।
ਲਾਖਹੁੰ ਲਸ਼ਕਰ ਕੀਨਸਿ ਹਾਨਾ।
ਨਿਤ ਉਧਮ ਕੋ ਦੇਸ਼ ਉਠਾਵੈਂ।
ਏਹ ਨਹਿਂ ਕਜੋਂਹੂੰ ਸੀਸ ਨਿਵਾਵੈਂ ॥੨॥
ਅਬਿ ਪਕਰੇ ਬਸ ਆਇ ਤੁਮਾਰੇ।
ਛੂਟ ਨ ਜਾਹਿਂ ਮਵਾਸ ਮਝਾਰੇ[1]। [1]ਛੁੱਟਕੇ ਕਿਸੇ ਆਕੀ ਥਾਂ ਨਾਂ ਚਲੇ ਜਾਣ।
ਇਨ ਕੋ ਅਪਰ ਨਹੀਂ ਉਪਚਾਰੂ।
ਕਰੋ ਹੁਕਮ ਕਿਹ[1], ਕਰੈ ਪ੍ਰਹਾਰੂ- ॥੩॥ [1]ਕਿਸੇ ਨੂੰ ਹੁਕਮ ਕਰੋ।
ਹੁਤੇ ਸਭਾ ਮਹਿਂ ਖਾਨ ਮਲੇਰੀ।
-ਹਤਹਿ- ਜਾਨਿ ਬੋਲੇ ਤਿਸ ਬੇਰੀ[1]। [1](ਇਹ) ਜਾਣਕੇ ਕਿ-(ਨਵਾਬ ਇਨ੍ਹਾਂ ਨੂੰ) ਮਾਰ ਦੇਵੇਗਾ- ਉਸ ਵੇਲੇ ਬੋਲੇ।
-ਬਾਲਕ ਸ਼ੀਰ ਖੋਰ ਕਜਾ ਦੋਸ਼।
ਹਾਨ ਲਾਭ ਕੀ ਇਨਹਿ ਨ ਹੋਸ਼- ॥੪॥
ਸੁਨਿ ਪਾਪੀ ਤਬਿ ਏਵ ਨਵਾਬ।
ਇਤ ਉਤ ਦੇਖਨ ਲਗਯੋ ਸ਼ਤਾਬ।
ਜੇ ਨਰ ਸਨਮੁਖ ਕਿਨਹੁ ਨ ਮਾਨੀ।
-ਹਮ ਤੇ ਬਾਲਕ ਹੋਇਂ ਨ ਹਾਨੀ- ॥੫॥
ਬਹੁਰ ਦਾਹਿਨੀ ਦਿਸ਼ ਜਬਿ ਹੇਰਾ।
ਨੀਵ ਗ੍ਰੀਵ ਕਰਿ ਥਿਰ ਤਿਸ ਬੇਰਾ।
ਬਾਮੇ ਦਿਸ਼ ਤਬਿ ਦ੍ਰਿਸ਼ਟਿ ਚਲਾਈ।
ਨਹਿਂ ਕਿਨ ਮਾਨੀ ਗਿਰਾ ਅਲਾਈ ॥੬॥
ਪਾਛਲ ਦਿਸ਼ਿ ਖਲ ਬਾਂਛਤ ਬੇਗ।
ਗਿਲਜਾ ਪਸ਼ਚਮ ਕੋ ਯੁਤਿ ਬੇਗ[1]। [1]ਮੂਰਖ (ਨਵਾਬ) ਪਿਛਲੇ ਪਾਸੇ ਕਾਹਲੀ ਨਾਲ (ਤੱਕਕੇ) ਚਾਹੁੰਦਾ ਹੈ (ਕਿ ਕੋਈ ਨਿੱਤਰੇ ਤਾਂ) ਪੱਛਮ ਦਾ ਇਕ ਪ੍ਰਾਕ੍ਰਮ ਵਾਲਾ ਗਿਲਜਾ (ਉਸ ਨੂੰ ਦਿੱਸਿਆ, ਜਿਸ ਨੂੰ ਕਹਿਣ ਲੱਗਾ) [ਬੇਗ=ਕਾਹਲੀ ਨਾਲ। ਬੇਗ=ਪ੍ਰਾਕ੍ਰਮ, ਉੱਦਮ]। (ਅ) ਕਈ ਲੋਕ 'ਬਾਂਛਤ ਬੇਗ' ਉਸ ਦਾ ਨਾਂ ਕਹਿੰਦੇ ਹਨ। ਪਰ ਵਾਂਛਤ ਸੰਸਕ੍ਰਿਤ ਪਦ ਹੈ।

-ਲਿਹੁ ਬਾਲਕ ਇਤ ਦਿਸ਼ ਮਹਿਂ ਹੋਇ।
ਧਰ ਤੇ ਜੁਦੇ ਕਰਹੁ ਸਿਰ ਦੋਇ ॥੭॥
ਰਾਖਨ ਕੀ ਲਾਯਕ ਇਹ ਨਾਂਹੀ।
ਪਾਇਂ ਫਤੂਰ ਦੇਸ਼ ਕੇ ਮਾਂਹੀ-।
ਸੁਨਿ ਗਿਲਜਾ ਤਬਿ ਲੇ ਕਰਿ ਗਯੋ।
ਓਟ[1] ਸਭਾ ਕੇ ਹੋਵਤਿ ਭਯੋ ॥੮॥

[1]ਓਹਲੇ।

ਪਾਪੀ ਨਿਰਦਜਾਲੂ ਮਤਿ ਮੰਦ।
ਗਹਿ ਖੈਂਚੀ ਸ਼ਮਸ਼ੇਰ ਬਿਲੰਦ।
ਧੀਰਜ ਧਰੇ ਗੁਰੂ ਸੁਤ ਖਰੇ।
ਨਹੀਂ ਦੀਨ ਮਨ[1] ਕੈ ਸਿਹੁਂ ਕਰੇ ॥੯॥

[1]ਉਦਾਸ ਮਨ।

ਧਰਮ ਹੇਤ ਸਿਰ ਚਾਹਤਿ ਦੀਯੋ।
ਤੁਰਕਨਿ ਜਰਾਂ ਬਿਨਾਸ਼ੀ ਕੀਯੋ।
ਸਿਮਰਹਿਂ ਬਾਤ ਪਿਤਾਮੇ ਕੇਰੀ।
ਲਾਜ ਬੰਸ ਕੀ ਚਹੈਂ ਬਡੇਰੀ ॥੧੦॥
ਅਧਮ ਤਬੈ ਤਰਵਾਰ ਚਲਾਈ[†]।

[†]ਆਮ ਪ੍ਰਸਿੱਧ ਪਰੰਪਰਾਂ ਤੋਂ ਸਾਹਿਬਜ਼ਾਦਿਆਂ ਦਾ ਕੰਧਾਂ ਵਿਚ ਚਿਣੇ ਜਾਣਾ ਆ ਰਿਹਾ ਹੈ ਅਰ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਿੱਖਾਂ ਨੇ ਸਰਹੰਦ ਦੀ ਤਦ ਤੋਂ ਇੱਟ ਨਾਲ ਇੱਟ ਖੜਕਾਈ ਹੈ; ਹਰ ਸਿੱਖ ਹੁਣ ਤਾਈਂ ਸਰਹੰਦ ਦੀ ਇੱਟ ਚਾਕੇ ਸਤਲੁਜ ਵਿਚ ਸੁੱਟਣੀ ਧਰਮ ਜਾਣਦਾ ਹੈ। ਇਹ ਇੱਟਾਂ ਦਾ ਸੰਬੰਧ ਚਿਣੇ ਜਾਣ ਦੀ ਪਰੰਪਰਾ ਵੱਲ ਦਲੀਲ ਨੂੰ ਲੈ ਜਾਂਦਾ ਹੈ। ਤਵਾ: ਖਾਲਸਾ ਨੇ ਲਿਖਿਆ ਹੈ ਕਿ ਪਹਿਲਾਂ ਛਾਤੀ ਤਕ ਕੰਧ ਉਸਾਰੀ ਗਈ, ਉਹ ਕੰਧ ਫੁੱਟਕੇ ਢਹਿ ਪਈ ਤੇ ਫੇਰ ਕਤਲ ਕਰਵਾਏ ਗਏ।

ਸਿਰ ਜੁਝਾਰ ਸਿੰਘ ਦਯੋ ਗਿਰਾਈ।
ਬਹੁਰ ਦੂਸਰੋ ਵਾਰ ਪ੍ਰਹਾਰਾ।
ਫਤੇ ਸਿੰਘ ਕੋ ਸੀਸ ਉਤਾਰਾ ॥੧੧॥
ਹਾਹਾਕਾਰ ਜਹਾਂ ਕਹਿਂ ਭਯੋ।
ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।
ਧੰਨ ਗੁਰੂ ਸੁਤ ਧੀਰਜ ਧਾਰੀ।
ਧਰਮ ਹੇਤ ਸਿਰ ਦਿਯੋ ਉਤਾਰੀ ॥੧੨॥
ਅਲਪ ਆਰਬਲ ਪਕਰੇ ਹੋਏ।
ਦ੍ਰਿੜ੍ਹਤਾ ਅਪਰ ਕਰਹਿ ਇਮ ਕੋਏ?
ਤੁਰਕਨ ਜਰਾਂ ਬਿਨਾਸੀ ਕਰਿ ਕੈ।
ਗਏ ਗੁਰੂ ਪੁਰਿ ਆਨੰਦ ਧਰਿ ਕੈ ॥੧੩॥
ਕਰੇ ਕਲੰਕਤਿ ਰਿਪੁ ਕੁਲ ਸਾਰੇ।
ਰਾਜ ਤੇਜ ਕੋ ਛੀਨਸਿ ਸਾਰੇ।

ਤਿਸ ਛੀਨ ਤੁਰਕ ਹਿੰਦੂ ਤਹਿਂ ਝਾਰੀ[1]।
ਖੱਤ੍ਰੀ ਕੋ ਬਹੁ ਦੇਵਤਿ ਗਾਰੀ ॥੧੪॥
-ਇਹ ਦੋਖੀ ਹੈ ਬਡੋ ਚੰਡਾਲਾ।
ਦੇਖੇ ਬਾਲਿਕ ਕਹ੍ਯੋ ਕਰਾਲਾ[1]-।
ਸਿਖ ਸੰਗਤਿ ਕਰਿ ਹਾਹਾਕਾਰੇ।
ਜਾਨੀ ਤੁਰਕਨ ਜਰਾਂ ਉਪਾਰੇ ॥੧੫॥
ਇਕ ਸਿਖ ਟੋਡਰ ਮਲ ਬਹੁ ਧਨੀ।
ਸਾਹਿਬਜ਼ਾਦੇ ਪਕਰਨਿ ਸੁਨੀ।
ਰਿਦੈ ਬਿਚਾਰ੍ਯੋ -ਧਨ ਗਨ ਦੈ ਕੈ।
ਤੁਰਕਨਿ ਤੇ ਛੁਰਵਾਵਨਿ ਕੈ ਕੈ ॥੧੬॥
ਜਹਾਂ ਗੁਰੂ ਤਹਿਂ ਦੇਉ ਪੁਚਾਈ।
ਪਾਵੌਂ ਜਗਤ ਬਿਖੈ ਬਡਿਆਈ।
ਕਹਾਂ ਦਰਬ ਜੋ ਸਰਬ ਬਿਨਾਸ਼ੀ।
ਗੁਰ ਪਦਵੀ ਦੈ ਹੈਂ ਅਬਿਨਾਸ਼ੀ- ॥੧੭॥
ਕਰਤਿ ਉਤਾਇਲ ਕੇ ਚਲਿ ਆਵਾ।
ਸਭਾ ਬਿਖੈ ਦੇਖਤਿ ਦੁਖ ਪਾਵਾ।
ਸੁਨੀ ਨਰਨ ਤੇ -ਇਨਹੁਂ ਪ੍ਰਹਾਰੇ-।
ਪਰਮ ਦੁਖੀ ਚਿਤ ਮਹਿਂ ਤਿਸ ਬਾਰੇ ॥੧੮॥
ਹੋਯਹੁ ਤਬਿ ਉਤਪਾਤ ਬਿਸਾਲਾ।
ਕੰਪੀ ਧਰਤ ਆਇ ਭੂੰਚਾਲਾ।
ਐਂਚਤਿ ਕੰਕਰ ਧੂਰ ਘਨੇਰੀ।
ਬਹੀ ਬਾਯੁ ਬਹੁ ਬੇਰ ਕੁਫੇਰੀ ॥੧੯॥
ਸਭਿਹਿਨਿ ਕੇ ਲੋਚਨ ਰਜ ਪਰੀ।
ਕੂਕੀ ਵਹਿਰ ਸ਼ਿਵਾ[1] ਮੁਦ ਭਰੀ।
ਬਿਨ ਘਨ ਗਰਜ ਗਗਨ ਤੇ ਸੁਨੀ।
ਸਭਿ ਪਛੁਤਾਵਤਿ ਮੁੰਡੀ ਧੁਨੀ ॥੨੦॥
ਜੋ ਸਜਾਨੇ ਬੁਧਿ ਕਰੈਂ ਬਿਚਾਰਨਿ।
ਬਯੋ ਕਹਿਰ ਬਡ ਕਰਤਿ ਉਚਾਰਨ।
-ਉਠੈ ਉਪੱਦ੍ਰਵ ਰਾਜ ਬਿਧੁੰਸੈ[1]।
ਹੋਇਂ ਬਿਨਾਸ਼ੀ ਤੁਰਕ ਨਿਸੰਸੈ- ॥੨੧॥
ਸਕਲ ਕੁਕਰਮ ਕੁਲੱਛਨ ਹੇਰੇ।

[1]ਸਾਰੇ।
[1](ਜਿਸ ਨੇ) ਭਯਾਨਕ (ਵਾਕ) ਕਹੇ।
[1]ਗਿਦੜੀਆਂ।
[1]ਨਾਸ਼ ਹੋਵੇਗਾ।

ਟੋਡਰ ਮੱਲ ਹੁਇ ਦੁਖੀ ਘਨੇਰੇ।
ਗਮਨਜੋ ਤੁਰਤ ਮਾਤ ਜਹਿਂ ਬੈਸੀ।
ਚਿੰਤਾ ਬਸਿ ਥਿਰ ਮੂਰਤਿ ਜੈਸੀ ॥੨੨॥
ਕਰਤਿ ਪ੍ਰਤੀਖਨ ਪੌਤ੍ਰਨ ਕੇਰੀ।
-ਸਭਾ ਬਿਖੈ ਤੇ ਆਵਹਿਂ ਫੇਰੀ[1]। [1]ਮੁੜਕੇ।
ਰਹੈਂ ਕੈਦ ਕਿਸ ਬਿਧਿ ਛੁਟਿ ਜੈ ਹੈਂ।
ਜੀਵਤਿ ਪੁਨ ਸਭਿ ਹੂੰ ਸੁਖ ਪੈ ਹੈਂ ॥੨੩॥
ਅਤਿ ਪ੍ਰਿਯ ਮਨ ਕੇ, ਛੋਰਿ ਇਕੇਲੀ[1]। [1]ਇਕੱਲੀ ਛੱਡਕੇ।
ਗਏ ਤੁਰਕ ਜਹਿਂ ਸਭਾ ਸਕੇਲੀ।
ਅਬਿ ਐ ਹੈਂ ਬੀਤਜੋ ਚਿਰਕਾਲ-।
ਇਮ ਮਾਤਾ ਚਿਤ ਚਿੰਤ ਬਿਸਾਲ ॥੨੪॥
ਇਤਨੇ ਮਹਿਂ ਟੋਡਰਮਲ ਗਯੋ।
ਹਾਥ ਜੋਰਿ ਪਗ ਬੰਦਤਿ ਭਯੋ।
ਬਿਹਬਲ ਅੱਸ੍ਰਨ[1] ਬਦਨ ਪਖਾਰਾ। [1]ਹੰਝੂਆਂ ਨਾਲ।
ਰੁਕਜੋ ਕੰਠ ਨਹਿਂ ਜਾਇ ਉਚਾਰਾ ॥੨੫॥
ਦੇਖਿ ਦਸ਼ਾ ਤਿਸ ਕੀ ਦੁਖਵਾਰੀ।
ਉਠਜੋ ਹੌਲ ਉਰ ਮਾਤ ਬਿਚਾਰੀ।
-[1]ਕਹੁ ਭਾਈ ਤੂੰ ਆਯੋ ਕੌਨ? [1]ਮਾਤਾ ਜੀ ਨੇ ਕਿਹਾ।
ਕਜੋਂ ਅਤਿ ਦੁਖੀ, ਹੇਤੁ ਕਹੁ ਤੌਨ? - ॥੨੬॥
-[1]ਕਜਾ ਬੂਝਤਿ ਬੈਠੀ ਅਬਿ ਮਾਤ? [1]ਟੋਡਰ ਨੇ ਕਿਹਾ।
ਮਰਤਿ ਪਿਖੇ ਮੈਂ ਦ੍ਵੈ ਗੁਰ ਤਾਤ।
ਜੀਵਤਿ ਰਹਜੋ ਫਟੀ ਨਹਿਂ ਛਾਤੀ।
ਮੋ ਤੇ ਕੋਮਲ ਪਾਹਨ ਜਾਤੀ ॥੨੭॥
ਮੈਂ ਨਿਰਭਾਗ ਬਤਾਵਨ ਆਯੋ।
ਨਹਿਂ ਗੁਰ ਪੁੱਤ੍ਰਨਿ ਸੰਗ ਸਿਧਾਯੋ।
ਘਰ ਕੋ ਦਰਬ ਸਰਬ ਮੈਂ ਦੇਤਿ।
ਜਜੋਂ ਕਜੋਂ ਕਰਿ ਬਚਾਇ ਸੋ ਲੇਤਿ ॥੨੮॥
ਕਜਾ ਮੈਂ ਕਰਉਂ ਬਤਾਵਨ ਕੋਈ।
ਨਹਿਂ ਸਿੱਖੀ ਮਮ ਸਾਬਤ ਹੋਈ-।
ਸੁਨਜੋਂ ਬਾਕ ਖਰ ਬਾਨ ਸਮਾਨ।

ਲਗਜੋ ਕਾਨ ਵਿੰਧ ਰਿਦਾ ਨਿਸ਼ਾਨ ॥੨੯॥

ਊਪਰ ਤਰ ਕੇ ਜੁਟਿ ਗਏ ਰਦਨੰ[1]। — [1]ਉਪਰਲੇ ਤੇ ਹੇਠਲੇ ਦੰਦ ਜੁੜ ਗਏ ਭਾਵ ਦੰਦਣ ਪੈ ਗਈ।

ਭਯੋ ਦਰਦ ਤੇ ਜ਼ਰਦ ਸੁ ਬਦਨੰ[1]। — [1]ਦਰਦ ਨਾਲ ਚਿਹਰਾ ਪੀਲਾ ਹੋ ਗਿਆ।

ਖੁਸ਼ਕ ਹੋਇ ਮੁਖਿ ਲਾਗੁ ਸੁ ਲਾਟੀ[1]। — [1]ਹੋਠਾਂ ਤੇ ਜੀਭ ਦਾ ਸੁੱਕ ਜਾਣਾ ਤੇ ਤਾਲੂ ਨਾਲ ਜੀਭ ਤੇ ਮੂੰਹ ਦਾ ਚਪਕ ਜਾਣਾ।

ਜਨੁ ਕਦਲੀ ਤਰੁ ਕੀ ਜੜ ਕਾਟੀ ॥੩੦॥
ਤਰਫਰਾਤਿ ਮੁਰਛਾ ਕੇ ਪਾਈ।
ਗਿਰੀ ਬਿਸੁਧ ਹ੍ਵੈ ਸੁਧਿ ਨਹਿੰ ਕਾਈ।
ਤਬਿ ਟੋਡਰਮਲ ਦੁਖਿ ਅਤਿਯੰਤਾ।
ਕਰਿ ਬੈਠੀ ਗੁਰ ਮਾਤ ਤੁਰੰਤਾ[1] ॥੩੧॥ — [1]ਛੇਤੀ ਨਾਲ ਗੁਰ ਮਾਤਾ ਨੂੰ ਬੈਠੀ ਕਰ ਦਿੱਤਾ ਭਾਵ ਆਸਰਾ ਦੇਕੇ ਬਿਠਾਇਆ ਤੇ......।

ਬਾਯੁ ਬਸਤ੍ਰ ਤੇ ਕਰੀ ਝੁਲਾਵਨ।
ਤਬਿ ਕੀਨੀ ਤਨ ਕੀ ਸੁਧਿ ਪਾਵਨ।
ਚੇਤਨਤਾ ਜੁਤਿ ਪੁਨ ਚਿਤ ਆਏ[1]। — [1]ਯਾਦ ਆਏ (ਸਾਹਿਬਜ਼ਾਦੇ)।
-ਕਹਾਂ ਪੌਤ੍ਰ? -ਨਹਿਂ ਦ੍ਰਿਸ਼ਟੀ ਆਏ ॥੩੨॥
-ਪੁੱਤ੍ਰ ਜੁਝਾਰ ਸਿੰਘ ਲਿਹੁ ਨਾਲੇ।
ਮੁਝ ਤੇ ਪੂਰਬ ਤੁਮ ਕਿਤ ਚਾਲੇ?
ਕਹਾਂ ਇਕਾਕੀ ਮੈਂ ਰਹਿ ਕਰਿ ਹੌਂ?
ਇਸ ਪ੍ਰਕਾਰ ਮੈਂ ਤੂਰਨ ਮਰਿ ਹੌਂ ॥੩੩॥
ਜੇ ਤੂੰ ਹੈਂ ਗੁਰ ਸਿੱਖ ਅਛੇਰਾ।
ਕਰਿ ਉਪਚਾਰ ਮਰਣ ਕੋ ਮੇਰਾ।
ਜੁਗ ਪੌਤ੍ਰਨਿ ਸੰਗ ਜਿਸ ਤੇ ਮਿਲੌਂ।
ਅਪਨੇ ਸਾਥ ਲਿਏ ਕਰਿ ਚਲੌਂ[1]- ॥੩੪॥ — [1]ਤੇ (ਪੋਤਰਿਆਂ ਨੂੰ) ਆਪਣੇ ਨਾਲ ਲੈ ਕੇ ਚੱਲਾਂ।
ਇਮ ਕਹਿਤੇ ਦੁਖ ਲਖਿ ਕਰਿ ਭਾਰਾ।
ਬੁਰਜ ਸਾਥ ਬਲ ਤੇ ਸਿਰ ਮਾਰਾ।
ਸਹਿ ਨ ਸਕਜੋ ਟੋਡਰਮਲ ਹਰਿ।
ਗਰਿ ਕਰਿ ਬੈਠਜੋ ਮਾਤਾ ਫੇਰ ॥੩੫॥
[1]ਮਸਤਕ ਭਗਨ ਰੁਧਰ ਬਹੁ ਬਹਯੋ। — [1]ਮੱਥਾ ਫਟ ਗਿਆ।
ਬਜਾਕੁਲ ਤੇ ਬਜਾਕੁਲ ਹ੍ਵੈ ਗਯੋ[1]। — [1]ਮਾਤਾ ਜੀ ਨੂੰ) ਬਜਾਕੁਲ (ਦੇਖਕੇ ਟੋਡਰਮਲ) ਵਿਆਕੁਲ ਹੋ ਗਿਆ (ਤੇ ਸੋਚਣ ਲੱਗਾ ਕਿ....)।

ਮੋਹਿ ਛਾਪ ਮਹਿਂ ਹੀਰੇ ਕਣੀ।

ਜੇ ਮੈਂ ਦੇਉਂ, ਅਵੱਗਯਾ ਘਣੀ ॥੩੬॥
ਜੇ ਨਹਿਂ ਦੇਉਂ ਮਹਾਂ ਦੁਖ ਸਹਿ ਹੈ।
ਚਿਰੰਕਾਲ ਤੇ ਮ੍ਰਿਤੁ ਕੋ ਪੈ ਹੈ-।
ਕਹਯੋ ਮਾਤ -ਤੁਹਿ ਦੋਸ਼ ਨ ਕੋਈ।
ਦਿਹੁ ਹੀਰਾ ਜਿਸ ਤੇ ਮ੍ਰਿਤੁ ਹੋਈ- ॥੩੭॥
ਤਬਿ ਟੋਡਰਮਲ ਰਿਦੇ ਬਿਚਾਰਾ।
-ਹੀਰਾ ਤਤਛਿਨ ਛਾਪ ਨਿਕਾਰਾ।
ਦੇ ਮਾਤਾ ਕੋ ਬਦਨ ਪਵਾਯੋ।
ਮਹਾਂ ਦੁਖਤਿ ਨੇ ਲੇ ਕਰਿ ਖਾਯੋ ॥੩੮॥
ਕਿਤਿਕ ਕਾਲ ਮਹਿਂ ਪ੍ਰਾਨ ਨਿਕਾਰੇ।

ਸ੍ਰੀ ਮਾਤਾ ਗੁਜਰੀ ਜੀ ਦੇ ਜੋਤੀ ਜੋਤਿ ਹੋਣ ਦੇ ਪ੍ਰਸੰਗ ਇਤਿਹਾਸਾਂ ਵਿਚ ਜੁਦੇ ਜੁਦੇ ਦੱਸੇ ਗਏ ਹਨ। ਕਿਤੇ ਹੀਰਾ ਚੱਟਣਾ, ਕਿਤੇ ਬੁਰਜ ਤੋਂ ਡਿੱਗਣਾ ਤੇ ਕਿਤੇ ਮੱਥਾ ਕੰਧ ਨਾਲ ਟਕਰਾਉਣਾ ਆਦਿ। ਪਰੰਤੂ ਮਾਤਾ ਜੀ ਦਾ ਜੋਤੀ ਜੋਤਿ ਹੋਣਾ ਯੋਗਾਭ੍ਯਾਸ ਦੇ ਤ੍ਰੀਕੇ ਅਨੁਸਾਰ ਬ੍ਰਹਮਰੰਧ੍ਰ ਦਸਮ ਦ੍ਵਾਰ ਰਸਤੇ ਸਰੀਰ ਤਯਾਗਣਾ ਵਿਸ਼ੇਸ਼ ਸਹੀ ਭਾਸਦਾ ਹੈ, ਕਿਉਂਕਿ ਮਾਤਾ ਜੀ ਯੋਗੀ ਸਨ ਅਰ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਦਿੱਤੇ ਉਪਦੇਸ਼ ਅਨੁਸਾਰ ਆਪ ਯੋਗ ਸਾਧਨਾ ਸਾਧਦੇ ਰਹੇ ਸਨ, ਜੈਸਾ ਕਿ ਸਾਹਿਬ ਦਸਮ ਪਾਤਸ਼ਾਹ ਜੀ ਨੇ ਬੱਚਿਤ੍ਰ ਨਾਟਕ ਦੇ ਧਿਆ ੬ ਅੰਕ ੩ ਵਿਚ ਆਪ ਦਸਿਆ ਹੈ 'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਇਸ ਤੋਂ ਵੱਧ ਹੋਰ ਪ੍ਰਮਾਣ ਦੀ ਲੋੜ ਹੀ ਨਹੀਂ, ਪਰ ਜੋ ਰਵਾਇਤ ਸ਼੍ਰੀ ਫਤਹਗੜ੍ਹ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਤੋਂ ਸੁਣੀ ਹੈ ਉਹ ਇੱਥੇ ਦੱਸਣੀ ਜ਼ਰੂਰੀ ਹੈ। ਪਿਛਲੇ ਸਾਲ ਕੁਛਕ ਯਾਤ੍ਰੂ ਸ਼੍ਰੀ ਫਤਹਗੜ੍ਹ ਸਾਹਿਬ ਗਏ ਸਨ। ਇਕ ਯਾਤ੍ਰੂ ਨੇ ਕਿਹਾ 'ਇਥੇ ਮਾਤਾ ਗੁਜਰੀ ਜੀ ਬੁਰਜ ਤੋਂ ਡਿੱਗਕੇ ਜੋਤੀ ਜੋਤ ਸਮਾਏ ਸਨ'। ਪਾਸ ਹੀ ਗ੍ਰੰਥੀ ਸਿੰਘ ਜੀ ਸੁਣ ਰਹੇ ਸਨ, ਉਨ੍ਹਾਂ ਨੇ ਉਸ ਯਾਤ੍ਰੂ ਨੂੰ ਕਿਹਾ 'ਭਾਈ ਇਸ ਤਰ੍ਹਾਂ ਦੇ ਬੇਅਦਬੀ ਦੇ ਵਾਕ ਸ਼੍ਰੀ ਮਾਤਾ ਜੀ ਵਾਸਤੇ ਨਾ ਕਹੁ, ਅਸੀਂ ਆਪਣੇ ਪਿਤਾ ਪਿਤਾਮਾ ਜੀ ਤੋਂ ਸੁਣਦੇ ਆਏ ਹਾਂ ਕਿ ਮਾਤਾ ਜੀ ਨੂੰ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲੀ ਤਾਂ ਉਨ੍ਹਾਂ ਸ਼੍ਰੀ ਜਪੁਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਚੌਂਕੜਾ ਲਾਕੇ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤੇ ਸਰੀਰ ਤਿਆਗ ਦਿੱਤਾ'।

ਦਸਮੀ ਪਾਤਸ਼ਾਹੀ ਦੇ ਗੁਰ ਬਿਲਾਸ ਵਿਚ ਲਿਖਿਆ ਹੈ ਕਿ ਦੋਵੇਂ ਸਾਹਿਬਜ਼ਾਦੇ ਧਰਮ ਵਾਸਤੇ ਸਰੀਰ ਤਿਆਗ ਕੇ ਆਪਣੇ ਨੂਰਾਨੀ ਜਾਮੇ ਵਿਚ ਮਾਤਾ ਜੀ ਪਾਸ ਆਏ ਯਥਾ 'ਇਹ ਕਹੇ ਬੈਨ ਮਾਤਾ ਨਿਧਾਨ। ਹਮ ਖੁਸ਼ੀ ਦੇਹੁ ਕਰੀਏ ਪਯਾਨ। ਬੋਲੀ ਪਛਾਨ ਜਨਨੀ ਸੁ ਤਾਤ। ਲਖ ਆਗ ਪਾਛ ਕਹਿਓ ਸੁ ਬਾਤ। ਕਯੋਂ ਦ੍ਰਿਸ਼ਟਿ ਨਾਹਿ ਤੁਮ ਪਰਤ ਮੋਰ। ਵਹਿ ਕਹੋ ਬਾਤ ਮੁਹਿ ਸੰਗ ਛੋਰ। ਬੋਲੇ ਸੁ ਬੀਰ ਦੋਨੋ ਨਿਧਾਨ। ਇਹ ਦਿੱਬ ਦੇਹ ਹੈ ਅਵਰ ਆਨ। ਜਿਹ ਮਨੁਸ਼ ਦੇਵ ਨਹਿ ਲਖਤ ਕੋਇ। ਜਹਿ ਦਿਪਤ ਜੇਤਿ ਉੱਦੇਤ ਸੋਇ। ਨਹੀਂ ਪੰਚ ਤੱਤ ਕੀ ਮਲਿਨ ਦੇਹ। ਹੈ ਬਢਨ ਘਟਨ ਤੇ ਅਮਰ ਏਹ। ' ਇਉਂ ਮਾਤਾ ਜੀ ਜਦ ਲਾਲ ਤੱਕੇ ਤਾਂ ਆਪ ਭੀ ਸਰੀਰ ਤਿਆਗ ਇਹ ਦੋ ਹੀਰਿਆਂ ਦਾ ਜੁੱਟ ਨਾਲ ਲੈ ਕੇ ਗੁਰਪੁਰੀ ਸਿਧਾਰ ਗਏ। ਸ਼ਾਇਦ ਹੀਰਿਆਂ ਦੇ ਜੁੱਟ ਤੋਂ 'ਹੀਰਾ ਚੱਟਕੇ ਮਾਤਾ ਜੀ ਗੁਰਪੁਰੀ ਸਿਧਾਏ' ਇਹ ਗੱਲ ਲਿਖੀ ਕਵੀਆਂ ਦੇ ਵੇਖਣ ਵਿਚ ਆਈ ਤੇ ਇਹੋ ਲਿਖ ਦਿੱਤੀ ਹੋਵੇ, ਕਿਉਂਕਿ ਜਜੇ ਦੀ ਔਂਕੜ ਮਾਤ੍ਰਾ ਜਜੇ ਦੇ ਨਾਲ ਮਿਲ ਜਾਣ ਕਰਕੇ 'ਚਚਾ' ਬਣ ਜਾਂਦਾ ਹੈ।

ਮਿਲਿ ਪੌਤ੍ਰਨਿ ਗੁਰਪੁਰੀ ਪਧਾਰੇ।
ਤੀਨਹੁ ਤਨ ਟੋਡਰ ਸਸਕਾਰੇ†।

†ਜਿੱਥੇ ਸਸਕਾਰ ਹੋਇਆ ਉਥੇ ਗੁਰਦਵਾਰਾ ਹੈ। ਨਾਮ 'ਜੋਤੀ ਸਰੂਪ' ਹੈ। ਜਿੱਥੇ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਗੁਰਦਵਾਰੇ ਦਾ ਨਾਮ 'ਫਤੇ ਗੜ੍ਹ' ਹੈ ਤੇ ਜਿੱਥੇ ਮਾਤਾ ਜੀ ਸਾਹਿਬਜ਼ਾਦੇ ਨਜ਼ਰਬੰਦ ਰਹੇ ਉਸ ਨੂੰ 'ਮਾਤਾ ਗੁਜਰੀ ਜੀ ਦਾ ਬੁਰਜ' ਕਹਿੰਦੇ ਹਨ। ਹੋਰ ਸ਼ਹੀਦ ਗੰਜ ਗੁਰਸਿੱਖਾਂ ਦੇ ਏਥੇ ਕਈ ਹਨ।

ਚੁਨੇ ਪੁਸ਼ਪ ਬਾਸਨ ਨਹਿਂ ਡਾਰੇ ॥੩੯॥
ਸਭਿ ਸਿੱਖਨਿ ਮਿਲਿ ਤਹਾਂ ਦਬਾਏ।'
ਇਮ ਮਾਹੀ ਸਭਿ ਗਾਥ ਸੁਨਾਏ।
'ਸੁਨਹੁ ਗੁਰੂ ਜੀ ! ਸਕਲ ਪ੍ਰਸੰਗ।
ਇਕ ਸਿਖ ਨੇ ਭਾਖ੍ਯੋ ਮੁਝ ਸੰਗ ॥੪੦॥
ਸੋ ਮੈਂ ਰਾਵਰਿ ਪਾਸ ਬਤਾਵਾ।
ਦਿਜ ਕੀ ਸੁਨਹੁ ਜਥਾ ਫਲ ਪਾਵਾ।
ਤੁਰਕਨ ਸੁਨੀ ਰਹ੍ਯੋ ਧਨ ਇਸ ਕੇ।
ਧਾਇ ਸਿਪਾਹੀ ਗਮਨੇ ਤਿਸ ਕੇ ॥੪੧॥
ਸਕਲ ਕੁਟੰਬ ਬਾਂਧਿ ਕਰਿ ਆਨਾ।
ਦਈ ਸਜ਼ਾਇ ਮਾਰ ਕਰਿ ਨਾਨਾ।

ਜਿਹ ਥਲ ਤਿਹ ਦੀਨਾਰ ਦਬਾਈ।
ਰਹਜੋ ਖੋਜ ਸੋ ਹਾਥ ਨ ਆਈ ॥੪੨॥
ਮਾਰੀਂਦਾ ਤੁਰਕਨ ਤੇ ਮਰਿਓ।
ਤਾਤਕਾਲ ਫਲ ਭੋਗਨਿ ਕਰਿਓ।'
ਤਬਿ ਸਤਿਗੁਰੂ ਪ੍ਰਯੰਕੈ ਥਿਰੇ।
ਦੋਨਹੁੰ ਚਰਨ ਧਰਾ ਪਰ ਧਰੇ ॥੪੩॥
ਬੂਟ ਖਰੋ ਕਾਹੂ[1] ਕੋ ਹੇਰੇ।
ਤਿਸ ਕੀ ਜਰ ਕੋ ਖਨਹਿਂ ਘਨੇਰੇ।
ਕਰਦ ਹਾਥ ਮਹਿਂ ਧਾਰਨ ਕਰੇ।
ਸਗਲ ਪ੍ਰਸੰਗ ਸੁਨਜੋਂ ਚਿਤ ਧਰੇ ॥੪੪॥
ਬਹੁਰ ਬੂਝਨਾ ਕੀਨਿ ਗੁਸਾਈਂ।
'ਜਹਾਂ ਸਭਾ ਤੁਰਕਨ ਸਮੁਦਾਈ।
ਬਿਨ ਮਲੇਰੀਅਨ ਅਪਰ ਭਿ ਕੋਈ।
ਪਿਖਿ ਸਿਸ ਦਯਾ ਰਿਦੇ ਜਿਸ ਹੋਈ?' ॥੪੫॥
ਤਬਿ ਮਾਹੀ ਕਰ ਜੋਰਿ ਉਚਾਰਾ।
'ਮੈਂ ਆਛੇ ਕੀਨੋ ਨਿਰਧਾਰਾ।
ਸ਼ੀਰ ਖੋਰ ਇਨ ਦੋਸ਼ ਨ ਲੇਸ਼।
ਏਵ ਮਲੇਰੀ ਕਹਿ ਬਿਨ ਦ੍ਵੈਸ਼' ॥੪੬॥
ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ।
'ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ।
ਅਪਰ ਤੁਰਕ ਸਭਿ ਹੀ ਜਰ ਦਹੈ[1]' ॥੪੭॥
ਇਮ ਕਹਿ ਮੁਖ ਤੇ ਕਰਦ ਚਲਾਈ।
ਕਾਹੂ[੧] ਬੂਟ ਜੜ ਕਾਟਿ ਗਵਾਇ।
'ਜਿਮ ਇਸ ਕੀ ਜੜ ਕਾਟਿ ਉਖਾਰੀ।
ਤਥਾ ਤੁਰਕ ਕੀ ਬਿਨਸਹਿ ਸਾਰੀ ॥੪੮॥
ਕੇਤਿਕ ਦਿਨ ਮਹਿਂ ਹੋਇ ਬਿਨਾਸ਼ਾ।
ਬਿਸਮਾਵੈ ਜਗ ਦੇਖਿ ਤਮਾਸ਼ਾ।'
ਦਿਯੋ ਸ੍ਰਾਪ ਗੁਰ ਕੁਪੇ ਘਨੇਰੇ।

[1]ਇਕ ਬੂਟੀ ਜੋ ਦਵਾ ਦੇ ਕੰਮ ਆਉਂਦੀ ਹੈ [ਫਾ:, ਕਾਹੂ]। (ਅ) ਇਕ ਪ੍ਰਕਾਰ ਦਾ ਘਾਹ, ਕਾਹੀ।

[1]ਜੜ੍ਹ ਸੜ ਜਾਏਗੀ।

ਰਾਜ ਤੇਜ ਕੋ ਮੂਲ ਉਖੇਰੇ ॥੪੯॥
'ਪੁਰਿ ਸਿਰੁੰਦ ਮਹਿਂ ਪਾਪ ਘਨੇਰਾ।
ਉਜਰ ਜਾਹਿ ਲਹਿ ਕਸ਼ਟ ਬਡੇਰਾ।
ਸਿੱਖ ਹਮਾਰੇ ਮਾਰਿ ਉਜਾਰਹਿਂ।
ਛੀਨਿ ਰਾਜ ਧਨ ਵਹਿਰ ਨਿਕਾਰਹਿਂ'
॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼੍ਰਾਪ ਦੇਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

## ੫੩. [ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ। ਦੀਨੇ ਪਹੁੰਚਣਾ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਸੁਨਜੋ ਸ੍ਰਾਪ ਗੁਰ ਤੇ ਜਬੈ, ਬਿਸਮਜੋ ਕੱਲਾਰਾਇ।
-ਮੈਂ ਸੰਗੀ ਤੁਰਕਾਨ ਕੋ, ਤਿਨਹੁੰ ਸੰਗ ਜੜ੍ਹ ਜਾਇ ॥੧॥

ਚੌਪਈ:

ਰਹਜੋ ਸਮੀਪ ਨਹੀਂ ਕਰ ਜੋਰੇ।
ਨਹਿ ਬਖਸ਼ਾਯਹੁ ਗੁਰੂ ਨਿਹੋਰੇ।
ਅਬਿ ਭੀ ਸਮੋ ਲੇਉਂ ਬਖਸ਼ਾਇ-।
ਇਮ ਨਿਸ਼ਚੈ ਮਨ ਮਹਿਂ ਠਹਿਰਾਇ ॥੨॥
ਉਠਜੋ ਸਭਾ ਤੇ ਜੁਗ ਕਰ ਜੋਰੇ।
'ਸ਼੍ਰੀ ਪ੍ਰਭੁ, ਕ੍ਰਿਪਾ ਕਰਹੁ ਮਮ ਓਰੇ।
ਦਾਸ ਕਦੀਮੀ ਰਾਵਰ ਕੇਰਾ†।
ਤੁਰਕਨਿ ਸਨ ਕਿਛ ਹਿਤੁ ਨਹਿਂ ਮੇਰਾ ॥੩॥
ਤਿਨ ਕੇ ਸਾਥ ਨ ਮੋਹਿ ਮਿਲਾਓ।
ਅਪਨ ਸ਼੍ਰਾਪ ਤੇ ਪ੍ਰਥਕ ਬਚਾਓ।'
ਸ਼੍ਰੀ ਗੁਰ ਕਹੈਂ 'ਪ੍ਰਥਮ ਕੇ ਸਮੈ[1]।
ਅਪਨੇ ਹੇਤ ਕਹਿਨ ਥੋ ਹਮੈ[1] ॥੪॥
ਦੇਤਿ ਸ਼੍ਰਾਪ ਕੋ ਲੇਤਿ ਬਚਾਇ।
ਤੁਰਕਨ ਗਨ ਤੇ ਪ੍ਰਥਕ ਬਨਾਇ।'
ਸੁਨਤਿ ਰਾਇ ਕੱਲੇ ਤਬਿ ਕਹਜੋ।
'ਇਤੋ ਕੋਪ ਮੈਂ ਨਾਹਿਨ ਲਹਜੋ ॥੫॥
ਅਬਿ ਭੀ ਸ਼ਰਨ ਪਰੇ ਕੀ ਰਾਖਹੁ।
ਦਾਸ ਜਾਨਿ ਬਖਸ਼ਨ ਅਭਿਲਾਖਹੁ।
ਮੇਰੋ ਰਾਜ ਤੇਜ ਰਖਿ ਲੀਜੈ।
ਪਰਜੋ ਸ਼ਰਨ ਅਬਿ ਕਰੁਨਾ ਕੀਜੈ' ॥੬॥
ਪੁਨ ਸ਼੍ਰੀ ਗੁਰ ਤਿਹ ਸੰਗ ਬਖਾਨਾ।
'ਮਿਟਿ ਕਿਮ ਸਕਹਿ ਜਿ ਸਚੁ ਹੁਇ ਜਾਨਾ।

†ਇਸ ਤੋਂ ਸਿੱਧ ਹੋਇਆ ਕਿ ਕੱਲਾ ਨਿਰਾ ਧਰਮੀ ਪੁਰਖ ਹੀ ਨਹੀਂ ਸੀ ਪਰ ਗੁਰਸਿੱਖ ਬੀ ਸੀ। ਇਸੇ ਕਰਕੇ ਗੁਰੂ ਜੀ ਇਸ ਪਾਸ ਪੁੱਜੇ ਹਨ ਤੇ ਇਸ ਕਰਕੇ ਉਸਨੇ ਅਤੀ ਸੇਵਾ ਤੇ ਪਿਆਰ ਕੀਤਾ ਹੈ, ਜਿਵੇਂ ਸੱਕਾ ਪੁੱਤ੍ਰ ਯਾ ਸੱਚਾ ਮੁਰੀਦ ਕਰ ਸਕਦਾ ਹੈ।

[1]ਪਹਿਲੇ ਸਮੇਂ।

[1]ਆਪਣੇ (ਬਚਣੇ) ਲਈ ਸਾਨੂੰ ਕਹਿਣਾ ਸੀ।

ਹੋਨਹਾਰ ਤੁਰਕਨ ਘਰ ਖੋਵਾ।
ਨਿਤ ਅਪਰਾਧ ਕਰਤਿ ਹੀ ਜੋਵਾ ॥੭॥
ਨਹੀਂ ਨਗਾਰਬੰਦ ਕੋ ਰਹੈ।
ਤੇਜ ਛੀਨਤਾ ਨਿਤ ਪ੍ਰਤਿ ਲਹੈ।
ਅਬਿ ਇੱਕੀ ਸੈ ਕੋਸਨ ਰਾਜ।
ਚੱਕ੍ਰਵਰਤਿ ਕੋ ਸਿਰ ਪਰ ਤਾਜ ॥੮॥
ਥੋਰੇ ਦਿਨ ਮਹਿਂ ਇਮ ਹੁਇ ਹਾਨਾ।
ਨੀਠ ਨੀਠ ਜਿਨ ਕੀ ਗੁਜ਼ਰਾਨਾ।
ਜਿਹ ਸਿਰੰਦ ਮਹਿਂ ਸਾਹਿਬਜ਼ਾਦੇ।
ਕੀਰ ਅਵੱਗਜਾ ਤੁਰਕਨਿ ਬਾਦੇ ॥੯॥
ਬਡੀ ਬਸਹਿ ਕੋਸਨ ਲਗਿ ਜੋਈ।
ਧਨੀ ਘਨੀ ਮਹਲਾਇਤ[1] ਹੋਈ।

[1]ਜੋ ਬਹੁਤ ਧਨਾਢ ਹੈ ਤੇ ਜਿਸ ਵਿਚ ਬੜੇ ਬੜੇ ਮਹਲ ਹਨ (ਭਾਵ ਸਰਹੰਦ)।

ਸਕਲ ਸਦਨ ਕੀ ਜਰਾਂ ਉਖਰਿ ਹੈਂ।
ਖੇਤੀ ਬਾਹਨ[1] ਬੋਵਨ ਕਰਿਹੈਂ ॥੧੦॥

[1]ਖੇਤੀ ਵਾਹਕੇ।

ਅਸ ਫਲ ਪ੍ਰਾਪਤਿ ਪਾਪਨ ਕੇਰਾ।
ਤੁਰਕ ਰਾਜ ਕੋ ਹੋਇ ਨਿਬੇਰਾ।'
ਦੋਇ ਬਾਰ ਕਹਿ[1] ਕੱਲਾ ਰਾਊ।

[1]ਕਹਿਕੇ।

ਭਯੋ ਲਚਾਰ ਮਹਾਂ ਪਛੁਤਾਊ ॥੧੧॥
-ਅਬਿ ਰਿਸ ਮਹਿਂ ਬਖਸ਼ਤਿ ਕਿਮ ਨਾਂਹੀ।
ਸੰਗ ਚਲੌਂ ਬੈਠਵ ਨਿਤ ਪਾਂਹੀ।
ਹੁਇਂ ਪ੍ਰਸੰਨ ਕਿਸ ਬਿਧਿ ਤੇ ਜਬੈ।
ਮਹਾਂ ਪੁਰਖ ਬਖਸ਼ਹਿੰਗੇ ਤਬੈ- ॥੧੨॥
ਨਿਜ ਲੋਕਨਿ ਸਨ ਊਚ ਉਚਾਰਾ।
'ਗਮਨਹੁ ਸਦਨ ਕਰਹੁ ਸਭਿ ਤਜਾਰਾ।
ਬਾਲਿਕ ਤ੍ਰੀਮਤਿ ਸਭਿ ਲੈ ਆਓ।
ਰਾਖਹਿਂ[1] ਸੰਗ ਜਹਾਂ ਕਹਿਂ ਜਾਓ ॥੧੩॥

[1]ਨਾਲ ਰੱਖਾਂਗੇ।

ਨਾਂਹਿ ਤਾ ਕੋ ਗ਼ਨੀਮ ਚਢਿ ਆਵੈ।
ਛੀਨਹਿ ਦੇਸ਼ ਮਹਾਂ ਬਲ ਪਾਵੈ।
ਸਭਿ ਔਰਤ ਕੀ ਬੇਨੀ[1] ਗਹਿ ਗਹਿ।

[1]ਗੁੱਤਾਂ।

ਵਹਿਰ ਨਿਕਾਰਹਿਂ ਦੁਰਬਚ ਕਹਿ ਕਹਿ ॥੧੪॥

ਸ੍ਰੀ ਸਤਿਗੁਰ ਕੇ ਸੰਗ ਰਹੀਜੈ।
ਥਿਰੇ ਥਿਰਹੁ, ਗਮਨੈਂ ਗਮਨੀਜੈ[1]।
ਜਹਿਂ ਬਖਸ਼ਹਿਂਗੇ ਕਰੁਨਾ ਧਾਰਿ।
ਤਹਿਂ ਤੇ ਹਟਹੁ, ਬਸਾਵਹੁ ਨਾਰ[1]" ॥੧੫॥
ਅਸ ਕਹਿਬੋ ਸੁਨਿ ਕਰਿ ਗੁਨ ਕਾਨ[1]।
-ਹਮਰੇ ਬਚਨ ਪ੍ਰਤੀਤ ਮਹਾਨ-।
ਦਯਾਸਿੰਧੁ ਤਬਿ ਦਯਾ ਢਰੇ ਹੈਂ।
ਹਿਤ ਬਖਸ਼ਨ ਕੇ ਬਚਨ ਕਰੇ ਹੈਂ ॥੧੬॥
'ਜ਼ੋਰਾਵਾਰੀ ਕਰਤਿ ਹੈ ਰਾਇ।
ਜੜ ਅਪਨੀ ਰਾਖਨ ਕੇ ਦਾਇ।'
ਆਸਤਰਨ ਕੇ ਤਰ ਤਰਵਾਰ।
ਤਹਿਂ ਤੇ ਸ੍ਰੀ ਪ੍ਰਭੁ ਲਈ ਨਿਕਾਰਿ ॥੧੭॥
ਨਿਜ ਕਰ ਮਹਿਂ ਧਰਿ ਬਾਕ ਬਖਾਨਾ।
'ਤੁਝ ਕੋ ਬਖਸ਼ਹਿਂ ਚਾਰੁ[1] ਕ੍ਰਿਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ।
ਰਹੈ ਬੰਸ, ਹੁਇ ਰਾਜ ਬਡੇਰਾ ॥੧੮॥
ਨਹਿਂ ਪੂਜਹੁ ਸਨਮਾਨਹੁ ਨਾਂਹੀ।
ਕਿਧੌਂ ਪਾਇ ਲੇ ਕੋ ਗਰ ਮਾਂਹੀ।
ਬੰਸ ਰਾਜ ਤਿਸ ਦਿਨ ਤੇ ਛੀਨ।
ਕਛੁ ਨਹਿਂ ਰਹੈ, ਸਾਚ ਲਿਹੁ ਚੀਨ' ॥੧੯॥
ਸੁਨਿ ਕਰਿ ਦੋਨਹੁਂ ਹਾਥ ਪਸਾਰੇ।
ਸਤਿਗੁਰ ਕੇ ਹੁਇ ਨਿਕਟ ਅਗਾਰੇ।
'ਦੀਜਹਿ ਸਤਿਗੁਰ, ਪੂਜਹਿਂ ਸਦਾ।
ਨਹੀਂ ਅਵੱਗਯਾ ਕਰਿਹੌਂ ਕਦਾ' ॥੨੦॥
ਰਿਦੈ ਪ੍ਰਸੰਨ ਰਾਇ ਬਹੁ ਹੋਵਾ।
ਸੁੰਦਰ ਖੜਗ ਬਿਕੀਮਤਿ ਜੋਵਾ।
'ਰਾਜ ਤੇਜ ਅਰ ਬੰਸ ਉਦਾਰਾ।
ਆਯਹੁ ਰਾਖਨਹਾਰ ਹਮਾਰਾ[1]' ॥੨੧॥

[1]ਜਿੱਥੇ) ਠਹਿਰਨ ਠਹਿਰ ਜਾਈਏ ਟੁਰ ਪੈਣ (ਤਾਂ ਨਾਲ) ਟੁਰ ਪਈਏ।

[1]ਫਿਰ ਆਕੇ ਜ਼ਨਾਨੀਆਂ ਨੂੰ ਘਰੀਂ ਵਸਾਉਣਾ (ਕਿਉਂਕਿ ਪਿੱਛੇ ਕਹਿ ਆਏ ਹਨ ਕਿ ਬਾਲਕ ਤ੍ਰੀਮਤ ਸਭਿ ਲੈ ਆਓ)।

[1]ਇਹੇ ਜਿਹੀ (ਕੱਲੇ ਦੀ) ਆਖੀ (ਗੱਲ) ਸਤਿਗੁਰੂ ਜੀ ਕੰਨੀ ਸੁਣਕੇ ਕਿ....।

[1]ਸੁਹਣੀ।

[1]ਇਹੀ ਕ੍ਰਿਪਾਨ) ਸਾਡੇ (ਰਾਜ ਤੇਜ ਦੀ) ਰੱਖਯਕ ਹੋਕੇ ਆਈ ਹੈ।

ਸ਼੍ਰੀ ਗੁਰ ਕਦਮ ਪਦਮ ਸਮ ਹੇਰੇ।
ਬਾਰ ਬਾਰ ਬੰਦਹਿਂ ਤਿਸ ਬੇਰੇ।
ਹਾਥ ਜੋਰਿ ਕਰਿ ਖਰੋ ਅਗਾਰੀ।
'ਦਿਹੁ ਆਗਜ਼ਾ ਹੁਇ ਸੇਵ ਤੁਮਾਰੀ'
॥੨੨॥
ਸ਼੍ਰੀ ਗੁਰ ਕਹ੍ਯੋ 'ਗਮਨ ਹਮ ਚਾਹੈਂ।
ਤੁਮ ਭੀ ਜਾਹੁ ਅਪਨਿ ਘਰ ਮਾਂਹੈ।
ਜੰਗਲ ਦੇਸ਼ ਹਮਾਰੇ ਸਿੱਖ।
ਤਹਾਂ ਬਿਤਾਵਹਿ ਸਮਾਂ ਭਵਿੱਖ ॥੨੩॥
ਅਬਿ ਸੇਵਾ ਕੀ ਚਾਹ ਨ ਕੋਈ।
ਜਿਸ ਹਿਤ ਕਹੈਂ ਤੋਹਿ ਕੋ ਸੋਈ।'
ਇਮ ਕਹਿ ਪਲੰਘ ਤਬੈ ਉਠਿਵਾਯੋ।
ਰਾਇ ਚਮੂੰ ਜੁਤਿ ਸੀਸ ਨਿਵਾਯੋ† ॥੨੪॥

†ਰਾਇ ਨੂੰ ਮਿਲਣ ਤੋਂ ਪਹਿਲੇ ਦਾ ਇਕ ਹੋਰ ਪ੍ਰਸੰਗ ਵੀ ਹੋਯਾ ਹੈ ਕਿ ਸ਼੍ਰੀ ਗੁਰੂ ਜੀ ਜਦ ਰਾਇ ਕੱਲੇ ਦੇ ਗਿਰਾਂ ਦੀਆਂ ਜੂਹਾਂ ਵਿਚ ਅੱਪੜੇ ਹਨ ਤਾਂ ਆਪ ਜੀ ਨੇ ਗੁੱਜਰਾਂ ਤੋਂ ਦੁੱਧ ਮੰਗਿਆ। ਗੁਜਰਾਂ ਨੇ ਮਖ਼ੌਲ ਕੀਤਾ ਤੇ ਕਿਹਾ:-"ਅਸਾਂ ਦੇ ਡੰਗਰ ਲਵੇਰੇ ਨਹੀਂ! ਪਿਛੇ ਔਹ ਜੋ ਮਾਹੀ ਆ ਰਿਹਾ ਹੈ ਗੱਭਰੂ ਉਸਦੀ ਗਾਂ ਦੁੱਧ ਦੇਂਦੀ ਹੈ"। ਗੁੱਜਰ ਲੰਘ ਗਏ, ਜਦੋਂ ਉਹ ਮਾਹੀ ਆਯਾ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜ ਕੇ ਕਹਿਣ ਲੱਗਾ "ਦੁੱਧ ਸਦਕੇ ਨਾਂ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਉਹ ਗੁੱਜਰ ਮੇਰੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ"। ਆਪ ਹੱਸੇ ਤੇ ਕਹਿਣ ਲੱਗੇ "ਮਸ਼ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ"। ਇਕ ਛੇਕੋ ਛੇਕ ਲੋਟਾ ਸੀ ਜੋ ਗੁਰਾਂ ਨੇ ਦਿੱਤਾ। ਮਾਹੀ, ਨਿਸ਼ਚੇ ਵਾਲਾ ਮਾਹੀ, ਬਹਿ ਗਿਆ; ਭੱਜੀ ਹੋਈ ਯਾ ਭੱਜ ਰਹੀ ਗਾਂ ਦੇ ਥਣਾਂ ਵਿੱਚ ਦੁੱਧ ਆ ਗਿਆ, ਮਾਹੀ ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਿਵੇ ਕੁਛ ਛੇਕਾਂ ਥਾਣੀ ਸਿੰਮੇ, ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅਥਰੂਆਂ ਨਾਲ ਭਰਿਆ ਲੋਟਾ ਲੈਕੇ ਮਾਹੀ ਆਇਆ। ਆਪ ਨੇ ਦੁੱਧ ਲਿਆ, ਪੀਤਾ ਤੇ ਕਿਹਾ "ਬਿਸ਼੍ਵੰਭਰ ਹੈਂ! ਸਰਬੰਭਰ ਹੈਂ"। ਫਿਰ ਮਾਹੀ ਨੂੰ ਫੁਰਮਾਯਾ "ਮਾਹੀ! ਲੈ ਇਹ ਲੋਟਾ ਤੂੰਹੇਂ ਰੱਖ, ਤੂੰ ਰੱਜ ਖਾਵੇਂਗਾ"। ਕਹਿੰਦੇ ਹਨ ਕਿ ਇਹ ਲੋਟਾ ਅਜੇ ਤੱਕ ਰਾਇ ਕੱਲੇ ਦੇ ਖਾਨਦਾਨ ਵਿਚ ਰਾਇ ਇਨਾਯਤ ਖ਼ਾਂ ਜੀ ਸਬ ਜੱਜ ਪਾਸ ਹੈ, ਲੋਕੀਂ ਦੇਖਣ ਜਾਂਦੇ ਹਨ; ਦੇਖਣ ਵਾਲੇ ਦੱਸਦੇ ਹਨ ਕਿ ਇਹ ਲੋਟਾ ਛੇਕੋ ਛੇਕ ਹੈ ਪਰ ਜਦ ਭਰ ਜਾਏ ਤਾਂ ਪਾਣੀ ਫਿਰ ਨਹੀਂ ਸਿੰਮਦਾ।

ਜੰਗਲ ਦਿਸ਼ਾ ਬਦਨ ਕਰਿ ਚਲੇ।
ਮੂੱਠਾ ਫਿਰੈ ਸੀਸ ਪਰ ਭਲੇ।
ਗ੍ਰਾਮ ਏਕ ਪੁਨ ਪਹੁੰਚੇ ਜਾਇ।
ਬੱਦ੍ਰੀ ਤਰੁ ਤਰ[1] ਪਲੰਘ ਟਿਕਾਇ ॥੨੫॥

[1]ਬੇਰ ਦੇ ਬੂਟੇ ਹੇਠ।

ਕਰ੍ਯੋ ਸੁਚੇਤਾ ਥਿਰ ਕੁਛ ਭਏ।
ਬਹੁਰੋ ਆਗੇ ਚਲਿਬੋ ਕਏ।
ਸਨੇ ਸਨੇ ਮਾਰਗ ਉਲਘੰਤੇ।
ਜੰਗਲ ਦੇਸ਼ ਆਇ ਨਿਯਰੰਤੇ ॥੨੬॥
ਏਕ ਨਿਸਾ ਬਸਿ ਗਏ ਅਗਾਰੀ।

ਹਾਜੀ ਬੇਖ ਪਲੰਘ ਅਸਵਾਰੀ।
ਸਨਮੁਖ ਸਿੰਘ ਮਿਲ੍ਯੋ ਇਕ ਆਇ।
ਸ੍ਰੀ ਗੁਰ ਦੇਖੇ ਸੀਸ ਨਿਵਾਇ ॥੨੭॥
ਪਰ੍ਯੋ ਜ਼ੀਨ ਜਿਸ ਪਾਸ ਤੁਰੰਗਾ।
ਦੀਰਘ ਚਾਲ ਚਪਲ ਬਲ ਸੰਗਾ।
ਅਰਪਨ ਕਰ੍ਯੋ ਹਾਥ ਜੁਗ ਜੋਰੇ।
ਸ੍ਰੀ ਪ੍ਰਭੁ ਤਬਿ ਅਰੋਹ ਕਰਿ ਘੋਰੇ ॥੨੮॥
ਦੀਨਾ[†] ਗ੍ਰਾਮ ਨਿਕਟ ਜਬਿ ਆਯੋ।
ਪੁਰਿ ਕਾਂਗੜ ਤੇ ਨਿਕਸਿ ਬਸਾਯੋ।
[1]ਸ੍ਰੀ ਸਤਿਗੁਰ ਹਰਿਗੋਬਿੰਦ ਸੰਗ।
ਮਿਲ੍ਯੋ ਜੋਧ ਸਿਖ ਭਾ ਸਰਬੰਗ ॥੨੯॥
ਲਲਾਬੇਗ ਸੋਂ ਰਣ ਜਿਸ ਕਾਲ।
ਲਰ੍ਯੋ ਤਬੈ ਲੇ ਚਮੂੰ ਬਿਸਾਲ।
ਸ੍ਰੀ ਅਰਜਨ ਸੁਤ ਬਹੁਤ ਰਿਝਾਯੋ[1]।
ਦੀਰਘ ਪ੍ਰਾਕ੍ਰਮ ਕਰਿ ਦਿਖਰਾਯੋ ॥੩੦॥
ਤਿਹ ਤੇ ਪੌਤ੍ਰ ਤੀਨ ਤਹਿਂ ਅਹੇ।
ਪੁਰਿ ਕਾਂਗੜ ਤੇ ਦੀਨੇ ਰਹੇ।
ਏਕ ਸ਼ਮੀਰ ਦੁਤੀ ਲਖਮੀਰ।
ਤਖਤਮੱਲ ਤੀਸਰ ਮਤਿ ਧੀਰ ॥੩੧॥
ਜਿਨ ਕੋ ਹੁਕਮ ਗ੍ਰਾਮ ਗਨ ਮਾਨੈਂ।
ਰਾਹਕ ਸਕਲ ਬਡੋ ਜਿਸ ਜਾਨੈਂ।
ਤਿਨ ਕੇ ਪਾਸ ਏਕ ਨਰ ਗ੍ਯੋ।
ਤਹਿਂ ਪਹੁੰਚਨ ਗੁਰ ਰੁਖ ਲਖਿ ਲਯੋ ॥੩੨॥
ਤਿਨ ਸਭਿਹਿਨਿ ਸਨ ਖਬਰ ਸੁਨਾਈ।
'ਗਨ ਤੁਰਕਨ ਸਨ ਕੀਨਿ ਲਰਾਈ।
ਸ੍ਰੀ ਗੁਰ ਗੋਬਿੰਦ ਸਿੰਘ ਇਤ ਆਏ।
ਅਪਨ ਗ੍ਰਾਮ ਕੇ ਅਬਿ ਨਿਯਰਾਏ ॥੩੩॥
ਜਾਨੈ ਕੌਨ ਜਾਹਿਂ ਕਿਸ ਗ੍ਰਾਮੂ?

[†]ਇਹ ਪਿੰਡ ਮੋਗੇ ਦੀ ਤਸੀਲ ਵਿੱਚ ਹੈ।

[1]ਭਾਵ, ਜੋਧ ਨਾਮੇ ਸਿੱਖ ਗੁਰੂ ਹਰਿਗੋਬਿੰਦ ਜੀ ਨੂੰ ਮਿਲਕੇ ਪੂਰਨ ਸਿੱਖ ਹੋਇਆ ਸੀ ਤੇ ਲਲਾਬੇਗ ਨਾਲ ਲੜਿਆ ਸੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਜਿਸਨੇ ਬਹੁਤ ਖੁਸ਼ ਕੀਤਾ ਸੀ। [ਕਾਂਗੜ ਰਾਇ ਜੋਧ ਦੀ ਰਾਜਧਾਨੀ ਸੀ]।

ਉਤਰਹਿਂ ਕਿਸ ਰਾਹਕ ਬਰ ਧਾਮੂ।
ਉਚਿਤ ਅਹੈ ਤੁਮ ਕੋ ਅਗਵਾਈ।
ਮਿਲਹੁ ਜਾਇ ਲੇ ਨਰ ਸਮੁਦਾਈ'
॥ ੩੪ ॥
ਸੁਨਤਿ ਸ਼ਮੀਰ ਭ੍ਰਾਤ ਲਖਮੀਰ।
ਤੂਰਨ ਤਜਾਰ ਭਏ ਮਤਿ ਧੀਰ।
ਨਰ ਸਕੇਲ ਕੇਤਿਕ ਸੰਗ ਲੀਨੇ।
ਨਿਕਸਿ ਅਗਾਊ ਮਗ ਪਗ ਦੀਨੇ
॥ ੩੫ ॥
ਦੋਇ ਕੋਸ ਆਗੇ ਚਲਿ ਆਏ।
ਨਾਨਾ ਵਸਤੁ ਉਪਾਇਨ ਲਜਾਏ।
ਚਢੇ ਤੁਰੰਗਮ ਆਵਤਿ ਆਗੇ।
ਤਨ ਪਹਿਰੇ ਨੀਲਾਂਬਰ ਬਾਗੇ ॥ ੩੬ ॥
ਤੂਰਨ ਨਿਕਟ ਹੋਇ ਕਰ ਬੰਦੇ[1]। [1]ਹੱਥ ਜੋੜੇ।
ਬੰਦੇ[1] ਸੁੰਦਰ ਪਦ ਅਰਬਿੰਦੇ। [1]ਮੱਥਾ) ਟੇਕਿਆ।
ਸਹਿਤ ਰਕਾਬ ਸਪਰਸ਼ਨ ਕਰੇ।
ਨੰਮ੍ਰੀ ਬਨਿ ਬਨਿ ਸਿਰ ਨਿਜ ਧਰੇ
॥ ੩੭ ॥
ਕੁਸ਼ਲ ਪ੍ਰਸ਼ਨ ਤਿਨ ਪ੍ਰਤਿ ਗੁਰ ਕਹਜੋ।
[1] 'ਕ੍ਰਿਪਾ ਆਪ ਕੀ ਸਭਿ ਸੁਖ ਲਹਜੋ। [1]ਉਨ੍ਹਾਂ ਨੇ ਉੱਤਰ ਦਿੱਤਾ।
ਪ੍ਰਭੁ ਜੀ ! ਚਲੀਅਹਿ ਧਾਮ ਹਮਾਰੇ।
ਉਤਰਹੁ, ਸ਼੍ਰਮ ਤਨ ਤੇ ਦਿਹੁ ਟਾਰੇ
॥ ੩੮ ॥
ਪਾਵਨ ਕਰਹੁ ਗ੍ਰਾਮ ਗਨ ਧਾਮੂ।
ਸਿੱਖ ਕਦੀਮੀ ਹਮ ਪਗ ਸਾਮੂ।
ਪਿਤਾ ਪਿਤਾਮਾ ਸੇਵਕ ਰਹੇ।
ਗੁਰੂ ਪ੍ਰਸੰਨ ਹੋਇ ਦੁਖ ਦਹੇ' ॥ ੩੯ ॥
ਸੁਨਿ ਸਿੱਖਨਿ ਤੇ ਕ੍ਰਿਪਾ ਨਿਧਾਨਾ।
ਹੇਤ ਸੁਚੇਤੀ ਬਾਕ ਬਖਾਨਾ।
'ਤੁਰਕਨ ਸੰਗ ਹਮਾਰੋ ਬਾਦਾ।
ਪਰੇ ਅਧਿਕ ਸੰਗ੍ਰਾਮ ਬਿਖਾਦਾ ॥ ੪੦ ॥
ਸੋ ਹਾਕਮ, ਤੁਮ ਹੋ ਤਿਨ ਰੱਯਤ।

ਲਰਹੁ ਨ ਕੁਛ ਕਰ ਅਧਿਕ ਜਮੱਯਤ[1]।
[1]ਬਹੁਤੀ ਸੈਨਾ ਲੈਕਰ ਕੁਛ ਲੜ ਨਹੀਂ ਸਕਦੇ।
ਧਰਹੁ ਤ੍ਰਾਸ, ਨਹਿਂ ਬਲ ਸੰਭਾਰਹੁ।
ਕਿਮ ਹਮ ਕੋ ਨਿਜ ਸਦਨ ਉਤਾਰਹੁ?' ॥੪੧॥
ਸੁਨਿ ਕਰ ਜੋਰਿ ਸਰਬ ਪੁਨ ਕਹੈਂ।
'ਅਬਿ ਰਾਵਰ ਕੀ ਸ਼ਰਨੀ ਅਹੈਂ।
ਕ੍ਰਿਪਾ ਕਰਹੁ ਹੁਇਂ ਸਦਨ ਪਵਿੱਤ੍ਰਾ।
ਤੁਮ ਚਲਿੱਤ੍ਰ ਹੈਂ ਚਿੱਤ੍ਰ ਬਚਿੱਤ੍ਰਾ ॥੪੨॥
ਪੁਸ਼ਤੈਨੀ[1] ਹਮ ਦਾਸ ਤੁਮਾਰੇ।
[1]ਪੀਹੜੀਆਂ ਦੇ।
ਮਿਲਿਨਿ ਆਪ ਸੋਂ ਕਿਸ ਡਰ ਧਾਰੇਂ।
ਗੁਰ ਸਿੱਖਨ ਸੋਂ ਮੇਲ ਹਮੇਸ਼।
ਬਰਜ ਸਕਹਿ ਅਸ ਕੌਨ ਵਿਸ਼ੇਸ਼[1] ॥੪੩॥
[1]ਕੌਣ ਡਾਢਾ ਹੈ ਐਸਾ?
ਪੁਰਵਹੁ ਸ਼ਰਧਾ ਆਪ ਹਮਾਰੀ।
ਤੁਮ ਕ੍ਰਿਪਾਲ ਦੁਖ ਦੁੰਦ ਬਿਦਾਰੀ।
ਜੇ ਇਮ ਸਮਾ ਆਨਿ ਹੀ ਬਨੈ।
ਸੰਗ ਆਪ ਕੇ ਹੁਇ ਰਿਪੁ ਹਨੈਂ[1] ॥੪੪॥
[1]ਵੈਰੀ ਨੂੰ ਨਾਸ਼ ਕਰਾਂਗੇ।
ਨਹਿਂ ਰਾਵਰ ਕੋ ਤਜਾਗੈਂ ਸੰਗ।
ਤੁਰਕਨਿ ਸੰਗ ਕਰੈਂ ਇਮ ਜੰਗ।'
ਇੱਤਜਾਦਿਕ ਬਿਨਤੀ ਸੁਨਿ ਕਾਨ।
ਗੁਰੂ ਗ਼ਰੀਬ ਨਿਵਾਜ ਸੁਜਾਨ ॥੪੫॥
ਚਲੇ ਸੰਗ ਤਿਨ ਕਹਿਬੋ ਮਾਨਜੋ।
ਪੀਛੈ ਪੁਰਿ ਜਨ ਪੁੰਜ ਪਯਾਨਜੋ।
ਪਹੁੰਚੇ ਗ੍ਰਾਮ ਬਿਖੈ ਤਬਿ ਜਾਇ।
ਨਰ ਨਾਰੀ ਦਰਸ਼ਨ ਕੌਂ ਪਾਇ ॥੪੬॥
ਕਾਚੇ ਸਦਨ ਹੁਤੇ ਸਭਿ ਕੇਰੇ।
ਹਿਤ ਉਤਰਨਿ ਕੇ ਨੀਕੋ ਹੇਰੇ।
ਇਕ ਤਿਖਾਨ ਕੋ ਧਾਮ ਨਿਹਾਰਾ।
ਤਿਸ ਪਰ ਚਾਰੂ ਰਚਜੋ ਚੁਬਾਰਾ ॥੪੭॥
ਸੋ ਪਸਿੰਦ ਉਤਰਨਿ ਕੇ ਦੇਖਾ।
ਪਾਵਨ ਲੀਪਨ ਕੀਨ ਵਿਸ਼ੇਖਾ।
ਸੁੰਦਰ ਆਨਿ ਪ੍ਰਯੰਕ ਡਸਾਵਾ।

ਬਿਸਦ ਬਿਛੌਨੇ ਤੇ ਸਭਿ ਛਾਵਾ ॥੪੮॥
ਹਯ ਤੇ ਉਤਰਿ ਚਢੇ ਤਿਸ ਜਾਇ।
ਬੈਠਿ ਗਏ ਸਤਿਗੁਰ ਸਤਿ ਭਾਇ।
ਤੀਨਹੁੰ ਸਿੰਘ ਸਮੀਪੀ ਥਿਰੇ।
ਸੁਨਿ ਸੁਨਿ ਨਰ ਨਾਰੀ ਮੁਦ ਭਰੇ ॥੪੯॥
ਦਰਸ਼ਨ ਹਿਤ ਆਏ ਸਮੁਦਾਇ।
ਧਰਹਿਂ ਉਪਾਇਨ ਬੰਦਹਿਂ ਪਾਇ।
'ਧੰਨ ਭਾਗ ਸ਼੍ਰੀ ਗੁਰ ਗ੍ਰਿਹ ਆਏ।
ਭਏ ਕ੍ਰਿਤਾਰਥ ਬਿਘਨ ਮਿਟਾਏ ॥੫੦॥
ਬੈਠੇ ਘਨੇ ਆਇ ਬਡ ਭੀਰਾ।
ਨਰ ਨਾਰੀ ਦਰਸਹਿਂ ਥਿਰ ਤੀਰਾ।
ਦੁਗਧ ਆਨਿ ਕਰਿ ਗਨ ਮਿਸ਼ਟਾਨ।
ਕਰਿਵਾਯੋ ਸਿੰਘਨ ਕੋ ਪਾਨ ॥੫੧॥
ਨਾਨਾ ਭਾਂਤਿ ਬਾਤ ਮਿਲਿ ਕਰਿਤੇ।
ਸ਼੍ਰੀ ਸਤਿਗੁਰ ਕੋ ਸੁਜਸ ਉਚਰਿਤੇ।
ਇਸੀ ਰੀਤਿ ਸੰਧ੍ਯਾ ਹੁਇ ਆਈ।
ਗਮਨੇ ਨਰ ਨਾਰੀ ਨਿਜ ਥਾਈਂ ॥੫੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦੀਨੇ ਗ੍ਰਾਮ ਆਵਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

## ੫੪. [ਰਾਇ ਕੱਲੇ ਦੀ ਵੰਸ਼ ਦਾ ਹਾਲ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਕੁਛ ਪ੍ਰਸੰਗ ਹੈ ਰਾਇ ਕੋ[1], ਦਈ ਗੁਰੂ ਤਰਵਾਰ। [1]ਭਾਵ, ਰਾਇ ਕੱਲੇ ਦਾ।
ਸੁਨੀਅਹਿ ਸ਼੍ਰੋਤਾ ਪ੍ਰੀਤ ਧਰਿ, ਕਰਿ ਹੌਂ ਅਬਹਿ ੳਚਾਰ ॥੧॥

ਚੌਪਈ:

ਹਰਖ਼ੇ ਰਾਇ ਸਦਨ ਲੇ ਆਯੋ।
ਸੁੰਦਰ ਏਕ ਪ੍ਰਯੰਕ ਡਸਾਯੋ।
ਚਾਰੁ ਬਿਛੌਨਾ ਊਪਰ ਛਾਏ।
ਪੂਜਨ ਸੌਜ ਲਜਾਇ ਸਮੁਦਾਏ ॥੨॥
ਅਤਰ ਫੂਲ ਕੀ ਮਾਲ ਬਿਸਾਲਾ।
ਚੰਦਨ ਅਤਿ ਸੁੰਦਰ ਗੰਧਾਲਾ[1]। [1]ਸੁਗੰਧੀ ਵਾਲਾ।
ਧੂਪ ਧੁਖਾਇ ਆਰਤੀ ਕੀਨਿ।
ਚੰਦਨ ਚਰਚਤਿ ਸੁਮਨਸੁ ਲੀਨਿ ॥੩॥
ਤਿਸ ਪ੍ਰਯੰਕ ਪਰ ਖੜਗ ਟਿਕਾਯੋ।
ਪੂਜਹਿ ਸ਼ਰਧਾ ਭਾਵ ਵਧਾਯੋ।
ਦੀਪਕ ਘ੍ਰਿੱਤ ਪਾਇ ਨਿਤ ਜਾਰੇ।
ਨਿਤ ਹੀ ਫੂਲ ਮਾਲ ਕੋ ਚਾਰੇ ॥੪॥
ਖੀਨ ਖਾਫ ਕੀ ਤੁਲ ਰਜਾਈ।
ਹਿਮ ਰੁਤਿ ਮਹਿਂ ਅਸਿ ਊਪਰ[1] ਪਾਈ। [1]ਤਲਵਾਰ ਦੇ ਉੱਤੇ।
ਰਹੈ ਅੰਗੀਠੀ ਆਗੈ ਧਰੀ।
ਫਿਰਹਿ ਚੌਰ ਸੁੰਦਰ ਸਭਿ ਘਰੀ ॥੫॥
ਗ੍ਰੀਖਮ ਰੁਤ ਮਹਿਂ ਪੋਸ਼ਿਸ਼ ਧਰੀ।
ਪਟ ਬਨਾਰਸੀ ਦੁਪਟਾ ਜ਼ਰੀ[1]। [1]ਬਨਾਰਸੀ ਰੇਸ਼ਮ ਦਾ ਜ਼ਰੀਦਾਰ ਦੁਪੱਟਾ।
ਘਨੀ ਸੁਗੰਧਿ ਅਤਰ ਤੇ ਆਦਿ।
ਨਿਤ ਪ੍ਰਤਿ ਪੂਜਹਿ ਕਰਿ ਅਹਿਲਾਦ ॥੬॥
ਬਾਯੁ ਕਰਹਿ ਬਿਜਨਾ ਕੋ ਫੇਰੈ।
ਇਸ ਬਿਧਿ ਧਾਰਹਿ ਭਾਉ ਬਡੇਰੈ।
ਬਯ ਕੋ ਭੋਗਿ ਭਾਉ ਚਿਤ ਲੋਰਿ।
ਕੱਲੇਰਾਇ ਦਯੋ ਤਨ ਛੋਰਿ ॥੭॥
ਤਿਸ ਪਾਛੈ ਸੁਤ ਗਾਦੀ ਬੈਸਾ।

ਧਰਯੋ ਭਾਉ ਗੁਰ ਅਸਿ ਮਹਿਂ ਤੈਸਾ[1]।
ਅਨਿਕ ਭਾਂਤਿ ਕੀ ਪੂਜਾ ਕਰੈ।
ਸੀਸ ਨਿਵਾਵੈ ਸ਼ਰਧਾ ਧਰੈ ॥੮॥
ਸੋ ਭੀ ਭੋਗਿ ਆਰਬਲਾ ਮਰਯੋ।
ਤਿਸ ਪੌਤ੍ਰਾ ਗਾਦੀ ਪਰ ਥਿਰਯੋ।
ਸੰਗਤਿ ਪਾਇ ਮੁਲਾਨਨਿ ਕੇਰੀ।
ਬਿਗਰਯੋ ਸ਼ਰਧਾ ਘਟੀ ਘਨੇਰੀ ॥੯॥
ਮਿਲਹਿਂ ਤੁਰਕ ਗਨ ਤਰਕ ਉਚਾਰਹਿਂ।
'ਇਹ ਕਾਫਰ ਕੀ ਰੀਤਿ ਬਿਚਾਰਹਿਂ[1]।
ਹਿੰਦੁਨਿ ਗੁਰ ਕੇ ਸਿਖ ਤੁਮ ਰਹੇ।
ਵਹਿਰ ਸ਼ਰ੍ਹਾ ਤੇ ਪੁਸ਼ਤਨਿ[1] ਲਹੇ ॥੧੦॥
ਦੋਜਕ ਪਰਹੁ ਅਗਾਰੀ ਜਾਇ।
ਕਯਾਮਾਤ ਮਹਿਂ ਤੁਮ ਲਹੋ ਸਜ਼ਾਇ।
ਨੀਕੋ ਖੜਗ ਗਰੇ ਨਹਿਂ ਪਾਵਹੁ।
ਨਿਸ ਦਿਨ ਧਰੇ ਪ੍ਰਯੰਕ ਪੁਜਾਵਹੁ' ॥੧੧॥
ਇੱਤਯਾਦਿਕ ਤਿਹ ਬਹੁ ਸਮੁਝਾਯੋ।
ਰਾਇ ਪੌਤ੍ਰ ਲੇ ਗਲ ਮਹਿਂ ਪਾਯੋ।
ਤਿਸ ਹੀ ਦਿਨ ਸੋ ਚਢ੍ਯੋ ਅਖੇਰਾ।
ਕਿਮ ਰਹਿ ਸਕਹਿ ਕਾਲ ਜੋ ਪ੍ਰੇਰਾ ॥੧੨॥
ਵਹਿਰ ਝੀਲ ਬਡ ਮਹਿਂ ਜਬਿ ਗਯੋ।
ਨਿਕਸਯੋ ਮ੍ਰਿਗ ਅਵਿਲੋਕਤਿ ਭਯੋ।
ਸਕਲ ਸੈਨ ਕੋ ਥਿਰ ਤਹਿਂ ਕਰਿ ਕੈ।
ਗਯੋ ਇਕਾਂਕੀ ਗਰਬ ਸੁ ਧਰਿ ਕੈ ॥੧੩॥
ਭਯੋ ਨੇਰ ਤਰਵਾਰ ਨਿਕਾਰੀ।
ਝੁਕਿ ਝਟਪਟ ਮ੍ਰਿਗ ਊਪਰ ਝਾਰੀ।
ਸੋ ਬਚਿ ਗਯੋ ਛਾਲ ਕਰਿ ਆਗੀ।
ਬਹਿਕ[†] ਹਾਥ ਊਰੂ ਪਰ ਲਾਗੀ[1] ॥੧੪॥
ਇਮ ਸ਼ਮਸ਼ੇਰ ਸਾਫ ਹੁਇ ਬਹੀ।
ਕਟਯੋ ਉਰੂ ਕੁਛ ਬਾਕੀ ਰਹੀ।
ਤਰ ਗਿਰ ਪਰਯੋ[1] ਤੁਰੰਗ ਢਿਗ ਖਰਯੋ।

[1]ਗੁਰਾਂ ਦੀ (ਬਖਸ਼ੀ) ਤਲਵਾਰ ਵਿਚ।

[1]ਭਾਵ ਬੁਤਪ੍ਰਸਤੀ ਕਰਦਾ ਹੈ।

[1]ਪੀੜ੍ਹੀਆਂ ਤੋਂ।

[1]ਹੱਥ ਝਟਕ ਕੇ ਪੱਟ ਤੇ ਜਾ ਵੱਜੀ (ਤਲਵਾਰ)।
[†]ਪਾ:-ਬਹਿ ਕਰਿ।

[1]ਹੇਠਾਂ ਡਿੱਗ ਪਿਆ।

ਸਭਿ ਸੈਨਾ ਤਬਿ ਟੋਰਨਿ ਕਰਯੋ ॥੧੫॥

ਦੋਹਰਾ:

'ਹਾਇ ਹਾਇ' ਮੁਖ ਭਨਤਿ ਹੈ, ਸੁਨਿ ਆਏ ਸਹਿਸਾਇ।
ਕਟਯੋ ਪਰਯੋ ਅਵਲੋਕ ਕਰਿ, ਸਿਵਕਾ ਲਿਯੋ ਚਢਾਇ ॥੧੬॥

ਨਿਸ਼ਾਨੀ ਛੰਦੁ:

ਪੰਥ ਬਿਖੈ ਹੀ ਮਰਿ ਗਯੋ, ਨਹਿਂ ਘਰ ਲਗ ਆਵਾ।
ਕਵਿ ਭਾਖੈ ਹਮ ਅਲਪ ਬਯ, ਜਬਿ ਇਹ ਸੁਨਿ ਪਾਵਾ।
ਗੁਰ ਕ੍ਰਿਪਾਨ ਤੇ ਕਟਿ ਮਰਯੋ, ਬਨ ਗਏ ਅਖੇਰਾ।
ਰਾਜਬੰਸ ਅਰੁ ਤੇਜ ਸਭਿ, ਜੁਤਿ ਮੂਲ ਉਖੇਰਾ ॥੧੭॥
ਫੁਰਯੋ ਬਾਕ ਸਤਿਗੁਰੂ ਕੋ, ਸੁਨਿ ਸ਼੍ਰੁਤ ਦ੍ਰਿਗ ਹੇਰਾ[1]।
ਇਮ ਤਿਨ ਕੋ ਅਵਸਾਨ ਭਾ[1] ਜਗ ਲਖਹਿ ਘਨੇਰਾ।
ਸੁਨਹੁ ਗੁਰੂ ਕੀ ਬਾਰਤਾ, ਦੀਨੇ ਥਿਰ ਹੋਏ।
ਸੇਵਹਿਂ ਬਹੁ ਬਿਧਿ ਪ੍ਰੇਮ ਕਰਿ, ਦਰਸੈਂ ਸਭਿ ਕੋਏ ॥੧੮॥
ਨਿਕਟ ਦੂਰ ਸੁਧਿ ਕੋ ਸੁਨਹਿਂ, ਸਿਖ ਸੰਗਤ ਸਾਰੇ।
ਲਜਾਇ ਅਕੋਰਨਿ ਜੋਰਿ ਕਰ, ਹੇਰਹਿਂ ਮੁਦ ਧਾਰੇ।
'ਧੰਨ ਗੁਰੂ ਕਰਿ ਜੰਗ ਕੋ, ਲਾਖਹੁਂ ਰਿਪੁ ਮਾਰੇ।
ਸਾਹਿਬਜ਼ਾਦੇ ਰਣ ਮਰੇ, ਸੁਰ ਲੋਕ ਸਿਧਾਰੇ ॥੧੯॥
ਪੁੱਤ੍ਰ ਮੋਹ ਜਿਨ ਕੇ ਨਹੀਂ, ਇਕ ਰਸ ਮਨ ਸ਼ਾਂਤੀ।

[1]ਜਿਨ੍ਹਾਂ ਨੇਤ੍ਰੀਂ ਦੇਖਿਆ ਸੀ ਉਨ੍ਹਾਂ ਤੋਂ ਕੰਨੀਂ ਸੁਣਿਆ ਹੈ।

[1]ਐਉਂ ਉਨ੍ਹਾਂ ਦਾ ਅੰਤ ਹੋਇਆ।

ਬਡੇ ਬਹਾਦੁਰ ਅਤਿਰਥੀ, ਸ਼ੱਤ੍ਰੂ ਬਲਿ ਘਾਤੀ[1]।'
ਬਸਤ੍ਰ ਉਪਾਇਨ ਆਨਤੇ, ਬਹੁ ਦਰਬ ਚਢਾਵੈਂ।
ਹਯ ਲਘੁ ਦੀਰਘ ਜ਼ੀਨ ਜੁਤਿ, ਗੁਰ ਕੋ ਅਰਪਾਵੈਂ ॥੨੦॥
ਚਾਕਰ ਰਾਖੇ ਕਿਤਿਕ ਤਹਿਂ, ਗੁਰ ਚਢਹਿਂ ਅਖੇਰੇ।
ਦੇਸ਼ ਬਿਦੇਸ਼ਨਿ ਸੁਨਤਿ ਭੇ, ਸੁਨਿ ਸੁਨਿ ਤਿਸ ਬੇਰੇ।
ਸ਼ਰਧਾਲੂ ਉਰ ਭਾਉ ਜੁਤਿ, ਦਰਸ਼ਨ ਗਨ ਆਈ।
ਬਡੀ ਭੀਰ ਹੋਵਨ ਲਗੀ, ਲਾਹਾ ਬਡ ਪਾਈ ॥੨੧॥
ਰੂਪਾ ਸੁਤ ਸੱਧੂ ਪਿਤਾ, ਦ੍ਵੈ ਸਿੱਖ ਤਿਖਾਨਾ।
ਜਿਨ ਖਸ਼ਟਮ ਪਤਿਸ਼ਾਹੁ ਕੋ, ਰੀਝਾਵਨਿ ਠਾਨਾ।
[1]ਜੇਠ ਦੁਪਹਿਰੇ ਤਪਤ ਅਤਿ, ਜਲ ਸੀਤਲ ਜਾਨੇ।
ਤੀਸ ਕੋਸ ਤਬਿ ਗੁਰ ਹੁਤੇ, ਆਵਾਹਨ ਠਾਨੇ ॥੨੨॥
ਸੁੰਦਰ ਘਰ ਸੀਤਲ ਬਿਖੈ, ਥਿਰ ਹੁਤੇ ਪ੍ਰਯੰਕਾ।
ਅਪਨੇ ਮਹਿਂ ਲਖਿ ਪ੍ਰੇਮ ਕੋ, ਧਾਏ ਤਜਿ ਸ਼ੰਕਾ।
ਤਜਿ ਸਭਿ ਸੁਖ ਇਕ ਛਿਨਕ ਮਹਿਂ, ਪਹੁੰਚਨ ਬਨ ਮਾਂਹੀ।
ਭਏ ਤ੍ਰਿਖਾਤੁਰ ਜਾਚਤੇ, -ਪਾਨੀ ਕਿਸ ਪਾਹੀ- ॥੨੩॥
ਸੁਤ ਪਿਤ ਮੁਦਤ ਸੁ ਚਿੱਤ ਮਹਿਂ, ਉਠਿ ਕਰਿ ਤਤਕਾਲਾ।
ਸੀਤਲ ਜਲ ਦੀਨੋ, ਪਿਯੋ ਗੁਰ, ਅਨੰਦ

[1]ਬਲੀ ਵੈਰੀਆਂ ਦੇ ਨਾਸ਼ਕ।

[1]ਇਹ ਸੱਧੂ ਤੇ ਰੂਪੇ ਦਾ ਛੇਵੇਂ ਗੁਰਾਂ ਨਾਲ ਵਰਤਿਆ ਪ੍ਰਸੰਗ ਹੈ।

ਬਿਸਾਲਾ।
-ਦੇਗ ਕਰੋ ਤਜਿ ਦੇਹੁ ਕ੍ਰਿਤ-, ਪ੍ਰਭੁ ਬਾਕ ਬਖਾਨਾ।
ਤਬਿ ਤੇ ਸਤਿ ਸੰਗਤਿ ਅਧਿਕ, ਤਿਨ ਸਿੱਖਨਿ ਠਾਨਾ ॥੨੪॥
ਤਿਨ ਕੀ ਕੁਲ ਬਰਧਕ ਹੁਤੇ, ਦ੍ਵੈ ਤਬੈ ਸਪੂਤਾ।
ਸੁਨਿ ਕੈ ਗੁਰ ਆਗਵਨ ਕੋ, ਅਰੁ ਜੰਗ ਬਹੂਤਾ।
ਸਾਹਿਬਜ਼ਾਦੇ ਚਾਰਹੂੰ,ਪਰਲੋਕ ਪਧਾਰੇ।
ਬਿਸਮਾਨੇ ਮਨ ਮਹਿਂ ਮਹਾਂ, ਬਡ ਗ਼ਜ਼ਬ ਗੁਜ਼ਾਰੇ- ॥੨੫॥
ਪਰਮ ਸਿੰਘ ਅਰੁ ਧਰਮ ਸਿੰਘ, ਬਡ ਭਗਤੀਵਾਨੇ।
ਹਿਤ ਦਰਸ਼ਨ ਕੇ ਤਯਾਰ ਭੇ, ਧਰਿ ਪ੍ਰੇਮ ਮਹਾਨੇ।
ਕਿਤਿਕ ਸਿੱਖ ਲੇ ਸੰਗ ਮੈਂ, ਮੁਖ ਸ਼ਬਦ ਸੁ ਗਾਵੈਂ।
ਬਾਰੀ ਬਾਰੀ ਪਢਤਿ ਹੈਂ, ਕਰਿ ਜੋਟੀ ਆਵੈਂ ॥੨੬॥
ਮਗ ਉਲੰਘਿ ਸਭਿ ਇਸ ਬਿਧੀ, ਪਹੁੰਚੇ ਤਹਿਂ ਐ ਕੈ।
ਉਚੀ ਧੁਨਿ ਤੇ ਗਾਵਤੇ, ਅਨੁਰਾਗ ਵਧੈ ਕੈ।
ਚਰਨ ਸਰੋਜਨ ਕੋ ਤਬੈ, ਦੇਖਤਿ ਲਪਟਾਏ।
ਨੀਰ ਬਿਲੋਚਨ ਤੇ ਬਹੈ, ਗਰ ਬਹੁ ਭਰਿ ਆਏ[1] ॥੨੭॥
ਹਿਤ ਪਹਿਰਿਨ ਸਤਿਗੁਰੂ ਕੇ, ਪੋਸ਼ਿਸ਼ ਸ਼ੁਭ ਆਨੀ।
ਸੇਤ ਬਸਤ੍ਰ ਸੂਖਮ ਬਹੁਤ, ਸੋ ਧਰਿ ਅਗੁਵਾਨੀ।
ਏਕ ਤੁਰੰਗਮ ਚਪਲ ਬਹੁ, ਕੁਛ ਧਨ ਪੁਨ ਦੀਨੇ।

[1]ਗਲੇ ਬਹੁਤ ਭਰ ਆਏ (ਪ੍ਰੇਮ ਤੇ ਵੈਰਾਗ ਨਾਲ)।

ਇੱਤਯਾਦਿਕ ਧਰਿ ਭੇਟ ਕੋ, ਸਭਿ ਨਿਕਟ ਅਸੀਨੇ ॥੨੮॥
'ਹਾਇ ਹਾਇ' ਕਰਿ ਰੁਦਤਿ ਭੇ, -'ਬਡ ਸਾਂਗ ਅਰੰਭਾ[1]।
ਸਾਹਿਬਜ਼ਾਦੇ ਹਤਿ ਭਏ, ਇਹ ਅਧਿਕ ਅਚੰਭਾ।
ਹੇ ਪ੍ਰਭੁ! ਮਹਾਂ ਸਪੁੱਤ੍ਰ ਥੇ, ਸੁੰਦਰ ਤਨ ਸੋਹੇ।
ਤਪ ਜਪੁ ਦਾਨ ਅਨੇਕ ਤੇ, ਅਸ ਪਾਇ ਨ ਕੋਹੇ ॥੨੯॥
ਆਰਬਲਾ ਭੁਗਤੀ ਨ ਕੁਛ, ਮ੍ਰਿਤੁ ਭੇ ਤੁਮ ਆਗੇ।
ਬਸਤ੍ਰ ਬਿਭੂਖਨਿ ਤੇ ਦਿਪਤ, ਸਭਿ ਕੋ ਪ੍ਰਿਯ ਲਾਗੇ।
ਦਰਬ ਕਰੋਰਹੁ ਹੇਮ ਗਨ, ਸਭਿ ਸ਼ਸਤ੍ਰ ਖਜ਼ਾਨਾ।
ਆਦਿ ਪ੍ਰਸਾਦੀ ਗਜ ਬਡੇ, ਜਿਨਿ ਮੋਲ ਮਹਾਨਾ ॥੩੦॥
ਖਰੇ ਹਜ਼ਾਰਹੁ ਹਯ ਖਰੇ, ਬਡ ਕੀਮਤ ਵਾਰੇ।
ਦਲ ਬਿਡਾਰ[1] ਤੇ ਆਦਿ ਜੇ, ਨਹਿਂ ਪਰਹਿਂ ਨਿਹਾਰੇ।
ਐਸ਼੍ਵਰਜ ਅਪਰ ਅਨੇਕ ਹੀ, ਨਹਿਂ ਗਿਨਿਬੇ ਮਾਂਹੀ।
ਏਕ ਬਾਰਿ ਹੀ ਨਾਸ਼ ਭਾ, ਕੁਛ ਦੀਖਤਿ ਨਾਂਹੀ ॥੩੧॥
ਸ਼੍ਰੀ ਪ੍ਰਭੁ ਬਡ ਅਫਸੋਸ ਹੈ, ਸਿਖ ਪਿਖਿ ਦੁਖ ਪਾਵੈਂ।
ਅਸ ਰਾਵਰ ਕੇ ਸਾਂਗ ਤੇ, ਨਹਿਂ ਕੋ ਭਰਮਾਵੈ?'
ਸ਼੍ਰੀ ਸਤਿਗੁਰ ਸੁਨਿ ਕੈ ਭਨੈਂ, ਪਿਖਿ ਦੁਖੀ ਬਿਸਾਲਾ।

[1]ਭਾਵ ਇਹ ਹੈ ਕਿ ਹੈ ਗੁਰੂ ਜੀ! ਆਪ ਨੇ) ਇਹ ਵੱਡਾ ਸਾਂਗ ਧਾਰਿਆ ਹੈ (ਕਿ ਸਮਰਥ ਹੋ ਕੇ ਇੰਨੇ ਕਸ਼ਟ ਸਹੇ ਤੇ ਭਾਣੇ ਵਰਤਦੇ ਝੱਲੇ ਹਨ)।

[1]ਨਾਮ ਘੋੜੇ ਦਾ।

'ਜਗਤ ਪਦਾਰਥ ਰੀਤਿ ਇਹ, ਬਿਨਸੈਂ ਤਤਕਾਲਾ ॥੩੨॥
ਉਪਜਹਿ ਬਿਨਸਨਹਾਰ ਜੋ, ਆਗੇ ਕਜਾ ਪਾਛੈ।
ਇਨ ਕੀ ਥਿਰਤਾ ਹੋਤਿ ਨਹਿਂ, ਕਜੋਂ ਗਜਾਨੀ ਬਾਂਛੈ।
ਇਕ ਆਤਮ ਸੱਤਾ ਸਦਾ, ਉਪਜੈ ਨ ਬਿਨਾਸ਼ੀ।
ਸੋ ਸਰੂਪ ਨਿਜ ਜਾਨਿ ਕੈ, ਹੁਇ ਪਰਮ ਪ੍ਰਕਾਸ਼ੀ[1] ॥੩੩॥

[1]ਉਹ ਆਪਣਾ ਸਰੂਪ ਜਾਣਕੇ (ਇਸਥਿਤ) ਹੋਣਾ (ਕਿ ਜੋ) ਪਰਮ ਪ੍ਰਕਾਸ਼ ਰੂਪ ਹੈ।

ਕੂਰ ਪਦਾਰਥ ਤੇ ਕਬਹੁਂ, ਸ਼ੋਕ ਨ ਹਰਖਾਵੈ।
ਇਕ ਰਸ ਬ੍ਰਿਤੀ ਸੁ ਆਤਮਾ, ਤਿਹ ਜੋ ਲਿਵ ਲਾਵੈ[1]।

[1]ਇਕ ਰਸ ਜੋ ਆਤਮਾ ਹੈ ਉਸ ਵਿਚ ਬ੍ਰਿਤੀ ਦੀ ਲਿਵ ਲਾਵੇ।

ਰੇਖ ਨਿਕਾਰਹੁ ਮੇਟੀਐ, ਜਜੋਂ ਲਾਭ ਨ ਹਾਨਾ।
ਇਕ ਸਮ ਬ੍ਰਿਤਿ ਸਤਿਗੁਰਨਿ ਕੀ, ਇਮ ਜਾਨਿ ਸੁਜਾਨਾ ॥੩੪॥
ਤੁਰਕਨਿ ਜਰਾਂ ਉਖੇਰਨੇ, ਅਸ ਕ੍ਰਿਤਿ ਹਮ ਠਾਨਾ।
ਸਾਹਿਬਜ਼ਾਦੇ ਰੂਪ ਮਮ, ਕਜਾ ਤਿਨ ਕੋ ਹਾਨਾ।
ਸਦਾ ਅਮਰ ਆਨੰਦ ਜੁਤਿ, ਮਨ ਮੋਹ ਨ ਲੇਸ਼ਾ।
ਤਿਨਹੁ ਸ਼ੋਕ ਕਿਮ ਹਮ ਕਰੈਂ, ਜੇ ਮੁਦਤ ਹਮੇਸ਼ਾ' ॥੩੫॥
ਇਮ ਸੁਨਿ ਕੈ ਗੁਰ ਤੇ ਦੁਊ, ਕੁਛ ਧੀਰਜ ਪਾਯੋ।
ਤਊ ਰਿਦੇ ਸੰਦੇਹ ਜੁਤਿ -ਐਸ਼੍ਵਰਜ ਗਵਾਯੋ-?
ਕਰ ਜੋਰਤਿ ਬਿਨਤੀ ਕਰੀ, 'ਪੋਸ਼ਿਸ਼ ਪਹਿਰੀਜੈ।

ਸ਼ਜ਼ਾਮ ਜਿ ਬਸਤ੍ਰ ਉਤਾਰੀਅਹਿ, ਅਬਿ ਸ੍ਵੇਤ ਧਰੀਜੈ' ॥੩੬॥
ਸੁਨਿ ਸਤਿਗੁਰ ਪਿਖਿ ਭਾਵਨੀ, ਕਹਿ ਬਿਨੈ ਸਪ੍ਰੇਮਾ।
ਪਹਿਰੇ ਪੋਸ਼ਿਸ ਬਿਸਦ ਬਰ, ਕਰਿ ਸੇਵਕ ਛੇਮਾ।
ਨੀਲੰਬਰ ਅੰਬਰ ਜਥਾ[1], ਸੋ ਧਰੇ ਉਤਾਰੀ[†]।

[1]ਅਕਾਸ਼ ਵਰਗੇ ਨੀਲੇ ਬਸਤ੍ਰ। [†]ਏਥੇ ਨੀਲੇ ਕੱਪੜੇ ਉਤਾਰ ਦਿੱਤੇ ਹਨ ਚਿੱਟੇ ਪਹਿਰ ਲਏ ਹਨ ਪਰ ਅੱਗੇ ਚੱਲਕੇ ਐਨ ੧ ਅੰਸੂ ੫, ਅੰਕ ੩੫-੩੭ ਵਿੱਚ ਫੇਰ ਨੀਲੇ ਬਸਤ੍ਰ ਉਤਾਰਨ ਦਾ ਜ਼ਿਕਰ ਹੈ।

ਇਮ ਦਰਸ਼ਨ ਕਰਿ ਕੈ ਭਲੋ, ਹਰਖੇ ਨਰ ਨਾਰੀ ॥੩੭॥
ਕਿਤਿਕ ਸਮੈ ਬੈਠੇ ਨਿਕਟ, ਰੂਪੇ ਕੋ ਬੰਸਾ।
ਪੁਨ ਬੰਦਨ ਕਰਿ ਸਦਨ ਗੇ, ਮੁਖ ਕਰਤਿ ਪ੍ਰਸੰਸਾ।
ਇਤਨੋ[†] ਬਿਨਸਜੋ ਪਾਸ ਤੇ, ਜਿਨ ਸ਼ੋਕ ਨ ਲੇਸਾ।

[†]ਪਾ:-ਏਤਕ। ਏਕਨ।

ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ, ਹਤਿ ਭੇ ਨ ਕਲੇਸ਼ਾ ॥੩੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਭਾਈ ਪਰਮ ਸਿੰਘ ਧਰਮ ਸਿੰਘ ਮਿਲਨ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੀ ॥੫੪॥

## ੫੫. [ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ। ਸ਼ਮੀਰ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਅਗਲੇ ਦਿਨ ਹਿਤ ਖਾਨ ਕੇ, ਉੱਤਮ ਅਸਨ ਕਰਾਇ।
ਗਮਨਜੋ[1] ਦਰਸ਼ਨ ਕਰਨ ਕੋ, ਸ਼ਰਧਾਲੂ ਧਰਿ ਭਾਇ ॥੧॥

[1]ਭਾਵ ਧਰਮ ਸਿੰਘ ਗਿਆ। (ਦੇਖੋ ਅੱਗੇ ਅੰਕ ੫ ਤੇ ੯)।

ਨਿਸ਼ਾਨੀ ਛੰਦ:

ਕਿਤਕਿ ਸਿੱਖ ਆਗੇ ਗਏ, ਕੋ ਆਵਤਿ ਪਾਛੇ।
ਉਤਲਾਵਤਿ ਹੀ ਚਲਿ ਪਰਜੋ, ਮਗ ਏਕਲ ਆਛੇ।
ਵਹਿਰ ਗਯੋ ਚਲਿ ਕਿਤਿਕ ਜਬਿ, ਬਾਂਮੇ ਪਿਖਿ ਦਾਏਂ।
-ਕੋ ਸਿੱਖ ਆਵੈ ਗੈਲ ਤੇ, ਲਿਉਂ ਸੰਗ ਰਲਾਏ ॥੨॥
ਜਬਿ ਪਾਛਲ ਦਿਸ਼ ਦੇਖਿਓ, ਆਵਤਿ ਸਿਖ ਧੀਰਾ।
ਅਭਿਲਾਖਜੋ -ਮਿਲਿ ਕਰਿ ਚਲੈਂ, ਸਤਿਗੁਰ ਕੇ ਤੀਰਾ-।
ਸਨੇ ਸਨੇ ਚਲਿਬੇ ਲਗਜੋ, ਹੇਰਤਿ ਸਿਖ ਓਰੀ।
ਤਿਹ ਕੌਤਕ ਦਿਖਰਾਇਓ, ਅਚਰਜ ਮਤਿ ਬੌਰੀ[1] ॥੩॥

[1]ਭਾਵ ਉਸ ਸਿੱਖ ਨੇ ਅਚਰਜ ਕੌਤਕ ਦੱਸਿਆ ਜਿਸ ਨਾਲ ਧਰਮ ਸਿੰਘ ਦੀ ਮਤ ਅਚਰਜ ਰਹਿ ਗਈ।

ਬਿਸਦ ਬਰਨ ਕੇ ਬਸਤ੍ਰ ਬਰ, ਪੂਰਬ ਦਿਖਰਾਏ।
ਬਹੁਰ ਪੀਤ ਪੁਨ ਸ਼ਜਾਮ ਕਰਿ, ਨਿਜ ਬੇਸ ਬਨਾਏ।
ਅਰੁਣ ਬਰਣ ਪਹਿਰਣ ਕਰੇ, ਬਡ ਛੋਟ ਬਨੰਤਾ।
ਨਰ ਸਮ ਹੁਇ ਆਯੋ ਨਿਕਟ, ਪੁਨ ਫਤੇ ਬੁਲੰਤਾ ॥੪॥
ਧਰਮ ਸਿੰਘ ਥਿਰ ਹੁਇ ਮਿਲਜੋ, ਧਰਿ ਪ੍ਰੇਮ ਬਿਸਾਲਾ।

ਸ਼ਕਤਿ ਵੰਤ ਪੁਨ ਗੁਰੂ ਸਿਖ, ਬੋਲ੍ਯੋ ਤਿਸ ਕਾਲਾ।
'ਖਰੋ ਭਯੋ ਕਿਮਿ ਚਲਤਿ ਨਹਿਂ, ਗਮਨਹਿਂ ਕਿਸ ਥਾਨਾ?'
ਸੁਨਿ ਭਾਈ ਬੋਲ੍ਯੋ ਤਬੈ, 'ਸਤਿਗੁਰ ਢਿਗ ਜਾਨਾ ॥੫॥
ਸਾਥ ਅਗਾਰੀ ਸਭਿ ਗਯੋ, ਤੁਝ ਪਿਖਿ ਥਿਰ ਜੋਵਾ।
ਅਪਨਿ ਪ੍ਰਸੰਗ ਬਤਾਈਏ, ਬਡ ਅਚਰਜ ਜੋਵਾ।
ਸ਼ਕਤਿਵੰਤ ਅਰੁ ਸਿਖ ਗੁਰਨਿ[1], ਕਿਤ ਤੇ ਚਲਿ ਆਯੋ।
ਪਹੁੰਚਹੁਗੇ ਕਿਸ ਥਲ ਬਿਖੇ? ਸਭਿ ਦੇਹੁ ਬਤਾਯੋ' ॥੬॥
ਤਬਿ ਸ਼ਹੀਦ ਸਿੰਘ ਕਹਤਿ ਭਾ, 'ਸੁਨੀਏ ਸ਼ੁਭ ਭਾਈ।
ਸੱਧੂ ਰੂਪਾ ਤੁਵ ਬਡੇ, ਗੁਰ ਸੇਵ ਕਮਾਈ।
ਸਿੱਖ ਜਾਨਿ ਦੀਨਸਿ ਦਰਸ, ਬਿਚਰਤਿ ਸਭਿ ਦੇਸਾ।
ਰਹੈਂ ਸਦਾ ਗੁਰ ਕੇ ਨਿਕਟ, ਗਨ ਬਲੀ ਵਿਸ਼ੇਸ਼ਾ ॥੭॥
ਹਮ ਸ਼ਹੀਦ ਲਾਖਹੁਂ ਫਿਰੈਂ, ਬਡ ਸਮਰਥ ਧਾਰੀ।
ਪੰਜ ਹਜ਼ਾਰ ਸੁ ਖਾਸ ਕੀ, ਰਹਿਂ ਵਾਰੋ ਵਾਰੀ।
ਚੌਂਕੀ ਦੇਤਿ ਪ੍ਰਯੰਕ ਕੀ, ਨਿਸ ਦਿਨ ਗੁਰ ਕੇਰੀ।
ਅਪਰ ਸਰਬ ਅਨੁਸਾਰਿ ਰਹਿਂ, ਪ੍ਰਭੁ ਕੇ ਢਿਗ ਹੇਰੀ ॥੮॥
ਜਿਮ ਆਗਜਾ ਉਚਰੈਂ ਗੁਰੂ, ਕਰਿ ਹੈਂ ਤਤਕਾਲਾ।
ਤਿਨ ਬਿਚ ਤੇ ਇਕ ਮੈਂ ਅਹੌਂ, ਸੁਨਿ ਸਿੱਖ

[1]'ਤੂੰ ਗੁਰਾਂ ਦਾ ਸਿੱਖ ਤੇ ਸ਼ਕਤਿਵੰਤ ਹੈਂ।

ਬਿਸਾਲਾ!'
ਧਰਮ ਸਿੰਘ ਕੇ ਭਰਮ ਉਰ, ਪੂਰਬ ਬਹੁਤੇਰਾ।
-ਗੁਰ ਸਮਰਥ ਸਭਿ ਰੀਤਿ ਜੇ, ਕਿਮ ਕੁਟੰਬ ਨਿਬੇਰਾ ॥੯॥
ਇਕ ਸੁਤ ਭੀ ਨਹਿਂ ਰਖਿ ਸਕੇ, ਐਸ੍ਵਰਜ ਭਿ ਖੋਵਾ।
ਬਚੇ ਇਕਾਂਕੀ ਜਤਨ ਤੇ, ਇਤ ਜੰਗਲ ਜੋਵਾ-।
ਇਹ ਸੰਸੇ ਬੂਝਨ ਲਗੵੋ, ਬਹੁ ਤਰਕ ਉਠੰਤਾ।
'ਸ਼ਕਤਿਵੰਤਿ ਤੁਮ ਗਨ ਹੁਤੇ, ਗੁਰ ਢਿਗ ਬਲਵੰਤਾ ॥੧੦॥
ਕੁਛ ਨ ਬਚਾਯਹੁ ਗੁਰੂ ਕੋ, ਰਣ ਏਤਕਿ ਮਾਂਹੀ।
ਪੁੱਤ੍ਰ ਆਦਿ ਐਸ੍ਵਰਜ ਸਭਿ; ਬਿਨਸੵੋ, ਰਹਿ ਨਾਂਹੀ।
ਇਮ ਮਹਿਂ ਕਾਰਨ ਕਵਨ ਭਾ? ਮੁਹਿ ਅਧਿਕ ਸੰਦੇਹੂ।
ਤੁਰਕ ਬ੍ਰਿੰਦ ਰਣ ਮੰਡਿ ਕਰਿ, ਬਡ ਸੰਕਟ ਦੇਹੂ' ॥੧੧॥
ਤਬਿ ਸ਼ਹੀਦ ਸਿੰਘ ਬਚ ਕਹੵੋ, 'ਅਲਪੱਗਜ ਜਿ ਪ੍ਰਾਨੀ।
ਗੁਰ ਸਰਵੱਗਜ ਕੀ ਕ੍ਰਿੱਤਿ ਕੋ, ਕਿਮ ਸਕੈਂ ਪਛਾਨੀ।
ਪ੍ਰਥਮ ਜਨਮ ਦੇਵੀ ਕਹੵੋ, ਤਜਿ ਸੁਤਨ ਸੁਨੇਹਾ[1]।
ਕਲ ਮੈਂ ਬਿਦਤੌਂ ਤੁਮ ਨਿਕਟ, ਵਾਂਛਤਿ ਬਰ ਲੇਹਾ ॥੧੨॥
ਬਹੁਰ ਗਾਇਤ੍ਰੀ ਕੋਪ ਕਰਿ[†], ਨਿਜ ਲਖਿ ਅਪਮਾਨਾ।
-ਅੰਗੀਕਾਰ ਨ ਮੁਹਿ ਕਰਯੋ-, ਤਿਨ ਸ੍ਰਾਪ

[1]ਦੇਵੀ ਕਹਿਆ ਸੀ ਜੋ ਪੁੱਤ੍ਰਾਂ ਦਾ ਪਿਆਰ ਛੱਡ ਦਿਓ।

[†]ਦੇਖੋ ਰੁਤ ੬ ਅੰਸੂ ੪੨ ਅੰਕ ੧੫ ਦੀ ਹੇਠਲੀ ਟੂਕ।

ਬਖਾਨਾ।
ਪੁਨ ਚੰਡੀ ਬਿਦਤੀ ਜਬੈ, ਪਹੁੰਚੀ ਨ ਅਕੋਰਾ।
ਚਾਰਹੁੰ ਸੁਤ ਲਛ[1] ਸਿੰਘ ਕੋ, ਸੰਕਲਪ ਸੁ ਛੋਰਾ[2†] ॥੧੩॥

[1]ਲੱਖ। [2]ਭਾਵ ਦਾਨ ਦਿੱਤਾ ਸੀ। [†]ਅੰਕ ੧੨ ਤੇ ੧੩ ਵਿਚ ਜੋ ਕਾਰਨ ਦੱਸੇ ਹਨ ਸੋ ਕਵੀ ਜੀ ਦੇ ਬ੍ਰਾਹਮਣੀ ਖਿਆਲ ਵਾਲੇ ਸੌ ਸਾਖੀ ਦੇ ਬ੍ਰਾਹਮਣ ਆਖੇਪਕਾਰ ਤੋਂ ਲਏ ਹੋਏ ਹਨ। ਇਹ ਖਿਆਲ ਮਾਤ੍ਰ ਹੀ ਹਨ। ਅਸਲ ਕਾਰਨ ਅੱਗੇ ਹਨ ਜੋ ਕਵੀ ਜੀ ਅੰਕ ੧੪ ਤੋਂ ਬੜੀ ਖੂਬੀ ਨਾਲ ਵਰਣਨ ਕਰਦੇ ਹਨ।

ਪੁਨ ਤੁਰਕਨਿ ਕੀ ਜੜ੍ਹਾਂ ਬਡ, ਛਿਤ ਰਾਜ ਬਿਸਾਲੇ।
ਬਹੁ ਅਪਰਾਧ ਕਰਾਇ ਕਰਿ, ਕਿਯ ਕੂਰ ਕੁਚਾਲੇ।
ਤਿਨ ਕੋ ਤੇਜ ਬਿਨਾਸ਼ਨੇ, ਐਸੀ ਕ੍ਰਿਤ ਠਾਨੀ।
ਉਠਿ ਜੈ ਹੈ ਸਗਰੀ ਸਫਾ, ਹੁਇ ਤੇਜ ਪ੍ਰਹਾਨੀ[1] ॥੧੪॥

[1]ਨਾਸ਼।

ਦੁੰਦਭਿ ਬਜੈ ਨ ਤੁਰਕ ਕੇ, ਤੌ ਦਲ ਕਿਮ ਹੋਵੈਂ।
ਰਾਜ ਧਰਾ ਪਰ ਜਿਸੀ ਕੋ, ਜਹਿਂ ਕਹਿਂ ਸਭਿ ਜੋਵੈ।
ਇੱਤ੍ਯਾਦਿਕ ਕਾਰਨ ਘਨੇ, ਕੋ ਸਕੈ ਪਛਾਨੇ।
ਸਰਬੱਗ੍ਯਨਿ ਕੀ ਕ੍ਰਿੱਤਿ ਪਰ, ਕ੍ਯਾ ਤਰਕ ਬਖਾਨੇ ॥੧੫॥
ਮਤ ਥੋਰੀ ਸ਼ਰਧਾ ਬਿਨਾ, ਜੋ ਤਰਕ ਉਠਾਵੈ।
ਭੁਗਤਹਿ ਦੁਖ ਬਹੁ ਬਿਧਿਨਿ ਕੇ, ਨਹਿਂ ਸੁਖ ਕੋ ਪਾਵੈ।
ਮੈਂ ਏਕਲ ਹੀ ਕਰਿ ਸਕੌਂ, ਤੁਰਕਾਨ ਬਿਨਾਸ਼ਾ।
ਮਮ ਸਮ ਲਾਖਹੁਂ ਸ਼ਕਤਿ ਜੁਤਿ, ਸਤਿਗੁਰ ਕੇ ਪਾਸਾ ॥੧੬॥
ਹਾਥ ਜੋਰਿ ਬੂਝਤਿ ਰਹੈਂ, -ਪ੍ਰਭੁ ਜੀ!

ਫੁਰਮਾਵੋ-।
ਨਹਿਂ ਆਗਜ਼ਾ ਕੋ ਦੇਤਿ ਕਬਿ, ਕਹਿਂ -
ਥਿਰੇ ਰਹਾਵੋ-।
ਲਾਖਹੁਂ ਕੋਟ ਸ਼ਹੀਦ ਹੈਂ, ਨਿਤ ਗੁਰ
ਅਨੁਸਾਰੀ।
ਬਾਂਛਤਿ ਤੁਰਤ ਬਨਾਇ ਲੇਂ, ਇਮ ਹੈਂ ਬਲ
ਭਾਰੀ' ॥੧੭॥
ਧਰਮ ਸਿੰਘ ਉਰ ਭਰਮ ਹਰਿ, ਸ਼ਰਮਜੋ
ਪਛੁਤਾਵਾ।
ਸ੍ਰੀ ਸਤਿਗੁਰ ਸਰਬੱਗਜ ਮਹਿਂ, ਸੰਦੇਹ† ਉਠਾਵਾ।
ਹਾਥ ਜੋਰਿ ਬੰਦਨ ਕਰੀ, 'ਧੰਨ ਧੰਨ
ਗੁਰਦੇਵਾ।
ਆਸ਼ੈ ਜਿਨਹੁਂ ਗੰਭੀਰ ਹੈ, ਕੋ ਲਹੈ ਨ ਭੇਵਾ'
॥੧੮॥
ਬੂਝਜੋ ਬਹੁਰ ਸ਼ਹੀਦ ਕੋ, 'ਤਨ ਕਿਤਿਕ
ਅਕਾਰਾ।
ਕਿਧੌਂ ਇਤਿਕ ਹੀ ਰਹਿਤ ਹੌ, ਠਾਨਤਿ
ਬਲ ਭਾਰਾ।
ਸੰਸੈ ਕਰੇ ਬਿਨਾਸ਼ ਤੁਮ, ਗੁਰ ਸਮਸਰ ਹ੍ਵੈ
ਕੈ।
ਭਯੋ ਨਿਹਾਲ ਬਿਸਾਲ ਮੈਂ, ਮਿਲ ਬਾਕ ਸੁਨੈ
ਕੈ' ॥੧੯॥
ਕਹਜੋ ਸ਼ਹੀਦ 'ਸੁਨੀਜੀਏ, ਜਿਮ ਚਹੈਂ
ਬਨਾਵੈਂ।
ਅਵਿਲੋਕਹਿਂ ਤਨ ਬਡੇ ਕੋ, ਬਹੁ ਤ੍ਰਾਸ
ਉਪਾਵੈਂ।
ਸਿੱਖ ਕਦੀਮੀ ਜਾਨਿ ਕੈ, ਮਿਲਿ ਬਾਤ
ਬਤਾਈ।
ਜੇ ਅਬਿ ਦੇਖਜੋ ਚਹਤਿ ਹੈਂ, ਸਭਿ ਦੇਹੁ
ਦਿਖਾਈ' ॥੨੦॥
ਬੋਲਤਿ ਬਰਧਜੋ ਬਪੁ ਬਡੋ, ਕੋਸਨ ਲਗਿ

†ਛਾਪੇ ਦੇ ਨੁਸਖੇ ਦਾ ਪਾਠ 'ਸੰਦੇਸ' ਹੈ। ਏਥੇ ਇਹ ਛਾਪੇ ਦੀ ਭੁੱਲ ਹੈ, ਲਿਖਤੀ ਪਾਠ 'ਸੰਦੇਹ' ਹੈ ਜੋ ਠੀਕ ਹੈ।

ਹੋਵਾ।
ਬਾਹੁ ਉਭੈ ਬਹੁ ਦੂਰ ਲਗਿ, ਸਿਰ ਨਭ ਲਗਿ ਜੋਵਾ।
ਰੂਪ ਭਿਆਨਕ ਹੇਰਿ ਕਰਿ, ਉਰ ਤ੍ਰਾਸ ਉਪੰਨਾ।
ਹਾਥ ਜੋਰਿ ਕਹਿ ਧਰਮ ਸਿੰਘ, 'ਤੁਮ ਹੋ ਧੰਨ ਧੰਨਾ ॥੨੧॥
ਸਭਿ ਬਿਧਿ ਮੁਝ ਨਿਸ਼ਚੈ ਕਰਯੋ, ਮੈਂ ਨੀਕੇ ਜਾਨਾ।
ਅਬਿਨਾਸ਼ੀ ਸਤਿਗੁਰ ਪ੍ਰਭੂ, ਨਿਤ ਮਹਿਦ ਮਹਾਨਾ।'
ਪੁਨ ਸ਼ਹੀਦ ਤਨ ਸ਼ੁਭ ਕਰਯੋ, ਸਭਿ ਸ਼ਕਤਿ ਦਿਖਾਈ।
ਸ਼ੁੱਧਿ ਰਿਦੇ ਤਬਿ ਹੋਇ ਕੈ, ਗਮਨੈ ਅਗੁਵਾਈ† ॥੨੨॥

†ਸਰੀਰ ਦੇ ਮਰਨ ਨਾਲ ਰੂਹ ਨਹੀਂ ਮਰਦੀ। ਇਹ ਬੰਦਾ ਫਿਰ ਕਿਸੇ ਰੰਗ ਕਿਸੇ ਹਾਲ ਅਦੇਹ ਹੋਕੇ ਜੀਉਂਦਾ ਹੈ, ਸਾਰੇ ਧਰਮ ਇਹ ਗੱਲ ਮੰਨਦੇ ਹਨ। ਪੱਛਮ ਵਿਚ ਬੀ ਸਪਿਰਚੁਲਿਜ਼ਮ ਨੇ ਅੱਜ ਕਲ ਤਜਰਬੇ ਕਰ ਕਰਕੇ ਕਈ ਪੁਸਤਕ ਲਿਖੇ ਹਨ ਕਿ ਬੰਦਾ ਸਰੀਰ ਛੱਡਕੇ ਜਿਉਂ ਕਾ ਤਿਉਂ ਜੀਉਂਦਾ ਹੈ।

ਮਿਲਯੋ ਆਦਿ ਬੰਦਨ ਕਰੀ, ਧਰਿ ਬਿਬਿਧਿ ਅਹਾਰਾ।
ਸਤਿਗੁਰ ਲਖਿ ਸਿਖ ਆਪਨੇ, ਪਿਖਿ ਹੁਕਮ ਉਚਾਰਾ।
'ਦੇਹੁ ਪ੍ਰਸਾਦ ਵਰਤਾਇ ਸਭਿ, ਇਨ ਸਿੱਖਨ ਮਾਂਹੀ।'
ਮਾਨ ਸਿੰਘ ਬੰਦਨ ਕਰਯੋ ਲੇ, ਕਰਿ ਤਿਸ ਖਾਹੀਂ ॥੨੩॥
ਇਸ ਬਿਧਿ ਸਿਖ ਸੰਗਤਿ ਅਧਿਕ, ਸੁਨਿ ਸੁਨਿ ਤਹਿਂ ਆਵੈ।
ਪੂਰਬ ਮਿਲੈ ਸ਼ਮੀਰ ਕੋ[1], ਨਿਜ ਬਿਨੈ ਸੁਨਾਵੈ।

[1](ਸੰਗਤ) ਮਿਲਦੀ ਹੈ ਸਮੀਰ ਨੂੰ।

'ਦਰਸ਼ਨ ਗੁਰ ਕਰਿਵਾਯਹਿ, ਹੁਇ ਸੰਗ ਹਮਾਰੇ।
ਅੰਤਰ ਲੈ ਗਮਨਹੁ ਸਦਨ, ਜਹਿਂ ਪ੍ਰਭੁ

ਉਤਾਰੇ' ॥੨੪॥
ਤਬਿ ਸ਼ਮੀਰ ਪ੍ਰਭੁ ਬੂਝਿ ਕੈ, ਲੈ ਆਗਜਾ ਜਾਵੈ।
ਅਪਨੇ ਸੰਗ ਲਿਜਾਇ ਕਰਿ, ਦਰਸ਼ਨ ਕਰਿਵਾਵੈ।
ਇਮ ਆਵਤਿ ਚਹੁੰ ਦਿਸ਼ਿਨਿ ਤੇ, ਸਿਖ ਸੰਗਤ ਬ੍ਰਿੰਦਾ।
ਸਨੇ ਸਨੇ ਦਰਸਹਿਂ ਗੁਰੂ, ਪਦ ਪਦਮ ਮਨਿੰਦਾ ॥੨੫॥
ਭਾਈ ਰੂਪੇ ਕੀ ਕੁਲੀ[1],
ਇਕ ਗੁੱਦੜ[1] ਹੋਯਹੁ।

ਅਧਿਕ ਪ੍ਰਤਾਪੀ ਜਗ ਭਯੋ
ਬਹੁ ਤਨ ਤਿਨ† ਜੋਯਹੁ[1]।
ਦਯਾਲਦਾਸ ਤਿਸ ਕੋ ਪਿਤਾ, ਬਡ ਅਜ਼ਮਤਿ ਵੰਤਾ।
ਗੁਰ ਆਏ ਸੁਨਿ ਕੈ ਗਯੋ, ਚਿਤ ਦਰਸ ਚਹੰਤਾ ॥੨੬॥
ਮਿਲਿ ਸ਼ਮੀਰ ਕੇ ਸਾਥ, ਤਿਨ ਗੁਰ ਨਿਕਟ ਪਠਾਯੋ।
ਲੇ ਆਗਜਾ ਪ੍ਰਭੁ ਬਦਨ ਤੇ, ਅੰਤਰ ਸੋ ਲਜਾਯੋ।
ਇਕ ਤਿਖਾਨ ਸੰਗ ਆਨਿ ਤਿਹ, ਦਰਸ਼ਨ ਤਬਿ ਕੀਨਾ।
ਕਰ ਜੋਰੇ ਸਿਰ ਧਰਿ ਧਰਜੋ, ਕਰਿ ਨਮੋ ਪ੍ਰਬੀਨਾ ॥੨੭॥
ਪੋਸ਼ਿਸ਼ ਸੂਖਮ ਬਸਤ੍ਰ ਕੀ, ਗੁਰ ਆਗੈ ਰਾਖੀ।
ਕੁਸ਼ਲ ਪ੍ਰਸ਼ਨ ਸਭਿ ਹੂੰ ਕਹਜੋ, ਬਿਨਤੀ ਬਹੁ ਭਾਖੀ।
ਬੈਠੇ ਪ੍ਰਭੂ ਸਮੀਪ ਤਬਿ, ਚਿਰਕਾਲ ਬਿਤਾਏ।
ਕਹਤਿ ਸੁਨਤਿ ਸ਼ੁਭ ਬਾਰਤਾ, ਸਤਿਗੁਰ

[1]ਕੁਲ ਵਿੱਚ।

[1]ਗੁਦੜ ਸਿੰਘ ਤੋਂ ਮੁਰਾਦ ਹੈ, ਭਾਈ ਰੂਪੇ ਦੇ ਪੜੋਤੇ ਜੋ ਪੂਰਨ ਸੰਤ ਹੋਏ ਹਨ।

[1]ਬਹੁਤਿਆਂ ਨੇ ਤਿਸਨੂੰ ਵੇਖਿਆ ਹੈ। †ਪਾ:-ਬਲ।

ਬਿਗਸਾਏ ॥੨੮॥
ਭਏ ਪ੍ਰਸੰਨ ਸਮੀਰ ਪਰ, ਬਡ ਸੇਵ ਕਰੰਤਾ।
ਜਲ ਭੋਜਨ ਬਹੁ ਭਾਂਤਿ ਕੇ, ਕਰਿ ਤਯਾਰ ਤੁਰੰਤਾ।
ਪ੍ਰੇਮ ਸਮੇਤ ਅਚਾਵਹੀ, ਕਰ ਜੋਰਿ ਖਰੋਵੈ।
ਕਰੈ ਸ਼ੀਘ੍ਰ ਹੀ ਕਾਜ ਸੋ, ਜਿਮ ਆਗਯਾ ਹੋਵੈ ॥੨੯॥
ਹ੍ਵੈ ਪ੍ਰਸੰਨ ਸ਼੍ਰੀ ਮੁਖ ਕਹ੍ਯੋ 'ਸੁਨਿ ਸਿੱਖ ਸ਼ਮੀਰਾ!
ਦੂਰ ਦੂਰ ਲੌਂ ਹਯ ਘਨੇ, ਥਿਰ ਕਰਹੁ ਸਧੀਰਾ[1]।
ਦਯਾਲਦਾਸ ਪੋਸ਼ਿਸ਼ ਦਈ, ਹਮ ਅੱਗ੍ਰ ਚਢਾਈ।
ਸੋ ਪਹਿਰਹੁ ਤਨ ਆਪਨੇ, ਸਤਿਨਾਮ ਅਲਾਈ ॥੩੦॥
ਜਹਿਂ ਲਗਿ ਘੋਰਾ ਫੇਰ ਲਿਹੁ,
ਤਹਿਂ ਲਗਿ ਤੁਮ ਰਾਜੂ।
ਹੋਇ ਭਵਿੱਖਤ ਬੰਸ ਮੈਂ,
ਬਡ ਰਾਜ ਸਮਾਜੂ।'
ਸੁਨਿ ਸ਼੍ਰੀ ਮੁਖ ਤੇ ਬਾਕ ਕੋ, ਘਰ ਨਰ ਮਿਲਿ ਸਾਰੇ।
ਮਸਲਤ ਕੀਨੀ ਬੈਠਿ ਕੇ, 'ਹੁਇ ਰਾਜ ਉਦਾਰੇ' ॥੩੧॥
ਮਾਤੁਲ ਹੁਤੋ ਸ਼ਮੀਰ ਕੋ, ਬੇਮੁਖ ਪੰਜ ਪੀਰੀ[1]।
ਮਾਨਹਿ ਤਿਸ ਕੇ ਕਹੇ ਕੋ, ਭ੍ਰਾਤਾ ਤ੍ਰੈ ਧੀਰੀ[1]।
ਸੋ ਬੋਲ੍ਯੋ 'ਤੁਮ ਕਯਾ ਭਯੋ, ਜਾਨਤਿ ਨਹਿਂ ਭੇਵਾ।
ਘਰ ਸਮਾਜ ਸੁਤ ਆਦਿ ਸਭਿ, ਬਿਨਸੇ ਗੁਰਦੇਵਾ[1] ॥੩੨॥

[1]ਹੇ ਸਧੀਰ ਦੂਰ ਦੂਰ ਤਕ ਬਹੁਤੇ ਘੋੜੇ ਤੂੰ ਟਿਕਾਵੇਂਗਾ ਭਾਵ ਰਾਜ ਭੋਗੇਂਗਾ।

[1]ਪੰਜ ਪੀਰੀਆ (ਤੇ ਗੁਰਾਂ ਤੋਂ) ਬੇਮੁਖ।

[1]ਤਿੰਨੇ ਧੀਰਜੀ ਭਰਾ ਉਸਦਾ ਕਿਹਾ ਮੰਨਦੇ ਸਨ।

[1]ਗੁਰੂ ਜੀ ਦੇ ਬਿਨਸ ਗਏ ਹਨ।

ਮੁਖ ਆਯਹੁ ਬੋਲਤਿ ਰਹੈ, ਤੁਮ ਸਾਚ ਪਛਾਨੋ।
ਰਾਜ ਕੌਨ ਸੋ ਦੇਤਿ ਹੈ, ਕਜ਼ਾ ਢਿਗ ਤਿਨ ਜਾਨੋ।'
ਸੁਨਿ ਬੋਲਜੋ ਲਖਮੀਰ ਤਬਿ, 'ਜੇ ਕਹਜੋ ਨ ਮਾਨੈਂ।
ਰਿਦੈ ਕ੍ਰੋਧ ਕਰਿ ਗੁਰ ਬਹੁਰ, ਕੁਛ ਸ੍ਰਾਪ ਬਖਾਨੈਂ' ॥੩੩॥
ਤਖਤ ਮੱਲ ਤੀਸਰ ਕਹੈ, 'ਕਰਿ ਸੇਵ ਉਤਾਰੇ।
ਲਾਭ ਲੇਨ ਕਿਤਹੂੰ ਰਹੈ, ਹੁਇ ਹਾਨ ਹਮਾਰੇ।'
ਸੁਨਿ ਸਲਾਹ ਸਭਿਹੂੰਨ ਕੀ, ਤਬਿ ਭਨੇ ਸ਼ਮੀਰਾ।
'ਇਕ ਤੌਂ ਬਾਕ ਨ ਮੋਰੀਅਹਿ, ਕਹਿਂ ਕੂਰ ਨ ਤੀਰਾ[1]' ॥੩੪॥
ਸੁਨਿ ਤਿਨ ਕੋ ਮਾਤੁਲ ਕਹੈ, 'ਨਿਜ ਪੁਰਿ ਚਹੁ ਓਰੇ।
ਮਾਨਿ ਬਾਕ ਕੋ ਫੇਰੀਅਹਿ, ਚਢਿ ਕੈ ਇਕ ਘੋਰੇ।'
ਅਸ ਮਸਲਤ ਕਰਿ ਆਇ ਪੁਨ, ਲੇ ਪੋਸ਼ਿਸ਼ ਸੋਈ।
ਗੁਰ ਆਗਜ਼ਾ ਲੇ ਚਢਿ ਗਯੋ, ਪੁਰਿ ਚਹੁ ਦਿਸ਼ਿ ਜੋਈ ॥੩੫॥
ਫੇਰਿ ਤੁਰੰਗਮ ਆਇਗੋ, ਗੁਰ ਬੂਝਨ ਠਾਨਾ।
'ਹੇ ਪ੍ਰਭੁ! ਫੇਰਨ ਕੋ ਕਿਯੋ, ਚਹੁ ਦਿਸ਼ਨ ਕਿਕਾਨਾ।'
ਮੰਦਮਤੀ ਮਾਤੁਲ ਇਨਹੁ, ਲਖਿ ਅੰਤਰਜਾਮੀ।
ਲੇਨਿ ਦਿਯੋ ਨਹਿਂ ਰਾਜ ਕੁਛ, ਕੀਨੀ ਬਡ ਖਾਮੀ ॥੩੬॥

[1] (ਦੂਜੇ) ਝੂਠ ਬੀ (ਗੁਰਾਂ ਕੋਲ) ਨਾ ਬੋਲੀਏ।

ਕਹਜੋ ਪ੍ਰਭੂ 'ਆਛੋ ਕਰਜੋ, ਅਬਿ ਬੈਠਿ
ਸ਼ਮੀਰਾ।'
ਸੁਨਿ ਕਰਿ ਬੈਠੇ ਨਿਕਟ ਹੁਇ, ਸੰਗੀ
ਲਖਮੀਰਾ।
ਸੇਵਕ ਅਪਨਾ ਜਾਨਿ ਕਰਿ, ਕਰੁਨਾ ਬਹੁ
ਠਾਨੈਂ।
ਪ੍ਰਿਥਮ ਪਿਤਾਮੇ ਸੇਵ ਕਰਿ, ਹਿਤਕਾਰੀ
ਮਾਨੈਂ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼ਮੀਰ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

## ੫੬. [ਗੁਰੁ ਜੀ ਦਾ ਸੀਤ ਪ੍ਰਸਾਦ ਦਬਾਯਾ। ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਭੁਗਾਏ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਇਸ ਪ੍ਰਕਾਰ ਬੀਤੇ ਦਿਵਸ, ਦਸ ਏਕਾਦਸ਼ ਜਾਨ।
ਨਾਨਾ ਭੋਜਨ ਕੋ ਕਰਹਿ, ਅਚਵਾਵਹਿ ਹਿਤ ਠਾਨਿ ॥੧॥

ਨਿਸ਼ਾਨੀ ਛੰਦ:

ਇਕ ਦਿਨ ਕਰਜੋ ਅਹਾਰ ਸ਼ੁਭ, ਧਰਿ ਥਾਰ ਮਝਾਰੇ।
ਕਰਜੋ ਪਰੋਸਨਿ ਤਬਿ ਭਲੇ, ਧਰਿ ਗੁਰੂ ਅਗਾਰੇ।
ਖਿਰਜੋ ਸ਼ਮੀਰਾ ਨਿਕਟ ਤਬਿ, ਪ੍ਰਭੁ ਅਚਨ ਕਰੰਤੇ।
ਨੀਰ ਕਟੋਰਾ ਦੇਤਿ ਭਰ, ਲੇ ਪਾਨ[1] ਪਿਵੰਤੇ ॥੨॥

[1]ਹੱਥ ਵਿੱਚ।

ਤ੍ਰਿਪਤਿ ਹੋਇ ਸਤਿਗੁਰ ਰਹੇ, ਨਿਜ ਬਿਨੈ ਬਖਾਨੀ।
'ਦੀਜੈ ਸੀਤ ਪ੍ਰਸਾਦਿ ਨਿਜ, ਹਮ ਕਰਿ ਹੈਂ ਖਾਨੀ।'
ਸ੍ਰੀ ਮੁਖ ਬੋਲੇ 'ਥਾਲ ਲਿਹੁ, ਬੈਠਹੁ ਇਸ ਥਾਨਾ।
ਕਰਹੁ ਖਾਨ ਹਿਤ ਠਾਨਿ ਕੈ, ਸ਼ਰਧਾਲੁ ਮਹਾਨਾ' ॥੩॥
ਕਰ ਜੋਰਤਿ ਬੋਲਜੋ ਬਹੁਰ, 'ਲੈ ਕੈ ਘਰ ਜਾਵੋਂ।
ਸਭਿ ਕੁਟੰਬ ਸੰਗ ਬੰਟਿ ਕੈ, ਧਰਿ ਭਾਵਨਿ ਖਾਵੋਂ।'
ਇਮ ਕਹਿ ਥਾਰ ਉਠਾਇ ਕੈ, ਘਰ ਪਹੁੰਚਜੋ ਜਾਈ।
ਭ੍ਰਾਤਾ ਮਾਤੁਲ ਆਦਿ ਜੇ, ਸਭਿ ਲੀਏ ਬੁਲਾਈ ॥੪॥
'ਥਾਰ ਜੁ ਮਹਾਂਪ੍ਰਸ਼ਾਦ ਕੋ, ਮੈਂ ਜਾਚਿ ਸੁ ਲਜਾਯੋ।
ਪਾਵਹੁ ਬਹੁ ਕਲਜਾਨ ਕੋ, ਹੁਇ ਹੈ

ਮਨਭਾਯੋ।'
ਇਮ ਕਹਿ ਜਬੈ ਪ੍ਰਸਾਦਿ ਤੇ, ਉਤਰਾਇ ਰੁਮਾਲਾ।
ਦੇਖਤਿ ਝਟਕਾ ਉਰ ਡਰੇ, ਧਰਿ ਚਿੰਤ ਬਿਸਾਲਾ ॥੫॥
ਮਾਤੁਲ ਜੈਤੋ ਕਾ[1] ਤਬੈ, ਕਹਿ ਸਭਿ ਸਮੁਝਾਏ।
'ਹਮ ਗੁੱਗੇ ਸੁਲਤਾਨ ਕੋ, ਪੂਜਹਿਂ ਮਨ ਭਾਏ।
ਕ੍ਰੁੱਧਤਿ ਹ੍ਵੈ ਇਸ ਅਚੇ ਤੇ, ਧਨ ਧਾਮ ਬਿਨਾਸੈ।
ਹਮਰੇ ਪੀਰ ਕਦੀਮ ਕੇ, ਪੂਰਤਿ ਸਭਿ ਆਸੈਂ' ॥੬॥
ਚਿੰਤਾ ਬਹੁਤ ਸ਼ਮੀਰ ਕੇ, ਤਿਸ ਛਿਨ ਹੁਇ ਆਈ।
-ਗੁਰ ਤੇ ਆਨਜੋ ਜਾਚ ਮੈਂ, ਇਸ ਤਰਕ ਉਠਾਈ।
ਬਡੇ ਭਾਗ ਤੇ ਪ੍ਰਾਪਤੀ, ਪਾਰਸ ਜਿਮ ਰੰਕਾ।
ਨਹਿਂ ਮਾਤੁਲ ਸਮਝੈ ਰਿਦੈ, ਠਾਨਤਿ ਕੁਛ ਸ਼ੰਕਾ[1]- ॥੭॥
ਕਹਿ ਲਖਮੀਰ ਸ਼ਮੀਰ ਕੋ, 'ਜੇ ਕਰਹੁ ਨ ਖਾਨੇ।
ਖਨਿ ਅਵਨੀ ਮਹਿਂ ਗਾਡ ਦਿਹੁ, ਨਹਿਂ ਸਕੈਂ ਪਛਾਨੇ।
ਉਤ ਗੁਰ ਰਹੈਂ ਪ੍ਰਸੰਨ ਹਿਯ, ਇਤ ਪੀਰ ਨ ਕੋਪੈ।'
ਅਸ ਮਸਲਤ ਕਰਿ ਪਰਸਪਰ, ਚਾਹਤਿ ਇਸ ਲੋਪੈ ॥੮॥
ਬਸ ਨਹਿਂ ਚਲਜੋ ਸ਼ਮੀਰ ਕੋ, ਮਾਤੁਲ ਬਡ ਖੋਟਾ।
ਮਹਾਂ ਪ੍ਰਸਾਦਿ ਨ ਅਚਨ ਦਿਯ, ਬਡ ਕੀਨਸਿ ਟੋਟਾ।

[1]ਜੈਤੋ ਵਾਲਾ ਮਾਮਾ।
[1]ਗਿਲਾਨੀ।

ਗਾਡ ਦੀਨਿ ਖਨਿ ਅਵਨਿ ਕੋ, ਨਹਿਂ ਕਿਨਹੁਂ ਖਾਯੋ।
ਪਰਾਰਬਧ ਬਿਨ ਕਿਤ ਕਹੂੰ[1], ਕਿਸ ਤੇ ਕਿਨ ਪਾਯੋ ॥੯॥
ਸੁਪਤ ਹੋਇ ਕਰਿ ਜਾਮਨੀ, ਉਠਿ ਆਇ ਪ੍ਰਭਾਤੀ।
ਹਾਥ ਜੋਰਿ ਬੰਦਨ ਕਰੀ, ਧਰਕਤਿ ਜਿਸ ਛਾਤੀ।
ਸ਼੍ਰੀ ਮੁਖ ਤੇ ਬੂਝਨ ਕਰਜੋ, 'ਲੇ ਮਹਾਂ ਪ੍ਰਸ਼ਾਦਾ।
ਅਚਵਨ ਕਰਜੋ ਕਿ ਨਾਂਹਿ ਤੈਂ, ਦਾਨੀ ਅਹਿਲਾਦਾ[1]' ॥੧੦॥
ਤਬਿ ਸ਼ਮੀਰ ਬਿਨ ਧੀਰ ਹ੍ਵੈ, ਗੁਰ ਤੀਰ ਉਚਾਰੇ।
'ਜੈਤੋ ਕਾ ਮਾਤੁਲ ਅਹੈ, ਤਿਨ ਸਭਿ ਹਟਕਾਰੇ।
-ਨਹਿਂ ਅਚਵਹੁ ਝਟਕਾ ਸਕਲ, ਰਿਸ ਪੀਰ ਉਪਾਵੈ।
ਸਦਨ ਬਿਖੈ ਧਨ ਧਾਨ ਗਨ, ਜੁਤਿ ਮਾਲ ਖਪਾਵੈ- ॥੧੧॥
ਲੇ ਕਰਿ ਥਾਰ ਪ੍ਰਸਾਦ ਕੋ, ਬਿਚ ਧਰਾ ਦਬਾਯੋ।
ਬਿਨਾ ਭਨੇ ਜਾਨਹੁ ਪ੍ਰਭੂ, ਮੈਂ ਸਾਚ ਅਲਾਯੋ।'
ਸੁਨਿ ਸਤਿਗੁਰ ਬੋਲੇ ਤਬੈ, 'ਧਰਨੀ ਬਰੁਸਾਈ।
ਤੁਮ ਕੋ ਨਹਿਂ ਪ੍ਰਾਪਤਿ ਭਈ, ਤਿਨ ਮੂਢ ਗਵਾਈ ॥੧੨॥
ਅਦਬ ਨ ਕੀਨੋ ਅੰਨ ਕੋ, ਤੁਮ ਬੁਰਾ ਕਮਾਯੋ।
ਤਬੈ ਪਰੈ ਦੁਰਭਿੱਛ ਬਹੁ, ਜੇ ਅਦਬ ਗਵਾਯੋ।

[1]ਕਿਸੇ ਸਮੇਂ ਕਿਸ ਤਰ੍ਹਾਂ।

[1]ਖੁਸ਼ੀ ਦੇਣ ਵਾਲਾ।

ਭੱਦ੍ਰਸੈਨ ਨ੍ਰਿਪ ਪ੍ਰਥਮ ਭਾ, ਤਿਨ ਕਿਯ ਅਪਮਾਨਾ।
ਉਜਰ ਗਯੋ ਇਹ ਦੇਸ਼ ਸਭਿ, ਜੰਗਲ ਅਬਿ ਜਾਨਾ[1] ॥੧੩॥

[1]ਭਾਵ ਤਦ ਤੋਂ ਹੁਣ ਤਕ ਉਜਾੜ ਹੀ ਜਾਨਿਆਂ ਜਾਂਦਾ ਸੀ। (ਮਾਲਵਾ)।

ਚਲਤ ਹੁਤੀ ਦ੍ਵੈ ਨਦੀ ਤਬਿ, ਭਟਲੀ ਸ਼ੁਭ ਚਿੱਤ੍ਰਾ[†]।

[†]ਭਟਲੀ ਤੇ ਚਿੱਤ੍ਰਾ ਦੋ ਨਦੀਆਂ ਦੇ ਨਾਮ ਹਨ ਜੋ ਹੁਣ ਨਹੀਂ ਵਹਿੰਦੀਆਂ। ਭਟਲੀ ਬਠਿੰਡੇ ਕੋਲ ਤੇ ਚਿੱਤ੍ਰਾ ਫੀਰੋਜ਼ਪੁਰ ਜ਼ਿਲੇ ਵਿਚ। ਦੋ ਹੋਰ ਨਦੀਆਂ ਦੀ ਬੀ ਪੁਰਾਣੇ ਸਮੇਂ ਵਗਣ ਦੀ ਟੋਹ ਮਿਲਦੀ ਹੈ। ਸਿਕੰਦਰ ਦੇ ਹਿੰਦੀ ਸਫਰ ਤੋਂ ਪਤਾ ਪੈਂਦਾ ਹੈ ਕਿ ਸਤਲੁਜ ਤਦੋਂ ਹਰੀ ਕੇ ਪੱਤਣ ਪਾਸ ਬਯਾਸਾ ਨਾਲ ਨਹੀਂ ਮਿਲਦਾ ਸੀ ਪਰ ਚੋਖੀ ਵਿੱਥ ਤੇ ਵਗਦਾ ਸਿੱਧਾ ਜਾਕੇ ਸਮੁੰਦਰ ਵਿਚ ਪੈਂਦਾ ਸੀ। ਇਸਦੇ ਰਸਤੇ ਦੇ ਨਿਸ਼ਾਨ ਤੇ ਢਾਹੇ ਅਜੇ ਭੀ ਲੱਭਦੇ ਹਨ। ਦੂਸਰੇ ਸਰਸ੍ਵਤੀ ਬਾਬਤ ਸੰਭਾਵਨਾ ਹੈ ਕਿ ਦੂਰ ਤਕ ਮਾਲਵੇ ਵਿਚ ਵਹਿੰਦੀ ਸੀ ਜੋ ਹੁਣ ਘੱਘਰ ਨਾਲ ਮਿਲਕੇ ਬੀਕਾਨੇਰ ਦੇ ਰੇਤਿਆਂ ਵਿਚ ਲੋਪ ਹੋ ਜਾਂਦੀ ਹੈ।

ਹਟੀ ਅਵੱਗਯਾ ਦੇਖਿ ਕੈ, ਥਲ ਭਾ ਅਪਵਿੱਤ੍ਰਾ[1]।

[1]ਅਵੱਗਯਾ ਵੇਖਕੇ ਹਟ ਗਈਆਂ ਕਿਉਂਕਿ ਥਾਂ ਅਪਵਿੱਤ੍ਰ ਹੋ ਗਿਆ ਸੀ।

ਹਮਰੇ ਸੀਤ ਪ੍ਰਸ਼ਾਦਿ ਨੇ, ਰੋਕਯੋ ਇਹ ਥਾਨਾ।
ਤੁਮ ਰੱਯਤਿ ਹੁਇ ਬਸਹੁਗੇ, ਹਮਨੇ ਸਭਿ ਜਾਨਾ ॥੧੪॥
ਅਵਨੀ ਜੰਗਲ ਦੇਸ਼ ਕੀ, ਬਹੁ ਅੰਨ ਉਪਾਵੈ।
ਅਬ ਤੇ ਦੁਗਨੇ ਚੌਗੁਨੇ, ਅਠਗੁਨੇ ਜਮਾਵੈ[†]।

[†]ਇਹ ਵਾਕ ਸਤਿਗੁਰੂ ਜੀ ੧੭੬੧-੬੨ ਦੇ ਲਗਪਗ ਕਹਿ ਰਹੇ ਹਨ ਤੇ ਕਵੀ ਜੀ ਇਹ ਗੱਲ ੧੯੦੦ ਤੋਂ ਪਹਿਲਾਂ ਲਿਖ ਰਹੇ ਹਨ, ਜਦੋਂ ਮਾਲਵਾ ਅੱਜ ਵਾਂਙੂ ਸਰਸਬਜ਼ ਨਹੀਂ ਸੀ ਹੋਇਆ। ਇਹ ਸ਼ਾਦਾਬੀ ਤੇ ਖੁਸ਼ਹਾਲੀ ਰੋਪੜ ਦੀ ਨਹਿਰ ਬਣਨ ਤੋਂ ਮਗਰੋਂ ਆਈ ਹੈ। ਇਹ ਨਹਿਰ ਸੰਮਤ ੧੯੩੯ (ਸੰਨ ੧੮੮੨ ਈ:) ਵਿਚ ਅਰਥਾਤ ਕਵੀ ਜੀ ਦੇ ਚਲਾਣੇ ਤੋਂ ੩੯ ਬਰਸ ਮਗਰੋਂ ਬਣੀ ਹੈ। ਸੋ ਇਹ ਨਿਸ਼ਚਿਤ ਸਤਿਗੁਰੂ ਜੀ ਦੇ ਭਵਿੱਖਤ ਵਾਕ ਹਨ ਜੋ ਕਵੀ ਜੀ ਉਸ ਵੇਲੇ ਲਿਖ ਰਹੇ ਹਨ ਜਿਸ ਵੇਲੇ ਕਿ ਅਜੇ ੩੯ ਵਰ੍ਹੇ ਇਸਦੇ ਸੱਚ ਹੋਣ ਵਿਚ ਬਾਕੀ ਸਨ।

ਹੋਇ ਹਮਾਰਾ ਮਾਲਵਾ, ਜਿਤ ਕਿਤ ਬਿਦਤਾਵੈ।
ਉਪਜੈਂ ਸਿੰਘ ਸਹੰਸ੍ਰ ਹੀ, ਮਲਵਈ ਕਹਾਵੈਂ ॥੧੫॥
ਸੁਨੀਅਹਿ ਸਿੱਖ ਸ਼ਮੀਰ ਭੋ! ਚਾਹਤਿ ਹਮ ਦੀਨੋ।
ਪ੍ਰਥਮ ਰਾਜ ਤੇ ਛੂਛ ਰਹਿ, ਅਬਿ ਛੇਮ[1] ਨ ਲੀਨੋ।

[1]ਖੁਸ਼ੀ, ਕਲਯਾਨ।

ਜੇ ਲੈਬੇ ਨਹਿਂ ਦੇਤਿ ਹੈ, ਸੋ ਰੋਗ ਭੁਗੈ ਹੈ[1]।
ਆਪ ਕੁਸ਼ਟ ਕੋ ਕਸ਼ਟ ਲਹਿ, ਪੁਨ ਬੰਸ ਲਗੈ ਹੈ[1]' ॥੧੬॥
ਕਹਿ ਕਵਿ ਹਮ ਨੇ ਸੋ ਸੁਨਜੋ, ਅਬਿ ਲੌ ਬਡ ਰੋਗੁ।
ਚਲਜੋ ਆਇ ਤਿਸ ਬੰਸ ਮਹਿਂ, ਭੋਗਹਿਂ ਦੁਖ ਭੋਗੁ।
ਸਤਿਗੁਰ ਅਧਿਕ ਪ੍ਰਸੰਨ ਹ੍ਵੈ, ਪਿਖਿ ਸੇਵ ਬਿਸਾਲਾ।
-ਇਹ ਨ ਲੇਤਿ ਹਮ ਦੇਤਿ ਹੈਂ-, ਇਮ ਚਿਤੈਂ[1] ਕ੍ਰਿਪਾਲਾ ॥੧੭॥
ਇਕ ਦਿਨ ਬਹੁਰ ਸ਼ਮੀਰ ਕੋ, ਕਰੁਨਾ ਕਰਿ ਬੋਲੇ।
'ਹੁਇ ਚਿਤ ਮਹਿਂ ਜੋ ਕਾਮਨਾ, ਹਮ ਤੇ ਅਬਿ ਸੋ ਲੇ।
ਬਿਨ ਸ਼ੰਕਾ ਜਾਚਨ ਕਰੋ, ਕਹੁ ਉਰ ਅਭਿਲਾਖਾ।'
ਸੁਨਿ ਸ਼ਮੀਰ ਕਰ ਜੋਰਿ ਕੈ, ਨੰਮ੍ਰੀ ਹੁਇ ਭਾਖਾ ॥੧੮॥
'ਮਿਟਹਿ ਚੁਰਾਸੀ ਕੋ ਭ੍ਰਮਣ, ਭਵਜਲ ਦੁਖਦਾਈ।
ਸ਼੍ਰੀ ਸਤਿਗੁਰ ਇਸ ਤ੍ਰਾਸ ਤੇ, ਮੁਹਿ ਲੇਹੁ ਬਚਾਈ।'
ਸੁਨਿ ਤੁਸ਼ਨ ਸ਼੍ਰੀ ਪ੍ਰਭੁ ਭਏ, ਬਿਰਮੇ[1] ਅਨ ਖਜਾਲਾ।
ਇਕ ਦੁਇ ਦਿਵਸ ਬਿਤਾਇ ਕੈ, ਪੁਨ ਭਏ ਕ੍ਰਿਪਾਲਾ ॥੧੯॥
ਸੇਵ ਕਰੈ ਸਹਿ ਪ੍ਰੇਮ ਕੇ, ਪੁਨ ਨਿਕਟ ਬੁਲਾਯੋ।
'ਹਮ ਪ੍ਰਸੰਨ ਹੈਂ ਤੋਹਿ ਪਰ, ਜਾਚਹੁ ਮਨ ਭਾਯੋ।'

[1]ਜੈ (ਜੈਤੋ ਵਾਲਾ ਮਾਮਾ ਤੁਹਾਨੂੰ) ਲੈਣ ਨਹੀਂ ਦੇਂਦਾ ਉਹ ਰੋਗ ਭੋਗੇਗਾ।
[1]ਆਪ ਕੋਹੜੀ ਤੇ ਬੰਸ ਬੀ ਕੋਹੜੀ ਦਾ ਕਸ਼ਟ ਲਵੇਗਾ।
[1]ਸੋਚਦੇ ਹਨ।
[1]ਪਰਚੇ।

ਪੁਨ ਸ਼ਮੀਰ ਗੁਰ ਤੀਰ ਕਹਿ, 'ਭਵਜਲ ਮਹਿਂ ਫੇਰਾ।
ਇਸ ਦਾਰੁਣ ਦੁਖ ਤੇ ਪ੍ਰਭੂ ! ਗਹੀਯਹਿ ਕਰ ਮੇਰਾ' ॥੨੦॥
ਸੁਨਿ ਸ਼੍ਰੀ ਮੁਖ ਤੇ ਤਬਿ ਭਨਜੋਂ, 'ਤੁਵ ਜਨਮ ਘਨੇਰੇ।
ਧਰਨੇ ਹੈਂ ਭਵਜਲ ਬਿਖੇ, ਕਿਮ ਜਾਹਿਂ ਨਿਬੇਰੇ।
ਕਹਿਂ ਲਗਿ ਕਰਹਿਂ ਬਚਾਇਬੋ, ਜਾਚਹੁ ਵਥੁ ਆਨਾ।
ਇਸ ਬਿਨ ਅਪਰ ਅਦੇਯ ਨਹਿਂ, ਲਿਹੁ ਮਹਿਦ ਮਹਾਨਾ ॥੨੧॥
ਹਮ ਪ੍ਰਸੰਨ ਪਿਖਿ ਸੇਵ ਤੁਵ, ਅਰੁ ਪ੍ਰੇਮ ਘਨੇਰਾ।
ਉਰ ਅਕਪਟ ਸਚ ਕਹਤਿ ਹੈਂ[1], ਪਰਖਜੋ ਬਹੁ ਬੇਰਾ।
ਕਰਹੁ ਸਫਲ ਨਿਜ ਘਾਲ ਕੋ, ਹਮ ਦੇਂ ਤਤਕਾਲਾ।'
ਸੁਨਿ ਕੈ ਕਹੈ ਸ਼ਮੀਰ ਪੁਨ, 'ਗਤਿ ਕਰਹੁ ਕ੍ਰਿਪਾਲਾ ॥੨੨॥
ਨਿਕਟ ਸਥਲ ਨਿਜ ਦੀਜੀਏ, ਜਾਚਾ ਇਹ ਮੇਰੀ।
ਅਪਰ ਨਹੀਂ ਮਨ ਕਾਮਨਾ, ਕਾਟਹੁ ਮਮ ਬੇਰੀ।'
ਸੁਨਿ ਹਠ ਕੋ ਸ਼੍ਰੀ ਸਤਿਗੁਰੂ, ਤਬਿ ਟਾਰਨ ਕੀਨਾ।
ਕੇਤਿਕ ਦਿਵਸ ਬਿਤਾਇ ਪੁਨ, ਮਨ ਹੋਤਿ ਪ੍ਰਸੀਨਾ[1] ॥੨੩॥
ਦਾਸ ਕਾਮਨਾ ਦਿਯੇ ਬਿਨ, ਮਨ ਚੈਨ ਨ ਪਾਵੈ।
ਪਦਵੀ ਦੇਨਿ ਸਮੀਪ ਕੀ, ਪੁਨ ਉਰ ਲਲਚਾਵੈ।

[1]ਤੇਰਾ ਦਿਲ ਕਪਟ ਤੋਂ ਰਹਿਤ ਹੈ ਤੇ ਤੂੰ ਸੱਚ ਬੋਲਦਾ ਹੈਂ।

[1]ਪ੍ਰਸੰਨ।

ਇਕ ਦਿਨ ਬਹੁਰ ਹਕਾਰਿ ਕੈ, ਸ਼੍ਰੀ ਬਦਨ ਉਚਾਰਾ।
'ਮਾਂਗਉ ਮਨ ਕੀ ਕਾਮਨਾ, ਜੈਸੇ ਹਠ ਧਾਰਾ' ॥੨੪॥
'ਪ੍ਰਭੁ ਜੀ! ਭਵਜਲ ਤੇ ਰਖਹੁ,
ਕਟਿ ਦੇਹੁ ਚੁਰਾਸੀ।
ਬਹੁਰ ਨ ਪਾਵੌਂ ਜਨਮ ਕੋ,
ਜਨਮ ਪਰੈ ਨ ਫਾਸੀ।'
ਹਸਿ ਬੋਲੇ 'ਦੈ ਹੈਂ ਇਹੀ,
ਪੁਨ ਆਵਹੁ ਪ੍ਰਾਤੀ।'
ਸੁਨਿ ਬੰਦਨ ਕੋ ਕਰਿ ਗਯੋ,
ਆਨੰਦ ਕਰਿ ਛਾਤੀ ॥੨੫॥
ਸਕਲ ਰੀਤਿ ਕੀ ਸੇਵ ਕਰਿ, ਨਿਸ ਮਹਿ ਪਰਿ ਸੋਵਾ।
ਅਦਭੁਤ ਅਨਿਕ ਪ੍ਰਕਾਰ ਕੋ, ਸੁਪਨਾ ਤਬਿ ਜੋਵਾ।
ਕਾਕ, ਕੰਕ[1], ਕੇਕੀ[2], ਕਕਨ[3], ਕਲਬਿੰਕ[4] ਮਰਾਲਾ[†]।

[1]ਚਿੱਟੀ ਚੀਲ, ਗਿਰਝ। [2]ਮੋਰ। [3]ਚਕਵਾ [ਸੰਸ:, ਕਕੁੰਜਲ]। ਪਪੀਹਾ ਤੇ ਜਲਬਟੇਰਾ ਬੀ ਅਰਥ ਕਰਦੇ ਹਨ। [4]ਚਿੜਾ [ਸੰਸ:, ਕਲਵਿੰਕ]। [†]ਹੰਸ।

ਖਗ ਮ੍ਰਿਗ ਪਸ਼ੁ ਪੰਛੀ ਮਨੁਖ, ਜਨਮਜੋ ਤਨ ਕਾਲਾ[1] ॥੨੬॥

[1]ਤਨ ਦੇ ਕਾਲ ਹੋਣ ਤੇ।

ਕੀਟੀ, ਕੀਟਨ, ਭ੍ਰਿੰਗ ਭ੍ਰਿਤ[1]; ਇੱਤਯਾਦਿ ਘਨੇਰੇ।

[1]ਭ੍ਰਿੰਗੀ ਅਤੇ ਕੋੜ੍ਹ ਕਿਰਲੀ [ਸੰਸ:, ਭਿਤ੍ਤਿਕਾ=ਘਰਾਂ ਵਿਚ ਰਹਿਣ ਵਾਲੀ ਨਿੱਕੀ ਕੋੜ੍ਹ ਕਿਰਲੀ]।

ਭੋਗੀ ਜੂਨਾਂ ਜਨਮ ਧਰਿ, ਮਰਿ ਮਰਿ ਬਹੁ ਬੇਰੇ।
ਜਨਮ ਪਾਛਲੋ ਪੁਨ ਭਯੋ, ਚੰਡਾਲ ਕਰਾਲਾ।
ਜੰਗਲ ਦੇਸ਼[1] ਪ੍ਰਵੇਸ਼ ਭਾ, ਚੰਡਾਲੀ ਨਾਲਾ ॥੨੭॥

[1]ਮਾਲਵੇ ਵਿਚ।

ਭਏ ਸੁਤਾਸੁਤ ਪੁੰਜ ਹੀ, ਬਹੁ ਵਧਜੋ ਕੁਟੰਬਾ।
ਦੇਸ਼ ਪਰਜੋ ਦੁਰਭਿੱਖ ਬਹੁ, ਨਹਿਂ ਅੰਨ ਕਦੰਬਾ।
ਛੁਧਤਿ ਰਹਤਿ ਦੁਖ ਸਹਤ ਹ੍ਵੈ, ਬਨ ਬਿਖੈ

ਪਧਾਰਾ।
ਪੀਲੂ ਖੈਬੇ ਹੇਤ ਕੋ, ਪਾਕੀ ਲਗਿ ਡਾਰਾ[1] ॥੨੮॥
ਕਿਤਿਕ ਸੁਤਾਸੁਤ ਸੰਗ ਲੈ, ਗਮਨਜੋਂ ਬਨ ਮਾਂਹੀ।
ਤੋਰਨ ਹਿਤ ਤਰੁ ਪਰ ਚਢ੍ਯੋ, ਤਰ[1] ਬਾਲਕ ਤਾਂਹੀ[2]।
ਤੋਰਿ ਤੋਰਿ ਤਰੁ ਤੇ ਤਰੈ, ਗੇਰਤਿ ਸਿਸ ਖਾਵੈਂ।
ਪੁਨ ਸਾਖਾ ਪਤਰੀਨ ਪਰ, ਨਿਜ ਪਾਉਂ ਟਿਕਾਵੈ ॥੨੯॥
ਤੋਰਨ ਕੋ ਲਾਲਚ ਲਗ੍ਯੋ, ਝੁਕਿ ਹੋਇ ਅਗਾਰੀ।
ਟੂਟ ਗਈ ਸਾਖਾ ਤਬੈ, ਗਿਰਿ ਧਰਾ ਮਝਾਰੀ।
ਚੋਟ ਲਗੀ ਤੇ ਜਾਗ ਕਰਿ, ਜੁਗ ਨੈਨ ਉਘਾਰੇ।
ਬਿਸਮਜੋ ਕਰਤਿ ਬਿਚਾਰ ਬਹੁ, ਪਿਖਿ ਕੌਤਕ ਭਾਰੇ ॥੩੦॥
ਕੇਤਿਕ ਚਿਰ ਮਹਿਂ ਮਲ ਤਜਨਿ[1], ਬੈਠ੍ਯੋ ਕਿਤ ਜਾਈ।
ਸੋਚਤ ਸੁਪਨੇ ਕੋ ਰਿਦੇ, ਜੇਤੇ ਤਨ ਪਾਈ।
ਪੀਲੂ ਖਾਏ ਪੇਟ ਭਰਿ, ਬਿਸ਼ਟਾ ਤਸ ਆਈ।
ਦੇਖਤਿ ਚਿੰਤਾ ਅਧਿਕ ਭੀ, ਮਤਿ ਬਹੁ ਬਿਸਮਾਈ ॥੩੧॥
ਭਈ ਸੋਚ ਉਠਿ ਕੈ ਬਹੁਰ, ਹਿਤ ਮੱਜਨ ਬੈਸੇ।
ਕਰਨ ਲਗ੍ਯੋ ਰਦਧਾਵਨਾ[1], ਚਿਤਵਤਿ ਹੈ ਤੈਸੇ।
ਤਬਿ ਦੰਤਨ ਮਹਿਂ ਅਟਕ ਜੇ, ਪੀਲੂੰ ਕੇ ਬੀਜੰ।

[1]ਪੱਕੀਆਂ ਪੀਲੂ ਡਾਲ ਨਾਲ ਲਗੀਆਂ।

[1]ਹੇਠਾਂ। [2]ਉਸ ਬ੍ਰਿੱਛ ਦੇ।

[1]ਭਾਵ ਪਖਾਨੇ ਬੈਠਾ।

[1]ਦਾਤਣ।

ਨਿਕਸੇ ਦਾਂਤਨ ਕਰੇ ਤੇ, ਚਿਤ ਕੌਤਕ ਥੀਜੰ[1] ॥੩੨॥
-ਕਹਾਂ ਭਈ ਇਹ ਬਾਰਤਾ[†], ਮੁਝ ਸੁਪਨਾ ਹੋਵਾ।
ਧਰ ਸਾਚ ਹੀ ਜਨਮ ਕੈ, ਬਡ ਸੰਕਟ ਜੋਵਾ?
ਜਾਨੀ ਜਾਇ ਨ ਕਹਾਂ ਗਤਿ, ਨਿਸ ਮਹਿ ਮਮ ਹੋਈ-।
ਪਹਿਰ ਬਸਤ੍ਰ ਗੁਰ ਢਿਗ ਚਲ੍ਯੋ, ਚਿਤਵੈ ਮਨ ਸੋਈ ॥੩੩॥
ਪਦ ਅਰਬਿੰਦਨ ਬੰਦਨਾ, ਕਰਿ ਥਿਰ੍ਯੋ ਅਗਾਰੀ।
ਤਬਿ ਬੂਝਨਿ ਕੀਨੋ ਪ੍ਰਭੂ, 'ਚਿਤ ਚਿੰਤ ਮਝਾਰੀ?
ਨਹਿਂ ਸੋਚਹੁ, ਆਨੰਦ ਕਰੋ, ਹੋਯੋ ਭਲ ਤੇਰਾ।
ਏਕ ਨਿਸਾ ਮਹਿਂ ਨਿਬਰਗਾ, ਤੁਵ ਲੇਖ ਘਨੇਰਾ' ॥੩੪॥
ਸੁਨਤਿ ਨੰਮ੍ਰਿ ਹੁਇ ਮੁਹੁਰਮੁਹੁ[1], ਪਗ ਨਮੋ ਕਰੰਤਾ।
'ਪ੍ਰਭੁ ਜੀ! ਭੇਵ ਬਤਾਈਏ, ਮੁਝ ਚਿੰਤ ਅਨੰਤਾ।
ਸੁਪਨਾ ਹੋਯੋ ਸਾਚ ਕੈ, ਦੋਨਹੁਂ ਬਿਧਿ ਜਾਨੀ।
ਫਲ ਪੀਲੂੰ ਕੋ ਸਮੋਂ ਨਹਿਂ, ਨਿਸ ਮਹਿਂ ਕਿਯ ਖਾਨੀ ॥੩੫॥
ਜਾਗੇ ਮਲ ਪੀਲੁਨ ਕੀ, ਅਰੁ ਬੀਜ ਸੁ ਦੰਤੰ।
ਨੀਕੇ ਮੈਂ ਦੇਖਨਿ ਕਰ੍ਯੋ, ਬਿਸਮ੍ਯੋ ਚਿਤ ਚਿੰਤੰ।'
ਸ੍ਰੀ ਮੁਖ ਤੇ ਭਾਖ੍ਯੋ ਤਬੈ, 'ਤੁਵ ਜਨਮ ਘਨੇਰੇ।

[1]ਚਿਤ ਅਚੰਭਤ ਯਾ ਹੈਰਾਨ ਹੁੰਦਾ ਹੈ। (ਅ) ਚਿਤਵਦਾ ਹੈ-(ਕਿ ਇਹ ਕੀਹ) ਤਮਾਸ਼ਾ ਹੋਇਆ ਹੈ।

[†]ਇਸ ਅੰਸੂ ਵਿਚ ਸੌ ਸਾਖੀ ਦੀ ੫੯ਵੀਂ ਸਾਖੀ ਦੀ ਵਾਰਤਾ ਸਵਿਸਥਾਰ ਚੱਲ ਰਹੀ ਹੈ।

[1]ਘੜੀ ਮੁੜੀ, ਬਾਰ ਬਾਰ।

ਸੁਪਨੇ ਬਿਖੇ ਭੁਗਾਇ ਦਿਯ, ਸੁਧਿ ਭਾ
ਇਸ ਬੇਰੇ ॥੩੬॥
ਹਮ ਤੇ ਜਾਚਤਿ ਨਿਤ ਹੁਤੋ, ਨਹਿਂ ਪਰੌਂ
ਚੁਰਾਸੀ।
ਸੋ ਨਿਸ਼ਚੈ ਤੋ ਕੌਂ ਦਿਯੋ, ਕਟਿਗੀ ਜਮ
ਫਾਸੀ।
ਦੁਰਲਭ ਪਦ ਜੋਗੀਨ ਕੋ, ਸੋ ਪ੍ਰਾਪਤਿ
ਹੋਵੈਂ।
ਭਵਜਲ ਦਿਯੋ ਤਰਾਇ ਕਰਿ, ਨਹਿਂ ਸੰਕਟ
ਜੋਵੈਂ' ॥੩੭॥
ਗੁਰ ਢਿਗ ਤਬੈ ਤਿਖਾਨ ਇਕ, ਥਿਰ
ਦਯਾਲ ਪੁਰੇ ਕੋ।
ਸੋ ਬੋਲਯੋ ਕਰ ਜੋਰਿ ਕੈ, ਨਿਜ ਮਸਤਕ
ਟੇਕੋ।
ਬਖਸ਼ੋ ਇਸ ਕੇ ਸੰਗ ਮੁਝ, ਭਵਜਲ ਤੇ
ਰਾਖੋ।
ਦਾਸ ਜਾਨਿ ਕਰਿ ਆਪਨੋ, ਦਿਹੁ ਬਰ
ਜਿਮ ਕਾਂਖੋ' ॥੩੮॥
ਬਿਗਸੇ ਪ੍ਰਭੁ ਜੀ ਢਿਗ ਰਹਤਿ, ਮਨ ਪ੍ਰੇਮ
ਘਨੇਰਾ।
ਤਿਸ ਪਰ ਭੀ ਕਰੁਨਾ ਕਰੀ, ਭਾਖਯੋ ਤਿਸ
ਬੇਰਾ।
'ਤੂੰ ਭੀ ਸੰਗ ਸ਼ਮੀਰ ਕੇ, ਤਯਾਗਹਿਂ ਨਿਜ
ਪ੍ਰਾਨਾ।
ਨਿਕਟ ਹਮਾਰੇ ਪਹੁੰਚਿ ਕੈ, ਕਰਿ ਬੰਧਨ
ਹਾਨਾ†' ॥੩੯॥

†ਇਸ ਪ੍ਰਸੰਗ ਵਿਚ ਉਹੋ ਅਸੂਲ ਸਤਿਗੁਰੂ ਜੀ ਦਾ ਨਿਰੂਪਨ ਹੋਇਆ ਹੈ ਜੋ ਆਦਿ ਤੋਂ ਹੈਸੀ ਕਿ ਜੱਗਜਾਸੂ ਦੀ ਸੇਵਾ ਤੇ ਪ੍ਰੇਮ ਨਾਲ, ਨਾਮ ਦੇ ਰੰਗ ਨਾਲ ਸਤਿਗੁਰੂ ਦੀ ਮਿਹਰ ਉਪਰੋਂ ਪੈ ਜਾਣ ਨਾਲ ਕਰਮ ਹਤ ਹੁੰਦੇ ਹਨ। ਕਰਮ ਜਾਲ ਅਮਿਟ ਤੇ ਅਟੱਲ ਨਿਯਮ ਨਹੀਂ; ਕਰਮ ਦਾ ਫਲ ਹੈ, ਪਰ ਕਰਮ ਆਦਿ ਅੰਤ ਵਾਲਾ ਹੋਣ ਕਰਕੇ ਤ੍ਰੁਟ ਸਕਦਾ ਹੈ। ਯਥਾ 'ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ' ॥ ਆਦਿ ਸਤਿਗੁਰਾਂ ਦੀ ਸਾਖੀ ਮੁਹਰਾਂ ਤੋਂ ਕੋਲੇ ਹੋਣ ਦੀ ਤੇ ਸੂਲੀ ਤੋਂ ਸੂਲ ਹੋਣ ਦੀ, ਪੰਜਵੇਂ ਪਾਤਸ਼ਾਹ ਵੇਲੇ ਮੰਡੀ ਦੇ ਰਾਜੇ ਦਾ ਪ੍ਰਸੰਗ, ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਕਾਜ਼ੀ ਸਲਾਰ ਦੀਨ ਨਾਲ ਕੌਤਕ ਤੇ ਇੱਥੇ ਇਹ ਵਾਰਤਾ ਸਭ ਉਸੇ ਅਸੂਲ ਦੇ ਪ੍ਰਤੀਪਾਦਿਕ ਹਨ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ:-'ਕਰਮ ਬਧ ਤੁਮ ਜੀਉ ਕਹਤ ਹਉ ਕਰਮਹਿ ਕਿਨਿ ਜੀਉ ਦੀਨੁ ਰੇ'। ਕਰਮ ਜੀਵ ਨੇ ਸਰੀਰ ਧਾਰਕੇ ਕੀਤੇ ਹਨ, ਆਦਿ ਵਿਚ ਕਰਮ ਕਰਕੇ ਸਰੀਰ ਵਿਚ ਨਹੀਂ ਸੀ ਆਇਆ। ਸੋ ਹੱਦ

ਮਿਤ ਵਾਲੇ ਦੇ ਕਰਮ ਅਨੰਤ ਅਟੱਲ ਅਵਿਨਾਸ਼ ਨਹੀਂ ਹੋ ਸਕਦੇ, ਓਹ ਮਿਟਦੇ ਹਨ। ਜੋ ਚੀਜ਼ ਮਿਟਦੀ ਹੈ ਓਹ ਆਪਣੇ ਕਾਰਨਾਂ ਦੇ ਅਧੀਨ, ਕਦੇ ਹੌਲੀ, ਕਦੇ ਮਝਲੀ ਚਾਲ ਨਾਲ ਤੇ ਕਦੇ ਤੁਰਤ ਚਾਲ ਨਾਲ ਮਿਟ ਸਕਦੀ ਹੈ। ਸੋ ਛੇਤੀ ਮੇਟਣ ਦਾ ਵਸੀਲਾ, ਜਗਜਾਸੂ ਦਾ ਪ੍ਰੇਮ ਅਵਤਾਰ-ਗੁਰੂ ਤੇ ਰੱਬ ਦੀ ਮੇਹਰ ਹੈ।

ਸੁਨਿ ਦੋਨਹੁੰ ਆਨੰਦ ਧਰਿ, ਬੰਦਹਿਂ ਪਦ
ਕੰਜੰ।
'ਧੰਨ ਧੰਨ ਸ੍ਰੀ ਸਤਿਗੁਰੂ, ਦੁਖ ਦਾਲਿਦ
ਭੰਜੰ।
ਹਲਤ ਪਲਤ ਇਕ ਛਿਨ ਬਿਖੇ, ਜਨ ਕੇਰਿ
ਸੁਧਾਰੋ।
ਸਗਲ ਜਗਤ ਹੈ ਮੰਗਤਾ, ਤੁਮ ਏਕ
ਦਤਾਰੋ' ॥੪੦॥

ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼ਮੀਰ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥੫੬॥

## ੫੭. [ਸਿਰ੍ਹੰਦ ਵਾਸੀ ਦਜਾਲ ਦਾਸ ਨੂੰ ਵਰ। ਜ਼ਫਰਨਾਮਾ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਬਿਦਤਿ ਭਏ ਸ੍ਰੀ ਸਤਿਗੁਰੂ, ਬਸਿ ਦੀਨੇ ਕੇ ਗ੍ਰਾਮ।
ਹਿੰਦੂ ਤੁਰਕ ਬਖਾਨਤੇ, ਲੈ ਲੈ ਕਰਿ ਪ੍ਰਭੁ ਨਾਮ ॥੧॥

ਨਿਸਾਨੀ ਛੰਦੁ:

ਜਿਮ ਤੁਰਕਨ ਕੋ ਸ੍ਰਾਪ ਭਾ, ਹਿਤ ਰਾਜ ਪ੍ਰਤਾਪਾ।
ਉਜਰੈ ਸ਼ਹਿਰ ਸਿਰ੍ਹੰਦ ਬਡ, ਭੇ ਜਿਸ ਮਹਿਂ ਪਾਪਾ।
ਸੀਤਲ ਪੁਰੀ[1] ਮਹੰਤ ਇਕ, ਬਹੁ ਅਜ਼ਮਤ ਵੰਤਾ।
ਧੀਰਜ ਧਾਰੀ ਸੰਤ ਸ਼ੁਭ, ਸਤਿਨਾਮ ਜਪੰਤਾ ॥੨॥
ਚੇਲਾ ਤਿਸੀ ਮਹੰਤ ਕੋ, ਇਕ ਦਜਾਲਪੁਰੀ ਹੈ।
ਅਜ਼ਮਤ ਜੁਤਿ ਬਾਸਾ ਕਿਯੋ, ਸੀਰ੍ਹੰਦ ਪੁਰੀ ਹੈ।
ਸੁਨੀ ਗੁਰੂ ਕੀ ਬਾਰਤਾ, ਪੁਰਿ ਸ੍ਰਾਪ ਉਚਾਰਾ।
-ਬੁਰਾ ਬਹੁਤ ਪੁਰਿ ਕੋ ਭਯੋ, ਜਹਿਂ ਬਾਸ ਹਮਾਰਾ ॥੩॥
ਗੁਰ ਕੋ ਕਹਜੋ ਨ ਹਟਹਿ ਕਿਮ, ਸੁਰ ਅਸੁਰਨ ਪਾਸੂ।
ਨਰ ਬਪੁਰੇ ਕੀ ਸ਼ਕਤਿ ਕਆ, ਕਹਿ ਮੋਰਹਿ ਤਾਸੂ।
ਕਿਮ ਕਰਿ ਹੌਂ ਮੈਂ ਪੁਰਿ ਭਲੋ, ਜਹਿਂ ਖਾਨ ਰੁ ਪਾਨੇ।
ਕਰੌਂ ਬਿਨੈ ਪ੍ਰਭੁ ਅੱਗ੍ਰ ਜੇ, ਸੁਨਿ ਲੇਹਿਂ ਜਿ ਮਾਨੇ ॥੪॥
ਇਮ ਬਿਚਾਰ ਕਰਿ ਚਲਿ ਪਰਜੋ, ਸੁਨਿ ਕਰਿ ਗੁਰ ਦੀਨੇ।
ਗਮਨਜੋਂ ਪੰਥ ਉਲੰਘ ਕਰਿ, ਪਹੁੰਚਜੋ ਚਿਤ

[1] 'ਸੀਤਲ' ਨਾਮ ਹੈ ਤੇ 'ਪੁਰੀ' ਸੰਨਜਾਸੀਆਂ ਦੀ ਇਕ ਸੰਪ੍ਰਦਾ ਹੈ।

ਚੀਨੇ।
ਬੂਝਜੋ ਜਾਇ ਸ਼ਮੀਰ ਕੋ, ਤਿਨ ਪੁਛਿ ਪਹੁੰਚਾਯੋ[1]।

[1]ਤਿਸਨੇ (ਗੁਰੂ ਜੀ ਤੋਂ) ਪੁੱਛਕੇ (ਹਜ਼ੂਰੀ ਵਿਚ) ਪੁਚਾਇਆ।

ਹਾਥ ਜੋਰਿ ਜੁਤਿ ਪ੍ਰੇਮ ਕੇ, ਪਗ ਸੀਸ ਨਿਵਾਯੋ ॥੫॥

ਭੁਜੰਗ ਛੰਦ:

ਨਮੋ ਪਾਦ ਕੰਜੰ ਗੁਰੂ ਰੂਪ ਸੋਹੇ।
ਧਰਜੋ ਈਸ਼ ਔਤਾਰ ਕੋ ਲੋਕ ਮੋਹੇ।
ਨਹੀਂ ਜਾਨਿ ਸਾਕੈਂ ਪ੍ਰਭੂ ਰੂਪ ਤੇਰੋ।
ਸਦਾ ਜੈ ਸਦਾ ਜੈ ਕ੍ਰਿਪਾ ਧਾਰਿ ਹੇਰੋ ॥੬॥
ਪੁਰਾ ਰੂਪ ਬੇਦੀਨ ਕੇ ਬੰਸ ਹੋਏ।
ਗੁਰੂ ਨਾਨਕੰ ਆਦਿ ਭੇ ਲੋਕ ਜੋਏ।
ਦਸੋਂ ਦੇਹ ਸੋਈ ਮਹਾਰਾਜ ਧਾਰੇ।
ਉਧਾਰੇ ਘਨੇ ਕੋ ਗਨੇ ਪੁੰਜ ਤਾਰੇ ॥੭॥
ਕਰਜੋ ਪੰਥ ਬੀਰਾਨ ਕੋ ਸਿੰਘ ਹੋਏ।
ਮਹਾਂ ਪਾਪ ਕਾਰੀਨ ਕੇ ਮੂਲ ਖੋਏ।
ਸਕੇਸ਼ੰ ਸਕਾਛੰ[1] ਸਦਾ ਸ਼ਸਤ੍ਰਧਾਰੀ।

[1]ਕੇਸ ਕੱਛ ਸਹਿਤ।

ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ ॥੮॥
ਨਹੀਂ ਪੰਥ ਐਸੋ ਕਬੈ ਅੱਗ੍ਰ ਹੋਯੋ।
ਦੁਹੂੰ ਲੋਕ ਮਹਿ ਸ਼ੋਕ ਦਾਸਾਨਿ ਖੋਯੋ।
ਮਹਾਂ ਤੇਜ ਧਾਰੀ ਮਹਾਂ ਓਜਵੰਤੇ।
ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ ॥੯॥
ਅਰੈ ਕੌਨ ਆਗੈ ਤਿਹੂੰ ਲੋਕ ਮਾਂਹੀ।
ਰਖੋ ਦਾਸ ਲਾਜੈ ਮਿਟੈ ਦੁੰਦ ਜਾਂਹੀ[1]।

[1]ਦਾਸਾਂ ਦੀ ਲਾਜ ਰਖਦੇ ਹੋ ਜਿਨ੍ਹਾਂ ਦੇ ਦ੍ਵੰਦ ਮਿਟ ਜਾਂਦੇ ਹਨ।

ਮਹਾਂ ਮਾਰ ਮੋਹੰ[1] ਅਹੋ ਪੰਖਿ ਰਾਜੰ[2]।

[1]ਮੋਹ ਰੂਪ ਵੱਡੇ ਸਰਪ ਨੂੰ। [2]ਗਰੁੜ।

ਸਦਾ ਜੈ ਸਦਾ ਜੈ ਸਦਾ ਸ਼੍ਰੇਯ ਸਾਜੰ ॥੧੦॥
ਛਕੇ ਛੈਲ ਛਾਜੇ ਛਬੰ ਛੇਤ੍ਰ ਛੱਤ੍ਰੀ[1]।

[1]ਫਬ ਰਹੇ ਹੋ ਸੁੰਦਰ ਸ਼ੋਭਨੀਕ ਹੋਕੇ (ਤੇ ਰਣ) ਛੇਤ੍ਰ (ਵਿਚ) ਛੱਤ੍ਰੀ ਹੋਕੇ ਛੱਬੀ ਦੇ ਰਹੇ ਹੋ।

ਛਮਾ ਛੇਮ ਛੋਨੀ[1], ਛੁਭੈ ਛੋਭ ਅੱਤ੍ਰੀ[2]।

[1]ਖਿਮਾ ਤੇ ਖੇਮ (=ਕਲਜ਼ਾਨ) ਦੇ ਦਾਤੇ ਹੋ ਧਰਤੀ ਉਤੇ। (ਅ) ਧਰਤ ਵਾਂਙ ਖਿਮਾਂ ਦੇ ਸਰੂਪ ਹੋ ਤੇ ਮੁਕਤੀ ਦਾਤਾ ਹੋ। [2]ਜੇ ਤੁਸਾਂ ਨਾਲ ਗੁੱਸਾ ਕਰੇ ਉਸ ਨੂੰ ਛੋਭ (ਦੇਣ ਵਾਲੇ) ਸੂਰਮੇ ਹੋ। [ਸੰਸ:, ਅਸ੍ਤ੍ਰਿਨ=ਸ਼ਸਤ੍ਰ ਧਾਰੀ, ਸੂਰਮਾ।

ਹਿੰਦੀ, ਅੱਤ੍ਰੀ=ਸ਼ਸਤ੍ਰਧਾਰੀ ਸੂਰਮਾਂ]।

ਮਲੇਛਾਨ ਲੱਛਾਨ ਛੈ, ਰੱਛ ਸ੍ਵੱਛੰ[1]।
ਲਸੋ ਬੀਰ ਰੂਪੰ ਬਸੋ ਦਾਸ ਬੱਛੰ[1] ॥੧੧॥

[1]ਲੱਖਾਂ ਹੀ ਮਲੇਛਾਂ ਦਾ ਨਾਸ਼ ਕਰਨ ਵਾਲੇ ਹੋ ਤੇ ਸ੍ਵੱਛਾਂ (ਸੰਤਾਂ ਯਾ ਪਵਿੱਤ੍ਰਾਂ) ਦੀ ਰੱਛਾ ਕਰਦੇ ਹੋ।
[1]ਆਪ ਦਾ ਬੀਰ ਰੂਪ ਦਾਸ ਦੇ ਹਿਰਦੇ ਵਿਚ ਵੱਸਕੇ ਲਸਦਾ ਹੈ। [ਵੱਛੰ=ਵੱਖੀ ਭਾਵ ਹ੍ਰਿਦਾ]।

ਸਰੂਪੰ ਅਨੂਪੰ ਮਹਾਂ ਭੂਪ ਭੂਪੰ।
ਉਧਾਰੋ ਪ੍ਰਭੂ ਜੋ ਪਰੇ ਮੋਹ ਕੂਪੰ।
ਨਿਸੇਸ਼ੰ[1] ਦਿਨੇਸ਼ੰ[2] ਜਲੇਸ਼ੰ[3] ਧਨੇਸ਼ੰ[4]।
ਰਹੈਂ ਬੀਚ ਆਗਜ਼ਾ ਸੁ ਆਦੰ ਸੁਰੇਸ਼ੰ[1] ॥੧੨॥

[1]ਚੰਦ। [2]ਸੂਰਜ। [3]ਵਰੁਣ। [4]ਕੁਬੇਰ।
[1]ਇੰਦ੍ਰ ਆਦਿਕ।

ਪਗੰ ਪੰਕਜੰ ਪ੍ਰੇਮ ਪਾਗੇ ਪਰੇ ਹੈਂ।
ਜਪੈਂ ਨਾਮ ਭੈ ਸਿੰਧੁ ਤੇਈ ਤਰੇ ਹੈਂ।
ਅਮੰਦੰ ਮੁਕੰਦੰ ਬਿਲੰਦੰ ਅਨੰਦੰ!
ਨਮੋ ਲੇਹੁ ਮੇਰੀ ਕਰੌਂ ਹਾਥ ਬੰਦੰ ॥੧੩॥

ਨਿਸ਼ਾਨੀ ਛੰਦ:

ਬਿਨੈ ਪ੍ਰਸ਼ੰਸ਼ਾ ਸਾਧ ਤੇ, ਸੁਨਿ ਹੰਸੇ ਕ੍ਰਿਪਾਲਾ।
'ਦਜਾਲ ਪੁਰੀ! ਕਹੁ ਕਾਜ ਕਜਾ, ਚਲਿ ਆਇ ਉਤਾਲਾ?
ਪਹੁੰਚਜੋ ਜੰਗਲ ਦੇਸ਼ ਮਹਿਂ, ਤਜਿ ਕਰਿ ਘਰ ਬਾਰਾ।
ਕਹਾਂ ਕਾਮਨਾ ਉਰ ਭਈ, ਕਜਾ ਮਤੋ ਬਿਚਾਰਾ?' ॥੧੪॥
ਸੁਨਤਿ ਸਾਧ ਬੋਲਜੋ ਬਿਨੈ, 'ਜਹਿਂ ਭਾ ਅਤਿ ਪਾਪਾ।
ਸਾਹਿਬਜ਼ਾਦੇ ਹਤਿ ਕਰੇ, ਤਿਸ ਕੋ ਤੁਮ ਸ੍ਰਾਪਾ।
ਤਹਾਂ ਬਾਸ ਮੇਰੋ ਅਹੈ, ਸਿਖ ਸੇਵਕ ਕੇਈ।
ਸੁਨਜੋਂ ਆਪ ਕੇ ਸ੍ਰਾਪ ਕੋ, ਧਰਿ ਕਰਿ ਡਰ ਤੇਈ ॥੧੫॥
ਮਿਲਿ ਆਏ ਮੁਝ ਪਾਸ ਬਹੁ, ਤਿਨ ਹੂੰ ਕੋ ਪ੍ਰੇਰਾ[1]।
ਬਖਸ਼ਾਵਨ ਹਿਤ ਸਭਿ ਕਹਜੋ, ਤਜਿ ਆਯੋ

[1]ਤਿਨ੍ਹਾਂ ਦਾ ਪ੍ਰੇਰਿਆ ਹੋਇਆ।

ਡੇਰਾ।
ਸ਼ਰਨ ਪਰਯੋ ਮੈਂ ਆਨਿ ਕਰਿ, ਬਹੁ ਨਰਨ ਸਮੇਤਾ।
ਕ੍ਰਿਪਾ ਕਰਹੁ ਉਚਰਹੁ ਤਥਾ, ਜਿਮ ਰਹੈਂ ਨਿਕੇਤਾ' ॥੧੬॥
ਸੁਨੇ ਨੰਮ੍ਰਿ ਬਚ ਸਾਧ ਕੇ, ਕਰਿ ਕ੍ਰਿਪਾ ਬਖਾਨਾ।
'ਮਿਲਯੋ ਆਨਿ ਬਖਸ਼ਯੋ ਤੁਝੈ, ਪਹੁੰਚਹੁ ਨਿਜ ਥਾਨਾ।
ਚਢਿ ਕੋਠੇ ਪਰ ਖਰੇ ਹੁਇ, ਲੇ ਸੰਖ ਬਜਾਵੋ।
ਜਹਿਂ ਜਹਿਂ ਤੇਰੀ ਸੇਵਕੀ, ਤਹਿਂ ਤਿਨੈ ਸੁਨਾਵੋ ॥੧੭॥
ਜਹਿਂ ਜਹਿਂ ਪਹੁੰਚੈ ਸੰਖ ਧੁਨਿ,
ਤਹਿਂ ਤਹਿਂ ਰਹਿਂ ਬਾਸਾ[1]।
ਅਪਰ ਪੁਰੀ ਫਿਟਕਨ ਕਰੀ[1],
ਹੁਇ ਸ਼ੀਘ੍ਰ ਬਿਨਾਸ਼ਾ।
ਗਹਿਰੀ ਨੀਵ ਨਿਕੇਤ ਬਡ, ਸਭਿ ਖਾਕ ਮਿਲੈਂਗੇ।
ਨਰ ਨਾਰੀ ਪੀਟੈਂ ਘਨੇ, ਦੁਖ ਪਾਇ ਰੁਲੈਂਗੇ ॥੧੮॥
ਜਹਿਂ ਬਜਾਰ ਤਹਿਂ ਹਲ ਫਿਰੈਂ, ਮਮ ਪੰਥ ਉਜਾਰੈ।
ਤੁਰਤ ਤੁਰਕ ਕੋ ਗ਼ਰਕ ਕਰਿ, ਲੂਟੇ ਅਰੁ ਮਾਰੈ।
ਰਹੈ ਚਿੰਨ੍ਹ ਕਿਤ ਕਿਤ ਪਰੇ, ਨਹਿਂ ਸਦਨ ਦਿਖੈਂਗੇ।
ਪਰੈ ਆਪਦਾ ਭੀਖਨਾਂ, ਤਬਿ ਸਰਬ ਲਖੈਂਗੇ ॥੧੯॥
ਤੁਵ ਢਿਗ ਰਹੈ ਬਜਾਰ ਇਕ, ਹ੍ਵੈ ਅਪਰ ਉਜਾਰਾ।
ਮਾਰਿ ਲੂਟ ਪਲਟਾ ਲਹੈ, ਬਡ ਪੰਥ

[1]ਘਰ ਰਹਿ ਜਾਣਗੇ।
[1]ਫਿਟਕਾਰੀ ਗਈ ਹੈ।

ਹਮਾਰਾ।'
ਦਜਾਲਪੁਰੀ ਸੁਨਿ ਦਜਾਲ ਤੇ, ਪੁਨ ਮਸਤਕ ਟੇਕਾ।
'ਧੰਨ ਗੁਰੂ ਪੂਰਨ ਪੁਰਖ, ਤੁਮ ਜਲਧਿ ਬਿਬੇਕਾ' ॥੨੦॥
ਆਗਜ਼ਾ ਲੇ ਕਰਿ ਅਨੰਦ ਧਰਿ, ਨਿਜ ਪੁਰਿ ਕੋ ਆਯੋ।
ਚੜ੍ਹਿ ਕੋਠੇ ਪਰ ਊਚ ਧੁਨਿ, ਲੇ ਸੰਖ ਬਜਾਯੋ।
ਜਹਿਂ ਜਹਿਂ ਨਰ ਜਿਤ ਕਿਤ ਸੁਨੀ, ਸੋ ਅਬਿ ਲੌਂ ਬਾਸਾ।
ਕਈ ਕੋਸ ਲੌਂ ਪੁਰਿ ਬਡੋ, ਗੁਰ ਸ੍ਰਾਪ ਬਿਨਾਸ਼ਾ[1] ॥੨੧॥
ਪਹੁੰਚੀ ਸੁਧਿ ਤੁਰਕਾਨ ਢਿਗ, ਗੁਰ ਸ੍ਰਾਪ ਉਚਾਰਾ।
ਅਬਿ ਕਾਂਗੜ ਪੁਰ ਥਿਰ ਭਏ, ਕਰਿ ਜੰਗ ਅਖਾਰਾ।
ਕਈ ਲਾਖ ਦਲ ਸੁਭਟ ਮੈਂ, ਕਰਿ ਕੈ ਘਮਸਾਨਾ।
ਪਰਜੋ ਸ਼ੋਕ ਸਭਿ ਦੇਸ਼ ਮਹਿਂ, ਲਾਖਹੁੰ ਰਿਪੁਹਾਨਾ ॥੨੨॥
ਥਿਰਜੋ ਨਿਕਟ ਬਿਨ ਤ੍ਰਾਸ ਹ੍ਵੈ,
ਜਾਟਨ ਕੇ ਗ੍ਰਾਮਾ।
ਦੁਰਗ ਨਹੀਂ ਸੈਨਾ ਨਹੀਂ,
ਧਨ ਨਾਂਹਿ ਨ ਧਾਮਾ।'
ਸੁਨਿ ਕੈ ਖਾਨ ਵਜੀਦ ਤਬਿ,
ਲਿਖਿ ਪੱਤ੍ਰ ਪਠਾਵਾ।
'ਭੋ ਲਖਮੀਰ ਸ਼ਮੀਰ ! ਤੂੰ,
ਉਰ ਡਰ ਨਹਿਂ ਪਾਵਾ ॥੨੩॥
ਪਤਿਸ਼ਾਹੀ ਬੰਦਾ ਤੁਹੀ, ਗੁਰ ਦੁਸ਼ਮਨ ਸ਼ਾਹੂ।
ਗਹਿ ਦੀਜੈ ਹਮ ਕੋ ਅਬੈ, ਬੈਠਯੋ ਤੁਮ

[1]ਸ੍ਰਾਪ ਕਰਕੇ ਨਾਸ਼ ਹੋ ਗਿਆ।

ਪਾਹੂ।
ਨਾਂਹਿ ਤ ਪਕਰੈਂ ਸਭਨਿ ਕੋ, ਦੇਂ ਦੰਡ ਸਜ਼ਾਈ।
ਲਸ਼ਕਰ ਆਵੈ ਉਮਡ ਕੈ, ਕਰਿ ਲਿਹੁ ਤਕਰਾਈ ॥੨੪॥
ਭਲਾ ਚਹੈਂ ਗਹਿ ਲੀਜੀਐ,
ਕਿਤ ਨਹਿਂ ਚਲਿ ਜਾਈ।'
ਸੁਨਿ ਲਖਮੀਰ ਸ਼ਮੀਰ ਤਬਿ,
ਸਭਿ ਗਾਥ ਸੁਨਾਈ।
'ਹਮਰੇ ਇਹ ਗੁਰ ਪੀਰ ਹੈਂ, ਬਿਚਰਤਿ ਚਲਿ ਆਏ।
ਕਿਮ ਨਹਿਂ ਠਾਨਹਿਂ ਸੇਵ ਕੋ, ਜਿਨ ਤੇ ਗਤਿ ਪਾਏ ॥੨੫॥
ਤੁਮ ਅਪਨੀ ਦਿਸ਼ ਦੇਖੀਏ, ਪੀਰਨ ਕੋ ਸੇਵੋ।
ਘਰ ਰਾਖਹੁ ਭਾਖਹੁ ਮ੍ਰਿਦੁਲ, ਸਭਿ ਕੁਛ ਪੁਨ ਦੇਵੋ।'
ਕਹਿ ਭੇਜਯੋ ਤਿਨ ਪਾਸ ਇਮ, ਪਠਿ ਮਾਨਵ ਰਾਖਾ[1]।
'ਚਢਹਿ ਸੈਨ ਤੌ ਦੇਹਿ ਸੁਧਿ', ਸਵਧਾਨੀ ਭਾਖਾ ॥੨੬॥
ਇਤ ਸਤਿਗੁਰ ਸਵਧਾਨ ਹ੍ਵੈ, ਚਾਕਰ ਗਨ ਰਾਖੇ।
ਪੈਦਲ ਗਨ ਅਸਵਾਰ ਹਯ, ਰਿਪੁ ਸਨ ਰਣ ਕਾਂਖੇ।
ਤਿਸੀ ਚੁਬਾਰੇ ਗੁਰ ਥਿਰੇ, ਰਹਿਂ ਸਹਿਜ ਸੁਭਾਉ।
ਗਹੈਂ ਕਰਦ ਕੋ ਕਰ ਬਿਖੈ, ਅੰਗੁਰੀ ਖੁਰਚਾਉ ॥੨੭॥
ਇਕ ਦਿਨ ਥਿਰ ਲਖਮੀਰ ਢਿਗ, ਬੋਲਯੋ ਕਰ ਬੰਦੇ।
'ਅੰਗੁਲੀ ਛੇਲਹੁ ਕਰਦ ਤੇ, ਕੋ ਹੇਤ

[1]ਤੇ ਇਕ ਆਪਣਾ ਆਦਮੀ ਭੇਜ ਰਖਿਆ (ਜਿਸ ਨੂੰ ਕਿਹਾ)।

ਬਿਲੰਦੇ?'
'ਕਾਟਤਿ ਜੜ੍ਹ ਤੁਰਕਾਨ ਕੀ, ਅਤਿਸ਼ੈ ਦ੍ਰਿੜ ਜੋਈ।
ਨਸ਼ਟਹਿ ਸਕਲ ਭਵਿੱਖ ਮਹਿਂ, ਪਾਇ ਨ ਕਿਤ ਕੋਈ' ॥੨੮॥
ਮਾਨ ਸਿੰਘ ਭਾਖ੍ਯੋ ਤਬੈ, 'ਕਰਿ ਹਾਨਿ ਇਮਾਨਾ।
ਪ੍ਰਥਮ ਨੁਰੰਗੇ ਕੋ ਹਤਹੁ, ਮਚਿ ਦੁੰਦ ਜਹਾਨਾ[1]।
ਆਦਿ ਵਜੀਦਾ ਜੇ ਅਹੈਂ, ਅਘ ਕੇ ਫਲ ਪਾਵੈਂ।
ਜਗਤ ਬਿਲੋਕਤਿ ਜਾਨਿ ਹੈ, ਪਾਪੀ ਖਪਿ ਜਾਵੈਂ' ॥੨੯॥
ਸ਼੍ਰੀ ਮੁਖ ਤੇ ਕਹਿਂ 'ਜੰਗ ਤੇ, ਹਤਿ ਹੋਇ† ਨੁਰੰਗਾ[1]।
ਦੂਰ ਦੇਸ਼ ਦੱਛਨ ਬਿਖੈ, ਹੈ ਅਨਬਨ ਢੰਗਾ।
ਤਉ ਫਤੇ ਕੋ ਖਤ ਲਿਖੇ, ਪਢਿ ਕਰਿ ਮਰਿ ਜਾਈ।
ਅਪਰਨ ਤੇ ਪਲਟਾ ਲਹੈ, ਮਮ ਪੰਥ ਬਡਾਈ' ॥੩੦॥
ਲਿਖ੍ਯੋ ਜ਼ਫਰਨਾਮਾ ਤਬੈ, ਬਹੁ ਬੈਂਤ ਬਨਾਈ।
ਸ਼੍ਰੀ ਅਕਾਲ ਕਰਤਾ ਪੁਰਖ, ਪੂਰਬ ਵਡਿਆਈ।
ਅਹਿਦ ਕਰਨਿ ਈਮਾਨ ਕੋ[1], ਮਿਲਿਬੇ ਠਹਿਰਾਯੋ।
ਤੋਰ੍ਯੋ ਬੇਈਮਾਨ ਬਨਿ, ਦਸ ਲਾਖ ਪਠਾਯੋ ॥੩੧॥
ਬਹੁਰ ਜੰਗ ਚਮਕੌਰ ਕੋ, ਬਰਨੋਂ ਕਰਿ ਥੋਰਾ।
ਉਪਾਲੰਭ[1] 'ਦੋਜ਼ਕ ਪਰੈਂ, ਜਹਿਂ ਸੰਕਟ ਘੋਰਾ।

[1]ਜਹਾਨ ਵਿਚ ਦੁੰਦ ਮਚਾਵਣ ਵਾਲਾ।

[1]ਨੁਰੰਗਾ ਜੰਗ ਨਾਲ ਮਰ ਸਕਦਾ ਹੈ, ਪਰ......। †ਪਾ:-ਹੁਇ ਨਾ।

[1]ਧਰਮ ਦਾ ਇਕਰਾਰ ਕੀਤਾ।

[1]ਉਲਾਂਭੇ।

ਬੇ ਇਨਸਾਫੀ ਤੈਂ ਕਰੀ, ਬਡ ਚਹੈਂ ਸਜ਼ਾਈ।
ਅਸ਼ਟ ਦਿਵਸ ਕੀ ਸਾਹਿਬੀ, ਕਰਿ ਲੈ ਮਨ ਭਾਈ' ॥੩੨॥
ਦਾਸਤਾਨ[1] ਬਦਸ਼ਹਿਨ ਕੀ, ਅਰੁ ਕੇਤਿਕ ਆਨਾ[†]।
ਲਿਖੇ ਬੈਂਤ ਕਰਿ ਸ਼ਾਇਰੀ, ਚਤੁਰਈ ਮਹਾਨਾ।
ਜਸ ਜਸ ਆਸ਼ੈ ਕਹਿਨ ਕੋ, ਸਮੁਝਾਵਨ ਹੇਤਾ।
ਕਹੇ ਪ੍ਰਸੰਗ ਅਨੇਕ ਤਸ, ਸੁਨਿ ਮੂਢ ਅਚੇਤਾ ॥੩੩॥

[1]ਕਥਾ, ਹਕਾਇਤਾਂ। [†]ਦਾਸਤਾਨ ਯਾ ਹਕਾਯਤਾਂ ਦਾ ਜ਼ਫਰਨਾਮੇ ਨਾਲ ਪ੍ਰਸੰਗਕ ਤਅੱਲਕ ਬੀ ਕੋਈ ਨਹੀਂ। ਇਹ ਜ਼ਫਰਨਾਮੇ ਦੇ ਨਾਲ ਪਾਤਸ਼ਾਹ ਪਾਸ ਬੀ ਨਹੀਂ ਗਈਆਂ। ਜਾਪਦਾ ਹੈ ਕਿ ਫਾਰਸੀ ਹੋਣ ਕਰਕੇ ਕਿਸੇ ਲਿਖਾਰੀ ਨੇ ਕੱਠੀਆਂ ਲਿਖ ਦਿੱਤੀਆਂ ਤੇ ਐਉਂ ਕੱਠੀਆਂ ਤੁਰ ਪਈਆਂ।

ਕੁਛਕ ਕਥਾ ਲਿਖਿ ਆਪਨੀ, ਸਨਮੁਖ ਨੌਰੰਗੇ।
ਜਿਸ ਪੜਨੇ ਤੇ ਜਾਨਿ ਹੈ, -ਮੈਂ ਕੀਨਿ ਕੁਢੰਗੇ-।
'ਪਾਤਸ਼ਾਹੁ ਪ੍ਰਭੁ ਨੇ ਕਰੇ[1], ਜਿਨ ਧਰਮ ਦ੍ਰਿੜਾਏ।
ਕੇਤਿਕ ਗਿਨ ਹੌਂ ਜਗਤ ਮੈਂ, ਜਸ ਧਰਮ ਕਮਾਏ ॥੩੪॥

[1]ਪ੍ਰਭੁ ਨੇ ਪਾਤਸ਼ਾਹ ਕੀਤੇ (ਕਈ)।

ਤੂੰ ਨੌਰੰਗ ਪਤਿਸ਼ਾਹੁ! ਸੁਨਿ, ਪਤਿਸ਼ਾਹੀ ਬੈਠਾ।
ਚਹੀਐ ਧਰਮ ਕਮਾਵਨੋ, ਕਿਯ ਪਾਪ ਇਕੈਠਾ।
ਖ਼ਾਲਕ ਕੀ ਦਰਗਾਹ ਮਹਿਂ, ਮੁਹ[1] ਕਯਾ ਲੈ ਜਾਵੈਂ।
ਭਲਾ ਬੁਰਾ ਜੋ ਤੂੰ ਕੀਆ, ਸੋ ਸੰਗ ਸਿਧਾਵੈ ॥੩੫॥
ਪਹਿਲਾਂ ਲਿਖਿਆ ਮਿਲਨ ਕੋ, ਦਿਲ ਦਗ਼ਾ ਕਮਾਯਾ।

[1]ਮੂੰਹ।

ਫੌਜਾਂ ਚਾੜ੍ਹਿ ਅਗਿਨਤ ਹੀ, ਘੇਰਾ ਕਰਿਵਾਯਾ।
ਕਜਾ ਇਨਸਾਫੀ ਤੁਝ ਕਰੀ, ਕਰਿ ਮਨ ਅਭਿਮਾਨਾ।
ਝੂਠਾ ਪੜਹਿਂ ਕੁਰਾਨ ਤੂੰ, ਨਹੀਂ ਅਮਲ ਕਮਾਨਾ ॥੩੬॥
ਜੇ ਤੂੰ ਕਹਹਿਂ ਕਿ ਸੰਗ ਮਮ, ਇਨਸਾਫ ਕਮਾਈ।
ਸੋ ਸੁਨਿ ਦੇ ਕਰਿ ਕਾਨ ਕੋ, ਸਭਿ ਕਹੌਂ ਬਨਾਈ।
ਏਕ ਸਿਲਾ ਪਰ ਬਸਤ ਥੋ, ਕਿਸ ਗ੍ਰਾਮ ਨ ਰੋਕਾ[1]।
ਦੇਸ਼ ਮੁਲਖ ਨਹਿਂ ਰੋਕਿਆ, ਬਿਨ ਦਾਵੈ ਓਕਾ[1] ॥੩੭॥

[1]ਨਹੀਂ ਸੀ ਰੋਕਿਆ।

[1](ਮੈਂ ਕਿਸੇ ਦਾ) ਦੇਸ਼ ਮੁਲਖ ਨਹੀਂ ਸੀ ਖੋਹ ਲਿਆ (ਤੇ ਮੇਰਾ) ਘਰ (ਅਨੰਦ ਪੁਰ) ਬਿਨ ਦਾਵੇ (ਮੇਰਾ ਸੀ), (ਭਾਵੇਹ ਕਿ ਓਹ ਸਾਡੀ ਜ਼ਰ ਖਰੀਦ ਸੀ, ਅਰ ਉਸਦੀ ਖਰੀਦ ਦੇ ਪਟੇ ਮੁਜਬ ਕਿਸੇ ਨੂੰ ਉਥੋਂ ਦਾ ਮਸੂਲ, ਕਰ, ਕੋਈ ਸ਼ੈ ਲੈਣ ਦਾ) ਦਾਵਾ (ਪ੍ਰਾਪਤ) ਨਹੀਂ ਸੀ।

ਕਿਸ ਕੋ ਦੀਆ ਨ ਖਾਵਤੋ, ਪ੍ਰਭੁ ਦੇਇ ਸੁ ਖਾਵੋਂ।
ਏਕ ਅਕਾਲ ਅਰਾਧਤੋ, ਕਿਸ ਕੋ ਨ ਦੁਖਾਵੋਂ।
ਪ੍ਰਥਮ ਬਾਪ ਮਮ ਕੈਦ ਕਰਿ, ਦੀਨੋ ਮਰਿਵਾਈ।
ਐਸੀ ਦਗੇ ਬਹਾਦਰੀ, ਕਰਿ ਮਨ ਗਰਬਾਈ ॥੩੮॥
ਜੈਸਾ ਬੇਇਨਸਾਫ ਤੂੰ, ਤੈਸੇ ਸਭਿ ਰਾਜੇ।
ਸਿਖ ਸੰਗਤ ਮਮ ਮਾਰਿ ਕਰਿ, ਬਹੁ ਕੀਨ ਅਕਾਜੇ।
ਸਿੱਖਣੀਆਂ ਗਨ ਹਨਿ ਦਈ, ਬਹੁ ਲੂਟਿ ਖਜ਼ਾਨੇ।
ਬੇਇਨਸਾਫੀ ਇਹ ਕਰੀ, ਮਨ ਸਮੁਝਿ ਇਆਨੇ ॥੩੯॥
ਬਿੱਨਜਾਈ ਹੈ ਤੁੱਧ ਘਰ, ਪ੍ਰਭੁ ਕੇ ਘਰ

ਨਾਂਹੀ।
ਭਲੀ ਬੁਰੀ ਜਸ ਕਰਤਿ ਹੈ, ਤਸ ਫਲ ਸੋ ਪਾਹੀ।
ਦਸ ਲਖ ਤੁਰਕ ਪਹਾੜੀਏ, ਘੇਰਾ ਬਡ ਕੀਨਾ।
ਕਸਮ ਜੁ ਗਊ ਕੁਰਾਨ ਕੀ, ਕਰਿ ਖੰਡਨ ਕੀਨਾ ॥੪੦॥
ਨਿਕਸੇ ਜਬਿ ਹਮ ਵਹਿਰ ਕੋ, ਦਲ ਪਾਛੇ ਸਾਰਾ।
ਲਰੈਂ ਸਿੰਘ ਪੁਨ ਚਲਤ ਹੀ, ਚਮਕੌਰ ਸਿਧਾਰਾ।
ਸਿਖ ਚਾਲੀ ਮਮ ਸੰਗ ਥੇ, ਸੋ ਲੜਿ ਕਰਿ ਜੂਝੇ।
ਛੁਧਾਵੰਤਿ ਸੋ ਕਜਾ ਕਰਹਿਂ, ਬੇਅੰਤ ਪਹੂਚੇ ॥੪੧॥
ਸਾਹਿਬਜ਼ਾਦੇ ਚਾਰ ਹੀ, ਛਲ ਕਰਿ ਮਰਿਵਾਏ।
ਕਾਲਪੁਰਖ ਮਮ ਰਛ ਕਰੀ, ਦੇ ਹਾਥ ਬਚਾਏ।
ਤਬਿ ਤੁਧ ਪੂਛਨ ਹੋਇਗੋ, ਖਾਲਕ ਦਰ ਜਾਵੈਂ।
-ਰਾਮਦਾਸ[1] ਕਜਾ ਫੇੜਿਆ?-, ਕੀ ਮੁਖਹੁ ਅਲਾਵੈਂ ॥੪੨॥
ਕਜਾ ਜਵਾਬ ਤਬਿ ਦੇਹੁੰਗੇ, ਤੁਮ ਕਰੀ ਅਨੀਤੀ।
ਖਬਰਦਾਰ ਤੂੰ ਹੁਇ ਰਹੋ, ਹ੍ਵੈ ਹੈਂ ਭੈ ਭੀਤੀ।
ਖ਼ਾਲਕ ਕੀ ਦਰਗਾਹ ਮਹਿਂ, ਹਉਂ ਦਾਵਨਗੀਰੀ[1]।
ਉੱਤਰ ਕੋਇ ਨ ਆਵ ਹੈ, ਹ੍ਵੈ ਹੈਂ ਦਿਲਗੀਰੀ ॥੪੩॥
ਜੇਤੇ ਦੋਜ਼ਕ ਬਨੇਂ ਹੈ, ਬਿਨ ਸਾਫਾਂ ਕਾਰਨ[1]।
ਫੜ ਅਗਨੀ ਜਬਿ ਪਾਵਸਨ, ਜਲਿ[1] ਕਰੈਂ

[1]ਰਾਮ (ਵਾਹਿਗੁਰੂ) ਦੇ ਦਾਸਾਂ ਨੇ। (ਅ) ਗੁਰੂ ਰਾਮਦਾਸ ਜੀ ਦੇ ਗੱਦੀ ਨਸ਼ੀਨਾਂ ਨੇ।

[1]ਪੱਲਾ ਫੜਨ ਵਾਲਾ ਭਾਵ ਲੈਣ ਦਾਰ।

[1]ਬੇਇਨਸਾਫੀ (=ਅੰਨਜਾਈਆਂ) ਵਾਸਤੇ।

[1]ਸੜਦਾ ਹੋਯਾ।

ਪੁਕਾਰਨ।
ਰੰਕ ਰਾਉ ਹੈਂ ਏਕ ਸਮ, ਕੁਛ ਤਹਾਂ ਨ ਕਾਨੀ।
ਕੀੜੀ ਕੀ ਪਹਿਲੇ ਸੁਨੇ, ਗਰਬਨਿ ਪਿਛਵਾਨੀ[1] ॥੪੪॥

[1]ਹੰਕਾਰੀਆਂ ਦੀ ਪਿੱਛੋਂ।

ਜੌ ਮਨ ਤੋਰ ਗੁਮਾਨ ਹੈ, ਮਿਹਨਤ ਜੌਂ ਖਾਵੌਂ[1]।
ਰਾਜ ਅੰਸ ਨਹਿ ਖਾਤਿ ਹੌਂ, ਮੈਂ ਬਖਸ਼ਜਾ ਜਾਵੌਂ।
ਸੋ ਗੁਮਾਨ ਤਵ ਝੂਠ ਹੈ, ਘੋੜੇ ਜਵ ਖਾਹੀਂ।
ਉਇ ਭੀ ਵਲੀ ਨ ਹੁਇ ਗਏ, ਭਾਰੇ ਮਰ ਜਾਹੀਂ[1] ॥੪੫॥

[1]ਮਿਹਨਤ ਦੇ ਜੌਂ ਖਾਂਦਾ ਹਾਂ।

[1]ਭਾਰ ਢੋਂਦੇ ਮਰ ਜਾਂਦੇ ਹਨ (ਘੋੜੇ)।

ਵਲੀ ਨ ਹੋਯੋ ਤੁਰੰਗ ਕੋ,
ਤੂੰ ਕਿਸ ਬਿਧਿ ਹੋਵੈਂ?
ਝੂਠੇ ਕਰਹਿ ਗੁਮਾਨ ਤੂੰ, ਅਕਬਤ ਸਭਿ ਖੋਵੈਂ[1]।

[1]ਭਾਵ, ਪਰਲੋਕ ਗਵਾ ਲਿਆ ਤੂੰ। [ਅ਼: ਆ਼ਕ਼ਬਤ=ਮਰਨ ਤੋਂ ਮਗਰਲੀ ਹਾਲਤ]।

ਜੌ ਰਿਦ ਤੋਰ ਗੁਮਾਨ ਹੈ,
-ਮੈਂ ਪੜੌਂ ਕੁਰਾਨਾ।
ਇਮ ਬਖਸ਼ਿਸ਼ ਤੇ ਛੂਟਿ ਹੌਂ-,
ਸਭਿ ਝੂਠ ਕਮਾਨਾ ॥੪੬॥
ਮੁਖ ਤੇ ਪੜਹਿ ਕੁਰਾਨ ਕੋ, ਦਿਲ ਕਪਟ ਵਿਸ਼ੇਖਾ।
ਅਮਲਾਂ ਬਾਝ ਨ ਬਖਸ਼ੀਏ, ਗਿਨ ਮਨ ਮਹਿ ਦੇਖਾ।
ਲਿਖਿ ਕੁਰਾਨ ਪਛ ਦਗਰ ਪਰ, ਸੋ ਵਲੀ ਨ ਥੀਆ[1]।

[1]ਦਗਰ ਨਾਮੇ ਪੰਛੀ ਦੇ ਪਰਾਂ ਦੇ ਕੁਰਾਨ ਲਿਖੇ ਪਰ ਵਲੀ ਨਾ ਹੋਇਆ। [ਦਗਰ=ਇਕ ਖਜਾਲੀ ਪੰਛੀ ਹੈ, ਜਿਸਦੇ ਪਰਾਂ ਪਰ ਕੁਰਾਨ ਲਿੱਖਣ ਦੀ ਲੋਕ ਪ੍ਰਸਿੱਧ ਵਾਰਤਾ ਸੁਣੀਂਦੀ ਹੈ]।

ਵਲੀ ਜਾਨਿ ਬਡ ਆਪ ਕੋ, ਕਿਮ ਗਰਬਤਿ ਹੀਆ ॥੪੭॥
ਜੇ ਕਰਿ ਤੁਝੈ ਗੁਮਾਨ ਯਹਿ, ਮੈਂ ਬੰਦਗੀ ਕੈਹੋਂ।
ਪਠਿ ਰਵਾਇਤਾਂ ਦੋਇ ਚਾਰ, ਇਮ ਬਖਸ਼

ਮਿਲੈ ਹੌਂ।

ਬੰਦਗੀ ਤਿਸ ਕਾ ਨਾਮ ਹੈ, ਮਨ ਕਰੇ ਮੁਖਾਲਸ[1]।

[1]ਪਵਿੱਤ੍ਰ। ਸ਼ੁਧ ਪਾਠ ਚਾਹੀਏ:-ਮਨ ਕਰ ਜੁ ਖ਼ਾਲਸ [ਅ਼:, ਖ਼ਾਲਸ=ਪਵਿੱਤ੍ਰ ਯਾ ਮੁਖ਼ਲਿਸ=ਪਵਿੱਤ੍ਰਤਾ ਵਾਲਾ]।

ਉਲਟਾ ਫਰਬਾ[1] ਤੁਧ ਕੀਆ, ਮਨ ਕੀਨੀ ਲਾਲਸ[2] ॥੪੮॥

[1]ਮੋਟਾ (ਮਨ) [ਫ਼ਾ:, ਫਰਬਾ-ਮੋਟਾ]। [2]ਤ੍ਰਿਸ਼ਨਾ ਮਨ ਵਿਚ ਕਰ ਕਰਕੇ।

ਮਨ ਕੀ ਖੁਸ਼ੀਆਂ ਤੁਧ ਕਰੀ, ਪਿਤ ਭ੍ਰਾਤ ਮਰਾਏ।

ਬੰਦਗੀ ਤੁਧ ਕੌਨੈ ਕਰੀ? ਸਭਿ ਕਪਟ ਕਮਾਏ।

ਜੌ ਮਨ ਤੋਰ ਗੁਮਾਨ ਯਹਿ, ਮੈਂ ਉਮਤ ਪਿਕੰਬਰ।

ਸੋ ਸ਼ਫਾਤ[1] ਮਮ ਭਰੈਗੋ, ਤਿਨ ਕਹ੍ਯੋ ਬਿਚੰਬਰ[2] ॥੪੯॥

[1]ਸਿਫਾਰਸ਼। [ਅ:, ਸ਼ਿਫਾਅ਼ਤ=ਸਿਫਾਰਸ਼]। [2]ਵਿਚ ਅਕਾਸ਼ ਦੇ ਭਾਵ ਅਕਾਸ਼ ਬਾਣੀ ਵਿਚ (ਅ) ਬਚੰਬਰ=ਸ੍ਰੇਸ਼ਟ ਵਾਕ।

ਮੈਂ ਸ਼ਫਾਤਿ ਤਿਸ ਕੀ ਭਰੌਂ, ਮੁਝ ਅਮਰ[1] ਕਮਾਵੈ।

[1]ਮੇਰਾ ਹੁਕਮ। ਅਮਰ।

ਤਜਣਿ ਜੋਗ ਜੋ ਬਾਤ ਹੈ, ਤਿਸ ਤੇ ਹਟਿ ਜਾਵੈ-।

ਜੋ ਕਮਾਵਨੀ ਤਿਨ ਕਹੀ, ਨਹਿਂ ਕਰੀ ਕਮਾਵਨ।

ਨਹਿਂ ਮਾਨੀ ਸੋ ਪੀਰ ਕੀ, ਕਜਾ ਕਰਹਿਂ ਛੁਡਾਵਨ ॥੫੦॥

ਮਾਇਆ ਦੁਨੀਆਂ ਕਰੰਗ ਹੈ, ਤਿਸ ਤਾਲਬ[1] ਕੁੱਤਾ।

[1]ਤਿਸ ਦੀ ਚਾਹ ਵਾਲਾ।

ਤੋ ਕੌ ਨਹਿਂ ਬਖਸ਼ਾਵ ਹੈ, ਸਭਿ ਕਰਮ ਅਵੱਤਾ[1]।

[1]ਤੇਰੇ) ਸਾਰੇ ਕਰਮ ਪੁੱਠੇ ਹਨ। [ਪੰ:, ਅਵੱਤਾ-ਪੁੱਠਾ]।

ਜੋ ਮਨ ਤੋਰ ਗੁਮਾਨ ਇਮ, ਬੁਤ ਕਰੀ ਸ਼ਿਕਸਤੀ।

ਸੋ ਘਰ ਘਰ ਬਹੁਤੇ ਬਨੇ, ਹੋਈ ਆਰਸਤੀ[1] ॥੫੧॥

[1]ਸਜਾਵਟ।

ਹਿੰਦੂ ਸਭਿ ਅਰਾਧਤੇ, ਟੇਕੈਂ ਧਰਿ ਮਾਥਾ।

ਇਕ ਭੰਗਨਿ ਤੇ ਲਖ ਬਨੇ, ਇਹ ਜਾਨਹੁ

ਗਾਥਾ।
ਜੌ ਗੁਮਾਨ ਹੈ ਸ਼ਰੇ[1] ਕੋ, ਇਹ ਬਖਸ਼ਿਸ਼ ਹੋਵੈ।
ਸਭੀ ਸ਼ਰੇ ਮਹਿਂ ਬੰਧੇ ਹੈਂ, ਕਿਮ ਬਖਸ਼ਨ ਜੋਵੈਂ ॥੫੨॥

[1]ਸ਼ਰਾਅ।

ਪੰਥ ਸ਼ਰ੍ਹਾ ਕਰਿ ਬਖਸ਼ ਹੁਇ, ਕਸੋਂ ਭਜਨ ਕਰੈ ਕੋ।
ਸੰਤ ਜਨਾ ਕੀ ਸੇਵਕੀ, ਕਸੋਂ ਜਾਇ ਕਰੈ ਕੋ।
ਸਾਹਿਬ ਲੋਕੈਂ ਖੁਸ਼ੀ ਬਿਨ[1], ਨਹਿਂ ਦਰਗਹ ਬਾਸਾ।
ਬਿਨ ਸਾਹਿਬ ਕੀ ਬੰਦਗੀ, ਕੂਰਾ ਭਰਵਾਸਾ ॥੫੩॥

[1]ਮਹਾਤਮਾਂ ਦੀ ਖੁਸ਼ੀ ਬਿਨਾਂ।

ਜੌ ਤੂੰ ਕਰਹਿਂ ਗੁਮਾਨ ਯਹਿ, ਜਸੁ ਕਰਿ ਸਭਿ ਮੇਰਾ[1]।

[1]ਸਾਰੇ ਮੇਰਾ ਜਸ ਕਰਦੇ ਹਨ।

ਇਤ ਕਰਿ ਬਖਸ਼ਨ ਹੋਇਗੀ, ਬਿਨ ਲੋਭ ਨ ਹੇਰਾ[1]।

[1]ਮੇਰਾ ਜਸ) ਲੋਭ ਤੋਂ ਬਿਨਾਂ ਨਹੀਂ ਦੇਖੀਦਾ।

ਲਾਲਚ ਕਰਿ ਜੋ ਕਰਤਿ ਥੇ, ਤਿਨ ਨਰਕ ਲਿਜਾਹੀ।
ਫਿਰਾਹੂਨ ਪ੍ਰਭੁ ਤੇ ਭਏ[1], ਬਹੁ ਮਿਲੈਂ ਸਜਾਈਂ ॥੫੪॥

[1]ਪਰਮੇਸ਼ੁਰ ਤੋਂ ਸਰਕਸ਼ ਭਾਵ ਇਨਕਾਰੀ ਹੋਣ ਨਾਲ। [ਅ:, ਫਿਰਔਨ=ਮਿਸਰ ਦੇ ਪਾਤਸ਼ਾਹਾਂ ਦਾ ਲਕਬ ਸੀ। ਖਾਸ ਕਰ ਵਲੀਦ ਬਿਨ 'ਮੁਸਅਬ' ਜੋ ਰੱਬ ਤੋਂ ਇਨਕਾਰੀ ਤੇ ਆਪ ਨੂੰ ਰੱਬ ਕਹਿੰਦਾ ਸੀ]।

[1]ਸਾਹਿਬ ਸਤਾਰ ਜੁ ਦਿਲ ਗਨੈਂ, ਸੋ ਬਖਸ਼ਿਸ਼ ਮੋਹੀ।

[1]ਜੇ ਤੂੰ ਕਹੇਂ ਕਿ) ਸਾਹਿਬ ਜੋ (ਭਾਵੇਂ) ਦਿਲਾਂ ਦੀਆਂ ਜਾਣਦਾ ਹੈ (ਪਰ ਉਹ) ਪੜਦੇ ਢੱਕ ਹੈ, ਸੋ ਮੈਨੂੰ ਵੀ ਬਖਸ਼ੇਗਾ, ਤਾਂ ਉਸੇ ਦੀਆਂ ਦੋਵੇਂ ਸਿਫਤਾਂ ਹਨ:-ਸੱਤਾਰ ਤੇ ਕਹਾਰ, ਅਰਥਾਤ ਉਹ ਸੱਤਾਰ ਹੈ ਪਰ ਕ਼ਹਾਰ ਬੀ ਹੈ [ਅ:, ਸੱਤਾਰ=ਪੜਦੇ ਢੱਕ। ਕਹਾਰ=ਕਹਿਰ ਕਰਨ ਵਾਲਾ]। ਤੂੰ ਕਿਸ ਸਿਫਤ ਉੱਤੇ ਆਪਣੀ ਭਾਵਨਾ ਧਾਰੀ ਹੈ। ਜੇ ਤੂੰ ਕਹਿਰ ਕੀਤੇ ਹਨ (ਤੇਰੇ ਤੇ) ਕਹਿਰ ਹੋਵੇਗਾ; ਜੇ ਤੂੰ ਸਤਾਰੀ (=ਪੜਦੇ ਢੱਕਣੇ) ਕੀਤੇ ਹਨ ਤਾਂ ਤੇਰੇ ਪੜਦੇ ਢੱਕੇਗਾ।

ਸਿਫਤ ਕਹਾਰ ਸਤਾਰ ਹੈ, ਸਾਹਿਬ ਕੀ ਦੋ ਹੀ।
ਤੁਝ ਨੇ ਕਿਸ ਕੇ ਊਪਰੇ, ਮਨਸਾ ਜਿਯ ਧਾਰੀ।
ਕਰੀ ਕਹਾਰੀ ਕਹਿਰ ਹੁਇ, ਜੁ ਸਤਾਰ

ਸਤਾਰੀ[2] ॥੫੫॥
ਕਿੱਕਰ ਬੀਜੈ ਅੰਬ ਮਿਲੈ, ਨਹਿਂ ਹੋਇ ਕਦਾਪੀ।
ਜੈਸਾ ਬੀਜੈ ਲੁਣੈ ਸੋ, ਜੋ ਕਰੀਐ ਆਪੀ[1]।

[1]ਭਾਵ ਤੂੰ ਕਿਸੇ ਦੇ ਪੜਦੇ ਨਹੀਂ ਢੱਕੇ ਤੇਰੇ ਕਰਤਾਰ ਕਿਉਂ ਢੱਕੇਗਾ।

ਬਦਲਾ ਲੇਵੈ ਖਾਲਸਾ, ਛੋਡੈ ਕਬਿ ਨਾਂਹੀ।
ਜੇਤਿਕ ਦੁਖ ਕਿਸ ਦੇਹਿਗੋ, ਤੇਤਿਕ ਸੋ ਪਾਹੀ' ॥੫੬॥
ਗ਼ਜ਼ਲ ਰੁਬਾਈ ਗਨ ਲਿਖੀ, 'ਪੈਕੰਬਰ ਪੁੰਜਾ।
ਤੋਹਿ ਸਹਾਇਕ ਕੋ ਨਹੀਂ[1], ਈਮਾਨ ਪ੍ਰਭੰਜਾ[2]।'

[1]ਸਾਰੇ ਪੈਕੰਬਰਾਂ ਵਲੋਂ ਤੇਰਾ ਸਹਾਈ ਕੋਈ ਨਹੀਂ। [2]ਕਿਉਂਕਿ) ਤੂੰ ਈਮਾਨ ਤੋੜਿਆ ਹੈ।

ਜਿਨ ਕੋ ਪਢਿ ਗ਼ੈਰਤ ਕਰੈ, ਨਿਜ[1] ਲਖੈ ਢਿਠਾਈ।

[1]ਸ਼ਰਮ ਆਵੇਸੁ।

ਮਰਹਿ ਬਿਸੂਰਤਿ ਸਮੁਝਿ ਕੈ, ਗੁਰ ਲਿਖਿ ਸਮੁਦਾਈ[1] ॥੫੭॥

[1]ਇਸ ਤਰ੍ਹਾਂ ਗੁਰੂ ਜੀ ਨੇ ਸਾਰੇ (ਬੈਂਤ) ਲਿਖੇ ਜਿਨ੍ਹਾਂ ਨੂੰ ਸਮਝਕੇ ਝੁਰ ਝੁਰਕੇ ਮਰ ਜਾਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦੀਨੇ ਕੇ ਗ੍ਰਾਮ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤੀ ਅੰਸੂ ॥੫੭॥

## ੫੮. [ਜ਼ਫਰਨਾਮਾ ਭੇਜਣਾ। ਦੀਨਿਓਂ ਚੜ੍ਹਨਾ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਇਸ ਪ੍ਰਕਾਰ ਲਿਖਿ ਸਤਿਗੁਰੂ ਤੁਰਕ ਤਰਕ[1] ਸਮੁਦਾਇ।

[1]ਤੁਰਕ ਵੰਨੇ ਸਾਰੀਆਂ ਦਲੀਲਾਂ।

ਪੀਛੇ ਅਮਲ ਤਰੀਫ ਲਿਖਿ[1] ਜਿਸ ਪਠਿ ਉਰ ਜਰ ਜਾਇ ॥੧॥

[1]ਦਲੀਲ ਦੇ ਮਗਰੋਂ (ਸ਼ੁਭ ਗੱਲਾਂ ਤੇ) ਅਮਲ ਕਰਨ ਦੀ ਮਹਿਮਾਂ ਲਿਖੀ।

ਨਿਸ਼ਾਨੀ ਛੰਦ:

'ਕਰਤਿ ਰਹਜੋ ਲਖਿ ਭਲੀ ਜੋ, ਅਰੁ ਸ਼ਰ੍ਹਾ ਚਲਾਈ।
ਨਿਜ ਤੋਰਾ[1] ਕਰਿ ਜਹਿਂ ਕਹਾਂ, ਸਭਿ ਤੇ ਕਰਿਵਾਈ। [1]ਹੁਕਮ।
-ਕਰਤਿ ਰਹਜੋ ਮੈਂ ਅਮਲ ਸ਼ੁਭ-, ਇਮ ਧਰੈਂ ਗੁਮਾਨਾ।
-ਨਹਿਂ ਸਜ਼ਾਇ ਦੋਜ਼ਕ ਬਨੈ-, ਇਹ ਨਿਸ਼ਚੈ ਠਾਨਾ ॥੨॥
ਤਿਸ ਹੀ ਕੋ ਖੰਡਨ ਕਰਜੋ, ਲਿਖਿ ਲਿਖਿ ਗੁਰ ਪੂਰੇ।
ਸਕਲ ਜਨਾਈ ਤੁਰਕ ਕੋ 'ਹੁਇ ਨਰਕ ਜ਼ਰੂਰੇ।
ਸਾਹਿਬਜ਼ਾਦੇ ਚਾਰ ਹੂੰ ਛਲ ਕਰਿ ਮਰਿਵਾਏ।
ਮਹਾਂਪਾਪ ਇਹ ਤੋਹਿ ਸਿਰ, ਕਰਿ ਅਹਿਦ ਮਿਟਾਏ ॥੩॥
ਅਵਰੰਗ ਪਦਰਹਿ[1] ਪਦਰ[2] ਕੋ, ਤਿਸ ਪਦਰ[3] ਬਹੋਰੀ। [1]ਸ਼ਾਹ ਜਹਾਂ। [2]ਜਹਾਂਗੀਰ। [3]ਅਕਬਰ।
ਲਿਖੀ ਸਪਤ ਅਜਬਾ ਤਬੈ†, ਸੋ ਹੈਂ ਕਿਤ ਠੌਰੀ[1]। [1]ਭਾਵ ਇਹ ਹੈ ਕਿ ਤੇਰੇ ਵੱਡਿਆਂ ਬਾਬਤ ਅਜੀਬ ਹਾਲਾਤ ਲਿਖੇ ਹਨ, ਓਹ ਦੱਸ ਤੇਰੇ ਵੱਡੇ ਹੁਣ ਕਿੱਥੇ ਹਨ?। ਸ਼ਾਹ ਜਹਾਂ, ਜਹਾਂਗੀਰ, ਅਕਬਰ ਇਹ ਤ੍ਰੈ ਤੇ ਅਕਬਰ ਤੋਂ ਪਿੱਛੇ ਤੈਮੂਰ ਤਕ ਸੱਤ ਪੀੜ੍ਹੀਆਂ ਹਨ। ੩+੭। †ਪਾ:-ਅਜਬਾਤ ਹੈ।
ਮਰੇ ਖਾਕ ਮਹਿਂ ਮਿਲ ਗਏ, ਕੋ ਇਕ ਦਿਨ ਬਾਜੀ[1]। [1]ਕੋਈ ਦਿਨ ਦੀ (ਬਾਜ਼ੀ=) ਖੇਡ ਹੈ।
ਹਾਰ ਚਲੇ ਕਰ ਝਾਰਿ ਕਰਿ, ਸਾਚੀ ਲਾਖੀ [1]ਹੇ ਪਾਜੀ! ਕੀ ਤੂੰ ਇਹ ਸੱਚੀ ਸਮਝੀ ਹੈ? (ਅ) ਇਹ

ਪਾਜੀ[1] ?' ॥੪॥
ਇੱਤਜਾਦਿਕ ਲਿਖਿ ਬੈਤ ਮਹਿਂ, ਸ਼ੁਭ ਗਿਰਾ ਬਨਾਈ।
ਜਿਸ ਕੋ ਪਠਿ ਗ਼ਮ ਕੋ ਕਰੈ, ਤੂਰਨ ਮਰਿ ਜਾਈ।
'ਤਿਸ ਪਸ਼ਚਾਤੀ ਸਭਿਨਿ ਤੇ, ਪਲਟਾ ਹਮ ਲੈ ਹੈਂ।
ਮਾਰਿ ਛਾਰ ਕਰਿ ਤੁਰਕ ਗਨ, ਸਭਿ ਰਾਜ ਮਿਟੈਂ ਹੈਂ ॥੫॥
ਲਿਖਿ ਇਕਾਂਗ ਓਂਕਾਰ ਕੋ, ਮੰਤਰ ਸਤਿਨਾਮਾ।
ਵਾਹਿਗੁਰੂ ਜੀ ਕੀ ਫਤੇ, ਪੁਨਿ ਲਿਖਿ ਅਭਿਰਾਮਾ।
ਕਰਿ ਇਕੱਤ੍ਰ ਕਾਗਤ ਭਲੇ, ਸਮਰਥ ਸਭਿ ਭਾਂਤੀ।
ਨਾਮ 'ਜ਼ਫਰਨਾਮਾ' ਰਖਜੋ, ਸ਼ੱਤ੍ਰੂ ਹਿਤ ਹਾਤੀ ॥੬॥
'ਇਤ ਲਾਖਹੁਂ ਹਤਿ ਕੈ ਸੁਭਟ, ਰਜ ਦ੍ਰਿਗ ਮਹਿਂ ਪਾਈ।
ਉਤ ਕਾਗਤ ਕੇ ਪਠਤਿ ਹੀ, ਹਜ਼ਰਤ ਮਰਿ ਜਾਈ।
ਨਾਮ ਧਰਜੋ ਖਤ ਫਤੇ ਕੋ, ਇਹ ਕਾਰਨ ਜਾਨੋ।
ਨਾਸ਼ ਦੁਤਰਫੈ ਤੁਰਕ ਹ੍ਵੈ, ਸਭਿ ਰਾਜ ਪ੍ਰਹਾਨੋ ॥੭॥
'ਦਯਾ ਸਿੰਘ ! ਤੁਮ ਲੇ ਭਲੇ,
ਮਿਲੀਐ ਤੁਰਕੇਸ਼ਾ।
ਬੋਲਹੁ ਨਿਕਟ ਸੁਚੇਤ ਹ੍ਵੈ,
ਕਰਿ ਡਰ ਨਹਿਂ ਲੇਸ਼ਾ।
ਤੋਹਿ ਬਚਨ ਮਹਿਂ ਸ਼ਕਤਿ ਦੀ, ਜਿਮ ਕਹੈਂ ਸੁ ਹੋਵੈ।
ਪਹੁੰਚਹੁ ਦੱਖਨ ਦੇਸ਼ ਮਹਿਂ, ਤੂਰਨ ਤਹਿਂ

[1] ਪਾਜੀ (ਝੂਠੀ) ਹੈ ਤੂੰ ਸੱਚ (ਕਿਉਂ) ਲਖੀ ਹੈ।

ਜੋਵੈ ॥੮॥
ਅਹਿਦੀ ਬਨ ਚਢਿ ਮੰਚ ਪੈ, ਲਿਹੁ ਪਲਟਾ ਜਾਈ।
ਗੁਰ ਘਰ ਜਿਮ ਅਹਿਦੀ ਪਠੇ, ਤਿਮ ਆਪ ਸਿਧਾਈ।
ਧਰਮ ਸਿੰਘ ਬਸਿ ਆਗਰੇ, ਤਿਸ ਲੀਜਹਿ ਸੰਗਾ।
ਬਿਲਮ ਬਿਹੀਨ ਪਯਾਨੀਏ, ਕਰਿ ਕਾਰਜ ਚੰਗਾ' ॥੯॥
ਨੀਲਾਂਬਰ ਸਭਿ ਧਾਰਿ ਕੈ, ਗੁਰ ਆਇਸੁ ਪਾਏ।
ਦਯਾ ਸਿੰਘ ਤਯਾਰੀ ਕਰੀ, ਜਿਮ ਬਾਕ ਸੁਨਾਏ।
ਲੀਨ ਜ਼ਫਰਨਾਮਾ ਤਬੈ, ਬੰਧਯੋ ਸਿਰ ਸਾਥਾ।
ਕਰੀ ਬੰਦਨਾ ਪ੍ਰੇਮ ਤੇ, ਜੋਰੇ ਜੁਗ ਹਾਥਾ ॥੧੦॥
ਧਰਮ ਸਿੰਘ ਤਿਮ ਨਮੋ ਕਰਿ, ਰੁਖਸਤ ਜੁਗ ਹੋਏ।
ਚਲੇ ਗੁਰੂ ਕੇ ਕਾਜ ਕੋ, ਹਰਖਤਿ ਸਿਖ ਦੋਏ।
ਦਯਾ ਸਿੰਘ ਚਢਿ ਮੰਚ ਪਰ, ਆਸਨ ਕਰਿ ਬੈਸੇ।
ਹਾਜੀ ਕਾਬੇ ਕੋ ਮਨੋ, ਅਹਿਦੀ ਥਿਰਿ ਜੈਸੇ ॥੧੧॥
ਨਰ ਨਿਕਾਰ ਕਰਿ ਗ੍ਰਾਮ ਤੇ, ਮੰਚਾ ਉਚਵਾਯੋ।
ਧਰਮ ਸਿੰਘ ਹੁਇ ਗੈਲ ਮੈਂ, ਗਮਨੇ ਮਗ ਪਾਯੋ।
ਗ੍ਰਾਮ ਗ੍ਰਾਮ ਪ੍ਰਤਿ ਕੈ ਨਗਰ, ਨਰ ਲੇਤਿ ਨਿਕਾਰੇ।
ਹਜ਼ਰਤ ਕੇ ਹਿਤ ਹਤਨਿ ਕੋ, ਜੁਗ ਸਿੰਘ

ਸਿਧਾਰੇ ॥੧੨॥
ਪੂਰਬ ਦਿੱਲੀ ਮੈਂ ਗਏ, ਧ੍ਰਮਸਾਲ ਉਤਾਰਾ।
ਸਭਿ ਸੰਗਤਿ ਗੁਰ ਕੀ ਅਈ, ਧਰਿ ਭਾਉ ਉਦਾਰਾ।
ਦਰਸ਼ਨ ਕਰਿ ਕਰਿ ਅਨੰਦ ਧਰਿ, ਸਭਿ ਸੇਵ ਕਮਾਈ।
ਚਹਜੋ ਖਰਚ ਹਿਤ ਪੰਥ ਕੇ, ਧਨ ਦੇ ਸਮੁਦਾਈ ॥੧੩॥
ਬਸੇ ਰਾਤਿ ਸੁਖ ਸੋਂ ਤਹਾਂ, ਕਰਿ ਖਾਨ ਰੁ ਪਾਨਾ।
ਸੌਚ ਸ਼ਨਾਨੇ ਪ੍ਰਾਤਿ ਕੋ, ਕਿਯ ਪੰਥ ਪਯਾਨਾ।
ਕਰਨਿ ਬਿਦਾ ਸੰਗਤਿ ਗਈ, ਹਟਿ ਕਰਿ ਪੁਨ ਆਈ।
ਜਥਾ ਕਰਮ ਮਗ ਉਲੰਘਤੇ, ਨਿਤ ਸਿੰਘ ਸਿਧਾਈ ॥੧੪॥
ਨਗਰ ਆਗਰੇ ਉਤਰਿ ਕੈ, ਪੁਨ ਸੰਗਤਿ ਮਾਂਹੀ।
ਪੂਜਹਿ ਦਰਸ਼ਨ ਕੋ ਕਰਹਿਂ, ਜਿਮ ਗੁਰੂ ਲਖਾਹੀ।
ਚਲੇ ਸਿੰਘ ਆਗੇ ਬਹੁਰ, ਹੁਇ ਚੰਬਲ ਪਾਰਾ[1]।
ਨਰਵਰ[1] ਕਾਲੇ ਬਾਗ ਕੋ, ਕਰਿ ਮਜਲ ਸਿਧਾਰਾ ॥੧੫॥
ਸ਼ਹਿਰ ਸਰੋਜ ਉਜੈਨ[†] ਕੋ, ਕਰਿ ਸੰਗਤ ਮੇਲਾ।
ਦੇਸ਼ ਮਾਲਵਾ ਸੈਲ ਕਰਿ, ਚਲਿ ਸਿੰਘ ਸੁਹੇਲਾ।
ਨਦੀ ਨਰਬਦਾ ਪਾਰ ਗਾ, 'ਗੜ ਸ਼ੇਰ' ਸਿਧਾਯੋ।
ਪੁਰਿ ਬੁਰਹਾਨ ਪਹੁੰਚਿ ਕੈ, ਸੰਗਤਿ ਦਰਸਾਯੋ ॥੧੬॥

[1]ਚੰਬਲ ਨਦੀ ਪਾਰ ਹੋਕੇ।

[1]ਗਵਾਲੀਅਰ ਥੋਂ ਪਰੇ ਇਕ ਨਗਰ।

[†]ਸਿਰੋਂਜ ਤੇ ਉਜੈਨ ਦੋਵੇਂ ਸ਼ਹਿਰ ਵਸਤ ਹਿੰਦ (C. 1) ਵਿਚ ਹਨ।

ਤਹਿਂ ਬਸਿ ਕਰਿ ਆਗੇ ਗਯੋ, ਅਵਰੰਗਾ ਬਾਦੂ।
ਨਗਰ ਅਹਿਮਦਾਵਾਦ† ਮਹਿਂ, ਥਿਰ ਬਿਨਾ ਬਿਖਾਦੂ।
ਬਿਸਰਾਮਜੋ ਮਗ ਸ਼੍ਰਮ ਹਤਜੋ, ਆਨੰਦ ਕੋ ਪਾਏ।
ਜਹਾਂ ਛਾਵਨੀ ਸ਼ਾਹ ਕੀ, ਚਢਿ ਤਹਾਂ ਸਿਧਾਏ ॥੧੭॥
ਹੇਰਿ ਜਾਂਹਿ ਬੂਝਤਿ ਭਯੋ, ਗੁਰ ਕੋ ਸਿਖ ਕੋਈ।
ਦਿਯੋ ਬਤਾਇ ਜੁ ਲਖੈ ਥੇ, ਸੁਨਿ ਕੈ ਸੁਧਿ ਹੋਈ।
ਜੇਠਾ ਸਿੰਘ ਜੇਠਾ ਇਹਾਂ, ਧਨ ਬੁਧਿ ਮਹਿ ਜਾਨੋ।
ਦਯਾ ਸਿੰਘ ਅਰੁ ਧਰਮ ਸਿੰਘ, ਆਵਾਹਨ ਠਾਨੋ ॥੧੮॥
ਆਇ ਮਿਲਜੋ ਤਤਕਾਲ ਹੀ, ਸੁਨਿ ਕੈ ਸਭਿ ਗਾਥਾ।
ਅਪਨੇ ਨਿਕਟ ਉਤਾਰਿ ਕਰਿ, ਬਹੁ ਭਾਉ ਕਿ ਸਾਥਾ।
ਸੇਵਾ ਕੀਨੀ ਸਕਲ ਬਿਧਿ, ਸਭਿ ਖਾਨ ਰੁ ਪਾਨੇ।
ਸ਼ਾਹੁ ਭੇਦ ਸਮੁਝਾਇ ਦਿਯ, ਜਿਮ ਆਵਨ ਜਾਨੇ[1] ॥੧੯॥
'ਪਹੁੰਚਨਿ ਮੁਸ਼ਕਿਲ ਸ਼ਾਹੁ ਢਿਗ, ਕਜਾ ਕਰੈਂ ਉਪਾਯਾ?
ਸ਼੍ਰੀ ਗੁਰ ਕੋ ਕਾਰਜ ਮਹਾਂ, ਹਮ ਢਿਗ ਲੌ ਆਯਾ।'
ਦਯਾ ਸਿੰਘ ਬੋਲਜੋ ਸੁਮਤਿ, 'ਕੁਛ ਚਿੰਤ ਨ ਕੀਜੈ।
ਸੰਗਤਿ ਕਰਹੁ ਇਕੱਤ੍ਰ ਸਭਿ, ਪਠਿ ਹੁਕਮ ਸੁਨੀਜੈ ॥੨੦॥

†ਅਹਿਮਦ ਨਗਰ' ਤੋਂ ਭਾਵ ਹੈ।

[1]ਜਿਵੇਂ ਪਾਤਸ਼ਾਹ ਪਾਸ ਜਾਣਾ ਔਣਾ ਹੋ ਸਕਦਾ ਸੀ।

ਪੁਨਹਿ ਜਤਨ ਮਿਲਿ ਕਰੈਂਗੇ, ਜਿਸ ਕਿਸ
ਬਿਧਿ ਹੋਵੈ।
ਅਪਨਾ ਕਾਰਜ ਆਪ ਹੀ, ਗੁਰ ਬਿਘਨ ਸੁ
ਖੋਵੈਂ।'
ਜੇਠਾ ਸਿੰਘ ਸੁਨਿ ਕੈ ਤਬੈ, ਸੁਧ ਸੰਗਤਿ
ਮਾਂਹੀ।
ਸਭਿ ਕੋ ਦਈ ਸੁਨਾਇ ਕਰਿ, ਜਾਨੀ ਜਹਿ
ਕਾਂਹੀ ॥੨੧॥
ਭਯੋ ਪ੍ਰਾਤਿ ਕੋ ਜੋੜ ਤਬਿ, ਪੰਚਾਂਮ੍ਰਿਤ
ਕੀਨਾ।
ਸਤਿਗੁਰ ਕੇ ਸਿਖ ਸਰਬ ਹੀ, ਬੈਠੇ ਸੁਖ
ਪੀਨਾ।
ਦਯਾ ਸਿੰਘ ਕੋ ਨਮੋ ਕਰਿ, ਪੁਨ ਹੁਕਮ
ਸੁਨਾਯੋ।
'ਸ਼੍ਰੀ ਪ੍ਰਭੁ ਕੋ ਕਾਰਜ ਇਹੀ, ਕੀਜਹਿ ਮਨ
ਭਾਯੋ' ॥੨੨॥
ਸੁਨਿ ਸੁਨਿ ਗੁਰਮੁਖ ਸਿੱਖ ਜੇ, ਤਿਨ ਸਿਰ
ਪਰ ਮਾਨਾ।
ਕੇਤੇ ਮਨਮੁਖ ਤਰਕਤੇ, ਜਿਨ ਭੇਵ ਨ
ਜਾਨਾ।
ਕਰਹਿਂ ਅਨਿਕ ਉਪਚਾਰ ਕੋ, ਕੁਛ ਬਨ
ਨਹਿਂ ਆਵੈ।
ਸਿਖ ਸਗਰੇ ਇਤ ਉਤ ਫਿਰਹਿਂ, ਬਹੁਤਨਿ
ਢਿਗ ਜਾਵੈਂ ॥੨੩॥
ਇਤ ਸਤਿਗੁਰ ਦੀਨੇ ਥਿਰੇ, ਭੇ ਬਿਦਤ
ਜਹਾਨਾ।
ਮੂਰਖ ਖਾਨ ਵਜੀਦ ਜੋ, ਚਿਤਵੰਤਿ
ਮਹਾਨਾ।
-ਮਰਜੋ ਨਹੀਂ ਪਕਰਜੋ ਨਹੀਂ, ਜੀਵਤਿ
ਥਿਰ ਨੇਰੇ।
ਮਹਾਂ ਜੰਗ ਕਰਿ ਕਰਿ ਜਿਨਹੁ, ਦੁਖ ਦਏ
ਘਨੇਰੇ ॥੨੪॥

ਹਜ਼ਰਤ ਕਰੇ ਉਪਾਵ ਬਹੁ, ਨਾਹਿਨ ਕੋ ਚਾਲਾ।
ਸਭਿ ਤੁਰਕਾਨੇ ਸ਼ੋਕ ਦੁਖ, ਜਿਨ ਡਾਲ ਬਿਸਾਲਾ[1]।
ਅਬਿ ਤੂਸ਼ਨ ਰਹਿ ਕੋਇ ਦਿਨ, ਦੀਜੈ ਬਿਸਵਾਸਾ[1]।
ਪਰਹਿਂ ਅਚਾਨਕ ਜਾਇ ਕਰਿ, ਗਹਿ ਕਿਧੌਂ ਬਿਨਾਸ਼ਾ- ॥੨੫॥
ਲਗਜੋ ਬਟੋਰਨਿ ਬਾਹਨੀ, ਜਿਤ ਕਿਤ ਤੇ ਆਈ।
ਜਥੇਦਾਰ ਸਨ ਸਭਿ ਕਹੀ, 'ਰਹਿਂ ਤਯਾਰ ਸਦਾਈ।
ਸੰਧਜਾ ਪ੍ਰਾਪਤ ਪਛਾਨੀਏਂ, ਚਢਿਬੇ ਕਹੁ ਕਾਜੂ।
ਇਤ ਉਤ ਬਿਥਰਹਿ ਕੋ ਨਹੀਂ, ਬਨਿ ਤਯਾਰ ਸਮਾਜੂ ॥੨੬॥
ਗੋਰੀ ਅਰੁ ਬਾਰੂਦ ਬਹੁ, ਸਭਿਹਿਨਿ ਕੋ ਦੀਜੈ।
ਗਮਨ ਦੂਰ ਹਿਤ ਹਯਨਿ ਕੋ, ਆਸੂਦੇ ਕੀਜੈ।'
ਇਸ ਬਿਧਿ ਖ਼ਾਨ ਵਜੀਦ ਬਹੁ, ਤਯਾਰੀ ਕਰਿਵਾਈ।
ਇਤ ਸਤਿਗੁਰ ਸਭਿ ਜਾਨਿ ਕੈ, ਚਿਤਵੰਤਿ ਲਰਾਈ ॥੨੭॥
-ਦੁਰਗ ਹੋਇ ਗਾਢੋ ਮਹਾਂ, ਮੇਲਹਿਂ ਘਮਸਾਨਾ।
ਰਚਿ ਸੰਗ੍ਰਾਮ ਬਿਸਾਲ ਕੋ, ਮਾਰਹਿਂ ਤੁਰਕਾਨਾ।
ਇਹਾਂ ਆਇ ਹਮ ਬਾਸ ਕਿਯ, ਸੇਵਾ ਬਹੁ ਕੀਨੀ।
ਨਗਰੀ ਨਹਿਂ ਲੁਟ ਜਾਇ ਤਿਹ, ਥਿਰਤਾ ਹਮ ਲੀਨੀ ॥੨੮॥

[1]ਜਿਸ ਨੇ ਸਾਰੇ ਤੁਰਕਾਨੇ ਨੂੰ ਬਹੁਤਾ ਦੁੱਖ ਪਾ ਦਿੱਤਾ ਹੈ।

[1]ਭਾਵ ਵਿਸਾਹ ਲਈਏ।

ਚਾਕਰ ਰਹਿਂ ਬੈਰਾੜ ਬਹੁ, ਸਭਿ ਵਹਿਰ ਉਤਾਰੇ-।
ਰੱਛ ਚਹਤਿ ਹੈਂ ਜਨਨ ਕੀ, ਚਢਿ ਚਲਨਿ ਬਿਚਾਰੇ[1]।
-ਨਤੁ ਇਹ ਠਾਂ ਰਣ ਪਰੈ ਗੋ, ਰੱਯਤ ਨਰ ਆਦੀ।
ਸ਼ੱਤ੍ਰੁ ਇਨਹਿਂ ਦੁਖ ਦੇਹਿਂਗੇ, ਰਾਹਕ ਬੁਨਿਯਾਦੀ[1]- ॥੨੯॥
ਪਰਮ ਸਿੰਘ ਅਰੁ ਧਰਮ ਸਿੰਘ, ਰੂਪੇ ਕੇ ਦੋਈ।
ਅਪਰ ਸਿੰਘ ਬੇ ਸੈਂਕਰੇ, ਪ੍ਰੇਮੀ ਸਿਖ ਜੋਈ।
ਪੁਨ ਲਖਮੀਰ ਸ਼ਮੀਰ ਕੋ, ਤ੍ਰੈ ਭ੍ਰਾਤ ਬੁਲਾਏ।
'ਚਢਜੋ ਚਹਤਿ ਹਮ ਇਹਾਂ ਤੇ, ਦੇਖਨਿ ਅਗਵਾਏ ॥੩੦॥
ਗ੍ਰਾਮ ਤੁਮਾਰੇ ਧਾਮ ਮਹਿਂ, ਥਿਰ ਹ੍ਵੈ ਸੁਖ ਪਾਏ।
ਲਰਹਿਂ ਅਬਹਿ ਤੁਰਕਾਨ ਸਨ, ਰਿਪੁ ਹ੍ਵੈਂ ਸਮੁਦਾਏ।
ਸ਼ਸਤ੍ਰ ਚਲਹਿਂ ਮਾਰਨ ਮਰਨ, ਘਾਲਹਿਂ ਘਮਸਾਨਾ।
ਤੁਮ ਕੋ ਪਰਹਿ ਬਿਖਾਦ ਤਬਿ, ਉਮਡਹਿ ਤੁਰਕਾਨਾ ॥੩੧॥
ਹੇਤੁ ਬਿਚਾਰਨ ਹਮ ਕਰਜੋ, ਆਗੈ ਹਮ ਜਾਵੈਂ[1]।
ਦੁਰਗ ਲੇਹਿਂ ਕੈ ਵਹਿਰ ਹੀ, ਮਿਲਿ ਜੰਗ ਮਚਾਵੈਂ।'
ਸੁਨਿ ਕਰ ਜੋਰਤਿ ਕਹਤਿ ਭੇ, 'ਹਮ ਹੈਂ ਅਨੁਸਾਰੇ।
ਪ੍ਰਭੁ ਜੀ! ਰਾਵਰਿ ਸਾਥ ਹੈਂ, ਲਰ ਮਰਹਿਂ ਕਿ ਮਾਰੇਂ' ॥੩੨॥
ਸਤਿਗੁਰ ਸੁਨਿ ਕੈ ਤਿਨਹੁ ਤੇ, ਬਹੁ ਭਾਂਤਿ

[1]ਜਨਾਂ (ਦਾਸਾਂ) ਦੀ ਰੱਖਿਆ ਚਾਹੁੰਦੇ ਹਨ ਇਸ ਲਈ ਏਥੋਂ ਚੜ੍ਹ ਚੱਲਣ ਦੀ ਸੋਚ ਰਹੇ ਹਨ।

[1]ਮੁੱਢ ਦੇ ਜ਼ਿਮੀਂਦਾਰ ਹਨ।

[1]ਭਾਵ ਅਸਾਂ ਨੇ ਵਿਚਾਰ ਕੀਤੀ ਹੈ, ਇਸ ਕਾਰਨ ਅਸੀਂ ਅੱਗੇ ਜਾਂਦੇ ਹਾਂ।

ਸਰਾਹੇ।
'ਕੁਲ ਤੁਮਰੀ ਮਹਿਂ ਸਿੰਘ ਹ੍ਵੈਂ, ਰਣ ਕਰਹਿਂ ਉਮਾਹੇ।
ਅਬਿ ਸੁਖ ਸੋਂ ਘਰ ਮਹਿਂ ਥਿਰਹੁ, ਇਹ ਥਲ ਦ੍ਰਿਢ ਹੋਵੈ।
ਜੋ ਚਢਿ ਆਵੈ ਤੁਮਹੁ ਪਰ, ਪਤ ਅਪਨੀ ਖੋਵੈ ॥੩੩॥
ਖੇਤ ਜੀਤ ਕੋ ਗ੍ਰਾਮ ਨਰ, ਸ਼ੱਤ੍ਰਨਿ ਤੇ ਪਾਵੈ[1]।
ਨਾਮ ਲੋਹਗੜ[†] ਹੋਇਗੋ, ਦਿਨ ਪ੍ਰਤਿ ਬਿਦਤਾਵੈ।'
ਇਮ ਕਹਿ ਕਰੁਨਾ ਬਹੁ ਕਰੀ, ਦੇ ਖੁਸ਼ੀ ਬਿਸਾਲੇ।
'ਹਮ ਸਹਾਇ ਪਰਲੋਕ ਮਹਿਂ, ਦੁਖ ਤੇ ਰਖਵਾਲੇ' ॥੩੪॥
ਇਮ ਕਹਿ ਤਯਾਰੀ ਪ੍ਰਭੁ ਕਰੀ, ਹਯ ਜ਼ੀਨ ਪਵਾਏ।
ਹਯ, ਪੈਦਲ ਸੈਨਾ ਸਕਲ, ਤਨ ਸਸ਼ਤ੍ਰ ਸਜਾਏ।
ਭਏ ਅਰੂਢਨਿ ਦੇ ਖੁਸ਼ੀ, ਸਭਿ ਬੰਦਨ ਠਾਨੀ।
ਗਏ ਦੂਰ ਲਗਿ ਸੰਗ ਨਰ, ਬਿਛੁਰਨਿ ਦੁਖ ਮਾਨੀ ॥੩੫॥
ਪੁਨ ਸਭਿ ਕੋ ਮੋਰਨ ਕਰਯੋ, ਬਿਛੁਰਤਿ ਵਧਿ ਪ੍ਰੇਮਾ।
ਸਿੱਖੀ ਗੁਰਮਤਿ ਉਰ ਧਰੀ, ਭੇ ਉਚਿਤ ਸੁ ਛੇਮਾਂ।
ਗੁਰੂ ਦਸਮ ਪਤਿਸ਼ਾਹੁ ਕੀ, ਮੈਂ ਕਥਾ ਬਨਾਈ।
ਰੁੱਤਾਂ ਖਟ ਪੂਰਨ ਕਰੀ, ਸ਼ੁਭ ਗਿਰਾ ਅਲਾਈ ॥੩੬॥

ਪਾਧੜੀ ਛੰਦ:

[1] 'ਰਣ ਵਿੱਚ ਵੈਰੀਆਂ ਤੇ ਜਿੱਤ ਪਾਉਣਗੇ ਪਿੰਡਾਂ ਦੇ ਲੋਕੀਂ।

[†] ਇਹ ਗੁਰਦੁਆਰਾ ਦੀਨੇ ਮੌਜੂਦ ਹੈ।

ਇਹ ਪਠਤਿ ਸੁਨਤਿ ਨਰ ਧਾਰਿ ਪ੍ਰੇਮ।
ਹਤਿ ਬਿਘਨ ਲੋਕ ਪਰਲੋਕ ਛੇਮ[1]।

[1]ਇਸ ਲੋਕ ਦੇ ਬਿਘਨ ਦੂਰ ਹੋਣਗੇ ਤੇ ਪ੍ਰਲੋਕ ਵਿਚ ਮੁਕਤੀ (ਮਿਲੇਗੀ)।

ਮਨ ਬਿਪਨ ਬਿਖੈ ਅਘ ਮ੍ਰਿਗਨ ਸਿੰਘ[1]।

[1]ਮਨ ਰੂਪੀ ਬਨ ਵਿਚ ਪਾਪ ਰੂਪੀ ਮ੍ਰਿਗ ਨੂੰ ਸ਼ੇਰ ਵਤ (ਹੋਕੇ ਢੁੱਕੇਗੀ ਇਹ ਕਥਾ)।

ਦੇ ਅਨੰਦ ਰਿਦੇ ਸੰਤੋਖ ਸਿੰਘ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ ਕਵਿ ਸੰਤੋਖ ਸਿੰਘ ਵਿਰਚਤਾਯਾਂ ਭਾਖਾਯਾਂ 'ਦੀਨੇ ਤੇ ਚਢਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ਮਸਤ ਸ਼ੁਭ ਮਸਤੁ ॥੫੮॥

[ਛੇਵੀਂ ਰੁਤਿ ਸੰਪੂਰਨ ਹੋਈ]

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਐਨ ਪਹਿਲਾ Ayan 1

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh 'Kavi Churamani'

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji's Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਐਨ ਪਹਿਲਾ

## ਐਨ ਪਹਿਲਾ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਐਨ ਪਹਿਲਾ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਐਨ ਪਹਿਲਾ ਉੱਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਤਤਕਰਾ ਐਨ ਪਹਿਲਾ

## ਪਹਿਲਾ ਐਨ


੧ ੧. [ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ]

੨. ਇਸ਼੍ਟ ਦੇਵ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।
੩. ਇਸ਼੍ਟ ਗੁਰੂ-ਨੌਂ ਗੁਰੂ ਸਾਹਿਬਾਂ ਦਾ-ਮੰਗਲ।
[ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਜਾਖਜਾ]

੪. 'ਕਵੀ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨ ੨. [ਭਾਈ ਬਹਿਲੋ ਦੀ ਬੰਸ। ਤੀਤਰ ਉਧਾਰ। ਘੁੰਘਣੀਆ ਸਿੰਘ]
੩ ੩. [ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ; ਗ੍ਰਾਮਾਂ ਵਿਚ ਜਾਣਾ]
੪ ੪. [ਕੋਟ ਕਪੂਰੇ]
੫ ੫. [ਸਿਰ੍ਹਦੋਂ ਫੌਜ ਦੀ ਚੜ੍ਹਾਈ। ਢਿੱਲਵੀਂ ਕੌਲ ਪਾਸ]
੬ ੬. [ਗ੍ਰਾਮ ਕੋਠਾ, ਮਲੂਕਾ। ਇਕ ਦਿਵਾਨੇ ਦਾ ਨਿਸਤਾਰਾ]
੭ ੭. [ਖਿਦਰਾਣੇ ਵੱਲ ਨੂੰ ਟੁਰਨਾ। ਜੁਗਰਾਜ ਜੱਟ]
੮ ੮. [ਦਾਨ ਸਿੰਘ ਦੇ ਪੁੱਤ੍ਰ ਨੂੰ ਬਖਸ਼ਣਾ। ਮਾਝੇ ਦੇ ਸਿੰਘਾਂ ਦਾ ਬਿਦਾਵਾ]
੯ ੯. [ਮਾਝੇ ਦੇ ਸਿੱਖਾਂ ਨੇ ਮੁੜਕੇ ਤੁਰਕਾਂ ਨਾਲ ਯੁੱਧ ਆਰੰਭਣਾ]
੧੦ ੧੦. [ਤੁਰਕਾਂ ਨਾਲ ਖਿਦਰਾਣੇ ਜੰਗ]
੧੧ ੧੧. [ਮਾਈ ਭਾਗੋ। ਤੁਰਕਾਂ ਦਾ ਪਿੱਛੇ ਮੁੜਨਾ]
੧੨ ੧੨. [ਗੁਰੂ ਜੀ ਦੀਆਂ ਬਖਸ਼ਿਸ਼ਾਂ। ਮਹਾਂ ਸਿੰਘ ਨੂੰ ਵਰ]
੧੩ ੧੩. [ਮਾਈ ਭਾਗੋ। ਚਿਰਜੀਵੀ ਨੂੰ ਤਾਰਨਾ]
੧੪ ੧੪. [ਖੇਸ ਦਾ ਭੇਸ। ਡੋਗਰਾਂ ਨੂੰ ਬਖਸ਼ਿਸ਼। ਬਾਜ਼ੀਦਪੁਰ]
੧੫ ੧੫. [ਘੋਗੜ ਉਧਾਰ। ਹੁਕਮ ਨਾਥ]
੧੬ ੧੬. [ਕਾਂ, ਸਰਪ ਉਧਾਰ। ਬੈਰਾੜਾਂ ਨੇ ਤਨਖਾਹਾਂ ਮੰਗਣੀਆਂ]
੧੭ ੧੭. [ਵੈਰਾੜਾਂ ਨੂੰ ਤਨਖਾਹਾਂ ਦਿੱਤੀਆਂ। ਦਾਨ ਸਿੰਘ ਨੂੰ ਅੰਮ੍ਰਿਤ ਛਕਾਯਾ]
੧੮ ੧੮. [ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ]
੧੯ ੧੯. [ਸ੍ਰੇਤ ਸਰ। ਤਲਵੰਡੀ ਡੱਲੇ ਪਾਸ]
੨੦ ੨੦. [ਡੱਲੇ ਪਾਸ ਬਾਹਰ ਡੇਰਾ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ]
੨੧ ੨੧. [ਚੱਬੇ ਦੀ ਮਾਈ ਨੂੰ ਪੁੱਤ੍ਰਾਂ ਦੇ ਵਰ। ਦਲਪਤ। ਦਜਾਲ ਦਾਸ। ਭਾਈ ਭਗਤੂ ਵੰਸ਼]
੨੨ ੨੨. [ਗੋਦੜੀਆ ਸਿੰਘ। ਭਾਗੋ। ਡੱਲਾ ਤੇ ਵਜ਼ੀਰ ਖ਼ਾਂ ਦਾ ਪਰਵਾਨਾ]

੨੩ ੨੩. [ਰਾਮ ਸਿੰਘ ਦੇ ਘਰ ਭਾਈ ਕੇ ਚੱਕ। ਦਜਾਲ ਦਾਸ]
੨੪ ੨੪. [ਬਠਿੰਡਿਓਂ ਕਾਣਾ ਦੇਉ ਕੱਢਣਾ]
੨੫ ੨੫. [ਸੱਸੀ ਦਾ ਗੀਤ, ਬਠਿੰਡੇ ਦੀ ਕਥਾ। ਦਜਾਲ ਦਾਸ ਬਖਸ਼ਿਆ]
੨੬ ੨੬. [ਮੀਂਹ ਵਰਸਾਇਆ। ਤਾਪ ਹਟਾਇਆ। ਪਹਿਰੇਦਾਰਾਂ ਖੇਡਾ ਦੇਖਿਆ]
੨੭ ੨੭. [ਮੀਂਹ ਪਵਾਯਾ ਤੇ ਬੰਦ ਕਰਾਯਾ। ਭਾਈ ਝੂਲਣ ਸਿੰਘ]
੨੮ ੨੮. [ਸੰਗਤ ਨੂੰ ਜੰਗ ਸਿਖਾਇਆ। ਡੱਲੇ ਨੂੰ ਅੰਮ੍ਰਿਤ ਛਕਾਉਣਾ]
੨੯ ੨੯. [ਪਟਜਾਲਾ ਨਾਭਾ ਜੀਂਦ ਦੇ ਵਡਕੇ। ਬੰਗੇਹਰ। ਮਾਲਵੇ ਨੂੰ ਵਰ]
੩੦ ੩੦. [ਕਪੂਰੇ ਦੀ ਮੌਤ। ਧਰਤੀ ਸੱਚ ਤੇ ਖਲੋਤੀ ਹੈ]
੩੧ ੩੧. [ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ]
੩੨ ੩੨. [ਦੱਖਣ ਜਾਣ ਦੀ ਸਲਾਹ। ਅਭੈ ਰਾਮ, ਦੀਵਾਨੇ ਨੱਸੇ]
੩੩ ੩੩. [ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ]
੩੪ ੩੪. [ਨੌਹਰ ਵਿਖੇ ਮਰੇ ਕਬੂਤਰ ਜਿਵਾਏ। ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼]
੩੫ ੩੫. [ਭਾਈ ਰਾਮ ਸਿੰਘ ਦਾ ਨੱਸਣਾ]
੩੬ ੩੬. [ਦਾਦੂ ਦ੍ਵਾਰੇ ਬਿਬੇਕ]
੩੭ ੩੭. [ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ। ਭਾਈ ਦਯਾ ਸਿੰਘ ਜੀ ਵਾਪਸ ਆਏ]
੩੮ ੩੮. [ਸਫਰ। ਬਘੌਰ ਵਿਚ ਡੇਰਾ]
੩੯ ੩੯. [ਬਘੌਰ ਵਿਖੇ ਜੰਗ]
੪੦ ੪੦. [ਬਹਾਦਰ ਸ਼ਾਹ ਨਾਲ ਮੇਲ]
੪੧ ੪੧. [ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ]
੪੨ ੪੨. [ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ]
੪੩ ੪੩. [ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ]
੪੪ ੪੪. [ਮਾਤਾ ਜੀ ਨੂੰ ਉਪਦੇਸ਼। ਪਾਰਕ ਪੁੱਤ੍ਰ]
੪੫ ੪੫. [ਮਥੁਰਾ, ਬੰਦਰ। ਪਵਿੱਤ੍ਰ ਜਲ ਨਿਰਨਾ। ਆਗਰੇ ਪੁੱਜਣਾ]
੪੬ ੪੬. [ਆਗਰੇ ਖਾਨਖਾਨਾ ਨੂੰ ਸੁਖੀ ਕੀਤਾ। ਸ਼ਾਹ ਨਾਲ ਮੇਲ]
੪੭ ੪੭. [ਨੌਨਿਧ ਖੱਤ੍ਰੀ। ਕੇਸ਼ (ਇਬ੍ਰਾਹੀਮ, ਪਰਸਰਾਮ)]
੪੮ ੪੮. [ਖਾਨ ਖਾਨਾ। ਸੱਯਦ ਨੂੰ ਕਰਾਮਾਤ ਦਾ ਉੱਤਰ]
੪੯ ੪੯. [ਬਹਾਦਰਸ਼ਾਹ ਨੂੰ ਸੁਮਤ। ਸਿੱਖ ਸੁਤਾ ਦਾ ਧਰਮ ਰੱਖਯਾ]
੫੦ ੫੦. [ਤੀਰ ਚਲਾਉਣਾ। ਬਹਾਦਰ ਸ਼ਾਹ ਨਾਲ ਸ਼ੇਰ ਸ਼ਿਕਾਰ। ਰੋਸ਼ਨ ਸਿੰਘ]
੫੧ ੫੧. [ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ]

# ਪਹਿਲਾ ਐਨ ਚਲਿਆ

†ੴ ਸਤਿਗੁਰ ਪ੍ਰਸਾਦਿ† ॥

†ਛਾਪੇ ਦੇ ਨੁਸਖੇ ਵਿਚ ਇਸ ਤੋਂ ਪਹਿਲਾਂ 'ਸ੍ਰੀ ਅਕਾਲ ਪੁਰਖ ਜੀ ਸਹਾਇ' ਛਪਿਆ ਹੋਇਆ ਹੈ, ਜੋ ਕਿਸੇ ਲਿਖਤੀ ਨੁਸਖੇ ਵਿਚ ਦੇਖਣ ਵਿਚ ਨਹੀਂ ਆਇਆ।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ† ॥

# ਅਥ ਪੂਰਬ ਐਨ† ਲਿਖਯਤੇ।

†ਐਨ=ਅਯਨ=ਪਥ, ਰਸਤਾ, ਭਾਵ, ਬਰਸ ਦਾ ਅੱਧ। ਜਦੋਂ ਸੂਰਜ ਉੱਤਰ ਰੁੱਖ ਤੇ ਦੱਖਣ ਰੁੱਖ ਰਹਿੰਦਾ ਭਾਸਦਾ ਹੈ ਜੋ ਸੂਰਜ ਦੀ ਚਾਲ ਮੁਜਬ ਗਿਣੀਂਦਾ ਹੈ। ਲਗਪਗ ੯-੧੦ ਪੋਹ ਤੋਂ ੯ ਯਾ ਦਸ ਹਾੜ ਤਕ ਉਤਰਾਯਣ ਤੇ ੯-੧੦ ਹਾੜ ਤੋਂ ੯-੧੦ ਪੋਹ ਤਕ ਦਖਣਾਯਨ। ਉਤਰਾਯਣ=ਮਕਰ ਤੋਂ ਮਿਥਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਉਤਰ ਨੂੰ ਝੁਕਾਉ ਰਖਦਾ ਹੈ। ਦਖਣਾਯਣ=ਕਰਕ ਤੋਂ ਧਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਦੱਖਣ ਨੂੰ ਝੁਕਾਉ ਰਖਦਾ ਹੈ। ਪੱਛਮੀ ਤ੍ਰੀਕਾਂ ਮੁਜਬ ਸੂਰਜ ੨੨ ਦਸੰਬਰ ਨੂੰ ਉੱਤਰ ਰੁੱਖ ਪਕੜਦਾ ਹੈ ਇਹ ਸਭ ਤੋਂ ਛੋਟਾ ਦਿਨ ਹੁੰਦਾ ਹੈ, ਫਿਰ ਵਧਦਾ ਵਧਦਾ ੨੧ ਜੂਨ ਨੂੰ ਉੱਤਰੀ ਅਯਣ ਦੀ ਹੱਦ ਤੱਕ ਅੱਪੜ ਜਾਂਦਾ ਹੈ। ੨੧ ਜੂਨ ਸਭ ਤੋਂ ਵੱਡਾ ਦਿਨ ਹੁੰਦਾ ਹੈ। ਇਸੀ ਤਰ੍ਹਾਂ ਫਿਰ ਸੂਰਜ ਦੱਖਣ ਦੀ ਗਤੀ ਪਕੜਦਾ ਹੈ ਤੇ ੨੩ ਦਸਬੰਰ ਦੇ ਕਰੀਬ ਦੱਖਣੀ ਅਯਨ ਦੀ ਹੱਦ ਤੇ ਅੱਪੜਦਾ ਹੈ। ਗ੍ਰੰਥ ਦਾ ਨਾਮ 'ਗੁਰ ਪ੍ਰਤਾਪ ਸੂਰਜ' ਹੋਣ ਕਰਕੇ ਇਸ ਦੇ ਅੰਤਲੇ ਦੋ ਖੰਡਾਂ ਦਾ ਨਾਮ ਕਵੀ ਜੀ ਨੇ ਅਯਨ ਰਖਿਆ ਹੈ। ਇਸੇ ਅੰਸੂ ਦੇ ਅੰਕ ੮ ਵਿਚ ਕਵੀ ਜੀ ਨੇ ਕ੍ਰਮ 'ਦਛਣਾਯਨ ਤੇ ਉਤ੍ਰਾਯਨ' ਦਿੱਤਾ ਹੈ ਅਤੇ ਦੂਸਰੇ ਐਨ ਵਿਚ ਕਿਤੇ ਕਿਤੇ ਪਦ ਉਤ੍ਰਾਯਨ ਆਇਆ ਹੈ, ਇਸ ਤੋਂ ਸਪਸ਼ਟ ਹੋ ਗਿਆ ਕਿ 'ਪੂਰਬ ਐਨ' ਤੋਂ ਕਵੀ ਜੀ ਦਾ ਭਾਵ 'ਦਖਣਾਯਨ' ਤੋਂ ਹੈ। [ਸੰਸ:, ਅਯਨ=ਰਸਤਾ। ਸੂਰਜ ਦਾ ਰਸਤਾ]। (ਦੇਖੋ=ਰੁਤ ੧, ਅੰਸੂ ੧, ਅੰਕ ੧੬ ਦੇ ਪਦਾਰਥ)।

ਅਰਥ-ਹੁਣ ਪਹਿਲਾ ਐਨ (ਦਖਣਾਯਨ) ਲਿਖਦੇ ਹਾਂ।

### ੧. [ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ]

<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨

ਦੋਹਰਾ:

**ਦਯਾ ਦਯਾਨਿਧਿ ਕੀ ਭਈ, ਉੱਦਮ ਦਯਾ ਬਿਸਾਲ।**
**ਚਹਜੋ ਗ੍ਰੰਥ ਪੂਰਨ ਕੀਯੋ, ਪੂਰਨ ਪ੍ਰਭੁ ਅਕਾਲ ॥੧॥**

ਅਰਥ:

(ਜੋ) ਗ੍ਰੰਥ (ਕਿ ਮੈਂ ਰਚਣਾਂ) ਚਾਹਿਆ ਸੀ, ਸੋ ਪੂਰਨ ਪ੍ਰਭੂ ਅਕਾਲ ਨੇ ਪੂਰਨ ਕਰਵਾ ਲਿਆ ਹੈ, (ਇਹ ਮੇਰੇ ਪਰ) ਦਇਆ ਨਿਧਿ ਦੀ ਕਿਰਪਾ ਹੋਈ ਹੈ (ਜਿਸ ਨੇ ਇਤਨਾ) ਵੱਡਾ ਉੱਦਮ ਬਖਸ਼ਿਆ।

### ੨. ਇਸ਼੍ਟ ਦੇਵ-ਸ੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਕਬਿੱਤ:

**ਬੇਦੀ ਬੰਸ ਭੂਖਨ ਜੇ ਪੂਖਨ ਅਦੂਖਨ ਸੇ**

ਤਿਮਰ ਕਲੂਖਨ ਪਖੰਡ ਛਪਿ ਤਾਰੇ ਹੈਂ।
ਪੀਰ ਸਿੱਧ ਧੀਰ ਕਰਾਮਾਤ ਕੇ ਗਹੀਰ ਗਨ
ਮਾਨ ਸੈਲ ਚਢੇ ਗੁਰੂ† ਨਾਨਕ ਉਤਾਰੇ ਹੈਂ। †ਪਾ:-ਬਾਵੇ।
ਦੇਸ਼ਨਿ ਬਿਦੇਸ਼ ਫਿਰ ਜੰਬੂਦੀਪ ਦੀਪ ਸਮੁ
ਕੀਨੇ ਹੈਂ ਕਰੋਰੋਂ ਸਿੱਖ ਭਵਜਲ ਤਾਰੇ ਹੈਂ।
ਜਸੁ ਬਿਸਤਾਰੇ ਭਾਰੇ, ਬਿਸ਼ੈ ਬਿਸ ਤਾਰੇ ਬਹੁ,
ਖੋਲਿ ਮੋਹ ਤਾਰੇ, ਬਾਦੀ ਬਾਦ ਕਰਤਾਰੇ ਹੈਂ ॥੨॥

ਪੂਖਨ=ਸੂਰਜ। ਕਲੂਖਨ=ਪਾਪ। ਧੀਰ=ਧੀਰਜੀ, ਬੁੱਧੀਮਾਨ।
ਗਹੀਰ=ਡੂੰਘੇ, ਵੱਡੇ, ਸਮੁੰਦਰ, ਨਿਧਿ। ਸੈਲ=ਪਹਾੜ। ਟੀਲਾ।
ਉਤਾਰੇ ਹੈਂ=ਹੇਠਾਂ ਆਂਦੇ। ਮਨ ਤੋਂ ਹੇਠਾਂ ਲਿਆਉਣਾ, ਨੰਮ੍ਰਤਾ ਭਾਉ ਭਗਤੀ ਵਿਚ ਲਜਾਉਣਾ ਹੈ।
ਤਾਰੇ ਹੈਂ=ਤਾਰ ਦਿੱਤੇ, ਪਾਰ ਲਾਏ, ਉਧਾਰੇ।
ਬਿਸਤਾਰੇ=ਬਿਸ ਤਾਰੇ=ਵਿਖ+ਉਤਾਰੇ=ਜ਼ਹਿਰ ਲਾਹ ਦਿੱਤੀ। (ਅ) ਬਿਸ਼ੈ ਬਿਸ ਤਾਰੇ=ਵਿਸ਼ਿਆਂ ਦੀ ਵਿਸ ਤਾਰ ਲਈ ਭਾਵ ਨਿਤਾਰ ਲਈ, ਦੂਰ ਕੀਤੀ।
ਤਾਰੇ=ਜੰਦ੍ਰੇ। ਮੋਹ ਦੇ ਜੰਦ੍ਰੇ ਖੁਹਲਣੇ=ਆਪਣੀ ਹਉਮੇਂ ਵਿਚ ਮਗਨ ਤੇ ਮੈਂ ਤੇ ਮੇਰੀ ਦੇ ਮੋਹ ਵਿਚ ਫਸਿਆਂ ਨੂੰ 'ਵਿਸ਼ਾਲ ਚਿੱਤੀ ਦੇ ਨਾਮ' ਦੀ ਜਾਗ੍ਰਤ ਦੇਣੀ ਹੈ।
ਤਾਰੇ ਹੈਂ=ਤਾੜੇ ਹਨ। ਯੁਕਤੀ ਤੇ ਦਲੀਲ ਦੇ ਬਲ ਨਾਲ ਝਗੜਾਲੂਆਂ ਨੂੰ ਸਿੱਧਿਆਂ ਕੀਤਾ।

ਅਰਥ:
ਵੇਦੀਆਂ ਦੀ ਵੰਸ਼ ਦੇ ਜੋ ਭੂਸ਼ਣ ਹਨ ਸੋ ਦੂਖਣ ਰਹਿਤ ਸੂਰਜ ਸਮਾਨ (ਪ੍ਰਕਾਸ਼ਮਾਨ ਹੋਏ, ਉਨ੍ਹਾਂ ਨੂੰ ਵੇਖਕੇ) ਪਾਪਾਂ ਰੂਪੀ ਹਨੇਰਾ ਤੇ ਪਖੰਡ ਰੂਪੀ ਤਾਰੇ ਛਪ ਗਏ। (ਹਾਂ, ਉਸ) ਗੁਰੂ ਨਾਨਕ ਨੇ ਪੀਰ ਤੇ ਸਿੱਧ ਜੋ ਬੁੱਧੀਮਾਨ ਤੇ ਕਰਾਮਾਤ ਦੀ ਨਿਧਿ ਸਨ (ਤੇ ਜੋ) ਸਾਰੇ (ਇਨ੍ਹਾਂ ਤਾਕਤਾਂ ਕਰਕੇ) ਮਾਨ ਦੇ ਟਿੱਲੇ ਤੇ ਚੜ੍ਹੇ ਹੋਏ ਸਨ (ਨਿੰਮ੍ਰਤਾ ਤੇ ਭਾਉ ਭਗਤੀ ਦੀ ਪੱਧਰ ਤੇ) ਉਤਾਰ ਆਂਦੇ। (ਹਾਂ ਸ਼੍ਰੀ ਗੁਰੂ ਨਾਨਕ ਨੇ) ਸ੍ਵਦੇਸ਼ਾਂ ਬਦੇਸ਼ਾਂ ਵਿਚ ਫਿਰਕੇ ਜੰਬੂ ਦੀਪ ਵਿਚ (ਆਪਣੀ ਜੰਤ ਲਾਕੇ) ਕਰੋੜਾਂ ਜੀਵ ਦੀਵੇ (ਨਾਲ ਦੀਵਾ ਜਗਾਉਣ) ਸਮਾਨ ਜਗਾਕੇ ਸਿੱਖ (ਬਣਾਕੇ) ਭਉਜਲ ਤੋਂ ਤਾਰੇ ਹਨ।
ਅਨੇਕਾਂ ਵਿਸ਼ਿਆਂ ਦੀ ਵਿਖ ਉਤਾਰ ਦਿੱਤੀ ਤੇ ਝਗੜਾਲੂਆਂ ਨਾਲ ਬਹਿਸਾਂ (ਤਕ) ਕਰ (ਐਸਾ) ਤਾੜਿਆ ਹੈ ਕਿ ਉਨ੍ਹਾਂ ਦੇ ਮੋਹ ਰੂਪੀ ਜੰਦਰੇ ਖੁਹਲ ਦਿੱਤੇ, (ਹਾਂ ਐਸੇ ਗੁਰੂ ਨਾਨਕ ਦਾ) ਭਾਰਾ ਜਸ ਸਾਰੇ ਫੈਲ ਰਿਹਾ ਹੈ (ਕਿ ਓਹ ਦਾਸਾਂ ਦੇ ਸਹਾਯਕ ਹਨ ਸੋ ਮੇਰੇ ਬੀ ਸਹਾਯਕ ਹਨ। ਇਹ ਭਾਵ ਅਗਲੇ ਛੰਦ ਦੇ ਅਖੀਰ ਤੋਂ ਇਸ ਛੰਦ ਪਰ ਘਟਦਾ ਸਹੀ ਹੋ ਰਿਹਾ ਹੈ।)

### ੩. ਇਸ਼੍ਟ ਗੁਰੂ-ਨੌਂ ਗੁਰੂ ਸਾਹਿਬਾਂ ਦਾ-ਮੰਗਲ।

ਭਏ ਗੁਰੂ ਅੰਗਦ ਅਨੰਦਮਯ ਬਿਲੰਦ ਮਨ,
ਸਤਿਗੁਰੂ ਅਮਰ ਸਿਮਰ ਸੁਖ ਭਾਰੇ ਹੈਂ।
ਗੁਰੂ ਰਾਮਦਾਸ ਆਸ ਪੂਰੀ ਲਖਿ ਦਾਸ ਨਿਜ,
ਬਿਘਨ ਬਿਸ਼ਾਲ† ਗੁਰੂ ਅਰਜਨ ਨਿਵਾਰੇ ਹੈਂ। †ਪਾ:-ਬਿਨਾਸ।
ਸ਼੍ਰੀ ਹਰਿਗੁਬਿੰਦ ਚੰਦ ਬੰਦਨੀਯ ਦੁੰਦ ਮੰਦ† †ਪਾ:-ਦੁੰਦ ਪਦ।
ਗੁਰੂ ਹਰਿਰਾਇ ਹਰਿਕ੍ਰਿਸ਼ਨ ਉਦਾਰੇ ਹੈਂ।

ਨੌਮੇ ਪਾਤਿਸ਼ਾਹਿ ਸ਼੍ਰੀ ਗੁਬਿੰਦ ਸਿੰਘ ਰਿਪੁ ਦਾਹ

ਪੂਰੀ ਕੀਨਿ ਚਾਹ, ਜੋ† ਸਹਾਯਕ ਹਮਾਰੇ ਹੈਂ ॥੩॥ †ਪਾ:-ਤੇ, ਤੋਂ।

{ਦੁੰਦ=ਕਸ਼ਟ। ਮੰਦ=ਮੰਦ ਕਰਨਾ, ਦੂਰ ਕਰਨਾ। ਰਿਪੁ ਦਾਹ=ਵੈਰੀ ਨਾਸ਼ਕ।}

ਅਰਥ:

ਆਨੰਦ ਸਰੂਪ ਤੇ ਉੱਚੇ ਮਨ ਵਾਲੇ ਸ਼੍ਰੀ ਗੁਰੂ ਅੰਗਦ ਜੀ (ਮੇਰੇ ਸਹਾਈ†) ਹੋਏ ਹਨ, ਸਤਿਗੁਰ ਅਮਰ ਜੀ ਨੂੰ ਸਿਮਰਕੇ (ਮੈਂ) ਭਾਰੀ ਸੁਖ (ਪਾਏ) ਹਨ। ਗੁਰੂ ਰਾਮਦਾਸ ਜੀ ਨੇ ਆਪਣਾ ਦਾਸ ਜਾਣਕੇ (ਮੇਰੀ) ਆਸ ਪੂਰੀ ਕੀਤੀ ਹੈ, (ਤੇ ਸ਼੍ਰੀ) ਗੁਰੂ ਅਰਜਨ ਜੀ ਨੇ (ਮੇਰੇ) ਬੜੇ ਬੜੇ ਵਿਘਨ ਨਿਵਾਰ ਦਿੱਤੇ ਹਨ। ਬੰਦਨਾ ਯੋਗ ਸ਼੍ਰੀ ਹਰਿਗੋਬਿੰਦ ਚੰਦ ਜੀ (ਮੇਰੇ) ਕਸ਼ਟਾਂ ਨੂੰ ਮੰਦ ਕਰਦੇ (ਰਹੇ) ਤੇ ਗੁਰੂ ਹਰਿਰਾਇ ਤੇ (ਗੁਰੂ) ਹਰਿਕ੍ਰਿਸ਼ਨ ਜੀ (ਪਦਾਰਥ ਲੋੜਾਂ ਦੇ ਪੂਰਨ ਵਿਚ ਮੇਰੇ ਵਲ ਮਹਾਂ) ਉਦਾਰ ਰਹੇ ਹਨ। ਨੌਵੇਂ ਸਤਿਗੁਰ (ਤੇਗ ਬਹਾਦੁਰ ਜੀ ਤੇ) ਵੈਰੀ ਨਾਸ਼ਕ ਸ਼੍ਰੀ (ਗੁਰੂ) ਗੋਬਿੰਦ ਸਿੰਘ ਜੀ ਨੇ (ਗ੍ਰੰਥ ਪੂਰਣ ਦੀ ਤੇ ਹੋਰ ਸਭ) ਚਾਹ ਪੂਰੀ ਕੀਤੀ ਹੈ, (ਐਸੇ ਹਨ ਸਾਡੇ ਸਤਿਗੁਰ ਕਿ) ਜੋ ਸਾਡੇ ਸਹਾਯਕ (ਹਨ)।

†ਦੂਸਰੀ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਜੀ ਆਪਣੇ ਪਰ ਗੁਰੂ ਸਾਹਿਬਾਂ ਦੀ ਕ੍ਰਿਪਾਲਤਾ ਨੂੰ ਵਰਣਨ ਕਰ ਰਹੇ ਹਨ।

ਦੋਹਰਾ:

ਬ੍ਰਿੰਦ ਅਰਿੰਦਮ, ਕੰਦਿ ਸੁਖ, ਪਦ ਅਰਬਿੰਦ ਮੁਕੰਦ।

ਅਭਿਬੰਦਨ ਕਰ ਬੰਦਿ ਕੈ, ਦੇਹੁ ਅਨੰਦ ਬਿਲੰਦ ॥੪॥

ਬ੍ਰਿੰਦ=ਸਮੂਹ, ਸਾਰੇ। ਅਰਿੰਦਮ=ਵੈਰੀਆਂ ਨੂੰ ਦਮਨ ਕਰਨ ਵਾਲੇ।

ਕਰਬੰਦਿਕੈ=ਹੱਥ ਜੋੜਕੇ।

ਅਰਥ:

(ਐਸੇ ਗੁਰੂ ਸਾਹਿਬਾਂ ਦੇ) ਸੁਖ ਸਰੂਪ ਤੇ ਸਾਰੇ ਵੈਰੀਆਂ ਨੂੰ ਦਮਨ ਕਰਨ ਵਾਲੇ ਮੁਕਤੀ ਦੇ ਦਾਤਾ ਚਰਨਾਂ ਕਵਲਾਂ ਨੂੰ ਹੱਥ ਜੋੜਕੇ ਨਮਸਕਾਰ ਕਰਦਾ ਹਾਂ (ਤੇ ਅਰਦਾਸ ਕਰਦਾ ਹਾਂ ਕਿ ਮੈਨੂੰ ਹੁਣ) ਉੱਚਾ ਅਨੰਦ (ਪਰਮਾਨੰਦ) ਬਖਸ਼ੋ।

[ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਜਾਖਜਾ]

ਸ਼੍ਰੀ ਨਾਨਕ ਪਰਕਾਸ਼ ਕੋ ਪ੍ਰਥਮ ਕੀਨਿ ਇਤਿਹਾਸ।

ਪੁਨ ਅਸ਼ਟਹੁੰ ਗੁਰ ਕੇ ਕਰੇ ਰਚਿ ਕਰਿ ਦ੍ਵਾਦਸ਼ ਰਾਸਿ ॥੫॥

ਅਰਥ: ਪਹਿਲੇ ਮੈਂ ਸ਼੍ਰੀ ਗੁਰ ਨਾਨਕ ਪ੍ਰਕਾਸ਼ (ਵਿਖੇ ਗੁਰੂ ਨਾਨਕ ਦੇਵ ਜੀ ਦਾ) ਇਤਿਹਾਸ (ਕਥਨ) ਕੀਤਾ, ਫਿਰ ਅੱਠਾਂ ਗੁਰਾਂ ਦੇ (ਇਤਿਹਾਸ) ਬਾਰਾਂ ਰਾਸਾਂ ਰਚਕੇ (ਵਰਣਨ) ਕੀਤੇ।

ਬਹੁਰ ਖਸ਼ਟਿ ਰੁਤਿ ਕੇ ਬਿਖੇ ਦਸਮੇ ਗੁਰੂ ਬਿਲਾਸ।

ਜਨਮ ਆਦਿ ਤੇ ਰਚਿ ਭਲੇ ਕਵਿਤਾ ਕੀਨਿ ਪ੍ਰਕਾਸ਼ ॥੬॥

ਅਰਥ: ਫਿਰ ਛੇ ਰੁੱਤਾਂ ਦੇ ਵਿਚ ਦਸਮੇਂ ਗੁਰਾਂ ਦਾ ਵਿਲਾਸ ਜਨਮ ਆਦਿ ਤੋਂ ਲੈ ਕਵਿਤਾ ਵਿਚ ਰਚਕੇ ਚੰਗੀ ਤਰ੍ਹਾਂ ਪ੍ਰਕਾਸ਼ ਕੀਤਾ ਹੈ।

ਰਹੀ ਕਥਾ ਅਬਿ ਸ਼ੇਸ਼ ਜੋ ਤਿਸ ਹਿਤ ਐਨ ਬਨਾਇ।

ਬਰਨੌਂ ਸਰਬ ਪ੍ਰਸੰਗ ਕੋ ਸਾਰਸੁਤੀ ਉਰ ਧਜਾਇ† ॥੭॥

†ਇਹ ਦੋਹਾ ਛਾਪੇ ਦੇ ਨੁਸਖੇ ਵਿਚ ਹੈ ਪਰ ਪੁਰਾਤਨ ਨੁਸਖ਼ਿਆਂ ਵਿਚ ਨਹੀਂ ਮਿਲਿਆ। ੧੯੧੯ ਵਾਲੇ ਵਿਚ ਬੀ ਨਹੀਂ, ਪਰ ੧੯੧੨ ਦਾ ਨੁਸਖਾ ਜਦੋਂ ਮਿਲਿਆ ਤਾਂ ਉਸ ਵਿਚ ਇਹ ਦੋਹਾ ਲਿਖਿਆ ਮਿਲ ਗਿਆ ਹੈ।

ਅਰਥ: ਜੋ ਕਥਾ ਹੁਣ ਬਾਕੀ ਰਹਿ ਗਈ ਹੈ ਉਸ ਲਈ ਐਨ ਬਣਾਕੇ (ਬਾਕੀ ਦੇ) ਸਾਰੇ ਪ੍ਰਸੰਗ ਨੂੰ ਵਰਣਨ ਕਰਦਾ ਹਾਂ, ਸਾਰਦਾ ਨੂੰ ਦਿਲ ਵਿਚ ਧਯਾਇਕੇ।

**ਦਛਣਾਇਨ ਉਤਰਾਇਨੰ ਸੰਮਤ ਕੇ ਦੁਇ ਐਨ।**

**ਇਤ ਉਤ ਸੂਰਜ ਹੋਨਿ ਤੇ ਜਾਨਤਿ ਹੈਂ ਬੁਧਿ ਐਨ ॥੮॥**

ਐਨ=ਅਯਨ। (ਦੇਖੋ ਰੁਤ ੧ ਅੰਸੂ ੧ ਅੰਕ ੧੬ ਦੇ ਪਦ ਅਰਥ)।

ਐਨ=ਠੀਕ, ਚੰਗੀ ਤਰ੍ਹਾਂ, ਹੁ-ਬਹੁ [ਅ਼:, ਐ਼ਨ] (ਅ) ਘਰ।

ਬੁਧਿ ਐਨ=ਬੁੱਧੀ ਦਾ ਘਰ, ਬੁਧਿਮਾਨ।

ਅਰਥ:

ਦਖਣਾਇਨ ਤੇ ਉਤਰਾਇਣ ਸਾਲ ਦੇ ਦੋ ਐਨ ਸੂਰਜ ਦੇ ਇਧਰ (ਦੱਖਣ ਰੁਖ) ਤੇ ਉਧਰ (ਉੱਤਰ ਰੁਖ) ਹੋਣ ਤੇ ਬਣਦੇ ਹਨ, ਬੁੱਧੀਵਾਨ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ।

**ਗੁਰ ਪ੍ਰਤਾਪ ਸੂਰਜ ਕਥਜੋ, ਇਹੀ ਨਾਮ ਧਰਿ ਦੀਨਿ।**

XW q| isK sMgiq lKl, iem kiv ibnqI klin ]9]

ਅਰਥ:

(ਗੁਰਾਂ ਦੇ) ਪ੍ਰਤਾਪ ਨੂੰ (ਮੈਂ) ਸੂਰਜ ਦੇ (ਰੂਪਕ ਵਿਚ) ਕਥਨ ਕੀਤਾ ਹੈ (ਇਸੇ ਲਈ ਇਸ ਗ੍ਰੰਥ ਦਾ) ਇਹੋ ਹੀ ਨਾਮ (ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਧਰ ਦਿੱਤਾ ਹੈ। ਇਸ ਕਰਕੇ ਕਵੀ ਨੇ ਬੇਨਤੀ ਕੀਤੀ ਹੈ ਕਿ ਸਾਧ ਸੰਗਤ ਜੀ ਐਉਂ (ਆਪ ਮੇਰੇ ਆਸ਼ੇ ਨੂੰ) ਸਮਝ ਲਓ।

### ੪. 'ਕਵੀ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਚੌਪਈ:

**ਸਾਰਦ ਦਾਸਨ ਸਾਰਦ ਸਾਰਾ।**

**ਪਾਰਦ ਬਰਨੀ ਪਾਰਦ ਪਾਰਾ।**

**ਸਾਰਦ ਬਿਧੁਬਦਨੀ ਹਰਿਦਾਰਿਦ।**

**ਦਾਸਨਿ ਬਰ ਦਾ ਬਰਸਤਿ ਬਾਰਦ ॥੧੦॥**

ਸਾਰਦ=ਸਾਰਦਾ। ਸਾਰਦ=ਸ੍ਰੇਸ਼ਟ (ਵਸਤੂ ਦੀ) ਦਾਤੀ। ਪਾਰਦ=ਪਾਰਾ।

ਪਾਰਾ=ਉਰਵਾਰ ਪਾਰ। ਪਾਰਦ=ਅੰਤ ਦੇਣ ਵਾਲੀ, ਭਾਵ ਵਿਦ੍ਯਾ ਦਾਤੀ।

ਸਾਰਦ=ਸਰਦ ਰਿਤੁ ਦੇ। ਬਿਧੁ-ਚੰਦ੍ਰਮਾ। ਬਰਦਾ=ਵਰਦਾਤੀ। ਬਾਰਦ=ਬਦਲਾ।

ਅਰਥ:

ਸਾਰਦਾ (ਆਪਣੇ) ਸਾਰੇ ਦਾਸਾਂ ਨੂੰ ਸ੍ਰੇਸ਼ਟ ਵਸਤੂ (ਸਾਹਿੱਤ੍ਯ ਵਿਦ੍ਯਾ) ਦੀ ਦਾਤੀ ਹੈ (ਜਿਸ ਦਾ) ਪਾਰੇ ਵਰਗਾ (ਉੱਜਲ) ਰੰਗ ਹੈ (ਤੇ ਕਾਵ੍ਯ ਸਮੁੰਦਰ ਦੇ) ਆਰ ਪਾਰ ਦਾ ਪਾਰ (ਅੰਤ) ਦੇਣ ਵਾਲੀ ਹੈ। ਸਰਦ ਰੁਤ ਦੇ ਚੰਦ੍ਰਮਾਂ ਵਰਗੇ ਮੁਖ ਵਾਲੀ ਦਾਰਿਦ ਦੀ ਹਰਤਾ ਤੇ ਦਾਸ (ਰੂਪ ਕਵੀਆਂ ਨੂੰ ਸ਼ੁਭ ਮਤੀ ਦੀ) ਵਸਦੇ ਬੱਦਲ ਵਾਂਗ ਵਰ ਦਾਤੀ ਹੈ।

ਦੋਹਰਾ:

**†ਸ਼੍ਰੀ ਪ੍ਰਭੁ ਦੀਨੇ ਤੇ ਚਢੇ, ਪਿਖਿ ਪਹੁੰਚੇ ਇਕ ਗ੍ਰਾਮ।**

**ਖਰੇ ਹੋਇ ਬੂਝਨਿ ਕਿਯੋ, 'ਕਹਾਂ ਗ੍ਰਾਮ ਕੋ ਨਾਮ?' ॥੧੧॥**

†ਹੁਣ ਜੋ ਸਾਖੀਆਂ ਤੁਰੀਆਂ ਹਨ ਇਨ੍ਹਾਂ ਦੀ ਇਕ ਵਾਰਤਕ ਪੋਥੀ (ਸਾਖੀ ਪੋਥੀ) ਲਿਖਤੀ ਅਸਾਂ ਪਾਸ ਹੈ, ਬਹੁਤ ਕੁਛ ਮਸਾਲਾ ਕਵੀ ਜੀ ਨੂੰ ਓਥੋਂ ਮਿਲਿਆ ਸਹੀ ਹੁੰਦਾ ਹੈ।

ਚੌਪਈ:

ਸੁਨਿ ਰਾਹਕ ਭਾਖ੍ਯੋ ਤਿਸ ਕਾਲਾ।
'ਇਸੀ ਗ੍ਰਾਮ ਕੋ ਨਾਮ ਰੁਖਾਲਾ।'
ਸ਼੍ਰੀ ਗੁਰ ਬਰਜਨ ਕੀਨਸਿ ਤਾਂਹਿ।
'ਨਾਮ ਰੁਖਾਲਾ ਕਹੀਏ ਨਾਂਹਿ ॥ ੧੨ ॥
ਅਬਿ ਤੇ ਕਹਹੁ ਨਾਮ ਰਖਵਾਲਾ।'
ਤਿਸ ਹੀ ਥਲ ਡੇਰਾ ਗੁਰ ਘਾਲਾ।
ਸੰਗੀ ਸਿੰਘ ਉਤਰਿ ਥਿਰ ਭਏ।
ਤ੍ਰਿਣ ਈਂਧਨ ਇਕਠੇ ਕਰਿ ਲਏ ॥ ੧੩ ॥
ਤਬਿ ਜਲਾਲ† ਕੇ ਪੰਚ[1] ਬਿਚਾਰਿ।

[1]ਜਲਾਲ ਪਿੰਡ ਦੇ ਨੰਬਰਦਾਰ। †ਜਲਾਲ' ਰਜਾਸਤ ਨਾਭਾ ਵਿਚ ਇਕ ਪਿੰਡ ਹੈ ਜੋ ਫੂਲ ਤੋਂ ਨੌ ਦਸ ਮੀਲ ਤੇ ਦੀਨੇ ਤੋਂ ਦੋ ਢਾਈ ਕੋਹ ਦੀ ਵਿੱਥ ਤੇ ਹੈ।

ਮਿਲਿਬੇ ਹੇਤ ਹੋਇ ਕਰਿ ਤਯਾਰ।
ਦੁਇ ਦੀਰਘ ਘਟ ਪਯ ਤੇ ਭਰਿ ਕੈ[1]।
ਗੁੜ ਪ੍ਰਸਾਦਿ ਕੇਤਿਕ ਲੇ ਕਰਿ ਕੈ ॥ ੧੪ ॥

[1]ਦੋ ਵੱਡੇ ਘੜੇ ਦੁੱਧ ਨਾਲ ਭਰਕੇ।

ਆਨਿ ਗੁਰੂ ਪਗਬੰਦਨ ਠਾਨੀ।
ਇਕ ਬਰਛੀ ਖਰ ਚਾਰੁ ਮਹਾਨੀ।
ਦਈ ਉਪਾਇਨ, ਸ਼੍ਰੀ ਪ੍ਰਭੁ ਲਈ।
ਦੇਖਿ ਪ੍ਰਸੰਨ ਖੁਸ਼ੀ ਬਹੁ ਕਈ ॥ ੧੫ ॥
ਪਿਖਿ ਰੁਖ ਤਬਿ ਜਲਾਲ ਕੇ ਕਹੈਂ।
'ਬੈਰਗ੍ਰਾਮ ਇਨ† ਸੋਂ ਨਿਤ ਰਹੈ[1]।

[1]ਇਨ੍ਹਾਂ (ਲਾਗਲੇ) ਪਿੰਡਾਂ ਨਾਲ ਵੈਰ ਰਹਿੰਦਾ ਹੈ। †ਪਾ:-ਇਕ।

ਕਬਿ ਕਬਿ ਤਿਨ ਸਨ ਪਰਹਿ ਲਰਾਈ।
ਮਾਰਨ ਮਰਨ ਹੋਇ ਸਮੁਦਾਈ ॥ ੧੬ ॥
ਸ਼੍ਰੀ ਮੁਖ ਤੇ ਅਬਿ ਕਰਹੁ ਉਚਾਰੀ।
ਜਿਸ ਤੇ ਹੋਵੈ ਫਤੇ ਹਮਾਰੀ।
ਬਾਕ ਆਪ ਕੇ ਸਫਲੈਂ ਸਦਾ।
ਕਹਿਯਹਿ ਜੀਤ ਹੋਇ ਜਦ ਕਦਾ' ॥ ੧੭ ॥
ਸ਼੍ਰੀ ਮੁਖ ਤੇ ਭਾਖ੍ਯੋ ਤਿਹ ਸਮੇਂ।
'ਗੁਰ ਘਰ ਕੋ ਰਹੀਅਹਿ ਨਿਤ ਨਿਮੇਂ।
ਰਿਪੁ ਸੋਂ ਲਰੇ, ਫਤੇ ਕੋ ਪੈ ਹੈਂ।

ਚੜ੍ਹੀ ਆਇ ਉਤਰਾਇ ਸੁ ਜੈ ਹੈ[1]' ॥੧੮॥
ਇਹ ਬਰ ਦਿਯੋ ਹਰਖ ਉਰ ਭਰੇ।
ਕੇਤਿਕ ਸੇਵ ਔਰ ਭੀ ਕਰੇ।
ਤਿਸ ਪਸ਼ਚਾਤਿ ਲਰੇ ਕਬਿ ਸੋਈ।
ਰਿਪੁ ਤੇ ਬਿਜੈ ਤਿਨਹੁਂ ਕੀ ਹੋਈ ॥੧੯॥
ਇਸੀ ਰੀਤਿ ਬਹੁ ਬਰਖ ਬਿਤਾਏ।
ਬਿਦਤੇ ਸਿੰਘ ਜਬੈ ਸਮੁਦਾਏ[1]।
ਏਕ ਬਾਰ ਦਲ[1] ਤਹਾਂ ਸਿਧਾਰਾ।
ਤਬਿ ਜਲਾਲ ਨੇ ਕੀਨਿ ਬਿਗਾਰਾ ॥੨੦॥
ਨਿਸ ਮਹਿਂ ਜੁਗ ਸਿੰਘਨ ਕੋ ਮਾਰੇ।
ਬਾਜੀ ਪੰਚ ਚੁਰਾਇ ਨਿਕਾਰੇ।
ਪ੍ਰਾਤ ਖਾਲਸੇ ਜਾਨਿ ਖੁਟਾਈ।
ਭਏ ਅਰੂਢਿ ਨਿਸ਼ਾਨ ਬਜਾਈ ॥੨੧॥
ਮਾਰਯੋ ਪਿਖਿ ਜਲਾਲ ਕੋ ਗ੍ਰਾਮੂ।
ਲੂਟੇ ਭਲੀ ਭਾਂਤਿ ਗਨ ਧਾਮੂ।
ਤਬਿ ਗੁਰ ਵਾਕ ਚਿਤਾਰਨ ਲਾਗੇ।
'ਕਹਯੋ ਪ੍ਰਥਮ ਕੋ ਜੇ ਹਮ ਤਯਾਗੇ ॥੨੨॥
-ਗੁਰ ਘਰ ਸੰਗ ਨਿਮੇ ਜੇ ਰਹੋ।
ਬਿਜੈ ਆਪਨੀ ਜਿਤ ਕਿਤ ਲਹੋ।
ਜਬਿ ਬੇਮੁਖ ਹੋਵਹੁ ਦੁਖ ਪਾਵਹੁ।
ਸਹੁ ਸਜ਼ਾਇ ਮਾਰ ਕੋ ਖਾਵਹੁ- ॥੨੩॥
ਹਮ ਤੇ ਖਤਾ ਭਈ ਗੁਰ ਕੇਰੀ।
ਬਖ਼ਸ਼ਾਵਨਿ ਅਬਿ ਬਨਿ ਹੈ ਫੇਰੀ।'
ਪੰਜ ਰੁਪੱਯਨਿ ਕੀਨ ਕਰਾਹੂ।
ਲੇ ਕਰਿ ਗਏ ਖਾਲਸੇ ਪਾਹੂ ॥੨੪॥
ਪਾਛਲ ਅਗਲ ਪ੍ਰਸੰਗ ਸੁਨਾਵਾ।
ਹਾਥ ਜੋਰਿ ਕਹਿ ਕੈ ਬਖਸ਼ਾਵਾ[†]।
ਪੁਨ ਸੋ ਗ੍ਰਾਮ ਉਜਰਿ ਤਿਸ ਥਾਨਾ।

[1]ਭਾਵ ਜੋ ਚੜ੍ਹਕੇ ਆਵੇਗਾ ਓਹ ਹਾਰ ਖਾਕੇ ਜਾਏਗਾ।

[1]ਜਦੋਂ ਸਿੰਘ ਸਾਰੇ (ਫੈਲੇ ਤੇ) ਪ੍ਰਸਿੱਧ ਹੋ ਗਏ।

[1]ਭਾਵ ਸਿੰਘਾਂ ਦਾ ਦਲ।

[†]ਇਸ ਵਾਕਿਆ ਦਾ ਸੰਮਤ ਸਾਖੀਆਂ ਵਾਲੀ ਪੋਥੀ ਵਿਚ ੧੮੨੫ ਬਿ: ਦਿੱਤਾ ਹੈ।

ਜਹਿਂ ਗੁਰ ਥਲ ਤਹਿਂ ਬਾਸਯੋ ਆਨਾ ॥੨੫॥
ਨਾਮ ਗੁਰੂ ਸਰ ਰਾਖਨਿ ਕਰਯੋ।
ਅਬਿ ਲੌ ਬਸਹਿ ਤਿਸੀ ਥਲ ਥਿਰਯੋ।
ਦੀਨੇ ਤੇ ਉਠਿ ਪੂਰਬ ਡੇਰਾ।
ਕਰਯੋ ਤਹਾਂ ਪ੍ਰਭੁ ਲਾਯਕ ਹੇਰਾ ॥੨੬॥
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਜਾਗੇ ਸਕਲ ਪ੍ਰਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਕਰਿ ਭਲੇ।
ਡਾਰਿ ਜੀਨ ਹਯ ਆਗੇ ਚਲੇ ॥੨੭॥
ਕਿਤਿਕ ਕੋਸ ਪਰ ਭਗਤਾ† ਗ੍ਰਾਮੂ।
ਪਿਖਯੋ ਤਹਾਂ ਚਲਦਲ[1] ਅਭਿਰਾਮੂ।
ਇਸ ਤਰੁ ਤਰੇ ਤੁਰੰਗ ਠਹਿਰਾਯੋ।
ਉਤਰੇ ਦਾਸ ਹਾਥ ਪਕਰਾਯੋ ॥੨੮॥
ਤਹਾਂ ਗਲੀਚੇ ਕੋ ਬਿਛਵਾਇ।
ਬੈਠਿ ਗਏ ਤਿਸ ਪਰ ਸੁਖਦਾਇ।
ਥਿਰ ਹ੍ਵੈ ਇਤ ਉਤ ਦ੍ਰਿਸ਼ਟਿ ਚਲਾਈ।
ਨਿਕਟ ਕੂਪ ਕੀ ਲਗਹਿ ਚਿਨਾਈ ॥੨੯॥
ਅਵਿਲੋਕਤਿ ਇਕ ਨਰ ਢਿਗ ਆਯੋ।
ਤਿਹ ਸੋਂ ਬੂਝਨ ਹੇਤ ਅਲਾਯੋ।
ਇਹਾਂ ਕੂਪ ਲਗਵਾਵਤਿ ਕੌਨ?
ਕਿਸ ਕੋ ਗ੍ਰਾਮ ਕਉਨ ਕੋ ਭਉਨ?' ॥੩੦॥
ਕਹਿ ਨਰ 'ਬਹਿਲੋ ਕਾ ਇਹ ਪੋਤਾ।
ਜਿਸ ਕੋ ਭਗਤਾ ਨਾਮ ਉਦੋਤਾ।
ਤਿਨ ਕੋ ਗ੍ਰਾਮ ਕੂਪ ਸੋ ਲਾਵਤਿ।'
ਸੁਨਿ ਤਿਸ ਤੇ ਸਤਿਗੁਰੂ ਅਲਾਵਤਿ ॥੩੧॥
ਦੋਹਰਾ:
'ਦੰਮ ਲਗਨ ਪਤਿਸ਼ਾਹ ਕੇ,
ਸਾਬੂਣ ਗਰਾਂ ਦਾ ਨਾਉਂ[1]।

†ਇਹ ਪਿੰਡ ਰਿਆਸਤ ਫਰੀਦਕੋਟ ਵਿਚ ਹੈ, ਜੈਤੋਂ ਤੋਂ ਪੰਦਰਾਂ ਸੋਲਾਂ ਮੀਲ ਹੈ।
[1]ਪਿੱਪਲ ਦਾ ਬ੍ਰਿੱਛ।
[1]ਦਮੜੇ ਪਾਤਸ਼ਾਹ ਦੇ ਲੱਗਣ ਤੇ ਸਾਬੂਣਗਰਾਂ ਦਾ ਨਾਮ

ਹੋਵੇ।

ਪੂਰਬ[1] ਇਮ ਹੋਈ ਕਹੂੰ,
ਸੋਈ ਗਤਿ ਇਸ ਥਾਉਂ ॥੩੨॥

[1]ਪਹਿਲੇ।

ਚੌਪਈ:
ਸੁਨਿ ਕੈ ਸਿੱਖਨ ਬੂਝਨਿ ਠਾਨੀ।
'ਕੋ ਪ੍ਰਸੰਗ ਪ੍ਰਭੁ ਕਰਹੁ ਬਖਾਨੀ।
ਜਿਸ ਪਰ ਭਾਖ੍ਯੋ ਇਹ ਪੱਖ੍ਯਾਨਾ[1]।
ਹਮ ਭੀ ਸੁਨ੍ਯੋ ਚਹੈਂ ਨਿਜ ਕਾਨਾ' ॥੩੩॥

[1]ਕਥਾ, ਆਖਾਣ [ਸੰਸ:, ਉਪਾਖ੍ਯਾਨ=ਕਥਾ]।

ਸ੍ਰੀ ਸਤਿਗੁਰ ਪ੍ਰਸੰਗ ਉਚਾਰਾ।
'ਤੁਰਕਨਿ ਇਕ ਦੀਵਾਨ ਉਦਾਰਾ।
ਰਾਮੂ ਨਾਮ ਕਹਤਿ ਹੈਂ ਜਾਂਹੀ।
ਇਕ ਤਨੁਜਾ ਤਿਸ ਤੇ ਗ੍ਰਿਹ ਮਾਂਹੀ ॥੩੪॥
ਸੋ ਅਨੰਦਪੁਰ ਚਲਿ ਕੈ ਆਯੋ।
ਹੋਹਿ ਨੰਮ੍ਰਿ ਬਿਚ ਸਭਾ ਸੁਨਾਯੋ।
-ਮੋਹਿ ਸੁਤਾ ਕਹੁ ਲਾਗ੍ਯੋ ਪ੍ਰੇਤ।
ਸ੍ਰੀ ਗੁਰ ਸਿਖ ਕੋ ਹੋਇ ਸੁਚੇਤ[1] ॥੩੫॥

[1]ਕੋਈ ਗੁਰੂ ਕਾ ਸਿਖ ਸਾਵਧਾਨ ਹੋਵੇ।

ਕਰਹਿ ਨਿਕਾਸਨ ਤਿਸ ਕੋ ਐਸੇ।
ਬਹੁਰ ਨ ਆਇ ਪ੍ਰਵੇਸ਼ੈ ਜੈਸੇ।
ਬਹੁ ਉਪਚਾਰ ਕਰੇ ਸਭਿ ਹਾਰੇ।
ਕੋ ਨਹਿਂ ਸਕ੍ਯੋ ਤਾਂਹਿ ਨਿਰਵਾਰੇ ॥੩੬॥
ਯਾਂ ਤੇ ਮੈਂ ਗੁਰ ਸਭਾ ਮਝਾਰੀ।
ਅਰਜ਼ ਉਚਾਰੀ ਸਭਿਨਿ ਅਗਾਰੀ-।
ਸੁਨਿ ਸਭਿ ਭਗਤੇ ਕੀ ਦਿਸ਼ਿ[1] ਹੇਰਾ।
ਰੁਖ ਪਰਖਤਿ ਬੋਲ੍ਯੋ ਤਿਸ ਬੇਰਾ ॥੩੭॥

[1]ਭਾਵ ਬਹਿਲੋ ਦੇ ਪੋਤੇ ਵਲ।

-ਨਹਿਂ ਚਿੰਤਾ ਕਰਿ ਸੁਖ ਹੁਇ ਜਾਇ।
ਹਰਖ੍ਯੋ ਰਾਮੂ ਸੇਵ ਕਮਾਇ।
ਲੇ ਭਗਤੇ ਕੋ ਲਵਪੁਰਿ ਗਯੋ।
ਪਹੁੰਚ੍ਯੋ ਭੂਤ ਨਿਕਾਸਤਿ ਭਯੋ ॥੩੮॥
ਤਬਿ ਦੀਵਾਨ ਕਹ੍ਯੋ ਕਰ ਜੋਰਿ।
-ਫੁਰਮਾਵਹੁ ਕਾਰਜ ਚਿਤ ਲੋਰ[1]।

[1]ਚਿਤ ਚਾਹੁੰਦਾ ਕੰਮ।

ਮੋ ਕਹੁ ਸੇਵਕ ਅਪਨੋ ਜਾਨਹੁ।
ਕਰਉਂ ਸੇਵ ਕੁਛ ਆਪ ਬਖਾਨਹੁ-
॥੩੯॥
ਸੁਨਿ ਭਗਤੇ ਭਾਖੵੋ ਇਹ ਕਾਮੂ।
-ਚਹੈਂ ਕੂਪ ਲਾਯਹੁ ਨਿਜ ਗ੍ਰਾਮੂ।
ਦੁਰਲਭ ਤਹਾਂ ਈਂਟਕਾ ਅਹੈਂ।
ਹੋਇ ਨ ਸਕਹਿ, ਕਰਯੋ ਜੋ ਚਹੈਂ† †ਓਥੇ ਰੇਤਾ ਹੈਸੀ ਤਦੋਂ, ਇਸ ਕਰਕੇ।
॥੪੦॥
ਯਾਂ ਤੇ ਏਕ ਪਚਾਵਾ[1] ਦੇਹੁ। [1]ਇੱਟਾਂ ਦਾ ਆਵਾ।
ਕੂਪ ਲਗਹਿ ਕਰਿ ਕਾਰਜ ਏਹੁ-।
ਸੁਨਿ ਰਾਮੂ ਬਿਸਮਯੋ ਬਚ ਭਾਖਾ।
-ਈਂਟ ਲੇਹੁ ਜੇਤਿਕ ਅਭਿਲਾਖਾ ॥੪੧॥
ਏਤੀ ਦੂਰਿ ਪਹੁੰਚਹਿ ਕੈਸੇ?
ਉਸ਼ਟ ਸਕਟ ਤੇ[1] ਜਾਇ ਨ ਤੈਸੇ। [1]ਊਠਾਂ ਤੇ ਗੱਡਿਆਂ ਉਪਰ।
ਦਰਬ ਅਧਿਕ ਤੇ ਪਹੁਚਹਿ ਸੋਇ।
ਇਹ ਉੱਤਰ ਮੋ ਕਹੁ ਕਹੁ ਕੋਇ-
॥੪੨॥
ਸੁਨਿ ਭਗਤੇ ਕਹਿ -ਦਿਹੁ ਤਮ ਤਾਹੀ[1]। [1]ਭਾਵ ਜਿਥੇ ਪਈਆਂ ਹਨ।
ਪਹੁਚਾਵਨਿ ਕੁਛ ਮੁਸ਼ਕਲ ਨਾਂਹੀ।
ਏਕ ਨਿਸਾ ਮਹਿਂ ਸਭਿ ਲੇ ਜਾਵੈਂ।
ਪਹੁਚੈ ਸੁਗਮ, ਕੂਪ ਲਗਵਾਵੈਂ- ॥੪੩॥
ਤਬਿ ਰਾਮੂ ਇਕ ਦਯੋ ਪਚਾਯਾ[1]। [1]ਪਚਾਵਾ, ਆਵਾ।
ਦੇਖਨਿ ਹਿਤ ਨਰ ਏਕ ਬਿਠਾਯਾ।
ਭਗਤੇ ਸਭਿ ਪ੍ਰੇਤਨਿ ਕੋ ਪ੍ਰੇਰਾ।
ਆਨਿ ਲਗੇ ਢੋਵਨਿ ਤਿਸ ਬੇਰਾ ॥੪੪॥
ਏਕ ਜਾਮ ਮਹਿਂ ਸਭਿ ਲੇ ਆਏ।
ਬੈਠਯੋ ਨਰ ਕੁਛ ਪਿਖਯੋ ਨ ਜਾਏ।
ਰਾਮੂ ਸੰਗ ਜਾਇ ਤਿਹਿਂ ਭਨਾ।
-ਬਡੋ ਕੁਲਾਹਲ ਮੈਂ ਇਕ ਸੁਨਾ ॥੪੫॥
ਦੇਖਯੋ ਰੂਪ ਨ ਰੰਗ ਨ ਅੰਗ।
ਕਰਤਿ ਸ਼ੀਘ੍ਰ ਲੈਗੇ ਇਕ ਸੰਗ[1]-। [1]ਇਕ ਵਾਰ ਹੀ।
ਬਿਸਮਯੋ ਰਾਮੂ ਤੂਸ਼ਨ ਭਯੋ।

ਸੋ ਇਹ ਕੂਪ ਲਗਾਵਨਿ ਕਿਯੋ ॥੪੬॥
ਅਬਿ ਭੀ ਭੂਤ ਮਜੂਰੀ ਕਰੈਂ।
ਚੂਨਾ ਈਂਟ ਆਨਿ ਕੈ ਧਰੈਂ।
ਸ਼੍ਰੀ ਅਰਜਨ ਪ੍ਰਸੰਨ ਮਨ ਹ੍ਵੈ ਕੇ।
ਭਾਈ ਬਹਿਲੋ ਕੇ ਬਸਿ ਕੈ ਕੇ[1] ॥੪੭॥

[1]ਭਾਵ, ਭੂਤ ਪ੍ਰੇਤ ਭਾਈ ਬਹਿਲੋ ਦੇ ਵੱਸ ਕਰ ਦਿੱਤੇ।

ਚਾਰਹੁੰ ਦਿਸ਼ ਕੋ ਭੂਤ ਰੁ ਪ੍ਰੇਤ।
ਤਬਿ ਤੇ ਇਨ ਕੇ ਬਸੀ ਨਿਕੇਤ[1]†।'

[1]ਇਨ੍ਹਾਂ ਦੇ ਘਰਾਣੇ ਦੇ ਵੱਸ ਵਿਚ ਹਨ। †ਉਸ ਵਲ ਇਸ਼ਾਰਾ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਬਹਿਲੋ ਨੂੰ ਦਿੱਤਾ ਸੀ, ਭੂਤ ਪ੍ਰੇਤ ਉਸ ਦੇ ਵੱਸ ਕੀਤੇ ਸਨ।

ਬੈਠੇ ਸਤਿਗੁਰ ਗਾਥ ਬਤਾਈ।
ਇਤਨੇ ਮਹਿਂ ਕਿਨ ਜਾਇ ਸੁਨਾਈ[1] ॥੪੮॥

[1]ਸੁਣਾਈ (ਭਗਤੇ ਦੇ ਘਰ)।

'ਗੁਰ ਉਤਰੇ ਪੀਪਰ ਤਰੁ ਤਰੇ।
ਸੁਨਿ ਕਹਿ ਬਾਕ ਬਚਨ ਇਮ ਕਰੇ[1]।

[1]ਭਾਵ, ਜੋ ਗੱਲ ਬਾਤ ਗੁਰਾਂ ਨੇ ਤੇ ਲੋਕਾਂ ਨੇ ਕੀਤੀ ਸੀ ਉਹ ਸੁਣਾਕੇ ਕਹਿ ਰਿਹਾ ਹੈ ਕਿ ਗੁਰੂ ਜੀ ਨੇ ਐਸ ਤਰ੍ਹਾਂ ਦੇ ਬਚਨ ਕੀਤੇ ਹਨ।

ਕੇਤਿਕ ਸਿੰਘਨ ਕੋ ਦਲ ਸਾਥ[1]।

[1]ਕੁਛਕ ਸਿੰਘਾਂ ਦਾ ਦਲ ਨਾਲ ਹੈ।

ਕੂਪ ਲਗਹਿ ਤਿਸ ਢਿਗ ਥਿਰ ਨਾਥ[1]' ॥੪੯॥

[1]ਜਿਥੇ ਖੂਹ ਲਗਦਾ ਹੈ ਉੱਥੇ ਉਤਰੇ ਹਨ ਨਾਥ ਜੀ।

ਪੰਚ ਪੁੱਤ੍ਰ ਭਗਤੇ ਕੇ ਤਹਾਂ।
ਇਕ ਗੁਰਦਾਸ ਜਨਜੋ ਤ੍ਰਿਯ ਮਹਾਂ[1]†।

[1]ਵੱਡੀ ਇਸਤ੍ਰੀ ਨੇ। †ਬਹਿਲੋ ਕੇ ਇਕ ਗੁਰਦਾਸ ਦਾ ਪ੍ਰਸੰਗ ਰਾਮ ਰਾਇ ਦੇ ਪ੍ਰਸੰਗ ਸਮੇਂ ਤੇ ਮਗਰੋਂ ਭੀ ਆ ਚੁੱਕਾ ਹੈ। ਦੇਖੋ ਰੁਤ ੧ ਅੰਸੂ ੪੮ ਤੇ ਰੁਤ ੨ ਅੰਸੂ ੩। ਅਗਲਾ ਪ੍ਰਸੰਗ ਤੇ ਗੱਲ ਬਾਤ ਕਵੀ ਜੀ ਦੀ ਆਪਣੀ ਖੋਜ ਹੈ।

ਦੁਤਿਯ ਭਾਰਜਾ ਤੇ ਸੁਤ ਉਪਤਾ।
ਤਾਰਾ, ਭਾਰਾ ਮਿਹਰਾ, ਬਖਤਾ ॥੫੦॥
ਪੰਚਹੁ ਤਤਛਿਨ ਹ੍ਵੈ ਕਰਿ ਤਯਾਰ।
ਏਕ ਤੁਰੰਗਮ ਸ਼ੁਭ ਸ਼ਿੰਗਾਰ।
ਜ਼ੀਨ ਰਜਤ ਕੋ ਊਪਰ ਪਾਏ।
ਸ਼੍ਰੀ ਸਤਿਗੁਰ ਕੇ ਢਿਗ ਲੇ ਆਏ ॥੫੧॥
ਪਦ ਅਰਬਿੰਦ ਬੰਦਨਾ ਕਰਿ ਕੈ।
ਦਰਸ਼ਨ ਦੇਖਯੋ ਚਿਤ ਹਿਤ ਧਰਿ ਕੈ।

ਬੈਠਤਿ ਹੀ ਕਰ ਜੋਰਿ ਉਚਾਰੀ।
'ਕਹਯੋ ਕੂਰ ਕਿਨ ਆਪ ਅਗਾਰੀ ॥ ੫੨ ॥
ਬਪੁਰੀ ਬਾਤ ਕੂਪ ਕੀ ਕਹਾਂ[1]।
ਤੁਮ ਤੇ ਹੀ ਹਮ ਸਭਿ ਕਿਛ ਲਹਾ।
ਲਘੁ ਦੀਰਘ ਤ੍ਰਿਯ ਪੁਰਖ ਹਮਾਰੇ।
ਆਦਿ ਅੰਤ ਕੇ ਦਾਸ ਤੁਮਾਰੇ ॥ ੫੩ ॥
ਭੂਖਨ ਕਿਸ ਕੇ, ਬਾਂਦੀ ਕਿਸ ਕੀ।
ਇਮ ਨ ਲਖੈ[1], ਮੂਰਖ ਮਤਿ ਤਿਸ ਕੀ।
ਹਮਰੋ ਸਭਿ ਘਰ ਬਾਰ ਤੁਮਾਰਾ।
ਸਭਿ ਜਾਚਕ ਇਕ ਆਪ ਦਤਾਰਾ' ॥ ੫੪ ॥
ਪਿਖਿ ਪੰਚਹੁਂ ਭ੍ਰਾਤਾ ਕੀ ਓਰ।
ਨਿਰਹੰਕਾਰ ਰਹੇ ਕਰ ਜੋਰਿ।
ਮੰਦ ਮੰਦ ਮੁਸਕਾਇ ਬਖਾਨੇ।
'ਹੋ ਹਮਰੇ ਹੀ, ਸਭਿ ਜਗ ਜਾਨੇ' ॥ ੫੫ ॥
ਕੁਸ਼ਲ ਪ੍ਰਸ਼ਨ ਕਰਿ ਖੁਸ਼ੀ ਉਦਾਰਾ।
ਲਿਯੋ ਤੁਰੰਗਮ ਜੋ ਬਲਿ ਭਾਰਾ।
ਪੁਨ ਪੰਚਹੁ ਕਰ ਜੋਰਿ ਉਚਾਰੇ।
'ਕਰੀਅਹਿ ਪਾਵਨ ਸਦਨ ਹਮਾਰੇ ॥ ੫੬ ॥
ਚਰਨ ਸਰੋਜ ਆਪ ਕੇ ਪਰੈਂ।
ਸਭਿ ਕੁਟੰਬ ਉਰ ਆਨੰਦ ਧਰੈਂ।
ਪੁਰਹੁ ਕਾਮਨਾ ਦਾਸਨ ਮਨ ਕੀ।'
ਸੁਨਿ ਪ੍ਰਭੁ ਚਲੇ ਸੰਗ ਹੁਇ ਤਿਨ ਕੀ ॥ ੫੭ ॥
ਮੰਚ ਬਿਛਾਇ ਬਿਛੌਨਾ ਛਾਏ।
ਬਿਨੈ ਭਨਤਿ ਤਿਸ ਪਰ ਬੈਠਾਏ।
ਖਰੇ ਹੋਇ ਬੋਲੇ ਪ੍ਰਭੁ ਹੇਰਾ[1]।
'ਬੇਖ[1] ਸਹਿਜਧਾਰੀ ਹਮ ਕੇਰਾ ॥ ੫੮ ॥
ਉਰ ਅਭਿਲਾਖਾ, ਕਰਨਿ ਅਹਾਰਾ[1]।
ਅਬਿ ਚਾਹਤਿ ਹੈਂ ਹੁਕਮ ਤੁਮਾਰਾ।'

[1]ਇਹ ਖੂਹ ਦੀ ਤੁੱਛ ਗੱਲ ਕੀ ਹੈ।

[1]ਜੋ ਨਹੀਂ ਜਾਣਦਾ ਇਉਂ।

[1]ਸ਼੍ਰੀ ਗੁਰੂ ਜੀ ਨੂੰ ਦੇਖਕੇ।

[1]ਸਾਡਾ ਸਹਿਜਧਾਰੀਆਂ ਵਾਲਾ ਭੇਖ ਹੈ।

[1]ਜੋ ਪ੍ਰਸ਼ਾਦ ਕਰੀਏ।

ਕ੍ਰਿਪਾ ਕਰਤਿ ਤਿਨ ਸੰਗ ਬਖਾਨਾ।
'ਤੁਮ ਪਰ ਹਮਰੀ ਕ੍ਰਿਪਾ ਮਹਾਨਾ ॥੫੯॥
ਹੈ ਪ੍ਰਸੰਨਤਾ ਖੁਸ਼ੀ ਪਛਾਨ।
ਤੁਮਰੋ ਹੈ ਸਭਿ ਕਿਛ ਪਰਵਾਨ।'
ਸਭਿ ਭਿਆਨੀਆਂ[1] ਚਲਿ ਕਰਿ ਆਈਂ।
ਬਹੁ ਸ਼ਰਧਾ ਤੇ ਗ੍ਰੀਵ ਨਿਵਾਈ ॥੬੦॥
ਦੇ ਕਰਿ ਖੁਸ਼ੀ ਗੁਰੂ ਚਲਿ ਆਏ।
ਸਿਵਰ ਬਿਰਾਜੇ ਸਹਿਜ ਸੁਭਾਏ।
ਦਾਸਨਿ ਤਬੈ ਲਗਾਯਹੁ ਡੇਰਾ।
ਜ਼ੀਨ ਉਤਾਰਿ ਧਰੇ ਤਿਸ ਬੇਰਾ ॥੬੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੂਰਬ ਐਨੇ 'ਭਗਤੇ ਗਮਨ' ਪ੍ਰਸੰਗ ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

[1]ਭਾਈਆਂ ਦੀਆਂ ਇਸਤ੍ਰੀਆਂ।

## ੨. [ਭਾਈ ਬਹਿਲੋ ਦੀ ਬੰਸ। ਤੀਤਰ ਉਧਾਰ। ਘੁੰਘਣੀਆ ਸਿੰਘ]

੧<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩

ਦੋਹਰਾ:

ਤ੍ਰਿਣ ਦਾਨ ਪਹੁੰਚਾਇ ਕਰਿ, ਸੇਵ ਕਰੀ ਬਹੁ ਰੀਤਿ।
ਆਨਜੋਂ ਭੋਜਨ ਤਯਾਰ ਕਰਿ, ਬਹੁ ਸ੍ਵਾਦਲ ਧਰਿ ਪ੍ਰੀਤ ॥੧॥

ਚੌਪਈ:

ਥਾਰ ਪਰੋਸ ਧਰਯੋ ਗੁਰ ਆਗੇ।
ਦਯੋ ਸਰਬ ਕੋ ਅਚਵਨ ਲਾਗੇ।
ਤ੍ਰਿਪਤਿ ਪਾਨ ਕਰਿ ਪਾਨੀ ਪਾਨ।
ਕਰੇ ਪਖਾਰਨ, ਗੁਰ ਭਗਵਾਨ[1] ॥੨॥

[1]ਸ੍ਰੀ ਭਾਗਵਾਨ ਗੁਰੂ ਜੀ (ਭੋਜਨ ਛਕਕੇ) ਤ੍ਰਿਪਤ ਹੋਏ ਤੇ ਪਾਣੀ ਪੀ ਕੇ ਹੱਥ ਧੋਤੇ।

ਸੁਪਤਿ ਜਥਾ ਸੁਖ ਨਿਸ ਕੇ ਮਾਂਹੀ।
ਭਈ ਪ੍ਰਾਤਿ ਜਾਗ੍ਰਤ ਚਿਤ ਚਾਹੀ।
ਸੌਚ ਸ਼ਨਾਨ ਠਾਨਿ ਗੁਰ ਬੈਸੇ।
ਪੰਚਹੁੰ ਭ੍ਰਾਤ ਆਇ ਕਰਿ ਤੈਸੇ ॥੩॥
ਮਾਨ ਸਿੰਘ ਤਬਿ ਬੂਝੀ ਬਾਤਿ।
'ਕੈ ਭਾਈ ਬਹਿਲੋ ਕੇ ਤਾਤ[1]?
ਪਿਤਾ ਤੁਮਾਰੋ ਨਾਮ ਸੁ ਕੌਨ?
ਕਹਹੁ ਬੰਸ ਕੀ ਗਾਥਾ ਜੌਨ?' ॥੪॥

[1]ਭਾਈ ਬਹਿਲੋ ਦੇ ਪੁੱਤ੍ਰ ਕਿੰਨੇ ਸਨ?

ਤਬਿ ਗੁਰਦਾਸ ਬਖਾਨੀ ਗਾਥਾ।
'ਬਖਸ਼ੇ ਜਬਿ ਸ਼੍ਰੀ ਅਰਜਨ ਨਾਥਾ।
ਭਾਈ ਬਹਿਲੋ ਤਬਿ ਚਲਿ ਆਏ।
ਮਸਤ ਸੁਭਾਵ ਏਕ ਲਿਵ ਲਾਏ ॥੫॥
ਨਹੀਂ ਪਦਾਰਥ ਦਿਸ਼ਿ ਬ੍ਰਿਤਿ ਆਈ।
ਇਕ ਰਸ ਬੈਠਹਿਂ ਸਹਿਜ ਸੁਭਾਈ।
ਜਿਤ ਦੇਖਤਿ ਤਿਤ ਦੇਖਤਿ ਰਹੈਂ।
ਮੁੱਦ੍ਰਤਿ ਨੈਨ ਸੁ ਮੁੱਦ੍ਰਤ ਅਹੈਂ[1] ॥੬॥

[1]ਜੇ ਨੇਤ੍ਰ ਮੀਟੇ ਹਨ ਤਾਂ ਮੀਟੇ ਹੀ ਰਹਿੰਦੇ ਹਨ।

ਇਕ ਦਿਨ ਗਨ ਸੰਗਤਿ ਚਲਿ ਆਈ।
ਨਮੋ ਕਰੀ ਭਾਈ ਅਗਵਾਈ।
ਹੁਤੋ ਪੁੱਤ੍ਰ ਇਕ ਨਾਨੂ ਨਾਮ।
ਤ੍ਰੈ ਸੁਤ ਉਪਜੇ ਤਾਂ ਕੇ ਧਾਮ ॥੭॥
ਪਿਖਿ ਸੰਗਤਿ ਕੋ ਹੁਕਮ ਬਖਾਨਾ।

-ਆਨਹੁ ਘਰ ਤੇ ਪ੍ਰਾਤ ਮਹਾਨਾ[1]।
ਤਿਸ ਮਹਿ ਸਿੱਖਨ ਚਰਨ ਪਖਾਰੈਂ।
ਗਮਨੇ ਮਗ ਕੋ ਸ਼੍ਰਮ ਨਿਰਵਾਰੈਂ[1]- ॥੮॥

[1]ਵੱਡੀ ਪਰਾਤ।

[1]ਸਿੱਖ ਪੈਂਡਾ ਟੁਰਕੇ ਆਏ ਹਨ, (ਇਨ੍ਹਾਂ) ਦੇ ਤਿਸ (ਪਰਾਤ) ਵਿਚ ਚਰਨ (ਰੱਖਕੇ) ਧੋਈਏ ਜੋ ਥਕੇਵਾਂ ਉਤਰੇ।

ਸੁਨਤਿ ਦਾਸ ਘਰ ਅੰਤਰ ਗਯੋ।
ਤਿਸ ਬਾਸਨ ਕੋ ਜਾਚਤਿ ਭਯੋ।
ਹੁਤੀ ਸੁ ਗ੍ਰੀਖਮ ਰੁਤ ਤਿਸ ਕਾਲਾ।
ਜਲ ਭਰਿ ਰਾਖੀ ਪ੍ਰਾਤ ਬਿਸਾਲਾ ॥੯॥
ਤ੍ਰੈ ਨਾਨੂ ਸੁਤ ਬੀਚ ਬਿਠਾਏ।
ਤਿਨ ਕੀ ਜਨਨੀ ਮਸਲਿ ਨੁਹਾਏ[1]।

[1]ਮਲਕੇ ਨੁਹਾਉਂਦੀ ਸੀ ਤਿੰਨਾਂ ਪੁੱਤਾਂ ਨੂੰ ਵਿਚ ਬਿਠਾਕੇ।

ਕਹ੍ਯੋ ਦਾਸ ਕੋ -ਪ੍ਰਾਤ ਮਝਾਰੀ।
ਪੁੱਤ੍ਰ ਸ਼ਨਾਨੋਂ ਨਿਰਮਲ ਬਾਰੀ ॥੧੦॥
ਨਹਿਂ ਛੂਛੀ, ਜੇ ਲੈ ਕਰਿ ਜਾਏ।
ਨਿਜ ਸੁਤ ਸੀਤਲ ਕਰੋਂ ਨਹਾਏ-।
ਸੁਨਿ ਕਰਿ ਦਾਸ ਬਤਾਵਨਿ ਕੀਨ।
ਤਬਿ ਭਾਈ ਗਰਬਤਿ ਤਿਸ ਚੀਨ[1] ॥੧੧॥

[1]ਭਾਵ ਤਿਸ ਨੂੰਹ ਨੂੰ ਹੰਕਾਰ ਵਿਚ ਜਾਣਿਆ (ਤੇ ਆਖਿਆ)।

-ਬੇਮੁਖਤਾ ਗੁਰ ਤੇ ਇਨ ਧਾਰੀ।
ਪੁੱਤ੍ਰਨਿ ਹਿਤ ਬੋਲਤਿ ਹੰਕਾਰੀ।
ਤੌ ਬਾਲਕ ਮ੍ਰਿਤੁ ਪਾਇ ਸਿਧੈ ਹੈਂ।
ਇਹਾਂ ਪਰਾਤ ਪਰੀ ਰਹਿ ਜੈ ਹੈ ॥੧੨॥
ਸਤਿਸੰਗਤਿ ਤੇ ਸੁਤ ਸ਼ੁਭ ਜਾਨੇ।
ਤਿਨ ਕੀ ਹੋਇ ਆਰਬਲ ਹਾਨੇ-।
ਇਮ ਭਾਈ ਬਹਿਲੋ ਕੇ ਕਹੇ।
ਤੀਨਹੁਂ ਪੌਤ੍ਰੇ ਮਰਿ ਕਰਿ ਰਹੇ ॥੧੩॥
ਤਿਨ ਕੋ ਪਿਤ ਨਾਨੂ ਦੁਖ ਪਾਏ।
ਪੁੱਤ੍ਰ ਨੇਹ ਤੇ ਸ਼ੋਕ ਉਪਾਏ।
ਲਗ੍ਯੋ ਪਿਤਾ ਕੀ ਸੇਵਾ ਕਰਨ।
ਦੇਹ ਸ਼ਨਾਨੈ ਧੋਵਤਿ ਚਰਨ ॥੧੪॥
ਭੋਜਨ ਅਧਿਕ ਪ੍ਰੀਤਿ ਸੋਂ ਖ੍ਵਾਵੈ।
ਇੱਤ੍ਯਾਦਿਕ ਸਭਿ ਸੇਵ ਕਮਾਵੈ।

ਪਿਤ ਪ੍ਰਯੰਕ ਕੇ ਹੁਇ ਕਰਿ ਤਰੇ।
ਕਰਿ ਸੇਵਾ ਕੋ ਨਿਸ ਦਿਨ ਪਰੇ ॥੧੫॥
ਜਿਮ ਆਇਸੁ ਕੋ ਪਿਤਾ ਬਖਾਨੈਂ।
ਹਾਥ ਜੋਰਿ ਤੂਰਨ ਤਿਮ ਠਾਨੈ।
ਇਕ ਦਿਨ ਹੋਇ ਪ੍ਰਸੰਨ ਮਹਾਨਾ।
ਦੇਖਿ ਭਾਉ ਕੋ ਬਾਕ ਬਖਾਨਾ ॥੧੬॥
-ਕਹਾਂ ਕਾਮਨਾ ਤੁਵ ਉਰ ਮਾਂਹੀ?
ਮਾਂਗਨ ਕਰੋ ਸੁ ਹਮਰੇ ਪਾਹੀ-।
ਤਬਿ ਨਾਨੂ ਕਰ ਜੋਰਿ ਉਚਾਰਾ।
-ਰਹੈ ਜਗਤ ਮਹਿਂ ਬੰਸ ਤੁਮਾਰਾ ॥੧੭॥
ਇਹੀ ਕਾਮਨਾ ਲਖਿਯਹਿ ਮੇਰੀ।
ਪੂਜਹੁ[1] ਕੀਜੈ ਕ੍ਰਿਪਾ ਬਡੇਰੀ-।
ਸੁਨਿ ਭਾਈ ਬਹਿਲੋ ਕਹਿ ਸੋਇ।
-ਜਾਚਹੁ ਅਪਰ ਕਾਮਨਾ ਕੋਇ- ॥੧੮॥
ਪੁਨ ਨਾਨੂ ਕਹਿ ਸੁਤ ਹੀ ਦੀਜੈ।
ਜਉ ਪ੍ਰਸੰਨ ਤਉ ਕਰੁਨਾ ਕੀਜੈ-।
ਤੀਨ ਬੇਰ ਭਾਈ ਇਮ ਕਹਜੋ।
ਸੁਤ ਬਿਨ ਨਾਨੂ ਅਪਰ ਨ ਚਹਜੋ ॥੧੯॥
ਸ਼੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ।
-ਉਪਜਹਿ ਸੁਤ ਤੁਵ ਹੁਇ ਗੁਨ ਭਾਰਾ।
ਭਗਤਾ ਨਾਮ ਤਾਂਹਿ ਕੋ ਧਰੀਅਹਿ।
ਰਿਦੇ ਕਾਮਨਾ ਪੂਰਨ ਕਰੀਅਹਿ- ॥੨੦॥
ਸੁਤ ਕੈ ਸੁਤ ਉਪਜਨ ਬਰ ਦਯੋ।
ਤਬਿ ਭਗਤਾ ਜਨਮਤਿ ਸ਼ੁਭ ਭਯੋ।
ਤਿਸ ਭਗਤੇ ਕੇ ਹਮ ਭੇ ਤਾਤਾ।
ਜੁਗ ਦਾਰਾ ਤੇ ਪੰਚਹੁੰ ਭ੍ਰਾਤਾ' ॥੨੧॥
ਸਕਲ ਬਾਰਤਾ ਤਿਨਹੁਂ ਸੁਨਾਈ।
ਪ੍ਰਭੁ ਅਖੇਰ ਤਜਾਰੀ ਕਰਿਵਾਈ।
ਚਢੇ ਤੁਰੰਗ ਸੰਗ ਅਸਵਾਰਾ।

[1]ਪੂਗਾ ਦਿਓ, ਪੂਰੀ ਕਰ ਦਿਓ।

ਗਮਨੇ ਕੇਤਿਕ ਦੂਰ ਉਜਾਰਾ ॥੨੨॥
ਤੀਤਰ ਏਕ ਬੋਲਤਾ ਦੂਰੇ।
ਸੁਨਿ ਬੋਲੇ ਸ਼੍ਰੀ ਸਤਿਗੁਰ ਪੂਰੇ।
'ਭੂਮੀਆ ਭੂਮਿ ਊਪਰਿ ਨਿਤ ਲੁਝੈ[1]।
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ[1]' ॥੨੩॥
ਸਿੱਖਨ ਬੂਝਯੋ 'ਕਹਾਂ ਅਲਾਈ?
ਪਾਤਸ਼ਾਹ! ਦਿਹੁ ਹਮਹੁ ਬੁਝਾਈ।'
ਸੁਨਿ ਸ਼੍ਰੀ ਮੁਖ ਤੇ ਕਹਯੋ ਬ੍ਰਿਤੰਤ।
'ਇਹ ਤੀਤਰ ਬੋਲਯੋ ਛਿਤ ਕੰਤ[1] ॥੨੪॥
ਥੇਹੁ ਗੰਡ ਕੋ ਨਾਮ[1] ਕਹਾਵੈ।
ਸੋ ਇਹ ਗੰਡ ਨ ਤਜਿ ਕਰਿ ਜਾਵੈ।
ਅਪਨਿ ਸਥਾਨ ਪਛਾਨਿ ਰਹੰਤਾ।
ਅਪਰ ਜਾਨ ਹਿਤ ਨਹੀਂ ਤਜੰਤਾ[1] ॥੨੫॥
ਫੂਟੀ ਆਂਖ ਏਕ ਇਸ ਕੇਰੀ।
ਕਾਨਾ ਅਹੈ ਪਕਰ ਲਿਹੁ ਹੇਰੀ।'
ਸੁਨਿ ਸਿੱਖਨਿ ਘੇਰਯੋ ਬਰਿਆਈ[1]।
ਇਤ ਉਤ ਫਿਰਤਿ ਛਪਨ ਹਿਤ ਥਾਈ ॥੨੬॥
ਧਾਇ ਧਾਇ ਕਰਿ ਦਯੋ ਹਰਾਏ।
ਹਿਤ ਪਕਰਨਿ ਕੇ ਹਾਥ ਚਲਾਏ।
ਗਹਿ ਕਰਿ ਆਨਯੋ ਗੁਰੂ ਅਗਾਰੇ।
ਨਿਰਨੈ ਹਿਤ ਜੁਗ ਨੈਨ ਨਿਹਾਰੇ ॥੨੭॥
ਏਕ ਆਂਖ ਤੇ ਕਾਣਾ ਹੇਰਿ।
ਨਮੋ ਕਰਹਿਂ ਗੁਰ ਕੋ ਫਿਰ ਫੇਰ[1]।
ਹਾਥ ਜੋਰਿ ਬੂਝਹਿਂ ਸਿਖ ਸੋਇ।
'ਇਸ ਕੋ ਅਬਿ ਹਵਾਲ ਕਯਾ ਹੋਇ? ॥੨੮॥
ਦੈਵ ਜੋਗ ਤੇ ਰਾਵਰ ਕੇਰਾ।
ਭਯੋ ਮੇਲ ਇਸ ਭਾਗ ਬਡੇਰਾ।
ਜਿਸ ਕੀ ਹੁਈ ਚਹੈ ਕੱਲਯਾਨਾ।
ਤਿਹ ਸੰਜੋਗ ਆਪ ਸੋਂ ਠਾਨਾ[1]' ॥੨੯॥

[1]ਜ਼ਿਮੀਂਦਾਰ ਜ਼ਿਮੀਂ ਉਤੇ ਹੀ ਲੁਝਦਾ ਹੈ।
[1]ਤ੍ਰਿਸ਼ਨਾਂ ਬੁਝਦੀ ਨਹੀਂ।
[1]ਜ਼ਮੀਨ ਦਾ ਮਾਲਕ ਸੀ।
[1]ਗੰਡ ਨਾਮੀ ਥੇਹ।
[1]ਹੋਰ ਥਾਂ ਜਾਣ ਲਈ ਛੱਡਦਾ ਨਹੀਂ।
[1]ਜੋਰੋ ਜੋਰੀ।
[1]ਬਾਰ ਬਾਰ।
[1]ਉਸ ਦਾ ਮੇਲ ਆਪ ਨਾਲ ਹੁੰਦਾ ਹੈ।

ਸ੍ਰੀ ਪ੍ਰਭੁ ਕਹ੍ਯੋ 'ਜਨਮ ਬਹੁ ਧਾਰੇ।
ਮਰਿ ਮਰਿ ਤਜੇ ਸਰੀਰ ਉਦਾਰੇ।
ਤਉ ਨ ਤ੍ਯਾਗਤਿ ਨਿਜ ਰਜਧਾਨੀ।
ਬੰਧ੍ਯੋ ਫਾਸ ਸਨੇਹ ਮਹਾਨੀ ॥੩੦॥
ਅਬਿ ਦਰਸ਼ਨ ਤੇ ਪਾਤਕ ਟਰੇ।
ਜਨਮ ਮਰਨ ਜਗ ਬੰਧਨ ਹਰੇ।'
ਇਮ ਉਧਾਰ[1] ਖਗ ਕੋ ਕਰਿ ਭਲੇ। [1]ਨਿਸਤਾਰਾ।
ਆਗੇ ਹਿਤ ਅਖੇਰ ਕੋ ਚਲੇ ॥੩੧॥
ਕੇਤਿਕ ਬਿਚਰਤਿ ਸਤਿਗੁਰ ਆਏ।
ਉਤਰੇ ਸਿਵਰ ਤੁਰੰਗ ਲਗਾਏ।
ਬੈਠੇ ਹੁਤੇ ਸਿੰਘ ਚਹੁ ਘਾਈ।
ਜਥਾ ਮੁਨੀਸ਼ਨਿ ਮਹਿਂ ਰਘੁਰਾਈ ॥੩੨॥
†ਏਕ ਸਿੰਘ ਭਗਤੇ[1] ਮਹਿਂ ਰਹੈ। [1]ਨਾਮ ਪਿੰਡ। †ਫਿਰ ਸਾਖੀਆਂ ਦੀ ਪੋਥੀ ਦੀ ਸਾਖੀ ਚੱਲੀ।
ਬਾਲਿਕ ਤਾਂਹਿ ਆਤਮਜ ਅਹੈ[1]। [1]ਉਸ ਦਾ ਇਕ ਪੁੱਤ੍ਰ ਸੀ (ਜੋ ਅਜੇ) ਬੱਚਾ ਸੀ।
ਗਯੋ ਕਹੂੰ ਤੇ ਸੋ ਚਲਿ ਆਯੋ।
ਗੁਰ ਆਗਵਨ ਸ਼੍ਰੋਨ ਸੁਨਿ ਪਾਯੋ ॥੩੩॥
ਤਤਛਿਨ ਕੇਤਿਕ ਚਨਕ ਉਬਾਰੇ।
ਕਰੀ ਬਾਕੁਲੀ[1] ਨੀਕੀ ਤ੍ਯਾਰੇ। [1]ਘੁੰਘਣੀਆਂ।
ਸਾਵਧਾਨ ਹੁਇ ਕਟ ਕਸਿ ਲੀਨਿ।
ਸੁਤ ਕੋ ਤਥਾ ਸੁਚੇਤਾ[1] ਕੀਨਿ ॥੩੪॥ [1]ਭਾਵ ਮੂੰਹ ਹੱਥ ਧੋਕੇ ਤਯਾਰ ਕੀਤਾ।
ਕਮਰਕਸਾ ਅਪਨੇ ਸਮ ਕਰ੍ਯੋ।
ਲੇਕਰਿ ਘੁੰਘਣੀਆ ਚਲਿ ਪਰ੍ਯੋ।
ਪਿਤਾ ਪੁੱਤ੍ਰ ਗੁਰ ਕੇ ਢਿਗ ਗਏ।
ਬੰਦਨ ਕਰਤਿ ਬਿਲੋਕਤਿ ਭਏ ॥੩੫॥
ਵਾਹਿਗੁਰੂ ਜੀ ਕੀ ਕਹਿ ਫਤੇ।
ਖਰੇ ਹੋਇ ਕਰਿ ਸਨਮੁਖ ਚਿਤੇ[1]। [1]ਦਰਸ਼ਨ ਕੀਤਾ।
ਗੁਰੂ ਗ਼ਰੀਬ ਨਿਵਾਜ ਨਿਹਾਰਾ।
ਮੁਸਕਾਵਿਤ ਜੁਤ ਕ੍ਰਿਪਾ ਉਚਾਰਾ[1] ॥੩੬॥ [1]ਭਾਵ ਸ਼੍ਰੀ ਗੁਰੂ ਜੀ ਨੇ ਪੁੱਛਣਾ ਕੀਤਾ।
'ਬਾਲਿਕ ਨਾਮ ਕਹੋ ਕ੍ਯਾ ਧਰ੍ਯੋ?
ਸਾਵਧਾਨ ਹੁਇ ਆਗੇ ਖਰ੍ਯੋ।'

ਬੂਝਨ ਕਰਯੋ, ਉਚਾਰਤਿ ਸੋਈ[1]।
'ਅਬਿ ਲੌ ਨਾਮ ਨ ਰਾਖਯੋ ਕੋਈ ॥੩੭॥
ਅਬਿ ਸ਼੍ਰੀ ਮੁਖ ਤੇ ਆਪ ਉਚਾਰੋ।
ਸੋ ਅਬਿ ਨਾਮ ਧਰਹਿਂ ਕਰਿ ਪਜਾਰੋ।
ਦਾਸ ਆਪ ਕੇ ਹਮ ਹੈਂ ਸਦਾ।
ਹਲਤ ਪਲਤ ਸੁਖ ਦਿਹੁ ਜਦ ਕਦਾ' ॥੩੮॥
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ।
'ਘੁੰਘਣੀਆ ਸਿੰਘ ਨਾਮ ਸੁਜਾਨਾ।
ਇਹ ਹੀ ਕਹਿ ਸਭਿ ਮਹਿਂ ਬਿਦਤਾਵਹੁ।
ਅਪਰ ਨਾਮ ਕੋ ਨਹੀਂ ਅਲਾਵਹੁ' ॥੩੯॥
ਸਿੰਘ ਪ੍ਰਮੁਦਤਿ ਭਯੋ ਸੁਨਿ ਗੁਰ ਤੇ।
-ਸੁਤ ਕੀ ਛੇਮ ਲਈ ਮੈਂ ਧੁਰ ਤੇ[1]-।
ਘੁੰਘਣੀਆਂ ਲੇ ਸਿਖ ਬਰਤਾਈ।
ਸ੍ਵਾਦਲ ਜਾਨਿ ਸਭਿਨਿ ਹੂੰ ਖਾਈ ॥੪੦॥
ਪੁਨ ਭੋਜਨ ਨਿਸ ਮਹਿਂ ਕਰਿ ਖਾਨਾ।
ਸੁਪਤਿ ਜਥਾ ਮੁਖ ਕ੍ਰਿਪਾ ਨਿਧਾਨਾ।
ਤਬਿ ਗਨ ਭੂਤ ਪ੍ਰੇਤ ਹੁਇ ਦੀਨ।
ਥਿਰ ਹੁਇ ਅੱਗ੍ਰ ਬੇਨਤੀ ਕੀਨ ॥੪੧॥
'ਸ਼੍ਰੀ ਗੁਰ ਅਰਜਨ ਹਮ ਗਹਿਵਾਏ।
ਚਿਰੰਕਾਲ ਬੀਤਾ ਇਸ ਥਾਏਂ।
ਇਨ ਕੇ[1] ਸਦਾ ਰਹੈਂ ਅਨੁਸਾਰੀ।
ਜਥਾ ਬਤਾਇਂ ਤਥਾ ਕਰਿ ਕਾਰੀ ॥੪੨॥
ਇਕ[†] ਇਕ ਥਾਨ ਕੈਦ ਮਹਿਂ ਡਾਰੇ।
ਤਹਿਂ ਪ੍ਰਾਪਤਿ ਹੁਇ ਖੇਦ ਉਦਾਰੇ।
ਚਨਿਕ ਪੰਚ ਮਣ ਹਮ ਕੋ ਪਾਵੈ।
ਅਪਰ ਵਸਤੁ ਕਿਛ ਹਾਥ ਨ ਆਵੈ ॥੪੩॥
ਸੋ ਨਿਤ ਖਾਨੋ ਕਰਹਿਂ ਅਹਾਰਾ।
ਰੁਕੇ ਰਹੈਂ ਸਹਿ ਕਸ਼ਟ ਉਦਾਰਾ।
ਅਬਿ ਤੁਮ ਕ੍ਰਿਪਾ ਕਰਹੁ ਛੁਟਵਾਵਹੁ।
ਕਸ਼ਟ ਕੈਦ ਤੇ ਆਪ ਬਚਾਵਹੁ ॥੪੪॥

[1]ਉਸ ਸਿੱਖ ਨੇ ਉਚਾਰਿਆ।

[1]ਧੁਰ ਦਰਗਾਹ ਤੋਂ।

[1]ਭਾਵ ਭਾਈ ਬਹਿਲੋ ਦੀ ਸੰਤਾਨ ਦੇ।

[†]ਪਾ:-ਦਿਨ।

ਛੁਟੇ ਫਿਰੈਂ ਗਨ ਦੇਸ਼ ਮਝਾਰੀ।
ਤਊ ਰਹੈਂ ਇਨ ਕੇ ਅਨੁਸਾਰੀ।
ਬਹਿਲੋ ਬੰਸ ਉਚਾਰਹਿ ਜਥਾ।
ਨਿਹਸੰਸੈ ਹਮ ਕਰਿਹੈਂ ਤਥਾ ॥੪੫॥
ਦੈਵਜੋਗ ਆਗਵਨ ਤੁਹਾਰਾ।
ਜੇ ਅਬਿ ਕਸ਼ਟ ਨ ਜਾਇ ਹਮਾਰਾ।
ਪੁਨਹਿ ਕੌਨ ਸਮਰਥ ਛੁਟਕਾਵੈ।
ਰਾਵਰਿ ਬਿਨਾ ਨ ਸੰਕਟ ਜਾਵੈ ॥੪੬॥
ਆਏ ਪਾਇ ਬਿਖਾਦ ਬਿਸਾਲਾ।
ਕੀਨਿ ਬੇਨਤੀ ਹਮ ਇਸ ਕਾਲਾ।'
ਸੁਨਿ ਭੂਤਨ ਤੇ ਸੰਕਟ ਤਿਨ ਕੋ।
ਬਸਤ੍ਰ ਉਤਾਰਿ ਉਘਾਰਿ ਬਦਨ ਕੋ[1] ॥੪੭॥

[1]'ਗੁਰੂ ਜੀ ਚਾਦਰ ਤਾਣਕੇ ਸੁੱਤੇ ਪਏ ਸਨ, ਜਦੋਂ ਉਨ੍ਹਾਂ ਨੇ ਬੇਨਤੀ ਕੀਤੀ ਤਦ) ਕਪੜਾ ਲਾਹਕੇ ਤੇ ਮੂੰਹ ਨੰਗਾ ਕਰਕੇ (ਗੁਰੂ ਜੀ ਨੇ)......।

ਦੀਨੀ ਧੀਰਜ 'ਚਿੰਤ ਪ੍ਰਹਾਨਹੁ।
ਪ੍ਰਾਤਿ ਛੁਟਾਵਹਿਂ ਨਿਸ਼ਚੇ ਠਾਨਹੁ।
ਅਬਿ ਤੁਮ ਜਾਹੁ ਸੁਨੀ ਸਭਿ ਗਾਥਾ।'
ਇਮ ਕਹਿ ਸੁਪਤਿ ਭਏ ਜਗਨਾਥਾ ॥੪੮॥
ਰਾਤਿ ਬਿਤਾਇ ਉਹੇ ਪ੍ਰਭੁ ਪ੍ਰਾਤੀ।
ਸੌਚ ਸ਼ਨਾਨ ਠਾਨਿ ਭਲਿ ਭਾਂਤੀ।
ਦਿਵਸ ਚਢੇ ਗੁਰ ਕੇ ਢਿਗ ਆਏ।
ਪੰਚਹੁੰ ਭ੍ਰਾਤਾ ਦਰਸ਼ਨ ਪਾਏ ॥੪੯॥
ਬੈਠਿ ਗਏ ਬੰਦਨ ਕਰਿ ਜਬੈ।
ਸ਼੍ਰੀ ਮੁਖ ਹੁਕਮ ਬਖਾਨਜੋ ਤਬੈ।
'ਭੂਤ ਪ੍ਰੇਤ[†] ਜੋ ਪਕਰੇ ਰਾਸੀ।

[†]'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ' ਗੁਰੂ ਗ੍ਰੰਥ ਸਾਹਿਬ ਵਿਚ ਪਾਠ ਆਯਾ ਹੈ। ਮਹਾਨ ਨੀਚ ਕਰਮੀ ਲੋਕ, ਸ਼ਰੀਰਕ ਕਾਮਨਾ ਵਿਚ ਗ਼ਲਤਾਨ ਜੋ ਮਰਦੇ ਹਨ, ਰੂਹਾਂ ਭਾਰੀਆਂ ਹੋਣ ਕਰਕੇ ਉੱਚੇ ਨਹੀਂ ਉਠ ਸਕਦੇ ਤੇ ਵਾਸ਼ਨਾ ਅਧੀਨ ਰਹਿੰਦੇ ਹਨ। ਐਸੀਆਂ ਵਜਕਤੀਆਂ ਨੂੰ ਮਨੁੱਖ ਅਨੇਕ ਪਦਾਂ ਨਾਲ ਯਾਦ ਕਰਦਾ ਹੈ। ਅੱਜ ਕਲ ਬੀ ਕਈ ਵੇਰ ਅਖਬਾਰਾਂ ਵਿਚ ਇਨ੍ਹਾਂ ਦੇ ਕੌਤਕ ਛਪਦੇ ਹਨ ਤੇ ਲੋਕੀਂ ਸਹੀ ਕਰਦੇ ਹਨ। ਪੱਛਮ ਵਾਲੇ ਬੀ ਹੁਣ ਸਪਿਰਚਯੁਲਿਜ਼ਮ ਦੀ ਵਿੱਦਯਾ ਦ੍ਵਾਰਾ ਇਨ੍ਹਾਂ ਦੇ ਹਾਲਾਤ ਖੋਜਦੇ ਤੇ ਦੱਸਦੇ ਹਨ। ਪਰੰਤੂ ਜੀਕੂੰ ਆਮ ਲੋਕਾਂ ਵਿੱਚ ਕਿੱਸੇ ਕਹਾਣੀਆਂ ਪ੍ਰਵਿਰਤ ਹਨ ਤੇ ਅਤੀ ਬਯਾਪਤਾ ਦੱਸਕੇ ਡਰਾਇਆ ਜਾਂਦਾ ਹੈ ਸੋ ਅਤਯੋਕਤੀਆਂ ਹਨ। ਨਾਲ ਇਹ ਬੀ ਯਾਦ ਰਹੇ ਕਿ ਦ੍ਰਿੜ ਚਿੱਤ ਮਨੁੱਖ, ਨਿਰਭੈ ਹਿਰਦੇ ਵਾਲੇ, ਗੁਰਬਾਣੀ ਦੇ ਪ੍ਰੇਮੀ, ਨਾਮ ਨਾਲ ਬਲਵਾਨ ਬੰਦੇ ਸਭ ਗੁਪਤ ਪ੍ਰਗਟ ਤੋਂ ਉੱਚੇ ਹੁੰਦੇ ਹਨ।

ਕਰਿ ਦਿਹੁ ਸਭਿ ਕੀ ਬੰਦ ਖਲਾਸੀ
॥੫੦॥
ਕਲੀ ਕਾਲ ਨਿਤਪ੍ਰਤਿ ਨਰ ਖੋਟੇ।
ਸ਼ੁਭ ਮਤਿ ਛੋਟੇ, ਦੁਰਮਤਿ ਮੋਟੇ।
ਨਿਤ ਮਾਨਹਿੰਗੇ ਹੁਕਮ ਤੁਹਾਰਾ।
ਜਹਿਂ ਬਹਿਲੋ ਕਾ ਨਾਮ ਉਚਾਰਾ ॥੫੧॥
ਠਹਿਰ ਨ ਸਕੈਂ ਬੀਚ ਨਰ ਨਾਰੀ।
ਇਮ ਬਰਤਹਿਂ ਆਇਸੁ ਅਨੁਸਾਰੀ।
ਮਿਹਨਤ ਕਰਹਿਂ ਈਂਟ ਅਰੁ ਗਾਰੇ।
ਅਪਰ ਸਦਨ ਕੀ ਸਗਰੀ ਕਾਰੇ ॥੫੨॥
ਤਿਸ ਤੇ ਛੋਡਿ ਦੇਹੁ ਇਨ ਤਾਈਂ।'
ਇਸ ਪ੍ਰਕਾਰ ਜਬਿ ਕਹਜੋ ਗੁਸਾਈਂ।
ਘੇਰਾ ਚਿਨਜੋ ਹੁਤੋ ਇਕ ਥਾਨ।
ਗਹੇ ਰਹੈਂ ਤਹਿਂ ਸਮਰਥ ਵਾਨ[1] ॥੫੩॥
ਗੁਰ ਕੋ ਬਾਕ ਮਾਨਿ ਸਭਿ ਭਾਈ।
ਆਇ ਨਿਕਾਰੇ ਤਹਿਂ ਸਮੁਦਾਈ।
ਅਤਿਸ਼ੈ ਹਰਖ ਸਭਿਨਿ ਮਹਿਂ ਹੋਵਾ।
ਬੰਦਹਿਂ ਗੁਰ ਕੋ ਦਰਸ਼ਨ ਜੋਵਾ ॥੫੪॥
ਪੁਨ ਪੰਚਹੁੰ ਭ੍ਰਾਤਾ ਕੋ ਬੰਦਿ[1]।
ਗਏ ਜਬਹਿ ਛਿਤ ਛੁਟਿ ਕਰਿ ਬ੍ਰਿੰਦ।
ਇਸ ਪ੍ਰਕਾਰ ਭਗਤੇ ਦਿਨ ਤੀਨ।
ਸ਼੍ਰੀ ਪ੍ਰਭੁ ਰਹੇ ਬਾਸਿ ਕੋ ਕੀਨਿ।
ਪੁਨਹ ਪ੍ਰਾਤਿ ਤਯਾਰੀ ਕਰਿਵਾਈ।
ਕੀਨਸਿ ਡੇਰਾ ਕੂਚ ਗੁਸਾਈਂ[†] ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੇ ਬਸਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

[1]ਤਾਕਤ ਵਾਲੇ ਭੂਤ।

[1]ਨਮਸਕਾਰ ਕਰਕੇ।

[†]ਇਸ ਚੌਪਈ ਦੇ ਦੋ ਚਰਨ ਵੱਧ ਹਨ।

## ੩. [ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ; ਗ੍ਰਾਮਾਂ ਵਿਚ ਜਾਣਾ]

੨<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੪

ਦੋਹਰਾ:

ਸਹਿਜ ਸੁਭਾਇਕ ਬਿਚਰਤੇ, ਖੇਲਤ ਜਾਹਿਂ ਅਖੇਰ।
ਕਿਤਿਕ ਕੋਸ ਪਰ ਗ੍ਰਾਮ ਇਕ, ਬੂਝਤਿ ਭੇ ਤਿਸ ਹੇਰਿ ॥੧॥

ਚੌਪਈ:

'ਨਾਮ ਗ੍ਰਾਮ ਕੋ ਕਹਿਯਹਿ ਕੌਨ?
ਲਖਹੁ ਬਰਾੜ ਬਸਤ ਇਹ ਜੌਨ।'
ਹਾਥ ਬੰਦਿ ਬੋਲੇ ਤਿਸ ਬੇਰਾ।
'ਬੰਦਰ ਨਾਮ ਗ੍ਰਾਮ ਇਸ ਕੇਰਾ' ॥੨॥
ਸਿੱਖ ਬਿਦੇਸ਼ੀ[1] ਸੁਨਿ ਬਿਸਮਾਏ।
'ਇਨ ਤੇ ਅਦਭੁਤ ਬਾਕ ਅਲਾਏ।
ਕਹਾਂ ਬੰਦਰਨਿ ਗ੍ਰਾਮ ਬਸਾਯੋ।
ਬਨ ਬ੍ਰਿੱਛਨਿ ਬਾਸਾ ਜਿਨ ਪਾਯੋ' ॥੩॥
ਤਿਨ ਤੇ ਸੁਨਿ ਸਤਿਗੁਰ ਮੁਸਕਾਏ।
ਸ਼੍ਰੀ ਮੁਖ ਤੇ ਪੁਨ ਭੇਦ ਬਤਾਏ।
'ਬੰਦਰ ਗੋਤ ਨਰਨ ਕੋ ਅਹੈ।
ਗ੍ਰਾਮ ਤਿਨੋ ਰਾਹਕ ਕੋ ਅਹੈ[1]' ॥੪॥
ਹੇਰਿ ਸਥਾਨ ਕੀਨਿ ਗੁਰ ਡੇਰਾ।
ਉਤਰਿ ਤੁਰੰਗਨਿ ਤੇ ਤਿਸ ਬੇਰਾ।
ਥਾਨ ਥਾਨ ਪ੍ਰਤਿ ਦਏ ਲਗਾਇ[1]।
ਉਤਰੇ ਸਿੰਘ ਲਜਾਇ ਤ੍ਰਿਣ ਜਾਇ ॥੫॥
ਬੰਦਰ ਪੈਂਚ ਤਬੈ ਚਲਿ ਆਏ।
ਰਸਤ ਘ੍ਰਿੱਤ ਆਦਿਕ ਸਭਿ ਲਜਾਏ।
ਤ੍ਰਿਣ ਦਾਨਾ ਘੋਰਨਿ ਕੋ ਦੀਨਿ।
ਅਸਨ ਜਥਾ ਰੁਚਿ ਅਚਵਨਿ ਕੀਨਿ ॥੬॥
ਰਾਤਿ ਬਿਤਾਇ ਭਏ ਅਸਵਾਰਾ।
ਚਢੇ ਗੁਰੂ ਮਗ ਖਿਲਤਿ ਸ਼ਿਕਾਰਾ।
ਪਹੁੰਚਿ ਗ੍ਰਾਮ ਬਰਗਾੜੀ[†] ਗਏ।
ਗੁਰ ਬਿਲੋਕਿ ਥਲ ਉਤਰਤਿ ਭਏ ॥੭॥

[1]ਜੋ ਗੁਰੂ ਜੀ ਨਾਲ ਫੌਜ ਵਿਚ ਪਰਦੇਸੀ ਸਿੱਖ ਸਨ।

[1]ਉਨ੍ਹਾਂ ਜ਼ਿਮੀਂਦਾਰਾਂ ਦਾ ਪਿੰਡ ਹੈ।

[1]ਭਾਵ ਘੋੜੇ ਬੰਨ੍ਹ ਦਿੱਤੇ।

[†]ਪਾ:-ਬਨਗਾੜੀ। ਬਰਗਾੜੀ ਪਿੰਡ ਕੋਟ ਕਪੂਰੇ ਦੇ ਨੇੜੇ ਹੈ।

ਤਹਾਂ ਕਪੂਰੇ ਭ੍ਰਾਤਾ ਨੰਦ।
ਸਾਥ ਕਪੂਰੇ ਬੈਰ ਬਿਲੰਦ।
ਚਢ੍ਯੋ ਲਰਨ ਕੋ ਨਿਕਸ੍ਯੋ ਬਾਹਰ।
ਉਤਰੇ ਗੁਰੂ ਸੁਨੇ ਪਿਖਿ ਜ਼ਾਹਰ ॥੮॥
ਹਟ੍ਯੋ ਲਰਨ ਤੇ ਦਰਸ਼ਨ ਚਾਹਾ।
-ਸੇਵ ਕਰੌਂ- ਚਿਤ ਮਹਤ ਉਮਾਹਾ।
ਆਨਿ ਮਿਲ੍ਯੋ ਪਗ ਬੰਦਨ ਠਾਨੀ।
ਸਭਿ ਸੁਧਿ ਲੇਤਿ ਖਾਨ ਅਰੁ ਪਾਨੀ ॥੯॥
ਤ੍ਰਿਣ ਦਾਨਾ ਹਿਤ ਹਯਨਿ ਅਨਾਯੋ।
ਆਪ ਖਰੇ ਹੁਇ ਸਭਿਨਿ ਪੁਚਾਯੋ।
ਪ੍ਰੇਮ ਭਾਵਨਾ ਕਰਿ ਬਹੁਤੇਰੀ।
ਸੇਵਾ ਕਰਿ ਬਿਸਾਲ ਤਿਸ ਬੇਰੀ ॥੧੦॥
ਸਤਿਗੁਰ ਨਿਕਟ ਆਇ ਕਰਿ ਬੈਸਾ।
ਪਰਖ੍ਯੋ ਭਾਉ ਰਿਦੇ ਮਹਿਂ ਜੈਸਾ।
ਸ਼੍ਰੀ ਮੁਖ ਤੇ ਤਿਹ ਸੰਗ ਬਖ਼ਾਨਾ।
'ਛਾਂਗ[1] ਅਨਾਵਹੁ ਪੁਸ਼ਟ ਮਹਾਨਾ' ॥੧੧॥ [1]ਬੱਕਰਾ।
ਮਾਨਿ ਹੁਕਮ ਤਤਕਾਲ ਅਨਾਯੋ।
ਝਟਕਾ ਤੁਪਕ ਸਾਥ ਕਰਿਵਾਯੋ।
ਆਮਿਖ ਕੋ ਸੁਧਾਰਿ ਕਰਿ ਤਜਾਰੇ।
ਡਾਰਿ ਮਸਾਲੇ ਬਿਬਿਧਿ ਪ੍ਰਕਾਰੇ ॥੧੨॥
ਕਰਿ ਅਹਾਰ ਪ੍ਰਭੁ ਕੋ ਅਚਵਾਯੋ।
ਬੈਠ੍ਯੋ ਨਿਕਟ ਪ੍ਰਸੰਗ ਬਤਾਯੋ।
'ਹੇ ਪ੍ਰਭੁ! ਚਢ੍ਯੋ ਲਰਨ ਕੇ ਕਾਰਨ।
ਨਿਕਸਤਿ ਰਾਵਰ ਕਰੇ ਨਿਹਾਰਨਿ ॥੧੩॥
ਦਰਸ ਲਾਲਸਾ ਕਰਿ ਹਟਿ ਰਹ੍ਯੋ।'
ਸੁਨਿ ਕਰਿ ਗੁਰੂ ਸ੍ਰੇਯ ਤਿਸ ਕਹ੍ਯੋ[1]। [1]ਤਿਸ ਦੀ ਸੁਖ ਦੀ ਗੱਲ ਕਹੀ।
'ਸ਼ੱਤ੍ਰੂ ਪ੍ਰਾਤਿ ਕੋ ਕਰਹਿ ਚਢਾਈ।
ਆਨਿ ਮਚਾਵਹਿ ਇਹਨਾਂ ਲਰਾਈ ॥੧੪॥
ਰਣ ਕਰਿਬੇ ਤੁਮ ਗਮਨਹੁ ਨਾਂਹਿ।

ਅਪਰ ਗ੍ਰਾਮ ਕੇ ਨਰ ਸਭਿ ਜਾਹਿਂ।
ਅਰਹਿਂ ਲਰਹਿਂਗੇ ਹਾਰਹਿਂ ਨਾਂਹੀ[1]। [1]ਤੇਰੀ ਵੱਲ ਦੇ) ਜੇ ਅੜ ਕੇ ਲੜਨਗੇ ਤਾਂ ਹਾਰਨਗੇ ਨਹੀਂ।
ਰਾਖਹਿਂ ਰੋਕ ਕਰਹਿਂ ਬਲ ਤਾਂਹੀ ॥੧੫॥
ਜੇ ਨਹਿਂ ਬਰਜਜੋ ਰਹੈਂ ਸਦਨ ਮਹਿਂ[1]। [1]ਜੇ ਤੂੰ ਰੁਕਿਆ ਨਾ ਰਹੇਂਗਾ ਘਰ ਵਿਚ।
ਪ੍ਰਾਣ ਬਿਨਾਸਹਿਂ[1] ਪ੍ਰਾਤੀ ਰਣ ਮਹਿਂ। [1]ਤੇਰੇ ਪ੍ਰਾਣ ਨਾਸ਼ ਹੋ ਜਾਣਗੇ।
ਯਾਂ ਤੇ ਉਚਿਤ ਨ ਤੋ ਕਹੁ ਜਾਨਾ।
ਪੁਨਹਿ ਲਰਹੁ ਕਰਿ ਜੁੱਧ ਮਹਾਨਾ ॥੧੬॥
ਫਤੇ ਰਿਪੁਨਿ ਤੇ ਪ੍ਰਾਪਤਿ ਹੋਇ[†]।' [†]ਇਹ ਹੋਣਹਾਰ ਦੱਸੀ ਹੈ।
ਸੁਨਤਿ ਗੁਰੂ ਤੇ ਹਰਖਜੋ ਸੋਇ।
ਬਾਰ ਬਾਰ ਕਰਿ ਕੈ ਪਗ ਨਮੋ।
ਉਠਿ ਘਰ ਕੋ ਗਮਨਜੋਂ ਤਿਹ ਸਮੋ ॥੧੭॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਭੋਰ ਹੁਇ ਆਈ।
ਕੁਛ ਦਲ ਤਬਹਿ ਕਪੂਰੇ ਕੇਰਾ।
ਆਨਿ ਸੁ ਲਰਜੋ ਸ਼ਰੀਕੇ ਝੇਰਾ[1] ॥੧੮॥ [1]ਸ਼ਰੀਕੇ ਦਾ ਝਗੜਾ ਕਰਕੇ।
ਸਕਲ ਗ੍ਰਾਮ ਕੇ ਬੀਰ ਪਠਾਏ।
ਆਪ ਨ ਗਯੋ ਰਹਜੋ ਘਰ ਥਾਏ।
ਕੋਠੇ ਅੰਤਰ ਹੋਇ ਪ੍ਰਵੇਸ਼।
ਬੈਠਿ ਰਹਜੋ ਕਰਿ ਮੌਨ ਵਿਸ਼ੇਸ਼ ॥੧੯॥
ਵਹਿਰ ਪਰਜੋ ਘਮਸਾਨ ਲਰਾਈ।
ਜ੍ਵਾਲਾਬਮਣੀ ਜਾਲ ਚਲਾਈ।
ਡਰਤਿ ਸ਼ਰੀਕਨਿ ਤੇ ਤਿਸ ਦਾਰਾ।
ਰਿਸ ਧਰਿ ਪਤਿ ਸੋਂ ਨਿਠੁਰ ਉਚਾਰਾ ॥੨੦॥
'ਸਿਰ ਕੀ ਪਾਗ ਸ਼ਸਤ੍ਰ ਨਿਜ ਸਾਰੇ।
ਮੁਝ ਕੋ ਦੇਹੁ ਕਰੋਂ ਤਨ ਧਾਰੇ।
ਪਹਿਰਿ ਘਾਘਰੀ ਲੇਹੁ ਛਲੋਟੀ[1]। [1]ਭੋਛਣ, ਸਿਰ ਦੀ ਜ਼ਨਾਨੀ ਚਾਦਰ।
ਦੁਰਹੁ ਬੈਠਿ ਹੁਇ ਬਾਤ ਨ ਖੋਟੀ[1] ॥੨੧॥ [1]ਫੇਰ) ਲੁਕਕੇ ਬੈਠੋ ਤਾਂ ਗੱਲ ਮਾੜੀ ਨਾ ਹੋਵੇ (ਭਾਵ ਮਰਦ ਹੋਕੇ ਲੁਕ ਬੈਠਣਾ ਖੋਟਾ ਹੈ)।

ਆਇ ਸ਼ਰੀਕ ਲਰੇ ਘਰ ਦ੍ਵਾਰੇ।
ਤੂੰ ਬੈਠ੍ਯੋ ਛਪਿ ਸਦਨ ਮਝਾਰੇ।
ਕੁਲ ਕੀ ਲਾਜ ਹਾਨ ਕਰਿ ਬੈਸਾ।
ਤਨ ਬਿਹੰਡੜਾ[1] ਹੋਵਤਿ ਜੈਸਾ' ॥੨੨॥ [1]ਖੁਸਰਾ।
ਇੱਤ੍ਯਾਦਿਕ ਨਿਸ਼ਠੁਰ ਜਬਿ ਕਹ੍ਯੋ।
ਤ੍ਰਿਯ ਕੋ ਬੋਲ ਨਹੀਂ ਉਰ ਸਹ੍ਯੋ।
ਸ਼ਸਤ੍ਰ ਸਜਾਇ ਤੁਰੰਗਮ ਚਢ੍ਯੋ।
ਮਚ੍ਯੋ ਜੁੱਧ ਰਸ ਬੀਰਹਿ ਬਢ੍ਯੋ ॥੨੩॥
ਜਾਇ ਲਰ੍ਯੋ ਰਣ ਮਹਿਂ ਹਯ ਫੇਰਾ।
ਰਿਪੁ ਹਲਾਇ ਹੇਲਾ ਬਡ ਗੇਰਾ।
ਦਿਯੇ ਪਲਾਇ ਦੂਰ ਲਗਿ ਗਏ।
ਠਹਿਰ ਅਰੇ ਅਰੁ ਧੀਰਜ ਕਿਏ[1] ॥੨੪॥ [1]ਪਰ ਕੁਝ ਵੈਰੀ) ਰੁਕਕੇ ਤੇ ਧੀਰਜ ਧਾਰਕੇ ਅੜ ਪਏ।
ਤਜੀ ਤੁਫੰਗ ਪੁੰਜ† ਇਕ ਸੰਗ। †ਪਾ:-ਪੰਜ।
ਗੁਲਕਾਂ ਲਗੀ ਬੇਗ ਤੇ ਅੰਗ।
ਗਿਰ੍ਯੋ ਮ੍ਰਿਤਕ ਹ੍ਵੈ ਕੈ ਤਤਕਾਲਾ।
ਲ੍ਯਾਇ ਉਠਾਇ ਗ੍ਰਾਮ ਮਹਿਂ ਡਾਲਾ ॥੨੫॥
ਇਕ ਸਨਬੰਧੀ ਤਿਸ ਕੋ ਪਾਯੋ।
ਸਿਮਰਤਿ ਬਾਕ ਗੁਰੂ ਢਿਗ ਆਯੋ।
ਬੋਲ੍ਯੋ ਹਾਥ ਜੋਰਿ ਕਰਿ ਸੋਇ।
'ਮਰ੍ਯੋ ਚੌਧਰੀ ਬਰਜ੍ਯੋ ਜੋਇ ॥੨੬॥
ਰਾਵਰਿ ਬਚਨ ਮਾਨਿ ਨਹਿਂ ਰਹ੍ਯੋ[1]। [1]ਹਟ ਨਹੀਂ ਰਹਿਆ ਸੀ।
ਨਿਕਸ੍ਯੋ ਲਰਨ, ਨਿਠੁਰ ਤ੍ਰਿਯ ਕਹ੍ਯੋ।'
ਸ਼੍ਰੀ ਗੁਰ ਭਾਖ੍ਯੋ 'ਮਰ੍ਯੋ ਨ ਸੋਇ।'
ਸੁਨਿ ਸੋ ਕਹੈ 'ਗਯੋ ਮ੍ਰਿਤੁ ਹੋਇ' ॥੨੭॥
ਪੁਨ ਗੁਰ ਭਨ੍ਯੋ 'ਨਹੀਂ ਮ੍ਰਿਤੁ ਹੋਵਾ।'
ਸੁਨਿ ਸੋ ਕਹੈ 'ਮਰ੍ਯੋ ਦ੍ਰਿਗ ਜੋਵਾ।'
ਤ੍ਰਿਤੀ ਬਾਰ ਗੁਰ ਬਹੁਰ ਬਖਾਨਾ।
'ਨਹੀਂ ਚੌਧਰੀ ਤ੍ਯਾਗੇ ਪ੍ਰਾਨਾ' ॥੨੮॥
ਸੋ ਬੋਲ੍ਯੋ 'ਨਿਸ਼ਚੈ ਮ੍ਰਿਤੁ ਪਾਈ।'
ਤੀਨ ਬਾਰ ਗੁਰ ਗਿਰਾ ਹਟਾਈ।

ਸੁਨਿ ਪ੍ਰਭੁ ਮੁਸ਼ਟ ਖੋਲਿ ਕਰਿ ਭਾਖਾ।
'ਤਿਸ ਕੋ ਭੌਰ[1] ਹਮਹੁ ਗਹਿ ਰਾਖਾ ॥੨੯॥ — [1]ਜੀਵ ਆਤਮਾ।
ਨਹਿਂ ਬਚ ਮਾਨਾ, ਸੋ ਅਬਿ ਛੋਰਾ।
ਨਾਂਹਿਤ ਜੀਵ ਉਠਤਿ ਜੁਤਿ ਜੋਰਾ[1]। — [1]ਬਲ ਨਾਲ।
ਨਿਜ ਮੁਸ਼ਟੀ ਮਹਿਂ ਰਾਖ੍ਯੋ ਰੋਕ।
ਹਿਤ ਜਿਵਾਇਬੇ ਕਰਨ ਅਸ਼ੋਕ ॥੩੦॥
ਸੱਤ ਬਚਨ ਤੈਂ ਕਯੋਂ ਨਹਿਂ ਮਾਨ੍ਯੋਂ?
ਮਰ੍ਯੋ ਜਿਵਾਵਤਿ[1], ਸੋ ਤੈਂ ਹਾਨ੍ਯੋਂ[2]। — [1]ਅਸੀਂ ਜਿਵਾ ਦਿੰਦੇ। [2]ਤੂੰ ਮਾਰ ਦਿੱਤਾ ਹੈ।
ਰੁਦਤਿ ਗਯੋ ਮਿਲਿ ਕੀਨਸਿ ਦਾਹ।
ਭਯੋ ਚੌਧਰੀ ਤਤਛਿਨ ਸ੍ਵਾਹ ॥੩੧॥
ਪੁਨ ਸ਼੍ਰੀ ਪ੍ਰਭੁ ਤਯਾਰੀ ਕਰਿਵਾਈ।
ਡਾਰੇ ਜ਼ੀਨ ਹਯਨਿ ਸਮੁਦਾਈ।
ਕਰਯੋ ਕੂਚ ਚਲਿ ਪਰੇ ਅਗੇਰੇ।
ਕਿਤਿਕ ਕੋਸ ਉਲੰਘੇ ਜਿਸ ਬੇਰੇ ॥੩੨॥
ਬਹਿਵਲ[1] ਤੇ ਸਿਉਰਾਸੀ[੯] [†]ਨਾਮੂ। — [1]ਨਾਮ ਹਨ ਪਿੰਡਾਂ ਦੇ। [†]ਸਾਖੀਆਂ ਵਾਲੀ ਪੋਥੀ ਵਿਚ ਪਾਠ 'ਸਿਉਰਾਮੀ' ਹੈ, ਜੋ ਠੀਕ ਹੈ।
ਕਰੇ ਬਿਲੋਕਨ ਜਬਿ ਏ ਗ੍ਰਾਮੂ।
ਡੇਰਾ ਕਰਤਿ ਭਏ ਸੁਭ ਥਾਨ।
ਸਨੇ ਸਨੇ ਪਹੁੰਚੇ ਸਭਿ ਆਨਿ ॥੩੩॥
ਪਹਿਰ ਤੀਸਰਾ ਦਿਨ ਕੋ ਭਯੋ।
ਮਾਦਿਕ ਤਬਿ ਅਨਾਇ ਛਕਿ ਲਯੋ।
ਦੋਦੇਵਾਲ ਤਾਲ ਕੋ ਨਾਮੂ।
ਤਿਸ ਮਹਿਂ ਸੁਨਿ ਜਲ ਕੋ ਅਭਿਰਾਮੂ ॥੩੪॥
ਹੇਤ ਸੁਚੇਤੇ ਤਿਸ ਢਿਗ ਗਏ।
ਸੌਚ ਸ਼ਨਾਨ ਤਹਾਂ ਕਰਿ ਲਏ।
ਏਕ ਸ਼ਹੀਦ ਤੁਰਕ ਤਬਿ ਆਵਾ।
ਸ਼ਮਸ਼ ਸੇਤ ਸੇਤਹਿਂ ਪਹਿਰਾਵਾ[1] ॥੩੫॥ — [1]ਦਾੜ੍ਹਾ ਬੀ ਚਿੱਟਾ ਤੇ ਪਹਿਰਾਵਾ ਭੀ ਚਿੱਟਾ ਹੈ।
ਸਿਰਸ ਤਰੋਵਰ[1] ਦੀਰਘ ਖਰਯੋ। — [1]ਸਰੀਂਹ ਦਾ ਬ੍ਰਿੱਛ।
ਚਿਰੰਕਾਲ ਤੇ ਬਾਸਾ ਕਰਯੋ।
ਤਹਿਂ ਤੇ ਨਿਕਸਿ ਗੁਰੂ ਢਿਗ ਆਯੋ।

ਹਾਥ ਜੋਰਿ ਪਗ ਸੀਸ ਨਿਵਾਯੋ ॥੩੬॥
ਤਿਸ ਕੋ ਦੇਖਿ ਗੁਰੂ ਬਚ ਕੀਆ।
'ਰਾਜ਼ੀ ਹਹਿਂ ਉਸੈਨ ਖਾਂ ਮੀਆਂ!
ਸੁਨਿ ਮਨ ਆਨੰਦ ਦੀਰਘ ਧਾਰਾ।
'ਰਾਜ਼ੀ ਆਜ ਬਿਸਾਲ' ਉਚਾਰਾ ॥੩੭॥
'ਮੌਲਾ ਪਾਕ ਅਲਾਹਿ ਖ਼ੁਦਾਇ।
ਕਰਿ ਦੀਦਾਰ ਅਧਿਕ ਸੁਖ ਪਾਇ।
ਚਿਰੰਕਾਲ ਕੋ ਚਾਹਤਿ ਰਹਯੋ।
ਸੁੰਦਰ ਰੂਪ ਆਜ ਮੈਂ ਲਹਯੋ ॥੩੮॥
ਹੋਇ ਬਿਸਾਲ ਮੋਹਿ ਕੱਲਜਾਨ।
ਭਈ ਦੂਖ ਪਾਪਨਿ ਕੀ ਹਾਨਿ।'
ਜਬਿ ਗੁਰ ਹਟੇ ਆਇਬੇ ਡੇਰੇ।
ਕਰਿ ਸਲਾਮ ਸੋ ਹਟਯੋ ਪਿਛੇਰੇ ॥੩੯॥
ਤਬਿ ਸਿੱਖਨ ਬੂਝਯੋ 'ਇਹ ਕੌਨ?
ਉੱਜਲ ਰੂਪ ਦਿਖਾਯੋ ਜੌਨ।
ਕਰਯੋ ਸਲਾਮ ਆਪ ਕੋ ਜਬੈ।
ਛਪਯੋ ਬਿਲੋਕਤਿ ਹਮਰੇ ਤਬੈ[1]' ॥੪੦॥

[1]ਸਾਡੇ ਦੇਖਦਿਆਂ ਤਦੋਂ ਹੀ ਲੁਕ ਗਿਆ।

ਸਤਿਗੁਰ ਕਹਯੋ '[1]ਘਾਲ ਇਨ ਘਾਲੀ।

[1]ਭਾਵ ਇਹ ਹੈ ਕਿ ਇਸਨੇ ਘਾਲ ਘਾਲੀ ਹੋਈ ਸੀ, ਕੋਈ ਕਸਰ ਸੀ ਜੋ ਮੁਕਤ ਪਦ ਤੇ ਨਹੀਂ ਗਿਆ, ਪਰ ਕੋਈ ਐਸਾ ਸ਼ੁਭ ਕਰਮ ਸੀ ਜਿਸ ਦੇ ਫਲ ਵਿਚ ਸਾਡਾ ਦਰਸ਼ਨ ਇਸ ਨੂੰ ਹੋਇਆ ਹੈ, ਹੁਣ ਇਸਦੀ ਕਲਜਾਣ ਹੋ ਜਾਏਗੀ।

ਕਿਸੂ ਕਰਮ ਫਲ ਭਯੋ ਬਿਸਾਲੀ।
ਅਬਿ ਕੇਤਿਕ ਦਿਨ ਮਹਿਂ ਕੱਲਜਾਨ[੪]।
ਜਾਇ ਭਿਸਤ ਸੁਖ ਪਾਇ ਮਹਾਨ' ॥੪੧॥
ਤਬਿ ਗ੍ਰਾਮਨਿ ਕੇ ਨਰ ਗਨ ਆਏ।
ਕੁਛਕ ਰਸਤ ਘ੍ਰਿਤ ਆਦਿਕ ਲਜਾਏ।
ਬੰਦਨ ਕਰਿ ਗੁਰ ਕੇ ਢਿਗ ਬੈਸੇ।
ਕਰ ਕੋ ਜੋਰਿ ਭਨੇ ਬਚ ਐਸੇ ॥੪੨॥
'ਕੇਤਿਕ ਦੇਗ ਸਮੀਪ ਕਰਾਵਹੁ[1]।

[1]ਕੁਝ ਕੁ ਸਿੱਖਾਂ ਦਾ ਲੰਗਰ ਆਪਣੇ ਪਾਸ ਕਰਾਓ।

ਕੇਤਿਕ ਸਿੱਖਨਿ ਸਦਨ ਪਠਾਵਹੁ[1]।

[1]ਤੇ ਕੁਝਕ ਨੂੰ ਸਿੱਖਾਂ ਦੇ (ਭਾਵ ਸਾਡੇ) ਘਰੀਂ ਘੱਲ ਦਿਓ।

ਘਰ ਘਰ ਮਹਿਂ ਇਕ ਇਕ ਸਿਖ ਜਾਇ।
ਤ੍ਰਿਪਤਹਿ ਕਰਿ ਭੋਜਨ ਪੁਨ ਆਇ' ॥ ੪੩ ॥
ਜੇ ਸਿਖ ਸੁਚ ਸੋਂ ਕਰਹਿਂ ਅਹਾਰਾ।
ਸੋ ਨਹਿਂ ਗਮਨੇ ਕਿਸੂ ਅਗਾਰਾ।
ਨਿਕਟ ਗੁਰੂ ਕੇ ਸੋ ਤ੍ਰਿਪਤਾਏ।
ਅਪਰ ਸਰਬ ਘਰ ਤਿਨਹੁਂ ਸਿਧਾਏ ॥ ੪੪ ॥
ਇਕ ਇਕ ਸਿਖ, ਇਕ ਇਕ ਘਰ ਗਯੋ।
ਜਾਇ ਸਕਲ ਭੋਜਨ ਤਹਿਂ ਕਯੋ।
ਇਕ ਧਨ ਤੇ ਦਾਰਿੱਦ੍ਰੀ ਮਹਾਂ[1]।
ਕਰਨ ਅਹਾਰ ਸੁ ਪੱਯਹਿ ਕਹਾਂ ॥ ੪੫ ॥
ਕਹ੍ਯੋ ਸ਼ਰੀਕਨਿ 'ਜਿਤ ਕਿਤ ਲ੍ਯਾਵਹੁ।
ਏਕ ਸਿੱਖ ਕੋ ਲੇ ਤ੍ਰਿਪਤਾਵਹੁ।'
ਸੋ ਸਿਖ ਲੇ ਸਿਖ ਕੋ ਘਰ ਗਯੋ।
ਨਿਜ ਬਾਸਨ ਧਰਿ ਕਰਿ ਥਿਰ ਭਯੋ ॥ ੪੬ ॥
ਊਪਰ ਤੇ ਉਤਾਰਿ ਨਿਜ ਖੇਸ।
ਤਰੇ ਬਿਛਾਯੋ ਭਾਉ ਵਿਸੇਸ਼।
ਬੈਠਿ ਸਿੱਖ ਕੇ ਚਰਨ ਪਖਾਰੇ।
ਆਨੇ ਪੀਲੂ ਸ਼ੁਸ਼ਕ ਅਹਾਰੇ ॥ ੪੭ ॥
ਨੀਰ ਭਿਗੋਇ ਨਰਮ ਬਹੁ ਕਰੇ।
ਸਿਖ ਨੇ ਸਿਖ ਕੇ ਆਗੇ ਧਰੇ।
ਖਾਇ ਚੁਲਾ ਪਢਿ ਕਰਿ ਅਰਦਾਸ।
ਚਲਿ ਆਯੋ ਸਤਿਗੁਰ ਕੇ ਪਾਸ ॥ ੪੮ ॥
ਗਯੋ ਪੁਚਾਇ ਸੰਗ ਸਿਖ ਹੋਊ।
ਸਿਖ ਨੇ ਕਰ੍ਯੋ ਹਟਾਵਨਿ ਸੋਊ।
ਜਬਿ ਸਭਿ ਆਇ ਮਿਲੇ ਗੁਰ ਤੀਰ।
ਬੂਝਨ ਕੀਨੇ ਗੁਨੀ ਗਹੀਰ ॥ ੪੯ ॥
'ਕਹਾਂ ਕਹਾਂ ਭੋਜਨ ਤੁਮ ਖਾਯੋ?
ਅਪਨੋ ਅਪਨੋ ਦੇਹੁ ਬਤਾਯੋ।'
ਕੋਊ ਕਹੈ 'ਰੋਟਕਾ ਛਾਛੀ।'

[1]ਭਾਵ ਇਕ ਸਿੱਖ ਐਸਾ ਸੀ ਜੋ ਧਨ ਵਲੋਂ ਬਹੁਤ ਗ੍ਰੀਬ ਸੀ।

ਕੋ ਬੋਲਯੋ 'ਖਿਚਰੀ ਦਧਿ ਆਛੀ' ॥੫੦॥
ਕੋ 'ਪਾਇਸ', ਕੋ ਕਹਿ 'ਥਹਿ[1†] ਪਈ।' — [1]ਕਿਸੇ ਨੇ ਖੀਰ, ਕਿਸੇ ਦਹੀਂ (ਨਾਲ ਰੋਟੀ) ਪਾਈ (ਦੱਸੀ)। [ਥਹੀ=ਮੱਸਯਾ ਆਦਿ ਨੂੰ ਦਹੀਂ ਰਿੜਕਦੇ ਨਹੀਂ, ਤੇ ਵੰਡਕੇ ਖਾਂਦੇ ਹਨ ਉਸ ਨੂੰ ਥਹੀ, ਥੇਈ ਕਹਿੰਦੇ ਹਨ]। †ਪਾ:-ਬਹਿ=ਬੇਹੀ, ਬਾਸੀ।
'ਜਵ ਕੀ ਦੋੜ[1]' ਕਿਨਹੁ ਅਚਿ ਲਈ। — [1]ਦੋ ਰੋਟੀਆਂ ਵੇਲਕੇ ਵਿਚ ਘਿਉ ਲਾਕੇ ਪਕਾਉਣੀ, ਪ੍ਰੌਂਠਾ।
ਇੱਤਯਾਦਿਕ ਸਭਿ ਕੀਨ ਬਤਾਵਨਿ।
ਕਰਯੋ ਜਾਇ ਜਸ ਜਸ ਘਰ ਖਾਵਨਿ ॥੫੧॥
ਮੈਲਾਗਰ ਸਿੰਘ ਬੂਝਨਿ ਕੀਨਾ।
'ਤੈਂ ਕਯਾ ਅਚਯੋ, ਕਹਾਂ ਸਿਖ ਦੀਨਾ?'
ਸੁਨਿ ਕਰ ਜੋਰਿ ਕਹਯੋ 'ਮੈਂ ਨੀਕਾ।
ਭੋਜਨ ਛਕਯੋ ਭਾਉ ਪਿਖਿ ਜੀਕਾ ॥੫੨॥
ਸਗਰੀ ਉਮਰ ਨਹੀਂ ਅਸ ਖਾਯੋ।
ਆਜ ਜਥਾ ਸਿਖ ਨੇ ਅਚਵਾਯੋ।'
ਪੁਰਿ ਜਨ ਤਹਾਂ ਸੁਨਤਿ ਬਿਸਮਾਏ।
'ਤਿਸ ਘਰ ਕੁਛ ਨਹਿਂ, ਕਯਾ ਇਨ ਖਾਏ ॥੫੩॥
ਫਾਕੇ ਪਰ ਫਾਕਾ ਤਿਸ ਹੋਹਿ।
ਕਿਤ ਤੇ ਆਨਿ ਅਚਾਯੋ ਤੋਹਿ।'
ਗੁਰੂ ਕਹਯੋ 'ਸਿਖ ਲੇਹੁ ਹਕਾਰੇ।
ਬੂਝਹਿਂ ਤਿਹ ਕਯਾ ਦੀਨ ਅਹਾਰੇ?' ॥੫੪॥
ਉਠਿ ਰਾਹਕ ਤਿਹ ਲਯਾਇ ਬੁਲਾਇ।
ਪੂਛਯੋ ਗੁਰ 'ਤੈ ਕਹਾਂ ਖੁਵਾਇ?'
ਹਾਥ ਜੋਰਿ ਹੁਇ ਨੰਮ੍ਰਿ ਬਖਾਨੀ।
'ਦੀਨ ਕਟੋਰਾ ਮੈਂ ਭਰਿ ਪਾਨੀ ॥੫੫॥
ਸੋ ਪੀ ਕਰਿ ਸਿਖ ਉਠਿ ਇਤ ਆਯੋ।
ਹੁਤੋ ਦਾਰਿਦੀ ਨਹਿਂ ਕੁਛ ਪਾਯੋ।'
ਕਰਯੋ ਹੁਕਮ 'ਸਚ ਕਯੋਂ ਨਹਿਂ ਕਹੈਂ?
ਤ੍ਰਿਪਤਾਯੋ ਸਿਖ ਜਿਮ ਹਿਤ ਚਹੈ[1]' ॥੫੬॥ — [1]ਪ੍ਰੇਮ ਦੀ ਚਾਹ ਨਾਲ।

ਸਿਖ ਨੇ ਸਾਚ ਕਹਯੋ ਤਿਸ ਬੇਰੀ।
'ਹੁਤੀ ਕੋਕੜਾਂ ਪੀਲੁਨਿ[1] ਕੇਰੀ।'

[1]ਪੀਲੂ ਦੀਆਂ ਭੁਗੜੀਆਂ, ਸੁੱਕੇ ਪੀਲੂ [ਕੋਕਨ=ਸੁੱਕੀ ਪੀਲੂ]।

ਗੁਰੂ ਕਹਯੋ 'ਸਿੱਖੀ ਧੰਨ ਧੰਨ।'
ਦੇਖਿ ਭਾਉ ਕੋ ਭਏ ਪ੍ਰਸੰਨ ॥੫੭॥
'ਅਸ ਸਿਖ ਭੀ ਬਿਚ ਪੰਥ ਸੁਹਾਇਂ।
ਸਤੀ ਦੇਹਿ ਸੰਤੋਖੀ ਖਾਇ।
ਸਿਖ ਢਿਗ ਹੋਇ[1] ਅਚਾਵਹਿ ਨਾਂਹੀ।

[1]ਸਿੱਖ ਪਾਸ (ਪਦਾਰਥ ਹੋਵੇ।

ਤੌ ਦੂਖਨ ਜਾਨਹੁ ਤਿਸ ਮਾਂਹੀ ॥੫੮॥
ਨਿਰਧਨ ਸਿਖ ਤੇ ਜਾਚਹਿ ਨੀਕਾ[1]।

[1]ਚੰਗਾ (ਭੋਜਨ) ਮੰਗੇ।

ਦੋਸ਼ ਲਖਹੁ ਅਚਵਹਿ[1] ਤਿਸ ਹੀ ਕਾ।

[1]ਖਾਣ ਵਾਲੇ ਦਾ ਦੋਸ਼ ਜਾਣੋ।

ਯਾਂ ਤੇ ਭਾਵ[1] ਮੂਲ ਹੀ ਜਾਨ।

[1]ਪ੍ਰੇਮ।

ਅਚਨ ਅਚਾਵਨ ਬਿਧਿ ਪਹਿਚਾਨ' ॥੫੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਕੋਟ ਕਪੂਰੇ]

੩<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੫

ਦੋਹਰਾ:

ਕਰਯੋ ਕੂਚ ਤਹਿਂ ਤੇ ਚਢੇ, ਸ੍ਰੀ ਸਤਿਗੁਰ ਸੁਖਦਾਇ।
ਗਏ ਕਪੂਰੇ ਕੋਟ ਕੋ, ਸਿੰਘ ਸੰਗ ਸਮੁਦਾਇ ॥੧॥

ਚੌਪਈ:

ਕੇਤਿਕ ਪੁਰਿ ਤੇ ਉਤਰੇ ਦੂਰ।
ਹੇਰੀ ਥਾਇਂ ਉਚਿਤ ਜਹਿਂ ਰੂਰ।
ਡੇਰਾ ਕਰਯੋ ਤੁਰੰਗ ਲਗਾਏ।
ਤ੍ਰਿਣ ਈਂਧਨ ਇਕਠੇ ਕਰਿ ਲ਼ਜਾਏ
॥੨॥
ਬੈਠੇ ਸਤਿਗੁਰ ਲਾਇ ਦਿਵਾਨ।
ਕੇਤਿਕ ਦਰਸਤਿ ਹੈਂ ਨਰ ਆਨਿ।
ਖਬਰ ਕਪੂਰੇ ਕੇ ਢਿਗ ਗਈ।
ਮਿਲਿਬੇ ਕਾਰਨ ਤਜ਼ਾਰੀ ਕਈ ॥੩॥
ਘੋੜਾ ਏਕ ਸ਼ਿੰਗਾਰ ਬਨਾਯੋ।
ਦੈਬੇ ਹੇਤੁ ਉਪਾਯਨ ਲ਼ਜਾਯੋ।
ਕੇਤਿਕ ਨਰ ਲੇ ਕਰਿ ਨਿਜ ਸਾਥ।
ਪਹੁੰਚਯੋ ਆਇ ਪਿਖੇ ਗੁਰ ਨਾਥ ॥੪॥
ਪਦ ਅਰਬਿੰਦ ਬੰਦਨਾ ਕਰੀ।
ਹਾਥ ਬੰਦਿ ਬੈਠਯੋ ਤਿਸ ਘਰੀ।
ਕੁਸ਼ਲ ਪ੍ਰਸ਼ਨ ਕਹਿ ਕ੍ਰਿਪਾ ਨਿਧਾਨਾ।
'ਕ੍ਰਿਪਾ ਆਪ ਕੀ ਅਨੰਦ ਮਹਾਨਾ' ॥੫॥
'ਕਹਹੁ ਕਪੂਰਾ! ਆਯੁਧ ਧਰੇ।
ਧੀਰ ਬੀਰਤਾ ਕੇਤਿਕ ਕਰੇ?
ਰਣ ਕੀ ਚੌਂਪ ਬਿਸਾਲ ਕਿ ਨਾਂਹੀ?
ਜਿਸ ਤੇ ਬੀਰ ਪਰਮਪਦ ਪਾਹੀਂ' ॥੬॥
ਕਹਯੋ ਕਪੂਰੇ ਸ਼੍ਰੀ ਗੁਰ ਸਾਥ।
'ਇਹੁ ਜਗ ਨਾਥ! ਆਪ ਕੇ ਹਾਥ।
ਧੀਰ ਬੀਰ ਕੋ ਭੀਰੁ ਬਨਾਵਹੁ[1]।
ਭੀਰੁਨਿ ਤੇ[1] ਬਹੁ ਜੁੱਧ ਮਚਾਵਹੁ' ॥੭॥
'ਭਲਾ ਕਪੂਰੇ! ਭਲਾ ਕਪੂਰੇ!'

[1]ਕਾਇਰ ਬਣਾ ਸਕਦੇ ਹੋ।
[1]ਕਾਇਰਾਂ ਤੋਂ।

ਬੋਲੇ ਪਾਤਸ਼ਾਹੁ ਗੁਰ ਪੂਰੇ।
'ਵਹਿਰ ਅਖੇਰ ਕਰਹਿਂ ਕਿਸ ਕੇਰਾ[1]? — [1]ਸ਼ਿਕਾਰ ਤੂੰ ਕਿਸਦਾ ਕਰਦਾ ਹੈਂ?
ਕਿਤ ਦਿਸ਼ਿ ਗਮਨ ਫਿਰਹਿਂ ਬਹੁ ਫੇਰਾ[1]?' — [1]ਕਿਸ ਤਰਫ ਜਾਕੇ ਬਹੁਤ ਫਿਰਦਾ ਹੈਂ?।
॥੮॥
ਕਹੈ ਕਪੂਰਾ 'ਕੂਕਰ ਬਾਜ।
ਰਾਖੌਂ ਮੈਂ ਅਖੇਰ ਕੋ ਸਾਜ।
ਸ਼ਿਕਰੇ ਜੁਰਰੇ ਆਦਿ ਘਨੇਰੇ।
ਅਨਵਾਏ ਦੇ ਦਰਬ ਬਡੇਰੇ ॥੯॥
ਬਡੇ ਬਿਹੰਗਨਿ ਜਾਨਿ ਨ ਦੇਤਿ।
ਬਲ ਤੇ ਝਪਟ ਕਰਤਿ ਗਹਿ ਲੇਤ।'
ਇੱਤਜ਼ਾਦਿਕ ਬਾਤੈਂ ਕੁਛ ਔਰ।
ਕਰਤਿ ਭਏ ਸੋਢੀ ਸਿਰਮੌਰ ॥੧੦॥
ਕਰਿ ਬੰਦਨ ਉਠਿ ਸਦਨ ਸਿਧਾਰਾ।
ਸਤਿਗੁਰ ਦੇਖਤਿ ਦੁਰਗ ਬਿਚਾਰਾ।
-ਜੇ ਕਰਿ ਦੇਹਿ ਕਪੂਰਾ ਕੋਟ।
ਲਾਖਹੁੰ ਤੁਰਕ ਹਤਹਿਂ ਗਹਿ ਓਟ ॥੧੧॥
ਚਿਤਵਤਿ ਰਹੇ ਬਿਤੀ ਤਹਿਂ ਰਾਤੀ।
ਸੌਚ ਸ਼ਨਾਨ ਠਾਨਿ ਕਰਿ ਪ੍ਰਾਤੀ।
ਲਗਜੋ ਦਿਵਾਨ ਖਾਲਸੇ ਕੇਰਾ।
ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਘਨੇਰਾ ॥੧੨॥
ਨਰ ਨਾਰੀ ਗਨ ਗ੍ਰਾਮਨਿ ਕੇਰੇ।
ਧਾਇ ਆਇ ਗੁਰ ਦਰਸ਼ਨ ਹੇਰੇ।
ਚਾਵਲ ਚੂਨ ਘ੍ਰਿਤਾਦਿਕ ਲਜਾਵੈਂ।
ਦੇਗ਼ ਬਿਖੈ ਦਧਿ ਦੂਧ ਸੁ ਪਾਵੈਂ ॥੧੩॥
ਭਾਉ ਪ੍ਰੇਮ ਤੇ ਧਰਹਿਂ ਦਰਸ ਕਰਿ।
ਬੰਦਹਿਂ ਪਦ ਅਰਬਿੰਦ ਹਰਖ ਧਰਿ।
ਇਕ ਨਿਸ ਬਾਸੁਰ ਜਬਹਿ ਬਿਤਾਯੋ।
ਬਹੁਰ ਕਪੂਰਾ ਚਲਿ ਕਰਿ ਆਯੋ ॥੧੪॥
ਦੀਰਘ ਜਾਮਾ ਜਿਸ ਗਰ ਪਰਜੋ।
ਚਾਲ ਸ਼ੀਘ੍ਰ ਤੇ ਬਹੁ ਬਿਸਤਰਜੋ[1]। — [1]ਛੇਤੀ ਚਲਨ ਨਾਲ (ਜਾਮਾ) ਬਹੁਤ ਫੈਲਦਾ ਹੈ।
ਹਾਥਨਿ ਸਾਥ ਸੰਭਾਰਿਤ ਨਾਂਹੀ।
ਚਲਤਿ ਉਡਾਵਤਿ ਰਜ ਮਗ ਮਾਂਹੀ

॥੧੫॥
ਤਿਮ ਹੀ ਸਤਿਗੁਰ ਕੇ ਢਿਗ ਆਯੋ।
ਚਹਤਿ ਅਪਨਪੌ ਸਭਿਨ ਦਿਖਾਯੋ।
ਮੈਲਾਗਰ ਸਿੰਘ ਤਿਸ ਕੋ ਦੇਖਿ।
ਆਇ ਉਡਾਵਤਿ ਧੂਲਿ ਵਿਸ਼ੇਖ ॥੧੬॥
'ਚੌਧਰਿ! ਚਲਹੁ ਅਦਬ ਕੇ ਸਾਥ।
ਗਰਦ ਉਡਤਿ ਬੈਠੇ ਗੁਰ ਨਾਥ।
ਬਸਤ੍ਰ ਸੰਕੋਚਿ ਪਸਾਰਹੁ ਨਾਂਹਿ।
ਸਰਲ ਭਰਲ ਹੁਇ ਕਿਸ ਬਿਧਿ ਜਾਹਿ[1] ॥੧੭॥

[1]ਪਾਸੇ ਮਾਰਦਾ ਕੀਕੂੰ ਤੁਰ ਰਿਹਾ ਹੈਂ। (ਅ) (ਹੰਕਾਰ ਨਾਲ ਭਰਿਆ ਸਿੱਧਾ ਕਿਸ ਤਰ੍ਹਾਂ ਜਾ ਰਿਹਾ ਹੈਂ।

ਸਹਤ ਅਦਾਇਬ ਸਾਹਿਬ ਦੇਖਿ[1]।

[1]ਦਰਸ਼ਨ ਕਰਨਾ ਚਾਹੀਏ।

ਤਜਿ ਕਰਿ ਮਨ ਕੋ ਮਾਨ ਵਿਸ਼ੇਖ।'
ਸਿੰਘ ਬਾਕ ਸੁਨਿ ਕਰਿ ਜਨੁ ਦਾਵਾ।
ਮਨ ਬਨ ਕੋ ਲਗਿ ਅਧਿਕ ਜਲਾਵਾ ॥੧੮॥
ਕਿਧੌਂ ਜ੍ਵਲਤਿ ਮਨ ਦੀਪਕ ਨਜਾਈਂ[1]।

[1]ਅਥਵਾ (ਕਪੂਰੇ ਦਾ) ਮਨ ਦੀਵੇ ਵਾਂਙੂ (ਜਗ ਰਿਹਾ ਸੀ)।

ਸਿੰਘ ਬਾਕ ਬਹੁ ਬਾਯੁ ਬੁਝਾਈ[1]।

[1]ਮੈਲਾਗਰ) ਸਿੰਘ ਦੇ ਵਾਕ ਰੂਪ ਤ੍ਰਿੱਖੀ ਵਾਯੂ ਨੇ ਬੁਝਾ ਦਿੱਤਾ।

ਰਿਸ ਜੁਤਿ ਚਿਤ ਭਾ ਲਖਿ ਅਪਮਾਨਾ।
ਬਸ ਨ ਬਸਾਇ ਨ ਸਕੈ ਬਖਾਨਾ ॥੧੯॥
ਗੁਰ ਸਮੀਪ ਹੁਇ ਬੰਦਨ ਠਾਨੀ।
ਬੈਠਿ ਗਯੋ ਤਬਿ ਭਾ ਮਨ ਹਾਨੀ।
ਇਕ ਪ੍ਰਯੰਕ ਪਰ ਸਤਿਗੁਰ ਥਿਰੇ।
ਦੁਤਿਯੇ ਪਰ ਪ੍ਰਭੁ ਆਯੁਧ ਧਰੇ ॥੨੦॥
ਨਿਰਮਲ ਚੰਦ੍ਰਹਾਸ ਖਰ[†] ਧਾਰਾ[1]।

[1]ਤਿੱਖੀ ਧਾਰ ਵਾਲੀ ਤਲਵਾਰ। [†]ਪਾ:-ਖਗ।

ਧਾਰਾ ਗੁਨ ਕੁਦੰਡ[1] ਬਡ ਭਾਰਾ।

[1]ਚਿੱਲੇ ਸਹਿਤ ਧਨੁਖ।

ਤਰਕਸ਼ ਭਰੇ ਖਰੇ ਕਰਿ ਤੀਰ।
ਤੀਰ[1] ਸੁਹਾਵਤਿ ਗੁਨੀ ਗਹੀਰ ॥੨੧॥

[1]ਨੇੜੇ।

ਏਕ ਚਮਰ ਸਤਿਗੁਰ ਸਿਰ ਫਿਰੈ।
ਦੂਸਰ ਸ਼ਸਤ੍ਰਨਿ ਊਪਰ ਢੁਰੈ।
ਹੇਰਿ ਕਪੂਰਾ ਤਰਕਤਿ ਭਾਖੇ।
'ਭਲੇ ਬਨਾਇ ਸ਼ਸਤ੍ਰ ਇਹ ਰਾਖੇ ॥੨੨॥

ਰਾਵਰਿ ਸਿਰ ਪਰ ਚਾਮਰ ਫੇਰਤਿ।
ਇਹ ਤੌ ਰੀਤਿ ਆਦਿ ਕੀ ਹੇਰਤਿ।
ਦੂਸਰ ਸ਼ਸਤ੍ਰਨਿ ਪਰ ਫਿਰਵਾਵੋ।
ਇਹ ਤੌ ਰੀਤਿ ਨਈ ਬਿਦਤਾਵੋ ॥੨੩॥
ਧੂਪ ਧੁਖਾਵਤਿ ਚੰਦਨ ਚਰਚਾ।
ਫੂਲਨ ਮਾਲ ਬਿਸਾਲਹਿ ਅਰਚਾ।'
ਸੁਨਿ ਸ਼੍ਰੀ ਮੁਖ ਤੇ ਕਹਿ ਸਮੁਝਾਯੋ।
ਸ਼ਸਤ੍ਰਨਿ ਅਦਬ ਚਹਿਯ ਰਖਵਾਯੋ ॥੨੪॥
ਮਾਖੀ ਆਇ ਅਪਾਵਨ ਥਿਰੈ।
ਚਮਰ ਢੁਰਤਿ ਸੋ ਬਰਜਨ ਕਰੈ।
ਇਹ ਸਭਿ ਕੇ ਸਿਰਮੌਰ ਸੁਰਨ ਮੈਂ[1]।
ਦੇਂ ਰਿਪੁ ਗਨ ਤੇ ਫਤੇ ਸੁ ਰਨ ਮੈਂ ॥੨੫॥
ਪ੍ਰਿਥੀ ਸੁਰਗ ਕੋ ਰਾਜ ਘਨੇਰਾ।
ਓਜ ਸੁਰਾਸਰ ਕੇਰਿ ਬਡੇਰਾ।
ਸਭਿ ਸ਼ਸਤ੍ਰਨਿ ਕੇ ਹੈ ਅਨੁਸਾਰੇ।
ਜੋ ਇਨ ਧਰੈ ਸੁ ਹੁਇ ਬਲ ਭਾਰੇ ॥੨੬॥
ਇਨ ਸਮ ਸ਼ਕਤਿਵੰਤ ਨਹਿਂ ਕੋਊ।
ਜੋ ਕਰ ਧਰੈ ਬਲੀ ਹੁਇ ਸੋਊ।
ਆਦਿ ਅਕਾਲ ਪੁਰਖ ਕਰਤਾਰਾ।
ਪ੍ਰਥਮ ਖੜਗ ਤਿਨ ਰਚ੍ਯੋ ਉਦਾਰਾ ॥੨੭॥
ਮਾਨਨੀਯ ਸੁਰ ਅਸੁਰਨਿ ਕੇਰੇ।
ਧਰਹਿਂ ਜੁ ਪੂਜਹਿਂ[1], ਹ੍ਵੈਂ ਸੁ[2] ਬਡੇਰੇ।
ਨਰ ਬਪੁਰੇ ਕੀ ਗਿਨਤੀ ਕਹਾਂ।
ਅਸਿਧੁਜ ਸ਼੍ਰੀ ਅਕਾਲ ਹੈ ਮਹਾਂ' ॥੨੮॥
ਸੁਨਿ ਕਰਿ ਤੂਸ਼ਨ ਹੋਇ ਕਪੂਰੇ।
ਗੁਰ ਬਚ ਨਿਸ਼ਚਾ ਕਿਯੋ ਨ ਕੂਰੇ[1]।
ਅੰਤਰਜਾਮੀ ਜਾਨਿ ਬਖਾਨਾ।
'ਸੁਨਹੁ ਕਪੂਰ ਸਿੰਘ ਧਰਿ ਕਾਨਾ ॥੨੯॥
ਨੈਂ ਲਗਿ[1] ਕਰਿ ਹੈਂ ਰਾਜ ਤੁਹਾਰਾ।

[1]ਦੇਵਤਿਆਂ ਵਿਚੋਂ (ਪੂਜ੍ਯ)।

[1]ਜੋ ਧਾਰਨਗੇ ਤੇ ਪੂਜਣਗੇ। [2]ਓਹ।

[1]ਕੂੜੇ (ਕਪੂਰੇ) ਨੇ।

[1]ਨਦੀ ਤਕ। ਭਾਵ ਸਤਲੁਜ ਤਕ, ਹੁਣ ਵਾਲੇ ਫੀਰੋਜ਼ਪੁਰ ਦੇ ਜ਼ਿਲੇ ਆਦਿਕ ਤੋਂ ਮੁਰਾਦ ਹੈ।

ਗਜ ਬਾਜੀ ਦਲ† ਵਧੈ ਉਦਾਰਾ।
ਤੁਰਕਨ ਸੰਗ ਜੰਗ ਕੇ ਕਾਰਨ।
ਦੇਹੁ ਦੁਰਗ ਦੇਖਹੁ ਦਲ ਦਾਰੁਨ[1] ॥੩੦॥

ਲਸ਼ਕਰ ਨੌਰੰਗ ਕੋ ਲਰਿ ਮਾਰੈਂ।
ਕਾਤੁਰ ਤੁਰਕ ਪਲਾਵਤਿ ਹਾਰੈਂ।'
ਸੁਨਿ ਕਰਿ ਦੀਨ ਹੋਇ ਕਰਿ ਕਹੈ।
'ਹਮ ਮੈਂ ਕਹਾਂ ਸ਼ਕਤਿ ਇਮ ਅਹੈ ॥੩੧॥
ਰਿਪੁ ਸਮ ਜਾਨਿ ਤੁਰਕ ਗਹਿਂ ਮੋਹਿ।
ਮਾਰਹਿਂ ਫਾਸੀ ਦੇ ਕਰਿ ਕ੍ਰੋਹ।
ਸ੍ਰੀ ਗੁਰ! ਤੁਮ ਤੌਂ ਬੇ ਪਰਵਾਹ।
ਬਿਗਰ ਲਰੇ[1] ਤੁਰਕੇਸ਼ੁਰ ਸ਼ਾਹ ॥੩੨॥
ਲਾਖਹੁੰ ਨਰ ਮਾਰੇ ਮਰਿਵਾਏ।
ਆਨੰਦਪੁਰਿ ਉਜਾਰ ਕਰਿ ਆਏ।
ਭਲੀ ਸੀਖ ਅਬਿ ਦੇਵਨ ਲਾਗੇ।
ਜਿਸ ਤੇ ਬਚਹਿ ਨ, ਕਿਤ ਕੋ ਭਾਗੇ ॥੩੩॥
ਤਿਨ ਤੁਰਕਨਿ ਤੇ ਮੋਹਿ ਬਿਗਾਰਹੁ।
ਜਿਮ ਉਜਰੇ ਤਿਮ ਮੋਹਿ ਉਜਾਰਹੁ।
ਹਮ ਤੌਂ ਬੰਦੇ ਨਿਤ ਪਤਿਸ਼ਾਹੀ।
ਬਿਗਰੇ ਮਾਰਹਿਂ ਮੁਝ ਦੇ ਫਾਹੀ' ॥੩੪॥
ਸੁਨਿ ਸਤਿਗੁਰ ਰਿਸ ਉਰ ਧਰਿ ਭਾਖਾ।
'ਜੇਕਰਿ ਇਮ ਤੇਰੀ ਅਭਿਲਾਖਾ।
ਤੌਂ ਦੇ ਫਾਸ ਤੁਰਕ ਹੀ ਮਾਰੈਂ।
ਗੁਨ ਅਵਗੁਨ ਤੁਵ ਕੁਛ ਨ ਬਿਚਾਰੈਂ ॥੩੫॥
ਜਿਨ ਸ਼ਸਤ੍ਰਨਿ ਪਰ ਤਰਕ ਕਰੰਤਾ।
ਪਿਖਿ ਪ੍ਰਤਾਪ ਤਿਨ ਤੇ ਡਰਪੰਤਾ?
ਦੇਨ ਲਗੇ ਹਮ ਅਧਿਕ ਬਡਾਈ।
ਭਯੋ ਨਿਭਾਗ ਨ ਸਾਕਹਿਂ ਪਾਈ ॥੩੬॥
ਆਨੰਦਪੁਰਾ ਬਸਹਿਗੋ ਸਦਾ।

†ਪਾ:-ਰਥ।

[1]ਦੇਖੋ ਭਯਾਨਕ ਦਲੀਜਣਾਂ (ਪਾਮਾਲ ਹੋਣਾ ਤੁਰਕਾਂ ਦਾ)। (ਅ) ਭਾਵ ਭਯਾਨਕ ਜੰਗ।

[1]ਵਿਗੜਕੇ ਲੜੇ ਹੋ।

ਇਸ ਥਲ ਤੇ ਤੂੰ ਹੀ ਹੁਇਂ ਅਦਾ[1]। [1]ਨਿਆਰਾ। (ਅ) ਨਾਸ਼।
ਜਿਨ ਕੋ ਬੰਦਾ, ਕਰਹਿਂ ਸੁ ਬੰਦ[1]। [1]ਜਿਨ੍ਹਾਂ ਦਾ ਤੂੰ ਬੰਦਾ ਹੈਂ (ਓਹ) ਕੈਦ ਕਰਨਗੇ (ਤੈਨੂੰ)।
ਦੇਂ ਫਾਸੀ ਤੁਹਿ ਕਰਹਿਂ ਨਿਕੰਦ[1] ॥੩੭॥ [1]ਨਾਸ਼।
ਤੱਤ ਅਤੱਤ[1] ਨ ਮੂਰਖ ਜਾਨੈਂ। [1]ਸਾਰ ਅਸਾਰ।
ਲਾਭ ਲੇਨ ਤੇ ਤੋਟਾ ਮਾਨੈਂ।
ਪਸੁ ਜਯੋਂ ਪੇਟ ਭਰੇ ਪਰ ਸੋਵੈਂ।
ਜਸੁ ਜਗ ਗਤਿ ਪ੍ਰਲੋਕ ਕੀ ਖੋਵੈਂ[1] ॥੩੮॥ [1]ਇਸ ਲੋਕ ਦਾ ਜਸ ਤੇ ਪ੍ਰਲੋਕ ਦੀ ਮੁਕਤੀ ਖੋ ਲੈਂਦੇ ਹਨ।
ਮਤਿ ਅੰਧੇ ਜਾਨਯੋ ਕਛੁ ਨਾਂਹੀ।
ਸਭਿ ਸੁਖ ਦੇਤਿ, ਪਰਯੋ ਦੁਖ ਮਾਂਹੀ।
ਜਿਨ ਤੁਰਕਨ ਪਰ ਉਰ ਭਰਵਾਸਾ।
ਤਿਨ ਤੇ ਹੀ ਤੁਝ ਹੋਇ ਬਿਨਾਸ਼ਾ ॥੩੯॥
ਖੇਹ ਤੋਬਰਾ ਬਦਨ ਚਢਾਇ।
ਫਾਸੀ ਦੇ ਮਾਰਹਿਂ ਸਹਿਸਾਇ।'
ਸੁਨਿ ਸ਼ਰਮਿੰਦਤਿ ਭਯੋ ਕਪੂਰਾ।
ਨੀਵੀਂ ਗ੍ਰੀਵ ਥਿਰਯੋ ਕੁਛ ਕੂਰਾ ॥੪੦॥
ਪੁਨ ਉਠਿ ਅਪਨੇ ਸਦਨ ਸਿਧਾਰਾ।
ਭਯੋ ਸ੍ਰਾਪ ਦਾਰੁਨ ਦੁਖ ਭਾਰਾ।
ਭਲੀ ਹੋਤਿ ਉਲਟੀ ਗਲ ਪਰੀ।
ਬਰਜੋ ਦੁਰਗ ਤਕਰਾਈ ਕਰੀ ॥੪੧॥
ਦ੍ਵਾਰ ਕਿਵਾੜ ਅਸੰਜਤਿ ਕਰੇ।
-ਅਸ ਨਹਿਂ ਹੋਇ ਗੁਰੂ ਬਿਚ ਬਰੇ।
ਪਤਿਸ਼ਾਹੀ ਲਸ਼ਕਰ ਚਢਿ ਆਵੈ।
ਮਾਰ ਗਰਦ ਮਹਿਂ ਦੁਰਗ ਮਿਲਾਵੈ- ॥੪੨॥
ਯਾਂ ਤੇ ਮੁੰਦ ਲੀਏ ਦਰਵਾਜੇ।
ਚਿਤ ਮਹਿਂ ਚਿੰਤ ਮਹਾਂ ਉਪਰਾਜੇ।
ਗੁਰੂ ਬਾਕ ਨਹਿਂ ਮੂਰਖ ਮਾਨਯੋ।
ਲਿਯੋ ਨ ਬਰ ਤੌਂ ਸ੍ਰਾਪ ਬਖਾਨਯੋ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਸਿਰ੍ਹਦੋਂ ਫੌਜ ਦੀ ਚੜ੍ਹਾਈ। ਢਿੱਲਵੀਂ ਕੌਲ ਪਾਸ]

੪<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੬

ਦੋਹਰਾ:

ਤੁਰਕਨਿ ਕੀ ਗਨ ਬਾਹਨੀ, ਸੀਰੰਦ ਕੀਨਿ ਬਟੋਰ।
ਚਹੈਂ ਗੁਰੂ ਕੋ ਪਕਰਨੇ, 'ਦੌਰ ਕਰਹੁ ਥਲ ਟੋਰਿ' ॥੧॥

ਚੌਪਈ:

ਸੁਧਿ ਪਹੁੰਚੀ 'ਦੀਨੇ ਕੇ ਗ੍ਰਾਮੂ।
ਕੇਤਿਕ ਦਿਨ ਬਸਿ ਕਰਿ ਤਿਨ ਧਾਮੂ।
ਤਹਿਂ ਤੇ ਗਮਨ ਅਗਾਰੀ ਗਏ।
ਕੇਤਿਕ ਚਮੂੰ ਸੰਗ ਮੈਂ ਲਏ' ॥੨॥
ਸੁਨਤਿ ਵਜੀਦਾ ਮੂਰਖ ਮਾਨੀ।
ਪਠੇ ਦੂਤ ਕੇਚਿਤ ਅਗਵਾਨੀ।
'ਟਿਕਹਿਂ ਗ੍ਰਾਮ ਜਿਸ, ਦਿਹੁ ਸੁਧਿ ਆਈ।
ਦੌਰ ਕਰਹਿਂ ਤਹਿਂ ਦਲ ਸਮੁਦਾਈ ॥੩॥
ਜਾਹਿਂ ਅਚਾਨਕ ਗਹਿ ਕਰਿ ਲਯਾਵਹਿਂ।
ਜੀਵਤਿ ਹਜ਼ਰਤ ਨਿਕਟ ਪਠਾਵਹਿਂ।
ਹੋਹਿ ਪ੍ਰਸੰਨ ਦਰਬ ਬਹੁ ਦੈ ਹੈ।
ਸ਼ਾਹੁ ਮਨੋਰਥ ਪੂਰਨ ਹ੍ਵੈ ਹੈ[†]' ॥੪॥

[†]ਕੇਵਲ ਇਹੀ ਕਾਰਨ ਨਹੀਂ। ਵਜ਼ੀਦ ਖ਼ਾਂ ਛੋਟੇ ਸਾਹਿਬਜ਼ਾਦੇ ਅਤਿ ਬੇਦਰਦੀ ਨਾਲ ਸ਼ਹੀਦ ਕਰ ਚੁੱਕਾ ਹੈ, ਹੁਣ ਉਸ ਨੂੰ ਆਪਣਾ ਡਰ ਵਿਸ਼ੇਸ਼ ਹੈ ਕਿ 'ਜੇ ਗੁਰੂ ਜੀ ਕਾਮਯਾਬ ਹੋ ਗਏ ਤਾਂ ਸਭ ਤੋਂ ਵੱਧ ਦੰਡ ਦਾ ਮੈਂ ਅਧਿਕਾਰੀ ਹੋਵਾਂਗਾ' ਇਸ ਵਾਸਤੇ ਉਹ ਗੁਰੂ ਜੀ ਦਾ ਵਿਨਾਸ਼ ਬਹੁਤ ਤੜਪਨਾ ਨਾਲ ਚਾਹੁੰਦਾ ਹੈ।

ਇੱਤਜਾਦਿਕ ਬਿਚਾਰ ਕਰਿ ਭਾਯੋ[1]।

[1]ਐਉਂ ਵਿਚਾਰਕੇ ਉਸ ਨੂੰ ਇਹ (ਗੱਲ) ਭਾਈ ਕਿ........।

ਲਸ਼ਕਰ ਕਈ ਹਜ਼ਾਰ ਪਠਾਯੋ।
ਦਾਵ ਤਕਾਵਤਿ ਤੁਰਕ ਬਿਚਾਰੇਂ।
-ਪਕਰਜੋ ਜਾਇ ਘਾਤ ਨਿਰਧਾਰੇ[1]- ॥੫॥

[1]ਦਾਉ ਤੱਕਦੇ ਤੁਰਕ ਵਿਚਾਰਾਂ ਕਰਦੇ ਹਨ (ਕਿ ਕਿਵੇਂ ਗੁਰੂ) ਪਕੜਿਆ ਜਾਏ (ਉਹ) ਘਾਤ ਨਿਰਣੈ ਹੋ ਜਾਏ।

ਕੋਪ ਕਪੂਰੇ ਪਰ ਕਰਿ[1] ਤਬੈ।
ਡੇਰਾ ਕੂਚ, ਚਢੇ ਸਿਖ ਤਬੈ।
ਸਹਿਜ ਸੁਭਾਇਕ ਹਯ ਆਰੂੜੇ।
ਖਿਲਤਿ ਅਖੇਰ ਚਲਤਿ ਗੁਨ ਗੂੜੇ ॥੬॥

[1]ਕਪੂਰੇ ਤੋਂ ਗੁੱਸੇ ਹੋਕੇ (ਗੁਰੂ ਜੀ ਅੱਗੇ ਟੁਰੇ)।

ਢਿੱਲਵ ਗ੍ਰਾਮ ਕੋਸ ਦੁਇ ਤੀਨ।
ਜਾਇ ਪਹੂੰਚੇ ਗੁਰੂ ਪ੍ਰਬੀਨ।
ਸੋਢੀ ਬੰਸ ਪ੍ਰਿੱਥੀਏ ਕੇਰਾ।
ਬਸਹਿ ਤਹਾਂ ਬਾਸਾ ਬਹੁਤੇਰਾ ॥੭॥
ਨਾਮ ਕੌਲ ਅਜ਼ਮਤ ਜੁਤਿ ਜੋਏ।
ਚਾਰ ਪੁੱਤ੍ਰ ਤਿਸ ਕੇ ਗ੍ਰਿਹ ਹੋਏ।
ਸਤਾਨੰਦ ਹਰਿਨੰਦ ਸੁ ਚਾਲੀ।
ਪੁਨ ਅਮਰੀਕ ਰਾਇ ਬਨਵਾਲੀ ॥੮॥
ਬਨਵਾਲੀ ਕੈ ਨੰਦਨ ਏਕ।
ਅਭੈਰਾਮ ਗੁਨ ਧਰਹਿ ਅਨੇਕ।
ਅਭੈਰਾਮ ਕੇ ਸੁਤ ਭੇ ਚਾਰ।
ਇਕ ਸ੍ਰੀ ਰਾਮ[1] ਪ੍ਰਜਾਪਤਿ[8] ਧਾਰ ॥੯॥ [1]ਇਹ ਚਹੁਵਾਂ ਦੇ ਨਾਮ ਹਨ।
ਰਾਮਕੁਇਰ[8] ਜਸਪਤਿ[8] ਗਿਨ ਲੇਹ।
ਮਾਨਨੀਯ ਸੰਗਤਿ ਕੇ ਏਹ।
ਸ੍ਰੀ ਗੁਬਿੰਦ ਸਿੰਘ ਕੋ ਆਗਵਨੁ।
ਸ਼੍ਰਵਨ ਕਰਜੋ ਜਬਿ ਅਪਨੇ ਭਵਨੁ ॥੧੦॥
ਸ਼੍ਰਾਧ ਕਰਾਵਤਿ ਤਤਛਿਨ ਛੋਰਾ।
ਸ਼ੀਘ੍ਰ ਧਰਤਿ ਆਯਸਿ[1] ਗੁਰ ਓਰਾ। [1]ਕਾਹਲੀ ਕਰਕੇ ਆਯਾ।
ਹਰਖਤਿ ਨਿਕਟ ਪਹੁਚਜੋ ਜਬੈ।
ਭਾਉ ਸਮੇਤ ਪਰਖਿ ਕਰਿ ਤਬੈ ॥੧੧॥
ਸ੍ਰੀ ਗੁਰ ਗਰੇ ਲਾਇ ਕਰਿ ਮਿਲੇ।
ਬੈਠੇ ਕੁਸ਼ਲ ਪ੍ਰਸ਼ਨ ਕਰਿ ਭਲੇ।
ਹਾਥਨਿ ਕੀ ਦਿਸ਼ਿ ਦ੍ਰਿਸ਼ਟਿ ਚਲਾਈ।
ਬੂਝਜੋ 'ਅੰਗੁਰੀ ਮਹਿਂ ਕਜਾ ਪਾਈ?' ॥੧੨॥
ਨੰਮ੍ਰਿ ਹੋਇ ਕਰਿ ਕੌਲ ਕਹੰਤਾ।
'ਬੈਠਜੋ ਮੈਂ ਅਬਿ ਸ਼੍ਰਾਧ ਕਰੰਤਾ।
ਸੁਨਜੋਂ ਸ਼੍ਰਵਨ ਰਾਵਰਿ ਆਗਵਨੁ।
ਉਠਜੋ ਭਵਨ ਸੰਭਾਰ ਨ ਕਵਨੁ[1] ॥੧੩॥ [1]ਕੋਈ ਸੰਭਾਲ ਨਹੀਂ ਰਹੀ।
ਸ਼ੀਘ੍ਰ ਕਰਤਿ ਮਿਲਿਬੇ ਹਿਤ ਆਏ।
ਕੁਸ਼ਾ ਪਵਿੱਤ੍ਰੇ ਅੰਗੁਰਨਿ ਪਾਏ।

ਨਹੀਂ ਨਿਕਾਰੇ ਕਰ ਮਹਿਂ ਰਹੇ।
ਤੂਰਨ ਹੀ ਦਰਸ਼ਨ ਮਨ ਚਹੇ' ॥੧੪॥
ਸੁਨਿ ਸ਼੍ਰੀ ਗੁਰ ਗੋਬਿੰਦ ਸਿੰਘ ਕਹ੍ਯੋ।
'ਇਹ ਤੁਮ ਕਹਾਂ ਕਰਨ ਕੋ ਚਹ੍ਯੋ।
ਸਤਿਗੁਰ ਰਾਮਦਾਸ ਜਿਸ ਬੰਸ।
ਲੀਨਸਿ ਜਨਮ ਮਾਨਸਰ ਹੰਸ ॥੧੫॥
ਸੰਕਜਾ[1] ਪਿਤਰ ਛੁਧਿਤਿ ਹੀ ਰਹੇ।
ਜਿਨਹੁ ਬਾਸ ਬੈਕੁੰਠਹਿ ਲਹੇ।
ਐਸੇ ਤ੍ਰਿਪਤ ਭਏ ਇਕ ਵਾਰੀ।
ਬਹੁਰ ਨ ਚਹੈਂ ਅੰਨ ਅਰੁ ਬਾਰੀ' ॥੧੬॥
ਸੁਨੀ ਤਰਕ ਨਿਜ ਕ੍ਰਿਤਿ ਮਹਿਂ ਜਬੈ।
ਉੱਤਰ ਕੌਲ ਬਖਾਨ੍ਯੋ ਤਬੈ।
'ਅਹੈ ਵਾਸਤਵ ਆਪ ਸੁਨਾਈ।
ਤਊ ਸੁਨਹੁ ਜਿਮ ਹਮ ਲਖਿ ਪਾਈ ॥੧੭॥
ਸ਼੍ਰੀ ਬਾਬਾ ਨਾਨਕ ਅਵਤਾਰਾ।
ਨਰਨਿ ਉਧਾਰੇ ਜਿਨਹੁਂ ਨ ਪਾਰਾ।
ਅੰਤ ਸਮੈਂ ਸਪਤਮਿ ਦਿਨ ਮਾਂਹੀ।
ਚਹ੍ਯੋ ਗਮਨ ਪਰਲੋਕ ਤਹਾਂ ਹੀ ॥੧੮॥
ਸਿਰੀ ਚੰਦ ਕੀ ਜਨਨੀ ਆਈ।
ਨੰਮ੍ਰਿ ਬਿਨੈ ਜੁਤਿ ਗਿਰਾ ਅਲਾਈ।
-ਪ੍ਰਾਤ ਅਸ਼ਟਮੀ ਥਿਤ ਸੁਨਿਯੰਤ।
ਤੁਮ ਪਿਤ ਕੋ ਸਰਾਧ ਕਰਿਯੰਤਿ ॥੧੯॥
ਜੇ ਪਰਲੋਕ ਪਧਾਰਹੁ ਆਜ।
ਤੌ ਨ ਹੋਇ ਹੈ ਸ਼੍ਰਾਧ ਸਮਾਜ।
ਭਲੀ ਬਾਤ ਰਹਿਯਹਿ ਭੁਨਸਾਰਾ।
ਪਿਤ ਕੋ ਸ਼੍ਰਾਧ ਕਰਹੁ ਸਭਿ ਕਾਰਾ ॥੨੦॥
ਪੁਨ ਨੌਮੀ ਕੈ ਦਸਮੀ ਦਿਨ ਮਹਿਂ।
ਕਰਹੁ ਆਪ ਜਿਮ ਬਾਂਛਹੁ ਮਨ ਮਹਿਂ-।
ਚੋਣੀ[1] ਬਾਤ ਨੀਕ ਮਨ ਭਾਈ।
ਸੌਜ ਸਮਾਵਨ ਕੀ ਉਠਿਵਾਈ ॥੨੧॥

[1]ਭਾਵ ਇਹ ਸ਼ੰਕਾ ਅਜੇ ਤਕ ਹੈ ਤੁਹਾਨੂੰ ਕਿ।

[1]ਭਾਵ ਮਾਤਾ ਸੁਲੱਖਣੀ ਜੀ ਦੀ।

ਰਹੇ ਸਪਤਮੀ ਦਿਵਸ ਬਿਤਾਯੋ।
ਅਸ਼ਟਮਿ ਥਿਤੀ ਸ਼੍ਰਾਧ ਕਿਰਵਾਯੋ†।

†ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸੰਗ ਹਿੰਦਾਲੀਆਂ ਦਾ ਮਨਘੜਤ ਹੈ, ਪੁਰਾਤਨ ਜਨਮ ਸਾਖੀ ਵਿਚ ਨਹੀਂ ਹੈ। ਬਾਬੇ ਕਾਲੂ ਜੀ ਨੂੰ ਸ਼੍ਰਾਧ ਕਰਦਿਆਂ ਗੁਰੂ ਨਾਨਕ ਜੀ ਨੇ ਹੋੜਿਆ ਸੀ, ਫਿਰ ਆਪ ਕਦੋਂ ਸ਼੍ਰਾਧ ਕਰਵਾਉਂਦੇ ਸਨ। ਪਿਤ੍ਰਾਂ ਨਮਿੱਤ ਕੀਰਤਨ ਅਰਦਾਸ ਪਾਠ ਭੋਗ ਤਾਂ ਗੁਰੂ ਘਰ ਵਿਚ ਵਿਹਤ ਹੈ ਪਰ ਕੁਸ਼ਾ ਪਹਿਨਕੇ ਬ੍ਰਹਮਣਾਂ ਦੇ ਮਗਰ ਲੱਗਕੇ ਕਾਂ ਕੁੱਤੇ ਖਿਲਾਉਣੇ ਗੁਰਬਾਣੀ ਵਿਚ ਮਨ੍ਹੇ ਹਨ। ਯਥਾ:
'ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥'
[ਮਾਝ ਵਾ. ਮ. ੧
ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥'
ਪੁਨਾ: 'ਜੀਵਤ ਪਿਤਰ ਨ ਮਾਨੈ ਕੋਊ ਮੂਏੇ ਸਰਾਧ ਕਰਾਹੀ ॥ ਪਿਤਰ ਬੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥'
[ਗਉ: ਕਬੀਰ ਜੀ
ਫਿਰ ਕੌਲ ਜੀ ਦਾ ਕੀਹ ਹੌਸਲਾ ਸੀ ਕਿ ਇਸ ਤਰ੍ਹਾਂ ਕਹਿੰਦਾ, ਤੇ ਅੱਗੋਂ ਸ਼੍ਰੀ ਗੁਰੂ ਜੀ ਆਪ ਜਰ ਲੈਂਦੇ। ਜ਼ਰਾ ਅੱਗੇ ਚਲਕੇ ਦੇਖੋ ਕੌਲ ਨੂੰ ਕੈਸਾ ਉੱਚੀਆਂ ਕਲਾਂ ਦਾ ਉੱਤਰ ਦੇਂਦੇ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਸਾਖੀ ਨਹੀਂ ਹੈ।

ਭੋਜਨ ਉਚ ਨੀਚ ਕੋ ਦਿਯੋ।
ਮਹਾਂ ਜੱਗ ਸ਼੍ਰੀ ਨਾਨਕ ਕਿਯੋ ॥੨੨॥
ਪੁਨ ਨੌਮੀ ਕੇ ਦਿਨ ਭੀ ਰਹੇ।
ਦਸਮੀ ਕੋ ਪ੍ਰਲੋਕ ਪ੍ਰਭੁ ਲਹੇ।
ਜੋ ਬਾਬੇ ਨਾਨਕ ਕ੍ਰਿਤ ਕੀਨੀ।
ਹਮ ਤੁਮ ਕੋ ਚਹਿਯਤਿ ਸੋ ਚੀਨੀ
॥੨੩॥
ਤਿਮ ਹੀ ਕਰਿਬੋ ਬਨਹਿ ਬਿਚਾਰੋ।
ਤਿਸ ਮਹਿਂ ਤਰਕ ਨ ਤਨਕ ਉਚਾਰੋ।'
ਸੁਨਿ ਸ਼੍ਰੀ ਗੋਬਿੰਦ ਸਿੰਘ ਪ੍ਰਮਾਨਾ¹। ¹ਸ਼੍ਰੀ ਗੁਰੂ ਨਾਨਕ ਦੇਵ ਜੀ ਦਾ) ਪ੍ਰਮਾਣ।
ਮਾਨ ਲੀਨ ਮਨ ਪੁਨਹਿ ਬਖਾਨਾ ॥੨੪॥
'ਗੁਰ ਕੋ ਬੰਸ ਬਡੋ ਜਗ ਮਾਂਹੀ।
ਚਹੀਅਹਿ ਰਖਨ ਮ੍ਰਿਜਾਦਾ ਤਾਂਹੀ।
ਤੁਮ ਕੋ ਹੇਰਿ ਅਪਰ ਨਰ ਕਰੈਂ।
ਯਾਂ ਤੇ ਬਡੇ ਮ੍ਰਿਜਾਦਾ ਧਰੈਂ' ॥੨੫॥
ਇੱਤਜਾਦਿਕ ਕਰਿ ਬਾਕ ਬਿਲਾਸਾ।
ਡੇਰਾ ਉਤਰਾਯੋ ਪ੍ਰਭੁ ਪਾਸਾ।
ਬਹੁਰ ਅਨੰਦਪੁਰੇ ਕੋ ਜੰਗ।
ਕਿਤਿਕ ਸੁਨਾਵਨ ਕਰੇ ਪ੍ਰਸੰਗ ॥੨੬॥

ਸੇਵਾ ਸਭਿ ਸੋਢੀਨਿ ਕਰਾਈ।
ਤ੍ਰਿਣ ਦਾਨਾ ਦੇ ਕਰਿ ਸਮੁਦਾਈ।
ਭਲੀ ਪ੍ਰਕਾਰ ਅਹਾਰ ਕਰਾਏ।
ਬੈਠੇ ਬਹੁਰ ਪ੍ਰਸੰਗ ਚਲਾਏ ॥੨੭॥
'ਤੁਮ ਕੋ ਮਿਲ੍ਯੋ ਕਪੂਰਾ ਕੈ ਨਹਿਂ।
ਸੇਵਾ ਕਰੀ ਕਿ ਨਹਿਂ ਸ਼ਰਧਾ ਲਹਿ।'
ਸੁਨਿ ਸ਼੍ਰੀ ਗੁਰ ਤਤਕਾਲ ਉਚਾਰੀ।
'ਹਮਹੁ ਕਪੂਰੇ ਜੜ੍ਹਾਂ ਉਖਾਰੀ ॥੨੮॥
ਰਹਨ ਨ ਪਾਇ ਬਿਨਾਸੀ ਹੋਇ।
ਬਾਕ ਨ ਮਾਨ੍ਯੋਂ ਮਹਿਮਾ ਜੋਇ।'
ਸੁਨਤਿ ਕੌਲ ਕੇ ਛੋਭ ਬਿਸਾਲਾ।
ਨਿਜ ਸਿਖ ਲਖਿ ਬੋਲ੍ਯੋ ਤਤਕਾਲਾ ॥੨੯॥
'ਜਰਾਂ ਕਪੂਰੇ ਕੀ ਦ੍ਰਿਢ ਭਾਰੀ।
ਹਮ ਨੈ ਰਾਖੀ ਪੇਟ ਮਝਾਰੀ।
ਮੋਹਿ ਪੇਟ ਕੋ ਪਾੜਹਿ ਜੋਇ।
ਤਿਸ ਕੀ ਜੜ੍ਹਾ ਉਖਾਰੇ ਸੋਇ' ॥੩੦॥
ਸੁਨਤਿ ਸ਼ੀਘ੍ਰ ਹੀ ਕੌਲ ਮਤੇ ਕੋ।
ਸ਼੍ਰੀ ਗੁਰ ਉੱਤਰ ਦਯੋ ਪਤੇ ਕੋ।
'ਪਾੜਹਿ ਜਬਿ ਹੂੰ ਪੇਟ ਤੁਹਾਰੋ।
ਤਬਿ ਤੁਮ ਹੀ ਤਿਹ ਜਰਾਂ ਉਖਾਰੋ ॥੩੧॥
ਜਿਸ ਰੱਛਾ ਹਿਤ ਜਤਨ ਬਨਾਵਹੁ।
ਤਿਸ ਕੋ ਨਾਸ਼ ਕਰਤਿ ਉਤਲਾਵਹੁ[1]।'
ਸੁਨਤਿ ਕੌਲ ਸ੍ਰਾਪਹਿ ਬਿਸਮਾਯੋ।
-ਭਯੋ ਮੋਹਿ ਭੀ ਭਲੋ ਬਚਾਯੋ[1]- ॥੩੨॥
ਨਹਿਂ ਸਨਮੁਖ ਪੁਨ ਕਛੁ ਉਚਾਰਾ।
ਭੀਮ ਸ੍ਰਾਪ ਤੇ ਡਰ ਉਰ ਧਾਰਾ।
ਸੋਚਤਿ ਗਯੋ ਆਪਨੇ ਭਵਨੂ।
-ਬਾਕ ਨ ਮਿਟਹਿ ਬਨਹਿ ਬਿਧਿ ਕਵਨੂ ॥੩੩॥

[1]ਛੇਤੀ ਨਾਸ਼ ਕਰੋਗੇ।

[1]ਭਲਾ ਕਪੂਰੇ ਨੂੰ ਬਚਾਇਆ, (ਸਗੋਂ) ਮੈਨੂੰ ਵੀ (ਸ੍ਰਾਪ) ਹੋ ਗਿਆ।

ਮੋਹਿ ਪੇਟ ਕੋ ਸੋ ਕਿਮ ਫਾਰਹਿ-।
ਇੱਤ੍ਯਾਦਿਕ ਬਹੁ ਗਟੀ ਬਿਚਾਰਹਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੩੪॥
ਬਹੁਰ ਕੌਲ ਪੋਸ਼ਿਸ਼ ਕਰਿ ਤ੍ਯਾਰੀ।
ਸੂਖਮ ਸੇਤ ਬਸਤ੍ਰ ਮੁਲ ਭਾਰੀ।
ਲੇ ਕਰਿ ਚਲਿ ਆਯੋ ਚਿਤ ਚਿੰਤਾ।
ਬੈਠ੍ਯੋ ਨਿਕਟਿ ਹੋਇ ਭਗਵੰਤਾ† ॥੩੫॥ †ਇਹ ਚੌਪਈ ਬਹੁਤੇ ਨੁਸਖਿਆਂ ਵਿਚ ਨਹੀਂ ਹੈ।
ਅਰਪਨ ਕਰੇ ਬਸਤ੍ਰ ਬਚ ਭਾਖੋ[1]। [1]ਭਾਖ੍ਯੋ=ਕੌਲ ਨੇ ਬਚਨ ਕਹਿਆ।
'ਅਬਿ ਨੀਲਾਂਬਰ ਕੋ ਨਹਿਂ ਰਾਖੋ।
ਬਿਸਦ ਪਹਿਰ ਕਰਿ ਭਲੇ ਸੁਹਾਵੋ।
ਪੂਰਬਲੀ ਰੀਤਿਨਿ ਬਿਸਰਾਵੋ' ॥੩੬॥
ਸ਼੍ਰੀ ਮੁਖ ਬੋਲੇ 'ਕਹ੍ਯੋ ਤੁਹਾਰੋ।
ਹਮ ਨਹਿਂ ਪਲਟਤਿ[1]† ਰਿਦੇ ਬਿਚਾਰੋ।' [1]ਨਹੀਂ ਹਟਾਂਵਦੇ। †ਪਾ:-ਮੇਟਤਿ।
ਲੇ ਕਰਿ ਪਹਿਰੇ ਸਰਬ ਸਰੀਰ।
ਕਰੇ ਉਤਾਰਨਿ ਨੀਲੇ ਚੀਰ ॥੩੭॥ ⚐

⚐ਪਿੱਛੇ ਰੁਤ ੬ ਅੰਸੂ ੫੪ ਅੰਕ ੩੭ ਵਿਚ ਨੀਲੇ ਕਪੜੇ ਗੁਰੂ ਜੀ ਉਤਾਰ ਚੁੱਕੇ ਹਨ, ਦੂਜੀ ਵੇਰਾਂ ਫੇਰ ਨੀਲੇ ਪਹਿਰ ਲੈਣ ਦਾ ਜ਼ਿਕਰ ਨਹੀਂ ਆਇਆ। ਹੁਣ ਨੀਲੇ ਉਤਾਰਨ ਦੀ ਦੁਬਾਰਾ ਕਥਾ ਆਈ ਹੈ, ਦੋਹਾਂ ਦਾ ਠੀਕ ਹੋਣਾ ਸੰਸੇ ਵਾਲੀ ਗੱਲ ਹੈ। ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰ ਬਿਲਾਸ ਵਿਚ ਨੀਲੇ ਉਤਾਰਨ ਵਾਲੀ ਸਾਖੀ ਕਿਸੇ ਇਕ ਥਾਂ ਦੀ ਬੀ ਨਹੀਂ ਹੈ।

ਵਿਸ਼ੇਸ਼ ਖੋਜ ਕੀਤੀ ਤਾਂ 'ਸਾਖੀਆਂ ਵਾਲੀ ਪੋਥੀ' ਵਿਚ ਨੀਲੇ ਉਤਾਰਨ ਦੀ ਸਾਖੀ ਨਹੀਂ ਆਈ, ਓਹ ਅਰੰਭ ਹੀ ਦੀਨੇ ਕੂਚ ਤੋਂ ਹੁੰਦੀ ਹੈ ਤੇ 'ਸੋਢੀ ਕੌਲ ਪਾਸ ਜਾਕੇ ਨੀਲੇ ਉਤਾਰਨ' ਵਾਲੀ ਸਾਖੀ ਬੀ ਨਹੀਂ ਹੈ। ਸ਼ੁਖੂ ਬੁੱਧੂ (ਯਾ ਘੱਦੂ) ਦੀ ਸਾਖੀ (ਜੋ ਅੱਗੇ ਚੱਲਕੇ ਅੰਸੂ ੧੮ ਵਿਚ ਆਵੇਗੀ) ਵਿਚ (ਸਾਖੀ ਪੋਥੀ ਵਿਚ ਜ਼ਿਕਰ ਆਯਾ ਹੈ ਕਿ ਉਹਨਾਂ ਨੇ ਬੇਨਤੀ ਕੀਤੀ ਕਿ ਸਾਨੂੰ ਮਾਛੀਵਾੜੇ ਵਾਲਾ ਸਾਂਗ ਦਿਖਾਓ, ਤਾਂ ਫੇਰ ਨੀਲੇ ਪਹਿਰੇ ਜਿਸ ਤੋਂ ਪਤਾ ਲੱਗਾ ਕਿ ਨੀਲੇ ਉਤਾਰ ਚੁੱਕੇ ਹੋਏ ਸਨ। ਤਦੋਂ ਬਾਜਕ ਗ੍ਰਾਮ ਡੇਰਾ ਸੀ, ਸੋਢੀਆਂ ਨੇ ਟਹਿਲ ਕੀਤੀ, ਰਾਤ ਰਹੇ ਰੋਹੀ ਵਿਚ। ਫੇਰ ਜੱਸੀ ਆਕੇ ਘੋੜੇ ਸਣੇ ਤਲਾ ਵਿਚ ਵੜ ਗਏ, ਘੋੜਾ ਵੀ ਚਿੱਟਾ ਹੋ ਗਿਆ, ਗੁਰੂ ਕੇ ਨੀਲੇ ਬਸਤ੍ਰ ਬੀ ਚਿੱਟੇ ਹੋ ਗਏ ਪਰ ਘੋੜੇ ਦਾ ਸਿਰ ਮੁਸ਼ਕੀ ਰਿਹਾ ਤੇ ਆਪਣੀ ਦਸਤਾਰ ਸੁਰਮਈ ਰਹੀ। ਇਸ ਤੋਂ ਸਮਝ ਪਈ ਕਿ ਦੂਜੀ ਵੇਰ ਜੋ ਨੀਲੇ ਪਹਿਰੇ ਸਨ ਸੁੱਖੂ ਆਦਿਕਾਂ ਨੂੰ ਦੱਸਣ ਲਈ ਪਹਿਰੇ ਸਨ। ਸਾਖੀ ਪੋਥੀ ਦੱਸਦੀ ਹੈ, ਕਿ ਬਾਜਕ ਯਾ ਅਗਲੀ ਰੋਹੀ ਵਿਚ ਸੋਢੀਆਂ ਨੇ ਟਹਿਲ ਕੀਤੀ ਪਰ ਨੀਲੇ ਉਤਾਰਨ ਦੀ ਕਿਸੇ ਸੋਢੀ ਵਲੋਂ ਯਾਚਨਾ ਦਾ ਜ਼ਿਕਰ ਨਹੀਂ ਕੀਤਾ। ਸਗੋਂ ਅਗਲੇ ਦਿਨ ਸਰ ਵਿਚ ਵੜੇ ਤੇ ਕਪੜੇ ਚਿੱਟੇ ਹੋ ਗਏ, ਸਪਸ਼ਟ ਹੈ ਕਿ ਉਸ ਵਕਤ ਦੂਜੀ ਵੇਰ ਵਾਲੇ ਨੀਲੇ ਪਹਿਨੇ ਹੋਏ ਸਨ। ਸਰ ਤੋਂ ਬਾਹਰ ਆਕੇ, ਸਾਖੀ ਪੋਥੀ ਦੱਸਦੀ ਹੈ, ਕਿ ਆਪੇ ਆਪ ਨੇ ਪੁਸ਼ਾਕਾ ਬਦਲ ਲਿਆ। ਗੋਯਾ ਇਸ ਪੋਥੀ ਮੁਜਬ ਪਹਿਲੇ ਨੀਲੇ ਦੇਰ ਦੇ ਲਹਿ ਚੁੱਕੇ ਹੋਏ ਸਨ।

ਇਸ ਤੋਂ ਸੰਭਾਵਨਾ ਇਹ ਹੁੰਦੀ ਹੈ, ਕਿ ਬਸਤ੍ਰ ਹੁਣ ਚਿੱਟੇ ਸਨ। ਗੁ: ਪ੍ਰ: ਸੂ: ਵਿਚ ਸੁੱਖੂ ਬੁੱਧੂ ਦੀ ਸਾਖੀ ਕੌਲ ਵਾਲੀ ਸਾਖੀ ਤੋਂ ਦੂਰ ਮਗਰੋਂ ਆਉਂਦੀ ਹੈ ਤੇ ਓਥੇ ਮੁੜ ਨੀਲੇ ਪਹਿਰਨ ਦਾ ਜ਼ਿਕਰ ਨਹੀਂ ਆਉਂਦਾ (ਦੇਖੋ ਪੰਨਾ ੬੦੭੦)। ਕਵੀ ਸੰਤੋਖ ਸਿੰਘ ਜੀ ਨੇ ਦੋ ਵੇਰੀ ਨੀਲੇ ਕਪੜੇ ਲਹਿ ਚੁੱਕੇ ਦੱਸੇ ਹਨ ਬਿਨਾਂ ਇਹ ਗੱਲ ਦੱਸੇ

ਕਿ ਮੁੜ ਕਿਸ ਦੇ ਕਹੇ ਨੀਲੇ ਪਹਿਨੇ। ਪਰ ਜੱਸੀ ਆਕੇ ਇਸ਼ਨਾਨ ਬਾਦ ਕਵਿ ਜੀ ਦੱਸਦੇ ਹਨ ਕਿ ਰੰਗਦਾਰ ਪੋਸ਼ਿਸ਼ ਚਿੱਟੀ ਹੋ ਗਈ ਤੇ ਦਸਤਾਰ ਸੁਰਮਈ ਰਹੀ। ਇਸ ਕਰਕੇ ਨੀਲੇ ਕਪੜੇ ਦੀਨੇ ਲੱਥੇ ਕਿ ਸੋਢੀ ਕੌਲ ਕੋਲ ਆਕੇ ਲੱਥੇ ਇਹ ਗੱਲ ਨਿਰਨੇ ਇਸ ਤੋਂ ਬੀ ਨਾ ਹੋਈ। ਹਾਂ ਦੁਹਾਂ ਮੌਕਿਆਂ ਤੋਂ ਮਗਰੋਂ ਜਾਕੇ ਦੁਬਾਰਾ ਪਹਿਨਣ ਤੋਂ ਸਰ ਵਿਚ ਚਿੱਟੇ ਹੋ ਜਾਣ ਦੀ ਇਕ ਹੋਰ ਕਥਾ ਮਿਲ ਗਈ।

ਤ੍ਵਾ: ਖਾ: ਨੇ ਦੀਨੇ ਦੇ ਪ੍ਰਸੰਗ ਵਿਚ ਲਿਖਿਆ ਹੈ ਕਿ ਭਾਈ ਧਰਮ ਸਿੰਘ ਪਰਮ ਸਿੰਘ ਦੇ ਨੀਲੇ ਉਤਾਰ ਚਿੱਟੇ ਪਹਿਨਣੇ ਦੀ ਬੇਨਤੀ ਕਰਨੇ ਪਰ ਗੁਰੂ ਜੀ ਨੇ ਜਵਾਬ ਦਿੱਤਾ 'ਇਨ੍ਹਾਂ ਦੇ ਉਤਾਰਨ ਦਾ ਸਮਾਂ ਬੀ ਹੁਣ ਆਉਣ ਵਾਲਾ ਹੈ।' ਫੇਰ ਢਿੱਲਵਾਂ ਦੀ ਕਥਾ ਵਿਚ ਸੋਢੀ ਕੌਲ ਦੇ ਕਹਿਣ ਪਰ ਨੀਲੇ ਉਤਾਰੇ, ਸਾੜੇ ਤੇ ਚਿੱਟੇ ਪਹਿਨਣ ਦਾ ਜ਼ਿਕਰ ਕੀਤਾ ਹੈ। ਵਿਸੇਸ਼ ਵਾਰਤਾ ਇਹ ਬੀ ਲਿਖੀ ਹੈ ਕਿ ਜਦ ਨੀਲੇ ਬਾਣੇ ਦੀ 'ਇਕ ਲੀਰ ਰਹਿ ਗਈ ਤਾਂ ਭਾਈ ਮਾਨ ਸਿੰਘ ਨੇ ਉਹ ਲੀਰ ਗੁਰੂ ਸਾਹਿਬਾਂ ਪਾਸੋਂ ਮੰਗਕੇ ਆਪਣੇ ਸੀਸ ਤੇ ਬੰਨ੍ਹ ਲਈ।' ਇਸ ਪਰ ਕਲਗ਼ੀਧਰ ਜੀ ਨੇ ਵਰ ਦਿੱਤਾ ਕਿ ਤੇਰੀ ਨੀਲੇ ਬਸਤ੍ਰਾਂ ਵਾਲੀ ਸੰਪ੍ਰਦਾ ਟੁਰੇਗੀ। 'ਸੋ ਨਿਹੰਗ ਸਿੰਘ ਉਥੋਂ ਹੀ ਆਪਣੇ ਪੰਥ ਦਾ ਪ੍ਰਵਿਰਤ ਹੋਣਾ ਦੱਸਦੇ ਹਨ।' ਇਸ ਪ੍ਰਸੰਗ ਤੋਂ ਮਗਰੋਂ ਜੱਸੀ ਦੇ ਪ੍ਰਸੰਗ ਵਿਚ ਸੁੱਖੂ ਬੁੱਧੂ ਵਲੋਂ ਯਾਚਨਾ ਹੋਣ ਤੇ ਮੁੜ ਨੀਲੇ ਪਹਿਨਣੇ ਤੇ ਸ੍ਰੇਤਸਰ ਵਿਚ ਜਾਕੇ ਚਿੱਟੇ ਹੋ ਜਾਣੇ ਦੀ ਕਥਾ ਬੀ ਤ੍ਵਾ: ਖਾ: ਵਿਚ ਆਈ ਹੈ, ਪਰ ਇਹ ਵੇਰਵਾ ਓਥੇ ਨਹੀਂ ਦੱਸਿਆ ਕਿ ਨੀਲੇ ਕਪੜੇ ਮੁੜ ਸੁਆਏ, ਮੁੜ ਰੰਗਾਏ ਤੇ ਪਹਿਨੇ, ਕਿਉਂਕਿ ਮਾਛੀਵਾੜੇ ਵਾਲੇ ਨੀਲੇ ਕਪੜੇ ਤਾਂ ਤ੍ਵਾ: ਖਾ: ਦੇ ਲੇਖਕ ਜੀ ਪਿਛੇ ਦੱਸ ਆਏ ਹਨ ਕਿ ਸੋਢੀ ਕੌਲ ਦੇ ਕਹੇ ਢਿੱਲਵਾਂ ਵਿਚ ਉਤਾਰ ਕੇ ਸਾੜ ਦਿੱਤੇ ਸਨ ਤੇ ਉਸ ਦੀ ਯਾਦਗਾਰ ਦਾ ਇਕ ਟੁਕੜਾ ਮਾਤ੍ਰ ਸ੍ਰੀ ਮਾਨ ਸਿੰਘ ਜੀ ਪਿਆਰੇ ਜੋਗ ਤਦੋਂ ਹੀ ਬਖਸ਼ਿਆ ਗਿਆ ਸੀ।

ਬੈਠੇ ਬਹੁਰ ਤਿਸੀ ਅਸਥਾਨ।
ਕੇਤਿਕ ਸਿੰਘਨਿ ਲਗਜੋ ਦਿਵਾਨ।
ਕੌਲ ਪੁੱਤ੍ਰ ਪੌਤ੍ਰੇ ਜੁਤਿ ਸਬੈ।
ਪੁਰਿ ਜਨ ਗਨ ਅਵਿਲੋਕਹਿਂ ਤਬੈ
॥੩੮॥
ਜ੍ਵਲਤਿ ਅੰਗੀਠਾ ਅਗਨਿ ਅਗਾਰੀ।
ਨੀਲਾਂਬਰ ਲੇ ਹਾਥ ਮਝਾਰੀ।
ਲੀਰ ਪਾੜ ਕਰਿ ਤਿਸ ਤੇ ਸਤਿਗੁਰ।
ਸ੍ਰੀ ਮੁਖ ਤੇ ਤੁਕ ਏਵ ਉਚਰਿ ਕਰਿ
॥੩੯॥

ਛੰਦ:

'ਨੀਲ ਬਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲ ਗਇਆ।'
ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿਂ
ਅਗਨਿ ਬਿਖੈ ਪਟ ਡਾਰਿ ਦਯਾ।
ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ
ਪਾਵਕ ਪਾਵਤਿ ਛਾਰ ਕਇਆ।
ਚੀਰਤਿ ਚੀਰ ਕਰਤਿ ਲਘੁ ਲਘੁ ਕੋ

ਅਚਰਜ ਸਭਿ ਕੇ ਰਿਦੇ ਭਇਆ
॥ ੪੦ ॥
ਸੁਨਤਿ ਬਚਨ ਅਰੁ ਕ੍ਰਿਆ ਬਿਲੋਕਤਿ
ਉਰ ਸੰਸੈ ਜੁਤਿ ਕੌਲ ਭਇਆ।
ਬਿੱਪ੍ਰੈ ਤੁਕ ਕੋ ਪਠਿ ਪਠਿ ਸ਼੍ਰੀ ਮੁਖ
ਪਾਰਿ ਪਾਰਿ ਪਟ ਜਾਰ ਦਇਆ।
ਸਗਲੋ ਫੂਕ ਚੁਕੇ ਨੀਲਾਂਬਰ
ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧਿ ਕਰਿ ਸੋਊ
ਪੰਥ ਬੇਖ ਹਿਤ ਸਭਿ ਨ ਛਇਆ[1]
॥ ੪੧ ॥

[1]ਸਾਰਾ (ਕਪੜਾ) ਨਾਸ਼ ਨਾਂ ਕੀਤਾ।

ਚੌਪਈ:
ਕਹਤਿ ਕੌਲ 'ਮਮ ਉਰ ਸੰਦੇਹੂ।
ਬਿੱਪ੍ਰੈ ਪਠੀ ਆਪ ਤੁਕ ਏਹੂ।
ਸ਼੍ਰੀ ਨਾਨਕ ਕੋ ਬਾਕ ਅਮੇਟ।
ਕੋਈ ਨ ਮੋਰਹਿ ਮਹਾਂ ਸਹੇਟ[1]† ॥ ੪੨ ॥
ਬਿੱਪ੍ਰੈ ਪਠੇ ਚਾਰਹੁੰ ਬਰਣ[1]।
ਸ਼੍ਰੀ ਹਰਿ ਰਾਇ ਸੁਨੇ ਜਬਿ ਕਰਣ।
ਰਾਮਰਾਇ ਕੋ ਤਜਾਗਯੋ ਐਸੇ।
ਨਿਜ ਮੁਖ ਲਗਨ ਨ ਦੀਨਸਿ ਕੈਸੇ
॥ ੪੩ ॥

[1]ਔਖੀ ਗੱਲ, ਅਮੁੜ ਗੱਲ। †ਪਾ:-ਸਮੇਟ, ਅਮੇਟ।
[1]ਚਾਰ ਅੱਖਰ।

ਨਹਿਂ ਬੈਠਾਇਸਿ ਗੁਰਤਾ ਗਾਦੀ।
ਸ਼੍ਰੀ ਹਰਿਕ੍ਰਿਸ਼ਨ ਭਏ ਅਹਿਲਾਦੀ।
ਤੁਮ ਨੇ ਸਗਰੀ ਤੁਕ ਉਲਟਾਈ।
ਇਮ ਅਨੁਚਿਤ ਹਮ ਸਹਿ ਨ ਸਕਾਈ'
॥ ੪੪ ॥
ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ।
'ਰਾਮਰਾਇ ਕਹਿਬੋ ਜਗ ਜਾਨਾ।
ਕਰਨ ਤੁਰਕੜੇ ਹੇਤੁ ਖੁਸ਼ਾਮਦ।
ਹਰਖਾਵਨ ਜਿਸ ਤੇ ਬਹੁ ਆਮਦ ॥ ੪੫ ॥
ਸਤਿਗੁਰ ਕੀ ਤੁਕ ਤਿਨ ਉਲਟਾਈ।
ਭਈ ਸਜ਼ਾਇ ਨ ਗੁਰਤਾ ਪਾਈ।

ਹਮ ਤੌਂ ਇਸ ਤੁਕ ਹਿਤ ਉਲਟਾਵਨ।
ਸਕਲ ਸਮਿੱਗ੍ਰੀ ਕੀਨਿ ਲੁਟਾਵਨ ॥੪੬॥
ਚਾਰਹੁੰ ਪੂਤ ਦਿਏ ਇਸ ਕਾਜੂ।
ਕੌਨ ਗਿਨੈ ਸਭਿ ਸਦਨ ਸਮਾਜੂ।
ਨਾਸ਼ ਕਰਜੋ ਸਰਬੰਸ ਸਮੇਤੇ।
ਅਬਿ ਭੀ ਨਹਿਂ ਉਲਟਾਵਨਿ ਦੇਤੇ ॥੪੭॥
ਸ੍ਰੀ ਬਾਬਾ ਨਾਨਕ ਬਚ ਭਾਖਾ।
ਭਯੋ ਬਿਦਤ ਜਗ ਮਹਿਂ ਸਭਿ ਲਾਖਾ[1]।
ਮੁਗ਼ਲ ਪਠਾਨ ਰਾਜ ਕਲਿ ਕਾਲਾ।
ਸਭਿ ਅਵਨੀ ਮਹਿਂ ਤੇਜ ਬਿਸਾਲਾ ॥੪੮॥
ਕਹਜੋ ਬਾਕ ਤਿਨ ਕੋ ਅਬਿ ਫੇਰਾ।
ਜਿਸ ਤੇ ਤੁਰਕਨਿ ਮੂਲ ਉਖੇਰਾ।
ਰਾਖੀ ਹਿੰਦੁਨ ਕੀ ਬਡਿਆਈ।
ਭਯੋ ਧਰਮ ਥਿਰ ਕਜੋਂਹੁ ਨ ਜਾਈ ॥੪੯॥
ਪੰਥ ਖਾਲਸਾ ਉਤਪਤਿ ਹੋਵਾ।
ਤੁਰਕ ਪ੍ਰਤਾਪ ਉਲਟ ਬਚ ਖੋਵਾ[1]।
ਇਹ ਤੁਮ ਕਹਹੁ ਭਲੀ ਕੈ ਬੁਰੀ।'
ਸੁਨਤਿ ਕੌਲ ਤਬਿ ਤੂਸ਼ਨ ਧਰੀ ॥੫੦॥
ਪਰ ਪੂਰਬ[1] ਸਭਿ ਰਿਦੈ ਬਿਚਾਰਜੋ।
-ਇਨਹੁ ਜਥਾਰਥ ਬਾਕ ਉਚਾਰਜੋ।
ਪਰ ਉਪਕਾਰ ਹੇਤੁ ਕ੍ਰਿਤ ਐਸੇ।
ਕੌਨ ਸਹੈ ਸੰਕਟ ਇਮ ਕੈਸੇ ॥੫੧॥
ਸਭਿ ਸੁਤ ਹਤਨਿ ਸਮਾਜ ਲੁਟਾਵਨ।
ਕੌਨ ਕਰੈ ਏਤੋ ਦੁਖ ਪਾਵਨ।
ਇਹ ਬਰ ਬੀਰ ਧੀਰ ਬਡ ਧਾਰੀ।
ਦੇ ਸਰਬੰਸ ਪ੍ਰੀਤ ਨਹਿਂ ਹਾਰੀ ॥੫੨॥
ਤੁਰਕ ਤੋਮ[1] ਕੀ ਜਰਾਂ ਉਖਾਰੀ।
ਜਿਨ ਪਤਿਸ਼ਾਹਤਿ ਜਗਤ ਸੰਭਾਰੀ।

[1]ਸਭਨਾਂ ਨੇ ਜਾਣਿਆ ਹੈ।

[1]ਤੁਰਕਾਂ ਦੇ ਪ੍ਰਤਾਪ ਨੂੰ ਖੋ ਦੇਣ ਲਈ ਬਚਨ ਉਲਟਾਇਆ ਹੈ।

[1]ਪੂਰਬ ਅਪਰ=ਅਗਲਾ ਪਿਛਲਾ (ਹਾਲ)।

[1]ਸਮੂਹ।

ਇਨ ਕੀ ਕ੍ਰਿਤ ਸੁ ਇਨਹੂੰ ਬਨੈ।
ਧੰਨ ਹੋਨਿ ਜਗ ਮਹਿ ਇਨ ਭਨੈ[†1]-
॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਕੌਲ ਸੋਢੀ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

[1]ਇਨ੍ਹਾਂ ਦਾ ਹੋਣਾ ਜਗਤ ਵਿਚ ਧੰਨ ਹੈ (ਇਉਂ ਕੌਲ ਨੇ) ਕਿਹਾ। [†]ਰਾਮਰਾਇ ਜੀ ਗੁਰੂ ਨਹੀਂ ਸਨ ਤੇ ਉਹਨਾਂ ਨੇ ਤੁਕ ਉਲਟਾਈ ਸੀ, ਫਿਰ ਤੁਕ ਖੁਸ਼ਾਮਦ ਦੇ ਪਿੱਛੇ ਉਲਟਾਈ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਦਸਮੇਂ ਗੁਰੂ ਨਾਨਕ ਹਨ। ਫਿਰ ਆਪ ਨੇ ਤੁਕ ਉਲਟਾਈ ਨਹੀਂ, ਪਹਿਲੇ ਜਾਮੇ ਦੱਸਿਆ ਕਿ ਹੁਣ ਤੁਰਕਾਂ ਦਾ ਰਾਜ ਹੋਇਆ ਹੈ=ਤੁਰਕ ਪਠਾਣੀ ਅਮਲ ਕੀਆ। ਤੇ ਹੁਣ ਦੱਸਦੇ ਹਨ ਕਿ ਤੁਰਕ ਪਠਾਣੀ ਅਮਲ ਗਿਆ, ਕਿ ਓਹ ਰਾਜ ਹੁਣ ਸਮਾਪਤ ਹੈ। ਸੋ ਦਾਤੇ ਨੇ ਦੋਹਾਂ ਤੁਕਾਂ ਵਿਚ ਇਕ ਘਟਨਾ ਦਾ ਆਦਿ ਅੰਤ ਦੱਸਿਆ ਹੈ। ਫਿਰ ਤੁਕ ਪੜ੍ਹੀ ਮਾਤ੍ਰ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਹੀਂ ਬਦਲੀ। ਇਹ ਅਹਿੱਲ ਹੁਕਮ ਪੱਕਾ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਅੱਖਰ ਲਗ ਮਾਤ੍ਰਾ ਘੱਟ ਵੱਧ ਨਾ ਕਰ ਸਕੇ। ਫੇਰ ਆਪ ਗੁਰੂ ਨਾਨਕ ਹੋਕੇ ਇਕ ਹੋਣੀ ਦਾ ਆਦਿ ਅੰਤ ਦੱਸਕੇ ਕਹਿੰਦੇ ਹਨ ਕਿ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਹਨ, ਤੇ ਇਸ ਇਤਿਹਾਸਕ ਖੋਜ ਦੀ ਬੀ ਲੋੜ ਹੈ ਕਿ ਨੀਲੇ ਕਪੜੇ ਏਥੇ ਉਤਾਰੇ ਹਨ ਕਿ ਪਰਮ ਸਿੰਘ ਧਰਮ ਸਿੰਘ ਦੇ ਘਰ ਉਤਾਰ ਆਏ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਪ੍ਰਸੰਗ ਨਹੀਂ ਹੈ।

## ੬. [ਗ੍ਰਾਮ ਕੋਠਾ, ਮਲੂਕਾ। ਇਕ ਦਿਵਾਨੇ ਦਾ ਨਿਸਤਾਰਾ]

੫<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੭

ਦੋਹਰਾ:

ਕੇਤਿਕ ਵਸਤੁ ਸੰਗ ਗੁਰ[1], ਕੌਲ ਧਾਮ ਧਰਿਵਾਇ।
ਕਰਯੋ ਕੂਚ ਡੇਰਾ ਤਬੈ, ਚਢੇ ਸਿੰਘ ਸਮੁਦਾਇ ॥੧॥

[1]ਗੁਰੂ ਜੀ ਨੇ ਅਪਣੇ ਨਾਲ ਦੀਆਂ ਕਿੰਨੀਆਂ ਵਸਤਾਂ।

ਚੌਪਈ:

ਸਹਿਜ ਸੁਭਾਇਕ ਬਿਚਰਤਿ ਚਲੇ।
ਕਹੂੰ ਅਖੇਰ ਖੇਲ ਤੇ ਭਲੇ।
ਕਰਤਿ ਕੁਵਾਇਦ ਸ਼ਸਤ੍ਰਨਿ ਕੇਰੀ।
ਸਨੇ ਸਨੇ ਗਮਨੈ ਕਿਸ ਬੇਰੀ ॥੨॥
†ਕਿਤਿਕ ਕੋਸ ਚਲਿ ਗ੍ਰਾਮਿਕਿ[1] ਆਯੋ।
ਪਿਖਿ ਬੈਰਾੜ ਸੰਗ ਫੁਰਮਾਯੋ।
'ਕਹਾ ਗ੍ਰਾਂਮ ਕੋ ਨਾਮ ਬਖਾਨੋ?
ਤੁਮ ਇਤ ਰਹਹੁ ਭੇਦ ਸਭਿ ਜਾਨੋ' ॥੩॥

[1]ਇਕ ਪਿੰਡ। †ਇਹ ਪ੍ਰਸੰਗ ਸਾਖੀ ਪੋਥੀ ਵਿਚ ਹੈ।

ਤਬਿ ਬੈਰਾੜ ਕਹਯੋ 'ਕੀ ਗ੍ਰਾਮੂੰ[1]।
ਚਾਰਿ ਕ ਝੁੰਗੀ ਕੇ ਬਸਿ ਧਾਮੂੰ।
ਕਹਾਂ ਨਾਮ ਇਸ ਕੋ ਕੁਛ ਹੋਇ।
ਕੋ ਸੁਨਿ ਕਹਾਂ ਬਖਾਨੈ ਕੋਇ[1]' ॥੪॥

[1]ਪਿੰਡ ਕੀਹ ਹੈ।

[1]ਭਾਵ ਕੀ ਕੋਈ ਸੁਣੇ ਤੇ ਕੀ ਕੋਈ ਆਖੇ।

ਸ਼੍ਰੀ ਮੁਖ ਕਹਯੋ 'ਨ ਕਹੁ ਇਸ ਰੀਤਿ।
ਕਿਤਿਕ ਸਮਾ ਜਬਿ ਹੋਇ ਬਿਤੀਤ।
ਬਸਹਿ ਗ੍ਰਾਮ ਦੀਰਘ ਇਸ ਥਾਨ।
ਉਪਜਹਿਂ ਸਿੰਘ ਸੁ ਬੀਰ ਮਹਾਨ' ॥੫॥
ਆਗੈ ਥਲ ਉਤੰਗ ਇਕ ਆਯੋ।
ਤਹਾਂ ਅਰੂਢਿ ਤੁਰੰਗ ਟਿਕਾਯੋ।
ਤੀਛਨ ਤੀਰ ਨਿਖੰਗ ਨਿਕਾਰੇ।
ਸੰਧਿ ਕੁਦੰਡ[1] ਲੱਛ ਪਿਖਿ ਮਾਰੇ ॥੬॥

[1]ਧਨੁਖ ਵਿਚ ਸੰਨ੍ਹਕੇ।

ਕੇਤਿਕ ਬਾਨ ਚਲਾਵਨਿ ਕਰੇ।
ਆਇ ਗ੍ਰਾਮ ਢਿਗ ਸਤਿਗੁਰ ਥਿਰੇ।
ਏਕ ਰਾਤਿ ਬਸਿ ਚਢੇ ਅਖੇਰ।
ਇਤ ਉਤ ਬਿਚਰੇ ਹਤਿ ਮ੍ਰਿਗ ਘੇਰਿ
॥੭॥

†ਕੋਠਾ ਅਪਰ ਮਲੂਕਾ ਗ੍ਰਾਮੂ।
ਬਿਚ ਦੋਨਹੁੰ ਕੇ ਕੀਨਿ ਮੁਕਾਮੂ।
ਸੁੰਦਰ ਤੰਬੂ ਦਿਯੋ ਲਗਾਇ।
ਉਤਰੇ ਸਿੰਘ ਚਹੂੰ ਦਿਸ਼ਿ ਆਇ।
ਖਾਨ ਪਾਨ ਕਰਿ ਨਿਸ ਬਿਸਰਾਮੇ।
ਜਾਗ੍ਰਤਿ ਭਏ ਰਹੀ ਜਬਿ ਜਾਮੇ ॥੮॥
ਸੌਚ ਸ਼ਨਾਨ ਠਾਨਿ ਕਰਿ ਥਿਰੇ।
ਨਿਜ ਸਰੂਪ ਮਹਿਂ ਥਿਰਤਾ ਧਰੇ।
ਅੰਮ੍ਰਿਤ ਵੇਲਾ ਚਾਰ ਘਰੀ ਜਬਿ।
ਏਕ ਦਿਵਾਨਾ ਆਵਤਿ ਭਾ ਤਬਿ ॥੯॥
ਸਿਰ ਮੁਖ ਸਗਰੋ ਮੁੰਡਨ ਕਰਜੋ।
ਤੰਬੂ ਨਿਕਟ ਆਨਿ ਕਰਿ ਖਰਜੋ।
ਹੇਤੁ ਸੁਚੇਤੀ ਸਿੰਘ ਸ਼ਸਤ੍ਰ ਗਹਿ।
ਖਰੋ ਹੁਤੋ ਤਿਹ ਸੰਗ ਬਾਕ ਕਹਿ ॥੧੦॥
'ਗੁਰ ਕੇ ਨਿਕਟ ਅਬੈ ਮੈਂ ਜਾਊਂ।
ਰਿਦੇ ਲਾਲਸਾ ਦਰਸ਼ਨ ਪਾਊਂ।'
ਕਹਜੋ ਸਿੰਘ ਨੇ 'ਅਬਿ ਨਹਿਂ ਸਮੋ।
ਦਿਵਸ ਚਢੇ ਪਿਖਿ ਕੀਜੈ ਨਮੋ' ॥੧੧॥
ਕਹੈ ਦਿਵਾਨਾ 'ਮੈਂ ਅਬਿ ਜੈ ਹੌਂ।
ਤੇਰੇ ਕਹੇ ਨਹੀਂ ਠਹਿਰੈ ਹੌਂ।
ਸਭਿ ਕੇ ਸਾਂਝੇ ਸਤਿਗੁਰ ਅਹੈਂ।
ਤੂੰ ਮੁਝ ਕੁਤੋ ਹਟਾਯੋ ਚਹੈਂ?' ॥੧੨॥
ਬਹੁਰ ਸਿੰਘ ਨੇ ਬਰਜਨ ਕਰਜੋ।
'ਅਪਨੇ ਰੰਗ ਬਿਖੈ ਗੁਰ ਥਿਰਜੋ।
ਕਜੋਂ† ਮੂਰਖ ਮਤਿ ਕਰਿ ਹਠ ਗਹੈਂ?
ਹਟਿ ਅਬਿ ਜਾਹੁ ਭਲਾ ਜੇ ਚਹੈਂ ॥੧੩॥
ਕਰੈਂ ਢੀਠਤਾ ਖੈ ਹੈਂ ਮਾਰ।
ਕਹਜੋ ਨ ਸਮਝੈਂ ਮੰਦ ਗਵਾਰ!'
ਸੁਨਤਿ ਦਿਵਾਨੇ ਕ੍ਰੋਧ ਵਧਾਯੋ।
ਮੂਸਲ ਮਾਰਨ ਹੇਤੁ ਉਠਾਯੋ ॥੧੪॥
'ਮੋ ਕਹੁ ਕੌਨ ਹਟਾਵਨ ਹਾਰੋ।
ਬਰਜਹਿ, ਮੂਸਲ ਖੈ ਹੈ ਭਾਰੋ।'

†ਇਹ ਪ੍ਰਸੰਗ ਵੀ ਸਾਖੀ ਪੋਥੀ ਵਿਚ ਹੈ।

†ਪਾ:-ਕਹਜੋ।

ਇਮ ਕਹਿ ਤੰਬੂ ਦਿਸ਼ਿ ਚਲਿ ਪਰਜੋ।
ਕਹੈ ਸਿੰਘ 'ਤੂੰ ਹਟਿ ਰਹੁ ਖਰਜੋ' ॥੧੫॥
ਆਗੈ ਹੋਇ ਸੁ ਲਗਜੋ ਹਟਾਵਨ।
ਤਬਿ ਤਿਨ ਮੂਸਲ ਕੀਨਿ ਉਠਾਵਨ।
ਮਾਰਨ ਲਾਗਜੋ ਸਿੰਘ ਨਿਹਾਰਾ।
ਖੈਂਚਿ ਕ੍ਰਿਪਾਨ ਤੁਰਤ ਹੀ ਝਾਰਾ ॥੧੬॥
ਘਾਵ ਸਕੰਧ ਲਗਜੋ ਬਹੁ ਚੀਰਾ।
ਗਿਰਜੋ ਬਿਸੁਧ ਹ੍ਵੈ ਤੁਰਤ ਸਰੀਰਾ।
ਪਰਜੋ ਰਹਜੋ ਤੂਸ਼ਨ ਮੁਖ ਭਯੋ।
ਚਾਰ ਘਰੀ ਜਬਿ ਦਿਨ ਚਢਿ ਗਯੋ
॥੧੭॥
ਬੋਲਜੋ ਬਾਕ ਜਬੈ ਸੁਧ ਪਾਈ।
'ਅਬਿ ਮੇਰੀ ਮ੍ਰਿਤੁ ਹ੍ਵੈ ਨਿਯਰਾਈ।
ਗੁਰ ਦਰਸ਼ਨ ਕੋ ਦੇਹੁ ਕਰਾਈ।
ਨਾਂਹਿ ਤ ਰਹੈ ਚਾਹ ਅਧਿਕਾਈ' ॥੧੮॥
ਸੁਨਿ ਕਰਿ ਸਿੰਘ ਗਯੋ ਗੁਰ ਪਾਸ।
ਹਾਥ ਜੋਰਿ ਕੀਨਸਿ ਅਰਦਾਸ।
'ਸਿੰਘ ਸੰਗ ਇਕ ਲਰਜੋ ਦਿਵਾਨਾ।
ਰਿਸ ਕੇ ਬਸਿ ਹੁਇ ਹਨੀ ਕ੍ਰਿਪਾਨਾ
॥੧੯॥
ਚਾਹਤਿ ਦਰਸ਼ਨ ਰਾਵਰ ਕੇਰਾ।'
'ਲੇ ਆਵਹੁ' ਗੁਰ ਕਹਿਂ ਤਿਸ ਬੇਰਾ।
ਸੁਨਿ ਪ੍ਰਭੁ ਤੇ ਅੰਤਰ ਲੇ ਗਏ।
ਸਿਰ ਨਿਵਾਇ ਕਰਿ ਦਰਸ਼ਨ ਲਏ
॥੨੦॥
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹਜੋ।
'ਅਹੋ ਦਿਵਾਨਾ ਜੀਵਨ ਚਹਜੋ?
ਤੌ ਬਚਾਇ ਦੇਵੈਂ ਤੁਵ ਪ੍ਰਾਨਾ।
ਜੇ ਜੀਵਨ ਕੀ ਚਾਹ ਮਹਾਨਾ' ॥੨੧॥
ਦਰਸ਼ਨ ਕਰਿ ਉਰ ਨਿਰਮਲ ਬਨਜੋ।
ਤਬਿ ਕਰ ਜੋਰਿ ਦਿਵਾਨੇ ਭਨਜੋ।
'ਰਾਵਰ ਕੇ ਹਜ਼ੂਰ ਅਬਿ ਅਹੌਂ।

ਚਿਤ ਪਰਲੋਕ ਪਯਾਨਾ ਚਹੌਂ' ॥੨੨॥
ਇਮ ਬੋਲਤਿ ਹੀ ਤਜਾਗੇ ਪ੍ਰਾਨਾ।
ਪਾਈ ਗਤਿ ਭਾ ਧੰਨ ਦਿਵਾਨਾ।
ਬਾਹਰ ਤਬਿ ਉਠਾਇ ਲੇ ਆਏ।
ਨਰ ਜੰਗਲ ਕੇ ਸੁਨਿ ਬਿਸਮਾਏ ॥੨੩॥
ਕੇਤਿਕ ਨਿੰਦਹਿੰ ਮਤਿ ਹਤਿ ਹੋਏ[1]। [1]ਜਿਨ੍ਹਾਂ ਦੀ ਬੁੱਧੀ ਨਾਸ਼ ਹੋਈ ਹੋਈ ਸੀ।
'ਇਹ ਕਜਾ ਕੀਨਿ ਕਰਮ ਦੁਰ[1] ਜੋਏ। [1]ਖੋਟਾ।
ਹਤਜੋ ਦਿਵਾਨਾ, ਗੁਰ ਭਲ ਭਯੋ[1]। [1]ਇਹ ਚੰਗਾ ਗੁਰੂ ਹੋਇਆ।
ਕਰਹਿ ਨ ਕ੍ਰਿਤ ਕੋ[1] ਜਿਮ ਅਬਿ ਕਯੋ' ॥੨੪॥ [1]ਕੋਈ ਬੀ (ਸਿੱਖ) ਐਹੋ ਜੇਹੀ ਕਾਰ ਨਹੀਂ ਕਰਦਾ।
ਕੇਤਿਕ ਕਹੈਂ 'ਦਿਵਾਨਾ ਅਰਜੋ।
ਲਰਜੋ ਸਿੰਘ ਸੋਂ, ਮਾਰਨ ਕਰਜੋ।'
ਕੇਚਿਤ ਕਹੈਂ 'ਗੁਰੂ ਕੇ ਦੇਊ।
ਸਿੰਘ ਦਿਵਾਨਾ ਲਰਿ ਮਰਿ ਸੋਊ[1†]' ॥੨੫॥

[1]ਸਿੰਘ ਤੇ ਦਿਵਾਨਾ ਜੋ ਲੜਿਆ ਤੇ ਮਰਿਆ ਹੈ ਦੋਵੇਂ ਹੀ ਗੁਰੂ ਕੇ ਹਨ। [†]ਪਹਿਰੇ ਤੇ ਖੜੇ ਦਾ ਜਦ ਕੋਈ ਕਿਹਾ ਨਾ ਮੰਨੇ ਤਾਂ ਇਸ ਵੇਲੇ ਬੀ ਸਾਰੀ ਸਭਜ ਦੁਨੀਆਂ ਪਹਿਰੇ ਵਾਲੇ ਨੂੰ ਨਿਰਦੋਸ਼ ਕਹੇਗੀ, ਜਦ ਕਿ ਓਹ ਪਹਿਲੋਂ ਰੁਕਿਆ ਨਹੀਂ ਤੇ ਫੇਰ ਮੁਸਲ ਮਾਰਨ ਲਈ ਦਿਵਾਨੇ ਨੇ ਉਠਾਇਆ ਜਿਸ ਤੋਂ ਪਹਿਰੇਦਾਰ ਨੇ ਉਸਨੂੰ ਜ਼ਰੂਰ ਦੋਸ਼ੀ ਸਮਝਣਾ ਹੈ। ਸਿੰਘ ਦੀ ਡਿਊਟੀ (ਫਰਜ਼) ਤੇ ਸ੍ਵੈ ਰੱਖਜਾ ਦੁਇ ਗੱਲਾਂ ਉਸਦੇ ਪੱਖ ਦੀਆਂ ਹਨ।

*ਕਰਜੋ ਕੂਚ ਤਬਿ ਸ੍ਰੀ ਪ੍ਰਭੁ ਡੇਰਾ।
ਗਮਨੇ ਹੋਇ ਚੌਂਤਰੇ ਨੇਰਾ।
ਤਿਸ ਕੇ ਢਿਗ ਢਿਗ ਹੁਇ ਚਲਿ ਗਏ।
ਜੈਤੋ[†] ਆਨਿ ਉਤਰਤੇ ਭਏ ॥੨੬॥ [†]ਰਿਆਸਤ ਨਾਭੇ ਵਿਚ ਹੈ।
ਕਰਜੋ ਮੁਕਾਮ ਤਾਲ ਇਕ ਹੇਰੇ।
ਤਿਸ ਕੀ ਮਹਿਮਾ ਕਹੀ ਬਡੇਰੇ।
ਨਿਸਾ ਭਈ ਕਰਿ ਖਾਨ ਰੁ ਪਾਨ।
ਸੁਪਤਿ ਜਥਾ ਸੁਖ ਗੁਰ ਭਗਵਾਨ ॥੨੭॥
ਭਈ ਪ੍ਰਭਾਤਿ ਕੂਚ ਕਰਿ ਡੇਰਾ।
ਗਮਨੇ ਕਿਤਿਕ ਕੋਸ ਥਲ ਹੇਰਾ।
ਸੁਨਿਯਰ[†] ਗ੍ਰਾਮ ਬਿਲੋਕਿ ਸਥਾਨ। [†]ਪਿੰਡ ਦਾ ਨਾਮ।
ਉਤਰੇ ਹਯ ਤੇ ਤਹਿਂ ਗੁਨ ਖਾਨ ॥੨੮॥
ਭਯੋ ਮੁਕਾਮ ਤੁਰੰਗ ਲਗਾਇ।

ਕਰਿ ਬਿਸਰਾਮ ਬੈਠਿ ਸੁਖ ਪਾਇ।
ਡੋਗਰ ਸੰਮਾ ਨਾਮ ਬਸੰਤਾ[1]।
ਮਹਿਖੀ ਭਲੀ ਸਮੂਹ ਰਖੰਤਾ ॥੨੯॥

[1]ਸੰਮਾ ਨਾਮ ਵਾਲਾ ਡੋਗਰ ਰਹਿੰਦਾ ਸੀ।

ਗੁਰ ਆਗਵਨ ਸੁਨ੍ਯੋ ਹਰਖਾਯੋ।
ਸਭਿ ਮਹਿਖਨਿ ਕੋ ਦੂਧ ਚੁਆਯੋ।
ਘਟ ਭਰਵਾਇ ਲਏ ਨਿਜ ਸਾਥ।
ਆਯਹੁ ਜਹਿਂ ਬੈਠੇ ਗੁਰ ਨਾਥ ॥੩੦॥

ਕਰਿ ਅਭਿਬੰਦਨ ਅਰਪ੍ਯੋ ਆਗੇ।
ਬੈਠ੍ਯੋ ਗੁਰ ਪਗ ਕਰਿ ਅਨੁਰਾਗੇ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਹੇਰਾ।
ਕਹ੍ਯੋ 'ਵਧਹਿ ਪਯ ਬਡਹੁਂ ਬਡੇਰਾ[1]' ॥੩੧॥

[1]ਦੁੱਧ ਬਹੁਤ ਵਧੇਗਾ।

ਇਤਨੇ ਮਹਿਂ ਜੋ ਜਾਟ ਕਪੂਰਾ।
ਖਿਲਤਿ ਅਖੇਰ ਆਇ ਚਲਿ ਦੂਰਾ।
ਸੁਨੀ 'ਇਹਾਂ ਗੁਰ ਉਤਰੇ ਆਇ।'
ਗਮਨ੍ਯੋਂ ਸੁਭਟ ਸਹਿਤ ਤਿਸ ਥਾਇਂ ॥੩੨॥

ਉਤਰਿ ਤੁਰੰਗ ਤੇ ਪਾਇਨ ਪਰ੍ਯੋ।
ਭਯੋ ਅਧੀਨ ਅਗਾਰੀ ਥਿਰ੍ਯੋ।
ਦੇਖਿ ਕ੍ਰਿਪਾਲ ਤਾਂਹਿ ਸਨ ਕਹੈਂ।
'ਕਹੁ ਕਪੂਰ ਸਿੰਘ! ਰਾਜੀ ਅਹੈਂ[†]?' ॥੩੩॥

[†]ਕਪੂਰਾ ਅੰਮ੍ਰਿਤ ਛਕਕੇ ਸਿੰਘ ਸਜਿਆ ਹੈ। ਪਿੱਛੇ ਕਵੀ ਜੀ ਕਪੂਰੇ ਵਲੋਂ ਇਕ ਘੋੜਾ ਗੁਰੂ ਜੀ ਪਾਸ ਪਹੁੰਚਾਉਣ ਦਾ ਜ਼ਿਕਰ ਕਰ ਆਏ ਹਨ, ਜਿਸ ਦਾ ਨਾਮ ਦਲ ਸ਼ਿੰਗਾਰ ਗੁਰੂ ਜੀ ਨੇ ਧਰਿਆ ਸੀ, ਦੇਖੋ ਇਸੇ ਐਨ ਦੇ ਅੰਸੂ ੪ ਦਾ ਆਰੰਭ।

ਦੀਨ ਮਨਾ ਕਰ ਜੋਰਤਿ ਬੋਲਾ।
'ਮੈਂ ਰਾਜ਼ੀ ਨਹਿ ਬਹੁ ਮਨ ਹੌਲਾ[1]।
ਰਾਵਰਿ ਬਾਕ ਨ ਗਏ ਕਮਾਏ।
ਦੋਨਹੁਂ ਦਿਸ਼ਿ ਸੰਕਟ ਬਨਿ ਆਏ ॥੩੪॥

[1]ਮਨ ਵਿਚ ਬਹੁਤ ਡਰ ਹੈ [ਫਾ:, ਹੌਲ=ਡਰ]।

ਉਤ ਤੁਰਕਨਿ ਤੇ ਚਿਤ ਬਹੁ ਡਰ੍ਯੋ।
ਇਤ ਰਾਵਰ ਕੋ ਕਾਜ ਨ ਸਰ੍ਯੋ।
ਮਿਲੇ ਬਿਨਾਂ ਅਰ ਖੁਸ਼ੀ ਨ ਦੀਨਿ[1]।

[1]ਆਪ ਮਿਲੇ ਤੋਂ ਬਿਨਾਂ (ਆਏ ਹੋ) ਤੇ ਖ਼ੁਸ਼ੀ ਨਹੀਂ ਦਿੱਤੀ।

ਚਢਿ ਆਏ ਤੁਮ ਰਿਸ ਉਰ ਕੀਨਿ ॥੩੫॥
ਯਾਂ ਤੇ ਚਿੰਤਾ ਕਸ਼ਟ ਮਹਾਨਾ।
ਕਿਮ ਰਾਜ਼ੀ ਮੈਂ ਕਰੌਂ ਬਖਾਨਾ?
ਤੁਰਕਨਿ ਸੰਗ ਨ ਬਿਗਰਜੋ ਜਾਈ।
ਸਭਿ ਅਵਨੀ ਜਿਨ ਅੱਗ੍ਰ ਝੁਕਾਈ' ॥੩੬॥
ਸ਼੍ਰੀ ਗੁਰ ਜਾਨਜੋਂ ਦੀਨ ਬਿਸਾਲਾ।
ਬਖਸ਼ਜੋ ਖਰ ਖੰਡਾ ਅਰੁ ਢਾਲਾ।
ਲੇ ਕਰਿ ਪ੍ਰਭੁ ਤੇ ਕੁਛ ਹਰਖਾਯੋ†।

†ਇਹ ਦੋਏ ਚੀਜ਼ਾਂ ਫਰੀਦਕੋਟ ਦੇ ਰਾਜ ਮਹਿਲ ਵਿਚ ਅਦਬ ਨਾਲ ਰੱਖੀਆਂ ਹੋਈਆਂ ਹਨ, ਦੇਖੋ ਤਵਾ: ਖਾ:।

ਹਾਥ ਜੋਰਿ ਕਰਿ ਸੀਸ ਨਿਵਾਯੋ ॥੩੭॥
ਜਾਨੋ ਦੂਰ ਤੁਰਤ ਹਯ ਚਢਜੋ[1]।

[1]ਦੂਰ ਜਾਣਾ ਸੀ ਇਸ ਕਰਕੇ ਘੋੜੇ ਚੜ੍ਹ ਗਿਆ।

ਲਰਿਬੇ ਕਹੁ ਉਤਸਾਹ ਨ ਬਢਜੋ।
ਸ਼੍ਰੀ ਗੁਰ ਭਾਖਜੋ 'ਅਹੋ ਕਪੂਰਾ!
ਤੁਰਕਨ ਹੀ ਕੋ ਰਹਜੋ ਕਤੂਰਾ ॥੩੮॥
ਚਿਤ ਗੀਦੀ ਕਾਇਰ ਬਹੁ ਕੂਰਾ।
ਕਰਨਿ ਜੰਗ ਕੋ ਭਯੋ ਨ ਸੂਰਾ।
ਗੁਰ ਤੇ ਬੇਮੁਖ ਨਹਿਂ ਸੁਖ ਮੂਰਾ[1]।

[1]ਮੂਲੋਂ ਹੀ।

[1]ਮਰੇ ਹੂਰ ਬਰ, ਜੈ ਜਸ ਰੂਰਾ ॥੩੯॥

[1]ਮਾਰਿਆਂ ਸੁਹਣੀਆਂ ਹੂਰਾਂ ਦਾ ਵਰਨਾਂ ਤੇ ਜੈ ਹੋ ਜਾਣ ਨਾਲ (ਜਗਤ ਵਿਚ) ਸੁਹਣਾ ਜਸ ਕਿਵੇਂ ਪ੍ਰਾਪਤ ਹੋਵੇ, ਤੇਰੇ ਪੂਰੇ ਭਾਗ ਨਹੀਂ (ਤੂੰ) ਝੂਰ ਝੂਰ ਕੇ ਦੁਖੀ ਹੋਵੇਂਗਾ।

ਹੋਵੈਂ ਦੁਖੀ ਬਿਸੂਰ ਬਿਸੂਰਾ।
ਕਿਮ ਪ੍ਰਾਪਤਿ ਹ੍ਵੈ ਭਾਗ ਨ ਪੂਰਾ[3]।
ਧੀਰਜ ਤੇ ਜਿਸ ਕੋ ਉਰ ਊਰਾ।
ਕਿਮ ਸ਼ੱਤ੍ਰੁਨਿ ਕਰਿ ਹੈਂ ਚਕਚੂਰਾ[1]' ॥੪੦॥

[1]ਵੈਰੀਆਂ ਦਾ ਚਕਨਾਚੂਰ ਤੂੰ ਕੀਕੂੰ ਕਰੇਂ।

ਸਿੰਘਨਿ ਸਨ ਗੁਰ ਭਾਖਤਿ ਬਾਤਿ।
ਸੁਨਜੋ ਕਛੂ ਬਚ ਸੁਨਜੋਂ ਨ ਜਾਤ[1]।

[1]ਜਾਂਦੇ ਹੋਏ (ਕਪੂਰੇ ਨੇ) ਕੁਛ ਵਾਕ ਸੁਣੇ ਕੁਛ ਨਾ ਸੁਣੇ।

ਇਤਨੇ ਮਹਿਂ ਸੁਧਿ ਇਕ ਸਿਖ ਲਜਾਯੋ।
'ਪ੍ਰਭੁ ਜੀ! ਗਨ ਲਸ਼ਕਰ ਚਢਿ ਆਯੋ

॥੪੧॥
ਪੁਰਿ ਸਿਰੰਦ ਤੇ ਖਾਨ ਵਜੀਦਾ।
ਚਢਿ ਚਲਿ ਪਰਜੋ ਸੁ ਲਖਹੁ ਰਸੀਦਾ[1]। [1]ਪਹੁੰਚਿਆ ਜਾਣੋਂ।
ਕਾਲ ਕਿ ਪਰਸੌਂ ਲਗਿ ਚਲਿ ਆਵੈ।
ਰਾਵਰ ਕੋ ਪਕਰਨਿ ਲਲਚਾਵੈ' ॥੪੨॥
ਸੁਨਿ ਸ਼੍ਰੀ ਪ੍ਰਭੁ ਅਸਵਾਰ ਚਢਾਯੋ।
'ਜਾਹੁ ਕਪੂਰੇ ਦੇਹੁ ਸੁਨਾਯੋ।
ਸੰਗ ਮੁਰੱਖੇ[1] ਦੇਹੁ ਸਊਰ। [1]ਅੱਗੇ ਟੁਰਕੇ ਰਸਤਾ ਦੱਸਣ ਵਾਲੇ [ਪੰ:, ਮੁਰੱਖੇ=ਮੁਹਰੇ ਰੱਖੇ]।
ਲਖਹਿਂ ਦੇਸ਼ ਨੇਰੈ ਕੈ ਦੂਰ[1] ॥੪੩॥ [1]ਜੋ ਨੇੜੇ ਤੇ ਦੂਰ ਦੇ ਅਸਥਾਨ ਜਾਣਦੇ ਹੋਣ।
ਤੁਰਕਨਿ ਸਨ ਪੁਨ ਰਨ ਘਮਸਾਨਾ।
ਹਮਰੋ ਪਰਹਿ, ਕਰਹਿਂ ਬਿਨ ਪ੍ਰਾਨਾ।'
ਸੁਨਿ ਸਊਰ ਹਯ ਗਯੋ ਧਵਾਈ।
ਮਿਲਜੋ ਜਾਇ ਕਰਿ ਢਿਗ ਕਿਸ ਥਾਂਈ ॥੪੪॥
ਗੁਰ ਕੀ ਕਹਿਵਤਿ ਸਕਲ ਸੁਨਾਈ।
'ਦੇਹੁ ਮੁਰੱਖੇ ਹ੍ਵੈ ਅਗਵਾਈ।'
ਖਰੇ ਹੋਇ ਅਵਲੋਕਜੋ ਖਾਨਾ[1]। [1]ਭਾਵ 'ਖਾਨਾ' ਨਾਮ ਦਾ ਇਕ ਆਪਣਾ ਦਾਸ। (ਅ) ਭਾਵ ਇਕ ਪਠਾਣ ਜੋ ਉਸ ਦਾ ਦਾਸ ਸੀ।
ਤਬਹਿ ਕਪੂਰੇ ਬਾਕ ਬਖਾਨਾ ॥੪੫॥
'ਜਾਹਿ ਗੁਰੂ ਸੰਗ ਰਹੋ ਅਗਾਰੀ।
ਲੇ ਗਮਨਹੁ ਸੰਗ ਜਹਾਂ ਸੁ[†] ਬਾਰੀ। [†]ਪਾ:-ਨ।
ਤੁਰਕਨਿ ਸੰਗ ਜਿ ਹੁਇ ਭਟ ਭੇਰਾ।
ਲਰਹੁ ਨ[1], ਟਰਹੁ ਆਪ ਤਿਸ ਬੇਰਾ ॥੪੬॥ [1]ਲੜਨਾ ਨਹੀਂ।
ਇਤ ਉਤ ਹ੍ਵੈ ਕਰਿ ਆਪ ਬਚਾਵਹੁ।
ਬਸ ਲਾਗਤਿ ਗੁਰ ਭੀ ਨ ਲਰਾਵਹੁ।
ਜਹਾਂ ਤਾਲ ਦੀਰਘ ਖਿਦਰਾਣਾ।
ਗੁਰ ਕੇ ਸੰਗ ਤਹਾਂ ਲਗਿ ਜਾਣਾ ॥੪੭॥
ਜਿਤ ਹਮ ਹੋਇਂ ਮਿਲਹੁ ਤਹਿਂ ਆਇ।
ਕੈ ਮਿਲ ਜਾਹੁ ਤੁਰਕ ਦਲ ਮਾਇ[1][†]।' [1]ਵਿੱਚ। [†]ਪਾ:-ਆਇ।
ਸਮੁਝਿ ਬਾਰਤਾ ਸਭਿ[1] ਤਬਿ ਖਾਨਾ। [1]ਸਾਰੀ ਕਹੀ ਗੱਲ।
ਲੈ ਕੇਤਿਕ ਅਸਵਾਰ ਪਿਯਾਨਾ[†] ॥੪੮॥

†ਕਪੂਰੇ ਦਾ ਕਿਲਾ ਨਾ ਦੇਣਾ ਤੇ ਗੁਰੂ ਵਾਕ ਕਿ ਤੁਰਕਾਂ ਹੱਥੋਂ ਤੇਰੀ ਮੌਤ ਹੈ, ਇਹ ਗੱਲ ਤਾਂ ਯਥਾਵਤ ਹੋ ਗਈ। ਬਾਕੀ ਗੁਰੂ ਜੀ ਨਾਲ ਕਪੂਰਾ ਸਿੱਖੀ ਭਾਵਨਾ ਵਿਚ ਸਾਬਤ ਹੈ ਤੇ ਗੁਰੂ ਜੀ ਦਾ ਬੀ ਇਤਬਾਰ ਹੈ, ਜੋ ਇਸ ਤੋਂ ਜ਼ਾਹਰ ਹੈ। ਕਪੂਰਾ ਦੋਏ ਪੱਖ ਬਚਾਉਣ ਦੇ ਜਤਨ ਵਿਚ ਹੈ।

ਆਇ ਮਿਲ੍ਯੋ ਸਤਿਗੁਰ ਕੇ ਸਾਥ।
ਬੰਦਨ ਕੀਨਿ ਜੋਰਿ ਜੁਗ ਹਾਥ।
ਜੰਗਲ ਦੇਸ਼ ਬਾਰਤਾ ਸਾਰੀ।
ਬੂਝੀ ਗੁਰ, ਖਾਨੇ ਸੁ ਉਚਾਰੀ ॥੪੯॥
'ਪ੍ਰਭੁ ਜੀ ! ਏਕ ਤਾਲ ਖਿਦਰਾਣਾ।
ਅਲਪ ਨੀਰ ਤਿਤ ਕੋ ਹਮ ਜਾਣਾ।
ਅਪਰ ਥਾਨ ਤਿਸ ਨਿਕਟ ਨ ਪਾਨੀ।
ਤਹਿਂ ਲੇ ਚਲੌਂ ਹੋਇ ਅਗਵਾਨੀ ॥੫੦॥
ਲਰਹੁ ਤਹਾਂ ਕੁਛ ਤੁਰਕ ਸੰਘਾਰਹੁ।
ਪੁਨ ਜੰਗਲ ਮਹਿਂ ਅੱਗ੍ਰ ਪਧਾਰਹੁ।
ਬਸ ਲਸ਼ਕਰ ਕੋ ਚਲੈ ਨ ਕੋਊ।
ਜਲ ਬਿਨ ਹਟੈ ਮੂਢ ਮਤਿ ਹੋਊ' ॥੫੧॥
ਇਮ ਕਹਿ ਸੁਨਿ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਉਠਿ ਪ੍ਰਭਾਤਿ ਕਰਿ ਸੌਚ ਸ਼ਨਾਨਾ।
ਪਾਇ ਜ਼ੀਨ ਹਯ, ਬਨਿ ਸਵਧਾਨਾ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

## ੭. [ਖਿਦਰਾਣੇ ਵੱਲ ਨੂੰ ਟੁਰਨਾ। ਜੁਗਰਾਜ ਜੱਟ]

੬<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੮

ਦੋਹਰਾ:

†ਚਢਿ ਤਹਿਂ ਤੇ ਸ਼੍ਰੀ ਸਤਿਗੁਰੂ, ਲੇ ਖਾਨੇ[1] ਕੋ ਸੰਗ।

[1]ਖਾਨਾ ਨਾਮ ਦਾ ਰਾਹ ਦਸਣੇ ਵਾਲਾ। †ਇਹ ਸਾਖੀ ਬੀ ਸਾਖੀਆਂ ਵਾਲੀ ਪੋਥੀ ਵਿਚੋਂ ਹੈ।

ਰਮਯਾਣਾ[1] ਜੋ ਗ੍ਰਾਮ ਹੈ, ਤਿਤ ਕੋ ਤੋਰਿ ਤੁਰੰਗ ॥੧॥

[1]ਇਥੇ ਗੁਰਦੁਵਾਰਾ ਹੈ। ਇਹ ਪਿੰਡ ਫਰੀਦਕੋਟ ਰਜਾਸਤ ਵਿਚ ਹੈ।

ਚੌਪਈ:

ਕੇਤਿਕ ਚਲਿ ਜਬਿ ਆਗੇ ਗਏ।
ਬਹੁ ਉਦਿਆਨ ਬਿਲੋਕਤਿ ਭਏ।
ਨਿਕਟ ਗ੍ਰਾਮ ਕੇ ਜਾਇ ਪਹੂਚੇ।
ਖਰੇ ਕਰੀਰ ਪੀਲੁ ਤਰੁ ਮੂਚੇ[1]† ॥੨॥ [1]ਭਾਵ ਵੱਡੇ-ਵੱਡੇ ਪੀਲੂ ਦੇ ਬੂਟੇ। †ਪਾ:-ਊਚੇ।
ਤਹਿਂ ਇਕ ਰਾਹਕ ਤੋਰਤਿ ਡੇਲੇ।
ਪਾਵਤਿ ਝੋਰੀ ਮੈਂ ਬਹੁ ਲੇ ਲੇ।
ਸ਼੍ਰੀ ਸਤਿਗੁਰ ਸੋ ਜਾਇ ਨਿਹਾਰਾ।
ਨਿਕਟ ਗਏ ਇਮ ਬਾਕ ਉਚਾਰਾ ॥੩॥
'ਕਯਾ ਤੂੰ ਕਰੈਂ ਤਰੁਨਿ ਮਹਿਂ[1] ਫਿਰੈਂ? [1]ਰੁੱਖਾਂ ਵਿਚ।
ਕਯਾ ਝੋਲੀ ਮਹਿਂ ਪਾਵਨ ਕਰੈਂ?'
ਰਾਹਕ ਬੋਲਯੋ 'ਫਲ ਇਨ ਤੋਰਿ।
ਲੈ ਜੈਹੋਂ ਇਨ ਖੈਬੇ ਲੋਰਿ' ॥੪॥
'ਹਮਹਿ ਦਿਖਾਵਹੁ' ਸ਼੍ਰੀ ਪ੍ਰਭੁ ਭਾਖਾ।
ਦਈ ਮੁਸ਼ਟ ਭਰਿ, ਇਕ ਮੁਖ ਚਾਖਾ[1]। [1]ਗੁਰੂ ਜੀ ਬੋਲੇ।
'ਇਹ ਤੌ ਕਟਕ[1] ਡਾਰ ਦਿਹੁ ਚੀਨਿ।' [1]ਕੌੜੇ ਹਨ।
ਚੌਥੇ ਭਾਗ ਗੇਰ ਤਿਨ ਦੀਨਿ ॥੫॥
ਪੁਨ ਗੁਰ ਭਨਯੋਂ 'ਗੇਰ ਦੇਹੁ ਸਾਰੇ।'
ਸੁਨਿ ਰਾਹਕ ਆਧੇ ਪੁਨ ਡਾਰੇ।
ਭਨੈਂ ਪ੍ਰਭੁ 'ਧਰ ਡਾਰਹੁ ਸਭੈ।'
ਸੁਨਿ ਰਾਹਕ ਕੁਛ ਗੇਰੇ ਤਬੈ ॥੬॥
ਝੋਰੀ ਮਹਿਂ ਰਾਖੇ ਜਬਿ ਹੇਰੇ।
ਪੁਨ ਗੁਰ ਕਹਯੋ 'ਕਯੋਂ ਨ ਸਭਿ ਗੇਰੇ?'
ਰਾਹਕ ਕਹੈ 'ਕੁਟੰਬ ਜੁ ਮੇਰਾ।
ਕਯਾ ਖੈਹੈ ਹੁਇ ਛੁਧਤਿ ਘਨੇਰਾ ॥੭॥

ਕਰਹਿਂ ਪਕਾਵਨ ਲੇ ਸਭਿ ਖੈਹੈਂ।
ਇਮ ਗੁਜ਼ਰਾਨੀ ਸਮਾ ਬਿਤੈ ਹੈਂ।'
ਸਭਿਨਿ ਸੁਨਾਇ ਗੁਰੂ ਤਬਿ ਭਾਖਾ।
'ਚੌਥੇ ਭਾਗ ਦੁਰਭਿਛ ਕੋ[1] ਰਾਖਾ ॥੮॥
ਹਮ ਚਾਹਤਿ ਇਸ ਦੇਸ਼ ਮਝਾਰੀ।
ਕਬਿ ਦੁਰਭਿੱਛ ਨ ਪਰਹਿ ਅਗਾਰੀ ।
ਬਰਿਆਈ ਇਸ ਰਾਹਕ ਰਾਖਯੋ।
ਮਾਨਯੋ ਬਾਕ ਨ ਜੋ ਹਮ ਭਾਖਯੋ ॥੯॥
ਜੇ ਕਰਿ ਡੇਲੇ ਗੇਰਤਿ ਸਾਰੇ।
ਹੋਤਿ ਅਨਾਜ ਅਨੇਕ ਪ੍ਰਕਾਰੇ।
ਰਹਤਿ ਭਲੋ ਸੁਰਭਿੱਛ[1] ਹਮੇਸ਼ੂ।
ਇਤ ਤੇ ਅੰਨ ਖਾਹਿਂ ਬਹੁ ਦੇਸ਼ੂ ॥੧੦॥
ਅਬਿ ਭੀ ਤੀਨਹੁਂ ਭਾਗ ਸੁਕਾਲ।
ਛਿਤ ਮਹਿਂ ਉਪਜੇ ਅੰਨ ਬਿਸਾਲ[†]।'

[1]ਕਾਲ ਦਾ ਚੌਥਾ ਹਿੱਸਾ।

[1]ਸੁਕਾਲ।

[†]ਇਸ ਤਰ੍ਹਾਂ ਦੇ ਸਹਿਜ ਭਾ ਕਹੇ ਵਾਕ ਕੈਸੇ ਸੱਤ ਹੋਏ ਹਨ ! ਮਾਲਵਾ ਹੁਣ ਕਿਤਨਾ ਅੰਨ ਪੈਦਾ ਕਰਦਾ ਹੈ।

ਬਾਕ ਬਿਲਾਸ ਕਰਤਿ ਇਮ ਗਏ।
ਜਾਇ ਗ੍ਰਾਮ ਢਿਗ ਉਤਰਤਿ ਭਏ ॥੧੧॥
ਮਾਝੇ ਮਹਿਂ ਗੁਰ ਕੀ ਸੁਧਿ ਸੁਨੀ।
ਜਥਾ ਜੰਗ ਭੇ, ਸੈਨਾ ਹਨੀ।
ਜਥਾ ਅਨੰਦਪੁਰਿ ਛੋਰਿ ਸਿਧਾਰੇ।
'ਸਾਹਿਬਜ਼ਾਦੇ ਚਾਰਹੁਂ ਮਾਰੇ ॥੧੨॥
ਜੰਗਲ ਦੇਸ਼ ਪ੍ਰਵੇਸ਼ੇ ਜਾਇ।
ਲਾਖਹੁਂ ਤੁਰਕਨਿ ਕੇ ਦਲ ਆਇ।'
ਸੁਨਿ ਸੁਨਿ ਬਡ ਅਫਸੋਸ ਕਰੰਤੇ।
ਅਪਨ ਆਪ ਕੋ ਧਿਕ ਉਚਰੰਤੇ ॥੧੩॥
'ਦੇਸ਼ ਹਮਾਰੋ ਬੇਮੁਖ ਹ੍ਵੈ ਕੈ।
ਦੁਨੀ ਚੰਦ ਕੇ ਸੰਗ ਮਿਲੈ ਕੈ।
ਭਾਗੇ ਸਤਿਗੁਰ ਕੋ ਤਜਿ ਆਏ।
ਸ਼੍ਰੀ ਗੁਰ ਕੋ ਕਾਰਜ ਬਿਗਰਾਏ' ॥੧੪॥
ਭਲੇ ਭਲੇ ਸਿਖ ਸਭਿਨਿ ਧਿਕਾਰੈਂ।
'ਦੇਸ਼ ਬਿਮੁਖ ਦਾ ਦੋਜ਼ਕ ਡਾਰੈਂ।'
ਸੁਨਿ ਗ਼ੈਰਤ ਸਭਿ ਕੇ ਮਨ ਆਈ।
ਜਾਨੀ ਅਪਨੀ ਅਧਿਕ ਖੁਟਾਈ ॥੧੫॥

ਅਪਰ ਦੇਸ਼ ਅਸ ਕੋਇ ਨ ਹੋਵਾ।
ਸਿਦਕ ਜਥਾ ਮਾਝੇ ਬਹੁ ਖੋਵਾ।
ਚਿਤਵਤਿ ਚਿਤ ਚਿੰਤਾ ਬਹੁ ਗ੍ਰਾਮੂ।
-ਕਿਮ ਗੁਰ ਕੋ ਸੁਧਰੈ ਸਭਿ ਕਾਮੂ- ॥੧੬॥
ਪੰਚਾਇਤ ਬਹੁ ਗ੍ਰਾਮਨਿ ਕੇਰੀ।
ਆਪਸ ਮਹਿਂ ਸਕੇਲਿ ਤਿਸ ਬੇਰੀ।
ਪਠਿ ਪਠਿ ਮਾਨਵ ਇਕ ਥਲ ਆਏ।
ਮੇਲ ਭਯੋ ਸਭਿ ਕੋ ਇਕ ਥਾਏ ॥੧੭॥
ਲਵਪੁਰਿ ਕੋ ਗਿਰਦਾ[1] ਸਭਿ ਮਿਲੇ।
ਗਿਨਤੀ ਕੇ ਮਾਨਵ ਮੁਖਿ ਭਲੇ।
ਕਰਤਿ ਸੋਚ ਚਿੰਤਾ ਮਹਿਂ ਗ਼ਰਕ।
ਬੇਮੁਖਤਾ ਕੋ ਫਲ ਹੁਇ ਨਰਕ ॥੧੮॥
ਆਪਸ ਮਹਿਂ ਬਿਚਾਰ ਠਹਿਰਾਈ।
-ਸੌ ਦੋ ਸੈ ਨਰ ਗੁਰ ਢਿਗ ਜਾਈ।
ਪ੍ਰਭੁ ਕੋ ਮਿਲਿ ਐਸੇ ਸਮੁਝਾਵੈਂ।
ਹਾਥਿ ਜੋਰਿ ਕਰਿ ਸੀਸ ਨਿਵਾਵੈਂ[†] ॥੧੯॥
ਪੂਰਬਲੇ ਗੁਰੂਅਨਿ ਕੀ ਰੀਤਿ।
ਜੇ ਤੁਮ ਧਾਰਹੁ ਥਿਰ ਕਰਿ ਚੀਤਿ।
ਤੌ ਸਿੱਖੀ ਨਿਰਬਹੈਂ[1] ਤੁਮਾਰੀ।
ਦਯਾ ਧਰਹੁ ਗਤਿ ਕਰਹੁ ਹਮਾਰੀ ॥੨੦॥
ਜੇ ਤੁਰਕਨਿ ਕੇ ਸੰਗ ਬਖੇਰਾ।
ਦਿਨ ਪ੍ਰਤਿ ਕਰਹੁ ਜੰਗ ਬਡ ਝੇਰਾ।
ਨਹਿਂ ਸਿੱਖੀ ਕੋ ਹੁਇ ਨਿਰਬਾਹੂ।
ਬਸੈਂ ਪ੍ਰਜਾ ਹੁਇ ਦੇਸ਼ਨ ਮਾਂਹੂ[1] ॥੨੧॥
ਲਰਜੋ ਨ ਜਾਇ ਸ਼ਾਹੁ ਕੇ ਸੰਗ।
ਲਾਖਹੁਂ ਲਸ਼ਕਰ ਠਾਨਤਿ ਜੰਗ।
ਜੇ ਤੁਮ ਕਹੋ -ਸਾਥ ਤੁਰਕਾਨੇ।
ਹਮਰੇ ਝਗਰੇ ਪਰੇ ਮਹਾਨੇ- ॥੨੨॥
ਤੌ ਹਮ ਦਿੱਲੀ ਪਹੁੰਚਹਿਂ ਸਾਰੇ।

[1]ਆਲੇ-ਦੁਆਲੇ ਦੇ।

[†]ਪਾ:-ਰਾਜ ਤੇਜ ਤੁਰਕਾਨ ਜਨਾਵੇ।

[1]ਨਿਬਾਹਾਂਗੇ।

[1]ਅਸੀਂ ਦੇਸ਼ਾਂ ਵਿਚ ਪਰਜਾ ਹੋ ਕੇ ਵੱਸਦੇ ਹਾਂ।

ਕਰਹਿਂ ਸੁਨਾਵਨ ਸਰਬ ਪ੍ਰਕਾਰੇ।
ਭਲੀ ਭਾਂਤਿ ਹਮ ਲੇਹਿਂ ਨਿਬੇਰਾ।
ਨਹੀਂ ਰਹਨ ਦੇਵੈਂ ਕੋ ਝੇਰਾ ॥੨੩॥
ਹਮਰੇ ਰਾਹੀਂ ਸਭਿ ਕਿਛ ਹੋਇ।
ਬਾਦ ਬਿਰੋਧ ਦੇਹਿਂਗੇ ਖੋਇ।
ਆਪ ਸੁਖੀ ਰਹੀਅਹਿ ਸਭਿ ਰੀਤਿ।
ਨਿਰਬਾਹਹੁ ਸਿੱਖਨ ਕੀ ਪ੍ਰੀਤਿ† ॥੨੪॥

†ਇਨ੍ਹਾਂ ਸਿੱਖਾਂ ਨੂੰ ਭੈੜੇ ਨਹੀਂ ਕਹਿਣਾ ਚਾਹੀਏ; ਰਾਜ ਤੇਜ ਤੁਰਕਾਂ ਦਾ ਭਾਰੀ ਹੈ ਤੇ ਇਨ੍ਹਾਂ ਦੇ ਮਨ ਭੈ ਵਿਚ ਹਨ ਤੇ ਨਿਰਹੱਲ ਬੀਰਤਾ ਵਿਚ ਓਥੇ ਨਹੀਂ ਅਜੇ ਅੱਪੜੇ ਜਿੱਥੇ ਗੁਰੂ ਜੀ ਲਿਜਾਯਾ ਚਾਹੁੰਦੇ ਹਨ। ਪਜਾਰ ਦੀ ਸੇਵਾ ਵਿਚ ਜੇ ਇਹ ਪ੍ਰੇਮੀ ਨਾ ਹੁੰਦੇ ਤਾਂ ਮੁਕਤਸਰ ਦੇ ਟਿਕਾਣੇ ਬੇਮੁਖਾਈ ਦੇ ਮਗਰੋਂ ਲੜ ਕੇ ਨਾ ਮਰਦੇ।

ਹਮ ਸਿਖ ਹੁਇਂ ਤੁਮ ਗੁਰੂ ਬਨੀਜੈ।
ਰਸ[1] ਤੁਰਕਨ ਕੇ ਸੰਗ ਰਖੀਜੈ। — [1]ਮੇਲ।
ਨਤੁ ਹਮ ਸਿੱਖ ਨ ਤੁਮ ਗੁਰ ਹਏ।
ਬਿਗਰਹਿ ਬਾਤ ਲਖਹੁ ਦਿਸ਼ਿ ਦੋਏ- ॥੨੫॥
ਗ੍ਰਾਮਨਿ ਕੀ ਪੰਚਾਇਤ ਸਾਰੀ।
ਇਸ ਪ੍ਰਕਾਰ ਕੀ ਮਸਲਤਿ ਧਾਰੀ।
ਪ੍ਰੇਮੀ ਸਿੱਖ ਹੋਇ ਤਬਿ ਤਯਾਰ।
ਗੁਰ ਸਨ ਮਿਲਿਬੇ ਇੱਛਾ ਧਾਰਿ ॥੨੬॥
ਗ੍ਰਾਮ ਗ੍ਰਾਮ ਤੇ ਇਕ ਨਰ ਔਰ।
ਚਲਨ ਹੇਤੁ ਮਿਲਿ ਕਰਿ ਤਿਸ ਠੌਰ।
ਭਏ ਸਨੱਧ ਬੱਧ ਤਬਿ ਸਾਰੇ।
ਸ੍ਰੀ ਸਤਿਗੁਰ ਕੀ ਓਰ ਪਧਾਰੇ ॥੨੭॥
ਗ੍ਰਾਮ ਹਰੀ ਕੇ ਪੱਤਨ ਆਏ।
ਸਲਿਤਾ ਦੋਨਹੁਂ ਤਰਿ[1] ਹਰਖਾਏ। — [1]ਹਰੀਕੇ ਪੱਤਣ ਤੇ ਬਯਾਸ ਤੇ ਸਤਲੁਜ ਮਿਲਦੇ ਹਨ, ਦੋਵੇਂ ਤਰ ਕੇ ਪਾਰ ਲੰਘਕੇ।
ਗੁਰ ਕੀ ਸੁਧਿ ਸੁਨਿ ਕਰਿ ਸਭਿ ਤਬੈ।
'ਦੀਨੇ ਗ੍ਰਾਮ ਤਯਾਗ ਕਰਿ ਅਬੈ ॥੨੮॥
ਖਿਦਰਾਣੇ ਸਰ ਕੀ ਦਿਸ਼ਿ ਆਏ।'
ਸੁਨਤਿ ਸਿੰਘ ਹਰਖਤਿ ਇਤ ਧਾਏ।
†ਰਮਯਾਣੇ ਤੇ ਕਰਿ ਗੁਰ ਕੂਚ। — †ਸਾਖੀਆਂ ਵਾਲੀ ਪੋਥੀ ਦੀ ਇਹ ਸਾਖੀ ਹੈ।
ਕੇਤਿਕ ਆਗੇ ਉਲੰਘਿ ਪਹੂਚਿ ॥੨੯॥
ਜਾਟ ਵਿੜੰਗ[1] ਜੁਗਰਾਜ[2] ਨਾਮ ਤਿਹ। — [1]ਗੋਤ। [2]ਨਾਮ ਹੈ।

ਖਰੋ ਹੁਤੋ ਗੁਰ ਪੰਥ ਜਾਤਿ ਜਿਹਂ।
ਤਿਸ ਬਿਲੋਕਿ ਸਿਖ[1] ਬਾਕ ਉਚਾਰਾ। [1]ਸ਼੍ਰੀ ਗੁਰ ਜੀ ਦੇ ਨਾਲ ਦੇ ਇਕ) ਸਿੰਘ ਨੇ।
'ਸੁਨਹੁ ਚੌਧਰੀ! ਸ਼੍ਰਵਨ ਮਝਾਰਾ ॥੩੦॥
ਗਨ ਮੁਸਲਨ[1] ਕੋ ਲਸ਼ਕਰ ਆਵੈ। [1]ਮੁਸਲਮਾਨ।
ਜੇ ਤੁਝ ਬੂਝਤਿ ਅੱਗ੍ਰ ਸਿਧਾਵੈ।
-ਗਏ ਅਗਾਰੀ ਗੁਰ ਇਤਿ ਦਿਸ਼ਿ ਕੋ-?
ਤੌਂ ਨ ਬਤਾਵਨ ਕਰੀਅਹਿ ਕਿਸ ਕੋ' ॥੩੧॥
ਸੁਨਤਿ ਜਾਟ ਬੋਲਜੋ ਮੁਖ ਤਬੈ।
'ਮੋ ਕਹੁ ਬੂਝਹਿਂ ਮੁਸਲੇ ਜਬੈ।
ਨਹੀਂ ਬਤਾਵਨਿ ਕੋ ਕਿਮ ਕਰਿਹੌਂ।
-ਮੈਂ ਕਜਾ ਜਾਨੌਂ- ਤਿਨਹਿਂ ਉਚਰਿਹੌਂ' ॥੩੨॥
ਇਮ ਕਹਿ ਸਿਖ ਗੁਰ ਸੰਗ ਸਿਧਾਰੇ।
ਚਲੇ ਗਏ ਉਦਿਆਨ ਅਗਾਰੇ।
ਬਹੁਤ ਦੂਰ ਪਹੁੰਚੇ ਜਬਿ ਜਾਈ।
ਪੀਛੇ ਮਿਲਜੋ ਏਕ ਸਿੰਘ ਆਈ ॥੩੩॥
ਤਿਨ ਸਗਰੀ ਸੁਧਿ ਆਨਿ ਸੁਨਾਈ।
'ਦੇਖਹੁ ਕਹਾਂ ਸੈਨ ਰਿਪੁ ਆਈ।
ਜਾਟ ਖਰੋ ਜੁਗਰਾਜ ਬਤਾਵਿਤ।
-ਆਗੇ ਸਤਿਗੁਰ ਇਤ ਕੌ ਜਾਵਤਿ ॥੩੪॥
ਤਿਨ ਸੰਗੀ ਸਿਖ ਮੋਹਿ ਹਟਾਯੋ[1]। [1]ਭਾਵ ਸ੍ਰੀ ਗੁਰੂ ਜੀ ਦੇ ਨਾਲ ਦੇ ਸਿੰਘਾਂ ਨੇ ਮੈਨੂੰ ਮਨ੍ਹੇ ਕੀਤਾ ਸੀ (ਇਹ ਜੁਗਰਾਜ ਕਹਿੰਦਾ ਹੈ)।
ਇਤ ਗੁਰ ਗਏ, ਨ ਦੇਹੁ ਬਤਾਯੋ[1]। [1]ਦੱਸਣਾ ਨਹੀਂ।
ਮੁਸਲਨ ਕੋ ਲਸ਼ਕਰ ਇਤ ਆਵੈ।
ਭੌਂਕ ਚੌਂਕ ਆਪੇ ਚਲਿ ਜਾਵੈ- ॥੩੫॥
ਇਮ ਤਿਸ ਨੇ ਸਭਿ ਬਾਤ ਬਤਾਈ।'
ਸੁਨਿ ਸ਼੍ਰੀ ਪ੍ਰਭੁ ਕਹਿਂ 'ਤਿਹ ਨ ਪਚਾਈ'[1]। [1]ਤਿਸ ਨੂੰ ਗੱਲ ਨਹੀਂ ਪਚੀ।
ਕੁਲ ਜੁਤਿ ਅਫਰ ਅਫਰ ਮਰਿ ਜੈ ਹੈ।
ਇਸ ਕਾਰਨ ਤੇ ਮ੍ਰਿਤੁ ਕੋ ਪੈ ਹੈ' ॥੩੬॥
ਗੁਰ ਬਚ ਤੇ ਸੋ ਆਫਰ ਮਰਜੋ।

ਅਬਿ ਲੌ ਤਿਹ ਕੁਲ ਸੁਨਿਬੋ ਕਰਯੋ[1]।
ਜਬਿ ਤਿਨ ਕੀ ਮ੍ਰਿਤੁ ਹੁਇ ਨਿਯਰਾਈ।
ਅਫਰੈ ਤੀਨ ਦਿਵਸ ਮਰਿ ਜਾਈ ॥੩੭॥
ਅਫਰੇ ਜਰਹਿਂ ਚਿਖਾ ਕੇ ਬੀਚ।
ਲੀਨੋ ਸ੍ਰਾਪ ਬਾਦ ਹੀ ਨੀਚ।
ਚਲੇ ਜਾਤਿ ਸਤਿਗੁਰੂ ਅਗਾਰੀ।
ਪੀਲੁਨਿ ਤਰੁ ਕਰੀਰ ਜਹਿਂ ਭਾਰੀ ॥੩੮॥
†ਏਕ ਗ੍ਰਾਮ ਆਯੋ ਪੁਨ ਔਰ।
ਰੂਪਾ ਖੱਤ੍ਰੀ ਬਸਿ ਤਿਸ ਠਉਰ।
ਮਿਲ੍ਯੋ ਏਕ ਗੁੜ ਰੋੜੀ ਲੈ ਕੇ।
ਬੰਦਨ ਕਰੀ ਥਿਰ੍ਯੋ ਅਗਵੈ ਕੈ ॥੩੯॥
ਗੁਰ ਬਿਲੋਕਿ ਬੋਲੇ ਤਿਸ ਬੇਰਾ।
'ਕਹੁ ਰੂਪਾ ਕਰੀਅਹਿ ਇਤ ਡੇਰਾ?
ਲਰਹਿਂ ਤੁਰਕ ਸੋਂ ਇਸ ਥਲ ਥਿਰੈਂ?
ਆਵਤਿ ਰਿਪੁਨਿ ਪ੍ਰਾਨ ਕੋ ਹਰੈਂ?' ॥੪੦॥
ਸੁਨਿ ਬੋਲ੍ਯੋ 'ਨਹਿਂ ਪੁਜਿ ਹੈ ਡੇਰਾ[1]।
ਤੁਮਰੋ ਤੁਰਕਨਿ ਸੰਗ ਬਖੇਰਾ।
ਲਸ਼ਕਰ ਆਇ ਪਕਰ ਕਰਿ ਲੇਹਿ।
ਸੰਤਤਿ ਸਹਤ ਸਜ਼ਾਇ ਸੁ ਦੇਹਿ ॥੪੧॥
ਗ੍ਰਾਮ ਉਜਾਰਹਿ ਲੂਟਹਿ ਸਾਰਾ।
ਤੁਮ ਉਤਰੇ ਤੇ ਇਤਿਕ ਬਿਗਾਰਾ।'
ਸੁਨਿ ਗੁਰ ਕਹ੍ਯੋ 'ਨਹੀਂ ਤੂੰ ਰਹੈਂ।
ਸੰਤਤਿ ਤੋਹਿ ਬਿਨਾਸ਼ੀ ਲਹੈ ॥੪੨॥
ਉਜਰਹਿ ਗ੍ਰਾਮ ਬਸਹਿ ਬਹੁ ਬਾਰੀ।'
ਦਿਯੋ ਸ੍ਰਾਪ ਇਮ ਦਾਰੁਨ ਭਾਰੀ।
ਤਬਿ ਕੋ ਗ੍ਰਾਮ ਬਸ੍ਯੋ ਬਹੁ ਬਾਰੀ।
ਉਜਰਹਿ ਬਾਰ ਬਾਰ ਸੁਖ ਟਾਰੀ ॥੪੩॥
ਸੰਤਤਿ ਸਹਿਤ ਸੁ ਖੱਤ੍ਰੀ ਮਰ੍ਯੋ।
ਮੂਲ ਟਾਸ[1] ਸਗਰੋ ਪਰਹਰ੍ਯੋ।

[1]ਉਸ ਕੁਲ ਦੀ (ਗੱਲ) ਸੁਣੀ ਹੈ।

†ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।

[1]ਆਪ ਦਾ ਡੇਰਾ ਕਰਨਾ (ਸਾਥੋਂ) ਨਹੀਂ ਪੁੱਜਦਾ।

[1]ਮੁੱਢ ਤੇ ਟਾਹਣੇ।

ਤੀਸ ਬਰਸ ਕੋ ਉਜਰਜੋ ਪਰਜੋ।
ਸੋ ਅਬਿ ਬਸਜੋ ਸ਼੍ਰਵਨ ਹਮ ਕਰਜੋ
॥੪੪॥
ਸ੍ਰਾਪ ਕਿ ਬਰ ਸਤਿਗੁਰ ਜਬਿ ਕਰੈਂ।
ਤਤਛਿਨ ਹੋਤਿ ਨਿਮਖ ਨਹਿਂ ਟਰੈਂ।
ਚਲੇ ਜਾਤਿ ਆਗੇ ਉਦਿਆਨ।
ਜਹਾਂ ਨ ਗ੍ਰਾਮ ਪਿਖਜੋ ਕਿਸ ਥਾਨ
॥੪੫॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਸ਼੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

## ੮. [ਦਾਨ ਸਿੰਘ ਦੇ ਪੁੱਤ੍ਰ ਨੂੰ ਬਖਸ਼ਣਾ। ਮਾਝੇ ਦੇ ਸਿੰਘਾਂ ਦਾ ਬਿਦਾਵਾ]

੭<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੯

ਦੋਹਰਾ:

ਚਲੇ ਜਾਹਿਂ ਆਗੈ ਗੁਰੂ, ਸਿੰਘ ਰੁ ਖਾਨਾ ਸੰਗ[1]।

[1]ਸਿੰਘ ਤੇ ਉਹ ਖਾਨਾ (ਜੋ ਕਪੂਰੇ ਵਲੋਂ ਆਯਾ ਸੀ) ਨਾਲ ਹੈ।

ਕਿਤਿਕ ਸਾਥ ਬੈਰਾੜ ਹੈਂ, ਸਹਿਜ ਚਲਾਹਿਂ ਤੁਰੰਗ ॥੧॥

ਚੌਪਈ:

ਦਾਨ ਸਿੰਘ ਇਕ ਸਿਖ ਬੈਰਾੜ।
ਸੰਗ ਗੁਰੂ ਕੇ ਜਾਹਿਂ ਉਜਾੜ।
ਤਿਸ ਕੋ ਸੁਤ ਸਤਿਗੁਰੂ ਪਿਛਾਰੇ।
-ਮੰਦ ਚਲਾਵਹਿਂ ਤੁਰੰਗ- ਨਿਹਾਰੇ[1] ॥੨॥

[1]ਹੌਲੀ ਚਲਾਉਂਦੇ ਹਨ ਘੋੜਾ (ਇਹ ਗੱਲ) ਤੱਕ ਰਿਹਾ ਸੀ।

ਕਹ੍ਯੋ 'ਸ਼ਿਤਾਬੀ ਤੁਰੰਗ ਚਲਾਵਹੁ।
ਆਏ ਤੁਰਕ ਨਿਕਟ ਲਖਿ ਪਾਵਹੁ।'
ਪ੍ਰਭੁ ਨੇ ਮੰਦਹਿ ਮੰਦ ਚਲਾਯੋ।
ਪੁਨ ਡਰ ਧਰਿ ਤਿਨ ਬਾਕ ਅਲਾਯੋ ॥੩॥
'ਸ਼ੱਤ੍ਰਨਿ ਸੈਨ ਸਮੀਪੀ ਹੋਈ।
ਅਨਗਨ ਮਿਲਹਿਂ ਕਰਹਿਂ ਅਬਿ ਢੋਈ।'
ਕਈ ਬਾਰ ਕਹਿ ਰਹ੍ਯੋ ਉਚੇਰੇ।
ਨਹੀਂ ਸ਼ੀਘ੍ਰ ਤੇ ਗੁਰ ਹਯ ਪ੍ਰੇਰੇ ॥੪॥
ਤਿਸ ਕੇ ਹਾਥ ਕੋਰੜਾ ਹੁਤੋ।
ਨਿਕਟ ਹੋਇ ਗੁਰ ਕੇ ਹਯ ਹਤੋ[1]।

[1]ਗੁਰੂ ਕੇ ਘੋੜੇ ਨੂੰ ਮਾਰਿਆ।

ਕਹੈ 'ਤੁਰਕ ਦਲ ਆਇ ਪਿਛਾਰੀ।
ਕ੍ਯੋਂ ਨ ਬੇਗ ਕਰਿ ਚਲਹੁ ਅਗਾਰੀ? ॥੫॥
ਸੰਗਤਿਆ ਤੁਰੰਗ ਟਿਰੜੀਏ ਪਾਵਹੁ[1†]।

[1]ਹੇ ਸ਼ਕਤੀ ਵਾਲੇ! ਘੋੜੇ ਨੂੰ (ਤ੍ਰਿਖੀ) ਚਾਲੇ ਪਾਓ। [ਪੰਜਾ:, ਟਿਰੜੀਏ=ਰੇੜ੍ਹੇ ਪਾਉਣਾ=ਤੇਜ਼ ਚਲਾਉਣਾ]।
†ਪਾ:-ਸੰਗਤ ਕਜਾ ਤੁਰੰਗ ਰਿੜੀਏ ਪਾਵਹੁ। ਪਰ ਸਾਖੀਆਂ ਦੀ ਪੋਥੀ ਦਾ ਪਾਠ ਹੈ 'ਸਕਤਿਆ ਘੋੜੇ ਨੂੰ ਟਿਰੜੀਏ ਪਾਓ, ਮਗਰ ਤੁਰਕ ਆਉਂਦਾ ਹੈ'। ਗ੍ਰਾਮੀਨ ਲੋਕ 'ਸਕਤਿਆ' ਦੀ ਥਾਂ 'ਸਗਤਿਆ' ਬੀ ਬੋਲ ਲੈਂਦੇ ਹਨ। 'ਸਗਤਿਆ' ਦੇ 'ਸਸੇ' ਦੇ ਟਿੱਪੀ ਲਿਖਾਰੀ ਦੀ ਉਕਾਈ ਨਾਲ ਪਈ ਜਾਪਦੀ ਹੈ।

ਰਿਪੁ ਢਿਗ ਆਏ, ਕ੍ਯੋਂ ਨ ਲਖਾਵਹੁ।'
ਹਯ ਕੇ ਹਨੇ ਗੁਰੂ ਰਿਸ ਧਾਰੀ।

'ਸੰਤਤਿ ਮਾਰੀ ਜਾਇ ਤੁਮਾਰੀ ॥੬॥
ਜਾਨ ਭ੍ਰਾਤ[1] ਕੇ ਚਾਬਕ ਮਾਰਾ।

[1]ਸਵਾਰੀ ਦਾ ਘੋੜਾ [ਖਾਲਸਈ ਬੋਲਾ]। (ਅ) ਨਾਮ ਘੋੜੇ ਦਾ।

ਚਲ੍ਯੋ ਜਾਤਿ ਜੋ ਹਮ ਅਨੁਸਾਰਾ।'
ਦਾਨ ਸਿੰਘ ਰਿਸ ਕੀ ਸੁਨਿ ਬਾਨੀ।
ਹਾਥ ਜੋਰਿ ਕਰਿ ਬਿਨੈ ਬਖਾਨੀ ॥੭॥
'ਇਹ ਮਮ ਸੁਤ ਅਪਰਾਧ ਕਮਾਵਾ।
ਬਖਸ਼ਨ ਹੀ ਤੁਮ ਕੋ ਬਨਿ ਆਵਾ।
ਬਯ ਪਹਿਲੀ ਮੂਰਖ ਕ੍ਰਿਤ ਕੀਨਾ।
ਨਹੀਂ ਪ੍ਰਤਾਪ ਆਪ ਕੋ ਚੀਨਾ ॥੮॥
ਸੰਗਤਿ ਨਹਿਂ ਗੁਰ ਸਿੱਖਨਿ ਕੇਰੀ।
ਜਿਸ ਤੇ ਮਹਿਮਾ ਲਖਹਿ ਬਡੇਰੀ।'
ਸੁਨਤਿ ਬਿਨੈ ਕਰੁਨਾ ਹੁਇ ਆਈ।
'ਦਾਨ ਸਿੰਘ! ਕਰਿ ਚਿੰਤ ਨ ਕਾਈ ॥੯॥
ਪਿਤਾ ਪੁੱਤ੍ਰ ਕੀ ਲਗਹਿ ਨ ਗਾਰੀ।
ਰਿਦੇ ਸਨੇਹ ਹੋਤਿ ਹੈ ਭਾਰੀ।
ਰਿਸ ਕੇ ਬਸਿ ਦੁਰਸੀਸ ਬਖਾਨੇ।
ਚਹੈ ਨ ਚਿਤ ਮੈਂ ਸੁਤ ਕੀ ਹਾਨੇ[†] ॥੧੦॥

[†]ਬਹੁਤ ਕੁਝ ਕਹਿਣ ਦੀ ਸੁਰ ਤੇ ਹੁੰਦਾ ਹੈ। ਪ੍ਰਤੱਗਜਾ ਪੂਰਬਕ ਕਹੇ ਵਾਕ ਸੱਤ ਹੁੰਦੇ ਹਨ। ਹਾਸ ਬਿਲਾਸ, ਪਿਆਰ ਵਾਲੀ ਝਿੜਕ ਦੇ ਵਾਕ ਘੀਏ ਦੇ ਉਹਨਾਂ ਫੁੱਲਾਂ ਵਾਂਗ ਹੁੰਦੇ ਹਨ ਜਿਨ੍ਹਾਂ ਨੂੰ ਫੁਲ ਨਹੀਂ ਪੈਂਦਾ। ਲਿਖਿਆ ਜਦ ਪੜ੍ਹੀਦਾ ਹੈ ਤਾਂ ਸਾਰਾ ਕੁਛ ਪ੍ਰਤੱਗਜਾ ਪੂਰਬਕ ਕਿਹਾ ਜਾਪਦਾ ਹੈ। ਪਰ ਜਦ ਮਹਾਂ ਪੁਰਖ ਬੋਲਦੇ ਹਨ ਤਾਂ ਸੁਰ ਤੋਂ ਵਿਤ੍ਰੇਕ ਹੋ ਜਾਂਦਾ ਹੈ ਕਿ ਕੀਕੂੰ ਦਾ ਵਾਕ ਕਹਿ ਰਹੇ ਹਨ। ਜੋ ਦ੍ਰਿਸ਼ਟਾਂਤ ਗੁਰੂ ਜੀ ਨੇ ਅੱਗੇ ਚੱਲਕੇ ਦਿੱਤਾ ਹੈ, ਭਾਵ ਨੂੰ ਸਪਸ਼ਟ ਕਰ ਦੇਂਦਾ ਹੈ। ਪਰ ਸ਼ਰਧਾ ਵਾਲੇ ਸਿੱਖ ਸੁਰ ਨੂੰ ਵਿੱਤ੍ਰੇਕ ਘੱਟ ਕਰਦੇ ਹਨ ਤੇ ਹਰ ਵਾਕ ਤੋਂ ਡਰ ਜਾਂਦੇ ਹਨ।

ਤੁਮ ਸਿਖ ਸੁਤ ਕੇ ਸਮ ਹੋ ਮੇਰੇ।
ਹਮ ਬਾਂਛਤਿ ਸੁਖ ਲਹੈਂ[1] ਘਨੇਰੇ।'

[1]ਤੁਸੀਂ ਸੁਖ ਲਵੋ।

ਸੁਨਿ ਕੈ ਦਾਨ ਸਿੰਘ ਕਰ ਜੋਰੇ।
'ਬਾਕ ਆਪ ਕੇ ਮੁਰਹਿਂ ਨ ਮੋਰੇ ॥੧੧॥
ਮੋਰੇ ਉਰ ਮਹਿਂ ਭਰਮ ਬਡੇਰਾ।
ਕਿਮ ਥਿਰ[1] ਹੋਹਿ? ਸਦਾ ਮੈਂ ਚੇਰਾ।'

[1]ਦਿਲ) ਕਿਵੇਂ ਟਿਕਾਣੇ ਲਗੇ।

ਕ੍ਰਿਪਾ ਨਿਧਾਨ ਪੁਨਹਿਂ ਸਮੁਝਾਯੋ।
ਕਰਨ ਅਭਰਮ[1] ਦ੍ਰਿਸ਼ਾਂਤ ਸੁਨਾਯੋ ॥੧੨॥

[1]ਭਰਮ ਤੋਂ ਬਿਨਾਂ ਕਰਨ ਲਈ।

ਕਾਨਨ ਮਹਿਂ ਦਾਵਾ ਲਗਿ ਜਾਇ[1]। — [1]ਬਨਾਂ ਵਿਚ ਜਦੋਂ ਡੌਂ ਦੀ ਅੱਗ ਲੱਗ ਜਾਵੇ।
ਸ਼ੇਰ ਸ਼ੇਰਨੀ ਬਤਸ਼ ਜਿਥਾਇ[1]। — [1]ਬੱਚੇ ਜਿਸ ਥਾਂ ਤੇ ਹੋਣ ਉਥੋਂ........।
ਮੁਖ ਮਹਿਂ ਤਿਨ ਉਠਾਇ ਕਰਿ ਲਜਾਵੈਂ।
ਪਿਖਨਿਹਾਰ ਜਾਨੈ ਜਨੁ ਖਾਵੈਂ[1] ॥੧੩॥ — [1]ਦੇਖਣ ਵਾਲੇ ਸਮਝਦੇ ਹਨ ਮਾਨੋਂ (ਬੱਚਿਆਂ ਨੂੰ) ਖਾਂਦੇ ਹਨ।

ਨਹੀਂ ਚੁਭਾਵੈਂ ਦੰਤ ਜਿ ਤਨ ਮਹਿਂ।
ਸੁਖ ਸੋਂ ਧਰੈਂ ਆਨਿ ਹੀ ਬਨ ਮਹਿਂ।
ਤਿਮ ਤੁਮ ਜਾਨਿ ਭਰਮ ਕੋ ਖੋਵਹੁ।
ਮਨ ਮਹਿਂ ਸ਼ੰਕਮਾਨ ਨਹਿਂ ਹੋਵਹੁ' ॥੧੪॥

ਦਾਨ ਸਿੰਘ ਸੁਨਿ ਰਿਦੈ ਅਨੰਦਜੋ।
ਹਯ ਤੇ ਉਤਰਿ ਗੁਰੁ ਪਦ ਬੰਦਜੋ।
'ਗੁਰ ਜੀ ! ਭਲਾ, ਗੁਰੂ ਜੀ ! ਭਲਾ।
ਸੁਖ ਕਰੀਅਹਿ, ਤੁਮ ਜਾਗ੍ਰਤ ਕਲਾ[1]' ॥੧੫॥ — [1]ਤੁਸੀਂ ਜਿਉਂਦੀ ਕਲਾ ਦੇ ਕਲਾਵਾਨ ਹੋ।

ਇਮ ਬੋਲਤਿ ਸਿੱਖਨ ਕੇ ਸਾਥ।
ਆਗੇ ਚਲੇ ਜਾਤਿ ਮਗ ਨਾਥ।
ਪਰਖਨ ਹਿਤ ਜੰਗਲ ਨਰ ਫੇਰ[1]। — [1]ਜੰਗਲ ਦੇ ਆਦਮੀਆਂ ਨੂੰ ਪਰਖਣ ਵਾਸਤੇ [ਇਸ ਪਰਖਣ ਵਿਚ ਖਾਨਾ ਬੀ ਪਰਖਿਆ ਗਿਆ ਤੇ ਜੰਗਲ ਵਾਸੀ ਨਾਲ ਦੇ ਸਿੱਖ ਬੀ]।
ਸ੍ਰੀ ਮੁਖ ਤੇ ਬੋਲੇ ਤਿਸ ਬੇਰ ॥੧੬॥

'ਹਮ[†] ਕੋ ਲਗੀ ਅਧਿਕ ਅਬਿ ਪਜਾਸਾ। — [†]ਪਾ:-ਹਯ।
ਖੋਜਹੁ ਨੀਰ ਹੋਇ ਜਿਸ ਪਾਸਾ।'
ਸੁਨਿ ਗੁਰ ਤੇ ਲਾਗੇ ਸਭਿ ਖੋਜਨ।
ਬੂਝਨ ਕਰੇ ਸੰਗ ਗਨ ਜੋ ਜਨ ॥੧੭॥

ਛਾਗਲ ਹੁਤੀ ਸੁ ਖਾਨੇ ਤੀਰ[1]। — [1]ਉਹ ਖਾਨਾ ਜੋ ਕਪੂਰੇ ਨੇ ਮੁਰੱਖਾ ਦਿੱਤਾ ਸੀ) ਉਸ ਪਾਸ ਮਸ਼ਕ ਸੀ।
ਬੂਝਜੋ ਸਿੱਖਨ 'ਤੁਝ ਢਿਗ ਨੀਰ।'
ਤਬਿ ਨਰ[1] ਕਹਜੋ 'ਨਿਕਟ ਨਹਿਂ ਮੇਰੇ।' — [1]ਉਸ ਨਰ ਭਾਵ ਖਾਨੇ ਨੇ।
ਪੁਨ ਚਿਤਵਜੋ -ਲਿਹੁਂ ਮੋਲ ਘਨੇਰੇ[1]- ॥੧੮॥ — [1]ਫਿਰ ਖਾਨੇ ਨੇ ਸੋਚਿਆ ਕਿ (ਇਸ ਵੇਲੇ) ਬਹੁਤ ਮੁੱਲ ਲਵਾਂ (ਤਾਂ ਪਾਣੀ ਦਿਆਂ)।

ਜਬਿ ਨਹਿਂ ਕਿਸ ਢਿਗ ਪਾਨੀ ਪਾਯੋ।
'ਗੁਰ ਹਿਤ ਚਹੀਅਹਿ' ਸਭਿਨਿ ਸੁਨਾਯੋ।

ਤਬੈ ਬਤਾਯਹੁ 'ਹੈ ਮਮ ਤੀਰ।
ਲੇ ਕਰਿ ਮੇਲ ਦੇਯ ਹੌਂ ਨੀਰ ॥੧੯॥
ਦੇਹੁ ਰਜਤਪਣ ਲੇਹੁ ਕਟੋਰਾ।
ਅਤਿ ਸੀਤਲ ਜਿਮ ਸੁਧਰਜੋ ਸ਼ੋਰਾ[1]।'
ਗੁਰ ਸੇਵਕ ਦੇ ਕਰਿ ਭਰਿ ਲੀਨਾ[1]।
ਕਹਿ ਪ੍ਰਸੰਗ[1] ਗੁਰ ਕੇ ਕਰ ਦੀਨਾ ॥੨੦॥
ਹੇਰਿ ਨੀਰ ਕਰ ਤੇ ਗੁਰ ਡਾਰਾ।
ਕਿਤਿਕ ਦੇਰ ਤੇ ਬਹੁਰ ਉਚਾਰਾ।
'ਸੋ ਪਾਨੀ ਹਮ ਪਾਨ ਨ ਕੀਨ।
ਬਿਮਲ ਨ ਹੁਤੋ ਗੇਰ ਧਰਿ ਦੀਨ ॥੨੧॥
ਏਕ ਕਟੋਰਾ ਆਨਹੁ ਆਨ।
ਬਿਮਲ ਬਿਲੋਕਹਿਂ ਕਰਹਿਂ ਸੁ ਪਾਨ।'
ਬਹੁਰ ਜਾਇ ਖਾਨੇ ਸੰਗ ਭਾਖਜੋ।
'ਏਕ ਕਟੋਰਾ ਪੁਨ ਗੁਰ ਕਾਂਖਜੋ ॥੨੨॥
ਕਹਤਿ ਭਯੋ 'ਮੈਂ ਦੇਉਂ ਨ ਕੋਈ।
ਅਪਨੇ ਕਾਰਨ ਰਾਖਜੋ ਸੋਈ।'
ਸਿੱਖਨਿ ਭਨਜੋਂ 'ਘਨੋ ਤੁਵ ਪਾਸ।
ਕਜੋਂ ਨ ਦੇਤਿ ਲਾਗੀ ਪ੍ਰਭੁ ਪਜਾਸ' ॥੨੩॥
ਕਹਨਿ ਲਗਜੋ 'ਦਿਹੁ ਇਕ ਦੀਨਾਰ।
ਲੇਹੁ ਕਟੋਰਾ ਭਰਿ ਕਰਿ ਬਾਰਿ।'
ਸਿੱਖਨ ਕਹਜੋ 'ਰਜਤਪਣ ਲੀਜੈ।
ਗੁਰ ਕੇ ਹੇਤੁ ਨੀਰ ਭਰਿ ਦੀਜੈ' ॥੨੪॥
ਕਹੈ ਮੂੜ੍ਹ 'ਮੈ ਦੇਉਂ ਨ ਪਾਨੀ।
ਚਹਹੁ ਜਿ ਮੁਹਰਿ ਦੇਉ ਮਮ ਪਾਨੀ[1]।'
ਸਤਿਗੁਰ ਭਨਜੋਂ 'ਦੇਹੁ ਦੀਨਾਰ।
ਏਕ ਕਟੋਰਾ ਭਰਿ ਲਿਹੁ ਬਾਰ' ॥੨੫॥
ਦੇ ਕਰਿ ਤਬਹਿ ਕਟੋਰਾ ਭਰਜੋ।
ਹੇਰਤਿ ਸਤਿਗੁਰ ਬਾਕ ਉਚਰਜੋ।
'ਸਭਿ ਵਸਤੂ ਤੇ ਪਤਰੋ[1] ਪਾਨੀ।

[1]ਜਿਵੇਂ ਸ਼ੋਰੇ ਵਿਚ ਠੰਢਾ ਕੀਤਾ ਹੁੰਦਾ ਹੈ।

[1]ਰੁਪਯਾ) ਦੇਕੇ ਕਟੋਰਾ ਭਰ ਲਿਆ ਗੁਰੂ ਜੀ ਦੇ ਸੇਵਕ ਨੇ।

[1]ਰੁਪੱਯੇ) ਦਾ ਪ੍ਰਸੰਗ ਕਹਿਕੇ।

[1]ਜੇ ਪਾਣੀ ਚਾਹੁੰਦੇ ਹੋ ਤਾਂ ਮੇਰੇ ਹੱਥ ਮੁਹਰ ਦਿਓ।

[1]ਪਤਲਾ।

ਸੁਨਿ ਖਾਨੇ ! ਤੈਂ ਕਛੂ ਨ ਜਾਨੀ ॥੨੬॥
ਤੂੰ ਪਾਨੀ ਤੇ ਪਤਰੋ ਹੇਰਾ।
ਜਾਨਜੋਂ ਭੇਦ ਆਜ ਹਮ ਤੇਰਾ।'
ਇਮ ਕਹਿ ਆਗੇ ਕਿਤਿਕ ਸਿਧਾਏ।
ਮੱਦ੍ਰ ਦੇਸ਼[1] ਕੇ ਸਿਖ ਤਬਿ ਆਏ ॥੨੭॥

[1]ਇਥੇ ਮੱਦ੍ਰ ਦਾ ਭਾਵ ਮਾਝਾ ਹੈ, ਅਸਲ ਵਿਚ ਮਾਝਾ ਪਦ ਬਣਿਆਂ ਹੀ ਮੱਦ੍ਰ ਤੋਂ ਹੈ। (ਦੇਖੋ ਇਸੇ ਅੰਸੂ ਦਾ ਅੰਕ-੯ ਤੇ ਏਹੋ ਐਨ ਅੰਸੂ ੧੨ ਅੰਕ ੨੭)।

ਹਾਥ ਜੋਰਿ ਗੁਰ ਫਤੇ ਬੁਲਾਈ।
ਪਦ ਅਰਬਿੰਦਨ ਗ੍ਰੀਵ ਨਿਵਾਈ।
ਦੁਹਦਿਸ਼ਿ ਤੇ ਸਿਖ ਹਰਖਤਿ ਭਏ।
'ਭਲੇ ਸਮੇਂ ਮੇਲਾ ਗੁਰ ਕਏ' ॥੨੮॥
ਖਰੇ ਹੋਇ ਬੋਲੇ ਨਿਜ ਅਰਜ਼ੀ।
'ਬਿਨਹੁ[1] ਆਪ ਸੁਨੀਅਹਿ ਬਚ ਗੁਰ ਜੀ !

[1]ਬੇਨਤੀ।

ਮਾਝਾ ਦੇਸ਼ ਗ੍ਰਾਮ ਮਿਲਿ ਸਾਰੇ।
ਤੁਮ ਦਿਸ਼ਿ ਤੇ ਚਿੰਤਾ ਚਿਤ ਧਾਰੇ ॥੨੯॥
ਕਰਿ ਕਰਿ ਸ਼ੋਕ ਬਹੁਤ ਪਛੁਤਾਏ।
ਇਹ ਸਗਰੇ ਸਿਖ ਤਿਨਹੁ ਪਠਾਏ।
ਉਤਰਹੁ ਹਯ ਤੇ ਕੁਛ ਥਿਰ ਹੋਇ।
ਕਹਜੋ ਤਿਨਹੁ ਕੋ ਸੁਨੀਐ ਸੋਇ' ॥੩੦॥
ਇਮ ਸੁਨਿ ਕਰਿ ਸ਼੍ਰੀ ਸਤਿਗੁਰ ਥਿਰੇ।
ਉਤਰੇ ਹਯ ਤੇ ਬੈਠਿਬ ਕਰੇ।
ਕੇਤਿਕ ਸਿੰਘ ਅਰੂਢੇ ਰਹੇ[†]।

[†]ਭਾਵ ਇਸ ਲਈ ਚੜੇ ਰਹੇ ਕਿ ਮਗਰ ਤੁਰਕ ਸਨ ਸਾਵਧਾਨੀ ਚਾਹੀਏ।

ਕੇਚਿਤ ਉਤਰਿ ਪ੍ਰਭੁ ਢਿਗ ਲਹੇ ॥੩੧॥
ਮੱਦ੍ਰ ਦੇਸ਼ ਕੇ ਸਗਰੇ ਥਿਰੇ।
ਬਡ ਦੀਵਾਨ ਲਾਗਬੋ ਕਰੇ।
ਕਮਰਕਸਾ ਸਭਿ ਹੂੰ ਕੋ ਅਹੇ।
ਤੋੜੇ ਸੁਲਗਿ ਤੁਫੰਗਨਿ ਰਹੇ[†] ॥੩੨॥
ਤੁਰਕਨਿ ਕੀ ਲਗਿ ਰਹੀ ਅਵਾਈ[1]।
'ਸੰਝ ਸਕਾਰੇ ਪਰਹਿ ਲਰਾਈ।'
ਲਰਨ ਹੇਤੁ ਤਜਾਰੀ ਕਰਿ ਰਹੇ।
ਇਕ ਤਰੁ ਊਚੋ ਤਹਿਂ ਥਿਰ ਅਹੇ ॥੩੩॥
'ਸਿੰਘ ਚਢਾਯੋ ਤਿਸ ਦਿਸ਼ ਦੇਖਹਿ।

[†]ਪਾ:-ਗਹੇ।
[1]ਸੋਅ ਆ ਰਹੀ ਹੈ।

ਦੂਰ ਲਖਹੁ ਸੁਧ ਦੇਹੁ ਬਿਸ਼ੇਖਹਿ।'
ਮੱਦ੍ਰ ਦੇਸ਼ ਕੇ ਸਿਖ ਸਮੁਦਾਈ।
ਗਾਥਾ ਬਿਨਤੀ ਜੁਗਤਿ ਸੁਨਾਈ ॥੩੪॥
'ਮੱਦ੍ਰ ਦੇਸ਼ ਕੇ ਗ੍ਰਾਮ ਘਨੇਰੇ।
ਸਭਿ ਤੇ ਮਾਨਵ ਮਿਲੇ ਬਡੇਰੇ।
ਪੰਚ ਲੋਕ ਅਰੁ ਪ੍ਰੇਮੀ ਗੁਰ ਕੇ।
ਪਿਤਾ ਪਿਤਾਮਾ ਜੋ ਸਿਖ ਧੁਰ ਕੇ ॥੩੫॥
ਸੁਨਿ ਸੁਨਿ ਰਾਵਰ ਕੀ ਸਭਿ ਗਾਥਾ।
ਮਿਲਿ ਮਿਲਿ ਭਏ ਸ਼ੋਕ ਕੇ ਸਾਥਾ।
ਅਪਨ ਆਪ ਕੋ ਧਿਕ ਧਿਕ ਕਹਜੋ।
ਦੇਸ਼[1] ਗੁਰੂ ਬੇਮੁਖਤਾ ਲਹਜੋ ॥੩੬॥
-ਹੁਤੀ ਕਦੀਮੀ ਸਿੱਖੀ ਜਾਂਹਿ।
ਹਮ ਨਿਰਭਾਗ ਨਿਬਾਹੀ ਨਾਂਹਿ-।
ਇਮ ਬਿਚਾਰ ਕਰਿ ਸਿੱਖ ਬਟੋਰੇ।
ਕਰਿ ਮਸਲਤ ਭੇਜੇ ਤੁਮ ਓਰੇ ॥੩੭॥
ਹਜ਼ਰਤ ਸਾਥ ਵੈਰ ਤਜਿ ਦੀਜੈ।
ਹਮ ਬਿਚ ਪਰਹਿਂ ਮੇਲ ਕਰਿ ਲੀਜੈ।
ਕਾਰਜ ਸਭਿ ਨਿਬੇਰ ਕਰਿ ਲ੍ਯਾਵੈਂ।
ਕਹਿ ਮਹਿਮਾ ਤਿਨ ਤੇ ਪੁਜਵਾਵੈਂ ॥੩੮॥
ਤੌਂ ਸਿੱਖੀ ਨਿਰਬਹੈ ਹਮਾਰੀ।
ਪਰੇ ਰਹੈਂਗੇ ਸ਼ਰਨ ਤੁਮਾਰੀ।
ਜੇ ਤੁਰਕਨਿ ਸੰਗ ਰਖਹੁ ਬਿਖੇਰਾ।
ਸਕਲ ਰੀਤਿ ਕਰਿ ਕਸ਼ਟ ਬਡੇਰਾ ॥੩੯॥
ਨਹਿਂ ਹੋਵਹਿ ਸਿੱਖੀ ਨਿਰਬਾਹਾ।
ਲੋਕ ਬਿਸਿਦਕ ਹੋਤਿ ਉਰ ਮਾਂਹਾ।
ਸਕਲ ਦੇਸ਼ ਭੇਜਜੋ ਇਮ ਕਹਿ ਕੈ।
ਰਾਵਰ ਕੇ ਸੰਕਟ ਸਭਿ ਲਹਿ ਕੈ' ॥੪੦॥
ਸ਼੍ਰੀ ਗੋਬਿੰਦ ਸਿੰਘ ਸੁਨਿ ਰਿਸ ਛਾਈ।
ਉੱਤਰ ਕਹਜੋ ਬੀਚ ਸਮੁਦਾਈ।
'ਸਿੱਖ ਹੋਤਿ ਲੈਬੇ ਉਪਦੇਸ਼ੂ।

[1]ਦੇਸ਼ ਨੇ।

ਦੇਹੁ ਹਮੈ ਬਿੱਪ੍ਰੀਤ ਵਿਸ਼ੇਸ਼੍ਹ[1] ॥੪੧॥

[1]ਸਗੋਂ ਉਲਟੇ ਸਾਨੂੰ (ਉਪਦੇਸ਼) ਦਿੰਦੇ ਹੋ। [ਵਿਸ਼ੇਸ਼=ਵਿਸ਼ੇਸ਼ ਕਰਕੇ, ਭਾਵ ਸਗੋਂ]।

ਹਮ ਕੋ ਚਾਹ ਨਹੀਂ ਤੁਮ ਕੇਰੀ।
ਪੂਰਬ ਭਾਜ ਗਏ ਬਿਨ ਹੇਰੀ।
ਗਏ ਸੁ ਗਏ ਰਹੋ ਸਭਿ ਭਾਗੇ[1]।

[1]ਜੋ ਗਏ ਸੋ ਗਏ ਹੁਣ ਤੁਸੀਂ ਸਾਰੇ ਨੱਠੇ ਰਹੋ। (ਅ) ਜੋ ਗਏ ਹਨ ਉਹ ਤਾਂ ਗਏ ਜੋ ਭਾਗਾਂ ਵਾਲੇ ਸਨ ਉਹ ਰਹਿ ਪਏ ਸਨ।

ਅਬਿ ਕੋ[1] ਤੁਮੈਂ ਬੁਲਾਵਨ ਲਾਗੇ? ॥੪੨॥

[1]ਕੌਣ।

ਹਮਰੇ ਝਗਰੇ ਚਹਹੁ ਨਿਬੇਰਾ।
ਕਹਾਂ ਗਏ ਤੁਮ ਪੂਰਬ ਵੇਰਾ।
ਸ਼੍ਰੀ ਗੁਰ ਅਰਜਨ ਕੋ ਭਾ ਕਾਰਨ।
ਨਹਿਂ ਗਮਨੇ[1] ਨਹਿਂ ਕਰਜੋ ਉਚਾਰਨਿ ॥੪੩॥

[1](ਤਦੋਂ) ਨਾ ਗਏ (ਪਾਤਸ਼ਾਹ ਪਾਸ)।

ਨਿਜ ਨਿਜ ਸਦਨ ਥਿਰੇ ਡਰ ਧਾਰਜੋ।
ਸਕਲ ਪੰਚਾਯਤ ਕੋ ਬਲ ਹਾਰਜੋ।
ਪੁਨ ਨੌਮੇ ਪਤਿਸ਼ਾਹੁ ਭਏ ਹੈਂ।
ਦਿੱਲੀ ਮਹਿਂ ਸਿਰ ਦੇਨ ਗਏ ਹੈਂ ॥੪੪॥
ਤਬਿ ਮਾਝੇ ਆਦਿਕ ਸਭਿ ਦੇਸ਼।
ਭੇ ਤੂਸ਼ਨ ਧਰਿ ਤ੍ਰਾਸ ਵਿਸ਼ੇਸ਼[1]।

[1]ਭਾਵ ਬਹੁਤੇ ਡਰਦੇ ਮਾਰੇ ਚੁੱਪ ਕਰ ਰਹੇ ਸਾਓ।

ਕਿਨਹੂੰ ਕਹਜੋ ਨ ਸ਼ਾਹੁ ਅਗਾਰੀ।
ਪਰਜੋ ਨ ਕੋਊ ਝਗਰ ਮਝਾਰੀ ॥੪੫॥
ਕਜੋਂ ਨ ਨਿਬੇਰਜੋ ਤਬਿ ਕਿਸ ਜਾਇ।
ਤਬਿ ਜਾਨਤਿ, ਜਬਿ ਲੇਤਿ ਛੁਟਾਇ।
ਕਰਜੋ ਕਾਜ ਤਬਿ ਕੋ, ਮਨ ਜਾਨਤਿ[1]।

[1]ਜੇ ਤਦੋਂ ਦਾ (ਤੁਹਾਡਾ ਕੋਈ) ਕੰਮ ਕੀਤਾ ਜਾਣਦੇ (ਅਸੀਂ) ਮਨ (ਵਿਚ)।

ਤਾਂ ਤੇ ਅਬਿ[1] ਕਹਿਬੋ ਹਮ ਮਾਨਤਿ ॥੪੬॥

[1]ਤਾਂ ਹੁਣ........।

ਕਿਸਹੂੰ ਤੇ ਕੁਛ ਕਾਜ ਨ ਸਰਜੋ।
-ਹਮ ਸਿਖ ਇਹ- ਨ ਜਨਾਵਨ ਕਰਜੋ[1]।

[1]ਅਸੀਂ ਇਸਦੇ ਸਿੱਖ ਹਾਂ, ਇਹ ਗੱਲ ਬੀ ਜਨਾਵਣਾ ਨਹੀਂ ਕੀਤੀ ਸੀ।

ਅਬਿ ਉਪਦੇਸ਼ ਕਰਨਿ ਕੋ ਆਏ।
ਕਹਨਿ ਬਾਕ ਕੋ, ਨਹਿਨ ਲਜਾਏ ॥੪੭॥

ਤੁਮ ਕੋ ਸਿਖ ਕਰਿ, ਕਜਾ ਹਮ ਲੈ ਹੈਂ।
ਪਰੇ ਕਾਜ ਜਬਿ ਦ਼ਗਾ ਕਮੈ ਹੈਂ।
ਅਬਿ ਲਿਖਿ ਦਿਹੁ ਤੁਮ -ਹਮ ਸਿਖ ਨਾਂਹੀ-।
ਚਲੇ ਜਾਹੁ ਨਿਜ ਦੇਸ਼ਨਿ ਮਾਂਹੀ' ॥੪੮॥
ਇਮ ਗੁਰ ਤੇ ਸੁਨਿ ਗਿਰਾ ਰੁਖਾਈ।
ਸਭਿਨਿ ਤਰੇ ਕਹੁ ਗ੍ਰੀਵ ਨਿਵਾਈ।
ਗ੍ਰਾਮਨ ਕੇ ਮੁਖਿ ਪੰਚਨ[1] ਮਸਲਤ।
ਕਰੀ ਸਭਿਨਿ ਸੋਂ ਚਿਤ ਮਹਿਂ ਚਿਤਵਤਿ ॥੪੯॥

[1]ਮੁਖੀ ਪੈਂਚਾਂ ਨੇ।

ਕਿਤਿਕ ਦੇਰ ਮਹਿਂ ਪੁਨ ਗੁਰ ਭਾਖਜੋ।
'ਹਮ ਤੁਰਕਨ ਕੋ ਖੋਵਨ ਕਾਂਖਜੋ।
ਇਹ ਸਿਖ ਆਏ ਮੇਲ ਕਰਾਵਨਿ।
ਤ੍ਰਾਸਤਿ ਰਣ ਤੇ[1] ਬਾਤ ਬਤਾਵਨ ॥੫੦॥
ਕਜੋਂ ਨ ਬਿਦਾਵਾ ਸਿੱਖੀ ਕੇਰਾ।
ਲਿਖਹੁ ਮਝੈਲ! ਕਰਤਿ ਕਜੋਂ ਦੇਰਾ?'
ਦੁਤੀ ਬਾਰ ਜਬਿ ਗੁਰ ਨੇ ਕਹਜੋ।
ਲਿਖਨ ਹੇਤੁ ਸਭਿ ਹੂੰ ਤਬਿ ਚਹਜੋ ॥੫੧॥

[1]ਡਰਦੇ ਜੰਗ ਤੋਂ।

ਦੋਹਰਾ:
ਸਕਲ ਦੇਸ਼ ਮਿਲਿ ਕਰਿ ਕਹਜੋ,
ਲਰਹਿਂ ਤੁਰਕ ਕੇ ਸੰਗ।
'ਨਹਿਂ ਸਿੱਖੀ ਹਮ ਤੇ ਨਿਬਹਿ',
ਤੌ ਲਿਖਿ ਦੇਹੁ ਨਿਸੰਗ[1]- ॥੫੨॥

[1]ਵਿਚਾਰ ਕਰਦੇ ਹਨ ਕਿ) ਸਾਰੇ ਮਾਝੇ ਦੇਸ਼ ਨੇ ਮਿਲਕੇ (ਸਾਨੂੰ) ਕਿਹਾ ਸੀ (ਕਿ ਜੇ ਗੁਰੂ ਜੀ) ਤੁਰਕ ਨਾਲ ਲੜਨ ਤਾਂ ਬੇਸ਼ਕ ਲਿਖ ਦੇਣਾ ਕਿ ਸਾਥੋਂ ਸਿੱਖੀ ਨਹੀਂ ਨਿਭ ਸਕਦੀ।

ਇਮ ਵਿਚਾਰ ਕਰਿ ਲਿਖਜੋ ਬਿਦਾਵਾ।
ਗੁਰੂ ਲਿਖਾਇ ਜੇਬ ਮਹਿਂ ਪਾਵਾ।
'ਸਭਿ ਮਾਝਾ ਸਿੱਖੀ ਤੇ ਖਾਰਜ।'
ਲਿਖਿ ਦੀਨੋ ਧਰਿ ਤ੍ਰਾਸ ਅਨਾਰਜ[1] ॥੫੩॥

[1]ਮਾੜਿਆਂ ਨੇ [ਸੰਸ:, ਅਨ+ਆਰਯ]।

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ

ਐਨੇ 'ਸਿੱਖੀ ਬਿਦਾਵਾ ਮਝੈਲ ਲਿਖਨ' ਪ੍ਰਸੰਗ
ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

## ੯. [ਮਾਝੇ ਦੇ ਸਿੱਖਾਂ ਨੇ ਮੁੜਕੇ ਤੁਰਕਾਂ ਨਾਲ ਯੁੱਧ ਆਰੰਭਣਾ]

੮<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਜੇ ਜੇ ਬੇਮੁਖ ਸਿਦਕ ਬਿਨ, ਸਿਮਰਿ ਪੰਚਾਇਤ ਬਾਤ[1]।

[1]ਪੰਚਾਇਤ ਦੀ ਗੱਲ ਚੇਤੇ ਕਰਕੇ।

ਲਿਖ੍ਯੋ ਬਿਦਾਵਾ ਦੇਰਿ ਬਿਨ, 'ਗੁਰ ਸਿਖ ਨਹੀਂ ਕਦਾਂਤ[1]' ॥੧॥

[1]ਕਦੇ ਬੀ।

ਚੌਪਈ:

ਜੇ ਜੇ ਸਿਦਕੀ ਗੁਰਸਿਖ ਪਜਾਰੇ।
ਭਯੋ ਕਸ਼ਟ ਤਿਨ ਕੇ ਮਨ ਭਾਰੇ।
-ਬਹੁਤ ਬੁਰਾ ਕਾਰਜ ਇਹ ਭਯੋ।
ਲੋਕ ਪ੍ਰਲੋਕ ਖੋਇ ਸਭਿ ਲਯੋ- ॥੨॥
ਸ਼੍ਰੀ ਸਤਿਗੁਰ ਭੀ ਭਏ ਉਦਾਸ।
ਜਥਾ ਕੁਪੱਤ੍ਰ ਬਨੇ ਪਿਤ ਪਾਸ।
ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ।
ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ ॥੩॥
ਸਿੱਖ ਮਝੈਲਨਿ ਮਹਿਂ ਜੇ ਭਲੇ।
ਅਤਿ ਚਿੰਤਾਤੁਰ ਸੰਕਟ ਮਿਲੇ।
ਮਨੁਜ ਦੇਸ਼ ਕੋ ਤਜਿ ਨਹਿਂ ਸੱਕਈਂ[1]।
ਬੇਮੁਖ ਗੁਰ ਤੇ ਨਿਜ ਧਿਕ ਤੱਕਈਂ[1] ॥੪॥

[1]ਆਪਣੇ ਦੇਸ਼ ਦੇ ਆਦਮੀਆਂ ਨੂੰ ਛੱਡ ਨਹੀਂ ਸਕਦੇ।

[1]ਭਾਵ ਆਪਣੇ ਆਪ ਨੂੰ ਗੁਰੂ ਜੀ ਤੋਂ ਬੇਮੁਖ ਵੇਖਕੇ ਧ੍ਰਿਕਾਰ ਯੋਗ ਸਮਝਦੇ ਹਨ।

ਚਢ੍ਯੋ ਤਰੋਵਰ ਪਰ ਜੋ ਹੇਰਤਿ।
ਇਤਨੇ ਮਹਿਂ ਸੁਨਾਇ ਸੋ ਟੇਰਤਿ।
'ਪ੍ਰਭੂ ਜੀ! ਕਹਾ ਦੇਖਤਿ ਹੋ ਖਰੇ?
ਲਸ਼ਕਰ ਰਿਪੁਨਿ ਆਇਬੋ ਕਰੇ ॥੫॥
ਉਡੀ ਧੂਰਿ ਸੂਰਜ ਕੋ ਛਾਦਤਿ।
ਸੁਨੀ ਧੁਨੀ ਕੁਛ ਦੁੰਦਭਿ ਬਾਜਤਿ।
ਕਈ ਹਜ਼ਾਰ ਆਇ ਅਸਵਾਰਾ।
ਕਲਮਲਾਟ[1] ਸੁਨੀਅਤਿ ਹੈ ਭਾਰਾ ॥੬॥

[1]ਰੌਲਾ।

ਕਰਹੁ ਤੁਫੰਗਨ ਭਰਿ ਕਰਿ ਤਯਾਰੀ।
ਠੋਕਹੁ ਗਜਨ ਦੁਗੋਰੀ ਡਾਰੀ।

ਰਹੀ ਨ ਦੂਰ ਆਇ ਭਾ ਨੇਰ।
ਘਰੀ ਨ ਲਾਗਹਿ ਹ੍ਵੈ ਭਟ ਭੇਰ' ॥੭॥
ਇਮ ਬੋਲਤਿ ਹੀ ਉਤਰਜੋ ਤਰੇ।
ਸਤਿਗੁਰ ਤਬੈ ਤੁਰੰਗਮ ਚਰੇ।
ਧਨੁਖ ਸੰਭਾਰਿ ਖੈਂਚਿ ਟੰਕਾਰਾ।
ਤੀਛਨ ਭੀਛਨ ਤੀਰ ਨਿਕਾਰਾ ॥੮॥
ਸਭਿ ਬੈਰਾੜਨ ਤਬਿ ਕਰ ਜੋਰੇ।
'ਪ੍ਰਭੁ ਜੀ ਗਮਨਹੁ ਕੁਛ ਇਤ ਓਰੇ।
ਆਗੇ ਆਇ ਤਾਲ ਖਿਦਰਾਣਾ।
ਸੋ ਲਰਿਬੇ ਕੋ ਖਰਾ† ਟਿਕਾਣਾ ॥੯॥

†ਪਾ:-ਲਖਹੁ।

ਨਾਂਹਿ ਤ ਕੁਛ ਤਹਿਂ ਤੇ ਚਲਿ ਆਗੇ।
ਜਹਿਂ ਤੁਰਕਨ ਜਲ ਹਾਥ ਨ ਲਾਗੇ।
ਬਿਨ ਮਾਰੇ ਆਪੇ ਮਰਿ ਜਾਇਂ।
ਨਾਂਹਿ ਤ ਸੁਕੇ ਬਦਨ ਪਲਾਇਂ ॥੧੦॥
ਠਹਿਰ ਨ ਸਕਹਿਂ ਤੁਰਤ ਫਿਰਿ ਜਾਵਹਿਂ।
ਜਬਿ ਖੋਜੇ ਤੇ ਨੀਰ ਨ ਪਾਵਹਿਂ।'
ਇਮ ਤਿਨ ਕੀ ਮਸਲਤ ਸੁਨਿ ਕਾਨੇ।
ਸਨੇ ਸਨੇ ਆਗੇ ਪ੍ਰਸਥਾਨੇ ॥੧੧॥
ਪੁਨ ਸਿਖ ਕਹੈ 'ਨਿਕਟ ਹੀ ਆਏ[1]।

[1]ਤੁਰਕ ਨੇੜੇ ਆ ਗਏ ਹਨ।

[1]ਖੋਜ ਤੁਰੰਗ ਨਵੀਨੋ ਪਾਏ।

[1]ਤੁਰਕਾਂ ਦੇ ਖੋਜੀ ਸਾਡੇ) ਘੋੜਿਆਂ ਦਾ ਸੱਜਰਾ ਖੋਜ ਪਾਕੇ ਨੇੜੇ ਜਾਣਕੇ ਵੇਖਣ ਲਈ ਦੌੜਨਗੇ।

ਧਾਇ ਬਿਲੋਕੈਂ ਜਾਨਹਿਂ ਨੇਰੇ੬।'
ਰਿਪੁ ਪ੍ਰਤਿ ਕਹਜੋ ਗੁਰੂ ਤਿਸ ਬੇਰੇ ॥੧੨॥
'ਖਰ ਤੁਰਕਨ ਕੀ[1] ਆਂਖਨ ਘੱਟਾ।

[1]ਮੂਰਖ ਤੁਰਕਾਂ ਦੀ।

ਖੋਜ ਕਹੈਂ ਨਹਿ ਮੁਖ ਵਿਚ ਡੱਟਾ[1]।

[1]ਸਾਡਾ ਖੋਜ ਨਹੀਂ ਕਹਿ ਸਕਣਗੇ (ਆਪਣੇ ਸਰਦਾਰਾਂ ਨੂੰ) ਮੂੰਹ ਵਿਚ ਡੱਟਾ ਅੜ ਜਾਏਗਾ।

ਹੁਇ ਮਤਿਵਾਰੇ ਤਰ ਤਰ[1] ਤੱਕੈਂ।

[1]ਹੇਠਾਂ ਹੇਠਾਂ।

ਨਿਕਟ ਹੋਇ ਭੀ ਵੇਖ ਨ ਸੱਕੈਂ†' ॥੧੩॥

†ਸਾਖੀ ਪੋਥੀ ਵਿਚ ਇਉਂ ਹੈ:-ਅੱਖੀਂ ਘੱਟਾ, ਮੁਖ ਦਟਾ, ਤਰ ਤਰ ਤਕੇ, ਵੇਖ ਨ ਸੱਕੇ। ਪੰਜਾਬੀ ਮੁਹਾਵਰਾ ਤਦ ਦਾ ਇਉਂ ਤੁਰ ਪਿਆ ਹੈਂ-ਅੱਖੀਂ ਘੱਟਾ, ਮੂੰਹ ਵਿਚ ਡੱਟਾ, ਬਿਰ ਬਿਰ ਤੱਕੇ, ਬੋਲ ਨ ਸੱਕੇ।

ਇਮ ਕਹਿ ਖਿਦਰਾਣੇ ਲਗਿ ਗਏ।

ਨੇਰ[1] ਤੁਰਕ ਭੀ ਕਰਤੇ ਭਏ।
ਮੱਦ੍ਰ ਦੇਸ਼ ਕੀ ਸੰਗਤਿ ਜੋਈ।
ਲਿਖਤਿ ਬਿਦਾਵਾ ਗਮਨੀ ਸੋਈ ॥੧੪॥
ਤਿਨ ਮੈਂ ਪੰਚ ਸਿਖ† ਮਤਿਵੰਤੇ।

[1]ਨੇੜਾ।

†ਪਹਿਲੇ ਸਭ ਤੋਂ ਗ਼ੈਰਤ ਦਾ ਖ਼ੂਨ ਭਾਈ ਮਹਾਂ ਸਿੰਘ ਦਾ ਜੋਸ਼ ਵਿਚ ਆਇਆ ਜਾਪਦਾ ਹੈ, ਉਸ ਨੇ ਵੰਗਾਰ ਕੇ ਕਿਹਾ ਕਿ ਗੁਰੂ ਹਿਤ ਸੀਸ ਦੇਣਾ ਹੈ, ਨਿੱਤਰੋ। ਫੇਰ ਪੰਜ ਨਿੱਤਰੇ, ਫੇਰ ਇਕ ਇਕ ਕਰਕੇ ਬਾਕੀ ਦੇ ਨਿੱਤਰੇ। ਇਹ ਗੱਲ ਅੰਸੂ ੧੨ ਅੰਕ ੧੦ ਤੋਂ ੩੭ ਤੱਕ ਵਿਚੋਂ ਪਈ ਸਹੀ ਹੁੰਦੀ ਹੈ, ਜਿੱਥੇ ਗੁਰੂ ਜੀ ਮਹਾਂ ਸਿੰਘ ਤੇ ਅਤਯੰਤ ਪ੍ਰਸੰਨਤਾ ਪ੍ਰਗਟ ਕਰ ਰਹੇ ਹਨ।

ਸਭਿਨਿ ਧਿਕਾਰ ਹਟੇ ਬਲਵੰਤੇ।
ਕਹਿਨ ਲਗੇ 'ਸਭਿ ਦੇਸ਼ ਡੁਬੋਯੋ।
ਲੋਕ ਪ੍ਰਲੋਕ ਸਗਲ ਹੀ ਖੋਯੋ ॥੧੫॥
ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ।
ਬਿਚ ਸੰਗ੍ਰਾਮ ਕਰਹਿਂ ਅਰਿ ਹਾਨ।
ਤੁਰਕ ਹਜ਼ਾਰਹੁਂ ਗੁਰ ਕੇ ਗਿਰਦ।
ਕੋ ਇਸ ਸਮੈਂ ਤਜੈ ਹੁਇ ਮਰਦ[1] ॥੧੬॥

[1]ਸੂਰਮਾ ਹੋਕੇ ਕੌਣ ਇਸ ਵੇਲੇ ਛੱਡੇ (ਗੁਰੂ ਜੀ ਨੂੰ ਤੁਰਕਾਂ ਵਿਚ)।

ਏਤੀ ਭੀਰ ਗੁਰੂ ਪਰ ਪਰੀ।
ਹੈ ਸਦ ਹੈਫ[1] ਤਜੈਂ ਇਸ ਘਰੀ।
ਜੀਵਨ ਪਾਇ ਕਰਹਿਂਗੇ ਕਹਾਂ।
ਜੇ ਪ੍ਰਭੁ ਕਾਜ ਨ ਐਹੈਂ ਇਹਾਂ ॥੧੭॥

[1]ਅਫਸੋਸ, ਲਾਨਤ [ਫਾ:, ਹੈਫ਼]।

ਅੰਤ ਸਮਾ ਸਭਿ ਕੇ ਸਿਰ ਖਰਾ।
ਕਾਇਰ ਸੂਰ ਨ ਕਿਸ ਤੇ ਟਰਾ।
ਜੀਵਨ ਮਰਨ ਧੰਨ ਤਿਨ ਕੇਰਾ।
ਜਿਨ ਗੁਰ ਸੇਵ ਕਰੀ ਇਸ ਬੇਰਾ† ॥੧੮॥

†ਪਾ:-ਜਸੁ ਜਗ ਸੁਖ ਪਰਲੋ ਅਛੇਰਾ।

ਜਿਯਤ ਨਿੰਦ ਮ੍ਰਿਤੁ ਨਰਕ ਸਹੇਰਾ।
ਕਰਮ ਕਮਾਯੋ ਤੁਮ ਇਸ ਬੇਰਾ।'
ਸਿਖ ਪੰਚਨਿ ਤੇ ਸੁਨਿ ਕਰਿ ਕਾਨ।
ਭਯੋ ਸਿਦਕ ਕੇਤਿਕ ਕੈ ਆਨਿ ॥੧੯॥
ਤਿਨ ਕੋ ਛੋਰਿ ਇਤਹਿ[1] ਸੇ ਮਿਲੇ।
'ਤਜਨ ਗੁਰੂ ਕੋ ਅਬਿ ਨਹਿਂ ਭਲੇ।
ਬਰਖ ਹਜ਼ਾਰਹੁਂ ਨਰਕ ਸਹੇਰਜੋ।
ਰਣ ਤੇ ਡਰ ਗੁਰ ਤੇ ਮੁਖ ਫੇਰਜੋ ॥੨੦॥

[1]ਇਨ੍ਹਾਂ ਨਾਲ।

ਏਕ ਘਰੀ ਕੋ ਸੰਕਟ ਨੀਕੋ।
ਲਾਖਹੁਂ ਬਰਖ ਸਦਾ ਮੁਖ ਜੀਕੋ।
ਹਮ ਗਾਡੇ ਹੁਇ ਠਾਢੇ ਅਰੈਂ।
ਰਿਪੁ ਸੋਂ ਰਨ ਕਰਿ ਮਾਰਹਿਂ ਮਰੈਂ ॥੨੧॥
ਗੁਰ ਲਗਿ ਤੁਰਕ ਜਾਨ ਨਹਿਂ ਦੈ ਹੈਂ।
ਜਬਿ ਲਗਿ ਤਨ ਮਹਿਂ ਪ੍ਰਾਨ ਰਹੈ ਹੈਂ।
ਨਹਿਂ ਬੱਟਾ ਸਿੱਖੀ ਕਉ ਲਾਵੈਂ।
ਨਹੀਂ ਆਪਨੋ ਧਰਮ ਗਵਾਵੈਂ ॥੨੨॥
ਹਮ ਤੋ ਪ੍ਰਣ ਧਾਰਯੋ ਅਬਿ ਐਸੇ।
ਅਪਰ ਕਰਹੁ ਜਿਨ ਕੇ ਮਨ ਜੈਸੇ।'
ਇੱਤਯਾਦਿਕ ਬਹੁ ਕਹਿ ਕਹਿ ਤਰਕ।
-ਜੀਵਤਿ ਨਿੰਦਾ ਮਰਤੇ ਨਰਕ- ॥੨੩॥
ਹਟੇ ਸਿੰਘ ਸਭਿ ਸੰਖ੍ਯਾ ਚਾਲੀ[†]।
ਰਿਣ ਕਰਿਬੇ ਕਹੁ ਧੀਰ ਬਿਸਾਲੀ।
ਅਪਰ ਭਏ ਕਾਇਰ ਬਲਹਾਰੇ।
ਪਗ ਚੰਚਲ ਕਰਿ ਦੂਰ ਸਿਧਾਰੇ ॥੨੪॥
ਪਜਾਰੇ ਪ੍ਰਾਨ ਕਰੇ ਤਜਿ ਧਰਮੂ।
ਸਤਿਗੁਰ ਤਯਾਗੇ ਕਰਯੋ ਕੁਕਰਮੂ।
ਜਿਤ ਕੋ ਆਏ ਤਿਤਹਿ ਸਿਧਾਰੇ।
ਮਨਹੁਂ ਚਰਨ ਮ੍ਰਿਗ ਕੇ ਸਭਿ ਧਾਰੇ ॥੨੫॥
ਜਬਿ ਸ਼੍ਰੀ ਪ੍ਰਭੁ ਖਿਦਰਾਣੇ ਆਏ।
ਲਰਨ ਸਥਾਨ ਬਿਲੋਕਿ ਅਲਾਏ।
'ਸ਼ੁਸ਼ਕ ਪਰਯੋ ਨੰਮ੍ਰੀ ਥਲ ਅਹੈ।
ਰਣ ਹਮ ਕਰਹਿਂ ਇਹਾ ਥਿਰ ਰਹੈਂ ॥੨੬॥
ਬਦਰੀ ਬ੍ਰਿੰਦ ਸਘਨ ਹੈਂ ਆਛੇ।

[†]ਇਹ ਚਾਲੀ ਅੰਕ ਦਾ ਭੁਲੇਵਾਂ ਚਮਕੌਰ ਸਾਹਿਬ ਦੇ ਚਾਲੀ ਮੁਕਤਿਆਂ ਦਾ ਹੈ। ਇਸ ਵੇਲੇ ਸੰਗਤ ਚੋਖੀ ਸੀ ਤੇ ਇਹ ਬੀ ਖਿਆਲ ਹੈ ਕਿ ਸਨਮੁਖ ਹੋਣ ਵੇਲੇ ਪਹਿਲਾਂ ੧ ਨਿਤਰਿਆ ਫੇਰ ਪੰਜ, ਸਹਿਜੇ ਸਹਿਜੇ ਚਾਲੀ ਤੇ ਅੰਤ ਸਾਰੇ ਹੀ ਨਿਤਰ ਪਏ ਤੇ ਲੜ ਕੇ ਮਰਨੇ ਪਰ ਡਟ ਗਏ ਤੇ ਲੜ ਕੇ ਸਾਰੇ ਹੀ ਸ਼ਹੀਦ ਹੋ ਗਏ।

ਹਤਹਿਂ ਤੁਰਕ ਗਨ ਕੋ ਚਿਤ ਬਾਛੇਂ।'
ਦਾਨ ਸਿੰਘ ਆਦਿਕ ਬੈਰਾੜ।
ਕਹੈਂ 'ਚਹੁੰ ਦਿਸ਼ਿ ਝਾੜ ਉਜਾੜ ॥੨੭॥
ਨਾਹਕ ਰੁਕਹੁ ਬੀਚ ਲਸ਼ਕਰ ਕੇ।
ਘੇਰਾ ਪਾਇ ਲੇਹਿਂ ਬਲ ਕਰਿ ਕੇ।
ਆਗੇ ਚਲਹੁ ਕਿਤਿਕ ਥਲ ਔਰ।
ਖਰੇ ਹੋਇ ਹੈਂ ਆਛੀ ਠੌਰ ॥੨੮॥
ਪ੍ਰਿਸ਼ਟਿ ਆਪਨੀ ਰਖਹਿਂ ਉਜਾਰ।
ਸ਼ਲਖ ਤੁਪਕ ਕੀ ਕਰਿਹੈਂ ਮਾਰ।
ਜੇਤਿਕ ਹਤੇ ਜਾਇਂ ਹਤਿ ਕਰਿ ਕੈ।
ਪਰੇ ਜੋਰ ਤੇ ਜੈ ਹੈਂ ਟਰਿ ਕੈ ॥੨੯॥
ਇਹ ਮਤ ਹਮਰੋ ਮਾਨਹੁ ਗੁਰ ਜੀ।
ਰੁਕਹੁ ਨ ਆਪ ਕਰਤਿ ਸਭਿ ਅਰਜ਼ੀ।'
ਇਮ ਬਹੁ ਬਾਰ ਬਾਰ ਹੁਇ ਦੀਨ।
ਕਹ੍ਯੋ ਜੋਰਿ ਕਰ 'ਸੁਨਹੁ ਪ੍ਰਬੀਨ!' ॥੩੦॥
ਤਜਿ ਖਿਦਰਾਣਾ ਕੁਛਕ ਪਯਾਨੇ।
ਖਰੇ ਭਏ ਪ੍ਰਭੁ ਲਰਨ ਟਿਕਾਨੇ[1]।

[1]ਇਹ ਕੁਛ ਦੂਰ ਇਕ ਜੰਗਲ ਦੇ ਵਿਚ ਟਿੱਬੀ ਹੈਸੀ ਜੋ ਹੁਣ ਗੁਰਦਵਾਰਾ ਹੈ, ਹੁਣ ਸ਼ਹਿਰ ਤੋਂ ਇਹ ਥਾਂ ਥੋੜੀ ਦੂਰ ਪਰ ਹੈ। ਦੇਖੋ ਅੱਗੇ ਅੰਸੂ ੧੧ ਦਾ ਅੰਕ ੨।

ਇਤਨੇ ਬਿਖੈ ਸਿੰਘ ਜੇ ਚਾਲੀ।
ਲਰਨ ਹੇਤੁ ਕਰਿ ਧੀਰ ਬਿਸਾਲੀ ॥੩੧॥
ਗੁਰ ਕੀ ਦਿਸ਼ਾ ਉਤਾਇਲ ਆਏ।
ਤੁਪਕ ਤਯਾਰ ਤੋੜੇ ਸੁਲਗਾਏ।
ਸਰ ਖਿਦਰਾਣਾ ਤਿਨਹੁ ਨਿਹਾਰਾ।
ਆਇ ਪ੍ਰਵੇਸ਼ੇ ਤਾਂਹਿ ਮਝਾਰਾ ॥੩੨॥
ਮਨਹੁਂ ਦੁਰਗ ਹੈ ਕਰਯੋ ਪਸਿੰਦ।
'ਥਿਰਹੁ ਇਹਾਂ ਰਣ ਕਰਹਿਂ ਬਿਲੰਦ।
ਇਤ ਹੀ ਤੁਰਕਨਿ ਕੋ ਬਿਰਮਾਵੈਂ।
ਗੁਰ ਕੇ ਪਾਛੇ ਨਾਹਨ ਜਾਵੈਂ[1]' ॥੩੩॥

[1]ਭਾਵ, ਅਸੀਂ ਗੁਰੂ ਜੀ ਦੇ ਮਗਰ ਨਾ ਚੱਲੀਏ ਏਥੇ ਹੀ ਤੁਰਕਾਂ ਨੂੰ ਭੁਲੇਵਾਂ ਦੇਕੇ ਰੋਕ ਲਈਏ (ਅ) ਤੁਰਕ ਗੁਰੂ ਜੀ ਪਿਛੇ ਨਾਂ ਜਾਣ।

ਆਪਸ ਮਹਿਂ ਮਸਲਤ ਕਰਿ ਥਿਰੇ।
ਲਰਿਬੇ ਕਹੁ ਤਿਆਰ ਹੁਇ ਖਰੇ।
ਕੇਤਿਕ ਸਿੰਘਨਿ ਬਹੁਤ ਜਨਾਵਨਿ।
ਕਰੇ ਚਾਦਰੇ ਝਾਰਨਿ ਪਾਵਨਿ ॥੩੪॥
ਉਚੇ ਬਦਰੀ ਕੇ ਤਰੁ ਜੇਈ।
ਬਸਤ੍ਰਨਿ ਸਾਥ ਅਛਾਦੇ ਤੇਈ।
-ਤੰਬੂ ਲਗੇ ਜਾਨਿ ਰਿਪੁ ਡਰੈਂ।
ਆਇਂ ਨ ਇਕ ਬਿਰ ਹੇਲਾ ਕਰੈਂ ॥੩੫॥
ਰਹੈਂ ਦੂਰ ਹੀ ਹਤੈਂ ਤੁਫੰਗਾਂ।
ਮਾਰਹਿਂ ਤੁਰਕਨਿ ਫੋਰਹਿਂ ਅੰਗਾ-।
ਥਿਰੇ ਅਧਿਕ ਕਰਿ ਕੈ ਉਤਸਾਹੂ।
ਧੰਨ ਜਨਮ ਤਿਨ ਕੋ ਜਗ ਮਾਂਹੂ ॥੩੬॥
-ਗੁਰ ਲਗਿ ਤੁਰਕ ਨ ਪਹੁੰਚਨਿ ਪਾਵੈਂ।
ਹਤੈਂ ਇਹਾਂ ਪਾਛੇ ਉਲਟਾਵੈਂ।
ਘਾਲਹਿਂਗੇ ਘਮਸਾਨ ਘਨੇਰਾ-।
ਕਰਿ ਕਰਿ ਆਡ[1] ਥਿਰੇ ਤਿਸ ਬੇਰਾ ॥੩੭॥

[1]ਆਸਰੇ।

[1] 'ਨਹੀਂ ਆਪਨੇ ਪੈਰ ਹਿਲਾਵਹੁ।
ਮਰਹੁ ਸਮੁਖ ਰਣ ਸੁਰਗ ਸਿਧਾਵਹੁ।
ਵਾਲੀ ਸਮਰਥ ਗੁਰੂ ਹਮਾਰੋ।
ਸੰਘਰ ਘੋਰ ਘਨੋ ਕਰਿ ਡਾਰੋ' ॥੩੮॥

[1]ਜਥੇਦਾਰ ਬੋਲਦਾ ਹੈ।

ਚੰਡਿ ਚਲਿੱਤ੍ਰ ਪਾਠ ਕੋ ਕਰੈਂ।
ਕੇਚਿਤ ਵਾਰ ਭਗਉਤੀ ਰਰੈਂ।
ਕੋ ਰਾਮਾਇਣ ਮੁਖਹੁਂ ਉਚਾਰੈ।
ਸੁਭਟਨ ਕੋ ਜਸੁ ਜਿਨਹੁਂ ਮਝਾਰੈ[†] ॥੩੯॥

[†]ਕਵੀ ਜੀ ਦਾ ਭਾਵ ਇਹ ਹੈ, ਕੋਈ ਕੋਈ ਛੰਦ ਜਿਨ੍ਹਾਂ ਵਿਚ ਸੂਰਮਿਆਂ ਦਾ ਜ਼ਿਕਰ ਸੀ ਯਾ ਸੂਰਮਗਤੀ ਦੇ ਪ੍ਰਸੰਗ ਸੇ ਪੜ੍ਹੇ, ਤਾਂਕਿ ਬੀਰਤਾ ਜਾਗੇ। ਜੈਸੇ ਕਿਹਾ ਹੈ, 'ਅਵਰ ਬਾਸ਼ਨਾ ਨਾਹਿ ਪ੍ਰਭੁ ਧਰਮ ਜੁਧ ਕੈ ਚਾਇ। ' ਜੁੱਧ ਸਮੇਂ ਜੋਧਿਆਂ ਦੇ ਪ੍ਰਸੰਗ ਬੀਰ ਰਸ ਉਦੀਪਨ ਲਈ ਪੜ੍ਹੇ ਜਾਂਦੇ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ।

ਇਮ ਥਿਰ ਭਏ ਤਜਾਰ ਹੁਇ ਕਰਿ ਕੈ।
ਸ਼ੱਤ੍ਰਨਿ ਹਤਨ ਧੀਰ ਉਰ ਧਰਿ ਕੈ।

ਬਿਗਰੀ ਬਾਤ ਸੁਧਾਰਨ ਹੇਤੁ।
ਸਿਮਰਤਿ ਸਤਿਗੁਰ ਭਏ ਸੁਚੇਤ ॥੪੦॥
ਕਲਬਲਾਟ[1] ਤੁਰਕਨਿ ਕੋ ਭਾਰੇ।
ਸੁਨਿ ਸੁਨਿ ਗਹਿ ਗਹਿ ਆਯੁਧ ਤਜਾਰੇ।
ਕੋ ਕੋ ਤਜਾਗਨ ਲਗੇ ਤੁਫੰਗ।
ਸੁਨਿ ਰਿਪੁ ਆਇ ਕਰਹਿਂ ਜਮ ਜੰਗ ॥੪੧॥
ਸੁਨੀ ਅਵਾਜ਼ ਪਠਾਨ ਵਜੀਦੇ।
ਕਹਜੋ ਕਿ 'ਗੁਰ ਢਿਗ ਆਨਿ ਰਸੀਦੇ[1]।
ਤੁਪਕ ਅਵਾਜ਼ ਸੁਨਾਈ ਦੇਤਿ।
ਖਿਰਜੋ ਨਿਕਟ ਮੰਡਹਿ ਰਣ ਖੇਤ ॥੪੨॥
ਆਗੇ ਜਿਨ ਲਾਖਹੁੰ ਭਟ ਮਾਰੇ।
ਬਡੋ ਬਹਾਦਰ ਨਾਂਹਿ ਨ ਹਾਰੇ।
ਜ੍ਵਾਲਾਬਮਣੀ ਕਰਿ ਕਰਿ ਤਜਾਰੀ।
ਘਾਲਹੁ ਹੇਲ ਪਰਹੁ ਇਕ ਬਾਰੀ' ॥੪੩॥
ਸਭਿ ਲਸ਼ਕਰ ਕੋ ਦਯੋ ਸੁਨਾਇ।
ਕੀਨੀ ਤਜਾਰ ਤੁਪਕ ਸਮੁਦਾਇ।
ਜਾਟ ਕਪੂਰਾ ਜਿਨ ਕੇ ਸਾਥ।
ਆਇ ਬਤਾਵਤਿ ਗੁਰ ਕੀ ਗਾਥ ॥੪੪॥
ਜਹਿਂ ਜਹਿਂ ਕਰਿ ਡੇਰਾ ਚਢਿ ਆਏ।
ਆਵਤ ਸਗਰੇ ਚਿੰਨ੍ਹ ਦਿਖਾਏ।
ਪਿਖਿ ਪਿਖਿ ਖੋਜ ਆਵਤੇ ਦੌਰੇ।
ਤੁਰੰਗ ਧਵਾਇ ਪਾਵਤੇ ਰੌਰੇ ॥੪੫॥
ਆਇ ਨੇਰ ਪਾਯਹੁ ਖਿਦਰਾਣੇ।
ਦੇਖੇ ਬਸਤ੍ਰ ਸੁ ਤੰਬੂ ਜਾਣੇ।
ਛੁਟਨ ਲਗੀ ਦੁਹੁ ਦਿਸ਼ਿ ਤੇ ਗੋਰੀ।
ਪਰਜੋ ਰੌਰ ਬਹੁ ਸ਼ਲਖਨਿ ਛੋਰੀ ॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭੱਟ ਭੇਰ ਹੋਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

[1]ਰੌਲਾ।

[1]ਆ ਪਹੁੰਚੇ ਹਾਂ।

## ੧੦. [ਤੁਰਕਾਂ ਨਾਲ ਖਿਦਰਾਣੇ ਜੰਗ]

੯<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਕਰਿ ਹਮਲਾ ਗਨ ਤੁਰਕ ਮਿਲਿ, ਧਾਇ ਪਰੇ ਕਰਿ ਸ਼ੋਰ।
ਛੁਟੀ ਸਿੰਘਨ ਤੇ ਸ਼ਲਖ, ਲਗਿ ਗੋਰੀ ਮੁਖ ਤੋਰਿ ॥੧॥

ਭੁਜੰਗ ਛੰਦ:

ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ।
ਸੁਨਜੋ ਸ਼੍ਰੋਨ ਮਹਿਂ ਸ਼੍ਰੀ ਗੁਰੂ ਕੋਪ ਧਾਰਾ।
ਖਰੇ ਹੋਇ ਟਿੱਬੀ ਹੁਤੀ ਏਕ ਤਾਂਹੀ।
ਤਜੇ ਤੀਰ ਤੀਖੇ ਲਗੈਂ ਸੈਨ ਮਾਂਹੀ ॥੨॥
ਬਿਧੇ ਏਕ ਦੋਊ ਤ੍ਰਿਤੀ ਚਾਰ ਪਾਂਚੇ।
ਲਗੇ ਪਾਰ ਸੂਕੋ ਨਹੀਂ ਪ੍ਰਾਨ ਬਾਚੇ।
ਚਲੈਂ ਬੇਗ ਤੇ ਦੀਹ ਉੱਠੈਂ ਸ਼ੁੰਕਾਟੇ[1]। [1]ਸ਼ੂਕ।
ਦੜਾ ਦਾੜ ਗੇਰੈਂ ਮਨੋ ਬ੍ਰਿੱਛ ਕਾਟੇ ॥੩॥
ਖਰੀ ਬ੍ਰਿੰਦ ਬੇਰੀ ਥਿਰੇ ਸਿੰਘ ਮਾਂਹੀ।
ਤਜੈਂ ਤੀਰ ਗੋਰੀ, ਲਗੈਂ ਅੰਗ ਤਾਂਹੀ[1]। [1]ਭਾਵ ਤੁਰਕਾਂ ਦੇ।
ਪਰੇ ਏਕ ਬਾਰੀ ਘਨੋ ਘਾਲਿ ਹੇਲਾ।
ਚਹੈਂ ਬ੍ਰਿੰਦ ਸ਼ੱਤ੍ਰੂ ਕਰੈਂ ਰੇਲ ਪੇਲਾ ॥੪॥
ਜਬੈ ਤਾਲ ਕੇ ਤੀਰ ਪੈ ਆਨਿ ਢੁਕੇ।
'ਲਿਜੈ ਮਾਰ ਥੋਰੇ' ਇਮੰ ਉਚ ਕੂਕੇ।
ਤਬੈ ਸਿੰਘ ਸੂਰਾ[1] ਮਹਾਂ ਰੋਸ ਪੂਰਾ। [1]ਕੋਈ ਸਿੰਘ ਸੂਰਮਾ।
ਤਜਜੋ ਥਾਨ ਨੰਮ੍ਰੀ[1] ਗਜਜੋ ਨਾਦ ਭੂਰਾ ॥੫॥ [1]ਨੀਵਾਂ।
ਲੀਓ ਖੈਂਚਿ ਖੰਡਾ ਪ੍ਰਚੰਡੈ ਘਮੰਡਾ।
ਕਰੇ ਖੰਡ ਖੰਡੰ ਅਖੰਡੰ ਉਮੰਡਾ[1]। [1]ਅਖੰਡਤ ਉਤਸਾਹ ਨਾਲ ਟੋਟੇ ਟੋਟੇ ਕੀਤੇ।
ਮਹਾਂ ਜੁੱਧ ਮੰਡਜੋ ਕਰਜੋ ਲਾਲ ਤੁੰਡੰ।
ਜਿਸੇ ਹੇਰਿ ਬੈਰੀ ਕਿਯੋ ਰੰਗ ਪੰਡੰ ॥੬॥
ਜਥਾ ਪੁੰਜ ਹਾਥੀਨ ਪੈ ਸ਼ੇਰ ਧਾਵੈ।
ਨ੍ਰਿਭੈ ਬੀਰ ਬਾਂਕੇ ਤਥਾ ਘਾਵ ਘਾਵੈ।
ਬਰਜੋ ਸਿੰਘ ਏਕੋ ਗਨੰ ਸ਼ੱਤ੍ਰੁ ਮਾਂਹੀ।
ਕਰਾਚੋਲ ਬਾਹੈ ਮਿਟੈਂ ਪੈਰ ਨਾਂਹੀ ॥੭॥
ਕਿਤੇ ਮਾਰਿ ਗੇਰੇ ਗੁਰੂ ਓਜ ਪਾਏ।

ਤਬੈ ਦੇਖਿ ਕੈ ਬ੍ਰਿੰਦ ਸ਼ੱਤ੍ਰੂ ਰਿਸਾਏ।
ਚਹੂੰ ਕੋਦ ਘੇਰਯੋ ਕ੍ਰਿਪਾਣੰ ਉਘਾਰੇ।
ਛਕਯੋ ਛੋਭ ਛੱਤ੍ਰੀ ਸੁ ਛਾਲੰ ਉਛਾਰੇ[1] ॥੮॥

[1]ਛੱਤ੍ਰੀ (ਸਿੰਘ) ਗੁੱਸੇ ਵਿੱਚ ਮਸਤ ਛਾਲਾਂ ਮਾਰ ਉਛਲ ਉਛਲ ਕੇ ਪੈਂਦਾ ਹੈ।

ਰਸਾਵਲ ਛੰਦ:

ਚਹੂੰ ਓਰ ਮਾਰੇ। ਬੜੀ ਸ਼ੀਘ੍ਰ ਧਾਰੇ।
ਪਲੱਥੇ ਖਿਲਾਰੀ[1]। ਕਰੈ ਘਾਵ ਭਾਰੀ ॥੯॥

[1]ਗਤਕਬਾਜ਼ੀ ਦਾ ਖਿਲਾਰੀ, ਤਲਵਾਰ ਵਾਹੁਣ ਦੀ ਵਿੱਦਯਾ ਦਾ ਪ੍ਰਬੀਨ।

ਘਨੇ ਘਾਵ ਘੈ ਕੈ। ਸੁ ਸ਼੍ਰੋਣੰ ਬਹੈ ਕੈ।
ਭਯੋ ਲਾਲ ਰੰਗੰ। ਸੁ ਚੀਰੰ ਸੁਰੰਗੰ ॥੧੦॥
ਮੁਖੰ ਮੁੱਛ ਬੰਕੀ। ਬਿਲੋਕੈਂ ਅਤੰਕੀ[1]।
ਘਨੇ ਘਾਵ ਘਾਏ। ਹਯੰ ਤੇ ਗਿਰਾਏ ॥੧੧॥

[1]ਦੇਖਕੇ ਡਰ ਆਉਂਦਾ ਹੈ।

ਚਲਾਕੀ ਦਿਖਾਵੈ। ਨਹੀਂ ਦਾਵ ਖਾਵੈ।
ਬਹਯੋ ਜਾਹਿ ਲੋਹੂ। ਰਿਦੈ ਸਿੰਘ ਰੋਹੂ[1] ॥੧੨॥

[1]ਸਿੰਘ ਦੇ ਦਿਲ ਗੁੱਸਾ (ਭਰ ਰਿਹਾ) ਹੈ।

ਤਕਯੋ ਤਾਂਹਿ ਅੰਗਾ। ਸਮੂਹੰ ਤੁਫੰਗਾ।
ਇਕੰ ਬਾਰ ਦਾਗੀ। ਗਨੰ ਆਨਿ ਲਾਗੀ[1] ॥੧੩॥

[1]ਬਹੁਤ ਸਾਰੀਆਂ ਆ ਲਗੀਆਂ।

ਗਿਰਯੋ ਸਿੰਘ ਸੌਂਹੈਂ[1]। ਕੁਪਯੋ ਬੰਕ ਭੌਂਹੈਂ।
ਜਬੈ ਬੀਰ ਮਾਰਾ। ਕਰੇ ਜੰਗ ਭਾਰਾ ॥੧੪॥

[1]ਸਾਮ੍ਹਣੇ।

ਤਬੈ ਸਿੰਘ ਔਰੇ। ਭਨਯੋ ਜੰਗ ਠੌਰੇ।
"[1]ਲਰੈਂ ਠਾਢ ਹ੍ਵੈ ਕੈ। ਪ੍ਰਿਯੰ ਪ੍ਰਾਨ ਕੈ ਕੈ ॥੧੫॥
ਸਮੈ ਸੋ ਨ ਐਸੋ। ਲਰੈਂ ਆਡ ਲੈ ਸੋ[1]।
ਤਜੋ ਜੀਯ ਸੰਕਾ। ਨ ਕੀਜੈ ਅਤੰਕਾ ॥੧੬॥

[1]ਭਾਵ ਐਸਾ ਸਮਾਂ ਹੁਣ ਨਹੀਂ ਹੈ ਕਿ ਪ੍ਰਾਣ ਪਿਆਰੇ ਕਰਕੇ ਖੜੋ ਖੜੋ ਕੇ ਲੜੀਏ। (ਅ) ਓਟਾਂ ਲੈ ਲੈਕੇ ਲੜੀਏ।

ਗੁਰੂ ਕੋ ਸੰਭਾਰੋ। ਪ੍ਰਲੋਕੰ ਸੁਧਾਰੋ।'
ਇਮੰ ਆਪ ਮਾਂਹੀ। ਕਹੈਂ ਸਿੰਘ ਤਾਂਹੀ ॥੧੭॥
ਮਲੇ ਪੰਚ ਬੀਰਾ। ਧਰੀ ਭੂਰ ਧੀਰਾ।

ਜਹਾਂ ਸ਼ੱਤ੍ਰ ਪੁੰਜਾ। ਪਰਜੋ ਸਿੰਘ ਭੰਜਾ[1] ॥੧੮॥
ਤਹਾਂ ਕੋ ਸਿਧਾਰੇ। ਕ੍ਰਿਪਾਨੰ ਨਿਕਾਰੇ।
ਮੱਝਾਰੰ ਪ੍ਰਵੇਸ਼ੇ[1]। ਸੁ ਓਜੰ ਵਿਸੇਸ਼ ॥੧੯॥
[1]ਮਨੋ ਬੇਗ ਸਿੰਘੰ। ਤਥਾ ਸ਼ੋਭ ਸਿੰਘੰ[4]।
ਖਿਚੇ ਪੰਚ ਤੇਗਾ। ਉਘਾਰੀ ਸੁ ਬੇਗਾ ॥੨੦॥
ਮ੍ਰਿਗੰ ਸ਼ੱਤ੍ਰ ਭਾਗੇ। ਅਰੇ ਨਾਂਹਿ ਆਗੇ।
ਜਿਸੇ ਘਾਇ ਘਾਲੇ। ਤਿਸੇ ਮਾਰਿ ਡਾਲੇ ॥੨੧॥
ਪਰਜੋ ਰੌਰ ਭਾਰੋ। ਬਕੈਂ 'ਮਾਰ ਮਾਰੋ।'
ਚਹੂੰ ਓਰ ਘੇਰੇ। ਢੁਕੈਂ ਨਾਂਹਿ ਨੇਰੇ ॥੨੨॥
ਵਜੀਦੇ ਨਿਹਾਰੇ। ਸੁ ਖਾਨੰ ਪ੍ਰਚਾਰੇ।
'ਕਹਾਂ ਜਾਹੁ ਭਾਗੇ। ਨਹੀਂ ਲਾਜ ਲਾਗੇ ॥੨੩॥
ਮੁਰੋ ਘੇਰਿ ਮਾਰੋ। ਨਹੀਂ ਤ੍ਰਾਸ ਧਾਰੋ।
ਅਹੈਂ ਸਿੰਘ ਥੋਰੇ। ਨਹੀਂ ਪਾਸ ਘੋਰੇ ॥੨੪॥
ਕਹਾਂ ਓਜ ਕੈ ਹੈਂ। ਮੁਰੋ ਮਾਰਿ ਲੈ ਹੈਂ।'
ਵਜੀਦੇ ਵੰਗਾਰੇ। ਫਿਰੇ ਫੇਰ ਸਾਰੇ ॥੨੫॥
ਗਡਾ ਵੱਡ ਹੋਏ[1]। ਮਿਲੇ ਤੁੰਡ ਦੋਏ।
ਕ੍ਰਿਪਾਨੈਂ ਚਲਾਵੈਂ। ਸੁ ਲੋਹੂ ਚਖਾਵੈਂ[1] ॥੨੬॥
ਰੰਗੇ ਰੰਗ ਲਾਲੰ। ਕਟੈਂ ਮਾਰ ਡਾਲੰ।
ਹਯੰ ਹੇਰਿ ਨੇਰੈ। ਕਟੈਂ ਤੁੰਡ ਗੇਰੈਂ ॥੨੭॥
ਮਹਾਂ ਤੇਜ ਤੱਤੇ। ਰਸੰ ਰੌਦ੍ਰ ਰੱਤੇ।
ਗਿਨੈਂ ਸ਼ੱਤ੍ਰਹੂੰ ਨਾ[1]। ਚਵੈ ਚਾਉ ਦੂਨਾ ॥੨੮॥
ਉਛੱਲੈਂ ਛਲੰਗੀ[1]। ਗੁਰੂ ਕੇ ਭੁਜੰਗੀ[2]।
ਦਿਯੋ ਓਜ ਐਸੋ। ਹਜ਼ਾਰਾਨ ਜੈਸੋ

[1]ਸ਼ਹੀਦ ਹੋਇਆ ਪਿਆ ਸੀ (ਪਹਿਲਾ) ਸਿੰਘ।

[1]ਵਿਚ ਜਾ ਧਸੇ।

[1]ਜੈਸੇ ਸ਼ੇਰ ਦਾ ਵੇਗ ਹੁੰਦਾ ਹੈ ਤੈਸੇ ਹੀ (ਗੁਰੂ ਕੇ) ਸਿੰਘਾਂ (ਦੇ ਵੇਗ) ਦੀ ਸ਼ੋਭਾ ਹੈ।

[1]ਗੜਬੜ। ਭਾਵ ਰਲ ਮਿਲ ਗਏ।

[1](ਕ੍ਰਪਾਨਾਂ ਨੂੰ) ਲਹੂ ਚਖਾਉਂਦੇ ਹਨ।

[1]ਸ਼ੱਤ੍ਰੂਆਂ ਨੂੰ ਬਿਦਦੇ ਹੀ ਨਹੀਂ।

[1]ਛਾਲਾਂ ਮਾਰਕੇ ਉੱਛਲਦੇ ਹਨ। [2]ਸੂਰਮੇਂ।

॥੨੯॥
ਮਹਾਂ ਕੋਪ ਠਾਨੈਂ। ਗਜੰ ਕੀਟ ਮਾਨੈਂ[1]।
ਬਡੇ ਓਤਸਾਹੇ। ਰਣੰ ਸ਼ੱਤ੍ਰੁ ਗਾਹੇ ॥੩੦॥

[1]ਹਾਥੀਆਂ ਨੂੰ ਕੀੜੇ ਸਮਝਦੇ ਹਨ।

ਸਿਰਖੰਡੀ ਛੰਦ:
ਪੰਚਹੁ ਬੀਰ ਜੁਝਾਰੇ, ਮਾਰਿ ਅਨੇਕ ਕੋ।
ਕਰਾਚੋਲ ਪਰਹਾਰੇ, ਤੁਰਕ ਗਿਰਾਇ ਕੈ।
ਪਰੇ ਤੁਰੰਗਮ ਭਾਰੇ, ਮੁਖ ਅਰੁ ਚਰਨ ਕਟਿ।
ਗੁਲਕਾਂ ਤੀਰ ਸਹਾਰੇ, ਭਿਦੇ ਸ਼ਰੀਰ ਸਭਿ ॥੩੧॥
ਨਿਕਸੇ ਪ੍ਰਾਨ ਸੁ ਡਿੱਗੇ, ਸਨਮੁਖ ਬੈਰੀਆਂ।
ਸਭਿ ਸ਼੍ਰੋਣਤ ਮਨ ਭਿੱਗੇ, ਬਾਗੇ[1] ਲਾਲ ਹ੍ਵੈ।
ਤਜੇ ਨ ਹਾਥਹੁ ਖੱਗੇ, ਇੱਛਾ ਹਤਨਿ ਕੀ।
ਘਨੇ ਘਾਵ ਤਨ ਲਗੇ, ਮਰਿ ਕਰਿ ਗਿਰ ਪਰੇ ॥੩੨॥

[1]ਪੁਸ਼ਾਕ।

ਬੱਦ੍ਰੀ ਬ੍ਰਿੰਦ ਮਝਾਰੇ, ਸੁਕੇ ਸਰ ਬਿਖੇ।
ਥਿਰੇ ਸਿੰਘ ਤਹਿਂ ਭਾਰੇ, ਤੁਪਕ ਚਲਾਂਵਦੇ।
ਉਠੇ ਸ਼ਬਦ ਕੜਕਾਰੇ, ਗੁਲਕਾਂ ਸ਼ੂੰਕਤੀ।
ਲਗੈਂ ਤੁਰਕ ਤਨ ਮਾਰੇਂ, ਗਿਰੇਂ ਪਵੰਗਮਹੁਂ[1] ॥੩੩॥

[1]ਘੋੜਿਆਂ ਤੋਂ।

ਦੋਹਰਾ:
ਬੱਦ੍ਰੀ ਸੰਘਨੀ ਮਹਿਂ ਘਨੀ,
ਸਿੰਘ ਸੈਨ ਕੋ ਜਾਨਿ।
ਨੇਰ ਨਹੀਂ ਕਾਯਰ ਕਰੈਂ,
ਦੂਰ ਫਿਰੈਂ ਡਰ ਮਾਨਿ ॥੩੪॥

ਭੁਜੰਗ ਛੰਦ:
ਵਜੀਦੇ ਪ੍ਰਚਾਰੇ 'ਕਰੋ ਕਜੋਂ ਨ ਹੱਲਾ।
ਬਲੀ ! ਰੇਲ ਪੇਲੋ ਬਿਲੰਦੈ ਧਕੱਲਾ।'
ਦਲੰ ਬੀਰ ਦੌਰਜੇ, ਬਲੰ ਬੋਲ ਪਾਏ[1]।
ਪਲੀਤੇ ਧੁਖੈਂ, ਪੁੰਜ ਗੋਰੀ ਚਲਾਏ ॥੩੫॥

[1]ਵਜੀਦੇ ਦੇ ਬੋਲ ਨਾਲ ਬਲ ਪਾਕੇ।

ਤਬੈ ਏਕ ਨੌ ਸਿੰਘ[1], ਕੋਪੇ ਬਿਸਾਲੇ।

[1]ਭਾਵ ੧੦ ਸਿੰਘ।

ਤਜੀ ਆਡ[1] ਕੋ, ਖੈਂਚਿ ਖੱਗੰ ਨਿਕਾਲੇ।

[1]ਆਸਰਾ।

ਢੁਕੇ ਢੋਇ[1] ਗਾਢੇ, ਢਿਗੰ ਢੇਰ ਚਾਲੇ[2]।
ਛਕੇ ਛੋਭ ਮੈਂ, ਛਾਲ ਆਛੇ ਉਛਾਲੇ ॥੩੬॥

[1]ਤਕੜੇ ਹੋਕੇ ਨੇੜੇ ਢੁਕੇ। [2]ਤੇ ਬਹੁਤ ਨੇੜੇ ਚਲੇ ਗਏ।

ਦਸੋ ਸਿੰਘ ਸੇ, ਸਿੰਘ ਤ੍ਰਾਸੇ ਨ ਸੋਈ[1]।
ਨ੍ਰਿਭੈ ਬੀਰ ਬਾਂਕੇ, ਕਰੀ ਜੰਗ ਢੋਈ[1]।
ਕਰਾਚੋਲ ਚਾਲੇ, ਸੁ ਢਾਲੇ ਉਛਾਲੇ।
ਹਜ਼ਾਰੋਂ ਰਿਪੂ, ਹੋਇ ਕੈ ਆਲਬਾਲੇ ॥੩੭॥

[1]ਦਸੇ ਸ਼ੇਰਾਂ ਵਰਗੇ ਸਿੰਘ ਸਨ ਸੋ ਨਾ ਡਰੇ।

[1]ਜੰਗ ਦਾ ਸਾਹਮਣਾ ਕੀਤਾ।

ਨਰਾਜ ਛੰਦ:

'ਗੁਰੂ ਗੁਰੂ' ਉਚਾਰਿ ਕੈ, ਬਿਸਾਲ ਓਜ ਪਾਇ ਕੈ।
ਭਏ ਪ੍ਰਵੇਸ਼ ਫੌਜ ਮਹਿਂ, ਘਨੇਰ ਘਾਵ ਘਾਇ ਕੈ।
ਜਹਾਂ ਪਰੈਂ ਇਕੱਤ੍ਰ ਹ੍ਵੈ, ਬਚਿੱਤ੍ਰ ਜੁੱਧ ਠਾਨਤੇ।
ਸਮੇਤ ਅੱਤ੍ਰ ਸ਼ੱਤ੍ਰ ਕੋ, ਸੁ ਪੱਤ੍ਰ ਜਯੋਂ ਪ੍ਰਹਾਨਤੇ[1] ॥੩੮॥

[1]ਸ਼ਸਤ੍ਰਾਂ ਨਾਲ ਸ਼ੱਤ੍ਰੂ ਨੂੰ ਪੱਤ੍ਰ ਵਾਂਙ ਝਾੜਦੇ ਹਨ [ਅੱਤ੍ਰ=ਅਸਤਰ=ਹਥਯਾਰ]।

ਬਿਲੰਦ ਸੇਲ ਠੇਲਤੇ, ਕਰੰਤਿ ਰੇਲ ਪੇਲ ਕੋ।
ਦੁਹੇਲ ਹੇਲ ਮੇਲ ਤੇ[1], ਧਕੇਲਤੇ ਨ ਝੇਲ ਕੋ[2]।

[1]ਕਠਨ ਹੱਲੇ ਕਰਦੇ ਹਨ। [2]ਧੱਕੇ ਨੂੰ ਝੱਲ ਨਹੀਂ ਸਕਦੇ (ਤੁਰਕ)।

ਪ੍ਰਪੇਲਤੇ ਕਰੰਤਿ ਐਲ, ਭੈਲ ਗੈਲ ਚਾਲਤੇ[1]।

[1]ਧੱਕਦੇ ਹੋਏ ਰੌਲਾ ਕਰਦੇ ਹਨ ਤੇ (ਭੈਲ=) ਮਿਲਕੇ ਮਗਰ ਚਲੀ ਜਾਂਦੇ ਹਨ।

ਸੁ ਲਾਲ ਚੈਲ ਛੈਲ ਹੋਤਿ, ਖੇਲ ਜਯੋਂ ਉਤਾਲ ਤੇ[1] ॥੩੯॥

[1]ਛੈਲ (ਸੂਰਮਿਆਂ) ਦੇ ਬਸਤ੍ਰ ਲਾਲ ਹੋ ਰਹੇ ਹਨ ਜਿਵੇਂ ਕਾਹਲੀ ਨਾਲ (ਹੋਲੀ) ਖੇਲ ਰਹੇ ਹਨ।

ਘਿਰੰਤ ਬ੍ਰਿੰਦ ਸ਼ੱਤ੍ਰ ਮੈਂ, ਬਚਿਤ੍ਰ ਅੱਤ੍ਰ ਮਾਰਤੇ[1]।

[1]ਅਚਰਜ ਤ੍ਰੀਕਿਆਂ ਨਾਲ ਸ਼ਸਤ੍ਰਧਾਰੀਆਂ ਨੂੰ ਮਾਰਦੇ ਹਨ [ਅਤ੍ਰੀ=ਸ਼ਸਤ੍ਰਧਾਰੀ। ਅਤ੍ਰ=ਸ਼ਸਤ੍ਰ]।

ਭਰੇ ਸ਼ਰੀਰ ਘਾਵ ਤੇ, ਤਊਨ ਧੀਰ ਹਾਰਤੇ।
ਕਟੰਤਿ ਅੰਗ ਭੰਗ ਹ੍ਵੈ, ਗਿਰੰਤਿ ਖੇਤ ਜੰਗ ਕੇ।
ਨਿਸੰਗ ਸਿੰਘ ਸੂਰਮੇ, ਸੁਰੰਗ ਚੀਰ ਰੰਗਿ

ਕੇ ॥੪੦॥

ਬਿਲੋਕਿ ਸਿੰਘ ਤਾਲ ਕੇ, ਮਰੇ ਦਸੋਂ ਸੰਘਾਰਿ ਕੈ[1]।
ਸਮੀਪ ਸ਼ੱਤ੍ਰੁ ਆਇ ਗੇ, ਤੁਫੰਗ ਕੋ ਪ੍ਰਹਾਰਿ ਕੈ।
ਕਰਜੋ ਬਿਸਾਲ ਰੌਲ ਕੋ, ਪ੍ਰਵਾਰਤੇ ਸੁ ਜਾਤਿ ਹੈਂ[1]।
ਤੁਰੰਗ ਕੋ ਧਵਾਇ, ਆਇ ਨੇਰ ਪਾਇ ਘਾਤ ਹੈਂ ॥੪੧॥

[1]ਤਾਲ ਦੇ ਸਿੰਘਾਂ ਨੇ ਦਸ ਸਿੰਘ ਜਦ (ਵੈਰੀ) ਮਾਰਕੇ ਮਰੇ ਦੇਖੇ।

[1]ਘੇਰੀ ਜਾਂਦੇ ਹਨ।

ਦੋਹਰਾ:

ਸਿੰਘ ਇਕਾਦਸ਼ ਨਿਕਸਿ ਕਰਿ, ਤੋਮਰ ਖੜਗ ਸੰਭਾਰਿ।
ਪਰੇ ਤੁਰਕ ਲਸ਼ਕਰ ਬਿਖੈ, ਧਰਿ ਕਰਿ ਉਰ ਹੰਕਾਰ ॥੪੨॥

ਰਸਾਵਲ ਛੰਦ:

ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ।
ਦੁਗੋਰੀ ਕਸੰਤੇ। ਪਲੀਤੇ ਜਮੰਤੇ ॥੪੩॥
ਕਲਾ ਜੋੜਿ ਤੋੜੇ। ਕਲੀ ਸਾਥ† ਮੋੜੇ।
ਧਰੇ ਹਾਥ ਤਾਕੇ[1]। ਝੁਕਾਏ ਕੜਾਕੇ ॥੪੪॥
ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਫੋਰੀ।
ਦੜਾਦਾੜ ਗੇਰੇ। ਸੁ ਤਾਲੰ ਚੁਫੇਰੇ ॥੪੫॥
ਕੜਾਕਾੜ ਮਾਚੀ। ਲਹੂ ਧੂੜਿ ਰਾਚੀ।
ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥੪੬॥
ਮਹਾਂ ਬੀਰ ਗਜਾਰਾਂ। ਤੜਾਗੰ[1] ਕਿਨਾਰਾ।
ਜਿਤੇ ਸ਼ੱਤ੍ਰੁ ਆਏ। ਤਹਾਂ ਘਾਵ ਘਾਏ ॥੪੭॥
ਕ੍ਰਿਪਾਨੈ ਕਟੇ ਜੇ। ਪੁਰੇਜੇ ਪੁਰੇਜੇ[1]।
ਲਰੇ ਬ੍ਰਿੰਦ ਖਾਨਾ। ਬਡੋ ਜੰਗ ਠਾਨਾ ॥੪੮॥

†ਪਾ:-ਸਾਧ।

[1]ਤੱਕਦੇ ਹਨ।

[1]ਤਲਾ ਦੇ।

[1]ਟੋਟੇ ਟੋਟੇ।

ਦੋਹਰਾ:

ਪੁੰਜ ਪੁੰਜ ਕੋ ਮਾਰਿ ਕਰਿ,
ਮਰੇ ਸਿੰਘ ਬਰ ਬੀਰ।
ਬਾਕੀ ਤ੍ਰੌਦਸ ਰਹਿ ਗਏ,
ਸੋ ਨਿਕਸੇ ਧਰਿ ਧੀਰ ॥੪੯॥

ਭੁਜੰਗ ਛੰਦ:

ਚਲੇ ਬੀਰ ਸੋਊ, ਬਡੇ ਓਤਸਾਹੇ।
ਧਰੇ ਸ਼ਸਤ੍ਰ ਸਾਰੇ, ਮਹਾਂ ਜੰਗ ਮਾਂਹੇ।
ਕਢੇ ਮਜਾਨ ਤੇਗ਼ੇ, ਗਹੇ ਹਾਥ ਢਾਲੇ।
ਚਲਾਕੀ ਕਰੰਤੇ, ਸੁ ਛਾਲੈਂ ਉਛਾਲੇ ॥੫੦॥

ਝਟਾਪੱਟ ਜੁੱਟੇ, ਲਟਾਪੱਟ[1] ਹੋਏ।
ਸਰਾਪੱਟ ਸੁੱਟੇ, ਕਟਾਕੁੱਟ ਜੋਏ।
ਕਟਾਕੱਟ ਕੱਟੇ, ਚਟਾਪੱਟ ਮਾਰੇ।
ਖਟਾ ਪੱਟ ਖੱਟੇ, ਹੱਟਾਪੱਟ ਹਾਰੇ[1] ॥੫੧॥

[1]ਇਕ ਦੂਜੇ ਨੂੰ ਲਿਪਟ ਜਾਣਾ, ਗੁੱਥਮ ਗੁੱਥਾ।

[1]ਖੋਟੇ (ਤੁਰਕ) ਖਟਾ ਪਟ (ਛੇਤੀ) ਹਾਰਕੇ ਪਿੱਛੇ ਹਟ ਗਏ। (ਅ) ਖਟ ਪਟੀ ਵਾਲੇ ਭਾਵ ਫਸਾਦ ਕਰਨ ਵਾਲੇ ਤੁਰਕ........।

ਕਹਾਂ ਲੌ ਕਹੌਂ, ਸਿੰਘ ਸੂਰੇ ਜੁਝਾਰੇ।
ਰਿਪੂ ਸੰਗ ਜੂਝੇ, ਪਹੂੰਚੇ ਅਗਾਰੇ।
ਖਹੇ ਖਾਨ ਖੂਨੀ, ਖੁਰਾਸਾਨ ਖੱਗੰ[1]।
ਮਰੇ ਜੰਗ ਖੇਤੰ, ਬਡੇ ਘਾਵ ਲੱਗੰ ॥੫੨॥

[1]ਖੂਨੀ ਖਾਨ ਖੁਰਾਸਾਨ ਦੇ ਖੰਡੇ ਲੈ (ਸਿੰਘਾਂ ਨਾਲ) ਖਹੇ।

ਤਜੇ ਤਾਲ ਦੂਰੰ, ਬਰੇ ਸੈਨ ਮੱਧੰ।
ਬਡੇ ਖਾਨ ਮਾਰੇ, ਕਰੈਂ ਜੁੱਧ ਕ੍ਰੁੱਧੰ।
ਰਣੰ ਗ੍ਰਿੱਧ ਬ੍ਰਿੰਦੰ, ਭਖੈਂ ਮਾਸ ਬੋਲੈਂ।
ਉਡੈਂ ਕੰਕ ਕਾਕੰ, ਨਭੰ ਬੀਚ ਡੋਲੈਂ ॥੫੩॥

ਡਕੀ ਡਾਕਣੀ, ਭੂਤ ਪ੍ਰੇਤੰ ਬਕੰਤੇ।
ਨਚੀ ਜੋਗਣੀ, ਸੀਸ ਬਾਲੰ ਖਿਲੰਤੇ[1]।
ਕਿਤੀ ਦੂਰ ਲੌਂ, ਜੰਗ ਖੇਤੰ ਬਿਥਾਰੇ।
ਗੁਥੀ ਲੁੱਥ ਜੁਥੰ[1], ਪਗੰ ਪੋਥ ਡਾਰੇ[2] ॥੫੪॥

[1]ਖਿੰਡਾਏ ਹੋਏ।

[1]ਸਮੂਹ ਲੋਥਾਂ ਗੁੱਛੇ ਹੋ ਗਈਆਂ। [2]ਪੈਰਾਂ ਦੇ ਨਾਲ ਢੇਰ (ਦੇ ਢੇਰ ਦਲੇ) ਪਏ ਹਨ।

ਸੁਰੰ ਦੇਖਿ ਸਿੰਘਾਨਿ, ਕੋ ਜੁੱਧ ਸੁੱਧੰ।
ਕਹੈਂ 'ਧੰਨ ਧੰਨੰ, ਫਿਰੈਂ ਗੈਨ ਮੱਧੰ।

ਮਰੇ ਬੀਰ ਚਾਲੀ, ਮਹਾਂ ਓਜ ਕੈ ਕੈ।
ਗੁਰੂ ਧਯਾਨ ਧਾਰੇ, ਤਜੇ ਪ੍ਰਾਨ ਘੈ ਕੈ ॥੫੫॥

ਦੋਹਰਾ:
ਤੁਰਕ ਹਜ਼ਾਰੋਂ ਲੜਿ ਮਰੇ, ਬਹੁਤੇ ਹਤੇ ਤੁਰੰਗ†।
ਭਯੋ ਜੰਗ ਪੂਰਨ ਤਬੈ, ਸ਼੍ਰੋਤਾ ਸੁਨਹੁ ਪ੍ਰਸੰਗ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੂਰਬ ਐਨੇ 'ਮੁਕਤਸਰ ਜੰਗ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

†ਪਾ:-ਤੁਰਕ ਅਢਾਈ ਸੈ ਮਰੇ ਤ੍ਰੈ ਸੈ ਹਤੇ ਤੁਰੰਗ।

## ੧੧. [ਮਾਈ ਭਾਗੋ। ਤੁਰਕਾਂ ਦਾ ਪਿੱਛੇ ਮੁੜਨਾ]

੧੦<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਇਕ ਮਾਈ ਭਾਗੋ ਹੁਤੀ, ਚਾਲੀ ਸਿੰਘ† ਮਝਾਰ।
ਤੁਰਕ ਹਤਯੋ ਖਰ ਸਾਂਗ ਤੇ, ਗੇਰਯੋ ਧਰਾ ਮਝਾਰ ॥੧॥

†ਪਿਛਲੇ ਅੰਸੂ ਦੇ ਅੰਕ ੫੫ ਵਿਚ ਚਾਲੀ ਮਰ ਗਏ ਦੱਸ ਰਹੇ ਹਨ ਤਾਂ ਭਾਗੋ ਇਕਤਾਲੀਵੀਂ ਹੋਈ। ਇਸ ਤੋਂ ਬੀ ਸੂੰਹ ਮਿਲ ਗਈ ਕਿ ਲੜਨ ਵਾਲੇ ਚਾਲੀਆਂ ਤੋਂ ਵਧੀਕ ਸਨ।

ਚੌਪਈ:

ਸਤਿਗੁਰ ਸਵਾ ਕੋਸ ਰਹਿ ਖਰੇ।
ਅਬਿ ਲਗਿ ਟਿੱਬੀ ਚਿੰਨ੍ਹ ਉਚਰੇ[1]। [1]ਹੁਣ ਤਾਈਂ ਉਹ ਟਿੱਬੀ ਨਿਸ਼ਾਨੀ ਦੱਸ ਰਹੀ ਹੈ।
ਧਰਯੋ ਪਨਚ ਪਰ ਤੀਖਨ ਬਾਨਾ।
ਮੁਸ਼ਟ ਗਹੇ ਧਨੁ[1] ਕੋ ਪੁਨ ਤਾਨਾ ॥੨॥ [1]ਧਨੁਖ ਦੀ ਮੁੱਠ ਫੜਕੇ।
ਸ਼ਬਦ ਭਯਾਨਕ ਹੋਵਤਿ ਛੋਰਾ।
ਆਵਤਿ ਭਯੋ ਸ਼ੱਤ੍ਰ ਦਲ ਓਰਾ।
ਭੂਮ ਭੂਰ ਭੁੰਕਾਟ ਭਇਆਲਾ[1]। [1]ਪ੍ਰਿਥਵੀ ਤੇ ਬਹੁਤਾ ਭਯਾਨਕ ਭੂੰ ਭੂੰ ਕਰਦਾ ਸ਼ਬਦ ਹੋਯਾ।
ਸੁਨਿ ਕਰਿ ਬਿਸਮੇ ਤੁਰਕ ਬਿਸਾਲਾ ॥੩॥
'ਇਹ ਕਯਾ ਭਯੋ ਨ ਜਾਨਯੋ ਜਾਈ?
ਨਹੀਂ ਸਿੰਘ ਅਬਿ ਕੋ ਅਗੁਵਾਈ।
ਗੁਰ ਸਮੇਤ ਸਭਿ ਲੀਨੇ ਮਾਰਿ।
ਪਰੇ ਧਰਾ ਪੈ ਪਾਇੰ ਪਸਾਰ ॥੪॥
ਖੋਜਹਿੰ ਗੁਰ ਕੀ ਲੋਥ ਬਿਚਾਰੈਂ[1]। [1]ਸੋਚ ਵਿਚਾਰ ਦੇ ਨਾਲ।
ਪਹੁੰਚਹਿ ਹਜ਼ਰਤਿ ਨਿਕਟ ਨਿਹਾਰੈ।
ਹੋਇ ਪ੍ਰਸੰਨ ਮੋਹਿ ਪਰ ਘਨੋ।
ਜਿਸ ਕੋ ਨਿਤ ਚਹਿ ਗਹਿਨ ਕਿ ਹਨੋ[1]' ॥੫॥ [1]ਫੜਨਾ ਯਾ ਮਾਰਨਾ।
ਨਿਜ ਲੋਕਨ ਸਭਿ ਭਨਤਿ ਸੁਨਾਈ।
'ਗੁਰ ਭੀ ਲਰਤੋ ਭਯੋ ਲਖਾਈ[1]। [1]ਦਿਖਾਈ ਦਿੰਦਾ ਸੀ।
ਜੇ ਕਰਿ ਖੋਜ ਲੋਥ ਕਰਿ ਲੈ ਹੌਂ।
ਹਜ਼ਰਤ ਕੀ ਪ੍ਰਸੰਨਤਾ ਪੈਹੌਂ' ॥੬॥
ਇਮ ਕਹਿ ਸਾਥ ਕਪੂਰੇ ਭਾਖਯੋ।
'ਜਲ ਬਤਾਇ ਦਿਹੁ ਸੁਭਟਨਿ ਕਾਂਖਯੋ।

ਜਬਿ ਕੇ ਚਢੇ ਨ ਕਿਨਹੂੰ ਲੀਨੋ।
ਏਤੋ ਦਿਵਸ ਬਿਤਯੋ ਨਹਿਂ ਪੀਨੋ' ॥੭॥
ਜੋਰਤਿ ਹਾਥ ਕਪੂਰਾ ਕਹੈ।
'ਖ਼ਾਂ ਜੀ! ਇਸ ਥਲ ਕਿਤ ਜਲ ਅਹੈ।
ਇਨ ਪੈਰਨ ਤੇ ਜਾਉ ਜਿ ਆਗੇ।
ਤੀਸ ਕੋਸ ਪਰ ਜਲ ਕਰ ਲਾਗੇ ॥੮॥
ਜੇ ਨਵਾਬ ਜੀ! ਹਟਹੁ ਪਿਛਾਰੀ।
ਤਉ ਦਸ ਕੋਸ ਪਾਇ ਹਹੁ ਬਾਰੀ।'
ਸੁਨਤਿ ਵਜੀਦ ਖ਼ਾਨ ਬਿਸਮਾਯੋ।
ਚਿੰਤਾ ਬਸਿ ਹ੍ਵੈ ਬਹੁਰ ਅਲਾਯੋ ॥੯॥
'ਕਹਹੁ ਚੌਧਰੀ! ਕਉਨ ਇਲਾਜਾ?
ਬਿਨ ਜਲ ਕੇ ਬਡ ਹੋਤਿ ਕੁਕਾਜਾ।
ਤ੍ਰਿਖਾ ਦੀਹ ਤੇ ਮਰਹਿਂ ਤਿਸਾਏ।
ਹਟਹਿਂ ਤਊ ਜਲ ਦੂਰ ਸਥਾਏ ॥੧੦॥
ਆਗੇ ਨਹੀਂ ਸਮੀਪ ਬਤਾਵਤਿ।
ਬਾਂਏ ਦਾਂਏ ਹਾਥ ਨ ਆਵਤ।'
ਤਬਹਿ ਕਪੂਰੇ ਮਸਲਤ ਕਹੀ।
'ਜਲ ਕੋ ਜਤਨ ਔਰ ਅਬਿ ਨਹੀਂ ॥੧੧॥
ਹਯ ਬਡ ਚਾਲ ਕਿ ਪੋਈਏ ਪਾਵਹੁ[1]।
ਪਹੁੰਚਹੁ ਜਲ ਥਲ ਪ੍ਰਾਨ ਬਚਾਵਹੁ।
ਨਤੁ ਭਟ ਤੁਰੰਗ ਕਿਤਿਕ ਚਿਰ ਲਾਗੈ[1]।
ਮਗ ਮਹਿਂ ਗਮਨਤਿ ਪ੍ਰਾਨਨਿ ਤਜਾਗੈਂ ॥੧੨॥
ਸੂਕੇ ਓਠ ਬਦਨ ਕੁਮਲਾਵੈਂ।
ਭਲੇ ਨਰਨ ਕੇ ਅਬਿ ਦਿਸ ਆਵੈਂ[1]।'

[1] 'ਸੁਨਹੁ ਕਪੂਰਾ! ਕਾਰਜ ਦੋਊ।
ਕਰਨੇ ਹੁਤੇ ਅਬਹਿ ਹਮ ਸੋਊ ॥੧੩॥
ਭੇ ਮ੍ਰਿਤੁ ਜਥੇਦਾਰ ਸਰਦਾਰ।
ਤਿਨ ਕੀ ਲੋਥਨ ਖੋਜਿ ਨਿਕਾਰ।
ਧਰਾ ਖਨਾਇ ਤਿਨਹੁ ਦਫਨਾਵਨ।
ਸਕਲ ਜਿ ਮਰੇ, ਨ ਹੋਹਿਂ ਉਠਾਵਨ

[1]ਘੋੜੇ ਬਹੁਤੀ ਤੇਜ਼ ਚਾਲੇ ਯਾ ਪੋਈਏ ਪਾਕੇ।

[1]ਜੇ ਨਹੀਂ ਭਜਾਓਗੇ ਤਾਂ ਸੂਰਮ ਤੇ ਘੋੜਿਆਂ ਨੂੰ ਕਿਤਨਾ ਚਿਰ ਲਗੇਗਾ।

[1]ਭਲੀ ਤਰ੍ਹਾਂ ਆਦਮੀਆਂ ਦੇ ਹੋਠ ਸੁੱਕੇ ਤੇ ਮੂੰਹ ਕੁਮਲਾਏ (ਹੁਣ) ਦਿੱਸਦੇ ਹਨ।

[1]ਨਬਾਬ ਨੇ ਕਿਹਾ।

॥੧੪॥
ਕਹਾਂ ਬਾਤ ਦਫਨਾਵਨਿ ਕੇਰੀ।
ਇਕ ਦੁਇ ਦਿਨ ਕੀ ਸਭਿ ਕ੍ਰਿਤ[1] ਹੇਰੀ। [1]ਭਾਵ ਦਫਨਾਵਨ ਦਾ ਕੰਮ।
ਦੁਤੀਏ ਗੁਰੂ ਲੋਥ ਕੋ ਖੋਜਨ।
ਏ ਤੁਮ ਜਾਨਹੁ ਬਡੋ ਪ੍ਰਯੋਜਨ ॥੧੫॥
ਕਰਿਬੋ ਹੁਤੋ ਕਹਾਂ ਅਬਿ ਕਰੈਂ।
ਬਿਨਾ ਨੀਰ ਤੇ ਕਯੋਂਹੁ ਨ ਸਰੈ।'
ਤਬਹਿ ਕਪੂਰੇ ਮਸਲਤ ਦੀਨੀ।
'ਇਹ ਕਜਾ ਬਾਤ ਰਿਦੇ ਤੁਮ ਚੀਨੀ ॥੧੬॥
ਜਿਨ ਕੋ ਕਬਰਨ ਮਹਿਂ ਦਫਨਾਹਹੁ।
ਤਿਨ ਕੇ ਸੰਗ ਮਿਲਯੋ ਕਿਮ ਚਾਹਹੁ[1]। [1]ਭਾਵ ਜੀਉਂਦਿਆਂ ਨੂੰ ਕਿਉਂ ਮਾਰਨਾ ਚਾਹੁੰਦੇ ਹੋ।
ਗਮਨਹਿ ਸ਼ੀਘ੍ਰ ਜਾਮ ਮਹਿਂ ਜੈ ਹੈਂ[1]। [1]ਜੇ ਛੇਤੀ ਟੁਰੇ ਜਾਣ ਤਾਂ ਪਹਿਰ ਵਿਚ ਪੁੱਜਣਗੇ।
ਪਹੁੰਚਿ ਨੀਰ ਕੋ ਪ੍ਰਾਪਤ ਹ੍ਵੈ ਹੈਂ ॥੧੭॥
ਸਭਿ ਦਿਨ ਮਹਿਂ ਦਫਨਾਇ ਨ ਜਾਇਂ।
ਦੂਰ ਦੂਰ ਪਰ ਪ੍ਰਾਨ ਗਵਾਇ।
ਨਹਿਂ ਇਕ ਥਲ ਉਠਾਇ ਕਰਿ ਲੈ ਹੈਂ।
ਇਹ ਤੌ ਕਾਜ ਨਹੀਂ ਬਨਿ ਐ ਹੈ ॥੧੮॥
ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ।
ਅਭਿਲਾਖਤਿ ਨਿਤ ਰਣ ਕੀ ਲੀਲਾ।
ਸੋ ਭੀ ਨਿਸ਼ਚੈ ਨਾਹਨ ਭਯੋ।
ਕੈ ਰਣ ਹਤਯੋ, ਕਿ ਨਿਕਸੈ ਗਯੋ ॥੧੯॥
ਤਿਨ ਕੀ ਲੋਥ ਨ ਕਿਨਹੂੰ ਪਾਏ।
ਦੂਰ ਦੂਰ ਲਗਿ ਇਤ ਉਤ ਧਾਏ।
ਅਪਨੇ ਪ੍ਰਾਨ ਬਚਾਵਨ ਕਰੀਅਹਿ।
ਹਟਹੁ ਪਿਛਾਰੀ ਮਗ ਚਲਿ ਪਰੀਯਹਿ ॥੨੦॥
ਜੇਤਿਕ ਸ਼ਸਤ੍ਰ ਉਤਾਰੇ ਜਾਹਿਂ।
ਕਹੁ ਆਇਸੁ ਲੇ ਲਸ਼ਕਰ ਤਾਂਹਿ[1]। [1]ਲਸ਼ਕਰ ਨੂੰ ਆਗਜਾ ਦਿਓ ਜੋ ਉਨ੍ਹਾਂ (ਸ਼ਸਤ੍ਰਾਂ) ਨੂੰ ਲੈ ਲੈਣ।
ਗਾਡੇ ਬੀਚ[1] ਕਹਾਂ ਹੁਇ ਜਾਇ। [1]ਧਰਤੀ ਵਿਚ ਗੱਡਿਆਂ।
ਪਰੇ ਧਰਾ ਪਰ ਹੀ ਸਮੁਦਾਇ ॥੨੧॥

ਫਤੇ ਮਹਾਨ ਲੀਨ ਜਸੁਵਾਰੀ[1]।
ਭਲੋ ਹਟਨ ਹੀ ਲਖਹੁ ਪਿਛਾਰੀ।
ਮਰੇ ਸੁ ਮਰੇ ਭਿਸਤ ਕੋ ਗਏ।
ਨਿਮਕ ਹਲਾਲ ਪ੍ਰਾਨ ਰਨ ਦਏ ॥੨੨॥
ਜੇ ਨਬਾਬ ਜੀ! ਇਮ ਨ ਕਰੈਹੈਂ।
ਬਿਨ ਮਾਰੇ ਸਭਿ ਹਮ ਮਰਿ ਜੈ ਹੈਂ[†]।'

[1]ਜਸ ਵਾਲੀ।

[†]ਜਾਪਦਾ ਐਉਂ ਹੈ ਕਿ ਇਹ ਦਲ ਬੀ ਇਸ ਆਸ ਵਿਚ ਸੀ ਕਿ ਖਿਦਰਾਣੇ ਦੇ ਛੰਭ ਵਿਚ ਜਲ ਮਿਲੇਗਾ। ਜੰਗ ਮਗਰੋਂ ਤਾਲ ਸੁੱਕਾ ਵੇਖਕੇ ਨਵਾਬ ਘਬਰਾਯਾ ਹੋਇਆ ਹੈ ਤੇ ਕਪੂਰੇ ਨੂੰ ਦਾਉ ਲੱਭਾ ਹੈ ਨਬਾਬ ਨੂੰ ਹੋਰ ਘਬਰਾ ਕੇ ਵਾਪਸ ਮੋੜਨ ਦਾ, ਜੋ ਹੋਰ ਪਿੱਛਾ ਸਤਿਗੁਰ ਜੀ ਦਾ ਨਾ ਕਰੇ ਤੇ ਗੁਰੂ ਜੀ ਸਲਾਮਤ ਅੱਗੇ ਨਿਕਲ ਜਾਣ।

ਸੁਨਤਿ ਵਜ਼ੀਦ ਖ਼ਾਨ ਮਨ ਮਾਨੀ।
'ਸਾਚ ਕਪੂਰੇ ਬਾਤ ਬਖਾਨੀ ॥੨੩॥
ਅਹੈ ਚੌਧਰੀ ਦਾਨਸ਼ੰਵਦਾ।
ਹਮਰੇ ਹਿਤ ਕੀ ਨੀਤਿ ਭਨੰਦਾ[1]।'
ਇਮ ਕਹਿ ਬਾਗ ਤੁਰੰਗਮ ਫੇਰੀ।
ਚਲ੍ਯੋ ਸ਼ੀਘ੍ਰ ਕਰਿ ਸਭਿ ਕੋ ਪ੍ਰੇਰੀ ॥੨੪॥

[1]ਕਹਿੰਦਾ ਹੈ।

ਮ੍ਰਿਤੁ ਤੌ ਤਜੇ ਹੁਤੇ ਤਿਸ ਠੌਰਾ[1]।
ਘਾਯਲ ਕਹੁ ਭੀ ਛੋਰਤਿ ਦੌਰਾ।
ਬਿਨ ਜਲ ਤੇ ਤਰਫਤਿ ਬਹੁ ਮਰੇ।
ਬਿਨ ਸਮਰਥ ਰਣ ਥਲ ਜੇ ਪਰੇ[1] ॥੨੫॥

[1]ਮੁਰਦੇ ਤਾਂ ਓਥੇ ਵੱਡੇ ਹੀ ਸਨ।

[1](ਤੁਰਨ ਦੀ) ਤਾਕਤ ਤੋਂ ਬਿਨਾਂ ਹੋਏ ਜੋ ਰਣ ਥਲ ਵਿਚ ਪਏ ਹੋਏ ਸਨ।

ਹਰਖਤਿ ਰਿਦੇ ਬਿਚਾਰਤਿ ਜਾਤਾ।
-ਅਬਿ ਕੇ ਸ਼੍ਰੀ ਗੁਰ ਕੀਨਸਿ ਘਾਤਾ।
ਜਿਨ ਲਾਖਹੁਂ ਲਸ਼ਕਰ ਚਢਵਾਏ[1]।
ਹਤਿ ਜਹਾਨ ਮਹਿਂ ਸ਼ੋਕ ਉਪਾਏ ॥੨੬॥
ਚਿਰੰਕਾਲ ਲਗਿ ਰਾਖਿ ਲਰਾਈ।
ਮਾਰਨ ਮਰਨ ਕੀਨਿ ਸਮੁਦਾਈ।
ਪੂਰਬ ਲਰ੍ਯੋ ਪਹਾਰਨ ਮਹਿਂ ਜਬਿ।
ਘਾਤ ਹੋਨਿ ਤੇ ਲਰਤਿ ਬਚ੍ਯੋ ਤਬਿ ॥੨੭॥
ਅਰੁ ਅਰਿ ਰਹ੍ਯੋ ਜੰਗ ਮੁਖ ਤੋਰ[1]।

[1](ਬਾਦਸ਼ਾਹ ਦੇ) ਲੱਖਾਂ ਲਸ਼ਕਰ ਚਢਾਏ ਹੋਏ।

[1]ਅਤੇ ਅੜਿਆ ਰਿਹਾ ਜੰਗ ਵਿਚ। ਸਿਰਤੋੜ। (ਅ)

ਅਤੇ ਅੜਿਆ ਰਿਹਾ, ਜੰਗ ਦਾ ਮੂੰਹ ਮੋੜ ਦਿੱਤੋਸੁ।

ਗਯੋ ਸਭਿਨਿ ਤੇ ਕਰਿ ਕਰਿ ਜੋਰ।
ਸੁਨਹੁ ਕਪੂਰਾ ਆਨੰਦਪੁਰਿ ਮੈਂ।
ਰਚਜੋ ਜੰਗ ਕਰਿ ਆਨੰਦ ਉਰ ਮੈਂ ॥੨੮॥
ਬਾਈ ਧਾਰ ਰਹੇ ਝਖ ਮਾਰਿ।
ਸਕਲ ਹਰਾਏ ਜੰਗ ਮਝਾਰ।
ਆਦਿ ਕੇਸਰੀ ਚੰਦ ਗਿਰੇਸ਼।
ਮਾਰੇ ਬਲ ਕਰਿ ਜੁੱਧ ਵਿਸੇਸ਼ ॥੨੯॥
ਸੋ ਇਸ ਸਮੇਂ ਮਾਰ ਕਰਿ ਲੀਨਿ।
ਫਤੇ ਖੁਦਾਇ ਹਮਹਿ ਕੋ ਦੀਨਿ।
ਭੀਮ ਚੰਦ ਤੇ ਆਦਿ ਪਹਾਰੀ।
ਜਿਸ ਤੇ ਬਡੇ ਤ੍ਰਾਸ ਕੋ ਧਾਰੀ ॥੩੦॥
ਕਰੀ ਪੁਕਾਰ ਸ਼ਾਹੁ ਕੇ ਆਗੇ।
ਤੀਨ ਲਾਖ ਦਲ ਲੇ ਕਰਿ ਭਾਗੇ।
ਹਜ਼ਰਤ ਸੁਨਤਿ ਕੋਪ ਕੋ ਦਾਰਾ।
ਜਿਤ ਕਿਤ ਤੇ ਪਠਿ ਲਸ਼ਕਰ ਭਾਰਾ ॥੩੧॥
ਜ਼ਬਰਦਸਤ ਹਮ ਸਹਤਿ ਚਢਾਏ।
ਕਈ ਲਾਖ ਸੈਨਾ ਉਮਡਾਏ।
ਆਨੰਦਪੁਰਿ ਕੋ ਚਹੁੰਦਿਸ਼ਿ ਘੇਰਾ।
ਨਿਕਸਿ ਵਹਿਰ ਕਰਿ ਜੰਗ ਬਡੇਰਾ ॥੩੨॥
ਨਹੀਂ ਸ਼ਿਕਸਤ ਕਿਤਹੁੰ ਤੇ ਖਾਈ।
ਬਾਨ ਪ੍ਰਹਾਰੇ ਕੋਸ ਅਢਾਈ।
ਅਸ ਗੁਰ ਬਡੋ ਬਹਾਦਰ ਚੀਨਿ।
ਸੋ ਅਬਿ ਮਾਰਿ ਫਤੇ ਹਮ ਲੀਨਿ ॥੩੩॥
ਨਿਕਸਜੋ ਪੁਨ ਅਨੰਦਪੁਰਿ ਛੋਰਾ।
ਆਵਨ ਲਾਗਿ ਸੁ ਜੰਗਲ ਓਰਾ।
ਸਗਰੋ ਲਸ਼ਕਰ ਪਰਜੋ ਪਿਛਾਰੀ।
ਤੁਰਕਾਨਾ ਹਤਿ ਪੰਥ ਮਝਾਰੀ ॥੩੪॥
ਰੋਪਰ ਲਗਿ ਬਚਾਇ ਸਭਿ ਲਜਾਏ[1]।

[1]ਸਾਰੇ (ਪਰਵਾਰ ਨੂੰ) ਬਚਾ ਲਿਆਏ।

ਆਗੇ ਕਿਤਿਕ ਕੋਸ ਉਲੰਘਾਏ।
ਤਹਿਂ ਦਸ ਲਾਖ ਸੁਭਟ ਪਿਖਿ ਲਯੋ।
ਆਗੇ ਪਾਛੇ ਥਲ ਰੁਕਿ ਗਯੋ ॥੩੫॥
ਨਿਕਟ ਬਿਲੋਕਿ ਦੁਰਗ ਚਮਕੌਰ।
ਭਯੋ ਮਵਾਸੀ ਦ੍ਰਿੜ੍ਹ ਤਿਸ ਠੌਰ।
ਸੋ ਗੁਰ ਅਬਹਿ ਮਾਰ ਕਰਿ ਲੀਨਿ।
ਫਤੇ ਖੁਦਾਇ ਹਮਹੁਂ ਕੋ ਦੀਨਿ ॥੩੬॥
ਪੁਨ ਚਮਕੌਰ ਘਨੋ ਰਣ ਘਾਲਾ।
ਮਾਰੇ ਤੀਖਨ ਤੀਰ ਕਰਾਲਾ।
ਸੁਨਹੁ ਚੌਧਰੀ! ਲੋਥਨ ਢੇਰ।
ਮਾਰਿ ਕਰੇ ਗਢ ਕੇ ਚਹੁਂ ਫੇਰ ॥੩੭॥
ਛੁਧਾਵੰਤਿ ਚਾਲੀ ਨਰ ਸੰਗ।
ਕਈ ਲਾਖ ਸੋਂ ਕੀਨਸਿ ਜੰਗ।
ਲਸ਼ਕਰ ਕੇ ਨਰ ਮੂਠੀ ਖਾਕ।
ਭਰਿ ਇਕ ਮਾਰਹਿਂ ਗਢ ਕੋ ਤਾਕਿ[1] ॥੩੮॥
ਤੌਂ ਪੂਰਣ ਕਰਿ ਦੇਤਿ ਦਬਾਇ।
ਕਿਸ ਮਹਿਂ ਸ਼ਕਤਿ ਜਿ ਰਹਿ ਅਟਕਾਇ।
ਨਿਕਟ ਨ ਕੋਈ ਪਹੁਂਚਨ ਦੀਨਿ।
ਅਤਿਸ਼ੈ ਡਰ ਸਭਿ ਕੇ ਮਨ ਕੀਨਿ ॥੩੯॥
ਖ੍ਵਾਜ ਮਰਦ ਸੇ ਡਰਿ ਡਰਿ ਦਬਕੇ।
ਰਹੇ ਦੂਰ ਉਰ ਤ੍ਰਾਸਤਿ ਸਭਿ ਕੇ।
ਅਤਿਸ਼ੈ ਸੰਘਨ ਘੇਰਾ[1] ਪਾਯੋ।
ਨਿਕਸਿ ਗਯੋ ਨਹਿਂ ਕਿਨ ਦਰਸਾਯੋ ॥੪੦॥
ਉਚ ਕੋ ਪੀਰ ਬੇਖ ਤਨ ਧਾਰਾ।
ਸਨੇ ਸਨੇ ਮਗ ਬੀਚ ਪਧਾਰਾ।
ਅਨਿਕ ਜਤਨ ਤੇ ਪਾਇ ਨ ਜੋਊ[1]।
ਰਣ ਕਰਿ ਮਾਰਿ ਲੀਨਿ ਹਮ ਸੋਊ ॥੪੧॥
ਜਿਸ ਕੋ ਹਜ਼ਰਤ ਨਿਸ ਦਿਨ ਕਾਂਖਜੋ।

[1]ਤੱਕ ਕੇ।

[1]ਸੰਘਣਾ ਘੇਰਾ (ਤੁਰਕਾਂ ਨੇ)।

[1]ਜੋ ਨਹੀਂ ਸੀ ਹੱਥ ਆਏ।

ਗਹਿ ਲੀਜੈ ਕੈ ਮਾਰਨ ਭਾਖਯੋ।
ਚਿੰਤਾ ਬਸਿ ਹੁਇ ਲਿਖਿ ਬਹੁ ਬਾਰੀ†।

†ਇਥੋਂ ਤੇ ਹੋਰ ਐਸੀਆਂ ਪਿੱਛੇ ਆਈਆਂ ਥਾਵਾਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਮੁੱਢ ਤੋਂ ਸਾਰਾ ਫਸਾਦ ਔਰੰਗਜ਼ੇਬ ਦਾ ਸੀ। ਕਦੇ ਰਾਜੇ ਤੇ ਤੁਰਕ, ਪਰ ਪੁਤਲੀ ਨਚਾਵਨਹਾਰ ਉਹੋ ਸੀ।

ਫਤੇ ਖੁਦਾਇ ਦੀਨਿ ਲਿਯ ਮਾਰੀ' ॥੪੨॥
ਇੱਤਜਾਦਿਕ ਹਰਖਤਿ ਬਹੁ ਬਾਤ।
ਕਰਤਿ ਕਪੂਰੇ ਸੋਂ ਮਗ ਜਾਤਿ†।

†ਚੌਧਰੀ ਕਪੂਰੇ ਨੇ ਨਵਾਬ ਦੇ ਇਸ ਨਿਸ਼ਚੇ ਨੂੰ ਕਿ ਗੁਰੂ ਜੀ ਇਥੇ ਮਾਰੇ ਗਏ ਹਨ, ਹਿਲਾਉਣ ਦਾ ਜਤਨ ਨਹੀਂ ਕੀਤਾ, ਕਿਉਂਕਿ ਉਸ ਦਾ ਪ੍ਰਯੋਜਨ ਉਸ ਨੂੰ ਪਿਛੇ ਮੋੜ ਲਿਜਾਣ ਦਾ ਪੂਰਾ ਹੋ ਰਿਹਾ ਸੀ।

ਜਲ ਸਥਾਨ ਪਿਖਿ ਘਾਲਯੋ ਡੇਰਾ।
ਬਿਨ ਜਾਨੇ ਜੜ ਮੁਦਤਿ ਬਡੇਰਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਸਰ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋਂ ਅੰਸ ॥੧੧॥

## ੧੨. [ਗੁਰੂ ਜੀ ਦੀਆਂ ਬਖ਼ਸ਼ਿਸ਼ਾਂ। ਮਹਾਂ ਸਿੰਘ ਨੂੰ ਵਰ]

੧੧<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੩

ਦੋਹਰਾ:

†ਤੁਰਕ ਸ਼ੀਘ੍ਰਤਾ ਕਰਿ ਮੁਰੇ, ਮੁਖ ਕਰਿ ਪੂਰਬ ਓਰ।
ਟਿੱਬੀ ਤੇ ਸਤਿਗੁਰ ਤੁਰਤ, ਪਹੁੰਚਤਿ ਭੇ ਰਣ ਠੌਰ ॥੧॥

†ਇਹ ਮੁਕਤਸਰ ਯੁੱਧ ਦੀ ਸਾਖੀ ਬੀ ਸਾਖੀਆਂ ਵਾਲੀ ਪੋਥੀ ਦੀ ਹੈ, ਪਰ ਉਥੇ ਬਹੁਤ ਸੰਖੇਪ ਹੈ।

ਚੌਪਈ:

ਕਰਤਿ ਸ਼ੀਘ੍ਰਤਾ ਸਰ ਪਰ ਆਏ।
ਉਤਰੇ ਤਜਿ ਤੁਰੰਗ ਸਹਿਸਾਏ।
ਜੇ ਜੇ ਮਰੇ ਦੇਖਿ ਤਿਨ ਮੁਖ ਕੋ।
ਬਖ਼ਸ਼ਨ ਲਗੇ ਲੋਕ ਜੁਗ ਸੁਖ ਕੋ[1] ॥੨॥ [1]ਦੋਹਾਂ ਲੋਕਾਂ ਦੇ ਸੁਖ।
'ਬੀਸ ਹਜ਼ਾਰੀ' 'ਤੀਸ ਹਜ਼ਾਰੀ।'
'ਇਸ ਕੀ ਹੁਇ ਲਾਖਨ ਸਰਦਾਰੀ।'
'ਇਤਨੇ ਕਦਮ ਅੱਗ੍ਰ ਚਲਿ ਏਹ।
ਤਿਤੀ ਅਧਿਕਤਾ ਸੁਖ ਕੀ ਲੇਹਿ' ॥੩॥
'ਹੋਇ ਪ੍ਰਿਥੀਪਤਿ ਭੋਗਹਿ ਰਾਜੂ।
ਬਿਲਸਹਿ ਐਸ਼੍ਵਰਜ ਪੁੰਜ ਸਮਾਜੂ।'
'ਜਸ ਜਸ ਕਰਿ ਪੁਰਸ਼ਾਰਥ ਮਰੇ।
ਤਸ ਤਸ ਬਡ ਪ੍ਰਤਾਪ ਕੋ ਧਰੇ ॥੪॥
ਪੁਨ ਪ੍ਰਲੋਕ ਸੁਖ ਬਿਲਸਹਿਂ ਜਾਈ।
ਮਮ ਹਿਤ ਪ੍ਰਾਨ ਦੀਏ ਇਨ ਆਈ।'
ਕਰਹਿਂ ਪ੍ਰੇਮ ਬੈਠਹਿਂ ਤਿਨ ਤੀਰ।
ਕਹੈਂ ਪ੍ਰਸੰਸਾ 'ਇਹ ਮਮ ਬੀਰ[1]' ॥੫॥ [1]ਇਹ ਮੇਰਾ ਸੂਰਮਾ ਹੈ।
ਗਹਿ ਕਰ ਮਹਿਂ ਜਾਮੇ ਕੋ ਪਾਲਾ[1]†। [1]ਆਪਣੇ ਜਾਮੇ ਦਾ ਪੱਲਾ ਹੱਥ ਵਿਚ ਫੜਕੇ। †ਧੰਨ ਸਤਿਗੁਰ ਜੀ ਹੈਨ, ਸਦਕੇ ਇਸ ਪਿਆਰ ਦੇ।
ਪੌਂਛਹਿਂ ਮੁਖ ਧਰਿ ਪ੍ਰੀਤ ਬਿਸਾਲਾ।
ਜਥਾ ਪੁੱਤ੍ਰ ਕੋ ਪਿਤਾ ਨਿਹਾਰਹਿ।
ਪੌਂਛਤਿ ਅੰਗਨ ਗੁਨਨਿ[1] ਉਚਾਰਹਿਂ ॥੬॥ [1]ਗੁਣਾਂ ਨੂੰ।
ਅੱਸ਼੍ਰੁਪਾਤ ਲੋਚਨ ਤੇ ਡਾਰਹਿਂ।
ਪੁਨ ਦੂਸਰ ਕੇ ਪਾਸ ਪਧਾਰਹਿਂ।
ਬਰ ਕੋ ਦੇਤਿ ਗਰਦ ਕੋ ਝਾਰਹਿਂ।
ਇਤਿ ਉਤ ਬਿਚਰਤਿ ਸਿੰਘ ਨਿਹਾਰਹਿਂ

॥੭॥
ਚੱਤ੍ਵਾਰਿੰਸ[1] ਬਿਖੈ ਇਕ ਜੀਵਤਿ। — [1]ਚਾਲੀਹਾਂ ਵਿਚ।
ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤਿ।
ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ।
ਬੈਠਿ ਗਏ ਤਹਿਂ ਅੰਤਰਜਾਮੀ ॥੮॥
ਮੰਦ ਮੰਦ ਬਹਿ ਜਿਸ ਕੋ ਸ੍ਵਾਸਾ।
ਲਰਜੋ ਬਹੁਤ ਰਿਪੁ ਕਰੇ ਬਿਨਾਸ਼ਾ।
ਪੁੰਜ ਘਾਵ ਤਨ ਮਹਿਂ ਲਗ ਰਹੇ।
-ਦੇਹਿਂ ਦਰਸ ਗੁਰ- ਚਿਤ ਮਹਿਂ ਚਹੇ ॥੯॥
ਬੈਠਿ ਨਾਥ ਕਰ ਕਮਲ ਸਪਰਸ਼ਾ।
ਦੀਨਸਿ ਅੱਪ੍ਰਮੇਯ ਉਰ ਹਰਸ਼ਾ[1]। — [1]ਬਹੁਤਾ ਦਿਲ ਦਾ ਖੁਸ਼ਾ। [ਸੰਸ:, ਅਪ੍ਰਮੇਯ=ਅਤੁਲਵਾਂ]।
'ਮਹਾਂ ਸਿੰਘ ! ਅਬਿ ਨੈਨ ਉਘਾਰਹੁ।
ਚਹਤਿ ਦਰਸ ਚਿਤ, ਨਿਕਟ ਨਿਹਾਰਹੁ ॥੧੦॥
ਤੁਝ ਪਰ ਹਮ ਪ੍ਰਸੰਨ ਬਹੁ ਅਹੈਂ।
ਸੋ ਅਬਿ ਦੇਹਿਂ ਚਹੈਂ ਜਿਸ ਲਹੈਂ[1]।' — [1]ਜੋ ਲੈਣਾ ਚਾਹੇਂ।
ਘਨ ਸੁਰ ਸਮਸਰ ਗਿਰਾ ਗਹੀਰ[1]। — [1]ਬੱਦਲ ਦੇ ਸੁਰ ਵਾਂਙੂ ਗੰਭੀਰ ਬਾਣੀ।
ਸੁਨਿ ਕਰਿ ਦਰਸ਼ਨ ਹੇਰਿ ਸੁ ਤੀਰ ॥੧੧॥
ਮੁੰਦ੍ਰਿਤਿ ਲੋਚਨ ਤੁਰਤ ਉਘਾਰੇ।
ਅੰਤ ਸਮੈਂ ਪਿਖਿ ਕਰਿ ਨਿਜ ਪਜਾਰੇ।
ਅਤੁਲਤ[1] ਮੋਦ ਰਿਦੇ ਹੁਇ ਆਯੋ। — [1]ਬਹੁਤਾ।
ਜਨੁ ਬਡ ਰੋਗੀ ਅੰਮ੍ਰਿਤ ਪਾਯੋ ॥੧੨॥
ਪੁਨ ਗੁਰ ਭਨਜੋਂ 'ਮਾਂਗ ਸਿੰਘ ਮੇਰੇ !
ਜਿਸ ਪ੍ਰਕਾਰ ਕੀ ਬਾਂਛਾ ਤੇਰੇ।
ਵਸਤੁ ਅਦੇਯ ਨਹੀਂ ਅਸ ਕੋਈ।
ਤੁਵ ਜਾਚੇ ਤੇ ਦੇਂਯ ਨ ਜੋਈ ॥੧੩॥
ਜਗ ਸਭਿ ਰਾਜ ਸਹਿਤ ਸੁਖ ਜੇਤੇ।
ਜਾਚਨ ਕਰੇ ਦੇਉਂ ਅਬਿ ਤੇਤੇ।
ਮੁਕਤਿ ਚਤੁਰਧਾ[1] ਅਹੈਂ ਪ੍ਰਲੋਕ। — [1]ਚਾਰ ਤਰ੍ਹਾਂ ਦੀ ਮੁਕਤ।

ਜਾਚਿ ਲੇਹੁ ਪਜਾਰੇ ! ਬਿਨ ਸ਼ੋਕ ॥੧੪॥
ਇਸ ਤੇ ਅਪਰ ਵਸਤੁ ਕੁਛ ਨਾਂਹੀ।
ਜੋ ਨਹਿਂ ਦੇਇ ਸਕਹੁਂ ਤੁਝ ਪਾਹੀ।'
ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ।
'ਪ੍ਰਭੁ ਜੀ ! ਅਬਿ ਨ ਰਹੀ ਅਭਿਲਾਖਾ ॥੧੫॥
ਅੰਤ ਸਮੈਂ ਪਿਖਿ ਦਰਸ ਤੁਹਾਰਾ।
ਉਪਜਯੋ ਰਿਦੇ ਅਨੰਦ ਉਦਾਰਾ।
ਸਕਲ ਬਾਸ਼ਨਾ ਪੂਰਨ ਕਰੀ।
ਰਾਵਰ ਕੀ ਮੂਰਤਿ ਉਰ ਧਰੀ' ॥੧੬॥
ਸ਼੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹਯੋ।
'ਤੁਮਰੋ ਕਰਮ ਸੁ ਉੱਤਮ ਲਹਯੋ।
ਕਰਹੁ ਜਾਚਨਾ ਅਬਹਿ ਜ਼ਰੂਰਿ।
ਜਿਸ ਬਿਧਿ ਕੀ ਬਾਂਛਾ ਉਰ ਭੂਰ ॥੧੭॥
ਜੀਵਨ ਅਪਨੋ ਜੇ ਅਭਿਲਾਖਹਿਂ।
ਕਰਹਿਂ ਜਿਵਾਵਨ ਪ੍ਰਾਨਹਿਂ ਰਾਖਹਿਂ।
ਜਾਨਿ ਲਿਹੋ ਅਸ ਖੁਸ਼ੀ ਹਮਾਰੀ।
ਹਿਤ ਦੇਵਨ ਕੇ ਚੌਂਪ ਉਦਾਰੀ ॥੧੮॥
ਬਚਨ ਨ ਫੇਰਹੁ, ਮਾਨਹੁਂ ਕਹਯੋ।
ਜਾਚਿ ਲੇਹੁ ਜੈਸੇ ਚਿਤ ਚਹਯੋ।
ਦੇ ਕਰਿ ਹਮ ਅਨੰਦ ਕੋ ਮਾਨਹਿਂ।
ਯਾਂ ਤੇ ਬਾਰਹਿ ਬਾਰ ਬਖਾਨਹਿਂ ॥੧੯॥
ਬਖਸ਼ਿਸ਼ ਬਖਸ਼ਹਿਂ ਤੁਮਹਿਂ ਨ ਜਾਵਦ†।
ਨਹਿਂ ਆਨੰਦ ਹਮਰੇ ਹੁਇ ਤਾਵਦ।'
ਮਹਾਂ ਸਿੰਘ ਸੁਨਿ ਰਿਦੇ ਬਿਚਾਰੀ।
-ਪ੍ਰਭੁ ਕੈ ਉਪਜੀ ਖੁਸ਼ੀ ਉਦਾਰੀ ॥੨੦॥
ਲਿਖਿ ਕਰਿ ਗਏ ਬਿਦਾਵਾ ਜੋਇ।
ਇਸ ਛਿਨ ਨਹੀਂ ਕੋਪ ਮਨ ਸੋਇ।
ਸਗਰੇ ਦੇਸ਼ ਕੁਕਰਮ ਕਮਾਵਾ।
ਸਤਿਗੁਰ ਤਜਾਗੇ ਤ੍ਰਾਸ ਉਪਾਵਾ ॥੨੧॥
ਜਿਸ ਕੇ ਵਾਕ ਤਨਕ ਹੀ ਕਹੇ।
ਨਰਕ ਕਿ ਸੁਰਗ ਤੁਰਤ ਹੀ ਲਹੇ।

†ਸਦਕੇ ਇਸ ਬਿਰਦ ਦੇ, ਧੰਨ ਗੁਰੂ !

ਸੁਕੇ ਭਰੇ ਭਰੇ ਸ਼ੁਸ਼ਕਾਵੈਂ।
ਕਬਹੂੰ ਕਹਜੋ ਨਿਫਲ ਨਹਿਂ ਜਾਵੈ ॥੨੨॥
ਅਸ ਸਮਰਥ ਤਜਿ ਕਰਿ ਗੋਸਾਈਂ।
ਰਣਿ ਲਰਿਬੇ ਤੇ ਉਰ ਭਰਮਾਈ।
ਹੋਇਂ ਭਵਿੱਖਤ ਮਹਿ ਨਰ ਜੇਤੇ।
ਇਸ ਕ੍ਰਿਤ ਕੋ ਦੁਖ ਪੈਂਹੇ ਤੇਤੇ ॥੨੩॥
ਬੁਰਾ ਦੇਸ਼ ਸਗਰੇ ਕਾ ਭਯੋ।
ਕਰਿ ਮੂਰਖ ਮਤਿ ਜੋ ਲਿਖਿ ਦਯੋ।
ਪਰਉਪਕਾਰ ਮਹਾਤਮ ਮਹਾਂ।
ਸੁਨਜੋ ਸੰਤ ਜਨ ਤੇ ਜਹਿਂ ਕਹਾਂ ॥੨੪॥
[1]ਇਕ ਪਰ ਕਰੇ ਅਧਿਕ ਕੱਲਜਾਨ।
ਬਨਹਿ ਦੇਸ਼ ਪਰ ਫਲਹਿ ਮਹਾਨ[1]।
ਲਾਖਹੁਂ ਸਿੱਖ ਗੁਰੂ ਕੇ ਹੋਇਂ।
ਭੋਗਹਿਂ ਰਾਜ ਧਰਾ ਪਰ ਸੋਇ ॥੨੫॥
ਸਭਿ ਪਰ ਮੁਰ ਹੋਵੈ ਉਪਕਾਰਾ।
ਇਸ ਸੋਂ ਅਧਿਕ ਨ ਅਪਰ ਬਿਚਾਰਾ।
ਸੋ ਕਾਗਦ ਅਬਿ ਪਾਰਨ ਕਰੈਂ।
ਸਭਿ ਸਿੱਖਨਿ ਕੋ ਗੁਰੂ ਸੰਭਰੈਂ ॥੨੬॥
ਇਹ ਜਾਚੌਂ ਮੈਂ- ਭਲੇ ਬਿਚਾਰਾ।
ਮਹਾਂ ਸਿੰਘ ਗੁਰ ਸੰਗ ਉਚਾਰਾ।
'ਮੱਦ੍ਰ ਦੇਸ਼ ਕੀ[1] ਸੰਗਤਿ ਹੁੱਟੀ।
ਪ੍ਰਭੁ ਜੀ ਰਾਵਰ ਕੇ ਸੰਗ ਟੁੱਟੀ ॥੨੭॥
ਬਰ ਦੈਬੇ ਜੇ ਮੁਝ ਇਛ ਧਾਰੀ।
ਤੌ ਕਰਿ ਕਰੁਨਾ ਮੇਲਹੁ ਸਾਰੀ।
ਸੋ ਸਿਖ ਹੋਹਿਂ ਗੁਰੂ ਤੁਮ ਰਹੋ।
ਸ਼੍ਰੀ ਮੁਖ ਤੇ ਅਬਿ ਇਹੁ ਬਰ ਕਹੋ' ॥੨੮॥
ਪ੍ਰਭੁ ਬੋਲੇ 'ਟੂਟੀ ਸੁ ਨਿਖੁੱਟੀ[1]।
ਕਜੋਂ ਮੇਲਹੁ ਤਿਹ ਜੋ ਡਰਿ ਹੁੱਟੀ[1]।
ਅਪਨੇ ਹਿਤ ਜਾਚਹੁ ਕੁਛ ਔਰੀ।

[1]ਭਾਵ ਇਕ ਪੁਰਖ ਉਪਰ ਉਪਕਾਰ ਕਰਨ ਤੇ ਬੜੀ ਕਲਜਾਨ ਹੁੰਦੀ ਹੈ ਪ੍ਰੰਤੂ ਇਹ ਉਪਕਾਰ ਤਾਂ ਦੇਸ਼ ਪਰ ਬਣੇਗਾ ਸੋ ਬਹੁਤਾ ਫਲੇਗਾ।

[1]ਮਾਝੇ ਦੀ।

[1]ਜੋ ਸਿੱਖੀ ਟੁੱਟੀ ਸੋ ਨਿਖੁੱਟ ਗਈ।

[1]ਡਰ ਕਰਕੇ ਹਟ ਗਈ।

ਦਿਉਂ ਤਤਕਾਲ ਖੁਸ਼ੀ ਲਖਿ ਮੋਰੀ'
॥੨੯॥
ਮਹਾਂ ਸਿੰਘ ਕਰ ਜੋਰਿ ਉਚਾਰੇ।
'ਪਾਤਿਸ਼ਾਹੁ ਸੁਤ ਸੇਵਕ ਸਾਰੇ।
ਭੂਲਹਿਂ ਬਹੁ ਅਪਰਾਧ ਕਮਾਵੈਂ।
ਤਉ ਪਿਤਾ ਮਨ ਕੋਪ ਨ ਲਜਾਵੈਂ ॥੩੦॥
ਅਪਨੋ ਜਾਨਿ ਬਖਸ਼ ਤਿਸ ਦੇਤਿ।
ਦੇ ਸਿੱਖਜਾ ਪੁਨ ਕਰੈਂ ਸੁਚੇਤ।
ਜੋ ਮੁਝ ਕੌ ਦੈਬੌ ਬਰ ਚਹੋ।
-ਟੂਟੀ ਮੇਲ ਲੇਹੁਂ ਬਚ ਕਹੋ ॥੩੧॥
ਇਸ ਬਿਨ ਇੱਛਾ ਮੋਹਿ ਨ ਔਰ।
ਦੇਹੁ ਆਪ ਸੋਢੀ ਸਿਰਮੌਰ !'
ਸਾਹਿਬ ਸੁਨੇ ਅਜਾਇਬ ਬੈਨ।
ਭਰੇ ਅਨੰਦ ਪ੍ਰਫੁੱਲਿਤ ਨੈਨ ॥੩੨॥
'ਵਾਹੁ ਖਾਲਸਾ ! ਸਿਖ ਮਮ ਧੰਨ।
ਪਰਉਪਕਾਰਿ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ।
ਰਾਜ ਭਾਗ ਤਿਸ ਦੇਸ਼ਹਿਂ ਦਏ ॥੩੩॥
'ਪ੍ਰਭੁ ਜੀ ਕਾਗਦ ਲੇਹੁ ਨਿਕਾਰਾ।
ਹਮਰੋ ਲਿਖਯੋ ਜੇਬ ਜੋ ਡਾਰਾ।
ਮਮ ਦਿਖਾਇ ਸੋ ਦੀਜੈ ਫਾਰਿ।
ਸਫਲ ਹੋਇ ਮੇਰੋ ਉਪਕਾਰ' ॥੩੪॥
ਸੁਨਿ ਸਤਿਗੁਰ ਤਤਕਾਲ ਨਿਕਾਸਾ।
ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ।
'ਲਿਹੁ ਬਿਲੋਕਿ ਪਾੜਹਿਂ ਦਿਖਰਾਇ।'
ਇਮ ਕਹਿ ਚੀਰਯੋ ਬੀਚ ਬਨਾਇ
॥੩੫॥
ਹੇਰਤਿ ਹਰਖਮਾਨ ਉਰ ਹੋਵਾ।
'ਕਾਗਦ ਫਟਯੋ ਦਰਸ ਗੁਰ ਜੋਵਾ।
ਆਇਸੁ ਦੇਹੁ ਪ੍ਰਲੋਕ ਸਿਧਾਵੌਂ।
ਦਰਸ਼ਨ ਕਰਤਿ ਅਧਿਕ ਫਲ ਪਾਵੌਂ'
॥੩੬॥

'ਜਾਹੁ ਮਹਾਂ ਸਿੰਘ ! ਜਹਿਂ ਮਮ ਲੋਕ।
ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ।
ਤਿਸ ਕੋ ਫਲ ਤੁਹਿ ਭਯੋ ਅਪਾਰ'
॥੩੭॥
ਸਤਿਗੁਰ ਬਚਨ ਹੋਤਿ ਭਾ ਜਬੈ।
ਮਹਾਂ ਸਿੰਘ ਤਨ ਤਜਾਗਯੋ ਤਬੈ।
ਪ੍ਰਭੁ ਪਿਖਿ ਇਤ ਉਤ ਝਾੜ ਉਜਾੜ।
ਬੋਲੇ ਸ਼੍ਰੀ ਮੁਖ 'ਸੁਨਹੁਂ ਬਿਰਾੜ ! ॥੩੮॥
ਚਾਲੀ ਸਿੰਘਨਿ ਲੋਥ ਉਠਾਵੋ।
ਈਂਧਨ ਗਨ ਬਟੋਰ ਕਰਿ ਲਜਾਵੋ।
ਇਕ ਥਲ ਦੀਰਘ ਚਿਤਾ ਬਨਾਵਹੁ।
ਸਸਕਾਰਹੁ ਸਭਿ ਬਿਲਮ ਨ ਲਾਵਹੁ'
॥੩੯॥
ਜੇ ਸੰਗੀ, ਸੁਨਿ ਕੈ ਤਤਕਾਲਾ।
ਸੂਕੇ ਕਾਸ਼ਟ ਸੰਚਿ ਬਿਸਾਲਾ।
ਬੀਨ ਬੀਨ ਸਿੰਘਨ ਕਹੁ ਆਨਾ।
ਪਰਜੋ ਸਮੂਹ ਮਰਜੋ ਤੁਰਕਾਨਾ ॥੪੦॥
ਲਰੇ ਮਰੇ ਮਿਲਿ ਤਿਨ ਮਹੁਂ ਪਰੇ।
ਜਹਿਂ ਸੰਗ੍ਰਾਮ ਖੇਤ ਬਡ ਕਰੇ।
ਬਹੁ ਸਿੰਘਨ ਤਤਕਾਲ ਉਠਾਏ।
ਬਡੀ ਚਿਤਾ ਕੇ ਬੀਚ ਟਿਕਾਏ ॥੪੧॥
ਊਪਰ ਸਮਧਾ ਧਰਿ ਸਮੁਦਾਈ।
ਕਰਿ ਅਗਨੀ ਪਰਜ੍ਵਲਤਿ ਲਗਾਈ।
ਆਪ ਖਰੇ ਸਤਿਗੁਰ ਤਹਿਂ ਭਏ।
ਭਸਮ ਦੇਹ ਸਗਰੇ ਕਰਿ ਦਏ ॥੪੨॥
ਮਹਿਮਾ ਅਧਿਕ ਸਰੋਵਰ ਕੇਰੀ।
ਸ਼੍ਰੀ ਮੁਖ ਤੇ ਬਰਨੀ ਬਹੁਤੇਰੀ।
'ਜਹਿਂ ਰਿਖਿ ਏਕ ਸਾਧ ਤਪੁ ਮਰੈ[1]।
-ਪੁੰਨ ਸਥਾਨ ਤਾਂਹਿ ਜਗ ਰਰੈ- ॥੪੩॥
ਇਸ ਥਾਨ ਸਿੰਘ ਸਿਦਕ ਬਹੁ ਬਡੇ।
ਲਰਿ ਤੁਰਕਨਿ ਮਨ ਤਨ ਸਭਿ ਛਡੇ।

[1]ਤਪ ਸਾਧ ਕੇ ਮਰੇ।

ਮਕ੍ਰ ਸੰਕਰਖਣ ਅਰਕੀ ਹੋਇ[1]।

[1]ਮਕਰ (ਰਾਸ਼ੀ ਵਿਚ) ਸੂਰਜ ਹੋਵੇ (ਅਰਥਾਤ) ਮਾਘ ਦੀ ਸੰਗ੍ਰਾਂਦ ਜਿਸ ਦਿਨ ਹੋਵੇ, [ਮਕਰ=ਮਕਰ, ਰਾਸ਼ੀ। ਅਰਕੀ=ਸੂਰਜ। ਸੰਕਰਖਣ ਤੋਂ ਮੁਰਾਦ ਸੰਕ੍ਰਖ਼ਣ=ਸੰਕ੍ਰਾਂਤ ਦੀ ਹੈ]। (ਅ) (ਜਦੋਂ) ਮਕਰ (ਰਾਸ਼ੀ ਵਿਚ) ਸੂਰਜ ਪਰਵੇਸ਼ ਕਰੇ। [ਸੰਕਰਖਣ=ਭਲੀ ਪ੍ਰਕਾਰ ਖਿੱਚੇ ਜਾਣਾ ਭਾਵ ਪਰਵੇਸ਼ ਕਰਨਾ]।

ਆਨ ਸ਼ਨਾਨਹਿ ਜੇ ਨਰ ਕੋਇ ॥੪੪॥
ਮਨੋਕਾਮਨਾ ਪ੍ਰਾਪਤਿ ਸੋਊ।
ਪਾਪ ਕਰੇ ਗਨ ਬਯ ਸਭਿ ਖੋਊ।
ਬੰਦਹਿ ਗੰਜ ਸ਼ਹੀਦਨ ਕੇਰਾ[1]।
ਧਨ ਦੇਵਹਿ, ਨਿਤ ਵਧਹਿ ਵਧੇਰਾ ॥੪੫॥

[1]ਸ਼ਹੀਦਗੰਜ ਨੂੰ ਜੋ ਨਮਸਕਾਰ ਕਰੇਗਾ।

ਅਬਿ ਤੇ ਨਾਮ ਮੁਕਤਿਸਰ ਹੋਇ।
ਖਿਦਰਾਣਾ ਇਸ ਕਹੈ ਨ ਕੋਇ।
ਇਸ ਥਲ ਮੁਕਤਿ ਭਏ ਸਿਖ ਚਾਲੀ।
ਜੋ ਨਿਸ਼ਪਾਪ ਘਾਲ ਬਹੁ ਘਾਲੀ ॥੪੬॥
ਯਾਂ ਤੇ ਨਾਮ ਮੁਕਤਿਸਰ ਹੋਵਾ।
ਜੋ ਮੱਜਹਿਂ ਤਿਨ ਹੀ ਅਘ ਖੋਵਾ।'
ਅਸ ਮਹਿਮਾ ਸ੍ਰੀ ਮੁਖ ਤੇ ਕਹੀ।
ਸੋ ਅਬਿ ਪ੍ਰਗਟ ਜਗਤ ਮੈਂ ਸਹੀ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਿਸਰ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

## ੧੩. [ਮਾਈ ਭਾਗੋ। ਚਿਰਜੀਵੀ ਨੂੰ ਤਾਰਨਾ]

੧੨<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਦਾਹ ਕਰੇ ਸਿਖ ਖਰੇ ਗੁਰ, ਏਕ ਸਿੰਘ ਤਬਿ ਆਇ।
ਹਾਥ ਜੋਰਿ ਬੋਲਤਿ ਭਯੋ 'ਨਾਰਿ† ਪਰੀ ਇਕ ਥਾਇਂ ॥੧॥

†ਇਹ ਮਾਈ ਭਾਗੋ ਸੀ ਜਿਸ ਦਾ ਕੁਝ ਹਾਲ ਕਵੀ ਜੀ ਅੱਗੇ ਇਸੇ ਐਨ ਦੇ ਅੰਸੂ ੨੨ ਵਿਖੇ ਲਿਖਦੇ ਹਨ ਤੇ ਨਾਮ ਵੀ ਉਥੇ ਦੱਸ ਦਿੱਤਾ ਨੇ ਤੇ ਪਿੱਛੇ ਅੰਸੂ ੧੧ ਦੇ ਅੰਕ ੧ ਵਿਚ ਵੀ ਦੱਸ ਆਏ ਹਨ। ਇਹ ਸਾਖੀ ਸਾਖੀ ਪੋਥੀ ਦੀ ਹੈ।

ਚੌਪਈ:

ਲਖਿਯਤਿ ਲਰੀ ਸੰਗ ਤੁਰਕਾਨੇ।
ਕੇਤਿਕ ਘਾਉ ਲਗੇ ਤਨ ਜਾਨੇ।
ਰਹੀ ਜੀਵਤੀ ਬਿਹਬਲ ਨਾਂਹੀ।
ਸ਼੍ਰੀ ਪ੍ਰਭੁ ਆਪ ਦੇਖੀਅਹਿ ਤਾਂਹੀ' ॥੨॥
ਸੁਨਿ ਗੁਰ ਮੰਦ ਮੰਦ ਮੁਸਕਾਏ।
ਗਮਨੇ ਤਹਿਂ ਸਿਖ ਕਰਿ ਅਗਵਾਏ।
ਝਾਰਨ ਬੀਚ ਪਰੀ ਪਟ ਫੱਟੇ।
ਕੇਤਿਕ ਸ਼ਸਤ੍ਰ ਲਗੇ ਪਲ ਕੱਟੇ[1] ॥੩॥

[1]ਮਾਸ ਕੱਟਿਆ ਹੈ।

ਜਾਇ ਖਰੇ ਸਤਿਗੁਰੂ ਨਿਹਾਰੀ।
ਸ਼੍ਰੀ ਮੁਖ ਤੇ ਮੁਸਕਾਇ ਉਚਾਰੀ।
'ਪੁੱਤਾਂ ਕਾਰਣ ਆਈਅਹਿ ਪੀਰੀ[1]।
ਸੁੱਥਣ ਲਾਹਿ ਲਈ ਬੇਪੀਰੀ†' ॥੪॥

[1]ਪੀਰਾਂ (ਗੁਰਾਂ) ਪਾਸ ਪੁੱਤਾਂ ਲਈ ਆਈ ਸੀ।

†ਭਾਵ, ਪੁੱਤ ਹੋਵੇ ਮੇਰੇ ਘਰ, ਇਸ ਗੱਲ ਦੀ ਅਸੀਸ ਲੈਣ ਲਈ ਗੁਰਾਂ ਪਾਸ ਆਈ ਸੈਂ ਪਰ ਤੂੰ ਇਸ ਪੀੜਾ ਤੋਂ ਬੇਪੀੜ ਹੋਕੇ (ਸੁੱਥਣ ਲਾਹਕੇ) ਭਾਵ ਜ਼ਨਾਨਾ ਵੇਸ ਛੱਡਕੇ ਮਰਦਾਨਾ ਵੇਸ ਕਰ ਲਿਆ (ਲੜਾਈ ਕਰਨ ਲਈ)। ਪਰੰਤੂ ਜਾਪਦਾ ਹੈ ਕਿ ਸ਼ੁਧ ਪਾਠ ਐਉਂ ਸੀ:-'ਸੈਹਥਿ ਲਾਇ ਲਈ ਬੇਪੀਰੀ। ' ਅਰਥਾਤ ਪੀੜਾਂ ਤੋਂ ਬੇਪੀੜ ਹੋਕੇ ਤੈਂ ਬਰਛਾ ਧਾਰਨ ਕਰ ਲਿਆ। ਇਸ ਜੰਗ ਵਿਚ ਮਾਈ ਨੇ ਤੁਰਕ ਬਹੁਤੇ ਮਾਰੇ ਸੇ, ਸੋ ਬਰਛਾ ਹੁਣ ਤਕ ਹਜ਼ੂਰ ਸਾਹਿਬ ਪਿਆ ਹੈ। ਅੰਕ ੮ ਵਿਚ ਮਾਈ ਆਪਣੇ ਹੱਥ ਵਿਚ ਸਾਂਗ ਦਾ ਆਪ ਪਤਾ ਦੇ ਰਹੀ ਹੈ, ਸਾਂਗ ਇਕ ਤਰ੍ਹਾਂ ਦੀ ਬਰਛੀ ਦਾ ਹੀ ਨਾਮ ਹੈ। ਗਜ਼ਾਨੀ ਬੇਪੀਰੀ ਦਾ ਅਰਥ 'ਬੇਪੀਰੇ ਦੁਸ਼ਮਨਾਂ ਨੂੰ ਮਾਰਨ ਲਈ ਸੁੱਥਣ ਲਾਹਕੇ ਕਛ ਧਾਰਨ ਕਰ ਲਈ' ਬੀ ਕਰਦੇ ਹਨ। ਅਸਲ ਗੱਲ ਇਹ ਸੀ ਕਿ ਮਾਈ ਭਾਗੋ ਇਸ ਵੇਲੇ ਮਰਦਾਵੇਂ ਵੇਸ ਵਿਚ ਲੜ ਰਹੀ ਸੀ। ਵੇਸ ਉਤਾਰਕੇ ਨਗਨ ਰਹਿਣ ਦੀ ਹਾਲਤ ਅਗੇ ਆਵੇਗੀ, ਜਦੋਂ ਉਹ ਗਜਾਤ ਗੇਯ ਹੋਕੇ ਆਤਮ ਉਨਮੱਤਤਾ ਵਿਚ ਚਲੀ ਗਈ, ਪਰ ਮਿਰਯਾਦਾ ਪੁਰਸ਼ੋਤਮ ਸਤਿਗੁਰੂ ਨੇ ਉਸ ਨੂੰ ਫਿਰ ਬਸਤ੍ਰ ਪਹਿਰਵਾਏ। ਦੇਖੋ ਅਗੇ ਅੰਸੂ ੨੨ ਅੰਕ ੩੬ ਤੋਂ ੪੧। ਇਹ ਪ੍ਰਸੰਗ ਗੁਰਬਿਲਾਸ, ਮਹਿਮਾ ਪ੍ਰਕਾਸ਼ ਤੇ ਗੁਰ ਸ਼ੋਭਾ ਵਿਖੇ ਨਹੀਂ ਹੈ। ਸਾਖੀ: ਪੋਥੀ ਵਿਚ ਪਾਠ ਮਿਲਦਾ ਹੈ 'ਸੁਥਣ ਲਾਹ ਲਈ ਫਕੀਰੀ' ਜਿਸ ਦਾ ਅਰਥ ਹੈ ਕਿ ਆਈ ਤਾਂ ਪੁਤ ਲੈਣ ਸੀ, ਪਰ ਮਰਦਾਨਾ ਵੇਸ ਫਕੀਰੀ ਦਾ ਧਾਰਨ ਕਰ ਲਿਆ।

ਇਮ ਕਹਿ ਕਰੁਨਾ ਦ੍ਰਿਸ਼ਟਿ ਨਿਹਾਰੀ।
ਤਨ ਘਾਵਨ ਕੀ ਪੀਰ ਬਿਦਾਰੀ?

'ਉਠਿ ਤੂੰ ਚਲੀਅਹਿ ਸੰਗ ਹਮਾਰੇ।
ਚਹੈਂ ਮਨਰੋਥ ਪੁਰਵੈਂ ਸਾਰੇ' ॥੫॥
ਸੁਨਿ ਕਰਿ ਉਠੀ ਬੰਦਨਾ ਠਾਨੀ।
ਅਧਿਕ ਅਨੰਦਤਿ ਗਿਰਾ ਬਖਾਨੀ।
'ਜਬਿ ਮਾਝੇ ਤੇ ਸਿਖ ਗਨ ਚਲੇ।
ਰਾਵਰ ਕੇ ਦਰਸ਼ਨ ਹਿਤ ਮਿਲੇ ॥੬॥
ਤਬਿ ਮੈਂ ਸੁਤ ਕੀ ਧਰਿ ਉਰ ਆਸਾ।
ਪਹੁੰਚੀ ਆਇ ਤੁਮਾਰੇ ਪਾਸਾ।
ਇਹਾਂ ਲਰਨ ਕੋ ਕਾਰਨ ਹੇਰਾ।
ਗੁਰ ਹਿਤ ਉਮਕਯੋ ਹੀਯ ਘਨੇਰਾ ॥੭॥
ਮਿਲਿ ਸਿੰਘਨ ਕੇ ਸੰਗ ਇਥਾਈਂ।
ਤੁਰਕਨ ਸਾਥ ਮਚਾਇ ਲਰਾਈ।
ਹੁਤੀ ਸਾਂਗ ਗਰਵੀ ਕਰ ਮੇਰੇ।
ਦੁਸ਼ਮਨ ਆਨਿ ਢੁਕਯੋ ਜਬਿ ਨੇਰੇ ॥੮॥
ਬਲ ਤੇ ਹਤੀ ਪਰੋਵਨ ਕੀਨਾ।
ਐਂਚਿ ਤੁਰੰਗ ਤੇ ਡਾਰਿ ਸੁ ਦੀਨਾ।
ਅਪਰ ਆਨਿ ਕੈ[1] ਖੈਂਚਿ ਕ੍ਰਿਪਾਨ। [1]ਹੋਰ ਨੇ ਆਨਕੇ (ਮੇਰੇ ਪਰ)।
ਇਕ ਦੁਇ ਵਾਰ ਕਰੇ ਬਲ ਠਾਨਿ ॥੯॥
ਰਾਵਰਿ ਦੇ ਕਰਿ ਹਾਥ ਬਚਾਈ।
ਅਬਿ ਬਾਂਛਾ ਮੁਝ ਰਹੀ ਨ ਕਾਈ।
ਸਤਿਗੁਰ ਸੰਗ ਰਹੌਂ ਨਿਤ ਅਬੈ।
ਜਗਤ ਕਾਨ ਕੀ ਲਜ ਤਜਿ ਸਬੈ' ॥੧੦॥
ਬਿਕਸੇ ਸਤਿਗੁਰ ਬਾਕ ਉਚਾਰਾ।
'ਭਲੋ ਮਨੋਰਥ ਤੈਂ ਉਰ ਧਾਰਾ।
ਜਨਮ ਮਰਨ ਤੇ ਅਬਿ ਛੁਟਿ ਜੈਹੈਂ।
ਲੋਕ ਲਾਜ ਕੋ ਤਜਾਗਨ ਕੈਹੈਂ' ॥੧੧॥
ਇਸ ਪ੍ਰਕਾਰ ਕਰਿ ਕੈ ਕ੍ਰਿਤ ਸਾਰੀ।
ਮਹਾਂ ਸਿੰਘ ਕੀ ਬਾਤ ਚਿਤਾਰੀ[1]। [1]ਗੁਰੂ ਜੀ ਨੇ।
-ਕੀਨੋ ਮਹਾਂ ਸਿੰਘ ਉਪਕਾਰਾ।
ਅਪਰ ਨ ਲੀਨਸਿ[1] ਰਹੇ ਉਚਾਰਾ ॥੧੨॥ [1]ਹੋਰ (ਕੁਛ) ਨਾ ਲਿਆ।
ਮੇਲ ਲਈ ਟੂਟੀ ਸਭਿ ਸੰਗਤਿ।

ਭਏ ਪ੍ਰਵੇਸ਼ ਗੁਰੂ ਕੀ ਪੰਗਤ-।
ਸੰਗੀ ਸਭਿਨਿ ਸੁਨਾਇ ਬਖਾਨਾ।
'ਭਲੋ ਕਾਜ ਕੀਨਸਿ ਹਿਤ ਠਾਨਾ ॥੧੩॥
ਗੁਰ ਸਿੱਖੀ ਕੀ ਬਡ ਬੁਨਿਆਦ।
ਬਿਗਰੀ ਗਈ ਹੁਤੀ ਸੋ ਬਾਦ।
ਬਹੁਰ ਮਿਲਿਨ ਕੋ ਵਖਤ ਨ ਕੋਈ।
ਪ੍ਰਾਨ ਦੇਨਿ ਲੌਂ ਕਬਿ ਕ੍ਰਿਤ ਹੋਈ[1] ॥੧੪॥

[1]ਪ੍ਰਾਨ ਤਜਾਗਣ ਤਕ ਦੀ ਕਾਰ ਕਦ ਹੋਣੀ ਸੀ।

ਪੁਨ ਐਸੋ ਹੋਵਨਿ ਉਪਕਾਰੀ।
ਤਜਿ ਨਿਜ ਹਿਤ ਇਹ ਬਾਤ ਸੁਧਾਰੀ।
ਗੁਰ ਸਿੱਖੀ ਰੱਖੀ ਤਿਸ ਦੇਸ਼ੂ।
ਹੁਤੇ ਕਦੀਮੀ ਸਿੱਖ ਅਸ਼ੇਸ਼ੂ ॥੧੫॥
ਸ਼੍ਰੀ ਗੁਰੁ ਨਾਨਕ ਆਦਿਕ ਔਰ।
ਬਿਚਰੇ ਬਸੇ ਅਧਿਕ ਤਿਸ ਠੌਰ[1]।

[1]ਭਾਵ ਮਾਝੇ ਵਿਚ।

ਸਹੇ ਨਹੀਂ ਕਸਵੱਟੀ ਅਬਿ ਕੀ।
ਖਾਰਜ ਸਿੱਖੀ ਕੀਨਸਿ ਤਬਿ ਕੀ ॥੧੬॥
ਮਹਾਂ ਸਿੰਘ ਬਨਿ ਮਹਾਂ ਸਿੰਘ ਅਬਿ[1]।

[1]ਵੱਡਾ ਸੂਰਮਾ ਬਣਕੇ।

ਬਰ ਲੈ ਦੇਸ਼ ਉਧਾਰ ਦਯੋ ਸਬਿ।'
ਇਮ ਸ਼੍ਰੀ ਪ੍ਰਭੁ ਬਹੁ ਬਾਰ ਉਚਾਰੀ।
ਟੂਟੀ ਮੇਲਨ ਬਾਤ ਚਿਤਾਰੀ ॥੧੭॥
ਭੂਤ ਭਵਿੱਖ ਵਿਚਾਰ ਪ੍ਰਸੰਗ।
ਭਏ ਅਨੰਦ ਪ੍ਰਭੂ ਸਰਬੰਗ।
ਖਾਨਾ[1] ਗਯੋ ਕਪੂਰੇ ਪਾਸ।

[1]ਚੌਧਰੀ ਕਪੂਰੇ ਦਾ ਆਦਮੀ ਜੋ ਗੁਰੂ ਜੀ ਦੇ ਨਾਲ 'ਮੁਰੱਖਾ' ਹੋਕੇ ਆਯਾ ਸੀ।

ਗੁਰ ਕੀ ਗਤਿ ਨਹਿਂ ਕਰੀ ਪ੍ਰਕਾਸ਼ ॥੧੮॥
ਤੂਸ਼ਨ ਹੀ ਲਸ਼ਕਰ ਮਹਿਂ ਰਹੈ।
ਬਿਦਤਹਿ ਗੁਰੂ ਆਪ ਹੀ ਲਹੈ[1]।

[1]ਜਦ ਗੁਰੂ ਜੀ ਪ੍ਰਗਟ (ਤੁਰਕ ਲਸ਼ਕਰ) ਹੋਣਗੇ ਆਪ ਹੀ ਜਾਣ ਲਏਗਾ।

ਥਲ ਜਲ ਹੀਨ ਜਾਨਿ ਗੁਨ ਖਾਨੀ।
ਚਲਿਬੇ ਹੇਤੁ ਚਹਯੋ ਅਗੁਵਾਨੀ ॥੧੯॥
ਰਾਖੇ ਚਾਕਰ ਜੇ ਬੈਰਾੜ।
'ਚਲਹੁ ਅੱਗ੍ਰ ਤੁਮ ਪਿਖੀ ਉਜਾੜ।
ਨਿਰਮਲ ਜਲ ਕੋ ਥਲ ਜਿਤ ਪਾਵਹੁ।

ਚਲਹੁ ਸ਼ੀਘ੍ਰ ਤਹਿਂ ਸਿਵਰ ਟਿਕਾਵਹੁ' ॥੨੦॥
[†]ਇਮ ਕਹਿ ਤੋਰਿ ਤੁਰੰਗਮ ਚਲੇ।
ਇਕ ਸਰਾਇ ਹੇਰੀ ਥਲ ਭਲੇ।
ਤਹੀਂ ਸਰੋਵਰ ਸੁੰਦਰ ਹੇਰਾ।
ਤਿਸ ਕੇ ਤੀਰ ਕਰਜੋ ਗੁਰ ਡੇਰਾ ॥੨੧॥
ਜਹਿਂ ਕਹਿਂ ਉਤਰਿ ਤੁਰੰਗ ਲਗਾਏ।
ਤ੍ਰਿਣ ਕਾਸ਼ਟ ਇਕਠੇ ਕਰਿਵਾਏ।
ਬਿਚਰਤਿ ਭਏ ਸਿੰਘ ਜਹਿਂ ਕਹਾਂ।
ਏਕ ਸਾਧ ਕੋ ਆਸ਼੍ਰਮ ਤਹਾਂ ॥੨੨॥
ਬੂਝਨਿ ਲਗਜੋ ਸੇਵਕਨਿ ਸੋਈ।
'ਪਰਲੇ ਤੀਰ ਤਾਲ ਕੇ ਹੋਈ।
ਉਤਰਜੋ ਕੌਨ ਬੋਲ ਸੁਨੀਅੰਤੇ?
ਕਿਤ ਤੇ ਆਇ ਕਹਾਂ ਗਮਨੰਤੇ?' ॥੨੩॥
ਤਿਸ ਕੇ ਦਾਸਨ ਦਯੋ ਬਤਾਈ।
'ਗੁਰੂ ਮਰੇਲਾ[1] ਉਤਰਜੋ ਆਈ'।
ਤੁਰਕਨਿ ਸੰਗ ਜੰਗ ਕਰਿ ਭਾਰੇ।
ਕੇਤੀ ਬਾਰ ਹਜ਼ਾਰਹੁ ਗਾਰੇ' ॥੨੪॥
ਸੁਨਤਿ ਸਾਧ ਬੂਝਨ ਲਗਿ ਫੇਰੀ।
'ਆਰਬਲਾ ਕੇਤੀ ਗੁਰ ਕੇਰੀ?
ਕੇਤਿਕ ਸਿਖ ਸੇਵਕ ਹੈਂ ਸੰਗ?
ਉਤਰਜੋ ਆਨ ਕਰਤਿ ਹੀ ਜੰਗ' ॥੨੫॥
ਤਹਾਂ ਸਿੰਘ ਸੋ ਬਿਚਰਤਿ ਗਏ।
ਬੂਝੀ ਬਾਤ ਬਤਾਵਤ ਭਏ।
'ਬਰਸ ਤੀਸ ਤੇ ਊਪਰ ਚਰੇ।
ਚਾਲੀ ਸੰਮਤ ਕੇ ਲਖਿ ਤਰੇ[1]' ॥੨੬॥
ਸੁਨਤਿ ਸਾਧ ਤਰਕਤਿ ਕਹਿ ਬੈਨਾ।
'ਤਿਸ ਗੁਰ ਤੇ ਹਮ ਨੇ ਕਜਾ ਲੈਨਾ।

[†]ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

[1](ਤੁਰਕਾਂ ਦੇ) ਮਾਰਨ ਵਾਲਾ ਗੁਰੂ। ਮੁਸਲਮਾਨਾਂ ਨੇ ਨਫਰਤ ਨਾਲ ਦਸਮੇ ਸਤਿਗੁਰੂ ਜੀ ਦਾ ਇਹ ਨਾਮ ਧਰਿਆ ਸੀ। ਭਾਈ ਅੱਡਨ ਜੀ ਦੀਆਂ ਸਾਖੀਆਂ ਵਿਚ ਬੀ ਇਹ ਪਦ ਮੁਸਲਮਾਨਾਂ ਵਲੋਂ ਗੁਰੂ ਜੀ ਦੀ ਸ਼ਾਨ ਵਿਚ ਵਰਤੀਂਦਾ ਆਯਾ ਹੈ।

[1]ਹੇਠਾਂ।

ਸਧੀ ਸਾਧਨਾ ਹੋਇ ਨ ਕੋਈ।
ਸ਼ਾਂਤਿ ਸਮੇਤ ਨਹੀਂ ਚਿਤ ਹੋਈ' ॥੨੭॥
ਤਿਸ ਕੋ ਕਹ੍ਯੋ ਸਿੰਘ ਸੁਨਿ ਆਏ।
ਤਰਕ ਰਿਦੇ ਕਰਕਤਿ ਖੁਨਸਾਏ[1]।
ਮਿਲੇ ਆਨਿ ਜਬਿ ਸਤਿਗੁਰ ਪਾਸ।
ਕਹੀ ਸਾਧ ਕੀ ਕਰੀ ਪ੍ਰਕਾਸ਼ ॥੨੮॥
ਸੁਨਿ ਗੁਰ ਕਹ੍ਯੋ 'ਸਾਧ ਬਹੁ ਦਿਨ ਕੋ।
ਆਰਬਲਾ ਗੁਮਾਨ ਬਹੁ ਮਨ ਕੋ।'
ਕਿਤਿਕ ਚੇਲਕਾ ਤਿਸ ਕੇ ਆਇ[1]।
-ਦਰਸ਼ਨ ਕਰਹਿਂ- ਥਿਰੇ ਤਿਸ ਥਾਂਇ ॥੨੯॥
ਤਬਿ ਸਿੱਖਨਿ ਬੂਝ੍ਯੋ ਪ੍ਰਭੁ ਸਾਥ।
'ਬੈਸ ਸਾਧ ਕੀ ਕੇਤਿਕ ਨਾਥ!
ਜਿਸ ਕੋ ਕਰਿ ਗੁਮਾਨ ਬਹੁ ਰਹ੍ਯੋ।
ਤਰਕਤਿ ਰਾਵਰ ਕੋ ਬਚ ਕਹ੍ਯੋ' ॥੩੦॥
ਗੁਰ ਕਹਿਂ 'ਪੰਚ ਹਜ਼ਾਰਨ ਬਰਸ।
ਖਟ ਵੀਹਾਂ ਊਪਰ ਭੇ ਸਰਸ[1]।
ਸ੍ਵਾਸ ਟਿਕਾਇ ਸਮਾਧਿ ਲਗਾਵੈ।
ਬੈਸੇ ਸੰਮਤ ਕਿਤਿਕ ਬਿਤਾਵੈ ॥੩੧॥
ਕਬਿ ਕਬਿ ਤਜਨ ਸਮਾਧੀ ਕਰੈ।
ਬੋਲ ਬਿਲੋਕਹਿ ਇਤ ਉਤ ਫਿਰੈ[1]।'
ਸੁਨਤਿ ਚੇਲਕਾ ਬਹੁ ਬਿਸਮਾਏ।
ਅਪਨੇ ਗੁਰੂ ਸਾਧ ਢਿਗ ਆਏ[1] ॥੩੨॥
'ਹੇ ਮਹੰਤ ਜੀ! ਸਿਖ ਸੁਨਿ ਗਏ।
ਤੁਮਰੀ ਕਹੀ ਬਤਾਵਤਿ ਭਏ।
ਬਿਕਸਿ ਬਦਨ ਤੇ ਗੁਰੂ ਬਖਾਨੀ।
-ਆਰਬਲਾ ਕੋ ਸਾਧ ਗੁਮਾਨੀ- ॥੩੩॥
ਸਿੰਘਨਿ ਬੂਝੀ ਬੈਸ ਤੁਮਾਰੀ।
ਸੋ ਸਗਰੀ ਤਤਕਾਲ ਉਚਾਰੀ।
-ਪੰਜ ਹਜ਼ਾਰ ਛਿਬੀਹਾ ਔਰ[1]-।
ਹਮ ਨੇ ਸੁਨੀ ਹੁਤੇ ਤਿਸ ਠੌਰ' ॥੩੪॥

[1]ਤਰਕ ਰਿਦੇ ਵਿਚ ਕੜਕਦੀ ਹੈ ਤੇ ਖੁਣਸਦੇ ਹਨ।

[1]ਆਏ (ਗੁਰੂ ਜੀ ਪਾਸ)।

[1]ਪੰਜ ਹਜ਼ਾਰ ਤੇ ਛੇ ਵੀਹਾਂ ਉਪਰ ਵੱਧ ਹਨ ਭਾਵ ੫੧੨੦ ਸਾਲ।

[1]ਬੋਲਦਾ ਹੈ ਦੇਖਦਾ ਹੈ ਤੇ ਫਿਰਦਾ ਟੁਰਦਾ ਹੈ ਇਧਰ ਉਧਰ।

[1]ਆਪਣੇ ਗੁਰੂ ਭਾਵ ਸਾਧ ਪਾਸ ਆਏ।

[1]ਛੇ ਵੀਹਾਂ ਹੋਰ।

ਕਹਤਿ ਸਾਧ ਆਚਰਜ ਸਮੇਤੀ।
'ਇਤਿਕ ਬੈਸ ਮਹਿਂ, ਸੋਝੀ ਏਤੀ।
ਸਕਲ ਕਲਾ ਸਮਰਥ ਗੁਰ ਪੂਰਾ।
ਕਰਨ ਉਚਿਤ ਤਿਨ ਦਰਸ਼ਨ ਰੂਰਾ' ॥ ੩੫ ॥
ਉਠ੍ਯੋ ਤੁਰਤ ਲੇ ਹਾਥ ਸਟੋਰੀ[1]।

[1]ਸੋਟੀ।

ਸਨੇ ਸਨੇ ਗਮਨ੍ਯੋਂ ਪ੍ਰਭੁ ਓਰੀ।
ਆਗੈ ਗੁਰ ਕੋ ਲਗ੍ਯੋ ਦਿਵਾਨ।
ਕਰਤਿ ਸਿੰਘ ਰਹੁਰਾਸ ਬਖਾਨ ॥ ੩੬ ॥
ਨਿਕਟ ਪਹੁੰਚਿ ਕਰਿ ਠਾਂਢੋ ਰਹ੍ਯੋ।
ਸ਼੍ਰੀ ਪ੍ਰਭੁ ਤਿਸ ਬਿਲੋਕਿ ਕਰਿ ਕਹ੍ਯੋ।
'ਸਾਧੋ ! ਬੈਠਿ ਜਾਹੁ ਕ੍ਯੋਂ ਖਰ੍ਯੋ।'
ਸੁਨਤਿ ਪ੍ਰਨਾਮ ਗੁਰੂ ਕੋ ਕਰ੍ਯੋ ॥ ੩੭ ॥
ਬੈਠਿ ਗਯੋ ਸਿੰਘਨਿ ਮਹਿਂ ਮਿਲਿ ਕਰਿ।
ਸੁਨਤਿ ਰਹ੍ਯੋ ਰਹਿਰਾਸ ਪ੍ਰੇਮ ਧਰਿ।
ਜਬਿ ਅਰਦਾਸ ਭੋਗ ਪਰਿ ਗਯੋ।
ਸਾਧ ਜੋਰਿ ਕਰ ਉਚਰਤਿ ਭਯੋ ॥ ੩੮ ॥
'ਚਰਨ ਕਮਲ ਸੋਂ ਮੋਹਿ ਲਗਾਵਹੁ।
ਸਿੱਖ ਕਰਹੁ ਨਿਜ ਰੂਪ ਬੁਝਾਵਹੁ।
ਤੁਮਰੇ ਦਰਸ਼ਨ ਪਰ ਬਲਿਹਾਰੀ।
ਸਕਲ ਕਲਾ ਸਮਰਥ ਗੁਨ ਭਾਰੀ' ॥ ੩੯ ॥
ਬਿਕਸਿ ਬਦਨ ਤੇ ਸ਼੍ਰੀ ਪ੍ਰਭੁ ਕਹੈਂ।
'ਤੂੰ ਤੋ ਆਗੇ ਹੀ ਸਿਖ ਅਹੈਂ।
ਕੈਵਲ[1] ਕੇ ਸਾਧਨ ਬਹੁ ਸਾਧੇ।

[1]ਮੁਕਤੀ। ਯੋਗ ਦਰਸ਼ਨ ਵਿਚ ਵਰਣਨ ਹੋਈ ਮੁਕਤੀ।

ਅਧਿਕ ਸਮਾਧਿ ਅਗਾਧ ਅਰਾਧੇ[1] ॥ ੪੦ ॥

[1]ਬਹੁਤ ਸਮਾਧੀਆਂ ਵਿਚ ਅਗਾਧ ਨੂੰ ਅਰਾਧਿਆ ਹੈ।

ਕਰਹੁ ਅਕਾਲ ਪੁਰਖ ਕੋ ਬੰਦਨ।
ਬੰਦਨ ਹੋਵੈਂ ਬੰਧੁ ਨਿਕੰਦਨ[1]।'

[1]ਨਮਸਕਾਰ ਨਾਲ (ਜਨਮ ਮਰਨ) ਦੇ ਬੰਧਨ ਨਾਸ਼ ਹੋਣਗੇ। (ਅ) ਬੰਨ੍ਹਣ ਵਾਲੇ ਬੰਧਨ ਨਿਕੰਦ ਹੋਣਗੇ। (ੲ) ਬੰਧਨ ਟੁੱਟ ਜਾਣਗੇ (ਤੇ ਫਿਰ) ਬੰਦ (ਕੈਦ) ਨਹੀਂ ਹੋਵੇਗੀ।

ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਹੇਰੀ।
ਰਿਦੈ ਪ੍ਰਕਾਸ਼ ਭਯੋ ਤਿਸ ਬੇਰੀ ॥੪੧॥
ਬਾਰਿ ਬਾਰਿ ਬਾਰਜ ਪਦ[1] ਬੰਦਤਿ।
ਲਖਿ ਗੁਰ ਮਹਿਮਾ ਰਿਦੇ ਅਨੰਦਤਿ।
ਬਹੁਰ ਸਾਧ ਕਹਿ ਸ਼ਰਧਾ ਸੇਤੀ।
'ਏਤਿਕ ਬੈਸ ਰੁ ਸੋਝੀ ਏਤੀ?' ॥੪੨॥
ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ।
'ਤੁਮਹੁੰ ਗੋਦੜਾ ਰਖਯੋ ਪੁਰਾਨਾ।
[1]ਪੋਸ਼ਿਸ਼ ਨਈ[†] ਜਿਨਹੁੰ ਕਰ ਪਾਵੈ।
ਲੇ ਸੋ ਪਹਿਰਹਿੰ ਅੰਗ ਸੁਹਾਵੈਂ' ॥੪੩॥
ਬੰਦਨ ਕਰਤਿ ਸਾਧ ਥਿਰ ਭਯੋ।
ਤਬਿ ਸਿੰਘਨਿ ਗਨ ਬੂਝਨਿ ਕਯੋ।
'ਤੁਮਰੀ ਬਯ ਮਹਿਂ ਸਮੇ ਘਨੇਰੇ।
ਕਹੋ ਪ੍ਰਸੰਗ ਜਥਾ ਕੇ ਹੇਰੇ' ॥੪੪॥
ਇਕ ਬ੍ਰਿਤੰਤ ਤਬਿ ਸਾਧ ਸੁਨਾਯੋ।
'ਸੁਨਹੁ ਸਮਾ ਜੈਸੇ ਦਰਸਾਯੋ।
ਬਾਸੁਰ ਏਕ ਸਮਾਧਿ ਉਘਾਰੀ।
ਨਹੀਂ ਬਿਲੋਕਤਿ ਭਾ ਨਰ ਨਾਰੀ ॥੪੫॥
ਇਕ ਦੁਇ ਮਜਲ ਗਯੋ ਮੈਂ ਜਬਿਹੂੰ।
ਕੋ ਇਕ ਮਨੁਜ ਨਿਹਾਰਯੋ ਤਬਿ ਹੂੰ।
ਤਿਨ ਸੋਂ ਬੂਝਨਿ ਕੀਨਿ ਬ੍ਰਿਤੰਤ।
-ਕਹਾਂ ਭਯੋ ਨਰੁ ਨਹੀਂ ਦਿਖੰਤਿ? - ॥੪੬॥
-ਭਾ ਦੁਰਭਿੱਛ ਗਏ ਮਰਿ ਘਨੇ।
ਕੋ ਕੋ ਰਹੇ ਕਿਸੂ ਥਲ ਬਨੇ।
ਦ੍ਵਾਦਸ਼ ਸੰਮਤ ਪਰਯੋ ਬਿਸਾਲ।
ਅਬਿ ਬਰਖਾ ਤੇ ਭਯੋ ਸੁਕਾਲ ॥੪੭॥
ਸਨੇ ਸਨੇ ਨਰ ਪੁਨ ਜਗ ਭਏ-।
ਐਸੇ ਸਮੇ ਬੀਤ ਬਹੁ ਗਏ।

[1]ਚਰਨ ਕਵਲ।

[1]ਜਿਨ੍ਹਾਂ ਦੇ ਨਵੀਂ ਪੁਸ਼ਾਕ ਹੱਥ ਪਏ ਓਹ ਲੈਕੇ ਪਹਿਰਦੇ ਹਨ (ਅੰਗ=) ਸ਼ਰੀਰ ਸ਼ੋਭਦੇ ਹਨ। ਭਾਵ ਤੂੰ ਪੁਰਾਣੀ ਦੇਹ ਸਾਂਭੀ ਹੋਈ ਹੈ। ਜਿਨ੍ਹਾਂ ਨੂੰ ਨਵੇਂ ਸੁਹਣੇ ਸਰੀਰ ਮਿਲਨ ਓਹ ਪੁਰਾਣਿਆਂ ਨੂੰ ਕੀ ਕਰਨ। [†]ਪਾ:-ਨਹੀਂ।

ਕਈ ਬਾਰ ਲਰਿ ਲਰਿ ਬਹੁ ਮਰੇ।
ਕਈ ਬਾਰ ਉਜਰੇ ਬਸ ਪਰੇ ॥੪੮॥
ਕਬਿ ਕੈਸੇ ਕਬਿ ਕੈਸੇ ਸਮੇਂ।
ਜਗ ਮੈਂ ਕਰੇ ਬਿਲੋਕਨ ਹਮੇ।'
ਸੁਨਿ ਗੁਰ ਖੁਸ਼ੀ ਸਾਧ ਪਰ ਕਰੀ।
ਗਰਬਾਦਿਕ ਦੁਬਿਧਾ ਉਰ ਹਰੀ ॥੪੯॥
ਮਸਤਕ ਟੇਕਿ ਆਸ਼੍ਰਮ ਮਹਿਂ ਗਯੋ।
ਖਾਨ ਪਾਨ ਸਤਿਗੁਰ ਤਬਿ ਕਯੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਾਧ ਮਿਲਨ' ਪ੍ਰਸੰਗ ਬਰਨਨੰ ਨਾਮ ਤ੍ਰੌਦਸਮੋ ਅੰਸੂ ॥੧੩॥

## ੧੪. [ਖੇਸ ਦਾ ਭੇਸ। ਡੋਗਰਾਂ ਨੂੰ ਬਖਸ਼ਿਸ਼। ਬਾਜ਼ੀਦਪੁਰ]

੧੩<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੫

ਦੋਹਰਾ:

[†]ਡਾਰਿ ਹਯਨਿ ਪਰ ਜ਼ੀਨ ਤਬਿ, ਭਏ ਸਤਿਗੁਰੂ ਤਯਾਰ।
ਚੜੇ ਸਿੰਘ ਬੈਰਾੜ ਗਨ, ਚਲੇ ਉਜਾਰ ਉਜਾਰ ॥੧॥

[†]ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।

ਚੌਪਈ:

-ਨੌਥੇਹੇ ਜਬਿ ਸ਼੍ਰੀ ਪ੍ਰਭੁ ਗਏ।
ਤਹਿਂ ਕੇ ਨਰ ਗਨ ਆਵਤਿ ਭਏ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ।
'ਆਪ ਚਮੂੰ ਹਜ਼ਰਤ ਕੀ ਮਾਰੀ ॥੨॥
ਇਸ ਥਲ ਕੀਜੈ ਨਹੀਂ ਮੁਕਾਮੂ।
ਉਤਰੋ ਜਾਇ ਆਗਲੇ ਗ੍ਰਾਮੂ।
ਬਿਨਤੀ ਸਹਿਤ ਆਪ ਕੋ ਕਹੈਂ।
ਹਜ਼ਰਤ ਤੇ ਤ੍ਰਾਸਤਿ ਨਿਤ ਰਹੈਂ' ॥੩॥
ਤਿਨ ਪਰ ਕ੍ਰਿਪਾ ਕਰਤਿ ਚਲਿ ਪਰੇ।
ਜਾਇ ਮਜਲ ਸਿਰ[1] ਡੇਰਾ ਕਰੇ। [1]ਮਜ਼ਲ ਤੇ ਪੁੱਜਕੇ।
ਫੱਤੇ ਸੰਮ੍ਹ ਗ੍ਰਾਮ ਅਗਾਰੇ।
ਖਰੇ ਤੁਰੰਗ ਕਰਿ ਜ਼ੀਨ ਉਤਾਰੇ ॥੪॥
ਸਹਿਜ ਸੁਭਾਇਕ ਠਾਂਢੇ ਬਿਚਰਤਿ।
ਸਿਵਰ ਲਗੇ ਕੋ ਹੇਰਤਿ ਉਤ ਇਤ।
ਤਿਸ ਛਿਨ ਪੁੰਜ ਹਰੀ ਕੇ[1] ਆਏ। [1]ਭਾਵ ਹਰੀ ਕੇ ਗੋਤ ਦੇ ਬਹੁਤੇ ਲੋਕੀ।
ਲੁੰਗੀ ਖੇਸ ਭੇਟ ਹਿਤ ਲਜਾਏ ॥੫॥
ਕਰ ਪਰ ਧਰਿ ਕਰਿ ਅੱਗ੍ਰ ਦਿਖਾਈ।
ਕੀਨ ਬੰਦਨਾ ਗ੍ਰੀਵ ਨਿਵਾਈ।
'ਏਹ ਪ੍ਰਭੁ ਜੀ! ਸਭਿ ਗ੍ਰਾਮ ਹਮਾਰੇ[†]। [†]ਪਾ:-ਤੁਮਾਰੇ।
ਧੰਨ ਭਾਗ ਭੇ ਦਰਸ ਨਿਹਾਰੇ' ॥੬॥
ਪਿਖਿ ਲੁੰਗੀ ਸਤਿਗੁਰੂ ਉਠਾਈ।
ਕਟ ਤਟ[1] ਕੇ ਲਪੇਟ ਚਹੁੰ ਘਾਈ। [1]ਲੱਕ ਨਾਲ।
ਬਹੁਰ ਖੇਸ ਕੋ ਖੋਲਿ ਬਿਸਾਲੇ।
ਦ੍ਵੈ ਸਿਕੰਧ ਦ੍ਵੈ ਛੋਰਨਿ ਡਾਲੇ ॥੭॥
ਬੇਸ ਬਨਾਇ ਬੇਸ਼ ਤਿਸ ਦੇਸ਼[1]। [1]ਤਿਸ ਦੇਸ਼ ਦਾ ਸੁਹਣਾ ਵੇਸ ਬਣਾਕੇ।

ਖਰੇ ਭਏ ਗੁਰ ਫਬੇ ਬਿਸ਼ੇਸ਼।
ਮਾਨ ਸਿੰਘ ਸ਼੍ਰੀ ਪ੍ਰਭੁ ਸਨ ਭਨਯੋਂ।
'ਇਹ ਤਨਖਾਹ ਉਚਿਤ ਕ੍ਰਿਤ ਜਨਯੋਂ'
॥੮॥
ਮੁਸਕਾਵਿਤ ਮੁਖ ਸ਼੍ਰੀ ਪ੍ਰਭੁ ਭਨੈਂ।
'ਨਿਤਹਿ ਸੁਚੇਤ ਖਾਲਸਾ ਬਨੈ।'
ਪੁਨ ਗੁਰ ਕਹਯੋ 'ਦੇਸ਼ ਤਸ ਭੇਸ।
ਲੁੰਙੀ ਤੇੜ ਸੁ ਮੋਢੇ ਖੇਸ' ॥੯॥
ਹੇਰਿ ਹਰੀ ਕੇ ਰਾਹਕ ਦਿਸ਼ ਕੋ।
ਕੀਨਿ ਉਚਾਰਨ ਆਇਸੁ ਅਸ ਕੋ।
'ਨਿਸ ਮਹਿਂ ਦਿਸ਼ਿ ਰਹਹੁ ਹਮਾਰੇ।
ਜਾਗ੍ਰਤ ਬਿਚਰਹੁ ਹੋਤਿ ਸਕਾਰੇ ॥੧੦॥
ਸਾਵਧਾਨ ਬਨਿ ਸ਼ਸਤ੍ਰਨਿ ਧਾਰੀ।
ਪਹਿਰਾ ਦੀਜੈ ਜਾਮਨਿ ਸਾਰੀ।'
ਮੱਤ† ਹਰੀ ਕੇ ਸੁਨਤਿ ਵਖਾਨੈਂ[1]।

[1]ਮਸਤੇ ਹੋਏ ਹਰੀ ਕਿਆਂ ਨੇ ਸੁਣਕੇ ਕਿਹਾ। (ਅ) ਮਤਿ ਹਰੀਕੇ=ਹਰੀ ਮਤ ਵਾਲਿਆਂ ਭਾਵ ਮੂਰਖਾਂ ਨੇ ਕਿਹਾ। †ਪਾ:-ਮਹਿਤ।

'ਇਹਾਂ ਨ ਹਮ ਕਿਸ ਤੇ ਡਰ ਮਾਨੈਂ
॥੧੧॥
ਤੁਮ ਭੀ ਨਹਿਂ ਕੀਜੋ ਚਿਤ ਸ਼ੰਕਾ।
ਸੁਪਤਹੁ ਨਿਸ ਮਹਿਂ ਹੀਨ ਅਤੰਕਾ।'
ਪੁਨ ਗੁਰ ਬੋਲੇ 'ਕਾਰ ਜ਼ਰੂਰ[1]।

[1]ਜ਼ਰੂਰੀ ਕੰਮ ਹੈ।

ਪਹਿਰਾ ਦੈਬੋ ਬਨਹਿਂ ਹਜ਼ੂਰ' ॥੧੨॥
ਮੂਢਨਿ ਬਹੁਰ ਨ ਮਾਨਯੋਂ ਬੈਨ।
'ਹਮਰੇ ਗ੍ਰਾਮ ਤ੍ਰਾਸ ਕਿਸ ਹੈ ਨ।
ਸੁਪਤਿ ਜਥਾ ਸੁਖ ਰਾਤਿ ਬਿਤਾਵਹੁ।
ਨਾਹਿਨ ਕੋ ਸ਼ੰਕਾ ਮਨ ਲਯਾਵਹੁ' ॥੧੩॥
ਸੁਨਿ ਸਤਿਗੁਰ ਤਿਨ ਬਾਤ ਬੁਝਾਈ।
'ਹਮਰੇ ਸੰਗ ਸਿੰਘ ਸਮੁਦਾਈ।
ਹੋਵੈਂ ਸੁੱਖਾ ਛਕਿ ਮਸਤਾਨੇ†।

†ਇਹ ਕਦੇ ਨਹੀਂ ਹੋ ਸਕਦਾ ਕਿ ਐਸੇ ਕਰੜੇ ਸਮੇਂ ਜਦੋਂ ਕਿ ਅਜੇ ਬੀ ਤੁਰਕ ਦਲ ਦੇ ਅਚਾਨਕ ਆ ਪੈਣ ਦਾ ਅੰਦੇਸ਼ਾ ਹੈ ਸਿੰਘ ਮਸਤਾਨੇ ਹੋ ਜਾਂਦੇ ਹੋਣ, ਨਾਂ ਹੀ ਬੈਰਾੜ-ਚਾਹੋ ਚਾਕਰ ਸਨ-ਪਹਿਰਿਓਂ ਘੁੱਸ ਸਕਦੇ ਸਨ। ਏਹ ਦੋ ਕਾਰਨ ਗੁਰੂ ਜੀ ਦੇ ਕਹੇ ਹੋਏ ਨਹੀਂ ਹੋ ਸਕਦੇ। ਥਕੇ ਹੋਣ ਕਰਕੇ ਖਾਲਸੇ ਦੇ ਆਰਾਮ ਦੀ ਲੋੜ ਚਾਹੋ

ਕਾਰਨ ਹੋਵੇ। ਅਸਲ ਬਾਤ ਇਹ ਹੈ ਕਿ ਉਸ ਦੇਸ਼ ਦੇ ਵਾਸੀ ਦੇਸ਼ ਦੇ ਜਾਣੂ ਤੇ ਭੇਤੀ ਹੋਏ ਉਨ੍ਹਾਂ ਦਾ ਪਹਿਰਾ ਵਧੇਰੇ ਸੁਖਦਾਈ ਹੈ। ਤੀਜੇ ਇਸ ਬਹਾਨੇ ਗੁਰੂ ਜੀ ਮੇਹਰ ਕਰੀ ਚਾਹੁੰਦੇ ਸਨ। ਦੇਖੋ ਏਸੇ ਅੰਸੂ ਦਾ ਅੰਕ ੨੧ ਤੇ ੩੦।

ਨਹੀਂ ਨਿਸਾ ਮਹਿਂ ਜਾਗ੍ਰਨ ਠਾਨੇਂ ॥੧੪॥
ਜੇ ਚਾਕਰ ਬੈਰਾੜ ਘਨੇਰੇ।
ਰਾਠ ਧਾੜਵੀ ਸਮ ਹਮ ਹੇਰੇ।
ਪ੍ਰੇਮ ਨ ਮਨ ਮਹਿਂ, ਭੈ ਨਹਿਂ ਮਾਨੈ।
ਅਪਨੀ ਇੱਛਾ ਕਾਰਜ ਠਾਨੈਂ' ॥੧੫॥
ਸੁਨਤਿ ਹਰੀ ਕੇ ਗੁਰ ਕੀ ਬਾਤ।
ਮਾਨੀ 'ਪਹਿਰਾ ਦੇਂ ਹਮ ਰਾਤਿ।'
ਮਸਤਕ ਟੇਕਿ ਗਏ ਨਿਜ ਡੇਰੇ।
ਡੋਗਰ[1] ਦਾਸ ਹੁਤੇ ਤਿਨ ਕੇਰੇ ॥੧੬॥

[1]ਇਕ ਜਾਤ ਜੋ ਅਕਸਰ ਗੁੱਜਰਾਂ ਦਾ ਕੰਮ ਕਰਦੇ ਹਨ। ਪਿੱਛਾ ਰਜਪੂਤੀ ਹੈ, ਤੇ ਅਕਸਰ ਮੁਸਲਮਾਨ ਹਨ। ਡੋਗਰਾ ਜਾਤ ਇਨ੍ਹਾਂ ਤੋਂ ਵੱਖਰੀ ਹੈ, ਏਹ ਪਹਾੜੀ ਰਾਜਪੂਤ ਹਨ ਤੇ ਹਿੰਦੂ ਹਨ।

ਤਿਨ ਕੇ ਸਾਥ ਸੁ ਗਿਰਾ ਉਚਾਰੀ।
'ਗੁਰ ਢਿਗ ਪਹੁੰਚਹੁ ਨਿਜ ਨਿਜ ਵਾਰੀ।
ਪਹਿਰਾ ਦੀਜੈ ਜਾਗ੍ਰਤ ਰਹੀਅਹਿ।
ਸਗਰੀ ਨਿਸ ਨਹਿ ਨਿੰਦ੍ਰਾ ਲਹੀਅਹਿ' ॥੧੭॥
ਸਤਿਗੁਰ ਕਰਿ ਕੈ ਖਾਨ ਰੁ ਪਾਨ।
ਸਗਲ ਸਿੰਘ ਸੁਪਤੇ ਸੁਖ ਠਾਨਿ।
ਡੋਗਰ ਆਇ ਗੁਰੂ ਢਿਗ ਠਹਿਰੇ।
ਚਹੁੰਦਿਸ਼ਿ ਖਰੇ ਭਏ ਹਿਤ ਪਹਿਰੇ ॥੧੮॥
ਪਹਿਰ ਜਾਮਨੀ ਬੀਤੀ ਜਬੈ।
ਸ਼੍ਰੀ ਮੁਖ ਤੇ ਊਚੇ ਕਹਿ ਤਬੈ।
'ਖਰੋ ਹਰੀ ਕਾ ਜਾਗ੍ਰਤ ਕੋਈ?
ਪਹਿਰਾ ਦੇਨਿ ਆਇ ਕਿ ਨ ਕੋਈ?' ॥੧੯॥
ਕਹਤਿ ਭਏ 'ਹਮ ਡੋਗਰ ਆਏ।
ਹਿਤ ਪਹਿਰੇ ਕੇ ਤਿਨਹੁਂ ਪਠਾਏ।
ਸਭਿ ਜਾਗ੍ਰਤਿ ਹੈਂ ਬਨਿ ਸਵਧਾਨ।

ਸੁਪਤਹੁ ਆਪ ਗੁਰੂ ਭਗਵਾਨ!' ॥੨੦॥
ਬਖਸ਼ਿਸ਼ ਕਰਜੋ ਚਹਤ ਹੈਂ ਕੋਈ।
ਭਾਗ ਬਿਨਾ ਕਿਮ ਪ੍ਰਾਪਤਿ ਹੋਈ।
ਆਧੀ ਰਾਤਿ ਬਿਤੀ ਜਬਿ ਜਾਨੀ।
ਉਚੀ ਧੁਨਿ ਤੇ ਪ੍ਰਭੁ ਬਖਾਨੀ ॥੨੧॥
'ਆਇ ਕਿ ਨਹੀਂ ਹਰੀ ਕਾ ਕੋਈ?
ਹਿਤ ਸੋਝੀ ਲੈਬੇ ਇਤ ਸੋਈ[1]।'

[1]'ਇਥੇ (ਪਹਿਰੇ ਦੀ) ਸੋਝੀ ਲੈਣ ਲਈ ਕੋਈ ਹਰੀ ਕਾ ਆਇਆ ਹੈ ਕਿ ਨਹੀਂ।

'ਹਮ ਡੋਗਰ ਠਾਢੇ ਤਿਨ ਦਾਸ।
ਪਹਿਰਾ ਦੇਤਿ ਜਾਗਤੇ ਪਾਸ ॥੨੨॥
ਸੋ ਨਿਸ ਬਿਖੈ ਹੋਤਿ ਮਦ ਪਾਨੀ।
ਸੁਪਤੇ ਸਦਨ ਬਿਖੈ ਸੁਖ ਠਾਨੀ।
ਦਾਸ ਤਿਨਹੁ ਕੇ ਤਥਾ ਤੁਮਾਰੇ।
ਹਮ ਸਵਧਾਨ ਖਰੇ ਅਬਿ ਸਾਰੇ' ॥੨੩॥
ਪੁਨ ਤੁਸ਼ਨਿ ਹੁਇ ਰਾਤਿ ਬਿਤਾਈ।
ਜਾਮ ਰਹੀ ਜਬਿ ਕਹਜੋ ਗੁਸਾਈਂ।
'ਆਇ ਕਿ ਨਹੀਂ ਹਰੀ ਕਾ ਅਬੈ।
ਲੈਬੇ ਹਿਤ ਪਹਿਰੇ ਸੁਧਿ ਸਬੈ' ॥੨੪॥
ਪੁਨ ਡੋਗਰ ਬੋਲੇ 'ਹਮ ਅਹੈਂ।
ਪਹਿਰਾ ਦੇਂ, ਸਵਧਾਨੀ ਰਹੈਂ।
ਇਸ ਛਿਨ ਕੌਨ ਹਰੀ ਕਾ ਆਵੈ।
ਪੀ ਪੀ ਮਦ ਘਰ ਮਹਿ ਸੁਪਤਾਵੈਂ ॥੨੫॥
ਹਮ ਹਜੂਰ ਰਾਵਰ ਕੇ ਖਰੇ।
ਆਗਜਾ ਦੇਹੁ ਤਥਾ ਅਬਿ ਕਰੇਂ।
ਸੇਵਾ ਕਰਿ ਹੈਂ ਸਰਬ ਪ੍ਰਕਾਰੀ।
ਹਮ ਡੋਗਰ ਸਗਰੇ ਅਨੁਸਾਰੀ' ॥੨੬॥
ਸੁਨਿ ਕਰਿ ਬਿਨੈ ਸਮੇਤ ਕ੍ਰਿਪਾਲਾ।
ਦੀਨਸਿ ਬਰ ਤਿਨ ਕੋ ਤਤਕਾਲਾ।
'ਬਸਦੇ ਰਹਹੁ ਤੀਰ ਇਸ ਨਈ[1]।

[1]'ਇਸ ਨੈਂ ਦੇ ਕੰਢੇ। [ਇਹ ਡੋਗਰ ਸਤਲੁਜ ਦੇ ਕੰਢੇ ਕੰਢੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਵਸਦੇ ਹਨ]।

ਨਈ ਚੌਧ੍ਰਤਾ ਤੁਮ ਕੋ ਦਈ ॥੨੭॥
ਨੈਂ ਕੇ ਤੀਰ ਤੀਰ ਜੋ ਦੇਸ਼।

ਹੋਇ ਤੁਹਾਰੋ ਦੇਸ਼ ਅਸ਼ੇਸ਼।'
ਸੁਨਿ ਕ੍ਰਿਪਾਲ ਤੇ ਬਖਸ਼ਿਸ਼ ਬਾਨੀ।
ਨਿਕਟ ਆਇ ਸਭਿ ਬੰਦਨ ਠਾਨੀ
॥੨੮॥
'ਰਾਵਰਿ ਕੇ ਬਚ ਸਦਾ ਸਥਿਰ ਹੈਂ।
ਦੇਖਿ ਦੀਨ ਕੋ ਬਖਸ਼ਨ ਕਰਿ ਹੈ।'
ਤਬਿ ਤੇ ਦਿਨ ਪ੍ਰਤਿ ਡੋਗਰ ਦੇਸ਼।
ਸਨੇ ਸਨੇ ਹੁਇ ਗਯੋ ਅਸ਼ੇਸ਼† ॥੨੯॥

†ਤਵਾ: ਖਾ: ਵਿਚ ਲਿਖਿਆ ਹੈ ਉਨ੍ਹਾਂ ਨੇ ਘੋੜਾ ਫੇਰਕੇ ਦੋ ਪਿੰਡਾਂ ਦੀ ਜ਼ਮੀਨ ਵਲ ਲਈ। ਦੋ ਟਾਹਲੀਆਂ ਤਦ ਦੀਆਂ ਖੜੀਆਂ ਹਨ ਜਿਨ੍ਹਾਂ ਨੂੰ ਫੱਤੂ ਸੰਮੂ ਦੀਆਂ ਟਾਹਲੀਆਂ ਕਹਿੰਦੇ ਹਨ, ਏਹ ਡੋਗਰਾਂ ਨੇ ਮੋੜੀਆਂ ਗੱਡੀਆਂ ਸਨ।

ਮੂਢ ਹਰੀ ਕੇ ਸਕਹਿ ਨ ਲੇਯ।
ਗੁਰ ਚਿਤ ਚਹਤਿ ਰਹੇ ਕੁਛ ਦੇਯ।
ਸੌਚ ਸ਼ਨਾਨ ਠਾਨਿ ਕਰਿ ਫੇਰ।
ਚਢਿ ਪ੍ਰਭੁ ਚਾਲੇ ਹੋਤਿ ਸਬੇਰ ॥੩੦॥
ਕੇਤਿਕ ਕੋਸ ਉਲੰਘ ਕਰਿ ਗਏ।
ਬਿਚ ਉਦਿਆਨ ਉਤਰਤੇ ਭਏ।
ਬੱਦ੍ਰੀ ਬਡੋ ਤਰੋਵਰ ਖਰਯੋ।
ਤਿਸ ਕੇ ਤਰੇ ਸਿਵਰ ਗੁਰ ਕਰਯੋ ॥੩੧॥
ਏਕ ਰਾਤਿ ਤਹਿਂ ਬਸੇ ਬਿਤਾਈ।
ਪ੍ਰਭੁ ਪੁਨ ਚਢੇ ਪ੍ਰਾਤਿ ਹੁਇ ਆਈ।
ਕੇਤਿਕ ਕੋਸ ਕੀਨਿ ਪ੍ਰਸਥਾਨਾ।
ਜਾਇ ਪਹੂੰਚੇ ਤਬਿ ਇਕ ਥਾਨਾ ॥੩੨॥
ਗ੍ਰਾਮ ਵਜੀਦ ਪੁਰੇ† ਤਿਸ ਕਾਲਾ।

†ਬਾਜ਼ੀਦਪੁਰ, ਫੀਰੋਜ਼ਪੁਰ ਛਾਵਨੀ ਤੋਂ ਚਾਰ ਮੀਲ ਪੂਰਬੋਤਰ ਦਿਸ਼ਾ ਵਲ, ਲੁਧਿਆਣੇ ਵਾਲੀ ਜਰਨੈਲੀ ਸੜਕ ਤੇ ਹੈ।

ਸੈਨ ਸਮੇਤ ਸਿਵਰ ਕੋ ਘਾਲਾ।
ਉਤਰੇ, ਬੰਧ ਤੁਰੰਗਮ ਦਏ।
ਸਿੰਘ ਗੁਰੂ ਢਿਗ ਆਵਤਿ ਭਏ ॥੩੩॥
'ਪਾਤਸ਼ਾਹ! ਇਤ ਆਵਨ ਕਰੇ।
ਪਹੁਂਚੇ ਇਹਾਂ ਕੁਸੂਰਹਿ ਤਰੇ।
ਬਜਹਿਂ† ਨੌਬਤਾਂ ਇਸ ਪੁਰਿ ਬਾਈ[1+]।

[1]ਇਸ ਨਗਰ ਭਾਵ ਕਸੂਰ ਵਿਚ ਬਾਈ ਨੌਬਤਾਂ ਵਜਦੀਆਂ ਹਨ, ਭਾਵ ਬਾਈ ਸਰਦਾਰ (ਪਠਾਣਾਂ ਦੇ)

ਰਹਿੰਦੇ ਹਨ। ਸਾਖੀਆਂ ਦੀ ਪੋਥੀ ਵਿਚ ਐਉਂ ਲਿਖਿਆ ਹੈ:-ਅਗੇ ਡੇਰਾ ਵਜੀਦ ਪੁਰ ਹੋਇਆ। ਸਿਖਾਂ ਕਹਿਆ ਜੀ ਪਾਤਸ਼ਾਹ ਕਸੂਰ ਦੇ ਹੇਠ ਆਏ ਉਤਰੇ ਹਾਂ। ਪਾਤਸ਼ਾਹ ਬਾਈ ਨੌਬਤਾਂ ਇਨ੍ਹਾਂ ਕੀਆਂ ਵਜਦੀਆਂ ਹਨਿ ਕਸੂਰ ॥ ਗੁਰੂ ਜੀ ਬਚਨ ਕੀਤਾ, ਹਮਾਰੇ ਕਾਨ੍ਹੇ ਕਾਛੇ ਵਜਣਗੀਆਂ ਨੌਬਤਾਂ। †ਪਾ:-ਜਬਹਿ। ਪਰ ਸਾਖੀ ਪੋਥੀ ਵਿਚ 'ਬਜਹਿ' ਪਾਠ ਹੈ।

ਬਸੈ ਪਠਾਨ ਚਮੂੰ ਸਮੁਦਾਈ' ॥੩੪॥
ਸ੍ਰੀ ਮੁਖ ਤੇ ਫੁਰਮਾਵਨ ਕਰਜੋ।
'ਤੁਰਕਨ ਤੇਜ ਭਵਿੱਖਤ ਹਰਜੋ[1]।
ਕਾਨੇ ਕਾਛੇ† ਗ੍ਰਾਮ ਬਡੇਰੇ।
ਤਹਿਂ ਉਪਜਹਿਂਗੇ ਸਿੰਘ ਘਨੇਰੇ ॥੩੫॥
ਬਹੁਤ ਨੌਬਤਾਂ ਬਜੈਂ ਹਮਾਰੀ।
ਕੇਤਿਕ ਦਿਨ ਮਹਿਂ ਤਿਨਹੁਂ ਮਝਾਰੀ।'
ਇਮ ਬਤਰਾਵਤਿ ਤਿਸ ਥਲ ਖਰੇ।
ਤੀਤਰ ਇਕ ਅਵਾਜ ਤਬਿ ਕਰੇ ॥੩੬॥
ਸੁਨਿ ਕ੍ਰਿਪਾਲ ਭਾਖਜੋ ਤਿਹ ਸਮੈ।
'ਜਾਂ ਬੋਲਜੋ ਤਾਂ ਲੱਧਾ ਹਮੈ।'
ਹਯ ਪਰ ਤਬਿ ਆਰੋਹਨਿ ਹੋਏ।
ਕੀਨਿ ਪਯਾਨੋ ਸ਼ੀਘ੍ਰ ਸੁ ਜੋਏ ॥੩੭॥
ਛੋਡਜੋ ਤਿਸ ਕੇ ਬਾਜ ਪਿਛਾਰੇ।
ਕਰੀ ਨ ਝਪਟ ਨ ਤਿਸ ਕੋ ਮਾਰੇ।
ਪੁਨ ਕਹਿ ਕਰਿ ਕੂਕਰ ਛੁਟਵਾਏ।
ਪਿਖਿ ਤੀਤਰ ਕੋ ਪੀਛੇ ਧਾਏ ॥੩੮॥
ਝਾਰਨ ਬਿਖੈ ਜਾਇ ਕਰਿ ਬਰਜੋ।
ਬਹੁਰ ਨਿਕਾਰਜੋ ਉਡਿਬੋ ਕਰਜੋ।
ਪੀਛੇ ਕੇਤਿਕ ਸਿੰਘ ਨ ਸਾਥ।
ਚਲੇ ਜਾਹਿਂ ਤੁਰਨ ਜਗਨਾਥ ॥੩੯॥
ਕਰਤਿ ਬੇਗ ਤੇ ਜਾਇ ਉਡਾਰੀ।
ਥਕਤਿ ਛਪਹਿ ਪਿਖਿ ਝਾਰਨ ਝਾਰੀ[1]।

[1]ਅੱਗੇ ਨੂੰ ਦੂਰ ਕਰ ਦਿੱਤਾ ਹੈ।

†ਕਾਨ੍ਹੇ ਇਕ ਸ਼ਹੀਦਗੰਜ ਸਿੰਘਾਂ ਦਾ ਹੈ ਜੋ ਇਕ ਡੇਰੇ ਵਿਚ ਹੈ। ਇਹ ਪਿੰਡ ਲਾਹੌਰ ਤੇ ਕਸੂਰ ਜਾਣ ਵਾਲੀ ਪੱਕੀ ਸੜਕ ਪਰ ਹੈ।

[1]ਥੱਕ ਜਾਂਦਾ ਹੈ ਤਾਂ ਬਹੁਤ ਝਾੜੀਆਂ ਭਾਵ ਸੰਘਣੀਆਂ ਝਾੜਾਂ ਵੇਖਕੇ ਛਪ ਜਾਂਦਾ ਹੈ।

ਬਹੁਤ ਬਿਲੋਕਹਿਂ ਖੋਜਨ ਕਰੈਂ।
ਨਿਕਸਤਿ ਹੀ ਉਡ ਕਰਿ ਚਲਿ ਪਰੈ ॥੪੦॥
ਦਬਕਹਿ ਬਹੁਰ ਥਾਂਇ ਕੋ ਪਾਇ।
ਝਾਰੀ ਝਾਰਨਿ ਝਾਰਹਿਂ ਜਾਇ[1]।
ਕਈ ਕੋਸ ਇਸ ਬਿਧਿ ਚਲਿ ਗਏ।
ਥਕਤਿ ਤੁਰੰਗਮ ਭੀ ਤਬਿ ਭਏ ॥੪੧॥
ਪਕਰਯੋ ਜਾਇ[1] ਜਤਨ ਬਹੁ ਕਰਿ ਕੈ।
ਕਹਿ ਕਰਿ ਪਰ ਉਖਰਾਇ ਸੁਧਰਿ ਕੈ[1]।
ਪੁਨ ਛੁਰਵਾਯਹੁ ਤੀਤਰ ਆਗਾ।
ਬਾਜ ਜਿਯਤ ਕੋ ਭੱਖਨਿ ਲਾਗਾ ॥੪੨॥
ਤੋਰਿ ਤੋਰਿ ਆਮਿਖ ਤਿਸ ਕੇਰਾ।
ਖਾਇ ਜਾਤਿ ਦੇ ਕਸ਼ਟ ਬਡੇਰਾ।
ਅਪਨਿ ਹਜ਼ੂਰ ਖੁਲਾਵਹਿਂ ਖਰੇ।
ਪਲ[1] ਬੋਟੀ ਕਾਟਤਿ ਭਖਿ ਕਰੇ ॥੪੩॥
ਦਾਨ ਸਿੰਘ ਬੋਲਯੋ ਪਿਖਿ ਠਾਢੇ।
'ਆਪ ਪ੍ਰਭੂ ਤੁਮ ਹੋ ਬਡ ਡਾਢੇ।
ਕੋਇ ਨ ਕੁਛ ਕਹਿ ਸਾਕਹਿ ਕੈਸੇ।
ਅਬਿ ਡਾਢੀ ਕ੍ਰਿਤ ਕੀਨਸਿ ਜੈਸੇ ॥੪੪॥
ਇਤਨੀ ਕੀਨਿ ਦੌਰਿ ਇਸ ਬੇਰਾ।
ਕਹਾਂ ਸ਼ੇਰ ਕੋ ਹੇਰਿ ਅਖੇਰਾ।
ਇਕ ਤੀਤਰ ਕੇ ਧਾਇ ਪਿਛਾਰੇ।
ਦਿਏ ਹੁਸਾਇ ਤੁਰੰਗਮ ਸਾਰੇ ॥੪੫॥
ਜੇ ਸ਼ਿਕਾਰ ਕੀ ਚਾਹ ਕਰੰਤੇ।
ਤੀਤਰ ਸਹੇ ਅਨੇਕ ਹਨੰਤੇ।'
ਸ੍ਰੀ ਮੁਖ ਤੇ ਕਹਿ ਤਿਹ ਸਮੁਝਾਯੋ।
'ਦਾਨ ਸਿੰਘ! ਸੁਨੀਅਹਿ ਜਿਮ ਘਾਯੋ[1] ॥੪੬॥
ਨਹੀਂ ਚਾਹੁ ਕੁਛ ਕਰਨਿ ਸ਼ਿਕਾਰਾ।
ਇਸ ਲਗਿ ਕਾਰਜ ਹੁਤੋ ਹਮਾਰਾ।'
ਆਸ਼ੈ ਜਬਿ ਗੰਭੀਰ ਸੁਨਿ ਪਰੇ।
ਦਾਨ ਸਿੰਘ ਪੁਨ ਬੂਝਨ ਕਰੇ ॥੪੭॥

[1]ਸਮੂਹ ਝਾੜੀਆਂ ਨੂੰ ਝਾੜਦੇ ਜਾਂਦੇ ਹਨ।

[1]ਜਾ ਫੜਿਆ।

[1]ਚੰਗੀ ਤਰ੍ਹਾਂ ਖੰਭ ਉਖਾੜੇ।

[1]ਮਾਸ।

[1]ਭਾਵ, ਜਿਸ ਕਾਰਨ ਕਰਕੇ ਇਹ ਇਉਂ ਮਰਵਾਇਆ ਹੈ।

'ਪਾਤਿਸ਼ਾਹੁ ! ਦਿਹੁ ਸਕਲ ਸੁਨਾਏ।
ਕਿਸ ਕਾਰਨ ਤੇ ਏਤਿਕ ਧਾਏ ?'
ਸ਼੍ਰੀ ਮੁਖ ਕਹਜੋ 'ਸੁਨਹੁ ਇਸ ਕਾਜ।
ਤੀਤਰ ਜਾਟ ਬਾਣੀਆਂ ਬਾਜ ॥੪੮॥
ਪੂਰਬ ਜਨਮ ਹੁਤੇ ਨਰ† ਏਹੀ।
ਜਾਟ ਕਰਜ਼ ਲੇ ਬਨੀਏ ਤੇ[1] ਹੀ।
ਅਪਰ ਗ੍ਰਾਮ ਮਹਿਂ ਬਸਜੋ ਸੁ ਜਾਇ।
ਬਨੀਏ ਗਹਜੋ ਲਗਜੋ ਕਬਿ ਦਾਇ ॥੪੯॥
-ਦਰਬ ਦਿਏ ਬਿਨ ਤਜੌਂ ਨ ਤੋਹੀ।
ਦਗ਼ਾ ਗਯੋ ਕਰਿ ਕੈ ਸੰਗ ਮੋਹੀ-।
ਜਾਟ ਕਹੈ -ਅਬਿ ਕੈ ਦਿਹੁ ਛੋਰਿ।
ਦੇਵੌਂ ਲਗਿ ਬਿਰਾਟਕਾ ਤੋਰ- ॥੫੦॥
ਸੁਨਿ ਬਨੀਆ ਕਹਿ -ਜ਼ਾਮਨ ਦੀਜੈ।
ਛੁਟਿ ਕਰਿ ਜਾਹੁ ਸਦਨ ਮਗ ਲੀਜੈ-।
ਕਹੈ ਜਾਟ -ਕੋ ਜਾਮਨ ਮੇਰੋ ?
ਗੁਰ ਬਿਨ ਇਹ ਠਾਂ ਆਨ ਨ ਹੇਰੋਂ- ॥੫੧॥
ਸੁਨਿ ਬਨੀਆ ਕਹਿ -ਧਰਮ ਰਖੀਜੈ।
ਗੁਰ ਕੋ ਹੀ ਜਾਮਨ ਕਰਿ ਦੀਜੈ-।
ਮੁਝ ਕੋ ਦੇ ਜਾਮਨ ਛੁਟਿ ਗਯੋ।
ਨਹਿਂ ਧਨ ਦਿਯੋ, ਮ੍ਰਿਤਕ ਪੁਨ ਭਯੋ ॥੫੨॥
ਅਹੈ ਬਾਜ ਕੋ ਪੂਰਬ ਗਜਾਤਾ।
ਹਮਰੋ ਹਾਥ ਸਪਰਸੇ ਗਾਤਾ।
ਨਹਿਂ ਤੀਤਰ ਕੋ ਇਸ ਨੇ ਮਾਰਾ।
ਲੈ ਹੌਂ ਜਾਮਨ ਤੇ ਨਿਰਧਾਰਾ ॥੫੩॥
ਹਮ ਨੇ ਅਪਨਿ ਜਾਮਨੀ ਲਾਹੀ।
ਜਿਯਤਿ ਦਿਯੋ ਗਹਿ ਵਢਿ ਵਢਿ ਖਾਹੀ†।'

†ਪਾ:-ਅਬ।

[1]ਤੋਂ।

†ਇਸ ਸਾਖੀ ਦਾ ਵੇਰਵਾ ਅਸਲ ਵਾਕਿਆ ਤੋਂ ਕੁਛ ਵਿਲੱਖਣ ਹੋਵੇ ਯਾ ਠੀਕ ਇਸੇ ਤਰ੍ਹਾਂ ਪਰ ਭਾਵ ਇਸ ਦਾ ਇਹ ਹੈ ਕਿ ਸਿੱਖ ਕਦੇ ਕੌਲ ਕਰਕੇ ਫੇਰ ਨਾ ਮੁੱਕਰੇ। ਦੂਸਰੇ ਦੇ ਭਰੋਸਾ ਕਰ ਲੈਣ ਨੂੰ ਛਲ ਨਾਲ ਨਾ ਗੁਵਾਵੇ।

ਸੁਨਿ ਕਰਿ ਦਾਨ ਸਿੰਘ ਕਰ ਜੋਰੇ।
ਪਰਜੋ ਚਰਨ ਪਰ ਪ੍ਰਭੁ ਨਿਹੋਰੇ ॥੫੪॥
'ਸਨਮੁਖ ਬੋਲਜੋ ਹੇ ਗੁਰ ! ਭੂਲਾ।
ਬਖਸ਼ੋ ਮੋਹਿ ਦਾਸ ਅਨਕੂਲਾ।'
'ਦਾਨ ਸਿੰਘ ਕਰੋਂ ਚਿੰਤ ਅਧੀਨ।
ਉੱਤਰ ਹੀ ਤੈਂ ਬੂਝਨ ਕੀਨ' ॥੫੫॥
ਦਾਨ ਸਿੰਘ ਪੁਨ ਮਸਤਕ ਟੇਕਾ।
ਤੁਮਰੀ ਖੁਸ਼ੀ ਚਹੈਂ ਇਹ ਏਕਾ†।
ਚਢਿ ਤਹਿਂ ਤੇ ਪਹੁੰਚੇ ਨਿਜ ਡੇਰੇ†।
ਖਾਨ ਪਾਨ ਕੀਨਸਿ ਤਿਸ ਬੇਰੇ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਤੀਤਰ' ਪ੍ਰਸੰਗ ਬਰਨਨੰ ਨਾਮ ਚੌਦਸਮੋ ਅੰਸੂ ॥੧੪॥

†ਪਾ:-ਟੇਕਾ।

†ਇਹ ਬਜ਼ੀਦਪੁਰ ਵਾਲਾ ਪ੍ਰਸੰਗ ਬੀ ਸਾਖੀਆਂ ਵਾਲੀ ਪੋਥੀ ਵਿਚੋਂ ਹੈ।

## ੧੫. [ਘੋਗੜ ਉਧਾਰ। ਹੁਕਮ ਨਾਥ]

੧੪<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਨਿਸ ਬਿਤਾਇ ਕਰਿ ਸਤਿਗੁਰੂ, ਕੀਨੋ ਸੌਚ ਸ਼ਨਾਨ।
ਜ਼ੀਨ ਹਯਨਿ ਪਰ ਪਾਇ ਕਰਿ, ਚਢੇ ਕਿਯੋ ਪ੍ਰਸਥਾਨ ॥੧॥

ਚੌਪਈ:

ਸਤਿਗੁਰ ਘੋਰੇ ਕੀ ਤ੍ਰੈ ਮੇਖ[1]।
ਲਗੀ ਰਹੀ ਤਿਸ ਥਾਨ ਅਸ਼ੇਖ।
ਜੰਡ ਹਰੇ ਸੋ ਹੋਵਤਿ ਭਏ।
ਅਬਿ ਲੌ ਖਰੇ ਪਿਖੇ ਜੋ ਗਏ[†] ॥੨॥

ਸਿਖ ਸੰਗਤਿ ਤਹਿਂ ਬੰਦਨ ਕਰੈ।
ਤਿਨ ਕੋ ਦਰਸ਼ਨ ਭੀ ਅਘ ਹਰੈ।
ਇਮ ਸ਼੍ਰੀ ਪ੍ਰਭੁ ਬਿਚਰਤਿ ਫਿਰਿ ਆਏ।
ਪਹੁੰਚਿ ਮੁਕਤਿਸਰ ਸਿਵਰ ਲਗਾਏ ॥੩॥

-ਹੋਇ ਭਵਿੱਖਤ ਮਹਿਂ ਇਹ ਮਹਾਂ।
ਸਿੱਖ ਸ਼ਨਾਨਹਿਂ ਫਲ ਕੋ ਲਹਾ-।
ਖਾਨ ਪਾਨ ਕਰਿ ਨਿਸਾ ਬਿਤਾਈ।
ਸੌਚ ਸ਼ਨਾਨੇ ਕੀਨਿ ਚਢਾਈ ॥੪॥

[†]ਗ੍ਰਾਮ ਰੁਪਾਣੇ ਚਲਿ ਕਰਿ ਆਏ।
ਉਤਰੇ ਤਹਾਂ ਤੁਰੰਗ ਲਗਾਏ।
ਸੁੱਖਾ ਅਰੁ ਅਫੀਮ ਛਕਿ ਕਰਿ ਕੈ।
ਬਿਚਰਤਿ ਇਤ ਉਤ ਧਨੁ ਸਰ ਧਰਿ ਕੈ ॥੫॥

ਬਲ ਉਤੰਗ ਇਕ ਘੋਗੜ[1] ਹੇਰਾ।
ਤੀਰ ਮਾਰਿ ਤਿਸ ਕੋ ਹਤਿ ਗੇਰਾ।
ਜੋਰਾ ਸਿੰਘ ਖਰੋ ਤਬਿ ਪਾਸੀ।
'ਪ੍ਰਭੁ ਜੀ ਘੋਗੜ ਕੀਨਿ ਬਿਨਾਸ਼ੀ ॥੬॥

ਇਹ ਕਯੋਂ ਹਤਯੋ ਕਾਮ ਨਹਿਂ ਐਹੈ।
ਇਮ ਹੀ ਪਰਯੋ ਰਹੈ, ਕੋ ਖੈਹੈ[1]?
ਇਸ ਕੇ ਮਾਰਨ ਕੋ ਕਯਾ ਕਾਰਨ?

[1]ਤ੍ਰੈ ਕਿੱਲੀਆਂ।

[†]ਇਹ ਬ੍ਰਿਛ ਅਜੇ ਤਕ ਮੌਜੂਦ ਹਨ। ਇਸ ਗੁਰਦ੍ਵਾਰੇ ਦਾ ਨਾਮ 'ਗੁਰੂਸਰ' ਪ੍ਰਸਿੱਧ ਹੈ।

[†]ਇਹ ਬੀ ਸਾਖੀ ਪੋਥੀ ਦਾ ਪ੍ਰਸੰਗ ਹੈ।

[1]ਗਿੱਧ ਵਰਗਾ ਇਕ ਪੰਛੀ ਜੋ ਪਿੰਡਾਂ ਦੇ ਗਿਰਦੇ ਵਸਦਾ ਤੇ ਮਲ ਖਾਂਦਾ ਹੈ।

[1]ਕੌਣ ਖਾਵੇਗਾ?

ਪਾਤਸ਼ਾਹੁ ਪ੍ਰਭੁ ! ਕਹਹੁ ਉਚਾਰਨ' ॥੭॥
ਸ੍ਰੀ ਮੁਖ ਤੇ ਕਹਿ ਕੇ ਸਮੁਝਾਯੋ।
'ਸੌ ਤਨੁ ਘੋਗੜ ਕੋ ਇਨ ਪਾਯੋ।
ਪ੍ਰਥਮ ਨ੍ਰਿਪਤਿ ਥੋ ਜੁਕਤ ਜਮੱਯਤ[1]।
ਸਿੱਖ ਗ਼ਰੀਬ ਏਕ ਇਸ ਰੱਯਤਿ ॥੮॥
ਬਸਤੇ ਕੇਤਿਕ ਸਮਾ ਬਿਤਾਏ।
ਇਕ ਦਿਨ ਸਿਖ ਕੇ ਮਨ ਇਮ ਆਏ।
ਗੁਰ ਹਿਤ ਚਾਹਜੋ ਕਰਨਿ ਅਹਾਰਾ।
ਸਕਲ ਭਾਂਤਿ ਸੋ ਕੀਯਸਿ ਤਜਾਰਾ ॥੯॥
ਸਿੱਖਨਿ ਕੋ ਨਿਉਂਦਾ ਤਿਨ ਦੀਯੋ।
ਨ੍ਰਿਪ ਭੀ ਸਿੱਖ ਥੋ ਧਾਮਾ ਲੀਯੋ[1]।
ਸਭਿ ਕੋ ਮੇਲ ਭਯੋ ਤਬਿ ਆਇ।
ਕਰਿ ਅਰਦਾਸਹਿੰ ਭੋਜਨ ਖਾਇ ॥੧੦॥
ਸਿਖ ਕੀ ਸੁਤਾ ਅਵਸਥਾ ਤਰੁਨੀ।
ਸੋ ਰਾਜਾ ਪਿਖਿ ਕੈ ਮਨ ਹਰਨੀ।
ਅਪਨੇ ਸਦਨ ਗਯੋ ਨਿਸ ਪਰੀ।
ਨ੍ਰਿਪ ਨਰ ਪਠੇ ਹਕਾਰਨਿ ਕਰੀ ॥੧੧॥
ਸਿਖ ਨੇ ਲਖੀ ਨਰੇਸ਼ ਖੁਟਾਈ।
ਪਰਮ ਦੁਖੀ ਭਾ ਬਸ ਨ ਬਸਾਈ।
ਦੇਖਿ ਪਿਤਾ ਕੋ ਪੁੱਤ੍ਰੀ ਕਹੈ।
-ਕਜੋਂ ਨਾਹਕ ਏਤੋ ਦੁਖ ਲਹੈਂ ॥੧੨॥
ਮੋਹਿ ਸਾਥ ਨ੍ਰਿਪ ਨਿਕਟ ਚਲੀਜੈ।
ਗੁਰੂ ਕਰੈ ਸੁਖ[1], ਚਿੰਤ ਨ ਕੀਜੈ-।
ਲੈ ਕਰਿ ਪਿਤਾ ਗਈ ਢਿਗ ਰਾਜੇ।
ਕਹੈ ਕਿ ਐਬੇ ਸਮੋ ਨ ਆਜੇ ॥੧੩॥
ਦਿਵਸ ਆਗਲੇ ਮੈਂ ਚਲਿ ਆਵੌਂ।
ਬਿਨਾ ਬੁਲਾਏ, ਨਹਿਂ ਠਹਿਰਾਵੋਂ[1]।
ਅਪਨੋ ਨਰ ਨਹਿਂ ਕਰੋ ਪਠਾਵਨ।
ਰਚੋਂ ਅਧਰਮ ਅਧਿਕ ਦੁਖ ਪਾਵਨ[1]-

[1]ਫੌਜ ਦੇ ਸਮੇਤ।

[1]ਰਾਜਾ ਬੀ ਸਿੱਖ ਸੀ ਉਸ ਨੇ ਬੀ ਨਿਉਂਦਾ ਲਿਆ।

[1]ਗੁਰ ਸੁਖ ਕਰੇਗਾ।

[1]ਬਿਨਾਂ ਬੁਲਾਏ ਆਵਾਂਗੀ, ਅਟਕਾਂਗੀ ਨਹੀਂ, ਸ਼ਲੇਖ ਵਿਚ ਦੂਜਾ ਅਰਥ ਇਹ ਹੈ ਕਿ ਕਲ ਮੈਂ ਬਿਨਾਂ ਬੁਲਾਏ ਆਵਾਂਗੀ ਪਰ (ਤੇਰੇ ਪਾਸ) ਠਹਿਰਾਂਗੀ ਨਹੀਂ। ਮੁਰਾਦ ਇਹ ਸੀ ਕਿ ਮੈਂ ਸਰੀਰ ਛੱਡ ਦੇਣਾ ਹੈ, ਰੂਹ ਵਿਚ ਮੈਂ ਆਵਾਂਗੀ ਪਰ ਠਹਿਰਾਂਗੀ ਨਹੀਂ।

[1]ਝੂਠਾ ਧਰਮ ਕਰਾਂਗੀ ਤਾਂ ਬੜਾ ਦੁੱਖ ਪਾਵਾਂਗੀ।

॥ ੧੪ ॥
ਸੁਨਿ ਰਾਜਾ ਕਹਿ -ਛਲ ਨਹਿਂ ਕਰੀਅਹਿ।
ਤ੍ਰਿਆ ਚਰਿੱਤ੍ਰ ਨ ਕਛੂ ਬਿਚਰੀਅਹਿ।
ਹੋਹਿਂ ਕੂਰ ਕਰਿਬੇ ਬਚ ਤੋਹੀ।
ਤੌ ਸਜ਼ਾਇ ਹ੍ਵੈ ਆਇਸੁ ਮੋਹੀ[1]- ॥ ੧੫ ॥
ਕਹਿਨ ਲਗੀ -ਮੈਂ ਰਹੌਂ ਨ ਕਾਲੀ[1]।
ਤੌ ਸਜਾਇ ਕਿਮ ਹੋਇ ਬਿਸਾਲੀ[†]-।

[1]ਇਹ ਮੇਰਾ ਹੁਕਮ ਹੈ।

[1]ਕੱਲ ਨੂੰ।

[†]ਇਸ ਵਿਚ ਬੀ ਸ਼ਲੇਖ ਹੈ, ਮੈਂ ਕਲ ਆਉਣੋਂ ਨਹੀਂ ਰਹਾਂਗੀ ਭਾਵ ਆਵਾਂਗੀ ਫਿਰ ਮੈਨੂੰ ਬਹੁਤ ਸਜ਼ਾ ਕਿਉਂ ਹੋਵੇਗੀ! ਇਹ ਅਰਥ ਰਾਜੇ ਨੇ ਸਮਝਿਆ। ਬੀਬੀ ਦੇ ਦਿਲ ਵਿਚ ਇਹ ਅਰਥ ਸੀ ਕਿ ਮੈਂ ਕਲ (ਦੁਨੀਆਂ ਪਰ) ਨਾ ਰਹਾਂਗੀ ਭਾਵ ਮਰ ਜਾਵਾਂਗੀ ਤਾਂ ਸਜ਼ਾ ਕਿਸ ਨੂੰ ਦਿਓਗੇ।

ਇਮ ਕਹਿ ਪਿਤਾ ਸੰਗਿ ਹਟਿ ਆਈ।
ਨਿਸ ਮਹਿ ਬਿਖ ਲੇ ਕਰਿ ਤਿਸ ਖਾਈ ॥ ੧੬ ॥
ਮਰਨ ਸਮੈਂ ਦੀਨੋ ਇਮ ਸ੍ਰਾਪ।
-ਇਹ ਮਹੀਪ ਪਾਪੀ ਸੰਤਾਪ।
ਰਾਜ ਕਰਨ ਕੇ ਲਾਯਕ ਨਾਂਹੀ।
ਘੋਗੜ ਤਨ ਪਾਵਹੁ ਬਨ ਮਾਂਹੀ ॥ ੧੭ ॥
ਰਹਹੁ ਇਕਾਂਕੀ ਸੰਗ ਨ ਕੋਈ।
ਕਰਨ ਪਾਪ ਪੈ ਹੋ ਫਲ ਸੋਈ-।
ਇਮ ਕਹਿ ਪ੍ਰਾਨ ਤਜੇ ਤਤਕਾਲਾ।
ਕੇਤਿਕ ਦਿਨ ਮਹਿਂ ਭਾ ਨ੍ਰਿਪ ਕਾਲਾ ॥ ੧੮ ॥
ਇਕ ਸੌ ਦੇਹਿ ਜਨਮ ਅਸ ਧਾਰੇ।
ਘੋਗੜ ਹੋਤਿ ਰਹਯੋ ਨਿਰਧਾਰੇ।
ਨਿਜ ਸਿਖ ਲਖਿ ਕੈ ਅਬਹਿ ਉਧਾਰਯੋ।'
ਜਬਿ ਪ੍ਰਸੰਗ ਪ੍ਰਭੁ ਸਰਬ ਉਚਾਰਯੋ ॥ ੧੯ ॥
ਜੋਰਾ ਸਿੰਘ ਆਦਿਕ ਢਿਗ ਜੇਤੇ।
ਬਿਸਮੈ 'ਧੰਨ ਧੰਨ' ਕਹਿ ਤੇਤੇ।
ਨਿਸ ਮਹਿਂ ਖਾਨ ਪਾਨ ਸਭਿ ਕਰਯੋ।
ਸੁਪਤੇ ਬਹੁਰ ਦਿਵਸ ਪੁਨ ਚਰਯੋ

॥੨੦॥
ਜ਼ੀਨ ਤੁਰੰਗਨ ਪਰ ਤਬਿ ਡਾਰੇ।
ਹੁਇ ਅਰੂਢਿ ਪ੍ਰਭੁ ਪੰਥ ਪਧਾਰੇ।
ਸੈਨਾ ਸੰਗ ਬਿਰਾੜਨ ਕੇਰੀ।
ਚਾਕਰ ਰਾਖੇ ਗੁਰੂ ਅਗੇਰੀ ॥੨੧॥
ਸੁਨਿ ਸੁਨਿ ਸੁਧਿ ਕੋ ਸਿੰਘ ਜੁਝਾਰੇ।
ਆਇ ਮਿਲਹਿਂ ਗੁਰ ਦਰਸ ਨਿਹਾਰੇ।
ਅਧਿਕ ਭੀਰ ਦਿਨ ਪ੍ਰਤਿ ਹੁਇ ਸਾਥ।
ਬਿਚਰਤਿ ਆਰੋਹੇ ਨਿਤ ਨਾਥ ॥੨੨॥
'ਕੇਤਿਕ ਕੋਸ ਉਲੰਘਤਿ ਗਏ।
ਡੇਰਾ ਪਹੁੰਚਿ ਥੇਹੜੀ ਕਏ।
ਹਯ ਬੰਧਾਵਨਿ ਸਗਰੇ ਕੀਨੇ।
ਤ੍ਰਿਣ ਈਂਧਨ ਇਕਠੇ ਕਰਿ ਲੀਨੇ ॥੨੩॥
ਏਕ ਨਾਥ ਬਡ ਅਜ਼ਮਤਵੰਤਾ।
ਕਰਿ ਆਸ਼ਰਮ ਕੋ ਤਹਾਂ ਬਸੰਤਾ।
ਆਗੇ ਇਕ ਦਿਨ ਗੁਰ ਸੋਂ ਮਿਲਿ ਕਰਿ।
ਬੋਲਯੋ ਹੁਤੋ ਮਾਨ ਕੋ ਮਨ ਧਰਿ ॥੨੪॥
'ਜਗ ਮੈਂ ਗੁਰੂ ਕਹਾਵਤਿ ਫਿਰੈ।
ਕਰਾਮਾਤ ਭੀ ਕੁਛ ਤਨੁ ਧਰੈ।
ਜੇ ਅਜ਼ਮਤ ਕੁਛ ਦੇਹੁ ਦਿਖਾਇ।
ਦੇਖੇ ਬਿਨਾ ਨ ਮਨ ਪਤਿਯਾਇ' ॥੨੫॥
ਸੁਨਿ ਗੁਰ ਕਹਯੋ ਹੁਤੋ[1] ਤਿਸ ਤਾਂਈ।
'ਡੇਰਾ ਕਰਹਿਂ ਜਬਹਿ ਤੁਵ ਥਾਈ।
ਤਬਹਿ ਦਿਖਾਵਹਿਂ ਦਿਢ ਹੁਇ ਰਹੀਏ।
ਅਬਿ ਦੇਖਨ ਕੋ ਨਹਿਂ ਕੁਛ ਕਹੀਏ' ॥੨੬॥
ਦੇਖਿ ਨਾਥ ਕੋ ਗਾਥ ਚਿਤਾਰੀ।
-ਇਹ ਤੋ ਕਰਾਮਾਤ ਚਹਿ ਭਾਰੀ-।
ਬੈਠਯੋ ਹੁਤੋ ਆਪਨੇ ਥਾਨਾ।
ਤਰਕਸ਼ ਤੇ ਲੇ ਕਰਿ ਗੁਰ ਬਾਨਾ ॥੨੭॥
ਛਿਤ ਸੋਂ ਛ੍ਵਾਇ ਸੀਸ ਸੰਗ ਲਾਯੋ[1]।

[1]ਕਹਿਆ ਹੋਇਆ ਸੀ।

[1]ਜੋਗੀ ਦੇ ਸਿਰ ਨਾਲ।

ਬਹੁਰ ਨਾਥ ਸੋਂ ਬਾਕ ਅਲਾਯੋ।
'ਹੁਕਮ ਨਾਥ[1] ! ਕਹੁ ਅਪਨੀ ਗਾਥਾ। — [1]ਨਾਮ ਹੈ ਨਾਥ ਦਾ।
ਰਾਜੀ ਅਹੈਂ ਅਨੰਦ ਕੇ ਸਾਥਾ' ॥੨੮॥
ਸੁਨਤਿ ਨਾਥ ਬੋਲਯੋ ਤਿਹ ਸਮੋ।
'ਗੁਰ ਗੋਬਿੰਦ ਸਿੰਘ ਲਹੁ ਮਮ ਨਮੋ।
ਮੈਂ ਰਾਜ਼ੀ ਕਰਿ ਦੀਨਸਿ ਦੀਨ[1]। — [1]ਮੈਂ (ਕਰਾਮਾਤ ਕਰ) ਰਾਜ਼ੀ ਸੀ (ਕਰਾਮਾਤ ਖੋਹ ਕੇ ਆਪ ਨੇ) ਦੀਨ ਕਰ ਦਿੱਤਾ।
ਸਭਿ ਕਾਰਜ ਤੇ[1] ਖਾਰਜ ਕੀਨ' ॥੨੯॥ — [1]ਕਰਾਮਾਤ ਲਗਾਉਣ ਰੂਪੀ) ਸਾਰੇ ਕੰਮਾਂ ਤੋਂ।
ਗੁਰੂ ਕਹ੍ਯੋ 'ਦੇਖਹਿਂ ਅਬਿ ਠੌਰ।
ਚਲੀਅਹਿ ਦਿੱਲੀ ਨਗਰ ਲਾਹੌਰ[1]। — [1]ਚਲੋ ਹੁਣ ਦਿੱਲੀ ਲਾਹੌਰ ਆਦਿ ਨਗਰ ਦੇਖੀਏ।
ਕਿਤਿਕ ਸਮੈਂ ਮੈਂ ਚਲਿ ਪੁਨ ਆਵੈ।
ਜੇ ਤੇਰੇ ਚਿਤ ਮਹਿਂ ਇਮ ਭਾਵੈ' ॥੩੦॥
ਨਾਥ ਕਹੈ 'ਨਿਸ਼ਫਲ ਅਭਿਲਾਖਾ।
ਜੈਬੇ ਉਚਿਤ ਨ ਮੋ ਕਹੁ ਰਾਖਾ।
ਖੈਂਚਿ ਨਿਕਾਰਾ ਸਾਰ ਉਦਾਰਾ[1]। — [1]ਕਰਾਮਾਤ ਰੂਪੀ ਵੱਡਾ ਸਾਰ।
ਕਰਿ ਫੋਕਟ[1] ਮੋ ਕਹੁ ਅਬਿ ਡਾਰਾ' ॥੩੧॥ — [1]ਫੋਗ।
ਸਤਿਗੁਰ ਭਨ੍ਯੋਂ 'ਕਾਮਨਾ ਤੇਰੀ।
ਅਜ਼ਮਤ ਜਾਚਤਿ ਫਲੀ ਘਨੇਰੀ[1][†]। — [1]ਸੋ ਫਲਣ ਲੱਗੀ ਹੈ। [†]ਭਾਵ ਕਰਾਮਾਤ ਇਹ ਦਿਖਾਈ ਕਿ ਉਸ ਵਿਚ ਜੋ ਸਿੱਧੀ ਸੀ ਸੋ ਖਿੱਚ ਲਈ। ਕੈਸਾ ਚੋਜੀ ਜਵਾਬ ਹੈ। ਕਰਾਮਾਤ ਦਿਖਾ ਬੀ ਦਿੱਤੀ ਤੇ ਉਸ ਦੀ ਕਰਾਮਾਤ ਦੂਰ ਬੀ ਕਰ ਦਿੱਤੀ। ਚੇਟਕੀ ਫਕੀਰਾਂ ਵਿਚ ਕਰਾਮਾਤ ਤਮਾਸ਼ਿਆਂ ਵਾਂਙੂ ਹੀ ਹੁੰਦੀ ਹੈ।
ਅਪਨੋ ਦੋਸ਼ ਜਾਨਿ ਟਿਕ ਰਹੋ।
ਜਿਮ ਬਾਂਛਤਿ ਚਿਤ ਫਲ ਤਿਮ ਲਹੋ' ॥੩੨॥
ਤੂਸ਼ਨ ਰਹ੍ਯੋ ਜਾਨਿ ਬਚ ਸਾਚੇ।
ਮਾਨ ਰਾਚਿ[1] ਅਜ਼ਮਤ ਕਹੁ ਜਾਚੇ। — [1]ਹੰਕਾਰ ਵਿਚ ਰਚਕੇ।
ਇਕ ਮਠ ਸੁੰਦਰ ਹੈ ਤਿਸ ਠੌਰ।
ਵਿਚ ਕਾਸਬ ਭੱਟੀ ਕੀ ਗੋਰ[1] ॥੩੩॥ — [1]ਕਾਸਬ ਨਾਮੇ ਭੱਟੀ ਦੀ ਕਬਰ ਹੈ (ਉਸ ਮਠ) ਵਿਚ।
ਤਿਸ ਕੋ ਪਿਖਿ ਕਰਿ ਗੁਰੂ ਸਰਾਹੀ।
ਭਲੀ ਥਾਇੰ ਸੁੰਦਰ ਇਸ ਮਾਂਹੀ।
ਮਾਨ ਸਿੰਘ ਆਦਿਕ ਬਚ ਸੁਨੇ।

ਪ੍ਰਭੁ ਕੇ ਸੰਗ ਬਿਬੇਕੀ ਬਨੇ[1] ॥੩੪॥

[1]ਵਿਚਾਰ ਕਰਨ ਵਾਲੇ। ਭਾਵ ਸਿੱਖ ਮ੍ਰਿਯਾਦਾ ਦੀ ਵਿਚਾਰ ਕਰਨ ਵਾਲੇ ਬਣੇ।

'ਖ਼ਾਨ ਤੁਰਕ ਕੋ ਆਪ ਸਰਾਹਾ।
ਯਾਂ ਤੇ ਉਚਿਤ ਦੇਹੁ ਤਨਖਾਹਾ।
-ਗੌਰ ਮੜ੍ਹੀ ਮਠ ਭੂਲ ਨ ਮਾਨੈ-।
ਇਸ ਬਿਧਿ ਰਾਵਰ ਰਹਿਤ ਬਖਾਨੈਂ' ॥੩੫॥
ਸੁਨਤਿ ਬਿਬੇਕ ਖਾਲਸੇ ਕੇਰਾ।
ਬਖ਼ਸ਼ਾਵਤਿ ਭੇ ਗੁਰ ਤਿਸ ਬੇਰਾ।
ਬਿੰਸਤ ਪੰਚ ਰਜਤਪਣ ਲਾਏ।
ਦਾਨ ਸਿੰਘ ਕਰ ਜੋਰਿ ਅਲਾਏ ॥੩੬॥
'ਇਹ ਕਯਾ ਬਿਧਿ ਰਾਵਰ ਨੇ ਕਰੀ?
ਬਿੱਪ੍ਰੀਤੀ ਹਮ ਕੋ ਦਿਖਿ ਪਰੀ।'
ਤਿਸ ਕੋ ਸ਼੍ਰੀ ਪ੍ਰਭੁ ਕੀਨਿ ਬਤਾਵਨ।
'ਕਰਹਿਂ ਖਾਲਸੇ ਕੋ ਸਿਖਰਾਵਨ[†] ॥੩੭॥

[†]ਇਸ ਤੋਂ ਅਤੇ ਪਿਛਲੀ ਖੇਸ ਵਾਲੀ ਸਾਖੀ ਤੋਂ ਸੱਖਣੇ ਭਾਉ ਜਗਤ ਤੋਂ ਖਾਲੀ ਨਿਰੇ ਦਮਗਜਈ ਸਿੱਖਾਂ ਨੇ ਕਈ ਵੇਰ ਅਯੋਗ ਲਾਭ ਉਠਾਏ ਹਨ। ਸਤਿਗੁਰਾਂ ਦੀ ਸ਼ਾਨ ਵਿੱਚ ਬੇਅਦਬੀ ਦੇ ਵਾਕ ਕਹੇ ਹਨ ਤੇ ਚੰਗੇ ਚੰਗੇ ਪ੍ਰੇਮੀ ਤੇ ਉੱਚ ਜੀਵਨ ਵਾਲੇ ਸਿੱਖਾਂ ਦੇ ਅਕਾਰਣ ਅਪਮਾਨ ਕੀਤੇ ਹਨ। 'ਜਾਗਤ ਜੋਤ ਜਪੈ' ਵਾਲੇ ਸ੍ਵੈਯੇ ਵਿੱਚ ਜੋ ਸਿੰਘਾਂ ਦੇ ਲੱਛਣ ਕਹੇ ਹਨ ਉਨ੍ਹਾਂ ਨੂੰ ਅਧਿਕਾਰ ਹੈ ਜਾਇਜ਼ ਸੋਧ ਕਰਨ ਦਾ, ਦੁਰਾਚਾਰੀ ਤੇ ਕਰਨੀਹੀਨ ਭੇਖੀ ਸਿੱਖਾਂ ਨੂੰ ਐਸਾ ਅਧਿਕਾਰ ਕੋਈ ਨਹੀਂ ਹੈ। ਮਾਨ ਸਿੰਘ ਵਰਗੇ ਉੱਚੇ ਸੁੱਚੇ ਜੀਵਨ ਦਾ ਆਦਰਸ਼ ਅੱਖਾਂ ਅੱਗੇ ਚਾਹੀਏ। ਦੇਖੋ ਇਸ ਸਾਖੀ ਦੇ ਮਗਰੋਂ ਬੀ ਸਤਿਗੁਰੂ ਪੂਜ ਸਨ ਤੇ ਮਾਨ ਸਿੰਘ ਉਨ੍ਹਾਂ ਦੇ ਚਰਨਾਂ ਦਾ ਪੂਜਨ ਵਾਲਾ ਦਾਸ ਤੇ ਭਗਤ ਸੀ, ਨਾ ਸਤਿਗੁਰੂ ਭੁਲਣਹਾਰ ਸਨ ਤੇ ਨਾਂਹੀ ਕੋਈ ਸਿੱਖ ਸਤਿਗੁਰੂ ਜੀ ਦੀ ਭੁੱਲ ਦਾ ਸੋਧਕ ਸੀ, ਕੇਵਲ ਇਕ ਚੋਜ ਸੀ ਜਿਸ ਦਾ ਭਾਵ 'ਕਰਹਿ ਖਾਲਸੇ ਕੋ ਸਿਖਰਾਵਨ.......' ਇਨ੍ਹਾਂ ਤਿੰਨਾਂ ਤੁਕਾਂ ਤੋਂ ਸਪਸ਼ਟ ਪ੍ਰਤੀਤ ਹੋ ਰਿਹਾ ਹੈ।

ਲੇਨਿ ਦੇਨਿ ਹੋਵਹਿ ਤਨਖਾਹ।
ਪਰੈ ਖਾਲਸੇ ਮਹਿਂ ਇਹ ਰਾਹ।'
ਤਬਿ ਸਤਿਗੁਰ ਤਰਕਸ਼ ਗਰ ਲਾਹਾ।
ਧਨੁਖ ਸਹਿਤ ਦਾਸਨ ਕਰ ਮਾਹਾ[1] ॥੩੮॥

[1]ਹੱਥ ਵਿੱਚ ਦਿੱਤਾ।

ਏਕ ਮੂਲ[1] ਪਰ ਜੰਡ ਸੁ ਤੀਨ।

[1]ਮੁੱਢ ਇਕ ਸੀ।

ਨਿਕਟ ਖਰੇ ਡੇਰਾ ਜਹਿਂ ਕੀਨ।
ਆਯੁਧ ਤਿਨ ਕੇ ਸੰਗ ਝੁਲਾਏ[1]।

[1]ਲਟਕਾਏ।

ਅਬਿ ਲੌ ਖਰੇ[1] ਦੇਖਿ ਸਿਖ ਆਏ[†]

[1]ਖੜੇ (ਬ੍ਰਿਛ)। [†]ਗੁਰਦਵਾਰਾ ਹੈ, ਜੰਡ ਖੜੇ ਹਨ

॥ ੩੯ ॥

ਤ੍ਰੈਏ, ਪਿੰਡ ਥੇਹੜੀ ਹੈ ਤੇ ਜ਼ਿਲਾ ਫੀਰੋਜ਼ਪੁਰ ਹੈ।

ਧਰਹਿ ਕਾਮਨਾ ਕਰਹਿ ਜਿ ਨਮੋ।
ਪੂਰਤਿ ਹੈ ਸੋ ਤਰੁ ਇਹ ਸਮੋ।
ਹੁਤੀ ਨਾਥ ਕੈ ਧੇਨੁ ਘਨੇਰੀ[1]।
ਚੋਇ ਦੁਗਧ ਸੋ ਲੇਵੈ ਬੇਰੀ[1] ॥ ੪੦ ॥

[1]ਬਹੁਤੀਆਂ ਗਾਈਆਂ।

[1]ਵੇਲੇ ਸਿਰ।

ਬਛਰੇ ਸੰਗ ਛੋਰਿ ਦੇ ਸੋਈ।
ਅਜ਼ਮਤ ਤੇ ਨ ਚੁੰਘਾਵੈ ਕੋਈ।
ਮਾਟੀ ਬਾਸਨ ਦੇਤਿ ਚੜਾਇ।
ਰੀਝਤਿ ਖਿਚਰੀ ਖ਼ੂਬ ਬਨਾਇ ॥ ੪੧ ॥
ਫੋਰੇ ਤੇ ਠੀਕਰ ਹੁਇੰ ਤੇਤੇ।
ਨਾਥ ਨਾਥ ਹੁਇੰ ਮਾਨੁਖ ਜੇਤੇ[1]।

[1]ਉਹ) ਨਾਥ ਤੇ ਹੋਰ ਮਨੁੱਖ ਜਿਤਨੇ ਹੁੰਦੇ ਸਨ ਉਨੇ ਠਿੱਕਰ ਹੋ ਜਾਂਦੇ ਸਨ (ਹਾਂਡੀ ਦੇ)।

ਕਰਾਮਾਤ ਇਹ ਸਕਲ ਗਵਾਈ।
ਤਿਸ ਦਿਨ ਗੋ ਚੁੰਘਾਇ ਸਭਿ ਆਈ ॥ ੪੨ ॥
ਰੀਧੇ ਬਾਸਨ ਭਗਨ ਨ ਤੈਸੇ।
ਦਿਨ ਪ੍ਰਤਿ ਕਰਤਿ ਅਚਵਨੋ ਜੈਸੇ।
ਏਕ ਨਿਸਾ ਗੁਰ ਢਿਗ ਥਿਤ ਭਯੋ।
ਅਗਲੇ ਦਿਨ ਸੁ ਆਨ ਥਲ ਗਯੋ ॥ ੪੩ ॥
ਧੇਨੁ ਬਤਸ਼ ਲੇ ਸਾਥ ਸਿਧਾਰਾ।
ਅਪਰ ਸਮਾਜ ਤਜਯੋ ਤਹਿਂ ਸਾਰਾ।
ਬਾਸਨ, ਬਸਨ[1], ਸਕਟ ਅਰੁ ਘੋਰਾ।
ਸਹਿਤ ਖਰਾਸ ਗਮਨਤੇ ਛੋਰਾ[1] ॥ ੪੪ ॥

[1]ਬਸਤ੍ਰ।

[1]ਆਟੇ ਪੀਹਣ ਵਾਲਾ) ਖਰਾਸ ਵਗਦਾ ਹੀ ਛੋੜ ਗਿਆ। (ਅ) ਜਾਣ ਵੇਲੇ ਛੱਡ ਗਿਆ।

ਰਤੀਏ ਗ੍ਰਾਮ ਜਾਇ ਕਰਿ ਬਾਸਾ।
ਨਹਿਂ ਬਖਸ਼ਾਇ ਮਿਲ੍ਯੋ ਪ੍ਰਭੁ ਪਾਸਾ।
ਕੀਨਿ ਮੁਕਾਮ ਗੁਰੂ ਭਗਵਾਨ।
ਰੋੜਾ ਇਕ ਬਨੀਓ ਤਿਸ ਥਾਨ ॥ ੪੫ ॥
ਦੇਤਿ ਰਸਤ ਕੀਨੀ ਬਹੁ ਸੇਉ।
ਖ਼ੁਸ਼ੀ ਕਰੀ ਤਿਸ ਪਰ ਗੁਰਦੇਉ।
ਬੂਝਤਿ ਭਯੋ ਨਾਥ ਕੀ ਗਾਥਾ।
'ਕਹਾਂ ਕਰੀ ਰਾਵਰ ਕੇ ਸਾਥਾ? ॥ ੪੬ ॥
ਇਸ ਥਲ ਤੇ ਉਠਿ ਕਰਿ ਕਿਤ ਗਯੋ?

ਵਸਤੂ ਬ੍ਰਿੰਦ ਸੁ ਤਜਾਗਤਿ ਭਯੋ।'
ਸੁਨਿ ਕੈ ਸ਼੍ਰੀ ਪ੍ਰਭੁ ਭੇਵ ਬਤਾਯੋ।
'ਨਿਜ ਅਜ਼ਮਤ ਧਰਿ ਉਰ ਗਰਬਾਯੋ
॥੪੭॥
ਤੀਰ ਸੰਗ ਹਮ ਐਂਚਿ ਨਿਕਾਰੀ।
ਉਠਿ ਕਰਿ ਗਯੋ ਲਾਜ ਕਰਿ ਭਾਰੀ।
ਮਿਲਜੋ ਨ ਪੁਨ ਐਕੇ ਬਖਸ਼ਾਯੋ।
ਹੰਕਾਰਤਿ ਨਿਜ ਓਜ ਗਵਾਯੋ ॥੪੮॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਜੋਗੀ' ਪ੍ਰਸੰਗ ਬਰਨਨੰ ਨਾਮ ਪੰਚ ਦਸਮੋ ਅੰਸੂ ॥੧੫॥

## ੧੬. [ਕਾਂ, ਸਰਪ ਉਧਾਰ। ਬੈਰਾੜਾਂ ਨੇ ਤਨਖਾਹਾਂ ਮੰਗਣੀਆਂ]

੧੫<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਬਾਸੁਰ ਕਿਤਿਕ ਮੁਕਾਮ ਕਰਿ, ਪੁਨ ਸ਼੍ਰੀ ਪ੍ਰਭੁ ਹ੍ਵੈ ਤਯਾਰ।
ਜ਼ੀਨ ਤੁਰੰਗਨ ਪਰ ਪਰੇ, ਹੋਤਿ ਭਏ ਅਸਵਾਰ ॥੧॥

ਚੌਪਈ:

ਬਿਧਿ ਅਨੇਕ ਪ੍ਰਭੁ ਕਰਤਿ ਅਖੇਰੇ।
ਖੇਲਤਿ ਬਿਚਰਤਿ ਜਾਤਿ ਅਗੇਰੇ।
ਖਸ਼ਟ ਕੋਸ ਪ੍ਰਭੁ ਪਹੁੰਚੇ ਜਾਈ।
ਸੰਗ ਸੈਨ ਸਿੰਘਨਿ ਸਮੁਦਾਈ ॥੨॥
ਤਿਸ ਥਲ ਭੂੰਦੜ ਰਹੈ ਦਿਵਾਨਾ।
ਗੁਰ ਆਗਵਨ ਸੁਨੇ ਹਰਖਾਨਾ।
ਤੂਰਨ ਹੀ ਚਲਿ ਕਰਿ ਸੋ ਆਯੋ।
ਚਰਨ ਕਮਲ ਪਰ ਸੀਸ ਨਿਵਾਯੋ ॥੩॥
ਪੰਚ ਰੁਪੱਯੇ ਥਾਨ ਮਹੀਨ[1]।
ਅੱਗ੍ਰ ਉਪਾਯਨ ਧਰਿ ਕਰਿ ਦੀਨ।
ਉਤਰੇ ਸ਼੍ਰੀ ਪ੍ਰਭੁ ਕੀਨਸਿ ਡੇਰਾ।
ਥਿਰੇ ਸਿੰਘ ਬਾਂਛਤਿ ਥਲ ਹੇਰਾ ॥੪॥
ਬ੍ਰਿੰਦ ਕਲਸ ਪਯ[1] ਕੇ ਭਰਿ ਆਨੇ।
ਭੂੰਦੜ ਸੰਗ ਲਯਾਇ ਮਿਸ਼ਟਾਨੇ।
ਜੇਤਿਕ ਸਿੰਘ ਸਭਿਨਿ ਕੋ ਧਯਾਏ।
ਬਾਰਿ ਬਾਰਿ ਕਹਿ ਕਰਿ ਤ੍ਰਿਪਤਾਏ ॥੫॥
ਅਧਿਕ ਅਧੀਨ ਭਯੋ ਗੁਰ ਆਗੇ।
ਬਾਰਬਾਰ ਪਗ ਪੰਕਜ ਲਾਗੇ।
ਕਹਿਬੋ ਸੁਨਿਬੋ ਬਾਤ ਅਨੇਕੂ।
ਕਰਤਿ ਭਏ ਸ਼੍ਰੀ ਜਲਧਿ ਬਿਬੇਕੂ ॥੬॥
ਗੁਰ ਬੋਲੇ 'ਭੂੰਦੜ ! ਹਮ ਚਰੈਂ।
ਅਪਰ ਸਥਾਨ ਬਿਲੋਕਨਿ ਕਰੈਂ।'
ਕਹੈ ਜੋਰਿ ਕਰ 'ਸੇਵ ਬਤਾਓ।
ਦਾਸ ਜਾਨ ਕਰਿ ਮੁਖ ਫੁਰਮਾਓ ॥੭॥
ਦਰਸ਼ਨ ਦਯੋ ਭਾਗ ਧੰਨ ਮੇਰੇ।

[1]ਬਰੀਕ ਕਪੜੇ ਦਾ ਥਾਨ।

[1]ਦੁੱਧ ਦੇ ਘੜੇ।

ਭਯੋ ਨਿਹਾਲ ਅਨੰਦ ਘਨੇਰੇ।
ਅਪਨੋ ਜਾਨਿ ਕੀਨਿ ਆਗਮਨੁ।
ਸੰਤ ਉਬਾਰਿ ਦੁਸ਼ਟ ਦਲ ਦਮਨੁ' ॥੮॥
ਖੁਸ਼ੀ ਕਰੀ ਪ੍ਰਭੁ ਭਏ ਅਰੂਢਿ।
ਗਮਨੇ ਮਾਰਗ ਕੋ ਗੁਨ ਗੂਢ।
ਪਹੁੰਚੇ ਨਿਕਟ ਬੇਹੜੀ[1][†] ਜਾਣੀ।

[1]ਨਾਮ ਪਿੰਡ। [†]ਪਾ:-ਬੋਹੜੀ। ਸਾਕੀ ਚੌਥੀ ਵਿਚ ਪਾਠ ਬੇਹੜੀ ਹੀ ਹੈ।

ਤਹਿਂ ਤੇ ਚਲਿ ਕਰਿ ਕਾਲ ਝਿਰਾਣੀ ॥੯॥
ਤਹਾਂ ਮਹੀਰੁਹੁ[1] ਖਰੋ ਫਲਾਹੀ।

[1]ਬ੍ਰਿੱਛ।

ਕਾਰੋ ਕਾਕ ਬਸੈ ਤਿਸ ਮਾਂਹੀ।
ਅਵਲੋਕਤਿ ਭਾਖਯੋ ਤਿਸ ਬੇਰ।
'ਧਰਮ ਸਿੰਘ ਤਰੁ ਕੀ ਦਿਸ਼ਿ ਹੇਰਿ ॥੧੦॥
ਨਿਡਜ ਬਨਾਯਹੁ ਬਾਯਸ ਰਹੈ[1]।

[1]ਆਲ੍ਹਣਾ ਬਣਾਕੇ ਕਾਂ ਰਹਿੰਦਾ ਹੈ।

ਤੀਨ ਬਤਸ਼ ਇਸ ਕੇ ਬਿਚ ਅਹੈਂ।
ਚੋਂਚ ਪਸਾਰ ਆਇ ਤੁਝ ਓਰੀ।
ਤਿਸ ਕੀ ਗ੍ਰੀਵਾ ਦੇਹੁ ਮਰੋਰੀ ॥੧੧॥
ਅਪਰ ਦੁਹਨ ਕੋ ਕੁਛ ਨ ਕਹੀਜੈ।
ਚਢਿ ਫੁਲਾਹ ਪਰ ਜਾਹੁ ਗਹੀਜੈ।'
ਸੁਨਿ ਗੁਰ ਹੁਕਮ ਗਏ ਜੁਗ ਭ੍ਰਾਤਾ।
ਬਾਇਸ ਬਤਸ਼ ਬਿਲੋਕ ਸ ਤਾਤਾ[1] ॥੧੨॥

[1]ਕਾਂ ਦੇ ਬੱਚੇ ਤੇ ਉਹਨਾਂ ਦਾ ਪਿਉ।

ਧਰਮ ਸਿੰਘ ਤਰੁ ਕੇ ਤਰ ਖਰਯੋ।
ਪਰਮ ਸਿੰਘ ਊਪਰ ਤਬਿ ਚਰਯੋ।
ਤੀਨ ਹੁਤੇ ਇਕ ਚੌਂਚ ਪਸਾਰੀ।
ਪਰਖਿ ਲਯੋ ਗਹਿ ਹਾਥ ਮਝਾਰੀ ॥੧੩॥
ਗ੍ਰੀਵਾ ਤੋਰਿ ਤੁਰਤ ਹੀ ਮਾਰਾ।
ਸਭਿਹਿ ਨਿਹਾਰਤਿ ਬਿਸਮਿ ਉਚਾਰਾ।
'ਪਾਤਿਸ਼ਾਹ! ਇਹ ਕਯੋਂ ਮਰਵਾਯੋ?
ਮਰਯੋ ਅਕਾਰਥ ਕਾਜ ਨ ਆਯੋ' ॥੧੪॥
ਸ਼੍ਰੀ ਮੁਖ ਤੇ ਬਿਰਤੰਤ ਉਚਾਰਾ।

'ਪ੍ਰਥਮ ਲਾਂਗਰੀ ਹੁਤੋ ਹਮਾਰਾ।
ਦੇਗ਼ ਗੁਰੂ ਕੀ ਸੇਵਾ ਕਰੈ।
ਸਿੱਖਨਿ ਪਰ ਲੇ ਝਹੀਆਂ[1] ਪਰੈ ॥੧੫॥
ਦੇਤਿ ਅਹਾਰ ਲਰਤਿ ਹੀ ਰਹੈ।
ਨਹਿੰ ਕਿਸ ਹੂੰ ਤੇ ਮਨ ਮੁਦ ਲਹੈ।
ਇਕ ਸਿਖ ਲਰਯੋ ਬਾਤ ਤਿਨ ਕਹਯੋ।
'ਕਰਲ ਕਰਲ ਕਰਤਾ ਨਿਤ ਰਹਯੋ ॥੧੬॥
ਕਾਂ ਕਾਂ ਬਾਇਸ ਕੀ ਸਮ ਬੋਲ।
ਦੇਗ਼ ਬਿਖੈ ਬਹੁ ਪਾਵਤਿ ਰੋਲ[1]।'
ਸਿਖ ਤੇ ਭਯੋ ਸ੍ਰਾਪ ਇਮ ਜਬੈ।
ਕੇਤਿਕ ਦਿਨ ਮਹਿ ਮ੍ਰਿੱਤੁ ਬਾ ਤਬੈ ॥੧੭॥
ਕਾਕ ਜੋਨਿ ਮਹਿ ਜਨਮਯੋਂ ਆਇ।
ਸਿੱਖਨ ਕੋ ਦੇਖੇ ਉਮਕਾਇ[1]।
ਸੇਵ ਕਰਨ ਕੋ ਫਲ ਅਬਿ ਲਯੋ।
ਕਾਕ ਜੋਨਿ ਤੇ ਛੂਟਤਿ ਭਯੋ ॥੧੮॥
ਅਪਨੋ ਜਾਨਿ ਜੂਨ ਤੇ ਛੋਰਾ।
ਕਰਯੋ ਮੁਕਤਿ ਗਾ ਸੁਰਪੁਰਿ ਓਰਾ।'
ਸੁਨਿ ਸਿੰਘਨਿ ਸ਼੍ਰੀ ਮੁਖ ਤੇ ਗਾਥਾ।
ਬਿਸਮਾਨੇ ਟੇਕਤਿ ਪ੍ਰਭੁ ਮਾਥਾ ॥੧੯॥
ਪੂਰਬ ਦਿਸ਼ਾ ਗ੍ਰਾਮ ਕੀ ਗਏ।
ਤਾਲ ਬਿਸਾਲ ਬਿਲੋਕਤਿ ਭਏ।
ਤਹਿਂ ਇਕ ਸਰਪ[†] ਆਵਤੋ ਧਾਏ।
ਕਰਤਿ ਸ਼ੀਘ੍ਰ ਫਣ ਊਚ ਉਠਾਏ ॥੨੦॥
ਸਤਿਗੁਰ ਬਾਨ ਖੈਂਚਿ ਕਰਿ ਮਾਰਾ।
ਗਿਰਯੋ ਧਰਾਪਰ ਪ੍ਰਾਨ ਬਿਦਾਰਾ।
ਸ਼੍ਰੀ ਮੁਖ ਤੇ ਸਭਿਹੂੰਨਿ ਸੁਨਾਯੋ।
'ਇਹੁ ਮਸੰਦ ਦੀਰਘ ਗਰਬਾਯੋ ॥੨੧॥
ਸਤਿਸੰਗਤਿ ਮਹਿ ਨਿਵਯੋ ਨ ਸੀਸ।
ਇਕ ਮਨ ਜਪਯੋ ਨਾਂਹਿ ਜਗਦੀਸ਼।

[1]ਕਚੀਚੀਆਂ।

[1]ਰੌਲਾ।

[1]ਉਮਗਦਾ ਹੈ।

[†]ਇਹ ਸਰਪ ਤੇ ਕਾਂ ਉਧਾਰ ਦੀ ਸਾਖੀ ਬੀ ਸਾਖੀ ਪੋਥੀ ਦੀ ਹੈ।

ਗੁਰ ਕੀ ਕਾਰ ਦਰਬ ਬਹੁ ਆਨੇ।
ਸੰਚਿ ਸੰਚਿ ਕਰਿ ਕੀਨਿ ਮਹਾਨੇ ॥੨੨॥
ਸਿਮਰਤ ਧਨਿ ਕੋ ਤਜਿ ਕਰਿ ਪ੍ਰਾਨ।
ਭਯੋ ਸਰਪ ਧਾਰਤਿ ਅਭਿਮਾਨ।
ਹਮ ਕੋ ਹੇਰਿ ਸਮੁਖ ਚਲਿ ਆਵੈ।
ਇਹ ਭੀ ਸਰਪ ਜੂਨ ਛੁਟਕਾਵੈ' ॥੨੩॥
†ਜਾਇ ਗੁਰੂ ਸਰ ਡੇਰਾ ਕੀਨ। †ਇਹ ਬੀ ਸਾਖੀ ਪੋਥੀ ਦੇ ਪ੍ਰਸੰਗ ਹਨ।
ਹਯਨ ਲਗਾਇ ਉਤਾਰੇ ਜ਼ੀਨ।
ਤਹਿਂ ਸੋਢੀ ਮਿਲਿਬੇ ਕਹੁ ਆਏ।
ਬੰਦਨ ਕਰਿ ਦਰਸ਼ਨ ਹਰਖਾਏ ॥੨੪॥
ਚਾਵਲ ਚੂਨ ਘ੍ਰਿਤਾਦਿਕ ਲ੍ਯਾਏ।
ਤ੍ਰਿਨ ਦਾਣਾ ਸਭਿ ਦਯੋ ਪੁਚਾਏ।
ਇੱਤ੍ਯਾਦਿਕ ਸੇਵਾ ਸਭਿ ਕਰੀ।
ਖਾਨ ਪਾਨ ਕੀਨਸਿ ਨਿਸ ਪਰੀ ॥੨੫॥
ਸੁਪਤਿ ਜਥਾ ਸੁਖ ਗੁਰ ਭਗਵਾਨ।
ਉਠੇ ਪ੍ਰਾਤ ਕਰਿ ਸੌਚ ਸ਼ਨਾਨ।
ਕਰ੍ਯੋ ਕੂਚ ਹਯ ਜ਼ੀਨ ਪਵਾਏ।
ਭਏ ਅਰੂਢਨ ਮਗ ਪਗ ਪਾਏ ॥੨੬॥
†ਕਰਤਿ ਅਖੇਰ ਕ੍ਰਿਪਾਲ ਪਯਾਣੇ। †ਇਹ ਬੀ ਸਾਖੀ ਪੋਥੀ ਦੇ ਪ੍ਰਸੰਗ ਹਨ।
ਡੇਰਾ ਕਰ੍ਯੋ ਗ੍ਰਾਮ ਛਤਿਆਣੇ[1]। [1]ਮੁਕਤਸਰ ਤੋਂ ਬਾਰਾਂ ਤੇਰਾਂ ਮੀਲ ਪਰੇ ਹੈ।
ਨਿਸ ਬਿਤਾਇ ਤਹਿਂ, ਭੇ ਅਸਵਾਰਾ।
ਟਿੱਬਾ ਏਕ ਉਤੰਗ ਨਿਹਾਰਾ ॥੨੭॥
ਬ੍ਰਹਮੀ† ਇਕ ਫਕੀਰ ਤਹਿਂ ਰਹੇ। †ਬ੍ਰਹਮੀ, ਬਹਮੀ ਪਦ, ਇਬ੍ਰਾਹੀਮ ਦਾ ਸੰਖੇਪ ਹਨ।
ਤਿਸ ਕੇ ਨਾਮ ਸਥਲ ਸੋ ਕਹੈਂ।
ਚਾਕਰ ਜੇ ਬਿਰਾੜ ਗੁਰ ਰਾਖੇ।
ਮਿਲਿ ਆਪਸ ਮਹਿਂ ਮੂਰਖ ਭਾਖੇ ॥੨੮॥
'ਗੁਰ ਤੇ ਕਰ੍ਯੋਂ ਨ ਚਾਕਰੀ ਲੇਤੇ।
ਬਨੇ ਕਠੋਰ ਬਿਨਾ ਨਹਿਂ ਦੇਤੇ।
ਪੂਰਬ ਕਈ ਬਾਰ ਤੁਮ ਜਾਚੀ।
ਦੈਂ ਹੈ ਦੈਂ ਹੈ ਗਿਰਾ ਉਬਾਚੀ' ॥੨੯॥
ਕੇਚਿਤ ਕਹੈਂ ਨ ਧਨ ਗੁਰ ਪਾਸਾ।

ਕਿਮ ਲੈਬੇ ਕੀ ਕਰਿ ਹਹੁ ਆਸਾ।
ਠਹਿਰੇਂਗੇ ਜਬਿ ਕਿਸ ਇਸਥਾਨਾ।
ਸੰਗਤਿ ਆਵਹਿ ਮੇਲ ਮਹਾਨਾ ॥੩੦॥
ਅਰਪਹਿ ਦਰਬ ਦੇਹਿੰਗੇ ਸੋਈ।
ਇਹਾਂ ਉਜਾਰ ਕਹਾਂ ਤੇ ਹੋਈ[1]। [1]ਧਨ) ਕਿੱਥੋਂ ਆਉ।
ਸੁਨਿ ਕੈ ਕੇਚਿਤ ਬਾਕ ਬਖਾਨੈਂ।
'ਹਮ ਤੌ ਔਰ ਕਛੂ ਨਹਿਂ ਜਾਨੈਂ ॥੩੧॥
ਅਬਿ ਤੌ ਇਹਾਂ ਖਰੇ ਕਰਿ ਲੇਹਿਂ।
ਲੀਏ ਬਿਨਾ ਨ ਚਲਿਬੇ ਦੇਹਿਂ।
ਗੁਰੂ ਕਰਾਮਾਤੀ ਜਗ ਜਾਨੈ।
ਯਾਂ ਤੇ ਲਘੁ ਦੀਰਘ ਸਭਿ ਮਾਨੈਂ ॥੩੨॥
ਜਬਿ ਅਟਕਾਇ ਲੇਇੰਗੇ ਇਹਾਂ।
ਤਬਿ ਹਮ ਕੋ ਧਨ ਦੈ ਹੈਂ ਮਹਾਂ।
ਨਤੁ ਹ੍ਵੈ ਅਪਰ ਬਾਰਤਾ ਖੋਟੀ।
ਹਮਰੀ ਹੱਦ ਇਹਾਂ ਲਗਿ ਤੋਟੀ[1] ॥੩੩॥ [1]ਇਥੋਂ ਤਕ ਮੁੱਕ ਜਾਣੀ ਹੈ।
ਸਭਿ ਬਿਧਿ ਤੇ ਹੈ ਜ਼ੋਰ ਹਮਾਰਾ।
ਚਹੈਂ ਕਰੈਂ ਔਰ ਨ ਰਖਵਾਰਾ[1]। [1]ਹੋਰ ਇਨ੍ਹਾਂ ਦਾ ਕੋਈ ਰਾਖਾ ਨਹੀਂ।
ਸਾਬੋ ਕੀ ਹਦ ਅਹੈ ਅਗਾਰੀ।
ਅਬਹਿ ਪ੍ਰਵੇਸ਼ਹਿਂ ਤਿਸਹਿ ਮਝਾਰੀ ॥੩੪॥
ਡੱਲਾ ਮਿਲੈ ਆਨਿ ਬਲ ਭਾਰੀ।
ਸੁਭਟ ਸੈਂਕਰੇ ਬਾਕ ਮਝਾਰੀ[1]। [1]ਉਸ ਦੇ) ਹੁਕਮ ਹੇਠਾਂ ਹਨ।
ਕਰਹੁ ਜ਼ੋਰ ਸੋ ਚਲਨ ਨ ਦੈਹੈ[1]। [1]ਉਹ (ਸਾਡਾ) ਜ਼ੋਰ ਨਹੀਂ ਚੱਲਣ ਦੇਵੇਗਾ।
ਬਹੁਰ ਚਾਕਰੀ[1] ਮੁਸ਼ਕਲ ਪੈਹੈਂ ॥੩੫॥ [1]ਭਾਵ ਤਨਖਾਹ।
ਭਲੀ ਬਾਤ ਗੁਰ ਲਿਹੁ ਅਟਕਾਈ।
ਇਕ ਇਕ ਦਿਨ ਕੋ ਧਨ ਲਿਹੁ ਪਾਈ।
ਪੁਨਹਿ ਸਮਾ ਜਬਿ ਘਨੋ ਬਿਤਾਵਹਿ।
ਗੁਰ ਤੇ ਦਰਬ ਚਾਕਰੀ ਪਾਵਹਿਂ' ॥੩੬॥
ਇਹ ਮਸਲਤ ਮਿਲਿ ਮੂਢ ਪਕਾਈ।
ਗੁਰ ਮਹਿਮਾ ਨ ਲਖੈਂ ਅਧਿਕਾਈ।
ਦਾਨ ਸਿੰਘ ਇਕ ਬਾਰ ਹਟਾਏ।
'ਇਮ ਨਹਿਂ ਲੇਹੁ ਬੁਰਾ ਹੁਇ ਜਾਏ

॥੩੭॥
ਹਾਥਨਿ ਜੋਰਿ ਜਾਚਨਾ ਕਰੀਏ।
-ਖਰਚ ਦੇਹੁ ਘਰ ਪਠਹਿਂ ਬਿਚਰੀਏ।
ਜਿਸ ਤੇ ਖਾਨ ਪਾਨ ਸਭਿ ਹੋਇ।
ਅਪਰ ਆਮਦਨ ਰਹੀ ਨ ਕੋਇ-
॥੩੮॥
ਦੈ ਹੈਂ ਸਤਿਗੁਰ ਨਾਂਹਿਨ ਰਾਖੈਂ।
[1]ਸਮ ਸੋਂ ਲੇ, ਬੁਰਾ ਨਹਿ ਭਾਖੈ[1]।'
ਦਾਨ ਸਿੰਘ ਤੇ ਸੁਨਿ ਬੈਰਾੜ।
ਨਹਿ ਮਾਨੇ ਚਹਿ ਕਰਨ ਬਿਗਾੜ
॥੩੯॥
'ਅਪਨੀ ਹੱਦ ਬਿਖੈ ਹਮ ਲੈ ਹੈਂ।
ਆਗੇ ਗਏ ਨਹੀਂ ਕਿਮ ਦੈ ਹੈਂ।
ਇਹਾਂ ਜੋਰ ਹਮਰੋ ਅਬਿ ਚਲੈ।
ਜਾਚਹਿ ਦਰਬ ਸਰਬ ਹੀ ਮਿਲੈ' ॥੪੦॥
ਕਰਿ ਮਸਲਤ ਇਕਠੇ ਹੁਏ ਫੇਰ।
ਤਜਿ ਤੁਰੰਗ ਗੇ ਗੁਰੁ ਅਗੇਰ।
ਖਰੇ ਭਏ ਆਗੇ ਸਮੁਦਾਈ।
'ਦੇਹੁ ਚਾਕਰੀ ਸਭਿ ਹਮ ਤਾਂਈ' ॥੪੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

[1]ਸ਼ਾਂਤੀ ਨਾਲ ਲਵੋ ਤੇ ਮਾੜੀ ਗੱਲ ਕਈ ਨਾਂ ਕਹੋ।

## ੧੭. [ਵੈਰਾੜਾਂ ਨੂੰ ਤਨਖਾਹਾਂ ਦਿੱਤੀਆਂ। ਦਾਨ ਸਿੰਘ ਨੂੰ ਅੰਮ੍ਰਿਤ ਛਕਾਯਾ]

੧੬<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਬਿਗਰੇ ਬ੍ਰਿੰਦ ਬਿਰਾੜ ਜੜ੍ਹ, ਗੁਰ ਹਯ ਕੀ ਗਹਿ ਬਾਗ।
ਖਰੇ ਭਏ ਬੋਲੇ ਬਿਮੁਖ, ਜਿਨ ਕੇ ਸੁਭ ਨਹਿਂ ਭਾਗ ॥੧॥

ਚੌਪਈ:

'ਦੇਹੁ ਚਾਕਰੀ ਪ੍ਰਭੂ ਹਮਾਰੀ!
ਪੁਨਹਿ ਗਮਨ ਕੋ ਕਰੋ ਅਗਾਰੀ।
ਕਰੀ ਨੌਕਰੀ ਕਿਤਿਕ ਮਹੀਨੇ।
ਨਹੀਂ ਰਜਤਪਣ ਰਾਵਰ ਦੀਨੇ ॥੨॥
ਦਰਬ ਪਠਜੋ ਚਹਿਂ ਨਿਜ ਘਰ ਮਾਂਹੀ।
ਸਕਲ ਕੁਟੰਬ ਅੰਨ ਲੇ ਖਾਹੀ।
ਇਤਹੁ[†] ਪ੍ਰਤੀਖਤਿ ਹੈ ਪਰਵਾਰਾ[1]।
ਹਮ ਖਾਟਹਿਂ ਸੋ ਕਰਹਿਂ ਅਹਾਰਾ' ॥੩॥
ਸੁਨਿ ਗੁਰ ਕਹਜੋ 'ਨ ਸ਼ੀਘ੍ਰ ਕਰੀਜੈ।
ਦਿਨ ਦਿਨ ਕੋ ਧਨ ਗਿਨਿ ਗਿਨਿ ਲੀਜੈ।
ਸਦਨ ਪਠਾਵਹੁ ਦੇਰਿ ਨ ਕੋਈ।
ਡੇਰਾ ਜਹਿਂ ਮੁਕਾਮ ਹਮ ਹੋਈ' ॥੪॥
ਆਗਾ ਰੋਕਿ ਖਰੇ ਹੁਇ ਰਹੇ।
ਪੁਨ ਬੈਰਾੜ ਬ੍ਰਿੰਦ ਮਿਲਿ ਕਹੇ।
'ਪੂਰਬ ਜਾਚਾ ਕਰਿ ਕਰਿ ਲਹੋ[1]।
-ਦੈ ਹੈਂ ਦੈ ਹੈਂ- ਦਿਨ ਪ੍ਰਤਿ ਕਹੋ ॥੫॥
ਹਟਹਿਂ ਨ ਆਜ ਲੀਏ ਬਿਨ ਜਾਨੋ।
ਇਸ ਮਹਿਂ ਹੇਤੁ ਔਰ ਇਕ ਮਾਨੋ।
ਇਸੀ ਥਾਨ ਲਗਿ ਹੱਦ ਹਮਾਰੀ।
ਜਿਸ ਤੇ ਜਾਚਤਿ ਹੈਂ ਹਠ ਧਾਰੀ ॥੬॥
ਹੈ ਸਾਬੋ ਕੀ ਸੀਮ[1] ਅਗੇਰੇ।
ਇਹਾਂ ਦੇਹੁ ਧਨ ਗਮਨਹੁ ਫੇਰੇ।
ਹਮ ਤੇ ਅਬਹਿ ਨ ਹੋਤਿ ਸਮਾਈ।
ਦਿਏ ਬਿਨਾ ਨ ਚਲਹੁ ਅਗਵਾਈ ॥੭॥
ਹਮ ਨਹਿਂ ਜਾਨ ਦੇਹਿਂਗੇ ਜਾਨੋ।

[1]ਇਸ ਪਾਸੇ (ਭਾਵ ਸਾਡੇ ਵੰਨੇ) ਉਡੀਕ ਲਾਈ ਹੋਈ ਹੈ ਪਰਵਾਰਾਂ ਨੇ। [†]ਪਾ:-ਇਨਹ।

[1]ਪਹਿਲੋਂ (ਕਈ ਵਾਰ) ਮੰਗ ਮੰਗ ਕੇ ਵੇਖ ਲਿਆ ਹੈ।

[1]ਹੱਦ।

ਦੈਨੋ ਦਰਬ ਇਸੀ ਥਲ ਠਾਨੋ।'
[1]ਬੇਮੁਖ ਬਨਨਿ ਬੈਨ ਬੈਰਾੜ।
ਬੋਲੇ ਬਾਕ ਬਿਸਾਲ ਬਿਗਾੜ[1] ॥੮॥
ਤਬਿ ਸ਼੍ਰੀ ਮੁਖ ਤੇ ਤਿਨਹਿ ਬਖਾਨਾ।
'ਸੁਨਹੁ ਬਿਰਾੜੋ ਦੇ ਕਰਿ ਕਾਨਾ।
ਕੈ ਗੁਰ ਸਿੱਖੀ ਤੁਮਹੁ ਰਖੀਜੈ।
ਕਿਧੌਂ ਚਾਕਰੀ ਹਮ ਤੇ ਲੀਜੈ ॥੯॥
ਕਰਿ ਨਿਰਨੈ ਸਗਰੇ ਮਿਲਿ ਕਹੋ।
ਸਿੱਖੀ ਲਹੋ ਕਿ ਧਨ ਕੋ ਲਹੋ?'
ਸੁਨਿ ਬੈਰਾੜ ਸਲਾਹ ਕਰੰਤੇ।
ਦਰਬ ਲੋਭ ਕੋ ਰਿਦੇ ਧਰੰਤੇ ॥੧੦॥
ਕਹੈਂ 'ਨਹੀਂ ਗੁਰ ਸਿੱਖੀ ਧਰੈਂ।
ਦਰਬ ਚਾਕਰੀ ਲੈਬੋ ਕਰੈਂ।
ਲਿਏ ਬਿਨਾ ਹਮ ਜਾਨਿ ਨ ਦੈ ਹੈਂ।
ਜਾਨ ਦੇਹਿਂ ਤੌ ਪੁਨ ਕਿਤ ਪੈ ਹੈਂ ॥੧੧॥
ਦਰਬ ਛੋਰਿ ਸਿੱਖੀ ਕਿਮ ਧਾਰੇਂ।
ਕਰਤਿ ਚਾਕਰੀ ਬਿਚਰੇ ਸਾਰੇ[1]।
ਅਪਰ ਹੱਦ ਮਹਿ ਹਾਥ ਨ ਆਵੈ।
ਅਪਨਿ ਸੀਮ ਯਾਂ ਤੇ ਅਟਕਾਵੈਂ' ॥੧੨॥
ਸੁਨਿ ਸ਼੍ਰੀ ਪ੍ਰਭੁ ਨਿਜ ਧਨੁਖ ਸੰਭਾਰਾ।
ਸਰ ਬਗਰਾਇ ਗਗਨ ਕੋ ਮਾਰਾ।
ਤੁਰਤ ਘਟਾ ਘਨ ਕੀ ਹੁਇ ਆਈ।
ਬਹੀ ਬਾਉ ਉਚੇ ਗਰਜਾਈ ॥੧੩॥
ਕਰਕਾ ਬਰਖੇ ਜਾਲ ਬਿਸਾਲਾ।
ਅੰਗਨ ਲਾਗੇ ਚੋਟ ਕਰਾਲਾ।
ਬਹੁਰ ਪਰੈ ਬਰਖਾ ਬਹੁ ਬਾਰੀ।
ਪਿਖਿ ਬਿਰਾੜ ਭਾਜੇ ਇਕ ਵਾਰੀ ॥੧੪॥
ਸਘਨ ਬਿਟਪ ਕੇ ਤਰੇ ਖਰੇ ਹੈਂ।
ਲੇ ਲੇ ਕਰਿ ਨਿਜ ਓਟ ਥਿਰੇ ਹੈਂ।
ਸਿੰਘਨ ਲੇ ਕੰਬਰ ਬਰ ਤਾਨੇ[1]।
ਸਤਿਗੁਰ ਕੇ ਸਿਰ ਪਰ ਠਹਿਰਾਨੇ

[1]ਬੇਮੁਖ ਬਣਨ ਵਾਲੇ ਬੈਨ ਤੇ ਬਹੁਤੇ ਬਿਗਾੜ ਕਰਨ ਵਾਲੇ ਵਾਕ ਬੇਰਾੜ ਬੋਲੇ।

[1]ਵਿਚਰਦੇ ਰਹੇ ਹਾਂ।

[1]ਸ੍ਰੇਸ਼ਟ ਕੰਬਲ ਤਾਣੇ।

॥ ੧੫ ॥
ਸ਼੍ਰੀ ਪ੍ਰਭੁ ਖਪਰਾ ਹਾਥ ਨਿਕਾਰਾ।
ਨਿਜ ਤੁਰੰਗ ਕੇ ਸਿਰ ਪਰ ਧਾਰਾ।
ਕਰਕਾ ਲਗਜੋ ਨ ਹਯ ਪਰ ਕੋਈ।
ਖਰੇ ਰਹੇ ਤਿਸ ਥਲ ਥਿਰ ਹੋਈ ॥ ੧੬ ॥
ਕੋਸ ਕੋਸ ਚਹੁੰਗਿਰਦੇ ਮਹਾਂ।
ਕਰਕਾ ਜੁਤਿ ਬਰਖਜੋ ਜਲ ਤਹਾਂ।
ਤਿਸ ਥਲ ਹੀ ਡੇਰਾ ਕਰਿ ਦਯੋ।
ਸਭਿ ਵਹੀਰ ਪਾਛਲ ਕੋ ਅਯੋ ॥ ੧੭ ॥
ਤਿਸ ਵਹੀਰ ਮਹਿਂ ਇਕ ਸਿਖ ਆਯੋ।
ਖੱਚਰ ਏਕ ਦਰਬ ਕੀ ਲਜਾਯੋ।
ਪਗ ਪੰਕਜ ਪਰ ਬੰਦਨ ਕਰਿ ਕੈ।
ਜੇਤਿਕ ਧਨ ਸੋ ਆਗੇ ਧਰਿ ਕੈ ॥ ੧੮ ॥
'ਮਹਾਰਾਜ ! ਇਹੁ ਲੇਹੁ ਖਜਾਨਾ।
ਦਿਯੋ ਕੁਬੇਰ ਪੁਚਾਵਨ ਠਾਨਾ।'
ਸ਼੍ਰੀ ਗੁਰ ਕਹਜੋ 'ਗੋਨ ਮੁਖ ਖੋਲਹੁ।
ਸਭਿ ਬੈਰਾੜਨਿ ਕੋ ਅਬਿ ਬੋਲਹੁ' ॥ ੧੯ ॥
ਅਪਨੇ ਨਿਕਟ ਲਗਾਯਹੁ ਢੇਰ।
ਆਧੀ ਮੁਹਰ ਰਜਤਪਣ ਹੇਰਿ[1]।
ਇਤਨੇ ਮਹਿਂ ਬੁਲਾਇ ਕਰਿ ਲਜਾਏ।
ਕਰਿ ਪੰਕਤ ਬੈਰਾੜ ਬਿਠਾਏ ॥ ੨੦ ॥
'ਲੇਹੁ ਚਾਕਰੀ ਲੇਖਾ ਕਰਿ ਕਰਿ।
ਨਿਜ ਤੇ ਗੁਰ ਸਿੱਖੀ ਕੋ ਹਰਿ ਹਰਿ[1]।
ਆਨੇ ਅਸ਼ਟ ਦਏ ਅਸਵਾਰ[1]।
ਲਿਏ ਪਦਾਂਤੀ ਅਰਧ ਬਿਚਾਰ ॥ ੨੧ ॥
ਗਿਨ ਗਿਨ ਦੇਤਿ ਭਏ ਸਭਿਹੂਨਿ।
ਪੈਦਲ ਇਕ ਸਊਰ ਕੋ ਦੂਨ।
ਤੁਰੰਗ ਪੰਚ ਸੈ ਗਨਤੀ ਆਏ।
ਨੌ ਸੈ ਪੈਦਲ ਧਨ ਕੇ ਪਾਏ ॥ ੨੨ ॥
ਜਬਿ ਸਭਿਹੂੰਨਿ ਚਾਕਰੀ ਲੀਨਿ।
ਦਰਬ ਹੇਰਿ ਕਰਿ ਆਨੰਦ ਪੀਨ।
ਸ਼੍ਰੀ ਮੁਖ ਤੇ ਬੋਲੇ ਹਿਤ ਨਾਲੀ।

[1]ਅੱਧੀਆਂ ਮੋਹਰਾਂ ਸਨ ਤੇ ਅੱਧੇ ਰੁਪੱਯੇ।

[1]ਦੂਰ ਕਰ ਕਰ ਕੇ।

[1]ਅੱਠ ਆਨੇ ਅਸਵਾਰ ਨੂੰ ਦਿੱਤੇ।

'ਆਵਹੁ ਦਾਨ ਸਿੰਘ† ਅਸੁਪਾਲੀ[1] ॥੨੩॥

[1]ਘੋੜੇ ਪਾਲਣ ਵਾਲਾ। †ਇਸ ਨੂੰ ਸਾਖੀ ਵਾਲੇ ਤੇ ਕਵੀ ਜੀ ਦੁਇ ਦਾਨ ਸਿੰਘ ਲਿਖ ਰਹੇ ਹਨ, ਪਰ ਇਹ ਅਜੇ ਸਿੰਘ ਨਹੀਂ ਹੈ, ਅਥਵਾ ਸਤਿਗੁਰੂ ਜੀ ਨੇ ਹੁਣ ਇਸ ਨੂੰ ਸਿੰਘ ਸਜਾਉਣਾ ਹੈ ਇਸ ਕਰਕੇ ਹਿਤ ਨਾਲ ਸਿੰਘ ਨਾਉਂ ਕਰਕੇ ਪਹਿਲਾਂ ਹੀ ਬੁਲਾ ਰਹੇ ਹਨ।

ਦਰਬ ਚਾਕਰੀ ਕੋ ਬਰਤੰਤੇ।
ਤੁਵ ਸੰਗੀ ਸਭਿ ਲੇਨਿ ਕਰੰਤੇ।
ਤੂੰ ਭੀ ਲਿਹੁ ਲੇਖਾ ਨਿਜ ਕਰਿ ਕੇ।
ਅੱਗ੍ਰ ਨੌਕਰੀ ਕਰਿ ਮੁਦ ਧਰਿ ਕੇ' ॥੨੪॥
ਸੁਨਿ ਕੈ ਦਾਨ ਸਿੰਘ ਕਰ ਜੋਰੇ।
'ਦੂਧ ਪੂਤ ਧਨ ਸਭਿ ਘਰ ਮੋਰੇ।
ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ।
ਅਪਨੋ ਜਾਨਿ ਬਖਸ਼ ਕਰਿ ਲੀਜੈ' ॥੨੫॥
ਪੁਨ ਗੁਰ ਭਨਜੋ 'ਮਿਲਨ ਸੰਗ ਭਾਈ[1]।
ਤਿਨ ਹੀ ਸਮ ਤੁਝ ਕੋ ਬਨਿਆਈ।
ਹਾਨ ਲਾਭ ਤਿਨ ਕੋ ਸਮ ਜਾਨਹੁ।
ਭ੍ਰਾਤਨਿ ਤੇ ਬਿਛੁਰਨ ਨਹਿਂ ਠਾਨਹੁ ॥੨੬॥

[1]ਭਰਾਵਾਂ ਨਾਲ ਰਲਣਾ।

ਜਿਮ ਸਭਿ ਕਰੈਂ ਜੋਗ ਤਿਮ ਕਰਿਬੋ।
ਪ੍ਰਿਥਕ ਹੋਨਿ ਕੀ ਕਸੋਂ ਤ੍ਰਿਟਿ[1] ਧਰਿਬੋ?'
ਦਾਨ ਸਿੰਘ ਕਹਿ 'ਕ੍ਰਿਪਾ ਕਰੀਜੈ।
ਇਨ ਕੇ ਸਾਥ ਨ ਮੋਹਿ ਮਿਲੀਜੈ ॥੨੭॥
ਅਪਰ ਸਰਬ ਕੁਛ ਹੈ ਘਰ ਮੇਰੇ।
ਅਬਿ ਸਿੱਖੀ ਦੀਜਹਿ ਲਖਿ ਚੇਰੇ।'
ਸੁਨਿ ਪ੍ਰਸੰਨ ਹ੍ਵੈ ਕਰਿ ਗੁਰ ਭਾਖਜੋ।
'ਸਿੱਖੀ ਕੋ ਬੀਰਜ ਤੈਂ ਰਾਖਜੋ ॥੨੮॥
ਇਸੀ ਬੀਜ ਤੇ ਸਗਰੇ ਦੇਸ਼।
ਦਿਨ ਦਿਨ ਪ੍ਰਤਿ ਵਧਿ ਜਾਇ ਵਿਸ਼ੇਸ਼।
ਭਲੋ ਦੇਸ ਜੰਗਲ ਕੋ ਕਰਜੋ।
ਬਡ ਉਪਕਾਰ ਕਰਨ ਹਿਤ ਧਰਜੋ ॥੨੯॥

[1]ਇੱਛਾ।

ਜਿਮ ਸਭਿ ਮਾਝੇ ਕੀ ਵਡਿਆਈ।
ਮਹਾਂ ਸਿੰਘ ਨੇ ਰਾਖਿ ਦਿਖਾਈ।
ਦੇਸ਼ ਮਾਲਵੇ ਕੀ ਅਬਿ ਰਾਖੀ।
ਉਪਜਹਿਂ ਸਿੱਖੀ ਕੇ ਅਭਿਲਾਖੀ†
॥੩੦॥

†ਜੋ ਲੋਕ ਮਾਝੇ ਦੇ ਸਿੱਖਾਂ ਦੇ ਡੋਲ ਜਾਣ ਤੇ ਤਰਕ ਕਰਦੇ ਹਨ, ਦੇਖ ਲੈਣ ਕਿ ਮਾਲਵੇ ਨੇ ਬੀ ਉਹੀ ਡੋਲਨਾ ਖਾਧੀ ਹੈ। ਜਿਵੇਂ ਮਹਾਂ ਸਿੰਘ ਨੇ ਮਾਝੇ ਦੀ ਪੈਜ ਰੱਖ ਲਈ ਤਿਵੇਂ ਦਾਨੇ ਨੇ ਮਾਲਵੇ ਦੀ ਰੱਖੀ। ਐਸੇ ਵਾਕਿਆਤ ਪੰਥ ਵਿਚ ਪਾਟਕ ਤੇ ਜ਼ਾਤੀ ਬੋਲ ਵਿਗਾੜ ਦਾ ਕਾਰਨ ਨਹੀਂ ਬਣਨੇ ਚਾਹੀਏ। ਮਾਝਾ ਮਾਲਵਾ ਸਭ ਵੀਰ ਹਨ ਤੇ ਸਤਿਗੁਰੂ ਦੇ ਹਨ। ਮਾਝੇ ਮਾਲਵੇ ਦਾ ਪਾਟਕ ਸਿੱਖ ਰਾਜ ਸਮੇਂ ਸਿੱਖ ਤਾਕਤ ਨੂੰ ਪਾੜ ਦੇਣ ਵਾਸਤੇ ਸ੍ਵਾਰਥੀਆਂ ਨੇ ਚਲਾਇਆ ਸੀ। ਫੇਰ ਸਿੱਖ ਰਾਜ ਨੂੰ ਡੋਬਣ ਵਾਲੇ ਸ੍ਵਾਰਥੀਆਂ ਨੇ ਸਿੱਖ ਫੌਜ, ਸਿੱਖ ਸਰਦਾਰਾਂ ਤੇ ਟਿੱਕਾ ਨੌਨਿਹਾਲ ਸਿੰਘ ਦਾ ਪਾਟਕ ਮਹਾਰਾਜਾ ਖੜਗ ਸਿੰਘ ਨਾਲ ਝੂਠ ਤੁਫਾਨ ਬਣਾ ਬਣਾਕੇ ਪੁਵਾਯਾ ਸੀ। ਇਸੀ ਤਰ੍ਹਾਂ ਪੇਂਡੂ ਸ਼ਹਿਰੀ ਸਿੱਖ ਦੋ ਹਨ ਯਾ ਜੱਟ ਸਿੱਖ ਹੋਰ ਹਨ ਤੇ ਦੂਜੇ ਜਾਤਾਂ ਤੋਂ ਸਜੇ ਹੋਰ ਹਨ, ਸਭ ਸ੍ਵਾਰਥੀ ਪਾਟਕ ਪਾਕੇ ਕੌਮ ਨੂੰ ਤਬਾਹ ਕਰ ਰਹੇ ਹਨ। ਹੁਣ ਪੰਥਕ ਜਥੇਬੰਦੀ ਤੋੜਨ ਲਈ ਮਤਾਂ ਦੀ ਸ਼ਕਲ ਵਿਚ ਪਾਟਕ ਪਾਏ ਜਾ ਰਹੇ ਹਨ। ਖਾਲਸਾ ਜੀ ਨੂੰ ਹੋਸ਼ ਕਰਨੀ ਚਾਹੀਏ।

ਅਬਿ ਤੂੰ ਜਗਤ ਜੂਠ[1] ਤਜਿ ਦੇਹੁ। — [1]ਤੰਬਾਕੂ।
ਬਨਹੁ ਸਿੱਖ ਪਾਹੁਲ ਕਹੁ ਲੇਹੁ।'
ਕਹੈ[1] ਸੁ 'ਉਦਰ ਅਫਰ ਮਮ ਜਾਵਹਿ। — [1]ਦਾਨੇ ਨੇ ਕਿਹਾ।
ਤਜਹੁ ਕਸ਼ਟ ਹੁਇ ਕੌਨ ਬਚਾਵਹਿ'
॥੩੧॥
ਸ਼੍ਰੀ ਮੁਖ ਕਹਯੋ 'ਕਸ਼ਟ ਤੁਵ ਟਾਰੇ।
ਸਿਰ ਪਰ ਕਰੀਅਹਿ ਕੇਸਨਿ ਧਾਰੇ।
ਸਿੱਖ ਸੰਪੂਰਨ ਹੀ ਅਬਿ ਬਨੋ।
ਦੁਰਮਤਿ ਜਗ ਕੀ ਦੀਰਘ ਹਨੋ' ॥੩੨॥
ਸੁਨਿ ਬੋਲਯੋ 'ਕਯੋਂ ਕੇਸ ਰਖਾਵਹੁ।
ਬਿਨਾ ਕੇਸ ਤੇ ਸਿਖ ਲਖਿ ਪਾਵਹੁ।'
'ਦਾਨ ਸਿੰਘ ਸੁਨਿ ਕਾਰਨ ਯਾਂ ਕੋ।
ਹੇਰਹਿਂ ਪਰਯੋ ਨਰਕ ਸਿਖ ਜਾਂ ਕੋ[1] — [1]ਜਦ ਕੋਈ ਸਿੱਖ ਨਰਕ ਪਿਆ ਦੇਖਾਂਗੇ।
॥੩੩॥
ਕੇਸਨ ਤੇ ਹਮ ਲੇਹਿਂ ਪਛਾਨ।
ਚਹੈਂ ਬਚਾਵਨ ਕਸ਼ਟ ਮਹਾਂਨ।
ਕੇਸਨ ਤੇ ਗਹਿ ਤੁਰਤ ਨਿਕਾਰਹਿਂ।
ਅਪਨੀ ਲਾਗੀ ਛਾਪ ਬਿਚਾਰਹਿਂ†' — †ਚੋਜ ਭਰੇ ਲਾਡ ਦੇ ਵਾਕ ਹਨ, ਕਵਿਤਾ ਦੇ ਕਟਾਖਯ ਇਸ ਵੇਲੇ ਬੀ ਸ੍ਰੀ ਮੁਖ ਤੋਂ ਫੁੱਲ ਵਾਂਙ ਝੜਦੇ ਹਨ।
॥੩੪॥
ਸੁਨਿ ਕੈ ਦਾਨ ਸਿੰਘ ਤਿਸ ਕਾਲਾ।

ਜਿਸ ਕੇ ਮੁਖ ਪਰ ਸ਼ਮਸ਼ ਬਿਸਾਲਾ।
ਦੋਨਹੁਂ ਹਾਥਨ ਗਹਿ ਕਰਿ ਸੋਈ।
ਬੋਲਜੋ ਪ੍ਰਭੁ ਸੋਂ ਸਨਮੁਖ ਹੋਈ ॥੩੫॥
'ਇਸ ਤੇ ਆਪ ਚਿਨਾਰੀ ਧਰੀਅਹਿ।
ਗਹਿ ਕੈ ਸ਼ਮਸ਼ ਨਿਕਾਸਨ ਕਰੀਅਹਿ।'
ਸੁਨਿ ਕੈ ਸਤਿਗੁਰ ਹਾਥ ਰੁਮਾਲ।
ਕਰਿ ਮੁਖ ਆਗੇ ਹਸੇ ਬਿਸਾਲ ॥੩੬॥
[1] 'ਬਾਕ ਆਪ ਕੋ ਮੈਂ ਨ ਹਟਾਵੌਂ।
ਸਿਰ ਪਰ ਰਖਿ ਕੈ ਕੇਸ ਵਧਾਵੌਂ।
ਜਗਤਜੂਠ ਤਜਿ ਪਾਹਲੁ ਲੈ ਹੌਂ।
ਗੁਰਸਿੱਖੀ ਕੇ ਪੰਥ ਚਲੈ ਹੌਂ' ॥੩੭॥
ਇਮ ਕਹਿ ਭਯੋ ਪ੍ਰਭੁ ਅਨੁਸਾਰੀ।
ਅੰਮ੍ਰਿਤ ਲੇ ਗੁਰ ਫਤੇ ਉਚਾਰੀ।
ਪੁਨ ਬੈਰਾੜ ਦਰਬ ਕੋ ਪਾਏ।
ਮਿਲਿ ਆਪਸ ਮਹਿਂ ਉਠਿ ਹਰਖਾਏ ॥੩੮॥
'ਧਰਜੋ ਗੁਰੂ ਢਿਗ ਦਰਬ ਘਨੇਰਾ।
ਏਕ ਫਰੇਬ ਕਰਹੁ ਇਸ ਬੇਰਾ।
ਜਿਸ ਤੇ ਪ੍ਰਾਪਤ ਹ੍ਵੈ ਧਨ ਆਨ।'
ਗਏ ਗੁਰੂ ਢਿਗ ਮਸਲਤ ਠਾਨਿ ॥੩੯॥
'ਕਰਨਿ ਚਾਕਰੀ ਜਬਿ ਹਮ ਆਏ।
ਇਕ ਆਯਹੁ ਇਕ ਘਰੋਂ ਟਿਕਾਏ।
ਦ੍ਵੈ ਨੇ ਦ੍ਵੈ ਤੀਨਹੁਂ ਨੇ ਤੀਨ[1]।
ਤਜਿ ਤਜਿ ਸਦਨ ਆਇਬੋ ਕੀਨ ॥੪੦॥
ਯਾਂ ਤੇ ਦੁਹਰੋ ਦਿਹੁ ਦਰਮਾਹਾਂ[1]।
ਜੋ ਹਮ ਜੈ ਕੈ ਦੇਂ ਘਰ ਮਾਹਾਂ।
ਨਤੁ ਸਭਿ ਤੇ ਧਨ ਆਧੋ ਲੈ ਹੈਂ।
ਕਹਾਂ ਨਿਕਟ ਰਖਿ ਹਮ ਤਬਿ ਖੈ ਹੈਂ ॥੪੧॥
ਗੁਰ ਸਿੱਖੀ ਤੇ ਭੇ ਸਭਿ ਊਨੀ।
ਅਬਿ ਤੇ ਦੇਹੁ ਚਾਕਰੀ ਦੂਨੀ।

[1]ਦਾਨਾ ਬੋਲਿਆ।

[1]ਦੋਹਾਂ ਨੇ ਦੋ ਪਿੱਛੇ ਛੱਡੇ ਤੇ ਤਿੰਨਾਂ ਨੇ ਤਿੰਨ।

[1]ਮਾਹਵਾਰੀ ਤਨਖਾਹ।

ਲੇ ਕਰਿ ਧਨ ਕੁਟੰਬ ਕੋ ਧਾਰਹਿਂ।
ਕਰਹਿ ਨੌਕਰੀ ਸੰਗ ਸਿਧਾਰਹਿਂ' ॥੪੨॥
ਸੁਨਿ ਕ੍ਰਿਪਾਲ ਤਿਨ ਕੀ ਬੁਧਿ ਹੀਨ।
ਦਰਮਾਹਾਂ ਦੂਨਾਂ ਤਬਿ ਦੀਨ।
ਸ਼ੇਸ਼ ਰਜਤਪਣ ਅਰੁ ਦੀਨਾਰ।
ਬਚੇ ਸੁ ਗਾਡੇ ਧਰਾ ਮਝਾਰ ॥੪੩॥
ਨਾਮ ਗੁਪਤਸਰ ਥਲ ਕੋ ਰਾਖ੍ਯੋ।
-ਦਰਬ ਗੁਪਤ ਆਨਜੋਂ- ਅਭਿਲਾਖ੍ਯੋ।
ਨਿਜ ਨਿਜ ਡੇਰਨਿ ਜਾਇ ਬਿਰਾੜ।
ਕਰਹਿਂ ਪਰਸਪਰ ਬਾਤ ਉਘਾੜ ॥੪੪॥
'ਬਰਛੀ ਕੀ ਸੁ ਅਨੀ ਪਰ ਦਰਬੰ[1]।
ਏਕ ਬਾਰ ਲਿਯ ਗੁਰ ਤੇ ਸਰਬੰ।
ਦੂਨੋ ਲਿਯੋ ਸਭਿਨਿ ਦਰਮਾਹਾਂ।
ਬਿਲਮ ਨ ਲਗੀ ਏਕ ਛਿਨ ਮਾਂਹਾ' ॥੪੫॥
ਇਕ ਸਿਖ ਤਿਨ ਤੇ ਸੁਨਿ ਕਰਿ ਗਯੋ।
ਪ੍ਰਭੁ ਸਮੀਪ ਕਹਤਿ ਸੋ ਭਯੋ।
'ਪਾਤਸ਼ਾਹੁ ਬਿਗੜੇ ਬੈਰਾੜ।
ਬਸਿਬੇਹਾਰ ਉਜਾੜ ਸੁ ਝਾੜ[1]† ॥੪੬॥
-ਬਰਛੀ ਅਣੀ ਸਾਥ ਧਨ ਲੀਨ।
ਗੁਰ ਤੇ ਬਿਲਮ ਨ ਲਗਿਬੇ ਦੀਨ-।
ਕਹਿ ਕਹਿ ਆਪਸ ਮਹਿਂ ਬਹੁ ਹਸੈਂ।
ਤੁਮਰੋ ਪ੍ਰੇਮ ਨ ਮਹਿਮਾ ਬਸੈ' ॥੪੭॥
ਸੁਨਿ ਕਰਿ ਸ਼੍ਰੀ ਮੁਖ ਤੇ ਕਹਿ ਤਬੈ।
ਹਮਰੋ ਹੋਇ ਖਾਲਸਾ ਜਬੈ।
ਚੋਟ ਨੋਕ ਕੀ ਕਰਿ ਉਤ ਲੈ ਹੈ ।
ਦਰਬ ਸਹੰਸ੍ਰ ਗੁਣਾ ਸਭਿ ਦੈਹੈਂ ॥੪੮॥
ਖੋਯੋ ਰਾਜ ਨ ਹੋਹਿ ਜਮੱਯਤ[1]।
ਬਸਹਿਂ ਖਾਲਸੇ ਕੀ ਹੁਇ ਰੱਯਤ।
ਅਪਨੋ ਕਾਰਜ ਆਪ ਬਿਗਾਰਾ।
ਮੂਢ ਅਜਾਨ ਹਰਖ ਪੁਨ ਧਾਰਾ† ॥੪੯॥

[1]ਭਾਵ ਆਪਣੇ ਬਲ ਨਾਲ ਧਨ ਮਜਬੂਰ ਕਰਕੇ ਲਿਆ ਹੈ।

[1]ਉਜਾੜ ਦੇ ਝਾੜਾਂ ਵਿਚ। †ਪਾ:-ਮਝਾੜ।

[1]ਫੌਜਾਂ, ਇਕੱਠ।

†ਤਵਾ: ਖਾ: ਵਿਚ ਲਿਖਿਆ ਹੈ ਕਿ ਬੈਰਾੜ ਇਥੋਂ ਚਲੇ ਗਏ ਤੇ ਦਾਨਾ ਸਿੰਘ ੨੦ ਸਾਥੀਆਂ ਸਣੇ ਸੇਵਾ

ਵਿਚ ਰਿਹਾ। ਭਾਵ ਇਹ ਕਿ ਮਾਲਵੇ ਵਿਚ ਸਿੱਖ ਰਾਜੇ ਰਾਜ ਕਰਨਗੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬੈਰਾੜਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

## ੧੮. [ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ]

੧੭<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਬਹਿਮੀ† ਹੁਤੋ ਫਕੀਰ ਤਹਿਂ, ਮੁਸਲਮਾਨ ਕਾ ਥਾਨ।
ਗੋਰ ਬਣਾਈ ਦੀਰਘਾ, ਮਿਣ ਨੌ ਹਾਥ ਪ੍ਰਮਾਣ ॥੧॥

†ਇਬਰਾਹੀਮ ਸ਼ਾਹ ਨਾਮ ਸੀ ਤੇ ਲੋਕੀਂ ਬਹਮੀ ਸ਼ਾਹ, ਬ੍ਰਹਮੀ ਸ਼ਾਹ ਬੋਲਦੇ ਸਨ। ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਚੌਪਈ:

ਪ੍ਰਥਮ ਜੀਵਤੇ ਸੋ ਬਨਿਵਾਈ।
ਲਾਇ ਰੇਖਤਾ[1] ਦ੍ਰਿਢ ਕਰਵਾਈ।

[1]ਚੂਨੇਗਚ [ਫਾ:, ਰੇਖਤਹ=ਸੱਚੇ ਵਿਚ ਢਾਲਕੇ ਬਣਾਈ ਸ਼ੈ। ਪੰਜਾ:, ਚੂਨਾ ਜਿਸ ਵਿਚ ਕਲੀ ਤੇ ਹੋਰ ਮਸਾਲਾ ਪਿਆ ਹੋਵੇ। ਚੂਨੇ ਗਚ]।

ਮੋਰੀ ਅਲਪ ਰਖੀ ਤਿਸ ਮਾਂਹੀ।
ਮਰਣ ਲਗੇ ਪ੍ਰਵਿਸ਼ਨ ਵਿਚ ਤਾਂਹੀ ॥੨॥
ਸੋ ਸਤਿਗੁਰ ਕੇ ਢਿਗ ਚਲਿ ਆਯੋ।
ਪਗ ਪੰਕਜ ਪਰ ਸੀਸ ਨਿਵਾਯੋ।
ਮਣ ਇਕ ਘ੍ਰਿਤ ਸੋ ਮਣ[1] ਮਿਸ਼ਟਾਨ।
ਮਣ ਮੈਦਾ ਦੀਨਸਿ ਤਿਸ ਆਨਿ ॥੩॥

[1]ਇਕ ਮਣ।

ਅਪਰ ਚੂਨ, ਚਾਵਰ, ਅਰੁ ਦਾਨਾ।
ਦਯੋ ਬਿਨੈ ਜੁਤਿ ਖਾਨ ਰੁ ਪਾਨਾ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਪਰਜੋ ਆਨ ਮੈਂ ਸ਼ਰਨਿ ਤੁਮਾਰੀ ॥੪॥
ਦਾਸ ਆਪਨੋ ਮੋਹਿ ਬਨਾਵਹੁ।
ਕਰਹੁ ਸਿੰਘ ਪਾਹੁਲ ਛਕਵਾਵਹੁ।
ਜਗਤ ਬਿਖੈ ਹੈਂ ਪੰਥ ਘਨੇਰੇ।
ਭਲੀ ਪ੍ਰਕਾਰ ਸਰਬ[1] ਮੈਂ ਹੇਰੇ ॥੫॥

[1]ਸਾਰੇ (ਪੰਥ)।

ਪ੍ਰਥਮ ਮੂੰਡਿ ਸਿਰ, ਭੀਖ ਮੰਗਾਵੈਂ।
ਭਲੋ ਭੇਸ ਤੇ ਬੁਰੋ ਬਨਾਵੈਂ।
ਰਾਵਰਿ ਪੰਥ ਸਮਾਨ ਨ ਆਨ।
ਮੈਂ ਪਰਖੀ ਸਭਿ ਰੀਤਿ ਪਛਾਨ[1] ॥੬॥

[1]ਸਭ ਤਰ੍ਹਾਂ ਪਛਾਣਕੇ ਭਾਵ ਚੰਗੀ ਤਰ੍ਹਾਂ ਪਰਖੀ ਹੈ।

ਉੱਜਲ ਬੇਸ ਸੁ ਉੱਜਲ ਮਤਾ।
ਸਿਮਰਨ ਸੱਤਿਨਾਮ ਚਿਤ ਰਤਾ।
ਯਾਂ ਤੇ ਹੈ ਮੇਰੀ ਅਭਿਲਾਖਾ।

ਬਨੌਂ ਸਿੰਘ ਮੈਂ ਯਾਂ ਤੇ ਭਾਖਾ' ॥੭॥
ਸੁਨਿ ਸ਼੍ਰੀ ਪ੍ਰਭੁ ਪ੍ਰਸੰਨਤਾ ਧਾਰੀ।
'ਪੂਰਬ ਭਲੀ ਰੀਤਿ ਤੈਂ ਡਾਰੀ।
ਮੁਸਲਮਾਨ ਹੁਇ ਭਾਵਨ ਧਰੈ।
ਮਿਲਨਿ ਪੰਥ ਮਹਿਂ ਜੇ ਹਿਤ ਕਰੈ ॥੮॥
ਤੌ ਇਹ ਉਚਿਤ ਖਾਲਸੇ ਬੀਚ।
ਪਾਹਲੁ ਲਹੈ ਊਚ ਕੈ ਨੀਚ।'
ਮਾਨ ਸਿੰਘ ਸੋਂ ਹੁਕਮ ਬਖਾਨਾ।
'ਖਰੋ ਹੋਹੁ ਕਰਿ ਸਿੱਖ ਸੁਜਾਨਾ' ॥੯॥
ਲੇ ਆਗਜਾ ਅੰਮ੍ਰਿਤ ਬਨਵਾਯੋ।
ਖਰੇ ਹੋਇ ਤਤਕਾਲ ਛਕਾਯੋ।
ਸ਼੍ਰੀਮੁਖ ਤੇ ਤਬਿ ਨਾਮ ਉਚਰਜੋ।
ਸ਼ੁਭ 'ਅਜਮੇਰ ਸਿੰਘ' ਤਿਹ ਧਰਜੋ
॥੧੦॥
ਵਾਹਿਗੁਰੂ ਜੀ ਕੀ ਕਹਿ ਫਤੇ।
ਭਾ ਕੱਲਜਾਣ ਉਚਿਤ ਮੁਦ ਚਿਤੇ।
ਸਿਮਰਨ ਕਰਨਿ ਲਗਜੋ ਗੁਰ ਕੇਰਾ।
ਗੁਰਬਾਣੀ ਪਠਿ ਸੰਝ ਸਵੇਰਾ ॥੧੧॥
ਤਹਿਂ ਡੇਰਾ ਕਰਿ ਨਿਸਾ ਬਿਤਾਈ।
ਪ੍ਰਾਤਿ ਭਏ ਤਜਾਰੀ ਕਰਿਵਾਈ†।
ਹਯ ਅਰੂਢਿ ਕਰਿ ਚਲੇ ਕ੍ਰਿਪਾਲਾ।
ਸੰਗ ਸੁਭਟ ਗਨ ਆਯੁਧ ਨਾਲਾ ॥੧੨॥
ਕੇਤਿਕ ਕੋਸ ਉਲੰਘ ਕਰਿ ਗਏ।
ਸਾਹਿਬ ਚੰਦ ਗ੍ਰਾਮ ਪਹੁੰਚਏ।
ਸਮਾ ਭਯੋ ਸੁੱਖੇ ਕਹੁ ਆਨਿ।
ਤਹਿਂ ਰਗੜਾਇ ਕਰਤਿ ਭੇ ਪਾਨ ॥੧੩॥
ਸੌਚ ਸੁਚੇਤਾ ਕਰਿ ਪੁਨ ਚਰੇ।
ਕੇਤਿਕ ਗਮਨ ਅੱਗ੍ਰ ਕੋ ਕਰੇ।
†ਗ੍ਰਾਮ ਕੋਟ ਭਾਈ ਕੋ ਜਹਾਂ।
ਡੇਰਾ ਜਾਇ ਕਰਤਿ ਭੇ ਤਹਾਂ ॥੧੪॥
ਬਸੈਂ ਬਾਣੀਏ ਗੁਰ ਸਿਖ ਦੋਇ।
ਗੁਰ ਆਗਵਨ ਸੁਨਤਿ ਭੇ ਸੋਇ।

†ਇਸ ਥਾਂ ਡੇਰਾ ਇਕ ਦਿਨ ਤੋਂ ਵਧੀਕ ਰਿਹਾ ਹੈ।

†ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਪ੍ਰਥਮ ਜਾਇ ਪਗ ਬੰਦਨ ਠਾਨੀ।
ਕੁਸ਼ਲ ਪ੍ਰਸ਼ਨ ਸਤਿਗੁਰੂ ਬਖਾਨੀ ॥੧੫॥
ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ।
'ਸੇਵਾ ਕਰਜੋ ਚਹੈਂ ਹਮ ਥਾਰੀ[1][†]।
ਕ੍ਰਿਪਾ ਕਰਹੁ ਅਬਿ ਆਗਜਾ ਦੀਜੈ।
ਸੰਗ ਲਾਂਗਰੀ ਮਮ ਕਰਿ ਦੀਜੈ ॥੧੬॥
ਸਕਲ ਦੇਗ਼ ਹਿਤ ਚਹੈਂ ਸੁ ਲਜਾਵੈਂ।
ਕਰਿ ਅਹਾਰ ਪ੍ਰਭੁ ਕੌ ਤ੍ਰਿਪਤਾਵੈਂ।'
ਖੁਸ਼ੀ ਕਰੀ ਅਸ ਹੁਕਮ ਬਖਾਨਾ।
'ਅੰਮ੍ਰਿਤ ਛਕਹੁ ਹੋਹਿ ਕੱਲਜਾਨਾ ॥੧੭॥
ਮਿਲਹੁ ਖਾਲਸੇ ਸੋਂ ਬਨਿ ਰੂਪ।
ਅੰਤ ਸਮੈਂ ਪਦ ਲੇਹੁ ਅਨੂਪ[†]।'
ਸ਼੍ਰੀ ਗੁਰ ਤੇ ਸੁਨਿ ਕਰਿ ਤਿਨ ਮਾਨਾਂ।
ਕਰਿ ਕੜਾਹ ਤੂਰਨ ਤਬਿ ਆਨਾ ॥੧੮॥
ਗਰ ਸ਼ਮਸ਼ੇਰ ਪਾਇ ਕਰਿ ਖਰੇ।
ਵਾਹਿਗੁਰੂ ਸੁ ਮੰਤ੍ਰ ਸੁਖ ਰਰੇ[†]।
ਖਰੇ ਬਿਲੋਕੇ ਗੁਰੂ ਬਖਾਨੇਂ।
'ਉਠਿ ਗੁਰਬਖਸ਼ ਸਿੰਘ ਲਿਹੁ ਮਾਨੇ[1]' ॥੧੯॥
ਸੁਨਿ ਕਰਿ ਹੁਕਮ ਨੀਰ ਅਨਵਾਯੋ।
ਲੇ ਮਿਸ਼ਟਾਨ ਪਤਾਸਨ ਪਾਯੋ।
ਪਢੇ ਸਵੈਯੇ ਸਿੰਘਨ ਪੰਚ[1]।
ਪੂਰਬ ਜਪ, ਅਨੰਦ ਪੁਨ ਬੰਚ ॥੨੦॥
ਝੋਰੜ ਸੰਗਜਾ ਭਾਖੈਂ ਸਬੈ।
ਜੋ ਗੁਰਬਖਸ਼ ਸਿੰਘ ਉਠਿ ਤਬੈ।
ਕਰਿ ਅਰਦਾਸ ਹੁਕਮ ਕੋ ਲੈ ਕੈ।
ਦ੍ਵੈ ਕੋ ਅੰਮ੍ਰਿਤ ਦਿਯੋ ਛਕੈ ਕੈ ॥੨੧॥
ਪ੍ਰਥਮ ਨਾਮ 'ਰੰਗੀ' ਤਿਸ ਕੇਰਾ।
'ਰੰਗੀ ਸਿੰਘ' ਧਰਜੋ ਤਿਸ ਬੇਰਾ।
'ਘੁੰਮੀ ਸਿੰਘ' ਦੂਸਰੇ ਨਾਮੂ।
ਧਰਤਿ ਭਏ ਸ਼੍ਰੀ ਮੁਖ ਸੁਖ ਧਾਮੂ ॥੨੨॥

[1]ਆਪ ਜੀ ਦੀ। [†]ਪਾ:-ਸਾਰੀ।

[†]ਅੰਮ੍ਰਿਤ ਕਲਜਾਨ ਅਰਥ ਛਕਾਇਆ ਜਾਣਾ ਇਸ ਥਾਂ ਤੋਂ ਸਪਸ਼ਟ ਸਿੱਧ ਹੈ।

[†]ਇਥੋਂ ਸਪਸ਼ਟ ਹੋ ਗਿਆ ਕਿ ਅੰਮ੍ਰਿਤ ਗੁਰ ਦੀਖਿਆ ਸੰਸਕਾਰ ਹੈ।

[1]ਭਾਵ ਗੁਰਬਖਸ਼ ਸਿੰਘ ਝੋਰੜ ਨੂੰ ਹੁਕਮ ਹੋਇਆ ਕਿ ਤੂੰ ਅੰਮ੍ਰਿਤ ਛਕਾ, ਦੇਖੋ ਅੰਕ ੨੧।

[1]ਪੰਜਾਂ ਸਿੰਘਾਂ ਨੇ।

ਇਮ ਨਿਹਾਲ ਹੁਇ ਮਸਤਕ ਟੇਕਾ।
ਖੁਸ਼ੀ ਕਰੀ ਤਬਿ ਜਲਧਿ ਬਿਬੇਕਾ।
ਸਭਿ ਡੇਰੇ ਕੀ ਸੇਵਾ ਕੀਨਿ।
ਹਯਨਿ ਚਰਨ ਹਿਤ[1] ਤ੍ਰਿਣ ਗਨ ਦੀਨ ॥੨੩॥
ਖਾਨ ਪਾਨ ਕਰਿ ਸਭਿ ਤ੍ਰਿਪਤਾਏ।
ਸੁਖ ਤੇ ਪੌਢਿ ਰਾਤਿ ਸੁਪਤਾਏ।
ਸੌਚ ਸ਼ਨਾਨ ਹੋਇ ਸਵਧਾਨਾ।
ਭਏ ਅਰੂਢਿ ਅਨਾਇ ਕਿਕਾਨਾ ॥੨੪॥
ਕਰਨ ਅਖੇਰ ਕ੍ਰਿਪਾਲ ਪਧਾਰੇ।
ਸਨੇ ਸਨੇ ਉੱਦਜਾਨ ਸਿਧਾਰੇ।
ਮਨ ਭਾਵਤਿ ਬਿਚਰੇ ਤਿਸ ਬੇਰਾ।
ਕਰਯੋ ਗ੍ਰਾਮ ਸੁਨੀਅਰ[†] ਮਹਿਂ ਡੇਰਾ ॥੨੫॥
ਤਹਿਂ ਬਿਤਾਇ ਨਿਸ ਗਮਨਤਿ ਭਏ।
ਗ੍ਰਾਮ ਰੋਹਲੇ ਉਤਰਨ ਕਏ।
ਤਹਿਂ ਤੇ ਚਢਿ ਪੁਨ ਪੰਥ ਪਯਾਨੇ।
ਗ੍ਰਾਮ ਬਬੀਹੇ ਨਿਕਟ ਸਥਾਨੇ ॥੨੬॥
ਕਰਯੋ ਸਿਵਰ ਉਤਰੇ ਗੁਨ ਧਾਮੂ।
ਨੌਂ ਬਾਸੁਰ ਤਹਿਂ ਕੀਨ ਮੁਕਾਮੂ।
ਤਹਿਂ ਤੇ ਚਢਿ ਬਾਜਕ ਕੋ ਗਏ।
ਸਮੈਂ ਦੇਖਿ ਸੁਖਾ ਛੱਕ ਲਏ ॥੨੭॥
ਗ੍ਰਾਮ ਨਰਨ ਸੁਨਿ ਗੁਰ ਆਗਵਨੁ।
ਪੈ[1] ਬਟੋਰ ਕਰਿ ਸਗਰੇ ਭਵਨੁ।
ਭਰਿ ਭਰਿ ਘਟ ਗਨ ਬਾਹਰ ਲ੍ਯਾਏ।
ਕਰਿ ਦਰਸ਼ਨ ਸਭਿ ਸੀਸ ਨਿਵਾਏ ॥੨੮॥
ਪਾਇ ਪਾਇ ਮਿਸ਼ਟਾਨ ਪਿਲਾਵਾ।
ਤ੍ਰਿਪਤਿ ਹੋਇ ਪੀਵਤਿ ਮਨ ਭਾਵਾ।
ਏਕ ਸਿੰਘ ਨੇ ਪਾਨ ਨ ਕੀਨਿ।
ਦੇ ਬਹੁ ਰਹਯੋ ਨਹੀਂ ਕਰ ਲੀਨ ॥੨੯॥
ਬੂਝਯੋ ਸ੍ਰੀ ਪ੍ਰਭੁ 'ਕਯੋਂ ਨਹਿਂ ਪੀਨਾ?'

[1]ਚਰਨ ਲਈ।

[†]ਪਾ:-ਝੁਨੀਯਰ। ਸਾਖੀ ਪੋਥੀ ਵਿਚ ਪਾਠ ਸੁਨੀਅਰ ਹੀ ਹੈ।

[1]ਦੁੱਧ।

ਕਹੈ ਸਿੰਘ 'ਖੈਬੋ ਪਲ[1] ਕੀਨਾ।
ਧੇਨੁ ਦੁਗਧ ਕੋ ਪੀਵਤਿ ਦੋਸ਼।
ਯਾਂ ਤੇ ਮੈਂ ਨ ਪਿਯੋਂ ਕਰਿ ਹੋਸ਼ ॥੩੦॥
ਜੇ ਮਹਿਖੀ ਕੋ ਹੋਇ ਨਿਰਾਲਾ।
ਤੌ ਮੈਂ ਕਰਿ ਹੌਂ ਪਾਨ ਸੁਖਾਲਾ[†]।'

[1]ਮਾਸ।

[†]ਹਰ ਚੰਗੀ ਗੱਲ ਵਹਿਮ ਬਣ ਜਾਇਆ ਕਰਦੀ ਹੈ। ਕੋਈ ਪੁਰਾਤਨ ਵੇਦਾਂ ਦਾ ਤਜਰਬਾ ਹੈ ਕਿ ਮਾਸ ਮੱਛੀ ਦੇ ਨਾਲ ਉਸੇ ਵੇਲੇ ਦੁੱਧ ਨਹੀਂ ਪੀਂਦੇ। ਪਰ ਇਹ ਗਾਂ ਮਹਿੰ ਦੇ ਦੁੱਧ ਦਾ ਵੇਰਵਾ ਉਸ ਅਸੂਲ ਤੇ ਕੋਈ ਲੋਕੋਕਤੀ ਜਾਪਦੀ ਹੈ। ਮੱਛੀ ਨਾਲ ਉੱਸੇ ਵੇਲੇ ਦੁੱਧ ਨਾ ਪੀਣਾ ਸੈਮਿਟਿਕ ਕੌਮਾਂ ਵਿੱਚ ਬੀ ਪਰਵਿਰਤ ਸੀ ਤੇ ਹੈ।

ਸੁਨਿ ਇਸ ਤੇ ਸਿਖ ਏਕ ਉਚਾਰੇ।
'ਮੈਂ ਲਜਾਵਹੁਂ ਪੈ ਮਹਿਖ ਨਿਰਾਰੇ' ॥੩੧॥
ਗੁਰ ਭਾਖ੍ਯੋ 'ਪੀਵਨ ਬਹੁ ਕਰਹੁ।
ਤ੍ਰਿਪਤਹੁ ਭਲੇ ਉਦਰ ਕੋ ਭਰਹੁ।'
ਇਮ ਸ਼੍ਰੀ ਪ੍ਰਭੁ ਕੀਨਸਿ ਤਹਿਂ ਡੇਰੇ।
ਪੈ ਪਿਆਇ ਤ੍ਰਿਪਤਾਇ ਘਨੇਰੇ ॥੩੨॥
ਪੂਰਬ ਜਬਹਿ ਦਿਵਾਨਾ ਮਾਰ੍ਯੋ।
ਕਿਸ ਨੇ ਸਭਿ ਮਹਿਂ ਜਾਇ ਉਚਾਰ੍ਯੋ।
'ਪੰਥ ਤੁਮਾਰੇ ਕੋ ਤਹਿਂ ਗਯੋ।
ਸਿੰਘ ਕ੍ਰਿਪਾਨਝਾਰਿ ਹਤਿ ਦਯੋ' ॥੩੩॥
[†]ਘੁੱਦਾ ਸੁੱਖੂ ਹੁਤੇ ਮਹੰਤ।
ਰਿਸ ਕਰਿ ਮਿਲਿ ਸਭਿ ਕੀਨਿ ਮਤੰਤ।
'ਲਿਹੁ ਪਲਟਾ ਗੁਰ ਤੇ ਚਲਿ ਅਬੈ।'
ਲਏ ਬਟੋਰ ਟੋਰ ਕਰਿ ਸਬੈ ॥੩੪॥
ਇਕਠੇ ਹੁਇ ਪੰਚਾਸ ਦਿਵਾਨੇ।
ਲੈਨਿ ਬੈਰ ਕੋ ਪੰਥ ਪਯਾਨੇ।
ਮਗ ਮਹਿਂ ਕਰਿ ਬਿਚਾਰ ਡਰ ਧਾਰਾ।
'ਸ਼੍ਰੀ ਗੁਰ ਧੀਰ ਬੀਰ ਬਲਿ ਭਾਰਾ ॥੩੫॥
ਤਿਸ ਆਗੇ ਕਯਾ ਸ਼ਕਤਿ ਹਮਾਰੀ।
ਅੱਗ੍ਰ ਨਿਵੈਂ ਜਿਸ ਖਲਕਤ ਸਾਰੀ।'
ਇਮ ਉਰ ਅਰਧ ਸਮੁਝਿ ਮੁੜਿ ਗਏ।
ਰਹੇ ਪਚੀ ਸੋ ਗਮਨਤਿ ਭਏ ॥੩੬॥

[†]ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਕਿਤਿਕ ਦੂਰ ਚਲਿਬੋ ਤਬਿ ਕਰੇ।
ਤੂੰਦਸ ਡਰ ਕੋ ਧਰਿ ਹਟਿ ਪਰੇ[1]। [1]ਮੁੜ ਪਏ।
ਜੁਗ ਮਹੰਤ ਕਰਿ ਧੀਰ ਪਯਾਨੇ।
ਦਸ ਪੁਨ ਹਟੇ ਗੁਰੂ ਡਰ ਮਾਨੇ[1] ॥੩੭॥ [1]ਫੇਰ ਦਸ ਬੀ ਹਟ ਆਏ ਗੁਰੂ ਜੀ ਦਾ ਡਰ ਮੰਨਕੇ।
ਸੁੱਖੂ ਅਰ ਬੁੱਧੂ ਦ੍ਵੈ ਰਹੇ।
ਸਭਿ ਸੰਗਨਿ ਕੀ ਗਤਿ ਕੋ ਲਹੇ[1]। [1]ਨਾਲਦਿਆਂ ਦੀ ਦਸ਼ਾ ਦੇਖਦੇ ਹੋਏ।
ਢੱਡ ਸਾਰੰਗੀ ਦੋਨਹੁ ਕਰ ਤੇ।
ਧਰੀ ਕਹੂੰ ਸ਼ੰਕਾ ਉਰ ਧਰਿਤੇ ॥੩੮॥
-ਲੈਨੋ ਬੈਰ ਰਹਜੋ ਕਿਤ ਦੂਰ।
ਦਰਸ਼ਨ ਕਰੀਅਹਿ ਚਲੋ ਹਦੂਰ-।
ਇਮ ਬਿਚਾਰਿ ਗੇ ਮਸਤਕ ਟੇਕਾ।
ਪਿਖਿ ਤਿਨ ਬੋਲੇ ਜਲਧਿ ਬਿਬੇਕਾ ॥੩੯॥
'ਹਾਥਨ ਤੇ ਧਰਿ ਕਹਾਂ ਦੁਰਾਈ।
ਲੇ ਆਵਹੁ ਤਿਨ ਕੋ[1] ਅਬਿ ਜਾਈ। [1]ਭਾਵ ਢੱਡ ਸਾਰੰਗੀ।
-ਅੰਤਰਜਾਮੀ ਸਭਿ ਗੁਰ ਜਾਨੀ-।
ਇਮ ਲਖਿ ਉਠਿ ਦੋਨਹੁ ਪੁਨ ਆਨੀ ॥੪੦॥
ਢੱਡ ਸਾਰੰਗੀ ਜਬਿ ਲੇ ਆਏ।
ਦੋਨਹੁ ਖਰੇ ਭਏ ਅਗਵਾਏ।
ਪ੍ਰਭੁ ਬੋਲੇ 'ਤੁਮ ਗਾਇ ਸੁਨਾਵਹੁ।
ਜਥਾ ਹਮੇਸ਼ ਅਪਰ ਥਲ ਗਾਵਹੁ' ॥੪੧॥
ਸੁਨਿ ਕਰਿ ਹੁਕਮ ਦਿਵਾਨੇ ਦੋਊ।
ਕਰੀ ਸਾਰੰਗੀ ਸੁਰ ਮਿਲਿ ਸੋਊ।
ਜੰਗਲ ਦੇਸ਼ ਸੱਦ[1] ਹੁਇ ਜੈਸੇ। [1]ਲੰਮੀ ਹੇਕ ਦੇ ਟੱਪੇ ਯਾ ਛੋਟੇ ਗੀਤ ਨੂੰ ਸੱਦ ਕਹਿੰਦੇ ਹਨ।
ਉਚੇ ਸੁਰ ਗਾਵਨ ਲਗਿ ਤੈਸੇ ॥੪੨॥

ਕੱਚਾ ਕੋਠਾ ਵਿਚ ਵਸਦਾ ਜਾਨੀ ॥
ਸਦਾ ਨ ਮਾਪੇ ਨਿਤ ਨਹੀਂ ਜੁਆਨੀ ॥
ਚਲਣਾ ਆਗੇ ਹੋਇ ਗੁਮਾਨੀ[†] ॥

[†]ਤਵਾਰੀਖ ਖਾਲਸਾ ਵਿਚ ਪਾਠ ਹੈ:-

ਚਲਣਾ ਅੱਗੇ ਕਿਉਂ ਭਇਓਂ ਗੁਮਾਨੀ?
ਹੋਹੁ ਸਿਆਣਾ ਨਹੀਂ ਪਗੁ ਸਿਦਾਨੀ।

ਸਾਖੀ ਪੋਥੀ ਵਿਚ ਸੱਦ ਦਾ ਇਹ ਤੀਸਰਾ ਚਰਨ ਹੈ ਨਹੀਂ।

ਚੌਪਈ:

ਸੁਨਿ ਸ਼੍ਰੀ ਮੁਖ ਤੇ ਬਹੁਰ ਉਚਾਰੇ।
ਤਿਸੀ ਰੀਤਿ ਕਹੁ ਫੇਰ ਪੁਕਾਰੇ।
ਢੱਡ ਸਾਰੰਗੀ ਮੇਲ ਬਜਾਓ।
ਊਚੇ ਸੁਰ ਸੋਂ ਗਾਇ ਸੁਨਾਓ' ॥ ੪੩ ॥
ਮਾਨਜੋਂ ਹੁਕਮ ਫੇਰ ਤਿਨ ਗਾਯੋ।
ਊਚੇ ਸੁਰ ਸੋਂ ਭਲੇ ਸੁਨਾਯੋ।
ਭਏ ਖੁਸ਼ੀ ਪ੍ਰਭੁ ਫੇਰ ਗਵਾਯੋ।
ਤੀਨ ਬਾਰ ਤਿਮ ਹੀ ਕਹਿਵਾਯੋ ॥ ੪੪ ॥
ਬਸੇ ਰਾਤਿ ਕਰਿ ਖਾਨ ਰੁ ਪਾਨਾ।
ਭਈ ਪ੍ਰਾਤਿ ਗੁਰ ਚਹਸਿ ਪਯਾਨਾ।
ਤਬਿ ਸੁੱਖੂ ਬੁੱਧੂ ਹੁਇ ਖਰੇ।
ਇਮ ਅਰਦਾਸ ਜੋਰਿ ਕਰ ਕਰੇ ॥ ੪੫ ॥
'ਹਮ ਪਰ ਪ੍ਰਭੁ ਕੀਜੈ ਅਸਵਾਰੀ।
ਜਿਮ ਕੀਨੀ ਮਗ ਚਲਤ ਅਗਾਰੀ[1]।

[1]ਭਾਵ ਜਿਵੇਂ ਪਿੱਛੇ (ਮਾਛੀਵਾੜੇ ਤੇ) ਪਲੰਘ ਪਰ ਚੜ੍ਹਕੇ (ਨੀਲੇ ਪਹਿਨਕੇ) ਸਫਰ ਕੀਤਾ ਸੀ।

ਇਹੀ ਭਾਵਨਾ ਪੂਰਨ ਕਰੀਅਹਿ।
ਅਪਨੇ ਜਾਨਿ ਦਯਾ ਉਰ ਧਰੀਅਹਿ' ॥ ੪੬ ॥
ਸੁਨਿ ਗੁਰ ਪਲੰਘ ਅਪਨਿ ਉਠਵਾਯੋ।
ਸੁਖੂ ਬੁੱਧੂ ਸੀਸ ਲਗਾਯੋ।
ਦੁਇ ਸਿਖ ਅਪਰ ਲਗੇ ਹੈ ਸੰਗ।
ਗਮਨੇ ਗੁਰੂ ਉਠਾਇ ਉਤੰਗ ॥ ੪੭ ॥
ਸੁੱਖੂ ਕੇ ਸਿਰ ਜਥਾ ਨਗਾਰਾ।
ਸਮ ਡੰਕੇ ਹਾਥਨ ਗਹਿ ਮਾਰਾ।
ਮੁਖ ਤੇ ਧੌਂ ਧੌਂ ਕਰਤਿ ਸਿਧਾਰੇ[1]।

[1]ਭਾਵ ਗੁਰੂ ਜੀ ਸੁੱਖੂ ਦੇ ਸਿਰ ਤੇ ਨਗਾਰੇ ਵਾਂਗੂ ਤਾਲ ਨਾਲ (ਸਹਿਜੇ ਸਹਿਜੇ) ਹੱਥ ਮਾਰਦੇ ਹਨ ਤੇ ਉਹ ਨਗਾਰੇ ਵਾਂਗੂ ਧੌਂ ਧੌਂ ਬੋਲਦਾ ਹੈ।

ਚਲੇ ਜਾਤਿ ਮਾਰਗ ਅਗਵਾਰੇ ॥ ੪੮ ॥
ਕਰ ਤੇ ਗੁਰੂ ਬਜਾਵਨ ਠਾਨੈ।
ਧੌਂ ਧੌਂ ਸੁਖੂ ਮੁਖਹੁੰ ਬਖਾਨੈ।
ਇਸੀ ਪ੍ਰਕਾਰ ਕੋਸ ਇਕ ਗਏ।

ਤਹਿਂ ਸਤਿਗੁਰੂ ਉਤਰਤੇ ਭਏ ॥੪੯॥
ਕਰੀ ਭਾਵਨਾ ਪੂਰਨ ਤਾਂਹੀ।
ਡੇਰਾ ਕਰਯੋ ਨੀਕ ਥਲ ਮਾਂਹੀ।
ਥਿਰੇ ਪਲੰਘ ਪਰ ਜਲਧਿ ਬਿਬੇਕਾ।
ਸੁੱਖੂ ਆਨਿ ਮਾਥ ਪਗ ਟੇਕਾ ॥੫੦॥
ਦੇਤਿ ਪ੍ਰਦਛਨਾ ਧਾਵਤਿ ਡੋਲਤਿ।
ਊਂਘਾ ਊਂਘਾ ਮੁਖ ਤੇ ਬੋਲਤਿ[1]।

[1]'ਊਂਘਾ' 'ਊਂਘਾ' ਇਸ ਤਰ੍ਹਾਂ ਦੀ ਆਵਾਜ਼ ਬੋਲਦਾ ਹੈ। ਸਾਖੀ ਪੋਥੀ ਵਿਚ ਪਾਠ ਐਉਂ ਹੈ:-ਸੁੱਖੂ ਮੱਥਾ ਟੇਕਕੇ ਪਰਕੰਮਿਆਂ ਦੇਣ ਲਗਾ। ਨਾਲੇ ਕਰਦਾ ਫਿਰੇ ਊਘਾਂ ਊਘਾਂ ਭੱਨਾਂ ਫਿਰੇ, ਫੇਰ ਹਾਰਕੇ ਡਿੱਗ ਪਇਆ। (ਅ) ਊਂਘ ਵਿਚ ਜਿਵੇਂ ਬੋਲੀਦਾ ਹੈ ਤਿਵੇਂ।

ਹਾਰ ਪਰਯੋ ਜਬਿ ਦੌਰਤਿ ਦੌਰਤਿ।
ਆਗੇ ਗਿਰਯੋ ਗੁਰੂ ਕੇ ਬੌਰਤਿ[1] ॥੫੧॥

[1]ਬੌਰਾ ਹੋਕੇ।

ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਠਾਨਾ।
ਕਹਯੋ 'ਕਰਾਵਹੁ ਇਸੇ ਸ਼ਨਾਨਾ।'
ਆਨਿ ਨੀਰ ਕੋ ਪਕਰਿ ਉਠਾਯੋ।
ਸਰਬ ਦੇਹ ਤੇ ਭਲੇ ਨੁਹਾਯੋ ॥੫੨॥
ਸੁਧਿ ਆਈ ਬੋਲਯੋ ਤਿਸ ਬੇਰਾ।
'ਮੱਜਨ ਕਯੋਂ ਕਰਵਾਇਸਿ ਮੇਰਾ?
ਉਪਜਯੋ ਉਰ ਮੈਂ ਬਡ ਬੈਰਾਗਾ[1]।

[1]ਇਸ਼ਨਾਨ ਤੋਂ ਪਹਿਲਾਂ) ਦਿਲ ਵਿਚ ਵੱਡਾ ਵੈਰਾਗ ਪੈਦਾ ਹੋਇਆ ਸੀ।

ਅਬਿ ਘਟ ਗਯੋ ਭਯੋ ਲਘੁ ਭਾਗਾ[1] ॥੫੩॥

[1]ਹੁਣ ਉਹ ਘਟ ਗਿਆ ਹੈ, ਤੇ ਥੋੜਾ ਜਿਹਾ ਹਿੱਸਾ (ਉਸ ਦਾ) ਹੋ ਗਿਆ ਭਾਵ ਰਹਿ ਗਿਆ ਹੈ। (ਅ) ਭਯੋ ਲਘੁ ਭਾਗਾ=ਤੁੱਛ ਪੁੰਨਾਂ ਵਾਲਾ ਹੋਇਆ ਹਾਂ।

ਉਚਿਤ ਨਹੀਂ ਥੋ ਕਰਨ ਸ਼ਨਾਨਾ।'
ਸੁਨਿ ਧੀਰਜ ਸਤਿਗੁਰੂ ਬਖਾਨਾ।
ਦਯੋ ਰਜਤਪਣ ਇਕ ਚੌਕੂਨ[1]।

[1]ਚਾਰ ਕੋਨਿਆਂ ਵਾਲਾ।

'ਰਹੁ ਪੂਜਤਿ ਪੁਨ ਹੋਇ ਦੁਗੂਨ[1]' ॥੫੪॥

[1]ਫੇਰ ਦੁਗਣਾ (ਵੈਰਾਗ) ਹੋ ਜਾਏਗਾ। (ਅ) ਦੁਗਣਾ (ਧਨ) ਹੋ ਜਾਵੇਗਾ।

ਸੋ ਦੇ ਕਰਿ ਪ੍ਰਭੁ ਰੁਖਸਦ ਕੀਨਾ।
ਡੇਰੇ ਗਯੋ ਰੰਗ ਗੁਰ ਭੀਨਾ।
ਅਬਿ ਲਗਿ ਸੋ ਚਹੁਕੂਨ ਰੁਪੱਯਾ।
ਬੰਦਨ ਕਰਹਿਂ ਕਾਮਨਾ ਪੱਯਾ ॥੫੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ

ਐਨੇ 'ਦੀਵਾਨੇ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ
ਦਸਮੋਂ ਅੰਸੂ ॥੧੮॥

## ੧੯. [ਸ੍ਵੇਤ ਸਰ। ਤਲਵੰਡੀ ਡੱਲੇ ਪਾਸ]

੧੮<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੦

ਦੋਹਰਾ:

†ਡੇਰਾ ਜੱਸੀ ਗ੍ਰਾਮ ਭਾ, ਤਹਿਂ ਇਕ ਤਾਲ ਬਿਸਾਲ।
ਸ਼ਸਤ੍ਰ ਬਸਤ੍ਰ ਕੇ ਸਹਿਤ ਗੁਰ, ਭੇ ਪ੍ਰਵੇਸ਼ ਤਿਸ ਕਾਲ ॥੧॥

†ਇਹ ਸਾਖੀ ਪੋਥੀ ਦੀ ਸਾਖੀ ਹੈ।

ਚੌਪਈ:

ਤਟ ਉਰਾਰ ਤੇ ਭਏ ਪ੍ਰਵੇਸ਼ੁ।
ਉਲੰਘੇ ਤਤਛਿਨ ਤਾਲ ਅਸ਼ੇਸ਼ੁ।
ਰੰਗਦਾਰ ਪੋਸ਼ਿਸ਼ ਸਰਬੰਗ।
ਮੁਸ਼ਕੀ ਚੰਚਲ ਤਰੇ ਤੁਰੰਗ ॥੨॥
ਪਰਲੇ ਤੀਰ ਜਾਇ ਥਿਰ ਭਏ।
ਹਯ ਪੋਸ਼ਿਸ਼ ਉੱਜਲ[1] ਹ੍ਵੈ ਗਏ। [1]ਚਿੱਟੇ।
ਲੋਕ ਹਜ਼ਾਰਹੁਂ ਪਿਖਿ ਬਿਸਮਾਏ।
ਢਿਗ ਸਗਰੇ ਹੁਇ ਬਾਕ ਅਲਾਏ ॥੩॥
'ਕੌਤਕ ਕਹਾਂ ਆਪ ਦਰਸਾਯਹੁ।
ਬਸਤ੍ਰ ਤੁਰੰਗ ਸੁਪੇਦ ਬਨਾਯਹੁ।
ਸਿਰ ਦਸਤਾਰ ਰਹੀ ਸੁਰਮਈ।'
ਸੁਨਿ ਸ਼੍ਰੀ ਪ੍ਰਭੁ ਸਭਿ ਸਨ ਕਹਿ ਦਈ ॥੪॥
'ਬਿਚਰਤਿ ਰਾਮ ਚੰਦ ਇਤ ਆਏ।
ਇਹਾਂ ਸ਼ਨਾਨ ਕੀਨਿ ਹਰਖਾਏ।
ਤਬਿ ਕੋ ਇਹ ਤੀਰਥ ਬਹੁ ਪਾਵਨ।
ਪੁਰਬੀ ਸਮਾ, ਕੀਯੋ ਹਮ ਪਾਵਨ[1] ॥੫॥ [1]ਸਮਾਂ ਪੁਰਬੀ ਦਾ ਸੀ ਪਵਿੱਤ੍ਰ ਅਸਾਂ ਨੇ ਕੀਤਾ ਹੈ।
ਯਾਂ ਤੇ ਬਿਸਦ ਬਸਤ੍ਰ ਹਯ ਭਯੋ[1]। [1]ਇਸ ਕਰਕੇ ਕਪੜੇ ਤੇ ਘੋੜਾ ਚਿੱਟੇ ਹੋ ਗਏ ਹਨ।
ਪੁਰਬੀ ਤੇ ਫਲ ਪਾਵਨ ਕਯੋ।
ਬੱਗਾ ਸਰ ਤੀਰਥ ਕੋ ਨਾਮੁ†।

†ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਹ ਸ੍ਵੇਤਸਰ ਤੀਰਥ ਹੈ ਰਾਮ ਦੇ ਪੁੱਤਾਂ ਦਾ ਪਾਪ ਇਥੇ ਤਰਕੇ ਹਟਿਆ ਸੀ। ਤੀਰਥ ਲੋਪ ਸੀ ਅਸਾਂ ਅੱਜ ਨਹਾਕੇ ਤੇ ਇਹ ਕੌਤਕ ਦੱਸਕੇ ਪ੍ਰਗਟ ਕੀਤਾ ਹੈ। ਇਹ ਤਾਂ ਠੀਕ ਹੈ ਕਿ ਉਥੇ ਸਤਿਸੰਗ ਕੀਰਤਨ ਥਾਪ ਦਿੱਤਾ ਤੇ ਹੁਣ ਤਕ ਗੁਰਦਵਾਰਾ ਹੈ, ਸਰ ਬੀ ਹੈ, ਬਠਿੰਡੇ ਦੇ ਇਲਾਕੇ ਵਿਚ ਹੈ। ਪਰ ਕੌਤਕ ਗੁਰੂ ਜੀ ਦਾ ਆਪਣਾ ਹੈ, ਪੁਰਬੀ ਵਾਲੀ ਗੱਲ ਬਾਤ ਲੋਕਾਂ ਮਗਰੋਂ ਚਲਾਈ ਹੈ। ਕਵੀ ਜੀ ਦੇ ਲਿਖੇ ਮੁਜਬ ਨੀਲੇ ਬਸਤ੍ਰ ਬੀ ਪਿੱਛੇ ਉਤਾਰ ਆਏ ਹਨ, ਪਰ ਸਾਖੀ ਪੋਥੀ ਵਿਚ ਦੀਵਾਨਿਆਂ ਵਾਲੀ ਸਾਖੀ ਵਿਚ ਨੀਲੇ ਕਪੜੇ ਫਿਰ ਪਹਿਨੇ ਲਿਖੇ ਹਨ, ਯਥਾ:-'ਅੱਗ ਕੋਸ਼ਕ ਤੋਂ ਗੁਰੂ ਜੀ ਘੋੜੇ ਉਤੇ ਅਸਵਾਰੀ ਕੀਤੀ।

ਓਸਕਾ ਬਾਉ ਕਰਕੇ ਚੜ ਸੇ ਪਲੰਘ ਉਪਰ। ਸੁੱਖੂ ਨੇ ਆਖਿਆ ਸੀ ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ ਸੋ ਦਿਖਾਓ। ਮੰਜੇ ਉਤੇ ਚੜ੍ਹੇ ਨੀਲੀ ਪੋਸ਼ਾਕ ਪਹਿਰੀ, ਓਸ ਨੂੰ ਰਾਜੀ ਕੀਤਾ।

ਪਾਵਨ ਅਧਿਕ ਸਪਰਸੇ ਰਾਮੂ' ॥੬॥
ਸੁਨਿ ਕੈ ਸਿਖ ਤਬਿ ਸਰਬ ਨਹਾਏ।
ਸ਼੍ਰੀ ਗੁਰ ਤਿਨ ਸੋਂ ਬਹੁਰ ਜਨਾਏ।
'ਪੁਰਬੀ ਸਮਾ ਗਯੋ ਟਰਿ ਅਬੈ।
ਨਹੀਂ ਮਹਾਤਮ ਪ੍ਰਾਪਤਿ ਸਬੈ' ॥੭॥
ਚਲਿ ਕਰਿ ਪੁਨ ਡੇਰੇ ਮਹਿਂ ਆਏ।
ਖਰੇ ਹੋਇ ਕਹਿ ਸਭਿਨਿ ਸੁਨਾਏ।
'ਜੱਸੀ ਆਇ ਚਲੇ ਗੁੜ ਖਾਇ ਚਲੇ।
ਜੱਸੀ ਆਇ ਚਲੇ ਗੁੜ ਖਾਇ ਚਲੇ' ॥੮॥
ਦੁਇ ਤ੍ਰੈ ਬਾਰੀ ਕਹ੍ਯੋ ਸੁਨਾਈ।
ਤੂਸ਼ਨਿ ਰਹੇ ਸਕਲ ਬਿਸਮਾਈ।
ਬੀਤ ਗਈ ਜਬਿ ਘਟਿਕਾ ਚਾਰੀ।
ਉਤਰਿ ਥਿਰੀ ਸੈਨਾ ਤਬਿ ਸਾਰੀ ॥੯॥
ਏਕ ਲੁਬਾਣਾ ਤਹਿਂ ਚਲਿ ਆਯੋ।
ਬੈਲਨ ਬ੍ਰਿੰਦ ਸੰਗ ਮੈਂ ਲ੍ਯਾਯੋ।
ਕਰਤਿ ਫਿਰਤਿ ਗੁੜ ਕੋ ਵਾਪਾਰਾ।
'ਉਤਰੇ ਗੁਰੂ' ਸੁਨਤਿ ਮੁਦ ਦਾਰਾ ॥੧੦॥
ਪੱਕਾ ਤੀਸ ਮਣਾ ਗੁੜ ਲ੍ਯਾਇ।
ਸ਼੍ਰੀ ਗੁਰ ਆਗੈ ਭੇਟ ਚੜ੍ਹਾਇ।
ਕਰਿ ਬੰਦਨ ਕੋ ਦਰਸ਼ਨ ਪਾਯੋ।
ਰਿਦੇ ਅਨੰਦ ਜਨਮ ਸਫਲਾਯੋ ॥੧੧॥
ਖੁਸ਼ੀ ਕਰੀ ਗੁਰ ਪੂਰੀ ਆਸਾ।
ਅੰਤ ਸਮੈਂ ਕੋ ਦੇ ਭਰਵਾਸਾ।
ਨਿਕਟ ਗੁਰੂ ਕੇ ਕੀਨਸਿ ਡੇਰਾ।
ਏਕ ਨਿਸਾ ਕੋ ਕੀਨਿ ਬਸੇਰਾ ॥੧੨॥
ਤਿਸ ਦਿਨ ਰਸਤ ਨਹੀਂ ਬਰਤਾਈ।
ਜਿਤਿਕ ਅਚੈਂ ਗੁੜ ਦਿਯ ਸਭਿ ਤਾਂਈ।
ਨਹੀਂ ਦੇਗ਼ ਭੀ ਤਿਸ ਦਿਨ ਹੋਈ।
ਗੁੜ ਕੋ ਖਾਇ ਰਹੇ ਸਭਿ ਕੋਈ ॥੧੩॥
ਸਕਲ ਤੁਰੰਗਨਿ ਦਈ ਨਿਹਾਰੀ।
ਦੇਗ਼ ਕਰੀ ਅਗਲੇ ਦਿਨ ਭਾਰੀ।

ਬਹੁਰ ਗ੍ਰਾਮ ਕੇ ਨਰ ਗਨ ਆਏ।
ਜਥਾ ਸ਼ਕਤਿ ਭੇਟਨ ਕੋ ਲਜਾਏ ॥੧੪॥
ਕੇਤਿਕ ਦਿਨ ਮੁਕਾਮ ਕਰਿ ਥਿਰੇ।
ਬਹੁਰ ਕੂਚ ਤਹਿਂ ਤੇ ਪ੍ਰਭੁ ਕਰੇ।
ਪੱਕੇ ਗ੍ਰਾਮ† ਕੀਯੋ ਪੁਨ ਡੇਰਾ।
ਏਕ ਨਿਸਾ ਤਹਿਂ ਬਸੇ ਬਸੇਰਾ ॥੧੫॥
ਗੁਰ ਤੁਰੰਗ ਜਹਿਂ ਲਾਵਨ ਕੀਨਿ।
ਮੇਖ[1] ਤਹਾਂ ਗਾਡੀ ਧਰ ਤੀਨ।
ਤੀਨਹੁਂ ਜੰਡ ਹਰੇ ਹੁਇ ਗਏ।
ਅਬਿ ਲੌਂ ਖਰੇ ਨਰਨ ਦਰਸਏ ॥੧੬॥
ਪੁਨ ਤਹਿਂ ਤੇ ਕਰਿ ਕੂਚ ਪਯਾਨੇ।
ਸੁਨਿ ਸੁਨਿ ਨਰ ਦਰਸ਼ਨ ਕੋ ਠਾਨੇ।
ਰਹਯੋ ਨਿਕਟ ਤਿਲਵੰਡੀ ਗ੍ਰਾਮੂ।
ਜਹਾਂ ਬਸੇ ਡੱਲਾ† ਕਰਿ ਧਾਮੂ ॥੧੭॥

†ਇਹ ਸਾਖੀ ਸਾਖੀ ਪੋਥੀ ਵਿਚੋਂ ਹੈ।

[1]ਕਿੱਲੇ।

†ਇਹ ਸਾਖੀ ਵੀ ਸਾਖੀ ਪੋਥੀ ਵਿਚੋਂ ਹੈ ਪਰ ਇਥੋਂ ਨਾਲੋਂ ਸੰਖੇਪ ਹੈ।

ਸਾਬੋ ਕੇ ਰਾਹਕ ਗਨ ਜੇਤੇ।
ਤਿਸ ਕੇ ਅਨੁਸਾਰੀ ਰਹਿਂ ਤੇਤੇ।
ਤਿਨ ਸੁਨਿ ਕਰਿ ਸਤਿਗੁਰ ਆਗਵਨੁ।
ਆਏ ਨਿਕਟ ਦੁਸ਼ਟ ਦਲ ਦਵਨੁ[1] ॥੧੮॥

[1]ਭਾਵ ਸ਼੍ਰੀ ਗੁਰੂ ਜੀ ਨੇੜੇ ਆ ਗਏ ਹਨ।

ਭਵਨ ਭਵਨ ਪ੍ਰਤਿ[1] ਮਾਨਵ ਪਠਿ ਕੈ।
ਰਾਹਕ ਸਕਲ ਹਕਾਰਿ ਇਕਠਿ ਕੈ।
ਸ਼ਸਤ੍ਰ ਧਾਰਿ ਤਤਛਿਨ ਚਲਿ ਆਏ।
ਸੁਭਟ ਚਤਰ ਸ਼ਤ ਕੋ ਸਮੁਦਾਏ[1] ॥੧੯॥

[1]ਘਰ ਘਰ ਵਿਚੋਂ।

[1]ਚਾਰ ਸੌ ਦਾ ਇਕੱਠ।

ਗਮਨਯੋਂ ਮਿਲਿ ਸਭਿ ਸੰਗ ਅਗਾਰੀ।
ਆਦਰ ਹੇਤੁ ਭਾਉ ਕਰਿ ਭਾਰੀ।
ਆਵਤਿ ਚਢੇ ਰੂਪ ਸੁਖਕੰਦਾ।
ਦੇਖਤਿ ਸਭਿ ਕੇ ਅਧਿਕ ਅਨੰਦਾ ॥੨੦॥
ਦੇ ਕਰਿ ਭੇਟ ਚਰਨ ਅਰਬਿੰਦੰ।
ਸਿਰ ਧਰਿ ਬੰਦੇ ਦ੍ਵੈ ਕਰ ਬੰਦੰ।
ਸਭਿ ਰਾਹਕ ਹੁਇ ਹੁਇ ਕਰਿ ਨੇਰੇ।

ਚਰਨ ਸਪਰਸ਼ਤਿ ਭਾਗ ਬਡੇਰੇ ॥੨੧॥
ਸਨੇ ਸਨੇ ਹਟਿਗੇ ਕਰਿ ਨਮੋ।
ਕੁਸ਼ਲ ਪ੍ਰਸ਼ਨ ਗੁਰ ਕਿਯ ਤਿਹ ਸਮੋਂ।
'ਜੁਤਿ ਬਾਂਧਵ ਗਨ ਤਵ ਪਰਵਾਰਾ।
ਅਹੈ ਅਰੋਗ ਕੌਮ ਬਡ ਭਾਰਾ?' ॥੨੨॥
'ਸ਼੍ਰੀ ਪ੍ਰਭੁ ! ਕ੍ਰਿਪਾ ਆਪ ਕੀ ਪਾਏ।
ਸਭਿ ਬਿਧਿ ਕੁਸ਼ਲ ਗ੍ਰਾਮ ਸਮੁਦਾਏ।
ਦਰਸ਼ਨ ਸ਼੍ਰੇਯ ਮੂਲ ਅਬਿ ਪਾਵਾ।
ਸੁਨਿ ਆਗਵਨ ਅਨੰਦ ਵਧਾਵਾ' ॥੨੩॥
ਕਿਤਿਕ ਦੂਰ ਤਲਵੰਡੀ ਰਹੀ।
ਉਤਰਿ ਪਰੇ ਪਿਖਿ ਸੁਨਿ ਥਲ ਤਹੀ[1]।

[1]ਗੱਲਾਂ ਬਾਤਾਂ) ਕਹਿ (ਕਹਾ ਕੇ) ਦਰਸ਼ਨ (ਦੇਕੇ) ਉਥੇ ਹੀ ਉਤਰ ਪਏ।

'ਸਕਲ ਬਹੀਰ ਜਬੈ ਚਲਿ ਆਵੈ।
ਸੰਧ੍ਯਾ ਭਈ ਗ੍ਰਾਮ ਢਿਗ ਜਾਵੈਂ' ॥੨੪॥
ਫ਼ਰਸ਼ ਬਿਸਾਲ ਕਰੇ ਤਿਸ ਥਾਨਾ।
ਬੈਠਿ ਗਏ ਪੁਨ ਕ੍ਰਿਪਾ ਨਿਧਾਨਾ।
ਬ੍ਰਿੰਦ ਬਿਰਾਦਰ ਲੇ ਕਰਿ ਸੋਈ।
ਬੈਠ੍ਯੋ ਡੱਲਾ ਪ੍ਰਭੁ ਢਿਗ ਹੋਈ ॥੨੫॥
ਕਰ ਕੋ ਜੋਰਿ ਪ੍ਰਸੰਗ ਚਲਾਵਾ।
'ਤੁਰਕ ਦੁਸ਼ਟ ਬਹੁ ਕਪਟ ਕਮਾਵਾ।
ਆਪ ਲਰੇ ਕੀਨਸਿ ਘਮਸਾਨਾ।
ਭਯੋ ਬਿਨਾਸ਼ੀ ਗਨ ਤੁਰਕਾਨਾ ॥੨੬॥
ਕਹਾਂ ਮੁਲਖ ਕੋ ਮਾਲਿਕ ਸ਼ਾਹੂ।
ਕਹਾਂ ਆਪ ਢਿਗ ਭਟ, ਉਤਸਾਹੂ।
ਕਾਰਜ ਪਰੇ ਜੰਗ ਕੇ ਭਾਰੀ।
ਸਾਹਿਬਜ਼ਾਦੇ ਮ੍ਰਿਤੁ ਭੇ ਚਾਰੀ ॥੨੭॥
ਭੀਰ ਕਠਨ ਰਾਵਰ ਪਰ ਆਈ।
ਘੇਰ੍ਯੋ ਆਨੰਦਪੁਰਿ ਚਹੁੰ ਘਾਈ।
ਸਮੈਂ ਕਸ਼ਟ ਕੇ ਅਸ ਜਬਿ ਆਏ।
ਹਮ ਕੋ ਸਿਮਰ੍ਯੋ ਨਹੀਂ ਕਦਾਏ ॥੨੮॥
ਦੋ ਸੈ ਕਿਧੌਂ ਤੀਨ ਸੈ ਬੀਰਾ।
ਲੇ ਕਰਿ ਮੈਂ ਪਹੁੰਚਤਿ ਪ੍ਰਭੁ ਤੀਰਾ।
ਕਰਿ ਪ੍ਰਾਕ੍ਰਮ ਕੇ ਜੁੱਧ ਬਿਸਾਲੇ।

ਸਭਿ ਬਿਧਿ ਤੁਮ ਕੋ ਰਖਤਿ ਸੁਖਾਲੇ'
॥੨੯॥
ਸੁਨਿ ਕਰਿ ਡੱਲੇ ਤੇ ਸ਼ੁਭਿ ਬੈਨੰ।
ਸ਼੍ਰੀ ਮੁਖ ਭਾਖਯੋ ਪੰਕਜ ਨੈਨੰ।
'ਭਈ ਸੁ ਭਈ ਬੀਤ ਅਬਿ ਗਇਊ।
ਹਾਥ ਨ ਆਵੈ ਜਤਨ ਜਿ ਕਇਊ
॥੩੦॥
ਜੰਗ ਬਿਖੈ ਮਾਰਨ ਕੈ ਮਰਨੋ।
ਪਸ਼ਚਾਤਾਪ ਕਹਾਂ ਤਿਸ ਕਰਨੋ।'
ਪੁਨ ਡੱਲਾ ਬੋਲਯੋ ਸੁਨਿ ਐਸੇ।
'ਅਹੈ ਜਥਾਵਤ ਉਚਰਹੁ ਜੈਸੇ ॥੩੧॥
ਤਊ ਦਾਸ ਹਮ ਰਾਵਰ ਕੇਰੇ।
ਘਾਲਤਿ ਰਣ ਘਮਸਾਨ ਘਨੇਰੇ।
ਕਰਿਤ ਕਾਜ ਰਾਵਰ ਕੇ ਤਬਿਹੂੰ।
ਲੇ ਕਰਿ ਮੈਂ ਪਹੁੰਚਤਿ ਭਟ ਸਭਿਹੂੰ
॥੩੨॥
ਲਿਖਤ ਹੁਕਮਨਾਮਾ ਜੇ ਪਠਿ ਹੋ[1]।
ਬਿਨਾਂ ਬਿਲੰਬ ਮਿਲਤਿ ਮੈ ਤਟ ਹੋ[1]।
ਸਭਿ ਬਿਧਿ ਕਰਿ ਸਹਾਇ ਲੇ ਆਵਤਿ।
ਇਤੇ ਬਿਘਨ ਕਯੋਂ ਹ੍ਵੈਬੇ ਪਾਵਤਿ'
॥੩੩॥
ਸੁਨਿ ਸ਼੍ਰੀ ਪ੍ਰਭੁ ਪੁਨ ਤਿਹ ਸਮੁਝਾਯੋ।
'ਸਮਾ ਬਿਤਯੋ ਕਬਿ ਹਾਥ ਨ ਆਯੋ।
ਨਹੀਂ ਉਪਾਇ ਬਨਹਿਂ ਅਬਿ ਤਾਹੂੰ।
ਹੋਨਹਾਰ ਸਿਰ ਪਰ ਸਭਿ ਕਾਹੂੰ' ॥੩੪॥
ਇਤੋ ਕਹਯੋ ਪਰ ਤਊ ਨ ਮੌਨੰ[1]।
ਤਜੈਂ ਪ੍ਰਸੰਗ, ਸੁਨਾਵੈ ਤੌਨੰ[1]।
ਅਪਨੋ ਆਪਾ ਕਰਹਿ ਜਨਾਵਨ।
ਲਰੇ ਮਰੇ ਬਿਨ ਬਡਤਾ ਪਾਵਨ[1] ॥੩੫॥
ਸਭਾ ਹਜ਼ਾਰਹੁ ਸੁਭਟਨਿ ਕੇਰੀ।
ਬੈਠੇ ਸਨਧ ਬੱਧ ਤਿਸ ਬੇਰੀ।

[1]ਜੇ (ਆਪ) ਭੇਜ ਦਿੰਦੇ।
[1]ਭਾਵ ਬੜੀ ਛੇਤੀ ਮੈਂ ਆਪ ਪਾਸ ਪੁੱਜਦਾ।
[1]ਨਾ ਚੁੱਪ ਹੋਇਆ।
[1]ਸ੍ਰੀ ਗੁਰੂ ਜੀ) ਪ੍ਰਸੰਗ ਛੱਡਦੇ ਹਨ। (ਪਰ ਡੱਲਾ) ਉਹਨਾਂ ਨੂੰ ਸੁਣਾਂਵਦਾ ਹੈ।
[1]ਲੜੇ ਮਰੇ ਬਿਨਾਂ ਹੀ ਵਡਿਆਈ ਪਾਵਣਾ (ਚਾਹੁੰਦਾ ਹੈ)।

ਲਵਪੁਰਿ ਕੇ ਕਾਰੀਗਰ ਆਏ।
ਬਹੁ ਮੋਲੀ ਬਰ ਤੁਪਕਨ ਲਜਾਏ ॥੩੬॥
ਆਨਿ ਹਜ਼ੂਰ ਪ੍ਰਭੁ ਕੇ ਧਰੀ।
ਕਰ ਪੰਕਜ ਮਹਿਂ ਗਹਿਬੇ ਕਰੀ।
ਅੰਤਰ ਵਹਿਰ ਹੇਰਿ ਬਿਧਿ ਨਾਨਾ।
ਦਸਤਰਵਾਂ ਕਰਿ ਤਾਕਿ ਨਿਸਾਨਾ ॥੩੭॥
ਸਭਾ ਬਿਖੈ ਡੱਲੇ ਕਹੁ ਪਰਖਨ।
ਸਭਿਨਿ ਸੁਨਾਇ ਕਹ੍ਯੋ ਰਿਪੁ ਧਰਖਨ[1]।
'ਭੋ ਡੱਲਾ! ਦੀਜੈ ਨਰ ਦੋਇ।
ਹਤਹਿਂ ਤੁਰੰਗ ਪਰਖ ਪੁਨ ਹੋਇ ॥੩੮॥
ਕਿਤਿਕ ਤੋੜ ਕਰਿ ਘਾਵਨ ਘਾਲਹਿ[1]।
ਮਰਹਿ ਕਿ ਨਹੀਂ ਸੁਭਟ ਤਤਕਾਲਹਿ।'
ਸੁਨਿ ਗੁਰ ਬਾਕ ਸਕਲ ਬਿਸਮਾਏ।
-ਇਹ ਕਜਾ ਕਹ੍ਯੋ 'ਨਰਨ ਕੋ ਘਾਏ[1]'- ॥੩੯॥
ਜੇ ਡੱਲੇ ਸੰਘ ਭ੍ਰਾਤ ਬਟੋਰੇ।
ਚਲ੍ਯੋ ਚਹਤਿ ਨਿਜ ਧਾਮਨ ਓਰੇ।
ਭਏ ਭੀਰੁ[1], ਧੀਰਜ ਤਜਿ ਬੀਰਾ।
ਬੈਠ੍ਯੋ ਜਾਇ ਨਹੀਂ ਗੁਰੁ ਤੀਰਾ ॥੪੦॥
ਸੁਨਤਿ ਹੁਤੇ ਜਿਮ ਗੁਰ ਕੀ ਚਾਲਾ।
ਦਿਨ ਪ੍ਰਤਿ ਸੁੱਖਾ ਛਕਹਿਂ ਬਿਸਾਲਾ।
ਮਨ ਭਾਵਤਿ ਬੋਲਹਿਂ ਮੁਖ ਆਈ।
-ਅਹੈ ਸਿਰਰ- ਕਹਿਂ ਬਿਮੁਖ ਬਨਾਈ[1] ॥੪੧॥
-ਤੁਪਕ ਪਰਖਿਬੇ ਨਰ ਹਤਿ ਚਹੈਂ।
ਕਹਹੁ ਕੌਨ ਕਿਮ ਇਨ ਢਿਗ ਰਹੈ-।
ਤਬਿ ਡੱਲੇ ਕੀ ਆਂਖ ਬਚਾਇ।
ਆਧੇ ਰਾਹਕ ਗਏ ਸਿਧਾਇ ॥੪੨॥
-ਨਹਿਂ ਕਹਿ ਦੇਹਿਂ, ਅੱਗ੍ਰ ਤੂੰ ਆਇ[1]।
ਖਰੇ ਹੋਇ ਗੁਲਕਾਂ ਤਨ ਖਾਇ-।
ਅਸ ਭੈ ਧਰਿ ਧਰਿ ਘਰੌਂ ਸਿਧਾਰੇ।

[1]ਵੈਰੀਆਂ ਨੂੰ ਦਬਾਉਣ ਵਾਲੇ ਭਾਵ ਸ੍ਰੀ ਗੁਰੂ ਜੀ ਨੇ।

[1]ਕਿਥੋਂ ਤੋੜੀ ਮਾਰ ਕਰਦੀ ਹੈ।

[1]ਨਰਾਂ ਨੂੰ ਮਾਰੀਏ।

[1]ਕਾਇਰ ਹੋ ਗਏ।

[1]ਬੇਮੁਖ ਬਣਾਕੇ ਕਹਿੰਦੇ ਹਨ (ਕਿ ਗੁਰੂ ਜੀ ਨੂੰ) ਸਿਰੜ ਹੈ। [ਸਿਰੜ=ਜ਼ਿਦ, ਹੱਠ]।

[1]ਮਤਾਂ ਡੱਲਾ ਕਹਿ ਦੇਵੇ ਕਿ ਤੂੰ ਅੱਗੇ ਆ।

ਅਰਧ ਰਹੇ ਸੋ ਭੀ ਡਰ ਧਾਰੇ ॥੪੩॥
ਸੁਨਿ ਡੱਲਾ ਬਿਸਮਯੋ ਧਰਿ ਮੌਨ।
ਬੈਠ੍ਯੋ ਨੀਵ ਗ੍ਰੀਵ, ਮੁਖ ਔਨ[1]। [1]ਮੂੰਹ ਧਰਤੀ ਵਲ।
ਕੈਧੌਂ ਕਹਤਿ ਹੁਤੋ ਬਹੁ ਬਾਤੀ।
ਕੈ ਤੁਸ਼ਨਿ ਭਾ ਨਿਜ ਮਤਿ ਹਾਤੀ ॥੪੪॥
ਸ੍ਰੀ ਪ੍ਰਭੁ ਤੁਪਕ ਹਾਥ ਧਰਿ ਰਹੇ।
ਕਬਹੁਂ ਪਲੀਤਾ ਖੋਲਤਿ ਲਹੇ।
ਗਜ ਨਿਕਾਲ ਡਾਲਤਿ ਵਿਚ ਕਬੈ।
ਕੋਠੀ[1] ਕਿਤਿਕ ਬਨੀ ਲਖਿ ਤਬੈ ॥੪੫॥ [1]ਪਿਛਲੇ ਸਮੇਂ ਦੀ ਬੰਦੂਕ ਦਾ ਉਹ ਥਾਉਂ ਜਿੱਥੇ ਬਰੂਦ ਭਰਦੇ ਸਨ।

ਇਮ ਦੇਖਤਿ ਭੇ ਕੇਤਿਕ ਸਮੈਂ।
ਢਿਗ ਬੈਠੇ ਸਭਿ ਕੇ ਮੁਖ ਨਿਮੇ।
ਪੁਨ ਬੋਲੇ 'ਡੱਲੇ ! ਨਰ ਦੋਇ।
ਹਮ ਕੋ ਦੇਹੁ[1] ਖਰੇ ਹੁਇੰ ਜੋਇ[2] ॥੪੬॥ [1]ਦੋ ਆਦਮੀ ਸਾਨੂੰ ਦੇਹ। [2]ਜਿਹੜੇ।
ਮਾਰਿ ਤੁਫੰਗਨਿ ਪਰਖਨਿ ਠਾਨੈਂ।
ਕੇਤਿਕ ਘਾਵ ਕਰਹਿ ਸਭਿ ਜਾਨੈਂ[1]।' [1]ਕਿੰਨੀ ਕੁ ਮਾਰ ਕਰਦੀ ਹੈ (ਤੁਪਕ), ਸਾਰੇ ਜਾਣ ਲੈਣ।

ਸੁਨਿ ਕਰਿ ਡੱਲੇ ਤੁਸ਼ਨਿ ਠਾਨੀ।
ਊਚ ਗ੍ਰੀਵ ਕਰਿ ਕੁਛ ਨ ਬਖਾਨੀ ॥੪੭॥
ਸੁਨਿ ਬੰਧਪ ਉਠਿ ਉਠਿ ਬਹੁ ਗਏ।
ਧੀਰ ਸਹਿਤ ਨਹਿਂ ਥਿਰਤਾ ਲਏ।
ਚਾਕਰ ਨਹੀਂ ਜਿ ਡਰ ਢਿਗ ਰਹੇ।
ਹੁਤੇ ਭ੍ਰਾਤ ਗਮਨੇ ਚਿਤ ਚਹੇ ॥੪੮॥
-ਸਭਾ ਬਿਖੈ ਮੁਝ ਕੋ ਨ ਪਚਾਰੇ।
ਜਾਹੁ ਖਰੋ ਹੁਇ ਗੁਰੂ ਅਗਾਰੇ-।
ਇਮ ਚਿਤ ਜਾਨਿ ਤ੍ਰਾਸ ਧਰਿ ਗਏ।
ਨਹੀਂ ਸਭਾ ਮਹਿਂ ਸੋ ਥਿਰ ਭਏ ॥੪੯॥
ਸਤਿਗੁਰ ਖਯਾਲ ਤਿਨਹੁਂ ਤੇ ਟਾਲਿ।
ਪਰਚੇ ਪਿਖਿਨਿ ਤੁਪਕ ਦ੍ਵੈਨਾਲਿ[1]। [1]ਦੋ ਨਾਲੀ ਬੰਦੂਕ ਨੂੰ।
ਪੁਨ ਬਰੂਦ ਗੋਰੀ ਜੁਗ ਡਾਰੀ।
ਗਜ ਸੋਂ ਠੋਕਿ ਭਲੇ ਕਿਯ ਤਯਾਰੀ ॥੫੦॥
ਤ੍ਰਿਤੀ ਬਚਨ ਕੋ ਬਹੁਰ ਬਖਾਨਾ।

ਰਹਜੋ ਨ ਕੋ ਰਾਹਕ ਤਿਸ ਥਾਨਾ।
ਤਬਿ ਤੋਰਾ ਸੁਲਗਾਇ ਮੰਗਾਯੋ।
ਇਕ ਸਿਖ ਸੰਗ ਹੁਕਮ ਫੁਰਮਾਯੋ ॥੫੧॥
'ਦ੍ਵੈ ਰੰਗਰੇਟੇ ਸਿਖ ਤਿਸ ਥਾਂਏ।
ਥਿਰੇ ਦੂਰ ਦੇਖਹੁ ਦ੍ਰਿਗ ਲਾਏ।
ਨਾਮ ਦੁਹਨ ਮਹਿਂ ਨਹਿਂ ਕਿਹ ਲੀਜੈ।
-ਗੁਰੂ ਹਕਾਰਤਿ- ਇਮ ਕਹਿ ਦੀਜੈ ॥੫੨॥
-ਹਤਹਿਂ ਤੁਪਕ- ਇਹ ਦੇਹੁ ਬਤਾਈ।
-ਪਰਖਨ ਹੇਤੁ ਘਾਵ ਕੋ ਘਾਈ-।'
ਸੁਨਿ ਸਿਖ ਗਯੋ ਸੁ ਜਾਇ ਅਲਾਵੈ।
'ਹਿਤ ਹਤਿਬੇ ਇਕ, ਗੁਰੂ ਬੁਲਾਵੈਂ' ॥੫੩॥
ਨਹਿਂ ਦੋਨਹੁਂ ਤਬਿ ਪਾਗ ਸੰਭਾਰੀ।
ਕੁਛ ਸਿਰ ਪਰ ਕੁਛ ਕਰ ਮਹਿਂ ਧਾਰੀ।
ਝਗਰਤ ਆਵਹਿਂ ਦੋਨਹੁਂ ਚਲੇ।
ਸਭਾ ਸਹਤਿ ਗੁਰ ਆਗੇ ਖਲੇ ॥੫੪॥
'ਤੁਮ ਮਹਿਂ ਤੇ ਹਮ ਏਕ ਹਕਾਰਾ।
ਕਿਮ ਦੋਊ ਥਿਰ ਝਗਰਾ ਡਾਰਾ।'
ਕਹੈਂ ਜੋਰਿ ਕਰ 'ਗਯੋ ਹਕਾਰਨ।
ਨਹਿਂ ਇਕ ਕੋ ਕਿਯ ਨਾਮ ਉਚਾਰਨਿ ॥੫੫॥
ਮੈਂ ਚਾਹੌਂ ਥਿਰ ਅੱਗ੍ਰ ਤੁਫੰਗਾ।
ਇਹ ਚਾਹਤਿ ਝਗਰਤਿ ਮੁਝ ਸੰਗਾ।
ਮੋ ਪਰ ਹਤਿ[1] ਪਰਖਹੁ ਪ੍ਰਭੁ ਅਬੈ।'
ਸੁਨਿ ਪ੍ਰਸੰਨ ਹੋਏ ਗੁਰ ਤਬੈ ॥੫੬॥
'ਦੇਖਹੁ ਡੱਲਾ ਇਨ ਸਮ ਬੀਰ।
ਜੰਗ ਕਰਨ ਹਿਤ ਹਮਰੇ ਤੀਰ।
ਸੁਭਟ ਤੀਨ ਸੈ ਤੁਝ ਸੰਗ ਜੋਊ।
ਦੇਖਿ ਭਲੀ ਬਿਧਿ ਹੈ ਕਿਤ ਕੋਊ ॥੫੭॥
ਹਮ ਹਿਤ ਤਨ ਕੋ ਲੋਭ ਨ ਇਨ ਕੇ।

[1]ਨਿਸ਼ਾਨਾ ਫੁੰਡ ਕੇ।

ਜੇ ਕਾਯਰ ਨਹਿਂ ਧੀਰਜ ਤਿਨ ਕੇ।
ਕਹਾਂ ਲਗੇ ਹਮ ਮਾਰਨ ਤਿਨ ਕੋ।
ਬਾਕ ਸੁਨਤਿ ਹਤਿ ਧੀਰਜ ਮਨ ਕੋ
॥੫੮॥
ਜਬਿ ਰਣ ਪਰਹਿ ਤੁਫੰਗ ਅਗਾਰੀ।
ਮਾਰਣ ਮਰਣ ਹੋਇ ਤਿਸ ਬਾਰੀ।
ਤਬਿ ਤੇਰੇ ਭਟ ਠਹਿਰ ਨ ਸੱਕੈਂ।
ਅਪਰ ਬਿਗਾਰ ਭਾਜਿਬੋ ਤੱਕੈਂ ॥੫੯॥
ਯਾਂ ਤੇ ਮਹਾਂਬੀਰ ਹਮ ਸੰਗਾ†।

†ਔਰੰਗਜ਼ੇਬ ਦੇ ਪ੍ਰਸੰਗ ਵਿਚ ਸ਼ਾਹਜਹਾਂ ਦਾ ਵਾਕ ਦੱਸ ਆਏ ਹਾਂ ਕਿ ਉਸ ਦਾ ਤਜਰਬਾ ਹਿੰਦੁਸਤਾਨ ਦਾ ਇਹ ਸੀ ਕਿ ਹਿੰਦੂ ਕੀ ਮੁਸਲਮਾਨ ਸਭ ਬੇਈਮਾਨ ਹਨ, ਪੈਸੇ ਪਿੱਛੇ ਦੀਨ ਤਕ ਵੇਚ ਦਿੰਦੇ ਹਨ, ਦੇਖੋ ਰਾਸ ੯ ਅੰਸੂ ੨੩ ਅੰਕ ੪੦ ਦੀ ਟੂਕ। ਸਤਿਗੁਰੂ ਜੀ ਨੂੰ ਸਾਰੇ ਤਜਰਬੇ ਤੇ ਅਗੰਮ ਦੇ ਪਤੇ ਸਨ, ਆਪ ਦੇਸ਼ ਹਿਤ ਅਸੂਲ ਪਰ ਜਾਨ ਦੇਣ ਵਾਲੇ ਬੰਦੇ ਪੈਦਾ ਕਰ ਰਹੇ ਸਨ, ਇਸ ਕਰਕੇ ਥਾਂ-ਥਾਂ ਪਰਖਣਾ ਹੁੰਦੀ ਸੀ। ਐਸੇ ਬੰਦੇ ਆਪ ਨੇ ਹਜ਼ਾਰਾਂ ਪੈਦਾ ਕਰ ਲਏ ਸਨ ਤਾਂ ਹੀ ਕਈ ਮਹੀਨੇ ਅਨਗਿਣਤ ਸੈਨਾ ਦੇ ਘੇਰੇ ਵਿਚ ਲੜਦੇ ਮਰਦੇ-ਮਾਰਦੇ ਤੇ ਸ਼ੱਤ੍ਰੂ ਨੂੰ ਆਤੁਰ ਕਰ ਦੇਂਦੇ ਰਹੇ ਸਨ। ਡੱਲੇ ਨੂੰ ਆਪ ਨੇ ਉਹੋ ਸਬਕ ਸਿਖਾਇਆ ਹੈ ਕਿ ਜਾਨ ਤਲੀ ਤੇ ਧਰਕੇ ਅਸੂਲ ਪ੍ਰਸਤੀ ਕਰਨ ਵਾਲੇ ਹੁਕਮ ਤੇ ਨੌਛਾਵਰ ਹੋਣ ਵਾਲੇ ਬੰਦੇ ਪੈਦਾ ਕਰ, ਇਨ੍ਹਾਂ ਖੁਸ਼ਾਲੀ ਵੇਲੇ ਦੇ ਮਿੱਤਰਾਂ ਤੇ ਭਰੋਸਾ ਨਾ ਧਾਰ।

ਲਾਖਹੁਂ ਤੁਰਕ ਹਤੇ ਵਿਚ ਜੰਗਾ।'
ਡੱਲੇ ਕੋ ਹੰਕਾਰ ਉਤਾਰਾ।
'ਸੱਤਿ ਸੱਤਿ' ਕਰ ਜੋਰਿ ਉਚਾਰਾ ॥੬੦॥
ਅਦਭੁਤ ਖਯਾਲ ਦੇਖਿ ਬਿਸਮਾਏ।
ਸਕਲ ਸਭਾ ਸੁਨਿ ਸੁਨ ਮੁਦ ਪਾਏ
॥੬੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੋ' ਪ੍ਰਸੰਗ ਬਰਨਨੰ ਨਾਮ ਉਨੀਸਮੋਂ ਅੰਸੂ ॥੧੯॥

## ੨੦. [ਡੱਲੇ ਪਾਸ ਬਾਹਰ ਡੇਰਾ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ]

੧੯<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸਭਿ ਬਹੀਰ ਆਯਹੁ ਮਿਲ੍ਯੋ, ਉਤਰਨਿ ਸਮਾ ਪਛਾਨ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ, ਚਢਿ ਕਰਿ ਚਲੇ ਕਿਕਾਨ ॥੧॥

ਚੌਪਈ:

ਪਹੁਚੇ ਜਬਿ ਤਲਵੰਡੀ ਜਾਇ।
ਤਬਿ ਡੱਲਾ ਕਰ ਜੋਰਿ ਅਲਾਇ।
'ਕਰਹੁ ਦੁਰਗ ਕੇ ਅੰਤਰ ਡੇਰਾ।
ਸਭਿ ਬਿਧਿ ਤੇ ਸੁਖ ਹੋਇ ਘਨੇਰਾ' ॥੨॥
ਸਤਿਗੁਰ ਕਹੈਂ 'ਵਹਿਰ ਹੀ ਆਛੇ।
ਅਬਹਿ ਬੀਚ ਬਰਿਬੋ ਕਿਮ ਬਾਂਛੇਂ?
ਰਣ ਕਰਿਬੇ ਕੀ ਨਾਹਿਨ ਆਸਾ।
ਲਿਖਿ ਚਾਹਤ੍ਯੋ ਤੁਰਕੇਸ਼ ਬਿਨਾਸ਼ਾ[1] ॥੩॥
ਬਹੁਰ ਬਸਨਿ ਕੇ ਸਦਨ ਜ਼ਨਾਨੇ[1]।
ਅਸਮੰਜਸ ਇੱਤ੍ਯਾਦਿਕ ਜਾਨੇ।'
ਸੁਨਿ ਡੱਲੇ ਪੁਨ ਬਿਨੈ ਬਖਾਨੀ।
'ਇਕ ਘਰ ਮਹਿਂ ਸਭਿ ਹੋਹਿਂ ਜ਼ਨਾਨੀ ॥੪॥
ਅਪਰ ਸਥਾਨ ਕਰਹਿਂ ਸਭਿ ਖਾਲੀ।
ਉਤਰਹੁ ਅੰਤਰ ਸਰਬ ਸੰਭਾਲੀ।
ਨਾਂਹਿ ਤ ਜੇ ਜ਼ਨਾਨੀਆਂ ਸਾਰੀ।
ਬਸਹਿਂ ਜਾਇ ਕਰਿ ਨਗਰ ਮਝਾਰੀ ॥੫॥
ਸਕਲ ਮਕਾਨ ਆਪ ਕੇ ਜਾਨੋ।
ਬਸਹੁ ਅਨੇਕ ਸੁਖਨ ਕੋ ਠਾਨੋ।'
ਪੁਨਹਿ ਭਨ੍ਯੋ 'ਹਮ ਬਾਹਰ ਭਲੇ।
ਡੇਰਾ ਕਰਹਿਂ ਨਿਕਟ ਹੀ ਕਿਲੇ ॥੬॥
ਤੇਰੋ ਭਾਉ ਭਲੇ ਲਖਿ ਪਾਯੋ।
ਜਿਮ ਅੰਤਰ ਤਿਮ ਬਾਹਰ ਭਾਯੋ।'
ਇਮ ਕਹਿ ਸਤਿਗੁਰ ਕੀਨਸਿ ਡੇਰਾ।
ਹ੍ਵੈ ਕਰਿ ਅਧਿਕ ਦੁਰਗ ਕੇ ਨੇਰਾ ॥੭॥

[1]ਤੁਰਕੇਸ਼ ਦਾ ਨਾਸ਼ ਲਿਖਕੇ ਕਰਨਾ ਚਾਹੁੰਦੇ ਹਾਂ।
[1]ਫੇਰ ਕਿਲ੍ਹੇ ਵਿਚ ਜ਼ਨਾਨੇ ਵਸਣੇ ਦੇ ਘਰ ਹਨ।

ਕੰਧ ਨਿਕਟ ਹਯ ਬ੍ਰਿੰਦ ਲਗਾਏ।
ਤੰਬੂ ਤਾਨ ਦੀਨਿ ਤਿਸ ਥਾਂਏ।
ਕੁਛ ਕੁ ਫਰਕ ਤੇ ਸਿੰਘ[1] ਥਿਰੇ ਹੈਂ। — [1]ਇਥੇ ਸਿੰਘਾਂ ਤੋਂ ਮੁਰਾਦ ਭਾਉ ਵਾਲੀ ਸੈਨਾਂ ਤੋਂ ਹੈ।
ਦੂਰ ਦੂਰ ਲੌ ਉਤਰਿ ਪਰੇ ਹੈਂ ॥੮॥
ਤਿਨ ਤੇ ਪਰੇ ਪਰੇ ਬੈਰਾਰ[1]। — [1]ਉਨ੍ਹਾਂ ਤੋਂ ਪਰ੍ਹੇ ਪਏ ਹਨ ਬੈਰਾੜ (ਜੋ ਦਾਨਾ ਸਿੰਘ ਦੇ ਨਾਲ ਆਏ ਸਨ)।
ਉਤਰੇ ਪੈਦਲ ਅਰੁ ਅਸਵਾਰ।
ਆਛੀ ਰੀਤਿ ਲਗਾਇਸਿ ਡੇਰੇ।
ਗੁਰ ਕੇ ਚਹੁੰਦਿਸ਼ਿ ਰੱਛ ਬਡੇਰੇ ॥੯॥
ਕਹਿ ਬਹੁ ਬਾਰ ਦੇਗ਼ ਕਰਿ ਅੰਤਰ[1]। — [1]ਭਾਵ ਸਤਿਗੁਰ ਜੀ ਉਤਰੇ ਤਾਂ ਬਾਹਰ ਹੀ ਪਰ ਡੱਲੇ ਨੇ) ਬਹੁਤ ਵਾਰ ਕਹਿਕੇ ਲੰਗਰ (ਪ੍ਰੇਮੀ ਸਿੰਘਾਂ ਦਾ) ਅੰਦਰ ਹੀ ਕਰਵਾਇਆ।
ਤੁਰਨ ਹੀ ਬਰਤਾਇ ਨਿਰੰਤਰ।
ਸਭਿ ਬੈਰਾੜ ਰੋਜ ਕੋ ਪਾਵਹਿਂ।
ਅਪਨੋ ਭੋਜਨ ਆਪ ਬਨਾਵਹਿਂ ॥੧੦॥
ਸਿੰਘ ਸੰਗ ਸਭਿ ਦੇਗ਼ ਅਹਾਰਾ।
ਅਚਵਨ ਕਰਹਿਂ ਅਨੇਕ ਪ੍ਰਕਾਰਾ।
ਜਾਇ ਦੁਰਗ ਕੇ ਅੰਤਰ ਖਾਇਂ।
ਪ੍ਰਭੁ ਕੋ ਥਾਲ ਵਹਿਰ ਹੀ ਲਜਾਇਂ ॥੧੧॥
ਸੁਪਤਿ ਜਥਾ ਮੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤ ਅਰੁਨਾਈ[1]। — [1]ਸੂਰਜ ਦੀ ਲਾਲੀ ਵੇਲੇ।
ਬੈਠੇ ਸਤਿਗੁਰ ਲਾਇ ਦਿਵਾਨ।
ਕਰਹਿਂ ਰਬਾਬੀ ਕਿਰਤਨ ਗਾਨ ॥੧੨॥
ਨਿਕਟ ਨਿਕਟ ਕੇ ਗ੍ਰਾਮ ਅਨੇਕ।
ਆਇ ਸੁ ਦਰਸਹਿ ਜਲਧਿ ਬਿਬੇਕ।
ਬਹੁਰ ਸੁੰਦਰੀ ਸਾਹਿਬ ਦੇਵੀ।
ਪ੍ਰਭੁ ਕੇ ਮਹਿਲ ਪਾਇ ਸੁਧ ਏਵੀ ॥੧੩॥
ਕਿਤ ਕਿਤ ਸਿੱਖਨ ਕੇ ਘਰ ਰਹ ਕੇ।
ਸਾਹਬਜ਼ਾਦੇ ਮ੍ਰਿਤੁ ਭੇ ਲਹਿ ਕੇ।
ਸੁਨਿ ਸੁਨਿ ਸੁਧ ਕੋ ਪਾਇ ਦੁਖਾਰੀ[1]। — [1]ਸੁਣ ਸੁਣਕੇ ਤੇ ਖਬਰਾਂ ਪਾਕੇ (ਬੜੀਆਂ) ਦੁਖੀ ਹੋਈਆਂ।
ਕਰਿ ਕਰਿ ਸ਼ੋਕ ਬਹਯੋ ਦ੍ਰਿਗ ਬਾਰੀ ॥੧੪॥

ਟਿਕੇ ਆਨਿ ਤਿਲਵੰਡੀ ਜਬੈ।
ਦੋਨਹੁੰ ਆਨਿ ਦਰਸ ਕਿਯ ਤਬੈ।
ਪੁੱਤ੍ਰਨਿ ਪੀਰ ਪਾਇ ਕਰਿ ਰੋਈ।
ਗਦ ਗਦ ਗਿਰਾ ਬਿਕੁਲ ਬਹੁ ਹੋਈ ॥੧੫॥
ਸੁੰਦਰੀ ਸੁਤ ਸੁੰਦਰ ਸਰਬੰਗਾ।
ਸਿਮਰਿ ਸਿਮਰਿ ਗੁਨ ਗਨ ਤੇ ਚੰਗਾ।
ਰੁਦਤਿ ਅਧਿਕ ਪਤਿ ਚਰਨਨ ਪਾਸੀ।
ਸ਼ੋਕ ਸਹਿਤ ਬਹੁ ਗਿਰਾ ਪ੍ਰਕਾਸ਼ੀ ॥੧੬॥
'ਸਕਲ ਸਮਾਜ ਸਦਨ ਕੇ ਸਾਥਾ।
ਪੁੱਤ੍ਰਨਿ ਹਤਨ ਕਸ਼ਟ, ਹੇ ਨਾਥਾ !'
ਬੰਦਨ ਪ੍ਰਪੁਲਤ ਅੱਸ਼੍ਰ ਬਹਿ ਬਾਰੀ[1]।

[1]ਅੱਥਰੂਆਂ (ਰਸਤੇ) ਪਾਣੀ ਵਹਿ ਰਿਹਾ ਹੈ ਤੇ ਚਿਹਰਾ ਤਰ ਬਤਰ ਹੋ ਰਿਹਾ ਹੈ। [ਸੰਸ:, ਪਰਿਪਲੁਤ]।

ਬਹੁ ਬਿਖਾਦ ਤੇ ਬਜਾਕੁਲ ਭਾਰੀ ॥੧੭॥
ਇਕ ਪੁੱਤ੍ਰਾ ਸੁੰਦਰ ਗੁਨ ਪੂਰਨ।
ਭਯੋ ਸੁ ਹਤਿ ਕਰਿ ਸ਼ੱਤ੍ਰਨਿ ਚੂਰਨ।
ਕਿਮ ਧੀਰਜ ਪਾਵਹਿ ਦੁਖਿਯਾਰੀ।
ਦੀਨ ਮਨਾ ਬਹੁ ਰੁਦਤਿ ਲਚਾਰੀ ॥੧੮॥
ਸ਼੍ਰੀ ਸਾਹਿਬ ਦੇਵੀ ਤਿਸ ਰੀਤਿ।
ਰੁਦਤਿ ਨਿਕਟ ਦੁਖ ਬਜਾਕੁਲ ਚੀਤ।
ਸ਼੍ਰੀ ਗੁਰ ਧੀਰਜ ਦੀਨਿ ਹਟਾਈ।
'ਕਜੋਂ ਨਾਹਕ ਦੁਖ ਸ਼ੋਕ ਉਪਾਈ ॥੧੯॥
ਤੋਹਿ ਪੁੱਤ੍ਰ ਬਡ ਬੀਰ ਬਹਾਦੁਰ।
ਗਯੋ ਸ੍ਵਰਗ ਦੇਵਨ ਤੇ ਸਾਦਰ।
ਜਗ ਮਹਿਂ ਜਸੁ ਅਖੰਡ ਕੋ ਪਾਵਾ।
ਜਨਮ ਲਾਭ ਕੋ ਕਰਮ ਕਮਾਵਾ ॥੨੦॥
ਅਸ ਬੀਰਨ ਕੀ ਜਨਨੀ ਜੋਇ।
ਸ਼ੋਕ ਕਰਨ ਕੇ ਉਚਿਤ ਨ ਸੋਇ।
ਤੂੰ ਗੁਰ ਕੇ ਘਰ ਸਜਾਨ ਨ ਠਾਨਤਿ।
ਜਗਤ ਬਿਨਾਸ਼ੀ ਕਜੋਂ ਨਹਿਂ ਜਾਨਤਿ ॥੨੧॥
ਨਿਤ ਹੀ ਜੋ ਪ੍ਰਣਾਮ ਕੋ ਪਾਇ[1]।

[1]ਬਦਲਦਾ ਰਹਿੰਦਾ ਹੈ।

ਸੋ ਕਿਮ ਥਿਰਹਿ ਪਿਖਤਿ ਬਿਨਸਾਇ।
ਪ੍ਰਥਮ ਜਨਮ ਬਾਲਕ ਲਘੁ ਜੋਇ।
ਦਿਨ ਦਿਨ ਪ੍ਰਤਿ ਦੀਰਘ ਤਨ ਹੋਇ ॥੨੨॥
ਤਰੁਨ ਅਵਸਥਾ ਲਗੈ ਬਿਸਾਲਾ।
ਹੋਤਿ ਪ੍ਰਣਾਮ[1] ਸਰਬਥਾ ਕਾਲਾ। [1]ਬਦਲਦਾ ਰਹਿੰਦਾ ਹੈ।
ਪੁਨਹਿ ਸੁਪੈਦ ਕੇਸ ਹੁਇ ਜਾਇਂ।
ਛੀਜਹਿ ਦੇਹਿ ਜੁਵਾ[1] ਬਿਨਸਾਇ[†] ॥੨੩॥ [1]ਜਵਾਨੀ। [†]ਪਾ:-ਛੀਣਹਿ ਤੇ ਪਰਣਮਤੋ ਜਾਇ।
ਜੀਰਣ ਬਨਹਿ ਬਿਨਾਸ਼ੀ ਹੋਇ।
ਸਭਿ ਕੇ ਰਿਦੇ ਬਿਦਤ, ਦ੍ਰਿਗ ਜੋਇ[1]। [1]ਨੇਤ੍ਰੀਂ ਦੇਖਦੇ ਹਨ।
ਬਾਲਕ ਤਰੁਨ ਬ੍ਰਿੱਧ ਕੇ ਕਾਲ[1]। [1]ਦੇ ਸਮੇਂ ਵਿਚ।
ਅਟਕਤਿ ਨਹੀਂ ਭਖਤਿ ਨਿਤ ਕਾਲ ॥੨੪॥
ਇਸ ਮਹਿਂ ਪ੍ਰੀਤਿ ਕਰਹਿ ਜੋ ਜੇਤੀ।
ਬਿਨਸਨ ਬਿਖੈ ਬ੍ਰਿਥਾ ਵਧਿ ਤੇਤੀ।
ਅਸ ਤਨੁ ਪਾਇ ਸਕਾਰਥ ਲਾਵੈ[†]। [†]ਇਹ ਹੁਕਮ, ਇਹ ਸਿੱਖ੍ਯਾ ਹਰੇਕ ਦੇ ਧਾਰਨੇ ਯੋਗ ਹੈ ਕਿ ਮਨੁੱਖ ਤਨ ਪਾਕੇ ਸਕਾਰਥਾ ਕਰੇ।
ਜਨਮ ਮਰਨ ਮਹਿਂ ਸੋ ਨਹਿਂ ਆਵੈ ॥੨੫॥
ਜਹਾਂ ਅਨੰਦ ਬਿਲੰਦ ਅਨਾਸ਼ਾ।
ਤਹਾਂ ਆਤਮਜ ਤੇਰੋ ਬਾਸਾ[1]। [1]ਓਥੇ ਤੇਰੇ ਪੁਤ੍ਰ ਦਾ ਵਾਸਾ ਹੈ।
ਉਚਿਤ ਨ ਸ਼ੋਕ ਕਰਨ ਤਿਸ ਹੇਤੁ।
ਗ੍ਯਾਨ ਗਤੀ ਚਿਤ ਮਹਿਂ ਲਿਹੁ ਚੇਤ' ॥੨੬॥
ਇੱਤ੍ਯਾਦਿਕ ਕਹਿ ਰੁਦਤਿ ਹਟਾਈ।
ਤਊ ਨ ਪੁੱਤ੍ਰ ਪ੍ਰੀਤਿ ਮਨ ਜਾਈ।
ਇਤਨੇ ਮਹਿਂ ਡੱਲਾ ਚਲਿ ਆਯੋ।
ਹਾਥ ਜੋਰਿ ਕਰਿ ਬਾਕ ਅਲਾਯੋ ॥੨੭॥
'ਦਿਹੁ ਆਇਸ ਅਬਿ ਇਨੈ, ਗੁਸਾਈਂ!
ਬਸਹਿਂ ਦੁਰਗ ਕੇ ਅੰਤਰ ਜਾਈ।
ਸਦਨ ਪ੍ਰਥਕ ਇਨ ਹਿਤ ਕਿਯ ਖਾਲੀ।

ਕਰਹਿਂ ਬਾਸ ਕੋ ਤਹਾਂ ਸੁਖਾਲੀ' ॥੨੮॥
ਸੁਨਿ ਗੁਰ ਕਹ੍ਯੋ 'ਬੂਝਿ ਲਿਹੁ ਇਨ ਕੋ।
ਬਸਹਿਂ ਤਹਾਂ ਜਹਿਂ ਭਾਵਤਿ ਮਨ ਕੋ।'
ਤਬਿ ਡੱਲਾ ਦੋਨਹੁਂ ਢਿਗ ਗਯੋ।
ਹਾਥ ਜੋਰਿ ਕਰਿ ਬੋਲਤਿ ਭਯੋ ॥੨੯॥
'ਚਲਹੁ ਮਾਤ ਜੀ ! ਦੁਰਗ ਕਿ ਅੰਤਰ।
ਥਿਰਹੁ ਭਲੇ ਸੁਖ ਲਹਹੁ ਨਿਰੰਤਰ।
ਮੋਰ ਕੁਟੰਬ ਸਕਲ ਕਰ ਜੋਰਹਿ।
ਸਭਿ ਬਿਧਿ ਸੇਵਹਿ ਚਰਨ ਨਿਹੋਰਹਿ ॥੩੦॥
ਜਨਮ ਸਫਲ ਹਮ ਸਭਿ ਕੋ ਕਰੀਅਹਿ।
ਅੰਤਰ ਉਤਰਹੁ ਭਲੇ ਬਿਚਰੀਅਹਿ।'
ਦੋਨਹੁ ਸੁਨਿ ਭਾਖ੍ਯੋ ਪਿਖਿ ਖਲੋ[1]।
'ਪ੍ਰਭੁ ਕੇ ਪਗਨ ਬਿਖੈ ਹੀ ਭਲੋ ॥੩੧॥
ਚਰਨ ਸਰੋਜਨ ਬਿਛਰ ਨ ਚਾਹਤਿ।
ਬਹੁ ਦਿਨ ਤੇ ਹਮ ਪਿਖਿਨਿ ਉਮਾਹਤਿ।'
ਕਿਤਿਕ ਫਰਕ ਕਰਿ ਸਿਵਰ ਉਤਾਰਾ।
ਤੰਬੂ ਤਨ੍ਯੋ ਕਨਾਤ ਮਝਾਰਾ ॥੩੨॥
ਸੁਤ ਸ਼ੋਕਾਰਤਿ ਸੁੰਦਰੀ ਸੁੰਦਰ[1]।
ਸਾਹਿਬ ਦੇਵੀ ਜੁਤਿ ਥਿਰ ਅੰਦਰ।
ਡੱਲਾ ਕਰਿ ਅਹਾਰ ਬਿਧਿ ਨਾਨਾ।
ਥਾਰ ਪੁਚਾਵਹਿ ਪ੍ਰੀਤ ਮਹਾਨਾ ॥੩੩॥
ਪੰਚ ਦਿਵਸ ਇਸ ਭਾਂਤਿ ਬਿਤਾਏ।
ਅੰਤਰ ਦੇਗ਼ ਬਨੈ ਸਭਿ ਖਾਏ।
ਦਿਵਸ ਖਸ਼ਟਮੇ ਪ੍ਰਭੁ ਫੁਰਮਾਯੋ।
ਦੇਗ਼ ਥਾਨ ਲਿਹੁ ਵਹਿਰ ਬਨਾਯੋ' ॥੩੪॥
ਪੁਨ ਡੱਲੇ ਕੋ ਕਿਯ ਸਮੁਝਾਵਨ।
'ਲੰਗਰ ਬਨਹਿ ਨਿਕਟ ਹਮ ਖਾਵਨ।
ਘਨੋ ਭਾਉ ਹਮ ਨੇ ਤੁਵ ਦੇਖਾ।
ਸਭਿ ਬਿਧਿ ਕੀਨੀ ਸੇਵ ਵਿਸ਼ੇਖਾ' ॥੩੫॥

[1]ਖੜੋਤਾ ਦੇਖਕੇ।

[1](ਮਾਤਾ) ਸੁੰਦਰੀ ਜੀ ਸੁੰਦਰ ਪੁੱਤਰਾਂ ਦੇ (ਵਿਯੋਗ) ਸ਼ੋਕ ਨਾਲ ਦੁਖੀ ਹਨ।

ਸੁਨਿ ਡੱਲੇ ਕਰ ਜੋਰਿ ਉਚਾਰਾ।
'ਮੋਹਿ ਕੁਟੰਬ ਸਮਾਜਹਿ ਸਾਰਾ।
ਦੁਰਗ, ਧੇਨੁ, ਹਯ, ਮਹਿਖਿ, ਉਦਾਰਾ।
ਘਰਿ ਬਾਹਰਿ ਸਭਿ ਅਹੈ ਤੁਮਾਰਾ ॥੩੬॥
ਜਥਾ ਸ਼ਕਤਿ ਮੈਂ ਦੇਗ਼ ਬਨੈ ਹੌਂ।
ਲਿਹੁ ਸ਼ਰਧਾ ਪਿਖਿ ਜਬਿ ਲਗ ਦੈਹੌਂ।
ਘਰ ਮਹਿਂ ਅੰਨ ਆਪ ਕੋ ਸਾਰਾ।
ਕਰਿਹੋ ਸਿੰਘਨਿ ਸਹਿਤ ਅਹਾਰਾ' ॥੩੭॥
ਪੁਨ ਗੁਰ ਭਾਖਯੋ 'ਖੁਸ਼ੀ ਹਮਾਰੀ।
ਬਨਹਿ ਦੇਗ਼ ਬਾਹਰ ਅਬਿ ਸਾਰੀ।
ਤੇਰੋ ਭਾਉ ਇਸੀ ਬਿਧਿ ਅਹੈ।
ਪ੍ਰੇਮ ਸਮੇਤ ਸਾਚ ਹੀ ਕਹੈਂ†' ॥੩੮॥

†ਕਿਸੇ ਤੇ ਭਾਰੂ ਨਾ ਹੋਣਾ, ਚਾਹੇ ਕਿਤਨੇ ਪ੍ਰੇਮ ਵਾਲਾ ਹੋਵੇ, ਉਸ ਦੇ ਖਰਚ ਖੇਚਲ ਦਾ ਲਿਹਾਜ਼ ਕਰਨਾ, ਇਹ ਸੱਚੇ ਗੁਰੂ ਦੇ ਵਿਚਾਰਸ਼ੀਲ ਕਟਾਖ੍ਯ ਹਨ, ਦੁਨੀਆਂ ਦੇ ਪੂਜ ਲੋਕਾਂ ਨੂੰ ਸਿੱਖ੍ਯਾ ਲੈਣੀ ਚਾਹੀਏ।

ਲਾਗੀ ਬਨਨ ਦੇਗ ਬਡ ਬਾਹਿਰ।
ਅਚਹਿਂ ਸਿੰਘ ਅਰੁ ਛੁਧਤਿ ਸੁ ਜ਼ਾਹਰ।
ਸਭਿ ਬੈਰਾੜ ਚਾਕਰੀ ਪਾਵੈਂ।
ਨਿਜ ਨਿਜ ਭੋਜਨ ਕਰਹਿਂ ਸੁ ਖਾਵੈਂ ॥੩੯॥
ਕੇਤਿਕ ਦਿਨ ਇਸ ਰੀਤਿ ਬਿਤਾਏ।
ਪੁਨ ਡੱਲਾ ਕਰ ਜੋਰਿ ਅਲਾਏ।
'ਸਿੰਘਨ ਸਹਤ ਸਕਲ ਬੈਰਾੜ।
ਕਰੌਂ ਆਪ ਹਿਤ ਤਯਾਰ ਅਹਾਰ ॥੪੦॥
ਅੰਤਰ ਪਾਵਨ ਪਾਵਨ ਕਰੋ[1]।
ਪਾਵਨ ਸਦਨ ਸਰਬ ਹੀ ਧਰੋ[1]।'
ਇਮ ਕਹਿ ਕਰਿ ਬਹੁ ਭਾਂਤਨਿ ਤਯਾਰਾ।
ਕਰਵਾਇਸ ਬਰ ਸ੍ਵਾਦ ਅਹਾਰਾ ॥੪੧॥
ਮਧੁਰ ਸ਼ਨਿਗਧ ਪ੍ਰੇਮ ਤੇ ਕਰਜੋ।
ਬ੍ਰਿੰਦ ਨਰਨ ਮਿਲਿ ਤਯਾਰ ਸੁ ਧਰਜੋ।
ਬਿਨੈ ਬਖਾਨਿ ਗਯੋ ਲੈ ਅੰਤਰ।

[1]ਚਰਨ ਪਾਵਣੇ ਕਰੋ।

[1]ਪਵਿੱਤ੍ਰ ਕਰੋ ਸਾਰਾ ਹੀ ਘਰ।

ਪੰਗਤਿ ਗਨ ਬੈਠਾਇ ਨਿਰੰਤਰ ॥੪੨॥
ਸਤਿਗੁਰ ਹਿਤ ਚੌਂਕੀ ਡਸਵਾਈ।
ਸ੍ਵੇਤ ਸੁਜਨਿ[1] ਤੇ ਊਪਰ ਛਾਈ।
ਸਭਿ ਕੇ ਬੀਚ ਥਿਰੇ ਗੋਸਾਈਂ।
ਜੁਗ ਮਾਤਨ ਘਰ ਬਿਖੈ ਬਿਠਾਈ ॥੪੩॥
ਸਹਿਤ ਬਿਰਾੜ ਸਿੰਘ ਬੈਠਾਏ।
ਸਭਿ ਕੇ ਹਿਤ ਅਹਾਰ ਗਨ ਲਜਾਏ।
ਭਲੀ ਰੀਤਿ ਤੇ ਪਰੁਸਨ ਲਾਗੇ।
ਤਾਲ ਬਿਸਾਲ ਕ੍ਰਿਪਾਲ ਸੁ ਆਗੇ ॥੪੪॥
ਤਿਮ ਅੰਤਰ ਜੁਗ ਥਾਲ ਪੁਚਾਏ।
ਦਾਸੀ ਬ੍ਰਿੰਦਨ ਲੇ ਕਰਿ ਖਾਏ।
ਜਥਾ ਜੋਗ ਸਭਿ ਕੋ ਤ੍ਰਿਪਤਾਯੋ।
ਖਰੇ ਹੋਇ ਕਰਿ ਚੁਰਾ ਪਠਾਯੋ[1] ॥੪੫॥
ਇਕ ਤੁਰੰਗ ਬਹੁ ਮੋਲ ਦੁਸ਼ਾਲਾ।
ਭੇਟ ਰਜਤਪਣ ਸ਼ਤ ਤਿਸ ਕਾਲਾ।
ਦੇ ਕਰਿ ਪ੍ਰਭੁ ਕੋ ਗ੍ਰੀਵ ਨਿਵਾਈ।
ਖੁਸ਼ੀ ਲੀਨਿ ਆਨੰਦ ਮਨ ਪਾਈ ॥੪੬॥
ਦ੍ਵੈ ਮਾਤਾ ਕੋ ਤੇਵਰ ਦੋਇ।
ਬਨੇ ਬਹੁਤ ਧਨ ਲਾਗੇ ਜੋਇ।
ਦੀਏ ਪਚਾਸ ਰਜਤਪਣ ਤਬੈ।
ਭਏ ਪ੍ਰਸੰਨ ਅਚਵ ਕਰਿ ਸਬੈ ॥੪੭॥
ਉਠਿ ਸਤਿਗੁਰ ਪਹੁੰਚੇ ਨਿਜ ਡੇਰੇ।
ਸਿੰਘ ਬਿਰਾੜ ਸਕਲ ਤਿਸ ਬੇਰੇ।
ਡਲੇ ਕਹੁ ਬਹੁ ਭਾਂਤਿ ਸਰਾਹਾ।
ਸੇਵ ਗੁਰੂ ਕੀ ਕਰਨ ਉਮਾਹਾ ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੋ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

[1]ਸੋਜ਼ਨੀ।

[1]ਪੜ੍ਹਾਇਆ।

## ੨੧. [ਚੱਬੇ ਦੀ ਮਾਈ ਨੂੰ ਪੁੱਤ੍ਰਾਂ ਦੇ ਵਰ। ਦਲਪਤ। ਦਜਾਲ ਦਾਸ। ਭਾਈ ਭਗਤੂ ਵੰਸ਼]

੨੦<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਇਸੀ ਰੀਤਿ ਪ੍ਰਭੁ ਜੀ ਬਸੇ, ਲਰਨਿ ਹੰਗਾਮਾ ਛੋਰਿ[1]। [1]ਜੰਗ ਦਾ ਲੜਨਾ ਛੱਡਕੇ।
ਕਮਰਕਸਾ ਖੋਲਜੇ ਥਿਰੇ, ਸੁਖ ਕੋ ਲਹਿ ਸਭਿ ਓਰ ॥੧॥

ਚੌਪਈ:

ਨਾਮ ਦਮਦਮਾ ਤਿਸ ਕੋ ਧਰਜੋ।
ਭਏ ਨਚਿੰਤ ਰਿਪੁਨਿ ਬਲ ਹਰਜੋ।
ਪਸਰੀ ਸੁਧਿ ਸਭਿ ਦੇਸ਼ ਵਿਦੇਸ਼।
ਆਵਨ ਸੰਗਤਿ ਲਗੀ ਹਮੇਸ਼ ॥੨॥
ਅਰਪਿ ਅਕੋਰਨ ਦਰਸ਼ਨ ਕਰੈਂ।
ਮਨੋ ਕਾਮਨਾ ਤੂਰਨ ਪੂਰੈ।
ਲਗੈ ਦਿਵਾਨ ਸ਼ਬਦ ਕੋ ਗਾਵਹਿਂ।
ਪ੍ਰੇਮੀ ਸਿੰਘ ਹਜ਼ਾਰਹੁ ਆਵਹਿ ॥੩॥
ਸ਼੍ਰੀ ਪ੍ਰਭੁ ਚੜ੍ਹਿ ਅਖੇਰ ਕੋ ਚਾਲੇ।
ਸੰਗੀ ਸਿੰਘ ਅਰੂਢਤਿ ਜਾਲੇ।
ਜਬਿ ਡੇਰੇ ਤੇ ਨਿਕਸਨਿ ਲਾਗੇ।
ਕਹਜੋ ਸੱਦ ਇਕ ਇਸਤ੍ਰੀ ਆਗੇ ॥੪॥

'ਬਿਨੈ ਕਰੇਂਦੀ ਵੋ ਸਤਿਗੁਰ ਗੋਬਿੰਦ ਸਿੰਘ ਅੱਗੇ।
ਸੋਹਣੀ ਦਾਹੜੀ ਬੀਬੀ ਪੱਗੇ।
ਗੋਤ ਵੜਾਇਚ[*] ਪਿੰਡ ਹੈ ਚੱਬੇ। [*]ਪਾ:-ਵਚਾਇਣ।
ਖਾਲੀ ਚਲੀ ਜੇ ਇਕ ਫਲ ਲੱਗੇ।'

ਸੁਨਿ ਸਾਹਿਬ ਤਿਸ ਕੀ ਦਿਸ਼ਿ ਹੇਰਿ।
ਮੁਸਕਾਨੇ ਭਾਖਜੋ 'ਕਹੁ ਫੇਰ।'
ਇਸਤ੍ਰੀ ਸੁਨਿ ਕਰਿ ਬਹੁਰ ਉਚਾਰਾ।
ਪੂਰਬ ਗਾਵਜੋ ਜਿਸੀ ਪ੍ਰਕਾਰਾ ॥੫॥
ਬੂਝੀ ਪ੍ਰਭੁ 'ਕਹਾਂ ਤੇ ਆਈ?
ਕੌਨ ਦੇਸ਼ ਕਿਸ ਗ੍ਰਾਮ ਬਸਾਈ?'
'ਗੁਰੂ ਗਰੀਬ ਨਿਵਾਜ! ਸੁਨੀਜੈ।
ਚੱਬਾ ਮਾਝੇ ਦੇਸ਼ ਜਨੀਜੈ ॥੬॥
ਸ਼੍ਰੀ ਅੰਮ੍ਰਿਤਸਰ ਦੱਖਣ ਪਾਸੇ।
ਤੀਨ ਕੋਸ ਪਰ ਗ੍ਰਾਮ ਸੁ ਬਾਸੇ[†]।

[†]ਇਹ ਗਿਰਾਂਵ ਤਰਨਤਾਰਨ ਵਾਲੀ ਪੱਕੀ ਸੜਕ ਪਰ ਹੈ, ਹੁਣ ਨੇੜੇ ਰੇਲ ਦਾ ਸਟੇਸ਼ਨ ਬਣ ਗਿਆ ਹੈ,

ਜਿਸ ਦਾ ਨਾਮ ਸੰਗਰਾਣਾ ਸਾਹਿਬ ਹੈ, ਕਿਉਂਕਿ ਸਟੇਸ਼ਨ ਦੇ ਨਾਲ ਹੀ ਇਸ ਨਾਮ ਦਾ ਗੁਰਦਵਾਰਾ ਹੈ।

ਤਹਿਂ ਤੇ ਮੈਂ ਆਈ ਧਰਿ ਆਸਾ।
ਜਾਚਨ ਪੁੱਤ੍ਰ ਆਪਕੇ ਪਾਸਾ ॥੭॥
ਬੈਠੇ ਸਭਾ ਨ ਮਾਂਗਯੋ ਗਯੋ।
ਸੱਦ ਬਿਖੈ ਤੁਮ ਸਨ ਕਹਿ ਦਯੋ।
ਦੂਰ ਪੰਥ ਤੇ ਮੈਂ ਚਲਿ ਆਈ।
ਪੁਰਹੁ ਕਾਮਨਾ ਸ਼ਰਨ ਤਕਾਈ' ॥੮॥
ਸੁਨਿ ਪ੍ਰਭੁ ਹੁਕਮ ਦਾਸ ਕੋ ਕਹਯੋ।
'ਮਸੁ ਅਰੁ ਕਲਮ ਆਨਿ ਅਬਿ ਚਹਯੋ।
ਲਯਾਯੋ ਤੁਰਤ ਗੁਰੂ ਲਿਖਿ ਦੀਨ।
ਸਿਖ ਨੇ ਦੈਬੇ ਹਿਤ ਕਰ ਲੀਨ ॥੯॥
ਗੁਰ ਬੋਲੇ 'ਇਕ ਸੁਤ ਤੁਹਿ ਦਯੋ।'
ਕਾਗਤ ਪਿਖਤਿ ਸਿੱਖ ਲਖਿ ਲਯੋ।
ਮਹਾਰਾਜ ਏ ਸਾਤਾ ਭਯੋ।
ਮੁਖ ਤੇ ਕਹੋ ਏਕ ਸੁਤ ਦਯੋ' ॥੧੦॥
ਸੁਨਿ ਪ੍ਰਭੁ ਕਹਯੋ 'ਸਪਤ ਹੀ ਹੋਹਿਂ।
ਆਇ ਦੂਰ ਤੇ ਜਾਚਯੋ ਮੋਹਿ।'
ਲੇ ਕਾਗਤ ਇਸਤ੍ਰੀ ਹਰਖਾਈ।
ਕਰਿ ਬੰਦਨ ਕੋ, ਸਦਨ ਸਿਧਾਈ ॥੧੧॥
ਸਮਾ ਪਾਇ ਸੁਤ ਸਾਤ ਉਪਾਇ†।
ਗੁਰ ਮਹਿਮਾ ਕੋ ਬਹੁ ਬਿਦਤਾਇ।
†ਪੁਨ ਉਦਿਆਨ ਸ਼ਿਕਾਰ ਸਿਧਾਰੇ।
ਇਤ ਉਤ ਬਿਚਰਤ ਮ੍ਰਿਗਨਿ ਨਿਹਾਰੇ ॥੧੨॥
ਨਹੀਂ ਅਖੇਰ ਕਹੂੰ ਤੇ ਪਾਵਾ।
ਤਬਿ ਸਿੰਘਨ ਸਨ ਪ੍ਰਭੁ ਅਲਾਵਾ।
'ਕਿਹ ਸਿਖ ਨੇ ਕੰਘਾ ਨਹਿ ਕਰਯੋ?
ਜਿਸ ਤੇ ਨਹਿ ਸ਼ਿਕਾਰ ਕਰ ਪਰਯੋ' ॥੧੩॥
ਸੁਨਯੋ ਸਭਿਨਿ ਇਕ ਨੇ ਕਹਿ ਦੀਨਾ।
'ਮੈਂ ਕੰਘਾ ਕੇਸਨ ਨਹਿ ਕੀਨਾ।'

†ਇਸੇ ਤਰ੍ਹਾਂ ਦਾ ਪ੍ਰਸੰਗ ਜੋ ਛੇਵੇਂ ਸਾਹਿਬਾਂ ਸਮੇਂ ਹੋਇਆ ਸੀ ਉਸ ਲਈ ਦੇਖੋ ਰਾਸ ੬ ਅੰਸੂ ੫੪।

†ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਹੁਕਮ ਕਰਯੋ 'ਅਬਿ ਭੀ ਕਰਿ ਲੀਜੈ।
ਤੂਰਨ ਬਨਹੁ ਸੁਚੇਤ ਮਿਲੀਜੈ' ॥੧੪॥
ਤਤਛਿਨ ਤਿਨ ਸੁਨਿ ਕੈ ਕਰਿ ਲੀਨ[1]।
ਸੰਗ ਮਿਲਾਇ ਪਯਾਨੌਂ ਕੀਨ।
ਪੁਨ ਉੱਦਜਾਨ ਬਿਖੈ ਜਬਿ ਫਿਰੇ।
ਪਿਖਿ ਸ਼ਿਕਾਰ ਕੋ ਮਾਰਨ ਕਰੇ ॥੧੫॥
ਹਟੇ ਪ੍ਰਭੂ ਸਭਿ ਕੋ ਸਮੁਝਾਯੋ।
'ਸਿੰਘਨ ਕੋ ਐਸੇ ਬਨਿ ਆਯੋ।
ਹੋਇ ਸੁਚੇਤ ਸਕਲ ਪਰਕਾਰੇ।
ਚਢਨ ਸਮੈਂ ਅਰਦਾਸ ਉਚਾਰੇ ॥੧੬॥
ਕਾਰਜ ਸਰਬ ਸਿੱਧ ਹੁਇ ਜਾਤੇ।
ਨਹਿ ਦੋਨਹੁ ਬਿਨ ਕਹੂੰ ਪ੍ਰਯਾਤੇ[1]†।'

[1]ਕੰਘਾ) ਕਰ ਲਿਆ।

[1]ਭਾਵ ਸੁਚੇਤ ਹੋਏ ਬਿਨਾਂ ਤੇ ਅਰਦਾਸਾਂ ਸੋਧੇ ਬਿਨਾਂ ਕਿਤੇ ਨਾ ਜਾਇਆ ਕਰਨ। †ਦਾਤਾ ਜੀ ਸ਼ਰੀਰਕ ਸਫਾਈ ਤੇ ਸਾਵਧਾਨਤਾ ਦੇ ਨਾਲ ਨਾਲ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਸ਼ੁਭ ਮੱਤਿ ਸਿਖਾਲਦੇ ਹਨ।

ਸੁਨਿ ਕੈ ਸੀਖ ਸਭਿਨਿ ਹੂੰ ਮਾਨੀ।
ਜਥਾ ਆਪ ਸ਼੍ਰੀ ਬਦਨ ਬਖਾਨੀ ॥੧੭॥
ਆਇ ਬਿਰਾਜੇ ਸਤਿਗੁਰ ਡੇਰੇ।
ਨਿਸਾ ਬਿਤਾਇ ਸਥਿਰੇ ਸਵੇਰੇ।
ਬੈਠਯੋ ਨਿਕਟ ਖਾਲਸਾ ਆਇ।
ਦਰਸਹਿ ਸੰਗਤਿ ਫਲ ਕੋ ਪਾਇ ॥੧੮॥
†ਦਧਿ ਸੋਂ ਦੀਰਘ ਘਟ ਕੋ ਭਰਯੋ।
ਲੇ ਇਕ[1] ਆਨਿ ਦਰਸ ਕੋ ਕਰਯੋ।
ਬੂਝਨ ਕੀਨ 'ਬਸਹਿਂ ਕਿਸ ਗ੍ਰਾਮੂ?
ਤੋਹਿ ਪਿਤਾ ਅਰੁ ਤੁਵ ਕਹਾ ਨਾਮੂ?' ॥੧੯॥
ਸ਼੍ਰੀ ਗੁਰ ਤੇ ਸੁਨਿ ਸਕਲ ਬਤਾਈ।
'ਮੌੜ ਗ੍ਰਾਮ ਮਹਿ ਬਸੌਂ ਗੁਸਾਈਂ!
ਪਿਤਾ ਭੀਮ ਤੇ ਮੈਂ ਸੁਤ ਭਯੋ।
ਦਲਪਤਿ ਮੋਹਿ ਨਾਮ ਧਰਿ ਦਯੋ' ॥੨੦॥
ਭੇ ਪ੍ਰਸੰਨ ਕਦ[1] ਹੇਰਿ ਬਿਸਾਲਾ।
ਕ੍ਰਿਪਾ ਕਰਤਿ ਬੋਲੇ ਤਿਸ ਕਾਲਾ।

†ਸਾਖੀ ਪੋਥੀ ਦੀ ਸਾਖੀ ਹੈ।

[1]ਭਾਵ ਇਕ ਸਿੱਖ ਨੇ ਲਿਆਕੇ।

[1]ਡੀਲ। ਕੱਦ।

'ਜੇ ਕਰਿ ਭੀਮ[1] ਆਤਮਜ ਭਯੋ। — [1]ਇਸ ਵਿਚ ਕਟਾਖਜ ਪੁਰਾਤਨ ਬਲਵਾਨ 'ਭੀਮ' ਵਲ ਹੈ।

ਤਬਹਿ ਦਲਨ ਕੀ ਪਤਿ ਪਦ ਲਯੋ[1]' ॥੨੧॥ — [1]ਦਲ ਦਾ ਪਤੀ ਹੋਣਾ ਪਦਵੀ ਪਾਈ ਹੈ।

ਖੁਸ਼ੀ ਹੋਇ ਗੁਰ ਪਾਗ ਬੰਧਾਈ।

'ਜੇ ਸਿੱਖੀ ਕੋ ਰਖਹਿਂ ਜਿਠਾਈ[1]। — [1]ਸਿੱਖੀ ਦੀ ਵਡਿਆਈ ਰੱਖੇਂਗਾ।

ਤੌ ਐਸ਼੍ਵਰਜ ਭੀ ਵਧਹਿ ਮਹਾਨਾ।

ਮਾਨਤਿ ਰਹਹੁ ਗੁਰੂ ਕੀ ਆਨਾ' ॥੨੨॥

ਕਿਤਿਕ ਸਮੈਂ ਬੈਠਨ ਤਬਿ ਕਰਜੋ।

ਬੰਦਨ ਠਾਨਿ ਸਦਨ ਚਲਿ ਪਰਜੋ।

ਦਿਨ ਦ੍ਵੈ ਚਾਰਿਕ ਬੰਧੀ ਸਿਰ ਪਰ।

ਡੋਮਨ ਕੇ ਗਾਵਨ[1] ਕੋ ਸੁਨਿ ਕਰਿ ॥੨੩॥ — [1]ਡੂੰਮਾਂ ਦਾ ਗਾਉਣਾ।

ਸੋ ਦਸਤਾਰ ਤਿਨਹੁਂ ਕੋ ਦੀਨਿ।

ਮੂਰਖ ਕਛੂ ਬਿਚਾਰ ਨ ਕੀਨ।

ਨਹਿਂ ਗੁਰ ਮਹਿਮਾ ਮਨ ਮਹਿਂ ਆਇ।

ਖਾਲੀ ਰਹਜੋ ਖੁਸ਼ੀ ਕੋ ਪਾਇ ॥੨੪॥

*ਭਾਈ ਭਗਤੂ ਕਾ ਇਕ ਪੋਤਾ।

ਦਯਾਲਦਾਸ ਜਿਸ ਨਾਮ ਉਦੋਤਾ।

ਭੁੱਚੋ ਗ੍ਰਾਮ ਬਿਖੈ ਤੇ ਗਯੋ।

ਗੁਰ ਦਰਸ਼ਨ ਕਰਿ ਨੰਮ੍ਰੀ ਭਯੋ ॥੨੫॥

ਕੁਛਕ ਰਜਤਪਣ ਭੇਟ ਚੜ੍ਹਾਈ।

ਬੈਠਜੋ ਸ਼੍ਰੀ ਪ੍ਰਭੁ ਦ੍ਰਿਸ਼ਟਿ ਚਲਾਈ।

ਸ਼੍ਰੀ ਮੁਖ ਤੇ ਫੁਰਮਾਨ ਬਖਾਨਾ।

'-ਦਯਾਲ ਸਿੰਘ- ਅਬਿ ਕਰਹੁ ਪ੍ਰਮਾਨਾ[1] ॥੨੬॥ — [1]ਦਯਾਲ ਸਿੰਘ ਹੁਣ ਇਹ (ਨਾਮ) ਮੰਨਣਾ ਕਰੋ।

ਖੰਡੇ ਕੀ ਪਾਹੁਲ ਸ਼ੁਭ ਧਾਰਹੁ।

ਬਨਹੁ ਖਾਲਸਾ ਭਰਮ ਨਿਵਾਰਹੁ।

ਕੇਸ਼ ਕਾਛ ਕੀ ਰਹਤਿ ਰਖੀਜੈ।

ਮੀਣ ਮਸੰਦ ਮੇਲ ਨਹਿਂ ਕੀਜੈ ॥੨੭॥

ਸ਼ਸਤ੍ਰਨਿ ਕੋ ਨਿਸ ਦਿਨ ਤਨ ਧਰੀਅਹਿ।

ਫਤੇ ਗੁਰੂ ਜੀ ਕੀ ਸੁ ਉਚਰੀਅਹਿ।'

ਸੁਨਿ ਕੈ ਕਮ ਦਿਲ ਹੋਇ ਉਚਾਰੀ।
'ਸਿੱਖੀ ਹਮਹੁੰ ਕਦੀਮੀ ਧਾਰੀ ॥੨੮॥
ਪਿਤਾ ਪਿਤਾਮਾ ਗੁਰ ਘਰ ਕੇਰੇ।
ਜਹਿਂ ਕਹਿਂ ਬਿਦਤੇ ਜਗਤ ਬਡੇਰੇ।
ਅਬਿ ਮੈਂ ਨਈ ਰੀਤਿ ਕਜਾ ਧਾਰੌਂ।
ਨਿਜ ਬਡਿਅਨਿ ਕੋ ਪੰਥ ਸੰਭਾਰੌਂ ॥੨੯॥
ਸਭਿ ਗੁਰ ਖੁਸ਼ੀ ਕਰਤ ਹੀ ਰਹੈ।
ਦਾਸ ਕਦੀਮੀ ਅਪਨੇ ਲਹੇ।
ਭਈ ਆਰਬਲ ਅਬੈ ਬਡੇਰੀ।
ਪਹੁਲ ਲੇਨਿ ਨ ਉਚਿਤਾ ਮੇਰੀ' ॥੩੦॥
ਸ਼੍ਰੀ ਮੁਖ ਤੇ ਕਹਿ ਪੁਨ ਸਮੁਝਾਯੋ।
'ਹਮ ਨੇ ਉੱਤਮ ਪੰਥ ਚਲਾਯੋ।
ਲੋਕ ਪ੍ਰਲੋਕ ਬਿਖੈ ਸੁਖਦਾਇਕ।
ਰਾਜ ਤੇਜ ਜੁਤਿ ਹ੍ਵੈ ਰਿਪੁ ਘਾਯਕ ॥੩੧॥
ਤਿਸ ਜਹਾਜ ਪਰ ਚਢਹਿ ਜੁ ਆਇ।
ਕੀਟੀ ਤੇ ਗਯੰਦ ਬਨਿ ਜਾਇ।
ਜੇ ਸਯਾਲ ਸਮ ਸਭਿ ਤੇ ਡਰੈ।
ਬਨੈ ਸਿੰਘ[1] ਸਿੰਘ ਨਾਮ ਸੁ ਧਰੈ ॥੩੨॥ [1]ਸ਼ੇਰ।
ਯਾਂ ਤੇ ਤੂੰ ਭੀ ਧਾਰਨ ਕਰੀਅਹਿ।
ਰੀਤਿ ਮਸੰਦੀ ਨਾਂਹਿਨ ਧਰੀਅਹਿ।'
ਸੁਨਿ ਪੁਨ ਬਚਨ ਹਟਾਵਨ ਕੀਨਾ।
ਗੁਰੂ ਬਾਕ ਪਰ ਨਹਿਨ ਪਤੀਨਾ ॥੩੩॥
'ਅਬਿ ਤੌਂ ਕ੍ਰਿਪਾ ਕਰਹੁ ਰਹਿਂ ਐਸੇ।
ਪਿਤਾ ਪਿਤਾਮਾ ਹਮਰੇ ਜੈਸੇ।'
ਸੁਨਿ ਕਰਿ ਗੁਰੂ ਸ੍ਰਾਪ ਤਬਿ ਦੀਨਾ।
ਬਾਰਿ ਬਾਰਿ ਬਚ ਬਾਰਨਿ ਕੀਨਾ[1] ॥੩੪॥ [1]ਹਟਾਵਣਾ ਕੀਤਾ।
'ਹਮ ਤੇ ਨਹਿਂ ਪਾਹੁਲ ਤੈਂ ਲਈ।
ਅਪਰ ਬੁੱਧਿ ਹਠਿ ਤੇ ਦਿਢ ਕਈ।
[1]ਮਿਲਹਿਂ ਚੂਹੜੇ ਜਬਹਿ ਹਮਾਰੇ। [1]ਭਾਵ ਨੀਵੀਆਂ ਜਾਤਾਂ ਦੇ ਜਦੋਂ ਸਿੰਘ ਸਜੇ ਹੋਏ ਮਿਲਣਗੇ ਉਨ੍ਹਾਂ ਤੋਂ ਅੰਮ੍ਰਿਤ ਛਕੋਗੇ।
ਤਿਨ ਤੇ ਕਰਿਹੈਂ ਅੰਗੀਕਾਰੇ[3]' ॥੩੫॥

ਸੁਨਿ ਕਰਿ ਦਜਾਲ ਦਾਸ ਭਾ ਮੌਨ।
ਕੇਤਿਕ ਚਿਰ ਮਹਿਂ ਗਮਨਜੋ ਭੌਨ।
ਪਸਚਾਤਾਪ ਕਰਤਿ ਚਲਿ ਗਯੋ।
-ਗੁਰ ਕੇ ਸੰਗ ਬਿਰਸ ਬਹੁ ਭਯੋ-
॥੩੬॥
ਤਬਿ ਤੇ ਸ਼੍ਰੀ ਪ੍ਰਭੁ ਰੁਖ਼ ਨ ਮਿਲਾਯੋ।
ਨਹਿਂ ਸਾਦਰ ਕਬਿ ਨਿਕਟ ਬਿਠਾਯੋ।
'ਭਗਤੂ ਕਾ ਮਸੰਦ' ਧਰਿ ਨਾਮੂ†।

†ਗੁਰੂ ਜੀ ਚਾਹੁੰਦੇ ਸਨ ਕਿ ਮਸੰਦਹਾਰ ਜੀਵਨ ਦਜਾਲਦਾਸ ਦਾ ਨਾ ਰਹੇ ਤੇ ਸਿੰਘ ਸਜੇ। ਪੂਜਾ ਦੇ ਧਾਨ ਨੂੰ ਕੱਠਾ ਕਰਨਾ, ਅਮੀਰ ਬਣਨਾ, ਇਹੋ ਮਨੋਰਥ ਪੂਜਕ ਬਣਨ ਦਾ ਧਾਰਨਾ ਮਸੰਦੀ ਹੈ। ਕਿਰਤ ਕਰਕੇ ਖਾਣਾ, ਸੇਵਾ ਕਰਨੀ, ਸਿੰਘ ਦਾ ਧਰਮ ਹੈ। ਪੂਜਾ ਦੇ ਪਦਾਰਥ ਨੂੰ ਭਲੇ ਅਰਥ ਲਾਉਣਾ, ਨਿਰਬਾਹ ਮਾਤ੍ਰ ਅੰਗੀਕਾਰ ਕਰਨਾ, ਬਾਣੀ ਨਾਮ ਦਾ ਪ੍ਰੇਮੀ ਹੋਣਾ ਇਹ ਬੀ ਸਿੱਖੀ ਜੀਵਨ ਹੈ। ਓਹਨਾਂ ਦਾ ਜੋ ਸਾਰਾ ਸਮਾਂ ਪੰਥ ਸੇਵਾ ਗੁਰਧਾਮਾਂ ਦੀ ਸੇਵਾ ਪਰ ਲਾਉਣ ਯਾ ਕਿਸੇ ਅਸੂਲ ਯਾ ਖਿਆਲ ਤੋਂ ਬਿਹੰਗਮੀ ਜੀਵਨ ਧਾਰ ਲੈਣ।

ਨਾਂਹਿਨ ਗਮਨੇ ਇਸ ਕੇ ਧਾਮੂ ॥੩੭॥
ਭਗਤੂ ਸੁਤ ਗੌਰਾ ਇਕ ਭਯੋ।
ਤਿਸ ਤੇ ਦਜਾਲਦਾਸ ਉਪਜਯੋ†।

†ਭਾਵ ਭਗਤੂ ਦਾ ਪੁੱਤ੍ਰ ਭਾਈ ਗੌਰਾ ਤੇ ਗੌਰੇ ਦਾ ਪੁੱਤ੍ਰ ਦਿਆਲ ਦਾਸ ਇਸ ਦੇ ਪੁੱਤ੍ਰ ਨੇ ਅੰਮ੍ਰਿਤ ਛਕਕੇ ਗੁਰਬਖਸ਼ ਸਿੰਘ ਨਾਮ ਰਖਾਇਆ, ਇਸ ਦੇ ਪੁੱਤ੍ਰ ਦੇਸੂ ਸਿੰਘ ਨੇ ਕੈਂਥਲ ਦਾ ਰਾਜ ਕਾਇਮ ਕੀਤਾ। ਇਸ ਦੇ ਬੇਟਾ ਰਾਜਾ ਲਾਲ ਸਿੰਘ ਸੀ ਤੇ ਉਸ ਦਾ ਪੁੱਤ੍ਰ ਕੈਂਥਲ ਪਤੀ ਉਦਯ ਸਿੰਘ ਜੀ ਸਨ ਜਿਨ੍ਹਾਂ ਦੇ ਦਰਬਾਰ ਦੇ ਕਵੀ ਕਵਿਰਾਜ ਸੰਤੋਖ ਸਿੰਘ ਨੇ ਇਹ ਗੁਰ ਪ੍ਰਤਾਪ ਸੂਰਜ ਗ੍ਰੰਥ ਰਚਿਆ। ਵਿਸ਼ੇਸ਼ ਹਾਲਾਤ ਲਈ ਤੱਕੋ ਇਸੇ ਗ੍ਰੰਥ ਦੀ ਪ੍ਰਸਤਾਵਨਾ।

ਭਗਤੂ ਸੁਤ ਦੂਸਰ ਭਾ ਜੀਵਣ।
ਸ਼੍ਰੀ ਹਰਿਰਾਇ ਨਿਕਟ ਦਿਯ ਜੀਵਣ[1]
॥੩੮॥

[1]ਪ੍ਰਾਣ ਦਿੱਤੇ।

ਬਿੱਪ੍ਰ ਪੁੱਤ੍ਰ ਕੋ ਤਬੈ ਜਿਵਾਯੋ।
ਤਿਸ ਕੋ ਬੰਸ ਅਧਿਕ ਬਿਰਧਾਯੋ।
ਗ੍ਰਾਮ ਚੱਕ ਤਿਸ† ਮਹਿਂ ਕਰਿ ਬਾਸਾ।

†ਪਾ:-ਚਕਿਤਸੇ। ਸਾਖੀ ਪੋ: ਦਾ ਪਾ: 'ਚੱਕ' ਹੈ। ਠੀਕ ਨਾਮ 'ਭਾਈ ਕੇ ਚੱਕ' ਹੈ, ਦੇਖੋ ਅੰ: ੩੨ ਅੰਕ ੬।

ਸੋ ਚਲਿ ਕਰਿ ਆਏ ਗੁਰ ਪਾਸਾ ॥੩੯॥
ਖੰਡੇ ਕੀ ਪਾਹੁਲ ਤਿਨ ਲੀਨੀ।
ਖੁਸ਼ੀ ਗੁਰੂ ਕੀ ਜਿਸ ਬਿਧਿ ਚੀਨੀ।
ਰਾਮ ਸਿੰਘ ਇਕ ਨਾਮ ਧਰਾਯੋ।
ਦੂਸਰ ਫਤੇ ਸਿੰਘ ਮਨ ਭਾਯੋ ॥੪੦॥

ਇਕ ਮਾਤਾ ਤੇ ਦੋਨਹੁ ਭਾਈ।
ਦੋ ਬਿਮਾਤ ਤੇ ਦੇਉਂ ਬਤਾਈ[1]।
ਬਖਤੂ ਸਿੰਘ ਅਰੁ ਤਖਤੂ ਸਿੰਘ।
ਸੁਤ[†] ਜੀਵਣ ਚਾਰੋਂ ਜਨੁ ਸਿੰਘ ॥੪੧॥

[1]ਮਤ੍ਰੇਈ ਤੋਂ ਦਸਦਾ ਹਾਂ ਕਿ ਦੋ ਹੋਰ ਸਨ:-

[†]ਇਥੇ ਭੁਲੇਖਾ ਹੈ। ਏਹ ਚਾਰੇ ਜੀਵਣ ਦੇ ਪ੍ਰੋਤੇ ਹਨ, ਪੁੱਤ੍ਰ ਨਹੀਂ। ਪੁਤ੍ਰ ਸੰਤ ਦਾਸ ਹੈ, ਕਵੀ ਜੀ ਜੀਵਣ ਦਾ ਇਕੋ ਪੁਤ੍ਰ ਆਪ ਦੱਸ ਆਏ ਹਨ ਜੋ ਚਲਾਣੇ ਮਗਰੋਂ ਜੰਮਿਆ ਸੀ। ਦੇਖੋ ਰਾਸ ੧੦ ਅੰਸੂ ੧੮ ਅੰਕ ੧੮।

ਨਿਕਟ ਗ੍ਰਾਮ ਮਹਿਂ ਇਨਕੋ ਬਾਸਾ।
ਆਵਤਿ ਜਾਤਿ ਰਹੈਂ ਗੁਰ ਪਾਸਾ।
ਕਿਤਿਕ ਮਾਸ ਸਤਿਗੁਰੂ ਬਿਤਾਏ।
ਚਹੁੰਦਿਸ਼ਿ ਤੇ ਸਿਖ ਦਰਸ਼ਨ ਆਏ ॥੪੨॥
ਨਰ ਨਾਰਨਿ ਕੀ ਭੀਰ ਹਮੇਸ਼।
ਹਿਤ ਦਰਸ਼ਨ ਕੇ ਮਿਲਹਿਂ ਵਿਸ਼ੇਸ਼।
ਨਾਨਾ ਬਿਧਿ ਕੀ ਆਨਿ ਅਕੋਰ।
ਕਰਹਿਂ ਸਮਰਪਨ ਜੁਗ ਕਰਿ ਜੋਰਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੂ ਸੁਤ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥੨੧॥

## ੨੨. [ਗੋਦੜੀਆ ਸਿੰਘ। ਭਾਗੋ। ਡੱਲਾ ਤੇ ਵਜ਼ੀਰ ਖ਼ਾਂ ਦਾ ਪਰਵਾਨਾ]

੨੧<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਇਕ ਦਿਨ ਸ਼੍ਰੀ ਮੁਖ ਤੇ ਕਹ੍ਯੋ, 'ਰਾਮ ਸਿੰਘ ਤਵ ਗ੍ਰਾਮ।
ਉਤਰੈਂ ਇਕ ਦ੍ਵੈ ਨਿਸਾ ਤਹਿਂ, ਦੇਖਹਿਂ ਕਸ ਅਭਿਰਾਮ[1]' ॥੧॥

[1]ਕਿਹੋ ਜਿਹਾ ਸੁਹਣਾ ਹੈ।

ਚੌਪਈ:

ਸੁਨਿ ਬੋਲ੍ਯੋ ਕਰਿ ਜੋਰਿ ਸੁ ਤਬੈ।
'ਸਿਕਤਾ ਘਨੋ ਦੇਸ਼ ਇਤਿ ਸਬੈ।
ਤੀਖਣ ਤੇਜ ਤਪਨ ਕੋ ਪਾਇ।
ਜਹਿਂ ਕਹਿਂ ਤੇ ਦੀਰਘ ਤਪਤਾਇ ॥੨॥
ਬਹੁਰ ਸਮੀਰ ਅਧੀਰਜ ਵਾਰੀ[1]।
ਕਰਹਿ ਉਡਾਵਨ ਗਗਨ ਮਝਾਰੀ।
ਬਹੈ ਬੇਗ ਤੇ ਬਹੁ ਦੁਖਦਾਈ।
ਐਸੇ ਦੇਸ਼ ਗ੍ਰਾਮ ਇਸ ਥਾਈ[1]' ॥੩॥

[1]ਭਾਵ ਹਨੇਰੀ।

[1]ਇਸ ਥਾਂ ਤਾਂ ਇਹੋ ਜਿਹੇ ਦੇਸ਼ ਦੇ ਪਿੰਡ ਹਨ।

ਸ਼੍ਰੀ ਪ੍ਰਭੁ ਕਹ੍ਯੋ 'ਕਰੀਜਹਿ ਤਯਾਰੀ।
ਚਲਹਿਂ, ਬਿਲਕੋਹਿਂਗੇ ਇਕ ਬਾਰੀ।'
ਸੁਨਿ ਕੈ ਹੁਕਮ ਰਾਮ ਸਿੰਘ ਗਯੋ।
ਗਰਾਮ ਬਿਖੈ ਸਭਿ ਸੋਂ ਕਹਿ ਦਯੋ ॥੪॥
ਗ੍ਰੀਖਮ ਰਿਤੁ ਮਹਿਂ ਸਰਦ ਸਥਾਨਾ।
ਲਗ੍ਯੋ ਬਨਾਵਨ ਜਾਨਿ ਮਹਾਨਾ।
ਕਰਿ ਝਾਰਨ ਚਹੁੰ ਓਰਨ ਓਟਾ।
ਰਾਖ੍ਯੋ ਬੈਠਨ ਹਿਤ ਥਲ ਛੋਟਾ ॥੫॥
ਸਿਕਤਾ ਮੋਟਾ ਬੀਚ ਬਿਛਾਵਾ।
ਬਾਰ ਬਾਰ ਜਲ ਤੇ ਛਿਰਕਾਵਾ।
ਕੋਰੇ ਕੁੰਭ ਨੀਰ ਭਰਿ ਕਰਿ ਕੇ।
ਬਹੁ ਸੀਤਲ ਦੀਨੇ ਵਿਚ ਧਰਿ ਕੇ ॥੬॥
ਇੱਤਯਾਦਿਕ ਸਭਿ ਕਰਿ ਕੈ ਤਯਾਰੀ।
ਨੀਕੇ ਸਤਿਗੁਰ ਹੇਤੁ ਸੁਧਾਰੀ।
†ਇਕ ਸਿਖ ਗੋਦੜੀਆ ਜਿਸ ਨਾਮੂ।
ਜਿਸ ਕੇ ਚਰਿਤ ਮਹਾਂ ਅਭਿਰਾਮੂ ॥੭॥
ਅਲਪ ਬੈਸ ਮਹਿਂ ਆਵਤਿ ਭਯੋ।

†ਹੁਣ ਗੋਦੜੀਏ ਦਾ ਕੁਛ ਹਾਲ ਪਿਛਲਾ ਦੱਸਣ ਲੱਗੇ ਹਨ ਜੋ ਸਾਖੀ ਪੋਥੀ ਵਿਚ ਨਹੀਂ ਹੈ।

ਭਗਤੂ ਪੁੱਤ੍ਰਨਿ ਢਿਗ ਰਹਿ ਗਯੋ।
ਗੌਰੇ ਕਹਿ ਕਰਿ ਕਾਰ ਲਗਾਯੋ।
ਕੂਪ ਨੀਰ ਕੋ ਚਰਸ[1] ਵਹਾਯੋ ॥੮॥
ਅਪਰ ਸੇਵ ਜੋ ਕਹੈ ਕਮਾਵੈ।
ਕਰਹਿ ਸੰਝ ਲਗਿ ਜਹਾਂ ਲਗਾਵੈ।
ਇਕ ਦਿਨ ਘਾਸ ਬਾਢਿਬੇ ਲਾਯੋ।
ਦਹਿ ਸਿਰ ਤੋਲ ਬਾਜਰਾ ਲਜਾਯੋ[1] ॥੯॥
ਚਰਬਤ ਸੇਰ ਏਕ ਦਿਨ ਮਾਂਹੀ[1]।
ਘਾਸ ਬਢਹਿ ਨਿਤ ਮਿਟਹਿ ਸੁ ਨਾਂਹੀ।
ਦਸ ਦਯੋਸਨ ਲਗਿ ਢੇਰ ਲਗਾਏ।
ਨਹਿਂ ਆਵਤਿ ਭਾ ਬਿਨਾ ਬੁਲਾਏ ॥੧੦॥
ਨਿਕਟ ਤਾਲ ਜਲ ਪੀਵਨ ਕਰੈ।
ਰਿਦੇ ਸਦਾ ਸਿਮਰਨ ਹਰਿ ਧਰੈ।
ਜਾਇ ਬਿਲੋਕਯੋ ਹਰਖਤਿ ਭਏ।
ਲਾਦੇ ਸਕਟ ਆਨਿਬੋ ਕਏ ॥੧੧॥
ਪੁਨਹਿ ਲਜਾਇ ਘਰ ਪੀਸਨ ਲਾਯੋ।
ਪੀਸਤ ਰਹੈ ਨ ਮਨ ਡੋਲਾਯੋ।
ਜਪੁਜੀ ਬਾਰ ਇਕੀਸ ਉਚਾਰੈ।
ਕਰ ਪਗ ਸੋਂ ਨਿਤ ਕਾਰ ਸੰਭਾਰੈ ॥੧੨॥
ਪੁਨ ਦਾਸੀ ਤਿਸ ਕੇ ਸੰਗ ਲਾਈ।
ਪੀਸਹਿ ਆਪ ਸੁ ਬਰਜਿ ਹਟਾਈ[1]।
ਭਗਤੂ ਸੁਤ ਜੀਵਣ ਇਕ ਬਾਰੀ।
ਇਕ ਰਾਹਕ ਕੋ ਝਿਰਕਤਿ ਭਾਰੀ ॥੧੩॥
ਗੋਦੜੀਆ ਕਰਿ ਕ੍ਰਿਪਾ ਨਿਵਾਰੈ।
'ਕਯੋਂ ਨਾਹਕ ਇਸ ਕੌ ਬਹੁ ਮਾਰੈਂ।'
ਸੁਨਿ ਜੀਵਣ ਬੋਲਯੋ ਰਿਸ ਹੋਈ।
'ਰਾਜ ਸਾਜ ਕੀ ਸੁਧ ਕਯਾ ਤੋਹੀ' ॥੧੪॥
ਉਠਿ ਕਰਿ ਡਾਢੀ[†] ਲਾਤ ਪ੍ਰਹਾਰੀ।
'ਕਯੋਂ ਨਹਿਂ ਪੀਸਨ ਕੀ ਕਰਿ ਕਾਰੀ।'
ਕਹਿ ਗੋਦੜੀਆ 'ਕ੍ਰਿਪਾ ਨ ਧਾਰੇ।
ਰਿਦੇ ਰਾਜ ਅਹੰਕਾਰ ਅਫਾਰੇ' ॥੧੫॥

[1]ਚਰਸਾ।
[1]ਘਰੋਂ) ਦਸ ਸੇਰ ਬਾਜਰਾ ਤੋਲਕੇ ਲਿਆਇਆ।
[1]ਦਿਨ ਵਿਚ ਇਕ ਸੇਰ ਚਬਾਉਂਦਾ ਸੀ।
[1]ਭਾਵ ਦਾਸੀ ਨੂੰ ਨਾਂ ਪੀਹਣ ਦਿੱਤਾ ਆਪੇ ਹੀ ਪੀਹਵੇ।
[†]ਪਾ:-ਠਾਢੀ=ਖੜੇ ਹੋਕੇ।

ਇਮ ਕਹਿ ਲਗਜੋ ਕਾਰ ਕੋ ਆਈ।
ਅਫਰਜੋ ਜੀਵਣ ਬਹੁ ਦੁਖ ਪਾਈ।
ਜਬਿ ਉਪਚਾਰ ਕਰਨ ਕੋ ਆਏ।
'ਸ੍ਰਾਪ ਦਾਸ ਦੀਨਸਿ' ਬਤਲਾਏ ॥੧੬॥
'ਹਮ ਤੇ ਭੀ ਵਧ ਸੇਵਕ ਹੋਯੋ।
ਜਿਸ ਕੇ ਬਾਕਨ ਤੇ ਸੁਖ ਖੋਯੋ।'
ਬਿਨੈ ਬਖਾਨਤਿ ਗੌਰਾ ਲਜਾਯੋ।
ਜੀਵਣ ਕੇ ਜਬਿ ਹਾਥ ਛੁਹਾਯੋ ॥੧੭॥
ਗਯੋ ਅਫਾਰਾ ਸੁਖ ਕੋ ਪਾਏ।
ਮਿਲਿ ਸਗਰੇ ਤਿਸਕੇ ਪ੍ਰਤਿ ਗਾਏ।
'ਹਮਰੀ ਸੇਵਾ ਕਰਿ ਤੈਂ ਪਾਈ।
ਵਧਜੋ ਅਧਿਕ ਪੁਨ ਭਾ ਦੁਖਦਾਈ ॥੧੮॥
ਜਹਿਂ ਇੱਛਾ ਬਿਚਰਹੁ ਤਹਿਂ ਆਪ।
ਸ਼ਕਤਿ ਨ ਰਾਖਨ ਕੀ, ਕਹਿਂ ਸ੍ਰਾਪ[1]।'

[1]'ਤੇਰੇ ਰੱਖਣ ਦੀ (ਸਾਡੇ ਪਾਸ) ਤਾਕਤ ਨਹੀਂ (ਕਿਉਂ ਜੋ ਤੂੰ) ਸ੍ਰਾਪ ਕਹਿ ਦੇਂਦਾ ਹੈਂ।

ਸੁਨਿ ਸ੍ਵੈਛਾ ਹੀ ਗਮਨ ਕਰੰਤਾ।
ਹਿਤ ਸੇਵਾ ਜੋ ਕਿਤ ਉਚਰੰਤਾ[1] ॥੧੯॥

[1]ਸੇਵਾ ਲਈ ਜੋ ਕੋਈ ਕਿੱਧਰੇ ਕਹਿੰਦਾ ਹੈ............।

ਭੋਜਨ ਖਾਇ ਕਰਤਿ ਰਹਿ ਕਾਰਾ।
ਸੱਤਿਨਾਮ ਨਿਸ ਦਿਨ ਉਰ ਧਾਰਾ।
ਅਪਰ ਜਹਾਂ ਕਹਿਂ ਬਾਕ ਉਚਾਰਾ।
ਤਾਤਕਾਲ ਸਫਲਜੋ ਬਹੁ ਬਾਰਾ ॥੨੦॥
ਨਿਜ ਘਰ ਬਸਜੋ ਪ੍ਰਥਮ ਹੀ ਬਜਾਹਾ।
ਤ੍ਰੈ ਸੁਤ ਜਨਮੇ ਨਿਜ ਘਰ ਮਾਂਹਾਂ।
ਇਕ ਦਿਨ ਗਯੋ ਗ੍ਰਾਮ ਕਿਸ ਔਰ।
ਇਕ ਰਾਹਕ ਖੇਤਨ ਕੋ ਠੌਰ ॥੨੧॥
ਕ੍ਰਿਖਿ ਬਾਢਣ ਕੋ ਦਯੋ ਲਗਾਈ।
ਸਭਿ ਬਾਸੁਰ ਲੌ ਕਾਰ ਕਮਾਈ।
ਖਾਨ ਪਾਨ ਕੀ ਖਬਰ ਨ ਲੀਨੀ।
ਸੰਧਜਾ ਪਰੀ ਜਾਟ ਮਨ ਚੀਨੀ ॥੨੨॥
ਕਹਜੋ 'ਚਲਹੁ ਅਬਿ ਖਿਚਰੀ ਦੈ ਹੈਂ।
ਭਲੀ ਭਾਂਤਿ ਤੇ ਕਹੁ ਤ੍ਰਿਪਤੈ ਹੈਂ।'
ਗੋਦੜੀਆ ਬੋਲਜੋ ਰਿਸ ਹੋਹੀ।

'ਬਾਢਣ ਦੇਹੁ ਭਲੀ ਬਿਧਿ ਮੋਹੀ' ॥੨੩॥
ਤਬਿ ਤੇ ਭਯੋ ਜਾਟ ਦੁਖਿਆਰਾ।
ਹਾਇ ਹਾਇ ਕਰਿ ਉਚ ਪੁਕਾਰਾ।
ਲੋਕਨ ਕਹਜੋ 'ਮਹਾਂ ਅਜ਼ਮਤੀ।
ਤਿਸ ਤੇ ਕਾਰ ਕਰਾਵਤਿ ਅਤੀ[1] ॥੨੪॥
ਅਜਹੁਂ ਭਿ ਤਿਸ ਕੋ ਦਧੀ ਖੁਲਾਵਹੁ।
ਹਾਥ ਜੋਰਿ ਬਿਨਤੀ ਬਖਸ਼ਾਵਹੁ।'
ਜਾਟ ਮਾਤ ਦਧਿ ਮਿਰਚਾਂ ਪਾਇ।
ਧਰਿ ਆਗੇ ਸਭਿ ਦਈ ਖੁਵਾਇ ॥੨੫॥
ਬਹੁ ਚਰਪਰੀ ਖਾਇ ਕਰਿ ਗਾਈ[1]।
'ਸਰਪ ਖਾਇ ਤਤਛਿਨ ਤੁਝ ਮਾਈ।'
ਰਾਤਿ ਬਿਖੈ ਦੋਨਹੁਂ ਮਰਿ ਗਏ।
ਪ੍ਰਾਤ ਉਠਜੋ ਕਿਤਹੂੰ ਗਮਨਏ ॥੨੬॥
ਕੇਤਿਕ ਦਜੋਸਨਿ ਫਿਰਿ ਬਹੁ ਥਾਇਂ।
ਘਰ ਪਹੁੰਚਜੋ ਪੁਨ ਸਹਜ ਸੁਭਾਇ।
ਜੋ ਕਹਿ ਦੇਤਿ ਸੁ ਕਾਰ ਕਮਾਵੈ।
ਜਪੁਜੀ ਪਢੈ ਗੁਰੁ ਗੁਰ ਧਜਾਵੈ ॥੨੭॥
ਇਕ ਦਿਨ ਖੇਤ ਬਿਖੈ ਚਲਿ ਆਯੋ।
ਸਰਸੋਂ ਹੁਤੀ ਉਖਾਰਨਿ ਲਾਯੋ।
ਮਿਲਜੋ ਸਾਧ ਬੂਝਜੋ 'ਕਜਾ ਕਰੈਂ?
ਕਿਸ ਪਰਚੇ ਮਹਿਂ ਚਿਤ ਕਉ ਧਰੈਂ ॥੨੮॥
ਬੋਲਜੋ 'ਜਰਾਂ ਉਖਾਰੋਂ ਆਛੇ।
ਪੁਨ ਲਗਿਬੇ ਕਹੁ ਨਾਹਿਨ ਬਾਂਛੇ।'
ਉੱਤਰ ਦਯੋ ਸਾਧ ਕੋ ਜਬੈ।
ਗਮਨ ਜਥੋਚਿਤ ਕੀਨਸਿ ਤਬੈ ॥੨੯॥
ਤ੍ਰੈ ਨੰਦਨ ਪੂਰਬ ਜਨਮਏ।
ਪਾਇ ਬਚਨ ਤਬਿ ਸਭਿ ਮਰਿ ਗਏ।
ਹਰਖ ਨ ਸ਼ੋਕ ਲੇਸ਼ ਜਿਸ ਮਨ ਮੈਂ।
ਹੇਮ ਧੂਲ[1] ਇਕ ਸਮ ਘਰ ਬਨ ਮੈਂ ॥੩੦॥
ਗੁਰ ਆਗਵਨ ਸੁਨਜੋ ਹਰਖਾਯੋ।

[1]ਬਹੁਤੀ।

[1]ਕਹਿਆ।

[1]ਸੋਨਾ ਮਿੱਟੀ।

ਸਹਿਜ ਸੁਭਾਇਕ ਬਿਚਰਤਿ ਆਯੋ।
ਦਰਸ਼ਨ ਕਰਤਿ ਬਿਲੰਦ ਅਨੰਦਯੋ।
ਪਦ ਅਰਬਿੰਦ ਪੁਨਹਿ ਪੁਨ ਬੰਦਯੋ
॥ ੩੧ ॥
ਸਤਿਗੁਰ ਬੂਝਨ ਕਰਯੋ ਬ੍ਰਿਤੰਤ।
ਲੋਕਨ ਕਹਯੋ 'ਬਡੋ ਇਹ ਸੰਤ।'
ਸਕਲ ਪ੍ਰਸੰਗ ਪ੍ਰਭੂ ਕੇ ਸੰਗ।
ਕਰਯੋ ਬਤਾਵਨ ਜਿਮ ਚਿਤ ਰੰਗ
॥ ੩੨ ॥
ਰਹਤਿ ਭਯੋ ਸਿੰਘਨ ਦਲ ਮਾਂਹੀ।
ਲੇਤਿ ਅਹਾਰ ਦੇਗ਼ ਤੇ ਖਾਹੀ।
ਸੱਤਿਨਾਮ ਸਿਮਰਨ ਗੁਰ ਦਰਸ਼ਨ।
ਕਰਤਿ ਨਿਤਾਪ੍ਰਤਿ ਦੋਸ਼ਨਿ ਧਰਖਨ[1]
॥ ੩੩ ॥
ਸਭਾ ਬਿਖੈ ਸਤਿਗੁਰ ਇਕ ਬੇਰਾ।
ਕਹਯੋ 'ਬਿਸ਼ੇਸ਼ ਦੇਸ਼ ਇਸ ਹੇਰਾ[1]।
[†]ਗੋਦੜੀਏ ਸਮ ਔਰ ਨ ਤਜਾਗੀ।
ਗੁਢ ਪ੍ਰਮੇਸ਼ੁਰ ਸੋਂ ਲਿਵਲਾਗੀ ॥ ੩੪ ॥
ਦੇਸ਼ ਪਵਿੱਤ੍ਰ ਕਰਨਿ ਸਮਰੱਥ।
ਚਹੈ ਸੁ ਕਰੈ ਸਕਲ ਇਸ ਹੱਥ।'
ਸ਼੍ਰੀ ਮੁਖ ਤੇ ਇਮ ਸੁਜਸੁ ਬਖਾਨਾ।
ਸੰਤ ਮਹਾਨ ਸਭਿਨਿ ਹੂੰ ਜਾਨਾ ॥ ੩੫ ॥
ਮਿਲੀ ਮੁਕਤਿਸਰ ਭਾਗੋ ਮਾਈ।
ਵਧੀ ਪ੍ਰੀਤਿ ਗੁਰ ਮਹਿਂ ਅਧਿਕਾਈ।
ਰਹਿਬੇ ਲਗੀ ਦਿਗੰਬਰ ਸੋਈ।
ਲਾਜ ਕਾਨ ਲੋਕਨ ਕੀ ਖੋਈ ॥ ੩੬ ॥
ਕਥਾ ਬੇਦ ਮਹਿਂ ਜਿਸ ਕੀ ਅਹੈ।
ਨਾਮ ਗਾਰਗੀ ਨਗਨ ਸੁ ਰਹੈ।
ਪਰਮਹੰਸਨੀ ਬਡ ਅਵਧੂਤਾ।
ਤਿਮ ਭਾਗੋ ਗੁਰ ਢਿਗ ਅਵਧੂਤਾ ॥ ੩੭ ॥
ਗਰਵੀ ਸਾਂਗ ਹਾਥ ਮਹਿਂ ਧਰੈ।
ਸਦਾ ਅਨੰਦ ਏਕ ਰਸ ਥਿਰੈ।

[1]ਦੋਸ਼ਾਂ ਦੇ ਨਾਸ਼ ਕਰਤਾ-ਸ਼੍ਰੀ ਗੁਰੂ ਜੀ-ਦਾ।

[1]ਇਸ ਦੇਸ਼ ਨੂੰ ਬਹੁਤਾ ਦੇਖਿਆ ਹੈ।

[†]ਇਹ ਸਾਖੀ ਪੋਥੀ ਵਿਚੋਂ ਹੈ।

ਕੇਤਿਕ ਮਾਸ ਨਗਨ ਜਬਿ ਰਹੀ।
ਇਕ ਦਿਨ ਦੇਖਿ ਨਿਕਟ ਗੁਰ ਕਹੀ ॥੩੮॥
'ਸੁਨਿ ਮਾਈ ਭਾਗੋ ਸਚਿਆਰੀ।
ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮਹੰਸ ਆਵਸਥਾ ਪਾਈ।
ਤੁਝ ਕੋ ਦੋਸ਼ ਨ ਲਗੈ ਕਦਾਈ ॥੩੯॥
ਰਹਨਿ ਦਿਗੰਬਰ ਤੁਝ ਬਨਿ ਆਈ।
ਇਕ ਰਸ ਬ੍ਰਿੱਤਿ ਭਈ ਲਿਵ ਲਾਈ।
ਤਨ ਹੰਤਾ ਸਭਿ ਰਿਦੇ ਬਿਨਾਸ਼ੀ।
ਪਾਯੋ ਪਰਮ ਰੂਪ ਅਬਿਨਾਸ਼ੀ ॥੪੦॥
ਤਊ ਸੰਗ ਤੂੰ ਰਹਤਿ ਹਮਾਰੇ।
ਪਹਿਰਿ ਕਾਛ, ਲਘੁ ਸਿਰ ਦਸਤਾਰੇ[1]।
ਊਪਰ ਚੀਰ ਚਾਦਰਾ ਲੀਜੈ।
ਦੇਹ ਅਛਾਦਹੁ ਸਮਾ ਬਿਤੀਜੈ' ॥੪੧॥
ਸੁਨਿ ਗੁਰ ਹੁਕਮ ਮਾਨ ਤਿਨ ਲੀਨਾ।
ਬਸਤ੍ਰ ਸ਼ਰੀਰ ਅਛਾਦਨ ਕੀਨਾ।
ਕਰ ਮਹਿਂ ਸਾਂਗ ਸਦਾ ਗਹਿ ਰਾਖੇ।
ਰਹੈ ਸੰਗ ਗੁਰ ਕੇ ਅਭਿਲਾਖੇ ॥੪੨॥
ਇਕ ਦਿਨ ਲਗਜੋ ਦਿਵਾਨ ਸੁਹਾਈ।
ਬੈਠਜੋ ਡੱਲਾ ਨਿਕਟ ਗੁਸਾਈਂ।
ਸੂਬਾ ਜੋ ਸਿਰ੍ਹੰਦ ਮਹਿਂ ਰਹੈ।
ਨਾਮ ਵਜ਼ੀਦ ਖਾਨ ਜਿਸ ਕਹੈਂ ॥੪੩॥
ਗੁਰ ਕੀ ਸੁਧਿ ਤਿਲਵੰਡੀ ਸੁਨੀ।
ਬਿਸਮਾਨਜੋ ਜੜ੍ਹ ਮੁੰਡੀ ਧੁਨੀ।
ਬਡੇ ਬਡੇ ਰਚਿ ਜੰਗ ਅਖਾਰੇ।
ਜੀਵਤਿ ਰਹਜੋ ਨ ਲਰਿ ਕਿਨ ਮਾਰੇ ॥੪੪॥
ਹਤਿ ਦੀਨਸਿ ਲਾਖਹੁਂ ਤੁਰਕਾਨਾ।
ਗ੍ਰਾਮ ਨਗਰ ਭਾ ਸ਼ੋਕ ਮਹਾਨਾ।
ਲਿਖਿ ਭੇਜਜੋ ਡੱਲੇ ਕੋ ਤਬੈ।
'ਗੁਰ ਕੋ ਪਕਰਿ ਦੇਹੁ ਇਤ ਅਬੈ ॥੪੫॥

[1]ਛੋਟੀ ਦਸਤਾਰ।

ਹਜ਼ਰਤ ਦੇਹਿ ਤੋਹਿ ਬਡਿਆਈ।
ਗਹੋ ਅਚਾਨਕ ਦੇਹੁ ਪਠਾਈ।
ਨਾਂਹਿ ਤ ਚਮੂੰ ਆਨਿ ਕਰਿ ਭਾਰੀ।
ਤੋਹਿ ਸਹਤ ਲੇ ਹੈ ਗੁਰ ਮਾਰੀ' ॥੪੬॥
ਸੋ ਕਾਗਦ ਆਯੋ ਪਢਿ ਲੀਨਿ।
ਉੱਤਰ ਕੋ ਲਿਖਾਇ ਤਬਿ ਦੀਨਿ।
'ਸੰਗ ਗੁਰੂ ਕੇ ਪ੍ਰਾਨ ਹਮਾਰੇ।
ਕਿਮ ਦੈਹੈਂ ਤੁਝ ਮਰੇ ਨ ਮਾਰੇ[1] ॥੪੭॥
ਜੇ ਕਰਿ ਚਮੂੰ ਘਨੀ ਪੁਨ ਆਵੈ।
ਮਾਰਿ ਕਿਤਿਕ ਹਮ ਤਜਿ ਪੁਰਿ ਜਾਵੈਂ।
ਜਾਇ ਪ੍ਰਵੇਸ਼ਹਿਂ ਜੰਗਲ ਮਾਂਹੀ।
ਜਹਾਂ ਨੀਰ ਹੁਇ ਪ੍ਰਾਪਤਿ ਨਾਂਹੀ ॥੪੮॥
ਗੁਰ ਕੇ ਸੰਗ ਰਹੈਂਗੇ ਸਦਾ।
ਤੇਰੋ ਹੁਕਮ ਕਰਹਿਂਗੇ ਅਦਾ[1]।'
ਇਮ ਲਿਖਿ ਪਠਜੋ ਸੁਨਤਿ ਦੁਖ ਪਾਯੋ।
ਮਹਾਂ ਮੂਢ ਕੋ ਬਸ ਨ ਬਸਾਯੋ ॥੪੯॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਗੋਦੜੀਆ, ਭਾਗੋ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

[1]ਮਰੇ ਮਾਰੇ ਬਿਨਾ।

[1]ਅਦਾ, ਭਾਵ ਦੂਰ।

## ੨੩. [ਰਾਮ ਸਿੰਘ ਦੇ ਘਰ ਭਾਈ ਕੇ ਚੱਕ। ਦਜਾਲ ਦਾਸ]

੨੨<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੪

ਦੋਹਰਾ:

†ਇਕ ਦਿਨ ਡੱਲੇ ਸੋਂ ਕਹ੍ਯੋ, 'ਹਮਰੀ ਚਾਹਿ ਮਹਾਨ।
ਦੁਰਗ ਬਠਿੰਡੇ ਕੋ ਪਿਖਹਿਂ, ਬਡੋ ਲਰਨ ਕੋ ਥਾਨ ॥੧॥

†ਥੋੜੇ ਫਰਕ ਤੋ ਛੁੱਟ ਇਹ ਬੀ ਸਾਖੀ ਪੋਥੀ ਦੀ ਹੀ ਸਾਖੀ ਹੈ।

ਚੌਪਈ:

ਕੇਤਿਕ ਦਿਨ ਇਤ ਉਤ ਬਿਚਰੈ ਹੈਂ।
ਸਹਿਜ ਸੁਭਾਇਕ ਪੁਨ ਚਲਿ ਐਹੈਂ।'
ਤਬਿ ਡੱਲਾ ਬੋਲ੍ਯੋ ਕਰ ਜੋਰਿ।
'ਪ੍ਰਭੁ ਜੀ ਤੁਰਕ ਨ ਹੈਂ ਇਤ ਓਰ ॥੨॥
ਦੇਸ਼ ਮਵਾਸੀ ਜਲ ਬਿਨ ਸਦਾ।
ਦੁਰਗ ਬਠਿੰਡਾ ਊਜਰ ਤਦਾ।
ਪੂਰਬ ਬਸ੍ਯੋ ਭਯੋ ਚਿਰ ਕਾਲਾ।
ਕੀਨਸਿ ਬਿਨੈਪਾਲ ਮਹਿਪਾਲਾ[1] ॥੩॥
ਬਿਚਰਹੁ ਜਥਾ ਆਪ ਕੀ ਮਰਜ਼ੀ।
ਤੁਰਕ ਨ ਆਇ ਸਕੈਂ ਰਨ ਗਰਜ਼ੀ[1]।
ਬਹੁਰ ਕ੍ਰਿਪਾ ਕਰਿ ਇਤ ਹੀ ਆਵਹੁ।
ਬਸਿਬੇ ਅਪਰ ਨ ਚਿਤ ਲਲਚਾਵਹੁ' ॥੪॥
ਦੇ ਧੀਰਜ ਕੋ ਚਢੇ ਗੁਸਾਈਂ।
ਸਿੰਘਨ ਚਮੂੰ ਸੰਗ ਸਮੁਦਾਈ।
ਖੇਲਤਿ ਕਿਤਿਕ ਅਖੇਰ ਚਲੰਤੇ।
ਇਤ ਉਤ ਬਿਚਰਤਿ ਸ਼੍ਰੀ ਭਗਵੰਤੇ ॥੫॥
ਚੱਕ ਗ੍ਰਾਮ ਭਾਈ ਕੋ ਜਹਾਂ।
ਰਾਮ ਸਿੰਘ ਤਜਾਰੀ ਕਿਯ ਮਹਾਂ।
ਤਹਾਂ ਜਾਇ ਪਹੁੰਚੇ ਤਤਕਾਲਾ।
ਕਰਹਿਂ ਨਿਹਾਲ ਸੇਵਕਨਿ ਜਾਲਾ ॥੬॥
ਪਿਖਿ ਆਗਵਨ ਪਹੂਚਿ ਅਗਾਰੀ।
ਗ੍ਰਾਮ ਨਰਨ ਪਦ ਬੰਦਨ ਧਾਰੀ।
ਲੇ ਕਰਿ ਸੰਗ ਅੱਗ੍ਰ ਹ੍ਵੈ ਚਾਲਾ।
ਰਾਮ ਸਿੰਘ ਕਰਿ ਭਾਉ ਬਿਸਾਲਾ ॥੭॥

[1]ਬਿਨੈਪਾਲ (ਨਾਮ) ਰਾਜਾ ਨੇ ਬਨਾਵਣਾ ਕੀਤਾ ਸੀ।

[1]ਜੰਗ ਦੀ ਇੱਛਾ ਕਰਕੇ।

ਥਲ ਚਲਦਲ[1] ਤਰੁਵਰ ਕੇ ਤਰੇ।
[1]ਪਿਪਲ ਬ੍ਰਿੱਛ।

ਰਚੀ ਧੋਹ ਸੀਤਲਤਾ ਕਰੇ[1]।
[1]ਧੋਹ ਲਵਾਈ ਜਿਸ ਨੂੰ ਠੰਢਿਆਂ ਕਰਦੇ ਰਹਿੰਦੇ ਹਨ। [ਧੋਹ=ਬੂਹਣੀਆਂ ਤੇ ਬ੍ਰਿੱਛਾਂ ਦੇ ਟਾਹਣ ਪਾਕੇ ਘਾਸ ਫੂਸ ਨਾਲ ਬਣਾਇਆ ਝੌਂਪੜਾ]।

ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ।
ਤਜਿ ਤੁਰੰਗ ਕੋ ਅੰਤਰ ਬਾਰੇ ॥੮॥
ਸਿਕਤਾ ਮੋਟ ਸਕਲ ਥਲ ਡਾਲਾ।
ਜਲ ਸੀਤਲ ਛਿਰਕਾਉ ਬਿਸਾਲਾ।
ਕੋਰੇ ਘਰੇ ਭਰੇ ਗਨ ਧਰੇ।
ਰੁਚਿਰ ਪ੍ਰਯੰਕ ਡਸਾਵਨ ਕਰੇ ॥੯॥
ਆਸਤਰਨ ਸਿਤ ਸਹਤ ਨਿਹਾਰਾ[1]।
[1]ਚਿੱਟੇ ਆਸਤਰਨ ਸਹਿਤ (ਪਲੰਘ) ਦੇਖਿਆ।

ਬੈਠਿ ਗੁਰੂ ਇਮ ਬਾਕ ਉਚਾਰਾ।
'ਸੁਨਿ ਬੇ[1] ਰਾਮ ਸਿੰਘ ! ਕਹਿ ਜੋਈ[2]।
[1]ਹੇ। [2]ਜੋ ਤੂੰ ਕਹਿੰਦਾ ਸੀ।

-ਤਪਤ ਬਿਸਾਲ ਗ੍ਰਾਮ ਹਮ ਹੋਈ- ॥੧੦॥
ਕਰਯੋ ਬਿਲੋਕਨਿ ਸੁੰਦਰ ਥਾਨ।
ਸ਼੍ਰੀ ਜਮਨਾ ਕੇ ਕੂਲ ਸਮਾਨ।
ਬਾਉ ਪਾਂਵਟੇ ਕੇ ਸਮ ਆਈ।
ਗ੍ਰੀਖਮ ਕੀ ਸਭਿ ਤਪਤ ਮਿਟਾਈ' ॥੧੧॥
ਇਮ ਸਰਾਹਿ ਕਰਿ ਗੁਰ ਭਗਵਾਨੂ।
ਭਏ ਸਥਿਰ ਸੁਠ ਦੇਖਿ ਸਥਾਨੂ।
ਦੇਗ਼ ਕਰਾਵਤਿ ਭਯੋ ਬਿਸਾਲਾ।
ਥਾਲ ਪਰੋਸਿ ਲਜਾਇ ਤਤਕਾਲਾ ॥੧੨॥
ਮਨ ਭਾਵਤ ਸ਼੍ਰੀ ਪ੍ਰਭੁ ਜੀ ਖਾਇ।
ਅਪਰ ਦੇਗ਼ ਸਭਿ ਕੋ ਬਰਤਾਇ।
ਸੁੰਦਰੀ ਸਾਹਿਬ ਦੇਵੀ ਦੋਇ।
ਸਦਨ ਉਤਾਰਿ ਸੇਵ ਕਰਿ ਸੋਇ ॥੧੩॥
ਗੁਰ ਕੋ ਥਾਲ ਰਾਮ ਸਿੰਘ ਲਯੋ।
ਸੀਤ ਪ੍ਰਸ਼ਾਦਿ ਅਚਵਤੋ ਭਯੋ।
ਜੁਗ ਮਾਤਨ ਕੇ ਦੋਨਹੁ ਥਾਲ।
ਲੇ ਭਯਾਣੀਯੋਂ[1] ਨੇ ਤਿਸ ਕਾਲ ॥੧੪॥
[1]ਭਾਈਆਂ ਦੀਆਂ ਇਸਤ੍ਰੀਆਂ ਨੇ।

ਸੀਤ ਪ੍ਰਸਾਦ ਸੁੰਦਰੀ ਕੇਰਾ।

ਸੋ ਅਚਵਨ ਕੀਨਸਿ ਤਿਸ ਬੇਰਾ।
ਸਾਹਿਬ ਦੇਵੀ ਕੋ ਲੇ ਥਾਰ।
ਦਿਯੋ ਕੂਕਰਨਿ ਆਗੇ ਡਾਰਿ ॥੧੫॥
ਸੁਨਿ ਕੈ ਕੋਪ ਕਪਯੋ ਮਨ ਮਾਂਹੀ।
ਕਹਿ ਭੇਜਯੋ ਸਤਿਗੁਰ ਕੇ ਪਾਹੀ।
-ਹਮ ਨੇ ਕਹਯੋ ਨਹੀਂ- ਤੁਮ ਲੇਹੁ।
-ਲੇ ਕਰਿ ਆਪ ਕਰੀ ਬਿਧਿ ਏਹੁ-
॥੧੬॥
ਰਾਮ ਸਿੰਘ ਸੰਗ ਪ੍ਰਭੁ ਉਚਾਰਾ।
'ਇਹ ਕਯਾ ਕੀਨਿ ਤੁਮਾਰੀ ਦਾਰਾ? -।
ਹਾਥ ਬੰਦਿ ਬੋਲਯੋ ਤਿਸ ਕਾਲਾ।
'ਇਸ ਕੋ ਭਯੋ ਨ ਗੋਤ ਕੁਨਾਲਾ ॥੧੭॥
ਗੁਰੂ ਅੰਗ ਸੰਗ ਨਹਿਂ ਤਨ ਲਾਗਾ।
ਇਮ ਬਿਚਾਰ ਕਰਿ ਥਾਰ ਸੁ ਤਯਾਗਾ।'
†ਦਯਾਲਦਾਸ ਸੁਨਿ ਪ੍ਰਭੁ ਆਗਵਨੂ।
ਪੂਰਬ ਮਾਨਯੋਂ ਬਾਕ ਨ ਜਵਨੂ[1] ॥੧੮॥
ਭੁੱਚੋ[1] ਤੇ ਸੋ ਚਲਿ ਕਰਿ ਆਯਹੁ।
ਚਰਨ ਸਰੋਜਨ ਸੀਸ ਨਿਵਾਯਹੁ।
ਤਿਸ ਕੋ ਪਿਖਿ ਬੋਲੇ ਨ ਗੁਸਾਈਂ।
ਰਾਮ ਸਿੰਘ ਕਰ ਬੰਦਿ ਅਲਾਈ ॥੧੯॥
'ਇਸ ਹੀ ਬਾੜੀ[1] ਕੋ ਪ੍ਰਭੁ ! ਏਹੋ।
ਅਪਨੋ ਜਾਨਹੁ ਕ੍ਰਿਪਾ ਕਰੇਹੋ।'
ਤਊ ਨ ਰੁਖ਼ ਕਰਿ, ਕਛੁ ਨ ਬਖਾਨਯੋਂ।
ਤਬਿ ਦੋਨਹੁਂ ਨੇ ਆਸ਼ੈ ਜਾਨਯੋ ॥੨੦॥
ਸਮੁਝਾਯੋ ਤਹਿਂ[1] ਕਰਿ ਕੈ ਨਜਾਰੋ।
'ਦੁਰਗ ਬਠਿੰਡੇ ਪ੍ਰਭੁ ਪਧਾਰੇ[1]।
ਭੁੱਚੇ ਗ੍ਰਾਮ ਨਿਕਟ ਕੋ ਜਾਇਂ।
ਤੂੰ ਚਲਿ ਕਰਿ ਤਯਾਰੀ ਕਰਿਵਾਇ
॥੨੧॥
ਦੇਗ ਬਿਸਾਲ ਕਰਾਹੁ ਕਰੀਜੈ।
ਤਬਿ ਕਰਿ ਅਰਜ਼ੀ ਗੁਰੁ ਰਿਝੀਜੈ।'
ਸੁਨਿ ਕਰਿ ਦਯਾਲਦਾਸ ਗਮਨਯੋ।

†ਸਾਖੀ ਪੋਥੀ ਦੀ ਸਾਖੀ ਹੈ।
[1]ਜਿਸ ਨੇ।
[1]ਨਾਮ ਪਿੰਡ ਦਾ।
[1]ਭਾਵ ਭਗਤੂ ਦੀ ਕੁਲ ਦਾ।
[1]ਭਾਵ, ਦਿਆਲ ਦਾਸ ਨੂੰ।
[1]ਜਾਣਗੇ ਗੁਰੂ ਜੀ।

ਭੋਜਨ ਪੁੰਜ ਤਯਾਰ ਕਰਿਵਯੋ ॥੨੨॥
ਸੰਧ੍ਯਾ ਭਈ ਰਾਮ ਸਿੰਘ ਪ੍ਰਾਹੀ।
'ਚਲਹੁ ਪ੍ਰਭੂ ਉਤਰਹੁ ਘਰ ਮਾਹੀ।'
ਕਹ੍ਯੋ 'ਇਹਾਂ ਹੀ ਬਸਹਿਂ ਸੁਖਾਰੇ।
ਆਛੋ ਥਾਨ ਪਸਿੰਦ ਹਮਾਰੇ' ॥੨੩॥
'ਕਰਹੁ ਗੁਰੂ ਪਗ ਪੰਕਜ ਪਾਵਨ।
ਸਦਨ ਹਮਾਰੇ ਹ੍ਵੈ ਹੈਂ ਪਾਵਨ।'
ਬਿਨੈ ਬਖਾਨਤਿ ਲੇ ਕਰਿ ਚਾਲਾ।
ਇਕ ਬਿਮਾਤ ਇਸ ਕੀ[1] ਤਿਸ ਕਾਲਾ ॥੨੪॥

[1]ਭਾਵ ਰਾਮ ਸਿੰਘ ਦੀ ਮਤ੍ਰੇਈ ਮਾਤਾ।

ਸੂਖਮ ਖੇਸ ਸੁਪੈਦ ਅਛੇਰਾ।
ਭੁਜ ਪਰ ਧਰਿ ਛਪਾਇ ਮਗ ਹੇਰਾ[1]।

[1]ਬਾਂਹ ਤੇ (ਖੇਸ) ਰੱਖਕੇ ਛਪਾ ਲਿਆ (ਤੇ ਸ੍ਰੀ ਗੁਰੂ ਜੀ ਦੇ) ਰਾਹ ਨੂੰ ਦੇਖਦੀ ਹੈ।

-ਰਾਮ ਸਿੰਘ ਕੇ ਸਦਨ ਨ ਜਾਵੌਂ।
ਇਤ ਆਵਹਿਂ ਗੁਰ ਅੱਗ੍ਰ ਚਢਾਵੌਂ ॥੨੫॥
ਇਮ ਉਰ ਧਰਿ ਕਰਿ ਥਿਰੀ ਅਗਾਰੀ।
ਸਤਿਗੁਰੂ ਜਾਨੀ ਤਿਹਿ ਬਿਧਿ ਸਾਰੀ।
ਮੁਰੇ ਜਾਨਿ ਤਿਸ ਕੀ ਦਿਸ਼ਿ ਜਬੈ।
ਰਾਮ ਸਿੰਘ ਬੋਲ੍ਯੋ ਬਚ ਤਬੈ ॥੨੬॥
'ਇਤ ਆਵਹੁ, ਇਤ ਆਵਹੁ ਸ੍ਵਾਮੀ!'
'ਚਲ ਤੂੰ' ਭਾਖ੍ਯੋ ਅੰਤਰਜਾਮੀ।
'ਹਮ ਭੀ ਆਏ, ਹੈ ਕੁਛ ਕਾਮੂ।'
ਹੋਰਤਿ[1] ਗਏ ਪੌਰ ਤ੍ਰਿਯ ਧਾਮੂ ॥੨੭॥

[1]ਰੋਕਦਿਆਂ ਰੋਕਦਿਆਂ।

-ਲਖ੍ਯੋ ਪ੍ਰੇਮ ਮਮ- ਤਿਹ ਤ੍ਰਿਯ ਜਾਨੀ[1]।

[1]ਉਸ ਬੀਬੀ ਨੇ ਜਾਣ ਲਿਆ ਕਿ (ਗੁਰੂ ਜੀ ਨੇ) ਮੇਰਾ ਪ੍ਰੇਮ ਲਖ ਲਿਆ ਹੈ।

ਧਾਇ ਚਰਨ ਪੰਕਜ ਲਪਟਾਨੀ।
ਖੇਸ ਭੇਟ ਦੇ ਕਰਿ ਹਰਖਾਈ।
-ਧੰਨ ਧੰਨ ਗੁਰ- ਉਰ ਲਖਿ ਪਾਈ ॥੨੮॥
ਰਾਮ ਸਿੰਘ ਕੀ ਦਿਸ਼ਿ ਪੁਨ ਆਏ।
ਅੱਗ੍ਰ ਹੋਇ ਨਿਜ ਘਰ ਪ੍ਰਵਿਸ਼ਾਏ।
ਘਰ ਪਰ ਕਾਚੋ ਹੁਤੋ ਚੁਬਾਰਾ।

ਤਿਸ ਮਹਿਂ ਚਾਹਯੋ -ਕਰਹਿਂ ਉਤਾਰਾ- ॥੨੯॥
ਰਾਮ ਸਿੰਘ ਕੇ ਘਰ ਬਿਚ ਜਾਨਾ[1]।

[1]ਰਾਮ ਸਿੰਘ ਦੇ ਘਰ ਵਿਚੋਂ (ਉਪਰ ਚੁਬਾਰੇ ਵਿਚ) ਜਾਣ ਲਈ।

ਕਾਸ਼ਟ ਕੀਨਿ ਤਹਿਂ ਧਰੀ ਸੁਪਾਨਾ।
ਬਖਤੂ ਸਿੰਘ ਕੇ ਘਰ ਮਹਿਂ ਜੋਇ।
ਚਢਨਿ ਸੁਪਾਨ ਮ੍ਰਿਤਕਾ ਸੋਇ ॥੩੦॥
-ਮਮ ਸ਼ਰੀਕ ਕੇ ਸਦਨ ਨ ਜਾਏਂ-।
ਕਾਸ਼ਟ ਪੌਰੀ ਗੁਰੂ ਚਢਾਏ।
ਊਪਰ ਚਢਿ ਅਵਿਲੋਕੀ ਜਬੈ।
ਸ਼੍ਰੀ ਮੁਖ ਤੇ ਫੁਰਮਾਯੋ ਤਬੈ ॥੩੧॥
'ਇਹ ਕਜਾ ਰਾਮ ਸਿੰਘ ਤੈਂ ਕੀਨਾ?
ਕਠਨ ਥਾਨ ਕੋ ਮਾਰਗ ਦੀਨਾ।
ਕਰਤਿ ਸ਼ਰੀਕਾ ਇਤਹਿ ਚਢਾਏ।
ਐਸੇ ਨਹਿਂ ਤੁਝ ਕੋ ਬਨਿ ਆਏ!' ॥੩੨॥
ਬਸੇ ਰਾਤਿ ਕੋ ਤਿਸਹਿ ਚੁਬਾਰੇ।
ਕੀਨਸਿ ਸੌਚ ਸ਼ਨਾਨ ਸਕਾਰੇ।
ਉਤਰੇ ਮ੍ਰਿਤਕਾ ਕੀ ਸੌਪਾਨ।
ਬਖਤੂ ਸਿੰਘ ਤਖਤੂ ਸਿੰਘ ਜਾਨਿ ॥੩੩॥
ਪਲੰਘ ਡਸਾਇ ਗੁਰੂ ਬੈਠਾਏ।
ਟੇਕਯੋ ਮਾਥ ਅਕੋਰ ਚਢਾਏ।
ਇਕ ਬਾਲਿਕ ਤਿਨ ਕੋ ਤਬਿ ਆਯੋ।
ਸ਼੍ਰੀ ਪ੍ਰਭੁ ਅੰਕ ਬਿਖੈ ਬੈਠਾਯੋ[1] ॥੩੪॥

[1]ਸ੍ਰੀ ਗੁਰੂ ਜੀ ਨੇ (ਆਪਣੀ) ਗੋਦ ਵਿਖੇ ਬਿਠਾਲਿਆ।

ਰਾਮ ਸਿੰਘ ਅਵਿਲੋਕਤਿ ਝਿਰਕਾ।
'ਅਦਬ ਨਹੀਂ ਤੁਮ ਰਾਖਯੋ ਗੁਰ ਕਾ।
ਬਸਤ੍ਰ ਆਦਿ ਛੁਵਬੇ ਜਿਨ ਨਾਂਹੀ।
ਕਰਹੁ ਅਵੱਗਜਾ ਅੰਕ ਬਿਠਾਹੀ[1]' ॥੩੫॥

[1]ਗੋਦੀ ਵਿਚ ਬੈਠਕੇ।

ਕਹਯੋ ਪ੍ਰਭੁ 'ਨਹੀਂ ਝਿਰਕਨ ਬਾਂਛੋ।
ਇਹ ਭੀ ਪੁਰਖ ਹੋਇ ਹੈ ਆਛੋ[†]।'

[†]ਬੱਚਿਆਂ ਨਾਲ ਪਿਆਰ ਗੁਰੂ ਘਰ ਵਿਚ ਮੁੱਢ ਤੋਂ ਚਲਿਆ ਆਇਆ ਹੈ।

ਏਕ ਤੁਰੰਗਮ ਕੋ ਸ਼ਿੰਗਾਰ।
ਲਿਏ ਰਜਤਪਣ ਸੌ ਕਰ ਧਾਰਿ ॥੩੬॥
ਰਾਮ ਸਿੰਘ ਇਹ ਤਬੈ ਉਪਾਇਨ।
ਦਈ ਪ੍ਰਭੁ ਕੋ ਧਰਿ ਸਿਰ ਪਾਇਨ[1]।
ਖੁਸ਼ੀ ਕਰੀ ਮਨ ਬਾਂਛਤਿ ਦੀਨਿ।
ਕਹਿ ਕਰਿ ਹਯ ਮੰਗਵਾਵਨ ਕੀਨਿ ॥੩੭॥

[1]ਚਰਨਾਂ ਤੇ ਸਿਰ ਰੱਖਕੇ।

ਭਏ ਅਰੂਢਨ ਪੰਥ ਪਧਾਰੇ।
ਗਮਨੇ ਕੇਚਿਤ ਕੋਸ ਅਗਾਰੇ।
ਭੁੱਚੋ ਗ੍ਰਾਮ ਤੀਰ ਚਲਿ ਗਏ।
ਤਹਾਂ ਤੜਾਗ[1] ਬਿਲੋਕਤਿ ਭਏ ॥੩੮॥

[1]ਤਲਾਬ।

ਤਿਸ ਮਹਿਂ ਪਾਨੀ ਕੁਛਕ ਮਲੀਨ।
ਤ੍ਰਿਖਾ ਤੁਰੰਗਮ ਕੀ ਪ੍ਰਭੁ ਚੀਨ।
ਬੀਚ ਪ੍ਰਵੇਸ਼ੇ ਪਾਨ ਕਰਾਵਨ।
ਹਯ ਕੀ ਗ੍ਰੀਵਾ ਕੀਨਿ ਨਿਵਾਵਨ ॥੩੯॥
ਪਾਨੀ ਪਾਨ ਨ ਕੀਨ ਪਛਾਨਾ[1]।

[1]ਭਾਵ ਘੋੜੇ ਨੇ ਪਾਣੀ ਨਾ ਪੀਤਾ ਤੇ ਸਤਿਗੁਰਾਂ ਨੇ ਕਾਰਨ ਜਾਣ ਲਿਆ। (ਅ) ਘੋੜੇ ਨੇ ਪਾਣੀ ਨਾ ਪੀਤਾ (ਸਗੋਂ) ਪਛਾਣਿਆ ਬੀ ਨਾ।

ਸ਼੍ਰੀ ਮੁਖ ਤੇ ਤਿਸ ਸਮੈਂ ਬਖਾਨਾ।
'ਹੈਂ ਮਸੰਦ ਕੀ ਇਤ ਬਦਬੋਇ।
ਯਾਂ ਤੇ ਅਸੁ[1] ਜਲ ਛਕਯੋ ਨ ਸੋਇ' ॥੪੦॥

[1]ਘੋੜੇ ਨੇ।

ਗ੍ਰਾਮ ਬਿਖੈ ਸਿਖ ਤਬੈ ਪਠਾਯੋ।
ਦਜਾਲ ਦਾਸ ਘਰ ਕੋ ਦਰਸਾਯੋ।
ਬੈਠਯੋ ਹੁਤੋ ਆਨਿ ਤਿਸ ਕਹਯੋ।
ਸੁਨਿ ਕੈ ਸਭਿ ਹੂੰ ਨਿਸ਼ਚੈ ਲਹਯੋ ॥੪੧॥
ਦਜਾਲ ਦਾਸ ਸੁਨਿ ਕੈ ਆਗਵਨੂ।
ਤੂਰਨ ਗਮਨਯੋਂ ਤਜਾਗਤਿ ਭਵਨੂ।
ਮਿਲਯੋ ਜਾਇ ਪਗ ਬੰਦਨ ਠਾਨੀ।
ਹਾਥ ਜੋਰਿ ਕਰਿ ਅਰਜ਼ ਬਖਾਨੀ[1]† ॥੪੨॥

[1]ਬੁੱਢੇ ਨੇ ਗੱਲ ਸਮਝ ਲਈ (ਫਿਰ ਬੀ) ਬਹੁਤ ਬੇਨਤੀ ਕੀਤੀ। (ਅ) (ਦਜਾਲ ਦਾਸ ਨੇ) ਬਹੁਤ ਬੇਨਤੀ ਕੀਤੀ (ਮੈਂ) ਬੁੱਢੇ ਵੱਲ ਤੱਕੋ। †ਸਾਖੀ ਪੋਥੀ ਵਿਚ ਲਿਖਿਆ ਹੈ ਕਿ ਇਥੇ ਦਜਾਲ ਦਾਸ ਨੇ ਬਿਨੈ ਕੀਤੀ ਕਿ 'ਅੰਮ੍ਰਿਤ ਛਕਾਓ'।

'ਸ਼੍ਰੀ ਸਤਿਗੁਰ ਕੀਜਹਿ ਇਤ ਡੇਰਾ।
ਜਾਨਹੁ ਭਲੇ ਕਦੀਮੀ ਚੇਰਾ।'
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਇ।
'ਉਤਰੈਂ ਭਾਗੂ ਗ੍ਰਾਮ ਸੁ ਜਾਇ' ॥੪੩॥
ਲਖਜੋ ਬ੍ਰਿੱਧ ਬਹੁ ਬਿਨੈ ਬਖਾਨੀ।
'ਤਯਾਰ ਕਰੀ ਮੈਂ ਦੇਗ ਮਹਾਂਨੀ।
ਭੋਜਨ ਅਚਹੁ ਕਰਹੁ ਬਰਤਾਵਨ।
ਪਾਵਨਿ ਪਾਵਨਿ ਕਰਿ ਘਰ ਪਾਵਨ[1] ॥੪੪॥

[1]ਚਰਨ ਪਾਕੇ ਘਰ ਪਵਿੱਤ੍ਰ ਕਰੋ।

ਪੁਨ ਗੁਰ ਭਨਜੋਂ 'ਨ ਉਤਰਨ ਬਨੈ।
ਗਮਨੈਂ ਪੰਥ ਘਾਮ ਹ੍ਵੈ ਘਨੈ[1]।'

[1]ਹੁਣ) ਰਾਹ ਚਲਦੇ ਹਾਂ (ਫੇਰ) ਬਹੁਤੀ ਧੁੱਪ ਹੋ ਜਾਵੇਗੀ।

ਇਮ ਕਹਿ ਅੱਗ੍ਰ ਪਯਾਨੋ ਕੀਨ।
ਦਯਾਲ ਦਾਸ ਤੇ ਲੀਨਿ ਨ[1] ਦੀਨ ॥੪੫॥

[1]ਨਾ (ਪ੍ਰਸ਼ਾਦ) ਲਿਆ ਨਾ (ਅੰਮ੍ਰਿਤ) ਦਿੱਤਾ (ਭਾਵ ਛਕਾਇਆ)।

ਰਾਮ ਸਿੰਘ ਤਿਹ ਸੰਗ ਉਬਾਚਾ।
'ਅਬਿ ਉਪਚਾਰ ਕਰਹੁ ਇਮ ਚਾਚਾ।
ਸਕਲ ਅਹਾਰ ਤਿਹਾਵਲ ਜੋਇ।
ਊਪਰ ਸਕਟ ਲਾਦ ਲਿਹੁ ਸੋਇ ॥੪੬॥
ਗਮਨਹੁ ਸੰਗ ਪ੍ਰਸੰਨਤਾ ਧਰੈਂ।
ਲੇਹਿਂ ਦੇਗ਼ ਬੰਟਨਿ ਕੋ ਕਰੈਂ।
ਗੁਰੂ ਬਿਰੁਖ ਤੁਮ ਸੋਂ ਲਖਿ ਮਹਾਂ।
ਬਖਸ਼ੈਂ ਹੈਂ ਚਲੀਅਹਿ ਜਹਿਂ ਕਹਾਂ' ॥੪੭॥
ਇਮ ਸੁਨਿ ਕੈ ਤਿਨ ਸਕਟ ਲਦਾਯੋ।
ਕਰਿ ਕੈ ਤਯਾਰ ਸੰਗ ਚਲਿਵਾਯੋ।
ਆਗੈ ਗਮਨ ਕੀਨਿ ਸੁਖ ਧਾਮੂ।
ਡੇਰਾ ਕੀਯਸਿ ਸਭਾ ਗ੍ਰਾਮੂ ॥੪੮॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਠਿੰਡੇ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

## ੨੪. [ਬਠਿੰਡਿਓਂ ਕਾਣਾ ਦੇਉ ਕੱਢਣਾ]

੨੩<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਨਿਸ ਬਿਤਾਇ ਸ੍ਰੀ ਸਤਿਗੁਰੂ, ਕਰਿ ਕੈ ਸੌਚ ਸ਼ਨਾਨ।
ਗਏ ਬਠਿੰਡੇ ਦੁਰਗ ਕੋ, ਦੇਖ੍ਯੋ ਜਾਇ ਮਹਾਨ ॥੧॥

ਚੌਪਈ:

ਗੁਰ ਬਹੀਰ ਮੈਂ ਮਿਲਿ ਚਲਿ ਆਯੋ।
ਗੋਦੜੀਆ ਜਿਹ ਨਾਮ ਕਹਾਯੋ।
ਦਯਾਲਦਾਸ ਭਰਿ ਸਕਟ ਅਹਾਰਾ।
ਫਿਰੈ ਲਿਯੋ[1], ਨਹਿਂ ਅੰਗੀਕਾਰਾ ॥੨॥
ਡੇਰਾ ਕੀਯਸਿ ਗੁਰ ਭਗਵਾਨ।
ਉਤਰੇ ਸਰਬ ਚੁਗਿਰਦੇ ਆਨਿ।
ਨਿਸਾ ਪਰੀ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥੩॥
ਪਹਿਰਾ ਦੇਤ ਸਿੰਘ ਹੈਂ ਖਰੇ।
ਬਾਰੀ ਨਿਜ ਨਿਜ ਜਾਗ੍ਰਨਿ ਕਰੇ।
ਅਰਧ ਰਾਤਿ ਮਹਿਂ ਕੰਨਜਾ ਆਈ।
ਦੀਨ ਪ੍ਰਦਛਨਾ ਗ੍ਰੀਵ ਨਿਵਾਈ ॥੪॥
ਬਹੁ ਪ੍ਰਕਾਰ ਕੀ ਬਿਨੈ ਬਖਾਨੀ।
'ਤੁਮ ਆਏ ਮਮ ਬ੍ਰਿਥਾ ਪਛਾਨੀ।
ਜੰਗਲ ਦੇਸ਼ ਜਿਤਿਕ ਛਿਤ ਜੋਇ।
ਧਰਿ ਸਰੂਪ ਮੈਂ ਆਈ ਸੋਇ ॥੫॥
ਦੈਵ ਜੋਗ ਕਰਿ ਤੁਮ ਆਗਵਨੁ।
ਸਗਰੋ ਦੇਸ਼ ਕਰਹੁ ਅਬਿ ਰਵਨੁ[1]।
ਇਕ ਤੌਂ ਕਾਣੋ ਦੇਵ ਭਯਾਨਾ।
ਬਸਹਿ ਦੁਰਗ ਮਹਿਂ ਦੁਸ਼ਟ ਮਹਾਨਾ ॥੬॥
ਸੈ ਅਨਾਜ ਕੀ[1]† ਬਧਨ ਨ ਦੇਤਿ।
ਛੀਨ ਨਰਨ ਤੇ ਖਾਇ ਸੁ ਲੇਤਿ।
ਇਸ ਕੌ ਕਰੋ ਨਿਕਾਸਨਿ ਜਬੈ।
ਦਿਨ ਪ੍ਰਤਿ ਦੇਸ਼ ਬਸਹਿਗੋ ਸਬੈ ॥੭॥
ਪੁਨ ਉਪਜਹਿਂਗੇ ਅੰਨ ਮਹਾਨੇ।

[1]ਲਈ ਫਿਰਦਾ ਹੈ (ਮਗਰ ਮਗਰ)।

[1]ਸੁਹਣਾ।

[1]ਅਨਾਜ ਦੀ ਪੈਦਾਇਸ਼। †ਪਾ:-ਸੋ ਅਨਾਜ ਕੋ।

ਤੁਮ ਆਗਵਨ ਪ੍ਰਤਾਪ ਪਛਾਨੇ।'
ਸੁਨਿ ਸਤਿਗੁਰ ਕੰਨਜਾ ਤੇ ਸਬੈ।
ਧੀਰਜ ਦੀਨਸਿ ਕਹਿ ਮ੍ਰਿਦੁ ਤਬੈ ॥੮॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ।
ਬੈਠੇ ਸਤਿਗੁਰ ਲਾਇ ਦਿਵਾਨ।
ਇਕ ਪੰਡਿਤ ਗੁਰ ਸੰਗ ਮਹਾਨ ॥੯॥
ਸੋ ਭੀ ਥਿਰਜੋ ਆਨਿ ਕਰਿ ਪਾਸ।
ਸ਼੍ਰੀ ਪ੍ਰਭੁ ਕਰਜੋ ਪ੍ਰਸੰਗ ਪ੍ਰਕਾਸ਼।
'ਬਡੋ ਦੁਰਗ ਇਹ ਰਚਿਬੋ ਕਰਜੋ।
ਬਡੋ ਦੇਵ ਵਿਚ ਬਾਸਾ ਧਰਜੋ ॥੧੦॥
ਦੇਸ਼ ਉਜਾਰਨਿ ਮਹਿਂ ਜਿਹ ਆਸ਼ੈ।
ਕਹਹੁ ਬਿੱਪ੍ਰ ਕਿਮ ਤਿਸੈ ਨਿਕਾਸੈਂ।'
ਸੁਨਿ ਪੰਡਿਤ ਇਮ ਬਾਕ ਬਖਾਨਜੋ।
'ਮਹਾਂ ਪੁਰਖ ਤੁਮ ਸਭਿ ਕਿਛ ਜਾਨਜੋਂ ॥੧੧॥
ਬੂਝਜੋ ਮੋਹਿ ਕਹੌਂ ਪ੍ਰਭੁ ਪਾਸੀ।
ਰਚਜੋ ਦੁਰਗ ਇਹ ਮਹਾਂ ਮਵਾਸੀ।
ਬਿਨੈਪਾਲ ਮਹਿਪਾਲ ਬਡੇਰਾ।
ਰਚਜੋ ਦੁਰਗ ਧਨ ਦੇ ਬਹੁਤੇਰਾ ॥੧੨॥
ਭਯੋ ਮਹੀਪ ਗੋਰੀਆ ਜਬੈ।
ਇਸ ਮੈ ਭਾ ਪ੍ਰਵੇਸ਼ ਸੋ ਤਬੈ।
ਊਪਰ ਤੇ ਬਿਦਾਰ ਤਿਨ ਦੀਨਾ[1]।
ਹੁਤੋ ਬਿਸਾਲ ਅਲਪ ਇਹ ਕੀਨਾ ॥੧੩॥
ਹਾਥੀ ਕੋ ਬਲਿ[1] ਦਿਹੁ ਇਸ ਥਾਨ।
ਤੌ ਇਸ ਕੇ ਬਿਚ ਕਰਹੁ ਪਯਾਨ।
ਦੇਵ ਆਦਿ ਜੋ ਅਪਰ ਸਨਾਤਿ[1]।
ਸਭਿ ਚਲਿ ਜਾਹਿਂ, ਨ ਰਹੈ ਕਦਾਂਤਿ ॥੧੪॥
[1]ਬਿਨਾ ਦੀਏ ਬਲਿ, ਭੀ ਚਲਿ ਜਾਵਹੁ।

[1]ਉਪਰੋਂ ਢਾਹ ਦਿੱਤਾ।

[1]ਬਲੀ।

[1]ਭੂਤ ਪ੍ਰੇਤ।

[1]ਤੁਸੀਂ ਬਲੀ ਦਿੱਤੇ ਬਿਨਾਂ ਬੀ ਜਾ ਸਕਦੇ ਹੋ, ਸਮਰੱਥ ਹੋ, ਜਿਵੇਂ ਚਾਹੋ ਕਰ ਸਕਦੇ ਹੋ (ਪਰ) ਤਦ ਬੀ (ਜੇ ਬਲੀ ਦਿਓਗੇ ਤਾਂ) ਸਾਰੇ ਖੁਸ਼ੀ ਨਾਲ ਚਲੇ ਜਾਣਗੇ

(ਅਤੇ) ਬਲੀ ਲੈਕੇ ਉਹ ਸ਼ੁਭ ਬੋਲਦੇ ਜਾਣਗੇ।

ਹੋ ਸਮਰਥ ਜਿਮ ਚਹਹੁ ਬਨਾਵਹੁ।
ਤਊ ਹਰਖ ਕਰਿ ਸਕਲ ਪਯਾਨੈਂ।
ਬਲਿ ਕੋ ਲੇਤਿ ਸੁ ਭਲੋ ਬਖਾਨੈਂ[1]' ॥੧੫॥

[1]ਬਲੀ ਦੇਕੇ ਥਾਂ ਵਿੱਚ ਵਸਣ ਵਾਲੇ (ਭੂਤਾਂ) ਨੂੰ ਖੁਸ਼ ਕਰੀਏ।

ਸ੍ਰੀ ਗੁਰ ਕਹਜੋ 'ਕਹਾਂ ਅਬਿ ਹਾਥੀ।
ਪ੍ਰਾਪਤਿ ਨਹਿਂ ਉਪਾਇ ਕੇ ਸਾਥੀ।
ਹਾਥ ਆਇ, ਸੋ ਕਹਾਂ ਮੰਗਾਵੈਂ।
ਦੇਂ ਬਲਿ, ਥਲ ਬਾਸੀ ਹਰਖਾਵੈਂ' ॥੧੬॥
ਸੁਨਿ ਪੰਡਿਤ ਕਹਿ 'ਨਹਿਂ ਜਿ ਮਤੰਗਾ।
ਮਹਿਖ ਮੰਗਾਉ ਅੰਗ ਸਮ ਰੰਗਾ[1]।'

[1]ਜਿਸ ਦੇ ਅੰਗ ਦਾ ਰੰਗ (ਹਾਥੀ) ਵਰਗਾ ਹੋਵੇ।

ਤਬਿ ਸਿੱਖਨਿ ਸਨ ਗੁਰੂ ਬਖਾਨਾ।
'ਗ੍ਰਾਮ ਬੰਗੇਹਰਿ ਨਿਕਟਿ ਸਥਾਨਾ ॥੧੭॥
ਚਲਿ ਤੁਮ ਜਾਹੁ ਮਹਿਖ ਕੋ ਲਜਾਵਹੁ।
ਤਹਿਂ ਕੇ ਮਾਲਕ ਸਕਲ ਸੁਨਾਵਹੁ।'
ਪੰਚ ਸਿੰਘ ਗਮਨੇ ਤਿਸ ਕਾਲਾ।
ਰਾਹਕ ਖਰੇ ਪਿਖੇ ਤਹਿਂ ਜਾਲਾ ॥੧੮॥
ਸਭਿਨਿ ਸੰਗ ਤਿਹ ਨਿਕਟ ਅਲਾਯੋ।
'ਸ਼੍ਰੀ ਗੁਰ ਤੁਮ ਤੇ ਮਹਿਖ ਮੰਗਾਯੋ।
ਬਲਿ ਕੋ ਦੇਹਿਂ, ਨਿਕਾਸਹਿਂ ਦੇਉ।
ਸਭਿ ਕੋ ਭਲੇ ਹੋਇ ਲਖਿ ਭੇਉ' ॥੧੯॥
ਮਹਾਂ ਬਲੀ ਅਰੁ ਮਾਰਨਹਾਰਾ।
ਜਾਟਨ ਕੋ ਦੁਖਦਾਨ ਉਦਾਰਾ।
ਬੱਦਰੀ ਤਰੁ ਸੋਂ ਖਰੋ ਖਸੰਤਾ[1]।

[1]ਖਹਿੰਦਾ ਸੀ।

ਜਿਸ ਦੇਖੇ ਤੇ ਭੈ ਉਪਜੰਤਾ ॥੨੦॥
ਮਤੋ ਮਤਾਇ ਸਭਿਨਿ ਮਨ ਜਾਨਾ।
ਸਿੰਘਨ ਸੰਗ ਹਾਸ ਕੋ ਠਾਨਾ।
-ਜਬਿ ਛੇਰਹਿਂਗੇ ਬਲ ਤੇ ਮਾਰਹਿ[1]।

[1](ਸੰਢਾ) ਮਾਰੇਗਾ।

ਇਤ ਉਤ ਭਾਜਹਿ ਸਕਲ ਪਧਾਰਹਿਂ[1] ॥੨੧॥

[1]ਸਾਰੇ ਭੱਜ ਜਾਣਗੇ।

ਖਰੇ ਤਮਾਸ਼ਾ ਦੇਖਹਿਂ ਇਹਾਂ-।
ਸਿੰਘਨਿ ਸੰਗ ਊਚ ਤਬਿ ਕਹਾ।

'ਉਤ ਹੇਰਹੁ ਬਦਰੀ ਤਰੁ ਤਰੇ।
ਖਰੋ ਮਹਿਖ, ਲਿਹੁ ਆਗੇ ਕਰੇ ॥੨੨॥
ਸ਼੍ਰੀ ਗੁਰ ਤੇ ਹਮ ਨਾਹਨ ਰਾਖੈਂ।'
ਕਹਿ ਇਮ ਹਾਸ ਕਰਨ ਅਭਿਲਾਖੈ।
ਸੁਨਿ ਕਰਿ ਪੰਚਹੁੰ ਸਿੰਘ ਸਿਧਾਰੇ।
ਬਲੀ ਮਹਿਖ ਜਹਿਂ ਖਰੋਰ ਅਗਾਰੇ ॥੨੩॥
ਕਹ੍ਯੋ ਜਾਇ 'ਗੁਰ ਤੋਹਿ ਬੁਲਾਯੋ।
ਚਲਿ ਆਗੇ, ਬਲਿ ਦੇ ਮਨ ਭਾਯੋ।'
ਸੁਨਿ ਗੁਰ ਨਾਮ ਮਹਿਖ ਚਲਿ ਪਰ੍ਯੋ।
ਬਲੀ ਨਿਬਲ ਸਮ ਪਗ ਮਗ ਧਰ੍ਯੋ[1] ॥੨੪॥
ਸਨੇ ਸਨੇ ਚਲਿ ਜਾਤਿ ਅਗਾਰੀ।
ਤਿਮ ਪੰਚਹੁੰ ਸਿੰਘ ਚਲੇ ਪਿਛਾਰੀ।
ਰਾਹਕ ਹੇਰਤਿ ਹੋਇ ਹਿਰਾਨੇ।
ਕਲਾਵਾਨ ਸਤਿਗੁਰੂ ਪਛਾਨੇ ॥੨੫॥
ਪਸ਼ਚਾਤਾਪ ਕਰਤਿ ਹੀ ਰਹੇ।
-ਹਸਿਬੇ ਹੇਤੁ ਹਮਹੁ ਕ੍ਯੋਂ ਕਹੇ-।
ਉਚ ਉਠਾਵਤਿ ਮੁਖ ਕੋ ਗਯੋ।
ਮਹਿਖ ਗੁਰੂ ਕੇ ਸਨਮੁਖ ਭਯੋ ॥੨੬॥
ਉਠਿ ਸ਼੍ਰੀ ਪ੍ਰਭੁ ਬਿਚ ਦੁਰਗ ਪਧਾਰੇ।
ਅਧਿਕ ਉਤੰਗ ਖਰੋ ਦ੍ਰਿਢ ਭਾਰੇ।
ਸਨੇ ਸਨੇ ਚਢਿ ਸ਼ਿਖਰ ਸਿਧਾਰੇ।
ਪੀਛੇ ਗਮਨੇ ਸੰਗਿ ਜਿ ਸਾਰੇ ॥੨੭॥
ਊਪਰ ਸੰਗ ਮਹਿਖ ਭੀ ਗਯੋ।
ਸਭਿ ਮਹਿਂ ਧੀਰਜ ਧਰਿ ਥਿਰ ਭਯੋ।
ਮੈਲਾਗਰ ਸਿੰਘ ਕੀ ਦਿਸ਼ਿ ਹੇਰਾ।
ਸ਼੍ਰੀ ਪ੍ਰਭੁ ਹੁਕਮ ਕਰ੍ਯੋ ਤਿਸ ਬੇਰਾ ॥੨੮॥
'ਕਰਿ ਝਟਕਾ ਬਲਿ ਦਿਹੁ ਇਸ ਤਾਂਈ।
ਬਹੁਰ ਨਿਕਾਸਹਿਂ ਦੇਵ ਇਥਾਈਂ[1]।'
ਮੈਲਾਗਰ ਸਿੰਘ ਸੁਨਿ ਤਤਕਾਲਾ।

[1]ਬਲੀ ਸੰਢਾ ਨਿਰਬਲ (ਸੰਢੇ) ਵਾਂਙ ਤੁਰ ਪਿਆ।

[1]ਇਸ ਥਾਂ ਤੋਂ।

ਖੈਂਚਿ ਨਿਕਾਰਜੋ ਖੜਗ ਕਰਾਲਾ ॥੨੯॥
ਬਲ ਤੇ ਇਸ ਪ੍ਰਕਾਰ ਕੋ ਬਾਹਜੋ।
ਸੀਸ ਅਜਾਤ ਮਹਿਖ ਕੋ ਲਾਹਜੋ[1]।

[1]ਬਿਨਾਂ (ਜਾਣ) ਪਤੇ ਤੇ ਭਾਵ ਐਸਾ ਸਾਫ ਸਿਰ ਉਤਾਰਿਆ ਕਿ ਸੰਢੇ ਨੂੰ ਪਤਾ ਬੀ ਨਾ ਲੱਗਾ।

ਪਰਜੋ ਮੁਨੇਰਨ[1] ਊਪਰ ਭਾਰੀ।
ਦਿਏ ਪ੍ਰਾਣ ਸਤਿਗੁਰੂ ਅਗਾਰੀ ॥੩੦॥

[1]ਬਨੇਰੇ ਤੇ।

ਮਰਨ ਸੁਧਾਰਜੋ ਅਪਨਿ ਭਲੇਰੇ।
ਸਭਿਹਿਨਿ ਮਹਿਂ ਪ੍ਰਭੁ ਕਹਜੋ ਉਚੇਰੇ।
'ਮਹਿਖ ਮਰੇ ਕੋ ਤਰੇ ਗਿਰਾਵੈ।
ਬਲੀ ਏਕ ਦੁਤਿਯ ਨ ਕਰ ਲਾਵੈ[1]' ॥੩੧॥

[1]ਇਕ ਬਲਵਾਨ (ਸੁੱਟੇ) ਦੂਸਰਾ ਨਾ ਹੱਥ ਲਾਵੇ।

ਸੁਨਿ ਤੁਸ਼ਨਿ ਹੋਏ ਸਭਿ ਕੋਈ।
ਸਾਧ ਗੁਦੜੀਆ ਬੋਲਜੋ ਸੋਈ।
'ਹੁਕਮ ਹੋਇ ਤਰ ਇਸੇ ਗਿਰਾਵੌਂ।
ਮੈਂ ਏਕਾਕੀ ਬਲ ਦਿਖਰਾਵੌਂ' ॥੩੨॥
ਸ਼ਾਰਤ ਸਮਝਜੋ ਲਿਯੋ ਉਠਾਇ।
ਉਚ ਮੁਨੇਰੇ ਤੇ ਕੁਛ ਲਜਾਇ।
ਤਰੇ ਬਗਾਇ ਦੂਰ ਕੋ ਗੇਰਾ।
ਬਿਸਮਾਨੇ ਜਬਿ ਸਭਿ ਨੇ ਹੇਰਾ ॥੩੩॥
ਇਤਨੇ ਬਿਖੇ ਦੇਵ ਚਲਿ ਆਯੋ।
ਸ਼੍ਰੀ ਪ੍ਰਭੁ ਕੋ ਨਿਜ ਦਰਸ ਦਿਖਾਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਬਾਸਾ ਗੋਇੰਦਵਾਲ ਅਗਾਰੀ ॥੩੪॥
ਹਮਰੀ ਜਾਤਿ ਹਜ਼ਾਰਹੁੰ ਥਿਰੇ।
ਮਹਾਂ ਉਜਾਰ ਨਰਨ ਕੀ ਕਰੇ।
ਸ਼੍ਰੀ ਅੰਗਦ ਕਰਿ ਹੁਕਮ ਪਠਾਏ।
ਸ਼੍ਰੀ ਗੁਰ ਅਮਰ ਹਮਹੁੰ ਪਰ ਆਏ ॥੩੫॥
ਸੰਗ ਛਰੀ ਕੇ ਜਾਰਤਿ ਹਮੈਂ[1]।
ਭਾਜੇ ਪ੍ਰੇਤ ਸਰਬ ਤਿਹ ਸਮੈਂ।
ਗਰਭਵਤੀ ਤਬਿ ਮਾਤ ਹਮਾਰੀ।
ਭਾਜਿ ਪ੍ਰਸੂਤੀ ਖੇਤ ਮਝਾਰੀ ॥੩੬॥

[1]ਸਾੜਨ ਲਗੇ ਸਨ।

ਫਰਡਾ[1] ਲਗਿ ਜੁਵਾਰ ਕੋ ਮੇਰੇ।
ਫੂਟਯੋ ਨੈਨ ਏਕ ਤਿਸ ਬੇਰੇ।
ਦੁਤਿਯ ਭ੍ਰਾਤ ਜਨਮਯੋ ਤਬਿ ਔਰ।
ਟੁੰਡਾ, ਟੂਟਯੋ ਕਰ ਤਿਸ ਠੌਰ ॥੩੭॥
ਤਬਿ ਤੇ ਹਮ ਬਾਸੇ ਇਸ ਥਾਂਏ।
ਸੰਮਤ ਸੌ ਤੇ ਅਧਿਕ ਬਿਤਾਏ।
ਇਤ ਭੀ ਬਸਨ ਦੇਤਿ ਕਯੋਂ ਨਾਂਹੀ?
ਕੌਨ ਦੇਸ਼ ਮਹਿਂ ਹਮ ਚਲਿ ਜਾਂਹੀ?'
॥੩੮॥
ਸ੍ਰੀ ਪ੍ਰਭੁ ਹੁਕਮ ਕੀਨਿ ਤਿਸ ਤਾਂਈ।
'ਅਬਹਿ ਕਦੀਮੀ ਬਸਹੁ ਉਥਾਈ[1]।
ਫਿਟਕੀ ਪੁਰੀ ਸਿਰ੍ਹੰਦ ਉਜਾਰਹੁ।
ਜੜ੍ਹਾਂ ਉਖਾਰਿ ਸਤੁੱਦ੍ਰਵ ਡਾਰਹੁ ॥੩੯॥
ਨਹਿਂ ਤਹਿਂ ਤੇ ਕੋ ਬਸਤਿ ਹਟਾਵੈ।
ਸਦਾ ਬਾਸ ਤੁਮਰੋ ਬਨਿਆਵੈ।
ਨਿਕਸਹੁ ਅਬਿ ਬਿਲੰਬ ਨਹਿਂ ਕੀਜੈ।
ਇਹ ਸਭਿ ਹਮਰੋ ਦੇਸ਼ ਲਖੀਜੈ ॥੪੦॥
ਜੰਗਲ ਨਾਮ ਭਾਖਤੇ ਜੋਇ।
ਆਨੰਦ ਘਨੋ ਮਾਲਵਾ ਹੋਇ।'
ਸੁਨਿ ਬੋਲਯੋ 'ਮੈਂ ਛੁਧਾ ਸਮੇਤ।
ਪਹੁੰਚਯੋ ਜਾਇ ਨਹੀਂ ਇਸ ਹੇਤ ॥੪੧॥
ਹੁਕਮ ਅਘਾਵਨ ਕੋ ਕਹਿ ਦੀਜੈ।
ਪੁਨ ਮੋਕਹੁ ਇਤ ਤੇ ਨਿਕਸੀਜੈ।'
ਸ੍ਰੀ ਮੁਖ ਤਿਹ ਕੇ ਸਾਥ ਬਖਾਨਾ।
'ਆਗੈ ਕਹਾਂ ਕਰਤਿ ਤੁ ਖਾਨਾ? ॥੪੨॥
ਆਜ ਨਹੀਂ ਕੈਸੇ ਤੁਮ ਬਨਯੋ।'
ਸੁਨਿ ਕੈ ਦੇਵ ਗੁਰੂ ਸੰਗ ਭਨਯੋ।
'ਮਹਾਰਾਜ ਫਿਰਿ ਕੈ ਇਸ ਦੇਸ਼।
ਬਿਚਰਤਿ ਜਿਤ ਕਿਤ ਖਾਤਿ ਵਿਸ਼ੇਸ਼
॥੪੩॥
ਅੰਨ ਹਜ਼ਾਰਹੁਂ ਮਣ ਕੋ ਭੋਜਨ।
ਦੇਖਤਿ ਫਿਰੌਂ ਅਸ਼ੁਚ ਹੁਇ ਜੋ ਜਨ।

[1]ਧੁੰਘਾ।

[1]ਭਾਵ ਸਦਾ ਲਈ ਅਚੱਲ ਡੇਰਾ ਦੇਂਦੇ ਹਾਂ।

ਸਤਿਗੁਰ ਅਰੁ ਹਰਿ ਨਾਮ ਨ ਕਹੈਂ।
ਤਿਨ ਤੇ ਛੀਨਿ ਖਾਤ ਹਮ ਰਹੈਂ† ॥੪੪॥

†ਸਿਖਯਾਦ ਰੱਖਣ ਵਾਲੀ ਗੱਲ ਹੈ ਜੋ ਗੁਰੁ ਪਰਮੇਸੁਰ ਦਾ ਨਾਮ ਨਹੀਂ ਲੈਂਦੇ ਉਹਨਾਂ ਦਾ ਅੰਨ ਇਹ ਲੋਕ ਖਾਂਦੇ ਹਨ।

ਆਜ ਪ੍ਰਾਤਿ ਹੀ ਮੋਹਿ ਨਿਕਾਰਹੁ।
ਨਹਿਂ ਕਿਤ ਤੇ ਕਰਿ ਲੀਨ ਅਹਾਰੋ।'
ਸ਼੍ਰੀ ਮੁਖ ਕਹ੍ਯੋ 'ਅਬਹਿ ਤੂੰ ਜਾਹੁ।
ਹੈ ਮਸੂਰ ਪੁਰਿ ਤੁਮਰੇ ਰਾਹੁ ॥੪੫॥
ਤਹਾਂ ਦੁਪਹਿਰਾ ਕਬਿ ਬਿਸਰਾਮੂ।
ਸੰਧਯਾ ਕਹੁ ਸਿਰੰਦ ਕਰਿ ਧਾਮੂ।'
ਸੁਨਤਿ ਹੁਕਮ ਕੋ ਕੀਨਿ ਪਿਯਾਨਾ।
ਕਰਿ ਬੰਦਨ ਨਿਜ ਹਿਤ ਕੋ ਮਾਨਾ ॥੪੬॥
ਸ਼੍ਰੀ ਪ੍ਰਭੁ ਕੀਨਿ ਤਿਸੀ ਥਲ ਡੇਰਾ†।
ਬਿਸਮਤਿ ਲੋਕ ਸੁਨਤਿ ਜਿਨ ਹੇਰਾ।
ਮਹਾਂਰਾਜ ਕੀ ਸਤੁਤਿ ਸੁਨਾਵੈਂ।
'ਇਨ ਕੇ ਕਾਜ ਇਨਹੁ ਬਨਿਆਵੈਂ†' ॥੪੭॥

†ਕਿਲੇ ਵਿਚ ਗੁਰਦਵਾਰਾ ਹੈ ਤੇ ਇਕ ਬਾਹਰ ਬੀ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੇਉ ਨਿਕਾਸਨਿ' ਪ੍ਰਸੰਗ ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

†ਤਲਵਾਰ ਦੇ ਇਕ ਝਟਕੇ ਨਾਲ ਸੰਢਾ ਝਟਕਾ ਦੇਣਾ, ਇਕ ਆਦਮੀ ਨੇ ਸੰਢਾ ਚੁੱਕ ਕੇ ਸਫੀਲ ਤੋਂ ਸਿੱਟ ਦੇਣਾ, ਏਹ ਬਲ ਪ੍ਰਾਕ੍ਰਮ ਦੇ ਕੌਤਕ ਦੱਸਣੇ ਜੰਗੀ ਜੀਵਨ ਦਾ ਅੰਗ ਹਨ। ਬਲੀ ਦੇਣੀ ਗੁਰੂ ਘਰ ਦਾ ਅਸੂਲ ਨਹੀਂ। ਫਿਰ ਜੋ ਦੇਵਾਂ ਦੇ ਗਣ ਤੀਸਰੇ ਸਾਹਿਬਾਂ ਦੀ ਇਕ ਛੜੀ ਨਾਲ ਡਰਦੇ ਉੱਠ ਭਜਦੇ ਹਨ, ਜੇ ਭੂਤ ਪ੍ਰੇਤ ਇਕ ਬਹਿਲੋ ਸਿੱਖ ਦੇ ਕੈਦ ਪੈਂਦੇ ਹਨ ਤੇ ਦਸਮ ਗੁਰੂ ਜੀ ਉਨ੍ਹਾਂ ਨੂੰ ਛੁਡਾ ਦੇਂਦੇ ਹਨ, ਬਲੀ ਦੇਣ ਦੀ ਹੀ ਅਵੱਸ਼ਕਤਾ ਓਸੇ ਗੁਰੂ ਜੀ ਨੂੰ ਇਸ ਦਸਵੇਂ ਜਾਮੇ ਕਿਉਂ ਪੈ ਸਕਦੀ ਹੈ। ਫਿਰ ਦੇਖੋ ਉਹਨਾਂ ਦਾ ਹੁਕਮ ਕਿਤਨਾ ਕਰਾਰਾ ਹੈ ਕਿ ਕਾਣਾ ਦੇਉ ਮੋੜ ਨਹੀਂ ਸਕਿਆ। ਜੋ ਹੁਕਮ ਅੱਗੇ ਹੁਤ ਨਹੀਂ ਕਰ ਸਕਦਾ ਉਸ ਨੂੰ ਬਲੀ ਦੇਣ ਦੀ ਕੀ ਲੋੜ ਸੀ। ਕਵੀ ਜੀ ਬੀ ਇਸੇ ਅੰਸੂ ਦੇ ਅੰਕ ੧੫ ਵਿਚ ਮੰਨਦੇ ਹਨ ਕਿ ਗੁਰੂ ਜੀ ਮਹਾਂ ਬਲੀ ਹਨ, ਬਲੀ ਦੇਣ ਦੀ ਲੋੜ ਨਹੀਂ ਸਨ ਰਖਦੇ। ਫਿਰ ਤੱਕੋ ਉਹ ਭੁਖਾ ਹੈ, ਖਾਣ ਲਈ ਮੰਗਦਾ ਹੈ ਉਸ ਨੂੰ ਭੁੱਖਾ ਹੀ ਤੋਰਦੇ ਹਨ ਕਿ ਹੁਣੇ ਹੀ ਜਾਹ ਤੇ ਮਨਸੂਰ ਪੁਰ ਸਾਹ ਕਢ ਲਈਂ, ਤਦ ਸੋਚੋ ਸੰਢੇ ਦੀ ਬਲੀ ਕਿਸ ਕੰਮ ਆਈ? ਬਲੀ ਸਫਲ ਤਾਂ ਸੀ ਜੇ ਦੇਵ ਕਹਿੰਦਾ ਕਿ ਮੈਂ ਸੰਢਾ ਖਾ ਕੇ ਰੱਜ ਗਿਆ ਹਾਂ; ਉਸ ਬਲੀ ਤਾਂ ਅਫਲ ਗਈ ਦੇਵ ਵਿਚਾਰਾ ਭੁੱਖਾ ਟੁਰਿਆ। ਸੋ ਬਲੀ ਦਾ ਖਿਆਲ ਗ਼ਲਤ ਜਾਪਦਾ ਹੈ। ਝਟਕੇ ਆਦਿ ਕੌਤਕਾਂ ਨੂੰ ਬਲੀ ਦੇ ਅਰਥ ਵਿਚ ਲੈਣਾ ਕਿਸੇ ਬਲੀਆਂ ਦੇ ਪ੍ਰੇਮੀ ਬ੍ਰਾਹਮਣ ਦੀ ਚਲਾਈ ਵਾਰਤਾ ਹੈ ਜੋ ਪ੍ਰਸਿੱਧ ਹੋ ਗਈ ਤੇ ਸਾਖੀ ਪੋਥੀ ਦੇ ਲੇਖਕ ਤੱਕ ਅੱਪੜੀ, ਇਉਂ ਸਹੀ ਜਾਪਦਾ ਹੈ। ਅਸਲ ਵਿਚ ਗੁਰੂ ਜੀ ਟਿਕਾਣਾ ਭਾਲ ਰਹੇ ਹਨ ਕਿ ਜੇ ਜੰਗ ਦਾ ਸਮਾਂ ਆ ਬਣੇ ਤਾਂ ਕੋਈ ਓਟ ਤੱਕੀਏ ਵਡਿੰਡੇ ਯਾ ਭਟਿੰਡੇ ਦੇ ਕਿਲੇ ਨੂੰ ਬੀ ਇਸ ਮਨੋਰਥ ਲਈ ਡਿੱਠਾ ਭਾਲਿਆ ਹੈ।

## ੨੫. [ਸੱਸੀ ਦਾ ਗੀਤ, ਬਠਿੰਡੇ ਦੀ ਕਥਾ। ਦਜ਼ਾਲ ਦਾਸ ਬਖਸ਼ਿਆ]

੨੪<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਖਾਨ ਪਾਨ ਕਰਿ ਰਾਤਿ ਕੋ, ਥਿਰਿ ਪ੍ਰਯੰਕ ਪਰ ਸੋਇ।
ਉਤਰੇ ਤਰੇ ਸੁ ਦੁਰਗ ਕੇ, ਹੁਤੇ ਵਪਾਰੀ ਕੋਇ ॥੧॥

ਚੌਪਈ:

ਤਿਨ ਸੱਸੀ ਪੁੰਨੂ ਕੋ ਗਾਯੋ।
ਬਾਰ ਬਾਰ ਕਰਿ ਰਾਗ ਬਸਾਯੋ।
ਰਾਤਿ ਬਿਖੈ ਰਸ ਕੋ ਬਹੁ ਕੀਨਿ।
ਥਿਰਿ ਪ੍ਰਯੰਕ ਸੁਨਿ ਗੁਰੂ ਪ੍ਰਬੀਨ ॥੨॥
ਚਿਰੰਕਾਲ ਲਗਿ ਗਾਵਤਿ ਰਹਜੋ।
ਸਭਿਨਿ ਸੁਨਜੋਂ ਆਛੇ ਮਨ ਲਹਜੋ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੂ ਪ੍ਰਾਤਿ ਹੁਇ ਆਈ ॥੩॥
ਸੌਚ ਸ਼ਨਾਨ ਦਿਵਾਨ ਲਗਾਯੋ।
ਬੂਝਜੋ ਗੁਰੂ 'ਰਾਤਿ ਕਿਨ ਗਾਯੋ?'
ਸਿੰਘਨਿ ਕਹਜੋ 'ਲਾਦ ਕੋ ਲਜਾਏ।
ਉਸ਼ਟਰ ਬ੍ਰਿੰਦ ਸੰਗ, ਤਿਨ ਗਾਏ' ॥੪॥
'ਜਾਇ ਬੁਲਾਵਹੁ ਲਜਾਵਹੁ ਤਾਂਹਿ।'
ਸੁਨਿ ਕਰਿ ਦਾਸ ਗਯੋ ਤਿਨ ਪਾਹਿ।
'ਗੁਰੂ ਹਕਾਰਹਿਂ' ਚਲਿ ਸੋ ਆਯੋ।
ਦਰਸ਼ਨ ਕਰਤੇ ਸੀਸ ਨਿਵਾਯੋ ॥੫॥
ਸ਼੍ਰੀ ਪ੍ਰਭੁ ਭਨਹਿਂ 'ਰਾਤਿ ਜਿਮ ਗਾਵਤਿ।
ਸੱਸੀ ਪੁੰਨੂ ਰਾਗ ਬਸਾਵਤਿ।
ਬੈਠਿ ਇਹਾਂ ਅਬਿ ਗਾਵਨ ਕਰੋ।
ਤਿਸੀ ਪ੍ਰਕਾਰ ਅਧਿਕ ਰਸ ਧਰੋ' ॥੬॥
ਸੁਨਿ ਕਰ ਜੋਰਤਿ ਬੋਲਜੋ ਸੋਇ।
'ਅਬਿ ਤੌ ਗਾਯੋ ਜਾਇ ਨ ਕੋਇ।
ਲਾਜ ਆਪ ਤੇ ਮੁਝ ਕੋ ਆਵੈ।
ਸਮੁਖ ਬੋਲਿਬੇ ਨਾਂਹਿਨ ਭਾਵੈ' ॥੭॥
ਤਬਿ ਗੁਰ ਦਈ ਕਨਾਤ ਤਨਾਇ।
ਸਭਿ ਕੇ ਓਟੈ ਤਾਂਹਿ ਬਿਠਾਇ।

ਪ੍ਰਭੁ ਕੋ ਹੁਕਮ ਮਾਨਿ ਕਰਿ ਗਾਯੋ।
ਤਊ ਰਾਤਿ ਸਮ ਰਸ ਨਹਿਂ ਪਾਯੋ ॥੮॥
ਧਨ ਦੇ ਕਰਿ ਤਿਸ ਕਿਯੋ ਨਿਹਾਲ।
ਕਰੀ ਮੌਜ[1] ਸ਼੍ਰੀ ਪ੍ਰਭੁ ਬਿਸਾਲ।
ਸੱਸੀ ਪਰ ਕਿਹ ਤਰਕ ਉਠਾਈ।
ਤਿਸ ਪ੍ਰਤਿ ਉੱਤਰ ਕਰਜੋ ਗੁਸਾਈਂ ॥੯॥
'ਅੰਗੁਰ ਗਡੈ ਨ ਅਵਨੀ ਮਾਂਹੀ।
ਸਸੀਆ ਭਈ ਪ੍ਰਵੇਸ਼ਨ ਤਾਂਹੀ।
ਪ੍ਰੇਮ ਮਹਾਤਮ ਬਡਹੁ ਬਡੇਰਾ।
ਪ੍ਰਾਨ ਜਾਨ ਲਗਿ ਜਿਨਹੁ ਨਿਬੇਰਾ ॥੧੦॥
ਤਿਨ ਕੇ ਨਾਮ ਸਦਾ ਥਿਰ ਭਏ।
ਲਾਖਹੁ ਬਰਖ ਬਖਾਨੇ ਗਏ।
ਗੁਰੂ ਪ੍ਰਮੇਸ਼ੁਰ ਸਨ ਜਿਨ ਪ੍ਰੇਮ।
ਸੇ ਤਤਕਾਲ ਪਾਵਤੇ ਛੇਮ ॥੧੧॥
ਬਿਨਾ ਪ੍ਰੇਮ ਫੋਕਟ ਸਭਿ ਰਤਨ[1]।
ਪ੍ਰੇਮ ਸੁਕਰਮਨਿ ਸਭਿ ਮਹਿਂ ਰਤਨ।
ਪ੍ਰੇਮੀ ਜਪ ਤਪ ਬਿਨ ਮਖ ਜੋਗ[1]।
ਪ੍ਰਾਪਤਿ ਹੋਤਿ ਉਚੇਰੇ ਲੋਗ' ॥੧੨॥
ਇੱਤਜਾਦਿਕ ਮਹਿਮਾ ਮੁਖ ਗਾਈ[†]।

[1]ਬਖਸ਼ਿਸ਼।

[1]ਸਾਰੇ ਸ੍ਰੇਸ਼ਟ ਕਰਮਾਂ ਵਿਚ ਪ੍ਰੇਮ ਰਤਨ ਹੈ।

[1]ਜੱਗ ਜੋਗ ਤੋਂ ਬਿਨਾਂ।

[†]ਪੰਜਾਬ ਵਿਚ ਸੱਸੀ ਪੁੰਨੂ ਦੀ ਦੋਸਤੀ ਦਾ ਕਿੱਸਾ ਪ੍ਰਸਿੱਧ ਹੈ, ਪਰ ਇਸ ਦੀ ਅਸਲ ਸਿੰਧ ਵਿਚ ਹੈ ਜਿੱਥੇ ਸੱਸੀ ਦਾ ਕੇਚ ਮਕਰਾਨ ਵਾਲੇ ਪੁੰਨੂ ਨਾਲ ਵਿਆਹ ਹੋਇਆ ਸੀ। ਪੁੰਨੂ ਬੜੇ ਸਰਦਾਰੀ ਘਰਾਣੇ ਦਾ ਸੀ ਤੇ ਸੱਸੀ ਇਕ ਮਸੂਲ ਲੈਣ ਵਾਲੇ ਅਹਿਲਕਾਰ, (ਜੋ ਅਸਲ ਵਿਚ ਸਰਦਾਰ ਨਹੀਂ ਸੀ ਪਰ ਉਂਵ ਉਹਦੇਦਾਰ ਸੀ) ਦੀ ਪਾਲਕ ਧੀ ਸੀ। ਇਸ ਕਰਕੇ ਪੁੰਨੂੰ ਦੇ ਭਰਾ ਉਸ ਨੂੰ ਚੋਰੀ ਲੈ ਗਏ ਕਿ ਸਾਡੀ ਕੁਲ ਦੀ ਹਾਨਤ ਹੁੰਦੀ ਹੈ। ਪਰੰਤੂ ਸੱਸੀ ਮਗਰੇ ਗਈ। ਕੇਚ ਮਕਰਾਨ ਦੇ ਰਸਤੇ ਵਿਚ ਹੀ ਸੱਸੀ 'ਪੁੰਨੂ' 'ਪੁੰਨੂ' ਕੂਕਦੀ ਮਰ ਗਈ। ਸੱਸੀ ਦੇ ਇਸ ਪਿਆਰ ਦੀ ਸਚਾਈ ਤੇ ਤੀਖਣਤਾ ਦੇ ਗੁਣ ਨੂੰ ਲੈ ਰਹੇ ਹਨ। ਉਸ ਦੇ ਪਿਆਰ ਵਿਚ ਸੱਚਾਈ ਤੇ ਤੀਖਣਤਾ ਸੀ, ਉਸ ਤੀਖਣਤਾ ਤੇ ਪਿਆਰ ਦੀ ਅੰਸ਼ ਦੀ ਮਹਿਮਾ ਕਹੀ ਹੈ। ਪਿਆਰ ਕਣੀ ਇਕ ਐਸੀ ਸ਼ੈ ਹੈ ਜਿਸ ਦੇ ਆਸਰੇ ਵੱਡੀ ਤੋਂ ਵੱਡੀ ਕੁਰਬਾਨੀ ਹੋ ਸਕਦੀ ਹੈ ਜੋ ਸੱਸੀ ਨੇ ਕਰ ਦਿਖਾਈ। ਸਿੰਘਾਂ ਨੂੰ ਇਹ ਉਪਦੇਸ਼ ਦਿੱਤਾ ਕਿ ਜਿਨ੍ਹਾਂ ਨੇ ਪ੍ਰੇਮ ਵਿਚ ਪ੍ਰਾਣ ਦਿੱਤੇ ਉਹਨਾਂ ਦੇ ਨਾਮ ਥਿਰ ਹੋ ਗਏ, ਪਰ ਗੁਰੂ ਪਰਮੇਸ਼ਰ ਵਿਚ ਜਿਨ੍ਹਾਂ ਦਾ ਪ੍ਰੇਮ ਹੈ ਓਹ ਛੇਮ ਭਾਵ ਮੁਕਤੀ ਪ੍ਰਾਪਤ ਕਰਦੇ ਹਨ। ਪ੍ਰੇਮ ਤੋਂ ਬਿਨਾਂ ਸਾਰੇ ਜਤਨ, ਸਾਧਨ, ਗਿਆਨ ਧਿਆਨ ਫੋਕਟ ਕਰਮ ਹਨ। ਪ੍ਰੇਮੀ ਕੇਵਲ ਪ੍ਰੇਮ ਨਾਲ ਤਰ ਜਾਂਦਾ ਹੈ। ਇਹ ਸਾਰੀ ਗੱਲ ਕਵੀ ਜੀ ਨੇ ਖ਼ੁਹਲ ਦਿੱਤੀ ਹੈ। ਸੱਸੀ ਪੁੰਨੂੰ ਦੀ ਪ੍ਰੀਤ ਦੀ ਕਹਾਣੀ ਨੂੰ ਪ੍ਰਮਾਰਥ ਵਿਚ ਹੀ ਸਮਝਣਾ ਪ੍ਰੋਯਜਨ ਹੈ, ਜਿਵੇਂ ਭਾਈ ਗੁਰਦਾਸ ਜੀ ਨੇ 'ਲੇਲਾਂ ਮਜਨੂੰ ਆਸ਼ਕੀ..... ' ਆਦਿਕ ਵਿਚ ਸਾਰਿਆਂ ਦੇ ਨਾਮ ਗਿਣਕੇ ਅੰਤ ਕਿਹਾ ਹੈ 'ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ'। ਸਿੱਧੀ ਬੋਲੀ ਦੇ 'ਸੱਸੀ ਪੁੰਨੂੰ ਦੇ ਕਿੱਸੇ ਦਾ ਅੰਗ੍ਰੇਜ਼ੀ ਅਨੁਵਾਦ ਜੋ 'ਐਫ. ਜੇ. ਜੀ. '

ਨੇ ਕੀਤਾ ਹੈ, ਉਸ ਦੇ ੫੧ ਤੋਂ ੫੪ ਛੰਦ ਤੋਂ ਸੱਸੀ ਪੁੰਨੂੰ ਦਾ ਵਿਆਹ ਹੋਣਾ ਸਪਸ਼ਟ ਸਹੀ ਹੁੰਦਾ ਹੈ, ਇਸ ਹਿਸਾਬ ਸੱਸੀ ਬਿਵਾਹਿਤਾ ਇਸਤ੍ਰੀ ਸੀ, ਪਤੀ ਵਿਯੋਗ ਵਿਚ ਜਾਨ ਦੇਣੀ ਪਤੀ ਭਗਤੀ ਸੀ।

ਕਿਤਿਕ ਸਮੇਂ ਤਹਿਂ ਥਿਰੇ ਗੁਸਾਈਂ।
ਕਹ੍ਯੋ ਬ੍ਰਿਤੰਤ ਬਿਰਾੜਨਿ ਫੇਰ[1]। — [1]ਬੈਰਾੜਾਂ ਨੇ ਬ੍ਰਿਤੰਤ ਕਿਹਾ।
'ਬਿਨੈਪਾਲ ਨ੍ਰਿਪ ਚਢ੍ਯੋ ਅਖੇਰ ॥੧੩॥
ਜਬਿ ਉੱਦਜਾਨ ਬਿਖੈ ਚਲਿ ਗਯੋ।
ਕੌਤਕ ਏਕ ਬਿਲੋਕਤਿ ਭਯੋ।
ਅਜਾ ਪ੍ਰਸੂਤਾ ਬ੍ਰਿੱਕ ਸੋਂ ਲਰੈਂ[1]। — [1]ਸੂਈ ਹੋਈ ਬੱਕਰੀ (ਏਥੇ) ਬਘਿਆੜ ਨਾਲ ਲੜ ਰਹੀ ਸੀ।
ਅਪਨੋ ਬਤਸ਼[1] ਬਚਾਵਨ ਕਰੈ ॥੧੪॥ — [1]ਬੱਚਾ।
ਥਲ ਅਜੀਤ ਬਡ ਲਖ੍ਯੋ ਮਵਾਸੀ[1]। — [1]ਰਾਜੇ ਨੇ ਉਹ) ਥਾਂ ਅਜਿੱਤ ਤੇ ਹੁਣ ਕਿਲੇ ਜੋਗ ਜਾਣਿਆ। (ਮਵਾਸ ਦਾ ਅਰਥ ਕਿਲਾ ਬੀ ਹੈ, ਤੱਕੋ ਅੱਗੇ ਅੰਕ ੧੭)
ਅਪਨੇ ਸਚਿਵਨ ਸਾਥ ਪ੍ਰਕਾਸ਼ੀ।
-ਸ਼ੀਘ੍ਰ ਦੁਰਗ ਕੋ ਪਾਵਨ ਕਰੀਅਹਿ।
ਜਿਤ ਕਿਤ ਤੇ ਨਰ ਪੁੰਜ ਹਕਰੀਅਹਿ- ॥੧੫॥
ਨਰ ਖੋਜੇ ਨਹਿਂ ਪਾਵਤਿ ਘਨੇ।
ਜਾਨ੍ਯੋਂ ਸ਼ੀਘ੍ਰ ਦੁਰਗ ਨਹਿਂ ਬਨੇ।
ਭਾਗ ਹਾਕਮੀ ਜਿਤਿਕ ਅਨਾਜੇ[1]। — [1]ਜਿਤਨਾ ਅਨਾਜ ਰਾਜੇ ਦਾ (ਰਾਜਾ ਹੋਣ ਕਰਕੇ) ਹਿੱਸਾ ਸੀ।
ਛੋਰਿ ਦੀਨਿ ਰਾਹਕ ਕੌ ਰਾਜੇ ॥੧੬॥
ਤਿਤਿਕ ਮ੍ਰਿੱਤਕਾ ਦੁਰਗ ਪਵਾਈ।
ਮਿਲੇ ਆਨਿ ਮਾਨਵ ਸਮੁਦਾਈ।
ਇਸ ਪ੍ਰਕਾਰ ਤੂਰਨ ਬਨਿਵਾਵਾ।
ਅਧਿਕ ਉਤੰਗ ਮਵਾਸਿ ਚਿਨਾਵਾ ॥੧੭॥
ਸੁਨੀ ਸੁਰੰਗ ਬੀਚ ਇਸ ਕੀਨ।
ਗਢ ਭਟਨੇਰ ਲਗੌ ਚਿਨ ਦੀਨਿ[1]।' — [1]ਭਟਨੇਰ ਕਿਲੇ ਤੱਕ ਸੁਰੰਗ ਚਿਣ ਦਿੱਤੀ।
ਇੱਤਜਾਦਿਕ ਕੁਛ ਅਪਰ ਪ੍ਰਸੰਗ।
ਕਰੇ ਸੁਨਾਵਨਿ ਸਤਿਗੁਰ ਸੰਗ[†] ॥੧੮॥ — [†]ਇਹ ਕਿਲੇ ਦੇ ਪੁਰਾਣੇ ਰਵਾਇਤੀ ਹਾਲਾਤ ਹਨ। ਬਠਿੰਡਾ ਰਾਜ ਪਟਿਆਲਾ ਵਿਚ ਹੈ। ਭਟਨੇਰ ਦਾ ਨਗਰ ਤੇ ਭਟਿੰਡਾ ਯਾ ਬਠਿੰਡਾ ਨਗਰ ਭੱਟੀ ਰਾਉ ਦੇ ਬਣਾਏ ਹੋਏ ਹਨ। ਭਟਿੰਡੇ ਦਾ ਕਿਲਾ ਰਾਜਾ ਬਿਨੈਪਾਲ ਦਾ ਬਣਾਇਆ ਹੋਇਆ ਹੈ। ਭਟਨੇਰ ਹੁਣ

ਬੀਕਾਨੇਰ ਰਿਆਸਤ ਵਿਚ ਹੈ, ਇਸ ਨੂੰ ਹਨੂਮਾਨ ਗੜ੍ਹ ਬੀ ਬੋਲਦੇ ਹਨ।

ਭਏ ਤਜਾਰ ਅਗਲੀ ਭੁਨਸਾਰਾ।
ਹਯ ਪਰ ਜ਼ੀਨ ਡਾਰਿ ਅਸਵਾਰਾ।
ਉਲੰਘਿ ਪੰਥ ਕੇਤਿਕ ਜਬਿ ਆਏ।
ਡੇਰਾ 'ਸੰਮੀ' ਗ੍ਰਾਮ ਸੁ ਪਾਏ ॥੧੯॥
ਤਹਿਂ ਕੇ ਨਰਨ ਆਇ ਕਰ ਜੋਰੇ।
ਜਥਾ ਸ਼ਕਤਿ ਧਰਿ ਅੱਗ੍ਰ ਅਕੋਰੇ।
ਦਰਸ਼ਨ ਕਰਿ ਪਦ ਬੰਦਤਿ ਸਾਰੇ।
ਦੁਗਧ ਦਧੀ ਲੇ ਧਰਜੋ ਅਗਾਰੇ ॥੨੦॥
ਤ੍ਰਿਣ ਦਾਨਾ ਘੋਰਨਿ ਕੋ ਦੀਨਿ।
ਰਸਤ ਪੁਚਾਈ ਦੇਗ ਸੁ ਕੀਨ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਪ੍ਰਾਤਿ ਭਈ ਚਢਿ ਕੈ ਸੁਖਦਾਈ ॥੨੧॥
ਆਨਿ ਦਮਦਮੇ ਕੀਨਸਿ ਡੇਰਾ।
ਡੱਲਾ ਮਿਲਜੋ ਆਨਿ ਤਿਸ ਬੇਰਾ।
ਬੰਦਨ ਕਰੀ ਚਰਨ ਅਰਬਿੰਦ।
ਬੈਠਿ ਨਿਕਟ ਤਹਿਂ ਨਰ ਮਿਲ ਬ੍ਰਿੰਦ ॥੨੨॥
ਦਜਾਲ ਦਾਸ ਸਕਟਾ ਭਰਿ ਜੋਇ।
ਸੰਗ ਲਿਯੇ ਫਿਰਿ ਲਜਾਯੋ ਸੋਇ।
ਰਾਮ ਸਿੰਘ ਤਬਿ ਅਰਜ਼ ਬਖਾਨੀ।
'ਬਖਸ਼ਹੁ ਪ੍ਰਭੁ ਆਪਨੋ ਜਾਨੀ ॥੨੩॥
ਆਦਿ ਤਿਹਾਵਲ ਅਧਿਕ ਅਹਾਰਾ।
ਲੀਏ ਬਠਿੰਡੇ ਸਕਟ ਪਧਾਰਾ।'
ਦਜਾਲ ਦਾਸ ਤਬਿ ਚਰਨੀ ਪਰਜੋ।
ਹਾਥ ਜੋਰਿ ਕਰਿ ਆਗੈ ਥਿਰਜੋ ॥੨੪॥
ਦੇਖਿ ਕ੍ਰਿਪਾਲ ਕਹਜੋ 'ਥਿਰ ਥਯੋ[1]।
ਭਗਤੂ ਕੁਲ ਮਸੰਦ ਇਹ ਭਯੋ।
ਹਮ ਬਖਸ਼ਜੋ[†] ਦੇਵਹੁ ਬਰਤਾਇ।'

[1]ਬੈਠ ਜਾਹ।

[†]ਕਵੀ ਜੀ ਆਪਣੇ ਰਚਿਤ ਬਾਲਮੀਕ ਰਾਮਾਯਣ ਦੇ ਅਨੁਵਾਦ ਦੇ ਲੰਕਾ ਕਾਂਡ, ਸਰਗ ੧੩੧ ਵਿਖੇ ਦੱਸਦੇ ਹਨ ਕਿ ਇਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਤੇ ਨਾਮ ਦਯਾਲ ਸਿੰਘ ਹੋਯਾ:-'ਖੰਡੇ ਕੀ ਪਾਹੁਲ ਲੈ ਕਰਕੈ।

ਦਯਾਲ ਸਿੰਘ ਨਿਜ ਨਾਮ ਸੁਧਰਿਕੈ' ॥ ੧੨੩ ॥

ਭੀ ਅਰਦਾਸ ਗੁਰੂ ਅਗਵਾਇ ॥੨੫॥
ਜਬਿ ਦੇਖਯੋ ਭੋਜਨ ਕੋ ਜਾਇ।
ਪਰੇ ਕਿਰਮ+ ਜਿਸ ਮਹਿਂ ਸਮੁਦਾਇ।
ਆਨਿ ਗੁਰੂ ਢਿਗ ਅਰਜ਼ ਸੁਨਾਈ।
'ਖੈਬੇ ਲਾਇਕ ਨਹੀਂ ਗੁਸਾਈਂ ॥੨੬॥
ਬਿਤੇ ਦਿਵਸ ਬਹੁ ਕਿਰਮ ਪਰੇ† ਹੈਂ।
ਫਿਰਯੋ ਸੰਗ ਬਿਚ ਸਕਟ ਧਰੇ ਹੈਂ।'
ਸੁਨਿ ਪ੍ਰਭੁ ਕਹਯੋ 'ਹਮੇ ਦਿਖਰਾਵਉ।
ਪੀਛੇ ਤੇ ਸਭਿ ਮਹਿਂ ਬਰਤਾਵਉ' ॥੨੭॥
ਕੇਤਿਕ ਲਯਾਯੋ ਗੁਰੂ ਅਗਾਰੀ।
ਲੇ ਨਿਜ ਹਾਥਨਿ ਗੁਲਕਾ ਧਾਰੀ।
ਕਰਤਲ ਪਰ ਬੱਟੀ ਗੁਰ ਕਰੀ।
ਦੇਗ ਭਗਤ ਕੀ ਪੂਰਨ ਪਰੀ[1] ॥੨੮॥
ਪੁਨ ਬਰਤਾਵਨਹਾਰ ਨਿਹਾਰਾ[1]।
ਸੁੱਧ ਅਹਾਰ ਭਯੋ ਇਕ ਬਾਰਾ।
ਸਿੰਘਨ ਮਹਿਂ ਲਾਦਯੋ ਬਰਤਾਵਨ।
ਬਹੁ ਕਰਾਹਿ ਦੇ ਕਰਿ ਤ੍ਰਿਪਤਾਵਨ ॥੨੯॥
ਭਯੋ ਰੌਰ ਤਬਿ ਲੂਟ ਮਚਾਈ।
ਪਰਯੋ ਖਾਲਸਾ ਲੇ ਲੇ ਧਾਈ।
ਆਪੇ ਆਪ ਸਗਰ ਲੇ ਗਏ।
ਸਤਿਗੁਰ ਹੇਰਿ ਹੇਰਿ ਬਿਕਸਏ ॥੩੦॥
ਕਿਤਿਕ ਦੇਰ ਪੀਛੇ ਸਿਖ ਆਏ।
ਹੁਤੇ ਪੰਚ ਦਸ ਨਹਿਂ ਕੁਛ ਖਾਏ।
ਪਿਖਿ ਗੁਰ ਕਹਯੋ 'ਜਾਹੁ ਇਸ ਕਾਲਾ।
ਦਯਾਲ ਦਾਸ ਕੋ ਗਹਿ ਲਿਹੁ ਪਾਲਾ' ॥੩੧॥
ਗਏ ਕਹੈਂ 'ਦਿਹੁ ਦੇਗ ਹਮਾਰੀ।'
ਗੌਰੇ ਸੁਤ ਤਬਿ ਛਾਪ ਉਤਾਰੀ।
ਤਿਨ ਕੋ ਦਈ 'ਮੋਲ ਲੇ ਖਾਵਹੁ।
ਦੇਗ ਬਿਖੈ ਕੁਛ ਭੰਗ ਨ ਪਾਵਹੁ' ॥੩੨॥

†ਸਾਖੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ।

[1]ਭਾਵ ਛਕ ਲਈ।

[1]ਫਿਰ ਵਰਤਾਵਣ ਵਾਲੇ ਨੇ (ਕੀ) ਡਿੱਠਾ (ਕਿ).....।

ਏਕ ਤੁਰੰਗਮ ਏਕ ਦੁਸ਼ਾਲਾ।
ਦਜਾਲ ਦਾਸ ਦੀਨਸਿ[1] ਤਿਸ ਕਾਲਾ। — [1]ਭਾਵ, ਭੇਟਾ ਦਿੱਤਾ (ਗੁਰੂ ਜੀ ਨੂੰ)।
ਬਖਸ਼ ਮਿਲਾਯੋ ਸੰਗਤਿ ਮਾਂਹੀ।
ਰਹ੍ਯੋ ਸੰਗ ਸੇਵਾ ਕਰਿ ਪਾਹੀ ॥੩੩॥
ਕਰਿ ਨਰ ਦਰਸ਼ਨ ਸਦਨ ਸਿਧਾਰੇ।
ਖਾਨ ਪਾਨ ਸੈਨਾ ਕਰਿ ਸਾਰੇ।
ਥਿਰ ਹ੍ਵੈ ਕੇਤਿਕ ਦਿਵਸ ਬਿਤਾਏ।
ਪੁਰਹਿੰ ਕਾਮ ਸਿਖ ਸੰਗਤਿ ਆਏ ॥੩੪॥
†ਇਕ ਦਿਨ ਡੱਲੇ ਕੋ ਲੇ ਸੰਗ। — †ਸੌ ਸਾਖੀ ਦੀ ਇਹ ੪੫ਵੀਂ ਸਾਖੀ ਹੈ।
ਹਿਤ ਅਖੇਰ ਕੇ ਚਢੇ ਤੁਰੰਗ।
ਗਏ ਦੂਰ ਮ੍ਰਿਗ ਦੇਖ੍ਯੋ ਜਬੈ।
ਸਰ ਖਰ ਛੋਰਿ ਸੰਘਾਰ੍ਯੋ ਤਬੈ ॥੩੫॥
ਮਾਰਤਿ ਸ਼੍ਰੀ ਮੁਖ ਤੇ ਬਹੁ ਹਸੇ।
ਓਸ਼ਟ ਬੀਚ ਦਸਨ ਦੁਤਿ ਲਸੇ।
ਪਿਖਿ ਡੱਲੇ ਕਰ ਜੋਰਿ ਅਲਾਏ।
'ਇਸ ਕੋ ਹਤਿ ਕਰਿ ਕ੍ਯੋਂ ਬਿਕਸਾਏ?' ॥੩੬॥
'ਏ ਗੁਰ ਸਿਖ ਗੁਰ ਕੇਰਿ ਖਜ਼ਾਨਾ[1]। — [1]ਖਜ਼ਾਨਚੀ ਸੀ।
ਰਹ੍ਯੋ ਚੁਰਾਵਤਿ ਦਰਬ ਮਹਾਨਾ।
ਅਧਿਕ ਖਰਾਬ ਕਰ੍ਯੋ ਅਰੁ ਖਾਯੋ।
ਤਿਸ ਅਘ ਤੇ ਇਹ ਮ੍ਰਿਗ ਤਨ ਪਾਯੋ ॥੩੭॥
ਸੁਨਿ ਡੱਲਾ ਬੈਰਾਰ! ਬਿਚਾਰਾ[1]। — [1]ਵਿਚਾਰ ਸੁਣ।
ਲੇ ਪਰ ਅੰਸ[1] ਕਿਸੀ ਪਰਕਾਰਾ। — [1]ਪਰਾਯਾ ਧਨ।
ਤਿਸ ਕੋ ਆਮਿਖ ਕਾਟ੍ਯੋ ਜਾਇ।
ਇਨ ਕੁੱਠੈ[1] ਰੀਂਧੈ ਅਰੁ ਖਾਇ ॥੩੮॥ — [1]ਕੁੱਸੇਗਾ, ਤੜਫੇਗਾ। ਸੌ ਸਾਖੀ ਦਾ ਪਾਠ ਹੈ 'ਕੁਸੀਏਗਾ'।
ਜੇ ਨਰ ਪਰ ਕੀ ਅੰਸ ਚੁਰਾਵੈਂ।
ਕੈ ਬਲ ਤੇ ਛੀਨਹਿੰ ਹਰਖਾਵੈਂ।
ਮ੍ਰਿਗ ਬਕਰੇ ਆਦਿਕ ਤਨ ਧਰੈਂ†। — †ਸਾਰੇ ਮ੍ਰਿਗਾਂ ਤੇ ਬੱਕਰਿਆਂ ਤੋਂ ਮੁਰਾਦ ਕਵੀ ਜੀ ਦੀ ਨਹੀਂ ਹੈ।
ਲੇਨਹਾਰ ਤਿਨ ਭੱਖਨ ਕਰੈਂ ॥੩੯॥

ਸ੍ਵਾਮੀ ਅੰਸ ਚੁਰਾਵੈਂ ਜੇਈ।
ਇਸੀ ਦਸ਼ਾ ਦੁਖ ਪਾਵੈਂ ਤੇਈ।
ਹਮ ਤਬਿ ਬਰਜ ਰਹਜੋ, ਨਹਿਂ ਮਾਨਜੋਂ।
ਯਾਂ ਤੇ ਹਸੇ ਬ੍ਰਿਤੰਤ ਸੁ ਜਾਨਜੋਂ ॥੪੦॥
ਇਮ ਕਹਿ ਦੂਰ ਦਮਦਮਾ ਰਹਜੋ।
ਪਹੁੰਚਨਿ ਸਮਾ ਨ ਮਨ ਮਹਿਂ ਲਹਜੋ।
ਤਰੁ ਕੀਕਰ[1] ਅਵਲੋਕਨਿ ਕਰੇ।
ਤਹਾਂ ਥਿਰੇ ਪ੍ਰਭੁ ਡੇਰਾ ਕਰੇ ॥੪੧॥
ਤਬਿ ਸਿੱਖਨ ਕਰ ਜੋਰਿ ਬਖਾਨਾ।
'ਪ੍ਰਭੁ ਜੀ! ਕਰਜੋ ਨ ਹਮ ਕੁਛ ਖਾਨਾ।
ਦੋਨਹੁਂ ਸਮੇ ਰਹੇ ਅਬਿ ਖਾਲੀ।
ਸਭਿ ਕੋ ਬਜਾਪੀ ਛੁਧਾ ਬਿਸਾਲੀ ॥੪੨॥
ਕਿਮ ਇਹ ਨਿਸਾ ਬਤਾਵਨਿ ਕਰੈਂ।
ਪ੍ਰਾਤਿ ਹੋਤਿ ਪੁਨ ਚਲਿਬੋ ਪਰੈਂ।'
ਸੁਨ ਸ਼੍ਰੀ ਮੁਖ ਤੇ ਹੁਕਮ ਬਖਾਨਾ।
'ਚਢਹੁ ਕੀਕਰਾਂ ਖਰੀ ਮਹਾਨਾ ॥੪੩॥
ਬਲ ਤੇ ਇਨਹੁਂ ਹਿਲਾਵਨਿ ਕਰੀਏ।
ਮਨ ਭਾਵਤਿ ਅਚਵਹੁ ਛੁਧਿ ਹਰੀਏ।'
ਮਾਨਿ ਬਾਕ ਕੋ ਭਏ ਅਰੋਹਨਿ।
ਗਹਿ ਝੂਣੇ ਕੀਨੇ ਦ੍ਰਿਗ ਜੋਹਨ ॥੪੪॥
ਅਨਿਕ ਭਾਂਤਿ ਕੇ ਭਏ ਅਹਾਰਾ।
ਖੁਰਮੇ ਬ੍ਰਿੰਦ ਜਲੇਬ ਉਦਾਰਾ।
ਮੋਦਕ ਆਦਿ ਪਰੇ ਸਮੁਦਾਈ।
ਗਨ ਭੋਜਨ ਬਰਖਾ ਬਰਖਾਈ ॥੪੫॥
ਖਾਇ ਖਾਇ ਕਰਿ ਸਿਖ ਤ੍ਰਿਪਤਾਨੇ।
ਕਿਤਿਕ ਸਿੰਘ ਨਹਿਂ ਕੀਨਸਿ ਖਾਨੇ।
ਬੂਝਜੋ 'ਪ੍ਰਭੁ ਤੁਮ ਕਜੋਂ ਨਹਿਂ ਖਾਯੋ।
ਸਗਰੇ ਦਿਵਸ ਹਾਥ ਨਹਿਂ ਆਯੋ' ॥੪੬॥
ਹਾਥ ਜੋਰਿ ਕਹਿਂ ਸਿੱਖ ਜਿ ਸਜਾਨੇ।
'ਸ਼੍ਰੀ ਪ੍ਰਭੁ! ਆਪ ਨ ਕੀਨਸਿ ਖਾਨੇ।
ਕਿਮ ਹਮ ਖਾਇ ਸਕਹਿਂ ਤੁਮ ਬਿਨਾ।'
ਸੁਨਿ ਪ੍ਰਸੰਨ ਹ੍ਵੈ ਸ਼੍ਰੀ ਮੁਖ ਭਨਾ ॥੪੭॥

[1]ਕਿੱਕਰ ਦਾ ਬ੍ਰਿੱਛ।

'ਇਹ ਸਿਖ ਗੁਰਮੁਖ ਲੇਹੁ ਬਿਚਾਰੇ।
ਪੇਟ ਪਾਲ ਹੈਂ ਅਚਵਨ ਵਾਰੇ[1]।
ਮਨਮੁਖ ਭੀ ਸਿਖ ਕਹੈਂ ਘਨੇਰੇ।
ਸਿੱਖੀ ਪਾਵਨ ਦੂਰ ਬਡੇਰੇ[†]' ॥੪੮॥

[1]ਖਾਣ ਵਾਲੇ ਤਾਂ ਪੇਟ ਪਾਲੂ ਹਨ।

[†]ਉਹੀ ਧੂਨਿ ਚਲ ਰਹੀ ਹੈ ਕਿ ਪ੍ਰੇਮ ਹੀ ਸਭ ਸ਼ੈ ਦਾ ਮੂਲ ਹੈ।

ਪੁਨ ਚਢਿ ਕਰਿ ਨਿਜ ਡੇਰਨਿ ਆਏ।
ਇਮ ਕੇਤਿਕ ਦਿਨ ਜਬਹਿ ਬਿਤਾਏ।
ਖਾਨ ਪਾਨ ਕਰਿ ਥਿਰੇ ਗੁਸਾਈਂ।
ਨਿਸਾ ਵਧੀ ਅਧਿਕੈ ਅਧਿਕਾਈ[1] ॥੪੯॥

[1]ਰਾਤ ਬਹੁਤ ਤੋਂ ਬਹੁਤ ਵੱਡੀ ਹੋਈ ਭਾਵ ਸੂਰਜ ਨਾ ਚੜ੍ਹਿਆ।

ਲੋਕ ਪਸੂ ਬਹੁ ਭਏ ਦੁਖਾਰੇ।
ਕਰਹਿਂ ਪ੍ਰਤੀਖਨ ਹ੍ਵੈ ਭੁਨਸਾਰੇ।
ਬੈਠੇ ਸਭਿਨਿ ਬਿਖੈ ਨਰ ਨਾਰੀ।
ਹੋਹਿ ਨ ਪ੍ਰਾਤਿ ਸਭਿਨਿ ਮਤਿ ਹਾਰੀ ॥੫੦॥
-ਕੋ ਕਾਰਨ ਭਾ ਜਾਇ ਨ ਜਾਨਾ।
ਮਾਰਤੰਡ ਚਢਿਯ ਨ ਅਸਮਾਨਾ-।
ਰੁਕੇ ਲੋਕ ਸਗਰੇ ਅਕੁਲਾਈ।
ਸ਼੍ਰੀ ਪਰਮੇਸ਼ੁਰ ਨਾਮ ਧਿਆਏ ॥੫੧॥
[†]ਅਧਿਕ ਰਾਤਿ ਜਬਿ ਬੀਤਨ ਕਰੀ।

[†]ਸੌ ਸਾਖੀ ਦੀ ੪੬ਵੀਂ ਸਾਖੀ ਦਾ ਇਹ ਉਲਥਾ ਹੈ। ਪਤਾ ਨਹੀਂ ਸੌ ਸਾਖੀ ਦੇ ਲੇਖਕ ਨੇ ਕਿਸ ਘਟਨਾ ਨੂੰ ਐਉਂ ਵਰਣਨ ਕੀਤਾ ਹੈ। ਪਰ ਇਹ ਬੀ ਅਸਲੀ ਸਾਖੀਆਂ ਦੀ ਨਹੀਂ ਜਾਪਦੀ। ਆਖੇਪਕਾਰਾਂ ਦਾ ਹਸਤਾਖੇਪ ਜਾਪਦਾ ਹੈ, ਖੋਜ ਦੀ ਲੋੜ ਹੈ।

ਪ੍ਰਾਤਿ ਸਭਿਨਿ ਕੋ ਚਿੰਤਾ ਪਰੀ।
ਡੱਲੇ ਸੰਗ ਮਿਲੇ ਸਭਿ ਜਾਇ।
'ਅਧਿਕ ਨਿਸਾ ਕੁਛ ਲਖ੍ਯੋ ਨ ਜਾਇ ॥੫੨॥
ਚਲਹੁ ਪ੍ਰਭੂ ਕੋ ਬੂਝਹਿਂ ਏਹ।
ਹੈਂ ਸਰਬੱਗਯ ਬਤਾਇ ਸੁ ਦੇਹਿਂ।'
ਡੱਲੇ ਜੁਤਿ ਮਾਨਵ ਸਮੁਦਾਇ।
ਪਦ ਅਰਬਿੰਦ ਨਿਵੇਂ ਸਭਿ ਆਇ ॥੫੩॥

ਬੈਠੇ ਬਿਸਮਤਿ ਬਾਤ ਬਖਾਨੀ।
'ਨਿਸ ਕੀ ਗਤਿ ਕੁਛ ਜਾਇ ਨ ਜਾਨੀ।'
ਗੁਰੂ ਕਹ੍ਯੋ 'ਭਾਣਾ ਹਰਿ ਜੋਈ।
ਦੇਵਨ ਬਿਖੈ ਸਪਰਧਾ[1] ਹੋਈ ॥੫੪॥ [1]ਈਰਖਾ।
ਸੂਰਜ ਸੁਰਪਤਿ[1] ਹਟਿ ਹਟਿ[2] ਬੈਠੇ। [1]ਇੰਦ੍ਰ। [2]ਆਪਣੇ ਆਪਣੇ ਕੰਮਾਂ ਤੋਂ) ਹਟ ਹਟ ਕੇ।
ਅਪਰ ਬ੍ਰਿੰਦ ਸੁਰ ਹੋਇ ਇਕੈਠੇ।
ਬਰਜੀ ਬਰਖਾ ਹੁਇ ਜਗ ਨਾਂਹੀ।
ਦਿਨਕਰ[1] ਥਿਰ੍ਯੋ ਸੁਰਗ ਕੇ ਮਾਂਹੀ ॥੫੫॥ [1]ਸੂਰਜ।
ਰਾਤਿ ਵਧਣ ਕੋ ਇਹੁ ਲਖਿ ਕਾਰਨ*।'
ਸੁਨਿ ਡੱਲੇ ਕਿਯ ਬਾਕ ਉਚਾਰਨ।
'ਪ੍ਰਭੁ ਜੀ ਕਿਮ ਜੀਵਹਿ ਬਿਨ ਬਾਰੀ[1]?' [1]ਜਲ ਤੋਂ ਬਿਨਾਂ ਕਿਵੇਂ ਜੀਵਾਂਗੇ।
ਸੁਨਿ ਸਤਿਗੁਰ ਤਬਿ ਤੂਸ਼ਨ ਧਾਰੀ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

## ੨੬. [ਮੀਂਹ ਵਰਸਾਇਆ। ਤਾਪ ਹਟਾਇਆ। ਪਹਿਰੇਦਾਰਾਂ ਖੇਡਾ ਦੇਖਿਆ]

੨੫<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੭

ਦੋਹਰਾ:

"[1]ਔੜ ਲਗੀ ਬਰਖਾ ਹਟੀ, ਬੀਤੇ ਦਿਵਸ ਕਿਤੇਕ।

[1]ਰਾਹਕ ਆਪੋ ਵਿਚ ਵਿਚਾਰਾਂ ਕਰਦੇ ਹਨ।

ਖੇਤੀ ਲਾਗੀ ਸੂਕਿਬੇ, ਉਬਰਯੋ ਖੇਤ ਨ ਏਕ ॥੧॥

ਚੌਪਈ:

ਪ੍ਰਜਾ ਭਈ ਦੀਰਘ ਦੁਖਿਆਰੀ।
ਹੁਇ ਦੁਰਭਿੱਛ ਪਰਕਯੋ ਨਹਿਂ ਬਾਰੀ।
ਹੁਇ ਹੈ ਕਹਾਂ ਹਵਾਲ ਹਮਾਰੋ।
ਬਿਨਾਂ ਅੰਨ ਕਯੋਂ ਜਿਯਨ ਬਿਚਾਰੋ' ॥੨॥
ਰਾਹਕ ਮਹਾਂ ਕਸ਼ਟ ਕੋ ਪਾਏ।
ਮਿਲਿ ਮਿਲਿ ਬੈਠਿ ਬੈਠਿ ਪਛੁਤਾਏ।
ਕੇਤਿਕ ਗ੍ਰਾਮਨਿ ਕੇ ਸਮੁਦਾਈ।
ਚਿਤ ਚਿੰਤਾ ਬਸਿ ਭੇ ਇਕ ਠਾਈ ॥੩॥
'ਅਬਿ ਸਮੀਪ ਸਤਿਗੁਰੂ ਸੁਹਾਏ।
ਜਿਨ ਤੇ ਮਨੋ ਕਾਮਨਾ ਪਾਏ।
ਏਕ ਏਕ ਕੀ ਪੁਰਵਤਿ ਆਸਾ।
ਮਿਲਿ ਕੈ ਦੇਸ਼ ਚਲਹੁ ਗੁਰ ਪਾਸਾ ॥੪॥
ਜਾਚਹੁ ਬਰਖਾ ਗੁਰੂ ਕਰੈ ਹੈਂ।
ਜੀਵ ਦਾਨ ਜਗ ਕੋ ਤਬਿ ਦੈਹੈਂ।'
ਇਮ ਬਿਚਾਰਿ ਸੰਗਤ ਸਮੁਦਾਈ।
ਸਜਾਨੇ ਸਿੱਖ ਕਰੇ ਅਗੁਵਾਈ ॥੫॥
ਆਨਿ ਦਮਦਮੇ ਕੀਨਸਿ ਡੇਰੇ।
ਚਹੁੰਦਿਸ਼ਿ ਕੇ ਨਰ ਮਿਲੇ ਘਨੇਰੇ।
ਧਰੇ ਤ੍ਰਾਸ ਦੁਰਭਿਛ ਕੋ ਭਾਰੇ।
ਆਇ ਗੁਰੂ ਸਭਿਹਿਨਿ ਪਰਵਾਰੇ ॥੬॥
ਕਰਿ ਕਰਿ ਨਮੋ ਚਹੁੰਦਿਸ਼ਿ ਥਿਰੇ।
ਕੇਚਿਤ ਬੈਠੇ ਕੇਚਿਤ ਖਰੇ।
ਖਰੋ ਮੇਵਰੋ ਅਰਜ਼ ਗੁਜਾਰੀ।
'ਕਰਹੁ ਪ੍ਰਭੂ ਜਗ ਕੀ ਰਖਵਾਰੀ ॥੭॥
ਨਹੀਂ ਗਗਨ ਮਹਿ ਮੇਘ ਦਿਖੰਤੇ।

ਸਭਿ ਦੇਸ਼ਨ ਕੇ ਖੇਤ ਸੁਕੰਤੇ।
ਅਬਿ ਕੇ ਫਸਲ ਜਿ ਅੰਨ ਬਿਨਾਸ਼ਾ।
ਨਹੀਂ ਨਰਨ ਕੀ ਜੀਵਨ ਆਸ਼ਾ ॥੮॥
ਅਪਨੀ ਸੰਗਤਿ ਜਾਨਿ ਬਚਾਵਹੁ।
ਕਰਹੁ ਬਾਕ ਬਰਖਾ ਬਰਖਾਵਹੁ।'
ਸੁਨਿ ਅਰਜ਼ੀ ਪ੍ਰਭੁ ਕ੍ਰੋਧ ਵਧਾਯੋ।
ਡੱਲੇ ਦਿਸ਼ਿ ਅਵਲੋਕਿ ਅਲਾਯੋ ॥੯॥
'ਉਠਿ ਸੁਰਪਤਿ[1] ਕੋ ਹਤਹੁ ਬਿਸਾਲਾ। — [1]ਇੰਦ੍ਰ ਨੂੰ।
ਪਠਹਿ ਮੇਘ ਜਿਸ ਤੇ ਤਤਕਾਲਾ।'
ਗੁਰੂ ਬਚਨ ਪਰ ਧਰਿ ਬਿਸਵਾਸਾ।
ਡੱਲਾ ਉਠ੍ਯੋ ਬਿਲੋਕਿ ਅਕਾਸ਼ਾ ॥੧੦॥
ਪਨਹੀ ਸਪਤ[1] ਬਗਾਇ ਸੁ ਮਾਰੀ। — [1]ਸੱਤ।
ਮੁਖ ਤੇ ਗਾਰੀ ਅਨਿਕ ਨਿਕਾਰੀ।
'ਮਾਨਿ ਹੁਕਮ ਕੋ ਬਰਖਹੁ ਤੂਰਨ।
ਹਮ ਭੀ ਬਚ ਮਾਨਹਿਂ ਗੁਰ ਪੂਰਨ ॥੧੧॥
ਬੀਚ ਤ੍ਰਿਲੋਕੀ ਹੈ ਅਸ ਕੌਨ।
ਜਿਸ ਕੇ ਮਨ ਮਹਿਂ ਸ਼੍ਰੀ ਗੁਰ ਭੌਨ।
ਆਪ ਕ੍ਰਿਸ਼ਨ ਰਣ ਕਰਿ ਜੈ ਪਾਈ[1]। — [1]ਫਤਹ ਪਾਈ (ਇੰਦ੍ਰ ਤੇ)।
ਗੁਰ ਦਾਸਨ ਤੇ ਮਾਰ ਕਰਾਈ[1]† ॥੧੨॥ — [1]ਗੁਰੂ ਜੀ ਨੇ ਦਾਸਾਂ ਪਾਸੋਂ (ਇੰਦ੍ਰ) ਨੂੰ ਮਾਰ ਪੁਵਾਈ। †ਇਥੇ ਕਵੀ ਜੀ ਸਪੱਸ਼ਟ ਗੁਰੂ ਜੀ ਦੀ ਅਧਿਕਤਾ ਸ਼੍ਰੀ ਕ੍ਰਿਸ਼ਨ ਜੀ ਤੋਂ ਦਿਖਾ ਰਹੇ ਹਨ, ਉਹਨਾਂ ਨੇ ਆਪ ਰਣ ਕਰਕੇ ਇੰਦ੍ਰ ਜਿੱਤਿਆ, ਸਤਿਗੁਰਾਂ ਨੇ ਦਾਸਾਂ ਤੋਂ ਮਾਰ ਕਰਾਕੇ ਇੰਦ੍ਰ ਤੋਂ ਕੰਮ ਕਰਵਾਇਆ।
ਦੇਰ ਨ ਧਰਹੁ ਕਰਹੁ ਅਬਿ ਬਰਖਾ।
ਤੇਜ ਪ੍ਰਭੂ ਕੇ ਸੁਰਪਤਿ ਧਰਖਾ[1]। — [1]ਕੰਬਿਆ।
ਇਤਨੇ ਕਹੇ ਗਗਨ ਘਨ ਛਾਏ।
ਜਲ ਗੇਰਨਿ ਲਾਗੇ ਸਮੁਦਾਏ ॥੧੩॥
ਸ਼੍ਰੀ ਮੁਖ ਤੇ ਬਹੁ ਹਸੇ ਕ੍ਰਿਪਾਲਾ।
ਕਹ੍ਯੋ ਸ਼ਲੋਕ ਸਕਲ ਤਿਸ ਕਾਲਾ।
ਲੋਕ ਹਜ਼ਰਾਹੁ ਪਿਖੈਂ ਤਮਾਸ਼ਾ।
ਸੁਨ੍ਯੋਂ ਸ਼੍ਰੋਨ ਇਮ ਸ਼ਬਦ ਪ੍ਰਕਾਸ਼ਾ ॥੧੪॥

ਸ਼੍ਰੀ ਮੁਖਵਾਕ:

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

[ਆਸਾ ਵਾਰ ਮਃ ੧

ਚੌਪਈ:

ਇਹ ਸ਼ਲੋਕ ਸਭਿ ਪਠਜੋ ਸੁਨਾਯੋ।
ਸਭਿ ਸੰਗਤਿ ਕੇ ਮਨ ਮਹਿਂ ਭਾਯੋ।
ਬਰਖਾ ਲਾਗੀ ਪਰਨ ਘਨੇਰੀ।
ਗਏ ਸਕਲ ਨਰ ਘਰ ਤਿਸ ਬੇਰੀ† ॥੧੫॥

†ਹੁਕਮ ਨਾਲ ਮੀਂਹ ਵਸਾ ਦੇਣਾ ਆਤਮ ਸਤਜਾਵਾਨਾਂ ਲਈ ਮੁਸ਼ਕਲ ਨਹੀਂ ਹੈ, ਯੋਗ ਦਰਸ਼ਨ ਯੋਗੀ ਲਈ ਇਹ ਗੱਲਾਂ ਮੰਨਦਾ ਹੈ। ਜੁੜੇ ਮਨਾਂ ਦੇ ਕਰਤਬ ਹੁਣ ਬੀ ਪ੍ਰਸਿੱਧ ਹੋ ਰਹੇ ਹਨ, ਤੇ ਅਵਤਾਰ ਲਈ ਜੋ ਆਤਮ ਸੱਤਜਾ ਦਾ ਘਰ ਹੈ ਐਸੇ ਕੰਮ ਕੀਹ ਬਾਤ ਹਨ।

ਗੁਰ ਸੁਜਸੁ ਕੋ ਜਾਤਿ ਬਖਾਨਹਿਂ।
'ਮੂਢ ਸੁ ਨਰ ਜੋ ਇਨਹੁ ਨ ਮਾਨਹਿਂ।'
ਸਕਲ ਦੇਸ਼ ਮਹਿਂ ਭਯੋ ਸੁਕਾਲਾ।
ਹਰੇ ਖੇਤ ਪਿਖਿ ਭਏ ਨਿਹਾਲਾ ॥੧੬॥
ਅੰਨ ਅਨੇਕ ਭਾਂਤਿ ਕੇ ਹੋਇ।
ਜਹਿਂ ਕਹਿਂ ਗੁਰ ਪ੍ਰਤਾਪ ਕੋ ਜੋਇ।
ਨਿਤ ਪ੍ਰਤਿ ਚਢਹਿਂ ਅਖੇਰ ਬਹਾਨੇ।
ਦੂਰ ਦੂਰ ਥਲ ਪਿਖਨਿ ਪਿਆਨੇ ॥੧੭॥
ਗਾਹਜੋ ਦੇਸ਼ ਮਾਲਵਾ ਫਿਰਿ ਕੈ।
ਇਤ ਉਤ ਕੋ ਨਰ ਹੇਰਨਿ ਕਰਿ ਕੈ।
ਇਕ ਦਿਨ ਸਤਿਗੁਰ ਬੈਠਿ ਬਖਾਨਾ।
'ਦਯਾਵਾਨ ਇਹੁ ਦੇਸ਼ ਮਹਾਨਾ ॥੧੮॥
ਸਿੱਖੀ ਭਾਵ ਬਡੇਰ ਬਡੇਰਾ।
ਦੋਸ਼ ਇਹੀ ਕਹਿਂ ਝੂਠ ਘਨੇਰਾ[1]।
ਪੁੱਤ੍ਰੀ ਪੀਛੇ ਪਲਹਿਂ ਸਦਾਈ[1]।
ਅੰਨ ਘਨੋ ਹੁਇ ਤੋਟ ਨ ਕਾਈ ॥੧੯॥
ਨਹੀਂ ਅਘਾ ਵਾਹਿੰਗੇ ਮਨ ਕਾਚੇ।

[1]ਜੋ ਬਹੁਤਾ ਝੂਠ ਬੋਲਦੇ ਹਨ।

[1]ਭਾਵ ਲੜਕੀਆਂ ਵੇਚਦੇ ਹਨ।

ਪੈਸੇ ਕੀ ਤ੍ਰਿਸ਼ਨਾ ਮਹਿਂ ਰਾਚੇ।
ਬਾਕ ਨ ਮਾਨਹਿਂ ਰਹਿਂ ਮਤਿ ਮਾਰੇ।
ਅਪਨੋ ਭਲੋ ਨ ਜਾਨਿ ਗਵਾਰੇ ॥੨੦॥

ਬਚਨ:
ਖਾਨ ਕੋ ਭੇਸ[1]।
ਸਿੱਖੀ ਕੋ ਪ੍ਰਦੇਸ[1]।
ਮਤਲਬ ਪਾਤਸ਼ਾਹੀ[1]।
ਰਾਜ ਬਿਨ ਪਾਹੀ[1] ॥ ੧ ॥

[1]ਖਾਣ ਲਈ ਭੇਸ ਬਣਾਂਵਦੇ ਹਨ।
[1]ਸਿੱਖੀ ਦੇਸ਼ ਤੋਂ ਪਰੇ ਹਨ।
[1]ਮਤਲਬ ਹੀ ਇਹਨਾਂ ਦਾ ਪਾਤਸ਼ਾਹੀ ਹੈ, ਭਾਵ ਗੌਂ ਦੇ ਯਾਰ ਹਨ।
[1]ਰਾਜ ਪਾਵਣੇ ਤੋਂ ਬਿਨਾਂ ਹਨ।
[†]ਇਹ ਸੌ ਸਾਖੀ ਦੀ ੪੭ਵੀਂ ਸਾਖੀ ਚੱਲੀ ਹੈ।

ਚੌਪਈ:
[†]ਏਕ ਵਾਰ ਸਭਿ ਦੇਸ਼ ਮਝਾਰੀ।
ਪਰਜੋ ਗਰਜ ਕੇ ਤਾਪ ਸੁ ਭਾਰੀ।
ਸਕਲ ਦੁਖੀ ਤਨ ਥਰਹਰਿ ਕਾਂਪੇ।
ਪੀਤ ਬਦਨ ਦਿਨ ਰਾਤਿ ਸੰਤਾਪੇ ॥੨੧॥
ਖਾਯੋ ਜਾਇ ਨ ਪੀਵੈਂ ਪਾਨੀ।
ਪਰੇ ਰਹੈਂ ਦੁਰਬਲਹਿ ਮਹਾਨੀ।
ਡੱਲੇ ਆਨਿ ਗੁਰੂ ਕੇ ਪਾਸ।
ਕਹੀ ਤਾਪ ਕੀ ਬ੍ਰਿਥਾ ਪ੍ਰਕਾਸ਼ ॥੨੨॥
'ਮਹਾਂਰਾਜ ! ਕੁਛ ਜਤਨ ਬਤਾਵਹੁ।
ਅਪਨੇ ਜਾਨਹੁ ਤਾਪ ਮਿਟਾਵਹੁ।
ਤੁਮ ਬਿਨ ਹਮਰੋ ਨਹਿਂ ਰਖਵਾਰਾ।
ਗਹਜੋ ਆਸਰਾ ਬਡੇ ਬਿਚਾਰਾ' ॥੨੩॥
ਸੁਨਤਿ ਬਿਨੈ ਕੋ ਭਏ ਕ੍ਰਿਪਾਲ।
ਗਹਜੋ 'ਉਪਾਇ ਕਰਹੁ ਤਤਕਾਲ।
ਸਿਰ ਪਰ ਰਾਖਹੁ ਸਗਰੇ ਕੇਸ਼।
ਗੁਰਬਾਣੀ ਨਿਤ ਪੜ੍ਹਹੁ ਵਿਸ਼ੇਸ਼ ॥੨੪॥
ਨਿਕਸੈ ਤਾਪ ਦੇਸ਼ ਤੇ ਤਬੈ।
ਗੁਰਮਤਿ ਕਰਨਿ ਲਗਹੁਗੇ ਜਬੈ।'
ਸੁਨਿ ਡੱਲੇ ਸਭਿਹੂੰਨਿ ਸੁਨਾਈ।
ਕਰਤਿ ਭਏ ਤਿਮ ਨਰ ਸਮੁਦਾਈ ॥੨੫॥
ਤਜਿ ਨਿਜ ਗ੍ਰਾਮਨਿ ਕੋ ਚਲਿ ਆਏ।
ਰਹੇ ਦਮਦਮੇ ਪਢਨ ਲਗਾਏ।

ਪੁਨ ਗੁਰ ਕਹਜੋ 'ਲਹਹੁ ਸੁਖ ਸਾਰੇ।
ਧਰਮਸਾਲ ਰਚਿ ਗ੍ਰਾਮ ਮਝਾਰੇ ॥੨੬॥
ਸਿਖ ਸੰਗਤਿ ਤਿਸ ਬੀਚ ਬਿਠਾਵਹੁ।
ਧਰਹੁ ਭਾਉ ਉਰ ਟਹਿਲ ਕਮਾਵਹੁ।
ਜੋੜ ਕਰਹੁ ਸਤਿ ਸੰਗਤਿ ਕੇਰਾ।
ਗੁਰਬਾਣੀ ਮਨ ਰੁਚੋ[1] ਘਨੇਰਾ ॥੨੭॥ — [1]ਪ੍ਰੀਤ ਕਰੋ।
ਹੁਇ ਹੈ ਸੁਖ ਨਹਿਂ ਚੜ੍ਹਿ ਹੈ ਤਾਪ।
ਨਾਸ਼ ਹੋਇੰਗੇ ਸੰਗ ਸੰਤਾਪ।'
ਧਰਿ ਕਰਿ ਤ੍ਰਾਸ ਸਕਲ ਨੇ ਮਾਨੀ।
ਕਹੀ ਗੁਰੂ ਜਿਮ ਸਭਿ ਤਿਮ ਠਾਨੀ ॥੨੮॥
ਦਯਾ ਧਰਮ ਅਰੁ ਪਠਿਬੋ ਬਾਨੀ।
ਸਿੱਖੀ ਪਸਰੀ ਦੇਸ਼ ਮਹਾਨੀ।
ਪੁਨ ਸਿਰ੍ਹੰਦ ਕੇ ਸੂਬੇ ਜਾਨਿ।
ਗੁਰੂ ਟਿਕੇ ਤੇ ਦੁਖੀ ਮਹਾਨ ॥੨੯॥
ਲਿਖ੍ਯੋ ਪੱਤ੍ਰ ਨਿਜ ਜੋਰ ਜਨਾਯੋ।
ਡੱਲੇ ਕੇ ਸਮੀਪ ਪਹੁੰਚਾਯੋ।
ਗਯੋ ਦੁਰਗ ਮਹਿਂ ਲੇ ਕਰਿ ਸੋਈ।
ਸਤਿਗੁਰ ਕੋ ਸੁਧ ਤਿਸ ਕੀ ਹੋਈ ॥੩੦॥
ਏਕ ਸਿੱਖ ਕੋ ਤਬੈ ਪਠਾਯੋ[1]। — [1]ਗੁਰੂ ਜੀ ਨੇ ਸਿੱਖ ਨੂੰ ਕਹਿਆ ਗੁਪਤ ਰਹੀਂ ਸੁਣੀਂ (ਵਜ਼ੀਰ ਖਾਂ ਨੇ ਕੀ ਕਹਿ) ਭੇਜਿਆ ਹੈ।
'ਗੁਪਤਿ ਰਹਹੁ ਸੁਨਿ ਕਹਾਂ ਪਠਾਯੋ।
ਸੁਨਿ ਕੈ ਡੱਲਾ ਤਬਿ ਕਯਾ ਕਹੈ।
ਨਹੀਂ ਡਰੈਂ, ਕੈ ਡਰਪਤਿ ਅਹੈ[1]' ॥੩੧॥ — [1]ਯਾ ਡਰਦਾ ਹੈ।
ਅੰਤਰ ਇਤ ਉਤ ਸਿਖ ਬਿਚਰੰਤਾ।
'ਡੱਲਾ ਕਾਗਦ ਤੁਰਤ ਸੁਨੰਤਾ।
'ਕਯੋਂ ਨਿਜ ਬੁਰਾ ਕਰਨਿ ਅਭਿਲਾਖਾ।
ਪਾਤਸ਼ਾਹੁ ਰਿਪੁ ਗੁਰ ਢਿਗ ਰਾਖਾ ॥੩੨॥
ਅਬਿ ਭੀ ਕਰਯੋ ਜਿ ਚਹਿਂ ਭਲਿਆਈ[†]। — [†]ਅੱਗੇ ਬੀ ਅੰਸੂ ੨੨ ਦੇ ਅੰਤ ਬੀ ਵਜ਼ੀਦ ਖਾਂ ਡੱਲੇ ਤੋਂ ਮੰਗ ਕਰ ਚੁੱਕਾ ਹੈ।
ਹਮ ਕੋ ਗੁਰੂ ਦਿਹੋ ਪਕਰਾਈ।

ਸੈਨ ਘਨੇਰੀ ਦੇਤਿ ਪਠਾਇ।
ਮਿਲਿ ਕਰਿ ਤਿਸ ਕੋ ਦੇਹੁ ਗਹਾਇ ॥੩੩॥
ਨਤੁ ਤੁਝ ਕੋ ਦੇਂ ਬਡੀ ਸਜਾਈ।
ਬਸਿਬੇ ਦੇਹਿਂ ਨਹੀਂ ਇਸ ਥਾਂਈ।
ਲੂਟਹਿਂ ਗ੍ਰਾਮ ਉਜਾਰਨ ਕਰੈ।
ਆਇ ਅਚਾਨਕ ਸਭਿ ਕੋ ਧਰੈਂ[1]' ॥੩੪॥
ਸੁਨਿ ਡੱਲੇ ਉੱਤਰ ਲਿਖਵਾਯੋ।
'ਹਮ ਨਹਿਂ ਡਰਹਿਂ ਜਿ ਚਹਤਿ ਡਰਾਯੋ।
ਭੇਜਹਿਂ ਦਲ ਤਿਸ ਕੇ ਸੰਗ ਲਰੈਂ।
ਮਾਰਿ ਲੂਟ ਆਗੈ ਚਲਿ ਪਰੈਂ ॥੩੫॥
ਨਿਰਜਲ ਬਨ ਮਹਿਂ ਬਸ ਨਹਿਂ ਤੇਰੋ।
ਸਿਰ ਕੇ ਸਾਥ ਗੁਰੂ ਹੈ ਮੇਰੋ।
ਕਿਸ ਬਿਧਿ ਗਹੈਂ ਨ ਗਹਿਬੇ ਦੇਹਿਂ।
ਨਿਜ ਪ੍ਰਾਨਨਿ ਕੇ ਸੰਗ ਰਖੇਹਿਂ' ॥੩੬॥
ਇਮ ਉੱਤਰ ਡੱਲੇ ਲਿਖਵਾਯੋ।
ਸਮੁਖ ਵਜੀਦੇ ਤੁਰਤ ਪਠਾਯੋ।
ਸਗਰੀ ਬਾਤ ਦੁਹਨਿ ਦਿਸ਼ਿ ਕੇਰੀ।
ਸਿਖ ਨੇ ਸੁਨੀ ਭਲੇ ਤਿਸ ਬੇਰੀ ॥੩੭॥
ਸੋ ਸਤਿਗੁਰ ਢਿਗ ਆਨਿ ਸੁਨਾਈ।
ਸੁਨਿ ਕਰਿ ਖੁਸ਼ੀ ਭਏ ਸੁਖਦਾਈ।
ਕੇਤਿਕ ਦਿਵਸ ਬਿਤੀਤੇ ਔਰ।
ਸਤਿਗੁਰੂ ਬਾਸੇ ਤਿਸ ਹੀ ਠੌਰ ॥੩੮॥
ਸੰਗਤਿ ਦੂਰ ਦੂਰ ਤੇ ਆਵੈ।
ਪ੍ਰਭੁ ਕੇ ਪਾਇਨ ਸੀਸ ਝੁਕਾਵੈ।
ਅਰਪਹਿ ਅਨਿਕ ਅਕੋਰਨਿ ਲ੍ਯਾਇ।
ਮਨਹੁ ਕਾਮਨਾ ਅਪਨੀ ਪਾਇ ॥੩੯॥
†ਨਿਸ ਮਹਿਂ ਦਸ ਸਿੰਘਨਿ ਕੋ ਪਹਿਰਾ।
ਪਲੰਘ ਨਿਕਟ ਜਾਗਹਿਂ ਨਿਤ ਠਹਿਰਾ।
[1]ਇਕ ਦਿਨ ਖੇਡਾ ਪਾਵਨ ਕੀਨਿ।
ਗਾਵਨ ਨਾਚਨ ਨਰ ਨਾਰੀਨ[1] ॥੪੦॥

[1]ਫੜਾਂਗੇ।

†ਸਾਖੀ ਪੋ: ਦੀ ਸਾਖੀ ਹੈ।

[1]ਇਕ ਦਿਨ ਆਦਮੀਆਂ ਤ੍ਰੀਮਤਾਂ ਨੇ ਗਾਵਣ ਨੱਚਣ ਦਾ ਅਖਾੜਾ ਰਚਿਆ [ਪੰ:-, ਖੇਡਾ ਪਾਵਨਾ=ਅਖਾੜਾ ਰਚਨਾ। ਤਮਾਸ਼ਾ ਕਰਨਾ]।

ਸੋ ਸਿਖ ਆਪਸ ਮਹਿਂ ਇਮ ਕਹੈਂ।
'ਨਿੰਦ੍ਰਾ ਬਸੀ ਗੁਰੂ ਅਬਿ ਅਹੈਂ।
ਚਲਹੁ ਬਿਲੋਕਹਿਂ ਤਤਛਿਨ ਆਵੈਂ।
ਤਬਿ ਲੌ ਕਹਾਂ ਬਿਗਰ ਕੁਛ ਜਾਵੈ ॥੪੧॥
ਸਤਿਗੁਰ ਜਾਗਨਿ ਤੇ ਪਹਿਲਾਈ।
ਆਇ ਥਿਰੈਂਗੇ ਇਸ ਹੀ ਥਾਂਈ।'
ਇਮ ਕਹਿ ਕਰਿ ਸਿਖ ਪੰਚ ਪਧਾਰੇ।
ਪੰਚ ਨ ਗਏ ਥਿਰੇ ਡਰ ਧਾਰੇ ॥੪੨॥
ਖੇਡਾ ਕਰਜੋ ਬਿਲੋਕਨ ਜਬੈ।
ਡਰਤਿ ਪਰਸਪਰ ਬੋਲੇ ਤਬੈ।
'ਇਹਠਾਂ ਆਇ ਲਿਯੋ ਕਹੁ ਕਹਾਂ।
ਸ਼੍ਰੀ ਪ੍ਰਭੁ ਕੋਪ ਕਰਹਿਂਗੇ ਤਹਾਂ ॥੪੩॥
ਕਜੋਂ ਨਾਹਕ ਅਪਰਾਧੀ ਥੀਜੈ।
ਅਬਿ ਭੀ ਚਲਹੁ ਨ ਬਿਲਮ ਲਗੀਜੈ।'
ਇਮ ਬੋਲਤਿ ਤੂਰਨ ਹਟਿ ਆਏ।
ਤ੍ਰਾਸਤਿ ਖਰੇ ਭਏ ਨਿਜ ਥਾਂਏ ॥੪੪॥
-ਗੁਰ ਸੋਵਤਿ ਭੀ ਜਾਗਤਿ ਸਦਾ।
ਜਿਨ ਤੇ ਛਿਪ ਹੈ ਬਾਤ ਨ ਕਦਾ-।
ਗਏ ਹੁਤੇ ਸੋ ਡਰ ਧਰਿ ਥਿਰੇ।
ਜੇ ਨਹਿਂ ਗਏ ਅਫਸੋਸ ਸੁ ਧਰੇ ॥੪੫॥
-ਇਹ ਪਿਖਿ ਆਇ ਗਏ ਜਿਮ ਅਬੈ।
ਹਮ ਬੀ ਜਾਤਿ ਬਿਲੋਕਤਿ ਤਬੈ।
ਥਿਰੇ ਰਹੇ ਕਜਾ ਤੁਮ ਨੇ ਪਾਯੋ।
ਦਿਖਹਿਂ ਤਮਾਸ਼ਾ[1] ਬਾਦ ਗਵਾਯੋ ॥੪੬॥
ਗੁਰ ਤੌਂ ਸੁਪਤਿ ਰਹੇ ਅਬਿ ਤਾਂਈ-।
ਇਮ ਪੰਚਹੁਂ ਨਿਸ ਝੁਰਿ ਬਿਤਾਈ।
ਭਈ ਪ੍ਰਾਤਿ ਨਿਜ ਡੇਰੇ ਗਏ।
ਸੌਚਿ ਸ਼ਨਾਨ ਗੁਰੂ ਤਨ ਕਏ ॥੪੭॥
ਲਗੇ ਦਿਵਾਨ ਸੁ ਸਕਲ ਬੁਲਾਏ।
ਬੂਝੇ 'ਨਿਸ ਮਹਿਂ ਕਹਾਂ ਸਿਧਾਏ?
ਕਿਮ ਕਿਮ ਆਪਸ ਮਹਿਂ ਤੁਮ ਭਾਖੀ?
ਕਹਹੁ ਸਾਚ, ਹਮ ਸਭਿ ਕੇ ਸਾਖੀ'

[1]ਤਮਾਸ਼ਾ ਦੇਖਣਾ।

॥੪੮॥

ਦੁਹਾਂ ਧਿਰਾਂ[1] ਤਬਿ ਸਾਚ ਬਖਾਨੀ।

[1]ਦੋਹਾਂ ਧਿਰਾਂ ਭਾਵ ਜੋ ਗਏ ਸਨ ਖੇਡਾਂ ਦੇਖਨ ਤੇ ਜੋ ਨਹੀਂ ਸਨ ਗਏ।

ਜਿਮ ਬੀਤੀ, ਜਿਮ ਭਾਖੀ ਬਾਨੀ[1]।

[1]ਜਿਵੇਂ ਬਾਣੀ ਕਹੀ ਸੀ।

ਸ਼੍ਰੀ ਗੁਰ ਸੁਨਿ ਕਰਿ ਸਭਿਨਿ ਸੁਨਾਏ।

'ਨਿਕਟੇ ਦੂਰ ਦੂਰ ਨਿਕਟਾਏ[1] ॥੪੯॥

[1]ਜੋ (ਦੇਹ ਕਰ) ਨੇੜੇ ਸਨ (ਸੋ ਮਨ ਕਰ) ਦੂਰ ਸਨ (ਭਾਵ ਮਨ ਤਮਾਸੇ ਵਿਚ ਸੀ) ਜੋ ਦੂਰ (ਭਾਵ ਤਮਾਸ਼ੇ ਗਏ) ਸੋ ਮਨ ਕਰ ਨੇੜੇ ਸਨ (ਭਾਵ ਮਨ ਤਿਨ੍ਹਾਂ ਦਾ ਸਾਡੇ ਭੈ ਵਿਚ ਸੀ)।

ਗਏ ਜੁ, ਤਿਨ ਕੋ ਮਨ ਹਮ ਪਾਹੀ[1]।

[1]ਪਾਸ ਸੀ।

ਗਏ ਨ, ਤਿਨ ਮਨ ਖੇਡੇ ਮਾਹੀ।'

ਸੁਨਿ ਸਭਿ ਸਾਚ ਸਾਚ ਕਹਿ ਮਾਨੀ।

'ਧੰਨ ਧੰਨ ਸਤਿਗੁਰ ਗੁਨ ਖਾਨੀ[†]' ॥੫੦॥

[†]ਮਨ ਦੀ ਸਮੀਪਤਾ ਦਾ ਅਸੂਲ ਸਮਝਾਇਆ ਹੈ। ਫਰਜ਼ ਤੋਂ ਉੱਕਣ ਦੀ ਵਡਿਆਈ ਨਹੀਂ ਕੀਤੀ। ਉੱਦਮ ਅਵਸਥਾ ਉਹੀ ਹੈ ਜੋ ਤਨ ਕਰਕੇ ਹਾਜ਼ਰ ਰਹਿਣ ਤੇ ਮਨ ਕਰਕੇ ਹਜ਼ੂਰੀ ਵਿਚ ਰਹਿਣ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

## ੨੭. [ਮੀਂਹ ਪਵਾਯਾ ਤੇ ਬੰਦ ਕਰਾਯਾ। ਭਾਈ ਝੂਲਣ ਸਿੰਘ]

੨੬<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਸੋ ਬਰਖਾ ਕਰਿ ਘਨ ਗਏ, ਖੇਤੀ ਲਈ ਪਕਾਇ।
ਕਿਤਿਕ ਮਾਸ ਬੀਤੇ ਬਹੁਰ, ਬਾਰਿ ਬੂੰਦ ਨਹਿਂ ਪਾਇ ॥੧॥

ਚੌਪਈ:

†ਗ੍ਰਾਮ ਨਿਕਟ ਕੇ ਸਰ ਸੁਸਕਾਨੇ।
ਪਸੁ ਮਨੁਖ ਜਹਿਂ ਪਾਨੀ ਪਾਨੇ[1]।
ਸ਼੍ਰੀ ਗੁਰ ਸੁਨਿ ਡੱਲੇ ਕੀ ਬਾਤ।
ਕਹੀ ਤੁਰਕ ਸੋਂ ਲਿਖਿ ਬੱਖਯਾਤ[1] ॥੨॥
'ਜੀਵਣ ਮਰਣ ਗੁਰੂ ਕੇ ਸੰਗ।
ਪਠਹਿਂ ਚਮੂੰ ਤਬਿ ਘਾਲਹਿਂ ਜੰਗ।'
ਇੱਤਯਾਦਿਕ ਜਬਿ ਸਿੰਘ ਸੁਨਾਈ।
ਅਧਿਕ ਪ੍ਰਸੰਨ ਭਏ ਗੋਸਾਈਂ ॥੩॥
ਜਬਿ ਡੱਲਾ ਗੁਰ ਢਿਗ ਚਲਿ ਆਯੋ।
ਬੈਠਿ ਗਯੋ ਪਗ ਸੀਸ ਨਿਵਾਯੋ।
ਭਏ ਪ੍ਰਸੰਨ ਕ੍ਰਿਪਾਲੁ ਬਖਾਨਾ।
'ਤੋ ਸੰਗ ਬੰਧਪ ਚਮੂੰ ਮਹਾਨਾ[1] ॥੪॥
ਰੋਜ ਗੁਰੂ ਸਰਕਾਰ ਜੁ ਬਰਤੇ[1]।
ਸਭਿ ਚਾਕਰ ਜਿਮ ਲੈਬੇ ਕਰਤੇ।
ਤਿਮ ਤੂੰ ਗਿਨਿ ਨਿਜ ਸੰਗ ਜਿਤੇਕ।
ਲੀਜਹਿ ਅਪਨੋ ਰੋਜ ਤਿਤੇਕ ॥੫॥
ਨਿਜ ਬੰਧਪ ਬੈਰਾੜਨਿ ਦੀਜੈ।
ਸਭਿ ਕੋ ਚਿਤ ਆਨਦ ਜੁਤਿ ਕੀਜੈ।
ਇਸ ਤੇ ਬਿਨਾਂ ਆਨ ਅਭਿਲਾਖਾ।
ਸੋ ਭੀ ਦੇਹਿਂ ਕਰਹੁ ਨਿਜ ਭਾਖਾ ॥੬॥
ਸੁਨਿ, ਡੱਲਾ ਬੈਰਾੜ ਉਦਾਰਾ!
ਤੁਝ ਪਰ ਰਿਦਾ ਪ੍ਰਸੰਨ ਹਮਾਰਾ।
ਧਰਹੁ ਕਾਮਨਾ, ਸੋ ਕਹਿ, ਦੇਈਂ[1]†।
ਹਮ ਤੇ ਕਰਹੁ ਜਾਚਨਾ ਲੇਈ†' ॥੭॥
ਸੁਨਿ ਡੱਲੇ ਕਰ ਜੋਰਿ ਉਚਾਰੀ।

†ਇਹ ਪ੍ਰਸੰਗ ਸਾਖੀ ਪੋਥੀ ਦਾ ਹੈ ਪਰ ਸੌ ਸਾਖੀ ਦੀ ੪੮ਵੀਂ ਸਾਖੀ ਵਿਚ ਬੀ ਆਯਾ ਹੈ। ਦੋਹਾਂ ਤੋਂ ਲੈਕੇ ਰਲਾਕੇ ਕਵੀ ਜੀ ਲਿਖ ਰਹੇ ਹਨ।

[1]ਪੀਂਦੇ ਸਨ।

[1]ਜੋ (ਡੱਲੇ ਨੇ) ਤੁਰਕ (ਸੂਬੇ) ਨੂੰ ਪ੍ਰਗਟ ਲਿਖਕੇ ਤੇ ਕਹਿਕੇ ਭੇਜੀ ਸੀ ਕਿ:-

[1]ਸਨਬੰਧੀਆਂ ਦੀ ਫੌਜ ਬਹੁਤ ਹੈ।

[1]ਜੋ ਗੁਰੂ ਦੀ ਸਰਕਾਰੋਂ ਰੋਜ਼ਾਨਾ ਵਰਤਦਾ ਹੈ।

[1]ਉਹ ਕਹੁ (ਅਸੀਂ) ਦੇਵੀਏ। †ਪਾ:-ਦਈਏ।

†ਪਾ:-ਲਈਏ।

'ਪਾਤਸ਼ਾਹੁ ! ਚਹਿਯਤਿ ਅਬਿ ਬਾਰੀ[1]।
ਪਸ਼ੁ ਪੰਛੀ ਮਾਨਵ ਸਮੁਦਾਯਾ।
ਬਿਨਾ ਨੀਰ ਤੇ ਹੁਇ ਬਿਕੁਲਾਯਾ ॥ ੮ ॥
ਜੇ ਪ੍ਰਸੰਨ ਬਰਖਾ ਦਿਹੁ ਅਬੈ।
ਟੋਭੇ ਪੁਰਹਿਂ ਲਹੈਂ ਸੁਖ ਸਬੈ।'
ਸੁਨਿ ਕਰਿ ਐਸੇ ਪ੍ਰਭੁ ਉਚਾਰਾ।
ਮੀਂਹੁ ਕਹਾ ਹਮ ਕਾਂਖ ਮਝਾਰਾ[1] ॥ ੯ ॥
ਜਿਸ ਤੇ ਅਬਿ ਨਿਕਾਸ ਕਰਿ ਦੇਹਿਂ।
ਅਪਰ ਕਾਮਨਾ ਜਾਚਨ ਲੇਹਿ।'
ਇਮ ਕਹਿਂ ਸੁਨਿ ਹੋਏ ਸਭਿ ਮੌਨ।
ਕਿਤਿਕ ਸਮੇਂ ਥਿਰ, ਗਾ ਪੁਨ ਭੌਨ[1] ॥ ੧੦ ॥
ਅਗਲੇ ਦਿਵਸ ਰੋਜ਼ ਬਰਤੰਤਾ।
ਚਾਕਰ ਗਨ ਗਿਨਿ ਗਿਨਿ ਸੁਲਹੰਤਾ।
ਤਬਿ ਡੱਲਾ ਬੰਦਨ ਹਿਤ ਆਯੋ।
ਬੈਠਤਿ ਪਗ ਪਰ ਸੀਸ ਨਿਵਾਯੋ ॥ ੧੧ ॥
ਕਰਿ ਕਰਿ ਲੇਖਾ ਸਭਿ ਚਿਤ ਚੇਤੇ।
ਆਵਤਿ ਜਾਤਿ ਲੇਤਿ ਇਕ ਦੇਤੇ।
ਤਿਨ ਦਿਸ਼ਿ ਦੇਖਤਿ ਪ੍ਰਭੁ ਬਖਾਨਾ।
'ਲਿਹੁ ਡੱਲਾ ਨਿਜ ਰੋਜ਼[1] ਮਹਾਨਾ ॥ ੧੨ ॥
ਅਪਰ ਕਾਮਨਾ ਭੀ ਲਿਹੁ ਸੰਗ।
ਜਾਚ ਲੇਹੁ ਅਪਨੋ ਹਿਤ ਅੰਗ[1] !'
ਸੁਨਿ ਡੱਲੇ ਕਰ ਜੋਰਿ ਉਚਾਰੀ।
'ਪਾਤਸ਼ਾਹੁ ! ਦਿਹੁ ਬਰਖਾ ਬਾਰੀ ॥ ੧੩ ॥
ਪ੍ਰਾਨੀ ਹਰਖਹਿਂ ਜਿਸ ਤੇ ਸਾਰੇ।
ਇਸ ਤੇ ਅਪਰ ਨ ਚਾਹ ਉਦਾਰੇ।
ਖੁਸ਼ੀ ਆਪ ਕੀ ਸਭਿਹਿਨਿ ਊਪਰ।
ਘਨੀ ਦੇਹੁ ਬਰਖਾ ਅਭਿ ਭੂ ਪਰ' ॥ ੧੪ ॥
ਮੌਨ ਭਏ ਸੁਨਿ ਕੈ ਗੁਨ ਖਾਨੀ।
-ਸਭਿ ਚਾਹਤਿ, ਸਰ ਰਹਯੋ ਨ ਪਾਨੀ-।
ਤਬਿ ਉਠਿ ਗਮਨਯੋਂ ਡੱਲਾ ਘਰ ਕੋ।

[1]ਪਾਣੀ

[1]ਕੱਛ ਵਿਚ।

[1]ਫਿਰ ਘਰ ਨੂੰ ਚਲਾ ਗਿਆ।

[1]ਰੋਜ਼ੀਨਾ।

[1]ਅਪਨੇ (ਤੇ ਆਪਣੇ) ਅੰਗਾਂ (ਸਾਕਾਂ) ਲਈ। (ਅ) ਹੇ ਪਿਆਰੇ !

ਨਿਤ ਹਰਖਾਇ ਸੇਵ ਕਰਿ ਗੁਰ ਕੋ
॥੧੫॥
ਸੋ ਦਿਨ ਜਾਮਨਿ ਬੀਤੇ ਜਬੈ।
ਦਰਸ ਕਰਨ ਆਯੋ ਪੁਨ ਤਬੈ।
ਬੈਠਿ ਗਯੋ ਗੁਰ ਕੇ ਚਿਤ ਆਯੋ।
ਜਥਾ ਤੁਰਕ ਸੋਂ ਲਿਖ੍ਯੋ ਪਠਾਯੋ[1] ॥੧੬॥

[1]ਜਿਵੇਂ ਲਿਖ ਭੇਜਿਆ ਸੀ (ਡੱਲੇ ਨੇ)।

ਹੋਇ ਪ੍ਰਸੰਨ ਦਿਯੋ ਕੁਛ ਚਾਹਤਿ।
ਰੀਝ ਪਚਾਇ ਨ, ਦੇਤਿ ਉਮਾਹਤਿ[1]।

[1]ਗੁਰੂ ਜੀ ਦੇਣ ਦੇ) ਉਮਾਹ ਨੂੰ ਪਚਾ ਜਾਣਾ ਨਹੀਂ ਚਾਹੁੰਦੇ (ਭਾਵ ਗੁੰਮ ਕਰਨਾ ਨਹੀਂ ਚਾਹੁੰਦੇ) ਤੇ ਦੇਣ ਨੂੰ ਉਮਲਦੇ ਹਨ।

'ਡੱਲੇ ਬਿਰਾੜ ! ਜਾਚ ਅਬਿ ਲੇਹੁ।
ਜੋ ਮੁਖ ਕਹੈਂ ਤਥਾ ਕਰਿ ਦੇਹੁ' ॥੧੭॥
'ਸ਼੍ਰੀ ਪ੍ਰਭੁ ਪਾਤਸ਼ਾਹੁ ਗੁਰ ਸਾਚੇ !
ਦਿਹੁ ਬਰਖਾ ਪ੍ਰਾਨੀ ਸਭਿ ਜਾਚੇ।'
ਸੁਨਤਿ ਪ੍ਰਸੰਨ ਕ੍ਰਿਪਾਲ ਮਹਾਨਾ।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ ॥੧੮॥

ਬਚਨ:
'ਜੱਟ ਦਾ ਬੋਲ।
ਬਾਣੀਏ ਦੀ ਚੁੱਪ।
ਗੁਰੂ ਦਾ ਵਾਕ।
ਬ੍ਰਹਮਣ ਦਾ ਸਾਕ।'

ਚੌਪਈ:
ਇਹ ਛੁਛੇ ਨਹਿਂ ਜਾਇਂ ਕਦਾਈਂ।
ਚਹੈਂ ਜੁ ਚਿਤ ਮਹਿਂ ਲੇਂ ਬਰਿਆਈ[1]।

[1]ਜ਼ੋਰੋ ਜ਼ੋਰੀ ਲੈ ਲੈਂਦੇ ਹਨ।

ਜਟ ਪਿੰਨੇ ਤਾਂ ਕੰਧ ਥੀ ਘਿੰਨੇ[1]।

[1]ਜੇ ਜੱਟ ਮੰਗੇ ਤਾਂ ਕੰਧ ਤੋਂ ਭੀ ਲੈ ਲੈਂਦਾ ਹੈ।

ਅਪਰ ਪਾਸ ਤੇ ਕਯੋਂ ਨਹਿਂ ਲਿੰਨੇ[1]
॥੧੯॥

[1]ਹੋਰ ਪਾਸੋਂ ਭਲਾ ਕਿਉਂ ਨਾ ਲੈ ਲਵੇਗਾ। ਭਾਵ ਇਹ ਕਿ ਜੱਟ ਮੰਗੇ ਤਾਂ ਫੇਰ ਮੁੜਦਾ ਨਹੀਂ।

ਜਾਹੁ ਡਲਾ ਅਬਿ ਬਿਲਮ ਨ ਲਾਉ।
ਟੋਭੇ ਸਭਿ ਹੀ ਸਾਫ ਕਰਾਉ।
ਬਰਖਾ ਦਈ ਅਧਿਕ ਅਧਿਕਾਤੇ।
ਬਾਰ ਬਾਰ ਤੈਂ ਜਾਚੀ ਜਾਂ ਤੇ' ॥੨੦॥
ਡੱਲਾ ਉਠ੍ਯੋ ਅਨੰਦਤਿ ਹੋਵਾ।
ਗੁਰੂ ਪ੍ਰਸੰਨ ਅਪਰ ਪਰ ਜੋਵਾ।

ਸੁਨਿ ਸੁਨਿ ਨਰ ਨਾਰੀ ਬਿਸਮਾਏ।
-ਘਨੇ ਆਇਂ ਘਨ, ਗੁਰ ਫੁਰਮਾਏ ॥੨੧॥
ਨਹਿਂ ਬਿਲੋਕੀਅਤ ਅਬਿ ਨਭ ਮਾਂਹੀ।
ਲਗੀ ਔੜ ਘਨ ਪੱਯਤਿ ਨਾਂਹੀ।
ਬਰਖਾ ਹੁਇ ਹੈ- ਹੇਰਨ ਹੇਤੁ।
ਨਰ ਨਾਰੀ ਬਿਸਮੰਤਿ ਸੁਚੇਤ ॥੨੨॥
ਢੋਲ ਬ੍ਰਿੰਦ ਇਕਠੇ ਕਰਿਵਾਏ।
ਤੀਰ ਤਾਲ ਕੇ ਜਾਇ ਬਜਾਏ।
ਸੁਨਿ ਸੁਨਿ ਮਾਨਵ ਅਏ ਪਲਾਈ।
ਤਾਲ ਸੁਧਾਰਹਿਂ ਚੌਂਪ ਉਠਾਈ ॥੨੩॥
ਤਿਹ ਛਿਨ ਚਲੀ ਪੌਣ ਪੁਰਵਾਈ[1]। — [1]ਪੁਰੇ ਦੀ ਪੌਣ।
ਨਿਕਸੇ ਘਨ ਜਿਮ ਗਜ ਸਮੁਦਾਈ[1]। — [1]ਜਿਵੇਂ ਹਾਥੀਆਂ ਦੇ ਝੁੰਡ।
ਘੁਮਡੀ ਘਟ ਘਰੀਕ ਮਹਿਂ ਘਨੀ[1]। — [1]ਘੜੀ ਕੁ ਵਿਚ ਬਹੁਤੀਆਂ ਘਟਾ ਉਮਡ ਆਈਆਂ।
ਘੋਰ ਘੋਰ ਘਨ ਚਪਲਾ[1] ਸਨੀ ॥੨੪॥ — [1]ਬਿਜਲੀ।
ਬਡੀ ਬਡੀ ਬੂੰਦੈਂ ਬਹੁ ਪਰੀ।
ਬਰਸਨ ਲਗ੍ਯੋ ਅਧਿਕ ਭੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ।
ਊਚੇ ਥਲ ਤੇ ਨੰਮ੍ਰਿ ਢਰੰਤਾ ॥੨੫॥
ਧਾਇ ਧਾਇ ਨਰ ਧਾਮਨ ਬਰੇ।
ਬਾਰੀ[1] ਬਹੈ ਬਿਲੋਕਨ ਕਰੇਂ। — [1]ਜਲ।
'ਧੰਨ ਗੁਰੂ, ਗੁਰ ਧੰਨ' ਬਖਾਨਹਿਂ।
'ਮਹਾਂ ਮੂਢ ਜੋ ਇਨਹੁ ਨ ਮਾਨਹਿਂ' ॥੨੬॥
ਤੀਨਹੁ ਦਿਨ ਸੁ ਤੀਨ ਹੀ ਜਾਮਨਿ।
ਬਰਖੀ ਘਟਾ ਦਮਕਤੀ ਦਾਮਨਿ।
ਅਸ ਇਕ ਬਾਰ ਪਰ੍ਯੋ ਬਹੁ ਬਾਰੀ।
ਬ੍ਯਾਕੁਲ ਹੋਇ ਪਰੇ ਨਰ ਨਾਰੀ ॥੨੭॥
ਖਾਨ ਪਾਨ ਭੂਲੀ ਸੁਧਿ ਨਾਨਾ।
ਬਿਦਰਤਿ ਸਦਨ ਸੁਧਾਰਤਿ ਠਾਨਾ[1]। — [1]ਡਿੱਗਦੇ ਹਨ ਘਰ ਤੇ ਉਨ੍ਹਾਂ ਨੂੰ ਸੁਧਰਾਦੇ ਹਨ।
ਸਭਿ ਮਿਲਿ ਕਰਿ ਡੱਲੇ ਕਹੁ ਪ੍ਰੇਰੈਂ।
'ਬਿਨਤੀ ਕੀਜਹਿ ਗੁਰੂ ਅਗੇਰੈ ॥੨੮॥

-ਹਮਰੇ ਸੁਖ ਹਿਤ ਘਨ ਬਰਖਾਯੋ।
ਅਬਿ ਸਭਿ ਤ੍ਰਿਪਤੈ ਬਾਂਛਤਿ ਪਾਯੋ-।'
ਸੁਨਿ ਡੱਲਾ ਪਹੁੰਚਯੋ ਤਿਹ ਸਮੋ।
ਹਾਥ ਬੰਦਿ ਕਰਿ ਕੀਨਸਿ ਨਮੋ ॥੨੯॥
ਅਰਜ਼ ਗੁਜਾਰੀ: 'ਅਬਿ ਬਸ ਕਰੀਅਹਿ।
ਬਡੋ ਬਾਰਿ ਚਹੁੰ ਓਰ ਨਿਹਰੀਅਹਿ।
ਦਲ ਮਨਿੰਦ ਘਨ ਘਨੇ ਦਿਸਾਵਹਿਂ।
ਇਕ ਆਵਤਿ ਬਰਖਤਿ ਇਕ ਜਾਵਹਿਂ ॥੩੦॥
ਇਹ ਪ੍ਰਸੰਗ ਬਡ ਰਾਵਰ ਕੇਰਾ।
ਚਹੁੰਦਿਸ਼ਿ ਮਹਿਂ ਸਿਮਰਹਿਂ ਚਿਰ ਬੇਰਾ।
ਪੂਰਹ ਕਾਮਨਾ ਜਨ ਭਲ ਭਾਂਤੀ।
ਨਹਿਂ ਕੋ ਦੁਲਭ ਆਪ ਤੇ ਬਾਤੀ ॥੩੧॥
ਬ੍ਰਹਮਾਦਿਕ ਆਗਯਾ ਮਹਿਂ ਸਾਰੇ।
ਕਿਸ ਮਹਿਂ ਸ਼ਕਤਿ ਹੁਕਮ ਕੋ ਟਾਰੇ।'
ਸੁਨਿ ਪ੍ਰਭੁ ਕਹਯੋ: 'ਘਨਹੁੰ ਕੇ ਪਨਹੀ।
ਹਤਹੁ ਉਰਧ ਕੋ ਸਪਤ ਸੁ ਗਨ ਹੀ[1] ॥੩੨॥
ਹਟਿ ਜੈ ਹੈ ਬਰਖਾ ਤਤਕਾਲਾ।
ਅਪਨ ਸਹਿਤ ਕਰਿ ਸਭਿਨਿ ਸੁਖਾਲਾ।'
ਸੁਨਿ ਡੱਲੇ ਉਠਿ ਕੀਨਸਿ ਤੈਸੇ।
ਘਟਾ ਫਟੀ ਘਨ ਗਮਨੇ ਗੈ ਸੇ[1] ॥੩੩॥

ਗੁਰੂ ਬਾਕ ਕੀ ਸ਼ਕਤਿ ਬਿਲੋਕਿ।
ਬਿਗਸੇ† ਸ਼ਰਧਾਲੂ ਸਭਿ ਲੋਕ।
ਗੁਰ ਕੀ ਕੀਰਤਿ ਘਰਿ ਘਰ ਭਰੀ।
ਰਾਇਬੇਲ ਚੰਬੇਲੀ ਖਿਰੀ ॥੩੪॥
†ਇਕ ਝੂਲਣ ਸਿੰਘ ਨਾਮ ਫਿਰੰਤਾ।
ਹਾਥ ਦੁਤਾਰਾ ਰੁਚਿਰ ਬਜੰਤਾ।
ਮਾਤ ਸੁੰਦਰੀ ਕੀ ਸੁਨਿ ਦਾਸੀ।
ਸੁਨਿ ਕੈ ਕਹਯੋ ਬਾਕ ਤਿਸ ਪਾਸੀ ॥੩੫॥

[1]ਗਿਣਕੇ ਸੱਤ ਜੁੱਤੀਆਂ ਉਪਰ ਦੀ ਦਿਸ਼ਾ ਵੱਲ ਮਾਰੋ ਬੱਦਲਾਂ ਨੂੰ।

[1]ਹਾਥੀਆਂ ਵਰਗੇ ਬੱਦਲ ਚਲੇ ਗਏ। (ਅ) ਅਕਾਸ਼ ਵਿਚੋਂ ਚਲੇ ਗਏ।

†ਪਾ:-ਬਿਸਮੇ।

†ਸਾਖੀ ਪੋਥੀ ਦਾ ਪ੍ਰਸੰਗ ਹੈ।

'ਇਹ ਠਾਂ ਕਹਾਂ ਬਜਾਵਨ ਕਰੈਂ।
ਚਹੈਂ ਬਜਾਇ ਜਿ ਆਵਹੁ ਉਰੈ।'
ਸੁਨਿ ਝੂਲਣ ਸਿੰਘ ਬੂਝਤਿ ਅਹੈ।
'ਮਾਤਾ ਕਹੈਂ ਕਿਧੌਂ ਤੂੰ ਕਹੈਂ?' ॥੩੬॥
[1] 'ਮਾਤਾ ਕਹੈ ਨ, ਹੌਂ ਹੀ ਕਹੌਂ। — [1]ਦਾਸੀ ਬੋਲੀ।
ਰਿਸ ਨ ਹੋਨ ਦਿਹੁ[1], ਇਮ ਚਿਤ ਚਹੌਂ।' — [1]ਮਾਤਾ ਜੀ ਨੂੰ) ਗੁੱਸੇ ਨਾਂ ਹੋਣ ਦਿਆਂਗੀ।
ਸੁਨਿ ਝੂਲਣ ਸਿੰਘ ਤਹਾਂ ਪਧਾਰਾ।
ਸੁਰ ਕੋ ਕਰਤਿ ਬਜਾਇ ਦੁਤਾਰਾ ॥੩੭॥
ਸੁੰਦਰੀ ਸੋਂ ਦਾਸੀ ਕਹਿ ਦਈ।
'ਸਿੰਘ ਦੁਤਾਰਾ ਵਾਇਨ ਠਈ[1]।' — [1]ਵਜਾਵਣਾਂ ਕਰਦਾ ਹੈ।
ਬੂਝਜੋ ਮਾਤ 'ਸ਼ਬਦ ਕੋ ਗਾਵੈ[1]?' — [1]ਕਿਹੜਾ ਸ਼ਬਦ ਗਾਏਗਾ?
ਕਹਜੋ 'ਨ ਗਾਵੈ, ਇਮਹੁਂ ਬਜਾਵੈ[1]' ॥੩੮॥ — [1]ਐਵੇਂ ਵਜਾਉਂਦਾ ਹੀ ਹੈ।
ਕੇਤਿਕ ਚਿਰ ਤਹਿਂ ਬੈਠਿ ਬਜਾਯੋ।
ਉਠਿ ਝੂਲਣ ਸਿੰਘ ਬਹੁਰ ਸਿਧਾਯੋ।
ਗੁਰੂ ਅਖੇਰ ਗਏ ਤਿਸ ਕਾਲਾ।
ਆਏ ਸੰਧਜਾ ਪਰੀ ਕ੍ਰਿਪਾਲਾ ॥੩੯॥
ਝੂਲਣ ਸਿੰਘ ਮਨ ਬਿਖੈ ਬਿਚਾਰੀ।
ਗ਼ੈਰਤ ਅਧਿਕ ਰਿਦੇ ਮਹਿਂ ਧਾਰੀ[†]। — [†]ਝੂਲਣ ਸਿੰਘ ਨੇ ਗਾਵਿਆਂ ਕੁਛ ਨਹੀਂ ਸਿਰਫ ਸਾਜ਼ ਬਜਾਇਆ ਮਾਤ੍ਰ ਹੈ ਤੇ ਫਿਰ ਸ਼ਰਮ ਖਾ ਰਿਹਾ ਹੈ ਕਿ ਮੈਂ ਬਜਾਇਆ ਬੀ ਕਿਉਂ, ਬਜਾਉਣ ਦੇ ਨਾਲ ਸ਼ਬਦ ਗਾਉਣਾ ਸੀ।
-ਮੁਝ ਤੇ ਮਨਮਤਿ ਭੀ ਅਧਿਕਾਈ।
ਜੇ ਹੁਇ ਮਮ ਭਗਨੀ ਕੈ ਮਾਈ ॥੪੦॥
ਤਹਾਂ ਕਹਾਂ ਮੈਂ ਏਵ ਬਜਾਵੌਂ।
ਤਬਿ ਤੌ ਲਾਜ ਧਰੋਂ ਹਟਿ ਜਾਵੌਂ-।
ਬਹੁ ਦੁਖ ਪਾਇ ਅਧਿਕ ਪਛੁਤਾਯੋ।
ਕਜੋਂ ਗੁਰ ਮਹਿਲਾਂ ਨਿਕਟ ਬਜਾਯੋ ॥੪੧॥
ਲੇ ਤੀਖਨ ਤਬਿ ਕਰਦ ਚਲਾਈ।
ਕਾਟਿ ਲਿੰਗ ਕੋ ਦਯੋ ਬਗਾਈ।
ਨੇਮ ਕਰਜੋ ਬੋਲਨ ਕੋ ਤਬੈ।
ਧਾਰੀ ਮੌਨ ਆਰਬਲ ਸਬੈ ॥੪੨॥

ਸਿੰਘਨ ਹਾਲ ਦੇਖਿ ਤਿਸ ਕੇਰਾ।
ਕਰਜੋ ਸੁਨਾਵਨ ਸਗਰੋ ਝੇਰਾ।
'ਪ੍ਰਭੁ ਜੀ! ਮੌਨ ਧਰੇ ਥਿਰ ਭਯੋ।
ਸ਼੍ਰੋਣਤਿ ਬਹਜੋ ਸ਼ਿਸ਼ਨ[1] ਕਟਿ ਦਯੋ' ॥੪੩॥ [1]ਇੰਦ੍ਰੀ।
ਗੁਰ ਕਹਿ 'ਕਹਾਂ ਭਯੋ ਇਮ ਕੀਨਿ?
ਮਨ ਕੀ ਹਬਸ ਹੋਇ ਨਹਿਂ ਹੀਨ।'
ਕੇਤਿਕ ਚਿਰ ਮਹਿਂ ਘਾਵ ਅਛੇਰਾ।
ਬਸਜੋ ਜਾਇ ਪਿਖਿ ਥਾਨ ਚੰਗੇਰਾ ॥੪੪॥
ਚੱਕ੍ਰ ਬੈਠਿਬੇ ਥਲ[1] ਥੋ ਸੋਇ। [1]ਗੋਲਾਕਾਰ ਬੈਠਣ ਦੀ ਥਾਂ।
ਰਹਜੋ ਇਕਾਕੀ ਇਕ ਮਨ ਹੋਇ।
ਨਿਕਟ ਗ੍ਰਾਮ ਜੋ ਸੇਵਾ ਕਰੈ।
ਖਾਨ ਪਾਨ ਆਨਹਿ ਢਿਗ ਧਰੈ ॥੪੫॥
ਤਿਸੀ ਗ੍ਰਾਮ ਕੀ ਮਹਿਖੀ ਧੇਨੁ।
ਚਾਰਨ ਚਲੇ ਹਟਾਵੈ ਸੈਨ[1]। [1]ਸੈਨਤ ਨਾਲ ਹਟਾਈਓ ਸੁ ਕਿ ਚਾਰਨ ਨਾ ਜਾਓ।
ਮਾਰਿ ਲਸ਼ਟਕਾ ਕਰੈ ਪਿਛਾਰੀ[1]। [1]ਲਾਠੀ ਮਾਰਕੇ ਪਿਛੇ ਨੂੰ ਮੋੜਦਾ ਹੈ।
-ਕਹਾਂ ਕਰੈ ਇਹ? -ਨਰਨ ਬਿਚਾਰੀ ॥੪੬॥
ਆਸ਼ੈ ਸਮਝਜੋ ਗਯੋ ਨ ਕੋਈ।
ਗਏ ਚੁਗਾਵਨਿ ਕੋ ਪੁਨ ਸੋਈ।
ਲੂਟੀ ਆਨਿ ਕਟਕ ਨੇ ਜਬੈ।
ਲਖਜੋ ਅਕੂਯਾ ਇਮ ਕਹਿ ਤਬੈ[1] ॥੪੭॥ [1]ਤਦੋਂ ਜਾਣਿਆਂ ਕਿ ਅਕੂਯਾ ਇਉਂ ਕਹਿੰਦਾ ਸੀ (ਅੱਗੇ ਨਾ ਜਾਓ ਲੁੱਟੇ ਜਾਓਗੇ) [ਅਕੂਯਾ=ਜੋ ਨਾ ਬੋਲੇ।
ਸਭਿ ਨਰ ਮਿਲਿ ਕੈ ਤਬਿ ਚਲਿ ਆਏ।
ਬੰਦਹਿਂ ਪਾਇਨ ਸੋਂ ਲਪਟਾਏ।
ਤਬਿ ਜੁਗ ਹਾਥਨ ਪੇਟ ਬਜਾਯੋ[1]। [1]ਭਾਵ ਪੇਟ ਬਜਾਕੇ ਦੱਸਿਆ ਕਿ।
-ਚਢਹੁ ਫਤੇ ਹੁਇ- ਤਿਨਹੁ ਜਨਾਯੋ ॥੪੮॥
ਆਸ਼ੈ ਸਮਝਿ ਗਏ ਨਰ ਧਾਇ।
ਲਰੇ ਜਾਇ ਲਿਯ ਮਾਲ ਛੁਡਾਇ।
ਨਾਮ 'ਅਕੂਆ' ਸਭਿ ਹੀ ਕਹੈਂ।

ਸੇਵਾ ਸ਼ਰਧਾ ਕਰਤੇ ਰਹੈਂ ॥੪੯॥
ਨਈ ਜੁ ਬਧੂ ਬਜਾਹ ਲੇ ਆਇ।
ਤਬਿ ਇਹ ਦੇਖਨ ਤਿਸ ਕੋ ਜਾਇ।
ਗੁਰ ਕੋ ਬਾਕ -ਹਬਸ ਨਹਿਂ ਮਿਟੈ-।
ਸੋ ਤਬਿ ਰਹੀ, ਨ ਕਜੋਂਹੂੰ ਹਟੈ ॥੫੦॥
ਪੂਰਨ ਸਿੱਖੀ ਮਹਿਂ ਬਹੁ ਭਯੋ।
ਅਬਿ ਲੌਂ ਤਿਸ ਕੋ ਥਾਨ ਪੁਜਯੋ।
ਜਨ ਕੀ ਪੁਰੀ[1] ਕਾਮਨਾ ਘਨੀ।
ਇਸ ਪ੍ਰਕਾਰ ਤਿਹ ਸਾਖੀ ਸੁਨੀ[†] ॥੫੧॥

[1]ਲੋਗਾਂ ਦੀ ਪੂਰਨ ਕੀਤੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਝੂਲਣ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੨੭॥

[†]ਇਹ ਸਾਖੀ ਹੋਰ ਕਿਸੇ ਗ੍ਰੰਥ ਵਿਚ ਨਹੀਂ। ਕਵੀ ਜੀ ਲਿਖਦੇ ਹਨ ਕਿ ਅਸਾਂ ਇਹੀ ਸਾਖੀ ਸੁਣੀ ਹੈ। ਪਰ ਇਕ ਲਿਖਤੀ 'ਸਾਖੀ ਪੋਥੀ' ਵਿਚ ਇਹ ਸਾਖੀ ਹੈ। ਕਵੀ ਜੀ ਪਾਸ ਬੀ 'ਇਹ ਸਾਖੀ ਪੋਥੀ' ਹੈਗੀ ਸੀ। ਇਸ ਤੋਂ ਪੱਕਾ ਸ਼ੱਕ ਪੈਂਦਾ ਹੈ ਕਿ ਕਵੀ ਜੀ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਨਹੀਂ ਹੋਣੀ, ਨਹੀਂ ਤਾਂ ਆਪ ਇਹ ਨਾ ਲਿਖਦੇ ਕਿ ਮੈਂ ਇਸ ਪ੍ਰਕਾਰ ਦੀ ਸਾਖੀ ਸੁਣੀ ਹੈ। ਇਸ ਤੋਂ ਇਹ ਬੀ ਸੰਭਾਵਨਾ ਹੁੰਦੀ ਹੈ ਕਿ ਹੁਣ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਮਗਰੋਂ ਚਾੜ੍ਹੀ ਗਈ ਹੈ ਤੇ ਕਵੀ ਜੀ ਵਾਂਙੂ ਕਿਸੇ ਨੇ ਸੁਣੀ ਸੁਣਾਈ ਗੱਲ ਚਾੜ੍ਹ ਦਿੱਤੀ ਹੈ। ਇਸ ਲਈ ਵਿਸ਼ੇਸ਼ ਖੋਜ ਦੀ ਲੋੜ ਹੈ। ਖਾਸ ਕਰ ਇਸ ਗੱਲ ਦੀ ਕਿ ਇਹ ਸੱਜਣ ਦਸਮੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਮਗਰੋਂ ਹੋਇਆ ਹੈ ਤੇ ਇਸ ਦੇ ਮੋਨੀ ਹੋਣ ਦਾ ਕਾਰਨ ਇਹ ਨਹੀਂ, ਕੁਛ ਹੋਰ ਹੈ।

## ੨੮. [ਸੰਗਤ ਨੂੰ ਜੰਗ ਸਿਖਾਇਆ। ਡੱਲੇ ਨੂੰ ਅੰਮ੍ਰਿਤ ਛਕਾਉਣਾ]

੨੭<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੨੯

ਦੋਹਰਾ:

†ਸੁਧ ਸੁਨਿ ਕਰਿ ਕਿਸ ਨਿਕਟ ਤੇ, ਸਿੰਘਨ ਕਹ੍ਯੋ ਸੁਨਾਇ।
'ਜ਼ੋਰਦਸਤ ਲਵਪੁਰੀ ਕੋ, ਸੂਬਾ ਬਹੁ ਦੁਖਦਾਇ ॥੧॥

†ਸਾਖੀ ਪੋਥੀ ਦੀ ਸਾਖੀ ਹੈ।

ਚੌਪਈ:

ਸੰਗਤਿ ਛੀਨ ਲਈ ਇਤ ਆਵਤਿ।
ਤਜਹਿ ਨ ਨਾਮ ਗੁਰੂ ਸੁਨ ਪਾਵਤਿ[1]।' — [1]ਗੁਰੂ ਦਾ ਨਾਮ ਸੁਣਕੇ।
ਇਕ ਦਿਨ ਫੇਰ ਦਈ ਸੁਧ ਕਾਹੂ[1]। — [1]ਖਬਰ ਦਿੱਤੀ ਕਿਸੇ ਨੇ।
'ਸੂਬਾ ਜੋ ਸਿਰ੍ਹੰਦ ਕੇ ਮਾਂਹੂ ॥੨॥
ਤਿਨ ਭੀ ਸੰਗਤਿ ਲੀਨਸਿ ਛੀਨ।
ਮੂਢ ਕੁਤਸਤ[1] ਕਾਜ ਕੋ ਕੀਨ।' — [1]ਖੋਟਾ।
ਸੁਨਿ ਗੁਰ ਬੋਲੇ ਧਰਿ ਕੈ ਰੋਸਾ।
'-ਸੂਬੇ ਕੋ ਸੰਗਤਿ ਨੇ ਖੋਸਾ- ॥੩॥
ਇਸ ਬਿਧਿ ਆਨਿ ਕਹਤਿ ਨਹਿਂ ਕੋਊ।
-ਸੰਗਤਿ ਛੀਨੀ- ਭਾਖਤਿ ਸੋਊ।
ਪੁਨ ਸਭਿਹਿਨਿ ਕੋ ਕਹ੍ਯੋ ਸੁਨਾਇ।
'ਸਾਚ ਕਹੈਂ ਸਿਖ ਜੁਤਿ ਸਮੁਦਾਇ[1] ॥੪॥ — [1]ਸਾਰੇ ਸਿਖਾਂ ਜੋਗ ਸੱਚ ਕਹਿੰਦੇ ਹਾਂ।
ਬੀਤੀ ਨੌ ਸਤਿਗੁਰ ਪਤਿਸ਼ਾਹੀ।
ਰਣ ਉਪਦੇਸ਼੍ਯੋ ਸੰਗਤਿ ਨਾਂਹੀ†।

†ਇਸ ਵਿਚ ਨੌਂ ਪਾਤਸ਼ਾਹੀਆਂ ਦੀ ਨਿਊਨਤਾ ਨਹੀਂ ਕਹੀ ਪਰ ਉਹਨਾਂ ਦੀ ਭਗਤੀ ਦੱਸਕੇ ਆਪਣਾ ਉਸ ਦੀ ਰੱਖਯਾ ਲਈ ਬੀਰ ਰਸ ਸ਼ਾਮਲ ਕਰਨਾ ਦਿਖਾਇਆ ਹੈ। ਫਿਰ ਸੰਸਾ ਇਹ ਬੀ ਉਪਜਦਾ ਹੈ ਕਿ ਠੀਕ ਇਹੋ ਵਾਕ ਗੁਰੂ ਜੀ ਨੇ ਨਹੀਂ ਕਹੇ ਹੋਣੇ, ਕਿਉਂਕਿ ਛੇਵੇਂ ਗੁਰਾਂ ਨੇ ਬੀਰ ਰਸੀ ਵਿਦ੍ਯਾ ਸਿਖਾਈ, ਸੱਤਵੇਂ ਗੁਰੂ ਜੀ ਨੇ ਫੌਜ ਰੱਖੀ, ਅੱਠਵੇਂ ਸਤਿਗੁਰਾਂ ਪਾਸ ਬੀ ਫੌਜ ਸੀ ਚਾਹੋ ਥੋੜੀ ਸੀ, ਨਾਵੇਂ ਪਾਤਸ਼ਾਹ ਵੇਲੇ ਵੀ ਕੁਛ ਸੂਰਮੇ ਪਾਸ ਸੇ। ਇਸ ਹਾਲਤ ਵਿਚ 'ਨੌਂ ਪਾਤਸ਼ਾਹੀਆਂ ਸ਼ਸਤ੍ਰ ਨਹੀਂ ਫੜਾਏ, ਕੀਕੂੰ ਕਹਿੰਦੇ?

ਸੇਵਾ ਕਰਨੀ ਭਾਉ ਬਿਸਾਲਾ।
ਜਪਹੁ ਨਾਮ ਪਕਰਾਈ ਮਾਲਾ ॥੫॥
ਅਬਿ ਮੈਂ ਚੰਡੀ ਪਾਠ ਪਠਾਵੌਂ[1]। — [1]ਭਾਵ ਜੰਗ ਕਰਨਾ, ਬੀਰ ਰਸ ਵਿਚ ਉਮਾਹਿਤ ਹੋਣਾ।
ਸਿੰਘ ਨਾਮ ਧਰਿ ਸ਼ਸਤ੍ਰ ਗਹਾਵੌਂ।
ਲਘੁ ਚਿਰੀਅਨ ਤੇ ਬਾਜ ਤੁਰਾਵੌਂ।
ਮਰਦ ਮਿਲਾਇ ਗਰਦ ਦਿਖਰਾਵੌਂ[1] — [1]ਸੂਰਮਿਆਂ ਨੂੰ ਮਿੱਟੀ ਵਿਚ ਮਿਲਾ ਦਿਖਾਵਾਂਗਾ।

॥ ੬ ॥
ਖੰਡੇ ਕੀ ਪਾਹੁਲ ਜੋ ਲੇਇ।
ਸਿੰਘ ਨਾਮ ਧਰਿਵਾਵੈ ਜੇਇ।
ਸੋ ਸ਼ਸਤ੍ਰਨਿ ਤੇ ਛੂਛ ਨ ਰਹੈ।
ਬਹੁ ਅੱਭਜਾਸ ਨਿਤਪ੍ਰਤਿ ਗਹੈ ॥ ੭ ॥
ਕੇਸਨ ਕੋ ਬਹੁ ਅਦਬ ਰਖੀਜੈ।
ਮੇਰੀ ਸਿਰ ਪਰ ਛਾਪ ਲਖੀਜੈ।'
ਪੁਨ ਡੱਲੇ ਸਨ ਹੁਕਮ ਬਖਾਨਾ।
'ਗਹਿ ਗਹਿ ਲਾਠੀ ਬਹੁ ਨਰ ਪਾਨਾ[1] [1]ਹੱਥਾਂ ਵਿਚ।
॥ ੮ ॥
ਹੇਤੁ ਛੀਨਿਬੇ ਸੰਗਤਿ ਜਾਵਹੁ।
ਲੇਹੁ ਵਸਤੁ ਸੋ ਨਹੀਂ ਗਵਾਵਹੁ।
ਅਬਿ ਸੰਗ੍ਰਾਮ ਕਰਨਿ ਸਿਖਰਾਵੈਂ।
ਇਨ ਤੇ ਹੀ ਤੁਰਕਨਿ ਮਰਿਵਾਵੈਂ' ॥ ੯ ॥
ਉਤ ਕਹਿ ਪਠਜੋ ਸੰਗਤਾਂ ਮਾਂਹੀ।
'ਇਹ ਬੈਰਾੜ ਹੁਕਮ ਮੈਂ ਨਾਂਹੀ।
ਪਾਹੁਨਚਾਰੀ ਥਿਰ[†] ਇਸ ਥਾਨਾ[1]। [1]ਅਸੀਂ) ਇਥੇ ਪ੍ਰਾਹੁਣੇ ਟਿਕੇ ਹੋਏ ਹਾਂ। [†]ਪਾ:-ਨਹਿਂ।
ਆਵਹੁ ਅੱਗ੍ਰ ਬਨਹੁ ਸਵਧਾਨਾ ॥ ੧੦ ॥
ਵਸਤੂ ਨਹੀਂ ਖੁਸਾਵਨਿ ਕਰੀਏ।
ਪੁਰਸ਼ਾਰਥ ਅਪਨੇ ਮਹਿਂ ਧਰੀਏ।'
ਇਤ ਤੇ ਡੱਲਾ ਲੇ ਨਰ ਘਨੇ।
ਉਤ ਸੁਚੇਤ ਕਸ ਕਟਿ ਸਿਖ ਬਨੇ
॥ ੧੧ ॥
ਬਯੋ ਭੇਰ ਦੁਹੂਅਨਿ ਦਿਸ਼ਿ ਕੇਰਾ।
ਪਰਜੋ ਰੌਰ ਇਕ ਬਾਰਿ ਬਡੇਰਾ।
ਊਚੇ ਥਲ ਸਤਿਗੁਰ ਤਬਿ ਥਿਰੇ।
ਦੇਖਿ ਦੇਖਿ ਬਿਕਸੈਂ ਮੁਦ ਭਰੇ ॥ ੧੨ ॥
ਇਹ ਖੋਸਤਿ ਓਹ ਨਹੀਂ ਖੁਸਾਵੈਂ।
ਹੇਲ ਕਰਹਿਂ ਇਕ ਝੇਲਤਿ ਜਾਵੈਂ[1]। [1]ਇਕ ਹੱਲਾ ਕਰਦੇ ਹਨ ਇਕ ਹੱਲਾ ਝੱਲੀ ਜਾਂਦੇ ਹਨ।
ਸ਼ਸਤ੍ਰਨਿ ਮਾਰਹਿਂ ਦੋਨਹੁਂ ਦਿਸ਼ਿ ਮਹਿਂ।
ਬਲ ਕੋ ਕਰਤਿ ਭਿਰਤਿ ਆਪਸ ਮਹਿਂ

॥ ੧੩ ॥
ਥਿਰੇ ਨਿਕਟ ਤਿਨ ਗੁਰੂ ਸੁਨਾਵੈਂ।
'ਇਮ ਤੁਰਕਾਨਿ ਸਨ ਜੰਗ ਮਚਾਵੈਂ।
ਮਾਰਨ ਮਰਨ ਹਜ਼ਾਰਨ ਹੋਇ।
ਰਾਜ ਲੇਹਿਂ ਸਿੰਘ ਬਨਿ ਸਭਿ ਕੋਇ'
॥ ੧੪ ॥
ਭਿਰਤਿ ਇਸੀ ਬਿਧਿ ਸੰਗਤਿ ਆਈ।
ਗੁਰ ਪਦ ਕਮਲਨ ਸੀਸ ਝੁਕਾਈ।
ਅੱਸ੍ਵਾਸਨ[1] ਕਰਿ ਬਹੁਰ ਬਖਾਨਾ।
'ਇਮ ਸ਼ੱਤ੍ਰੁਨਿ ਸਨ ਬਨਿ ਸਵਧਾਨਾ
॥ ੧੫ ॥
ਸ਼ਸਤ੍ਰਨ ਗਹਿ ਸੰਘਾਰਨ ਕਰੀਏ।
ਅਪਨਾ ਆਪ ਉਬਾਰਨ ਧਰੀਏ।'
[†]ਪੁਨ ਸਤਿਗੁਰ ਕਰਿਵਾਇ ਕਰਾਹੂ।
ਇਕ ਦਿਸ਼ਿ ਸਭਿ ਧਰਿਵਾਯਹੁ ਤਾਂਹੂ
॥ ੧੬ ॥
ਹੁਕਮ ਕਰਜੋ 'ਲੂਟਹੁ ਸਭਿ ਜਾਈ।'
ਸੁਨਿ ਕਰਿ ਪਰਜੋ ਖਾਲਸਾ ਧਾਈ।
ਬਲ ਕੋ ਕਰੈਂ ਧਕੇਲਨਿ ਤਬੈ।
ਅਧਿਕ ਤਿਹਾਵਲ ਲੂਟਤਿ ਸਬੈ ॥ ੧੭ ॥
ਫੇਰ ਕਰਾਯੋ ਫੇਰ ਲੁਟਾਯੋ।
ਕਿਤਿਕ ਰਹੇ ਥਿਰ ਹਾਥ ਨ ਲਾਯੋ।
ਸ਼੍ਰੀ ਮੁਖ ਬੂਝਜੋ 'ਲੁਟਜੋ ਨ ਕੈਸੇ?
ਹਮਰੇ ਨਿਕਟ ਰਹੇ ਤੁਮ ਬੈਸੇ' ॥ ੧੮ ॥
ਹਾਥ ਜੋਰਿ ਤਿਨ ਬਿਨੈ ਬਖਾਨੀ।
ਬੰਟੇ ਤੇ ਜੋ ਪ੍ਰਾਪਤਿ ਪਾਨੀ।
ਸੋ ਹਮ ਖੈ ਹੈਂ ਲੋਭ ਨ ਧਾਰਹਿਂ।'
ਸੁਨਿ ਸ਼੍ਰੀ ਮੁਖ ਤੇ ਗੁਰੂ ਉਚਾਰਹਿਂ ॥ ੧੯ ॥
'ਧੰਨ ਖਾਲਸਾ ਹੈ ਬਿਧਿ ਦੋਇ।
ਸਤਿ ਸੰਤੋਖੀ ਬੀ ਬਹੁ ਹੋਇ।
ਬਹੁਤ ਲੁਟੇਰੇ ਭੀ ਬਿਚ ਬਨੈਂ।
ਥਿਰੈਂ ਅਨਿਕ ਭੀ ਸਿੱਖੀ ਸਨੈ' ॥ ੨੦ ॥

[1]ਧੀਰਜ ਦੇ ਕੇ।

[†]ਸਾਖੀ ਪੋਥੀ ਦੀ ਸਾਖੀ ਹੈ।

ਪੁਨ ਅੰਮ੍ਰਿਤ ਕੇ ਕਰੈਂ ਕਰਾਹੇ।
ਦੇਤਿ ਪ੍ਰਵਾਹੁ ਸਰੋਵਰ ਮਾਂਹੇ।
ਤਬਿ ਸਿੰਘਨ ਕਰ ਜੋਰਿ ਸੁ ਬੂਝੈਂ।
'ਪ੍ਰਭੁ ਜੀ! ਕਾਰਨ ਕੌਨ ਅਰੁੰਝੈਂ? ॥੨੧॥
ਨਿਤ ਪ੍ਰਤਿ ਅੰਮ੍ਰਿਤ ਕਰਿ ਕਰਿ ਗੇਰੋ।
ਕਾਰਨ ਕੌਨ ਆਪ ਨੇ ਹੇਰੋ?'
ਤਬਿ ਸਤਿਗੁਰ ਸਭਿ ਸਾਥ ਬਖਾਨੀ।
'ਇਹਾਂ ਖਾਲਸਾ ਸੁੰਮਣਵਾਨੀ[1] ॥੨੨॥

[1]ਜਲ ਦੇ) ਸੋਮੇਂ ਵਾਂਙ (ਖਾਲਸਾ ਪ੍ਰਗਟ ਹੋਕੇ) ਵੱਸੇਗਾ (ਥੋੜੇ ਚਿਰ ਬਾਦ ਮਾਲਵਾ ਸਾਰਾ ਲਗ ਪਗ ਸਿੰਘ ਸਜ ਗਿਆ ਸੀ)।

ਉਪਜਹਿਂ ਪੁੰਜ ਸਿੰਘ ਇਸ ਥਾਂਈ।'
ਪੁਨ ਬਹੁ ਲਿਖਣਾ ਘੜਹਿਂ ਗੁਸਾਈਂ।
ਕਰਿ ਕਰਿ ਧਰਹਿਂ ਤਜਾਰ ਬਹੁ ਬਾਰੀ।
ਬੂਝੇ ਤੇ ਸ਼੍ਰੀ ਪ੍ਰਭੁ ਉਚਾਰੀ ॥੨੩॥
'ਹੋਇ ਦਮਦਮਾ ਗੁਰ ਕੀ ਕਾਸ਼ੀ।
ਲੇਖਕ ਬਨਹਿਂ ਪਢਹਿਂ ਸਿਖ ਰਾਸੀ[†]।'

[†]ਦਮਦਮਾ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀਆਂ ਤੇ ਗਜਾਨੀਆਂ ਲਈ ਸਦਾ ਪ੍ਰਸਿੱਧ ਰਿਹਾ ਹੈ।

ਇਕ ਦਿਨ ਚਢਿ ਅਖੇਰ ਕੋ ਗਏ।
ਕੋਸ ਅਸ਼ਟ ਇਕ[1] ਉਤਰਤਿ ਭਏ ॥੨੪॥

[1]ਨੌਂ ਕੋਹਾਂ ਤੇ।

ਤਹਾਂ ਸਿੰਸਪਾ[1] ਖਰੀ ਬਡੇਰੇ।

[1]ਟਾਹਲੀ।

ਹਾਥ ਪੰਚ ਦਸ ਫੇਰ ਘਨੇਰੇ[1]।

[1]੧੫ ਹੱਥ ਟਾਹਲੀ ਦਾ ਫੇਰ ਸੀ।

ਰਾਹਕ ਮਉੜ ਤਬਹਿ ਚਲਿ ਗਏ।
ਦੁਗਧ ਘਟੇ ਭਰਿ ਲਜਾਵਤਿ ਭਏ ॥੨੫॥
ਸਭਿ ਕੋ ਪਜਾਇ ਖੁਸ਼ੀ ਲੇ ਘਨੀ[†]।

[†]ਪਾ:-ਭਲੀ।

'ਵਧਹੁ ਬੰਸ ਹੁਇ ਸਿੰਘ ਸੁ ਬਨੀ[†]।'

[†]ਪਾ:-ਬਲੀ।

ਬਹੁਰ ਪ੍ਰਭੁ ਡੇਰੇ ਚਲਿ ਆਏ।
ਉਤਰਿ ਆਪਨੇ ਥਾਨ ਸੁਹਾਏ ॥੨੬॥
[†]ਕਬਿ ਕਬਿ ਥਿਰਹਿਂ ਗੁਰੁ ਸਰ ਜਾਵੈਂ।

[†]ਸਾਖੀ ਪੋਥੀ ਦੀ ਸਾਖੀ ਹੈ।

ਗਨ ਸੰਗਤਿ ਤੇ ਕਾਰ ਕਦਾਵੈਂ।

ਸਾਯੰ ਸਮੈਂ[1] ਜਾਇਂ ਜੰਡਿਆਨੇ[2]।
ਬੈਠਹਿਂ ਸਭਿਨਿ ਹਕਾਰਨ ਠਾਨੈਂ ॥੨੬॥
ਅਗਨਤ ਰਜਤਪਣ ਆਸਨ ਤਰੇ।
ਬਹੁ ਦੀਨਾਰ ਨਿਕਾਰਨਿ ਕਰੇਂ।
ਰੋਜ਼ਦਾਰ ਕੋ ਦੇਤਿ ਬੁਲਾਈ।
ਆਇ ਆਇ ਲੇਤੇ ਸਮੁਦਾਈ ॥੨੮॥
ਜਿਤਿਕ ਚਾਕਰੀ ਧਨ ਜੋ ਲੇਤਿ।
ਤਿਤਿਕ ਮੁਸ਼ਟ ਭਰਿ ਬਿਨ ਪਿਖਿ ਦੇਤਿ।
ਕਈ ਬੇਰ ਬਰਤਾਯੋ ਤਹਾਂ।
ਸੈਨ ਰੁਜ਼ੀਨਾ ਲੇਤੇ ਮਹਾਂ ॥੨੯॥
ਭਰਮੇ ਪਿਖਿ ਬਿਰਾੜ ਤਿਸ ਥਾਨ।
-ਇਸ ਥਲ ਗੁਰ ਧਨ ਧਰਜੋ ਮਹਾਨ।
ਥਿਰ ਹੁਇ ਇਤਹਿਂ ਕਾਢ ਕਰਿ ਧਰੈਂ।
ਹਮ ਜੁਤਿ ਸਭਿਹਿਨਿ ਦੈਬੋ ਕਰੈਂ-
॥੩੦॥
ਨਿਸ ਮਹਿਂ ਫੈਲਜੋ ਤਿਮਰ ਘਨੇਰਾ।
ਗਏ ਨਿਕਾਸਨ ਕੋ ਤਿਸ ਬੇਰਾ।
ਅਵਨੀ ਖਨੀ ਅਧਿਕ ਬਲ ਲਾਈ।
ਇਕ ਬਿਰਾਟਕਾ ਹਾਥ ਨ ਆਈ ॥੩੧॥
ਮੂਰਖ ਰਹੇ ਲਜਾਇ ਬਡੇਰੇ।
ਪਛੁਤਾਏ ਨਿਜ ਕਰਨ ਖੁਟੇਰੇ।
ਇਕ ਦਿਨ ਡੱਲਾ ਨਿਸਾ ਮਝਾਰੀ।
ਸਿਪਰ ਖੜਗ ਦੋਨਹੁ ਹਥ ਧਾਰੀ ॥੩੨॥
ਗੁਰੂ ਦ੍ਵਾਰ ਪਰ ਦਿਢ ਹ੍ਵੈ ਰਹਜੋ।
ਪਹਿਰਾ ਦਿਯੋ ਸੁਚੇਤੀ ਲਹਜੋ।
ਖਰੋ ਹੇਰਿ ਪ੍ਰਭੁ ਰਹੇ ਹਟਾਇ।
'ਸੁਪਤਹੁ ਜਾਇ ਆਪਨੇ ਥਾਇਂ' ॥੩੩॥
'ਸ਼੍ਰੀ ਪ੍ਰਭੁ ਸੇਵ ਕਰੌਂ ਮੈਂ ਆਜੁ।
ਨਹਿਂ ਸੋਵੌਂ ਮੈਂ ਪਿਖਹੁਂ ਸਮਾਜੁ।'
ਇਮ ਕਹਿ ਖਰੋ ਰਹਜੋ ਨਿਸ ਜਾਗਾ।
'ਗੁਰ ਗੁਰ' ਜਪਜੋ ਪ੍ਰੇਮ ਮਹਿਂ ਪਾਗਾ
॥੩੪॥

[1]ਸੰਧਜਾ ਵੇਲੇ। [2]ਇਥੇ ਜੰਡਸਰ ਨਾਮੇ ਗੁਰਦੁਆਰਾ ਹੈ, ਸਰੋਵਰ ਬੀ ਹੈ।

ਉਠੇ ਪ੍ਰਾਤ ਪਿਖਿ ਡੱਲਾ ਖਰਜੋ।
ਹੁਇ ਪ੍ਰਸੰਨ ਮੁਖ ਤੇ ਬਚ ਕਰਜੋ।
'ਜਾਚਿ ਲੇਹੁ ਮਨ ਕਾਮਨ ਜੋਇ।
ਪੂਰਨ ਕਰਹਿਂ ਅਨੰਦ ਮਹਿਂ ਸੋਇ' ॥੩੫॥
'ਸ਼੍ਰੀ ਪ੍ਰਭੁ! ਜਹਾਂ ਬਾਸ ਤੁਮ ਠਾਨਾ।
ਇਕ ਪੀਢੀ ਕਹੁ ਮੁਹਿ ਦਿਹੁ ਥਾਨਾ।
ਅਪਨਿ ਨਜੀਕ ਰਾਖੀਅਹਿ ਮੋਹੀ।
ਅਪਰ ਨ ਮੋ ਉਰ ਮੈਂ ਇਛ ਹੋਹੀ' ॥੩੬॥
ਸੁਨਿ ਕਰਿ ਤਿਸ ਤੇ ਗੁਰੂ ਉਚਾਰੀ।
'ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ।
ਡੱਲੇ ਤੇ ਡਲ ਸਿੰਘ ਕਹਾਵਹੁ।
ਪੁਨ ਗੁਰ ਘਰ ਕੋ ਸਿਦਕ ਕਮਾਵਹੁ' ॥੩੭॥
ਪੁਨ ਕਰ ਜੋਰਿ ਕਹਜੋ ਹਿਤ ਦੇ ਚਿਤ।
'ਮੈਂ ਤੋ ਬਹੁਤ ਛਕਜੋ ਹੈ ਅੰਮ੍ਰਿਤ।'
ਗੁਰ ਬੋਲੇ 'ਕਬਿ ਕਿਸ ਤੇ ਛਕਜੋ?
ਹਮ ਨਹਿਂ ਲਖਜੋ ਕੂਰ ਕਜੋਂ ਬਕਜੋ?' ॥੩੮॥
'ਸ਼੍ਰੀ ਗੁਰ ਸੀਤ ਪ੍ਰਸਾਦ ਤੁਹਾਰਾ।
ਅਚਤਿ ਰਹਜੋ ਮੈਂ ਲੇ ਕਰਿ ਥਾਰਾ[1]।
ਤਿਸ ਤੇ ਹੀ ਮੁਝ ਕਰਹੁ ਸਨਾਥ।
ਸਭਿ ਘਟ ਕੇ ਮਾਲਿਕ ਜਗਨਾਥ!' ॥੩੯॥
ਪੁਨ ਪ੍ਰਭੁ ਕਹਜੋ 'ਨ ਇਸ ਬਿਧਿ ਟਰੋ।
ਖੰਡੇ ਕੋ ਅੰਮ੍ਰਿਤ ਮੁਖ ਧਰੋ।'
'ਸ਼੍ਰੀ ਗੁਰ! ਸੋ ਭੀ ਖੰਡੇ ਕੇਰ।
ਕਰਦ ਭੇਟ ਕਿਯ ਅਚਿਬੇ ਬੇਰ' ॥੪੦॥
ਸੁਨਿ ਕਰਿ ਸ੍ਰੀ ਮੁਖ ਬਹੁ ਬਿਕਸਾਨੇ।
'ਸੁਨਿ ਡਲ ਸਿੰਘ[†] ਹਮ ਖੁਸ਼ੀ ਮਹਾਨੇ।
ਜੋ ਅੰਮ੍ਰਿਤ ਖੰਡੇ ਕੋ ਲੈ ਹੈ।
ਗੁਰ ਕੋ ਸੋ ਜਹਾਜ ਚਢਿ ਜੈਹੈ' ॥੪੧॥

[1]ਥਾਲ।

[†]ਪਾ:-ਡੱਲਾ।

ਸਿਰ ਪਗ ਧਰਿ ਧਰਿ ਕੈ ਤਬਿ ਭਨਿ ਹੈ[1]।
'ਸੱਤ ਬਚਨ ਜੀ, ਸੱਤਿ ਬਚਨ ਹੈ।'
ਅਗਲੇ ਦਿਨ ਕਰਾਹ ਕਰਿਵਾਯੋ।
ਸ੍ਰੀ ਗੁਰ ਕੇ ਆਗੇ ਧਰਿਵਾਯੋ ॥੪੨॥
ਹਾਥ ਜੋਰਿ ਆਗੈ ਹੁਇ ਖਰਯੋ।
ਖੰਡੇ ਕੋ ਅੰਮ੍ਰਿਤ ਤਬਿ ਕਰਯੋ।
ਸੌ ਨਰ ਅਪਰ ਖਰੇ ਸੰਗ ਹੋਏ।
ਛਕਯੋ ਸੁਨਹਿਰੇ ਇਕ ਸਭਿ ਕੋਏ[†] ॥੪੩॥
ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ।
ਬਖਸ਼ਯੋ ਖੜਗ ਬਡੋ ਅਰੁ ਢਾਲਾ।
ਦ੍ਵੈ ਹਜ਼ਾਰ ਕੇ ਕੰਕਨ ਦੋਇ।
ਹੁਤੇ ਜਰਾਊ ਬਖਸ਼ੇ ਸੋਇ ॥੪੪॥
ਗੁਰ ਕੋ ਬਸਤ੍ਰ[†] ਪੂਜਿਬੇ ਹੇਤੁ।
ਦੇਤਿ ਭਏ ਤਬਿ ਕ੍ਰਿਪਾ ਨਿਕੇਤ[†]।
ਇਕ ਦਿਨ ਸੁਧਿ ਕਿਨ ਆਨਿ ਸੁਨਾਈ।
'ਤੁਰਕਨਿ ਸੈਨ ਚਢੀ ਸਮੁਦਾਈ ॥੪੫॥
ਇਤ ਕੌ ਆਇ ਲਰਨ ਕੇ ਹੇਤੁ।'
ਸੁਨਿ ਡਲ ਸਿੰਘ ਬਹੁ ਬਨਯੋ ਸੁਚੇਤ।
ਜਾਇ ਅੱਗ੍ਰ ਇਕ ਤਰੁ ਕੇ ਤਰੇ।
ਬੈਠਯੋ ਰਹੈ ਪ੍ਰਤੀਖਨ ਕਰੇ ॥੪੬॥
ਇਕ ਦੁਇ ਦਿਨ ਬੀਤੇ ਨਹਿੰ ਆਯੋ।
ਸ੍ਰੀ ਗੁਰ ਢਿਗ ਥਿਰ ਬਾਕ ਸੁਨਾਯੋ।
'ਪਾਤਸ਼ਾਹ ! ਤੁਰਕ ਜਿ ਇਕ ਬਾਰੀ।
ਕਰਹਿੰ ਭੇਰ ਤੌ ਲੇਹੁ ਨਿਹਾਰੀ ॥੪੭॥
ਤਬਿ ਜੇਤਿਕ ਬਾਹੈਂ ਤਰਵਾਰੀ।
ਰੁੰਡ ਮੁੰਡ ਕਰਿ ਧਰਾ ਮਝਾਰੀ।
ਭਿਰਹਿੰ ਜਥਾ ਬੈਰਾੜ ਲੜਾਕੇ।
ਕਰਿ ਹੈਂ ਤੁਰਕਨਿ ਤਨ ਗਨ ਫਾਂਕੇ[1]' ॥੪੮॥
ਸੁਨਿ ਕਰਿ ਦਯਾ ਸਿੰਧੁ ਹਰਖਾਏ।

[1]ਸਿਰ ਚਰਨਾਂ ਤੇ ਰੱਖ ਰੱਖ ਕੇ (ਡੱਲਾ) ਬੋਲਿਆ।

[†]ਕੈਸਾ ਅਦਭੁਤ ਨਜ਼ਾਰਾ ਹੈ, ਦੇਸ਼ ਦਾ ਸਰਦਾਰ ਸੌ ਨਰ ਰੱਯਤ ਦੇ ਨਾਲ ਇਕੱਠਾ ਅੰਮ੍ਰਿਤ ਛਕਦਾ ਹੈ।

[†]ਬਸਤਰ ਇਹ ਸਨ:- ਦੋ ਦਸਤਾਰਾਂ, ਦੋ ਚੋਲੇ ਤੇ ਦੋ ਘੁਟੰਨੇ।

[†]ਇਹ ਬਖਸ਼ਿਸ਼ਾਂ ਉਹਨਾਂ ਦੀ ਉਲਾਦ ਪਾਸ ਹੁਣ ਤੱਕ ਹਨ।

[1]ਫਾੜਾਂ।

'ਸਾਧ ਸਾਧ ਡਲ ਸਿੰਘ' ਕੋ ਗਾਏ।
'ਇਮ ਹੀ ਚਹਿਯਤਿ ਤੁਰਕਨਿ ਸੰਗਾ।
ਧਰਿ ਉਤਸਾਹ ਕਰਨ ਕੋ ਜੰਗਾ' ॥੪੯॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ
ਐਨੇ 'ਡਲਾ ਸਿੰਘ' ਪ੍ਰਸੰਗ ਬਰਨਨੰ ਨਾਮ ਅਸ਼ਟ
ਬਿੰਸਤੀ ਅੰਸੂ ॥੨੮॥

## ੨੯. [ਪਟਜਾਲਾ ਨਾਭਾ ਜੀਂਦ ਦੇ ਵਡਕੇ। ਬੰਗੇਹਰ। ਮਾਲਵੇ ਨੂੰ ਵਰ]

੨੮<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੦

ਦੋਹਰਾ:

†ਆਯੋ ਰਾਮਾ ਏਕ ਦਿਨ, ਸੰਗ ਤਿਲੋਕਾ ਜਾਂਹਿ†।
ਚੁਨ ਦਾਲ ਕੋ ਸਕਟ ਭਰਿ, ਪਹੁੰਚੇ ਸਤਿਗੁਰ ਪਾਹਿ ॥੧॥

†ਸਾਖੀ ਪੋਥੀ ਦੀ ਸਾਖੀ ਹੈ।

ਚੌਪਈ:

ਦੋਨਹੁਂ ਸ਼ਰਧਾਲੂ ਕਰ ਦਰਸ਼ਨ।
ਕਰ ਸਿਰ ਚਰਨ ਸਰੋਜਨ ਪਰਸਨ[1]। [1]ਚਰਨ ਕਮਲ ਹੱਥਾਂ ਤੇ ਸਿਰ ਨਾਲ ਪਰਸ, ਭਾਵ ਸੀਸ ਤੇ ਹੱਥ ਚਰਨਾਂ ਤੇ ਰੱਖ ਕੇ ਮੱਥਾ ਟੇਕਿਆ।
ਹਾਥ ਜੋਰਿ ਪੁਨਿ ਠਾਢੇ ਭਏ।
ਦਯਾਸਿੰਧੁ ਤਬਿ ਬੂਝਨ ਕਏ ॥੨॥
'ਰਾਮਾ ਸਿੰਘ, ਤਿਲੋਕ ਸਿੰਘ ਸੁਨਿ!
ਰਸਤ ਸਕਟ ਭਰਿ ਲ਼ਯਾਇ ਬਹੁਤ ਮਨ[1]। [1]ਮਣ।
ਕਿਹ ਤੇ ਆਨੀ ਕੀਨਿ ਖਰੀਦ?
ਕੈ ਨਿਜ ਘਰ ਤੇ ਸਕਲ ਰਸੀਦ?' ॥੩॥
[1] 'ਪਾਤਸ਼ਾਹ! ਨਿਜ ਘਰ ਤੇ ਲ਼ਯਾਏ। [1]ਰਾਮਾ ਤਿਲੋਕਾ ਬੋਲੇ।
ਬੰਧਪ ਅਪਰਨ ਭੀ ਕੁਛ ਪਾਏ।
ਸਭਿ ਤੇ ਕਰਿ ਬਟੋਰ ਇਹ ਆਨੀ।
ਭੀ ਦਰਸ਼ਨ ਕੀ ਚਾਹ ਮਹਾਨੀ' ॥੪॥
ਇਕ ਸਿਖ ਗੁਰ ਕੇ ਨਿਕਟ ਉਚਾਰੇ।
'ਸਾਹਿਬਜ਼ਾਦੇ ਤਹਿਂ ਸਸਕਾਰੇ।
ਇਨਹੁਂ ਕਰੀ ਕ੍ਰਿਤ ਤੁਰਕਨਿ ਮਾਂਹੀ।
ਜਿਮ ਹੋਇ ਸੁਨੀਅਹਿ ਇਨ ਪਾਹੀ' ॥੫॥
ਇਕ ਬਿਰਾੜ† ਤਬਿ ਲਗਯੋ ਸੁਨਾਵਨ। †ਪਾ:-ਬੇਰਾ।
'ਰਣ ਕੇ ਅੰਤ ਭਯੋ ਭਟ ਘਾਵਨ।
ਪ੍ਰਭੁ ਜੀ ਤੁਰਕਨ ਤੇ ਡਰ ਧਰਿ ਕੈ।
ਬੇਸ ਬਾਵਰੋ ਅਪਨੋ ਕਰਿ ਕੈ ॥੬॥
ਸਿਰ ਤੇ ਨਗਨ ਧੂਰ ਤਨ ਭਰੇ।
ਲੋਥਨ ਬ੍ਰਿੰਦਨ ਮਹਿਂ ਬਹੁ ਫਿਰੇ।
ਗਨ ਤੁਰਕਨਿ ਕੋ ਗੁਰ ਸੁਤ ਦੋਊ।

ਰਣ ਠਾਨਤਿ ਲੁਪਤੇ ਥਲ ਸੋਊ ॥੭॥
ਦ੍ਰਿਸ਼ਟਿ ਪਰੇ ਨਹਿਂ ਦੋਨਹੁਂ ਭਾਈ।
ਜੇ ਪਾਵਤਿ ਸਿਰ ਵਢਿ ਲੇ ਜਾਈ[1]।
ਅਪਨੇ ਜਾਨਿ ਦਾਸ ਇਨ ਤਾਈਂ।
ਦੋਨਹੁਂ ਲੋਥੈਂ ਦਈ ਦਿਖਾਈ ॥੮॥
ਘਨੇ ਘਾਵ ਸ਼੍ਰੋਣਤਿ ਸਨ ਪੂਰੇ।
ਪਰੇ ਪ੍ਰਿਥੀ ਪਰ ਦੀਰਘ ਸੂਰੇ।
ਰਿਸ ਤੇ ਭੌਹੈਂ ਚਢੀ ਬਿਸਾਲਾ।
ਸੁਭਟਨਿ ਸੇਜਾ ਪਰ† ਤਿਸ ਕਾਲਾ[1] ॥੯॥

ਪ੍ਰਥਮ ਸਕੇਲ ਕਾਠ ਗਨ ਮਹਾਂ।
ਚਿਖਾ ਬਨਾਇ ਧਰੇ ਤਨ ਤਹਾਂ।
ਦੋਨਹੁਂ ਭ੍ਰਾਤਾ ਕੋ ਸਸਕਾਰੇ।
ਇਮ ਕੀਨਸਿ ਇਨ ਦਾਸ ਤਿਹਾਰੇ' ॥੧੦॥
ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ।
ਸ਼੍ਰੀ ਮੁਖ ਤੇ ਭਾਖਜੋ ਤਿਸ ਕਾਲਾ।
'ਰਾਮਾ ਸਿੰਘ ਤਿਲੋਕ ਸਿੰਘ ਸੁਨਿ!
ਜਾਚ ਲੇਹੁ ਹਮ ਤੇ ਬਾਂਛਤ ਮਨ' ॥੧੧॥
ਗੁਰ ਅਨਕੂਲ ਜਾਨਿ ਕਰਿ ਆਛੇ।
ਦੁਹੂੰਅਨਿ ਮਾਂਗਜੋ ਜਿਮ ਚਿਤ ਬਾਂਛੇ।
'ਪ੍ਰਭੁ ਜੀ! ਜਬਿ ਕੇ ਹਮ ਇਤ ਆਏ।
ਭਲੀ ਪ੍ਰਕਾਰ ਨ ਪਾਇ ਜਮਾਏ ॥੧੨॥
ਕਹੂੰ ਨ ਭੂਮ ਹਮਾਰੀ ਭਈ।
ਜਿਮ ਰਾਹਕ ਅਪਰਨ ਨਿਜ ਲਈ।'
ਦਯਾ ਸਿੰਧੁ ਸੁਨਿ ਧੀਰਜ ਦੀਨਿ।
ਤੁਮ ਤੌਂ ਦੇਸ਼ ਸਕਲ ਹੀ ਲੀਨਿ ॥੧੩॥
ਐਸੇ ਪਾਇ ਤੁਮਾਰੇ ਜਮੈਂ।
ਭੂਪਨ ਭੂਪ ਦੇਸ਼ ਗਨ ਨਮੈਂ।
ਦਿੱਲੀ ਲਵਪੁਰਿ ਕੇ ਵਿਚ ਵਧੋ।
ਗ੍ਰਾਮ ਹਜ਼ਾਰਨ ਹੀ ਕਹੁ ਸਧੋ ॥੧੪॥
ਕੁਰਸੀ ਬਹੁਤ ਬਕੁਰਸੀ[1] ਰਾਜ।

[1](ਤੁਰਕ) ਸਿਰ ਲੈ ਜਾਂਦੇ।

[1]ਸੂਰਮਤਾ ਦੀ ਸੇਜਾ ਪਰ (ਬਿਰਾਜ) ਰਹੇ ਸਨ ਤਦੋਂ।
†ਪਾ:-' ਸ੍ਰੀ ਮੁਖ ਤੇ ਭਾਖਜੋ', ਪਰ ਇਹ ਅਸ਼ੁੱਧੀ ਜਾਪਦੀ ਹੈ।

[1]ਪੁਸ਼ਤ ਦਰ ਪੁਸ਼ਤ।

ਪੈਹਹੁ ਬਡੋ ਅਨੇਕ ਸਮਾਜ।
ਹਮਰੇ ਹਿਤ ਇਮ ਕਾਰਜ ਕੀਨਿ।
ਇਸੀ ਹੇਤੁ ਕਰਿ ਸਭਿ ਕੁਛ ਲੀਨ'
॥ ੧੫ ॥
ਇਮ ਕਹਿ ਅਪਰ ਜਿ ਥੇ ਤਿਨ ਸਾਥ।
ਤਿਨ ਪਰ ਖੁਸ਼ੀ ਕਰੀ ਤਬਿ ਨਾਥ।
ਮਨਹੁਂ ਕਾਮਨਾ ਪੂਰਨ ਭਈ।
ਦੋਨਹੁਂ ਕੌ ਦਸਤਾਰ ਦੁ[1] ਦਈ ॥ ੧੬ ॥ — [1]ਦੋ ਦਸਤਾਰਾਂ।
ਸਪਤਿ ਦਿਵਸ ਗੁਰ ਕੇ ਢਿਗ ਰਹੇ।
ਬਰ ਲੇ ਕਰਿ ਦਰਸ਼ਨ ਬਰ ਲਹੇ।
ਪੁਨ ਰੁਖਸਦ ਹੁਇ ਘਰ ਕੋ ਗਏ।
ਤਬਿ ਤੇ ਬਧੇ ਰਾਜ ਬਡ ਭਏ[1] ॥ ੧੭ ॥ — [1]ਵੱਡੇ ਰਾਜੇ ਹੋਏ।
ਨਾਭਾ ਅਰ ਦੂਸਰ ਪਟਿਆਲਾ।
ਗੁਰ ਬਚ ਤੇ ਇਹ ਭੇ ਮਹਿਪਾਲਾ।
†ਜਬਹਿ ਮਹਿਖ ਸਿਖ ਲੇਵਨ ਗਏ[1]। — [1]ਜਦੋਂ (ਬਠਿੰਡੇ ਵਿਚੋਂ ਦੈਂਤ ਕੱਢਣ ਵੇਲੇ) ਸਿੱਖ ਮਹਿਆਂ ਲੈਣ ਗਏ ਸਨ। †ਸਾਖੀ ਪੋਥੀ ਦੀ ਸਾਖੀ ਹੈ।
ਹਾਸ ਕਰਤਿ ਵੰਗੇਹਰ ਭਏ ॥ ੧੮ ॥
ਮਾਰਖੰਡ[1] ਸੋ ਦਯੋ ਬਤਾਇ। — [1]ਉਹ ਝੋਟਾ, ਸਾਂਢ ਯਾ ਹਾਥੀ) ਜੋ ਨੇੜੇ ਆਇਆ ਨੂੰ ਮਾਰ ਦੇਵੇ ਯਾ ਮਾਰਨ ਦੌੜੇ, ਖੂਨੀ।
-ਮਾਰਹਿਂ ਪਿਖੈਂ ਤਮਾਸ਼ਾ ਧਾਇ-।
-ਬਦਰੀ ਤਰੁ ਸੋਂ ਖਰੋ- ਬਤਾਯੋ[1]। — [1]ਬੇਰੀ ਹੇਠ ਖੜਾ ਹੈ, ਇਹ ਦੱਸਿਆ ਸੀ।
ਗੁਰ ਕੇ ਨਾਮ ਸੁਨੈ ਚਲਿ ਆਯੋ[1] ॥ ੧੯ ॥ — [1]ਸੰਢਾ) ਚਲ ਪਿਆ ਸੀ।
ਲਖੀ ਅਵੱਗਜਾ ਗੁਰ ਕੀ ਹੋਈ।
ਤਬਿ ਵੰਗੇਹਰਿ ਮਿਲਿ ਸਭਿ ਕੋਈ।
ਬਖਸ਼ਾਵਨ ਹਿਤ ਚਲਿ ਕਰਿ ਆਏ।
ਦੋਇ ਤੁਫੰਗ ਉਪਾਇਨ ਲਜਾਏ ॥ ੨੦ ॥
ਲਾਦ ਰਸਦ ਕੇਤਿਕ ਸੰਗ ਲੀਨਿ।
ਕੁਛਕ ਰੁਪ ਰਸ[1] ਪਾਵਨ ਕੀਨਿ। — [1]ਲੂਣ।
ਦੇਨਿ ਹੇਤੁ ਗੁਰ ਕੋ ਲੇ ਆਏ।
ਧਰਿ ਆਗੇ ਸਭਿ ਸੀਸ ਨਿਵਾਏ ॥ ੨੧ ॥
ਹਾਥ ਜੋਰਿ ਥਿਰਿ ਅਰਜ਼ ਗੁਜ਼ਾਰੀ।
'ਪ੍ਰਭੁ ਜੀ ! ਬਖਸ਼ਹੁ ਖਤਾ ਹਮਾਰੀ।

ਮਹਿਖ ਲੇਨ ਸਿਖ ਭੇਜੇ ਜਬੈ।
ਹਮ ਨੇ ਕਪਟ ਰਚਜੋ ਪਿਖਿ ਤਬੈ ॥੨੨॥
ਤੁਮਨੇ ਪੜਦਾ ਢਕਜੋ ਹਮਾਰੋ।
ਗਯੋ ਵਠਿੰਡੇ ਮਹਿਖ ਬਿਚਾਰੋ।'
ਤੁਪਕ ਰੁਪਰਸ[1] ਹੇਰੀ ਧਰਿ ਕਰਿ। [1]ਬੰਦੂਕ ਤੇ ਲੂਣ।
ਗੁਰੂ ਪ੍ਰਸੰਨ ਭਏ ਇਮ ਕਹਿ ਕਰਿ ॥੨੩॥
'ਕਜਾ ਜਾਚਤਿ ਹੋ ਕਰਹੁ ਸੁਨਾਵਨ?
ਬਖਸ਼ੀ ਖਤਾ ਪਰੇ ਅਬਿ ਪਾਵਨ[1]।' [1]ਹੁਣ ਚਰਨੀਂ ਆ ਪਏ ਹੋ।
ਹਾਥ ਜੋਰਿ ਤਬਿ ਸਭਿਨਿ ਬਖਾਨਾ।
'ਰਾਮੇ ਕੋ ਦਿਯ ਰਾਜ ਮਹਾਨਾ ॥੨੪॥
ਹਮ ਕੋ ਭੀ ਬਖਸ਼ਹੁ ਕਰਿ ਕਰੁਨਾ।
ਆਇ ਪਰੇ ਰਾਵਰ ਕੀ ਸ਼ਰਨਾ।'
ਸ੍ਰੀ ਗੁਰ ਕਹਜੋ 'ਮਿਲੇ ਤੁਮ ਆਇ।
ਜਾਨਿ ਅਵੱਗਜਾ ਲਿਯ ਬਖਸ਼ਾਇ ॥੨੫॥
ਯਾਂ ਤੇ ਪ੍ਰਥਮ ਰਾਜ ਹੈ ਜੇਤਿਕ।
ਕੇਤਿਕ ਸਮੈਂ ਥਿਰਹਿਗੋ ਤੇਤਿਕ।
ਨਹਿਂ ਛੀਨਹਿਂ ਕੋ ਘਰ ਸੁਖ ਪਾਓ।
ਸਿਖ ਸੰਗਤਿ ਕੀ ਸੇਵ ਕਮਾਓ' ॥੨੬॥
ਇਮ ਬਖਸ਼ਾਇ ਕਿਤਿਕ ਦਿਨ ਰਹੇ।
ਰੁਖਸਦ ਹੋਇ ਗ੍ਰਾਮ ਮਗ ਗਹੇ।
ਊਚੇ ਥਾਨ ਬੈਠਿ ਇਕ ਦਿਨ ਮਹਿਂ।
ਲਗਜੋ ਦਿਵਾਨ ਸੁਹਾਇ ਸਭਿਨਿ ਮਹਿਂ ॥੨੭॥
ਡਲ ਸਿੰਘ ਗਨ ਬਿਰਾੜ ਥਿਰ ਸਾਰੇ।
ਸਭਿਨਿ ਸੁਨਾਵਤਿ ਬਾਕ ਉਚਾਰੇ।
'ਬਹੁ ਗੋਧੂਮ ਖੇਤ[1] ਦਿਖ ਆਵਹਿਂ। [1]ਕਣਕ ਦੇ ਖੇਤ।
ਸੁੰਦਰ ਸ੍ਵਾਦਲ ਅੰਨ ਉਪਾਵਹਿਂ' ॥੨੮॥
ਸੁਨਿ ਡੱਲੇ ਜੁਤਿ ਸਭਿ ਕਰ ਜੋਰੇ।
'ਖੋਹੀ[1] ਖਰੀ ਪ੍ਰਭੁ ਇਤ ਓਰੇ। [1]ਕਾਹੀ।
ਬਚ[1] ਗੋਧੂਮ ਖਰੀ ਨ ਉਚਾਰੋ। [1]ਬਚਨ ਤੋਂ।

ਮੋਠ ਬਾਜਰੀ ਭਲੇ ਬਿਚਾਰੋ ॥੨੯॥
ਛਿਤ ਗੋਧੂਮ ਜਿ ਇਹਾਂ ਉਪਾਵੈਂ।
ਤੁਰਕ ਦੇਹਿਂ ਦੁਖ, ਚੜ੍ਹਿ ਚਲਿ ਆਵੈਂ।'
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ।
ਲਖ ਮਤਿ ਹੀਨੇ[1] ਮੌਨ ਰਹਾਏ ॥੩੦॥
ਲਖਹਿਂ ਨ ਤੁਰਕ ਭਏ ਅਬਿ ਅਦਾ[1]।

ਗੁਰ ਕੋ ਬਾਦ ਥਿਰੇ ਸਦ ਸਦਾ।
ਬੀਤ ਗਏ ਕੇਤਿਕ ਦਿਨ ਔਰ।
ਬੈਠੇ ਸਤਿਗੁਰ ਊਚੀ ਠੌਰ ॥੩੧॥
ਸੁੱਖਾ ਛਕੇ ਅਮਲ ਦ੍ਰਿਗ ਆਏ।
ਡੱਲੇ ਸਹਿਤ ਨਿਕਟ ਸਮੁਦਾਏ।
ਦ੍ਰਿਸ਼ਟਿ ਉਚੇਰੀ ਕਰਿ ਗੁਰ ਭਨੇ।
'ਪਿਖਹੁ ਕਮਾਦ ਖਰੇ ਇਤ ਘਨੇ ॥੩੨॥
ਜਿਸਤੇ ਬਹੁ ਬਿਧਿ ਕੇ ਮਿਸ਼ਟਾਨ।
ਹੇਤ ਭਲੇ ਲਹਿਂ ਸ੍ਵਾਦ ਜਹਾਨ।'
ਸੁਨਿ ਬੈਰਾੜ ਕਹੈਂ ਕਰ ਜੋਰਿ।
'ਪ੍ਰਭੁ ਜੀ! ਨਹਿਂ ਕਮਾਦ ਇਤ ਓਰ ॥੩੩॥
ਤ੍ਰਿਣ ਲੰਬੇਰੇ ਵਧਿ ਬਹੁ ਗਏ।
ਸੋ ਆਗੇ ਤੁਮ ਦੇਖਤਿ ਭਏ।
ਇੱਤਯਾਦਿਕ ਵਥੁ ਚਹੈਂ ਨ ਕੋਈ।
ਮੋਠ ਬਾਜਰੀ ਨਿਪਜਹਿ ਜੋਈ ॥੩੪॥
ਸੋਈ ਭਲੀ ਅਹੈ ਇਸ ਦੇਸ਼।
ਨਾਂਹਿ ਤ ਪਹੁੰਚੈਂ ਤੁਰਕ ਵਿਸ਼ੇਸ਼।
ਸਰਬ ਭਾਂਤਿ ਤੇ ਦੁਖ ਉਪਜੈਹੈਂ।
ਓਜ ਪਾਇ ਕਰਿ ਹਾਲਾ ਲੈਹੈਂ' ॥੩੫॥
ਸੁਨਿ ਸ਼੍ਰੀ ਮੁਖ ਤੇ ਪੁਨ ਮੁਸਕਾਏ।
'ਕਯੋਂ ਤੁਮ ਅਪਨੋ ਭਲੋ ਨ ਭਾਏ?
ਅਵਿਨੀ ਪੁਰਿ ਸਿਰ੍ਹੰਦ ਕੀ ਸਾਰੀ।
ਇਹਾਂ ਲਗਾਵਨ ਹੇਤੁ ਉਚਾਰੀ ॥੩੬॥
ਭਲੇ ਪਦਾਰਥ ਜੋ ਤਹਿਂ ਹੁਤੇ।
ਸਗਰੇ ਉਪਜਤਿ ਸ੍ਵਾਦਲ ਇਤੇ।

[1]ਮੀਤ ਹੀਣੇ (ਲੋਗ) ਜਾਣਕੇ।

[1]ਡੱਲਾ) ਲਖਦਾ ਨਹੀਂ ਕਿ ਤੁਰਕ ਹੁਣ (ਖਤਮ) ਪੂਰੇ ਹੋ ਗਏ ਹਨ। [ਅ਼:, ਅਦਾ=ਪੂਰਾ ਹੋਣਾ]।

ਕੇਚਿਤ ਦਿਨ ਹੁਇ ਤੁਰਕ ਬਿਨਾਸੀ।
ਰਾਜ ਖਾਲਸੇ ਕੋ ਹੁਇ ਰਾਸੀ ॥੩੭॥
ਮੋਠ ਬਾਜਰੀ ਅੰਗੀਕਾਰਹੁ।
ਅਪਰ ਨ ਹੁਇ ਇਸ ਦੇਸ਼ ਉਚਾਰਹੁ।
ਸਵਾ ਜਾਮ ਦਿਨ ਚਰਿ ਹੈ ਜਾਵਦ।
ਤੁਮਰੀ ਮਤਿ ਥਿਰ ਰਹੈ ਨ ਤਾਵਦ ॥੩੮॥
ਬਚਨ ਹਟਾਵਨਿ ਰਹੇ ਨ ਮਾਨਾ।
ਤਉ ਸੁਨਹੁ ਇਹ ਦੇਸ਼ ਮਹਾਨਾ।
ਸਨੇ ਸਨੇ ਗੋਧੁਮ ਹੁਇ ਜਾਇ†।

†ਇਹ ਸਾਰੇ ਵਰ ਹੁਣ ਸਫਲ ਹੋ ਰਹੇ ਹਨ। ਇਹ ਪੇਸ਼ੀਨਗੋਈ ਕੈਸੀ ਪੂਰੀ ਹੋਈ ਹੈ। ਗੁਰੂ ਜੀ ਇਹ ਸੰਮਤ ੧੭੬੦ ਤੇ ੧੭੬੫ ਦੇ ਵਿਚਾਲੇ ਵਿਚਾਲੇ ਉਚਾਰ ਰਹੇ ਹਨ। ਕਵੀ ਜੀ ਇਹ ਵਾਕ ੧੮੯੦ ਤੋਂ ੧੯੦੦ ਸੰਮਤ ਦੇ ਵਿਚਾਲੇ ਲਿਖ ਰਹੇ ਹਨ, ੧੯੦੦ ਵਿਚ ਕਵੀ ਜੀ ਦਾ ਦੇਹਾਂਤ ਹੋ ਗਿਆ ਸੀ। ਰੋਪੜ ਤੋਂ ਵੱਡੀ ਨਹਿਰ ਖੁਹਲੀ ਗਈ ਜਿਸ ਦੇ ਪਾਣੀ ਨੇ ਸਾਰੇ ਮਾਲਵੇ ਨੂੰ ਸਰਸਬਜ਼ ਕੀਤਾ, ਜਿਥੇ ਹੁਣ ਕਣਕਾਂ ਕਮਾਦ ਸਭ ਕੁਛ ਹੋ ਰਿਹਾ ਹੈ। ਇਹ ਨਹਿਰ ਸਰਕਾਰ ਅੰਗ੍ਰੇਜ਼ੀ ਤੇ ਮਾਲਵੇ ਦੀਆਂ ਰਿਆਸਤਾਂ ਨੇ ਰਲਕੇ ਸੰਨ ੧੮੮੨ ਅਰਥਾਤ ਸੰਮਤ ੧੯੩੯ ਵਿਚ ਬਣਾਈ ਸੀ। ਕਵੀ ਜੀ ਨੂੰ ਚੜ੍ਹ ਗਿਆਂ ਤਦੋਂ ੩੯ ਵਰ੍ਹੇ ਹੋ ਗਏ ਸਨ। ਗੁਰੂ ਕੇ ਵਾਕ ਉਚਾਰਨ ਤੋਂ ਅਰ ਕਵੀ ਜੀ ਦੇ ਇਸ ਵਾਕ ਨੂੰ ਲਿਖਣ ਤੋਂ ਬਹੁਤ ਅਰਸਾ ਬਾਦ ਪੇਸ਼ੀਨਗੋਈ ਸੱਚੀ ਹੋਈ। ਇਸ ਤੋਂ ਸਿੱਧ ਹੋ ਗਿਆ ਕਿ ਕਵੀ ਜੀ ਨੇ ਨਹਿਰ ਵੇਖਕੇ, ਮਾਲਵਾ ਵਸਦਾ ਵੇਖਕੇ ਯਾ ਸੁਣਕੇ ਇਹ ਸਾਖੀ ਨਹੀਂ ਲਿਖੀ, ਇਹ ਸਾਖੀ ਪੁਰਾਤਨ ਹੈਸੀ ਤੇ ਸਹੀ ਹੈਸੀ, ਕਵੀ ਜੀ ਨੇ ਲਿਖੀ ਤੇ ਦੇਖੋ ਕਿ ਗੁਰੂ ਕੇ ਵਾਕ ਸਮੇਂ ਸਿਰ ਸਭ ਸੱਚ ਹੋਏ।

ਦਿਨ ਪ੍ਰਤਿ ਬਸਤਿ ਰਹੈ ਅਧਿਕਾਇ ॥੩੯॥
ਅਪਰ ਕਾਜ ਤੁਮ ਬਹੁਤ ਬਿਗਾਰਾ।
ਮਾਨਜੋਂ ਬਾਕ ਨ ਜਥਾ ਉਚਾਰਾ।
ਨਾਂਹਿ ਤ ਸਕਲ ਵਸਤੁ ਇਸ ਦੇਸ਼।
ਉਪਜਤਿ ਨਿਤ ਪ੍ਰਤਿ ਹੋਤਿ ਬਿਸ਼ੇਸ਼' ॥੪੦॥
ਡਲ ਸਿੰਘ ਆਦਿਕ ਗਨ ਬੈਰਾਰ।
ਥਿਰੁ ਹੁਇ ਰਹੇ ਮੌਨ ਮੁਖ ਧਾਰਿ।
ਜਾਨ ਸਕਹਿਂ ਨਹਿਂ ਆਸ਼ੈ ਗੁਰ ਕੋ।
ਨਹਿਂ ਬਾਕਨਿ ਪਰ ਧੀਰਜ ਉਰ ਕੋ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ

## ਉਨਤੀਸਮੋਂ ਅੰਸੂ ॥੨੯॥

## ੩੦. [ਕਪੂਰੇ ਦੀ ਮੌਤ। ਧਰਤੀ ਸੱਚ ਤੇ ਖਲੋਤੀ ਹੈ]

੨੯<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਇਕ ਦਿਨ ਬੈਠੇ ਸਤਿਗੁਰੂ, ਦਸਕ ਸਿੰਘ ਤਹਿਂ ਆਇ।
ਬੰਦਨ ਕਰਿ ਬੈਠਤਿ ਭਏ, ਗਾਥਾ ਕਹੀ ਸੁਨਾਇ ॥੧॥

ਚੌਪਈ:

'ਕੋਟ ਕਪੂਰੇ ਕੋ ਲਿਯ ਮਾਰੀ।
ਭਈ ਸਾਚ ਜਿਮ ਪ੍ਰਭੂ ਉਚਾਰੀ।'
ਡਲ ਸਿੰਘ ਬੈਠਯੋ ਨਿਕਟ ਸੁਨੰਤਾ।
ਬੂਝਨ ਕੀਨਿ ਸਕਲ ਬਿਰਤੰਤਾ ॥੨॥
'ਕਿਨ ਮਾਰਯੋ ਕਹੁ ਛੋਰ ਪ੍ਰਸੰਗ?
ਕਿਸ ਕੇ ਸੰਗ ਕੀਨਿ ਤਿਨ ਜੰਗ?'
ਸੁਨਿ ਕੈ ਸਿੰਘਨ ਸਰਬ ਸੁਨਾਯੋ।
'ਮੇਲਾ ਢਿਲਵੀਂ ਬਹੁ ਚਲਿ ਆਯੋ ॥੩॥
ਸੋਢੀ ਕੌਲ ਸੁ ਮੰਜੀ ਲਾਇ।
ਬੈਠਯੋ, ਭੇਟੈਂ ਲੋਕ ਚੜ੍ਹਾਇਂ।
ਤਹਾਂ ਕਪੂਰਾ ਭੀ ਚਲਿ ਗਯੋ।
ਕੇਚਿਤ ਸੁਭਟ ਸੰਗ ਮਹਿਂ ਲਿਯੋ ॥੪॥
ਬੈਰੀ ਬਰਗਾੜੀ[1] ਤਿਸ ਕੇਰੇ।
ਹੁਤੋ ਸ਼ਰੀਕਾ ਮਰੇ ਅਗੇਰੇ।
ਸੋ ਭੀ ਚਲਿ ਆਏ ਬਿਚ ਮੇਲੇ[1]।
ਜਿਨਹੁ ਦੁਹੇਲੇ ਹੋਹਿ ਨ ਮੇਲੇ ॥੫॥
ਪਾਨ ਸ਼ਰਾਬ ਕਰੀ ਦਿਸ਼ ਦੋਊ।
ਪਾਛਲ ਬੈਰ ਚਿਤਾਰਤਿ ਸੋਊ।
ਪ੍ਰਥਮ ਕਰਯੋ ਬਕਬਾਦ ਬਿਸਾਲਾ।
ਗਾਰਿ ਨਿਕਾਰਤਿ ਭੇ ਜਿਸ ਕਾਲਾ ॥੬॥
ਬਢੀ ਸਪਰਧਾ ਦੁਇ ਦਿਸ਼ ਕੇਰੀ।
ਆਯੁਧ ਲਗੇ ਚਲਨ ਤਿਸ ਬੇਰੀ।
ਜ੍ਵਾਲਾਬਮਣੀ ਬ੍ਰਿੰਦ ਚਲਾਈ।

[1]ਬਰਗਾੜੀ ਵਾਲੇ ਉਸ ਦੇ ਵੈਰੀ। [ਬਰਗਾੜੀ ਪਿੰਡ ਦਾ ਨਾਮ ਹੈ ਜੋ ਪਿੱਛੇ ਅੰਸੂ ੩ ਅੰਕ ੭ ਵਿਚ ਆਇਆ ਹੈ। ਉਥੇ ਕਪੂਰੇ ਦੇ ਇਕ ਸ਼ਰੀਕ ਚੌਧਰੀ ਦੇ ਮਰਨ ਦਾ ਪ੍ਰਸੰਗ ਬੀ ਆ ਚੁੱਕਾ ਹੈ]।

[1]ਜਿਨ੍ਹਾਂ ਨੂੰ ਦੁੱਖ ਦਿੱਤਾ ਹੋਇਆ ਸੀ ਤਿੰਨ੍ਹਾਂ ਨਾਲ ਮੇਲ ਨਹੀਂ ਹੋਇਆ ਸੀ।

ਮਰੇ ਕਿਤਿਕ ਮਚਿ ਪਰੀ ਲਰਾਈ ॥੭॥
ਜਾਨਯੋਂ ਸਾਹਿਬ ਕੌਲ[1] ਬਖੇਰਾ। — [1]ਕੌਲ ਨੇ।
ਬਿਗਰਯੋ ਮੇਲਾ ਤ੍ਰਾਸ ਬਡੇਰਾ।
ਅਭੈ ਰਾਮ[1] ਨੰਦਨ ਸ਼੍ਰੀ ਰਾਮ। — [1]ਅਭੈ ਰਾਮ ਦੇ ਪੁੱਤ੍ਰ ਸ਼੍ਰੀ ਰਾਮ ਨੂੰ।
ਭੇਜਯੋ ਜੁੱਧ ਹਟੈਬੇ ਕਾਮ ॥੮॥
ਤਰਜਤਿ[1] ਦੋਨਹੁਂ ਦਿਸ਼ਿਨਿ ਹਟਾਵੈ। — [1]ਤਾੜਨਾ ਕਰਕੇ।
-ਗੁਰੂ ਘਰ ਮੈਂ ਕਿਮ ਜੰਗ ਮਚਾਵੈਂ?'
ਨਿਜ ਘਰ ਗਮਨਹੁਂ ਕਰਹੁ ਲਰਾਈ।
ਹਟਿ ਜਾਵੋ ਕਯੋਂ ਧੂਮ ਮਚਾਈ- ॥੯॥
ਇਤ ਉਤ ਬਰਜਤਿ ਤਰਜਤਿ ਬਿਚਰਤਿ।
ਭਏ ਸ਼ਰਾਬੀ ਰਿਪੁ ਅਤਿ ਹਤਿ ਮਤਿ[1]। — [1]ਸ਼ਤਰੂਆਂ ਦੀ ਮਤ ਬਹੁਤ ਮਾਰੀ ਗਈ।
ਜ੍ਵਾਲਾਬਮਣੀ ਤਾਕਿ ਚਲਾਈ।
ਹਤਿ ਦੀਨੋ ਸ਼੍ਰੀ ਰਾਮ ਗਿਰਾਈ ॥੧੦॥
ਸੁਨਿ ਮਾਨਵ ਤਬਿ ਦੌਰੇ ਗਏ।
ਮਰਯੋ ਉਠਾਇ ਸੁ ਲਯਾਵਤਿ ਭਏ।
ਸੋਢੀ ਅਪਰ ਗਏ ਰਿਸ ਭਰਿ ਕੇ।
ਬਰਜਤਿ ਤਰਜਤਿ ਗਾਰਿ ਨਿਕਰਿ ਕੇ ॥੧੧॥
ਸਿਰੀ ਰਾਮ ਸਸਕਾਰਨ ਲਾਗੇ।
ਖਰੋ ਕੌਲ ਬਹੁ ਸੰਕਟ ਪਾਗੇ।
ਬੋਲਯੋ -ਨਹੀਂ ਦਾਹੁ ਇਸ ਕਰੀਏ।
ਅਪਰ ਬਿਘਨ ਕੁਛ ਹੋਹਿ ਬਿਚਰੀਏ ॥੧੨॥
ਤਾਤੀ ਬਾਯੁ ਲਗੈ ਮੁਝ ਅੰਗ[1]। — [1]ਓਧਰੋਂ) ਤੱਤੀ ਵਾ ਮੇਰੇ ਅੰਗਾਂ ਨੂੰ ਲਗਦੀ ਹੈ। ਆਕਾਰਣ ਅੰਗਾਂ ਨੂੰ ਤੱਤੀ ਵਾ ਲਗਦੀ ਪ੍ਰਤੀਤ ਦੇਣੀ ਅਪਸ਼ਗਨ ਗਿਣਿਆ ਜਾਂਦਾ ਹੈ।
ਤਹਿਂ ਗੁਰ ਮਾਰੇ ਠਾਨਤਿ ਜੰਗ[1]। — [1]ਜਿੱਥੇ ਗੁਰੂ ਮਾਰੇ ਜੰਗ ਕਰਦੇ ਹਨ।
ਮਮ ਪਰਵਾਰ ਹਟਾਵਨਿ ਗਯੋ।
ਮਹਿਦ ਬਖੇਰਾ ਮਿਲਿ ਉਪਜਯੋ- ॥੧੩॥
ਇਤਨੇ ਮਹਿਂ ਨਰ ਦੌਰਤਿ ਆਵਾ।
ਕੌਲ ਸਮੀਪ ਦੁਖਤਿ ਬਚ ਗਾਵਾ।
-ਸਿਰੀ ਰਾਮ ਕੋ ਅਨੁਜ ਪ੍ਰਜਾਪਤਿ[1]। — [1]ਸ੍ਰੀ ਰਾਮ ਦੇ ਛੋਟੇ ਭਿਰਾਉ ਪ੍ਰਜਾਪਤਿ ਨੂੰ।
ਗੋਰੀ ਲਗੀ ਤੁਰਤ ਹੀ ਭਾ ਹਤਿ- ॥੧੪॥

ਜਾਇ ਉਠਾਯਹੁ ਤਤਛਿਨ ਲਜਾਏ।
ਸਭਿ ਸੋਢੀਨਿ ਕਸ਼ਟ ਬਹੁ ਪਾਏ।
ਦੋਨਹੁਂ ਕੋ ਇਕਠੇ ਸਸਕਾਰਾ।
ਅਭੈਰਾਮ ਤਬਿ ਸ੍ਰਾਪ ਉਚਾਰਾ ॥੧੫॥
-ਮਮ ਨੰਦਨ ਤੈਂ ਮਾਰੇ ਦੋਇ।
ਇਸ ਅਘ ਕੋ ਫਲ ਇਮ ਤੁਝ ਹੋਇ।
ਪੂਰਬ ਸ੍ਰਾਪ ਦਮਸ ਪਾਤਿਸ਼ਾਹਾ।
ਮਰੈਂ ਤੁਰਕ ਤੇ ਲੈ ਕਰਿ ਫਾਹਾ ॥੧੬॥
ਖੇਹ ਤੋਬਰਾ ਬਦਨ ਚਢਾਵਹਿਂ।
ਮਰਤ ਸਮੇ ਇਸ ਬਿਧਿ ਦੁਖ ਪਾਵਹਿਂ।
ਮੋਹਿ ਸ੍ਰਾਪ ਤੇ ਜੜ੍ਹੈਂ ਤੁਹਾਰੀ।
ਉਖਰ ਗਈ ਸਗਰੀ ਇਕ ਬਾਰੀ ॥੧੭॥
ਪਾਨੀ ਦੇਵਾ ਰਹੈ ਨ ਕੋਈ।
ਇਮ ਸੰਕਟ ਬਡ ਤੁਮ ਕੋ ਹੋਈ-।
ਭਯੋ ਸ੍ਰਾਪ ਸੁਨਿ ਕੈ ਪਛੁਤਾਯੋ।
ਬਹੁਰੋ ਕੇਤਿਕ ਕਾਲ ਬਿਤਾਯੋ ॥੧੮॥
†ਈਸੇ ਖਾਨ ਮੰਝ[1] ਚਢਿ ਆਯੋ।

[1]ਈਸੇ ਖਾਂ ਜਿਸ ਦੀ ਜਾਤ ਮੰਝ ਸੀ। ਇਹ ਦੁਆਬੇ ਦਾ ਹਾਕਮ ਸੀ, ਸਿੱਖਾਂ ਦਾ ਬਹੁਤ ਵੈਰੀ ਸੀ। †ਸਾਖੀ ਪੋਥੀ ਵਿਚੋਂ ਹੈ।

ਘੇਰਿ ਕੋਟ ਤਿਨ ਜੰਗ ਮਚਾਯੋ।
ਹੇਲ ਘਾਲਿ ਕਰਿ ਚਢਿਗੇ ਸੂਰਾ।
ਘਾਸ ਪੁੰਜ ਮਹਿਂ ਦੁਰਯੋ ਕਪੂਰਾ ॥੧੯॥
ਈਸੇ ਖਾਨ ਭਨਯੋ -ਬਿਚ ਅਹੈ।
ਖੋਜਿ ਲੇਹੁ ਨਹਿਂ ਭਾਗਨਿ ਲਹੈ-।
ਇਤ ਉਤ ਖੋਜਯੋ ਲਿਯੋ ਨਿਕਾਸ।
ਗਹਿ ਕਰਿ ਆਨਯੋਂ ਤੁਰਨ ਪਾਸ ॥੨੦॥
ਦੇਖਿ ਪਠਾਨ ਭਜਨੋ -ਤੂੰ ਸੂਰਾ।
ਇੱਲਾਂ ਕੁੱਕੜ ਵਾਂਗ† ਕਪੂਰਾ।
ਬਾਜ ਰਖਨ ਕੋ ਲਾਜ ਲਗਾਈ-।
ਇਮ ਕਹਿ ਕੇ ਲਿਯ ਕੈਦ ਕਰਾਈ ॥੨੧॥
ਈਸੇ ਖਾਨ ਕੁਚ ਕਰਿ ਦੀਨਿ।
ਜਿਤ ਜਾਨੋ ਸੋ ਮਾਰਗ ਲੀਨਿ।

†ਪਾ:-ਵਾਲ।

ਰਿਦੇ ਬਿਚਾਰ ਕਰਤਿ ਭਾ ਮਹਾਂ।
-ਇਸ ਪਕਰੇ ਹੁਇ ਹਾਸਲ ਕਹਾਂ-
॥੨੨॥
ਤਾਲ ਉਜਾਰ ਬਿਖੈ ਇਕ ਹੇਰਾ।
ਖਰੋ ਹੋਇ ਬੋਲੵੋ ਤਿਸ ਬੇਰਾ।
-ਲਾਦਯੋ ਸੰਗ ਜਾਟ ਕਜਾ ਦੇਹਿ।
ਆਛੀ ਬਾਤ ਨ ਛੋਰਨਿ ਏਹਿ ॥੨੩॥
ਯਾਂ ਤੇ ਇਹ ਦਰਖਤ ਜੋ ਖਰੋ।
ਫਾਹੇ ਇਸੇ ਚਢਾਵਨਿ ਕਰੋ-।
ਸੁਨਿ ਪਠਾਨ ਕੋ ਹੁਕਮ ਸਿਧਾਏ।
ਫਾਹੇ ਹੇਤੁ ਕਪੂਰਾ ਲਯਾਏ ॥੨੪॥
ਦੇਖਿ ਮਹਾਂ ਦੁਖ ਪਾਇ ਬਖਾਨਾ[1]।
-ਕਰਨਿ ਦੇਹੁ ਮੁਝ ਇਹਾਂ ਸ਼ਨਾਨਾ।
ਬਦਨ ਤੋਬਰਾ ਫੇਰ ਚਢਾਇ।
ਫਾਹਾ ਦੇਹੁ ਬਹੁਰ ਇਸ ਥਾਇਂ- ॥੨੫॥
ਕਿਸ ਨਰ ਬੂਝਯੋ -ਕਯੋਂ ਕਹਿਂ ਐਸੇ?
ਵਾਜਬ ਨ੍ਹਾਨ[†], ਤੋਬਰਾ ਕੈਸੇ[1]?'

ਤਿਨ ਕੇ ਨਿਕਟ ਬਤਾਵਨ ਕੀਨ।
-ਮੇਰੇ ਗੁਰੂ ਸ੍ਰਾਪ ਇਮ ਦੀਨ ॥੨੬॥
ਖੇਹ ਤੋਬਰਾ ਬਦਨ ਚਢਾਇ।
ਫਾਹਾ ਦੇਹਿਂ ਤੁਰਕ ਮਰਿਵਾਇ।
ਅਪਰ ਬਾਤ ਸਗਰੀ ਬਨਿ ਆਈ।
ਨਹੀਂ ਤੋਬਰਾ ਤੁਮਹੁਂ ਅਨਾਈ ॥੨੭॥
ਸੋ ਮੰਗਵਾਇ ਦੇਹੁ ਮੁਝ ਫਾਸੀ।
ਪੂਰਹੁ ਬਾਕ ਗੁਰੂ ਅਬਿਨਾਸ਼ੀ।
ਨਤੁਰ ਤੋਬਰੇ ਹਿਤ ਤਨ ਔਰ।
ਸਹੌਂ ਸ੍ਰਾਪ ਧਰਿ ਕੈ ਕਿਸ ਠੌਰ- ॥੨੮॥
ਸੁਨਿ ਕੈ ਤੁਰਕ ਤਥਾ ਹੀ ਕੀਨਿ।
ਖੇਹ ਤੋਬਰਾ ਮੁਖ ਬਿਚ ਦੀਨ।
ਪਾਇ ਜੇਵਰਾ ਗਰ ਲਟਕਾਯੋ।
ਇਮ ਅਵਗਤਿ ਲਹਿ ਪ੍ਰਾਨ ਗਵਾਯੋ

[1]ਕਪੂਰਾ ਬੋਲਿਆ

[1]ਇਸ਼ਨਾਨ ਤਾਂ ਜੋਗ ਹੈ ਪਰ ਤੋਬਰਾ ਕਿਸ ਲਈ? [†]ਪ:-ਨਾਹਿ।

॥੨੯॥
ਰਾਵਰ ਕੋ ਜੋ ਹੁਕਮ ਨ ਮਾਨਾ।
ਮਹਾਂ ਮੂੜ ਲਹਿ ਕਸ਼ਟ ਮਹਾਨਾ।'
[1]ਸੁਨਿ ਸਤਿਗੁਰ ਮੁਖ ਤੂਸ਼ਨਿ ਧਾਰੀ।
[1]ਬਾਕ ਅਮੋਘ ਟਰਹਿਂ ਨਹਿਂ ਟਾਰੀ ॥੩੦॥
ਬ੍ਰਹਮ ਅਸਤ੍ਰ ਰਘੁਬਰ ਸਰਸੰਗਾ[8]।
ਭਯੋ ਨ ਨਿਸ਼ਫਲ ਸ਼ੱਤ੍ਰਨਿ ਭੰਗਾ।
ਨਹੀਂ ਸਮਰਥ ਹਟਾਵਨਿ ਕੋਈ।
ਓਟ ਸੁਮੇਰ ਨ ਬਚਿਬੋ ਹੋਈ ॥੩੧॥
ਸੁਨਿ ਬੈਰਾੜ ਤ੍ਰਾਸ ਕੇ ਸਾਥ।
ਸ਼ਰਧਾ ਸਹਿਤ ਨਿਵਾਵਹਿਂ ਮਾਥ।
ਕੇਚਿਤ ਦਿਵਸ ਬਿਤੇ ਤਹਿਂ ਔਰ।
ਬਸੇ ਪ੍ਰਭੂ ਸੋਢੀ ਸਿਰਮੌਰ ॥੩੨॥
ਅਭੈ ਰਾਮ ਬਡ ਸ਼ੋਕ ਭਯੋ ਹੈ।
ਜੁਗ ਪੁੱਤ੍ਰਨਿ ਇਕ ਬਾਰ ਹਯੋ ਹੈ।
ਇਕ ਦਿਨ ਲਾਗਜੋ ਕਰਨਿ ਅਹਾਰਾ।
ਬਰਖਾ ਮਹਿਂ ਗਰਜਜੋ ਘਨ ਬਾਰਾ ॥੩੩॥
ਸਹਿ ਨ ਸਕਜੋ ਦੁਖ ਪਾਇ ਉਚਾਰੇ।
'ਮੁਝ ਕੋ ਸ਼ੋਕ ਭਯੋ ਸੁਤ ਮਾਰੇ।
ਘਰ ਤੇਰੇ ਮਹਿਂ ਭਈ ਵਧਾਈ।
ਗਰਜਿ ਗਰਜਿ ਕੈ ਮੋਹਿ ਸੁਨਾਈ ॥੩੪॥
ਮੇਰੀ ਪੀਰ ਨ ਤੁਝ ਕੋ ਕੋਈ।

[1]ਕਵੀ ਕਹਿੰਦਾ ਹੈ।

[1]ਗੁਰੂ ਜੀ ਦਾ) ਵਾਕ ਟਾਲਿਆਂ ਨਾ ਟਲਣ ਵਾਲਾ (ਐਡਾ) ਅਮੋਘ ਹੈ (ਜੈਸਾ) ਬ੍ਰਹਮ ਅਸਤ੍ਰ ਵਾਲਾ ਰਘੁਬਰ ਦਾ ਤੀਰ। [ਬ੍ਰਹਮਾਸਤ੍ਰ=ਇਕ ਪ੍ਰਕਾਰ ਦਾ ਅਸਤ੍ਰ ਜੋ ਮੰਤ੍ਰਾਂ ਨਾਲ ਪਵਿੱਤ੍ਰ ਕਰਕੇ ਚਲਾਇਆ ਜਾਂਦਾ ਸੀ]। (ਅ) ਗੁਰੂ ਕਾ ਵਾਕ ਐਸਾ ਅਮੋਘ ਤੇ ਟਾਲਿਆਂ ਨਾਂ ਟਲਣ ਵਾਲਾ ਹੈ ਕਿ ਜੈਸੇ ਬ੍ਰਹਮਾਂ ਦਾ ਤੀਰ ਰਘੁਬਰ ਦੇ ਧਨੁਖ ਨਾਲ ਚਲਾਇਆ ਹੋਇਆ (ਅਮੋਘ ਹੈ)। [ਬ੍ਰਹਮਾਸਤ੍ਰ=ਬ੍ਰਹਮਾ ਦਾ ਅਸਤ੍ਰ। ਬ੍ਰਹਮਾ ਰਚਿਤ ਇਕ ਤਰ੍ਹਾਂ ਦਾ ਤੀਰ। 'ਸਰ' ਦਾ ਅਰਥ ਬਾਣ ਹੈ, ਪਰ 'ਸਰ' ਦਾ ਅਰਥ ਰੱਸੀ ਹੋਣ ਕਰਕੇ ਇਸ ਦਾ ਭਾਵ ਕਮਾਨ ਬੀ ਲਿਆ ਜਾਂਦਾ ਹੈ]।

ਸ਼ੋਕ ਪਰੋਜੋ ਪੀੜਤਿ ਹੋਈ।
ਅਬਿ ਹਟਿ ਜਾਹੁ ਨ ਦੇਹੁ ਦਿਖਾਈ।'
ਅਭੈਰਾਮ ਜਬਿ ਏਵ ਅਲਾਈ ॥੩੫॥
ਝਰ ਮਿਟਿ ਗਯੋ ਨ ਬਰਖਜੋ ਬਾਰੀ।
ਭਾ ਦੁਰਭਿੱਛ ਦੇਸ਼ ਤਿਸ ਭਾਰੀ।
ਚਿਰਕਾਲ ਲਗਿ ਮੇਘ ਨ ਆਏ।
ਰਵਿ ਤਪਤਜੋ ਬਹੁ ਨਰ ਅਕੁਲਾਏ ॥੩੬॥
ਇਸ ਪ੍ਰਕਾਰ ਤਿਤ ਕੇਰ ਪ੍ਰਸੰਗ।
ਭਯੋ ਉਚਾਰਜੋ[1] ਸ਼੍ਰੋਤਨ ਸੰਗ[2]।
ਬਾਸ ਦਮਦਮੇ ਸਤਿਗੁਰ ਕੀਨਿ।
ਕੇਤਿਕ[1] ਸ੍ਰਾਪ ਕਿਤਿਕ ਬਰ ਲੀਨ ॥੩੭॥
†ਇਕ ਦਿਨ ਬੈਠੇ ਸਭਾ ਮਝਾਰੀ।
ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਕਹਹੁ ਧਰਾ ਇਹੁ ਕਿਨੇ ਉਠਾਈ?
ਕਿਸ ਊਪਰ ਥਿਰ ਹੋਤਿ ਸਦਾਈ' ॥੩੮॥
ਕੋ ਭਾਖਤਿ 'ਛਿਤ ਧਵਲ ਉਠਾਵੈ।'
ਕੇਚਿਤ ਬੋਲੇ 'ਸ਼ੇਸ਼ ਚਵਾਵੈ[1]।'
'ਕਮਠ ਪੀਠ ਪਰ' ਕਿਨਹੁਂ ਬਤਾਈ।
'ਕੋਲ ਦਾੜ ਪਰ[1]' ਕਹੈਂ ਉਠਾਈ' ॥੩੯॥
ਸੁਨਿ ਪੁਨ ਗੁਰੁ ਸੁ ਬੂਝਨਿ ਕਰੇ।
'ਜਿਨਹੁਂ ਉਠਾਈ ਕੋ ਤਿਨ ਤਰੇ[1]?
ਬਿਨ ਅਲੰਬ ਨਹਿਂ ਸਕਹਿ ਉਠਾਇ।
ਜਿਨਹੁ ਉਠਾਇ ਸੁ ਦੇਹੁ ਬਤਾਇ' ॥੪੦॥
ਹਾਥ ਜੋਰਿ ਸਭਿਹੂੰਨਿ ਅਲਾਈ।
'ਕ੍ਰਿਪਾ ਕਰਹੁ ਦਿਹੁ ਆਪ ਬਤਾਈ।'
ਸ਼੍ਰੀ ਮੁਖ ਤੇ ਸਭਿ ਬਿਖੈ ਉਚਾਰਾ।
'ਇਹ ਜੋ ਦੇਖਹੁ ਸਕਲ ਪਸਾਰਾ ॥੪੧॥

[1]ਕਵੀ ਜੀ ਕਹਿੰਦੇ ਹਨ। [2]ਸ਼੍ਰੋਤਿਆਂ ਨਾਲ।

[1]ਕਿਤਨਿਆਂ ਨੇ।

†ਸਾਖੀ ਪੋਥੀ ਦੀ ਸਾਖੀ ਹੈ।

[1]ਚੁੱਕਦਾ ਹੈ।

[1]ਸੂਰ ਦੀ ਦਾੜ ਉਤੇ।

[1]ਤਿਨ੍ਹਾਂ ਦੇ ਹੇਠਾਂ ਭਾਵ ਅੰਤ ਵਿਚ ਸਭ ਦੇ ਹੇਠਾਂ ਕੌਣ ਹੈ।

ਸਾਚ ਆਸਰੇ ਸਭਿ ਥਿਰ ਭਯੋ।
ਸਾਚ ਬਿਨਾ ਅਵਲੰਬ ਨ ਬਿਯੋ।
ਸਾਚ ਆਸਰੇ ਸੂਰਜ ਤਪੈ।
ਸਾਚ ਆਸਰੇ ਨਿਸਪਤਿ ਦਿਪੈ ॥੪੨॥
ਸਾਚ ਆਸਰੇ ਸਿੰਧੁ ਗੰਭੀਰ।
ਸਾਚ ਆਸਰੇ ਧਰਤੀ ਧੀਰ।
ਸਾਚ ਆਸਰੇ ਬਾਯੁ ਬਹੰਤਾ।
ਸਾਚ ਅਸਾਰੇ ਅਗਨਿ ਤਪੰਤਾ ॥੪੩॥
ਸਾਚ ਆਸਰੇ ਕੂੜ ਦਿਖੰਤਾ।
ਸਾਚ ਬਿਨਾ ਕੂੜ ਨ ਨਿਬਹੰਤਾ[1]।

[1]ਭਾਵ ਕੂੜੇ ਪ੍ਰਪੰਚ ਦਾ ਨਿਰਬਾਹ ਸੱਚ ਬਿਨਾਂ ਨਹੀਂ ਹੋ ਸਕਦਾ।

ਜਥਾ ਰਜੁ ਸਾਚੀ ਦਿਖਿਯੰਤਾ।
ਤਿਸ ਮਹਿਂ ਕੂੜ ਸਰਪ ਕਲਪੰਤਾ ॥੪੪॥
ਜੇ ਸਾਚੀ ਰਜੁ ਹੋਇ ਨ ਤਹਾਂ।
ਸਰਪ ਕੂੜ ਕੋ ਕਲਪਹਿ ਕਹਾਂ।
ਯਾਂ ਤੇ ਨਿਸਚੈ ਇਹੈ ਕਰੀਜੈ।
ਸਾਚ ਆਸਰੇ ਸਕਲ ਜਨੀਜੈ[†]' ॥੪੫॥

[†]ਰੂਹਾਨੀ ਆਧਾਰ ਜਗਤ ਦਾ ਕਰਤਾਰ ਆਪ ਹੈ। ਜੋ ਸੱਚ ਹੋਕੇ ਸਾਰੇ ਵ੍ਯਾਪਕ ਤੇ ਸਭ ਦਾ ਆਧਾਰ ਹੈ। ਇਹ ਕਹਿਣ ਵਿਚ ਇਹ ਜਣਾਯਾ ਹੈ ਕਿ ਧਰਤੀ ਸੂਰਜ ਚੰਦ ਤਾਰੇ ਕਿਸੇ ਸਰੀਰਕ ਸਥੂਲ ਮੱਛੂ ਕੱਛੂ ਆਦਿ ਦੇ ਸਿਰ ਤੇ ਨਹੀਂ ਖੜੇ, ਇਹ ਖਿਆਲ ਗ਼ਲਤ ਹਨ, ਇਹ ਸਤਸਰੂਪ ਸਾਈਂ ਦੀ ਸੱਤ੍ਯਾ ਦੇ ਆਸਰੇ ਪੁਲਾੜ ਵਿਚ ਹਨ ਤੇ ਚਲ ਰਹੇ ਹਨ, ਯਥਾ:-"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ "

ਸੁਨਿ ਕੈ ਸਭਿ ਹੂੰ ਸੀਸ ਨਿਵਾਯੋ।
'ਆਪ ਜਥਾਰਥ ਹੀ ਸਮੁਝਾਯੋ।
ਜਿਸ ਪਰ ਕ੍ਰਿਪਾ ਆਪ ਕੀ ਹੋਇ।
ਸਾਚ ਪਛਾਨੈ ਹਰਿ ਜੀ ਸੋਇ ॥੪੬॥
ਧੰਨ ਧੰਨ ਸਤਿਸੰਗ ਤੁਮਾਰਾ।
ਭਉਜਲ ਪਾਰ ਉਤਾਰਨ ਹਾਰਾ।
ਜਨਮ ਮਰਨ ਕੋ ਬਹੁ ਨ ਫੇਰਾ।
ਅਪਨੋ ਜਾਨਿ ਕਰਜੋ ਜੋ ਚੇਰਾ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੦॥

## ੩੧. [ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ]

੩੦<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਦਯਾ ਸਿੰਘ ਕੋ ਸਿਮਰਤੇ, -ਗਯੋ ਭਯੋ ਚਿਰਕਾਲ।
ਮਿਲ੍ਯੋ ਕਿ ਨਹਿਂ ਤੁਰਕੇਸ਼ ਕੋ, ਲਾਗੀ ਬਿਲਮ[1] ਬਿਸਾਲ ॥੧॥ [1]ਦੇਰ।

ਚੌਪਈ:

ਤਿਹ ਸੁਧ ਲੈ ਹਮ ਦੱਛਨ ਜਾਨਾ।
ਕਿਮ ਕਾਰਜ ਭਾ ਕੋਇ ਨ ਜਾਨਾ-।
ਕਰਹਿਂ ਪ੍ਰਤੀਛਨ ਸ਼੍ਰੀ ਭਗਵਾਨ।
ਉਤ ਜਿਮ ਭਈ ਸੁਨਹੁ ਦੇ ਕਾਨ ॥੨॥
ਦੈਨ ਹੁਕਮ ਨਾਮਾ ਗੁਰ ਕੇਰਾ।
ਦਯਾ ਸਿੰਘ ਕਰਿ ਜਤਨ ਬਡੇਰਾ[1]। [1]ਬਹੁਤ ਜਤਨ ਕੀਤਾ।
ਘਨੇ ਅਮੀਰ ਵਜ਼ੀਰ ਮੁਲਾਨੇ।
ਹਜ਼ਰਤਿ ਸਾਥ ਨ ਕੋਇ ਬਖਾਨੇ ॥੩॥
ਕੇਤਿਕ ਬਾਦੀ ਮਨਮੁਖ ਗੁਰ ਤੇ।
ਬਡੇ ਅਸ਼ਰਧਕ ਬੇਮੁਖ ਧੁਰ ਤੇ।
ਜੇ ਕੋਇਕ ਚਾਹਤਿ ਲੇ ਜਾਨੇ।
ਸੋ ਬਰਜਤਿ ਥੇ ਮੁਗਧ ਅਜਾਨੇ ॥੪॥
ਦਾਵ ਘਾਵ ਕਰਿ ਅਨਿਕ ਪ੍ਰਕਾਰਾ।
ਦਯਾ ਸਿੰਘ ਕੋ ਚਲ੍ਯੋ ਨ ਚਾਰਾ।
ਹੁਇ ਲਾਲਚੀ ਲਿਖੀ ਅਰਦਾਸ।
ਪਹੁੰਚੀ ਸ਼੍ਰੀ ਸਤਿਗੁਰ ਕੇ ਪਾਸ ॥੫॥
ਜੋਰੀ ਕਾਸਦ[1] ਕੀ ਚਲਿ ਆਈ। [1]ਹਲਕਾਰਿਆਂ ਦੀ ਜੋੜੀ।
ਚਰਨ ਕਮਲ ਪਰ ਗ੍ਰੀਵ ਨਿਵਾਈ।
ਖੋਲੀ ਨਿਜ ਕਰ ਤੇ ਗੁਰ ਪਠੀ।
ਦਯਾ ਸਿੰਘ ਬਿਨਤੀ[1] ਲਿਖਿ ਪਠੀ ॥੬॥ [1]ਮੈਂ ਦਇਆ ਸਿੰਘ ਲਿਖਦਾ ਹਾਂ ਇਹ ਬੇਨਤੀ [ਪੁ: ਪੰ: ਲਿਖਤੁਮ ਮੈਂ]। (ਅ) ਲਿਖੀ ਹੋਈ, ਲਿਖੀ ਗਈ। [ਸੰ:, ਲਿਖਿਤ [ਸੰ: ਲਿਖਤ੍ਰ=ਲਿਖੇ ਜਾਣ ਦੀ ਦਸ਼ਾ]।
'ਅਪਨਾ ਕਾਰਜ ਆਪ ਬਨਾਵਹੁ।
ਜਿਮ ਭੇਜ੍ਯੋ ਤਿਮ ਸ਼ਾਹੁ ਮਿਲਾਵਹੁ।
ਇਹਠਾਂ ਸਾਕਤ ਕੂੜ ਕੁਪੱਤੇ।
ਮਿਲਨਿ ਦੇਤਿ ਨਹਿਂ ਸ਼ਾਹੁ ਚੁਗੱਤੇ ॥੭॥

ਅਨਿਕ ਉਪਾਵ ਕਰਤਿ ਮੈਂ ਰਹ੍ਯੋ।
ਤਊ ਨ ਅੰਤਰ ਮੇਲਾ ਲਹ੍ਯੋ।
ਲਿਖਤੁਮ ਦਯਾ ਸਿੰਘ ਇਮ ਬਿਨਤੀ।
ਪਠੀ ਹਕੀਕਤਿ ਤਜਿ ਕਰਿ ਗਿਨਤੀ ॥੮॥
ਚਰਨ ਕਮਲ ਪਰ ਬੰਦਨ ਘਨੀ।
ਬਾਰਿ ਬਾਰਿ ਕਰ ਜੋਰਤਿ ਭਨੀ।
ਕ੍ਰਿਪਾ ਕਰਹੁ ਅਬਿ ਬਨਹੁ ਸਹਾਇ।
ਤੁਮ ਤੇ ਹੀ ਸਭਿ ਕਿਛ ਬਨਿ ਆਇ' ॥੯॥
ਪਠਿ ਕਰਿ ਸਤਿਗੁਰ ਸਭਿ ਗਤਿ ਜਾਨੀ।
ਪੁਨਹਿ ਪੱਤ੍ਰਿਕਾ ਲਿਖਿਬੇ ਠਾਨੀ।
'ਅਬਿ ਤੂੰ ਤਯਾਰ ਰਹਹੁ ਬਨਿ ਆਛੇ।
ਪੱਤ੍ਰੀ ਪਢੇ ਮੇਲ ਹੁਇ ਬਾਛੇ[1]† ॥੧੦॥

[1]ਇੱਛਤ ਮੇਲ ਹੁਣ ਹੋ ਜਾਏਗਾ। †ਪਾ-ਪਾਛੇ।

ਆਪੇ ਹੀ ਅਵਰੰਗ ਬੁਲਵਾਵੈ।
ਸੁਨਹਿ ਬਾਰਤਾ ਬਹੁਰ ਸੁਨਾਵੈ।'
ਇੱਤਯਾਦਿਕ ਲਿਖਿ ਤੁਰਤ ਪਠਾਈ।
ਦਯਾ ਸਿੰਘ ਕੇ ਨਿਕਟ ਸੁ ਆਈ ॥੧੧॥
ਪਠੀ ਪੱਤ੍ਰਿਕਾ ਗੁਰ ਕੀ ਜਬੈ।
ਸਮੁਝ੍ਯੋ, ਕਾਰਜ ਗੁਰ ਕੋ ਸਬੈ।
'ਜਬਹਿ ਸ਼ਾਹੁ ਕੇ ਨਿਕਟਿ ਸਿਧਾਵੋ।
ਸ਼ਸਤ੍ਰ ਅਮਾਨਤਿ ਜਾਚੇ ਲਯਾਵੋ[1]' ॥੧੨॥

[1]ਭਾਵ ਸਾਡਾ ਇਕ ਸ਼ਸਤ੍ਰ ਉਸ ਪਾਸ ਅਮਾਨਤ ਹੋਵੇਗਾ ਸੋ ਮੰਗ ਲਿਆਉਣਾ।

ਅਧਿਕ ਅਨੰਦਤਿ ਹੁਇ ਤਬਿ ਥਿਰ੍ਯੋ।
ਮਾਨਹੁ ਕਾਜ ਸਕਲ ਹੀ ਕਰ੍ਯੋ।
ਸੋ ਦਿਨ ਬੀਤਾ ਨਿਸ ਹੁਇ ਆਈ।
†ਅਵਰੰਗ ਦਮ[1] ਕੋ ਕਰਤਿ ਸਦਾਈ ॥੧੩॥

[1]ਪ੍ਰਾਣਾਯਾਮ [ਫਾ:, ਹਬਸਦਮ=ਸੁਆਸਾਂ ਦਾ ਰੋਕਣਾ]। †ਸੌ ਸਾਖੀ ਦੀ ੨੮ਵੀਂ ਸਾਖੀ ਹੈ।

ਤਿਸ ਕੇ ਬਲ ਕਰ ਜਾਤਿ ਹਮੇਸ਼।
ਕਾਬੇ ਕਰਹਿ ਨਿਵਾਜ ਅਸ਼ੇਸ਼।
ਜਬਿ ਅਪਨੋ ਤਿਨ ਵਖਤ ਪਛਾਨਾ।
ਹਜ਼ਰਤ ਕਰਨ ਸੁ ਦਮ ਕੋ ਠਾਨਾ ॥੧੪॥

ਮੱਕੇ ਪਹੁੰਚਜੋ ਕਰਨਿ ਨਿਵਾਜ†।

†ਅਕਬਰ ਦੀ ਚਾਲ ਮਜ਼ਹਬੀ ਧੱਕਾ ਕਰਨ ਦੀ ਘੱਟ ਸੀ, ਤਦ ਤੋਂ ਕਾਜ਼ੀ ਮੁੱਲਾਂ ਨਾਰਾਜ਼ ਸਨ। ਔਰੰਗੇ ਨੇ ਇਹ ਚਾਲ ਬਦਲਕੇ ਮੁਸਲਮਾਨਾਂ ਨੂੰ ਖੁਸ਼ ਕਰ ਲਿਆ ਤੇ ਮੁਸਲਿਮ ਤਾਕਤ ਸੰਗਠਨ ਕਰਨ ਵਿਚ ਆਪਣਾ ਬਲ ਵਧਦਾ ਸਮਝਿਆ। ਹੁਣ ਦੂਸਰੀਆਂ ਕੌਮਾਂ ਤੇ ਇਨਸਾਫ ਪਸੰਦ ਮੁਸਲਮਾਨਾਂ ਨੇ ਤੇ ਆਮ ਲੋਕਾਂ ਨਰਾਜ਼ ਹੋਣਾ ਹੀ ਸੀ, ਸੋ ਏਹੋ ਜਿਹੀਆਂ ਗੱਲਾਂ ਸ਼ਾਹ ਦੀ ਰੂਹਾਨੀ ਤਾਕਤ ਦੀਆਂ ਮੁਲਾਣਿਆਂ ਨੇ ਘੜਕੇ ਸਰਬ ਸਾਧਾਰਨ ਵਿਚ ਫੈਲਾਈਆਂ ਕਿ ਸਾਡਾ ਸ਼ਾਹ ਇਤਨਾ ਬਲੀ ਹੈ ਕਿ ਰੋਜ਼ ਮੱਕੇ ਜਾਕੇ ਨਿਮਾਜ਼ ਪੜ੍ਹਦਾ ਹੈ। ਇਹ ਗੱਲ ਸੌ ਸਾਖੀ ਵਾਲੇ ਨੇ ਸੁਣੀ ਸੁਣਾਈ ਯਾ ਮਨੋਕਲਪਿਤ ਲਿਖੀ ਹੈ, ਉਥੋਂ ਦਾ ਉਤਾਰਾ ਕਵੀ ਜੀ ਨੇ ਕੀਤਾ ਹੈ। ਐਸੇ ਜ਼ਾਲਮ ਨਿਰਦਈ ਵਿਚ ਇਤਨੀ ਰੂਹਾਨੀ ਏਕਾਗ੍ਰਤਾ ਕਿੱਥੋਂ ਸੀ, ਓਹ ਤਾਂ ਇਤਿਹਾਸਕਾਰਾਂ ਦੇ ਲੇਖਾਂ ਤੋਂ ਅਸੀਂ ਦੱਸ ਆਏ ਹਾਂ ਕਿ ਮੁਸਲਮਾਨ ਵੀ ਦੀਨਦਾਰ ਨਹੀਂ ਸੀ, ਨਿਮਾਜ਼ ਰੋਜ਼ੇ ਦੀਨ ਦੇ ਕੰਮ ਸਭ ਇਕ ਬੁਰਕਾ ਮਾਤ੍ਰ ਸਨ, ਅੰਦਰਲੀਆਂ ਰਾਜਸੀ ਕਪਟ ਨੀਤੀਆਂ ਦੇ ਢੱਕਣ ਲਈ।

ਗੁਰੂ ਜੀ ਨੇ ਆਪ ਉਸਨੂੰ 'ਨ ਸਾਹਿਬ ਸ਼ਿਨਾਸੀ ਨ ਮੁਹੰਮਦ ਯਕੀਂ' ਲਿਖਿਆ ਹੈ। ਅਰਥਾਤ ਨਾਂ ਤੂੰ ਰੱਬ ਨੂੰ ਪਛਾਣਦਾ ਹੈਂ ਤੇ ਨਾਂ ਰੱਬ ਤੇ ਤੇਰਾ ਭਰੋਸਾ ਹੈ। ਅੰਤ ਵੇਲੇ ਔਰੰਗਜ਼ੇਬ ਆਪ ਆਪਣੇ ਅਮਲਾਂ ਤੋਂ ਘਬਰਾਉਂਦਾ ਤੇ ਆਕਬਤ ਤੋਂ ਡਰਦਾ ਮਰਦਾ ਹੈ। ਬਾਕੀ ਰਹੀ ਗੱਲ ਸਤਿਗੁਰੂ ਜੀ ਦਾ ਉਸਨੂੰ ਨਿਮਾਜ਼ ਵੇਲੇ ਦਰਗਾਹ ਦੇ ਦਰਸ਼ਨ ਕਰਾਕੇ ਆਪਣਾ ਭੈ ਦਿਖਾਉਣਾ, ਇਹ ਕਠਨ ਬਾਤ ਨਹੀਂ, ਕਿਉਂਕਿ ਸਤਿਗੁਰੂ ਜੀ ਆਪ ਆਤਮਕ ਬਲ ਦਾ ਪੁੰਜ ਸਨ। ਆਪਣੇ ਮਨ ਦੇ ਬਲ ਨਾਲ ਔਰੰਗੇ ਨੂੰ ਦਰਸ਼ਨ ਦੇਕੇ ਡਰਾ ਦੇਣਾ ਆਦਿਕ ਬਾਤਾਂ ਉਨ੍ਹਾਂ ਅੱਗੇ ਨਾਮੁਮਕਿਨ ਨਹੀਂ ਸਨ, ਜਦ ਕਿ ਹੁਣ ਮੈਸਿਮਰਿਜ਼ਮ ਤੇ ਹੈਪੁਨਾਟਇਜ਼ਮ ਵਾਲੇ ਮਾਮੂਲੀ ਲੋਕ ਐਹੋ ਜੇਹੀਆਂ ਕਈ ਗੱਲਾਂ ਕਰ ਰਹੇ ਹਨ।

ਗਾਥ ਲਖੀ ਸਭਿ ਗੁਰੁ ਮਹਾਂਰਾਜ।
ਤਿਸ ਕੀ ਸੂਰਤ ਕੇਰ ਗ਼ੂਰ।
ਪ੍ਰਭੁ ਬਿਚਾਰਜੋ ਕਰਿਬੇ ਦੂਰ ॥੧੫॥
ਕਮਰਕਸਾ† ਕਰਿ ਸ਼ਸਤ੍ਰਨਿ ਧਰਿ ਕੈ।

†ਇਹ ਸ੍ਰੀਰਕ ਕ੍ਰਿਆ ਤੇ ਸ੍ਰੀਰਕ ਸਾਮਾਨ ਨਹੀਂ, ਧਿਆਨ ਵਿਚੋਂ ਔਰੰਗੇ ਨੂੰ ਏਹ ਸਰੂਪ ਦਰਸਾਉਣਾ ਤੇ ਆਪਣਾ ਅਸਰ ਪਾਉਣਾ ਉਨ੍ਹਾਂ ਲਈ ਕਠਨ ਬਾਤਾਂ ਨਹੀਂ ਹੋ ਸਕਦੀਆਂ।

ਨਿਜ ਤੁਰੰਗ ਆਰੂਢਨਿ ਕਰਿ ਕੈ।
ਮੱਕੇ ਪਹੁੰਚੇ ਸਤਿਗੁਰੂ ਜਾਈ।
ਬਿਚਰੇ ਮੰਦਿਰ ਕੇ ਚਹੁੰ ਘਾਈ ॥੧੬॥
ਜਬਿ ਨਿਵਾਜ ਕਰਿ ਨਿਕਸਜੋ ਬਾਹਰ।
ਪ੍ਰਭੁ ਸਰੂਪ ਦਿਖਰਾਯੋ ਜ਼ਾਹਰ।
ਕ੍ਰੂਰ[1] ਦ੍ਰਿਸ਼ਟਿ ਤੇ ਦੇਖਿਨਿ ਕਰਜੋਂ।
-ਨਿਕਸਤਿ ਪ੍ਰਾਣ ਮਨੋ- ਮਨ ਡਰਜੋ[1] ॥੧੭॥
ਉੱਗ੍ਰ ਬਾਕ ਤੇ ਕੀਨਿ ਬਖਾਨੀ।
'ਕੋ ਹੈ ਰੇ! ਮੂਰਖ ਮਦ ਮਾਨੀ?
ਆਗੈ ਹੋਇ, ਚਹਤਿ ਜੇ ਭਲਜੋ[1]।'
ਸੁਨਿ ਭੈ ਧਰਿ ਕਰਿ ਤੂਰਨ ਚਲਜੋ

[1]ਭੈਦਯਾਕ।

[1]ਮਨ ਵਿਚ ਡਰਿਆ ਕਿ ਮਾਨੋਂ ਪ੍ਰਾਣ ਨਿਕਲਦੇ ਹਨ।

[1]ਅੱਗੇ ਹੋ ਜੇ ਭਲਾ ਚਾਹੁੰਦਾ ਹੈ ਤਾਂ।

॥੧੮॥
ਨਿਜ ਤੁਰੰਗ ਕੇ ਕਰਯੋ ਅਗਾਰੀ।
ਲੇ ਗਮਨੇ ਪ੍ਰਭੁ ਦੂਰ ਪਹਾਰੀ[1]।

[1]ਪਹਾੜ ਨਹੀਂ ਪਰ ਧ੍ਯਾਨ ਵਿਚ ਔਰੰਗੇ ਨੂੰ ਉੱਚ ਟਿਕਾਣਾ ਪਹਾੜ ਹੋ ਦਿੱਸਿਆ ਹੈ।

ਪੁਰਸ਼ੋਤਮ ਕੀ ਸਭਾ ਬਿਸਾਲਾ।
ਤਹਾਂ ਕਰਯੋ ਠਾਂਢੋ ਤਿਸ ਕਾਲਾ ॥੧੯॥
ਤ੍ਰਸਤਿ ਅਧਿਕ ਉਰ ਥਿਰ ਹ੍ਵੈ ਰਹਯੋ।
ਅਜਬ ਖਾਨ ਪਿਖਿ ਬਿਸਮੈ ਲਹਯੋ।
ਤਬਿ ਅਕਾਸ਼ ਬਾਨੀ ਹੁਇ ਆਈ।
ਸੁਨਿਯਤਿ ਦੂਰ ਨ ਦੇਖੀ ਜਾਈ ॥੨੦॥
'ਰੇ ਬੰਦੇ ਮਤਿ ਮੰਦ ਅਜਾਨ!
ਮਤਿ ਕਰਿ ਸੂਰਤ ਕੇਰਿ ਗੁਮਾਨ।
ਹਮ ਜੋ ਗੁਰੂ ਗੁਰੂ ਸੋ ਹਮ ਹੈਂ।
ਤੂੰ ਬੰਦਾ ਕਿਮ ਹੋਵਤਿ ਸਮ ਹੈਂ ॥੨੧॥
ਮਤਿ ਬਰਾਬਰੀ ਕਰਿ[1] ਮਤਿ ਮੰਦੇ!
ਏਹ ਤੌ ਮੇਰੁ, ਰੰਚ ਤੂੰ[1], ਬੰਦੇ!
ਮਤ ਸਲਤਨ ਕੋ ਧਰਹੁ ਗੁਮਾਨ।
ਆਜ ਕਿ ਕਾਲ ਫਨਾਹੀ ਜਾਨ ॥੨੨॥
ਅਬਿ ਸਤਿਗੁਰ ਜੀ! ਦਿਹੁ ਇਸ ਛੋਰਿ।'
ਇਮ ਸੁਨਿ ਹਟੇ ਸੁ ਪਾਛਲ ਓਰ।
ਬਹੁਰ ਖਰੋ ਕਰਿ[1] ਗੁਰੂ ਨਿਹਾਰਾ।
'ਏਕ ਕਪੀਰਾ[1] ਲੇਹੁ ਹਮਾਰਾ ॥੨੩॥

[1]ਬਰਾਬਰੀ ਨਾ ਕਰ।

[1]ਇਹ ਤਾਂ ਮੇਰੂ ਹਨ ਤੂੰ ਰੰਚਕ ਮਾਤ੍ਰ ਹੈਂ।

[1]ਸਾਹਮਣੇ ਖੜਾ ਕਰਕੇ।

[1]ਕੱਪਣਾ ਤੋਂ ਕਪੀਰਾ=ਕਟਾਣ ਵਾਲਾ, ਕਟਾਰ। (ਅ) ਪਰ ਸੌ ਸਾਖੀ ਵਿਚ ਏਥੇ 'ਤੀਰ ਕਾ ਕਪੀਰਾ' ਲਿਖਿਆ ਹੈ ਜਿਸ ਤੋਂ ਮੁਰਾਦ ਤੀਰ ਦੇ ਫਲ ਦੀ ਹੋ ਸਕਦੀ ਹੈ।

ਬੈਠਯੋ ਸਿੰਘ ਕਿਤਿਕ ਦਿਨ ਭਏ।
ਤੋਹਿ ਮਿਲਨਿ ਕੌ ਹਮ ਪਠਿ ਦਏ।
ਸੋ ਮਾਂਗਹਿ ਇਹ ਦੇਵਨ ਕਰਹੁ।
ਇਤਨੇ ਭਲੇ ਸੰਭਾਰਿ ਸੁਧਰਹੁ ॥੨੪॥
ਅਬਿ ਚਲਿ ਜਾਹੁ ਤਜਯੋ ਤੁਝ ਤਾਈਂ।
ਨਹੀਂ ਦਈ ਕਿਸ ਭਾਂਤਿ ਸਜ਼ਾਈ।'
ਛੁਟਿ ਕੈ ਸੁਨਿ ਕੈ ਥਰਹਰਿ ਕਾਂਪਾ।
ਪਸ਼ਚਾਤਾਪ ਸੰਤਾਪਤਿ ਆਪਾ ॥੨੫॥

ਸਤਿਗੁਰ ਤਬੈ ਦਮਦਮੇ ਆਏ।
ਅਵਰੰਗ ਅਪਨੇ ਸਿਵਰ ਸਿਧਾਏ।
ਸਗਰੀ ਜਾਮਨਿ ਨੀਂਦ ਨ ਆਈ।
ਤ੍ਰਾਸਤਿ ਅਧਿਕੈ ਜਾਗਿ ਬਤਾਈ ॥੨੬॥
ਬਡੀ ਫਜਰ ਤੈਂ ਕੀਨਿ ਸ਼ਨਾਨ।
ਬਦਨ ਪਾਕ ਕਰਿ ਤਬੈ ਮਹਾਨ।
ਸਭਾ ਸਥਾਨ ਸੁ ਬੈਠਯੋ ਆਈ।
ਪਠਿ ਮਾਨਵ ਸਭਿ ਲੀਏ ਬੁਲਾਈ ॥੨੭॥
ਜੇ ਉਮਰਾਵ ਵਜ਼ੀਰ ਮੁਲਾਨੇ।
ਮਸਲੰਦੀ[1] ਸਭਿ 'ਆਵਨ ਠਾਨੇ।
[1]ਮਸਲਿਹਤੀ, ਮਸਲਿਹਤ(=ਸਲਾਹ) ਦੇਣ ਵਾਲੇ।
ਕਾਜ਼ੀ ਗਨ ਉਲਮਾਉ ਘਨੇਰੇ।
ਕਰਿ ਤਸਲੀਮਾਤ[1] ਤਿਸ ਬੇਰੇ ॥੨੮॥
[1]ਸਲਾਮਾਂ।
ਨਿਜ ਨਿਜ ਥਾਨ ਥਿਰੇ ਸਮੁਦਾਈ।
ਸਭਿ ਮਹਿਂ ਅਵਰੰਗ ਬਾਤ ਚਲਾਈ।
'ਗੁਰ ਕੋ ਸਿੰਘ ਇਹਾਂ ਚਲਿ ਆਯੋ?'
ਕੇਤਿਕ ਸੁਨਿ ਕਰ ਜੋਰਿ ਬਤਾਯੋ ॥੨੯॥
'ਹਜ਼ਰਤ ਜੀ! ਬਹੁ ਦਿਨ ਤੇ ਆਵਾ।
ਨਹਿਂ ਕਿਨਹੂੰ ਤੁਮ ਸੰਗ ਮਿਲਾਵਾ।
ਚਹਤਿ ਨਿਰੰਤਰ ਅੰਤਰ ਐਬੇ।
ਜਤਨ ਅਨਿਕ ਤੇ ਪ੍ਰਵਿਸ਼ ਨ ਪੈਬੇ' ॥੩੦॥
ਸੁਨਿ ਤਤਛਿਨ ਅਵਰੰਗ ਬੁਲਿਵਾਯੋ।
ਦਯਾ ਸਿੰਘ ਨਰ ਸੰਗ ਸਿਧਾਯੋ[1]।
[1]ਪਾਤਸ਼ਾਹੀ) ਆਦਮੀ ਨਾਲ ਗਿਆ।
ਧਰਮ ਸਿੰਘ ਸਨ ਅੰਤਰ ਗਏ।
ਸਿਰ ਨਿਵਾਵਬੋ ਤੁਰਕ ਨ ਕਏ[1] ॥੩੧॥
[1]ਤੁਰਕ ਨੂੰ ਸਿਰ ਨਾ ਨਿਵਾਇਆ।
ਕਰਯੋ ਹੁਕਮਨਾਂਵਾਂ ਸੁ ਅਗਾਰੀ।
ਧਰਿ ਕੈ ਸ਼ਾਹੁ ਸਮੀਪ ਉਚਾਰੀ।
'ਵਾਹਿਗੁਰੂ ਗੁਰ ਜੀ ਕੀ ਫਤੇ।'
ਕਹੀ ਹੁਕਮਨਾਮੇ ਦਿਸ਼ਿ ਚਿਤੇ[1] ॥੩੨॥
[1]ਹੁਕਮਨਾਮੇ ਵੱਲ ਵੇਖਕੇ (ਫਤਹ ਬੁਲਾਈ)।
ਪਰਵਾਨੇ ਕੋ ਕਰਿ ਅਗਵਾਈ।
ਅਪਨੀ ਸਿੱਖੀ ਰਾਖਿ ਦਿਖਾਈ।

ਸੁਨਿ ਪਿਖਿ ਕੈ ਅਵਰੰਗ ਚੁਗੱਤਾ।
ਨਹਿੰ ਕੁਝ ਬੋਲਯੋ ਮਦ ਕਰਿ ਮੱਤਾ ॥੩੩॥
ਪਰਵਾਨਾ ਕੁਛ ਪਢਯੋ ਪਢਾਯੋ।
ਸਭਿ ਮਤਲਬ ਸਮਝਯੋ ਸਮੁਝਾਯੋ।
ਪੁਨ ਪਾਛੇ ਤੇ ਪਠਿ ਕਰਿ ਜਾਨਾ[1]।
'ਦੇ ਦੀਜੈ ਹਮਰੀ ਜੁ ਅਮਾਨਾ' ॥੩੪॥
ਗੁਪਤੀ ਪਠਯੋ ਸੁਨਯੋ ਥੋ ਸਾਰਾ[1]।
ਸੁਨਿ ਅਵਰੰਗੇ ਪੁਨਹਿ ਉਚਾਰਾ।
'ਹੋ ਤੁਮ ਕੌਨ ਕਹਾਂ ਤੇ ਆਏ?
ਕੌਨ ਕਾਜ ਕੋ ਕਿਨਹੁ ਪਠਾਏ?' ॥੩੫॥
ਦਯਾ ਸਿੰਘ ਤਬਿ ਕਹਯੋ ਸੁਨਾਈ।
'ਹਮ ਗੁਰ ਸਿਖ ਗੁਰ ਦਏ ਪਠਾਈ।
ਮੱਦ੍ਰ ਦੇਸ਼ ਤੇ ਚਲਿ ਇਤ ਆਏ।
ਮਿਲਨ ਕਾਜ ਸਤਿਗੁਰ ਫੁਰਮਾਏ' ॥੩੬॥
ਸੁਨਿ ਨੌਰੰਗੇ ਬਾਕ ਉਚਾਰੇ।
'ਅਬਿ ਕਿਸ ਥਲ ਹੈਂ ਗੁਰੂ ਤੁਮਾਰੇ।
ਕਹਾਂ ਬੈਠਿ ਕਰਿ ਤੁਮਹੁ ਪਠਾਯੋ।
ਤਿਹ ਠਾਂ ਰਹਯੋ ਕਿ ਅਨਖ ਸਿਧਾਯੋ[1]?' ॥੩੭॥
ਦਯਾ ਸਿੰਘ ਸੁਨਿ ਉੱਤਰ ਦੀਨਾ।
'ਸਰਬ ਸਥਾਨ ਗੁਰੂ ਹਮ ਚੀਨਾ।
ਜਹਾਂ ਜੁ ਸਿਮਰਹਿ ਹਾਜ਼ਰ ਹੋਇੰ।
ਅਬਿ ਤੇਰੇ ਆਗੇ ਗੁਰ ਸੋਇ' ॥੩੮॥
ਬਹੁਰ ਬੂਝਿਬੇ ਹੇਤੁ ਨੁਰੰਗਾ।
ਬੋਲਯੋ ਮੁਖ ਤੇ ਸਿੰਘਨ ਸੰਗਾ।
'ਤੁਮ ਗੁਰ ਸਿਖ ਅਰੁ ਗੁਰੂ ਤੁਮਾਰੋ।
ਲਖਿਯਤਿ ਕਰਾਮਾਤ ਕੋ ਧਾਰੋ[1]†' ॥੩੯॥

[1]ਭਾਵ ਜਦੋਂ ਸਿੰਘਾਂ ਨੇ ਜਾਣਿਆਂ ਕਿ ਪੜ੍ਹ ਲਿਆ ਸੁ (ਉਸ ਮਗਰੋਂ ਬੋਲੇ)।

[1]ਗੁਪਤ ਸ਼ਸਤ੍ਰ ਭੇਜਿਆ ਸੀ ਇਹ ਸਾਰੀ ਗੱਲ ਸਿੰਘਾਂ ਨੇ ਸੁਣੀ ਹੋਈ ਸੀ।

[1]ਉਥੇ ਹੈ ਗੁਰੂ ਕਿ ਹੋਰਥੇ ਕਿਤੇ ਟੁਰ ਗਿਆ ਹੈ।

[1]ਕਰਾਮਾਤ ਦੇ ਧਾਰਨ ਵਾਲਾ ਜਾਪਦਾ ਹੈ।

†ਇਬ੍ਰਾਨੀ ਤੇ ਅਰਬੀ ਧਰਮ ਗ੍ਰੰਥਾਂ ਵਿਚ ਪੈਕੰਬਰ ਦੀ ਨਿਸ਼ਾਨੀ ਕਰਾਮਾਤ ਹੈ। ਇਸ ਕਰਕੇ ਔਰੰਗਾ ਕਰਾਮਾਤ ਦੇਖਣ ਤੇ ਤੁਲਿਆ ਰਹਿੰਦਾ ਹੈ ਤੇ ਸਿੱਖੀ ਅਸੂਲ ਹੈ ਕਿ 'ਰਿਧਿ ਸਿਧਿ ਨਾਵੈ ਕੀ ਦਾਸੀ' ਪਰ ਕਰਾਮਾਤ

ਦਿਖਾਲਦੇ ਨਹੀਂ, ਨਾ ਤਮਾਸ਼ੇ ਲਈ, ਨਾ ਆਪਣੀ ਪੈਕੰਬਰੀ ਦੱਸਣ ਲਈ, ਨਾ ਮੰਨ ਮੰਨੇ ਕਾਰਜਾਂ ਲਈ। ਪਰਉਪਕਾਰ ਲਈ ਤੇ ਕਦੇ ਕਦੇ ਈਸ਼੍ਵਰ ਆਗਜ਼ਾ ਵਿਚ ਇਸ ਦਾ ਵਰਤਾਉ ਸਤਿਗੁਰਾਂ ਤੋਂ ਹੁੰਦਾ ਰਿਹਾ ਹੈ। ਦਇਆ ਸਿੰਘ ਜੀ ਕਰਾਮਤ ਤੋਂ ਦੂਰ ਉਪਰ ਗੁਰੂ ਬ੍ਰਿਤੀ ਦਾ ਟਿਕਾਣਾ ਸਮਝਦੇ ਹਨ। ਜੋ ਮੁਸਲਮਾਨਾਂ ਵਿਚ ਪੈਕੰਬਰ ਦੀ ਨਿਸ਼ਾਨੀ ਹੈ, ਸੋ ਓਹ ਮਾਮੂਲੀ ਗੱਲ ਜਾਣਦੇ ਹਨ, ਇਸ ਕਰਕੇ ਅਮਲੀ ਗੱਲ ਕਰ ਦਿਖਾਲਦੇ ਹਨ ਕਿ ਆਪਣੇ ਇਕ ਕੁੱਤੇ ਤੋਂ ਗੱਲਾਂ ਕਰਾ ਦੇਣ ਦੀ ਤਾਕਤ ਦਾ ਪ੍ਰਕਾਸ਼ ਕਰਦੇ ਹਨ।

ਦਯਾ ਸਿੰਘ ਸੁਨਿ ਉੱਤਰ ਦਾਤੀ[1]। [1]ਦਿੱਤਾ।
'ਗੁਰ ਕੇ ਕੁੱਤੇ ਭੀ ਕਰਮਾਤੀ।
ਗੁਰ ਸਿੱਖਨ ਅਰੁ ਗੁਰ ਕੇ ਬਿਖੈ।
ਅਜ਼ਮਤ ਹੋਨਿ ਕਿ ਅਚਰਜ ਪਿਖੈ'
॥ ੪੦ ॥
ਅਵਰੰਗਾ ਸੁਨਿ ਸੁਲਗੀ ਛਾਤੀ।
ਤਰਕਤਿ ਹੀ ਬੋਲਯੋ ਇਸ ਭਾਂਤੀ।
'ਜੇ ਨਿਸ਼ੰਕ ਇਮ ਬਾਕ ਅਲਾਵੋ।
ਇਕ ਕੁੱਤਾ ਇਸ ਥਲ ਮੰਗਵਾਵੋ ॥ ੪੧ ॥
ਕਰਾਮਾਤ ਕਿਮ ਹ੍ਵੈ ਤਿਸ ਮਾਂਹੀ।
ਦਿਹੁ ਦਿਖਾਇ ਆਨਹੁ ਮੁਝ ਪਾਹੀ।'
ਸੁਨਿ ਕੈ ਦਯਾ ਸਿੰਘ ਫੁਰਮਾਯੋ।
'ਧਰਮ ਸਿੰਘ ਕੋ ਸਿਵਰ[1] ਪਠਾਯੋ' [1]ਡੇਰੇ।
॥ ੪੨ ॥
ਲੇ ਕੂਕਰ ਸੋ ਗਯੋ ਸ਼ਿਕਾਰੀ।
ਪਤਲੋ ਮੁਖ ਲਾਂਗੁਲ ਸਟਕਾਰੀ[1]। [1]ਪਤਲਾ ਮੂੰਹ ਸੀ ਤੇ ਪੂਛ ਫਟਕਾਰਦਾ ਸੀ।
ਕਦ ਦੀਰਘ ਅਰੁ ਦਸਨ ਬਿਸਾਲਾ[1]। [1]ਵੱਡੇ।
ਲੈ ਪਹੁੰਚਯੋ ਅੰਤਰ ਤਤਕਾਲਾ ॥ ੪੩ ॥
ਅਵਰੰਗ ਨੇ ਢਿਗ ਖਰੋ ਨਿਹਾਰਾ।
ਦਯਾ ਸਿੰਘ ਤਿਹ ਸੰਗ ਉਚਾਰਾ।
'ਕਰਹੁ ਸ਼ਾਹੁ ਕੋ ਕੁਛਕ ਸੁਨਾਵਨਿ।
ਜਿਸ ਕੋ ਸੁਨਿ ਮਨ ਕਰੈ ਨਿਵਾਵਨ
॥ ੪੪ ॥
ਤਬਿ ਕੂਕਰ ਨੇ ਕੂਕ ਸੁਨਾਯੋ।
ਅਪਨੋ ਬੋਲ ਸ਼ਾਹੁ ਸਮੁਝਾਯੋ।
'ਪੂਰਬ ਤੂੰ ਬਿਚ ਜਾਤਿ ਹਮਾਰੀ।
ਬਿਛਰਯੋ ਪੁਨ ਪਾਯੋ ਦੁਖ ਭਾਰੀ ॥ ੪੫ ॥
ਅਬਿ ਤੂੰ ਆਉ ਹਮਾਰੇ ਬੀਚ।

ਬਿਛਰਯੋ ਚਿਰੰਕਾਲ ਕੋ ਨੀਚ।
ਨਹੀਂ ਨਰਨ ਕੋ ਤੋਹਿ ਸ਼ਹੂਰ[1]।
ਤੌ ਰਹਿਨੇ ਕੀ ਕਹਾਂ ਜ਼ਰੂਰ?' ॥੪੬॥
ਸੁਨਤਿ ਸ਼ਾਹੁ ਸ਼ਰਮਿੰਦਾ ਭਯੋ।
ਕਿਸ ਪ੍ਰਕਾਰ ਨਹਿਂ ਬੋਲਯੋ ਗਯੋ।
ਜੇ ਮਸਲੰਦੀ ਢਿਗ ਉਮਰਾਇ।
ਰੁਖਸਦ ਕਰੇ ਗਏ ਸਮੁਦਾਇ ॥੪੭॥
ਦੋਨਹੁੰ ਸਿੰਘ ਤਹਾਂ ਥਿਰ ਰਹੇ।
ਅਵਿਲੋਕਤਿ ਚਵਗੱਤਾ ਕਹੇ।
'ਭਯੋ ਖਾਲਸਾ ਅਬਿ ਜਗ ਮਾਂਹੀ।
ਪਰ ਮੇਰੀ ਬੀਚਹਿ ਪਤਿਸ਼ਾਹੀ[1] ॥੪੮॥
ਅਧਿਕ ਕਾਹਲੀ ਗੁਰ ਨੇ ਕਰੀ।
ਅਜਹੁ ਨ ਮੋ ਕੁਛ ਪੂਰੀ ਪਰੀ।
ਮਮ ਪਤਿਸ਼ਾਹਿਤ ਜਬਿ ਹਟਿ ਜਾਤੀ।
ਤਬੀ ਖਾਲਸਾ ਹੋਤਿ ਸੁਖਾਤੀ[1]†' ॥੪੯॥
ਉੱਤਰ ਦਯਾ ਸਿੰਘ ਤਬਿ ਦੀਨਿ।
'ਤੁਮ ਭੀ ਅਧਿਕ ਕਾਹਲੀ ਕੀਨਿ।
ਏਕ ਮਜਬ ਹੀ ਲਾਗੇ ਕਰਨੇ।
ਹਿੰਦੂ ਧਰਮ ਧਰਾ ਤੇ ਹਰਨੇ ॥੫੦॥
ਸਤਿਗੁਰ ਤਬਿ ਕਰਿ ਦੀਨੇ ਤੀਨ।
ਭਯੋ ਖਾਲਸਾ ਤੁਰਤ ਪ੍ਰਬੀਨ।'
ਬਹੁਰ ਨੁਰੰਗੇ ਬਾਕ ਉਚਾਰਾ।
'ਕਰਹਿ ਕਾਮ ਕਜ਼ਾ ਗੁਰੂ ਤੁਮਾਰਾ?' ॥੫੧॥
ਦਯਾ ਸਿੰਘ ਤਬਿ ਦਿਯੋ ਸੁਨਾਈ।
'ਇਕਠੇ ਕਰਹਿਂ ਸ਼ਸਤ੍ਰ ਸਮੁਦਾਈ।
ਇਕ ਆਯੁਧ ਤੁਮ ਢਿਗ ਫੁਰਮਾਯੋ।
ਸੋ ਅਬਿ ਚਹੀਅਹਿ ਹਮਹਿ ਦਿਵਾਯੋ' ॥੫੨॥
ਕਹੈ ਨੁਰੰਗ 'ਦੂਰ ਮੈਂ ਗਯੋ।
ਤਹਾਂ ਕਪੀਰਾ ਸਤਿਗੁਰ ਦਯੋ।

[1]ਮਨੁੱਖਾਂ ਵਾਲੀ ਅਕਲ ਤੈਨੂੰ ਨਹੀਂ। [ਅ਼:, ਸ਼ਉਰ=ਅ਼ਕਲ, ਪਛਾਣ]।

[1]ਪਰ ਮੇਰੀ ਪਾਤਸ਼ਾਹੀ ਵਿਚ ਹੋਇਆ ਹੈ।

[1]ਸੁਖ ਨਾਲ। (ਅ) ਸੁਖਾਉਂਦਾ। †ਪਾ:-ਤਬਿ ਗੁਰ ਅਪਨੋ ਪੰਥ ਪ੍ਰਗਟਾਤੀ।

ਕਹਜੋ -ਬਹੁਤ ਹੀ ਰਾਖਹੁ ਸੰਮ੍ਹਾਲ-।
ਸੋ ਮੈਂ ਧਰਜੋ ਸੁਚੇਤੀ ਨਾਲ†' ॥੫੩॥

†ਰੂਹਾਨੀ ਤਾਕਤ ਨਾਲ ਸਥੂਲ ਚੀਜ਼ ਨੂੰ ਕਿਤੇ ਪੁਚਾ ਦੇਣਾ ਰੂਹਾਨੀ ਵਿਦਿਆ ਵਾਲਿਆਂ ਨੇ ਸੰਭਵ ਮੰਨਿਆ ਹੈ।

ਇਮ ਕਹਿ ਦਯਾ ਸਿੰਘ ਕੋ ਦਯੋ।
ਨੀਕੇ ਅਦਬ ਸਾਥ ਕਰ ਲਯੋ।
ਬਹੁਰ ਨੁਰੰਗੇ ਬਾਕ ਸੁਨਾਵਾ।
'ਮੇਰੋ ਲਖਿ ਬਰਾਦਰੀ ਦਾਵਾ[1]† ॥੫੪॥

[1]ਗੁਰਾਂ ਨਾਲ ਮੇਰਾ ਭਾਈ ਬੰਦੀ ਦਾ ਦਾਵਾ ਹੈ। †ਪਤਾ ਨਹੀਂ ਗੁਰੂ ਮੁਆਹਦ ਹਨ (ਇਕ ਅਕਾਲ ਦੇ ਉਪਾਸਕ ਹਨ) ਇਸ ਕਰਕੇ ਕਹਿ ਰਿਹਾ ਹੈ ਯਾ ਆਪਣੇ ਅਭਿਮਾਨ ਵਿਚ ਕਹਿ ਰਿਹਾ ਹੈ ਕਿ ਮੈਂ ਵੀ ਬੜਾ ਦੀਨਦਾਰ ਹਾਂ।

ਦਯਾ ਸਿੰਘ! ਗੁਰ ਚਸ਼ਮ ਸੁ ਦੀਦਮ।
ਮੇਲ ਹੋਨਿ ਕਿਸ ਥਾਨ ਰਸੀਦਮ[1]।'

[1]ਅਖਰੀਂ ਅਰਥ ਹਨ:- ਹੇ ਦਇਆ ਸਿੰਘ ਮੈਂ ਗੁਰਾਂ ਨੂੰ ਅੱਖਾਂ ਨਾਲ ਤਾਂ ਦੇਖ ਲਿਆ ਹੈ ਪਰ ਮੇਲ ਕਰਨ ਲਈ ਕਿਸ ਥਾਂ ਪਹੁੰਚਾਂ? ਪਰੰਤੂ ਕਵੀ ਜੀ ਦਾ 'ਦੀਦਮ'ਤੋਂ ਮਤਲਬ 'ਦੀਦਨ' ਹੈ-ਦੇਖਣ ਲਈ। ਇਸ ਤੋਂ ਪ੍ਰਕਰਣ ਅਨੁਸਾਰ ਐਉਂ ਬਣਦਾ ਹੈ ਅਰਥ:-ਮੈਂ ਗੁਰਾਂ ਨੂੰ ਇਨ੍ਹਾਂ ਅੱਖਾਂ ਨਾਲ ਦੇਖਣਾ ਚਾਹੁੰਦਾ ਹਾਂ ਕਿਹੜੀ ਥਾਂ ਮੇਲ ਹੋ ਸਕਦਾ ਹੈ ਜੋ ਮੈਂ ਪਹੁੰਚਾਂ। [ਰਸੀਦਮ ਤੋਂ ਭਾਵ ਰਸੀਦਨ ਹੋਵੇ ਤਾਂ ਅਰਥ ਹੋਊ ਮੇਲ ਲਈ ਕਿਸ ਥਾਂ ਪਹੁੰਚਣਾ ਚਾਹੀਏ।]

ਸੁਨਿ ਉੱਤਰ ਦੀਨਸ ਤਿਸ ਤੀਰਿ।
ਭਰਜੋ ਜ਼ੋਰ ਸੋਂ ਅਰੁ ਰਸ ਬੀਰ ॥੫੫॥
'ਸੈਫ ਕਸੇ ਕਟ[1] ਬਾਨ ਕਮਾਨ।

[1]ਲੱਕ ਵਿਚ।

ਸਤਿਗੁਰ ਮੇਲ ਜੰਗ ਦਰਮਜਾਨ।
ਬਡੇ ਬਹਾਦੁਰ ਆਯੁਧ ਧਾਰੀ।
ਚਮੂੰ ਅਸੰਖ ਸੰਗ ਅਸਵਾਰੀ' ॥੫੬॥
ਭਾਖੈ ਸ਼ਾਹੁ 'ਤਮਾਮ ਜਹਾਨ।
ਰਾਖਹੁ ਸੈਨ ਸੁ ਰੱਯਤਿ ਜਾਨਿ[1]।

[1]ਜੋ ਤੁਸੀਂ ਫੌਜ ਰਖਦੇ ਹੋ ਉਹ ਤਾਂ ਸਾਰਾ ਜਹਾਨ ਮੇਰੀ ਰੱਯਤ ਹੈ।

ਬਰਜ ਦੇਯ ਹੌਂ ਜਾਹਿ ਨ ਕੋਈ।
ਤਬਿ ਕਹੁ ਕਹਾਂ ਲਰੇ ਇਕ ਹੋਈ[1]? ॥੫੭॥

[1]ਸਭ ਨੂੰ ਵਰਜ ਦਿਆਂਗਾ ਕਿ ਕੋਈ ਨਾ ਜਾਵੇ (ਗੁਰਾਂ ਪਾਸ, ਫਿਰ ਗੁਰੂ ਇਕੱਲਾ ਰਹਿ ਜਾਏਗਾ ਤਾਂ) ਕੀਕੂੰ ਲੜੇਗਾ?

ਇਮ ਲਖਿ ਮਿਲਹੁ[1] ਆਨਿ ਕਰਿ ਸਜਾਨੇ!

[1]ਗੁਰੂ ਜੀ ਨੂੰ ਆਖੋ ਹੇ ਦਇਆ ਸਿੰਘ ਜੀ) ਇਹ ਸਮਝਕੇ ਹੇ ਦਾਨੇ (ਗੁਰੂ ਜੀ) ਆ ਮਿਲੋ।

ਹਮ ਪਰ ਕਹਾਂ ਚਲਹਿ ਬਲ ਠਾਨੇ।'
ਸਿੰਘ ਕਹੈਂ 'ਅਜ਼ਗੈਬੀ ਸੈਨ[1]।

[1]ਗੁਪਤ ਸੈਨਾ।

ਲਾਖਹੁ ਕੋਟਹੁ ਗਿਨਤੀ ਹੈ ਨ ॥੫੮॥
ਪਾਤਿਸ਼ਾਹੁ ਸਾਚੇ ਕੇ ਸਾਥ।
ਨਿਸ ਦਿਨ ਰਹੈਂ ਬੰਦਿ ਕਰਿ ਹਾਥ।
ਪ੍ਰਗਟ ਖਾਲਸਾ ਹੋਇ ਬਿਸਾਲਾ[1]।
[1]ਦੇਸ਼ ਫਜ਼ੀਲਤਿ ਜਹਿਂ ਕਹਿਂ ਜਾਲਾ ॥੫੯॥
ਦਿਨ ਪ੍ਰਤਿ ਵਧਹਿ[1], ਸ਼ੋਰ ਜਗ ਪਰੇ।
ਤਿਨ ਸਨਮੁਖ ਪੁਨ ਕੋਇ ਨ ਅਰੇ।'
ਸੁਨਿ ਕੈ ਸਹਿਤ ਹਲੀਮੀ ਕਹਿ ਕਹਿ।
ਤੇਜ ਬਿਨਾਸ਼ੀ ਅਪਨੋ ਲਹਿ ਲਹਿ ॥੬੦॥
ਦੀਯ ਕਪੀਰਾ ਲਿਖਿ ਪਰਵਾਨਾ।
ਰੁਖਸਦ ਕਰੇ ਸਚਿੰਤ ਮਹਾਨਾ।
ਬੀਜ ਰੋਗ ਕੋ ਉਗਵਤੋ ਤਬੈ।
ਮ੍ਰਿਤੁ ਨਿਜ ਔਰ ਹੇਤੁ ਲਖਿ ਸਬੈ ॥੬੧॥
ਗੁਰਜ ਦ੍ਵਾਰ[1] ਦ੍ਵੈ ਦੀਨੇ ਸੰਗ।
ਸਭਿ ਸਮੁਝਾਯੋ ਗੁਰੂ ਪ੍ਰਸੰਗ।
ਸਭਿ ਕੋ ਹਟਕਤੋ ਲਿਖਿ ਪਰਵਾਨੇ[1]।
ਲਰਹਿ ਨ ਕੋਇ, ਜਾਹਿਂ ਜਿਸ ਥਾਨੇ[1] ॥੬੨॥
ਦਯਾ ਸਿੰਘ ਅਰੁ ਧਰਮ ਸਿੰਘ ਤਬਿ।
ਜਾਨਤੋਂ ਸਿੱਧ ਭਯੋ ਕਾਰਜ ਸਬਿ।
-ਅਬਿ ਇਸ ਥਲ ਤੇ ਚਲਿਬੋ ਆਛਾ-।
ਕ੍ਰਿਪਾ ਸਿੰਧੁ ਕੋ ਦਰਸ਼ਨ ਬਾਂਛਾ ॥੬੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਤੀ ਅੰਸੂ ॥੩੧॥

[1]ਤੇ ਪਰਤੱਖ (ਜਗਤ) ਵਿਚ ਖਾਲਸਾ ਬਹੁਤ ਹੋਵੇਗਾ।
[1]ਜਿਸ ਦੀ ਵਡਿਆਈ ਦੇਸ਼ ਵਿਚ ਜਿੱਥੇ ਕਿਤੇ ਰੋਜ ਰੋਜ ਵਧੇਗੀ।
[1]ਆਪ ਭਾਰੀ ਚਿੰਤਾ ਵਿਚ ਹੋਇਆ।
[1]ਸਿਪਾਹੀ।
[1]ਭਾਵ ਸਾਰਿਆਂ ਸੂਬਿਆਂ ਨੂੰ ਪਰਵਾਨੇ ਲਿਖਕੇ ਮਨ੍ਹੇ ਕੀਤਾ।
[1]ਗੁਰੂ ਜੀ ਜਿੱਥੇ (ਚਾਹੁਣ) ਜਾਣ।

## ੩੨. [ਦੱਖਣ ਜਾਣ ਦੀ ਸਲਾਹ। ਅਭੈ ਰਾਮ, ਦੀਵਾਨੇ ਨੱਸੇ]

੩੧<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਬਿਦਾ ਦਯਾ ਸਿੰਘ ਹੋਇ ਕੈ, ਧਰਮ ਸਿੰਘ ਲੇ ਸਾਥ।
ਗਮਨ ਕੀਨਿ ਮਾਰਗ ਬਿਖੈ, ਸਿਮਰਤਿ ਸ੍ਰੀ ਗੁਰ ਨਾਥ ॥੧॥

ਚੌਪਈ:

-ਬਚਨ ਸ਼ਕਤਿ ਜੋ ਪ੍ਰਭੁ ਤੇ ਪਾਈ[1]।
ਸ਼ਾਹੁ ਸੰਗ ਬੋਲਤਿ ਪਤਿਆਈ।
ਪ੍ਰਤਿ ਉੱਤਰ ਭਾਖੇ ਤਤਕਾਲਾ।
ਕੂਕਰ ਕੋ ਬੁਲਵਾਇ ਬਿਸਾਲਾ ॥੨॥
ਪ੍ਰਭੁ ਅਗਾਧ ਬੋਧ ਜਿਨ ਕੇਰਾ।
ਨਹਿਂ ਸਮ, ਸਭਿ ਤੇ ਬਡਿਹੁ ਬਡੇਰਾ-।
ਗੁਨ ਗਨ ਸਿਮਰਤਿ ਮਾਰਗ ਆਏ।
ਕਰੇ ਕੂਚ ਦਰ ਕੂਚ ਸਿਧਾਏ ॥੩॥
ਇਤ ਸਤਿਗੁਰ ਸਾਹਿਬ ਕੀ ਕਥਾ।
ਸੁਨਿ ਸ਼੍ਰੋਤਾ! ਸੁੰਦਰ ਕਿਯ ਜਥਾ।
ਕਹੀ ਸਭਾ ਮਹਿਂ ਇਕ ਦਿਨ ਗਾਥਾ[†]।
'ਦੱਖਣ ਗਮਨ ਕਰਹੁ ਹਮ ਸਾਥਾ ॥੪॥
ਤਹਿਂ ਕਾਰਜ ਹੈਂ ਅਨਿਕ ਪ੍ਰਕਾਰੇ।
ਕਰਨੇ ਬਨਹਿਂ ਟਰਹਿਂ ਨਹਿਂ ਟਾਰੇ।
ਡਲ ਸਿੰਘ ਲਿਹੁ ਦਿੱਲੀ ਕੋ ਰਾਜ।
ਫੇਰਹਿਂਗੇ ਤੁਵ ਸਿਰ ਪਰ ਤਾਜ ॥੫॥
ਤੁਰਕ ਹਤੈਂ ਅਬਿ ਤਿਸਕੇ ਥਾਨੁ[1]।
ਕਰਹਿਂ ਬਿਠਾਵਨ ਰਾਜ ਮਹਾਨੁ।'
ਸੁਨਿ ਕੈ ਧੀਰ ਛੁਟ੍ਯੋ ਸਭਿ ਕੇਰੋ।
ਪ੍ਰਭੁ ਜੀ! ਦੂਰ ਸੁ ਦੇਸ਼ ਬਡੇਰੋ ॥੬॥
ਰਾਵਰ ਕੋ ਦਮਦਮਾ ਸਥਾਨਾ।
ਦਿੱਲੀ ਕੇ ਸਮਾਨ ਹਮ ਜਾਨਾ।
ਇਹੀ ਰਾਜ ਹਮ ਕੋ ਬਹੁਤੇਰਾ।
ਮੋਠ ਬਾਜਰੀ ਅੰਨ ਘਨੇਰਾ ॥੭॥
ਕ੍ਰਿਪਾ ਆਪ ਕੀ ਕਮੀ ਨ ਕਾਈ।

[1]ਬਚਨ ਕਰਨ ਦੀ ਤਾਕਤ ਜੋ ਸਤਿਗੁਰੂ ਜੀ ਤੋਂ ਪਾਈ ਹੈ।

[†]ਸਾਖੀ ਪੋਥੀ ਦੀ ਸਾਖੀ ਹੈ।

[1]ਤੁਰਕ ਮਾਰ ਦਿਆਂਗੇ ਤੇ ਉਸ ਦੀ ਥਾਂ ਤੇ (ਦਿੱਲੀ ਵਿਖੇ ਤੈਨੂੰ)।

ਸਦਾ ਬਿਰਾਜਹੁ ਆਪ ਇਥਾਈਂ।
ਬਾਂਛਤਿ ਵਸਤੁ ਸਭੀ ਚਲਿ ਆਵੈ।
ਚਹੁੰਦਿਸ਼ਿਨਿ ਕੀ ਸੰਗਤ ਲਜਾਵੈ ॥੮॥
ਬਸਤਰ ਸ਼ਸਤ੍ਰ ਅਮੋਲ ਬਡੇਰੇ।
ਅਰਪਹਿਂ ਸਿੱਖ ਆਨਿ ਬਹੁਤੇਰੇ।
ਪ੍ਰਭੁ ਜੀ! ਅਟਕਜੋ ਕਾਜ ਨ ਕੋਈ।
ਦੱਛਨ ਗਏ ਕਹਾਂ ਸਿੱਧ ਹੋਈ†' ॥੯॥

†ਸਾਰੇ ਪਿਆਰ ਵਿਚ ਹਨ ਤੇ ਗੁਰੂ ਜੀ ਦਾ ਦੂਰ ਜਾਣਾ ਚੰਗਾ ਨਹੀਂ ਸਮਝਦੇ। ਪਰ ਗੁਰੂ ਜੀ ਦੀ ਮਹਾਨ ਸ਼ਖਸੀਅਤ (Personality) ਤੇ ਉੱਚੇ ਵਜੂਦ ਦੀ ਅਸਲੀਅਤ ਨੂੰ ਨਹੀਂ ਸਮਝ ਰਹੇ। ਇਨਸਾਨੀ ਨੁਕਤੇ ਤੋਂ ਬੀ ਗੁਰੂ ਜੀ ਨੂੰ ਲੋਕੀਂ ਸਮਝਿਆ ਨਹੀਂ ਉਹ ਬਹੁਤ ਉਚੇ ਇੰਦੀਏ ਤੇ ਭਾਵਾਂ ਵਿਚ ਸਨ ਤੇ ਗਿਰਦ ਦੇ ਲੋਕ ਸਮਝਦੇ ਨਹੀਂ ਸਨ। ਇਹ ਗੱਲ ਵੀ ਹੈ ਕਿ ਪ੍ਰੇਮੀ ਜਨ ਆਪਣੇ ਦੇਸ਼ ਤੋਂ ਬੀ ਜੁਦਾ ਹੋਣਾ ਚੰਗਾ ਨਹੀਂ ਸਮਝਦੇ। ਓਹ ਮਹਾਨ ਤਯਾਗ ਤੇ ਉੱਚੇ ਆਦਰਸ਼ ਤੇ ਸਦਕੇ ਜਾਣਾ, ਥੋੜੇ ਹੀ ਸਿੱਖਾਂ ਦੇ ਅੰਗੀਕ੍ਰਿਤ ਹੋ ਰਿਹਾ ਹੈ, ਬਾਕੀ ਦੇ ਉਸ ਨੂੰ ਲਖ ਨਹੀਂ ਸਕਦੇ, ਇਸ ਕਰਕੇ ਰੁਕਦੇ ਹਨ ਤੇ ਫੇਰ ਆਪਣੇ ਘਰਾਂ ਦੀ ਮੋਹ ਮਾਇਆ ਪ੍ਰਬਲ ਪੈ ਜਾਂਦੀ ਹੈ ਤੇ ਪਿਛੇ ਰਹਿ ਜਾਣ ਦੇ ਹੀਲੇ ਹਵਾਲੇ ਸੋਚਦੇ ਹਨ। ਡੱਲੇ ਨੂੰ ਦਿੱਲੀਪਤ ਬਨਾਉਣਾ ਕਹਿਣ ਤੋਂ ਪ੍ਰਤੀਤ ਹੁੰਦਾ ਹੈ ਕਿ ਜਿਸ ਕੰਮ ਤੇ ਬੰਦਾ ਘੱਲਿਆ ਸੀ ਉਸ ਕੰਮ ਤੇ ਪਹਿਲੀ ਮੇਹਰ ਨਜ਼ਰ ਡੱਲੇ ਤੇ ਪਈ। ਡੱਲਾ ਉਸ ਉੱਚੇ ਆਸ਼ੇ ਦਾ ਤੇ ਉਸ ਮਹਾਨ ਕੁਰਬਾਨੀ ਦਾ ਬੰਦਾ ਨਹੀਂ ਸੀ ਜਿਸਦੀ ਸਤਿਗੁਰਾਂ ਨੂੰ ਲੋੜ ਸੀ, ਸੋ ਗੁਰਾਂ ਨੇ ਪਰਖ ਕੀਤੀ ਤਾਂ ਡਲ ਸਿੰਘ ਤਾਉ ਨਾ ਸਹਿ ਸਕਿਆ।

ਰਾਮ ਸਿੰਘ ਪਰ ਖੁਸ਼ੀ ਘਨੇਰੀ।
ਸੁਨ ਕਰਿ ਬਜਾਪੀ[1] ਚਿੰਤ ਬਡੇਰੀ।
ਦੂਸਰ ਭ੍ਰਾਤ ਫਤੇ ਸਿੰਘ ਰਹੈ।
ਦੱਛਨ ਕੋ ਪ੍ਰਸਥਾਨ ਨ ਚਹੈ ॥੧੦॥

[1]ਸੁਣਕੇ (ਰਾਮ ਸਿੰਘ ਨੂੰ)।

ਡਲ ਸਿੰਘ ਆਦਿ ਬਿਰਾੜ ਜੁ ਸਾਰੇ।
ਦੂਰ ਜਾਨਿ ਤੇ ਸਭਿ ਡਰ ਧਾਰੇ।
[1]ਹੁਤੇ ਦਿਵਾਨ ਸਿੰਘ ਦਰਬਾਰੀ।
ਦੁਤੀਓ ਭ੍ਰਾਤ ਸਿੰਘ ਘਰਬਾਰੀ ॥੧੧॥

[1]ਦੋ) ਦੀਵਾਨ ਸਨ (ਗੁਰੂ ਜੀ ਦੇ) ਇਕ ਦਰਬਾਰੀ ਸਿੰਘ ਸੀ, ਦੂਜਾ ਭਰਾ ਘਰਬਾਰੀ ਸਿੰਘ ਸੀ।

ਹੌਲ ਪਰੇ ਸਭਿ ਕੇ ਮਨ ਐਸੇ।
ਚਲਦਲ ਦਲ[1] ਬਹਿ ਬਾਯੁ ਜੈਸੇ।
ਔਰ ਕਿਤਿਕ ਕੇ ਨਾਮ ਗਨੀਜੈ।
ਗਮਨ ਦੂਰ ਲਖਿ ਰਿਦਾ ਨ ਧੀਜੈ ॥੧੨॥

[1]ਪਿੱਪਲ ਦਾ ਪੱਤਾ।

ਅਨਿਕ ਭਾਂਤਿ ਕੀ ਬਾਤ ਬਨਾਵੈਂ।
ਦੱਖਣ ਕੇ ਦੁਖ ਬਰਨ ਸੁਨਾਵੈਂ।
'ਤਹਿਂ ਅਵਰੰਗ ਬਾਦੀ ਕੋ ਬਾਸਾ।
ਲਰਿ ਲਸ਼ਕਰ ਜਿਸ ਕੇਰ ਬਿਨਾਸ਼ਾ

॥੧੩॥
ਮਹਾਂ ਦੁਸ਼ਟ ਬਡ ਖੋਟ ਕਰੰਤਾ।
ਸਦਾ ਧ੍ਰੋਹ ਸਭਿ ਸੰਗ ਕਮੰਤਾ।
ਨਵਮ ਗੁਰੂ ਸੋਂ ਬਿਗਰਜੋ ਮੂੜ੍ਹਾ।
ਪਾਪੀ ਦ੍ਵੈਖ ਕਮਾਵੈ ਗੂੜ੍ਹਾ ॥੧੪॥
ਜਿਸ ਨੇ ਬਾਪ ਆਪਨੋ ਮਾਰਜੋ।
ਭ੍ਰਾਤ ਸੰਘਾਰਤਿ ਮੋਹ ਨ ਧਾਰਜੋ।
ਸੰਤ ਸਾਧ ਕੋ ਅਦਬ ਨ ਰਾਖੈ।
ਦੇ ਸਜ਼ਾਇ ਕੈ ਮਾਰਨ ਭਾਖੈ ॥੧੫॥
ਤੁਮ ਤੌਂ ਤਿਸ ਕੋ ਅਧਿਕ ਬਿਗਾਰਾ।
ਲਾਖਹੁੰ ਲਸ਼ਕਰ ਲਰਤਿ ਸੰਘਾਰਾ।
ਖਰਚਜੋ ਲਾਖਹੁੰ ਦਰਬ ਹੰਗਾਮੇ[1]।

[1]ਜੁੱਧ ਪਰ ਲੱਖਾਂ ਰੁਪੱਯਾ (ਔਰੰਗੇ ਨੇ) ਖਰਚ ਕੀਤਾ ਹੈ।

ਕੀਨਸਿ ਹਾਨਿ ਇਮਾਨ ਤਮਾਮੇ[1] ॥੧੬॥

[1]ਉਸਨੇ ਸਾਰਾ ਈਮਾਨ ਨਾਸ਼ ਕੀਤਾ।

ਪਕਰਨ ਹਿਤ ਹੀ ਚਾਹਿਤ ਰਹਜੋ[1]।

[1]ਆਪ ਨੂੰ) ਪਕੜਨ ਵਾਸਤੇ ਹੀ (ਏਹ ਸਭ ਕੁਛ) ਕਰਦਾ ਰਿਹਾ।

ਸਕਲ ਭੇਤ ਰਾਵਰ ਨੇ ਲਹਜੋ।
ਅਬਿ ਸਮੀਪ ਤਿਸ ਕੇ ਕਜਾ ਜਾਨਾ।
ਕਰਹਿ ਅਵੱਗਜਾ ਮੂੜ੍ਹ ਮਹਾਨਾ ॥੧੭॥
ਲਾਖਹੁੰ ਸੈਨ ਸੁਨਤਿ ਚਢਿ ਧਾਵੈ।
ਨਹੀਂ ਦੁਰਗ, ਥਿਰ ਹ੍ਵੈ ਅਟਕਾਵੈਂ।
ਦ੍ਰੋਹੀ ਮਹਾਂ, ਦੁਸ਼ਟ, ਰਿਪੁ ਸੰਤਨ[1]।

[1]ਸੰਤਾਂ ਦਾ ਵੈਰੀ।

ਤੁਰਕੇਸ਼ੁਰ ਉਰ ਲਖੈਂ ਮਤੰਤ ਨ[1] ॥੧੮॥

[1]ਨੁਰੰਗੇ ਦੇ ਦਿਲ ਦਾ ਪਤਾ ਨਹੀਂ ਜਾਣੀਦਾ।

ਪ੍ਰਭੂ ਜੀ ! ਇਹਾਂ ਰਹਨਿ ਹੀ ਆਛੋ।
ਕਜੋਂ ਗਾਛਨ ਦੱਛਨ ਬਛ ਬਾਛੋ[1]।'

[1]ਦੱਖਣ ਨੂੰ ਜਾਣਾ ਕਿਉਂ ਹਿਰਦੇ ਵਿਚ ਚਾਹੁੰਦੇ ਹੋ? [ਬੱਛ=ਵੱਖੀ, ਭਾਵ ਦਿਲ। ਸੰਸ:, ਵਕਸ਼]।

ਸਭਿ ਤੇ ਸੁਨਤਿ ਗੁਰੂ ਪੁਨ ਕਹਜੋ।
'ਪੁਰਖ ਅਕਾਲ ਸਹਾਯਕ ਰਹਜੋ ॥੧੯॥
ਕਜੋਂਹੂੰ ਧੀਰਜ ਛੋਰਿ ਨ ਕਰੀਅਹਿ?
ਦੇਸ਼ ਬਿਦੇਸ਼ਨ ਸੈਲ ਨਿਹਰੀਅਹਿ।
ਅਵਰੰਗ ਕੋ ਕੁਛ ਭੈ ਨ ਹਮਾਰੇ।
ਦੱਛਨ ਚਲੀਅਹਿ ਕਾਜ ਸੁਧਾਰੇ ॥੨੦॥
ਰਾਜ ਸਮਾਜ ਆਦਿ ਵਥੁ ਆਛੇ।

ਦੈ ਹੈਂ ਹਮ, ਜੋ ਕਿਛ ਕੋ ਬਾਛੇ।
ਏਕ ਦੇਸ਼ ਅਰੁ ਘਰਨ ਮਝਾਰਾ।
ਕਰੋਂ ਸਨੇਹ ਮਨ ਬੰਧਿ ਤੁਮਾਰਾ ॥੨੧॥
ਹਮ ਸੰਗ ਜਹਾਂ ਕਰਹੁਗੇ ਬਾਸਾ।
ਲੇਹੁ ਬਿਸਾਲ ਹੁਲਾਸ ਅਵਾਸਾ।
ਛੀਨਹਿਂ ਤੁਰਕਨਿ ਕੀ ਠਕੁਰਾਈ।
ਤੁਮ ਤੇ ਰਾਜ ਕਰਾਇਂ ਤਿਥਾਈਂ ॥੨੨॥
ਨਹਿਂ ਭਰਮਹੁ ਨਿਸ਼ਚੈ ਕਰਿ ਕਾਚੇ[1]। [1]ਕੱਚਾ ਨਿਸ਼ਚਾ ਕਰਕੇ ਭਰਮੋਂ ਨਹੀਂ।
ਪਾਲੈ ਲਗੋ ਪ੍ਰਭੁ ਤੁਮ ਸਾਚੇ[1]। [1]ਤੁਸੀ ਸੱਚੇ ਪ੍ਰਭੂ ਦੇ ਪੱਲੇ ਲਗੋ।
ਦਿਨ ਪ੍ਰਤਿ ਵਧਹਿ ਖਾਲਸਾ ਭਾਰੀ।
ਧਰਾ ਰਾਜ ਕੇ ਹ੍ਵੈ ਅਧਿਕਾਰੀ[†] ॥੨੩॥

[†]ਇਸ ਤੋਂ ਜਾਪ ਰਿਹਾ ਹੈ ਕਿ ਗੁਰੂ ਜੀ ਦੱਖਣ ਕਿਸ ਆਸ਼ੇ ਲਈ ਜਾ ਰਹੇ ਹਨ। ਓਥੇ ਟਿਕਾਣਾ ਕਰਕੇ ਇਨ੍ਹਾਂ ਨੂੰ ਸਰਦਾਰ ਬਣਾਕੇ ਜੁੱਧ ਜੰਗ ਰਚਾਕੇ ਦੇਸ਼ ਨੂੰ ਸੁਤੰਤ੍ਰ ਕਰਨਗੇ। ਉਸ ਪਾਸੇ ਮਰਹਟੇ ਔਰੰਗੇ ਨਾਲ ਲੜ ਰਹੇ ਸਨ, ਹੋਰ ਰਿਆਸਤਾਂ ਬੀ ਜੰਗ ਕਰ ਰਹੀਆਂ ਸਨ, ਇਸ ਕਰਕੇ ਪੰਜਾਬ ਦੇ ਪਹਾੜੀ ਰਾਜਿਆਂ ਵਾਂਗ ਧ੍ਰੋਹ ਦਾ ਭੈ ਨਹੀਂ ਸੀ ਜੋ ਧੀਆਂ ਦੇਕੇ ਔਰੰਗੇ ਨਾਲ ਗ਼ੁਲਾਮੀ ਨਿਭਾ ਰਹੇ ਸਨ।
ਇਹ ਬੀ ਮੁਮਕਿਨ ਹੈ ਕਿ ਔਰੰਗਜ਼ੇਬ ਨੇ ਸੱਦ ਘੱਲਿਆ ਹੈ ਤੇ ਪਹਿਲਾ ਜਤਨ ਇਹ ਹੋਵੇ ਕਿ ਕਿਵੇਂ ਓਹ ਆਪਣੇ ਧਰਮ ਤੇ ਕਸਮਾਂ ਹਾਰਨ ਵਾਲਿਆਂ ਨੂੰ ਦੰਡ ਦੇਵੇ ਤੇ ਧਰਮ ਦਾ ਧੱਕਾ ਪ੍ਰਜਾ ਪਰ ਛੋੜ ਦੇਵੇ। ਜੇ ਨਾ ਸਾਲਸੀ ਨਾਲ ਗੱਲ ਬਣੇ ਤਾਂ ਫਿਰ ਆਪ ਪ੍ਰਬੰਧ ਕਰਨ ਜਿਵੇਂ ਅਖੀਰ ਕਰਨਾ ਪਿਆ ਸੀ, ਜਦੋਂ ਬਹਾਦਰ ਸ਼ਾਹ ਇਕਰਾਰੋਂ ਫਿਰ ਗਿਆ ਸੀ।

ਕਹਾਂ ਨੁਰੰਗਾ ਥਿਰਤਾ ਪੈ ਹੈ।
ਹਮ ਪਰ ਨਹੀਂ ਓਜ ਕੁਛ ਕੈ ਹੈ।
ਇਸ ਕੇ ਬਡੇ ਬਡੇਰੇ ਕਹਾਂ।
ਸ਼ਾਹਜਹਾਂ ਜਹਾਂਗੀਰ ਨ ਰਹਾ ॥੨੪॥
ਅਕਬਰ ਮਰਜੋ, ਹੁਮਾਊਂ ਗਯੋ।
ਬਾਬਰ ਬਡਨ ਸਹਤ ਮ੍ਰਿਤੁ ਥਯੋ।
ਇਹ ਅਬਿ ਥਿਰੈ ਨਹੀਂ, ਸਚ ਜਾਨੋ।
ਦੱਛਨ ਕੋ ਤੁਮ ਸੰਗ ਪਯਾਨੋ ॥੨੫॥
ਜੇ ਕਰਿ ਸੰਗ ਨਿਬਾਹਹੁ ਚਲੋ।
ਸਭਿ ਬਿਧਿ ਲਖੋ ਆਪਨੋ ਭਲੋ।
ਜਥਾ ਕਾਮਨਾ ਮਨ ਮਹਿਂ ਧਰੋ।
ਗੁਰ ਘਰ ਤੇ ਸੋ ਪੂਰਨ ਕਰੋ ॥੨੬॥
ਜੇ ਮਤਿ ਕਾਚੇ ਹੁਇ ਹਟਿ ਪਰੋ।
ਸਭਿ ਬਿਧਿ ਕਰਹੁ ਆਪਨੋ ਬੁਰੋ।
ਹਮ ਤੇ ਤੁਮ ਕੋ ਬਿਦਤ ਸੁਨਾਈ।

ਲਾਭ ਰੁ ਹਾਨ ਅਦਿਕ ਅਧਿਕਾਈ ॥੨੭॥
ਪਾਇ ਸਰਬ ਕੁਛ ਗੁਰ ਤੇ ਆਵੋ।
ਬਸਹੁ ਤਹਾਂ ਕੈ ਇਤੈ ਬਸਾਵੋ।'
ਇੱਤਜਾਦਿਕ ਸਤਿਗੁਰ ਸਮੁਝਾਏ।
ਸੁਨਤਿ ਧੀਰ ਮਨ ਕੁਛਕ ਟਿਕਾਏ ॥੨੮॥
ਪੁਨ ਸਨਮੁਖ ਨਹਿਂ ਬਾਕ ਬਖਾਨੇ।
ਨਿਜ ਕੁਟੰਬ ਕੋ ਮੋਹ ਮਹਾਨੇ।
ਪ੍ਰੀਤਿ ਡੋਰ ਤੇ ਮਨ ਕਰਿ ਸੀਵਨ[1]।

[1]ਕੁਟੰਬ ਨਾਲ ਮਨ ਪ੍ਰੀਤ ਡੋਰੀ ਦੁਆਰਾ ਸੀਉਂ ਛੱਡਿਆ ਸੀ।

ਗਾਢੀ ਗੰਠ ਪ੍ਰਿਥਕ ਕਿਮ ਥੀਵਨ[1] ॥੨੯॥

[1]ਭਾਵ ਪੀਡੀ ਪਈ ਗੰਢ ਕੀਕੂੰ ਖੁੱਲ੍ਹੇ।

'ਭਲਾ ਭਲਾ ਜੀ' ਕਰਤਿ ਬਖਾਨੇ।
ਦੁਤਿ ਛੁਛੇ ਮੁਖ ਹੁਇ ਕੁਮਲਾਨੇ।
ਨੌਕਰ ਜੇ ਬਿਰਾੜ ਹਟਿ ਪਰੇ।
'ਹਮ ਤੇ ਜਾਯੋ ਜਾਹਿ ਨ ਪਰੇ' ॥੩੦॥
ਅਪਰ ਘਨੇ ਹਟਿ ਹਟਿ ਘਰ ਜਾਤੇ।
ਚਹੈਂ ਨ ਪ੍ਰਭੁ ਕੇ ਸੰਗ ਪ੍ਰਯਾਤੇ[1]।

[1]ਸਤਿਗੁਰੂ ਜੀ ਦੇ ਨਾਲ ਜਾਣਾ ਨਹੀਂ ਚਾਹੁੰਦੇ।

-ਦੱਛਨ ਦੂਰ ਦੇਸ਼ ਹੈ ਜਾਨਾ।
ਮਰੈਂ ਕਿ ਜੀਵੈਂ ਕਜਾ ਹੁਇ ਭਾਨਾ ॥੩੧॥
ਨਿਜ ਕੁਟੰਬ ਤੇ ਹੋਵਹਿਂ ਨਜਾਰੇ।
ਦੁਖ ਸੁਖ ਸੁਨਹਿਂ ਨ ਨਿਕਟ ਨਿਹਾਰੇਂ।
ਬਿਛੁਰੇ, ਹੋਹਿ ਕਿ ਨਾਂਹਿਨ ਮੇਲਾ।
ਗਮਨਿ ਗੁਰੂ ਕੇ ਸੰਗ ਦੁਹੇਲਾ- ॥੩੨॥
ਮਨ ਮਹਿਂ ਗਿਨਤੀ ਕਰੈਂ ਅਨੇਕ।
ਨਹਿਂ ਬੋਲੈਂ ਢਿਗ ਜਲਧਿ ਬਿਬੇਕ।
ਕਰਹਿਂ ਕਪਟ ਕੋ ਪ੍ਰੇਮ ਬਨਾਇ।
ਕਿਮ ਨਿਬਹੈ ਤੂਰਨ ਬਿਨਸਾਇ[1] ॥੩੩॥

[1]ਛੇਤੀ ਬਿਨਸ ਜਾਂਦਾ ਹੈ (ਕਪਟ ਵਾਲਾ ਪ੍ਰੇਮ)।

ਰਾਮ ਸਿੰਘ ਬੋਲਜੋ ਕਰ ਜੋਰਿ।
'ਭ੍ਰਾਤ ਫਤੇ ਸਿੰਘ ਕੌ ਦੇਂ ਮੋਰ[1]।

[1]ਮੋੜ ਦੇਵੀਏ।

ਮੈ ਚਲਿ ਹੌਂ ਰਾਵਰ ਕੇ ਸਾਥ।
ਜਿਤ ਗਮਨਹੁਂ ਗਮਨਹਿੰਗੇ ਨਾਥ' ॥ ੩੪ ॥
ਤਿਮਹੀ ਡਲ ਸਿੰਘ ਕਰਹਿ ਉਚਾਰੀ।
ਗੁਰ ਤੇ ਡਰ ਕਰਿ ਬਨਿ ਅਨੁਸਾਰੀ।
'ਬਾਕ ਨ ਮੋਰਜੋ ਜਾਇ ਗੁਸਾਈਂ !
ਗਮਨ ਕਿਸੂ ਕੇ ਮਨ ਨਹਿਂ ਭਾਈ' ॥ ੩੫ ॥
ਗਿਨਤੀ ਗਿਨਹਿਂ ਅਨੇਕ ਪ੍ਰਕਾਰੀ।
ਗੁਰੂ ਸੰਗ ਤੇ ਹਟਿਬੋ ਭਾਰੀ।
ਤਥਾ ਕੁਟੰਬ ਤੇ ਬਿਰਹਿ ਦੁਹੇਲਾ[1]।
ਐਸੋ ਪਰਜੋ ਆਨਿ ਕਰਿ ਖੇਲਾ ॥ ੩੬ ॥
ਬੇਗਮ ਨੌਰੰਗ ਕੀ ਮਰਿ ਗਈ।
ਨ੍ਰਿਪ ਚੰਬਜਾਲ ਸੁ ਦੁਹਿਤਾ ਭਈ[1]।
ਗੇ ਰਵਾਲਸਰ ਗੁਰ ਜਿਸ ਕਾਲਾ।
ਮਿਲੀ ਆਨਿ ਕਰਿ ਬੁੱਧਿ ਬਿਸਾਲਾ ॥ ੩੭ ॥
ਤਬਿ ਪ੍ਰਭੁ ਬਰ ਦੀਨੋ ਇਸ ਭਾਂਤਿ।
-ਅਬਿ ਲੌ ਅਹੇ ਅਪਾਵਨ ਗਾਤ।
ਇਹ ਤਨ ਤਜਾਗਿ ਅਪਰ ਕੋ ਪੈ ਹੈਂ।
ਸਿਖ ਡੱਲੇ ਘਰਿ ਜਾਇ ਬਸੈ ਹੈਂ ॥ ੩੮ ॥
ਤਹਿਂ ਸਤਿਸੰਗਤਿ ਸੇਵ ਕਮੈ ਹੈਂ।
ਆਛੀ ਤਬਿ ਪਾਵਨਤਾ ਪੈ ਹੈਂ।
ਪੁਨ ਤੇਰੋ ਹਮ ਕਰਹਿਂ ਉਧਾਰ।
ਪਹੁੰਚਹਿੰਗੇ ਤਿਹ ਸਦਨ ਮਝਾਰ- ॥ ੩੯ ॥
ਸੋ ਤਬਿ ਕਰਤ ਰਹੀ ਬਹੁ ਸੇਵਾ।
ਸੀਤ ਪ੍ਰਸਾਦ ਛਕਤਿ ਗੁਰਦੇਵਾ।
ਨਿਰਮਲ ਰਿਦਾ ਹੋਇ ਤਬਿ ਆਵਾ।
ਮਿਲਿ ਗੁਰ ਪਗ ਪਰ ਸੀਸ ਝੁਕਾਵਾ ॥ ੪੦ ॥

[1]ਤਿਵੇਂ ਹੀ ਕੁਟੰਬ ਤੋਂ ਵਿਛੜਨਾ ਕਠਨ ਹੈ।

[1]ਚੰਬੇ ਵਾਲੇ ਰਾਜੇ ਦੇ (ਘਰ ਜੰਮਕੇ ਉਸ ਦੀ ਜੋ) ਧੀ ਬਣੀ ਸੀ। ਮੁਰਾਦ ਚੰਬੇ ਦੇ ਰਾਜੇ ਦੀ ਲੜਕੀ 'ਪਦਮਾ' ਤੋਂ ਹੈ।

'ਪੂਰਬ ਜਨਮ ਮੋਹਿ ਸੁਧ ਆਈ।
ਅਬਿ ਸਤਿਸੰਗਤਿ ਸੇਵ ਕਮਾਈ।
ਨਹਿਂ ਮੈਂ ਜਨਮ ਲਹੌਂ ਪੁਨ ਔਰ।
ਕਰਹੁ ਬਾਕ ਸ਼੍ਰੀ ਪ੍ਰਭੁ ਜਗ ਮੌਰ' ॥੪੧॥
ਸ਼੍ਰੀ ਗੁਰ ਕਹੵੋ 'ਅਲਪ ਬਯ ਹੋਈ।
ਕੇਤਿਕ ਰਹੀ ਭੋਗਣੀ ਸੋਈ।
ਡਲ ਸਿੰਘ ਸੰਗ ਲਹੈਂ ਗਤਿ ਆਛੇ।
ਪ੍ਰਾਪਤਿ ਹੋਇ ਤੋਹਿ ਚਿਤ ਬਾਂਛੇ[1]' ॥੪੨॥

[1]ਮਨ ਇੱਛਤ।

ਸੁਨਿ ਕੈ ਚਰਨ ਸਰੋਜ ਸਨੇਹੂ।
ਰਿਦੇ ਬਿਸਾਲ ਉਪਾਇ ਅਛੇਹੂ।
ਹਾਥ ਜੋਰਿ ਕਰਿ ਬੰਦਨ ਕੀਨੀ।
ਮਨੋ ਕਾਮਨਾ ਪ੍ਰਾਪਤਿ ਭੀਨੀ[†] ॥੪੩॥

[†]ਦੇਖੋ ਰੁਤ ਪੰਜ ਅੰਸੂ ਪ ਅੰਕ ੪੭ ਦੀ ਹੇਠਲੀ ਟੂਕ। ਡੱਲੇ ਦੀ ਕੋਈ ਵਹੁਟੀ ਕੋਈ ਪਹਾੜਨ ਹੋਣੀ ਹੈ ਤੇ ਉਸ ਦਾ ਗੁਰੂ ਸੇਵਾ ਕਰਕੇ ਮੁਕਤੀ ਪ੍ਰਾਪਤ ਕਰਨਾ ਸੰਭਵ ਹੈ। ਪਰ ਚੰਬਜਾਲੀ ਦਾ ਚਾਰ ਵਰ੍ਹੇ ਵਿਚ ਮਰਕੇ ਜੰਮਕੇ ਜਵਾਨ ਹੋਕੇ ਡੱਲੇ ਦੀ ਨਾਰ ਬਣਨਾ ਸੰਭਵ ਨਹੀਂ। ਸਾਖੀ ਪੋਥੀ ਵਿਚੋਂ ਇਹ ਦੱਖਣ ਨੂੰ ਟੁਰਨ ਦਾ ਪ੍ਰਸੰਗ ਚਲ ਰਿਹਾ ਹੈ, ਉਸ ਵਿਚ ਚੰਬਜਾਲਨ ਦਾ ਇਹ ਜ਼ਿਕਰ ਨਹੀਂ ਹੈ। ਇਹ ਉਕਾਈ ਸੌ ਸਾਖੀ ਵਾਲੇ ਆਖੇਪਕਾਰ ਨੇ ਪਾਈ ਹੈ ਜੋ ਧਨੁਖ ਨਾਲ ਥਾਪੜੇ ਦੇਣ ਦੀ ਓਥੇ ਮਨ ਕਲਪਤ ਟੀਕਾ ਕਰਦਾ ਹੈ।

ਇਮ ਸਤਿਗੁਰ ਨਿਤ ਠਾਨਹਿਂ ਤਯਾਰੀ।
ਕਰਯੋ ਚਹੈ ਦੱਛਨ ਅਸਵਾਰੀ।
ਕਹਿ ਭਾਈ[1] ਮੈਂ ਭੀ ਹੁਇ ਸਾਥ।
ਗਮਨਯੋਂ ਚਹੌਂ ਦਰਸ ਹਿਤ ਨਾਥ ॥੪੪॥

[1]ਭਾਈ ਰਾਮ ਕੌਰ ਜੀ ਕਹਿੰਦੇ ਹਨ।

ਕੇਤਿਕ ਹਟੇ ਗਏ ਨਿਜ ਘਰ ਕੋ।
ਕੇਤਿਕ ਹਟੇ ਕਪਟ ਕਰਿ ਉਰ ਕੋ।
ਕਿਤਿਕ ਕਪਟ ਬਿਨ ਸੰਗੀ ਭਏ।
ਸਤਿਗੁਰ ਚਰਨ ਪ੍ਰੇਮ ਕੋ ਲਏ ॥੪੫॥
ਤੀਨ ਦਸ਼ਾ[1] ਸਿੱਖਨ ਕੀ ਹੋਇ।
ਕਿਨਹੁਂ ਲਾਭ ਲੀਨਸਿ ਕਿਨ ਖੋਇ।
ਘਰ ਕੋ ਮੋਹ ਤਯਾਗ ਕਰਿ ਚਲੇ।
ਸੋ ਪੂਰਨ ਉਤਰੇ ਨਰ ਭਲੇ ॥੪੬॥

[1]ਤਿੰਨ ਦਸ਼ਾ, ਹਾਲਤਾਂ।

ਜਬਿ ਤੇ ਪੁੱਤ੍ਰ ਮਰੇ ਬਿਚ ਮੇਲੇ।
ਅਭੈਰਾਮ ਕਰਿ ਸ਼ੋਕ ਦੁਹੇਲੇ।
ਨਹਿਂ ਘਰ ਰਹਯੋ ਪ੍ਰਭੁ ਢਿਗ ਆਯੋ।

ਸੰਗ ਦਿਵਾਨੇ ਕੋ ਗਨ ਲਜਾਯੋ ॥੪੭॥
ਸ੍ਰੀ ਗੁਰ ਰਾਖਯੋ ਕਰਿ ਸਨਮਾਨਾ।
'ਆਉ ਅਭੈ ਸਿੰਘ ਮਹਿਦ ਸੁਜਾਨਾ।
ਗੁਰ ਹਰਿਰਾਇ ਪ੍ਰਥਮ ਬਚ ਭਯੋ।
ਸ੍ਰੀ ਨਾਨਕ ਜਹਾਜ ਫਟਿ ਗਯੋ ॥੪੮॥
ਬਹੁਰ ਬਿਚਾਰ ਕਰਯੋ ਭਾਵਿੱਖ।
-ਦਸਵੇਂ ਪਾਤਸ਼ਾਹੁ ਬਹੁ ਸਿੱਖ[1]। [1]ਬਹੁਤ ਸਿੱਖਾਂ ਦਾ (ਜਹਾਨ)।
ਫਟਯੋ ਜਹਾਜ ਇਕੱਤ੍ਰ ਕਰਹਿੰਗੇ।
ਮਿਲਿ ਮਿਲਿ ਸ਼ਰਧਾ ਧਰਹਿ ਤਰਹਿੰਗੇ ॥੪੯॥
ਹੁਇੰ ਹੈਂ ਬਲੀ ਮਹਾਨ ਮਹਾਨਾ।
ਤਬਿ ਭੀ ਜੇ ਮਿਲਿਹੈਂਗੇ ਆਨਾ[1]। [1]ਆਕੇ।
ਤਿਨ ਕੋ ਪੰਥ ਮਿਲਾਵੈਂ ਸਰਬ[1]। [1]ਤਿਨ੍ਹਾਂ ਸਾਰਿਆਂ ਨੂੰ ਪੰਥ ਵਿਚ ਮਿਲਾਵਣਗੇ।
ਰਾਜ ਤੇਜ ਬਧਿ ਹੈ ਬਹੁ ਦਰਬ ॥੫੦॥
ਸਭਿ ਅਧੀਨ ਹੋਵਹਿੰਗੇ ਜਾਇ।
ਤਬਿ ਜਹਾਜ ਮਿਲਿ ਇਕ ਹੁਇ ਜਾਇ-।'
ਅਭੈ ਸਿੰਘ ਕੋ ਰੋਜ ਘਨੇਰੋ।
ਕਰਯੋ ਪ੍ਰਭੁ ਪਿਖਿ ਖਰਚ ਬਡੇਰੋ ॥੫੧॥
ਪੁੰਜ ਦਿਵਾਨੇ ਅਰੁ ਸਿਖ ਆਵੈਂ।
ਸਭਿ ਕੋ ਦੇਗ ਕਰਹਿ ਤ੍ਰਿਪਤਾਵੈਂ।
ਜਬਹਿ ਸੁਨਯੋਂ ਦੱਛਨ ਕੋ ਜਾਨੇ।
ਮਿਲਿ ਮਿਲ ਮਸਲਤਿ ਕਰਹਿ ਦਿਵਾਨੇ ॥੫੨॥
'ਤੁਮਰੋ ਨਹੀਂ ਬਨੈ ਕਿਤ ਜਾਨਾ।
ਘਰਿ ਰਹਿਕੇ ਥੋਰੋ ਭੀ ਖਾਨਾ।
ਕਜਾ ਲੈਨੋ ਦੱਛਨ ਮਹਿਂ ਜਾਇ।
ਦੂਰ ਦੇਸ਼ ਸੁਧ ਕਯੋਂਹੁ ਨ ਪਾਇ' ॥੫੩॥
ਇਕ ਦਿਨ ਸਤਿਗੁਰ ਬਹੁ ਸਮੁਝਾਯੋ।
'ਸੰਗਿ ਚਲੋ ਲੀਜਹਿ ਮਨ ਭਾਯੋ।
ਪੂਜਹਿੰਗੇ ਬਹੁ ਲੋਕ ਚਰਨ ਕੋ।
ਗਮਨੈਂ ਦੇਸ਼ਨ ਸੈਲ ਕਰਨ ਕੋ ॥੫੪॥
ਦਿਨ ਪ੍ਰਤਿ ਪ੍ਰਾਪਤਿ ਅਧਿਕ ਬਡਾਈ।

ਹੁਇ ਤੁਮ ਸਿੱਖ ਸੰਗਤਿ ਅਧਿਕਾਈ।'
[1] 'ਆਛੀਬਾਤ ਚਲੈਂ ਹਮ ਸਾਥ।'
ਕਹਿ ਕਰਿ ਭਲੇ ਗਮਨ ਕੋ ਪਾਥ ॥੫੫॥
ਜਬਿ ਬੈਠਯੋ ਡੇਰੇ ਮਹਿਂ ਆਇ।
ਮਿਲੇ ਦਿਵਾਨੇ ਮਤਿ ਬਿਚਲਾਇ।
'ਰਹਿਬੇ ਸੁਖ, ਚਲਿਬੇ ਦੁਖ' ਕਹੇ।
'ਗਮਨ ਦੂਰ ਕੈਸੇ ਤੁਮ ਚਹੇ?' ॥੫੬॥
ਇੱਤਯਾਦਿਕ ਅਧਿਕੈ ਸਮੁਝਾਯੋ।
'ਨਿਸ ਮੈਂ ਭਾਜੋ' ਮਤਿ ਠਹਿਰਾਯੋ।
ਕੇਤਿਕ ਸੰਗ ਲੀਨਿ ਬੈਰਾਰੇ।
ਲੇ ਕਰਿ ਚਲੇ ਦਿਵਾਨੇ ਸਾਰੇ ॥੫੭॥
ਨਿਸ ਮਹਿਂ ਭਾਜ ਗਯੋ, ਨਹਿਂ ਰਹਯੋ।
ਗੁਰ ਸੰਗ ਜਾਇ ਪ੍ਰਸੰਗ ਸੁ ਕਹਯੋ।
'ਹੁਤੇ ਦਿਵਾਨੇ ਜੋ ਮਤਿ ਮਾਰੇ।
ਹਮ ਨੇ ਜਾਨੇ ਲੈਗੇ ਸਾਰੇ' ॥੫੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੱਖਣ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

[1]ਅਭੈ ਰਾਮ ਨੇ ਕਿਹਾ।

## ੩੩. [ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ]

੩੨<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੪

ਦੋਹਰਾ:

†ਡਲ ਸਿੰਘ ਬੈਠਯੋ ਆਨ ਕਰਿ, ਸ੍ਰੀ ਮੁਖ ਕੀਨਿ ਬਖਾਨ।
'ਅਪਨੀ ਤਯਾਰੀ ਕੀਜੀਏ, ਦੱਖਨ ਕਰਹਿਂ ਪਯਾਨ' ॥੧॥

†ਸਾਖੀ ਪੋਥੀ ਦੀ ਸਾਖੀ ਹੈ।

ਚੌਪਈ:

ਹਾਥ ਜੋਰਿ ਬੋਲਯੋ ਤਬਿ ਸੋਇ।
'ਇਨ ਝਾਰਨ[1] ਰਾਖਾ ਨਹਿਂ ਕੋਇ।
ਹਮ ਚਢਿ ਚਲੇ ਤਯਾਗ ਜਬਿ ਭੌਨ।
ਗ੍ਰਾਮ ਬਸਾਵਹਿਗੋ ਤਬਿ ਕੌਨ' ॥੨॥
ਗੁਰੂ ਕਹਯੋ 'ਰਹਿਂ ਗ੍ਰਾਮ ਰੁ ਝਾਰ।
ਇਹ ਦੇਹਾਂ ਸਭਿ ਬਿਨਸਨ ਹਾਰ।
ਥਿਰਤਾ ਇਨ ਕੀ ਲਖਹੁ ਨ ਕੈਸੇ।
ਬਰਖਾ ਹੋਤਿ ਬੁਦਬੁਦਾ ਜੈਸੇ[1] ॥੩॥
ਜਿਮ ਪ੍ਰਵਾਹੁ ਕੌ ਚਲਨ ਸੁਭਾਊ।
ਭਰਯੋ ਰਹਤਿ ਹੈ ਨਿਤ ਦਰਿਆਊ।
ਰਾਖੇ ਝਾਰਨ ਗ੍ਰਾਮ ਬਸਾਵਨ।
ਉਪਜਹਿਂ ਨਰ ਲਾਖਹੁਂ ਇਨ ਥਾਵਨ ॥੪॥
ਕਯੋਂ ਤੂੰ ਫਸਹਿਂ ਮੋਹ ਕੇ ਫੰਧ।
ਲਖਿ ਬੰਧੁ ਆਦਿਕ ਸਨਬੰਧ।
ਆਗੇ ਦੇਹਿਂ ਦੇਸ਼ ਕੋ[1] ਰਾਜ।
ਹੁਇ ਅਨੁਸਾਰਿ ਅਨੇਕ ਸਮਾਜ ॥੫॥
-ਅਪਨੇ ਪਾਸ ਥਾਨ ਮੁਝ ਦੇਹੋ-।
ਮਾਂਗਤਿ ਰਹਤਿ ਹਮਹੁਂ ਤੇ ਏਹੋ।
ਕਯੋਂ ਅਬਿ ਭਰਮ ਸੰਗ ਚਹਿਂ ਛੋਰਾ।
ਚਲਹੁ ਤਯਾਰ ਹ੍ਵੈ ਦੱਖਨ ਓਰਾ' ॥੬॥
ਡਰਤਿ ਕਹੈ 'ਸਤਿ ਬਚਨ ਭਲਾ ਜੀ।'
ਅੰਤਰ ਚਾਹਤਿ ਗੁਰੂ ਛਲਾ ਜੀ।
ਤਿਮ ਹੀ ਰਾਮ ਸਿੰਘ ਕੀ ਬਾਤ।
ਭੈ ਧਰਿ ਤਯਾਰੀ ਕੀਨਿ ਪ੍ਰਯਾਤ[1] ॥੭॥

[1]ਇਨ੍ਹਾਂ ਝਾੜਾਂ ਦਾ ਭਾਵ ਮੇਰੇ ਘਰ ਤੇ ਰਿਆਸਤ ਦਾ।

[1]ਬਰਖਾ ਸਮੇਂ ਜਿਵੇਂ ਬੁਲਬੁਲਾ ਹੁੰਦਾ ਹੈ।

[1]ਭਾਵ ਦੱਖਣ ਚੱਲਕੇ (ਆਪਣੇ) ਦੇਸ਼ ਦਾ।

[1]ਚੱਲਣ ਦੀ।

ਦੱਛਨ ਚਲਿਬੋ ਸਭਿਨਿ ਸੁਨਾਈ।
ਸੁਪਤਿ ਜਥਾ ਸੁਖਿ ਰਾਤਿ ਬਿਤਾਈ।
ਬਡੀ ਪ੍ਰਾਤ ਪ੍ਰਭੁ ਕੀਨਿ ਸ਼ਨਾਨਾ।
ਪਹਿਰੇ ਬਸਤ੍ਰ ਸ਼ਸਤ੍ਰ ਬਿਧਿ ਨਾਨਾ ॥ ੮ ॥
ਹੁਕਮ ਕਰਜੋ 'ਘੋਰਨ ਪਰ ਜ਼ੀਨ।
ਪਾਵਹੁ ਤਜਾਰੀ ਕਰਹੁ ਪ੍ਰਬੀਨ।'
ਸੁਨਿ ਦਾਸਨ ਤਤਛਿਨ ਕਰਿ ਲਈ।
ਸਕਲ ਸੌਜ ਬੰਧਨ ਕਰਿ ਦਈ[1] ॥ ੯ ॥
ਸੰਗ ਖਾਲਸਾ ਹੋਇਸਿ ਤਜਾਰ।
ਕਿਤਿਕ ਪਦਾਂਤੀ ਕੋ ਅਸਵਾਰ।
ਸਭਿ ਹੂੰ ਕਮਰਕਸਾ ਕਰਿ ਲੀਨ[†]।
ਧਨੁਖ ਤੁਫੰਗ ਸੰਭਾਰਨ ਕੀਨਿ ॥ ੧੦ ॥
ਡਲ ਸਿੰਘ ਰਾਮ ਸਿੰਘ ਭੇ ਤਜਾਰ।
ਇਨ ਪਰ ਘਨੀ ਕ੍ਰਿਪਾ ਪ੍ਰਭੁ ਧਾਰਿ।
ਹਯ ਅਨਿਵਾਇ ਅਰੋਹੇ ਨਾਥ।
ਕਸਿ ਕਸਿ ਕਟਿ ਗਮਨੇ ਪ੍ਰਭੁ ਸਾਥ ॥ ੧੧ ॥
ਸ਼੍ਰੀ ਪ੍ਰਭੁ ਕੀ ਤਬਿ ਭਈ ਚਢਾਈ।
ਉਡੀ ਧੂਰ ਨਭ ਲੀਨਸਿ ਛਾਈ।
ਥਰਹਰਿ ਕੰਪੇ ਰਾਨੇ ਰਾਇ[1]।
-ਮਤ ਹਮ ਕੋ ਲੂਟਹਿਂ ਪ੍ਰਭੁ ਆਇ- ॥ ੧੨ ॥
ਸ਼ੋਭਤਿ ਚਢੇ ਜਾਤਿ ਮਗ ਐਸੇ।
ਦੱਛਨ ਗਮਨੇ ਰਘੁਪਤਿ ਜੈਸੇ।
ਸਪਤਿ ਕੋਸ ਗਮਨੇ ਸੁਖਦਾਇ।
ਨਾਮ ਗ੍ਰਾਮ ਕੇਵਲ[†] ਤਬਿ ਆਇ ॥ ੧੩ ॥
ਪ੍ਰਥਮ ਸਿਵਰ ਤਹਿਂ ਹੀ ਕਰਿ ਦਏ।
ਸੁਖ ਸਮੇਤ ਪ੍ਰਭੁ ਆਵਤਿ ਭਏ।
ਈਂਧਨ ਘਾਸ ਬਟੋਰਨ ਕੀਨਾ।

[1]ਬੰਨ੍ਹ ਲਈ।

[†]ਸਾਖੀ ਪੋਥੀ ਵਿਚ ਇਸ ਥਾਵੇਂ ਲਿਖਿਆ ਹੈ:-"ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀਆਂ, ਨੌਂ ਪਲ ਗੁਰੂ ਗੋਬਿੰਦ ਸਿੰਘ (ਦਮਦਮੇ) ਰਹੇ। ਚੜ੍ਹੇ ਕੱਤਕ ਸੁਦੀ ਥਿਤ ਪੰਚਮੀ ਦਿਨ ਵੀਰਵਾਰ। ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ ਦੱਖਣ ਕੋ। "

[1]ਰਾਣੇ ਤੇ ਰਾਜੇ।

[†]ਏਥੇ ਗੁਰਦੁਆਰਾ ਹੈ, ਜ਼ਿਲਾ ਹਿਸਾਰ ਹੈ।

ਕਰੇ ਉਤਾਰਨਿ ਹਯ ਤੇ ਜ਼ੀਨਾ ॥੧੪॥
ਖਾਨ ਪਾਨ ਸਭਿਹਿਨਿ ਕਰਿ ਲੀਨਾ।
ਭਈ ਰਾਤ੍ਰਿ ਨਿੰਦ੍ਰਾ ਸੁਖ ਭੀਨਾ।
ਪ੍ਰਾਤਿ ਉਠੇ ਤਜਾਰੀ ਕਰਿਵਾਈ।
ਭਏ ਅਰੋਹਨ ਤੁਰਤ ਗੁਸਾਈਂ ॥੧੫॥
-ਮਾਰਵਾੜ ਕੇ ਦੇਸ਼ ਮਝਾਰੀ।
ਚਲਹਿਂ ਤਹਾਂ ਕੋ- ਇੱਛਾ ਧਾਰੀ।
ਗ੍ਰਾਮ ਝੋਰੜੀ† ਉਤਰੇ ਜਾਇ। †ਏਥੇ ਜੰਡ ਹੈ ਯਾਦਗਾਰੀ, ਗੁਰਦਵਾਰਾ ਨਹੀਂ ਹੈ।
ਤਹਾਂ ਦੁਪਹਿਰਾ ਥਿਰੇ ਬਿਲਾਇ[1] ॥੧੬॥ [1]ਓਥੇ ਠਹਿਰਕੇ ਦੁਪਹਿਰਾ ਕੱਟਿਆ।
ਕੋਸ ਅਸ਼ਟ ਦਸ ਪਹੁੰਚੇ ਜਬੈ।
ਝੰਡੇ ਗ੍ਰਾਮ† ਸਿਵਰ ਕਿਯ ਤਬੈ। †ਏਥੇ ਗੁਰਦਵਾਰਾ ਹੈ। ਰਿਆਸਤ ਪਟਿਆਲਾ ਹੈ।
ਸ਼੍ਰਮਤਿ ਭਏ ਨਰ, ਨਿਸਾ ਬਿਤਾਈ।
ਪ੍ਰਾਚੀ ਦਿਸ਼ਾ ਭਈ ਅਰੁਨਾਈ ॥੧੭॥
ਤੰਗ ਤੁਰੰਗਨ ਐਂਚਨਿ ਕਰੇ।
ਤਜਾਰ ਹੋਇ ਕਰਿ ਸਤਿਗੁਰ ਚਰੇ।
ਦ੍ਵਾਦਸ਼ ਕੋਸ ਉਲੰਘਿ ਮਗ ਆਏ।
ਸਰਸਾ† ਗ੍ਰਾਮ ਤਹਾਂ ਦਰਸਾਏ ॥੧੮॥ †ਏਥੇ ਗੁਰਦਵਾਰਾ ਹੈ।
ਦਲ ਸਮੇਤ ਪ੍ਰਭੁ ਕੀਨਸਿ ਡੇਰਾ†।

†ਏਥੇ ਇਕ ਬੰਦੀਛੋਰ ਵਾਕਿਆ ਹੋਯਾ ਹੈ ਜੋ ਤਵਾ: ਖਾਲਸਾ ਨੇ ਦਿੱਤਾ ਹੈ ਤੇ ਜੋ ਸੀਨੇ ਬਸੀਨੇ ਬੀ ਆਇਆ ਹੈ, ਜੋ ਕਵੀ ਜੀ ਨੂੰ ਨਹੀਂ ਮਿਲਿਆ। ਖੁਡਾਲੇ ਦੇ ਹਾਕਮ ਨੇ ਗੁਲਾਬ ਸਿੰਘ (ਸੁਨਿਆਰਾ) ਇਸ ਕਰਕੇ ਕੈਦ ਕਰ ਰਖਿਆ ਸੀ ਕਿ ਉਹ ਆਪਣੀ ਬੇਟੀ ਉਸ ਨੂੰ ਨਹੀਂ ਦੇਂਦਾ ਸੀ। ਕਾਕੀ ਨੂੰ ਸੰਗਤ ਨੇ ਛੁਪਾ ਰਖਿਆ ਸੀ। ਗੁਰੂ ਜੀ ਪਾਸ ਸੰਗਤ ਵਲੋਂ ਫਰਿਆਦ ਪਹੁੰਚੀ, ਆਪ ਨਿਰਭੈ ਸ਼ੇਰ ਵਾਂਗ ਖੁਡਾਲੇ ਜਾ ਪਹੁੰਚੇ, ਸਿੰਘ ਨੂੰ ਕੈਦੋਂ ਕੱਢਿਆ ਤੇ ਹਾਕਮ ਨੂੰ ਆਪਣੇ ਆਤਮ ਬਲ ਨਾਲ ਸਿੱਧੇ ਰਾਹ ਪਾਕੇ ਨੇਕ ਆਦਮੀ ਬਣਾ ਦਿੱਤਾ ਤੇ ਕੁਕਰਮਾਂ ਤੋਂ ਖਲਾਸੀ ਬਖਸ਼ੀ। ਐਉਂ ਕਾਕੀ ਦਾ ਧਰਮ ਬਚਾਇਆ ਤੇ ਸਿੰਘ ਦੀ ਬੰਦ ਛੁਡਾਈ। ਵਿਸਥਾਰ ਲਈ ਦੇਖੋ 'ਸ਼੍ਰੀ ਗੁਰੂ ਕਲਗੀਧਰ ਚਮਤਕਾਰ' ਦਾ 'ਖੁੱਲ੍ਹਾਂ ਦਾ ਦਾਤਾ' ਨਾਮੇ ਪ੍ਰਸੰਗ।

ਸਕਲ ਬਹੀਰ ਆਇ ਤਿਸ ਬੇਰਾ।
ਪਰਮ ਸਿੰਘ ਅਰੁ ਧਰਮ ਸਿੰਘ ਜੁਇ।
ਰੂਪੇ ਕੇ[1] ਚਲਿ ਆਇ ਭ੍ਰਾਤ ਦੁਇ ॥੧੯॥ [1]ਰੂਪੇ ਦੇ ਖਾਨਦਾਨ ਦੇ। (ਅ) ਰੂਪੇ ਦੇ ਪਿੰਡ ਤੋਂ।
ਪ੍ਰਭੁ ਹਿਤ ਨਜੋ ਮੰਚ ਨਿਤ ਕਰੈਂ।
ਤਜਾਰੀ ਹਿਤ ਤੂਰਨ ਸੋ ਘਰੈਂ[1]। [1]ਗੁਰਾਂ ਲਈ ਛੇਤੀ ਘੜਕੇ ਤਿਆਰ ਕਰਦੇ ਹਨ।
ਬੁਨਿ ਕੈ ਪਾਇੰਦ ਪਾਇ ਬਨਾਵੈਂ[1]। [1]ਬਣਾ ਕੇ (ਚੰਗੀ) ਪਾਇੰਦ ਪਾਂਵਦੇ ਹਨ।
ਨਿਸ ਮਹਿਂ ਗੁਰ ਕੇ ਤਰੇ ਡਸਾਵੈਂ ॥੨੦॥

ਥਿਰ ਹ੍ਵੈ ਕਿਤਿਕ ਸਮੈਂ ਮਹਿਂ ਫੇਰ।
†ਪਿਖਯੋ ਪਚਾਵਾ[1] ਊਚ ਬਡੇਰ।
ਤਿਸ ਪਰ ਚਢਿ ਡਲ ਸਿੰਘ ਹਕਾਰਾ।
'ਆਉ ਦਿਖਾਵਹਿਂ ਦੇਸ਼ ਉਦਾਰਾ ॥੨੧॥
ਜੋ ਤੁਝ ਕੋ ਦੇਨੋ ਹਿਤ ਰਾਜ।
ਕਰਹਿਂ ਵਧਾਵਨ ਸਕਲ ਸਮਾਜ।'
ਮੁਖ ਮੁਰਝਾਨੇ ਤਬਹਿ ਉਚਾਰੇ।
'ਜਬਿ ਚਲਿ ਹੈਂ ਤਬਿ ਲੇਹਿਂ ਨਿਹਾਰੇ' ॥੨੨॥
ਛੂਟਿ ਗਯੋ ਧੀਰਜ ਜਿਸ ਕੇਰਾ।
ਮੋਹ ਸਦਨ ਗਨ ਗ੍ਰਾਮ ਬਡੇਰਾ।
ਪੁਨ ਪ੍ਰਭੁ ਆਨਿ ਪਲੰਘ ਪਰ ਥਿਰੇ।
ਔਰ ਨਿਕਟ ਸਭਿ ਬੈਠਨ ਕਰੇ ॥੨੩॥
ਰਾਮ ਸਿੰਘ ਕਰ ਜੋਰਿ ਉਚਾਰਾ।
ਭ੍ਰਾਤਾ ਫਤੇ ਸਿੰਘ ਹਿਤ ਧਾਰਾ[1]।
'ਖੁਸ਼ੀ ਕਰਹੁ ਇਹ ਸਦਨ ਸਿਧਾਵੈ।
ਸਕਲ ਕਾਰ ਪਾਛੇ ਨਿਬਹਾਵੈ' ॥੨੪॥
ਸੁਨਿ ਗੁਰ ਕਹਯੋ 'ਹਮਹੁ ਸਭਿ ਜਾਨੀ।
ਬਾਨੀ ਤੂੰ ਭਾਖਤਿ ਛਲ ਸਾਨੀ।
ਫਤੇ ਸਿੰਘ ਕੋ ਜਾਨ ਨ ਦੈ ਹੈਂ।
ਨਹੀਂ ਆਪ ਭੀ ਸੰਗ ਸਿਧੈ ਹੈਂ[1] ॥੨੫॥
ਹਮ ਕਜਾ ਕਹੈਂ, ਭੇਜ ਦੇਹੁ ਪਾਛੇ।
ਕਰਹਿਂ ਕਪਟ ਤੁਝ ਹੋਇ ਨ ਆਛੇ।'
'ਪ੍ਰਭੁ ਜੀ! ਨਹਿਂ ਰਿਸ ਰਿਦੈ ਕਰੀਜੈ।
ਬਿਨ ਨਰ ਸਦਨ ਨਹੀ ਨਿਬਹੀਜੈ' ॥੨੬॥
ਇਮ ਕਹਿ ਫਤੇ ਸਿੰਘ ਕੋ ਮੋਰਾ।
ਕਾਚੇ ਲੋਕਨ ਧੀਰਜ ਛੋਰਾ।
ਖਾਨ ਪਾਨ ਕਰਿ ਦਿਵਸ ਬਿਤਾਯੋ।
ਸੰਧਜਾ ਸਮੈ ਤਿਮਰ ਗਨ ਛਾਯੋ ॥੨੭॥

[1]ਆਵਾ। †ਸਾਖੀ ਪੋਥੀ ਦੀ ਸਾਖੀ ਹੀ ਚੱਲ ਰਹੀ ਹੈ।

[1]ਦਾ ਹਿਤ ਧਾਰਿਆ।

[1]ਫਤੇ ਸਿੰਘ ਨੂੰ ਜਾਣ ਨਹੀਂ ਦਿਆਂਗੇ ਮਤਾਂ ਤੂੰ ਬੀ ਨਾਲ ਹੀ ਨਾ ਚਲਾ ਜਾਏਂ। (ਅ) ਸਾਡੇ ਨਾਲ ਨਾ ਤੂੰ ਫਤੇ ਸਿੰਘ ਨੂੰ ਜਾਣ ਦੇਣਾ ਹੈ ਤੇ ਨਾਂਹੀ ਆਪ ਨਾਲ ਜਾਏਂਗਾ।

ਡਲ ਸਿੰਘ ਕੰਕਨ ਦੋਨਹੁ ਉਤਰੇ[1]। — [1]ਦੋਵੇਂ ਕੜੇ ਉਤਾਰਕੇ।
ਹਿਤ ਤਕਰਾਈ ਗੁਰ ਢਿਗ ਧਰੇ।
ਸੁੰਦਰ ਖੰਡਾ ਦਯੋ ਟਿਕਾਈ।
ਬਾਹੀ ਸੰਗ ਮੰਚ ਕੇ ਲਾਈ[1] ॥੨੮॥ — [1]ਮੰਜੇ ਦੀ ਬਾਹੀ ਨਾਲ ਲਾਕੇ (ਖੰਡਾ ਰਖਿਆ)। (ਅ) ਗੁਰੂ ਜੀ ਦੇ ਪਲੰਘ ਦੇ ਨਾਲ ਬਾਂਹ ਲਾਕੇ (ਬੈਠਾ)।

ਨਿਸ ਜਬਿ ਭਈ ਅਧਿਕ ਅੰਧਕਾਰਾ।
ਹਿਤ ਭਾਜਨ ਕੇ ਕੀਨਸ ਤਯਾਰਾ।
ਗੁਰ ਡੇਰੇ ਕੀ ਕਰੀ ਪ੍ਰਦੱਛਨ।
ਦੋਇ ਬਾਰ ਫਿਰਿ ਨੀਠ† ਬਿਚੱਛਨ ॥੨੯॥ — †ਪਾ:-ਦੀਨ।
ਪੁਨ ਫਿਰਿਬੇ ਕੀ ਧੀਰ ਨ ਰਹੀ।
ਨਮੋ ਕਰੀ ਕਰ ਜੋਰੇ ਤਹੀਂ।
ਘਰਬਾਰੀ ਦਰਬਾਰੀ ਦੌਨ[1]। — [1]ਪਿਛੇ ਅੰਸੂ ੩੨ ਅੰਕ ੧੧ ਵਿਚ ਦੋ ਦੀਵਾਨ, ਦਰਬਾਰੀ ਸਿੰਘ ਤੇ ਉਸ ਦਾ ਭਾਈ ਘਰਬਾਰੀ ਸਿੰਘ, ਦੱਸੇ ਹਨ। ਏਥੇ ਐਉਂ ਅੱਖਰ ਪਏ ਹਨ ਕਿ ਮਾਨੋਂ ਡੱਲੇ ਨੂੰ ਹੀ ਦਰਬਾਰੀ ਤੇ ਘਰਬਾਰੀ ਕਹਿ ਰਹੇ ਹਨ, ਪਰ ਅੰਸੂ ੩੨ ਅੰਕ ੧੧ ਮੁਜਬ ਇਉਂ ਠੀਕ ਜਾਪਦਾ ਹੈ ਕਿ ਘਰਬਾਰੀ ਤੇ ਦਰਬਾਰੀ ਜੋ ਦੋਵੇਂ ਭਰਾ ਸਨ ਡੱਲੇ ਦੇ ਨਾਲ ਹੀ ਭੱਜ ਗਏ।
ਚਢਿ ਕਰਿ ਭਾਜਿ ਹਟਯੋ ਥਲ ਤੌਨ[1] ॥੩੦॥ — [1]ਉਸ ਥਾਂ ਤੋਂ।
ਸੰਗ ਬਿਰਾੜ ਬਹੁਤ ਹਟਿ ਆਏ।
ਇਕ ਸੋਢੀ ਕੋ ਭੀ ਸੰਗ ਲਜਾਏ।
ਜਾਮ ਜਾਮਨੀ ਤੇ ਪ੍ਰਭੁ ਜਾਗੇ।
ਸੌਚ ਸ਼ਨਾਨ ਕਰਨ ਕੋ ਲਾਗੇ ॥੩੧॥
ਚਾਰ ਘਰੀ ਕੇ ਅੰਮ੍ਰਿਤ ਵੇਲੇ।
ਬਸਤ੍ਰ ਸ਼ਸਤ੍ਰ ਪਹਿਰੇ ਸਭਿ ਲੇ ਲੇ।
ਬਹੁਰ ਕਹਯੋ 'ਡਲ ਸਿੰਘ ਕੋ ਲਜਾਵੈ।
ਹਮ ਢਿਗ ਬੈਠੇ, ਜਾਇ ਸੁਨਾਵੋ' ॥੩੨॥
ਦਲ ਮਹਿਂ ਰਹੈ ਬੇਨਵਾ ਏਕ।
ਹਿਤ ਦਰਸ਼ਨ ਕੇ ਜਲਧ ਬਿਬੇਕ[1]। — [1]ਭਾਵ ਸ਼੍ਰੀ ਗੁਰੂ ਜੀ ਦਾ।
ਦੇਤਿ ਪ੍ਰਦਛਨਾ ਜਬਿ ਭਜ ਗਯੋ[1]। — [1]ਜਦੋਂ (ਡੱਲਾ) ਭੱਜ ਗਿਆ ਸੀ।
ਨੀਕੀ ਰੀਤਿ ਨਿਹਾਰਤਿ ਭਯੋ ॥੩੩॥
ਤਿਨ ਗੁਰ ਸਨਮੁਖ ਗਿਰਾ ਉਚਾਰੀ।

'ਕਿਤ ਦਰਬਾਰੀ ਕਿਤ ਘਰਬਾਰੀ।
ਡੱਲਾ ਕਹਾਂ ਨਿਮੱਲਾ ਮੱਲਾ[1]।

[1]ਡੱਲਾ ਕਿਥੇ ਉਸ ਦੇ ਮੱਲਾਂ (ਸੂਰਮਿਆਂ) ਵਿਚੋਂ ਬੀ ਕੋਈ ਸੂਰਮਾ ਨਹੀਂ ਜੇ ਰਿਹਾ। (ਅ) ਮੱਲਾਂ ਵਿਚੋਂ ਨਾਂ ਮੱਲ ਭਾਵ ਬੀਰਾਂ ਵਿਚੋਂ ਕਾਇਰ। (ੲ) ਨਾ ਮੱਲਣੇ ਜੋਗ ਥਾਂ (ਆਪਣਾ ਪਿੰਡ) ਜਾ ਮਲਿਆ ਸੁ। (ਸ) ਵਿਸ਼ੇਸ਼ ਕਰਕੇ ਮੈਲ ਮੱਲ ਲਈ ਸੁ, ਆਪਣਾ ਮੁਕਾਲਾ ਕੀਤਾ ਸੁ।

ਰਹਜੋ ਸੰਗ ਅੱਲਾ ਹੀ ਅੱਲਾ ॥੩੪॥
ਕਹਿ ਸਿਖ ਕਪਟੀ ਬੇਖ ਕੁਢਾਲੀ[1]।

[1]ਭਾਵ ਆਪ ਨੂੰ ਕਹਿੰਦੇ ਤਾਂ ਹਨ ਕਿ ਅਸੀਂ ਸਿੱਖ ਹਾਂ ਪਰ ਹਨ ਕਪਟੀ ਤੇ ਕੁਢਾਲੇ ਵੇਸ਼ ਵਾਲੇ। (ਅ) ਪਰ ਭੇਖ ਕਪਟੀ ਤੇ ਰੀਤ ਮਾੜੀ ਹੈ।

ਅੰਤ ਸਮੈਂ ਨਿਬਹੈ ਨਹਿਂ ਨਾਲੀ।
ਤਜੋਂ ਨ ਡੱਲਾ ਕੂੜ ਕੁੱਚਲਾ[1]।

[1]ਕੂੜੀ ਚਾਲ ਚਲ ਗਿਆ। (ਅ) ਕੂੜਾ ਤੇ ਕੁਚਾਲ ਵਾਲਾ।

ਰਹਜੋ ਏਕ ਅੱਲਾ ਹੀ ਅੱਲਾ ॥੩੫॥
ਨਿਬਹੈ ਕੂੜ, ਨ ਸੱਚ ਅਗਾਰੀ[1]।

[1]ਸੱਚ ਦੇ ਅੱਗੇ ਕੂੜ ਨਹੀਂ ਨਿਭਦਾ।

ਫਸੇ ਮੋਹ ਸੁਤ ਬੰਧਪ ਨਾਰੀ।
ਭਾਗਜੋ ਡੱਲਾ ਤਾਉ ਨ ਝੱਲਾ[1]।

[1]ਕਸੌਟੀ ਦਾ ਤਾਉ ਨਹੀਂ ਸਹਾਰਿਆ ਸੁ।

ਸੰਗ ਰਹਜੋ ਅੱਲਾ ਹੀ ਅੱਲਾ[†]' ॥੩੬॥

[†]ਸੰਖਪ ਵਾਰਤਾ ਇਸ ਤਰ੍ਹਾਂ ਪਰ ਬੀ ਹੈ ਕਿ ਗੁਰੂ ਜੀ ਦੇ ਡਲ ਸਿੰਘ ਨੂੰ ਆਵਾਜ਼ ਮਾਰਨੇ ਪਰ ਬੇਨਵਾ ਨੇ ਆਵਾਜ਼ ਦਿੱਤੀ, 'ਨਾਂ ਡੱਲਾ ਨਾ ਮੱਲਾ, ਗੁਰੂ ਇਕ ਇਕੱਲਾ'। ਤਾਂ ਸਤਿਗੁਰੂ ਬੋਲੇ 'ਗੁਰ ਨਾਲ ਅੱਲਾ, ਗੁਰੂ ਕਦੇ ਨ ਕੱਲਾ'।

ਸੁਨਿ ਗੁਰ ਕਹਜੋ 'ਜਾਹੁ ਵੇ ਡੱਲਾ!
ਆਪਹਿ ਭਾਗਜੋਂ ਉਰ ਥਰਥੱਲਾ[1]।

[1]ਰਿਦਾ ਕੰਬ ਗਿਆ।

ਮਾਂਗਤਿ ਰਹਤਿ ਸਦਾ ਥਲ ਤੀਰ[1]।

[1]ਸਾਡੇ ਪਾਸ ਥਾਂ।

ਕਹਾਂ ਪਰੀ ਤੇਰੇ ਪਰ ਭੀਰ' ॥੩੭॥
ਇਕ ਦਿਸ਼ਿ ਦੇਖਤਿ ਪ੍ਰਭੁ ਉਚਾਰਾ।
'ਇਤੇ ਕੌਨ ਸੇ ਕੀਯਸਿ ਤਜਾਰਾ?'[1]

[1]ਇਧਰ ਕਿਸ ਨੇ ਤਿਆਰੀ ਕੀਤੀ ਹੈ।

ਸਿੰਘ ਮਝੈਲ ਅਫੀਮੀ ਏਕ।
ਸੁਨਿ ਬੋਲਜੋ ਸੰਗ ਜਲਧਿ ਬਿਬੇਕ ॥੩੮॥
'ਸਭਿ ਮਲਵਈ ਭਾਜਿ ਕੈ ਗਏ।
ਮਾਝੇ ਕੇ ਮਾੜੇ ਥਿਰ ਥਏ[1]।'

[1]ਮਾਝੇ ਦੇ ਮਾੜੇ ਸਿੰਘ ਇਸਥਿਤ ਹਨ।

ਕਹਜੋ ਗੁਰੂ 'ਮਝੈਲ ਨਹਿਂ ਮਾੜੇ।

ਦੇਸ਼ ਮਾਲਵੇ ਕੇ ਹੁਇਂ ਲਾੜੇ' ॥੩੯॥
ਬਹੁਰ ਚਢਨ ਤਯਾਰੀ ਕਰਿਵਾਈ।
ਜ਼ੀਨ ਪਾਇ ਹਯ ਲੀਨ ਅਨਾਈ†।

†ਕਿਤਨਾ ਵਿਸ਼ਾਲ ਤੇ ਕਮਾਲ ਦਾ ਹਿਰਦਾ ਹੈ ਜੋ ਕਿਸੇ ਮੁਸੀਬਤ ਤੋਂ ਬੀ ਆਪਣੇ ਦਾਈਏ ਤੋਂ ਨਹੀਂ ਮੁੜਦਾ ਤੇ ਮਨ ਦਿਲਝਵੀਂ ਕਿਤੇ ਨਹੀਂ ਖਾਂਦਾ। ਕਿੰਨੇ ਪਿਆਰ ਵਾਲੇ ਭਰੋਸੇ ਯੋਗ ਸਰਦਾਰ ਸਨ ਜੋ ਵਜ਼ੀਦੇ ਨੂੰ ਲਿਖਦੇ ਸਨ ਕਿ ਗੁਰੂ ਜੀ ਦੇ ਨਾਲ ਲੜਾਂ ਮਰਾਂਗੇ ਓਹ ਵੀ ਸਾਥ ਛੱਡੀ ਜਾਂਦੇ ਹਨ, ਪਰ ਗੁਰੂ ਜੀ ਦਾ ਹਿਰਦਾ ਅਹਿੱਲ ਹੈ, ਸਭ ਕੁਝ ਝੱਲਦਾ ਹੈ ਤੇ ਆਪਣੇ ਪਰਪੱਕ ਇੰਦੀਏ ਤੇ ਟੁਰੀ ਜਾ ਰਿਹਾ ਹੈ। ਚੰਗੇ ਚੰਗੇ ਸੂਰਮੇ ਐਸੇ ਸਮਿਆਂ ਤੇ ਦਿਲ ਛੱਡ ਬੈਠਦੇ ਹਨ। ਸੀਜ਼ਰ ਵਰਗੇ ਅਜਿੱਤ ਸੂਰਮੇ ਨੇ ਆਪਣੇ ਕਾਤਲਾਂ ਵਿਚ ਆਪਣੇ ਪਿਆਰੇ 'ਬੂਟਸ' ਨੂੰ ਤੱਕ ਕੇ ਤਾਣ ਛੱਡ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨਾ ਕੇਵਲ ਹਿੰਦ ਵਿਚ ਬਲਕਿ ਜਗਤ ਵਿਚ ਅਦੁਤੀ ਸ਼ਖਸੀਅਤ ਹੈ ਜੋ ਕਿਤੇ ਦਿਲ ਨਹੀਂ ਛੱਡਦੀ।

ਗਏ ਕੋਸ ਦ੍ਵਾਦਸ਼ ਕਿਯ ਡੇਰਾ।
ਨੌਹਰ† ਨਗਰ ਬਸਹਿ ਬਹੁਤੇਰਾ ॥੪੦॥

†ਸਰਸੇ ਤੋਂ ਵੀਹ ਕੁ ਕੋਸ ਪਰ ਹਿਠਾੜ ਨੂੰ ਹੈ, ਗੁਰਦਵਾਰਾ ਏਥੇ ਹੈ, ਛੀਨ ਤਲਾਈ ਪਰ, ਜਿਥੇ ਗੁਰੂ ਜੀ ਨੇ ਮੁਕਾਮ ਕੀਤਾ ਸੀ।

ਸੈਨ ਸਹਿਤ ਵਹੀਰ ਬਿਸਾਲਾ।
ਆਨਿ ਸਿਵਰ ਸਭਿਹੂੰ ਤਹਿਂ ਘਾਲਾ।
ਸਤਿਗੁਰ ਬੈਠੇ ਸਹਿਜ ਸੁਭਾਇ।
ਏਕ ਸਿੰਘ ਪੁਰਿ ਬੀਚ ਪਠਾਇ ॥੪੧॥
'ਕਿਸ਼ਨ ਲਾਲ ਦਿਜ ਇਹ ਥਲ ਧਾਮੁ[1]।
ਲਯਾਉ ਬੁਲਾਇ ਬੂਝਿਬੇ ਕਾਮੁ।
ਜੋਤਿਸ਼ ਬਿੱਦਯਾ ਬਿਖੈ ਪ੍ਰਬੀਨ।
ਪੂਰਬ ਦਿਸ਼ਿ ਪੁਰਿ ਮਹਿਂ ਘਰ ਚੀਨ' ॥੪੨॥

[1]ਇਸ ਥਾਂ ਕਿਸ਼ਨ ਲਾਲ (ਜੋਤਸ਼ੀ) ਦਾ ਘਰ ਹੈ।

ਸੁਨਿ ਗੁਰ ਤੇ ਤਤਛਿਨ ਸਿਖ ਗਯੋ।
ਜਾਇ ਜੋਤਸ਼ੀ ਲਯਾਵਤਿ ਭਯੋ।
ਆਸ਼ਿਖ ਬਾਦ ਦੀਨ ਢਿਗ ਬੈਸਾ।
ਏਵ ਮਿਲਯੋ ਪੂਰਬ ਮਿਲਿ ਜੈਸਾ ॥੪੩॥
ਸਤਿਗੁਰ ਭਾਖਯੋ 'ਪ੍ਰਸ਼ਨ ਪਛਾਨਹੁ।
ਕਿਮਹੁ ਬੁਲਾਯੋ ਜਾਨਿ ਬਖਾਨਹੁ।'
ਸੁਨਿ ਪ੍ਰਭੁ ਤੇ ਦਿਜ ਲਗਨ ਬਿਚਾਰਾ।
ਗ੍ਰਿਹ ਨਿਬਲਾਬਲ ਕੋ ਨਿਰਧਾਰਾ[1] ॥੪੪॥

[1]ਬਲੀ ਤੇ ਨਿਰਬਲ ਗ੍ਰਹ ਨੂੰ ਨਿਰਨੇ ਕੀਤਾ। (ਅ) ਗ੍ਰੈਹਾਂ ਦਾ ਬਲ ਪਿਆ ਕਿ ਬਲ ਘਟਿਆ, ਵਿਚਾਰ ਕੀਤੀ।

ਮੂਕ ਪ੍ਰਸ਼ਨ[1] ਕੋ ਭਲੇ ਪਛਾਨਾ।

[1]ਓਹ ਪ੍ਰਸ਼ਨ ਜੋ ਬੋਲੇ ਬਿਨਾਂ ਮਨ ਵਿਚ ਕੀਤਾ ਜਾਏ।

ਪੁਨ ਸਤਿਗੁਰ ਕੇ ਸੰਗ ਬਖਾਨਾ।
'ਰਾਵਰ ਕੇਰ ਮਨੋਰਥ ਜੋਊ।
ਮਿਲਿਬੇ ਹਿਤ ਤੁਰਕੇਸ਼ੁਰ ਸੋਊ' ॥੪੫॥
ਪੁਨ ਗੁਰ ਕਹਜੋ 'ਤਾਂਹਿ ਸਨ ਮੇਲਾ।
ਹੋਇ ਕਿ ਨਹੀਂ ਬਤਾਉ ਸੁਹੇਲਾ?'
ਸੁਨਿ ਦਿਜ ਨੇ ਕਰਿ ਗਣਤ ਬਿਚਾਰਾ।
ਗ੍ਰਹਿ ਅਰੁ ਲਗਨ ਸਕਲ ਨਿਰਧਾਰਾ ॥੪੬॥
'ਸ਼੍ਰੀ ਗੁਰ! ਤੁਮਰੋ ਮੇਲ ਨ ਬਨੈ।
ਢਿਗ ਨ ਪਹੁੰਚਹੁ ਤਿਹ ਮ੍ਰਿਤੁ ਹਨੈ[1]।
ਤਿਸ ਕੋ ਪੁੱਤ੍ਰ ਹੋਇ ਬਹੁ ਦੀਨ।
ਮਿਲੈ ਆਪ ਕੋ[1] ਮੈਂ ਮਨ ਚੀਨ' ॥੪੭॥
ਸੁਨਿ ਸਤਿਗੁਰ ਦਿਜ ਕੇ ਬਚ ਸਾਚੇ[†]।

[1]ਤੁਸੀਂ ਅਜੇ) ਨੇੜੇ ਨਹੀਂ ਪਹੁੰਚੋਗੇ ਕਿ ਤਿਸਨੂੰ ਮੌਤ ਮਾਰ ਲਵੇਗੀ।

[1]ਭਾਵ ਆਪ ਨੂੰ ਨਿੰਮ੍ਰਤਾ ਸਹਿਤ ਮਿਲੇਗਾ।

[†]ਅਸਲ ਵਿਚ ਜੋਤਿਸ਼ ਵਿਚ ਟੇਕ ਧਾਰਨੀ ਗੁਰਮਤ ਵਿਚ ਮਨ੍ਹਾਂ ਹੈ ਤੇ ਸ਼੍ਰੀ ਗੁਰੂ ਜੀ ਦੀ ਬਾਬਤ ਇਹ ਸਾਖੀ ਜੋਤਿਸ਼ ਪੁੱਛਣ ਵਾਲੀ ਉਨ੍ਹਾਂ ਦੀ ਰਚਨਾ ਨਾਲ ਨਹੀ ਮਿਲਦੀ, ਯਥਾ:-"ਬਿਨ ਏਕ ਨਾਮੁ ਇਕਿ ਚਿੱਤ ਲੀਨ। ਫੋਕਟੋ ਸਰਬ ਧਰਮਾ ਬਿਹੀਨ ॥ " ਤਥਾ:-"ਫੋਕਟ ਕਰਮ ਲਖੇ ਸਭ ਧਰਮਾ। ਇਨ ਤੇ ਸਰਤ ਨ ਕੋਊ ਕਰਮਾ। " ਤਥਾ-ਭਾਈ ਗੁਰਦਾਸ ਜੀ "ਪੁਛਤ ਨਾ ਜੋਤਕ ਨ ਬੇਦ ਥਿਤ ਵਾਰ ਕਛੂ ਗ੍ਰਿਹ ਔ ਨਖੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ" ਆਖ ਰਹੇ ਹਨ। ਹਾਂ, ਬ੍ਰਾਹਮਣ ਦੇ ਤਾਰਨ ਲਈ ਚੋਜ ਹੋਵੇ ਤਾਂ ਸੰਭਵ ਹੈ। ਫੇਰ ਗੁਰੂ ਜੀ ਨੂੰ ਕਵੀ ਜੀ ਅਨੇਕ ਥਾਈਂ ਅੰਤਰਜਾਮੀ ਕਹਿ ਆਏ ਹਨ। ਔਰੰਗੇ ਦੀ ਮੌਤ ਬਾਬਤ ਪਤਾ ਹੈ, ਪੱਤ੍ਰ ਘੱਲ ਚੁੱਕੇ ਤੇ ਦੱਸ ਚੁੱਕੇ ਹਨ ਕਿ ਉਸ ਦਾ ਅੰਤ ਨੇੜੇ ਹੈ। ਇਸੇ ਐਨ ਦੇ ਅੰਸੂ ੩੮ ਅੰਕ ੨੦ ਵਿਚ ਤਾਰਾ ਆਜ਼ਮ ਰਾਜ ਦਾ ਸੁਖ ਨਹੀਂ ਪਾਏਗਾ, ਭਵਿੱਖਤ ਦੀ ਗੱਲ ਗੁਰੂ ਜੀ ਆਪ ਦੱਸ ਰਹੇ, ਕਵੀ ਜੀ ਨੇ ਲਿਖੇ ਹਨ। ਸਾਖੀ ਪੋਥੀ ਦੇ ਨੌਹਰ ਦੇ ਪ੍ਰਸੰਗ ਵਿਚ ਜੋਤਸ਼ੀ ਦੀ ਸਾਖੀ ਨਹੀਂ ਹੈ, ਸੋ ਇਹ ਇਕ ਚੋਜ ਮਾਤ੍ਰ ਹੈ ਜੋ ਹਾਸਯ ਰਸ ਦੇ ਕਮਾਲ ਵਾਲੇ ਅਵਤਾਰਾਂ ਵਿਚ ਸੁਤੇ ਹੁੰਦਾ ਹੈ। 'ਸੁਨਿ ਸਤਿਗੁਰ ਦਿਜ ਕੇ ਬਚ ਸਾਚੇ' ਵਿਚ ਜੋਤਸ਼ੀ ਦੇ ਬਚਨ ਨੂੰ ਸੱਚਾ ਜਾਣ ਰਹੇ ਵਿਚ ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜੀ ਨੂੰ ਹੋਣਹਾਰ ਦਾ ਪਹਿਲੋਂ ਹੀ ਪਤਾ ਸੀ, ਨਹੀਂ ਤਾਂ ਉਸ ਦੇ ਕਹਿਣ ਨੂੰ 'ਸੱਚੇ' ਕਿਸ ਤਰ੍ਹਾਂ ਪਰਖ ਲੈਂਦੇ। ਔਰੰਗਾ ਅਜੇ ਜੀਊਂਦਾ ਸੀ, ਗੁਰੂ ਜੀ ਉਸਦੀ ਮ੍ਰਿਤੂ ਜਾਣਦੇ ਸੇ। ਪੰਡਤ ਦੇ ਕਹੇ ਨੂੰ ਤਾਂ ਹੀ ਪਰਖ ਲਿਆ।

ਭਏ ਪ੍ਰਸੰਨ ਕ੍ਰਿਪਾ ਰਸ ਰਾਚੇ।
ਕਰਜੋ ਬਿਲੋਕਨ ਤਿਹ ਜਿਸ ਕਾਲਾ।
ਕਰਿ ਦੀਨੇ ਸੋ ਬਿੱਪ੍ਰ ਨਿਹਾਲਾ[1] ॥੪੮॥
ਮਹਿਮਾ ਜਾਨਿ ਪਰਨਿ ਪਗ ਚਾਹਾ।
ਕਰਜੋ ਹਟਾਵਨਿ ਸ਼੍ਰੀ ਪ੍ਰਭੁ ਤਾਂਹਾ।
ਕਹਤਿ ਭਯੋ 'ਦ੍ਵੈ ਘਰੀ ਦਰਸ ਤੇ।
ਕਰਜੋ ਕ੍ਰਿਤਾਰਥ ਮਹਾਂ ਹਰਸ਼ ਤੇ ॥੪੯॥
ਜਹਿਂ ਤੁਮ ਮਾਸ ਬਰਸ ਲਗਿ ਬਾਸੇ।

[1]ਭਾਵ ਜੀਅਦਾਨ ਦਿੱਤਾ।

ਤਹਾਂ ਹਜ਼ਰਾਹੁੰ ਸੁਮਤਿ ਪ੍ਰਕਾਸ਼ੇ।'
ਸੁਨਿ ਗੁਰ ਕਹ੍ਯੋ 'ਨ ਸ਼ਰਧਾ ਹੋਈ।
ਯਾਂ ਤੇ ਭਯੋ ਕ੍ਰਿਤਾਰਥ ਕੋਈ[1] ॥੫੦॥
ਇਸੀ ਬਾਤ ਪਰ ਸੁਨਹੁ ਕਹਾਨੀ।
ਭਰਿ ਜਹਾਜ ਲੇ ਸੌਂਜ ਮਹਾਨੀ।
ਗਯੋ ਬਨਕ ਟਾਪੂ ਮਹਿਂ ਤਹਾਂ।
ਗਊ ਮਹਿਖ ਪ੍ਰਾਪਤਿ ਨਹਿਂ ਜਹਾਂ ॥੫੧॥
ਇਕ ਗੋ ਇਨ੍ਹੇ ਜਹਾਜ ਚਢਾਈ।
ਪੈ ਪੀਵਨ ਹਿਤ[1] ਨਿਕਟ ਰਖਾਈ।
ਪਾਯਹੁ ਟਾਪੂ ਮਹਿਂ ਬਿਵਹਾਰ।
ਤਹਿਂ ਇਕ ਬਨਕ ਸਖਾ ਕਿਯ ਪਜਾਰ ॥੫੨॥
ਤਿਨ ਅਪਨੇ ਘਰ ਕਰ੍ਯੋ ਅਹਾਰਾ।
ਆਦਰ ਸਹਿਤ ਅਚਾਇ ਉਦਾਰਾ।
ਤਿਸ ਨੇ ਇਸ ਕੋ ਬੋਲਿ ਪਠਾਯੋ।
ਪਾਇਸ ਭੋਜਨ ਭਲੇ ਖੁਵਾਯੋ ॥੫੩॥
ਪ੍ਰਥਮ ਨ ਅਚੀ ਸੁ ਅਚਰਜ ਭਯੋ[1]।
-ਇਹ ਕਜਾ ਅਹੈ? -ਸੁ ਬੂਝਨਿ ਕਯੋ।
-ਸੋ ਮੁਝ ਦੇਹੁ ਕਰੈਂ ਹਮ ਨੀਤ।
ਇਹ ਅਹਾਰ ਹਰਖਾਵਤਿ ਚੀਤਿ ॥੫੪॥
ਸੁਨਤਿ ਬਨਕ ਧੇਨੁ ਸੋ ਦੀਨਿ।
-ਦੁਘਧ ਦੇਤਿ ਇਹ ਲੇਹੁ ਸੁ ਚੀਨ-।
ਦੇ ਕੈ ਗਊ ਜਹਾਜ ਚਲਾਯੋ।
ਅਪਨੇ ਦੇਸ਼ ਬਿਖੈ ਇਹ ਆਯੋ ॥੫੫॥
ਸੋ ਲੇ ਗਯੋ ਧੇਨੁ ਗ੍ਰਿਹ ਓਰਾ।
ਥਿਰ ਹ੍ਵੈ ਕਰਿ ਬਛਰੂ ਤਿਹ ਛੋਰਾ।
ਸੋ ਥਨ ਚੋਸਨਿ ਲਾਗ੍ਯੋ ਜਬੈ।
ਸੁਰਭੀ ਮੂਤ੍ਰ ਕਰਤਿ ਭੀ ਤਬੈ ॥੫੬॥
ਬਾਸਨ ਬਿਖੈ ਬਨਕ ਲੇ ਲੀਨ।
ਰੀਧਨ ਕਰਿ ਪੁਨ ਖਾਵਨਿ ਕੀਨ।
ਕੌਰਾ ਪਾਇ ਸ੍ਵਾਦ ਪਛੁਤਾਯੋ।
-ਮੋ ਸੋਂ ਦਗਾ ਬਨਕ ਕਰਿ ਗਯੋ-

[1]ਭਾਵ ਵਿਰਲਾ ਵਿਰਲਾ ਕ੍ਰਿਤਾਰਥ ਹੋਇਆ ਹੈ।
[1]ਦੁੱਧ ਪੀਣ ਲਈ।
[1]ਭਾਵ ਖੀਰ ਪਹਿਲੇ ਨਹੀਂ ਸੀ (ਕਦੇ) ਖਾਧੀ ਹੋਈ।

॥੫੭॥
ਤਿਮ ਇਹ ਲੋਕ ਰਹੇ ਹਮ ਪਾਸ।
ਜਾਨੀ ਜੁਗਤਿ ਨ ਸੁਮਤਿ ਪ੍ਰਕਾਸ਼।
ਦੁਗਧ ਨ ਲੀਨਿ ਮੂੜ੍ਹ ਕੋ ਲਯੋ।
ਹਮ ਪਰ ਦੋਸ਼ ਬਹੁਰ ਧਰਿ ਦਯੋ ॥੫੮॥
ਮਿਲਯੋ ਬਨਕ ਸੋਂ ਜਬਿ ਨਰ ਗਜਾਤਾ।
ਦੁਗਧ ਕਾਢਿਬੋ ਤਿਨ ਤਬਿ ਜਾਤਾ।
ਯਾਂ ਤੇ ਕਿਨ ਕਿਨ ਸ਼ੁਭ ਮਤਿ ਧਾਰੀ।
ਨਤੁ ਸਭਿ ਰਹੇ ਮੂੜ੍ਹ ਅਧਿਕਾਰੀ†'
॥੫੯॥

†ਦੇਖੋ ਕਵੀ ਜੀ ਆਪ ਦਰਸਾ ਰਹੇ ਹਨ ਕਿ ਮਹਾਂਬਲੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ, ਉਨ੍ਹਾਂ ਦੇ ਆਸ਼ੇ ਨੂੰ, ਪਿਆਰ ਨੂੰ ਕਿਸੇ ਨਹੀਂ ਪਛਾਤਾ। ਫਿਰ ਗਜ਼ਬ ਹੈ ਕਿ ਗੁਰੂ ਜੀ ਇਹ ਸਭ ਕੁਝ ਸਮਝਦੇ ਹੋਏ ਆਪਣੇ ਇੰਦੀਏ ਤੋਂ ਨਹੀਂ ਮੁੜੇ, ਕਦੇ ਇਹ ਬੇਕਦਰੀ ਦੇਖਕੇ ਹਾਰੇ ਨਹੀਂ। ਫਿਰ ਕਹਿਰ ਹੈ ਕਿ ਇਸ ਵੇਲੇ ਵੀ ਲੋਕ ਉਨ੍ਹਾਂ ਨੂੰ ਨਹੀਂ ਸਮਝ ਰਹੇ ਅਰ ਉਨ੍ਹਾਂ ਦੀਆਂ ਸਾਰੀਆਂ ਘਾਲਾਂ ਤੇ ਕੁਰਬਾਨੀਆਂ ਤੇ ਉਨ੍ਹਾਂ ਦੇ ਆਤਮ ਰੰਗ ਨੂੰ ਨਹੀਂ ਪਛਾਣ ਰਹੇ। ਉਨ੍ਹਾਂ ਨੂੰ ਛੱਡਕੇ ਮਾਮੂਲੀ ਅਕਲੀ ਬੰਦਿਆਂ ਤੇ ਇਖਲਾਕੀ ਘੋਟਾ ਘਾਟੀ ਵਾਲਿਆਂ ਤੇ ਨਾਮ ਮਾਤ੍ਰ ਕੁਰਬਾਨੀ ਵਾਲਿਆਂ ਦੇ ਬਚਨਾਂ ਤੇ ਲੇਖਾਂ ਅੱਗੇ ਚੁੰਧਯਾ ਰਹੇ ਹਨ।

ਸੁਨਿ ਕੈ ਦਿਜ ਅਨੰਦ ਉਰ ਧਾਰਯੋ।
'ਧੰਨ ਧੰਨ ਸਤਿਗੁਰਨ' ਉਚਾਰਯੋ।
ਤਤਛਿਨ ਗਜਾਤ ਪਾਇ ਘਰ ਗਯੋ।
ਗੁਰ ਜਸੁ ਜਹਿਂ ਕਹਿਂ ਬਰਨਤਿ ਭਯੋ†
॥੬੦॥

†ਇਸ ਤੋਂ ਸਪੱਸ਼ਟ ਹੋ ਗਿਆ ਕਿ ਜੋਤਸ਼ੀ ਜੋਤਸ਼ ਜਾਣਦਾ ਬੀ ਆਤਮ ਅੰਧਕਾਰ ਵਿਚ ਸੀ। ਗੁਰੂ ਜੀ ਦੀ ਮਿਹਰ ਨਾਲ ਗਿਆਨ ਪ੍ਰਾਪਤ ਹੋਕੇ ਤਰਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਹਰ ਨਗਰ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

## ੩੪. [ਨੌਹਰ ਵਿਖੇ ਮਰੇ ਕਬੂਤਰ ਜਿਵਾਏ। ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼]

੩੩<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਸ੍ਰੀ ਸਤਿਗੁਰ ਪੂਰਨ ਪੁਰਖ, ਦੇ ਦਿਜ ਕੋ ਦੀਨਾਰ।
ਗੁਰਮਤਿ ਦੇ[1] ਰੁਖਸਦ ਕਰਜੋ, ਗਮਨਜੋਂ ਨਗਰ ਮਝਾਰ ॥੧॥

[1]ਨਾਲੇ ਧਨ ਦਿੱਤਾ ਨਾਲੇ ਗੁਰਮਤ ਬਖਸ਼ੀ ਭਾਵ ਉਹ ਨਾਮਧਰੀਕ ਸਿੱਖ ਹੋਇਆ।

ਚੌਪਈ:

ਦਿਨ ਕੋ ਤ੍ਰਿਤੀ ਜਾਮ ਜਬਿ ਹੋਯੋ।
ਮਾਦਕ ਸਮੈ ਭਯੋ ਜਬਿ ਜੋਯੋ।
ਸੁੱਖਾ ਅਰੁ ਅਫੀਮ ਛਕਿ ਲੀਨਿ।
ਸੌਚ ਸ਼ਨਾਨ ਭਲੇ ਤਬਿ ਕੀਨ ॥੨॥
ਕੇਸ਼ ਸੁਧਾਰਿ ਜੂੜ ਕੋ ਕਰਜੋ।
ਸੁੰਦਰ ਸ਼ਮਸ ਸੁ ਕੰਘਾ ਫਿਰਜੋ।
ਪੇਚ ਬੰਧੇਜ ਅਨੂਠੇ ਪਾਗਹਿਂ।
ਜ਼ੇਵਰ ਜੋਤਿ ਜਵਾਹਰ ਜਾਗਹਿਂ ॥੩॥
ਪਟ ਸੂਖਮ ਬਹੁ ਜਾਮਾ ਪਾਯੋ।
ਜਿਸ ਮਹਿਂ ਸਭਿ ਸਰੀਰ ਝਲਕਾਯੋ।
ਖੜਗ ਬਿਲੰਦ ਗਰੇ ਮਹਿਂ ਧਾਰਾ।
ਧਾਰਾ ਖਰ ਲਗਿ ਹੇਮ ਸੁਧਾਰਾ[1] ॥੪॥

[1]ਸਾਰੀ ਮੁੱਠ ਨੂੰ) ਫਲ ਸ਼ੁਰੂ ਹੋਣ ਵਾਲੀ ਥਾਂ ਤੱਕ ਸੋਨਾ ਲੱਗਾ ਹੈ।

ਭਰਜੋ ਖਤੰਗਨਿ ਸੰਗ ਨਿਖੰਗ।
ਕਟ ਸੋਂ ਕਸਜੋ ਸੁਲਾਯਕ ਜੰਗ।
ਧਨੁਖ ਕਠੋਰ ਹਾਥ ਮਹਿਂ ਲਯੋ।
ਤਜਾਰ ਤੁਰੰਗ ਅਨਾਵਨ ਕਯੋ ॥੫॥
†ਨਹੁਰ ਨਗਰ ਕੈ ਹੇਰਨਿ ਹੇਤੁ।
ਗਮਨੇ ਸਤਿਗੁਰ ਬਨੇ ਸੁਚੇਤ।
ਕੇਤਿਕ ਸਿੰਘ ਪਦਾਂਤੀ ਸਾਥ।
ਜਾਇ ਪ੍ਰਵੇਸ਼ੇ ਪੁਰਿ ਮਹਿਂ ਨਾਥ ॥੬॥

†ਸਾਖੀ ਪੋਥੀ ਦੀ ਸਾਖੀ ਹੈ।

ਪੂਰਬ ਜਹਿਂ ਚਬੂਤਰਾ ਚੌਰਾ।
ਤਹਿਂ ਪਹੁੰਚੇ ਸੋਢੀ ਸਿਰਮੌਰਾ।
ਕੁਛ ਸੌਪਾਨ ਉਚੇਰੋ ਥਾਨ।
ਊਪਰ ਦੀਯੋ ਚਢਾਇ ਕਿਕਾਨ[1] ॥੭॥

[1]ਘੋੜਾ।

ਥਲ ਊਚੇ ਚਢਿ ਕਰਿ ਥਿਰ ਥਏ।

ਦੂਰ ਦੂਰ ਲਗਿ ਦੇਖਤਿ ਭਏ।
ਦਾਸ ਸੁਰਾਹੀ ਦਾਰ[1] ਤਰੇ ਤੇ। [1]ਜਲ ਦੀ ਸੁਰਾਹੀ ਰੱਖਣ ਵਾਲਾ।
ਚਢ੍ਯੋ ਧਾਇ ਕਰਿ ਬੇਗ ਧਰੇ ਤੇ ॥੮॥
ਪਹੁੰਚ੍ਯੋ ਚਹੈ ਗੁਰੂ ਕੇ ਪਾਸ।
ਪਗ ਸੋਂ ਦਰ੍ਯੋ ਕਬੂਤਰ ਨਾਸ਼[1]। [1]ਮਰ ਗਿਆ।
ਤਹਿਂ ਨਰ ਗਨ ਬੈਠੇ ਰਿਸ ਠਾਨੀ।
'ਕਹਾਂ ਕਰਮ ਤੈਂ ਕੀਨਿ?' ਬਖਾਨੀ ॥੯॥
'ਰਹਿਂ ਚਬੂਤਰੇ ਤੋਮ[1] ਕਬੂਤਰ। [1]ਬਹੁਤ।
ਹਤ੍ਯੋ, ਪਿਖੇ ਬਿਨ ਦਯੋ ਪਗ੍ਰਤਰ[1]।' [1]ਪੈਰ (ਉਸਦੇ) ਉੱਤੇ ਦੇਕੇ।
ਸਤਿਗੁਰ ਕਹ੍ਯੋ 'ਕਹਾਂ ਹੁਇ ਗਯੋ?
ਬਿਨਸਨ ਕੌ ਸਗਰੇ ਤਨ ਕਯੋ ॥੧੦॥
ਏਕ ਮਰੇ ਤੇ ਅਚਰਜ ਕਹਾਂ।
ਹੋਨਹਾਰ ਪਰ ਰਿਸ ਕ੍ਯਾ ਲਹਾ।'
ਸੁਨਿ ਸਭਿ ਬੋਲੇ 'ਭਲ ਤੁਮ ਆਏ।
ਸਰਬ ਕਬੂਤਰ ਦੇਹੁ ਮਰਾਏ' ॥੧੧॥
ਸੁਨਿ ਗੁਰ ਕਹ੍ਯੋ 'ਜਿ ਅਸ ਮਨ ਆਈ।
ਮਰਹਿਂ ਕਬੂਤਰ ਅਬਿ ਸਮੁਦਾਈ।'
ਬਚਨ ਗੁਰੂ ਕੇ ਕਹਿਨੇ ਕਰਿ ਕੈ।
ਜਿਤੇ ਕਬੂਤਰ ਗਿਰੇ ਸੁ ਮਰਿ ਕੈ ॥੧੨॥
ਹੁਤੋ ਹਜ਼ਾਰਹੁਂ ਕੀਰਨ ਥਾਨ[1]। [1]ਹਜ਼ਾਰਾਂ ਨਾਲ ਥਾਂ ਪੂਰਨ ਸੀ। [ਸੰ:, ਕੀਰਣ=ਕੱਜਿਆ, ਫੈਲਿਆ, ਭਰਿਆ]।
ਹੇਰਿ ਹੇਰਿ ਨਰ ਭਏ ਹਿਰਾਨ।
-ਇਹ ਅਜ਼ਮਤ ਜੁਤਿ ਪੁਰਖ ਬਿਸਾਲੇ।
ਕਰੇ ਬਾਕ ਤੇ ਖਗ ਹਤਿ ਜਾਲੇ- ॥੧੩॥
ਉਠਿ ਉਠਿ ਕਰਿ ਪਗ ਬੰਦਨ ਕਰੇ।
'ਛਿਮਹੁ ਭੂਲ ਪ੍ਰਤਿਕੂਲ ਜਿ ਉਚਰੇ।
ਰਾਵਰ ਕੋ ਪ੍ਰਤਾਪ ਨਹਿਂ ਜਾਨਾ।
ਅਬਿ ਜਾਨਾ ਜਬਿ ਬਾਕ ਬਖਾਨਾ ॥੧੪॥
ਮਰੇ ਕਬੂਤਰ ਦੇਹੁ ਜਿਵਾਇ।
ਕਰਹਿਂ ਅਵੱਗਜਾ ਅਪਰ ਨ ਕਾਇ।'
ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇਂ।
'ਪਾਵਹੁ ਚੋਗ ਜੀਵਿ ਹੈਂ ਸਾਰੇ' ॥੧੫॥

ਦਾਨੇ ਆਨਿ ਬਿਖੇਰਨ ਕਰੇ।
ਉਠਿ ਪਾਰਾਵਤ[1] ਜੀਵਨ ਧਰੇ।
ਬੀਨ ਬੀਨ ਚੋਗਾ ਨਿਜ ਖਾਵੈਂ।
ਹੇਰਿ ਹੇਰਿ ਸਗਰੇ ਬਿਸਮਾਵੈਂ ॥੧੬॥
ਸਿਖ ਕੇ ਪੈਰਨ ਤੇ ਜੋ ਮਰਜੋ।
ਸੋ ਨਹਿਂ ਜੀਯੋ ਰਹਜੋ ਧਰ ਪਰਜੋ।
ਤਿਸ ਕੋ ਦੇਖਤਿ ਬਹੁਰ ਉਚਾਰੇ।
'ਇਸ ਪਰ ਕਯੋਂ ਨ ਕ੍ਰਿਪਾ ਨਿਜ ਧਾਰੇ?'
॥੧੭॥
ਸਿੰਘਨ ਭੀ ਕਹਿ 'ਇਸੇ ਜਿਵਾਵੋ।'
ਪ੍ਰਭੁ ਫੁਰਮਾਇ 'ਚੋਗ ਇਸ ਪਾਵੋ।'
ਲੇ ਕਰਿ ਸਿੱਖਨ ਤਿਸੈ ਅਗੇਰੇ।
ਮੋਠ ਬਾਜਰੀ ਜਬਹਿ ਬਿਖੇਰੇ ॥੧੮॥
ਉਠਿ ਜੀਵਜੋ ਹੇਰਤਿ ਬਿਸਮਾਏ।
ਲਜਾਇ ਉਪਾਇਨ ਸੀਸ ਨਿਵਾਏ।
'ਸ੍ਰੀ ਗੁਰ ਸੁਜਸੁ ਸੁਨਜੋਂ ਹਮ ਜੈਸੇ।
ਦਰਸ਼ਨ ਕਰਜੋ ਆਪ ਕੋ ਤੈਸੇ' ॥੧੯॥
ਦੋਇ ਘਰੀ ਠਹਿਰੇ ਗੁਰ ਤਹਾਂ।
ਪੁਨ ਗਮਨੇ ਬਜ਼ਾਰ ਬਡ ਜਹਾਂ।
ਬਡੇ ਧਨਾਢ ਬਨਕ ਬਿਵਹਾਰੂ।
ਹਾਟਨ ਮਹਿਂ ਦੀਨਾਰ ਅੰਬਾਰੂ ॥੨੦॥
ਗਿਨਤੀ ਕਹਾਂ ਰਜਤਪਣ ਕੇਰੀ।
ਮੁਕਤਾ ਬਹੁ ਪ੍ਰਵਾਲ ਕੋ ਹੇਰੀ।
ਮੁਹਰਨਿ ਦੇਖਿ ਅਨੰਦ ਉਦਾਰਾ।
ਸਿੰਘਨ ਸੰਗ ਸੁਨਾਇ ਉਚਾਰਾ† ॥੨੧॥

ਬਚਨ:
ਨਹੁਰ ਗੁਰੂ ਕੀ ਮੋਹਰ[1]।
ਸਿੰਘ ਆਵਹਿੰਗੇ ਜਬਿ ਲੁਟਹਿੰਗੇ†।

ਚੌਪਈ:
ਇਮ ਕਹਿ ਨਗਰ ਨਿਹਾਰਜੋ ਸਾਰਾ।
ਪੁਨ ਆਏ ਡੇਰੋ ਜਹਿਂ ਡਾਰਾ।

[1]ਕਬੂਤਰ।

†ਇਹ ਹੁਕਮ ਨਹੀਂ ਦਿੱਤਾ, ਭਵਿੱਖਤ ਹੋਨਹਾਰ ਦੇਖਕੇ ਕਹੀ ਹੈ।

[1]ਨੌਹਰ ਗੁਰਾਂ ਕੀਆਂ ਮੁਹਰਾਂ ਹਨ। †ਤਵਾ: ਖਾ: ਵਿਚ ਪਾਠ ਆਉਂ ਹੈ:-ਨਹੁਰ ਸ਼ਹਿਰ, ਰੁਪੱਯਾ ਮੁਹਰ। ਸਿੰਘ ਲੁਟੇਂਦੇ ਦੋ ਪਹਿਰ। ਸਾਖੀ ਪੋਥੀ ਵਿਚ ਪਾਠ ਹੈ:-'ਨਹੁਰ ਗੁਰੂ ਕੀ ਮੁਹਰ ਲੁਟੇਗਾ ਖਾਲਸਾ'।

ਨਾਮ ਥਾਨ ਕੋ ਛੀਨ ਤਲਾਈ[1]।
ਜਹਿਂ ਉਤਰੇ ਨਿਸ ਬਸਨਿ ਗੁਸਾਈਂ ॥੨੨॥
ਖਾਨ ਪਾਨ ਕਰਿ ਸੈਨਾ ਸਾਰੀ।
ਸੁਪਤਿ ਜਥਾ ਸੁਖ ਰਾਤਿ ਗੁਜ਼ਾਰੀ।
ਲੂਟਨ ਬਚਨ ਗੁਰੂ ਜੋ ਭਨਜੋਂ।
ਹੋ ਪੂਰਨ ਭਾ ਹਮ ਇਮ ਸੁਨਜੋਂ ॥੨੩॥
ਬਰਖ ਅਠਾਰਾਂ ਸੈ ਰੁ ਇਕਾਦਸ਼[1]।
ਪੰਥ ਖਾਲਸਾ ਗਮਨਜੋ ਬਰਬਸ[1]।
ਚੂਰੂ ਪੁਰਿ ਕੀ ਸੁਨਿ ਬਡ ਮਾਯਾ।
ਬ੍ਰਿੰਦ ਖਾਲਸੇ ਕੋ ਦਲ ਧਾਯਾ ॥੨੪॥
ਪਹੁੰਚੇ ਨਿਕਟ ਸੁਨੀ ਸਭਿ ਬਾਤ।
'ਬਾਰੀ ਖਾਰਾ ਪਿਯੋ ਨ ਜਾਤਿ।
ਜੇ ਪੀਵੈਂ ਲਾਗੈਂ ਅਤਿਸਾਰਾ[1]।
ਹੋਤਿ ਜਾਤਿ ਮਾਨਵ ਬੀਮਾਰਾ ॥੨੫॥
ਪੁਰਿ ਕੇ ਵਹਿਰ ਅਹੈ ਜਲ ਐਸੋ।
ਪਿਯੋ ਨ ਜਾਇ ਪਿਯੋ ਰੁਜ ਜੈਸੋ[1]।'
ਸੁਨਿ ਕੈ ਹਟਜੋ ਖਾਲਸਾ ਬਲੀ।
'ਛੂਛੇ ਚਲੈਂ ਬਾਤ ਨਹਿਂ ਭਲੀ' ॥੨੬॥
ਪੁਰਿ ਨੌਹਰ ਕੋ ਦਲ ਚਲਿ ਆਯੋ।
ਸੰਗ ਤੁਫੰਗੈਂ ਜੰਗ ਮਚਾਯੋ।
ਬਰੇ ਹੇਲ ਕਰਿ ਲੂਟ ਬਜਾਰਾ।
ਲੀਨੋ ਦਰਬ ਬ੍ਰਿੰਦ ਦੀਨਾਰਾ ॥੨੭॥
ਤ੍ਰਿਪਤ ਹੋਇ ਤਹਿਂ ਤੇ ਚਲਿ ਆਏ।
ਮੁਲ ਹਯ ਲੇ ਅਸਵਾਰ ਬਨਾਏ।
ਕੇਤਿਕ ਭਏ ਤਬਹਿ ਸਿਰਦਾਰ।
ਲਏ ਗ੍ਰਾਮ ਗਨ ਤੁਰਕਨਿ ਮਾਰ ॥੨੮॥
ਕਹਜੋ ਗੁਰੂ ਕੋ ਤਬਿ ਸਫਲਾਯੋ।
ਬ੍ਰਿਧ ਸਿੰਘਨਿ ਤੇ ਹਮ ਸੁਨਿ ਲਯੋ।
ਛੀਨ ਤਲਾਈ ਡੇਰਾ ਪਾਇ।
ਸ੍ਰੀ ਪ੍ਰਭੁ ਬਸਿ ਤਹਿਂ ਰਾਤਿ ਬਿਤਾਇ ॥੨੯॥

[1]ਛੀਨ ਤਲਾਈ ਨਾਮ ਹੈ।
[1]ਸੰਮਤ ੧੮੧੧।
[1]ਮੱਲੋ ਮੱਲੀ।
[1]ਅਤੀਸਾਰ, ਦਸਤ।
[1]ਪੀਤਿਆਂ ਰੋਗ ਜਿਹਾ ਹੋ ਜਾਂਦਾ ਸੀ।

ਪ੍ਰਾਤ ਹੋਤਿ ਕਰਿ ਸੌਚ ਸ਼ਨਾਨਾ।
ਚਢਿ ਕਿਕਾਨ ਪਰ ਕਰਜੋ ਪਯਾਨਾ।
ਜਾਤਿ ਖਾਲਸੇ ਕੋ ਦਲ ਸਾਥ।
ਕੋਸ ਅਸ਼ਟ ਦਸ ਪਹੁੰਚੇ ਨਾਥ ॥੩੦॥
ਨਗਰ ਭਾਦਰਾ† ਉਤਰੇ ਜਾਇ।
ਸ਼੍ਰਮਤ ਬਿਹੀਰ ਪਹੁਚਜੋ ਆਇ।
ਤ੍ਰਿਣ ਦਾਨਾ ਗਨ ਦੀਨਿ ਨਿਹਾਰੀ।
ਸ਼੍ਰਮ ਨਿਰਵਾਰਜੋ ਬਾਹਨ ਭਾਰੀ ॥੩੧॥
ਲੋਕਨ ਕੋ[1] ਘ੍ਰਿਤ ਬਹੁ ਮਿਸ਼ਟਾਨ।
ਸਤਿਗੁਰ ਦੀਨ ਸ਼੍ਰਮਤਿ ਗਨ ਜਾਨਿ।
ਦੇਗ਼ ਤਜਾਰ ਹੋਈ ਬਰਤਾਏ।
ਖਾਨ ਪਾਨ ਕਰਿ ਸਭਿ ਤ੍ਰਿਪਤਾਏ ॥੩੨॥
ਸੁਪਤਿ ਹੋਇ ਕਰਿ ਸ਼੍ਰਮ ਨਿਰਵਾਰਾ।
ਭਈ ਪ੍ਰਾਤ ਪੁਨ ਕੀਨਸਿ ਤਜਾਰਾ।
ਪਰਮ ਸਿੰਘ ਅਰੁ ਧਰਮ ਸਿੰਘ ਦੁਇ।
ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ ॥੩੩॥
ਪਹੁੰਚਹਿਂ ਪਗ† ਤੇ ਪੂਰਬ ਜਾਇ।
ਨਵੋਂ ਮੰਚ ਨਿਤ ਲੇਤਿ ਬਨਾਇ।
ਦੁਇ ਤੁਰੰਗ ਬਖਸ਼ੇ[1] ਹੱਥਜਾਰ।
ਗੁਰ ਬਖਸ਼ਿਸ਼ ਲੀਨਸਿ ਕਰ ਧਾਰਿ ॥੩੪॥
ਸ਼੍ਰੀ ਪ੍ਰਭੁ ਆਗੇ ਪੰਥ ਪਯਾਨੇ।
ਤਿਸ ਦਿਨ ਸ਼੍ਰਮਤ ਸਾਥ ਕੋ ਜਾਨੇ।
ਅਲਪ ਮਜਲ ਕਰਿ ਉਤਰੇ ਜਾਇ।
ਸਪਤਿ ਕੋਸ ਪਰ ਗ੍ਰਾਮ ਜੁ ਆਇ ॥੩੫॥
ਨਾਮ ਸੁਹੇਵਾ ਤਿਸੁ ਕੋ ਜਾਨਿ।
ਉਤਰਜੋ ਡੇਰਾ ਸਭਿ ਹੂੰ ਆਨਿ।
ਪਰਮ ਸਿੰਘ ਤਬਿ ਲੈ ਹਥਿਯਾਰ।

†ਰਿਆਸਤ ਬੀਕਾਨੇਰ ਵਿਚ ਹੈ, ਸਰਸੇ ਤੋਂ ਦਸ ਬਾਰਾਂ ਕੋਹ ਪਰੇ ਹੈ, ਏਥੇ ਗੁਰਦਵਾਰਾ ਨਹੀਂ ਹੈ।

[1](ਨਾਲ ਦੇ) ਲੋਕਾਂ ਨੂੰ।

†ਪਾ:-ਪ੍ਰਭੁ।

[1]ਬਖਸ਼ੇ ਸਨ।

ਬੰਧਿ[1] ਭਲੇ ਸਿਰ ਲੀਨੇ ਧਾਰਿ ॥੩੬॥
ਘੋਰਨ ਕੋ ਮਗ ਮਹਿਂ ਡੁਰਿਆਏ[1]।
ਨਹਿਂ ਚਢਿਬੇ ਕਹੁ ਚਿਤ ਲਲਚਾਏ।
ਗੁਰ ਬਖਸ਼ਿਸ਼ ਉੱਤਮ ਬਹੁ ਜਾਨੀ।
ਰਾਖਿ ਅਦਾਇਬ ਕੋ ਬਹੁ ਮਾਨੀ ॥੩੭॥
ਸਿੱਖਨ ਪ੍ਰਭੁ ਸੋਂ ਜਾਇ ਬਤਾਏ।
'ਹਯਨਿ ਚਢੇ ਨਹਿਂ, ਪਗ ਸੋਂ ਆਏ।
ਸ਼ਸਤ੍ਰ ਸਕਲ ਸਿਰ ਪਰ ਧਰਿ ਆਨੇ।
ਉਲਟੋ ਖੇਦ ਚਲਨ ਮੋ ਜਾਨੇ' ॥੩੮॥
ਸੁਨਿ ਸਤਿਗੁਰ ਨਿਜ ਨਿਕਟ ਹਕਾਰੇ।
'ਬੂਝਯੋ ਇਹ ਕਯਾ ਕੀਨਸਿ ਕਾਰੇ?
ਹਯ ਨ ਚਢੇ ਨਹਿਂ ਸ਼ਸਤ੍ਰ ਸਜਾਏ?
ਸਿਰ ਧਰਿ ਕਰਿ ਮਹਿਂ ਗਹਿ ਕਰਿ ਲਯਾਏ
॥੩੯॥
ਖੇਦ ਚਲਨ ਕੋ ਜਾਨਿ ਸੁ ਦੀਨੇ।
ਸੋ ਤੁਮ ਨਹੀਂ ਨਿਵਾਰਨ ਕੀਨੇ[1]।
ਇਹ ਕਾਰਨ ਕਯਾ ਦੇਹੁ ਬਤਾਈ?'
ਹਾਥ ਜੋਰਿ ਤਿਨ ਦੁਹਨ ਸੁਨਾਈ ॥੪੦॥
'ਰਾਵਰ ਕੀ ਬਖਸ਼ਿਸ਼ ਕੋ ਅਦਬ।
ਜੇ ਨ ਕਰਹਿਂ ਹਮ ਕੋ ਬਡ ਗ਼ਜ਼ਬ।
ਪੂਜਨੀਯ ਹਮ ਤਿਨ ਕੋ ਜਾਨੇ।
ਮਸਤਕ ਟੇਕਹਿਂ ਤੁਮ ਸਮ ਮਾਨੇ' ॥੪੧॥
ਸੁਨਿ ਪ੍ਰਸੰਨ ਹ੍ਵੈ ਗੁਰੂ ਉਚਾਰਾ।
'ਤੁਮਰੀ ਜਿਹਵਾ ਹੀ ਖਗ ਧਾਰਾ।
ਜਿਹਠਾਂ ਨਿਕਸੈ ਬਾਕ ਤੁਹਾਰਾ।
ਆਯੁਧ ਤੇ ਤੂਰਨ ਕਰਿ ਪਾਰਾ' ॥੪੨॥
ਇਮ ਬਰ ਦੇ ਕਰਿ ਯੁਤਿ ਸਨਮਾਨਾ।
ਨਿਕਟ ਬਿਠਾਏ ਕ੍ਰਿਪਾ ਨਿਧਾਨਾ।
ਤਹਾਂ ਜੰਡ ਇਕ ਸਨਮੁਖ ਖਰਯੋ।
ਤਿਸ ਮਹਿਂ ਚਲਦਲ[1] ਇਕ ਲਗ ਪਰਯੋ
॥੪੩॥
ਅਵਿਲੋਕਤਿ ਪ੍ਰਭੁ ਬਾਕ ਬਖਾਨਾ।

[1]ਹਥਿਆਰ) ਬੰਨ੍ਹ ਕੇ।
[1]ਡੋਰਾਂ ਤੋਂ ਫੜਕੇ ਲਿਆਏ।
[1]ਭਾਵ ਥਕੇਵੇਂ ਤੋਂ ਆਪ ਨੂੰ ਨਹੀਂ ਬਚਾਇਆ।
[1]ਪਿੱਪਲ।

ਇਹ ਜਬਿ ਚਲਦਲ ਵਧਹਿ ਮਹਾਨਾ।
ਤਰੈ ਜੰਡ ਕੋ ਲੇਇ ਦਬਾਈ।
ਸਭਿ ਦਿਸ਼ਿ ਤੇ ਊਪਰ ਲੇ ਛਾਈ† ॥੪੪॥

†ਇਹ ਥਾਂ ਸਰਸੇ ਤੋਂ ਪੰਝੀ ਕੁ ਕੋਹ ਪਰ ਹੈ। ਆਮ ਨਾਮ 'ਸਾਹਿਆ' ਹੈ, ਗੁਰਦਵਾਰਾ ਏਥੇ ਹੈ। ਪਿੱਪਲ ਜੰਡ ਬੀ ਹੈ। ਪਿੱਪਨ ਨੇ ਜੰਡ ਨੂੰ ਲਗਪਗ ਨਿਗਲ ਲਿਆ ਹੈ। ਰਿਆਸਤ ਬੀਕਾਨੇਰ ਹੈ। ਇਹ ਪ੍ਰਸੰਗ ਸਾਖੀ ਪੋਥੀ ਵਿਚੋਂ ਹੈ।

ਤਬਹਿ ਖਾਲਸਾ ਵਧਹਿ ਹਮਾਰਾ।
ਗੁਡਲੀ ਚਲਹਿ ਤੁਰਕ ਕੋ ਮਾਰਾ[1]।'

[1]ਅਜੇ ਤਾਂ ਖਾਲਸਾ) ਰਿੜ੍ਹਦਾ ਹੈ ਭਾਵ ਬੱਚਾ ਹੈ, (ਤਦੋਂ ਜ੍ਵਾਨ ਹੋਕੇ) ਤੁਰਕਾਂ ਨੂੰ ਮਾਰ ਲਏਗਾ [ਗੁਡਲੀ=ਗੋਡਿਆਂ ਪਰਨੇ ਟੁਰਨਾ। ਰਿੜ੍ਹਨਾ]।

ਸੁਨਤਿ ਖਾਲਸੇ ਟੇਕਯੋ ਮਾਥਾ।
'ਧੰਨ ਧੰਨ ਤੁਮ ਸ਼੍ਰੀ ਗੁਰ ਨਾਥਾ' ॥੪੫॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਪੰਥ ਚਲਨ' ਪ੍ਰਸੰਗ ਬਰਨਨੰ ਨਾਮ ਚਤਰਤ੍ਰਿੰਸਤੀ ਅੰਸੂ ॥੩੪॥

## ੩੫. [ਭਾਈ ਰਾਮ ਸਿੰਘ ਦਾ ਨੱਸਣਾ]

੩੪<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਖਾਨ ਪਾਨ ਕਰਿ ਜਥਾ ਸੁਖ, ਪ੍ਰਾਤਿ ਭਈ ਹੁਇ ਤਯਾਰ।
ਚਢਿ ਬੈਠੇ ਸ਼੍ਰੀ ਸਤਿਗੁਰੂ, ਗਮਨੇ ਪੰਥ ਮਝਾਰ ॥੧॥

ਚੌਪਈ:

ਸ਼੍ਰੀ ਗੁਰ ਆਗੇ ਜਬਿ ਗਮਨਏ।
ਸੰਗੀ ਸਿੰਘ ਸਕਲ ਚਢਿ ਗਏ।
ਰਾਮ ਸਿੰਘ ਭਗਤੂ ਕਾ ਤਹਾਂ।
ਇਤ ਉਤ ਟਰਿ ਕੈ ਥਿਰ ਹੁਇ ਰਹਾ ॥੨॥
ਕੇਤਿਕ ਦੂਰ ਉਲੰਘੇ ਜਬੈ।
ਚਢਿ ਤੁਰੰਗ ਪਰ ਹਟਯੋ ਸੁ ਤਬੈ।
ਏਕ ਸਿੰਘ ਵਾਹਨ[1] ਦੌਰਾਇ। — [1]ਭਾਵ ਘੋੜਾ।
ਪ੍ਰਭੁ ਸੋਂ ਮਿਲਿ ਕੈ ਦੀਯੋ ਬਤਾਇ ॥੩॥
'ਰਾਮ ਸਿੰਘ ਭਾਈ ਭਜਿ ਚਲਯੋ।
ਸੰਗ ਆਪ ਕੋ ਨਾਂਹਿਨ ਮਿਲਯੋ।'
ਸੁਨਿ ਪ੍ਰਭੁ ਥਿਰ ਹੁਇ ਸਿੱਖ ਪਠਾਇ।
'ਆਨ[1] ਹਮਾਰੀ ਦਿਹੁ, ਨਹਿਂ ਜਾਇ' ॥੪॥ — [1]ਸੁਗੰਦ।
ਗੁਰ ਕੋ ਪਠਯੋ ਸਿੰਘ ਤਹਿਂ ਗਯੋ।
'ਰਾਮ ਸਿੰਘ ! ਠਹਿਰੋ' ਕਹਿ ਦਯੋ।
'ਪ੍ਰਭੁ ਮੁਹਿ ਭੇਜਾ ਦੇ ਤ੍ਰੈ ਆਨ[1]। — [1]ਤ੍ਰੈ ਸੁਗੰਦਾਂ।
ਤੀਨ ਲਕੀਰ ਨ ਉਲੰਘ ਪਯਾਨ[1] ॥੫॥ — [1]ਉਲੰਘਕੇ ਨਾ ਜਾਹ।
ਸੰਗ ਚਲਹੁ ਸਗਰੇ ਸੁਖ ਚੀਨ।
ਹਟਨ ਹੁਤੋ ਕਯੋਂ ਖੁਸ਼ੀ ਲਈ ਨ[1]। — [1]ਭਾਵ ਜੇ ਮੁੜ ਹੀ ਜਾਣਾ ਸੀ ਤਾਂ ਖੁਸ਼ੀ ਕਿਉਂ ਨਹੀ ਲਈ।
ਉਚਿਤ ਨ ਤੋਹਿ ਭਾਜ ਕਰਿ ਜਾਨਾ।
ਸੁਨਿ ਕੈ ਖਰੇ ਪ੍ਰਭੁ ਤਿਸ ਥਾਨਾ' ॥੬॥
[1] 'ਦੱਖਿਣ ਬਨਹਿ ਜਾਨ ਨਹਿਂ ਮੇਰੋ। — [1]ਰਾਮ ਸਿੰਘ ਨੇ ਕਿਹਾ।
ਘਰ ਕੇ ਕਾਜ ਅਨਿਕ ਬਿਧਿ ਝੇਰੋ।
ਨਹਿਂ ਮੈਂ ਰਹੌਂ ਮਿਲੌਂ ਨਹਿਂ ਜਾਇ।

ਕਰੌਂ ਬੰਦਨਾ ਇਸ ਹੀ ਥਾਇਂ ॥੭॥
ਇਮ ਕਹਿ ਲੰਘਿ ਲਕੀਰਨਿ ਗਯੋ।
ਦੇਖਿ ਸਿੰਘ ਉਰ ਅਚਰਜ ਭਯੋ।
ਪ੍ਰਭੁ ਕੋ ਕਰੀ ਬਤਾਵਨ ਸਾਰੀ।
'ਉਲੰਘਜੋ ਆਨ ਲਕੀਰ ਅਗਾਰੀ ॥੮॥
ਚਹੈ ਸਦਨ, ਧੀਰਜ ਉਰ ਖੋਈ।
ਹਟਹਿ ਨਹੀਂ ਇਤ ਕੋ ਬਿਧਿ ਕੋਈ।'
ਪੁਨ ਸਤਿਗੁਰ ਨਿਜ ਪਠਜੋ ਰੁਮਾਲ।
'ਆਗੇ ਦੇਹੁ ਤਿਸੀ ਕੇ ਡਾਲਿ ॥੯॥
ਕਹਹੁ ਕਿ ਗੁਰੂ ਪਾਗ ਇਹ ਜਾਨ†।

†ਮੁਰਾਦ ਪੱਗ ਤੋਂ ਨਹੀਂ। ਮੁਰਾਦ ਹੈ ਕਿ ਇਕ ਵੇਰੀ ਜ਼ਰੂਰ ਹੀ ਗੁਰੂ ਜੀ ਨੂੰ ਮਿਲ ਆਵੇ। ਇਹ ਆਨ ਐਸੀ ਕਠਨ ਸੀ ਕਿ ਜੋ ਰਾਮ ਸਿੰਘ ਤੋਂ ਉਲੰਘਣ ਦੀ ਆਸ ਨਹੀਂ ਸੀ ਹੋ ਸਕਦੀ, ਪਰ ਉਹ ਇਹ ਬੀ ਤੋੜ ਗਿਆ।

ਇਸ ਕੋ ਉਲੰਘ ਨ ਬਨਹਿ, ਸੁ ਮਾਨ[1]।'

[1]ਮੰਨ ਲੈ।

ਸੁਨਤਿ ਸਿੰਘ ਘੋਰਾ ਦੌਰਾਇ।
ਆਨਿ ਮਿਲਜੋ ਗਮਨਤਿ ਜਿਸ ਥਾਇਂ ॥੧੦॥
ਮਗ ਮਹਿਂ ਡਾਰਜੋ ਦਿਯੋ ਸੁਨਾਇ।
'ਇਹ ਗੁਰ ਪਾਗ ਨ ਉਲੰਘਨ ਪਾਇ।
ਹਟਹੁ ਪਿਛੇਰੇ ਮਿਲਿ ਕਰਿ ਮਿਲੋ।
ਇਸੀ ਬਾਤ ਮੈਂ ਲਖਿ ਨਿਜ ਭਲੋ' ॥੧੧॥
ਰਾਮ ਸਿੰਘ ਬੋਲਜੋ 'ਮੈਂ ਜਾਨਾ।
ਹਟਜੋ ਨ ਜੈ ਹੈ[1], ਨਿਸ਼ਚੈ ਮਾਨਾ।

[1]ਭਾਵ ਮੁੜਕੇ ਗੁਰੂ ਜੀ ਪਾਸ ਜਾਇਆ ਨਹੀਂ ਜਾਂਦਾ।

ਦੱਖਣ ਦੂਰ ਦੇਸ਼ ਹਮ ਘਰ ਤੇ।
ਹਾਨ ਲਾਭ ਸੁਧ ਕੋਇ ਨ ਕਰਤੇ ॥੧੨॥
ਹਮ ਤੇ ਤਜਾਗਜੋ ਜਾਇ ਨ ਸਦਨ।
ਲਗਜੋ ਨ ਜਾਇ ਗੁਰੂ ਕੇ ਬਦਨ[1]।'

[1]ਭਾਵ ਸਨਮੁਖ ਨਹੀਂ ਹੋਇਆ ਜਾਂਦਾ।

ਇਮ ਕਹਿ ਉਲੰਘਿ ਰੁਮਾਲ ਸਿਧਾਯੋ।
ਡਾਲ ਮੂਲ ਇਕ ਬਾਰ ਨਸਾਯੋ[1] ॥੧੩॥

[1]ਜੜ੍ਹ ਤੇ ਡਾਲਾਂ ਇਕੋ ਵਾਰ ਨਾਸ਼ ਹੋ ਗਈਆਂ।

ਸਿੰਘ ਗਯੋ ਹਟਿ ਸਤਿਗੁਰ ਪਾਸ[1]।

[1]ਸਿੰਘ ਨੇ ਗੁਰੂ ਜੀ ਨੂੰ ਆਕੇ ਆਖਿਆ।

'-ਮੁਝ ਤੇ ਤਜਜੋ ਨ ਜਾਇ ਅਵਾਸ-।'
ਸੁਨਿ ਪ੍ਰਭੁ ਕੋ ਰਿਸ ਭਈ, ਬਖਾਨ[1]।

[1]ਤੇ) ਕਹਿਆ।

'ਜੋ ਘਰ ਤਜਾਗ ਨ ਸਕੈ ਅਜਾਨ ॥੧੪॥
ਏਕ ਮਾਸ ਲਗਿ ਟੱਕਰ ਮਾਰਹਿ।
ਪੁਨ ਤਿਸ ਘਰ ਕੋ ਤਜਾਗ ਸਿਧਾਰਹਿ।
ਡੱਲੇ ਸਹਿਤ ਜਿਤਿਕ ਭਜ ਗਏ।
ਸੋ ਜਮ ਨੇ ਤੁਰਨ ਗਹਿ ਲਏ ॥੧੫॥
ਜੋ ਹਮ ਕੋ ਇਤ ਛੋਰਿ ਸਿਧਾਏ।
ਉਤ ਉਨ ਕੋ ਜਮ ਗਹਿ ਸਹਿਸਾਏ।'
ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ।
ਹਟੇ ਜੁ ਸਗਰੇ ਆਪਦ ਪਾਗੇ ॥੧੬॥
ਰਾਮ ਸਿੰਘ ਜਬਿ ਹਟਿ ਕਰਿ ਆਯੋ।
ਭਯੋ ਬਾਵਰਾ ਘਰ ਪ੍ਰਵਿਸ਼ਾਯੋ।
ਫਤੇ ਸਿੰਘ ਨੇ ਆਨਿ ਉਤਾਰਾ।
ਪ੍ਰਵਿਸ਼ਜੋ ਅਪਨੇ ਸਦਨ ਮਝਾਰਾ ॥੧੭॥
ਕੰਧਨ ਸੋਂ ਸਿਰ ਦੇ ਦੇ ਮਾਰਹਿ।
ਘਰਿ ਕੋ ਸਭਿ ਗਹਿ ਗਹਿ ਹਟਕਾਰਹਿੰ।
ਉਤ ਡੱਲੇ ਪਰ ਅਪਦਾ ਪਰੀ।
ਭਯੋ ਰੋਗ ਤਨ ਹ੍ਵੈ ਜਰਜਰੀ ॥੧੮॥
ਅਪਰ ਜਿਤਿਕ ਤਜਿ ਤਜਿ ਗੁਰ ਆਏ।
ਸਭਿ ਕੋ ਸੰਕਟਿ ਲੀਨਿ ਦਬਾਏ।
ਮਾਸ ਬਿਤਜੋ ਦੁਖ ਪਾਵਤਿ ਜਬੈ।
ਰਾਮ ਸਿੰਘ ਤਨ ਤਜਾਗਜੋ ਤਬੈ ॥੧੯॥
ਤਿਮ ਹੀ ਕੇਤਿਕ ਦਿਨ ਦੁਖ ਪਾਇ।
ਡੱਲਾ ਮਰਜੋ ਰਿਦੇ ਪਛੁਤਾਇ।
ਚਢੀ ਧਾੜ ਪੁਰਿ ਲੂਟਨ ਆਈ।
ਸੁਨਿ ਡੱਲੇ ਕੋ ਮਰਜੋ ਤਿਥਾਈਂ ॥੨੦॥
ਹੁਤੇ ਪੌਤ੍ਰ ਦੋ ਖੇਲ ਸੁ ਪਾਗੇ।
ਇਕ ਲੇ ਤਕਵਾ[1] ਦੌਰਜੋ ਆਗੇ।
ਇਕ ਪਾਛੇ ਪਕਰਨ ਕੋ ਧਾਯੋ।
ਗਿਰਜੋ ਕਰੇਜਾ ਤਕਵੇ ਘਾਯੋ[1] ॥੨੧॥
ਦੁਤੀ ਸੀਤਲਾ ਤੇ ਮਰਿ ਗਯੋ।
ਇਮ ਸਭਿ ਬੰਸ ਬਿਨਾਸ਼ੀ ਭਯੋ[†]।

[1]ਚਰਖੇ ਦਾ ਤੱਕਲਾ। [ਸੰ:, ਤਰਕ। ਪੰਜਾਬੀ ਤਕਲਾ। ਗ੍ਰਾਮੀਨ ਹਿੰਦੀ ਤਕੁਆ। ਇਸ ਤੋਂ ਤਕਵਾ]।

[1]ਭਾਵ ਤਕਲਾ ਕਲੇਜੇ ਵਿਚ ਖੁਭ ਗਿਆ।

[†]ਇਹ ਗੱਲ ਵਿਸ਼ੇਸ਼ ਖੋਜ ਤਲਬ ਹੈ, ਕਿਉਂਕਿ

ਉਸਦਾ ਘਰਾਣਾ ਹੁਣ ਤੱਕ ਮੌਜੂਦ ਹੈ ਜਿਨ੍ਹਾਂ ਦੇ ਪਾਸ ਡੱਲੇ ਨੂੰ ਹੋਈਆਂ ਗੁਰੂ ਕੀਆਂ ਬਖਸ਼ਿਸ਼ਾਂ ਮੌਜੂਦ ਹਨ ਤੇ ਦਰਸ਼ਨ ਕਰਵਾਉਂਦੇ ਹਨ। ਜਾਪਦਾ ਹੈ ਕਿ ਡੱਲੇ ਦੇ ਬੇਟੇ ਤਾਂ ਗੁਜ਼ਰ ਗਏ ਪਰ ਭਰਾਵਾਂ ਵਿਚੋਂ ਯਾਂ ਕਿਸੇ ਹੋਰਸ ਪੁੱਤ੍ਰ ਤੋਂ ਵੰਸ਼ ਜਾਰੀ ਰਿਹਾ ਹੈ।

ਜੋ ਜੋ ਭਾਜੇ ਬਿਨ ਬਚ ਮਾਨੇ।
ਸੰਕਟ ਪਾਇ ਸੁ ਤਤਛਿਨ ਹਾਨੇ ॥੨੨॥
ਇਮ ਸ੍ਰਾਪਤਿ ਕਰਿ ਪ੍ਰਭੁ ਪਯਾਣੇ।
ਜਾਇ ਪਹੂੰਚੇ ਮਧੁ ਸਿੰਘਾਣੇ।
ਕੋਸ਼ ਅਸ਼ਟ ਦਸ ਡੇਰਾ ਕਿਯੋ।
ਸੰਧਜਾ ਸਮੈਂ ਆਨਿ ਤਬਿ ਭਯੋ ॥੨੩॥
ਸ਼੍ਰੀ ਗੁਰ ਮਨ ਮਹਿਂ ਇਮ ਠਹਿਰਾਈ।
-ਪਰਮ ਸਿੰਘ ਜੇ ਦੋਨਹੁ ਭਾਈ।
ਨਵੋਂ ਮੰਚ ਕਿਮ ਆਜ ਬਨਾਵੈਂ।
ਦੇਖਿ ਲੇਹੁ ਕਿਮ ਸਿਦਕ ਕਮਾਵੈਂ ॥੨੪॥
ਦਿਨ ਨਹਿਂ ਕਛੁ ਰਹਜੋ ਇਸ ਕਾਲ।
ਆਜ ਨ ਬਨਹਿ ਕਿਸੂ ਬਿਧਿ ਨਾਲ-।
ਤਬਿ ਦ੍ਵੈ ਭ੍ਰਾਤਾ ਉੱਦਮ ਕੀਨਿ।
ਦੋਇ ਦੁਛਾਂਗੇ ਬਾਢਿ ਸੁ ਲੀਨਿ ॥੨੫॥
ਗਾਡੇ ਜਹਿਂ ਪ੍ਰਭੁ ਸੁਪਤਨਿ ਥਾਨ।
ਪੀਨ ਬੇਰ[1] ਬੰਧੀ ਤਿਨ ਤਾਨ।

[1]ਵੱਟਿਆ ਹੋਇਆ ਰੱਸਾ। ਭਾਵ ਬਾਹੀਆਂ (ਹੀਂਆਂ) ਦੀ ਥਾਂ ਮੋਟੇ ਰੱਸੇ ਕੱਸ ਦਿੱਤੇ, [ਪੰਜਾਬੀ, ਬੇੜ=ਸੁੱਬੜ]। ਘਾਹ ਦਾ ਵੱਟਿਆ ਰੱਸਾ]।

ਮੰਚੇ ਕੀ ਬਿਧਿ ਬਨਿ ਕਰਿ ਤੁਰਤ।
ਊਪਰ ਡਾਰਿ ਬਸਤ੍ਰ ਗਨ ਫੁਰਤ[1] ॥੨੬॥
ਨੀਕੇ ਕਰਿ ਗੁਦਗੁਦਾ ਸੁਧਾਰਜੋ।
ਜਾਇ ਨਿਕਟ ਗੁਰ ਸੰਗ ਉਚਾਰਜੋ।
'ਤਜਾਰ ਮੰਚ ਹੈ ਲੀਨ ਬਨਾਇ।
ਆਪ ਬਿਰਾਜਹੁ ਤਿਸ ਪਰ ਜਾਇ' ॥੨੭॥

[1]ਬਹੁਤੇ ਬਸਤ੍ਰ ਛੇਤੀ ਪਾਕੇ।

ਸੁਨਿ ਬਿਸਮੇ ਤਬਿ ਉਠਿ ਕਰਿ ਗਏ।
ਹੁਇ ਅਰੂਢ ਪ੍ਰਭੁ ਬੈਠਤਿ ਭਏ।
ਦੇਖਨ ਹੇਤੁ ਤਰੈ ਕਰ ਪਾਯੋ[1]।
-ਕਿਮ ਇਨ ਬੁਨ ਕਰਿ ਨਯੋ ਬਨਾਯੋ? -

[1]ਤਲੇ ਹੱਥ ਪਾਇ ਦੇਖਣ ਲਈ ਕਿ।

॥ ੨੮ ॥

ਬਾਹੀ ਕੇ ਥਲ ਮੋਟੀ ਬੇਰੇ[1]।
ਪਾਵੈਂ ਥਾਨ ਦੁਛਾਂਗੇ ਹੇਰੇ[1]।
ਪ੍ਰਭੁ ਪ੍ਰਸੰਨ ਹੋਇ ਬੁਲਿਵਾਏ।
ਖੁਸ਼ੀ ਅਧਿਕ ਤਿਨ ਕੋ ਫੁਰਮਾਏ ॥ ੨੯ ॥
'ਪੂਰਨ ਸਿੱਖੀ ਤੁਮਹੁੰ ਨਿਬਾਹੀ।
ਅਬਿ ਹਟਿ ਜਾਹੁ ਬਸਹੁ ਘਰ ਮਾਂਹੀ।
ਬਿਨਾਂ ਸ਼ਸਤ੍ਰ ਹੀ ਸ਼ੱਤ੍ਰਨਿ ਜੀਤਹੁ।
ਕਿਸ ਤੇ ਚਿੰਤਾ ਹੋਇ ਨ ਭੀਤਹੁ' ॥ ੩੦ ॥
ਇਮ ਕਹਿ ਕੀਨਸਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ।
ਸ਼ਸਤ੍ਰ ਬਸਤ੍ਰ ਤਨ ਧਰਿ ਸਵਧਾਨੇ ॥ ੩੧ ॥
ਪਾਛੇ ਪਰਮ ਸਿੰਘ ਕੋ ਮੋਰੇ†।

†ਦੇਖੋ ਸਤਿਗੁਰਾਂ ਨੂੰ ਆਪਣੇ ਅਰਾਮ ਦਾ ਰੱਤੀ ਪਿਆਰ ਨਹੀਂ। ਜਦ ਦੋਹਾਂ ਦੀ ਸੁਰਤ ਆਤਮ ਮੰਡਲ ਵਿਚ ਕਿਸੇ ਟਿਕਾਣੇ ਅੱਪੜ ਗਈ ਹੈ ਸੇਵਾ ਤੇ ਪ੍ਰੇਮ ਭਾਵਨਾ ਨਾਲ, ਤਾਂ ਆਪ ਨੇ ਵਰ ਦੇਕੇ ਘਰੀਂ ਮੋੜ ਦਿੱਤਾ ਹੈ ਤੇ ਆਪਣੇ ਰੋਜ ਦੇ ਸੁਖ ਦੀ ਬੀ ਪਰਵਾਹ ਨਹੀ ਕੀਤੀ। ਇਹੋ ਜਿਹੇ ਨੁਕਤੇ ਹਨ ਆਪ ਦੀ ਜੀਵਨ ਦੇ ਜੋ ਲੋਕ ਧਿਆਨ ਦੇਕੇ ਸਮਝਦੇ ਨਹੀਂ। ਆਪ ਦਾ ਬਿਰਦ ਹੈ ਤਾਰਨਹਾਰ, ਜੋ ਕਰ ਰਹੇ ਹਨ ਜਗਤ ਦੇ ਭਲੇ ਲਈ। ਵਰ ਸ੍ਰਾਪ ਆਪਣੇ ਕਿਸੇ ਸੁਖ ਆਰਾਮ ਦੇ ਵਧਣ ਘਟਣ ਤੋਂ ਨਹੀਂ ਦੇਂਦੇ, ਜਗਤ ਜਲੰਦੇ ਤੇ ਦੁਖੀ ਦੇਸ਼ ਤੇ ਪਰਜਾ ਦੀ ਅਪਦਾ ਹਰਨ ਦੇ ਕੰਮ ਵਿਚ ਜਿਨ੍ਹਾਂ ਨੂੰ ਸਹਾਈ ਦੇਖਦੇ ਹਨ, ਖੁਸ਼ ਹੁੰਦੇ ਹਨ, ਜੋ ਭਜਦੇ ਹਨ ਉਨ੍ਹਾਂ ਨੂੰ ਸ੍ਰਿਸ਼ਟੀ ਦਾ ਅਪਿਆਰਾ ਜਾਣਕੇ ਤ੍ਰਿਸਕਾਰਦੇ ਹਨ। ਇਹ ਬੀ ਇਕ ਫਰਕ ਹੈਸੀ ਸੋਢੀ (ਰਾਮਰਾਈਏ, ਧੀਰਮੱਲੀਏ) ਮਸੰਦਾਂ ਆਦਿਕਾਂ ਦੀ ਤੇ ਆਪਦੀ ਗੁਰਤਾਈ ਦਾ। ਓਹ ਨਿਜ ਨੂੰ ਪਾਲਦੇ ਸਨ, ਗੁਰਤਾਈ ਨੂੰ ਆਪਣੀ ਵਡਿਆਈ ਜਾਣਕੇ ਜੱਫੇ ਮਾਰਦੇ ਸਨ, ਪਰ ਗੱਦੀ ਨਸ਼ੀਨ ਗੁਰੂ ਸਾਹਿਬਾਨ ਨਿਜ ਨੂੰ ਬੀ ਨੁਛਾਵਰ ਕਰਦੇ ਸਨ। ਫਿਰ ਆਪ ਅਵਤਾਰ ਸਨ ਤੇ ਧੁਰੋਂ ਆਏ ਸਨ। ਓਹ ਲੋਕ ਬਣ ਬਣ ਬਹਿੰਦੇ ਯਾ ਵੱਧ ਤੋਂ ਵੱਧ ਏਕਾਗ੍ਰਤਾ ਦੇ ਕੁਛ ਸਾਧਨ ਕਰਦੇ ਸਨ, ਧੁਰੋਂ ਘੱਲੇ ਗੁਰ ਅਵਤਾਰ ਨਹੀਂ ਸਨ।

ਹੁਕਮ ਅਮੋਰ ਜਾਨਿ ਕਰ ਜੋਰੇ।
'ਹਲਤ ਪਲਤ ਮਹਿਂ ਬਨਹੁ ਸਹਾਈ।
ਚਰਨ ਕਮਲ ਚਿਤ ਰਖਹੁ ਗੁਸਾਈਂ ॥ ੩੨ ॥
ਅਪਨੇ ਲਖਿ ਕਰਿ ਨਹਿਨ ਬਿਸਾਰਹੁ।
ਦਾਸਨ ਦਾਸਹਿ ਦਾਸ ਬਿਚਾਰਹੁ।'
ਇਮ ਕਰ ਬੰਦਨ ਕਰਤਿ ਪਯਾਨੇ।
ਰਿਦੇ ਰਾਖਿ ਸਤਿਗੁਰ ਕੋ ਧ੍ਯਾਨੇ†

[1]ਕਿ ਹੀਆਂ ਦੀ ਥਾਂ ਰੱਸੇ ਕੱਸੇ ਹਨ ਮੋਟੇ ਸਾਰੇ।
[1]ਪਾਵਿਆਂ ਦੀ ਥਾਵੇਂ ਚੁਸਾਂਗੇ ਦੇਖੇ।

॥੩੩॥

†ਆਖਦੇ ਹਨ ਕਿ ਜਦੋਂ ਪਰਮ ਸਿੰਘ ਧਰਮ ਸਿੰਘ ਜੀ ਘਰ ਪਹੁੰਚੇ ਤਾਂ ਇਨ੍ਹਾਂ ਦੇ ਵਡਕੇ ਨੇ, ਜੋ ਅਜੇ ਜੀਉਂਦੇ ਸਨ, ਇਨ੍ਹਾਂ ਨੂੰ ਮੱਥੇ ਨਾ ਲਾਇਆ ਤੇ ਆਖਿਆ ਕਿ ਤੁਸੀਂ ਬੀ ਰਾਮ ਸਿੰਘ ਤੇ ਡੱਲ ਸਿੰਘ ਵਾਂਙੂ ਗੁਰੂ ਜੀ ਤੋਂ ਚੋਰੀ ਆਏ ਹੋ, ਜੇ ਆਗਜ਼ਾ ਵਿਚ ਖੁਸ਼ੀ ਲੈਕੇ ਆਏ ਹੋ ਤਾਂ ਮੈਨੂੰ ਨਿਸ਼ਚਾ ਕਰਾਓ। ਦੋਏ ਭਿਰਾਉ ਫੇਰ ਮੁੜਕੇ ਗਏ ਤੇ ਗੁਰੂ ਸਾਹਿਬ ਜੀ ਨੂੰ ਦੱਖਣ ਦੇ ਰਸਤੇ ਜਾਕੇ ਮਿਲੇ। ਸਾਹਿਬ ਸੁਣਕੇ ਵਡਕੇ ਦੇ ਸਿਦਕ ਤੇ ਬੜੇ ਪ੍ਰਸੰਨ ਹੋਏ। ਇਕ ਪੋਥੀ ਆਪਣੀ ਨਿਸ਼ਾਨੀ ਉਨ੍ਹਾਂ ਨੂੰ ਬਖਸ਼ੀ। ਜਦੋਂ ਪੱਕਾ ਸਬੂਤ ਲੈਕੇ ਘਰ ਆਏ ਤਾਂ ਵਡਕੇ ਨੇ ਯਕੀਨ ਕੀਤਾ। ਇਹ ਪੋਥੀ ਹੁਣ ਬਾਗੜੀਆਂ ਦੇ ਭਾਈ ਸਾਹਿਬਾਨ ਪਾਸ ਬੜੇ ਸਨਮਾਨ ਨਾਲ ਰੱਖੀ ਹੋਈ ਹੈ, ਜਿਸ ਦਾ ਦਰਸ਼ਨ ਭਾਈ ਸਾਹਿਬ ਅਰਿਦਮਨ ਸਿੰਘ ਜੀ, ਇਸ ਵੇਲੇ ਦੇ ਗੱਦੀ ਨਸ਼ੀਨ, ਬੜੇ ਅਦਬ ਨਾਲ ਕਰਵਾਉਂਦੇ ਹਨ।

ਮਧੁ ਸਿੰਘਾਣੇ ਪੁਰਿ ਤੇ ਡੇਰਾ†।

†ਮਧੁ ਸਿੰਘਾਣਾ ਪ੍ਰਿੰਡ ਦਾ ਨਾਮ ਹੈ, ਏਥੇ ਗੁਰਧਾਮ ਨਹੀਂ ਹੈ। ਸਰਸੇ ਦੇ ਨੇੜੇ ਹੈ। ਸਰਸੇ ਤੋਂ ਅਗੇ ਉਤਾਰੇ ਦੇ ਥਾਵਾਂ ਵਿਚ ਕੁਛ ਅੱਗੜ ਪਿੱਛੜ ਰਲਾ ਹੈ ਤੇ ਮੰਜ਼ਲਾਂ ਤੇ ਟਿਕਾਣੇ ਅਜਮੇਰ ਤੱਕ ਸਾਰੇ ਸਿਲਸਿਲੇਵਾਰ ਨਹੀਂ ਆਏ। ਖੋਜ ਦੀ ਲੋੜ ਹੈ। ਮਧੁ ਸਿੰਘਾਣੇ ਤੋਂ ਪੁਸ਼ਕਰ ੧੮ ਕੋਹ ਹੈ, ਇਹ ਗੱਲ ਠੀਕ ਨਹੀਂ। ਇਹ ਹੋ ਸਕਦਾ ਹੈ ਕਿ ਪੁਸ਼ਕਰ ਦੇ ਨੇੜੇ ਕੋਈ ਹੋਰ ਗਿਰਾਂ ਇਸ ਨਾਮ ਦਾ ਤਦੋਂ ਹੋਵੇ। ਯਾ ਲੇਖਕ ਨੇ ਵਿਚਲੇ ਟਿਕਾਣੇ ਛੱਡ ਦਿੱਤੇ ਹਨ ਤੇ ਵੱਡੇ ਥਾਂ-ਪੁਸ਼ਕਰ-ਦਾ ਨਾਂ ਦੇ ਦਿੱਤਾ ਹੈ। ਸਾਖੀ ਪੋਥੀ ਵਿਚ ਪੁਹਕਰ ਤੋਂ ਮਗਰੋਂ ਚੁਰੂ ਡੇਰਾ ਕੀਤਾ ਲਿਖਿਆ ਹੈ, ਪਰ ਚੁਰੂ ਪੁਸ਼ਕਰ ਤੋਂ ਉਰੇ ਹੈ ਬਹੁਤਾ, ਇਹ ਤਾਂ ਸਰਸੇ ਤੋਂ ਹੀ ੮੦ ਕੁ ਮੀਲ ਦੱਖਣ ਨੂੰ ਹੈ।

ਪ੍ਰਭੁ ਜੀ ਕੂਚ ਕਰਯੋ ਤਿਸ ਬੇਰਾ।
ਹਯ ਅਰੂਢ ਕਰਿ ਪੰਥ ਪਯਾਨੇ।
ਪੀਛੇ ਸਿੰਘ ਬਹੀਰ ਸਿਧਾਨੇ ॥੩੪॥
ਕੋਸ ਅਸ਼ਟਦਸ਼ ਤਿਸ ਦਿਨ ਗਏ+।
ਪੁਸ਼ਕਰ ਤੀਰਥ ਆਵਤਿ ਭਏ।
ਉਤਰਿ ਪਰੇ ਤਹਿਂ ਸਿਵਰ ਲਗਾਯੋ।
ਸਕਲ ਬਹੀਰ ਸ਼੍ਰਮਤ ਹ੍ਵੈ ਆਯੋ ॥੩੫॥
ਕਹਯੋ ਪ੍ਰਭੁ 'ਇਤ ਕਰਹੁ ਮੁਕਾਮੂ।
ਸ਼੍ਰਮ ਨਿਰਵਾਰ ਲੇਹੁ ਬਿਸਰਾਮੂ।'
ਬਸੇ ਨਿਸਾ ਮਹਿਂ ਖਾਨ ਰੁ ਪਾਨ।
ਭਏ ਪ੍ਰਾਤਿ ਕਰਿ ਸ਼ੌਚ ਸ਼ਨਾਨ ॥੩੬॥
ਚੇਤਨ ਬਿੱਪ੍ਰ ਮਿਲਯੋ ਤਬਿ ਆਈ।
'ਆਸ਼ਿਰਬਾਦ' ਕਹਯੋ ਗੁਰ ਤਾਈਂ।
ਅਧਿਕ ਦਾਨ ਦੀਨੋ ਤਿਸ ਪਾਨ।
ਪਟ ਸੂਖਮ, ਦੀਨਾਰ, ਕਿਕਾਨ ॥੩੭॥
ਸ਼੍ਰੀ ਬਾਬਾ ਨਾਨਕ ਜਹਿਂ ਥਿਰੇ।
ਤਿਸੀ ਘਾਟ ਗੁਰ ਮੱਜਨ ਕਰੇ।
ਤਹਾਂ ਬੈਠਿ ਕਰਿ ਸਿੰਘਨ ਸਾਥ।
ਪੂਰਬ ਕੋ ਪ੍ਰਸੰਗ ਕਹਿ ਨਾਥ ॥੩੮॥

'ਗਮਨਤਿ ਕਰਤੇ ਸਹਜ ਸੁਭਾਇ।
ਸ਼੍ਰੀ ਬਾਬਾ ਜੀ ਬੈਠੇ ਆਇ।
ਗੋਰਖ ਲੀਏ ਸਿੱਧ ਸਮੁਦਾਈ।
ਆਨਿ ਅਦੇਸ਼ ਅਦੇਸ਼ ਅਲਾਈ ॥੩੯॥
ਚਰਚਾ ਕੁਛਕ ਜੰਗ ਕੀ ਕੀਨਿ।
ਜਥਾ ਜੋਗ ਤਬਿ ਉੱਤਰ ਦੀਨ।
ਸੁਨਿ ਸਿਧ ਸਕਲ ਨਿਮੇ ਕਰ ਬੰਦਿ।
ਗੋਰਖ, ਭਰਥਰਿ, ਗੋਪੀ ਚੰਦ ॥੪੦॥
ਮੰਗਲ ਆਦਿਕ ਸੁਜਸੁ ਉਚਾਰਾ।
-ਸ਼੍ਰੀ ਬਾਬਾ ਤੁਮ ਧੰਨ ਉਦਾਰਾ-।'
ਇਮ ਬੋਲਤਿ ਜਿਸ ਕਾਲ ਕ੍ਰਿਪਾਲਾ।
ਤਹਿਂ ਕੇ ਨਰ ਕਰਿ ਮੇਲ ਬਿਸਾਲਾ ॥੪੧॥
ਬਿੱਪ੍ਰ ਬਨਕ ਤੇ ਆਦਿਕ ਜਾਲ।
ਚਲਿ ਆਏ ਚੇਤਨ ਦਿਜ ਨਾਲ।
ਕਰਿ ਕਰਿ ਨਮੋ ਪ੍ਰਵਾਰਤਿ ਬੈਸੇ।
'ਕੌਨ ਜਾਤ' ਬੂਝਤਿ ਭੇ ਐਸੇ ॥੪੨॥
'ਸੰਗ ਆਪ ਕੇ ਕੇਸਨ ਧਾਰੀ।
ਕਯਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤਿ ਹੈਂ ਲਖਿ ਬੇਸ ਨਵੀਨਾ।
ਹਿੰਦੁ ਤੁਰਕ ਇਮ ਕਿਨਹੁਂ ਨ ਕੀਨਾ' ॥੪੩॥
ਸੁਨਿ ਕਰਿ ਗੁਰ ਫੁਰਮਾਵਨਿ ਕੀਆ।
'ਭਯੋ ਖਾਲਸਾ ਜਗ ਮਹਿਂ ਤੀਆ[1]। [1]ਤੀਜਾ।
ਹਿੰਦੂ ਤੁਰਕ ਦੁਹਿਨ ਤੇ ਨਯਾਰੋ।
ਸ਼੍ਰੀ ਅਕਾਲ ਕੇ ਦਾਸ ਬਿਚਾਰੋ ॥੪੪॥
ਬੀਜ ਮਾਤ੍ਰ ਅਬਿ ਰੂਪ ਦਿਖਾਵਾ।
ਹਤਿ ਤੁਰਕਨ ਠਾਨਹਿ ਛਿਤ ਦਾਵਾ।
ਸਭਿ ਪਰ ਬਲੀ ਬੀਰ ਬਰ ਬੰਕਾ।
ਆਯੁਧ ਧਾਰੀ ਰਿਪਹਿ ਅਤੰਕਾ[1] ॥੪੫॥ [1]ਸ਼ੱਤ੍ਰੂ ਨੂੰ ਡਰ ਦੇਣ ਵਾਲਾ।
ਸੁਨਿ ਕਰਿ ਸਰਬ ਲੋਕ ਬਿਸਮਾਏ।
-ਗੁਰ ਸਮਰਥ ਇਹ ਨਯੋ ਉਪਾਏ-।

ਉਠਿ ਪ੍ਰਭੁ ਚੇਤਨ ਲੇ ਨਾਲ।
ਦੇਖਨ ਲਾਗੇ ਠਵਰ ਬਿਸਾਲ ॥੪੬॥
ਤੀਰਥ ਪਾਰ ਥਾਨ[1] ਦਿਖਲਾਵਾ।
ਪਿਖੀ ਗੁਹਾ ਜਹਿਂ ਨਾਗ ਰਹਾਵਾ।
ਇੱਤਜਾਦਿਕ ਅਵਿਲੋਕਨਿ ਕਰੇ।
ਚੇਤਨ ਕਛੁ ਪ੍ਰਸੰਗ ਉਚਰੇ ॥੪੭॥
'ਕਮਲਾਸਨ ਮਖ ਕੀਨਸਿ ਇਹਾਂ[1]।
ਦਾਰੁਣ ਬੇਖ ਰੁੱਦ੍ਰ ਕੋ ਮਹਾਂ।
ਲੇ ਕਪਾਲ ਕੋ ਜਾਚਨ ਆਵਾ[1]।
ਬਿਨ ਜਾਨੇ ਤੇ ਝਿਰਕਿ ਹਟਾਵਾ ॥੪੮॥
-ਪ੍ਰਥਮ ਅਮੰਗਲ[1] ਬੇਖ ਦਿਖਾਵੈ।
ਮਖ ਮਹਿਂ ਨਹਿਂ ਐਸੇ ਬਨਿ ਆਵੈ-।
ਤਬਿ ਸ਼ਿਵ ਨੇ ਕਿਯ ਭਗਨ ਕਪਾਲਾ।
ਭੇ ਮਖ ਥਲ ਮਹਿ ਜਹਿ ਕਹਿ ਜਾਲਾ[1] ॥੪੯॥
ਪਿਖਿ ਪ੍ਰਤਾਪ ਬ੍ਰਹਮਾ ਨੇ ਜਾਨਾ।
ਕਰੀ ਸਤੁਤਿ ਆਛੀ ਬਿਧਿ ਮਾਨਾ।'
ਇੱਤਜਾਦਿਕ ਹੈ ਬਡੋ ਪ੍ਰਸੰਗ।
ਗ੍ਰੰਥ ਵਧਨ ਤੇ ਉਰ ਡਰ ਸੰਗ ॥੫੦॥
ਨਹਿ ਬਰਨੌਂ ਸ਼੍ਰੋਤਾ ਸਭਿ ਜਾਨਹੁ।
ਕਥਾ ਗੁਰਨ ਕੀ ਸੁਨਹੁ ਸੁਜਾਨਹੁ।
ਰਹੀ ਕਿਤਿਕ ਸੋ ਚਿਤ ਦੇ ਬਰਨੌਂ।
ਬਾਂਛਤਿ ਪ੍ਰਾਪਤ ਪੂਰਨ ਕਰਨੌਂ ॥੫੧॥
ਕਵਿ ਸੰਤੋਖ ਸਿੰਘ ਮਨ ਪ੍ਰੀਤ।
ਗੁਰ ਕੀ ਕਥਾ ਰਚੌਂ ਸ਼ੁਭ ਰੀਤ।
ਕਰਜੋ ਮਨੋਰਥ ਪੂਰਨ ਮੋਰਾ।
ਗੁਰੂ ਨਿਹੋਰ ਸਾਂਝ ਅਰੁ ਭੋਰਾ ॥੫੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਪੁਸ਼ਕਰ ਗਮਨ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿੰਸਤੀ ਅੰਸੂ ॥੩੫॥

[1]ਦਾ) ਪਾਰਲਾ ਅਸਥਾਨ।

[1]ਬ੍ਰਹਮਾ ਨੇ ਏਥੇ ਜੱਗ ਕੀਤਾ ਸੀ।

[1]ਮਹਾਂ ਸ਼ਿਵ ਭਜਾਨਕ ਵੇਸ ਵਿਚ ਕਪਾਲ (ਖੱਪਰ) ਲੈਕੇ ਮੰਗਣ ਆਇਆ।

[1]ਭਿਆਨਕ।

[1]ਬਹੁਤ (ਕਪਾਲੀਆਂ) ਹੋ ਗਈਆਂ।

## ੩੬. [ਦਾਦੂ ਦ੍ਵਾਰੇ ਬਿਬੇਕ]

੩੫<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਇਸੀ ਰੀਤਿ ਨਿਤ ਪ੍ਰਤਿ ਗਮਨ, ਕਰਤਿ ਗੁਰੂ ਮਹਾਰਾਜ।
ਮਾਰਵਾਰ ਕੇ ਦੇਸ਼ ਮਹਿਂ, ਪਹੁੰਚਿ ਗ਼ਰੀਬ ਨਿਵਾਜ ॥੧॥

ਚੌਪਈ:

†ਪੁਰਿ ਨਰਾਇਣਾ ਪਹੁੰਚੇ ਜਾਇ।
ਜਹਿਂ ਦਾਦੂ ਦ੍ਵਾਰਾ† ਕਹਿਲਾਇ।

†ਸੌ ਸਾਖੀ (ਸਾਖੀ ੯੪) ਤੇ ਸਾਖੀ ਪੋਥੀ ਦੀ ਸਾਖੀ ਰਲਵੀਂ ਇਥੋਂ ਚੱਲੀ ਹੈ।

†ਨਰਾਇਣਾ ਪਿੰਡ ਜੈਪੁਰ ਰਾਜ ਵਿਚ ਹੈ। ਦਾਦੂ ਜੀ ਪੰਜਵੇਂ ਪਾਤਸ਼ਾਹ ਦੇ ਸਮੇਂ ਹੋਏ ਹਨ, ਇਸ ਮਹਾਤਮਾਂ ਦੀ ਬਾਣੀ ਤੋਂ ਉਗਾਹੀ ਮਿਲਦੀ ਹੈ ਕਿ ਗੁਰੂ ਘਰ ਨਾਲ ਉਸ ਦਾ ਚੋਖਾ ਸੰਬੰਧ ਸੀ। ਦਾਦੂ ਜੀ ਦਾ ਜਨਮ ਅਹਿਮਦਾਬਾਦ ਦਾ ਸੀ।

ਅਵਲੋਕਤਿ ਡੇਰਾ ਪ੍ਰਭੁ ਘਾਲਾ।
ਸੁੰਦਰ ਜਹਿਂ ਕਹਿਂ ਥਾਨ ਬਿਸਾਲਾ ॥੨॥
ਉਤਰਿ ਤੁਰੰਗ ਤੇ ਥਿਰੇ ਗੁਸਾਈਂ।
ਸਿੰਘ ਆਨਿ ਬੈਠੇ ਤਿਸ ਥਾਂਈ।
ਸਨੇ ਸਨੇ ਸਭਿ ਆਇ ਬਿਹੀਰ।
ਉਤਰਿ ਪਰੇ ਹੋਈ ਬਹੁ ਭੀਰ ॥੩॥
ਹਯਨ ਹਿਰੇਖਾ ਹੋਤਿ ਬਿਸਾਲਾ।
ਗਾਡਹਿਂ ਮੇਖਨ ਸ਼ਬਦ ਉਠਾਲਾ।
ਕਿਤਿਕ ਬਿਲੋਕਤਿ ਦਾਦੂ ਦ੍ਵਾਰਾ।
ਕੋ ਤ੍ਰਿਣ ਈਂਧਨ ਲੇਨਿ ਪਧਾਰਾ ॥੪॥
ਤਹਾਂ ਜੈਤ ਸਾਹਿਬ ਮਾਹੰਤ।
ਸ਼ਾਂਤਿ ਰੂਪ ਸ਼ੁਭ ਅਜ਼ਮਤਵੰਤ।
ਸਾਧੁ ਸੈਂਕਰੇ ਦਾਦੂ ਮਗ ਕੇ।
ਰਹੈਂ ਪ੍ਰਲੋਕ ਸਾਧਨੇ ਲਗਿਕੇ ॥੫॥
ਕਰਨਿ ਸ਼ਨਾਨ ਬ੍ਰਿਤੀ ਕੋ ਰੋਕਨ।
ਏਕ ਰੂਪ ਸਭਿ ਲੋਕ ਬਿਲੋਕਨ।
ਦਯਾ ਛਿਮਾ ਧੀਰਜ ਸੰਤੋਖ।
ਨਿਰਹੰਕਾਰ ਅਕਾਮ ਅਰੋਖ ॥੬॥
ਦਾਦੂ ਸੁੰਦਰ ਗਿਰਾ ਬਨਾਈ।
ਬੈਠੇ ਪਠਤਿ ਕਿਤਿਕ ਮਨ ਲਾਈ।
ਗੁਰ ਦਲ ਕੋ ਨਰ ਕੋ ਚਲਿ ਗਯੋ।

ਤਿਸੇ ਮਹੰਤ ਬੂਝਤੋ ਭਯੋ ॥੭॥
'ਕੋ ਉਤਰਜੋ, ਕਿਤ ਤੇ ਚਲਿ ਆਯੋ?
ਕਿਸ ਕਾਰਜ ਕੋ ਅੱਗ੍ਰ ਸਿਧਾਯੋ?'
ਸੁਨਿ ਸਗਰੋ ਸੁ ਪ੍ਰਸੰਗ ਉਚਾਰਾ।
'ਸਤਿਗੁਰੂ ਗੋਬਿੰਦ ਸਿੰਘ ਉਦਾਰਾ ॥੮॥
ਪੁਰਿ ਅਨੰਦ ਜਿਨ ਕੀ ਰਜਧਾਨੀ।
ਵਧਜੋ ਤੁਰਕ ਸੋਂ ਬੈਰ ਮਹਾਨੀ।
ਕਈ ਲਾਖ ਜੋਧਾ ਜਿਨ ਘਾਯੋ।
ਬਹੁ ਬਾਰੀ ਸੰਗ੍ਰਾਮ ਮਚਾਯੋ ॥੯॥
ਪ੍ਰਥਮ ਅਨੰਦ ਪੁਰੇ ਰਣ ਭਏ।
ਪੁਨ ਚਮਕੌਰ ਤੁਰਕ ਬਹੁ ਛਏ।
ਬਹੁਰੋ ਜੰਗ ਮੁਕਤਸਰ ਭਯੋ।
ਸੋ ਗੁਰ ਅਬਿ ਆਵਨਿ ਇਤ ਕਯੋ
॥੧੦॥
ਸਾਹਿਬਜ਼ਾਦੇ ਰਣ ਮਹਿਂ ਦੋਇ।
ਬਾਲਕ ਦ੍ਵੈ ਤੁਰਕਨ ਗਹਿ ਸੋਇ।
ਇਮ ਚਾਰੋਂ ਤਿਨ ਕੇ ਸਿਰ ਚਰੇ।
ਰਾਜ ਤੇਜ ਰਿਪੁ ਕੋ ਨਿਤ ਹਰੇ' ॥੧੧॥
ਸੁਨੀ ਮਹੰਤ ਜੈਤ ਸਭਿ ਬਾਤ।
ਅਚਰਜ ਧਰਤਿ ਰਿਦੇ ਅਵਦਾਤ।
-ਕਹਾਂ ਤੁਰਕਪਤਿ ਸਭਿ ਛਿਤ ਮਾਲਿਕ।
ਮਹਾਂ ਸੁਭਟ ਤਿਹ ਸੋਂ ਰਣ ਘਾਲਕ-
॥੧੨॥
ਇਕਠੇ ਕਰੇ ਸਾਧ ਤਿਸ ਕਾਲਾ।
ਦਰਸ਼ਨ ਕਰਨ ਹੇਤੁ ਸੋ ਚਾਲਾ।
ਜਹਿਂ ਪ੍ਰਭੁ ਥਿਰੇ ਦਿਵਾਨਿ ਲਗਾਇ।
ਚਿਤਵਤ ਮਹਿਮਾ ਕੋ ਤਹਿਂ ਆਇ
॥੧੩॥
ਨਿਕਟ ਹੋਇ ਕਰ ਤੇ ਕਰਿ ਨਮੋ।
ਸ਼੍ਰੀ ਗੁਰ ਪਿਖਿ ਮਹੰਤ ਤਿਹ ਸਮੋ।
ਸਾਦਰ ਨਿਕਟ ਬਿਠਾਵਨ ਕਰਜੋ।
ਬੈਠਿ ਦਰਸ ਕਰਿ ਆਨੰਦ ਭਰਜੋ ॥੧੪॥

ਸਾਹਿਬਜ਼ਾਦਨ ਕੀ ਕਰਿ ਗਾਥਾ।
ਬੋਲਤਿ ਭਯੋ ਗੁਰੁ ਕੇ ਸਾਥਾ।
'ਇਸੀ ਹੇਤੁ ਸ਼੍ਰੀ ਦਾਦੂ ਕਹ੍ਯੋ।
ਨਿਰਦਾਵੇ ਮਹਿਂ ਬਹੁ ਸੁਖ ਲਹ੍ਯੋ ॥੧੫॥

ਦੋਹਰਾ:
ਦਾਦੂ ਦਾਵਾ ਦੂਰ ਕਰਿ, ਬਿਨ ਦਾਵੇ ਦਿਨ ਕੱਟਿ।
ਕੇਤੀ ਸੌਦਾ ਕਰਿ ਗਈ, ਏਤ ਪਸਾਰੀ ਦੇ ਹੱਟ ॥੧੬॥

ਚੌਪਈ:
ਦਾਵਾ ਕਰਨੇ ਮਹਿਂ ਦੁਖ ਘਨੇ।
ਉਠੈਂ ਉਪਾਧਿ ਨ ਜਾਹੀਂ ਗਨੇ।
ਨਿਰਦਾਵੇ ਮਹਿਂ ਸਭਿ ਸੁਖ ਅਹੈ।
ਛਿਮਾ ਕਰਨਿ ਤੇ ਨਰ ਸੋ ਲਹੈ' ॥੧੭॥
ਸੁਨਿ ਸਤਿਗੁਰ ਤਬਿ ਤਿਸੈ ਸੁਨਾਯੋ।
'ਸੰਤਨਿ ਕੇ ਮਤ ਇਮ ਬਨਿ ਆਯੋ।
ਜਿਨਹੁਂ ਧਰਮ ਕੀ ਰੱਛਾ ਕਰਨੀ।
ਸੁਨਿ ਤਿਨ ਕੀ ਗਤਿ ਜਿਮ ਹੈ ਬਰਨੀ ॥੧੮॥

ਦੋਹਰਾ:
ਦਾਦੂ ਦਾਵਾ ਬੰਧਿ ਕੇ, ਸਭਿ ਕੋ ਲਈਏ ਲੁੱਟ।
ਇੱਕੋ ਰਹਿਸੀ ਖਾਲਸਾ, ਹੋਰ ਸਭਿ ਮਰਸੀ ਹੁੱਟ ॥੧੯॥

ਚੌਪਈ:
ਧਰਮ ਬਿਦਾਰ੍ਯੋ† ਹਿੰਦੂ ਤੁਰਕਾ।
ਨਿਸ਼ਚਾ ਕਰ੍ਯੋ ਦੂਰ ਸਭਿ ਉਰ ਕਾ।
ਗਹਿ ਕੈ ਸ਼ਸਤ੍ਰ ਦੀਜੀਅਹਿ ਦੰਡ।
ਰਹੈ ਧਰਮ ਤਬਿ ਦੁਸ਼ਟਨਿ ਖੰਡਿ[1]' ॥੨੦॥
ਜੈਤ ਕਹੈ 'ਹਮਰੋ ਗੁਰ ਭਾਖਾ।
ਛਿਮਾ ਬਿਖੈ ਸਗਰੋ ਗੁਨ ਰਾਖਾ।
ਜਿਮ ਕਰਨੀ ਸੋ ਰਾਹੁ ਬਤਾਯੋ।'

†ਪਾ:-ਬਿਗਾਰ੍ਯੋ।

[1]ਭਾਵ ਧਰਮ ਬਚਾਵਨ ਲਈ ਦੁਸ਼ਟਾਂ ਨੂੰ ਮਾਰਨਾ। (ਰਵਾ ਹੈ)

ਪੁਨ ਦੋਹਾ ਕਹਿ ਔਰ ਸੁਨਾਯੋ ॥੨੧॥
ਦੋਹਰਾ:
'ਦਾਦੂ ਸਮਾ ਬਿਚਾਰਿ ਕੈ, ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਢੀਮ ਇਟ, ਲੀਜੈ ਸੀਸ ਚਢਾਇ' ॥੨੨॥
ਚੌਪਈ:
ਸੁਨਿ ਗੁਰ ਕਹਯੋ 'ਤੁਮਹੁ ਇਮ ਕਰਨੀ।
ਪੰਥ ਨ੍ਰਿਵਿਰਤ ਤਿਨਹੁ ਕਹੁ ਬਰਨੀ।
ਜਿਨਹੁ ਕੁਕਰਮ ਹਟਾਵਨਿ ਕਰਨੋ।
ਤਿਨ ਕੋ ਅਪਰ ਬਿਧੀ ਸੋਂ ਬਰਨੋ[1] ॥੨੩॥
[1]ਕਹਿੰਦੇ ਹਾਂ।
ਦੋਹਰਾ:
ਦਾਦੂ! ਸਮਾਂ ਬਿਚਾਰ ਕੈ, ਕਲਿਕਾ ਲੀਜੈ ਭਾਇ।
ਜੇ ਕੋ ਮਾਰੈ ਈਟ ਢੀਮ, ਪਾਥਰ ਹਨੈ ਰਿਸਾਇ' ॥੨੪॥
ਚੌਪਈ:
ਸੁਨਿ ਕਰਿ ਸਿੰਘ ਸਭਾ ਗਨ ਸਾਧੂ।
-ਨਹਿਂ ਸਹੀਅਹਿ ਦੁਸ਼ਟਨਿ ਅਪਰਾਧੂ-।
ਹਸੇ ਸਕਲ ਹੀ ਮੋਦ ਬਢਾਇ।
'ਵਾਹੁ ਵਾਹੁ ਬਚ' ਕਹੇ ਸੁਨਾਇ ॥੨੫॥
ਦੋਨਹੁੰ ਪੱਖਨ ਕੀ ਦ੍ਵੈ ਬਾਤ।
ਭਈ ਸਭਾ ਮਹਿਂ ਸ਼ੁਭ ਬੱਖਜਾਤ।
ਗੁਰੂ ਕਹਯੋ 'ਆਯੋ ਕਲਿ ਕਾਲਾ।
ਦੁਸ਼ਟਨ ਕੋ ਭਾ ਤੇਜ ਕਰਾਲਾ ॥੨੬॥
ਸੰਤ ਗਰੀਬ ਧੇਨੁ ਦਿਜ ਦੋਖੀ।
ਕਰਹਿਂ ਅਵੱਗਜਾ ਮੂਰਖ ਰੋਖੀ[1]।
[1]ਕ੍ਰੋਧੀ।
ਤਿਨ ਸੋਂ ਦੰਡ ਕਰਨਿ ਬਨਿ ਆਵੈ।
ਧਰਨੀ ਛਿਮਾ[1] ਨਹੀਂ ਨਿਬਹਾਵੈ ॥੨੭॥
[1]ਛਿਮਾ ਧਾਰਨੀ।
ਤੇਗ਼ ਤੁਪਕ ਤੀਰਨ ਖਰ ਧਰਿ ਕਰਿ।
ਕਰਹਿ ਦਿਖਾਵਨ ਤੇਜ ਤਰਾਤਰ[1]।
[1]ਬਹੁਤ।
ਤੌ ਕਲਿ ਕਾਲ ਬਿਖੈ ਬਨਿ ਆਵੈ।

ਜੀਤਹਿਂ ਹਤਿ ਚਿੰਤਾ ਬਿਸਰਾਵੈ[1†]
॥੨੮॥

[1]ਮਰਨ ਦੀ ਚਿੰਤਾ ਭੁਲਾਕੇ ਫਤਹ ਪਾਵਣੀ ਹੈ। (ਅ) (ਇਨ੍ਹਾਂ ਨੂੰ) ਮਾਰਕੇ ਜਿੱਤਾਂਗੇ ਤੇ (ਨਿੱਤ ਦੀ) ਚਿੰਤਾ ਮੁਕਾਵਾਂਗੇ। [†]ਦੇਖੋ ਡੱਲਾ ਸਿੰਘ, ਰਾਮ ਸਿੰਘ ਆਦਿਕਾਂ ਦੇ ਚਲੇ ਜਾਣ ਤੇ ਰਤਾ ਨਹੀਂ ਝਵੇਂ। ਉਹੋ ਉਦੇਸ਼, ਉਹੋ ਨਿਰਭੈਤਾ, ਉਹੋ ਚੜ੍ਹਦੀ ਕਲਾ ਹੈ। ਫਿਰ ਇਕ ਸਮਝ ਗੋਚਰੀ ਹੋਰ ਬਾਤ ਹੈ, ਨਿਰੇ ਸ਼ਸਤ੍ਰ ਧਾਰਨੇ ਤੇ ਨਿਰੀ ਛਲਾਂ ਵਾਲੀ ਨੀਤੀ ਵਰਤਣੀ ਨਹੀਂ ਦੱਸ ਰਹੇ। ਸਤਿਨਾਮ ਦਾ ਸਿਮਰਨ ਤੇ ਸ਼ਸਤ੍ਰ ਧਾਰਨਾ। ਭਾਵ ਸ਼ਾਂਤ ਰਸ ਤੇ ਬੀਰ ਰਸ ਇਕ ਕਰ ਰਹੇ ਹਨ। ਜੋ ਸਿੱਖ ਨਾਮ ਬਾਣੀ ਛੋਡਕੇ ਰਾਜਸੀ ਚਾਲਬਾਜ਼ੀ ਚਲ ਰਹੇ ਹਨ ਓਹ ਗੁਰੂ ਆਦਰਸ਼ ਨਹੀਂ ਵਰਤ ਰਹੇ, ਓਹ ਕੋਈ ਪੱਛਮੀ ਚਾਲਬਾਜ਼ੀ ਯਾ ਨਵੀਂ ਨੀਤੀ ਚਲਾ ਰਹੇ ਹਨ।

ਸੁਧ ਬੁਧਿ ਸਹਤ ਭਲੇ ਗੁਨ ਸਾਰੇ।
ਨਰ ਉਰ ਤੇ ਕਲਿਜੁਗ ਨਿਰਵਾਰੇ।
ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ।
ਧਰਮ ਧਰਹਿਂ ਪਹੁੰਚਹਿਂ ਸੁਰ ਧਾਮੂ
॥੨੯॥
ਇਸ ਕਾਰਨ ਤੇ ਪੰਥ ਉਪਾਯੋ।
ਦੇ ਆਯੁਧ ਰਸ ਬੀਰ ਵਧਾਯੋ।'
ਬਚਨ ਬਿਲਾਸ ਕਰੇ ਇੱਤ੍ਯਾਦਿ।
ਹਰਖੇ ਦੁਹਦਿਸ਼ਿ ਸੁਨਿ ਸੰਬਾਦਿ ॥੩੦॥
ਸਾਧ ਜੈਤ ਕਰ ਜੋਰਿ ਉਚਾਰਾ।
'ਆਜ ਦੇਗ਼ ਤੇ ਲੇਹੁ ਭੰਡਾਰਾ।
ਸ਼੍ਰੀ ਦਾਦੂ ਅਸ ਹੁਕਮ ਬਖਾਨਾ।
ਆਇ ਜਿ ਇਹਾਂ ਸਭਿਨਿ ਦੇ ਖਾਨਾ
॥੩੧॥
ਯਾਂ ਤੇ ਲੀਜਹਿ ਭਾਉ ਹਮਾਰੋ।
ਦਲ ਜੁਤਿ ਕੀਜੈ ਅੰਗੀ ਕਾਰੋ।'
ਸ਼੍ਰੀ ਪ੍ਰਭੁ ਜੀ ਸੁਨਿ ਕੈ ਮੁਸਕਾਏ।
ਪਤਿਆਵਨ ਹਿਤ ਤਾਂਹਿ ਅਲਾਏ
॥੩੨॥
'ਹਮਰੇ ਸੰਗ ਬਾਜ ਬਹੁਤੇਰੇ।
ਨਹਿਂ ਅਹਾਰ ਪਾਯੋ ਇਸ ਬੇਰੇ।
ਇਨ ਕੋ ਤ੍ਰਿਪਤਿ ਪ੍ਰਥਮ ਕਰਿ ਲੀਜੈ।
ਪਾਛੇ ਹਮਹੁਂ ਦੇਗ਼ ਕਹਿ ਦੀਜੈ' ॥੩੩॥
ਸੁਨਤਿ ਸਾਧ ਉਪਜੀ ਦੁਚਿਤਾਈ।
-ਇਹੁ ਅਨਬਨ ਕੈਸੇ ਬਨਿ ਆਈ।

ਧਮਰ ਅਹਿੰਸ ਸਦਾ ਹਮ ਮਾਂਹੀ।
ਬਾਜ ਮਾਸ ਬਿਨ ਤ੍ਰਿਪਤੈਂ ਨਾਂਹੀ ॥ ੩੪ ॥
ਸਤਿਗੁਰ ਭੀ ਜਾਨਤਿ ਇਮ ਆਛੇ।
ਤਊ ਹਮਹੁਂ ਤੇ ਆਮਿਖ ਬਾਂਛੇ[1]-।
ਹੇਤੁ ਪਰਖਿਬੇ ਲਖੀਅਤਿ ਐਸੇ।
ਸਮਝ ਰਿਦੇ ਬੋਲਯੋ ਤਬਿ ਤੈਸੇ ॥ ੩੫ ॥
'ਰਾਵਰਿ ਬਾਜਨ ਬ੍ਰਿੰਦ ਅਗਾਰੀ।
ਆਜ ਕਰੈਂ ਹਮ ਬਿਨੈ ਉਚਾਰੀ।
ਸਾਧਨ ਕੀ ਸੋ ਮਰਜ਼ੀ ਮਾਨਹਿਂ।
ਕਰਹਿਂ ਜੁਵਾਰ ਬਾਕੁਰੀ ਖਾਨਹਿਂ ॥ ੩੬ ॥
ਅੰਨ ਸੰਗ ਤ੍ਰਿਪਤਾਵੌਂ ਸਾਰੇ।
ਬਹੁਰ ਲੀਜੀਅਹਿ ਆਪ ਅਹਾਰੇ।'
ਸੁਨਤਿ ਸਾਧ ਤੇ ਗੁਰੂ ਉਚਾਰਾ।
'ਹਮ ਭੀ ਮਾਨਹਿਂ ਕਰਹਿਂ ਅਹਾਰਾ' ॥ ੩੭ ॥
ਸੁਨਿ ਕੈ ਸਾਧ ਗਯੋ ਹਰਖਾਇ।
ਤਜਾਰੀ ਕਰੀ ਸਕਲ ਬਿਧਿ ਜਾਇ।
ਪੀਛੇ ਸਿੰਘ ਪਰਸਪਰ ਮਿਲਿ ਕਰਿ।
ਕਰਜੋ ਬਿਬੇਕ† ਬਿਚਾਰ ਰਹਤਿ ਧਰਿ[1] ॥ ੩੮ ॥

[1]ਮਾਸ ਮੰਗਦੇ ਹਨ।

[1]ਭਾਵ ਰਹਿਣੀ ਵਾਲੇ ਸਿੰਘਾਂ ਨੇ ਸੋਧ ਕਰਨ ਦਾ ਵਿਚਾਰ ਕੀਤਾ [ਸੰਸ:, ਵਿਵੇਕ=ਨਿਰਨਾ, ਵਿਚਾਰ (ਯਥਾਰਥ ਗਿਆਨ)। (ਅ) ਕਿਸੇ ਨਿਯਮ ਜਾਂ ਧਰਮ ਦੀ ਧਾਰਨਾ। (ੲ) ਧਰਮ ਦੇ ਨਿਯਮ ਅਨੁਸਾਰ ਰਹਿਤ ਦਾ ਵਿਚਾਰ ਜਾਂ ਨਿਰਨਾ ਕਰਨਾ। ਰਹਿਤ ਜਾਂ ਧਾਰਨਾ ਸਬੰਧੀ ਸੋਧ ਕਰਨੀ]। †ਸਾਖੀ ਪੋਥੀ ਦੀ ਸਾਖੀ ਹੈ।

ਸ਼੍ਰੀ ਸਤਿਗੁਰ ਕੇ ਸੰਗ ਉਚਾਰੇ।
'ਜਬਿ ਆਏ ਤੁਮ ਦਾਦੂ ਦ੍ਵਾਰੇ।
ਨਮੋ ਕਮਾਨ ਸਾਥ ਤੁਮ ਕੀਨੀ।
ਰਹਤ ਬਿਹੀਨ ਖਾਲਸੇ ਚੀਨੀ ॥ ੩੯ ॥
ਭਏ ਉਚਿਤ ਦੈਬੇ ਤਨਖਾਹੂ।
ਸਦਾ ਅਭੂਲ ਆਪ ਉਰ ਮਾਹੂ।
ਬਖਸ਼ਹੁ ਜਗ ਔਗੁਨ ਸਮੁਦਾਏ†।

†ਦੇਖੋ ਸਿੱਖ ਕਿਸ ਸ਼ਰਧਾ ਤੇ ਅਦਬ ਵਿਚ ਬੋਲ ਰਹੇ ਹਨ। ਇਹੋ ਪ੍ਰਸੰਗ ਪੜ੍ਹਕੇ ਅੱਜ ਕਲ ਦੇ ਕਰਨੀਂ ਹੀਨ ਫੋਕੇ ਦਮਗਜੀਏ ਸਿੱਖ ਸਤਿਗੁਰ ਦੀ ਸ਼ਾਨ ਵਿਚ ਬੀ ਅਦਬ ਨਾਲ ਬੋਲਨਾ ਨਹੀਂ ਕਰਦੇ ਤੇ ਹੰਕਾਰੀ ਹੋਕੇ ਥਾਂ

ਕੁਥਾਂ ਹਠ ਤੇ ਜ਼ੋਰ ਦਿਖਾਉਂਦੇ ਹਨ, ਪਰ ਅਸਲ ਭਾਵ ਲੈਕੇ ਸਤਿਗੁਰਾਂ ਦੇ ਹੁਕਮਾਂ ਤੇ ਨਹੀਂ ਟੁਰਦੇ। ਅੰਕ ੪੮ ਵਿਚ ਸਿੱਧ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਜਾਣਕੇ ਇਹ ਖੇਲ ਕੀਤਾ ਸੀ ਕਿ ਆਪ ਖੁਸ਼ ਹੋਏ ਹਨ ਕਿ ਖਾਲਸਾ ਸੁਚੇਤ ਹੋ ਗਿਆ ਹੈ। ਗੂਹੜਾ ਭਾਵ ਇਹ ਹੈ ਕਿ ਆਪ ਪੰਥ ਵਿਚ ਜਾਨ ਭਰ ਰਹੇ ਹਨ ਕਿ ਸਾਡੇ ਮਗਰੋਂ ਖਾਲਸਾ ਸਾਡਾ ਰੂਪ ਹੋਕੇ ਜਗਤ ਤੇ ਥਿਰ ਰਹੇ। ਫਿਰ ਖਾਲਸੇ ਨੇ ਦੇਖੋ ਉਸ ਰੁਪੱਯੇ ਨਾਲ ਲੰਗਰ ਦਾ ਤੰਬੂ ਬਣਾਇਆ ਹੈ ਸ੍ਵਾਰਥ ਪਰ ਨਹੀਂ ਲਗਾਇਆ। ਨਾਲੇ ਖਾਲਸਾ ਜੀ ਸਮਝ ਗਏ ਹਨ ਕਿ ਇਹ ਸਾਡੇ ਦਿਖਾਉਣ ਲਈ ਚੋਜ ਹੈ ਤਾਹੀਏਂ ਕਹਿੰਦੇ ਹਨ:-"ਪੁਨ ਸਿੰਘਨਿ ਕੋ ਲਾਗਹਿ ਏਤੋ"। [ਦੇਖੋ ਅੰਕ ੪੬]।

ਲੇਹੁ ਖਾਲਸੇ ਤੇ ਬਖਸ਼ਾਏ' ॥੪੦॥
ਸੁਨਿ ਬਿਬੇਕ ਕੋ ਭਏ ਪ੍ਰਸੰਨ।
ਕਹ੍ਯੋ ਕਿ 'ਗੁਰੂ ਖਾਲਸਾ ਧੰਨ।
ਕਰੀ ਨਮੋ ਹਮ ਪਰਖਨ ਹੇਤੁ।
ਭਏ ਸਿੰਘ ਕੈ ਨਹੀਂ ਸੁਚੇਤ ॥੪੧॥
ਲਿਹੁ ਤਨਖਾਹ ਅਵਾਜ਼ ਸੁਨਾਵਹੁ।
ਇਸ ਬਿਧਿ ਕੀ ਨਿਤ ਰਹਤ ਕਮਾਵਹੁ।'
ਸਿੰਘ ਸਆਯੁਧ[1] ਇਕ ਕਹਿ ਤਬੈ।
ਪੰਚ ਹਜ਼ਾਰ ਦੇਹੁ ਧਨ ਅਬੈ' ॥੪੨॥
ਸੁਨਤਿ ਦੂਸਰੇ ਤਬਹਿ ਬਖਾਨਾ।
'ਤੁਮ ਇਹ ਭਾਖ੍ਯੋ ਦਰਬ ਮਹਾਨਾ।
ਕਰਹੁ ਅਵਾਜ ਪੰਜ ਸੈ ਕੇਰੀ।'
ਸੁਨਿ ਤੀਸਰ ਬੋਲ੍ਯੋ ਤਿਸ ਬੇਰੀ ॥੪੩॥
'ਬਹੁਤ ਪੰਚ ਸੈ ਭੀ ਇਨ ਕਹ੍ਯੋ।
ਇਸਤੇ ਅਲਪ ਕਹਨਿ ਹਮ ਲਹ੍ਯੋ।'
ਸੁਨਿ ਚੌਥੋ ਬੋਲ੍ਯੋ ਸਭਿ ਮਾਂਹੂ।
'ਗੁਰ ਢਿਗ ਧਨ ਕੀ ਨਹੀਂ ਪ੍ਰਵਾਹੂ' ॥੪੪॥
ਪੰਚਮ ਕਹੈ 'ਪੰਥ ਲਖ ਲਾਵਹੁ।
ਅਬਿ ਹੀ ਦਰਬ ਗੁਰੂ ਤੇ ਪਾਵਹੁ।'
ਸੁਨਤਿ ਖਾਲਸੇ ਸਕਲ ਬਿਚਾਰ੍ਯੋ।
ਕਰਿ ਮਸਲਤ ਕੋ ਬਹੁਰ ਉਚਾਰ੍ਯੋ ॥੪੫॥
'ਕਹਹੁ ਜਿਤਿਕ' ਗੁਰ ਦੇਂ ਧਨ ਤੇਤੋ[1]।
ਪੁਨ ਸਿੰਘਨਿ ਕੋ ਲਾਗਹਿ ਏਤੋ।
ਕੋ ਦੇ ਸਕਹਿ? ਨ ਕਰੋ ਬਿਚਾਰਨ।
ਯਾਂ ਤੇ ਕੀਜਹਿ ਉਚਿਤ ਉਚਾਰਨ'

[1]ਇਕ ਸਿੰਘ ਸ਼ਸਤ੍ਰ ਸਮੇਤ ਹੋਕੇ।

[1]ਤਿਤਨਾ ਹੀ ਦੇ ਦੇਣਗੇ।

॥ ੪੬ ॥
ਤਬਿ ਸਭਿ ਸਮਝੇ ਕਰੀ ਅਵਾਜ।
'ਦੇਹਿਂ ਸਵਾ ਸੈ ਧਨ ਮਹਾਂਰਾਜ।'
ਸਤਿਗੁਰ ਕਰਿ ਮਨਜ਼ੂਰ ਤਨਖਾਹੂ।
ਦੀਨੋ ਸਰਬ ਖਾਲਸੇ ਪਾਹੂ ॥ ੪੭ ॥
ਸਿੰਘਨਿ ਲੇ ਕਰਿ ਕਾਰ ਲਗਾਯੋ।
ਲੰਗਰ ਕੋ ਤੰਬੂ ਬਨਵਾਯੋ।
ਰਿਦੇ ਪ੍ਰਸੰਨ ਕ੍ਰਿਪਾ ਨਿਧਿ ਤਬੈ।
-ਭਯੋ ਸੁਚੇਤ ਖਾਲਸਾ ਅਬੈ- ॥ ੪੮ ॥

ਦੋਹਰਾ:
[1]ਪਾਂਚ ਸੈ ਕੀ ਭੇਟ ਦੇ, ਪ੍ਰਭੁ ਜੀ ਸਿਖ ਤਨਖਾਹ।
ਹਮ ਦੀਨੀ ਜੋ ਦੇਨ ਹਿਤ, ਤਿਸ ਕੀ ਪੂੰਜੀ ਸ੍ਵਾਹ[†] ॥ ੪੯ ॥

[1]ਪੰਜ ਸੌ (ਰੁੱਪਯਾ) ਪ੍ਰਭੂ ਜੀ ਨੇ ਤਨਖਾਹ ਸਿੰਘਾਂ ਨੂੰ ਦਿੱਤੀ ਤੇ ਇਹ (ਸਿਖਾਇਆ ਕਿ) ਅਸਾਂ ਦਿੱਤੀ ਹੈ (ਤਨਖਾਹ) ਜੋ, (ਸਿੱਖ ਤਨਖਾਹੀਆ ਹੋਕੇ) ਹਿਤ ਨਾਲ (ਤਨਖਾਹ) ਨਹੀਂ ਦੇਵੇਗਾ ਉਸ ਦੀ ਪੂੰਜੀ ਨਾਸ਼ ਹੋ ਜਾਵੇਗੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਾਦੂ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥

[†]ਸੌ ਸਾਖੀ ਦੀ ੯੪ਵੀਂ ਸਾਖੀ ਦਾ ਇਹ ਕੁਝ ਘੱਟ ਵੱਧ ਭਾਵ ਚਲ ਰਿਹਾ ਹੈ। ਇਹ ਦੋਹਰਾ ਸੌ ਸਾਖੀ ਦਾ ਹੈ ਤੇ ਉਥੇ ਇਸਦਾ ਪਾਠ ਐਉਂ ਹੈ:-'ਪਾਂਚ ਸਹਸ੍ਰ ਕੀ ਭੇਟ ਦੈ ਪ੍ਰਭ ਜੀ ਸਿੱਖ ਤਨਖਾਹ। ਹਸਿ ਦੀਨੀ, ਜੋ ਦੇਇ ਨਹਿਂ, ਤਿਸ ਕੀ ਪੂੰਜੀ ਸ੍ਵਾਹ"। ਸੌ ਸਾਖੀ ਵਿਖੇ ਪੰਜ ਸੌ ਰੁਪੱਯਾ ਤਨਖਾਹ ਦਾ ਦੇਣਾ ਹੀ ਲਿਖਿਆ ਹੈ, ਪਰ ਸਾਖੀ ਪੋਥੀ ਵਿਚ ਸਵਾ ਸੌ ਲਿਖਿਆ ਹੈ।

## ੩੭. [ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ। ਭਾਈ ਦਯਾ ਸਿੰਘ ਜੀ ਵਾਪਸ ਆਏ]

੩੬<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਇਤਨੇ ਮੈਂ ਆਵਨ ਕੀਯੋ, ਜੈਤ ਸਾਧ ਸਮੁਦਾਇ[1]।
ਰਸਤ ਉਚਾਏ ਸੰਗ ਸਭਿ, ਚਾਵਰ ਚੂਨ ਬਧਾਇ ॥੧॥

[1]ਜੈਤ ਨੇ ਬਹੁਤੇ ਸਾਧਾਂ ਸਮੇਤ।

ਚੌਪਈ:

ਘ੍ਰਿਤ ਮਿਸ਼ਟਾਨ ਆਨਿ ਕਰਿ ਖਰੇ।
ਸਕਲ ਕ੍ਰਿਪਾ ਨਿਧਿ ਆਗੇ ਧਰੇ।
ਬ੍ਰਿੰਦ ਬਾਜ ਜਿਸ ਥਲ ਬੈਠਾਰੇ।
ਭਯੋ ਜੈਤ ਥਿਰ ਤਿਨਹੁ ਅਗਾਰੇ ॥੨॥
ਹਾਥ ਜੋਰਿ ਕਰਿ ਬਿਨੈ ਬਖਾਨੇ।
'ਤੁਮ ਸਤਿਗੁਰ ਕੇ ਬਾਜ ਸੁਜਾਨੇ।
ਪ੍ਰਥਮ ਜਨਮ ਕਿਯ ਕਰਮ ਭਲੇਰੇ।
ਜਿਸ ਤੇ ਕਰ ਸਪਰਸ਼ ਗੁਰ ਕੇਰੇ ॥੩॥
ਇਹ ਸਾਧਨ ਕੋ ਲਖਹੁ ਸਥਾਨਾ।
ਜਿਨਹੁ ਅਹਿੰਸ ਧਰਮ ਮਨ ਠਾਨਾ।
ਕਰਜੋ ਚਹੈਂ ਪ੍ਰਭੁ ਕੀ ਪਹੁਨਾਈ।
ਤੁਮ ਲੌ ਰਹੀ ਬਾਤ ਅਬਿ ਆਈ ॥੪॥
ਅੰਨ ਅਹਾਰ ਆਜ ਤੁਮ ਕਰੀਅਹਿ।
ਨਹਿਂ ਆਮਿਖ ਕੋ ਰਿਦੈ ਚਿਤਰੀਅਹਿ।
ਸ਼੍ਰੀ ਦਾਦੂ ਕੋ ਅਹੈ ਭੰਡਾਰਾ।
ਜਿਸ ਤੇ ਮਾਨਵ ਅਚਹਿਂ ਹਜ਼ਾਰਾ' ॥੫॥
ਹੁਤੀ ਜੁਵਾਰ ਬਾਕੁਰੀ ਜੇਯ।
ਇਮ ਕਹਿ ਅੱਗ੍ਰ ਬਖੇਰੀ ਸੇਯ।
ਬਾਜਨ ਬਿਨੈ ਸਾਧ ਕੀ ਮਾਨੀ।
ਤਤਛਿਨ ਕੀਨਿ ਅੰਨ ਗਨ ਖਾਨੀ ॥੬॥
ਕਿਤਿਕ ਸਿੰਘ ਅਵਲੋਕਤਿ ਗਏ।
ਸਕਲ ਪ੍ਰਸੰਗ ਸੁਨਾਵਤਿ ਭਏ।
'ਪ੍ਰਭੁ ਜੀ ਬਾਜਨ ਅਚੀ ਜੁਵਾਰੀ।
ਜੈਤ ਸਾਧ ਜਬਿ ਬਿਨੈ ਉਚਾਰੀ' ॥੭॥
ਸੁਨਿ ਮੁਸਕਾਇ ਗੁਰੂ ਤਬਿ ਭਾਖਾ।

'ਰਸਤ ਦੇਗ਼ ਕੀ ਲਿਹੁ ਅਭਿਲਾਖਾ†।'

†ਇਥੇ ਆਪ ਧਾਰਮਕ ਸਹਾਰਾ ਸਿਖਾ ਰਹੇ ਹਨ : ਦੂਸਰੇ ਦੇ ਧਾਰਮਿਕ ਵਿਸ਼ਵਾਸ ਦਾ ਜੋ ਉਸ ਨੇ ਨੇਕਨੀਯਤੀ ਨਾਲ ਸੱਚ ਜਾਣਕੇ ਧਰਿਆ ਹੈ ਸਤਿਕਾਰ ਕਰਨਾ ਚਾਹੀਏ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਦੀ ਨੂੰ ਬੁਰਾ ਕਿਹਾ, ਕਿਸੇ ਧਰਮ ਯਾ ਪੁਰਖ ਨੂੰ ਬੁਰਾ ਨਹੀਂ ਕਿਹਾ। ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਨ ਪੁਰਖ ਹਨ ਜਿਨ੍ਹਾਂ ਨੇ ਇਹ ਜਾਚ ਸਿਖਾਈ ਕਿ ਧਰਮ ਈਮਾਨ ਵਿਚ ਸਭ ਦੇ ਧਰਮ ਨੂੰ ਪਰਖੋ, ਸੱਚ ਸਾਰਿਆਂ ਵਿਖੇ ਹੈ, ਸੱਚ ਤੋਂ ਪਰੇ ਹੋਣਾ ਅਧਰਮ ਹੈ। ਸੱਚ ਨੂੰ ਸਤਿਕਾਰੋ ਤੇ ਜੋ ਅਸੱਚ ਹੈ ਤਿਆਗੋ। ਜਿਸ ਨੂੰ (Comparative Religion) ਕਹਿੰਦੇ ਹਨ ਇਸਦੀ ਨੀਂਹ ਗੁਰੂ ਨਾਨਕ ਜੀ ਨੇ ਧਰੀ ਹੈ, ਮਗਰੋਂ ਅੱਬੁਲਫਜ਼ਲ ਨੇ ਇਹ ਅਸੂਲ ਸਮਝਿਆ ਹੈ ਫੇਰ ਜਗਤ ਵਿਚ ਪਰਵਿਰਤਿਆ ਹੈ। ਸੋਈ ਦਸਮੇ ਜਾਮੇ ਸਿਖਾ ਰਹੇ ਹਨ ਕਿ ਦਾਦੂ ਦੇ ਮਹੰਤ ਦਾ ਨਿਸ਼ਚਾ ਜਿਸ ਆਸ਼ੇ ਤੇ ਅਸੂਲ ਪਰ ਹੈ ਉਸ ਦੀ ਸੱਚ ਵਿਸ਼ਵਾਸ਼ਤਾ ਹੱਸਣੇ ਯੋਗ ਨਹੀਂ। ਉਸ ਨੂੰ ਆਪਣੇ ਨੁਕਤੇ ਤੋਂ ਮਖੌਲ ਨਾਂ ਕਰੇ। ਪਰ ਉਸ ਦੇ ਆਪਣੇ ਨੁਕਤੇ ਤੋਂ ਉਸ ਦੇ ਵਿਸ਼ਵਾਸ ਤੇ ਉਸਦੀ ਸੱਤਜਤਾ ਨੂੰ ਸਮਝੋ ਤੇ ਉਸ ਦੇ ਉਹ ਸਚਾਈ ਪਰ ਟਿਕਟ ਨੂੰ ਸਤਿਕਾਰ ਦਿਓ। ਆਖੇ ਹੋਰ ਤੇ ਕਰੇ ਹੋਰ ਇਹ ਤ੍ਰਿਸਕਾਰਨੇ ਜੋਗ ਹੈ। ਇਸ ਦਾ ਇਹ ਅਰਥ ਨਹੀਂ ਹੈ ਕਿ ਅਗਜਾਨੀਆਂ ਦੇ ਅਗਜਾਨ ਨੂੰ ਗਜਾਨ ਤੁੱਲ ਸਮਝ ਲਓ।

ਆਨਿ ਜੈਤ ਸਗਰੀ ਤਬਿ ਦਈ।
ਜਿਤਿਕ ਲਾਂਗਰੀ ਗੁਰ ਕੇ ਲਈ ॥੮॥
ਕਰਜੋ ਤਯਾਰ ਲੰਗਰ ਤਤਕਾਲਾ।
ਪ੍ਰਥਮ ਪਰੋਸਜੋ ਥਾਲ ਬਿਸਾਲਾ।
ਸਕਲ ਅਹਾਰ ਪਾਇ ਸਮੁਦਾਏ।
ਕ੍ਰਿਪਾ ਨਿਧਾਨ ਹੇਤੁ ਸੋ ਲਜਾਏ ॥੯॥
ਅਚਜੋ ਜਥਾ ਰੁਚਿ ਥਾਲ ਉਠਾਯੋ।
ਪੁਨ ਸਭਿ ਸਿੰਘਨ ਮਹਿਂ ਬਰਤਾਯੋ।
ਮਨ ਭਾਵਤਿ ਅਚਿ ਛੁਧਾ ਮਿਟਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ ॥੧੦॥
ਸ੍ਰੁਮਤ ਸਾਥ ਕੋ ਜਾਨਿ ਕ੍ਰਿਪਾਲਾ।
ਕਰਜੋ ਮੁਕਾਮ ਹੇਰਿ ਸੁਰ ਸਾਲਾ[1]।

[1]ਸੁਰ ਸ਼ਾਲਾ=ਚੰਗੀ ਥਾਂ, ਸ਼੍ਰੇਸ਼ਟ ਥਾਂ।

ਨਿਕਟ ਨਿਕਟ ਕੇ ਨਰ ਗਨ ਆਏ।
ਦਰਸ਼ਨ ਕਰਿ ਕਰਿ ਸੀਸ ਨਿਵਾਏ ॥੧੧॥
ਸਾਧਨਿ ਸੁਧ ਸੰਬਾਦ ਸੁਧਾਰਾ[1]।

[1]ਸ਼ੁਧ ਆਸ਼ੇ ਨਾਲ ਜੋ ਵਿਚਾਰ ਕੀਤੀ ਜਾਏ ਸੋ ਸ਼ੁਧ ਸੰਬਾਦ ਕੀਤਾ। [ਸੁਧਾਰਾ=ਕੀਤਾ]।

ਮੁਦਤਿ ਹੋਤਿ ਬਹੁ ਸੁਜਸੁ ਉਚਾਰਾ।
ਸੋ ਦਿਨ ਜਾਮਨਿ ਤਹਾਂ ਬਿਤਾਈ।
ਭਈ ਪ੍ਰਾਤਿ ਤਯਾਰੀ ਕਰਿਵਾਈ ॥੧੨॥
ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ।

ਹਯ ਅਰੋਹ ਆਸਨ ਪਰ ਠਹਿਰੇ।
ਦਲ ਸਮੇਤ ਕਰਿ ਕੂਚ ਸਿਧਾਰੇ।
ਪਹੁੰਚੇ ਕਿਤਿਕ ਕੋਸ ਦਿਨ ਸਾਰੇ ॥੧੩॥
ਲਾਲੀ ਨਗਰ[†] ਪਹੂਚੇ ਜਾਇ।
ਬਡੀ ਮਜਲ ਕਰਿ ਗਏ ਸੁ ਥਾਇ।
ਖਾਨ ਪਾਨ ਕਰਿ ਨਿਸਾ ਗੁਜਾਰੀ।
ਭਈ ਪ੍ਰਾਤਿ ਕੀਯਸਿ ਅਸਵਾਰੀ ॥੧੪॥
ਪੰਥ ਪਯਾਨਤਿ ਉਲੰਘੇ ਦੇਸ਼।
ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼।
ਸ਼੍ਰਮਤ ਬਿਹੀਰ ਪਹੂਚੇ ਤਹਾਂ।
ਪੁਰਿ ਮਘਰੌਦਾ[†] ਸੁਨੀਅਤਿ ਜਹਾਂ ॥੧੫॥
ਉਤਰ ਪਰੇ ਪ੍ਰਭੁ ਸਿਵਰ ਲਗਾਯੋ।
ਸਨੇ ਸਨੇ ਸਭਿ ਸਾਥ ਸੁ ਆਯੋ।
ਖਾਨ ਪਾਨ ਬਿੱਸ੍ਰਾਮਤਿ ਹੋਏ।
ਕਰੀ ਅਰਜ ਮਿਲਿ ਕੈ ਸਭਿ ਕੋਏ ॥੧੬॥
'ਦੀਰਘ ਮਜ਼ਲ ਭਈ ਇਹ ਦੋਊ।
ਸ਼੍ਰਮਤ ਬਿਹੀਨ ਬਿਖੈ ਸਭਿ ਕੋਊ।
ਜਿਮ ਨਿਬਹੈ ਬਡ ਛੋਟੇ ਸਾਥ।
ਮਾਰਗ ਗਮਨ ਕਰਹੁ ਤਿਮ ਨਾਥ' ॥੧੭॥
ਸੁਨਿ ਸ਼੍ਰੀ ਮੁਖ ਤੇ ਸਭਿਨਿ ਸੁਨਾਯੋ।
'ਸਿਵਰ ਉਚਿਤ ਥਲ ਪੰਥ ਨ ਪਾਯੋ[1]।
ਯਾਂ ਤੇ ਮਜ਼ਲਾਂ ਦੀਰਘ ਦੋਇ।
ਪ੍ਰਾਤਿ ਸਮੀਪੀ ਡੇਰਾ ਹੋਇ' ॥੧੮॥
ਇੱਤ੍ਯਾਦਿਕ ਕਹਿ ਰਾਤਿ ਬਿਤਾਈ।
ਭਈ ਭੋਰ ਤਯਾਰੀ ਕਰਿਵਾਈ।
ਸਨਧਬੱਧ ਹ੍ਵੈ ਹਯ ਆਰੂਢੇ।
ਗਮਨ ਕੀਨਿ ਗੁਰ ਜਿਸ ਗੁਨ ਗੂਢੇ ॥੧੯॥

[†]ਸਾਖੀ ਪੋਥੀ ਵਿਚੋਂ ਹੈ।

[†]ਇਹ ਨਾਮ ਸਾਖੀ ਪੋਥੀ ਵਿਚੋਂ ਹੈਨ।

[1]ਰਾਹ ਵਿਚ ਡੇਰੇ ਦੇ ਯੋਗ ਥਾਂ ਨਹੀਂ ਸੀ (ਕੋਈ) ਮਿਲਿਆ।

ਦ੍ਵਾਦਸ਼ ਕੋਸ ਪਹੂਚੇ ਜਾਇ।
ਨਗਰ ਕੁਲਾਯਤ[†] ਸੁੰਦਰ ਥਾਇੰ।
ਲਗ੍ਯੋ ਸਿਵਰ ਸਭਿ ਹੂੰ ਸੁਖ ਪਾਯੋ।
ਭਏ ਦੇਗ ਭੋਜਨ ਸ਼ੁਭ ਖਾਯੋ ॥੨੦॥
ਸ਼੍ਰਮਤ ਸਾਥ ਕੋ ਜਾਨਿ ਗੁਸਾਈਂ।
ਕਰ੍ਯੋ ਮੁਕਾਮ ਦੇਖਿ ਸ਼ੁਭ ਥਾਈਂ।
ਦ੍ਵਾਦਸ਼ ਦਿਵਸ ਬਸ੍ਯੋ ਤਹਿਂ ਡੇਰਾ।
ਬਿਥਰ੍ਯੋ ਸੁਜਸੁ ਬਿਸਦ ਬਹੁਤੇਰਾ ॥੨੧॥
ਆਇ ਅਨੇਕ ਪਾਇ ਬਰ ਜੈ ਹੈਂ[1]।
ਅਨਿਕ ਅਕੋਰਨਿ ਕੋ ਅਰਪੈ ਹੈਂ।
ਅਵਿਲੋਕਤਿ ਬਹੁ ਸੁੰਦਰ ਰੂਪ।
ਬਸਤ੍ਰ ਸ਼ਸਤ੍ਰ ਜੁਤਿ ਮਹਿਦ ਅਨੂਪ ॥੨੨॥
ਸ਼੍ਰਮ ਬਿਨ ਭਯੋ ਅਸੂਦੇ ਸਾਥ[1]।
ਚਹ੍ਯੋ ਅਰੂਢਨਿ ਚਲਿਬੇ ਨਾਥ।
ਕਰ੍ਯੋ ਕੂਚ ਹਯ ਚਢਿ ਕਰਿ ਚਾਲੇ।
ਧਰੇ ਹਾਥ ਧਨੁ ਕਠਨ ਬਿਸਾਲੇ ॥੨੩॥
ਜਹਿਂ ਰਾਜਨ ਕੇ ਦੇਸ਼ ਵਿਸ਼ੇਸ਼ਾ।
ਦਲ ਸਮੇਤ ਪ੍ਰਭੁ ਭਏ ਪ੍ਰਵੇਸ਼ਾ।
ਗ੍ਰਾਮਨਿ ਕੇ ਨਰ ਦੇਖਿ ਪ੍ਰਤਾਪੂ।
ਬਾਜਤਿ ਦੁੰਦਭਿ ਚਮੂੰ ਕਲਾਪੂ[1] ॥੨੪॥
ਲੇ ਲੇ ਕਰਿ ਅਕੋਰ ਚਲਿ ਆਵੈਂ।
ਮਿਲਹਿਂ ਜੋਰਿ ਕਰ ਅਰਜ਼ ਸੁਨਾਵੈਂ।
ਕਾਸ਼ਟ ਤ੍ਰਿਣਨ ਆਨਿ ਗਨ ਦੇਈਂ।
ਸੌਂਜ ਉਬਾਰ ਸਦਨ ਕੀ ਲੇਈਂ ॥੨੫॥
ਜੋ ਨਹਿਂ ਮਿਲਹਿਂ ਗਰਬ ਉਰ ਧਾਰਹਿਂ।
ਤਹਿਂ ਮਿਲਿ ਸਿੰਘ ਲੂਟ ਕੋ ਡਾਰਹਿਂ[†]।

[†]ਕਵੀ ਜੀ ਦਾ ਭਾਵ ਹੈ ਜੋ ਲੋਕ ਹੈਂਕੜ ਨਾਲ ਮਿਲਦੇ ਤੇ ਮੰਗੀ ਸ਼ੈ ਮੁੱਲ ਨੂੰ ਬੀ ਨਹੀਂ ਸੇ ਦੇਂਦੇ, ਇਹ ਵਾਰਤਾ ਉਥੇ ਵਰਤਦੀ ਸੀ। ਅੱਗੇ ਦੇਖੋ ਅੰਸੂ ੩੮ ਅੰਕ ੩੬ ਆਪ ਸਤਿਗੁਰੂ ਜੀ ਆਗਿਆ ਕਰ ਰਹੇ ਹਨ ਕਿ ਪ੍ਰਜਾ ਨੂੰ ਕੋਈ ਖੇਚਲ ਨਹੀਂ ਦੇਣੀ, ਵਿਸ਼ੇਸ਼ ਲਈ ਤੱਕੋ ੩੮ ਅੰਸੂ ਦਾ ੪੨ ਅੰਕ ਤੇ ਨੋਟ।

ਅਸਨ ਬਸਨ ਆਦਿਕ ਲੇਂ ਛੀਨਾਂ।
ਬਲ ਦਿਖਾਇ ਕੈ ਕਰੈਂ ਅਧੀਨਾ ॥੨੬॥

[†]ਇਹ ਨਾਮ ਵੀ ਸਾਖੀ ਪੋਥੀ ਵਿਚੋਂ ਹੈਨ।

[1]ਵਰ ਪਾ ਪਾ ਕੇ ਜਾਂਦੇ ਹਨ।

[1]ਥਕੇਵਾਂ ਲਾਹਕੇ ਸਾਥ ਸੁਖੀ ਹੋ ਗਿਆ।

[1]ਸਾਰੀ।

ਧਾਂਕ ਪਰੀ ਸਭਿ ਦੇਸ਼ ਵਿਸ਼ੇਸ਼ਾ।
ਹੋਤਿ ਕੂਚ ਦਰ ਕੂਚ ਹਮੇਸ਼ਾ।
ਬਾਪੀ ਕੂਪ ਸਰੋਵਰ ਨੀਕੇ।
ਉਪਬਨ ਬਹੁ ਹੁਲਸਾਵਨ ਜੀ ਕੇ ॥੨੭॥
ਸੁੰਦਰ ਧਰਾ ਅਧਿਕ ਸਬਜ਼ਾਈ।
ਡੇਰਾ ਕਰਹਿਂ ਦੇਖਿ ਸੁਖਦਾਈ।
ਇਮ ਗਮਨਤਿ ਤਿਸ ਦੇਸ਼ ਮਝਾਰਾ।
ਕਰਿਤਿ ਬਿਲਾਸ ਅਨੇਕ ਪ੍ਰਕਾਰਾ ॥੨੮॥
ਖੇਲਤਿ ਹੈਂ ਅਖੇਰ ਬਨ ਫਿਰਿ ਕੇ।
ਮ੍ਰਿਗ ਖਗ ਪੁੰਜ ਸੰਘਾਰਨਿ ਕਰਿ ਕੇ।
ਸਨੇ ਸਨੇ ਸੁਖ ਸਹਤ ਚਲੰਤੇ।
ਲੂਟਿ ਕੂਟਿ ਡਰਿ ਲੋਕ ਮਿਲੰਤੇ ॥੨੯॥
ਦਯਾ ਸਿੰਘ ਹਜ਼ਰਤ ਕੋ ਛੋਰਿ।
ਕਰੇ ਬੇਗ ਆਯੋ ਇਤ ਓਰ।
ਸੁਨਿ ਸਤਿਗੁਰ ਕੀ ਸੁਧ ਇਤ ਆਏ।
ਮਿਲਜੋ ਆਨਿ ਸਨਮੁਖ ਸੁਖ ਪਾਏ ॥੩੦॥
ਚਰਨ ਸਰੋਜਨ ਪਰ ਸਿਰ ਧਰਿ ਕੈ।
ਸਤਿਗੁਰ ਪ੍ਰੇਮ ਅਧਿਕ ਉਰ ਭਰਿ ਕੈ।
ਤਜਿ ਨਹਿਂ ਸਕਹਿ ਉਠਾਯਵ ਆਪ[1]।
ਕਰਜੋ ਬਿਦਾਰਨਿ ਬਿਰਹ ਸੰਤਾਪ ॥੩੧॥
ਦ੍ਰਿਗਨ ਬੂੰਦ ਆਨੰਦ ਕੀ ਗਿਰੀ।
ਕੋ ਕਹਿ ਸਕਹਿ ਜੁ ਸੁਖ ਤਿਸ ਘਰੀ।
ਮਗ ਜੈਬੇ ਐਬੇ ਕੀ ਕਥਾ।
ਮੁਲਾਕਾਤ ਹਜ਼ਰਤਿ ਕੀ ਜਥਾ ॥੩੨॥
ਦਯਾ ਸਿੰਧੁ ਸਭਿ ਬੂਝਨ ਕੀਨਾ।
ਦਯਾ ਸਿੰਘ ਤਬਿ ਉਤਰ ਦੀਨਾ।
'ਅਹਿਦੀ ਕੇ ਮਨਿੰਦ ਬਨਿ ਗਯੋ।
ਗ੍ਰਾਮ ਗ੍ਰਾਮ ਤੇ ਨਰ ਨਿਕਸਜੋ ॥੩੩॥
ਮਗ ਮਹਿਂ ਗੁਰ ਸੰਗਤਿ ਸਮੁਦਾਈ।

[1]ਭਾਵ ਸ੍ਰੀ ਗੁਰੂ ਜੀ ਨੇ।

ਮਿਲਿ ਮਿਲਿ ਪੂਜਜੋ ਤੁਮ ਸਮਤਾਈ[1]।
ਪਹੁੰਚਜੋ ਸ਼ਾਹੁ ਸਿਵਰ ਕੇ ਮਾਂਹੀ।
ਕਰੇ ਜਤਨ ਮਿਲਿਬੋ ਹੁਇ ਨਾਂਹੀ ॥੩੪॥

[1]ਆਪ ਦੇ ਸਦਰਸ਼।

ਪਠੀ ਆਪ ਢਿਗ ਕਾਸਦ ਜੋਰੀ[1]।
ਜਿਮ ਆਇਸੁ ਭੇਜੀ ਦਿਸ਼ ਮੋਰੀ।
ਭਯੋ ਮੇਲ ਤਿਮ ਅੰਤਰ ਗਏ।
ਪ੍ਰਤਿ ਉੱਤਰ ਨਾਨਾ ਬਿਧਿ ਭਏ' ॥੩੫॥

[1]ਹਲਕਾਰਿਆਂ ਦੀ ਜੋੜੀ।

ਸ੍ਵਾਨ ਆਦਿ ਕੋ ਸਕਲ ਪ੍ਰਸੰਗ।
ਸਨੇ ਸਨੇ ਬਰਨਜੋ ਗੁਰ ਸੰਗ।
'ਪੁਨ ਹਮ ਕੋ ਰੁਖਸਦ ਤਿਨ ਕੀਨਿ।
ਗੁਰਜ ਦਾਰ ਦ੍ਵੈ ਸੰਗ ਸੁ ਦੀਨ ॥੩੬॥
ਸੁਧ ਸੁਨਿ ਕੈ ਰਾਵਰ ਇਤ ਆਏ।
ਰਾਜਪੂਤਨ ਕੇ ਦੇਸ਼ ਸਿਧਾਏ।
ਸੋ ਮਗ ਤਜਿ ਮੈਂ ਇਤਿ ਦਿਸ਼ਿ ਆਯੋ।
ਪਹੁੰਚਿ ਆਪ ਕੋ ਦਰਸ਼ਨ ਪਾਯੋ ॥੩੭॥
ਗੁਰਜਦਾਰ[1] ਮੇਰੇ ਸੰਗ ਦੋਇ।
ਗਏ ਬਿਛੁਰ ਦਿੱਲੀ ਦਿਸ਼ਿ ਸੋਇ।
ਸੂਬੇ ਗਨ ਉਮਰਾਵ ਮਹਾਨੇ।
ਸਭਿ ਦਿਸ਼ਿ ਲਿਖੇ ਸ਼ਾਹ ਪਰਵਾਨੇ
॥੩੮॥

[1]ਸਿਪਾਹੀ।

-ਜਿਸ ਕੀ ਦਿਸ਼ਿ ਸਤਿਗੁਰ ਚਲਿ ਆਵੈਂ।
ਦਲ ਸਮੇਤ ਜਹਿਂ ਸਿਵਰ ਲਗਾਵੈਂ।
ਸੋ ਸਭਿ ਕਰ ਜੋਰਹਿਂ ਢਿਗ ਜਾਇ।
ਅਨਿਕ ਰੀਤਿ ਕੀ ਸੇਵ ਕਮਾਇੰ ॥੩੯॥
ਨਹਿਂ ਕੋ ਸਨਮੁਖ ਹ੍ਵੈ ਰਨ ਕਰੈ।
ਕੈ ਸਿਹੁ ਗੁਰ ਕੇ ਸੰਗ ਨ ਅਰੈ-।
ਗੁਰਜਦਾਰ ਦਿੱਲੀ ਅਬਿ ਜੈ ਹੈਂ।
ਦੇਸ਼ ਬਿਦੇਸ਼ਨ ਐਸ ਪਠੈ ਹੈਂ[1] ॥੪੦॥

[1]ਇਸ ਤਰ੍ਹਾਂ (ਲਿਖਕੇ) ਭੇਜਣਗੇ। (ਅ) ਐਸ=ਆਇਸੁ=ਆਗਜਾ।

ਪੁਨ ਸਤਿਗੁਰ ਕੋ ਦਯੋ ਕਪੀਰਾ[1]।
ਅਹੈ ਅਮਾਨਤ ਪਠਿ ਤੁਮ ਤੀਰਾ।'
ਸਿੱਖਨਿ ਪਿਖਿ ਕੈ ਬੂਝਿ ਪ੍ਰਸੰਗਾ।

[1]ਦੇਖੋ ਅੰਸੂ ੩੧ ਅੰਕ ੨੩।

ਸ਼੍ਰੀ ਗੁਰ ਕਹਜੋ ਸੁ ਸਭਿ ਕੇ ਸੰਗਾ ॥੪੧॥
'ਮੱਕੈ ਜਾਇ[1] ਫਜ਼ੀਹਤ ਭਾਰੀ।
ਕਰੀ ਨੁਰੰਗ ਕੋ[2] ਪਿਖਿ ਡਰ ਧਾਰੀ।
ਤਿਸ ਹੀ ਥਲ ਹਮ ਦੀਨੋ ਧ੍ਰੋਹਰ[1]।'
ਦਯਾ ਸਿੰਘ ਪੁਨ ਕਹਿ ਕਰ ਜੋਰਿ ॥੪੨॥
'ਥੋਰੇ ਦਿਵਸ ਬਿਤੇ ਹਮ ਔਰ।
ਤਨਕ ਭਨਕ ਸੁਨਿ[1] ਅਸ ਇਕ ਠੌਰ।
ਹੁਤੋ ਜ਼ਫਰਨਾਮਾ ਤੁਮ ਕਰ ਕੋ।
ਜਬਿ ਹਮ ਦੇ ਕਰਿ ਹਟੇ ਵਹਰਿ ਕੋ ॥੪੩॥
ਤਤਛਿਨ ਹਜ਼ਰਤ ਕੋ ਦੁਖ ਹੋਵਾ।
ਪੁਨ ਕੋ ਅੰਤਰ ਗਯੋ ਨ ਜੋਵਾ[1]।
ਖੋਟੀ ਸੁਧਿ ਪਸਰੀ ਚਹੁੰ ਓਰ।
ਦੁਰ ਦੁਰ ਕਹੈਂ ਨ ਮਾਚਜੋ ਸ਼ੋਰ[1] ॥੪੪॥
ਆਗੈ ਤੁਮ ਭਾਵੈ ਤਿਮ ਹੋਇ।
ਜਥਾ ਬ੍ਰਿਤਾਂਤ, ਭਨਜੋ ਤਿਮ ਸੋਇ[1]।'
ਸੁਨਿ ਸਤਿਗੁਰ ਕਹਿੰ 'ਆਛੀ ਕੀਨਿ।
ਮਰਹਿ ਨੁਰੰਗਾ ਬਿਲਮ ਬਿਹੀਨ ॥੪੫॥
ਕੇਤਿਕ ਦਿਨ ਮਹਿਂ ਸੁਧਿ ਪਸਰੈ ਹੈ।
ਉਚ ਨੀਚ ਸਗਰੇ ਲਖਿ ਲੈ ਹੈਂ।'
ਇਮ ਕਹਿ ਸੁਨਿ ਕੈ ਸਤਿਗੁਰ ਸੰਗ।
ਦਯਾ ਸਿੰਘ ਢਿਗ ਰਹਜੋ ਉਮੰਗ ॥੪੬॥
ਦਿਨ ਪ੍ਰਤਿ ਕੂਚ ਕਰਤਿ ਗੁਰ ਪੂਰੇ।
ਕਹੁੰ ਅਰਹਿਂ ਮਗ ਦਲ ਕੇ ਸੂਰੇ[1]।
ਲੂਟ ਕੂਟ ਲੇਂ ਹੋਤਿ ਲਰਾਈ।
ਕੇਤਿਕ ਮਿਲਹਿਂ ਪਰਹਿਂ ਪ੍ਰਭੁ ਪਾਈ ॥੪੭॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਯਾ ਸਿੰਘ ਮਿਲਨ' ਪ੍ਰਸੰਗ ਬਰਨਨੰ ਨਾਮ ਸਪਤਤ੍ਰਿੰਸਤੀ ਅੰਸੂ ॥੩੭॥

[1]ਔਰੰਗੇ ਦੀ ਖ਼ੁਆਰੀ ਕੀਤੀ।
[1]ਅਮਾਨਤ।
[1]ਥੋੜੀ ਕਨਸੋ (ਅਸੀਂ ਕੰਨੀ) ਸੁਣੀ ਹੈ।
[1]ਫਿਰ ਕਿਸੇ ਅੰਦਰ ਜਾਕੇ ਡਿੱਠਾ ਨਹੀਂ (ਪਰ)।
[1]ਛੁਪ ਛੁਪਕੇ (ਸ਼ਾਹ ਦੀ ਬੀਮਾਰੀ ਕਹਿੰਦੇ ਸੀ ਪਰ ਸ਼ੋਰ ਨਹੀਂ ਮਚਿਆ)।
[1]ਜਿਵੇਂ ਹਾਲ ਹੋਇਆ ਤਿਵੇਂ ਕਹਿ ਦਿੱਤਾ ਹੈ।
[1]ਕਿਧਰੇ ਕਿਧਰੇ ਅੜਦੇ ਹਨ ਰਾਹ ਵਿਚ ਗੁਰੂ ਦਲ ਦੇ ਸੂਰਮੇਂ।

## ੩੮. [ਸਫਰ। ਬਘੌਰ ਵਿਚ ਡੇਰਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਇਸ ਪ੍ਰਕਾਰ ਸ੍ਰੀ ਸਤਿਗੁਰੂ, ਮਾਰਗ ਆਗੇ ਜਾਤ।
ਗ੍ਰਾਮ ਚੌਧਰੀ ਮਿਲਤਿ ਜੇ, ਸੋ ਸੁਖ ਬਸਿ ਦਿਨ ਰਾਤਿ[1] ॥੧॥

[1]ਸੋ (ਲੋਕ) ਸੁਖ ਨਾਲ ਵਸਦੇ ਹਨ।

ਚੌਪਈ:

ਜੇ ਹੰਕਾਰ ਧਰਹਿਂ ਨਿਜ ਬਲ ਕੋ।
ਤਾਂ ਪਰ ਹਮਲਾ ਹੋਵਤਿ ਦਲ ਕੋ।
ਛੁਟਹਿਂ ਤੁਫੰਗ ਅਰਹਿਂ ਲੇਂ ਮਾਰ।
ਲੂਟ ਕੂਟ ਲੇ ਕਰਹਿਂ ਅਹਾਰ ॥੨॥
ਦਿਨ ਪ੍ਰਤਿ ਕੂਚ ਨਾਥ ਕੋ ਹੋਇ।
ਦੇਸ਼ ਨਵੀਨ ਪਿਖਹਿਂ ਨਿਤ ਸੋਇ।
ਜਿਤ ਜਿਤ ਜਾਤਿ ਰੌਰ ਬਹੁ ਪਰੈ।
ਧੁਮ ਧਾਕ† ਸੁਨਿ ਕੈ ਨਰ ਡਰੈਂ ॥੩॥

†ਪਾ:-ਧੁਮ ਧਾਮ।

ਕੇਤਿਕ ਦੇਸ਼ ਉਲੰਘ ਜਬਿ ਗਏ।
ਬਿਖਮ ਪੰਥ ਆਗੈ ਸੁਨਿ ਲਏ।
'ਤੋਪ ਨ ਸਕਟ ਇਤੈ ਕੋ ਜੈ ਹੈ[1]।
ਗਿਰ ਲਘੁ ਪਾਹਨ ਬ੍ਰਿੰਦ ਪਰੇ ਹੈਂ' ॥੪॥

[1]ਨਾ ਤੋਪ ਨਾ ਗੱਡਾ (ਜਾਂ ਤੋਪਾਂ ਵਾਲਾ ਗੱਡਾ) ਇਧਰੋਂ ਨਹੀਂ ਲੰਘ ਸਕਦਾ। [ਅੱਗੇ ਚੱਲਕੇ ਪਤਾ ਲੱਗੂ ਕਿ ਨਾਲ ਤੋਪਾਂ ਬੀ ਸਨ ਸਤਿਗੁਰੂ ਜੀ ਦੇ, ਦੇਖੋ ਅੰਸੂ ੩੯ ਦਾ ਅੰਕ ੨੧]।

ਮਾਰਗ ਕਠਨ ਸੁਨਜੋ ਜਬਿ ਕਾਨ।
ਤਿਸ ਦਿਸ਼ਿ ਤੇ ਹਟਿ ਕ੍ਰਿਪਾ ਨਿਧਾਨ।
ਪੰਥ ਸੁਖੈਨ ਅਪਰ ਜਿਤ ਅਹੈ।
ਭੇਦ ਦੇਸ਼ ਕੋ ਬਹੁ ਜੋ ਲਹੈਂ[1] ॥੫॥

[1]ਦੇਸ਼ ਦਾ ਭੇਦ ਜੋ ਬਹੁਤ ਜਾਣਦੇ ਹਨ।

ਤਿਨਹੁੰ ਬਤਾਯਹੁ 'ਪਰਬਤ ਘਾਟੀ।
ਪਹੁੰਚਜੋ ਜਾਇ ਨ, ਅਉਖੀ ਬਾਟੀ[1]।
ਦੂਸਰ ਮਗ ਹੈ ਚਲਨਿ ਸੁਖੈਨ।'
ਸੁਨ ਤਿਤ ਗਮਨੇ ਕਰੁਨਾ ਐਨ ॥੬॥

[1]ਔਖਾ ਰਾਹ ਹੈ।

ਸਨੇ ਸਨੇ ਸੁਖ ਸਿਵਰ ਕਰੰਤੇ।
ਤਿਸੀ ਦੇਸ਼ ਕੋ ਮਗ ਉਲਘੰਤੇ।
ਤਿਸ ਪਰਬਤ ਕੇ ਪਹੁੰਚੇ ਪਾਰ।

ਦੇਖਯੋ ਸੁੰਦਰ ਦੇਸ਼ ਬਹਾਰ[1] ॥੭॥
ਸਦਲ ਸਫਲ ਤਰੁਵਰ ਬਹੁ ਖਰੇ।
ਸੁਖਦਾਯਕ ਛਾਯਾ ਕਹੁ ਕਰੇ।
ਬਾਗ ਤੜਾਗ ਬਿਭਾਗ ਸਮੇਤ।
ਅਵਲੋਕੇ ਚਿਤ ਆਨੰਦ ਦੇਤਿ ॥੮॥
ਬਾਪੀ ਕੂਪ ਆਪ ਮਲਹੀਨ[1]।
ਜਿਤ ਕਿਤ ਸਬਜ਼ੀ ਸੁਭਤਿ ਨਵੀਨ।
ਗਮਨੇ ਤਹਾਂ ਹੇਰਿ ਹਰਿਖਾਏ।
ਸੁੰਦਰ ਥਲ ਪਿਖਿ ਥਲ ਉਤਰਾਏ ॥੯॥
ਰਸਤ, ਛਾਗ, ਤ੍ਰਿਣ, ਈਂਧਨ ਆਨੇ।
ਬਿਚ ਗ੍ਰਾਮਨ ਕੇ ਸਿੰਘ ਪਯਾਨੇ।
ਦੁਗਧ, ਦਧੀ, ਘ੍ਰਿਤ ਅਰੁ ਮਿਸ਼ਟਾਨ।
ਦੇਗ ਬਿਖੈ ਡਾਰਤਿ ਗਨ ਆਨਿ ॥੧੦॥
ਇਸ ਪ੍ਰਕਾਰ ਸਤਿਗੁਰ ਸੁਖ ਪਾਵਤਿ।
ਸਨੇ ਸਨੇ ਸੁਖ ਸੋਂ ਮਗ ਜਾਵਤਿ।
ਇਤਨੇ ਮਹਿਂ ਦੱਖਣ ਤੇ ਆਯੋ[1]।
ਮਿਲਿ ਪ੍ਰਭੁ ਸੰਗ ਪ੍ਰਸੰਗ ਸੁਨਾਯੋ ॥੧੧॥
'ਮਰਜੋ ਨੁਰੰਗਾ ਬਹੁ ਦੁਖ ਪਾਇ।
ਮਚੈ ਰੌਰ ਦੇਸ਼ਨ ਸਮੁਦਾਇ।'
ਸੁਨਿ ਕੈ ਸਿੰਘਨ ਬੂਝਨ ਕਰਜੋ।
'ਕਿਸ ਬੀਮਾਰੀ ਤੇ ਕਿਮ ਮਰਜੋ?' ॥੧੨॥
ਕਹਤਿ ਭਯੋ ਤਬਿ ਸਰਬ ਬ੍ਰਿਤੰਤ।
ਜਿਸ ਬਿਧਿ ਭਯੋ ਦਿਲੀਸ਼ੁਰ ਅੰਤ।
'ਗੁਰੂ ਜ਼ਫਰਨਾਮਾ ਜੋ ਪਠਜੋ।
ਤਿਸ ਕੋ ਖੋਲਿ ਸ਼ਾਹੁ ਜਬਿ ਪਠਜੋ ॥੧੩॥
ਤਬਿ ਹੀ ਤੇ ਤਨ ਭਈ ਬਿਮਾਰੀ।
ਕਰੇ ਅਨਿਕ ਹਿਕਮਤ ਉਪਚਾਰੀ[1]।
ਅਚੈ ਅਹਾਰ ਪਚੈ ਸੋ ਨਾਂਹੀ।
ਨਾਭੀ ਤਰ ਤੇ ਉਤਰੈ ਨਾਂਹੀ ॥੧੪॥
ਖਾਨਾ ਕਰੈ ਖਾਨ ਜਬਿ ਕੋਇ।
ਉਦਰ ਰਹੈ ਕੇਤਿਕ ਚਿਰ ਸੋਇ।

[1]ਬਹਾਰ ਵਾਲਾ ਭਾਵ ਅਨੰਦ ਦਾਇਕ।

[1]ਨਿਰਮਲ ਜਲ ਵਾਲੇ।

[1]ਕੋਈ) ਆਇਆ।

[1]ਹਕੀਮਾਂ ਦੀਆਂ ਹਕੀਮੀਆਂ ਤੇ ਇਲਾਜ।

ਪੁਨ ਮੁਖ ਕੀ ਦਿਸ਼ਿ ਨਿਕਸੈ ਸਾਰੋ।
ਸਮ ਬਿਸ਼ਟਾ ਕੇ ਹੁਇ ਦੁਖ ਭਾਰੋ ॥੧੫॥
ਇਮ ਕੇਤਿਕ ਦਿਨ ਸੰਕਟ ਪਾਯੋ।
ਫਲ ਪਾਪਨ ਕੋ ਅਧਿਕ ਦਿਖਾਯੋ।
ਬਿਸ਼ਟਾ ਮੁਖ ਕੀ ਦਿਸ਼ਾ ਨਿਕਾਰੇ।
ਭੀਮ ਰੂਪ ਜਮਦੂਤ ਦਿਖਾਰੇ[1][†] ॥੧੬॥

[1]ਜਮ ਭਿਆਨਕ ਰੂਪ ਅਪਨਾ ਉਸਨੂੰ ਦੱਸਦੇ ਸਨ।
[†]ਪਾ:-ਨਿਹਾਰੇ।

ਕਬਿ ਅਰੜਾਇ ਮੂਰਛਾ ਪਾਏ।
ਘੂਮਯੋ ਰਹੈ ਨੈਨ ਉਂਘਲਾਏ।
ਕਸ਼ਟ ਬਿਸਾਲ ਪਾਇ ਮਰਿ ਗਯੋ।
ਕੇਤਿਕ ਦਿਵਸ ਬਿਦਤ ਨਹਿਂ ਭਯੋ ॥੧੭॥
-ਕੁੱਪਾ ਰਿੜ੍ਹਯੋ- ਕਹੈਂ ਪੁਰਿ ਲੋਕ[†]।

[†]ਬਾਦਸ਼ਾਹ ਮਰ ਗਿਆ। ਅਗਲੇ ਸਮੇਂ ਬਾਦਸ਼ਾਹ ਦੇ ਮਰਨ ਨੂੰ ਕੁੱਪਾ ਰੁੜਨਾ ਕਹਿੰਦੇ ਸਨ, ਬਾਦਸ਼ਾਹ ਦਾ ਮਰਨਾ ਨਹੀਂ ਸਨ ਕਹਿੰਦੇ ਕਿਉਂਕਿ ਬਾਦਸ਼ਾਹ ਨਹੀਂ ਮਰਦਾ, ਇਕ ਮਰਿਆ ਦੂਜਾ ਤਖਤ ਤੇ ਬਹਿ ਗਿਆ। ਬਾਦਸ਼ਾਹ ਦਾ ਬਦਲਨਾ ਕੁੱਪੇ ਦੇ ਹੇਠ ਉੱਤੇ ਹੋਣ ਵਾਂਗ ਹੈ।

ਭਯ ਦੇਸ਼ ਮਹਿ ਜਹਿਂ ਕਹਿਂ ਸ਼ੋਕ।'
ਸੁਨਿ ਗੁਰ ਬੂਝਯੋ ਮਾਲਕ ਤਖਤ।
'ਕੋ ਅਬਿ ਭਯੋ ਸ਼ਾਹੁ ਸ਼ੁਭ ਬਖਤ[1]?' ॥੧੮॥

[1]ਚੰਗੇ ਭਾਗਾਂ ਵਾਲਾ।

ਪੁਨ ਤਿਨ ਕਹਯੋ 'ਮਹਾਂ ਗਨ ਲਸ਼ਕਰ।
ਤਾਰਾ ਆਜ਼ਮ[1] ਅਹੈ ਬੀਚ ਬਰ।
ਪੂਰਬ ਵਲੀਅਹਦ ਸੋ ਭਯੋ[1]।
ਅਬਿ ਪਾਤਸ਼ਾਹੀ ਪਰ ਥਿਰ ਥਯੋ ॥੧੯॥

[1]ਔਰੰਗਜ਼ੇਬ ਦਾ ਪੁਤਰ ਆਜ਼ਮਸ਼ਾਹ।
[1]ਟਿੱਕਾ ਹੋ ਗਿਆ ਸੀ।

ਗਨ ਉਮਰਾਵ ਵਜ਼ੀਰ ਜਿ ਸਜਾਨੇ।
ਸਗਰੇ ਹਾਥ ਜੋਰਿ ਤਿਹ ਮਾਨੇਂ।'
ਸੁਨਿ ਮੁਸਕਾਨੇ ਸਤਿਗੁਰ ਕਹੈਂ।
'ਨਹਿਂ ਸਲਤਨ ਕੋ ਸੁਖ ਇਹ ਲਹੈ ॥੨੦॥
ਸ੍ਰੀ ਅਕਾਲ ਕੀ ਜਥਾ ਰਜ਼ਾਇ।
ਸੋ ਬਨਿ ਹੈ ਨਹਿਂ ਆਨ ਉਪਾਇ।'
ਤਹਿਂ ਤੇ ਕੂਚ ਅਗਾਰੀ ਕਰਯੋ।

ਸ਼ਹਿਰ ਬਘੌਰ[1] ਨਿਕਟ ਸੁਨਿ ਪਰਯੋ ॥੨੧॥
ਜਹਾਂ ਭੀਮ ਨੇ ਕ੍ਰੀਚਕ ਮਾਰੇ[1]।
ਪਿਖ੍ਯੋ ਚਹੈਂ ਪ੍ਰਭੁ, ਤਿਤੇ ਸਿਧਾਰੇ।
ਕਰੈਂ ਕੂਚ ਦਰ ਕੂਚ ਪਯਾਨੇ।
ਪੁਰਿ ਬਿਘੌਰ ਕੇ ਗੁਰ ਨਿਯਰਾਨੇ ॥੨੨॥
ਥਲ ਸੁੰਦਰ ਤਰੁਵਰ ਗਨ ਹੇਰੇ।
ਕਰੇ ਮੁਕਾਮ ਪ੍ਰਭੂ ਤਹਿਂ ਡੇਰੇ।
ਸੁਨੀ ਨਗਰ ਮਹਿਂ -ਦਲ ਚਢਿ ਆਯੋ।
ਲੂਟ ਨ ਲੇਹਿਂ- ਮਹਾਂ ਡਰਪਾਯੋ ॥੨੩॥
ਗਹਿ ਗਹਿ ਸ਼ਸਤ੍ਰ ਭਏ ਸਵਧਾਨਾ।
ਕਰ੍ਯੋ ਲਰਨ ਕੋ ਠਾਟ ਮਹਾਨਾ।
ਭੇਤ ਹੇਤੁ ਨਰ ਏਕ ਪਠਾਯੋ।
ਸਨੇ ਸਨੇ ਚਲਿ ਦਲ ਮਹਿਂ ਆਯੋ ॥੨੪॥
ਜਹਿਂ ਦਿਵਾਨ ਮਹਿਂ ਸਤਿਗੁਰ ਥਿਰੇ।
ਸ਼ੋਭਤਿ ਚਮਰ ਚਾਰੁ ਸਿਰ ਢੁਰੇ।
ਤਹਾਂ ਪਹੁੰਚਿ ਜੋਰੇ ਜੁਗ ਹਾਥ।
ਬੰਦਨ ਕਰੀ ਨੰਮ੍ਰਤਾ ਸਾਥ ॥੨੫॥
ਪੁਨ ਪੁਰਿ ਜਨ ਕੀ ਅਰਜ਼ ਗੁਜ਼ਾਰੀ।
'ਮੋ ਕੋ ਪਠ੍ਯੋ ਤ੍ਰਾਸ ਉਰ ਧਾਰੀ।
ਦਲ ਬਿਸਾਲ ਹੈ ਸੰਗ ਤੁਮਾਰੇ।
ਪ੍ਰਵਿਸ਼ਹਿਂ ਲੁਟਹਿਂ ਜੰਗ ਕਰਿ ਮਾਰੇ ॥੨੬॥
ਆਪ ਕਹਾਂ ਤੇ ਚਲਿ ਕਰਿ ਆਏ?
ਅਬਿ ਚਾਹਤਿ ਹੋ ਕਹਾਂ ਸਿਧਾਏ?
ਕੌਨ ਕਾਜ ਆਗਵਨ ਤੁਮਾਰਾ?
ਕਰਹੁ ਪ੍ਰਸੰਗ ਸੁਨਾਵਨ ਸਾਰਾ' ॥੨੭॥
ਇਮ ਤ੍ਰਾਸਤਿ ਕੇ ਬਾਕ ਸੁਨੇ ਜਬਿ।

[1]ਬਘੌਰ, ਉਦੇ ਪੁਰ ਰਾਜ ਵਿਚ ਹੈ।

[1]ਜਦੋਂ ਰਾਜਾ ਬਿਰਾਟ ਪਾਸ ਪਾਂਡਵ ਬਿਨਾਂ ਸੈਨਾਂ ਰਹਿੰਦੇ ਸਨ ਤਦੋਂ ਕ੍ਰੀਚਕ ਨੇ ਦ੍ਰੋਪਤੀ ਨੂੰ ਛੇੜਿਆ ਸੀ ਤਾਂ ਭੀਮ ਨੇ ਉਸਨੂੰ ਮਾਰ ਦਿੱਤਾ ਸੀ। ਕ੍ਰੀਚਰ ਰਾਜੇ ਦਾ ਸਾਲਾ ਸੀ ਤੇ ਸੈਨਾ ਪਤੀ ਸੀ [ਸੰ:, ਕੀਚਕ]। [ਦੇਖੋ ਗੁਰ ਨਾਨਕ ਪ੍ਰਕਾਸ਼ ਉਤਰਾਰਧ ਅਧ੍ਯਾਯ ੨੪]।

ਧਰਮ ਸਿੰਘ ਸੋਂ ਗੁਰੂ ਭਨਜੋਂ ਤਬਿ।
'ਜਾਹ ਨਗਰ ਮਹਿਂ ਨਰ ਸਮੁਝਾਵਹੁ।
ਦੇ ਧੀਰਜ ਕੋ ਤ੍ਰਾਸ ਮਿਟਾਵਹੁ' ॥੨੮॥
ਆਇਸੁ ਪਾਇ ਗਯੋ ਤਤਕਾਲਾ।
ਪੁਰਿ ਜਨ ਸਾਵਧਾਨ ਜਹਿਂ ਜਾਲਾ।
ਥਿਰ ਹੁਇ ਸਗਰੀ ਕਥਾ ਸੁਨਾਈ।
'ਇਹ ਜਗ ਗੁਰ ਤੁਮ ਕੋ ਸੁਖਦਾਈ ॥੨੯॥
ਸਿਖ ਹੁਇ ਮਿਲੌਂ ਦਰਸ ਕੋ ਜੋਵਹੁ।
ਦੁਇ ਲੋਚਨ ਕੇ ਸੁਖ ਕੋ ਜੋਵਹੁ।
ਭੀਮ ਸੈਨ ਜਹਿਂ ਕ੍ਰੀਚਕ ਮਾਰੇ।
ਸੋ ਸਥਾਨ ਚਿਤ ਚਹੈਂ ਨਿਹਾਰੇ ॥੩੦॥
ਤੁਮ ਨਾਹਕ ਕਜੋਂ ਤ੍ਰਾਸਤਿ ਭਏ।
ਪੁਰਿ ਕੋ ਨਹਿ ਬਿਗਾਰ ਚਿਤ ਠਏ।'
ਧਰਮ ਸਿੰਘ ਇਮ ਦਿਯੋ ਦਿਲਾਸਾ।
ਤਦਪਿ ਨ ਤਿਨੈ ਭਯੋ ਭਰਵਾਸਾ ॥੩੧॥
[1] 'ਅਪਨੋ ਸਿਵਰ ਫਰਕ ਸੋਂ ਕਰੀਏ।
ਪੁਰਿ ਜਨ ਕੋ ਡਰ ਉਰ ਤੇ ਹਰੀਏ।'
ਨਹਿਂ ਸਮੁਝੇ ਬਹੁ ਕਹਿ ਸਮੁਝਾਏ।
ਧਰਮ ਸਿੰਘ ਤਬਿ ਹਟਿ ਕਰਿ ਆਏ ॥੩੨॥
ਪ੍ਰਭੁ ਆਗੈ ਅਰਦਾਸ ਬਖਾਨੀ।
'ਪੁਰਿ ਜਨ ਤ੍ਰਾਸਤਿ ਧੀਰ ਬਿਸਰਾਨੀ।
ਸੁੰਦਰ ਉਪਬਨ ਤਰੁਵਰ ਠੌਰ।
ਕੁਛਕ ਫਰਕ ਤੇ ਹੈ ਇਕ ਔਰ ॥੩੩॥
ਫੁਰਮਾਵਹੁ ਸ਼੍ਰੀ ਮੁਖ ਤੇ ਡੇਰਾ।
ਸਭਿ ਬਿਧਿ ਤੇ ਹੁਇ ਅਨੰਦ ਘਨੇਰਾ।'
ਸੁਨਿ ਕੈ ਨਾਥ ਕ੍ਰਿਪਾ ਕਰਿ ਕਹਜੋ।
'ਕਰਹੁ ਸਿਵਰ ਜਹਿਂ ਉਪਬਨ ਲਹਜੋ' ॥੩੪॥
ਚਢਿ ਪ੍ਰਭੁ ਗਏ ਪਿਖਜੋ ਸ਼ੁਭ ਬਾਗ।
ਤਰੁ ਛਾਇਆ ਸੁੰਦਰ ਜਹਿਂ ਲਾਗ।

[1]ਨਗਰ ਵਾਲਿਆਂ ਕਹਿਆ।

ਡੇਰਾ ਕਰਜੋ ਸਿੰਘ ਸਮੁਦਾਏ।
ਤਬਿ ਪੁਰਿ ਜਨ ਦਰਸ਼ਨ ਕੋ ਆਏ ॥੩੫॥
ਮਿਲੇ ਸੁ ਦੈ ਦੈ ਗਨ ਉਪਹਾਰੂ।
ਬੰਦਨ ਕਰਹਿਂ ਹੇਰਿ ਮੁਖ ਚਾਰੂ।
ਸ਼੍ਰੀ ਪ੍ਰਭੁ ਕਰੁਨਾ ਕਰਿ ਫੁਰਮਾਯੋ।
'ਕੋ ਖੇਚਲ ਇਨ ਕਰਹਿ ਨ ਧਾਯੋ[1] ॥੩੬॥
ਘਾਸ ਰੁ ਈਂਧਨ ਲੇਹੁ ਨ ਕੋਈ।
ਇਸ ਹੀ ਥਲ ਸਭਿ ਪ੍ਰਾਪਤਿ ਹੋਈ।
ਬਾਗ਼ ਭਲੋ ਥਲ ਬਹੁ ਸੁਖਦਾਈ।
ਇਸ ਮਹਿਂ ਤੇ ਲਿਹੁ ਚਹਿ ਸਮੁਦਾਈ' ॥੩੭॥
ਘਨੇ ਨਗਰ ਜਨ ਜਬਿ ਹੀ ਆਏ।
ਲੇ ਤਿਨ ਕੋ ਸੰਗ ਪ੍ਰਭੂ ਸਿਧਾਏ।
ਕ੍ਰੀਚਕ ਹਤਨਿ ਥਾਨ ਅਵਿਲੋਕਨ।
ਬੂਝਨਿ ਚਲੇ ਲਿਏ ਪੁਰਿ ਲੋਕਨਿ ॥੩੮॥
ਸਿੰਘਨ ਪ੍ਰਤਿ ਅਸ ਹੁਕਮ ਬਖਾਨਾ।
'ਚਲਹਿਂ ਪਯਾਦੇ[†] ਤਜਹਿਂ ਕਿਕਾਨਾ।'
ਇਮ ਸੁਨਿ ਕਰਿ ਗਨ ਕਿਯਸਿ ਪਯਾਨਾ।
ਪਹੁੰਚੇ ਕੋਸ ਉਚ ਬਹੁ ਥਾਨਾ ॥੩੯॥
ਭਲੇ ਭਲੇ ਥਲ ਗੁਰੂ ਨਿਹਾਰੇ।
ਬੂਝੇ ਨਰਨ ਬਤਾਵਤਿ ਸਾਰੇ।
ਤਹਾਂ ਅਪਰ ਗ੍ਰਾਮਨ ਕੇ ਲੋਕ।
ਆਏ ਪ੍ਰਭੁ ਕੋ ਦਰਸ ਬਿਲੋਕਿ ॥੪੦॥
ਡਰ ਧਰਿ ਜਿਨ ਜਿਨ ਅਰਜ਼ ਬਖਾਨੀ।
ਸਿੰਘਨ ਪ੍ਰਤਿ ਗੁਰ ਬੋਲੇ ਬਾਨੀ।
ਇਕ ਇਕ, ਗ੍ਰਾਮ ਨਗਰ ਮਹਿਂ ਜਾਵਹੁ[1]।
ਕਰਹਿ ਜੁ ਖੇਚਲ ਤਿਸਹਿ ਹਟਾਵਹੁ' ॥੪੧॥
ਨਾਥ ਹੁਕਮ[1] ਸੁਨਿ ਸੁਨਿ ਕਰਿ ਗਏ।

[1]ਭਾਵ ਦੌੜਨ ਭੱਜਣ ਦੀ ਖੇਚਲ ਇਨ੍ਹਾਂ ਵਿਚੋਂ ਕੋਈ ਨਾ ਕਰੇ।

[†]ਪਾ:-ਸਜਾਦੇ।

[1]ਇਕ ਇਕ (ਸਿੰਘ ਹੋਕੇ) ਨਗਰ ਵਿਚ ਜਾਓ।

[1]ਗੁਰੂ ਜੀ ਦਾ ਹੁਕਮ।

ਦੇ ਦੇ ਧੀਰ ਬਚਾਵਤਿ ਭਏ†।

†ਇਥੋਂ ਸਮਝ ਆਉਂਦੀ ਹੈ ਕਿ ਪ੍ਰਜਾ ਨਾਲ ਕਿਤਨਾ ਪਿਆਰ ਕਰਦੇ ਹਨ, ਜਿਹੜੀ ਲੁੱਟ ਕੁੱਟ ਦਾ ਜ਼ਿਕਰ ਆਉਂਦਾ ਹੈ ਉਹ ਸਮਝ ਲੈਣਾ ਚਾਹੀਏ ਕਿ ਜੋ ਆਪਣੇ ਬਾਹੂਬਲ ਨਾਲ ਹਮਲੇ ਕਰਦੇ ਯਾ ਦੁਖ ਦਾ ਸਾਮਾਨ ਕਰਦੇ ਸਨ ਉਹਨਾਂ ਨਾਲ ਹੀ ਜੁੱਧ ਮਚਦਾ ਸੀ। ਪ੍ਰਜਾ ਦਾ ਅਤਿ ਲਿਹਾਜ਼ ਕਰਦੇ ਸੇ, ਜੋ ਇਸ ਪ੍ਰਸੰਗ ਤੋਂ ਰੌਸ਼ਨ ਹੈ।

ਕਰਿ ਕਰਿ ਸੈਲ ਬਿਲੋਕੇ ਥਾਨ।
ਉਤਰੇ ਆਨਿ ਗੁਰੁ ਭਗਵਾਨ।
ਤਹਿਂ ਡੇਰੇ ਕੋ ਕੀਨ ਮੁਕਾਮੂ।
ਦੇਖਯੋ ਜਹਿਂ ਕਹਿਂ ਥਲ ਅਭਿਰਾਮੂ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਬਘੌਰ ਨਗਰ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

## ੩੯. [ਬਘੌਰ ਵਿਖੇ ਜੰਗ]

੩੮<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਇਕ ਦਿਨ ਉਸ਼ਟਰ ਗੁਰੂ ਕੇ, ਚਰਨ ਗਏ ਪੁਰਿ ਤੀਰ।
ਬਾਗਨ ਬਿਖੈ ਪ੍ਰਵੇਸ਼ ਭੇ, ਲਤਾ ਤਰੁਨ ਬਡ ਭੀਰ[1] ॥੧॥

[1]ਵੱਲਾਂ ਅਤੇ ਬ੍ਰਿੱਛਾਂ ਦੀ ਵੱਡੀ ਭੀੜ ਸੀ, ਭਾਵ ਸੰਘਣੇ ਸਨ।

ਚੌਪਈ:

ਅੰਤਰ ਜਾਇ ਤੋਰਿ ਤਰੁ ਖਾਏ।
ਇਤਨੇ ਮਹਿਂ ਮਾਲੀ ਤਹਿਂ ਆਏ।
ਉਸ਼ਟਨਿ ਕੈ ਬਹੁ ਲਸ਼ਟ ਪ੍ਰਹਾਰੇ।
ਦੇ ਗਾਰੀ ਬਹੁ ਵਹਿਰ ਨਿਕਾਰੇ ॥੨॥
ਇਤ ਤੇ ਉਸ਼ਟਵਾਨ ਮਿਲਿ ਗਏ।
ਦੇ ਦੇ ਗਾਰ ਲਰਤਿ ਸੋ ਭਏ।
ਲਾਠੀ ਸੋਟਨ ਭਈ ਲਰਾਈ।
ਮਾਰੇ ਉਪਬਨਵਾਨ[1] ਪਲਾਈ ॥੩॥

[1]ਬਾਗਵਾਨ।

ਲੇ ਉਸ਼ਟਰ ਇਹ ਗੁਰ ਢਿਗ ਆਏ।
ਮਾਲੀ ਕਰਨਿ ਪੁਕਾਰਿ ਸਿਧਾਏ।
ਤਿਨ ਸੁਨਿ ਕੈ ਇਮ ਠਟੀ ਸਲਾਹਾ।
'ਸਿੰਘ ਜੁ ਆਵੈ ਕੋ ਇਤ ਰਾਹਾ ॥੪॥
ਤਿਸ ਕੋ ਹਤਹਿਂ ਮੁਸ਼ਟ ਅਰੁ ਸੋਟੇ।
ਪਲਟਾ ਲੇਹਿਂ, ਕਰੀ ਕ੍ਰਿਤ ਖੋਟੇ[1]।'

[1]ਜਿਵੇਂ ਖੋਟਾ ਕੰਮ ਕੀਤਾ ਹੈ।

ਰਹੇ ਤਕਾਵਤਿ ਘਾਤ ਬਹੋਰੀ।
ਗਮਨਜੋਂ ਸਿੰਘ ਏਕ ਤਿਸ ਠੌਰੀ ॥੫॥
ਦੁਸ਼ਟਨਿ ਘੇਰ ਲਯੋ ਢਿਗ ਆਏ।
ਹਿਤ ਮਾਰਨ ਕੈ ਹਾਥ ਉਠਾਏ।
ਕੋਪਜੋ ਸਿੰਘ ਕ੍ਰਿਪਾਨ ਨਿਕਾਰੀ।
ਫਾਂਦਿ ਫਾਂਦਿ ਇਕ ਦ੍ਵੈ ਕੈ ਝਾਰੀ ॥੬॥
ਪਰਜੋ ਰੌਰ ਇਤ ਉਤ ਮਹਿਂ ਭਾਰੋ।
ਸ਼੍ਰੋਨ ਖਾਲਸੇ ਕੇ ਕਿਨ ਡਾਰੋ।
ਲੇਕਰਿ ਹੁਕਮ ਨਾਥ ਕੋ ਧਾਏ।
ਕਸੀ ਤੁਫੰਗੈਂ ਜੰਗ ਮਚਾਏ ॥੭॥
ਦੁਇ ਦਿਸ਼ਿ ਕੇ ਨਰਗਨ[†] ਭਟ ਹ੍ਵੈ ਕੈ।

[†]ਪਾ:-ਗਨ ਗਨ।

ਮਚ੍ਯੋ ਲੋਹ ਚਿਤ ਮਹਿਂ ਰਿਸ ਕੈ ਕੈ†।
ਵਹਿਰ ਨਗਰ ਤੇ ਮਚੀ ਲਰਾਈ।
ਬਿਚਰੇ ਸੁਭਟ ਤੁਫੰਗ ਚਲਾਈ ॥੮॥
ਪਰ੍ਯੋ ਨੇਰ ਐਂਚੀ ਤਰਵਾਰੈਂ।
ਨਿਕਟ ਹੋਇ ਭਟ ਕੌ ਕਟਿ ਡਾਰੈਂ।
ਹਮਲਾ ਕਰ੍ਯੋ ਖਾਲਸਾ ਜਬੈ।
ਧਾਇ ਬਰੇ ਪੁਰਿ ਭੀਤਰ ਸਬੈ ॥੯॥
ਕਾਇਮ ਕਰ੍ਯੋ ਭਏ ਸਵਧਾਨਾ।
ਲੇ ਕਰਿ ਓਟਨਿ ਲਰੇ ਮਹਾਨਾ।
ਵਹਿਰ ਸਿੰਘ ਚਹੁ ਦਿਸ਼ਾ ਰਿਸਾਏ।
ਲਾਇ ਮੋਰਚੇ ਤੁਪਕ ਚਲਾਏ ॥੧੦॥
ਲੋਥੈਂ ਵਹਿਰ ਛੋਡ ਕਰਿ ਭਾਗੇ।
ਅੰਤਰ ਬਰਿ ਕਰਿ ਲਰਿਨੇ ਲਾਗੇ।
ਕਹੌਂ ਕਹਾਂ ਲਗਿ ਮਾਚ੍ਯੋ ਜੰਗ।
ਛੁਟੈਂ ਦੁਹੂੰ ਦਿਸ਼ਿ ਪੁੰਜ ਤੁਫੰਗ ॥੧੧॥
ਦ੍ਵੈ ਦਿਸ਼ਿ ਜਬਿ ਘਮੰਡ ਅਸ ਹੋਵਾ।
ਚਢਿ ਸਤਿਗੁਰ ਪੁਰਿ ਚਹੁ ਦਿਸ਼ ਜੋਵਾ।
ਪੌਰ ਸਥਾਨ ਅਗਾਰੀ ਠਾਂਢੇ।
ਸਿੰਘਨ ਸੰਗ ਕਹ੍ਯੋ 'ਨਹਿਂ ਗਾਢੇ[1] ॥੧੨॥
ਘਾਲਹੁ ਹੇਲ ਪੌਰ ਚਲਿ ਜੱਯੈ।
ਅਰਹਿ ਸੁ ਕਾਟਹੁ ਤੂਰਨ ਲੱਯੈ।'
ਸੁਨਤਿ ਖਾਲਸੇ ਤਜੀ ਤੁਫੰਗੈਂ।
ਮਾਰਿ ਮਾਰਿ ਕਰਿ ਸ਼ੋਰ ਉਤੰਗੈ ॥੧੩॥
ਖੈਂਚਿ ਮਜਾਨ ਤੇ ਲਈ ਕ੍ਰਿਪਾਨੈਂ।
ਦੌਰੇ ਪੌਰ ਸਮੁਖ ਕਰਿ ਹਾਨੈਂ।
ਤਜਿ ਭਾਗੇ ਪੁਰਿ ਕੋਟ ਅਤੰਕੇ[1]।
ਭਏ ਪ੍ਰਵੇਸ਼ ਸਿੰਘ ਬਰ ਬੰਕੇ ॥੧੪॥
ਲੂਟਨ ਲਗੇ ਨਗਰ ਕੋ ਫੇਰ।
ਭਾਜੇ ਪੁਰਿ ਜਨ ਡਰ ਕੋ ਹੇਰਿ।
ਹੁਤੋ ਦੁਰਗ ਤਹਿਂ ਭਏ ਮਵਾਸੀ।

†ਪਾ:-ਤਿਸ ਕੈ ਕੈ।

[1]ਦਰਵੱਜਾ) ਤਕੜਾ ਨਹੀਂ।

[1]ਡਰ ਨਾਲ ਨਗਰ ਦੀ ਸਫੀਲ ਛੱਡਕੇ ਭੱਜੇ। (ਅ) ਸ਼ਹਿਰ ਛੱਡਕੇ (ਲੋਕ) ਕਿਤੇ ਨੂੰ ਭੱਜੇ।

ਰਹੇ ਵਹਿਰ ਸੋ ਕਰੇ ਬਿਨਾਸ਼ੀ ॥੧੫॥
ਦੁਰਗ ਚੁਗਿਰਦੇ ਘੇਰਾ ਡਾਰਾ।
ਲੂਟ੍ਯੋ ਸ਼ਹਿਰ ਜਹਾਂ ਕਹਿਂ ਸਾਰਾ।
ਘ੍ਰਿਤ ਮਿਸ਼ਟਾਨ ਅੰਨ ਪਟ ਘਨੇ।
ਧਨ ਤੇ ਆਦਿ ਜਿਤਿਕ ਜਿਸ ਬਨੇ ॥੧੬॥
ਲੂਟ ਕੂਟ ਕਰਿ ਸਿੰਘ ਅਘਾਏ†।

†ਇਹ ਲੁੱਟ ਕੁੱਟ ਸੁਣੀ ਸੁਣਾਈ ਗੱਲ ਹੈ, ਤਵਾ: ਖਾ: ਦਾ ਦੱਸਿਆ ਹਾਲ ਹੋਰਵੇਂ ਹੈ ਜੋ ਅੱਗੇ ਆਵੇਗਾ। ਗੁਰੂ ਜੀ ਕਦੇ ਸ਼ਹਿਰ ਲੁੱਟਣ ਦੀ ਆਗਜ਼ਾ ਨਹੀਂ ਦੇ ਸਕਦੇ। ਇਹ ਗੱਲ ਮੰਨਣੇ ਯੋਗ ਨਹੀਂ। ਟਾਕਰਾ ਕਰਨ ਵਾਲਿਆਂ ਨਾਲ ਲੜਨਾ, ਮਰਨਾ ਮਾਰਨਾ ਵੱਖਰੀ ਗੱਲ ਹੈ।

ਦੁਰਗ ਚੁਗਿਰਦੇ ਪੁਨ ਸਮੁਦਾਏ।
ਨਿਕਸਨ ਅਰੁ ਪ੍ਰਵੇਸ਼ ਹੁਇ ਨਾਂਹੀ।
ਛੁਟਹਿਂ ਤੁਫੰਗ ਜੰਗ ਬਡ ਮਾਂਹੀ ॥੧੭॥
ਗਰੀਅਨਿ ਮਹਿਂ ਤਿਹ ਲੋਥ ਪਰੀ ਹੈ।
ਭਾਜੀ ਸਕਲ, ਨ ਸੈਨ ਅਰੀ ਹੈ।
ਧਰਮ ਸਿੰਘ ਕੋ ਪ੍ਰਭੁ ਬੁਲਵਾਇ।
ਕਹ੍ਯੋ 'ਹੇਲ ਘਾਲੋ ਸਮੁਦਾਇ ॥੧੮॥
ਨਿਕਟ ਮੋਰਚੇ ਦੇਹੁ ਢੁਕਾਈ।
ਮਾਰਹੁ ਸ਼ੱਤ੍ਰਨਿ ਕੋ ਸਮੁਦਾਈ।'
ਸੁਨਿ ਕੈ ਧਰਮ ਸਿੰਘ ਤਬਿ ਗਯੋ।
ਦੁਰਗ ਚੁਗਿਰਦੇ ਬਿਚਰਤਿ ਭਯੋ ॥੧੯॥
ਸਗਰੀ ਘਾਤ ਹੇਰਿ ਕਰਿ ਆਛੇ।
ਹੇਲ ਕਰਨ ਕੋ ਚਿਤ ਮਹਿਂ ਬਾਛੇ।
ਰਤਨ ਸਿੰਘ ਤਬਿ ਦੌਰਤਿ ਆਯੋ।
ਸ਼੍ਰੀ ਪ੍ਰਭੁ ਸੰਗ ਉਪਾਉ ਬਤਾਯੋ ॥੨੦॥
'ਪੁੰਜ ਸਿੰਘ ਹੇਲੇ ਮਹਿਂ ਮਰੈਂ।
ਜਤਨ ਸੁਖੈਨ ਆਪ ਅਸ ਕਰੈਂ।
ਇਹ ਪਰਬਤ ਸਿਰ ਤੋਪ ਚਢਾਵੋ।
ਤਹਿਂ ਥਿਰ ਕਰਿ ਗੋਰਾ ਚਲਵਾਵੋ ॥੨੧॥
ਅੰਤਰ ਲਗਹਿ ਜਾਇ ਕਰਿ ਜਬੈ।
ਡਰ ਧਰਿ ਨਿਕਸ ਜਾਹਿਂ ਰਿਪੁ ਸਬੈ।'

ਸੁਨਿ ਸਤਿਗੁਰ ਆਛੀ ਬਿਧਿ ਮਾਨੀ।
'ਤੋਪ ਚਢਾਵਹੁ' ਸਭਿਨਿ ਬਖਾਨੀ ॥੨੨॥
ਤਬਹਿ ਖਾਲਸਾ ਮਿਲਿ ਕਰਿ ਚਾਲਾ।
ਲਈ ਤੋਪ ਚਢਿ ਗਿਰ ਤਤਕਾਲਾ।
ਥੈਲੀ ਡਾਰਿ ਕਸਯੋ ਜਬਿ ਗੋਰਾ।
ਬਾਂਧੀ ਸ਼ਿਸਤ ਪੌਰ ਕੀ ਓਰਾ ॥੨੩॥
ਪਾਇ ਬਰੂਦ ਅਗਨ ਤਬਿ ਲਾਈ।
ਧੁਖਯੋ ਪਲੀਤਾ ਬਡ ਗਰਜਾਈ।
ਮਨਹੁਂ ਗਾਜ ਗਿਰਿ[1] ਕਰੀ ਅਵਾਜ਼।
ਸੁਨਿ ਰਿਪੁ ਕੋ ਧੀਰਜ ਉਰ ਭਾਜਿ ॥੨੪॥
ਗੋਰਾ ਲਗਯੋ ਪੌਰ ਮਹਿਂ ਜਾਈ।
ਪੁਨ ਕਸ ਕਰਿ ਤਤਕਾਲ ਚਲਾਈ।
ਇਸੀ ਰੀਤ ਗੋਰੇ ਦ੍ਵੈ ਚਾਰੇ।
ਪੌਰ ਬਿਖੈ ਕੇ ਬਿਚੁ ਭਟ ਮਾਰੇ[1] ॥੨੫॥
ਮ੍ਰਿਤਕ ਦੇਖਿ ਕਰਿ ਉਪਜਯੋ ਤ੍ਰਾਸਾ।
ਲਖਯੋ ਕਿ -ਸਭਿ ਕੋ ਹੋਇ ਬਿਨਾਸਾ-।
ਹੇਲਾ ਘਾਲਨਿ ਤੇ ਹਤਿ ਧੀਰ[1]।
ਊਪਰ ਚਢੇ ਭ੍ਰਮਾਯੋ ਚੀਰ ॥੨੬॥

ਪਾਧੜੀ ਛੰਦ:

'ਰਖ ਲੇਹੁ ਗੁਰੂ ! ਦਿਹੁ ਜੀਵ ਦਾਨ।
ਹਮ ਨਿਕਸਿ ਜਾਇਂ ਜੇ ਬਚਹਿਂ ਪ੍ਰਾਨ।'
ਇਮ ਸੁਨੀ ਖਾਲਸੇ ਅਰਜ਼ ਦੀਨਿ।
ਲੀਨੇ ਨਿਕਾਸ ਪੁਨ ਜਾਨਿ ਦੀਨ ॥੨੭॥
ਗਢ ਨਗਰ ਮਾਰਿ ਫਿਰ ਦੁਰਗ ਛੀਨ।
ਗਨ ਸੌਂਜ ਅਨਿਕ ਸਭਿ ਲੂਟ ਲੀਨ।
ਇਕ ਸਿੰਘ ਗੁਰੂ ਢਿਗ ਜਾਇ ਧਾਇ।
ਸਭਿ ਕਹੀ ਖਬਰ ਜਿਮ ਜੀਤਿ ਪਾਇ ॥੨੮॥
ਪ੍ਰਭੁ ਪਿਖਹਿਂ ਦੁਰਗ ਪਰਖਾ[1] ਬਿਸਾਲ।
ਬਿਚ ਕੂਪ ਲਰਨ ਕੀ ਸੌਂਜ ਜਾਲ।
ਬਹੁ ਅੰਨ ਘ੍ਰਿੱਤ ਮਿਸ਼ਟਾਨ ਚੀਰ।

[1]ਮਾਨੋਂ ਬਿਜਲੀ ਨੇ ਡਿੱਗਕੇ।

[1]ਦਰਵਾਜ਼ੇ ਵਿੱਚ ਦੇ ਸੂਰਮਿਆਂ ਵੱਲ ਮਾਰੇ।

[1]ਧੀਰਜ ਦੂਰ ਹੋਇਆ।

[1]ਖਾਈ।

ਸਭਿ ਗਏ ਤਜਾਗ ਡਰ ਧਾਰਿ ਭੀਰੁ
॥੨੯॥
ਸੁਨਿ ਦਯਾ ਸਿੰਧ ਸੈਂਧਵ[1] ਮੰਗਾਇ। [1]ਘੋੜਾ।
ਹੁਇ ਕਰਿ ਅਰੋਹ ਤਿਤ ਦਿਸ਼ਿ ਚਲਾਇ[1]। [1]ਚਲੇ।
ਇਕ ਧਰਮ ਸਿੰਘ ਬਰ ਬੀਰ ਸੰਗ।
ਤਜਿ ਸਿਵਰ ਚਲੇ ਜਿਤ ਦੁਰਗ ਭੰਗ[1]' [1]ਜਿੱਥੇ ਕਿਲਾ ਤੋੜਿਆ ਸੀ।
॥੩੦॥
ਕੇਤੀਕ ਦੂਰ ਜਬਿ ਕਿਯ ਪਯਾਨ।
ਨਗਰੀ ਬਘੌਰ ਭੂਪਤਿ ਮਹਾਨ।
ਸੋ ਹੁਤੋ ਵਹਿਰ ਸੁਧ ਸੁਨਤਿ ਆਇ।
ਡੇਰਾ ਨਿਹਾਰ ਉਰ ਮੈਂ ਰਿਸਾਇ ॥੩੧॥
ਤਬਿ ਪਰਜੋ ਧਾਇ ਤਜਿ ਸਰ ਤੁਫੰਗ।
ਕੁਛ ਹੁਤੇ ਸਿੰਘ ਤਿਨ ਕੀਨਿ ਜੰਗ।
ਦੁਇ ਦਿਸ਼ਨਿ ਬਕਾਰਾ ਮਾਰਿ ਮਾਰਿ।
ਮਰਿ ਗਏ ਕਿਤਿਕ ਗਿਰਿ ਗੇ ਸੁਮਾਰਿ[1] [1]ਜ਼ਖਮੀ ਹੋਕੇ।
॥੩੨॥
ਬਡ ਪਰਜੋ ਰੌਰ ਗੁਰ ਸੁਨਤਿ ਕਾਨ।
ਹਟਿ ਪਰੇ ਤੁਰਤ ਬਨਿ ਸਾਵਧਾਨ।
ਇਕ ਧਰਮ ਸਿੰਘ ਭਟ ਸੰਗ ਜਾਇ।
ਦੇਖਜੋ ਲਰੰਤਿ ਬਾਘੌਰ ਰਾਇ ॥੩੩॥
ਉਤ ਹੁਤੇ ਰਾਵ ਅਸਵਾਰ ਦੋਇ।
ਇਤ ਗੁਰੂ ਧਰਮ ਸਿੰਘ ਸੰਗ ਜੋਇ।
ਪੈਦਲ ਸਮੂਹ ਦੋਨਹੁਂ ਦਿਸ਼ਾਨ।
ਛੂਟਹਿਂ ਤੁਫੰਗ ਤੀਖਨ ਸੁ ਬਾਨ ॥੩੪॥
ਸਤਿਗੁਰੂ ਕਹਜੋ 'ਸੁਨਿ ਧਰਮ ਸਿੰਘ।
ਰਣ ਜਾਹੁ ਅੱਗ੍ਰ ਬਨਿ ਰੂਪ ਸਿੰਘ।
ਉਤ ਦੋਇ' ਇਤੈ ਹਮ ਦੋਇ ਜਾਨਿ।
ਇਕ ਸੰਗ ਏਕ ਭਿਰਿ ਹੈ ਮਹਾਨ'
॥੩੫॥
ਸੁਨਿ ਧਰਮ ਸਿੰਘ ਹਯ ਕੋ ਧਵਾਇ।
ਰਣ ਸਮੁਖ ਗਯੋ ਰਿਪੁ ਹਤਨਿ ਚਾਇ।
ਉਚੇ ਪੁਕਾਰ ਲੀਨੋ ਹਕਾਰ।

'ਇਤ ਆਉ ਆਪਨੋ ਕਰਹੁ ਵਾਰ ॥੩੬॥
ਮੈਂ ਹਤੌਂ ਕਿਧੌਂ ਅਬਿ ਲਿਹੁ ਸੰਭਾਰ।'
ਸੁਨਿ ਭਯੋ ਸਮੁਖ ਸਰ ਕੋ ਨਿਕਾਰਿ।
ਧਰਿ ਧਨੁਖ ਬਿਖੈ ਐਂਚ੍ਯੋ ਸਜੋਰ।
ਖਰ ਹੁਤੋ ਘੋਰ ਦੀਨੋ ਸੁ ਛੋਰਿ ॥੩੭॥
ਪਿਖਿ ਧਰਮ ਸਿੰਘ ਹਯ ਕੋ ਚਲਾਇ।
ਖਰ ਤੀਰ ਸਮੁਖ ਤੇ ਤਨ ਬਚਾਇ।
ਅਪਨੋ ਖਤੰਗ ਲੀਨੋ ਨਿਕਾਰ।
ਬਿਚ ਪਨਚ ਫੋਕ[1] ਧਰਿ ਕੈ ਸੁਧਾਰ ॥੩੮॥

[1]ਬਾਗੜ।

ਐਂਚਤਿ ਸ਼ਿਤਾਬ ਰਿਪੁ ਕੇ ਪ੍ਰਹਾਰ।
ਲਗਿ ਗਯੋ ਰਿਦੇ ਪ੍ਰਵਿਸ਼੍ਯੋ ਮਝਾਰ।
ਹਯ ਤਰੇ ਗਿਰ੍ਯੋ ਖਪਰਾ ਲਗੰਤਿ।
ਛਿਨ ਬਿਖੈ ਪਰ੍ਯੋ ਛਿਤ ਪ੍ਰਾਨ ਹੰਤਿ ॥੩੯॥
ਪਿਖਿ ਭੂਪ ਕੋਪ ਕੈ ਆਇ ਧਾਇ।
ਗੁਰ ਸਮੁਖ ਬਾਨ ਪੈਨੈ[1] ਚਲਾਇ।

[1]ਤਿੱਖੇ।

ਘੋਰਾ ਫੰਧਾਇ ਇਤ ਉਤ ਫਿਰੰਤਿ।
ਨਿਜ ਭਟਨ ਪ੍ਰੇਰ ਜੈ ਕੋ ਚਹੰਤਿ ॥੪੦॥
ਸਿਰਮੌਰ ਭਟਨ ਕੇ[1] ਧਨੁ ਸੰਭਾਰ।

[1]ਭਾਵ ਸ੍ਰੀ ਗੁਰੂ ਜੀ ਨੇ।

ਤਤਕਾਲ ਤੀਰ ਭਾਥਾ ਨਿਕਾਰ।
ਕਰਿ ਐਂਚ ਕਾਨ ਲਗਿ ਛੋਰਿ ਦੀਨਿ।
ਹਤਿ ਭਾਲ ਬਿਖੈ ਸੋ[1] ਮਾਰਿ ਲੀਨਿ ॥੪੧॥

[1]ਭਾਵ ਰਾਜਾ।

ਜਬਿ ਦੁਹਨ ਪ੍ਰਾਨ ਤਜਾਗੇ ਨਿਹਾਰ।
ਸਭਿ ਭਜੀ ਚਮੂੰ ਨਹਿ ਧੀਰ ਧਾਰਿ।
ਭਾਜੇ ਬਿਲੋਕਿ ਬਰਜੈਂ ਕ੍ਰਿਪਾਲ।
'ਇਨ ਹਤਹੁ ਨਾਂਹਿ ਤਜਿ ਜੰਗ ਸ਼ਾਲ[1]' ॥੪੨॥

[1]ਇਹ ਜੰਗ ਭੂਮੀ ਛੱਡ ਟੁਰੇ ਹਨ ਹੁਣ ਇਹਨਾਂ ਨੂੰ ਨਾ ਮਾਰੋ।

ਲੀਨੇ ਹਟਾਇ ਗੁਰ ਸਿੰਘ ਜਾਲ।
ਸਭਿ ਸਿਵਰ ਬਿਖੈ ਕਰਿ ਕੈ ਸੰਭਾਲ।
ਬਾਘੌਰ ਨਾਥ ਮਗ ਜੁੱਧ[1] ਮਾਰਿ।

[1]ਰਾਹ ਦੇ ਜੁੱਧ ਵਿਚ।

ਪੁਰਿ ਲੂਟ ਲੀਨਿ ਗਢ ਦੁਰਗ ਦਾਰ
॥ ੪੩ ॥

ਇਮ ਬਿਜੈ ਕੀਨਿ ਤਿਸ ਦੇਸ਼ ਬੀਚ।
ਜਸੁ ਕਰਤਿ ਸਕਲ ਨਰ ਉਚ ਨੀਚ।
ਕਰਿ ਦਯੋ ਕੂਚ ਡੇਰਾ ਕ੍ਰਿਪਾਲ।
ਨਿਜ ਸੁਭਟ ਸਭਿਨਿ ਕੀ ਕਰਿ ਸੰਭਾਲ†
॥ ੪੪ ॥

†ਇਹ ਜੰਗ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਇਸ ਜੰਗ ਦਾ ਹਾਲ ਤਵਾ: ਖਾਲਸਾ ਵਿਚ ਇਉਂ ਦਿੱਤਾ ਹੈ ਕਿ ਬਘੌਰ ਦਾ ਰਾਜਾ ਤਾਂ ਗੁਰੂ ਜੀ ਦਾ ਪ੍ਰੇਮੀ ਹੋ ਗਿਆ ਸੀ, ਅਰ ਗੁਰੂ ਜੀ ਤੇ ਉਹ ਇਕੱਠੇ ਸੈਰ ਨੂੰ ਜਾਂਦੇ ਹੁੰਦੇ ਸਨ, ਇਸ ਰਾਜੇ ਦਾ ਨਾਉਂ ਸ਼ਿਵ ਪ੍ਰਤਾਪ ਸੀ ਤੇ ਇਹ ਪੰਜਾਹ ਹਜ਼ਾਰ ਦਾ ਜਾਗੀਰਦਾਰ ਰਾਣਾ ਸੀ। ਇਸ ਨੇ ਗੁਰੂ ਜੀ ਨੂੰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ। ਇਹ ਸਤਿਸੰਗ ਲਾਭ ਭੀ ਲੈਂਦਾ ਸੀ ਤੇ ਗੁਰੂ ਜੀ ਦੀ ਅਨੋਖੀ ਤੀਰੰਦਾਜ਼ੀ ਬੀ ਸਿੱਖਦਾ ਸੀ। ਬਘੌਰ ਤੋਂ ਤ੍ਰੈ ਕੁ ਮੀਲ ਤੇ ਇਸ ਦਾ ਇਕ ਸ਼ਰੀਕ ਭਾਈ ਹੋਰ ਰਾਣਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਦੇ ਊਠ ਚਰਦੇ ਚਰਦੇ ਉਸ ਦੇ ਬਾਗ਼ ਚਲੇ ਗਏ ਤਾਂ ਰਾਖਿਆਂ ਨੇ ਸਾਰਬਾਨਾਂ ਨੂੰ ਮਾਰਿਆ ਤੇ ਊਠ ਖੋਹਕੇ ਲੈ ਚੱਲੇ। ਤਦ ਪੰਦਰਾਂ ਸਿੰਘਾਂ ਨੇ ਜਾਕੇ ਜੰਗ ਕਰਕੇ ਆਪਣੇ ਊਠ ਤੇ ਆਦਮੀ ਛੁਡਾਏ ਤਾਂ ਉਥੋਂ ਦੀ ਪ੍ਰਜਾ ਤੇ ਉਸ ਰਾਜੇ ਦੇ ਸਿਪਾਹੀ ਇਹਨਾਂ ਸਿੰਘਾਂ ਪਰ ਆ ਪਏ। ਰਾਣੇ ਦੀ ਫੌਜ ਹਾਰਕੇ ਕਿਲੇ ਵਿਚ ਜਾ ਵੜੀ। ਅਗਲੇ ਦਿਨ ਸਿੰਘਾਂ ਨੇ ਇਕ ਟਿੱਬੇ ਤੇ ਤੋਪ ਚਾੜ੍ਹਕੇ ਕਿਲੇ ਤੇ ਚਲਾਈ। ਥੋੜੀ ਦੇਰ ਮਗਰੋਂ ਕਿਲੇ ਵਾਲਿਆਂ ਨੇ ਸ਼ਰਨ ਮੰਨ ਲਈ। ਗੁਰੂ ਜੀ ਨੇ ਮੁਹਾਸਰਾ ਛੱਡਕੇ ਮੁੜ ਆਉਣੇ ਦੀ ਆਗਿਆ ਦੇ ਦਿੱਤੀ। ਜੰਗ ਵਿਚ ਰਾਣਾ ਮਾਰਿਆ ਗਿਆ ਤੇ ਫੌਜ ਨੂੰ ਭਾਂਜ ਹੋਈ। ਸ਼ਿਵ ਪ੍ਰਤਾਪ ਨੇ ਇਹ ਸੂਰਬੀਰਤਾ ਦੇਖਕੇ ਗੁਰੂ ਜੀ ਨੂੰ ਹੋਰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ।

ਗੁਰ ਕਹੀ ਖਾਲਸੇ ਸਨ ਸੁਨਾਇ।
'ਅਬਿ ਰਣ ਸੁਲਤਾਨੀ ਕੋ ਕਰਾਇਂ[1]।
ਕਰਿ ਹਾਰ ਜੀਤ ਸਗਰੋ ਨਿਹਾਰ।
ਮਰਿ ਰਹੈਂ ਤੁਰਕ ਦੁਇ ਦਿਸ਼ਿ ਜੁਝਾਰ
॥ ੪੫ ॥

[1]ਬਾਦਸ਼ਾਹੀਆਂ ਦਾ ਜੁੱਧ ਕਰਾਵਾਂਗੇ।

ਕਰਤਾਰ ਦੇਹਿ[1] ਸੋ ਤਖਤ ਪਾਇ।
ਬਾਦੀ ਦਿਲੇਸ਼ ਜੀਵਨ ਬਿਹਾਇ[1]।'

[1](ਜਿਸ ਨੂੰ) ਕਰਤਾਰ ਦੇਵੇਗਾ।
[1]ਲੜਾਕੇ ਦਿੱਲੀਪਤ ਭਾਵ ਨੁਰੰਗੇ ਨੇ ਜੀਵਨ ਤਜਾਗਿਆ ਹੈ ਭਾਵ ਮਰ ਗਿਆ ਹੈ।

ਸੁਨਿ ਭਨੈ ਸਿੰਘ 'ਬਡ ਪੁੱਤ੍ਰ ਲੀਨਿ[1]।

[1]ਆਜ਼ਮ ਤੋਂ ਮੁਰਾਦ ਹੈ ਜਿਸ ਨੂੰ ਤਾਰਾ ਆਜ਼ਮ ਬੀ ਲਿਖਿਆ ਹੈ ਭਾਵ ਬਲੀ ਪੁੱਤ੍ਰ ਤੋਂ ਹੈ। ਇਹ ਤਾਰਾ ਆਜ਼ਮ ਵੱਡਾ ਪੁੱਤ੍ਰ ਨਹੀਂ ਸੀ। ਔਰੰਗਜ਼ੇਬ ਦੇ ਪੰਜ ਪੁੱਤ੍ਰ ਸਨ-ਮੁਹੰਮਦ ਸੁਲਤਾਨ, ਮੁਹੰਮਦ ਮੁਅੱਜ਼ਮ, ਜੋ ਪਿੱਛੇ ਬਹਾਦਰ ਸ਼ਾਹ ਸਦਵਾਇਆ, ਆਜ਼ਮ ਸ਼ਾਹ, ਮੁਹੰਮਦ ਅਕਬਰ ਤੇ ਕਾਮਬਖਸ਼। ਔਰੰਗਜ਼ੇਬ ਦੇ ਮਰਨ ਵੇਲੇ ਪਹਿਲਾ ਤੇ ਚੌਥਾ ਪੁੱਤ੍ਰ ਮਰ ਚੁੱਕੇ ਸੇ। ਤ੍ਰੈ ਜੀਉਂਦਿਆਂ ਵਿਚੋਂ ਮੁਹੰਮਦ ਮੁਅੱਜ਼ਮ (ਅਰਥਾਤ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ, ਇਸ ਕਰਕੇ ਤਖਤ ਦਾ ਹੱਕਦਾਰ ਉਹ ਸੀ।

ਤਿਸ ਤੇ ਸਾਕਹਿ ਅਬਿ ਕੌਨ ਛੀਨ
॥ ੪੬ ॥

ਸਮਰੱਥ ਆਪ ਹੋ ਜਗਤ ਨਾਥ।

ਅਨਗਨਤ ਬਾਹਨੀ ਜਾਂਹਿ ਸਾਥ[1]।'
ਗੁਰ ਕਹੈਂ 'ਪ੍ਰਭੁ ਕੇ ਮਹਿਦ ਖੇਲ।
ਪਿਖਿ ਲੇਤਿ ਸਕਲ ਨਹਿਂ ਸਕਹਿ ਪੇਲ' ॥੪੭॥

[1]ਜਿਸ (ਤਾਰਾ ਆਜ਼ਮ) ਦੇ ਨਾਲ ਹੈ।

ਇਮ ਕਰਤਿ ਬਾਤ ਗੇ ਕਿਤਿਕ ਕੋਸ।
ਕਿਯ ਸਿਵਰ ਬਿਲੋਕੇ ਥਲ ਅਦੋਸ਼[1]।

[1]ਭਾਵ ਸੁਹਣੇ ਥਾਂ।

ਗੁਰ ਕੇਰ ਬੀਰ ਰਿਪੁ ਮ੍ਰਿਗਨਿ ਸਿੰਘ[1]।
ਕਰਿ ਨਮੋ ਸਭਿਨਿ ਸੰਤੋਖ ਸਿੰਘ ॥੪੮॥

[1]ਮ੍ਰਿਗਾਂ ਨੂੰ ਸ਼ੇਰ ਰੂਪ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਘੌਰ ਜੰਗ' ਪ੍ਰਸੰਗ ਬਰਨਨੰ ਨਾਮ ਉਨਤਾਲੀਸਮੋਂ ਅੰਸੂ ॥੩੯॥

## ੪੦. [ਬਹਾਦਰ ਸ਼ਾਹ ਨਾਲ ਮੇਲ]

੩੯<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਬਲਖ ਬੁਖਾਰੇ ਕੀ ਦਿਸ਼ਾ, ਹੁਤੋ ਬਹਾਦਰ ਸ਼ਾਹੁ।
ਪਿਤ ਕੋ ਸੁਨਿ ਬੀਮਾਰ ਬਹੁ, ਹਟਯੋ ਤੁਰਤ ਮਗ ਮਾਂਹੁ ॥੧॥

ਚੌਪਈ:

ਕਰਤਿ ਕੂਚ ਦਰ ਕੂਚ ਪਧਾਰਾ।
ਸ਼ੀਘ੍ਰ ਆਨਿ ਇਸ ਦੇਸ਼ ਮਝਾਰਾ।
-ਪਿਤ ਹਤਿ[1] ਭ੍ਰਾਤਾ ਸਲਤਨ ਲੀਨ-।
ਸੁਨਤਿ ਸ਼੍ਰੋਨ ਭਾ ਮਨ ਅਤਿ ਦੀਨ ॥੨॥
'ਅਬਿ ਮੋ ਤੇ ਕਯਾ ਹੁਇ ਉਪਚਾਰਾ।
ਕਿਸ ਪ੍ਰਕਾਰ ਹੁਇ ਪ੍ਰਾਨ ਉਬਾਰਾ।
ਗਹੈ ਭ੍ਰਾਤ, ਦੈ ਹੈ ਮਰਵਾਇ[1]।
ਕੋ ਨ ਬਲੀ ਤਬਿ ਸਕੈ ਬਚਾਇ ॥੩॥
ਬਾਇਸ ਲਾਖ ਚਮੂੰ ਜਿਹ ਸੰਗ।
ਨਹਿੰ ਬਨਿ ਆਇ ਸਮੁਖ ਤਿਹ ਜੰਗ।'
ਅਪਨੇ ਹਿਤੂ ਬੁਲਾਇ ਬਿਠਾਏ।
ਸਭਿ ਕੋ ਅਪਨਿ ਬ੍ਰਿਤੰਤ ਸੁਨਾਏ ॥੪॥
'ਮੋ ਕੌ ਕਰਤਬ ਕਯਾ ਅਬਿ ਅਹੈ।
ਜਿਸ ਤੇ ਜਿਯਤ ਪ੍ਰਾਨ ਬਚ ਰਹੈਂ।
ਚਲੈਂ ਭਾਜ ਕੈ ਦਿਢ ਕਿਤ ਹੋਇੰ।
ਬਲੀ ਸਹਾਯਕ ਬਨਿ ਹੈ ਕੋਇ ॥੫॥
ਪੀਰ ਫਕੀਰ ਔਲੀਆ ਮਹਾਂ।
ਖੋਜਹੁ ਜੋ ਪ੍ਰਾਪਤ ਹੁਇ ਕਹਾਂ।
ਜਿਮ ਸੋ ਕਹੈ ਕਰੈਂ ਸੋ ਕਾਜਾ।
ਜਹਿਂ ਕਹਿਂ ਕਰਹੁ ਪਠਨ ਨਰ ਆਜਾ' ॥੬॥
ਸਭਿ ਮਹਿਂ ਨੰਦ ਲਾਲ ਤਬਿ ਕਹਯੋ।
'ਏਕ ਗੁਰੂ ਸਾਹਿਬ ਅਸ ਲਹਯੋ।
ਤਿਨ ਸਮ ਪ੍ਰਾਪਤਿ ਕਹੂੰ ਨ ਕੋਇ।
ਸਕਲ ਜਗਤ ਫਿਰਿ ਖੋਜਹੁ ਜੋਇ ॥੭॥
ਤੁਮ ਭੀ ਜਾਨਤਿ ਹੋ ਭਲਿ ਭਾਂਤੀ।

[1]ਪਿਉ ਮਰ ਗਿਆ ਤੇ.....।

[1]ਮੇਰਾ ਭਿਰਾ ਫੜਾਕੇ ਮੈਨੂੰ ਮਰਵਾ ਦੇਵੇਗਾ।

ਬਿਦਤ ਸਭਿਨਿ ਮਹਿਂ ਜਿਨ ਕਰਮਾਤੀ।
ਕ੍ਰਿਪਾ ਕਰਹਿਂ ਜੇ ਬਨਹਿਂ ਸਹਾਇ।
ਤੌਂ ਜਗ ਕੀ ਸਲਤਨ ਲਿਹੁ ਪਾਇ' ॥ ੮ ॥
ਸੁਨਤਿ ਬਹਾਦਰਸ਼ਾਹ ਅਨੰਦ।
ਕਹ੍ਯੋ 'ਕਿ ਨਿਸ਼ਚੈ ਸੋ ਜਗ ਬੰਦ[1]।
ਸੁਨਿ ਮੁਨਸ਼ੀ ਤੁਝ ਬਿਨ ਕੋ ਜਾਇ।
ਜਾਇ ਤ ਕੋ ਨਹਿਂ ਸਕਹਿ ਰਿਝਾਇ ॥ ੯ ॥
ਤੁਝ ਪਰ ਕ੍ਰਿਪਾ ਕਰਹਿਂ ਬਹੁਤੇਰੀ।
ਹਾਕਮ ਰਾਇ ਸੰਗ ਹੁਇ ਤੇਰੀ।
ਜਹਿਂ ਸਤਿਗੁਰੂ, ਪਹੁੰਚਿ ਬਿਨ ਦੇਰ।
ਕਰਿ ਕਾਰਜ ਸਿਧ ਆਵਹੁ ਫੇਰ' ॥ ੧੦ ॥
ਇੱਤਜਾਦਿਕ ਕਹਿ ਸੁਨਿ ਕਰਿ ਤਯਾਰੀ।
ਕਿਸ ਤੇ ਸੁਨੀ ਗੁਰੂ ਸੁਧ ਸਾਰੀ।
'ਰਜਪੂਤਨ ਕੇ ਦੇਸ਼ ਮਝਾਰਾ।
ਬਿਚਰਤਿ ਉਤ ਕੋ ਗਏ ਉਦਾਰਾ' ॥ ੧੧ ॥
ਹਾਕਮਰਾਇ ਸੰਗ ਨਿਜ ਲੀਨਾ।
ਨੰਦ ਲਾਲ ਗਮਨ੍ਯੋਂ ਜਿਤ ਚੀਨਾ।
ਮਾਰਿ ਬਘੌਰ ਸਿਵਰ ਕਿਯ ਜਹਾਂ।
ਪਹੁਂਚੇ ਤੂਰਨ ਕਰਤੇ ਤਹਾਂ ॥ ੧੨ ॥
ਬੈਠੇ ਸ਼੍ਰੀ ਪ੍ਰਭੁ ਬੀਚ ਦਿਵਾਨ।
ਭੇਟ ਅਨੇਕ ਲਏ ਮਿਲਿ ਆਨਿ।
ਚਰਨ ਕਮਲ ਪਰ ਸੀਸ ਟਿਕਾਇ।
ਪੁਨ ਸਭਿ ਬਿਨਤੀ ਦੀਨਿ ਸੁਨਾਇ ॥ ੧੩ ॥
'ਸ਼ਾਹੁ ਬਹਾਦਰ ਦਾਸ ਤੁਮਾਰਾ।
ਪਰ੍ਯੋ ਸ਼ਰਨ ਕਰ ਜੋਰਿ ਉਚਾਰਾ।
ਕ੍ਰਿਪਾ ਕਰਹੁ ਅਬਿ ਬਨਹੁਂ ਸਹਾਇ।
ਰਿਪੁ ਭ੍ਰਾਤਾ ਤੇ ਲੇਹੁ ਬਚਾਇ' ॥ ੧੪ ॥
At the time the army was marching southwards towards Burhanpur, Guru Gobind, one of the grandsons of Nanak, had come into these districts to travel, and accompanied the royal camp. He was in the habit of constantly addressing assemblies of worldly persons, religious fanatics and all sorts of people.

[Page 566.

ਅਰਥਾਤ:-(ਬਹਾਦਰ ਸ਼ਾਹ ਦੀ) ਫੌਜ ਬੁਰਹਾਨ ਪੁਰ ਦੱਖਣ ਵਾਲੇ ਪਾਸੇ ਕੂਚ ਕਰ ਰਹੀ ਸੀ, ਗੁਰੂ ਗੋਬਿੰਦ ਜੋ ਗੁਰੂ ਨਾਨਕ ਦੇ ਪੋਤ੍ਰਿਆਂ ਵਿਚੋਂ ਇਕ ਸੀ ਇਹਨਾਂ ਜ਼ਿਲਿਆਂ ਵਿੱਚ ਸਫਰ ਕਰਨ ਲਈ ਆ ਗਿਆ ਤੇ ਸ਼ਾਹੀ ਡੇਰੇ ਦੇ ਨਾਲ ਨਾਲ (ਸਫਰ ਕਰਦਾ) ਰਿਹਾ। ਓਹ (ਗੁਰੂ) ਗ੍ਰਿਹਸਤੀਆਂ ਤੇ ਤਯਾਗੀਆਂ ਤੇ ਹਰ ਕਿਸਮ ਦੇ ਲੋਕਾਂ ਨੂੰ ਲਗਾਤਾਰ ਉਪਦੇਸ਼ ਦਿਆ ਕਰਦਾ ਸੀ।

ਇਸ ਲੇਖਕ ਨੇ ਸਾਫ ਦੱਸ ਦਿੱਤਾ ਹੈ ਕਿ ਅਪਣੀ ਖੁਸ਼ੀ ਨਾਲ ਗੁਰੂ ਸਾਹਿਬ ਸਫਰ ਕਰ ਰਹੇ ਤੇ ਲੋਕਾਂ ਨੂੰ ਉਪਦੇਸ਼ ਦੇਂਦੇ ਤੇ ਸ਼ਾਹੀ ਲਸ਼ਕਰ ਦੇ ਨਾਲ ਨਾਲ ਸਫਰ ਕਰਦੇ ਰਹੇ ਹਨ ਜਿਸ ਤੋਂ ਨੌਕਰੀ ਦਾ ਸ਼ੁਭਾ ਕੋਈ ਨਹੀ ਬਾਕੀ ਰਹਿੰਦਾ। ਫੌਜੀ ਨੌਕਰੀ ਕੀਹ ਤੇ ਲਗਾਤਾਰ ਉਪਦੇਸ਼ ਦੇਣੇ ਕੀਹ? ਫਿਰ ਇਹ ਲੇਖਕ ਦੱਸਦਾ ਹੈ ਕਿ ਇਨ੍ਹਾਂ ਜ਼ਿਲਿਆਂ ਵਿਚ ਸਫਲ ਕਰਨ ਲਈ ਆ ਗਏ, ਜਿਸ ਤੋਂ ਨੌਕਰੀ ਲਈ ਆਏ ਤੇ ਨੌਕਰੀ ਕੀਤੀ ਦੁਇ ਸ਼ੁਭੇ ਦੂਰ ਹੋ ਗਏ।

ਸਭ ਤੋਂ ਮਗਰਲਾ ਯੁਰਪੀਨ ਲੇਖਕ ਮੈਕਾਲਫ ਹੋਇਆ ਹੈ, ਜਿਸਦੇ ਪਾਸ ਬੀ ਤਾਰੀਖੀ ਸਾਮਾਨ ਕਾਫੀ ਸੀ, ਉਸਨੇ ਬੀ ਨੌਕਰੀ ਦੀ ਗੱਲ ਨਹੀਂ ਲਿਖੀ, ਸਗੋਂ ਐਉਂ ਲਿਖ਼ਿਆ ਹੈ:-

The Guru, on being appealed to, promised him not only assestance but sovereignty if he agreed to a request he was about to make, and did not prove false like his father. Bahadur Shah was pleased to accept these vague conditions, and informed the Guru accordingly

The Guru sent Dharam Singh with some trusty Sikhs to render him all possible assistance, and feeling anxiety regarding the grave political circumstances of the country, deemed it advisable to retrace his steps to the north in the hope of meeting and conferring with Emperor. ... ...

[Page 230.

The Guru duly met the Emperor Bahadur Shah in Agra. The Emperor thanked him for such assistance as he had given him in obtaining the throne, made him costly presents, and invited him to spend some time with him. The Guru was pleased to accept the invitation. [Page 232.

ਭਾਵ ਇਹ ਕਿ ਬਹਾਦਰਸ਼ਾਹ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ, ਗੁਰੂ ਜੀ ਨੇ ਇਕ ਸ਼ਰਤ ਕਰਕੇ ਉਸ ਨੂੰ ਨਾ ਕੇਵਲ ਸਹਾਇਤਾ ਬਲਕਿ ਪਾਤਸ਼ਾਹੀ ਦੇਣ ਦਾ ਇਕਰਾਰ ਕੀਤਾ। ਪਾਤਸ਼ਾਹ ਨੇ ਸ਼ਰਤਾਂ ਮੰਨੀਆਂ। ਗੁਰੂ ਜੀ ਨੇ ਧਰਮ ਸਿੰਘ ਨੂੰ ਕੁਛ ਸਿੱਖਾਂ ਸਣੇ ਪਾਤਸ਼ਾਹ ਪਾਸ ਘੱਲ ਦਿੱਤਾ....। ਫਿਰ ਲਿਖਦਾ ਹੈ:-ਕਿ ਗੁਰੂ ਜੀ ਆਗਰੇ

ਵਿਚ ਪਾਤਸ਼ਾਹ ਨੂੰ ਮਿਲੇ। ਪਾਤਸ਼ਾਹ ਨੇ ਸ਼ੁਕਰੀਆ ਅਦਾ ਕੀਤਾ। ਬੜੇ ਤੁਹਫੇ ਪੇਸ਼ ਕੀਤੇ ਤੇ ਆਪਣੇ ਪਾਸ ਕੁਛ ਸਮਾਂ ਰਹਿਣ ਲਈ ਨਿਉਤਾ ਦਿੱਤਾ। ਗੁਰੂ ਜੀ ਨੇ ਇਹ ਨਿਉਤਾ ਪਰਵਾਨ ਕੀਤਾ।

ਸੋ ਇਸ ਲੇਖਕ ਨੇ ਨੌਕਰੀ ਵਾਲੀ ਗੱਲ ਦੇ ਉਲਟ ਪਾਤਸ਼ਾਹ ਦਾ ਆਪ ਮੱਦਦ ਮੰਗਣਾ ਤੇ ਗੁਰੂ ਜੀ ਦਾ ਦੇਣਾ ਤੇ ਪਾਤਸ਼ਾਹ ਨੇ ਉਹਨਾਂ ਦਾ ਸਤਿਕਾਰ ਕਰਨਾ ਲਿਖਿਆ ਹੈ।

ਸਿੱਖ ਲੇਖਕਾਂ ਵਿਚ ਸੌ ਸਾਖੀ ਪੁਰਾਣੀ ਸ਼ੈ ਹੈ। ਭਾਵੇਂ ਅਜੇ ਬਹੁਤ ਪੁਰਾਣੀ ਨਹੀਂ ਲੱਭੀ ਪਰ ਹੁਣ ਵਾਲੀ ਪੋਥੀ ਵਿਚ ਵੀ, ਜੋ ਪਚਾਸੀ ਕੁ ਸਾਲ ਦੀ ਹੈ, ਸੱਠਵੀਂ ਸਾਖੀ ਵਿਚ ਐਉਂ ਲਿਖਿਆ ਹੈ:-

ਭਈ ਲੋੜ ਤਬ ਤੁਰਕ ਪਤਿ ਪੀਰਨ ਖੋਜਤ ਸੋਇ।
ਦਾਸ ਭਾਵ ਹੋ ਬੋਲ ਪਠਿ ਗੁਰੁ ਅਨੁਸੁਨੀ ਸਮੋਇ ॥੨॥
ਚਲੇ ਸੁਭਾਵਕ ਦੱਖਣੀ ਸੁਨੀ ਸ਼ਾਹ ਨ੍ਰਿਪ ਦਾਸ।
ਆਪ ਤੁਰਾ ਮਾਰਗ ਮਿਲਾ ਦਿੱਲੀ ਗੁਰ ਸ਼ਹ ਬਾਸ ॥੩॥
...... ਜਨਕ ਥਾਇ ਪਰਗਟ ਕਰਾ ਤੀਜਾ ਸ਼ਾਹ ਸਨੇਹ।
ਦੱਖਣ ਚਲੇ ਬਹੁ ਭਾਵ ਸੋਂ ਗੁਰੁ ਦਿਖਾਯੋ ਏਹ ॥੬॥
ਚਲੇ ਸ਼ਾਹ ਦੱਖਨ ਜਿਤਾ ਬਹੁਤ ਕੀਆ ਤਬਿ ਮਾਨ ॥

ਜਿਸ ਦਾ ਸਰ ਸਰਦਾਰ ਅਤਰ ਸਿੰਘ ਜੀ ਨੇ ਐਉਂ ਅੰਗ੍ਰੇਜ਼ੀ ਉਲਥਾ ਕੀਤਾ ਹੈ:-

The reigning Emperor began to search for a saint and called the Gooroo with great humility and supplications. The Gooroo heard his message and promised to see the Emperor on his way to the Dukkun, Shortly afterwards the Emperor heard of the Gooroo's intentions to start for Dukkun. He went on foor to receive the Gooroo on the way and brought him in Delhie..... After this the Gooroo built the tomb of his father "Tegh Bahadur" at Delhi and made friendship, with the Emperor. The Gooroo then expressed his intention of going to Dukkun and the Emperor treating him with great kindness begged him to stay more for some time.

[Page 105.

ਸਭ ਤੋਂ ਪੁਰਾਣੇ ਸਿੱਖ ਲੇਖਕ ਜੋ ਹੁਣ ਤਾਈਂ ਲੱਭੇ ਹਨ, ਜੋ ਸੰਮਤ ੧੭੯੮ ਵਿਚ ਆਪਣੀ ਪੋਥੀ ਲਿਖਦੇ ਜਾਪਦੇ ਹਨ, ਸੈਨਾਪਤ ਜੀ ਹਨ, ਉਹ ਲਿਖਦੇ ਹਨ ਕਿ ਜਦੋਂ ਆਗਰੇ ਗੁਰੂ ਜੀ ਦੀ ਮੁਲਾਕਾਤ ਹੋਈ ਹੈ ਤਾਂ ਪਾਤਸ਼ਾਹ ਨੇ:-

ਕਲਗੀ ਅਉਰ ਧੁਗਧੁਗੀ ਆਨੀ। ਖਿਲਅਤ ਏਕ ਸ਼ਾਹ ਸਨਮਾਨੀ।
ਸ਼ਾਹ ਪ੍ਰਭੂ ਕੋ ਭੇਟ ਚੜ੍ਹਾਈ। 'ਖੁਸ਼ੀ ਕਰੋ ਤੁਮ ਸੋਂ ਬਨਿ ਆਈ।'
ਤਾਂਹਿ ਸਮੇਂ ਪ੍ਰਭੁ ਨੇ ਫੁਰਮਾਯੋ। ਅੰਦਰਿ ਸ਼ਾਹ ਪੈ ਸਿੰਘ ਬੁਲਾਯੋ।
ਬਸਤਰ ਤਾਂਹਿ ਪਾਸ ਉਠਵਾਏ। ਬਿਦਾ ਭਏ ਪ੍ਰਭੁ ਡੇਰੇ ਆਏ।

[ਧਿਆ ੧੬

ਇਸ ਤੋਂ ਵਿਦਤ ਹੋਇਆ ਕਿ ਖਿਲਅਤ ਆਦਿ ਸਨਮਾਨ ਨਾਲ ਪਾਤਸ਼ਾਹ ਨੇ ਪੇਸ਼ ਕੀਤਾ ਤੇ ਆਪ ਅਪਣੇ ਇੱਕ ਸੇਵਕ ਤੋਂ ਉਠਵਾਕੇ ਲੈ ਆਏ। ਮੁਗ਼ਲ ਪਾਤਸ਼ਾਹ ਦੇ ਦਰਬਾਰ ਵਿਚੋਂ ਮਿਲੇ ਖਿਲਅਤ ਨੂੰ ਦਾਸ ਤੋਂ ਚੁਕਵਾਕੇ ਲੈ ਆਉਣਾ ਕੇਵਲ ਉਨ੍ਹਾਂ ਦੇ ਸਨਮਾਨੇ ਔਲੀਯਾ ਤੇ ਉੱਚੇ ਫਕੀਰ ਹੀ ਕਰ ਸਕਦੇ ਸਨ, ਨੌਕਰਾਂ ਲਈ ਇਹ ਖੁੱਲ ਹਰਗਿਜ਼ ਨਹੀਂ ਸੀ। ਇਹ ਗੱਲ ਐਲਫਿਸਨਸਟਨ ਦੇ ਨੋਟ ਨੂੰ, ਤੇ ਨੌਕਰੀ ਵਾਲੇ ਖਿਆਲ ਨੂੰ ਮੁਲੋਂ ਹੀ ਰੱਦ ਕਰ ਦੇਂਦੀ ਹੈ। ਦੂਜੇ, ਗੁਰੂ ਜੀ ਦਾ ਅਹਿੱਲ ਤੇ ਅਝਵਾਂ ਕੈਰੈਕਟਰ ਦੱਸਦਾ ਹੈ ਕਿ ਓਹ ਕਦੇ ਇਹ ਗਲ ਪਰਵਾਨ ਨਹੀਂ ਕਰ ਸਕਦੇ ਸੇ। ਉਨ੍ਹਾਂ ਦਾ ਇਸ ਵੇਲੇ ਪਾਤਸ਼ਾਹ ਦੀ ਮੱਦਦ ਕਰਨਾ ਤੇ ਮਿਲਣਾ ਇਸ ਵਾਸਤੇ ਤਾਂ ਹੋ ਸਕਣਾ ਮੁਮਕਿਨ ਹੈ ਜੇ ਕਦੇ ਪਾਤਸ਼ਾਹ ਨਜਾਯਕਾਰੀ ਹੋ ਜਾਏਗਾ ਤੇ ਪਰਜਾ ਤੋਂ ਔਰੰਗਜ਼ੇਬ ਵਾਲਾ ਜ਼ੁਲਮ ਉੱਠ ਜਾਏ ਤਾਂ ਇਸ ਮੌਕਿਆਂ ਨੂੰ ਹੱਥੋਂ ਨਾ ਜਾਣ ਦਿੱਤਾ ਜਾਏ। ਨਾਹੱਕ ਤਲਵਾਰ ਚਲਾਉਣਾ ਆਪਦਾ ਆਦਰਸ਼ ਨਹੀਂ ਸੀ। ਆਪ ਨੇ ਆਪ ਦੱਸਿਆ ਹੈ 'ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ, ਹਲਾਲ

ਅਸਤ ਬੁਰਦਨ ਬਸ਼ਮਸ਼ੀਰ ਦਸਤ।' ਹੁਣ ਫੇਰ ਮੌਕਾ ਸੀ ਸੁਲਹ ਸਾਲਸੀ ਨਾਲ ਦੇਸ਼ ਨੂੰ ਸੁਖੀ ਕਰਨ ਦਾ। ਇਹ ਮੌਕਾ ਪਰਤਾਕੇ ਫੇਰ ਜੰਗ ਛੇੜਨ ਦਾ ਧ੍ਰੁਵਾ ਹੋਣਾ ਹੈ ਜੋ ਬਹਾਦਰਸ਼ਾਹ ਦੇ ਕਰਾਰ ਪੂਰੇ ਨਾ ਹੋਣ ਉੱਪਰ ਬੰਦੇ ਨੂੰ ਪੰਜਾਬ ਵਿਚ ਘੱਲਣ ਤੋਂ ਸਹੀ ਹੋ ਰਿਹਾ ਹੈ।

ਹੋਰ ਇਤਰ ਮਤ ਵਾਲੇ ਇਤਿਹਾਸਕਾਰਾਂ ਨੇ ਬੀ ਇਸ ਵਿਸ਼ੇ ਤੇ ਗ਼ੌਰ ਕੀਤੀ ਹੈ, ਲਾ: ਦੌਲਤ ਰਾਏ ਨੇ ਆਪਣੇ 'ਸੁਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ' ਦੇ ਸਫਾ ੨੦੯-੨੦੧ ਤੇ ਐਉਂ ਲਿਖਿਆ ਹੈ:-

ਖ੍ਵਾਹ ਆਜ਼ਮ ਸ਼ਾਹ ਗੁਰੂ ਗੋਬਿੰਦ ਸਿੰਘ ਦੇ ਹਾਥ ਸੇ ਮਾਰਾ ਗਿਆ ਯਾ ਕਿਸੀ ਔਰ ਤਰਹ, ਲੇਕਰ ਇਸ ਮੇਂ ਸ਼ੱਕ ਨਹੀਂ ਕਿ ਬਹਾਦਰ ਸ਼ਾਹ ਕੀ ਇਸ ਫਤਹ ਹਾਸਲ ਕਰਨੇ ਮੇਂ ਗੁਰੂ ਗੋਬਿੰਦ ਸਿੰਘ ਕਾ ਬੜਾ ਹਿੱਸਾ ਥਾ। ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਗੁਰੂ ਗੋਬਿੰਦ ਸਿੰਘ ਕੋ ਬਹਾਦਰ ਸ਼ਾਹ ਦਿਹਲੀ ਮੇਂ ਲਾਇਆ, ਔਰ ਕੁਛ ਅਰਸਾ ਵਹਾਂ ਮੁਕੀਮ ਰਹੇ। ਏਕ ਰਾਏ ਯਿਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਕੀ ਮੁਲਾਜ਼ਮਤ ਇਖਤਿਆਰ ਕਰ ਲੀ ਥੀ, ਚੁਨਾਂਚਿ ਖਫੀ ਖ਼ਾਂ ਕੀ ਸਨਦ ਪਰ ਐਲਫਿਨਸਟਨ ਨੇ ਬੀ ਯਹੀ ਰਾਏ ਕਾਯਮ ਕੀ ਹੈ ਕਿ ਉਸ ਨੇ ਮੁਲਾਜ਼ਮਤ ਹੀ ਕਰ ਲੀ ਥੀ। ਦੂਸਰੀ ਰਾਏ ਯਿਹ ਹੈ ਕਿ ਮੁਲਾਜ਼ਮਤ ਨਹੀਂ ਕੀ ਮਹਿਜ਼ ਬਤੌਰ ਏਕ ਮਦਦਗਾਰ ਦੋਸਤ ਕੇ ਹਮਰਾਹ ਹੁਏ ਥੇ। ਔਰ ਯਿਹ ਆਖਰੀ ਰਾਏ ਜ਼ਜਾਦਹ ਕਰੀਨੇ ਕਿਆਸ ਹੈ, ਕਿਉਂਕਿ ਤਮਾਮ ਹਾਲਤ ਕੋ ਜ਼ੇਰਿ-ਨਜ਼ਰ ਰੱਖ ਕਰ ਯਿਹ ਤੂੱਕੁਅ ਨਹੀਂ ਹੋ ਸਕਤੀ ਕਿ ਉਸਨੇ ਤੁਰਕੋਂ ਕੀ ਮੁਲਾਜ਼ਮਤ ਇਖਤਿਜਾਰ ਕੀ ਹੋ। ਮਸਲਿਹਤ ਵਕਤ ਦੇਖ ਕਰ ਏਕ ਭਾਈ ਕੇ ਮੁਕਾਬਲਾ ਮੇਂ ਦੂਸਰੇ ਭਾਈ ਕੀ ਇਮਦਾਦ ਕਰਨਾ ਔਰ ਬਾਤ ਹੈ, ਔਰ ਉਸ ਸੇ ਯਿਹ ਨਤੀਜਾ ਨਿਕਾਲਨਾ ਕਿ ਉਸ ਨੇ ਮੁਲਾਜ਼ਮਤ ਇਖਤਿਆਰ ਕਰ ਲੀ ਥੀ ਗ਼ਲਤ ਹੈ। ਚੁਨਾਂਚਿ ਆਇੰਦਹ ਕੇ ਵਾਕਯਾਤ ਭੀ ਹੀ ਨਤੀਜਾ ਪੇਸ਼ ਕਰਤੇ ਹੈਂ ਕਿ ਉਸ ਨੇ ਮੁਲਾਜ਼ਮਤ ਕਬੂਲ ਨਹੀਂ ਕੀ ਥੀ। ਜੈਸਾ ਕਿ ਰਾਜੇ ਯਾ ਅਮੀਰੋਂ ਕਾ ਬਤੌਰ ਇਮਦਾਦ ਬਾਦਸ਼ਾਹੋਂ ਕੇ ਸਾਥ ਲੜਾਈਓਂ ਮੇਂ ਸ਼ਾਮਲ ਹੋਨੇ ਕਾ ਦਸਤੂਰ ਥਾ ਵੋਹ ਬੀ ਬਤੌਰ ਰਫੀਕ ਹਮਰਾਹ ਹੋਗਾ। ਕਿਉਂਕਿ ਗੁਰੂ ਗੋਬਿੰਦ ਸਿੰਘ ਕੇ ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਬਹਾਦਰ ਸ਼ਾਹ ਨੇ ਏਕ ਬੜੀ ਜਾਗੀਰ ਔਰ ਰਜਾਸਤ ਪੇਸ਼ ਕੀ ਜਿਸੇ ਗੁਰੂ ਗੋਬਿੰਦ ਸਿੰਘ ਨੇ ਲੇਨੇ ਸੇ ਇਨਕਾਰ ਕੀਆ, ਔਰ ਕਹਾ ਕਿ ਹਮਾਰੇ ਦਾਦਾ ਗੁਰੂ ਅਰਜਨ ਦੇਵ ਕੇ ਦੁਸ਼ਮਨ ਚੰਦੂ ਲਾਲ ਦੀਵਾਨ ਕੋ ਉਸ ਕੇ ਸਪੁਰਦ ਕੀਆ ਥਾ, ਆਪ ਕੋ ਬਮੂਜਬ ਵਅਦਾ ਕੇ ਸੂਬਾਦਾਰਾਨ ਸਰਹਿੰਦ ਔਰ ਲਾਹੌਰ ਕੋ ਔਰ ਰਾਜਗਾਨ ਪਹਾੜੀ ਵਗ਼ੈਰਾ ਕੋ (ਜਿਨ੍ਹੋਂ ਨੇ ਉਸ ਕੇ ਮਾਸੂਮ ਬੱਚੋਂ ਕੋ ਕਤਲ ਕੀਆ ਥਾ) ਮੇਰੇ ਹਵਾਲੇ ਕਰੋ। ਬਹਾਦਰ ਸ਼ਾਹ ਨੇ ਇਕਰਾਰ ਪੂਰਾ ਕਰਨੇ ਕਾ ਵਾਅਦਾ ਤੋ ਦੁਹਰਾਯਾ ਮਗਰ ਸਾਲ ਕੀ ਮੁਹਲਤ ਕੇ ਅਰਸਾ ਮੇਂ ਉਸ ਕਾ ਯਿਹ ਇਕਰਾਰ ਪੂਰਾ ਨਾ ਹੂਆ। ਹਰਚੰਦ ਗੁਰੂ ਗੋਬਿੰਦ ਸਿੰਘ ਨੇ ਈਫਾਏ ਅਹਿਦ ਕੀ ਤਰਫ ਬਹਾਦਰ ਸ਼ਾਹ ਕੀ ਤਵੱਜੋ ਦਿਲਾਈ, ਲੇਕਨ ਵੋਹ ਈਫਾਏ ਅਹਿਦ ਮੇਂ ਆਖਰ ਤੱਕ ਕਾਸਰ ਹੀ ਰਹਾ। ਔਰ ਹਾਲਤ ਮੇਂ ਹਰਗਿਜ਼ ਯਿਹ ਕਯਾਸ ਕਬੂਲ ਨਹੀਂ ਕਰਤਾ ਕਿ ਗੁਰੂ ਗੋਬਿੰਦ ਸਿੰਘ ਬਹੈਸੀਅਤ ਮੁਲਾਜ਼ਮ ਕੇ ਐਸੇ ਕਰਾਰੋਂ ਕਾ ਈਫਾ ਚਾਹਤਾ ਹੋਵੇਗਾ।

ਲਾਲਾ: ਕਨੱਯਾ ਲਾਲ ਜੀ ਆਪਣੀ 'ਤਾਰੀਖੇ ਪੰਜਾਬ' ਵਿਚ ਲਿਖਦੇ ਹਨ:-

ਦਯਾ ਸਿੰਘ ਰਾਸਤਾ ਮੇਂ ਬਾਦਸ਼ਾਹ ਕੀ ਮਰਗ ਕੀ ਖਬਰ ਲੇਕਰ ਗੁਰੂ ਜੀ ਕੇ ਪਾਸ ਪਹੁੰਚਾ। ਔਰ ਏਕ ਕਾਸਦ ਬਹਾਦਰ ਸ਼ਾਹ ਖਲਫ ਔਰੰਗਜ਼ੇਬ ਆਲਮਗੀਰ ਕਾ ਬਤਵੱਸਲ ਮੁਨਸ਼ੀ ਨੰਦ ਲਾਲ ਖਾਦਮ ਬਖਿਦਮਤ ਗੁਰੂ ਜੀ ਸਾਹਿਬ ਪਹੁੰਚਾ ਕਿ ਸ਼ਾਹਜ਼ਾਦਾ ਆਜ਼ਮ ਵਲੀਅਹਿਦ ਤਖਤ ਦਿਹਲੀ ਸੇ ਦਿਹਲੀ ਕੀ ਤਖਤ ਨਸ਼ੀਨੀ ਕੇ ਵਾਸਤੇ ਲੜਾਈ ਹੋ ਰਹੀ ਹੈ, ਆਪ ਇਮਦਾਦ ਦੇਂ। ਗੁਰੂ ਸਾਹਿਬ ਨੇ ਅਪਨੇ ਕੁੱਲ ਸਿੱਖੋਂ ਸੇ ਪਾਂਚ ਸਿੱਖ ਮਯ ਦਯਾ ਸਿੰਘ ਕੇ ਭੇਜ ਦੀਏ। ਸ਼ਾਹਜ਼ਾਦਾ ਆਜ਼ਮ ਤੀਰ ਸੇ ਹਲਾਕ ਹੂਆ ਯਾਨੀ ਮਾਰਾ ਗਿਆ ਔਰ ਇੰਦੁਲ ਤਹਿਕੀਕਾਤ ਵੋਹ ਤੀਰ ਫੌਜ ਮੇਂ ਸੇ ਕਿਸੀ ਕਾ ਮਾਲੂਮ ਨ ਹੂਆ। ਆਖਰਕਾਰ ਪਾਇਆ ਗਿਆ ਕਿ ਵੋਹ ਤੀਰ ਜਨਾਬ ਗੁਰੂ ਸਾਹਿਬ ਕਾ ਥਾ, ਕਿਉਂਕਿ ਗੁਰੂ ਸਾਹਿਬ ਕੇ ਤੀਰ ਮੇਂ ਏਕ ਤੋਲਾ ਸੋਨਾ ਨੋਕ ਬੰਦ ਕੇ ਪਾਸ ਲਗਾ ਹੋਤਾ ਥਾ। ਜਬ ਬਹਾਦਰ ਸ਼ਾਹ ਤਖਤ ਨਸ਼ੀਨ ਹੂਆ ਤੋਂ ਗੁਰੂ ਜੀ ਕੋ ਆਗਰਾ ਮੇਂ ਬੁਲਾਯਾ, ਇਸਤਕਬਾਲ ਕੀਆ। ਫਿਰ ਅਪਨੇ ਹਮਰਾਹ ਦਿਹਲੀ ਮੇਂ ਲੇ ਆਯਾ ਔਰ ਨਿਹਾਇਤ ਇੱਜ਼ਤ ਕੀ। [ਪੰਨਾ ੫੫

ਉਮਦਹ-ਤੁੱ-ਤ੍ਵਾਰੀਖ ਵਿਚ ਬਹਾਦਰ ਸ਼ਾਹ ਫਤਹ ਦੇ ਬਾਦ ਗੁਰੂ ਜੀ ਨੂੰ ਐਉਂ ਕਹਿੰਦਾ ਹੈ:-

ਸ਼ਾਹਜ਼ਾਦਾ ਬਰ ਜ਼ਬਾਂ ਆਵ੍ਰਦ ਕਿ ਐ ਜ਼ੁਬਦਹਏ ਏਜ਼ਤ ਪ੍ਰਸਤਾਨੇ ਹੱਕ ਸ਼ਨਾਸ ਵ ਉਮਦਹ ਆਰਫ਼ਾਨਿ ਹਕੀਕਤ ਇਕ਼ਤਬਾਸ, ਰਾਮਦਾਸ ਜੀਓ! ਤਬੀਯਤੇ ਇਨਾਯਤੇ ਤ੍ਵੀਯਤ ਸ਼ੁਮਾ ਬੈਖ਼ਰੀਯਤੋ ਆਫੀਯਤ ਅਸਤ

ਵ ਅਜ਼ ਦੀਦਾਰੇ ਫੈਜ਼ ਆਸਾਰੇ ਏਸ਼ਾਂ ਤਮਾਮ ਗ਼ਮ ਅਜ਼ ਜਾਨ ਦੂਰ ਸ਼ੁਦਹ, ਬਲਕਿ ਈਂ ਸਲਤਨਤ ਵ ਬਾਦਸ਼ਾਹੀ ਬ ਈਂ ਨਿਆਜ਼ਮੰਦ ਬੇਰਿਆ਼ ਮਹਜ਼ ਅਜ਼ ਅ਼ਦੀਆਉਲਮਲਵੈਨ ਜ਼ਾਤੇ ਬਾ ਬਰਕਾਤ ਹਾਸਲ ਵ ਵਾਸਲ ਗਰਦੀਦਹ। ਦਰ ਤਕ਼ਦੀਮ ਬੰਦਗੀਯਾਤੇ ਸ਼ਾਇਸਤਹ ਵ ਬਨਹ਼ਵ ਬਾਇਸਤਹ ਬਲਰਾਸੁਲਐਨ ਕੋਸ਼ਿਸ਼ ਬਿਸੀਆਰ ਬਜ਼ਹੂਰ ਖ਼੍ਵਾਹਦ ਆਵੁਰਦ।

[ਦਫਤਰ ਪੰਨਾ ੬੨

ਅਰਥਾਤ ਸ਼ਾਹਜ਼ਾਦੇ (ਬਹਾਦਰ ਸ਼ਾਹ) ਨੇ ਕਿਹਾ ਕਿ 'ਹੇ ਵਾਹਿਗੁਰੂ ਨੂੰ ਪਛਾਨਣ ਤੇ ਪੂਜਣ ਵਾਲਿਆਂ ਦੇ ਸਰਦਾਰ! ਹੇ ਰੱਬ ਨੂੰ ਪੁੱਜੇ ਹੋਏ ਗਜਾਨੀਆਂ ਦੇ ਸਰਤਾਜ ਰਾਮ ਦਾਸ ਜੀਓ! ਆਪਦਾ ਕ੍ਰਿਪਾਲਤਾ ਦਾ ਸੋਮਾ ਸਰੀਰ ਆਨੰਦ ਪ੍ਰਸੰਨ ਹੈ? ਆਪ ਦੇ ਸੁਖਦਾਈ ਦਰਸ਼ਨਾਂ ਤੋਂ ਸਾਰੇ ਗ਼ਮ ਤੇ ਫਿਕਰ ਜਾਨ ਵਿਚੋਂ ਦੂਰ ਹੋ ਗਏ ਹਨ, ਸਗੋਂ ਇਹ ਸਲਤਨਤ ਤੇ ਬਾਦਸ਼ਾਹੀ ਇਸ ਸੱਚੇ ਸੇਵਕ ਨੂੰ ਕੇਵਲ ਆਪ ਜੀ ਦੀ ਕ੍ਰਿਪਾ ਵਾਲੀ ਜ਼ਾਤ ਦੀਆਂ ਕਈ ਤਰ੍ਹਾਂ ਦੀਆਂ ਦੁਆਵਾਂ ਨਾਲ ਪ੍ਰਾਪਤ ਹੋਈ ਹੈ। ਆਪਦੇ ਵਾਜਬ ਹੁਕਮ ਸਿਰ ਤੇ ਅੱਖਾਂ ਤੇ ਰੱਖਕੇ ਪੂਰੇ ਕਰਨ ਦੀ ਵਿੱਤੋਂ ਵੱਧ ਕੋਸ਼ਿਸ਼ ਕਰਾਂਗਾ।'

ਸੁਰੇਂਦ੍ਰ ਸ਼ਰਮਾ ਲਿਖਦਾ ਹੈ:-

"ਗੁਰੂ ਗੋਬਿੰਦ ਸਿੰਘ ਕੇ ਪਾਸ ਸ਼ਾਹਜ਼ਾਦੇ ਮੁਅੱਜ਼ਮ ਕਾ ਏਕ ਪੁੱਤ੍ਰ ਆਇਆ। ਉਸ ਮੇਂ ਗੁਰੂ ਜੀ ਸੇ ਸਹਾਇਤਾ ਮਾਂਗੀ ਗਈ ਥੀ। ਜਿਸ ਸਮੇਂ ਰਾਜਕੁਮਾਰ ਮੁਅੱਜ਼ਮ ਕੇ ਸਾਥ ਗੁਰੂ ਗੋਬਿੰਦ ਸਿੰਘ ਕੀ ਮਿੱਤ੍ਰਤਾ ਹੁਈ ਥੀ, ਉਸ ਸਮਯ ਉਸੇ ਗੁਰੂ ਜੀ ਨੇ ਸਹਾਇਤਾ ਕਾ ਵਚਨ ਦੀਆ ਥਾ। ਗੁਰੂ ਜੀ ਕੋ ਉਸਕੀ ਸਹਾਇਤਾ ਕਰਨੀ ਮਨਜ਼ੂਰ ਥੀ। ਅਤਿਏਵ ਵੈ ਉਸਕੇ ਲੀਏ ਤੈਯਾਰ ਹੋਨੇ ਲਗੇ।

ਵਿਜਯ ਕੇ ਬਾਦ ਆਗਰੇ ਕੇ ਕਿਲੇ ਮੇਂ ਏਕ ਬੜਾ ਭਾਰੀ ਦਰਬਾਰ ਹੁਆ। ਸ਼ਾਹਜ਼ਾਦਾ ਮੁਅੱਜ਼ਮ ਬਾਕਾਇਦਾ ਸਿੰਘਾਸਨਸੀਨ ਹੋਕਰ ਭਾਰਤ ਕਾ ਸਮਰਾਟ ਘੋਖਿਤ ਕੀਆ ਗਿਆ। ਬਡੇ ਬਡੇ ਸਰਦਾਰੋਂ ਔਰ ਰਾਜਿਓਂ ਨੇ ਉਸਕੇ ਸਾਮਨੇ ਭੇਟ ਦੀ। ਇਸਕੇ ਬਾਅਦ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਕੇ ਪ੍ਰਤਿ ਹਾਰਦਿਕ ਕ੍ਰਿੱਤਗਜਤਾ ਪ੍ਰਗਟ ਕੀ ਔਰ ਸਿੱਖੋਂ ਕੋ ਉਨਕੀ ਸਹਾਇਤਾ ਕੇ ਲਿਯੇ ਧੰਨਵਾਦ ਦੀਆ। ਦਰਬਾਰ ਮੇਂ ਸਿੱਖ ਯੋਧਾਓਂ ਕੋ ਅਨੇਕ ਪੁਰਸਕਾਰ ਭੀ ਦੀਏ ਗਏ।

ਇਸੀ ਤਰ੍ਹਾਂ ਸਿੱਖ ਲੇਖਕਾਂ, ਜੈਸਾ ਕਿ ਸ: ਖਜ਼ਾਨ ਸਿੰਘ ਨੇ ਆਪਣੇ ਅੰਗ੍ਰੇਜ਼ੀ ਇਤਿਹਾਸ ਵਿਚ ਤੇ ਸਾਧੂ ਗੋਬਿੰਦ ਸਿੰਘ ਨੇ ਆਪਣੇ ਹਿੰਦੀ ਇਤਿਹਾਸ ਵਿਚ ਤੇ ਗਜਾਨੀ ਗਜਾਨ ਸਿੰਘ ਨੇ ਅਪਣੇ ਤਵਾਰੀਖ ਖਾਲਸਾ ਵਿਚ ਗੁਰੂ ਜੀ ਦਾ ਸ਼ਾਹ ਨੂੰ ਸਹਾਇਤਾ ਦੇਣਾ ਮੰਨਿਆ ਹੈ ਤੇ ਪਾਤਸ਼ਾਹ ਨੇ ਇੱਜ਼ਤ ਸਤਿਕਾਰ ਤੇ ਸ਼ਰਧਾ ਨਾਲ ਉਨ੍ਹਾਂ ਨੂੰ ਰੂਹਾਨੀ ਬਜ਼ੁਰਗ ਮੰਨਿਆ ਹੈ।

ਗੁਰੂ ਜੀ ਦਾ ਮਗਰਲਾ ਵਤੀਰਾ ਬੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਜਦ ਪਾਤਸ਼ਾਹ ਨੇ ਦੁਰਾਚਾਰੀ ਤੇ ਜ਼ਾਲਮ ਸੂਬੇਦਾਰਾਂ ਨੂੰ ਦੰਡ ਦੇਣ ਆਦਿ ਮੰਗਾਂ ਤੋਂ ਹੀਲ ਹੁਜੱਤ ਕੀਤੀ ਤਾਂ ਆਪ ਨਦੇੜ ਸ਼ਹਿਰ ਗਏ ਤੇ ਬੰਦੇ ਨੂੰ ਪੰਜਾਬ ਤੋਰ ਦਿੱਤਾ। ਮੁਲਾਜ਼ਮ ਹੋਣ ਵਾਲੇ ਹੀਣੇ ਮਨ ਵਿਚ ਇਹ ਸਾਹਸ ਪ੍ਰਾਗੱਲਭਤਾ ਤੇ ਏਹ ਵਿਉਂਤ ਜੋ ਪੰਜਾਂ ਚਹੁੰ ਬਰਸਾਂ ਵਿਚ ਬੰਦੇ ਦੁਆਰਾ ਪੰਜਾਬ ਵਿਚ ਰਾਜ ਗਰਦੀ ਕਰ ਗਈ ਕੀਕੂੰ ਹੋ ਸਕਦੀ ਹੈ? ਸ਼ੋਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ ਨਾ ਸਮਝਕੇ ਬਹੁਤੇ ਲੋਕਾਂ ਨੇ ਟਪਲੇ ਖਾਧੇ ਹਨ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਗੁੱਸੇ ਤੇ ਤਅੱਸਬ ਤੋਂ ਬਹੁਤ ਕੰਮ ਲੀਤਾ ਹੈ ਤੇ ਬਨਾਵਟਾਂ ਤੋਂ ਬੀ ਸੰਕੋਚ ਨਹੀਂ ਕੀਤਾ।

## ੪੭. [ਨੌਨਿਧ ਖੱਤ੍ਰੀ। ਕੇਸ਼ (ਇਬ੍ਰਾਹੀਮ, ਪਰਸਰਾਮ)]

੪੬<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਸਿਖ ਸੰਗਤ ਗਨ ਸੰਗ ਲੈ, 'ਨੌ ਨਿਧ ਖੱਤ੍ਰੀ' ਏਕ।
ਭੰਡਾਰੀ[1] ਸੰਗਜਾ ਕਹੈਂ, ਕੇਤਿਕ ਸਹਤ ਬਿਬੇਕ[2] ॥੧॥

[1]ਖੱਤ੍ਰੀਆਂ ਦੀ ਇਕ ਜਾਤ ਹੈ। [2]ਕਈ (ਸ਼ਾਸਤ੍ਰਾਂ ਨੂੰ) ਵਿਚਾਰਨ ਵਾਲਾ ਸੀ (ਉਹ)।

ਚੌਪਈ:

ਸਤਿਗੁਰ ਕੇ ਦਰਸ਼ਨ ਹਿਤ ਆਯੋ।
ਧਰਿ ਅਕੋਰ ਪਗ ਸੀਸ ਨਿਵਾਯੋ।
ਸਨਮੁਖ ਬੈਠਿ ਅਨੰਦ ਬਿਲੰਦੇ।
ਬੂਝੇ ਗੁਰੂ ਬੰਦਿ ਕਰ ਬੰਦੇ ॥੨॥
'ਸ਼੍ਰੀ ਪ੍ਰਭੁ ਜੀ! ਤੁਮ ਪੰਥ ਚਲਾਯੋ।
ਬਾਣਾ ਰਚਜੋ ਕੇਸ਼ ਰਖਵਾਯੋ।
ਗੁਰੂ ਗ਼ਰੀਬ ਨਿਵਾਜ! ਬਤਾਵਹੁ।
ਕਿਸ ਕਾਰਨ ਕਰਿ ਇਨਹੁਂ ਰਖਾਵਹੁ?' ॥੩॥
ਸੁਨਿ ਸ਼੍ਰੀ ਮੁਖ ਫੁਰਮਾਵਨਿ ਕਰਯੋ।
'ਤੁਮ ਤੋ ਸ਼ਾਸਤ੍ਰ ਬਹੁਤ ਬਿਚਰਯੋ।
ਪੜ੍ਹਨ ਸ਼੍ਰਵਨ ਮਹਿਂ ਬੈਸ ਬਿਤਾਈ।
ਇਹ ਗਤਿ ਲਖੀ ਕਿ ਨਹਿਂ ਤੁਮ ਪਾਈ ॥੪॥
ਧਰਮ ਰਖਨਿ ਕੇਸ਼ਾਦਿਕ ਭਲੇ[1]।

[1]ਧਰਮ ਦੀ ਰੱਖਯਾ ਕਰਨ ਲਈ ਕੇਸ ਆਦਿਕ ਭਲੇ ਹਨ।

ਸਨਕਾਦਿਕ ਤੇ ਆਵਤਿ ਚਲੇ।
ਭਾਰਥ ਖੰਡ ਬਿਖੈ ਸ਼ੁਭ ਦੇਸ਼।
ਕੇਸ਼ ਰਾਖਣੋ ਧਰਮ ਬਿਸ਼ੇਸ਼' ॥੫॥
ਸੁਨਿ ਕੈ ਨਉਨਿਧ ਬਹੁਰ ਬਖਾਨਾ।
'ਆਪ ਕਰਹੁ ਸਭਿ ਸਾਚ ਪ੍ਰਮਾਨਾ।
ਪ੍ਰਥਮ ਕੇਸ਼ ਧਾਰੀ ਸਭਿ ਕੋਈ।
ਅਬਿ ਤੌ ਸਮਾ ਰਹਜੋ ਨਹਿਂ ਸੋਈ ॥੬॥
ਸ੍ਰੀ ਗੁਰ ਭਨਜੋਂ 'ਸਮਾਂ ਕਜਾ ਕਹੈ।
ਸੋ ਰਵਿ ਸੋ ਸਸਿ, ਸੋ ਜਲ ਅਹੈ[†]।

[†]ਪ੍ਰਮਾਣ ਗੁਰਬਾਣੀ:-'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤੁ ਰਹੈ ॥' [ਰਾਮਕਲੀ ਮ: ੧

ਬਾਯੂ, ਬੰਨੀ[1], ਬਸੁਧਾ ਓਈ।
ਦੋਸ਼ ਸਮੈ ਕੋ ਕਯਾ ਕਹਿ ਕੋਈ ॥੭॥
ਅਪਨ ਆਪ ਕੋ ਦੋਸ਼ ਲਖੀਜੈ।
ਰਾਖੇ ਜਾਇਂ ਨ, ਸਾਚ ਕਹੀਜੈ।
ਕੇਸ਼ ਰਖਨਿ ਕੀ ਸਮਰਥ ਹੀਨੇ।
ਦੋਸ਼ ਸਮੇਂ ਪਰ ਕਲਪਨ ਕੀਨੇ ॥੮॥
ਨੌ ਨਿਧ! ਸੁਨਹੁ ਅਗਲ ਪਰਸੰਗ।
ਜਬਿ ਹਮ ਕਰਯੋ ਮੁਕਤਸਰ ਜੰਗ?
ਪੁਨ ਚਲਿ ਗਏ ਜਹਾਂ ਨੈਂ ਵਹੀ[1]।
ਨਿਕਟ ਕਸੂਰ ਪੁਰੀ ਜਬਿ ਰਹੀ ॥੯॥
ਹੁਤੋ ਹੁਸੈਨ ਖਾਨ ਤਹਿਂ ਮਾਲਕ।
ਪਹੁੰਚਨ ਹਮਰੇ ਸੁਨਿ ਤਤਕਾਲਕ।
ਯਾਰ ਮੁਹੰਮਦ ਪਠਯੋ ਵਕੀਲ।
ਨਿਕਟ ਹਮਾਰੇ ਆਇ ਸੁਸ਼ੀਲ ॥੧੦॥
ਤਿਸ ਪਠਾਨ ਕੋ ਖਤ ਗੁਜ਼ਰਾਨਯੋ[1]।
-ਮੇਲ ਕਪਟ ਕੋ ਚਾਹਤਿ ਠਾਨਯੋਂ।
ਅੰਤਰ ਗਤੀ[1] ਜਸੂਸੀ ਔਰ।
ਸੁਧ ਕੇ ਹਿਤ ਪਹੁੰਚਯੋ ਤਿਸ ਠੌਰ- ॥੧੧॥
ਇਸ ਪ੍ਰਕਾਰ ਹਮ ਜਾਨਯੋਂ ਪਾਸ।
ਕਹਯੋ[1] -ਵਕਾਲਤ ਕੋ ਕਯਾ ਕਾਜ?
ਰਹਨ ਹਮਾਰੇ ਨਿਕਟ ਵਿਅਰਥ।
ਪੁਰਵਹੁ ਕਹਾਂ ਆਪਨੋ ਅਰਥ?† ॥੧੨॥
ਬਾਤ ਜਥਾਰਥ ਹੈ ਇਸ ਰੀਤਿ।
ਰਹਹੁ ਜਿ ਰਹਿਨੋ ਭਾਵਤਿ ਚੀਤ-।
ਸੁਨਿ ਕਰਿ ਹਮ ਤੇ ਸੋ ਰਹਿ ਗਯੋ।
ਇਕ ਦਿਨ ਮਜਲਸ ਮਹਿਂ ਥਿਰ ਭਯੋ ॥੧੩॥
ਬੋਲਯੋ ਨਿਰਨੈ ਸੁਨਿਬੇ ਕਾਜੂ।
-ਦੇਹੁ ਬਤਾਇ ਗ਼ਰੀਬ ਨਿਵਾਜੂ!

[1]ਅਗਨੀ।

[1]ਨਦੀ ਚਲਦੀ ਹੈ।

[1]ਹੁਸੈਨ ਖ਼ਾਂ ਦੀ) ਚਿੱਠੀ ਲੈ ਆਇਆ।

[1]ਅੰਦਰੋਂ।

[1]ਅਸਾਂ ਆਖਿਆ।

†ਇਥੇ ਇਕ ਲਿਖਤੀ ਨੁਸਖੇ ਵਿਚ ਇਸ ਚੌਪਈ ਦੇ ਅੰਤਲੀਆਂ ਦੋ ਤੁਕਾਂ ਦਾ ਪਾਠ ਇਉਂ ਹੈ: ਅੰਤਰਯਾਮੀ ਪ੍ਰਭੂ ਸਮਰਥ ॥ ਰਹਿਨ ਹਮਾਰੇ ਨਿਕਟ ਬਿਅਰਥ ॥

ਹੁਤੇ ਅੱਗ੍ਰ ਭੀ ਸਿੱਖਨ ਕੇਸ਼।
ਕੈ ਅਬਿ ਕੇ ਹੀ ਰਖੇ ਸੁ ਬੇਸ- ॥੧੪॥
ਸੁਨਿ ਕਰਿ ਹਮ ਨੇ ਸੋ ਸਮੁਝਾਯੋ।
ਸਭਿ ਪ੍ਰਸੰਗ ਅਬਿ ਤੋਹਿ ਸੁਨਾਯੋ।
-ਹਿੰਦੂ ਤੁਰਕ ਜਿ ਪੂਰਬ ਕਾਲਾ।
ਸਭਿ ਕੇ ਸਿਰ ਪਰ ਕੇਸ਼ ਬਿਸਾਲਾ ॥੧੫॥
ਥੋਰੇ ਦਿਵਸਨ ਤੇ ਅਬਿ ਹਟੇ।
ਲਖੀਯਤਿ ਧਰਮ ਸਭਿਨਿ ਕੇ ਲਟੇ[1]-। [1]ਮਿਟ ਗਏ, ਘਟ ਗਏ।
ਯਾਰ ਮੁਹੰਮਦ ਬਹੁਰ ਉਚਾਰੇ।
-ਸੁੰਨਤ ਰਖਿਬੇ ਕੇਸ ਹਮਾਰੇ[1] ॥੧੬॥ [1]ਸਾਡੇ ਮਜ਼ਹਬ ਵਿਚ ਬੀ ਕੇਸ ਰੱਖਣੇ ਵਿਹਤ ਹਨ।
ਕਬਿ ਕੇ ਕਿਸ ਬਿਧਿ ਹਟੇ ਬਤਾਵਹੁ?
ਸਰਬ ਬਾਰਤਾ ਅਬਿ ਸਮੁਝਾਵਹੁ-।'
ਤਬਿ ਸ਼੍ਰੀ ਬਦਨ ਸੁਨਾਇ ਉਚਰ ਕਰਿ।
'ਇਬਰਾਹੀਮ ਖਲੀਲ[1] ਪਿਕੰਬਰ ॥੧੭॥ [1]ਇਬ੍ਰਾਹੀਮ ਦਾ ਲਕਬ ਹੈ ਖ਼ਲੀਲਉੱਲਾ=ਖ਼ੁਦਾ ਦਾ ਦੋਸਤ।
ਤਿਸ ਨੇ ਇਕ ਔਰਤ ਅਵਿਲੋਕੀ।
ਕਾਮ ਬਸੀ ਮਨ ਬ੍ਰਿਤੀ ਨ ਰੋਕੀ।
ਕਹਯੋ -ਮੋਹਿ ਸਨ ਕਰਹੁ ਨਿਕਾਹੂ।
ਸੁਖ ਸੋਂ ਬਸਹੁ ਆਨਿ ਘਰ ਮਾਂਹੂ- ॥੧੮॥
ਸੁਨਿ ਔਰਤ ਨੇ ਬਾਤ ਨ ਮਾਨੀ।
ਸੰਗ ਪਿਕੰਬਰ ਗਿਰਾ ਬਖਾਨੀ।
-ਤੁਵ ਘਰ ਮਹਿਂ ਪੂਰਬ ਇਕ ਬੀਵੀ।
ਸੰਕਟ ਹੋਇ ਸਪਤਨੀ[1] ਥੀਵੀ- ॥੧੯॥ [1]ਸੌਂਕਣ।
ਕੇਤਿਕ ਦਿਨ ਗੁਜ਼ਰੇ ਇਸ ਰੀਤਿ।
ਬਸੀ ਪਿਕੰਬਰ ਕੇ ਬਹੁ ਚੀਤ[1]। [1]ਪੈਗ਼ੰਬਰ ਦੇ ਚਿਤ ਵਿਚ ਇਸਤ੍ਰੀ (ਦੀ ਇੱਛਾ) ਬਹੁਤ ਵਸਦੀ ਰਹੀ।
ਫੇਰ ਕਹਯੋ ਮਨ ਹ੍ਵੈ ਕਰਿ ਦੀਨ।
-ਮੁਝ ਸੋਂ ਕਰਹੁ ਨਿਕਾਹੁ ਪ੍ਰਬੀਨ! ॥੨੦॥
ਨਿਸ ਦਿਨ ਖੁਟਕਤਿ ਹੈ ਮਮ ਚਿਤ ਮਹਿਂ।
ਅਭਿਲਾਖਤਿ ਬਹੁ ਮਿਲਿਨੋ ਹਿਤ ਮਹਿਂ।

ਜੈਸੇ ਤੁੰ ਆਇਸੁ ਦੇਂ ਪਜਾਰੀ।
ਤੈਸੇ ਰਹੌਂ ਸਦਾ ਅਨੁਸਾਰੀ- ॥੨੧॥
ਲਖਿ ਅਪਨੇ ਪਰ ਅਧਿਕ ਲੁਭਾਯੋ।
ਤਿਸ ਔਰਤ ਨੇ ਅਹਿਦ ਸੁਨਾਯੋ।
-ਦਿਹੁ ਤਲਾਕ ਤਿਸ ਬੀਵੀ ਜਬੈ।
ਕਰੌਂ ਨਿਕਾਹ ਤੋਹਿ ਸੋਂ ਤਬੈ- ॥੨੨॥
ਪੁਨ ਪੈਕੰਬਰ ਕਾਮ ਤਪਾਯੋ।
ਕਰਜੋ ਤਥਾ ਤ੍ਰਿਯ ਜਥਾ ਬਤਾਯੋ।
ਦਈ ਤਲਾਕ ਪ੍ਰਥਮ ਕੀ ਨਾਰੀ।
ਕਰਿ ਨਿਕਾਹ ਭੋਗੀ ਉਰ ਪਜਾਰੀ ॥੨੩॥
ਕਿਤਿਕ ਬਰਖ ਲਗਿ ਰਮ ਕਰਿ ਸੰਗ।
ਭਾਂਤਿ ਭਾਂਤਿ ਕਰਿ ਮੋਚਿ ਅਨੰਗ।
ਸਮਾ ਪਾਇ ਪੂਰਬਲੀ ਤ੍ਰੀਯ।
ਭੋਗਨ ਕਰੀ ਲਾਇ ਨਿਜ ਹੀਯ ॥੨੪॥
ਸੁਧਿ ਕੋ ਪਾਇ ਕ੍ਰੋਧ ਕਰਿ ਕਹਜੋ।
ਅਹਦ ਸ਼ਿਕਸਤ ਕੀਨਿ ਜਬਿ ਲਹਜੋ।
-ਸ਼ਰ੍ਹਾ ਅਦੂਲ ਭੁਲ ਜੋ ਧਰੈ[1]।
ਕਹੋ ਪਿਕੰਬਰ! ਸੋ ਕਜਾ ਕਰੈ? - ॥੨੫॥
ਇਬਰਾਹੀਮ ਕਹਜੋ -ਬਿਧਿ ਜੋਇ।
ਉਚਿਤ ਸਜ਼ਾਇ ਦੇਨਿ ਕੋ ਸੋਇ।
ਸ਼ਰ੍ਹਾ ਅਦੂਲ ਭੁਲ ਕੈ ਜਾਨਿ।
ਬਿਨਾ ਸਜ਼ਾਇ ਨਪਾਕ ਪਛਾਨ- ॥੧੬॥
ਘਾਤ ਪਾਇ ਤ੍ਰਿਯ ਤਬੈ ਸੁਨਾਈ।
-ਸ਼ਰ੍ਹਾ ਅਦੂਲੀ ਤੁਮਹੁ ਕਮਾਈ।
ਦਈ ਤਲਾਕ ਰਮੀ ਸੋ ਫੇਰ।
ਉਚਿਤਿ ਸਜ਼ਾਇ ਆਪ ਕੋ ਹੇਰਿ- ॥੨੭॥
ਸੁਨਿ ਬੀਵੀ ਕੇ ਬਾਕ ਅਭੂਲ।
ਕਹਜੋ ਪਿਕੰਬਰ -ਕਰੀ ਕਬੂਲ।
ਜਿਮ ਚਾਹਤਿ ਤਿਮ ਕੀਜਹਿ ਪਜਾਰੀ!

[1]ਭੁੱਲਕੇ ਜੋ ਸ਼ਰ੍ਹਾ ਦੀ (ਅਦੂਲੀ=) ਨਾ ਮੰਨਣਾ ਕਰੇ।

ਮੈਂ ਸਦੀਵ ਤੇਰੇ ਅਨੁਸਾਰੀ- ॥੨੮॥
ਸੁਨਿ ਤ੍ਰਿਯ ਕਹੇ -ਅੰਗ ਜੋ ਲਾਏ।
ਦਿਹੁ ਕਟਾਇ ਇਹ ਉਚਿਤ ਸਜ਼ਾਏ।
ਕਰਿ ਤਲਾਕ ਪੁਨ ਤਿਸ ਤੈਂ ਭੋਗਾ।
ਯਾਂ ਤੇ ਕਸ਼ਟ ਦੇਨਿ ਕੇ ਜੋਗਾ- ॥੨੯॥
ਸੁਨਿ ਕੈ ਸ਼ਰ੍ਹਾ ਬਾਤ ਸਚੁ ਸੋਇ।
ਦੀਨ ਹੋਇ ਬੰਦੇ ਕਰਿ ਦੋਇ।
-ਪ੍ਰਿਯਾ! ਬਾਤ ਤੈਂ ਸਾਚ ਉਬਾਚੀ।
ਲਿਹੁ ਬਚਾਇ ਚਿਤ ਜੇ ਰੁਚਿ ਰਾਚੀ ॥੩੦॥
ਜਥਾ ਸਜ਼ਾਇ ਹੋਇ ਭੀ ਜਾਇ।
ਜਿਯਤਿ ਰਹੌਂ ਤੁਝ ਸੋਂ ਸੁਖ ਪਾਇ-।
ਭਯੋ ਦੀਨ ਤ੍ਰਿਯ ਕਰੁਨਾ ਧਰੀ।
ਇਮ ਸਜ਼ਾਇ ਪਤਿ ਕੇ ਸੰਗ ਕਰੀ ॥੩੧॥
ਹਾਥ ਲਗੇ[1], ਨਹਿਂ ਕਾਟਨ ਕੀਨਿ।
ਤਿਨ ਪਲਟੇ ਕਾਟੀ ਅਸਤੀਨਿ[1]।
ਲਿੰਗ ਕਟਨ ਤੇ ਸੁੰਨਤਿ ਕਰੀ[1]।
ਅਧਰਨ ਤੇ ਦ੍ਵੈ ਮੂਛਨਿ ਹਰੀ[1] ॥੩੨॥
ਛਾਤੀ ਪਰ ਤੇ ਕਤਰੇ ਬਾਰਾ।
ਸਿਰ ਤੇ ਜੂੜਾ ਕਾਟਿ ਉਤਾਰਾ।
ਤਿਸ ਉੱਮਤ ਅਵਿਲੋਕਜੋ ਐਸੇ।
ਸਭਿਹਿਨਿ ਕਰੀ ਬਾਰਤਾ ਤੈਸੇ[†] ॥੩੩॥

[1]ਹੱਥ ਜੋ (ਪਹਿਲੀ ਇਸਤ੍ਰੀ ਨੂੰ) ਲਗੇ ਸਨ।
[1]ਕੁਰਤੇ ਦੀਆਂ ਬਾਹਵਾਂ।
[1]ਭਾਵ ਇੰਦ੍ਰੀ ਕੱਟਣ ਦੀ ਥਾਵੇਂ ਸੁੰਨਤ ਕੀਤੀ।
[1]ਬੁੱਲਾਂ ਦੀ ਥਾਵੇਂ ਦੋਵੇਂ ਮੁੱਛਾਂ ਕਤਰੀਆਂ।

[†]ਖਤਨਾ ਕਰਾਣਾ, ਮੁੱਛਾਂ ਕਟਾਉਣੀਆਂ ਤੇ ਛਾਤੀ ਦੇ ਵਾਲ ਮੁਨਾਉਣੇ ਇਸਲਾਮ ਵਿਚ ਵਿਹਤ ਹਨ, ਇਨ੍ਹਾਂ ਨੂੰ ਹਜ਼ਰਤ ਇਬਰਾਹੀਮ ਦੀ ਸੁੰਨਤ (ਮਿਰਯਾਦਾ) ਮੰਨਿਆਂ ਜਾਂਦਾ ਹੈ। ਇਸ ਦਾ ਇਸ਼ਾਰਾ ਤੌਰੇਤ ਵਿਚ ਬੀ ਹੈ। ਕਵੀ ਜੀ ਨੇ ਜੋ ਇਸਤ੍ਰੀ ਦੀ ਕਹਾਣੀ ਉੱਪਰ ਦਿੱਤੀ ਹੈ, ਮੁਸਲਮਾਨਾਂ ਵਿਚੋਂ ਕਈ ਲੋਕ ਇਹ ਕਹਾਣੀ ਸੁਣਾਉਂਦੇ ਹਨ, ਪਰ ਉਹਨਾਂ ਦੀ ਕਿਸੇ ਪੁਸਤਕ ਵਿਚੋਂ ਅਜੇ ਤਕ ਨਹੀਂ ਲੱਭੀ ਜਾ ਸਕੀ।

ਇਮ ਤੁਰਕਨ ਸਭਿ ਕੇਸ ਕਟਾਏ।
ਪੂਰਬਲੀ ਮਿਰਯਾਦ ਮਿਟਾਏ।
ਪੁਨ ਹਿੰਦੁਨ ਕੀ ਸੁਨਹੁ ਕਹਾਨੀ।
ਹੋਯੋ ਪਰਸਰਾਮ ਬਲਿ ਖਾਨੀ ॥੩੪॥
ਕਰਤਿ ਜੁੱਧ ਛੱਤ੍ਰੀ ਸਭਿ ਹਾਰੇ।
ਤਿਨ ਸਿਰ ਪਰ ਤੇ ਕੇਸ਼ ਉਤਾਰੇ।

ਮੁਨਿ ਨੰਦਨ ਜਬਿ ਮੁੰਡਨ ਕਰੇ।
ਰਹੇ ਮੁੰਡਾਵਤਿ ਰੀਤੀ ਪਰੇ ॥੩੫॥
ਪੁਨ ਕਲਜੁਗ ਮਹਿਂ ਰਾਜੇ ਭਏ।
ਸੰਗਜਾ ਜਿਨਹੁ ਨੰਦ ਕੀ ਲਏ।
-ਦੂਰਿ ਕੈ ਬਿੱਪ੍ਰ ਨ ਬਰਨੀ ਕਰੈਂ।
ਹਮਰੋ ਰਾਜ ਨਾਸ਼ ਹੁਇ- ਡਰੈਂ ॥੩੬॥
ਤਿਨਹੁ ਬਿਚਾਰਯੋ ਇਹੀ ਉਪਾਇ।
-ਸਭਿ ਬਿੱਪ੍ਰਨਿ ਕੇ ਸਿਰ ਮੁੰਡਵਾਇਂ।
ਸੁਰ ਪ੍ਰਸੰਨ ਬਿਨ ਕੇਸ਼ ਨ ਹੋਇਂ।
ਯਾਂ ਤੇ ਮੂੰਡ ਦਏ ਸਭਿ ਕੋਇ- ॥੩੭॥
ਹਿੰਦੂ ਤੁਰਕ ਇਸੀ ਬਿਧਿ ਸਾਰੇ।
ਸਿਰ ਮੁੰਡਵਾਇ ਧਰਮ ਕੋ ਹਾਰੇ।
ਨਉਨਿਧਿ! ਸੁਨੀਯਹਿ ਹੇਤ ਮੁੰਡਨ ਕੋ।
ਕੇਸ਼ ਰਾਖਨੇ ਰਵਾ[1] ਸਭਿਨਿ ਕੋ ॥੩੮॥ [1]ਯੋਗ ਹਨ।
ਜਿਨ ਤੇ ਬਿਨਾ ਪ੍ਰਸੰਨ ਨ ਦੇਵ।
ਅਸ ਸ਼ੁਭ ਕੇਸ਼ ਮੁੰਡਾਵਨਿ ਲੇਵ।
ਬਿਨਾ ਬਿਚਾਰੇ ਦੇਖਾ ਦੇਖੀ।
ਧਾਰੀ ਰੀਤਿ ਭਏ ਦੁਰਭੇਖੀ ॥੩੯॥
ਰਚਯੋ ਸੁ ਈਸ਼ੁਰ ਮਾਨੁਖ ਦੇਹ।
ਕਰਯੋ ਸੁਭਾਇਮਾਨ ਛਬਿ ਗ੍ਰੇਹ।
ਉੱਤਮਾਂਗ ਪਰ[1] ਸੁੰਦਰ ਕਰੇ। [1]ਅੰਗਾਂ ਵਿਚ ਉਤਮ (ਸਿਰ) (ਤਿਸ) ਪਰ ਕੇਸ਼ ਕੀਤੇ।
ਅਧਿਕ ਰੂਪ ਕੇਸ਼ਨ ਤੇ ਧਰੇ ॥੪੦॥
ਤਿਨਹਿ ਮੁੰਡਾਇ ਬਿਚਾਰ ਬਿਹੀਨੇ।
ਧਰਮ ਚਾਰੁਤਾ ਹਤਿ ਹਿਤ ਚੀਨੇ[1]। [1]ਧਰਮ ਦੀ ਸੁੰਦਰਤਾ ਦੇ ਨਾਸ਼ ਕਰਨੇ ਵਿਚ ਹਿਤ ਜਾਣਿਆਂ।
ਸਭਿ ਜਗ ਮਹਿਂ ਫੈਲੀ ਦੁਰਮਤੀ।
ਕੋ ਹਟਿ ਸਕਹਿ ਰੀਤਿ ਪਿਖਿ ਅਤੀ ॥੪੧॥
ਤਿਸ ਬਿਧਿ ਕੇ ਸ਼ਲੋਕ ਰਚਿ ਰਾਖੇ।
ਬੀਚ ਪੁਰਾਨ ਦਿਖਾਵਤਿ ਸਾਖੇ।
ਪੂਰਬਲੀ ਨਹਿਂ ਰੀਤਿ ਬਿਚਾਰੈਂ।
ਕੇਸ ਦਿਜਾਦਿਜ[1] ਬੀ ਸਿਰ ਧਾਰੈਂ [1]ਬ੍ਰਾਹਮਣ ਤੇ ਨਾ-ਬ੍ਰਹਮਣ।

॥ ੪੨ ॥
ਸ਼੍ਰੀ ਮੁਖ ਤੇ ਸੁਨਿ ਬਾਕ ਸੁਹਾਏ।
ਨੌ ਨਿਧ ਖੱਤ੍ਰੀ ਸਚ ਲਖਿ ਪਾਏ।
'ਧੰਨ ਧੰਨ ਗੁਰ' ਕਹਿ ਕਰਿ ਨਮੋ।
ਅਪਨੇ ਘਰ ਗਮਨਜੋਂ ਤਿਹ ਸਮੋਂ ॥ ੪੩ ॥
ਪ੍ਰਭੁ ਜੀ ਬਸਹਿਂ ਆਗਰੇ ਮਾਂਹੀ।
ਦਰਸ਼ਨ ਹਿਤ ਆਵਹਿ ਇਕ ਜਾਹੀਂ।
ਸੁੰਦਰ ਮੰਦਿਰ ਉਪਬਨ ਬਿਖੈ।
ਸਘਨ ਤਰੋਵਰ ਹਰੀਅਲਿ ਪਿਖੈਂ ॥ ੪੪ ॥
ਕੁੰਜਤਿ ਨਾਨਾ ਰੰਗ ਬਿਹੰਗ।
ਸੁਭਤਿ ਬਾਗ਼ ਫਲ ਫੂਲਨਿ ਸੰਗ।
ਪਾਵਸ ਰਿਤੁ ਪਸਰੀ ਘਨਘੋਰ।
ਠੌਰ ਠੌਰ ਬਹੁ ਮੋਰਨਿ ਸ਼ੋਰ ॥ ੪੫ ॥
ਛਿਤ ਪਰਪੁਲਤ[1] ਭਈ ਜਲ ਪਰਿ ਕੈ।
ਨਿਕਸਜੋ ਵਹਰਿ ਸਰੋਵਰ ਭਰਿ ਕੈ।
ਬੇਗ ਗਾਮਨੀ ਸਲਿਤਾ ਹੋਈ।
ਤਪਤ ਹਤੀ ਸੀਤਲ ਸਭਿ ਕੋਈ ॥ ੪੬ ॥
ਬਸਹਿਂ ਬਾਗ ਮਹਿਂ ਗੁਰੂ ਚੁਮਾਸਾ।
ਸਿਖ ਸੰਗਤ ਕੀ ਪੁਰਵਤਿ ਆਸਾ।
ਕਬਿ ਕਬਿ ਮੇਲ ਸ਼ਾਹੁ ਸੋਂ ਬਨੈਂ।
ਕਵਿ ਸੰਤੋਖ ਸਿੰਘ ਸੋ ਅਬਿ ਭਨੈ ॥ ੪੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਨਿਧ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ ॥ ੪੭ ॥

[1]ਸਰਵੀ, ਪਾਣੀ ਨਾਲ ਭਰੀ ਹੋਈ।

## ੪੮. [ਖਾਨ ਖਾਨਾ। ਸੱਯਦ ਨੂੰ ਕਰਾਮਾਤ ਦਾ ਉੱਤਰ]

੪੭<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਇਕ ਦਿਨ ਮੈਂ ਧਰਿ ਭਾਵਨੀ, ਅਪਨੋ ਭਲੋ ਪਛਾਨ।
ਦੀਨ ਖਾਨ ਖਾਨਾ ਭਯੋ, ਗੁਰ ਪਗ ਬੰਦਨ ਠਾਨਿ ॥੧॥

ਚੌਪਈ:

ਸਭਾ ਸਥਾਨ ਜਹਾਂ ਬਨਿਵਾਯੋ।
ਲੇ ਸਤਿਗੁਰ ਕੋ ਸੰਗ ਸਿਧਾਯੋ।
-ਗੁਰ ਪਾਵਨ ਪਾਵਨ ਕੋ ਕਰੈਂ[1]।
ਪਾਵਨ ਘਰ ਮੇਰੋ ਜਬਿ ਫਿਰੈਂ- ॥੨॥
ਆਸਤਰਨ ਸੁੰਦਰ ਬਿਛਵਾਏ।
ਸਾਦਰ ਸਤਿਗੁਰ ਤਹਾਂ ਬਿਠਾਏ।
ਅਨਿਕ ਅਕੋਰ ਜੋਰਿ ਕਰ ਦੀਨਿ।
ਬਿਨਤੀ ਕੀਨਿ ਹੋਇ ਮਨ ਦੀਨ ॥੩॥
ਸ਼੍ਰੀ ਪ੍ਰਭੁ ਸੁ ਪ੍ਰਸੰਨ ਬਹੁ ਭਏ।
ਖੁਸ਼ੀ ਕਰੀ ਸਗਰੇ ਸੁਖ ਦਏ।
'ਪ੍ਰਥਮ ਖਾਨ ਖਾਨਾ ਜੋ ਭਯੋ।
ਅਕਬਰ ਕੇ ਮਾਤੁਲ ਤੇ ਜਯੋ ॥੪॥
ਬਹੁ ਨੇਕੀ ਜਗ ਬਿਖੈ ਕਮਾਈ।
ਤੁਮ ਭੀ ਤਿਸ ਕੀ ਸਮਤਾ ਪਾਈ।'
ਮੁਦਤਿ ਭਯੋ ਸੁਨਿ ਕੈ ਗੁਰ ਬੈਨ।
ਹੇਰਤਿ ਹੈ ਸਰੂਪ ਭਰਿ ਨੈਨ ॥੫॥
ਸੁਮਤਿ ਤੁਰਕ ਬੈਠੇ ਸਮੁਦਾਯਾ।
ਕਾਜ਼ੀ ਮੁੱਲਾਂਦਿਕ ਤਿਸ ਥਾਯਾ।
ਗਰ ਸ਼ਮਸ਼ੇਰ ਗੁਰੂ ਸਮ ਸ਼ੇਰ।
ਬੈਠੇ ਬਿਚ ਸਭਿ ਕੇਰ ਬਡੇਰ ॥੬॥
ਦਰਸਹਿਂ ਨਰ ਨਿਜ ਗ੍ਰੀਵ ਨਿਵਾਵੈਂ।
ਜੋ ਬੂਝੈ ਉਤਰ ਫੁਰਮਾਵੈਂ।
ਸਤਿਗੁਰ ਕੀ ਬਿਸਾਲ ਬਡਿਆਈ।
ਦੁਸ਼ਟ ਨਰਨਿ ਤੇ ਜਰੀ ਨ ਜਾਈ ॥੭॥
ਇਕ ਸਿਰੰਦ ਕੋ ਸੱਯਦ ਬੀਚ।
ਪਿਖਿ ਪ੍ਰਭੁ ਕੋ ਖੁਨਸਜੋ ਮਤਿ ਨੀਚ।

[1]ਚਰਨ ਪਾਵਣਾ ਕਰਨ।

ਕਹਯੋ ਤਾਂਹਿ 'ਤੁਮ ਹਿੰਦੁਨਿ ਪੀਰ।
ਸਭਿ ਮਾਨਤਿ ਹੈਂ ਜਾਨਿ ਗਹੀਰ ॥੮॥
ਕਰਾਮਾਤ ਕੁਛ ਰਾਖਤਿ ਅਹੋ?
ਕਿਧੌਂ ਨਹੀਂ ਬਲ, ਸੋ ਬਿਧਿ ਕਹੋ।
ਚਿਤ ਚਾਹਤਿ ਹਮ ਨਿਰਨੈ ਕਰਯੋ।
ਜਹਿਂ ਕਹਿਂ ਤੁਮਰੋ ਸੁਜਸੁ ਬਿਥਰਯੋ'
॥੯॥
ਲਖੀ ਤਰਕ ਤਿਹ ਸੱਯਦ ਕੇਰੀ।
ਫੁਰਮਾਯੋ ਸ਼੍ਰੀ ਮੁਖ ਤਿਸ ਬੇਰੀ।
'ਬਦਨ ਬਹਾਦਰ ਸ਼ਾਹ ਮਝਾਰੀ।
ਕਰਾਮਾਤ ਹੈ ਬਿਦਤ ਉਦਾਰੀ ॥੧੦॥
ਕਰਹਿ ਰੰਕ ਤੇ ਪੰਚ ਹਜ਼ਾਰੀ।
ਨਰ ਗਨ ਅਪਰ ਬਨਹਿਂ ਅਨੁਸਾਰੀ।
ਪੰਚ ਹਜ਼ਾਰੀ ਕੋ ਜੇ ਚਾਹੈ।
ਕੋਪੈ ਰੰਕ ਕਰੈ ਛਿਨ ਮਾਹੈ ॥੧੧॥
ਮਾਰਹਿ ਬਖਸ਼ਹਿ ਦੇਰ ਬਿਹੀਨਾ।
ਤਿਸ ਮੁਖ ਮਹਿਂ ਲਖਿ ਅਜ਼ਮਤ ਪੀਨਾ।'
ਪੁਨ ਸੱਯਦ ਤਰਕਤਿ ਸਭਿ ਮਾਂਹੀ।
'ਤੁਮ ਭੀ ਰਾਖਤਿ ਹਹੁ ਕੈ ਨਾਂਹੀ ॥੧੨॥
ਸੋ ਤੋ ਬਾਦਸ਼ਾਹ ਬਨਿ ਰਹਯੋ।
ਬਰਤਹਿ ਹੁਕਮ ਤਿਸੀ ਕੋ ਕਹਯੋ।
ਹਮ ਬੂਝਤਿ ਹੈਂ ਰਾਵਰਿ ਪਾਸ।
ਜੇ ਰਾਖਤਿ ਕੁਛ ਕਰਹੁ ਪ੍ਰਕਾਸ਼' ॥੧੩॥
ਸਭਿ ਮਹਿਂ ਤਰਕ ਸੁਨੀ ਜਬਿ ਨਾਥ।
ਜੇਬ ਮਝਾਰ ਡਾਰਿ ਕਰਿ ਹਾਥ।
ਮੁਹਰ ਨਿਕਾਸੀ ਕੇਤਿਕ ਤਬੈ।
ਬੋਲੇ ਸ਼੍ਰੀ ਪ੍ਰਭੁ ਸੁਨਤਯੋ ਸਬੈ ॥੧੪॥
'ਪਿਖਿ ਦੀਨਾਰ ਜੁ ਹਾਥ ਹਮਾਰੇ।
ਇਹ ਅਜ਼ਮਤਿ ਲਿਹੁ ਦੁਤੀ ਬਿਚਾਰੇ।
ਜਿਸ ਢਿਗ ਹਇੰ ਚਾਹੇ ਸੋ ਕਰੇ।
ਲਰਤਿ ਹਜ਼ਾਰਹੁੰ ਜਿਸ ਹਿਤ ਮਰੇ'
॥੧੫॥

ਸੁਨਿ ਸੱਯਦ ਬੱਲਯੋ ਤਜਿ ਮੌਨ।
'ਤੁਮ ਮਹਿਂ ਕਰਾਮਾਤ ਹੈ ਕੌਨ?
ਦੌਲਤ ਆਦਿ ਅਨੇਕ ਪ੍ਰਕਾਰੀ।
ਜਿਸ ਤੇ ਮਾਨਹਿਂ ਲੋਕ ਹਜ਼ਾਰੀ' ॥੧੬॥
ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ।
ਸਭਿ ਮਹਿਂ ਛਟਾ ਸਮਾਨ ਪ੍ਰਕਾਸ਼ੀ।
ਤਤਛਿਨ ਬਦਨ ਪੀਤ ਹੁਇ ਗਏ।
ਲੋਚਨ ਸਮੁਖ ਨ ਕਰਤੇ ਭਏ ॥੧੭॥
ਤੇਜ ਦਿਪਤ ਸ਼੍ਰੀ ਮੁਖ ਤੇ ਕਹੈਂ।
'ਇਹ ਭੀ ਕਰਾਮਾਤ ਇਕ ਅਹੈ।
ਅਬਿ ਹੀ ਸਿਰ ਉਤਾਰਿ ਕਰਿ ਤੇਰਾ।
ਫਲ ਸ਼ਾਖਾ ਸਮ ਦੇ ਧਰਿ ਗੇਰਾ ॥੧੮॥
ਨਹਿਂ ਜਬਾਬ ਕੁਛ ਸ੍ਵਾਲ ਨ ਹੋਵੈ।
ਜੀਵਨ ਬਾਦ ਬਾਦ ਕਰਿ ਖੋਵੈਂ।'
ਪਿਖਿ ਸਤਿਗੁਰ ਕੋ ਤੇਜ ਬਿਲੰਦਾ।
ਹੋਤਿ ਭਯੋ ਸੱਯਦ ਸ਼ਰਮਿੰਦਾ† ॥੧੯॥

†ਇਸ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਕਰਾਮਾਤ ਇਨ੍ਹਾਂ ਚੀਜ਼ਾਂ ਦੀ ਹੈ ਜਿਸ ਅਗੇ ਤੁਸੀਂ ਝੁਕਦੇ ਹੋ। ਜੋ ਕਰਾਮਾਤ ਸਿੱਧੀਆਂ ਵਾਲੀ ਹੈ ਸੋ ਨਾਟਕ ਚੇਟਕ ਹੈ, ਜੋ ਕਰਾਮਾਤ ਰੂਹਾਨੀ ਔਜ ਹੈ ਉਸ ਨੂੰ ਤੁਸੀਂ ਮਾਇਆ ਪੂਜ ਤੇ ਤਅੱਸਬ ਦੇ ਭਰੇ ਲੋਕ ਸਮਝ ਨਹੀਂ ਸਕਦੇ, ਇਸ ਲਈ ਉਸ ਸੰਬੰਧੀ ਬਚਨ ਬਿਲਾਸ ਸੁਣਨ ਦੇ ਲਾਇਕ ਤੁਸੀਂ ਨਹੀਂ ਹੋ।

ਕਹਯੋ ਗਯੋ ਪੁਨ ਬਾਕ ਨ ਕੋਈ।
ਨੀਚਿ ਗ੍ਰੀਵ ਅਵਨੀ ਅਵਲੋਈ।
ਕਿਤਿਕ ਸਮੇਂ ਤਕ ਥਿਰ ਗੁਰ ਰਹੇ।
ਪੁਨ ਡੇਰੇ ਕਹੁ ਆਵਨ ਚਹੇ ॥੨੦॥
ਹਯ ਅਰੂਢਿ ਗਤਿ ਮੰਦਹਿ ਮੰਦ।
ਆਨਿ ਪਹੂਚੇ ਸ਼੍ਰੀ ਜਗ ਬੰਦ।
ਉਤਰਿ ਤੁਰੰਗਮ ਤੇ ਪ੍ਰਭੁ ਥਿਰੇ।
ਰੁਚਿਰ ਪ੍ਰਯੰਕ ਪੌਢਿਬੋ ਕਰੇ ॥੨੧॥
ਇਕ ਦਿਨ ਸਤਿਗੁਰ ਸਹਜ ਸੁਭਾਇ।
ਬੈਠੇ ਹੁਤੇ ਬੀਚ ਸਮੁਦਾਇ।
ਪ੍ਰਥਮ ਪਠਾਨਨ ਕੋ ਧਨ ਕੇਤਾ।

ਦੇਨੋ ਹੁਤੋ ਸੋਢਿ ਕੁਲ ਕੇਤਾ ॥੨੨॥
ਕਾਜ਼ੀ ਪਹਿ ਫਿਰਾਦ ਹਿਤ ਗਏ।
ਗੁਰ ਜਬਰੀ ਕੋ ਭਾਖਤਿ ਭਏ।
'ਏਤਿਕ ਦਰਬ ਹਮਾਰੋ ਅਹੈ।
ਕੌਨ ਦੋਸ਼ ਤੇ ਸੋ ਨਹਿਂ ਲਹੈ' ॥੨੩॥
ਤਬਿ ਕਾਜ਼ੀ ਲਿਖਿ ਦੀਨ ਇਲਾਮ[1]।
ਲੇ ਕਰਿ ਆਏ ਖਾਨ ਤਮਾਮ।
ਜਬਹਿ ਬਿਲੋਕਯੋ ਸ਼੍ਰੀ ਗੁਨ ਖਾਨੀ।
ਬੀਚ ਸਭਾ ਕੇ ਕੀਨਿ ਬਖਾਨੀ ॥੨੪॥
'ਸੁਨਹੁਂ ਪਠਾਨਹੁਂ ਅਬਿ ਤੁਮ ਜਾਇ।
ਕਾਜ਼ੀ ਕੋ ਦੀਜੈ ਸਮੁਝਾਇ।
ਲਸ਼ਕਰ ਮਹਿਂ[1] ਮਖੀਆਂ ਬਹੁਤੇਰੀ।
ਖਾਨਾ ਮਕਰੂ[1] ਕਰਹਿਂ ਘਨੇਰੀ ॥੨੫॥
ਤਿਨ ਪਰ ਪ੍ਰਥਮ ਇਲਾਮ ਪਠਾਵਹੁ।
-ਨਹਿਂ ਖਾਨੇ ਪਰ ਥਿਰਹੁ- ਹਟਾਵਹੁ।'
ਇਹ ਕਹਿ ਸੋ ਇਲਾਮ ਗੁਰ ਫਾਰਾ।
ਨਿਜ ਕਰ ਤੇ ਅਵਨੀ ਪਰ ਡਾਰਾ ॥੨੬॥
ਪਿਖਿ ਪਠਾਣ ਸਗਰੇ ਬਿਸਮਾਏ।
ਉਠਿ ਕਾਜ਼ੀ ਢਿਗ ਤੂਰਨ ਆਏ।
'ਗੁਰੂ ਨ ਮਾਨਹਿਂ ਕਾਗਦ ਫਾਰਾ।
-ਦਲ ਮਖੀਆਂ ਪਰ ਪਠਹੁ[1]- ਉਚਾਰਾ' ॥੨੭॥
ਸੁਨਿ ਕਾਜ਼ੀ ਜਰਿ ਬਰਿ ਕੈ ਛਾਰ।
ਕੁਪਯੋ ਰਿਦੇ ਨਹਿਂ ਲਖਹਿ ਗਵਾਰ।
ਅਪਰ ਉਪਾਵ ਨਹੀਂ ਕੁਛ ਚਾਲਾ।
ਸ਼ਾਹੁ ਸਮੀਪ ਗਯੋ ਤਿਸ ਕਾਲਾ ॥੨੮॥
ਕਹਯੋ 'ਇਲਾਮ ਗੁਰੂ ਨੇ ਫੇਰਾ।
ਹਾਨਤਿ ਕਰੈ ਸ਼ਰ੍ਹਾ ਇਸ ਬੇਰਾ।
ਕਾਗਦ ਫਾਰਿ ਧਰਾ ਪਰ ਡਾਰਾ।
ਨਹਿਂ ਕੈਸੇ ਉਰ ਮਹਿਂ ਡਰ ਧਾਰਾ' ॥੨੯॥
ਸੁਨਿ ਕੈ ਪਾਤਸ਼ਾਹੁ ਰਿਸ ਸਾਜਿ।

[1]ਇਸ਼ਤਿਹਾਰ। [ਅ਼: ਇਅ਼ਲਾਮ]।

[1]ਤੁਹਾਡੇ) ਲਸ਼ਕਰ ਵਿਚ।

[1]ਅਪਵਿੱਤ੍ਰ।

[1]ਮੱਖੀਆਂ ਦੇ ਦਲ ਉੱਪਰ (ਏਲਾਮ) ਘੱਲੋ। (ਅ) ਮਖੀਆਂ ਪੁਰ ਦਲ ਭੇਜੋ।

ਕਾਜ਼ੀ ਪਰ ਹੋਯੋ ਇਤਰਾਜ਼[1]।
'ਇਹ ਤੈ ਕਹਾਂ ਕੀਨਿ ਮਤਿਮੰਦੇ!
ਜਾਤਿ ਇਲਾਹੀ, ਫਕਰ ਬਿਲੰਦੇ ॥੩੦॥
ਤਿਨ ਪਰ ਕੈਸੇ ਪਠਜੋ ਇਲਾਮ।
ਇਹ ਤੈਂ ਕੀਨਿ ਬੁਰੋ ਬਹੁ ਕਾਮ।
ਜਿਨ ਆਗੈ ਕਰ ਜੋਰਨਿ ਬਨੈ।
ਤਿਨ ਪਰ ਹੁਕਮ ਆਪਨੋ ਭਨੈਂ?' ॥੩੧॥

[1]ਨੁਕਤਾਚੀਨੀ ਕੀਤੀ।

ਇਮ ਕਹਿ ਕਾਜ਼ੀ ਕੀਨਿ ਤਗੀਰਾ[1]।

[1]ਪਾਤਸ਼ਾਹ ਨੇ) ਐਉਂ ਕਹਿਕੇ ਕਾਜ਼ੀ ਨੂੰ (ਅਪਣੇ ਉਹਦੇ ਤੋਂ) ਬਦਲ ਦਿੱਤਾ। [ਅ਼:, ਤਗ਼ੱਯੁਰ=ਬਦਲਨਾ]।

ਗੁਰ ਕੋ ਜਾਨਜੋਂ -ਪੀਰਨ ਪੀਰਾ।
ਸਲਤਨ ਦਈ ਮੋਹਿ ਕੋ- ਜਾਨੈ।
-ਸੋ ਕੈਸੇ ਕਰਿ ਇਮਨਹਿ ਮਾਨੈ[†]- ॥੩੨॥

[†]ਇਹ ਗੱਲ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਆਦਿਕਾਂ ਵਿਚ ਹੈ ਨਹੀਂ ਤੇ ਨਾ ਹੀ ਸੌ ਸਾਖੀ ਵਿਚ ਮਿਲਦੀ ਹੈ। ਜੇ ਇਸ ਪ੍ਰਸੰਗ ਦੀ ਕੋਈ ਅਸਲ ਹੈ ਤਾਂ ਇਉਂ ਅਸਲ ਗੱਲ ਹੋਣੀ ਹੈ ਕਿ ਜਦੋਂ ਔਰੰਗਜ਼ੇਬ ਨੇ ਜ਼ਫਰਨਾਮਾ ਪੜ੍ਹਕੇ ਐਲਾਨ ਜਾਰੀ ਕੀਤਾ ਹੈ ਕਿ 'ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੇ ਰਾਜ ਵਿਚ ਕਿਤੇ ਫਿਰਨ ਟੁਰਨ ਦੀ ਰੋਕ ਨਹੀਂ ਤੇ ਕੋਈ ਸੂਬਾ ਯਾ ਉਹਦੇਦਾਰ ਉਹਨਾਂ ਨਾਲ ਜੰਗ ਜਦਲ ਨਾ ਕਰੇ', ਤਦੋਂ ਸਰਹਿੰਦ ਤੇ ਲਾਹੌਰ ਦੇ ਸੂਬੇ ਦੁਖੀ ਹੋਏ। ਉਸ ਸਮੇਂ ਸ਼ਰ੍ਹਾ ਦਾ ਫਤਵਾ ਪਾਤਸ਼ਾਹੀ ਫੁਰਮਾਨ ਤੋਂ ਵਧੇਰੇ ਅਸਰ ਰੱਖਦਾ ਸੀ, ਉਨ੍ਹਾਂ ਨੇ ਕੋਈ ਐਲਾਨ ਕਿਸੇ ਵੱਡੇ ਕਾਜ਼ੀ ਤੋਂ ਝੂਠ ਮੂਠ ਦਾ ਫਤਵਾ ਲਾਕੇ ਜਾਰੀ ਕਰਵਾਯਾ ਹੋਵੇ ਕਿ ਜੋ ਪਠਾਣ ਆਦਿ ਮੁਲਸਮਾਨ ਜੰਗ ਵਿਚ ਮਰੇ ਹਨ ਉਨ੍ਹਾਂ ਦੇ ਵਾਰਸ ਗੁਰੂ ਜੀ ਤੋਂ ਆਪਣਾ ਹਰਜਾਨਾ ਲੈ ਸਕਦੇ ਹਨ। ਯਾ ਆਗਰੇ ਦੇ ਕਾਜ਼ੀ ਨੇ ਕਿਸੇ ਪਠਾਣ ਨੂੰ ਕੋਈ ਪਰਵਾਨਾ ਦੇ ਦਿੱਤਾ ਹੋਵੇ ਜਿਸ ਨੂੰ ਗੁਰੂ ਜੀ ਨੇ ਫਾੜ ਦਿੱਤਾ, ਕਿਉਂਕਿ ਜੰਗ ਵਿਚ ਮਰੇ ਦੁਵੱਲੀ ਇਕੋ ਜੇਹੇ ਹਨ, ਕਿਸੇ ਇਕ ਧਿਰ ਨੂੰ ਦੂਏ ਤੋਂ ਹਰਜਾ ਲੈਣ ਦਾ ਹੱਕ ਨਹੀਂ, ਖਾਸ ਕਰ ਉਸ ਵੇਲੇ ਕਿ ਜਦੋਂ ਧਾਵਾ ਗੁਰੂ ਜੀ ਪਰ ਕੀਤਾ ਗਿਆ ਹੈ, ਆਪ ਨੇ ਧਾਵਾ ਕਿਸੇ ਪਰ ਨਹੀਂ ਸੀ ਕੀਤਾ। ਪਾਤਸ਼ਾਹ ਨੇ ਗੁਰੂ ਜੀ ਦਾ ਪੱਖ ਸਹੀ ਮੰਨਿਆਂ ਹੈ ਤੇ ਕਾਜ਼ੀ ਨੂੰ ਸ਼ਰਾਰਤੀ ਜਾਣਕੇ ਉਸ ਦੀ ਬਦਲੀ ਕਰ ਦਿੱਤੀ ਹੈ। ਬਾਕੀ ਰਿਹਾ ਮੱਖੀਆਂ ਵਾਲਾ ਦ੍ਰਿਸ਼੍ਰਾਂਤ, ਦ੍ਰਿਸ਼੍ਰਾਂਤ ਦਾ ਇਕ ਅੰਗ ਲਈਦਾ ਹੈ, ਜੋ ਏਥੇ ਇਅ਼ਲਾਨ ਦੇ ਫਜ਼ੂਲ ਹੋਣ ਦਾ ਸੂਚਕ ਹੈ, ਦ੍ਰਿਸ਼੍ਰਾਂਤ ਕਵੀ ਜੀ ਦਾ ਅਪਣਾ ਹੈ। ਗੁਰੂ ਜੀ ਨੇ ਦ੍ਰਿਸ਼੍ਰਾਂਤ ਪ੍ਰਮਾਣ ਬਹੁਤ ਪ੍ਰਾਗੱਲਭ ਹੁੰਦੇ ਸੇ। ਇਸ ਕਥਾ ਦਾ ਹੋਰਥੋਂ ਸਬੂਤ ਕਿਤੋਂ ਕੋਈ ਨਹੀਂ ਮਿਲਦਾ।

ਰਾਜਾ ਇਕ ਜੈ ਸਿੰਘ ਸਵਾਈ[†]।

[†]ਇਹ ਜੈ ਸਿੰਘ ਇਸੇ ਸਮੇਂ ਹੋਇਆ ਹੈ, ਇਹ ੧੭੫੫ ਬਿ: ਵਿੱਚ ਗੱਦੀ ਤੇ ਬੈਠਾ ਤੇ ੧੭੯੯ ਵਿਚ ਮੋਇਆ, ਦੇਖੋ ਰਾਸ ੧੦ ਅੰਸੂ ੩੨ ਅੰਕ ੧੫ ਦੀ ਹੇਠਲੀ ਟੂਕ।

ਦੁਤੀ ਅਜੀਤ ਸਿੰਘ ਨਰ ਰਾਈ।
ਉਤਰੇ ਹੁਤੇ ਸੁ ਲਸ਼ਕਰ ਮਾਂਹੀ।
ਸਤਿਗੁਰ ਸ਼ੋਭਾ ਸੁਨਿ ਕਰ ਤਾਂਹੀ ॥੩੩॥

ਮਿਲਿਬੇ ਹਿਤ ਸੋ ਚਲਿ ਕਰਿ ਆਏ।
ਦ੍ਵੈ ਅਸੁ ਧਨ ਅਕੋਰ ਕਹੁ ਲਯਾਏ।
ਸੰਗ ਬਹੁਤ ਸੁਭਟਨਿ ਕੀ ਭੀਰ।
ਪਹੁੰਚੇ ਆਨਿ ਪ੍ਰਭੂ ਕੇ ਤੀਰ ॥੩੪॥
ਕਰਿ ਪਗ ਨਮੋ ਹੁਕਮ ਲੇ ਥਿਰੇ।
ਮੁਦਤ ਭਏ ਗੁਰ ਦਰਸ਼ਨ ਕਰੇ।
ਸ਼੍ਰੀ ਮੁਖ ਕਰਿ ਬੂਝੇ ਤਿਹ ਸਮੈ।
'ਅਪਨਿ ਪ੍ਰਸੰਗ ਸੁਨਾਵਹੁ ਹਮੈਂ ॥੩੫॥
ਕਿਤਿਕ ਬਾਹਨੀ ਰਾਖਨ ਕੇਰਾ?
ਰਾਜ ਤੁਮਹੁ ਢਿਗ ਹੈ ਜੁ ਬਡੇਰਾ।'
ਸੁਨਿ ਰਾਜਨਿ ਕਰ ਜੋਰਿ ਉਚਾਰੇ।
'ਦੇਸ਼ ਬਟੋਰਨ ਕਰਹਿਂ ਜਿ ਸਾਰੇ ॥੩੬॥
ਸਵਾ ਲਾਖ ਘੋਰਾ ਹੁਇ ਜਾਇ।
ਸਭਿ ਕੋ ਖਰਚ ਚਲੈ ਸਮੁਦਾਇ।
ਧਨੀ ਤੇਗ਼ ਕੇ ਬਡ ਰਜਪੂਤ।
ਛਿਨ ਮਹਿਂ ਰਿਪੁ ਕੋ ਕਰਤਿ ਕਸੂਤ ॥੩੭॥
ਨਿਕਟ ਦੌਨ ਕੇ ਲਾਖ ਅਢਾਈ।
ਸੰਗ ਚਢਹਿਂ ਘੋਰਾ ਸਮੁਦਾਈ।'
ਸ਼੍ਰੀ ਮੁਖ ਤੇ ਤਿਨ ਪ੍ਰਤਿ ਫੁਰਮਾਯੋ।
'ਲਸ਼ਕਰ ਦੇਸ਼ ਅਹੈ ਅਧਿਕਾਯੋ ॥੩੮॥
ਤੇਜ ਬਿਸਾਲ ਸ਼ਸਤ੍ਰ ਬਢ ਧਾਰੀ।
ਬੁਰੀ ਬਾਰਤਾ ਏਕ ਤੁਮਾਰੀ।
ਗਊ ਕਸਾਈ ਕੇ ਕਰ ਦੇਤਿ।
ਧਰਮ ਬਿਨਾਸ਼ ਅਪਨਿ ਕਰਿ ਲੇਤਿ' ॥੩੯॥
ਨਰਪਤਿ ਸੁਨਿ ਗੁਰ ਤੇ ਬਿਸਮਾਏ।
ਚਿਤ ਮਹਿਂ ਚਿਤਵਤਿ -ਲਖ੍ਯੋ ਨ ਜਾਏ-।
'ਸਕਲ ਦੇਸ਼ ਕੇ ਵਿਚ ਕਿਸ ਥਾਂਈ।
ਬਸਨ ਨ ਦਏ ਕਸਾਬ ਕਦਾਈਂ ॥੪੦॥
ਜਹਿਂ ਲਗਿ ਹਮਰੀ ਪਾਰ ਬਸਾਇ।
ਪਿਖਹਿਂ ਕਸਾਬ ਤੁਰਤ ਬਿਨਸਾਇਂ।

ਕਿਸ ਤੇ ਆਪ ਸੁਨੀ ਫੁਰਮਾਵਉ।
ਜਿਸ ਤੇ ਦੇ ਉਪਦੇਸ਼ ਹਟਾਵਊਂ ॥੪੧॥
ਸ਼੍ਰੀ ਮੁਖ ਤੇ ਫੁਰਮਾਯੋ ਭੇਤ।
'ਤਨੁਜਾ ਤੁਰਕਨ ਕੋ ਤੁਮ ਦੇਤਿ।
ਇਸ ਤੇ ਪਰੇ ਨ ਔਗੁਨ ਔਰ।
ਕਛਵਾਹੇ, ਹਾਂਡੇ, ਰਾਠੌਰ[1] ॥੪੨॥
ਇੱਤਜਾਦਿਕ ਤੁਮ ਨਾਮ ਕਹਾਵਹੁ।
ਅਪਨੀ ਐਂਠ ਸੁਜਸੁ ਬਿਰਧਾਵਹੁ।
ਇਹ ਤੁਮ ਬਿਖੈ ਰੀਤਿ ਬਹੁ ਖੋਟੀ।
ਕਰਤਿ ਰਹੇ, ਕਿਨ ਪ੍ਰਥਮ ਨ ਹੋਟੀ ॥੪੩॥
ਆਗੇ ਕੋ ਚਹੀਅਹਿ ਤੁਮ ਐਸੇ।
ਤਨੁਜਾ ਤੁਰਕ ਨ ਦੀਜਹਿ ਕੈਸੇ।'
ਸੁਨਤਿ ਨਰਿੰਦਨਿ ਰਿਦੇ ਬਿਚਾਰੀ।
-ਗੁਰੂ ਉਪਦੇਸ਼ ਹਮਹੁਂ ਜਸੁ ਕਾਰੀ ॥੪੪॥
ਦੇਸ਼ ਬਿਦੇਸ਼ਨ ਮਹਿਂ ਅਪਕੀਰਤਿ।
ਸਭਿ ਰਜਪੂਤਨਿ ਕੀ ਬਿਸਤੀਰਤਿ-।
ਇੱਤਜਾਦਿਕ ਬਹੁ ਦੁਹਨ ਬਿਚਾਰੀ।
ਗੁਰ ਹਜ਼ੂਰ ਤਬਿ ਸਪਥ ਉਚਾਰੀ ॥੪੫॥
'ਜੋ ਰਜਪੂਤ ਬੀਜ ਸ਼ੁਭ ਹੋਇ।
ਤਨੁਜਾ ਤੁਰਕ ਨ ਦੈ ਹੈ ਕੋਇ।
ਸ਼੍ਰੀ ਗੁਰ ! ਤੁਮਰੋ ਭਯੋ ਪਿਤਾਮਾ।
ਸੁਜਸੁ ਆਜ ਲਗਿ ਤਿਨ ਅਭਿਰਾਮਾ ॥੪੬॥
ਰਾਜੇ ਬਾਵਨ ਕੋ ਮੁਚਵਾਇ।
ਵਹਿਰ ਗ੍ਵਾਲਿਯਰ ਤੇ ਤਬਿ ਆਇ।
ਤੁਮ ਭੀ ਅਹੋ ਤਿਨਹੁਂ ਕੇ ਪੋਤੇ।
ਰਣ ਮਹਿਂ ਮਹਾਂ ਬੀਰ ਰਸ ਪੋਤੇ[1] ॥੪੭॥
ਸੁਨੇ ਜੰਗ ਰਾਵਰ ਕੇ ਭਾਰੇ।
ਕਰਜੋ ਸ਼ੋਕ ਤੁਰਕਾਨੇ ਸਾਰੇ।'
ਸ਼੍ਰੀ ਗੁਰ ਕ੍ਰਿਪਾ ਦ੍ਰਿਸ਼ਟਿ ਤਬਿ ਕੀਨਿ।

[1]ਤਿੰਨੇ ਰਾਜਪੂਤਾਂ ਦੀਆਂ ਜਾਤਾਂ ਹਨ।

[1]ਬੀਰ ਰਸ ਨਾਲ ਭਰੇ ਹੋਏ [ਪੋਤੇ=ਪ੍ਰੋਤੇ]। (ਅ) ਬੀਰ ਰਸ ਦੇ ਜਹਾਜ਼ ਹੋ। [ਸੰਸ:, ਪੋਤ=ਜਹਾਜ]।

ਸਿਪਰ ਖੜਗ ਮੰਗਵਾਵਨਿ ਕੀਨਿ ॥੪੮॥
ਬਖਸ਼ੀ ਜੈ ਸਿੰਘ ਕੋ ਹਰਖਾਇ।
ਲੇ ਕਰ ਮਹਿਂ ਪਗ ਸੀਸ ਨਿਵਾਇ।
ਤਰਕਸ਼ ਧਨੁਖ ਦੇਖਿ ਕਰਿ ਪੀਨ।
ਨ੍ਰਿਪਤਿ ਅਜੀਤ ਸਿੰਘ ਕਹੁ ਦੀਨ ॥੪੯॥
ਗੁਰ ਤੇ ਲੇ ਬਖਸ਼ਿਸ਼ ਹਰਖਾਏ।
ਨਮੋ ਕਰੀ ਹੁਇ ਬਿਦਾ ਸਿਧਾਏ।
ਗਏ ਸਰਾਹਤਿ ਅਪਨੇ ਡੇਰੇ।
ਸ਼੍ਰੀ ਨਾਨਕ ਗਾਦੀ ਪਰ ਹੇਰੇ ॥੫੦॥
ਇਮ ਸ਼੍ਰੀ ਪ੍ਰਭੁ ਦਿਨ ਕਿਤਿਕ ਬਿਤਾਏ।
ਦਰਸਹਿ ਸੰਗਤਿ ਮਿਲਿ ਸਮੁਦਾਏ।
ਦਰਬ ਆਦਿ ਬਹੁ ਅਰਪਿ ਅਕੋਰ।
ਪੁਰਹਿਂ ਕਾਮਨਾ ਕੋ ਜਸ ਲੋਰਿ ॥੫੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਆਗਰੇ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

## ੪੯. [ਬਹਾਦਰਸ਼ਾਹ ਨੂੰ ਸੁਮਤ। ਸਿੱਖ ਸੁਤਾ ਦਾ ਧਰਮ ਰੱਖਣਾ]

੪੮<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਨਾਮ ਜਵਾਹਰ ਸਿੰਘ ਜਿਸ, ਜੜੀਆ ਸਿਖ ਸੁਨਿਆਰ।
ਸੁਤਾ ਤਰੁਨ ਤਿਸ ਕੀ ਹੁਤੀ, ਸੁੰਦਰ ਬਹੁ ਸੁ ਕੁਮਾਰ ॥੧॥

ਚੌਪਈ:

ਸੋ ਦਰਸ਼ਨ ਹਿਤ ਚਲਿ ਕਰਿ ਆਈ।
ਸੂਖਮ ਬਸਤ੍ਰ ਉਪਾਯਨ ਲ੍ਯਾਈ।
ਚਰਨ ਸਰੋਜਨ ਕੋ ਕਰਿ ਨਮੋ।
ਬੈਠੀ ਅਵਿਲੋਕਹਿ ਤਿਹ ਸਮੋ ॥੨॥
ਕੇਤਿਕ ਸਿੰਘ ਸਮੀਪ ਥਿਰੇ ਹੈਂ।
ਬਾਗ਼ ਵਿਖੇ ਤਰੁ ਚਾਰੁ ਤਰੇ ਹੈਂ[1]।
ਸ਼ਾਹ ਬਹਾਦਰ ਸਹਿਜ ਸੁਭਾਇ।
ਫਿਰਤਿ ਸੈਲ ਹਿਤ ਹੇਰਤਿ ਥਾਂਇ ॥੩॥
ਜਬਿ ਹੀ ਬਾਗ ਨਿਕਟ ਚਲਿ ਆਯੋ।
-ਇਹਾਂ ਗੁਰੂ ਥਿਰਹੈਂ- ਸੁਧਿ ਪਾਯੋ।
ਦਰਸ਼ਨ ਕਰਨ ਮਨੋਰਥ ਧਾਰਾ।
ਉਤਰਿ ਪ੍ਰਵੇਸ਼੍ਯੋ ਬਾਗ਼ ਮਝਾਰਾ ॥੪॥
ਫਰਸ਼ ਬਿਸਾਲ ਗੁਰੂ ਕਰਿਵਾਏ।
ਇਕਠੇ ਸਿੰਘ ਭਏ ਸਮੁਦਾਏ।
ਤਤਛਿਨ ਆਨਿ ਬੰਦਨਾ ਕੀਨਿ।
ਪ੍ਰਭੁ ਬਿਠਾਯੋ ਆਦਰ ਦੀਨ ॥੫॥
ਜਥਾ ਜੋਗ ਸਭਿ ਲੋਕ ਖਰੇ ਹੈਂ।
ਗੁਰੂ ਸ਼ਾਹੁ ਕੋ ਪਿਖਨਿ ਕਰੇ ਹੈਂ।
ਸਿਖ ਕੀ ਤਨੁਜਾ ਢਿਗ ਥਿਰ ਰਹੀ।
ਉਠਿ ਗੁਰੂ ਇਤ ਉਤ ਕਿਤ ਗੀ ਨਹੀਂ ॥੬॥
ਸ਼ਾਹੁ ਬਹਾਦਰ ਜਬਹਿ ਬਿਲੋਕੀ।
ਸੁੰਦਰ ਰੂਪ ਚਾਹਿ ਬਿਸ਼ਿਯੋਂ ਕੀ।
ਭਯੋ ਲੁਭਾਇਮਾਨ ਤਤਕਾਲਾ।
ਦੇਖਿ ਚਕੋਰ ਚੰਦ ਕੀ ਢਾਲਾ ॥੭॥
ਗੁਰ ਤੇ ਸ਼ੰਕ ਰਹ੍ਯੋ ਬਹੁਤੇਰਾ।

[1]ਸੁੰਦਰ ਬ੍ਰਿੱਛ ਦੇ ਹੇਠਾਂ।

ਬਯੋ ਬਿਬਸ ਮਨ ਫਿਰ੍ਯੋ ਨ ਫੇਰਾ।
ਲਾਲਚ ਲਗ੍ਯੋ ਪਿਖਨਿ ਕੇ ਕਾਰਨ।
ਕਰੈ ਬਾਤ ਬਹੁ ਭਾਂਤਿ ਉਚਾਰਨ ॥੮॥
ਬੂਝਨਿ ਲਗ੍ਯੋ 'ਹਮਾਰੇ ਮਤ ਮੈਂ।
ਕਲਮਾ ਪੜ੍ਹਤਿ ਜੁ ਕਰਿ ਹਿਤ ਚਿਤ ਮੈਂ।
ਸੋ ਦੋਜ਼ਕ ਮੈਂ ਪਰਤ ਨ ਕੋਈ।
ਜਾਤਿ ਭਿਸਤ ਸੁਖ ਭੋਗੇ ਸੋਈ' ॥੯॥
ਸੁਨਿ ਗੁਰ ਕਹ੍ਯੋ 'ਨ ਇਮ ਬਨਿ ਆਵੈ।
ਜਥਾ ਕਰਮ ਕਰਿ ਤਥਾ ਸੁ ਪਾਵੈ।
ਕਲਮਾ ਪੜ੍ਹਹਿ ਕਮਾਵੈ ਖੋਟ।
ਤਿਸ ਕੋ ਸੰਕਟ ਨਰਕ ਨ ਛੋਟ[1] ॥੧੦॥

[1]ਨਰਕ ਦੇ ਸੰਕਟਾਂ ਦੀ ਛੋਟ ਨਹੀਂ ਹੁੰਦੀ।

ਭੋਗਹਿ ਕਸ਼ਟ ਅਨੇਕ ਪ੍ਰਕਾਰ।
ਨਹਿਂ ਕਲਮਾ ਤਿਹ ਲੇਤਿ ਉਬਾਰ।'
ਕਹੈ ਬਹਾਦਰ ਸ਼ਾਹ 'ਹਮਾਰੇ।
ਕਲਮਾ ਕਰਹਿ ਉਧਾਰ ਉਚਾਰੇ[1] ॥੧੧॥

[1]ਕਲਮਾ ਉਚਾਰ ਕੀਤਾ ਸਾਡਾ ਉੱਧਾਰ ਕਰਦਾ ਹੈ (ਅ) ਸਾਡਾ (ਪੈਕੰਬਰ) ਉਚਾਰਦਾ ਹੈ ਕਿ ਕਲਮਾ ਉਧਾਰ ਕਰਦਾ ਹੈ।

ਝੂਠ ਕਹ੍ਯੋ ਕੈ ਸਾਚ ਬਖਾਨਾ।
ਕਿਮ ਹਮ ਪਤਾ ਲੇਹਿਂ ਮਨ ਜਾਨਾ।
ਜਾਨੇ ਬਿਨਾ ਪ੍ਰਤੀਤ ਨ ਆਵੈ।
ਲਿਖੀ ਸਾਚ ਹੀ ਹੁਇ, ਮਨ ਭਾਵੈ' ॥੧੨॥
ਕੋਸ਼ਪ ਸ੍ਰੀ ਗੁਰੁ ਤਬੈ ਹਕਾਰਾ।
ਨਿਕਟਿ ਨਿਹਾਰ੍ਯੋ ਤਾਂਹਿ ਉਚਾਰਾ।
'ਏਕ ਰਜਤਪਣ ਕੋਸ਼ ਧਰ੍ਯੋ ਹੈ।
ਜਿਸ ਪਰ ਕਲਮਾ ਸੰਨ ਪਰ੍ਯੋ ਹੈ[1] ॥੧੩॥

[1]ਭਾਵ ਕਲਮਾ ਤੇ (ਹਿਜਰੀ) ਸੰਮਤ ਜਿਸ ਉਤੇ ਲਿਖਿਆ ਹੈ।

ਤਿਸ ਕੋ ਲੇ ਕਰਿ ਹਾਥ ਸਿਧਾਵਹੁ।
ਟਕੇ ਬਜ਼ਾਰ ਬਿਖੈ ਤੇ ਲਜਾਵਹੁ।
ਬੈਠ੍ਯੋ ਸ਼ਾਹੁ ਸ਼ੀਘ੍ਰ ਤੂੰ ਜਾਉ।
ਹਮਰੇ ਨਿਕਟ ਅਬੈ ਲੈ ਆਉ' ॥੧੪॥
ਗੁਰ ਆਇਸ ਤੇ ਕੋਸ਼ਪ ਗਯੋ।
ਬੀਚ ਬਜ਼ਾਰ ਰਜਤਪਣ ਦਯੋ।

'ਇਸ ਕੇ ਟਕੇ ਦੇਹੁ ਗਿਨਿ ਮੋਹੀ।
ਜੇਤਿਕ ਭਾਉ[1] ਬਿਕਤ ਇਤ ਹੋਹੀ' ॥੧੫॥
ਪਿਖਿ ਸਰਾਫ ਨੇ ਦੀਯੋ ਬਗਾਈ।
'ਇਹ ਖੋਟੋ ਨਹਿਂ ਚਲਹਿ ਇਥਾਂਈਂ।'
ਚਾਰ ਪਾਂਚ ਹਾਟਨ ਪਰ ਫਿਰਜੋ।
ਨਹਿਂ ਸਰਾਫ ਕਿਨ ਕਰ ਮਹਿਂ ਧਰਜੋ ॥੧੬॥
ਹਟਿ ਕਰਿ ਗੁਰ ਢਿਗ ਆਨਿ ਸੁਨਾਈ।
'ਇਸੇ ਸਰਾਫ ਨ ਲੇਤਿ ਕਦਾਈਂ।
ਖੋਟੇ ਕੋ ਬਿਲੋਕਿ ਤਤਕਾਲਾ।
ਰਿਸ ਕੋ ਧਰਤਿ ਹਾਥ ਤੇ ਡਾਲਾ ॥੧੭॥
ਟਕੇ ਦੇਨ ਤੌਂ ਕਿਤਹੂੰ ਰਹੇ।
ਝਿਰਕਿ ਹਟਾਵਤਿ ਦੁਰਬਚ ਕਹੇ।'
ਸੁਨਿ ਕੋਸ਼ਪ ਤੇ ਲੇ ਕਰਿ ਹਾਥ।
ਬੋਲੇ ਗੁਰ 'ਸੁਨਿ ਦਿੱਲੀ ਨਾਥ! ॥੧੮॥
ਜਿਨ ਕੋ ਮਤ -ਕਲਮੇ ਤੇ ਭਿਸਤ[1]।
ਤਿਨ ਕੋ ਰਾਜ ਨ ਕਹੂੰ ਸ਼ਿਕਸਤ[1]।
ਪੁਨ ਨਿਰਨੈ ਕਰਿ ਲੇਹੁ ਨਿਹਾਰ।
ਤੋਹਿ ਨਿਕਟ ਹੈ ਤੋਹਿ ਬਜ਼ਾਰ ॥੧੯॥
ਊਪਰ ਕਲਮਾ ਕਿਹ ਨ ਬਿਚਾਰਜੋ।
ਅੰਤਰ ਖੋਟੋ ਸਕਲ ਨਿਹਾਰਜੋ।
ਕਿਨਹੁ ਨ ਕੀਨਸਿ ਅੰਗੀਕਾਰ।
ਖੋਟਾ ਦੇਖਤਿ ਦੇਂ ਕਰ ਡਾਰਿ ॥੨੦॥
ਜਹਿਂ ਤੁਰਕਨਿ ਕੋ ਰਾਜ ਤਪੰਤਾ।
ਤਹਾਂ ਨ ਕਲਮਾ ਰੱਛ ਕਰੰਤਾ।
ਜਿਹ ਠਾਂ ਅਵਰ ਨਜਾਂਵ ਕੇ ਕਰਤਾ।
ਭਲੇ ਬੁਰੇ ਕੋ ਨਿਰਨੈ ਧਰਤਾ ॥੨੧॥
ਤਹਿ ਕਲਮਾ ਕਿਮ ਕਰੈ ਸਹਾਇ।
ਦੇਂ ਖੋਟੇ ਕੋ ਭਿਸਤ ਪੁਚਾਇ?
ਜਹਿਂ ਪਰਮੇਸ਼ੁਰ ਕੀ ਦਰਗਾਹ।

[1]ਕੀਮਤ।

[1]ਭਾਵ ਕਲਮੇ ਨਾਲ ਬਹਿਸ਼ਤ ਮਿਲਦਾ ਹੈ।

[1]ਤਿੰਨਾਂ ਦਾ ਰਾਜ ਕਿਧਰੇ ਟੁੱਟਾ ਨਹੀਂ (ਭਾਵ ਕਾਇਮ ਹੈ ਰਾਜ)।

ਜਥਾ ਜੋਗ ਪਿਖਿਯਤਿ ਹੈ ਤਾਂਹਿ ॥੨੨॥
ਨਰ ਤਨ ਧਾਰਿ ਕਰਤਿ ਹੈਂ ਜਥਾ।
ਬਿਦਤ ਸ਼ੁਭਾਸ਼ੁਭ ਹੁਇ ਤਹਿਂ ਤਥਾ।
ਦੁਖ ਸੁਖ ਭੋਗੇ ਕ੍ਰਿਤ ਅਨੁਸਾਰੀ।
ਕੂਰੇ ਬੇਖ ਊਪਰੇ ਧਾਰੀ ॥੨੩॥
ਤਿਸ ਤੇ ਨਹਿਂ ਸਹਾਇਤਾ ਹੋਇ।
ਕਰਹਿ ਕ੍ਰਿੱਤ ਨਰ ਭੁਗਤੈ ਸੋਇ।
ਪਿਖਯੋ ਪ੍ਰਤੱਖ ਇਹਾਂ ਤੁਮ ਜਥਾ।
ਪ੍ਰਭੁ ਦਰਗਾਹ ਨਜਾਂਵ ਹੈ ਤਥਾ ॥੨੪॥
ਅੰਤਰ ਸ਼ੁੱਧ ਭਏ ਛੁਟਿ ਜੈ ਹੈ।
ਅੰਤਰ ਖੋਟ ਮਹਾਂ ਦੁਖ ਪੈ ਹੈ।
ਵਹਿਰ ਬੇਖ ਮਾਨਹਿ ਕੋ ਨਾਂਹੀ।
ਕਰਮ ਸ਼ੁਭਾਸ਼ੁਭ ਮਿਟਹਿਂ ਨ ਕਾਹੀ'
॥੨੫॥
ਸੁਨਿ ਕੈ ਸ਼ਾਹੁ ਬਹਾਦਰ ਮੌਨ।
ਦ੍ਰਿਗ ਲਗਿ ਰਹੇ ਦਿਸ਼ਾ ਤ੍ਰਿਯ ਤੌਨ।
ਅਪਰ ਪ੍ਰਸੰਗ ਏਕ ਦੁਇ ਕਹੇ।
ਉੱਤਰ ਉਚਿਤ ਗੁਰੂ ਤੇ ਲਹੇ ॥੨੬॥
ਢਿਗ ਬੈਠਨ ਕਾਰਨ ਚਿਰ ਕਾਲ।
ਕਰਹਿ ਬਾਰਤਾ ਕਿਸ ਕਿਸ ਖਯਾਲ।
ਚਿਤ ਕੀ ਗਤਿ ਸਤਿਗੁਰ ਨੇ ਜਾਨੀ।
ਸ਼ਾਹ ਬਹਾਦਰ ਸਾਥ ਬਖਾਨੀ ॥੨੭॥
'ਚਿਤ ਤੇਰੋ ਤ੍ਰਿਯ ਪਰ ਬਿਰਮਾਯੋ।
ਜੋ ਚਾਹਤਿ, ਦਿਹੁ ਸਾਚੁ ਬਤਾਯੋ।
ਕਪਟ ਨ ਧਰਹੁ ਸਮੀਪ ਹਮਾਰੀ।
ਜਿਮ ਉਰ ਮਹਿਂ ਤਿਮ ਦੇਹੁ ਉਚਾਰੀ'
॥੨੮॥
ਡਰਤਿ ਸ਼ਾਹੁ ਕਰ ਜੋਰਿ ਬਖਾਨੀ।
'ਸ਼੍ਰੀ ਗੁਰੁ ਤੁਮ ਤੇ ਕਛੂ ਨ ਛਾਨੀ।
ਸਭਿ ਘਟਿ ਘਟਿ ਕੀ ਜਾਣਨਹਾਰੇ।
ਕਰਹਿ ਦੁਰਾਉ ਸੇ ਮੂਢ ਬਿਚਾਰੇ ॥੨੯॥
ਹੇਰਤਿ ਹੀ ਬਿਰਮਯੋ ਮਨ ਮੋਰਾ।

ਤਬਿ ਤੇ ਲਾਗੇ ਦ੍ਰਿਗ ਇਸ ਓਰਾ।'
ਸੁਨਤਿ ਸਾਚ ਕੋ ਗੁਰੂ ਉਚਾਰਾ।
'ਜੇ ਲੋਭਯੋ ਮਨ ਏਵ ਤੁਹਾਰਾ ॥੩੦॥
ਸੰਝ ਸਮੈਂ ਹਮ ਦੇਹਿਂ ਪੁਚਾਈ।
ਪੂਰਹੁ ਕਾਮਨਾ ਅਪਨਿ ਸਥਾਈਂ।'
ਹਰਖਤਿ ਸ਼ਾਹੁ ਉਠ੍ਯੋ ਕਰਿ ਨਮੋ।
ਪਹੁੰਚ੍ਯੋ ਜਾਇ ਪ੍ਰਤੀਖਤਿ ਸਮੋ ॥੩੧॥
ਸਿਖ ਕੀ ਸੁਤਾ ਬੰਦਿ ਕਰਿ ਹਾਥ।
'ਸ਼੍ਰੀ ਪ੍ਰਭੁ ! ਕਹਾਂ ਕਰੀ ਮੁਝ ਸਾਥ।
ਧਰਮ ਉਬਾਰਨ ਹਿਤ ਤੁਮ ਧਜਾਵੈਂ।
ਅਨਿਕ ਬਿਘਨ ਤੇ ਜਨਨਿ ਬਚਾਵੈਂ
॥੩੨॥
ਮੇਰੋ ਧਰਮ ਆਪ ਕ੍ਯੋਂ ਨਾਸ਼ਾ।
ਤੁਰਕ ਸੰਗ ਹੁਇ ਮੇਲ, ਪ੍ਰਕਾਸ਼ਾ।
ਮਹਾਂ ਚਿੰਤ ਉਪਜੀ ਚਿਤ ਮਾਂਹੀ।
ਗੁਰ ਕੇ ਕਹੇ ਜਾਉਂ ਜੇ ਨਾਂਹੀ ॥੩੩॥
ਮਹਾਂ ਦੋਸ਼ ਮੇਰੇ ਸਿਰ ਸੋਇ।
ਜਾਉਂ ਜਿ, ਧਰਮ ਬਿਨਾਸ਼ੀ ਹੋਇ।'
ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਨੇ।
'ਸਾਧ ਸਾਧ' ਤਿਹ ਸਾਥ ਬਖਾਨੇ ॥੩੪॥
'ਗਮਨਹੁ ਤਿਹ ਠਾਂ ਕਹੇ ਹਮਾਰੇ।
ਤੋਹਿ ਧਰਮ ਕੇ ਹਮ ਰਖਵਾਰੇ।'
ਸ਼ਾਹੁ ਏਕ ਨਰ ਤਜ਼ਾਗ ਸੁ ਗਯੋ।
ਏਕ ਸਿੱਖ ਸ਼੍ਰੀ ਗੁਰ ਸੰਗ ਦਯੋ ॥੩੫॥
ਦੋਨਹੁੰ ਕੇ ਮਧ ਹ੍ਵੈ ਕਰਿ ਚਲੀ।
ਗੁਰੂ ਬਾਕ ਤੇ ਕ੍ਯੋਂਹੁ ਨ ਟਲੀ।
ਆਗੇ ਸ਼ਾਹੁ ਪ੍ਰਤੀਖਤਿ ਬੈਸਾ।
ਲਗੇ ਘਾਵ ਪੀੜਤਿ ਹ੍ਵੈ ਜੈਸਾ ॥੩੬॥
ਦਿਖੀ ਦੂਰ ਤੇ ਆਵਤਿ ਸੋਊ।
ਦੋਨਹੁ ਦਿਸ਼ਿ ਮਹਿਂ ਕੇਹਰਿ ਦੋਊ।
ਪਕਰੇ ਕਾਨ ਦੁਹਨ ਕੇ ਆਵਤਿ।
ਸ਼ਾਹ ਬਹਾਦਰ ਦਿਖਿ ਭੈ ਪਾਵਤਿ

॥ ੩੭ ॥
ਏ ਬਡ ਜ਼ਾਲਮ ਤ੍ਰਿਯਾ ਨਿਹਾਰੀ।
ਪਹੁੰਚਹਿ ਨਿਕਟ ਦੇਹਿ ਮੁਝ ਮਾਰੀ।
ਜਯੋਂ ਜਯੋ ਨਿਕਟ ਆਇ ਡਰ ਧਾਰਤਿ।
ਦੇਤਿ ਨਰਨ ਕੋ ਹਾਥ ਇਸ਼ਾਰਤ†
॥ ੩੮ ॥

†ਇਹ ਕਥਾ ਬੀ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰਬਿਲਾਸ ਵਿਚ ਨਹੀਂ ਹੈ ਤੇ ਮਗਰਲੀ ਲਿਖੀ ਸੌ ਸਾਖੀ ਵਿਚ ਬੀ ਨਹੀਂ ਹੈ। ਕਵੀ ਜੀ ਨੇ ਇਹ ਐਵੇਂ ਕੋਈ ਸੁਣੀ ਸੁਣਾਈ ਲਿਖੀ ਹੈ ਤੇ ਉਨ੍ਹਾਂ ਤਕ ਇਕ ਹੋਰ ਰੂਪ ਲੈ ਕੇ ਅੱਪੜੀ ਸਾਫ ਦਿੱਸ ਰਹੀ ਹੈ। ਪਿੱਛੇ ਅੰਸੂ ੮੪ ਦੇ ਅੰਕ ੩੯ ਤੋਂ ੫੦ ਵਿਚ ਕਵੀ ਜੀ ਦਸਦੇ ਹਨ ਕਿ ਰਾਜਾ ਜੈ ਸਿੰਘ ਸਵਾਈ ਤੇ ਅਜੀਤ ਸਿੰਘ ਨੂੰ ਗੁਰੂ ਜੀ ਕਹਿ ਰਹੇ ਹਨ ਕਿ ਤੁਸੀਂ ਗਊਆਂ ਕਸਾਈਆਂ ਨੂੰ ਦੇਂਦੇ ਹੋ। ਉਨ੍ਹਾਂ ਦੇ ਪੁੱਛਣ ਤੇ ਅਰਥ ਦੱਸਦੇ ਹਨ ਕਿ ਤੁਸੀਂ ਧੀਆਂ ਤੁਰਕ ਪਾਤਸ਼ਾਹਾਂ ਨੂੰ ਦੇਂਦੇ ਹੋ। ਜਦ ਹਿੰਦੂ ਲੜਕੀ ਦਾ ਪਾਤਸ਼ਾਹਾਂ ਦੇ ਸਰਮਪਨ ਹੋਣਾ ਕਸਾਈ ਨੂੰ ਗਊ ਦੇਣ ਤੁੱਲ ਹੈ; ਤਾਂ ਕਦੇ ਹੋ ਸਕਦਾ ਹੈ ਕਿ ਗੁਰੂ ਜੀ ਕਿਸੇ ਸਿੱਖ ਲੜਕੇ ਨੂੰ ਆਖਣ ਕਿ ਤੂੰ ਪਾਤਸ਼ਾਹ ਪਾਸ ਚਲੀ ਜਾਹ, ਚਾਹੇ ਆਪ ਨਾਲ ਇਹ ਬੀ ਕਹਿਣ ਕਿ ਅਸੀਂ ਤੇਰੀ ਰੱਖਯਾ ਕਰਾਂਗੇ। ਜਿਸ ਗੁਰੂ ਜੀ ਨੇ ਸਰਸੇ ਵਿਚ ਆਪਣੇ ਨਾਲ ਥੋੜੀ ਜਮੀਅਤ ਦੇ ਹੁੰਦਿਆਂ ਬੀ ਖੁਡਾਲੇ ਦੇ ਨਵਾਬ ਦੇ ਕੈਦਖਾਨੇ ਨੂੰ ਤੋੜਕੇ ਸਿਖ ਨੂੰ ਕੱਢਿਆ ਕਿ ਜੋ ਆਪਣੀ ਲੜਕੀ ਤੁਰਕ ਹਾਕਮ ਨੂੰ ਦੇਣੋ ਨਾਂਹ ਕਰ ਰਿਹਾ ਸੀ ਤੇ ਗੁਰੂ ਜੀ ਨੇ ਉਸ ਹਾਕਮ ਦੀ ਹੋਸ਼ ਟਿਕਾਣੇ ਕੀਤੀ ਤੇ ਸਿੱਖ ਨੂੰ ਨਿਵਾਜਿਆ, ਅਤੇ ਸੰਗਤ ਨੇ ਜੋ ਸਿੱਖ ਦੀ ਲੜਕੀ ਛਿਪਾਉਣ ਵਿਚ ਸਹਾਇਤਾ ਕੀਤੀ ਸੀ ਉਸ ਪਰ ਸ਼ਾਬਾਸ ਦਿੱਤੀ ਸੀ, ਕਦੇ ਹੋ ਸਕਦਾ ਹੈ ਕਿ ਉਹ ਅਣਖਾਂ ਦਾ ਸਰਦਾਰ ਆਪਣੇ ਮੂੰਹੋਂ ਕਹਿ ਸਕੇ ਕਿ 'ਅੱਛਾ ਲੜਕੀ ਤੁਮ ਜਾਓ'। ਜੋ ਜੋਗਾ ਸਿੰਘ ਨੂੰ ਦਿਲ ਡੋਲਣ ਵੇਲੇ ਸੰਭਾਲਦਾ ਹੈ, ਖਤਰੇ ਵਾਲੇ ਰਸਤੇ ਕਿਸੇ ਨੂੰ ਕਦਮ ਧਰਨ ਵਾਸਤੇ ਪ੍ਰੀਖਯਾ ਮਾਤ੍ਰ ਲਈ ਵੀ ਨਹੀਂ ਕਹਿ ਸਕਦਾ। ਜੇ ਕੋਈ ਗੱਲ ਐਸੀ ਹੋਈ ਹੈ ਤਾਂ ਕਥਾ ਮੁੱਢ ਵਿਚ ਇੰਨੀ ਭਾਵੇਂ ਹੋਵੇ ਕਿ ਪਾਤਸ਼ਾਹ ਦਾ ਦਿਲ ਡੋਲਿਆ, ਗੁਰੂ ਜੀ ਨੇ ਤਾੜ ਲਿਆ, ਆਪਣੀ ਆਤਮ ਸੱਤਯਾ ਨਾਲ ਲੜਕੀ ਦੁਆਲੇ ਸ਼ੇਰਾਂ ਦੇ ਪਹਿਰੇ ਪਾਤਸ਼ਾਹ ਨੂੰ ਦਿਖਾਏ, ਜਿਸ ਤੋਂ ਉਸ ਨੂੰ ਜਣਾ ਦਿੱਤਾ ਕਿ ਮੰਦੀ ਨਜ਼ਰ ਕਰਨ ਨਾਲ ਉਸ ਦੇ ਫਲ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਕਿਤਨਾ ਭਿਆਨਕ ਹੈ। ਸ਼ੇਰਾਂ ਦੀ ਦਿਖਾਲੀ ਸੂਚਕ ਹੈ ਉਸ ਭਯਾਨਕਤਾ ਦੀ ਕਿ ਜੋ ਇਖਲਾਕ ਤੋਂ ਗਿਰ ਕੇ ਕੰਮ ਕੀਤਿਆਂ ਲੋਕ ਪ੍ਰਲੋਕ ਵਿਚ ਵਾਪਰਦੀ ਹੈ। ਬਹਾਦਰਸ਼ਾਹ ਦੀ ਉਮਰ ਵੱਲ ਵੀ ਖਿਆਲ ਕਰ ਲੈਣਾ ਚਾਹੀਦਾ ਹੈ ਜੋ ਇਸ ਵੇਲੇ ੬੫ ਸਾਲ ਦੀ ਸੀ ਤੇ ਰਾਜ ਨਵਾਂ ਸੀ ਤੇ ਗੁਰੂ ਜੀ ਦਾ ਕ੍ਰਿਤਗ੍ਯ ਸੀ, ਤੇ ਉਨ੍ਹਾਂ ਨੂੰ ਦੀਨ ਦੇ ਬਜ਼ੁਰਗ ਮੰਨਦਾ ਸੀ, ਜਿਨ੍ਹਾਂ ਪਾਸ ਆਪਣੇ ਇਖ਼ਲਾਕ ਨੂੰ ਐਡਾ ਨੀਵਾਂ ਜ਼ਾਹਰ ਕਰਦਿਆ ਜ਼ਿੰਮੇਵਾਰ ਆਦਮੀ ਨੂੰ ਸ਼ਰਮ ਹੀ ਖਾ ਜਾਂਦੀ ਹੈ। ਪਿਛਲੇ ਅੰਸੂ ੪੮ ਦੇ ਅੰਤ ੩੦ ਤੋਂ ੩੨ ਵਿਚ ਕਵੀ ਜੀ ਦੱਸਦੇ ਹਨ ਕਿ ਪਾਤਸ਼ਾਹ ਨੇ ਗੁਰੂ ਜੀ ਬਾਬਤ ਏਹ ਲਫਜ਼ ਆਖੇ:-
"ਜਾਤਿ ਇਲਾਹੀ ਫਕਰ ਬਿਲੰਦੇ।...ਜਿਨ ਆਗੈ ਕਰ ਜੋਰਨ ਬਨੈ।... ਗੁਰ ਕੋ ਜਾਨਜੋ ਪੀਰਨ ਪੀਰਾ ॥"
ਕਦੇ ਹੋ ਸਕਦਾ ਹੈ ਕਿ ਏਹ ਨੇਸ਼ਟਾ ਰੱਖਣ ਵਾਲਾ ਆਪਣੇ ਬਜ਼ੁਰਗ ਤੋਂ ਮੰਦੇ ਕਰਮ ਲਈ ਇਕ ਲੜਾਕੀ ਦੀ ਮੰਗ ਕਰੇ।

'ਸ਼ੀਘ੍ਰ ਜਾਹੁ ਇਸ ਲੇ ਪਸ਼ਚਾਤੀ।
ਦੀਰਘ ਕ੍ਰੂਰਾ ਮੈਂ ਇਹ ਜਾਤੀ'। — 'ਭਯਾਨਕ (ਇਸਤ੍ਰੀ) ਮੈਂ ਇਹ ਜਾਣੀ ਹੈ।
ਦੂਤ ਸ਼ਾਹੁ ਕੋ ਅਰੁ ਸਿਖ ਦੋਊ।
ਸ਼ਾਹੁ ਇਸ਼ਾਰਤ ਕੋ ਲਖਿ ਸੋਊ ॥ ੩੯ ॥
ਤਤਛਿਨ ਪੀਛੇ ਦਈ ਹਟਾਇ।
ਪਹੁੰਚੀ ਸ਼ੀਘ੍ਰ ਗੁਰੂ ਢਿਗ ਆਇ।

'ਧੰਨ ਧੰਨ' ਕਹਿ ਪਾਇੰਨਿ ਪਰੀ।
'ਮਹਾਂ ਪਾਪ ਤੇ ਰੱਛਾ ਕਰੀ' ॥੪੦॥
ਲੇ ਆਇਸੁ ਨਿਜ ਸਦਨ ਸਿਧਾਈ।
ਗੁਰ ਮਹਿਮਾ ਕੋ ਜਹਿਂ ਕਹਿਂ ਗਾਈ।
ਸੁੰਦਰ ਉਪਬਨ ਮਹਿਂ ਗੁਰ ਥਿਰੇ।
ਅਨਿਕ ਬਿਲਾਸ ਅਨੰਦ ਸੋਂ ਕਰੇ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਤੀਰ ਚਲਾਉਣਾ। ਬਹਾਦਰ ਸ਼ਾਹ ਨਾਲ ਸ਼ੇਰ ਸ਼ਿਕਾਰ। ਰੋਸ਼ਨ ਸਿੰਘ]

੪੯<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਦਿਨ ਪੁਸ਼ਕਰ ਇਸ਼ਨਾਨ ਕੋ, ਗਏ ਲੋਕ ਸਮੁਦਾਇ।
ਤਬੈ ਖਾਨ ਖਾਨਾ ਗਯੋ, ਸ਼ਾਹ ਬਹਾਦੁਰ ਥਾਇ[1] ॥੧॥

[1]ਖਾਨ ਖਾਨਾ ਬਹਾਦਰ ਸ਼ਾਹ ਪਾਸ ਗਿਆ।

ਚੌਪਈ:

ਤਸਲੀਮਾਤ ਕਰੀ ਥਿਰ ਭਯੋ।
ਸ਼ਾਹਬਹਾਦੁਰ ਬੂਝਨਿ ਕਯੋ।
'ਬਹੁ ਨਰ ਆਇਸੁ ਲੇ ਕਰਿ ਗਏ।
ਤੀਰਥ ਮੱਜਨ ਚਾਹਤਿ ਭਏ ॥੨॥
ਸਤਿਗੁਰ ਤਹਿਂ ਕੋ ਗਏ ਕਿ ਨਾਂਹੀ?
ਗਮਨਹਿਂ ਜੇ ਚਾਹਤਿ ਚਿਤ ਮਾਂਹੀ।'
ਕਹੈ ਖਾਨਖਾਨਾ 'ਮੈਂ ਹੇਰੇ।
ਰਹੇ ਗੁਰੂ ਜੀ ਅਪਨੇ ਡੇਰੇ ॥੩॥
ਤੁਮਰੀ ਦਿਸ਼ਿ ਤੇ ਜਾਇ ਸੁਨਾਵੌਂ।
ਜਥਾ ਮਨੋਰਥ, ਆਨਿ ਬਤਾਵੌਂ।'
ਤਬਿ ਚਲਿ ਕੈ ਪ੍ਰਭੁ ਕੇ ਢਿਗ ਆਯੋ।
ਕਹ੍ਯੋ ਸ਼ਾਹੁ ਕੋ ਸਕਲ ਸੁਨਾਯੋ ॥੪॥
ਸਾਹਿਬ ਸ਼੍ਰੀ ਮੁਖ ਤੇ ਤਬਿ ਕਹੈਂ।
'ਸੋ ਤੀਰਥ ਹਿੰਦੁਨਿ ਕੇ ਅਹੈਂ।
ਤਹਾਂ ਜਾਨਿ ਕਯਾ ਕਾਮ ਹਮਾਰੋ।'
ਸੁਨਿ ਇਮ ਹਜ਼ਰਤ ਨਿਕਟ ਸਿਧਾਰੋ ॥੫॥
ਗੁਰ ਕੀ ਕਹਿਵਤਿ ਸਕਲ ਸੁਨਾਈ।
ਸੰਸੈ ਭਯੋ ਸ਼ਾਹੁ ਕੇ ਆਈ।
ਦਿਵਸ ਆਗਲੇ ਪ੍ਰਭੂ ਬੁਲਾਏ।
ਚੰਦਨ ਚੌਂਕੀ ਪਰ ਬਿਠਵਾਏ ॥੬॥
ਬੰਦਨ ਕਰੀ ਪ੍ਰਸੰਗ ਚਲਾਯੋ।
'ਰਾਹ ਦੋਇ[1], ਕੋ[†] ਤੁਮ ਕੋ ਭਾਯੋ।
ਕਿਸ ਮਗ ਕੋ[1] ਇਤਕਾਦ[†] ਰਖੰਤੇ।
ਹਿੰਦੁ ਕਿ ਤੁਰਤ ਜਥਾ ਬਰਤੰਤੇ' ॥੭॥

[1]ਦੋ ਹਨ। [†]ਕੇਹੜਾ।

[1]ਕਿਸ ਪੰਥ ਤੇ। [†]ਨਿਸ਼ਚਾ [ਅ:, ਏਅ਼ਤਕਾਦ]।

ਸੁਨਿ ਸਾਹਿਬ ਸ਼੍ਰੀ ਮੁਖ ਫੁਰਮਾਏ।
'ਹਿੰਦੂ ਤੁਰਕ ਚਲਤ ਜਿਸ ਭਾਏ।
ਖੈਰ ਖਾਹ ਹਮ ਦੋਨਹੁਂ ਕੇਰ।
ਦੇਂ ਉਪਦੇਸ਼ ਜਥਾ ਹਿਤ ਹੇਰਿ†' ॥੮॥
ਬਹੁਰ ਬਹਾਦੁਰ ਸ਼ਾਹ ਬਖਾਨਾ।
'ਏਕ ਖ਼ੁਦਾਇ ਏਕ ਈਮਾਨਾ[1]।
ਕਿਸ ਕੀ ਦਿਸ਼ਿ ਹੈ ਰਿਦਾ ਤੁਮਾਰਾ?
ਏ ਸਭਿ ਨਿਰਨੈ ਕਰਹੁ ਉਚਾਰਾ' ॥੯॥
ਸੁਨਿ ਕਰਿ ਤਾਂਹਿ ਗੁਰੂ ਮੁਸਕਾਏ।
'ਤੀਨ ਖ਼ੁਦਾਇ ਅਹੈਂ' ਫੁਰਮਾਏ।
ਕਹੈ ਸ਼ਾਹੁ 'ਇਹ ਕਹਾਂ ਬਖਾਨਾ?
ਐਸੀ ਬਾਤਨਿ ਕਹੈ ਨ ਦਾਨਾ[1] ॥੧੦॥
ਇਕ ਖ਼ੁਦਾਇ ਸਭਿ ਹੀ ਤੇ ਸੁਨਜੋਂ।
ਬੇਦ ਕੁਰਾਨ ਕਿਤਾਬਨਿ ਭਨਜੋਂ।'
ਸੁਨਿ ਕੈ ਪੁਨ ਪ੍ਰਭੁ ਨੇ ਸਮੁਝਾਯੋ।
'ਏਕ ਖ਼ੁਦਾਇ ਇਮਾਨਿਕ ਗਾਯੋ[1] ॥੧੧॥
ਹੋਇ ਤੁਰਕ ਜੋ ਤੁਮਹੁ ਅਗਾਰੇ[1]।
ਰਾਮ ਨਰਾਇਣ ਨਾਮ ਉਚਾਰੇ।
ਤਿਸ ਤੇ ਬੁਰੋ ਮਾਨਿ ਬਰਜੰਤੇ।
-ਮਉਲਾ ਪਾਕ ਕਹੋ- ਉਚਰੰਤੇ ॥੧੨॥
ਅਰੁ ਤੁਮ ਮਿਲਿ ਮਿਲਿ ਕਹਤਿ ਪੁਕਾਰੇ।
-ਭਯੋ ਭਿਸਤ ਸੁਖ ਹੇਤੁ ਹਮਾਰੇ।
ਦੋਜਕ ਹਿੰਦੁਨ ਹੇਤੁ ਬਨਾਯੋ-।
ਤਿਨ ਕੋ ਮਤ ਤੁਮ ਕੋ ਨਹਿਂ ਭਾਯੋ ॥੧੩॥
ਨਾਮ ਖ਼ੁਦਾਇ ਜੁ ਮੌਲਾ ਆਦਿ।
ਹਿੰਦੁਨ ਮਹਿਂ ਸਿਮਰੈ ਕਰਿ ਯਾਦ[1]।
-ਬਿਗਰ ਗਯੋ ਇਹ- ਤਿਸੈ ਬਤਾਵੈਂ[1]।
ਜਾਤਿ ਪਾਤਿ ਤੇ ਵਹਿਰ ਕਰਾਵੈਂ ॥੧੪॥
ਜਿਸ ਨੇ ਦੋਨੋ ਮਹਿਂ ਇਕ ਮਾਨਜੋਂ।
ਸਰਬ ਤਰਫਦਾਰੀ ਹਿਤ ਹਾਨਜੋਂ[1]।

†ਪਾ:-ਕੇਰ।
[1]ਇਕ ਹੀ ਧਰਮ ਹੈ।
[1]ਐਸੀਆਂ ਬਾਤਾਂ ਦਾਨੇ ਨਹੀਂ ਕਹਿੰਦੇ।
[1](ਨਿਸ਼ਚੇ) ਖੁਦਾ ਇਕ ਹੀ ਹੈ ਤੇ ਇਕ ਹੀ ਈਮਾਨ ਹੈ। [ਈਮਾਨ ਇਕ=ਇਮਾਨਿਕ]।
[1]ਤੁਹਾਡੇ ਸਾਮ੍ਹਣੇ।
[1]ਕੋਈ ਯਾਦ ਕਰੇ ਯਾ ਸਿਮਰੇ।
[1](ਹਿੰਦੂ) ਦੱਸਦੇ ਹਨ।
[1]ਸਾਰਿਆਂ ਦੀ ਤਰਫਦਾਰੀ ਦਾ ਹਿਤ ਨਾਸ਼ ਕੀਤਾ ਹੈ [ਤਰਫਦਾਰੀ=ਪੱਖ]।

ਜੇ ਝਗਰਤਿ ਦ੍ਵੈ ਪੱਖ ਬਨਾਏ।
ਤਿਨ ਸੋਂ ਮੇਲ ਨ ਕਰਹਿਂ ਕਦਾਏ ॥੧੫॥
ਦੋਨਹੁੰ ਮਹਿਂ ਇਕ, ਬਾਦ ਨ ਕੋਈ[1]।
ਹਮਰੋ ਪੰਥ ਸਮਝੀਏ ਸੋਈ।'
ਸੁਨਤਿ ਸ਼ਾਹੁ ਠਾਨੀ ਮੁਖ ਮੌਨ।
ਉੱਤਰ ਫੁਰਯੋ ਨ ਕਹਿਬੇ ਕੌਨ ॥੧੬॥
ਕੇਤਿਕ ਸਮੈਂ ਬੈਠਿ ਗੁਨਖਾਨੀ।
ਹੁਇ ਰੁਖਸਦ ਪਹੁੰਚੇ ਨਿਜ ਥਾਨੀ।
ਦਿਨ ਪ੍ਰਤਿ ਵਸਤੁ ਅਜਾਇਬ ਬ੍ਰਿੰਦ।
ਭਾਂਤਿ ਭਾਂਤਿ ਕੇ ਬਸਤ ਬਿਲੰਦ ॥੧੭॥
ਦੂਰ ਦੇਸ਼ ਕੇ ਮੇਵੇ ਘਨੇ।
ਭਾਂਤਿ ਭਾਂਤਿ ਕੇ ਸ੍ਵਾਦਨ ਸਨੇ।
ਸ਼ਾਹੁ ਬਹਾਦਰ ਭਲੇ ਪਠਾਵੈ।
ਭੂਖਨਿ ਅਜਬ ਹਯਨਿ ਪਹੁੰਚਾਵੈ ॥੧੮॥
ਕੇਤੀ ਬਾਰ ਆਪ ਚਲਿ ਜਾਇ।
ਕਈ ਬਾਰ ਲੇ ਨਿਕਟ ਬੁਲਾਇ।
ਇਸ ਪ੍ਰਕਾਰ ਨਿਜ ਪ੍ਰੀਤ ਜਨਾਵੈ।
ਖਰਚ ਹੇਤੁ ਬਹੁ ਦਰਬ ਪਠਾਵੈ ॥੧੯॥
ਇਕ ਉਮਰਾਵ ਪ੍ਰਭੂ ਢਿਗ ਆਯੋ।
ਕਰਿ ਬੰਦਨ ਬੈਠਯੋ ਬਚ ਗਾਯੋ।
'ਸੁਨੀ ਕਾਨ ਮੈਂ, ਬਿੱਦਯਾਵਾਨ।
ਤੁਮ ਢਿਗ ਆਵਤਿ ਮਹਿਦ ਮਹਾਨ ॥੨੦॥
ਜੇ ਤੁਮ ਸੰਗ ਲਰੇ ਸਰ ਦੇਖੇ।
ਸੋ ਤਾਰੀਫ ਕੋ ਕਰਤਿ ਵਿਸ਼ੇਖੇ।
-ਨਹਿਂ ਅਸ ਸਮੈਂ ਵਿਖੈ ਅਸ ਕੋਈ।
ਤੀਰ ਪ੍ਰਹਾਰੈ ਗੁਰ ਸਮ ਜੋਈ- ॥੨੧॥
ਲਰੇ ਅਨੰਦਪੁਰਿ ਅਰੁ ਚਮਕੌਰ।
ਜੋ ਬਚ ਕਰਿ ਆਏ ਇਸ ਠੌਰ।
ਕਰਹਿਂ ਸ਼ਾਹਦੀ ਬਡਹੁ ਬਡੇਰੀ।
ਸੋ ਅਬਿ ਚਾਹਤਿ ਹੈਂ ਹਮ ਹੇਰੀ ॥੨੨॥
ਮਿਹਰਵਾਨਗੀ ਕਰਿ ਦਿਖਰਾਵਹੁ।

[1]ਦੋਨੋਂ ਮਜ਼ਹਬਾਂ ਵਿਚ ਇਕ ਹੈ (ਰੱਬ, ਇਸ ਵਿਚ) ਝਗੜਾ ਕੋਈ ਨਹੀਂ।

ਮਮ ਚਿਤ ਕੀ ਲਖਿ ਚੌਂਪ, ਚਲਾਵਹੁ[1]।'
ਸੁਨਿ ਬਿਨਤੀ ਪ੍ਰਭੁ ਧਨੁਖ ਸੰਭਾਰਾ।
ਸਰ ਕੋ ਜੋਰਤਿ ਐਂਚਿ ਉਚਾਰਾ ॥੨੩॥
'ਕਹਹੁ ਨਿਸ਼ਾਨਾ ਭੇਦਹਿਂ ਜਾਂਹੀ।
ਹੋਰਿ ਜਿ ਦੂਰ ਬਚਹਿ ਸੋ ਨਾਂਹੀ।'
ਹੇਰਿ ਤਰੋਵਹੁ ਤਾਂਹਿ ਉਚਾਰਾ।
'ਸ੍ਰੀ ਪ੍ਰਭੁ ਕੀਜੈ ਵਾਹਿ ਪ੍ਰਹਾਰਾ' ॥੨੪॥
ਤਾਨਿ ਕਾਨ ਲਗਿ ਤਬਹਿ ਚਲਾਯੋ।
ਗਯੋ ਸੁ ਬੇਗ ਸ਼ੁਕ ਤਰੁ ਘਾਯੋ।
ਬਹੁਰੋ ਐਂਚਤਿ ਔਰਹਿ ਮਾਰਾ।
ਤੀਸਰ ਤਿਸੀ ਸਥਾਨ ਪ੍ਰਹਾਰਾ ॥੨੫॥
ਪੰਚ ਬਾਨ ਏਕੈ ਥਲ ਮਾਰੇ।
ਪਿਖਿ ਉਮਰਾਵ ਬਿਸਮਤਾ ਧਾਰੇ।
'ਧਨੁ ਵਿੱਦਜਾ ਤੁਮਰੀ ਧੰਨ ਧੰਨ ਹੈ।
ਇਨ ਤੇ ਕਹਾਂ ਬਚੈ ਰਿਪੁ ਜਨ ਹੈ ॥੨੬॥
ਸੁਨੇ ਜਥਾ ਅਬਿ ਤਥਾ ਨਿਹਾਰੇ।
ਸ਼ੱਤ੍ਰੂ ਹਜ਼ਾਰਹੁੰ ਸਤੁਤਿ ਉਚਾਰੇ।'
ਥਿਰਯੋ ਚਾਰ ਘਟਿਕਾ ਕਰਿ ਨਮੋ।
ਨਿਜ ਸਥਾਨ ਗਮਨਯੋ ਤਿਹ ਸਮੋ ॥੨੭॥
ਸੋ ਉਮਰਾਵ ਸੁਜਸੁ ਬੀਚਾਰਤਿ।
-ਆਦਿ ਸੂਰਤਾ ਗੁਨ[1] ਗੁਰ ਧਾਰਤਿ-।
ਗਯੋ ਬਹਾਦਰ ਸ਼ਾਹੁ ਕੈ ਪਾਸੀ।
ਸਰਬ ਲੋਕ ਥੇ ਗਾਥ ਪ੍ਰਕਾਸ਼ੀ ॥੨੮॥
'ਅਬਿ ਲੌ ਹਮ ਨੇ ਕਹੂੰ ਨ ਹੇਰੇ।
ਨਰ ਹਯ ਗਯ ਨਹਿਂ ਬਚਹਿਂ ਅਗੇਰੇ।'
'ਮੈਂ ਭੀ ਦੇਖੌਂ' ਸ਼ਾਹੁ ਕਹੰਤਾ।
'ਕਿਸ ਪ੍ਰਕਾਰ ਸਰ ਪ੍ਰਭੁ ਚਲੰਤਾ' ॥੨੯॥
ਸਤਿਗੁਰ ਕੇ ਢਿਗ ਦੂਤ ਪਠਾਯੋ।
'ਪ੍ਰਾਤਿ ਸ਼ਿਕਾਰ ਚਢਹਿਂ ਮਨ ਭਾਯੋ।
ਆਪ ਕ੍ਰਿਪਾ ਕਰਿ ਖਿਲਹੁ ਅਖੇਰਾ।
ਕਹਯੋ ਸ਼ਾਹੁ -ਚਾਹਤਿ ਚਿਤ ਮੇਰਾ-'

[1]ਤੀਰ) ਚਲਾਵੋ।

[1]ਸੂਰਮਤਾ ਆਦਿਕ ਦੇ ਗੁਣ।

॥ ੩੦ ॥
ਸੁਨਿ ਸਤਿਗੁਰ ਨੇ ਮਾਨੀ ਬਾਤ।
ਸੁਪਤਿ ਜਥਾ ਸੁਖ ਬੀਤੀ ਰਾਤ।
ਚਢਯੋ ਸ਼ਾਹੁ ਲੇ ਸੌਂਜ ਅਖੇਰੇ।
ਚੀਤੇ ਸ੍ਵਾਨ ਰੁ ਬਾਜ ਘਨੇਰੇ ॥ ੩੧ ॥
ਲਗਰ[1], ਝਗਰ, ਧੁਤੀਆ ਜੁਰਰਾਨਿ[†]।

[1]ਇਕ ਸ਼ਿਕਾਰੀ ਪੰਛੀ ਜੋ ਝਗਰ ਦੀ ਮਦੀਨ ਹੈ। [†]ਜੁਰਰੇ ਤੇ ਧੂਤੀ [ਜੁਰੱਰਹ=ਬਾਜ਼ ਦਾ ਨਰ। ਧੂਤੀ=ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ]।

ਬਹਿਰੀ, ਸਜਾਹ ਗੋਸ਼[1], ਸੀਚਾਨ[†]।

[1]ਇਕ ਸ਼ਿਕਾਰੀ ਜਾਨਵਰ ਜੋ ਕੁੱਤੇ ਤੋਂ ਛੋਟਾ ਤੇ ਬਿੱਲੀ ਤੋਂ ਵੱਡਾ ਹੁੰਦਾ ਹੈ। [†]ਬਾਜ਼ ਦੀ ਕਿਸਮ ਦਾ ਸ਼ਿਕਾਰੀ ਪੰਛੀ।

ਸਾਹਿਬ ਕੀ ਦਿਸ਼ਿ ਚਲਿ ਕਰਿ ਆਯੋ।
ਪ੍ਰਭੁ ਤਜਾਰ ਹ੍ਵੈ ਅਸੁ ਅਨਵਾਯੋ ॥ ੩੨ ॥
ਖੜਗ ਨਿਖੰਗ ਸੰਗ ਕਟ ਸ਼ੋਭਾ।
ਜ਼ੇਵਰ ਹੇਰਿ ਨ ਕਿਹ ਮਨ ਲੋਭਾ।
ਹ੍ਵੈ ਅਸਵਾਰ ਕੀਨਿ ਪ੍ਰਸਥਾਨਾ।
ਨਮੋ ਕਰੀ ਪਿਖਿ ਸ਼ਾਹੁ ਪਯਾਨਾ ॥ ੩੩ ॥
ਜਹਿਂ ਸ਼ਿਕਾਰ ਗਾਹ ਪਹੁੰਚੇ ਜਾਈ।
ਬਿਚਰੈਂ ਪੁਸ਼ਟ ਮ੍ਰਿਗਨਿ ਸਮੁਦਾਈ।
ਗੁਰ ਕੇ ਸੰਗ ਬਹਾਦਰ ਸ਼ਾਹੁ।
ਪਾੜ੍ਹੇ ਕੋਲ ਹਤੇ ਬਨ ਮਾਂਹੂ ॥ ੩੪ ॥
ਤੀਰਨ ਫੁਰਤੀ ਬੇਗ ਨਿਹਾਰੇ।
ਇਤ ਉਤ ਤਜੇ ਨ ਜਿਯਤਿ ਪਧਾਰੇ।
ਕਿਤਿਕ ਅਖੇਰ ਖੇਲਿ ਕਰਿ ਦੋਈ।
ਪਿਖਹਿਂ ਤਮਾਸ਼ਾ ਚੀਤਨਿ[1] ਸੋਈ ॥ ੩੫ ॥

[1]ਚਿੱਤਰਿਆਂ ਦਾ।

ਸ੍ਵਾਨ ਬਾਜ਼ ਬਹਿਰੀ ਛੁਟਵਾਏ।
ਬਨ ਕੇ ਜੀਵ ਅਨਿਕ ਹੀ ਘਾਏ।
ਬਿਪੁਨ ਬਿਸਾਲ ਜਬਹਿ ਚਲਿ ਗਏ।
ਕੇਹਰਿ ਪਿਖਯੋ ਮਹਾਂ ਬਲ ਮਏ ॥ ੩੬ ॥
ਜਿਨਹੁਂ ਨਿਹਾਰਯੋ ਆਨਿ ਸੁਨਾਯੋ।
ਲੇ ਲਸ਼ਕਰ ਤਿਤ ਹੀ ਉਮਡਾਯੋ।
ਸ਼ਾਹ ਬਹਾਦਰ ਕੀਨਿ ਉਚਾਰਨ।
'ਸ਼ੇਰ ਖੜਗ ਸੋਂ ਕਰਹੁ ਬਿਦਾਰਨਿ

॥ ੩੭ ॥
ਤੀਰ ਤੁਪਕ ਨਹਿਂ ਛੂਟਨ ਪਾਵੈ।
ਘਾਵੈ ਜੋ ਇਨਾਮ ਬਡ ਪਾਵੈ।'
ਇਮ ਕਹਿਤੇ ਭਭਕਾਰਜੋ ਸ਼ੇਰ।
ਹੁਤੋ ਬਿਲੰਦਖਾਨ ਤਿਨ ਹੇਰਿ ॥ ੩੮ ॥
ਗਹਿ ਕਰਵਾਲ[1] ਢਾਲ ਕੋ ਗਯੋ। [1]ਤਲਵਾਰ।
ਹਠ ਗਾਢੋ ਕਰਿ ਸਨਮੁਖ ਭਯੋ।
ਪਹੁੰਚਜੋ ਨਿਕਟ ਮ੍ਰਿਗੇਸ ਨਿਹਾਰਜੋ।
ਫਾਂਧਿ ਝਪਟ ਕਰਿ ਤੁਰਤ ਪ੍ਰਹਾਰਜੋ[1] [1](ਸ਼ੇਰ ਨੇ) ਮਾਰ ਦਿੱਤਾ (ਬਲੰਦ ਖ਼ਾਂ ਨੂੰ)
॥ ੩੯ ॥
ਹੇਰਿ ਡਰੇ, ਪੁਨ ਸ਼ਾਹੁ ਪ੍ਰਚਾਰੈ।
'ਲੇਹੁ ਇਨਾਮ ਜਾਇ ਭਟ ਮਾਰੈ[1]।' [1]ਜੋ ਸੂਰਮਾ ਜਾਕੇ ਮਾਰੇ।
ਸੁਨਤਿ ਵਜ਼ੀਦ ਖਾਨ ਰਿਸ ਧਾਰਿ।
ਬਹੁਤੇ ਸੂਰਨਿ ਕੋ ਸਿਰਦਾਰ ॥ ੪੦ ॥
ਕਰਿ ਪ੍ਰਾਕ੍ਰਮ ਲਲਕਾਰਜੋ ਜਬੈ।
ਸ਼ੇਰ ਝਪਟ ਦਾਬਜੋ ਹਤਿ ਤਬੈ[1]। [1]ਦੱਬ ਕੇ ਮਾਰ ਲਿਆ।
ਪੁਨ ਕੋ ਸੁਭਟ ਸਮੁਖ ਨਹਿਂ ਗਯੋ।
ਦ੍ਵੈ ਉਮਰਾਵ ਹਤੇ ਡਰ ਭਯੋ ॥ ੪੧ ॥
ਤਬਿ ਸਾਹਿਬ ਨਿਜ ਦਲਹਿ ਨਿਹਾਰਜੋ।
ਰੋਸ਼ਨ ਸਿੰਘ ਹੁਤੋ ਲਲਕਾਰਜੋ।
ਜਮਧਰ ਖੜਗ ਢਾਲ ਜਿਸ ਪਾਸ।
ਰੁਪਜੋ ਸਿੰਘ ਚਹਿ ਸਿੰਘ ਬਿਨਾਸ਼
॥ ੪੨ ॥
ਲਾਇ ਘਾਤ ਕਰਿ ਸਿਪਰ[1] ਅਗੇਰੇ। [1]ਢਾਲ।
ਨੇਰ ਭੇਰ ਘਾਲਜੋ ਜਿਸ ਬੇਰੇ।
ਫਾਂਧਿ ਕੇਹਰੀ ਊਪਰ ਆਵਾ।
ਤਰੇ ਹੋਇ ਕਰਿ ਘਾਵ ਲਗਾਵਾ ॥ ੪੩ ॥
ਜਮਧਰ ਉਦਰ ਸਜ਼ੋਰ ਧਸਾਈ।
ਊਪਰ ਤੇ ਦੀਨਸਿ ਉਥਲਾਈ।
ਗੁਰ ਅਰੁ ਸ਼ਾਹ ਸੁ ਚਮੂੰ ਤਮਾਸ਼ਾ।
ਅਵਲੋਕਤਿ ਸਭਿ ਸ਼ੇਰ ਬਿਨਾਸਾ ॥ ੪੪ ॥
ਬਖਸ਼ਿਸ਼ ਲਗਜੋ ਸ਼ਾਹੁ ਬਹੁ ਦੈਬੇ।

ਕਹੈ ਸਿੰਘ 'ਹੌਂ ਕਰੌਂ ਨ ਲੈਬੇ।
ਜਿਸ ਗੁਰੁ ਦੇ ਬਲ ਸ਼ੇਰ ਹਤਾਯੋ।
ਤਿਸ ਤੇ ਰਿਧਿ ਸਿਧਿ ਹਮ ਸਭਿ ਪਾਯੋ ॥੪੫॥
ਲੇਨਿ ਅਪਰ ਤੇ ਰਖੀ ਨ ਆਸਾ।
ਲੋਕ ਪ੍ਰਲੋਕ ਤਿਨਹੁਂ ਭਰਵਾਸਾ।'
ਸੁਨਤਿ ਸ਼ਾਹੁ ਉਮਰਾਵ ਘਨੇਰੇ।
ਅਧਿਕ ਸਰਾਹਤਿ ਹਟੇ ਪਿਛੇਰੇ ॥੪੬॥
ਨਿਜ ਨਿਜ ਡੇਰਨ ਕੋ ਚਲਿ ਆਏ।
ਰੌਸ਼ਨ ਸਿੰਘ ਮਹਾਂ ਜਸੁ ਪਾਏ।
ਲਸ਼ਕਰ ਮਹਿਂ ਸਭਿ ਕਰਹਿਂ ਸਰਾਹਨਿ।
'ਹਤਜੋ ਸ਼ੇਰ ਜਿਸ ਕੇ ਡਰ ਨਾਹਿਨ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਅਖੇਰ ਖੇਲਣ' ਪ੍ਰਸੰਗ ਬਰਨਨੰ ਨਾਮ ਪੰਚਾਸਤਿ ਅੰਸੂ ॥੫੦॥

## ੫੧. [ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ]

੫੦<<ਪਿਛਲਾ ਅੰਸੂ ਸੰਖੇਪ ਲਿੰਕ ਤਤਕਰਾ ਅਗਲਾ ਅੰਸੂ>>

ਦੋਹਰਾ:

ਸ਼੍ਰੀ ਸਤਿਗੁਰ ਉਰ ਸਿਮਰਿ ਕਰਿ, ਅਪਨੋ ਏਕ ਸਵਾਲ।
ਨੰਦ ਲਾਲ ਜੁਤਿ ਅਪਰ ਕੋ, ਕਹ੍ਯੋ ਸੁਨਾਇ ਹਵਾਲ ॥੧॥

ਚੌਪਈ:

'ਮਾਤੁਲ ਹੁਤੋ ਸ਼ਾਹੁ ਕੋ ਜੋਇ।
ਹਾਕਮ ਰਾਇ ਸੰਗ ਇਨ ਦੋਇ।
ਕਹ੍ਯੋ ਇਨਹੁ ਸੋਂ ਦਿਹੁ ਸਮੁਝਾਈ।
ਜੋ ਅਪਨੀ ਕਰਿ ਲਿਖਤ ਪਠਾਈ ॥੨॥
ਸੋ ਦੀਜੈ ਹਮਰੋ ਇਕ ਸ੍ਵਾਲ।
ਜਿਸ ਤੇ ਸਲਤਨ ਲਈ ਬਿਸਾਲ।
ਕਰ੍ਯੋ ਪ੍ਰਥਮ ਕੋ ਅਬਹਿ ਸੰਭਾਰੋ।
ਹਮਹੁ ਕਹ੍ਯੋ ਤੁਮ ਨਹਿਨ ਚਿਤਾਰੋ'
॥੩॥
ਸ਼੍ਰੀ ਮੁਖ ਤੇ ਸੁਨਿ ਤੀਨਹੁ ਸਾਚੀ।
'ਹੈ ਸਭਿ ਨਿਸ਼ਚੈ' ਤਿਨਹੁ ਉਬਾਚੀ।
ਮਿਲਿ ਕਰਿ ਸ਼ਾਹੁ ਨਿਕਟ ਚਲਿ ਗਏ।
ਤਸਲੀਮਾਤ ਕਰੀ ਥਿਰ ਭਏ ॥੪॥
ਪ੍ਰਥਮ ਪ੍ਰਸੰਗ ਸੰਗ ਗੁਰ ਕੇਰਾ।
ਕਰ੍ਯੋ ਸੁਨਾਵਨ ਕੋ ਤਿਸ ਬੇਰਾ।
'ਪੂਰਬ ਮੁਖ ਤੇ ਹੀ ਕਹਿ ਦੀਨ।
ਪੁਨ ਪ੍ਰਭੁ ਨੇ ਲਿਖਾਇ ਕਰ ਲੀਨ ॥੫॥
ਅਬਿ ਲੌ ਜ਼ਿਕਰ ਨਹੀਂ ਕੁਛ ਕਰ੍ਯੋ।
ਜਬਿ ਤੁਮ ਭੀ ਨਹਿਂ ਸਿਮਰਨ ਧਰ੍ਯੋ।
ਤਬਿ ਗੁਰ ਹਮਹਿਂ ਹਕਾਰਿ ਚਿਤਾਰ੍ਯੋ।
-ਇਕ ਸਵਾਲ ਦਿਹੁ ਪੂਰ- ਉਚਾਰ੍ਯੋ
॥੬॥
ਤੁਮ ਕੋ ਭੀ ਬਨਿ ਆਵੈ ਐਸੇ।
ਸਤਿਗੁਰ ਰਹੈਂ ਹਰਖ ਜੁਤਿ ਜੈਸੇ।
ਅਪਨੋ ਭਨ੍ਯੋਂ ਪੂਰ ਕਰਿ ਦੀਜੈ।
ਲੋਕ ਪ੍ਰਲੋਕ ਅਨੰਦ ਕੋ ਲੀਜੈ' ॥੭॥

ਸੁਨਿ ਕੈ ਸ਼ਾਹੁ ਬਹਾਦਰ ਭਾਖਾ।
'ਦੈਹੌਂ ਸ੍ਵਾਲ ਮੋਹਿ ਅਭਿਲਾਖਾ।
ਲਖੌਂ ਪਰੰਤੁ ਜੁ ਹੋਇ ਸੁਖਾਰੋ।
ਦੇਨਿ ਉਚਿਤ, ਮਿਲਿ ਸਕਲ ਬਿਚਾਰੋ[1] ॥੮॥
ਹੋਇ ਪ੍ਰਾਤ ਗੁਰ ਕਰੋ ਹਕਾਰਨ।
ਸੁਨਿ ਲੀਜੈ ਤਿਨ ਕੇਰ ਉਚਾਰਨ।
ਪੀਛੇ ਦੈਬੇ ਹੇਤੁ ਉਚਾਰੈਂ।
ਗੁਰ ਕੇ ਉਰ ਪ੍ਰਸੰਨਤਾ ਧਾਰੈਂ' ॥੯॥
ਇਮ ਕਹਿ ਕਰਿ ਸੋ ਦਿਵਸ ਬਿਤਾਯੋ।
ਭਈ ਪ੍ਰਭਾਤਿ ਦਿਵਾਨ ਲਗਾਯੋ।
ਇਕ ਉਮਰਾਵ ਹਕਾਰਨ ਆਇ।
'ਸ੍ਰੀ ਗੁਰ ਚਲੀਅਹਿ ਸ਼ਾਹੁ ਬੁਲਾਇ' ॥੧੦॥
ਹਯ ਅਰੋਹ ਕਰਿ ਗਏ ਗੁਸਾਈਂ।
ਥਿਰ ਉਮਰਾਵ ਪੁੰਜ ਜਿਸ ਥਾਂਈ।
ਸਕਲ[1] ਨੰਮ੍ਰਿ ਹੁਇ ਕਰੀ ਸਲਾਮੂ।
ਜਾਇ ਪ੍ਰਵੇਸ਼ੇ ਬੀਚ ਤਮਾਮੂ ॥੧੧॥
ਸ਼ਾਹ ਨਮੋ ਕਰਿ ਨਿਕਟ ਬਿਠਾਏ।
ਚੰਦਨ ਕੀ ਚੌਂਕੀ ਛਬਿ ਪਾਏ।
ਪ੍ਰਥਮ ਪ੍ਰਸੰਗ ਜੰਗ ਕੇ ਘਨੇ।
ਆਦਿ ਅਨੰਦਪੁਰਿ ਸੁਨੇ ਸੁ ਭਨੇ ॥੧੨॥
ਸੁਨਿ ਸੁਨਿ ਗੁਰੂ ਬੀਰਤਾ ਭਾਰੀ।
ਸਰਬ ਸਰਾਹਤਿ ਸਭਾ ਮਝਾਰੀ।
ਬਹੁਰ ਬਹਾਦੁਰ ਸ਼ਾਹੁ ਉਚਾਰਾ।
'ਕਹੀਯਹਿ ਅਪਨੋ ਸ੍ਵਾਲ ਉਦਾਰਾ' ॥੧੩॥
ਜਬਿ ਉਮਰਾਵ ਸਭਾਸਦ ਗਏ[1]।
ਪੂਛਨ ਤੇ ਗੁਰ ਭਾਖਤਿ ਭਏ।
'ਹਿੰਦਵਾਨੇ ਸੰਗ ਦ੍ਰੋਹ ਕਰੰਤੇ[1]।
ਤੋਹਿ ਪਦਰ ਕੋ ਬਹੁ ਬਹਕੰਤੇ[1] ॥੧੪॥
ਜ਼ੁਲਮੀ ਕਰਤਿ ਰਹੇ ਬਹੁ ਭਾਰੀ।

[1]ਜੇ ਦੇਣ ਯੋਗ ਹੈ ਤਾਂ ਮਿਲਕੇ ਸਾਰੇ ਵਿਚਾਰ ਕਰੋ।

[1]ਸਾਰਿਆਂ ਨੇ (ਗੁਰੂ ਜੀ ਨੂੰ)।

[1]ਸਭਾ ਦੇ ਮੁਖੀ (ਦਰਬਾਰ ਵਿਚੋਂ ਬਹਾਰ ਚਲੇ) ਗਏ।

[1]ਉਮਰਾਵ ਆਦਿਕ) ਦ੍ਰੋਹ ਕਰਦੇ ਰਹੇ।

[1]ਭ੍ਰਮਾਂਵਦੇ ਰਹੇ।

ਪਿਤਾ ਹਮਾਰੇ ਸੋਂ ਦੁਰਚਾਰੀ[1]।

[1](ਉਹ) ਦੁਰਾਚਾਰੀ (ਖੋਟੇ) ਲੋਕ ਸਾਡੇ ਪਿਤਾ ਨਾਲ ਬਹੁਤ ਭਾਰੀ ਜ਼ੁਲਮੀ ਕਰਦੇ ਰਹੇ।

ਦਿਜ ਆਦਿਕ ਸੋਂ ਬੁਰਾ ਕਰੰਤੇ।
ਬੀਚ ਸ਼ਰ੍ਹਾ ਕੇ ਕੁਮਤਿ ਧਰੰਤੇ ॥੧੫॥
ਪੁਨ ਹਮ ਸੋਂ ਬਹੁ ਜੰਗ ਮਚਾਏ।
ਜੋ ਸਿਰ੍ਹੰਦ ਕੋ ਬਡ ਉਮਰਾਏ।
ਬਾਲਕ ਸਾਹਿਬਜ਼ਾਦੇ ਗਹੇ।
ਬਿਨਾ ਦੋਸ਼ ਸੰਘਾਰਨ ਚਹੇ ॥੧੬॥
ਇੱਤਯਾਦਿਕ ਉਮਰਾਵ ਮੁਲਾਨੇ।
ਜਿਨਹੁਂ ਕੁਕਰਮ ਜ਼ੁਲਮ ਕੋ ਠਾਨੇ।
ਪਠਿ ਪਠਿ ਨਰ ਔਚਕ ਗਹਿ ਲੀਜੈ।
ਬੰਧਿ ਬੰਧਿ ਕਰਿ ਹਮ ਕੌ ਦੀਜੈ ॥੧੭॥
ਤਿਨ ਕੋ ਸੂਰੀ ਦੇਹਿਂ ਕਿ ਫਾਸੀ।
ਲੇਂ ਪਲਟਾ ਹਮ ਕਰਹਿਂ ਬਿਨਾਸ਼ੀ।
ਤਿਨਹੁਂ ਕੁਕਰਮ ਕਮਾਯਹੁ ਜੈਸਾ।
ਸੰਕਟ ਸਹੈਂ ਪਾਇਂ ਫਲ ਤੈਸਾ ॥੧੮॥
ਨਹਿਂ ਪਰਲੋਕ ਨ ਧਰਮ ਬਿਚਾਰਯੋ।
ਤੁਰਕ ਹਿੰਦੁ ਸੰਤਨਿ ਗਹਿ ਮਾਰਯੋ[1]।

[1]ਜਿਨ੍ਹਾਂ ਤੁਰਕਾਂ ਨੇ ਹਿੰਦੂ ਸੰਤਾਂ ਨੂੰ ਫੜਕੇ ਮਾਰਿਆ ਹੈ।

ਸੋ ਪਲਟਾ ਹਮ ਲੈ ਹੈਂ ਪਾਇ।
ਕਰੌਂ ਨਾਸ਼ ਦੁਸ਼ਟਨਿ ਸਮੁਦਾਇ' ॥੧੯॥
ਸੁਨਤਿ ਸ਼ਾਹੁ ਹਹਿਰਯੋ ਹਿਯ ਹੌਲਾ।
ਚਿੰਤਾ ਵਧੀ ਅਧਿਕ ਨਹਿਂ ਬੋਲਾ।
ਕੇਤਿਕ ਚਿਰ ਲੌਂ ਕੀਰ ਬਿਚਾਰਾ।
ਪੁਨ ਸਤਿਗੁਰ ਕੇ ਸੰਗ ਉਚਾਰਾ ॥੨੦॥
'ਇਸ ਕੋ ਉੱਤਰ ਮੈਂ ਫਿਰ ਦੇਉਂ।
ਨਿਜ ਮੰਤ੍ਰੀਨ ਸਾਥ ਗਿਨਿ ਲੇਉਂ।'
ਇਮ ਕਹਿ ਢਿਗ ਤੇ ਕਰੇ ਬਿਸਰਜਨ।
ਆਨਿ ਬਿਰਾਜੇ ਉਪਬਨ ਤਤਛਿਨ ॥੨੧॥
ਪੀਛੇ ਸਕਲ ਹਕਾਰਿ ਸਲਾਹੀ।
ਗੁਰ ਕੀ ਕਹੀ ਚਿੰਤ ਜੁਤਿ ਪ੍ਰਾਹੀ।
'ਇਹ ਕਾਰਜ ਬਨਿ ਆਵੈ ਕੈਸੇ?

ਅਬਿ ਲੌ ਤੇਜ ਨ ਭਾ ਮਮ ਐਸੇ ॥੨੨॥
ਗਹੌਂ ਏਕ ਸੂਬਾ ਜਿਸ ਕਾਲ।
ਪਰਹਿ ਰੌਰ ਸਲਤਨ ਚਲਚਾਲ।
ਬਿਗਰ ਜਾਹਿੰਗੇ ਲਸ਼ਕਰ ਭਾਰੇ।
ਬੇਇਤਬਾਰ ਬਨਹਿਂ ਨਰ ਸਾਰੇ ॥੨੩॥
ਜਬਿ ਸੂਬੇ ਬਿਗਰੇ ਲਰਿ ਪਰੇ।
ਸਭਿ ਦੇਸ਼ਨ ਰੌਰਾ ਬਿਸਤਰੇ।
ਕਹਹੁ ਗੁਰੂ ਸੰਗ ਕਹੀਅਹਿ ਕੈਸੇ।
ਜਿਸ ਤੇ ਰਿਸਹਿਂ ਨ, ਰਹਿ ਰਸ ਐਸੇ' ॥੨੪॥
ਜਬਿ ਅਸ ਚਿੰਤਾ ਸਹਤ ਬਖਾਨਾ।
ਮਿਲਿ ਮੰਤ੍ਰੀਨ ਮੰਤ੍ਰ ਕੋ ਠਾਨਾ।
ਸ਼ਾਹੁ ਬਹਾਦਰ ਕੋ ਸਮੁਝਾਯੋ।
'ਗੁਰ ਸੋ ਕਹਨਿ ਏਵ ਬਨ ਆਯੋ ॥੨੫॥
-ਇਕ ਸੰਮਤਿ ਲਗਿ ਕੁਛ ਨਹਿਂ ਕਹੀਅਹਿ।
ਨਿਸ਼ਚਲ ਹੁਕਮ ਨ ਮੇਰੋ ਲਹੀਅਹਿ।
ਜਬਿ ਟਿਕ ਜਾਇ ਤੇਜ ਜਗ ਆਛੇ।
ਪੁਰਵੌਂ ਸ੍ਵਾਲ ਆਪ ਕੋ ਬਾਛੇ-' ॥੨੬॥
ਇੱਤਜਾਦਿਕ ਸਮੁਝਾਇ ਸਿਧਾਏ।
ਗਿਨਤਿ ਗਾਥ ਦਿਨ ਦੋਇ ਬਿਤਾਏ।
ਪੁਨ ਸਤਿਗੁਰ ਨਿਜ ਨਿਕਟ ਬੁਲਾਏ।
ਹਯ ਅਰੋਹ ਹ੍ਵੈ ਕਰਿ ਤਬਿ ਆਏ ॥੨੭॥
ਸ਼ਾਹ ਨਿਮਜੋਂ ਸਨਮਾਨ ਬਿਠਾਏ।
ਹਾਥ ਜੋਰਿ ਕਰਿ ਗਾਥ ਸੁਨਾਏ।
'ਤੁਮ ਪ੍ਰਤਾਪ ਤੇ ਸਲਤਨ ਪਾਈ।
ਅਸ ਨ ਹੋਇ ਅਬਿ ਬਿਗਰ ਸੁ ਜਾਈ ॥੨੮॥
ਇਸ ਡਰ ਤੇ ਇਕ ਬਰਖ ਬਿਤਾਵਉ।
ਕਾਜ਼ੀ ਮੁੱਲਾਂ ਨਹਿਂ ਗਹਿਵਾਵਉ।
ਸੂਬੇ ਬਿਗਰ ਪਰਹਿੰਗੇ ਸਾਰੇ।
ਬੇਇਤਬਾਰੀ ਮੋਹਿ ਬਿਚਾਰੇ ॥੨੯॥

ਸੰਮਤ ਬੀਤੇ ਰਾਵਰਿ ਸ੍ਵਾਲ।
ਮੈਂ ਪੂਰਨ ਕਰਿ ਹੌਂ ਦਰਹਾਲ[1]। — [1]ਛੇਤੀ।
ਬਨੌਂ ਨ ਬੇਮੁਖ ਸੰਗ ਤਿਹਾਰੇਂ।
ਮੈਂ ਜਾਨੌਂ ਨੀਕੇ ਉਪਕਾਰੇ' ॥੩੦॥
ਸੁਨਿ ਸ਼੍ਰੀ ਮੁਖ ਸਾਹਿਬ ਫੁਰਮਾਯੋ।
'ਅਬਿ ਤੁਹਿ ਪਾਜ ਕਹਨਿ[1] ਮਨ ਭਾਯੋ। — [1]ਝੂਠ ਕਹਿਣਾ।
ਇਸੀ ਹੇਤੁ ਹਮ ਲਿਖਤ ਕਰਾਈ।
ਸਲਤਨ ਪਾਇ ਸੁ ਨਟ ਕਰਿ ਜਾਈ[1] ॥੩੧॥ — [1]ਪਾਤਸ਼ਾਹੀ ਪਾਕੇ ਤੂੰ ਫਿਰ ਜਾਵੇਂਗਾ।
ਤਉ ਫਰੇਬ ਲਿਖੇ ਪਰ ਕੀਨਿ।
ਤੈਂ ਇਕ ਸ੍ਵਾਲ ਨ ਹਮਰੋ ਦੀਨਿ।
ਤੁਰਕਨ ਤੇ ਹਮ ਸਲਤਨ ਨਾਸ਼ੀ।
ਦੀਨਿ ਹੋਇ ਲੀਨਸਿ ਨਿਜ ਪਾਸੀ ॥੩੨॥
ਤਊ ਨ ਹਮ ਸੋਂ ਉਤਰਯੋ ਪੂਰਾ।
ਦਿਯੋ ਨ, ਦੈਬੇ ਕਹਯੋ ਜ਼ਰੂਰਾ[1]। — [1]ਜੋ ਜ਼ਰੂਰ ਦੇਣ ਲਈ ਕਹਿਆ ਸੀ।
ਇਹ ਤਉ ਦੇਨਿ ਹੇਤੁ ਬਡਿਆਈ।
ਚਹਤਿ ਕਾਰ ਤੁਝ ਸੋਂ ਬਨਿਵਾਈ[1]† ॥੩੩॥ — [1]ਤੇਰੇ ਪਾਸੋਂ ਕਾਰ ਬਣਵਾਇਆ ਚਾਹੁੰਦੇ ਸੀ। †ਭਾਵ ਇਹ ਹੈ ਕਿ ਤੇਰਾ ਜਸ ਫੈਲੇ ਕਿ ਤੂੰ ਐਸਾ ਇਨਸਾਫ ਵਾਲਾ ਹੈਂ ਕਿ ਆਪਣੇ ਰਾਜ ਵਿਚ ਅੰਨਯਾਯ ਨਹੀਂ ਹੋਣ ਦੇਂਦਾ। ਜੋ ਸੂਬੇ ਤੇ ਹੋਰ ਉਮਰਾਵ ਅੰਨਯਾਯ ਕਰਦੇ ਹਨ ਤੂੰ ਐਸਾ ਸਮ ਤੋਲਨੇ ਵਾਲਾ ਪਾਤਸ਼ਾਹ ਹੈਂ ਕਿ ਸਭ ਦਾ ਨਿਆਂ ਕਰਦਾ ਹੈਂ। ਇਸ ਤੋਂ ਰਾਜ ਵਿਚ ਤਪਾ ਬੈਠ ਜਾਵੇ ਕਿ ਕੋਈ ਜ਼ੁਲਮੀ ਨ ਕਰ ਸਕੇ।
ਸੋ ਤੁਵ ਭਾਗ ਬਿਖੈ ਇਹ ਨਹੀਂ।
ਸਮੁਝਿ ਦੇਖਿ ਅਪਨੇ ਚਿਤ ਸਹੀ।
ਅਬਿ ਇਕ ਐਸੋ ਸਿੱਖ ਬਨਾਵੌਂ।
ਜਗ ਮਹਿਂ ਦੇ ਕਰਿ ਤੇਜ ਬਧਾਵੌਂ ॥੩੪॥
ਜਹਿਂ ਜਹਿਂ ਦੋਖੀ ਕੂਰ ਕੁਚਾਲੇ।
ਤਹਿਂ ਤਹਿਂ ਪਹੁੰਚੈ ਬਹੁ ਬਲ ਨਾਲੇ।
ਜੋ ਸੂਬੇ ਮੁੱਲਾਂ ਬਹੁਤੇਰੇ।
ਕਰਹਿ ਸੰਘਾਰਨ ਸਭਿ ਇਕ ਬੇਰੇ ॥੩੫॥

ਸਭਿ ਸਲਤਨ ਕੋ ਗਰਦ ਮਿਲਾਵੈ।
ਨਹਿਂ ਲਸ਼ਕਰ ਠਹਿਰਨ ਕੋ ਪਾਵੈ।
ਜਿਨ ਜਿਨ ਹਮ ਸੋਂ ਜ਼ੁਲਮ ਕਮਾਯੋ।
ਹਿੰਦੁਨਿ ਸੋਂ ਬਹੁ ਬੈਰ ਬਢਾਯੋ ॥੩੬॥
ਪੁਰਿ ਅਰੁ ਗ੍ਰਾਮ ਦੇਸ਼ ਗਨ ਜੇਤੇ।
ਉਠਹਿਂ ਉਪੱਦ੍ਰਵ ਨਾਸ਼ਹਿ ਤੇਤੇ।
ਆਦਿ ਸਿਰੰਦ ਬਸਹਿ ਸਮੁਦਾਯਾ।
ਕਰਹਿ ਉਜਾਰ ਲੁਟਹਿ ਨਰ ਘਾਯਾ[1] ॥੩੭॥

[1]ਸੂਰਮਿਆਂ ਨੂੰ ਮਾਰਕੇ।

ਲਾਖਹੁਂ ਊਪਰ ਅਪਦਾ ਪਰੈ।
ਨਹਿਂ ਸਮਰਥ ਜੋ ਤਿਸ ਪਰਹਰੈ।
ਉਜਰੈ ਦੇਸ਼ ਨ ਰਾਖਾ ਕੋਇ।
ਅਬਿ ਐਸੀ ਗਤਿ ਨਿਸ਼ਚੈ ਹੋਇ ॥੩੮॥
ਸਾਹਿਬਜ਼ਾਦੇ ਜਿਨ ਸੰਘਾਰੇ।
ਤਿਸ ਕੌ ਗਹਿ ਸੋ ਕਰਹਿ ਪ੍ਰਹਾਰੇ।
ਇੱਤਜਾਦਿਕ ਪਲਟਾ ਸਭਿ ਲੈ ਹੈ।
'ਨਿਜ ਦ੍ਰਿਗ ਦੇਖਹੁ ਨਹਿਂ ਸਫਲੈ ਹੈਂ[1]' ॥੩੯॥

[1]ਤੂੰ ਆਪਣੀ ਨੇਤ੍ਰੀਂ ਦੇਖੇਂਗਾ (ਉਸ ਦੇ ਮੁਕਾਬਲੇ ਤੇ ਤੂੰ) ਸਫਲਤਾ ਨਹੀਂ ਪਾਏਂਗਾ।

ਇਮ ਕਹਿ ਸਤਿਗੁਰ ਰਿਸ ਕੁਛ ਕਰੇ।
ਉਠੇ ਆਇ ਨਿਜ ਹਯ ਪਰ ਚਰੇ।
ਨਿਜ ਡੇਰੇ ਮਹਿਂ ਚਲਿ ਕਰਿ ਆਏ।
ਦਿਨ ਕੇਤਿਕ ਤਹਿਂ ਔਰ ਬਿਤਾਏ ॥੪੦॥
ਸ਼ਾਹੁ ਸਚਿੰਤ ਅਧਿਕ ਹੁਇ ਰਹਜੋ।
ਗੁਰ ਕੇ ਸੰਗ ਨਹੀਂ ਕੁਛ ਕਹਜੋ।
'ਜਾਨੀਅਸ ਕਹਾਂ[1]' ਮੌਨ ਮੁਖ ਧਾਰੀ।
ਨਿਜ ਸਚਿਵਨ ਕੇ ਸਾਥ ਉਚਾਰੀ ॥੪੧॥

[1]ਕੀ ਜਾਣੀਏ ਕੀ ਹੋਸੀ। (ਅ) ਪਾਤਸ਼ਾਹ ਸੋਚਦਾ ਹੈ ਕਿ ਮੈਨੂੰ ਸਮਝ ਨਹੀਂ ਪੈਂਦੀ (ਕਿ ਕੀਹ ਕਰਾਂ) (ਇਸ ਕਰਕੇ) ਚੁੱਪ ਧਾਰ ਲਈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼ਾਹੁ ਸੰਗ ਬੋਲਨ' ਪ੍ਰਸੰਗ ਬਰਨਨੰ ਗੁਰ ਪੱਖਯਾਨ ਬ੍ਰਿਚਤਾਯਾਂ ਭਾਖਾਯਾਂ ਕਵਿ ਸੰਤੋਖ ਸਿੰਘ ਭਨਤਿ ਨਾਮ ਏਕ ਪੰਚਾਸਤੀ ਅੰਸੂ ॥੫੧॥

[ਪਹਿਲਾ ਐਨ ਸੰਪੂਰਨ ਹੋਇਆ]

੧ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਐਨ ਦੂਸਰਾ Ayan 2

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

## Bhai Santokh Singh ‘Kavi Churamani’

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of

## Guru Gobind Singh ji’s Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ੴ ਸਤਿਗੁਰ ਪ੍ਰਸਾਦਿ ॥

# ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

# ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

# ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

# ਤਤਕਰਾ ਐਨ ਦੂਜਾ

# ਐਨ ਦੂਸਰਾ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਐਨ ਦੂਸਰਾ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਐਨ ਦੂਜਾ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬

# ਤਤਕਰਾ ਐਨ ਦੂਜਾ

## ਦੂਜਾ ਐਨ


੧ ੧. [ਮੰਗਲ। ਬਹਾਦਰ ਸ਼ਾਹ ਦੀ ਚਤੌੜ ਤੇ ਚੜ੍ਹਾਈ]
੨. ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।
੨. ਇਸ਼੍ਰ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।
੩. ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।
[ਬਿਨਯ]
੨ ੨. [ਮਾਨ ਸਿੰਘ ਦਾ ਸ਼ਹੀਦ ਹੋਣਾ। ਬੁਰਹਾਨ ਪੁਰ ਪੁੱਜਣਾ]
੩ ੩. [ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ]
੪ ੪. [ਨਦੇੜ ਪਹੁੰਚੇ। ਆਪਣੀ ਜਗਾ ਦੇ ਚਿੰਨ੍ਹ ਦੱਸੇ]
੫ ੫. [ਜ਼ਮੀਨ ਮੁੱਲ ਖਰੀਦੀ। ਬੰਦਾ ਮਿਲਾਪ]
੬ ੬. [ਬੰਦੇ ਨੂੰ ਬਖਸ਼ਿਸ਼]
੭ ੭. [ਬੰਦੇ ਬਹਾਦਰ ਨੇ ਪੈਰ ਜਮਾਉਣੇ]
੮ ੮. [ਬੰਦੇ ਦੀ ਵਿਜਯ। ਦਲ ਵਧਣਾ। ਸਢੌਰਾ ਮਾਰਨਾ]
੯ ੯. [ਵਜ਼ੀਰ ਖ਼ਾਂ ਨਾਲ ਮੁਕਾਬਲਾ]
੧੦ ੧੦. [ਵਜ਼ੀਰ ਖ਼ਾਂ ਨੂੰ ਮਾਰਨਾ। ਸਰਹਿੰਦ ਨੂੰ ਉਜਾੜਨਾ]
੧੧ ੧੧. [ਪਹਾੜੀਆਂ ਤੇ ਚੜ੍ਹਾਈ]
੧੨ ੧੨. [ਬੰਦੇ ਦਾ ਹੋਰ ਹਾਲ]
੧੩ ੧੩. [ਬਹਾਦਰਸ਼ਾਹ ਨੇ ਮਾਫੀ ਮੰਗਣੀ। ਬੰਦੇ ਦਾ ਤੇਜ ਛੀਨ]
੧੪ ੧੪. [ਸ਼ਿਕਾਰ ਘਾਟ, ਨਗੀਨਾ ਘਾਟ ਆਦਿ ਕਥਾਵਾਂ]
੧੫ ੧੫. [ਰਾਮ ਕੌਰ ਜੀ ਦਾ ਪਿਛੇ ਮੁੜਨਾ। ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ]
੧੬ ੧੬. [ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ]
੧੭ ੧੭. [ਗੁਲ ਖ਼ਾਂ ਪਠਾਣ]
੧੮ ੧੮. [ਗੁਲ ਖ਼ਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ]
੧੯ ੧੯. [ਜ਼ਖਮ ਸੀਉਣੇ]
੨੦ ੨੦. [ਜ਼ਖਮ ਦੇ ਤੋਪੇ ਟੁੱਟੇ। ਜੱਗ ਕੀਤਾ]
੨੧ ੨੧. [ਜੋਤੀ ਜੋਤ ਸਮਾਉਣ ਦੀ ਤਿਆਰੀ। ਉਪਦੇਸ਼]
੨੨ ੨੨. [ਜੋਤੀ ਜੋਤ ਸਮਾਉਣ ਦੀ ਤਯਾਰੀ]
੨੩ ੨੩. [ਜੋਤੀ ਜੋਤ ਸਮਾਉਣ ਦੀ ਤਿਆਰੀ। ਸੰਗਤ ਨੂੰ ਉਪਦੇਸ਼]
੨੪ ੨੪. [ਜੋਤੀ ਜੋਤ ਸਮਾਉਣਾ]
੨੫ ੨੫. [ਇਕ ਸੰਤ ਨੂੰ ਦਰਸ਼ਨ। ਬਾਲੇ ਰਾਇ ਦੀ ਸਹਾਇਤਾ]
੨੬ ੨੬. [ਦੋਹਾਂ ਮਾਤਾ ਸਾਹਿਬਾਂ ਨੂੰ ਖਬਰ। ਬੰਦੇ ਦਾ ਘੇਰੇ ਵਿਚ ਆਉਣਾ]
੨੭ ੨੭. [ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ। ਬੰਦੇ ਦਾ ਅੰਤ]

੨੮ ੨੮. [ਅਜੀਤ ਸਿੰਘ ਪਾਲਕ ਪੁੱਤ੍ਰ]

੨੯ ੨੯. [ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ]

੩੦ ੩੦. [ਪਾਲਕ ਨੂੰ ਮਾਤਾ ਜੀ ਨੇ ਤਯਾਗਣਾ। ਬੇਨਵਾ ਮਾਰਨਾ]

੩੧ ੩੧. [ਦਿਵਾਨਿਆਂ ਦੀ ਪੁਕਾਰ। ਸ਼ਾਹੀ ਸੈਨਾਂ ਦਾ ਅਜੀਤ ਸਿੰਘ ਨੂੰ ਫੜਨ ਜਾਣਾ]

੩੨ ੩੨. [ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ। ਮਾਤਾ ਜੀ ਮਥਰਾ ਆਏ]

੩੩ ੩੩. [ਹਠੀ ਸਿੰਘ ਦੀ ਕਰਤੂਤ। ਮਾਤਾ ਜੀ ਫਿਰ ਦਿੱਲੀ ਆਏ]

੩੪ ੩੪. [ਮਾਤਾ ਜੀ ਦਾ ਗੁਰਪੁਰੀ ਪਯਾਨ]

੩੫ ੩੫. [ਗੁਲਾਬ ਰਾਇ, ਸ਼ਯਾਮ ਸਿੰਘ]

੩੬ ੩੬. [ਅੰਤਮ ਮੰਗਲ]

੧. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

੨. ਕਥਾ ਮੰਗਲ।

੩. ਇਸ਼੍ਟ ਗੁਰੂ-ਗੁਰ ਅਵਤਾਰ-ਮੰਗਲ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

੭. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

੮. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ-ਮੰਗਲ।

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

੧੩. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

੧੪. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਂ ਦਾ-ਮੰਗਲ।

[ਭੂਮਿਕਾ ਤੇ ਅਰਦਾਸ]

# ਦੂਜਾ ਅਯਨ ਚਲਿਆ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਉੱਤਰ ਐਨ† ਪ੍ਰਾਰੰਭਤੇ।

†ਜਦੋਂ ਸੂਰਜ ਉੱਤਰ ਨੂੰ ਜਾਂਦਾ ਪ੍ਰਤੀਤ ਦੇਵੇ, ਲਗਪਗ ੯-੧੦ ਪੋਹ ਤੋਂ ਲਗ ਪਗ ੯-੧੦ ਹਾੜ ਤੱਕ। ੨੩ ਦਸੰਬਰ ਤੋਂ ੨੧ ਜੂਨ ਤੱਕ। ਇਥੇ ਭਾਵ ਪੁਸਤਕ ਦੇ ਇਕ ਹਿੱਸੇ ਤੋਂ ਹੈ, ਜੋ ਸਾਰੇ ਗ੍ਰੰਥ ਦਾ ਅੰਤਮ ਭਾਗ ਹੈ।

ਅਰਥ:

ਹੁਣ ਉਤ੍ਰਾਯਣ ਅਰੰਭ ਕਰਦੇ ਹਾਂ।

### ੧. [ਮੰਗਲ। ਬਹਾਦਰ ਸ਼ਾਹ ਦੀ ਚਤੌੜ ਤੇ ਚੜ੍ਹਾਈ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

### ੨. ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

ਜਗਰਾਨੀ ਮਾਨੀ ਸੁਰਨਿ, ਸੁਖਦਾਨੀ ਨਿਜ ਦਾਸ।
ਪੂਰਨ ਕੀਨਸਿ ਗ੍ਰੰਥ ਕੋ, ਕਵਿ ਰਸਨਾ ਪਰ ਬਾਸ ॥੧॥

ਅਰਥ:

(ਵਿਦਵਾਨ) ਜਗਤ ਦੀ ਰਾਣੀ, ਦੇਵਤਿਆਂ ਤੋਂ ਬੀਂ ਮਾਨਨੀਯ, ਆਪਣੇ ਦਾਸਾਂ ਨੂੰ (ਸੁਭ ਮਤੀ ਰੂਪੀ) ਸੁੱਖਾਂ ਦੀ ਦਾਤੀ (ਸਾਰਦਾ) ਨੇ ਕਵੀ ਦੀ ਰਸਨਾ ਪਰ ਬੈਠਕੇ ਗ੍ਰੰਥ ਨੂੰ ਪੂਰਨ ਕਰਵਾਇਆ ਹੈ।

ਭਾਵ:

ਪੂਰਨ ਇਸ ਲਈ ਏਥੇ ਕਹਿ ਦਿੱਤਾ ਹੈ ਕਿ ਇਹ ਅੰਤਮ ਭਾਗ ਹੈ ਇਸ ਗ੍ਰੰਥ ਦਾ ਤੇ ਇਹ ਭਾਗ ਸਭ ਭਾਗਾਂ ਤੋਂ ਛੋਟਾ ਹੈ।

### ੨. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਸ਼੍ਰੀ ਨਾਨਕ, ਅੰਗਦ ਗੁਰੂ, ਅਮਰਦਾਸ ਪਦ ਬੰਦਿ।
ਰਾਮ ਦਾਸ, ਅਰਜਨ ਗੁਰੂ, ਬਰ ਸ਼੍ਰੀ ਹਰਿ ਗੋਬਿੰਦ ॥੨॥
ਹਰੀ ਰਾਇ, ਹਰਿ ਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ।
ਦਸਵੇਂ ਗੋਬਿੰਦ ਸਿੰਘ ਗੁਰੂ, ਨਮੋ ਚਰਨ ਅਰਵਿੰਦ ॥੩॥

ਅਰਥ:

ਸ਼੍ਰੀ (ਗੁਰੂ) ਨਾਨਕ (ਦੇਵ), (ਸ਼੍ਰੀ) ਗੁਰੂ ਅੰਗਦ (ਦੇਵ), (ਸ਼੍ਰੀ ਗੁਰੂ) ਅਮਰ ਦਾਸ, (ਸ਼੍ਰੀ ਗੁਰੂ) ਰਾਮਦਾਸ, (ਸ਼੍ਰੀ) ਗੁਰੂ ਅਰਜਨ (ਦੇਵ ਤੇ) ਸੁਹਣੇ ਸ਼੍ਰੀ ਗੁਰੂ ਹਰਿ ਗੋਬਿੰਦ ਜੀ (ਸਾਰੇ ਸਤਿਗੁਰਾਂ ਦੇ) ਚਰਨਾਂ ਤੇ ਨਮਸਕਾਰ ਕਰਦਾ ਹਾਂ ॥ ੨ ॥

ਤੇ (ਫੇਰ ਸ਼੍ਰੀ ਗੁਰੂ) ਹਰਿ ਰਾਇ ਜੀ, (ਗੁਰੂ) ਹਰਿ ਕ੍ਰਿਸ਼ਨ ਜੀ (ਸ਼੍ਰੀ) ਗੁਰੂ ਤੇਗ ਬਹਾਦਰ ਚੰਦ (ਵਤ ਸੀਤਲ ਪ੍ਰਕਾਸ਼ ਵਾਲੇ ਤੇ) ਦਸਵੇਂ (ਸਾਹਿਬ ਸ਼੍ਰੀ) ਗੁਰੂ ਗੋਬਿੰਦ ਸਿੰਘ (ਜੀ ਦੇ) ਚਰਨਾਂ ਕਵਲਾਂ ਤੇ ਨਮਸਕਾਰ ਕਰਦਾ ਹਾਂ।

### ੩. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਜਿਹ ਸੱਤਾ ਲਖਿਯਤਿ ਜਗਤ, ਸੋ ਨ ਪਿਖ੍ਯੋ ਕਿਮ ਜਾਇ।

ਜਿਮ ਦ੍ਰਿਗ ਤੇ ਦਿਖਿਯਤਿ ਸਕਲ, ਦ੍ਰਿਗ ਨਹਿ ਦਿਖੀ ਕਦਾਇ ॥੪॥

ਅਰਥ:

ਜਿਸ (ਅਕਾਲ ਪੁਰਖ) ਦੀ ਸੱਤਾ ਕਰਕੇ ਜਗਤ ਦਿੱਸਦਾ ਹੈ, ਉਹ ਕਿਵੇਂ ਵੀ ਦੇਖਿਆ ਨਹੀਂ ਜਾ ਸਕਦਾ, ਜਿਵੇਂ ਅੱਖਾਂ ਨਾਲ ਸਭ ਕੁਝ ਵੇਖ ਲਈਦਾ ਹੈ ਪਰ ਅੱਖਾਂ ਨਹੀਂ ਵੇਖ ਸਕਦੀਆਂ।

ਭਾਵ:

ਇਥੇ ਕਵੀ ਜੀ ਪਰਮਾਤਮਾ ਦੇ ਸਾਡੇ ਆਪੇ ਨਾਲ ਹਾਲਤ ਫਾਇਲੀਅਤ ਦੇ ਤਅੱਲਕ ਦਾ ਰੂਪਕ ਬੰਨ੍ਹਦੇ ਹਨ। ਜਿਵੇਂ ਅੱਖਾਂ ਨਾਲ ਸਾਰਾ ਜਗਤ ਦਿੱਸਦਾ ਹੈ, ਅੱਖ ਦੇਖਣਹਾਰ ਹੁੰਦੀ ਹੈ ਜਗਤ ਦੀਸਣਹਾਰ ਹੁੰਦਾ ਹੈ। ਅੱਖ ਫਾਇਲ ਹੁੰਦੀ ਹੈ, ਜਗਤ ਮਫਊਲ। ਇਸੇ ਤਰ੍ਹਾਂ ਪਰਮਾਤਮਾ ਫਾਇਲ ਹੈ ਮਫਊਲ ਨਹੀਂ, ਇਸ ਕਰਕੇ ਉਸਦੀ ਸੱਤਾ ਨਾਲ ਅਸੀਂ ਜਗਤ ਦੇਖ ਰਹੇ ਹਾਂ ਪਰ ਉਸਨੂੰ ਨਹੀਂ ਦੇਖ ਸਕਦੇ ਕਿਉਂਕਿ ਉਹ ਦ੍ਰਿਸ਼ਟਾ (ਫਾਇਲ) ਹੈ, ਉਹ ਦ੍ਰਿਸ਼ਟਮਾਨ (ਮਫਊਲ) ਨਹੀਂ ਹੈ। ਜੇ ਕੋਈ ਸ਼ੰਕਾ ਕਰੇ ਕਿ ਸ਼ੀਸ਼ਾ ਸਾਮ੍ਹਣੇ ਰੱਖ ਕੇ ਅੱਖ ਦੇਖ ਲਈਦੀ ਹੈ ਤਾਂ ਠੀਕ ਨਹੀਂ ਕਿਉਂਕਿ ਅੱਖ ਤੋਂ ਮੁਰਾਦ ਏਥੇ ਦ੍ਰਿਸ਼ਟਿ ਸ਼ਕਤੀ ਦੀ ਹੈ, ਤੇ ਦ੍ਰਿਸ਼ਟਾਂਤ ਦਾ ਇਕ ਅੰਗ ਲੈਣਾ ਹੈ ਕਿ ਜਿਵੇਂ ਅੱਖ ਆਪਣੇ ਆਪ ਨੂੰ ਦੇਖਣਹਾਰ ਹੋਣ ਕਰਕੇ ਸ੍ਵੈ ਅਨੁਭਵ ਵਿਚ ਆਪੇ ਨੂੰ ਜਾਣਦੀ ਹੈ, ਤਿਵੇਂ ਪਰਮਾਤਮਾ ਨੂੰ ਬੀ ਸ੍ਵੈ ਅਨੁਭਵ ਵਿਚ ਅਸੀਂ ਅਨੁਭਵ ਕਰ ਸਕਦੇ ਹਾਂ ਉਸਨੂੰ ਦ੍ਰਿਸ਼ਟਮਾਨ ਬਣਾਕੇ ਨਹੀਂ ਵੇਖ ਸਕਦੇ।

ਧ੍ਯਾਨਾਨੰਦ ਜੋਗੀਨ ਮਹਿ, ਭੋਗੀ ਬਿਸ਼ਿਯਾਨੰਦ।

ਰਮ੍ਯੋ ਏਕ ਪਰਮਾਤਮਾ, ਬਾਰ ਬਾਰ ਤਿਸ ਬੰਦਿ ॥੫॥

ਅਰਥ:

ਧ੍ਯਾਨ ਅਨੰਦ ਵਿਚ ਮਗਨ ਜੋਗੀਆਂ ਵਿਖੇ ਤੇ ਵਿਸ਼ਿਆਨੰਦ ਵਿਚ (ਲੱਗੇ) ਭੋਗੀਆਂ ਵਿਖੇ ਜੋ ਇਕ ਪਰਮਾਤਮਾ ਵ੍ਯਾਪਕ ਹੈ ਤਿਸ ਨੂੰ (ਮੈਂ) ਬਾਰ ਬਾਰ ਬੰਦਨਾਂ ਕਰਦਾ ਹਾਂ।

ਭਾਵ:

ਏਥੇ ਨਿਰਾਕਾਰ ਅਲੇਪ ਪਰਮਾਤਮਾ ਨੂੰ ਨਮਸਕਾਰ ਕਰ ਰਹੇ ਹਨ, ਜਿਵੇਂ ਚਾਨਣਾ ਜੋਗੀ ਤੇ ਭੋਗੀ ਦੁਹਾਂ ਲਈ ਚਾਨਣਾ ਹੈ, ਪਰ ਦੁਹਾਂ ਦੇ ਕਰਤੱਬ ਦਾ ਲੇਸ਼ ਚਾਨਣੇ ਨੂੰ ਨਹੀਂ ਲਗਦਾ ਤਿਵੇਂ ਨਿਰਾਕਾਰ ਪਰਮਾਤਮਾ ਸਮਾਨ ਸੱਤਾ ਕਰਕੇ ਸਭ ਵਿਚ ਵ੍ਯਾਪਕ ਹੈ। 'ਸਭ ਜੂਨਨ ਮੇਂ ਰਵ ਰਹਿਓ ਊਚ ਨੀਚ ਕੇ ਭੇਸ', ਫਿਰ ਸਭ ਦੇ ਕਰਤੱਵ ਤੋਂ ਅਲੇਪ ਹੈ, ਉਸ ਪਰਮਾਤਮਾਂ ਨੂੰ ਬੰਦਨਾਂ ਕਰਦੇ ਹਨ।

[ਬਿਨਯ]

ਸ਼ੇਸ਼ ਕਥਾ ਉਚਰੌਂ ਅਬੈ, ਜਿਮ ਬਿਕੁੰਠ ਗੁਰ ਜਾਇਂ।

ਪਹੁੰਚਹਿ ਅਬਚਲ ਨਗਰ ਮਹਿਂ, ਸੁਨਿ ਸ਼੍ਰੋਤਾ ਚਿਤ ਲਾਇ ॥੬॥

ਅਰਥ:

ਬਾਕੀ ਦੀ ਕਥਾ ਹੁਣ ਮੈਂ ਉਚਰਦਾ ਹਾਂ, ਜਿਵੇਂ (ਦਸਮ) ਗੁਰੂ ਜੀ ਬਿਕੁੰਠ ਨੂੰ ਜਾਣਗੇ। (ਪਹਿਲੋਂ) ਪਹੁੰਚਣਗੇ (ਜਿਵੇਂ) ਅਬਚਲਨਗਰ ਵਿਖੇ; ਹੇ ਸ਼੍ਰੋਤਾ! ਚਿਤ ਲਾਕੇ ਸੁਣੋ।

ਚੌਪਈ:

ਬਰਖਾ ਬਰਖਤਿ ਬਿਤਯੋ ਚੁਮਾਸਾ।

ਨਗਰ ਆਗਰੇ ਸ੍ਰੀ ਗੁਰ ਬਾਸਾ।

ਸ਼ਾਹਬਹਾਦਰ ਭਾਖਿ ਪਠਾਯੋ।

'ਰਜਪੂਤਨ ਪਰ ਚਾਹਤਿ ਜਾਯੋ ॥੭॥

ਆਦਿ ਉਦੈ ਪੁਰਿ ਜੋ ਰਣ ਗਾਵੇ।
ਮਿਲਹਿਂ ਆਨਿ ਜਿਮ, ਤਿਨ ਡਰ ਬਾਵੇ।
ਆਪ ਕ੍ਰਿਪਾ ਕਰਿ ਸੰਗ ਚਲੀਜੈ।
ਦੇਸ਼ ਬਿਦੇਸ਼ਨਿ ਦਰਸ਼ਨ ਕੀਜੈ' ॥੮॥
ਸੁਨਿ ਸਤਿਗੁਰ ਆਇਸੁ ਫੁਰਮਾਈ
'ਪੂਜ ਨੁਰਾਤੇ ਦੁਰਗਾ ਮਾਈ[†]।

[†]ਇਹ ਪਿੱਛੋਂ ਸਿਖ ਦਰਬਾਰਾਂ ਵਿਚ ਹਿੰਦੂ ਅਹਿਲਕਾਰਾਂ ਦੇ ਵਾੜੇ ਰਿਵਾਜ ਹਨ ਗੁਰੂ ਜੀ ਨੇ ਦੁਰਗਾਂ ਨੂੰ ਆਪਣਾ ਇਸ਼ਟ ਜਾਣਕੇ ਪੂਜਨ ਕਦੇ ਨਹੀਂ ਕੀਤਾ। ਸਗੋਂ ਆਪ ਬ੍ਰਹਮਾ ਵਿਸ਼ਨੂੰ ਸ਼ਿਵ ਸ਼ਾਰਦਾ ਦੇ ਪੂਜਜ ਹਨ, ਤੇ ਕਵਿ ਜੀ ਐਸਾ ਉਹਨਾਂ ਨੂੰ ਵਰਣਨ ਆਪ ਕਰਦੇ ਆਏ ਹਨ; ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ ਤੇ ਪੜ੍ਹੋ ਪਿਛਲੇ ਐਨ ਦਾ ਅੰਸੂ ੧੨ ਅੰਕ ੧੩ ਤੋਂ ੧੯ ਤੱਕ ਤੇ ਇਸੇ ਐਨ ਦੇ ਅੰਸੂ ੨ ਦਾ ਅੰਕ ੨੦, ੨੧ ਤੇ ੨੨। ਸਾਹਿੱਤਜ ਜਿਸ ਵਿਚ ਦੇਵੀ ਦੇ ਬੀਰ ਰਸੀ ਕਰਤੱਬ ਹਨ ਉਹ ਪੰਥ ਵਿਚ ਬੀਰਰਸੀ ਉਤਸਾਹ ਭਰਨੇ ਲਈ ਤਜਾਰ ਹੋਇਆ ਸੀ ਤੇ ਇਸੇ ਮਨੋਰਥ ਲਈ ਉਹ ਵਰਤਣਾ ਚਾਹੀਏ।

ਕਰਹਿਂ ਦਸਹਿਰਾ ਰੀਤਿ ਭਲੇਰੀ।
ਪੁਨ ਹਮ ਚਢਹਿਂ ਲਖਹੁ ਨਹਿਂ ਦੇਰੀ ॥੯॥
ਇਤਨੇ ਗਮਨਹੁਂ ਆਪ ਅਗਾਰੀ।
ਦੇਹੁ ਤ੍ਰਾਸ ਰਜਪੂਤਨਿ ਭਾਰੀ[†]।

[†]ਗੁਰੂ ਜੀ ਰਾਜਪੂਤਾਂ ਨੂੰ ਤ੍ਰਾਸ ਦੇਣ ਦਾ ਹੁਕਮ ਨਹੀਂ ਦੇ ਰਹੇ। ਸ਼ਾਹ ਦਾ ਜੋ ਆਪਣਾ ਮਨਸ਼ਾ ਹੈ ਉਹ ਦੁਹਰਾ ਰਹੇ ਹਨ ਤੇ ਤੂੰ ਜੋ ਆਪਣਾ ਕੰਮ ਕਰਨਾ ਹੈ ਚਲੋ ਕਰੋ, ਅਸੀਂ ਪਿਛੋਂ ਆਵਾਂਗੇ।

ਹਮਰੋ ਮੇਲ ਹੋਹਿ ਅਗਵਾਈ।
ਆਪ ਚਢਹੁ ਲੇ ਦਲ ਸਮੁਦਾਈ' ॥੧੦॥
ਸ਼ਾਹੁ ਪਾਸ ਤਬਿ ਜਾਇ ਬਖਾਨਾ।
ਪਾਇ ਹੁਕਮ ਗੁਰ ਕੀਨਸਿ ਪਯਾਨਾ[1]।

[1]ਸਤਿਗੁਰਾਂ ਦਾ ਹੁਕਮ ਪਾਕੇ (ਪਾਤਸ਼ਾਹ ਨੇ) ਕੂਚ ਕੀਤੀ।

ਰਣਸਿੰਘੇ ਗਨ ਪਟਹ ਨਗਾਰੇ।
ਸੁਤਰੀ ਆਦਿਕ ਬਾਦਿਤ ਭਾਰੇ ॥੧੧॥
ਏਕ ਬਾਰਿ ਬਾਜੇ ਸਮੁਦਾਏ।
ਸ਼ਾਹੁ ਬਹਾਦਰ ਚਢਜੋ ਰਿਸਾਏ।
ਸਨੇ ਸਨੇ ਮੰਜ਼ਲ ਕਰਿ ਨੇਰੇ।
-ਸਤਿਗੁਰ ਮਿਲੈਂ ਆਨਿ ਸੰਗ ਮੇਰੇ- ॥੧੨॥
ਰਜਪੂਤਨ ਕੋ ਤ੍ਰਾਸ ਉਪਾਯੋ।
ਹਿਤ ਮਿਲਿਬੇ ਬਹੁ ਸਾਜ ਬਨਾਯੋ।

ਇਤ ਸਤਿਗੁਰ ਪੂਜਤਿ ਨਵਰਾਤੇ[†]।
ਚੰਦਨ ਧੂਪ ਫੂਲ ਬਹੁ ਭਾਂਤੇ ॥੧੩॥
ਦੁਰਗਾ ਪਾਠ ਅਨੇਕ ਕਰੰਤੇ।
ਸੌਂਜ ਸਕੇਲੀ ਹਮਨ ਹੁਵੰਤੇ।
ਦੀਪ ਸਮੂਹ ਘ੍ਰਿੱਤ ਕੇ ਬਾਰੇ।
ਸ਼ਸਤ੍ਰ ਸਕੇਲਿ ਅਨੇਕ ਪ੍ਰਕਾਰੇ ॥੧੪॥
ਖੰਡੇ ਖੜਗ ਪ੍ਰਚੰਡ ਦੁਧਾਰੇ।
ਸੈਫ਼, ਸਰੋਹੀ, ਜਮਧਰ ਭਾਰੇ।
ਤੋਮਰ, ਭਾਲੇ, ਸਾਂਗ ਸੁ ਢਾਲੇ।
ਧੋਪ[1] ਸੀਖਚੇ[2], ਚੱਕ੍ਰ ਕਰਾਲੇ ॥੧੫॥
ਬਿਛੂਏ, ਖੰਜਰ, ਖਪਰੇ ਬਾਨ।
ਤੁਪਕ, ਤਮਾਂਚੇ, ਧਨੁਖ ਮਹਾਨ।
ਮਹਾਂ ਸਿਲੇਖਾਨਾ[1] ਸਤਿਗੁਰ ਕੋ।
ਪੂਜਹਿਂ ਸਕਲ ਪ੍ਰੇਮ ਕਰਿ ਉਰ ਕੋ ॥੧੬॥
ਭੋਜਨ ਅਨਿਕ ਪ੍ਰਕਾਰ ਕਰਾਏ।
ਪੂਰੀ ਪੰਚਾਂਮ੍ਰਿਤ[1] ਬਰਤਾਏ।
ਜੈ ਜੈ ਸ਼ਬਦ ਉਚਾਰਨ ਕਰਿਤੇ।
ਬੰਦ ਗੌਰਜਾ ਕੋ ਮੁਦ ਧਰਤੇ[†] ॥੧੭॥
ਪੁਨਹਿ ਦੁਸਹਿਰਾ ਕੋ ਦਿਨ ਹੋਵਾ।
ਹਯ ਸ਼ਿੰਗਾਰਜੋ ਅੱਗ੍ਰ ਖਰੋਵਾ।
ਕਰਿ ਵਾਹਨ ਕੀ ਪੂਜਾ ਭਲੇ।
ਵਹਿਰ ਖੇਲਿਬੇ ਹਿਤ ਚਢਿ ਚਲੇ ॥੧੮॥
ਬਿਚਰਤਿ ਆਯੁਧ ਬਿੱਦਯਾ ਕਰਿਤੇ।
ਤੁਰੰਗ ਧਵਾਇ ਤੁਫੰਗ ਸੰਭਰਿਤੇ।
ਛੋਰਤਿ ਬਾਨ ਨਿਸ਼ਾਨਾ ਹਨਤੇ।
ਤੋਮਰ ਦੀਹ ਭ੍ਰਮਾਵੈ ਤਨਿਤੇ ॥੧੯॥
ਖਗਪਤਿ[1†] ਦਰਸ਼ਨ ਕਰਿ ਮੁਰਿ ਆਏ।

[†]ਦੇਖੋ ਉਪਰ ਦੇ ਨਿਸ਼ਾਨ ਵਾਲਾ ਫੁਟਨੋਟ।

[1]ਤਲਵਾਰ ਜੋ ਪਤਲੀ ਤੇ ਸਿੱਧੀ ਹੋਵੇ [ਹਿੰਦੀ, ਧੋਪ। ਸੰਸ:, ਧ੍ਰੁਵਾ ਤੋਂ]। [2]ਸੀਖ ਵਾਂਙੂ ਸਿੱਧੀ ਤਲਵਾਰ, [ਫ਼ਾ:, ਸੀਖ਼ਚਹ]। (ਅ) ਧੋਪ ਸੀਖਚਾ=ਸੀਖ ਵਰਗੀ ਸਿੱਧੀ ਧੋਪ।

[1]ਸ਼ਸਤ੍ਰਾਂ ਦਾ ਖ਼ਜ਼ਾਨਾ। [ਫ਼ਾ:, ਸਿਲਹਖ਼ਾਨਾ]।

[1]ਪੂਰੀ ਕੜਾਹ।

[†]ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ'। ਪੁਨਾ:-'ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ' ਇਹ ਪ੍ਰਤੱਗਯਾ ਪੂਰਬਕ ਵਾਕ ਆਖਣ ਵਾਲੇ ਪਾਰਬਤੀਆਂ ਨੂੰ ਕਦ ਧਿਆਉਂਦੇ ਹਨ?

[1]ਗਰੁੜ ਦਾ। [†]ਗੁਰੂ ਜੀ ਖਗਪਤ ਦੇ ਅਸਵਾਰ ਬਾਬਤ ਕਹਿੰਦੇ ਹਨ 'ਕਿਸਨ ਬਿਸਨ ਕਬਹੂੰ ਨਹਿ ਧਿਆਊਂ'

ਉਹਨਾਂ ਨੂੰ ਗੁਰੂਝਾਂ ਦੇ ਦਰਸ਼ਨ ਕਰਦੇ ਫਿਰਦੇ ਦੱਸਣਾ ਨਯੂਨ ਉਪਮਾ ਹੈ। ਇਹ ਰਿਵਾਜ ਛੋਟੇ ਦਰਜੇ ਦੇ ਅਨਪੜ੍ਹ ਹਿੰਦੂਆਂ ਦੇ ਹਨ। ਇਨ੍ਹਾਂ ਵਹਿਮਾਂ ਵਿਚ ਹੀ ਮੁੜ ਫਸਾਕੇ ਬ੍ਰਾਹਮਣੀ ਮਤ ਦੇ ਅਹਿਲਕਾਰਾਂ ਨੇ ਸਿੱਖ ਰਾਜੇ ਸਿੱਖ ਆਦਰਸ਼ਾਂ ਤੋਂ ਨੀਵੇਂ ਆਂਦੇ ਸਨ। ਐਸੇ ਖਿਆਲ ਆਖੇਪਕ ਜਾਪਦੇ ਹਨ।

ਜਥਾ ਜੋਗ ਉਤਸਾਹ ਬਨਾਏ।
ਇਸ ਪ੍ਰਕਾਰ ਕੇ ਕਰੇ ਬਿਲਾਸੇ।
ਬਾਗ ਅਜਾਇਬ ਸਾਹਿਬ ਬਾਸੇ ॥੨੦॥
ਦਿਵਸ ਤ੍ਰੌਦਸੀ ਕੋ ਪੁਨ ਆਯੋ।
'ਕੂਚ ਕਰੋ' ਸ਼੍ਰੀ ਮੁਖ ਫੁਰਮਾਯੋ।
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਹੋਇ ਤਯਾਰ ਪ੍ਰਭੁ ਚਹਸਿ ਪਯਾਨਾ ॥੨੧॥
ਸੁਨਿ ਸੁਧਿ ਨਗਰ ਆਗਰੇ ਸੰਗਤਿ।
ਦਰਸ਼ਨ ਹਿਤ ਉਮਡੇ ਕਰਿ ਪੰਗਤਿ।
ਲੇ ਅਕੋਰ ਕਰ ਜੋਰਤਿ ਮਿਲੇ।
ਖੁਸ਼ੀ ਲਈ ਸਤਿਗੁਰ ਕੀ ਭਲੇ ॥੨੨॥
'ਦਰਸ਼ਨ ਤੇ ਨਿਹਾਲ ਹਮ ਭਏ।
ਜਨਮ ਮਰਨ ਤੇ ਪਾਪਨਿ ਛਏ[1]।
ਪੂਰਬ ਭਾਗ ਬਿਸ਼ੇਖੈ ਦੇਖੇ।
ਮਾਨੁਖ ਤਨ ਸਗਰੇ ਅਵਰੇਖੇ[1]' ॥੨੩॥

[1]ਨਾਸ਼ ਹੋਏ।

[1]ਸਾਰਿਆਂ ਨੇ ਮਨੁਖ ਸ਼ਰੀਰ ਵਿਚ (ਆਪ ਜੀ ਦੇ) ਦਰਸ਼ਨ ਕੀਤੇ ਹਨ।

ਲਗੇ ਉਪਾਇਨ ਤੇ ਅੰਬਾਰ।
ਦੇ ਦਰਸ਼ਨ ਪ੍ਰਭੁ ਭੇ ਅਸਵਾਰ।
ਡੇਰਾ ਕਰਯੋ ਤਾਲ ਪਰ ਜਾਇ।
ਸੰਗ ਖਾਲਸਾ ਦਲ ਸਮੁਦਾਇ ॥੨੪॥
ਖਾਨ ਪਾਨ ਕਰਿ ਨਿਸਾ ਗੁਜ਼ਾਰੀ।
ਭਈ ਪ੍ਰਾਤਿ ਹੋਈ ਅਸਵਾਰੀ।
ਤੀਨ ਚਾਰ ਮੰਜ਼ਲ ਕਰਿ ਦੀਹਾ।
ਮਿਲੇ ਆਨਿ ਨੌਰੰਗ ਸੁਤ ਜੀਹਾ[1] ॥੨੫॥
ਘੇਰ ਅਮੇਰ[1] ਲੀਨ ਤਬਿ ਸਾਹੂ।

[1]ਜਿਸ ਥਾਂ ਤੇ, ਭਾਵ ਜਿੱਥੇ ਉਹ ਸੀ।

[1]ਅੰਬੇਰ, ਅੰਬਰ। ਜੈ ਪੁਰ ਰਿਆਸਤ ਦੀ ਪਹਿਲੀ ਰਾਜਧਾਨੀ, ਜੋ ਜੈ ਪੁਰੋਂ ਉੱਤਰ ਰੁਖ ਪੱਜ ਸੱਤ ਮੀਲ ਤੇ ਹੈ।

ਆਨਿ ਮਨਾਇ[1†] ਅਪਨਿ ਤਿਨ ਪਾਹੂ।
ਗਏ ਜੋਧਪੁਰਿ ਕੋ ਪੁਨ ਡੇਰੇ।
ਮਿਲ੍ਯੋ ਅਜੀਤ ਸਿੰਘ[1] ਬਲਿ ਹੇਰੇ ॥੨੬॥

[1]ਆਪਣੀ ਆਨ ਮਨਾਕੇ। [†]ਪਾ:-ਮਿਲਾਇ।
[1]ਅਜੀਤ ਸਿੰਘ ਮਾਰਵਾੜ ਦਾ ਰਾਜਾ ਸੀ। ਮਾਰਵਾੜ ਜੋਧ ਪੁਰ ਰਿਆਸਤ ਦਾ ਨਾਮ ਹੈ।

ਹੁਤੋ ਸੰਗ ਭੀ ਦਈ ਅਕੋਰ।
ਦ੍ਵੈ ਕਰ ਜੋਰਿ ਗਰਬ ਕੋ ਛੋਰਿ।
ਚਲ੍ਯੋ ਸ਼ਾਹੁ ਲੇ ਲਸ਼ਕਰ ਭਾਰੀ।
ਮੇੜਤੇਸ਼[1] ਮਿਲਿ ਪਰ੍ਯੋ ਅਗਾਰੀ ॥੨੭॥

[1]ਮੇਰਤਾ ਨਗਰ ਦਾ ਰਾਜਾ। ਜੋਧ ਪੁਰ ਤੇ ਬੀਕਾਨੇਰ ਦੇ ਵਿਚਾਲੇ ਮੇਰਤਾ ਹੈ। (ਇਸ ਦੇ ਰਾਜਾ ਰਾਠੌਰ ਸਿੰਘ ਦੀ ਵਹੁਟੀ ਸੀ 'ਮੀਰਾਂ ਬਾਈ')

ਬਹੁੜ ਚਿਤੌੜ ਦਿਸ਼ਾ ਚਢਿ ਚਾਲਾ।
ਪਰੀ ਧਾਂਕ ਤਿਸ ਦੇਸ਼ ਬਿਸਾਲਾ।
ਰਾਣੇ ਅਰੁ ਰਾਜੇ ਰਾਜਪੂਤ।
ਮਿਲੇ ਸਕਲ ਹੀ ਪਠਿ ਪਠਿ ਦੂਤ ॥੨੮॥
ਸਿੰਘ ਕਿਤੇਕ ਦੇਖਿਬੇ ਹੇਤੁ।
ਗਏ ਚਿਤੌੜ ਬਿਖੈ ਲਖਿ ਭੇਤ।
ਤ੍ਰਿਣ ਸ਼ੁਭ ਹੇਰੇ ਲਏ ਉਠਾਇ।
ਉਤ ਕੇ ਨਰ ਆਏ ਸਮੁਦਾਇ ॥੨੯॥
ਸੋ ਨਹਿਂ ਦੇਤਿ ਸਿੰਘ ਤ੍ਰਿਣ ਲੇਤਿ।
ਬਧ੍ਯੋ ਬਾਦ ਹ੍ਵੈਗੋ ਰਣ ਖੇਤ।
ਚਲੀ ਤੁਫੰਗਹਿਂ ਦੁਹਿਦਿਸ਼ਿ ਕੇਰੀ।
ਹਲਾਹਲੀ ਮਾਚੀ ਤਿਸ ਬੇਰੀ ॥੩੦॥
ਛੁਟੇ ਤੀਰ ਗੋਰੀ ਸਮੁਦਾਇ।
ਮਚ੍ਯੋ ਰੌਰ ਸੁਨਿ ਕੈ ਤਿਸ ਥਾਇਂ।
ਮਿਲਿ ਰਜਪੂਤ ਘਨੇ ਹੁਇ ਆਏ।
ਗ੍ਰਿਹ ਆਯੁਧ ਸਿੰਘਨਿ ਪਰ ਧਾਏ ॥੩੧॥
ਇਤਿ ਸਤਿਗੁਰ ਸੁਨਿ ਕੈ ਬਡ ਰੌਰਾ।
ਪਠ੍ਯੋ ਖਾਲਸਾ ਗਨ ਤਿਸ ਠੌਰਾ।
ਦੁਹਿ ਦਿਸ਼ਿ ਮਿਲੇ ਆਨਿ ਗਨ ਜੋਧਾ।
ਦੇਖਿ ਜੁੱਧਿ ਵਧਿ[1] ਉਪਜ੍ਯੋ ਕ੍ਰੋਧਾ।
ਤੜਾਭੜੀ ਤੁਪਕਨ ਕੀ ਮਾਚੀ।

[1]ਯੁੱਧ ਵਧਿਆ ਦੇਖਕੇ।

ਲਗਹਿ ਅੰਗ ਸ਼੍ਰੋਣਤਿ ਰਜ ਰਾਚੀ।
ਫੂਟੇ ਮੂੰਡ ਰਿਦੇ ਗਿਰ ਪਰੇ[1]।
ਮਰਿ ਮਰਿ ਸੁਰਗ ਪਯਾਨੌਂ ਕਰੇ ॥੩੩॥
ਸਿੰਘ ਹੇਲ ਘਾਲਹਿਂ ਲੇਂ ਘਾਸ।
ਸੋ ਨਹਿਂ ਦੇਤਿ ਖਰੇ ਦ੍ਰਿਢ ਪਾਸ।
ਜਾਮ ਏਕ ਲੌ ਜੰਗ ਮਚਾਯੋ।
ਪੁੰਜ ਤੁਫੰਗਨਿ ਸ਼ਬਦ ਉਠਾਯੋ ॥੩੪॥
ਤਬਿ ਸਿੰਘਨ ਰੋਪਯੋ ਪਗ ਆਗੇ।
ਬ੍ਰਿੰਦ ਪਲੀਤੇ ਇਕਠੇ ਦਾਗੇ।
ਲਗੀ ਕਿਤਿਕ ਸ਼ੱਤ੍ਰਨਿ ਕੇ ਗੋਰੀ।
ਦੜ ਦੜ ਗਿਰੇ ਦੇਹਿ ਗਨ ਫੋਰੀ ॥੩੫॥
ਦੇਖਿ ਤ੍ਰਾਸ ਕਰਿ ਭਾਗ ਸਿਧਾਏ।
ਸਿੰਘ ਉਠਾਇ ਘਾਸ ਗਨ ਲਯਾਏ।
ਸ਼੍ਰੀ ਗੁਰ ਹੇਰਿ ਤਿਨਹੁ ਸਮਝਾਯੋ।
'ਬਿਨਾ ਕਹੇ ਕਿਮ ਜੰਗ ਮਚਾਯੋ ॥੩੬॥
ਗਏ ਬਿਲੋਕਨ ਥਾਨ ਚਿਤੌਰ।
ਬਿਨ ਮਰਜ਼ੀ ਹਮਰੀ ਕਿਯ ਰੌਰ।
ਨਹਿਂ ਆਗੇ ਤੁਮ ਕੀਜੈ ਐਸੇ।
ਬਿਚ ਬਿਦੇਸ਼ ਰਣ ਠਾਨਤਿ ਜੈਸੇ ॥੩੭॥
ਸੁਭਟ ਹਜ਼ਾਰਹੁਂ ਹੋਤਿ ਸਕੇਲਾ।
ਘੇਰ ਲੇਤਿ ਤੁਮਿ ਕੋ ਕਰਿ ਹੇਲਾ।
ਕੋ ਸਹਾਇ ਹੋ ਤਹਾਂ ਬਚਾਵਤਿ।
ਪਹਿਲੇ ਹੀ ਸੰਘਰ ਕਰਿ ਘਾਵਤਿ' ॥੩੮॥
ਇੱਤਯਾਦਿਕ ਸਮੁਝਾਇ ਟਿਕਾਏ।
ਕਿਸਹੂੰ ਨਰ ਤੇ ਗੁਰ ਸੁਨਿ ਪਾਏ।
'ਆਗੇ ਬਿਖਮ ਸਥਾਨ ਦੁਖਾਲਾ।
ਮਗ ਬਿਹੀਨ ਤਹਿਂ ਜਾਇ ਨ ਚਾਲਾ ॥੩੯॥
ਗਿਰ ਕਾਨਨ ਦੁਖਦਾਯਕ ਘਨੇ।
ਤਹਾਂ ਪਯਾਨ ਨ ਕਯੋਂ ਹੂੰ ਬਨੇ।'
ਤਬਿ ਸਤਿਗੁਰ ਉਤ ਤੇ ਹਟਿ ਪਰੇ।

[1]ਸਿਰ ਤੇ ਹਿਰਦੇ ਫੁੱਟਕੇ ਡਿਗ ਪਏ।

ਜਿਤ ਮਗ ਸੁਨਯੋ ਹੁਤੋ ਸੁਖ ਕਰੇ ॥੪੦॥
ਤਿਤ ਹੀ ਦਿਸ਼ ਕੋ ਕੀਨ ਪਯਾਨਾ।
ਸਨੇ ਸਨੇ ਪਹੁੰਚੇ ਤਿਸ ਥਾਨਾ।
ਨਦੀ ਨਰਬਦਾ ਤਟ ਬਡ ਹੇਰਾ।
ਉਤਰਯੋ ਸ਼ਾਹੁ ਬਹਾਦਰ ਹੇਰਾ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਮਾਰਗ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਮਾਨ ਸਿੰਘ ਦਾ ਸ਼ਹੀਦ ਹੋਣਾ। ਬੁਰਹਾਨ ਪੁਰ ਪੁੱਜਣਾ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਸਾਹਿਬ ਪਹੁੰਚੇ ਨਦੀ ਤਟ, ਸਿਵਰ ਕਰਜੋ ਸ਼ੁਭ ਥਾਨ।
ਸਿੰਘ ਰਹੇ ਪਾਛੇ ਕਿਤਿਕ, ਧਰੇ ਤੁਫੰਗ ਕਮਾਨ ॥੧॥

ਚੌਪਈ:

ਘਾਸ ਲੇਨਿ ਕੇ ਹਿਤ ਬਿਰਮਾਏ।
ਰੋਕਜੋ ਜਾਇ ਭਾਰ ਬੰਧਵਾਏ।
ਉਤ ਤੇ ਕੁਛ ਦਲ ਸੁਭਟ ਘਨੇਰੇ।
ਹੁਤੇ ਸ਼ਾਹੁ ਕੇ ਪਿਖਜੋ ਬਡੇਰੇ ॥੨॥
ਕਹੇ ਸੁ 'ਹਮ ਲੀਨੇ ਤ੍ਰਿਣ ਘਨੇ।
ਤੁਮ ਕੈਸੇ ਮਾਲਕ ਅਬਿ ਬਨੇ।'
ਕਿਤਿਕ ਤੁਰਕ ਤਿਨ ਮਹਿਂ ਅਸ ਹੁਤੇ।
ਜਿਨ ਸਨਬੰਧੀ ਸਿੰਘਨਿ ਹਤੇ ॥੩॥
ਆਨੰਦਪੁਰਿ ਬਡ ਜੰਗ ਮਝਾਰਾ।
ਮਾਰੇ ਤਹਾਂ ਸ਼ੋਕ ਸੁਨਿ ਧਾਰਾ।
ਸਿਮਰਨ ਕਰਜੋ ਬੈਰ ਪਸ਼ਚਾਤੀ।
ਹੋਤਿ ਭਏ ਆਯੁਧ ਕੇ ਘਾਤੀ ॥੪॥
ਇਤ ਸਿੰਘਨ ਭੀ ਤੁਪਕ ਚਲਾਈ।
ਨਾਹਕ ਹੀ ਬਜਿ ਪਰੀ ਲਰਾਈ।
ਸ਼੍ਰੀ ਗੁਰ ਡੇਰਾ ਕਰਿ ਸ਼ੁਭ ਥਾਏਂ।
ਹੇਤੁ ਸੁਚੇਤੇ ਉਤ ਹੀ ਆਏ ॥੫॥
ਲਰਹਿਂ ਸਿੰਘ ਸੁਨਿ ਕੈ ਪ੍ਰਭੁ ਕਾਨ।
ਮਾਨ ਸਿੰਘ ਭੇਜਜੋ ਤਿਸ ਥਾਨ।
'ਦੋਨਹੁਂ ਦਿਸ਼ਿ ਸਮੁਝਾਇ ਹਟਾਵੋ।
ਕਜੋਂ ਨਾਹਕ ਲਰਿ ਪ੍ਰਾਨ ਗੁਵਾਵੋ ॥੬॥
ਅਲਪ ਬਾਤ ਪਰ ਇਤਿਕ ਬਖੇਰਾ।
ਨਹਿਂ ਕੀਜੈ ਦੀਰਘ ਭਟ ਭੇਰਾ।'
ਮਾਨ ਸਿੰਘ ਹਯ ਗਯੋ ਧਵਾਇ।
ਕਹਿ ਦੋਨਹੁਂ ਦਿਸ਼ਿ ਦਏ ਹਟਾਏ ॥੭॥
'ਗੁਰੁ ਸ਼ਾਹੁ ਕੋ ਮੇਲ ਬਿਸਾਲਾ।
ਕਿਸ ਅਲੰਬ ਤੁਮ ਸੰਘਰ ਘਾਲਾ।

ਮਰੇ ਪਰੇ ਦੁਹਿਦਿਸ਼ਿ ਕੇ ਯੋਧਾ।
ਘਾਸ ਹੇਤੁ ਕਜੋਂ ਕੀਨਸਿ ਕ੍ਰੋਧਾ' ॥੮॥
ਇਮ ਸਮੁਝਾਏ ਸ਼ਾਂਤਿ ਵਰਤਾਈ।
ਫਿਰਜੋ ਬੀਚ ਕਰਿ ਬੀਚ ਤਥਾਈ[1]।
ਇਕ ਤੁਰਕਨਿ ਕੇ ਭਟ ਮਤਿਮੰਦ।
ਤਿਨ ਕਰਿ ਤਜਾਰ ਤੁਫੰਗ ਬਿਲੰਦ ॥੯॥
ਮਾਨ ਸਿੰਘ ਕੋ ਤਾਕਿ ਚਲਾਈ।
ਔਚਕ ਲਗੀ ਗਿਰਜੋ ਛਿਤ ਜਾਈ।
ਦੇਖਤਿ ਸਿੰਘਨਿ ਕ੍ਰੋਧ ਵਧਾਯੋ।
ਭਰੀ ਤੁਫੰਗਨ ਜੰਗ ਮਚਾਯੋ ॥੧੦॥
ਹੇਲਾ ਘਾਲਿ ਸ਼ੱਤ੍ਰੂ ਗਨ ਮਾਰੇ।
ਗਿਰੇ ਹਯਨਿ ਤੇ ਮਨਹੁਂ ਮੁਨਾਰੇ।
ਔਚਕ ਹਤਿ ਅਚਰਜ ਬਡ ਕਿਯੋ।
ਕਹੌਂ ਕਹਾਂ ਦੀਰਘ ਰਣ ਭਯੋ ॥੧੧॥
ਕੇਤਿਕ ਤੁਰਕ ਮਰਾਇ ਪਲਾਏ।
ਸਿੰਘ ਘਾਸ ਲੇ ਕਰਿ ਸਭਿ ਆਏ।
ਮਾਨ ਸਿੰਘ ਕੋ ਮਰਨੋਂ ਸੁਨਜੋਂ।
ਬਹੁ ਅਫਸੋਸ ਗੁਰੂ ਮਨ ਗਿਨਜੋ ॥੧੨॥
'ਕਹਾਂ ਕਰੀ ਮਤਿਮੰਦਨ ਬਾਤ।
ਫਿਰਤ ਹਟਾਵਤਿ, ਕੀਨਸਿ ਘਾਤ।
ਮਹਾਂ ਸੂਰਮਾ ਅਰੁ ਬੁਧਿਵਾਨ।
ਕਹਾਂ ਹੋਇ ਸੋ ਪ੍ਰਾਪਤਿ ਪਾਨ ॥੧੩॥
ਕੌਨ ਕੌਨ ਗੁਨ ਸਿਮਰੈਂ ਤਾਂਹੀ।
ਸਭਿ ਕਾਰਜ ਮਹਿਂ ਸ਼ੁਭ ਮਤਿ ਜਾਂਹੀ।
ਪੁਰਿ ਅਨੰਦ ਚਮਕੌਰ ਮਝਾਰਾ।
ਲਰਿ ਕਰਿ ਨਿਕਸਜੋ ਸੰਗ ਜੁਝਾਰਾ ॥੧੪॥
ਐਸੋ ਬੀਰ ਕਹਾਂ ਅਬਿ ਪਾਊਂ।
ਵਿਰਲੇ ਹੋਤਿ, ਨਹੀਂ ਸਭਿ ਥਾਊਂ।'
ਸਰਬ ਪ੍ਰਸੰਗ ਸ਼ਾਹੁ ਜਬਿ ਸੁਨਜੋਂ।
ਰਹਜੋ ਬਿਸੁਰਤ ਮਾਥੋ ਧੁਨਜੋਂ ॥੧੫॥
ਹੁਕਮ ਕਰਜੋ 'ਸਭਿ ਕੋ ਗਹਿ ਲੀਜੈ।

[1]ਓਥੇ ਵਿੱਚ ਫਿਰਕੇ ਵਿਚੋਲਗੀ ਕਰਦਾ ਰਿਹਾ।

ਖ਼ਤਾਵੰਦ ਗੁਰ ਕੋ ਅਬਿ ਦੀਜੈ।
ਜਿਮ ਚਾਹੈਂ ਤਿਮ ਪਲਟਾ ਲੈ ਹੈਂ।
ਪ੍ਰਥਮ ਬੈਰ ਮੂਰਖ ਸਿਮਰੈ ਹੈਂ' ॥੧੬॥
ਚਢੀ ਸੈਨ ਸਭਿ ਕੋ ਗਹਿ ਲਜਾਈ।
ਖਰੇ ਕਰੇ ਹਜ਼ਰਤ ਅਗਵਾਈ।
ਤਿਨ ਸਭਿਹਿਨ ਕੋ ਲੈ ਕੇ ਸਾਥ।
ਆਯੋ ਜਹਿਂ ਬੈਠੇ ਜਗਨਾਥ ॥੧੭॥
ਨਮੋ ਕਰਤਿ ਥਿਰ ਹੋਯਹੁ ਪਾਸ।
ਸਕਲ ਬਾਰਤਾ ਕਰੀ ਪ੍ਰਕਾਸ਼।
'ਗੁਨਹਿਗਾਰ ਗਨ ਇਹੀ ਤੁਮਾਰੇ।
ਹੁਕਮ ਕਰੋ ਜਿਮ ਤਿਮ ਦਜੋਂ ਮਾਰੇ ॥੧੮॥
ਕੈ ਸਲਿਤਾ ਮਹਿਂ ਸਭਿਨਿ ਡੁਬਾਇ।
ਕੈ ਮੁਹਿ ਤੋਪਨ ਕੇ ਉਡਿਵਾਇ।
ਇਨ ਮੂੜਨਿ ਪ੍ਰਤਾਪ ਨਹਿਂ ਜਾਨਾ।
ਦਈ ਮੋਹਿ ਤੁਮ ਸਲਤਨ ਦਾਨਾ ॥੧੯॥
ਗਨ ਗਜ ਬਾਜੀ ਆਦਿ ਸਮਾਜ।
ਮੋ ਕੋ ਦਿਯੋ ਗ਼ਰੀਬ ਨਿਵਾਜ!'
ਸੁਨਿ ਪ੍ਰਭੁ ਕਹਜੋ 'ਕਹਿਰ ਇਨ ਧਰਜੋ।
ਹੇਤੁ ਹਟਾਵਨ ਪਠਿਬੋ ਕਰਜੋ ॥੨੦॥
ਦੁਹਿਦਿਸ਼ਿ ਤੇ ਸਮੁਝਾਇ ਮਿਟਾਏ।
ਭਯੋ ਸ਼ੰਕ ਬਿਨ ਇਤ ਉਤ ਜਾਏ।
ਸੁਧਿ ਬਿਨ ਇਕ ਮੂਰਖ ਤਕਿ ਗੋਰੀ।
ਹਤੀ ਨੇਰ ਹੁਇ ਛਾਤੀ ਫੋਰੀ ॥੨੧॥
ਐਸੋ ਕਰਮ ਕੁਮਤਿ ਧਰਿ ਕਰਜੋ।
ਬੀਰ ਅਮੋਲਕ ਪ੍ਰਾਨਨਿ ਹਰਜੋ।
ਗਨ ਸ਼ੱਤ੍ਰਨਿ ਸਨ ਏਕ ਲਰੰਤਾ।
ਸੁਮਤਿਵੰਦ ਬਹੁ ਧੀਰਜਵੰਤਾ ॥੨੨॥
ਪ੍ਰਥਮ ਬੈਰ ਸਿਮਰਜੋ ਮਤਿਮੰਦੇ।
ਨਹਿਂ ਜਾਨਜੋਂ ਇਨ ਅਪਨਿ ਨਿਕੰਦੇ[1]।' — [1]ਇਸਨੇ ਜਾਣਿਆ ਨਹੀਂ (ਕਿ ਇਹ ਇਸ ਨੇ) ਆਪਣਾ ਨਾਸ਼ ਕੀਤਾ ਹੈ।
ਕਹਿ ਇੱਤਜਾਦਿ ਕ੍ਰਿਪਾ ਪ੍ਰਭੁ ਕੀਨੀ।
'ਤਜਾਗ ਦੇਹੁ[1] ਇਨ,' ਆਇਸੁ ਦੀਨੀ — [1]ਛੱਡ ਦਿਓ।

॥੨੩॥
'ਕਰਹਿਂ ਸੰਘਾਰ ਹਾਥ ਨਹਿਂ ਆਵੈ।
ਅਪਨੋ ਕਿਯੋ ਆਪ ਹੀ ਪਾਵੈ।'
ਪਕਰੇ ਹੁਤੇ ਪਾਇ ਬਡ ਤ੍ਰਾਸਾ।
ਜਾਨੈ -ਨਿਸ਼ਚੈ ਹੋਇ ਬਿਨਾਸ਼ਾ- ॥੨੪॥
ਗੁਰਬਾਣੀ ਸੁਨਿ ਸੁਧਾ ਸਮਾਨਾ।
ਲਖੀ ਕਿ -ਦੀਨ ਪ੍ਰਾਨ ਕੋ ਦਾਨਾ-।
'ਧੰਨ ਗੁਰੂ ! ਤੁਮਰੀ ਬਡਿਆਈ।
ਅਸ ਅਪਰਾਧੀ ਦਏ ਛੁਡਾਈ' ॥੨੫॥
ਸ਼ਾਹੁ ਬਹਾਦਰ ਬਿਨਤੀ ਕਰਿ ਕਰਿ।
ਅਧਿਕ ਦੀਨਤਾ ਨਿਜ ਮਹਿਂ ਧਰਿ ਧਰਿ।
ਸਤਿਗੁਰ ਕੋ ਰਿਝਾਇ ਬਹੁ ਲੀਨੋ।
ਕਰਿ ਬੰਦਨ ਪਗ ਉਠਿਬੋ ਕੀਨੋ ॥੨੬॥
ਨਿਜ ਡੇਰੇ ਮਹਿਂ ਪਹੁਂਚਯੋ ਜਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਭਾਤ ਕੂਚ ਕਰਿ ਡੇਰੇ।
ਚਲ੍ਯੋ ਬਹਾਦਰ ਸ਼ਾਹੁ ਅਗੇਰੇ ॥੨੭॥
ਮਿਲੇ ਰਾਵ ਰਾਣੇ ਸਮੁਦਾਈ।
ਭਯੋ ਤੇਜ ਦਿਨ ਪ੍ਰਤਿ ਅਧਿਕਾਈ।
ਦੇਖਤਿ ਲਸ਼ਕਰ ਸਿੰਘ ਸਮਾਨਾ।
ਹ੍ਵੈ ਨ ਮਵਾਸੀ ਤ੍ਰਾਸ ਮਹਾਨਾ ॥੨੮॥
ਸਲਿਤਾ ਤਪਤੀ ਤਰਨਿ ਕੁਮਾਰੀ[1]।

[1]ਤਾਪਤੀ ਨਾਮੇ ਨਦੀ ਤੋਂ ਮੁਰਾਦ ਹੈ ਜੋ ਸੂਰਜ ਦੀ ਪੁੱਤ੍ਰੀ, ਉਸਦੀ ਇਸਤ੍ਰੀ ਛਾਇਆ ਤੋਂ ਜੰਮੀ, ਮੰਨੀ ਜਾਂਦੀ ਹੈ। ਇਹ ਸਤਪੁੜਾ ਪਹਾੜਾਂ ਵਿਚੋਂ ਨਿਕਲਕੇ ਅਰਬ ਸਮੁੰਦਰ ਵਿਚ ਡਿਗਦੀ ਹੈ।

ਮਗ ਉਲੰਘਿ ਪਹੁਂਚਯੋ ਦਲ ਭਾਰੀ।
ਉਤਰ੍ਯੋ ਸ਼ਾਹੁ ਤੀਰ ਤਿਸ ਕੇਰੇ।
ਬਿਮਲ ਨੀਰ ਸੁੰਦਰ ਕੋ ਹੇਰੇ ॥੨੯॥
ਚੱਕ੍ਰਵਾਕ[1], ਕਾਰਿੰਡਵ[2] ਘਨੇ।

[1]ਚਕਵਾ ਚਕਵੀ। [2]ਵੱਡੀਆਂ ਬੱਤਕਾਂ।

ਤਟ ਸ਼ਬਦਾਇਮਾਨ ਖਗ ਭਨੇ[1]।

[1]ਕਿਨਾਰਾ ਸ਼ਬਦ ਵਾਲਾ ਹੋ ਰਿਹਾ ਹੈ ਪੰਛੀਆਂ ਦੇ ਬੋਲਣ ਨਾਲ।

ਕੂਰਮ, ਮੀਨ ਬ੍ਰਿੰਦ ਜਲਜੰਤਾ।
ਸੁੰਦਰ ਦੇਸ਼ ਜਹਾਂ ਸੁਖਵੰਤਾ ॥੩੦॥

ਚਲਿ ਆਏ ਸਤਿਗੁਰ ਭਗਵਾਨ।
ਹੇਰਤਿ ਉਤਰੇ ਪੁਰਿ ਬੁਰਹਾਨ।
ਤਹਿਂ ਕੀ ਸੰਗਤਿ ਸਦਨ ਸੁਧਾਰਾ।
ਗੁਰ ਕੇ ਹੇਤੁ ਮਨੋਰਥ ਧਾਰਾ ॥੩੧॥
ਕਰਹਿਂ ਬਸਾਵਨ ਇਸ ਕੇ ਮਾਂਹਿ।
ਸਭਿ ਸੰਗਤਿ ਪੁਨਿ ਦਰਸ਼ਨ ਜਾਹਿਂ।'
ਸੰਮਤ ਆਗੇ ਸਦਨ ਬਨਾਏ।
ਧਰੀ ਕਾਮਨਾ -ਬਸਿ ਹੈਂ ਆਏ- ॥੩੨॥
ਸੰਗਤਿ ਕੀ ਪੂਰਨ ਅਭਿਲਾਖਾ।
ਪਹੁੰਚੇ ਗੁਰੂ ਸਕਲ ਮਗ ਨਾਖਾ[1]। [1]ਲੰਘਕੇ।
ਸੰਗਤ ਕੇ ਮੁਖਿ ਸਿਖ ਚਲਿ ਆਏ।
ਲੇ ਗਮਨੇ ਹ੍ਵੈ ਕਰਿ ਅਗਵਾਏ ॥੩੩॥
ਹਾਥ ਜੋਰਿ ਉਤਰਾਇ ਬਡੇਰਾ।
ਸੰਗਤਿ ਆਨਿ ਦਰਸ ਕੋ ਹੇਰਾ।
ਅਨਿਕ ਅਕੋਰਨ ਅਰਪਿ ਅਗਾਰੀ।
ਦਰਬ ਬਿਭੂਖਨ ਪਟ ਮੁਲ ਭਾਰੀ ॥੩੪॥
ਬਹੁ ਪਕਵਾਨ ਤਿਹਾਵਲ ਆਏ।
ਕਰਿ ਅਰਦਾਸ ਅਖਿਲ ਬਰਤਾਏ।
ਹੇਤ ਦੇਗ਼ ਕੇ ਚਾਵਰ ਚੂਨ।
ਘ੍ਰਿਤ ਮਿਸ਼ਟਾਨ ਆਨਿ ਸਭਿਹੂੰਨਿ[1] ॥੩੫॥ [1]ਸਾਰੇ ਲਿਆਏ।
ਕੀਨੀ ਬਿਬਿਧਿ ਬਿਧਿਨਿ ਕੀ ਸੇਵਾ।
ਕਰੇ ਪ੍ਰਸੰਨ ਭਲੇ ਗੁਰਦੇਵਾ।
ਖੁਸ਼ੀ ਕਰੀ ਸਭਿ ਪਰ ਹਰਖਾਏ।
ਪੂਰੀ ਕਾਮਨਾ ਸਿਖ ਸਮੁਦਾਏ ॥੩੬॥
ਤਪਤੀ ਨਦੀ ਤੀਰ ਪਰ ਡੇਰਾ।
ਉਚ ਦਮਦਮਾ ਸੁੰਦਰ ਹੇਰਾ।
ਤਹਾਂ ਬਾਸ ਪ੍ਰਭੁ ਨਿਸਾ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੩੭॥
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਜ਼ੇਵਰ ਜਬਰ ਜ਼ੇਬ ਜਿਨ ਜਾਨਾ।
ਸਭਾ ਖਾਲਸੇ ਕੀ ਦਿਸ਼ਿ ਚਾਰੀ।

ਮਿਲੇ ਹਜ਼ਾਰਹੁਂ ਨਰ ਅਰੁ ਨਾਰੀ ॥੩੮॥
ਦਰਸ਼ਨ ਕਰਤਿ ਹੋਤਿ ਬਲਿਹਾਰੀ।
ਸੁਨਹਿਂ ਬਾਕ ਗੁਰ ਕੇ ਸੁਖਕਾਰੀ।
ਇਸ ਪ੍ਰਕਾਰ ਕੇਤਿਕ ਦਿਨ ਡੇਰਾ।
ਬਸੇ ਦੇਸ਼ ਬਹੁ ਸੁੰਦਰ ਹੇਰਾ ॥੩੯॥
ਬਾਪੀ ਕੂਪ ਤਰੋਵਰ ਭਾਰੇ।
ਸੂਰਜ ਦੁਹਿਤਾ ਤੀਰ ਉਦਾਰੇ।
ਚਢਿ ਕਰਿ ਵਿਚਰਹਿਂ, ਇਕ ਸਮ ਅਵਨੀ।
ਹਰਿਤ ਦੂਰਬਾ ਤੇ ਦੁਤਿ ਰਵਨੀ[1] ॥੪੦॥
ਸ਼ਾਹੁ ਬਹਾਦਰ ਚਢਿ ਪ੍ਰਸਥਾਨਾ।
ਦੇਸ਼ਨ ਸਭਨਿ ਮਨਾਵਤਿ ਆਨਾ।
ਕੇਤਿਕ ਦਯੋਸ ਪ੍ਰਭੂ ਤਹਿਂ ਰਹੇ।
ਕਵਿ ਸੰਤੋਖ ਸਿੰਘ ਜਸੁ ਕੋ ਕਹੇ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੁਰਹਾਨ ਪੁਰ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

[1]ਹਰੇ ਹਰੇ ਘਾਸ ਨਾਲ ਸ਼ੋਭਾ ਰਮਣੀਕ ਹੋ ਰਹੀ ਹੈ।

## ੩. [ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਸ਼ਾਹੁ ਬਹਾਦਰ ਚਢਿ ਗਯੋ, ਦੱਛਨ ਦੇਸ਼ ਮਝਾਰ।
ਜਹਾਂ ਜੰਗ ਨੌਰੰਗ ਕਰਿ, ਲੇ ਧਨ ਦੇਸ਼ ਉਦਾਰ[1] ॥੧॥

[1]ਜਿੱਥੇ ਔਰੰਗਜ਼ੇਬ ਨੇ ਜੰਗ ਕਰਕੇ ਬਹੁਤ ਧਨ ਵਾਲਾ ਦੇਸ਼ ਲੈ ਲਿਆ ਸੀ। (ਅ) ਦੇਸ਼ ਤੋਂ ਬਹੁਤ ਧਨ ਲਿਆ ਸੀ।

ਚੌਪਈ:

ਪਿਖਿ ਸਿੱਖਨਿ ਕੋ ਭਾਉ ਮਹਾਨਾ।
ਹਿਤ ਰਾਖਨ ਬਹੁ ਬਾਰਿ ਬਖਾਨਾ।
ਤਿਨ ਕੀ ਸੁਨਿ ਕੈ ਸ਼੍ਰੀ ਪ੍ਰਭੁ ਬਿਨਤੀ।
ਪੁਰਿ ਬੁਰਹਾਨ ਬਸੇ ਤਜਿ ਗਿਨਤੀ ॥੨॥
ਦਿਨ ਪ੍ਰਤਿ ਸੇਵਾ ਕਰੈਂ ਘਨੇਰੀ।
ਦਰਸ਼ਨ ਪਿਖਹਿਂ ਜਾਹਿਂ ਜੁਗ ਬੇਰੀ[1]।
[1]ਦੋ ਵੇਰੀ ਜਾਕੇ।
ਬਡੀ ਆਰਬਲ ਸਾਧੂ ਏਕ।
ਬਸਹਿ ਨਗਰ ਮਹਿਂ ਸਹਿਤ ਬਿਬੇਕ ॥੩॥
ਗੁਰ ਆਗਵਨ ਸੁਨਜੋਂ ਤਿਨ ਕਾਨ।
ਅੰਮ੍ਰਿਤ ਦਯੋ ਮਨਹੁਂ ਕਿਨ ਆਨਿ।
ਤੁਰਤ ਉਠਜੋ ਦਰਸ਼ਨ ਕੋ ਗਯੋ।
ਨਦੀ ਤੀਰ ਗੁਰ ਥਿਰ ਜਹਿਂ ਭਯੋ ॥੪॥
ਸਭਾ ਮਝਾਰ ਸੁਹਾਵਤਿ ਐਸੇ।
ਕਰਿ ਸ਼ਿੰਗਾਰ ਧਨਾਧਿਪ[1] ਜੈਸੇ।
[1]ਕੁਬੇਰ।
ਹੇਰਿ ਦੂਰ ਤੇ ਪ੍ਰੇਮ ਪ੍ਰਫੁਲਾ।
ਮਨਹੁਂ ਅਮਲ ਤੇ ਅਮਲੀ ਝੂਲਾ[1] ॥੫॥
[1]ਝੂੰਮ ਪਿਆ।
ਰਿਦੈ ਅਨੰਦ ਉਮੰਗਤਿ ਜੋਵਾ।
ਰੋਮੰਚਤਿ ਸਾਧੂ ਤਨ ਹੋਵਾ।
ਨੀਠ ਨੀਠ ਪਾਇਨਿ ਕਹੁ ਡਾਲਤਿ[1]।
[1]ਮਸਾਂ ਮਸਾਂ ਪੈਰਾਂ ਨੂੰ (ਅੱਗੇ) ਧਰਦਾ ਹੈ।
ਡਗਮਗਾਤਿ, ਡੋਲਤਿ, ਦ੍ਰਿਗ ਚਾਲਤਿ[1] ॥੬॥
[1]ਨੈਣ ਚਲਦੇ ਹਨ ਭਾਵ ਅੱਥਰੂ ਵਗਦੇ ਹਨ।
ਬੰਦਨ ਹੇਰਿ ਦੂਰ ਹੀ ਰਹਜੋ[1]।'
[1]ਦੂਰੋਂ ਹੀ ਦੇਖਕੇ ਬੰਦਨਾਂ ਵਿਚ ਪੈ ਗਿਆ।
ਪਰਜੋ ਪ੍ਰਿਥੀ ਪਰ ਜਨੁ ਪਗ ਗਹਜੋ।

ਪ੍ਰੇਮ ਅਧਿਕਤਾ ਤਿਸ ਗੁਰ ਹੇਰੀ।
ਤੂਰਨ ਉਠਤਿ ਭਏ ਤਿਸ ਬੇਰੀ ॥੭॥
ਗਹਿ ਭੁਜ ਬਲ ਤੇ ਤੁਰਤ ਉਠਾਯੋ।
ਅਧਿਕ ਸਖਾ ਲਖਿ ਗਰੇ ਲਗਾਯੋ।
ਲਜਾਇ ਸਭਾ ਮਹਿਂ ਢਿਗ ਬੈਠਾਰਾ।
ਕਰਿ ਆਦਰ ਕੋ ਮ੍ਰਿਦੁਲ ਉਚਾਰਾ ॥੮॥
'ਕੁਸ਼ਲ ਸ਼ਰੀਰ ਆਪ ਕੇ ਅਹੇ?
ਪ੍ਰੇਮਾ ਭਗਤਿ ਰਿਦਾ ਦਿਢ ਲਹੇ।
ਕਾਮ ਕ੍ਰੋਧ ਤੇ ਆਦਿ ਬਿਕਾਰਾ।
ਬਿਨਸ ਗਏ ਕੈ ਨਹਿਂ ਦੁਖਕਾਰਾ?' ॥੯॥
ਕੇਤਿਕ ਚਿਰ ਮਹਿਂ ਧੀਰਜ ਧਾਰੀ।
ਨੀਕੀ ਸ਼੍ਰੀ ਮੁਖ ਪ੍ਰਭਾ ਨਿਹਾਰੀ।
ਹਾਥ ਜੋਰਿ ਬੋਲਯੋ 'ਸੁਨਿ ਸ੍ਵਾਮੀ!
ਸਭਿ ਜਾਨਤਿ ਤੁਮ ਅੰਤਰਜਾਮੀ ॥੧੦॥
ਕ੍ਰਿਪਾ ਆਪ ਕੀ ਜਿਸ ਪਰ ਹੋਵੈ।
ਜੜ੍ਹ ਬਿਕਾਰ ਕੀ ਹਉਮੈਂ ਖੋਵੈ।
ਤਨ ਹੰਤਾ ਗਾਢੀ ਹੁਇ ਜਾਵਦਿ[1]।
ਕਾਮ ਕ੍ਰੋਧ ਨਹਿਂ ਬਿਨਸਹਿ ਤਾਵਦਿ[1] ॥੧੧॥
ਇਸ ਦੁਬਿਧਾ ਘਰ ਬਹੁਤੇ ਗਾਲੇ।
ਭਗਤ ਆਪ ਕੇ ਰਹੇ ਸੁਖਾਲੇ[†]।
ਲਾਗਹਿ ਮਿਸ਼ਟ ਈਸ਼ ਕੋ ਭਾਨਾ।
ਲਿਵ ਲਾਗੇ ਸਤਿਨਾਮ ਮਹਾਨਾ ॥੧੨॥
ਤਨ ਹੰਤਾ ਕੋ ਛੋਰਨਿ ਕਰੈ।
ਬਹੁਰ ਪ੍ਰਮੇਸ਼ੁਰ ਕਰੁਨਾ ਧਰੈ।
ਉਚਿਤ ਸ਼੍ਰੇਯ ਕੇ ਤਬਿ ਹੁਇ ਜੀਵੈਂ।
ਪ੍ਰਭੁ ਕੋ ਪ੍ਰੇਮ ਸੁਧਾ ਨਿਤ ਪੀਵੈਂ ॥੧੩॥
ਸਕਲ ਬਿਕਾਰਨ ਕੋ ਹੁਇ ਨਾਸ਼।
ਸਾਸ ਸਾਸ ਜਪੁ ਪ੍ਰਭੁ ਲਖਿ ਪਾਸ।
ਪਟਣੇ ਸ਼ਹਿਰ ਜਨਮ ਜਬਿ ਭਯੋ।
ਬ੍ਰਹਮਪੁੱਤ੍ਰ ਨਦਿ ਢਿਗ ਸੁਨਿ ਲਯੋ

[1]ਜਦ ਤਕ।
[1]ਤਦ ਤਕ।
[†]ਗੁਰਬਾਣੀ ਵਿਚ ਤੁਕ ਐਉਂ ਹੈ:-"ਦੂਜੈ ਭਾਇ ਬਹੁਰੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥" [ਭੈਰਉ ਕਬੀਰ ਜੀ।

॥੧੪॥
ਤਬਿ ਸ਼੍ਰੀ ਤੇਗ ਬਹਾਦਰ ਪਾਸ[1]।
ਦਰਸ਼ਨ ਕਰਤਿ ਹੁਤੋ ਸੁਖ ਰਾਸ।
ਲਖਿ ਭੂਪਤਿ ਕੋ ਭਾਵ ਬਿਸਾਲਾ।
ਦੇਨੇ ਬਿਜੈ ਹੁਤੇ ਤਿਸ ਨਾਲਾ ॥੧੫॥
ਜਨਮ ਆਪ ਕੋ ਸੁਨਿ ਹਰਖਾਏ।
ਸ਼ੁਤਰੀ ਦੁੰਦਭਿ ਬਹੁ ਬਜਵਾਏ।
ਤੁਪਕ ਤੋਪ ਲਸ਼ਕਰ ਮਹਿਂ ਸਾਰੀ।
ਭਈ ਸ਼ਲਖ ਛੁਟੀ ਇਕ ਬਾਰੀ ॥੧੬॥
ਤੁਰਹੀ ਰਣਸਿੰਘੇ ਡਫ ਢੋਲਾ।
ਬਾਜੇ ਪਟਹ ਭਯੋ ਬਡ ਰੌਲਾ।
ਸ਼੍ਰੀ ਗੁਰੂ ਤੇਗ ਬਹਾਦਰ ਭਾਰੀ।
ਉਤਸਵ ਕਰਯੋ ਮਹਾਂ ਤਿਸ ਬਾਰੀ ॥੧੭॥
ਆਏ ਮੰਗਤ ਜਨ ਸਮੁਦਾਏ।
ਗਯੋ ਨ ਛੂਛੋ ਸਭਿ ਧਨ ਪਾਏ।
ਨ੍ਰਿਪ ਜੁਤਿ ਸਭ ਲਸ਼ਕਰ ਉਤਸਾਹਾ।
ਦਯੋ ਦਾਨ ਜਸ ਜਸ ਜਿਸ ਪਾਹਾ ॥੧੮॥
ਤਬਿ ਮੈਂ ਬੂਝੇ ਪਿਤਾ ਤੁਹਾਰੇ।
-ਕਸ ਸਾਹਿਬਜ਼ਾਦੇ ਗੁਨ ਭਾਰੇ?
ਜਿਸ ਜਨਮਤਿ ਬਹੁ ਮੰਗਲ ਹੋਵਾ।
ਯਾਂ ਤੇ ਮੈਂ ਬਾਂਛਤਿ ਮੁਖ ਜੋਵਾ[1]- ॥੧੯॥
ਸੁਨਿ ਕੈ ਗੁਰੂ ਬ੍ਰਿਤੰਤ ਉਚਾਰਾ।
-ਈਸ਼ੁਰ ਆਇਸੁ ਤੇ ਅਵਤਾਰਾ।
ਰੋਮ ਰੋਮ ਪ੍ਰਤਿ ਬਿਸ਼ਨੁ ਮਹੇਸ਼ਾ।
ਕਰਤਾ ਪੁਰਖ ਕ੍ਰਿਪਾਲ ਬਿਸ਼ੇਸ਼ਾ ॥੨੦॥
ਜੋਗ ਸਾਧਨਾ ਬਹੁ ਬਿਧਿ ਸਾਧੇ।
ਧਰਿ ਇਮ ਧਜਾਨ ਸੁ ਪ੍ਰਭੁ ਅਰਾਧੇ।
ਹ੍ਵੈ ਪ੍ਰਸੰਨ ਇਹ ਪੁਰਸ਼ ਪਠਾਯੋ।
ਚਿਰੰਕਾਲ ਤੇ ਇਕ ਸੁਤ ਪਾਯੋ ॥੨੧॥
ਪਾਛਲ ਹਮਹੁੰ ਆਰਬਲ ਆਇ।

[1]ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਸਾਂ।

[1]ਇਸ ਤੇ ਮੈਂ (ਸਾਹਿਬਜ਼ਾਦੇ ਦਾ) ਦਰਸ਼ਨ ਕਰਿਆ ਚਾਹੁੰਦਾ ਹਾਂ।

ਸੰਮਤ ਚਾਲਿਸ ਤੇ ਅਧਿਕਾਇ।
ਬਲੀ ਪੁਰਖ ਲੀਨਸਿ ਅਵਤਾਰ।
ਕਾਰਜ ਬਡੇ ਲੇਹਿ ਇਹ ਸਾਰ ॥੨੨॥
ਹਿੰਦ ਪਨੇ ਕੀ ਰਾਖਹਿ ਲਾਜ।
ਨਾਸ਼ਹਿ ਤੁਰਕਨਿ ਰਾਜ ਸਮਾਜ।
ਪੰਥ ਤੀਸਰੋ ਕਰਹਿ ਉਪਾਵਨਿ।
ਸੰਤ ਉਬਾਰ ਦੁਸ਼ਟ ਗਨ ਘਾਵਨ ॥੨੩॥
ਮੱਦ੍ਰ ਦੇਸ਼ ਮਹਿਂ ਜੰਗ ਅਖਾੜੇ।
ਲਾਖਹੁਂ ਮਾਰਹਿ ਪਵਹਿਂ ਪਵਾੜੇ।
ਤੁਰਕ ਪਤੀ ਕੋ ਕਰਿ ਸੰਘਾਰ।
ਦੱਖਣ ਆਇ ਅੰਤ ਕੀ ਬਾਰ ॥੨੪॥
ਸੁਨਹੁ ਸਾਧ ਤੁਹਿ ਬੈਸ ਬਡੇਰੀ।
ਟਿਕਹੁ ਕਿਤਹਿ ਤਬਿ ਲੀਜਹਿ ਹੇਰੀ-।
ਇਹ ਸਭਿ ਸੁਨਿ ਕੈ ਤੁਮ ਪਿਤ ਪਾਸ।
ਇਮ ਪੁਰਿ ਬਸਜੋ ਦਰਸ ਕਰਿ ਆਸ ॥੨੫॥
ਸਿਮਰਤਿ ਰਹਜੋ ਪ੍ਰਤੀਖਨ ਧਾਰਿ।
ਅਬਿ ਤੁਮ ਆਏ ਕਰੁਨਾ ਧਾਰਿ।
ਸਭਿ ਕਾਰਜ ਕਰਿ ਲੀਨ ਸੁਖਾਰੇ।
ਆਏ ਇਤਹੁਂ ਅੰਤ ਕੀ ਵਾਰੇ ॥੨੬॥
ਮਮ ਸਮ ਕੀ ਪੂਰਵਨ ਕਰਿ ਆਸਾ।
ਅਨਿਕ ਭਾਂਤਿ ਪਿਖਿ ਜਗਤ ਤਮਾਸ਼ਾ।
ਦਰਸ਼ਨ ਕਰਿ ਨਿਹਾਲ ਮੈਂ ਹੋਯੋ।
ਤਪ ਜਪ ਅਪਨਿ ਕ੍ਰਿਤਾਰਥ ਜੋਯੋ ॥੨੭॥
ਪੂਰਹੁ ਕਾਮਨਾ ਏਕ ਹਮਾਰੀ।
ਕਰੌਂ ਅਹਾਰ ਸੁ ਹੇਤੁ ਤੁਮਾਰੀ।
ਅਚੀਅਹਿ ਪ੍ਰਾਤ ਸਿੰਘ ਲੇ ਸਾਥ।'
ਦੇਖਿ ਭਾਵਨਾ ਮਨ ਕੀ ਨਾਥ ॥੨੮॥
ਸੁਨਤਿ ਸਾਧ ਕੇ ਬਚ ਹਰਖਾਏ।
'ਤੁਮ ਸਾਧਨ ਪਰਲੋਕ ਕਮਾਏ।
ਮਾਨੁਖ ਜਨਮ ਕ੍ਰਿਤਾਰਥ ਕੀਨੋ।

ਫੇਰ ਨ ਫੇਰਾ ਹੁਇ ਜਗ ਚੀਨੋ ॥੨੯॥
ਤਜਿ ਬਿਕਾਰ ਉੱਜਲ ਮਨ ਕਿਯੋ।
ਪੁਨ ਸਤਿਗੁਰ ਰੰਗ ਦਿਢ ਦਿਯੋ।
ਉਤਰਹਿ ਨਹਿਂ ਜੁ ਰੰਗ ਬਹੁ ਗਾਢੇ।
ਹ੍ਵੈ ਨ ਪੁਰਤਾਨ, ਦਿਨ ਦਿਨ ਬਾਢੇ ॥੩੦॥
ਪ੍ਰਭੁ ਬਸਿ ਕਰਯੋ ਪ੍ਰੇਮ ਤੇ ਜਿਨੈ।
ਤਿਨ ਕੋ ਕਹਯੋ ਨ ਕਯੋਂ ਹਮ ਮਨੈ।
ਯਾਂ ਤੇ ਨਿਤ ਆਇਸੁ ਅਨੁਸਾਰੀ।
ਕਯੋਂ ਨ ਆਇਂ ਤੁਮ ਸਦਨ ਮਝਾਰੀ' ॥੩੧॥
ਇੱਤਯਾਦਿਕ ਬਚ ਕਹਿ ਸੁਨਿ ਕਰਿ ਕੈ।
ਗਯੋ ਸੰਤ ਉਰ ਆਨੰਦ ਧਰਿ ਕੈ।
ਘਰ ਮਹਿਂ ਜਾਇ ਤਯਾਰ ਕਰਿ ਤੂਰਨ।
ਨਾਨਾ ਸੌਜਨ ਭੋਜਨ ਪੂਰਨ ॥੩੨॥
ਸੂਪਕਾਰ ਬਹੁ ਚਤੁਰ ਲਗਾਏ।
ਖਟ ਰਸ ਸ੍ਵਾਦ ਅਨੇਕ ਬਨਾਏ।
ਦਧੀ ਦੁਘਧ ਮਿਸ਼ਟਾਨ ਘਨੇਰੇ।
ਤੁਰਸ਼ਾਈ ਜੁਤਿ ਅਸਨ ਬਡੇਰੇ ॥੩੩॥
ਡਾਲਿ ਮਸਾਲੇ ਜਾਲ ਬਿਸਾਲੇ।
ਸ੍ਵਾਦ ਸੁਗੰਧਤਿ ਬਹੁ ਰਸ ਨਾਲੇ।
ਜਾਮ ਦਿਵਸ ਜਬਿ ਸੂਰਜ ਆਯੋ।
ਹੇਤੁ ਹਕਾਰਨਿ ਸਾਧ ਸਿਧਾਯੋ ॥੩੪॥
ਕਰਿ ਬੰਦਨ ਕੋ ਤੁਰੰਗ ਚਢਾਏ।
ਸੰਗ ਖਾਲਸਾ ਚਲਿ ਸਮੁਦਾਏ।
ਅਪਰ ਚਲੇ ਸਿਖ ਸੰਗਤਿ ਸਾਰੇ।
ਧਾਰਿ ਕਾਮਨਾ ਸਾਧ ਹਕਾਰੇ ॥੩੫॥
ਅਧਿਕ ਭੀਰ ਗੁਰ ਕੇ ਸੰਗ ਹੋਈ।
ਪੁਰਿ ਜਨ ਸਿੰਘ ਚਲੇ ਸਭਿ ਕੋਈ।
ਸਤਿਸੰਗਤਿ ਭਾ ਮੇਲ ਬਿਸਾਲਾ।
ਪਹੁੰਚੇ ਜਾਇ ਸਾਧ ਕੀ ਸ਼ਾਲਾ ॥੩੬॥
ਅਨਿਕ ਪੰਕਤਾਂ ਕਰਿ ਬੈਠਾਈ।

ਚੌਂਕੀ ਬੀਚ ਬਿਸਾਲ ਡਸਾਈ।
ਛਾਦੀ ਬਿਸਦ ਬਸਤ੍ਰ ਕੇ ਸਾਥ।
ਸਾਦਰ ਤਹਿਂ ਬੈਠਾਰੇ ਨਾਥ ॥੩੭॥
ਥਾਲ ਬਿਸਾਲ ਪਰੋਸਿ ਉਤਾਲਾ।
ਆਦਿ ਤਿਹਾਵਲ ਜਿਨ ਰਸ ਜਾਲਾ।
ਧਰਜੋ ਪ੍ਰਭੂ ਕੇ ਆਨਿ ਅਗਾਰੀ।
ਸੀਤ ਸੁਗੰਧਤਿ ਦੇ ਕਰਿ ਬਾਰੀ ॥੩੮॥
ਸਭਿ ਪੰਕਤਿ ਕੋ ਪਰੁਸਨਿਹਾਰੇ।
ਤੂਰਨ ਦਏ ਪਰੋਸਿ ਅਹਾਰੇ।
ਅਚਵਨਿ ਲਗੇ ਕੌਰ ਮੁਖ ਪਾਏ।
ਸ਼੍ਰੀ ਗੁਰ ਸ੍ਵਾਦਲ ਅਚਿ ਤ੍ਰਿਪਤਾਏ ॥੩੯॥
ਕਰਜੋ ਸਰਾਹਨ ਬਿਬਿਧ ਅਹਾਰਾ।
ਸਭਿ ਤ੍ਰਿਪਤੇ ਲੇ ਸ੍ਵਾਦ ਉਦਾਰਾ।
ਪੁਰਿ ਜਨ ਭਨਹਿਂ 'ਪ੍ਰਥਮ ਕਈ ਬਾਰ।
ਭਏ ਅਹਾਰ ਨ ਸ੍ਵਾਦ ਉਦਾਰ ॥੪੦॥
ਧੰਨ ਸਾਧ ਜਿਨ ਕਿਯ ਅਸ ਮੇਲ।
ਕਰਜੋ ਅਸਨਿ ਬਹੁ ਸ੍ਵਾਦਨਿ ਮੇਲਿ।'
ਚੁਰਾ ਕਰੇ ਪ੍ਰਭੁ ਕੇ ਢਿਗ ਆਯੋ[1]।

[1]ਗੁਰੂ ਸਾਹਿਬ) ਚੁਲਾ ਕਰ ਚੁੱਕੇ ਤਾਂ ਪਾਸ ਆਇਆ ਤੇ.......।

ਦੀਨ ਹੋਇ ਪਾਇਨਿ ਲਪਟਾਯੋ ॥੪੧॥
ਖੁਸ਼ੀ ਕਰੀ ਉਪਜਜੋ ਬ੍ਰਹਮ ਗਜਾਨ।
ਏਕ ਆਤਮਾ ਪਿਖਜੋ ਜਹਾਨ।
ਉਠੇ ਪ੍ਰਭੁ ਡੇਰੇ ਮਹਿਂ ਆਇ।
ਥਿਰਿ ਪ੍ਰਯੰਕ ਪਰ ਹੁਇ ਸੁਖ ਪਾਇ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਾਧ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਨਦੇੜ ਪਹੁੰਚੇ। ਆਪਣੀ ਜਗਾ ਦੇ ਚਿੰਨ੍ਹ ਦੱਸੇ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਬੀਤੀ ਰਾਤ ਪ੍ਰਭਾਤਿ ਭੀ, ਤਬਿ ਕਾਸਦ ਦੁਇ ਆਇ।
ਲਿਖਾ ਬਹਾਦਰ ਸ਼ਾਹੁ ਨੇ, ਗੁਰ ਕੈ ਨਿਕਟ ਪਠਾਇ ॥੧॥

ਬੈਂਤ:

ਲਿਖ੍ਯੋ ਸ਼ੌਕ ਨਾਮਾ[1] 'ਦਿਜੈ ਦਰਸ ਆਈ।
ਮਹਾਂ ਪੀਰ ਮੇਰੇ ! ਇਹੀ ਬਾਤ ਭਾਈ।
ਤੁਮਾਰੀ ਮਿਹਰ ਤੇ ਮਹਾਂ ਤੇਜ ਹੋਵਾ।
ਜਹਾਂਨੈ ਕਿ ਮਯਾਨੇ ਮਨਿੰਦੈ ਨ ਦੋਵਾ[1] ॥੨॥
ਕਰੋ ਰੰਕ ਰਾਵੰ ਨ ਲਾਗੈ ਅਵਾਰਾ।
ਇਲਾਹੀ ਫਜ਼ਲ ਸੋ ਤੁਮਹਿਂ ਫ਼ਜ਼ਲ ਧਾਰਾ[1]।
ਬਡੀ ਬੇਰ ਬੀਤੀ ਪਿਛਾਰੀ ਰਹੇ ਹੋ।
ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ ॥੩॥
ਕਿ ਤਾਲਬ[1] ਪਿਖੋਂ ਮੈਂ ਦਿਦਾਰੰ ਤੁਮਾਰਾ।
ਨਹੀਂ ਦੇਰਿ ਕੀਜੈ ਲਖੌਂ ਪ੍ਰੇਮ ਪਜਾਰਾ[1]।'
ਸੁਨਾ ਸ਼੍ਰੀ ਗੁਰੂ ਫੇਰ ਤਜਾਰੀ ਕਰਾਈ।
ਪਰੇ ਜ਼ੀਨ ਘੋਰਾਨ ਪੈ ਬੇਗਵਾਈ[1] ॥੪॥

[1]ਪ੍ਰੇਮ ਨਾਲ ਲਿਖਿਆ ਖਤ, ਪ੍ਰੇਮ ਪੱਤ੍ਰ।

[1]ਆਪ ਦੇ) ਮਾਨਿੰਦ (ਵਰਗਾ) ਜਹਾਨ ਵਿਚ ਦੂਸਰਾ (ਕੋਈ) ਨਹੀਂ ਹੈ।

[1]ਜੋ) ਤੁਸਾਂ ਫਜ਼ਲ ਕੀਤਾ ਸੋ ਰੱਬ ਨੇ ਫਜ਼ਲ ਕੀਤਾ। [ਅ਼:, ਇਲਾਹੀ=ਰੱਬ। ਫਜ਼ਲ=ਕ੍ਰਿਪਾ]।

[1]ਮੈਂ ਚਾਹਵਾਨ ਹਾਂ ਕਿ......।

[1]ਪਿਆਰ ਤੇ ਪ੍ਰੇਮ ਨੂੰ ਲਖ ਲਓ। (ਅ) ਪਿਆਰੇ ਦੇ ਪ੍ਰੇਮ ਨੂੰ ਲਖ ਕੇ (ਹੁਣ) ਦੇਰ ਨਾ ਕਰੋ।

[1]ਛੇਤੀ। (ਅ) ਤੇਜ਼।

ਚੌਪਈ:

ਸਿਖ ਸੰਗਤਿ ਤੇ ਰੁਖਸਦ ਹ੍ਵੈਂ ਕੈ।
ਅਪਨੇ ਜਾਨਿ ਖੁਸ਼ੀ ਬਹੁ ਦੈ ਕੈ।
ਹਯ[1] ਅਰੋਹਿ ਕਰਿ ਮਾਰਗ ਪਜਾਨੇ।
ਸੰਗ ਖਾਲਸਾ ਚਲੇ ਸੁਜਾਨੇ ॥੫॥
ਪੰਥ ਉਲੰਘਤਿ ਪਹੁਚੇ ਜਾਇ।
ਜਹਾਂ ਹੁਤੇ ਲਸ਼ਕਰ ਸਮੁਦਾਇ।
ਆਗੇ ਸ਼ਾਹੁ ਚਢ੍ਯੋ ਬਡ ਘੋਰੇ।
ਜਾਤਿ ਕਹੂੰ ਸੰਗ ਮਾਨਵ ਥੋਰੇ ॥੬॥
ਔਚਕ ਇਤ ਸਤਿਗੁਰ ਅਸਵਾਰੀ।
ਭਈ ਰੋਬਰੋਕਾਰ ਅਗਾਰੀ[1]।
ਦਰਸ਼ਨ ਪਰਸੇ ਸੀਸ ਨਿਵਾਯੋ।

[1]ਘੋੜੇ।

[1]ਅੱਗੇ ਸਾਮ੍ਹਣੇ ਹੋਈ [ਫਾ:, ਰੂਬਕਾਰ=ਸਾਮ੍ਹਣੇ]।

ਬਿਨੈ ਬਖਾਨਤਿ ਪ੍ਰੇਮ ਬਢਾਯੋ ॥੭॥
ਗੁਰ ਸੂਰਜ ਕੋ ਦਰਸ਼ਨ ਹੇਰੇ।
ਬਿਗਸੇ ਦ੍ਰਿਗ ਅਰਬਿੰਦ ਬਡੇਰੇ।
-ਭਲੀ ਬਾਤ ਹੋਈ ਪ੍ਰਭੁ ਆਏ।
ਲਖਿ ਮੁਰੀਦ ਸਮ ਦਰਸ ਦਿਖਾਏ-
॥੮॥
'ਸ੍ਰੀ ਗੁਰ! ਬਹੁਤੇ ਦਿਵਸ ਬਿਤਾਏ।
ਇਤ ਮੈਂ ਤੁਮਰੀ ਦਿਸ਼ਿ ਮਨ ਲਾਏ।
ਭਲੋ ਸਥਲ ਪਿਖਿ ਕੀਜੈ ਡੇਰਾ।
ਕਰਜੋ ਨਿਹਾਲ ਆਪਨੋ ਚੇਰਾ' ॥੯॥
ਸੁਨਿ ਸਤਿਗੁਰ ਸਭਿ ਬਾਤ ਬਖਾਨੀ।
'ਪੁਰਿ ਮਹਿਂ ਸੰਗਤਿ ਹੁਤੀ ਮਹਾਨੀ।
ਕਰਿ ਕਰਿ ਪ੍ਰੇਮ ਦਿਵਸ ਪ੍ਰਤਿ ਰਾਖੇ।
ਹਮ ਬਹੁ ਬਾਰਿ ਚਲਨ ਕੋ ਭਾਖੇ ॥੧੦॥
ਹੁਤੋ ਸਾਧ ਪ੍ਰੇਮੀ ਤਨ ਮਨ ਤੇ।
ਕਰਜੋ ਭਾਉ ਤਿਨ ਰਖੇ ਚਢਨ ਤੇ।'
ਇਮ ਕਹਿ ਖੁਸ਼ੀ ਸ਼ਾਹੁ ਕੋ ਦੀਨਿ।
ਹੇਰਿ ਸਥਲ ਸ਼ੁਭ ਡੇਰਾ ਕੀਨਿ ॥੧੧॥
ਖਾਨ ਪਾਨ ਕਰਿ ਬਿਬਿਧ ਬਨਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ ਕੂਚ ਕਰਿ ਚਲੇ।
ਦੱਖਣ ਦੇਸ਼ ਬਿਲੋਕਤਿ ਭਲੇ ॥੧੨॥
ਨਰ ਨਾਰੀ ਗਨ ਸ਼ਜਾਮ ਵਰਨ ਕੇ।
ਇਕ ਸਾਰੀ[1] ਲੇ ਊਪਰ ਤਨ ਕੇ।

[1]ਸਾੜੀ=ਇਕ ਪ੍ਰਕਾਰ ਦੀ ਧੋਤੀ ਜੋ ਤੇੜ ਤੇ ਉਪਰ ਨੂੰ ਕੱਜ ਲੈਂਦੀ ਹੈ। [ਸੰਸ:, ਸ਼ਾਟੀ]।

ਬਸਨ ਬਿਭੂਖਨ ਬੋਲਨਿ ਬੇਸ।
ਰੀਤਿ ਔਰ ਕੇ ਪਿਖਤਿ ਸੁ ਦੇਸ਼[1] ॥੧੩॥

[1]ਉਸ ਦੇਸ਼ ਵਿਚ ਹੋਰ ਤਰ੍ਹਾਂ ਦੇ ਲੋਕੀਂ ਦਿੱਸਦੇ ਹਨ।

ਪੂਨਾ ਨਗਰ ਨਾਗਪੁਰਿ ਕੇਰੇ।
ਮਿਲੇ ਆਨਿ ਦੇ ਭੇਟ ਅਗੇਰੇ।
ਇੱਤਜਾਦਿਕ ਜੇਤੇ ਤਹਿਂ ਰਾਜੇ।
ਲਸ਼ਕਰ ਹੇਰੇ ਡਰ ਉਪਰਾਜੇ ॥੧੪॥
ਮਿਲਹਿਂ ਸ਼ਾਹੁ ਅਪਨਪੌ ਜਨਾਇ[1]।

[1]ਆਪਣਾ ਨਾਮ (ਆਦਿਕ) ਦੱਸਕੇ।

ਗਜ ਬਾਜੀ ਧਨ ਬਹੁ ਅਰਪਾਇ।
ਗਿਰਵਰ ਕਾਨਨ ਉਲੰਘਤਿ ਗਏ।
ਪੁਰਿਨਿ ਗ੍ਰਾਮ ਅਵਿਲੋਕਤਿ ਭਏ ॥੧੫॥
ਕਿਸ ਕਿਸ ਕੀ ਗਨਨਾ ਕਰਿ ਕਹੀਏ।
ਰਚਨਾ ਚਾਰੁ ਚਿੱਤ੍ਰ[1] ਜਿਨ ਲਹੀਏ।
ਬਾਪੀ ਕੂਪ ਬਾਗ਼ ਫੁਲਵਾਰੀ।
ਨਾਲਕੇਲ ਕੇਲਾ ਰੁ ਸੁਪਾਰੀ ॥੧੬॥
ਬਿਸਮਤਿ ਨਗਰ ਬਿਲੋਕਿ ਬਿਸਾਲਾ।
ਤਿਸ ਕੇ ਨਿਕਟ ਸਿਵਰ ਕੋ ਘਾਲਾ।
ਆਠ ਦਿਵਸ ਤਹਿਂ ਕੀਨ ਮੁਕਾਮੂ।
ਸੰਗਤਿ ਗੁਰ ਕੋ ਪਿਖਹਿ ਤਮਾਮੂ ॥੧੭॥
ਅਨਿਕ ਅਕੋਰਨ ਕੋ ਅਰਪੰਤੇ।
ਚਰਨ ਕਮਲ ਪਰ ਸੀਸ ਧਰੰਤੇ।
ਦੂਰ ਕਿ ਨੇਰ ਸੁਨਹਿਂ ਗੁਰ ਆਏ।
ਸਿਖ ਜੋ ਹੁਤੇ ਆਨਿ ਦਰਸਾਏ ॥੧੮॥
ਸ਼ਾਹੁ ਬਹਾਦਰ ਲੈ ਲੈ ਦਰਬ।
ਮਹਿਪਾਲਕ ਬਸਿ ਕਰਿ ਕੈ ਸਰਬ।
ਕਰਤਿ ਕੂਚ ਪੁਨ ਗਮਨਹਿ ਡੇਰਾ।
ਉਤਰਹਿ ਨਿਸ ਕੋ, ਚਲਹਿ ਸੁਬੇਰਾ[1] ॥੧੯॥
ਇਸ ਪ੍ਰਕਾਰ ਕੇਤਿਕ ਦਿਨ ਚਲੇ।
ਨਦੀ ਗੁਦਾਵਰਿ ਕੇ ਤਟ ਭਲੇ।
ਤਹਾਂ ਜਾਇ ਪਹੁੰਚੇ ਦਲ ਭਾਰੇ।
ਕਰੇ ਸਿਵਰ ਸਭਿਹੂੰਨਿ ਕਿਨਾਰੇ ॥੨੦॥
ਨਗਰ ਨਦੇੜ ਬਸੰਤਿ ਬਿਸਾਲਾ।
ਜਿਸ ਮਹਿਂ ਰਹੈ ਧਨੀ ਨਰ ਜਾਲਾ।
ਆਦਿ ਪੁਰੀ ਸਤਿਜੁਗ ਤੇ ਬਸੀ।
ਦਰਬ ਅਧਿਕ ਤੇ ਦੀਰਘ ਲਸੀ ॥੨੧॥
ਤਾਨੇ ਸ਼ਾਹ ਮਾਰਿ ਕਰਿ ਜੋਰਾ[1]।
ਪੀਛੇ ਤਹਾਂ ਜੁ ਸੂਬਾ ਛੋਰਾ।
ਸੁਨਜੋ ਸ਼ਾਹੁ ਕੋ ਆਵਨ ਜਬੈ।
ਮਿਲਿਬੇ ਹੇਤ ਤਯਾਰ ਹੁਇ ਤਬੈ ॥੨੨॥

[1]ਸੁੰਦਰ ਤੇ ਵਚਿੱਤ੍ਰ ਦਿੱਸਦੀ ਹੈ।

[1]ਸਵੇਰੇ।

[1]ਜ਼ੋਰ ਨਾਲ।

ਮ੍ਰਿਤਕ ਨੁਰੰਗੇ ਕੀ ਬਡ ਮਾਇਆ।
ਸੋ ਲੇ ਕਰਿ ਤੂਰਨ ਹੀ ਆਇਆ।
ਦੇ ਕਰਿ ਮਿਲ੍ਯੋ ਸ਼ਾਹੁ ਕੇ ਸਾਥ।
ਸੁਨਿ ਸੁਨਿ ਅਪਰ ਆਇਂ ਪੁਰਿ ਨਾਥ[1] ॥੨੩॥ — [1]ਪੁਰੀਆਂ ਦੇ ਰਾਜੇ।

ਬਿਦਤ[†] ਹੈਦਰਾਬਾਦ ਉਦਾਰਾ। — [†]ਪਾ:-ਬਿਦਰ।
ਮੁੰਗੀ ਪਟਣ[1] ਆਦਿ ਧਨ ਭਾਰਾ। — [1]ਮੁੰਗਾ ਪਟਮ ਮਰਦਾਸ ਹਾਤੇ ਦਾ ਇਕ ਨਗਰ ਹੈ।
ਦੇ ਕਰਿ ਮਿਲੇ ਬਹਾਦਰਸ਼ਾਹੁ।
ਉਤਰਿ ਪਰੇ ਲਸ਼ਕਰ ਕੇ ਮਾਂਹੂ[1] ॥੨੪॥ — [1](ਸੂਬੇ) ਲਸ਼ਕਰ ਵਿਚ ਉਤਰ ਪਏ।

ਅਪਰ ਕਹਾਂ ਲਗਿ ਦੇਸ਼ ਰੁ ਨਗਰੀ।
ਗਿਨ ਕਰਿ ਕਥਾ ਸੁਨਾਯਹਿ ਸਗਰੀ।
ਦੂਰ ਨਿਕਟ ਜਹਿਂ ਕਹਿਂ ਤੇ ਆਏ।
ਦੇ ਦੇ ਦਰਬ ਮਿਲੇ ਸਮੁਦਾਏ ॥੨੫॥

ਗੁਰ ਪ੍ਰਤਾਪ ਕਰਿ ਪਿਤ ਕੇ ਘਨੋ।
ਸ਼ਾਹੁ ਬਹਾਦਰ ਜਗ ਮਹਿਂ ਭਨੋ।
ਅਰਜੋ ਨ ਕੋਈ ਮਿਲੇ ਅਗਾਰੀ।
ਦੇ ਕਰਿ ਭੇਟ ਅਨੇਕ ਪ੍ਰਕਾਰੀ ॥੨੬॥

ਨਗਰ ਨਦੇੜ ਵਹਿਰ ਕੀ ਥਾਈਂ।
ਉਤਰੇ ਸਤਿਗੁਰ ਸੋ ਅਪਨਾਈ[1]। — [1]ਆਪਣੀ ਕਰ ਲਈ (ਅ) ਆਪਣੀ ਜਾਣਕੇ।
ਅਹੈ ਪੁਰਾਤਨਿ ਭੂਮ ਹਮਾਰੀ।
ਅਪਰ ਮਾਲਕੀ ਸਕਲ ਬਿਦਾਰੀ[1] ॥੨੭॥ — [1]ਦੂਸਰੇ ਦੀ ਮਾਲਕੀ ਦੂਰ ਕੀਤੀ ਭਾਵ ਆਪਣੀ ਜਾਣਕੇ ਡੇਰਾ ਕਰ ਲਿਆ।

ਹੁਤੋ ਮੁਗ਼ਲ ਪੁਰਿ ਮਹਿਂ ਸੋ ਬਸੈ[1]। — [1]ਇਕ ਮੁਗ਼ਲ ਨਗਰ ਵਿਚ ਵੱਸਦਾ ਸੀ।
ਥਲ ਪੁਸ਼ਤੈਨੀ ਤਿਸ ਕੋ ਲਸੈ[1]। — [1]ਪੁਸ਼ਤਾਂ ਤੋਂ ਥਾਂ ਤਿਸ ਦਾ ਸੀ।
ਸੁਨਿ ਗੁਰ ਡੇਰੇ ਕੋ ਕਿਯ ਝਗਰਾ।
'ਇਸ ਕੋ[1] ਜਾਨਤਿ ਹੈ ਪੁਰਿ ਸਗਰਾ ॥੨੮॥ — [1]ਇਸ ਗੱਲ ਨੂੰ।

ਅਬਿ ਜੇ ਬਲ ਕਰਿ ਲੈ ਹੈ ਛੀਨ।
ਸੁਤ ਪੋਤੇ ਅਪਨੀ ਲੇਂ ਚੀਨ।'
ਇੱਤਜਾਦਿਕ ਝਗਰਾ ਬਹੁ ਕਯੋ।
ਸ਼ਾਹੁ ਬਹਾਦਰ ਲਗਿ ਚਲਿ ਗਯੋ ॥੨੯॥
ਸ਼੍ਰੀ ਪ੍ਰਭੁ ਕਹਿਂ 'ਹਮਰੋ ਇਸਥਾਨ।

ਇਸ ਕੋ ਮਾਲਕ ਅਹੈ ਨ ਆਨ।'
ਮੁਗ਼ਲ ਭਨੈ 'ਪੁਸ਼ਤੈਨੀ ਮੇਰਾ।
ਨਹੀਂ ਦੁਰਜੋ, ਪੁਰਿ ਲਖਹਿ ਬਡੇਰਾ' ॥੩੦॥
ਸੰਸੈ ਭਯੋ ਸ਼ਾਹੁ ਕੋ ਆਇ-।
ਸ਼੍ਰੀ ਗੁਰ ਕੂਰ ਨ ਕਹੈਂ ਕਦਾਇ।
ਚਿੰਰਕਾਲ ਕੋ ਅਹੈ ਹਮਾਰੋ।
ਨਗਰ ਸ਼ਾਹਦੀ ਮੁਗ਼ਲ ਉਚਾਰੋ- ॥੩੧॥
ਸ਼੍ਰੀ ਗੁਰ ਸੋਂ ਕਹਿ ਬਿਨੈ ਪਠਾਈ।
'ਸਭਿ ਰਾਵਰ ਕੀ ਜੇਤਿਕ ਥਾਂਈ।
ਜੇ ਇਸ ਕੀ ਅਭਿਲਾਖਾ ਧਰੋ।
ਕੋ ਇਕ ਪਤਾ ਦਿਖਾਵਨਿ ਕਰੋ ॥੩੨॥
ਹੋਇ ਆਪ ਕੀ ਤੌ ਥਿਰ ਸਾਚੀ।
ਪੁਨ ਕੋ ਕਰਹਿ ਨ ਬਾਦ ਉਬਾਚੀ।
ਜੇ ਬਲ ਕਰਿ ਛੀਨਹੁ ਇਸ ਕੇਰੀ।
ਮੈਂ ਝਿਰਕੌਂ ਬਰਜੌਂ ਇਸ ਬੇਰੀ ॥੩੩॥
ਜੀਵਤਿ ਰਹੈ ਅਹੈ ਥਲ ਜਾਵਦ।
ਕੋ ਨਹਿਂ ਝਗਰਿ ਸਕੈਗੋ ਤਾਵਦ।
ਪੁਨ ਪਾਛੇ ਉਠਿ ਪਰਿ ਹੈ ਬਾਦ।
ਯਾਂ ਤੇ ਜਾਨਹੁ ਬੇ ਬੁਨਿਯਾਦ[1] ॥੩੪॥

[1]ਹੁਣ ਦਾ ਕਬਜ਼ਾ) ਬੇ ਬੁਨਯਾਦ ਹੋ ਜਾਏਗਾ। (ਅ) ਮੇਰਾ ਹੁਕਮ ਬਿਰਥਾ ਹੋ ਜਾਏਗਾ।

ਜਥਾ ਨਗਰ ਕੋ ਮੁਗ਼ਲ ਉਗਾਹਿ।
ਕਰਹਿ ਬਤਾਵਨ -ਹੈ ਇਸ ਪਾਹਿ-।
ਤੈਸੇ ਤੁਮ ਕਿਛ ਪਤਾ ਬਤਾਵਹੁ।
ਜੁਤਿ ਬੁਨਿਯਾਦ ਧਰਾ ਕਹੁ ਪਾਵਹੁ ॥੩੫॥
ਬਹੁਰ ਨ ਲਾਗੂ ਹੋਵਨਿ ਕੌਨ।
ਦੇਖਿ ਉਗਾਹੀ ਧਾਰੈਂ ਮੌਨ।'
ਬਾਤ ਯਥਾਰਥ ਜਬਹਿ ਸੁਨਾਈ।
ਮਾਨੀ ਸਤਿਗੁਰ ਤਬਹਿ ਅਲਾਈ ॥੩੬॥
'ਮੁਗ਼ਲ ਨਗਰ ਕੇ ਮੁਖਿ[1] ਲੇ ਆਵੈ।
ਕਾਜ਼ੀ ਮੁਫਤੀ[1] ਸਕਲ ਮਿਲਾਵੈ।

[1]ਮੁਖੀਏ।

[1]ਫਤਵਾ ਦੇਣ ਵਾਲਾ। ਕਾਜ਼ੀ ਦਾ ਫਤਵਾ ਜਾਰੀ ਕਰਨ ਵਾਲਾ।

ਤੁਮ ਅਪਨੇ ਉਮਰਾਵ ਪਠਾਵਹੁ।
ਝਗਰਾ ਧਰ ਕੋ ਅਖਿਲ ਮਿਟਾਵਹੁ ॥੩੭॥
ਜਥਾ ਜੋਗ ਜਿਸ ਕੀ ਹੁਇ ਦੀਜੈ।
ਕਹੈ ਜੁ ਕੂਰ ਹਟਾਵਨਿ ਕੀਜੈ।'
ਬਾਕ ਯਥਾਰਥ ਸੁਨਿ ਗੁਰ ਕੇਰੇ।
ਇਕਠੇ ਕੀਨੇ ਮਨੁਜ ਘਨੇਰੇ ॥੩੮॥
ਨਰ, ਪੁਰਿ ਕੇ ਪਰਧਾਨ ਪਠਾਏ।
ਸ਼ਾਹੁ ਨਿਕਟਵਰਤੀ ਸਮੁਦਾਏ।
ਇਕਠੇ ਹੋਇ ਹਜ਼ਾਰਹੁਂ ਆਏ।
ਕਰਿ ਕਰਿ ਸ਼ਾਹੁ ਤਗੀਦ ਪਠਾਏ ॥੩੯॥
ਬੈਠੇ ਆਇ ਅਖਿਲ ਗੁਰ ਪਾਸਾ।
ਪ੍ਰਥਮ ਮੁਗ਼ਲ ਨੇ ਬਾਦ ਪ੍ਰਕਾਸ਼ਾ।
'ਪੁਸ਼ਤੈਨੀ ਇਹ ਥਾਨ ਹਮਾਰਾ।
ਜਾਨਤਿ ਗਿਰਦਨਵਾ[1] ਇਤ ਸਾਰਾ ॥੪੦॥
ਬੂਝਿ ਲੇਹੁ ਸਭਿ ਕੋ ਇਸ ਠੌਰੀ।
ਜੋ ਛੀਨਤਿ ਕਰਿ ਸੀਨੇ ਜ਼ੋਰੀ।
ਤੌ ਮੇਰੇ ਕੁਛ ਬਸ ਨ ਬਸਾਇ।
ਮਾਲਕ ਸ਼ਾਹੁ ਸਕਲ ਹੀ ਥਾਂਇ' ॥੪੧॥
ਸਭਿ ਮਹਿਂ ਤਬਿ ਸ੍ਰੀ ਗੁਰੂ ਬਖਾਨਾ।
'ਲਾਖਹੁਂ ਬਰਖਨ ਕੋ ਇਹ ਥਾਨਾ।
ਰਹੇ ਸੰਭਾਲਤਿ ਅਹੈ ਹਮਾਰਾ।
ਜਬਿ ਕਿਤਹੂੰ ਕਰਿ ਗਏ ਕਿਨਾਰਾ ॥੪੨॥
ਲੇ ਕਰਿ ਅਪਰ ਸੁ ਮਾਲਿਕ ਬਨਜੋਂ।
ਆਸ਼੍ਰਮ ਬਡੋ ਪੁਰਾਤਨ ਬਨਜੋਂ।
ਨਿਸ਼ਚੇ ਨਹੀਂ ਕਹੇ ਪਰ ਆਵੈ।
ਤੌ ਹਮ ਸਭਿ ਕੌ ਚਿੰਨ੍ਹ ਦਿਖਾਵੈਂ ॥੪੩॥
ਜਹਿਂ ਡੇਰਾ ਤਹਿ ਖੋਦਨ ਲਾਏ।
ਕੇਤਿਕ ਨੀਚੇ ਥਲ ਖੁਨਵਾਏ।
ਨਿਕਸਜੋ ਤਹਾਂ ਭਸਮ ਕੋ ਢੇਰਾ।

[1]ਭਾਵ ਆਲੇ ਦੁਆਲੇ ਦੇ ਵੱਸਣ ਵਾਲੇ।

ਜਹਿਂ ਆਸਨ ਥੇ ਪਰਜੋ ਬਡੇਰਾ ॥੪੪॥
ਪੁਨ ਪ੍ਰਭੁ ਭਨਜੋਂ 'ਔਰ ਖਨਿ ਲੀਜੈ।
ਕਰਮੰਡਲ, ਮਾਲਾ ਦਿਖਰੀਜੈ।
ਦੁਸ਼ਟ ਦਮਨ ਜਿਸ ਤਨ ਮਹਿਂ ਨਾਮੂ।
ਕਰੇ ਤੀਬ੍ਰ ਤਪ ਤਬਿ ਅਭਿਰਾਮੂ ॥੪੫॥
ਬਰਖ ਹਜ਼ਾਰਹੁਂ ਇਸ ਥਲ ਬਸਿ ਕੈ।
ਸੰਕਟ ਸਹੇ ਸਕਲ ਤਨ ਕਸਿ ਕੈ।'
ਪੁਨ ਕੁਛ ਖੋਦੀ ਅਪਰ ਅਗਾਰੀ।
ਮਾਲਾ ਪ੍ਰਭੁ ਕੀ ਤਬਹਿ ਨਿਹਾਰੀ ॥੪੬॥
ਤਪ ਪ੍ਰਭਾਵ ਤੇ ਆਸਨ ਪਰਜੋ।
ਹੋਇ ਪੁਰਾਤਨ[1] ਨਾਂਹਿਨ ਗਰਜੋ।
ਕਰਮੰਡਲ ਤੂੰਬੇ ਕੋ ਹੇਰਾ।
ਤਿਮ ਹੀ ਪਰਜੋ ਮਹਾਂ ਤਪ ਕੇਰਾ ॥੪੭॥
ਬਿਸਮ ਰਹੇ ਪਿਖਿ ਕੈ ਸਮੁਦਾਈ।
'ਧੰਨ ਧੰਨ ਗੁਰ ਸਭਿਨਿ ਅਲਾਈ।
ਪ੍ਰੀਤ ਪ੍ਰਤੀਤ ਭਈ ਸਭਿ ਕੇਰੀ।
ਨਮੋ ਕਰੀ ਪਦ ਪਰ ਤਿਸ ਬੇਰੀ ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਚਿੰਨ੍ਹ ਦਿਖਾਵਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

[1]ਪੁਰਾਣਾ ਹੋਣ ਤੇ ਬੀ।

## ੫. [ਜ਼ਮੀਨ ਮੁੱਲ ਖਰੀਦੀ। ਬੰਦਾ ਮਿਲਾਪ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਸ੍ਰੀ ਗੁਰ ਪਤਾ ਦਿਖਾਇ ਕਰਿ, ਸਭਿ ਕੋ ਦਯੋ ਸੁਨਾਇ।
'ਇਕ ਜੋਜਨ ਲਗਿ ਭੂਮਕਾ, ਤਪਹਿਂ ਤਪੀ ਸਮੁਦਾਇ ॥੧॥

ਚੌਪਈ:

ਸਿਖ ਹਮਰੇ ਕੀਰਨ[1] ਇਸ ਥਾਨ।
ਇਸ ਥਲ ਆਸ਼੍ਰਮ ਹੁਤੋ ਮਹਾਨ।
ਜਹਾਂ ਖਨਜੋ ਗੁਨ ਭਸਮ ਨਿਹਾਰੀ।
ਹਮ ਬੈਠੇ ਆਸਨ ਥਿਰ ਕਾਰੀ ॥੨॥
ਸਭਿ ਕੋ ਪਤਾ ਦਿਖਾਵਨ ਠਾਨਾ।
ਅਬਿ ਤੇ ਹਮਰੋ ਭਯੋ ਸਥਾਨਾ।
ਤਊ ਮੋਲ ਇਸ ਦੇਤਿ ਮੁਗ਼ਲ ਕੋ।
ਲੇ ਕਰਿ ਦਾਵਾ ਹਰਹਿ ਸਥਲ ਕੋ' ॥੩॥
ਕਰੀ ਬਿਛਾਵਨਿ ਗਨ ਦੀਨਾਰ।
ਜਹਿਂ ਲਗਿ ਹੈ ਅਬਿ ਲੌ ਦਰਬਾਰ।
ਮੁਗਲ ਹਰਖ ਕਰਿ ਮੁਹਰ ਸੁ ਲੀਨੀ।
ਬਾਕ ਨ ਫੁਰਜੋ ਮੌਨ ਮੁਖ ਕੀਨੀ[†] ॥੪॥
ਬੈਖਤ[1] ਤਿਸ ਕਰ ਤੇ ਲਿਖਵਾਯੋ।

[1]ਪੂਰਨ ਸੀ।

[†]ਬੈਨਾਮਾ।

[1]ਆਪਣਾ ਦਾਅਵਾ ਸਬੂਤਾਂ ਨਾਲ ਸਹੀ ਕਰਕੇ ਫਿਰ ਦੇਖੋ ਸਤਿਗੁਰੂ ਜੀ ਜ਼ਮੀਨ ਦੀ ਕੀਮਤ ਦੇਕੇ ਲੈਂਦੇ ਹਨ ਐਸੇ ਵਾਕੀਆਤ ਹਨ ਜਿਨ੍ਹਾਂ ਤੋਂ ਸਤਿਗੁਰੂ ਜੀ ਦੀ ਸ਼ੁਭ ਆਚਰਨ (ਇਖਲਾਕ) ਦੀ ਮਹਾਨ ਉੱਚਤਾ ਪ੍ਰਗਟ ਹੁੰਦੀ ਹੈ। ਜੇ ਕਦੇ ਘਾਹ ਦਾਣੇ ਤੋਂ ਸਿੱਖਾਂ ਦੇ ਜੁੱਧ ਜੰਗ ਲੁੱਟਣ ਦੇ ਪ੍ਰਸੰਗ ਆਉਂਦੇ ਹਨ ਤਾਂ ਸਮਝ ਲੈਣਾ ਚਾਹੀਏ ਕਿ ਕਦੇ ਨਿਰਦੋਸ਼ਿਆਂ ਨਾਲ ਓਹ ਜੁੱਧ ਨਹੀਂ ਹੋਏ। ਪਹਿਲਾਂ ਕੀਮਤ ਦੇਂਦੇ ਹਨ, ਨਾ ਮਿਲੇ ਤਾਂ ਫੇਰ ਜ਼ੋਰ ਦਿਖਾਲਦੇ ਹਨ। ਜਗਤ ਦੀਆਂ ਫੌਜਾਂ ਵਿਚ ਹੁਣ ਤੱਕ ਇਹੀ ਰਿਵਾਜ ਦਰੁਸਤ ਮੰਨੀਂ ਦਾ ਹੈ।

ਰਾਜ਼ੀ ਨਾਮਾ ਸਕਲ ਸੁਨਾਯੋ।
ਸਭਿ ਕੀ ਊਪਰ ਪਰੀ ਉਗਾਹੀ।
'ਇਸ ਕੋ ਬੰਸ ਨ ਬਾਦ ਉਠਾਹੀ' ॥੫॥
ਜਥਾ ਜੋਗ ਕਰਿ ਸਭਿ ਚਲਿ ਗਏ।
ਸ਼ਾਹੁ ਸਮੀਪ ਬਖਾਨਤਿ ਭਏ।
ਸੁਨਿ ਪ੍ਰਸੰਗ ਆਨੰਦ ਬਿਸਮਾਯੋ।
ਅਪਨ ਕਾਗਦ ਲਿਖਜੋ ਪਠਾਯੋ ॥੬॥
ਇਕ ਜੋ ਜਨ ਲਗਿ ਗੁਰੂ ਸਥਾਨਾ।
ਕੋ ਨ ਕਰੈ ਦਾਵਾ ਲਿਹੁ ਜਾਨਾ।

ਸਗਰੇ ਨਗਰ ਪ੍ਰਗਟ ਭੀ ਗਾਥਾ।
'ਭੂਮਿ ਮੋਲ ਲੀਨਸਿ ਗੁਰ ਨਾਥਾ' ॥੭॥
ਡੇਰਾ ਭਲੀ ਪ੍ਰਕਾਰ ਜਮਾਯੋ।
ਇਕ ਦਿਨ ਪ੍ਰਭੁ ਅਖੇਰ ਮਨ ਭਾਯੋ।
ਕਿਤਿਕ ਦੂਰ ਚਢਿ ਗਏ ਅਖੇਰਾ।
ਆਸ਼੍ਰਮ ਪਿਖ੍ਯੋ ਬਿਰਾਗੀ ਕੇਰਾ ॥੮॥
ਗਯੋ ਸਾਧ ਕਿਤ ਅਪਰ ਸਥਾਨਾ।
ਹੇਰਿ ਛਾਂਗ ਤਿਸ ਪੁਸ਼ਟ ਮਹਾਨਾ।
ਕਰਿ ਝਟਕਾ ਰਿੰਧਵਾਇ ਸੁ ਖਾਯਾ।
ਬੈਠੇ ਰਹੇ ਸਘਨ ਤਰੁ ਛਾਯਾ ॥੯॥
ਕਿਤਿਕ ਸਮੇਂ ਮਹਿਂ ਅੰਤਰ ਗਏ।
ਸੁੰਦਰ ਥਲ ਅਵਿਲੋਕਤਿ ਭਏ।
ਏਕ ਬਿਸਾਲ ਪ੍ਰਯੰਕ ਡਸਾਯੋ।
ਆਸਤਰਨ ਸਿਤ ਤੇ ਸ਼ੁਭ ਛਾਯੋ ॥੧੦॥
ਤਿਸ ਪਰ ਬੈਠੇ ਜਾਇ ਗੁਸਾਈਂ।
ਕੇਤਿਕ ਸਮੋਂ ਬਿਤ੍ਯੋ ਤਿਸ ਥਾਈਂ।
ਇਕ ਚੇਲਾ ਅਵਿਲੋਕਿ ਪਲਾਯੋ।
ਜਹਾਂ ਸਾਧ ਤਹਿਂ ਜਾਇ ਸੁਨਾਯੋ ॥੧੧॥
'ਇਹਾਂ ਵਹਿਰ ਬੈਠੇ ਕਿਸ ਭਾਂਤਿ?
ਡੇਰੇ ਬਿਖੇ ਭਯੋ ਉਤਪਾਤ।
ਕੋ ਇਕ ਪੁਰਖ ਤੇਜ ਬਡ ਧਾਰੀ।
ਪ੍ਰਥਮ ਛਾਂਗ ਹਤਿ ਕੀਨ ਅਹਾਰੀ ॥੧੨॥
ਤਿਹ ਬਿਲੋਕਿ ਹਮ ਤੂਸ਼ਨ ਰਹੇ।
ਕੀਨਸਿ ਖਾਨਿ ਤ੍ਰਾਸ ਨਹਿਂ ਲਹੇ।
ਪੁਨ ਸਥਾਨ ਅੰਤਰ ਗਮਨਾਯੋ।
ਹਮ ਲੇ ਕਰਿ ਤੁਮ ਨਾਮ ਹਟਾਯੋ ॥੧੩॥
ਬਰਜ੍ਯੋ ਰਹ੍ਯੋ ਨ, ਪਹੁੰਚ੍ਯੋ ਤਹਾਂ।
ਬਿਸਦ ਸੇਜ ਰਾਵਰ ਕੀ ਜਹਾਂ।
ਮਾਨੀ ਸ਼ੰਕ ਨ ਮਨ ਮਹਿਂ ਕੈਸੇ।
ਤਿਸ ਪ੍ਰਯੰਕ ਕੇ ਊਪਰ ਬੈਸੇ' ॥੧੪॥
ਮਾਧੋਦਾਸ ਸੁਨਤਿ ਰਿਸ ਠਾਨੀ।
'ਕੋ ਐਸੋ ਜਗ ਪੁਰਖ ਗੁਮਾਨੀ।

ਇਕ ਤੌ ਨਹੀਂ ਸਾਧੁ ਲਖਿ ਟਰਯੋ।
ਦੁਤੀਏ ਮੈਂ ਅਜ਼ਮਤਿ ਕਰਿ ਭਰਯੋ
॥੧੫॥
ਤ੍ਰਿਤੀਏ ਨਹੀਂ ਸਾਧ ਅਸ ਕੋਈ।
ਗ੍ਰਿਹਸਤੀ ਅਹੈ ਸ਼ਸਤ੍ਰ ਧਰਿ ਸੋਈ।'
ਪਠਯੋ ਬੀਰ[1] ਇਕ 'ਦੇਹੁ ਸਜ਼ਾਇ।
ਸਿਹਜਾ ਤੇ ਮਾਰਹੁ ਉਲਟਾਇ ॥੧੬॥
ਜਿਸ ਤੇ ਪ੍ਰਾਨ ਸਹਤ ਨਹਿਂ ਰਹੈ।
ਆਗੇ ਪਿਖਿ ਸਗਰੇ ਡਰ ਲਹੈਂ।
ਸਾਧ ਅਵੱਗਜਾ ਕਰੈ ਨ ਕੋਈ।
ਜਿਸ ਕੀਨੀ ਸਹਿ ਸੰਕਟ ਸੋਈ' ॥੧੭॥
ਸੁਨਤਿ ਬੀਰ ਤੂਰਨ ਹੀ ਧਾਯੋ।
ਜਯੋਂ ਧਨੁ ਤੇ ਕਿਨ ਬਾਨ ਚਲਾਯੋ।
ਆਇ ਉਠਾਵਨ ਲਾਗਸਿ ਪਾਵਾ।
ਕਰਯੋ ਓਜ ਨਹਿਂ ਤਊ ਉਠਾਵਾ ॥੧੮॥
ਦੁਤਿਯ ਬੀਰ ਤਬਿ ਸਾਧ ਪਠਾਯੋ।
ਚਾਹਤਿ ਹੈ ਪਰਯੰਕ ਉਠਾਯੋ।
ਦੋਨਹੁਂ ਪਾਵੈਂ ਪਰ ਦ੍ਵੈ ਤੀਰ।
ਗੁਰੂ ਖੁਭਾਇ ਧਰੇ ਜੁਤਿ ਧੀਰ ॥੧੯॥
ਬੀਰਨ ਮਹਿਂ ਏਤਿਕ ਬਲ ਕਹਾਂ।
ਖਾਟ ਉਠਾਇ ਸੁ ਪਲਟਹਿਂ ਤਹਾਂ।
ਜਾਨੀ ਸਾਧ -ਨ ਜੁਗ ਤੇ ਹਾਲਾ[1]।
ਹ੍ਵੈ ਹੈ ਕੋਊ ਪੁਰਖ ਬਿਸਾਲਾ- ॥੨੦॥
ਤ੍ਰਿਤੀ ਪਠਯੋ, ਪੁਨ ਚਾਰਹੁਂ ਆਏ।
ਲਾਇ ਰਹੇ ਬਲ ਨਹਿਂ ਉਲਟਾਏ।
ਚਾਰਹੁਂ ਪਾਵੋਂ ਪਰ ਸਰ ਚਾਰ।
ਕਰੇ ਟਿਕਾਵਨਿ ਭਾਰ ਉਦਾਰ ॥੨੧॥
ਜਬਿ ਨਹਿਂ ਉਲਟਯੋ ਬੀਰਨ ਜਾਨੀ।
ਤਰੇ ਧਸਾਵਨ[†] ਲਗੇ ਮਹਾਨੀ।
ਜਬਿ ਚਾਰਹੁਂ ਰਿਸ ਤੇ ਬਲ ਕੀਨਿ।
ਹਲੀ ਖਾਟ, ਚਾਲੀ, ਤਰ, ਚੀਨ[1] ॥੨੨॥
ਪਾਵੇ ਲਗੇ ਧਸਨ ਜਬਿ ਹੇਰੇ।

[1]ਗੁਪਤ ਵਜਕਤੀ ਤੋਂ ਮੁਰਾਦ ਹੈ, ਮੁਅੱਕਲ।

[1]ਸਾਧ ਨੇ ਜਾਣ ਲਿਆ ਕਿ ਦੁਹਾਂ ਤੋਂ ਨਹੀਂ ਹਿੱਲਿਆ।

[†]ਪਾ:-ਧਵਾਸਨ।

[1]ਖਾਟ ਹਿੱਲਕੇ ਹੇਠ ਨੂੰ ਚਲਦੀ ਜਾਣੀ (ਗੁਰੂ ਜੀ ਨੇ)।

ਸ਼੍ਰੀ ਸਤਿਗੁਰ ਬੋਲੇ ਤਿਸ ਬੇਰੇ।
'ਕਾਸ਼ਟ ! ਕੁਛ ਹਮ ਸੋਂ ਨਹਿਂ ਬੈਰਾ।
ਧਰਨੀ ਧਸਤਿ, ਨ ਰਹਿਤ ਉਚੇਰਾ?' ॥੨੩॥
ਹਾਥ ਪਾਇ ਕਰਿ[1] ਖਾਟ ਟਿਕਾਈ। [1]ਦੋਵੇਂ) ਹੱਥ ਪਾਕੇ।
ਭਈ ਅਕਾਰਥ ਅਜ਼ਮਤਿ ਲਾਈ[1]। [1]ਸਾਧੂ ਦੀ) ਅਜ਼ਮਤ ਲਾਈ ਐਵੇਂ ਗਈ।
ਅਪਨੇ ਤੇ ਬਹੁ ਬਡੇ ਬਿਚਾਰਾ।
ਮਾਧੋ ਦਾਸ ਖੋਇ ਅਹੰਕਾਰਾ ॥੨੪॥
ਹ੍ਵੈ ਕਰਿ ਦੀਨ ਤਬੈ ਚਲਿ ਆਯੋ।
ਸ਼੍ਰੀ ਗੁਰ ਬੈਠੇ ਦਰਸ਼ਨ ਪਾਯੋ।
ਬੰਦਨ ਕਰੀ ਰਹਯੋ ਕਰ ਜੋਰਿ।
ਅਵਿਲੋਕਤਿ ਸ਼੍ਰੀ ਮੁਖ ਕੀ ਓਰ ॥੨੫॥
ਬੂਝਯੋ ਪ੍ਰਭੁ 'ਕੌਨ ਤੂੰ ਅਹੈਂ?
ਇਸ ਥਲ ਮਹਿਂ ਕੈਸੇ ਕਰਿ ਰਹੈਂ?'
[1] 'ਇਹ ਮਮ ਗੁਰ ਕੋ ਆਸ਼੍ਰਮ ਭਾਰੀ। [1]ਸਾਧ ਨੇ ਉਤਰ ਦਿੱਤਾ।
ਚਿਰੰਕਾਲ ਤਪ ਕੀਨਿ ਅਚਾਰੀ ॥੨੬॥
ਤਿਸ ਪੀਛੇ ਮੈਂ ਇਸ ਥਲ ਬਾਸਾ।
ਰਹੌਂ ਏਕ[1] ਭਾਵਹਿ ਤਪ ਰਾਸਾ।' [1]ਇਕੱਲਾ।
ਸੁਨਿ ਗੁਰ ਭਨਯੋਂ 'ਤੋਹਿ ਗੁਰ ਕਹਾਂ।
ਮਰਿ ਕਰਿ ਪਹੁੰਚਯੋ ਜਾਨਹਿਂ ਤਹਾਂ ॥੨੭॥
ਜਿਸ ਭਰਵਾਸ਼ੇ ਆਸ਼੍ਰਮ ਰਹੈਂ।
ਤਿਸ ਕੋ ਲਖਹਿਂ ਕਿ ਨਹਿਂ, ਕਿਤ ਅਹੈ?'
ਸੁਨਤਿ ਦੀਨਿ ਹੁਇ ਸਾਧ ਬਖਾਨਾ।
'ਸ਼ਕਤਿ ਨ ਏਤੀ, ਮੈਂ ਨਹਿਂ ਜਾਨਾ ॥੨੮॥
ਜੇ ਕਰਿ ਤੁਮ ਮਹਿਂ ਸ਼ਕਤਿ ਇਤੀਕ।
ਲੋਕ ਪ੍ਰਲੋਕ ਲਖਹੁ ਬਿਧਿ ਨੀਕ।
ਤੌ ਮਮ ਗੁਰ ਕੌ ਦੇਹੁ ਦਿਖਾਈ।
ਪੁਨ ਨਿਸ਼ਚਾ ਨਿਹਚਲ ਟਿਕਿ ਜਾਈ' ॥੨੯॥
ਤਬਿ ਗੁਰ ਭਨਯੋਂ 'ਤਰੋਵਰ ਖਰਯੋ।

ਤਿਸ ਕੇ ਫਲ ਕੀੜਾ ਹੁਇ ਪਰਜੋ।
ਜੇ ਕਰਿ ਪਤਾ ਚਾਹਤਿ ਅਬਿ ਲਜਾਵਹੁ।
ਕਰਿ ਹਮ ਢਿਗ ਲੇ ਨਾਮ ਬੁਲਾਵਹੁ'
॥ ੩੦ ॥
ਸੁਨਿ ਸਾਧੂ ਨੇ ਸੋ ਫਲ ਦੇਖਾ।
ਹੈ ਪਰਪੱਕਜ ਲਾਲ ਅਵਰੇਖਾ।
ਗੁਰ ਕੇ ਕਹੋ ਤੋਰ ਕਰਿ ਲਜਾਵਾ।
ਨਿਕਟ ਲਜਾਇ ਕੀੜਾ ਦ੍ਰਿਸ਼ਟਾਵਾ
॥ ੩੧ ॥
ਧੁਨਿ ਊਚੀ ਲੇ ਨਾਮ ਗੁਹਾਰਾ।
ਕੀਰੇ 'ਕਿਰਰ ਕਿਰਰ' ਉੱਚਾਰਾ।
ਜਾਨਿ ਲੀਨਿ -ਨਿਸ਼ਚੇ ਗੁਰ ਮੇਰੋ।
ਕਹਾਂ ਭਈ ਗਤਿ !- ਬਿਸਮ ਬਡੇਰੋ
॥ ੩੨ ॥
ਸ਼੍ਰੀ ਗੁਰ ਭਨਜੋਂ 'ਚਿੰਤ ਕਜਾ ਕੀਜੈ।
ਸ਼ੇਸ਼ ਕਰਮ ਇਸ ਕੋ[1] ਲਖਿ ਲੀਜੈ।
ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ।
ਬਹੁਰ ਨਹੀਂ ਅਪਗਤਿ ਅਸ ਜਾਵੈ'
॥ ੩੩ ॥
ਹੁਤੋ ਹਾਥ ਮਹਿਂ ਫਲ ਮ੍ਰਿਤੁ ਭਯੋ।
ਤਿਸ ਤੇ ਨਿਕਸਿ ਧਰਾ ਗਿਰ ਗਯੋ।
ਕਹਜੋ[1] 'ਪ੍ਰਭੁ ! ਤੁਮ ਕਰੁਨਾ ਕਰੀਯਹਿ।
ਮੋਰ ਕਰਮ[1] ਪਰ ਦ੍ਰਿਸ਼ਟਿ ਨ ਧਰੀਅਹਿ
॥ ੩੪ ॥
ਅਪਨੀ ਸੇਵਾ ਮੁਹਿ ਫੁਰਮਾਵਹੁ।
ਪਗ ਪੰਕਜ ਪਰ ਮੋਹਿ ਲਗਾਵਹੁ।
ਰਾਖੁ ਲੇਹੁ ਸ਼ਰਨਾਗਤਿ ਪਰਜੋ।'
ਦੇਨਿ ਦੇਖਿ ਪ੍ਰਭੁ ਬਿਗਸਿ ਉਚਰਜੋ
॥ ੩੫ ॥
'ਹਮ ਕੋ ਹੁਕਮ ਅਹੈ ਕਰਤਾਰਾ।
-ਬਿਦਤਾਵਹੁ ਜਗ ਪੰਥ ਕਰਾਰਾ।
ਤੁਰਕ ਤੇਜ ਕੋ ਕਰੌ ਬਿਨਾਸ਼ਾ।

[1]ਇਸ ਦਾ (ਇਕੋ) ਕਰਮ (ਭੋਗਣਾ) ਬਾਕੀ ਸੀ।

[1]ਸਾਧ ਨੇ) ਕਿਹਾ।

[1]ਬੀਰਾਂ ਦਾ ਭੇਜਣਾ ਰੂਪੀ (ਬੇਅਦਬੀ ਦਾ) ਕਰਮ।

ਜੋ ਅਬਿ ਪਸਰਿ ਰਹ੍ਯੋ ਚਹੁੰ ਪਾਸਾ–
॥੩੬॥
ਤੂੰ ਬਤਾਉ ਕਹੁ ਕੈਸੇ ਕਰਨਾ।
ਮਿਲਹੁ ਕਿ ਨਹੀਂ ਸ਼ਤ੍ਰੂ ਗਨ ਹਰਨਾ?'
ਬੋਲ੍ਯੋ ਸਾਧ 'ਆਪ ਹੋ ਮਾਲਕ।
ਤੁਮਰਾ ਬੰਦਾ ਕਰੌਂ ਨ ਆਲਕ[1] ॥੩੭॥ — [1]ਆਲਸ।
ਹੁਇ ਰਾਵਰਿ ਆਇਸੁ ਅਨੁਸਾਰੀ।
ਕਰੌਂ ਜੰਗ ਭੰਗੌਂ ਰਿਪੁ ਭਾਰੀ।
ਤੁਮ ਸਹਾਇਤਾ ਲੈ ਖਰ ਖੰਡਾ।
ਕਰੌਂ ਘਮੰਡ[1] ਪ੍ਰਚੰਡ ਖੰਡ ਖੰਡਾ' ॥੩੮॥ — [1]ਯੁੱਧ।
ਹਸਿ ਬੋਲੇ 'ਹਮ ਦੀਨਾ ਹੁਕਮ।
ਬਾਲੂ ਮੱਧ ਨਿਕਾਸਾ ਰੁਕਮ[1]। — [1]ਰੇਤ ਵਿਚੋਂ ਸੋਨਾ ਕਢਿਆ ਹੈ।
ਦੇਸ਼ ਪੰਜਾਬ ਜਾਹੁ ਮਮ ਬਦਲਾ[1]। — [1]ਪੰਜਾਬ ਦੇਸ਼ ਵਿਚ ਮੇਰੀ ਥਾਵੇਂ ਜਾਵੋ।
†ਬਿਮੁਖ ਹੁਏ ਮੇਰੇ ਮਨ ਰਦਲਾ[1] ॥੩੯॥ — [1]ਹੇ ਮੇਰੇ ਬੰਦੇ! ਜੋ ਬੇਮੁਖ ਹੋਏ ਹਨ ਉਨ੍ਹਾਂ ਨੂੰ ਰੱਦ ਕਰ [ਮਨ=ਮਨੁਜ, ਬੰਦਾ]। †ਇਹ ਤੁਕਾਂ ਸੌ ਸਾਖੀ ਦੀ ੫੭ਵੀਂ ਸਾਖੀ ਦੀਆਂ ਹਨ। ਇਸੇ ਕਰਕੇ ਸਿਥਲ ਜੇਹੀਆਂ ਹਨ, ਕਵੀ ਜੀ ਦੀ ਰਚਨਾਂ ਤੁੱਲ ਨਹੀਂ ਹਨ।
ਪੰਥ ਤੇਜ ਤੇਰੇ ਹੀ ਦੀਨਾ[1]। — [1]ਤੇਜਵਾਲਾ ਪੰਥ ਤੇਰੇ ਹੱਥ ਦਿੱਤਾ ਹੈ।
ਸਭਿਨਿ ਬਿਖੈ ਤੋ ਕੋ ਮੁਖਿ ਕੀਨਾ।
ਅਪਨਿ ਆਪ ਤੇ ਭਾਖ੍ਯੋ ਬੰਦਾ।
ਇਹ ਬਿਦਤੈ ਜਗ ਨਾਮ ਬਿਲੰਦਾ ॥੪੦॥
ਨਹਿਂ ਠਹਿਰਹਿ ਰਿਪੁ ਤੋਹਿ ਅਗਾਰੀ।
ਹੁਇ ਸੰਘਰ ਘਮਸਾਨ ਉਦਾਰੀ।
ਲਰੈਂ ਅਰੈਂ ਲਾਖਹੁੰ ਹੀ ਮਰੈਂ।
ਬਚੈਂ ਸੁ ਜੀਵ ਭਾਜ ਜੋ ਪਰੈਂ' ॥੪੧॥
ਸੁਨਿ ਗੁਰਵਾਕ ਭਯੋ ਮਨ ਗਾਢੋ।
ਹਾਥ ਜੋਰਿ ਸਨਮੁਖ ਰਹਿ ਠਾਢੋ।
ਕਰਨ ਜੰਗ ਕੋ ਭਾ ਅਨੁਸਾਰੀ।
ਕ੍ਰਿਪਾ ਦ੍ਰਿਸ਼ਟਿ ਸਤਿਗੁਰੂ ਨਿਹਾਰੀ
॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

## ੬. [ਬੰਦੇ ਨੂੰ ਬਖਸ਼ਿਸ਼]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਸ੍ਰੀ ਗੁਰ ਨਿਕਟਿ ਬਿਠਾਇ ਕਰਿ, ਗਰ ਤੇ ਖੜਗ ਉਤਾਰਿ।
ਦੇਨਿ ਲਗੇ ਯੁਤ ਤੇਜ ਕੇ, ਕਰਨ ਹੇਤ ਸਰਦਾਰ[1] ॥੧॥

[1]ਭਾਵ ਜਥੇਦਾਰ ਬਨਾਉਣ ਲੱਗੇ ਹਨ, ਗੁਰਜਾਈ ਨਹੀਂ ਦੇਣ ਲੱਗੇ।

ਚੌਪਈ:

ਦਯਾ ਸਿੰਘ ਅਰੁ ਧਰਮ ਸਿੰਘ ਪੁਨ।
ਇਨ ਤੇ ਆਦਿ ਖਾਲਸਾ ਢਿਗ ਗੁਨ।
ਦੇਖਤਿ ਹਾਥ ਜੋਰਿ ਹੁਇ ਖਰੇ।
'ਸ਼੍ਰੀ ਗੁਰ ਅਧਿਕ ਕ੍ਰਿਪਾ ਕਰਿ ਢਰੇ ॥੨॥
ਜੇ ਕਰਿ ਖੜਗ ਦੇਹੁ ਇਨ ਧਰੇ।
ਪੰਥ ਆਪ ਕੋ ਕਜਾ ਤਬਿ ਕਰੇ।
ਰਹੇ ਆਦਿ ਤੇ ਸੰਗ ਤੁਮਾਰੇ।
ਸਹੇ ਕਸ਼ਟ ਬਹੁ ਮਰੇ ਹਜ਼ਾਰੇ ॥੩॥
ਸਰਬ ਅਕਾਰਥ ਸਿੰਘਨ ਕੇਰਾ।
ਦਿਯੋ ਜਵਾਬ ਆਪ ਇਸ ਬੇਰਾ।
ਸੇਵਾ ਕਰਨੀ ਬਿਨੈ ਉਚਾਰੇਂ।
ਇਸ ਤੇ ਬਿਨ ਕਜਾ ਬਸੀ ਹਮਾਰੇ ॥੪॥
ਜੇ ਕਰਿ ਘਾਲ ਅਕਾਰਥ ਖੋਵਹੁ।
ਸਹੀ ਆਪਨੇ ਸਿਖ ਕਰ ਜੋਵਹੁ[1]।

[1]ਜਿਧਰ ਕਿਧਰ ਆਪਣੇ ਸਿੱਖ ਜੋ ਦੇਖਦੇ ਹੋ।

ਸਭਿ ਕੋ ਦਿਹੁ ਜਵਾਬ ਇਸ ਕਾਲਾ।
ਕਜਾ ਕਰਿ ਸਕੈ ਖਾਲਸਾ ਜਾਲਾ' ॥੫॥
ਇਮ ਕਹਿ ਸਭਿ ਕੇ ਦ੍ਰਿਗ ਭਰਿ ਆਏ।
ਰੁਦਤਿ ਅਧਿਕ ਉਰ ਚਿੰਤ ਉਪਾਏ।
'ਦਿਯੋ ਚਹਤਿ, ਦੀਜੈ ਇਸ ਤੀਰ।
ਖੜਗ ਖਾਲਸੇ ਕੇ ਰਹਿ ਤੀਰ' ॥੬॥
ਸੁਨਿ ਪਿਖਿ ਕੈ ਗੁਰ ਕ੍ਰਿਪਾ ਉਪਾਈ।
'ਕਜੋਂ ਤੁਮ ਸੰਸੈ ਰਿਦੈ ਉਠਾਈ[1]।

[1]ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਗੱਦੀ ਨਹੀਂ ਸਨ ਦੇਣ ਲੱਗੇ।

[1]ਜਾਨਹੁ ਰਿਦੈ ਕਮਾਇਕ ਮੇਰਾ।

[1]ਹਿਰਦੇ ਵਿਚ ਜਾਣ ਲਓ ਕਿ ਇਹ ਮੇਰਾ ਕਾਰਿੰਦਾ ਹੈ ਤੇ ਖਾਲਸਾ ਮੇਰਾ ਪੁੱਤ੍ਰ ਹੈ ਜੋ (ਸੁਖ) ਭੋਗੇਗਾ। [ਕਮਾਇਕ=ਕਮਾਈ ਕਰਨ ਵਾਲਾ, ਕਾਰਿੰਦਾ]।

ਭੋਗੇ ਪੁੱਤ੍ਰ ਖਾਲਸਾ ਮੇਰਾ ॥੭॥

ਕੈਸਾ ਅਚਰਜ ਖਾਲਸੇ ਨਾਲ ਪ੍ਰੇਮ ਹੈ। ਕੈਸਾ ਉੱਚਾ ਗੁਰੂ-ਬਿਰਦ ਹੈ। ਅਸਲ ਗੱਲ ਇਸ ਵੇਲੇ ਖਾਲਸੇ ਦੇ ਘਬਰਾ ਦੀ ਇਹ ਜਾਪਦੀ ਹੈ ਕਿ ਸਤਿਗੁਰਾਂ ਨੇ ਜਦੋਂ ਅੰਮ੍ਰਿਤ ਛਕਾਕੇ ਪੰਜਾਂ ਪਿਆਰਿਆਂ ਤੋਂ ਆਪ ਛਕਿਆ ਤਾਂ 'ਖਾਲਸਾ' ਗੁਰੂ ਸਥਾਨੀ ਹੋ ਗਿਆ, ਫੇਰ ਚਮਕੌਰ ਵਿਚ ਇਹੋ ਗੱਲ ਦੁਹਰਾਈ। ਤਲਵਾਰ ਬੰਦੇ ਨੂੰ ਦੇਣ ਵੇਲੇ ਖਾਲਸੇ ਨੇ ਜਾਤਾ ਕਿ ਇਸ ਨੂੰ ਗੁਰਜਾਈ ਮਿਲਣ ਲੱਗੀ ਹੈ ਤੇ ਇਹ ਕਲਗ਼ੀਧਰ ਅਸਥਾਨੀ ਹੋ ਜਾਏਗਾ। ਇਸ ਕਰਕੇ ਖੜਗ ਦੇਣੀ ਨਹੀਂ ਸਨ ਚਾਹੁੰਦੇ। ਪਿਛਲੇ ਸਤਿਗੁਰਾਂ ਦੇ ਸਮਿਆਂ ਤੋਂ ਗੱਦੀ ਦੇਣ ਵੇਲੇ ਪੰਜ ਪੈਸੇ ਨਰੇਲ ਦੇ ਨਾਲ ਖੜਗ ਬੀ ਅਰਪਨ ਹੁੰਦੀ ਸੀ। ਇਸ ਕਰਕੇ ਖਾਲਸੇ ਨੇ ਜਾਤਾ ਕਿ ਖੜਗ ਖਾਲਸੇ ਦਾ ਹੱਕ ਹੈ, ਇਹ ਜੇ ਜਥੇਦਾਰ ਥਾਪਣਾ ਹੈ ਤਾਂ ਤੀਰ ਇਸ ਨੂੰ ਦਿਓ, ਖੜਗ ਲੈਕੇ ਕਦੇ ਦਾਅਵੇਦਾਰ ਗੱਦੀ ਦਾ ਨਾ ਹੋ ਜਾਵੇ। ਸਤਿਗੁਰ ਗੱਦੀ ਦੇਣ ਨਹੀਂ ਸਨ ਲੱਗੇ ਪਰ ਖਾਲਸੇ ਦਾ ਇਹ ਭਾਵ ਸਮਝਕੇ ਸਤਿਗੁਰਾਂ ਨੇ ਬੰਦੇ ਨੂੰ ਤੀਰ ਦਿੱਤੇ। ਖੜਗ ਖਾਲਸੇ ਜੋਗੀ ਹੀ ਰਹੀ ਜੋ ਗੁਰੱਤ੍ਵ ਦੀ ਨਿਸ਼ਾਨੀ ਸੀ। ਖਾਲਸਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਥਾਪਿਆ, ਇਸੇ ਕਰਕੇ ਪੁਰਾਤਨ ਸਮਿਆਂ ਤੋਂ ਜਦ ਸੂਰਮੇ ਸਿੱਖ ਦੀਵਾਨ ਵਿਚ ਆਉਂਦੇ ਹਨ ਤਦ ਖੜਗ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਧਰ ਦਿੰਦੇ ਹਨ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਖਾਲਸਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਹੈ ਤੇ ਆਪ ਦੀ ਤਾਬਿਆ ਗੁਰੂ ਹੈ।

ਇਸ ਵੇਲੇ ਸਤਿਗੁਰਾਂ ਨੇ ਜੋ ਲਫਜ਼ ਕਹੇ ਹਨ ਨਿਰਸੰਸੇ ਕਰ ਦਿੰਦੇ ਹਨ ਕਿ ਬੰਦੇ ਨੂੰ ਆਪ ਨੇ ਆਪਣਾ ਕਰਿੰਦਾ ਥਾਪਿਆ ਹੈ, ਭਾਵ ਰਾਜਸੀ (ਪੁਲੀਟੀਕਲ) ਕੰਮ ਕਰਨ ਦਾ ਕੇਵਲ ਅਗੁਵਾਨੀ ਯਾ ਜਥੇਦਾਰ ਅਤੇ ਪੁੱਤ੍ਰ ਪਦ ਖਾਲਸੇ ਨੂੰ ਦਿੱਤਾ ਹੈ। ਸੋ ਗੱਦੀ ਨਸ਼ੀਨ ਤਾਂ ਗੁਰੂ ਖਾਲਸਾ ਹੈ ਤੇ ਜੰਗੀ ਕੰਮ ਕਰਨ ਵਾਲਾ ਗੁਰੂ ਕਾ ਕਾਰਿੰਦਾ ਬੰਦਾ ਹੈ। ਇਸ ਗੱਲ ਦੇ ਪੂਰਨ ਲਈ ਸਤਿਗੁਰਾਂ ਨੇ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਭਾਈ ਬਾਜ ਸਿੰਘ ਤਿੰਨ ਸਿੰਘ ਨਾਲ ਦਿੱਤੇ, ਗੋਯਾ ਬੰਦੇ ਨੂੰ ਸੁਤੰਤ੍ਰ ਜਥੇਦਾਰ ਬੀ ਨਹੀਂ ਥਾਪਿਆ। ਜਥੇਦਾਰ ਇਕ ਸਿਖ ਦਾਨਿਆਂ ਤੇ ਵਡਕਿਆਂ ਦੀ ਸਭਾ ਦੇ ਮਾਤਹਿਤ ਰੱਖਿਆ, ਜਿਵੇਂ ਅੱਜ ਕੱਲ 'ਗਵਰਨਰ ਇਨ ਕੌਂਸਲ' ਹੁੰਦਾ ਹੈ। ਭੰਗੂ ਰਤਨ ਸਿੰਘ ਜੀ ਇਹ ਲਿਖਦੇ ਹਨ ਕਿ ਤੁਰਨ ਵੇਲੇ ਖਾਲਸੇ ਨੇ ਕਿਹਾ ਕਿ 'ਜੋ ਬੰਦਾ ਪਤਸ਼ਾਹੀ ਚਾਹੈ। ਤਬ ਹਮ ਨ ਇਨ ਕੇ ਨਾਲ ਰਾਹੈ। ' ਤਦ ਸਤਿਗੁਰਾਂ ਨੇ ਬੰਦੇ ਨੂੰ ਕਿਹਾ ਕਿ 'ਜੌ ਤੂੰ ਸਿੰਘਨ ਖੁਸ਼ ਰਖੈਂ ਤੌ ਰਹੈਂ ਸਦਾ ਤੂੰ ਸੁੱਖ। ਜੇ ਤੂੰ ਸਿੰਘਨ ਦੁਖ ਦਿਵੈਂ ਤੌ ਤੂੰ ਪਾਵੈਂ ਦੁੱਖ।' ਬੰਦੇ ਨੇ ਇਹ ਗੱਲ ਮੰਨੀ। ਇਸ ਤੋਂ ਸਾਬਤ ਹੋਇਆ ਕਿ ਬੰਦਾ ਮੁਖੀਆ ਤੇ ਆਗੂ ਥਾਪਿਆ ਸੀ, ਖੁਦਮੁਖਤਜਾਰ ਨਹੀਂ। ਖਾਲਸੇ ਦੀ ਪੰਚਾਇਤ ਦੇ ਵਿਚ ਉਹ ਪੰਚ ਸੀ। ਜਦ ਬੰਦੇ ਰਿਧ ਸਿਧ ਮੰਗੀ ਤਾਂ ਗੁਰੂ ਜੀ ਨੇ ਕਿਹਾ

'ਪੰਚ ਸਿੰਘ ਲੈ ਕੇ ਤੂੰ ਸਾਥ।
ਕਰ ਅਰਦਾਸ ਪੂਰੀ ਹੋਇ ਆਸ।'

ਗੁ: ਪ੍ਰ: ਸੂ: ਵਿਚ ਨਾਲ ਦੇ ਸਿੰਘਾਂ ਦੇ ਤ੍ਰੈ ਨਾਮ ਹਨ, ਪਰ ਪਤਾ ਚਲਦਾ ਹੈ ਕਿ ਬੰਦੇ ਨੂੰ ਸਲਾਹ ਦੇਣ ਵਾਲੇ ਪੰਜ ਸਿੰਘ ਸਨ। ਹੋਰਨਾਂ ਦੋਹਾਂ ਦੇ ਨਾਮ ਬਿਜੈ ਸਿੰਘ ਤੇ ਰਾਮ ਸਿੰਘ ਤਵਾ: ਖਾ: ਨੇ ਲਿਖੇ ਹਨ ਪਰ ਭੰਗੂ ਜੀ ਨੇ, ਜੋ ਪੁਰਾਤਨ ਹਨ, ਲਿਖਿਆ ਹੈ ਕਿ ਬੰਦੇ ਦੇ ਨਾਲ ਮਾਝੇ ਦੇ ਸਿੰਘ ਰਲਾਏ, ਤੇ ਅੱਗੇ ਨਾਮ ਦਿੱਤੇ ਹਨ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਦਇਆ ਸਿੰਘ, ਰਣ ਸਿੰਘ, ਬਾਜ ਸਿੰਘ ਤੇ ਥਲਮੀਰ ਸਿੰਘ। ਉਨ੍ਹਾਂ ਨੇ ਲਿਖਿਆ ਹੈ:- 'ਤਬ ਸਤਿਗੁਰ ਸਿੰਘ ਮਝੈਲ ਰਲਾਏ। ਬਾਬੇ ਬਿਨੋਦ ਸਿੰਘ ਔ ਕਾਹਨ ਸਿੰਘ ਚੜਾਏ। ਦਯਾ ਸਿੰਘ ਔ ਰਣ ਸਿੰਘ ਭਲੇ। ਭਏ ਹਜ਼ੂਰ ਭੁਜੰਗੀ ਸੰਗ ਬੰਦੇ ਘਲੇ ॥ ੨੨ ॥ ਔ ਬਾਜ ਸਿੰਘ ਥਲਮੀਰ ਪੁਰ ਪੱਟੀ ਵਾਰੋ। ਸਤਿਗੁਰ ਕਰ ਦਏ ਸੰਗ ਭਾਈ ਚਾਰੋ। ਔਰ ਚੜ੍ਹਾਏ ਸਿੰਘ ਬਡ ਸਿਦਕ ਬਾਰੇ। ਰਹਿਤ ਹਜ਼ੂਰ ਥੇ ਗੁਰੂ ਪਿਆਰੇ ॥ ੨੩ ॥' ਤੇ ਨਾਲ ਲਿਖਦੇ ਹਨ ਕਿ ਮਝੈਲ ਸਿੰਘਾਂ ਵਲ ਖਤ ਲਿਖ ਦਿੱਤੇ ਕਿ ਖਤ ਵੇਖਦੇ ਸਾਰ ਬੰਦੇ ਪਾਸ ਆ ਜਾਓ। ਤਵਾ: ਖਾ: ਨੇ ਬੰਦੇ ਦੇ ਨਾਲ ਆਏ ੨੫ ਸਿੰਘ ਦੱਸੇ ਹਨ, ਜਿਨ੍ਹਾਂ ਵਿਚੋਂ ਪੰਜ ਮੁਖੀਏ ਕੀਤੇ ਬੰਦੇ ਦੇ ਸਲਾਹਕਾਰ।

ਰਿਪੁ ਕੰਟਕ ਇਹ ਬੀਨ ਮਿਟਾਵੈ।
ਬਿਚਰਤਿ ਸਿੰਘ ਅਨਿਕ ਸੁਖ ਪਾਵੈਂ।
ਰਾਜ ਦੇਸ਼ ਕੋ ਅਹੈ ਤੁਮਾਰੋ।

ਸੋ ਨਹਿੰ ਟਰਹਿ ਕਿਸੂ ਤੇ ਟਾਰੋ ॥੮॥
ਇਹੁ ਚਿੰਤਾ ਤੁਮ ਦੇਹੁ ਮਿਟਾਈ।
ਰਾਜ ਤੇਜ ਤੁਮ ਤੇ ਨਹਿੰ ਜਾਈ।
ਹਰਖ ਧਰਹੁ ਚਿਤ ਚਾਹਤਿ ਜੈਸੇ।
ਬੰਦੇ ਕੋ ਬਖਸ਼ਹਿੰ ਸਰ ਤੈਸੇ' ॥੯॥
ਇਮ ਕਹਿ ਗਰੇ ਖੜਗ ਕੋ ਧਾਰਾ।
ਸਿੰਘਨਿ ਕੋ ਸਤਿਕਾਰਿ ਬਿਠਾਰਾ।
ਬਿਚ ਨਿਖੰਗ ਤੇ ਪਾਂਚਹੁੰ ਤੀਰ।
ਦੇਤਿ ਭਏ ਬੰਦੇ ਕੋ ਤੀਰ ॥੧੦॥
ਸ਼੍ਰੀ ਮੁਖ ਕਹਯੋ 'ਜਤੀ ਰਹਿੰ ਜਾਵਤਿ।
ਰਹੈ ਤੇਜ ਤੇਰੋ ਵਧਿ ਤਾਵਤਿ।
ਬ੍ਰਹਮਚਰਜ ਤੇ ਮੁਖ ਨਹਿੰ ਮੁਰੈ।
ਬ੍ਰਹਮਚਰਜ ਤੇ ਰਿਪੁ ਨਹਿੰ ਅਰੈ ॥੧੧॥
ਬ੍ਰਹਮਚਰਜ ਤੇ ਤੇਜ ਸਵਾਯਾ।
ਬ੍ਰਹਮਚਰਜ ਤੇ ਸਭਿ ਕਿਛ ਪਾਯਾ।
ਬੰਦਾ ਭਯੋ ਜਿ ਬੰਦੀ ਬਜਾਹੈ[1]।
ਤਬਿ ਇਨ ਸਰਨਿ[1] ਤੇਜ ਘਟ ਜਾਹੈ ॥੧੨॥
ਜਮਨਾ ਪਾਰ ਜਾਇ ਸਭਿ ਠੌਰਾ।
ਹਨਹੁ ਦੁਸ਼ਟ ਘਾਲਹੁ ਬਡ ਰੌਰਾ।
ਪਰੈ ਬੂੜੀਏ[1] ਥੇ ਕੁਛ ਜਾਇ।
ਥਿਰਹੁ ਹੇਰਿ ਕੋ ਊਚੀ ਥਾਇੰ ॥੧੩॥
ਪਠਹਿੰ ਹੁਕਮਨਾਮਾ ਹਮ ਪਾਛੈ।
ਮਿਲਹਿੰ ਸਿੰਘ ਪੰਚਹੁੰ ਜਬਿ ਆਛੈ।
ਤਬਿ ਲੂਟਨ ਲਾਗਹੁ ਸਭਿ ਦੇਸ਼ਾ।
ਹਤਹੁ ਜਿ ਲਰਨੇ ਆਇ ਵਿਸ਼ੇਸ਼ਾ[†] ॥੧੪॥
ਪ੍ਰਥਮ ਦੌਰਿ ਜਿਸ ਠੌਰ ਸਢੌਰਾ।
ਕਰਹੁ ਕਤਲ ਘਾਲਹੁ ਬਡ ਰੌਰਾ।
ਪੁਨ ਤੁਰਕਨ ਕੇ ਪੁਰਿ ਸਭਿ ਮਾਰੋ।
ਲੂਟਿ ਕੂਟਿ ਕਰਿ ਦੁਸ਼ਟ ਸੰਘਾਰੋ ॥੧੫॥
ਜਬਿ ਦਲ ਵਧਹਿ ਸਿਰ੍ਹੰਦ ਸਿਧਾਰਹੁ।

[1]ਬੰਦਾ ਹੋਕੇ ਜੇ ਬਾਂਦੀ (ਇਸਤ੍ਰੀ) ਵਿਆਹੇਗਾ।

[1]ਇਨ੍ਹਾਂ ਤੀਰਾਂ ਦੀ।

[1]ਬੂੜੀਏ ਪਿੰਡ ਤੋਂ ਪਰੇ।

[†]ਭੰਗੂ ਜੀ ਨੇ ਇਸ ਵੇਲੇ ਦੀ ਆਗਿਆ ਇਹ ਦੱਸੀ ਹੈ ਕਿ 'ਦੋਖੀਆਂ ਨੂੰ ਦੰਡ ਦੇਣਾ।' ਸਭ ਦੇਸ਼ ਲੁੱਟਣ ਦਾ ਹੁਕਮ ਨਹੀਂ ਦੱਸਿਆ ਨੇ।

ਤਹਾਂ ਵਜ਼ੀਦ ਖਾਨ ਸਿਰਦਾਰਹੁ।
ਸਾਹਿਬਜ਼ਾਦੇ ਜਿਨ ਮਰਵਾਏ।
ਲਰਤਿ ਆਪ ਲਿਹੁ ਤਿਸ ਕੋ ਘਾਏ ॥੧੬॥
ਨਿਜ ਕਰ ਤੇ ਸਿਰ ਛੇਦਨਿ ਕਰੋ।
ਪੁਰਿ ਸਿਰੰਦ ਬਿਧੰਸ ਪ੍ਰਹਰੋ[1]।
ਸਾਧੂ ਮੂਲਾ ਹੈ ਜਿਸ ਨਾਮ।
ਬਸੈ, ਨ ਲੂਟਹੁ, ਨਗਰ ਸੁਨਾਮ[1] ॥੧੭॥
ਅਪਰ ਦੇਸ਼ ਮਹਿਂ ਘਾਲਹੁ ਰੌਰਾ।
ਲੂਟਿ ਕੂਟਿ ਲੀਜੈ ਸਭਿ ਠੌਰਾ।
ਪੁਨਹਿ ਪਹਾਰਨਿ ਬਿਖੈ ਪ੍ਰਵੇਸ਼ਹੁ।
ਰਾਜੇ ਰਾਣੇ ਰਾਵ ਬਿਸ਼ੇਸ਼ਹੁ ॥੧੮॥
ਗਨ ਮੀਏਂ ਬਿਧੁੰਸਨ ਕਰਿ ਕੈ।
ਸਭਿ ਧਾਰਨ[1] ਕੇ ਬਿਖੈ ਬਿਚਰਿ ਕੈ।
ਖੋਜਿ ਖੋਜਿ ਦ੍ਰੋਹੀ ਗੁਰ ਘਰ ਕੇ।
ਅੰਤਕ ਧਾਮ ਪਠਾਵਨਿ ਕਰਿਕੇ ॥੧੯॥
ਲਿਹੁ ਬਦਲਾ ਜਿਮ ਜਾਨਹਿ ਦੇਸ਼।
ਜਹਿਂ ਕਹਿਂ ਧੂੰਮ ਮਚਾਇ ਵਿਸ਼ੇਸ਼।
ਬੁੱਧੂ ਸ਼ਾਹ ਅਧਿਕ ਦਰਵੇਸ਼।
ਹਮ ਸੋਂ ਮੇਲ ਕਰਯੋ ਸ਼ੁਭ ਵੇਸ਼ ॥੨੦॥
ਬਸਤਿ ਹੁਤੋ ਬਿਚ ਸ਼ਹਿਰ ਸਢੌਰੇ।
ਮਿਲਯੋ ਪਾਂਵਟਾ ਮਹਿਂ ਰਣ ਠੌਰੇ।
ਨਰ ਗਨ ਲੇ ਕਰਿ ਲਰਯੋ ਘਨੇਰੇ।
ਬਿਜੈ ਲਈ ਰਿਪੁ ਹਤੇ ਬਡੇਰੇ ॥੨੧॥
ਤਿਸ ਕੇ ਸਾਥ ਬਾਦ ਕਰਿ ਭਾਰੇ[1]।
ਤੁਰਕੇਸ਼ੁਰ ਕੇ ਨਿਕਟ ਉਚਾਰੇ।
ਸਹਤ ਮੁਰੀਦ ਕਤਲ ਕਰਿਵਾਯੋ।
ਇਕ ਲਰਕਾ ਬਚਿ ਅਨਤ ਸਿਧਾਯੋ ॥੨੨॥
ਇਸ ਕਾਰਨ ਤੇ ਸ਼ਹਿਰ ਸਢੌਰੇ।
ਨਰ ਬਹੁ ਖੋਟੇ ਦੁਰਮਤਿ ਬੌਰੇ।

[1]ਮਾਰਕੇ ਨਾਸ਼ ਕਰੋ।

[1]ਸੁਨਾਮ ਨਗਰ ਜੋ ਰਿਆਸਤ ਪਟਿਆਲਾ ਵਿਚ ਹੈ।

[1]ਪਹਾੜਾਂ ਦੀਆਂ ਧਾਰਾਂ।

[1]ਸਢੌਰੇ ਦੇ ਕਾਜ਼ੀਆਂ ਤੇ ਖੋਟੇ ਲੋਕਾਂ ਨੇ) ਉਸ (ਬੁੱਧੂ ਸ਼ਾਹ) ਨਾਲ ਭਾਰੇ ਝਗੜੇ ਕਰਕੇ.....।

ਪ੍ਰਥਮ ਬਿਨਾਸ਼ ਕਰਹੁ ਤਿਨ ਕੇਰਾ।
ਪੁਨ ਲੇ ਕਰਿ ਦਲ ਚਲਹੁ ਅਗੇਰਾ'
॥੨੩॥
ਸੀਖਜਾ ਸਕਲ ਸੁਨੀ ਜਬਿ ਬੰਦੇ।
ਬੂਝਨਿ ਲਗਜੋ ਜੁਗਮ ਕਰ ਬੰਦੇ।
ਜਾਇ ਤਹਾਂ ਏਕਲ ਕਜਾ ਕਰਿਹੂੰ।
ਲਾਖਹੁੰ ਸੰਗ ਜੰਗ ਕਿਮ ਭਿਰਿਹੂੰ?
॥੨੪॥
ਜਿਮ ਪਲਟਾ ਲੈ ਹੌਂ ਰਿਪੁ ਘਾਇ।
ਜਥਾ ਲਾਜ ਮਮ ਜਗੁ ਰਹਿ ਜਾਇ।
ਕਰਨਿ ਉਚਿਤ ਪ੍ਰਭੁ ਇਸ ਬਿਧਿ ਕਾਜ।
ਪ੍ਰਗਟੈ ਨਾਮ ਗ਼ਰੀਬ ਨਿਵਾਜ' ॥੨੫॥
ਸਤਿਗੁਰ ਭਨਜੋਂ 'ਸੈਨ ਭੰਡਾਰਾ।
ਹੋਨਿ ਅਕਾਲੀ ਲਾਖ ਹਜ਼ਾਰਾ[1]।
ਸੋ ਦੇ ਕਰਿ ਕੀਨੇ ਅਨੁਸਾਰੀ।
ਹੋਹਿ ਸੰਗ ਤੁਮ ਲਸ਼ਕਰ ਭਾਰੀ ॥੨੬॥
ਜੇ ਪ੍ਰਤੀਤ ਨਹਿਂ ਮੂੰਦਹੁ ਨੈਨੰ।
ਲਿਹੁ ਬਿਲੋਕਿ ਚਿਤ ਮਹਿਂ ਧਰਿ ਚੈਨੰ।'
ਸੁਨਤਿ ਬਿਲੋਚਨ ਮੂੰਦੇ ਜਬੈ।
ਦਿਖੇ ਗਗਨ ਮਹਿਂ ਲਾਖਹੁੰ ਤਬੈ ॥੨੭॥
ਪੰਥ ਅਨੇਕ ਆਹਿਂ, ਨਹਿਂ ਪਾਰਾ।
ਭਈ ਭੀਰ ਦਲ ਸਿੰਘਨਿ ਭਾਰਾ।
ਤੁਪਕ ਧਨੁਖ ਸਰ ਧਾਰਨ ਹਾਰੇ।
ਰਿਪੁ ਹਤਿਬੇ ਰਣ ਬਿਖੈ ਕਰਾਰੇ ॥੨੮॥
ਪ੍ਰਭੁ ਕੀ ਪ੍ਰਭੁਤਾ ਪਿਖੀ ਬਿਸਾਲਾ।
ਪਰਜੋ ਚਰਨ ਪਰ ਧਰਿ ਕਰਿ ਭਾਲਾ।
'ਅਪਨੋ ਮਤਿ ਚਲਾਇਹੌਂ ਜਬੈ।
ਪੰਥ ਆਪ ਕੋ ਬਿਗਰੈ ਤਬੈ ॥੨੯॥
ਕੌਨ ਜੁਗਤ ਮਹਿਂ ਰਹੌਂ ਬਤਾਵਹੁ।
ਮਿਲਨ ਖਾਲਸਾ ਜਿਮ ਫੁਰਮਾਵਹੁ[†]।'

[1]ਗੁਪਤ ਸੂਰਮਿਆਂ ਤੋਂ ਮੁਰਾਦ ਹੈ।

[†]ਕਵੀ ਜੀ ਸੌ ਸਾਖੀ ਦਾ ਅਨੁਵਾਦ ਯਾ ਉਸਦਾ ਉਤਾਰਾ ਕਰ ਰਹੇ ਹਨ। ਏਥੇ ਆਪ ਉਸਦੀ ਇਕ ਸਤਰ ਦਾ ਚਾਰ ਸਤਰਾਂ ਵਿਚ ਤਰਜਮਾ ਕਰਦੇ ਹਨ, ਜੋ ਇਕ ਖਿੱਚ ਹੈ। ਅਸਲ ਪਾਠ ਐਉਂ ਹੈ, ਜਦੋਂ ਗੁਪਤ ਸੈਨਾ ਬੰਦਾ ਦੇਖ ਚੁੱਕਾ ਤਾਂ:-'ਚਰਨ ਪਰਾ ਦਿਖ ਪੂਛਨ ਲਾਗਾ। ਕੈਸੀ ਜੁਗਤ ਬਤਾਵਹੁ ਰਾਗਾ'। ਕਵੀ ਜੀ ਉਪਰਲੇ ੨੮,

੨੯ ਅੰਕ ਵਿਚ ਇਨ੍ਹਾਂ ਤੁਕਾਂ ਦਾ ਅਰਥ ਕਰਦੇ ਹਨ। ਪਰ ਮੂਲ ਵਿਚ ਦਾ ਲੇਖ ਏਨੀ ਗੱਲ ਦਸਦਾ ਹੈ ਕਿ 'ਕੈਸੀ ਜੁਗਤ ਬਤਾਵਹੁ ਰਾਗਾ'। (ਹੇ ਗੁਰੂ ਜੀ) ਉਹ ਕੇਹੀ ਜੁਗਤ ਹੈ ਕਿ (ਮੈਂ ਖਾਲਸੇ ਨਾਲ) ਪਿਆਰ ਵਿਚ ਰਹਾਂ ਇਸ ਲਈ ਅੰਕ ੨੮, ੨੯ ਦੀਆਂ ਚਾਰ ਸਤਰਾਂ ਦਾ ਅਰਥ ਕੇਵਲ ਇੰਨਾਂ ਹੀ ਸਮਝਣਾ ਚਾਹੀਏ ਤੇ ਵਿਸ਼ੇਸ਼ ਨਿਰਾਰਥਕ ਸਮਝਣਾ ਚਾਹੀਏ। ਹੋ ਸਕਦਾ ਹੈ ਕਿ ਇਹ ਅੰਕ ਆਖੇਪਕ ਹੋਵੇ। ਫਿਰ ਅਗਲੇ ਜਵਾਬ ਵਿਚ ਬੀ ਜੋ ਗੁਰੂ ਜੀ ਨੇ ਦਿੱਤਾ ਹੈ, ਸੌ ਸਾਖੀ ਵਿਚ ਪੰਥ ਦੇ ਵਿਗੜਨ ਦਾ ਜ਼ਿਕਰ ਨਹੀਂ। ਓਥੇ ਬੰਦੇ ਦੇ ਉਪ੍ਰੋਕਤ ਪ੍ਰਸ਼ਨ ਦੇ ਜਵਾਬ ਵਿਚ ਗੁਰੂ ਜੀ ਫੁਰਮਾਉਂਦੇ ਹਨ:-'ਬਹੁਤ ਕਹੀ ਗੁਰ ਸਿੱਖਨ ਰਾਖੋ। ਤੁਰਕਨ ਖੇਦ ਮਾਰ ਕਰ ਨਾਖੋ। ਸੁਨ ਬੰਦੇ! ਤੁਮ ਖਾਲਸਾ ਪੰਥ। ਮਿਲੇ ਖਾਲਸਾ ਪਾਹੁਲ ਸੰਥ। ਜੇ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ। ਆਪਾ ਜਬ ਹੀ ਤੋਹਿ ਨ ਹੁਆ। ਤੇਜ ਸਮਾਨ ਹੋਇ ਨਾ ਬੀਆ'। ਇਸ ਵਿਚ ਆਪਣੇ ਮਤ ਚਲਾਉਣ ਦਾ ਕੋਈ ਜ਼ਿਕਰ ਨਹੀਂ।

ਸ੍ਰੀ ਗੁਰੂ ਉਚਰਯੋ 'ਪੰਥ ਹਮਾਰਾ।
ਕਿਸ ਪ੍ਰਕਾਰ ਨਹਿਂ ਬਿਗਰਨਹਾਰਾ ॥੩੦॥
[1]ਜੇ ਤੁਧ ਸਾਥ ਖਾਲਸਾ ਖਾਲਸ।
ਬਖਸ਼ੀ ਖੁਸ਼ੀ ਹਮਹੁਂ ਇਹ ਲਾਲਸ[੧]।
ਆਪਾ ਜਬਹਿ ਤੋਹਿ ਨਹਿਂ ਹੁਵਾ।
ਜਗ ਮਹਿਂ ਤੋਹ ਸਮਾਨ ਨ ਦੂਵਾ ॥੩੧॥
ਜੇ ਲੰਗੋਟਬੰਦ[1] ਨਹਿਂ ਰਹੈ।
ਸਿੰਘਨਿ ਸੰਗ ਦ੍ਵੈਸ਼ਤਾ ਲਹੈਂ।
ਜਿਮ ਕੰਚਨ ਬਹੁ ਪਰੈ ਕੁਠਾਲੀ।
ਗਲਹਿ ਅਗਨਿ ਤੇ ਤਾਉ ਉਤਾਲੀ ॥੩੨॥
ਤਥਾ ਦਸ਼ਾ ਤੇਰੀ ਹ੍ਵੈ ਜੈ ਹੈ।
ਪ੍ਰਭੁਤਾ ਪਾਇ ਜਬਹਿ ਗਰਬੈ ਹੈ।
ਦੁਇ ਸਾਹਿਬਜ਼ਾਦੇ ਬਲਵੰਤੇ।
ਇਕ ਤੇਹਣ ਭੱਲਾ ਬੁਧਵੰਤੇ ॥੩੩॥
ਤੇਰੇ ਸੰਗ ਕਰੇ ਰਖਵਾਰੇ।
ਜਹਿਂ ਤਹਿਂ ਰੱਛਜਾ ਕਰਹਿਂ ਉਦਾਰੇ।
ਉਪਜਹਿ ਉਰ ਬਿਕਾਰ ਬਰਜੈ ਹੈਂ[1]।
ਰਣ ਮਹਿਂ ਸ਼ੱਤ੍ਰਨਿ ਤੇ ਰਖਿ ਲੈਹੈਂ ॥੩੪॥
ਸਾਵਧਾਨ ਹੋਵਹੁ ਧਰਿ ਧੀਰਾ।
ਲਿਹੁ ਪਲਟਾ ਸਾਂਭਹੁ ਪੰਚ ਤੀਰਾ।

[1]ਤੇ ਤੇਰੇ ਨਾਲ ਖਾਲਸਾ ਮਿੱਤ੍ਰ ਹੋਇਗਾ ਤਦ ਅਸੀਂ ਖੁਸ਼ੀ ਬਖਸ਼ੀ ਹੈ ਕਿ ਤੇਰੀਆਂ ਲਾਲਸਾਂ ਪੂਰਣ ਹੋਣਗੀਆਂ। ਸੌ ਸਾਖੀ ਦਾ ਪਾਠ ਹੈ:-'ਜੇ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ'।

[1]ਜਤੀ, ਭਾਵ ਅਵਿਵਾਹਤਿ।

[1]ਤੈਨੂੰ ਰੋਕਣਗੇ ਜਦ ਤੇਰੇ ਦਿਲ ਵਿਚ ਵਿਕਾਰ ਉਪਜੇਗਾ।

ਬਾਬਾ ਇਹ ਬਿਨੋਦ ਸਿੰਘ ਭਾਰੀ।
ਤਿਨ ਸੁਤ ਕਾਹਨ ਸਿੰਘ ਬਲ ਧਾਰੀ
॥ ੩੫ ॥
ਬਾਜ ਸਿੰਘ ਤੀਸਰ ਹੁਇ ਸੰਗ।
ਹਮ ਕਰ ਤੇ ਅੰਮ੍ਰਿਤ ਲੇ ਅੰਗ[1]।

[1]ਸਾਡੇ ਹੱਥੋਂ ਅੰਮ੍ਰਿਤ ਲੈਕੇ ਅੰਗੀਕਾਰ ਕੀਤਾ ਹੈ। [ਸੰਸ:, ਅੰਗ=ਅੰਗੀਕਾਰ ਦਾ ਸੰਖੇਪ। (ਅ) ਹਾਂ, ਠੀਕ, (ੲ) ਪਿਆਰੇ !]

ਰਿਦੇ ਸ਼ੁੱਧ ਘਾਲਹਿਂ ਘਮਸਾਨਾ।
ਤੁਮ ਸਹਾਇਤਾ ਕਰਹਿਂ ਮਹਾਨਾ'
॥ ੩੬ ॥ ⚐

⚐ਬੰਦੇ ਦੇ ਅੰਮ੍ਰਿਤ ਛਕਣ ਦਾ ਏਥੇ ਸਪਸ਼ਟ ਜ਼ਿਕਰ ਨਹੀਂ ਹੈ ਪਰ ਸਾਰੀ ਗੱਲ ਬਾਤ ਇਹ ਦੱਸ ਰਹੀ ਹੈ ਕਿ ਓਹ ਪੂਰਨ ਗੁਰ ਸਿੱਖ ਹੋ ਗਿਆ ਹੈ ਤੇ ਨਿਜ ਨੂੰ ਗੁਰੂ ਕਾ ਬੰਦਾ ਸ੍ਵੀਕਾਰ ਕਰ ਚੁੱਕਾ ਹੈ। ਉਸ ਵੇਲੇ ਪੰਥ ਵਿਚ 'ਸਿੰਘ' ਸਜੇ ਬਿਨਾਂ ਮੁਖੀਆ ਹੋਣਾ ਕਠਨ ਸੀ। ਜਦੋਂ ਡੱਲੇ, ਦਾਨੇ ਤੇ ਦਿਆਲਦਾਸ ਦੀਆਂ ਸਾਖੀਆਂ ਪੜ੍ਹੀਏ ਤੇ ਮਾਲਵੇ ਵਿਚ ਅੰਮ੍ਰਿਤ ਪ੍ਰਚਾਰ ਦੇ ਹੋਰ ਹਾਲ ਵਾਚੀਏ ਤਾਂ ਅਗ਼ਲਬ ਨਹੀਂ ਭਾਸਦਾ ਕਿ ਬੰਦੇ ਨੂੰ ਸਿੰਘ ਨਾ ਸਾਜਿਆ ਹੋਵੇ। ਜੇ ਇਸ ਵਿਸ਼ੇ ਤੇ ਹੋਰ ਖੋਜ ਕਰੀਏ ਤਾਂ ਅਜੇ ਹੋਰ ਕੁਛ ਲੱਭਣਾ ਮੁਮਕਿਨ ਹੈ, ਪਰ ਜੋ ਹੁਣ ਤੱਕ ਦੇ ਸਾਨੂੰ ਮਿਲੇ ਪੁਸਤਕ ਹਨ ਉਨ੍ਹਾਂ ਵਿਚੋਂ ਖੋਜ ਇਸ ਪ੍ਰਕਾਰ ਚਲਦੀ ਹੈ:-੧. ਉੱਨੀ ਸੌ ਪੰਜ ਦੇ ਲਿਖੇ ਸੌ ਸਾਖੀ ਦੇ ਨੁਸਖਿਆਂ ਵਿਚ ਗੁਰੂ ਜੀ ਆਖਦੇ ਹਨ:-

'ਸੁਨ ਬੰਦੇ ਤੁਮ ਖਾਲਿਸਾ ਪੰਥ। ਮਿਲੇ ਖਾਲਸਾ ਪਾਹਿਲ ਸੰਥ' ॥ ੩੨ ॥

ਹੇ ਬੰਦੇ ! ਖਾਲਸਾ ਪੰਥ ਨਾਲ ਤੁਸੀਂ ਖਾਲਿਸਾ ਦੀ ਪਾਹੁਲ ਦੀ ਸਾਂਝ ਨਾਲ ਮਿਲੇ ਹੋ।

੨. ਰਤਨ ਸਿੰਘ ਜੀ ਭੰਗੂ ਆਪਣੇ ਪੰਥ ਪ੍ਰਕਾਸ਼ ਵਿਚ (ਜੋ ਬੜਾ ਮੁਸਤਨਿਦ ਮੰਨਿਆਂ ਜਾਂਦਾ ਹੈ) ਲਿਖਦੇ ਹਨ:
ਤਬ ਉਨ ਕਹਿਓ 'ਮੈਂ ਬੰਦਾ ਤੋਰਾ। ਮੈਂ ਤੋਹਿ ਸਿੱਖ ਗੁਰੂ ਤੂੰ ਮੋਰਾ'।
ਫੇਰ ਗੁਰੂ ਜੀ ਉਸਨੂੰ ਸਿੱਖੀ ਦੀਆਂ ਕਠਨਾਈਆਂ ਦੱਸਦੇ ਹਨ ਤੇ ਭੰਗੂ ਜੀ ਲਿਖਦੇ ਹਨ ਕਿ:-
'ਜੋ ਆਖੀ ਸਤਿਗੁਰ ਉਸੇ ਸੋ ਉਨ ਲੀਨੀ ਮਾਨ।
ਧਰਯੋ ਸੁ ਬੰਦਾ ਨਾਮ ਤਿਸ ਤਿਨ ਕਰ ਲੀਓ ਪ੍ਰਮਾਨ।'
ਫਿਰ ਇਕ ਥਾਂ ਆਪ ਲਿਖਦੇ ਹਨ:-
'ਹਮਨੇ ਖਾਲਸੇ ਤੂੰ ਬੀ ਰਲਾਯਾ।
ਤੈਂ ਬੀ ਖਾਲਸਿਓਂ ਵੰਡਾ ਪਾਯਾ'।
ਜਦੋਂ ਬੰਦਾ ਪੰਜਾਬ ਨੂੰ ਜਾ ਰਿਹਾ ਸੀ ਤਾਂ ਉਸਦੀ ਨਿੱਤ ਕ੍ਰਿਆ ਇਹ ਦੱਸਦੇ ਹਨ:-
'ਬੰਦਾ ਖਾਲਿਸੈ ਦੀਵਾਨ ਲਗਾਵੈ। ਅਕਾਲ ਉਸਤਤ ਵਾਰ ਚੰਡੀ ਪੜਾਵੈ।
ਅਕਾਲ ਅਕਾਲ ਕਾ ਜਾਪ ਜਪਾਵੈ। ਵਾਹਿਗੁਰੂ ਵਾਹਿਗੁਰੂ ਸਦਾ ਮੁਖ ਗਾਵੈ' ॥ ੫ ॥
ਪੁਨਾ:
ਜੇਕਰ ਕੋਈ ਦੁਖੀਆ ਆਵੈ। ਕਰ ਅਰਦਾਸ ਤਿਸ ਦੂਖ ਮਿਟਾਵੈ। ਵਾਹਿਗੁਰੂ ਕਾ ਜਾਪ ਜਪਾਵੈ।'
ਸੋ ਇਨ੍ਹਾਂ ਸਾਰੇ ਪ੍ਰਮਾਣਾਂ ਤੋਂ ਬੰਦਾ ਪੂਰਾ ਸਿੰਘ ਸਾਬਤ ਹੋ ਗਿਆ।

੩. ਬਾਹਰਲੀ ਉਗਾਹੀ ਲੱਭੀਏ ਤਾਂ ਉਮਦਹ-ਤੁੱ-ਤ੍ਵਾਰੀਖ ਵਿਚ ਕੁਛ ਸਫੇ ਉਸਦੇ ਮੁਸੱਨਫ ਨੇ ਕਿਸੇ ਹੋਰ ਮੁਅੱਰਖ ਦੇ ਹੂਬਹੂ ਛਾਪੇ ਹਨ। ਇਹ ਕਿਸੇ ਫਾਰਸੀ ਨੁਸਖੇ ਦੀ ਨਕਲ ਹੈ ਜਿਸਦਾ ਮੁਸੱਨਫ ਨੂੰ ਪਤਾ ਨਹੀਂ ਪਰ ਇਤਿਹਾਸ ਖੋਜੀ ਸ੍ਰੀ ਕਰਮ ਸਿੰਘ ਨੇ ਪਤਾ ਲਾਇਆ ਸੀ ਕਿ ਇਸ ਦੇ ਲਿਖਣ ਵਾਲਾ ਅਹਿਮਦਸ਼ਾਹ ਬਟਾਲਵੀ ਸੀ। ਸੌ ਕੁ ਬਰਸ ਉਮਦਹ-ਤੁੱ-ਤ੍ਵਾਰੀਖ ਦੇ ਲੇਖਕ ਨੂੰ ਲਿਖਿਆਂ ਹੋ ਗਿਆ ਹੈ। ਇਹ ਲਿੱਖਤ

ਅਹਿਮਦਸ਼ਾਹ ਵਾਲੀ ਉਸ ਦੇ ਸੰਚੇ ਕੀਤੇ ਨੁਸਖਿਆਂ ਵਿਚ ਸੀ ਤਾਂ ਉਸ ਤੋਂ ਪਹਿਲੇ ਦੀ ਹੋਈ। ਇਸਦਾ ਲੇਖਕ ਲਿਖਦਾ ਹੈ ਕਿ ਜਦੋਂ ਬੰਦਾ ਉਨ੍ਹਾਂ ਦਾ ਆਤਮ ਬਲ ਦੇਖ ਚੁੱਕਾ, ਤਦੋਂ:-

ਆਂ ਗ਼ਾਹ ਬਰਖਾਸਤ ਵ ਬਇਜਜ਼ ਮੋਅਤਰਿਫ ਆਮਦ ਵ ਗੁਫਤ 'ਤੂੰ ਕੀਸਤੀ?' ਗੁਰੂ ਗੁਫਤ 'ਆਂ ਚਿਹ ਤੂੰ ਮੇ ਦਾਨੀ।' ਗੁਫਤ 'ਚਿਹ ਮੇ ਦਾਨਮ?' ਗੁਫ਼ਤ 'ਦਰ ਦਿਲੇ ਖੁਦ ਖਿਆਲ ਕੁਨ।' ਗੁਫਤ 'ਤੂੰ ਗੁਰ ਗੋਬਿੰਦ ਸਿੰਘ ਹਸਤੀ?' ਗੁਫਤ 'ਆਰੇ।' ਗੁਫਤ 'ਬਰਾਏ ਚਿਹ ਆਮਦੀ?' ਗਾਫਤ 'ਆਮਦਹ ਅਮ ਤਾ ਤੁਰਾ ਮੁਰੀਦੇ ਖੁਦ ਬਿਕੁਨਮ।' ਬੰਦਹ ਗੁਫਤ 'ਕਬੂਲ ਕਰਦਮ?' ਪਸ ਹਮਾਂ ਗਾਹ ਓਰਾ ਪਾਹਲ ਦਾਦਹ ਸਿੰਘ ਕਰਦ।

ਤਰਜਮਾ:

ਉਸ ਵੇਲੇ (ਬੰਦਹ) ਉਠਿਆ ਅਤੇ ਨਿੰਮ੍ਰਤਾ ਨਾਲ ਮੰਨ ਗਿਆ, ਤੇ ਕਿਹਾ 'ਤੂੰ ਕੌਣ ਹੈਂ?' ਗੁਰੂ ਜੀ ਨੇ ਕਿਹਾ 'ਜੋ ਕੁਝ ਤੂੰ ਜਾਣਦਾ ਹੈਂ' (ਬੰਦੇ ਨੇ) ਕਿਹਾ 'ਤੂੰ ਕਿਉਂ ਆਯਾ ਹੈਂ?' (ਗੁਰੂ ਜੀ ਨੇ) ਕਿਹਾ 'ਮੈਂ ਆਇਆ ਹਾਂ ਤਾਂ ਜੋ ਤੈਨੂੰ ਆਪਣਾ ਸਿੱਖ ਬਣਾਵਾਂ।' ਬੰਦੇ ਨੇ ਕਿਹਾ 'ਮੈਂ ਕਬੂਲ ਕਰਦਾ ਹਾਂ' ਸੋਉਸ ਵੇਲੇ ਉਸਨੂੰ ਪਾਹੁਲ ਦੇ ਕੇ ਸਿੰਘ ਕੀਤਾ।

੪. 'ਇਬਰਤ ਨਾਮਾ ਅਲੀਉਦੀਨ ਮੁਫਤੀ' ਜੋ ੧੯੫੪ ਈ: ਵਿਚ ਲਿਖਿਆ ਗਿਆ, ਉਸ ਵਿਚ ਇਹ ਇਬਾਰਤ ਹੈ:-

'ਬੰਦਾ ਬ ਇਸਤਮਾਇ਼ ਈਂ ਮਾਅ਼ਨੀ ਅਜ਼ ਦਿਲੋ ਜਾਂ ਇਰਾਦਤਮੰਦ ਸ਼ੁਦ,<br>
ਵ ਪਾਹੁਲ ਗ੍ਰਿਫਤਹ ਮੁਸਤਇਦ ਹੰਗਾਮਾ ਵ ਮੁਹਾਰਬਾ ਗਰਦੀਦ। '

ਅਰਥਾਤ:

ਬੰਦਾ ਇਹ ਕੁਝ ਸੁਣਕੇ ਦਿਲ ਤੇ ਜਾਨ ਤੋਂ ਸਿੱਖ ਹੋ ਗਿਆ ਤੇ ਪਾਹੁਲ ਲੈ ਕੇ ਜੰਗ ਤੇ ਲੜਾਈ ਲਈ ਤਿਆਰ ਹੋ ਗਿਆ।

੫. ਸ: ਮੁਹੰਮਦਲਤੀਫ ਆਪਣੀ ਲਿਖੀ 'ਹਿਸਟਰੀ ਆਫ ਦੀ ਪੰਜਾਬ' ਵਿਚ ਲਿਖਦਾ ਹੈ:-

Govind and Banda soon become intimate friends, and the former by his persuasive eloquence and religious zeal, made such a deep impression on the mind of Banda that he was initiated into the Pahal, and became a disciple of the Guru.

[Page 274.

ਜਿਸਦਾ ਭਾਵ ਇਹ ਹੈ, ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬੰਦੇ ਦਾ ਬੜਾ ਪਿਆਰ ਹੋ ਗਿਆ, ਗੁਰੂ ਜੀ ਦੀ ਸਿੱਖਯਾ ਦਾ ਬੰਦੇ ਦੇ ਦਿਲ ਤੇ ਬੜਾ ਡੂੰਘਾ ਅਸਰ ਹੋਇਆ, ਐਥੋਂ ਤੱਕ ਕਿ ਉਸ ਨੇ ਪਾਹੁਲ ਲੈ ਲਈ ਤੇ ਗੁਰੂ ਜੀ ਦਾ ਸਿੱਖ ਬਣ ਗਿਆ।

੬. 'ਕੱਨ੍ਹਯਾ ਲਾਲ' ਆਪਣੀ 'ਤਾਰੀਖੇ ਪੰਜਾਬ' ਦੇ ਪੰਨਾ ੫੬ ਪਰ ਲਿਖਦਾ ਹੈ:-'(ਬੰਦਾ) ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿੱਖ ਹੂਆ। '

੭. ਮੈਕਗ੍ਰੇਗਰ (੧੯੪੬ ਈ:) ਆਪਣੀ 'ਹਿਸਟ੍ਰੀ ਆਫ ਦੀ ਸਿੱਖਸ' ਦੇ ਪੰਨਾ ੧੦੬ ਤੇ ਲਿਖਦਾ ਹੈ:-

Bunda immediately consented, received the Pahooldee, and became a Sikh.

ਅਰਥਾਤ ਬੰਦੇ ਨੇ ਓਸੇ ਵੇਲੇ ਮੰਨਕੇ ਪਾਹੁਲ ਲੀਤੀ ਤੇ ਸਿੱਖ ਬਣ ਗਿਆ।

੮. ਮੈਕਾਲਫ ਆਪਣੀ ਪੁਸਤਕ 'ਸਿੱਖ ਰਿਲੀਜਨ' ਜਿਲਦ ੫ ਵਿਚ ਲਿਖਦਾ ਹੈ:-

The Guru instructed Banda in the tenets of his religion and in due time baptized him according to the new rites. On that occasion Banda received the name Gurbakhsh Singh. [Page 238

ਅਰਥਾਤ:

ਗੁਰੂ ਜੀ ਨੇ ਬੰਦੇ ਨੂੰ ਆਪਣੇ ਮਤ ਦਾ ਉਪਦੇਸ਼ ਦਿੱਤਾ ਤੇ ਮੁਨਾਸਬ ਸਮੇਂ ਤੇ ਉਸ ਨੂੰ ਨਵੀਆਂ ਰਸਮਾਂ ਅਨੁਸਾਰ ਅੰਮ੍ਰਿਤ ਛਕਾਇਆ, ਉਸ ਸਮੇਂ ਬੰਦੇ ਨੇ ਗੁਰਬਖਸ਼ ਸਿੰਘ ਨਾਮ ਪ੍ਰਾਪਤ ਕੀਤਾ।

੯. 'ਸੀ. ਐਚ. ਪੇਨ' (C. H. Payne) ਆਪਣੀ 'ਏ ਸ਼ਾਰਟ ਹਿਸਟਰੀ ਆਫ ਦੀ ਸਿੱਖਜ' ਵਿਚ ਐਉਂ ਲਿਖਦਾ ਹੈ:-

Here he spent much of his time in the company of Bairagi hermit, afterwards knows as Banda, the "Slave, " whom he converted to his own faith and baptized, and to whom he became so much attached that he nominated him his successor, not as Guru but as commander of the forces of the Khalsa. (Page 43)

ਅਰਥ:

ਏਥੇ (ਨਾਦੇੜ ਵਿਚ) ਉਸ (ਗੁਰੂ ਗੋਬਿੰਦ ਸਿੰਘ ਨੇ) ਇਕ ਬੈਰਾਗੀ ਸਾਧੂ ਜੋ ਪਿਛੋਂ 'ਬੰਦੇ' ਦੇ ਨਾਮ ਨਾਲ ਪ੍ਰਸਿੱਧ ਹੋਯਾ, ਦੇ ਨਾਲ ਬਹੁਤ ਸਮਾਂ ਬਿਤੀਤ ਕੀਤਾ। ਜਿਸ ਨੂੰ ਕਿ ਉਸ ਨੇ ਆਪਣੇ ਮਤ ਵਿਚ ਲਿਆਂਦਾ ਤੇ ਅੰਮ੍ਰਿਤ ਛਕਾਇਆ। ਤੇ ਉਸ ਨਾਲ ਉਨ੍ਹਾਂ ਦਾ ਇਤਨਾ ਤਅੱਲਕ ਵਧਿਆ ਇਕ ਉਸ ਨੂੰ ਆਪਣੀ ਥਾਵੇਂ, ਗੁਰੂ ਨਹੀਂ, ਪਰ ਖਾਲਸੇ ਦੀ ਫੌਜ ਦਾ ਕਮਾਂਡਰ (ਜਥੇਦਾਰ) ਥਾਪਿਆ।

੧੦. ਖਾਲਸਾ ਤ੍ਵਾਰੀਖ ਵਿਚ ਲਿਖਿਆ ਹੈ ਕਿ:-

ਗੁਰੂ ਜੀ ਨੇ ਉਸ ਨੂੰ ਅਤਿਰਥ ਸੂਰਬੀਰ ਸਮਝਕੇ ਗੁਰੂ ਘਰ ਦਾ ਸਿੱਖ ਬਣਾ ਕਰ ਉਸ ਦਾ ਨਾਮ ਬੰਦਾ ਸਿੰਘ ਰੱਖ ਦਿੱਤਾ। [ਪੰਨਾ ੨੧੬੪

ਇਨ੍ਹਾਂ ਦੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦ ਬੰਦਾ ਗੁਰੂ ਜੀ ਦੀ ਸ਼ਰਨ ਲੱਗਾ:-

'ਤਬ ਗੁਰ ਨਿਜ ਕਰ ਤਾਹਿ ਸਿਰ ਧਰ ਕਰ ਕਰਯੋ ਨਿਹਾਲ ॥<br>
ਸੱਤਿਨਾਮ ਉਪਦੇਸ਼ ਦੇ ਕੀਨੋ ਸਿੱਖ ਬਿਸਾਲ' ॥

੧੧. ਲਾਲਾ ਗੋਕੁਲ ਚੰਦ ਜੀ ਨਾਰੰਗ ਆਪਣੀ ਪੁਸਤਕ 'ਸਿੱਖੋਂ ਕਾ ਪ੍ਰੀਵਰਤਨ' ਵਿੱਚ ਲਿਖਦੇ ਹਨ:-'ਗੁਰੂ ਕੇ ਹਿਰਦੇ ਗ੍ਰਾਹੀ ਵਕੱਤ੍ਰਤ ਤਥਾ ਉਨਕੇ ਧਾਰਮਿਕ ਉਤਸਾਹ ਨੇ ਮਾਧੋ ਦਾਸ ਦੇ ਹਿਰਦੇ ਪਰ ਕੈਸਾ ਗਹਿਰਾ ਪ੍ਰਭਾਵ ਡਾਲਾ ਕਿ ਵੁਹ ਗੁਰੂ ਕਾ ਸ਼ਿਖਜ ਹੋ ਗਿਆ।' [੨੫੭

ਫਿਰ ਇਸੇ ਹੀ ਲੇਖਕ ਨੇ ਆਪਣੀ ਪੁਸਤਕ ਦੇ ਪੰਨਾ ੨੪੨ ਪਰ ਛੱਜਾ ਸਿੰਘ ਦਾ ਬਾਬੇ ਬੰਦੇ ਦੇ ਹੱਥੋਂ ਪਾਹੁਲ ਲੈਣਾ ਲਿਖਿਆ ਹੈ। ਜੇ ਬੰਦਾ 'ਸਿੰਘ' ਨਾਂ ਹੁੰਦਾ ਤਾਂ ਕੀਕੂੰ ਪਾਹੁਲ ਦੇਕੇ ਕਿਸੇ ਨੂੰ 'ਛੱਜਾ ਸਿੰਘ' ਬਣਾਉਂਦਾ? ਬੇਅੰਮ੍ਰਿਤੀਏ ਤੋਂ ਅੰਮ੍ਰਿਤ ਕੌਣ ਛਕ ਸਕਦਾ ਸੀ। ਛੱਜਾ ਸਿੰਘ ਪੰਜਵੜੀਆ ਭੰਗੀ ਮਿਸਲ ਦਾ ਇਕ ਪ੍ਰਸਿੱਧ ਯੋਧਾ ਤੇ ਸਰਦਾਰ ਹੋਇਆ ਹੈ।

੧੨. ਰਾਧਾ ਮੋਹਨ ਗੋਕਲ ਜੀ ਆਪਣੇ ਰਚਿਤ ਗ੍ਰੰਥ 'ਗੁਰੂ ਗੋਬਿੰਦ ਸਿੰਘ' ਦੇ ਪੰਨਾ ੮੮ ਵਿਚ ਲਿਖਦੇ ਹਨ:-

'ਯਹਾਂ ਪਰ ਗੁਰੂ ਮਹਾਂਰਾਜ ਨੇ ਏਕ ਸਾਧੂ ਕੋ ਸਿੱਖ ਧਰਮ ਮੇਂ ਦੀਖਜਤ ਕਿਯਾ ਔਰ ਇਸ ਕਾ ਨਾਮ ਬੰਦਾ ਸਿੰਘ ਰਖਾ।'

੧੩. ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ:- 'ਮਾਧੋ ਦਾਸ ਚਰਨਾਂ ਤੇ ਢਹਿ ਪਿਆ ਅਰ ਆਪਣੇ ਤਾਈਂ ਸਤਿਗੁਰੂ ਦਾ ਬੰਦਾ ਕਹਿਕੇ ਸਿੱਖ ਬਣਿਆ। ਕਲਗ਼ੀਧਰ ਨੇ ਇਸ ਨੂੰ ਅੰਮ੍ਰਿਤ ਛਕਾਕੇ ਨਾਉਂ ਗੁਰਬਖਸ਼ ਸਿੰਘ ਰਖਿਆ, ਪਰ ਪੰਥ ਵਿਚ ਪ੍ਰਸਿੱਧ ਨਾਮ 'ਬੰਦਾ' ਹੀ ਰਿਹਾ।'

੧੪. ਬਾਬਾ ਬੰਦਾ ਜੀ ਦੀ ਗੱਦੀ ਦੇ ਗੱਦੀ ਨਸ਼ੀਨ ਜੋ ਉਸ ਦੀ ਬੰਸ ਦੇ ਹਨ ਸਾਰੇ ਸਿੰਘ ਹੋਏ ਹਨ। ਯਥਾ:-

ਬੰਦਾ-ਬੰਦੇ ਤੋਂ ਬਾਦ ਰਣਜੀਤ ਸਿੰਘ, ਫੇਰ ਜੋਰਾਵਰ ਸਿੰਘ, ਫੇਰ ਅਰਜਨ ਸਿੰਘ, ਫੇਰ ਖੜਗ ਸਿੰਘ, ਫੇਰ ਦਯਾ ਸਿੰਘ, ਫੇਰ ਅਤਰ ਸਿੰਘ ਆਦਿ ਆਪ ਦੀ ਸੰਤਾਨ ਵਿਚੋਂ ਆਪ ਦੇ ਗੱਦੀ ਨਸ਼ੀਨ ਹੋਏ। ਬਾਵਜੂਦ ਤੱਤ ਖਾਲਸੇ ਤੋਂ ਕੁਛ ਵਿੱਥ ਵਾਲੀ ਗੱਲ ਹੋ ਜਾਣ ਦੇ ਬੰਦੇ ਦੀ ਸੰਤਾਨ ਤੇ ਗੱਦੀ ਨਸ਼ੀਨਾਂ ਦਾ ਹੁਣ ਤੱਕ ਅੰਮ੍ਰਿਤਧਾਰੀ ਹੋਣਾ ਬੰਦੇ ਦੇ ਸਿੰਘ ਹੋਣ ਵੱਲ ਦਲੀਲ ਨੂੰ ਝੁਕਾਉਂਦਾ ਹੈ। ਮੌਜੂਦਾ ਗੱਦੀ ਨਸ਼ੀਨ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਜੀ ਨੇ ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਤੇ ਅੰਤ ਤੱਕ ਸੱਚੇ ਸਿੰਘ ਤੇ ਗੁਰੂ ਕੇ ਸੇਵਕ ਰਹੇ ਹਨ।

**ਸੁਨਿ ਬੰਦਾ ਮਨ ਭਯੋ ਅਨੰਦ।**<br>
**ਬੰਦਹਿ ਪਗ ਪੰਕਜ ਕਰ ਬੰਦਿ।**<br>
**'ਤੁਮ ਸਹਾਇ ਤੇ ਕਰਹੁਂ ਬਿਨਾਸ਼ਾ।**

ਤੁਰਕ ਤੇਜ ਹਾਨਹੁ ਚਹੁ ਪਾਸਾ' ॥੩੭॥
ਕਰਿ ਬਖਸ਼ਿਸ਼ ਕੋ ਗੁਰ ਚਢਿ ਆਏ।
ਅਵਿਚਲ ਨਗਰ ਸਿਵਰ ਜਿਸ ਥਾਏਂ।
ਸਾਹਿਬਜ਼ਾਦੇ ਕੀਨਸਿ ਤਯਾਰ।
'ਗਮਨੋ ਰਨ ਕੋ ਜਮਨਾ ਪਾਰ' ॥੩੮॥
ਪੰਚ ਸਿੰਘ ਹੋਏ ਸਭਿ ਤਯਾਰ।
ਬਸਤ੍ਰ ਸ਼ਸਤ੍ਰ ਸਭਿ ਕਰਿ ਸੰਭਾਰ।
ਹਯ ਅਰੋਹ ਕਰਿ ਪੰਥ ਪਯਾਨਏ।
ਬੰਦਿ ਚਰਨ ਗੁਰ ਕੋ ਧਰਿ ਧਯਾਨੇ ॥੩੯॥
ਪਲਟਾ ਲੇਨਿ ਤੁਰਕ ਗਨ ਮਾਰਨ।
ਸ਼੍ਰੀ ਸਤਿਗੁਰ ਕੋ ਕਾਜ ਸੁਧਾਰਨ।
ਆਦਿ ਵਜੀਦਖਾਨ ਅਰਿ ਭਾਰੇ।
ਲੂਟਨ ਪੁਰਿ ਸਿਰ੍ਹੰਦ ਤਿਸ ਮਾਰੇ ॥੪੦॥
ਨਾਨਾ ਦੇਸ਼ ਨਗਰ ਅਰੁ ਗ੍ਰਾਮੂ।
ਉਲੰਘਤਿ ਪਹੁੰਚੇ ਪੰਥ ਤਮਾਮੂ।
ਥੋਰੇ ਹੀ ਦਿਵਸਨਿ ਮਹਿਂ ਆਏ।
ਜਮਨਾ ਪਾਰ ਪਰੇ ਹਰਖਾਏ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸਟਮੋਂ ਅੰਸੂ ॥੬॥

## ੭. [ਬੰਦੇ ਬਹਾਦਰ ਨੇ ਪੈਰ ਜਮਾਉਣੇ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਬੰਦਾ ਬਖਸ਼ੀ ਖਾਲਸਾ[1], ਚਲਾ ਤੇਜ ਦਿਖਰਾਇ।
ਅਜ਼ਮਤ ਬਲ ਤੇ ਪਹੁੰਚਿਗਾ, ਸਿੰਘਨ ਤੇ ਅਗਵਾਇ ॥੧॥

[1]ਖਾਲਸੇ ਦਾ ਫੌਜੀ ਜਰਨੈਲ। [ਫਾ:, ਬਖ਼ਸ਼ੀ=ਫੌਜਾਂ ਦਾ ਜਥੇਦਾਰ, ਸੈਨਾਪਤ, ਕਮਾਂਡਰ]। ਅਸਲ ਵਿਚ ਬਖ਼ਸ਼ੀ ਤਨਖਾਹ ਦੇਣ ਵਾਲਾ ਹੁੰਦਾ ਸੀ, ਪਰ ਮੁਸਲਮਾਨੀ ਫੌਜਾਂ ਵਿਚ ਕਮਾਂਡਰ ਤੇ ਤਨਖਾਹ ਦਾਤਾ ਇਕੋ ਹੋ ਜਾਣ ਕਰਕੇ ਇਸਦਾ ਅਰਥ ਸੈਨਾਪਤ ਹੋ ਗਿਆ ਸੀ]।

ਚੌਪਈ:

ਜਹਿਂ ਤੀਰਥ ਹੈ ਮੁਚਨ ਕਪਾਲ[1]।
ਤਹਿਂ ਤੇ ਪੰਚ ਕੋਸ ਥਲ ਭਾਲਿ।
ਟੇਹਾ ਗ੍ਰਾਮ ਥੇਹ ਬਡ ਊਚੋ।
ਬੰਦਾ ਤਿਸ ਥਲ ਜਾਇ ਪਹੂਚੋ[†] ॥੨॥

[1]ਕਮਾਲਮੋਚਨ।

[†]ਬੰਦਾ ਏਥੇ ਪਹਿਲੋਂ ਨਹੀਂ ਪਹੁੰਚਾ ਓਹ ਕੈਂਥਲ ਪਰਗਨੇ ਤੋਂ ਸਮਾਣਾ ਆਦਿ ਕਈ ਮੱਲਾਂ ਮਾਰਕੇ ਕਪਾਲ ਮੋਚਨ ਦੇ ਲਾਗੇ ਗਿਆ ਸੀ। ਦੇਖੋ ਟੂਕ [++] ਸਫਾ ੬੨੫੪ ਦੀ।

ਸਿੰਘਨ ਹਿਤ ਪ੍ਰਤੀਖਬੇ ਬੈਸਾ।
-ਪਿਖਹੁਂ ਹੁਕਮ ਗੁਰ ਲਜਾਵਹਿਂ ਕੈਸਾ-।
ਇਤ ਬਿਨੋਦ ਸਿੰਘ ਬਾਬਾ ਆਏ।
ਪੰਚੇ ਸਿੰਘ ਸੰਗ ਮਹਿਂ ਲਜਾਏ[†] ॥੩॥

[†]ਮਹਿਮਾਂ ਪ੍ਰਕਾਸ਼, ਪੰਥ ਪ੍ਰਕਾਸ਼ ਰਤਨ ਸਿੰਘ ਜੀ ਭੰਗੂ ਕ੍ਰਿਤ ਤੇ ਗੁਰੁ ਪ੍ਰਤਾਪ ਸੂਰਜ ਆਦਿ ਲਿਖਤਾਂ ਨੇ ਬੰਦੇ ਨੂੰ ਸਤਿਗੁਰਾਂ ਨੇ ਆਪ ਟੋਰਿਆ ਲਿਖਿਆ ਹੈ। ਰਤਨ ਸਿੰਘ ਜੀ ਦੇ ਲਿਖੇ ਨੂੰ ਇਤਿਹਾਸਕਾਰਾਂ ਨੇ ਬੜੀ ਗੌਰਵਤਾ ਦਿੱਤੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਲਿਖੀ ਹੈ ਕੱਤਕ ਸੁਦੀ ੫ ਸੰਮਤ ੧੭੬੫। ਬੰਦੇ ਦੇ ਸਰਹਿੰਦ ਮਾਰਨ ਦੀ ਤਾਰੀਖ ਜੇਠ ਸੁਦੀ ੧੪ ਸੰਮਤ ੧੭੬੭ ਸਹੀ ਹੋਈ ਹੈ। ਇਹ ਡੇਢ ਕੁ ਸਾਲ ਬਣਦਾ ਹੈ, ਇਸ ਤੋਂ ਸੰਸਾ ਕੀਤਾ ਜਾ ਸਕਦਾ ਹੈ ਕਿ ਸ਼ਾਇਦ ਬੰਦਾ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਵਣ ਤੋਂ ਮਗਰੋਂ ਟੁਰਿਆ ਹੋਵੇ। ਸਫਰ ਕਰਨੇ, ਬਚਵੇਂ ਚਲਣਾ, ਆਪਣੇ ਖਰਚ ਖਬਲ ਸੰਭਾਲਣੇ, ਪੰਥ ਵਿਚ ਖਬਰਾਂ ਘੱਲਣੀਆਂ, ਜਵਾਬ ਉਡੀਕਣੇ, ਫੇਰ ਪ੍ਰਗਟ ਹੋਕੇ ਕੰਮ ਕਰਨਾ। ਛੋਟੇ ਛੋਟੇ ਮਾਅਰਕੇ: ਸਾਮਣਾ, ਘੁੜਾਮ, ਸ਼ਾਹਆਬਾਦ, ਮੁਸਤਫਾਬਾਦ, ਕਪੂਰੀ, ਸਢੌਰਾ, ਬਨੂੜ, ਛਤ ਥਾਵਾਂ ਮਾਰਕੇ ਸਰਹਿੰਦ ਮਾਰਨੀ ਏਹ ਸਾਰੇ ਕੰਮ ਇਸ ਅਰਸੇ ਵਿਚ ਹੋਏ। ਸੋ ਇੰਨਾਂ ਸਮਾਂ ਲੱਗ ਜਾਣਾ ਕੁਛ ਅਚਰਜ ਨਹੀਂ। ਪੁਰਾਤਨ ਦੋਵੇਂ ਲੇਖਕ ਸਹਿਮਤ ਹਨ ਕਿ ਬੰਦੇ ਨੂੰ ਗੁਰੂ ਜੀ ਨੇ ਆਪ ਟੋਰਿਆ। ਬੰਦੇ ਨੇ ਰਸਤੇ ਵਿਚ ਥਾਂ ਥਾਂ ਡੇਰਾ ਲਾਕੇ ਪ੍ਰਚਾਰ ਬੀ ਕੀਤਾ ਹੈ। ਪਰਜਾ ਦੀ ਰਾਖੀ ਦੇ ਨਿੱਕੇ ਨਿੱਕੇ ਮਾਅਰਕੇ ਬੀ ਮਾਰੇ ਹਨ ਤੇ ਅਜ਼ਮਤਾਂ ਬੀ ਦੱਸੀਆਂ ਹਨ, ਜਿਸ ਤੋਂ ਲੋਕਾਂ ਦੇ ਵਹੀਰ ਆਉਣ ਲੱਗ ਪਏ ਤੇ ਮਨੁੱਖ ਤੇ ਮਾਯਾ ਬੀ ਮਿਲੀ। ਭੰਗੂ ਜੀ ਰਸਤੇ ਦਾ ਹਾਲ ਐਉਂ ਦੱਸਦੇ ਹਨ: "ਯੌਂ ਕਰ ਬੰਦੈ ਭਈ ਪ੍ਰਤੀਤ ॥ ਤਬ ਬੰਦਾ ਭਯੋ ਨਿਸ਼ਚਲ ਚੀਤ ॥ ਪੁਤ ਮੰਗੈ ਤਿਸ ਦ੍ਵਾਏ ਪੂਤ ॥ ਦੁੱਧ ਮੰਗੇ ਦੇ ਦੁੱਧ ਬਹੂਤ ॥ ੮ ॥ ਜੇ ਕਰ ਕੋਈ ਦੁਖੀਆ ਆਵੈ ॥ ਕਰ ਅਰਦਾਸ ਤਿਸ ਦਖ ਮਿਟਾਵੈ ॥ ਵਾਹਿਗੁਰੁ ਕਾ ਜਾਪ ਜਪਾਵੈ ॥ ਜੋ ਮਾਂਗੈ ਤਿਸ ਸੋਊ ਦਿਵਾਵੈ ॥ ੯ ॥ ਐਸੀ ਜਗ ਮੈਂ ਪਰ ਗਈ ਧਾਂਕ ॥ ਆਇ ਮਿਲੈ ਰਾਣਾ ਔ ਰਾਂਕ ॥ ਦੂਰਹਿ ਤੇ ਜੋ ਨਿੰਦਤ ਆਵੈ ॥ ਹੋਇ ਨੇੜ ਬਹੁ ਚਰਨੀ ਪਾਵੈ ॥ ੧੦ ॥"

ਜਮਨਾ ਨਿਕਟ ਊਚ ਥਲ ਹੇਰੇ।
ਖੋਜਹਿਂ ਬੰਦੇ ਕੋ ਫਿਰਿ ਫੇਰੇ।
ਟੇਹੇ ਗ੍ਰਾਮ ਥੇਹ ਪਰ ਆਏ।
ਬੈਠਯੋ ਤਹਾਂ ਦੇਖਿ ਹਰਖਾਏ ॥੪॥
ਫਤੇ ਗੁਰੂ ਜੀ ਕੀ ਕਹਿ ਬੈਸੇ।
ਹੁਕਮ ਗੁਰੂ ਕੋ ਪਠਿ ਕਰਿ ਤੈਸੇ।
ਕਿਤਿਕ ਸਮੇਂ ਲੌਂ ਜਬਿ ਥਿਰ ਰਹੇ।
ਸਿੰਘਨ ਤਬਹਿ ਬਾਕ ਇਮ ਕਹੇ ॥੫॥
'ਹਮ ਮਾਰਗ ਮਹਿਂ ਚਲਿ ਕਰਿ ਆਏ।
ਤੁਮ ਥਿਰ ਪ੍ਰਥਮ ਰਹੇ ਇਸ ਥਾਏਂ।
ਹਮ ਅਭਿਲਾਖਹਿਂ ਦੇਹੁ ਅਹਾਰਾ।
ਜਿਸ ਤੇ ਛੁਧਾ ਕਰਹਿਂ ਨਿਰਵਾਰਾ' ॥੬॥
ਸੁਨਿ ਬੰਦੇ ਸਭਿ ਸੰਗ ਬਖਾਨੀ।
'ਮੈਂ ਕੁਛ ਜਮਾ ਨ ਪ੍ਰਥਮੈ ਠਾਠੀ।
ਅਹੌਂ ਇਕਾਕੀ ਸੌਜ ਨ ਕੋਈ।
ਬਾਸਨ ਬਸਨ ਅਸਨ ਨਹਿਂ ਜੋਈ[1] ॥੭॥
ਜਿਸ ਹਿਤ ਸਤਿਗੁਰ ਇਤੈ ਪਠਾਏ।
ਸੋ ਉੱਦਮ ਕੀਜਹਿ ਲਿਹੁ ਖਾਏ।'
ਇਮ ਆਪਸ ਮਹਿਂ ਕਰਤ ਬਖਾਨਾ।
ਤਿਸ ਛਿਨ ਅਸਨ ਇਸਤ੍ਰੀਅਨਿ ਆਨਾ ॥੮॥
ਰਾਹਕ ਕਾਰ ਕਰਤਿ ਕ੍ਰਿਖਿ ਕੇਰੀ।
ਤਿਨ ਹਿਤ ਲੀਏ ਜਾਤ ਤਿਸ ਹੇਰੀ।
ਬੰਦਾ ਕਹੈ 'ਸੁਨਹੁ ਸਿਖ ਭਾਈ!
ਇਹ ਗੁਰ ਪਠਯੋ ਛੀਨਿ ਲਿਹੁ ਖਾਈ ॥੯॥
ਪ੍ਰਥਮ ਸ਼ਗੁਨ ਭੋਜਨ ਕਹੁ ਆਛੇ।
ਅਪਰ ਵਸਤੁ ਲੁਟਹਿਂ ਸਭਿ ਪਾਛੇ।'
ਸੁਨਿ ਕੈ ਛੁਧਤਿ ਉਠੇ ਤਤਕਾਲਾ।
ਸਰਬ ਰੋਟਿਕਾ ਛੀਨਿ ਉਤਾਲਾ ॥੧੦॥
ਜਲ ਪਰ ਬੈਠਿ ਅਚਨ ਸੋ ਕਰੀ।
ਛੁਧਾ ਅਧਿਕ ਥੀ ਸਭਿ ਪਰਹਰੀ।

[1]ਭਾਂਡੇ ਬਸਤ੍ਰ ਭੋਜਨ ਨਹੀਂ ਦੇਖੇ।

ਇਸਤ੍ਰੀ ਅਧਿਕ ਪਾਇ ਕਰਿ ਰੌਰਾ।
ਗਈ ਪੁਕਾਰਤਿ ਪਤਿ ਜਿਸ ਠੌਰਾ† ॥੧੧॥
'ਮਾਰਗ ਮਹਿਂ ਬੈਠੇ ਬਟਪਾਰ।
ਹਮ ਤੇ ਲੀਨਸਿ ਛੀਨ ਅਹਾਰ।
ਉਚੇ ਬਹੁ ਪੁਕਾਰ ਕਰਿ ਹਾਰੀ।
ਨਹਿਂ ਮਾਨਹਿਂ ਕੁਛ ਨ੍ਰਿਭੈ ਸੁ ਭਾਰੀ' ॥੧੨॥
ਰਾਹਿਕ ਦਸਕ ਗ੍ਰਾਮ ਮਹਿਂ ਸਾਰੇ।
ਹੁਤੇ ਅਲਪ ਹੀ ਬਸਨੇ ਹਾਰੇ।
ਲਿਏ ਲਸ਼ਟਕਾ ਰਿਦੈ ਰਿਸਾਏ।
ਮਾਰਨ ਕਾਰਨ ਤੂਰਨ ਧਾਏ ॥੧੩॥
ਦੌਰਤਿ ਆਵਤਿ ਦੂਰਹਿਂ ਜੋਏ।
ਸਾਵਧਾਨ ਆਗੇ ਸਿਖ ਹੋਏ।
ਮਿਲਿ ਕਰਿ ਤਿਨਹੁਂ ਪ੍ਰਹਾਰ ਚਲਾਏ।
ਮਾਰਿ ਮਾਰਿ ਕਰਿ ਚਹੁਂਦਿਸ਼ਿ ਆਏ ॥੧੪॥
ਲਸ਼ਟ ਪ੍ਰਹਾਰ ਸਹਾਰ ਸੰਭਾਰੇ।
ਖੈਂਚਿ ਖੜਗ ਤਤਛਿਨ ਕਟਿ ਡਾਰੇ।
ਭਾਜਨ ਦਏ ਨ ਕਿਸੂ ਸਥਾਨ।
ਪਹੁਂਚਿ ਪਹੁਂਚਿ ਢਿਗ ਕੀਨਸਿ ਹਾਨ ॥੧੫॥
ਬਹੁਰ ਗ੍ਰਾਮ ਕੇ ਬੀਚ ਸਿਧਾਰੇ।
ਛੀਨਿ ਲੀਨਿ ਸਭਿ ਵਸਤੁ ਸੰਭਾਰੇ।
ਜਬਹਿ ਦੌਰ ਕਰਿ ਲੂਟ ਮਚਾਈ।
ਆਨਿ ਮਿਲੇ ਕੇਤਿਕ ਨਰ ਧਾਈ ॥੧੬॥
ਹੇਤ ਲੁਟਿਬੇ ਮਿਲਿ ਸਮੁਦਾਯਾ।
ਸੋ ਦਿਨ ਤਿਸ ਹੀ ਗ੍ਰਾਮ ਬਿਤਾਯਾ।
ਨਿਸ ਮਹਿਂ ਮਤਾ ਕੀਨਿ ਮਿਲਿ ਸਾਰੇ।
-ਅਬਿ ਨਹਿਂ ਬੈਠਨ ਬਨਹਿ ਸੁਖਾਰੇ ॥੧੭॥
ਉਠਹੁ ਪ੍ਰਾਤਿ ਕੋ ਲੂਟ ਮਚਾਵਹੁ।

†ਇਹ ਵਾਰਤਾ ਨਹੀਂ ਹੋਈ। ਦੇਖੋ ਅੱਗੇ ਆਈ ⚐ ਨਿਸ਼ਾਨ ਵਾਲੀ ਟੂਕ।

ਨਿਕਟਿ ਗ੍ਰਾਮ ਲਘੁ ਲਘੁ ਦਰਸਾਵਹੁ।
ਜੋ ਅਰ ਪਰਹਿ ਕਟਾ ਕਰਿ ਦੀਜੈ।
ਵਸਤੁ ਦਰਬ ਆਦਿਕ ਸਭਿ ਲੀਜੈ ॥੧੮॥
ਚਹੈ ਜਿ ਲੂਟਨ[1] ਸੋ ਨਰ ਜਹਿਂ ਜਹਿਂ।
ਮਾਨਵ ਜਾਇ ਬੁਲਾਵਹਿਂ ਤਹਿਂ ਤਹਿਂ-।
ਕਿਤਿਕ ਸਬਲ ਨਰ ਤਬਹਿ ਪਠਾਏ।
ਜਾਮਨਿ ਬੀਚ ਹਕਾਰਿ ਮਿਲਾਏ ॥੧੯॥
ਸਭਿ ਕੋ ਬੰਦੇ ਧੀਰਜ ਦੀਨ।
'ਹਤਹੁ ਕਿ ਲੂਟਹੁ ਤ੍ਰਾਸ ਬਿਹੀਨ।
ਮਿਲੈਂ ਸ਼ੱਤ੍ਰ ਗਨ ਮੈਂ ਰਖਵਾਰੋ।
ਖਰੇ ਇਕਾਂਕੀ ਪੁੰਜ ਸੰਘਾਰੋਂ' ॥੨੦॥
ਮਸਲਤਿ ਇਮ ਕਰਿ ਰਹੇ ਸੁਚੇਤ।
ਜਾਗ੍ਰਤ ਭਏ ਕਰਨਿ ਰਨ ਖੇਤ।
ਚਾਰ ਘਰੀ ਕੇ ਅੰਮ੍ਰਿਤ ਵੇਲੇ।
ਸੌਚ ਸ਼ਨਾਨੇ ਆਯੁਧ ਲੇ ਲੇ ॥੨੧॥
ਅਲਪ ਗ੍ਰਾਮ ਨਰ ਸੁਪਤਿ ਨਿਸ਼ੰਕ।
ਔਚਕ ਪਰੇ ਜਾਇ ਇਕ ਅੰਕ[1]।
ਤ੍ਰਾਸਤਿ ਲੇ ਨਿਜ ਪ੍ਰਾਨ ਪਲਾਏ।
ਸੋ ਬਚ ਰਹੇ, ਅਰੇ ਸਭਿ ਘਾਏ ॥੨੨॥
ਵਸਤੁ ਧਨਾਦਿ ਲੂਟ ਕਰਿ ਭਲੇ।
ਭਏ ਸਨੱਧ ਲਰਨ ਕੌ ਖਲੇ।
ਨਿਕਟ ਨਿਕਟ ਕੇ ਗ੍ਰਾਮ ਦੁ ਤੀਨ[1]।
ਲਏ ਲੂਟ ਧਨੁ ਵਸਤੂ ਪੀਨ ॥੨੩॥
ਅਸ ਰੌਰੇ ਕਹੁ ਹੇਰਿ ਲੁਟੇਰੇ।
ਸੁਨਿ ਸੁਨਿ ਆਨਿ ਮਿਲੇ ਚਹੁ ਫੇਰੇ।
ਸੰਧ੍ਯਾ ਤੀਕ ਤੀਨ ਸੌ ਭਏ।
ਖਾਨ ਪਾਨ ਆਛੇ ਕਰਿ ਲਏ ॥੨੪॥
ਕਰੈਂ ਹਰਖ ਧਰਿ ਮਾਰ ਬਕਾਰਾ।
'ਛੀਨਹੁਂ ਦੇਸ਼ਨ ਤੁਰਕ ਸੰਘਾਰਾ।
ਆਯੁਧ ਲੂਟਿ ਲੂਟਿ ਧਨ† ਭਾਰੇ।
ਅਲਪ ਬਡੇ ਹਯ ਕਿਤਿਕ ਸੰਭਾਰੇ

[1]ਜੋ ਲੁਟਣਾ ਚਾਹੇ।
[1]ਇੱਕੇ ਵੇਰੀਂ।
[1]ਦੋ ਤਿੰਨ।
†ਪਾ:-ਕਰਿ।

॥੨੫॥
ਤੀਨ ਦਿਵਸ ਇਮ ਧੂਮ ਉਤਾਰੀ।
ਪਰਜੋ ਦੇਸ਼ ਮਹਿਂ ਰੌਰਾ ਭਰੀ।
ਪੁਰਿ ਗ੍ਰਾਮਨਿ ਮਹਿਂ ਨਰ ਸਵਧਾਨੇ।
ਗਹਿ ਗਹਿ ਸ਼ਸਤ੍ਰ ਖਰੇ ਡਰ ਮਾਨੇ
॥੨੬॥
†ਮੁਸਤਾਬਾਦ ਨਗਰ ਢਿਗ ਭਾਰਾ।
ਤਹਾਂ ਸਥਿਰ ਭਟ ਦੌਨ ਹਜ਼ਾਰਾ।
ਮਰੇ ਲੁਟੇ ਜਿਨ ਕੇ ਨਹਿਂ ਗਏ।
ਉਚ ਪੁਕਾਰ ਪੁਕਾਰਤਿ ਭਏ ॥੨੭॥
'ਤੁਮ ਮਾਲਕ ਬੈਠੇ ਸੁਖ ਸੰਗ।
ਗ੍ਰਾਮ ਲੁਟੇ ਉਜਰੇ ਡਰ ਜੰਗ।'

ਇਹ ਪ੍ਰਸੰਗ ਕਵੀ ਜੀ ਤੱਕ ਸਹੀ ਨਹੀਂ ਪੁੱਜਾ, ਬੰਦੇ ਦੇ ਸਰਹੰਦ ਤੱਕ ਪੁੱਜਣ ਦੇ ਸਹੀ ਹਾਲਾਤ ਸ੍ਰੀ ਭੰਗੂ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਐਉਂ ਲਿਖੇ ਹਨ ਕਿ ਜਦ ਬੰਦਾ ਗੁਰੂ ਜੀ ਤੋਂ ਸ਼ੁਭ ਸਿੱਖਯਾ ਪ੍ਰਾਪਤ ਕਰ, ਮਾਝੇ ਮਾਲਵੇ ਦੇ ਸਿੰਘਾਂ ਵੱਲ ਸਤਿਗੁਰਾਂ ਦੇ ਪਰਵਾਨੇ ਤੇ ਸਿੰਘਾਂ ਦੀ ਇਕ ਕੌਂਸਲ ਨਾਲ ਲੈਕੇ ਪੰਜਾਬ ਵੱਲ ਟੁਰ ਪਿਆ ਤਾਂ ਰਸਤੇ ਵਿਚ ਉਸਨੂੰ ਖਰਚ ਦੀ ਤੰਗੀ ਵਾਪਰੀ। ਗੁਰੂ ਹੁਕਮ ਮੁਜਬ ਪੰਜ ਸਿੰਘਾਂ ਨੂੰ ਇਸ ਔਕੜ ਦੇ ਦੂਰ ਹੋਣ ਲਈ ਅਰਦਾਸਾ ਕਰਨ ਲਈ ਕਿਹਾ, ਸਿੰਘਾਂ ਅਰਦਾਸਾ ਸੋਧਿਆ, ਵਿਚ ਬੰਦਾ ਬੀ ਸ਼ਾਮਲ ਸੀ। ਇਕ ਲੁਬਾਣਾ ਸਿੰਘ ਆਇਆ, ਜਿਸਨੇ ਕਈ ਹਜ਼ਾਰ ਦਸਵੰਧ ਵਜੋਂ ਭੇਟ ਕੀਤੀ। ਬੰਦੇ ਦੀ ਪ੍ਰੀਤੀ ਇਸ ਘਟਨਾ ਨੇ ਗੁਰੂ ਚਰਨਾਂ ਨਾਲ ਹੋਰ ਬੀ ਵਧਾ ਦਿੱਤੀ। ਰਾਹ ਵਿਚ ਦੀਵਾਨ ਕਰਦਾ, ਨਾਮ ਦਾਨ ਦੇਂਦਾ, ਦੁੱਧ ਵਾਲੇ ਨੂੰ ਦੁੱਧ, ਪੁੱਤ ਵਾਲੇ ਨੂੰ ਪੁੱਤ ਤੇ ਲੋੜਵੰਦਾਂ ਦੀਆਂ ਆਸਾਂ ਪੂਰਨ ਕਰਦਾ ਪੰਜਾਬ ਵੱਲ ਟੁਰਦਾ ਰਿਹਾ। ਜਿਸ ਪਿੰਡ ਉਤਾਰਾ ਕਰਦਾ ਸੰਗਤਾਂ ਧਨ ਅਰਪਦੀਆਂ, ਤੇ ਲੋੜੀਂਦਾ ਸਮਾਨ ਹਾਜ਼ਰ ਕਰਦੀਆਂ ਸਨ। ਇਹਨਾਂ ਦਿਨਾਂ ਵਿਚ ਜੋ ਸਵਾਲੀ ਆਇਆ ਖਾਲੀ ਨਹੀਂ ਗਿਆ, ਲੋੜਵੰਦਾਂ ਦੀਆਂ ਝੋਲੀਆਂ ਭਰੀਆਂ। ਭਾਈ ਰਤਨ ਸਿੰਘ ਜੀ ਲਿਖਦੇ ਹਨ ਕਿ ਜਿਸ ਆਦਮੀ ਨੇ ਦੀਵੇ ਵਿਚ ਤੇਲ ਪਾਇਆ, ਬੈਠਣ ਵਾਲੀ ਥਾਂ ਤੇ ਝਾੜੂ ਦਿੱਤਾ ਜਾਂ ਪੀਣ ਲਈ ਪਾਣੀ ਦਾ ਘੜਾ ਆਂਦਾ ਕਿਸੇ ਨੂੰ ਵੀ ਇਕ ਅਸ਼ਰਫੀ ਤੋਂ ਘੱਟ ਬੰਦਾ ਨਹੀਂ ਦੇਂਦਾ ਸੀ। ਬੰਦੇ ਦੇ ਇਸ ਤਰ੍ਹਾਂ ਦੇ ਸਲੂਕ ਨੂੰ ਵੇਖਕੇ ਦੂਰ ਨੇੜੇ ਤੋਂ ਵਹੀਰਾਂ ਇਹਦੇ ਗਿਰਦ ਇਕੱਠੀਆਂ ਹੋਣ ਲੱਗੀਆਂ ਤੇ ਉਹਦੀ ਦਾਨ ਸ਼ੀਲਤਾ ਤੇ ਵਰਦਾਨਾਂ ਦੇ ਪੂਰਾ ਹੋਣ ਨੇ ਉਸ ਨੂੰ ਸਰਬਪ੍ਰਿਯ ਬਣਾ ਦਿੱਤਾ। ਬੰਦੇ ਦੇ ਪਾਸ ਧਨ ਦੀ ਬਹੁਲਤਾ ਦਾ ਹਾਲ ਸੁਣ ਇਕ ਵੇਰ ਡਾਕੂ ਆ ਗਏ, ਸਿੰਘਾਂ ਨੇ ਫੜਕੇ ਉਨ੍ਹਾਂ ਦੀ ਚੰਗੀ ਤਰ੍ਹਾਂ ਸੋਧ ਕੀਤੀ। ਇੰਜ ਪੰਧ ਮੁਕਾਕੇ ਬਾਂਗਰ ਦੇ ਇਲਾਕੇ (ਕਰਨਾਲ ਤੇ ਹਿਸਾਰ ਦੇ ਲਾਗੇ) ਪੁੱਜੇ, ਇਸ ਇਲਾਕੇ ਵਿਚ ਇਕ ਗਿਰਾਂ ਨੂੰ ਲੁੱਟਣ ਲਈ ਧਾੜ ਆਈ ਹੋਈ ਸੀ। ਲੋਕੀਂ ਪਿੰਡੋਂ ਨੱਸ ਟੁਰੇ ਸਨ ਪਰ ਬੰਦੇ ਨੇ ਡਾਕੂਆਂ ਨੂੰ ਮਾਰ ਕੇ ਨਸਾ ਦਿੱਤਾ ਤੇ ਪਿੰਡ ਦੇ ਲੋਕ ਫਿਰ ਪਿੰਡ ਵਸਾਏ। ਇਸ ਤਰ੍ਹਾਂ ਅਨਾਥ ਗਰੀਬ ਤੇ ਸਹਾਇਹੀਨਾ ਦੀ ਮਦਦ ਵਿਚ ਬੰਦੇ ਨੇ ਕਈ ਪਿੰਡ ਡਾਕੂਆਂ ਤੋਂ ਬਚਾਏ। ਇਸ ਤਰ੍ਹਾਂ ਦੇ ਸ਼ੁਭ ਕਾਰਜ ਕਰਦਾ ਬੰਦਾ ਦਿਨ ਬਦਿਨ ਪ੍ਰਸਿੱਧ ਹੁੰਦਾ ਗਿਆ ਤੇ ਨਾਲ ਲੋਕੀਂ ਰਲਦੇ ਗਏ ਤੇ ਪਰਜਾ ਪਿਆਰ ਕਰਨ ਲੱਗ ਪਈ। ਬੰਦੇ ਨੇ ਲੋਕਾਂ ਨੂੰ ਕਹਿ ਦਿੱਤਾ ਕਿ ਸਰਕਾਰੀ ਮਾਮਲਾ ਨਾ ਦਿਓ, ਉਹ ਤੁਹਾਡੀ ਰੱਛਾ ਨਹੀਂ ਕਰਦੇ। ਮੈਂ ਤੁਹਾਡੀ ਰੱਛਯਾ ਕਰਾਂਗਾ ਤੇ ਸਾਨੂੰ ਕੇਵਲ ਦੁੱਧ ਦਹੀਂ ਦਿਆ ਕਰੋ, ਅਸੀਂ ਹੋਰ 'ਕਰ' ਨਹੀਂ ਲੈਂਦੇ। ਜਦੋਂ ਸਰਕਾਰੀ ਮਾਮਲਾ ਬੰਦ ਹੋਇਆ ਤੇ ਚੌਧਰੀ ਤੰਗ ਪਏ, ਫੇਰ ਅਲਾਕੇ ਦੇ ਚੌਧਰੀ ਰਲਕੇ ਆਪਣੇ ਹਾਕਮ ਕੈਂਥਲ ਦੇ ਫੌਜਦਾਰ ਪਾਸ ਗਏ। ਜਿਸ ਤੇ ਕੈਂਥਲ ਦਾ ਫੌਜਦਾਰ, ਜੋ ਇਕ ਹਿੰਦੂ ਸੀ, ਬੰਦੇ ਤੇ ਚੜ੍ਹ ਆਇਆ, ਉਸ ਨੇ ਆਕੇ ਬੰਦੇ ਨੂੰ ਬੜੇ ਕੌੜੇ ਵਾਕ ਕਹੇ। ਪਹਿਲਾਂ ਤਾਂ ਬੰਦਾ ਉਹਦੇ ਬੋਲ ਕਬੋਲ ਜਿਗਰੇ ਨਾਲ ਸੁਣਦਾ ਤੇ ਸਹਾਰਦਾ ਰਿਹਾ, ਪਰ ਜਦ ਉਹ ਹੱਦੋਂ ਹੀ ਟੱਪਣ ਲਗਾ ਤਦ ਬੰਦੇ

ਦੇ ਕਹਿਣ ਤੇ ਸਿੰਘਾਂ ਨੇ ਉਹਨੂੰ ਫੜ ਲਿਆ, ਤੇ ਉਹਦੇ ਸਾਥੀਆਂ ਨੂੰ ਮਾਰ ਕੇ ਨਸਾ ਦਿੱਤਾ। ਇਸ ਖੱਤਰੀ ਫੌਜਦਾਰ ਨੂੰ ਬੰਦੇ ਨੇ ਤਰਸਵਾਨ ਹੋਕੇ ਛੱਡ ਦਿੱਤਾ ਤੇ ਇਲਾਕੇ ਦਾ ਫੌਜਦਾਰ ਬਣਾ ਦਿੱਤਾ। ਇਥੋਂ ਉਠਕੇ ਬੰਦਾ ਸੇਹਰ ਖੰਡੇ ਪੁੱਜਾ, ਜੋ ਥਾਂ ਖਖਰੋਡ ਪਰਗਨੇ ਵਿਚ ਹੈ। ਦਿੱਲੀ ਤੋਂ ੨੫ ਮੀਲ ਉੱਤਰ ਪੱਛਮ, ਰੁਹਤਕ ਤੋਂ ੨੧ ਮੀਲ ਪੂਰਬ, ਸਾਂਪਲੇ ਤੇ ਸੋਨੀਪਤ ਦੇ ਵਿਚਕਾਰ ਤੇ ਤਸੀਲ ਸਾਂਪਲੇ ਦਾ ਪਿੰਡ ਹੈ, ਇਸ ਤੋਂ ਚਾਰ ਕੋਹ ਤੇ ਉੱਤਰ ਵਾਲੇ ਪਾਸੇ ਨੂੰ 'ਖੰਡਾ' ਪਿੰਡ ਹੈ ਜਿਸਦੇ ਲਾਗੇ ਹੀ 'ਸੇਹਿਰੀ' ਗਾਉਂ ਹੈ। ਸ਼ਾਇਦ ਇਸੇ ਤੋਂ 'ਸੇਹਰੀ ਖੰਡਾ' ਨਾਮ ਪਿਆ ਹੈ।[†]'ਸੇਹਰੀ ਖੰਡੇ' ਬੰਦੇ ਨੇ ਕੁਛ ਸਮਾਂ ਡੇਰਾ ਰੱਖਿਆ, ਮਾਝੇ ਦੇ ਸਿੰਘ ਤੇ ਹੋਰ ਸਿੱਖਾਂ ਦੇ ਨਾਮ ਚਿੱਠੀਆਂ ਭੇਜੀਆਂ, ਗੁਰੂ ਜੀ ਦੇ ਹੁਕਮ ਵਿਚ ਪੰਜਾਬ ਨੂੰ ਆਪਣੇ ਆਉਣ ਤੇ ਜ਼ਾਲਮਾਂ ਦੀ ਸੋਧ ਕਰਨ ਦੇ ਪ੍ਰੋਗਰਾਮ ਦੀ ਖਬਰ ਭੇਜੀ। ਇਹ ਹਾਲਾਤ ਦੱਸਦੇ ਹਨ ਕਿ ਕਲਗ਼ੀਧਰ ਜੀ ਤੋਂ ਵਿਦਾ ਹੋਕੇ ਬਾਂਗਰ ਪੁੱਜਣ ਸਮੇਂ ਤੱਕ ਬੰਦੇ ਦਾ ਆਮ ਲੋਕਾਂ ਨਾਲ ਸਲੂਕ ਤਰਸਵਾਨਾਂ ਤੇ ਦੁਖੀਆਂ ਅਨਾਥਾਂ ਦਾ ਰਖਵਾਲਾ ਹੋਣ ਵਾਲਾ ਸੀ, ਉਸ ਨੇ ਕਿਸੇ ਇਸਤ੍ਰੀ ਦੀਆਂ ਰੋਟੀਆਂ ਕੀ ਖੋਹਣੀਆਂ ਸਨ, ਉਹ ਗ਼ਰੀਬਾਂ ਤੇ ਅਨਾਥਾਂ ਨੂੰ ਖੁੱਲੇ ਦਿਲ ਮਾਇਆ ਦੇ ਗੱਫੇ ਦੇਕੇ ਨਿਹਾਲ ਕਰਦਾ ਰਿਹਾ ਸੀ। ਹਾਂ ਇਸ ਵਿਚ ਸ਼ੁਭਾ ਨਹੀਂ ਕਿ ਓਹ ਪਿੰਡ ਲੁੱਟਣ ਵਾਲੀਆਂ ਵਾਹਰਾਂ ਦੀ ਖੂਬ ਖ਼ਬਰ ਲੈਂਦਾ ਰਿਹਾ ਤੇ ਐਉਂ ਹੀ ਓਹ ਪਰਜਾ ਵਿਚ ਹਾਕਮਾਂ ਨਾਲੋਂ ਵਧੇਰੇ ਪਿਆਰਾ ਹੋ ਗਿਆ ਤੇ ਲੋਕੀਂ ਵੀ ਉਸ ਦੇ ਵੱਲ ਹੋ ਗਏ। ਐਉਂ ਬੰਦੇ ਨਾਲ ਲੋਕੀਂ ਰਲਣ ਲੱਗ ਪਏ, ਤੇ ਬੰਦਾ ਮਾਲਵੇ ਮਾਝੇ ਦੇ ਸਿੰਘਾਂ ਦੀ ਉਡੀਕ ਲਈ ਲੋੜੀਂਦਾ ਸਮਾਂ ਆਪਣੇ ਆਪ ਨੂੰ ਪੂਜਾ ਦਾ ਪ੍ਰਿਯ ਬਨਾਉਣ ਵਿਚ ਲਾਉਂਦਾ ਰਿਹਾ।

[†]ਸ਼੍ਰੀ ਰਤਨ ਸਿੰਘ ਭੰਗੂ ਜੀ ਲਿਖਦੇ ਹਨ:-ਸੇਹਰ ਖੰਡੇ ਰਾਹ ਪੁਛ ਲਯੋ। ਖਖਰੇਡ ਪਰਗਣੇ ਮੇਂ ਨੌਂ ਭਯੋ। ਦਿਲੀ ਤੋਂ ਵੀਹ ਤੀਹ ਕੁ ਕੋਸ।

ਸੁਨਿ ਬੂਝਯੋ 'ਅਸ ਆਯਹੁ ਕੌਨ?
ਜਿਨ ਬਿਨ ਤ੍ਰਾਸ ਉਜਾਰੇ ਭੌਨ' ॥੨੮॥
ਕਹੈ ਸੁ 'ਕੁਛ ਨਹਿਂ ਜਾਨਯੋ ਜਾਈ।
ਦਿਨ ਪ੍ਰਤਿ ਹੋਤਿ ਜਾਤ ਸਮੁਦਾਈ।'
ਤਹਾਂ ਤੁਰਕਪਤਿ ਹੋਯਸਿ ਤਯਾਰ।
ਜ਼ੀਨ ਤੁਰੰਗਨਿ ਤੁਰਨ ਡਾਰਿ ॥੨੯॥
ਦ੍ਵੈ ਹਜ਼ਾਰ ਚਢਿ ਕਰਿ ਅਸਵਾਰ।
ਦੋਇ ਤੋਪ ਲੇ ਸੰਗ ਜੁਝਾਰ।
ਲੂਟਿ ਕੂਟਿ ਜਹਿਂ ਕੀਨਸਿ ਡੇਰਾ।
ਸੁਨਿ ਤਿਤ ਗਮਨਯੋਂ ਕ੍ਰੋਧ ਬਡੇਰਾ ॥੩੦॥
ਸਨੇ ਸਨੇ ਗਮਨਯੋਂ ਕੁਛ ਡਰਿ ਕੈ।
ਪਹੁੰਚਯੋ ਆਨਿ ਤਹਾਂ ਚਲਿ ਕਰਿ ਕੈ।
ਦੇਖਿ ਦੂਰ ਤੇ ਤੋਪ ਚਲਾਈ।
ਗਨ ਦੁੰਦਭਿ ਦਲ ਬਿਖੇ ਬਜਾਈ ॥੩੧॥
ਡਰੇ ਬਿਲੋਕਤਿ ਪੁੰਜ ਲੁਟੇਰੇ।
-ਲਰਹਿ ਕੌਨ ਇਨ ਕੇਰ ਅਗੇਰੇ।
ਚਮੂੰ ਅਧਿਕ ਜਿਮ ਆਟੇ ਲੌਨ।
ਧਰਿ ਪ੍ਰਾਕ੍ਰਮ ਲਰਿ ਗਨਿ ਹੈ ਕੌਨ[1]-

[1]ਅਸੀਂ ਬਲ ਧਾਰਕੇ ਲੜੀਏ ਤਾਂ ਕਿਸ ਗਿਣਤੀ ਵਿਚ ਹਾਂ।

॥੩੨॥
ਹੇਤੁ ਪਲਾਵਨ ਕੇ ਹੁਇ ਤਜਾਰੇ।
ਪਿਖਿ ਬੰਦੇ ਸਭਿ ਸੰਗ ਉਚਾਰੇ।
'ਤ੍ਰਾਸਹੁ ਮਤਿ ਹੂਜਹੁ ਸਵਧਾਨਾ।
ਸਭਿ ਕੇ ਮੈਂ ਬਚਾਇ ਹੌਂ ਪ੍ਰਾਨਾ ॥੩੩॥
ਜਬਿ ਉਚਰੌਂ ਹੇਲਾ ਅਬਿ ਘਾਲਹੁ।
ਲੂਟਿ ਚਮੂੰ ਹਯ ਸ਼ਸਤ੍ਰ ਸੰਭਾਲਹੁ।
ਸਾਰ ਬੰਦ[1†] ਕਰਿ ਹੌਂ ਇਕ ਬਾਰੀ।

[1]ਰੂਹਾਨੀ ਤਾਕਤ ਨਾਲ ਵੈਰੀ ਦੇ ਸ਼ਸਤ੍ਰਾਂ ਨੂੰ ਬੰਨ੍ਹ ਦੇਣਾ ਕਿ ਉਨ੍ਹਾਂ ਦਾ ਪ੍ਰਹਾਰ ਆਪਣੀ ਸੈਨਾਂ ਨੂੰ ਨਾ ਲੱਗੇ।
[†]ਪਾ:-ਸਾਹ ਬੰਦ।

ਤੁਮ ਸੁਖੇਨ ਰਿਪੁ ਲੀਜਹੁ ਮਾਰੀ ॥੩੪॥
ਦੇਖਹੁ ਪਤਾ ਜਿ ਨਹੀਂ ਪ੍ਰਤੀਤ।
ਪੁਨਹਿ ਪ੍ਰਹਾਰ ਕਰਹੁ ਲਿਹੁ ਜੀਤ।'
ਇਮ ਕਹਿ ਸਭਿ ਕੇ ਅੱਗ੍ਰ ਸਿਧਾਰਾ।
ਕਿਤਿਕ ਦੂਰ ਥਿਰ ਹੋਹਿ ਨਿਹਾਰਾ ॥੩੫॥
ਲੇ ਗੁਰ ਤੀਰ ਲਕੀਰ ਨਿਕਾਰੀ।
'ਗੋਰੀ ਗੋਰ ਨ ਉਲੰਘਿ ਅਗਾਰੀ।'
ਇਮ ਕਹਿ ਖਰੋ ਭਯੋ ਰਿਪੁ ਸੌਹੇਂ।
ਰਿਸ ਤੇ ਕਰੀ ਬੱਕ੍ਰ ਜੁਗ ਭੌਹੇਂ ॥੩੬॥
ਲਾਲ ਬਿਲੋਚਨ ਤਾੜੇ ਅਰੀ।
ਜਿਸ ਕਰਿ ਤਿਨ ਤੇ ਕਛੂ ਨ ਸਰੀ।
ਤੁਪਤ ਤੋਪ ਤੇ ਗੋਰਾ ਗੋਰੀ।
ਕਰਹਿ ਪ੍ਰਹਾਰ ਬ੍ਰਿੰਦ ਇਨ ਓਰੀ ॥੩੭॥
ਉਲੰਘੇ ਨਹੀਂ ਲਕੀਰ ਅਗਾਰੀ।
ਤਿਹ ਲੌ ਪਹੁੰਚਹਿ ਨਹਿ[†] ਬਲ ਭਾਰੀ।

[†]ਪਾ:-ਪਹੁੰਚਿ ਹਟਹਿ।

ਖਰੇ ਸੁਖੇਨ ਨ ਕਿਸ ਕੇ ਲਾਗੇ।
ਸਨੇ ਸਨੇ ਆਵਤਿ ਰਿਪੁ ਆਗੇ ॥੩੮॥
ਪਿਖਿ ਬੰਦੇ ਕੋ ਪ੍ਰਾਕ੍ਰਮ ਐਸੇ।
ਹਰਖੇ ਲੋਗ ਤਜਯੋ ਡਰ ਤੈਸੇ।
ਸਾਵਧਾਨ ਹੁਇ ਸ਼ਸਤ੍ਰ ਸੰਭਾਲੇ।
ਤੋਮਰ ਤੀਰ ਤੁਫੰਗ ਬਿਸਾਲੇ ॥੩੯॥
ਕਿਨਹੂੰ ਖੜਗ ਸਿਪਰ ਹੀ ਧਾਰੀ।

ਭੇ ਸਨਮੁਖ ਕਰਿ ਮਾਰੋ ਮਾਰੀ।
ਸਭਿ ਕੇ ਆਗੇ ਬੰਦਾ ਭਯੋ।
ਅਪਨਿ ਚਮੂੰ ਕੋ ਉਤਸਵ ਦਯੋ ॥੪੦॥
ਇਮ ਗਮਨਤਿ ਜਬਿ ਹੋਇਸਿ ਨੇਰ।
ਭਏ ਦਲੇਰ ਰਹਜੋ ਭਟ ਭੇਰ।
ਜਬਿ ਕੇਤਿਕ ਤੁਪਕੈ ਚਲਿਵਾਈ।
ਲਗੀ ਤੁਰਕ, ਗਿਰਿ ਗੇ ਰਣ ਥਾਂਈਂ ॥੪੧॥
ਇਹ ਬਚ ਰਹੇ, ਲਗਹਿਂ ਨਹਿ ਘਾਵਾ।
ਗਿਰੇ ਬ੍ਰਿੰਦ ਰਿਪੁ ਹ੍ਵੈ ਨ ਬਚਾਵਾ।
ਕਿਤਿਕ ਤੁਰੰਗ ਛੁਟੇ ਗਹਿ ਲੀਨ।
ਚਢਿ ਊਪਰ ਬਿਚਰੇ ਰਣ ਕੀਨ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

## ੮. [ਬੰਦੇ ਦੀ ਵਿਜਯ। ਦਲ ਵਧਣਾ। ਸਢੌਰਾ ਮਾਰਨਾ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਭਯੋ ਨੇਰ ਭਟ ਭੇਰ ਕੋ, ਬੰਦਾ ਚਮੂੰ ਅਨੰਦ[1]।

[1]ਬੰਦਾ (ਆਪਣੀ) ਸੈਨਾ (ਨੂੰ ਦੇਖਕੇ) ਅਨੰਦ ਹੋਇਆ। (ਅ) ਬੰਦਾ ਤੇ ਉਸ ਦੀ ਫੌਜ ਖੁਸ਼ ਹੋਏ।

ਛੀਨ ਤੁਰੰਗਮ ਬਹੁ ਚਢੇ, ਬਾਢੀ ਚੌਂਪ ਬਿਲੰਦ ॥੧॥

ਚੌਪਈ:

ਬਹੁ ਕੋਪਜੋ ਮੁਖ ਹੁਕਮ ਬਖਾਨਾ।
'ਹੇਲ ਕਰਹੁ ਮੇਲਹੁ ਘਮਸਾਨਾ।
ਸ਼ਸਤ੍ਰ ਤੁਰੰਗਮ ਤੋਪ ਸਮੇਤ।
ਛੀਨ ਲੇਹੁ ਇਨ ਤੇ ਰਣ ਖੇਤ' ॥੨॥
ਇਮ ਕਹਿ ਗੁਰ ਕੋ ਬਾਨ ਸੰਭਾਰਾ।
ਜੋਰਿ ਪਨਚ ਮਹਿਂ ਐਂਚਿ ਉਚਾਰਾ।
'ਹਤਹੁ ਤੁਰਕ ਗਨ ਜਾਨਿ ਨ ਦੀਜੈ।
ਸਰਬ ਸਮਾਜ ਛੀਨਿ ਕਰਿ ਲੀਜੈ' ॥੩॥
ਤਬਿ ਅਕਾਸ਼ ਕੋ ਦਲ ਚਲਿ ਆਯੋ।
ਹਤਿ ਅਜ਼ਗੈਬਹਿ ਜੰਗ ਮਚਾਯੋ।
ਆਗੇ ਪਾਛੇ ਆਯੁਧ ਚਲੇ।
ਪਰੀ ਮਾਰ ਸ਼ੱਤ੍ਰੁ ਗਨ ਹਲੇ ॥੪॥
ਦਈ ਪੀਠ, ਤਜਿ ਤੋਪ ਪਧਾਰੇ।
ਤਬਿ ਬੰਦੇ ਨਿਜ ਭਟ ਲਲਕਾਰੇ।
'ਹਯ ਆਯੁਧ ਕਜੋਂ ਤੋਪ ਨ ਲੇਤੇ।
ਨਹਿਂ ਰਿਪੁ ਠਹਿਰੇ ਭਾਜ ਚਲੇ ਤੇ' ॥੫॥
ਨਰ ਗ੍ਰਾਮਨਿ ਕੇ ਪਿਖਿਨਿ ਤਮਾਸ਼ਾ।
ਖਰੇ ਸੈਂਕਰੇ ਚਾਰਹੁੰ ਪਾਸਾ।
ਪਿਖੇ ਪਲਾਵਤਿ ਭੀਰੁ ਅਧੀਰ।
ਸਕੇ ਚਲਾਇ ਨ ਤੁਰਕ ਰੁ ਤੀਰ ॥੬॥
ਲੂਟਨ ਲਗੇ ਤੁਰੰਗਮ ਲਏ।
ਬਸਤ੍ਰ ਸ਼ਸਤ੍ਰ ਛੋਰਤਿ ਨਹਿਂ ਭਏ।
ਪਰੀ ਲੋਥ ਪਰ ਲੋਥ ਘਨੇਰੀ।
ਚਲਹਿ ਤੀਰ ਤਰਵਾਰ ਬਡੇਰੀ ॥੭॥
ਕਟਿ ਕਟਿ ਗਿਰੇ ਨ ਭਾਜਨ ਪਾਏ।

ਚਹੁੰ ਓਰ ਲੋਕਨ ਮਿਲਿ ਘਾਏ।
ਪਸਰਯੋ ਸ਼੍ਰੋਣਤਿ ਛਿਤ ਰੰਗੀਨ।
ਕਟੇ ਕਰਾਹੈਂ ਕੇਤਿਕ ਦੀਨ[1] ॥੮॥ [1]ਕੱਟੇ ਹੋਏ ਕਈ ਵਿਲਪ ਰਹੇ ਹਨ।
ਰਹੀ ਸੰਭਾਲ ਨ, ਲਸ਼ਕਰ ਮਾਰਾ।
ਕਹਿਂ ਲਗ ਬਰਨੌਂ ਜੰਗ ਅਖਾਰਾ।
ਗਏ ਪਲਾਇਕ[1] ਭਏ ਸੰਘਾਰਾ। [1]ਇਕ ਭੱਜ ਗਏ।
ਤਬਹਿ ਪਨਚ ਤੇ ਤੀਰ ਨਿਕਾਰਾ ॥੯॥
ਥਿਰਯੋ ਸਥਾਨ ਆਪਨੇ ਬੰਦਾ।
ਲਯੋ ਲੂਟ ਦਲ ਤੁਰਕ ਬਿਲੰਦਾ।
ਸ਼ਸਤ੍ਰ ਹਜ਼ਾਰਹੁ ਬਡੇ ਤੁਰੰਗ।
ਲੇਕਰ ਸਗਰੇ ਹਰਖਤਿ ਅੰਗ ॥੧੦॥
ਜਿਤ ਕਿਤ ਤੇ ਮਿਲਿਗੇ ਨਰ ਆਇ।
ਬਿਨਾ ਚਾਕਰੀ ਲੂਟਨ ਚਾਇ।
ਆਯੁਧ ਧਰਨਹਾਰ[1] ਸਭਿ ਆਏ। [1]ਸ਼ਸਤ੍ਰ ਚਲਾਉਣ ਵਾਲੇ।
ਮਿਲਿ ਬੰਦੇ ਢਿਗ ਭੇ ਸਮੁਦਾਏ ॥੧੧॥
ਮੁਸਤਾਬਾਦ[1] ਜਾਇ ਪੁਰਿ ਮਾਰਾ। [1]ਮੁਸਤਫਾਬਾਦ ਅੰਬਾਲੇ ਦੇ ਜ਼ਿਲੇ ਵਿਚ ਹੈ, ਅੰਬਾਲਾ ਛਾਉਣੀ ਤੋਂ ਚੌਥਾ ਸਟੇਸ਼ਨ ਹੈ। ਕਪਾਲ ਮੋਚਨ ਇਸ ਤੋਂ ਨੇੜੇ ਹੈ।
ਲੂਟਯੋ ਖੋਜਿ ਖੋਜਿ ਕਰਿ ਸਾਰਾ।
ਅਧਿਕ ਦਰਬ ਵਸਤੂ ਸਮੁਦਾਯਾ।
ਲੇ ਲੋਕਨਿ ਚਿਤ ਚਾਉ ਵਧਾਯਾ ॥੧੨॥
ਕੇਤਿਕ ਧਨੀ ਭਏ ਨਰ ਮਹਾਂ।
ਲੂਟਹਿਂ ਗ੍ਰਾਮ ਜਾਇ ਜਹਿਂ ਜਹਿਂ ਕਹਾਂ।
ਸੌ ਦੋ ਸੈ ਮਿਲਿ ਮਿਲਿ ਚਢਿ ਜਾਤੇ।
ਲੂਟ ਕੂਟ ਪੁਨ ਜਾਇ ਸਮਾਤੇ[1] ॥੧੩॥ [1]ਬੰਦੇ ਦੇ ਦਲ ਵਿਚ ਜਾ ਸਮਾਂਵਦੇ ਹਨ।
ਪਰਯੋ ਰੌਰ ਭਾਰੀ ਵਿਚ ਦੇਸ਼।
ਭਾਗ ਚਲੇ ਨਰ ਨਾਰਿ ਵਿਸ਼ੇਸ਼।
ਬੰਦੇ ਸੰਗ ਮਹਾਂ ਦਲ ਭਯੋ।
ਲੂਟਨ ਕੋ ਅਲੰਬ ਇਕ ਲਯੋ ॥੧੪॥
ਕਈ ਹਜ਼ਾਰ ਚਮੂੰ ਹੁਇ ਗਈ।
ਜਿਤ ਕਿਤ ਧੂਮ ਧਾਮ ਪ੍ਰਗਟਈ।
ਗੁਰ ਕੋ ਕਹਯੋ ਸਿਮਰਿ ਕਰਿ ਬੰਦਾ।
ਨਿਕਟ ਸਢੌਰਾ ਦੁਸ਼ਟ ਬਿਲੰਦਾ ॥੧੫॥

☬ਕਵੀ ਜੀ ਨੂੰ ਮੁਸਤਫਾਬਾਦ ਪਰ ਹੀ ਪਹਿਲਾ ਹੱਲਾ ਬੋਲਣ ਦੀ ਖਬਰ ਗ਼ਲਤ ਮਿਲੀ ਹੈ। ਅਸਲ ਵਾਕਿਆਤ ਐਉਂ ਹਨ:-ਬੰਦਾ ਸਿਹਰ ਖੰਡੇ (ਖਰਖੌਡੇ) ਅੱਪੜਕੇ ਉਡੀਕ ਵਿਚ ਲੱਗਾ ਕਿ ਮਾਝੇ ਮਾਲਵੇ ਦੇ ਸਿੰਘ ਆ ਮਿਲਣ ਤਾਂ ਲੜਾਂ। ਨਿਰੇ ਲੁੱਟ ਦੇ ਪ੍ਰੇਮੀਆਂ ਯਾਂ ਆਮ ਛੇੜਾਂ ਨਾਲ ਸਰਹਿੰਦ ਮਾਰ ਲੈਣੀ, ਬੰਦਾ ਜਾਣਦਾ ਸੀ ਕਿ, ਸੁਖੱਲੀ ਨਹੀਂ। ਇਹ ਲੋਕ ਤਾਂ ਮੁਸ਼ਕਲ ਪਈ ਤੇ ਪਹਿਲਾਂ ਭੱਜ ਜਾਣਗੇ। ਇਸ ਲਈ ਓਹ ਜਥਿਆਂ ਦੀ ਉਡੀਕ ਵਿਚ ਲੱਗਾ। ਗੁਰੂ ਜੀ ਨੇ ਟੁਰਨ ਵੇਲੇ ਬੰਦੇ ਨੂੰ ਕਿਹਾ ਸੀ ਕਿ ਮਾਝੇ ਦੇ ਸਿੰਘ ਬੜੇ ਤਕੜੇ ਤੇ ਭਰੋਸੇ ਵਾਲੇ ਮੇਰਾ ਰੂਪ ਹਨ, (ਦੇਖੋ ਭੰਗੂ ਜੀ ਦਾ ਪੰਥ ਪ੍ਰਕਾਸ਼) ਓਨ੍ਹਾਂ ਨੂੰ ਨਾਲ ਜ਼ਰੂਰ ਲੈਣਾ। ਬੰਦਾ ਬੀ ਜਾਣਦਾ ਸੀ ਕਿ ਮਾਝਾ ਬੜਾ ਹਠੀਲਾ ਤੇ ਅੜਨ ਵਾਲਾ ਹੈ। ਮਾਲਵਾ ਨੇੜੇ ਹੈ ਤੇ ਮਾਲਵੇ ਦੇ ਸੁਹਣੇ ਲੜਾਕੇ ਜੁਆਨ ਸਿੰਘ ਪਹਿਲਾਂ ਅੱਪੜਨਗੇ। ਸੋ ਪਹਿਲਾਂ ਤਾਂ ਸਰਹਿੰਦੋਂ ਉਪਰ ਸਲੋਦ ਇਲਾਕੇ ਦੇ ਸਿੰਘ ਅੱਪੜੇ, ਇਨ੍ਹਾਂ ਦੇ ਆਗੂ ਆਲੀ ਸਿੰਘ ਮਾਲੀ ਸਿੰਘ ਸਨ। ਸ਼੍ਰੋਤ ਹੈ ਕਿ ਗੁਰੂ ਜੀ ਦੇ ਹੱਥੋਂ ਬਾਬਾ ਮਾਲੀ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਸੀ। ਏਹ ਦੋਵੇਂ ਸਰਹਿੰਦ ਦੇ ਫੌਜਦਾਰ ਪਾਸ ਨੌਕਰ ਸਨ। ਵਜ਼ੀਰ ਖਾਂ ਨੇ ਬੰਦਾ ਆਇਆ ਸੁਣਕੇ ਏਹ ਕੈਦ ਕੀਤੇ, ਪਰ ਏਹ ਕੈਦੋਂ ਨਿਕਲਕੇ ਆਪਣਾ ਜਥਾ ਲੈ ਕੇ ਬੰਦੇ ਨੂੰ ਜਾ ਮਿਲੇ। ਸਨ ਤਾਂ ਏਹ ਸਿੰਘ ਵੀਹਾਂ ਕੁ ਤੋਂ ਹੇਠਾਂ, ਪਰ ਸਨ ਪੱਕੇ ਸਿੰਘ ਤੇ ਹਠੀਲੇ ਰਾਠ। ਹੁਣ ਮਾਲਵੇ ਤੋਂ ਜਥੇ ਬੀ ਅੱਪੜਨ ਲੱਗ ਪਏ। ਭਾਈ ਰੂਪੇ ਕੇ ਦੇ ਧਰਮ ਸਿੰਘ ਆਦਿਕ ਸੱਜਣ ਬੀ ਜਥਾ ਲੈਕੇ ਅੱਪੜ ਪਏ। ਭਾਈ ਭਗਤੂ ਤੇ ਭਾਈ ਫਤੇ ਸਿੰਘ ਜੀ ਜਥਾ ਲੈ ਕੇ ਪੁੱਜੇ। ਮਰ੍ਹਾਜ ਤੋਂ ਬੀ ਤਕੜਾ ਜਥਾ ਪੁੱਜਾ। ਜਿਥੇ ਕੋਈ ਸਿਰ ਕੱਢ ਚਾਰ ਆਦਮੀ ਲੈਕੇ ਟੁਰਿਆ ਰਾਹ ਵਿਚ ਹੋਰ ਉਸ ਨਾਲ ਰਲਦੇ ਗਏ, ਪਰ ਮਾਝੇ ਵਾਲੇ ਜਥੇ ਅਜੇ ਨਹੀਂ ਅੱਪੜੇ ਸਨ ਤੇ ਬੰਦਾ ਉਨ੍ਹਾਂ ਦੇ ਅੱਪੜੇ ਬਿਨ ਸਰਹਿੰਦ ਤੇ ਪੈਣਾ ਨਹੀਂ ਸੀ ਚਾਹੁੰਦਾ। ਮਾਝੇ ਵਾਲੇ ਸਿੰਘ ਰਸਤੇ ਵਿਚ ਬੜੇ ਔਖੇ ਹੋਏ। ਪੰਜਾਬ ਦੇ ਹਾਕਮਾਂ ਨੂੰ ਬੰਦੇ ਦੇ ਆਉਣ ਤੇ ਉਸ ਪਾਸ ਭੀੜ ਭਾੜ ਜਮਾਂ ਹੋਣ ਦਾ ਪਤਾ ਲੱਗ ਗਿਆ ਸੀ। ਪੰਜਾਬ ਦੇ ਰਾਹਾਂ ਤੇ ਪਹਿਰੇ ਤੇ ਪੱਤਣਾਂ ਤੇ ਰੋਕਾਂ ਲਾਈਆਂ ਗਈਆਂ ਸਨ। ਸੋ ਮਝੈਲ ਸਿੰਘ ਯਕੇ ਦੁੱਕੇ ਥੋੜੇ ਥੋੜੇ ਹੋਕੇ ਭੇਸ ਵਟਾ ਵਟਾਕੇ ਟਾਂਡਿਆਂ ਨਾਲ ਵਪਾਰੀ ਬਣ ਬਣਕੇ ਪਹਾੜਾਂ ਵੱਲ ਨੂੰ ਜਾਕੇ ਹੇਠਾਂ ਉਤਰਕੇ ਕੀਰਤਪੁਰ ਇਕੱਠੇ ਹੋ ਰਹੇ ਸੇ, ਅਤੇ ਖਰਚ ਮੁੱਕਣ ਕਰਕੇ ਓਥੇ ਠਹਿਰੇ ਖੜੇ ਸਨ। ਪਰ ਬੰਦੇ ਨਾਲ ਖ਼ਬਰ ਸੁਰਤ ਜਾਰੀ ਸੀ ਤੇ ਧਾਵੇ ਦੇ ਦਾਉ ਘਾਉ ਮਝੈਲਾਂ ਨਾਲ ਬੰਦੇ ਨੇ ਗਿਣ ਗਠ ਲਏ ਸਨ। ਬੰਦਾ ਹਾਲੇ ਮਾਲਵੇ ਤੇ ਮੈਨਦਾਬ ਦੇ ਸਿੰਘ ਤੇ ਹੋਰ ਭੀੜ ਕੱਠੀ ਕਰਕੇ ਸੋਨੀਪਤ, ਕੈਥਲ ਹੁੰਦਾ ਹੋਯਾ, ਪਹਿਲਾਂ ਸਮਾਣੇ ਵੱਲ ਵਧਿਆ†। ਇਥੋਂ ਦੇ ਜਲਾਦਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਤੇ ਏਥੋਂ ਦੇ ਹੀ ਸਨ ਪਠਾਣ ਜਿਨ੍ਹਾਂ ਸਾਹਿਬਜ਼ਾਦੇ ਮਾਰਨ ਲਈ ਸਰਹਿੰਦ ਅਵਾਜ਼ ਉਠਾਈ ਤੇ ਉਨ੍ਹਾਂ ਨੇ ਹੀ ਆਪ ਦੀ ਕੀਮਤੀ ਜਿੰਦ ਸਮਾਪਤ ਕੀਤੀ ਸੀ। ਬੰਦਾ ਹੁਣ ਉਠ ਪਿਆ। ਇਧਰ ਉਧਰ ਫਿਰਦਾ ਸਮਾਣੇ ਤੇ ਅਚਾਨਕ ਆ ਪਿਆ ਤੇ ਇਸ ਨੂੰ ਫਤੇ ਕਰਕੇ ਖੂਬ ਦੰਡ ਦਿੱਤਾ। ਸਰਹਿੰਦ ਹੁਣ ਨੇੜੇ ਸੀ, ਪਰ ਬੰਦਾ ਮਝੈਲਾਂ ਦੀ ਉਡੀਕ ਵਿਚ ਸੀ, ਇਸ ਕਰਕੇ ਏਥੋਂ ਰਤਾਕੁ ਦੱਖਣ ਰੁਖ਼ ਚਾਲੇ ਪਾਕੇ ਪੂਰਬ ਰੁਖ ਹੋ ਪਿਆ। ਪਹਿਲਾਂ ਘੁੜਾਮ ਮਾਰੀ, ਫੇਰ ਸ਼ਾਹਬਾਦ ਮਾਰਿਆ, ਥਾਨੇਸਰ ਵੱਲ ਨਹੀਂ ਗਿਆ, ਪਰ ਉਤਰ ਪੂਰਬ ਹੋਕੇ ਮੁਸਤਫਾਬਾਦ ਪਹੁੰਚਾ। ਇਸ ਨੂੰ ਵਰਾਨ ਕਰਕੇ ਸਢੌਰੇ ਵੱਲ ਉੱਤਰ ਨੂੰ ਹੋ ਟੁਰਿਆ। ਬੰਦੇ ਦਾ ਮਤਲਬ ਇਹ ਸੀ ਕਿ ਇਹਨਾਂ ਮਾਰਾਂ ਨਾਲ ਜੰਗ ਦੇ ਖਰਚ ਵਾਸਤੇ ਪਦਾਰਥ ਹੁੰਦਾ ਜਾਏ, ਫੌਜ ਦੇ ਹੌਂਸਲੇ ਵਧਦੇ ਜਾਣ, ਦੁਸ਼ਮਨ ਤੇ ਡਰ ਬੈਠਦਾ ਜਾਏ, ਤੇ ਮਾਝੇ ਦੇ ਸਿੰਘਾਂ ਨੂੰ ਜੋ ਹਜ਼ਾਰ ਕੁ ਦੇ ਲਗਪਗ ਯਾ ਵਧੀਕ ਕੀਰਤਪੁਰ ਹਨ, ਨਾਲ ਮਿਲਾ ਲਿਆ ਜਾਏ, ਫੇਰ ਸਰਹਿੰਦ ਮਾਰੀ ਜਾਏ। ਸਢੌਰਾ ਬਹੁਤ ਪੁਰਾਣਾ ਟਿਕਾਣਾ ਹੈ, ਬੋਧੀਆਂ ਵੇਲੇ ਉਹਨਾਂ ਦਾ ਧਰਮ ਅਸਥਾਨ ਸੀ, ਇਸ ਦਾ ਨਾਮ ਤਦੋਂ ਸਾਧਾਵਰ ਸੀ, ਜਿਸ ਤੋਂ ਵਿਗੜਕੇ ਸਾਧੂਵਾੜਾ ਤੇ ਫੇਰ ਸਢੌਰਾ ਪਦ ਬਣਿਆ ਸੀ। ਇਸ ਸਮੇਂ ਸਢੌਰਾ ਮੁਸਲਮਾਨਾਂ ਦਾ ਭਾਰਾ ਅੱਡਾ ਸੀ। ਬੁੱਧੂ ਸ਼ਾਹ ਬੀ ਏਥੋਂ ਦਾ ਸੀ, ਜਿਸ ਦਾ ਅਸਲ ਨਾਮ ਸ਼ਾਹ ਬਦੁਰਉੱਦੀਨ ਸੀ। ਬੁੱਧੂ ਸ਼ਾਹ ਨੂੰ ਸਢੌਰੇ ਦੇ ਹਾਕਮ ਨੇ ਕਤਲ ਕੀਤਾ ਸੀ, ਇਸ ਕਰਕੇ ਬੰਦਾ ਸਢੌਰੇ ਵੱਲ ਵਧਿਆ। ਪਰ ਸਢੌਰੇ ਤੋਂ ਪਹਿਲਾਂ ਬੰਦਾ ਕਪੂਰੀ ਤੇ ਪਿਆ। ਇਥੋਂ ਦੇ ਸਿਰਕਰਦੇ ਕੁਦਮੁੱਦੀਨ ਨੇ ਇਲਾਕੇ ਦੀ ਕੋਈ ਸੁੰਦਰ ਇਸਤ੍ਰੀ ਬੇਪਤੀ ਕੀਤੇ ਬਿਨਾਂ ਨਹੀਂ ਛੱਡੀ ਸੀ। ਪਰਜਾ ਕੁਰਲਾ ਰਹੀ ਸੀ। ਸੋ ਸਢੌਰੇ ਤੋਂ ਪਹਿਲਾਂ ਬੰਦੇ ਨੇ ਇਸ ਨੂੰ ਸੋਧਿਆ। ਮਗਰੋਂ ਸਢੌਰੇ ਨੂੰ ਛੇਤੀ ਹੀ ਫਤੇ ਕਰ ਲਿਆ। ਸਢੌਰਾ ਮਾਰਕੇ ਫੇਰ ਛਤਬਨੂੜ ਵੱਲ ਰੁਖ ਕੀਤਾ ਤੇ ਕੀਰਤਪੁਰ ਕਾਸਦ ਦੁੜਾ ਦਿੱਤਾ ਕਿ ਸਾਨੂੰ ਹੁਣ ਆ ਮਿਲੋ। ਬੰਦੇ ਦਾ ਖਰਖੌਡੇ ਤੋਂ ਸਰਹਿੰਦ ਤੱਕ ਦਾ ਫਤੇ-ਸਫਰ ਅੱਗੇ ਵੱਖਰੇ ਦਿੱਤੇ ਨਕਸ਼ੇ ਤੋਂ ਸਾਫ ਸਮਝ ਪੈ ਜਾਏਗਾ।

†ਸਨਾਮ ਲੁਟਣੀ ਗੁਰੂ ਜੀ ਨੇ ਵਰਜੀ ਸੀ ਸੋ ਬੰਦੇ ਨਹੀਂ ਲੁੱਟੀ ਸਿੱਧਾ ਸਮਾਣੇ ਵੱਲ ਹੀ ਗਿਆ।

ਤਿਸ ਮਾਰਨ ਕੋ ਚਿਤ ਉਮਗਾਯੋ।
ਕਰਯੋ ਕੂਚ ਨਿਜ ਹੁਕਮ ਅਲਾਯੋ।
'ਗੁਰ ਦ੍ਰੋਹੀ ਇਹ ਨਗਰ ਕੁਚਾਲਾ।
ਬੁੱਧੂ ਸ਼ਾਹ ਜੁ ਸਾਧੁ ਬਿਸਾਲਾ ॥੧੬॥
ਗੁਰ ਪੱਖੀ ਲਖਿ ਕੁਟੰਬ ਸਮੇਤ।
ਕਤਲ ਕਰਯੋ ਤਿਹ ਸਕਲ ਨਿਕੇਤ।
ਸੋ ਪਲਟਾ ਪੂਰਬ ਹੀ ਲੀਜੈ।
ਹੇਲਾ ਘਾਲਿ ਕਤਲ ਕਰਿ ਦੀਜੈ' ॥੧੭॥
ਦਲ ਮਹਿਂ ਭੇ ਦੁੰਦਭਿ ਸਮੁਦਾਏ।
ਕਰਯੋ ਹੁਕਮ 'ਗਹਿ ਡੰਕ ਬਜਾਏ।'
ਸਾਵਧਾਨ ਸਗਰੇ ਜਬਿ ਭਏ।
ਚਢੇ ਤੁਰੰਗਨ ਆਯੁਧ ਲਏ ॥੧੮॥
ਬੰਦਾ ਹੋਇਸਿ ਹਯ ਅਸਵਾਰ।
ਬਾਬੇ ਜੁਗਮ ਸੰਗ ਮਹਿਂ ਧਾਰਿ।
ਜਾਇ ਸਢੌਰੇ ਕਹੁ ਤਬਿ ਘੇਰਾ।
ਤੁਪਕ ਤੋਪ ਚਾਲੀ ਤਿਸ ਬੇਰਾ ॥੧੯॥
ਪਹਿਲੇ ਵਹਿਰ ਨਿਕਸਿ ਕਰਿ ਲਰੇ।
ਸੱਯਦ ਖਾਨ ਮੁਗ਼ਲ ਗਨ ਅਰੇ।
ਕੜਾਕੜੀ ਮਾਚਯੋ ਘਮਸਾਨਾ।
ਗੋਰੀ ਚਲੀ ਧਨੁਖ ਤੇ ਬਾਨਾ ॥੨੦॥
ਪੁਨ ਚਹੁੰ ਓਰ ਘਾਲਿ ਕਰਿ ਜ਼ੋਰ।
ਦਏ ਤੁਰਕ ਗਨ ਕੋ ਮੁਖ ਮੋਰਿ।
ਬਾਹਰ ਠਹਿਰ ਨ ਸਕੇ ਲਰਾਈ।
ਬਰੇ ਦੁਰਗ ਮਹਿਂ ਹ੍ਵੈ ਸਮੁਦਾਈ ॥੨੧॥
ਪਾਕੀ ਕੰਧ ਸਥਾਨ ਉਤੰਗ।
ਬਡੋ ਮਵਾਸੀ ਹੋਹਿ ਨ ਭੰਗ।
ਤਿਸ ਕੋ ਲਾਇ ਮੋਰਚੇ ਥਿਰੇ।
ਗੋਰਾ ਚਲਨਿ ਸ਼ੁਰੂ ਗਨ ਕਰੇ ॥੨੨॥
'ਸ਼ਾਹਿ ਕੁਮੈਤ†' ਪੀਰ ਇਕ ਤਹਾਂ।

†ਸ਼ਾਯਦ ਕਵੀ ਜੀ ਦਾ ਭਾਵ 'ਕੁਤਬੁਲ ਅਕਤਾਬ' ਦੀ ਖਾਨਕਾਹ ਤੋਂ ਹੈ। ਪ੍ਰੰਤੂ ਇਹ ਖਾਨਕਾਹ ਤੇ 'ਗੰਜੇ ਇਲਮ' ਬੰਦੇ ਨੇ ਢਾਹੀਆਂ ਨਹੀ, ਹੁਣ ਤੱਕ ਸਲਾਮਤ ਹਨ। ਪਹਿਲੀ ਦੀ ਛਤ ਧੁਆਂਖੀ ਹੋਈ ਦੱਸਦੀ ਹੈ ਕਿ ਇਸ ਨੂੰ ਅੱਗ ਲੱਗੀ ਹੈ, ਪਰ ਚੂਨੇ ਦੀ ਹੋਣ ਕਰਕੇ ਧੁਆਂਖੀ ਹੋਈ ਹੈ ਸੜੀ ਨਹੀਂ।

ਜਿਸ ਕੀ ਕਬਰ ਸਕੰਚਨ ਮਹਾਂ।
ਚਾਮੀਕਰ ਭੀਤਰ ਬਹੁ ਲਾਗਾ।
ਬਹੁ ਊਚੋ ਜਗ ਮਹਿਂ ਜਿਹ ਜਾਗਾ ॥੨੩॥
ਪਾਹਨ ਦੁਰਗ ਬੀਚ ਤੇ ਮਾਰੈਂ।
ਦਲ ਪਰ ਬਰਖੈਂ ਭਟਨ ਪ੍ਰਹਾਰੈਂ।
ਨਿਤ ਪ੍ਰਤਿ ਜੁੱਧ ਹੋਤਿ ਬਹੁਤੇਰਾ।
ਹੇਲਾ ਘਾਲਿ ਘਾਲਿ ਭਟ ਭੇਰਾ ॥੨੪॥
ਅਰਜੋ ਦੁਰਗ ਟੂਟਜੋ ਜਬਿ ਨਾਂਹੀ।
ਬੰਦੇ ਜਤਨ ਬਿਚਾਰਜੋ ਤਾਂਹੀ।
ਵਹਿਰ ਬਡੋ ਦਮਦਮਾ ਉਸਾਰਾ।
ਤੂਰਨ ਲਾਗੇ ਮਨੁਜ ਹਜ਼ਾਰਾ ॥੨੫॥
ਦਿਨ ਪ੍ਰਤਿ ਦਲ ਬ੍ਰਿੱਧੈ ਬਡ ਐਸੇ।
ਹੋਇ ਸਵਾਯਾ ਡਜੋਢਾ ਜੈਸੇ।
ਦੂਰ ਦੂਰ ਲਗਿ ਲੂਟਨਿ ਧਾਵੈਂ।
ਗਨ ਧਨ ਧਾਨ ਪੁਰਿਨਿ ਤੇ ਲਜਾਵੈਂ
॥੨੬॥
ਭਾ ਉਤੰਗ ਦਮਦਮਾ ਉਚੇਰਾ।
ਚਢਿ ਬੰਦਾ ਊਪਰ ਤਿਸ ਬੇਰਾ।
ਦ੍ਰਿਸ਼ਟਿ ਦੁਰਗ ਕੇ ਬਿਖੈ ਲਗਾਈ।
ਸਤਿਗੁਰ ਸਰ ਐਂਚਜੋ ਸਮੁਹਾਈ ॥੨੭॥
ਹੁਕਮ ਦਯੋ ਦਲ ਕੋ 'ਹੁਇ ਹੇਲਾ।'
ਸੁਨਿ ਚਹੁ ਦਿਸ਼ਾ ਸ਼ੋਰ ਬਡ ਮੇਲਾ।
ਧਾਇ ਧਾਇ ਗਢ ਕੋ ਲਗਿ ਗਏ।
ਤਤਛਿਨ ਸੁਭਟ ਅਰੂਢਤਿ ਭਏ ॥੨੮॥
ਉਮਡ ਪਰਜੋ ਦਲ ਬੀਚ ਪ੍ਰਵੇਸ਼ੇ।
ਬਜਜੋ ਖੜਗ ਰਿਪੁ ਕਦਨ ਬਿਸ਼ੇਸ਼ੇ।
ਤਛਾ ਮੁੱਛ ਕਰਿ ਅੰਗ ਘਨੇਰੇ।
ਬਿਥਰੀ ਲੋਥ ਪੋਥ ਗਨ ਹੇਰੇ ॥੨੯॥
ਏਕ ਬਾਰ ਹੀ ਸਕਲ ਬਿਨਾਸ਼ੇ।
ਢਾਹਿ ਮਦਾਨ ਕੀਨਿ ਚਹੁ ਪਾਸੇ।
ਬਹੁਰ ਨਗਰ ਮਹਿਂ ਦਲ ਬਰਿ ਗਯੋ।
ਜੋ ਦੇਖਯੋ ਤੂਰਨ ਕਟਿ ਦਯੋ ॥੩੦॥

ਮੁਗ਼ਲ ਪਠਾਨ ਨ ਸੱਯਦ ਛੋਰਾ।
ਸ਼ੇਖ ਮਰੇ ਥਲ ਦੀਖਤਿ ਘੋਰਾ।
ਲੂਟਜੋ ਬਰੇ ਸਦਨ ਮਹਿਂ ਜਾਈ।
ਤੁਰਕਾਨੀ ਆਨੀ ਸਮੁਦਾਈ ॥੩੧॥
ਨੀਚ ਜਾਤਿ ਕੇਤਿਕ ਕਰ ਲਈ[1]।

[1]ਨੀਵੀਆਂ ਜਾਤੀਆਂ (ਦੇ ਲੁਟੇਰਿਆਂ) ਨੇ (ਜੋ ਲੁੱਟ ਦੀ ਖਾਤਰ ਨਾਲ ਰਲੇ ਸਨ) ਕਿੰਨੀਆਂ ਕੁ ਕਰ ਲੀਤੀਆਂ।

ਭੋਗੀ ਪਕਰਿ ਨ ਜਾਨੈ ਦਈ।
ਕੇਤੀ ਦਲ ਮਹਿਂ ਤਜਾਗੀ ਲਜਾਇ।
ਸੁਥਨੀ ਮਹਿਂ ਮੂਖਕ ਪ੍ਰਵਿਸ਼ਾਇ[†]
॥੩੨॥

[†]ਅੱਗੇ ਅੰਸੂ ੧੦ ਦੇ ਅੰਕ ੧੯ ਵਿਚ ਬੀ ਇਹੋ ਕਿਹਾ ਹੈ। ਇਹ ਇਸਤ੍ਰੀਆਂ ਨੀਚ ਜਾਤਾਂ ਦੇ ਲੁਟੇਰੇ ਲੋਕਾਂ ਫੜੀਆਂ ਹਨ, ਸਿੰਘ ਧਰਮ ਧਾਰੀਆਂ ਨੂੰ ਤਾਂ ਆਗਜਾ ਹੀ ਨਹੀਂ ਹੈ ਦੇਖੋ ਪਿਛੇ ਰੁਤ ੬ ਅੰਸੂ ੨੦ ਦਾ ਅੰਕ ੧੭ ਤੋਂ ੨੦ ਤਕ। ਭੰਗੂ ਜੀ ਨੇ ਸਢੌਰੇ ਮਾਰਨ ਦੇ ਪ੍ਰਸੰਗ ਵਿਚ ਇਹ ਚੂਹੇ ਸੁੱਥਣਾਂ ਦਾ ਪ੍ਰਸੰਗ ਨਹੀਂ ਦਿੱਤਾ। ਇਹ ਗੱਲਾਂ ਠੀਕ ਨਹੀਂ ਜਾਪਦੀਆਂ। ਇਕ ਗੱਲ ਇਹ ਬੀ ਹੈ ਕਿ ਸਢੌਰੇ ਦੇ ਸੱਯਦਾਂ ਸ਼ੇਖਾਂ ਮੁਗ਼ਲਾਂ ਤੋਂ ਪ੍ਰਜਾ ਅਤਿ ਤੰਗ ਸੀ, ਲੋਕ ਬਦਲੇ ਲੈਣ ਦੇ ਭੁੱਖੇ ਸਨ। ਭਾਈ ਕਰਮ ਸਿੰਘ ਜੀ ਲਿਖਦੇ ਹਨ ਕਿ ਬੰਦੇ ਨੂੰ ਕਤਲਗੜੀ ਦੀ ਕਤਲ ਤੇ ਹੋਰ ਗੱਲਾਂ ਦਾ ਦੋਸ਼ ਕੋਈ ਨਹੀਂ, ਇਹ ਤਾਂ ਭੜਥੂ ਤੱਤੇ ਤੇ ਮਜ਼ਲੂਮਾਂ ਨੇ ਹੀ ਉੱਠਕੇ ਬਦਲੇ ਲੈ ਲਏ ਸਨ। ਭੰਗੂ ਜੀ ਹਿੰਦੂਆਂ ਦੀ ਰੱਖਜਾ ਬਾਬਤ ਐਉਂ ਲਿਖਦੇ ਹਨ:-'ਹਿੰਦੂਅਨ ਕੇ ਘਰ ਲੀਨੇ ਰਾਖ। ਮੁਸਲਮਾਨ ਕਈ ਕਤਲੋ ਆਖ। ਬੋਦੀ ਵਾਲੇ ਨਾਹਿ ਸਤਾਯੋ। ਬਿਨ ਬੋਦੀ ਤਿਸ ਮਾਰਿ ਗਵਾਯੋ। ਜੋ ਹਿੰਦੂਅਨ ਘਰ ਜਾਇ ਛਿਪੇ ਤੇਊ ਲਏ ਉਬਾਰ।

ਊਪਰ ਬਾਂਧੇ ਕਸ ਕਰਿ ਨੀਬੀ।
ਉਛਰੀ ਫਿਰਤ ਉਤਹਿ ਇਤ ਬੀਬੀ।
ਤਰੇ ਪਉਂਚੇ ਬੰਧਨ ਕਰੇ।
ਨਹਿਂ ਮੂਖਕ ਨਿਕਸੇ ਬਿਚ ਬਰੇ ॥੩੩॥
ਸਯਦਾਨੀ, ਮੁਗ਼ਲਾਨਿ, ਪਠਾਨੀ।
ਕਜਾ ਤਿਨ ਕੀ ਗਤਿ ਕਰਹਿਂ ਬਖਾਨੀ।
ਜੋ ਕਬਿ ਨਰ ਨ ਹੇਰਨੇ ਪਾਈ।
ਭਈ ਦਸ਼ਾ ਅਸ ਤਹਾਂ ਭ੍ਰਮਾਈ ॥੩੪॥
ਘੋਰ ਪਾਪ ਕੋ ਫਲ ਬਿਦਤਯੋ।
ਨਾਸ਼ ਨਗਰ ਕੋ ਹੋਵਤਿ ਭਯੋ।
ਨਰ ਮਰਿ ਗਏ ਲਈ ਗਹਿ ਨਾਰੀ।
ਹੋਯਹੁ ਕਾਲ ਭਯੰਕਰ ਭਾਰੀ ॥੩੫॥
ਪੁਨ ਬੰਦੇ ਚਿਤ ਬੀਚ ਬਿਚਾਰੀ।
-ਨਹੀਂ ਪੀਰ ਕੀ ਕਬਰ ਬਿਦਾਰੀ।
ਹਿੰਦੁ ਮ੍ਰਿਤਕ ਜਿਸ ਆਗੇ ਜਾਇ।
ਨਹੀਂ ਅਗਨ ਮਹਿਂ ਜਰਹਿ ਕਦਾਇ[†]

[†]ਰਵਾਯਤ ਹੈ ਕਿ ਜੇ ਹਿੰਦੂ ਮੁਰਦਾ ਇਸ ਕਬਰ ਅੱਗੋਂ

॥੩੬॥

ਲੰਘ ਜਾਂਦਾ ਸੀ ਤਾਂ ਉਹ ਸੜਦਾ ਨਹੀਂ ਸੀ; ਇਹ ਵਹਿਮ ਸੀ ਯਾ ਮੁਸਲਮਾਨ ਜਬਰੀ ਉਸਨੂੰ ਸਾੜਨ ਨਹੀਂ ਸਨ ਦੇਂਦੇ।

ਇਸ ਕੋ ਛੋਰਨ ਨਾਂਹਿਨ ਆਛੋ।
ਰੁਚਿਰ ਮਸੀਤ ਬਿਦਾਰਨ ਬਾਂਛੋਂ-।
ਗਯੋ ਆਪ ਤਹਿਂ ਜਿਸ ਥਲ ਖਰੀ।
ਕੰਚਨ ਲਿਪਤ ਅਨਿਕ ਬਿਧਿ ਕਰੀ ॥੩੭॥
ਜਾਨਿ ਸੁ ਬੰਦੇ ਕੋ ਆਗਵਨੂ।
ਡਗਮਗ ਕੰਪੀ ਕਬਰ ਸ ਭਵਨੂ।
ਗੁਰ ਸਰ ਕੀ ਤਬਿ ਨੋਕ ਧਸਾਈ।
ਰਿਸ ਕਰਿ ਸਭਿ ਮਹਿਂ ਊਚ ਅਲਾਈ ॥੩੮॥
'ਅਬਿ ਗੀਦੀ ਕੰਬੇ ਕਜਾ ਹੋਇ।
ਸਮੋ ਹਮਾਰੋ ਪਲਟਾ ਸੋਇ[1]।'
ਠਹਿਰ ਗਈ ਕੰਪਨ ਤੇ ਫੇਰ।
ਹੇਤੁ ਬਿਦਾਰਨ ਲਗੇ ਘਨੇਰ ॥੩੯॥
ਸਰਬ ਕਬਰ ਜਬਿ ਤਿਹ ਖਨਵਾਈ।
ਹਾਡ ਤਰੇ ਤੇ ਲੀਏ ਕਢਾਈ।
ਕਾਸ਼ਟ ਬਿਖੈ ਅਗਨਿ ਤੇ ਜਾਰੇ।
ਲਗੇ ਮਸੀਤ ਬਿਦਾਰਤਿ ਸਾਰੇ ॥੪੦॥
ਢਾਹਿ ਕੀਨਿ ਮੈਦਾਨ ਸਥਾਨ।
ਜੁਤਿ ਅਜ਼ਮਤ ਕੇ ਕੀਨਿ ਵਿਰਾਨ।
ਗੁਰੂ ਕਹਜੋ ਪਲਟਾ ਸੋ ਲੀਨਿ[1]।
ਸਹਿਤ ਪੀਰ ਪੁਰਿ ਨਰ ਤੇ ਹੀਨ[1] ॥੪੧॥
ਕਈ ਹਜ਼ਾਰ ਜੁਰਜੋ ਦਲ ਆਇ।
ਸ਼ਸਤ੍ਰ ਤੁਰੰਗ ਤੋਪ ਸਮੁਦਾਇ।
ਪਰੀ ਧਾਂਕ ਕੰਪਜੋ ਤੁਰਕਾਨਾ।
ਸੁਨਿ ਸੁਨਿ ਸਭਿ ਕੇ ਧੀਰਜ ਹਾਨਾ ॥੪੨॥
'ਕੋ ਇਹ ਭਯੋ ਨ ਜਾਨਜੋਂ ਜਾਈ।
ਨਹਿਂ ਕਿਸ ਥਲ ਕੋ ਰਾਜਾ ਰਾਈ।
ਔਚਕ ਪ੍ਰਗਟਜੋ ਦੇਸ਼ ਬਿਨਾਸ਼ਾ।

[1]ਭਾਵ ਉਸ ਬਦਲੇ ਲੈਣ ਦਾ ਹੈ।

[1]ਗੁਰੂ ਜੀ ਦੇ ਕਹੇ ਅਨੁਸਾਰ ਇਹ ਬਦਲਾ ਲੀਤਾ।

[1]ਨਗਰ ਪੀਰ ਤੇ ਪੁਰਸ਼ਾਂ ਤੋਂ ਰਹਿਤ ਕਰ ਦਿੱਤਾ।

ਕਜਾ ਸੁਧ, ਆਗੇ ਕਰਹਿ ਬਿਲਾਸਾ[1] ॥੪੩॥

[1]ਕੀ ਪਤਾ ਅੱਗੇ ਕੀ ਕੌਤਕ ਕਰੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਢੌਰਾ ਮਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

## ੯. [ਵਜ਼ੀਰ ਖ਼ਾਂ ਨਾਲ ਮੁਕਾਬਲਾ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਇਸ ਬਿਧਿ ਕਰਜੋ ਉਜਾਰ ਪੁਰਿ, ਤੁਰਕਾਨਾ ਸੰਘਾਰਿ।
ਭਯੋ ਮਹਾਂ ਦਲ ਆਨਿ ਤਬਿ, ਕੀਨਹੁ ਕੂਚ ਬਿਚਾਰ ॥੧॥

ਚੌਪਈ:

ਸ਼ਹਿਰ ਸਮਾਣਾ[1†] ਬ੍ਰਿੰਦ ਪਠਾਨ।
ਜੋ ਸਿਵਕਾ ਪਰ ਕਰਹਿਂ ਪਯਾਨ।
ਨਿਜ ਨਿਜ ਰਖੀ ਬਾਹਨੀ ਪਾਸ।
ਬਿਬਿਧ ਬਿਧਿਨ ਬਹੁ ਬਿਲਸ ਬਿਲਾਸ ॥੨॥
ਸੁਨਿ ਕੈ ਧਨ ਗਨ ਅਰੁ ਤੁਰਕਾਨਾ।
ਨਿਜ ਦਲ ਜੋਰਿ ਕੀਨਿ ਪ੍ਰਸਥਾਨਾ।
ਦੁੰਜਭਿ ਪੁੰਜ ਬਜਾਵਤਿ ਚਾਲੇ।
ਇਤ ਉਤ ਲੂਟਤਿ ਜਾਤਿ ਉਤਾਲੇ ॥੩॥
ਉਡੀ ਗਰਦ ਛਾਦਜੋ ਅਸਮਾਨਾ।
ਤੋਪ ਤੁਪਕ ਗਨ ਸ਼ਬਦ ਮਹਾਨਾ।
ਰੌਰਾ ਪਰਜੋ ਦੇਸ਼ ਭਯ ਮਾਨੋ।
ਭਾਜ ਚਲੇ ਜਿਮ ਪਾਤ ਪੁਰਾਨੇ ॥੪॥
ਕਰੇ ਕੂਚ ਦਰ ਕੂਚ ਸਿਧਾਰੇ।
ਤੁਰਤ ਪਠਾਨ ਆਨਿ ਲਲਕਾਰੇ।
'ਜਜੋਂ ਕਜੋਂ ਕਰਿ ਮੈਂ ਸਰਬ ਸੰਘਰਿਹੌਂ।
ਕਹਾਂ ਪਲਾਵੋ ਘੇਰਤਿ ਧਰਿ ਹੌਂ' ॥੫॥
ਸਹਿ ਨ ਸਕੇ ਸਭਿ ਚਢੇ ਪਠਾਨ।
ਲਸ਼ਕਰ ਅਪਨੋ ਜੋਰਿ ਮਹਾਨ।
ਰਣ ਮੁਕਾਬਲਾ ਸਨਮੁਖ ਹੋਵਾ।
ਦੁਇਦਿਸ਼ਿ ਜੰਗ ਘਨੋ ਹੁਇ ਜੋਵਾ ॥੬॥
ਤੋਪ ਤੁਫੰਗੈਂ ਛੂਟਨਿ ਲਾਗੀ।
ਕੜਕੀ ਮਨਹੁਂ ਕਾਲਕਾ ਜਾਗੀ।
ਬਰਖਹਿਂ ਗੋਰਾ ਅਰੁ ਗਨ ਗੋਰੀ।

[1]ਨਾਮ ਸ਼ਹਿਰ ਦਾ, ਇਹ ਰਿਆਸਤ ਪਟਿਆਲੇ ਵਿਚ ਹੈ। †ਇਹ ਮੁਸਤਫਾਬਾਦ ਤੇ ਸਢੌਰੇ ਤੋਂ ਪਹਿਲੋਂ ਫਤੇ ਹੋ ਚੁੱਕਾ ਸੀ। ਕਵੀ ਜੀ ਪਾਸ ਜੰਗਾਂ ਦੀ ਤਰਤੀਬ ਠੀਕ ਨਹੀਂ ਅੱਪੜੀ। ਠੀਕ ਤਰਤੀਬ ਅਸੀਂ ਪਿੱਛੇ ਦੇ ਚੁੱਕੇ ਹਾਂ ਤੇ ਪਿੱਛੇ ਦਿੱਤੇ ਨਕਸ਼ੇ ਤੋਂ ਸਫੁਟ ਦਿੱਸ ਰਹੀ ਹੈ।

ਧੂਮ ਧਾਮ ਪਸਰੀ ਚਹੁੰ ਓਰੀ ॥੭॥
ਧੁਖਹਿਂ ਪਲੀਤੇ ਉਠਹਿਂ ਅਵਾਜਾ।
ਭੈਰਵ ਭੈਰਵ ਹੁਇ ਕਰਿ ਗਾਜਾ[1]।

[1]ਭੈਰੋਂ ਭਯਾਨਕ ਹੋਕੇ ਗੱਜਿਆ। (ਅ) ਭੈਰੋਂ ਭੈਦਾਇਕ ਸ਼ਬਦ ਨਾਲ ਗੱਜਿਆ।

ਭੂਤ ਪ੍ਰੇਤ ਨਾਚਤਿ ਅਰੁ ਗਾਵਤਿ।
ਰੁਧਰ ਪਿਯਤਿ ਜੋਗਨਿ ਕਿਲਕਾਵਤਿ ॥੮॥
ਐਸੋ ਪਰਜੋ ਅਧਿਕ ਘਮਸਾਨਾ।
ਲੋਥ ਪੋਥਨਾ ਭਈ ਮਹਾਨਾ।
ਚੀਕਤਿ ਚੁੰਚ ਚਾਂਵਡਾ[1] ਭਰਿ ਭਰਿ।

[1]ਗਿੱਧਾਂ।

ਬਾਇਸ ਖਾਇਂ ਮਾਸ ਮਦ ਭਰਿ ਕਰਿ ॥੯॥
ਕੂਕ ਕੂਕ ਕੂਕਰ ਗੋਮਾਇ।
ਸ਼੍ਰੋਣਤ ਆਮਿਖ ਕੋ ਬਹੁ ਖਾਇਂ।
ਭਯੋ ਭਯੰਕਰ ਭੀਰੂ ਭੂਰ[1]।

[1]ਕਾਇਰਾਂ ਲਈ (ਸਮਾਂ) ਬਹੁਤ ਹੀ ਭਯਾਨਕ ਹੋ ਗਿਆ।

ਛੋਰਿ ਛੋਰਿ ਕਰਿ ਸਰਬ ਗ਼ਰੂਰ ॥੧੦॥
ਕਹਿਂ ਲਗ ਬਰਨੌਂ ਜੰਗ ਬਿਸਾਲਾ।
ਮਾਰੇ ਪਰੇ ਪਠਾਨ ਕਰਾਲਾ।
ਅਰਹਿ ਲਰਾਈ ਹੇਰਹਿ ਬੰਦਾ[1]।

[1]ਜਦੋਂ ਬੰਦਾ ਦੇਖੇ ਕਿ ਲੜਾਈ ਵਿਚ ਅੜ ਪੈ ਗਈ ਹੈ।

ਗੁਰ ਸਰ ਕੋ ਸੰਭਾਰਿ ਬਿਲੰਦਾ ॥੧੧॥
ਰਿਪੁ ਲਸ਼ਕਰ ਕੇ ਐਂਚਹਿ ਸਨਮੁਖ।
ਬਿਨਾ ਪ੍ਰਹਾਰ ਹੋਤਿ ਗਨ ਬੇਮੁਖ[1]।

[1]ਗੁਰੂ ਤੋਂ ਬੇਮੁਖਾਂ ਸਮੂਹਾਂ ਦਾ ਬਿਨਾ ਮਾਰੇ (ਨਾਸ਼) ਹੁੰਦਾ ਹੈ।

ਇਸੀ ਰੀਤਿ ਦੁਰਗ ਜੁ ਅਰਿ ਜਾਇ।
ਤਹਿਂ ਸਰ ਐਂਚਹਿ ਦ੍ਰਿਸ਼ਟਿ ਲਗਾਇ ॥੧੨॥
ਛੂਟਿ ਜਾਇ, ਨਹਿਂ ਰਹੈ ਮਵਾਸੀ।
ਜੇ ਲਸ਼ਕਰ ਅਰਿ ਹੋਹਿ ਬਿਨਾਸ਼ੀ[1]।

[1]ਜੋ ਲਸ਼ਕਰ ਅੜਦਾ ਹੈ ਨਾਸ਼ ਹੋ ਜਾਂਦਾ ਹੈ।

ਸਰ ਮਹਿਂ ਕਰਾਮਾਤ ਇਸ ਭਾਂਤਿ।
ਨਹਿਂ ਠਹਿਰਨਿ ਸ਼ੱਤ੍ਰੂ ਹੁਇ ਘਾਤ ॥੧੩॥
ਲੂਟ ਕੂਟ ਕਰਿ ਸ਼ਹਿਰ ਸਮਾਨਾ।
ਬਲੀ ਪਠਾਨਨ ਕੋ ਕਰਿ ਹਾਨਾ।

ਤੁਰਕਾਨੀ ਬਹੁ ਗਹਿ ਗਹਿ ਆਨੀ।
ਨੀਚਨ ਭੋਗੀ ਰਾਖਨਿ ਠਾਨੀ† ॥੧੪॥

†ਇਸ ਤੋਂ ਭਾਵ ਇਹ ਹੈ ਕਿ ਗੁਰੂ ਕਾ ਹੁਕਮ ਕਿ ਤੁਰਕਾਨੀਆਂ ਨਹੀਂ ਭੋਗਣੀਆਂ ਸਿੰਘ ਪਾਲ ਰਹੇ ਹਨ, ਨੀਚਾਂ ਲੁਟੇਰਿਆਂ ਨੇ ਜੋ ਨਾਲ ਸਨ ਭੋਗੀਆਂ। ਚੰਗਾ ਹੁੰਦਾ ਕਿ ਬੰਦਾ ਇਹ ਬੀ ਰੋਕਦਾ ਪਰ ਇਸ ਵੇਲੇ ਲੁਟੇਰੇ ਤੇ ਨੀਚਾਂ ਦੀ ਧਾੜ ਨਾਲ ਬਹੁਤੀ ਸੀ ਤੇ ਬੰਦੇ ਵਲੋਂ ਹੁਕਮ ਤੋਂ ਬਿਨਾਂ ਇਹ ਸਖਤੀਆਂ ਵਰਤ ਲੈਂਦੇ ਸਨ। ਦੂਸਰੇ ਉਸੇ ਇਲਾਕੇ ਦੇ ਮਜ਼ਲੂਮ ਉਠ ਪੈਂਦੇ ਤੇ ਆਪਣੇ ਜ਼ਾਲਮਾਂ ਤੋਂ ਬਦਲੇ ਲੈਣ ਲਈ ਦਿਲਾਂ ਦੇ ਗੱਚ ਕੱਢਦੇ।

ਪਸਰਜੋ ਦਲ ਲੂਟਜੋ ਸਭਿ ਦੇਸ਼।
ਜੰਗਲ ਭਰ ਜਾਂਗੁਲਕ ਵਿਸ਼ੇਸ਼[1]।

[1]ਜੰਗਲ ਸਾਰਾ (ਪਰ) ਛੋਟਾ ਜੰਗਲ ਵਿਸ਼ੇਸ਼ ਕਰਕੇ। ਜੰਗਲ ਤੋਂ ਮੁਰਾਦ ਮਾਲਵੇ ਦੀ ਹੁੰਦੀ ਹੈ, ਤੇ ਜਾਪਦਾ ਹੈ ਕਿ ਸਮਾਣੇ ਦੇ ਇਲਾਕੇ ਨੂੰ 'ਜਾਂਗੁਲਕ' ਕਹਿ ਰਹੇ ਹਨ। ਜਾਂਗੁਲਕ ਦਾ ਅਰਥ ਜਾਂਗਲੀ ਬੀ ਕਰਦੇ ਹਨ। ਕਈ ਗਿਆਨੀ ਤੁਕ ਦਾ ਅਰਥ ਕਰਦੇ ਹਨ, ਜੰਗਲ ਦੀ ਜਾਗਾ ਵਿਸ਼ੇਸ਼ ਕਰਕੇ ਗੋਲੀਆਂ ਨਾਲ ਭਰ ਦਿੱਤੀ।

ਸਭਿ ਪੁਆਧ ਕੋ ਲੂਟਿ ਉਜਾਰਾ।
ਠੌਰ ਠੌਰ ਰੌਰਾ ਪਰਿ ਭਾਰਾ ॥੧੫॥
ਗੁਰ ਬਰਜਜੋ ਮਾਰੀ ਨ ਸੁਨਾਮ।
ਰਹੈ ਸਾਧ ਮੂਲਾ ਜਿਸ ਨਾਮ।
ਦੇਸ਼ ਬਿਦੇਸ਼ ਬਿਖੈ ਸਮੁਦਾਏ।
ਹੁਤੇ ਸਿੰਘ ਜੋ ਸੁਨਿ ਸੁਨਿ ਆਏ ॥੧੬॥
-ਭਯੋ ਹਮਨ ਕੋ[1] ਦਲ ਬਲ ਭਾਰਾ।

[1]ਸਾਡਾ (ਖਾਲਸੇ) ਦਾ।

ਮਾਰ ਲੂਟ ਬਿਨ ਅਵਰ ਨ ਕਾਰਾ।
ਫਿਟਕੀ ਪੁਰੀ ਸਿਰੂੰਦ ਬਿਸਾਲੀ।
ਤਿਸ ਕੋ ਮਾਰਨ ਚਹੈਂ ਉਤਾਲੀ- ॥੧੭॥
ਬਸਹਿਂ ਬਜ਼ੀਦਖਾਨ ਜਹਿਂ ਪਾਪੀ।
ਸਾਹਿਬਜ਼ਾਦਨਿ ਕੋ ਸੰਤਾਪੀ।
ਹਿਤ ਹਤਿਬੇ ਨਿਜ ਹਾਥਨਿ ਲਾਲਸ[1]।

[1]ਅਪਣੇ ਹੱਥੀਂ ਉਸਨੂੰ ਮਾਰਨ ਦੀ ਚਾਹਨਾ ਹੈ (ਇਸ ਲਈ)।

ਬੰਦਾ ਭਯੋ ਸੁਚੇਤ ਅਨਾਲਸ[1] ॥੧੮॥

[1]ਸਾਵਧਾਨ।

ਨਿਸ ਦਿਨ ਉੱਦਮ ਕਰਤੋ ਰਹੈ।
ਗੁਰ ਕੋ ਪਲਟਾ ਲੈਬੋ ਚਹੈ।
ਤ੍ਰਾਸ ਮਾਨਿ ਕਰਿ ਪੁਰਿ ਜਨ ਸਾਰੇ।
ਨਿਜ ਸੂਬੇ ਕੇ ਨਿਕਟ ਸਿਧਾਰੇ ॥੧੯॥
ਪਰਜੋ ਫਤੂਰ ਦੇਸ਼ ਮਹਿਂ ਭਾਰਾ।
ਗੁਰ ਸੁਤ ਹੁਤੇ ਨ ਤਨਕ ਬਿਚਾਰਾ।
ਤਿਸ ਅਘ ਕੋ ਫਲ ਅਬਿ ਪ੍ਰਗਟਾਯੋ।
ਲਾਖਹੁਂ ਲੋਕਨ ਬਹੁ ਦੁਖ ਪਾਯੋ ॥੨੦॥

ਸਾਵਧਾਨ ਹੁਇ ਰੋਕਿ ਅਗਾਰੀ।
ਲਸ਼ਕਰ ਕਰੋ ਬਟੋਰਨਿ ਭਾਰੀ।
ਲਰੇ ਘਨੇ ਪਰ ਅਰੇ ਨ ਕੋਈ।
ਗੁਰ ਦਲ ਪ੍ਰਬਲ ਭਯੋ ਅਤਿ ਸੋਈ' ॥੨੧॥
ਸੁਨਤਿ ਵਜ਼ੀਦ ਖਾਨ ਹੰਕਾਰੀ।
ਪੁਰਿ ਜਨ ਸਨ ਬਹੁ ਧੀਰ ਉਚਾਰੀ।
'ਜਬਿ ਲੌਂ ਮੇਰੇ ਹਾਥ ਨ ਹੇਰੇ।
ਤਬਿ ਲੌਂ ਸੈਨਾ ਮਿਲੀ ਬਡੇਰੇ ॥੨੨॥
ਹਤੌਂ ਜਾਇ ਜਬਿ ਏਕ ਲਰਾਈ।
ਮਿਲੇ ਜਿ ਨਰ ਨਹਿਂ ਪਰਹਿਂ ਦਿਖਾਈ।
ਏਕ ਏਕ ਕਰਿ ਮਾਰਿ ਬਿਦਾਰੌਂ।
ਅਰੈ ਕੌਨ ਅਸ ਨਹੀਂ ਨਿਹਾਰੌਂ' ॥੨੩॥
ਇਮ ਕਹਿ ਨਿਜ ਕਰਿਵਾਯਸਿ ਤਜਾਰੀ।
ਹਯਨਿ ਹਜ਼ਾਰਹੁੰ ਪਾਖਰ[1] ਡਾਰੀ। [1]ਕਾਠੀਆਂ।
ਲਵਪੁਰਿ ਆਦਿ ਜਿ ਲਸ਼ਕਰ ਅਹੇ।
ਸਕਲ ਬਟੋਰਿ ਅਨਾਵਨ ਚਹੇ ॥੨੪॥
ਦੁੰਦਭਿ ਬਜਤਿ ਸੈਂਕਰੇ ਆਏ।
ਜਿਮ ਜਲਨਿਧਿ ਕੋ ਜਲ ਫੈਲਾਏ।
ਪੁਰਿ ਸਿਰੁੰਦ ਕੇ ਚਹੁ ਦਿਸ਼ਿ ਡੇਰੇ।
ਗਜ ਬਾਜੀ ਜੁਤਿ ਸੁਭਟ ਘਨੇਰੇ ॥੨੫॥
ਬੰਦੇ ਕੀ ਸੁਧਿ ਲੈ ਕਰਿ ਚਢਜੋ।
ਚਮੂੰ ਬਿਲੋਕਿ ਗਰਬ ਉਰ ਬਢਜੋ।
ਅਲਪ ਮਜ਼ਲ ਤੇ ਚਲਤਿ ਅਗਾਰੀ।
ਸੁਨਤਿ ਹਤਸੁ ਤੁਰਕਾਨਾ ਭਾਰੀ[1] ॥੨੬॥ [1]ਤੁਰਕਾਂ ਦਾ ਭਾਰੀ ਮਾਰਿਆ ਜਾਣਾ ਸੁਣਿਆਂ।
ਇਤ ਉਤ ਲੂਟ ਕੂਟ ਬਹੁ ਦੇਸ਼।
ਪੁਰਿ ਗ੍ਰਾਮਨਿ ਚਲਿ ਨਵੇਂ ਹਮੇਸ਼।
ਕਿਤਹੁੰ ਉਜਾਰਤਿ ਕਿਤ ਅਪਨਾਵੈ।
ਅੰਨ ਬਸਨ ਬਾਸਨਿ ਧਨ ਲਜਾਵੈਂ ॥੨੭॥
ਉਤਰਹਿ ਨਹੀਂ ਕਹੂੰ ਬਿਨ ਜੰਗ।
ਆਯੁਧ ਧਰੇ ਰਹੈਂ ਸਰਬੰਗ।

ਬੰਦੇ ਸੁਨਜੋਂ ਸਿਰੰਦ ਪਤਿ ਆਯੋ।
ਲਸ਼ਕਰ ਲੈ ਤਹਿਂ ਤੇ ਨਿਕਸਾਯੋ ॥੨੮॥
ਹਿਤ ਮਾਰਨ ਕਰਿ ਚੌਂਪ ਬਿਸਾਲਾ।
ਚਢਿ ਇਤ ਤੇ ਪੁਰਿ ਲੂਟਿ ਅੰਬਾਲਾ।
ਦੀਰਘ ਅਲਪ ਗ੍ਰਾਮ ਕੈ ਨਗਰੀ।
ਛੀਨੇ ਬਸਤੁ ਉਜਾਰਹਿ ਸਗਰੀ ॥੨੯॥
ਸਮੁਖ ਤੁਰਕ ਕੇ ਕੂਚ ਕਰੰਤੇ।
ਚਾਹਤਿ ਲਰਿਬੋ ਸ਼ਸਤ੍ਰ ਧਰੰਤੇ।
ਛਤ ਬਾਨੂੜ ਨਗਰ ਜਿਸ ਥਾਨਾ।⚐

⚐ਇਹ ਜੰਗ ਛਤ ਬਨੂੜ ਨਹੀਂ ਹੋਇਆ, ਸਰਹਿੰਦ ਤੋਂ ੧੨ ਕੁ ਕੋਹ ਦੀ ਵਿਥ ਤੇ ਚਪੜ ਚਿੜੀ ਪਾਸ ਹੋਇਆ ਹੈ। ਸ੍ਰੀ ਭੰਗੂ ਜੀ ਨੇ ਲਿਖਿਆ ਹੈ:-

ਇਤੀ ਬਜੀਦਾ ਮਾਰਜੋ ਜੇਠ ਸੁਦੀ ਕੇ ਮਾਂਹਿ। ਸਤ੍ਰਹ ਸੈ ਸਤਾਹਠੇ ਚਪੜ ਚਿੜੀ ਕੇ ਪਾਹਿ।

ਤ੍ਰਯਾਕਲਾਂ ਵਿਚੋਂ ਪੀਰ ਮੁਹੰਮਦ ਅਹਸਨ ਈਜ਼ਾਦ ਨੇ ਆਪਣੇ ਸ਼ਾਹਨਾਮੇ ਵਿਚ ਜੋ ਉਸ ਨੇ ਫੁਰਖ਼ਸੀਅਰ ਦੇ ਹੁਕਮ ਨਾਲ ਲਿਖਿਆ ਸੀ, ਜੰਗ ਦੇ ਮੁਕਾਮ ਦਾ ਨਾਮ ਚਪੜ ਚਿੜੀ ਹੀ ਦਿੱਤਾ ਹੈ। 'ਚਪਾ ਚਿੜੀ' ਨਾਮ ਦਾ ਇਕ ਪਿੰਡ ਖਰੜ ਨਗਰ ਦੇ ਲਾਗਵਾਰ ਹੈ। ਕਵੀ ਜੀ ਨੂੰ ਚਪੜ ਚਿੜੀ ਦੇ ਜੰਗ ਦਾ ਪਤਾ ਤਾਂ ਮਿਲਿਆ ਹੈ, ਪਰ ਉਨ੍ਹਾਂ ਨੇ ਉਸ ਨੂੰ ਵੱਖਰਾ ਜੰਗ ਸਮਝਿਆ ਹੈ, ਦੇਖੋ ਇਸੇ ਐਨ ਦਾ ਅੰਸੂ ੧੧ ਦਾ ਅੰਕ ੨੪।

ਛਤ ਬਨੂੜ ਦੇ ਜੁੱਧ ਦਾ ਠੀਕ ਹਾਲ ਇਉਂ ਹੈ ਕਿ ਸਢੌਰਾ ਮਾਰਦਿਆਂ ਬੰਦੇ ਨੇ ਕੀਰਤਪੁਰ ਮਝੈਲਾਂ ਵਲ ਕਾਸਦ ਘੱਲ ਦਿੱਤੇ ਕਿ ਅਸੀਂ ਛਤ ਬਨੂੜ ਵੱਲ ਆ ਰਹੇ ਹਾਂ ਤੁਸੀਂ ਖਰੜ ਵੱਲ ਉਤਰ ਆਓ। ਮਝੈਲ ਸਿੰਘ ਝੱਟ ਟੁਰ ਪਏ ਤੇ ਰੋਪੜ ਅੱਪੜੇ, ਵਜ਼ੀਦ ਖ਼ਾਂ ਉਧਰ ਬੰਦੇ ਦੇ ਚੱਕਰ ਖਾਕੇ ਵਧਣ ਤੋਂ ਤਾੜ ਗਿਆ ਸੀ ਕਿ ਇਸ ਨੇ ਮਝੈਲਾਂ ਨੂੰ ਨਾਲ ਮੇਲਣਾ ਹੈ, ਸੋ ਕੀਰਤਪੁਰੋਂ ਮਝੈਲ ਸਿੰਘ ਹਿਲੇ ਸੁਣਦੇ ਸਾਰ ਉਸ ਨੇ ਮਲੇਰਕੋਟਲੀਏ ਸਰਦਾਰਾਂ ਨੂੰ ਫੌਜ ਨਾਲ ਟੋਰਿਆ ਕਿ ਮਝੈਲਾਂ ਨੂੰ ਬੰਦੇ ਨੂੰ ਮਿਲਣ ਤੋਂ ਪਹਿਲਾਂ ਮਾਰ ਲਓ, ਫੇਰ ਬੰਦੇ ਨੂੰ ਹੱਥੋਂ ਹੱਥੀਂ ਮਾਰ ਲਵਾਂਗੇ। ਮਲੇਰਕੋਟਲੇ ਦੇ ਸਰਦਾਰ ਸ਼ੇਰ ਮੁਹੰਮਦ ਖ਼ਾਂ ਇਸ ਦਾ ਭਰਾ ਖਿਜ਼ਰ ਖ਼ਾਂ, ਚਾਚੇ ਦੇ ਪੁਤ ਨਸਤਰ ਖ਼ਾਂ ਤੇ ਵਲੀ ਮੁਹੰਮਦ ਖ਼ਾਂ ਇਸ ਚੜ੍ਹਾਈ ਵਿਚ ਸ਼ਾਮਲ ਸਨ। ਇਨ੍ਹਾਂ ਪਿਛਲਿਆਂ ਦਾ ਭਿਰਾਉ ਨਾਹਰ ਖ਼ਾਂ ਸੀ ਜੋ ਚਮਕੌਰ ਦੇ ਘੇਰੇ ਵੇਲੇ ਦਸਮ ਗੁਰਾਂ ਨੇ ਤੀਰ ਨਾਲ ਮਾਰਿਆ ਸੀ ਤੇ ਖਿਜ਼ਰ ਖਾਂ ਉਹ ਸੀ ਜੋ ਕੰਧ ਓਹਲੇ ਲੁਕਕੇ ਬਚ ਗਿਆ ਸੀ, ਏਸੇ ਨੂੰ ਗੁਰੂ ਜੀ ਨੇ ਖ੍ਵਾਜਾ ਮਰਦੂਦ ਲਿਖਿਆ ਹੈ। ਸੋ ਇਨ੍ਹਾਂ ਮਲੇਰੀ ਸਰਦਾਰਾਂ ਦੀ ਖਾਲਸੇ ਨਾਲ ਰੋਪੜ ਪਾਸ ਲੜਾਈ ਹੋਈ। ਸਾਰਾ ਦਿਨ ਜੰਗ ਹੋਇਆ ਪਰ ਹਾਰ ਜਿੱਤ ਨਾ ਹੋਈ। ਸਿੰਘਾਂ ਦਾ ਦਾਰੂ ਸਿੱਕਾ ਖੁਤਨ ਲੱਗ ਪਿਆ। ਅਗਲੇ ਦਿਨ ਖਿਜ਼ਰ ਖ਼ਾਂ ਚੌਂਪ ਚੜ੍ਹਿਆ, ਸਵੇਰੇ ਹੀ ਸਿੰਘਾਂ ਨੂੰ ਮਾਰਨ ਲਈ ਅੱਗੇ ਵਧਿਆ, ਪਰ ਇਕ ਸਿੰਘ ਦੀ ਗੋਲੀ ਨਾਲ ਮਰ ਗਿਆ। ਸਰਦਾਰ ਢੱਠਾ ਤਾਂ ਫੌਜ ਉਠ ਨੱਠੀ। ਬਾਕੀ ਸਰਦਾਰ ਸ਼ੇਰ ਖ਼ਾਂ ਆਦਿ ਗੁੱਸਾ ਕਰਕੇ ਖਿਜ਼ਰ ਦੀ ਲੋਥ ਲੈਣ ਅੱਗੇ ਵਧੇ, ਪਰ ਭੂਹੇ ਹੋਏ ਮਝੈਲ ਐਸੇ ਅੜੇ ਕਿ ਨਸਤਰ ਖ਼ਾਂ ਤੇ ਵਲੀ ਮੁਹੰਮਦ ਦੋ ਸਰਦਾਰ ਹੋਰ ਮਾਰ ਲਏ ਅਤੇ ਸ਼ੇਰ ਮੁਹੰਮਦ ਜ਼ਖਮੀ ਹੋ ਗਿਆ। ਸੋ ਇਹ ਪਠਾਣ ਤਾਂ ਹਾਰ ਖਾਕੇ ਮੁਰਦੇ ਤੇ ਜ਼ਖਮੀ ਸਰਦਾਰ ਚੁੱਕਕੇ ਸਰਹਿੰਦ ਨੂੰ ਮੁੜੇ। ਉਧਰ ਸਿੰਘ ਮੈਦਾਨ ਮਾਰਕੇ ਬੰਦੇ ਵਲ ਵਧੇ। ਬੰਦੇ ਨੇ ਇੰਨੇ ਚਿਰ ਵਿਚ ਬਨੂੜ ਦਾ ਪਰਗਨਾ ਮਾਰ ਲਿਆ ਸੀ ਕਿ ਇੰਨੇ ਨੂੰ ਰੋਪੜ ਦਾ ਬਿਜੈਮਾਨ ਮਝੈਲ ਖਾਲਸਾ ਅੱਪੜ ਪਿਆ। ਬੰਦਾ ਦੋ ਕੋਹ ਤੱਕ ਅਗੇਰੇ ਵਧਕੇ ਅਗਵਾਨੀ ਕਰਕੇ ਵੀਰਾਂ ਨੂੰ ਲੈਣ ਗਿਆ। ਫੇਰ ਦੋਹਾਂ ਜਥਿਆਂ ਨੇ ਮਿਲਕੇ ਖੁਸ਼ੀਆਂ ਮਨਾਈਆਂ, ਆਨੰਦ ਦੇ ਜੈਕਾਰੇ ਗੱਜੇ। ਕੜਾਹ ਪ੍ਰਸ਼ਾਦ ਵਰਤਾਏ ਗਏ। ਹੁਣ ਦੋਹਾਂ ਜਥਿਆਂ ਨੇ ਰਲਕੇ 'ਛਤ' ਨੂੰ ਮਾਰ ਲਿਆ। ਏਥੋਂ ਫੇਰ ਰਲਕੇ ਵਿਉਂਤਾਂ ਵਿਚਾਰਕੇ ਸਰਹਿੰਦ ਵਲ ਤਿਆਰੇ ਕੀਤੇ। ਉਧਰ ਨਵਾਬ ਨੇ ਜਦ ਸੁਣਿਆ ਕਿ ਸਢੌਰਾ ਮਾਰਿਆ ਗਿਆ ਹੈ ਤਾਂ (ਭੰਗੂ ਜੀ ਲਿਖਦੇ ਹਨ ਕਿ) ਹਜ਼ਾਰ ਕੁ ਆਦਮੀ ਆਪਣਾ ਕੁਛ ਰੁਪੱਯਾ ਦੇਕੇ ਤੇ ਇਨਾਮਾਂ ਦੇ ਕਰਾਰ ਕਰਕੇ ਟੋਰਿਆ ਕਿ ਬੰਦੇ ਨਾਲ ਜਾ ਮਿਲੋ ਤੇ ਉਸ ਨੂੰ ਕਿਸੇ ਛਲ ਨਾਲ ਮਾਰ ਦਿਓ। ਇਨ੍ਹਾਂ ਦੇ ਜਥੇਦਾਰ ਨੇ ਬੰਦੇ ਪਾਸ ਜਾ ਦੁਖ ਰੋਣੀ

ਰੋਈ ਕਿ ਮੇਰੇ ਤੇ ਵਜ਼ੀਰ ਖਾਂ ਨੇ ਜ਼ੁਲਮ ਕੀਤੇ ਹਨ ਤੇ ਮੈਂ ਉਸ ਪਾਸੋਂ ਬਦਲਾ ਲੈਣ ਲਈ ਸ਼ਰਨ ਆਇਆ ਹਾਂ, ਮੈਨੂੰ ਨਾਲ ਰੱਖੋ ਤੇ ਮੈਂ ਬੜੀ ਮਦਦ ਕਰਾਂਗਾ ਤੇ ਸਰਹਿੰਦ ਮਾਰਕੇ ਬਦਲਾ ਕੱਢਾਂਗਾ। ਬੰਦੇ ਨੇ ਮਾਇਆ ਦੇ ਕੇ ਉਸ ਨੂੰ ਪਾਸ ਰੱਖ ਲਿਆ। ਮਾਇਆ ਬੀ ਦਿੱਤੀ, ਨਿਮਕ ਹਲਾਲ ਰਹਿਣ ਦੀ ਸਹੁੰ ਬੀ ਚਵਾਈ, ਪਰ ਬੰਦਾ ਇਨ੍ਹਾਂ ਵਲੋਂ ਚੌਕਸ ਰਿਹਾ ਜਾਪਦਾ ਹੈ। ਹੁਣ ਏਥੋਂ ਸਾਰਾ ਖਾਲਸਾ ਕੱਠਾ ਹੋਕੇ ਸਰਹਿੰਦ ਮਾਰਨ ਨੂੰ ਚੜ੍ਹ ਪਿਆ ਤੇ ਸਰਹਿੰਦੋਂ ਬਾਰਾਂ ਕੁ ਕੋਹ ਦੀ ਵਿੱਥ ਪਰ ਖਰੜ ਦੇ ਲਾਗ ਵਾਰ ਚਪੜ ਚਿੜੀ ਦੇ ਟਿਕਾਣੇ ਪਾਸ ਲੜਾਈ ਹੋਈ।

ਤਹਿ ਮੁਕਾਬਲਾ ਦੋਨਹੁ ਠਾਨਾ ॥੩੦॥
ਇਤ ਗੁਰ ਦਲ ਉਤ ਲਸ਼ਕਰ ਆਵਾ।
ਲਾਖਹੁਂ ਸੁਭਟਨ ਲਰਿਬੇ ਚਾਵਾ।
ਬੰਦਾ ਅਰੁ ਵਜ਼ੀਰ ਖਾਂ ਦੋਊ।
ਜੈ ਅਭਿਲਾਖੀ ਹ੍ਵੈ ਕਰਿ ਸੋਊ ॥੩੧॥
ਨਿਸ ਮਹਿਂ ਬਜੋਂਤ ਲਰਨ ਕੋ ਕਰਿ ਕੈ।
ਮਿਸਲ ਮਿਸਲ ਮਹਿਂ ਉਤਸਵ ਧਰਿ ਕੈ।
ਬਹੁ ਬਰੂਦ ਗੋਰੀ ਬਰਤਾਈ।
ਆਪੋ ਅਪਨੀ ਕਰਿ ਤਕਰਾਈ ॥੩੨॥
ਪ੍ਰਾਤਿ ਹੋਤਿ ਰਣ ਚਾਹਤਿ ਕਰਜੋ।
ਦੋਊ ਦਿਸ਼ਿਨਿ ਕ੍ਰੋਧ ਕੋ ਧਰਜੋ।
ਹੁਕਮ ਕੀਨਿ 'ਧੌਂਸੇ ਧੁੰਕਾਰੇ।'
ਗੋਮੁਖ ਪਟਹ ਢੋਲ ਢਮਕਾਰੇ ॥੩੩॥
ਤੋਪ ਪੁੰਜ ਕੀ ਸ਼ਲਖ ਚਲਾਈ।
ਸੈਨ ਓਰੜੀ ਛਿਤ ਕੰਪਾਈ।
ਪਰ੍ਹੇ ਦੂਰ ਲਗਿ ਬੰਧਨ ਕਰੇ[1]।
ਤਜਾਰ ਤੁਫੰਗ ਬਾਨ ਧਨੁ ਧਰੇ ॥੩੪॥
ਪਰਜੋ ਨੇਰ ਹੋਯਸਿ ਭਟ ਭੇਰ।
ਛੂਟੇ ਗੋਰੀ ਗੋਰ ਬਡੇਰ।
ਤੜਭੜ ਸ਼ਲਖ ਅਵਾਜ਼ ਬਿਸਾਲੇ।
ਫੂਟੇ ਬੀਰਨਿ ਅੰਗ ਉਤਾਲੇ ॥੩੫॥
ਹਯਨ ਧਵਾਇ ਪ੍ਰਹਾਰੈਂ ਸੂਰੇ।
ਲਾਲ ਬਦਨ ਕਰਿ ਕ੍ਰੂਰ ਗਰੂਰੇ।
ਕੇਤਿਕ ਤੋਮਰ ਮਾਰਿ ਪਰੋਏ।
ਕੇਤਿਕ ਮਰੇ ਖੇਤ ਰਣ ਸੋਏ ॥੩੬॥
ਕਹੀ ਬਾਤ ਕੁਛ ਸੁਨਿਯ ਨ ਕਾਨਾ।
ਦਿਖੀਯਤਿ ਨਹੀਂ ਸਮੀਪ ਸਥਾਨਾ।

[1]ਦੂਰ ਤੱਕ ਕਤਾਰਾਂ ਬੰਨ੍ਹਣੀਆਂ ਕੀਤੀਆਂ।

ਹੇਲ ਮੇਲਿ ਦੁਇ ਦਿਸ਼ਿ ਲਰ ਪਰੇ।
ਕਾਢਿ ਖੜਗ ਅਰਿ ਕਾਟਨ ਕਰੇ ॥੩੭॥
ਹਥਾਵੱਥ ਹ੍ਵੈਗੀ ਇਕ ਬਾਰਾ।
ਘਾਵ ਪਰਸਪਰ ਕਰਹਿਂ ਪ੍ਰਹਾਰਾ।
ਸਿਪਰ ਸੰਭਾਰ ਨ ਗਿਨਤੀ ਰਹੀ।
ਕਰਾਚੋਲ ਧਾਰਾ ਇਮ ਬਹੀ ॥੩੮॥
ਤੋਪਨ ਤੇ ਮਰਿ ਗਏ ਹਜ਼ਾਰੋਂ।
ਜੰਗ ਤੁਫੰਗਨ ਸੰਗ ਪ੍ਰਹਾਰੋ।
ਨੇਜ਼ੇ ਭਾਲੇ ਸਾਂਗ ਪਰੋਵਨ।
ਜਮਧਰ ਖੜਗ ਖਾਇ ਕਰਿ ਸੋਵਨ ॥੩੯॥
ਛੂਛੇ ਅਨਿਕ ਤੁਰੰਗਮ ਡੋਲੈਂ।
ਮਾਰਿ ਮਾਰਿ ਕੇਤਿਕ ਭਟ ਬੋਲੈਂ।
ਲੋਥ ਪੋਥਨਾ ਰਣ ਥਲ ਹੋਈ।
ਸ਼੍ਰੋਣਿਤ ਲਿਪਤਿ ਫਿਰਤਿ ਨਰ ਕੋਈ ॥੪੦॥
ਅਰਣ ਬਰਣ ਕੀ ਧਰਣਿ ਕਰਾਲਾ।
ਨਾਚੈਂ ਭੂਤ, ਪ੍ਰੇਤ, ਬੈਤਾਲਾ।
ਕਹੂੰ ਰੁੰਡ ਕਟਿ ਮੁੰਡ ਪਰੇ ਹੈਂ।
ਹਾਥ ਪਾਂਵ ਕਟਿ ਧਰਾ ਗਿਰੇ ਹੈਂ ॥੪੧॥
ਕਹੌਂ ਕਹਾਂ ਲਗਿ ਜੁੱਧ ਅਖਾਰਾ।
ਬਰਨਨ ਕਰਿ ਹੌਂ ਜੇ ਬਿਸਥਾਰਾ।
ਗ੍ਰੰਥ ਬਿਸਾਲ ਇਸੀ ਕੋ ਹੋਇ।
ਲਾਖਹੁ ਮਾਰਨ ਮਰਨੋ ਜਾਇ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਨੌਮੋ ਅੰਸੂ ॥੯॥

## ੧੦. [ਵਜ਼ੀਰ ਖ਼ਾਂ ਨੂੰ ਮਾਰਨਾ। ਸਰਹਿੰਦ ਨੂੰ ਉਜਾੜਨਾ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਬਰਜੇ ਜੋਧਾ ਆਪਨੇ, ਬੰਦੇ ਪ੍ਰਥਮ ਬਖਾਨਿ।
'ਨਹਿਂ ਕੋ ਹਤੈ ਵਜ਼ੀਦ ਕੋ, ਮੈਂ ਮਾਰੌਂ ਨਿਜ ਪਾਨਿ' ॥੧॥

ਚੌਪਈ:

ਇਮ ਕਹਿ ਪੂਰਬ ਸਕਲ ਹਟਾਏ।
ਲਰਤਜੋਂ ਮਰੇ ਸੁਭਟ ਸਮੁਦਾਏ।
ਤਬਿ ਬੰਦੇ ਨਿਜ ਹਯ ਫੰਧਾਯੋ।
ਖ਼ਾਂ ਵਜ਼ੀਦ ਕੇ ਸਨਮੁਖ ਆਯੋ ॥੨॥
'ਸੁਨਿ ਸਾਹਿਬਜ਼ਾਦਨ ਕੇ ਦ੍ਰੋਹੀ!
ਸਲਤਨ ਸਕਲ ਬਿਨਾਸ਼ੀ ਤੋਹੀ।
ਮਹਾਂ ਅਧਮ ਕ੍ਰਿਤ ਪਾਪ ਬਿਸਾਲਾ।
ਤਿਸ ਕੋ ਫਲ ਪ੍ਰਾਪਤਿ ਇਸ ਕਾਲਾ ॥੩॥
ਲਸ਼ਕਰ ਦੇਸ਼ ਨਗਰ ਕੇ ਸਾਥ।
ਹੋਹਿ ਬਿਨਾਸ਼ ਮਾਨ ਮਮ ਹਾਥ[1]।
ਗੁਰ ਕੋ ਅਦਬ ਨ ਤੈਂ ਕੁਛ ਰਾਖਾ।'
ਸੁਨਤਿ ਵਜ਼ੀਦਖਾਨ ਤਬਿ ਭਾਖਾ ॥੪॥
'ਮੇਰੇ ਸੁਭਟਨ ਕੋ ਕਜਾ ਹੋਵਾ।
ਸ਼ੱਤ੍ਰ ਸਮੀਪ ਖਰੋ ਰਨ ਜੋਵਾ।
ਸਭਿ ਦਲ ਕੋ ਇਹ ਰਿਪੁ ਸਰਦਾਰ।
ਤਜੋ ਤੁਫੰਗ ਕਜੋਂ ਨ ਲਿਹੁ ਮਾਰ ॥੫॥
ਬਰਛੀ ਖੜਗ ਪ੍ਰਹਾਰਨ ਬ੍ਰਿੰਦ।
ਕਰਿ ਲੀਜੈ ਇਹੁ ਤੁਰਤ ਨਿਕੰਦ।'
ਇਮ ਸੁਨਿ ਹੇਲ ਕਰੇ ਗਨ ਧਾਏ।
ਗੋਰੀ ਤੀਰ ਸਭਿਨਿ ਬਰਖਾਏ ॥੬॥
ਇਤ ਤੇ ਸਨਮੁੱਖ ਬੰਦਾ ਭਯੋ।
ਸਰ ਧਰਿ ਧਨੁ ਪਰ ਐਂਚਨ ਕਯੋ।
ਦੁਇ ਦਿਸ਼ਿ ਤੇ ਗਨ ਛੁਟੀ ਤੁਫੰਗੈਂ।
ਗਿਰੇ ਹਜ਼ਾਰਹੁੰ ਤੁਰਕ ਤੁਰੰਗੈਂ ॥੭॥
ਹੇਲ ਦੁਦਿਸ਼ਿਨਿ ਘਾਲਿ ਘਮਸਾਨਾ।
ਸ਼੍ਰੀ ਗੁਰ ਸਰ ਐਂਚਜੋਂ ਬਲਵਾਨਾ[1]।

[1]ਮੰਨ (ਕਿ ਹੁਣ) ਮੇਰੇ ਹੱਥੀਂ ਨਾਸ਼ ਹੋਵੇਗਾ।

[1]ਸ਼੍ਰੀ ਗੁਰੂ ਜੀ ਦਾ (ਬਖਸ਼ਿਆ) ਬਲਵਾਨ ਤੀਰ

ਖਿੱਚਿਆ ਅਥਵਾ ਬਲਵਾਨ (ਬੰਦੇ ਨੇ)।

ਕਿਸ ਮਹਿਂ ਸ਼ਕਤਿ ਰਹੈ ਦ੍ਰਿਢ ਆਗੇ।
ਬੇਮੁਖ ਹੋਇ ਜੰਗ ਤਜਿ ਭਾਗੇ ॥ ੮ ॥
ਪਿਖਿ ਲਸਕਰ ਕੀ ਦਸ਼ਾ ਪਲਾਵਨ।
ਚਹੇ ਵਜ਼ੀਦੇ ਪ੍ਰਾਨ ਬਚਾਵਨ[1]।

[1]ਲਸ਼ਕਰ ਦੀ ਭਾਜੜ ਵਾਲੀ ਸੂਰਤ ਵੇਖਕੇ ਵਜ਼ੀਦੇ ਨੇ ਪ੍ਰਾਣ ਬਚਾਉਣੇ ਚਾਹੇ।

ਤਬਿ ਬੰਦੇ ਚਿਤ ਬਿਖੈ ਬਿਚਾਰਾ।
-ਹਤੌਂ ਕੁਮੌਤ ਅਘੀ ਇਹ ਭਾਰਾ ॥ ੯ ॥
ਜੌਂ ਆਯੁਧ ਤੇ ਕਰੌਂ ਪ੍ਰਹਾਰਾ।
ਸ਼ੁਭ ਗਤਿ ਪ੍ਰਾਪਤ ਹੋਹਿ ਸੁਖਾਰਾ।
ਉਚਿਤ ਨਰਕ ਮਹਿਂ ਲਹੈ ਸਜ਼ਾਇ-।
ਇਮ ਚਿਤਵਤਿ ਢਿਗ ਪਹੁੰਚੋ ਜਾਇ ॥ ੧੦ ॥
ਬਲ ਤੇ ਪਕਰਿ ਟਾਂਗ ਰਿਪੁ ਕੇਰੀ।
ਤਰੇ ਗੇਰਿ ਲੀਨਸਿ ਤਿਸ ਬੇਰੀ।
ਘੋਰਾ ਬਲੀ ਫੇਰ ਤਿਸ ਊਪਰਿ।
ਪ੍ਰਾਨ ਨਿਕਾਸੇ ਤਤਛਿਨ ਭੂ ਪਰਿ ॥ ੧੧ ॥
ਕਾਇਰ ਹੋਇ ਮਰਜੋ ਬਡ ਪਾਪੀ[†]।

[†]ਮਹਿਮਾ ਪ੍ਰਕਾਸ਼ ਨੇ ਵਜ਼ੀਦੇ ਦੀ ਮੌਤ ਬੰਦੇ ਦੇ ਹੱਥੋਂ ਗੁਰੂ ਜੀ ਦੇ ਤੀਰ ਨਾਲ ਹੋਈ ਲਿਖੀ ਹੈ। ਰਤਨ ਸਿੰਘ ਜੀ ਪਤਾ ਨਹੀਂ ਲਿਖਦੇ ਕਿ ਵਜ਼ੀਰ ਖ਼ਾਂ ਕਿਸ ਦੇ ਹੱਥੋਂ ਮੋਇਆ। 'ਤਰੀਂ ਬਜੀਦਾ ਸਸਕਤ ਪਾਯੋ' ਇਤਨਾ ਹੀ ਲਿਖਦੇ ਹਨ, ਹੋਰਨਾਂ ਨੇ ਬੀ ਪੂਰਾ ਪਤਾ ਨਹੀਂ ਦਿੱਤਾ। ਫੁਰਖ਼ਸੀਅਰ ਦੇ ਮੁਅੱਰਖ ਮੀਰ ਮੁਹੰਮਦ ਅਹਸਨ ਨੇ ਸ਼ਾਹਨਾਮੇ ਵਿਚ ਐਉਂ ਦਿੱਤਾ ਹੈ:-ਵਜ਼ੀਰ ਖ਼ਾਂ ਬਾਜ਼ ਸਿੰਘ ਦੇ ਟਾਕਰੇ ਤੇ ਆ ਗਿਆ, ਤੇ ਬਰਛੀ ਮਾਰੀਓਸੁ। ਸਿੱਖ ਨੇ ਬਰਛੀ ਫੜਕੇ ਖੁਹ ਲਈ ਤੇ ਉਹੋ ਵਜ਼ੀਰ ਖ਼ਾਂ ਨੂੰ ਮਾਰੀ ਜੋ ਵਜ਼ੀਰ ਖ਼ਾਂ ਦੇ ਘੋੜੇ ਦੇ ਮੱਥੇ ਵਿਚ ਲੱਗੀ। ਵਜ਼ੀਰ ਖ਼ਾਂ ਨੇ ਫੇਰ ਕਮਾਨ ਖਿੱਚੀ ਤੇ ਬਾਜ਼ ਸਿੰਘ ਦੀ ਬਾਂਹ ਤੇ ਤੀਰ ਮਾਰਿਆ ਤੇ ਤਲਵਾਰ ਸੂਤਕੇ ਉਸ ਨੂੰ ਪਾਰ ਬੁਲਾਉਣ ਦਾ ਜਤਨ ਕੀਤਾ। ਕੋਲ ਹੀ ਫਤੇ ਸਿੰਘ ਹੈਸੀ, ਉਸ ਨੇ ਵਜ਼ੀਰ ਖ਼ਾਂ ਨੂੰ ਐਸੀ ਤਲਵਾਰ ਮਾਰੀ ਕਿ ਮੋਢੇ ਤੋਂ ਕਮਰ ਤੱਕ ਉਤਰ ਗਈ। ਭੰਗੂ ਜੀ ਨੇ ਇਹ ਬੀ ਲਿਖਿਆ ਹੈ ਕਿ ਬੰਦੇ ਨੇ ਲੋਥ ਨੂੰ ਵਹਿੜਕਿਆਂ ਮਗਰ ਬੰਨ੍ਹ ਕੇ ਘਿਸਟਵਾਇਆ ਤੇ ਫੇਰ ਦੱਬਿਆ ਨਹੀਂ, ਮੁਸਲਮਾਨੀ ਖਿਆਲ ਦੇ ਵਿਰੁੱਧ ਉਸ ਦੀ ਲੋਥ ਨੂੰ ਅਗਨੀ ਭੇਟ ਕੀਤਾ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਇਸ ਦੀ ਲੋਥ ਟੰਗਾ ਦਿੱਤੀ ਜੋ ਇੱਲਾਂ ਕਾਂ ਖਾਣ।

ਸਾਹਿਬਜ਼ਾਦਨ ਕੋ ਸੰਤਾਪੀ।
ਜਬਹਿ ਵਜ਼ੀਦਾ ਕਿਤਹੁੰ ਨ ਹੇਰਾ।
ਭਾਜਜੋ ਲਸ਼ਕਰ ਤ੍ਰਾਸ ਬਡੇਰਾ ॥ ੧੨ ॥
ਬੰਦੇ ਕੀ ਸੈਨਾ ਪਸ਼ਚਾਤੀ।
ਲੂਟਿ ਕੂਟਿ ਤੁਰਕਾਨੇ ਘਾਤੀ।
ਹਯ ਸੁ ਹਜ਼ਾਰਹੁੰ ਦਲ ਮਹਿਂ ਆਏ।
ਸ਼ਸਤ੍ਰਨਿ ਕੀ ਕੋ ਗਿਨਤੀ ਪਾਏ ॥ ੧੩ ॥

ਲੂਟਿ ਬਜ਼ਾਰ[1] ਲੀਨਿ ਤਿਸ ਬੇਰੇ।
ਤੰਬੂ, ਤੋਪ, ਦੁਰਦ[1], ਬਹੁਤੇਰੇ।
ਗ੍ਰਾਮ ਨਗਰ ਕੇ ਨਰ ਭਟ ਭਾਰੀ।
ਜਹਿਂ ਕਹਿਂ ਕੇ ਨਿਤ ਮਿਲੇ ਹਜ਼ਾਰੇ ॥੧੪॥
ਫਿਟਕੀ ਪੁਰੀ[1] ਭਗੈਲ ਪਲਾਏ।
ਠਹਿਰ ਨਹੀਂ ਕਿਤ ਪਾਇ ਜਮਾਏ।
ਪਾਛੇ ਦਲ ਬੰਦੇ ਕੋ ਭਯੋ।
ਲੂਟਤਿ ਮਾਰਤਿ ਧਾਵਤਿ ਗਯੋ ॥੧੫॥
ਲਾਖਹੁੰ ਸੁਭਟ ਲੁਟਿਬੇ ਹੇਤੁ।
ਚਲੇ ਚੌਂਪ ਕਰਿ ਭਏ ਸੁਚੇਤ।
ਰਾਤ ਦਿਵਸ ਕੇ ਦੌਰਨ ਕਰਿ ਕੈ।
ਪਹੁੰਚੇ ਨਿਕਟ ਸ਼ੱਤ੍ਰੁ ਗਨ ਦਰਿ ਕੈ ॥੧੬॥
ਪੁਰਿ ਜਨ ਕਹਾਂ ਪਲਾਇੰ ਬਿਚਾਰੇ।
ਦਰਬ ਕਰੋਰਹੁੰ ਵਸਤੁ ਉਦਾਰੇ।
ਲਸ਼ਕਰ ਪ੍ਰਬਲ ਵਹਿਰ ਹੀ ਮਾਰਜੋ।
ਬਚੇ ਅਰੇ ਤਹਿਂ ਤੁਰਤ ਬਿਦਾਰਜੋ ॥੧੭॥
ਬਰੇ ਨਗਰ ਮਹਿਂ ਲੂਟ ਮਚਾਈ।
ਕੰਚਨ ਰਜਤ ਲੀਨਿ ਸਮੁਦਾਈ।
ਬਡੇ ਬਜ਼ਾਰਨ ਕੋ ਬਹੁ ਲੂਟਾ।
ਅਰੇ ਅੱਗ੍ਰ ਸੋ ਤਤਛਿਨ ਕੂਟਾ ॥੧੮॥
ਬਹੁਤ ਸਦਨ ਮਹਿਂ ਸੁਭਟ ਪ੍ਰਵੇਸ਼ੇ।
ਲੂਟਤਿ ਵਸਤੂ ਦਰਬ ਵਿਸ਼ੇਸ਼ੇ।
ਮੁਗ਼ਲਾਨੀ, ਸਯਦਾਨਿ, ਪਠਾਨੀ।
ਗਹਿ ਲੀਨੀ ਨੀਚਨ ਰਤਿ ਮਾਨੀ[1] ॥੧੯॥
ਇਕ ਖੱਤ੍ਰੀ ਜਿਸ ਕਰਮ ਚੰਡਾਰ।
ਝੂਠਾਨੰਦ ਮਹਾਂ ਬੁਰਿਆਰ।
ਸਾਹਿਬਜ਼ਾਦੇ ਜਿਨ ਮਰਿਵਾਏ।
ਕਰਿਬੇ ਸਾਕ ਦ੍ਵੈਸ਼ ਉਪਜਾਏ ॥੨੦॥
ਸਿੰਘਨ ਤਿਸ ਕੀ ਬਾਤ ਬਿਚਾਰੀ।
ਬੂਝਿ ਸਦਨ ਗਹਿ ਲੀਨਿ ਕੁਚਾਰੀ।

[1]ਲਸ਼ਕਰ ਦੇ ਬਜ਼ਾਰ ਤੋਂ ਮੁਰਾਦ ਹੈ।
[1]ਹਾਥੀ।
[1]ਭਾਵ ਸਰਹਿੰਦ।
[1]ਨੀਚਾਂ ਨੇ ਫੜਕੇ ਭੋਗੀਆਂ।

ਬੀਧ ਨਾਕ ਮਹਿਂ ਛੇਦ ਕਰਾਯੋ।
ਲੋਹ ਕੜਾ ਵਿਚ ਤਿਸ ਕੇ ਪਾਯੋ ॥੨੧॥
ਸਦਨ ਸਿਰੰਦ ਨਗਰ ਕੇ ਸਾਰੇ।
ਲੂਟਿ ਕੂਟਿ ਕਰਿ ਦੀਨ ਉਜਾਰੇ।
ਮਨ ਭਾਵਤਿ ਭਟ ਗਹਿ ਗਹਿ ਨਾਰੀ।
ਨਿਜ ਡੇਰਨਿ ਮਹਿਂ ਆਨਿ ਉਤਾਰੀ ॥੨੨॥
ਤ੍ਰਿਪਤੇ ਲੂਟਿ ਅਧਿਕ ਧਨ ਪਾਯੋ।
ਨਿਕਸੇ ਵਹਿਰ ਸਿਵਰ ਕੋ ਛਾਯੋ।
ਪਰਜੋ ਦੂਰ ਲਗਿ ਹੋਤਿ ਪੁਕਾਰੀ।
ਸੰਕਟ ਅਧਿਕ ਰੁਦਤਿ ਨਰ ਨਾਰੀ ॥੨੩॥
-ਤੁਰਕ ਵਜ਼ੀਦਖਾਨ ਤੇ ਆਦਿ-।
ਗਾਰੀ ਦੇਤਿ -ਗਈ ਬੁਨਿਯਾਦ।
ਸ਼੍ਰੀ ਗੁਰ ਕੇ ਸੁਤ ਬਾਲਕ ਮਾਰੇ।
ਸੋ ਅਬਿ ਪਾਪ ਪ੍ਰਗਟ ਦੁਖ ਭਾਰੇ- ॥੨੪॥
ਪੁਰਿ ਜਨ ਦੀਨ ਹੋਹਿ ਘਿਘਿਆਏ।
ਸਭਿ ਕਿਛ ਤਜਾਗਤਿ ਤੁਰਤ ਪਲਾਏ।
ਤ੍ਰਸਤਿ ਕਹੈਂ 'ਬਚ ਰਹੈਂ ਜਿ ਪ੍ਰਾਨ।
ਕਹੂੰ ਪਹੁੰਚਿ ਕਰਿ ਲੇਂ ਗੁਜ਼ਰਾਨ' ॥੨੫॥
ਕਹੌਂ ਕਹਾਂ ਲਗਿ ਪੁਰਿ ਜਨ ਦਸ਼ਾ।
ਸਭਿ ਕਿਛ ਤਜਾਗ ਭਗੇ ਚਹੁ ਦਿਸ਼ਾ।
ਦਰਬ ਕਰੋਰਹੁ ਦਲ ਮਹਿਂ ਆਯੋ।
ਵਸਤੁਨਿ ਕੋ ਸੰਚੈ ਸਭਿ ਪਾਯੋ ॥੨੬॥
ਬਡੇ ਬਡੇ ਉਮਰਾਵ ਪ੍ਰਹਾਰੇ।
ਜੇ ਸਿਵਕਾ ਗਜ ਪਰ ਅਸਵਾਰੇ।
ਖੋਜੇ ਕਹੂੰ ਨ ਪਾਯਤਿ ਸੋਇ।
ਤਿਨ ਕੇ ਸਦਨ ਬਰੇ ਸਭਿ ਕੋਇ ॥੨੭॥
ਸਕਲ ਪਦਾਰਥ ਲੂਟਤਿ ਲਜਾਏ।
ਤਿਨ ਕੀ ਤ੍ਰਿਯਾ ਗਹੀ ਸਮੁਦਾਏ।
ਰੰਕ ਲੋਕ ਮਿਲਿ ਲਾਲਚ ਪਾਗੇ।

ਧਨੀ ਸਦਨ ਸਭਿ ਖੋਦਨ ਲਾਗੇ ॥੨੮॥
ਗਾਡਜੋ ਦਰਬ ਨਿਕਾਸਿ ਵਿਸ਼ੇਖਾ।
ਘਰਨ ਬਿਦਾਰਨ ਲਗੇ ਅਸ਼ੇਖਾ।
ਦੁਰਗ ਆਦਿ ਮੈਂ ਜੇਤਿਕ ਮਾਇਆ।
ਖੋਦਤ ਖੋਜਤ ਨਿਕਸਤਿ ਆਇਆ ॥੨੯॥
ਦਰਬ ਕਰੋਰਹੁੰ ਬੰਦੇ ਲੀਨ।
ਆਦਿ ਵਜੀਦੇ ਸੰਚ ਜੁ ਕੀਨ।
ਬਡੇ ਧਨਾਢਿ ਜਹਾਂ ਨਰ ਗਨ ਹੈਂ।
ਛੀਨ ਲੀਨਿ ਤਿਨ ਜੇਤਿਕ ਧਨ ਹੈ ॥੩੦॥
ਪੁਰਿ ਜਨ ਕੋ ਬਡ ਤ੍ਰਾਸ ਉਪੰਨੇ।
ਭਰੇ ਸਦਨ ਵਸਤੂ ਤਜਿ, ਭੰਨੇ[1]। [1]ਭੱਜ ਗਏ।
ਪ੍ਰਾਨ ਬਚਾਵਨਿ ਕੋ ਇਹ ਚਾਹਾ।
ਅਪਰ ਸਰਬ ਕੁਛ ਤਹਾਂ ਲੁਟਾਹਾ ॥੩੧॥
ਸੰਕਟ ਪਰਮ ਸਭਿਨਿ ਕੇ ਭਏ।
ਜੇ ਕੁਛ ਅਰੇ ਮਾਰ ਕਰਿ ਲਏ।
ਗੁਰ ਸੁਤ ਹਤੇ ਪਾਪ ਫਲ ਭਾਰੇ।
ਪਰੇ ਪੁਰੀ ਪਰ, ਕੌਨ ਉਬਾਰੇ ॥੩੨॥
ਕੇਤਿਕ ਦਿਨ ਡੇਰਾ ਤਹਿਂ ਰਾਖਾ।
'ਘਰ ਢਾਹਹੁ' ਇਮ ਹੁਕਮ ਸੁ ਭਾਖਾ।
'ਜੜ੍ਹਾਂ ਪੁਰੀ ਕੀ ਸਤੁਦ੍ਰਵ ਪਾਵਹੁ।'
ਗੁਰੁ ਸ੍ਰਾਪ ਕੋ ਅਬਿ ਸਫਲਾਵਹੁ ॥੩੩॥
ਜੋ ਇਸ ਪੁਰਿ ਘਰ ਢਾਹਤਿ ਰਹੈ।
ਸੋ ਜਬਿ ਕਬਿ ਧਨ ਕੋ ਬਹੁ ਲਹੈ।'
ਦਲ ਕੇ ਲੋਕ ਅਪਰ ਨਰ ਰੰਕੇ।
ਲਗੇ ਬਿਦਾਰਨ, ਘਰ ਬਰ ਬੰਕੇ ॥੩੪॥
ਬਡੇ ਪੌਰ ਚੌਪਖੀ[1] ਅਟਾਰੀ। [1]ਚਾਰ ਛੱਤੀ।
ਛੱਜੇ ਛਾਤ ਰਾਂਵਟੀ[1] ਭਾਰੀ। [1]ਬਾਰਾਂਦਰੀ, ਕੋਈ ਨਿੱਕਾ ਜਿਹਾ ਕਮਰਾ ਯਾ ਥਾਂ। ਧੁਰ ਉਪਰਲਾ ਕਮਰਾ, ਮਮਟੀ, ਖਸ ਦੀ ਟੱਟੀ ਦੀ ਰਾਂਵਟੀ। ਬਾਜੇ ਵੇਲੇ ਛੌਲਦਾਰੀ ਨੂੰ ਬੀ ਕਹਿੰਦੇ ਹਨ।
ਰੁਚਿਰ ਦਰੀਚੀ ਚੂਨਾ ਖਚੇ।
ਅਨਿਕ ਰੀਤਿ ਕੇ ਦਰ ਗਨ[1] ਰਚੇ [1]ਸਮੂਹ ਦਰਵਾਜੇ।

॥੩੫॥
ਕੇਤਿਕ ਕੰਚਨ ਲਿਪਤਿ ਸੁਹਾਏ।
ਚਿੱਤ੍ਰ ਬਚਿੱਤ੍ਰ ਰਚੇ ਸਮੁਦਾਏ।
ਸੁੰਦਰ ਬੈਠਕ ਤਨੇ ਬਿਤਾਨਾ।
ਅਚਰਜ ਭੌਨ ਰਚੇ ਬਿਧਿ ਨਾਨਾ ॥੩੬॥
ਅਮਰਾਵਤਿ[1] ਕੇ ਸਮਸਰ ਪਰੀ।
ਢਾਹਿ ਫੋਰਿ ਕਰਿ ਦੀਨੀ ਬਰੀ।
ਖੋਦਤਿ ਨਿਕਸਤਿ ਦਰਬ ਮਹਾਨਾ।
ਯਾਂ ਤੇ ਕੀਨ ਬਿਦਾਰ ਮਦਾਨਾ[†] ॥੩੭॥

[1]ਇੰਦਰਪੁਰੀ।

[†]ਸ: ਕਰਮ ਸਿੰਘ ਜੀ ਆਪਣੇ ਮਗਰਲੇ ਲੇਖ ਵਿਚ ਲਿਖਦੇ ਹਨ ਕਿ ਇਸ ਵੇਲੇ ਸਰਹਿੰਦ ਫਤੇ ਹੋ ਗਈ ਤਾਂ ਸ਼ਹਿਰ ਵਾਲਿਆਂ ਨੇ ਇਕ ਭਾਰੀ ਰਕਮ ਬੰਦੇ ਦੇ ਪੇਸ਼ ਕੀਤੀ ਤੇ ਸ਼ਹਿਰ ਨੂੰ ਇੱਟ ਨਾਲ ਇੱਟ ਖੜਕਾਕੇ, ਬੇ-ਚਰਾਗ ਕਰਨੋਂ ਬਚਾ ਲਿਆ। ਭੁੰਜਗੀਆਂ ਨੇ ਉਸੇ ਵੇਲੇ ਕਹਿ ਦਿੱਤਾ ਕਿ ਬੰਦਾ ਲਾਲਚ ਵਿਚ ਆ ਗਿਆ ਤੇ ਸਤਿਗੁਰੂ ਜੀ ਦੇ ਹੁਕਮ ਨੂੰ ਨਹੀਂ ਪਾਲ ਰਿਹਾ। ਸਰਹਿੰਦ ਨੂੰ ਫਿਰ ਸਿੱਖਾਂ ਨੇ ੧੯੨੦ ਵਿਚ ਬੇ-ਚਰਾਗ ਕੀਤਾ, ਭਾਵ ਢਾਹਿਆ। ਮੁਹੰਮਦ ਲਤੀਫ ਨੇ ਆਪਣੀ ਹਿਸਟਰੀ ਵਿਚ ਬਹੁਤ ਵਧਾ ਵਧਾਕੇ ਸਰਹਿੰਦ ਪਰ ਹੋਈਆਂ ਸਖਤੀਆਂ ਲਿਖੀਆਂ ਹਨ। ਪਰ ਗੋਕਲ ਚੰਦ ਨਾਰੰਗ ਨੇ ਆਪਣੇ 'ਸਿੱਖੋਂ ਕਾ ਪ੍ਰੀਵਰਤਨ' ਵਿਚ ਓਹ ਸਾਰੀਆਂ ਸ੍ਵੀਕਾਰ ਨਹੀਂ ਕੀਤੀਆਂ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਸਖਤੀਆਂ ਦੇ ਜ਼ਿੰਮੇਵਾਰ ਆਮ ਲੁਟੇਰੇ ਤੇ ਹਾਕਮਾਂ ਤੋਂ ਸਤੇ ਹੋਏ ਮਜ਼ਲੂਮ ਲੋਕੀਂ ਸਨ।

ਗੁਰ ਸੁਤ ਅਘ ਤੇ ਅਸ ਗਤਿ ਹੋਈ।
ਮਨਹੁ ਇਹਾ ਨਹਿ ਬਾਸਜੋ ਕੋਈ।
ਬੰਦੇ ਸੋ ਖੱਤ੍ਰੀ ਮੰਗਵਾਯੋ।
ਲੋਹ ਕੜੇ ਸੋਂ ਨਾਕ ਬਿਧਾਯੋ ॥੩੮॥
ਬਡੋ ਜੇਵੜੋ ਬੰਧਨ ਕੀਨ।
ਐਂਚਿ ਚੰਡਾਲ ਹਵਾਲੇ ਦੀਨ।
'ਦਲ ਕੋ ਜੋ ਬਜਾਰ ਹੈ ਸਾਰਾ।
ਲੇ ਇਸ ਫੇਰਹੁ ਸਕਲ ਮਝਾਰਾ ॥੩੯॥
ਇਕ ਬਿਰਾਟਕਾ ਹਾਟ ਮੰਗਾਵਹੁ।
ਪਨਹੀ ਪੰਚ ਸੀਸ ਪਰ ਲਾਵਹੁ।
ਇਸ ਬਿਧਿ ਫੇਰੇ ਸਦਾ ਫਿਰਾਵਹੁ।
ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ'
॥੪੦॥
ਸੁਨਿ ਕਰਿ ਹੁਕਮ ਫੇਰ ਤਿਸ ਰੀਤਿ।
ਮਾਰ ਹੋਤਿ ਜੁਤਨ ਕੀ ਨੀਤ।
ਇਮ ਗੁਰ ਦ੍ਰੋਹੀ ਮਾਰਜੋ ਮਰਜੋ।
ਸੰਕਟ ਭੋਗਿ ਨਰਕ ਮਹਿ ਪਰਜੋ ॥੪੧॥

ਅਸ਼ਟ ਬਰਸ ਕੀ ਕੰਨਜਾ ਯਾਂ ਕੀ।
ਗਲ ਮਹਿਂ ਪਕਰੀ ਸੁਨਿ ਸੁਧ ਤਾਂ ਕੀ।
ਕੇਤਿਕ ਦਯਾ ਸਹਤ ਨਰ ਹੋਇ।
ਬੰਦੇ ਨਿਕਟ ਸੁਨਾਵਤਿ ਸੋਇ ॥੪੨॥
'ਇਸ ਕੋ ਕਹਾਂ ਦੋਸ਼ ਅਘ ਮਾਂਹੀ।
ਜਿਸ ਕੋ ਅਬਿ ਲਗਿ ਸੁਧਿ ਕਿਛੁ ਨਾਂਹੀ।
ਤਜਿਬੇ ਉਚਿਤ ਜਾਨਿ ਕਰਿ ਤਾਂਹਿ।
ਦੇਹੁ ਛੁਰਾਇ ਗਹੈ ਕੋ ਨਾਂਹਿ' ॥੪੩॥
ਸੁਨਿ ਬੰਦੇ ਬਡ ਕ੍ਰੋਧ ਉਪਾਯੋ।
'ਇਹ ਤੁਮ ਨੇ ਕਜਾ ਹਮਹਿਂ ਸੁਨਾਯੋ।
ਸ਼ੀਰ ਖੋਜ ਜੋ ਸਾਹਿਬਜ਼ਾਦੇ।
ਜਿਨ ਕੋ ਸੁਧਿ ਨਹਿਂ ਮਿਲਨ ਕਿ ਬਾਦੇ[1] ॥੪੪॥

[1]ਮਿਲਨ ਅਥਵਾ ਜੰਗ ਕਰਨ ਦੀ।

ਤਿਨ ਕੋ ਦੋਸ਼ ਕਹਾਂ ਇਨ ਜਾਨੇ।
ਸਭਾ ਹਜ਼ਾਰਨਿ ਕੀ ਨਰ ਸਜਾਨੇ।
ਨਹਿਂ ਮਤਿਮੰਦਨਿ ਕਛੂ ਬਿਚਾਰੇ।
ਖੱਤ੍ਰੀ ਕਹੇ ਸੁਨਿਤ[1] ਸੋ ਮਾਰੇ ॥੪੫॥

[1]ਖੱਤ੍ਰੀ ਦੇ ਕਹਿਣੇ ਨੂੰ ਸੁਣਕੇ।

ਝੂਠਾਨੰਦ ਨੰਦਨੀ ਜੋਇ।
ਯਾਂ ਤੇ ਉਚਿਤ ਨ ਤਜਾਗਨਿ ਸੋਇ।
ਮਮ ਹਦੂਰ ਤਿਸ ਕੋ ਲੇ ਆਵਹੁ।
ਚੰਡਾਲਨ ਕੇ ਹਾਥ ਗਹਾਵਹੁ ॥੪੬॥
ਸੋ ਅਪਨੇ ਮਹਿਂ ਲੇਹਿਂ ਮਿਲਾਈ।
ਪਾਪੀ ਕੇ ਬਨਿ ਜਾਹਿਂ ਜਮਾਈ।'
ਇਮ ਕਹਿ ਤੁਰਤ ਹਕਾਰਨਿ ਕਰੀ।
ਹੁਕਮ ਚੰਡਾਲਨ ਸੋਂ ਕਰਿ, ਧਰੀ[1] ॥੪੭॥

[1]ਚੰਡਾਲਾਂ ਨੂੰ ਹੁਕਮ ਦਿੱਤਾ ਕਿ ਲੈ ਜਾਓ।

ਲੇ ਕਰਿ ਅਪਨੇ ਧਾਮ ਸਿਧਾਰੇ।
ਇਮ ਪਾਪੀ ਨਰ ਚੁਨਿ ਚੁਨਿ ਮਾਰੇ।
ਜੇ ਜੇ ਗੁਰਨਿੰਦਕ ਪੁਰਿ ਮਾਂਹੀ।
ਕਰੇ ਸੁਨਾਵਨਿ ਬੰਦੇ ਪਾਹੀ ॥੪੮॥
ਖੋਜਿ ਖੋਜਿ ਕਰਿ ਸੋ ਮੰਗਵਾਏ।
ਹਾਥ ਪਾਵ ਕੈ ਨਾਕ ਕਟਾਏ।

ਕੇਤਿਕ ਕੇ ਕਰਿ ਕਰਿ ਮੁਖ ਕਾਰੇ।
ਗਧੇ ਚਢਾਇ ਵਹਿਰ ਨਿਕਾਰੇ ॥੪੯॥
ਕੇਤਿਕ ਪਕਰਿ ਕੂਪ ਮਹਿਂ ਡਾਰੇ।
ਸਭਿ ਕੁਮ੍ਰਿਤੁ ਮਹਿਂ ਕਰਿ ਕਰਿ ਮਾਰੇ।
ਪਾਪ ਸਮੈਂ ਕੋ ਕਰਿ ਕਰਿ ਯਾਦ।
ਚੁਨਿ ਚੁਨਿ ਹਨਿ ਕਰਿ ਬਿਨ ਬੁਨਿਯਾਦ ॥੫੦॥
ਇਮ ਸਿਰੁੰਦ ਕੋ ਮਾਰਿ ਉਜਾਰਾ।
ਦਰਬ ਕਰੋਰਹੁਂ ਖੋਦਿ ਨਿਕਾਰਾ।
ਨਿੰਦਕ ਦ੍ਰੋਹੀ ਗੁਰ ਕੇ ਹਤੋ।
ਲੇ ਪਲਟਾ ਬੋਲੇ ਕਰਿ ਫਤੇ ॥੫੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਪਹਾੜੀਆਂ ਤੇ ਚੜ੍ਹਾਈ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਇਮ ਉਜਾਰਿ ਸਿਰਹੰਦ ਕੋ, ਗੁਰ ਨਿੰਦਕ ਚੁਨਿ ਮਾਰਿ।
ਪੁਨ ਅਰੂਢ ਆਗੇ ਚਲੵੋ, ਚਮੂੰ ਭਈ ਬਿਸ਼ੁਮਾਰ ॥੧॥

ਚੌਪਈ:

ਜਹਿਂ ਕਹਿਂ ਤੇ ਭਟ[1] ਗਨ ਚਲਿ ਆਵਹਿਂ।
ਆਪੋ ਅਪਨੇ ਜਥੇ ਬਨਾਵਹਿਂ।
ਹਯ ਹਾਥੀ ਦੁੰਦਭਿ ਬਹੁ ਭਏ।
ਲੂਟਹਿਂ ਮੁਲਖ ਜਿਤੇ ਕਿਤ[1] ਗਏ ॥੨॥
ਸਤੁਦ੍ਰਵ ਕੇ ਪੂਰਬ ਦਿਸ਼ਿ ਦੇਸ਼।
ਲੂਟਿ ਉਜਾਰਯੋ ਚਮੂੰ ਵਿਸ਼ੇਸ਼।
ਭੀਮ ਚੰਦ ਸੈਲਿੰਦ੍ਰ ਬਿਸਾਲਾ।
ਗੁਰ ਕੋ ਦ੍ਰੋਹੀ ਲਰਯੋ ਬਿਸਾਲਾ[1] ॥੩॥
ਪ੍ਰਥਮ ਅਨੰਦਪੁਰੇ ਕੋ ਆਵਾ[1]।
ਸਤਿਗੁਰ ਥਲ ਕੋ ਸੀਸ ਨਿਵਾਵਾ।
ਦਰਸ਼ਨ ਕਰਿ ਕਰਿ ਹਰਖਯੋ ਤਹਾਂ।
ਕਰੇ ਬਿਸਾਲ ਪਰਮ ਗੁਰ ਜਹਾਂ ॥੪॥
ਜਿਸ ਪ੍ਰਕਾਰ ਭੇ ਜੁੱਧ ਬਿਸਾਲਾ।
ਸੋ ਦੇ ਕਾਨ ਸੁਨੇ ਤਿਸ ਕਾਲਾ।
ਖੋਟ ਗਿਰੇਸ਼ੁਨਿ ਕੋ ਬਹੁ ਜਾਨਾ।
ਬੀਚ ਪਹਾਰਨਿ ਕੀਨਿ ਪਯਾਨਾ ॥੫॥
ਭੀਮ ਚੰਦ ਕੀ ਬਡ ਰਜਧਾਨੀ।
ਲੂਟਿ ਮਾਰਿ ਕਰਿ ਦੀਨਿ ਵਿਰਾਨੀ।
ਮੀਏਂ ਰਾਜੇ ਘਾਵ ਘਨੇਰੇ।
ਭਾਜਿ ਮਿਲੇ ਇਕ ਥਲ ਤਿਸ ਬੇਰੇ ॥੬॥
ਤਿਨ ਕੀ ਸੁਧਿ ਬੰਦੇ ਸੁਨਿ ਲੀਨਿ।
ਜਹਾਂ ਗਿਰਿੰਦ੍ਰ ਇਕੱਤ੍ਰ ਪ੍ਰਬੀਨ।
ਗੁਰ ਕੋ ਬੈਰ ਲੈਨ ਕੋ ਕਾਜਾ।
ਔਚਕ ਹੀ ਚਢਿਬੋ ਤਬਿ ਸਾਜਾ ॥੭॥
ਸੁਧ ਬਿਹੀਨ ਪਹੁਂਚਯੋ ਤਹਿਂ ਜਾਈ।
ਘੇਰ ਲੀਨ ਤਿਨ ਕੋ ਚਹੁਂ ਘਾਈ।

[1]ਅਰਥਾਤ ਸਿੱਖ ਸੂਰਮੇ।

[1]ਜਿਥੇ ਕਿਥੇ।

[1]ਜੋ ਬਹੁਤ ਲੜਦਾ ਰਿਹਾ ਸੀ।

[1]ਬੰਦਾ) ਆਇਆ।

ਮਿਲਿ ਕਰਿ ਸਗਰੇ ਅਚਹਿਂ ਅਹਾਰਾ।
ਗੁਰ ਦ੍ਰੋਹੀ ਜਿਨ ਅਘ ਕਿਯ ਭਾਰਾ ॥੮॥
ਜਾਇ ਅਚਾਨਕ ਪਕਰੇ ਸਭਿ ਹੀ।
ਮੁੰਡੀਆ ਨਾਂਗੇ ਬੈਠੇ ਤਬਿ ਹੀ।
ਗਿਨਤੀ ਮਹਿਂ ਬਾਈ ਸੈ ਗਿਨੇ।
ਮੀਏਂ ਰਾਜੇ ਰਾਵ ਜਿ ਭਨੇ ॥੯॥
ਪਕਰਿ ਨਾਕ ਸਭਿ ਕੇ ਕਟਿਵਾਏ।
ਜੀਵਤਿ ਕੂਪ ਬਿਖੈ ਗਹਿ ਪਾਏ।
ਮੁਖ ਲੌ ਭਰਯੋ ਮਰੋ ਬਿਚ ਸੋਈ।
ਗੁਰ ਦ੍ਰੋਹੀ ਅਘ ਫਲ ਅਸ ਹੋਈ† ॥੧੦॥

†ਅਸਲ ਵਿਚ ਇਥੇ ਜੰਗ ਤਾਂ ਹੋਇਆ ਸੀ ਪਰ ਸਿੰਘਾਂ ਨੇ ਜਾਂਦਿਆਂ ਹੀ ਦਰਵਾਜ਼ੇ ਤੋੜ ਲਏ, ਤੇਰਾ ਚੌਦਾਂ ਸੌ ਆਦਮੀ ਪਹਾੜੀਆਂ ਦਾ ਇਸ ਜੰਗ ਵਿਚ ਹੱਲੇ ਵਿਚ ਮਾਰਿਆ ਗਿਆ। ਜਿਨ੍ਹਾਂ ਦੀਆਂ ਲੋਥਾਂ ਨੂੰ ਟੋਏ ਖੱਟਕੇ ਦੱਬ ਦਿੱਤਾ। ਨੱਕ ਕੰਨ ਵੱਢਣ ਤੇ ਜੀਉਂਦੇ ਖੂਹ ਵਿਚ ਪਾਉਣ ਦੀ ਗੱਲ ਠੀਕ ਨਹੀਂ।

ਪਰਬਤ ਅਪਰ ਸੁਨੇ ਜਹਿਂ ਜਹਾਂ।
ਪਹੁੰਚਿ ਪਹੁੰਚਿ ਮਾਰੇ ਸਭਿ ਤਹਾਂ।
ਬਾਈਧਾਰਨਿ ਕੇ ਭਟ ਰਾਜੇ।
ਗਹਿ ਗਹਿ ਮਾਰੇ ਜਹਿਂ ਜਹਿਂ ਭਾਜੇ ॥੧੧॥
ਤਬਿ ਚੰਬਜਾਲ ਗਿਰੇਸ਼ੁਰ ਤ੍ਰਾਸਾ।
ਦੇਖਯੋ ਸਭਿ ਕੋ ਕਰਤਿ ਬਿਨਾਸ਼ਾ।
ਹੁਤੀ ਸੁੰਦਰੀ ਦੁਹਿਤਾ ਤਿਸ ਕੀ†।

†ਇਹ ਏਥੇ ਦੀ ਰਾਜ ਕੰਨਯਾ ਪਦਮਾ ਨਹੀਂ ਹੈ ਜੋ ਸਤਿਗੁਰਾਂ ਨੂੰ ਮਿਲੀ ਸੀ, ਸੋ ਗੁਰੂ ਗੁਰੂ ਜਪਦੀ ਤਦੋਂ ਹੀ ਪ੍ਰਲੋਕ ਜਾ ਬਸੀ ਸੀ। ਇਹ ਕੋਈ ਹੋਰ ਬੀਬੀ ਹੈ।

ਚੰਦ ਮੁਖੀ ਕਟ ਛੀਨੀ ਜਿਸ ਕੀ ॥੧੨॥
ਕਮਲ ਪਾਂਖਰੀ ਆਂਖ ਬਿਸਾਲੀ।
ਮਨਹੁ ਕਾਮ ਨੇ ਸੂਰਤ ਢਾਲੀ।
ਉੱਨਤ ਕੁਚਾ ਪੀਨ ਮ੍ਰਿਦੁ ਬੋਲ।
ਮੁਕਰ ਬਦਨ[1] ਜੁਗ ਲਸਤਿ ਕਪੋਲ ॥੧੩॥

[1]ਸ਼ੀਸ਼ੇ ਵਰਗਾ ਮੁਖ।

ਨਿਜ ਪੁੱਤ੍ਰੀ ਕੋ ਅਧਿਕ ਸ਼ਿੰਗਾਰੇ।
ਕੌਨ ਕੌਨ ਛਬਿ ਕਰੌਂ ਉਚਾਰੇ।
ਜਿਸ ਕੋ ਹੇਰਤਿ ਬਿਰਮਹਿਂ ਜੋਗੀ।

ਗਿਨਤੀ ਕਹਾਂ ਜਿ ਲੰਪਟ ਭੋਗੀ ॥੧੪॥
ਕਜਰਾਰੇ ਮ੍ਰਿਗ ਨੈਨ ਸਵਾਰੇ।
ਹਾਥ ਕਮਲ ਮਹਿੰਦੀ ਅਰੁਨਾਰੇ[1]। [1]ਮਹਿੰਦੀ ਕਰਕੇ ਲਾਲ।
ਤਿਸ ਕੋ ਡੋਰੇ ਮਹਿਂ ਬੈਠਾਇ।
ਸੰਗ ਸਖੀ ਗਨ ਬਯ ਤਰੁਨਾਇ ॥੧੫॥
ਸੋ ਬੰਦੇ ਕੇ ਨਿਕਟਿ ਪਠਾਈ।
ਨਿਸਾ ਪਰੀ ਸਮ ਪਰੀ[1] ਸੁ ਆਈ। [1]ਪਰੀ ਵਾਂਙ।
ਜਬਿ ਸੁੰਦਰ ਤਿਸ ਤਨ ਕੋ ਜੋਵਾ।
ਗੁਰ ਬਚ ਬਿਸਰਿ ਮਦਨ ਬਸਿ ਹੋਵਾ ॥੧੬॥
ਭਯੋ ਬਿਬਸ ਧੀਰਜ ਕੋ ਛੋਰਾ।
ਹੁਤੋ ਲੰਗੋਟ ਬੰਦ ਸੋ ਤੋਰਾ।
ਮਰਨ ਆਪਨੋ ਭੀ ਤਬਿ ਭੂਲਾ।
ਚਢਿ ਮਨਮਥ ਹਿੰਡੋਲੇ ਝੂਲਾ[1] ॥੧੭॥ [1]ਕਾਮ ਦੇ ਪੰਘੂੜੇ ਤੇ ਚੜ੍ਹਕੇ ਝੂਟਿਆ।
ਬਰੀ, ਕਰੀ ਤ੍ਰਿਯ[1†], ਰਹਜੋ ਨ ਗਯੋ। [1]ਵਿਆਹੀ ਤੇ (ਆਪਣੀ) ਇਸਤ੍ਰੀ ਬਣਾ ਲਈ। [†]ਦੇਖੋ ਜੇ ਬੰਦੇ ਨੇ ਜਤੀ ਹੋਣਾ ਛੱਡਿਆ ਹੈ ਤਾਂ ਵਿਆਹ ਕੀਤੇ ਬਿਨਾਂ ਇਸਤ੍ਰੀ ਨਹੀਂ ਲਈ।
ਕਾਮ ਨਦੀ ਮਹਿਂ ਬੂਡਤਿ ਭਯੋ।
ਸਭਿ ਬਸਿ ਕੀਨੇ ਪਰਬਤ ਬਾਸੀ।
ਲਰਜੋ ਅਰਜੋ ਸੋ ਭਯੋ ਬਿਨਾਸ਼ੀ ॥੧੮॥
ਤੋਰਿ ਮਵਾਸ ਗਿਰੇਸ਼ੁਰ ਸਾਰੇ।
ਹਟਜੋ ਬਹੁਰ ਦਲ ਲੈ ਨਿਜ ਨਾਰੇ।
ਸੈਲ ਸਮੂਹਨਿ ਕੀ ਕਰਿ ਸੈਲ।
ਨਿਕਸਜੋ ਵਹਿਰ ਧਰੇ ਬਹੁ ਐਲ[1] ॥੧੯॥ [1]ਬਹੁਤ ਰੌਲਾ ਪਾਕੇ। (ਅ) ਖੁਸ਼ੀ ਧਾਰਕੇ।
ਸਤੁੱਦ੍ਰਵ ਸਲਿਤਾ ਉਤਰਜੋ ਪਾਰ।
ਪ੍ਰਵਿਸ਼ਜੋ ਦੂਾਬੇ ਦੇਸ਼ ਮਝਾਰ।
ਨਗਰ ਗ੍ਰਾਮ ਲੂਟਤਿ ਅਰੁ ਮਾਰਤਿ।
ਘਾਲਤਿ ਧੂਮ ਸ ਜ਼ੋਰ ਪਧਾਰਤਿ ॥੨੦॥
ਪੁਰੀ ਜਲੰਧਰ ਜੋ ਤੁਰਕਾਨਾ।
ਲੂਟਿ ਕੂਟਿ ਕੀਨੇ ਸਭਿ ਹਾਨਾ।
ਅਪਰ ਸ਼ਹਿਰ ਜੇਤਿਕ ਤਹਿਂ ਭਾਰੇ।
ਸਕਲ ਚਮੂੰ ਨੇ ਛੀਨਿ ਉਜਾਰੇ ॥੨੧॥

ਜੋ ਸੈਨਾ ਤੁਰਕਨਿ ਕੀ ਆਵੇ।
ਸੰਘਰ ਘਾਲਿ ਤੁਰਤ ਬਿਨਸਾਵੈ।
ਪੁਨ ਮਾਝੇ ਬਡ ਦੇਸ਼ ਪਧਾਰਾ।
ਦੌਰਿ ਦੂਰ ਤੇ ਬਡ ਪੁਰਿ ਮਾਰਾ ॥੨੨॥
ਨਾਮ ਬਟਾਲਾ† ਜਿਸ ਕੋ ਕਹੈਂ।

†ਵਟਾਲਾ ਬੀ ਇਕ ਮੁਸਲਮਾਨੀ ਕੇਂਦ੍ਰ ਸੀ। ਬੰਦੇ ਦੀ ਲੁੱਟ, ਮਾਰ ਕੁੱਟ ਸਭ ਤੁਰਕਾਂ ਨਾਲ ਸੀ। ਖਾਲਸੇ ਦਲਾਂ ਨੂੰ ਹੁਕਮ ਸੀ ਕਿ ਜੇ ਕੋਈ ਬੋਦੀ ਜੰਞੂ ਦਿਖਾਵੇ ਉਸ ਨੂੰ ਨਾਂ ਹੀ ਮਾਰਨਾ ਤੇ ਨਾਂ ਹੀ ਲੁੱਟਣਾ।

ਛੀਨ ਲੀਨਿ ਜੇਤਿਕ ਧਨ ਅਹੈ।
ਲਵਪੁਰਿ ਆਦਿਕ ਬਡੇ ਸਥਾਨਾ।
ਜਹਾਂ ਬਿਸਾਲ ਜੋਰ ਤੁਰਕਾਨਾ ॥੨੩॥
ਇਕਠੇ ਹੋਇ ਸੁ ਲਾਖਹੁ ਲਸ਼ਕਰਿ।
ਲਰਿਬੇ ਹੇਤੁ ਸਮੁਖ ਭੇ ਬਲ ਧਰਿ।
ਚਪਾ ਚਿੜੀ† ਨੱਗਰ ਜਿਹ ਥਾਨਾ।

†ਕਵੀ ਜੀ ਨੂੰ ਚਪੜ ਚਿੜੀ ਭਾਰੀ ਜੁੱਧ ਦੀ ਸੂੰਹ ਤਾਂ ਮਿਲੀ ਹੈ ਪਰ ਵੇਰਵਾ ਨਹੀਂ ਮਿਲਿਆ ਕਿ ਇਸੇ ਥਾਂ ਤੇ ਹੀ ਸਰਹਿੰਦ ਦਾ ਜੁੱਧ ਹੋਇਆ ਸੀ ਜੈਸਾ ਕਿ ਪਿਛੇ ਦੱਸ ਆਏ ਹਾਂ ਕਿ ਦੇਖੋ ਪੰਨਾ ੬੨੬੫ ਦੀ ਟੂਕ।

ਤਹਿਂ ਮੁਕਾਬਲਾ ਭਯੋ ਮਹਾਨਾ ॥੨੪॥
ਕਹੌਂ ਕਹਾਂ ਲਗਿ ਮਚੀ ਲਰਾਈ।
ਤੁਰਕਾਨਾ ਮਾਰਯੋ ਸਮੁਦਾਈ।
ਲਰੇ ਆਨੰਦ ਪੁਰੇ ਜੋ ਜਾਇ।
ਸੋ ਸੰਘਰ ਕਰਿ ਲੀਨੇ ਘਾਇ ॥੨੫॥
ਜ਼ਬਰਦਸਤ† ਸੂਬਾ ਬਡ ਭਾਰਾ।

†ਪਹਿਲੇ ਨਾਮ ਜ਼ਬਰਦਸਤ ਆਇਆ ਸੀ, ਫੇਰ ਜ਼ੇਰਦਸਤ ਲਿਖਦੇ ਰਹੇ ਹਨ, ਹੁਣ ਫੇਰ ਜ਼ਬਰਦਸਤ ਆਇਆ ਹੈ। ਕਵੀ ਜੀ ਨੂੰ ਸੁਧਾਈ ਦਾ ਸਮਾਂ ਨਹੀਂ ਮਿਲਿਆ ਗ੍ਰੰਥ ਸੰਪੂਰਨ ਕਰਕੇ ਛੇਤੀ ਹੀ ਚੜ੍ਹਾਈ ਕਰ ਗਏ ਸਨ। ਜੰਗ ਅਨੰਦਪੁਰ ਦੇ ਸਮੇਂ ਜ਼ਬਰਦਸਤ ਖ਼ਾਂ ਲਾਹੌਰ ਦਾ ਸੂਬਾ ਨਹੀਂ ਸੀ ਪਰ ਫੌਜਦਾਰ ਸੀ। ਇਸ ਨੂੰ ਸੂਬੇਦਾਰੀ ਜਹਾਂਦਾਰ ਪਾਤਸ਼ਾਹ ਦੇ ਸਮੇਂ ੧੧੨੪ ਹਿ: ਦੇ ਅਰੰਭ ਵਿਚ ਮਿਲੀ ਸੀ, ਪਰ ਏਹ ਥੋੜੇ ਚਿਰ ਬਾਦ ਮਰ ਗਿਆ। ਫਰੁਖਸੀਅਰ ਨੇ ਅਬਦੁੱਸਮੱਦ ਨੂੰ ਮੁਹੱਰਮ ੧੧੨੫ ਹਿਜਰੀ (ਫਰਵਰੀ ੧੭੧੩ ਈ: ਯਾ ੧੭੭੦ ਬਿ:) ਵਿਚ ਲਾਹੌਰ ਦਾ ਜਥੇਦਾਰ ਥਾਪਿਆ। ਉਂਞ ਜੰਗ ਅਨੰਦਪੁਰ ਵਿਚ ਇਹ ਸ਼ਾਮਲ ਸੀ। ਬਹਾਦਰ ਸ਼ਾਹ ਦੇ ਵੇਲੇ ਜ਼ਬਰਦਸਤ ਖ਼ਾਂ ਜੀਉਂਦਾ ਸੀ।

ਲਰਿ ਬੰਦੇ ਤਤਛਿਨ ਸੰਘਾਰਾ।
ਅਪਰ ਸੈਨ ਕੇ ਜੋ ਉਮਰਾਵਾ।
ਘੇਰਿ ਘੇਰਿ ਮਾਰੇ ਕਰਿ ਘਾਵ ॥੨੬॥
ਕਹੂੰ ਨ ਬਿਜੈ ਪਾਇ ਤੁਰਕਾਨਾ।
ਜਹਿਂ ਕਹਿਂ ਲਰੇ ਤਹਾਂ ਤਹਿਂ ਹਾਨਾ।

ਗੁਰ ਤੀਰਥ ਕੋ ਅਧਿਕ ਪ੍ਰਤਾਪੂ।
ਲਾਖਹੁਂ ਦੁਸ਼ਟਨ ਕੋ ਸੰਤਾਪੂ ॥੨੭॥
ਕਹੌਂ ਕਹਾਂ ਲਗਿ ਰਿਪੁ ਗਨ ਮਾਰੇ।
ਲਰਿ ਲਰਿ ਸਨਮੁਖ ਮਾਰਿ ਨਿਵਾਰੇ।
ਦੇਸ਼ਨਿ ਬਿਖੈ ਅਮਲ[1] ਨਿਜ ਕਰਜੋ।
ਭਈ ਪ੍ਰਜਾ ਹਾਲਾ ਗਨ ਭਰਜੋ ॥੨੮॥
ਇਤਨੇ ਮਹਿਂ ਦਿੱਲੀ ਤੇ ਲਸ਼ਕਰ।
ਆਏ ਲਾਖਹੁਂ ਸ਼ੋਰ ਮਹਾਂ ਧਰਿ।
ਸੁਨਿ ਬੰਦਾ ਸਨਮੁਖ ਹੀ ਗਯੋ।
ਸਤੁੱਦ੍ਰਵ ਸਲਿਤਾ ਉਲੰਘਤਿ ਭਯੋ ॥੨੯॥
ਲੁਦਵਣ ਨਗਰ ਮਾਰਿ ਕਰਿ ਲਰਜੋ।
ਤੁਰਕਨਿ ਸੰਗ ਜੰਗ ਬਡ ਕਰਜੋ।
ਤੁਪਕ ਤੋਪ ਜੰਜੈਲ ਚਲਾਵੈ।
ਤੀਰ ਤਬਰ ਤੋਮਰ ਸੁ ਭ੍ਰਮਾਵੈ ॥੩੦॥
ਭਯੋ ਭੇੜ ਓੜਕ ਕੋ ਭਾਰਾ।
ਸੋ ਲਸ਼ਕਰ ਭੀ ਲਰਿ ਕਰਿ ਮਾਰਾ।
ਤਿਸੀ ਦੇਸ਼ ਕੇ ਪੁਰਿ ਗਨ ਗ੍ਰਾਮੂ।
ਲੂਟੇ ਕੂਟਿ ਉਜਾਰੇ ਧਾਮੂ ॥੩੧॥
ਪੁਨ ਦ੍ਵਾਬੇ ਮਹਿਂ ਭਯੋ ਪ੍ਰਵੇਸ਼।
ਛੀਨਤਿ ਧਨ ਰਿਪੁ ਹਤੇ ਅਸ਼ੇਸ਼।
ਨਗਰ ਦੱਖਣੀ ਕੋ ਤਬਿ ਮਾਰਜੋ।
ਫਿਰੇ ਮਹਾਂਦਲ ਸਕਲ ਉਜਾਰਜੋ ॥੩੨॥
ਪੁਨ ਗੁਰਦਾਸ ਪੁਰੇ ਕੋ ਲੂਟਾ।
ਸਨਮੁਖ ਲਰਜੋ ਲੀਨ ਸੋ ਕੂਟਾ।
ਇਸ ਬਿਧਿ ਸਗਰੋ ਕਥਾ ਪ੍ਰਸੰਗ।
ਰਾਮ ਕੁਇਰ ਕਹਿ ਸ਼੍ਰੋਤਨ ਸੰਗ ॥੩੩॥
ਬਡੇ ਜੁੱਧ ਕਰਿ ਦੁਰਜਨ ਘਾਏ।
ਹਮ[1] ਭੀ ਤਬਿ ਮਿਲਨੇ ਹਿਤ ਆਏ।
ਬਹੁ ਲੋਕਨਿ ਬਿਰਤੰਤ ਹਮਾਰਾ।
ਬੰਦੇ ਕੋ ਸੁਨਾਇ ਕਰਿ ਸਾਰਾ ॥੩੪॥
ਸਾਦਰ ਮੇਲ ਭਯੋ ਹਰਖਾਏ।

[1]ਹਕੂਮਤ।

[1]ਸਾਹਿਬ ਰਾਮ ਕੌਰ ਜੀ ਕਹਿੰਦੇ ਹਨ ਕਿ) ਅਸੀਂ ਬੀ ਤਦੋਂ ਬੰਦੇ ਨੂੰ ਆਕੇ ਮਿਲੇ।

ਰਾਖਯੋ ਸੰਗ ਹਮੈਂ ਤਿਸ ਥਾਏਂ।
ਸਾਧੇ ਦੇਸ਼ ਮਵਾਸੀ ਸਾਰੇ।
ਚਹਯੋ ਸੁਧਾਸਰ ਪੁਨ ਦੀਦਾਰੇ† ॥੩੫॥

†ਇਹ ਮੇਲ ਸੌ ਸਾਖੀ ਨੇ ਦੱਸਿਆ ਹੈ, ਕਾਸ਼! ਇਸ ਮੇਲ ਦਾ ਸੰਮਤ ਬੀ ਦੱਸਿਆ ਹੁੰਦਾ ਤਾਂ ਕਈ ਭੁਲੇਵੇ ਬੰਦੇ ਸਿੰਘ ਦੇ ਦੌਰੇ ਦੇ ਨਿਕਲ ਜਾਂਦੇ।

ਘਟਾ ਮਨਿੰਦ ਬਿਲੰਦ ਚਮੂੰ ਅਤਿ।
ਸਿੰਘ ਹਜ਼ਾਰਹੁਂ ਮਿਲੇ ਹਰਖ ਚਿਤ।
ਦੁੰਦਭਿ ਬਜੇ ਹਜ਼ਾਰਹੁਂ ਆਗੇ।
ਦੂਰ ਦੂਰ ਕੇ ਨਰ ਗਨ ਭਾਗੇ ॥੩੬॥
ਦਿੱਲੀ ਮਹਿਂ ਦਬਕਾ ਬਹੁ ਪਰਯੋ।
ਜਿਤ ਕਿਤ ਦੇਸ਼ ਤ੍ਰਾਸ ਮਹਿਂ ਭਰਯੋ।
ਛੋਰਿ ਛੋਰਿ ਧਾਮਨ ਕੋ ਭਾਗੇ।
ਅਰੈਂ ਨ ਲਰੈਂ ਤੁਰਕ ਰਣ ਤਜਾਗੇ ॥੩੭॥
ਦਿੱਲੀ ਮਹਿਂ ਨਿਤ ਅਤਿ ਤਕਰਾਈ।
ਕਰਿ ਕਰਿ ਬੈਠਤਿ ਅਰਿ ਸਮੁਦਾਈ।
ਪਰੀ ਧਾਂਕ ਬਡ ਧੂਮ ਉਤਾਰੀ।
ਸਭਿ ਤੁਰਕਾਨੇ ਮਹਿਂ ਡਰ ਭਾਰੀ ॥੩੮॥
ਕਬਿ ਕਬਿ ਸੂਬੇ ਹ੍ਵੈ ਇਕ ਥਾਂਈ।
ਲਸ਼ਕਰ ਮੇਲਿ ਮੇਲਿ ਸਮੁਦਾਈ।
ਸਨਮੁਖ ਅਰਿ ਅਰਿ ਲਰਿ ਲਰਿ ਮਾਰੈਂ।
ਮਾਰ ਖਾਇ ਕੋ ਤ੍ਰਾਸ ਪਧਾਰੈਂ ॥੩੯॥
ਲਾਖਹੁਂ ਲਸ਼ਕਰ ਲੀਨੇ ਘਾਇ।
ਲਰਯੋ ਸੋ ਕਯੋਂਹੂੰ ਹ੍ਵੈ ਨ ਬਚਾਇ।
ਸ਼ੋਰ ਜ਼ੋਰ ਕੋ ਘਾਲਿ ਬਿਸਾਲਾ।
ਪੁਨ ਭਾਜਹਿਂ ਹ੍ਵੈ ਕਾਲ ਦੁਖਾਲਾ ॥੪੦॥
ਕਈ ਬਾਰ ਤੁਰਕਾਨਾ ਮਿਲਿ ਮਿਲਿ।
ਭੇ ਸਨਮੁਖ ਰਣ ਕੇ ਰਿਸ ਪਿਲਿ ਪਿਲਿ।
ਲਰੇ ਬੀਰ ਛਿਦ ਤਨ ਹ੍ਵੈ ਤਿਲ ਤਿਲ।
ਬਿਜੈ ਲੇਨਿ ਹਿਤ ਆਗੇ ਠਿਲਿ ਠਿਲਿ ॥੪੧॥
ਇਮ ਬੰਦੇ ਦੇਸ਼ਨ ਜੈ ਪਾਈ।
ਸਭਿ ਪਰ ਅਪਨਿ ਅਮਲ ਠਹਿਰਾਈ।

ਜਹਿਂ ਕਹਿਂ ਪਠਏ ਠਾਨੇਦਾਰ।
ਨਜਾਂਇ ਨਿਬੇਰਨਿ ਕੀ ਕਰਿ ਕਾਰ
॥੪੨॥
ਕਰੈਂ ਹੁਕਮ, ਹਾਲਾ ਧਨੁ ਲੇਤ।
ਬੰਦੇ ਨਿਕਟ ਪੁਚਾਇ ਸੁ ਦੇਤ।
ਦਿੱਲੀ ਮਹਿਂ ਮਿਲਿ ਕਰਿ ਤੁਰਕਾਨਾ।
ਭਏ ਮਵਾਸੀ ਡਰ ਬਹੁ ਮਾਨਾ ॥੪੩॥
ਬਹੁ ਬਰੂਦ ਸੋਂ ਗੋਰਾ ਗੋਰੀ।
ਕੋਟ ਸੁਧਾਰਜੋ ਪੁਰਿ ਚਹੁਂ ਓਰੀ।
ਤੋਪ ਸੁਧਾਰਿ ਧੀਰ ਬਹੁ ਥਾਨਾ।
'ਹਨੈਂ ਇਹਾਂ ਮਿਲਿ' ਕਰੈਂ ਬਖਾਨਾ
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

ਅਸਲ ਵਿਚ ਕਵੀ ਜੀ ਨੂੰ ਸਵਿਸਥਾਰ ਤੇ ਸਿਲਸਿਲੇਵਰ ਹਾਲ ਬੰਦੇ ਦਾ ਨਹੀਂ ਮਿਲਿਆ, ਸਾਡੇ ਲਈ ਬੀ ਏਥੇ ਟੂਕਾਂ ਵਿਚ ਵਿਸਥਾਰ ਕਰਨਾ ਕਠਨ ਹੈ ਪਰ ਸਰਹਿੰਦ ਦੀ ਫਤੇ ਦੇ ਬਾਦ ਯੁੱਧਾਂ ਦੀ ਲੜੀ ਤੇ ਮੋਟੇ ਮੋਟੇ ਹਾਲ ਸੰਖੇਪ ਮਾਤ੍ਰ ਐਉਂ ਹਨ:-

ਸਰਹਿੰਦ ਫਤੇ ਕਰਕੇ ਬੰਦੇ ਨੇ ਬਾਜ਼ ਸਿੰਘ ਨੂੰ, ਜੋ ਅੰਤ ਤੀਕ ਉਸ ਦਾ ਸੱਚਾ ਮਿੱਤ੍ਰ ਰਿਹਾ ਤੇ ਦਿੱਲੀ ਜਾਕੇ ਨਾਲ ਸ਼ਹੀਦ ਹੋਇਆ, ਸਰਹਿੰਦ ਦਾ ਫੌਜਦਾਰ ਥਾਪਿਆ, ਆਲੀ ਸਿੰਘ ਉਸ ਦਾ ਨਾਇਬ ਹੋਇਆ। ਸਮਾਣੇ ਦਾ ਇਲਾਕਾ ਫਤਹ ਸਿੰਘ ਭਾਈ ਕਿਆਂ ਦੇ ਨੂੰ ਦਿੱਤਾ ਤੇ ਨਵਾਬੀ ਦਾ ਖਿਤਾਬ ਦਿੱਤਾ। ਥਨੇਸਰ ਦਾ ਇਲਾਕਾ ਬਾਬਾ ਬਿਨੋਦ ਸਿੰਘ ਤੇ ਰਾਮ ਸਿੰਘ, ਜੋ ਬਾਜ਼ ਸਿੰਘ ਦਾ ਭਰਾ ਸੀ, ਦੇ ਸਪੁਰਦ ਹੋਇਆ।

ਹੁਣ ਮਨਸੂਰ ਪੁਰ, ਤੇ ਕੈਂਥਲ ਆਦਿਕ ਬੀ ਸਾਧੇ। ਫੇਰ ਬੰਦਾ ਮਲੇਰਕੋਟਲੇ ਗਿਆ। ਉਥੇ ਇਕ ਕਿਸ਼ਨ ਦਾਸ ਬਾਣੀਏਂ ਨੇ ਕੁਛ ਭੇਟਾ ਦੇਕੇ ਸ਼ਹਿਰ ਬਚਾ ਲਿਆ। ਇਹ ਕਿਸ਼ਨ ਦਾਸ ਬੰਦੇ ਦਾ ਪੁਰਾਣਾ ਮੇਲੀ ਸੀ।

ਇਸ ਤੋਂ ਮਗਰੋਂ ਬੰਦਾ ਸਹਾਰਨਪੁਰ ਦੇ ਇਲਾਕੇ ਵਿਚ ਉਨਾਰਸਾ ਪਿੰਡ ਵਿਖੇ ਸਿੱਖਾਂ ਤੇ ਹਿੰਦੂਆਂ ਨੂੰ ਤਕਲੀਫ ਵਿਚ ਸੁਣਕੇ ਸਹਾਰਨਪੁਰ ਪੁੱਜਾ, ਹਾਕਮ ਸਿੱਖਾਂ ਦੀ ਅਵਾਈ ਸੁਣਕੇ ਦਿੱਲੀ ਨੱਸ ਗਿਆ, ਬਿਨਾਂ ਕਿਸੇ ਜੰਗ ਦੇ ਸਹਾਰਨਪੁਰ ਤੇ ਬੰਦੇ ਦਾ ਕਬਜ਼ਾ ਹੋ ਗਿਆ। ਇਥੋਂ ਇਕ ਦਸਤਾ ਭੇਜਕੇ ਬੇਹਟ ਪਿੰਡ ਨੂੰ ਅਧੀਨ ਕੀਤਾ। ਸਹਾਰਨਪੁਰ ਤੋਂ ਜਲਾਲਾਬਾਦ ਤੇ ਚੜ੍ਹਾਈ ਕੀਤੀ, ਰਾਹ ਵਿਚ ਅੰਬੇਹਟ ਤੇ ਧਾਵਾ ਕਰਕੇ ਸਰ ਕੀਤਾ। ਰਾਹ ਵਿਚ ਨਨੌਤਾ ਪਿੰਡ ਆਇਆ ਸਾਵਨ ਵਦੀ ੧੧ ਸੰ: ੧੭੬੭ ਬਿ: ਨੂੰ ਇਹ ਇਕ ਹੱਲੇ ਵਿਚ ਹੀ ਅਧੀਨ ਕਰ ਲਿਆ। ਇਥੋਂ ਸਿੰਘਾਂ ਜਲਾਲਾਬਾਦ ਨੂੰ ਘੇਰਾ ਜਾ ਪਾਇਆ। ਲਾਗੇ ਦੇ ਪਿੰਡਾਂ ਦੀ ਸੋਧ ਕੀਤੀ। ਜਲਾਲਾਬਾਦ ਦਾ ਮੋਰਚਾ ਛੱਡਕੇ ਕਰਨਾਲ ਜਾ ਪੁੱਜੇ। ਇਧਰ ਦਾ ਫੌਜਦਾਰ ਸਾਹਮਣੇ ਹੋਇਆ ਪਰ ਮਾਮੂਲੀ ਜਿਹੀ ਝੜਪ ਵਿਚ ਹੀ ਨੱਸ ਗਿਆ ਤੇ ਸਿੱਖਾਂ ਨੇ ਪਾਣੀਪਤ ਤੀਕ ਆਪਣਾ ਸਿੱਕਾ ਜਮਾ ਲਿਆ, ਉਸ ਵੇਲੇ ਕਿਸੇ ਨੂੰ ਹਿੰਮਤ ਸਿੰਘਾਂ ਦੇ ਸਾਹਮਣੇ ਆਉਣ ਦੀ ਨਹੀਂ ਸੀ। ਪਾਣੀਪਤ ਤੋਂ ਸਿੱਖ ਸਰਹਿੰਦ ਵੱਲ ਵਾਪਸ ਮੁੜੇ।

ਇਧਰ ਦੀਆਂ ਖਬਰਾਂ ਸੁਣਕੇ ਘਰੀਂ ਰਹੇ ਮਾਝੇ ਦੇ ਤੇ ਹੋਰ ਸਿੰਘ ਇਕੱਠੇ ਹੋਕੇ ਰਿਆੜਕੀ ਨੂੰ ਤੁਰ ਪਏ ਤੇ ਇਲਾਕੇ ਫਤੇ ਕਰਨ ਲਗੇ, ਪਠਾਣਕੋਟ ਤੱਕ ਫਤੇ ਕਰਕੇ ਲਾਹੌਰ ਦੇ ਸ਼ਾਲਾਮਾਰ ਤਕ ਅੱਪੜੇ। ਲਾਹੌਰ ਦਾ ਹਾਕਮ ਅਸਲਮਖ਼ਾਂ ਦਬਕ ਗਿਆ। ਪਿੰਡਾਂ ਦੇ ਮੌਲਵੀ ਨੱਸ ਕੇ ਲਾਹੌਰ ਆ ਗਏ ਤੇ ਰੌਲਾ ਪਾਕੇ ਸਿੱਖਾਂ ਦੇ

ਵਿਰੁੱਧ ਹੈਦਰੀ ਝੰਡਾ ਖੜਾ ਕਰ ਦਿੱਤਾ, ਇਹਨਾਂ ਦੇ ਖਾਲਸੇ ਨਾਲ ਟਾਕਰੇ ਹੋਏ ਤੇ ਅੰਤ ਸਿੰਘਾਂ ਨੇ ਇਹਨਾਂ ਦਾ ਮੂੰਹ ਤੋੜ ਦਿੱਤਾ। [ਮੁਹੰਮਦ ਕਾਸਮ

ਉੱਧਰ ਦਵਾਬੇ ਵਿਚ ਬੀ ਸਿੰਘ ਉਠ ਪਏ, ਬੰਦੇ ਨੇ ਕੁਛ ਕੁਮਕ ਇਹਨਾਂ ਨੂੰ ਘੱਲੀ ਸੀ। ਪਹਿਲਾ ਹੱਲਾ ਰਾਹੋਂ ਤੇ ਬੋਲਿਆ। ਇਥੇ ਇਨਾਯਤ ਖ਼ਾਂ ਇਕ ਧਾੜਵੀ ਸੀ ਜਿਸ ਤੋਂ ਹਾਕਮ ਵੀ ਡਰਦੇ ਸਨ। ਪਹਿਲਾਂ ਖਾਲਸੇ ਨੇ ਇਸ ਨੂੰ ਲੁੱਟ ਕੁੱਟ ਲਿਆ। ਅਜੇ ਸਿੰਘ ਏਧਰ ਹੀ ਸਨ ਕਿ ਸੁਲਤਾਨ ਪੁਰ ਦਾ ਹਾਕਮ ਸ਼ਮਸ ਖ਼ਾਂ, ਜੋ ਦਵਾਬੇ ਦਾ ਫੌਜਦਾਰ ਸੀ, ਭਾਰੀ ਲਸ਼ਕਰ ਲੈਕੇ ਆ ਪਿਆ। ਇਸ ਦੇ ਨਾਲ ਫੌਜ ਤੇ ਮੁਸਲਮਾਨੀ ਮੁਲਖੱਜਾ ਦੀਨ ਦਾ ਜੰਗ ਕਰਨ ਆਇਆ ਸੀ। ਖਫੀ ਖ਼ਾਂ ਲਿਖਦਾ ਹੈ ਕਿ ੨੦ ਹਜ਼ਾਰ ਸਿਪਾਹੀ ਸੀ ਤੇ ਮੁਲਖੱਜਾ ਡੇਢ ਕੁ ਲੱਖ ਸੀ, ਪਰ ਏਹ ਗਿਣਤੀ ਵਧਾਕੇ ਲਿਖੀ ਜਾਪਦੀ ਹੈ। ਤਦ ਬੀ ਬਹੁਤ ਭਾਰੀ ਭੀੜ ਆਈ ਸੀ। ਜੰਗ ਬੜਾ ਹੋਇਆ, ਛੇੜਾਂ ਦੇ ਆਦਮੀ ਬੜੇ ਮਰੇ, ਪਰ ਗਿਣਤੀ ਬਹੁਤੀ ਹੋਣ ਕਰਕੇ ਸਿੰਘ ਰਾਹੋਂ ਦੇ ਕਿਲੇ ਜਾ ਵੜੇ ਤੇ ਅੰਦਰੋਂ ਲਗੇ ਵੈਰੀ ਨੂੰ ਫੁੰਡਣ, ਇਉਂ ਰਾਤ ਪੈ ਗਈ। ਰਾਤ ਨੂੰ ਖਾਲਸਾ ਕਿਲੇ ਵਿਚੋਂ ਚੁੱਪ ਚੁਪਾਤਾ ਨਿਕਲ ਗਿਆ। ਸ਼ਮਸ ਖ਼ਾਂ ਖਹਿੜਾ ਛੁੱਟਾ ਸਮਝਕੇ ਸੁਲਤਾਨ ਪੁਰ ਚਲਾ ਗਿਆ ਤੇ ਸਿੰਘਾਂ ਨੇ ਰਾਹੋਂ ਫੇਰ ਆ ਮੱਲੀ। ਏਥੋਂ ਉਠਕੇ ਜਲੰਧਰ ਹੁਸ਼ਿਆਰਪੁਰ ਆਦਿ ਟਿਕਾਣੇ ਮੱਲ ਲਏ। ਸੁਲਤਾਨਪੁਰ ਨੂੰ ਘੇਰੇ ਪਾਉਂਦੇ ਪਰ ਇਲਾਕਾ ਲੁੱਟ ਪੁੱਟਕੇ ਫਿਰ ਛੋੜਕੇ ਮੁੜ ਜਾਂਦੇ।

ਇਸੀ ਤਰ੍ਹਾਂ ਸਿੰਘਾਂ ਨੇ ਬਿਲਾਸਪੁਰ ਮਾਰ ਲਿਆ ਸੀ ਜਿਸ ਦਾ ਜ਼ਿਕਰ ਇਸ ਅੰਸੂ ਵਿਚ ਆ ਚੁਕਾ ਹੈ। ਕਵੀ ਜੀ ਲਿਖਦੇ ਹਨ ਕਿ ਬੰਦਾ ਏਥੇ ਨਾਲ ਸੀ, ਕਈਆਂ ਦਾ ਖਿਆਲ ਹੈ ਕਿ ਨਹੀਂ ਸੀ।

ਉਧਰ ਬਹਾਦਰ ਸ਼ਾਹ ਦੱਖਣ ਤੋਂ ਵਿਹਲਾ ਹੋ ਰਾਜਪੂਤ ਰਾਜਿਆਂ ਨੂੰ ਸਿੱਧਿਆਂ ਕਰਨ ਆ ਪਹੁੰਚਾ ਸੀ ਕਿ ਉਸ ਨੂੰ ਪੰਜਾਬ ਦੇ ਹਾਲਾਤ ਅੱਪੜੇ, ਸੋ ਉਹ ਬੰਦੇ ਨੂੰ ਸੋਧਣ ਸਿੱਧਾ ਪੰਜਾਬ ਨੂੰ ਆਇਆ। ਪਾਤਸ਼ਾਹ ਦਾ ਲਸ਼ਕਰ, ਜੋ ਉਸ ਤੋਂ ਅੱਗੇ ਆ ਰਿਹਾ ਸੀ, ਕੱਤਕ ੧੭੩੭ ਵਿਚ ਅਮੀਨਗੜ ਅੱਪੜਿਆ ਤੇ ਏਥੇ ਸਿੰਘਾਂ ਨਾਲ ਜੰਗ ਛਿੜ ਗਿਆ। ਏਥੇ ਕਿੰਨਾ ਚਿਰ ਜੰਗ ਰਿਹਾ, ਸਿੰਘ ਜਾਨਾਂ ਤੋੜ ਤੋੜ ਲੜੇ। ਪਾਤਸ਼ਾਹੀ ਸੈਨਾ ਦਾ ਬੜਾ ਹਾਨ ਹੋਇਆ, ਪਰ ਅੰਤ ਮੈਦਾਨ ਉਹਨਾਂ ਦੇ ਹੱਥ ਰਿਹਾ। ਏਥੇ ਲਸ਼ਕਰ ਨੇ ਫੇਰ ਅੱਗੇ ਵਧਕੇ ਸਰਹਿੰਦ ਮੋੜ ਲਿਆ ਤੇ ਸਢੌਰੇ ਪਾਤਸ਼ਾਹ ਬੀ ਇਸ ਨੂੰ ਆ ਮਿਲਿਆ।

ਸਰਹਿੰਦ ਮਾਰਕੇ ਬੰਦਾ ਮੁਖਲਸ ਗੜ੍ਹ (ਲੋਹਗੜ੍ਹ) ਠਹਿਰਿਆ ਹੋਇਆ ਸੀ, ਗਰਮੀਆਂ ਦੇ ਦਿਨ ਇਸ ਨੇ ਉਥੇ ਹੀ ਕੱਟੇ। ਸਰਹਿੰਦ ਮਾਰਨ ਪਿਛੋਂ ਬਹੁਤੀਆਂ ਲੜਾਈਆਂ ਵਿਚ ਬੰਦਾ ਆਪ ਸ਼ਾਮਲ ਨਹੀਂ ਹੋਇਆ।

ਸਢੌਰੇ ਤੋਂ ਪੰਜ ਛੀ ਕੋਹ ਦੀ ਵਾਟ ਤੇ ਲੋਹਗੜ੍ਹ ਵਿਚ ਬੰਦਾ ਬੈਠਾ ਸੀ, ਸ਼ਾਹੀ ਫੌਜ ਨੇ ਦੋ ਮਹੀਨੇ ਇਸ ਕਿਲੇ ਦੇ ਪਾਸੀਂ ਘੇਰਾ ਪਾਈ ਰਖਿਆ, ਅੰਤ ਨੂੰ ਬੰਦਾ ਸ਼ਾਹੀ ਲਸ਼ਕਰ ਵਿਚੋਂ ਇਉਂ ਸਾਫ ਨਿਕਲਿਆ ਜਿਵੇਂ ਮੱਖਣ ਵਿਚੋਂ ਵਾਲ ਨਿਕਲਦਾ ਹੈ। ਇਥੋਂ ਬੰਦਾ ਨਾਹਨ ਰਿਆਸਤ ਵਿਚ ਜਾ ਟਿਕਿਆ। ਸ਼ਾਹੀ ਸੈਨਾ ਅਜੇ ਸਢੌਰੇ ਸੀ ਕਿ ਬੰਦਾ ਪਠਾਣਕੋਟ ਆ ਗਿਆ। ਰਾਏਪੁਰ ਦੇ ਲਾਗੇ ਸ਼ਮਸ਼ਖ਼ਾਂ ਫੌਜ ਸਮੇਤ ਜਾ ਡੱਟਿਆ। ਸਿੰਘ ਮੌਕੇ ਦੀ ਤਾੜ ਵਿਚ ਪਿਛੇ ਹਟੇ, ਸ਼ਮਸ਼ ਖਾਂ ਅੱਗੇ ਵਧਿਆ, ਸਿੰਘਾਂ ਨੇ ਇਕ ਦਿਨ ਅਚਣਚੇਤ ਹਮਲਾ ਕਰਕੇ ਸ਼ਮਸ਼ ਖਾਂ ਮਾਰ ਲਿਆ ਤੇ ਕੁਤਬ ਖਾਂ ਜ਼ਖਮੀ ਹੋ ਗਿਆ। ਇਸ ਤੋਂ ਪਿਛੋਂ ਕਿੰਨਾ ਚਿਰ ਬੰਦਾ ਤੇ ਤੁਰਕਾਨੀ ਦਲ ਇਕ ਦੂਜੇ ਤੋਂ ਦਾਉ ਬਚਾਉਂਦੇ ਰਹੇ, ਬੰਦਾ ਪਹਾੜੀਂ ਰਿਹਾ। ੧੭੭੦ ਵਿਚ ਬੰਦਾ ਫੇਰ ਪਹਾੜਾਂ ਤੋਂ ਉਤਰਿਆ। ਵਟਾਲੇ ਤੇ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਤੇ ਫਿਰ ਕੁਝ ਦਿਨਾਂ ਲਈ ਬੰਦਾ ਪਹਾੜਾਂ ਤੇ ਚਲਾ ਗਿਆ। ਫਿਰ ੧੭੭੨ ਵਿਚ ਪਹਾੜਾਂ ਤੋਂ ਉਤਰ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ, ਕਲਾਨੌਰ ਤੋਂ ਚੱਲ ਕੇ ਬੰਦੇ ਨੇ ਅਚੱਲ ਆ ਡੇਰੇ ਲਾਏ ਤੇ ਉਥੋਂ ਉਠਕੇ ਵਟਾਲੇ ਤੇ ਕਬਜ਼ਾ ਕਰ ਲਿਆ। ਤੁਰਕਾਨੀ ਦਲ ਫਿਰ ਇਕੱਠਾ ਹੋਣ ਲੱਗਾ, ਬੰਦਾ ਮਿਰਜ਼ਾ ਜਾਨ ਪਿੰਡ ਵਿਚ ਇਕ ਗੜ੍ਹੀ ਬਨਾਉਣ ਲੱਗਾ, ਅਜੇ ਗੜ੍ਹੀ ਤਿਆਰ ਨਹੀਂ ਹੋਈ ਸੀ ਕਿ ਬੰਦੇ ਨੂੰ ਵੈਰੀ ਆ ਘੇਰਨ ਲੱਗੇ। ਬੰਦਾ ਗੁਰਦਾਸ ਪੁਰ ਆ ਵੜਿਆ ਤੇ ਇਕ ਹਵੇਲੀ ਵਿਚ ਜੋ ਗੜ੍ਹੀ ਵਰਗੀ ਹੀ ਸੀ, ਡੇਰੇ ਲਾ ਲਏ। ਤੁਰਕਾਨੀ ਫੌਜ ਪਿਛੇ ਹੀ ਸੀ, ਉਸ ਨੇ ਗੜ੍ਹੀ ਗਿਰਦੇ ਘੇਰਾ ਘੱਤ ਲਿਆ ਤੇ ਇਹ ਕੋਈ ਛੇ ਮਹੀਨੇ ਰਿਹਾ। ਜਦ ਬੰਦੇ ਪਾਸ ੨੦੦ ਸਿੰਘ ਰਹਿ ਗਏ ਅੰਨ ਮੁੱਕ ਗਿਆ ਤੁਰਕਾਂ ਨੇ ਕਹਿ ਘੱਲਿਆ ਕਿ ਤੁਸੀਂ ਗੜ੍ਹੀ ਛੱਡ ਜਾਓ ਤਾਂ ਤੁਸਾਂ ਨੂੰ ਅਸੀਂ ਕੁਛ ਨਹੀਂ ਕਹਾਂਗੇ। ਪਰ ਜਦ ਬੰਦਾ ਉਹਨਾਂ ਦੀ ਸਹੁੰ ਤੇ ਭਰੋਸਾ ਕਰਕੇ ਬਾਹਰ ਆਇਆ ਤਾਂ ਉਹਨਾਂ ਸਹੁੰ ਭੰਨ ਕੇ ਉਸ ਨੂੰ ਫੜ ਲਿਆ। ਦੋ ਸੌ ਸਿੰਘ ਨਾਲ ਸਨ। ਸਭ ਜ਼ੰਜੀਰਾਂ ਨਾਲ ਜਕੜੇ ਗਏ। ਏਹ ਥੋੜੇ ਸਮਝ ਕੇ ਰਾਹ ਜਾਂਦੇ ਸਿੱਖ ਫੜ ਫੜ ਕੇ ਲਾਹੌਰ ਤਾਈਂ ਸੱਤ ਅੱਠ

ਸੌ ਕਰ ਲਏ, ਜੋ ਦਿੱਲੀ ਲਿਜਾਕੇ ਸ਼ਹੀਦ ਕੀਤੇ ਗਏ। ਗੜ੍ਹੀ ਵਿਚ ਦੇ ਜ਼ਖਮੀ ਸਿੱਖ ਤੁਰਕਾਂ ਨੇ ਬੜੀ ਬੁਰੀ ਤਰ੍ਹਾਂ ਕੋਹੇ। ਮੁਰਦਿਆਂ ਦੇ ਪੇਟ ਤੱਕ ਚੀਰੇ ਬੀ ਲਿਖਿਆ ਹੈ।

## ੧੨. [ਬੰਦੇ ਦਾ ਹੋਰ ਹਾਲ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਸਾਧਜੋ ਸਗਰੇ ਦੇਸ਼ ਕੋ, ਜੋ ਪੰਜਾਬ ਬਿਸਾਲ।
ਪਲਟਾ ਲੇ ਗੁਰ ਸੁਤਨਿ ਕੋ, ਦ੍ਰੋਹੀ ਹਤੇ ਕਰਾਲ ॥੧॥

ਚੌਪਈ:

ਸ਼੍ਰੀ ਬਿਨੋਦ ਸਿੰਘ ਤੇਹਨ ਬਾਬਾ।
ਸੰਗੀ ਬੰਦੇ ਕੋ ਰਿਪੁ ਦਾਬਾ[1]।
ਹੇਤੁ ਸਹਾਇਕ ਸਤਿਗੁਰ ਦਯੋ।
ਜਥਾ ਜੋਗ ਉਪਦੇਸ਼ਨਿ ਕਯੋ ॥੨॥
ਜਹਿ ਕਹਿਂ ਕਰੀ ਸਹਾਇ ਬਿਸਾਲਾ।
ਮਸਲਤ ਦੇਤਿ ਬਤਾਇ ਰਸਾਲਾ।
ਜਬਹਿ ਬਜਾਹ ਬੰਦੇ ਕਰਵਾਯੋ।
ਕਹਿ ਕਹਿ ਗੁਰ ਬਚ ਬਹੁਤ ਹਟਾਯੋ ॥੩॥
ਬਰਜਯੋ ਰਹਯੋ ਨ, ਸੁੰਦਰਿ ਹੇਰੀ।
ਕਰੀ ਮੌਨ ਤਿਸੁ ਕਹਯੋ ਨ ਫੇਰੀ।
ਤਿਸੀ ਰੀਤਿ ਇਕ ਡੋਰਾ ਆਨ।
ਲੇ ਕਰਿ ਪਹੁੰਚਯੋ ਰਿਪੁ ਡਰ ਮਾਨਿ ॥੪॥
ਤਿਸ ਭੀ ਬਜਾਹਿ ਕਰਨ ਲਲਚਾਵਾ।
ਸ਼੍ਰੀ ਬਿਨੋਦ ਸਿੰਘ ਝਿੜਕਿ ਹਟਾਵਾ।
ਭਯੋ ਗਰਬ ਸੋ ਨਾਹਿਨ ਮਾਨੈ।
-ਕਰੌਂ ਭਾਰਜਾ- ਲਾਲਚ ਠਾਨੈ ॥੫॥
ਬੇਮੁਖ ਲਖਿ ਕਰਿ ਬਾਬੇ ਤਬੈ।
ਬੈਠੇ ਹੁਤੇ ਬਿਲੋਕਤਿ ਸਬੈ।
ਹਤਿਬੇ ਹੇਤ ਕ੍ਰੋਧ ਕੇ ਸਾਥ।
ਧਰਯੋ ਖੜਗ ਕਬਜ਼ੇ ਪਰ ਹਾਥ ॥੬॥
ਮਾਰਯੋ ਚਹੈ ਜਾਨਿ ਹੰਕਾਰੀ।
-ਕਜਾ ਮੂਰਖ ਇਨ ਮਨ ਮਹਿਂ ਧਾਰੀ-।
ਤਬਿ ਲੌ ਕਾਹਨ ਸਿੰਘ ਸੁਤ ਆਯੋ।
ਹਾਥ ਜੋਰਿ ਬਚ ਕਹਯੋ ਹਟਾਯੋ ॥੭॥
'ਇਸਹਿ ਨ ਮਾਰਹੁ ਉਚਿਤ ਨ ਹਮੈਂ।

[1]ਸ਼ੱਤ੍ਰੂਆਂ ਨੂੰ ਦਬਾਵਣ ਵਾਲਾ।

ਘਟਹਿ ਤੇਜ ਪੂਜਯੋ ਅਬਿ ਸਮੈਂ[1]।
ਸਤਿਗੁਰ ਹਿਤ ਸਹਾਇ ਸੰਗ ਕੀਨੇ।
ਸਾਹਿਬਜ਼ਾਦਨਿ ਪਲਟਾ ਲੀਨੇ ॥ ੮ ॥

[1]ਤੇਜ ਘਟ ਜਾਏਗਾ ਹੁਣ ਸਮਾਂ ਪੁੱਜ ਗਿਆ ਹੈ।

ਅਪਨੋ ਹਾਥ ਜਿ ਛੋਡਹੁ ਯਾਂ ਪਰ[1]।
ਭਲੀ ਨ ਬਾਤ ਬਿਚਾਰ ਲਿਹੋ ਉਰ।
ਗੁਰ ਕੀ ਆਗਜ਼ਾ ਹੋਵਤਿ ਭੰਗ।
ਨਿਫਲਹਿ ਬਲ ਕੀਨੇ ਬਿਚ ਜੰਗ[1]' ॥ ੯ ॥

[1]ਭਾਵ ਜੇ ਮਾਰ ਦਿਆਂਗੇ ਤਾਂ।

[1]ਜੋ ਅਸਾਂ ਜੰਗ ਵਿੱਚ ਬਲ ਕੀਤਾ ਹੈ ਸੋ ਨਿਫਲ ਹੋ ਜਾਏਗਾ।

ਕਹੈਂ ਬਿਨੋਦ ਸਿੰਘ ਕਰਿ ਰੋਸ†।
'ਦੇਖਹੁ ਕਹਾਂ ਕਰਹਿ ਬਹੁ ਦੋਸ਼।
ਇਸ ਕੋ ਮਾਰਨ ਹੀ ਬਨਿ ਆਵੈ।
ਗੁਰ ਕੋ ਕਹਿਬੋ ਸਕਲ ਮਿਟਾਵੈ ॥ ੧੦ ॥
ਏ ਕਾਫਰ ਬੇਮੁਖ ਅਤਿ ਭਯੋ।
ਦੁਤੀ ਬਯਾਹ ਕਰਿਬੇ ਲਲਚਯੋ।
ਕਹੈ ਕੁਲੀਨ ਤ੍ਰਿਯਾ ਕੋ ਬਯਾਹੌਂ।
ਔਰ ਪੁੱਤ੍ਰ ਤਿਸ ਤੇ ਉਪਜਾਹੌਂ ॥ ੧੧ ॥
ਕਰਤਿ ਢੀਠਤਾ ਮਨਮੁਖ ਹੋਯੋ।
ਬਸ ਮਨਮਥ ਕੇ ਜਤ ਸਤ ਖੋਯੋ।'
ਕਾਹਨ ਸਿੰਘ ਕਰਿ ਪਿਤ ਸੋਂ ਬਿਨਤੀ।
ਬਰਜਨ ਕਰਯੋ ਤਜੀ ਰਿਸ ਗਿਨਤੀ†
॥ ੧੨ ॥

†ਪਾ:-ਜੋਸ਼।

†ਮਹਿਮਾ ਪ੍ਰਕਾਸ਼ ਨੇ ਇਸ ਪ੍ਰਸੰਗ ਵਿਚ ਇਹ ਝਗੜਾ ਗੁਰਦਾਸ ਪੁਰ ਦੀ ਹਵੇਲੀ ਵਿਚ ਹੋਇਆ ਲਿਖਿਆ ਹੈ ਤੇ ਬਾਬਾ ਕਾਹਨ ਸਿੰਘ ਦੇ ਪਿਤਾ ਨੂੰ ਸਮਝਾਉਣ ਤੇ ਬਾਬਾ ਬਿਨੋਦ ਸਿੰਘ ਜੀ ਨੇ ਲੜਾਈ ਨਾ ਕੀਤੀ, ਪਰ ਕਿਲਾ ਛੋੜਕੇ ਚਲੇ ਆਏ ਤੇ ਸੂਰਬੀਰ ਬਾਬਾ ਜੀ ਤੁਰਕੀ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਆਏ। ਗ਼ਾਲਬਨ ਝਗੜਾ ਕਿਲੇ ਵਿਚੋਂ ਲੜਦੇ ਮਾਰਦੇ ਨਿਕਲ ਚੱਲਣ ਯਾ ਤੁਰਕਾਂ ਦੀ ਸਹੁੰ ਤੇ ਇਤਬਾਰ ਕਰਨ ਤੇ ਸੀ, ਪਰ ਮਹਿਮਾ ਪ੍ਰਕਾਸ਼ ਨੇ ਝਗੜਾ ਦੂਜੇ ਵਿਆਹ ਤੋਂ ਹੋਇਆ ਲਿਖਿਆ ਹੈ, ਜੋ ਅਗ਼ਲਬ ਨਹੀਂ।

ਇਸ ਪ੍ਰਕਾਰ ਹੀ ਭਯੋ ਬਖੇਰਾ।
ਚਲੇ ਸੁਧਾਸਰ ਕੋ ਤਬਿ ਡੇਰਾ।
ਦਰਸ਼ਨ ਕਰਨ ਹੇਤੁ ਸਭਿ ਗਏ।
ਲਾਖਹੁੰ ਦਲ ਉਤਰਤਿ ਭਟ ਭਏ ॥ ੧੩ ॥
ਸਿੰਘ ਹਜ਼ਾਰਹੁੰ ਸੰਗੀ ਬੀਰ।
ਧਰਹਿਂ ਤੁਫੰਗਨ ਤੋਮਰ ਤੀਰ।
ਸਭਿਨਿ ਸ਼ਨਾਨ ਜਾਇ ਕਰਿ ਕਰਯੋ।

ਹਰਿਮੰਦਰ ਦਰਸੇ ਮੁਦ ਭਰਜੋ ॥੧੪॥
ਸਭਿ ਕੇ ਅੱਗ੍ਰ ਬੈਠਿ ਤਿਸ ਥਾਇਂ।
ਚਹੈ ਕਿ 'ਮੋ ਪਰ ਚਮਰ ਫਿਰਾਇ।
ਸਭਿ ਮਹਿਂ ਮੁਖਿ ਸਿਖ ਹੌਂ ਮੈਂ ਗੁਰ ਕੋ।
ਪੂਰਨ ਕਰਜੋ ਮਨੋਰਥ ਉਰ ਕੋ[1] ॥੧੫॥
[1]ਗੁਰੂ ਜੀ ਦਾ ਮਨੋਰਥ ਮੈਂ ਪੂਰਾ ਕੀਤਾ ਹੈ।
ਸਭਿ ਕੋ ਕਰਜੋ ਮੋਹਿ ਅਗਵਾਨੀ।
ਮੇਰੀ ਘਾਲ ਗੁਰੂ ਉਰ ਭਾਨੀ।
ਯਾਂ ਤੇ ਸਭਿ ਸਨ[1] ਚਹੌਂ ਗੁਰਾਈ।
[1]ਸਾਰਿਆਂ ਪਾਸੋਂ।
ਮੁਖਤਾ ਪੰਥ ਭਲੇ ਬਨਿ ਆਈ ॥੧੬॥
ਗੁਰਤਾ ਕੋ ਲੱਛਨ ਮੁਝ ਦੇਹਿ।
ਸਕਲ ਖਾਲਸਾ ਦਰਸ਼ਨ ਲੇਹਿ[1]।'
[1]ਭਾਵ ਮੇਰਾ ਮਤ ਧਾਰਨ ਕਰੇ।
ਇਹ ਜਬਿ ਕਹੀ ਲਹੀ ਸਭਿ ਪੰਥਾ[1]।
[1]ਸਾਰੇ ਪੰਥ ਨੇ ਸਮਝ ਲਈ।
ਕਰੀ ਤਰਕ, 'ਨਹਿਂ ਮਾਨਹਿਂ ਸੰਥਾ[1] ॥੧੭॥
[1]ਬੰਦੇ ਨਾਲ ਮਿਲਣਾ ਅਸੀਂ ਨਹੀਂ ਮੰਨਦੇ।
ਨਹੀਂ ਖਾਲਸੇ ਸੋਂ ਇਸ ਮੇਲ।
ਗੁਰ ਬਿਨ ਅਪਰ ਚਲਾਯੋ ਗੈਲ।
ਖੰਡੇ ਕਾ ਅੰਮ੍ਰਿਤ ਨਹਿਂ ਲੀਨ[†]।

[†]ਗੋਕਲ ਚੰਦ ਨਾਰੰਗ ਸਫੇ ੨੪੨ ਤੇ ਲਿਖਦਾ ਹੈ ਕਿ 'ਭੰਗੀ ਮਿਸਲ ਦਾ ਸੰਸਥਾਪਿਕ ਅੰਮ੍ਰਿਤਸਰ ਕੇ ਸਮੀਪ ਪੰਜਵੜ ਕਾ ਰਹਿਨੇ ਵਾਲਾ ਏਕ ਛਜਾ ਸਿੰਘ ਨਾਮ ਕਾ ਜਾਟ ਉਸ ਕਾ ਪਾਹੁਲ ਸੰਸਕਾਰ ਸ੍ਵਯੰ ਬੰਦਾ ਜੈਸੇ ਮਹਾਂ ਪੁਰਖ ਕੇ ਹਾਥੋਂ ਸੇ ਹੁਆ ਥਾ'। ਸੋ ਬੰਦੇ ਨੇ ਅੰਮ੍ਰਿਤ ਨਹੀਂ ਛਕਿਆ ਸੀ ਤਾਂ ਛੱਜਾ ਸਿੰਘ ਜੈਸੇ ਸੂਰਬੀਰ ਨੇ ਉਸ ਤੋਂ ਕਿਵੇਂ ਅੰਮ੍ਰਿਤ ਛਕਿਆ ਸੀ? ਵਿਸ਼ੇਸ਼ ਲਈ ਦੇਖੋ ਪਿਛਲੇ ਅੰਸੂ ੬ ਦੇ ਅੰਕ ੩੬ ਦੀ ਹੇਠਲੀ ਟੂਕ।

ਰਹਤਿ ਨਹੀਂ ਇਨ ਧਰੀ ਪ੍ਰਬੀਨ ॥੧੮॥
ਜੇ ਹਮ ਤੇ ਇਹ ਚਹੈ ਬਡਾਈ।
ਧਰੇ ਮਾਸ ਮਦ[†] ਅੱਗ੍ਰ ਬਨਾਈ।
[†]ਸ਼ਰਾਬ ਤਾਂ ਅਜੇ ਖਾਲਸੇ ਵਿਚ ਸ਼ੁਰੂ ਨਹੀਂ ਸੀ ਹੋਈ।
ਸ਼ਜਾਮ ਬਸਤ੍ਰ ਜੁਤਿ ਅੰਗੀਕਾਰਹੁ।
ਪੁਨ ਮਿਲਿਬੇ ਹਿਤ ਬਾਕ ਉਚਾਰਹੁ' ॥੧੯॥
ਸਕਲ ਖਾਲਸੇ ਜਬਿ ਇਮ ਕੀਨਾ।
ਧਰਮ ਬੈਸ਼ਨੋ[1] ਅਪਨੋ ਚੀਨਾ।
[1]ਇਸ ਤੋਂ ਭਾਵ ਮਜ਼ਹਬ ਵੈਸ਼ਨੋ ਨਹੀਂ, ਪਰ ਮਾਸ ਨਾ ਖਾਣੇ ਦਾ ਖਜ਼ਾਲ। ਇਹ ਅਰਥ ਇੰਨਾ ਆਮ ਹੈ ਕਿ ਲੋਕੀਂ ਸਬਜ਼ੀ ਵਾਲੇ ਭੋਜਨ ਨੂੰ ਵੈਸ਼ਨੋ ਭੋਜਨ ਕਹਿੰਦੇ ਹਨ।
ਅੰਗੀਕਾਰ ਨਹੀਂ ਕਿਯ ਤੀਨੋ[1]।
[1]ਮਦ ਮਾਸ ਤੇ ਕਾਲਾ ਬਸਤ੍ਰ।

ਸਿੰਘਨ ਸੰਗ ਸਪਰਧਾ ਭੀਨੋ ॥੨੦॥
ਦ੍ਵੈਸ਼ ਭਾਵ ਦੋਨਹੁੰ ਮਹਿਂ ਜਾਗਾ।
ਡੇਰਾ ਪ੍ਰਿਥਕ ਉਤਰਿਬੇ ਲਾਗਾ।
ਗ੍ਰਾਮ ਅਨਿਕ ਮਹਿਂ ਸਿੰਘ ਪ੍ਰਵੇਸ਼ੇ।
ਤਿਸ ਤੇ ਸੰਗ ਮਿਲਹਿਂ ਨਹਿਂ ਕੈਸੇ ॥੨੧॥
ਕੇਤਿਕ ਸਿੰਘਨਿ ਮਸਲਤ ਧਾਰੀ।
ਗਮਨੇ ਗੁਰ ਢਿਗ ਕਰਤਿ ਪੁਕਾਰੀ†।

†ਕਵੀ ਜੀ ਨੂੰ ਪਤਾ ਨਹੀਂ ਲੱਗਾ ਕਿ ਗੁਰੂ ਜੀ ਇਸ ਵੇਲੇ ਸੱਚਖੰਡ ਪਯਾਨਾ ਕਰ ਚੁੱਕੇ ਸਨ।

'ਭਯੋ ਮੂਢ ਕੇ ਗਰਬ ਮਹਾਨਾ।
ਚਾਹਤਿ ਬੈਠਸਿ ਗੁਰੂ ਸਥਾਨਾ†' ॥੨੨॥

†ਕਵੀ ਜੀ ਨੇ ਇਹ ਸੌ ਸਾਖੀ ਤੋਂ ਲਏ ਜਾਪਦੇ ਹਨ।

ਇਤਨੇ ਮਹਿਂ ਲਸ਼ਕਰ ਬਹੁ ਆਏ।
ਭਯੋ ਇਕਾਕੀ ਜੰਗ ਮਚਾਏ।
ਸਤਾ ਤੀਰਨ ਮਹਿਂ ਨਹਿਂ ਰਹੀ।
ਸਿੰਘ ਘਨੇ ਦਲ ਜਾਨਹਿਂ ਸਹੀ ॥੨੩॥
ਇਮ ਬੰਦੇ ਕੋ ਭਯੋ ਪ੍ਰਸੰਗ।
ਨਿਤ ਪ੍ਰਤਿ ਹੋਤਿ ਘਨੇਰੇ ਜੰਗ।
ਅਬਿ ਗੁਰ ਕਥਾ ਸੁਨਹੁੰ ਜਿਮ ਭਈ।
ਅਬਿਚਲ ਨਗਰ ਸਥਿਰਤਾ ਕਈ ॥੨੪॥
ਕਬਹਿ ਅਰੂਢਿ ਅਖੇਰ ਸਿਧਾਵੈਂ।
ਬਿਚਰਹਿਂ ਬਨ ਮਹਿਂ ਪੁਨ ਚਲਿ ਆਵੈਂ।
ਧਰਹਿਂ ਭਾਉ ਕੋ ਪਰਹਿਂ ਜੁ ਸ਼ਰਨੀ।
ਤਿਸਹਿ ਤਰਾਇੰ ਜਥਾ ਨਦ ਤਰਨੀ[1] ॥੨੫॥

[1]ਨਦੀ ਤੋਂ ਬੇੜੀ।

ਸ਼ਾਹ ਬਹਾਦਰ ਦੱਖਣ ਦੇਸ਼।
ਫਿਰ ਕਰਿ ਸਾਧਯੋ ਸਕਲ ਵਿਸ਼ੇਸ਼।
'ਦੇਸ਼ ਪੰਜਾਬ ਗਰਦ ਕਰਿ ਦੀਨਿ।
ਸੂਬੇ ਕਿਤਿਕ ਮਾਰ ਕਰਿ ਲੀਨਿ† ॥੨੬॥

†ਪਾ:-ਮਾਰ ਥਲ ਕੀਨ।

ਲਾਖਹੁ ਲਸ਼ਕਰ ਲਰਿ ਲਰਿ ਹਨੇ।
ਜਨਨੀ ਮਨਹੁ ਨਹੀਂ ਕਬਿ ਜਨੇ।

ਸਤਿਗੁਰ ਐਸੋ ਸਿੱਖ ਪਠਾਯੋ।
ਦੇਸ਼ ਉਜਾਰਜੋ ਧੂਲ ਮਿਲਾਯੋ' ॥੨੭॥
ਇੱਤਯਾਦਿਕ ਸੁਧ ਸ਼ਾਹ ਸਮੀਪ।
ਪਹੁੰਚਹਿ ਨਿਤ† 'ਮਾਰਹਿ ਅਵਨੀਪ।

†ਪਾਤਸ਼ਾਹ ਦੱਖਣ ਨਹੀਂ, ਪਰ ਰਾਜਪੂਤਾਨੇ ਵਿਚ ਆ ਗਿਆ ਹੋਇਆ ਸੀ। ਉਸ ਨੂੰ ਬੰਦੇ ਦੇ ਮਾਅਰਕਿਆਂ ਦੀ ਖਬਰ ਅਜਮੇਰ ਸ਼ਹਿਰ ਵਿਚ ੨੩ ਜੇਠ ੧੭੬੭ (ਰਬੀਅਉਲ ਸਾਨੀ ਸਨ ੧੧੨੨ ਹਿਜਰੀ) ਨੂੰ ਅੱਪੜੀ। ਜਿਸ ਵੇਲੇ ਗੁਰੂ ਸਾਹਿਬ ਜੀ ਡੇਢ ਸਾਲ ਤੋਂ ਵਧੀਕ ਚਿਰ ਦੇ ਸਚੱਖੰਡ ਪਿਆਨਾ ਕਰ ਚੁੱਕੇ ਸੇ।

ਸੂਬਾ ਖਾਨ ਵਜੀਦ ਸੰਘਾਰਜੋ।
ਜ਼ਬਰਦਸਤ† ਦੂਜਾ ਲਰਿ ਮਾਰਜੋ ॥੨੮॥

†ਜ਼ਬਰਦਸਤ ਖ਼ਾਂ ਅਜੇ ਜੀਉਂਦਾ ਸੀ। ਦੇਖੋ ਪੰਨਾ ੬੨੭੪ ਦੀ ਟੂਕ +ਨਿਸ਼ਾਨ ਵਾਲੀ।

ਸੱਯਦ ਖਾਨ ਮੁਗ਼ਲ ਗਨ ਭਾਰੇ।
ਕੌਨ ਗਨੇ ਸੰਘਰ ਮਹਿਂ ਮਾਰੇ।'
ਦਿੱਲੀ ਮਹਿਂ ਦੁਬਕਾ[1] ਬਹੁ ਪਰਜੋ।
'ਲੂਟਹਿਂ ਆਨਿ' ਸਭਿਨਿ ਉਰ ਡਰਜੋ ॥੨੯॥

[1]ਦਬਾਉ।

ਪ੍ਰਥਮ ਸ਼ਾਹੁ ਬਹੁ ਸੁਭਟ ਪਠਾਏ।
'ਲਰਿ ਕਰਿ ਮਾਰਹੁ' ਜਤਨ ਬਤਾਏ।
ਪੁਨ ਪੁਨ ਸੁਧ ਇਸ ਬਿਧਿ ਕੀ ਗਈ।
'ਚਮੂੰ ਗਨੀ ਤੁਮਰੀ ਹਤਿ ਲਈ ॥੩੦॥
ਮਹਾਂ ਪ੍ਰਬਲ ਇਹ ਜਾਇ ਨ ਮਾਰਜੋ।
ਲਸ਼ਕਰ ਪਤਿਸ਼ਾਹੀ ਲਰਿ ਹਾਰਜੋ।'
ਸੁਨਿ ਸੁਨਿ ਸੁਧ ਕੋ ਸ਼ਾਹੁ ਹਿਰਾਨਾ।
ਜਾਨੀ -ਗੁਰ ਕੀ ਬਖਸ਼ ਮਹਾਨਾ ॥੩੧॥
ਅਪਰ ਜਤਨ ਤਿਸ ਕੋ ਨਹਿਂ ਕੋਈ।
ਗੁਰ ਢਿਗ ਜਾਉਂ ਹਟਾਵੈਂ ਸੋਈ-।
ਇਮ ਬਿਚਾਰਿ ਕਰਿ ਕੂਚ ਬਡੇਰੇ।
ਪਹੁੰਚਜੋ ਆਨਿ ਪ੍ਰਭੂ ਕੇ ਨੇਰੇ ॥੩੨॥
ਪਠੇ ਵਕੀਲ ਬਿਸਾਲ ਮੁਸਾਹਿਬ।
ਆਨਿ ਕਰਜੋ ਡੇਰਾ ਜਾਹਿਂ ਸਾਹਿਬ।
ਮਿਲਿਬੇ ਕਾਰਨ ਚਾਹਤਿ ਰਹੇ।
ਸ਼੍ਰੀ ਸਤਿਗੁਰ ਨਹਿਂ ਕਜੋਹੂੰ ਕਹੇ ॥੩੩॥

'ਹਮ ਸੋਂ ਅਹਿਦ ਕਰਜੋ ਫਿਰਿ ਗਯੋ।
ਏਕ ਸ੍ਵਾਲ ਕੋ ਦੇਤਿ ਨ ਭਯੋ।
ਤਹਿ ਹਮ[1] ਅਪਨੋ ਸਿੱਖ ਪਠਾਯੋ।

[1]ਸਾਨੂੰ।

ਹਤਿ ਦ੍ਰੋਹੀ ਨਿਜ ਪਲਟਾ ਪਾਯੋ ॥੩੪॥
ਕਰਜੋ ਫ੍ਰੇਬ ਹਮ ਦਿਯੋ ਜਵਾਬ।
-ਬਿਗਰਹਿ ਸਲਤਨ ਕਰਹਿ ਸ਼ਿਤਾਬ[1]।

[1]ਛੇਤੀ ਕੀਤਿਆਂ ਸਲਤਨਤ ਬਿਗੜ ਜਾਏਗੀ।

ਮੇਰੋ ਜੋਰ ਪਰਹਿ ਜਬਿ ਭਾਰਾ-।
ਤਬਿ ਚਾਹਜੋ ਦੇ ਸ੍ਵਾਲ ਹਮਾਰਾ ॥੩੫॥
ਸਮੁਝਿ ਸ਼ਾਹੁ ਕੀ ਟਾਲ[1] ਬਿਸਾਲਾ।

[1]ਸ਼ਾਹ ਦਾ ਟਾਲਾ ਸਮਝਕੇ।

ਨਿਜ ਸੇਵਕ ਉਤ ਪਠਜੋ ਕਰਾਲਾ।
ਗੁਰ ਦ੍ਰੋਹੀ ਸਭਿਹਿਨਿ ਕੋ ਮਾਰੈ।
ਤੇਜ ਬਿਲੰਦ ਦੇਸ਼ ਬਿਸਤਾਰੈ' ॥੩੬॥
ਇਮ ਕਹਿ ਤਿਨ ਢਿਗ ਸਿੰਘ ਪਠਾਯੋ।
ਗੁਰ ਕੋ ਕਹਿਬੋ ਸਕਲ ਸੁਨਾਯੋ।
ਸੁਨਜੋਂ ਵਕੀਲ ਮੁਸਾਹਿਬ ਜਬੈ।
ਆਸ਼ੈ ਜਾਨ ਲੀਨਿ ਮਨ ਸਬੈ ॥੩੭॥
[1]ਪੁਨ ਕਹਿ ਪਠਜੋ 'ਦਯਾ ਸਿੰਘ ਸੰਗ।

[1]ਫਿਰ ਕਹਿ ਭੇਜਿਆ (ਸ਼ਾਹ ਦੇ ਮੁਸਾਹਬਾਂ ਨੇ ਕਿ) ਭਾਈ ਦਯਾ ਸਿੰਘ ਜੀ ਨੂੰ ਸਾਡੇ ਨਾਲ ਭੇਜੇ ਜੋ (ਸ਼ਾਹ ਨੂੰ ਇਹ ਸਾਰਾ) ਪ੍ਰਸੰਗ ਸੁਣਾਵੇ।

ਹਮ ਸੋ ਦੀਜੈ, ਕਹੈ ਪ੍ਰਸੰਗ।
[1]ਜਿਸ ਤੇ ਸ਼ਾਹੁ ਸੁਨੈ ਮਨ ਭਾਵੈ।

[1]ਜਿਸ ਤੋਂ ਸੁਣਕੇ ਸ਼ਾਹ ਨੂੰ ਜੋ ਚੰਗੀ ਲਗੇ ਯੋਗ ਜਾਣਕੇ ਕੋਈ ਉਪਾਉ ਬਣਾਵੇ (ਬੰਦੇ ਨੂੰ ਰੋਕਣ ਦਾ)।

ਉਚਿਤ ਜਾਨਿ ਕਰਿ ਜਤਨ ਬਨਾਵੈ[੬]' ॥੩੮॥
ਸੁਨਿ ਕਰਿ ਸਤਿਗੁਰ ਤਿਨ ਬਚ ਦੀਨ[1]।

[1]ਉਨ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣਕੇ।

ਭੇਜਜੋ ਦਯਾ ਸਿੰਘ ਸੰਗ ਕੀਨਿ।
ਚੜ੍ਹਿ ਕਰਿ ਸ਼ਾਹੁ ਸਮੀਪ ਸਿਧਾਏ।
ਉਤਰਿ ਜਾਮਨੀ ਤਹਾਂ ਬਿਤਾਏ ॥੩੯॥
ਭਈ ਪ੍ਰਭਾਤਿ ਹਕਾਰਨਿ ਕੀਨੇ।
ਸਰਬ ਬ੍ਰਿਤਾਂਤ ਸ਼ਹੁ ਕਹਿ ਦੀਨੇ।
'ਏਕ ਸ੍ਵਾਲ ਦੈਬੇ ਕੀ ਟਾਲ।
ਕੀਨੀ ਤਬਿ ਫਰੇਬ ਕੇ ਨਾਲ ॥੪੦॥
ਸ਼੍ਰੀ ਪ੍ਰਭੁ ਪਲਟਾ ਚਹਜੋ ਜ਼ਰੂਰ।

ਪਠਿ ਦੀਨੋ ਨਿਜ ਸੇਵਕ ਸੂਰ।
ਪਾਇ ਧੂਮ ਦ੍ਰੋਹੀ ਸਭਿ ਮਾਰੇ।
ਕਿਮ ਬਚ ਸਕਹਿਂ ਕਰੇ ਅਘ ਭਾਰੇ
॥ ੪੧ ॥
ਆਦਿ ਸਿਰੁੰਦ ਸੁ ਨਗਰ ਉਜਾਰੇ।
ਦੇਸ਼ ਪੰਜਾਬ ਰੌਰ ਕੋ ਡਾਰੇ।
ਗਮਨਹੁ ਤੁਮ ਸਤਿਗੁਰ ਹਦੂਰ।
ਕਰਹੁ ਅਰਜ਼ ਜਿਮ ਬਨੀ ਜ਼ਰੂਰ ॥ ੪੨ ॥
ਛਿਮਾ ਧਰਹਿਂ ਬਖਸ਼ਹਿਂ ਤੁਮ ਤਾਈਂ।
ਦੇਸ਼ ਉਜਾਰਤਿ ਮਿਟਹਿਂ ਤਦਾਈਂ।'
ਇਮ ਕਹਿ ਦਯਾ ਸਿੰਘ ਮਨ ਭਾਯੋ।
ਸੰਗ ਆਪਨੈ ਸ਼ਾਹੁ ਚਢਾਯੋ ॥ ੪੩ ॥
ਅਬਚਲ ਨਗਰ ਸਮੀਪੀ ਡੇਰੇ।
ਉਤਰੇ ਕਹਿ ਕਹਿ ਪਰੇ ਘਨੇਰੇ।
ਤੰਬੂ, ਸ਼ਮਿਯਾਨੇ ਗਨ ਤਾਨੇ।
ਦ੍ਰਿਸ਼ਟੀ ਪਰੇ ਦੂਰ ਲਗ ਜਾਨੇ ॥ ੪੪ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤ੍ਰ ਐਨੇ
'ਸ਼ਾਹ' ਪ੍ਰਸੰਗ ਬਰਨਨੰ ਨਾਮ ਦਵਾਦਸ਼ਮੋਂ ਅੰਸੂ
॥ ੧੨ ॥

## ੧੩. [ਬਹਾਦਰਸ਼ਾਹ ਨੇ ਮਾਫੀ ਮੰਗਣੀ। ਬੰਦੇ ਦਾ ਤੇਜ ਛੀਨ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਉਤਰਿ ਬਿਤਾਈ ਜਾਮਨੀ, ਪ੍ਰਾਤਿ ਭਈ ਜਬਿ ਆਇ।
ਗੁਰਜਦਾਰ ਪਠਏ ਤਬੈ[1], ਦਯਾ ਸਿੰਘ ਬੁਲਿਵਾਇ ॥੧॥

[1]ਬਹਾਦਰਸ਼ਾਹ ਨੇ) ਚੋਬਦਾਰ ਭੇਜਕੇ।

ਚੌਪਈ:

'ਗੁਰ ਦਰਸ਼ਨ ਕੋ ਭੇਤ ਬਤਾਵਹੁ[1]।
ਕਬਿ ਪਹੁੰਚਹਿਂ ਮਨ ਕੋਪ ਮਿਟਾਵਹੁ।
ਨਹਿਂ ਚਾਹਤਿ ਗੁਰ ਮੇਲ ਹਮਾਰਾ।
ਜਾਨਜੋਂ ਪੂਰਬ ਕੂਰ ਉਚਾਰਾ ॥੨॥

[1]ਹੇ ਭਾਈ ਦਯਾ ਸਿੰਘ ਜੀ!) ਗੁਰੂ ਜੀ ਦੇ ਦਰਸ਼ਨ ਦਾ ਭੇਤ ਦੱਸੋ (ਕਿ ਕਿਵੇਂ ਹੋ ਸਕਦੇ ਹਨ?)।

ਅਬਿ ਕਰਿ ਬਿਨਤੀ ਮੈਂ ਬਖਸ਼ਾਵੌਂ।
ਰਿਸ ਮਿਟਾਇ ਕਰਿ ਰਿਦੇ ਰਿਝਾਵੌਂ।'
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ।
'ਆਛੇ ਏਕ ਸਮੋਂ ਮੈਂ ਲਹਜੋ ॥੩॥
ਕੇਤਿਕ ਦਿਨ ਤੇ ਇਮ ਕ੍ਰਿਤ ਠਾਨੈਂ।
ਪ੍ਰਾਤਿ ਹੋਤਿ ਤਟ ਨਦੀ ਪਯਾਨੈਂ।
ਕਰੈ ਸ਼ਨਾਨ ਖਰੇ ਹੁਇ ਰਹੈਂ।
ਤਪ ਕੋ ਤਾਪਤਿ ਵਾਕ ਨ ਕਹੈਂ ॥੪॥
ਤਹਾਂ ਅਚਾਨਕ ਦਰਸ਼ਨ ਕਰ ਕੈ।
ਪ੍ਰਭੁ ਰਿਝਾਵੈਂ ਬਿਨੈ ਉਚਰਿ ਕੈ।
ਤਿਸ ਪਰਹਰਹਿ ਕਰਹਿਂ ਰਿਸ ਬਰਜਨ[1]।
ਹੋਹਿ ਅਰਾਮ ਤਮਾਮ ਸਿ ਪੁਰਿ ਜਨ[1]†' ॥੫॥

[1]ਤਿਸ ਕਰਹਿਂ ਬਰਜਨ (ਕਿ) ਰਿਸ ਪਰਹਰਿ=ਉਸ ਨੂੰ ਵਰਜ ਦੇਣਗੇ ਕਿ ਓਹ ਗੁੱਸਾ ਤਿਆਗ ਦੇਵੇ।
[1]ਪੁਰਿ (ਸਰਹਿੰਦ) ਦੇ ਲੋਕਾਂ ਨੂੰ। †ਪਾ:-ਪਰਜਨ।

ਦਯਾ ਸਿੰਘ ਕੀ ਮਸਲਤ ਸੁਨਿ ਕਰਿ।
ਮਾਨੀ ਭਲੇ ਬਿਲਮ ਕੋ ਪਰਿਹਰਿ।
ਤਜਾਰ ਭਯੋ ਗੋਦਾਵਰਿ ਤੀਰ।
ਦਰਸ਼ਨ ਹੇਰਨਿ ਸਤਿਗੁਰ ਧੀਰ ॥੬॥
ਲੇ ਕਰਿ ਸੰਗ ਭਲੇ ਨਰ ਥੋਰੇ।
ਜਹਿਂ ਥਿਰ ਗੁਰ ਗਮਨਜੋਂ ਤਿਤ ਓਰੇ।
ਕਰਿ ਸ਼ਨਾਨ ਗੋਦਾਵਰਿ ਕੂਲ।

ਖਰੇ ਪ੍ਰਭੂ ਤਪ ਕੇ ਅਨੁਕੂਲ ॥੭॥
ਤਜੀ ਦੂਰ ਤੇ ਨਿਜ ਅਸਵਾਰੀ।
ਚਰਨ ਨਗਨ ਗਮਨਜੋਂ ਅਗਵਾਰੀ।
ਦਯਾ ਸਿੰਘ ਕੋ ਸੰਗ ਮਿਲਾਯੋ।
ਅਪਰ ਸਾਥ ਸਗਰੋ ਠਹਿਰਾਯੋ ॥੮॥
ਮੰਦ ਮੰਦ ਚਲਿ ਪਹੁੰਚਜੋ ਜਾਈ।
ਖਰੋ ਭਯੋ ਪ੍ਰਭੁ ਕੇ ਅਗਵਾਈ।
ਹੀਰਾ ਇਕ ਅਧਿਕ ਦਿਪਤਾਵੈ।
ਖਰਚੇ ਕਈ ਲਾਖ ਧਨ ਪਾਵੈ ॥੯॥
ਤਾਨੇ ਸ਼ਾਹ ਧਰੇ ਸਿਰ ਜੋਊ।
ਮਾਰਿ ਨੁਰੰਗੇ ਲੀਨਹੁ ਸੋਊ।
ਜਬਰ ਜ਼ਿਬਾਇਸ਼[1] ਜ਼ਾਹਰ ਜਾਂਹੂ।
ਸੋ ਨਿਜ ਕਰ ਪਰ ਧਰਿ ਕਰਿ ਸ਼ਾਹੂ ॥੧੦॥
ਆਗੇ ਖਰੋ ਗੁਰੂ ਕੇ ਹੋਵਾ।
ਰੁਖ ਕਰਿ ਜਬਹਿ ਪ੍ਰਭੁ ਢਿਗ ਜੋਵਾ।
ਤਿਸ ਕਰ ਪਰ ਤੇ ਗਹਿ ਕਰਿ ਹਾਥ।
ਸਲਿਤਾ ਬਿਖੈ ਬਗਾਯੋ ਨਾਥ ॥੧੧॥
ਹੇਰਿ ਬਹਾਦਰ ਸ਼ਾਹੁ ਹਿਰਾਨਾ[1]।
ਕਰਿ ਬੰਦਨ ਕਰ ਬੰਦਿ ਬਖਾਨਾ।
'ਛਿਮਹੁ ਪ੍ਰਭੂ ! ਅਬਿ ਕ੍ਰਿਪਾ ਕਰੀਜੈ।
ਬਖਸ਼ਹੁ ਜਾਨਿ ਆਪਨੋ ਲੀਜੈ ॥੧੨॥
ਲਖਿ ਕਾਸ਼ਟ ਅਪਨੋ ਪ੍ਰਿਤਪਾਰਜੋ।
ਜਲ ਨ ਡਬੋਵਹਿ ਊਪਰ ਤਾਰਜੋ।
ਹੈ ਬਡਿਅਨਿ ਕੀ ਅਸ ਬਡਿਆਈ।
ਤਰੀ ਅਲੰਬ ਜਿਸ, ਦੇਹ ਤਰਾਈ[1] ॥੧੩॥
ਮੈਂ ਭੂਲਜੋ ਤੁਮ ਬਖਸ਼ਨਹਾਰੇ।
ਬੋਲਜੋ ਕੂਰ ਤ੍ਰਾਸ ਉਰ ਧਾਰੇ।
ਬਿਗਰੈਂ ਸੂਬੇ ਹੋਹਿਂ ਮਵਾਸੀ।
ਪੁਨ ਗਨ ਪਰੀ ਸ਼ਰ੍ਹਾ ਦਿਢ ਫਾਸ਼ੀ ॥੧੪॥
ਇੱਤਜਾਦਿਕ ਜੇ ਬਿਘਨ ਬਿਸਾਲਾ।

[1]ਡਾਢੀ ਸ਼ੋਭਾ।

[1]ਹੈਰਾਨ ਹੋਇਆ।

[1]ਬੇੜੀ ਜਿਸ (ਜਲ ਦੇ) ਆਸਰੇ ਹੈ (ਜਲ ਉਸ ਨੂੰ) ਤਾਰ ਦੇਂਦਾ ਹੈ।

ਇਨ ਬਚਾਇ[1] ਪੁਰਵਤਿ ਤੁਮ ਸ੍ਵਾਲਾ।
ਪਲਟਾ ਸਭਿ ਤੇ ਮੈਂ ਲੇ ਦੇਤਿ।
ਮਾਰਤਿ ਗੁਰ ਦ੍ਰੋਹੀ ਜਗ ਜੇਤ ॥੧੫॥
ਤੁਮ ਸਮਰਥ ਸਭਿ ਬਿਧਿ ਬਲ ਧਰੇ।
ਚਹਹੁ ਜਥਾ ਤਤਛਿਨ ਲਿਹੁ ਕਰੇ।
ਦੈਬੇ ਹੇਤੁ ਮੋਹਿ ਬਡਿਆਈ।
ਜਾਚਜੋ ਏਕ ਸ੍ਵਾਲ ਗੋਸਾਈਂ ॥੧੬॥
ਡਰਤਜੋਂ ਮੁਝ ਤੇ ਨਹਿਂ ਬਨਿ ਆਯੋ।
ਨਿਜ ਸਿਖ ਪਠਿ ਪਲਟਾ ਤੁਮ ਪਾਯੋ।
ਅਬਿ ਕਰੁਨਾ ਕਰਿ ਦੇਹੁ ਹਟਾਇ।
ਸਭਿ ਦ੍ਰੋਹੀ ਲੀਨੇ ਤਿਨ ਘਾਇ' ॥੧੭॥
ਮੌਨ ਧਰੇ ਪ੍ਰਭੁ ਸੁਨਤੇ ਰਹੇ।
ਪੁਨ ਪ੍ਰਸੰਨ ਹ੍ਵੈ ਕਰਿ ਬਚ ਕਹੇ।
'ਤੁਝ ਪ੍ਰਤਿ ਕਹਿਨ ਹੁਤੋ ਹਮ ਜੋਇ।
ਕਹਿ ਦੀਨੋ ਅਬਿ ਆਪਹੁ ਸੋਇ ॥੧੮॥
ਅਪਨੋ ਕਹਜੋ ਕਰਜੋ ਨਹਿਂ ਸਾਚਾ।
ਸ਼ਰ੍ਵਾਵਾਨ ਤੇ ਚਿਤ ਡਰ ਰਾਚਾ।
ਸਲਤਨ ਤੁਮਰੀ ਸ਼੍ਰਾਪਤਿ ਅਹੈ।
ਨਹੀਂ ਸਥਿਰਤਾ ਆਗੈ ਰਹੈ[1] ॥੧੯॥
ਸ਼ਰਨ ਪਰਜੋ ਤੋ ਕੋ ਹਮ ਜਾਨਾ।
ਜਬਿ ਲੌ ਜਿਯਹਿ ਦਿਯੋ ਇਹ ਦਾਨਾ।
ਤੁਮ ਪਿਤ ਬਡ ਅਪਰਾਧ ਕਮਾਏ।
ਰਾਜ ਤੇਜ ਤੁਰਕਾਨ ਗਵਾਏ ॥੨੦॥
ਨਹੀਂ ਬਹੋਰ ਸਕੈ ਅਬਿ ਕੋਈ।
ਈਸ਼ੁਰ ਕੀ ਇੱਛਾ ਅਸ ਹੋਈ।
ਅਬਿ ਭੀ ਉਤਰ ਸਕਜੋ ਨਹਿਂ ਪੂਰਾ।
ਤ੍ਰਸਤਿ ਬਹੁਤ ਬਿਧਿ ਹੋਯਸ ਕੂਰਾ' ॥੨੧॥
ਸੁਨਤਿ ਬਹਾਦਰ ਸ਼ਾਹੁ ਲਜਾਯੋ।
'ਪ੍ਰਭੁ ਜੀ ਦੀਜੈ ਰੌਰ ਹਟਾਯੋ।
ਜਬਿ ਲੌ ਸਲਤਨ ਮੁਝ ਪ੍ਰਤਿ ਦੀਨਿ।
ਕਰਹੁ ਕ੍ਰਿਪਾ ਹੁਇ ਸੰਕਟ ਹੀਨ ॥੨੨॥

[1]ਇਨ੍ਹਾਂ ਗੱਲਾਂ ਤੋਂ ਬਚਾਕੇ।

[1]ਅੱਗੇ ਪਾਤਸ਼ਾਹੀ ਨਹੀਂ ਠਹਿਰੇਗੀ।

ਦਿਨ ਪ੍ਰਤਿ ਲਿਖ੍ਯੋ ਆਇ ਅਹਿਵਾਲ।
ਪਰੀ ਸਰਬ ਦੇਸ਼ਨ ਚਲ ਚਾਲ[1]। [1]ਹਲਚਲ।
ਨਹਿਂ ਦਿੱਲੀ ਲਗਿ ਕਰਹਿਂ ਅਰਾਮੂ।
ਅਤਿ ਚਿੰਤਾ ਸੁਪਤੈਂ ਨ ਤਮਾਮੂ ॥੨੩॥
ਏਤੀ ਬਾਤ ਕਰਤਿ ਥੇ ਖਰੇ।
ਪਹੁਂਚੇ ਪੰਚ ਸਿੰਘ ਰਿਸ ਭਰੇ।
ਚਰਨ ਸਰੋਜਨ ਕੋ ਲਪਟਾਏ।
ਗੁਰ ਬੂਝੇ 'ਕਿਤ ਤੇ ਤੁਮ ਆਏ?' ॥੨੪॥
ਸੁਨਿ ਤਿਨ ਸਰਬ ਬ੍ਰਿਤੰਤ ਬਖਾਨਾ।
'ਗਰਬ੍ਯੋ ਬੰਦਾ ਰਿਦੈ ਮਹਾਨਾ।
ਸਿੰਘਨ ਕੀ ਸਹਾਇਤਾ ਪਾਇ।
ਦੇਸ਼ ਪੰਜਾਬ ਸੁ ਜੀਤ੍ਯੋ ਜਾਇ ॥੨੫॥
ਗੁਰ ਕੇ ਕਾਰਜ ਸਕਲ ਸਵਾਰੇ।
ਜੋ ਦ੍ਰੋਹੀ ਸੇ ਚੁਨਿ ਚੁਨਿ ਮਾਰੇ।
ਮਾਰਿ ਵਜ਼ੀਦਾ ਧੂਲ ਮਿਲਾਯੋ।
ਪੁਰਿ ਸਿਰ੍ਹੰਦ ਲੂਟ੍ਯੋ ਮਨ ਭਾਯੋ ॥੨੬॥
ਆਦਿ ਸਢੌਰਾ ਕਤਲ ਕਰੇ ਹੈਂ।
ਤੁਰਕ ਸਿੰਘ ਕਰਿ ਜੋਰ ਲਰੇ ਹੈਂ।
ਭਏ ਅਨਿਕ ਹੀ ਜੰਗ ਅਖਾੜੇ।
ਹਤਿ ਤੁਰਕਾਨਾ ਸਤਰ ਉਘਾੜੇ[1] ॥੨੭॥ [1]ਪੜਦੇ ਨੰਗੇ ਕੀਤੇ।
ਮਹਾਂ ਰੌਰ ਮਾਚ੍ਯੋ ਤਿਸ ਦੇਸ਼।
ਕਰੇ ਮਾਰਿ ਕੈ ਬਿਜੈ ਅਸ਼ੇਸ਼।
ਭਯੋ ਪ੍ਰਤਾਪ ਅਮਲ ਠਹਿਰਾਯੋ।
ਜਿਤ ਕਿਤ ਤੇ ਹਾਲਾ ਗਨ ਆਯੋ ॥੨੮॥
ਸੁਧਾ ਸਰੋਵਰ ਪੁਨ ਚਲਿ ਗਏ।
ਮੱਜਨ ਕਰੇ ਕਲੁਖਤਿ ਹਏ।
ਸੁੰਦਰ ਹਰਿਮੰਦਰ ਕੇ ਅੰਦਰ।
ਦਰਸ਼ਨ ਕਰ੍ਯੋ ਥਿਰੇ ਸ਼ੁਭ ਨੰਦਰ[1] ॥੨੯॥ [1]ਅੰਦਰ ਸ਼ੋਭਦੇ ਹਨ।
ਤਹਿਂ ਗਰਬਤਿ ਚਾਹਤਿ ਬਡਿਆਈ।
ਪਾਸ ਖਾਲਸੇ ਤੇ ਗੁਰਿਆਈ।
ਚਮੂੰ ਪਦਾਰਥ ਦਰਬ ਬਿਸਾਲਾ।

ਨਿਜ ਢਿਗ ਜਾਨਯੋ ਚਲਯੋ ਕੁਚਾਲਾ ॥੩੦॥
ਸਿੰਘ ਮਿਲੇ ਮਸਲਤ ਕਰਿ ਸਬੈ।
ਕਰਯੋ ਅਨਾਦਰ ਤਿਸ ਕੋ ਤਬੈ।
ਨਹੀਂ ਮੇਲ ਤੁਝ ਸੰਗ ਹਮਾਰੋ।
ਪੰਥ ਗੁਰੂ ਕੋ ਅਪਰ ਅਚਾਰੋ[1] ॥੩੧॥

[1]ਗੁਰੂ ਪੰਥ ਦਾ ਹੋਰ ਹੀ ਆਚਾਰ ਹੈ (ਕਿ ਉਹ ਦਸਮੇ ਗੁਰੂ ਤੋਂ ਬਾਦ ਕਿਸੇ ਨੂੰ ਗੁਰੂ ਨਹੀਂ ਮੰਨ ਸਕਦੇ)।

ਸ਼ਯਾਮ ਬਰਨ ਮਦ ਆਮਿਖ ਲਜਾਏ।
ਨਾਕ ਦਬਾਯੋ ਨਹਿਂ ਮਨ ਭਾਏ।
ਏਵ ਬੋਲ ਕਰਿ ਭਏ ਨਿਰਾਲੇ।
ਨਿਜ ਨਿਜ ਗ੍ਰਾਮਨਿ ਬਰੇ ਸੁਖਾਲੇ ॥੩੨॥
ਬ੍ਰਹਮਚਰਜ ਤਿਸ ਨਾਂਹਿਨ ਰਾਖਯੋ।
ਕਰਯੋ ਬਜਾਹ ਬਿਸ਼ਯਾਨੰਦ ਕਾਂਖਯੋ।
ਸ਼੍ਰੀ ਬਿਨੋਦ ਸਿੰਘ ਝਿਰਕਨ ਕਰਯੋ।
ਸੁਤ ਉਪਜਾਯੋ ਨਾਂਹਿਨ ਡਰਯੋ ॥੩੩॥
ਅਬਿ ਤਿਸ ਕੀ ਚਹਿ ਗਲੀ ਕੁਠਾਲੀ[1]।

[1]ਕੁਠਾਲੀ ਗਲਣ ਵਾਲੀ ਹੈ।

ਬਚਨ ਆਪ ਕੋ ਜਾਇ ਨ ਖਾਲੀ।
[1]ਪ੍ਰਿਥਕ ਭਏ ਸੁਨਿ ਕ੍ਰੋਧ ਨ ਧਰੇ।

[1]ਬਾਬਾ ਬਿਨੋਦ ਸਿੰਘ ਜੀ) ਜੁਦਾ ਹੋ ਗਏ, ਭਾਵ ਚਲੇ ਗਏ; (ਇਹ ਗੱਲ) ਸੁਣਕੇ ਖਾਲਸੇ ਨੇ ਨਾ ਕ੍ਰੋਧ ਕੀਤਾ ਹੈ ਤੇ ਨਾ ਬੰਦੇ ਨੂੰ ਸਰਾਪ ਦਿੱਤਾ ਹੈ।

ਨਹੀਂ ਖਾਲਸੇ ਸ੍ਰਾਪਤਿ ਕਰੇ ॥੩੪॥
ਯਾਂ ਤੇ ਸੁਧ ਹਿਤ ਹਮੈਂ ਪਠਾਯੋ।
ਬਿਗਰ ਗਯੋ ਜਿਮ ਸਰਬ ਸੁਨਾਯੋ।'
ਸੁਨਿ ਕੈ ਗੁਰੂ ਸ਼ਾਹੁ ਸੋ ਕਹਯੋਂ।
'ਸੋ ਅਬਿ ਤੇਜ ਹੀਨ ਹੀ ਰਹਯੋ ॥੩੫॥
ਨਹਿਂ ਚਿੰਤਾ ਧਰਿ, ਪੁਜਯੋ ਸਮੋਂ ਤਿਹ।
ਭਯੋ ਬਿਕਾਰੀ ਗਰਬ ਵਧਯੋ ਜਿਹ।
ਹਟਿ ਜੈਹੈ ਅਬਿ ਬਿਨਾ ਹਟਾਏ।
ਹਮਨੇ ਪਲਟਾ ਲੀਨਸਿ ਪਾਏ ॥੩੬॥
ਕਾਰਨ ਇਤਿਕ ਹੁਤੋ ਅਬਿ ਗਯੋ।
ਗਲਨ ਕੁਠਾਲਿ ਸਮੋਂ ਅਬਿ ਭਯੋ।'
ਪੁਨ ਸਿੰਘਨ ਸਨ ਗੁਰੂ ਉਚਾਰਾ।
'ਮੋਹਿ ਪੰਥ ਨਹਿਂ ਕਾਚ† ਅਚਾਰਾ[1]

[1]ਮੇਰੇ ਪੰਥ ਦਾ ਕੱਚਾ ਪਿੱਲਾ ਆਚਾਰ ਨਹੀਂ।

॥ ੩੭ ॥

ਨਹਿਂ ਬਿਗਰੇ, ਕੋ ਸਕੈ ਬਿਗਾਰੇ[1]।

ਰਹਹੁ ਦੇਸ਼ ਤਿਸ ਬਨਹੁ ਜੁਝਾਰੇ।
ਬੇਮੁਖ ਕੋ ਤਜਿ ਦੀਜੈ ਸੰਗ।
ਆਪ ਸ਼ਿਰੋਮਣਿ ਬਨਹੁਂ ਨਿਸੰਗ ॥ ੩੮ ॥
ਸੰਮਤ ਕਿਤਿਕ ਸਮਾ ਜਬਿ ਆਵੈ।
ਰਾਜ ਖਾਲਸੇ ਕੋ ਹੁਇ ਜਾਵੈ।
ਅਵਨੀ ਕੇ ਮਾਲਿਕ ਬਨਿ ਜੈ ਹੈਂ।
ਮਾਰਤਿ ਮਰਤਿ ਤਬਹਿ ਬਿਦਤੈ ਹੈਂ
॥ ੩੯ ॥
ਇਮ ਸਤਿਗੁਰ ਸ਼੍ਰੀ ਬਚਨ ਉਚਾਰੇ।
ਸੁਨਿ ਕੈ ਭਏ ਅਨੰਦਤਿ ਸਾਰੇ।
ਸ਼ਾਹੁ ਬਹਾਦਰ ਸੀਸ ਨਿਵਾਇ।
ਡੇਰੇ ਗਮਨਜੋ ਸਹਿਜ ਸੁਭਾਇ ॥ ੪੦ ॥
ਜਹਿਂ ਕਹਿਂ ਲਿਖਿ ਭੇਜੇ ਪਰਵਾਨੇ।
'ਲਸ਼ਕਰ ਚੜ੍ਹੇ ਮਹਿਦ ਮਹੀਯਾਨੇ।
ਤੇਜ ਹੀਨ ਰਿਪੁ ਹੋਯਸਿ ਮਾਰਹੁ।
ਜਾਨਿ ਨ ਦੀਜੈ ਬਹੁ ਪਰਵਾਰਹੁ[1] ॥ ੪੧ ॥
ਸਰਬ ਭੇਤ ਸ਼੍ਰੀ ਗੁਰੂ ਸੁਨਾਯੋ।
ਗਹਿ ਲੀਜੈ ਕਰਿ ਬਿਬਿਧਿ ਉਪਾਯੋ।'
ਸ਼੍ਰੀ ਪ੍ਰਭੁ ਪਹੁੰਚੇ ਅਪਨਿ ਸਥਾਨਾ।
ਅਬਿ ਲੌ ਹੀਰਾ ਘਾਟ ਬਖਾਨਾ ॥ ੪੨ ॥
ਹੀਰਾ ਗੁਰੂ ਬਗਾਵਨਿ ਕਰਜੋ।
ਨਾਮ ਗੁਦਾਵਰਿ ਤਟ ਕੋ ਪਰਜੋ।
ਗੇਰਤਿ ਹੇਰਤਿ ਬਿਸਮਜੋ ਸ਼ਾਹੂ।
ਹੁਤੋ ਬਿਕੀਮਤ ਗਾ ਜਲ ਮਾਂਹੂ[1] ॥ ੪੩ ॥
ਕੇਤਿਕ ਦਿਨ ਪ੍ਰਭੁ ਪਾਸ ਬਿਤਾਏ।
ਸਿੰਘ ਪੰਜਾਬ ਦੇਸ਼ ਚਲਿ ਆਏ।
ਗੁਰ ਕੀ ਕਹਿਵਤ ਸਕਲ ਸੁਨਾਈ।
ਸ਼ਾਂਤਿ ਖਾਲਸੇ ਕੇ ਚਿਤ ਆਈ[†] ॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤ੍ਰ ਐਨੇ 'ਬਹਾਦਰਸ਼ਾਹ' ਪ੍ਰਸੰਗ ਬਰਨਨੰ ਨਾਮ ਤੌਦੂਸਮੋਂ

[†]ਪਾ:-ਕਾਜ।

[1]ਨਾ (ਆਪ) ਬਿਗਾੜੇਗਾ ਤੇ ਨਾਂ ਕੋਈ ਬਿਗਾੜ ਸਕਦਾ ਹੈ।

[1]ਘੇਰ ਲਓ।

[1]ਪਾਣੀ ਵਿਚ ਜਾ ਪਿਆ।

## ਅੰਸੂ ॥੧੩॥

†ਏਹ ਸਮਾਚਾਰ ਕਵੀ ਜੀ ਤੱਕ ਠੀਕ ਨਹੀਂ ਅੱਪੜੇ। ਕਵੀ ਜੀ ਗੁ: ਪ੍ਰ: ਸੂ: ਮੁਕਾਉਂਦੇ ਸਾਰ ਹੀ ਚੜ੍ਹ ਗਏ ਹਨ। ਪੁਸਤਕ ਸੋਧਣ ਦਾ ਸਮਾਂ ਆਪ ਨੂੰ ਨਹੀਂ ਲੱਝਾ ਤੇ ਨਾ ਤਾਰੀਖਾਂ ਦੀ ਖੋਜ ਆਪ ਤੋਂ ਹੋਈ ਜਾਪਦੀ ਹੈ। ਤਾਰੀਖੀ ਖੋਜ ਦਾ ਨਿਚੋੜ ਇਹ ਹੈ:-ਤਾਰਾ ਆਜ਼ਮ ਦਾ ਜੰਗ ਜੇਠ ਸੰਮਤ ੧੭੬੪ ਵਿਚ ਹੋਇਆ, ਉਸ ਤੋਂ ਬਾਦ ਗੁਰੂ ਜੀ ਨਾਦੇੜ ਅੱਪੜੇ। ਕੱਤਕ ਸੰਮਤ ੧੭੬੫ ਵਿਚ ਗੁਰੂ ਜੀ ਨਾਦੇੜ ਵਿਚ ਜੋਤੀ ਜੋਤ ਸਮਾਏ ਲਿਖੇ ਹਨ। ਬੰਦੇ ਦੇ ਸਰਹਿੰਦ ਵਾਲੀ ਲੜਾਈ (ਚਪੜ ਚਿੜੀ) ਫਤੇ ਕਰਨ ਦੀ ਤਰੀਕ ਹੈ ੧੫ ਜੇਠ ੧੭੬੭। ਇਸ ਵੇਲੇ ਗੁਰੂ ਜੀ ਨੂੰ ਜੋਤੀ ਜੋਤ ਸਮਾਇਆਂ ਇਕ ਸਾਲ ਸੱਤ ਕੁ ਮਹੀਨੇ ਹੋ ਚੁਕੇ ਸਨ। ਪਾਤਸ਼ਾਹ ਸਰਹਿੰਦ ਫਤੇ ਹੋਣ ਵੇਲੇ ਅਜਮੇਰ ਸੀ ਤੇ ਉਸ ਨੂੰ ਇਹ ਖ਼ਬਰ ੨੩ ਜੇਠ ੧੭੬੭ ਨੂੰ ਪਹੁੰਚੀ।

## ੧੪. [ਸ਼ਿਕਾਰ ਘਾਟ, ਨਗੀਨਾ ਘਾਟ ਆਦਿ ਕਥਾਵਾਂ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਇਤ ਸੈਨਾ ਲਾਖਹੁਂ ਮਿਲੀ, ਬੰਦੇ ਕੇ ਪਸ਼ਚਾਤ।
ਹਟੇ ਸਿੰਘ ਅਰੁ ਤੇਜ ਬਿਨ[1], ਹੋਤਿ ਭਟਨਜ ਕੋ ਘਾਤ ॥੧॥

[1](ਬੰਦਾ) ਤੇਜ ਬਿਨਾਂ ਹੋ ਗਿਆ।

ਚੌਪਈ:

ਠਹਿਰ ਨ ਸਕੈ ਜੰਗ ਕੋ ਠਾਂਨਤਿ।
ਲਰਤਿ ਸੁ ਕਬੈ ਪਲਾਇ ਪਯਾਨਤਿ।
ਸਨੇ ਸਨੇ ਹਾਰਤਿ ਚਲਿ ਗਯੋ।
ਜਾਇ ਗਿਰਨਿ ਮਹਿਂ ਪ੍ਰਾਪਤਿ ਭਯੋ ॥੨॥
ਦੁਰਗ ਲੋਹਗੜ[1] ਰਚਜੋ ਬਨਾਇ।

[1]ਇਹ ਮੁਖਲਸਗੜ੍ਹ ਨੂੰ ਬੰਦੇ ਨੇ ਆਪਣਾ ਟਿਕਾਣਾ ਬਣਾਕੇ ਲੋਹਗੜ ਨਾਮ ਧਰਿਆ ਸੀ ਤੇ ਇਸ ਨੂੰ ਪੱਕਾ ਕਰ ਲਿਆ ਸੀ।

ਲਰਤਿ ਰਖੇ ਲਸ਼ਕਰ ਅਟਕਾਇ।
ਤਹਿਂ ਪ੍ਰਵੇਸ਼ ਹੁਇ ਜੁੱਧ ਮਚਾਵੈ।
ਸੁਭਟ ਹਜ਼ਾਰਹੁਂ ਸੰਘਰ ਘਾਵਹਿ ॥੩॥
ਘੇਰਾ ਪਰਜੋ ਚਹੂੰ ਦਿਸ਼ਿ ਮਾਂਹੀ।
ਐਬੇ ਜੈਬੇ ਮਾਰਗ ਨਾਂਹੀ।
ਇਤੈ ਪ੍ਰਸੰਗ ਭਯੋ ਇਸ ਰੀਤਿ।
ਉਤ ਗੁਰ ਕਥਾ ਸੁਨਹੁ ਧਰਿ ਪ੍ਰੀਤਿ ॥੪॥
ਪਰਜੋ ਸ਼ਾਹੁ ਕੋ ਸਿਵਰ ਸਮੀਪ।
ਸੰਗ ਹਜ਼ਾਰਹੁਂ ਜਿਸ ਅਵਨੀਪ।
ਚਢਹਿਂ ਅਖੇਰ ਪ੍ਰਭੁ ਬਹੁ ਬਾਰੀ।
ਜਾਂਹਿ ਗੁਦਾਵਰਿ ਸਰਿਤਾ ਪਾਰੀ ॥੫॥
ਨਾਮ ਸ਼ਿਕਾਰ ਘਾਟ ਤਹਿਂ ਭਯੋ।
ਐਬੇ ਜੈਬੇ ਕੋ ਮਗ ਥਯੋ।
ਬਿਚਰਹਿਂ ਬਨ ਮਹਿਂ ਗਨ ਮ੍ਰਿਗ ਘਾਵੈਂ।
ਛੱਤ੍ਰੀ ਧਰਮ ਭਲੇ ਨਿਬਹਾਵੈਂ ॥੬॥
ਤੀਰਨ ਕੀ ਤਰੀਫ ਸੁਨਿ ਕਾਨ।
ਆਵਤਿ ਸੱਯਦ, ਮੁਗ਼ਲ, ਪਠਾਨ।
ਪੁਰਿ ਅਨੰਦ ਚਮਕੌਰ ਮਝਾਰੇ।

ਬੀਰ ਹਜ਼ਾਰਹੁੰ ਜਿਨ ਤੇ ਮਾਰੇ ॥੭॥
ਇਕ ਸਰ ਗਨ ਨਰ ਤੇ ਪਰਿ ਪਾਰ[1]।

[1]ਇਕ ਬਾਣ ਬਹੁਤ ਪੁਰਸ਼ਾਂ ਤੋਂ ਪਾਰ ਪੈ ਜਾਂਦਾ ਹੈ।

ਤੁਰਤ ਮਰਤਿ ਨਹਿਂ ਜਾਚਤਿ ਬਾਰ।
[1]ਲਗਤ ਹੁਤੇ ਤਬਿ ਚਲਤਿ ਨਿਹਾਰੇ।

[1]ਜਦ ਬਾਨ ਲਗਦੇ ਹੁੰਦੇ ਸਨ (ਜੰਗ ਵਿਚ) ਉਸ ਵੇਲੇ ਚਲਦੇ ਦੇਖੀਦੇ ਸਨ (ਪਰ ਸ਼੍ਰੀ ਗੁਰੂ ਜੀ) ਬਾਣ ਚਲਾਂਵਦੇ ਨਹੀਂ ਦੇਖੇ ਜਾਂਦੇ ਸਨ।

ਨਹੀਂ ਚਲਾਵਤਿ ਪਿਖੇ ਉਦਾਰੇ ॥੮॥
ਸੋ ਭਟ ਆਵਤਿ ਬਿਨੈ ਸੁਨਾਵੈਂ।
'ਹਮਰੇ ਹੇਰਤਿ ਅਬਹਿ ਚਲਾਵੈਂ।'
ਸੁਨਿ ਅਰਜ਼ੀ ਮਰਜ਼ੀ ਤਿਨ ਜਾਨਿ।
ਐਂਚਿ ਸਰਾਸਨ ਛੋਰਹਿਂ ਬਾਨ ॥੯॥
[1]ਚੁਟਕੀ ਚਾਂਪਨਿ ਮੁਸ਼ਟ ਗ੍ਰਹਨ ਕੋ।

[1]ਹੱਥ ਵਿਚ) ਧਨੁਖ ਦੀ ਮੁੱਠ ਫੜਨੀ ਤੇ ਚੁਟਕੀ (ਨਾਲ) ਨੌ ਟੰਕਾਂ ਦੇ ਧਨੁਖ ਨੂੰ ਖਿੱਚਣਾ।

ਨਵਟੰਕਨ ਧਨੁ ਤਾਨ ਕਰਨ ਕੋ[5]।
[1]ਲਾਘਵਤਾ ਧਰਿ ਤਾਕ ਨਿਸ਼ਾਨਾ।

[1]ਫੁਰਤੀ ਨਾਲ ਨਿਸ਼ਾਨਾ ਤੱਕਕੇ ਤੀਰ ਦਾ ਛੱਡਣਾ, ਅਚੁਕ ਜਾਕੇ ਵੱਜਣਾ (ਨਿਸ਼ਾਨੇ ਤੇ)।

ਤਜਨਿ ਅਚੁਕ ਪ੍ਰਹਾਰਨਿ ਬਾਨਾ[6] ॥੧੦॥
ਇੱਤਜ਼ਾਦਿਕ ਧਨੁ ਵਿੱਦਜ਼ਾ ਭਾਰੀ।
ਰੀਝਹਿਂ ਭਟ ਜਬਿ ਕਰਤਿ ਨਿਹਾਰੀ।
'ਧੰਨ ਧੰਨ' ਕਰਿ ਬੰਦਨ ਠਾਨਤਿ।
ਜਾਹਿਂ ਸਿਵਰ ਮਹਿਂ, ਅਪਰ ਬਖਾਨਤਿ ॥੧੧॥
ਮਹਿਮਾ ਇਮ ਪਸਰੀ ਸਭਿ ਬਿਖੈ।
ਪਿਖੈਂ ਘਨੋ, ਸੁਨਿ ਸੁਨਿ ਕਵਿ ਲਿਖੈ।
ਇਕ ਦਿਨ ਥਿਰ ਗੋਦਾਵਰਿ ਤੀਰ।
ਬੈਠੇ ਪ੍ਰਭੂ ਨਰਨ ਕੀ ਭੀਰ ॥੧੨॥
ਏਕ ਸਿੱਖ ਆਯੋ ਤਿਹ ਸਮੋਂ।
ਭੇਟ ਨਗੀਨਾ ਧਰਿ ਕਿਯ ਨਮੋਂ।
ਅਵਲੋਕਯੋ ਲੇ ਕਰਿ ਨਿਜ ਹਾਥ।
ਗੇਰਿ ਗੁਦਾਵਰਿ ਮੈਂ ਦਿਯ ਨਾਥ ॥੧੩॥
ਬਿਸਮਯੋ ਸਿਖ ਮਨ ਚਿਤਵਨਿ ਠਾਨੀ।
-ਕੀਮਤਿ ਨਹੀਂ ਗੁਰੂ ਇਸ ਜਾਨੀ।

ਹਲਕੋ ਜਾਨਿ ਗੁਦਾਵਰਿ ਗੇਰਾ।
ਕਹਿਨੋ ਬਨੈ ਕਹਾਂ ਅਬਿ ਮੇਰਾ- ॥੧੪॥
ਪਸ਼ਚਾਤਾਪ ਕਰਤਿ ਚਿਤ ਲਹਜੋ।
ਕ੍ਰਿਪਾ ਨਿਧਾਨ ਤਾਂਹਿ ਸੋਂ ਕਹਜੋ।
'ਜੇ ਬਹੁ ਕੀਮਤ ਕੇਰ ਨਗੀਨਾ।
ਨਿਕਟ ਨਿਹਾਰਿ ਨਿਕਾਰ ਪ੍ਰਬੀਨਾ!
॥੧੫॥
ਉੱਤਮ ਹੁਤੋ ਹਮਹਿਂ ਨਹੀਂ ਜਾਨਾ।
ਬਹੁਤ ਮੋਲ ਕੋ ਤੈਂ ਨ ਬਖਾਨਾ।'
ਇਮ ਸੁਨਿ ਸਿੱਖ ਉਤਾਇਲ ਕੀਨਿ।
ਬਰਜੋ ਗੁਦਾਵਰਿ ਹ੍ਵੈ ਪਟ ਹੀਨ ॥੧੬॥
ਜਲ ਅੰਤਰ ਜਬਿ ਦ੍ਰਿਸ਼ਟਿ ਲਗਾਈ।
ਪਿਖੇ ਨਗੀਨ ਪਰੇ ਸਮੁਦਾਈ।
ਗਨ ਹੀਰਨਿ ਕੇ ਗੰਜ ਲਗਾਏ।
ਲਖੀ ਪ੍ਰਭੁ ਮਾਇਆ ਬਿਸਮਾਏ ॥੧੭॥
ਕਹਾਂ ਨਗੀਨੇ ਕੇਰ ਗੁਮਾਨਾ।
ਜਬਰ ਜਵਾਹਰ ਜ਼ਾਹਰ ਨਾਨਾ।
ਸਭਿ ਤਜਿ ਸ਼ੀਘ੍ਰ ਨਿਕਸਿ ਕਰਿ ਆਯੋ।
ਪਗ ਪੰਕਜ ਸ਼੍ਰੀ ਗੁਰ ਲਪਟਾਯੋ ॥੧੮॥
'ਮੈਂ ਅਜਾਨ ਮਹਿਮਾ ਨਹੀਂ ਜਾਨੀਂ।
ਤੀਨ ਲੋਕ ਮਾਲਿਕ ਗੁਨ ਖਾਨੀ।
ਬਖਸ਼ਹੁ ਭੂਲ ਸੁ ਬਖਸ਼ਨ ਹਾਰੇ!
ਮੁਸਕਾਵਤਿ ਸ਼੍ਰੀ ਮੁਖਹੁੰ ਉਚਾਰੇ ॥੧੯॥
'ਹਰਿ ਹਰਿ ਸਿਮਰੋ ਨਿਸ਼ਚਾ ਧਰਜੋ।'
ਨਾਮ 'ਨਗੀਨਾ ਘਾਟ' ਸੁ ਪਰਜੋ।
ਇਮ ਬਿਲਾਸ ਪ੍ਰਭੁ ਕਰਤਿ ਅਨੇਕ।
ਪੁਨ ਦਿਵਾਨ ਮੈਂ ਥਿਰਿ ਦਿਨ ਏਕ
॥੨੦॥
ਧਨੀ ਪਠਾਨ ਆਇ ਤਿਹ ਸਮੋ।
ਬੈਠਜੋ ਹਾਥ ਜੋਰਿ ਕਰਿ ਨਮੋ।
ਦਸਤਾਵੇਜ਼[1] ਖਾਸ ਪ੍ਰਭੁ ਕੇਰੀ।
ਸੋ ਨਿਕਾਸਿ ਕਰਿ ਧਰੀ ਅਗੇਰੀ ॥੨੧॥

[1]ਹੱਥ ਦੀ ਲਿਖਤ।

'ਲਿਖਤ ਸਹੰਸ੍ਰ ਇਕਾਦਸ਼ ਜਾਨੋ[1]। [1]੧੨੦੦੦।
ਮੋਲ ਤੁਰੰਗਮ ਕੋ ਪਹਿਚਾਨੋ।
ਰਾਵਰਿ ਸੰਗ ਜੰਗ ਬਹੁ ਪਰੇ।
ਹਮ ਨਹਿਂ ਆਏ, ਲੇਨਿ ਨ ਕਰੇ ॥੨੨॥
ਬੀਤਯੋ ਚਿਰੰਕਾਲ ਇਮ ਨਾਥ।
ਪਰੀ ਨਿਸ਼ਾਨੀ ਰਾਵਰਿ ਹਾਥ।
ਲਏ ਅਨੰਦ ਪੁਰੀ ਮਹਿਂ ਬਾਜ[1]। [1]ਘੋੜੇ।
ਤਬਿ ਤੇ ਮੈਂ ਦਿਖਰਾਈ ਆਜ ॥੨੩॥
ਲੇਨ ਉਮੈਦਵਾਰ ਧਨ ਕੇਰਾ।
ਪੂਰਬ ਭਯੋ ਨ ਆਵਨ ਮੇਰਾ।'
ਸੁਨਿ ਸ਼੍ਰੀ ਮੁਖ ਤੇ ਤਿਸੇ ਉਚਾਰਾ।
'ਨਿਸ਼ਚੈ ਲੈਨੋ ਦਰਬ ਉਦਾਰਾ ॥੨੪॥
ਮੋਲ ਹਯਨਿ ਕੋ ਹੈ ਹਮ ਯਾਦ।
ਤਊ ਕੀਨਿ ਤੈਨੇ ਪਰਮਾਦ[1]। [1]ਆਲਸ।
ਲੈਬੇ ਹੇਤੁ ਨਹੀਂ ਕਿਤ ਆਯੋ।
ਅਪਰ ਅਪਰ ਕਾਰਜ ਬਿਰਮਾਯੋ ॥੨੫॥
ਅਬਿ ਭੀ ਜੇ ਲਿਖ ਦੇਂ ਇਕ ਥਾਏਂ[1]। [1]ਇਕ ਥਾਂ ਤੇ।
ਪ੍ਰਾਪਤਿ ਦਰਬ ਹੋਇ ਤਹਿਂ ਜਾਏ।
ਜੇ ਨਿਸ਼ਚਾ ਧਰਨੋਂ ਉਰ ਭਾਰੀ।
ਹਮ ਤੇ ਸੰਮਤ ਤੀਸ ਪਿਛਾਰੀ ॥੨੬॥
ਬਿਦਤਹਿਂ ਤਬਹਿ ਨਿਸ਼ਾਨ ਨਗਾਰੇ।
ਪੰਥ ਖਾਲਸੇ ਕੋ ਬਲ ਭਾਰੇ।
ਅਵਨੀ ਰਾਜ ਲੇਹਿਂਗੇ ਲਰਿ ਕੈ।
ਸ਼ੱਤ੍ਰ ਸੰਗ ਸੰਘਰ ਮਹਿਂ ਭਰਿ ਕੈ ॥੨੭॥
ਤਬਿ ਸਿੰਘਨਿ ਮਹਿਂ ਜੋ ਸਿਰਦਾਰ।
ਦੇਗ਼ ਤੇਗ਼ ਕੋ ਧਨੀ ਉਦਾਰ।
ਤਿਸ ਕੋ ਲਿਖਤਿ ਇਹੀ ਦਿਖਰਾਵੋ।
ਬਜਾਜ ਸਮੇਤ ਦਰਬ ਕੋ ਪਾਵੋ' ॥੨੮॥
ਸੁਨਿ ਕਰਿ ਜੋਰਿ ਪਠਾਨ ਬਖਾਨੈ।
'ਬਜਾਜ ਲੈਨਿ ਹਮ ਹੈ ਨ ਇਮਾਨੈ।
ਰਾਵਰਿ ਆਇਸੁ ਨਹੀਂ ਬਹੋਰੈਂ।
ਮੋਲ ਹਯਨਿ ਕੋ ਸੋ ਹਮ ਲੋਰੈਂ' ॥੨੯॥

ਭਏ ਪ੍ਰਸੰਨ ਭਨੀ ਪੁਨ ਬਾਨੀ।
'ਸਾਧ ! ਸਾਧ ![1] ਇਮਾਨ ਮਹਾਨੀ।
ਇਹ ਕਾਗਦ ਜੋ ਲਿਖ੍ਯੋ ਹਮਾਰਾ।
ਮਾਨਹਿਂ ਸਭਿ ਸਿੰਘਨਿ ਸਰਦਾਰਾ
॥੩੦॥
ਦੁਗਨ ਚਗੁਨਾ ਦਸ ਗੁਨ ਧਨ ਕੋ।
ਲੈ ਹੈਂ ਤਬਹਿ ਰਖੋ ਥਿਰ ਮਨ ਕੋ।
ਤੁਵ ਸੰਤਤ ਕੋ ਮਹਿਦ ਗੁਜ਼ਾਰਾ।
ਹੁਇ ਹੈ ਬਿਨ ਸੰਸੈ ਸੁਖ ਭਾਰਾ' ॥੩੧॥
ਸੁਨਤਿ ਖਾਨ ਪਗ ਟੇਕ੍ਯੋ ਮਾਥਾ।
ਰੁਖਸਦ ਭਯੋ ਜੋਰਿ ਕਰਿ ਹਾਥਾ।
ਜਬੈ ਖਾਲਸਾ ਬਿਦਤ੍ਯੋ ਭਾਰੀ।
ਭਯੋ ਰਾਜ ਲੀਨੇ ਰਿਪੁ ਮਾਰੀ ॥੩੨॥
ਤਬਿ ਸਰਦਾਰਨਿ ਕੇ ਢਿਗ ਗਯੋ।
ਧਨ ਗਨ ਸੁਖ ਸੋਂ ਪ੍ਰਾਪਤਿ ਭਯੋ।
ਸੰਤਤਿ ਧਨੀ ਬਿਸਾਲ ਭਏ ਹੈਂ।
ਆਦਰ ਸਿੰਘਨ ਸਭਿਨਿ ਦਏ ਹੈਂ ॥੩੩॥
ਇਸ ਬਿਧਿ ਸਤਿਗੁਰੂ ਦਿਵਸ ਬਿਤਾਏ।
ਚਲਨ ਬਿਕੁੰਠ ਸਮੋਂ ਨਿਯਰਾਏ।
ਆਵਤਿ ਸਾਧ ਜਮਾਤ ਉਦਾਸੀ।
ਦਰਸ਼ਨ ਕਰ ਬੰਦੇ ਰਹਿ ਪਾਸੀ ॥੩੪॥
ਲੇਹਿਂ ਤਿਹਾਵਲ ਰਸਤ ਹਮੇਸ਼।
ਸਿਮਰਹਿਂ ਸਤਿਗੁਰ ਕੋ ਉਪਦੇਸ਼।
ਦੇਗ਼ ਹੋਤਿ ਬਰਤੈ ਜਿਸ ਬਾਰੀ।
ਤਾਂਹਿ ਸਮੈਂ ਰੌਰਾ ਪਰਿ ਭਾਰੀ ॥੩੫॥
ਇਕ ਦਿਨ ਸ਼ਾਹੁ ਬਹਾਦਰ ਸੁਨ੍ਯੋਂ।
ਅਪਨੇ ਉਮਰਾਵਨਿ ਮਹਿਂ ਭਨ੍ਯੋਂ।
'ਯਹਿ ਸੁਨਿਯਤਿ ਕੈਸੋ ਬਡ ਰੌਰਾ।
ਲਖੀਅਤਿ ਗੁਰੂ ਸਿਵਰ ਕੀ ਠੌਰਾ'
॥੩੬॥
ਸੁਧਿ ਹਿਤ ਮਾਨਵ ਸ਼ੀਘ੍ਰ ਪਠਾਯੋ।
ਸੁਨਿ ਕਾਰਨਿ ਕੋ ਹਟਿ ਕਰਿ ਆਯੋ।

[1]ਸ਼ਾਬਾਸ਼ ਸ਼ਾਬਾਸ਼।

ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਬਰਤਹਿ ਦੇਗ਼ ਗੁਰੂ ਕੀ ਭਾਰੀ ॥੩੭॥
ਲੇਤਿ ਸੁ ਦੇਤਿ ਖਾਲਸਾ ਬ੍ਰਿੰਦ।
ਬੋਲਤਿ ਆਪਸ ਬਿਖੈ ਬਿਲੰਦ।
ਕੋ ਜਾਚਤਿ ਠਹਿਰਾਵਤਿ ਕੋਈ।
ਕੋ ਬਰਜਤਿ ਕੋ ਰਿਸ ਮਹਿਂ ਹੋਈ' ॥੩੮॥
ਸੁਨਿ ਬ੍ਰਿਤੰਤ ਕੋ ਸ਼ਾਹੁ ਬਿਚਾਰਾ।
-ਛੁਧਾ ਸਹਿਤ ਰਹਿ ਪੰਥ ਉਦਾਰਾ।
ਅਲਪ ਆਮਦਨ ਹੈ ਇਸ ਦੇਸ਼।
ਅਚਨ ਹਾਰ ਨਰ ਮਿਲੇ ਵਿਸ਼ੇਸ਼ ॥੩੯॥
ਦਰਬ ਰੋਜ਼ ਕੋ[1] ਕਛੁ ਕਰ ਦੀਨੋ।
ਲੰਗਰ ਹੇਤੁ ਸੁਨਵਾਨ ਕੀਨੋ।
ਲੈ ਲੈ ਰਸਦ ਖਰੀਦਿ ਬਿਸਾਲਾ।
ਬਨੈ ਤਿਹਾਵਲ ਕਰਜੋ ਕ੍ਰਿਪਾਲਾ ॥੪੦॥
ਬਰਤਨ ਲਾਗਿ ਮਚਜੋ ਬਡ ਰੌਰਾ।
ਸੁਨਿਯਤਿ ਦੂਰ ਦੂਰ ਕੀ ਠੌਰਾ।
ਆਇ ਨਿਤਾਪ੍ਰਤਿ ਦਰਬ ਘਨੇਰਾ।
ਹੋਤਿ ਕੁਲਾਹਲ ਤਥਾ ਬਡੇਰਾ ॥੪੧॥
ਦਿਨ ਆਠਕ ਮਹਿਂ ਪੁਨ ਸੁਨਿ ਸ਼ਾਹੂ।
ਜਾਨਜੋ ਖਰਚ ਬਢਜੋ ਗੁਰ ਪਾਹੂ।
ਦਰਬ ਪ੍ਰਥਮ ਤੇ ਘਨੋ ਪਠਾਯੋ।
'ਲੰਗਰ ਕਰੋ ਜਿਤਿਕ ਮਨ ਭਾਯੋ' ॥੪੨॥
ਅਧਿਕ ਦਰਬ ਕੋ ਪਠਵਤਿ ਜਜੋਂ ਜਜੋਂ।
ਰੌਰਾ ਵਧਤ ਦੇਗ਼ ਮਹਿਂ ਤਜੋਂ ਤਜੋਂ।
ਦਯਾ ਸਿੰਘ ਪਹੁੰਚਜੋ ਕਿਸ ਕਾਰਨ।
ਏ ਪ੍ਰਸੰਗ ਸਭਿ ਕੀਨਿ ਉਚਰਾਨ ॥੪੩॥
'ਛੁਧਤ ਰਹਤਿ ਲਖਿ ਦਰਬ ਪਠਾਵੋਂ।
ਤਜੋਂ ਤਜੋਂ ਅਧਿਕ ਰੌਰ ਸੁਨਿ ਪਾਵੋਂ।
ਇਹ ਕਾਰਨ ਕਜਾ ਦੇਹੁ ਬਤਾਈ।'
ਦਯਾ ਸਿੰਘ ਤਬਿ ਕਹਜੋ ਸੁਨਾਈ ॥੪੪॥
'ਪੰਥ ਖਾਲਸੇ ਮਹਿਂ ਬਡ ਰੌਰਾ।

[1] (ਲੰਗਰ ਲਈ) ਰੋਜ਼ ਦਾ ਧਨ।

ਕਰਯੋ ਬਚਨ ਸੋਢੀ ਸਿਰਮੌਰਾ।
ਕਯੋਂਹੂੰ ਮਿਟਤਿ ਨਹੀਂ ਅਬਿ ਸੋਈ।
ਬਰਤਹਿ ਕਛੂ, ਸ਼ੋਰ ਬਡ ਹੋਈ' ॥੪੫॥
ਬਿਸਮਯੋ ਸੁਨਤਿ ਬਹਾਦਰ ਸ਼ਾਹੂ।
ਜਾਨਯੋਂ ਦਲ ਦੀਰਘ ਗੁਰ ਪਾਹੂ।
ਰਹਯੋ ਪੁਚਾਵਤਿ ਦਰਬ ਘਨੇਰਾ।
ਲੰਗਰ ਬਰਤਹਿ ਬਡਹੁ ਬਡੇਰਾ ॥੪੬॥ †

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਸ਼੍ਰੀ ਗੁਰ ਦੇਗ' ਪ੍ਰਸੰਗ ਬਰਨਨੰ ਨਾਮ ਚੌਦਸਮੋਂ ਅੰਸੂ ॥੧੪॥

†ਅੰਕ ੪੬ ਤੇ ਇਹ ਅੰਸੂ ਮੁੱਕ ਜਾਂਦਾ ਹੈ। ਪਰ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ੯ ਛੰਦ ਹੋਰ ਹਨ ਜਿਨ੍ਹਾਂ ਦਾ ਪਾਠ ਅੱਗੇ ਲਿਖਿਆ ਹੈ:

ਪਰ ਇਹ ਵਾਧੂ ਪਾਠ ਅੰਕ ੪੬ ਤੋਂ ਮਗਰਲਾ ਸਾਨੂੰ ਮਿਲੇ ਲਿਖਤੀ ਨੁਸਖਿਆਂ ਵਿਚ ਦੇਖਣੇ ਵਿਚ ਕਿਤੇ ਨਹੀਂ ਆਇਆ। ਇਹ ਪ੍ਰਸੰਗ ਪੁਰਾਤਨ ਰਵਾਇਤਾਂ ਵਿਚ ਹੈ ਤਾਂ ਸਹੀ, ਪਰ ਇਥੇ ਕਿਸੇ ਨੇ ਮਗਰੋਂ ਪਾਇਆ ਜਾਪਦਾ ਹੈ, ਕਵੀ ਜੀ ਦਾ ਰਚਿਤ ਨਹੀਂ ਜਾਪਦਾ। ਸਭ ਤੋਂ ਪੁਰਾਣੇ ਡਿੱਠੇ ੧੯੧੨ ਦੇ ਨੁਸਖੇ ਵਿਚ ਬੀ ਇਹ ਪਾਠ ਨਹੀਂ ਹੈ ਤੇ ੧੯੧੯ ਵਾਲੇ ਨੁਸਖੇ ਵਿਚ ਬੀ ਨਹੀਂ ਹੈ। ਇਸ ਤੋਂ ਬੀ ਅਨੁਮਾਨ ਹੁੰਦਾ ਹੈ ਕਿ ਗ੍ਰੰਥ ਵਿਚ ਆਖੇਪਕ ਰਲਦੇ ਗਏ ਹਨ, ਚਾਹੇ ਗ੍ਰੰਥ ਰਚੇ ਨੂੰ ਸਮਾਂ ਥੋੜਾ ਬੀਤਿਆ ਹੈ। ਇਹ ਪ੍ਰਸੰਗ ਨਿਰਸੰਸੇ ਆਖੇਪਕ ਐਉਂ ਸਿੱਧ ਹੋ ਜਾਂਦਾ ਹੈ ਕਿ ਇਸੇ ਅਯਨ ਦੇ ਅੰਸੂ ੨੦ ਦੇ ਅੰਕ ੩੨ ਵਿਚ ਦਯਾ ਸਿੰਘ ਜੀ ਕਵੀ ਜੀ ਨੇ ਜੀਉਂਦੇ ਦੱਸੇ ਹਨ। ਪਰ ਆਖੇਪ ਵਾਲੇ ਛਾਪੇ ਦੇ ਨੁਸਖੇ ਵਿਚ ੨੦ ਅੰਸੂ ਵਿਚ ਪਾਠ ਜੋਧਾ ਸਿੰਘ ਬਦਲਾਇਆ ਹੋਇਆ ਹੈ। ਇਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਵਾਧੂ ਪਾਠ ਵਿਚ ਛੰਦਾਂ ਦੇ ਅੰਕ ਨਹੀਂ ਹਨ, ਇਹ ਆਖੇਪਕਾਰ ਤੋਂ ਰਹਿ ਗਏ ਹਨ। ਉਂਵ ਇਸ ਪ੍ਰਸੰਗ ਦੇ ਦੇਣ ਵਿਚ ਕਿਸੇ ਨੂੰ ਕੋਈ ਲਾਭ ਨਹੀਂ ਸੀ। ਗ਼ਾਲਬਨ ਦਸਮ ਗ੍ਰੰਥ ਦੇ ਗਿਆਨੀਆਂ ਵਿਚ ਜੋ ਇਤਿਹਾਸਕ ਉਥਾਨਕਾ 'ਮਿਤ੍ਰ ਪਿਆਰੇ' ਵਾਲੇ ਛੰਦ ਦੀ ਪਰਵਿਰਤ ਹੈ, ਉਹ ਕਿਸੇ ਪ੍ਰੇਮੀ ਨੇ ਇਸ ਗ੍ਰੰਥ ਨੂੰ ਭੂਸ਼ਿਤ ਕਰਨ ਵਾਸਤੇ ਸ਼ੁਭ ਭਾਵਨਾ ਨਾਲ ਪਾਈ ਹੈ।

ਇਕ ਦਿਨ ਦਯਾ ਸਿੰਘ ਜੀ ਆਏ।
ਸ਼੍ਰੀ ਗੁਰੂ ਪਾਸ ਬੈਠ ਸੁਖ ਪਾਏ।
ਕੰਬਨੀ ਚਢੀ ਸ੍ਰੀਰ ਮੈਂ ਸੋਈ।
ਜਾਨਯੋਂ ਅੰਤ ਸਮਾ ਤਨ ਹੋਈ ॥੪੭॥
ਸ਼੍ਰੀ ਗੁਰੂ ਕੋ ਕਰ ਬੰਦਨ ਤਬੈ।
ਗੋਦਾਵਰ ਮੱਜਨ ਕਿਯ ਤਬੈ।
ਜਪੁਜੀ ਪਾਠਿ ਕੀਨਿ ਤਿਹ ਸਮੈਂ।
ਦੇਹ ਤਜੀ ਪੰਜਭੂਤਕ ਛਿਨ ਮੈਂ ॥੪੮॥
ਮਾਰੂ ਪੜ੍ਹਨੇ ਲਗੇ ਰਬਾਬੀ।
ਸ਼੍ਰੀ ਗੁਰੂ ਪੂਛਯੋ 'ਕੌਣ ਸਬਾਬੀ?'
ਹਾਥ ਜੋੜ ਸਿੱਖ ਅਰਜ਼ ਗੁਜ਼ਾਰੀ।
'ਦਯਾ ਸਿੰਘ ਤਨਿ ਤਜਿ ਬਿਨ ਬਾਰੀ'

॥੪੯॥
ਸ੍ਰੀ ਗੁਰ ਕਹ੍ਯੋ ਕੌਨ ਹੈ ਕਾਰਨ?
ਹਮਰੇ ਬਿਨਾਂ ਮਿਲੇ ਜਿ ਪਧਾਰਨ।
ਜਾਵਹੁ ਸਿੱਖਹੁ! ਕਹੋ ਸੁਨਾਈ।
ਸੰਦੇਸਾ ਹਮਰੋ ਲਿਯੋ ਜਾਈ' ॥੫੦॥

ਦੋਹਰਾ:
ਚਿਤਾ ਮਾਂਹਿ ਥੋ ਤਨ ਧਰ੍ਯੋ,
ਤਬ ਸਿੰਘ ਹੁਕਮ ਸੁਨਾਇ।
ਉਠ੍ਯੋ ਦਯਾ ਸਿੰਘ ਆਇਓ,
ਰਹੇ ਲੋਕ ਬਿਸਮਾਇ ॥੫੧॥
ਕਰਿ ਬੰਦਨ ਐਸੇ ਕਹੀ,
ਸੱਚ ਖੰਡ ਕੇ ਪੌਰ।
ਲੰਘਤ ਥਾ ਤਵ ਹੁਕਮ ਸੁਨਿ,
ਹਟ ਆਯੋ ਇਸ ਠੌਰ ॥੫੨॥

ਸੋਰਠਾ:
ਸ੍ਰੀ ਗੁਰ ਕਹ੍ਯੋ ਸੁਨਾਯ ਮਮ ਆਯਸ ਬਿਨ
ਜੋ ਗਯੋ।
ਯਾਤੇ ਲੀਯੋ ਬੁਲਾਯੋ ਲੈ ਸੰਦੇਸ ਜਾਵੌਂ ਅਬੈ
॥੫੩॥

ਸ੍ਰੀ ਮੁਖਵਾਕ ॥
ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆ ਦਾ ਓਢਣ ਨਾਗ ਨਿਵਾਸਾ ਦੇ ਰਹਿਣਾ ॥੧॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ† ਕਸਾਈਆ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਿਰ ਚੰਗਾ ਭੱਠਿ ਖੇੜਿਆਂ ਦਾ ਰਹਿਣਾ ॥੨॥੧॥

†ਬਿੰਗ=ਸਾਕੀ ਦੇ ਵਿਯੋਗ ਵਾਕ, ਅਰਥਾਤ ਕਾਵਯ ਰਸ ਭਰੇ ਵਾਕ ਕਸਾਈਆਂ ਦੇ ਬਿੰਗ ਤੁਲ ਹਨ। ਬਿੰਗ ਕਹਿੰਦੇ ਹਨ ਬਕਰੇ ਨੂੰ ਕੁਹਣਾ ਤੇ ਦੱਬਕੇ ਰੱਖਣਾ। ਬਿੰਗ ਪਦ ਸ਼ਲੇਖ ਹੈ। ਇਉਂ ਬੀ ਅਰਥ ਹੈ ਕਿ ਸਰਾਹੀ ਤੇ ਪਯਾਲੇ ਨਾਲ ਜੋ ਖਾਣਾ ਹੁੰਦਾ ਹੈ ਉਹ ਬਿੰਗ ਤੁਲ ਦੁਖਦਾਈ ਹੈ। ਬਿੰਗ ਦਾ ਅਰਥ ਛੁਰਾ ਬੀ ਲਾਉਂਦੇ ਹਨ ਪਰ ਉਹ ਢੁੱਕਦਾ ਨਹੀਂ ਹੈ।

ਦੋਹਰਾ:
ਸੁਨ ਸੰਦੇਸ ਕਰਿ ਬੰਦਨਾ ਸਿੱਖ ਗਯੋ ਸਚ
ਥਾਨ।
ਤਬ ਪ੍ਰਭੁ ਭਏ ਉਦਾਸ ਮਨ ਚਹੈਂ ਪ੍ਰਲੋਕ
ਪਯਾਨ ॥੫੪॥

## ੧੫. [ਰਾਮ ਕੌਰ ਜੀ ਦਾ ਪਿਛੇ ਮੁੜਨਾ। ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਗਮਨ ਕਰਨ ਬੈਕੁੰਠ ਕੋ, ਲਖ੍ਯੋ ਸਮਾ ਨਿਯਰਾਇ।
ਸਾਹਿਬ ਦੇਵੀ ਨਿਕਟ ਰਹਿ, ਇਹ ਗੁਰ ਸਹਿ ਨ ਸਕਾਇਂ ॥੧॥

ਚੌਪਈ:

ਰਾਮਕੁਇਰ ਭਾਈ ਕਹਿ ਕਥਾ।
ਸੁਨਿ ਸ਼੍ਰੋਤਾ! ਬੀਤੀ ਸ਼ੁਭ ਜਥਾ।
ਅਬਚਲ ਨਗਰ ਜਾਤਿ ਮਗ ਮਾਂਹੀ।
ਮੈਂ ਭੀ ਸੰਗ ਤਜ੍ਯੋ ਤਹਿਂ ਨਾਂਹੀ ॥੨॥
ਮਮ ਮਾਤਾ ਪੀਛੇ ਤੇ ਧਾਈ।
ਕੇਤਿਕ ਦੂਰ ਮਿਲੀ ਤਹਿਂ ਆਈ।
ਕਰਿ ਬੰਦਨ[1] ਕੋ ਅਰਜ਼ ਗੁਜ਼ਾਰੀ।
'ਏਕ ਪੁੱਤ੍ਰ ਹੈ ਮੋਹਿ ਅਗਾਰੀ[1] ॥੩॥

[1]ਸ੍ਰੀ ਗੁਰੂ ਜੀ ਨੂੰ ਨਮਸਕਾਰ ਕਰਕੇ।
[1]ਅੱਗੇ ਮੇਰਾ ਇਕ ਹੀ ਪੁੱਤ੍ਰ ਹੈ। (ਅ) ਭਾਵ ਮੇਰੀਆਂ (ਅੱਖਾਂ) ਅੱਗੇ ਇਕੋ ਹੀ ਪੁੱਤ੍ਰ ਹੈ।

ਦੱਖਿਣ ਦੇਸ਼ ਦੂਰ ਹੈ ਜਾਨਾ।
ਪਿਖਨ ਕਹਾਂ, ਸੁਧ ਸੁਨਿਯ ਨ ਕਾਨਾ।
ਜਾਨਿ ਦੀਨ ਮੁਝ ਕੌ ਦੁਖ ਪਰੈ[1]।

[1](ਪੁੱਤ੍ਰ ਨੂੰ) ਜਾਣ ਦਿੱਤਿਆਂ ਮੈਨੂੰ ਦੁਖ ਸਹਿਣਾ ਪਵੇਗਾ। (ਅ) ਮੈ ਗ੍ਰੀਬ ਹਾਂ, ਜਾਣ ਲਓ ਕਿ (ਪੁੱਤ੍ਰ ਦੇ ਵਿਯੋਗ ਦਾ) ਦੁੱਖ ਮੈਨੂੰ ਪਏਗਾ।

ਪੁੱਤ੍ਰ ਬਿਰਹਿ ਤੇ ਨਹਿਂ ਕਿਮ ਸਰੈ ॥੪॥
ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ।
ਮੇਰੋ ਪੁੱਤ੍ਰ ਸੰਗ ਮੁਝ ਦੀਜੈ।'
ਇੱਤਜਾਦਿਕ ਮਾਤਾ ਤੇ ਸੁਨੇ।
ਸੁਤ ਸਨੇਹ ਤੇ ਸੰਕਟ ਗੁਨੇ ॥੫॥
ਮੁਝ ਸੋਂ ਕਹ੍ਯੋ 'ਜਾਹੁ ਤੁਮ ਭਾਈ!
ਜਨਨੀ ਹੇਤੁ ਲੈਨ ਕੇ ਆਈ।
ਮਾਰਗ ਦੂਰ ਉਲੰਘਤਿ ਧਾਈ।
ਅਬਿ ਕੈਸੇ ਏਕਲਿ ਫਿਰਿ ਜਾਈ ॥੬॥
ਇਕ ਪੁੱਤ੍ਰਾ ਬ੍ਰਿਹੁ ਨਹੀਂ ਸਹਾਰੈ।
ਨਾਂਹਿ ਤ ਹਮਰੇ ਸੰਗ ਸਿਧਾਰੈਂ।'
ਸੁਨਿ ਮੈਂ ਗੁਰ ਕੇ ਖਰੋ ਅਗਾਰੀ।
ਭਯੋ ਦੀਨ ਇਮ ਬਿਨੈ ਉਚਾਰੀ ॥੭॥

'ਮੇਰੋ ਨੇਮ ਹੋਇ ਨਿਰਬਾਹੂ।
ਰਹਨਿ ਹਮੇਸ਼ ਆਪ ਕੇ ਪਾਹੂ।
ਦਰਸ਼ਨ ਕਰੌਂ ਤ ਅਚੌਂ ਅਹਾਰਾ।
ਬਿਨ ਹੇਰੇ ਰਹਿਂ ਹੌਂ ਨਿਰਹਾਰਾ ॥੮॥
ਤੁਮ ਬਿਛਰੇ ਜਬਿ ਅੰਨ ਨ ਖੈਹੋਂ।
ਕਿਹ ਬਿਧਿ ਇਹ ਸਰੀਰ ਨਿਰਬੈਹੋਂ।
ਪ੍ਰਥਮ ਕਰਹੁ ਕੋ ਅਸ ਉਪਚਾਰਾ।
ਬਹੁਰ ਹਟਾਵਹੁ ਦੇਸ਼ ਮਝਾਰਾ' ॥੯॥
ਸੁਨਿ ਸਤਿਗੁਰ ਨੇ ਰਿਦੇ ਬਿਚਾਰੀ।
ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਚਢਹੁ ਅਖੇਰ ਹੇਤੁ ਜਬਿ ਬਾਹਰ।
ਹਮਰੋ ਦਰਸ਼ਨ ਪਿਖਿ ਤਹਿ ਜ਼ਾਹਰ ॥੧੦॥
ਜਬਿ ਚਾਹੋ ਤਬਿ ਨਿਕਸਿ ਪਧਾਰਹੁ।
ਕਾਨਨ ਮਹਿਂ ਹਮ ਦਰਸ ਨਿਹਾਰਹੁ।'
ਇਮ ਮੁਝ ਸੋਂ ਕਹਿ ਕੀਨਸਿ ਤਜਾਰੀ।
ਸਾਹਿਬ ਦੇਵੀ ਸਾਥ ਉਚਾਰੀ ॥੧੧॥
'ਤੁਮ ਭੀ ਹਟਿ ਦਿੱਲੀ ਪੁਰਿ ਜਾਹੂ।
ਬਸਹੁ ਸਪਤਨੀ[1] ਕੇ ਨਿਤ ਪਾਹੂ।
ਸਭਿ ਸੰਗਤਿ ਤੁਮ ਸੇਵ ਕਮਾਵੈ।
ਹਮ ਸਮ ਦੁਹੂੰਅਨਿ ਦਰਸ਼ਨ ਪਾਵੈ[1]' ॥੧੨॥
ਇੱਤਜਾਦਿਕ ਬਹੁਤੀ ਸਮੁਝਾਈ।
ਤਜਜੋ ਨ ਸੰਗ ਬਿਸਾਲ ਹਟਾਈ।
ਦਰਸ਼ਨ ਕਰਿ ਅਹਾਰ ਸੋ ਖਾਈ।
ਮੋਹਿ ਸਮਾਨ ਨੇਮ ਨਿਬਹਾਈ ॥੧੩॥
ਮਾਤ ਸੰਗ ਮੈਂ[1] ਹੁਇ ਹਟ ਪਰਜੋ।
ਆਵਨ ਮੱਦ੍ਰ ਦੇਸ਼ ਮਹਿਂ ਕਰਜੋ।
ਨਿਤ ਅਖੇਰ ਹਿਤ ਗਮਨੌਂ ਬਾਹਰ।
ਦਰਸ਼ਨ ਗੁਰ ਦਰਸਹੁਂ ਤਬਿ ਜ਼ਾਹਰ ॥੧੪॥
ਅਬਚਲ ਨਗਰ ਗਏ ਗੁਰ ਰਹੇ।

[1]ਭਾਵ ਸੁੰਦਰੀ ਜੀ ਪਾਸ।

[1]ਸਾਡੇ ਵਾਂਙ ਦੋਹਾਂ (ਮਹਿਲਾਂ) ਦਾ ਦਰਸ਼ਨ (ਸੰਗਤ) ਪਾਵੇਗੀ।

[1]ਮੈਂ (ਆਪਣੀ) ਮਾਤਾ ਨਾਲ।

ਸਮਾ ਅੰਤ ਤਨ ਕੋ ਤਬਿ ਲਹੇ।
-ਸੰਗ ਸਤੀ ਹੁਇ ਸਾਹਿਬ ਦੇਵੀ-।
ਚਿਤ ਮਹਿਂ ਚਿਤਵਤਿ ਭੇ ਪ੍ਰਭੁ ਏਵੀ ॥੧੫॥
ਅਪਨੇ ਤੇ ਤਬਿ ਚਹਤਿ ਬਿਛੋਰੀ।
ਪਠਨ ਹੇਤੁ ਦਿੱਲੀ ਪੁਰਿ ਓਰੀ।
ਕਹਜੋ 'ਜਾਹੁ ਅਬਿ ਦੇਰ ਨ ਲਾਉ।
ਬਸਹੁ ਸਪਤਨੀ ਹੈ ਜਿਸ ਥਾਉਂ' ॥੧੬॥
ਸੁਨਿ ਸਾਹਿਬ ਦੇਵੀ ਕਰ ਜੋਰੇ।
'ਦੀਨਮਨਾ ਹੁਇ ਚਰਨ ਨਿਹੋਰੇ।
ਤੁਮ ਬਿਨ ਮੋਰ ਅਲੰਬ ਨ ਕੋਈ।
ਦੇਖਿ ਅਚੌਂ ਜਲ ਭੋਜਨ ਦੋਈ ॥੧੮॥
ਬਿਛੁਰੇ ਤੇ ਦਰਸ਼ਨ ਕਿਮ ਹੋਇ।
ਸਹੌਂ ਕਸ਼ਟ ਪ੍ਰਾਨਨ ਕੋ ਖਾਇ।
ਕੌਨ ਗਤੀ ਪ੍ਰਭੁ ਹੋਇ ਹਮਾਰੀ।
ਬਨਿ ਲਚਾਰ ਮਰਿ ਰਹਉਂ ਬਿਚਾਰੀ' ॥੧੮॥
ਖੜਗ ਆਦਿ ਖਟ ਆਯੁਧ ਧਰੇ।
ਖਸ਼ਟਮ ਗੁਰੂ ਸਜਾਵਨ ਕਰੇ।
ਸ਼੍ਰੀ ਗੋਬਿੰਦ ਸਿੰਘ ਨਿਕਟ ਮੰਗਾਏ।
ਸਾਹਿਬ ਦੇਵੀ ਸਉਂਪਿ ਅਲਾਏ ॥੧੯॥
'ਦਰਸ਼ਨ ਕਰੈਂ ਹਮਾਰੇ ਯਥਾ।
ਇਨ ਕੋ ਅਵਲੋਕਨ ਲਖਿ ਤਥਾ।
ਕਰਹੁ ਪ੍ਰਾਤਿ ਕੋ ਜਬਿ ਇਸ਼ਨਾਨਾ।
ਦਰਸ਼ਨ ਕਰਹੁ ਧਜਾਨ ਮਮ ਠਾਨਾ ॥੨੦॥
ਇਮ ਨਿਬਹੈਗੋ ਨੇਮ ਤੁਹਾਰਾ।
ਲੇ ਕਰਿ ਪਹੁੰਚਹੁ ਪੁਰੀ ਮਝਾਰਾ।'
ਇੱਤਜਾਦਿਕ ਕਹਿ ਬਹੁ ਸਮੁਝਾਈ।
ਕੀਨੇ ਦਾਸ ਸੰਗ ਸਮੁਦਾਈ ॥੨੧॥
ਭਈ ਬਿਬਸ ਬਿਛਰੀ ਪਤਿ ਸਾਥ।
ਪਤਿਬਰਤਾ ਚਿਤਵਤਿ ਤਨੁ ਨਾਥ।

-ਆਗਜਾ ਮੇਟੀ ਜਾਇ ਨ ਕੋਈ।
ਪੁਨਿ ਬਿਕੁੰਠ ਕੋ ਚਲਿਬੋ ਹੋਈ ॥੨੨॥
ਸੰਗ ਸਤੀ ਕੋ ਹੋਵਨ ਮੇਰੋ।
ਨਹਿਂ ਚਾਹਿਤ ਨੀਕੀ ਬਿਧਿ ਹੇਰੋਂ।
ਯਾਂ ਤੇ ਚਿੰਤ ਸ਼ੋਕ ਕੀ ਅਗਨਿ।
ਕੇਤਿਕ ਦਿਨ ਮਹਿਂ ਰਹੌਂ ਨਿਮਗਨ ॥੨੩॥
ਤਨ ਸੁਕਾਇ ਪਿੰਜਰ ਕਰਿ ਦੇਊਂ।
ਮਰੌਂ ਅੰਤ ਕੋ ਬਹੁ ਦੁਖ ਹੋਊ-।
ਇਮ ਬਿਚਾਰ ਹੁਇ ਸੰਕਟ ਸਾਥ।
ਤਯਾਗ ਨ ਸਕਹਿ ਪਰਮ ਪ੍ਰਿਯ ਨਾਥ ॥੨੪॥
ਦੀਨ ਮਨਾ ਬੰਦੇ ਜੁਗ ਹਾਥ।
ਅੱਸ਼੍ਰ ਬਿਮੋਚਤਿ ਪਗ ਧਰਿ ਮਾਥ।
ਕਰਯੋ ਗਮਨ ਕੋ ਬੇਬਸ ਹੋਈ।
ਹੇਰਿ ਹੇਰਿ ਪਤਿ ਕੋ ਬਹੁ ਰੋਈ ॥੨੫॥
ਦਾਸ ਪਾਸ ਆਯੁਧ ਉਠਵਾਏ।
ਨਿਜ ਆਗੇ ਕਹਿ ਕਰਿ ਚਲਿਵਾਏ।
ਚਢਿ ਡੋਰੇ ਗਮਨੀ ਮਗ ਮਾਂਹੂ।
ਮਨ ਤੇ ਰਹਯੋ ਨਾਥ ਕੇ ਪਾਹੂ ॥੨੬॥
ਜਿਯਤ ਮੇਲ ਕੀ ਆਸ ਚੁਕਾਈ।
ਇਨ ਦੇਹਿਨਿ ਕੀ ਇਹੀ ਬਡਾਈ।
ਜੇ ਸਮ ਬ੍ਰਿਤਿ ਰਾਖੈਂ ਸੋ ਧੀਰ।
ਅੰਤਵੰਤ ਹੈਂ ਸਕਲ ਸਰੀਰ ॥੨੭॥
ਮਿਲਿਨਿ ਸੁ ਬਿਛੁਰਨਿ ਜਨਮ ਰੁ ਮਰਨਾ।
ਬਾਲਕ ਬਿਰਧ ਹੋਇ ਕੈ ਤਰੁਨਾ।
ਨਹੀਂ ਅਵਸਥਾ ਥਿਰਹਿ ਕਦਾਈ।
ਜਲ ਸਲਿਤਾ ਜਿਮ ਨਿਤ ਬਹਿ ਜਾਈ ॥੨੮॥
ਬਨਯੋਂ ਜਗਤ ਸਭਿ ਝੂਠ ਪਸਾਰਾ।
ਜੋ ਬਿਦਤਹਿ ਸੋ ਨਹੀਂ ਨਿਹਾਰਾ-।
ਇਮ ਚਿਤਵਤਿ ਮਾਰਗ ਮੋ ਆਈ।

ਸਨੇ ਸਨੇ ਦਿੱਲੀ ਨਿਯਰਾਈ ॥੨੯॥
ਸੁਧਿ ਸੁਨਿ ਕੈ ਮਾਤਹਿ ਆਗਵਨੂ।
ਸੰਗਤਿ ਗਈ ਅੱਗ੍ਰ ਤਜਿ ਭਵਨੂ।
ਨਮੋ ਕਰੀ ਸਭਿ ਨੇ ਕਰ ਜੋਰਿ।
ਦੇ ਕਰਿ ਨਾਨਾ ਭਾਂਤਿ ਅਕੋਰ ॥੩੦॥
ਸਨਮਾਨਤਿ ਪੁਰਿ ਮਹਿਂ ਲੈ ਆਏ।
ਸੀਸ ਸੁੰਦਰੀ ਅੱਗ੍ਰ ਨਿਵਾਏ।
ਮਿਲੀ ਸਪਤਨੀ ਆਪਸ ਮਾਂਹੀ।
ਸਿਮਰਤਿ ਪਤਿ ਸੁਤ ਰੁਦਨ ਕਰਾਹੀਂ ॥੩੧॥
'ਦੈਵ ਕਰੀ ਗਤਿ ਕਹਾਂ ਹਮਾਰੀ।
ਅੰਤ ਸਮੈਂ ਗੁਰ ਬ੍ਰਿਹੁ ਮਹਿਂ ਡਾਰੀ।
ਅਤਿ ਕਠੋਰ ਧਿਕ ਰਿਦੇ ਹਮਾਰੇ।
ਸੁਤਿ ਪਤਿ ਬਿਛਰੇ, ਭੇ ਤਨ ਧਾਰੇ[1] ॥੩੨॥
ਮਿਲੀ ਪਰਸਪਰ ਦੋਨਹੁਂ ਰੋਈ।
ਤ੍ਰਿਯ ਸਿੱਖਨਿ ਕੀ ਗਤਿ ਤਸ[†] ਹੋਈ[1]।
ਬਿਨੈ ਸਮੇਤ ਪ੍ਰਬੋਧਤਿ ਘਨੀ।
'ਗੁਰ ਪਤਨੀ ਤੁਮ ਨਹਿਂ ਇਮ ਬਨੀ ॥੩੩॥
ਸੇਵਾ ਕਰਹਿਂ ਸਰਬ ਹਮ ਦਾਸੀ।
ਨਿਸ ਬਾਸੁਰ ਪਰਚਹਿਂ ਰਹਿਂ ਪਾਸੀ।'
ਇੱਤਜਾਦਿਕ ਬਹੁ ਭਾਖਨਿ ਕਰਜੋ।
ਮਾਤ ਸੁੰਦਰੀ ਧੀਰਜ ਧਰਜੋ ॥੩੪॥
ਮੰਜੀ ਪਰ ਬਿਛਾਵਨੋ ਛਾਏ।
ਸੋ ਆਯੁਧ ਕਰਿ ਨਮੋ ਟਿਕਾਏ।
ਦੋਨੋ ਸੌਤ ਪ੍ਰਭਾਤਿ ਸ਼ਨਾਨੈਂ।
ਗੁਰ ਸਰੂਪ ਕਰਿ ਤਿਨ ਕੌ ਮਾਨੈਂ ॥੩੫॥
ਪੁਸ਼ਪ ਧੂਪ ਚੰਦਨ ਚਰਚਾਵੈਂ।
ਦਰਸ਼ਨ ਕਰਿ ਭੋਜਨ ਕੋ ਖਾਵੈਂ।
ਸਿਖ ਸੰਗਤਿ ਕਿਤ ਤੇ ਚਲਿ ਆਵੈ।

[1]ਪਤੀ ਤੇ ਪੁੱਤ੍ਰਾਂ ਤੋਂ ਵਿਛੜਿਆਂ ਹੋਇਆਂ ਵੀ ਅਸਾਂ (ਅਜੇ) ਤਨ ਧਾਰਿਆ ਹੋਇਆ ਹੈ।

[1]ਸਿੱਖਾਂ ਦੀਆਂ ਇਸਤ੍ਰੀਆਂ ਦੀ ਬੀ ਤਿਵੇਂ ਗਤ ਹੋਈ, ਭਾਵ ਸਾਰੀਆਂ ਰੋਣ ਲੱਗੀਆਂ। [†]ਪਾ:-ਗਨ ਤਹਿ।

ਗੁਰ ਸਮਾਨ ਅਵਿਲੋਕ ਮਨਾਵੈ ॥੩੬॥
ਅਰਪਤਿ ਗਨ ਉਪਹਾਰ ਅਛੇਰੇ।
ਨਿਤ ਪ੍ਰਤਿ ਪੂਜਾ ਹੋਤਿ ਬਡੇਰੇ।
ਮਹਿਮਾਂ ਸ਼ਸਤ੍ਰਨਿ ਕੀ ਬਹੁ ਭਈ।
ਧਰੀ ਕਾਮਨਾ ਸੋ ਸਿਖ ਲਈ ॥੩੭॥
ਸਾਹਿਬ ਦੇਵੀ ਸਦਾ ਸਚਿੰਤ।
ਸੌਤ ਸੁੰਦਰੀ ਨਿਕਟ ਬਸੰਤਿ।
ਗੁਰ ਸ਼ਰੀਰ ਕੋ ਚਿਤਵਨ ਕਰਤੀ।
ਨਿਸ ਦਿਨ ਧ੍ਯਾਨ ਰਿਦੇ ਪਤਿ ਧਰਤੀ ॥੩੮॥
ਦੁਰਬਲ ਤਨ ਜਿਸ ਕੋ ਹੁਇ ਗਯੋ।
ਸ਼ੋਕ ਪਰਾਇਨ ਚਿਤ ਨਿਤ ਥਯੋ।
ਪੀਤ ਬਦਨ ਆਂਸੂ ਦ੍ਰਿਗ ਗੇਰਤਿ।
ਨਹੀਂ ਸਮੀਪ ਕੰਤ ਕੌ ਹੇਰਤਿ ॥੩੯॥
ਸ਼ਸਤ੍ਰ ਦਰਸ ਕੈ ਭੋਜਨ ਖਾਵੈ।
ਅਲਪ ਅਹਾਰ ਕਛੂ ਨਹਿੰ ਭਾਵੈ।
ਇਮ ਅਪਨੀ ਬਯ ਸਕਲ ਬਤਾਈ।
ਪ੍ਰਿਯ ਪਤਿ ਮਹਿੰ ਚਿਤ ਬ੍ਰਿੱਤਿ ਲਗਾਈ ॥੪੦॥
ਮਾਤ ਸੁੰਦਰੀ ਸਭਿ ਬਿਵਹਾਰ।
ਲੇਨਿ ਦੇਨਿ ਕੀ ਜੇਤਿਕ ਕਾਰ।
ਸੁਤ ਕੇ ਸਮ ਅਜੀਤ ਸਿੰਘ ਪਾਰੈ।
ਬਹੁ ਸਨੇਹ ਕਰਿ ਭੋਜਨ ਖ੍ਵਾਰੇ ॥੪੧॥
ਨਾਨਾ ਬਿਧਿ ਕੇ ਬਸਤ੍ਰ ਬਨਾਵੈ।
ਨਿਕਟ ਬਿਠਾਇ ਹੇਰਿ ਪਹਿਰਾਵੈ।
ਹੇਮ ਬਿਭੂਖਨ ਬਹੁ ਘਰਿਵਾਏ।
ਲੇ ਮੁਕਤਾ ਕਾਨਨ ਮਹਿੰ ਪਾਏ ॥੪੨॥
ਪਰਚੈ ਤਿਹ ਸੋਂ ਕਰਤਿ ਸਨੇਹੁ।
ਸੂਰਤਿ ਜਨੁ ਅਜੀਤ ਸਿੰਘ ਏਹੁ।
ਮੋਲ ਤੁਰੰਗਮ ਚੰਚਲ ਲੀਨਿ।
ਬਹੁ ਧਨ ਦੇ ਕਰਵਾਇਸ ਜ਼ੀਨ ॥੪੩॥
ਹਯ ਚਢਾਇ ਕਰਿ ਪੁਰਿ ਮਹਿੰ ਫੇਰਹਿ।

ਗੁਰੂ ਪੁੱਤ੍ਰ ਕਹਿ ਸਗਰੇ ਹੇਰਹਿ।
ਇਸ ਪ੍ਰਕਾਰ ਦਿੱਲੀ ਪੁਰਿ ਕਥਾ।
ਸ਼੍ਰੋਤਾ ਸੁਨਹੁ ਪ੍ਰੀਤਿ ਧਰਿ ਤਥਾ ॥੪੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਮਾਤਾ ਸਾਹਿਬ ਦੇਵੀ ਸੁੰਦਰੀ' ਪ੍ਰਸੰਗ ਬਰਨਨੰ ਨਾਮ ਪੰਚਦਸਮੋਂ ਅੰਸੂ ॥੧੫॥

## ੧੬. [ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਗਾਥਾ ਅਬਚਲ ਨਗਰ ਕੀ, ਸੁਨਹੁ ਸਿੱਖ ਮਨ ਲਾਇ।
ਸਿੰਘ ਨਿਕਟ ਪ੍ਰਭੁ ਕੇ ਰਹੈਂ, ਇਕ ਆਵੈਂ ਇਕ ਜਾਇ ॥੧॥

ਸ੍ਵੈਯਾ:

ਸ਼ਾਹਿ ਬਹਾਦਰ ਏਕ ਦਿਨਾ ਢਿਗ
ਆਇ ਬਿਦਾ ਹਿਤ ਸ਼੍ਰੀ ਗੁਰ ਪਾਸੀ।
ਸੰਗ ਸਮੂਹ ਲੀਏ ਉਮਰਾਵ
ਬਡੇ ਉਲਮਾਉ ਮੁਲਾਨਨਿ ਰਾਸੀ।
ਜ਼ੇਵਰ ਜ਼ੇਬ ਜਵਾਹਰ ਜ਼ਾਹਰ
ਯੌਂ ਝਮਕੇਂ, ਉਡ ਜੈਸੇ ਅਕਾਸ਼ੀ।
ਸੂਖਮ ਪੋਸ਼ਿਸ਼ ਪਾਇ ਸ਼ਰੀਰਹਿਂ
ਬੀਰ ਸਧੀਰਜ ਬੁੱਧਿ ਪ੍ਰਕਾਸ਼ੀ ॥੨॥
ਹਾਥਨਿ ਬੰਦਿ ਕਰੀ ਅਭਿਬੰਦਨ
ਨੌਰੰਗ ਨੰਦਨ ਬੈਠਿ ਗਯੋ।
ਕੈ ਸਨਮਾਨ ਬਖਾਨਤਿ ਸ਼੍ਰੀ ਗੁਰ
'ਸ਼ਾਹੁ ਕਹੋ ਸ਼ੁਭ ਰਾਜ ਥਯੋ?
ਸਾਧ ਮਵਾਸ ਲਏ ਸਭਿ, ਕੈ ਨਹਿਂ[1],
ਦੱਛਿਣ ਆਇਸੁ ਮਾਨ ਭਯੋ[1]?
ਕੌਨ ਮਨੋਰਥ ਔਰ ਰਿਦੇ ਅਬਿ,
ਤੋਰ ਪਿਤਾ ਸਮ ਜ਼ੇਰ ਕਯੋ' ॥੩॥
'ਸ਼੍ਰੀ ਗੁਰ ਰਾਵਰ ਕੀ ਕਰੁਨਾ ਮੁਹਿ,
ਦਾਤ ਦਈ ਪਤਿਸ਼ਾਹਤਿ ਸਾਰੀ।
ਕੌਨ ਸਕੈ ਅਰ[1], ਮਾਰ ਲੀਏ ਅਰਿ,
ਸੈਨ ਫਿਰੈ ਜਿਤ ਹੂੰ ਕਿਤ ਭਾਰੀ।
ਦੱਛਿਨ ਦੇਸ਼ ਅਸ਼ੇਸ਼ ਲਿਯੋ,
ਬਸ ਹੌਂ ਦਿਨ ਕੇਤਿਕ ਔਰ ਅਗਾਰੀ।
ਫੇਰ ਚਲੌਂ ਦਿੱਲੀ ਪੁਰਿ ਕੋ
ਤਹਿਂ ਬੈਠਿ ਸਭੈ ਸੁਧਿ ਲੈ ਹੌਂ ਸੰਭਾਰੀ
॥੪॥

[1]ਆਕੀ ਥਾਂ ਸਾਧ ਲਏ ਹਨ ਕਿ ਨਹੀਂ?

[1]ਭਾਵ ਦੱਖਣ ਵਿਚ (ਲੋਕ) ਆਗਿਆ ਮੰਨਣ ਲੱਗੇ ਹਨ ਕਿ ਨਹੀਂ?

[1]ਅੜ।

ਹੈਦਰਾਬਾਦ ਕੋ ਜਾਉਂ ਅਬੈ,
ਹਿਤ ਹੋਨਿ ਬਿਦਾ ਤੁਮ ਤੀਰ ਅਯੋ।
ਕੂਚ ਕਰੌਂ ਪੁਨ ਦੇਸ਼ ਪੰਜਾਬ ਕੋ
ਕਾਰਜ ਸਾਰੋ ਸੁਧਾਰ ਲਯੋ।
†ਸ਼੍ਰੀ ਪ੍ਰਭੁ[1] ! ਬੂਝਤਿ ਹੌਂ, ਮਤ ਹਿੰਦ ਕੌ — [1]ਹੇ ਗੁਰੂ ਜੀ। †ਸੌ ਸਾਖੀ ਦੀ ੯੪ਵੀਂ ਸਾਖੀ ਚੱਲੀ ਹੈ।
ਕਾਚੌ ਅਹੈ ਇਹ ਕੈਸੋ ਕਿਯੌ?
ਪਾਥਰ ਕੋ ਘਰ ਮੂਰਤਿ ਕੋ
ਕਰਿ ਚਿੱਤ੍ਰ ਕਿਧੋਂ ਲਿਖਿ ਭੀਤ ਦਿਯੋ
॥ ੫ ॥
ਪੂਜਤਿ ਹੈਂ ਤਿਹ ਸੀਸ ਨਿਵਾਵਤਿ
ਭੋਜਨ ਕੋ ਧਰਿ ਦੇਤਿ ਅਗਾਰੀ।
ਕਾਰਜ ਕੌਨ ਭਯੋ ਤਿਸ ਤੇ
ਜੁਊ ਆਪ ਰਚੀ[1] ਬਹੁ ਭਾਂਤ ਸੁਧਾਰੀ। — [1]ਜੋ ਮੂਰਤ ਆਪ ਬਣਾਈ।
ਸੀਂਚਤਿ ਹਾਥਨ ਤੇ ਛਿਤਿ ਪੈ,
ਕਿਮ ਜਾਇ ਬਡੇਰਨ ਪੈ ਚਲਿ ਬਾਰੀ[1]। — [1]ਬਡਿਆਂ (ਪਿੱਤਰਾਂ) ਪਾਸ ਕਿਵੇਂ ਜਲ ਜਾ ਸਕਦਾ ਹੈ?
ਸ਼੍ਰਾਧ ਕਰੈਂ ਪਿੱਤ੍ਰਾਨਿ ਕੇ ਹੇਤੁ
ਅਚਾਵਤਿ ਹੈਂ ਦਿਜ ਪੁੰਜ ਅਹਾਰੀ ॥ ੬ ॥
ਤੀਸਰੇ ਔਰ ਸੁਨੋ ਗੁਰ ਸਾਹਿਬ!
ਹਿੰਦੁਨਿ ਕੋ ਮਤਿ ਹੈ ਜਿਮ ਕਾਚਾ।
ਮੇਵਾ ਅਮੇਜ਼ਿ[1] ਕੈ ਖੰਡ ਔ ਘੀਉ ਮੈਂ — [1]ਮੇਵਾ ਮਿਲਾਕੇ।
ਜੌਂ ਤਿਲ ਡਾਲਤਿ, ਏਕ ਜਤੋਂ ਰਾਚਾ[1]। — [1]ਭਾਵ ਇਕ ਮਿਕ ਕਰਦੇ ਹਨ।
ਆਗ ਮਹਿਂ ਪਾਇ ਕੈ ਸ੍ਵਾਹ ਕਰੈਂ
ਤਿਹ ਲੇਂ ਫਲ ਫੇਰ ਮੁਨੀਨ ਉਬਾਚਾ।
ਕੌਤਕ ਹੋਵਤਿ ਹੈ ਹਮਰੇ ਉਰ
ਕੂਰ ਹੀ ਕੋ ਏਹ ਮਾਨਤਿ ਸਾਚਾ' ॥ ੭ ॥
ਸ਼੍ਰੀ ਗੁਰ ਉੱਤਰ ਦੇਤਿ ਭਏ
'ਮਤ ਹਿੰਦੁਨ ਕੇ ਸਭਿ ਕਰਮ ਕਮਾਵੈਂ[1]। — [1]ਹਿੰਦੂਆਂ ਦੇ ਸਾਰੇ ਮਤ 'ਕਰਮ' ਕਮਾਉਂਦੇ ਹਨ, (ਜਿਵੇਂ)।
ਖੇਤ ਕੀ ਸੇਵ ਕ੍ਰਿਸਾਨ ਕਰੈ
ਬਹੁ ਅੰਨ ਪਕੈ ਸੁਖ ਸੋਂ ਘਰ ਖਾਵੈ।
ਧੇਨੁ ਕੀ ਸੇਵ ਕਰੈ ਹਿਤ ਸੋਂ
ਦਿਨ ਕੇਤਿਕ ਮੈਂ ਪੈ ਸ੍ਵਾਦਲ ਪਾਵੈ।

ਭੂਪਤਿ ਸੇਵਤਿ ਲੇ ਧਨ ਕੋ
ਬਹੁ ਸੇਵਨ ਤੇ ਸਭਿਹੂੰ ਬਨਿ ਆਵੈ[1] ॥੮॥

[1]ਭਾਵ ਖੇਤ ਦੀ ਸੇਵਾ ਨਾਲ ਅੰਨ, ਗਾਂ ਦੀ ਨਾਲ ਦੁੱਧ, ਰਾਜਾ ਦੀ ਸੇਵਾ ਨਾਲ ਧਨ ਮਿਲਦਾ ਹੈ।

ਇਸ਼ਟ ਅਰੋਪਿ ਕੈ ਸੂਰਤ ਮਹਿਂ
ਉਰ ਧਯਾਨ ਧਰੈ ਮਨ ਪ੍ਰੇਮ ਲਗਾਵੈ।
ਪਾਵਤਿ ਹੈ ਧਰਿ ਕਾਮਨ ਕੋ,
ਚਿਤ ਕੋ ਨਿਸ਼ਚਾ ਨਹਿਂ ਕਯੋਂ ਸਫਲਾਵੈ[1†]।

[1]ਭਾਵ ਹੈ ਕਿ ਚਿਤ ਦਾ ਨਿਸ਼ਚਾ ਸਫਲਦਾ ਹੈ। †ਹਿੰਦੂਆਂ ਦਾ ਨਿਸ਼ਚਾ ਦੱਸ ਰਹੇ ਹਨ, ਆਪਣੀ ਵਲੋਂ ਨਹੀਂ ਕਹਿ ਰਹੇ; ਅੱਗੇ ਜਾਕੇ ਖੁੱਲ੍ਹ ਜਾਏਗਾ ਸਾਰਾ। ਦੇਖੋ ਅੰਕ ੧੪, ੧੫, ੧੬, ੧੭।

[1]ਆਸਤ ਨਾਸਤ ਦੋਇ ਰਚੇ ਨਰ

[1]ਸੰਸਕ੍ਰਿਤ ਵਾਲੇ ਆਸਤਿਕ ਉਸ ਨੂੰ ਕਹਿੰਦੇ ਹਨ ਕਿ ਜੋ ਈਸ਼੍ਵਰ, ਵੇਦ, ਪ੍ਰਲੋਕ ਤੇ ਹਿੰਦੂ ਮ੍ਰਯਾਦਾ ਨੂੰ ਮੰਨਦਾ ਹੋਵੇ। ਹਿੰਦੂਆਂ ਨੂੰ ਆਸਤ ਇਸੇ ਕਰਕੇ ਕਿਹਾ ਹੈ। ਮੁਸਲਮਾਨਾਂ ਨੂੰ ਨਾਸਤਿਕ ਇਸ ਵਾਸਤੇ ਕਿਹਾ ਹੈ ਕਿ ਉਹ ਈਸ਼੍ਵਰ ਤੇ ਪ੍ਰਲੋਕ ਤਾਂ ਮੰਨਦੇ ਹਨ ਪਰ ਵੇਦ ਤੇ ਵੇਦਸ਼ਾਸਤ੍ਰੋਕਤ ਮ੍ਰਿਯਾਦਾ ਨੂੰ ਨਹੀਂ ਮੰਨਦੇ।

ਸ਼੍ਰੀ ਪਰਮੇਸ਼ੁਰ ਕੋ ਚਿਤ ਭਾਵੈ।
ਆਸਤਿ ਤੇ ਗਨ ਹਿੰਦੁ ਭਏ
ਤੁਰਕੇਸ਼ ਭਿ ਨਾਸਤ ਤੇ ਬਨਿ ਆਵੈ[੪] ॥੯॥
ਮੂਲ ਤਰੋਵਰੁ ਕੇ ਜਲ ਸੰਚਤ
ਊਪਰ ਤੇ ਲੁਨੀਏ ਫਰ ਤਾਸਾ[1]।

[1]ਜਿਵੇਂ ਜਲ ਤਾਂ ਹੇਠਾਂ ਜੜ੍ਹਾਂ ਨੂੰ ਸਿੰਜੀਦਾ ਹੈ ਪਰ ਇਸ ਦਾ ਫਲ ਉਪਰ ਸ਼ਾਖਾਂ ਤੋਂ ਲਈਦਾ ਹੈ।

ਤਯੋਂ ਚਿਤ ਜਾਨਹੁ ਭੂਤਲ ਕੀ ਕ੍ਰਿਤ,
ਲੇਤਿ ਸਭੈ ਫ਼ਲ ਜਾਇ ਅਕਾਸ਼ਾ[1]।

[1]ਤਿਵੇਂ ਸਮਝੋ ਚਿਤ ਵਿਚ ਕਿ ਪ੍ਰਿਥਵੀ ਤੇ ਕੀਤੇ ਕਰਮਾਂ ਦਾ ਫਲ ਆਕਾਸ਼ (=ਪ੍ਰਲੋਕ) ਵਿਚ ਮਿਲਦਾ ਹੈ।

ਕਾਚੋ ਮਤੋ ਅਪਨੋ ਤੁਮ ਦੇਖਹੁ,
ਮਾਨਤਿ ਹੋ ਕਬਰੈਂ, ਜਿਨ ਨਾਸ਼ਾ[1]।

[1]ਭਾਵ ਮੁਸਲਮਾਨ ਦੇ ਮਤ ਦਾ ਕੱਚਾਪਨ ਦੇਖੋ ਕਿ ਤੁਸੀਂ ਕਬਰਾਂ ਨੂੰ ਮੰਨਦੇ ਹੋ ਜੋ ਵਿਨਾਸ਼ੀ ਹਨ।

ਕਯੋ ਤਿਨ ਤੇ ਕਹੁ ਕਾਜ ਸਰੈ,
ਮ੍ਰਿਤਕਾ ਮਿਲਿ ਗੇ ਤਨ, ਕਯਾ ਧਰਿ ਆਸਾ? ॥੧੦॥

ਦੋਹਰਾ:

ਕਰਹੁ ਬੰਦਗੀ ਰੋਜ਼ ਤੁਮ,
ਬੰਦਾ ਬਨਿ ਕਰਿ ਆਪ।

ਦੇਖਯੋ ਸੁਨਯੋਂ ਨ ਰਬ ਕਿਤੇ,
ਕਰਹੁ ਨਿਵਾਜ ਕਲਾਪ ॥੧੧॥
ਰੂਪ ਨ ਰੰਗ ਨ ਠੌਰ ਕਿਤ,
ਪਾਕ ਅੱਲਾਹਿ ਅਪਾਜ[1]।

[1]ਪਾਜ ਰਹਿਤ, ਅਸਲ।

ਸਿਜਦਾ ਕਰਹੁ, ਦਰੂਦ ਦਿਹੁ,
ਰੋਜਾ ਕੂਰ[1] ਨਿਵਾਜ਼ ॥੧੨॥

[1]ਸਭ) ਝੂਠੇ ਹਨ।

[1]ਕਹਿਨਾ ਕਜਾ ਅਰੁ ਹਿਰਸ ਕਜਾ,

[1]ਉਤੋਂ) ਕੀਹ ਕਹਿਣਾ (ਭਾਵ ਕਹਿਣਾ ਕਿ ਰੱਬ ਹੈ ਫਿਰ ਸਿਜਦੇ ਕਰੋ, ਦਰੂਦ ਦਿਓ, ਰੋਜ਼ੇ ਰੱਖੋ, ਨਿਮਾਜ਼ ਪੜ੍ਹੋ) ਤੇ ਫੇਰ ਹਿਰਸ (ਹੋਣੀ) (ਐਉਂ ਸਭ ਕੁਛ) ਬਕਵਾਸ ਹੈ ਤੇ ਬਿਅਰਥ ਜਾਂਦਾ ਹੈ।

ਬਾਦ ਜਾਤਿ ਬਕਬਾਦ[10]।
ਨੀਕੀ ਕਰਨੀ ਜਿਨ ਕਰੀ,
ਕਰਯੋ ਖੁਦਾਇ ਸੁ ਯਾਦ ॥੧੩॥

ਚੌਪਈ:

ਪੀਰ ਪੈਕੰਬਰ ਜਾਨਿ ਸਜੂਦ।
ਦੇਤ ਫਾਇਤਾ ਬਹੁਰ ਦਰੂਦ[1]।

[1]ਮੁਸਲਮਾਨ) ਪੀਰ ਪਿਕੰਬਰਾਂ ਨੂੰ ਸਜਦੇ ਕਰਦੇ ਹਨ, ਭਾਵ ਮੱਥੇ ਟੇਕਦੇ ਹਨ, ਫਾਤਿਹਾ ਪੜ੍ਹਦੇ ਤੇ ਦਰੂਦ ਦਿੰਦੇ ਹਨ। [ਅ਼:, ਫ਼ਾਤਿਹਾ=ਹੱਥ ਜੋੜਕੇ ਦੁਆ ਮੰਗਣੀ। ਅ਼:, ਦਰੂਦ=ਮੁਰਦਿਆਂ ਨਮਿੱਤ ਰੋਟੀਆਂ ਦੇਣੀਆਂ ਤੇ ਦਰੂਦ ਪੜ੍ਹਨਾ (ਲੁਗਤਾਂ ਵਿਚ ਦਰੂਦ ਦੇ ਅਰਥ-ਰੱਬ ਵਲੋਂ ਰਹਿਮ, ਫਰਿਸ਼ਤਿਆਂ ਵਲੋਂ ਦੁਆ, ਜਾਨਵਰਾਂ ਵਲੋਂ ਤਸਬੀਹ ਬੀ ਹੈਨ]।

ਰੋਜ਼ਾ ਬਾਂਗ ਨਿਵਾਜ ਸੁਜਾਨ।
ਮੁਸਲਮਾਨ ਇਨ ਕਰਹਿ ਪ੍ਰਮਾਨ ॥੧੪॥
ਤ੍ਰੈ ਸੰਧਯਾ ਕਰਨੀ ਧਰਿ ਪ੍ਰੀਤ।
ਦੇਵਲ ਪਾਹਿਨ ਪੂਜਨ ਰੀਤਿ[1]।

[1]ਤ੍ਰੈ ਵੇਰ ਸੰਧਿਆ ਕਰਨੀ, ਮੰਦਰ ਤੇ ਪੱਥਰ ਪੂਜਣੇ (ਹਿੰਦੂਆਂ ਦੀ) ਰੀਤੀ ਹੈ।

ਇੱਤਯਾਦਿਕ ਹਿੰਦੁਨਿ ਪਰਵਾਨਾ।
ਹਮ ਦੋਨਹੁੰ ਕੋ ਜਾਨਿ ਸਮਾਨਾ[1] ॥੧੫॥

[1]ਅਸਾਂ ਦੋਹਾਂ ਨੂੰ ਇਕੋ ਜਿਹਾ ਜਾਣਿਆ ਹੈ।

ਤਯਾਗਨ ਕਰੇ ਭਾਉ ਲਖਿ ਬੀਜਾ[1]।

[1]ਦੂਜਾ ਭਾਉ ਜਾਣਕੇ ਦੋਵੇਂ ਛੱਡ ਦਿੱਤੇ ਹਨ।

ਉਤਪਤਿ ਕਰਯੋ ਖਾਲਸਾ ਤੀਜਾ।
ਝੂਠੇ ਲਖਿ ਦੋਨਹੁ ਹਮ ਛੋਰੇ।
ਪੰਥ ਅਕਾਲ ਪੁਰਖ ਕੋ ਲੋਰੇ ॥੧੬॥
ਬਾਦ ਪੱਖ ਕੋ ਸਕਲ ਬਿਨਾਸ਼ਾ।
ਧਰੀ ਅਕਾਲ ਪੁਰਖ ਕੀ ਆਸਾ।

ਜਨਮਜੋ ਅਬੈ ਖਾਲਸਾ ਨਯੋ।
ਬਾਲਕ ਕੇ ਮਨਿੰਦ ਜਗ ਥਿਯੋ ॥੧੭॥
ਜੁਵਾ ਹੋਇ ਜਬਿ ਜ਼ੋਰ ਸੰਭਾਰੇ।
ਕਬਰ ਮੜੀ ਕੌ ਫੋੜਿ ਉਖਾਰੇ।
ਦੇਵਲ ਬੁਤ ਪ੍ਰਸਤੀ ਨਹਿੰ ਜਾਨੈ।
ਏਕ ਅਕਾਲ ਅਕਾਲ ਬਖਾਨੈ ॥੧੮॥
ਬਸਜੋ ਬਿਦੇਸ਼[1] ਜੁ ਬਾਪ ਤੁਹਾਰਾ।
[1]ਭਾਵ ਪ੍ਰਲੋਕ ਵਿਚ ਜਾ ਬਸਿਆ ਹੈ।
ਪਰੇਸ਼ਾਨ ਬਿਨ ਖਰਚ ਲਚਾਰਾ।
ਬਿਚ ਦਰਗਾਹਿ ਬਿਖਰਚ ਖੁਆਰੀ[1]।
[1]ਖਰਚ ਤੋਂ ਬਿਨਾ ਖੁਆਰੀ ਹੁੰਦੀ ਹੈ।
ਹਿੰਦੁਨਿ ਕੇ ਦੈਂ ਖਰਚ ਪਿਛਾਰੀ[1] ॥੧੯॥
[1]ਹਿੰਦੂਆਂ ਵਿਚ (ਪਿੱਤ੍ਰਾਂ ਨੂੰ) ਖਰਚ ਪਿਛੋਂ ਦਿੰਦੇ ਹਨ।
ਦੀਰਘ ਸ੍ਵਾਸ ਭਰੇ ਦੁਖ ਪਾਵੈ।
ਪਦਰ ਤੁਹਾਰ ਬਹੁਤ ਬਿਲਲਾਵੈ।
ਹੋਇ ਬਿਖਰਚ ਕਹਾਇ ਗੁਲਾਮ[1]।
[1]ਖਰਚੋਂ ਤੰਗ ਹੋ ਕੇ (ਆਦਮੀ ਨੌਕਰੀ ਕਰਦਾ ਤੇ) ਗ਼ੁਲਾਮ ਸਦਾਉਂਦਾ ਹੈ।
ਕਰੈ ਬਿਖਰਚ ਬੁਰੇ ਬਹੁ ਕਾਮ[1] ॥੨੦॥
[1]ਬਿਖਰਚ ਹੋਕੇ ਇਨਸਾਨ ਬੜੇ ਬੁਰੇ ਕੰਮ ਕਰਦਾ ਹੈ।
ਬਨੈ ਚੋਰ ਬਟਪਾਰੀ ਕਰੈ।
ਹਾਥਨਿ ਖਰਚ ਨ ਮਾਂਗੈ ਪਰੈ[1]।
[1]ਹੱਥਾਂ ਵਿਚ ਮੰਗਿਆ ਹੋਇਆ ਬੀ ਖਰਚ ਹੱਥ ਨਹੀਂ ਲੱਗਦਾ।
ਹੇਰਿ ਲੇਹੁ ਜਗ ਕੋ ਬਿਉਹਾਰਾ।
ਤਿਮ ਆਗੇ ਲਖਿ ਬਨਜ ਕਰਾਰਾ[1] ॥੨੧॥
ਸੁਨਿ ਕਰਿ ਸ਼ਾਹੁ ਬਹਾਦਰ ਤਬੈ।
ਬੋਲਜੋ ਗਯੋ ਨ, ਹੇਰਤਿ ਸਭੈ[1†]।

[1]ਸਭ ਦੇ ਦੇਖਦਿਆਂ। †ਸੌ ਸਾਖੀ ਵਿਚ ਲਿਖਿਆ ਹੈ ਕਿ ਇਹ ਉਪਰਲੀ ਗੱਲ ਗੁਰੂ ਜੀ ਵਲੋਂ ਬਹਾਦਰਸ਼ਾਹ ਨੂੰ ਲਿਖੀ ਗਈ। ਯਥਾ:- ਗਯਾ ਲਿਖਾ, ਅਜ਼ਮਤ ਕਰੀ, ਅਰਜ਼ੀ ਲਿਖੀ ਅਧੀਨ। ਕਦਮਪਲੋਸੀ ਬਹੁਤ ਪੀਰ ਤੁਮਰੀ ਸੇਵਾ ਚੀਨ। ਅਰਥਾਤ-ਜਦੋਂ ਇਹ ਜਵਾਬ ਪਾਤਸ਼ਾਹ ਪਾਸ ਗਿਆ ਤਾਂ ਉਸ ਨੇ ਇਸ ਲਿਖੇ ਦੀ ਬਹੁਤ ਇੱਜ਼ਤ ਕੀਤੀ ਤੇ ਨਿੰਮ੍ਰ ਹੋਕੇ ਫੇਰ ਗੁਰੂ ਜੀ ਵਲ ਅਰਜ਼ੀ ਲਿਖੀ ਕਿ ਹੇ ਪੀਰ ਜੀ ਮੇਰੀ ਵਲੋਂ ਚਰਨ ਚੁੰਮਣੇ ਦੀ ਸੇਵਾ ਬਹੁਤ ਬਹੁਤ ਕਬੂਲ ਕਰਨੀ। [ਕਦਮ ਬੋਸੀ ਨੂੰ ਲੇਖਕ ਨੇ-ਕਦਮ ਪਲੋਸੀ-ਲਿਖਿਆ ਹੈ]।

ਉੱਤਰ ਜਾਨਿ ਕਛੁਕ ਮੁਸਕਾਨਜੋ।
ਗੁਰ ਬੋਲਨ ਮਹਿੰ ਸਮਰਥ ਮਾਨਜੋ ॥੨੨॥
ਅਪਰ ਮੁਲਾਨੇ ਅਰੁ ਉਲਮਾਊ।
ਸੂਬੇ ਕਿਤਿਕ ਥਿਰੇ ਉਮਰਾਊ।
ਸੁਮਤਿ ਪ੍ਰਬੀਨ ਆਨ ਮਨ ਮੌਨੇ[1]।
[1]ਹੋਰ ਸਾਰੇ ਚੁੱਪ ਰਹੇ।

ਗੁਰ ਸਨਮੁਖਿ ਨਹਿਂ ਬੋਲਯੋ ਕੌਨੇ ॥੨੩॥
-ਸਭਾ ਬੀਚ ਜੇ ਆਇ ਨ ਬਾਤ।
ਹੋਤਿ ਅਨਾਦਰ ਮ੍ਰਿਤੁ ਜਿਸ ਭਾਂਤ।
ਪ੍ਰਸ਼ਨ ਕਰਹਿਂ ਉੱਤਰ ਦੇਂ ਤੂਰਨ।
ਸਰਬ ਕਲਾ ਸਮਰਥ ਗੁਰ ਪੂਰਨ- ॥੨੪॥
ਸਮੁਝਿ ਸਮੁਝਿ ਇੱਤਜਾਦਿਕ ਮਨ ਮੈਂ।
ਕੋ ਨਹਿ ਬੋਲਯੋ ਕੁਛ ਤਿਸ ਛਿਨ ਮੈਂ।
ਪੁਨ ਬੰਦੇ ਕੀ ਬੂਝੀ ਗਾਥਾ।
ਲਾਖਹੁਂ ਕਰੇ ਜਿਨਹਿਂ ਬਿਨ ਮਾਥਾ[1] ॥੨੫॥
ਸ੍ਰੀ ਪ੍ਰਭੁ ! ਅਬਿ ਕੀਜੈ ਉਤ ਸ਼ਾਂਤੀ।
ਦ੍ਵੈਸ਼ੀ ਭਏ ਆਪ ਕੇ ਘਾਤੀ[1]।
ਆਦਿ ਵਜ਼ੀਦੇ ਖੋਜ ਨ ਪਾਏ।
ਜ਼ਬਰਦਸਤ ਸੇ ਸਕਲ ਖਪਾਏ ॥੨੬॥
ਖੱਤ੍ਰੀ ਝੂਠਾਨੰਦ ਪ੍ਰਹਾਰਾ।
ਸੈਲ ਦਸ਼ ਸਭਿ ਮਾਰਿ ਉਜਾਰਾ।
ਦਿਨ ਪ੍ਰਤਿ ਸੁਧਿ ਪਹੁੰਚਤਿ ਮੁਝ ਪਾਸੀ।
ਸਭਿ ਪੰਜਾਬ ਬਿਸਾਲ ਬਿਨਾਸ਼ੀ' ॥੨੭॥
ਸ੍ਰੀ ਮੁਖ ਤੇ ਫੁਰਮਾਵਨ ਕਰਯੋ।
'ਬਯਾਹ ਭਏ ਤੇ ਤੇਜ ਪ੍ਰਹਰਯੋ'[1]।
ਬਹੁਰ ਖਾਲਸਾ ਹੋਇ ਨਿਆਰਾ।
ਹੇਤੁ ਨਾਸ਼ ਕੋ ਭਾ ਹੰਕਾਰਾ ॥੨੮॥
ਪ੍ਰਾਪਤਿ ਪਲਟੇ ਸਕਲ ਹਮਾਰੇ।
ਗਿਰਪਤਿ ਦੁਸ਼ਟ ਅਨਿਸ਼ਟ[1] ਪ੍ਰਹਾਰੇ।
ਪੁਰਿ ਸਿਰ੍ਹੰਦ ਕੋ ਮਾਰਿ ਉਜਾਰਾ।
ਅਬਿ ਨਿਕਸੈ ਕਰਿ ਜੰਗ ਅਖਾਰਾ[†] ॥੨੯॥
ਲਸ਼ਕਰ ਤੇ ਸੋ ਗਯੋ ਪਲਾਈ।
ਦੁਰਗ ਬਿਖੈ ਘੇਰੋ ਪਰਿ ਜਾਈ।
ਤੋਹਿ ਬੈਸ ਲਗਿ ਸਲਤਨ ਸਾਰੀ।
ਬਨੀ ਰਹੈ ਹਮ ਜਥਾ ਉਚਾਰੀ ॥੩੦॥

[1]ਸਿਰ ਬਿਨਾਂ ਭਾਵ ਮਾਰੇ।

[1]ਆਪ ਦੇ ਦ੍ਵੈਸ਼ੀ ਮਾਰੇ ਗਏ ਹਨ।

[1]ਭਾਵ ਬੰਦੇ ਦਾ ਨਾਸ਼ ਵਿਆਹ ਕਰਨ ਨਾਲ ਹੋਵੇਗਾ।

[1]ਉਪੱਦ੍ਰਵ ਕਰਨ ਵਾਲੇ।

[†]ਪਿਛੇ ਸਿੱਧ ਕਰ ਆਏ ਹਾਂ ਕਿ ਗੁਰੂ ਜੀ ਸਿਰ੍ਹੰਦ ਮਾਰਨ ਵੇਲੇ ਸਚਖੰਡ ਪਯਾਨ ਕਰ ਚੁੱਕੇ ਸੇ।

ਪਾਛੇ ਘਨੇ ਉਠਹਿਂ ਉਤਪਾਤਾ।
ਉਜਰਹਿ ਦੇਸ਼ ਹੋਹਿਂ ਨਰ ਘਾਤਾ।
ਜਿਨ ਕੌ ਕੋਇ ਨ ਸਕਹਿ ਮਿਟਾਈ।
ਐਸੇ ਪਰਹਿ ਰੌਰ ਸਮੁਦਾਈ ॥੩੧॥
ਤੋਹਿ ਬਾਪ ਕਿਯ ਪਾਪ ਕਲਾਪੇ।
ਤਿਸ ਕਰਿ ਕੁਲ ਤੇ ਸਲਤਨ ਖਾਪੇ।
ਅਵਨੀ ਪਤਿ ਹ੍ਵੈਂ ਅਨਿਕ ਪ੍ਰਕਾਰੇ।
ਅਰਨਿ ਲਰਨਿ ਅਰੁ ਅਰਿਨਿ ਪ੍ਰਹਾਰੇ[1] ॥੩੨॥

[1]ਅੜਕੇ ਲੜਨਗੇ ਅਤੇ ਸ਼ੱਤ੍ਰੂਆਂ ਨੂੰ ਮਾਰਨਗੇ।

ਸੁਨਿ ਕਰਿ ਸ਼ਾਹੁ ਬਹਾਦਰ ਹਰਖ੍ਯੋ।
-ਮੋਹਿ ਰਾਜ ਥਿਰ ਹੁਇ- ਉਰ ਪਰਖ੍ਯੋ।
ਪਾਛੇ ਕੀ ਪਾਛੇ ਹੁਇ ਜੈਸੇ।
ਕਰਹਿਂ ਖ਼ੁਦਾਇ ਲਖਹਿ ਕੋ ਕੈਸੇ ॥੩੩॥
'ਸ਼੍ਰੀ ਸਤਿਗੁਰ ! ਤੁਮ ਮੋਹਿ ਸਹਾਇਕ।
ਭੂਤ ਭਵਿੱਖ ਵਿਘਨ ਕੇ ਘਾਇਕ।
ਸ਼ਰਨ ਪਰੇ ਕੀ ਪਤਿ ਮਮ ਰਾਖੀ।
ਭਈ ਸਾਚ ਜਿਮ ਰਾਵਰ ਭਾਖੀ ॥੩੪॥
ਦਿਹੁ ਆਇਸੁ ਅਬਿ ਕਰੌਂ ਚਢਾਈ।
ਦਰਸ਼ਨ ਕਰੌਂ ਬਹੁਰ ਮੈਂ ਆਈ।'
ਸ਼੍ਰੀ ਮੁਖ ਤੇ ਮੁਸਕਤਿ ਫੁਰਮਾਯੋ।
'ਦਰਸ਼ਨ ਹੋਇ ਰਹੇ ਜਿਮ ਭਾਯੋ[1] ॥੩੫॥

[1]ਦਰਸ਼ਨ ਹੋ ਰਹੇ ਹਨ (ਅੱਗੋਂ) ਜਿਵੇਂ (ਸਾਈਂ ਨੂੰ) ਭਾਵੇਗਾ। (ਅ) ਜਿਵੇਂ (ਤੇਰਾ) ਪ੍ਰੇਮ ਹੋਏਗਾ ਦਰਸ਼ਨ ਹੋ ਰਹਿਣਗੇ।

ਗਮਨਹੁ ਬਿਚਰਹੁ ਦੱਖਿਣ ਦੇਸ਼।
ਕਰਿ ਲੀਜੈ ਅਨੁਸਾਰਿ ਅਸ਼ੇਸ਼।
ਪੁਨ ਦਿੱਲੀ ਕੇ ਤਖਤ ਸੁਹਾਵਹੁ।
ਆਰਬਲਾ ਲਗਿ ਰਾਜ ਕਮਾਵਹੁ' ॥੩੬॥
ਉਠ੍ਯੋ ਬੰਦਨਾ ਕਰਿ ਤਬਿ ਸ਼ਾਹੂ।
ਸਿਰੇਪਾਉ ਦੀਨਾ ਗੁਰ ਤਾਹੂ।
ਅਪਰ ਨਮੋ ਕਰਿ ਸੰਗ ਸਿਧਾਰੇ।
ਸਿਫਤ ਉਚਰਿਤੇ ਸਿਵਰ ਪਧਾਰੇ ॥੩੭॥
ਨਿਸ ਬਿਤਾਇ ਪ੍ਰਾਤੀ ਚਢਿ ਗਯੋ।
ਦੱਖਣ ਦੇਸ਼ ਬਿਚਰਤੋ ਭਯੋ।

ਅਬਚਲ ਨਗਰ ਗੁਰੂ ਥਿਰ ਰਹੇ।
ਕਰਨਿ ਪਜਾਨ ਬੈਕੁੰਠੇ ਚਹੇ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸ਼ਾਹੁ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

## ੧੭. [ਗੁਲ ਖ਼ਾਂ ਪਠਾਣ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਦੋਇ ਸਮੈਂ ਮਹਿਂ ਖਾਲਸਾ ਆਵੈ ਦਰਸ਼ਨ ਪਾਇ ॥੧॥

ਚੌਪਈ:

ਚਹੁੰਦਿਸ਼ਿ ਲਗਹਿ ਦਿਵਾਨ ਬਿਸਾਲਾ।
ਗੁਰਬਾਣੀ ਧੁਨਿ ਸੁਨਤਿ ਰਸਾਲਾ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ।
ਸ਼੍ਰੀ ਗੋਬਿੰਦ ਸਿੰਘ ਬੀਚ ਸੁਹਾਵਹਿਂ ॥੨॥
ਜਿਮ ਜੱਛਨ ਮਹਿਂ ਥਿਰੇ ਕੁਬੇਰ।
ਦੇਤਿ ਕਾਮਨਾ ਸਭਿਨਿ ਬਡੇਰ।
ਕਿਧੌਂ ਦੇਵਤਾ ਬ੍ਰਿੰਦਨਿ ਬਿਖੈ।
ਰਾਜ ਸਚੀ† ਜੁਤ ਸੁਰਪਤਿ ਪਿਖੈ[1] ॥੩॥

[1]ਇੰਦ੍ਰਾਣੀ ਸਹਿਤ ਰਾਜਾ ਇੰਦ੍ਰ ਦਿੱਸਦੇ ਹਨ। [ਸੰਸ:, ਸ਼ਚੀ=ਇੰਦ੍ਰ ਦੀ ਇਸਤ੍ਰੀ]। †ਪਾ:-ਰਾਜ ਸਿਰੀ=ਰਾਜ ਸ਼੍ਰੀ=ਰਾਜ ਸ਼ੋਭਾ। ਪਰ ਕਵੀ ਜੀ ਨੇ ਇਹ ਪਦ ਇੰਦ੍ਰਾਣੀ ਦੇ ਅਰਥਾਂ ਵਿਚ ਵਰਤਿਆ ਹੈ, ਜੈਸੇ:-'ਰਾਜਸਿਰੀ ਪੁਰਹੂਤ ਖੁਜੰਤੀ'। ਦੇਖੋ ਰਾਸ ੧ ਅੰਸੂ ੩੬, ਅੰਕ ੧੦।

ਮੁਨਿਨ ਸਭਾ ਮਹਿਂ ਕੈ ਰਘੁਬੀਰਾ।
ਧਰਿ ਕਟ ਖੜਗ ਹਾਥ ਧਨੁ ਤੀਰਾ।
ਕੈ ਜਾਵਦ ਪੁੰਜਨਿ ਕੇ ਸਹਤ।
ਥਿਰੇ ਸ਼ਜਾਮਘਨ ਸੁੰਦਰ ਮਹਤ ॥੪॥
ਕ੍ਰਿਪਾ ਕਟਾਛਨਿ ਤੇ ਅਵਿਲੋਕ।
ਕਰਤਿ ਛਿਨਕ ਮਹਿਂ ਦਾਸ ਅਸ਼ੋਕ।
ਸ਼ੁਭ ਉਪਦੇਸ਼ ਦੇਤਿ ਸਭਿ ਕਾਹੂੰ।
ਜਥਾ ਕਪਲਮੁਨਿ ਨਿਜ ਸਿਖ ਮਾਹੂੰ ॥੫॥
ਬ੍ਰਹਮ ਗਜਾਨ ਕੋ ਕਰਤਿ ਉਚਾਰਨ।
ਜਿਮ ਚਤੁਰਾਨਨ ਕੈਵਲ ਕਾਰਨ।
ਜਹਿਂ ਕਹਿਂ ਸੇਵਕ ਹੋਤਿ ਸਹਾਈ।
ਜਿਮ ਪਦਮਾਪਤਿ ਤੂਰਨ ਧਾਈ ॥੬॥
ਅਨੰਦਾਤਮ ਮਹਿਂ ਨਿਸ਼ਚਾ ਨਿਸ ਦਿਨ।
ਜਥਾ ਅਡੋਲ ਸ਼ੰਭੁ ਕੋ ਦਿਢ ਮਨ।

ਕਵਿਤਾ ਕਰਨਿ ਚਹਤਿ ਸਮ ਬਜਾਸਾ।
ਰਚੇ ਗ੍ਰੰਥ ਬਰਨੇ ਇਤਿਹਾਸਾ ॥੭॥
ਧਨੁ ਬਿੱਦਜਾ ਮਹਿਂ ਪ੍ਰੀਤਿ ਨਿਬਾਹੀ।
ਜਿਮ ਅਰਜਨ ਸਗਰੀ ਬਯ ਮਾਂਹੀ।
ਦਏ ਕਵਿਨਿ ਕੋ ਦਾਨ ਘਨੇਰੇ।
ਮੁਕਤਾ ਹੀਰੇ ਚੀਰ ਅਛੇਰੇ ॥੮॥
ਬਾਵਨ ਕਵਿ ਸਮੀਪ ਹੀ ਰਹੈਂ।
ਪਾਯੋ ਦਰਬ ਜਿਤਿਕ ਚਿਤ ਚਹੈਂ।
ਭਾਰਥ ਆਦਿਕ ਗ੍ਰਿੰਥ ਬਨਾਏ।
ਛੰਦ ਬੰਦ ਗੁਨੀਅਨਿ ਮਨ ਭਾਏ ॥੯॥
ਜਥਾ ਬਿੱਕ੍ਰਮਾਜੀਤ ਉਦਾਰਾ।
ਦਿਯੋ ਦਾਨ ਤਿਮ ਜਸੁ ਬਿਸਤਾਰਾ।
ਸਤਿਗੁਰੂ ਕੇ ਗੁਨ ਕਵਿਨਿ ਬਖਾਨੇ।
ਸ਼ੇਸ਼ ਸ਼ਾਰਦਾ ਲਖਿ ਸੁਕਚਾਨੇ ॥੧੦॥
ਲੀਲਾ ਕਰੀ ਮਾਨਵੀ ਜੈਸੇ।
ਕੁਛਕੁ ਕਰੀ ਬਰਨਨ ਮੈਂ ਤੈਸੇ।
ਮਿਸਰੀ ਗਿਰਿ[1] ਪਪੀਲਕਾ ਪਾਵੈ।
ਜਿਤਿਕ ਸ਼ਕਤਿ ਕੋ ਬਦਨ ਉਠਾਵੈ ॥੧੧॥
ਇਕ ਦਿਨ ਬੈਠੇ ਸਹਜ ਸੁਭਾਇ।
ਚਹੁਂ ਦਿਸ਼ਿ ਬਿਖੈ ਸਿੰਘ ਸਮੁਦਾਇ।
ਪੁੱਤ੍ਰ ਪਠਾਨ ਤਬੈ ਚਲਿ ਆਯੋ।
ਕਰਿ ਸਲਾਮ ਕੋ ਸੀਸ ਨਿਵਾਯੋ ॥੧੨॥
ਸ਼ਮਸ਼ ਨਹੀਂ ਜਿਸ ਮੁਖ ਪਰ ਆਈ।
ਭਰੀ ਨਹੀਂ ਬਹੁ ਤਨ ਤਰੁਨਾਈ।
ਅਦਬ ਸਾਥ ਆਗੇ ਰਹਿ ਖਰਜੋ।
ਸ੍ਰੀ ਮੁਖ ਤੇ ਕਹਿ ਬੂਝਨਿ ਕਰਜੋ ॥੧੩॥
'ਕੌਨ ਮਰਦ ਕੀਨੋ ਕਿਮ ਆਵਨ?
ਕੌਨ ਨਾਮ ਹੈ ਕਰਹੁ ਬਤਾਵਨ?
ਕੌਨ ਦੇਸ਼ ਕਿਸ ਪੁਰਿ ਘਰ ਤੋਰੇ?
ਕੌਨ ਮਨੋਰਥ ਕੋ ਉਰ ਲੋਰੇ ॥੧੪॥
ਕੌਨ ਨਾਮ ਹੈ ਪਿਤਾ ਪਿਤਾਮਾ?

[1]ਮਿਸਰੀ ਦਾ ਪਹਾੜ।

ਕਹੁ ਪ੍ਰਸੰਗ ਕੈਸੇ ਤਜਿ ਧਾਮਾ'?
ਸੁਨਿ ਪਠਾਨ ਕੇ ਪੂਤ ਉਚਾਰਾ।
'ਹੁਤੋ ਪੈਦ ਖ਼ਾਂ ਦਾਦ ਹਮਾਰਾ ॥੧੫॥
ਨਾਮ ਪਦਰ ਕੋ ਸੰਧੇਖਾਨਾ।
ਗੁਲਖ਼ਾਂ ਮੇਰੋ ਨਾਮ ਬਖਾਨਾ।
ਮਰਦ ਪਠਾਨ ਆਪ ਪਹਿਚਾਨੋ।
ਦੇਸ਼ ਨਗਰ ਘਰ ਦੂਰ ਮਹਾਨੋ ॥੧੬॥
ਦ੍ਵਾਬੇ ਬੀਚ ਜਲੰਧਰ ਜ਼ਾਹਿਰ।
ਛੋਟਾ ਮੀਰ ਗ੍ਰਾਮ ਤਿਸ ਠਾਹਰ।
ਚਿਰੰਕਾਲ ਚਾਕਰ ਪਤਿਸ਼ਾਹੀ।
ਲੇ ਕਰਿ ਦਰਬ ਗੁਜ਼ਰ ਨਿਰਬਾਹੀ ॥੧੭॥
ਜਨਨੀ ਕਹਿ ਕਰਿ ਮੋਹਿ ਸਿਖਾਯੋ।
ਸਭਿ ਰਾਵਰ ਕੋ ਭੇਦ ਬਤਾਯੋ।
ਦਿਲ ਜਮਾਲ ਭਾ ਦਰਸ਼ਨ ਕਰਿਬੇ[1]।
ਸਰਬ ਗੁਨਾਹਿ ਸ਼ੀਘ੍ਰ ਪਰਿਹਰਿਬੇ ॥੧੮॥
ਭਯੋ ਪਾਕ ਮੈਂ ਲਹਯੋ ਦਿਦਾਰਾ।
ਤੁਮ ਪੀਰਨ ਕੇ ਪੀਰ ਉਦਾਰਾ।'
ਸੁਨਿ ਸਤਿਗੁਰੂ ਖਾਨ ਸਨਮਾਨਾ।
ਕਹਯੋ ਸਮੀਪ ਬਿਠਾਵਨਿ ਠਾਨਾ ॥੧੯॥
'ਆਵਨ ਕਰਹੁ ਹਮੇਸ਼ ਇਥਾਈਂ।
ਦਰਸ਼ਹੁ ਪਰਚਹੁ ਜਿਮ ਉਰ ਭਾਈ।'
ਬੈਠਯੋ ਚਤੁਰ ਘਟੀ ਲਗਿ ਖਾਨ।
ਬਹੁਰ ਉਠਯੋ ਧਰਿ ਮਸਤਕ ਪਾਨ ॥੨੦॥
ਝੁਕਿ ਸਲਾਮ ਕੀਨੀ ਹੁਇ ਖਰੇ।
ਗੁਰਨਿ ਬਿਲੋਕਯੋ ਕਰੁਨਾ ਧਰੇ।
ਪੰਚ ਅਸ਼ਰਫੀ ਬਖਸ਼ਨ ਕੀਨਿ।
ਲੇ ਕਰਿ ਗੁਲਖਾਂ ਹਰਖਯੋ ਪੀਨ ॥੨੧॥
ਪੁਨ ਚਲਿ ਗਯੋ ਆਪਨੇ ਥਾਨਾ।
ਜਨਨੀ ਸੰਗ ਪ੍ਰਸੰਗ ਬਖਾਨਾ।

[1]'ਆਪ ਦੇ) ਜਮਾਲ ਦੇ ਦਰਸ਼ਨ ਕਰਨ ਨੂੰ ਦਿਲ ਕੀਤਾ।

'ਮਿਹਰਬਾਨਗੀ ਕਰੀ ਕ੍ਰਿਪਾਲਾ।
ਬਖਸ਼ਜੋ ਆਵਤਿ ਦਰਬ ਬਿਸਾਲਾ ॥੨੨॥
ਹੁਕਮ ਕਰਜੋ ਇਮ ਆਉ ਹਮੇਸ਼ੂ।'
ਸੁਨਿ ਮਾਤਾ ਤਿਹ ਹਰਖ ਵਿਸ਼ੇਸ਼ੂ।
ਦਿਵਸ ਆਗਲੇ ਪੁਨ ਚਲਿ ਗਯੋ।
ਝੁਕਿ ਸਲਾਮ ਕੋ ਠਾਨਤਿ ਭਯੋ ॥੨੩॥
ਸਤਿਗੁਰ ਸਾਦਰ ਨਿਕਟਿ ਬਿਠਾਯੋ।
ਥਿਰਜੋ ਘਰੀ ਸ਼੍ਰੀ ਬੰਦਨ ਅਲਾਯੋ।
'ਚੌਪਰ ਖੇਲ ਲਖਹਿਂ ਕੈ ਨਾਂਹੀ।'
ਸੁਨਿ ਕੈ ਕਹਜੋ 'ਆਇ ਮਮ ਪਾਹੀ[1]' ॥੨੪॥ [1]ਮੈਨੂੰ ਆਉਂਦੀ ਹੈ।
ਕੋਸ਼ ਬਿਖੈ ਤੇ ਕਹਿ ਅਨਵਾਯੋ।
ਤਿਸ ਨਿਜ ਮਹਿਂ[1] ਸੋ ਖੇਲ ਬਿਛਾਯੋ। [1]ਤਿਸ (ਪਠਾਣ ਤੇ) ਆਪਣੇ ਵਿਚਕਾਰ।
ਡਲ ਕੰਚਨ ਕੇ ਚੁੰਨੀ ਜਰੇ।
ਤਿਮ ਹੀ ਨਰਦ ਜਗਮਗਾ ਕਰੇ ॥੨੫॥
ਚਲੇ ਦਾਵ ਡਲ ਕੋ ਛਿਤ ਮੇਲਿ[1]। [1]ਜ਼ਮੀਨ ਤੇ ਸੁਟਿਆ।
ਪਰਚੇ ਇਕ ਦੁਇ ਬਾਜੀ ਖੇਲ।
ਬਹੁਰ ਬਾਰਤਾ ਗੁਰੂ ਚਲਾਈ।
'ਕਬਿ ਤੇ ਕਰੀ ਚਾਕਰੀ ਪਾਈ ॥੨੬॥
ਸ਼ਾਹੁ ਨਿਕਟ ਕਬਿ ਕੇ ਤੁਮ ਰਹੇ।
ਕਿਤਿਕ ਦਰਬ ਕੋ ਤਹਿਂ ਤੇ ਲਹੇ।'
ਸੁਨਿ ਕਰ ਜੋਰਿ ਪਠਾਨ ਬਖਾਨੀ।
'ਚਿਰੰਕਾਲ ਕੀ ਲਗੀ ਮਹਾਨੀ ॥੨੭॥
ਮਮ ਜਨਨੀ ਸਭਿ ਭਨਜੋਂ ਪ੍ਰਸੰਗ।
ਸੋ ਮੈਂ ਕਹੌਂ ਆਪ ਕੇ ਸੰਗ।
ਸ਼ਾਹੁ ਸਮੀਪ ਮਿਲਜੋ ਮਮ ਦਾਦਾ।
ਕਿਸ ਕਾਰਨ ਤੇ ਗੁਰ ਸੰਗ ਬਾਦਾ ॥੨੮॥
ਮਰਜੋ ਜੁੱਧ ਮਹਿਂ ਸੋ ਤਤਕਾਲਾ।
ਪਿਤਾ ਰਹਜੋ ਧਨ ਲਹਜੋ ਬਿਸਾਲਾ।
ਕਰਤਿ ਚਾਕਰੀ ਹਜ਼ਰਤ ਕੇਰੀ।
ਸ਼ਾਹੁ ਜਹਾਂ ਪੁਨ ਅਵਿਰੰਗ ਨੇਰੀ ॥੨੯॥

ਪੂਰਨ ਬਯ ਤੇ ਪਿਤ ਮਰਿ ਗਯੋ।
ਮੈਂ ਚਾਕਰ ਪੁਨ ਤਿਮ ਹੀ ਭਯੋ।
ਲਗਯੋ ਪ੍ਰਥਮ ਦਰਮਾਹੋਂ ਜੇਤਾ।
ਲੇਤੇ ਰਹੇ ਸਦਾ ਹਮ ਤੇਤਾ' ॥੩੦॥
ਕਿਤਿਕ ਸਮੈਂ ਇਸ ਕਹਤਿ ਬਿਤਾਯੋ।
ਉਠਿ ਸਲਾਮ ਹਿਤ ਸੀਸ ਝੁਕਾਯੋ।
ਪੰਚ ਰੁਪੱਯੇ ਪ੍ਰਭੁ ਦਿਵਾਏ।
ਲੇ ਇਨਾਮ ਗਮਨਯੋਂ ਹਰਖਾਏ ॥੩੧॥
ਸਿੰਘਨਿ ਪਰਖਯੋ ਗੁਰ ਕੋ ਖਯਾਲੁ।
ਬਾਤ ਬਿਪਰਜੈ ਕਰਤਿ ਬਿਸਾਲੂ।
ਹਾਥ ਜੋਰਿ ਤਬਿ ਅਰਜ਼ ਗੁਜ਼ਾਰੀ।
'-ਤੁਰਕ ਲਖਹੁ ਰਿਪੁ- ਤੁਮਹਿਂ ਉਚਾਰੀ[1] ॥੩੨॥
ਆਇਸੁ ਅਚਲ[1] ਆਪ ਕੀ ਅਹੈ।
ਜਥਾ ਬਾਯੁ ਤੇ ਭੂਧਰ ਰਹੇ[1]।
ਅਬਿ ਇਹ ਖਾਨ ਆਪ ਸਨਮਾਨਾ।
ਨਿਕਟ ਬਿਠਾਰਿ ਸਨੇਹ ਮਹਾਨਾ ॥੩੩॥
ਚੌਪਰ ਖੇਲਤਿ ਦੇਤਿ ਇਨਾਮੂ।
ਰੁਖ ਕਰਿ ਮਾਨਹੁ ਤਾਂਹਿ ਸਲਾਮੂ।
ਸੰਸੈ ਸਭਿ ਸਿੰਘਨ ਕੈ ਹੋਵਾ।
ਨਯੋ ਸੁਭਾਵ ਆਪ ਕੋ ਜੋਵਾ' ॥੩੪॥
ਸ਼੍ਰੀ ਮੁਖ ਹਸੇ ਤਬਹਿ ਗੁਨਖਾਨੀ।
ਸਾਦਰ ਸਭਿ ਸਨ ਕੀਨਿ ਬਖਾਨੀ।
'ਸੁਨਹੁ ਖਾਲਸਾ ਕਾਮ ਹਮਾਰਾ।
ਪਰਯੋ ਇਸੀ ਕੇ ਹਾਥ ਉਦਾਰਾ ॥੩੫॥
ਇਸ ਕੋ ਦਦਾ ਸੂਰਮਾ ਬਲੀ।
ਗੁਰ ਨਿਜ ਢਿਗ ਰਾਖਯੋ ਬਿਧਿ ਭਲੀ।
ਦਈ ਜੰਗ ਕੀ ਅਧਿਕ ਬਡਾਈ।
ਤਿਸ ਹੀ ਪਰ ਸ਼ਮਸ਼ੇਰ ਚਲਾਈ ॥੩੬॥
ਯਾਂ ਤੇ ਉਪਜੀ ਮਨ ਹਮ ਕਰੁਨਾ।
ਲਰਕਾ ਭਯੋ ਸਨੇਹੈ ਕਰਨਾ[1]।'

[1]ਆਪ ਨੇ ਉਚਾਰਿਆ ਹੈ ਕਿ ਤੁਰਕ ਨੂੰ ਵੈਰੀ ਜਾਣੋ।

[1]ਅਟੱਲ।

[1]ਜਿਵੇਂ ਵਾਯੂ ਨਾਲ ਪਹਾੜ ਚਲਾਇਮਾਨ ਨਹੀਂ ਹੋ ਸਕਦਾ।

[1]ਪੈਂਦੇ ਦੀ ਕੁਲ ਵਿਚ) ਲੜਕਾ (ਪੈਦਾ) ਹੋਇਆ ਹੈ; ਪਿਆਰ ਕਰਨਾ ਚਾਹੀਦਾ ਹੈ।

ਇਮ ਕਹਿ ਸਿੰਘਨ ਕੋ ਸੰਤੋਸ਼ਾ।
ਦਾਸਨ ਕੇ ਭਰੋਸ ਬਿਨ ਦੋਸ਼ਾ[1] ॥੩੭॥

[1]ਬਿਨ ਦੋਸ਼ (ਭਾਵ ਗੁਰੂ) ਜੀ ਨੇ ਦਾਸਾਂ ਨੂੰ ਭਰੋਸਾ ਦਿੱਤਾ।

ਲਖੇ ਨ ਜਾਹਿਂ ਚਰਿਤ ਜਿਨ ਰੂਰੇ।
ਦੁਖ ਦਾਰਿਦ ਹਰਤਾ ਗੁਰ ਪੂਰੇ।
ਨਿਸਾ ਪਰੀ ਕਿਯ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥੩੮॥
ਬਡੀ ਪ੍ਰਾਤਿ ਤੇ ਸੌਚ ਸ਼ਨਾਨੇ।
ਅਨੰਦਾਤਮ ਮਹਿਂ ਲਾਇਸਿ ਧਜਾਨੇ।
ਦਿਨਕਰ ਉਦੈ ਭਯੋ ਨਭ ਜਬੈ।
ਕਮਲ ਬਿਲੋਚਨ ਬਿਕਸੇ ਤਬੈ ॥੩੯॥
ਸ਼ਸਤ੍ਰ ਬਸਤ੍ਰ ਕੋ ਅੰਗ ਸਜਾਇ।
ਬੈਠਹਿਂ ਬੀਚ ਖਾਲਸੇ ਆਇ।
ਸਵਾਜਾਮ ਦਿਨ ਚਢੇ ਅਹਾਰਾ।
ਅਚਹਿਂ ਪ੍ਰਭੁ ਗਨ ਸਿੰਘ ਮਝਾਰਾ ॥੪੦॥
ਢਰੇ ਦੁਪਹਿਰੇ ਕਰਤਿ ਅਰਾਮੂ।
ਸੁੱਖਾ ਛਕਹਿਂ ਤ੍ਰਿੱਤੀਏ ਜਾਮੂ।
ਸੰਗ ਅਫੀਮ ਖਾਇਂ ਤਿਸ ਬੇਰ।
ਸ਼ੌਚ ਸ਼ਨਾਨ ਕਰਤਿ ਹੈਂ ਫੇਰ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਪਠਾਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

## ੧੮. [ਗੁਲ ਖ਼ਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਪੁਰਿ ਪਾਲੀ[1] ਮਹਿ ਬਸਤ ਦ੍ਵੈ, ਗੁਰ ਕੇ ਸਿੱਖ ਸੁਜਾਨ।
ਦਰਸ਼ਨ ਗੁਰ ਅਭਿਲਾਖਤੇ, ਧਾਰਤਿ ਪ੍ਰੇਮ ਮਹਾਨ ॥੧॥

[1]ਇਕ ਨਗਰ ਹੈ ਜੋਧ ਪੁਰੋਂ ਅੱਗੇ, ਉਜੈਨ ਤੋਂ ਦੋ ਢਾਈ ਸੌ ਮੀਲ ਉਰੇ, ਨਾਦੇੜ ਤੋਂ ਲਗਪਗ ੫੦੦ ਮੀਲ ਉੱਤਰ ਨੂੰ।

ਚੌਪਈ:

ਸੋ ਚਲਿ ਕਰਿ ਸ਼੍ਰੀ ਪ੍ਰਭੁ ਢਿਗ ਆਏ।
ਦ੍ਵੈ ਜਮਧਰ ਅਕੋਰ ਕਹੁ ਲਜਾਏ।
ਕੰਚਨ ਲਿਪਤਿ ਚਾਰੁ ਚਮਕੰਤੀ।
ਉੱਤਮ ਲੋਹ ਫੁਲਾਦਿਨਿਵੰਤੀ ॥੨॥
ਤੀਛਨ ਭੀਛਨ ਕਰੀ ਨਿਰੀਛਨ[1]। — [1]ਦੇਖਣਾ ਕੀਤੀ।
ਭਏ ਪ੍ਰਸੰਨ ਕ੍ਰਿਪਾ ਧਰਿ ਈਛਨ[1]। — [1]ਪ੍ਰਸੰਨ ਹੋਏ ਤੇ ਨੇਤ੍ਰਾਂ ਵਿਚ ਕਿਰਪਾ ਧਾਰਨ ਕੀਤੀ।
ਪੁਰੀ ਕਾਮਨਾ ਸਿੱਖਨਿ ਕੇਰੀ।
ਤਿਨ ਊਪਰ ਕਰਿ ਖੁਸ਼ੀ ਬਡੇਰੀ ॥੩॥
ਇਤਨੇ ਮਹਿ ਪਠਾਨ ਚਲਿ ਆਯੋ।
ਥਿਰ ਹੁਇ ਸਨਮੁਖ ਸੀਸ ਝੁਕਾਯੋ।
ਸਾਦਰ ਨਿਕਟ ਬਿਠਾਵਨ ਕੀਨਾ।
ਜਮਧਰ ਤਿਸ ਕੇ ਕਰ ਮਹਿ ਦੀਨਾ ॥੪॥
'ਗੁਲ ਖ਼ਾਂ ! ਦੇਖਿ ਵਾਰ ਕੈ ਕਰੈ[1]। — [1]ਗੁਲ ਖਾਂ ! ਦੇਖਕੇ (ਦੱਸ ਤਾਂ ਸਹੀ ਕਿ) ਕਿੰਨੇ ਵਾਰ (ਇਸ ਨਾਲ) ਕੀਤਿਆਂ.....।
ਨਿਜ ਸ਼ੱਤ੍ਰੂ ਕੇ ਪ੍ਰਾਨਨ ਹਰੈਂ।
[1]ਲਗੇ ਘਾਵ ਕੇ ਸਨਮੁਖ ਹੋਇ।
ਵਾਰ ਕਰਹਿ ਕੈਧੋ ਨਹਿਂ ਸੋਇ[1]' ॥੫॥ — [1]ਜੇ ਵੈਰੀ ਨੂੰ ਇਸਦਾ) ਜ਼ਖਮ ਲਗ ਜਾਵੇ (ਤਾਂ ਕੀ) ਉਹ ਸਾਹਮਣੇ ਹੋਕੇ (ਉਲਟਵਾਂ) ਵਾਰ ਕਰ ਸਕਦਾ ਹੈ ਕਿ ਨਹੀਂ (ਭਾਵ ਇਸ ਦਾ ਜ਼ਖਮ ਖਾਕੇ ਵਾਰ ਕਰਨ ਦੀ ਤਾਕਤ ਉਸ ਵਿਚ ਰਹੇਗੀ ਕਿ ਮਰ ਹੀ ਜਾਵੇਗਾ?)।
ਸੁਨਿ ਪਠਾਨ ਇਮ ਬਾਕ ਬਖਾਨਾ।
'ਅਸ ਜਮਧਰ ਜੇ ਹੁਇ ਮਮ ਪਾਨਾ।
ਬਲ ਤੇ ਕਰੌਂ ਵਾਰ ਇਕ ਐਸੇ।
ਉਕਸਨ ਦੇਉਂ ਨਹੀਂ ਰਿਪੁ ਕੈਸੇ ॥੬॥
ਉੱਤਮ ਲੋਹਾ ਲਖਿਯਤਿ ਖਰ ਹੈ।

ਨਹੀਂ ਧਾਰ ਪਰ ਠਹਿਰਤਿ ਕਰ ਹੈ।
ਇਸ ਤੇ ਵਾਰ ਬਹੁਤ ਕਜ਼ਾ ਕਰੈ।
ਲਗੈ ਏਕ ਤੇ ਸ਼ੱਤ੍ਰੂ ਮਰੈ' ॥੭॥
ਜਮਧਰ ਤਿਮ ਹੀ ਨਿਕਟ ਰਖਾਯੋ।
ਹਿਤ ਖੇਲਨ ਚੌਂਪਰ ਅਨੁਵਾਯੋ।
ਲਾਗੇ ਡਲ ਆਪਸ ਮਹਿਂ ਗੇਰਨ।
ਇਤੈ ਉਤੈ ਨਰਦਨ ਕੋ ਫੇਰਨਿ ॥੮॥
ਪਰਹਿ ਦਾਵ ਕੋ ਨਰਦ ਉਠਾਵੈ।
ਮਾਰਤਿ ਮੁਖ ਤੇ ਬਾਕ ਅਲਾਵੈ।
'ਪਿਤਾ ਪਿਤਾਮਾ ਪਲਟਾ ਲੇਯ ਨ।
ਬ੍ਰਿਕ ਜਨਮ ਤਿਸ ਕੇ ਸੁਤ ਗੇਯ ਨ[1] ॥੯॥ [1]ਉਸ ਨੂੰ ਪੁੱਤ੍ਰ ਨਾ ਜਾਣੀਏ।
ਹਾਥ ਸ਼ਸਤ੍ਰ ਸ਼ੱਤ੍ਰੂ ਢਿਗ ਹੋਇ।
ਮਾਰਹਿ ਨਹਿਂ ਕਪੂਤ ਹੈ ਸੋਇ।'
ਇਮ ਸੁਨਿ ਖਾਨ ਬਿਮਨ[1†] ਹ੍ਵੈ ਰਹਯੋ। [1]ਉਦਾਸ। †ਪਾ:-ਬਿਸਮ।
-ਮੋਹਿ ਸੁਨਾਇ ਰਿਸਾਵਤਿ[1]- ਲਹਯੋ ॥੧੦॥ [1]ਮੈਨੂੰ ਸੁਣਾ ਕੇ ਗੁੱਸਾ ਦਿਵਾਉਣਾ ਚਾਹੁੰਦੇ ਹਨ।
-ਇਨਹੁ ਪਿਤਾਮੇ ਮੋਰ ਪਿਤਾਮਾ।
ਰਣ ਮਹਿਂ ਮਾਰਿ ਪਠਯੋ ਜਮ ਧਾਮਾ।
ਸੋ ਸਿਮਰਤਿ ਅਰੁ ਮੋਹਿ ਸੁਨਾਵੈ।
ਕਜ਼ਾ ਕਾਰਨ ਕੁਛ ਲਖਯੋ ਨ ਜਾਵੈ ॥੧੧॥
ਜਥਾ ਜੋਗ ਭਾਖਹਿਂ ਬਚ ਭਲਾ।
ਹੋਇ ਕਪੂਤ ਜੋ ਲਏ ਨ ਬਦਲਾ-।
ਇੱਤਯਾਦਿਕ ਬਿਚਾਰ ਬਹੁ ਰਹਯੋ।
ਨਹਿਂ ਮਾਰਨ ਕੋ ਨਿਸ਼ਚੈ ਲਹਯੋ ॥੧੨॥
ਇਕ ਦੁਇ ਬਾਜੀ ਖੇਲ ਹਟਾਈ।
ਪੁਨ ਚੌਪਰ ਕੋ ਦੀਨਿ ਉਠਾਈ।
'ਹਾਥ ਸ਼ਸਤ੍ਰ ਸ਼ੱਤ੍ਰੂ ਹੁਇ ਪਾਸੀ।
ਹੁਇ ਕਪੂਤ ਕਰਿ ਸਕਹਿ ਨ ਨਾਸ਼ੀ ॥੧੩॥
ਜੇ ਕੁਲੀਨ, ਟਾਰਤਿ ਨਹਿਂ ਕਾਲਾ[1]। [1]ਓਹ ਸਮਾਂ ਨਹੀਂ ਟਾਲਦੇ।
ਮਾਰ ਲੇਤਿ ਹੈਂ ਕਰਤਿ ਉਤਾਲਾ।'
ਸੁਨਿ ਪਠਾਨ ਕੈ ਕੋਪ ਘਨੇਰੇ।

ਜਥਾ ਸਰਪ ਸੁਪਤੇ ਕਹੁ ਛੇਰੇ ॥੧੪॥
ਜਿਮ ਗਜ ਖੂਨੀ ਤੋਮਰ ਪ੍ਰੇਰੇ।
ਕੰਕਰ[1] ਸੋਂ ਜਿਮ ਕੇਹਰਿ ਛੇਰਹਿ। [1]ਰੋੜੇ ਯਾ ਵੱਟੇ ਨਾਲ।
ਤਿਮ ਪਠਾਨ ਲੇ ਦੀਰਘ ਸ੍ਵਾਸਾ।
ਸੋਚਤਿ ਰਹਜੋ ਤਊ ਗੁਰ ਪਾਸਾ ॥੧੫॥
ਜਾਨਾ ਸਮਾ ਜਾਨਿ ਕੋ ਧਾਮੂ।
ਉਠਜੋ ਕੋਪ ਦ੍ਰਿਗ ਕੀਨਿ ਸਲਾਮੂ।
ਸਮੁਖ ਨ ਦੇਖਿ ਸਕੈ ਮਨ ਫਿਰਜੋ।
ਤਬੈ ਇਨਾਮ ਦਿਵਾਵਨਿ ਕਰਜੋ ॥੧੬॥
ਪੰਜ ਰਜਤਪਣ ਲੇ ਚਲਿ ਆਯੋ।
ਚਿਤ ਚਿੰਤਾ ਬਡ ਨਦੀ ਬਹਾਯੋ।
ਬੈਠਜੋ ਜਨਨੀ ਕੇ ਢਿਗ ਜਾਯੋ।
ਨਹਿ ਬੋਲਤਿ ਮਨ, ਮਨਹੁ ਹਰਾਯੋ ॥੧੭॥
ਬੂਝਤਿ 'ਹੇ ਸੁਤ ਕਜੋਂ ਅਨਮਨੋਂ।
ਕਹਾਂ ਬਿਗਾਰਜੋ ਕਾਰਜ ਘਨੋ।
ਨਹੀਂ ਬਦਨ ਪੂਰਬ ਸਮ ਹੇਰੋਂ।
ਚਿੰਤਾ ਬਸੀ ਕਹਾਂ ਚਿਤ ਤੇਰੋ' ॥੧੮॥
ਸੁਨਿ ਮਾਤਾ ਤੇ ਸਰਬ ਬ੍ਰਿਤੰਤ।
ਕਰਜੋ ਸੁਨਾਵਨ ਅਪਨਿ ਮਤੰਤ।
'ਹਮ ਪਠਾਨ ਕੇ ਪੂਤ ਗੁਸੈਲੇ[1]। [1]ਗੁੱਸੇ ਵਾਲੇ।
ਸ੍ਰੀ ਗੁਰ ਪੂਰਬ ਬਾਤ† ਚਿਤੈਲੇ ॥੧੯॥ †ਪਾ:-ਬੈਰ।
ਬੈਨ ਬਾਨ ਤੇ ਬੀਧਨ ਕੀਨਾ।
ਛੇਕ ਕਰੇਜੇ ਮਹਿ ਕਰਿ ਦੀਨਾ।
ਘਾਤ ਕਰਤਿ ਮੈਂ ਸੋਚਤਿ ਰਹਜੋ।
ਕਈ ਬਾਰ ਮੋ ਸੋਂ ਅਸ ਕਹਜੋ' ॥੨੦॥
ਸੁਨਤਿ ਪਠਾਨੀ ਸੁਤ ਕੋ ਬਰਜਜੋ।
ਮਾਰਨ ਮਰਨੇ ਤੇ ਚਿਤ ਲਰਜ਼ਜੋ[1]। [1]ਕੰਬਿਆ।
'ਗੁਰ ਕੋ ਕਹਿਨ ਦੇਹੁ ਜਿਮ ਕਹੇ।
ਸਦਾ ਪਾਲਤੇ ਹਮ ਕੋ ਰਹੇ ॥੨੧॥
ਸੁਨਿ ਕੈ ਰਿਸਹੁ ਨ, ਮ੍ਰਿਦੁ ਬਚ ਕਹੋ।
ਗੁਰ ਸੋਂ ਸੰਧਿ ਸਦਾ ਸੁਖ ਲਹੋ।

ਅਲਪ ਬੈਸ ਤੂੰ ਤਰੁਨ ਨ ਭਯੋ।
ਚਹੁ ਜੀਵਨ ਅਪਨੋ ਹਿਤ ਲਯੋ ॥੨੨॥
ਜੋ ਸ਼੍ਰੀ ਗੁਰ ਕੇ ਤੀਰ ਬਿਗਾਰੈ।
ਸਿੰਘ ਅਨੇਕ ਤੁਰਤ ਹੀ ਮਾਰੈਂ।
ਤੁਝ ਕੋ ਦੇਤਿ ਦਰਬ ਹਿਤ ਕਰੈਂ।
ਹਸਤ ਹੋਇੰ, ਕੁਛ ਕੋਪ ਨ ਧਰੈਂ[1] ॥੨੩॥

[1]ਭਾਵ ਹੱਸਦੇ ਹੋਣਗੇ ਗੁੱਸੇ ਨਾਲ ਨਹੀਂ ਕਹਿੰਦੇ ਹੋਣੇ।

ਇੱਤਜਾਦਿਕ ਬਹੁਤੋ ਸਮੁਝਾਯੋ।
ਤਊ ਨ ਤਿਸ ਨੇ ਮਨ ਠਹਿਰਾਯੋ।
ਚਿਤਵਤਿ ਚਿਤ ਸੁਪਤਜੋ ਪਰਿ ਰਾਤੀ।
ਚਿਤ ਮਹਿ ਰੜਕਤਿ ਉਠਤਜੋ ਪ੍ਰਾਤੀ ॥੨੪॥
-ਥੂਕ ਜਨਮ ਭਾਖਜੋ ਬਹ ਬਾਰੀ।
ਹੋਤਿ ਕੁਪੂਤ ਸੁਨਾਇ ਉਚਾਰੀ-।
ਖਾਨ ਪਾਨ ਕਰਿ ਦਿਵਸ ਗੁਜ਼ਾਰਾ।
ਢਰਜੋ ਦੁਪਹਿਰੋ ਸਮੋਂ ਨਿਹਾਰਾ ॥੨੫॥
ਏਕ ਜਾਮ ਦਿਨ ਤੇ ਚਲਿ ਗਯੋ।
ਕਰਿ ਸਲਾਮ ਕੋ ਹੇਰਤਿ ਭਯੋ।
ਭਾਵੀ ਪ੍ਰੇਰਜੋ ਦਰਸ਼ਨ ਕੀਨ।
ਸ਼੍ਰੀ ਪ੍ਰਭੁ ਕਹਿ ਕੈ ਆਦਰ ਦੀਨ ॥੨੬॥
ਨਿਕਟ ਬਿਠਾਇ ਸਰਾਹਨਿ ਲਾਗੇ।
'ਖਾਨਨਿ ਬੰਸ ਨ ਤਜਿ ਰਨ ਭਾਗੇ।
ਲਰਤੇ ਕਰਿ ਹੈਂ ਪ੍ਰਾਨ ਨ ਪਜਾਰੇ।
ਕਟੁ ਬਾਕਨ ਕੋ ਨਹੀਂ ਸਹਾਰੇ ॥੨੭॥
ਕਬਹੁੰ ਸਮਾ ਔਚਕ ਬਨਿ ਜਾਵੈ।
ਸ਼ਸਤ੍ਰ[1] ਸਭਾ ਮਹਿਂ ਰਿਪੁ ਕੋ ਘਾਵੈ।'

[1]ਸ਼ਸਤ੍ਰ ਨਾਲ।

ਐਸੀ ਬਾਤਨ ਤੇ ਬਿਰਮਾਇ।
ਪੁਨ ਚੌਪਰ ਕੋ ਦਈ ਵਿਛਾਇ ॥੨੮॥
ਖੇਲਤਿ ਬਾਜੀ ਨਰਦ ਪ੍ਰਹਾਰੈਂ।
ਕਟੁ ਬਾਕਨ ਤੇ ਤਰਕ ਉਚਾਰੈਂ।
'ਪਿਤਾ ਪਤਾਮੇ ਲੇਇ ਨ ਬਦਲਾ।
ਥੂਕ ਜਨਮ ਤਿਹ ਕਾਯਰ ਦਿਲਾ ॥੨੯॥

ਡਰਹਿ ਮਰਣ ਤੇ ਲਾਨਤਿ ਥੀਂਦੀ।
ਕਯੋਂ ਜਮਨਯੋ ਜਨਨੀ ਤੇ ਗੀਦੀ।
ਨਹੀਂ ਸੁਰਮੇ ਕੋ ਸੁਤਿ ਸੋਈ।
ਦਿਲ ਗੀਦੀ ਤੇ ਪਰਖਨਿ ਹੋਈ ॥੩੦॥
ਕਰਹਿ ਪ੍ਰਾਨ ਪ੍ਰਿਯ ਮਾਰਨ ਮਰੈ।
ਥੂਕ ਜਨਮ ਕਯੋਂ ਆਯੁਧ ਧਰੈ।'
ਇਮ ਛੇਰਤਿ ਬਹੁ ਜਿਮ ਗਜ ਖੂਨੀ।
ਜਾਗਤਿ ਰਿਸ ਮਨ ਦੂਨ ਚਊਨੀ[1] ॥੩੧॥

[1](ਪਠਾਨ ਬੱਚੇ ਦੇ) ਮਨ ਵਿਚ ਦੂਣਾ ਚੌਣਾ ਗੁੱਸਾ ਜਾਗਦਾ ਹੈ।

ਦੋ ਘਟਕਾ ਜਬਿਹੂੰ ਦਿਨ ਰਹਯੋ।
ਚੌਪਰ ਤਜਯੋ ਥਿਰਨ ਕੋ ਚਹਯੋ।
ਗੁਲ ਖਾਂ ਸੁਨਿ ਸੁਨਿ ਧੀਰਜ ਛੋਰੈ।
ਤਕਹਿ ਮਾਰਿਬੇ ਗੁਰ ਕੀ ਓਰੈ ॥੩੨॥
ਜਕ ਤਕ[1] ਕਰਿ ਤਿਨ ਖੜਗ ਸੰਭਾਰਯੋ†।
ਮਾਰਨ ਕੋ ਮਨ ਬਯੋਂਤ ਬਿਚਾਰਯੋ।
ਹੇਰਿ ਸਿੰਘ ਗਨ ਇਤ ਉਤ ਤਾਕੈ।
-ਹਤੌਂ ਆਜ ਜਬਿ ਹੋਇੰ ਇਕਾਂਕੈ-
॥੩੩॥

[1]ਰੁਕ ਰੁਕਕੇ। †ਪਾ:-ਪ੍ਰਹਾਰਯੋ।

ਪਠਿ ਸੋਦਰ ਅਰਦਾਸ ਉਚਾਰੀ।
ਸਭਿਨਿ ਗੁਰੂ ਕੋ ਬੰਦਨ ਧਾਰੀ।
ਰੁਖ ਲਖਿ ਕੈ ਨਿਜ ਨਿਜ ਥਲ ਗਏ।
ਉਠਤਿ ਪਠਾਨ ਬਿਠਾਵਤਿ ਭਏ ॥੩੪॥
ਥਿਰੇ ਪ੍ਰਯੰਕ ਊਪਰੇ ਫੇਰ।
ਇਕ ਜਮਧਰ ਲੀਨੀ ਕਰ ਹੇਰ।
'ਗੁਲ ਖਾਂ! ਨਿਕਟ ਹੋਇ ਇਸ ਦੇਖਿ।
ਪਰਖਹੁ ਕੀਮਤਿ ਇਸਹਿ ਵਿਸ਼ੇਖ'
॥੩੫॥
ਕਰਿ ਕੈ ਨਗਨ ਦਈ ਤਿਸ ਹਾਥ।
ਪੁਨ ਪ੍ਰੇਰਨ ਲਾਗੇ ਕਹਿ ਨਾਥ।
'ਪਿਸਰ ਪਦਰ ਕੋ ਬਦਲਾ ਲੇਵੈ।
ਹੱਕ ਉਤਾਰ ਆਪਨੋ ਦੇਵੈ ॥੩੬॥
ਵੈਰੀ ਮਿਲਹਿਂ ਇਕਾਂਤ ਸਥਾਨੀ।

ਆਪ ਹੋਹਿ ਤਬਿ ਆਯੁਧ ਪਾਨੀ।
ਮਾਰਹਿ ਨਹੀਂ ਥੂਕ ਮੁਖ ਵਾਂ ਕੇ।
ਜੀਵਨ ਪਰ ਲਾਨਤ ਬਹ ਤਾਂ ਕੇ' ॥੩੭॥
ਇਮ ਕਹਿ ਲੀਨੇ ਮੂੰਦ ਬਿਲੋਚਨ।
ਅਮਲ ਅਫੀਮ ਆਇ ਜਿਮ ਝੋਕਨ।
ਗੁਲ ਖਾਂ ਸਮੈਂ ਬਿਚਾਰਯੋ ਮਾਰਨ।
ਤਮ ਬਿਥਰਯੋ ਹੁਇ ਦੀਪਕ ਜਾਰਨ[1] [1]ਦੀਵੇ ਬਲਨ ਦਾ ਸਮਾਂ।
॥੩੮॥
-ਦ੍ਰਿਗ ਮੂੰਦੇ ਅਬਿ ਦੇਖਤਿ ਨਾਂਹੀ।
ਘਿਰੇ ਸਿੰਘ ਕੋ ਨਾਂਹਿਨ ਪਾਹੀ-।
ਜਮਧਰ ਨੰਗੀ ਤੀਖਨ ਹਾਥ।
ਇਤ ਉਤ ਅਵਲੋਕਤਿ ਡਰ ਸਾਥ
॥੩੯॥
ਇਤਨੇ ਮਹਿਂ ਦ੍ਰਿਗ ਪੰਕਜ ਖੋਲੇ।
ਸਮੁਖ ਪਠਾਨ ਨਿਕਟ ਕਰਿ ਬੋਲੇ।
'ਸਮਾ ਸ਼ੱਤ੍ਰੂ ਹਤਿਬੇ ਕਹੁ ਪਾਵੈ।
ਚੂਕ ਜਾਇ ਫਿਰ ਹਾਥ ਨ ਆਵੈ ॥੪੦॥
ਰਹੈ ਬਿਸੂਰਤਿ ਗੀਦੀ ਹੋਇ।
ਥੂਕ ਜਨਮ ਲਾਨਤ ਲੇ ਸੋਇ।'
ਬਾਰ ਬਾਰ ਇਮ ਕਹਯੋ ਗੁਸਾਈਂ।
ਬਾਰਿ ਬਾਰਿ ਦ੍ਰਿਗ ਮੂੰਦਤ ਜਾਈਂ ॥੪੧॥
ਬਾਰ ਬਾਰ ਗੁਲ ਖਾਂ ਕੋ ਪ੍ਰੇਰਾ।
ਸਭਿ ਬਿਧਿ ਦਾਵ ਬਨਯੋਂ ਤਿਸ ਹੇਰਾ।
ਜਮਧਰ ਨਗਨ ਹਾਥ ਮਹਿਂ ਧਰੀ।
ਪ੍ਰਭੁ ਕੋ ਤਾਕਿ ਪ੍ਰਹਾਰਨ ਕਰੀ ॥੪੨॥
ਸਮੁਖ ਰਿਦੈ ਕੋ ਜਬੈ ਚਲਾਈ।
ਗਈ ਨਿਫਲ ਨਹਿਂ ਪ੍ਰਵਿਸ਼ੀ ਜਾਈ।
ਤ੍ਰਾਸਤਿ ਹਾਥ ਕੰਪ ਕਰਿ ਗਯੋ।
ਤਨ ਕੋ ਤਨਕ ਘਾਵ ਨਹਿਂ ਭਯੋ ॥੪੩॥
ਪੁਨ ਏਕਲ ਹੀ ਪ੍ਰਭ ਕੋ ਹੇਰਿ।
ਜਮਧਰ ਮਾਰੀ ਦੂਸਰ ਬੇਰ।
ਭੁਜ ਕੇ ਤਰੇ ਗਯੋ ਸੋ ਵਾਰ।

ਲਗੀ ਨ ਤਨ ਕੋ ਥਿਰੇ ਜੁਝਾਰ ॥੪੪॥
ਪੁਨ ਧਰਿ ਧੀਰ ਤੀਸਰੋ ਮਾਰਾ।
ਲਾਗ ਉਦਰ ਮਹਿਂ ਕੇਤਿਕ ਫਾਰਾ।
ਲਗੇ ਘਾਵ ਤੇ ਕੋਪ ਬਿਸਾਲੇ।
ਜਮਧਰ ਦੂਜੀ ਧਰੀ ਸੰਭਾਲੇ ॥੪੫॥
ਤਤਛਿਨ ਸ਼੍ਰੀ ਪ੍ਰਭੁ ਵਾਰ ਪ੍ਰਹਾਰਯੋ।
ਉਦਰ ਪਠਾਨ ਸ਼ੱਤ੍ਰੁ ਕੋ ਫਾਰਜੋ।
ਊਚੀ ਧੁਨਿ ਭਾਖਜੋ ਤਿਸ ਬੇਰੇ।
'ਹੈ ਕੋ ਸਿੰਘ ਹਮਾਰੇ ਨੇਰੇ?' ॥੪੬॥
ਸੁਨਤਿ ਸ਼ਬਦ ਕੋ ਤਤਛਿਨ ਆਏ।
ਨਾਂਗੇ ਖੜਗ ਗਹੇ ਕਰ ਧਾਏ।
ਪਿਖਿ ਲੱਖਾ ਸਿੰਘ ਪਰਜੋ ਪਠਾਨ।
ਬਲ ਤੇ ਹਨੀ ਕ੍ਰਿਪਾਨ ਮਹਾਨ ॥੪੭॥
ਕਾਟਿ ਗ੍ਰੀਵ ਤੇ ਸੀਸ ਉਤਾਰਾ।
ਪਰਜੋ ਰੌਰ ਸੁਨਿ ਇਤ ਉਤ ਭਾਰਾ।
ਪ੍ਰਭੁ ਜੀ ਕਹਜੋ 'ਪ੍ਰਥਮ ਹੀ ਮਰਜੋ।
ਕਾਹੇ ਖੜਗ ਪ੍ਰਹਾਰਨਿ ਕਰਜੋ' ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਘਾਵ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥੧੮॥

## ੧੯. [ਜ਼ਖਮ ਸੀਉਣੇ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਪ੍ਰਥਮ ਤੁਰਕ ਕੀ ਛਾਂਵ ਕੋ, ਛੁਵਨ ਦੇਤਿ ਨਹਿਂ ਨੇਰ।
ਕਾਰਨ ਕਰਿਬੇ ਹੇਤੁ ਅਸ, ਆਦਰ ਕਰਤਿ ਬਡੇਰ ॥੧॥

ਚੌਪਈ:

ਕੌਤਕ ਰਚਜੋ ਸਕਹਿ ਕੋ ਜਾਨ।
ਜਮਧਰ ਖਾਈ ਪਾਨ ਪਠਾਨ।
ਗੁਲ ਖਾਂ ਪਰਜੋ ਨਿਹਾਰੈਂ ਤਿਸੇ।
ਪ੍ਰਭੁ ਕੋ ਘਾਵ ਲਖਜੋ ਨਹਿਂ ਕਿਸੇ ॥੨॥
ਜਬਿ ਸੰਤੋਖ ਸਿੰਘ ਢਿਗ ਗਯੋ।
ਰੁਧਰ ਪ੍ਰਵਾਹ ਬਿਲੋਕਤਿ ਭਯੋ।
ਬਾਗਾ[1] ਸਗਰੋ ਲਾਲ ਸੁ ਬਰਨ।
ਹੇਰਜੋ ਆਸਤਰਣ[1] ਭੀ ਅਰੁਣ ॥੩॥
'ਮਹਾਰਾਜ ! ਨਿਜ ਲਖਹੁ ਸਰੀਰ।
ਨਿਕਸਤਿ ਰੁਧਰ ਭੀਜਗੇ ਚੀਰ।
ਧੀਰਜ ਧਾਰਿ ਰਹੇ ਬਰ ਬੀਰ।
ਲਗਜੋ ਘਾਵ ਨਹਿਂ ਮਾਨਤਿ ਪੀਰ' ॥੪॥
ਸੁਨਿ ਪਿਖਿ ਸਰਬ ਖਾਲਸਾ ਆਯੋ।
ਘਾਵ ਬਸਤ੍ਰ ਟਾਰਤਿ ਦਰਸਾਯੋ।
'ਪ੍ਰਭੁ ਜੀ ! ਜਮਧਰ ਘਾਵ ਘਨੇਰਾ।
ਲਗਜੋ ਆਪ ਕੇ ਹਮ ਅਬਿ ਹੇਰਾ ॥੫॥
ਕਿਸ ਬਿਧਿ ਕੋ ਬਿਸਤਾਰਜੋ ਖੇਲ।
ਰੋਜ ਤੁਰਕ ਸੋਂ ਰਾਖਜੋ ਮੇਲ।
ਰਹਜੋ ਹਜ਼ੂਰ ਸਿੰਘ ਨਹਿਂ ਕੋਈ।
ਤਊ ਤੁਰਕ ਢਿਗ ਰਾਖਾ ਸੋਈ ॥੬॥
ਆਪ ਕਰਹੁ ਉਪਦੇਸ਼ ਪ੍ਰਕਾਸ਼ਾ।
-ਕੀਜਹਿ ਨਹੀਂ ਤੁਰਕ ਭਰਵਾਸਾ-।
ਇਹ ਰਾਵਰ ਨੇ ਕਜਾ ਕਰਿ ਲਯੋ।
ਕਰੀ ਘਾਵ ਖਾਨ ਤੇ ਖਯੋ' ॥੭॥
ਸਿੰਘ ਸੰਤੋਖ ਸਿੰਘ ਤੇ ਆਦਿ।
ਹੇਰਿ ਹੇਰਿ ਸਭਿ ਲਹੇ ਬਿਖਾਦ।

[1]ਪੁਸ਼ਾਕਾ।
[1]ਵਿਛਾਈ।

ਧੀਰ ਦੇਨਿ ਕੋ ਗੁਰੂ ਉਚਾਰੀ।
'ਭਯੋ ਅਕਾਲ ਪੁਰਖ ਰਖਵਾਰੀ ॥ ੮ ॥
ਕਰਹੁ ਨ ਚਿੰਤਾ ਚਿਤ ਮਹਿਂ ਕਾਈ।
ਘਾਵ ਅਲਪ ਅਸਿਕੇਤ ਸਹਾਈ।
ਖਾਨ ਖੋਰ ਕਰਿ ਜਮਧਰ[1] ਮਾਰੀ। [1]ਕਟਾਰ, ਖੰਜਰ।
ਬਹੁਤ ਸਮੈਂ ਕੋ ਦ੍ਵੈਸ਼ ਚਿਤਾਰੀ ॥ ੯ ॥
ਖਸ਼ਟਮ ਗੁਰੂ ਮਹਾਂ ਬਲਿ ਧਾਮਾ।
ਹਤਜੋ ਜੁੱਧ ਮਹਿਂ ਜਾਂਹਿ ਪਿਤਾਮਾ।
ਸੁਨਤਿ ਰਹਜੋ ਪੂਰਬ ਕੀ ਬਾਤ।
ਅਬਿ ਲਖਿ ਘਾਤ[1] ਚਹਜੋ ਮਮ ਘਾਤ[2] ॥ ੧੦ ॥ [1]ਦਾਉ ਤੱਕ ਕੇ। [2]ਮਾਰਨਾ।
ਭਯੋ ਅਕਾਲ ਪੁਰਖ ਰਖਵਾਰੇ।
ਤਨਕ ਘਾਵ ਭਾ ਜਮਧਰ ਮਾਰੇ।
ਦੂਜੀ ਜਮਧਰ ਹਮਹੁਂ ਪ੍ਰਹਾਰੀ।
ਜਾਨਿ ਨ ਦੀਨਿ ਲੀਨ ਅਰਿ ਮਾਰੀ' ॥ ੧੧ ॥ ⚐ ਦੇਖੋ ਅੰਸੂ ਦੇ ਅਖੀਰ ਵਿੱਚ ਆਉਣ ਵਾਲੀ ⚐ ਨਿਸ਼ਾਨ ਦੀ ਟੂਕ।
ਸੁਨਿ ਸਿੰਘਨਿ ਤਤਛਿਨ ਜਲ ਲਜਾਏ।
ਕਰਜੋ ਪਖਾਰਨ ਸ਼੍ਰੋਣਤ ਜਾਏ[1]। [1]ਲਹੂ ਜਾਂਦਾ।
ਸੂਚੀ ਲਈ ਲੋਹਿ ਬਰ ਜੋਵਾ[1]। [1]ਸੂਈ ਲਈ ਜੋ ਚੰਗੇ ਲੋਹੇ ਦੀ ਹੈਸੀ।
ਰੇਸ਼ਮ ਤਾਗਾ ਬੰਦ[1] ਪਰੋਵਾ ॥ ੧੨ ॥ [1]ਵੱਟ ਕੇ। ਵੱਟ ਚਾੜ੍ਹਕੇ।
ਸਨੇ ਮਨੇ ਸੀਵਨ ਕਰਿ ਸਾਰਾ।
ਪਾਟੀ ਬੰਧਿ ਕੀਨਿ ਦਿਢ ਭਾਰਾ।
ਆਛੀ ਰੀਤਿ ਪਲੰਘ ਪਰ ਆਏ।
ਰੁਚਿ ਅਨੁਸਾਰ ਅਹਾਰਨਿ ਖਾਏ ॥ ੧੩ ॥
ਸੁਪਤਿ ਰਾਤਿ ਬੀਤੀ ਹੁਇ ਪ੍ਰਾਤੀ।
ਲਿਖੀ ਖਾਲਸੇ ਮਿਲਿ ਕਰਿ ਪਾਤੀ।
ਸ਼ਾਹੁ ਬਹਾਦਰ ਢਿਗ ਸੁਧ ਪਠੀ।
ਹੁਤੋ ਨਿਕਟ ਉਤ[1] ਖੋਲਤਿ ਪਠੀ ॥ ੧੪ ॥ [1]ਉਧਰ (ਬਾਦਸ਼ਾਹ ਨੇ)।
-ਇਹ ਕਜਾ ਭਯੋ- ਰਹਜੋ ਬਿਸਮਾਇ।
ਤੁਰਤ ਜਰਾਹਨ ਕੋ ਬੁਲਵਾਇ।
ਕਰਿ ਤਾਗੀਦ ਦਏ ਹਯ ਬਲੀ।
'ਰਾਜ਼ੀ ਕਰਹੁ ਜ਼ਖਮ ਬਿਧਿ ਭਲੀ' ॥ ੧੫ ॥

ਤੁਰੰਗ ਧੁਵਾਵਤਿ ਸੋ ਚਲਿ ਆਏ।
ਦਰਸ਼ਨ ਕਰਿ ਕੈ ਸੀਸ ਨਿਵਾਏ।
ਖੋਲਿ ਜ਼ਖਮ ਕੋ ਸਭਿ ਬਿਧਿ ਹੇਰਾ।
ਸ਼ੁਭ ਉਪਚਾਰ ਕਰੇ ਤਿਸ ਬੇਰਾ ॥੧੬॥
ਪੀਛੇ ਸ਼ਾਹੁ ਲਿਖ੍ਯੋ ਪਰਵਾਨਾ।
ਤਿਨ ਖ਼ਾਨਨ ਪਰ ਕੁਪ੍ਯੋ ਮਹਾਨਾ।
'ਜੇ ਰਾਵਰ ਕੀ ਆਇਸੁ ਪਾਊਂ।
ਇਨ ਸਭਿਹਿਨਿ ਕੇ ਹਾਥ ਕਟਾਊਂ
॥੧੭॥
ਕੈ ਨੌਕਾ ਕੇ ਬੀਚ ਚਢਾਊਂ।
ਜਲ ਗੰਭੀਰ ਮਹਿਂ ਸਭਿਨਿ ਡੁਬਾਊਂ।'
ਸ਼੍ਰੀ ਗੁਰ ਢਿਗ ਆਯੋ ਪਠਵਾਯੋ।
ਕ੍ਰਿਪਾ ਕਰਤਿ ਹੀ ਹੁਕਮ ਅਲਾਯੋ
॥੧੮॥
'ਇਹ ਸਭਿ ਕਾਰ ਹਮਹੁਂ ਕਰਵਾਈ।
ਤਿਲ ਭਰ ਦੋਸ਼ ਨ ਇਨਹੁਂ ਕਦਾਈ।'
ਲਿਖਿ ਉੱਤਰ ਭੇਜ੍ਯੋ ਤਤਕਾਲਾ।
ਜਹਿਂ ਕਹਿਂ ਪਸਰ੍ਯੋ ਸੁਜਸੁ ਬਿਸਾਲਾ
॥੧੯॥
ਸਤਿਗੁਰ ਖੋਟਨਿ ਪਰ ਉਪਕਾਰੀ।
ਮਹਾਂ ਕ੍ਰਿਪਾਲ ਧੀਰ ਧਰਿ ਭਾਰੀ।
ਹੁਤੇ ਜਰਾਹੁ ਸੁਮਤਿ ਪਤਿਸ਼ਾਹੀ।
ਕਰਿ ਉਪਚਾਰ ਥਿਰੇ ਪ੍ਰਭੁ ਪਾਹੀ ॥੨੦॥
ਐਸੋ ਮੱਲ੍ਹਮ ਕਰ੍ਯੋ ਲਗਾਯੋ।
ਤੂਰਨ ਜ਼ਖਮ ਮੇਲ ਹ੍ਵੈ ਆਯੋ।
ਪੰਦਰਹਿ ਦਿਵਸਨ ਮਹਿਂ ਕਰਿ ਨੀਕਾ।
ਮੱਜਨ ਕਰਿਵਾਯੋ ਗੁਰ ਜੀ ਕਾ ॥੨੧॥
ਪੋਸ਼ਿਸ਼ ਨਈ ਪਹਿਰ ਕਰਿ ਬੈਸੇ।
ਦਯੋ ਦਰਸ ਬਰ ਪੂਰਬ ਜੈਸੇ।
ਅਖਿਲ ਖਾਲਸਾ ਚਲਿ ਕਰਿ ਆਯੋ।
ਸੀਸ ਨਿਵਾਇ ਅਨੰਦ ਕੋ ਪਾਯੋ ॥੨੨॥
ਅਖਿਲ ਲੋਕ ਸੁਨਿ ਸੁਨਿ ਸੁਧਿ ਨੀਕੇ।

ਪਹੁੰਚੇ ਨਿਕਟ ਪੁੰਜ ਪ੍ਰਭੁ ਜੀ ਕੇ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ।
ਉਤਸਵ ਦੀਰਘ ਸਭਿ ਮਹਿਂ ਛਾਯੋ ॥੨੩॥
ਦਰਬ ਬ੍ਰਿੰਦ ਸਿਰੁਪਾਉ ਬਿਸਾਲੇ।
ਹੁਕਮ ਕਰਜੋ ਲਜਾਏ ਤਤਕਾਲੇ।
ਬਖਸ਼ੇ ਤਬਹਿ ਜਰਾਹਨਿ ਤਾਈਂ।
ਲੇ ਕਰਿ ਬਹੁਤ ਰਹੇ ਹਰਖਾਈ ॥੨੪॥
ਸੁਜਸ ਉਚਾਰਨ ਕਰਤਿ ਬਿਸਾਲੇ।
ਸ਼੍ਰੇਯ ਕਹਨ ਹਜ਼ਰਤ ਢਿਗ ਚਾਲੇ।
ਮਿਲੇ ਜਾਇ ਸੁਧ ਅਖਿਲ ਸੁਨਾਈ।
'ਧਨ ਗਨ ਦੀਨਸਿ ਹਮ† ਹਰਖਾਈ[1]' ॥੨੫॥
ਪੁਨ ਗਮਨੇ ਦਿੱਲੀ ਸੁ ਜਰਾਹੁ।
ਕਹਜੋ ਸੁਜਸੁ ਸਗਰੋ ਪੁਰਿ ਮਾਂਹੁ।
ਇਮ ਸਤਿਗੁਰ ਹ੍ਵੈਗੇ ਸਵਧਾਨਾ।
ਦਿਨ ਖੋੜਸ ਮੋਂ ਚਢਜੋ ਜਹਾਨਾ ॥੨੬॥
ਹੁਤੀ ਪ੍ਰਭਾਤਿ ਸਭਾ ਮਹਿਂ ਬੈਸੇ।
ਸ਼ੋਭਤਿ ਹੈਂ ਕੁਬੇਰ ਬਰ ਜੈਸੇ।
ਨਵ ਟੰਕਨ[1] ਕੇ ਧਨੁਖ ਬਿਸਾਲੇ।
ਆਨੇ ਕਾਰੀਗਰ ਤਿਸ ਕਾਲੇ ॥੨੭॥
ਹੇਰਤਿ ਗੁਰੂ ਹਰਖ ਕੋ ਪਾਯੋ।
ਦੀਰਘ ਦਰਬ ਇਨਾਮ ਦਿਵਾਯੋ।
ਸਰਬ ਸ਼ਸਤ੍ਰ ਨਿਤ ਨਿਕਟ ਰਖਾਵਤਿ।
ਪੁਸ਼ਪ ਧੂਪ ਚੰਦਨ ਚਰਚਾਵਤਿ ॥੨੮॥
ਤਿਨ ਮਹਿਂ ਦੌਨ ਸਰਾਸਨ[1] ਧਰੇ।
ਦਿਢ ਦਰਾਜ਼ ਦੀਖਤਿ ਬਰ ਕਰੇ।
ਕਾਤਕ ਮਾਸ ਅਮਾਵਸ਼ ਨਿਸ ਮਹਿਂ।
ਦੀਪ ਮਾਲ ਘਰਿ ਘਰ ਜਿਸ ਕਿਸ ਮਹਿਂ ॥੨੯॥
ਘ੍ਰਿੱਤ ਸਨੇਹ ਜਲਾਇ ਬਿਸਾਲਾ।
ਬਿਬਿਧ ਬਿਧਿਨ ਧਰਿ ਦੀਪਕ ਮਾਲਾ।

[1]ਗੁਰੂ ਜੀ ਨੇ) ਸਾਨੂੰ ਬਹੁਤਾ ਧਨ ਦੇਕੇ ਪ੍ਰਸੰਨ ਕੀਤਾ ਹੈ.। † ਪਾ:-ਦੀਨਸ਼ਾਹ।

[1]ਨੌਂ ਟੰਕ ਦੇ ਧਨੁਖ।

[1]ਦੋਵੇਂ ਧਨੁਖ।

ਗੁਰੂ ਸਦਨ ਕੇ ਚਹੁੰ ਦਿਸ਼ਿ ਜੋਤਿ।
ਭਾ ਪ੍ਰਕਾਸ਼ ਦਿਨ ਮਨਹੁਂ ਉਦੋਤਿ ॥੩੦॥
ਪੰਚਾਂਮ੍ਰਿਤ ਕਰਿਵਾਇ ਬ੍ਰਤਾਏ।
ਉਤਸਵ ਰਚਯੋ ਅਨੰਦ ਸਮੁਦਾਏ।
ਬਿਤਯੋ ਸੁ ਦਿਨ ਪ੍ਰਤਿਪਦਾ[1] ਬਿਤਾਈ। [1]ਏਕਮ।
ਜਮਦੁਤੀਆ[1] ਉਦਤਯੋ ਗ੍ਰਿਹਰਾਈ[2]
॥੩੧॥

[1]ਯਮਦ੍ਵਿਤਜਾ=ਕਤਕ ਸੁਦੀ ਦੂਜ। ਯਮ ਨੇ ਆਪਣੀ ਭੈਣ ਯਮੁਨਾਂ ਦੇ ਘਰ ਇਸ ਦਿਨ ਭੋਜਨ ਪਾਇਆ ਸੀ। ਇਸ ਕਰਕੇ ਇਸ ਦਿਨ ਭੈਣ ਦੇ ਘਰ ਦਾ ਖਾਣਾ ਵਿਹਤ ਹੋ ਗਿਆ। 'ਭਾਈ ਦੂਜ' ਏਸੇ ਨੂੰ ਕਹਿੰਦੇ ਹਨ, ਭੈਣਾਂ ਭਰਾਵਾਂ ਨੂੰ ਟਿੱਕਾ ਇਸੇ ਦਿਨ ਲਾਉਂਦੀਆਂ ਤੇ ਕੁਛ ਖਿਲਾਉਂਦੀਆਂ ਹਨ ਤੇ ਭਰਾ ਕੁਛ ਦਿੰਦੇ ਹਨ। [2]ਸੂਰਜ।

ਸੁੰਦਰ ਤੰਬੂ ਇਕ ਲਗਵਾਯੋ।
ਬੀਚ ਦੁਚੋਬੇ ਸਥਿਤ ਸੁਹਾਯੋ।
ਚਹੁ ਦਿਸ਼ਿ ਮਹਿਂ ਕਨਾਤ ਤਨਵਾਈ।
ਰੰਗਾ ਰੰਗ ਫਰਸ਼ ਛਿਤ ਛਾਈ ॥੩੨॥
ਬੀਚ ਪ੍ਰਵੇਸ਼ ਭਏ ਤਿਸ ਜਾਇ।
ਰੱਛਕ ਦੂਰ ਦੂਰ ਬੈਠਾਇ।
'ਜਾਮ ਏਕ ਲਗਿ ਥਿਰੀਯਹੁ ਖਰੇ[1]। [1]ਖੜੇ ਰਹਿਣਾ।
ਅੰਤਰ ਨਹਿਂ ਪ੍ਰਵੇਸ਼ ਕੋ ਕਰੇ' ॥੩੩॥
ਇਮ ਕਰਿ ਕੈ ਚਹੁ ਦਿਸ਼ਿ ਤਕਰਾਈ।
ਆਪ ਸਥਿਰ ਭੇ ਬੀਚ ਗੁਸਾਈਂ।
ਤਿਸ ਛਿਨ ਦਮਕਯੋ ਮਹਿਦ ਅਕਾਸ਼ਾ।
ਪਿਖਿਯਤਿ ਭਯੋ ਬਿਸਾਲ ਪ੍ਰਕਾਸ਼ਾ
॥੩੪॥
ਦੋਇ ਪੁਰਖ ਉਤਰੇ ਤਰ ਆਏ।
ਗੁਰ ਦਰਸ਼ਨ ਕਰਿ ਸੀਸ ਨਿਵਾਏ।
ਸਾਦਰ ਕਹਿ ਕਰਿ ਨਿਕਟ ਬਿਠਾਰੇ।
ਕੁਸ਼ਲ ਅਖਿਲ ਕੇ ਬਾਕ ਉਚਾਰੇ ॥੩੫॥
ਤਿਨਹੁਂ ਪੱਤ੍ਰਿਕਾ ਦਈ ਨਿਕਾਸਿ।
ਗ੍ਰਹਣ ਕਰੀ ਕਰ ਮਾਂਹਿ ਹੁਲਾਸ।
ਤਤਛਿਨ ਖੋਲਿ ਭਲੀ ਬਿਧਿ ਹੇਰੇ।
ਅਮਰਾਵਤੀ ਬਰਣ[1] ਜਿਸ ਕੇਰੇ ॥੩੬॥ [1]ਸ੍ਵਰਗ ਦੇ ਅੱਖਰ।
ਪੜ੍ਹਿ ਕਰਿ ਸਮੁਝੇ ਸਰਬ ਬ੍ਰਿਤੰਤ।
ਤਿਨ ਸਨ ਬਾਤ ਕਰੀ ਭਗਵੰਤ।

'ਪ੍ਰਭੁ ਜੀ! ਅਬਿ ਬੈਕੁੰਠ ਸਿਧਾਰੋ।
ਕਾਰਜ ਇਹਾਂ ਲੀਨ ਕਰਿ ਸਾਰੋ ॥੩੭॥
ਜੇਕਰਿ ਰਹਿਬੋ ਚਹਹੁ ਕ੍ਰਿਪਾਲਾ।
ਰਹਹੁ ਧਰਾਤਲ ਕਰਹੁ ਨਿਹਾਲਾ।'
ਹੁਕਮ ਅਕਾਲ ਪੁਰਖ ਕੋ ਕਹਜੋ।
ਆਗੇ ਕਰਹੁ ਜਥਾ ਚਿਤ ਚਹਜੋ ॥੩੮॥
ਕਰਤਾ ਪੁਰਖ ਅਕਾਲ ਕ੍ਰਿਪਾਨਾ।
ਤਿਸ ਪਿਤ ਕੇ ਹੋ ਪੁੱਤ੍ਰ ਬਿਸਾਲਾ।
ਦੁਸ਼ਟ ਤੁਰਕ ਕੀ ਜੜ੍ਹਾਂ ਉਖਾਰੀ।
ਪੰਥ ਖਾਲਸਾ ਉਤਪਤਿ ਭਾਰੀ[1] ॥੩੯॥
ਸੂਧਾ ਮਾਰਗ ਜਗ ਬਿਸਤਾਰਾ।
ਕਰਤਾ ਪੁਰਖ ਭਜਨ ਨਿਸਤਾਰਾ।
ਕਰਿ ਕਰਿ ਜੁੱਧ ਕ੍ਰੁੱਧ ਭਟ ਭਾਰੇ।
ਦੁਸ਼ਟ ਅਨਿਸ਼ਟੀ ਚੁਨਿ ਚੁਨਿ ਮਾਰੇ' ॥੪੦॥
ਸੁਨਿ ਕ੍ਰਿਪਾਲ ਤਿਨ ਸੰਗ ਉਚਾਰੀ।
'ਹਮ ਨੇ ਕਰੀ ਅੱਗ੍ਰ ਹੀ ਤਜਾਰੀ।
ਹੁਕਮ ਅਕਾਲ ਪੁਰਖ ਕੋ ਜੈਸੇ।
ਸਿਰ ਪਰ ਧਰਿ ਹਮ ਮਾਨਹਿਂ ਤੈਸੇ' ॥੪੧॥
ਇੱਤਜਾਦਿਕ ਕਹਿ ਸੁਨਿ ਕਰਿ ਭਲੇ।
ਨਭ ਕੇ ਮਗ ਹੀ ਤੂਰਨ ਚਲੇ।
ਏਕ ਜਾਮ ਲਗਿ ਰਹੇ ਇਕੰਤ।
ਨਿਕਸੇ ਵਹਿਰ ਬਹੁਤ ਭਗਵੰਤ ॥੪੨॥
ਬਦਨ ਪ੍ਰਫੁਲਿਤ ਕਮਲ ਸਮਾਨਾ।
ਪਦਮ ਪਾਂਖਰੀ ਆਂਖ ਮਹਾਨਾ।
ਰਿਦੇ ਅਨੰਦਤਿ ਦੁਗਨ ਚਗੁਨੇ।
ਬੈਸੇ ਸਭਿਨਿ ਬਿਖੈ ਦੁਤਿ ਦੂਨੇ[†] ॥੪੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਪਾਤੀ ਅਕਾਲ ਪੁਰਖ ਪਠਾਨ[†]' ਪ੍ਰਸੰਗ ਬਰਨਨੰ ਨਾਮ ਉਨੀਸਮੋਂ ਅੰਸੂ ॥੧੯॥

[1]ਉਤਪਤ ਕਰ ਦਿੱਤਾ ਹੈ (ਤੁਸਾਂ ਨੇ) ਭਾਰਾ ਖਾਲਸਾ ਪੰਥ।
[†]ਪਾ:-ਪੁਨੇ।
[†]ਪਾ:-ਪ੍ਰਭੁ ਸੋ ਬਾਤ।

ਸ਼ੋਕ ਹੈ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਮੁਤਅੱਲਿਕ ਅਸਲ ਭੇਤ ਹੀ ਪ੍ਰਕਾਸ਼ ਨਹੀਂ ਪਾਇਆ। ਮਹਿਮਾ ਪ੍ਰਕਾਸ਼ ਤੇ ਗੁਰੂ ਬਿਲਾਸ, ਸੌ ਸਾਖੀ ਤੇ ਸੂਰਜ ਪ੍ਰਕਾਸ਼ ਆਦਿਕਾਂ ਨੇ ਜੋ ਇਹ ਗੱਲ ਲਿਖੀ ਹੈ ਕਿ ਗੁਰੂ ਜੀ ਆਪ ਗੁਲ ਖਾਂ ਨੂੰ ਆਪਣੇ ਕਤਲ ਵਾਸਤੇ ਤਾਅਨੇ ਮਾਰ ਮਾਰ ਕੇ ਉਕਸਾਉਂਦੇ ਰਹੇ, ਕੁਛ ਮੁੱਲ ਵਾਲੀ ਨਹੀਂ। ਇਸ ਦਾ ਖੰਡਨ ਤਾਂ ਉਨ੍ਹਾਂ ਦੇ ਅਪਣੇ ਦਿੱਤੇ ਹਾਲ ਤੋਂ ਹੀ ਹੋ ਜਾਂਦਾ ਹੈ। ਜੇ ਗੁਰੂ ਜੀ ਨੇ ਪਠਾਣ ਬੱਚੇ ਨੂੰ ਆਪਣੇ ਕਤਲ ਲਈ ਆਪ ਉਕਸਾਇਆ ਤਾਂ ਫੇਰ ਜਦ ਉਸ ਦੀ ਕਟਾਰ ਦਾ ਵਾਰ ਚਲ ਗਿਆ ਤਾਂ ਗੁਰੂ ਜੀ ਨੇ ਉੱਠਕੇ ਉਸ ਨੂੰ ਕਟਾਰ ਨਾਲ ਪਾਰ ਬੁਲਾਇਆ; ਇਸ ਦਾ ਕੀ ਅਰਥ ਹੈ? ਉਸ ਨੇ ਤਾਂ ਆਪਦਾ ਮਨਸ਼ਾ ਪੂਰਾ ਕੀਤਾ ਸੀ, ਉਸ ਨੂੰ ਇਨਾਮ ਦੇਣਾ ਚਾਹੀਦਾ ਸੀ ਨਾਂ ਕਿ ਮਾਰ ਦੇਣਾ। ਮਾਰ ਦੇਣਾ ਤਾਂ ਓਸੇ ਵੇਲੇ ਹੋ ਸਕਦਾ ਹੈ ਜਦ ਕਿ ਅਚਾਨਕ ਕੋਈ ਵਾਰ ਕਰੇ ਤਾਂ ਸੂਰਮੇ ਦਾ ਹੱਥ ਸ਼ਸਤ੍ਰ ਤੇ ਉਠਦਾ ਤੇ ਮਾਰਨ ਵਾਲੇ ਤੇ ਵਾਰ ਕਰਦਾ ਹੈ। ਦੂਜਾ ਖਿਆਲ, ਇਹ ਕਿ ਗੁਰੂ ਜੀ ਪੈਂਦੇ ਖ਼ਾਂ ਦੇ ਕਤਲ ਦਾ ਬਦਲਾ ਦੇਣਾ ਚਾਹੁੰਦੇ ਸਨ, ਬੀ ਆਪੇ ਖੰਡਨ ਹੋ ਜਾਂਦਾ ਹੈ। ਪੈਂਦੇ ਖ਼ਾਂ ਮੈਦਾਨ ਜੰਗ ਵਿਚ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਮਾਰਨ ਆਇਆ ਖੁੱਲ੍ਹੇ ਜੰਗ ਵਿਚ ਉਨ੍ਹਾਂ ਦੇ ਹੱਥੋਂ ਮਾਰਿਆ ਗਿਆ ਸੀ। ਬਦਲਾ ਕਾਹਦਾ? ਮੈਦਾਨ ਜੰਗ ਵਿਚ ਮਾਰਿਆ ਦਾ ਬਦਲਾ ਦੇਣਾ ਹੋਵੇ ਤਾਂ ਇਕ ਇਸ ਪਠਾਣ ਦੇ ਪਿਉ ਯਾਂ ਦਾਦੇ ਦੇ ਬਦਲੇ ਦੇਣ ਤੇ ਗੱਲ ਕਿਉਂ ਮੁੱਕੇ; ਜਿੰਨੇ ਆਦਮੀ ਗੁਰੂ ਜੀ ਦੇ ਤੀਰ ਤਲਵਾਰ ਨਾਲ ਮਰੇ ਸਭ ਦੇ ਬਦਲੇ ਦਿੱਤੇ ਜਾਣੇ ਚਾਹੀਏ। ਮਸਲਨ ਨਾਹਰ ਖ਼ਾਂ ਨੂੰ ਚਮਕੌਰ ਤੀਰ ਨਾਲ ਪਰੋਣ ਦਾ ਬਦਲਾ ਦੇਣ ਲਈ ਮਲੇਰੀਏ ਪਠਾਣਾਂ ਨੂੰ ਕਿਉਂ ਨਾਂ ਪ੍ਰੇਰਿਆ? ਭਲਾ ਜੇ ਚਾਹੁਣ ਵੀ ਤਾਂ ਬੀ ਗੱਲ ਨਹੀਂ ਚੁੱਕਦੀ। ਜਦੋਂ ਪਠਾਣ ਨੇ ਵਾਰ ਕਰ ਲਿਆ ਤਾਂ ਬਦਲਾ ਚੁੱਕ ਗਿਆ, ਹਿਸਾਬ ਮੁੱਕ ਗਿਆ। ਦਸਮੇਸ਼ ਜੀ ਜੇ ਬਦਲਾ ਦੇਣਾ ਚਾਹੁੰਦੇ ਸਨ ਤਾਂ ਦਿੱਤਾ ਜਾ ਚੁੱਕਾ ਸੀ, ਹੁਣ ਉਸ ਨੂੰ ਫੇਰ ਕਿਉਂ ਕਤਲ ਕਰਨ? ਜਦੋਂ ਫੇਰ ਆਪ ਉਸ ਨੂੰ ਮਾਰਿਆ ਤਾਂ ਪਿਛਲਾ ਬਦਲਾ ਮੁਕਦੇ ਸਾਰ ਨਵਾਂ ਸਿਰ ਚਾੜ੍ਹ ਲਿਆ। ਇਸ ਪੜਤਾਲ ਨਾਲ ਬਦਲੇ ਦੇਣ ਦਾ ਖਿਆਲ ਸਾਰਾ ਢਹਿ ਢੇਰੀ ਹੋ ਗਿਆ ਤੇ ਨਾਲ ਹੀ ਆਪ ਉਸ ਨੂੰ ਉਕਸਾਉਣ ਦਾ ਖਿਆਲ ਰੱਦੀ ਸਾਬਤ ਹੋ ਗਿਆ।

ਮਹਿਮਾਂ ਪ੍ਰਕਾਸ਼ ਵਾਰਤਕ ਨੇ ਇਕ ਥਾਵੇਂ ਤਾਂ ਇਹੋ ਦੂਸਰੇ ਮਹਿਮਾਂ ਪ੍ਰਕਾਸ਼ ਵਰਗਾ ਹਾਲ ਹੀ ਦਿੱਤਾ ਹੈ; ਪਰ ਦੂਜੀ ਥਾਵੇਂ ਇਕ ਵੀਹ ਪੱਚੀ ਵਰ੍ਹੇ ਦੇ ਪਠਾਣ ਦਾ ਕਈ ਦਿਨ ਆਉਣਾ ਤੇ ਘਾਤ ਪਾਕੇ ਵਾਰ ਕਰਨਾ ਦਿੱਤਾ ਹੈ। ਏਥੇ ਕੋਈ ਜ਼ਿਕਰ ਬਦਲੇ ਦਾ ਯਾ ਗੁਰੂ ਜੀ ਦੇ ਉਸਨੂੰ ਉਕਸਾਉਣ ਦਾ ਨਹੀਂ ਦਿੱਤਾ। ਇਨ੍ਹਾਂ ਸਭਨਾਂ ਤੋਂ ਪੁਰਾਣਾ ਗ੍ਰੰਥ ਗੁਰ ਸ਼ੋਭਾ ਹੈ, ਜਿਸ ਦਾ ਕਰਤਾ ਗੁਰੂ ਜੀ ਦਾ ਦਰਬਾਰੀ ਕਵੀ ਬੀ ਰਿਹਾ ਹੈਸੀ। ਉਸ ਦਾ ਗ੍ਰੰਥ ੧੭੯੮ ਤੋਂ ਮਗਰੋਂ ਦਾ ਨਹੀਂ। ਉਸ ਨੇ ਉਪਰਲੀਆਂ ਗੱਲਾਂ ਕੋਈ ਨਹੀਂ ਦਿੱਤੀਆਂ, ਕੇਵਲ ਐਉਂ ਦਸਿਆ ਹੈ:-

"ਸੁਨੀ ਸਾਖ ਐਸੇ ਪਠਾਨ ਏਕ ਆਯੋ। ਕਛੂ ਘਾਤ ਕੈ ਕੈ ਪ੍ਰਭੂ ਪਾਸ ਧਾਯੋ। ਘਰੀ ਦੋਇ ਕੈ ਤੀਨ ਕੈ ਬੈਠ ਮੀਠੇ। ਨਹੀਂ ਘਾਤ ਲਾਗੀ ਘਨੇ ਲੋਗ ਡੀਠੇ ॥ ੮ ॥ *੨੭੭* ॥ ਬਿਦਾ ਹੋਇ ਕੈ ਧਾਮ ਕੋ ਬੇਗ ਧਾਯੋ। ਗਏ ਦਿਵਸ ਦੋ ਤੀਨ ਸੋ ਫੇਰ ਆਯੋ। ਘਰੀ ਤੀਨ ਕੈ ਚਾਰ ਕੇ ਬੈਠ ਐਸੇ। ਨਹੀਂ ਘਾਤ ਲਾਗੀ ਚਲਾ ਅੰਤ ਤੈਸੇ ॥ ੯ ॥ *੨੭੮* ॥ ਇਸੀ ਭਾਂਤਿ ਸੋ ਦਜੋਸ ਕੇਤਾਨ ਆਯੋ। ਨਹੀਂ ਘਾਤ ਲਾਗੀ ਨਹੀਂ ਦਾਵ ਪਾਯੋ। ਘਨੀ ਬਾਰ ਆਯਾ ਲੀਓ ਭੇਦ ਸਾਰਾ। ਸਮਾ ਸ਼ਜਾਮ ਕਾ ਕਾਮ ਕੋ ਯੌਂ ਬਿਚਾਰਾ ॥ ੧੦ ॥ *੨੭੯* ॥ ਦਿਨੰ ਏਕ ਸਜਾਮੰ ਸਮੇਂ ਦੁਸ਼ਟ ਆਯੋ। ਸੁਨਿ ਸਾਹਿਬੰ ਅੰਤ੍ਰ ਤਾਂਕੇ ਬੁਲਾਯੋ। ਢਿਗੰ ਜਾਇ ਬੈਠਾ ਕਿ ਪਰਸਾਦਿ ਦੀਨਾ। ਗਹੀ ਮੁਸ਼ਟਿ ਲੈ ਦੁਸ਼ਟਿ ਮੁਖ ਮਾਂਹਿ ਦੀਨਾ ॥ ੧੧ ॥ *੨੮੦* ॥ ਨਹੀਂ ਸਿੰਘ ਕੋਈ ਤਹਾਂ ਪਾਸ ਔਰੇ। ਰਹੇ ਏਕ ਹੀ ਊਂਘ ਸੋਈ ਗਯੋ ਰੇ। ਇਤੇ ਮੈਂ ਪ੍ਰਭੂ ਆਪ ਬਿਸਰਾਮ ਲੀਨਾ। ਗਹੀ ਦੁਸ਼ਟਿ ਜਮਾਧਾਰ ਉਰ ਵਾਰ ਕੀਨਾ ॥ ੧੨ ॥ *੨੮੧* ॥ ਕੀਯੋ ਵਾਰ ਐਸਾ ਕਿ ਦੂਜਾ ਲਗਾਯੋ। ਲਗੇ ਔਰ ਕੇ ਆਪਨਾ ਵਾਰ ਲਾਯੋ। ਕੀਯੋ ਵਾਰ ਏਕੋ ਨਹੀਂ ਔਰ ਕੀਨਾ। ਲੀਆ ਮਾਰਕੈ ਦੁਸ਼ਟ ਜਾਨੇ ਨ ਦੀਨਾ ॥ ੧੩ ॥ *੨੮੨* ॥

ਇਸ ਤੋਂ ਨਿਰਸੰਸੇ ਪਤਾ ਲੱਗਾ ਕਿ ਸਾਡੇ ਪਾਸ ਸਭ ਤੋਂ ਸਾਡਾ ਪੁਰਾਣਾ ਲੇਖਕ ਦੱਸਦਾ ਹੈ ਕਿ ਇਹ ਪਠਾਣ ਘਾਤ ਲਈ ਹੀ ਆਇਆ ਤੇ ਰੋਜ਼ ਏਸੇ ਮਤਲਬ ਲਈ ਹੀ ਆਉਂਦਾ ਰਿਹਾ ਹੈ ਤੇ ਇਸ ਦਿਨ ਦਾਉ ਲੱਗਾ ਵਾਰ ਕਰ ਦਿੱਤਾ। ਪਠਾਣ ਨੂੰ ਉਕਸਾਉਣ ਤੇ ਬਦਲੇ ਦੇਣ ਆਦਿ ਦਾ ਕੋਈ ਜ਼ਿਕਰ ਇਸ ਵਿਚ ਨਹੀਂ ਹੈ।

ਹੁਣ ਬਾਹਰ ਦੇ ਲੇਖਕਾਂ ਨੂੰ ਲਓ। ਸੈਰੁਲ ਮੁਤਾਖ਼ਰੀਨ ਨੇ ਤਾਂ ਗੁਰੂ ਜੀ ਦਾ ਪ੍ਰਲੋਕ ਗਮਨ ਗ਼ਮ ਨਾਲ ਲਿਖਿਆ ਹੈ ਤੇ ਕਈ ਅੰਗ੍ਰੇਜ਼ ਇਤਿਹਾਸਕਾਰਾਂ ਨੇ ਏਸੇ ਦੀ ਨਕਲ ਕੀਤੀ ਹੈ। ਅਹਿਮਦਸ਼ਾਹ ਬਟਾਲਵੀ ਨੇ ਲਿਖਿਆ ਹੈ ਕਿ ਇਕ ਘੋੜਿਆਂ ਦਾ ਪਠਾਨ ਸੁਦਾਗਰ ਸੀ ਜਿਸ ਨੇ ਗੁਰੂ ਜੀ ਪਾਸ ਘੋੜੇ ਵੇਚੇ ਹੋਏ ਸਨ, ਉਸਦੇ ਰੁਪਯੇ

ਮੰਗਣ ਤੇ ਕੁਛ ਤਕਰਾਰ ਵੇਲੇ ਉਸ ਨੇ ਗੁਸਤਾਖੀ ਦੇ ਵਾਕ ਕਹੇ ਤੇ ਤਲਵਾਰ ਖਿੱਚਕੇ ਗੁਰੂ ਜੀ ਪਰ ਵਾਰ ਕਰਨੇ ਲੱਗੇ, ਪਰ ਗੁਰੂ ਜੀ ਨੇ ਇਹ ਦੇਖਕੇ ਤਲਵਾਰ ਸੂਤੀ ਤੇ ਉਸ ਦਾ ਸਿਰ ਕੱਟ ਦਿੱਤਾ। ਉਸ ਦੇ ਪੁੱਤਰਾਂ ਨੇ ਬਦਲੇ ਦੀ ਠਾਣਕੇ ਇਉਂ ਵਿਸਾਹ ਕਰਕੇ ਘਾਤ ਕੀਤਾ। ਜਦ ਉਹ ਵਾਰ ਕਰਨ ਵਾਲਾ ਫੜਿਆ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਮਾਫ ਕੀਤਾ, ਪਰ ਉਹ ਦੱਸਦਾ ਹੈ ਕਿ ਗੁਰੂ ਜੀ ਨੇ ਪਠਾਣਾਂ ਦੇ ਪੁੱਤਰਾਂ ਨੂੰ ਆਪ ਉਕਸਾਇਆ ਸੀ, ਤੇ ਕਾਰਨ ਇਹ ਦੱਸਦਾ ਹੈ ਕਿ ਗੁਰੂ ਜੀ ਅਪਣੇ ਜੀਵਨ ਨੂੰ ਆਪ ਮੁਕਾਉਣਾ ਚਾਹੁੰਦੇ ਸਨ। ਇਸ ਦਾ ਪਹਿਲਾ ਹਿੱਸਾ ਕਨਿੰਘਮ ਨੇ ਲਿਆ ਹੈ, ਦੂਸਰਾ ਹਿੱਸਾ ਕਨਿੰਘਮ ਨੇ ਨਹੀਂ ਲਿਆ।

ਤਾਰੀਖ ਬਹਾਦਰਸ਼ਾਹੀ ਦੇ ਲੇਖਕ ਨੇ ਲਿਖਿਆ ਹੈ ਕਿ ਗੁਰੂ ਜੀ ਆਪਣੇ ਉਪਦੇਸ਼ਾਂ ਵਿਚ, ਜੋ ਉਹ ਬੇਗਿਣਤ ਲੋਕਾਂ ਦੇ ਸਮਾਜ ਵਿਚ ਕਰਿਆ ਕਰਦੇ ਸਨ, ਕੋਈ ਗੱਲ ਕਹਿ ਬੈਠੇ ਜੋ ਮੁਸਲਮਾਨ ਬਰਦਾਸ਼ਤ ਨਹੀਂ ਕਰ ਸਕਦੇ ਇਸ ਕਰਕੇ ਇਕ ਅਫ਼ਗਾਨ ਨੇ ਇਕ ਖੰਜਰ ਨਾਲ ਦੋ ਤ੍ਰੈ ਵਾਰ ਕੀਤੇ ਤੇ ਮਾਰ ਦਿੱਤਾ। ਇਹ ਖਿਆਲ ਮੈਕਾਲਫ ਨੇ ਅਗ਼ਲਬ ਸਮਝਕੇ ਅਪਣੇ ਇਤਿਹਾਸ ਵਿਚ ਦਿੱਤਾ ਹੈ।

[ਜਿਲਦ ਪੰਜ, ਪੰਨਾ ੨੪੧

ਦੌਲਤ ਰਾਇ ਨੇ ਉਪਰਲੀਆਂ ਕੁਛ ਰਵਾਇਤਾਂ ਦੇਕੇ ਇਕ ਰਵਾਇਤ ਹੋਰ ਲਿਖੀ ਹੈ ਤੇ ਉਸ ਨੇ ਇਸ ਨੂੰ ਸਹੀ ਮੰਨਿਆ ਹੈ ਤੇ ਲਿਖਦਾ ਹੈ ਕਿ "ਮਿਨਜੁਮਲਾ ਤਮਾਤ ਰਵਾਇਤੋਂ ਕੇ ਪਹਿਲੀ ਰਵਾਇਤ ਦਰੁਸਤ ਹੈ ਕਿ ਗੁਰੂ ਗੋਬਿੰਦ ਸਿੰਘ ਬਹਾਦਰ ਸ਼ਾਹ (ਪਾਤਸ਼ਾਹ) ਕੀ ਸਾਜ਼ਸ਼ ਸੇ ਕਤਲ ਕੀਆ ਗਿਆ"। ਬਹਾਦਰ ਸ਼ਾਹ ਦੀ ਸਾਜ਼ਸ਼ ਦਾ ਵੇਰਵਾ ਉਹ ਐਉਂ ਲਿਖਦਾ ਹੈ:-

"ਬਹਾਦਰ ਸ਼ਾਹ ਮੁਹਿੰਮ ਦੱਕਨ ਸੇ ਫਾਰਗ਼ ਹੋ ਕਰ ਔਰ ਅਹਿਮਦ ਨਗਰ ਕੇ ਫਤਹ ਕਰਕੇ ਨਦੇੜ ਕੇ ਨਵਾਹ ਮੇਂ ਸੇ ਗੁਜ਼ਰਾ ਔਰ ਗੁਰੂ ਗੋਬਿੰਦ ਸਿੰਘ ਸੇ ਮਿਲਾ। ਉਸ ਨੇ ਉਸ ਕੋ ਹਮਰਾਹ ਲੇ ਜਾਨੇ ਕੀ ਕੋਸ਼ਿਸ਼ ਕੀ ਮਗਰ ਗੁਰੂ ਗੋਬਿੰਦ ਸਿੰਘ ਨੇ ਇਨਕਾਰ ਹੀ ਕੀਆ। ਔਰ ਉਸ ਕੋ ਬੇਅਦਬ ਔਰ ਬੇਵਫਾ ਕਹਿ ਕਰ ਉਸ ਦਾ ਸਾਥ ਦੇਨੇ ਸੇ ਪਹਿਲੂ ਤਹੀ ਕੀਆ। ਬਹਾਦਰ ਸ਼ਾਹ ਕੋ ਗੁਰੂ ਗੋਬਿੰਦ ਸਿੰਘ ਕਾ ਵਜੂਦ ਪਹਿਲੇ ਸੇ ਕਾਂਟੇ ਕੀ ਤਰਹ ਖਟਕਤਾ ਥਾ, ਔਰ ਵੋਹ ਬਖੂਬੀ ਜਾਨਤਾ ਥਾ ਕਿ ਗੁਰੂ ਗੋਬਿੰਦ ਕਾ ਉਦੇਸ਼ ਕਿਆ ਹੈ। ਇਸ ਲੀਏ ਵੋਹ ਦਿਲ ਸੇ ਤੋ ਯਿਹ ਚਾਹਤਾ ਥਾ ਕਿ ਮੌਕਾ ਪਾਕਰ ਉਸ ਕਾ ਕਿੱਸਾ ਤਮਾਮ ਕਰੇ, ਲੇਕਨ ਮੌਕਾ ਕਾ ਮੁਨਤਜ਼ਿਰ ਥਾ। ਵੋਹ ਅਪਨੇ ਤਈਂ ਹਮੇਸ਼ਾਂ ਖਤਰਹ ਮੇਂ ਸਮਝਤਾ ਥਾ, ਜਬ ਤਕ ਗੁਰੂ ਗੋਬਿੰਦ ਸਿੰਘ ਉਸ ਦੀ ਮੁਖਾਲਫਤ ਮੇਂ ਮੌਜੂਦ ਥਾ, ਲੇਕਨ ਉਸਕੇ ਖਤਰਹ ਕੋ ਸਰਹੰਦ ਪਰ ਬੰਦਾ ਕੇ ਕਾਰਨਾਮੋਂ ਨੇ ਔਰ ਬੀ ਮਜ਼ਬੂਤ ਕਰ ਦੀਆ, †ਔਰ ਉਸ ਦੇ ਦਰ ਪੈ ਹੂਆ ਕਿ ਗੁਰੂ ਗੋਬਿੰਦ ਸਿੰਘ ਕਾ ਕਿੱਸਾ ਪਾਕ ਕੀਆ ਜਾਵੇ। ਚੁਨਾਂਚੇ ਏਕ ਸਾਜ਼ਸ਼ ਉਸ ਕੇ ਕਤਲ ਕੇ ਲੀਏ ਕੀ ਗਈ। ਖੁਦ ਤੋ ਵਹਾਂ ਸੇ ਹਟ ਕਰ ਆਗੇ ਚਲਾ ਗਿਆ ਔਰ ਏਕ ਤੁਰਕਜ਼ਾਦੇ ਮੁਸਲਮਾਨ ਕੋ, ਜੋ ਗੁਰੂ ਗੋਬਿੰਦ ਸਿੰਘ ਕੇ ਮੁਲਾਜ਼ਮੋਂ ਮੇਂ ਥਾ ਯਿਹ ਜੋਸ਼ ਦਿਲਾਕਰ ਕਿ ਗੁਰੂ ਗੋਬਿੰਦ ਸਿੰਘ ਤੁਮਹਾਰੇ ਬਾਪ ਔਰ ਦਾਦਾ ਕਾ ਕਾਤਲ ਹੈ, ਔਰ ਕਿ ਬਾਪ ਦਾਦਾ ਕਾ ਇੰਤਕਾਮ ਲੇਨਾ ਮੁਸਲਮਾਨੋਂ ਕਾ ਪਹਿਲਾ ਫਰਜ਼ ਹੈ, ਔਰ ਯਿਹ ਸ਼ਰਮ ਦਿਲਾਕਰ ਕਿ ਤੁਮ ਅਪਨੇ ਬਾਪ ਕੇ ਕਾਤਲ ਕੀ ਖਿਦਮਤ ਕਰਤੇ ਹੋ, ਗੁਰੂ ਗੋਬਿੰਦ ਸਿੰਘ ਕੇ ਕਤਲ ਪਰ ਆਮਾਦਹ ਕੀਆ ਔਰ ਸਾਥ ਇਨਾਮੋਂ ਇਕਰਾਮ ਕਾ ਵਾਅਦਹ ਭੀ ਕੀਆ ਗਿਆ। ਇਸ ਸ਼ਖਸ ਕਾ ਨਾਮ ਗੁਲ ਖਾਂ ਥਾ ਜੋ ਬਮੇ ਅਪਨੇ ਭਾਈ ਅਤਾਉੱਲਾ ਖ਼ਾਂ ਕੇ ਉਸ ਕੀ ਮੁਲਾਜ਼ਮਤ ਮੇਂ ਥਾ, ਜੋ ਪੈਂਦੇ ਖ਼ਾਂ ਕੀ ਔਲਾਦ ਮੇ ਸੇ ਥੇ, ਜੋ ਗੁਰੂਓਂ ਕੇ ਹਾਥ ਸੇ ਕਿਸੀ ਲੜਾਈਓਂ ਮੇਂ ਫੌਤ ਹੂਏ ਥੇ। ਗ਼ਰਜ਼ ਯਿਹ ਗਹਿਰੀ ਸਾਜ਼ਸ਼ ਕਾਮ ਕਰ ਗਈ ਔਰ ਗੁਰੂ ਗੋਬਿੰਦ ਸਿੰਘ ਕੋ ਚੂੰਕਿ ਉਨ ਪਰ ਵਿਸ਼੍ਵਾਸ ਥਾ ਔਰ ਚਮਕੌਰ ਸੇ ਆਤੇ ਵਕਤ ਚੰਦ ਮੁਸਲਮਾਨੋਂ ਕੇ ਸਲੂਕ ਨੇ ਉਸ ਕੋ ਯਕੀਨ ਕਰਾ ਦੀਆ ਥਾ ਕਿ ਉਨਮੇਂ ਸੇ ਬਾਅਜ਼ ਬੇਸ਼ਕ ਵਿੱਸ਼੍ਵਾਸ਼ ਕਰਨੇ ਕੇ ਕਾਬਲ ਹੈਂ; ਲੇਕਨ ਯਿਹ ਵਿਸ਼੍ਵਾਸ਼ ਗੁਰੂ ਗੋਬਿੰਦ ਸਿੰਘ ਕੇ ਲੀਏ ਮੌਤ ਕਾ ਕਟਾਰ ਨਿਕਲਾ ਔਰ ਹਲਾਕ ਖੰਜਰ; ਆਖਰ ਵਿੱਸ਼੍ਵਾਸ਼ ਘਾਤ ਹੁਈ।"

†ਜਾਪਦਾ ਹੈ ਕਿ ਦੌਲਤ ਰਾਏ ਨੇ ਗੁਰੂ ਜੀ ਦੇ ਪ੍ਰਲੋਕ ਗਮਨ ਤੇ ਬੰਦੇ ਦੇ ਮਾਅਰਕਿਆਂ ਦੀਆਂ ਤਾਰੀਖਾਂ ਨਹੀਂ ਪੜਤਾਲੀਆਂ।

[ਪੰਨਾ ੨੧੩

ਵੀਚਾਰ:

ਪਿਛੇ ਕਹੇ ਲੇਖਕਾਂ ਦੀ ਇਹ ਗੱਲ ਸਭ ਦੀ ਸਾਂਝੀ ਹੈ ਕਿ ਕਿਸੇ ਪਠਾਣ ਨੇ ਕਟਾਰ ਨਾਲ ਖ਼ੂਨੀ ਵਾਰ ਕੀਤਾ ਹੈ। ਸੋ ਇਸ ਗੱਲ ਪਰ ਸਾਰੇ ਸਹਿਮਤ ਹੋਣ ਕਰਕੇ ਇਸ ਪਰ ਸ਼ੰਕਾ ਕਰਨ ਦੀ ਲੋੜ ਨਹੀਂ ਹੈ। ਰਾਇ ਦਾ ਵਿਖੇਵਾਂ ਹੈ ਤਾਂ, ਪਠਾਣ ਨੇ ਕਿਉਂ ਵਾਰ ਕੀਤਾ? ਇਸ ਕਾਰਣ ਪਰ ਹੈ। ਜਾਪਦਾ ਇਹ ਹੈ ਕਿ ਵਾਰ ਕਰਨ ਦਾ ਕਾਰਨ ਕੋਈ ਡੂੰਘੀ ਸਾਜ਼ਸ਼ ਹੈ ਜੋ ਲੇਖਕਾਂ ਨੂੰ ਪਤਾ ਨਹੀਂ ਲੱਗੀ, ਇਸ ਕਰਕੇ ਹਰੇਕ ਨੇ ਆਪਣੀ ਅਕਲ ਮੂਜਬ ਜੋ ਗੱਲ ਅਗ਼ਲਬ ਸਮਝੀ ਹੈ ਲਿਖ ਦਿੱਤੀ ਹੈ। ਯਾਂ ਇਉਂ ਕਿ ਅਸਲ ਕਾਰਨ ਦੇ ਵਰਤਾਉਣ ਹਾਰਿਆਂ ਨੇ ਆਪਣੇ ਆਪ ਨੂੰ ਲਕੋਈ ਰੱਖਣ ਵਾਸਤੇ ਜੋ ਗੱਲਾਂ ਉਡਾਈਆਂ ਸੋ ਲੇਖਕਾਂ ਨੇ ਆਪੋ ਆਪਣੇ ਸੁਣੇ ਮੂਜਬ ਲਿਖ ਦਿੱਤੀਆਂ।

ਜਿਨ੍ਹਾਂ ਨੇ ਜਾਤਾ ਕਿ ਪੰਜਾਬ ਤੋਂ ਐਤਨੇ ਦੂਰ ਕਾਤਲਾਨਾ ਵਾਰ ਕਰਨ ਲਈ ਗੁਲ ਖ਼ਾਂ ਦਾ ਆਉਣਾ ਪਿਉ ਦਾਦੇ ਦੇ ਵੈਰ ਲਈ ਹੀ ਹੋ ਸਕਦਾ ਹੈ, ਬਦਲਾ ਲੈਣਾ ਸ੍ਵਾਦੀਕ ਹੁੰਦਾ ਹੈ, ਸੋ ਉਹਨਾਂ ਨੇ ਇਹ ਕਾਰਨ ਲਿਖ ਦਿੱਤਾ। ਜਿਨ੍ਹਾਂ ਖਿਆਲ ਕੀਤਾ ਕਿ ਐਡੀ ਦੂਰ ਤੀਜੀ ਪੀੜ੍ਹੀ ਬਦਲਾ ਲੈਣ ਕਿਸੇ ਗੱਭਰੂ ਦਾ ਜਾਣਾ ਅਗ਼ਲਬ ਨਹੀਂ, ਇਹ ਤਾਂ ਕਿਸੇ ਘੋੜੇ ਘਾੜਿਆਂ ਦੇ ਸੌਦੇ ਤੋਂ ਗੱਲ ਵਧ ਗਈ ਤੋਂ ਹੋਇਆ ਹੋਊ। ਘੋੜੇ ਦਾ ਕੋਈ ਸੌਦਾਗਰ ਰੁਪਯੇ ਲੈਣ ਗਿਆ ਸੂਰਜ ਪ੍ਰਕਾਸ਼ ਵਿਚ ਹੈ, ਜਿਸ ਨੂੰ ਗੁਰੂ ਜੀ ਨੇ ਸਿੱਖਾਂ ਪਰ ਹੁੰਡੀ ਦੇਕੇ ਰਾਜ਼ੀ ਕਰ ਦਿੱਤਾ ਸੀ। ਇਸ ਸਾਖੀ ਨੂੰ ਉਧਰ ਜੋੜ ਕੇ ਇਹ ਕਾਰਨ ਮੰਨ ਲਿਆ। ਕਿਸੇ ਹੋਰ ਨੇ ਖਿਆਲ ਕੀਤਾ ਕਿ ਮੁੱਲ ਤੁੱਲ ਦੇਣ ਲੈਣ ਤੋਂ ਗੱਲ ਕਤਲ ਤਕ ਵਧਣੀ ਬਹੁਤ ਅਗਲਬ ਨਹੀਂ। ਗੁਰੂ ਜੀ ਆਮ ਆਦਮੀ ਨਹੀਂ ਸਨ, ਬੜੇ ਉੱਚੇ ਸਨ, ਦੇਣੇ ਲੈਣੋਂ ਕਦੇ ਸੰਕੁਚਦੇ ਨਹੀਂ ਸਨ, ਆਪਣੇ ਸਮੇਂ ਦੇ ਬੜੇ ਸਖ਼ੀ ਮਰਦ ਸਨ, ਉਨ੍ਹਾਂ ਤੋਂ ਇਹ ਕਾਰਨ ਵਰਤਣਾ ਘੱਟ ਅਗ਼ਲਬ ਹੈ, ਹੋਵੇ ਨਾਂ ਤਾਂ ਇਹ ਕੋਈ ਧਾਰਮਿਕ ਇਸ਼ਤਆਲ ਦਾ ਕਾਰਨ ਹੈ। ਉਹਨਾਂ ਨੇ ਗੁਰੂ ਜੀ ਨੂੰ ਧਾਰਮਕ ਆਗੂ ਸਮਝ ਕੇ ਉਹਨਾਂ ਦੇ ਮੁਸਲਮਾਨੀ ਮਤ ਪਰ ਕਿਸੇ ਨੁਕਤਾਚੀਨੀ ਕਰਨ ਤੋਂ ਕਿਸੇ ਪਠਾਣ ਦਾ ਹਮਲਾ ਕਰਨਾ, ਜੋ ਦੀਨ ਲਈ ਛੇਤੀ ਜੋਸ਼ ਵਿਚ ਆ ਜਾਂਦੇ ਹਨ, ਕਾਰਨ ਮੰਨ ਲਿਆ।

ਇਹ ਉਪਰਲੀ ਗੱਲ ਉਸ ਸੂਰਤ ਵਿਚ ਹੈ ਕਿ ਸਾਰੇ ਲੇਖਕਾਂ ਨੂੰ ਨਿਰਪੱਖ ਖਿਆਲ ਕਰ ਲਈਏ ਤਾਂ। ਪਰ ਜੇ ਵੇਖੀਏ ਕਿ ਇਕ ਮੁਸਲਮਾਨ ਪਠਾਨ ਨੇ ਇਕ ਬਜ਼ੁਰਗ, ਕੌਮ ਦੇ ਧਾਰਮਕ ਤੇ ਨੈਤਿਕ ਆਗੂ ਨੂੰ ਵਿਸਾਹਘਾਤ ਨਾਲ ਮਾਰਿਆ ਹੈ ਤੇ ਇਹ ਮੁਸਲਮਾਨਾਂ ਦੀ ਸੱਭਜਤਾ ਤੇ ਇਖ਼ਲਾਕ ਪਰ ਦਾਗ਼ ਲਾਉਣ ਵਾਲੀ ਗੱਲ ਹੈ, ਤਦ ਘੋੜਿਆਂ ਵਾਲਾ ਬੋਲ ਬੁਲਾਰਾ ਤੇ ਕੋਈ ਮੁਸਲਮਾਨੀ ਮਤ ਵਿਰੁੱਧ ਆਖੀ ਗਈ ਗੱਲ ਘੜ ਲੈਣੀ ਔਖੀ ਨਹੀਂ ਜਿਸ ਨਾਲ ਕਿ ਉਲਾਂਭਾ ਮੁੜ ਘਿੜਕੇ ਗੁਰੂ ਸਾਹਿਬ ਪਰ ਚਲਾ ਜਾਵੇ। ਐਸੇ ਲੇਖਕਾਂ ਨੇ ਗੁਰੂ ਸਾਹਿਬ ਜੀ ਦੀ ਆਲਾ ਦਿਮਾਗ਼ੀ, ਕਮਾਲ ਦੇ ਸ਼ੀਲ ਧਰਮ ਤੇ ਵਰਤਾਉ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਜਿਸ ਗੁਰੂ ਜੀ ਦੇ ਨੇਕ ਸਲੂਕਾਂ ਦੇ ਗਿਰਵੀਦਾ ਤੇ ਰੂਹਾਨੀਅਤ ਦੇ ਔਜ ਦੇ ਕਾਇਲ ਮੁਸਲਮਾਨ ਭੰਗਾਣੀ ਦੇ ਜੁੱਧ ਵਿਚ ਆਕੇ ਉਸ ਦੇ ਝੰਡੇ ਹੇਠ ਲੜਦੇ ਹਨ, ਤੇ ਜਿਸ ਦੇ ਅਹਿਸਾਨਾਂ ਨਾਲ ਰੋਪੜ ਦੇ ਪਠਾਣ ਦਬੇ ਪਏ ਸਨ ਤੇ ਜਿਸ ਦੇ ਨੇਕ ਸਲੂਕ ਨਾਲ ਪਲੇ ਗ਼ਨੀ ਖ਼ਾਂ ਨਬੀ ਖ਼ਾਂ ਤੇ ਸਲੋਹੀ ਦੇ ਕਾਜ਼ੀ ਆੜੇ ਵਕਤ ਵਿਚ ਆਕੇ ਜਿੰਦਾਂ ਹੂਲ ਕੇ ਮਦਦ ਕਰਦੇ ਹਨ, ਓਹ ਸ਼ਖ਼ਸੀਅਤ ਘੋੜੇ ਦੇ ਸੌਦੇ ਪਰ ਕਦ ਲੜ ਸਕਦੀ ਹੈ ਤੇ ਕਿਸੇ ਦੀ ਜਾਨ ਤਲਫ ਕਰ ਸਕਦੀ ਹੈ ਯਾ ਓਹ ਨੀਤੀ ਨਿਪੁਨ ਤੇ ਪਿਆਰ ਪੁੰਜ ਵਜਕਤੀ ਮੁਸਲਮਾਨੀ ਵਹਿਸ਼ਤ ਨੂੰ ਕੁਵਾਕ ਕਹਿਕੇ ਕਦ ਭੜਕਾ ਸਕਦੀ ਹੈ? ਸ਼ੋਕ ਹੈ ਕਿ ਕਲਮ ਕਸ਼ਾਂ ਨੇ ਆਪ ਦੀ ਸ਼ਖ਼ਸੀਅਤ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਤੇ ਆਉਂਦੇ ਉਲਾਂਭੇ ਨੂੰ ਲਾਹੁਣ ਲਈ ਆਪਣੇ ਕਿਆਸ ਕੀਤੇ ਕਾਰਨ ਲਿਖ ਮਾਰੇ ਹਨ।

ਜਿਨ੍ਹਾਂ ਲੇਖਕਾਂ ਨੇ ਗੁਰੂ ਜੀ ਨੂੰ ਗ਼ਮਜ਼ਦਹ ਯਾ ਆਪਣੇ ਜੀਵਨ ਤੋਂ ਬੇਜ਼ਾਰ ਲਿਖਿਆ ਹੈ ਉਹਨਾਂ ਨੂੰ ਭੁਲੇਖਾ ਗ਼ਾਲਬਨ ਸਿੱਖਾਂ ਦੀ ਲਿਖਤ ਨੇ ਦਿੱਤਾ ਹੈ। ਪ੍ਰਤੀਤ ਹੁੰਦਾ ਹੈ ਕਿ ਸੈਨਾਪਤ ਤੋਂ ਮਗਰਲੇ ਸਿੱਖ ਲੇਖਕਾਂ ਨੇ ਤਾਂ, ਗੁਰੂ ਜੀ ਆਪ ਕਾਤਲ ਨੂੰ ਉਕਸਾਉਂਦੇ ਰਹੇ, ਇਹ ਗੱਲ ਇਸ ਲਈ ਕੀਤੀ ਸੀ ਕਿ ਗੁਰੂ ਜੀ ਆਪਣੀ ਹੋਣਹਾਰ ਨੂੰ ਪਹਿਲੋਂ ਹੀ ਜਾਣਦੇ ਸਨ। ਪਰ ਉਹਨਾਂ ਲੇਖਕਾਂ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਇਸ ਅੰਤਰਯਾਤਮਾ ਨੂੰ ਸਫੁਟ ਕਰਨ ਦੇ ਯਤਨ ਨੂੰ ਦੁਨੀਆਂਦਾਰ ਤੇ ਓਪਰੇ ਲੇਖਕ ਕਿਨ੍ਹਾਂ ਅਰਥਾਂ ਵਿਚ ਲੈ ਜਾਣਗੇ। ਗੁਰਸਿੱਖੀ ਦੇ ਅਸੂਲ ਮੂਜਬ ਤਾਂ ਗੁਰੂ ਜੀ ਨੂੰ ਹੋਣਹਾਰ ਦਾ ਪਤਾ ਹੋਣਾ ਤੇ ਉਸ ਪਤੇ ਹੋਣ ਪਰ ਉਹਨਾਂ ਦਾ ਵਾਹਿਗੁਰੂ ਦੀ ਰਜ਼ਾ ਮੰਨਣ ਲਈ ਤਿਆਰ ਰਹਿਣਾ ਕਾਫੀ ਹੈ ਉਹਨਾਂ ਦੀ ਰੂਹਾਨੀ ਅਸੂਲ ਪ੍ਰਸਤੀ ਲਈ। ਹੋਰ ਕਿਸੇ ਸੋਚ ਤੇ ਵਿਆਖਯਾ ਕਰਨ ਦੀ ਲੋੜ ਨਹੀਂ ਸੀ। ਕਿਉਂਕਿ ਪਹਿਲੋਂ ਮਰਨੇ ਦੀ ਖਬਰ ਦੇ ਪ੍ਰਸੰਗ ਸਿੱਖ ਇਤਿਹਾਸ ਵਿਚ ਸਿੱਖਾਂ ਦੇ ਆਏ ਹਨ ਤੇ ਭਾਣੇ ਮੰਨਣ ਦੇ ਜੀਉਂਦੇ ਚਿੱਤ੍ਰ ਬਣੇ ਹਨ। ਪਰ ਸਿੱਖਾਂ ਦੇ ਦਿਲੀ ਭਾਵ

ਨੂੰ ਨਾ ਸਮਝਕੇ ਮੁਸਲਮਾਨ ਤੇ ਅੰਗ੍ਰੇਜ਼ ਇਤਿਹਾਸਕਾਰਾਂ ਨੇ ਇਸ ਨੂੰ ਜ਼ਿੰਦਗੀ ਤੋਂ ਬੇਜ਼ਾਰੀ ਤੇ ਗ਼ਮ ਚਿੰਤਾ ਦੀਆਂ ਢਹਿੰਦੀਆਂ ਕਲਾਂ ਵਿਚ ਯਾ ਅਕਲ ਵਿਚ ਫਤੂਰ ਦੇ ਅਰਥਾਂ ਵਿਚ ਲਾ ਲਿਆ ਕਿ ਚਮਕੌਰ ਜੁੱਧ ਤੋਂ ਬਾਦ ਪੁੱਤ੍ਰਾਂ ਦੇ ਚਲਾਣੇ ਕਰਕੇ ਉਹ ਉਦਾਸੀ ਵਿਚ ਯਾ ਕੁਛ ਕਮਲੇਪਣ ਵਿਚ ਹੋ ਗਏ ਸਨ, ਪਰ ਕਿਸੇ ਨੇ ਵਿਚਾਰ ਨਾ ਕੀਤੀ ਕਿ ਚਮਕੌਰ ਤੇ ਸਰਹਿੰਦ ਦੇ ਸਾਕਿਆਂ ਤੋਂ ਬਾਦ ਉਨ੍ਹਾਂ ਦੇ ਕੌਲ ਤੇ ਫੇਅਲ (ਬਚਨ ਤੇ ਕਰਨੀਆਂ) ਕੀਹ ਦੱਸ ਰਹੇ ਹਨ? ਉਹਨਾਂ ਦੀ ਸ਼ਖ਼ਸੀਅਤ ਕੀਹ ਸੀ ਤੇ ਚਮਕੌਰ ਤੋਂ ਪਹਿਲਾਂ ਤੇ ਮਗਰੋਂ ਕੀਹ ਕੁਛ ਕਰਦੀ ਰਹੀ।

ਚਮਕੌਰ ਤੋਂ ਬਾਦ ਹੀ ਆਪ ਨੇ ਮਾਲਵੇ ਤੋਂ ਔਰੰਗਜ਼ੇਬ ਨੂੰ ਚਿੱਠੀ ਲਿਖੀ ਜਿਸ ਦਾ ਨਾਮ 'ਜ਼ਫਰਨਾਮਾ' ਲਿਖਿਆ ਹੈ। ਰਾਜਧਾਨੀ ਗੁਆਕੇ, ਸਰਬੰਸ ਵੰਞਾਕੇ, ਪੁੱਤ੍ਰ ਮਰਵਾਕੇ ਜੋ ਵਜਕਤੀ ਔਰੰਗਜ਼ੇਬ ਵਰਗੇ ਜਬਰ ਦੇ ਸਮੇਂ ਦੇ ਸ਼ਹਿਨਸ਼ਾਹ ਨੂੰ 'ਜ਼ਫਰਨਾਮਾ' (ਫਤੇ ਦਾ ਖਤ) ਲਿਖਦੀ ਹੈ, ਉਸ ਨੂੰ ਕਹਿਣਾ ਕਿ ਉਹ ਗ਼ਮਜ਼ਦਹ ਤੇ ਨਿਰਾਸ ਸੀ ਕੀਕੂੰ ਇਨਸਾਫ ਹੈ। ਫਿਰ ਇਸ ਖਤ ਵਿਚ ਕੋਈ ਗੱਲ ਢਹਿੰਦੀਆਂ ਕਲਾਂ ਦੀ ਨਹੀਂ ਲਿਖਦੇ ਹਨ। ਪਾਤਸ਼ਾਹ ਨੂੰ ਸਾਫ ਲਿਖਦੇ ਹਨ ਕਿ ਨਾਂ ਤੂੰ ਰੱਬ ਨੂੰ ਪਛਾਣਦਾ ਹੈ, ਨਾਂ ਤੂੰ ਮੁਹੰਮਦ ਤੇ ਭਰੋਸਾ ਰਖਦਾ ਹੈਂ, ਤੂੰ ਕਸਮ ਤੋੜਦਾ ਹੈਂ, ਤੇਰੇ ਸੁਖਨ ਤੇ ਇਤਬਾਰ ਨਹੀਂ। ਫਿਰ ਜੋ ਉਸ ਵਿਚ ਗੁਣ ਸਚ ਮੁਚ ਸਨ, ਓਹ ਮੰਨਦੇ ਹਨ, ਪਰ ਨਾਲ ਗੱਜਕੇ ਲਿਖਦੇ ਹਨ ਕਿ ਕੀਹ ਹੋਇਆ ਤੂੰ ਮੇਰੇ ਚਾਰ ਪੁੱਤ੍ਰ ਮਾਰ ਦਿਤੇ, ਪਰ ਅਜੇ ਕਰੜਾ ਭੁਜੰਗੀ ਕਾਇਮ ਬੈਠਾ ਹੈ†, ਇਹ ਕਹਿਣਾ ਬੀਰਰਸ ਤੇ ਰੌਦ੍ਰ ਰਸ ਦਾ ਸੂਚਕ ਹੈ, ਚਿੰਤਾ ਦਾ ਨਹੀਂ। ਫਿਰ ਕਹਿੰਦੇ ਹਨ ਕਿ ਤੂੰ ਚੰਗਿਆੜੀਆਂ ਬੁਝਾ ਰਿਹਾ ਹੈਂ, ਪਰ ਭੜਕਦੀ ਅੱਗ ਆਪਣੇ ਦੁਆਲੇ ਬਾਲ ਰਿਹਾ ਹੈਂ।

†ਕਰੜਾ ਭੁਜੰਗੀ ਯਾ ਲਪੇਟ ਲੈਣ ਵਾਲਾ ਸੱਪ ਤੇ ਭੜਕਦੀ ਅੱਗ ਦੇ ਦੁਆਲੇ ਲਿਪਟ ਜਾਣ ਵਾਲਾ ਇਹ ਪਦ ਗੁਰੂ ਜੀ ਖਾਲਸੇ ਲਈ ਵਰਤ ਰਹੇ ਹਨ। ਚਾਰ ਪੁੱਤਰ ਤਾਂ ਮਾਰੇ ਗਏ ਪਰ ਸੱਪ ਵਾਂਙੂ ਲਪੇਟਾਂ ਮਾਰਨ ਵਾਲਾ ਪੁੱਤਰ ਜੀਉਂਦਾ ਹੈ, ਤੇ ਓਹ ਜਥੇਬੰਦੀ ਹੋਣ ਕਰਕੇ ਅਮਰ ਪੁੱਤਰ ਹੈ, ਇਸੇ ਤਰ੍ਹਾਂ ਵਜਕਤੀ ਵਾਲੇ ਪੁੱਤਰ ਤਾਂ ਚੰਗਿਆੜੇ ਸਨ, ਵਜਕਤੀ ਛੋੜ ਗਏ ਪਰ ਜਥੇਬੰਦੀ ਰੂਪ ਪੁੱਤਰ ਅਮਰ ਹੈ ਤੇ ਅਨੇਕ ਹੋਣ ਕਰਕੇ ਲਪੇਟਾਂ ਮਾਰਨ ਵਾਲੀ ਚਮਕਦੀ ਅਗਨੀ ਰੂਪ ਹੈ, ਜਿਸ ਨੇ ਆਖਰ ਤੁਰਕ ਰਾਜ ਨੂੰ ਖਤਮ ਕਰ ਦਿੱਤਾ।

ਇਸੀ ਤਰ੍ਹਾਂ ਗੁਰੂ ਜੀ ਦੇ ਕਰਨੇ ਤੇ ਕਰਤੱਬਾਂ ਨੂੰ ਤੱਕੋ। ਮਾਲਵੇ ਜਾਕੇ ਅੰਮ੍ਰਿਤ ਪ੍ਰਚਾਰ ਕਰਨਾ, ਸਰਹਿੰਦ ਦੇ ਸੂਬੇ ਨਾਲ ਖਿਦਰਾਣੇ ਜੰਗ ਕਰਕੇ ਉਸ ਨੂੰ ਨਾਕਾਮਯਾਬ ਮੋੜਨਾ ਤੇ ਉਸ ਦੇ ਕਾਬੂ ਨਾ ਚੜ੍ਹਨਾ। ਕਾਂਗੜੇ ਜਾਕੇ ਔਰੰਗਜ਼ੇਬ ਨੂੰ 'ਫਤੇ ਦਾ ਖਤ' ਲਿਖਣਾ, ਦਮਦਮੇ ਬੈਠਕੇ ਹਜ਼ਾਰਾਂ ਸਿੰਘ ਰਚ ਦੇਣੇ, ਫੌਜ ਇਕੱਠੀ ਕਰ ਲੈਣੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ। ਇਹ ਕੰਮ ਸਾਲਮ ਦਿਮਾਗ਼ੀ ਦੇ ਤੇ ਉਤਸਾਹ ਦੇ ਹਨ ਕਿ ਹੋਰਵੇਂ? ਜਦੋਂ ਬਹਾਦਰ ਸ਼ਾਹ ਦੀ ਬੇਨਤੀ ਪਹੁੰਚੀ ਤਾਂ ਉਸ ਨੂੰ ਮਿਲਨਾ, ਫੇਰ ਉਸ ਨੂੰ ਮੌਕਾ ਦੇਣਾ ਕਿ ਜੇ ਇਹ ਇਨਸਾਫ ਤੇ ਆ ਜਾਵੇ ਤਾਂ ਪਰਜਾ ਸੁਖੀ ਹੋ ਜਾਵੇ, ਅਸੀਂ ਜੁੱਧ ਨਾ ਰਚਾਈਏ; ਉਸ ਦਾ ਕੁਛ ਦੇਰ ਮੰਨ ਮੰਨ ਕੇ ਆਖਰ ਡਰ ਜਾਕੇ ਇਕਰਾਰ ਪੂਰਾ ਨਾ ਕਰਨਾ ਤੇ ਗੁਰੂ ਜੀ ਦਾ ਤਦੋਂ ਹੀ ਬੰਦੇ ਵਰਗਾ ਸੂਰਮਾ ਲੱਭ ਲੈਣਾ, ਬੰਦੇ ਵਰਗੇ ਚੇਟਕੀ ਤੇ ਤਾਂਤ੍ਰਿਕ ਨੂੰ ਆਪਣੇ ਦੀਨ ਤੋਂ ਉਖਾੜ ਕੇ ਸਿੱਖ ਬਣਾ ਲੈਣਾ, ਆਤਮਕ ਬਲ ਤੇ ਬੁੱਧੀਮਤਾ ਦੀਆਂ ਸੂਚਕ ਹਨ ਕਿ ਹੋਰਵੇਂ? ਫਿਰ ਉਸ ਨੂੰ ਵਿਉਂਤ ਬੰਨ੍ਹ ਕੇ ਪੰਜਾਬ ਟੋਰਨਾ ਤੇ ਆਪਣੇ ਉਦੇਸ਼ ਤੇ ਵਿਉਂਤ ਵਿਚ ਦੇਸ਼ ਦੀ ਸੁਤੰਤ੍ਰਤਾ ਤੇ ਜਾਰੀ ਕੀਤੇ ਕੰਮ ਦੀ ਲੜੀ ਐਸੀ ਜਾਰੀ ਕਰਨੀ ਕਿ ਜੋ ਐਨ ਆਪਣੇ ਵਕਤ ਸਿਰ ਕਾਮਯਾਬ ਹੋਈ, ਚੜਦੀਆਂ ਕਲਾਂ ਤੇ ਸਲੀਮੁਲ ਅਕਾਲੀ ਦੀਆਂ ਦਲੀਲਾਂ ਨਹੀਂ ਤਾਂ ਕਿਸ ਗੱਲ ਦੀ ਦਲੀਲ ਹੋ ਸਕਦੀਆਂ ਹਨ? ਹੁਣ ਲਓ ਹੋਰਨਾਂ ਦੀ ਉਗਾਹੀ।

ਚਮਕੌਰ ਯੁੱਧ ਦਾ ਜ਼ਿਕਰ ਕਰਦੇ ਹੋਏ ਦੌਲਤ ਰਾਇ ਨੇ ਲਿਖਿਆ ਹੈ ਕਿ:-

"ਅਪਨੇ ਬੜੇ ਬੇਟੇ ਕਾ ਬਲੀਦਾਨ ਦੇ ਕਰ ਭੀ ਹਿੰਮਤ ਨਹੀਂ ਹਾਰਾ ਥਾ ਔਰ ਵੋਹ ਮਹਾਂਬਲੀ ਅਪਨੇ ਕਾਮ ਪਰ ਬਦਸਤੂਰ ਤੁਲਾ ਹੁਆ ਥਾ, ਅਜੀਤ ਸਿੰਘ ਬੜੇ ਬੇਟੇ ਕੇ ਮਰਨੇ ਪਰ ਦੂਸਰਾ ਬੇਟਾ ਜੁਝਾਰ ਸਿੰਘ ਜਿਸ ਕੀ ਉਮਰ ੧੪, ੧੫ ਸਾਲ ਥੀ ਬਾਪ ਕੇ ਪਾਸ ਆਤਾ ਹੈ ਔਰ ਪੂਛਤਾ ਹੈ...। ਗੁਰੂ ਗੋਬਿੰਦ ਸਿੰਘ ਆਪਨੇ ਬੇਟੇ ਕੀ ਨੌਜਵਾਨੀ ਔਰ ਪਿਦਰੀ ਮਾਮਤਾ ਕਾ ਕੁਛ ਨਾ ਖਿਆਲ ਕਰਕੇ ਵੋਹ ਉਸ ਦੀ ਯਕੀਨੀ ਮੌਤ ਕੋ ਸਾਹਮਨੇ ਦੇਖਤਾ ਹੁਆ ਕਹਿਤਾ ਹੈ ਕਿ ਹਾਂ ਹਾਂ ਬੇਟਾ ਜਾਓ ਔਰ ਅਪਨੇ ਖੂਨ ਸੇ ਮੇਰੀ ਦਸਤਾਵੇਜ਼ ਕੀ ਸ਼ਹਾਦਤ ਪੂਰੀ ਕਰੋ ਤਾ ਕਿ ਮੈਂ ਤੁਮਹਾਰੇ ਔਰ ਤੁਮਹਾਰੇ ਭਾਈ ਕੇ ਖੂਨ ਸੇ ਉਸ ਪਰ ਦਸਤਖਤ ਕਰੂੰ ਔਰ ਮੇਰਾ ਮੁਆਹਿਦਾ ਤਕਮੀਲ ਪਾਵੈ"।

[ਦੌਲਤ ਰਾਯ ਸਫਾ ੧੯੦

ਜਿਸ ਵੇਲੇ ਕਲਗੀਧਰ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖਬਰ ਸੁਣੀ ਤਦ ਉਨ੍ਹਾਂ ਦੇ ਦਿਲ ਤੇ ਕੀ ਅਸਰ ਹੋਇਆ? ਕੁਛਕ ਲੇਖਕਾਂ ਦੀ ਜ਼ਬਾਨੀ ਇਸ ਤਰ੍ਹਾਂ ਹੈ:-

"ਗੁਰੂ ਗੋਬਿੰਦ ਸਿੰਘ ਨੇ ਆਪਣੇ ਦੋਨੋਂ ਪੁਤਰੋਂ ਕੀ ਬੀਰਗਤੀ ਪਾਨੇ ਕਾ ਸਮਾਚਾਰ ਬੜੇ ਧੈਰਯ ਕੇ ਸਾਥ ਸੁਨਾ, ਇਸ ਖਬਰ ਕੋ ਸੁਨਕਰ ਵੇ ਜ਼ਰਾ ਭੀ ਵਿਚਲਤ ਨਹੀਂ ਹੁਏ, ਉਨਕੇ ਮਾਥੇ ਪਰ ਜ਼ਰਾ ਭੀ ਸ਼ਿਕਨ ਨਹੀਂ ਆਈ, ਉਨ ਕਾ ਤੇਜ, ਉਨਕਾ ਉਤਸਾਹ, ਔਰ ਉਨਕੀ ਹਾਰਦਿਕ ਪ੍ਰਸੰਨਤਾ ਪਹਿਲੇ ਸੇ ਔਰ ਭੀ ਅਧਿਕ ਬੜ੍ਹ ਗਈ।" [ਰਾਮ ਜੀ ਲਾਲ ਸ਼ਰਮਾ, ਸਫਾ ੭੦

"(ਸਾਹਿਬਜ਼ਾਦੋਂ ਕੀ ਸ਼ਹੀਦੀ ਕੀ) ਜਿਸ ਵਕਤ ਗੁਰੂ ਗੋਬਿੰਦ ਸਿੰਘ ਕੋ ਖਬਰ ਮਿਲੀ ਵੋਹ 'ਜਟ ਪੁਰ' ਮੇਂ ਥੇ, ਇਨਕੀ ਆਂਖ ਸੇ ਆਂਸੂ ਯਾ ਜ਼ਬਾਨ ਸੇ ਆਹ ਕਾ ਲਫਜ਼ ਨਹੀਂ ਨਿਕਲਾ"।

[ਸ਼ਿਵ ਬਰਤ ਲਾਲ ਐਮ. ਏ., ਸਫਾ ੧੯੮

ਸਾਹਿਬਜ਼ਾਦਾ ਅਬਦੁਲ ਗ਼ਨੀ, ਜੋ ਔਰੰਗਜ਼ੇਬ ਦੀ ਔਲਾਦ ਵਿਚੋਂ ਸੀ, ਲਿਖਦਾ ਹੈ ਕਿ: ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖਬਰ। ਜਾਨਾ ਯਿਹ ਬਾਪ ਨੇ ਕੇ ਹੁਆ ਕਤਲ ਵੋ ਪਿਸਰ। ਸ਼ੁਕਰੇ ਅਕਾਲ ਪੁਰਖ ਕੀਆ ਝਟ ਉਠਾਕੇ ਸਰ। ਔਰ ਅਰਜ਼ ਕੀ ਕਿ ਬੰਦਹ ਪੈ ਕ੍ਰਿਪਾ ਕੀ ਕਰ ਨਜ਼ਰ। ਮੁਝ ਪਰ ਸੇ ਆਜ ਤੇਰੀ ਇਮਾਨਤ ਅਦਾ ਹੋਈ। ਬੇਟੋਂ ਕੀ ਜਾਨ ਧਰਮ ਕੀ ਖਾਤਰ ਫਿਦਾ ਹੁਈ। "

['ਜੌਹਿਰੇ ਤੇਗ਼

ਚਮਕੌਰ ਦੀ ਘਟਨਾ ਪਿਛੋਂ ਜਦ 'ਮਹਲ' ਦਸਮ ਪਾਤਸ਼ਾਹ ਪਾਸ ਪੁੱਜੇ, ਦੀਵਾਨ ਵਿੱਚ ਸਾਹਿਬਜ਼ਾਦੇ ਬੈਠੇ ਨਾ ਦਿੱਸੇ, ਸਾਹਿਬਜ਼ਾਦਿਆਂ ਦੀ ਪੁੱਛ ਕੀਤੀ, ਸੱਚੇ ਪਾਤਸ਼ਾਹ ਨੇ ਸੰਗਤ ਵਲ ਇਸ਼ਾਰਾ ਕਰਕੇ ਇਸ ਭਾਵ ਦੇ ਬਚਨ ਉਚਾਰੇ:-

"ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਭਇਆ ਏ ਜੀਵਤ ਕਈ ਹਜ਼ਾਰ।"

ਕਲਗ਼ੀਧਰ ਜੀ ਨੇ ਚਮਕੌਰ ਤੇ ਸਰਹਿੰਦ ਦੀ ਘਟਨਾ ਮਗਰੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ, ਉਹਦੇ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਇਹਨਾਂ ਅੱਖਰਾਂ ਵਿਚ ਕੀਤਾ ਹੈ ਕਿ:-

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਚਾਰ।'

ਅਰਥ: ਕੀ ਹੋਇਆ ਜੇ ਚਾਰ ਬੱਚੇ ਮਾਰੇ ਗਏ ਹਨ।

ਇਹ ਅੰਦਰ ਤੇ ਬਾਹਰ ਦੀਆਂ ਗਵਾਹੀਆਂ ਦੱਸਦੀਆਂ ਹਨ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਕਲਗ਼ੀਧਰ ਜੀ ਲਈ ਮੌਤ ਤੱਕ ਪੁਚਾ ਦੇਣ ਵਾਲੀ ਚਿੰਤਾ ਤੇ ਨਿਰਾਸਤਾ ਕਰਨ ਵਾਲੀਆਂ ਨਹੀਂ ਸੀ, ਉਹ ਚੜਦੀਆਂ ਕਲਾਂ ਵਿਚ ਰਹੇ ਤੇ ਪੂਰੀ ਦਨਾਈ, ਦੂਰੰਦੇਸ਼ੀ, ਮੁਆਮਲਾ ਫਹਿਮੀ ਤੇ ਚੜ੍ਹਦੀਆਂ ਕਲਾ ਨਾਲ ਅਪਣੇ ਆਦਰਸ਼ ਤੇ ਉਦੇਸ਼ ਵਿਚ ਅੰਤ ਤੱਕ ਲਗੇ ਰਹੇ।

ਜੇ ਕਲਗ਼ੀਧਰ ਜੀ ਚਾਹੁੰਦੇ ਤਦ ਦੋ ਸਾਹਿਬਜ਼ਾਦਿਆਂ ਨੂੰ, ਜੋ ਚਮਕੌਰ ਦੀ ਗੜ੍ਹੀ ਵਿੱਚ ਉਹਨਾਂ ਦੇ ਨਾਲ ਸਨ, ਬਾਹਰ ਲਿਆ ਸਕਦੇ ਸਨ। ਸਿੰਘਾਂ ਦੀ ਮੌਜੂਦਗੀ ਵਿੱਚ ਪਹਿਲਾਂ ਇਕ ਸਾਹਿਬਜ਼ਾਦਾ ਭੇਜਣਾ, ਉਹਦੇ ਸ਼ਹੀਦ ਹੋਣ ਤੇ ਦੂਜਾ ਭੇਜਣਾ ਦੱਸਦਾ ਹੈ ਕਿ ਕਲਗ਼ੀਧਰ ਜੀ ਦੇ ਦਿਲ ਦੀ ਅਵਸਥਾ ਦਾ ਉਹ ਲੇਖਕ ਅਨੁਮਾਨ ਨਹੀਂ ਲਗਾ ਸਕੇ ਜੋ ਕਲਗ਼ੀਧਰ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਨਿਰਾਸ਼ ਹੋਣਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦਾ ਕਾਰਨ ਦੱਸਦੇ ਹਨ।

ਸੋ ਮੁਸਲਮਾਨ ਤੇ ਅੰਗ੍ਰੇਜ਼ ਲੇਖਕਾਂ ਨੇ ਜੋ ਕਾਰਨ ਗੁਰੂ ਜੀ ਤੇ ਕਾਤਲਾਨਾ ਵਾਰ ਹੋਣ ਦੇ ਦੱਸੇ ਹਨ ਸੋ ਸੱਚੇ ਨਹੀਂ ਸਹੀ ਹੁੰਦੇ। ਦੌਲਤ ਰਾਇ ਨੂੰ, ਜੋ ਇਹਨਾਂ ਤੋਂ ਵੱਖਰੀ ਰਵਾਯਤ ਪਠਾਣ ਦੇ ਵਾਰ ਕਰਨ ਦੇ ਕਾਰਨ ਦੀ ਮਿਲੀ ਹੈ, ਜਿਸ ਦੇ ਮੰਬੇ ਦਾ ਪਤਾ ਉਸ ਨੇ ਨਹੀਂ ਦਿੱਤਾ ਪਰ ਰਵਾਇਤ ਲਿਖਿਆ ਹੈ, ਆਪਣੇ ਵਿਚ ਗੌਰਵਤਾ ਰਖਦੀ ਹੈ। ਉਸ ਨੇ ਸਾਰੀਆਂ ਰਵਾਇਤਾਂ ਤੇ ਵੀਚਾਰ ਦੇ ਬਾਦ ਇਸੇ ਨੂੰ ਸਹੀ ਮੰਨਿਆ ਹੈ, ਤੇ ਹੋਰ ਰਵਾਇਤਾਂ ਦੇ ਪੋਲ ਨੂੰ ਉਸ ਨੇ ਤਾੜ ਲਿਆ ਹੈ।

ਇਤਿਹਾਸ ਦੀ ਹੋਰ ਖੋਜ ਮੁਮਕਿਨ ਹੈ ਕਿ ਕੋਈ ਹੋਰ ਕਾਰਨ ਲੱਭ ਪਵੇ ਪਰ ਹਾਲੇ ਜੋ ਰਵਾਇਤ ਬਹਾਦਰਸ਼ਾਹ ਵਾਲੀ ਦੌਲਤ ਰਾਇ ਨੂੰ ਮਿਲੀ ਹੈ ਉਹ ਗੌਰਵਤਾ ਵਾਲੀ ਦਿੱਸ ਰਹੀ ਹੈ। ਇਸ ਵਿੱਚ ਜੋ 'ਸਾਜ਼ਸ਼' ਦਾ ਖਿਆਲ

ਹੈ ਸਹੀ ਜਾਪਦਾ ਹੈ। ਇਤਨੀ ਬੜੀ ਮਹਾਨ ਸ਼ਖਸੀਅਤ ਨੂੰ ਐਉਂ ਚੁਪਾਤੇ ਮਾਰ ਦੇਣ ਵਾਲਾ ਹਮਲਾ ਕਰਨਾ ਮਾਮੂਲੀ ਕਾਰਨਾਂ ਤੋਂ ਹੋ ਨਹੀਂ ਸਕਦਾ। ਸ਼ਖਸੀਅਤ ਦਾ ਰੋਅਬ ਮਾਮੂਲੀ ਗੱਲ ਨਹੀਂ ਹੁੰਦੀ, ਹਮਲਾਆਵਰ ਨੂੰ ਆਪਣੀ ਜਾਨ ਜੋਖੋਂ ਵਿੱਚ ਪਾਉਣੀ ਕਿਸੇ ਵੱਡੇ ਆਸਰੇ ਤੋਂ ਬਿਨਾਂ ਸੌਖੀ ਗੱਲ ਨਹੀਂ। ਜ਼ਰੂਰ ਇਸ ਦੇ ਮਗਰ ਕੋਈ ਗਹਿਰੀ ਸਾਜ਼ਸ਼ ਸੀ ਜਿਸ ਦਾ ਭੇਤ ਨਹੀਂ ਖੁੱਲ੍ਹਾ। ਇਸੇ ਕਰਕੇ ਕਾਰਨ ਦੱਸਣ ਵਿਚ ਲੇਖਕਾਂ ਦੇ ਇਖਤਿਲਾਫ ਹਨ। ਦੌਲਤਰਾਇ ਵਾਲੀ ਰਵਾਇਤ ਆਪਣੇ ਆਪ ਵਿਚ ਸਭ ਤੋਂ ਵਧੇਰੇ ਅਗ਼ਲਬ ਹੋਣ ਦੀ ਗੌਰਵਤਾ ਰਖਦੀ ਹੈ। ਜੇ ਇਹ ਠੀਕ ਠੀਕ ਸਹੀ ਹੋ ਜਾਵੇ ਤਾਂ ਪਾਤਸ਼ਾਹ ਦਾ ਜਰਾਹ ਘੱਲਣੇ ਹੋਰ ਪੁਸ਼ਟੀ ਕਰਦੇ ਹਨ ਕਿ ਇਸ ਫੇਅਲ ਨਾਲ ਉਸਦਾ ਹੱਥ ਇਸ ਸਾਜ਼ਸ਼ ਵਿਚ ਹੋਣਾ ਸਿੱਖਾਂ ਪਾਸੋਂ ਮੂਲੋਂ ਲੁਕ ਜਾਏਗਾ।

ਕੁਛ ਵੀ ਹੋਵੇ ਹੋਰ ਰਵਾਇਤਾਂ ਮਨਕਲਪਤ ਜੋੜਾਂ ਹਨ ਯਾ ਅਨੁਮਾਨ ਹਨ ਤੇ ਪਿਛਲਿਆਂ ਦੀਆਂ ਨਕਲਾਂ ਹਨ। ਦੌਲਤਰਾਇ ਦਾ ਸਹੀ ਮੰਨਿਆ ਕਾਰਨ ਯਾ ਇਸ ਵਰਗਾ ਕੋਈ ਹੋਰ ਮਹਾਨ ਕਾਰਨ ਇਸ ਹੋਣੀ ਦਾ ਹੈ ਤੇ ਕੋਈ ਗਹਿਰੀ ਸਾਜ਼ਸ਼ ਇਸਦੇ ਮਗਰ ਹੈ।

ਜੇ ਫਰਜ਼ ਕਰ ਲਈਏ ਕਿ ਬਹਾਦਰ ਸ਼ਾਹ ਠੀਕ ਗੁਰੂ ਜੀ ਦਾ ਮਿੱਤ੍ਰ ਸੀ ਤੇ ਉਸਨੇ ਇਹ ਕਾਰਾ ਨਹੀਂ ਕੀਤਾ ਤਾਂ ਫੇਰ ਇਸ ਮਹਾਨ ਹੋਣੀ ਦੀ ਸਾਜ਼ਸ਼ ਦਾ ਖਿਆਲ ਇਕ ਹੋਰ ਪਾਸੇ ਜਾਂਦਾ ਹੈ। ਸੋਚਣ ਦੀ ਬਾਤ ਹੈ ਕਿ ਉਹ ਕੌਣ ਵਜਕਤੀ ਉਸ ਵੇਲੇ ਸੀ ਜਿਸ ਨੂੰ ਗੁਰੂ ਜੀ ਦੀ ਹਸਤੀ ਕੰਟਕ ਲਗ ਰਹੀ ਸੀ, ਤਾਂ ਵਜ਼ੀਰ ਖ਼ਾਂ ਸਰਹਿੰਦ ਦੇ ਸੂਬੇ ਦੀ ਹਾਲਤ ਪੜਤਾਲ ਗੋਚਰੀ ਦਿੱਸ ਪੈਂਦੀ ਹੈ। ਵਜ਼ੀਰ ਖ਼ਾਂ ਜੰਗ ਕਰਕੇ ਅਨੰਦਪੁਰ ਤਬਾਹ ਕਰ ਚੁੱਕਾ ਹੈ। ਗੁਰੂ ਜੀ ਦੇ ਦੋ ਪੁੱਤ੍ਰ ਤੇ ਸਾਰੀ ਸਿਪਾਹ ਚਮਕੌਰ ਵਿਚ ਖਪਾ ਚੁੱਕਾ ਹੈ, ਦੋ ਮਾਸੂਮ ਬੇਗੁਨਾਹ ਬੱਚੇ ਸੰਗਦਿਲੀ ਨਾਲ ਸ਼ਹੀਦ ਕਰ ਚੁੱਕਾ ਹੈ। ਇਸ ਤੋਂ ਬਾਦ ਬਚੇ ਖੁੱਚੇ ਭੁੱਖੇ ਥਕੇ ਸਿਖ ਜੋ ਅਨੰਦਪੁਰੋਂ ਤੇ ਹੋਰ ਗੜ੍ਹਾਂ ਤੋਂ ਨਿਕਲੇ ਤੇ ਜੋ ਕੋਈ ਉਨ੍ਹਾਂ ਵਿਚੋਂ ਫੜੇ ਗਏ ਉਨ੍ਹਾਂ ਦੇ ਨੱਕ ਤੇ ਕੰਨ ਕੱਟਕੇ ਤਸੀਹੇ ਦੇਕੇ (ਦੇਖੋ ਮੈਲਕਮ ਸਫਾ ੭੨) ਘੋਰ ਅੱਤਯਾਚਾਰ ਵਰਤਾ ਚੁੱਕਾ ਹੈ। ਇਹ ਆਪਣੇ ਕੀਤੇ ਜ਼ੁਲਮਾਂ ਤੋਂ ਡਰਦਾ ਹੈ ਤੇ ਚਾਹੁੰਦਾ ਹੈ ਕਿ ਗੁਰੂ ਜੀ ਜੀਉਂਦੇ ਨਾ ਰਹਿਣ। ਇਹ ਅਗ਼ਲਬ ਖਿਆਲ ਹੀ ਨਹੀਂ, ਇਸਦਾ ਸਬੂਤ ਮੁਕਤਸਰ ਦੀ ਜੰਗ ਹੈ। ਜਦੋਂ ਕਿ ਗੁਰੂ ਜੀ ਮਾਲਵੇ ਚਲੇ ਗਏ ਹਨ, ਤੇ ਉਹ ਜਾਣਦਾ ਹੈ ਕਿ ਬੇ ਸਰੋ ਸਾਮਾਨ ਹਨ, ਉਹ ਦੋ ਤਿੰਨ ਵੇਰੀ ਓਥੋਂ ਦੇ ਚੌਧਰੀਆਂ ਨੂੰ ਗੁਰੂ ਜੀ ਨੂੰ ਪਕੜਾਉਣ ਵਾਸਤੇ ਲਿਖਦਾ ਹੈ। ਜਦ ਨਹੀਂ ਕਾਮਯਾਬ ਹੁੰਦਾ ਤਾਂ ਖਿਦਰਾਣੇ ਦੇ ਲਾਗੇ ਜਾ ਕੇ ਯੁੱਧ ਕਰਦਾ ਹੈ। ਇਹ ਸਾਫ ਸਾਬਤ ਕਰ ਰਿਹਾ ਹੈ ਕਿ ਗੁਰੂ ਜੀ ਨੂੰ ਮਾਰਨ ਦੀ ਨੀਯਤ ਉਸਦੀ ਪ੍ਰਬਲ ਹੈ। ਹੁਣ ਹਾਲਾਤ ਹੋਰ ਬਦਲੇ ਹਨ, ਔਰਗੰਜ਼ੇਬ 'ਗੁਰੂ ਜੀ ਨੂੰ ਨਾ ਛੇੜੋ' ਦੇ ਫੁਰਮਾਨ ਜਾਰੀ ਕਰ ਚੁੱਕਾ ਹੈ ਤੇ ਮਗਰੋਂ ਆਪ ਮਰ ਚੁੱਕਾ ਹੈ। ਨਵਾਂ ਪਾਤਸ਼ਾਹ ਗੁਰੂ ਜੀ ਦਾ ਮਿੱਤ੍ਰ ਹੈ। ਤਾਰਾ ਆਜ਼ਮ ਦੇ ਜੰਗ ਵਿਚ, ਚਾਹੋ ਰੂਹਾਨੀ ਆਸ਼ੀਰਬਾਦ ਨਾਲ, ਚਾਹੋ ਫੌਜੀ ਕੁਮਕ ਨਾਲ, ਚਾਹੋ ਦੋਨੋ ਤਰ੍ਹਾਂ ਨਾਲ, ਗੁਰੂ ਜੀ ਵੱਲੋਂ ਪਾਤਸ਼ਾਹ ਨੂੰ ਸਹੈਤਾ ਮਿਲਣ ਦੀਆਂ ਖਬਰਾਂ ਸੁਣ ਚੁੱਕਾ ਹੈ, ਤੇ ਇਹ ਉਸਨੂੰ ਪਤਾ ਹੈ ਕਿ ਦੱਖਣ ਦੇ ਸਫਰ ਵਿਚ ਸ਼ਾਹ ਤੇ ਗੁਰੂ ਜੀ ਦਾ ਮੇਲ ਮਿਲਾਪ ਹੁੰਦਾ ਹੈ। ਹੋ ਸਕਦਾ ਹੈ ਕਿ ਉਸਦਾ ਸੂੰਹੀਆਂ ਪਾਤਸ਼ਾਹ ਦੇ ਨਾਲ ਹੋਵੇ, ਜੈਸਾ ਕਿ ਸੂਬੇ ਚੋਰੀ ਆਪਣੇ ਆਦਮੀ ਪਾਤਸ਼ਾਹੀ ਦਰਬਾਰ ਦੇ ਨੇੜੇ ਤੇੜੇ ਰੱਖਿਆ ਕਰਦੇ ਸੇ। ਸੋ ਇਸ ਤਰ੍ਹਾਂ ਉਸਨੂੰ ਇਹ ਸੂੰਹ ਬੀ ਮਿਲ ਗਈ ਹੋਣੀ ਹੈ ਕਿ ਪਾਤਸ਼ਾਹ ਨੂੰ ਉਸਦੇ ਕੁਰਾਨ ਦੀ ਕਸਮ ਖਾ ਕੇ ਦਗ਼ਾ ਕਰਨ ਦਾ, ਬੇਗੁਨਾਹ ਬੱਚਿਆਂ ਨੂੰ ਮਾਰਨ ਦਾ ਤੇ ਬੇਦੋਸ਼ਿਆਂ ਸਿੱਖਾਂ ਦੇ ਨੱਕ ਕੰਨ ਕੱਪਣ ਦਾ ਪਤਾ ਲਗ ਚੁੱਕਾ ਹੈ, ਇਸ ਤੋਂ ਉਸ ਨੂੰ ਡਰ ਵਾਪਰਨਾ ਮਾਮੂਲੀ ਬਾਤ ਹੈ ਕਿ ਐਸਾ ਨਾ ਹੋਵੇ ਕਿ ਪਾਤਸ਼ਾਹ ਮੈਨੂੰ ਮੇਰੇ ਇਨ੍ਹਾਂ ਅਪ੍ਰਾਧਾਂ ਦਾ ਦੰਡ ਦੇਵੇ। ਮੁਗ਼ਲ ਪਾਤਸ਼ਾਹਾਂ ਨੇ ਕਈ ਵੇਰ ਇਸ ਤਰ੍ਹਾਂ ਸੂਬੇ ਦੰਡੇ ਸੇ। ਜਿਵੇਂ ਜਹਾਂਗੀਰ ਨੇ ਇਕ ਸੂਬੇ ਨੂੰ ਕਿਸੇ ਜ਼ੁਲਮ ਕਰਨ ਦੇ ਕਾਰਨ ਹਾਥੀ ਦੇ ਪੈਰਾਂ ਨਾਲ ਰਗੜਵਾ ਕੇ ਮਰਵਾਇਆ ਸੀ। ਇਸ ਲਈ ਉਸਦਾ ਮਨੋਰਥ ਇਹ ਹੋ ਸਕਦਾ ਸੀ ਕਿ ਕਿਸੇ ਗੁਪਤ ਤਰੀਕੇ ਨਾਲ ਗੁਰੂ ਜੀ ਦਾ ਦੇਹਾਂਤ ਕਰਾ ਦੇਵੇ। ਓਹ ਪੰਜਾਬ ਤੋਂ ਕੋਈ ਪੁਰਾਣੇ ਵੈਰੀ ਖਾਨਦਾਨ ਦਾ ਆਦਮੀ ਲੱਭ ਸਕਦਾ ਸੀ, ਉਸਨੂੰ ਵੈਰ ਲਈ ਉਕਸਾ ਸਕਦਾ ਸੀ, ਤੇ ਭਾਰੀ ਇਨਾਮਾਂ ਦਾ ਲੋਭ ਭੀ ਦੇ ਸਕਦਾ ਸੀ। ਅਸੀਂ ਨਹੀਂ ਕਹਿ ਰਹੇ ਕਿ ਇਹ ਗੱਲ ਇਕ ਅਮਰ ਵਾਕਿਆ ਹੈ, ਪਰ ਪਠਾਣ ਦੇ ਕਾਤਲਾਨਾ ਵਾਰ ਦਾ ਕੋਈ ਕਾਰਨ ਐਸਾ ਅਹੰਮ ਹੈ ਕੇ ਕਿਸੇ ਗਹਿਰੀ ਸਾਜ਼ਸ਼ ਨਾਲ ਵਿਉਂਤਿਆ ਗਿਆ ਹੈ; ਗੁਰੂ ਜੀ ਪਰ ਕਾਤਲਾਨਾ ਵਾਰ ਦਾ ਕਾਰਨ ਸਾਧਾਰਨ ਹੋ ਨਹੀਂ ਸਕਦਾ। ਅਸੀਂ ਇਸ ਗੱਲ ਦੀ ਖੋਜ ਲਈ ਹਾਲਾਤ ਤੇ ਉਸ ਵੇਲੇ ਦੀਆਂ ਦਸ਼ਾ ਦੀ ਪੜਤਾਲ ਕਰ ਰਹੇ ਹਾਂ। ਵਜ਼ੀਰ ਖ਼ਾਂ ਦੇ ਅਸੀਂ ਜੇ ਸੁਭਾਵ ਨੂੰ ਦੇਖੀਏ ਤਾਂ ਕਿਸ ਕਿਸਮ ਦਾ ਝੁਕਾਉ ਆਪਣੇ ਵੈਰੀ ਨੂੰ ਵਿਸ਼੍ਵਾਸ਼ਘਾਤ ਨਾਲ ਮਰਵਾ ਦੇਣ ਦਾ ਉਸ ਵਿੱਚ ਹੈਸੀ। ਜਦੋਂ ਬੰਦਾ ਛਤ ਬਨੂੜ ਸੀ

ਤੇ ਸਰਹਿੰਦ ਵਲ ਉਸ ਦੇ ਵਧਣ ਦੀ ਅਫਵਾਹ ਗਰਮ ਸੀ ਤਾਂ ਵਜ਼ੀਰ ਖ਼ਾਂ ਨੇ ਆਪਣਾ ਇਕ ਸਰਦਾਰ ਕੁਛ ਸਲਾਹਕਾਰੀਆਂ ਸਣੇ ਘੱਲਿਆ ਸੀ ਕਿ ਬੰਦੇ ਨਾਲ ਵਿਸਾਹਘਾਤ ਕਰਕੇ ਉਸਨੂੰ ਮਾਰ ਦੇਵੇ। ਉਹ ਬੰਦੇ ਪਾਸ ਪੁੱਜਾ, ਆਪਣੇ ਆਪ ਨੂੰ ਵਜ਼ੀਰ ਖ਼ਾਂ ਦਾ ਵੈਰੀ ਦੱਸਣ ਲਗਾ, ਤੇ ਬੰਦੇ ਦਾ ਮਿੱਤ੍ਰ ਬਣਕੇ ਨਾਲ ਰਲ ਗਿਆ। ਬੰਦੇ ਨੇ ਆਦਰ ਕੀਤਾ, ਧਨ ਦਿੱਤਾ, ਨਾਲ ਰਲਾ ਲਿਆ, ਪਰ ਚੌਕਸ ਰਿਹਾ। ਜਦ ਉਸ ਦੀ ਵਿਸਾਹ ਘਾਤੀ ਚਾਲ ਦੀ ਪੇਸ਼ ਨਾ ਗਈ ਤਾਂ ਸਰਹਿੰਦ ਦੇ ਜੁੱਧ ਮਚੇ ਵਿੱਚ ਤੇ ਰਣ ਤੱਤੇ ਸਮੇਂ ਨੱਸ ਤੁਰਿਆ ਜੋ ਬੰਦੇ ਦੀ ਆਪਣੀ ਫੌਜ ਆਪਣੀ ਭਾਂਜ ਹੋਈ ਸਮਝਕੇ ਨੱਸ ਤੁਰੇ। ਏਹ ਅਸਰ ਹੋਇਆ ਬੀ, ਬੰਦੇ ਦੇ ਨਾਲ ਰਲੀਆਂ ਤੇ ਲੁਟੇਰਿਆਂ ਦੀਆਂ ਛੇੜਾਂ ਨੱਸ ਬੀ ਤੁਰੀਆਂ, ਪਰ ਉਸ ਵੇਲੇ ਮਝੈਲਾਂ ਦੀ ਤੁੰਦੀ ਤੇ ਵਜ਼ੀਰ ਖ਼ਾਂ ਦਾ ਮਾਰਿਆ ਜਾਣਾ ਮੈਦਾਨ ਲੈ ਗਿਆ। ਸੋ ਇਸ ਵਾਕਿਆਂ ਤੋਂ 'ਵਿਸਾਹ ਕੇ ਮਾਰਨ ਦਾ ਸੁਭਾਵ' ਬੀ ਵਜ਼ੀਰ ਖਾਂ ਦਾ ਸਹੀ ਹੋ ਰਿਹਾ ਹੈ। ਲੋੜ ਹੈ ਵਧੇਰੇ ਖੋਜ ਦੀ, ਕੀ ਜਾਣੀਏ ਕਿ ਇਹ ਯਾ ਕੋਈ ਹੋਰ ਗੱਲ ਲਭ ਪਵੇ। ਜੈਸੇ ਕਿ ਕੰਵਲ ਨੌਂ ਨਿਹਾਲ ਸਿੰਘ ਉੱਤੇ ਡਿਉਢੀ ਡਿੱਗਣ ਦਾ ਭੇਤ ੫੮ ਵਰ੍ਹੇ ਛੁਪਿਆ ਰਿਹਾ ਤੇ ੧੮੯੮ ਈ: ਵਿਚ "Memoirs of Colonet Alexander Gardner". ਕਿਤਾਬ ਦੇ ਪ੍ਰਗਟ ਹੋਣ ਨਾਲ ਸਾਫ ਖੁੱਲ੍ਹ ਗਿਆ। ਜਿਵੇਂ ਦੀਵਾਨ ਕੌੜਾ ਮਲ ਦੀ ਸ਼ਹਾਦਤ ਕਿਸੇ ਦੁਰਾਨੀ ਦੀ ਗੋਲੀ ਤੋਂ ਯਾ ਕਬਰ ਵਿਚ ਹਾਥੀ ਦਾ ਪੈਰ ਆ ਜਾਣ ਵੇਲੇ ਕਿਸੇ ਦੁਰਾਨੀ ਦੀ ਤਲਵਾਰ ਤੋਂ ਲਿਖਿਆ ਤੇ ਸਮਝਿਆ ਗਿਆ। ਪਰ 'ਫੱਰਹਤੁੱਨਾਜ਼ਰੀਨ' ਦੇ ਲੇਖ ਦੇ ਪ੍ਰਗਟ ਹੋਣ ਤੋਂ ਤੇ ਬ੍ਰਿਟਿਸ਼ ਮਿਊਜ਼ੀਅਮ ਵਿਚ ਪਹੁੰਚੇ ਹੋਏ 'ਅਹਵਾਲੇ ਆਦੀਨਾ ਬੇਗ' ਦੇ ਇਸ਼ਾਰੇ ਨਾਲ ਕਸੂਰੀ ਪਠਾਣਾਂ ਨੇ ਗੋਲੀ ਮਾਰੀ ਸੀ। ਅਰਥਾਤ ਘਰਦਿਆਂ ਨੇ ਹੀ ਆਪਣਾ ਸੈਨਾਪਤਿ ਵਿਸਾਹ ਘਾਤ ਨਾਲ ਮਾਰਿਆ ਸੀ। ਇਸੀ ਤਰ੍ਹਾਂ ਪੰਚਮ ਸਤਿਗੁਰੂ ਜੀ ਦੀ ਸ਼ਹਾਦਤ ਨੂੰ ਕਾਰਨ ਜਹਾਂਗੀਰ ਦਾ ਆਪਣਾ 'ਹੁਕਮੇ ਕਤਲ' ਸੀ ਪਰ ਇਤਿਹਾਸਕਾਰਾਂ ਨੇ ਜਹਾਂਗੀਰ ਦਾ ਹੁਕਮ 'ਜੁਰਮਾਨਾ' ਲਿਖਿਆ ਸੀ। ਇਥੋਂ ਤਾਈਂ ਕਿ ਉਸ ਸਮੇਂ ਦੇ ਲੇਖਕ ਦਬਿਸਤਾਨੇ ਮਜ਼ਾਹਬ ਦੇ ਕਰਤਾ ਨੇ, ਜੋ ਖੁਦ ਛੇਵੇਂ ਸਤਿਗੁਰਾਂ ਨੂੰ ਮਿਲਦਾ ਰਿਹਾ ਹੈ, 'ਵੱਡਾ ਜੁਰਮਾਨਾ ਕੀਤਾ' ਹੀ ਲਿਖਿਆ ਹੈ, ਪਰ ਜਦ ਖੋਜ ਕਰਦਿਆਂ 'ਤੁਜ਼ਕ ਜਹਾਂਗੀਰੀ' ਪੜ੍ਹੀ ਗਈ ਤਾਂ ਜਹਾਂਗੀਰ ਦਾ ਆਪਣਾ ਲਿਖਿਆ ਕਿ 'ਮੈਂ ਕਤਲ ਦਾ ਹੁਕਮ ਦਿੱਤਾ ਹੈ, ' ਨਿਕਲ ਆਇਆ। ਉਸੇ ਜਹਾਂਗੀਰ ਦੇ ਆਪਣੇ ਲੇਖ ਵਿਚੋਂ ਜਹਾਂਗੀਰ ਦਾ ਤਅੱਸਬ ਤੇ ਬੇ-ਇਨਸਾਫੀ ਬੀ ਪਈ ਦਿੱਸਦੀ ਹੈ। ਇਸੇ ਤਰ੍ਹਾਂ ਇਸ ਕਾਇਰਤਾ ਭਰੇ ਤੇ ਕਾਤਲਾਨਾ ਵਾਰ ਦਾ ਕਾਰਨ ਕੋਈ ਗਹਿਰੀ ਸਾਜ਼ਸ਼ ਹੈ, ਜੋ ਕਿਸੇ ਵਧੇਰੇ ਖੋਜ ਨਾਲ ਖੁੱਲ੍ਹ ਆਉਣੀ ਨਾਮੁਮਕਿਨ ਨਹੀਂ। ਵਜ਼ੀਰ ਖ਼ਾਂ ਵਲ ਉਪਰ ਦੱਸੇ ਹਾਲਾਤ ਖੋਜ ਦੀ ਰਹਿਨੁਮਾਈ ਕਰਦੇ ਹਨ ਤੇ ਅਸੀਂ ਇੰਨੀ ਬਾਤ ਹੀ ਅਗਲੇ ਖੋਜਕਾਂ ਦੀ ਸੇਧ ਲਈ ਲਿਖ ਰਹੇ ਹਾਂ। ਇਸ ਗੱਲ ਨੂੰ ਅਮਰ ਵਾਕਿਆ ਅਸੀਂ ਅਜੇ ਨਹੀਂ ਲਿਖ ਰਹੇ।

ਜਦ ਅਸੀਂ ਇਹ ਖੋਜ ਇਥੋਂ ਤਾਈਂ ਲਿਖ ਚੁੱਕੇ ਸਾਂ ਤਾਂ ਸਾਡੀ ਨਜ਼ਰ ਇਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਉਂ 'ਚਤਰਜੁਗੀ' ਹੈ, ਇਸ ਵਿਚ ਹੋਰ ਹਾਲ ਤਾਂ ਦੂਸਰਿਆਂ ਨਾਲ ਮਿਲਦੇ ਜੁਲਦੇ ਹੀ ਦਿੱਤੇ ਹਨ ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ 'ਸਰ੍ਹੰਦੀ ਪਠਾਣ' ਲਿਖਿਆ ਹੈ, ਜਿਸ ਤੋਂ ਇਹ ਲਿਖਤੀ ਪਤਾ ਮਿਲ ਗਿਆ ਕਿ ਇਹ ਪਠਾਣ ਸਰਹਿੰਦ ਤੋਂ ਗਿਆ ਸੀ। ਉਥੇ ਦੱਸਿਆ ਹੈ ਕਿ ਪਹਿਲਾਂ ਇਹ ਦਿੱਲੀ ਮਾਤਾ ਜੀ ਪਾਸ ਗੁਰੂ ਜੀ ਦਾ ਪਤਾ ਪੁੱਛਣ ਜਾਂਦਾ ਹੈ ਤੇ ਇਹ ਸਰਹਿੰਦ ਦਾ ਹੈ, ਤੇ ਫੇਰ ਨਾਦੇੜ ਪਹੁੰਚਦਾ ਹੈ, ਸਰਹਿੰਦ ਤੋਂ ਇਸ ਦਾ ਜਾਣਾ ਸਾਡੀ ਉਪਰ ਦਿੱਤੀ ਖੋਜ ਦੀ ਲੜੀ ਨੂੰ ਇਕ ਕਦਮ ਹੋਰ ਅਗੇਰੇ ਲੈ ਜਾਂਦਾ ਹੈ†। ਇਸ ਤੋਂ ਹੁਣ ਦੱਖਣ ਵਿਚ ਪਹਿਲੇ ਤੋਂ ਵਸਦੇ ਕਿਸੇ ਪਠਾਣ ਦਾ ਇਸ਼ਤਆਲ ਵਿਚ ਆਕੇ ਯਾ ਘੋੜਿਆਂ ਦੇ ਤਕਰਾਰ ਤੋਂ ਕਾਤਲਾਨਾ ਹਮਲਾ ਕਰਨਾ ਤਾਂ ਝੂਠਾ ਸਾਬਤ ਹੋ ਗਿਆ। ਪਠਾਣ ਸਰਹਿੰਦ ਤੋਂ ਆਇਆ ਹੈ ਤੇ ਪੁਰਾਣਾ ਵਿਸਾਹ-ਪ੍ਰਾਪਤ ਮਿੱਤ੍ਰ ਹੈ ਤੇ ਦਿੱਲਿਓਂ ਪਤਾ ਲੈਕੇ ਟੁਰਦਾ ਹੈ। ਕਾਤਲ ਦੇ ਇਸ ਜਤਨ ਤੋਂ ਪਤਾ ਲਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਗਿਣੀ ਮਿਥੀ ਗੱਲ ਹੈਸੀ ਤੇ ਵੀਹ ਵਿਸਵੇ ਇਹ ਇਕ ਸਾਜ਼ਸ਼ ਹੈ ਤੇ ਓਸ ਸਾਜ਼ਸ਼ ਦਾ ਟਿਕਾਣਾ ਸਰਹਿੰਦ ਹੈ ਤੇ ਇਹ ਕਾਤਲ ਉਸ ਸਾਜ਼ਸ਼ ਦੇ ਮਨਤੱਵ ਨੂੰ ਸਿਰੇ ਚਾੜ੍ਹਨ ਵਾਲਾ ਕਾਰਿੰਦਾ (ਏਜੰਟ) ਹੈ।

†ਅਸਾਂ ਇਹ ਨੋਟ ਮਾਰਚ, ੧੯੩੩ ਵਿਚ ਲਿਖਿਆ ਸੀ, ਵਿਦਵਾਨਾਂ ਤੇ ਖੋਜੀਆਂ ਵਲੋਂ ਇਸ ਨਵੀਂ ਟੋਹ ਨੂੰ ਜੀ ਆਇਆਂ ਕਿਹਾ ਗਿਆ ਤੇ ਉਸ ਤੋਂ ਮਗਰੋਂ ਲਿਖੇ ਗਏ ਗ੍ਰੰਥਾਂ ਵਿਚ ਇਸੇ ਵੀਉ (ਨੁਕਤਾ ਖਿਆਲ) ਨੂੰ ਲਿਆ ਗਿਆ ਤੇ ਲੈਕਚਰਾਂ ਵਿਚ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣ ਅਸੀਂ ਅਗਲੀ ਪਸੰਗਲੀ ਲੱਭਣ ਦੇ ਜਤਨ ਵਿਚ ਹਾਂ, ਆਸ ਹੈ ਹੋਰ ਇਤਿਹਾਸ ਖੋਜੀ ਬੀ ਇਸ ਪਾਸੇ ਪ੍ਰਯਤਨ ਕਰਨਗੇ।

ਇਹ ਪਠਾਣ ਪਹਿਲਾਂ ਦਿੱਲੀ ਗਿਆ, ਇਸ ਦਾ ਮਾਤਾ ਜੀ ਤੋਂ ਪਤਾ ਲੈਣਾ ਦੱਸਦਾ ਹੈ ਕਿ ਇਹ ਕੋਈ ਗੁਰੂ ਕਾ ਇਤਬਾਰੀ ਪਠਾਣ ਸੀ। ਪਤਾ ਪੁੱਛਣ ਮਾਤਾ ਜੀ ਪਾਸ ਜਾਣਾ ਦੱਸਦਾ ਹੈ ਕਿ ਆਪਣੇ ਬੁਰੇ ਇੰਦੀਏ ਵਿਚ ਕਾਮਯਾਬ ਹੋਣ ਲਈ ਡਾਢੇ ਤਸੱਲੀ ਬਖਸ਼ ਟਿਕਾਣੇ ਤੋਂ ਪਤਾ ਲੈਣਾ ਚਾਹੁੰਦਾ ਹੈ, ਪੱਕਾ ਪਤਾ ਟਿਕਾਣੇ ਦਾ ਕਰਕੇ ਨਾਦੇੜ ਪਹੁੰਚਦਾ ਹੈ ਤੇ ਸੈਨਾਪਤ ਜੀ ਦੀ ਲਿਖੇ ਮੂਜਬ ਕਈ ਦਿਨ ਦਾਉ ਤਾੜ ਤਾੜ ਕੇ ਵਾਰ ਕਰਦਾ ਹੈ। ਕੋਈ ਡਾਢਾ ਇਤਬਾਰੀ ਹੋਣ ਕਰਕੇ ਹੀ ਇਸ ਨੂੰ ਗੁਰੂ ਜੀ ਬੀ ਨਿਕਟ ਵਰਤੀਆਂ ਵਿਚ ਆਉਣੋਂ ਜਾਣੋਂ ਰੋਕ ਨਹੀਂ ਕਰਦੇ। ਸੋ ਹੁਣ ਸਾਨੂੰ ਇਥੋਂ ਤਾਈਂ ਉਗਾਹੀ ਮਿਲ ਗਈ ਕਿ ਇਹ ਪਠਾਣ ਕੋਈ ਇਤਬਾਰੀ ਸੀ, ਸਰਹਿੰਦ ਤੋਂ ਗਿਆ ਸੀ ਤੇ ਸਰਹਿੰਦ ਦੇ ਨਵਾਬ ਦਾ ਸੁਭਾਵ ਵਿਸਾਹਘਾਤ ਕਰਨ ਦਾ ਸੀ ਤੇ ਉਸ ਨੂੰ ਭੈ ਸੀ ਗੁਰੂ ਜੀ ਦਾ ਅਤੇ ਉਹ ਗੁਰੂ ਜੀ ਦੇ ਤੇ ਬਹਾਦਰ ਸ਼ਾਹ ਦੇ ਮ੍ਰਿਤਾਨੇ ਤੋਂ ਵਧੇਰੇ ਖੌਫ ਖਾ ਰਿਹਾ ਸੀ ਤੇ ਇਸ ਤੋਂ ਪਹਿਲੋਂ ਤੋਂ ਬੀ ਉਹ ਲਗਾਤਾਰ ਗੁਰੂ ਜੀ ਦੀ ਜਾਨ ਲੈਣ ਦੇ ਸਾਰੇ ਯਤਨ ਕਰਦਾ ਰਿਹਾ ਹੈ।

## ੨੦. [ਜ਼ਖਮ ਦੇ ਤੋਪੇ ਟੁੱਟੇ। ਜੱਗ ਕੀਤਾ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸ਼ਾਹ ਬਹਾਦਰ ਸਾਦਰਹਿ, ਦ੍ਵੈ ਉਮਰਾਵ ਬੁਲਾਇ।
ਜ਼ਖਮ ਲਗੇ ਸੁਧਿ ਲੇਨਿ ਹਿਤ, ਸ਼੍ਰੀ ਗੁਰ ਤੀਰ ਪਠਾਇ ॥੧॥

ਚੌਪਈ:

ਕੁੰਚਰ ਪਰ ਅਰੂਢਿ ਤਤਕਾਲੇ।
ਅਬਚਲ ਨਗਰ ਪੰਥ ਮਹਿਂ ਚਾਲੇ।
ਕੇਤਿਕ ਚਮੂੰ ਸੰਗ ਮਹਿਂ ਆਈ।
-ਦਰਸਹਿਂਗੇ ਸ਼੍ਰੀ ਗੁਰ ਮੁਦ ਪਾਈ- ॥੨॥
ਅਸਵਾਰੀ ਤੇ ਤੁਰਨ ਆਏ।
ਅਬਚਲ ਨਗਰ ਪਹੁੰਚਿ ਸਮੁਦਾਏ।
ਉਚਿਤ ਸਥਲ ਪਿਖਿ ਕੈ ਤਟ ਸਲਿਤਾ।
ਉਤਰਿ ਪਰੇ ਦੇਖਤਿ ਜਲ ਚਲਤਾ ॥੩॥
ਸਿਵਰ ਕਰਜੋ ਸੁਧ ਤਬਹਿ ਪਠਾਈ।
ਸ਼੍ਰੀ ਸਤਿਗੁਰ ਢਿਗ ਅਰਜ਼ ਸੁਨਾਈ।
'ਸ਼ਾਹੁ ਪਠਾਏ ਜੁਗ ਉਮਰਾਵ।
ਸੁਧਿ ਲੈਬੇ ਹਿਤ ਦਰਸ਼ਨ ਚਾਵ' ॥੪॥
ਸੁਨਿ ਕੈ ਤ੍ਰਿਣ ਦਾਨਾ ਅਰੁ ਖਾਨਾ।
ਕਰੇ ਪਠਾਵਨ ਬਾਂਛਤਿ ਨਾਨਾ।
ਸਭਿ ਲੇ ਕਰਿ ਅਚਵਜੋ ਮਨ ਭਾਏ।
ਥਿਰ ਹੁਇ ਸ਼੍ਰਮਹਿ ਸ਼ਰੀਰ ਬਿਹਾਏ[1†] ॥੫॥
ਵਰਜੋ ਦੁਪਹਿਰਾ ਭੇ ਸਵਧਾਨਾ।
ਸ਼੍ਰੀ ਪ੍ਰਭੁ ਪਠਜੋ ਦੂਤ ਅਗਵਾਨਾ।
ਜਾਮ ਦਿਵਸ ਰਹਿ ਤਬਿ ਚਲਿ ਆਏ।
ਸੰਗ ਭਲੇ ਨਰ ਕਰਿ ਸਮੁਦਾਏ ॥੬॥
ਆਗੇ ਪ੍ਰਭੁ ਦਿਵਾਨ ਲਗਾਯੋ।
ਰੰਗਾ ਰੰਗ ਫਰਸ਼ ਡਸਵਾਯੋ।
ਥਿਰਜੋ ਖਾਲਸਾ ਸ਼ਸਤ੍ਰ ਸੁਹਾਏ।
ਤੁਪਕ ਧਨੁਖ ਅਰੁ ਸਿਪਰ ਲਗਾਏ ॥੭॥

[1]ਸ਼ਰੀਰ ਦਾ ਥਕਾਨ ਲਾਹਿਆ। † ਪਾ:-ਥਿਰ ਹੋਇਸਿ ਤਹਿ ਨਿਸਾ ਬਿਹਾਏ।

ਦੇਖਿ ਦੂਰ ਹੀ ਤੇ ਉਮਰਾਊ।
ਝੁਕੇ ਸਲਾਮ ਕੀਨਿ ਅਗਵਾਊ।
ਸਨਮਾਨਤਿ ਲੇ ਨਾਮ ਬੁਲਾਏ।
ਕ੍ਰਿਪਾ ਕਰੀ ਗੁਰ ਨਿਕਟ ਬਿਠਾਏ ॥ ੮ ॥
ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ।
'ਹਜ਼ਰਤ ਪਠੇ ਸਮੀਪ ਉਚਾਰੀ।
ਲੇਨਿ ਜ਼ਖਮ ਕੀ ਸੁਧਿ ਹਮ ਆਏ।
ਭਈ ਖੁਸ਼ੀ ਸੁਨਿ ਆਪ ਨਹਾਏ ॥ ੯ ॥
ਸ਼ਾਹੁ ਸਚਿੰਤ ਭਯੋ ਸੁਧ ਪਾਈ।
-ਇਹ ਮੂਢਨ ਕਜਾ ਕੀਨਿ ਖੁਟਾਈ-।
ਸਭਿ ਪਠਾਨ ਸੰਗੀ ਬੁਲਵਾਏ।
ਦੇ ਸਜ਼ਾਇ ਕੋ ਸੋ ਬੁਝਵਾਏ[1] ॥ ੧੦ ॥

[1]ਸਜ਼ਾ ਦਾ (ਡਰ ਦੇਕੇ) ਉਹਨਾਂ ਤੋਂ ਪੁੱਛਿਆ ਭਾਵ ਕਿ ਸੱਚ ਸੱਚ ਦੱਸ ਦਿਓ ਨਹੀਂ ਤਾਂ ਸਜ਼ਾ ਦਿਆਂਗੇ।

ਕਸਮ ਕੁਰਾਨ ਮਹਾਨ ਬਖਾਨੀ।
-ਅਪਰ ਨ ਕਿਸ ਕੋ ਸੁਧਿ ਹਮ ਜਾਨੀ।
ਲਰਕਾ ਮਹਿਮਾ ਤੇ ਅਨਜਾਨਾ।
ਕਿਯ ਬਦਕਾਰ ਆਪ ਹੀ ਪਜਾਨਾ-' ॥ ੧੧ ॥
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ।
'ਭਯੋ ਅਕਾਲ ਪੁਰਖ ਜਿਮ ਭਾਯੋ।
ਹ੍ਵੈ ਨ ਸਕਹਿ ਕੁਛ ਹੁਕਮ ਬਿਹੀਨਾ।
ਨਰਨ ਬਿਖੈ ਆਪਹਿ ਕ੍ਰਿਤ ਕੀਨਾ[1] ॥ ੧੨ ॥

[1]ਪੁਰਸ਼ਾਂ ਵਿਚ (ਵੜਕੇ) ਆਪੇ ਹੀ (ਵਾਹਿਗੁਰੂ ਨੇ) ਕਾਰ ਕੀਤੀ ਹੈ।

ਕਹਹੁ ਸ਼ਾਹੁ ਸਨ -ਹਮ ਸੁਖ ਹੋਵਾ।
ਘਾਵ ਮਿਲਯੋ ਸੰਕਟ ਨਹਿਂ ਜੋਵਾ-।'
ਕਰਤਿ ਬਾਰਤਾਲਾਪ ਬਿਤਾਇ।
ਦ੍ਵੈ ਘਟਿਕਾ ਦਿਨ ਰਹਯੋ ਸੁ ਆਇ ॥ ੧੩ ॥
ਸ਼ਸਤ੍ਰ ਸਮੀਪ ਸਮੂਹ ਸੁਹਾਏ।
ਬੀਚ ਸਰਾਸਨ ਦੋਇ ਟਿਕਾਏ।
ਤਿਨ ਪਰ ਦ੍ਰਿਸ਼ਟਿ ਗਈ ਉਮਰਾਵਨਿ।
ਪਿਖੈਂ ਦਰਾਜ਼ ਭਏ ਬਿਸਮਾਵਨ ॥ ੧੪ ॥

-ਚੌੜੀ ਪਾਟੀ ਬਡੇ ਕਠੋਰ[1]।
ਇਨ ਐਂਚਨ ਕੋ ਕਿਸ ਮਹਿਂ ਜ਼ੋਰ।
ਮਹਾਂ ਮੁਸ਼ਟ ਜੁਗ ਗੋਸ਼ੇ ਕਠਨੰ।
ਤੈਸੇ ਪਨਚਿ ਸਿਲੇ ਸਮ ਗਠਨੰ[1] ॥੧੫॥
ਇਹ ਗੁਰ ਪੀਰ ਦਾਵ ਕਰਿ ਨਾਨਾ।
ਰਖਹਿ ਦਿਖਾਵਾ ਲੋਕਨ ਨਾਨਾ।
ਸਮਰਥ ਲਖਹਿਂ, ਮਾਨ ਹੈਂ ਆਨ।
ਅਰਪਿ ਉਪਾਇਨ ਅਨਿਕ ਮਹਾਨ ॥੧੬॥
ਨਾਂਹਿ ਤ ਇਹ ਕੁਦੰਡ ਬਡ ਭਾਰੇ।
ਨਰ ਐਂਚਹਿ ਬਲ ਕਹਾਂ ਬਿਚਾਰੇ।
ਜੋ ਫਰੇਸ਼ਤੇ ਬਲੀ ਬਿਸਾਲਾ।
ਸੋ ਖੈਂਚਹਿਂ ਜਿਨ ਓਜ ਕਰਾਲਾ ॥੧੭॥
ਮਾਨੁਖ ਕੌਨ ਆਜ ਜਗ ਸਾਰੇ।
ਧਨੁਖ ਐਂਚਿ ਇਨ ਤੇ ਸਰ ਮਾਰੇ-।
ਇਤੱਜਾਦਿਕ ਚਿਤ ਬਿਖੇ ਬਿਚਾਰਤਿ।
ਹੇਰਿ ਹੇਰਿ ਕਰਿ ਤਰਕ ਉਠਾਰਤਿ ॥੧੮॥
ਸ਼੍ਰੀ ਸਤਿਗੁਰ ਸਭਿ ਅੰਤਰਜਾਮੀ।
ਤਰਕਤਿ ਉਮਰਾਵਨ ਲਖਿ ਖਾਮੀ[1]।
-ਹਮ ਕੋ ਜਾਨਹਿਂ ਦੰਭ ਕਮਾਵਹਿਂ।
ਹੇਤੁ ਦਿਖਾਵਨ ਧਨੁਖ ਟਿਕਾਵਹਿਂ ॥੧੯॥
ਇਹ ਰਣ ਮਹਿਂ[1] ਪਹੁੰਚੇ ਨਹਿਂ ਆਏ।
ਆਨੰਦ ਪੁਰਿ ਚਮਕੌਰ ਜੁ ਥਾਏ।
ਦਸ ਦਸ ਮਹਿਂ ਕੋ ਤੀਰ ਨਿਕਾਸਾ।
ਸ਼ੱਤ੍ਰੂ ਬ੍ਰਿੰਦ ਕੋ ਤਤਛਿਨ ਨਾਸ਼ਾ ॥੨੦॥
ਇਨ ਕੋ ਨਿਜ ਬਲ ਚਹਿਯ ਦਿਖਾਵਨਿ।
ਨਤੁ ਬਲ ਅਪਰਨ ਕਰਹਿਂ ਬਤਾਵਨ[1]-।

[1]ਬੜੀ ਚੌੜੀ ਪਟੀ ਵਾਲੇ ਕਰੜੇ ਹਨ।

[1]ਤੈਸੇ ਹੀ ਚਿੱਲੇ ਪੱਥਰ ਵਰਗੇ ਗਠੇ ਹੋਏ।

[1]ਉਮਰਾਵਾਂ (ਦੇ ਦਿਲ) ਦਾ ਖੋਟ ਲਖ ਕੇ।

[1]ਭਾਵ ਪਿਛਲੇ ਸਾਡੇ ਜੰਗਾਂ ਵਿਚ।

[1]ਨਹੀਂ ਤਾਂ ਹੋਰਨਾਂ ਨੂੰ (ਸਾਡਾ) ਵਲ ਦੱਸਣਗੇ ਭਾਵ ਇਹ ਹੈ ਕਿ ਲੋਕਾਂ ਨੂੰ ਬੀ ਇਹ ਕਹਿਣਗੇ ਕਿ ਛਲ ਵਾਸਤੇ ਭਾਰੇ ਧਨੁਖ ਰੱਖੇ ਹੋਏ ਹਨ। [ਬਲ=ਤਾਕਤ। ਬਲ=ਵਲ, ਵਲ ਨਾਮ ਹੈ ਛਲ ਦਾ, ਬਨਾਵਟ]।

ਇੱਤਜਾਦਿਕ ਬਿਚਾਰਿ ਗੁਰ ਉਰ ਮਹਿਂ।

ਦੋਨਹੁੰ ਧਨੁਖ ਉਠਾਏ ਕਰ ਮਹਿਂ ॥੨੧॥
ਦੋਨਹੁੰ ਮੁਸ਼ਟ ਹਾਥ ਇਕ ਧਰੀ।
ਦੌਨ ਪਨਚ ਇਕ ਚੁਟਕੀ ਧਰੀ।
ਬਲ ਤੇ ਐਂਚੀ ਕੌਣ ਨਿਵਾਏ।
ਚਾਂਪ ਪ੍ਰਚੰਡ ਖਿਚੇ ਚਿਰੜਾਏ ॥੨੨॥
ਖੈਂਚਿ ਖੈਂਚਿ ਇਕ ਦ੍ਵੈ ਦੈ ਬਾਲੇ[1]। [1]ਇਕ ਦੋ ਬਾਲੇ ਦਿੱਤੇ।
ਸਭਿਨਿ ਦਿਖਾਏ ਕਰਤਿ ਉਤਾਲੇ।
ਲਗਯੋ ਬਡੋ ਬਲ ਐਂਚਤ ਧਨੁ ਕੋ।
ਨਹਿਂ ਬਚਾਵ ਕਿਯ ਘਾਵ ਜੁ ਤਨ ਕੋ ॥੨੩॥
ਲਗੇ ਜ਼ਖਮ ਤੋਪੇ ਤੁਟਿ ਗਏ।
ਰੁਧਰ ਨਿਕਸਿ ਪਟ ਭੀਜਤ ਭਏ।
ਪੂਰਬ ਤੇ ਭੀ ਘਾਵ ਬਡੇਰਾ।
ਭਯੋ ਤੁਰਤ ਹੀ ਤਨ ਮਹਿਂ ਹੇਰਾ ॥੨੪॥
ਬਿਸਮਤਿ ਮਨ ਕਿਯੋ ਹਾਹਾਕਾਰਾ।
'ਕਹਾਂ ਭਯੋ' ਕਹਿਂ ਸਕਲ ਨਿਹਾਰਾ।
ਹਾਥ ਜੋਰਿ ਉਮਰਾਵਨ ਭਾਖਾ।
'ਸ਼੍ਰੀ ਪ੍ਰਭੁ ਕਹਾਂ ਕੀਨ ਇਹ ਕਾਂਖਾ' ॥੨੫॥
ਦੇ ਸਿਰਪਾਉ ਬਿਦਾ ਤਬਿ ਕਰੇ।
ਸੰਧਯਾ ਭਈ ਦੀਪ ਤਬਿ ਜਰੇ।
ਜਮਦੁਤੀਆ[1] ਸਸਿ ਦਿਨ[2] ਤਬਿ ਹੋਤੋ। [1]ਦੂਜ। [2]ਸੋਮਵਾਰ।
ਬਡੇ ਜਤਨ ਤੇ ਬੰਧਨ ਕਿਤੋ ॥੨੬॥
ਰਾਤਿ ਬਿਤੀਤ ਪ੍ਰਾਤਿ ਹੁਇ ਆਈ।
ਦਿਵਸ ਤੀਜ ਆਇਸੁ ਫੁਰਮਾਈ।
'ਲੇਹੁ ਪੰਚ ਸੈ ਕੋਸ਼ ਰਜਤਪਣ।
ਕਰਹੁ ਤਿਹਾਵਲ ਰਸਦ ਖਰੀਦਨ ॥੨੭॥
ਇਕ ਸੌ ਕੋ ਚੰਦਨ ਅਨਵਾਵਹੁ।
ਗਮਨ ਪ੍ਰਲੋਕ ਸੌਜ ਸਭਿ ਲਯਾਵਹੁ।
ਮਾਨਹੁੰ ਬਚਨ, ਕਰਹੁ ਨਹੀਂ ਟਾਰਾ।
ਰਿਦੇ ਅਨੰਦ ਭਜੋ ਕਰਤਾਰਾ ॥੨੮॥

ਕਰਹੁ ਆਜ ਤੇ ਤਜਾਰ ਅਹਾਰਾ।
ਪ੍ਰਾਤ ਚਤੁਰਥੀ ਹੈ ਬੁਧਿਵਾਰਾ।
ਦਿਹੁ ਸਭਿ ਕੋ ਭੋਜਨ ਮਨ ਭਾਯੋ।
ਉੱਦਮ ਕਰਹੁ ਸਿੰਘ ਸਮੁਦਾਯੋ' ॥੨੯॥
ਅਪਰ ਦਰਬ ਘ੍ਰਿਤ ਹਿਤ ਮਿਸ਼ਟਾਨਾ।
ਮੇਵਾ ਚੂਨ ਸੁਪੈਦਾ ਆਨਾ।
ਲੰਗਰ ਕਰਨ ਲਗੇ ਨਰ ਘਨੇ।
ਬਾਸੁਰ ਅਰੁ ਸਗਰੀ ਨਿਸ ਬਨੇ ॥੩੦॥
ਪੂਪ ਪੂਰਿਕਾ ਚਢਹਿੰ ਕਰਾਹੇ।
ਕਰਿ ਤਿਆਰ ਧਰਿ ਕੋਸ਼ਠ ਮਾਂਹੇ।
ਬਨੇ ਕਚੌਰੀ ਬਰੇ ਪਕੌਰੇ।
ਡਾਰਿ ਮਸਾਲੇ ਦਧਿ ਮਹਿਂ ਬੋਰੇ ॥੩੧॥
'ਬਿਲਮ ਨ ਕਰਹੁ ਧਾਇ ਸਭਿ ਜਾਵਹੁ।
ਪੁਰਿ ਤੇ ਸੌਜ ਖਰੀਦ ਲਿਆਵਹੁ।'
ਦਯਾ† ਸਿੰਘ ਅਰੁ ਧਰਮ ਸਿੰਘ ਸੁਨਿ।

†ਪਿਛੇ ਅੰਸੂ ੧੪ ਦੇ ਅੰਕ ੪੬ ਦੇ ਫੁਟ ਨੋਟ ਵਿਚ ਦੱਸ ਆਏ ਹਾਂ ਕਿ ਛਾਪੇ ਦੇ ਨੁਸਖੇ ਵਿਚ ਦਇਆ ਸਿੰਘ ਜੀ ਦਾ ਪਰਲੋਕ ਗਮਨ ਦਰਸਾਇਆ ਹੈ ਜੋ ਲਿਖਤੀ ਨੁਸਖਿਆਂ ਵਿਚ ਨਹੀਂ, ਤਿਵੇਂ ਉਸੇ ਛਾਪੇ ਦੇ ਨੁਸਖੇ ਵਿਚ ਇਥੇ ਪਾਠ 'ਜੋਧਾ ਸਿੰਘ' ਹੈ। (ਦੇਖੋ ਐਨ ੨ ਅੰਸੂ ੨੪ ਅੰਕ ੧੨ ਦੀ ਹੇਠਲੀ ਟੂਕ)।

ਆਦਿ ਸੰਤੋਖ ਸਿੰਘ ਸਭਿਗੁਨਿ ਗੁਨਿ[1] ॥੩੨॥
ਲੇ ਗਨ ਧਨ ਕੋ ਨਗਰ ਪ੍ਰਵੇਸ਼ੇ।
ਰਸਦ ਖਰੀਦਨ ਕੀਨਿ ਵਿਸ਼ੇਸ਼ੇ।
ਬੰਧਿ ਪੋਟ ਪੋਟੀਨ[1] ਉਠਾਇ।
ਦੀਨਸਿ ਅਬਚਲ ਨਗਰ ਪੁਚਾਇ ॥੩੩॥
ਬ੍ਰਿੰਦ ਕਰਾਹੇ ਦਏ ਚਢਾਈ।
ਲਗਿ ਪਕਵਾਨ ਹੋਨਿ ਸਮੁਦਾਈ।
ਕਰਿ ਸ਼ਨਾਨ ਸੁਚ ਤੇ ਸਭਿ ਲਜਾਇ।
ਕਰਹਿਂ ਤਜਾਰ ਕੋ ਧਰਹਿਂ ਟਿਕਾਇ ॥੩੪॥
ਚਿਤ ਸਚਿੰਤ ਸਭਿ ਕੇ ਹੁਇ ਰਹੇ।
-ਗੁਰ ਬੈਕੁੰਠ ਗਮਨ ਕੋ ਲਹੇ।
ਕੋ ਵਾਲੀ ਅਬਿ ਇਹਾਂ ਹਮਾਰੋ।

[1]ਸੋਚ ਸੋਚਕੇ।

[1]ਪੰਡਾਂ ਪਾਂਡੀਆਂ ਨੇ।

ਕਿਸ ਕੋ ਦਰਸ਼ਨ ਕਰਹਿਂ ਨਿਹਾਰੋ-
॥੪੫॥
ਸ਼੍ਰਵਣ ਸ਼੍ਰੋਣ ਘਾਵ ਜੁ ਗੁਰ ਤਨ ਮੈਂ।
ਪਿਖਹਿਂ ਬਿਖਾਦਮਾਨ ਹੁਇ ਮਨ ਮੈਂ।
ਪਾਟੀ ਬੰਧ ਕਰਹਿਂ ਉਪਚਾਰ।
ਚਹੁਂਦਿਸ਼ਿ ਜੁਗਮ ਚਵਰ ਕੋ ਧਾਰਿ
॥੩੬॥
ਦਿਵਸ ਤੀਜ ਕੋ ਜਬਹਿਂ ਬਿਤਾਯੋ।
ਪੁਨ ਨਿਸ ਮਹਿਂ ਪਕਵਾਨ ਪਕਾਯੋ।
ਕਰਤਿ ਰਹੇ ਮਿਲਿ ਨਰ ਸਮੁਦਾਯਾ।
ਪ੍ਰਾਤਿ ਹੋਤਿ ਲਗਿ ਪੁੰਜ ਕਰਾਯਾ ॥੩੭॥
ਸਭਿਹਿਨਿ ਕੀਨੋ ਸੌਚ ਸ਼ਨਾਨਾ।
ਤਿਸ ਛਿਨ ਸ਼੍ਰੀ ਗੁਰ ਹੁਕਮ ਬਖਾਨਾ।
'ਚਾਰੋਂ ਬਰਣ ਜੁ ਆਸ਼੍ਰਮ ਚਾਰ।
ਸਭਿ ਸੋਂ ਕਹਿ ਦੀਜੈ ਇਕ ਵਾਰ ॥੩੮॥
ਕਰਹੁ ਹਕਾਰਨਿ ਦੇਹੁ ਬਿਠਾਇ।
ਦੇਰ ਨ ਕੀਜੈ ਅਸਨ ਅਚਾਇ।'
ਸੁਨਿ ਗੁਰ ਹੁਕਮ ਪੁੰਜ ਨਰ ਧਾਏ।
ਜਾਇ ਸਭਿਨਿ ਕੌਂ ਸ਼੍ਰੋਨ ਸੁਨਾਏ ॥੩੯॥
'ਅਚਨ ਅਹਾਰ ਜੱਗ ਕੋ ਆਵਹੁ।
ਲਖਹੁ ਤਜਾਰ ਨਹਿਂ ਬਿਲਮ ਲਗਾਵਹੁਂ।
ਸੁਨਿ ਸੁਨਿ ਸਾਧ ਫਕੀਰ ਅਤੀਤ।
ਦਿਜ ਆਦਿਕ ਆਏ ਧਰਿ ਪ੍ਰੀਤ ॥੪੦॥
-ਗੁਰ ਘਰ ਕੋ ਕੁਨਕਾ ਜੋ ਖਾਇ।
ਪਾਵਨ ਤਨ ਮਨ ਤੇ ਹੁਇ ਜਾਇ-।
ਇਮ ਮਨ ਜਾਨਿ ਬਰਣ ਜੇ ਚਾਰ।
ਆਸ਼੍ਰਮ ਚਾਰੋਂ ਕਰਨ ਅਹਾਰ ॥੪੧॥
ਅਪਰ ਬੇਖ ਧਾਰੀ ਸਭਿ ਆਏ।
ਅਬਚਲ ਨਗਰ ਭੀਰ ਸਮੁਦਾਏ।
ਇਕ ਦਰਸਹਿਂ ਇਕ ਆਵਹਿਂ ਚਲੇ।
ਇਕ ਬੈਠੇ ਪੰਕਤਿ ਕਰਿ ਭਲੇ ॥੪੨॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ

ਐਨੇ 'ਜੱਗ ਕਰਨ' ਪ੍ਰਸੰਗ ਬਰਨਨੰ ਨਾਮ ਬੀਸਮੋਂ
ਅੰਸੂ ॥੨੦॥

## ੨੧. [ਜੋਤੀ ਜੋਤ ਸਮਾਉਣ ਦੀ ਤਿਆਰੀ। ਉਪਦੇਸ਼]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਬਰਣਾਸ਼੍ਰਮ ਕੀ ਪੰਕਤਾਂ, ਪ੍ਰਿਥਕ ਪ੍ਰਿਥਕ ਬੈਠਾਇ।
ਸਾਦਰ ਦੇਤਿ ਅਹਾਰ ਕੋ, ਨੀਰ ਪ੍ਰਿਥਕ ਕਰਿ ਪਾਇ ॥੧॥

ਚੌਪਈ:

ਪੂਰਬ ਪੰਚਾਂਮ੍ਰਿਤ ਬਰਤਾਯੋ।
ਦੇਤਿ ਸ਼ੀਘ੍ਰਤਾ ਸਭਿਹਿਨਿ ਪਾਯੋ।
ਪੂਪ ਪੂਰਿਕਾ ਪੁੰਜ ਕਚੌਰੀ।
ਬਰੇ ਪਕੌਰੇ ਦੇ ਸਭਿ ਠੌਰੀ ॥੨॥
ਅਤਿ ਸ੍ਵਾਦਲ ਗੁਰ ਜੱਗਜ ਅਹਾਰਾ।
ਅਚਹਿਂ ਸਰਾਹੈਂ ਬਿਬਿਧ ਪ੍ਰਕਾਰਾ।
ਰੁਚਿ ਅਨੁਸਾਰ ਅੱਗ੍ਰ ਸਭਿ ਧਰੈਂ।
ਤ੍ਰਿਪਤ ਭਏ ਭੀ ਖੈਬੋ ਕਰੈਂ ॥੩॥
ਫਿਰੈਂ ਸ਼ੀਘ੍ਰ ਤੇ ਪ੍ਰੋਸਨਹਾਰੇ।
'ਲੇਹੁ ਲੇਹੁ' ਸਭਿਹੂੰਨਿ ਉਚਾਰੇਂ।
ਮਨ ਭਾਵਤਿ ਕੋ ਭੋਜਨ ਦੀਨਿ।
ਆਛੀ ਰੀਤਿ ਅਚਵਨੋ ਕੀਨਿ ॥੪॥
ਸ੍ਵਾਦ ਪਾਇ ਸਭਿਹੂੰਨਿ ਸਰਾਹੈਂ।
ਪਾਨ ਪਖਾਰੈਂ ਤ੍ਰਿਪਤੀ ਪਾਹੈਂ।
ਸੁਜਸੁ ਕਰਤਿ ਗੁਰ ਕੋ ਲਹਿਂ ਦਰਸ਼ਨ।
ਕਦਮ ਪਦਮ ਕੋ ਹਾਥ ਸਪਰਸ਼ਨ ॥੫॥
ਆਪ ਆਪਨੇ ਥਾਨ ਪਧਾਰੇ।
ਸੋ ਦਿਨ ਬੀਤਯੋ ਦੇਤਿ ਅਹਾਰੇ।
ਸਭਿ ਕੇ ਸੰਗ ਭਨੀ ਗੁਰਬਾਨੀ।
'ਸਿਮਰਹੁ ਪਰਮੇਸ਼੍ਵਰ ਗੁਨ ਖਾਨੀ ॥੬॥
ਪ੍ਰਾਤਿ ਪੰਚਮੀ ਸੁਰ ਗੁਰ ਵਾਰ।
ਦਿਵਸ ਭਲੋ ਉਰ ਲੀਨਿ ਬਿਚਾਰ।
ਹੁਇ ਤਜਾਰੀ ਹਮਰੀ ਪਰਲੋਕ।
ਧਰਹੁ ਅਨੰਦ ਨ ਕੀਜਹਿ ਸ਼ੋਕ ॥੭॥
ਜਾਗ੍ਰਣ ਕਰੋ ਜਪਹੁ ਗੁਰਬਾਨੀ।
ਸੰਚ ਲੇਹੁ ਸਭਿ ਸੌਂਜ ਮਹਾਨੀ।

ਚੰਦਨ ਆਦਿ ਸਕਲ ਹੀ ਲਜਾਏ।
ਕਿਧਹੁਂ ਨਹੀਂ, ਸੁਧ ਦੇਹੁ ਬਤਾਏ' ॥੮॥
ਸੁਨਿ ਸੰਤੋਖ ਸਿੰਘ ਸੁਧਿ ਲੀਨ।
ਜਹਿਂ ਕਹਿਂ ਫਿਰ ਕਰਿ ਹੇਰਨ ਕੀਨ।
ਜੋ ਜੋ ਵਸਤੁ ਪਹੂਚੀ ਆਇ।
ਕਰੀ ਨਿਵੇਦਨ ਗੁਰ ਢਿਗ ਜਾਇ ॥੯॥
'ਪ੍ਰਭੁ ਜੀ ! ਸੌ ਮਨ ਚੰਦਨ ਆਯੋ।
ਅਤਰ ਗੁਲਾਬ ਧਰਯੋ ਸਮੁਦਾਯੋ।
ਸੂਖਮ ਚੀਰ ਮੋਲ ਬਹੁ ਕੇਰਾ।
ਸੀਵਨਹਾਰ ਸਿਵਤ ਇਸ ਬੇਰਾ ॥੧੦॥
ਪ੍ਰਾਤਿ ਹੋਤਿ ਲਗਿ ਪੋਸ਼ਿਸ਼ ਧਾਰੀ।
ਬਨਹਿ ਨਵੀਨ ਆਪ ਕੀ ਤਯਾਰੀ।
ਭਾਰ ਕੁਸ਼ਾ ਕੋ ਆਨਿ ਧਰਾਯੋ।
ਜਵ ਤਿਲ ਘ੍ਰਿਤ ਕੋ ਪੁੰਜ ਅਨਾਯੋ' ॥੧੧॥
ਇੱਤਯਾਦਿਕ ਸਭਿ ਵਸਤੁ ਬਤਾਈ।
ਦੀਪਮਾਲ ਜਹਿਂ ਕਹਿਂ ਕਰਿਵਾਈ।
ਪੌਰ ਪੌਰ ਪਰ ਘਰ ਘਰ ਪਰ ਧਰਿ।
ਕਰਯੋ ਪ੍ਰਕਾਸ਼ ਤਿਮਰ ਕੋ ਪਰਿਹਰ ॥੧੨॥
ਜਹਿਂ ਕਹਿਂ ਗੁਰਬਾਣੀ ਕੋ ਜਪੈਂ।
ਪ੍ਰੇਮ ਪ੍ਰਮੇਸ਼ਰ ਕੇ ਮਨ ਰਪੈਂ।
ਥਿਰੇ ਇਕੰਤ ਆਪ ਭਗਵੰਤ।
ਮਿਲੇ ਪੁੰਜ ਸਿਖ ਸੰਤ ਮਹੰਤ ॥੧੩॥
'ਦੁਰਲਭ ਦਰਸ਼ਨ ਕਰਿ ਲਿਹੁ ਅਬੈ।'
ਕਹਿ ਆਪਸ ਮਹਿ ਪਹੁਚੇ ਸਭੈ।
ਰਾਤਿ ਬਿਤਾਈ ਜਾਗ੍ਰਨ ਕਰਿ ਕੈ।
ਸਤਿਗੁਰ ਕੇ ਗੁਨ ਸਿਮਰਿ ਸਿਮਰਿ ਕੈ ॥੧੪॥
ਜਾਮ ਰਹੀ ਜਬਿ ਸੌਚ ਸ਼ਨਾਨੇ।
ਸ਼੍ਰੀ ਪ੍ਰਭੁ ਕਰਿ ਕੈ ਲਾਯਸ ਧਜਾਨੇ।
ਸਤਿ ਚੇਤਨ ਆਨੰਦ ਬਿਸਾਲਾ।

ਨਿਜ ਸਰੂਪ ਮਨ ਥਿਰੇ ਕ੍ਰਿਪਾਲਾ ॥੧੫॥
ਨਭ ਸਮ ਬਜਾਪਕ ਜੋ ਸਭਿ ਮਾਂਹੀ।
ਅਸ ਪ੍ਰਮਾਤਮਾ ਬਿਨ ਕੋ ਨਾਂਹੀ।
[1]ਭੂਤ ਭਵਿੱਖ ਨ ਨਾਸ਼ ਪ੍ਰਣਾਮ[2]।

[1]ਇਥੋਂ 'ਸਤਿ, ਚੇਤਨ, ਆਨੰਦ ਰੂਪ' ਤੇ 'ਅਸੱਤ੍ਰ, ਜੜ੍ਹ, ਦੁਖ ਰੂਪ' ਦੀ ਵਿਚਾਰ ਚੱਲੀ ਹੈ। [2]ਪਿਛੇ ਅਗੇ (ਬੀਤ ਚੁੱਕੇ ਤੇ ਆਉਣ ਵਾਲੇ ਸਮੇਂ ਵਿਚ) ਜਿਸ ਦਾ ਨਾਸ਼ ਤੇ ਪ੍ਰਣਾਮ ਨਹੀਂ ਹੁੰਦਾ, ਭਾਵ ਜੋ ਸਦਾ 'ਹੈ'।

ਯਾਂ ਤੇ 'ਸੱਤਿ' ਕਹਤਿ ਸ਼੍ਰੁਤਿ ਨਾਮ[1] ॥੧੬॥

[1]ਸ਼੍ਰੁਤੀ (ਉਸ ਪ੍ਰਮਾਤਮਾ ਦਾ) ਨਾਮ 'ਸੱਤਿ' ਕਹਿੰਦੀ ਹੈ।

ਮਾਇਆ ਜਗਤ ਅਵਿੱਦਜਾ ਆਦਿ[1]।

[1]ਚੇਤਨ ਚਲਿਆ) ਜੋ ਅਵਿਦਿਆ, ਮਾਇਆ ਤੇ ਜਗਤ ਆਦਿਕ ਹਨ।

ਜਿਸ ਬਿਹੀਨ ਜੜ ਸਹਤ ਬਿਖਾਦ[1]।

[1]ਜਿਸ (ਚੇਤਨ) ਤੋਂ ਬਿਨਾਂ (ਇਹ ਸਾਰੇ) ਜੜ੍ਹ ਤੇ ਨਿਸ਼ਚੇਸ੍ਰ ਹੈਨ। [ਸੰਸ: ਵਿਖਾਦ=ਜਿਸ ਵਿਚ ਚੇਸ਼ਟਾ ਨਾ ਹੋਵੇ]।

ਮੇਲੇ ਭਏ ਤੇ ਦੇਹ ਜਿਤੇਕ[1]।

[1]ਜਿਸ ਦੇ) ਮੇਲ ਹੋਇਆਂ ਜਿਤਨੀਆਂ ਦੇਹਾਂ ਹਨ.........।

ਕ੍ਰਿਯਾਵਾਨ ਹ੍ਵੈਂ ਸਹਤ ਬਿਬੇਕ[1] ॥੧੭॥

[1]ਗਜਾਤ ਸਹਿਤ ਤੇ ਕ੍ਰਿਆ ਵਾਲੀਆਂ ਹੋ ਜਾਂਦੀਆਂ ਹਨ। [ਬਿਬੇਕ=ਗਜਾਤ]।

ਯਾਂ ਤੇ ਚੇਤਨ ਨਾਮ ਬਤਾਵੈਂ।
ਮਨ ਆਦਿਕ ਚੰਚਲ ਹ੍ਵੈ ਜਾਵੈਂ[1]।

[1]ਭਾਵ, ਜਿਸਦੀ (ਚੇਤਨਤਾ) ਕਰਕੇ ਮਨ ਆਦਿਕ ਸਫੁਰਨ ਹੋ ਜਾਂਦੇ ਹਨ।

ਜਿਸ ਬਿਹੀਨ ਦੁਖਿ ਸਗਰੇ ਹੇਰੀ[1]।

[1]ਹੁਣ 'ਅਨੰਦ' ਟੁਰਿਆ) ਜਿਸ ਅਨੰਦ ਰੂਪ ਤੋਂ ਬਿਨਾਂ ਸਾਰੇ ਦੁਖੀ ਨਜ਼ਰ ਪੈਂਦੇ ਹਨ।

ਬਿਸ਼ਯਾਨੰਦ ਬੂੰਦ ਜਿਸ ਕੇਰੀ[1] ॥੧੮॥

[1]ਵਿਸ਼ੇ ਵਿੱਚ ਜੋ ਰਸ (ਆਉਂਦਾ) ਹੈ (ਉਹ) ਉਸ (ਆਨੰਦ ਸਾਗਰ) ਦੀ ਬੂੰਦ ਮਾਤ੍ਰ ਹੈ।

ਸੌ ਆਨੰਦ ਕੋ ਉਦਧਿ ਅਪਾਰਾ[1]।

[1]ਉਹ ਜੋ ਅਨੰਦ ਦਾ ਅਪਾਰ ਸਮੁੰਦਰ ਹੈ।

ਤਿਸ ਮਹਿਂ ਬ੍ਰਿੱਤਿ ਟਿਕੀ ਇਕ ਸਾਰਾ[1]।

[1]ਭਾਵ ਸਤ ਚੇਤਨ ਆਨੰਦ ਵਿਚ ਜਿਨ੍ਹਾਂ ਦੀ ਬ੍ਰਿਤੀ ਇਕ ਸਾਰ ਟਿਕ ਗਈ ਹੈ।

ਜੋ ਮਾਨਵ ਅੱਗਜਾਨ ਬਿਨਾਸ਼ੇ[1]।

[1]ਐਉਂ ਜੋ) ਮਨੁੱਖ ਅਗਿਆਨ ਦਾ ਨਾਸ਼ ਕਰ ਲੈਂਦੇ ਹਨ।

ਪਾਇ ਕ੍ਰਿਪਾ ਸਮਝੈਂ ਗੁਨ ਆਸ਼ੇ ॥੧੯॥
ਬ੍ਰਿਤਿ ਸਥੂਲ ਤੇ ਲੀਨਿ ਹਟਾਇ।
ਸੂਖਮ ਕੇ ਬਿਚਾਰ ਮਨ ਲਾਇ।
ਰੱਜੁ ਸਰਪ ਜਗਤ ਕੋ ਜਾਨਾ।
ਸੱਤਿ ਸਰੂਪ ਆਪਨੋ ਮਾਨਾ ॥੨੦॥
ਬਾਲਕ, ਤਰੁਨ ਬ੍ਰਿੱਧ ਨਹਿਂ ਹੋਵਾ।

| | |
|---|---|
| ਜਨਮਹਿਂ ਨਹੀਂ, ਮਰਨ ਨਹਿਂ ਜੋਵਾ। | |
| ਦੇਹਾਦਿਕ ਹੰਤਾ ਨਿਰਵਾਰ। | |
| ਸੋ ਸਰੂਪ ਜਾਨਜੋਂ ਨਿਰਧਾਰ[1] ॥੨੧॥ | [1]ਨਿਸ਼ਚੇ ਕਰਕੇ ਉਹ ਆਪਣਾ ਸਰੂਪ ਜਾਣਿਆ ਹੈ। |
| ਹਰਖ ਸ਼ੋਕ ਤਿਨ ਕਹੁ ਕਿਮ ਹੋਵੈ। | |
| ਰੂਪ ਅਨਾਸ਼ੀ ਬਿਨ ਦੁਖ ਜੋਵੈ[1]। | [1]ਜੋ (ਆਪਣੇ ਸਰੂਪ ਨੂੰ) ਸਤਿ, ਚੇਤਨ, ਆਨੰਦ ਵੇਖਦੇ ਹਨ। [ਅਨਾਸ਼ੀ=ਸਤਿ। ਬਿਨ ਦੁਖ=ਆਨੰਦ]। |
| ਅੰਮ੍ਰਿਤ ਵੇਲੇ ਨੈਨ ਉਘਾਰੇ। | |
| ਸਿੰਘਨ ਸਕਲ ਬੰਦਨਾ ਧਾਰੇ ॥੨੨॥ | |
| ਹਾਥ ਜੋਰਿ ਅਰਦਾਸ ਬਖਾਨੀ। | |
| 'ਕਹਹੁ ਆਪ ਉਪਦੇਸ਼ਨਿ ਬਾਨੀ। | |
| ਅਬਿ ਤੌਂ ਦਰਸ਼ਨ ਤੇ ਸੁਖ ਪਾਵੈਂ। | |
| ਜਿਹ ਸੁਨਿ ਪੀਛੈ ਮਨ ਠਹਿਰਾਵੈਂ' ॥੨੩॥ | |
| ਸ਼੍ਰੀ ਗੁਰ ਗੋਬਿੰਦ ਸਿੰਘ ਉਚਾਰੇ। | |
| 'ਸੁਨਹੁਂ ਖਾਲਸਾ! ਤੁਮ ਮਮ ਪਜਾਰੇ! | |
| ਨੇਤਿ[1] ਰਚੀ ਪਰਮੇਸ਼ੁਰ ਜੈਸੇ। | [1]ਹੋਣ ਹਾਰ, ਭਾਵੀ, ਨੀਯਤ ਕੀਤੀ ਹੋਈ ਬਾਤ। |
| ਭੂਤ ਭਵਿੱਖ ਨ ਮਿਟੈ ਸੁ ਕੈਸੇ ॥੨੪॥ | |
| ਜੋ ਜਨਮੈ ਹੁਇ ਹੈ ਤਿਨ ਮਰਨਾ। | |
| ਦ੍ਰਿਸ਼ਟਮਾਨ ਲਹਿ ਨਾਸ਼ ਪ੍ਰਹਰਨਾ[1]। | [1]ਜੋ ਦਿਖਾਈ ਦੇ ਰਿਹਾ ਹੈ ਸਭ ਨੇ ਨਾਸ਼ ਹੋ ਜਾਣਾ ਹੈ। (ਅ) ਨਾਸ਼=(ਪਿੱਛੇ) ਨਾਸ਼ (ਹੁੰਦਾ ਰਿਹਾ ਹੈ)। ਪ੍ਰਹਰਨਾ-(ਅੱਗੋਂ ਬੀ) ਨਾਸ਼ (ਹੋਵੇਗਾ)। [ਨਾਸ਼=ਬਿਨਾਸ਼। ਪ੍ਰਹਰਨ=ਵਿਨਾਸ਼]। |
| ਨਿਸ ਦਿਨ ਸੂਰਜ ਚੰਦ ਉਪਾਏ[1]। | [1]ਸੂਰਜ, ਚੰਦ ਤੇ ਦਿਨ ਰਾਤ ਉਪਾਏ ਹਨ। (ਅ) ਰਾਤ ਨੂੰ ਚੰਦ ਦਿਨ ਨੂੰ ਸੂਰਜ ਉਪਜਦੇ (ਪ੍ਰਗਟਦੇ) ਹਨ। (ਚੰਦ ਦੀ ਗਿਣਤੀ ਤਿਥਾਂ ਦੇ ਸੂਰਜ ਦੀ ਗਿਣਤੀ ਦਿਨ ਵਾਰ ਦੇਂਦੀ ਹੈ, ਇਸ ਗਿਣਤੀ ਨਾਲ ਆਰਬਲਾ ਵਿਹਾ ਰਹੀ ਹੈ)। |
| ਆਰਬਲਾ ਇਨ[†] ਗਿਨਤਿ[1] ਬਿਤਾਏ ॥੨੫॥ | [1]ਇਨ੍ਹਾਂ (ਦਿਨ ਰਾਤ ਨੂੰ) ਗਿਣਦਿਆਂ। [†]ਪਾ:-ਦਿਨ। |
| ਸਦਾ ਅਕਾਲ ਕਾਲ ਭਗਵਾਨਾ[1]। | [1]ਇਕ ਕਾਲ ਸਦਾ ਅਕਾਲ ਹੈ। (ਕਾਲ ਨਾਲ ਭਗਵਾਨ ਪਦ ਸਤਿਕਾਰ ਲਈ ਲਾਇਆ ਹੈ, ਜੈਸੇ ਕਹੀਦਾ ਹੈ, ਭਗਵਾਨ ਵੇਦ ਵਿਆਸ)। |
| ਪੁਜੈ ਅਉਧ ਸਭਿ ਕੋ ਕਰਿ ਖਾਨਾ[1]। | [1]ਖਾਂਦਾ ਹੈ। |
| ਚਉਦਹਿ ਲੋਕ ਬਿਖੈ ਥਿਰ ਕੋਇ ਨ। | |

ਕੋ ਅਸ? ਕਾਲ ਬਸੀ ਜੋ ਹੋਇ ਨ ॥੨੬॥
ਪੰਚ ਤੱਤ ਕੋ ਜਗ ਬਿਸਤਾਰਾ।
ਤਿਨ ਭੀ ਭੱਖਹਿ ਕਾਲ ਕਰਾਰਾ[1]।
ਜਬਿ ਕਾਰਨ ਹੀ ਲਹਜੋ ਬਿਨਾਸ਼ਾ।
ਕਾਰਜ ਥਿਰਿਬੇ ਕੀ ਕਿਤ ਆਸਾ[1]? ॥੨੭॥
ਸਭਿ ਕੋ ਰਚਨਹਾਰ ਕਮਲਾਸਨ[1]।
ਕਾਲ ਪੁਰਖ[1] ਭਖਿ ਕਰਹਿ ਬਿਨਾਸ਼ਨ।
ਤਿਮ ਹੀ ਬਿਸ਼ਨੁ ਸ਼ੰਭੁ ਬਡ ਦੋਊ।
ਪੁਜੇ ਔਧ ਥਿਰ ਰਹੈ ਨ ਕੋਊ ॥੨੮॥
ਅਪਰਨ ਕੀ ਗਿਨਤੀ ਕਹੁ ਕੌਨ।
ਜੋ ਥਿਰ ਰਹੈ ਚੌਦਹੂੰ ਭੌਨ[1]।
ਯਾਂ ਤੇ ਥੂਲ ਦ੍ਰਿਸ਼ਟਿ ਕੋ ਨੇਹੁ।
ਨਹਿਂ ਆਛੇ ਦੇ ਕਸ਼ਟ ਅਛੇਹੁ ॥੨੯॥
ਸਤਿ ਚੇਤਨ ਆਦਿਕ[†] ਜੋ ਕਹੀਯਤਿ।
ਸੂਖਮ ਤੇ ਅਤਿ ਸੂਖਮ ਲਹੀਯਤਿ।
ਤਿਸ ਢਿਗ ਕਾਲ ਨ ਪਹੁੰਚੈ ਖਾਇ[1]।
ਅਬਿਨਾਸ਼ੀ ਜੋ ਨੀਤ ਰਹਾਇ ॥੩੦॥
ਸੋ ਸਰੂਪ ਅਪਨੋ ਪਹਿਚਾਨੋ।
ਰਹੋ ਅਨਦ ਸ਼ੋਕ ਨਹਿਂ ਠਾਨੋ।
ਇਸ ਸਮ ਸਦਾ, ਬਾਲ ਨਹਿਂ ਤਰੁਨਾ।
ਬ੍ਰਿੱਧ ਨ ਜਨਮ ਨ ਹੁਇ ਕਬਿ ਮਰਨਾ ॥੩੧॥
ਦੁਖ ਦਾਰਿੱਦ੍ਰ ਨਹੀਂ ਜਿਸ ਮਾਂਹੀ।
ਰੂਪ ਅਨੰਦ ਬਿਘਨ ਕੋ ਨਾਂਹੀ।
ਸ਼੍ਰੀ ਸਤਿਗੁਰ ਕੋ ਤਹਾਂ ਨਿਵਾਸੁ।
ਜਿਹ ਠਾਂ ਹਰਖ ਨ ਸ਼ੋਕ ਨ ਨਾਸੁ[†] ॥੩੨॥
ਪਰਮ ਦੁਖੀ ਲਖਿ ਜਗ ਕੇ ਜੀਵ।

[1]ਉਨ੍ਹਾਂ ਨੂੰ ਬੀ ਭਜਾਨਕ ਕਾਲ ਭੱਖਦਾ ਹੈ।

[1]ਭਾਵ, ਪੰਚ ਤੱਤ ਤੋਂ ਜਗਤ ਬਣਿਆ ਹੈ, ਸੋ ਪੰਚ ਤੱਤ ਜਗਤ ਦਾ ਕਾਰਨ ਹੋਏ, ਤਦ ਬਿਨਾਸ਼ ਸਰੂਪ ਦਾ ਕਾਰਜ, ਜੋ ਜਗਤ ਹੈ, ਕੀਕੂੰ ਅਵਿਨਾਸ਼ ਹੋ ਸਕਦਾ ਹੈ?

[1]ਬ੍ਰਹਮਾ।

[1]ਕਾਲ, ਯਮ [ਸੰਸ:, ਕਾਲਪੁਰਖ=ਕਾਲੁ, ਯਮ]।

[1]ਭਾਵ ਇਹ ਕਿ ਬ੍ਰਹਮਾ ਬਿਸ਼ਨੁ ਸ਼ਿਵ ਸਦਾ ਥਿਰ ਇਹ ਬੀ ਨਹੀਂ ਤਾਂ ਹੋਰ ਕੌਣ ਥਿਰ ਹੈ ਚੌਦਾਂ ਭਵਨਾਂ ਵਿਚ।

[†]ਪਾ:-ਸੱਤਾ ਚੇਤਨ ਮਾਤ੍ਰ।

[1]ਨਾ ਪਹੁੰਚਦਾ ਹੈ ਨਾ ਖਾ ਸਕਦਾ ਹੈ।

[†]ਪਾ:-ਜਗ ਮਗੁ ਜੋਤ ਤਹਾਂ ਪ੍ਰਕਾਸ਼।

ਜਿਨ ਕੇ ਮਨ ਸੁਖ ਸ਼ਾਂਤਿ ਨ ਥੀਵ।
ਦੇਹ ਅਹੰਤਾ ਧਰਿ ਧਰਿ ਗਾਢੇ।
ਦਿਨ ਪ੍ਰਤਿ ਰਾਗ ਦ੍ਵੈਖ ਬਹੁ ਬਾਢੇ ॥੩੩॥
ਪੰਚ ਕਲੇਸ਼ਨ[1] ਬਸੀ ਹਮੇਸ਼।

[1]ਪੰਜ ਕਲੇਸ਼ ਇਹ ਹਨ:-ਅਵਿੱਦਯਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ਼। [ਅਸ੍ਮਿਤਾ=ਪਦਾਰਥਾਂ ਸਬੰਧੀਆਂ ਵਿਚ ਅਹੰ ਬੁੱਧੀ। ਅਭਿਨਿਵੇਸ਼=ਮੌਤ ਦਾ ਡਰ, ਯਾ ਜੀਵਨ ਨਾਲ ਡਾਢੀ ਪਕੜ। ਇਹ ਹਿਸਾਬ ਯੋਗ ਦਰਸ਼ਨ ਦਾ ਹੈ]।

ਭਰਮਤਿ ਮਾਇਆ ਲਗੇ ਹਮੇਸ਼।
ਬਾਦ ਬਿਰੋਧੀ ਪਚਿ ਪਚਿ ਮਰੈਂ।
ਸੰਕਟ ਸਹੈਂ ਨਰਕ ਮਹੁ ਪਰੈਂ ॥੩੪॥
ਤਿਨ ਜੀਵਨ ਕੇ ਹਿਤ ਕੋ ਕਰਿਬੇ।
ਸਤਿਗੁਰ ਕਹੈਂ ਦੇਹ ਜਗ ਧਰਿਬੇ।
ਅਪਨੀ ਸ਼ਕਤਿ ਸਹਿਤ ਉਪਦੇਸ਼ੈਂ।
ਉਰ ਤੇ ਹਰਹਿਂ ਬਿਕਾਰ ਬਿਸ਼ੇਸ਼ੈ ॥੩੫॥
ਭਲੇ ਪੰਥ ਕੋ ਚਲਨ ਬਤਾਵੈਂ।
ਸ਼੍ਰੇਯ ਲਹੈਂ, ਤਿਸ ਰੀਤਿ ਚਲਾਵੈਂ।
ਕਸ਼ਟ ਨਰਕ ਤੇ ਲੇਤਿ ਬਚਾਇ।
ਜਗੇ ਭਾਗ ਨਰ ਸੋ ਗੁਰ ਪਾਇਂ ॥੩੬॥
ਲੇ ਉਪਦੇਸ਼ ਤਰੈ ਜਗ ਸਾਗਰ।
ਅਪਰ ਤਰਾਵਹਿਂ ਹੋਤਿ ਉਜਾਗਰ।
ਸ਼ੁਭ ਮਗ ਕੋ ਬਤਾਇ ਕਰਿ ਕਾਰਜ।
ਅਪਨਿ ਥਾਨ ਪਹੁੰਚੈ ਗੁਰ ਆਰਜ[1] ॥੩੭॥

[1]ਸ਼੍ਰੇਸ਼ਟ ਗੁਰੂ।

ਜਿਮ ਛਿਤਿ ਪਰ ਦੁਰਭਿੱਛ ਕਰਾਲਾ।
ਜਹਿਂ ਕਹਿਂ ਉਪਜਹਿ ਤਪਤ ਬਿਸਾਲਾ।
ਜੀਵ ਦੁਖੀ ਪਿਖਿ ਕੈ ਤਤਕਾਲਾ।
ਬਿਦਤਹਿ ਨਭ ਮਹਿਂ ਮੇਘਨਿ ਮਾਲਾ ॥੩੮॥
ਬਰਖਾ ਕਰਿ ਕੈ ਤਪਤਿ ਮਿਟਾਵੈ।
ਅੰਨ ਉਪਾਵਨ ਤੇ ਤ੍ਰਿਪਤਾਵੈ।
ਪੁਨ ਸੋ ਮੇਘ ਲੀਨ ਹੁਇ ਜਾਇਂ।
ਜਹਿਂ ਤੇ ਆਵਹਿਂ ਤਹਾਂ ਸਮਾਇਂ[1] ॥੩੯॥

[1]ਦ੍ਰਿਸ਼੍ਟਾਂਤ ਹੈ, ਇਕ ਅੰਗ ਲੈਣਾ ਹੈ।

ਤਿਮ ਸਤਿਗੁਰ ਕੇ ਲਖਹੁ ਸ਼ਰੀਰਾ।
ਸ਼ੁਭ ਮਗ ਉਪਦੇਸ਼ਤਿ ਕਰਿ ਧੀਰਾ।
ਨਿਜ ਸਥਾਨ ਮਹਿਂ ਪਹੁੰਚਹਿਂ ਜਾਇ।
ਨਿਤ ਸਿੱਖਨ ਕੇ ਰਹੈਂ ਸਹਾਇ ॥੪੦॥
ਉਪਜਹਿ ਪ੍ਰੇਮ ਭਾਉ ਮਨ ਜਾਂ ਕੇ।
ਅੰਗ ਸੰਗ ਸਤਿਗੁਰ ਹੈਂ ਤਾਂ ਕੇ।
ਸੱਤਿਨਾਮ ਸਿਮਰਨ ਕੌ ਦੀਨ।
ਜਿਸ ਤੇ ਬਨਹੁ ਨਹੀਂ ਕਬਿ ਦੀਨ ॥੪੧॥
ਧਰਾ ਰਾਜ ਹਿਤ ਸ਼ਸਤ੍ਰ ਗਹਾਏ।
ਮਰਹਿਂ ਜੰਗ ਮਹਿਂ ਸੁਰਗ ਸਿਧਾਏ।
ਦੇਵੀ ਮਾਤ ਅੰਕ ਮਹਿਂ ਪਾਏ†।
ਸਕਲ ਅਕਾਲ ਪੁਰਖ ਲੜ ਲਾਏ ॥੪੨॥
ਬੇਦ ਸ਼ਾਸਤ੍ਰ ਤੇ ਸਾਰ ਨਿਕਾਸਾ†।
ਨਿਜ ਬਾਣੀ ਮਹਿਂ ਗੁਰਨਿ ਪ੍ਰਕਾਸ਼ਾ।
ਪਠਹੁ ਸੁਨਹੁ ਉਪਦੇਸ਼ ਕਮਾਵਹੁ।
ਗੁਰ ਕੇ ਲੋਕ ਨਿਸੰਸੈ ਜਾਵਹੁ ॥੪੩॥
ਤਨ ਕੀ ਗਤਿ ਐਸੇ ਹੀ ਹੋਤਿ।
ਬਿਨਸ ਜਾਤਿ ਹੈ ਜਿਤਿਕ ਉਦੋਤ।
ਜਿਨਹੁਂ ਨਰਹੁਂ ਸਿਮਰਜੋ ਸਤਿਨਾਮੂ।
ਆਤਮ ਗਜਾਨੀ ਥਿਰ ਨਿਜ ਧਾਮੂ ॥੪੪॥
ਤਿਨਹੁਂ ਆਪਨੋ ਜਨਮ ਸੁਧਾਰਾ।
ਪਰੇ ਪਾਰ ਜਗ ਪਾਰਾਵਾਰਾ।
ਬਹੁਰ ਨ ਜਨਮ ਮਰਨ ਮਹਿਂ ਆਏ।
ਸਤਿ ਚੇਤਨ ਆਨੰਦ ਸਮਾਏ' ॥੪੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਤਿਗੁਰ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕਬਿੰਸਤੀ ਅੰਸੂ ॥੨੧॥

†ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।

†ਦੇਖੋ ਰਾਸ ੩ ਅੰਸੂ ੪੧, ੪੨ ਤੇ ੪੩ ਦੀਆਂ ਹੇਠਲੀਆਂ ਟੂਕਾਂ।

## ੨੨. [ਜੋਤੀ ਜੋਤ ਸਮਾਉਣ ਦੀ ਤਯਾਰੀ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਵੀਰਵਾਰ ਤਿਥ ਪੰਚਮੀ, ਕਾਤਿਕ ਸ਼ੁਦੀ ਸੁਜਾਨ।
ਭਈ ਪ੍ਰਭਾਤਿ ਅਨੰਦ ਚਿਤ, ਸ਼੍ਰੀ ਮੁਖ ਕਮਲ ਸਮਾਨ ॥੧॥

ਚੌਪਈ:

ਗਿਰਾ ਸੁਗੰਧਿ[1] ਲੇਨਿ ਕੇ ਕਾਰਨ।
ਮਿਲੇ ਚਾਹਿਂ ਨਰ ਮਧੁਪ ਹਜ਼ਾਰਨਿ।
ਜੱਗਜ ਬਿਖੈ ਸੁਨਿ ਸੁਨਿ ਗਨ ਗਏ।
ਅਪਰਨਿ ਸੰਗ ਜਨਾਵਤਿ ਭਏ ॥੨॥
ਜਹਿਂ ਜਹਿਂ ਸੁਧਿ ਪਹੁੰਚੀ ਗੁਰ ਕੇਰੀ।
ਮਹਿਮਾ ਭਾਖਤਿ ਬਡਹੁਂ ਬਡੇਰੀ।
'ਦਸਮ ਗੁਰੂ ਸੋਢੀ ਸੁਲਤਾਨ।
ਸ਼੍ਰੀ ਗੋਬਿੰਦ ਸਿੰਘ ਬਿਦਤ ਜਹਾਨ ॥੩॥
ਬੈਰੀ ਬਨ ਕੋ ਬੰਨ੍ਹਿ[1] ਬਿਸਾਲਾ।
ਬੀਰਨ ਬੀਚ ਬਡੇ ਬਲਵਾਲਾ।
ਲਰੇ ਅਸੰਖ ਸੰਗ ਘਨ ਸ਼ਯਾਮੂ[1]।
ਤਿਮ ਅਤਿਰਥੀ ਭਯੋ ਇਨ ਨਾਮੂ ॥੪॥
ਕਿਤਿਕ ਦਿਵਸ ਸੁਧਿ ਪ੍ਰਥਮ ਸੁਨਾਈ।
ਕਰੈਂ ਪ੍ਰਲੋਕ ਗਮਨ ਗਤਿ ਦਾਈ।
ਔਧ ਪੰਚਮੀ ਤਿਥਿ ਲੌ ਆਜ।
ਕਰਯੋ ਸਕੇਲਨ ਸਕਲ ਸਮਾਜ ॥੫॥
ਦੌਰਿ ਦੌਰਿ ਪਹੁੰਚਹੁ ਤਿਨ ਪੌਰ।
ਦਰਸਹੁ ਅਬਿ ਸੋਢੀ ਸਿਰਮੌਰ।
ਦੁਰਲਭ ਹੈ ਜਿਨ ਦਰਸ਼ਨ ਪਾਵਨ।
ਪਰਸੇ ਚਤੁਰ ਪਦਾਰਥ ਪਾਵਨ[1]' ॥੬॥
ਧਾਇ ਧਾਇ ਅਸ ਕਹਿ ਕਹਿ ਆਏ।
ਚਹੁਂ ਓਰ ਤੇ ਨਰ ਸਮੁਦਾਏ।
ਨਿਕਟ ਦੂਰ ਤੇ ਉਰ ਬਿਸਮਾਏ।
ਮਿਲੇ ਆਨਿ ਕਰਿ ਆਨੰਦ ਪਾਏ ॥੭॥
ਜੋਗੀ ਜਤੀ ਪੁੰਜ ਬ੍ਰਹਮਚਾਰੀ।
ਬੈਰਾਗੀ ਬਹੁ ਭੇਖਨ ਧਾਰੀ।

[1]ਬਾਣੀ ਰੂਪ ਸੁਗੰਧੀ।
[1]ਅਗਨੀ।
[1]ਜਿਵੇਂ ਲੜੇ ਸਨ ਕ੍ਰਿਸ਼ਨ ਜੀ ਅਸੰਖਾਂ ਨਾਲ।
[1]ਪਾਈਦੇ ਹਨ।

ਹਿੰਦੂ ਤੁਰਕ ਸੁਨੇ ਜਬਿ ਜਿਸ ਕਿਸ।
ਉਤਲਾਵਤਿ ਆਵਤਿ ਗਨ ਸਭਿ ਦਿਸ਼ਿ
॥੮॥
ਪੀਰ ਫਕੀਰ ਸਾਧ ਸਭਿ ਆਏ।
ਦਰਸਹਿਂ ਚੌਂਪ ਵਧਾਵਤਿ ਧਾਏ।
'ਧੰਨ ਧੰਨ ਗੁਰ ਸਤਿਗੁਰ ਪੂਰੇ।'
ਕਹੈਂ ਸਕਲ ਇਮ ਨਿਕਟ ਕਿ ਦੂਰੇ ॥੯॥
ਚਹੁੰਦਿਸ਼ਿਨਿ ਤੇ ਮੇਲਾ ਭਯੋ।
ਸਤਿਗੁਰ ਸਭਿ ਕੋ ਦਰਸ਼ਨ ਦਯੋ।
ਚਾਰ ਘਰੀ ਲਗਿ ਥਿਰੇ ਦਿਵਾਨ।
ਪੁਨ ਇਕੰਤ ਭੇ ਪ੍ਰਭੁ ਸੁਜਾਨ ॥੧੦॥
ਦੇਗ਼ ਸਭਿਨਿ ਕੋ ਤਹਿਂ ਬਰਤਾਈ।
ਬਾਂਛਤਿ ਲੇ ਕਰਿ ਅਚਿ ਸਮੁਦਾਈ।
ਸ਼੍ਰੀ ਗੁਰ ਅਪਨੋ ਥਾਰ ਅਨਾਯੋ।
ਅਚਰੋ ਅਹਾਰ ਜਥਾ ਰੁਚਿ ਭਾਯੋ ॥੧੧॥
ਪਨਹਿ ਪਾਨ ਹਿਤ ਪਾਨ ਕਟੋਰਾ[1]। — [1]ਪੀਣ ਲਈ ਪਾਣੀ ਦਾ ਕਟੋਰਾ।
ਪਾਨ ਗਹਯੋ[1] ਕਿਯ ਆਨਨ ਓਰਾ[2] । — [1]ਹੱਥ ਵਿਚ ਫੜਿਆ। [2]ਮੁੱਖ ਵੱਲ।
ਕੁਛਕ ਪੀਯੋ ਪੁਨ ਚੁਰਾ ਸੁਧਾਰਾ।
ਪਾਨ ਪਖਾਰੇ ਥਿਰੇ ਉਦਾਰਾ ॥੧੨॥
ਕਿਤਿ ਸਮੇਂ ਪੌਢੇ ਪਰਯੰਕਾ।
ਸਾਗਰ ਸੋਢੀ ਬੰਸ ਮਯੰਕਾ[1]। — [1]ਸੋਢੀ ਬੰਸ ਰੂਪੀ ਸਮੁੰਦਰ ਦੇ ਚੰਦ੍ਰਮਾਂ।
ਡੇਢ ਜਾਮ ਜਬਿਹੂੰ ਦਿਨ ਰਹਯੋ।
ਸੁੱਖੇ ਅਰੁ ਅਫੀਮ ਹਿਤ ਕਹਯੋ ॥੧੩॥
ਮਾਦਿਕ ਛਕੇ ਸੌਚ ਕੋ ਧਰੇ।
ਪੁਨ ਸ਼ਨਾਨ ਆਛੀ ਬਿਧਿ ਕਰੇ।
ਪੋਸ਼ਿਸ਼ ਸਭਿ ਨਵੀਨ ਅਨਵਾਈ।
ਸ਼ੁਸ਼ਕ ਕਾਛ ਕਟਿ ਕਸੀ[†] ਸੁਹਾਈ — [†]ਪਾ:-ਕਛੀ।
॥੧੪॥
ਕੇਸਨ ਤੇ ਸਭਿ ਨੀਰ ਨਿਚੋਰਾ।
ਧੂਪ ਧੁਖਾਇ ਗੰਧ ਝਕਝੋਰਾ[1]। — [1]ਸੁਗੰਧੀ ਵਿੱਚ ਮਿਲਾਇਆ।
ਜੁਰਾ ਨੀਕੀ ਰੀਤਿ ਬਨਾਯੋ।
ਸ਼ਮਸ਼ ਮੂਛ ਕੇਸ਼ਨ ਚਿਕਨਾਯੋ ॥੧੫॥

ਸੂਖਮ ਨੀਕ ਨਈ ਉਸ਼ਨੀਕ[1]। [1]ਦਸਤਾਰ।
ਚਿਨ ਕਰਿ ਧਰਿ ਥਿਰ ਦਾਸ ਨਜੀਕ।
ਜੁਰੇ ਸੰਗ ਛੋਰ[1] ਅਟਕਾਯੋ। [1]ਪੱਲਾ।
ਪੁਨ ਚਹੁੰ ਓਰ ਪੇਚ ਲਪਟਾਯੋ ॥੧੬॥
ਸਨੇ ਸਨੇ ਸਭਿ ਪੇਚ ਪ੍ਰਵਾਰੇ।
ਪੁਨ ਜੁਰੇ ਪਰ ਲਗਾਇ ਸੁਧਾਰੇ।
ਮੁਕਰ ਮਹਾਨ ਦਿਖਾਇ ਅਗਾਰੀ।
ਬਹੁ ਬਿਧਿ ਤੇ ਦਸਤਾਰ ਸਵਾਰੀ ॥੧੭॥
ਪੁਨ ਖਜ਼ਾਨਚੀ ਜਿਗਾ ਦਿਖਾਈ।
ਬਹੁਤ ਮੋਲ ਕੀ ਰੁਚਿਰ ਬਨਾਈ।
ਪਾਗ ਭਾਲ ਪਰ ਬੰਧਿ ਸਜਾਈ।
ਪੰਕਤਿ ਹੀਰਨ ਕੀ ਦਮਕਾਈ ॥੧੮॥
ਜ਼ਬਰ ਜਵਾਹਰ ਜ਼ਾਹਰ ਜੋਤਿ।
ਜਗਮਗ ਜਗਮਗ ਸ਼ੋਭ ਉਦੋਤਿ।
ਮੁਕਤਾ ਗੁੱਛਨ ਸ਼ੁਭਤਿ[†] ਉਜਾਲਾ। [†]ਪਾ:-ਸ੍ਵੱਛ।
ਸੁੰਦਰ ਕਲਗ਼ੀ ਬੰਨੀ ਬਿਸਾਲਾ ॥੧੯॥
ਨਾਨਾ ਰੰਗ ਜਵਾਹਰ ਲਾਗੇ।
ਘੜਤ ਅਨੂਠੀ ਜ਼ੇਬ ਸੁ ਜਾਗੇ।
ਲੇ ਕਰਿ ਸੰਗ ਉਤੰਗ ਸਜਾਈ।
ਹਾਲੇ ਸਿਰ[1] ਝੁਲਤਿ ਦਮਕਾਈ ॥੨੦॥ [1]ਸਿਰ ਹਿੱਲਿਆ।
ਸੂਖਮ ਤੇ ਸੂਖਮ ਬਰ ਚੀਰ।
ਜਾਮਾ ਪਹਿਰਜੋ ਦਿਪੈ ਸਰੀਰ।
ਬਹੁ ਪਾਲਨ ਕੋ ਸਜਜੋ ਬਿਸਾਲਾ।
ਬੰਦ ਬੰਦ[1], ਲਰਕਾਇ, ਸੁ ਢਾਲਾ[2] ॥੨੧॥ [1]ਤਣੀਆਂ ਬੰਨ੍ਹੀਆਂ। [2]ਢਾਲ ਲਰਕਾਈ।
ਤੀਖਨ ਧਾਰਾ ਖੜਗ ਕਰਾਲੇ।
ਕੰਚਨ ਮੁਸ਼ਟ ਜੜਤ ਨਗ ਨਾਲੇ।
ਜਿਸ ਤੇ ਲਗੇ ਮੁਨਾਲਿ ਤਨਾਲਾ[1]।

[1]ਮਨਾਲ=ਮਿਆਨ ਦੇ ਉਪਰ ਵਲ ਲੱਗਾ ਲੋਹੇ ਚਾਂਦੀ ਯਾ ਸੋਨੇ ਦਾ ਸੰਮ ਜਿਸ ਵਿਚ ਕੁੰਡੇ ਹੁੰਦੇ ਹਨ ਜਿਨ੍ਹਾਂ ਵਿਚੋਂ ਤਸਮੇ ਕੱਢਕੇ ਤਲਵਾਰ ਪੇਟੀ ਨਾਲ ਬੰਨ੍ਹੀਦੀ ਹੈ। ਮਿਆਨ ਦੇ ਹੇਠਲੇ ਪਾਸੇ ਜਿਧਰ ਤਲਵਾਰ ਦੀ ਨੋਕ ਹੁੰਦੀ ਹੈ ਉਸ ਸੰਮ ਤੇ ਠੁਹਕਰ ਨੂੰ 'ਤਨਾਲ' ਕਹਿੰਦੇ ਹਨ। ਪਾਠ 'ਮਨਾਲਤ ਨਾਲਾ' ਕਰਕੇ ਅਰਥ ਕਰਨਾ ਕਿ 'ਮਣੀਆਂ ਲਗੀਆਂ ਹਨ' ਗ਼ਲਤ ਹੈ।

ਕੜੀਆਂ ਅਰ ਚਪੜਾਸੁ[1] ਬਿਸਾਲਾ

॥੨੨॥

[1]ਕੜੀ=ਮਿਆਨ ਦਾ ਕੁੰਡਾ। ਚਪੜਾਸ=ਬਕਸੂਆ। (ਅ) ਪੇਟੀ ਨਾਲ ਲੱਗਾ ਮੋਢੇ ਦੇ ਉਪਰੋਂ ਦੀ ਹੋਕੇ ਦੋਹੀਂ ਦਾਈਂ ਪੇਟੀ ਤਕ ਆਇਆ ਗਾਤ੍ਰਾ। (ੲ) ਅਜ ਕਲ ਚਪੜਾਸ ਉਸ ਧਾਤ ਦੀ ਫੱਟੀ ਨੂੰ ਕਹਿੰਦੇ ਹਨ ਜੋ ਚਪੜਾਸੀ ਦੇ ਲੱਗੀ ਹੁੰਦੀ ਹੈ।

ਚਾਮੀਕਰ ਕੇ ਚਮਕਤਿ ਚਾਰੁ।
ਜ਼ਰੀ ਗਾਤਰਾ ਜਿਹ ਗੁਲਜ਼ਾਰ[1]। — [1]ਜਰੀਦਾਰ ਗਾਤਰਾ ਜਿਸ ਵਿਚ ਬੇਲ ਬੂਟੇ ਕੱਢੇ ਹੋਏ ਸਨ।

ਸ੍ਰੀ ਸਤਿਗੁਰ ਲੇ ਕਰਿ ਤਿਹ ਸਮੋਂ।
ਪਹਿਰਨ ਤੇ ਪੂਰਬ ਕਰਿ ਨਮੋ ॥੨੩॥
ਭਰਜੋ ਨਿਖੰਗ ਖਤੰਗਨ ਖਰਨਿ।
ਕੰਚਨ ਲਗੇ ਭਏ ਸ਼ੁਭ ਬਰਨ।
ਜਰੇ ਕੰਕ ਕੇ ਦੀਰਘ ਪਰਨ[1]। — [1]ਬਾਣਾਂ ਨਾਲ ਕੰਕ ਦੇ ਵੱਡੇ ਖੰਭ ਜੜੇ ਹੋਏ।
ਜਨੁ ਸਰਪਨ ਕੋ ਘਰ ਹਿਤ ਥਿਰਨ[1] ॥੨੪॥ — [1]ਭੱਥਾ) ਮਾਨੋਂ ਸੱਪਾਂ ਦਾ ਘਰ ਹੈ ਠਹਿਰਣ ਲਈ।

ਲੇ ਕਰਿ ਗਰੇ ਬਿਖੇ ਤਬਿ ਪਾਯੋ।
ਦੁਇ ਦਿਸ਼ਿ ਤਰਕਸ਼ ਖੜਗ ਸੁਹਾਯੋ।
ਲੇ ਦੁਕੂਲ[1] ਬਹੁ ਮੋਲਾ ਹਾਥ। — [1]ਦੁਪੱਟਾ।
ਕਮਰ ਕਸੀ ਦ੍ਰਿਢ ਬਲ ਕੇ ਸਾਥ ॥੨੫॥
ਬਿਛੂਆ, ਖੰਜਰੁ, ਬਾਂਕ, ਕਟਾਰ।
ਪੇਸ਼ ਕਬਜ਼ ਇਹ ਧਰੇ ਸੁਧਾਰਿ।
ਕਮਕਰਸਾ ਆਛੀ ਬਿਧਿ ਕਰਜੋ।
ਜਥਾ ਜੋਗ ਆਯੁਧ ਗਨ ਧਰਜੋ ॥੨੬॥
ਮਨਹੁਂ ਸਰਦ ਰਿਤੁ ਕੋ ਘਨ ਠਟਾ[1]। — [1]ਮਾਨੋਂ ਸਰਦ ਰਿਤੁ ਵਿਚ ਬੱਦਲ ਦਾ ਠਾਟ ਹੋਇਆ ਹੈ।
ਕੰਚਨ ਲਿਪਤ ਸ਼ਸਤ੍ਰ; ਦੁਤਿ ਛਟਾ[1]। — [1]ਇਹ ਬਿਜਲੀ ਦਾ ਪ੍ਰਕਾਸ਼ ਹੈ (ਮਾਨੋਂ)।
ਉੱਜਲ ਮੁਕਤਾਹਲ[1] ਕੀ ਮਾਲਾ। — [1]ਮੋਤੀ [ਸੰਸ: ਮੁਕ੍ਤਾਫਲ]।
ਮਨਹੁ ਬਲਾਕਾ[1] ਸ਼ੁਭਤਿ ਬਿਸਾਲਾ ॥੨੭॥ — [1]ਬਗਲਿਆਂ ਦੀ ਪੰਕਤੀ।
ਕਰਿ ਮਹਿਂ ਧਨੁਖ ਇੰਦ੍ਰਧਨੁ ਸ਼ੋਭਾ[1]। — [1]ਜਿਸ ਦੀ ਸ਼ੋਭਾ ਅਕਾਸ਼ੀ ਪੀਂਘ ਦੀ ਹੈ।
ਸਿੱਖੀ ਸਿਖ ਮਨ ਆਨੰਦ ਗੋਭਾ[1]। — [1]ਸਿੱਖਾਂ ਦੇ ਮਨ ਰੂਪ ਅੰਦਰ ਰੂਪ ਲਗਰਾਂ ਪਰ ਲੋਭ ਰਹੇ ਹਨ। [ਸੰਸ: ਸ਼ਿਖਨਿ=ਮੋਰ। ਗੋਭਾ=ਲਗਰ]।

ਬੋਲਨ ਮਧੁਰੀ ਧੁਨਿ ਗੰਭੀਰ।
ਸੁਨਿ ਹਰਖਤਿ ਜਨੁ ਚਾਤ੍ਰਿਕ ਤੀਰ ॥੨੮॥

ਜਾਚਤਿ ਬੂੰਦ ਗ੍ਯਾਨ ਉਪਦੇਸ਼।
ਹਰਨ ਤ੍ਰਿਖਾ ਬਿਸ਼ਨਾਯਿ ਕਲੇਸ਼।
ਚਹੁੰਦਿਸ਼ਿ ਤੇ ਦਰਸ਼ਨ ਹਿਤ ਆਏ।
ਲਖਹਿਂ ਮਹਾਤਮ ਕੋ ਮੁਦ ਪਾਏ ॥੨੯॥
ਵਹਿਰ ਸਿੰਘਾਸਨ ਪਰ ਪ੍ਰਭੁ ਥਿਰੇ।
ਸਭਿਨਿ ਕਾਮਨਾ ਪੂਰਵਨਿ ਕਰੇ।
ਹਾਥ ਬੰਦਿ ਕਰਿ ਨਾਥਹਿ ਬੰਦਹਿਂ[1]। — [1](ਸਿੱਖ) ਗੁਰੂ ਜੀ ਨੂੰ ਬੰਦਨਾਂ ਕਰਦੇ ਹਨ।
ਕੇਚਿਤ ਸਿਰ ਧਰਿ ਪਦ ਅਰਬਿੰਦਹਿਂ ॥੩੦॥
ਉਚਰਹਿਂ ਉਸਤਤਿ ਕਰਹਿਂ ਸੁਨਾਵਨ।
'ਜਗਤ ਉਧਾਰਨ ਹਿਤ ਤੁਮ ਆਵਨ।
ਲਾਖਨ ਕੋ ਦੇ ਕਰਿ ਬ੍ਰਹਮ ਗ੍ਯਾਨ।
ਲਾਖਹੁਂ ਲਾਗੇ ਭਗਤਿ ਮਹਾਨ ॥੩੧॥
ਗੁਰ ਸਿੱਖੀ ਜਿਤ ਕਿਤ ਬਿਸਤਾਰੀ।
ਦੇ ਉਪਦੇਸ਼ ਬਿਸ਼ਯ ਬਿਖ ਟਾਰੀ।
ਪੰਥ ਖਾਲਸਾ ਉਤਪਤਿ ਕਰਜੋ।
ਤੁਰਕ ਤੇਜ ਜਗ ਤੇ ਪਰਿਹਰਜੋ' ॥੩੨॥
ਇੱਤ੍ਯਾਦਿਕ ਜਸੁ ਕਰਹਿਂ ਉਚਾਰਨ।
ਦਰਸ਼ਨ ਪ੍ਰਾਪਤਿ ਨਰਨ ਹਜ਼ਾਰਨ।
ਸ਼੍ਰੀ ਮੁਖ ਸਭਿਨਿ ਸੁਨਾਇ ਬਖਾਨਾ।
'ਸੁਨਹੁਂ ਖਾਲਸਾ ਬਨੁ ਸਵਧਾਨਾ ॥੩੩॥
ਤਨਹੁਂ ਕਨਾਤ ਚੁਗਿਰਦੇ ਭਲੇ।
ਜਿਸ ਤੇ ਦੂਰ ਹੁਇ ਨਰ ਖਲੇ।
ਸਭਿ ਚੰਦਨ ਈਂਧਨ ਤਿਸ ਮਾਂਹੀ।
ਪਹੁੰਚਹੁ ਲੇਹ ਚਿਤਾ ਰਚਿ ਤਾਂਹੀ ॥੩੪॥
ਪ੍ਰਥਮ ਭੂ ਕੌ ਲੇਪਹੁ ਸਾਰੇ।
ਤਿਸ ਪਰ ਕੁਸ਼ਾ ਦੇਹੁ ਬਿਸਤਾਰੇ।
ਚੰਦਨ ਚਿਤਾ ਰਚਹੁ ਤਹਿਂ ਫੇਰ।
ਜਵ ਤਿਲ ਘ੍ਰਿਤ ਆਦਿਕ ਵਿਚ ਗੇਰਿ ॥੩੫॥
ਸ਼ੌਰਭਿ[1] ਧਰਹੁ ਸਕਲ ਤਹਿਂ ਜਾਈ। — [1]ਸੁਗੰਧੀਆਂ।
ਕੀਜਹਿ ਤ੍ਯਾਰੀ ਬਿਲਮ ਬਿਹਾਈ।

ਸ਼ੌਚ ਸ਼ਨਾਨ ਸਰਬ ਹਮ ਕੀਨਿ।
ਪੋਸ਼ਿਸ਼ ਨਈ ਪਹਿਰ ਤਨ ਲੀਨ ॥੩੬॥
ਨਹਿਂ ਬਾਂਛੋ ਤੁਮ ਅਪਰ ਕਰਨ ਕੋ[1]।
ਬਸਤ੍ਰ ਪਹਿਰ ਕਿਯ ਸ਼ਸਤ੍ਰ ਧਰਨ ਕੋ।
ਇਹੀ ਰਹੈਂਗੇ ਸੰਗ ਹਮਾਰੇ।
ਭਲੀ ਭਾਂਤਿ ਸਭਿ ਅੰਗੀਕਾਰੇ' ॥੩੭॥
ਸੁਨਿ ਆਇਸੁ ਕੋ ਸਿੰਘ ਸਿਧਾਰੇ।
ਤਨੀ ਕਨਾਤ ਚੁਗਿਰਦੇ ਸਾਰੇ।
ਗਾਡੀ ਕਰਿ ਗਾਢੀ ਗਨ ਮੇਖ[1]।
ਡੋਰੈਂ ਬੰਧਨ ਕੀਨਿ ਅਸ਼ੇਖ ॥੩੮॥
ਲੇਪਨ ਕਰਿ ਅੰਤਰ ਕੋ ਥਾਏ।
ਚੰਦਨ ਕੋ ਉਚਾਇ ਕਰਿ ਲਜਾਏ।
ਗਨ ਈਂਧਨ ਤੇ ਚਿਖਾ ਮਹਾਨੀ।
ਰਚੀ ਭਲੀ ਬਿਧਿ ਦਿਢ ਬਹੁ ਠਾਨੀ[1] ॥੩੯॥
ਜ੍ਵਲਿਤ ਹੁਤਾਸਨ ਪਰਹਿ ਨ ਗਿਰਿ ਕੈ।
ਇਸ ਪ੍ਰਕਾਰ ਰਚਿ ਕਾਸ਼ਟ ਧਰਿ ਕੈ।
ਸ਼ੀਸ਼ੇ[1] ਬਹੁ ਗੁਲਾਬ ਕੇ ਛਿਰਕੇ।
ਸਹਤ ਕਨਾਤ ਭਿਗੋਵਨ ਕਰਿਕੇ ॥੪੦॥
ਅਤਰ ਫੁਲੇਲ ਚਿਖਾ ਮਹੁਂ ਡਾਰਾ।
ਜਹਿਂ ਕਹਿਂ ਉਠੀ ਅਧਿਕ ਮਹਿਕਾਰਾ।
ਇੱਤਯਾਦਿਕ ਸਭਿ ਕਾਰਜ ਕਰਿ ਕੈ।
ਸਤਿਗੁਰ ਕੋ ਪਰਲੋਕ ਸਿਮਰਿ ਕੈ ॥੪੧॥
ਸ਼ੋਕ ਸਹਿਤ ਸੋਗਨਿ ਤੇ ਸੋਚਤਿ।
ਬੂੰਦ ਬਿਲੋਚਨ ਤੇ ਜਲ ਮੋਚਤਿ।
-ਕਿਸ ਅਲੰਬ ਅਬਿ ਕਰਿ ਹੈਂ ਬਾਸਾ।
ਕਿਤ ਦਰਸ਼ਨ ਪ੍ਰਾਪਤਿ ਸੁਖ ਰਾਸਾ ॥੪੨।
ਕਰਹਿ ਕੌਨ ਹਮ ਕੋ ਉਪਦੇਸ਼।
ਤਜਯੋ ਦੇਸ਼ ਨਿਜ ਬੀਚ ਬਿਦੇਸ਼-।
ਇੱਤਯਾਦਿਕ ਉਰ ਬਿਖੈ ਬਿਚਾਰੈਂ।
ਹਾਥ ਸਾਥ ਸਭਿ ਕਾਜ ਸੁਧਾਰੈਂ ॥੪੩॥

[1]ਹੋਰ ਕੁਛ ਨਾਂ ਕਰੋ।

[1]ਸਾਰੀਆਂ ਮੇਖਾਂ ਡੂੰਘੀਆਂ ਕਰਕੇ ਗੱਡੀਆਂ।

[1]ਬਹੁਤ ਪੱਕੀ ਕੀਤੀ।

[1]ਪਤਲੇ ਕੱਚ ਦੀਆਂ ਦੇਸੀ ਬਣੀਆਂ ਵੱਡੀਆਂ ਬੋਤਲਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ
ਐਨੇ 'ਬੈਕੁੰਠ ਗਮਨ ਤਜਾਰੀ' ਪ੍ਰਸੰਗ ਬਰਨਨੰ
ਨਾਮ ਦ੍ਵੈ ਬਿੰਸਤੀ ਅੰਸੂ ॥੨੨॥

## ੨੩. [ਜੋਤੀ ਜੋਤ ਸਮਾਉਣ ਦੀ ਤਿਆਰੀ। ਸੰਗਤ ਨੂੰ ਉਪਦੇਸ਼]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਕਰਿ ਤਯਾਰੀ ਸਭਿ ਰੀਤਿ ਕੀ, ਸਿਖ ਸਗਰੇ ਚਲਿ ਆਇ।
ਹਾਥ ਬੰਦਿ ਬੋਲਤਿ ਭਏ, ਗਦ ਗਦ ਗਿਰਾ ਸੁਨਾਇ ॥੧॥

ਚੌਪਈ:

'ਮਹਾਂਰਾਜ ਕੀ ਆਇਸੁ ਜੈਸੀ।
ਮਿਲੇ ਸਕਲ ਕੀਨੀ ਕ੍ਰਿਤ ਤੈਸੀ।'
ਸਤਿਗੁਰ ਹੇਰਿ ਖਾਲਸੇ ਓਰੀ।
ਜਿਨਹੁ ਦ੍ਰਿਗਨਿ ਤੇ ਆਂਸੂ ਛੋਰੀ ॥੨॥
-ਮਮ ਸਰੂਪ ਕੇ ਪ੍ਰੇਮੀ ਮਹਾਂ।
ਸਰਬ ਤਯਾਗੇ ਪਹੁੰਚੇ ਇਹਾਂ-।
ਇਸ ਬਿਧਿ ਕਰਤੇ ਸੰਧ੍ਯਾ ਹੋਈ।
ਸ਼੍ਰੀ ਪ੍ਰਭੁ ਦਰਸ ਕੀਯੋ ਸਭਿ ਕੋਈ ॥੩॥
ਤਬਿ ਸਾਦਰ ਸਭਿ ਨਿਕਟ ਬਿਠਾਰੇ।
ਕਹ੍ਯੋ 'ਸ਼ੋਕ ਨਹਿਂ ਕਰੀਯਹਿ ਪਯਾਰੇ!
ਥੂਲ ਸ਼ਰੀਰ ਸੰਜੋਗ ਵਿਜੋਗ[1]।
ਈਸ਼ੁਰ ਨੇਤਿ[1] ਚੌਦਹੂੰ ਲੋਗ ॥੪॥
ਤਨ ਸਨੇਹੁ ਨਹਿਂ ਨਿਭਿ ਹੈ ਕਯੋਂ ਹੂੰ।
ਸਿਕਤਾ ਸਦਨ ਨਦੀ ਤਟ ਜਯੋਂ ਹੂੰ।
ਨਿਸ਼ਚੈ ਸ਼ਬਦ ਰਿਦਾ ਹੈ ਮੇਰੋ।
ਤਿਹ ਸੋਂ ਮਿਲੀਯਹਿ ਸੰਝ ਸਵੇਰੋ ॥੫॥
ਹਰਿ ਗੁਰ ਗੁਨ ਮਹਿਂ[1] ਮਨਹਿ ਪਰੋਵਹੁ।
ਤਿਨ ਸੋਂ ਮਿਲਿ ਨਯਾਰੇ ਨਹਿਂ ਹੋਵਹੁ।
ਹਲਤ ਰੁ ਪਲਤ ਸਹਾਇਕ ਜੋਵਹੁ।
ਜਮ ਆਦਿਕ ਕੋ ਡਰ ਉਰ ਖੋਵਹੁ' ॥੬॥
ਸੁਨਤਿ ਖਾਲਸੇ ਕੀਨਸਿ ਬਿਨਤੀ।
ਸ਼੍ਰੀ ਪ੍ਰਭੁ! ਹਮ ਸਭਿ ਕੇ ਮਨ ਗਿਨਤੀ।
ਨੌ ਪਤਿਸ਼ਾਹਿ ਅੰਤ ਕੋ ਸਾਰੇ।
ਸੰਗਤਿ ਲਰ ਪਕਰਾਇ ਉਦਾਰੇ ॥੭॥
ਪੁਨ ਬੈਕੁੰਠ ਗਮਨ ਕੋ ਕਰੈਂ।
ਹਮ ਕਿਸ ਕੇ ਪਗ ਪਰ ਸਿਰ ਧਰੈਂ?

[1]ਸਥੂਲ ਸ਼ਰੀਰ ਮਿਲਦੇ ਤੇ ਵਿਛੜਦੇ ਰਹਿੰਦੇ ਹਨ।
[1]ਨੀਯਤ ਕੀਤੀ ਗੱਲ। ਭਾਵੀ।
[1]ਹਰੀ ਤੇ ਗੁਰੂ ਦੇ ਗੁਣ ਵਿਚ।

ਕਿਹ ਕੇ ਕਰਿ ਅਲੰਬ ਕੋ ਚਲੇ?
ਪੰਥ ਖਾਲਸਾ ਤੁਮਰੋ ਭਲੇ?' ॥੮॥
ਸ਼੍ਰੀ ਮੁਖ ਤੇ ਤਬਿ ਧੀਰਜ ਦੀਨ।
'ਹਮ ਸਭਿ ਬਾਤ ਪ੍ਰਥਮ ਕਰਿ ਲੀਨਿ।
ਗੰਢ ਅਕਾਲ ਪੁਰਖ ਸੋਂ ਪਾਯੋ।
ਸੌਂਪਨ ਕਰਿ ਅੰਚਰ ਪਕਰਾਯੋ ॥੯॥
ਸਦਾ ਰਹਹੁ ਪ੍ਰਭੁ ਚਰਨਨਿ ਸ਼ਰਨੀ।
ਅਪਰਨ ਕੀ ਆਸਾ ਨਹਿਂ ਕਰਨੀ।
ਲੋਕ ਸੁਖੀ ਪਰਲੋਕ ਸੰਤੋਸ਼ਾ।
ਨਿਤ ਪ੍ਰਤਿ ਰਾਖਹੁ ਗੁਰੂ ਭਰੋਸਾ ॥੧੦॥
ਪਢੀਯਹਿ ਸਰਬ ਗੁਰਨਿ ਕੀ ਬਾਨੀ।
ਰਖੀਯਹਿ ਰਹਤ ਜੁ ਹਮਹੁਂ ਬਖਾਨੀ।
ਪਾਯਹੁ ਮਾਤ ਕਾਲਿਕਾ ਗੋਦਿ।
ਪੰਥ ਖਾਲਸਾ ਲਹੈ ਪ੍ਰਮੋਦ ॥੧੧॥
ਸਿੰਘ ਸੁ ਰਹਤ ਪੰਚ ਜਹਿਂ ਮਿਲੇਂ।
ਸਮ ਸਰੂਪ ਸੋ ਦੇਖਹੁ ਭਲੇ।
ਭੋਜਨ ਛਾਦਨ ਜੋ ਤਿਨ ਦੇਇ।
ਮੋ ਕਹੁ ਪਹੁੰਚਾਵਤਿ ਸਿਖ ਸੇਇ ॥੧੨॥
ਮਨਹੁਂ ਕਾਮਨਾ ਤਿਨ ਤੇ ਪ੍ਰਾਪਤਿ।
ਸ਼ਰਧਾ ਧਰੇ ਚਿੰਤ ਦੁਖ ਖਾਪਤਿ।
ਸਿਖ ਪੰਚਨ ਮਹਿਂ ਮੇਰੋ ਬਾਸਾ।
ਪੂਰਨ ਕਰੌਂ ਧਰਹਿਂ ਜੇ ਆਸਾ ॥੧੩॥
ਆਯੁਧ ਬਿੱਦਜਾ ਕੋ ਅੱਭਜਾਸਹੁ।
ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।
ਜਗਤ ਪਦਾਰਥ ਸਗਰੇ ਪਾਵਹੁ।
ਭੋਗਹੁ ਆਪ ਭਿ ਅਵਰ ਭੁਗਾਵਹ ॥੧੪॥
ਮਰਹੁ ਜੁੱਧ ਮਹਿਂ ਸੁਰਗ ਸਿਧਾਰਹੁ।
ਸਹਿਕਾਮੀ ਸੁਖ ਸਕਲ ਬਿਹਾਰਹੁ।
ਨਿਹਕਾਮੀ ਹੁਇ ਮੁਝ ਸੋਂ ਮੇਲ।
ਪਰਹਿ ਨ ਜਨਮ ਮਰਨ ਕੋ ਗੈਲ ॥੧੫॥
ਕਰੋ ਸ਼ਨਾਨ ਨਾਮ ਅਰੁ ਦਾਨ।

ਪ੍ਰੇਮ ਸਮੇਤ ਲਹਹੁ ਕੱਲਜਾਨ।
ਬਿਦਤ ਖਾਲਸਾ ਪੰਥ ਭਵਿੱਖਜ।
ਅਵਨੀ ਰਾਜ ਕਰਹਿਂ ਮਿਲਿ ਸਿੱਖਜ ॥੧੬॥
ਦਿਨ ਪ੍ਰਤਿ ਤੁਰਕ ਨਾਸ਼ ਕੋ ਪ੍ਰਾਪਤਿ।
ਬਚਹਿਂ ਜਿ, ਰੰਕ ਹੋਹਿਂ ਲਹਿਂ ਆਪਤਿ[1]।

[1]ਦਿਨੋਂ ਦਿਨ ਮੁਗਲ ਨਾਸ਼ ਨੂੰ ਪ੍ਰਾਪਤ ਹੋਣਗੇ ਜੋ ਬਚਣਗੇ ਸੋ ਕੰਗਾਲ ਹੋਕੇ ਦੁਖੀ ਹੋਣਗੇ।

ਕੀਨੇ ਗਨ ਅਪਰਾਧ ਬਿਸਾਲਾ।
ਤਿਨ ਕੋ ਫਲ ਹ੍ਵੈ ਹੈ ਇਨ ਕਾਲਾ ॥੧੭॥
ਅੰਗ ਸੰਗ ਮੁਝ ਕੋ ਨਿਤ ਜਾਨਹੁਂ।
ਸਦਾ ਸਹਾਇਕ ਅਪਨੋ ਮਾਨਹੁਂ।
ਨਿਤ ਪ੍ਰਤਿ ਗੁਰਬਾਣੀ ਅੱਭਜਾਸਹੁ।
ਕੈ ਸ਼ਸਤ੍ਰਨਿ ਸਨ ਸ਼ੱਤ੍ਰ ਬਿਨਾਸ਼ਹੁ ॥੧੮॥
ਦਸਹੁਂ ਗੁਰੁਨਿ ਜਿਮ ਕਰੇ ਬਿਲਾਸਾ।
ਸੁਨਹੁਂ ਪ੍ਰੇਮ ਧਰਿ ਸਭਿ ਇਤਿਹਾਸਾ।
ਅਭਿਮਤਿ ਦੇਤਿ ਸਹਤ ਕੱਲਜਾਨ।
ਸੁਖ ਪ੍ਰਾਪਤਿ ਪਾਠਕ ਸ਼੍ਰੋਤਾਨਿ ॥੧੯॥
ਗੁਰੂ ਖਾਲਸਾ ਖਾਲਸਾ ਗੁਰੂ।
ਅਬਿ ਤੇ ਹੁਇ ਐਸੀ ਬਿਧਿ ਸ਼ੁਰੂ।
ਅਪਨੀ ਜੋਤਿ ਖਾਲਸੇ ਬਿਖੈ।
ਹਮ ਨੇ ਧਰੀ ਸਕਲ ਜਗ ਪਿਖੈ[†] ॥੨੦॥

[†]ਪੰਥ ਨੂੰ ਗੁਰਗਾਦੀ ਚਮਕੌਰ ਤੋਂ ਵਿਦਾ ਹੋਣ ਲੱਗੇ ਦੇ ਆਏ ਸਨ, ਦੇਖੋ ਰੁੱਤ ੬ ਅੰਸੂ ੪੧।

ਇਮ ਕਹਿ ਸ੍ਰੀ ਪ੍ਰਭੁ ਸ਼ੋਕ ਨਿਵਾਰਾ।
ਸਭਿ ਕੇ ਰਿਦੇ ਹਰਖ ਕੋ ਧਾਰਾ।
ਦੀਰਘ ਸ਼ਮਸ਼ ਉਦਰ ਲਗਿ ਆਈ।
ਹਾਥਨ ਸਾਥ ਸੁਧਾਰ ਗੁਸਾਈਂ ॥੨੧॥
ਵਧਿ ਕਰਿ ਭਈ ਅਗਾਰੀ ਦੋਇ।
ਕੁਛਕ ਫਰਕ ਤੇ ਦੀਖਤਿ ਸੋਇ[1]।

[1]ਅੱਗੇ ਵਧਕੇ (ਭਾਵ ਹੇਠਾਂ ਨੂੰ ਆਕੇ) ਦਾੜ੍ਹਾ ਦੋ ਭਾਗਾਂ ਵਿਚ ਹੋ ਗਿਆ ਹੈ (ਤੇ ਉਹ ਭਾਗ ਹੋਰ ਹੇਠਾਂ ਆਕੇ ਇਕ ਦੂਜੇ ਤੋਂ) ਕੁਛਕ ਫਰਕ ਪਰ ਦਿਖਾਈ ਦਿੰਦੇ ਹਨ।

ਕੋ ਕੋ ਕੇਸ ਸੇਤ ਹੁਇ ਆਵਾ।
ਦ੍ਵੈ ਮੂਛਨਿ ਪਰ ਹਾਥ ਉਠਾਵਾ ॥੨੨॥

ਇਮ ਬੈਠੇ ਸਤਿਗੁਰੂ ਅਨੰਦਤਿ।
ਬਾਰਿ ਬਾਰਿ ਦਰਸਤਿ ਸਿਖ ਬੰਦਤਿ।
ਕਹਤਿ ਸੁਨਤਿ ਸਭਿ ਆਧੀ ਰਾਤਿ।
ਬੀਤ ਗਈ ਬੈਠੇ ਚਿਤ ਸ਼ਾਂਤਿ ॥੨੩॥
ਲਖਿ ਬਿਕੁੰਠ ਸਤਿਗੁਰ ਆਗਵਨੂ।
ਸੁਰਗਨ ਆਏ ਤਜਿ ਕਰਿ ਭਵਨੂ।
ਪਾਵਕ[1], ਮਘਵਾ[2], ਬਰਨ[3], ਧਨੇਸ਼ੂ[4] ।
ਮੂਰਤ ਧਰੀ ਨਿਸੇਸ਼[1], ਦਿਨੇਸ਼ੂ[2] ॥੨੪॥
ਅਸ਼ਟ ਬਸੁ ਪਹੁੰਚੇ ਸ਼ਿਵ ਗਜਾਰਾ[1]।
ਆਯਹੁ ਬਾਯੁ ਰੂਪ ਨਿਜ ਧਾਰਾ।
ਅਸਨਿ ਕੁਮਾਰ[1] ਸੁ ਵਿਸਵੇ ਦੇਵਾ[2] ।
ਪਹੁੰਚੇ ਸਨਮਾਨਤਿ ਗੁਰਦੇਵਾ ॥੨੫॥
ਕਮਲਾਸਨ ਨਾਰਦ ਤੇ ਆਦਿ।
ਗੋਰਖਾਦਿ ਪਹੁੰਚੇ ਅਹਿਲਾਦਿ।
ਸਭਿਨਿ ਗਗਨ ਮਹਿਂ ਥਿਰਤਾ ਧਾਰੀ।
ਆਏ ਅਪਰ ਜਿ ਅਜ਼ਮਤਿ ਭਾਰੀ ॥੨੬॥
ਸਿੱਧ ਪੀਰ ਜੇ ਦੂਰ ਕਿ ਨੇਰੇ।
ਬਿੱਦਜਾਧਰ[1] ਗੰਧਰਬ[2] ਘਨੇਰੇ।
ਕਿੰਨਰ ਜੱਛ ਅਪੱਸਰਾ ਆਈ।
ਥਿਰਿ ਸੁਰਗਨ ਮਹਿਂ ਕਰਤਿ ਵਧਾਈ ॥੨੭॥
ਬਹੁ ਉਤਸਵ ਕੋ ਧਾਰਤਿ ਸਾਰੇ।
'ਜੈ ਜੈ ਸ਼੍ਰੀ ਗੁਰਦੇਵ' ਉਚਾਰੇ।
ਚਾਰਹੁੰ ਵੇਦ ਰੂਪ ਧਰਿ ਆਏ।
ਜਥਾ ਕ੍ਰਿਸ਼ਨ ਕੇ ਪਾਸ ਸਿਧਾਏ ॥੨੮॥
ਸੁਰ ਗੁਰ ਸ਼ੁੱਕ੍ਰ, ਗਨੇਸ਼, ਸਪਤਿ ਰਿਖਿ।
ਥਿਰੇ ਗਗਨ ਮਹਿਂ, ਹੇਰਨ ਗੁਰ ਸਿਖਿ[1]।
ਕੁਛਕ ਕੁਲਾਹਲ ਸਹਿਤ ਪ੍ਰਕਾਸ਼।
ਸੁਨਜੋਂ ਪਿਖਜੋ ਜੋ ਥਿਰ ਗੁਰ ਪਾਸ

[1]ਅਗਨੀ। [2]ਇੰਦ੍ਰ। [3]ਵਰੁਣ। [4]ਕੁਬੇਰ।

[1]ਚੰਦ ਤੇ ਸੂਰਜ ਰੂਪ ਧਾਰਕੇ (ਆਏ)।

[1]ਅੱਠੇ ਵਸੂ ਤੇ ਗਿਆਰਾਂ ਸ਼ਿਵ ਪੁੱਜੇ।

[1]ਦੇਵਤਿਆਂ ਦੇ ਵੈਦ, ਜੋ ਸੂਰਜ ਤੇ ਉਸਦੀ ਇਸਤ੍ਰੀ 'ਸੰਗਜਾ' ਦੇ ਘੋੜਾ ਘੋੜੀ ਦੇ ਰੂਪ ਵਿਚ ਹੋਕੇ ਉਤੰਪਨ ਕੀਤੇ ਕਹੇ ਜਾਂਦੇ ਹਨ। [2]ਇਕ ਪ੍ਰਕਾਰ ਦੇ ਦੇਵਤਾ, ਜਿਨ੍ਹਾਂ ਦੀ ਪੂਜਾ ਨਾਂਦੀ ਮੁਖ ਸ਼੍ਰਾਧ ਵਿਖੇ ਕਰਦੇ ਹਨ।

[1]ਇਕ ਪ੍ਰਕਾਰ ਦੇ ਦੇਵਤਾ। [2]ਦੇਵਤਿਆਂ ਦੇ ਰਾਗੀ।

[1]ਗੁਰੂ ਤੇ ਸਿੱਖਾਂ ਨੂੰ ਦੇਖਣ ਲਈ।

॥੨੯॥
ਇਤਨੇ ਮਹਿਂ ਜਪੁਜੀ ਪਠਿ ਕਰਿ ਕੈ।
ਪੰਚ ਦੋਹਰੇ ਬਹੁਰ ਉਚਰਿ ਕੈ।
'ਹਰਿ ਹਰਿ ਜਨ ਦੁਈ ਏਕ' ਉਚਾਰਾ।
ਐਸੋ ਆਸ਼ੈ ਜਿਨਹੁਂ ਮਝਾਰਾ ॥੩੦॥
'ਪ੍ਰਥਮ ਭਗਉਤੀ ਸਿਮਰਨ ਕਰੀਐ।
ਸ਼੍ਰੀ ਨਾਨਕ ਕੋ ਧਜਾਇ ਸੰਭਰੀਐ।'
ਇਹ ਪਉੜੀ ਪਠਿ ਕਰਿ ਪੁਨ ਸਾਰੀ।
ਖਰੇ ਭਏ ਅਰਦਾਸ ਉਚਾਰੀ ॥੩੧॥
ਕਰਦ ਕਮਾਨ ਪਾਨ ਮਹਿਂ ਧਰੀ।
ਪਠਿ ਅਰਦਾਸ ਸੰਪੂਰਨ ਕਰੀ।
ਪੁਨ ਮਖਮਲੀ ਕਮਰਕਸ ਲੀਨੀ।
ਕੰਧੇ ਧਨੁਖ ਟਿਕਾਵਨ ਕੀਨੀ ॥੩੨॥
ਕਰਦ ਪਾਗ ਮਹਿਂ ਧਰੀ ਬਨਾਇ।
ਲਈ ਹਾਥ ਮਹਿਂ ਤੁਪਕ ਉਠਾਇ।
ਕਮਰਕਸਾ ਸੰਪੂਰਨ ਕਰਿ ਕੈ।
ਡੇਢ ਜਾਮ ਨਿਸ ਰਹੀ ਬਿਚਰਿ ਕੈ ॥੩੩॥

ਦੋਹਰਾ:

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ।
ਸ਼੍ਰੀ ਮੁਖ ਤੇ ਉਚਰਨ ਕਰਯੋ, ਜੋਤਿ ਜਾਗਤੀ ਅਤੇ ॥੩੪॥

ਚੌਪਈ:

ਪਿਖੇ ਦਿਨਿੰਦ ਪ੍ਰਾਤਿ ਅਰਵਿੰਦੈ[1]।
ਬਦਨ ਪ੍ਰਫੁੱਲਤਿ ਤਿਨਹੁਂ ਮਨਿੰਦੈ।
ਜਨੁ ਰਾਂਕਾ ਸ਼ਾਰਦ ਕੋ ਚੰਦ[1]।
ਆਪਿ ਅਨੰਦਤਿ ਦੇਤਿ ਅਨੰਦ ॥੩੫॥
ਹਯਨਿ ਦਾਸ ਕੋ ਨਿਕਟ ਨਿਹਾਰਾ।
ਸ਼੍ਰੀ ਮੁਖ ਸੋਂ ਤਿਹ ਸਾਥ ਉਚਾਰਾ।
'ਖਾਸ ਤਬੇਲੇ ਜਿਤੇ ਤੁਰੰਗ।
ਤੁਰਨ ਸੰਗ ਸੁਧਾਰਹੁ ਅੰਗ ॥੩੬॥

[1]ਸਵੇਰੇ ਸੂਰਜ ਵੇਖਕੇ ਜਿਵੇਂ ਕਮਲ ਖਿਲਦੇ ਹਨ।

[1]ਮਾਨੋਂ ਸਰਦ ਰੁਤ ਦੀ ਪੂਰਣਮਾਂ ਦਾ ਚੰਦ੍ਰਮਾਂ।

ਜ਼ੀਨ ਜ਼ਰੀ ਕੇ ਸਭਿ ਪਰ ਡਾਲਹੁ।
ਕਰਿ ਰਾਖਹੁ ਥਿਰ ਤਯਾਰ ਉਤਾਲਹੁ।'
ਸੁਨਿ ਆਇਸੁ ਕੋ ਤੁਰਤ ਸਿਧਾਰੇ।
ਸਰਬੰਗਨ ਮਹਿਂ ਕੀਨਸਿ ਤਯਾਰੇ' ॥੩੭॥
ਬਸਨ ਬਿਭੂਖਨ ਸੁੰਦਰ ਪਾਏ।
ਦੇ ਕਵਿਕਾ ਤਿਸ ਥਾਨ ਫਿਰਾਏ।
ਆਪ ਉਤਾਯਲ ਪਹੁੰਚੇ ਤਹਾਂ।
ਪ੍ਰਾਪਤਿ ਭਈ ਭੀਰ ਬਹੁ ਜਹਾਂ ॥੩੮॥
ਕੌਤਕ ਦਰਸਹਿਂ ਮਨ ਬਿਸਮਾਏ[1]।

[1](ਸ੍ਰੀ ਗੁਰੂ ਜੀ ਦਾ) ਇਹ ਕੌਤਕ ਦੇਖਕੇ ਮਨ ਵਿਚ ਹੈਰਾਨ ਹਨ।

ਜਲਤ ਮਸਾਲ ਝਾਰ ਸਮੁਦਾਏ।
ਸ੍ਰੀ ਪ੍ਰਭੁ ਖਰੇ ਸਭਿਨਿ ਮਹਿਂ ਸ਼ੋਭੈਂ।
ਕਿਸ ਕੀ ਸਮ ਕਹੁਂ, ਕੌਨ ਨ ਲੋਭੈ[1]? ॥੩੯॥

[1]ਕਿਸ ਦੀ ਸਮਾਨਤਾ ਕਹਾਂ, (ਆਖੋ ਉਸ ਵੇਲੇ) ਕੌਨ ਨਹੀਂ ਲੁਭਾਇਆ।

ਮੁਖ ਪਰ ਜੋਤਿ ਚਗੁਨੀ ਲਸੇ।
ਸ਼ਸਤ੍ਰਨਿ ਸਹਤ ਖਰੇ ਕਟ ਕਸੇ।
ਦਰਸ਼ਨ ਦੀਨਸਿ ਭਲੀ ਪ੍ਰਕਾਰਾ।
ਸਭਿ ਕੋ ਉਪਜਯੋ ਅਨੰਦ ਉਦਾਰਾ ॥੪੦॥
ਬਿਚ ਕਨਾਤ ਕੇ ਚਹਤਿ ਪ੍ਰਵੇਸ਼ਾ।
ਦੇ ਉਪਦੇਸ਼ ਵਿਸ਼ੇਸ਼ ਅਸ਼ੇਸ਼ਾ।
'ਧੰਨ ਧੰਨ ਸਤਿਗੁਰ ਸੁਖਦਾਈ।'
ਉਚਰਹਿਂ ਚਹੁੰਦਿਸ਼ਿ ਨਰ ਸਮੁਦਾਈ ॥੪੧॥

ਦੋਹਰਾ:

ਦ੍ਰਿਸ਼ਟ ਪਰਤਿ ਹੈਂ ਸਭਿਨਿ ਕੇ, ਸ੍ਰੀ ਸਤਿਗੁਰ ਤਿਸ ਕਾਲ।
ਨਹੀਂ ਸਪਰਸ਼ਨ ਹੋਤਿ ਹੈ, ਇਮ ਲਖਿ ਬਿਸਮ ਬਿਸਾਲ[1] ॥੪੨॥

[1]ਭਾਵ ਗੁਰੂ ਜੀ ਦ੍ਰਿਸ਼ਟੀ ਤਾਂ ਸਾਰਿਆਂ ਨੂੰ ਆ ਰਹੇ ਹਨ ਪਰ ਨੇੜੇ ਹੋ ਕੇ ਛੋਹ ਪ੍ਰਾਪਤ ਨਹੀਂ ਹੋ ਸਕਦੀ, ਇਉਂ ਲਖਕੇ ਸਾਰੇ ਬਹੁਤ ਹੈਰਾਨ ਹੋ ਰਹੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਤੀਨ

## ਬਿੰਸਤੀ ਅੰਸੂ ॥੨੩॥

## ੨੪. [ਜੋਤੀ ਜੋਤ ਸਮਾਉਣਾ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਦੀਪਮਾਲਕਾ ਜਹਿਂ ਕਹਾਂ, ਜ੍ਵਲਤਿ ਮਸਾਲ ਕਿ ਝਾਰ।
ਪਾਵਤਿ ਧਾਰ ਫੁਲੇਲ ਕੀ, ਕਿਧੌਂ ਘ੍ਰਿੱਤ ਕੋ ਜਾਰਿ ॥੧॥

ਚੌਪਈ:

ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ।
ਤਿਮਰ ਸਘਨ ਚਹੁਂ ਦਿਸ਼ ਚਾਲਾ।
ਚੰਚਲ ਚਰਨ ਚਿਖਾ ਦਿਸ਼ਿ ਚਲੇ।
ਬਸਤ੍ਰ ਸ਼ਸਤ੍ਰ ਸਭਿ ਸ਼ੋਭਿਤਿ ਭਲੇ ॥੨॥
ਤਨੀ ਕਨਾਤ ਪੌਰ ਜਿਸ ਥਾਨਾ।
ਤਹਿਂ ਥਿਰ ਹ੍ਵੈ ਕਰਿ ਬਾਕ ਬਖਾਨਾ।
'ਜਾਇ ਚਿਖਾ ਪਰ ਬੈਠੈਂ ਜਬੈ[1]।
ਤੁਰਤ ਪ੍ਰਦਛਿਨਾ ਦੈ ਕਰਿ ਸਬੈ ॥੩॥
ਬਹੁਰ ਹੁਤਾਸਨ ਕੋ ਜ੍ਵਲਤਾਵਹੁ।
ਨਮੋ ਕਰਤਿ ਹੀ ਵਹਿਰ ਸਿਧਾਵਹੁ।
ਇਸ ਕਾਰਜ ਮਹਿਂ ਬਿਲਮ ਨ ਕਰਨੀ।
ਜਪਹੁ ਪ੍ਰਮੇਸ਼ਰ ਧੀਰਜ ਧਰਨੀ' ॥੪॥
ਇਮ ਕਹਿ ਸ਼੍ਰੀ ਪ੍ਰਭੁ ਕ੍ਰਿਪਾ ਨਿਧਾਨਾ।
ਪਹੁਚੇ ਜਾਇ ਚਿਤਾ ਜਿਸ ਥਾਨਾ।
ਧਨੁਖ ਸਿਕੰਧ ਤੁਫੰਗ ਟਿਕਾਈ।
ਬਰਛੀ ਦਹਿਨੇ ਹਾਥ ਉਠਾਈ ॥੫॥
ਪੇਸ਼ ਕਬਜ਼ ਜਮਦਾੜ ਕੁਠਾਰਾ।
ਕਮਰ ਕਸੇ ਮਹਿਂ ਧਰੇ ਸੁਧਾਰਾ।
ਖੰਜਰ ਤਰਕਸ਼ ਖਰ ਸ਼ਮਸ਼ੇਰ।
ਰੂਪ ਬੀਰਰਸ ਕੇ ਸਮ ਸ਼ੇਰ[1] ॥੬॥
ਬਦਨ ਅਦੀਨ[1] ਸੁ ਨਯਨ ਪ੍ਰਫੂਲੇ।
ਜਿਗਾ ਦਮਕਤੀ ਕਲਗੀ ਝੂਲੇ।
ਤਿਸ ਛਿਨ ਬਦਨ ਚੰਦ੍ਰਮਾਂ ਓਰੇ।
ਲੋਚਨ ਸਭਿਨਿ ਚਕੋਰਨਿ ਜੋਰੇ ॥੭॥
ਦਿਪਤਿ ਤੇਜ ਕੋ ਪਿਖਿ ਪਿਖਿ ਸਾਰੇ।

[1](ਅਸੀਂ) ਜਦੋਂ ਬੈਠੀਏ।

[1]ਬੀਰ ਰਸ ਦੇ ਰੂਪ ਵਿਚ ਸ਼ੇਰ ਵਾਂਙ।

[1]ਕਦੇ ਦੀਨ ਨਾ ਹੋਣ ਵਾਲਾ ਭਾਵ ਚੜ੍ਹਦੀਆਂ ਕਲਾਂ ਵਾਲਾ।

ਸਮ ਸੂਰਜ ਕੇ ਗੁਰੂ ਬਿਚਾਰੇ।
ਕਮਲ ਨਯਨ ਬਿਕਸਤਿ ਬਿਸਮਾਏ।
ਬਿਨਾਂ ਨਿਮੇਖ[1] ਤਿਸੀ ਦਿਸ਼ਿ ਲਾਏ ॥੮॥ — [1]ਝਮਕਣ ਤੋਂ ਬਿਨਾਂ।
ਗਨ ਚੰਦਨ ਅਗਰਾਦਿ[1] ਘਨੇਰੇ। — [1]ਅਗਰ ਆਦਿਕ।
ਚਿਖਾ ਬਿਸਾਲ ਰਚੀ ਸਭਿ ਹੇਰੇ।
ਭਏ ਅਰੂਢਨਿ ਗੁਰ ਭਗਵਾਨ।
ਚਹੁੰਦਿਸ਼ਿ ਈਂਧਨ ਜਹਾਂ ਮਹਾਂਨ ॥੯॥
ਸਿੱਖਨ ਕੋ ਆਇਸੁ ਤਬਿ ਦੀਨਿ।
ਸਭਿ ਦੇਸ਼ਨ ਕੋ ਰੁਖਸਦ ਕੀਨਿ।
ਇਕ ਸੰਤੋਖ ਸਿੰਘ ਜੁਤਿ ਰਹਿਤ[1]। — [1]ਰਹਿਤ ਸਮੇਤ। (ਅ) ਕੋਲ ਰਿਹਾ।
ਤਿਸ ਸੰਗ ਬੋਲੇ ਕਰੁਨਾ ਸਹਿਤ ॥੧੦॥
'ਇਸ ਥਲ ਰਹਹੁ ਦੇਗ਼ ਬਰਤਾਵਹੁ।
ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ।
ਦਰਬ ਅਸੰਖ ਇਹਾਂ ਜੋ ਆਇ।
ਤਿਸ ਤੇ ਨਹਿਂ ਮੰਦਿਰ ਚਿਨਵਾਇ ॥੧੧॥
ਸਕਲ ਦੇਗ਼ ਪਰ ਦੇਹੁ ਲਗਾਈ।
ਪੰਚਾਂਮ੍ਰਿਤ ਆਦਿਕ ਕਰਿਵਾਈ।
ਚਿਨਹਿ ਮਹਿਲ ਤਿਸ ਕੁਲ ਗਲ ਜਾਇ।
ਯਾਂ ਤੇ ਕਹੀ ਨਹੀਂ ਬਿਸਰਾਇ[1]' ॥੧੨॥ — [1]ਸਾਡੀ ਕਹੀ ਬਾਤ ਭੁਲਾਉਣੀ ਨਾ।
ਤਬਿ ਸੰਤੋਖ ਸਿੰਘ[†] ਕਰ ਜੋਰੇ। — [†]ਭਾਈ ਦਇਆ ਸਿੰਘ ਜੇ ਜੀਉਂਦੇ ਹੁੰਦੇ ਤਾਂ ਸਭ ਤੋਂ ਮੁਖੀ ਸਿੱਖ ਓਹ ਸਨ, ਏਹ ਸੌਂਪਣਾ ਤੇ ਪੰਥਕ ਜਥੇਦਾਰੀ ਉਸਨੂੰ ਮਿਲਦੀ। ਭਾਈ ਸੰਤੋਖ ਸਿੰਘ ਦਾ ਇਸੇ ਵੇਲੇ ਮੁਖੀ ਹੋਣਾ ਭਾਈ ਦਇਆ ਸਿੰਘ ਜੀ ਦੇ ਪਹਿਲੋਂ ਚਲ ਬਸਨੇ ਦਾ ਸੂਚਕ ਹੈ।
'ਸਿੱਖ ਸੰਗਤ ਨਾਂਹਿਨ ਇਤ ਓਰੇ।
ਕਿਸ ਤੇ ਲੇ ਧਨ ਦੇਗ਼ ਚਲਾਵੈਂ।
ਰਹੈਂ ਸਿੰਘ ਸੋ ਕਿਸ ਤੇ ਖਾਵੈਂ' ॥੧੩॥
ਸ੍ਰੀ ਮੁਖ ਤੇ ਤਬਿ ਧੀਰਜ ਦੀਨ।
'ਦੇਸ਼ ਨ ਰਹੈ ਸਿੰਘ ਤੇ ਹੀਨ।
ਇਕ ਦੁਇ ਬ੍ਰਿੰਦਕ[1] ਇਹਾਂ ਬਨੈ ਹੈਂ। — [1]ਟੋਲੇ।
ਜੇ ਸੰਪੂਰਨ ਦੇਗ਼ ਚਲੇ ਹੈਂ ॥੧੪॥
ਕਰਹੁ ਪਕਾਵਨ ਦਿਹੁ ਵਰਤਾਇ।

ਧਨ ਕੀ ਚਿੰਤ ਨ ਕਰੀਯਹਿ ਕਾਇ।'
ਇਮ ਸੁਨਿ ਸਭਿਹਿਨਿ ਸੀਸ ਨਿਵਾਏ।
ਦਈ ਪ੍ਰਦਛਿਨਾ ਥਿਰ ਚਹੁ ਘਾਏ ॥੧੫॥
ਜ੍ਵਲਤਿ ਹੁਤਾਸਿਨ ਕੀਨ ਬਿਸਾਲਾ।
ਨਿਕਸੇ ਵਹਿਰ ਸਕਲ ਤਤਕਾਲਾ।
ਜਬਹਿ ਕਨਾਤ ਪੌਰ ਤਜਿ ਆਏ।
ਸ਼ਬਦ ਸ਼੍ਰੌਨ ਮਹਿਂ ਤਬਿ ਸੁਨਿ ਪਾਏ ॥੧੬॥
ਵਾਹਿਗੁਰੂ ਜੀ ਕੀ ਬਹੁ ਫਤੇ।
ਬਾਰ ਬਾਰ ਬੋਲਤਿ ਸੁਖਿ ਮਤੇ।
ਜਬਿ ਭੀ[1] ਅਗਨਿ ਪ੍ਰਚੰਡ ਬਡੇਰੇ।
ਨਹਿਂ ਸ਼ਰੀਰ ਕੇ ਪਰਸੀ ਨੇਰੇ ॥੧੭॥
ਤਬਿ ਸਮਾਧਿ ਸਤਿਗੁਰੂ ਲਗਾਈ[†]।
ਜੋਗ ਅਗਨਿ ਤੂਰਨ ਉਪਜਾਈ[1]।
ਚਢਿ ਅਕਾਸ਼ ਕੇ ਪੰਥ ਪਧਾਰੇ।
'ਹਾਇ ਹਾਇ' ਨਰ ਖਰੇ ਪੁਕਾਰੇ ॥੧੮॥
'ਜੈ ਜੈ' ਸ਼ਬਦ ਗਗਨ ਮਹਿਂ ਹੋਵਾ।
ਸੁਨਜੋਂ ਸ਼੍ਰੌਨ ਕੁਛ ਨੈਨ ਨ ਜੋਵਾ।
ਗਨ ਦੇਵਨ ਮਹਿਂ ਨੌਬਤ ਬਾਜੇ।
ਸੁਨਤਿ ਸਕਲ ਜਿਮ ਨੀਰਧ[1] ਗਾਜੇ ॥੧੯॥
ਪਰੀ ਗੁੰਜ ਇਕਬਾਰ ਬਿਸਾਲਾ।
ਜਨੁ ਗਾਜਤਿ ਮਧੁਰੀ ਘਨ ਮਾਲਾ।
ਭਯੋ ਅਕਾਸ਼ ਪ੍ਰਕਾਸ਼ ਮਹਾਨਾ।
ਲਾਲ ਬਰਣ ਸਭਿ ਕੋ ਦ੍ਰਿਸ਼ਟਾਨਾ ॥੨੦॥
ਜਨੁ ਬਰਖਾ ਕਰਿ ਕੁਛ ਘਨ ਲਟੇ[1]।

[1]ਹੋਈ।

[†]ਇਕ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ਹੇਠਲਾ ਪਾਠ ਵਾਧੂ ਹੈ ਜੋ ਲਿਖਤੀ ਨੁਸਖਿਆਂ ਵਿਚ ਸਾਨੂੰ ਨਹੀਂ ਮਿਲਿਆ। ਪਾਠ ਇਉਂ ਹੈ:- ਜਗ ਜਗ ਜੋਤਿ ਤਹਾਂ ਦ੍ਰਿਸ਼ਟਾਈ। ਅਨਹਦਿ ਸਬਦਿ ਉਠੇ ਝੁਣਕਾਰਾ। ਸ੍ਰੀ ਸਤਿਗੁਰ ਕਾ ਖੇਲ ਅਪਾਰਾ ॥ ੧੮ ॥ ਸੁੰਨ ਸਮਾਧਿ ਅਨਹਦ ਲਿਵਲਾਈ।

[1]ਭਾਵ ਇਹ ਆਪਣੀ 'ਇੱਛਾ ਅਨੁਸਾਰ ਬ੍ਰਹਮਰੰਧ੍ਰ ਦੇ ਰਸਤੇ ਆਤਮਾਂ ਨੂੰ ਸਰੀਰ ਤੋਂ ਜੁਦਾ ਕਰ ਲਿਆ। ਜੋਗ ਮਾਰਗ ਵਿਚ ਸਭ ਤੋਂ ਉੱਚੇ ਤੇ ਸਭ ਤੋਂ ਸ੍ਰੇਸ਼੍ਰ ਜੋਗੀ ਦੀ ਮੌਤ ਇਿੰਵ ਵਰਨੀ ਹੈ।

[1]ਬੱਦਲ।

[1]ਹਟੇ।

ਸਾਵਣ ਕੀ ਸੰਧਯਾ ਮਹਿਂ ਫਟੇ।
ਸੂਰਜ ਕਿਰਣ ਸਜਲ ਤੇ ਬਰਣ[1]। — [1]ਜਲ ਸਹਿਤ ਸੂਰਜ ਦੀ ਕਿਰਨਾਂ ਦਾ ਰੰਗ।
ਤਿਸ ਬਿਧਿ ਦਿਖਿਯਤਿ ਪੀਤ ਕਿ ਅਰਣ[1] ॥੨੧॥ — [1]ਲਾਲ ਕਿ ਪੀਲਾ, ਭਾਵ ਅਕਾਸ਼ੀ ਪੀਂਘ ਦੇ ਰੰਗਾਂ ਤੋਂ ਜਾਪਦਾ ਹੈ।
ਭੀਰ ਬਿਮਾਨਨ ਕੀ ਬਹੁ ਹੋਈ।
ਗੁਰ ਆਗਵਨ ਜਾਨਿ ਸਭਿ ਕੋਈ।
ਗੀਰਬਾਣ[1] ਪਹੁੰਚੇ ਸਮੁਦਾਏ। — [1]ਦੇਵਤੇ।
ਜੈ ਜੈ ਧੁਨਿ ਤੇ ਰੌਰ ਉਠਾਏ ॥੨੨॥
ਵਾਹਿਗੁਰੂ ਜੀ ਕੀ ਕਹਿ ਫਤੇ।
ਮਿਲੇ ਦੇਵਤਾ ਕੇ ਗਨ ਜਿਤੇ।
'ਧੰਨ ਗੁਰੂ ਸਭਿ ਕਾਰਜ ਕਰੇ।
ਦੁਸ਼ਟਨ ਕੁਲ ਬਲ ਤੇ ਪਰਿਹਰੇ' ॥੨੩॥

ਸੈ੍ਯਾ:
ਪੰਕਜ ਪੂਤ[1], ਵਿਭੂਤ ਮਿਲੇ ਸ਼ਿਵ, — [1]ਬ੍ਰਹਮਾਂ।
ਆਨਿ ਮਿਲੇ ਪੁਰਹੂਤ[1] ਸਮੇਤਾ। — [1]ਇੰਦ੍ਰ।
ਨਾਰਦ ਗਾਵਤਿ ਬੇਣ ਲਏ
ਗੁਰ ਨਾਨਕ ਕੇ ਪਦ ਜੇ ਸੁਖ ਹੇਤਾ।
ਆਦਿ ਹੁਤਾਸਨ[1] ਦੇਵ ਸਬੈ — [1]ਅਗਨੀ ਆਦਿਕ।
ਬਰ ਦੇਵਵਧੂ ਹੁਇ ਮੋਦ ਨਿਕੇਤਾ[1]। — [1]ਖੁਸ਼ੀ ਦਾ ਘਰ ਹੋਕੇ ਭਾਵ ਬਹੁਤ ਪ੍ਰਸੰਨ ਹੋਕੇ।
[1]ਕੌਤਕ ਭਾਂਤਿ ਅਨੇਕ ਨਿਹਾਰਹਿਂ[†]

[1]ਅਨੇਕ ਤਰ੍ਹਾਂ ਦੇ (ਅਦਬ ਸਤਿਕਾਰ ਤੇ ਗੁਣਾਨੁਵਾਦ ਵਾਲੇ) ਕੌਤਕ (ਕੋਈ ਦੇਵਤੇ ਤਾਂ) ਕਰ ਰਹੇ ਹਨ ਤੇ ਕੋਈ ਦੇਖ ਰਹੇ ਹਨ (ਪਰ ਉਹਨਾਂ ਕੌਤਕਾਂ ਵਿਚ) ਬਿਬੇਕ ਦੇ ਇਸ਼ਾਰੇ ਹਨ [ਸੰਸ:, ਸੰਕੇਤ=ਇਸ਼ਾਰਾ]। (ਅ) ਅਨੇਕ ਭਾਂਤ ਦੇ ਕੌਤਕ (ਦੇਵਤੇ ਆਦਿ) ਕਰਕੇ ਦਿਖਾਉਂਦੇ ਹਨ ਗਜਾਨ ਦੇ ਘਰ (ਗੁਰੂ ਜੀ) ਨੂੰ (ਅਤੇ ਓਹ) ਦੇਖ ਰਹੇ ਹਨ (ਉਹਨਾਂ ਨੂੰ)। [ਸੰਕੇਤ=ਸੰ ਕੇਤ=ਘਰ। ਸੰਸ: ਧਾਤੂ ਕਿਤ੍=ਵੱਸਣਾ ਤੋਂ]। ਸੂਚਨਾ=ਦੇਵਤੇ ਤਾਂ 'ਮੋਦ ਨਿਕੇਤਾ'=ਖੁਸ਼ੀ ਦਾ ਘਰ ਹੋ ਰਹੇ ਹਨ ਪਰ ਗੁਰੂ ਜੀ 'ਵਿਵੇਕ ਸੰਕੇਤਾ' ਹਨ, ਕਿ ਓਹ ਪੂਰਨ ਗਜਾਨ ਵਿਚ ਟਿਕੇ ਖੜੇ ਸਭ ਕੁਛ ਵੇਖ ਰਹੇ ਹਨ। [†]ਪਾ:-ਅਨੇਕਨਿ ਕੈ ਕਰਿ ਕੈ।

ਕੈ ਦਿਖਰਾਇਂ ਬਿਬੇਕ ਸੰਕੇਤਾ ॥੨੪॥
'ਸ਼੍ਰੀ ਗੁਰ ਤੇਗ ਬਹਾਦਰ ਨੰਦਨ
ਬੰਦਨ ਜੋਗ ਨਿਕੰਦਨ ਹੋ ਦੁਖ।
ਪੰਥ ਰਚਯੋ, ਸ਼ੁਭ ਗ੍ਰੰਥ ਸਚਯੋ,
ਅਰਿ ਪੁੰਜ ਪਚਯੋ[1] ਅਰ ਕੈਠ[†] ਲਹਯੋ ਸੁਖ[2]। — [1]ਖਪਾਇਆ। [2]ਅਤੇ ਸੁਖ ਇਕੱਠਾ ਕਰ ਲਿਆ। [†]ਪਾ:-ਅਰਕੈਨ ਲਹਯੋ।
ਤੇਜ ਬਿਸਾਲ ਕ੍ਰਿਪਾਲ ਸਦਾ

ਬਿਕਸਜੋ ਅਰਬਿੰਦ ਬਿਲੰਦ ਦਿਪੈ ਮੁਖ।
ਹਿੰਦਨ ਬ੍ਰਿੰਦ ਕੀ ਲਾਜ ਰਖੀ,
ਤੁਰਕਾਨ ਪ੍ਰਤਾਪ ਖਪਾਇ ਰਿਸੇ ਚੁਖ[1] ॥੨੫॥

[1]ਰਤੀ ਕੁ ਭਰ ਗੁੱਸੇ ਨਾਲ।

ਹੋਤਿ ਕੁਲਾਹਲ ਦੇਵਨ ਮਹਿਂ
ਗਨ ਦੇਵਵਧੂ ਬਹ ਨਾਚਤਿ ਹੈਂ।
ਮੰਗਲ ਕੋ ਸਰਬੰਗ ਧਰੈਂ
ਜੈ ਬਾਕ ਉਤੰਗ ਉਬਾਚਤਿ ਹੈਂ।
ਬਾਜਤਿ ਬ੍ਰਿੰਦ ਮ੍ਰਿਦੰਗ, ਉਪੰਗ[1],
ਮਚੰਗ[1], ਸੁਰੰਗਨਿ[2] ਰਾਚਤਿ ਹੈਂ।

[1]ਨਸਤ੍ਰੰਗ ਨਾਮੇ ਬਾਜਾ ਜੋ ਗਲੇ ਨਾਲ ਵੱਜਦਾ ਹੈ।

[1]ਇਕ ਬਾਜਾ, ਜਿਸ ਦਾ ਸਿਰ ਝੁਕਿਆ ਹੁੰਦਾ ਹੈ, ਸਾਰੰਗੀ। [ਫਾ:, ਚੰਗ=ਸਾਰੰਗੀ। ਹਿੰਦੀ, ਮੁ=ਵਡਾ। (ਅ) ਮੁ+ਚੰਗ=ਵੱਡੀ ਸਾਰੰਗੀ। ਸ਼ੈਕ: ਕੋਸ਼ ਵਿਚ ਲਿਖਿਆ ਹੈ, ਮੁ=ਮੂੰਹ। ਚੰਗ=ਇਕ ਬਾਜਾ, ਬਰਬਤ ਬਾਜਾ]। (ਅ) ਦੱਛ। [2]ਸੂਰਾਂਗ। ਸਾਰੰਗੀ ਵਰਗਾ ਗਜ਼ ਨਾਲ ਵੱਜਣ ਵਾਲਾ ਇਕ ਵਾਜਾ।

ਜਾਚਤਿ ਹੈਂ ਦਰਸੰਨ ਪ੍ਰਸੰਨਹਿਂ
'ਧੰਨ ਗੁਰੂ' ਮੁਦ ਮਾਚਤਿ ਹੈਂ[1] ॥੨੬॥

[1]ਖੁਸ਼ੀ ਵਿਚ ਮਚਦੇ ਹਨ।

ਸ੍ਰੀ ਗੁਰ ਤੇਗ ਬਹਾਦਰ ਨੰਦ ਕੇ
ਆਦਰ ਕਾਰਨ ਦੇਵ ਮਿਲੇ।
ਧੀਰ ਬਹਾਦਰ ਕੋ ਅਵਿਲੋਕ
ਅਸ਼ੋਕ ਭਏ ਗਨ ਸੰਗ ਚਲੇ।
ਸ੍ਰੀ ਪ੍ਰਭੁ ਹੇਰਿ ਸਮੂਹਨ ਕੋ ਮਿਲਿ
ਰੀਤਿ ਜਥੋਚਿਤ ਕੀਨ ਭਲੇ।
ਕੌਤਕ ਹ੍ਵੈ ਉਤਸਾਹਨ ਕੇ
ਇਮ ਆਪਸ ਮਹਿਂ ਹਰਖਾਇ ਚਲੇ ॥੨੭॥

ਦੋਹਰਾ:

ਇਸ ਪ੍ਰਕਾਰ ਸੁਰਲੋਕ ਮਹਿਂ, ਦੇਵਨ ਉਤਸਵ ਕੀਨ।
ਪੌਰ ਪੌਰ ਸਭਿ ਠੌਰ ਮਹਿਂ, ਮੰਗਲ ਮੋਦ ਪ੍ਰਬੀਨ ॥੨੮॥

ਸ੍ਵੈਯਾ:

[1]ਛੋਰਿ ਕੈ ਪੌਰ ਕੀ ਠੌਰ ਕਨਾਤ ਤੇ

[1]ਦੇਵਤਿਆਂ ਦਾ ਪ੍ਰਸੰਗ ਛਡਕੇ ਅਬਚਲ ਨਗਰ ਦੇ ਸਿੱਖਾਂ ਦਾ ਹਾਲ ਦੱਸਦੇ ਹਨ।

ਬਾਹਿਰ ਆਨਿ ਥਿਰੇ ਸਮੁਦਾਯਾ।
ਬੈਠਿ ਗਏ ਗਨ ਸਿੰਘ ਚਹੁੰਦਿਸ਼ਿ
ਲੋਚਨ ਤੇ ਜਲ ਪੁੰਜ ਬਹਾਯਾ।
ਸੂਰਤਿ ਸ਼੍ਰੀ ਗੁਰ ਕੀ ਮ੍ਰਿਦੁ† ਮੂਰਤਿ — †ਪਾ:-ਮਧੁ।
ਧ੍ਯਾਨ ਧਰੇ ਮਨ ਕੋ ਠਹਿਰਾਯਾ।
ਬ੍ਰਿੰਦ ਭਲੇ ਗੁਨ ਕੋ ਸਿਮਰੈਂ
ਸ਼ੁਭ ਸ਼ੀਲ ਸਰਾਹਿਤ ਦੀਰਘ ਦਾਯਾ[1] ॥੨੯॥ — [1]ਬਹੁਤ ਦਇਆ ਨੂੰ ਸਲਾਹੁੰਦੇ ਹਨ। (ਅ) ਦਾਈਆ।
'ਸ਼੍ਰੀ ਪ੍ਰਭੁ ! ਸਿੰਘ ਕਦੰਬ[1] ਪੰਜਾਬ ਕੇ — [1]ਸਾਰੇ।
ਕੌਨ ਅਲੰਬ ਇਹਾਂ ਹਮ ਕੇਰਾ।
ਕੌਨ ਕੇ ਹੋਇ ਸਮੀਪ ਥਿਰੈਂ ਨਿਤ,
ਕਾਹਿ ਪਿਖੈਂ ਸਭਿ ਸੰਝ ਸਵੇਰਾ।
ਸ਼੍ਰੀ ਮੁਖ ਤੇ ਬਿਨ ਚਾਰੁ ਗਿਰਾ
ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ।
ਦੇਖਿ ਕਿਸੇ ਹਮ ਆਨੰਦ ਪਾਵਹਿਂ
ਲੋਕ ਦੁਹੂੰ ਵਿਸ਼ਵਾਸ਼ ਵਡੇਰਾ?' ॥੩੦॥
ਲੋਚਨ ਤੇ ਜਲ ਮੋਚਤਿ ਸੋਚਤਿ
ਨਿੰਮ੍ਰਿ ਕਰੈਂ ਮੁਖਿ, ਹੀ ਦੁਚਿਤਾਈ[1]। — [1]ਹਿਰਦੇ ਵਿਚ ਚਿੰਤਾ ਹੈ।
ਇਕ ਕੇ ਸੰਗ ਨ ਦੂਸਰ ਬੋਲਤਿ
ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ।
ਜਥੋਂ ਬਹੁ ਨਾਗਨ ਕੀ ਮਣਿ ਏਕ,
ਭਈ ਕਿਤ ਲੋਪ, ਨਹੀਂ ਪੁਨ ਪਾਈ।
-[1] 'ਭਾਗ ਬਿਹੀਨ ਬਿਯੋਗ ਸਹਜੋ, — [1]ਸਿੰਘ ਬਿਰਹਾ ਕਰਦੇ ਹਨ:-
ਗੁਰ ਸੰਗ ਗਏ ਨ ਸਰੀਰ ਬਿਹਾਈ[1] ॥੩੧॥ — [1]ਸਰੀਰ ਛੱਡਕੇ ਨਾਲ ਨਾ ਗਏ।
ਪੇਖਹੁ ਪ੍ਰੀਤਿ ਪਤੰਗਨ ਕੀ
ਛਿਨ ਮੈਂ ਤਨ ਦੇਤਿ ਬਿਲੋਕਿ ਪ੍ਰਕਾਸ਼ਾ।
ਨਾਦ ਸੁਨੇ ਅਹਿਲਾਦ ਰਿਦੈ
ਕਰਿ ਹ੍ਵੈ ਵਿਸਮਾਦ ਤੇ ਏਣੁ[1] ਬਿਨਾਸਾ[2] । — [1]ਹਰਨ। [2]ਮ੍ਰਿਗ (ਆਪਣਾ ਆਪ) ਨਾਸ਼ ਕਰਦਾ ਹੈ।
ਏਕ ਸੁਗੰਧਿ ਤੇ ਅੰਧ ਮਧੁ
ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ† ਮਹਿਂ ਫਾਸਾ[1]। — [1]ਇਕ ਸੁਗੰਧੀ ਦੇ ਨਾਲ ਅੰਨ੍ਹਾ ਹੋਇਆ (ਭਾਵ ਪ੍ਰੇਮੀ) ਭੌਰਾ ਪ੍ਰਮੋਦ ਵਿਚ ਆਕੇ (ਕਵਲ ਫੁੱਲ ਦੇ ਰਾਤ ਨੂੰ ਮਿਟੀਂਦੇ ਜਾਣ ਦੀ) ਲਪੇਟ ਵਿਚ ਆਇਆ (ਉਸ

ਨੂੰ) ਛੱਡਦਾ ਨਹੀਂ ਸਗੋਂ ਫਸ ਜਾਂਦਾ ਹੈ। [ਸੰਸ:, ਪ੍ਰਮੋਦ=ਖੁਸ਼ੀ। ਬ੍ਰਿਤਿ=ਘੇਰਾ। ਲਪੇਟ]।
†ਪਾ:-ਪ੍ਰਦੇਸ਼।

ਮੀਨ ਰਹੈ ਜਲ ਤੇ ਸੁਚ ਸੋਂ,
ਬਿਛਰੇ ਮਰਿ ਜਾਤਿ, ਸੁ ਪ੍ਰੇਮ ਉਪਾਸਾ[1] ॥ ੩੨ ॥

[1]ਪ੍ਰੇਮ ਦੀ ਉਪਾਸਨਾ ਐਸੇ ਹੈ। (ਅ) ਐਸਾ ਵਿਸ਼ੇਸ਼ ਪ੍ਰੇਮ ਉਸ ਪਾਸ ਹੈ। [ਉ=ਵਿਸ਼ੇਸ਼। ਪਾਸਾ=ਪਾਸ ਹੈ]।

ਕਜ਼ਾ ਇਹ ਜੰਤੁ ਮਲੀਨ ਮਹਾਂ,
ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ।
ਹੈ ਹਮਰੋ ਤਨ ਮਾਨੁਖ ਕੋ
ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ।
ਸ੍ਰੀ ਗੁਰ ਪ੍ਰੀਤਿ ਸਦਾ ਸੁਖਦਾ
ਦੁਹਿ ਲੋਕਨ ਮੈਂ ਕਰਤੀ ਸੁ ਕਲਜਾਨਾ।
ਸੋ ਹਮ ਜਾਨਿ ਮਹਾਤਮ ਕੋ
ਨਿਰਬਾਹਿ ਨ ਕੀਨ[1] ਭਏ ਅਨੁਜਾਨਾ ॥ ੩੩ ॥

[1]ਪ੍ਰੇਮ ਦਾ ਨਿਰਬਾਹ ਨਾ ਕੀਤਾ।

ਪਾਹਨ ਤੇ ਨਿਠਰੋ ਹਮਰੋ
ਉਰ ਪ੍ਰੀਤਮ ਕੇਰ ਬਿਯੋਗ ਸਹਾਰਾ।
ਜਾਂਹਿ ਬਿਨਾਂ ਸੁਖ ਲੇਸ਼ ਨਹੀਂ
ਦੁਹਿੰ ਲੋਕਨ ਕੌ ਪ੍ਰਭੁ ਮਾਲਿਕ ਭਾਰਾ।
ਤਾਂ ਬਿਨ ਬੈਠਿ ਰਹੇ ਬਨਿ ਦੀਨ,
ਗਏ ਨਹਿੰ ਸਾਥ ਜੁ ਨਾਥ ਉਦਾਰਾ।'
ਭੂਰ ਬਿਸੂਰਤਿ ਹੈਂ ਬਨ ਮੂਰਤਿ[1]
ਅੰਗ ਅਡੋਲ ਥਿਰੇ ਇਕਸਾਰਾ ॥ ੩੪ ॥

[1]ਮੂਰਤੀਆਂ ਬਣਕੇ।

ਸ੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ
ਪ੍ਰਾਤ ਲੌ ਚਾਰਹੁੰ ਓਰ ਥਿਰੇ।
ਦਾਸ ਤੁਰੰਗਮ ਮਹਿਂ ਗਮਨਜੋਂ ਇਕ,
ਰੰਗ ਕੁਮੈਤ ਨ ਡੀਠ ਪਰੇ[1]।
ਦਾਮ ਖੁਲੇ ਅਗਵਾਰ ਪਿਛਾਰਿ,
ਬਿਲੋਕਤਿ ਭਾ ਤਿਸ ਥਾਨ ਪਰੇ।
-ਕੌਨਸੇ ਪੰਥ ਉਲੰਘ ਗਯੋ
ਤਿਸ ਰੀਤਿ ਰਹੇ ਇਹ ਦ੍ਵਾਰ ਭਿਰੇ- ॥ ੩੫ ॥

[1]ਉਸੇ ਥਾਂ ਹੀ ਪਏ ਹਨ ਅਗਾੜੀ ਪਿਛਾੜੀ ਦੇ ਰੱਸੇ।

ਆਨਿ ਭਨਜੋਂ ਸਭਿ ਸਿੰਘਨ ਬੀਚ

'ਤੁਰੰਗ ਕੁਮੈਤ ਨਹੀਂ ਨਿਜ ਥਾਨੇ।
ਜ਼ੀਨ ਕੋ ਪਾਇ ਕੈ ਤਯਾਰ ਕਰੇ ਸਭਿ
ਏਕ ਪੈ ਆਪ ਚਢੇ ਪ੍ਰਸਥਾਨੇ।'
ਸ੍ਰੋਨ ਸੁਨੇ ਬਿਸਮਾਇ ਬਿਲੋਕਤਿ
'ਏਕ ਨਹੀਂ, ਹਿਤ ਜਾਂ ਪਰ ਠਾਨੇ।
ਔਰ ਖਰੇ ਅਸੁ ਮੋਚਤਿ ਹੈਂ ਅਸੁ[1],
ਹੀਯ ਸੰਦੇਹ ਭਏ, ਕਿਮ ਜਾਨੇ[1]' ॥੩੬॥
ਦੋਇ ਘਰੀ ਜਬਿ ਦਯੋਸ ਚਢ੍ਯੋ
ਬਹੁਰੋ ਚਿਤ ਸੋਚਤਿ ਸੰਕਟ ਪਾਏ।
ਈਂਧਨ ਲ੍ਯਾਵਨਿ ਹਾਰਿ ਹੁਤੋ
ਤਿਨ ਬਾਹਿਰ ਸ਼੍ਰੀ ਪ੍ਰਭੁ ਕੋ ਦਰਸਾਏ[1]।
ਆਇ ਗਯੋ ਪੁਨ ਸਿੰਘਨ ਮਹਿਂ
ਜਹਿਂ ਸ਼ੋਕ ਸਮੇਤ ਰਿਦੇ ਸਮੁਦਾਏ।
ਹੇਰਿ ਖਰੋ ਹੁਇ ਦੀਨ ਸੰਦੇਸਹਿ[1]
'ਮੋਹਿ ਮਿਲੇ ਗੁਰ ਦੂਰ ਸਥਾਏ ॥੩੭॥
ਸ਼੍ਰੀ ਮੁਖ ਤੇ ਫੁਰਮਾਵਨ ਕੀਨਿ
-ਕਹੋ ਸਭਿ ਸਿੰਘਨ ਕੋ ਸਮੁਝਾਏ।
ਆਇ ਤੁਰੰਗਮ ਤੀਰ ਗਯੋ ਹਮ[1],
ਵਾਹਿਨ ਬੇਗ ਬਲੀ ਚਪਲਾਏ।
ਸ਼ੋਕ ਨ ਚਿੰਤ ਕਰੋ ਚਿਤ ਮਹਿਂ
ਸਤਨਾਮ ਜਪਹੁ ਹੁਇ ਅੰਤ ਸਹਾਏ-।
ਯੌਂ ਕਹਿ ਸ਼੍ਰੀ ਪ੍ਰਭੁ ਜਾਤਿ ਭਏ'
ਸੁਨਿ ਕੈ ਗੁਰ ਬਾਤ ਸਬੈ ਬਿਸਮਾਏ ॥੩੮॥

ਦੋਹਰਾ:
ਸੰਮਤ ਸੱਤ੍ਰਾ ਸੈ ਬਿਤੇ, ਪੁਨ ਪੈਂਹਠ ਪਹਿਚਾਨ।
ਕਾਤਕ ਕੀ ਸ਼ੁਦਿ ਪੰਚਮੀ, ਨਿਸ ਬੈਕੁੰਠ ਪਯਾਨ ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੇਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਚਤਰਬਿੰਸਤੀ ਅੰਸੂ ॥੨੪॥

[1]ਹੋਰ ਘੋੜੇ ਖੜੇ ਅੱਥਰੂ ਕੇਰਦੇ ਹਨ। [ਅਸੁ=ਅਸ੍ਵ=ਘੋੜੇ। ਅਸੁ=ਅੱਸ਼੍ਰੂ=ਅੱਥਰੂ]।
[1]ਕੀ ਜਾਣੀਏਂ।
[1]ਉਸ ਨੇ ਬਾਹਰ ਗੁਰੂ ਜੀ ਨੂੰ ਡਿੱਠਾ ਸੀ।
[1]ਸੁਨੇਹਾ ਦਿੱਤਾ।
[1]ਘੋੜਾ ਸਾਡੇ ਪਾਸ ਆ ਗਿਆ ਹੈ।

## ੨੫. [ਇਕ ਸੰਤ ਨੂੰ ਦਰਸ਼ਨ। ਬਾਲੇ ਰਾਇ ਦੀ ਸਹਾਇਤਾ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਸ਼ੋਕ ਕਰਹਿਂ ਬੈਠੇ ਸਕਲ, ਸੁਨਿ ਤੁਰੰਗ ਕੀ ਬਾਤ।
ਨਿਜ ਵਾਹਨ ਕੋ ਲੇ ਗਏ, ਗੁਰੂ ਬੀਰ ਬੱਖਜਾਤ ॥੧॥

ਚੌਪਈ:

ਜਾਮ ਦਿਵਸ ਜਬਿ ਹੀ ਚਢਿ ਆਏ।
ਚਿਤਵਹਿਂ ਗੁਰ ਚਰਿੱਤ੍ਰ ਬਿਸਮਾਏ।
ਏਕ ਸਾਧ ਪੁਨ ਚਲਿ ਕਰਿ ਆਯੋ।
ਸਿੰਘਨ ਕੋ ਅਵਿਲੋਕ ਅਲਾਯੋ ॥੨॥
'ਤੁਮ ਕਿਮ ਬੈਠੇ ਹੋ ਮਿਲਿ ਕਰਿ ਕੈ?
ਸ਼ੋਕ ਸਚਿੰਤ ਮੌਨ ਮੁਖ ਧਰਿ ਕੈ।'
ਸੁਨਿ ਕਰਿ ਕਹ੍ਯੋ ਪ੍ਰਸੰਗ ਉਦਾਰੇ।
'ਸ਼੍ਰੀ ਸਤਿਗੁਰ ਬੈਕੁੰਠ ਸਿਧਾਰੇ ॥੩॥
ਸੈਨ ਦੀਨ ਜਿਮ ਮਹਿਪਤਿ ਹੀਨਾ[1]। [1]'ਜਿਵੇਂ ਰਾਜੇ ਬਿਨਾਂ ਸੈਨਾ ਦੀਨ ਹੁੰਦੀ ਹੈ।
ਚੰਦ ਬਿਨਾ ਜਿਮ ਰਾਤਿ ਮਲੀਨਾ।
ਜਿਮ ਮਥਰਾ ਮਹਿਂ ਸ਼ਜਾਮ ਸਿਧਾਯੋ।
ਪੀਛੇ ਗੋਪੀ ਗਨ ਬਿਕੁਲਾਯੋ ॥੪॥
ਜਥਾ ਰਾਮ ਬਨ ਬਿਖੈ ਸਿਧਾਰੇ।
ਔਧਪੁਰੀ ਕੇ ਨਰ ਦੁਖਿਯਾਰੇ।
ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ।
ਰਿਦੇ ਬਿਖਾਦ ਬਿਸਾਲ ਲਹੇ ਹੈਂ ॥੫॥
ਬੋਲ੍ਯੋ ਸਾਧ 'ਪੰਥ ਮਹਿਂ ਜਾਵਤਿ।
ਦੇਖੇ ਤਹਿਂ ਗੁਰ ਅੱਗ੍ਰ ਸਿਧਾਵਤਿ।
ਮੈਂ ਕਰ ਬੰਦਿ ਕੀਨਿ ਪਗ ਨਮੋ।
ਮੁਸਕਾਵਤਿ ਬੋਲੇ ਤਿਹ ਸਮੋਂ ॥੬॥
-ਆਵਹੁ ਸੰਤ! ਦਰਸ ਲਿਹੁ ਦੇਹੁ।
ਹਰਿ ਜਨ ਮਿਲਿਨਿ ਅਨੰਦ ਅਛੇਹੁ।
ਅੰਤ ਸਮੈਂ ਕੋ ਮੇਲ ਤੁਹਾਰੋ।
ਜਹਿਂ ਸੰਜੋਗ, ਬਿਯੋਗ ਬਿਚਾਰੋ- ॥੭॥
ਮੈਂ ਸੁਨਿ ਕਰਿ ਬੂਝ੍ਯੋ ਕਰ ਜੋਰਿ।
-ਰਾਵਰ ਕੋ ਪਯਾਨ ਕਿਤ ਓਰ?

ਦਾਸ ਨਹੀਂ ਕੋ ਸਾਥ ਤਿਹਾਰੇ[1]?
ਨਾਥ! ਇਕਾਕੀ ਕਹਾਂ ਪਧਾਰੇ? - ॥੮॥
ਬੋਲੇ ਸ੍ਰੀ ਮੁਖ ਤੇ ਮੁਸਕਾਵਿਤ।
-ਹਮ ਅਖੇਰ ਹਿਤ ਬਨ ਕੋ ਜਾਵਤਿ।
ਕਰਹਿਂ ਸੈਲ ਜੇਤਿਕ ਮਨ ਭਾਵਤਿ।
ਜਿਤ ਕਿਤ ਬਿਚਰਤਿ ਆਨੰਦ ਪਾਵਤਿ- ॥੯॥
ਇਮ ਕਹਿ ਸਤਿਗੁਰ ਅੱਗ੍ਰ ਸਿਧਾਰੇ।
ਹਯ ਕੁਮੈਤ ਪਰ[1], ਆਯੁਧ ਧਾਰੇ।
ਅਬਿ ਹੀ ਮੈਂ ਬਿਲੋਕਿ ਚਲਿ ਆਯੋ।
ਤੁਮਹੁ ਅਚਾਨਕ ਕਹਾਂ ਸੁਨਾਯੋ ॥੧੦॥
ਜੇ ਤਿਨਿ ਹੋਤਿ ਗਮਨ ਪਰਲੋਕ।
ਮੈਂ ਕਿਤ ਲੇਤੋ ਦਰਸ ਬਿਲੋਕਿ।
ਪੰਥ ਪਯਾਨਤਿ ਭਲਿ ਬਿਧਿ ਹੇਰੇ।
ਤੌ ਪ੍ਰਲੋਕ ਕਿਮ? ਸੰਸੈ ਮੇਰੇ' ॥੧੧॥
ਅਦਭੁਤ ਚਲਿਤ ਗੁਰੂ ਕੇ ਐਸੇ।
ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ।
ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ।
'ਗੁਰ ਇਕ ਸਮ ਸਭਿ ਬਿਖੈ ਸਮਾਯੋ ॥੧੨॥
ਜਹਿਂ ਸਿਮਰੇਂ ਤਹਿਂ ਹਾਜ਼ਰ ਅਹੈਂ।
ਸਭਿ ਸਿੱਖਨ ਕੀ ਸ਼ਰਧਾ ਲਹੈਂ।
ਜਨਮ ਮਰਨ ਪ੍ਰਾਪਤਿ ਕੁਛ ਨਾਂਹੀ।
ਸੁਤਹਿ ਸਿੱਧ ਤਨ ਧਰਹਿਂ ਬਿਲਾਹੀ[1] ॥੧੩॥
ਸੰਤਨ ਕੀ ਸਹਾਇਤਾ ਕਾਰਨ।
ਦੁਸ਼ਟ ਨਰਨ ਕੀ ਜੜ੍ਹਾਂ ਉਖਾਰਨ।
ਸ਼ੁਭ ਮਗ ਜਗਤ ਬਿਖੈ ਬਿਸਤਾਰਨ।
ਕਰਨ ਕੁਕਰਮਨਿ ਕੋ ਨਿਰਵਾਰਨ ॥੧੪॥
ਨਿਜ ਭਗਤਨ ਕੋ ਜਗਤ ਉਧਾਰਨ।
ਧਰਾ ਭਾਰ ਗਨ ਤਾਪ ਬਿਦਾਰਨ।

[1]ਆਪ ਦੇ।

[1]ਕੁਮੈਤ ਘੋੜੇ ਉਤੇ।

[1]ਤਨ ਧਰਦੇ ਹਨ ਤੇ ਲੀਨ ਹੋ ਜਾਂਦੇ ਹਨ।

ਹਰਿ ਸੰਤਨ ਦ੍ਰੋਹੀ ਬਹੁ ਮਾਰਨ।
ਸੱਤਿਨਾਮ ਸਿਮਰਾਵਨਿ ਕਾਰਨ ॥੧੫॥
ਧੰਨ ਗੁਰੂ ਸਭਿ ਕਾਰਨ ਕਰਨ।
ਜਿਨ ਕੇ ਸਮ ਨਹਿਂ ਤਾਰਨ ਤਰਨ।
ਅਦਭੁਤ ਚਲਿਤ ਲਖੇ ਨਹਿਂ ਜਾਹੀਂ।
ਸ਼ੇਸ਼ ਗਨੇਸ਼ ਪਾਰ ਨਹਿਂ ਪਾਹੀਂ ॥੧੬॥
ਜੋਗੀਸ਼ਨ ਕੇ ਧਜਾਨ ਬਸੰਤੇ।
ਸੁਰ ਨਰ ਮੁਨਿ ਜਨ ਸੇਵ ਕਰੰਤੇ।
ਕੇਤਿਕ† ਕਾਰਨ ਤੇ ਤਨ ਧਾਰੈਂ।
ਕਰਿ ਸਭਿ ਕੋ ਬੈਕੁੰਠ ਸਿਧਾਰੈਂ ॥੧੭॥
ਤਿਨ ਕੇ ਹਿਤ ਕੁਛ ਸ਼ੋਕ ਨ ਬਨੈ।
ਬੇਦ ਪੁਰਾਨ ਜਾਸ ਜਸੁ ਭਨੈਂ।
ਸਭਿ ਕੇ ਬੀਚ ਸਭਿਨਿ ਤੇ ਨਜਾਰੇ।
ਭੋਗ ਭੋਗਤਾ ਲੇਪ ਨ ਧਾਰੇ[1] ॥੧੮॥

†ਪਾ:-ਕੌਤਕ।

[1]ਭੋਗਾਂ ਨੂੰ ਭੋਗਦੇ ਹੋਏ ਫਿਰ ਲਿਪਾਇਮਾਨ ਨਹੀਂ ਹੁੰਦੇ।

ਯਾਂ ਤੇ ਕਥਾ ਅਕਥ ਗੁਰ ਕੇਰੀ।
ਹਾਰਹਿ ਜੇ ਬੁਧਿ ਧਰਤਿ ਬਡੇਰੀ।'
ਇਮ ਚਰਚਾ ਕਰਿ ਆਪਸ ਮਾਂਹੀ।
'ਗੁਰ ਹਿਤ ਸ਼ੋਕ ਉਪਾਵਹੁ ਨਾਂਹੀ' ॥੧੯॥
ਢਰੇ ਦੁਪਹਿਰੇ ਲਗਿ ਥਿਰ ਰਹੇ।
ਸੁੱਖਾ ਛਕਨਿ ਸਮੋ ਤਬਿ ਲਹੇ।
'ਕਰਹੁ ਦੇਗ਼ ਉਠਿ ਪੁਨ ਸਵਧਾਨੋ।
ਕਰਹੁ ਸੁਚੇਤਾ ਸਿਮਰਨ ਠਾਨੋ' ॥੨੦॥
ਇਮ ਕਹਿ ਉਠੇ ਦੇਗ਼ ਹਿਤ ਸਿੱਧ[1]।
ਗੁਰ ਹਿਤ ਸੁੱਖਾ ਕਰਜੋ ਤਿਸੀ ਬਿਧਿ।
ਭੋਗ ਲਗਾਇ ਆਪ ਪੁਨ ਛਕਜੋ।
ਸੌਚ ਹੇਤੁ ਗਮਨੇ ਜਲ ਤਕਜੋ ॥੨੧॥
ਕਰਿ ਸ਼ਨਾਨ ਬੰਧੀ ਦਸਤਾਰ।
ਪੁਨ ਸਭਿ ਮਿਲੇ ਗੁਰੂ ਦਰਬਾਰ।
ਪੂਰਬ ਪ੍ਰਭੁ ਕੋ ਭੋਗ ਲਗਾਯੋ।
ਦੇਗ਼ ਅਹਾਰ ਬਹੁਰ ਬਰਤਾਯੋ ॥੨੨॥
ਅਚਿ ਅਚਿ ਅਸਨ ਨਮੋ ਕਰਿ ਜੋਰਿ।

[1]ਦੇਗ ਸਿੱਧ (ਤਿਆਰ) ਕਰਨ ਲਈ।

ਬੈਠੇ ਪੁਨ ਕਨਾਤ ਚਹੁੰ ਓਰ।
ਕੇਤਿਕ ਪਢਤਿ ਸਿੰਘ ਗੁਰਬਾਨੀ।
ਕੇਤਿਕ ਸੁਨਤਿ ਅਨੰਦ ਮਹਿਂ ਸਾਨੀ[1] ॥੨੩॥

[1]ਅਨੰਦ ਵਿਚ ਮਿਲੇ ਹੋਏ।

ਨਿਸ ਮਹਿਂ ਅਲਪ ਕਿਤਿਕ ਚਿਰ ਸੋਏ।
ਜਾਗ੍ਰਨ ਕੀਨਿ ਤਹਾਂ ਸਭਿ ਕੋਏ।
ਭਈ ਪ੍ਰਾਤਿ ਤੇ ਜਾਇ ਸ਼ਨਾਨੇ।
ਸਭਿ ਮਿਲਿ ਗਏ ਗੁਰੂ ਇਸਥਾਨੇ ॥੨੪॥
ਪ੍ਰਥਮ ਕਨਾਤ ਸੁ ਖੋਲਿ ਹਟਾਈ।
ਚਿਤਾ ਭਸਮ ਕੀਨਸਿ ਇਕ ਥਾਈਂ।
ਆਯੁਧ ਨਹੀਂ ਏਕ ਤਹਿਂ ਪਾਯੋ[†]।

[†]ਇਹ ਬੀ ਰਵਾਇਤ ਹੈ ਕਿ ਇਕ ਕ੍ਰਿਪਾਨ ਨਿਕਲੀ ਸੀ।

ਹੇਰਿ ਸਭਿਨਿ ਕੋ ਮਨ ਬਿਸਮਾਯੋ ॥੨੫॥
ਅਸਥੀ ਕੋ ਤਹਿਂ ਲੇਸ਼ ਨ ਕੋਈ।
ਈਂਧਨ ਭਸਮ ਪਰੀ ਬਹੁ ਜੋਈ[1]।

[1]ਦੇਖੀ।

ਦੇਹਿ ਸਹਿਤ ਕੀਨਸਿ ਪ੍ਰਸਥਾਨਾ।
ਮਗ ਗਮਨੇ ਪਿਖਿ ਨਿਸ਼ਚੈ ਠਾਨਾ ॥੨੬॥
ਧੰਨ ਗੁਰੂ ਤੁਮਰੀ ਗਤਿ ਨਜਾਰੀ।'
ਨਿਰਨੈ ਕਰਿ ਕਰਿ ਸਭਿਨਿ ਉਚਾਰੀ।
ਸਕਲ ਬਿਭੂਤਿ ਬਟੋਰਿ ਬਨਾਈ।
ਰਚਯੋ ਸਿੰਘਾਸਨ ਪੁਨ ਤਿਸ ਥਾਈਂ ॥੨੭॥
ਤਿਸ ਥਲ ਕੋ ਦਰਸ਼ਨ ਜੋ ਕਰੈ।
ਜਨਮ ਜਨਮ ਤੇ ਪਾਤਕ ਟਰੈਂ।
ਅਧਿਕ ਪੁੰਨ ਕੋ ਪ੍ਰਾਪਤ ਹੋਇ।
ਧਰੈ ਕਾਮਨਾ ਪੂਰਨ ਸੋਇ ॥੨੮॥

ਕਬਿੱਤ:

ਸੁੰਦਰ ਗੁਦਾਵਰੀ, ਬਿਹੀਨ ਮਲ ਚਲੈ ਜਲ,
ਸਲਿਤਾ ਸੁ ਤੁਲ ਗੰਗਾ ਕੂਲ ਛਬਿ ਪਾਵਈ।
ਖਰੇ ਖਰੇ[1] ਤਰੁ ਖਰੇ, ਹਰੇ ਹਰੇ ਪਾਤਿ ਜਰੇ,

[1]ਚੰਗੇ ਚੰਗੇ।

ਪਾਂਤਿ ਪਾਂਤਿ ਕਰੇ[1] ਛਾਇ ਸੰਘਨੀ ਕੋ ਛਾਵਈ[2] ।

[1]ਕਤਾਰਾਂ ਕਤਾਰਾਂ ਬਣਾਕੇ। [2]ਛਾਂ ਕਰ ਰਹੇ ਹਨ।

ਬੋਲਤਿ ਬਿਹੰਗ ਰੰਗ ਰੰਗ ਕੇ ਉਤੰਗ
ਧੰਨ ਸ਼੍ਰੀ ਗੋਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ।
ਜਾਇ ਦਰਸਾਵਈ ਮਨੋਰਥ ਉਠਾਵਈ
ਸੁ ਕਾਮਨਾ ਕੋ ਪਾਵਈ, ਸੰਤੋਖ ਸਿੰਘ ਗਾਵਈ ॥੨੯॥
ਅਬਚਲ ਨਗਰ ਉਜਾਗਰ ਸਗਰ ਜਗ,
ਜ਼ਾਹਿਰ ਜ਼ਹੂਰ, ਜਹਾਂ ਜੋਤਿ ਹੈ ਜਬਰ ਜਾਨਿ।
ਖੰਡੇ ਹੈਂ ਪ੍ਰਚੰਡ, ਖਰ ਖੜਗ, ਕੁਦੰਡ ਧਰੇ,
ਖੰਜਰ, ਤੁਫੰਗ, ਪੁੰਜ ਕਰਦ, ਕ੍ਰਿਪਾਨ, ਬਾਨ।
ਸ਼ਕਤੀ, ਸਰੋਹੀ, ਸੈਫ, ਸਾਂਗ, ਜਮਦਾੜ, ਚੱਕ੍ਰ,
ਢਾਲੇ, ਗਨ ਭਾਲੇ, ਰਿਪੁ ਘਾਲੇ ਛਿੱਪ੍ਰ ਜੰਗ ਠਾਨਿ[1]।
ਚਮਕਤਿ ਚਾਰੋਂ ਓਰ ਘੋਰ ਰੂਪ ਕਾਲਕਾ ਕੋ,
ਬੰਦਨਾ ਕਰਤਿ ਕਵਿ ਜੋਰਿ ਪਾਨ ਤਾਂਹੀ ਥਾਨ ॥੩੦॥

[1](ਜਿਨ੍ਹਾਂ ਨਾਲ) ਜੰਗ ਕਰਕੇ ਵੈਰੀ ਸ਼ੀਘ੍ਰਤਾ ਨਾਲ ਮਾਰੇ ਸਨ।

ਚੌਪਈ:
ਅਬਿ ਲਗਿ ਤਿਸ ਥਲ ਜੋਤਿ ਬਿਰਾਜਤਿ।
ਦਰਸ਼ਨ ਕਰੇ ਪਾਪ ਗਨ ਭਾਜਤਿ।
ਕੰਚਨ ਦੇਤਿ ਕਸੌਟੀ ਜੈਸੇ।
ਸਿਖ ਕੋ ਪਰਖਤਿ ਬਖਸ਼ਹਿਂ ਤੈਸੇ ॥੩੧॥
ਗੁਰੂ ਬਿਕੁੰਠ ਗਮਨ ਕੇ ਪਾਛੇ।
ਰਹੇ ਸਿੰਘ ਕੇਤਿਕ ਦਿਨ ਆਛੇ।
ਪੁਨ ਪੁਨ ਜਹਿਂ ਜਹਿਂ ਜਿਸ ਕੋ ਆਇਸੁ।
ਕਰਿ ਕਰਿ ਬੰਦਨ ਤਿਤੇ ਸਿਧਾਇਸਿ ॥੩੨॥
ਰਹਜੋ ਸੰਤੋਖ ਸਿੰਘ ਤਿਸ ਥਾਨ।
ਦੇਗ ਚਲਾਵਤਿ ਭਯੋ ਮਹਾਨ।

ਇਸ ਸਮੇਂ ਤੋਂ ਹਜ਼ੂਰ ਸਾਹਿਬ ਦੇਗ ਤਾਂ ਚਲਦੀ ਰਹੀ। ਪਰ ਟਿਕਾਣੇ ਪਰ ਮੰਦਰ ਨਹੀਂ ਸੀ ਛਾਇਆ। ਮਹਾਰਾਜਾ ਰਣਜੀਤ ਸਿੰਘ ਨੇ ੧੯੩੨ ਈ: ਵਿਚ ਸੁੰਦਰ ਮੰਦਰ ਤੇ ਟਿਕਾਣੇ ਬਨਵਾ ਦਿੱਤੇ। ਮਗਰੋਂ ਹੁਣ ਤੱਕ ਸੋਨੇ ਤੇ ਸੰਗਮਰਮਰ ਦੀ ਸੇਵਾ ਜਾਰੀ ਹੈ, ਲੰਗਰ ਅਤੁਟ ਹੁੰਦਾ ਹੈ।

ਨਜ਼ਾਮ ਹੈਦਰਾਬਾਦ ਦੇ ਇਕ ਖੱਤ੍ਰੀ ਵਜ਼ੀਰ ਹੋਏ ਹਨ 'ਚੰਦੂ ਲਾਲ' ਨਾਮ ਦੇ, ਉਨ੍ਹਾਂ ਨੂੰ ਗੁਰੂ ਘਰ ਤੇ ਬਹੁਤ ਭਰੋਸਾ ਸੀ। ਰਿਆਸਤ ਵਲੋਂ ਆਪ ਨੇ ਗੁਰਦਵਾਰੇ ਲਈ ਸਹੂਲਤਾਂ ਪੈਦਾ ਕਰਵਾਈਆਂ ਸਨ।

ਨਿਜ਼ਾਮ ਵਲੋਂ ਹਿੰਦੂ ਮੁਸਲਮਾਨ ਆਦਿ ਮੰਦਰਾਂ ਨੂੰ ਜਾਗੀਰਾਂ ਮਿਲਦੀਆਂ ਹਨ ਤਿਵੇਂ ਹੀ ਇਸ ਗੁਰਧਾਮ ਨਾਲ ਪੰਜ ਪਿੰਡਾਂ ਦੀ ਜਾਗੀਰ ਹੈ ਜੋ ਅਠਾਰਾਂ ਕੁ ਹਜ਼ਾਰ ਸਾਲਾਨਾ ਬਣਦੀ ਹੈ। ਪਿੰਡਾਂ ਦੇ ਨਾਮ ਹੈਨ:-ਬਾਰੀ, ਬਕਸਾਰੀ, ਬਿਸ਼ਨਪੁਰੀ, ਏਲਕੀ ਤੇ ਮਾਸੁਰ। ਏਹ ਆਮਦਨ ਮੰਦਰ ਦੀ ਸੇਵਾ ਲਈ ਹੈ। ਇੰਨੀ ਕੁ ਰਕਮ ਸੇਵਾਦਾਰਾਂ ਲਈ ਵੀ ਮਿਲਦੀ ਹੈ। ਰਿਆਸਤ ਦੀ ਫੌਜ ਵਿਚ ਬਾਰਾਂ ਕੁ ਹਜ਼ਾਰ ਸਿੱਖ ਨੌਕਰ ਹਨ। ਇਸੇ ਫੌਜ ਵਿਚੋਂ ਇਕ ਸਿੱਖ ਰਸਾਲਦਾਰ ਵਰ੍ਹੇ ਵਰ੍ਹੇ ਲਈ ਗੁਰਦਵਾਰੇ ਦੀ ਸਰਬਰਾਹੀ ਲਈ ਆਉਂਦਾ ਹੈ ਤੇ ਸੇਵਾ ਕਰਦਾ ਹੈ। ਪਿਛੇ ਜਿਹੇ ਇਕ ਪਾਰਸੀ ਡਿਪਟੀ ਕਮਿਸ਼ਨਰ ਨੇ ਸੰਗਮਰਮਰ ਤੇ ਸੋਨੇ ਲਗਣ ਦੀ ਸੇਵਾ ਵਿਚ ਬੜੀ ਦਿਲਚਸਪੀ ਲਈ ਸੀ। ਰਿਆਸਤ ਦੀ ਪੁਲੀਸ ਵਿਚ ਵੀ ਕੁਛ ਸੈਂਕੜੇ ਸਿੱਖ ਨੌਕਰ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਤੋਂ ਹਰ ਸਿੱਖ ਜ਼ਿੰਦਗੀ ਵਿਚ ਇਕ ਵੇਰ ਹਜ਼ੂਰ ਸਾਹਿਬ ਜਾਣਾ ਜ਼ਰੂਰੀ ਸਮਝਦਾ ਹੈ। ਜਦੋਂ ਰੇਲਾਂ ਨਹੀਂ ਸਨ ਤੇ ਪੈਂਡੇ ਕਠਨ ਸਨ ਤਾਂ ਯਾਤ੍ਰਾ ਕਰ ਆਇਆ ਸਿੱਖ ਫਖਰ ਨਾਲ 'ਹਜ਼ੂਰੀਆ' ਸਦਾਉਂਦਾ ਸੀ। ਹੁਣ ਯਾਤ੍ਰਾ ਲਈ ਆਵਾਜਾਈ ਬਹੁਤ ਹੈ ਤੇ ਰੌਣਕ ਅੱਗੇ ਤੋਂ ਵਧੀਕ ਹੋ ਗਈ ਹੈ।

ਜੋ ਸਿੰਘ ਗੁਰੂ ਪਯਾਨੇ ਤੋਂ ਓਥੇ ਟਿਕ ਗਏ ਓਹ ਦੱਖਣੀ ਸਿੱਖ ਅਖਾਉਂਦੇ ਹਨ, ਤੇ ਆਪੋ ਵਿਚ ਬਿਨਾਂ ਜਾਤ ਪਾਤ ਲਿਹਾਜ਼ ਦੇ ਵਿਵਾਹ ਕਰਦੇ ਹਨ। ਇਨ੍ਹਾਂ ਨੇ ਉਸ ਦੇਸ਼ ਦੀਆਂ ਇਸਤ੍ਰੀਆਂ ਵਿਵਾਹ ਕੇ ਬੀ ਆਪਣੇ ਵਿਚ ਅਭੇਦ ਵਰਤਾਈਆਂ ਹਨ। ਓਸ ਪਾਸੇ ਦੂਰ ਨੇੜੇ ਕਿਤੇ ਕਿਤੇ ਸਿੱਖ ਹਨ, ਤੇ ਲੁਬਾਣੇ ਸਿੱਖਾਂ ਦੀਆਂ ਸੰਗਤਾਂ ਹੈਨ, ਸਾਰੇ ਗੁਰਦਵਾਰੇ ਦਰਸ਼ਨਾਂ ਲਈ ਆਉਂਦੇ ਤੇ ਸੇਵਾ ਕਰਦੇ ਹਨ। ਹੁਣ ਧੁਰ ਰੇਲ ਅੱਪੜਦੀ ਹੈ ਤੇ 'ਨਾਦੇੜ' ਰੇਲਵੇ ਸਟੇਸ਼ਨ ਹੈ। ਪੰਜਾਬ ਤੋਂ ਹਜ਼ੂਰੀ ਟ੍ਰੇਨਾਂ ਯਾਤ੍ਰਾ ਲਈ ਜਾਂਦੀਆਂ ਹਨ। ਗੁਰੂ ਸਾਹਿਬ ਜੀ ਦੇ ਆਪਣੇ ਤੇ ਹੋਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਹੁੰਦੇ ਹਨ। ਦੇਗ ਅਤੁੱਟ ਚਲਦੀ ਹੈ, ਸਿੱਖ ਹਿਰਦਿਆਂ ਵਿਚ ਮੰਦਰ ਨਾਲ ਪਿਆਰ ਹੈ ਤੇ ਗੁਰੂ ਕਰੇ ਸਦਾ ਕਾਇਮ ਰਹੇ।

ਬਹੁਰ ਸਹਾਇਕ ਭੇ ਤਿਸ ਦੇਸ਼।
ਸੁਨੀਯਹਿ ਸ਼੍ਰੋਤਾ ! ਕਥਾ ਵਿਸ਼ੇਸ਼ ॥੩੩॥
ਤਹਾਂ ਗ੍ਰਾਮ ਜਨਵਾਰਾ[1] ਨਾਇ।
ਰੁਸਤਮ ਰਾਇ ਰੁ ਬਾਲੇ ਰਾਇ।
ਦ੍ਵੈ ਭ੍ਰਾਤਾ ਜੋਧਾ ਬਡ ਬਲੀ।
ਕੁਛਕ ਰਾਜ ਕਰਤੇ ਬਿਧਿ ਭਲੀ ॥੩੪॥
ਦੇਸ਼ ਮਰਹਟਾ ਕੋ ਨਿਤ ਲੂਟੈਂ।
ਜੋ ਲਰ ਪਰੈ ਤੁਰਤ ਤਿਸ ਕੂਟੈਂ।
ਪਰੀ ਧਾਂਕ ਡਰ ਸਗਰੇ ਮਾਨੈਂ।
ਅਰੈ ਨ ਕੋਊ ਧਨ ਗਨ ਆਨੈਂ ॥੩੫॥
ਤਿਨ ਪਰ ਚਢ੍ਯੋ ਮਰਹਟਾ ਰਾਇ।
ਚਮੂ ਲਾਖ ਇਕਠੀ ਕਰਿ ਲ੍ਯਾਇ।
ਤਿਨ ਕੇ ਸੰਗ ਜੰਗ ਬਹੁ ਭਏ।
ਘੇਰਿ ਭ੍ਰਾਤ ਦੋਨਹੁਂ ਗਹਿ ਲਏ ॥੩੬॥

[1]ਨਿਜ਼ਾਮ ਹੈਦਰਾਬਾਦ ਦੇ ਰਾਜ ਦਾ ਇਕ ਟਿਕਾਣਾ।

ਕਰੇ ਕੈਦ ਸੰਗਲ ਪਰ ਡਾਰੇ।
ਗੇਰੇ ਬਿਖਮ ਸੁ ਦੁਰਗ ਸਤਾਰੇ[1]।

[1]ਸਤਾਰੇ ਨਾਮੇ ਸ਼ਹਿਰ ਦੇ ਕਿਲੇ ਵਿਚ। (ਅ) ਜੰਦਰੇ ਵਾਲੇ ਕਿਲੇ ਵਿਚ। [ਸ+ਤਾਰੇ]।

ਜਹਿਂ ਪੰਛੀ ਬੀ ਜਾਇ ਨ ਸਕੈ।
ਮਾਨਸ ਬਪੁਰਾ ਕਜਾ ਤਿਸ ਤਕੈ ॥੩੭॥
ਦੇਵ ਸੰਤ ਬਹੁ ਪੀਰ ਮਨਾਏ।
ਕੋਇ ਨ ਤਿਨ ਕੋ ਸਕਯੋ ਛੁਰਾਏ।
ਰੱਛਕ[1] ਦੁਰਗ ਸਿੰਘ ਬਿਚ ਏਕ।
ਗੁਰਬਾਣੀ ਨਿਤ ਪਢੈ ਬਿਬੇਕ ॥੩੮॥

[1]ਪਹਿਰਾ ਦੇਣ ਵਾਲਾ।

ਪਹਿਰਾ ਦੇਤਿ ਗਿਰਾ ਗੁਰ ਭਨੈ।
ਬਾਲੇ ਰਾਇ ਸ਼੍ਰੋਨ ਦੇ ਸੁਨੈ।
ਹਿਤ ਬੂਝਨਿ ਕੇ ਤਬੈ ਬਖਾਨੀ।
'ਪਢਤਿ ਰਹਿਤ ਤੂੰ ਕਿਸ ਕੀ ਬਾਨੀ?' ॥੩੯॥
ਸੁਨਤਿ ਸਿੰਘ ਗੁਰ ਮਹਿਮਾਂ ਕਹੀ।
'ਬੰਦ ਖਲਾਸੀ ਸਮ ਕੋ ਨਹੀਂ[1]।

[1]ਜਿਸ ਗੁਰੂ ਸਮਾਨ ਕੈਦ ਤੋਂ ਛੁਟਕਾਰਾ ਦੇਣ ਵਾਲਾ ਕੋਈ ਨਹੀਂ।

ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ।
ਨਹਿਂ ਛੂਟਨ ਕੀ ਜਿਯਤਿ ਉਮੈਦ ॥੪੦॥
ਅਸ ਰਾਜੇ ਰਜਪੂਤ ਛੁਡਾਏ।
ਸਿਮਰੇ ਜਹਿਂ ਕਹਿਂ ਭਏ ਸਹਾਏ।
ਸ਼੍ਰੀ ਗੋਬਿੰਦ ਸਿੰਘ ਗੁਰੂ ਬਡੇਰਾ।
ਅਬਚਲ ਨਗਰ ਥਾਨ ਜਿਨ ਕੇਰਾ ॥੪੧॥
ਦਸਮੇਂ ਪਾਤਸ਼ਾਹ ਸੋ ਭਏ।
ਸਿੰਘ ਪੰਥ ਜਗ ਮਹਿਂ ਨਿਰਮਏ।'
ਇਕ ਪਠਾਨ ਤਹਿਂ ਜਾਇ ਨਿਹਾਰਾ[1]।

[1](ਗੱਲਾਂ ਕਰਦਿਆਂ ਦੇਖਕੇ) ਉਥੇ ਇਕ ਪਠਾਣ ਆ ਗਿਆ।

ਸੁਨਿ ਤਿਸ ਨੇ ਗੁਰ ਸੁਜਸੁ ਉਚਾਰਾ ॥੪੨॥
'ਸੋ ਗੁਰ ਬਡੋ ਬਹਾਦਰ ਹੇਰਾ।
ਰਣ ਚਮਕੌਰ ਅਨੰਦਪੁਰਿ ਕੇਰਾ।
ਤਹਾਂ ਤੀਰ ਕਰਿ ਜੋਰ ਪ੍ਰਹਾਰੇ।
ਇਕ ਤੇ ਦਸ ਹਜ਼ਾਰ ਅਰਿ ਮਾਰੇ ॥੪੩॥

ਕਰਾਮਾਤ ਕੋ ਧਨੀ ਬਿਸਾਲਾ।
ਜੋ ਚਿਤ ਚਹੈ ਸੁ ਕਰਨੇ ਵਾਲਾ।
ਦ੍ਵੈ ਦ੍ਵੈ ਕੋਸ ਤੀਰ ਅਰਿ ਘਾਏ।
ਦਸ ਲਾਖਨਿ ਸੋਂ ਜੰਗ ਮਚਾਏ' ॥੪੪॥
ਕਹੈ ਸਿੰਘ 'ਕਜਾ ਨਰ ਕੀ ਬੰਦਾ[1]।
ਜਮ ਫਾਸੀ ਕੋ ਦੇਤਿ ਨਿਕੰਦਾ[1]।'
ਬਾਲੇ ਰਾਇ ਸੁਨਿ ਚਿਤ ਲਾਇ।
ਸ਼ਰਧਾ ਵਧੀ ਕਹਯੋ ਕਰਿ ਭਾਇ ॥੪੫॥
'ਕਰੋ ਸਿੰਘ ਜੀ ! ਉਠਿ ਅਰਦਾਸ।
ਕਰਹਿਂ ਜਿ ਹਮਰੀ ਬੰਦ ਖਲਾਸ।
ਗੁਰ ਕੇ ਪਗ ਪੰਕਜ ਬਹੁ ਸੇਵੌਂ।
ਪੰਚਾਮ੍ਰਿਤ ਉਪਾਇਨ ਦੇਵੌਂ ॥੪੬॥
ਸੁਨਤਿ ਸਿੰਘ ਕੀਨੀ ਅਰਦਾਸ।
ਸਿਮਰਨ ਲਗਯੋ ਨਾਮ ਸੁਖਰਾਸ।
ਪਰਮ ਪ੍ਰੇਮ ਮਨ ਮਹਿਂ ਉਪਜਾਯੋ।
ਨਿਸ ਦਿਨ ਗੁਰ ਮਹਿਂ ਧਯਾਨ ਲਗਾਯੋ ॥੪੭॥
ਅਰਧ ਰਾਤਿ ਸਿਮਰਤਿ ਉਰ ਜਬੈ।
ਪ੍ਰਗਟੇ ਸ਼੍ਰੀ ਗੋਬਿੰਦ ਸਿੰਘ ਤਬੈ।
ਸ਼ਬਦ ਤੁਰੰਗਮ ਕੋ ਸੁਨਿ ਪਾਯੋ।
ਉਠਯੋ ਰਾਇ ਤਿਤ ਨੈਨ ਲਗਾਯੋ ॥੪੮॥
ਬਿਸਮਤਿ ਬੂਝਯੋ 'ਕਹੁ ਤੁਮ ਕੌਨ?'
ਸ਼੍ਰੀ ਪ੍ਰਭੁ ਕਹਹਿਂ 'ਅਰਾਧਹਿਂ ਜੌਨ[1]।
ਸੋ ਪਹੁੰਚਯੋ ਤੁਵ ਕਰਨਿ ਸਹਾਇ।
ਉਠਹੁ ਅਬਹਿ ਨਹਿਂ ਬਿਲਮ ਲਗਾਇ' ॥੪੯॥
'ਸ਼੍ਰੀ ਗੁਰ ! ਮੋਹਿ ਪਗਹੁੰ ਮਹਿਂ ਬੇਰੀ।
ਅਨੁਜ ਸੁਪਤਿ ਤਿਮ ਹੀ[1] ਢਿਗ ਮੇਰੀ।'
'ਭ੍ਰਾਤ ਜਗਾਵਹੁ ਸੰਗ ਨ ਹੁਟੈ[1]।
ਵਾਹਿਗੁਰੂ ਕਹੁ ਬੇਰੀ ਟੂਟੈ' ॥੫੦॥
ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ।
ਸੰਗਲ ਟੂਟੇ ਨਾਮ ਧਿਆਯੋ।

[1]ਮਨੁਖ ਦੀ ਕੈਦ ਕੀ ਚੀਜ਼ ਹੈ।
[1]ਗੁਰੂ ਜਮ ਦੀ ਫਾਸੀ ਕੱਟ ਦੇਂਦਾ ਹੈ।
[1]ਜਿਸਨੂੰ ਅਰਾਧਦਾ ਹੈਂ।
[1]ਉਸੇ ਤਰ੍ਹਾਂ ਭਾਵ ਬੇੜੀਆਂ ਸਮੇਤ।
[1]ਭਿਰਾ ਦਾ ਸੰਗ ਨ ਹਟ ਜਾਵੇ।

ਉਠਿ ਦੋਨਹੁ ਗੁਰ ਚਰਨੀ ਪਰੇ।
'ਧੰਨ ਗੁਰੂ ਕਿਰਤਾਰਥ ਕਰੇ' ॥੫੧॥
ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ।
ਸਿਮਰਤਿ ਸਤਿਗੁਰ ਸੰਝ ਸਵੇਰੇ।
ਨਰ ਤੇ ਕਹਾਂ ਬਚਾਵਨ ਗਾਥਾ।
ਜਮ ਤੇ ਰਾਖੌਂ ਦੈ ਕਰਿ ਹਾਥਾ ॥੫੨॥
ਅਬਿ ਦੋਨਹੁ ਦਿਸ਼ਿ ਹ੍ਵੈ ਤੁਮ ਠਾਢੇ।
ਗਹਹੁ ਰਕਾਬ ਦੂਾਲ[1] ਦ੍ਵੈ ਗਾਢੇ[2] ।

[1]ਚਮੜੇ ਤੇ ਤਸਮੇ ਜਿਨ੍ਹਾਂ ਨਾਲ ਰਕਾਬਾਂ ਪਾਈਆਂ ਜਾਂਦੀਆਂ ਹਨ। [2]ਦੋ ਰਕਾਬਾਂ ਦੀ ਦੂਾਲ ਤਕੜੀ ਕਰਕੇ ਫੜੋ।

ਚੌਂਕੀਦਾਰਨ ਦੇਹੁ ਜਗਾਇ।
-ਘੇਰ ਲੇਹੁ ਅਬਿ ਹਮ ਚਲਿ ਜਾਇੰ-' ॥੫੩॥
ਗਹਿ ਕੈ ਦੂਾਲ ਕਹਜੋ ਦ੍ਵੈ ਭਾਈ।
'ਅਬਿ ਹਮਰੇ ਗੁਰ ਭਏ ਸਹਾਈ।
ਜੇ ਬਲ ਹੈ ਤੌ ਲੀਜੈ ਘੇਰੇ।
ਨਾਂਹਿ ਤ ਹਮ ਪਹੁੰਚਹਿਂ ਨਿਜ ਡੇਰੇ' ॥੫੪॥
ਸੁਨਿ ਊਚੀ ਧੁਨਿ ਕੋ ਤਬਿ ਜਾਗੇ।
ਉਠ ਕਰਿ ਘੇਰ ਪਕਰਨੇ ਲਾਗੇ।
ਤਬਿ ਸਤਿਗੁਰੂ ਤੁਰੰਗਮ ਪ੍ਰੇਰਾ।
ਪੰਛੀ ਜਿਮ ਗਮਨੇ ਤਿਸ ਬੇਰਾ ॥੫੫॥
ਦ੍ਵਾਦਸ਼ ਕੋਸ ਬਿੰਧਾਚਲ ਗਏ[1]।

[1]ਬਿੰਧਜਾਚਲ ਪਰਬਤ ਦੀ ਵਲ ੧੨ ਕੋਹ।

ਦੂਾਲ ਛੁਰਾਇ ਬਖਾਨਤਿ ਭਏ।
'ਇਹ ਦਰਸ਼ਨ ਕੋ ਹਠ ਨਹਿਂ ਕਰੀਅਹਿ।
ਅਵਚਲ ਨਗਰ ਸਿਧਾਰਨ ਕਰੀਅਹਿ ॥੫੬॥
ਅਰਪਨ ਚਹਹੁ ਸੁ ਅਰਪਹੁ ਤਹਾਂ।
ਪੰਚ ਸਿੰਘ ਮੇਰੇ ਹੈਂ ਜਹਾਂ।
ਸ਼ਰਧਾ ਧਰਹੁ ਸਰੂਪ ਸੁ ਮੇਰਹੁ।
ਪੁਰਹੁ ਕਾਮਨਾ ਪੂਜਹੁ ਹੇਰਹੁ ॥੫੭॥
ਇਮ ਕਹਿ ਹੋਏ ਅੰਤਰ ਧਜਾਨ।
ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨ।

ਬਨੇ ਸਹਾਇਕ ਬੰਦ ਖਲਾਸੀ।
ਨਿਜ ਦਾਸਨ ਕਾਟਤ ਜਮ ਫਾਸੀ
॥੫੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਹਾਇਕ ਹੋਨਿ' ਪ੍ਰਸੰਗ ਬਰਨਨੰ ਨਾਮ ਪਚੀਸਮੋਂ ਅੰਸੂ ॥੨੫॥

ਕਵੀ ਜੀ ਨੇ ਇਸ ਐਨ ਦੇ ਅੰਸੂ ੨੦, ੨੧, ੨੨, ੨੩ ਤੇ ੨੪ ਵਿਚ ਸਾਹਿਬ ਕਲਗੀਧਰ ਜੀ ਦੇ ਜੱਗ ਕਰਨ, ਸੰਗਤਾਂ ਨੂੰ ਇਸ ਸਰੀਰ ਵਿਚ ਅੰਤਮ ਸੰਦੇਸ਼ ਦੇਣ, ਕਨਾਤ ਤਨਵਾਉਣ, ਚੰਦਨ ਦੀ ਚਿੰਤਾ ਬਨਵਾਉਣ, ਉਸਨੂੰ ਅਗਨੀ ਲਗਵਾਉਣ, ਦੀਪਮਾਲਾ ਕਰਵਾਉਣ ਦਾ ਵਿਸਥਾਰ ਨਾਲ ਜ਼ਿਕਰ ਕਰਕੇ ਜੋਗ ਅਗਨੀ ਜਗਾਕੇ ਬ੍ਰਹਮਰੰਧ੍ਰ ਦੇ ਰਸਤੇ ਜੋਤੀ ਜੋਤ ਸਮਾਉਣ ਦਾ ਵਿਸਥਾਰ ਨਾਲ ਤੇ ਨਿਸ਼ਚਿਤ ਜ਼ਿਕਰ ਕੀਤਾ ਹੈ। ਸ਼੍ਰੀ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਹਜ਼ੂਰ ਸਾਹਿਬ ਤੋਂ ਜੋ ਸਿੰਘ ਦਿੱਲੀ ਗਏ ਤੇ ਮਾਤਾ ਜੀ ਨੂੰ ਮਿਲੇ ਹਨ ਮਾਤਾ ਸੁੰਦਰੀ ਜੀ ਦੇ ਪੁੱਛਣ ਤੇ ਹਜੂਰ ਅਬਚਲ ਨਗਰ ਸਾਹਿਬ ਭਾਣਾ ਵਰਤਣ ਦਾ ਹਾਲ ਉਹਨਾਂ ਨੂੰ ਸੁਣਾਇਆ ਹੈ, ਜਿਸ ਤੋਂ ਮਾਤਾ ਜੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਖਬਰ ਸੁਣਕੇ ਆਪ ਅਤਿ ਵੈਰਾਗਵਾਨ ਹੋਏ ਹਨ। ਇਸੇ ਤਰ੍ਹਾਂ ਇਹ ਗੱਲ ਸਾਰੇ ਹੀ ਪੰਥ ਵਿਚ ਨਿਸ਼ਚਿਤ ਹੈ ਕਿ ਸ਼੍ਰੀ ਹਜ਼ੂਰ ਸਾਹਿਬ ਇਹ ਭਾਣਾ ਵਰਤਿਆ ਹੈ। ਪ੍ਰੰਤੂ ਕਲਗ਼ੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਮਗਰੋਂ ਜੰਗਲ ਦੇ ਵਿਚ ਇਕ ਸਾਧ ਨੂੰ ਮਿਲਣ ਤੇ ਰੁਸਤਮ ਰਾਏ ਬਾਲਾ ਰਾਏ ਮਰਹੱਟੇ ਦੀ ਬੰਦ ਖਲਾਸ ਹੋਣ ਦਾ ਵਿਰਤਾਂਤ ਸੁਣਕੇ ਸਿੱਖ ਇਤਿਹਾਸ ਤੋਂ ਅੱਗਜਾਤ ਤੇ ਆਤਮਕ ਅਵਸਥਾਵਾਂ ਤੋਂ ਅਨਜਾਣ ਪੁਰਸ਼ ਸੋਚ ਵਿੱਚ ਪੈ ਜਾਂਦੇ ਹਨ ਕਿ ਕੀ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਵੀ ਇਸ ਤਰ੍ਹਾਂ ਦੇ ਦਰਸ਼ਨ ਹੋ ਸਕਦੇ ਹਨ?

ਕਵੀ ਜੀ ਨੇ ਇਸ ਐਨ ਦੇ ਅੰਸੂ ੨੪ ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ ਕਨਾਤ ਤਣਵਾ ਕੇ ਅੰਦਰ ਜਦ ਚਿਤਾ ਬਣਵਾਈ ਇਸ ਵੇਲੇ ਬਾਹਰ ਇੰਨੀ ਦੀਪ ਮਾਲਾ ਕੀਤੀ ਗਈ ਸੀ ਕਿ "ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ ॥ ੨ ॥ " ਗੁਰੂ ਜੀ ਜਦ ਚਿਤਾ ਤੇ ਬੈਠੇ ਤਦ ਉਹਨਾਂ ਦੇ ਪਾਸ ਦੇ ਸਿੰਘ "ਛੋਰਿ ਕੈ ਪੌਰ ਕੀ ਠੌਰ ਕਨਾਤ ਤੇ ਬਾਹਰ ਆਨ ਥਿਰੇ ਸਮੁਦਾਯਾ। ਬੈਠ ਗਏ ਗਨ ਸਿੰਘ ਚਹੂੰ ਦਿਸ਼ਿ..... ॥ ੨੯ ॥ " ਜਿਸ ਵੇਲੇ ਕਲਗ਼ੀਧਰ ਜੀ ਜੋਤੀ ਜੋਤ ਸਮਾਏ ਉਸ ਵੇਲੇ "ਜੈ ਜੈ ਸ਼ਬਦ ਗਗਨ ਮਹਿਂ ਹੋਵਾ ॥ ੧੯ ॥ " ਪੁਨਾ "ਭਯੋ ਪ੍ਰਕਾਸ਼ ਅਕਾਸ਼ ਮਹਾਨਾ ॥ ੨੦ ॥ " ਤੇ ਫਿਰ "ਪਰੀ ਗੂੰਜ ਇਕ ਬਾਰ ਬਿਸਾਲਾ ॥ ੨੦ ॥ " ਅੰਤ ਨੂੰ:-"ਚਢਿ ਅਕਾਸ਼ ਕੇ ਪੰਥ ਪਧਾਰੇ ॥ ੧੯ ॥ " ਹੋਰ ਸਾਰੇ ਇਤਿਹਾਸਕਾਰਾਂ ਨੇ ਵੀ ਇਹ ਨਿਸ਼ਚਿਤ ਲਿਖਿਆ ਹੈ ਕਿ ਗੁਰੂ ਜੀ ਦਾ ਪ੍ਰਲੋਕ ਗਮਨ ਨਾਦੇੜ ਵਿਚ (੧੭੬੫ ਸੰਮਤ ਵਿਚ) ਹੋਇਆ। ਆਪਣੇ ਪੁਰਾਤਨ ਇਤਿਹਾਸਕਾਰਾਂ, ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼, ਪਰਚੀਆਂ ਸੇਵ ਦਾਸ ਤੇ ਗੁਰ ਸ਼ੋਭਾ ਵਿਚ ਬੀ ਇਹੋ ਗੱਲ ਨਿਸ਼ਚਿਤ ਲਿਖੀ ਹੈ। ਯਥਾ:-"ਸੰਮਤ ਸਤਾਰਾਂ ਸੈ ਭਏ ਪੈਂਸਠ ਬਰਖ ਪ੍ਰਮਾਨ। ਕਾਤਕ ਸੁਦਿ ਭਈ ਪੰਚਮੀ ਨਿਸ ਕਾਰਨ ਕਰ ਜਾਨ।"

ਸ਼੍ਰੀ ਕਲਗ਼ੀਧਰ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜਿਸ ਵੇਲੇ ਸਤਿਗੁਰੂ ਜੀ ਚਿਤਾ ਤੇ ਬੈਠੇ, ਸਿੱਖ ਪਾਸ ਖੜੇ ਸਨ, ਚਿਤਾ ਨੂੰ ਅਗਨੀ ਦਿੱਤੀ ਗਈ ਤਾਂ ਸਿੱਖ ਪਾਸ ਸਨ, ਫਿਰ ਸਿੱਖ ਬਾਹਰ ਆਕੇ ਕਨਾਤ ਦੇ ਚਾਰੋਂ ਪਾਸੇ ਜਿੱਥੇ ਬੇਅੰਤ ਰੌਸ਼ਨੀ ਸੀ ਬੈਠ ਗਏ ਤੇ ਕਨਾਤ ਦੇ ਅੰਦਰ ਤੇ ਅਕਾਸ਼ ਵਿਚ ਅਦਭੁਤ ਨਾਦ ਤੇ ਪ੍ਰਕਾਸ਼ ਉਹਨਾਂ ਕੰਨੀ ਸੁਣੇ ਤੇ ਅੱਖੀਂ ਵੇਖੇ ਤੇ ਕਲਗ਼ੀਧਰ ਜੀ ਦੇ "ਜੋਤੀ ਜੋਤ ਸਮਾਉਣ" ਦੇ ਭਾਣੇ ਨੂੰ ਮੰਨਿਆਂ।

ਦੂਸਰੇ ਦਿਨ ਜਦ ਸਿੱਖ ਅਤਿ ਵਿਆਕੁਲਤਾ ਵਿਚ ਬੈਠੇ ਹੋਏ ਸਨ ਤਦ ਇਕ ਸਾਧ ਨੇ ਆਣਕੇ ਦੱਸਿਆ ਕਿ ਮੈਨੂੰ ਕਲਗ਼ੀਧਰ ਜੀ ਹੁਣੇ ਜੰਗਲ ਵਿੱਚ ਮਿਲੇ ਹਨ। ਇਸ ਖਬਰ ਨੇ ਇਕ ਵੇਰ ਸਿੰਘਾਂ ਨੂੰ ਹਲੂਣਾ ਦਿੱਤਾ ਕਿ ਹੈਂ! ਇਹ ਕੀ ਗੱਲ ਬਣੀ, ਪ੍ਰੰਤੂ ਕਵੀ ਜੀ ਲਿਖਦੇ ਹਨ ਕਿ ਸਾਧ ਦੇ ਬਿਆਨ ਨੂੰ ਸੁਣਕੇ ਤੇ ਰਾਤ ਨੂੰ ਹੋਏ ਕੌਤਕ ਅੱਖੀਂ ਦੇਖਕੇ:-

"ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ ॥ ਗੁਰ ਇਕ ਸਮ ਸਭਿ ਬਿਖੈ ਸਮਾਯੋ ॥
ਜਹਿਂ ਸਿਮਰੈ ਤਹਿਂ ਹਾਜ਼ਰ ਅਹੈਂ ॥ ਸਭ ਸਿੱਖਨ ਕੀ ਸ਼ਰਧਾ ਲਹੈਂ ॥

ਜਨਮ ਮਰਨ ਪ੍ਰਾਪਤ ਕਛੁ ਨਾਂਹੀ ॥ ਸੁਤਹਿ ਸਿੱਧ ਤਨ ਧਰਹਿਂ ਬਿਲਾਹੀਂ ॥"
ਇਸ ਤੋਂ ਵਿਦਤ ਹੈ ਕਿ ਉਸ ਵੇਲੇ ਸਿੰਘਾਂ ਨੇ ਜੋ ਕੁਛ ਅੱਖੀਂ ਵੇਖਿਆ ਤੇ ਕੰਨੀਂ ਸੁਣਿਆ ਸੀ ਉਸ ਤੋਂ ਇਹ ਨਤੀਜਾ ਕੱਢਿਆ ਸੀ ਕਿ ਕਲਗ਼ੀਧਰ ਜੀ ਦੇ ਸਾਧੂ ਨੂੰ ਜੋ ਦਰਸ਼ਨ ਹੋਏ ਹਨ ਇਹ ਆਤਮ ਸੱਤਜਾ ਨਾਲ ਦਿੱਤੇ ਦਰਸ਼ਨ ਹਨ, ਕਿਉਂਕਿ ਇਸ ਤਰ੍ਹਾਂ ਦੇ ਆਤਮਕ ਸੱਤਜਾ ਦੇ ਝਲਕਾਰੇ ਗੁਰੂ ਸਾਹਿਬਾਨ ਦੇ ਸਮੇਂ ਸਿੱਖਾਂ ਸੇਵਕਾਂ ਤੇ ਸਿੰਘਾਂ ਨਾਲ ਅਨੇਕਾਂ ਵਾਰ ਹੁੰਦੇ ਰਹੇ ਹਨ, ਜਿਵੇਂ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਕੈਦ ਵਿਚ ਹੁੰਦਿਆਂ ਸਿੰਘਾਂ ਦੇ ਘਰ ਪ੍ਰਸ਼ਾਦ ਛਕਣਾ। ਪਾਤਸ਼ਾਹੀ ਆਦਮੀਆਂ ਨੇ ਆਪ ਜੀ ਨੂੰ ਬੰਦ ਵਿਚ ਬੀ ਤੇ ਸਿੰਘਾਂ ਦੇ ਘਰ ਬੀ ਇਕੇ ਸਮੇਂ ਤੱਕਣਾ ਤੇ ਖ਼ੁਦ ਕਲਗ਼ੀਧਰ ਜੀ ਨੇ ਭਾਈ ਜੋਗਾ ਸਿੰਘ ਜੀ ਨੂੰ, ਜਿਸ ਵੇਲੇ ਕਿ ਉਹ ਭੁਲੇਵੇ ਵਿਚ ਆ, ਢਹਿੰਦੀਆਂ ਕਲਾਂ ਵਿਚ ਜਾਣ ਲਗੇ ਸਨ, ਤਦ ਚੋਬਦਾਰ ਦੇ ਰੂਪ ਵਿੱਚ ਵਿਖਾਲੀ ਦੇਕੇ ਬਚਾਉਣਾ, ਆਦਿ।
ਜੇ ਗੁਰੂ ਜੀ ਆਪਣੇ ਸਿੱਖਾਂ ਨੂੰ ਆਪਣੇ ਜਾਗਤੀ ਜੋਤ ਤੇ ਸਦਾ ਜੀਵਨ ਦਾ ਨਿਸ਼ਚਾ ਕਰਾਯਾ ਚਾਹੁੰਦੇ ਸਨ ਤਾਂ ਦੋ ਹੀ ਤ੍ਰੀਕੇ ਸਨ-ਇਕ ਵਾਕ ਦੁਆਰਾ ਦੂਸਰੇ ਕਰਨੀ ਦੁਆਰਾ। ਵਾਕ ਦੁਆਰਾ ਤਾਂ ਓਹ ਕਹਿ ਗਏ ਕਿ ਮੈਂ ਖਾਲਸੇ ਵਿਚ ਵਰਤਾਂਗਾ। ਕਰਨੀ ਦੁਆਰਾ ਹੁਣ ਇਹ ਤ੍ਰੀਕਾ ਸੀ ਕਿ ਆਪਣੇ ਮਾਨਸਿਕ ਸਰੂਪ ਵਿਚ ਨਜ਼ਰ ਪੈਣ, ਜੈਸੇ ਕਿ ਸਾਧੂ ਨੂੰ ਦਿੱਸੇ। ਫਿਰ ਲੋੜ ਸੀ ਦਰਦ ਰਵਾਨਿਆਂ ਨੂੰ ਸਹਾਈ ਹੋਕੇ ਕ੍ਰਿਯਾਮਾਨ ਸਬੂਤ ਦੇਣ ਦੀ ਕਿ ਮੈਂ ਸਰੀਰ ਛੋੜਕੇ ਬੀ ਬੰਦਿਆਂ ਦੀ ਕੈਦ ਕੱਟ ਸਕਦਾ ਹਾਂ ਜੈਸੇ ਕਿ ਬਾਲੇਰਾਇ ਤੇ ਰੁਸਤਮਰਾਇ ਨੂੰ ਕੈਦੋਂ ਕੱਢਕੇ ਦਿਖਾ ਦਿੱਤਾ। ਇਸ ਕੌਤਕ ਨਾਲ ਜਥੇਦਾਰ ਸੰਤੋਖ ਸਿੰਘ ਤੇ ਬਾਕੀ ਸਿੰਘਾਂ ਨੂੰ ਤਸੱਲੀਆਂ ਹੋਈਆਂ। ਇਕ ਤਾਂ ਇਹ ਕਿ ਗੁਰੂ ਸ਼ਰੀਰ ਛੋੜਕੇ ਬੀ ਜਾਗਤੀ ਜੋਤ ਹਨ, ਦੂਸਰੇ ਇਹ ਕਿ ਦੁਖੀਆਂ ਦੀ ਸਹਾਇਤਾ ਕਰਦੇ ਹਨ, ਤੇ ਅਰਾਧਣਾ ਕਰਨ ਤੇ ਹਾਜ਼ਰ ਆ ਹੁੰਦੇ ਹਨ, ਤੀਸਰੇ ਜੋ ਉਹਨਾਂ ਨੂੰ ਵਿਸਵਸਾ ਸੀ ਕਿ ਪਰਦੇਸ਼ ਤੇ ਅਸਿੱਖ ਦੇਸ਼ ਵਿਚ ਦੇਗ਼ ਕੀਕੂੰ ਚਲੇਗੀ? ਉਸਦੇ ਚੱਲਣ ਦਾ ਗੁਰੂ ਜੀ ਨੇ ਆਪ ਮੁੱਢ ਬੰਨ੍ਹ ਦਿੱਤਾ। ਜੇ ਕਹੋ ਕਿ ਆਪ ਤਾਂ ਹੁਣ ਸ਼ੁਧ ਆਤਮਾ ਸਰੂਪ ਸਨ, ਪੰਜ ਭੌਤਕ ਸਰੀਰ ਵਿਚ ਕਿਉਂ ਦਿੱਸੇ। ਇਸ ਦਾ ਕਾਰਨ ਇਹ ਹੈ ਕਿ ਜੇ ਉਸੇ ਸਰੀਰ ਵਿਚ ਦਿੱਸਣ ਤਾਂ ਹੀ ਸਿਆਣ ਹੋਵੇ ਤੇ ਤਾਂ ਹੀ ਤਸੱਲੀ ਬੱਝੇ, ਨਿਰੋਲ ਆਤਮਾ ਨੂੰ ਅੱਖਾਂ ਵਿਸ਼ਾ ਨਹੀਂ ਕਰ ਸਕਦੀਆਂ। ਤਾਂ ਤੇ ਪੰਜ ਭੌਤਕ ਸਰੀਰ ਦੇ ਰੂਪ ਵਿਚ ਨਜ਼ਰੀਂ ਪਏ ਅਤੇ ਆਤਮ ਸਮਰੱਥਾ ਦੇ ਨੁਕਤੇ ਤੋਂ ਗੁਰ ਅਵਤਾਰ ਸ੍ਵੈ ਇੱਛਾਚਾਰੀ ਸੇ ਤੇ ਇਹ ਕੌਤਕ ਕਰ ਸਕਦੇ ਸੇ।
ਜੇ ਪੱਛਮੀ ਵਿੱਦਯਾ ਦੇ ਲੋਕੀਂ ਕਹਿਣ ਕਿ ਐਸੀਆਂ ਗੱਲਾਂ ਸੰਭਵ ਹੈਨ ਕਿ ਨਹੀਂ ਤਾਂ ਓਹ ਆਪਣੇ ਮੁਲਕਾਂ ਦੇ ਸਪਿਰਚੁਅਲਿਜ਼ਮ ਦਾ ਸਾਹਿਤ ਪੜ੍ਹ ਵੇਖਣ, ਜਿੱਥੇ ਮਾਮੂਲੀ ਰੂਹਾਂ ਆਪਣੇ ਆਪ ਨੂੰ ਮਟੀਰੀਅਲਾਈਜ਼ (ਸਰੀਰ ਵਿਚ ਦਿੱਸ ਪੈਣਾ) ਕਰਕੇ ਦੱਸਦੀਆਂ ਹਨ ਤੇ ਗੁਰੂ ਜੀ ਤਾਂ ਗੁਰੂ ਅਵਤਾਰ ਮਹਾਨ ਸ਼ਕਤੀਮਾਨ ਸੇ, ਆਪ ਅੱਗੇ ਏਹ ਖੇਲ ਕਾਹਦੇ ਕਠਨ ਸਨ।
ਇਸ ਤਰ੍ਹਾਂ ਦੇ ਆਤਮ ਸੱਤਜਾ ਦੇ ਦਰਸ਼ਨਾਂ ਦੇ ਜ਼ਿਕਰ ਦੂਜੇ ਮਤਾਂ ਦੀਆਂ ਪੁਸਤਕਾਂ ਵਿੱਚ ਵੀ ਮਿਲਦੇ ਹਨ। ਹਿੰਦੂਆਂ ਵਿਚ ਅਵਤਾਰਾਂ ਦੇ ਦਰਸ਼ਨ ਹੋਣੇ ਮੰਨੇ ਹਨ, ਵਿਸ਼ਨੂੰ ਦਾ ਰੂਪ ਧਾਰੀ ਹੋਕੇ 'ਗਜ' ਆਦਿਕਾਂ ਦੀ ਸਹਾਇਤਾ ਲਈ ਅੱਪੜਨਾ ਲਿਖ੍ਯਾ ਹੈ। ਮੁਸਲਮਾਨਾਂ ਵਿਚ ਬੀ ਵਲੀਆਂ ਦੇ ਦੀਦਾਰ ਹੋਣ ਦਾ ਜ਼ਿਕਰ ਆਉਂਦਾ ਹੈ। ਹਜ਼ਰਤ ਈਸਾ ਦੀ ਬਾਬਤ ਅੰਜੀਲ ਵਿਚ ਲਿਖਿਆ ਹੈ ਕਿ ਜਦ ਉਹਨਾਂ ਨੂੰ ਸਲੀਬ ਦਿੱਤਾ ਗਿਆ ਤੇ ਉਥੋਂ ਉਤਾਰ ਕੇ ਵਾਰਸਾਂ ਨੂੰ ਸੌਂਪਿਆ ਤੇ ਓਹ ਉਹਨਾਂ ਨੂੰ ਕਬਰ ਵਿਚ ਪਾਕੇ ਚਲੇ ਗਏ ਤਾਂ ਮਗਰੋਂ ਈਸਾ ਜੀ ਸੜਕ ਤੇ ਰਾਹੀਆਂ ਨੂੰ ਮਿਲੇ।

## ੨੬. [ਦੋਹਾਂ ਮਾਤਾ ਸਾਹਿਬਾਂ ਨੂੰ ਖਬਰ। ਬੰਦੇ ਦਾ ਘੇਰੇ ਵਿਚ ਆਉਣਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਬਾਲੇਰਾਇ ਬਿਚਾਰਿ ਕੈ, ਲੇ ਸੰਗ ਰੁਸਤਮਰਾਇ।
ਪਹੁੰਚੇ ਅਪਨੇ ਸਦਨ ਮਹਿਂ, ਧਨ ਗਨ ਸੰਗ ਲਵਾਇ[1] ॥੧॥ [1]ਨਾਲ ਲੈ ਕੇ।

ਚੌਪਈ:

ਅਵਚਲ ਨਗਰ ਗਏ ਹਰਖਾਇ।
ਦਰਸ਼ਨ ਕਰਜੋ ਸੀਸ ਕੋ ਨਜਾਇ।
ਥਾਤੀ ਦਰਬ ਸਰਬ ਦੇ ਤਥਾ।
ਕਹੀ ਸੰਤੋਖ ਸਿੰਘ ਸੰਗ ਕਥਾ ॥੨॥
ਉਠਿ ਅਰਦਾਸ ਕਰੀ ਗੁਰ ਆਗੇ।
'ਧੰਨ ਪ੍ਰਭੁ ਸਗਰੇ ਥਲ ਜਾਗੇ।
ਸਿਮਰੇ ਹਾਜ਼ਰ ਹ੍ਵੈ ਜਹਿਂ ਕਹਾਂ।
ਅਪਨੀ ਪੈਜ ਰਾਖਤੇ ਮਹਾਂ' ॥੩॥
ਕਿਤਿਕ ਤਿਹਾਵਲ ਕਰਿ ਵਰਤਾਯੋ।
ਅਪਰ ਦੇਗ਼ ਕੋ ਕਾਰ ਚਲਾਯੋ।
ਪ੍ਰਚੁਰ[1] ਪ੍ਰਸੰਗ ਦੇਸ਼ ਮਹਿਂ ਹੋਵਾ। [1]ਫੈਲਿਆ।
ਗੁਰ ਦਰਬਾਰ ਬ੍ਰਿੰਦ ਹੀ ਜੋਵਾ ॥੪॥
ਜਥਾ ਸ਼ਕਤਿ ਸਭਿ ਭੇਟ ਚਢਾਵੈਂ।
ਕਰਹਿਂ ਕਾਮਨਾ ਨਾਨਾ ਪਾਵੈਂ।
ਜੋ ਪੰਜਾਬ ਦੇਸ਼ ਕੋ ਆਏ[1]। [1]ਅਬਚਲ ਨਗਰ ਤੋਂ) ਜੋ ਪੰਜਾਬ ਦੇਸ਼ ਨੂੰ ਆਏ।
ਦਿਲੀਪੁਰਿ ਮਹਿਂ ਸੋ ਪ੍ਰਵਿਸ਼ਾਏ ॥੫॥
ਮਾਤ ਸੁੰਦਰੀ ਸਾਹਿਬਦੇਵੀ।
ਜਾਇ ਨਮੋ ਕੀਨੀ ਜੁਗ ਸੇਵੀ[1]। [1]ਦੋਹਾਂ ਨੂੰ ਜੋ) ਦੋਵੇਂ ਕਿ ਸੇਵਨੇ ਯੋਗ ਹਨ। (ਅ) (ਇਸ) ਜੁਗ (ਵਿਚ) ਸੇਵਨੇ ਯੋਗ।
ਕੁਛ ਮਿਸ਼ਟਾਨ ਉਪਾਇਨ ਰਾਖੀ।
ਪਿਖਿ ਸਿੰਘਨ ਕੋ ਬੂਝਤਿ ਕਾਂਖੀ ॥੬॥
'ਤੁਮ ਜਗ ਗੁਰ ਕੇ ਸੰਗੀ ਅਹੋ।
ਕਬਿ ਤੇ ਤਜਿ ਆਏ ਸਚ ਕਹੋ।'
ਸੁਨਤਿ ਸਜਲ ਦ੍ਰਿਗ ਜੋਰਤਿ ਹਾਥਾ।
ਗਾਥਾ ਕਹੀ ਮਾਤ ਕੇ ਸਾਥਾ ॥੭॥
'ਸਤਿਗੁਰ ਅਪਨੇ ਸਦਨ ਸਿਧਾਰੇ।

ਹਮ ਅਨਾਥ ਹੁਇ ਇਤਹਿੰ ਪਧਾਰੇ।
ਨਿਜ ਪਗ ਸੰਗ ਚਿਖਾ ਪਰ ਗਏ।
ਨਰ ਗਨ ਮਿਲੇ ਅਚੰਭੇ ਭਏ ॥੮॥
ਭਸਮ ਬਿਖੈ ਤੇ ਕੁਛ ਨਹਿਂ ਪਾਯੋ।
ਨਹਿਂ ਅਸਥੀ ਆਯੁਧ ਸਮੁਦਾਯੋ।
ਰਹ੍ਯੋ ਤਬੇਲੇ ਨਹਿੰਨ ਤੁਰੰਗ।
ਜਾਨ੍ਯੋਂ ਸਭਿਨਿ, ਗਏ ਲੇ ਸੰਗ† ॥੯॥

†ਇਸ ਤੋਂ ਅੱਗੇ ਇਹ ਪਾਠ ਬੀ ਮਿਲਦਾ ਹੈ: "ਰਹਤਉ ਅਲਵਰ ਕੋਟ ਮਝਾਰਾ। ਸੋਢੀ ਸੁਨਿ ਬ੍ਰਿਤੰਤ ਗੁਰ ਸਾਰਾ। ਪੰਡਤ ਪੁੰਜ ਸੰਗ ਲੇ ਆਯੋ। ਕ੍ਰਿਯਾ ਕਰਮ ਬਿਧਿ ਸਹਿਤ ਕਰਾਯੋ"। ਅਲਵਰ ਤੋਂ ਅਬਚਲ ਨਗਰ ਘੱਟ ਤੋਂ ਘੱਟ ਸੱਤ ਕੁ ਸੌ ਮੀਲ ਹੈ, ਖਬਰ ਪਹੁੰਚਾਉਣ ਤੇ ਸੋਢੀ ਦੇ ਓਥੇ ਅੱਪੜਨ ਵਿਚ ਪੰਦ੍ਰਾਂ ਦਿਨਾਂ ਤੋਂ ਘੱਟ ਕੀਹ ਲੱਗੇ ! ਸੋ ਸਸਕਾਰ ਯਾ ਕ੍ਰਿਯਾ ਵੇਲੇ ਅੱਪੜਨਾ ਅਸੰਭਵ ਹੈ। ਅਸਲ ਵਿੱਚ ਇਹ ਪਿਛੋਂ ਦੀਆਂ ਕਲਪਨਾਂ ਹਨ। ਸਿੰਘ, ਜੋ ਗੁਰੂ ਜੀ ਦੇ ਸੁਤੰਤ੍ਰ ਮਤੇ ਨੂੰ ਸਮਝਦੇ ਸਨ ਕ੍ਰਿਆ ਕਦ ਕਰਨ ਦੇਂਦੇ ਸੇ। ਤੇ ਜੇ ਕਰਨੀ ਹੀ ਸੀ ਤਾਂ ਓਹ ਉਡੀਕਦੇ ਬੈਠੇ ਰਹਿੰਦੇ, ਨਾਦੇੜ ਵਿਚ ਬ੍ਰਾਹਮਣ ਥੋੜੇ ਸਨ ਕ੍ਰਿਯਾ ਕਰਾਉਣ ਵਾਲੇ, ਸੋ ਜੇ ਸਿੰਘ ਕ੍ਰਿਯਾ ਕਰਨੀ ਚੰਗੀ ਗੱਲ ਸਮਝਦੇ ਤਾਂ ਗੁਰੂ ਕੇ ਪੁੱਤ੍ਰ ਬਣਕੇ ਆਪ ਚਰੋਕਣੀ ਕਰਵਾ ਦਿੰਦੇ। ਸੌ ਸਾਖੀ ਦੇ ਆਖੇਪਕਾਰਾਂ ਦੇ ਏਹ ਖਿਆਲ ਹਨ, ਇਨ੍ਹਾਂ ਸਤਰਾਂ ਦੇ ਲੇਖਕ ਨੇ ਓਥੋਂ ਹੀ ਲਏ ਹਨ। ਗੁਰ ਸੋਭਾ, ਜੋ ਸਭ ਤੋਂ ਪੁਰਾਤਨ ਗ੍ਰੰਥ ਹੈ, ਵਿਚ ਇਹ ਜ਼ਿਕਰ ਨਹੀਂ ਹੈ।

ਰਾਮਚੰਦ ਸ਼੍ਰੀ ਕ੍ਰਿਸ਼ਨ ਉਦਾਰਾ।
ਭਏ ਮੁੱਖਜ ਇਹ ਦਸ ਅਵਤਾਰਾ[1]।

[1]ਰਾਮ ਚੰਦ੍ਰ ਆਦਿਕ ਇਹ ਦਸ ਅਵਤਾਰ ਜੋ ਮੁੱਖੀ ਕਹੀਦੇ ਹਨ।

ਆਰਬਲਾ ਬੀਤੀ ਸਭਿ ਚਲੇ।
ਨਹੀਂ ਸਥਿਰ ਨਰ ਤਨ ਇਸ ਥਲੇ ॥੧੦॥
ਸਭਿਹਿਨਿ ਕੌ ਸ਼ੁਭ ਦੇ ਉਪਦੇਸ਼।
ਤਿਮ ਸਤਿਗੁਰ ਪਹੁੰਚੇ ਨਿਜ ਦੇਸ਼।'
ਜਗ ਗੁਰ ਗ੍ਰਿਹਨੀ ਦੋਨਹੁਂ ਮਾਤ।
ਸੁਨ੍ਯੋਂ ਚਲਾਣਾ ਬਹੁ ਬਿਲਲਾਤ ॥੧੧॥
ਚਲੀ ਬਿਲੋਚਨ ਤੇ ਜਲ ਧਾਰਾ।
ਧਾਰਾ ਸ਼ੋਕ[1] ਰੁਦਤਿ ਬਹੁ ਬਾਰਾ[2] ।'

[1]ਸ਼ੋਕ ਕੀਤਾ। [2]ਰੋਂਦੀਆਂ ਹਨ ਤੇ ਜਲ ਚਲਦਾ ਹੈ ਬਹੁਤ। (ਅ) ਕਈ ਵਾਰ।

ਬਾਰਾ ਖੋਲੇ[1] ਕਰੀ ਪੁਕਾਰਾ।

[1]ਬੂਹੇ ਖੁਲੇ ਸਨ ਜਦੋਂ। ਮਾਤਾ ਜੀ ਰੋਏ (ਕਿਉਂਕਿ ਅੱਗੇ ਲਿਖਿਆ ਹੈ, ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ)। (ਅ) (ਮੁਖ ਦਾ) ਦੁਵਾਰਾ ਖੋਲ੍ਹ ਕੇ ਉੱਚੀ ਪੁਕਾਰ ਕੀਤੀ।

'ਕਾਰਾ ਕਰ੍ਯੋ ਹਮਹੁਂ ਸੰਗ ਭਾਰਾ ॥੧੨॥
ਅੰਤ ਸਮੈਂ ਨਹਿਂ ਦਰਸ ਨਿਹਾਰਾ।

ਹਾਰਾ ਮਨ ਮਾਨਹੁਂ ਤਿਸ ਬਾਰਾ[1]।'
ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ।
ਨਿਕਟ ਬੈਠਿ ਛੋਰੈਂ ਦ੍ਰਿਗ ਬਾਰੀ ॥੧੩॥
-ਕਹਾਂ ਗਏ ਅਚਰਜ ਕਰਿ ਗੁਰੂ।
ਰਿਦੇ ਸ਼ੋਕ ਹਮਰੇ ਕਰਿ ਸ਼ੁਰੂ-।
ਸਿਮਰਹਿਂ ਪ੍ਰਭੁ ਕੇ ਗੁਨਨਿ ਅਨੇਕ।
-ਹਮ ਕੋ ਤਜਿ ਗੇ ਜਲਧਿ ਬਿਬੇਕ-
॥੧੪॥
ਸਾਹਿਬ ਦੇਵੀ ਸੁਨਾ ਸੁ ਜਬਿ ਤੇ।
ਸਾਧਨ ਲਗੀ ਨੇਮ ਬ੍ਰਤ ਤਬਿ ਤੇ।
ਜਪ ਤਪ ਕਰਤੇ ਦਿਵਸ ਬਿਤਾਵੈ।
ਸੁਪਤੈ ਅਲਪ, ਅਲਪ ਹੀ ਖਾਵੈ ॥੧੫॥
ਪਤਿ ਕੇ ਧਯਾਨ ਪਰਾਇਨ ਪੀਨੀ।
ਦੁਰਬਲ ਦੇਹਿ ਦਸ਼ਾ ਬਹੁ ਕੀਨੀ।
ਕਹੈ ਸੁੰਦਰੀ ਬਹੁ ਸਮੁਝਾਇ।
ਤਦਪਿ ਅਲਪ ਹੀ ਭੋਜਨ ਖਾਇ ॥੧੬॥
ਸਿੱਖ ਸਿੱਖਨੀ ਸੀਸ ਨਿਵਾਵਹਿਂ।
ਬਹੁ ਬਿਧਿ ਕੀ ਸ਼ੁਭ ਸੇਵ ਕਮਾਵਹਿਂ।
ਸ਼੍ਰੀ ਗੁਰ ਕੀ ਨਿਤ ਕਥਾ ਬਖਾਨਹਿਂ।
ਨਿਸ ਬਾਸੁਰ ਸਿਮਰਨ ਮਨ ਠਾਨਹਿਂ
॥੧੭॥
ਬਰਨੈ ਰਾਮਕੁਇਰ ਕਥ ਭਾਈ।
ਮੈਂ ਨਹਿਂ ਹੁਤੋ ਸੰਗ ਤਿਸ ਥਾਈਂ।
ਬਾਲੂ ਹਸਨੇ† ਕੇਰ ਉਦਾਸੀ[1]।

[1]ਮਾਨੋਂ ਤਿਸ ਵੇਲੇ ਮਨ ਹਾਰ ਗਿਆ।

[1]ਬਾਲੂਹਸਨੇ ਉਦਾਸੀ ਦੀ।

†ਇਹ ਜਨਮ ਦਾ ਕਸ਼ਮੀਰੀ ਬ੍ਰਹਮਣ ਸੀ, ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ ਸਿੱਖ ਤੇ ਘੋੜੇ ਦਾ ਸੇਵਕ ਸੀ। ਗੁਰੂ ਜੀ ਨੇ ਇਸ ਨੂੰ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤਾ। ਉਥੋਂ ਇਹ ਸੰਤ ਜੀ ਉਦਾਸੀਆਂ ਦੇ ਇਕ ਫਿਰਕੇ ਦੇ ਆਗੂ ਬਣੇ। ਚੰਗੇ ਭਜਨੀਕ ਤੇ ਗੁਰਮੁਖ ਪੁਰਖ ਸੇ। ਇਹ ਨਾਦੇੜ ਤੋਂ ਆ ਦੇਸ਼ਾਟਨ ਕਰਦੇ ਸਾਹਿਬ ਰਾਮਕੌਰ ਜੀ ਪਾਸ ਰਹੇ ਤੇ ਫੇਰ ਡੇਹਰਾਦੂਨ ਵਿਚ ਜਾ ਟਿਕੇ ਤੇ ਉਥੇ ਹੀ ਪ੍ਰਲੋਕ ਗਮਨ ਕੀਤਾ।

ਰਹੀ ਜਮਾਤ ਗੁਰੂ ਕੇ ਪਾਸੀ ॥੧੮॥
ਸਭਿ ਪ੍ਰਸੰਗ ਕੋ ਤਿਨਹੁਂ ਨਿਹਾਰਾ।
ਪੰਚ ਬਾਰ ਮੁਝ ਸੰਗ ਉਚਾਰਾ।
ਜਬਿ ਸੋ ਮਿਲਤਿ ਆਨਿ ਕਰਿ ਪਾਸੀ।
ਮੈਂ ਬੂਝਤਿ ਸੋ ਕਰਤਿ ਪ੍ਰਕਾਸ਼ੀ ॥੧੯॥

ਅਵਚਲ ਨਗਰ ਗੁਰੂ ਕੇ ਪਾਛੇ।
ਦਿਨ ਕੇਤਿਕ ਰਹਿ ਚਲਿਬੋ ਬਾਛੇ।
ਸੋ ਆਏ ਇਸ ਦੇਸ਼ ਮਝਾਰੀ।
ਮਾਤਨ ਕੀ ਭੀ ਬਾਤ ਉਚਾਰੀ ॥੨੦॥
ਸਾਹਿਬ ਦੇਵੀ ਹਿਤ ਮਨ ਭਾਵਨ[1]।

[1]ਭਾਵ ਜਿਸਦੇ ਮਨ ਵਿਚ ਸਤਿਗੁਰੂ ਜੀ ਦਾ ਪ੍ਰੇਮ ਹੀ ਭਾਂਵਦਾ ਸੀ।

ਤਨ ਪਿੰਜਰ ਸਮ ਕੀਨ ਸੁਕਾਵਨ।
ਪਸ਼ਚਾਤਾਪ ਕਰਤਿ ਦੁਖਿਯਾਰੀ।
-ਕਯੋਂ ਨ ਪ੍ਰਭੂ ਕੇ ਸੰਗ ਸਿਧਾਰੀ ॥੨੧॥
ਅਲਪ ਭਾਗ ਮੈਂ ਰਹੀ ਅਕੇਲੀ।
ਬਿਛੁਰੀ ਪ੍ਰਭੁ ਤੇ ਸਦਾ ਦੁਹੇਲੀ।
ਜਰਨ ਚਿਖਾ ਪਤਿ ਜੁਤਿ ਇਕ ਬਾਰੀ।
ਪਤਿ ਬਿਨ ਨਿਸ ਦਿਨ ਹ੍ਵੈ ਦੁਖਿਯਾਰੀ- ॥੨੨॥
ਇਸ ਬਿਧਿ ਕੇਤਿਕ ਸਮਾ ਬਿਤਾਵਾ।
ਪੁਨ ਦਿਨ ਅੰਤ ਆਇ ਨਿਯਰਾਵਾ।
ਤਿਥਿ ਇਕਾਦਸ਼ੀ ਮਹਿਂ ਤਜਿ ਪ੍ਰਾਨ।
ਪਹੁੰਚੀ ਪਤਿ ਢਿਗ ਠਾਨਤਿ ਧਯਾਨ ॥੨੩॥
ਸ਼੍ਰੀ ਹਰਿ ਕ੍ਰਿਸ਼ਨ ਦੇਹੁਰੇ ਪਾਸ।
ਤਹਿਂ ਸਸਕਾਰੀ ਹੁਇ ਗਨ ਦਾਸ।
ਪੀਛੇ ਮਾਤ ਸੁੰਦਰੀ ਰਹੀ।
ਚਿਰੰਕਾਲ ਲਗਿ ਬਯ ਨਿਰਬਹੀ ॥੨੪॥
ਇਸ ਕੀ ਕਥਾ ਕਹੌਂ ਪੁਨ ਕੇਤਿਕ।
ਸੁਨਿ ਸ੍ਰੋਤਾ ਬੰਦੇ ਕੀ ਜੇਤਿਕ।
ਚਹੁ ਦਿਸ਼ਿ ਤੇ ਲਸ਼ਕਰ ਘਿਰਿ ਆਏ।
ਲਰਹਿਂ ਬਹੁਤ, ਨਹਿਂ ਪਾਇ ਜਮਾਏ ॥੨੫॥
ਦੇਸ਼ ਨਗਰ ਗਨ ਜੇ ਅਪਨਾਏ।
ਤਿਨ ਕੋ ਬੰਦਾ ਰਾਜ ਕਮਾਏ।
ਕਿਤਿਕ ਪੰਥ[1] ਭੀ ਅਪਨਿ ਚਲਾਯੋ।

[1]ਬੰਦਈ ਪੰਥ।

ਉਪਦੇਸ਼ਤਿ ਭਾ ਨਰ ਸਮੁਦਾਯੋ ॥੨੬॥
ਮਿਲਹਿਂ ਫਤੇ ਦਰਸ਼ਨ ਕੋ ਕਹੈਂ।

ਆਪਸ ਬਿਖੈ ਭਾਉ ਨਿਰਬਹੈਂ।
ਪੁਰਿ ਗ੍ਰਾਮਨ ਕੇ ਨਰ ਚਲਿ ਆਵੈਂ।
ਸਿੱਖ ਬੰਦੇ ਕੇ ਹੁਇ ਹਰਖਾਵੈਂ ॥੨੭॥
ਅਪਨੀ ਰਹਤਿ ਕਹਤਿ ਉਪਦੇਸ਼ਹਿ।
ਪਦ ਪਾਹੁਲ ਕੋ ਦੇਤਿ ਹਮੇਸ਼ਹਿ†।

†ਇਹ ਠੀਕ ਨਹੀਂ ਹੈ। ਬਾਬਾ ਬੰਦਾ ਆਪਣੀ ਜਥੇਦਾਰੀ ਵੇਲੇ ਅੰਮ੍ਰਿਤ ਖੰਡੇ ਦਾ ਛਕਾਇਆ ਕਰਦਾ ਸੀ। ਤਦੋਂ ਹੀ ਛੱਜਾ ਸਿੰਘ ਭੰਗੀ ਵਰਗੇ ਪ੍ਰਸਿੱਧ ਸਿੰਘਾਂ ਨੇ ਆਪ ਤੋਂ ਅੰਮ੍ਰਿਤ ਛਕਿਆ। ਜਦੋਂ ਬੰਦੇ ਨੇ ਵੱਖਰਾ ਮਤਾ ਟੋਰ ਲਿਆ ਦੱਸੀਦਾ ਹੈ (ਵਿਸ਼ੇਸ਼ ਖੋਜ ਦੀ ਲੋੜ ਹੈ) ਤਦੋਂ ਬੀ ਅੰਮ੍ਰਿਤ ਛਕਾਉਂਦਾ ਸੀ। ਹੁਣ ਤਕ ਗੱਦੀ ਨਸ਼ੀਨ ਅੰਮ੍ਰਿਤ ਛਕਦੇ ਹਨ, ਉਹਨਾਂ ਵਿੱਚ ਸਿੰਘ ਬੀ ਅੰਮ੍ਰਿਤ ਛਕਦੇ ਹਨ। ਸਹਿਜਧਾਰੀਆਂ ਨੂੰ ਚਰਨ ਘਾਲ ਦੇਂਦੇ ਹਨ। ਸਹਿਜਧਾਰੀ ਸਿੱਖ ਬੀ ਬੰਦਈ ਹੁੰਦੇ ਹਨ। ਅਰਦਾਸਾ ਦਸਾਂ ਪਾਤਸ਼ਾਹੀਆਂ ਦਾ ਕਰਦੇ ਹਨ, ਮਗਰੋਂ ਬਾਬੇ ਜੀ ਦਾ ਤੇ ਰੰਜੀਤ ਸਿੰਘ, ਜੁਝਾਰ ਸਿੰਘ, ਫਤੇ ਸਿੰਘ ਦਾ ਨਾਮ ਲੈਂਦੇ ਹਨ, ਪਰ ਉਹਨਾਂ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਆਖਦੇ। ਗੁਰਬਾਣੀ ਬਿਨਾਂ ਹੋਰ ਕੁਛ ਨਹੀਂ ਮੰਨਦੇ; ਗੰਗਾ ਵਿਚ ਫੁਲ ਨਹੀਂ ਪਾਉਂਦੇ ਸਗੋਂ ਬਾਬੇ ਬੰਦੇ ਦੇ ਡੇਰੇ ਹੇਠਾਂ ਵਗਦੀ ਚਨਾਬ ਵਿਚ ਪਾਉਂਦੇ ਹਨ। ਹੁਣ ਬੰਦਈ ਘੱਟ ਗਏ ਹਨ, ਪਰ ਸਿੰਧ ਵਿਚ ਬੰਦਈ ਸਿੰਘ ਅਜੇ ਬੀ ਹੈਨ ਤੇ ਓਹ ਰਹਿਤਵਾਨ ਹੁੰਦੇ ਹਨ। ਗੱਦੀ ਨਸ਼ੀਨ ਜੀ ਕੇਸ਼ਾਧਾਰੀ ਤੇ ਅੰਮ੍ਰਿਤਧਾਰੀ ਸਿੰਘ ਹਨ ਤੇ ਗੁਰੂ ਘਰ ਦੇ ਪ੍ਰੇਮੀ ਹਨ ਤੇ ਆਪ ਨੂੰ ਤੇ ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਕਾ ਸਿੰਘ ਮੰਨਦੇ ਹਨ।

ਬਨਿ ਕੈ ਸਿੱਖ ਅਕੋਰਨ ਲਜਾਵੈਂ।
ਭਾਂਤਿ ਭਾਂਤਿ ਕੀ ਉਸਤਤਿ ਗਾਵੈਂ ॥੨੮॥
ਸਿੰਘਨਿ ਸੰਗ ਸਪਰਧਾ ਠਾਨੈ।
ਬੰਦੇ ਕੇ ਮਤ ਕੋ ਸਭਿ ਜਾਨੈਂ।
ਕਿਤਿਕ ਗ੍ਰਾਮ ਕੇ ਨਰ ਸਿਖ ਹੋਇ।
ਦਰਸ਼ਨ ਫਤੇ[1] ਬੁਲਾਵਹਿੰ ਸੋਇ ॥੨੯॥

[1]'ਫਤਹ ਦਰਸ਼ਨ' ਇਹ ਪਦ ਵਰਤਿਆ ਗਿਆ ਸੀ ਵਾਹਿਗੁਰੂ ਜੀ ਦੀ ਫਤਹ ਦੀ ਥਾਂ। ਪਰ ਦੇਰ ਤਕ ਨਹੀਂ ਟੁਰ ਸਕਿਆ। ਖਿਆਲ ਕੀਤਾ ਜਾਂਦਾ ਹੈ ਕਿ ਬਾਬਾ ਬੰਦਾ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਸਾਹਿਬ' ਸੱਦਦਾ ਸੀ, ਮਗਰੋਂ ਬੰਦਈਆਂ ਨੇ ਇਹ ਵਾਕ ਬੰਦੇ ਲਈ ਵਰਤ ਲਿਆ। ਜੌਨ ਪੁਰ ਦੇ ਹੁਕਮਨਾਮੇਂ ਤੋਂ ਪ੍ਰਤੀਤ ਹੁੰਦਾ ਹੈ ਕਿ ਬੰਦੇ ਨੇ ਸੱਚਾ ਸਾਹਿਬ ਗੁਰੂ ਜੀ ਨੂੰ ਸੱਦਿਆ ਹੈ। (ਜੋ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਜੌਨਪੁਰ ਦੀ ਸੰਗਤ ਦੇ ਨਾਮ ਜਾਰੀ ਹੋਇਆ। ਸੰਮਤ ਪਹਿਲਾ ਬਾਬਾ ਜੀ ਨੇ ਸਰਹਿੰਦ ਦੀ ਫਤਹ ਤੋਂ ਬਾਦ ਜਾਰੀ ਕੀਤਾ ਸੀ। ਸਰਹਿੰਦ ਦੀ ਫਤਹ ੧੭੧੦ ਈ: ਦੇ ਮਈ ਵਿਚ ਹੋਈ ਸੀ।

ਪਤਿਸ਼ਾਹੀ ਲਸ਼ਕਰ ਸਮੁਦਾਏ।
ਲਾਖਹੁ ਇਤ ਉਤ ਤੇ ਘਿਰਿ ਆਏ।
ਬ੍ਰਹਮਚਰਜ ਜਿਸ ਭਯੋ ਬਿਨਾਸ਼ੇ।
ਰਣ ਮਹਿਂ ਰਹਿਤਹਿ ਕਿਤ ਭਰਵਾਸੇ[1] ॥੩੦॥

[1]ਕਿਸ ਭਰੋਸੇ ਰਹਿ ਸਕਦਾ ਸੀ।

-ਸੋਨਾ ਗਲੈ ਕੁਠਾਲੀ ਜੈਸੇ।
ਖੁਲਹਿਂ ਲੰਗੋਟ, ਗਲੈਗੋ ਤੈਸੇ-।

ਗੁਰੂ ਜੀ ਨੇ ਜੋ ਵਿਵਾਹ ਤੋਂ ਮਨ੍ਹੇ ਕੀਤਾ ਸੀ ਉਸਦਾ ਭਾਵ ਸੀ ਕਿ ਓਹ ਅਪਣੇ ਉਦੇਸ਼ ਵਿਚ ਦ੍ਰਿੜ ਰਹੇ। ਭਵਿੱਖਤ ਦੇ ਜਾਣਨਹਾਰ ਉਸਨੇ ਹਾਨੀ ਹੋਣ ਦੇ ਇਸ ਕਾਰਨ ਨੂੰ ਜਾਣਦੇ ਸਨ, ਇਸ ਕਰਕੇ ਦ੍ਰਿੜ੍ਹਤਾ ਬਨ੍ਹਾਉਂਦੇ ਸੇ। ਫਿਰ ਗੁਰੂ ਜੀ ਜਾਣਦੇ ਸੇ ਕਿ ਹਿੰਦੁਸਤਾਨ ਵਿੱਚ ਕਿਸੇ ਬਲੀ ਯੋਧਾ ਨੂੰ ਨਿਰਬਲ ਕਰਨ ਲਈ ਧੀਆਂ ਦੇ ਡੋਲੇ ਲੈ ਮਿਲਨਾ ਆਮ ਗੱਲ ਹੈ। ਦੂਜਾ ਹੁਕਮ ਸੀ ਸਿੰਘਾਂ ਦੀ ਰਾਇ ਨਾਲ ਕੰਮ ਕਰਨਾ ਤੇ ਤੀਸਰਾ ਹੁਕਮ ਸੀ ਗ਼ੈਬੀ ਮਦਦ ਲਈ ਪੰਜ ਭੁਜੰਗੀ ਅਰਦਾਸਾ ਕਰਨ। ਬੰਦੇ ਬਾਬਤ ਬਹੁਤ ਗਲਤ ਗੱਲਾਂ ਪ੍ਰਸਿਧ ਹਨ ਜਿਨ੍ਹਾਂ ਦੀ ਛਾਣਬੀਨ ਦੀ ਲੋੜ ਹੈ। ਵੱਡੀਆਂ ਮੱਲਾਂ ਮਾਰਕੇ ਫੇਰ ਸਭ ਕੁਛ ਗੁਆਕੇ ਲੋਹਗੜੋਂ ਨਿਕਲ ਕੇ ਮੁੜ ਬੰਦਾ ਸਿੰਘ ਨੇ ਫੌਜਾਂ ਕੱਠੀਆਂ ਕੀਤੀਆਂ ਤਦੋਂ ਜੋ ਹੁਕਮਨਾਮੇ ਜਾਰੀ ਕੀਤੇ ਉਨ੍ਹਾਂ ਹੁਕਮਨਾਮਿਆਂ ਵਿਚੋਂ ਇਕ ਟਿਕਾਣੇ ਤੋਂ ਭਾਈ ਗੰਡਾ ਸਿੰਘ ਨੂੰ ਹੁਣੇ ਹੀ ਇਕ ਹੁਕਮ ਨਾਮਾ ਜੌਨਪੁਰ ਵਾਲਾ ਮਿਲਿਆ ਹੈ, ਜਿਸਦਾ ਫੋਟੋ ਸਾਹਮਣੇ ਦੇਂਦੇ ਹਾਂ। ਇਸ ਤੋਂ ਪਤਾ ਲੱਗਦਾ ਹੈ ਕਿ 'ਫਤਹ ਦਰਸ਼ਨ' ਜਾਰੀ ਹੋ ਗਈ ਤੇ ਬੀ ਉਹ ਗੁਰੂ ਕਾ ਸਿੰਘ ਹੈ। ਹੁਕਮ ਨਾਮੇ ਤੇ ਮੁਹਰ 'ਦੇਗ ਤੇਗ ਫਤੇ ਨੁਸਰਤ ਬੇ ਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਵਾਲੀ ਹੈ ਗੁਰੂ ਜੀ ਨੂੰ ਗੁਰੂ ਕਹਿ ਰਿਹਾ ਤੇ ਰਖਣਹਾਰਾ ਦੱਸ ਰਿਹਾ ਹੈ ਤੇ ਖਾਲਸੇ ਨੂੰ ਗੁਰੂ ਕਾ ਦੱਸ ਰਿਹਾ ਹੈ, ਤੇ ਸੱਚਾ ਸਾਹਿਬ ਪਦ ਬੀ ਗੁਰੂ ਜੀ ਵਾਸਤੇ ਵਰਤਦਾ ਜਾਪਦਾ ਹੈ, ਕਿਉਂਕਿ ਅਖੀਰ ਵਿਚ ਆਪਣਾ ਹੁਕਮ ਜਦ ਦੇਂਦਾ ਹੈ ਤਾਂ ਲਿਖਦਾ ਹੈ 'ਮੇਰਾ ਹੁਕਮ ਹੈ, ਜੋ ਖਾਲਸੇ ਦੀ ਰਹਿਤ ਰਹੇਗਾ ਤਿਸਦੀ ਗੁਰੂ ਬਾਹੁੜੀ ਕਰੇਗਾ'। ਏਹ ਗੱਲਾਂ ਗੁਰਸਿਖੀ ਦੀਆਂ ਹਨ, ਫਤੇ ਦਰਸ਼ਨ ਆਦਿ ਗੱਲਾਂ ਨਵੀਨ ਸਨ। ਅਗਲੇ ਹਾਲਾਤ ਤੋਂ ਟੋਹ ਲਗਦੀ ਹੈ ਕਿ ਫਤੇ ਦਰਸ਼ਨ ਤੋਂ ਮਾਤਾ ਜੀ ਨੇ ਵਰਜ ਘੱਲਿਆ ਹੈ ਤਾਂ ਫੇਰ ਬੋਲਾ ਖਾਲਸੇ ਦਾ ਵਾਹਿਗੁਰੂ ਜੀ ਕੀ ਫਤੇ ਹੀ ਜਾਰੀ ਰਿਹਾ ਹੈ। ਮਾਤਾ ਜੀ ਨੇ ਕੋਈ ਖਤ ਬੰਦੇ ਨੂੰ ਜੰਗ ਜੁੱਧ ਤੋਂ ਵਰਜਣ ਦਾ ਲਿਖਿਆ ਸਹੀ ਨਹੀਂ ਜਾਪਦਾ। ਬੰਦੇ ਦੇ ਦਰਬਾਰ ਸਾਹਿਬ ਆਕੇ ਦਾਵਾ ਗੁਰਿਆਈ ਵਾਲੀ ਗੱਲ ਬੀ ਠੀਕ ਨਹੀਂ, ਉਹ ਘਟਨਾ ਬਾਬੇ ਜੀ ਦੇ ਮਗਰੋਂ ਕਈ ਬਰਸ ਬਾਦ 'ਬੰਦਈਆਂ' ਤੇ 'ਖਾਲਸਿਆਂ' ਵਿੱਚ ਹੋਈ ਸੀ।

ਸੋ ਗੁਰ ਬਚਨ ਹੁਯੋ ਚਹਿ ਤਬੈ।
ਹੇਰੇ ਲਸ਼ਕਰ ਉਮਡੇ ਸਬੈ ॥ ੩੧ ॥
ਨਾ ਰਣ ਕਰਯੋ ਪਲਾਇਨ ਭਯੋ[1]। [1]ਜੁੱਧ ਨਾਂ ਕੀਤਾ ਸਗੋਂ ਨੱਠ ਪਿਆ।
ਦੁਰਗ ਮਝਾਰ ਪ੍ਰਵੇਸ਼ਨਿ ਕਯੋ।
ਜਿਸ ਮਹਿਂ ਅੰਨ ਜਮਾ ਕੁਛ ਨਾਂਹੀ।
ਹੁਤੇ ਸੰਗ ਲੇ ਬਰਜੋ ਸੁ ਤਾਂਹੀ ॥ ੩੨ ॥
ਗਨ ਲਸ਼ਕਰ ਪਰਵਾਰਯੋ ਆਇ।
ਸੰਘਰ ਮਚਯੋ ਦੁਰਗ ਕੇ ਥਾਇਂ।
ਥਿਰ ਅੰਤਰ ਤੇ ਤਜੈ ਤੁਫੰਗ।
ਹੋਹਿ ਨਿਕਟ[1] ਫੋਰਹਿ ਤਿਸ ਅੰਗ ॥ ੩੩ ॥ [1](ਜੋ) ਨੇੜੇ ਢੁੱਕੇ।
ਤਬਹਿ ਚਮੂੰ ਨੇ ਘੇਰਾ ਪਾਇ।
ਉਤਰੇ ਦੂਰ ਦੂਰ ਕੀ ਥਾਇਂ।
ਨਿਕਸੇ ਨਹਿਂ ਪ੍ਰਵੇਸ਼ਬੋ ਪਾਵੈ[1]। [1]ਨਾਂ ਉਹ (ਅੰਦਰੋਂ) ਨਿਕਲੇ ਤੇ ਨਾਂ (ਏਹ ਅੰਦਰ) ਵੜ ਸੱਕਣ। 'ਨਹਿਂ ਪਦ ਦੇਹਿਰੀ ਦੀਪਕ ਲਗੇਗਾ।
ਨਿਕਟ ਨ ਪਹੁੰਚਹਿਂ ਰਣ ਨ ਮਚਾਵੈਂ ॥ ੩੪ ॥
ਕੇਤਿਕ ਦਿਨ ਮੋਂ ਅੰਨ ਬਿਹੀਨੇ।

ਅਧਿਕ ਛੁਧਾ ਨਰ ਬਯਾਕੁਲ ਕੀਨੇ।
ਬਾਬਾ ਤਬਿ ਬਿਨੋਦ ਸਿੰਘ ਸੰਗ।
ਜਾਨਯੋਂ ਘੇਰਾ ਪਰਯੋ ਕੁਢੰਗ ॥੩੫॥
ਪ੍ਰਾਨ ਛੁਧਾ ਤੇ ਜਾਇਂ ਬਿਲਾਇ।
ਬਲ ਸੰਭਾਰਿ ਤਬਿ ਕੀਨਿ ਉਪਾਇ।
ਬੇਗੀ ਬਡੋ ਤੁਰੰਗਮ ਤਰੇ।
ਜ਼ੀਨ ਪਵਾਇ ਸ਼ਸਤ੍ਰ ਗਹਿ ਚਰੇ ॥੩੬॥
ਬੀਸਕ ਅਪਰ ਸੰਗ ਮਹਿਂ ਲੀਨ।
ਜਾਇ ਬਜ਼ਾਰ ਬਰੇ ਹਠ ਕੀਨ।
ਲੂਟ ਲੀਨ ਤਹਿਂ ਬਹੁਰ ਮਿਠਾਈ।
ਰਣ ਕਰਿ ਦੁਰਗ ਪ੍ਰਵੇਸ਼ਯੋ ਜਾਈ ॥੩੭॥
ਲਰੇ ਤੁਰਕ ਸਗਰੇ ਬਿਸਮਾਏ।
ਪੁਨ ਦ੍ਰਿੜਤਾ ਕਰਿ ਥਿਰ ਸਮੁਦਾਏ।
ਦਿਨ ਦੋਇਕ ਮਹਿਂ ਫੇਰ ਸਿਧਾਰਾ।
ਲੀਨਿ ਮਿਠਾਈ ਲੂਟ ਬਜਾਰਾ ॥੩੮॥
ਫੇਰ ਦੁਰਗ ਮਹਿਂ ਜਾਇ ਪ੍ਰਵੇਸ਼ਾ।
ਅਚਰਜ ਧਾਰ ਤੁਰਕ ਅਸ਼ੇਸ਼ਾ।
ਬਾਯੂ ਬਗੀ ਬਲੀ ਤੁਰੰਗ।
ਕੋਇ ਨ ਰੋਕਿ ਸਕਹਿ ਕਰਿ ਜੰਗ ॥੩੯॥
ਅਪਰ ਚਮੂੰ ਭੀ ਛੁਧਤਿ ਬਿਸਾਲਾ।
ਇਹ[1] ਭੋਜਨ ਕਰਿ ਹਰਖ ਬਿਸਾਲਾ।
ਜੇ ਰਿਪੁ ਕਰੈ ਪ੍ਰਾਤਿ ਤਕਰਾਈ।
ਸੰਧਯਾ ਧਾਰਿ[1] ਛੀਨਿ ਲੇ ਜਾਈ ॥੪੦॥
ਸੰਧਯਾ ਤਕੈਂ ਦੁਪਹਿਰੇ ਪਰੈਂ[1]।
ਥਿਰੈਂ ਦੁਪਹਿਰੇ ਨਿਸ ਲੇ ਬਰੈਂ[1]।
ਅਨਿਕ ਜਤਨ ਪਕਰਨ ਹਿਤ ਕਰੈਂ।
ਰੁਕਹਿ ਨਹੀਂ ਅਚਰਜ ਸਭਿ ਧਰੈਂ ॥੪੧॥

[1]ਭਾਵ ਬਾਬਾ ਬਿਨੋਦ ਸਿੰਘ ਜੀ ਦਾ ਟੋਲਾ।

[1]ਸੰਧਿਆ ਪਿਆਂ। (ਅ) ਸੰਧਿਆ ਨੂੰ ਧਾੜ ਵਾਂਙੂ ਪੈਕੇ।

[1]ਜੇ ਵੈਰੀ) ਸੰਧਯਾ ਨੂੰ ਖਬਰਗੀਰੀ ਕਰਦੇ ਹਨ (ਤਾਂ ਉਹ) ਦੁਪਹਿਰੇ (ਉਹਨਾਂ ਉੱਤੇ) ਜਾ ਪੈਂਦੇ ਹਨ।

[1]ਜੇ ਉਹ) ਦੁਪਹਿਰੇ ਖੜੋਕੇ (ਸਾਵਧਾਨੀ ਕਰਦੇ ਹਨ ਤਾਂ ਇਹ) ਰਾਤੀਂ ਲੁੱਟਕੇ (ਕਿਲ੍ਹੇ ਵਿਚ) ਜਾ ਵੜਦੇ ਹਨ।

ਲਸ਼ਕਰ ਭਯੋ ਤਮਾਮ ਹਿਰਾਨਾ।
-ਮਾਰਜੋ ਜਾਇ ਨ ਪਕਰਜੋ ਪਾਨਾ।
ਮਹਾਂ ਮਰਦਮੀ ਤੇ ਸੁਖ ਪਾਵੈ।
ਅਪਰ ਚਮੂੰ ਛੁਧਿ ਤੇ ਬਿਕੁਲਾਵੈ- ॥੪੨॥
ਇਕ ਦਿਨ ਬੰਦੇ ਕੇ ਢਿਗ ਥਿਰੇ।
ਝਿਰਕਜੋ ਤਰਜਜੋ 'ਤੈਂ ਦੁਖ ਕਰੇ[1]।
ਗੁਰ ਕੇ ਬਾਕ ਬਿਖੈ ਨਹਿਂ ਰਹਜੋ।
ਤੌ ਏਤਿਕ ਸੰਕਟ ਕੋ ਸਹਜੋ' ॥੪੩॥
ਬੰਦੇ ਕਹਜੋ 'ਤੁਮੈਂ ਕਜਾ ਪਰਜੋ।
ਬੁਰਾ ਕਿ ਭਲਾ ਹਮਹੁੰ ਨੇ ਕਰਜੋ।
ਤਜਿ ਕੈ ਜੰਗ ਚਹਹੁ ਜੇ ਜਾਨਾ।
ਤਉ ਤੁਮ ਗਮਨਹੁੰ ਹੋਹੁ ਨ ਹਾਨਾ' ॥੪੪॥
ਰਿਸ ਕਰਿ ਬਾਬੇ ਬਹੁਰ ਉਚਾਰੀ।
'ਤੁਵ ਕੁਕਰਮ ਤੇ ਸੰਕਟ ਭਾਰੀ।
ਸਗਰੇ ਭੋਗਹਿਂ ਹਮ ਨੇ ਜਾਨੀ।
ਗਲਹਿ ਕੁਠਾਲੀ ਲੇਹੁ ਪਛਾਨੀ ॥੪੫॥
ਹਤਿ ਕ੍ਰਿਪਾਨ ਤੇ ਤੋਹਿ ਜੁ ਦੇਤੋ[1]।
ਕਜੋਂ ਭੋਗਤਿ ਸਭਿ ਹੀ ਦੁਖ ਏਤੋ।
ਗੁਰ ਬਖਸ਼ਿਸ਼ ਤੇ ਤੋਹਿ ਨ ਮਾਰਾ।
ਪਾਇ ਬਿਭੂਤਿ[1] ਰਿਦੇ ਹੰਕਾਰਾ' ॥੪੬॥
ਇੱਤਜਾਦਿਕ ਬਹੁ ਕਹੇ ਕਹਾਏ।
ਭਯੋ ਬਿਰੋਧ ਸੁ ਕ੍ਰੋਧ ਵਧਾਏ।
ਕਾਨ੍ਹ ਸਿੰਘ ਨੇ ਪਿਤਾ ਹਟਾਯੋ।
ਛਿਮਾ ਕਰਾਵਤਿ ਡੇਰੇ ਲਜਾਯੋ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

[1]ਤਾੜਿਆ (ਹੇ ਬੰਦੇ) ਤੈਂ (ਸਾਨੂੰ) ਦੁਖੀ ਕੀਤਾ ਹੈ।

[1]ਤੈਨੂੰ ਜੇ ਕ੍ਰਿਪਾਨ ਨਾਲ (ਅਗੇ) ਮਾਰ ਦੇਂਦਾ।

[1]ਸੰਪਦਾ ਪਾਕੇ।

## ੨੭. [ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ। ਬੰਦੇ ਦਾ ਅੰਤ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਕਾਨ੍ਹ ਸਿੰਘ ਸਮੁਝਾਇ ਕੈ, ਪਿਤ ਸਨ ਕਹ੍ਯੋ ਬਨਾਇ।
'ਤੁਮ ਨਿਕਸਹੁ ਤਜਿ ਸੰਗ ਕੋ, ਜੰਗ ਨ ਬਿਚ ਹੁਇ ਜਾਇ[1] ॥੧॥

[1]ਤੁਹਾਡੇ ਤੇ ਬੰਦੇ) ਵਿਚ ਜੰਗ ਨਾ ਹੋ ਜਾਵੇ।

ਦੋਹਰਾ:

ਗੋਇੰਦਵਾਲ ਸਦਨ ਪਹੁੰਚੀਜੈ।
ਇਸ ਮੂਰਖ ਸੋਂ ਰਿਸ ਨਹਿਂ ਕੀਜੈ।
ਸਤਿਗੁਰ ਕਹ੍ਯੋ ਭੇਜਨੋ ਹਮੈ।
ਹਿਤ ਸਹਾਇਤਾ ਕੇ ਸਭਿ ਸਮੈਂ ॥੨॥
ਗੁਰ ਕੀ ਆਗਜਾ ਭੰਗ ਨ ਕਰੋ।
ਰਹੌਂ ਸੰਗ ਮੈਂ, ਤੁਮ ਚਢਿ ਪਰੋ[1]।
ਪੁਜ੍ਯੋ ਅੰਤ ਇਸ ਕੋ ਅਬਿ ਆਈ।
ਤੁਮ ਹਤਿ ਕਰਿ ਕ੍ਯੋਂ ਲੇਤਿ ਬੁਰਾਈ'
॥੩॥

[1]ਮੈਂ (ਬੰਦੇ ਨਾਲ) ਰਹਾਂਗਾ ਤੁਸੀਂ ਚਢ ਜਾਓ।

ਸੁਨਿ ਬਿਨੋਦ ਸਿੰਘ ਭਲੇ ਬਿਚਾਰਾ।
ਪਾਇ ਜ਼ੀਨ ਹੋਯੋ ਅਸਵਾਰਾ।
ਦੁਰਗ ਪੌਰ ਤੇ ਨਿਕਸ੍ਯੋ ਬਾਹਿਰ।
ਸੰਧ੍ਯਾ ਸਮੈਂ ਜਾਨਿ ਤਿਸ ਠਾਹਿਰ ॥੪॥
ਤੇਜ਼ ਤੁਰੰਗਮ ਕਰਤਿ ਪਲਾਯੋ।
ਲਸ਼ਕਰ ਬੀਚ ਬਾਇ ਸਮ ਧਾਯੋ।
ਰਹੇ ਰੋਕ ਸਭਿ ਰੁਕ੍ਯੋ ਨ ਕੈਸੇ।
ਮ੍ਰਿਗਨ ਬ੍ਰਿੰਦ ਤੇ ਕੇਹਰਿ ਜੈਸੇ ॥੫॥
ਗੋਇੰਦਵਾਲ ਪਹੂਚੇ ਜਾਇ।
ਬਸੇ ਸਦਨ ਮਹਿਂ ਸਹਿਜ ਸੁਭਾਇ।
ਦੁਰਗ ਬਿਖੈ ਘੇਰੇ ਮਹਿਂ ਪਰੇ।
ਛੁਧਤਿ ਹਲਾਕ[1] ਹੋਇ ਨਰ ਮਰੇ ॥੬॥

[1]ਭੁੱਖ ਦੇ ਮਾਰੇ ਮਰ ਗਏ। (ਇਹ ਸਾਖੀ ਮਹਿਮਾ ਪ੍ਰਕਾਸ਼ ਵਿਚੋਂ ਹੈ ਉਥੇ ਇਸ ਥਾਵੇਂ ਐਉਂ ਪਾਠ ਹੈ:-"ਤਮਾਮ ਸਿੰਘ ਮਾਰੇ ਭੁੱਖ ਕੇ ਹਲਾਕ ਹੁਏ")।

ਕੇਤਿਕ ਲਰਿ ਕਰਿ ਮਰੇ ਜੁਝਾਰੇ।
ਜੇਤਿਕ ਮਾਰੇ ਗਏ ਸੁ ਮਾਰੇ।
ਪੁਨ ਓਰੜ ਲਸ਼ਕਰ ਕਿਯ ਹੇਲਾ।

ਦੁਰਗ ਪੌਰ ਕੋ ਤੋੜਿ ਧਕੇਲਾ† ॥੭॥

†ਇਹ ਗ਼ਲਤ ਹੈ। ਤੁਰਕਾਂ ਗੜ੍ਹੀ ਨਹੀਂ ਤੋੜੀ। ਅਬਦੁਲ ਸਮੱਦ ਖ਼ਾਂ ਨੇ ਬੰਦੇ ਨੂੰ ਇਹ ਇਕਰਾਰ ਦੇਕੇ ਕਿ ਤੁਸੀਂ ਜੇ ਗੜ੍ਹੀ ਛੱਡ ਦਿਓ ਤਾਂ ਤੁਹਾਡੀ ਜਾਨ ਬਖਸ਼ੀ ਕੀਤੀ ਜਾਏਗੀ, ਵਿਸਾਹਘਾਤ ਕੀਤਾ। ਜਦੋਂ ਬਾਬਾ ਬੰਦਾ ਤੇ ਉਸ ਦੇ ਸਾਥੀ ਬਾਹਰ ਆਏ ਤਾਂ ਸਹੁੰ ਤੋੜਕੇ ਸਾਰੇ ਪਕੜ ਲਏ।

ਸਨਮੁਖ ਭਏ ਸੁ ਤਤਛਿਨ ਮਾਰੇ।
ਅਪਰ ਛੁਧਿਤ ਪਕਰੇ ਭਟ ਸਾਰੇ।
ਗਹਜੋ ਬੀਚ ਤੇ ਬੰਦਾ ਜਾਇ।
ਲੋਹ ਪਿੰਜਰਾ ਦ੍ਰਿੜ੍ਹ ਘਰਿਵਾਇ† ॥੮॥

†ਇਹ ਬੀ ਪਤਾ ਚਲਦਾ ਹੈ ਕਿ ਪਿੰਜਰੇ ਵਿਚ ਬੰਦਾ ਸਰਹਿੰਦ ਤੋਂ ਅੱਗੇ ਜਾ ਕੇ ਦਿੱਲੀ ਦੇ ਨੇੜੇ ਪਾਇਆ ਗਿਆ ਸੀ, ਓਥੋਂ ਤਕ ਹਾਥੀ ਤੇ ਲਿਜਾਇਆ ਗਿਆ ਸੀ।

ਤਿਸ ਮਹਿਂ ਪਾਇ ਕੈਦ ਕਰਿ ਲੀਨ।
ਅਪਰ ਜੇਲ ਸਭਿ ਕੋ ਤਹਿਂ ਕੀਨਿ।
ਲੇ ਕਰਿ ਪਾਤਸ਼ਾਹੁ ਕੇ ਤੀਰ।
ਪਹੁੰਚਤਿ ਭਏ ਅਧਿਕ ਭਟ ਭੀਰ† ॥੯॥

†ਬੰਦਾ ਦੋ ਸੌ ਕੈਦੀਆਂ ਸਣੇ ਪਹਿਲੇ ਲਾਹੌਰ ਪਹੁੰਚਾ। ਓਥੇ ਤੇ ਅੱਗੋਂ ਹੋਰ ਬੇਗੁਨਾਹ ਸਿੰਘ ਫੜ ਫੜ ਕੇ ਨਾਲ ਰਲਾਏ ਤੇ ਟੋਰੇ ਗਏ। ਸਰਹਿੰਦ ਦੇ ਬਜ਼ਾਰਾਂ ਵਿਚ ਨਸ਼ਰ ਕੀਤੇ ਤੇ ਇਸੀ ਤਰ੍ਹਾਂ ਦਿੱਲੀ ਵੜੇ ਤਾਂ ਕਾਲੀਆਂ ਭੇਡਾਂ ਦੀਆਂ ਖੱਲਾਂ ਗਲੇ ਪੁਆਕੇ ਊਠਾਂ ਤੇ ਚੜ੍ਹਾਕੇ ਨਸ਼ਰ ਕੀਤੇ ਗਏ। ਇਹ ਅੱਠ ਸੌ ਤੇ ਹਜ਼ਾਰ ਦੇ ਵਿਚਕਾਰ ਸਿੱਖ ਕੈਦੀ ਸਨ। ਐਲਫਿਨਸਟਨ ਨੇ ੭੪੦ ਲਿਖੇ ਹਨ।

ਕੇਤਿਕ ਮਾਸ ਕੈਦ ਮਹਿਂ ਰਾਖਾ।
ਪੁਨ ਪਤਿਸ਼ਾਹੁ ਹੁਕਮ ਅਸ ਭਾਖਾ।
ਹੇਤੁ ਬਿਲੋਕਨ ਨਿਕਟ ਹਕਾਰਾ।
ਸ਼ਾਹੁ† ਸੰਗ ਬੰਦੇ ਸੁ ਉਚਾਰਾ ॥੧੦॥

†ਇਹ ਸ਼ਾਹ ਫੱਰਖ਼ਸੀਅਰ ਸੀ, ਬਹਾਦਰ ਸ਼ਾਹ ਮਰ ਚੁੱਕਾ ਹੋਇਆ ਸੀ।

'ਮੁਝ ਕੋ ਗਹਿ ਕੈ ਲਜਾਇ ਹਦੂਰ।
ਐਸੋ ਹੁਤੋ ਸੁ ਕਿਸ ਮਕਦੂਰ[1]।
ਕੋਇ ਨ ਸਕੈ ਮਾਰ ਮੁਝ ਤਾਂਈ।
ਅਪਨੀ ਬਾਤ ਆਪ ਬਿਗਰਾਈ ॥੧੧॥
ਜਿਸ ਗੁਰ ਨੇ ਸਲਤਨ ਤੁਵ ਦੀਨ†।

[1]ਤਾਕਤ।

†ਬਹਾਦਰ ਸ਼ਾਹ ਤਾਂ ੧੭੬੯ ਬਿ: ਵਿਚ ਮਰ ਚੁੱਕਾ ਸੀ। ਬੰਦੇ ਦਾ ਸਾਕਾ ਫ਼ਰੁੱਖ਼ਸੀਅਰ ਦੇ ਵੇਲੇ ਹੋਇਆ ਹੈ। ਬੰਦਾ ਗ੍ਰਿਫਤਾਰ ਪੋਹ ੧੭੭੨ ਵਿਚ ਹੋਇਆ ਸੀ

ਤੇ ਸਾਕਾ ਚੇਤ ੧੭੭੩ ਬਿੱਕ੍ਰਮੀ ਨੂੰ।

ਤਿਸ ਪ੍ਰਭੁ ਨੇ ਮੋ ਕਉ ਬਡ ਕੀਨ।
ਤਿਨ ਕੇ ਬਚਨ ਬਿਖੈ ਨਹਿਂ ਰਹ੍ਯੋ।
ਤੌ ਏਤਿਕ ਸੰਕਟ ਮੈਂ ਸਹ੍ਯੋ ॥੧੨॥
ਸਪਤ ਬਰਖ ਤੇਰੀ ਬਯ ਜਾਨ।
ਸ੍ਰੀ ਗੁਰ ਕਰ੍ਯੋ ਤੋਹਿ ਸੁਲਤਾਨ।
ਮੋਹਿ ਮਰਨ ਪੀਛੇ ਅਠ ਦਿਨ ਮੈਂ।
ਤੇਰੀ ਮ੍ਰਿਤੁ ਹੋਇ ਲਖਿ ਮਨ ਮੈਂ† ॥੧੩॥

†ਬੰਦਾ ੧੭੭੩ ਬਿ: ਵਿਚ ਸ਼ਹੀਦ ਹੋਇਆ ਹੈ ਤੇ ਫ਼ਰੁੱਖਸੀਅਰ ੧੭੭੬ ਬਿ: ਵਿਚ ਮੋਇਆ ਹੈ, ਇਸਨੇ ੬-੭ ਸਾਲ ਹੀ ਰਾਜ ਕੀਤਾ ਹੈ। ਫ਼ਰੁੱਖਸੀਅਰ ਪਾਤਸ਼ਾਹ ਤ੍ਰੈ ਕੁ ਸਾਲ ਬੰਦੇ ਤੋਂ ਮਗਰੋਂ ਮੋਇਆ ਹੈ। ਕਵੀ ਜੀ ਇਸ ਨੂੰ ਭੁਲੇਵੇ ਨਾਲ ਬਹਾਦਰ ਸ਼ਾਹ ਸਮਝ ਰਹੇ ਹਨ।

ਜਬਿ ਤੂੰ ਮਰਹਿਂ ਜਾਹਿਂ ਜਮ ਧਾਮ।
ਬਿਗਰਹਿ ਅਵਨੀ ਰਾਜ ਤਮਾਮ।
ਦਿਨ ਪ੍ਰਤਿ ਨਸੈ ਤੇਜ ਤੁਰਕਾਨਾ।'
ਸੁਨਤਿ ਬਹਾਦਰਸ਼ਾਹਿ+ ਬਖਾਨਾ ॥੧੪॥
'ਇਸ ਕੋ ਮਾਰਹੁ ਵਹਿਰ ਲਿਜਾਇ।
ਅਪਰ ਜਿ ਗਹੇ ਲੋਕ ਸਮੁਦਾਇ।
ਸਨੇ ਸਨੇ ਸਭਿ ਕੋ ਮਰਿਵਾਵਹੁ।
ਕੋਇ ਨ ਬਚਿ ਹੈ ਪ੍ਰਾਨ ਗਵਾਵਹੁ' ॥੧੫॥ ⚐

ਦੇਖੋ ਅੰਸੂ ਦੇ ਅਖੀਰ ਵਿੱਚ ⚐ ਨਿਸ਼ਾਨ ਵਾਲੀ ਟੂਕ।

ਵਹਿਰ ਨਿਕਾਸ੍ਯੋ ਬੰਦਾ ਮਾਰ੍ਯੋ।
ਸਿਖ ਸੰਗਤਿ ਸੁਨਿ ਕੈ ਦੁਖ ਧਾਰ੍ਯੋ।
ਮਾਤਾ ਸੁੰਦਰੀ ਢਿਗ ਚਲਿ ਗਏ।
ਸਭਿ ਕਰਿ ਜੋਰਿ ਬਖਾਨਤਿ ਭਏ ॥੧੬॥
'ਕਾਨ੍ਹ ਸਿੰਘ ਬਾਬਾ ਵਿਚ ਕੈਦ।
ਜਿਨ ਛੂਟਨ ਕੀ ਨਹੀਂ ਉਮੈਦ।
ਮਾਰਨ ਹੁਕਮ ਸਭਿਨਿ ਦਿਯ ਸ਼ਾਹੂ।
ਮਾਰ ਦਯੋ ਬੰਦਾ ਪਲ ਮਾਂਹੂ' ॥੧੭॥
ਸੁਨਿ ਕੈ ਮਾਤ ਸਭਿਨਿ ਸੋਂ ਕਹ੍ਯੋ।
'ਕਾਨ੍ਹ ਸਿੰਘ ਛੁਰਵਾਯੋ ਚਹ੍ਯੋ।
ਜਨਮ੍ਯੋ ਗੁਰ ਕੇ ਬੰਸ ਮਝਾਰੀ।

ਪੁਨ ਸ਼ੁਭ ਗੁਨ ਜੁਤਿ ਭਟ ਭੁਜ ਭਾਰੀ ॥੧੮॥

ਨਤੁ ਤਿਸ ਸ਼੍ਰੋਣ[1] ਪਰੈ ਜਿਸ ਥਾਇਂ। — [1]ਉਸਦਾ ਲਹੂ।
ਬਡ ਅਪਰਾਧ ਹੋਇ ਤਹਿਂ ਜਾਇ।
ਅਰੁ ਸਿੰਘਨ ਕੀ ਸਿੱਖੀ ਮਾਂਹਿ।
ਪਰਹਿ ਤਫਾਉਤ[1] ਮਿਟਿ ਹੈ ਨਾਂਹਿ ॥੧੯॥ — [1]ਫਰਕ।

ਦਸਮ ਗੁਰੂ ਕੇ ਰਹਯੋ ਹਜ਼ੂਰ†।

†ਜਾਪਦਾ ਹੈ ਕਿ ਮਾਤਾ ਜੀ ਬੰਦੇ ਦੀ ਮੌਤ ਨਿਸ਼ਚਿਤ ਜਾਣਕੇ ਇਸ ਨੂੰ ਬਚਾਇਆ ਚਾਹੁੰਦੇ ਹਨ, ਜੋ ਮਤੇਂ ਇਹ ਬੰਦੇ ਦੇ ਮਗਰੋਂ ਪੰਥ ਨੂੰ ਸੰਭਾਲ ਸਕੇ ਕਿਉਂਕਿ ਉਹ ਚੋਟੀ ਦਾ ਜੋਧਾ ਸੀ ਤੇ ਨੀਤੱਗਜ ਸੀ ਤੇ ਗੁਰੂ ਕੇ ਹਜ਼ੂਰ ਰਹਿਣ ਕਰਕੇ ਪੰਥਕ ਹਾਲਤਾਂ ਨੂੰ ਸਮਝਦਾ ਸੀ।

ਯਾਂ ਤੇ ਕਰਹੁ ਉਪਾਇ ਜ਼ਰੂਰ।'
ਸੁਨਿ ਮਾਤਾ ਕੀ ਆਇਸੁ ਸਾਰੇ।
ਸਿੱਖਨ ਜਤਨ ਅਨੇਕ ਬਿਚਾਰੇ ॥੨੦॥
ਸਭਿ ਇਕਠੇ ਹੁਇ ਤਹਾਂ ਸਿਧਾਰੇ।
ਗਹੇ ਹੁਤੇ ਜਹਿਂ ਕੈਦੀ ਸਾਰੇ।
ਖਰੇ ਹੋਇ ਊਚੇ ਤਹਿਂ ਕਹੇ।
'ਨਾਮ ਕਾਨ੍ਹ ਸਿੰਘ ਕਿਸ ਕੋ ਅਹੇ?' ॥੨੧॥
ਸੁਨਿ ਕਰਿ ਕਾਨ੍ਹ ਸਿੰਘ ਤਹਿਂ ਆਯੋ।
ਥਿਰਯੋ ਪੌਰ ਢਿਗ ਸਭਿਨਿ ਜਨਾਯੋ।
ਆਵਤਿ ਸਿੰਘਨ ਪਿਖਯੋ ਮੁਲਾਨਾ†।

†ਮਹਿਮਾ ਪ੍ਰਕਾਸ਼ ਵਿਚ 'ਮੁਲਾਨਾ' ਹੀ ਲਿਖਿਆ ਹੈ। ਪਰ ਕਹਿੰਦੇ ਹਨ ਕਿ ਸਿੱਖਾਂ ਨੇ ਇਕ ਸਿੱਖ ਬਾਬਾ ਜੀ ਦੇ ਬਦਲੇ ਅੰਦਰ ਪਾਇਆ ਸੀ। ਜਿਸ ਸਿੱਖ ਨੇ ਖੁਸ਼ੀ ਨਾਲ ਬਾਬੇ ਦੀ ਥਾਂ ਜਾਨ ਦਿੱਤੀ। ਕਿਤੇ ਕਿਤੇ ਓਪਰੇ ਲੇਖਕਾਂ ਵੱਲੋਂ ਬਾਬੇ ਬੰਦੇ ਦੇ ਨਾਲ ਬਾਬੇ ਕਾਨ੍ਹ ਸਿੰਘ ਦੇ ਸ਼ਹੀਦ ਹੋਣ ਦਾ ਜ਼ਿਕਰ ਬੀ ਹੈ। ਉਹ ਲੇਖਕਾਂ ਤੋਂ ਗ਼ਲਤੀ ਇਸ ਕਰਕੇ ਹੋਈ ਹੈ ਕਿ ਜੋ ਸਿੰਘ ਬਾਬੇ ਦੀ ਥਾਂ ਸ਼ਹੀਦ ਹੋਇਆ ਉਹ ਕਾਨ੍ਹ ਸਿੰਘ ਸਦਾ ਕੇ ਹੀ ਸ਼ਹੀਦ ਹੋਇਆ ਸੀ। ਅਸਲ ਬਾਬਾ ਜੀਉਂਦਾ ਨਿਕਲ ਆਇਆ ਸੀ ਤੇ ਲੇਖਕਾਂ ਨੂੰ ਇਸ ਭੇਤ ਦਾ ਪਤਾ ਨਹੀਂ ਲੱਗਾ। ਬਾਬਾ ਜੀ ਦੇ ਲਾਹੌਰ ਅੰਮ੍ਰਿਤਸਰ ਆਦਿ ਵਿਚ ਮਗਰੋਂ ਜੀਉਂਦੇ ਜਾਗਦੇ ਦੇ ਹਾਲਾਤ ਮਿਲਦੇ ਹਨ।

ਮੁਖ ਦਬਾਇ ਗਹਿ ਗਾਢ ਮਹਾਨਾ[1] ॥੨੨॥ — [1]ਮੁਲਾਣੇ ਨੂੰ ਚੰਗੀ ਤਰ੍ਹਾਂ ਕਾਬੂ ਕਰਕੇ ਮੂੰਹ ਘੁੱਟ ਕੇ (ਕਿ ਉਹ ਰੌਲਾ ਨਾ ਪਾ ਸਕੇ, ਕਾਨ੍ਹ ਸਿੰਘ ਦੀ ਥਾਵੇਂ)......।

ਕਾਰਾਗ੍ਰਿਹ ਮਹਿਂ ਦਿਯੋ ਧਕਾਈ।
ਕਾਨ੍ਹ ਸਿੰਘ ਲੀਨਸਿ ਨਿਕਸਾਈ।

ਰਥ ਚਢਾਇ ਆਛਾਦਨ ਕੀਨ।
ਤੂਰਨ ਤੋਰਿ ਅਗਾਰੀ ਦੀਨ ॥੨੩॥
ਦੁਇ ਸਿਖ ਚਲੇ ਸੰਗ ਮਹਿਂ ਜਾਇ।
ਬੂਝੇ ਉੱਤਰ ਦੇਤਿ ਬਤਾਇ।
'ਨਰ ਬਿਸਾਲ ਕੀ ਬਿਚ ਹੈ ਦਾਰਾ।'
ਇਮ ਲੇ ਗਮਨੇ ਸਭਿਨਿ ਮਝਾਰਾ ॥੨੪॥
ਗਨ ਸਿੱਖਨ ਘਰਿ ਮਹਿਂ ਲੇ ਗਏ[1]।
ਕਾਨ੍ਹ ਸਿੰਘ ਤਬਿ ਬੂਝਤਿ ਭਏ।
'ਕੌਨ ਮੇਲ ਕੀ ਸੰਗਤ ਇਹਾਂ?'
ਸੁਨਿ ਸਾਥੀ ਨੇ ਉੱਤਰ ਕਹਾ ॥੨੫॥
'ਰਾਜਾ ਰਾਮ ਮੇਲ ਕੀ ਸੰਗਤਿ।
ਬੈਠਤਿ ਹੈ ਕਰਿ ਨਜਾਰੀ ਪੰਗਤਿ।'
ਕਾਨ੍ਹ ਸਿੰਘ ਕਹਿ 'ਨਹਿਨ ਉਤਾਰੋ।
ਅਗਲੀ ਸੰਗਤਿ ਬਿਖੈ ਸਿਧਾਰੋ ॥੨੬॥
ਛਾਦਯੋ ਸਯੰਦਨ ਆਗੇ ਚਲੇ।
ਗਏ ਦੁਤੀ ਜਹਿਂ ਸੰਗਤਿ ਭਲੇ।
ਤਿਨ ਕੇ ਘਰਨ ਉਤਾਰਯੋ ਜਾਇ[1]।
ਇਮ ਬਾਬਾ ਸੋ ਲੀਨਿ ਬਚਾਇ ॥੨੭॥
ਦਿਵਸ ਆਗਲੇ ਸ਼ਾਹੁ ਬੁਲਾਏ।
ਜੇਤਿਕ ਸਿੰਘ ਕੈਦ ਮਹਿਂ ਆਏ।
ਆਨਿ ਖਰੇ ਜਬਿ ਸਿੰਘ ਅਗਾਰੀ।
ਬੂਝੇ ਸਭਿ 'ਕੋ ਤੁਮਹਿ ਮਝਾਰੀ ॥੨੮॥
ਬਾਜ ਸਿੰਘ ਬਡ ਜੋਧਾ ਕੌਨੇ?
ਕਰਿ ਕੈ ਜੁਦੇ ਦਿਖਾਵਹੁ ਤੌਨੇ।'
ਭਯੋ ਪ੍ਰਿਥਕ ਸੁਨਿ ਕੈ ਤਤਕਾਲਾ।
ਬੋਲਯੋ ਧਰਿ ਕੈ ਧੀਰ ਬਿਸਾਲਾ ॥੨੯॥
'ਗੁਰ ਕੋ ਦਾਸ ਬਾਜ ਸਿੰਘ ਮੈਂ ਹੌਂ।
ਜੋ ਤੁਮ ਕਹੌਂ ਦਿਖਾਵਨ ਕੈ ਹੌਂ।'
ਕਹੈ ਸ਼ਾਹ 'ਤੂੰ ਬੀਰ ਬਿਸਾਲਾ।
ਕਰਿ ਭੀ ਸਕਹਿਂ ਕਿ ਨਹਿਂ ਇਸ ਕਾਲਾ'
॥੩੦॥
ਬਾਜ ਸਿੰਘ ਕਹਿ 'ਅਬਹਿ ਨਿਹਾਰਹੁ।

[1]ਭਾਵ ਜਿੱਥੇ ਸਿੱਖਾਂ ਦੇ ਬਹੁਤੇ ਘਰ ਸਨ ਓਥੇ ਲੈ ਗਏ।

[1]ਉਹਨਾਂ ਦੇ ਘਰਾਂ ਵਿਚ ਜਾ ਉਤਾਰਿਆ।

ਮਮ ਪਗ ਤੇ ਬੇਰੀ ਨਿਰਵਾਰਹੁ।
ਬੀਰ ਪਨੇ ਕੇ ਪਿਖਹੁ ਤਮਾਸ਼ਾ।
ਲਰਹਿਂ ਕਿਤਿਕ ਮੈਂ ਕਰੌਂ ਬਿਨਾਸ਼ਾ ॥੩੧॥
ਹੁਕਮ ਸ਼ਾਹ ਦੇ ਨਿਗੜ[1] ਨਿਕਾਰੀ।
ਫਾਂਧਯੋ ਬਾਜ ਸਿੰਘ ਭੁਜ ਭਾਰੀ।
ਕੜੇ ਹਾਥ ਕੇ ਸੋ ਭੁਜ ਭਾਰੇ।
ਤੀਨ ਸਿਪਾਹੀ ਤਤਛਿਨ ਮਾਰੇ ॥੩੨॥
ਖਰੋ ਨਬਾਬ ਏਕ ਤਿਹ ਤਾੜਯੋ।
ਹਾਥ ਉਠਾਇ ਨਹੀਂ ਕੁਛ ਮਾਰਯੋ।
ਪਿਖੀ ਚਲਾਕੀ ਸ਼ੇਰ ਮਨਿੰਦ।
ਗਹਿਵਾਯੋ ਕਰਿ ਕੈ ਨਰ ਬ੍ਰਿੰਦ ॥੩੩॥
ਸ਼ਾਹੁ ਪ੍ਰਸੰਨ ਹੋਇ ਛੁਟਵਾਯੋ।
ਮਾਝੇ ਦੇਸ਼ ਛੁਟਯੋ ਚਲਿ ਆਯੋ[†]।
ਕਾਨ੍ਹ ਸਿੰਘ ਜਿਹ ਸਿਖ ਘਰ ਮਾਂਹੀ।
ਨੌਕਰ ਸੋ ਪਠਾਨ ਕੇ ਪਾਹੀ[1] ॥੩੪॥
ਲਿਖਯੋ ਪਰਗਨਾ ਤਾਂਹਿ ਅਜਾਰੇ[1]।
ਤਿਸ ਆਗੇ ਸਿਖ ਕਾਰ ਸੁਧਾਰੇ।
ਦੇਤਿ ਚਾਕਰੀ ਹਾਥ ਉਠਾਈ[1]।
ਯਾਂ ਤੇ ਇਕ[†] ਸਿਖ ਰਹਤਿ ਸਦਾਹੀ[1] ॥੩੫॥
ਸੁਨਤਿ ਬ੍ਰਿਤੰਤ ਕਾਨ੍ਹ ਸਿੰਘ ਕਹਯੋ।
'ਲੈ ਦੇਵੋਂ ਧਨ ਜੇਤੋ ਚਹਯੋ।'
ਸਿਖ ਨੈ ਭਨਯੋਂ 'ਕਹੌਂ ਕਜਾ ਅਰਜ਼ੀ।
ਮੈਂ ਗਰਜ਼ੀ[1], ਕਰੀਅਹਿ ਨਿਜ ਮਰਜ਼ੀ' ॥੩੬॥

[1]ਬੇੜੀ।

[†]ਜਿੱਥੋਂ ਤੱਕ ਖੋਜ ਹੁਣ ਤੱਕ ਕੰਮ ਕਰਦੀ ਹੈ ਬਾਬਾ ਕਾਨ੍ਹ ਸਿੰਘ ਜੀ ਦੇ ਸਿਵਾ ਕੋਈ ਸਿੰਘ ਬੰਦੇ ਦੇ ਸਾਥੀਆਂ ਵਿਚੋਂ, ਜੋ ਦਿੱਲੀ ਆਂਦੇ ਗਏ ਸਨ, ਨਹੀਂ ਬਚਿਆ।

[1]ਉਹ (ਸਿੱਖ ਕਿਸੇ) ਪਠਾਣ ਪਾਸ ਨੌਕਰ ਸੀ।

[1]ਤਿਸ ਪਠਾਣ ਨੇ ਪਰਗਣਾਂ ਠੇਕੇ ਤੇ ਲਿਆ ਹੋਇਆ ਸੀ।

[1]ਭਾਵ ਤਨਖਾਹ ਦੇਣ ਵੇਲੇ (ਪਠਾਣ) ਹੱਥ ਸੰਕੋਚ ਲੈਂਦਾ ਸੀ।

[1]ਜਿਸ ਕਰਕੇ (ਇਹ) ਕਿ ਸਦਾ ਹੀ (ਦੁਖੀ ਰਹਿੰਦਾ ਸੀ)। [†] ਇਥੇ ਪਾਠ 'ਇਕ' ਦੀ ਥਾਵੇਂ 'ਦਿੱਕ' ਚਾਹੀਦਾ ਹੈ, ਮਹਿਮਾਂ ਪ੍ਰਕਾਸ਼ ਵਿਚ ਜਿੱਥੋਂ ਦੀ ਇਹ ਸਾਖੀ ਹੈ, ਪਾਠ ਐਉਂ ਹੈ:-"ਇਸ ਵਾਸਤੇ ਸਿੱਖ ਬਹੁਤ ਦਿਕ ਰਹਿਤਾ ਥਾ"।

[1]ਲੋੜਵੰਦ ਹਾਂ।

ਕਾਨ੍ਹ ਸਿੰਘ ਰੁਖਸਦ ਹੁਇ ਗਯੋ।
ਤਿਸੀ ਪਰਗਨੇ ਪ੍ਰਾਪਤਿ ਭਯੋ।
ਖਾਨ ਪੌਰ ਢਿਗ ਉਤਰੇ ਜਾਇ।
ਤਾਕਹਿ ਅਪਨੀ ਘਾਤ[1] ਲਗਾਇ ॥੩੭॥
ਘਰ ਬਿਚ ਤੇ ਨਿਕਸੀ ਇਕ ਦਾਸੀ।
ਬੂਝਨ ਕਰੀ ਲੋਕ ਜੇ ਪਾਸੀ[1]।
'ਖਾਨ ਕੌਨ ਕਾਰਜ ਮਹਿਂ ਪਰੇ?'
ਦਾਸੀ ਭਾਖਤਿ 'ਦਾਤਨ ਕਰੇ ॥੩੮॥
ਅਪਰ ਨੀਰ ਕੀਨਸਿ ਅਨਵਾਵਨ।
ਚਾਹਤਿ ਹੈ ਪੁਨ ਤਿਸ ਤੇ ਨ੍ਹਾਵਨ।'
ਕਾਨ੍ਹ ਸਿੰਘ ਲਖਿ ਘਾਤੀ ਭਲੇ[1]।
ਦਾਸੀ ਸਾਥ ਅੰਤਰੇ ਚਲੇ ॥੩੯॥
ਪਹੁੰਚੇ ਨਿਕਟ ਇਕਾਕੀ ਹੇਰਾ।
ਬਲ ਤੇ ਪਕਰਿ ਤਰੇ ਸੋ ਗੇਰਾ।
ਤੁਰਤ ਖਾਨ ਕੀ ਛਾਤੀ ਚਢੇ।
ਤੀਖਨ ਕਰਿ ਕਟਾਰ ਕੋ ਕਢੇ ॥੪੦॥
ਅਨੀ ਉਦਰ ਕੇ ਸਾਥ ਲਗਾਈ।
ਧਾਇ ਲੋਕ ਆਏ ਸਮੁਦਾਈ।
ਨਗਨ ਕ੍ਰਿਪਾਨ ਮਾਰਨੋ ਚਹੈਂ।
ਕਾਨ੍ਹ ਸਿੰਘ ਤਬਿ ਸਭਿ ਕੋ ਕਹੈ ॥੪੧॥
'ਮੁਝ ਪਰ ਵਾਰ ਕਰਹੁ ਤੁਮ ਜਬੈ।
ਖਾਨ ਪ੍ਰਾਨ ਹਾਨੌਂ ਮੈਂ ਤਬੈ।'
ਸੁਨਿ ਪਠਾਨ ਨੇ ਸਕਲ ਹਟਾਏ।
ਬੂਝੇ 'ਕੌਨ ਕਾਜ ਤੁਮ ਆਏ?' ॥੪੨॥
ਬਾਬੇ ਕਹ੍ਯੋ 'ਸਿੱਖ ਜੋ ਅਮਕੋ।
ਚਾਕਰ ਕਾਜ ਕਰੈ ਨਿਤ ਤੁਮ ਕੋ।
ਦਈ ਚਾਕਰੀ ਹਾਥ ਉਠਾਈ।
ਗੁਜ਼ਰ ਤੰਗ ਤਿਸ ਕੀ ਹੁਇ ਆਈ ॥੪੩॥
ਤਿਸ ਕੋ ਦਰਬ ਦੀਜੀਐ ਸਾਰਾ।
ਕਰਿ ਕਾਰਜ ਲਿਹੁ ਪ੍ਰਾਨ ਉਬਾਰਾ।'
ਸੁਨਿ ਪਠਾਨ ਧਨ ਤੁਰਤ ਮੰਗਾਯੋ।

[1]ਦਾਉ।

[1]ਪਾਸ ਦੇ ਲੋਕਾਂ ਨੇ ਪੁੱਛਿਆ (ਦਾਸੀ ਤੋਂ)।

[1]ਚੰਗਾ ਦਾਉ ਜਾਣਕੇ।

ਕਾਨ੍ਹ ਸਿੰਘ ਪੁਨ ਬਾਕ ਅਲਾਯੋ ॥੪੪॥
'ਦਗਾ ਨ ਕਰਿ, ਦਿਹੁ ਬੀਚ ਕੁਰਾਨ[1]। [1]ਦਗਾ ਨ ਕਰੀਂ ਜ਼ਮਾਨਤ ਦੇਹ ਕੁਰਾਨ ਦੀ (ਭਾਵ ਸਹੁੰ ਖਾਹ)।
ਇਕ ਰਥ ਦੀਜਹਿ ਹਯਨ ਮਹਾਨ।
ਬਿਤ, ਸੁਤ, ਮੁਝ ਕੋ[1], ਬੀਚ ਬਿਠਾਇ। [1]ਧਨ, (ਆਪਣੇ) ਪੁੱਤ੍ਰ ਤੇ ਮੈਨੂੰ।
ਅਪਰ ਰਾਜ ਮਹਿਂ ਦਿਹੁ ਪਹੁੰਚਾਇ' ॥੪੫॥
ਸੁਨਤਿ ਖਾਨ ਡਰ ਕੋ ਬਹੁ ਮਾਨਾ।
ਕਰਜੋ ਤਥਾ ਸ਼ੁਭ ਜਥਾ ਬਖਾਨਾ।
ਪਹੁੰਚੇ ਜਬੈ ਰਾਜ ਬੇਗਾਨੇ।
ਬਿਤ ਲੇ, ਸੁਤ ਰਥ ਦੀਯਸਿ ਜਾਨੇ[1] ॥੪੬॥ [1]ਧਨ ਲੈ ਕੇ (ਪਠਾਣ ਦੇ) ਪੁੱਤ੍ਰ ਨੂੰ ਰੱਥ (ਵਾਪਸ) ਜਾਣ ਲਈ ਦੇ ਦਿੱਤਾ।
ਸਿਖ ਕੋ ਦਯੋ ਦਰਬ ਤਬਿ ਸਾਰਾ।
ਆਪ ਸੁਧਾਸਰ ਓਰ ਪਧਾਰਾ।
ਇਮ ਤੀਨਹੁੰ[1] ਜੀਵਤ ਹੀ ਛੁਟੇ।

[1]ਕਾਨ੍ਹ ਸਿੰਘ, ਬਿਨੋਦ ਸਿੰਘ, ਤੇ ਬਾਜ ਸਿੰਘ। ਪਰੰਤੂ ਠੀਕ ਇਉਂ ਹੈ ਕਿ ਬਾਬਾ ਬਿਨੋਦ ਸਿੰਘ ਤਾਂ ਗੁਰਦਾਸ ਪੁਰ ਦੇ ਘੇਰੇ ਵਿਚੋਂ ਨਿਕਲ ਗਿਆ ਸੀ, ਕਾਹਨ ਸਿੰਘ ਦਿੱਲੀ ਦੇ ਸਿੰਘਾਂ ਨੇ ਕੱਢਿਆ ਸੀ। ਪਰ ਬਾਜ ਸਿੰਘ ਨਹੀਂ ਸੀ ਛੁੱਟਾ ਜੈਸੇ ਮਹਿਮਾਂ ਪ੍ਰਕਾਸ਼ ਵਿਚ ਬਾਜ ਸਿੰਘ ਬਾਬਤ ਲਿਖਿਆ ਹੈ:-'ਤਬ ਬਹੁਤ ਲੋਕਾਂ ਨੇ ਦੌੜਕੇ ਪਕੜ ਲੀਆ ਔਰ ਸਭ ਕੋ ਕਤਲ ਕੀਆ'। ਸੈਰੁਲਮਤਾਖਰੀਨ ਵਾਲਾ ਬਾਜ਼ ਸਿੰਘ ਦਾ ਲਾਹੌਰ ਦੇ ਬਾਜ਼ਾਰ ਵਿਚ ਮਾਰਿਆ ਜਾਣਾ ਲਿਖਦਾ ਹੈ, ਪਰ ਬਾਜ਼ ਸਿੰਘ ਦਾ ਦਿੱਲੀ ਸ਼ਹੀਦ ਹੋਣਾ ਮਹਿਮਾ ਪ੍ਰਕਾਸ਼ ਮੁਜਬ ਵਧੇਰੇ ਸਹੀ ਹੈ।

ਪਕਰੇ ਅਪਰ ਸਭਿਨਿ ਸਿਰ ਕਟੇ[1] ॥੪੭॥ [1]ਭਾਵ ਸਿਰ ਕੱਟੇ ਗਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਉੱਤਰ ਐਨੇ 'ਬਾਜ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

ਬੰਦੇ ਦੇ ਨਾਲ ਜਿੰਨੇ ਸਿੰਘ ਸਨ ਸਾਰੇ ਗੁਰਦਾਸ ਪੁਰ ਦੀ ਗੜ੍ਹੀ ਵਿਚਲੇ ਨਹੀਂ ਸਨ, ਗੜ੍ਹੀ ਵਿਚੋਂ ਤਾਂ ਦੋ ਕੁ ਸੌ ਸਿੰਘ ਹੱਥ ਆਏ ਸਨ। ਫੌਜਦਾਰ ਨੇ ਰਾਹ ਜਾਂਦੇ ਬੇਗੁਨਾਹ ਫੜ ਫੜਕੇ ਵਿਚ ਰਲਾ ਕੇ ਵੱਡਾ ਜਥਾ ਬਣਾ ਲਿਆ ਸੀ। ਇਨ੍ਹਾਂ ਵਿਚ ਇਕ ਨੌ-ਜਵਾਨ ਸਿੱਖ ਲੜਕਾ ਸੀ। ਇਸ ਦੀ ਮਾਂ ਫ਼ਰੁੱਖਸੀਅਰ ਤੋਂ ਆਪਣੇ ਪੁੱਤ੍ਰ ਦੀ ਜਾਨ ਬਖਸ਼ੀ ਕਰਵਾ ਲਿਆਈ, ਇਹ ਕਹਿਕੇ ਕਿ 'ਮੇਰਾ ਪੁੱਤ੍ਰ ਸਿੱਖ ਨਹੀਂ, ਤੇਰੇ ਲੋਕੀਂ ਉਸਨੂੰ ਐਵੇਂ ਫੜ ਲਿਆਏ ਹਨ'। ਪਰ ਜਿਸ ਵੇਲੇ ਮਾਂ ਪਹੁੰਚੀ ਤੇ ਪਾਤਸ਼ਾਹੀ ਪਰਵਾਨਾ ਜਲਾਦਾਂ ਨੂੰ ਦਿੱਤਾ ਤਾਂ ਬੱਚੇ ਨੇ ਕਿਹਾ 'ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਸਿੱਖ ਹਾਂ ਤੇ ਭਰਾਵਾਂ ਨਾਲ ਸ਼ਹੀਦ ਹੋਵਾਂਗਾ', ਸੋ ਉਹ ਸ਼ਹੀਦ ਹੋਇਆ। ਇਹ ਵਾਕਿਆ ਮੁਸਲਮਾਨ ਇਤਿਹਾਸਕਾਰਾਂ ਨੇ ਆਪ ਲਿਖਿਆ ਹੈ।

ਬੰਦੇ ਨਾਲ ਜੋ ਸਿੰਘ ਸਨ ਥੋੜੇ ਥੋੜੇ ਕਰਕੇ ਰੋਜ਼ ਨਿਹਾਇਤ ਵਹਿਸ਼ੀਆਨਾ ਜ਼ੁਲਮਾਂ ਨਾਲ ਕੁਤਵਾਲੀ ਅੱਗੇ ਕਤਲ ਕੀਤੇ ਗਏ। ਕੋਈ ਲਿਖਦਾ ਹੈ ੨੫ ਰੋਜ਼ ਕਰਕੇ, ਕੋਈ ੧੦੦ ਰੋਜ਼ ਕਰਕੇ ਮਾਰੇ ਗਏ। ਐਲਫਿਨਸਟਨ ਲਿਖਦਾ ਹੈ ਕਿ ਸਾਰੇ ਸੱਤਾਂ ਦਿਨਾਂ ਵਿਚ ਕਤਲ ਕੀਤੇ ਗਏ।

ਐਲਫਿਨਸਟਨ (ਸਫਾ ੩੭੫ ਤੇ) ਲਿਖਦਾ ਹੈ:-"ਓਹ ਸਾਰੇ (ਸਿੱਖ) ਅਤਿ ਦਰਜੇ ਦੀ ਮਜ਼ਬੂਤ ਦਿਲੀ ਨਾਲ ਮਰੇ। ਉਨ੍ਹਾਂ ਨੂੰ ਆਪਣੀਆਂ ਜਿੰਦਾਂ ਬਚਾ ਲੈਣ ਵਾਸਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਕਿ ਧਰਮ ਤਿਆਗ ਕੇ ਜਾਨਾਂ ਬਚਾ ਲਓ (ਭਾਵ ਜੇ ਮੁਸਲਮਾਨ ਹੋ ਜਾਓ ਤਾਂ ਜਾਨ ਬਖਸ਼ੀ ਹੁੰਦੀ ਹੈ) ਪਰ ਸਭ ਨੇ ਐਸੇ ਲਾਲਚਾਂ ਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ"। ਜਿਸ ਤੋਂ ਸਿੱਧ ਹੋਇਆ ਕਿ ਓਹ ਕੈਸੇ ਧਰਮ ਦੇ ਪੱਕੇ ਸਨ ਕਿ ੭੪੦ ਵਿਚੋਂ ਇਕ ਬੀ ਧਰਮ ਤੋਂ ਨਹੀਂ ਗਿਰਿਆ ਅਰ ਅਤਿ ਭਿਆਨਕ ਤਸੀਹੇ ਭੋਗ ਭੋਗ ਕੇ ਸ਼ਹੀਦ ਹੋਏ। ਇਥੋਂ ਤਾਈਂ ਕਿ ਰਾਹ ਜਾਂਦੇ ਫੜੇ ਗਏ ਸਿੱਖ ਬੱਚੇ ਨੇ ਜਾਨ ਬਖਸ਼ੀ ਹੋ ਜਾਣ ਤੇ ਬੀ ਮਾਂ ਦੇ ਝੂਠ ਬੋਲਨ ਨਾਲ ਜਿੰਦ ਬਚਾਉਣ ਤੋਂ ਸ਼ਹੀਦ ਹੋਣਾ ਬਿਹਤਰ ਸਮਝਿਆ। ਬੰਦੇ ਬਾਬਤ ਐਲਫਿਨਸਟਨ ਲਿਖਦਾ ਹੈ ਕਿ "ਓਹ ਅਖੀਰਲੇ ਦਿਨ ਕਤਲ ਲਈ ਆਂਦਾ ਗਿਆ। ਉਸਨੂੰ ਪਿੰਜਰੇ ਵਿੱਚ ਬੰਦ ਕਰਕੇ ਲਿਆਏ, ਉਸਨੂੰ ਜ਼ਰਬਫਤ ਦੇ ਕੱਪੜੇ ਪਹਿਨਾਏ ਸਨ, ਸਿਰ ਤੇ ਕਿਰਮਚੀ ਚੀਰਾ ਬੱਧਾ ਸੀ। ਜਲਾਦ ਨੰਗੀ ਤਲਵਾਰ ਧੂਹਕੇ ਉਸਦੇ ਮਗਰ ਖੜਾ ਸੀ। ਉਸਦੇ ਦੁਆਲੇ ਨੇਜ਼ਾ ਬਰਦਾਰ ਸਨ, ਜਿਨ੍ਹਾਂ ਨੇ ਨੇਜ਼ਿਆਂ ਉੱਤੇ ਸਿੱਖਾਂ ਦੇ ਸਿਰ ਪਰੋ ਕੇ ਚੁੱਕੇ ਹੋਏ ਸਨ। ਇੱਥੋਂ ਤਾਈਂ ਕਿ ਇਕ ਮੋਈ ਹੋਈ ਬਿੱਲੀ ਬੀ ਨੇਜ਼ੇ ਤੇ ਟੰਗੀ ਨਾਲ ਸੀ ਕਿ ਬੰਦੇ ਦਾ ਅਸਾਂ ਨੇ ਸਰਬੰਸ ਤਬਾਹ ਕਰ ਦਿੱਤਾ ਹੈ। ਫੇਰ ਬੰਦੇ ਨੂੰ (ਕਤਲਗਾਹ ਵਿਚ ਬਿਠਾਕੇ) ਉਸ ਦਾ ਪੁੱਤ੍ਰ ਗੋਦੀ ਵਿਚ ਦੇਕੇ ਖੰਜਰ ਉਸਦੇ ਹੱਥ ਦਿਤਾ ਕਿ ਇਸ ਨਾਲ ਆਪਣੇ ਪੁੱਤ੍ਰ ਨੂੰ ਆਪ ਮਾਰੇ। ਬੰਦੇ ਦੇ ਐਸਾ ਕਰਨੋਂ ਨਾਂਹ ਕਰਨ ਪਰ ਉਹ ਬੱਚਾ ਕੁਹਿਆ ਗਿਆ ਤੇ ਉਸਦਾ ਦਿਲ ਕੱਢਕੇ ਬੰਦੇ ਜੀ ਦੇ ਚਿਹਰੇ ਤੇ ਮਾਰਿਆ ਗਿਆ†। ਅੰਤ ਨੂੰ ਲਾਲ ਅੰਗਾਰਾਂ ਜੰਬੂਰਾਂ ਨਾਲ ਉਸਦਾ ਗੋਸ਼ਤ ਨੋਚਿਆ ਗਿਆ। ਪਰ ਬੰਦਾ ਅਹਿਲ ਧੈਰਜ ਨਾਲ ਸਭ ਕੁਛ ਝੱਲ ਗਿਆ ਤੇ ਇਸ ਗੱਲ ਵਿਚ ਫਖਰ ਵਿਚ ਸੀ ਕਿ ਮੈਨੂੰ ਆਪਣੇ ਜ਼ਮਾਨੇ ਦੇ ਜ਼ੁਲਮਾਂ ਕਹਿਰਾਂ ਤੇ ਬਦੀਆਂ ਨੂੰ ਦੰਡ ਦੇਣ ਵਾਲਾ ਬਣਾਕੇ ਪਰਮੇਸ਼ਰ ਨੇ ਸਫਲ ਕੀਤਾ ਹੈ। ਸਿੱਖ ਜੋ ਅਜੇ ਪਕੜੇ ਨਹੀਂ ਸਨ ਗਏ ਐਉਂ ਸਤਾਏ ਗਏ ਜਿਵੇਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰੀਦਾ ਹੈ।"

†ਤਾਰੀਖ ਮੁਹੰਮਦ ਸ਼ਾਹੀ ਵਾਲਾ ਲਿਖਦਾ ਹੈ ਕਿ ਇਹ ਬੱਚਾ ਬਹੁਤ ਹੀ ਸੁਹਣਾ ਸੀ।

ਸੈਰੁਲ ਮਤਾਖਰੀਨ ਵਾਲੇ ਨੇ ਬੰਦੇ ਦੇ ਨਾਲ ਦੇ ਸਿੰਘਾਂ ਦੀ ਸ਼ਹਾਦਤ ਵੇਲੇ ਧਰਮ ਪ੍ਰਪੱਕਤਾ ਦਾ ਹਾਲ ਐਉਂ ਦਿੱਤਾ ਹੈ।

"ਦਰ ਕੁਸ਼ਤਾ ਸ਼ੁਦਨ ਯਕੇ ਬਰ ਦੀਗਰੇ ਸਬਕਤ ਮੇ ਜੁਸਤ ਵ ਮਿੰਨਤੇ
ਜੱਲਾਦ ਮੇ ਨਮੂਦ ਕਿ ਅੱਵਲ ਓਰਾ ਬਿਕੁਸ਼ੇਦ।"

ਅਰਥਾਤ:

ਮਰਨ ਲਈ ਇਕ, ਦੂਜੇ ਨਾਲੋਂ ਤੇਜ਼ੀ ਨਾਲ ਅੱਗੇ ਵਧਦਾ ਸੀ ਤੇ ਜੱਲਾਦ ਦੀ ਮਿੰਨਤ ਕਰਦਾ ਸੀ ਕਿ ਪਹਿਲਾਂ ਮੈਨੂੰ ਕਤਲ ਕਰੋ।

ਬੰਦੇ ਦੇ ਸ਼ਹੀਦ ਹੋਏ ਸਾਥੀਆਂ ਦੀਆਂ ਲੋਥਾਂ ਨਾਲ ਕੀਹ ਵਹਸ਼ੀਆਨਾ ਸਲੂਕ ਕੀਤਾ ਗਿਆ। ਭਾਈ ਕਰਮ ਸਿੰਘ ਜੀ ਐਉਂ ਲਿਖਦੇ ਹਨ:-

"ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ, ਪਰ ਉਨ੍ਹਾਂ ਵਿਚੋਂ ਇਕ ਨੇ ਬੀ ਮੁਸਲਮਾਨੀ ਮਤ ਅੰਗੀਕਾਰ ਨਾ ਕੀਤਾ। ਜਿਸ ਦਿਨ ਆਖਰੀ ਜਥਾ ਕਤਲ ਕੀਤਾ ਗਿਆ ਉਸ ਦਿਨ ਫੱਗਣ ਦੀ ਸੰਗ੍ਰਾਂਦ (ਫੱਗਣ ਵਦੀ ੧) ਸੀ, ਬੁੱਢੇ ਬੁੱਢੇ ਆਦਮੀ ਦੱਸਦੇ ਹਨ ਕਿ ਅਜੇਹੀ ਖੂੰਰੇਜ਼ੀ ਅੱਗੇ ਕਦੇ ਨਹੀਂ ਵੇਖੀ, ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਨ੍ਹਾਂ ਦੇ ਧੜਾਂ ਦੇ ਟੋਟੇ ਟੋਟੇ ਕਰਕੇ ਕਿੱਤੇ ਲੱਤ ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰੱਖਤ ਨਾਲ ਲਟਕਾ ਦਿੱਤਾ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ, ਸਿੰਘਾਂ ਵਿਚੋਂ ਇਕ ਦੀ ਲੋਥ ਵੀ ਸਾੜੀ ਯਾ ਫੂਕੀ ਨਹੀਂ ਗਈ, ਸਾਰੀਆਂ ਇਸੇ ਤਰ੍ਹਾਂ ਹੀ ਸ਼ਹਿਰ ਦੇ ਵਿਚ ਯਾ ਇਰਦੇ ਗਿਰਦੇ ਟੰਗੀਆਂ ਹੋਈਆਂ ਸਨ। ਚਾਰ ਕੁ ਹਜ਼ਾਰ ਸਿਰ ਅਤੇ ਹਜ਼ਾਰ ਕੁ ਲੱਤ ਬਾਂਹ ਧੜ ਦਾ ਰੁੱਖਾਂ ਨਾਲ ਲਟਕਣਾ, ਉਨ੍ਹਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਰਨਾ, ਬੜੇ ਭੈਭੀਤ ਕਰਨ ਵਾਲੇ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ, ਅਤੇ ਅੰਤ ਨੂੰ ਜਦ ਹੱਡੀਆਂ ਹੀ ਹੱਡੀਆਂ ਰਹਿ ਗਈਆਂ, ਤਾਂ ਹੌਲੀ ਹੌਲੀ ਪਿੰਜਰ ਵੀ ਜ਼ਮੀਨ ਉਤੇ ਡਿਗ ਪਏ। " [ਪੰਨਾ ੧੯੬

ਬੰਦੇ ਦੀ ਮੌਤ ਬਾਬਤ ਇਕ ਇਉਂ ਬੀ ਰਵਾਯਤ ਹੈ ਕਿ ਬੰਦੇ ਨੇ ਕਸ਼ਟ ਝੱਲਕੇ ਬੀ ਜਦ ਮੁਸਲਮਾਨ ਹੋਣੋ ਨਾਂਹ ਕੀਤੀ ਤਾਂ ਪਾਤਸ਼ਾਹ ਨੇ ਪੁੱਛਿਆ ਕਿ ਤੂੰ ਆਪ ਹੀ ਦੱਸ ਤਨੂੰ ਕਿਸ ਮੌਤੇ ਮਾਰਿਆ ਜਾਏ। ਤਾਂ ਬਾਬੇ ਬੰਦੇ ਨੇ ਕਿਹਾ ਜਿਸ ਮੌਤੇ ਤੂੰ ਆਪ ਮਰਨਾ ਚਾਹੁੰਦਾ ਹੈਂ। ਇਸ ਕਹਿਣੇ ਪਰ ਬੰਦਾ ਇਕ ਹਾਥੀ ਦੇ ਪੈਰਾਂ ਨਾਲ ਬੱਧਾ ਗਿਆ। ਹਾਥੀ ਸ਼ਹਿਰ ਵਿਚ ਫੇਰਿਆ ਗਿਆ, ਬੰਦਾ ਮਗਰੇ ਮਗਰ ਘਸੀਟੀਂਦਾ ਲਗ ਪਗ ਐਉਂ ਹੋ ਗਿਆ ਜਿਵੇਂ ਮਰ ਗਿਆ ਹੈ। ਇਹ ਬੀ ਕਹਿੰਦੇ ਹਨ ਕਿ ਹਾਥੀ ਦੇ ਪੈਰਾਂ ਨਾਲ ਘਸੀਟਣ ਵੇਲੇ ਬੰਦੇ ਨੇ ਪ੍ਰਾਣ ਦਸਮ ਦੁਆਰ ਚੜ੍ਹਾ ਲਏ ਸਨ। ਜ਼ਾਲਮਾਂ ਨੇ ਇਹ ਸਮਝਕੇ ਕਿ ਮਰ ਗਿਆ ਹੈ, ਜਮਨਾ ਦੀ ਬ੍ਰੇਤੀ ਵਿਚ ਸੁੱਟ ਦਿੱਤਾ ਕਿ ਕੁੱਤੇ ਗਿੱਦੜ ਆਦਿ ਜਾਨਵਰ ਖਾ ਜਾਣ ਤੇ ਇਹ ਅਬਗਤ ਮਰੇ, ਨਾਂ ਫੂਕਿਆ ਨਾਂ ਦੱਬਿਆ ਜਾਵੇ। ਪਰ ਓਥੇ ਕਿਸੇ ਫਕੀਰ ਦੀ ਝੁੱਗੀ ਸੀ ਜੋ ਬਾਬੇ ਦੀ ਲੋਥ ਨੂੰ ਚੁੱਕ ਲੈ ਗਿਆ ਤੇ ਦਵਾ ਦਰਮਲ ਵਿਚ ਲੱਗਾ ਰਿਹਾ। ਸਮਾਂ ਪਾਕੇ ਬਾਬਾ ਤਕੜਾ ਹੋ ਗਿਆ ਤੇ ਲੁਕ ਛਪਿ ਭੇਸ ਵਟਾ ਕੇ ਪਹਿਲੇ ਨੱਕੇ ਵਿਚ ਤੇ ਫੇਰ ਜੰਮੂ ਦੇ ਇਲਾਕੇ ਵਿਚ ਜਾ ਰਿਹਾ, ਏਹ ਥਾਂ ਜੰਮੂ ਤੋਂ ਢਾਈ ਕੋਹ ਹੈ। ਇਥੇ ਆਪਣੇ ਸ਼ਰਧਾਲੂ ਪਿਆਰੇ ਆ ਮਿਲੇ ਤੇ ਆਪ ਦਾ ਮੁੜ ਵਜ਼ੀਰਾਬਾਦ ਵਿਵਾਹ ਹੋਇਆ, ਆਪਣੇ ਰਣਜੀਤ ਸਿੰਘ ਨਾਮੇ ਪੁੱਤ੍ਰ ਹੋਇਆ ਤੇ ਆਪ ਤੇਰਾਂ ਬਰਸ ਬਾਦ ਪਰਲੋਕ ਜਾ ਬਸੇ। ਬਾਬਾ ਜੀ ਦਾ ਇਸ ਪਰਲੋਕ ਗਮਨ ਦਾ ਸੰਮਤ ੧੭੯੮ ਦੱਸੀਦਾ ਹੈ। ਇਸੇ ਥਾਂ ਆਪਦਾ ਦੇਹੁਰਾ ਹੈ। ਆਪਦੇ ਮਗਰੋਂ ਗੱਦੀ ਟੁਰੀ ਜੋ ਹੁਣ ਤਕ ਜਾਰੀ ਹੈ। ਪਰ ਕਿਸੇ ਨੇ ਅਪਣੇ ਆਪ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਕਹਿਲਾਇਆ। ਦੇਹੁਰੇ ਵਿਚ ਵਰਤਾਰਾ ਸਿੱਖੀ ਗੁਰਦਆਰਿਆਂ ਵਾਲਾ ਹੈ। ਗੱਦੀ ਨਸ਼ੀਨ ਅੰਮ੍ਰਿਤਧਾਰੀ ਸਿੰਘ ਹੁੰਦਾ ਹੈ। ਸਿੱਖਾਂ ਤੋਂ ਇਲਾਵਾ ਬੰਦਈ ਸਿੰਘ ਬੀ ਰਹਿਤ ਮ੍ਰਿਯਾਦਾ ਵਾਲੇ ਹੁੰਦੇ ਹਨ। ਪਰ ਸਾਡਾ ਸਿਧਾਂਤ ਇਹੀ ਹੈ ਕਿ ਬਾਬਾ ਜੀ ਦਿੱਲੀ ਸ਼ਹੀਦ ਹੋ ਗਏ ਸਨ ਕਿਉਂਕਿ ਸ਼ਹਾਦਤ ਨੂੰ ਦੇਖਣ ਵਾਲਿਆਂ ਦੀਆਂ ਉਗਾਹੀਆਂ ਲੱਭ ਪਈਆਂ ਹਨ। ਹੇਠ ਲਿਖੇ ਲੇਖਕ ਬੰਦਾ ਜੀ ਦਾ ਮਾਰਿਆ ਜਾਣਾ ਇਸੇ ਮੌਕੇ ਤੇ ਲਿਖਦੇ ਹਨ:-ਸਰੂਪ ਦਾਸ ਭੱਲਾ ਕਰਤਾ ਮਹਿਮਾ ਪ੍ਰਕਾਸ਼, ਭਾਈ ਸੰਤੋਖ ਸਿੰਘ ਜੀ ਕਰਤਾ ਗੁ: ਪ੍ਰਾ: ਸੂਰਜ, ਮਿਰਜ਼ਾ ਮੁਹੰਮਦ ਹਰੀਸੀ, ਕਾਮਵਰ ਖ਼ਾਂ, ਖਾਫੀ ਖ਼ਾਂ, ਥੌਰਨਟਨ 'ਹਿਸਟਰੀ ਆਫ ਦੀ ਪੰਜਾਬ ਵਿਚ, ਗੁਲਾਮ ਹਸਨ ਖ਼ਾਂ 'ਸੈਰੁਲ ਮਤਾਖਰੀਨ' ਦਾ ਕਰਤਾ, ਆਦਿ।

## ੨੮. [ਅਜੀਤ ਸਿੰਘ ਪਾਲਕ ਪੁੱਤ੍ਰ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਅਬਿ ਅਜੀਤ ਸਿੰਘ ਕੀ ਕਥਾ, ਸੁਨਿ ਸ਼੍ਰੋਤਾ ! ਸਵਧਾਨ।
ਪਾਲਕ ਮਾਤਾ ਸੁੰਦਰੀ, ਭਾ ਬਾਲਕ ਤੇ ਜ੍ਵਾਨ ॥੧॥

ਚੌਪਈ:

ਬਸਤ੍ਰ ਬਿਭੂਖਤ ਸੁੰਦਰ ਨਾਨਾ।
ਚਪਲ ਤੁਰੰਗਮ ਮੋਲ ਮਹਾਨਾ।
ਮਾਤ ਦੁਲਾਰਤਿ ਬਿਬਿਧ ਪ੍ਰਕਾਰਾ।
ਪਹਿਰਾਵਤਿ ਬਹੁ ਰਾਖਿ ਸੁਖਾਰਾ ॥੨॥
ਸ਼੍ਰੀ ਅੰਮ੍ਰਿਤਸਰ ਆਦਿ ਸਥਾਨਾ।
ਜਹਿਂ ਜਹਿਂ ਰਹੈਂ ਮਸੰਦ ਮਹਾਨਾ।
ਸਭਿ ਸੰਗਤ ਤੇ ਲੇ ਗੁਰ ਕਾਰ।
ਧਨ ਆਦਿਕ ਸਭਿ ਵਸਤੁ ਸੰਭਾਰਿ ॥੩॥
ਕੁਛਕ ਮਾਤ ਕੇ ਪਾਸ ਪਠਾਵੈ।
ਇਮ ਚਹੁੰ ਦਿਸ਼ਿ ਤੇ ਧਨ ਗਨ ਆਵੈ।
ਦਰਬ ਕੋਸ਼ ਮਹਿਂ ਜੁਰਹਿ ਬਿਸਾਲੇ।
ਖਰਚ ਅਜੀਤ ਸਿੰਘ ਕੋ ਚਾਲੇ ॥੪॥
ਸਾਠਕ ਰਾਖੇ ਢਿਗ ਅਸਵਾਰਾ।
ਲਏ ਤੁਰੰਗਮ ਮੋਲ ਉਦਾਰਾ।
ਸ਼ਸਤ੍ਰ ਬਸਤ੍ਰ ਦੇ ਬਰਨ ਬਰਨ ਕੇ।
ਚਾਕਰ ਸੰਗਤਿ ਬੈਸ ਤਰੁਨ ਕੇ[1] ॥੫॥
ਚਢਹਿ ਤੁਰੰਗ ਅਖੇਰ ਸਿਧਾਰੇ।
ਤੋਮਰ ਤੁਪਕ ਪ੍ਰਹਾਰਨ ਹਾਰੇ।
ਮਾਤਾ ਕੀ ਪ੍ਰਸੰਨਤਾ ਸੰਗ।
ਬਿਲਸਹਿ ਅਨਿਕ ਬਿਲਾਸਨ ਰੰਗ ॥੬॥
ਬੈਠੈ ਵਹਿਰ ਦਿਵਾਨ ਲਗਾਵੈ।
ਦਰਸ਼ਨ ਹੇਤੁ ਕਿਤਿਕ ਸਿਖ ਆਵੈਂ।
ਹੁਤੋ ਕਲਾਲ ਸਦਨ ਪੁਰਿ ਮਾਂਹੀ[1]।
ਸ਼੍ਰੀ ਗੁਰ ਸਿੱਖ ਕਰੇ ਸੋ ਨਾਂਹੀ ॥੭॥
ਸੋ ਅਜੀਤ ਸਿੰਘ ਕੇ ਸਿੱਖ ਹ੍ਵੈ ਕੈ।
ਦੇਤਿ ਉਪਾਇਨ ਬੰਦਨ ਕੈ ਕੈ।

[1]ਜੁਆਨ ਆਯੁ ਵਾਲੇ ਨੌਕਰਾਂ ਦੀ ਸੰਗਤ ਹੈ।

[1]ਪੁਰਿ=) ਦਿੱਲੀ ਵਿਚ ਕਲਾਲਾਂ ਦੇ ਘਰ ਸੇ।

ਭੁਸ[1] ਕੋ ਬੇਚਿ ਕਮਾਵੈਂ ਕਾਰ।
ਜਿਨ ਕੇ ਸਿਦਕ ਨਹੀਂ ਇਤਬਾਰ ॥੮॥
ਇਨ ਤੇ ਆਦਿ ਅਪਰ ਭੀ ਕੇਤੇ।
ਗੁਰ ਕਰਿ ਅਪਨੋ ਦਰਬ ਸੁ ਦੇਤੇ।
ਚਾਰ ਘਰੀ ਜਬਿ ਦਿਨ ਰਹਿ ਜਾਇ।
ਸ਼ਸਤ੍ਰ ਬਸਤ੍ਰ ਕੋ ਭਲੇ ਸਜਾਇ ॥੯॥
ਪੁਰਿ ਕੀ ਸੈਲ ਹੇਤੁ ਬਿਚਰੰਤਾ।
ਸਾਠ ਸਊਰਨ ਸੰਗ ਰਖੰਤਾ।
ਅੱਗ੍ਰ ਨਕੀਬ ਬੋਲਤੇ ਊਚੇ।
ਜਿਤਿਕ ਚਹੈਂ ਪਿਖਿ ਤਿਤਿਕ ਪਹੂੰਚੇ[1] ॥੧੦॥
ਦੇਗ਼ ਬਿਸਾਲ ਹੋਤਿ ਨਿਤ ਰਹੈ।
ਅਪਨ ਬਿਰਾਨਾ ਅਚਹਿ ਜੁ ਚਹੈ।
ਸੰਗਤਿ ਘਨੀ ਦਰਸ ਕੋ ਆਵੈ।
ਦਰਸ਼ਨ ਮਾਤ ਸੁੰਦਰੀ ਪਾਵੈ ॥੧੧॥
ਢਿਗ ਬੈਠਹਿ ਇਹ ਭੀ ਪੁਜਵਾਵੈ।
ਕਿਤਿਕ ਭੇਟ ਸਿਖ ਆਨਿ ਚਢਾਵੈਂ।
ਸਿਰੇਪਾਉ ਸੰਗਤਿ ਕੋ ਦੇਤਿ।
ਰੀਤਿ ਗੁਰਨਿ ਕੀ ਕਰਤਿ ਸੁਚੇਤ ॥੧੨॥
ਦੇਸ਼ ਬਿਦੇਸ਼ਨ ਬਿਦਤਜੋ ਘਨੋ।
'ਗੁਰ ਕੋ ਪੁੱਤ੍ਰ ਗੁਰੂ ਇਹ ਬਨੋ।'
ਕੋ ਕੋ ਸਜਾਨੇ ਸਿੱਖ ਨ ਮਾਨੈਂ।
ਮਾਤਾ ਕੋ ਪਾਲਕ ਪਹਿਚਾਨੈਂ ॥੧੩॥
-ਗੁਰਤਾ ਕੋ ਪੱਯਤਿ ਨਹਿਂ ਲੱਛਨ-।
ਸਮਝਤਿ ਗੁਰ ਕੇ ਸਿੱਖ ਬਿਚੱਛਨ।
ਕਿਤਿਕ ਸਮੋਂ ਇਸ ਰੀਤਿ ਬਿਤਾਯੋ।
ਜ੍ਵਾਨ ਸੁ ਮਾਨਨੀਯ ਗਰਬਾਯੋ ॥੧੪॥
ਕੁਛ ਮਾਤਾ ਕੋ ਕਹ੍ਯੋ ਨ ਮਾਨੈਂ।
ਜਯੋਂ ਮਨ ਆਇ ਤਥਾ ਕ੍ਰਿਤ ਠਾਨੈਂ।
ਬਰਜਹਿ ਬਾਰਿ ਬਾਰਿ ਕ੍ਰਿਤ ਖੋਟੀ[1]।
ਚਲੈ ਕੁਮਗ ਗਰਬਤਿ ਮਤਿ ਮੋਟੀ ॥੧੫॥

[1]ਤੂੜੀ।

[1]ਭਾਵ, ਚਾਹੁੰਦੇ ਹਨ ਕਿ ਜਿਥੋਂ ਤੱਕ ਸਾਡੀ ਨਜ਼ਰ ਜਾਂਦੀ ਹੈ ਆਵਾਜ਼ ਬੀ ਉਤੋਂ ਤੱਕ ਪਹੁੰਚੇ।

[1](ਮਾਤਾ ਉਸ ਨੂੰ) ਖੋਟੀ ਕਾਰ ਤੋਂ ਬਾਰ ਬਾਰ ਵਰਜਦੀ ਹੈ।

ਸਾਹਿਬ ਦੇਵੀ ਭੇਜੀ ਜਬੈ[1]। — [1]ਭਾਵ ਗੁਰੂ ਜੀ ਨੇ ਜਦੋਂ ਦਿੱਲੀ ਸ੍ਰੀ ਸਾਹਿਬ ਦੇਵਾਂ ਜੀ ਨੂੰ ਘੱਲਿਆ ਸੀ।

ਖਸ਼ਟ ਸ਼ਸਤ੍ਰ ਸੌਂਪੇ ਗੁਰ ਤਬੈ।
ਤਿਨ ਕੀ ਪੂਜਾ ਮਾਤ[1] ਕਰਾਵੈ। — [1]ਭਾਵ ਮਾਤਾ ਸੁੰਦਰੀ।
ਪਤਿ ਸਮ ਜਾਨੈ ਸੀਸ ਨਿਵਾਵੈ ॥੧੬॥
ਜੁਗ ਤਰਵਾਰ ਜੁਗਮ ਹੀ ਜਮਧਰ।
ਪੇਸ਼ ਕਬਜ਼ ਖਸ਼ਟਮ ਖਰ ਖੁੰਜਰ।
ਅਜਬ ਮੀਰ ਮਾਹੀ ਕੇ ਦਸਤੇ[1]। — [1]ਵੱਡੀ ਮੱਛੀ (ਦੀ ਹੱਡੀ) ਦੇ ਦਸਤੇ।
ਸ਼ੁਭਤਿ ਮਜਾਨ ਸ਼ੁਭ ਲੋਹਾ ਲਸਤੇ ॥੧੭॥
ਚੰਦਨ ਧੂਪ ਪੁਸ਼ਪ ਅਰਪੰਤੇ।
ਸਾਦਰ ਛਾਦਤਿ ਬਸਨ ਰਖੰਤੇ।
ਤਿਨਹੁੰ ਅਜੀਤ ਸਿੰਘ ਜਬਿ ਹੇਰੇ।
-ਧਰੌਂ ਅੰਗ ਮਹਿਂ- ਚਹਤਿ ਘਨੇਰੇ ॥੧੮॥
ਸ਼ੰਕਤਿ ਮਨ ਮਾਤਾ ਤੇ ਰਹੈ।
ਤਊ ਲੇਨ ਹਿਤ ਹੀ ਨਿਤ ਚਹੈ।
ਇਕ ਦਿਨ ਕਹ੍ਯੋ 'ਅੰਗ ਮੈਂ ਧਾਰੌਂ।
ਪੁਰਿ ਬਿਚਰਹੁ ਧਰਿ ਇਹਾਂ ਸੰਭਾਰੋਂ[1] ॥੧੯॥ — [1]ਇਥੇ ਸੰਭਾਲਕੇ (ਫਿਰ) ਰੱਖ ਦਿਆਂਗਾ।
ਮਨਤਾ ਮੇਰੀ ਹੋਇ ਸਵਾਈ।
ਮਾਨਹਿਂ ਸਿਖ ਸੰਗਤਿ ਸਮੁਦਾਈ।
ਗੁਰ ਕੇ ਸ਼ਸਤ੍ਰ ਧਰੇ ਤਨ ਹੇਰੇ।
ਜਾਨਹਿਂ ਸਕਲ ਪ੍ਰਤਾਪ ਬਡੇਰੇ' ॥੨੦॥
ਕ੍ਰੱਧਤਿ ਮਾਤ ਸੁੰਦਰੀ ਬਰਜਜੋ।
ਬਾਰ ਬਾਰ ਝਿਰਕਜੋ ਅਰੁ ਤਰਜਜੋ।
'ਇਹੁ ਆਯੁਧ ਸਭਿ ਪੂਜਨ ਜੋਗ।
ਗੁਰ ਕੇ ਸਮ ਜਾਨਹਿਂ ਸਿਖ ਲੋਗ ॥੨੧॥
ਮਮ ਪਤਿ ਕੇ ਜੋ ਅਹੈਂ ਪਿਤਾਮਾ।
ਜਿਨ ਕੋ ਸੁਜਸੁ ਜਗਤ ਅਭਿਰਾਮਾ।
ਤਿਨ ਕੇ ਅੰਕ ਸ਼ਸਤ੍ਰ ਇਹੁ ਲਾਗੇ।
ਯਾਂ ਤੇ ਪੂਜਨੀਯ ਅਨੁਰਾਗੇ ॥੨੨॥
ਜਿਨ ਕੋ ਪੂਜਤਿ ਸਤਿਗੁਰ ਰਹੇ।

ਕਿਮ ਸੋ ਮਾਨਨੀਯ ਨਹਿਂ ਲਹੇ[1]?

ਤੂੰ ਮਤਿਮੰਦ ਸ਼ਕਤਿ ਅਸ ਕਹਾਂ।
ਤਨ ਸਜਾਇਬੇ ਗਰਬਤਿ ਮਹਾਂ ॥੨੩॥
ਅਬਿ ਜੋ ਨਾਮ ਲੀਨਿ ਸੋ ਲੀਨਿ।
ਕਹੋ ਨ ਪੁਨ, ਪੈਹੈਂ ਦੁਖ ਪੀਨ।
ਅਪਨੋ ਆਪ ਜਾਨਿ ਕਰਿ ਮੰਦਾ।
ਕਯੋਂ ਨ ਹਟਤਿ ਤੈਂ ਮੂੜ ਬਿਲੰਦਾ' ॥੨੪॥
ਇੱਤਜਾਦਿਕ ਕਹਿ ਕੈ ਕਟੁ ਬੈਨ।
ਪਤਿ ਕੋ ਸਿਮਰਿ ਭਰੇ ਜੁਗ ਨੈਨ।
ਸੁਨਿ ਅਜੀਤ ਸਿੰਘ ਗਰਬ ਧਰੰਤਾ।
ਕਟੁ ਬਾਕਨਿ ਕੋ ਨਹੀਂ ਸਹੰਤਾ ॥੨੫॥
ਜਮਧਰ ਹਾਥ ਗਹੇ ਢਿਗ ਹੋਇ।
ਮਾਤਾ ਕੀ ਛਾਤੀ ਕੋ ਜੋਇ।
ਮਾਰਨ ਚਹਤਿ ਧਾਰਿ ਦੁਰਮਤੀ।
ਲਖੈ ਨ ਪੂਰਬ[1] ਕੀਨਿ ਜੁ ਗਤੀ ॥੨੬॥
ਹੁਤੇ ਅਲਪ ਸਾਮੀਪੀ ਲੋਗ।
ਅਵਲੋਕਤਿ ਬਹੁ ਬਨਤਿ ਅਜੋਗ।
ਧਾਇ ਅਜੀਤ ਸਿੰਘ ਕੋ ਗਹਯੋ।
'ਇਹ ਕ੍ਰਿਤ ਤੁਵ ਬਨਿ ਆਇ ਨ' ਕਹਯੋ ॥੨੭॥
'ਪ੍ਰਤਿਪਾਲਯੋ ਜਿਨ ਕੀਨਿ ਬਡੇਰਾ।
ਤਿਹ ਮਾਰਯੋ ਚਹਿਂ ਪਾਪ ਘਨੇਰਾ।
ਪੁਨ ਸਤਿਗੁਰ ਘਰਨੀ, ਬ੍ਰਿਧ ਮਾਈ।
ਬੰਦਨੀਯ ਜਗ ਕੀ ਸੁਖਦਾਈ ॥੨੮॥
ਲਖਹਿਂ ਕਿ ਨਹੀਂ ਤੁਰਕ ਕੋ ਰਾਜ।
ਕਰਹਿਂ ਆਜ ਹੀ ਤੋਹਿ ਕੁਕਾਜ।'
ਕੁਪਯੋ ਅਜੀਤ ਸਿੰਘ ਤਬਿ ਕਹੈ।
'ਮੁਝ ਕੋ ਬਰਜਤਿ ਤਰਜਤਿ ਰਹੈ ॥੨੯॥
'ਮੈਂ ਇਕ ਬਾਰ ਦੇਉਂ ਇਸ ਮਾਰੀ।
ਪਲਟਾ ਦੇਉਂ ਦੇਤਿ ਬਹੁ ਗਾਰੀ।
ਪੁਰਿ ਮਹਿਂ ਰਹੌਂ ਕਿ ਜਾਉਂ ਪਲਾਇ।

[1]ਕਿਵੇਂ ਤੂੰ ਉਨ੍ਹਾਂ (ਸ਼ਸਤ੍ਰਾਂ ਨੂੰ) ਮੰਨਣ ਯੋਗ ਨਹੀਂ ਜਾਣਦਾ।

[1]ਭਾਵ ਪਹਿਲਾਂ ਜਿਵੇਂ ਪਾਲਿਆ ਸੀ।

ਕੈ ਧਨ ਦੇਉਂ ਲੇਉਂ ਬਖਸ਼ਾਇ ॥੩੦॥
ਸ਼ਸਤ੍ਰ ਧਾਰਨੇ ਤਨ ਮਹਿਂ ਚਾਹਾ।
ਕਜੋਂ ਇਨ ਕ੍ਰੋਧ ਕੀਨਿ ਮਨ ਮਾਂਹਾ?
ਮੁਝ ਕੋ ਦੇਖਿ ਸਕਹਿ ਨਹਿਂ ਕੈਸੇ।
ਪ੍ਰਭਤਾ ਸਹਿ ਨ ਸਕਹਿ ਮਨ ਤੈਸੇ' ॥੩੧॥
ਸੁਨਿ ਮਾਤਾ ਸੁੰਦਰੀ ਰਿਸ ਧਾਰੀ।
ਘੋਰ ਸ੍ਰਾਪ ਜੁਤ ਗਿਰਾ ਉਚਾਰੀ।
'ਨਹਿਂ ਜ੍ਵਾਨੀ ਕੋ ਭੋਗਨ ਕਰੈਂ।
ਦੁਖ ਤੇ ਧਰਮ ਹਾਰਿ ਕਰਿ ਮਰੈਂ ॥੩੨॥
ਹੋਹਿ ਦੁਰਦਸ਼ਾ ਪੁਰਿ ਮਹਿਂ ਤੇਰੀ।
ਮਰਹਿਂ ਕੁਮੌਤ, ਨਾਰਿ ਨਰ ਹੇਰੀ।'
ਇੱਤਜਾਦਿਕ ਕਹਿ ਮਾਤਾ ਰੋਈ।
ਪਤਿ ਕੀ ਗਿਰਾ ਸਿਮਰਿ ਦੁਖ ਪੋਈ[1] ॥੩੩॥
'-ਇਸਹਿ ਨ ਪਾਲਹੁ ਸੰਕਟਿ ਦੈ ਹੈ-।
ਮੈਂ ਨਹਿਂ ਮਾਨੀ, ਚਿਤ ਪਛੁਤੈ ਹੈ[1]।'
ਅਪਨੇ ਭਾਗ ਖੋਟ ਬਡ ਜਾਨੇ।
ਨੀਚ ਗ੍ਰੀਵ ਕਰਿ ਤੂਸ਼ਨਿ ਠਾਨੇ ॥੩੪॥
ਸ਼ਸਤ੍ਰ ਉਠਾਇ ਸੁ ਅੰਤਰ ਰਾਖੇ।
ਨਹਿਂ ਦੀਏ[†] ਪੂਜਨ ਅਭਿਲਾਖੇ।
ਨਹਿਂ ਅਜੀਤ ਸਿੰਘ ਬੋਲਨ ਕੀਨਿ।
ਬੈਠਜੋ ਵਹਿਰ ਕ੍ਰੋਧ ਮਨ ਲੀਨ ॥੩੫॥
ਤਿਸ ਦਿਨ ਮਾਤ ਨ ਕਿਯਸ ਅਹਾਰਾ।
ਪਤਿ ਬਚ ਸਿਮਰਿ ਸਿਮਰਿ ਦੁਖ ਭਾਰਾ।
ਸਿਖ ਸੰਗਤਿ ਮਹਿਂ ਸੁਨਜੋ ਬ੍ਰਿਤੰਤ।
ਇਕਠੇ ਹੁਇ ਆਏ ਬੁਧਿਵੰਤ ॥੩੬॥
ਬੰਦਨ ਕਰਿ ਕਰਿ ਢਿਗ ਹੁਇ ਥਿਰੇ।
ਬਾਰੰਬਾਰ ਪ੍ਰਬੋਧਨ ਕਰੇ।
'ਸੁਨਿ ਮਾਤਾ ਜੀ! ਲੀਨੋ ਸ੍ਰਾਪ[1]।
ਲਹਜੋ ਅਜੀਤ ਸਿੰਘ ਦੁਖ ਆਪ ॥੩੭॥
ਤੁਮ ਨੇ ਪਾਲਜੋ ਏਤਿਕ ਹੋਵਾ।

[1]ਦੁਖ ਵਿਚ ਪਰੋਤੀ ਗਈ।

[1]ਹੁਣ) ਚਿਤ ਪਛਤਾਉਂਦਾ ਹੈ।

[†]ਪਾ:-ਦੇਖਨ।

[1]ਅਜੀਤ ਸਿੰਘ ਨੇ) ਸ੍ਰਾਪ ਲੈ ਲਿਆ ਹੈ।

ਗੁਰ ਕੇ ਸੁਤ ਸਮ ਸੰਗਤਿ ਜੋਵਾ।
ਮਾਨਨੀਯ ਸਭਿਹਿਨਿ ਮਹਿਂ ਭਯੋ।
ਲਖਯੋ ਨ ਕਛੁ ਕ੍ਰਿਤਘਨੀ ਥਯੋ ॥੩੮॥
ਉਰ ਕੋ ਪ੍ਰੇਮ ਕਰੋ ਅਬਿ ਥੋਰਾ।
ਬਿਨਸਹਿ ਪਰਜੋ ਜਥਾ ਛਿਤ ਓਰਾ[1]।
ਅਵਿਲੋਕਹੁ ਹਮ ਜੋਰਤਿ ਹਾਥ।
ਭੋਜਨ ਅਚਹੁ ਸ਼ਾਂਤਿ ਚਿਤ ਸਾਥ' ॥੩੯॥
ਇੱਤਯਾਦਿਕ ਕਹਿ ਬਹੁ ਸਿਖ ਸਾਰੇ।
ਨੀਠ ਨੀਠ ਕਰਿ ਅਚਯੋ ਅਹਾਰੇ।
ਬਹੁ ਪਛੁਤਾਵਤਿ ਰਾਤਿ ਬਿਤਾਈ।
ਪ੍ਰੀਤਿ ਪੁੱਤ੍ਰ ਸਮ ਕਰਤਿ ਘਟਾਈ[1] ॥੪੦॥
ਇਮ ਹੀ ਕੇਤਿਕ ਦਿਵਸ ਬਿਤਾਏ।
ਤਿਮ ਹੀ ਲੇਤਿ ਦੇਤਿ ਸੁਖ ਪਾਏ।
ਚਢਹਿ ਅਜੀਤ ਸਿੰਘ ਹਿਤ ਸੈਲ।
ਬਿਚਰਤਿ ਹੇਰਤਿ ਇਤ ਉਤ ਗੈਲ ॥੪੧॥
ਰਿਸ ਮਾਤਾ ਕੀ ਲਖਿ ਸਭਿ ਕਹੈਂ।
'ਬੰਦਨ ਕਰਤਿ ਰਹਹੁ ਚਿਤ ਚਹੈਂ[1]।'
ਇਮ ਲੋਕਨ ਕੇ ਕਹੇ ਕਹਾਏ।
ਮਸਤਕ ਟੇਕਤਿ ਹੈ ਢਿਗ ਜਾਏ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

[1]ਜਿਵੇਂ ਧਰਤੀ ਤੇ ਪਿਆ ਗੜਾ।

[1]ਪੁੱਤ੍ਰਾਂ ਵਾਲੀ ਪ੍ਰੀਤ (ਜੋ ਮਾਤਾ ਕਰਦੀ ਸੀ) ਘਟਾ ਦਿੱਤੀ ਹੈ।

[1]ਹੇ ਅਜੀਤ ਸਿੰਘ (ਮਾਤਾ ਜੀ ਨੂੰ) ਮੱਥਾ ਟੇਕਦਾ ਰਹੋ (ਭਲਾ ਜੇ ਕਦੇ ਮਾਤਾ ਜੀ ਤੈਨੂੰ) ਚਿੱਤੋਂ ਚਾਹੁਣ ਲੱਗ ਪੈਣ।

## ੨੯. [ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਕੇਤਿਕ ਦਿਨ ਬੀਤੇ ਜਬਹਿ, ਭਰਿ ਜੂਾਨੀ ਗਰਬਾਇ।
ਚਢਹਿ ਤੁਰੰਗਮ ਸੈਲ ਹਿਤ, ਸ਼ਸਤ੍ਰ ਸੁ ਬਸਤ੍ਰ ਸਜਾਇ ॥੧॥

ਚੌਪਈ:

ਚਤਰਘਟੀ ਦਿਨ ਰਹੈ ਸਿਧਾਵੈ।
ਬੀਚ ਬਜ਼ਾਰਨ ਕੇ ਫਿਰਿ ਆਵੈ।
ਸਾਠ ਸਊਰਨ ਸੰਗ ਚਢਾਇ।
ਊਚ ਨਕੀਬ ਬੋਲਤੇ ਜਾਇਂ ॥੨॥
ਮਾਤ ਪ੍ਰਥਮ ਤਿਹ ਬਜਾਹ ਕਰਾਯੋ[1]। — [1]ਮਾਤਾ ਜੀ ਨੇ ਪਹਿਲਾਂ (ਅਜੀਤ ਸਿੰਘ ਦਾ) ਵਿਆਹ ਕਰਾ ਦਿੱਤਾ ਹੋਇਆ ਸੀ।
ਹਠੀ ਸਿੰਘ ਤਿਹ ਸੁਤ ਉਪਜਾਯੋ।
ਸੰਗਤਿ ਆਵਹਿ ਜਾਹਿ ਘਨੇਰੀ।
ਅਰਪਹਿ ਭਲੇ ਅਕੋਰ ਬਡੇਰੀ ॥੩॥
ਮਾਤ ਸੁੰਦਰੀ ਕੋ ਸੁਤ ਜਾਨੈਂ।
ਬਿਦਤਜੋ ਦੇਸ਼ ਬਿਦੇਸ਼ ਮਹਾਨੈ।
ਇਕ ਦਿਨ ਆਯੁਧ ਬਸਨ ਸਜਾਇ।
ਗਮਨਜੋਂ ਸੈਲ ਕਰਨਿ ਚਿਤ ਚਾਇ ॥੪॥
ਸੂਰਜ ਮੁਖੀ ਸੁਹਾਇ ਬਿਸਾਲਾ।
ਅੱਗ੍ਰ ਨਕੀਬ ਬੋਲਤੇ ਚਾਲਾ।
ਸਾਠ ਸਊਰਨ ਹਯ ਸ਼ਿੰਗਾਰੇ।
ਸ਼ਸਤ੍ਰ ਬਸਤ੍ਰ ਸਜਿਸੰਗ ਸਿਧਾਰੇ ॥੫॥
ਬਿਚਰਤਿਮੰਦ ਮੰਦਹਯ ਪ੍ਰੇਰਤਿ।
ਪੁਰਿ ਕੀ ਪਰਿਪ[1]† ਬਜਾਰਨ ਹੇਰਤਿ। — [1]ਗਲੀਆਂ। †ਪਾ:-ਦਿਸ਼ਾ, ਪਾਰ।
ਗਰਬਤਿ ਅਧਿਕ ਹਰਖ ਧਰਿ ਚੀਤ।
ਚਲਿ ਆਯੋ ਜਹਿਂ ਜੁਮਾ ਮਸੀਤ ॥੬॥
ਇਕ ਦਿਸ਼ ਤੇ ਦੂਸਰ ਦਿਸ਼ਿ ਆਵਾ।
ਊਚੋ ਬਾਕ ਨਕੀਬ ਅਲਾਵਾ।
'ਸ਼੍ਰੀ ਗੁਰੁ ਮਹਿਜਿਤ ਜੁਮਾ ਅਗਾਰੀ।
ਕਰਤਿ ਬੰਦਨਾ ਲੇਹੁ ਨਿਹਾਰੀ[1]' ॥੭॥ — [1](ਹੇ ਲੋਕੋ) ਦੇਖ ਲਓ ਕਿ ਜਾਮਿਆ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ।
ਇਮ ਬੋਲਤਿ ਕੋ ਸੁਨਤਿ ਮੁਲਾਨੇ।

ਮਹਾਂ ਕ੍ਰੋਧ ਕੋ ਮਨ ਮਹਿਂ ਠਾਨੇ।
ਮਿਲਿ ਮਸਲਤ ਕਰਿ ਸੋ ਚਲਿ ਗਏ।
ਦੁਰਗ ਮਝਾਰ ਪ੍ਰਵੇਸ਼ਤਿ ਭਏ ॥੮॥
ਤੁਰਕ ਸਭਾ ਮਹਿਂ ਸ਼ਾਹੁ ਨਿਹਾਰੇ।
ਤਰਕਤਿ ਸਭਿ ਪ੍ਰਤਿ ਏਵ ਉਚਾਰੇ।
'ਅਬਿ ਲੌ ਸਭਿ ਬਿਧਿ ਤੇਜ ਤੁਹਾਰਾ।
ਰਖਨਾ[1] ਪਰਯੋ ਸ਼ਰ੍ਹਾ ਮਹਿਂ ਭਾਰਾ ॥੯॥ [1]ਫਰਕ।
ਹਿੰਦੁਨਿ ਕੋ ਗੁਰ ਮਹਿਜਤ ਆਵੈ।
ਇਤ ਉਤ ਤੇ ਬਿਲੋਕ ਹਰਖਾਵੈ।
ਸੰਗੀ ਕਹੈਂ ਪੁਕਾਰ ਪੁਕਾਰੀ।
-ਬੰਦੇ! ਮਹਿਜਤ, ਲੇਹੁ ਨਿਹਾਰੀ[1]- ॥੧੦॥ [1]ਦੇਖ ਲਓ ਮਸੀਤ ਮੱਥਾ ਟੇਕਦੀ ਹੈ।
ਹਮ ਤੇ ਕਯੋਂਹੂੰ ਸਹੀ ਨ ਜਾਇ।
ਆਜ ਕਹੀ ਸੁਧਿ ਤੁਮ ਢਿਗ ਆਇ।
ਸਭਿ ਤੁਰਕਾਨੇ ਕੀ ਘਟ ਆਨ[1]। [1]ਇੱਜ਼ਤ ਘਟ ਜਾਏਗੀ।
ਜੇ ਨ ਤਿਦਾਰਕ[1] ਦੇਹੁ ਮਹਾਨ' ॥੧੧॥ [1]ਸਜ਼ਾ।
ਸੁਨਿ ਕੈ ਸਭਿਨਿ ਸ਼ਾਹੁ ਸੋਂ ਕਹਯੋ।
'ਅਬਿ ਚਹਿਯਤਿ ਹੈ ਤਿਸ ਕੋ ਗਹਯੋ।
ਕਾਰਾਗ੍ਰਿਹ ਮਹਿਂ ਦੀਜੈ ਗੇਰਿ।
ਕੋਇ ਨ ਕਰੈ ਅਵੱਗਯਾ ਫੇਰ ॥੧੨॥
ਕਿਧੌਂ ਆਪਨੀ ਆਨ ਮਨਾਵੋ।
ਬਿਰਦ[1] ਸੀਸ ਪਰ ਤੇ ਉਤਰਾਵਹੁ। [1]ਧਰਮ, ਭਾਵ ਕੇਸ।
ਇਨ ਦੋਇਨ ਮਹਿਂ ਇਕ ਜਬਿ ਹੋਇ।
ਬਹੁਰ ਅਦਾਬ ਕਰਹਿ ਸਭਿ ਕੋਇ' ॥੧੩॥
ਸੁਨਤਿ ਸ਼ਾਹੁ ਨਰ ਤੁਰਤ ਪਠਾਯੋ।
'ਮਹਿਜਤ ਨਿਕਟ ਕੁਬਾਕ ਅਲਾਯੋ।
ਯਾਂ ਤੇ ਗਰੇ ਕੁਹਾਰੀ ਪਾਇ।
ਹਾਥ ਬੰਦਿ ਕਰਿ ਮੁਝ ਢਿਗ ਆਇ ॥੧੪॥
ਉਚਿਤ ਸਜ਼ਾਇ ਤੋਹਿ ਕੋ ਦੈ ਕੈ।
ਤਜੌਂ ਮੁਲਾਨੇ ਬੂਝਨ ਕੈ ਕੈ[1]। [1]ਮੁਲਾਣਿਆਂ ਨੂੰ ਪੁੱਛ ਕੇ ਫੇਰ ਛੱਡਾਂਗਾ।

ਨਾਂਹਿ ਤ ਬਿਰਦ ਉਤਾਰਿ ਪਠਾਵਹੁ।
ਨਹਿਂ ਆਗੇ ਕਬਿ ਏਵ ਅਲਾਵਹੁ' ॥੧੫॥
ਜਹਾਂ ਅਜੀਤ ਸਿੰਘ ਥਿਰ ਥਯੋ।
ਹੁਕਮ ਸ਼ਾਹੁ ਕੋ ਤਿਸ ਕਹਿ ਦਯੋ।
'ਨਹਿਂ ਮਾਨਹੁ ਸੈਨਾ ਗਨ ਆਵੈ।
ਮਾਰਿ ਪਕਰਿ ਕਰਿ ਤਹਿਂ ਲੈ ਜਾਵੈ' ॥੧੬॥
ਸੁਨਤਿ ਅਜੀਤ ਸਿੰਘ ਭੈ ਮਾਨਾ।
ਨਿਜ ਸੰਗਤਿ ਕੈ ਸੰਗ ਬਖਾਨਾ।
'ਕਜਾ ਕਰਤੱਬ ਮੋਹਿ ਬਨਿ ਆਵੈ।
ਕੈਸੇ ਬਚੌਂ, ਉਪਾਇ ਨ ਆਵੈ' ॥੧੭॥
'ਸੁਨਹੁ ਗੁਰੂ ਸੁਤ ! ਹਮ ਕਜਾ ਕਹੈਂ।
ਭਾਜਨ ਕੋ ਉਪਾਵ ਨਹਿਂ ਲਹੈ।
ਥਿਰੇ ਜਹਾਂ[1] ਅਸ ਠੌਰ ਨ ਕੋਈ। — [1]ਜਿੱਥੇ ਜਾ ਠਹਿਰੀਏ।
ਲਰਿਬੇ ਕੀ ਸਮਰੱਥ ਨ ਹੋਈ ॥੧੮॥
ਕੈ ਨਿਜ ਬਿਰਦ ਉਤਾਰਿ ਪਠਾਵਹੁ।
ਕਿਧੌਂ ਸ਼ਾਹ ਕੇ ਨਿਕਟ ਸਿਧਾਵਹੁ।
ਪ੍ਰਾਨ ਰਖਹੁ ਤਉ ਧਰਮ ਨ ਰਹੈ।
ਧਰਮ ਰਖੌਂ ਤਉ ਪ੍ਰਾਨ ਨ ਲਹੈਂ' ॥੧੯॥
ਸੁਨਿ ਅਜੀਤ ਸਿੰਘ ਡਰ ਕਰਿ ਡੋਲਾ।
ਧੀਰਜ ਤੇ ਬਿਹੀਨ ਹੁਇ ਬੋਲਾ।
'ਸ਼ਾਹੁ ਸਮੀਪ ਜਾਉਂ ਨਹਿਂ ਕੈਸੇ।
ਦੇਤਿ ਹੁਕਮ ਦੁਖ ਤੇ ਮ੍ਰਿਤੁ ਜੈਸੇ[1]' ॥੨੦॥ — [1](ਸ਼ਾਹ ਐਸਾ) ਹੁਕਮ ਦੇਵੇਗਾ ਜਿਵੇਂ ਦੁਖ ਨਾਲ (ਮੇਰੀ ਮੌਤ ਹੋਵੇ)।
ਇਮ ਕਹਿ ਘਰ ਕੇ ਅੰਤਰ ਬਰਜੋ।
ਕੇਸ ਜੁੜ ਕਤਰਾਵਨਿ ਕਰਜੋ।
ਥਾਲ ਅਨਾਇ ਤਾਂਹਿ ਮੋ ਧਰੇ।
ਸੇਤ ਬਸਤ੍ਰ ਤੇ ਛਾਦਨ ਕਰੇ ॥੨੧॥
ਤੁਰਕੇਸ਼ੁਰ ਕੇ ਮਨੁਜ ਅਗਾਰੀ।
ਬਹੁ ਬਿਨਤੀ ਕਰ ਜੋਰਿ ਉਚਾਰੀ।
'ਹੁਕਮ ਸ਼ਾਹੁ ਕੋ ਮੈਂ ਮਨ ਮਾਨਾ।
ਅਪਨੋ ਕੁਛ ਅਪਰਾਧ ਨ ਜਾਨਾ ॥੨੨॥

ਕਹਯੋ ਨਕੀਬ ਅਚਾਨਕ ਮੰਦ[1]।
ਅਬਿ ਮੈਂ ਰਹਯੋ ਜੋਰਿ ਕਰ ਬੰਦਿ।
ਹੁਕਮ ਅਦੂਲ ਨਹੀਂ ਮੈਂ ਕੀਨ।
ਹਜ਼ਰਤਿ ਕਹੀ ਸੀਸ ਧਰਿ ਲੀਨ' ॥੨੩॥
ਇੱਤਜਾਦਿਕ ਕਹਿ ਧਨ ਕੁਛ ਦਯੋ।
ਸ਼ਾਹੁ ਸਮੀਪ ਪਠਾਵਨ ਕਯੋ।
ਲੇ ਕਰਿ ਗਯੋ ਬਖਾਨਿ ਸੁਨਾਯੋ।
ਹਜ਼ਰਤ ਕੋ ਰਿਸ ਤੇ ਬਿਸਰਾਯੋ ॥੨੪॥
ਮਾਤ ਸੁੰਦਰੀ ਸੁਨਿ ਕਰਤੂਤ।
ਧਰਮ ਬਿਨਾਸ਼ਯੋ ਭਯੋ ਕਪੂਤ।
ਮਹਾਂ ਕ੍ਰੋਧ ਜਾਗਯੋ ਜਿਸ ਰਿਦੇ।
ਗਾਰੀ ਦੇਨਿ ਲਗੀ ਬਹੁ ਤਦੇ ॥੨੫॥
'ਕੀਨ ਤਹਾਂ ਤੈਂ ਖੋਟੋ ਕਰਮ।
ਦਏ ਬਿਗਾਰ ਦੁਲੋਕ ਬਿਸ਼ਰਮ!
ਮਹਾਂ ਮੂਢ ਤੈਂ ਕਛੂ ਨ ਜਾਨੀ।
ਕੇਸਨ ਮਹਿਮਾ ਮਹਿਦ ਮਹਾਨੀ ॥੨੬॥
ਸਤਿਗੁਰ ਮੋਰ ਸਸੁਰ ਸਿਰ ਦੀਨ।
ਧਰਮ ਨਹੀਂ ਕਿਮ ਖੋਵਨ ਕੀਨ।
ਪੁਨ ਦੀਰਘ ਸੰਗ੍ਰਾਮ ਅਖਾਰੇ।
ਦਸਮ ਗੁਰੂ ਕੇ ਬਿਦਤ ਪਵਾਰੇ[1] ॥੨੭॥
ਚਾਰਹੁੰ ਸਾਹਿਬਜ਼ਾਦੇ ਮਰੇ।
ਧਰਮ ਰਾਖਿਬੋ ਅਪਨੋ ਕਰੇ।
ਸੰਕਟ ਅਨਿਕ ਪ੍ਰਕਾਰ ਸਹਾਰੇ।
ਲਾਖਹੁਂ ਸੰਗ ਜੰਗ ਕਰਿ ਮਾਰੇ ॥੨੮॥
ਕਹਾਂ ਫਤੇ ਸਿੰਘ ਸਾਹਿਬਜ਼ਾਦਾ।
ਅਲਪ ਬੈਸ ਕਜਾ ਲਖਹਿ ਮ੍ਰਿਜਾਦਾ।
ਦੁਸ਼ਟ ਸਭਾ ਮਹਿਂ ਦ੍ਰਿਢ ਹੁਇ ਬੋਲਾ।
ਤ੍ਰਾਸ ਦਿਖਾਵਨ ਤੇ ਨਹਿਂ ਡੋਲਾ ॥੨੯॥
ਧਰਮ ਨ ਅਪਨੋ ਤਜਾਗਨ ਕੀਨਿ।
ਤ੍ਰਿਨ ਸਮ ਜਾਨਿ ਸੀਸ ਕੋ ਦੀਨ।
ਤੈਂ ਮਤਿਮੰਦ! ਕਹਾਂ ਇਹ ਕਰਯੋ।
ਤੁਰਤ ਧਰਮ ਤ੍ਰਾਸਤਿ ਪਰਿਹਰਯੋ[1]

[1]ਮੰਦੇ ਨਕੀਬ ਨੇ ਅਚਾਨਕ ਕਹਿ ਦਿੱਤਾ ਸੀ।

[1]ਜੰਗ।

[1]ਡਰਦੇ ਨੇ ਝਟ ਧਰਮ ਨਾਸ਼ ਕਰ ਦਿੱਤਾ।

॥ ੩੦ ॥
ਕਜੋਂ ਨਹਿ ਮਰਜੋ ਜਾਇ ਕਰਿ ਮੂੜ੍ਹੇ।
ਇਹ ਕੁਕਰਮ ਕਜਾ ਕੀਨਸਿ ਕੂੜੇ?'
ਇੱਤਜਾਦਿਕ ਦੁਰਬਾਕ ਬਿਸਾਲੇ।
ਕਹੇ ਮਾਤ ਬਹੁ ਧਿਕ ਧਿਕ ਨਾਲੇ ॥ ੩੧ ॥
ਅਧਿਕ ਕ੍ਰੋਧ ਜਾਗਜੋ ਦੁੱਖਜਾਰੀ।
ਕੁਛ ਨ ਸਕੈ ਕਰਿ, ਭਈ ਲਚਾਰੀ।
ਨਹਿੰ ਕੁਕਰਮ ਕੋ ਸਕਹਿ ਸਹਾਰੇ।
ਬਾਰਿ ਬਾਰਿ ਬਹੁ ਗਾਰਿ ਨਿਕਾਰੇ ॥ ੩੨ ॥
ਸੁਨਤਿ ਸਭਿਨਿ ਕੇ ਪ੍ਰਨ ਕੋ ਠਾਨਾ।
'ਸੁਨਿ ਮੂਰਖ! ਤੂੰ ਮੰਦ ਅਜਾਨਾ।
ਬਦਨ ਆਪਨੋ ਮੁਹਿ ਨ ਦਿਖਾਵਹੁ।
ਰਹਹੁ ਦੂਰ ਕਬਿ ਨਿਕਟ ਨ ਆਵਹੁ
॥ ੩੩ ॥
ਨਹੀਂ ਆਜ ਤੇ ਤੋਹਿ ਨਿਹਾਰੋਂ।
ਪਾਰਨ ਕਰਜੋ ਤ ਕਸ਼ਟ ਸਹਾਰੋਂ।
ਬਰਜਿ ਰਹੇ ਪ੍ਰਭੁ[1], ਮੈਂ ਨਹਿੰ ਮਾਨਾ।
ਤੁਝ ਪਾਰਨ ਤੇ ਭੇ ਦੁਖ ਨਾਨਾ' ॥ ੩੪ ॥
ਲੱਜਿਤਿ ਹੋਇ ਨੀਚ ਕਰਿ ਗ੍ਰੀਵਾ।
ਨਹਿੰ ਅਜੀਤ ਸਿੰਘ ਸਨਮੁਖ ਥੀਵਾ।
ਮਹਾਂ ਕੁਕਰਮ ਕਰਜੋ ਪਛੁਤਾਵੈ।
ਭਯੋ ਕਲੇਸ਼ ਅਧਿਕ ਅਧਿਕਾਵੈ ॥ ੩੫ ॥
ਲਿਖਤ ਬਿਦਾਵੇ ਕੀ ਕਰਿ ਦੀਨ।
'ਪਾਰਕ ਹੁਤੋ, ਤਜਾਗ ਮੈਂ ਕੀਨਿ।
ਨਹੀਂ ਪੁੱਤ੍ਰ ਇਹ, ਮੈਂ ਨਹਿੰ ਮਾਈ।'
ਇਮ ਕਹਿ ਸਗਰੇ ਪੁਰਿ ਬਿਦਤਾਈ[†]
॥ ੩੬ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥ ੨੯ ॥

[1]ਗੁਰੂ ਜੀ ਰੋਕਦੇ ਰਹੇ, (ਪਰ......)।

[†]ਗੁਰ ਪ੍ਰਤਾਪ ਸੂਰਜ ਦੇ ਰਚੇ ਜਾਣ ਤੋਂ ਲਗ ਪਗ ੬੪ ਵਰ੍ਹੇ ਪਹਿਲੋਂ ਦਾ ਸਾਡੇ ਪਾਸ ਇਕ ਲਿਖਤੀ ਹਾਲ ਹੈ, ਜਿਸ ਵਿਚ ਇਸ ਪਾਲਕ ਅਜੀਤ ਸਿੰਘ ਦੇ ਇੰਞ ਕੇਸਾਂ ਦੀ ਬੇਅਦਬੀ ਦਾ ਜ਼ਿਕਰ ਨਹੀਂ। ਸਗੋਂ ਇਹ ਦੱਸਿਆ

ਹੈ ਕਿ ਜਦੋਂ ਪਾਤਸ਼ਾਹ ਨੇ ਪਾਲਕ ਅਜੀਤ ਸਿੰਘ ਦੇ ਕਤਲ ਦਾ ਹੁਕਮ ਦਿੱਤਾ ਹੈ, ਤਦੋਂ ਕਤਲ ਤੋਂ ਪਹਿਲਾਂ ਜਬਰੀ ਕੇਸਾਂ ਦੀ ਬੇਅਦਬੀ ਕਰਕੇ ਫੇਰ ਉਸ ਨੂੰ ਮਰਵਾਇਆ ਹੈ।

## ੩੦. [ਪਾਲਕ ਨੂੰ ਮਾਤਾ ਜੀ ਨੇ ਤਜਾਗਣਾ। ਬੇਨਵਾ ਮਾਰਨਾ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:
ਮਾਤ ਸੁੰਦਰੀ ਬਹੁ ਦੁਖੀ, ਥਿਰੇ ਨ ਸਦਨ ਮਝਾਰ।
ਬਸੋਂ ਨ ਦਿੱਲੀ ਪੁਰਿ ਬਿਖੈ, ਨਿਸ਼ਚੇ ਕਰਜੋ ਬਿਚਾਰ ॥੧॥
ਚੌਪਈ:
ਲੇ ਕਰਿ ਸੰਗ ਸਕਲ ਦਾਸੀਨ।
ਕੇਤਿਕ ਸੇਵਕ ਕੋ ਸੰਗ ਲੀਨ।
ਛੋਰਿ ਸਦਨ ਅਪਨੋ ਚਲਿ ਆਈ।
ਜਹਾਂ ਬਸੈ ਸੰਗਤਿ ਸਮੁਦਾਈ ॥੨॥
ਬਹੈ ਬਿਲੋਚਨ ਤੇ ਬਹੁ ਨੀਰ।
ਪਤਿ ਕੋ ਸਿਮਰਤਿ ਭਈ ਅਧੀਰ।
ਸਿੱਖਨ ਕੋ ਇਕਠੇ ਕਰਿਵਾਯੋ।
ਅਪਨ ਮਨੋਰਥ ਸਭਿਨਿ ਬਤਾਯੋ ॥੩॥
'ਇਕ ਸਜੰਦਨ ਕਰਿ ਦਿਹੁ ਮੁਝ ਭਾਰੇ।
ਅਬਿ ਨ ਬਸੌਂ ਮੈਂ ਪੁਰੀ ਮਝਾਰੇ।
ਮਰੈ ਕੁਮੌਤ ਤਰੁਨ ਹੀ ਮੂੜ੍ਹ।
ਦੀਨੇ ਸੰਕਟ ਮੋ ਕਹੁ ਗੂੜ੍ਹ ॥੪॥
ਮੁਖ ਅਜੀਤ ਸਿੰਘ ਕੋ ਨ ਨਿਹਾਰੌਂ।
ਨਹਿਂ ਤਿਸ ਕੋ ਨਿਜ ਦਰਸ ਦਿਖਾਰੌਂ।
ਅਪਰ ਨਗਰ ਮਹਿਂ ਉਠ ਕਰਿ ਜਾਊਂ।
ਸ਼ੇਸ਼ ਆਰਬਲ ਤਹਾਂ ਬਿਤਾਊਂ ॥੫॥
ਸਭਿ ਸਿੱਖਨ ਕਰ ਜੋਰਿ ਬਖਾਨਾ।
'ਕਿਮ ਸੰਗਤਿ ਪਰ ਕੋਪ ਮਹਾਨਾ।
ਭਈ ਅਵੱਗਜਾ ਦੇਹੁ ਬਤਾਇ।
ਕਰ ਬੰਦਹਿਂ ਹਮ ਲੇਂ ਬਖਸ਼ਾਇ ॥੬॥
ਕਜੋਂ ਰਿਸ ਕਰਿ ਦਿੱਲੀ ਕੋ ਛੋਰਿ।
ਚਾਹਤਿ ਗਮਨ ਅਬੈ ਕਿਤ ਓਰ।
ਸਤਿਗੁਰ ਕੀ ਆਗਜਾ ਤੁਮ ਤਾਂਈ।
ਬਸਹੁ ਸਦਾ ਪੁਰਿ ਛੋਰ ਨ ਜਾਈ ॥੭॥
ਕਰੀ ਅਵੱਗਜਾ ਪੁੱਤ੍ਰ ਤੁਮਾਰੇ।
ਸੰਗਤਿ ਤਜਾਗਹੁ ਕਹਾਂ ਬਿਚਾਰੇ?

ਅਟਕਯੋ ਕਾਜ ਆਪ ਕੋ ਕਰੈਂ।
ਅਪਰ ਬਿਘਨ ਹੁਇ ਤਿਸ ਪਰਿਹਰੈਂ ॥੮॥
ਹਮ ਕੋ ਤਯਾਗਹੁ ਦੋਸ਼ ਬਿਚਾਰਹੁ[1]।
ਨਤੁ ਪੁਰਿ ਬਸਨੋ ਅੰਗੀਕਾਰਹੁ।'
ਰਿਸ ਤੇ ਮਾਤ ਸੁੰਦਰੀ ਕਹੈ।
'ਮੁਝ ਅਜੀਤ ਸਿੰਘ ਕੋ ਦੁਖ ਅਹੈ ॥੯॥
ਨਹਿਂ ਬਾਂਛਤਿ ਦੇਖਨ ਮੁਖ ਤਾਂਹੀ।
ਯਾਂ ਤੇ ਬਸੌਂ ਨਹੀਂ ਪੁਰਿ ਮਾਂਹੀ।
ਸੰਗਤਿ ਬਿਖੈ ਦੋਸ਼ ਨਹਿਂ ਕੋਈ।
ਪ੍ਰਭੁ ਬਚ ਨਹਿ ਮਾਨਜੋਂ ਦੁਖਿ ਹੋਈ ॥੧੦॥
ਅਪਰ ਥਾਨ ਬਸਿ ਬੈਸ ਬਿਤਾਵੌਂ।
ਅਪਨੇ ਨਿਕਟ ਨ ਰਾਖਿ ਬਸਾਵੌਂ।'
ਸੁਨਿ ਸੰਗਤਿ ਕਰ ਬੰਦਿ ਬਖਾਨਾ।
'ਨਹਿਂ ਦੇਖਨ ਸੁਤ ਕੋ ਪ੍ਰਣ ਠਾਨਾ ॥੧੧॥
ਪੁਰਿ ਮਹਿਂ ਬਸਹੁ ਨਿਬਾਹਨ ਕਰੀਯਹਿ[1]।
ਗਮਨ ਮਨੋਰਥ ਰਿਦੇ ਨ ਧਰੀਯਹਿ।
ਕਰਿ ਸੰਗਤਿ ਤੇ ਇਕਠੀ ਕਾਰ।
ਅਪਰ ਸਦਨ ਕੋ ਲੇਹੁ ਸੁਧਾਰ ॥੧੨॥
ਤਿਸ ਮਹਿ ਬਸਹੁ ਸਦਾ ਸੁਖ ਪਾਈ।
ਕਾਰਜ ਸਕਲ ਰਾਸ ਹੁਇ ਜਾਈਂ।'
ਮਾਤ ਸੁੰਦਰੀ ਇਹ ਬਿਧਿ ਮਾਨੀ।
'ਕਰਹੁ ਸਦਨ ਮੈਂ ਰਹੌਂ' ਬਖਾਨੀ ॥੧੩॥
ਇਕ ਇਕ ਘਰ ਪ੍ਰਤਿ ਏਕ ਰਜਤਪਣ।
ਸੰਗਤਿ ਮਿਲਿ ਅਰਦਾਸ ਸਭਿਨਿ ਭਨਿ।
ਸਦਨ ਸਤਾਰਾਂ ਸੈ ਸਿਖ ਕੇਰੇ।
ਲਿਯੋ ਸਕੇਲ ਦਰਬ ਤਿਸ ਬੇਰੇ ॥੧੪॥
ਅਪਰ ਤੀਨਸੈ ਬੀਚ ਮਿਲਾਇ।
ਦ੍ਵੈ ਹਜ਼ਾਰ ਕੀਨੇ ਇਕ ਠਾਇ।
ਪ੍ਰਥਮ ਸਦਨ ਪੁਰਿ ਤੇ ਕੁਛ ਬਾਹਿਰ[1]।
ਇਹ ਅੰਤਰ ਕੀਨੋ ਅਬਿ ਜ਼ਾਹਿਰ ॥੧੫॥

[1]ਕੋਈ ਦੋਸ਼ ਵਿਚਾਰ ਕੇ ਸਾਨੂੰ ਛੱਡੋ।

[1]ਵੱਸਕੇ (ਪ੍ਰਣ) ਦਾ ਨਿਰਬਾਹ ਕਰੋ।

[1]ਪਹਿਲਾ ਘਰ ਸ਼ਹਿਰ ਤੋਂ ਕੁਛ ਬਾਹਰ ਸੀ।

ਦੋਇ ਹਜ਼ਾਰ ਦਰਬ ਲਗਵਾਯੋ।
ਹਿਤ ਮਾਤਾ ਕੇ ਸਦਨ ਕਰਾਯੋ।
ਤਿਸ ਮਹਿਂ ਥਿਰੀ ਜਾਇ ਕਰਿ ਹੇਰਿ।
ਵਹਿਰ ਨ ਗਈ ਬਹੁਰ ਇਸ ਬੇਰ ॥੧੬॥
ਘਰ ਕੋ ਸਰਬ ਸਮਾਜ ਕਰਾਯੋ।
ਨਹਿਂ ਅਜੀਤ ਸਿੰਘ ਨਿਕਟ ਬੁਲਾਯੋ।
ਨਹਿਂ ਮੁਖ ਦੇਖਨ ਕਬਿਹੂੰ ਕਰਜੋ।
ਨੇਮ ਨਿਬਾਹਜੋ ਅਪਨੋ ਧਰਜੋ ॥੧੭॥
ਸਦਨ ਸਮੇਤ ਸਮੂਹ ਸਮਾਜਾ।
ਤਜਾਗਜੋ, ਆਇ ਤਾਂਹਿ ਕੇ ਕਾਜਾ[1]।

[1]ਘਰ ਸਹਿਤ ਸਮਾਜ ਛੱਡਿਆ ਹੋਇਆ ਤਿਸ (ਅਜੀਤ ਸਿੰਘ) ਦੇ ਕੰਮ ਆਇਆ।

ਇਕ ਆਯੁਧ ਕੋ ਨਿਕਟ ਅਨਾਏ[1]।
ਗੁਰ ਸਮ ਸੰਗਤਿ ਤੇ ਪੁਜਵਾਏ ॥੧੮॥

[1]ਕੇਵਲ (ਗੁਰੂ ਜੀ ਦੇ) ਸ਼ਸਤ੍ਰ ਪਾਸ ਲਿਆਂਦੇ।

ਸਭਿ ਮਹਿਂ ਭਯੋ ਤਾਂਹਿ[1] ਅਪਮਾਨਾ।
ਆਛੇ ਸਿੰਘਨਿ ਸੋ ਨਹਿਂ ਮਾਨਾ।
ਆਦਿ ਸੁਧਾਸਰ ਅਨਿਕ ਸਥਾਨਾ।
ਦੇਂ ਧਨ ਮਾਤ ਸਮੀਪ ਮਹਾਨਾ ॥੧੯॥
ਖਰਚ ਕਹਾਂ ਤੇ ਬਹੁਰ ਚਲਾਵੈ।
ਚਾਕਰ ਕਹਾਂ ਚਾਕਰੀ ਪਾਵੈਂ।

[1]ਭਾਵ ਪਾਲਕ ਅਜੀਤ ਸਿੰਘ ਦਾ।

ਥੁਰਜੋ ਦਰਬ ਤੇ ਅਲਪ ਹੰਕਾਰਾ[1]।
-ਗਈ ਮੰਨਤਾ ਮੋਹਿ- ਬਿਚਾਰਾ ॥੨੦॥
ਮਾਨਵ ਪਠਹਿ ਮਾਤ ਕੇ ਪਾਸ।
ਅਨਿਕ ਭਾਂਤਿ ਠਾਨਤਿ ਅਰਦਾਸ।
'ਗਯੋ ਭੂਲ ਅਬਿ ਬਖਸ਼ਹੁ ਮੋਹੀ।
ਨਾਮ ਤੁਮਾਰੋ ਜਹਿਂ ਕਹਿਂ ਹੋਹੀ ॥੨੧॥
ਸੁਤ ਮਾਤਾ ਕੋ ਜਗਤ ਬਖਾਨੈ।
ਤੁਮ ਤੇ ਹੀ ਮੁਝ ਕੋ ਜਗ ਮਾਨੈ।'
ਕਹਿ ਕਹਿ ਇਮ ਬਹੁ ਬਾਰਿ ਪਠਾਯੋ।
ਜਨਨੀ ਪਨ ਸਨੇਹੁ ਹੁਇ ਆਯੋ ॥੨੨॥

[1]ਹੰਕਾਰ (ਕੁਛ) ਘਟ ਗਿਆ।

ਕਹਜੋ ਕ੍ਰਿਪਾ ਕਰਿ ਅਸ ਬਿਵਹਾਰੇ[1]।
'ਆਇ ਥਿਰਹਿ ਹਮ ਬਾਹਿਰ ਦ੍ਵਾਰੇ।
ਜੋ ਕੁਛ ਜਾਚਹਿ ਕਹਿ ਤਹਿਂ ਪਾਵੈ।

[1]ਐਸਾ ਵਿਵਹਾਰ ਕਹਿਆ।

ਅੰਤਰ ਨਹੀਂ ਮੋਹਿ ਢਿਗ ਆਵੈ' ॥੨੩॥
ਇਮ ਜਬਿ ਹੁਕਮ ਮਾਤ ਕਹਿ ਦਯੋ।
ਤਬਿ ਅਜੀਤ ਸਿੰਘ ਆਵਤਿ ਭਯੋ।
ਪੌਰ ਠੌਰ ਬੰਦਹਿ ਥਿਰ ਰਹੈ।
ਬਾਂਛਤਿ ਹੋਇ ਬਿਨੈ ਜੁਤਿ ਕਹੈ ॥੨੪॥
ਸੋ ਨਰ ਮਾਤਾ ਨਿਕਟ ਸੁਨਾਵੈ।
ਆਇਸੁ ਕਰੈ ਸੁ ਤਤਛਿਨ ਪਾਵੈ।
ਇਮ ਦਿਨ ਪ੍ਰਤਿ ਕਾਰਜ ਨਿਬਹੰਤਾ।
ਨਮੋ ਕਰਹਿ ਨਿਜ ਸਦਨ ਬਸੰਤਾ ॥੨੫॥
ਆਵਨ ਲਗ੍ਯੋ ਨੇਮ ਤੇ ਨੀਤ।
ਬੰਦਹਿ ਪੌਰ ਠੌਰ ਕਰਿ ਪ੍ਰੀਤਿ।
ਸਾਠ ਸਊਰ ਅਰੂਢਹਿਂ ਸੰਗ।
ਗਮਨਹਿਂ ਫਾਂਦਤਿ ਚਪਲ ਤੁਰੰਗ ॥੨੬॥
ਮਗ ਮਹਿਂ ਹੁਤੋ ਬੇਨਵਾ ਡੇਰਾ।
ਆਵਤਿ ਜਬਿ ਅਜੀਤ ਸਿੰਘ ਹੇਰਾ।
ਊਚੇ ਬੋਲਤਿ ਜਾਚਤਿ ਭਯੋ।
ਏਕ ਰਜਤਪਨ ਦੈਬੋ ਕਯੋ ॥੨੭॥
ਇਸ ਹੀ ਰੀਤਿ ਕਈ ਦਿਨ ਲੀਨ।
ਜਾਚੇ ਤੇ ਅਜੀਤ ਸਿੰਘ ਦੀਨ।
ਇਮ ਹੀ ਕੇਤਿਕ ਦ੍ਯੋਸ ਬਿਤੀਤੇ।
ਆਵਤਿ ਜਾਤਿ ਤਿਸੀ ਮਗ ਨੀਤੇ ॥੨੮॥
ਇਕ ਦਿਨ ਜਾਚਿ ਬੇਨਵੇ ਤੈਸੇ।
ਦਏ ਅਜੀਤ ਸਿੰਘ ਜੁਗ ਪੈਸੇ।
ਲਏ ਨਹੀਂ ਤਿਨ ਦਏ ਬਗਾਈ।
ਚਲ੍ਯੋ ਸੰਗ ਹ੍ਵੈ ਕੈ ਪਿਛਵਾਈ ॥੨੯॥
ਮਾਤ ਪੌਰ ਪਰ ਬੈਠੇ ਜਾਇ।
ਤਹਿਂ ਭੀ ਜਾਚਤਿ ਰਹ੍ਯੋ ਅਲਾਇ[1]।
ਕਿਤਿਕ ਸਮੈਂ ਥਿਰ ਹ੍ਵੈ ਕਰਿ ਚਾਲੇ।
ਉਠਿ ਕਰਿ ਗਯੋ ਬੇਨਵਾ ਨਾਲੇ ॥੩੦॥
ਅਪਨੇ ਘਰ ਮਹਿਂ ਜਾਇ ਪ੍ਰਵੇਸ਼ਾ।
ਖਾਨ ਪਾਨ ਕਰਿ ਕ੍ਰਿਯਾ ਅਸ਼ੇਸ਼ਾ।

[1]ਓਥੇ ਬੀ (ਅਜੀਤ ਸਿੰਘ ਨੂੰ) ਕਹਿਕੇ ਮੰਗਦਾ ਰਹਿਆ।

ਕਰਜੋ ਅਰਾਮ ਦੁਪਹਿਰਾ ਢਰਜੋ।
ਬਕਹਿ ਬੇਨਵਾ ਬਾਹਰ ਖਰਜੋ ॥੩੧॥
ਪੁਨ ਸੁੱਖਾ ਛਕਿ ਬਾਹਰ ਗਯੋ।
ਤਹਿਂ ਭੀ ਕਹਿਤਿ ਸੰਗ ਹੀ ਭਯੋ।
ਊਚ ਨੀਚ ਬਚ ਬਕਹਿ ਬਡੇਰੇ।
ਜਿਨ ਕੇ ਸੁਨਤਿ ਦੁਖਤਿ ਬਹੁਤੇਰੇ ॥੩੨॥
ਪੁਰਿ ਤੇ ਵਹਿਰ ਕੋ ਨ ਨਰ ਜਹਾਂ।
ਬੋਲਤਿ ਖਿਝਤਿ ਪਹੂੰਚੇ ਤਹਾਂ।
ਬਹੁ ਊਚੇ ਦੁਰਬਾਕ ਬਖਾਨੇ।
ਜਹਿਂ ਗਮਨੇ ਤਹਿਂ ਸੰਗ ਪਯਾਨੇ ॥੩੩॥
ਕੁਪਜੋ ਅਜੀਤ ਸਿੰਘ ਸੁਨਿ ਕਰਿ ਕੈ।
ਪੁਰਿ ਜਨ ਨਿਕਟ ਨ ਭਲੇ ਨਿਹਰਿ ਕੈ।
ਨਿਜ ਸਿੰਘਨ ਸੰਗ ਹੁਕਮ ਬਖਾਨਾ।
'ਪਕਰਿ ਬੇਨਵੇ ਹਨੀਯਹਿ ਪ੍ਰਾਨਾ ॥੩੪॥
ਕੂਪ ਸਮੀਪ ਬੀਚ ਦਿਹੁ ਗੇਰੀ।
ਹਟਤਿ ਨ ਮੂਢ ਸੰਗ ਤੇ ਮੋਰੀ।'
ਜਹਿਂ ਦੁਰਬਾਕ ਬਖਾਨਤਿ ਖਰਜੋ।
ਜੁਗ ਸਿੰਘਨ ਦਿਢ ਪਕਰਨ ਕਰਜੋ ॥੩੫॥
ਪ੍ਰਾਨ ਹਾਨਿ ਤਤਛਿਨ ਕਰਿ ਦੀਨ।
ਪੁਰਿ ਕੇ ਦੂਰ ਕੂਪ ਕੋ ਚੀਨ।
ਤਿਸ ਮਹਿਂ ਡਾਰਿ ਅਗਾਰੀ ਗਏ।
ਕਰਿ ਕੈ ਸੌਚ ਅਪਰ ਮਗ ਅਏ ॥੩੬॥
ਅਪਨੇ ਸਦਨ ਪ੍ਰਵੇਸ਼ ਥਿਰਜੋ ਹੈ।
ਖਾਨ ਪਾਨ ਨਿਜ ਕਰਮ ਕਰਜੋ ਹੈ।
ਸੰਧਜਾ ਭਈ ਪ੍ਰਤੀਖਤਿ ਡੇਰੇ।
ਨਹੀਂ ਬੇਨਵਾ ਨਿਜ ਥਲ ਹੇਰੇ ॥੩੭॥
ਸੋਧਨ[1] ਲਗੇ ਚੇਲਕਾ ਫਿਰੈਂ।
ਇਤ ਉਤ ਦੇਖਤਿ ਬੂਝਨ ਕਰੈਂ।
ਰਾਤਿ ਅਰਧ ਲੌ ਖੋਜਨ ਕਰਜੋ।
ਨਹਿ ਪੁਰਿ ਮਹਿਂ ਕਿਸ ਥਾਨ ਨਿਹਰਜੋ

[1]ਢੂੰਡਣ।

॥ ੩੮ ॥
ਪੁਨ ਪ੍ਰਭਾਤਿ ਉਠਿ ਗਰੀ ਬਜ਼ਾਰ।
'ਕਿਨਹੁਂ ਬਿਲੋਕਯੋ ਦਿਹੁ ਸੁਧ ਸਾਰ।'
ਕਿਹ ਕਹਿ ਦਯੋ ਸੁਨਾਇ ਪ੍ਰਸੰਗ।
'ਫਿਰਤਿ ਅਜੀਤ ਸਿੰਘ ਕੇ ਸੰਗ' ॥ ੩੯ ॥
ਬੂਝੇ ਸਿੰਘ ਨ ਕਹੂੰ ਬਤਾਯੋ[1]।
ਕਰਤਿ ਬ੍ਰਿਲਾਪ[1] ਨਹੀਂ ਜਬਿ ਪਾਯੋ।
ਸਗਰੀ ਪੁਰੀ ਪ੍ਰਚੁਰਯੋ ਬ੍ਰਿਤੰਤ।
ਨਹੀਂ ਬੇਨਵਾ ਕਹੂੰ ਲਭੰਤਿ ॥ ੪੦ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

[1]ਕਿਸੇ ਨੇ ਨਾ ਦੱਸਿਆ।
[1]ਬੇਨਵੇ ਦੇ ਚੇਲੇ ਰੋਣ ਲੱਗੇ।

## ੩੧. [ਦਿਵਾਨਿਆਂ ਦੀ ਪੁਕਾਰ। ਸ਼ਾਹੀ ਸੈਨਾਂ ਦਾ ਅਜੀਤ ਸਿੰਘ ਨੂੰ ਫੜਨ ਜਾਣਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਚਾਰਤਿ ਛਾਂਗ ਉਜਾਰ ਮਹਿਂ, ਬਿਚਰਤਿ ਹੁਤੋ ਅਯਾਲਿ।
ਕੂਪ ਗਿਰਾਯੋ ਬੇਨਵਾ, ਤਿਨ ਦੇਖ੍ਯੋ ਤਿਸ ਕਾਲ ॥੧॥

ਚੌਪਈ:

ਪਿਖ੍ਯੋ ਬੇਨਵਾ ਖੋਜਨ ਕਰੈਂ।
ਧਰਤਿ ਸ਼ੋਕ ਉਰ ਇਤ ਉਤ ਫਿਰੈਂ।
'ਤੋਹਿ ਬਤਾਵੌਂ' ਕਹਤਿ ਅਯਾਲੀ।
'ਪ੍ਰਾਨ ਹਾਨ ਕਰਿ ਦੀਨਸਿ ਕਾਲੀ ॥੨॥
ਸਿੰਘਨ ਤੇ ਮੈਂ ਡਰੌਂ ਬਡੇਰਾ।
ਨਹੀਂ ਬਚਾਇ ਹੋਇਗੋ ਮੇਰਾ।
ਯਾਂ ਤੇ ਮੈ ਨਹਿਂ ਕਰਤਿ ਬਤਾਵਨ।
ਸੰਧ੍ਯਾ ਪ੍ਰਾਤਿ ਅਚਾਨਕ ਘਾਵਨ[1]' ॥੩॥
ਧੀਰ ਬੇਨਵੇ ਦਈ ਘਨੇਰੇ।
'ਹਮ ਸਭਿ ਰਹੈਂ ਸੰਗ ਹੀ ਤੇਰੇ।
ਮਾਰਨ ਦੇਹਿਂ ਨਹੀਂ ਕਿਸ ਭਾਂਤਿ।
ਰੱਖ੍ਯਾ ਕਰਤਿ ਰਹੈਂ ਦਿਨ ਰਾਤਿ' ॥੪॥
ਦਿਯੋ ਦਿਲਾਸਾ ਸਰਬ ਪ੍ਰਕਾਰ।
ਸੋ ਲੇ ਗਮਨ੍ਯੋਂ ਬੀਚ ਉਜਾਰ।
ਜਿਸ ਥਲ ਮਾਰਿ ਕੂਪ ਮਹਿਂ ਡਾਰਾ।
ਪਰ੍ਯੋ ਮਰ੍ਯੋ ਤਿਹ ਸਭਿਨਿ ਨਿਹਾਰਾ ॥੫॥
ਮਿਲਿ ਕਰਿ ਬ੍ਰਿੰਦਨਿ ਤਬਹਿ ਨਿਕਾਰਾ।
ਲਿਯੋ ਉਠਾਇ ਰੌਰ ਬਹੁ ਡਾਰਾ।
ਪੁਰਿ ਮਹਿਂ ਨਰ ਮਿਲਿ ਗੇ ਸਮੁਦਾਇ।
ਦੇਖਤਿ ਬੋਲਤਿ ਸੰਗ ਸਿਧਾਇ ॥੬॥
ਪਾਯੋ ਜਾਇ ਦੁਰਗ ਕੇ ਪੌਰ।
ਮਿਲੇ ਹਜ਼ਾਰਹੁੰ ਮਾਚ੍ਯੋ ਰੌਰ।
ਜਿਤਿਕ ਬੇਨਵੇ ਪੁਰਿ ਮਹਿਂ ਤਬੈ।
ਦੌਰਿ ਦੌਰਿ ਮਿਲਿ ਕੇ ਤਹਿਂ ਸਬੈ ॥੭॥
ਪਾਤਸ਼ਾਹ ਢਿਗ ਕਰੀ ਪੁਕਾਰ।

[1]ਸ਼ਾਮ ਯਾ ਸਵੇਰੇ ਅਚਾਨਕ ਮੈਨੂੰ ਮਾਰ ਦੇਣਗੇ।

'ਦਿਯੋ ਬੇਨਵਾ ਸਿੰਘਨ ਮਾਰ।
ਨਜਾਉਂ ਲੇਹਿੰਗੇ ਕੈ ਦਰ ਮਰੈਂ।
ਤਬਿ ਲੌ ਖਾਨ ਪਾਨ ਨਹਿਂ ਕਰੈਂ' ॥੮॥
ਖਰੇ ਪੌਰ ਆਗੇ ਅਰਰਾਵੈਂ।
ਅੰਤਰ ਊਚੀ ਧੁਨੀ ਸੁਨਾਵੈਂ।
ਸ਼ਾਹੁ ਅਜੋਗ ਬਾਤ ਪਹਿਚਾਨੀ।
-ਡਰੇ ਨ ਮੁਝ ਤੇ ਕੀਨਸਿ ਹਾਨੀ ॥੯॥
ਇਸ ਕੋ ਹੁਇ ਸਜ਼ਾਇ ਅਬਿ ਭਾਰੀ।
ਛੁਟਜੋ ਸੁਖੇਨ ਜੁ ਖਤਾ ਅਗਾਰੀ-।
ਸੁਨਿ ਉਮਰਾਵਨ ਕੀਨਿ ਉਚਾਰਨ।
'ਫਿਰਨ ਸੈਲ ਹਿਤ ਬੀਚ ਬਜਾਰਨ ॥੧੦॥
ਸੰਗ ਚਢਹਿਂ ਸਾਠਕ ਅਸਵਾਰ।
ਊਚ ਅਵਾਜ਼ ਨਕੀਬ ਉਚਾਰਿ।
ਪਿਖਹੁ ਪੁਰੀ ਬਸਿ ਤ੍ਰਾਸ ਨ ਮਾਨਾ।
ਦੂਰ ਹੋਇ ਚਹਿ ਦੂੰਦ ਉਠਾਨਾ[1] ॥੧੧॥

[1]ਦੇਖੋ ਸ਼ਹਿਰ ਵਿਚ ਵੱਸਕੇ ਡਰ ਨਹੀਂ ਸੁ ਮੰਨਿਆ, ਜੇ ਦੂਰ ਹੋਵੇ (ਪਾਤਸ਼ਾਹ ਤੋਂ) ਤਾਂ ਦੂੰਦ ਹੀ ਉਠਾਵੇਗਾ।

ਪਕਰਿ ਸਜ਼ਾਇ ਦੀਜੀਯਹਿ ਗਾਢੀ।
ਤਿਸ ਕੇ ਉਰ ਗ਼ਰੂਰਤਾ ਬਾਢੀ।'
ਸੁਨਤਿ ਸ਼ਾਹੁ ਤਬਿ ਹੁਕਮ ਉਚਾਰਾ।
'ਤੁਰਨ ਪਹੁੰਚਹੁ ਸਦਨ ਮਝਾਰਾ ॥੧੨॥
ਪਟ ਸੋਂ ਹਾਥ ਬੰਦਿ ਅਗਵਾਰ।
ਆਵਹਿ ਗਰੇ ਕੁਹਾਰੀ ਡਾਰਿ[1]।

[1]ਪੁਰਾਣੇ ਜ਼ਮਾਨੇ ਦੀ ਸਜ਼ਾ ਸੀ ਕਿ ਗੱਲ ਵਿਚ ਆਪੇ ਕੁਹਾੜੀ ਪਾਕੇ ਔਣਾ ਤੇ ਕਹਿਣਾ ਕਿ ਲਓ ਕੁਹਾੜੀ ਮਾਰਕੇ ਚਾਹੇ ਮਾਰ ਲਓ ਚਾਹੇ ਬਚਾ ਲਓ।

ਉਚਿਤ ਸਜ਼ਾਇ ਹੋਇ ਹੈ ਤਾਂਹੀ।
ਆਨਹੁ ਜਾਇ ਦੇਰ ਹ੍ਵੈ ਨਾਂਹੀ' ॥੧੩॥
ਸੁਨਿ ਕੈ ਨਰ ਦੌਰੇ ਤਬਿ ਦੋਇ।
ਬੈਠਜੋ ਜਾਇ ਪਹੁਚੇ ਜੋਇ।
ਹੁਕਮ ਸ਼ਾਹ ਕੋ ਕਹਜੋ ਕਠੋਰ।
'ਨਿਕਸਹੁ ਚਲਹੁ ਦੁਰਗ ਕੀ ਓਰ ॥੧੪॥
ਹਤਜੋ ਬੇਨਵਾ ਸ਼ਾਹੁ ਰਿਸਾਯੋ।
ਗੁਨਹਿਗਾਰ ਤੁ ਨਿਕਟ ਬੁਲਾਯੋ।'

ਸੁਨਿ ਕੈ ਤ੍ਰਾਸ ਮਾਨਿ ਘਰ ਥਿਰਜੋ।
ਨਹੀਂ ਨਿਕਸਿ ਕੈ ਜਾਵਨ ਕਰਜੋ ॥੧੫॥
'ਮੈਂ ਨਹਿਂ ਚਲੌਂ ਨ ਬੇਨਵ ਮਾਰਾ।
ਤੁਹਮਤ ਦੇਤਿ ਤੁਫਾਨ ਉਠਾਰਾ।'
ਜਾਇ ਦੁਰਗ ਮਹਿਂ ਤਿਨਹਿਂ ਬਤਾਯੋ।
'ਰਹੇ ਹਕਾਰਿ ਸੰਗ ਨਹਿਂ ਆਯੋ' ॥੧੬॥
ਬਹੁਰ ਸ਼ਾਹੁ ਕਹਿ ਹੁਕਮ ਪਠਾਏ।
'ਇਹਾਂ ਆਉ ਤੁਵ ਨਜਾਉਂ ਕਰਾਏ।
ਨਿਸ਼ਚੈ ਸਾਚ ਝੂਠਿ ਸਭਿ ਹੋਇ।
ਬੂਝੈਂ ਭਲੇ ਉਗਾਹ ਜਿ ਕੋਇ' ॥੧੭॥
ਸੁਨਿ ਕੈ ਗਏ ਜਾਇ ਸਮੁਝਾਯੋ।
'ਹਠ ਨ ਕਰਹੁ ਤੁਝ ਨਿਕਟ ਬੁਲਾਯੋ।
ਸ਼ਾਹੁ ਕਹੈ ਸਭਿ ਨਿਰਨੈ ਕਰਿ ਕੈ।
ਸਾਚੋ ਲੇਹਿ ਬਡਾਈ ਫਿਰਿ ਕੈ ॥੧੮॥
ਘਰ ਮਹਿਂ ਕਿਮ ਬੈਠਨ ਹੁਇ ਤੇਰੋ।
ਦੁਰਗ ਪੌਰ ਪਰ ਰੌਰ ਬਡੇਰੋ।
ਭਲੋ ਚਹੈਂ ਜੇ ਅਪਨੋ ਕੈਸੇ।
ਮਾਨੋ ਕਹਜੋ ਕਹਤਿ ਹਮ ਜੈਸੇ ॥੧੯॥
ਨਾਂਹਿਤ ਸੈਨ ਆਨਿ ਕਰਿ ਗਹੈ।
ਕਿਸ ਕੀ ਓਟ ਲੇਇ ਥਿਰ ਰਹੈਂ?'
ਸੁਨਿ ਅਜੀਤ ਸਿੰਘ ਨਾਂਹਿਨ ਮਾਨਾ।
'ਗਮਨੋਂ ਨਹੀਂ' ਜਬਾਬ ਬਖਾਨਾ ॥੨੦॥
ਰਿਸੇ ਦੂਤ ਜੇ ਗਏ ਹਕਾਰਨ।
ਹਟੇ ਸ਼ਾਹੁ ਢਿਗ ਕੀਨ ਉਚਾਰਨ।
'ਭਯੋ ਮਵਾਸੀ ਆਇ ਨ ਸੋਊ।
ਮਿਲਿ ਸਮੁਝਾਇ ਰਹੇ ਸਭਿ ਕੋਊ ॥੨੧॥
ਮਾਤ ਨਿਕਟ ਨਰ ਭੇਜਜੋ ਭਲਾ[1]।
ਸ਼੍ਰੀ ਗੁਰ ਤੇਗ ਬਹਾਦਰ ਬਦਲਾ[1]।
ਖੂਨ ਪੁੱਤ੍ਰ ਤੁਮਰੇ ਕਰਿ ਦਯੋ।
ਸੋ ਬਖਸ਼ਹੁ ਕਹੁ ਹਮ ਲੇ ਲਯੋ' ॥੨੨॥
ਕਹਜੋ ਮਾਤ 'ਮੈਂ ਲਿਖਜੋ ਬਿਦਾਵਾ।

[1](ਪਾਤਸ਼ਾਹ ਨੇ) ਮਾਤਾ ਜੀ ਪਾਸ ਭਲਾ ਪੁਰਸ਼ ਭੇਜਿਆ।

[1]ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਦਲਾ ਬਖਸ਼ੋ ਤੇ ਆਖੋ ਕਿ ਅਸਾਂ ਲੈ ਲਿਆ ਹੈ।

ਪਾਰਕ ਹੁਤੋ ਤਜਜੋ, ਨਹਿਂ ਭਾਵਾ।
ਸੋ ਬਦਲਾ ਲੇਵੈਂਗੇ ਔਰ।
ਜਹਾਂ ਹੋਇ ਲੈਬੇ ਕੀ ਠੌਰ ॥੨੩॥
ਖਤਾ ਅਜੀਤ ਸਿੰਘ ਨੇ ਠਾਨੇ।
ਸੋ ਤੁਮ ਜਾਨੋ, ਕੈ ਉਹ ਜਾਨੇ।
ਹਮਰੇ ਲਗਿ ਤਿਸ ਕਾਰਨ ਕੋਈ।
ਬਾਂਛਤਿ ਕਰੋ ਆਪ ਅਰੁ ਸੋਈ' ॥੨੪॥
ਸੁਨਿ ਕੈ ਸ਼ਾਹੁ ਕੋਪ ਕਰਿ ਭਾਰੋ।
ਸਭਿ ਮਹਿਂ ਬਿਦਤੀ ਹੁਕਮ ਉਚਾਰੋ।
'ਦੋ ਪਲਟਨ[1] ਪਹੁੰਚਹਿ ਇਸ ਕਾਲਾ।
ਲਰਹਿ ਲਰਹੁ, ਨਹਿਂ ਕੀਜੈ ਟਾਲਾ ॥੨੫॥
ਜਬਿ ਲੌਂ ਪਕਰਜੋ ਜਾਇ ਨ, ਮਾਰੋ।
ਭਿਰਹਿ ਆਪ, ਹੱਥਜਾਰ ਪ੍ਰਹਾਰੋ।'
ਤਤਛਿਨ ਸੈਨ ਚਲੀ ਤਹਿਂ ਆਈ।
ਸੁਨੀ ਅਜੀਤ ਸਿੰਘ ਥਹਿਰਾਈ[1] ॥੨੬॥
ਸਿੰਘ ਸਕੇਲੇ ਮਸਲਤ ਕੀਨ।
'ਅਬਿ ਤੌਂ ਜੰਗ ਕਰਨ ਹੀ ਚੀਨ।
ਲਰਿ ਕਰਿ ਮਰਹਿਂ ਸੁ ਧਰਮ ਹਮਾਰਾ।
ਗੀਦਰ ਮੌਤ ਮਰਨ ਬੁਰਿਆਰਾ' ॥੨੭॥
ਇੱਤਜਾਦਿਕ ਕਹਿ ਹ੍ਵੈ ਕਰਿ ਗਾਢੇ।
ਲਰਨ ਹੇਤੁ ਲੈ ਆਯੁਧ ਠਾਂਢੇ।
ਜਬਹਿ ਫੌਜ ਜਾਨੀ ਨਿਯਰਾਈ।
ਪੁੰਜ ਤੁਫੰਗਨਿ ਸਮੁਖ ਚਲਾਈ ॥੨੮॥
ਬਰੇ ਨਿਕੇਤ ਸੁਚੇਤ ਬਿਸਾਲੇ।
ਪਰਜੋ ਜੰਗ ਉਠਿ ਸ਼ਬਦ ਕਰਾਲੇ।
ਊਚੇ ਚਢਿ ਓਟੇ ਕਰਿ ਥਿਰੇ।
ਜ੍ਵਾਲਾਬਮਣੀ ਛੋਰਤਿ ਖਰੇ ॥੨੯॥
ਉਤ ਤੇ ਵਹਿਰ ਤੁਰਕ ਸਮੁਦਾਏ।

[1]ਪਲਟਨ ਪਦ ਅੰਗ੍ਰੇਜ਼ੀ ਲਫਜ਼ ਪਲੈਟੂਨ ਤੋਂ ਬਣਿਆ ਹੈ ਜਿਸ ਵਿਚ ਹੁਣ ੪ ਤੋਂ ੧੦ ਕੰਪਣੀਆਂ ਹੁੰਦੀਆਂ ਹਨ ਤੇ ਜੰਗ ਸਮੇਂ ਲਗਪਗ ੧੦੦੦ ਜੋਧੇ ਹੁੰਦੇ ਹਨ। ਅੰਗ੍ਰੇਜ਼ੀ ਵਿਚ ਇਕ ਪਦ ਬਟੈਲੀਅਨ ਬੀ ਲਗਪਗ ਇਹੋ ਅਰਥ ਰਖਦਾ ਹੈ।

[1]ਕੰਬ ਗਿਆ।

ਰਚੇ ਮੋਰਚੇ ਤੁਪਕ ਚਲਾਏ।
ਮਾਰਿ ਮਾਰਿ ਕਰਿ ਚਹੁੰਦਿਸ਼ਿ ਘੇਰੇ।
ਅਧਿਕ ਵਧਹਿਂ ਫੇਰੇ ਫਿਰ ਨੇਰੇ ॥੩੦॥
ਅੰਤਰ ਮਾਰਨ ਮਰਨ ਅਰੰਭਾ।
ਪਰੇ ਜੰਗ ਨਰ ਕਰੇ ਅਚੰਭਾ।
ਗੋਰੀ ਲਗਿ ਫੋਰੀ ਭਟ ਦੇਹਿ।
ਛੋਰੀ ਤੁਪਕ ਤੁਰਤ ਭਰਿ ਲੇਹਿਂ ॥੩੧॥
ਢੁਕਹਿਂ ਨੇਰ ਹੇਲਾ ਜਬਿ ਘਾਲਹਿਂ।
ਸਮੁਖ ਨਿਕਸਿ ਬਾਰਤਿ ਕਰਵਾਲਹਿਂ'। 'ਤਲਵਾਰਾਂ ਵਾਹੁੰਦੇ ਹਨ।
ਭੁਜਦੰਡਨ ਅਰੁ ਗ੍ਰੀਵਾ ਕਾਟਹਿਂ।
ਬਰਜਤਿ ਤਰਜਤਿ ਤਕਿ ਤਕਿ ਡਾਟਹਿਂ
॥੩੨॥
ਪ੍ਰਥਮ ਦਿਵਸ ਲਰਿ ਸੰਧਯਾ ਪਰੀ।
ਭਏ ਤਿਮਰ ਸੈਨਾ ਤਹਿਂ ਥਿਰੀ।
ਟਿਕੇ ਮੋਰਚਨ ਤੁਪਕ ਚਲਾਵਹਿਂ।
ਅੰਤਰ ਆਵਨ ਜਾਨ ਨ ਪਾਵਹਿਂ ॥੩੩॥
ਮਾਤ ਸੁੰਦਰੀ ਚਿੰਤ ਘਨੇਰੀ।
ਕਰਯੋ ਕੁਕਰਮ ਕੁਪੁੱਤ੍ਰ ਕੁਫੇਰੀ।
ਕੁਛ ਬਸ ਚਲਹਿ ਨ ਅਪਨੋ ਜਾਨਾ।
ਦੀਨ ਮਨਾ ਦੁਖ ਲਹਤਿ ਮਹਾਨਾ ॥੩੪॥
ਪਛੁਤਾਵਤਿ ਸਭਿ ਨਿਸਾ ਬਿਤਾਈ।
ਸੰਗਤਿ ਮਿਲੀ ਆਨਿ ਸਮੁਦਾਈ।
ਮਸਤਕ ਟੇਕਿ ਮਾਤ ਸੋਂ ਕਹਯੋ।
'ਹਮਹੁ ਸ਼ਾਹ ਤੇ ਡਰ ਬਹੁ ਲਹਯੋ ॥੩੫॥
ਕਹਾਂ ਕੁਕਰਮ ਕੀਨਿ ਸੁਖ ਹਾਨਾ।
ਤੁਮਰੋ ਸ੍ਰਾਪ ਸਾਚ ਹੁਇ ਜਾਨਾ।
ਪ੍ਰਥਮ ਪਿਥਕ ਬੈਠੇ ਇਸ ਥਾਨ।
ਕਹਾਂ ਚਿੰਤ, ਕਯੋਂ ਸੋਚਨ ਠਾਨਿ' ॥੩੬॥
ਇੱਤ੍ਯਾਦਿਕ ਦੇ ਧੀਰਜ ਗਏ।
ਤਊ ਮਹਾਂ ਦੁੱਖ ਚਿਤ ਉਪਜਾਏ।
ਲਰਤਿ ਅਜੀਤ ਸਿੰਘ ਬਿਚ ਘਰ ਕੇ।
ਵਹਿਰ ਤੁਰਕ ਘੇਰਤਿ ਫਿਰ ਫਿਰਿ ਕੇ

॥ ੩੭ ॥
ਕਿਤਿਕ ਗਏ ਮਰਿ ਬਾਹਿਰ ਲਰਿਤੇ।
ਕਿਤਿਕ ਸਿੰਘ ਅੰਤਰ ਲਰਿ ਮਰਿਤੇ।
ਬਾਸੁਰ ਸਰਬ ਲਰੇ ਹਤਿ ਗੋਰੀ।
ਢੁਕੇ ਨੇਰ ਦੇ ਤਨ ਕੋ ਫੋਰੀ ॥ ੩੮ ॥
ਖੋਦਿ ਮੋਰਚੇ ਓਟੇ ਕਰਿ ਕੇ।
ਨਿਕਟ ਹੋਤਿ ਘਰਿ ਕੇ ਦੁਰ ਦੁਰ ਕੇ।
ਦੂਸਰ ਦਿਵਸ ਬਿਤੀਤਯੋ ਲਰਤੇ।
ਫਿਰਤਿ ਘਿਰਤ ਗਨ ਮਾਰਤਿ ਮਰਤੇ
॥ ੩੯ ॥
ਸੰਧਯਾ ਭਈ ਤਿਮਰ ਗਨ ਛਾਯੋ।
ਜਾਨਯੋਂ ਸਿੰਘਨ -ਮਰਨੋ ਆਯੋ।
ਲਸ਼ਕਰ ਕਹਾਂ ਦੀਹ ਪਤਿਸ਼ਾਹੀ।
ਕਹਾਂ ਸਿੰਘ ਹਮ ਪੁਨ ਪੁਰਿ ਮਾਂਹੀ
॥ ੪੦ ॥
ਜੇਤਿਕ ਹਮ ਤੇ ਜੈ ਹਹਿਂ ਮਾਰੇ।
ਹੱਥਜਾਰਨਿ ਤੇ ਕਰਹਿਂ ਪ੍ਰਹਾਰੇ।
ਪੁਨ ਮਰਿ ਰਹਹਿਂ ਨ ਹੁਇ ਕੁਛ ਫੇਰ।
ਤੁਰਕਨਿ ਗਨ ਹਮ ਲੀਨੇ ਘੇਰ- ॥ ੪੧ ॥
ਅਸ ਹਠਿ ਕਰਿ ਕੈ ਭਿਰੇ ਜੁਝਾਰੇ।
ਪਰਹਿਂ ਸ਼ੇਰ ਸਮ ਮੁਖ ਭਭਕਾਰੇ।
ਤੁਰਕ ਤੁਪਕ ਗਹਿ ਚਹੁਂ ਦਿਸ਼ਿ ਢੁਕੇ।
ਪਾਵਤਿ ਨੇਰ ਮਾਰ ਕਹਿਂ ਕੂਕੇ ॥ ੪੨ ॥
ਸਿੰਘ ਨਿਕਸਿ ਕੈ ਖੜਗ ਪ੍ਰਹਾਰੇਂ।
ਹੁਤੇ ਨਿਕਟ ਸੋ ਕਟਿ ਕਟਿ ਡਾਰੇ।
ਪਹਿਲੀ ਰਾਤਿ ਮਚਯੋ ਘਮਸਾਨਾ।
ਲੋਥ ਪੋਥਨਾ ਹਤਿ ਭੇ ਪ੍ਰਾਨਾ ॥ ੪੩ ॥
ਨਿਜ ਨਿਜ ਥਾਨ ਥਿਰੇ ਹੁਇ ਠਾਂਢੇ।
ਆਯੁਧ ਗਹੇ ਹਤਨ ਰਿਪੁ ਗਾਢੇ।
ਤੀਨ ਪਹਿਰ ਇਮ ਰਾਤਿ ਬਿਤਾਈ।
ਕਿਤਿਕ ਮਰੇ ਭਟ ਕਿਹ ਦੁਚਿਤਾਈ
॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ
ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ
ਇਕਤ੍ਰਿੰਸਤੀ ਅੰਸੂ ॥੩੧॥

## ੩੨. [ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ। ਮਾਤਾ ਜੀ ਮਥਰਾ ਆਏ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਚਿਤ ਅਜੀਤ ਸਿੰਘ ਦੁਖ ਲਹਯੋ, ਲਖਯੋ -ਮਰਨ ਬਨਿ ਆਇ।
ਕਿਮ ਬਚ ਹੌਂ ਅਬਿ ਸ਼ਾਹੁ ਤੇ, ਘੇਰੋ ਪਰਯੋ ਜੁ ਆਇ- ॥੧॥

ਚੌਪਈ:

ਨਿਜ ਇਸਤ੍ਰੀ ਅਰੁ ਪੁੱਤ੍ਰ ਨਿਹਾਰਾ।
ਤਿਨਹੁ ਸੰਗ ਹੁਇ ਨਿਕਟ ਉਚਾਰਾ।
'ਫਟੇ ਮਲੀਨ ਧਾਰਿ ਕੈ ਚੀਰ।
ਤਿਨ ਤੇ ਲੇਹੁ ਅਛਾਦਿ ਸਰੀਰ ॥੨॥
ਨਿਕਸਿ ਜਾਤੁ ਮਾਤਾ ਕੇ ਪਾਸ।
ਤਹਿਂ ਦੁਰਿ ਰਹੀਯਹਿ ਬੀਚ ਅਵਾਸ।
ਤੁਮਹਿ ਬਚਾਵਨ ਹੇਤੁ ਉਪਾਇ।
ਮਾਤ ਬਿਨਾ ਤੇ ਹੋਇ ਨ ਕਾਇ' ॥੩॥
ਸੁਨਿ ਦੋਨਹੁ ਖਿੰਥਰ ਤਨ ਧਾਰੇ[1]।
ਚੋਰੀ ਨਿਕਸੇ ਵਹਿਰ ਪਧਾਰੇ।
ਜਬਿ ਤੁਰੰਗਨ ਕੇ ਬੀਚੇ ਆਈ।
'ਕੋ ਹੈਂ ਤੂੰ ਕਹੁ ਕਹਾਂ ਸਿਧਾਈ?' ॥੪॥
'ਹਮ ਗਰੀਬ ਜਮਨਾ ਕੇ ਤੀਰ।
ਜਾਤਿ ਸਪਰਸ਼ਨ ਨੀਰ ਸਰੀਰ।'
ਇਮ ਕਹਿ ਸਦਨ ਮਾਤ ਕੇ ਆਈ।
ਰੁਦਤਿ ਬ੍ਰਿਲਾਪਤਿ ਪਰੀ ਸੁ ਪਾਈ ॥੫॥
ਹਠੀ ਸਿੰਘ ਕੋ ਗੇਰਿ ਅਗਾਰੀ।
ਕਹੀ 'ਪਰੀ ਹਮ ਸ਼ਰਣ ਤਿਹਾਰੀ।
ਰਾਖੇ ਜਾਇਂ ਅਬਹਿ ਜਿਸ ਭਾਂਤਿ।
ਕਰਹੁ ਉਪਾਵ ਰਾਖੀਏ ਮਾਤ!' ॥੬॥
ਘਰ ਪ੍ਰਵਿਸ਼ੇ ਅਵਿਲੋਕੇ ਜਬੈ।
ਮਨ ਉਦਬਿਘਨ ਮਾਤ ਭਈ ਤਬੈ[1]।
ਹੌਲ ਉਠਯੋ ਦਿਲ ਧੀਰ ਬਿਨਾਸ਼ੀ।
-ਮੁਹਿ ਬਿਖਾਦ ਦੇਂ ਲਖਿ ਕਰਿ ਪਾਸੀ[1] ॥੭॥
ਰਹਯੋ ਨ ਜਾਇ ਨਿਕਟ ਰਖਿ ਇਨ ਕੋ[1]।

[1]ਪਾਟੇ ਮੈਲੇ ਕਪੜੇ ਪਹਿਨਕੇ।

[1]ਮਾਤਾ ਚਿਤ ਵਿੱਚ ਚਿੰਤਾਤੁਰ ਹੋਈ।

[1](ਹਠੀ ਸਿੰਘ ਨੂੰ) ਮੇਰੇ ਪਾਸ ਦੇਖਕੇ (ਤੁਰਕ) ਮੈਨੂੰ ਦੁੱਖ ਦੇਣਗੇ।

[1](ਦਿੱਲੀ ਵਿਚ) ਰਿਹਾ ਨਹੀਂ ਜਾ ਸਕਦਾ ਇਹਨਾਂ ਨੂੰ

ਪਾਸ ਰੱਖ ਕੇ।

ਕਰੌਂ ਨਿਕਾਸਨ, ਹੈਂ ਅਨ ਬਨ ਕੋ[1]-।
ਇੱਤਯਾਦਿਕ ਉਰ ਬਹੁਤ ਬਿਚਾਰਾ।
ਤਤਛਿਨ ਮੁਖੀਆ ਸਿੱਖ ਹਕਾਰਾ ॥੮॥
ਕਹਯੋ ਭੇਤ ਸਭਿ, ਸਜੰਦਨ ਚਰੀ।
ਦੌਨ ਚਢਾਇ ਸੰਗ ਚਲਿ ਪਰੀ।
ਪੁਰਿ ਤੇ ਨਿਕਸੀ ਤੁਰਤ ਸਿਧਾਈ।
ਦ੍ਵੈ ਦਿਨ ਬਿਤੇ ਭਰਤਗੜ੍ਹ ਆਈ ॥੯॥
ਭਈ ਪ੍ਰਭਾਤ ਲਰਤਿ ਪੁਰਿ ਮਾਂਹੀ।
ਡਰਤਿ ਅਜੀਤ ਸਿੰਘ ਪਿਖਿ ਤਾਂਹੀ।
ਪਰਯੋ ਘਮੰਡ ਤੁਫੰਗਨਿ ਕੇਰਾ।
ਅਰਧਕ ਸਿੰਘ ਮਰੇ ਤਿਸ ਬੇਰਾ ॥੧੦॥
ਤ੍ਰਸਤਿ ਹਿਰਾਸਯੋ, ਧੀਰ ਨ ਰਹੀ।
-ਛਪੌਂ ਜਾਇ ਕਰਿ ਭਾਜੌਂ ਕਹੀਂ-।
ਬਹੁਤ ਬਿਚਾਰਤਿ ਕਾਤੁਰ ਹੋਵਾ।
ਘੋਰੇ ਚਹੁ ਦਿਸ਼ਿ ਮਹਿਂ ਦਿਢ ਜੋਵਾ
॥੧੧॥
ਰਹੇ ਨਿਕਟ ਭਟ ਰਣ ਹਿਤ ਥੋਰੇ।
ਢੁਕੇ ਤੁਰਕ ਤੀਰ ਚਹੁੰ ਓਰੇ।
ਨੀਠ ਨੀਠ ਸੰਧਯਾ ਲਗਿ ਲਰੇ।
ਦਸਕ ਸਿੰਘ ਰਹਿਗੇ, ਸਭਿ ਮਰੇ ॥੧੨॥
ਕੀਰ ਸ਼ੀਘ੍ਰਤਾ ਚਰਨ ਅਜਾਹਰ[1]।
ਨਿਕਸਿ ਅਜੀਤ ਸਿੰਘ ਗਾ ਬਾਹਰ।
ਭੁਸ ਬੇਚਤਿ ਜੋ ਬ੍ਰਿੰਦ ਕਲਾਲ।
ਹੁਤੇ ਸਿੱਖ ਤਿਸ ਕੇ ਪੁਰਿ ਜਾਲ ॥੧੩॥
ਤਿਨ ਕੇ ਸਦਨ ਜਾਇ ਕਰਿ ਵਰਯੋ।
ਕੌਸ਼ਠ ਮਹਿਂ ਭੁਸ ਤਿਸ ਬਿਚ ਦੁਰਯੋ।
ਪੀਛੇ ਸਿੰਘ ਕਤਲ ਸਭਿ ਕਰੇ।
ਲੂਟਯੋ ਸਦਨ ਤੁਰਕ ਗਨ ਬਰੇ ॥੧੪॥
ਪ੍ਰਾਤ ਭਈ ਕਹਿ ਸ਼ਾਹੁ ਖੁਜਾਯੋ।
ਮਰਯੋ ਅਜੀਤ ਸਿੰਘ ਨਹਿਂ ਪਾਯੋ।

[1]ਜੇ ਕੱਢ ਦੇਵਾਂ ਤਾਂ ਫੇਰ ਬੀ ਅਣਬਣ ਹੈ।

[1]ਗੁਪਤ ਚੱਲ ਪੈਣ ਦੀ ਕਾਹਲੀ ਕੀਤੀ। [ਅ+ਜਾਹਰ=ਗੁਪਤ। ਚਰਨ=ਚੱਲਣ ਦੀ]। (ਅ) ਲੁਕਕੇ ਚਰਨਾਂ ਦੀ ਕਾਹਲੀ ਕੀਤੀ ਭਾਵ ਨੱਸ ਗਿਆ।

ਬਹੁ ਲੋਗਨ ਮਿਲਿ ਤਬਹਿ ਬਿਚਾਰਾ।
ਲਰਤਿ ਨ ਇਸ ਥਲ ਮਹਿ ਰਿਪੁ ਮਾਰਾ
॥੧੫॥
ਨਿਕਸਿ ਛਪਯੋ ਕਿਸ ਕੇ ਘਰ ਜਾਈ।
ਜੇ ਕਰਿ ਇਹਾਂ ਲੋਥ ਨਹਿਂ ਪਾਈ।
ਸਰਬ ਬ੍ਰਿਤੰਤ ਸੁਨਯੋ ਜਬਿ ਸ਼ਾਹੂ।
ਦੁਰਯੋ ਨਿਕੇਤ ਕਿਸੀ ਪੁਰਿ ਮਾਂਹੂ ॥੧੬॥
'ਕਹਿ ਕਰਿ ਤਬਿ ਡੌਂਡੀ ਪਿਟਵਾਈ।
ਸਭਿ ਪੁਰਿ ਜਨ ਕੇ ਸ਼੍ਰੌਨਨ ਪਾਈ।
'ਦੁਰਯੋ ਸਦਨ ਜਿਸ, ਆਨ ਬਤਾਵੈ।
ਅਬਿ ਬਚ ਰਹੈ, ਨ ਸੰਕਟ ਪਾਵੈ ॥੧੭॥
ਨਾਂਹਿਤ ਜਬਿ ਪੀਛੇ ਹੁਇ ਜ਼ਾਹਿਰ।
ਦੈਹੌਂ ਦੰਡ ਨਿਕਾਸੌਂ ਬਾਹਿਰ।
ਫਾਸੀ ਦੇ ਦੇ ਹਤੌਂ ਕੁਟੰਬ।
ਬਚਹਿਂ ਨ ਕੈਸੇ ਲੇਹਿ ਅਲੰਬ' ॥੧੮॥
ਸੁਨਿ ਕਲਾਲ ਦਿਲ ਹੌਲ ਬਿਸਾਲਾ।
ਜਾਇ ਬਤਾਇ ਦਿਯੋ ਤਿਸ ਕਾਲਾ।
'ਛਪਯੋ ਆਨਿ ਕਰਿ ਹੈ ਘਰਿ ਮੇਰੇ।
ਪਠਿ ਦੀਜੈ ਮੁਝ ਸੰਗ ਘਨੇਰੇ' ॥੧੯॥
ਲੇ ਕਰਿ ਗਮਨਯੋ ਸਾਤ ਸਿਪਾਹੀ।
ਜਾਇ ਦਿਖਾਯੋ ਨਿਜ ਘਰ ਮਾਂਹੀ।
ਗਹਿ ਲੀਨੋ ਤਹਿਂ ਤੇ ਤਤਕਾਲਾ।
ਪਹੁੰਚੇ ਸ਼ਾਹੁ ਨਿਕਟ ਨਰ ਜਾਲਾ ॥੨੦॥
ਹੇਰਤਿ ਹੁਕਮ ਦੀਨ ਰਿਸ ਧਰਿ ਕੈ।
'ਗਜ ਕੇ ਪਗ ਸੋਂ ਬੰਧਨ ਕਰਿ ਕੈ।
ਬਾਰਿ ਬਾਰਿ ਪੁਰਿ ਗਰੀਅਨਿ ਫੇਰੋ।
ਨਿਕਸੈਂ ਪ੍ਰਾਨ ਵਹਿਰ ਤਬਿ ਗੇਰੋ' ॥੨੧॥
ਪਾਇ ਦਾਮ ਦਿਢ ਬੰਧਨ ਕਰਯੋ।
ਕੁੰਚਰ ਸੰਗਿ ਬੰਧੇ ਪੁਰਿ ਫਿਰਯੋ।
ਐਂਚਤਿ ਚਰਨ ਘਸੀਟਤਿ ਚਲਯੋ।
ਹੇਰਨ ਹੇਤ ਪੁੰਜ ਨਰ ਮਿਲਯੋ ॥੨੨॥
ਹਾਇ ਹਾਇ ਕਰਿ ਬਹੁ ਬਿਲਲਾਯੋ।

ਮਾਤਾ ਸ੍ਰਾਪ ਦੀਨ ਚਿਤ ਆਯੋ।
ਰਿਦੇ ਬਿਸੂਰਤਿ ਬਹੁ ਦੁਖ ਪਾਵੈ।
ਉਤਰਜੋ ਮਾਸ ਹਾਡ ਦ੍ਰਿਸ਼ਟਾਵੈਂ ॥੨੩॥
ਸਗਰੇ ਦਿਨ ਮਹਿਂ ਫੇਰਨਿ ਕਰਜੋ।
ਗਰੀ ਬਜਾਰਨ ਮਹਿਂ ਗਜ ਫਿਰਜੋ।
ਤਊ ਨ ਨਿਕਸੇ ਪ੍ਰਾਨ ਤਿਸੀ ਕੇ।
ਬਹੁ ਦੁਖ ਪਾਵਨ ਸ੍ਰਾਪ ਜਿਸੀ ਕੇ[1] ॥੨੪॥

[1]ਜਿਸ ਨੂੰ ਬਹੁਤ ਦੁੱਖ ਪਾਵਣ ਦਾ ਸ੍ਰਾਪ ਹੈਸੀ।

ਨਿਕਸਜੋ ਸੰਧਜਾ ਮੈਂ ਪੁਰਿ ਬਾਹਰ।
ਗਏ ਪਹਾਰੀ ਲਘੁ[1] ਜਿਸ ਠਾਹਰ।

[1]ਛੋਟੀ ਪਹਾੜੀ।

ਊਚ ਨੀਚ ਥਲ ਪਰ ਜਬਿ ਫਿਰਜੋ।
ਤਬਿ ਸਿਰ ਪਗ ਤਰਿ ਦਬਿ[1] ਫੁਟ ਪਰਜੋ ॥੨੫॥

[1](ਹਾਥੀ ਦੇ) ਪੈਰਾਂ ਤਲੇ ਦਬ ਕੇ ਸਿਰ।

ਇਮ ਦਿੱਲੀ ਪੁਰਿ ਮਹਿਂ ਸੋ ਮਾਰਾ।
ਸਿੱਖਨਿ ਮਹਾਂ ਤ੍ਰਾਸ ਕੋ ਧਾਰਾ[†]।

[†]ਪਾਲਕ ਅਜੀਤ ਸਿੰਘ ਦੇ ਚਲਾਣੇ ਦਾ ਸੰਮਤ ਕਈ ੧੭੭੫-੭੬ ਖਿਆਲ ਕਰਦੇ ਹਨ। ਗੁ: ਪ੍ਰ: ਸੂ: ਵਿਚ ਇਸ ਦੇ ਮਾਤਾ ਜੀ ਪਾਸ ਆਉਣ ਦਾ ਸੰਮਤ ੧੭੬੪ ਸਹੀ ਪੈਂਦਾ ਹੈ। ਤਦੋਂ ਇਸਦੀ ਉਮਰ ਪੰਜ ਬਰਸ ਲਿਖੀ ਹੈਂ (ਦੇਖੋ ਐਨ ੧ ਅੰਸੂ ੪੪ ਅੰਕ ੨੩)। ਇਸ ਹਿਸਾਬ ੧੭੭੫ ਵਿਚ ਪਾਲਕ ੧੬ ਬਰਸ ਦਾ ਹੋਇਆ। ਸੋਲ੍ਹਾਂ ਵਰ੍ਹੇ ਦੇ ਘਰ ਪੁੱਤ੍ਰ ਹੋ ਜਾਣਾ ਤੇ ਉਸ ਦਾ ਸ਼ਹਿਰ ਵਿੱਚ ਰਈਸ ਬਣਕੇ ਫਿਰ ਨਿਕਲਨਾ, ਮਾਤਾ ਜੀ ਨਾਲ ਅਜੋੜ, ਗੁਰੂ ਬਣਨ ਦੇ ਦਾਵੇ, ਸਾਰੀਆਂ ਗੱਲਾਂ ਅਗ਼ਲਬ ਨਹੀਂ ਜਾਪਦੀਆਂ। ਖੋਜ ਕਰਦਿਆਂ ਸਾਨੂੰ ਇਕ ੧੯੩੬ ਦੀ ਲਿਖਤ ਵਿਚ ਪਾਲਕ ਅਜੀਤ ਸਿੰਘ ਦਾ ਚਲਾਣਾ ੧੭੮੦ ਬਿ: ਦਿੱਤਾ ਮਿਲਿਆ ਹੈ। ਇਸ ਦਾ ਵਤਨ ਬੁਰਹਾਨ ਪੁਰ ਦੱਸਿਆ ਹੈ ਤੇ ਜ਼ਾਤ ਖੱਤਰੀ ਦੱਸੀ ਹੈ; ਜਾਪਦਾ ਇਹ ਬੀ ਹੈ ਕਿ ੧੭੬੪ ਵਿਚ ਪਾਲਕ ਦੀ ਉਮਰ ਪੰਜ ਬਰਸ ਤੋਂ ਵਡੇਰੀ ਹੋਣੀ ਹੈ। ਏਹ ਗੱਲਾਂ ਵਧੇਰੇ ਖੋਜ ਤਲਬ ਹਨ, ਨਾਲੇ ਇਹ ਗੱਲ ਬੀ ਕਿ ਪਾਲਕ ਨੇ ਕੇਸਾਂ ਦੀ ਬੇਅਦਬੀ ਪਹਿਲੋਂ ਕੀਤੀ ਸੀ, ਯਾ ਬੇਨਵਾ ਵਾਲੇ ਮਾਮਲੇ ਪਰ ਪਕੜੇ ਜਾਣ ਤੇ ਤੁਰਕਾਂ ਨੇ ਜਬਰੀ ਕੀਤੀ ਸੀ, ਕਿਉਂਕਿ ਇਹ ਪਹਿਲੀ ਸਾਖੀ ੧੯੩੬ ਵਾਲੇ ਲੇਖ ਵਿੱਚ ਨਹੀਂ ਦਿੱਤੀ। ਦੂਸਰੇ ਇਹ ਬੀ ਖੋਜ ਤਲਬ ਬਾਤ ਹੈ ਕਿ ਪਾਲਕ ਨੇ ਬੇਨਵਾ ਮਰਵਾਇਆ ਸੀ ਯਾ ਕਿ ਉਸ ਦਾ ਸ਼ਾਹੀ ਠਾਨ ਬਾਠ ਦੇਖਕੇ ਅਰ ਉਸ ਪਾਸ ਸੰਗਤਾਂ ਦੇ ਮੇਲੇ ਲੱਗਦੇ ਤੱਕ ਕੇ ਤੁਰਕ ਉਮਰਾਵਾਂ ਨੇ ਖੌਫ ਖਾਧਾ ਕਿ ਕਿਤੇ ਬੰਦੇ ਵਾਂਙੂ ਇਹ ਬੀ ਜ਼ੋਰ ਨਾ ਪਕੜ ਜਾਵੇ ਤੇ ਉਸ ਦੇ ਜੀਵਨ ਨੂੰ ਸਮਾਪਤ ਕਰਨ ਵਾਸਤੇ ਬੇਨਵਾ ਨੂੰ ਮਾਰ ਦੇਣ ਦੀ ਊਜ ਉਸ ਦੇ ਸਿਰ ਪਰ ਥੱਪ ਕੇ ਬੰਦੇ ਵਰਗੇ ਦਿੱਸ ਰਹੇ ਖਤਰੇ ਤੋਂ ਛੁੱਟੀ ਪਾਈ। ਇਸ ਵੇਲੇ ਪਾਤਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ, ਬੇਨਵਾ ਦੇ ਮਰਨੇ ਦਾ ਉਗਾਹ ਸਿਵਾ ਇਕ ਅਯਾਲੀ ਦੇ ਕੋਈ ਨਹੀਂ ਜਿਸ ਨੇ ਬੀ ਕਈ ਦਿਨ ਮਗਰੋਂ ਦੱਸਿਆ ਹੈ। ਐਹੋ ਜਹੇ ਤੁਫਾਨ ਘੜ ਲੈਣੇ ਉਸ ਸਮੇਂ ਕੁਛ ਕਠਨ ਨਹੀਂ ਸਨ। ਫਿਰ ਪਤਾ ਚਲਦਾ ਹੈ ਕਿ ਮਾਤਾ ਜੀ ਨੇ ੧੭੮੮ ਬਿ: ਤੋਂ ਸੰਗਤਾਂ ਦਾ ਜੁੜਨਾ ਅੰਮ੍ਰਿਤਸਰ ਕਰ ਦਿੱਤਾ ਸੀ, ਇਸ ਤੋਂ ਭਾਰੀ ਖਿਆਲ ਪੈਦਾ ਹੁੰਦਾ ਹੈ ਕਿ ਉਸ ਤੋਂ ਪਹਿਲਾਂ ਅਜੀਤ ਸਿੰਘ ਦੇ ਗਿਰਦੇ ਮੇਲੇ ਲਗਣੇ, ਸੰਗਤਾਂ ਜੁੜਨੀਆਂ ਉਸ ਦੇ ਮਾਰੇ ਜਾਣ ਦਾ ਰਾਜਨੈਤਕ ਕਾਰਨ ਅਸਲ ਵਿੱਚ ਸਨ। ਇਸ ਲਈ ਇਸ ਪਾਸੇ ਬੀ ਖੋਜ ਦੀ ਲੋੜ ਵਿਸ਼ੇਸ਼ ਹੈ।

ਉਤ ਮਾਤਾ ਸੁੰਦਰੀ ਜਬਿ ਗਈ।
ਦਿਨ ਦ੍ਵਾਦਸ਼ ਤਹਿਂ ਬਾਸਤਿ ਭਈ

॥੨੬॥
ਭਈ ਨਰੇਸ਼ੁਰ ਕੋ ਸੁਧਿ ਤਹਾਂ।
ਗੁਰ ਪਤਨੀ ਪਹੁੰਚੀ ਪੁਰਿ ਇਹਾਂ।
ਸ਼ਾਹੁ ਸੰਗ ਕੁਛ ਬਿਗਰੀ ਬਾਤ।
ਪਾਲਕ ਪਸ਼ਚਾਤੀ ਕਿਯ ਘਾਤ[1] ॥੨੭॥

[1]ਮਾਤਾ ਦੇ ਚਲੇ ਆਉਣ) ਮਗਰੋਂ ਪਾਲਕ (ਅਜੀਤ ਸਿੰਘ) ਨੂੰ (ਪਾਤਸ਼ਾਹ ਨੇ ਮਰਵਾ ਦਿੱਤਾ ਹੈ)।

ਡਰਯੋ ਮੂਢ[1] ਨਿਜ ਮਨੁਜ ਪਠਾਯੋ।
ਮਾਤ ਸੁੰਦਰੀ ਕੇ ਢਿਗ ਆਯੋ।
ਹਾਥ ਜੋਰਿ ਤਬਿ ਬਾਤ ਸੁਨਾਈ।
'ਕਰਹੁ ਨ ਅਪਨਿ ਬਾਸ ਇਸ ਥਾਂਈ
॥੨੮॥

[1]ਮੂਰਖ (ਭਰਤ ਪੁਰ ਦਾ ਰਾਜਾ)।

-ਸ਼ਾਹੁ ਕੇ ਸੰਗ ਬਿਗਾਰ ਤੁਹਾਰਾ-।
ਸੁਨਿ ਭੂਪਤਿ ਨੇ ਤ੍ਰਾਸ ਬਿਚਾਰਾ।
ਅਪਰ ਸਥਾਨ ਬਾਸ ਕੇ ਕਰੀਯਹਿ।
ਨਿਜ ਵਸਤੂ ਲੇ ਅਪਰ ਸਿਧਰੀਯਹਿ'
॥੨੯॥
ਸੁਨਿ ਮਾਤਾ ਮਨ ਚਿੰਤ ਉਪਾਈ।
ਚਲਿਬੇ ਹਿਤ ਤਯਾਰੀ ਕਰਿਵਾਈ।
ਚਢਿ ਸਯੰਦਨ ਪਰ ਤੁਰਤ ਪਧਾਰੀ।
ਪਹੁੰਚੀ ਮਥੁਰਾ ਪੁਰੀ ਮਝਾਰੀ ॥੩੦॥
ਜਮਨਾ ਤੀਰ ਕਰਯੋ ਨਿਜ ਡੇਰਾ।
ਤਹਿਂ ਪੁਰਿਪਾਲਕ[1] ਸੁਨਿ ਤਿਸ ਬੇਰਾ।
ਲੈ ਕਰਿ ਭੇਟ ਮਿਲਨਿ ਕੋ ਆਵਾ।
ਹਾਥ ਜੋਰਿ ਪਗ ਮਾਥ ਟਿਕਾਵਾ ॥੩੧॥

[1]ਸ਼ਹਿਰ ਦਾ ਹਾਕਮ।

'ਕਰਹੁ ਮਾਤ ਜੀ! ਪੁਰਿ ਮਹਿਂ ਬਾਸਾ।
ਲੈ ਦੇਵਹੁਂ ਮੈਂ ਰੁਚਿਰ ਅਵਾਸਾ।
ਜੈ ਪੁਰਿ ਕੇ ਰਾਜੇ ਤੁਮ ਦਾਸ[1]।
ਪਠਵੌਂ ਖਬਰ ਛਿੱਪ੍ਰ ਤਿਨ ਪਾਸ ॥੩੨॥

[1]ਜੈ ਪੁਰ ਦਾ ਰਾਜਾ ਆਪ ਦਾ ਸੇਵਕ ਹੈ।

ਸਕਲ ਭਾਂਤਿ ਕੋ ਦੇਹਿਂ ਗੁਜ਼ਾਰਾ।
ਸਮਾ ਬਿਤਾਵਹੁ ਬੈਠਿ ਸੁਖਾਰਾ।'
ਇਮ ਕਹਿ ਲੇ ਕਰਿ ਅੰਤਰ ਗਯੋ।
ਸ਼ੁਭ ਅਵਾਸ ਮਹਿਂ ਬਾਸਾ ਦਯੋ ॥੩੩॥

ਬਾਂਛਤਿ ਸਰਬ ਵਸਤੁ ਪਹੁੰਚਾਈ।
ਬਹੁਤ ਭਾਵ ਤੇ ਸੇਵ ਕਮਾਈ।
ਪੁਨ ਜੈ ਪੁਰਿ ਕੋ ਸੁਧਿ ਪਹੁੰਚਾਈ।
'ਮਾਤ ਤੁਹਾਰੇ ਪੁਰਿ ਮਹਿਂ ਆਈ' ॥੩੪॥
ਸੁਨਿ ਕਰਿ ਤਿਨਹੁਂ ਗ੍ਰਾਮ ਦੁਇ ਦੀਏ।
ਲਿਖਿ ਕਰਿ ਪਟੇ ਪਠਾਵਨ ਕੀਏ।
ਅਪਰ ਤਗੀਦ ਕਰੀ ਬਹੁ ਭਾਂਤੀ।
'ਸੇਵਾ ਕਰਹੁ ਮਾਤ ਦਿਨ ਰਾਤੀ ॥੩੫॥
ਸੁੰਦਰ ਘਰ ਦੀਜੈ ਬਨਵਾਇ।
ਬਾਂਛਤਿ ਵਸਤੂ ਸਰਬ ਪੁਚਾਇ।'
ਪੁਰਿ ਪਾਲਕ ਢਿਗ ਪਠਜੋ ਸੁ ਆਯੋ।
ਸਭਿ ਮਾਤਾ ਕੈ ਪਾਸ ਸੁਨਾਯੋ' ॥੩੬॥
ਮਥਰਾ ਨਿਕਟ ਦਏ ਦੋ ਗ੍ਰਾਮੂ।
ਸਦਨ ਬਨਾਇ ਦੀਨਿ ਅਭਿਰਾਮੂ।
ਅਬਿ ਲਗਿ ਮਥਰਾ ਮਹਿਂ ਸੁ ਹਵੇਲੀ।
ਦਰਸਹਿਂ ਤਹਾਂ ਖਰੀ ਸੁ ਇਕੇਲੀ ॥੩੭॥
ਮਾਤ ਸੁੰਦਰੀ ਬਾਸਾ ਕਰਜੋ।
ਸਗਰੋ ਤ੍ਰਾਸ ਨਿਵਾਰ ਬਿਦਰਜੋ[1]।
ਹਠੀ ਸਿੰਘ ਕੋ ਨਿਤ ਪ੍ਰਿਤਪਾਲੇ।
ਰੁਚਿ ਤੇ ਆਛੇ ਅਸਨ ਖੁਆਲੇ ॥੩੮॥
ਅਪਰ ਦਰਬ ਸਿਖ ਸੰਗਤਿ ਕੇਰਾ।
ਪਹੁੰਚਹਿ ਮਥੁਰਾ ਮਹਿਂ ਤਿਸ ਬੇਰਾ।
ਪ੍ਰਥਮ ਸਮਾਨ ਆਮਦਨ ਆਵੈ।
ਤਿਮ ਹੀ ਖਰਚ ਹੋਤਿ ਨਿਤ ਜਾਵੈ ॥੩੯॥
ਹਠੀ ਸਿੰਘ ਕੇ ਹੇਤੁ ਤੁਰੰਗ।
ਲੀਏ ਮੋਲ ਸੁੰਦਰ ਸਰਬੰਗ।
ਚਾਕਰ ਸਿੰਘ ਪਾਸ ਤਿਮ ਰਾਖੇ।
ਜਥਾ ਅਜੀਤ ਸਿੰਘ ਅਭਿਲਾਖੇ ॥੪੦॥
ਵਹਿਰ ਚਢੈ ਹਿਤ ਸੈਲ ਅਖੇਰਾ।
ਖਰਚਨ ਲਗਜੋ ਦਰਬ ਬਹੁਤੇਰਾ।
ਪਿਤ ਕੇ ਸਮ ਸਭਿ ਕਛੁ ਬਨਾਯੋ।

[1]ਦੂਰ ਕੀਤਾ।

ਮਾਤਾ ਹੇਰਿ ਹੇਰਿ ਸੁਖ ਪਾਯੋ ॥੪੧॥
ਕਰਜੋ ਦੇਹੁਰਾ ਗੁਰੁ ਨਵਮ ਕੋ।
ਹੁਕਮ ਭਯੋ ਜਬਿ ਗੁਰੁ ਦਸਮ ਕੋ†।

†ਦੱਖਣ ਜਾਣ ਤੋਂ ਪਹਿਲਾਂ ਜਦੋਂ ਗੁਰੂ ਜੀ ਦਿੱਲੀ ਆਏ ਸਨ ਤਾਂ ਨਾਵੇਂ ਗੁਰੂ ਜੀ ਦੇ ਸਾਕੇ ਵਾਲੇ ਥਾਂ ਦੇਹੁਰਾ ਸਾਜਣ ਦਾ ਹੁਕਮ ਦਿੱਤਾ ਸੀ। ਦੇਖੋ ਐਨ ੧ ਅੰਸੂ ੪੩ ਅੰਕ ੩੦ ਤੋਂ ੩੪ ਤੇ ਫੇਰ ਦੇਹੁਰਾ ਬਣਨ ਲਈ ਦੇਖੋ ਐਨ ੨ ਅੰਸੂ ੩੪ ਅੰਕ ੪੧ ਤੋਂ ੪੪।

ਸਿਖ ਸੰਗਤਿ ਬਹੁ ਦਰਬ ਲਗਾਯੋ।
ਊਚੋ ਮੰਡਪ ਚਾਰੁ ਸੁਹਾਯੋ ॥੪੨॥
ਤੁਰਕੇਸ਼ੁਰ ਕੀ ਆਇਸੁ ਪਾਇ।
ਛੀਨ ਬੇਨਵੇ ਲੀਨਿ ਸੁ ਥਾਇਂ।
ਸੋ ਸਭਿ ਢਾਹਿ ਮਸੀਤ ਚਿਨਾਈ।
ਅਪਨੋ ਦਰਬ ਲਾਇ ਸਮੁਦਾਈ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

## ੩੩. [ਹਠੀ ਸਿੰਘ ਦੀ ਕਰਤੂਤ। ਮਾਤਾ ਜੀ ਫਿਰ ਦਿੱਲੀ ਆਏ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਪ੍ਰਿਤਪਾਲਤਿ ਹੈ ਪੁੱਤ੍ਰ ਸਮ, ਕਰਹਿ ਸਨੇਹ ਬਿਸਾਲ।
ਕਰਜੋ ਬਾਸ ਮਥੁਰਾ ਬਿਖੈ, ਸ਼ਾਂਤਿ ਰਿਦੈ ਚਿਰਕਾਲ ॥੧॥

ਚੌਪਈ:

ਬਡੀ ਆਰਬਲ ਭੋਗਸ ਕਰੀ।
ਬ੍ਰਿੱਧ ਦੇਹਿ ਹੋਈ ਜਰਜਰੀ।
ਦਿੱਲੀ ਆਦਿ ਸੰਗਤਾਂ ਬ੍ਰਿੰਦੰ।
ਦੇਤਿ ਉਪਾਇਨ ਭਾਵ ਬਿਲੰਦੰ ॥੨॥
ਪੂਜਹਿਂ ਮਾਤ ਸੁੰਦਰੀ ਦਰਸਹਿਂ।
ਗੁਰ ਗੇਹਣ ਕਹਿ ਮਹਿਮਾ ਹਰਸ਼ਹਿਂ[1]। [1]ਪ੍ਰਸੰਨ ਹੁੰਦੇ ਹਨ।
ਹੋਤਿ ਸਕੇਲਨ ਧਨ ਸਮੁਦਾਯਾ।
ਦੂਰ ਦੂਰ ਤੇ ਆਵਤਿ ਮਾਯਾ ॥੩॥
ਹਠੀ ਸਿੰਘ ਖਰਚਹਿ ਅਰੁ ਖਾਇ।
ਪਹਿਰੇ ਜ਼ੇਵਰ ਰਤਨ ਜਰਾਇ।
ਪੋਸ਼ਿਸ਼ ਬਹੁਤ ਮੋਲ ਕੀ ਫਬੈ।
ਮਾਨੈ ਸਿਖ ਸੰਗਤਿ ਮਿਲਿ ਸਬੈ ॥੪॥
ਜਥਾ ਸਮਾਜ ਪਿਤਾ ਕਾ ਸੁਨਜੋਂ।
ਤਥਾ ਸਕਲ ਰਚਿ ਕੈ ਗੁਰ ਬਨਜੋਂ।
ਕਰਹਿ ਖਰੀਦਨ ਮੋਲ ਤੁਰੰਗ।
ਸੁੰਦਰ ਜ਼ੀਨ ਜ਼ਰੀ ਬਹੁ ਸੰਗ ॥੫॥
ਹੇਮ ਰਜਤ ਸ਼ਸਤ੍ਰਨਿ ਲਗਵਾਏ।
ਸਿੰਘ ਚਾਕਰੀ ਹਿਤ ਰਖਵਾਏ।
ਸੰਗ ਅਰੂਢਹਿ ਜਿਤ ਕੋ ਜਾਤ।
ਸਭਿ ਮਹਿਂ ਨਿਜ ਦਿਖਾਇ ਭਲਿ ਭਾਂਤਿ ॥੬॥
ਕਰਹਿ ਸੈਲ ਕੋ ਚਢਹਿ ਅਖੇਰੇ।
ਦੁੰਦਭਿ ਬਾਜਤਿ ਚਲਤਿ ਅਗੇਰੇ।
ਜ੍ਵਾਲਾਬਮਣੀ ਸੰਗ ਰਖਾਵੈ।
ਕਾਨਨ ਕੇ ਪੰਛੀ ਮ੍ਰਿਗ ਘਾਵੈ ॥੭॥
ਮਾਤਾ ਪਾਸ ਆਇ ਜੁਗ ਸਮੈਂ।

ਬੈਠਹਿ ਨਿਕਟ ਬੰਦਿ ਕਰ ਨਮੈਂ।
ਕਹਿ ਕਹਿ ਸਿੱਖਜਾ ਦੇਤਿ ਘਨੇਰੀ।
'ਨਿਜ ਪਿਤ ਦਸ਼ਾ ਬਿਲੋਚਨ ਹੇਰੀ[1] ॥੮॥
ਗੁਰ ਪ੍ਰਤਾਪ ਤੇ ਕਮੀ ਨ ਕਾਈ।
ਆਇ ਪਦਾਰਥ ਨਿਤ ਸਮੁਦਾਈ।'
ਅਧਿਕ ਪਢਾਵਹਿਂ ਸ਼੍ਰੀ ਗੁਰਬਾਣੀ।
ਮਹਿਮਾ ਕੋ ਜਨਾਇ ਮਹੀਯਾਣੀ[1] ॥੯॥
ਆਰਬਲਾ ਖੋੜਸ ਬਰਖਨ ਕੀ।
ਤਰੁਨ ਅਵਸਥਾ ਤਨ ਕੀ ਦਮਕੀ।
ਕਬਿ ਕਬਿ ਦਿੱਲੀ ਕੇ ਸਿੱਖ ਜਾਇਂ।
ਮਾਤਾ ਕੋ ਮਾਨਹਿਂ ਪਰਿ ਪਾਇ ॥੧੦॥
ਗੁਰੂ ਦੇਹੁਰੇ ਕੀ ਬਹੁ ਗਾਥਾ।
ਕਰਹਿਂ ਸੁਨਾਵਨਿ ਦੁਖ ਕੇ ਸਾਥਾ।
'ਬਡੋ ਕੁਕਾਜ ਬੇਨਵੇ ਕਰਜੋ।
ਥਲ ਢਾਹਨਿ ਲਗਿ ਮਤਸਰ ਭਰਜੋ ॥੧੧॥
ਆਪ ਦਰਾਜ਼ ਮਸੀਤ ਚਿਨਾਈ।
ਜਿਸ ਕੋ ਲਗਜੋ ਦਰਬ ਸਮੁਦਾਈ।
ਸ਼੍ਰੀ ਗੁਰ ਗੋਬਿੰਦ ਸਿੰਘ ਬਨਾਯੋ।
ਦੇ ਆਇਸੁ ਧਨ ਗਨ ਲਗਵਾਯੋ ॥੧੨॥
ਕੋ ਜਾਨੈ ਅਬਿ ਗੁਰੂ ਸਥਾਨ।
ਬਨਹਿ ਕਿ ਨਹੀਂ ਸੁ ਪ੍ਰਥਮ ਸਮਾਨ।
ਮਹਾਂ ਅਚਰਜ ਕਰਜੋ ਮਤਿਮੰਦੇ।
ਸਿੱਖ ਬਿਬਸ ਭੇ ਬਸ ਨ ਚਲੰਦੇ' ॥੧੩॥
ਸੁਨਿ ਕੈ ਮਾਤ ਸੁੰਦਰੀ ਕਹੇ।
'ਸ਼੍ਰੀ ਗੁਰ ਅਸਥਿ ਤਹਾਂ ਅਬਿ ਰਹੇ।
ਗਾਡਨ ਕਰੇ ਬਹੁਤ ਹੀ ਨੀਵੇਂ।
ਤਿਨ ਤੇ ਪੁਨ ਸਤਿਗੁਰ ਥਲ ਥੀਵੇ[1] ॥੧੪॥
ਪੰਥ ਖਾਲਸਾ ਬਿਦਤਹਿ ਜਬੈ।
ਇਕ ਸਰਦਾਰ[†] ਆਇ ਪੁਨ ਤਬੈ।
ਸੋ ਤੁਰਕੇਸ਼ੁਰ ਤੇ ਕਹਿਵਾਇ।

[1]ਆਪਣੇ ਪਿਤਾ ਦੀ ਦਸ਼ਾ ਨੇਤ੍ਰੀਂ ਤੂੰ ਦੇਖ ਲਈ ਹੈ।

[1]ਬਜ਼ੁਰਗ (ਮਾਤਾ)।

[1]ਸਤਿਗੁਰਾਂ ਦਾ ਥਾਂ (ਪ੍ਰਗਟ) ਹੋ ਜਾਵੇਗਾ।

[†]ਸਮਾਂ ਪਾਕੇ ਸਰਦਾਰ ਬਘੇਲ ਸਿੰਘ ਜੀ ਨੇ ਇਹ ਸੇਵਾ ਕੀਤੀ ਸੀ।

ਸਭਿ ਮਸੀਤ ਕੋ ਦੇ ਢਹਿਵਾਇ ॥੧੫॥
ਸਤਿਗੁਰ ਅਸਥਿਨਿ ਕਾਢ ਦਿਖਾਵੈ।
ਬਹੁਰ ਦੇਹੁਰਾ ਮਹਿਦ ਬਨਾਵੈ।
ਪੂਜਹਿ ਸਿਖ ਸੰਗਤ ਸਭਿ ਆਇ।
ਪ੍ਰਭੂ ਮਨੋਰਥ ਨਿਫਲ ਨ ਜਾਇ' ॥੧੬॥
ਸੁਨਿ ਦਿਲਵਾਲੀ ਰਿਦੈ ਅਨੰਦਤਿ।
ਬਾਰ ਬਾਰ ਮਾਤਹਿਂ ਪਦ ਬੰਦਤਿ।
ਅਬਿ ਅਜੀਤ ਸਿੰਘ† ਕੀਨਿ ਕਕਰਮ।

†ਇਥੇ ਪਾਠ 'ਹਠੀ ਸਿੰਘ' ਚਾਹੀਦਾ ਹੈ। ਕਿਉਂਕਿ ਹੁਣ ਪ੍ਰਸੰਗ ਹਠੀ ਸਿੰਘ ਦਾ ਤੁਰਿਆ ਹੈ। ਤੇ ਇਸ ਤੁਕ ਦੇ ਅਖੀਰ ਪਦ 'ਬਿਸ਼ਰਮ' ਹਠੀ ਸਿੰਘ ਵਾਸਤੇ ਵਰਤਿਆ ਹੈ ਤੇ ਅੱਗੇ ਚੱਲਕੇ ਅੰਕ ੨੫ ਵਿਚ ਮਾਤਾ ਜੀ ਹਠੀ ਸਿੰਘ ਨੂੰ 'ਬਿਸ਼ਰਮੀ' ਆਖਦੇ ਹਨ। ੧੯੧ ਦੇ ਨੁਸਖੇ ਵਿਚ 'ਅਬ' ਪਦ ਨੂੰ ਹੜਤਾਲ ਨਾਲ 'ਅਸ' ਕੀਤਾ ਹੈ ਤੇ 'ਬਿਸ਼ਰਮ' ਨੂੰ 'ਬਿਸ੍ਰਮ' ਲਿਖਿਆ ਹੈ। ਇਉਂ ਇਹ ਤੁਕਾਂ ਪਿਛਲੇ ਪ੍ਰਸੰਗ ਦੀ ਪੂਰਣਤਾ ਬਣ ਜਾਂਦੀਆਂ ਹਨ ਤੇ 'ਬਿਸ੍ਰਮ' ਦਾ ਅਰਥ ਫਿਰ (ਵਿ+ਸ੍ਰਮ=) 'ਆਰਾਮ' ਤੇ 'ਆਰਾਮ' ਤੋਂ ਭਾਵ 'ਮੌਤ' ਲਾਉਣਾ ਪੈਂਦਾ ਹੈ।

ਪਾਇ ਸ੍ਰਾਪ ਕੋ ਭਯੋ ਬਿਸ਼ਰਮ ॥੧੭॥
ਹਠੀ ਸਿੰਘ ਪਠਿ ਪਠਿ ਗੁਰਬਾਨੀ।
-ਮੈਂ ਭੀ ਕਰੌਂ[1]- ਕਾਮਨਾ ਠਾਨੀ।
ਪਚਿ ਬਹੁ ਰਹੈ ਨ ਪਦ ਬਨਿ ਆਵੈ।
ਲਿਖਤ ਬਿਚਾਰਤਿ ਸਮੇਂ ਬਿਤਾਵੈ ॥੧੮॥

[1]ਬਾਣੀ ਰਚਾਂ।

ਜਬਿ ਕਰਿ ਰਹ੍ਯੋ ਸ਼ਬਦ[1] ਨਹਿਂ ਬਨ੍ਯੋਂ।
ਤਬਿ ਸੋ ਲਿਖ੍ਯੋ ਗੁਰੂ ਜੋ ਭਨ੍ਯੋ।
ਤਿਸ ਮਹਿਂ ਸ਼੍ਰੀ ਨਾਨਕ ਕੋ ਨਾਮ।
ਸੋ ਨਹਿਂ ਲਿਖਤਿ ਭਯੋ ਤਿਸ ਠਾਮ ॥੧੯॥

[1]ਗੁਰਬਾਣੀ ਵਰਗਾ ਸ਼ਬਦ।

ਅਪਨੋ ਨਾਮ ਤਹਾਂ ਲਿਖਿ ਦੀਨ।
ਸਿੱਖਨ ਪਾਸ ਸੁਨਾਵਨ ਕੀਨ।
ਕੇਤਿਕ ਦਿਵਸ ਕਰਤਿ ਇਮ ਭਯੋ।
ਇਕ ਸਿਖ ਨਿਕਟ ਮਾਤ ਕੇ ਕਹ੍ਯੋ ॥੨੦॥
'ਸ਼੍ਰੀ ਨਾਨਕ ਕੋ ਨਾਮ ਹਟਾਇ।
ਤਿਸ ਥਲ ਅਪਨੋ ਲਿਖਹਿ ਬਨਾਇ।
ਸਿੱਖਨਿ ਕੋ ਉਪਦੇਸ਼ਤਿ ਫੇਰ।
-ਇਸ ਬਿਧਿ ਪਢਹੁ ਲਿਖਹੁ ਬਹੁ ਬੇਰ-' ॥੨੧॥

ਸੁਨਤਿ ਸੁੰਦਰੀ ਨਿਕਟ ਹਕਾਰਾ।
ਤਰਜਹਿ ਰਿਸ ਤੇ ਬਾਕ ਉਚਾਰਾ।
'ਇਹ ਕਜ਼ਾ ਕੀਨਿ? ਕੁਮਤਿ ਤੈਂ ਧਾਰੀ।
ਸ੍ਰੀ ਸਤਿਗੁਰ ਮਹਿਮਾ ਨ ਬਿਚਾਰੀ ॥੨੨॥
ਜੋਤਿ ਜਾਗਤੀ ਜ਼ਾਹਰ ਜਿਨ ਕੀ।
ਚਹੁਂ ਕੁੰਟਨ ਮਹਿਂ ਮਹਿਮਾ ਤਿਨ ਕੀ।
ਜਿਹ ਸਿਮਰੈਂ ਸਿਖ ਧਰਿ ਧਰਿ ਭਾਇ।
ਪੁਰਵਿਹਂ ਕਾਰਜ ਹੋਹਿਂ ਸਹਾਇ ॥੨੩॥
ਤਿਨ ਕੋ ਨਾਮ ਹਟਾਵਨ ਕਰੈਂ।
ਤਹਾਂ ਮੂਢ! ਲਿਖਿ ਅਪਨੋ ਧਰੈਂ।
ਪਠਨਿਹਾਰ ਜੇ ਹੈਂ ਸਿਖ ਸਜਾਨੇ।
ਸੋ ਕਜ਼ਾ ਨਹੀਂ ਪਰਖ ਕਰਿ ਜਾਨੇਂ? ॥੨੪॥
ਨਿੰਦਾ ਤੇਰੀ ਕਰਹਿਂ, ਕੁਕਰਮੀ!
ਚਾਹਤਿ ਚਾਤੁਰ ਬਨਜੋ ਬਿਸ਼ਰਮੀ[1]! — [1]ਹੇ ਬਿਸ਼ਰਮ।
ਸੁਨਿ ਪਿਖਿ ਸੀਸ ਨਿਵਾਵਹਿਂ ਜਿਨ ਕੋ[1]। — [1]ਜਿਸ (ਗੁਰਬਾਣੀ) ਨੂੰ।
ਸੁਭ ਮਤਿ[1] ਲਖਹਿਂ ਮਹਾਤਮ ਤਿਨ ਕੋ[2] ॥੨੫॥ — [1]ਸਭ ਬੁੱਧੀਵਾਨ। [2]ਤਿਸ (ਗੁਰਬਾਣੀ) ਦਾ।
ਪਾਲਜੋ ਨੀਠ ਨੀਠ ਲਖਿ ਈਠ।
ਬਡ ਹੋਇ ਨਿਕਸਜੋ ਅਸ ਢੀਠ।'
ਇੱਤਜਾਦਿਕ ਦੁਰਬਾਕ ਘਨੇਰੇ।
ਕਹਿ ਕਰਿ ਤਰਜਨ ਕੀਨਿ ਬਡੇਰੇ ॥੨੬॥
ਸੁਨਤਿ ਹਠੀ ਸਿੰਘ ਕਰਤਿ ਬਤਾਵਨਿ।
'ਮੈਂ ਤੋ ਕੀਨੇ ਨਏ ਬਨਾਵਨ।
ਸੁਨਹੁ ਮਾਤ ਜੀ! ਤੁਮਰੇ ਪਾਸ।
ਕਰਜੋ ਕਿਸੂ ਨੇ ਕੂਰ ਪ੍ਰਕਾਸ਼' ॥੨੭॥
ਇਮ ਕਹਿ ਢਿਗ ਤੇ ਉਠਿ ਕਰਿ ਗਯੋ।
ਮਾਤ ਬ੍ਰਿਧਾ ਲਖਿ ਗਰਬਤਿ ਭਯੋ।
ਬਰਜਜੋ, ਕਛੂ ਨ ਮਨ ਮਹਿਂ ਆਨਾ।
ਤਿਮ ਹੀ ਬਹੁਰ ਕਰਨ ਕੋ ਠਾਨਾ ॥੨੮॥

ਅਪਨ ਨਾਮ ਗੁਰ ਸ਼ਬਦ ਮਝਾਰਾ।
ਲਿਖੈ, ਸੁਨਾਵੈ ਅਨਿਕ ਪ੍ਰਕਾਰਾ।
ਸੁਨਿ ਸੁਨਿ ਮਾਤਿ ਖਿਝੈ ਬਹੁ ਬਾਰੀ।
ਬਰਜਤਿ ਤਰਜਤਿ ਦੇ ਕਰਿ ਗਾਰੀ
॥੨੯॥
'ਤੁਵ ਪਿਤ ਕਰਤਿ ਕੁਕਰਮਨ ਜੈਸੇ।
ਜਾਨਜੋਂ ਨਿਸ਼ਚੈ ਤੂੰ ਹੁਇਂ ਤੈਸੇ।
ਕਜੋਂ ਨ ਬਿਚਾਰਤਿ ਕਜਾ ਗਤਿ ਹੋਈ।
ਨਿਤ ਪ੍ਰਤਿ ਮੋਹਿ ਦੁਖਾਵਤਿ ਸੋਈ'
॥੩੦॥
ਹਠੀ ਸਿੰਘ ਹਠ ਧਰੇ ਬਡੇਰਾ।
ਨਹੀਂ ਟਰਜੋ ਸਮੁਝਾਇ ਘਨੇਰਾ।
ਨਿਕਟ ਮਾਤ ਕੇ ਕਬਿ ਕਬਿ ਆਵੈ।
ਮਨ ਭਾਵਤਿ ਕਰਤੂਤ ਕਮਾਵੈ ॥੩੧॥
ਮਾਤ ਸੁੰਦਰੀ ਦੁਖਤਿ ਬਿਸਾਲੀ।
ਜਾਨਿ ਲੀਨਿ ਮਨ ਖੋਟ ਕੁਚਾਲੀ।
ਸਹਿ ਨ ਸਕਹਿ ਕਰਤੂਤ ਕੁਢਾਲੀ।
ਰਿਸਹਿ, ਚਲਹਿ ਨਹਿਂ ਬਸ ਤਿਸ ਨਾਲੀ
॥੩੨॥
ਸਮ ਅਜੀਤ ਸਿੰਘ ਕੇ ਤਿਹ ਮਾਨਾ।
ਕਰਜੋ ਸਨੇਹ ਰਿਦੇ ਤੇ ਹਾਨਾ।
ਕੋਪ ਕਰਹਿ ਸੋ ਮਾਨਹਿ ਨਾਂਹੀ।
ਚਹਜੋ -ਜਾਉਂ ਦਿੱਲੀ ਪੁਰਿ ਮਾਂਹੀ-
॥੩੩॥
ਕੇਤਿਕ ਦਿਵਸ ਬਿਚਾਰਨ ਕਰੀ।
ਤਜਾਰ ਹੋਇ ਸਜੰਦਨ ਪਰ ਚਰੀ।
ਹਾਥ ਜੋਰਿ ਪੁਨ ਰਹਜੋ ਹਟਾਇ[1]।
ਮਾਤ ਨ ਹਟੀ ਘਨੀ ਰਿਸ ਪਾਇ ॥੩੪॥
ਚਲਿ ਕਰਿ ਪੰਥ ਉਲੰਘਤਿ ਸਾਰੇ।
ਸੰਗਤਿ ਆਈ ਸੁਨਤਿ ਅਗਾਰੇ।
ਬਹੁ ਸਨਮਾਨ ਸਹਿਤ ਲੇ ਗਏ।
ਧਰਹਿਂ ਅਕੋਰਨ ਬੰਦਨ ਕਏ ॥੩੫॥

[1]ਹਟਾ ਰਿਹਾ (ਹਠੀ ਸਿੰਘ)।

ਅਪਨੇ ਘਰ ਮਹਿਂ ਪ੍ਰਵਿਸ਼ੀ ਜਾਇ।
ਦਰਸ਼ਨ ਕਰਹਿਂ ਸਿੱਖ ਸਮੁਦਾਇ।
ਆਯੁਧ ਖਸ਼ਟ ਗੁਰੂ ਕੇ ਜੋਊ।
ਆਨੇ ਸੰਗ ਪੂਜ ਤਿਨ ਹੋਊ ॥੩੬॥
ਰਾਜਾ ਰਾਮ ਸੁ ਸ਼ਾਹੁ ਵਜ਼ੀਰ।
ਸੁਨਿ ਕਰਿ ਆਏ ਸੁੰਦਰੀ ਤੀਰ।
ਦਯੋ ਦਰਬ ਬੰਦਨ ਬਹੁ ਕੀਨਿ।
ਮਾਤ ਖੁਸ਼ੀ ਕਰਿ ਆਸ਼ਿਖ ਦੀਨ ॥੩੭॥
ਪੂਰਬ ਕੇ ਪ੍ਰਸੰਗ ਪੁਨ ਕਹੇ।
'ਕਹਾਂ ਅਜੀਤ ਸਿੰਘ ਮ੍ਰਿਤੁ ਲਹੇ?
ਹੋਨਹਾਰ ਸੋ ਮਿਟਤਿ ਨ ਕਬੈ।
ਬੁਧਿ ਬਲ ਤੇ ਪ੍ਰਯਾਸ ਕਰਿ ਸਬੈ' ॥੩੮॥
ਪੁਨ ਮਾਤਾ ਨੇ ਭਨਯੋਂ ਬ੍ਰਿਤੰਤ।
'ਮੁਝ ਕੋ ਸੰਕਟ ਰਹੇ ਅਨੰਤ।
ਲਰਿ ਕਰਿ ਜਬਿ ਅਜੀਤ ਸਿੰਘ ਮਾਰਾ।
ਪੀਛੇ ਲੁਟਯੋ ਮੋਹਿ ਘਰ ਸਾਰਾ ॥੩੯॥
ਵਸਤੁ ਸ਼ਾਹੁ ਕੇ ਗਈ ਖਜ਼ਾਨੇ।
ਬਰਜਯੋ ਕਿਸੂ ਨ ਮਮ ਘਰ ਜਾਨੇ[1]।'
ਰਾਜਾ ਰਾਮ ਸੁਨਤਿ ਕਹਿ ਧੀਰ।
'ਮੈਂ ਅਬਿ ਕਹੌਂ ਸ਼ਾਹੁ ਕੇ ਤੀਰ' ॥੪੦॥
ਇਮ ਸੁਨਾਇ ਬਿਚ ਦੁਰਗ ਪਯਾਨਾ।
ਸ਼ਾਹੁ ਸਮੀਪ ਬ੍ਰਿਤੰਤ ਬਖਾਨਾ।
'ਪ੍ਰਥਮ ਬਹਾਦਰ ਸ਼ਾਹੁ ਬਡੇਰੇ।
ਤਿਸ ਪਰ ਸਤਿਗੁਰ ਖੁਸ਼ੀ ਘਨੇਰੇ ॥੪੧॥
ਸਲਤਨ ਦੀਨਿ ਫੇਰ ਤੁਮ ਘਰ ਸੋਂ।
ਤਾਰਾਆਜ਼ਮ ਹਤਿ ਇਕ ਸਰ ਸੋਂ।
ਤਿਸ ਗੁਰ ਕੀ ਗੇਹਨ ਬਿਚ ਪੁਰੀ।
ਸਮਾ ਬਿਤਾਵਨ ਕੇ ਹਿਤ ਥਿਰੀ ॥੪੨॥
ਤਿਹ ਘਰ ਲੂਟਿ ਖਜ਼ਾਨੇ ਡਾਰਾ।
ਇਹ ਤੁਮ ਕੋ ਹੈ ਬਹੁ ਬੁਰਿਆਰਾ।
ਗੁਰ ਪੀਰਨ ਕੋ ਅਦਬ ਬਡੇਰਾ।
ਸੁਖ ਪ੍ਰਾਪਤ ਹ੍ਵੈ ਲੋਕ ਘਨੇਰਾ' ॥੪੩॥

[1]ਮੇਰਾ ਘਰ ਜਾਣਕੇ।

ਸੁਨਤਿ ਸ਼ਾਹੁ ਉਰ ਤ੍ਰਾਸ ਬਿਚਾਰਾ।
ਕਹ੍ਯੋ 'ਸਮਾਜ ਫੇਰ ਦਿਹੁ ਸਾਰਾ।'
ਤਤਛਿਨ ਰਾਜਾ ਰਾਮ ਅਨੰਦ।
ਨਿਕਸਾ੍ਯੋ ਜਹਿਂ ਧਰ੍ਯੋ ਬਿਲੰਦ ॥੪੪॥
ਮਾਤ ਸੁੰਦਰੀ ਸਦਨ ਪੁਚਾਯੋ।
ਬਿਨੈ ਬਖਾਨਿ ਹਰਖ ਉਪਜਾਯੋ।
ਦਿੱਲੀ ਪੁਰਿ ਮਹਿਂ ਪ੍ਰਥਮ ਸਮਾਨ।
ਬਸਨਿ ਲਗੀ, ਭੀ ਬ੍ਰਿਧਾ ਮਹਾਨ ॥੪੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

## ੩੪. [ਮਾਤਾ ਜੀ ਦਾ ਗੁਰਪੁਰੀ ਪਯਾਨ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਇਸ ਪ੍ਰਕਾਰ ਮਾਤਾ ਰਹੀ, ਦਿੱਲੀ ਪੁਰਿ ਮਹਿਂ ਫੇਰ।
ਸੰਗਤਿ ਸੇਵੈ ਭਾਵ ਧਰਿ, ਮੇਲ ਸਕੇਲ ਬਡੇਰ ॥੧॥

ਚੌਪਈ:

ਸਮਾ ਸਤਾਰਾ ਸਯਾ ਬਿਤਾਯੋ।
ਚਢ੍ਯੋ ਅਠਾਰਾ ਸਯਾ ਗਿਨਾਯੋ।
ਨਾਦਰਸ਼ਾਹ ਆਇ ਚਲਿ ਗਇਊ।
ਸਲਤਨ ਸਕਲ ਬਿਨਾਸੀ ਭਇਊ ॥੨॥
ਮਾਤ ਬ੍ਰਿਧਾ ਜਰਜਰੀ ਸਰੀਰ।
ਸੇਵਤਿ ਸੰਗਤਿ ਰਹਿ ਨਿਤ ਤੀਰ।
ਸੰਮਤ ਚਾਰ ਬੀਤਿਗੇ ਔਰ।
ਅੰਤ ਸਮਾਂ ਪਹੁੰਚ੍ਯੋ ਤਿਸ ਠੌਰ ॥੩॥
ਤਿਥ ਇਕਾਦਸ਼ੀ ਮਹਿਂ ਤਜਿ ਪ੍ਰਾਨ।
ਪਹੁੰਚੀ ਪਤਿ ਢਿਗ ਮੁਕਤਿ ਸਥਾਨ।
ਸ਼੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ।
ਸਾਹਿਬ ਦੇਵੀ ਦਾਹ ਭਿ ਤਹਾਂ ॥੪॥
ਦਿੱਲੀ ਕੀ ਸੰਗਤਿ ਮਿਲਿ ਸਾਰੀ।
ਰਚ੍ਯੋ ਬਿਮਾਨ ਲਾਇ ਧਨ ਭਾਰੀ।
ਕੰਚਨ ਕੁਸਮ ਘਰਾਵਨਿ ਕਰੇ।
ਬਹੁ ਮੋਲੇ ਪਟ ਊਪਰ ਪਰੇ ॥੫॥
ਊਰਧ ਦੇਹਕ ਮਾਤਹਿ ਕੇਰਾ[1]।

[1]ਮਾਤਾ ਜੀ ਦਾ ਮ੍ਰਿਤਕ ਸੰਸਕਾਰ। [ਸੰਸ:, ਊਰਧ੍ਵ ਦੇਹ=ਸ੍ਰੀਰ ਦਾ ਉਪਰ ਜਾਣਾ, ਮ੍ਰਿਤਕ ਸੰਸਕਾਰ]।

ਨੀਕ ਕੀਨ ਧਨ ਲਾਇ ਬਡੇਰਾ।
ਗਰੀ ਬਜ਼ਾਰਨ ਮਹਿਂ ਬਰਖਾਇ।
ਸਿਖ ਸੰਗਤਿ ਲੈਗੇ ਤਿਸ ਥਾਇ ॥੬॥
ਚੰਦਨ ਕੀ ਚਿਖ ਰਚੀ ਬਿਸਾਲਾ।
ਬਹੁ ਘ੍ਰਿਤ ਲੇ ਕਰਿ ਤਿਸ ਮਹਿਂ ਡਾਲਾ।
ਊਪਰ ਧਰਿ ਸ਼ਰੀਰ ਕੋ ਤਬੈ।
ਬਿਧਿ ਸੋਂ ਭਸਮ ਦਿਯੋ ਕਰਿ ਸਬੈ ॥੭॥
ਕ੍ਰਿਯਾ ਕਰਮ ਸਿੱਖਨ ਕਰਿਵਾਏ।

ਜੱਗ ਬਿਸਾਲ ਕਰਯੋ ਧਨ ਲਾਏ।
ਬਿੱਪ੍ਰਨਿ ਸਾਧਨ ਦੀਨਿ ਅਹਾਰਾ।
ਘਰ ਕੋ ਧਨ ਦਿਯ ਦਾਨ ਉਦਾਰਾ ॥੮॥
ਜੋ ਮਾਤਾ ਕੇ ਸੇਵਕ ਅਹੇ।
ਸਦਨ ਪਦਾਰਥ ਸਭਿ ਤਿਨ ਲਹੇ।
ਹਠੀ ਸਿੰਘ ਮਥਰਾ ਮਹਿਂ ਰਹਯੋ।
ਗ੍ਰਾਮ ਦੁਹੂੰਨਿ ਮਾਮਲਾ ਲਹਯੋ ॥੯॥
ਕੇਤਿਕ ਸੰਗਤਿ ਆਨਿ ਚਢਾਵੈਂ।
ਕੇਚਿਤ ਸਿੱਖ ਬਨਨ ਕੋ ਆਵੈਂ।
ਤਿਸ ਕੀ ਭੀ ਸੰਗਤਿ ਕੁਛ ਹੋਈ।
ਦਰਸ਼ਨ ਕਰਿ ਧਨ ਅਰਪਹਿ ਸੋਈ ॥੧੦॥
ਸਾਠ ਸਊਰ ਜੁ ਸੰਗ ਬਨਾਏ।
ਬਜਾਹ ਆਪਨੋ ਲੀਨਿ ਕਰਾਏ।
ਤਹਿਂ ਰਹਿ ਸੰਮਤ ਬਹੁਤ ਬਿਤਾਏ।
ਕਾਬਲ ਕੇ ਗਿਲਜੇ[1] ਪੁਨ ਆਏ ॥੧੧॥

[1]ਗਿਲਜ਼ਈ (ਪਠਾਣ)।

ਕਾਲਜਮਨ ਜੋ ਕ੍ਰਿਸ਼ਨ ਸੰਘਾਰਾ।
ਰਹਯੋ ਸੰਕਲਪ ਜਨਮ ਤਿਨ ਧਾਰਾ।
ਮਥਰਾ ਕਤਲ ਕਰੌਂ ਅਰੁ ਪੁਰਿ ਕੋ[1]।
ਮਰਤਯੋ ਰਹਯੋ ਮਨੋਰਥ ਉਰ ਕੋ ॥੧੨॥

[1]ਮਥੁਰਾ ਪੁਰ ਨੂੰ ਫਿਰ ਕਤਲ ਕਰਾਂਗਾ।

ਅਹਿਮਦਸ਼ਾਹੁ ਨਾਮ ਜਿਸ ਭਯੋ।
ਪ੍ਰਥਮ ਗੁਰੂ ਦਸਮੋ ਕਹਿ ਦਯੋ[1]।
ਮਾਝੇ ਬਿਖੈ ਪ੍ਰਥਮ ਬਲ ਘਾਲਾ।
ਲੂਟਤਿ ਕੂਟਤਿ ਆਇ ਉਤਾਲਾ ॥੧੩॥

[1]ਪਹਿਲਾਂ ਹੀ ਦਸਮ ਗੁਰੂ ਜੀ ਨੇ ਕਹਿ ਦਿੱਤਾ ਸੀ।

ਥੋਰੇ ਸਿੰਘ ਭਏ ਤਿਸ ਕਾਲਾ[1]।
ਸੂਰਬੀਰਤਾ ਧਰਹਿਂ ਬਿਸਾਲਾ।
ਰਣ ਘਾਲਯੋ ਸਨਮੁਖ ਰਿਪੁ ਹੋਇ।
ਸੈਨਾ ਅਧਿਕ, ਕਰਹਿਂ ਕਜਾ ਸੋਇ[1] ॥੧੪॥

[1]ਥੋੜੇ ਹੀ ਸਿੰਘ (ਇਕੱਠੇ) ਹੋਏ।

[1]ਸੋ ਭਾਵ ਥੋੜੇ ਸਿੰਘ।

ਤਊ ਹਜ਼ਾਰਨ ਕੇ ਹਤਿ ਪ੍ਰਾਨਾ।
ਕਰਯੋ ਦੁਸ਼ਟ ਕੋ ਕਸ਼ਟ ਮਹਾਨਾ।
ਥੋਰੇ ਬਹੁਤ ਗਿਨਹਿਂ ਨਹਿਂ ਸਿੰਘ।

ਨ੍ਰਿਭੈ ਲਰਹਿੰ ਜਿਮ ਕਾਨਨ ਸਿੰਘ[1] ॥੧੫॥
[1]ਜਿਵੇਂ ਬਨ ਵਿਚ ਸ਼ੇਰ।

ਘੇਰ ਲੀਨਿ ਇਕ ਥਾਨ ਘਨੇਰੇ।
ਸਿਰ ਕਾਟੇ ਸਭਿ ਕੇ ਤਿਸ ਬੇਰੇ।
ਬੀਸ ਹਜ਼ਾਰ ਗਿਨਤਿ ਮਹਿਂ ਆਏ।
ਕਿਤ ਕਿਤ ਰਹੇ ਨ ਦ੍ਰਿਸ਼ਟੀ ਆਏ[1] ॥੧੬॥
[1]ਕਿਧਰੇ ਕਿਧਰੇ (ਲੁਕੇ) ਰਹੇ ਭਾਵ ਨਿਗਾਹ ਨਾ ਆਏ।

ਤਿਸ ਰਣ ਕੋ ਅਬਿ ਲੌ ਨਰ ਲਹੈਂ।
ਘੱਲੂਘਾਰਾ ਨਾਮ ਸੁ ਕਹੈਂ[†]।
[†]ਇਹ ਜੰਗ ਕੁਪਰਹੀੜੇ ਦੇ ਇਲਾਕੇ ਲੁਧਿਆਣੇ ਜ਼ਿਲੇ ਵਿਚ ਹੋਇਆ ਸੀ।

ਲਵਪੁਰਿ ਮਹਿਂ ਮਲੇਛ ਥਿਰ ਹੋਏ।
ਸਿੰਘ ਹੋਨਿ ਨਹਿਂ ਪਾਵੈ ਕੋਏ[1] ॥੧੭॥
[1]ਸਿੰਘ (ਇਸਥਤਿ) ਹੋਣਾ ਨਹੀਂ ਸੀ ਪਾਂਵਦੇ।

ਪੰਜ ਰਜਤਪਣ ਸਿਰ ਕੇ ਕਰੇ।
ਬਾਢਹਿਂ ਦੁਸ਼ਟ ਦ੍ਰਿਸ਼ਟ ਜਹਿਂ ਪਰੇ।
ਲਵਪੁਰਿ ਕੇ ਬਜ਼ਾਰ ਮਹਿਂ ਫੇਰ।
ਚਿਣੇ ਸੀਸ ਲਾਯੋ ਬਡ ਢੇਰ ॥੧੮॥
ਸ਼੍ਰੀ ਅੰਮ੍ਰਿਤਸਰ ਜਬਹਿ ਉਸਾਰਾ।
ਗੁਰ ਅਰਜਨ ਤਬਿ ਸ੍ਰਾਪ ਉਚਾਰਾ।
-ਉਖਰਹਿਂ ਜੜਾਂ ਮਸੰਦਨ ਕੇਰੀ।
ਤੀਰਥ ਨੀਵ ਪੋਲੀਏ ਹੇਰੀ[1] ॥੧੯॥
[1]ਭਾਵ, ਸਰੋਵਰ ਦੀ ਉਸਾਰੀ ਵਿਚ ਮਸੰਦ ਗਾਰਾ ਵਰਤਦੇ ਰਹੇ ਸੇ ਦੇਖੋ ਰਾਸਿ ੨ ਅੰਸੂ ੫੧।

ਇਹ ਭੀ ਬਿਨਸ ਜਾਇ ਇਕ ਬਾਰ।
ਸਿਖ ਮੇਰੇ ਤਬਿ ਲੇਇਂ ਉਸਾਰ-।
ਇਸ ਹਿਤ ਅਹਿਮਦ ਤਹਿਂ ਚਲਿ ਆਯੋ।
ਹਰਿਮੰਦਰ ਬਾਰੂਦ ਉਡਾਯੋ ॥੨੦॥
ਸਭਿ ਸੁਪਾਨ ਭੀ ਦਈ ਉਖੇਰ।
ਤਾਲ ਭਰਯੋ ਮ੍ਰਿਤਕਾ ਚਹੁ ਫੇਰ।
ਉਪਰ ਲਾਂਗੁਲ[1] ਕੋ ਫਿਰਵਾਇ।
[1]ਹਲ।

ਖੇਤੀ ਤਿਸ ਥਲ ਦਈ ਬਿਜਾਇ[†] ॥੨੧॥
[†]ਇਹ ਕੁਪਰਹੀੜੇ ਵਾਲੇ ਜੰਗ ਦੇ ਹਾਲਾਤ ਹਨ, ਜਿਸ ਨੂੰ ਵੱਡਾ ਘੱਲੂਘਾਰਾ ਕਹਿੰਦੇ ਹਨ, ਇਹ ਸੰਮਤ ੧੮੧੮ ਬਿ: ਵਿਚ ਹੋਇਆ ਸੀ।

ਦੇਸ਼ ਉਜਾਰਤਿ ਲਾਂਘਤਿ ਧਾਯੋ[1]।
[1]ਧਾ ਕੇ ਲੰਘਦਾ ਹੋਇਆ।

ਡੇਰਾ ਪੁਰਿ ਮਥੁਰਾ ਢਿਗ ਪਾਯੋ[†]।
[†]ਮਥਰਾ ਦੀ ਕਤਲਾਮ, ਜੋ ਉਥੇ ਮੇਲੇ ਪਰ ਆਏ ਬੇ ਹਥਿਆਰ ਯਾਤਰੂਆਂ ਦੀ ਅਹਿਮਦ ਸ਼ਾਹ ਅਬਦਾਲੀ

ਨੇ ਕਰਵਾਈ, ਇਹ ਵਾਕਿਅਤ ੧੮੧੩-੧੪ ਬਿ: ਦੇ ਹਨ। ਕਵੀ ਜੀ ਜੋ ਦੋਹਾਂ ਗੱਲਾਂ (ਘੱਲੂਘਾਰਾ ਤੇ ਮਥਰਾ ਤੇ ਕਤਲ) ਨੂੰ ਇਕ ਸੰਮਤ ਵਿਚ ਹੋਏ ਦੱਸ ਰਹੇ ਹਨ ਇਹ ਖ਼ਬਰ ਉਨ੍ਹਾਂ ਨੂੰ ਦਰੁਸਤ ਨਹੀਂ ਮਿਲੀ।

ਲੋਕ ਨਗਰ ਕੇ ਦਿਜ ਤਿਸ ਬੇਰੇ।
ਬਨੀਏ ਆਦਿਕ ਆਇ ਘਨੇਰੇ ॥੨੨॥
ਕਰ ਪਰ ਧਰੇ ਉਪਾਇਨ ਲਜਾਏ।
ਉਤਰਜੋ ਵਹਿਰ ਤਹਾਂ ਨਿਯਰਾਏ।
ਈਂਟ ਅਚਾਨਕ ਇਕ ਚਲਿ ਗਈ।
ਅਹਿਮਦ ਕੇ ਮੁਖ ਲਾਗਤਿ ਭਈ ॥੨੩॥
ਰਿਸ ਕਰਿ ਲੋਕਨਿ ਕੀ ਦਿਸ਼ਿ ਹੇਰਾ।
ਕਰਜੋ ਹੁਕਮ ਕਟੀਆ ਇਸ ਬੇਰਾ[1]†।

[1]ਇਸ ਵੇਲੇ ਕਤਲ ਦਾ ਹੁਕਮ ਦੇ ਦਿੱਤਾ।

†ਅਹਿਮਦ ਸ਼ਾਹ ਇਸ ਵੇਲੇ ਦਿੱਲੀਓਂ ਬਾਲਮਗੜ ਆਕੇ ਕਿਲੇ ਵਾਲੇ ਕਤਲ ਕੀਤੇ, ਇਕ ਹਿੱਸਾ ਫੌਜ ਦਾ ਮਥਰਾ ਅੱਪੜਿਆ। ਮਥਰਾ ਮੇਲਾ ਲੱਗਾ ਹੋਇਆ ਸੀ। ਅਬਦਾਲੀ ਦੀ ਫੌਜ ਨੇ ਮੇਲਾ ਤੇ ਸ਼ਹਿਰ ਲੁੱਟ ਲਿਆ ਤੇ ਸਖਤ ਬੇਰਹਿਮੀ ਨਾਲ ਯਾਤਰੀ ਕਤਲ ਕੀਤੇ। ਇਹ ਬੇ-ਹਥਿਆਰਾਂ ਦੀ ਕਿਸੇ ਗੁਨਾਹ ਤੋਂ ਬਿਨਾਂ ਦੀ ਕਤਲ ਅਹਮਦਸ਼ਾਹ ਤੇ ਉਸਦੀ ਕੌਮ ਦੇ ਨਾਮ ਤੇ ਇਕ ਭਾਰਾ ਕਲੰਕ ਮੰਨਿਆ ਗਿਆ ਹੈ।

ਧਾਇ ਮਲੇਛ ਪਰੇ ਤਬਿ ਕੈਸੇ।
ਮਿਰਗਾਵਲਿ ਪਰ ਕੇਹਰਿ ਜੈਸੇ ॥੨੪॥
ਪੁਰਿ ਜਨ ਕਤਲ ਲੁਟਜੋ ਪੁਰਿ ਸਾਰਾ।
ਗਹਿ ਆਨੀ ਦਲ ਮਹਿਂ ਬਹੁ ਦਾਰਾ।
ਹਠੀ ਸਿੰਘ ਤਬਿ ਹੁਤੋ ਤਹਾਂ ਹੀ।
ਗਾਢੋ ਰਹਜੋ ਅਪਨਿ ਘਰ ਮਾਂਹੀ ॥੨੫॥
ਨਿਕਟ ਆਵਨੇ ਦਿਯੋ ਨ ਕੋਈ।
ਪੁੰਜ ਤੁਫੰਗ ਪ੍ਰਹਾਰਹਿ ਸੋਈ।
ਕੇਤਿਕ ਪੁਰਿ ਜਨ ਬੀਚ ਬਰੇ ਹੈਂ[1]।

[1]ਕਈ ਨਗਰ ਦੇ ਆਦਮੀ (ਹਠੀ ਸਿੰਘ ਦੇ ਘਰ) ਵਿਚ ਵੜ ਗਏ।

ਕਿਤਿਕ ਵਹਿਰ ਢਿਗ ਭੀਤਿ ਪਰੇ ਹੈਂ[1] ॥੨੬॥

[1]ਕਈ ਬਾਹਰ ਕੰਧਾਂ ਪਾਸ (ਮਰੇ) ਪਏ ਹਨ।

ਸਗਲ ਦਜੋਸ ਹ੍ਵੈ ਕਰਿ ਸਿੰਘ ਗਾਢੇ।
ਗੁਲਕਾਂ ਹਤੀ ਦੂਰ ਅਰਿ ਠਾਂਢੇ।
ਇਸ ਬਿਧਿ ਆਧੀ ਰਾਤ ਬਿਤਾਈ।
ਹਠੀ ਸਿੰਘ ਤਬਿ ਚਹੀ ਚਢਾਈ ॥੨੭॥
ਜ਼ੀਨ ਤੁਰੰਗਨ ਪਰ ਤਬਿ ਪਾਏ।

ਘਰ ਮਹਿਂ ਚੋਬੇ ਬਹੁਤ ਅਲਾਏ[1]।
'ਜੇਕਰਿ ਗੁਰੂ ਕਹਾਵਨਿ ਆਛੇ।
ਚੋਰੀ ਨਿਕਸਨ ਕੋ ਨਹਿਂ ਬਾਂਛੇ ॥੨੮॥
ਗਮਨਹੁ ਅਪਨਿ ਬਜਾਇ ਨਗਾਰਾ।
ਦਸਮ ਗੁਰੂ ਕੋ ਲੇਹੁ ਨਿਹਾਰਾ[1]।'
ਅਲਪ ਬੈਸ ਕੁਛ ਨਹੀਂ ਬਿਚਾਰਾ।
ਚਢਿ ਹਯ ਪਰ ਤਬਿ ਹੁਕਮ ਉਚਾਰਾ ॥੨੯॥
'ਦੁੰਦਭਿ ਧੁਨਿ ਊਚੀ ਬਜਵਾਯੋ।
ਦੇਹਿ ਤਿਲਾਵਾ ਤਿਨ ਸੁਨਿ ਪਾਯੋ[1]।
-ਦਿਨ ਮਹਿਂ ਜੋ ਮਵਾਸ ਦਿਢ ਰਹ੍ਯੋ।
ਨਿਕਸ੍ਯੋ ਅਬਹਿ- ਮਲੇਛਨ ਲਹ੍ਯੋ ॥੩੦॥
ਦਸਤਾ ਏਕ ਚਮੂੰ ਕੋ ਭਾਰੀ।
ੳਰੜ ਆਨਿ ਪਰ੍ਯੋ ਬਲ ਧਾਰੀ।
ਸਾਠਹੁਂ ਸਿੰਘ ਘਿਰੇ ਤਿਨ ਮਾਂਹੀ।
ਮਾਰਗ ਨਿਕਸਨ ਕੋ ਕਿਤ ਨਾਂਹੀ ॥੩੧॥
ਹਠੀ ਸਿੰਘ ਕੋ ਰਿਸ ਕਰਿ ਕਹ੍ਯੋ।
'ਬਾਲ ਬੈਸ ਅਨਜਾਨ ਨ ਲਹ੍ਯੋ[1]।
ਭਾਜ ਜਾਹੁ ਜੇ ਭਾਜ੍ਯੋ ਜਾਇ।
ਹਮ ਤੌਂ ਮਰਹਿਂ ਹਜ਼ਾਰਨ ਘਾਇ' ॥੩੨॥
ਸੁਨਿ ਕਰਿ ਡਰ ਧਰਿ ਤੁਰਤ ਪਲਾਯੋ।
ਬਚ੍ਯੋ ਭਰਥਗੜ ਮਹਿਂ ਪ੍ਰਵਿਸ਼ਾਯੋ।
ਰੁਪੇ ਸਿੰਘ ਹੱਥਜਾਰ ਸੰਭਾਰੇ।
ਸਾਠਹੁਂ ਤੁਪਕ ਤੁਰਤ ਭਰਿ ਮਾਰੇ ॥੩੩॥
ਬਹੁਰ ਕਰੀ ਨੰਗੀ ਸ਼ਮਸ਼ੇਰ।
ਮਾਰਿ ਮਲੇਛਨ ਕੋ ਸਮ ਸ਼ੇਰ[†]।
ਰਾਤਿ ਅੰਧੇਰੀ ਸੂਝ ਨ ਆਈ।
ਆਪਸ ਮਹਿਂ ਤਰਵਾਰ ਚਲਾਈ ॥੩੪॥
ਹੁਤੀ ਚਮੂੰ ਦਸ ਦੋਇ ਹਜ਼ਾਰ।

[1]ਘਰ ਵਿਚ ਬਹੁਤ ਚੋਬੇ ਸਨ ਸੋ ਬੋਲੇ।

[1]ਭਾਵ ਦਸਮ ਗੁਰੂ ਜਦ ਚਮਕੌਰ ਤੋਂ ਨਿਕਲੇ ਸਨ ਤਾਂ ਪਤਾ ਦੇਕੇ ਨਿਕਲੇ ਸਨ। (ਅ) ਦਸਮ ਗੁਰੂ ਦਾ ਨਗਾਰਾ (ਪਿਆ) ਹੈ ਦੇਖ ਲੌ।

[1]ਜੋ ਰਾਤ ਨੂੰ ਪਹਿਰਾ ਦੇਂਦਾ ਸੀ ਤਿਸ ਨੇ ਸੁਣ ਲਿਆ।

[1]ਬਾਲ ਅਵਸਥਾ ਹੈ, ਅਣਜਾਣ ਹੋ ਤੇ ਕੋਈ ਸਮਝ ਨਹੀਂ ਹੈ (ਆਪ ਨੂੰ ਇਸ ਲਈ)......।

[†]ਪਾ:-ਦੇ ਗੇਰ।

ਆਪਸ ਮਹਿਂ ਕਟਿਗੇ ਤਿਸ ਬਾਰ।
ਸਿੰਘ ਜੰਗ ਮਹਿਂ ਸੁਰਗ ਸਿਧਾਰੇ।
ਦੁਸ਼ਟ ਹਜ਼ਾਰਹੁਂ ਤਹਾਂ ਪ੍ਰਹਾਰੇ ॥੩੫॥
ਹਠੀ ਸਿੰਘ ਤਹਿਂ ਤੇ ਨਿਕਸਜੋ।
ਪੁਨ ਬੁਰਹਾਨ ਪੁਰ ਚਲਿ ਗਯੋ।
ਬਸਜੋ ਤਹਾਂ ਬਡ ਸਦਨ ਚਿਨਾਏ।
ਸਿਖ ਸੰਗਤਿ ਕਰਿ ਕੈ ਸਮੁਦਾਏ ॥੩੬॥
ਸੁਤ ਉਤਪੰਨ ਭਯੋ ਨਹਿਂ ਕੋਈ।
ਬੈਸ ਬਿਤਾਈ ਤਹਿਂ ਬਸਿ ਸੋਇ।
ਏਕ ਸੁਤਾ ਉਪਜੀ ਤਿਸ ਕੇਰੇ।
ਪੁਨ ਪ੍ਰਲੋਕ ਭਾ ਤਹਾਂ ਭਲੇਰੇ ॥੩੭॥
ਅਬਿ ਲੌ ਚਿੰਨ੍ਹਤ ਪੁਰਿ ਬੁਰਹਾਨੇ।
ਹਠੀ ਸਿੰਘ ਕੋ ਥਲ ਨਰ ਜਾਨੇ।
ਅਹਿਮਦਸ਼ਾਹ ਮੁਰਜੋ ਪੁਨ ਪਾਛੇ।
ਲਰਹਿਂ ਸਿੰਘ ਜਿਤ ਕਤ ਤੇ ਆਛੇ ॥੩੮॥
ਆਗਾ ਪਾਛਾ ਲੂਟਿ ਪਲਾਵੈ[1]।

[1]ਅਹਿਮਦ ਸ਼ਾਹ ਦੀ) ਫੌਜ ਨੂੰ ਅੱਗੋਂ ਪਿੱਛੋਂ ਲੁੱਟਕੇ ਭੱਜ ਜਾਂਦੇ ਹਨ।

ਰਿਪੁ ਕੋ ਕਸ਼ਟ ਮਹਾਂ ਦਿਖਰਾਵੈਂ।
ਇਮ ਹੀ ਮਾਰਤਿ ਅਟਕ ਉਤਾਰਾ[1]।

[1]ਅਹਿਮਦ ਸ਼ਾਹ ਨੂੰ) ਮਾਰਦਿਆਂ ਅਟਕੋਂ ਪਾਰ ਉਤਾਰਾ ਦਿੱਤਾ।

ਸ੍ਰੀ ਅੰਮ੍ਰਿਤਸਰ ਬਹੁਰ ਉਸਾਰਾ ॥੩੯॥
ਮ੍ਰਿਤਕਾ ਕਾਰ ਦੁਸਾਲਨਿ ਡਾਲੇ[1]।

[1]ਭਾਵ ਕਾਰ ਸੇਵਾ ਐਡੇ ਪ੍ਰੇਮ ਨਾਲ ਕੀਤੀ ਕਿ ਕਈਆਂ ਨੇ ਦੁਸ਼ਾਲਿਆਂ ਵਿਚ ਪਾ ਪਾ ਕੇ ਕਾਰ ਕੱਢੀ।

ਗੁਰੂ ਨੀਵ ਤੇ ਚਨਜੋ ਉਤਾਲੇ[1]।

[1]ਗੁਰੂ ਜੀ ਵਾਲੀ ਨੀਂਹ ਤੋਂ ਚੱਕ ਕੇ ਛੇਤੀ ਉਸਾਰ ਲਿਆ (ਭਾਵ ਨੀਹਾਂ ਉਹੀ ਗੁਰੂ ਜੀ ਵਾਲਿਆਂ ਹੀ ਰਹੀਆਂ।)

ਮਹਾਂ ਪ੍ਰੇਮ ਤੇ ਤਾਲ ਬਨਾਯੋ।
ਹਰਿਮੰਦਰਿ ਸੁੰਦਰ ਉਸਰਾਯੋ† ॥੪੦॥

†ਅੰਮ੍ਰਿਤਸਰ ਹਰਿਮੰਦਰ ਦੀ ਦੁਰਾਨੀ ਨੇ ੧੮੧੮ ਵਿਚ ਬੇਅਦਬੀ ਕੀਤੀ। ਪਰ ਸੰਮਤ ੧੮੨੧ ਬਿ: ਵਿਚ ਖਾਲਸੇ ਨੇ ਇਸ ਨੂੰ ਫੇਰ ਉਸਾਰਨਾ ਆਰੰਭ ਦਿੱਤਾ। ਤਦੋਂ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਜੀ ਦੀ ਸੀ। ਇਮਾਰਤ ਦੀ ਸੇਵਾ ਪਰ ਸ੍ਰੀ ਅੰਮ੍ਰਿਤਸਰ ਦੇ ਸਹਿਜਧਾਰੀ ਸਿੱਖ ਭਾਈ ਦੇਸ ਰਾਜ ਜੀ ਥਾਪੇ ਗਏ ਸਨ। ਆਪ ਨੇ ਘਰ ਬਾਰ ਛੋਡਕੇ ਮਾਨੋਂ ਸੰਨ੍ਯਾਸ ਧਾਰਕੇ ਇਹ ਸੇਵਾ ਸਿਰ ਚਾਈ, ਪ੍ਰਸ਼ਾਦ ਆਪ ਨੂੰ ਘਰੋਂ ਆ ਜਾਂਦਾ ਸੀ ਤੇ ਹੋਰ ਸੰਬੰਧ ਘਰ ਨਾਲ ਕੋਈ ਨਹੀਂ ਸੀ। ਇਸ ਤਰ੍ਹਾਂ ਮਾਯਾ ਅਤੀਤ ਹੋ ਕੇ ਆਪ ਨੇ ਕੁਛ ਸਮੇਂ ਵਿਚ ਹਰਿਮੰਦਰ ਦੇ ਉਸਾਰਨ ਦੀ ਸੇਵਾ ਸਿਰੇ ਚਾੜ੍ਹ ਲਈ।

ਗੁਰ ਮ੍ਰਿਜਾਦ ਤੇ ਵਾਧ ਨ ਘਾਟ।
ਪੂਰਬ ਸਮ ਹੀ ਕੀਨਸਿ ਠਾਟ।
ਅਬਿ ਲੌ ਦਰਸ ਲਗਹਿ ਬਹੁਤੇਰਾ।
ਜਿਸ ਕੇ ਸਮ ਜਗ ਅਪਰ ਨ ਹੇਰਾ ॥੪੧॥
ਏਕ ਸਮੈਂ ਸਿੰਘ ਦਿੱਲੀ ਗਏ।
ਸ਼ਾਹ ਸੰਗ ਰਸ ਰਾਖਤਿ ਭਏ।
ਗੁਰੂ ਨਵਮਿ ਥਲ ਖੋਜਨ ਕੀਤਿ।
ਚਿਨੀ ਬੇਨਵੇ ਦੁਸ਼ਟ ਮਸੀਤ ॥੪੨॥
ਬਡੇ ਜ਼ੋਰ ਸੋਂ ਤਬਿ ਢਹਿਵਾਈ।
ਅਪਨੋ ਦੀਨੋ ਪਤਾ ਦਿਖਾਈ।
ਅਸਥੀ ਕੀ ਗਾਗਰ ਦੁਇ ਭਰੀ।
ਸੋ ਨਿਕਸਾਇ ਦਿਖਾਵਨਿ ਕਰੀ ॥੪੩॥
ਝੂਠੋ ਭਯੋ ਬੇਨਵਾ ਜਬੈ।
ਸਭਿਨਿ ਪ੍ਰਤੀਤ ਧਰੀ ਉਰ ਤਬੈ।
ਗੁਰੂ ਦੇਹੁਰਾ ਬਰ ਚਿਨਵਾਯੋ†।

†ਪਹਿਲਾਂ ਦੇਹੁਰਾ ਸੀਸ ਗੰਜ ਵਾਲਾ ਦਸਮੇਸ਼ ਜੀ ਦੀ ਆਗਜਾ ਨਾਲ ਦਿੱਲੀ ਦੇ ਸਿੱਖਾਂ ਨੇ ਬਣਵਾਇਆ ਸੀ। ਜਿਸ ਨੂੰ ਬੇਨਵਾ ਵਾਲੇ ਫਸਾਦ ਵਿਚ ਮੁਸਲਮ ਬੇਨਵਾਇਆਂ ਨੇ ਤੁਰਕ ਜ਼ੋਰ ਪਾਕੇ ਢਾਹ ਕੇ ਆਪਣਾ ਥਾਂ ਬਣਾ ਲਿਆ। ਜਦੋਂ ੧੮੪੭ ਦੇ ਲਗਪਗ ਖਾਲਸੇ ਨੇ ਦਿੱਲੀ ਤੇ ਧਾਵਾ ਕੀਤਾ ਹੈ, ਡੇਰਾ ਪਾਕੇ ਇਸ ਨੂੰ ਸਰਦਾਰ ਬਘੇਲ ਸਿੰਘ ਨੇ ਬੇਗਮ ਸਮਰੋ ਤੋਂ ਕੁਤਵਾਲੀ ਦਾ ਕਬਜ਼ਾ ਲੈਕੇ ਬਣਵਾਇਆ। ਏਹ ਦੇਹੁਰਾ ਕਵੀ ਜੀ ਨੇ ਆਪ ਅੱਖੀਂ ਡਿੱਠਾ ਹੈ। ਫਿਰ ਕਹਿੰਦੇ ਹਨ ਕਿ ਮਗਰੋਂ ਮੁੜ ਢਾਹਕੇ ਮੁਸਲਮਾਨਾਂ ਨੇ ਕੋਲਵਾਰ ਮਸੀਤ ਬਣਾ ਲਈ। ੧੮੫੭ ਦੇ ਗਦਰ ਮਗਰੋਂ ਸਿੱਖਾਂ ਨੇ ਇਹ ਟਿਕਾਣਾ ਫੇਰ ਪ੍ਰਾਪਤ ਕੀਤਾ। ਜੀਂਦ ਦੇ ਸਿੰਘ ਮਹਾਰਾਜੇ ਸਰੂਪ ਸਿੰਘ ਜੀ ਨੇ ਇਸ ਦੀ ਇਮਾਰਤ ਬਣਵਾਈ। ਦਿੱਲੀ ਦਰਬਾਰ ੧੯੧੧ ਈਸਵੀ ਤੋਂ ਪੰਥ ਪ੍ਰੇਮੀਆਂ ਨੇ ਹੋਰ ਉੱਦਮ ਚਾਇਆ। ਨਵੀਂ ਪੱਥਰ ਦੀ ਸੁੰਦਰ ਇਮਾਰਤ ਸਜਾਈ ਹੈ, ਜੋ ਹੁਣੇ ਹੀ ਸਿਰੇ ਚੜ੍ਹੀ ਹੈ। ਜਿਸ ਬੋਹੜ ਦੇ ਹੇਠ ਸਾਕਾ ਵਰਤਿਆ ਸੀ ਸੋ ਹੁਣ ਤਕ ਹਰਿਆ ਸੀ, ਇਸ ਨਵੀਂ ਇਮਾਰਤ ਦੇ ਬਣਦਿਆਂ ਬਣਦਿਆਂ ਸੁੱਕ ਗਿਆ ਹੈ।

ਅਬਿ ਲੌ ਜ਼ਾਹਰ ਖਰੋ ਦਿਖਾਯੋ ॥੪੪॥
ਬੀਚ ਬਜ਼ਾਰ ਥਾਨ ਤਿਹ ਲੀਨ।
ਗੁਰੂ ਬੈਠਿ ਜਹਿਂ ਕਾਰਨ ਕੀਨਿ[1]।
ਇਨ ਤੇ ਆਦਿ ਅਪਰ ਥਲ ਗੁਰ ਕੇ।
ਜ਼ਾਹਰ ਕਰੇ ਹੁਤੇ ਜੋ ਧੁਰ ਕੇ† ॥੪੫॥

[1]ਜੋਤੀ ਜੋਤ ਸਮਾਵਣ ਦੀ ਕਾਰ, ਸਾਕਾ।

†ਸਰਦਾਰ ਬਘੇਲ ਸਿੰਘ ਨੇ ਹੀ ਸਾਰੇ ਕਾਰਜ ਕੀਤੇ ਸਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤ੍ਰ ਐਨੇ 'ਹੱਠੀ ਸਿੰਘ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਗੁਲਾਬ ਰਾਇ, ਸ਼ਯਾਮ ਸਿੰਘ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਸ੍ਰੀ ਅਨੰਦਪੁਰਿ ਜਿਮ ਬਸਯੋ, ਸ਼੍ਰੋਤਾ! ਸੁਨਹੁ ਪ੍ਰਸੰਗ।
ਬਾਲ ਬੈਸ ਦਸਮੇਂ ਗੁਰੂ, ਬਾਕ ਕਹਯੋ ਜਿਸ ਢੰਗ ॥੧॥

ਚੌਪਈ:

ਛੀਂਟਨਿ ਸੰਗ ਭਿਰੇ ਬਹੁ ਬਾਲਕ।
ਭਾਗ ਗੁਲਾਬਰਾਇ ਤਤਕਾਲਕ।
ਲੇ ਪਗੀਆ ਗੁਰ ਕੀ ਸਿਰਿ ਧਰੀ।
ਭਿਰੇ ਕਛੂ ਨਹਿਂ ਜਾਨੀ ਪਰੀ ॥੨॥
ਅਪਰ ਨਰਨ ਸੋ ਬਰਜਨ ਕਰਯੋ।
ਸਤੁੱਦਵ ਮਹਿਂ ਸਤਿਗੁਰੂ ਨਿਹਰਯੋ।
ਕਹਯੋ -ਰਹਿਨ ਦਿਹੁ ਹੁਇ ਅਸ ਸਮੈਂ।
ਗੁਰਤਾ ਪਾਗ ਅਰਪ ਹੈਂ ਤੁਮੈ- ॥੩॥
ਇਹ ਬਚ ਸਾਚ ਹੁਯੋ ਚਹਿ ਜਾਨੇ।
ਜਬਿ ਅਨੰਦ ਪੁਰਿ ਤਯਾਗਿ ਪਯਾਨੇ।
ਸ਼ਯਾਮ ਸਿੰਘ ਅਰੁ ਰਾਇ ਗੁਲਾਬ।
ਹੁਤੇ ਸੰਗ ਭਾ ਜੰਗ ਅਜਾਬ ॥੪॥
ਇਨ ਕੀ ਦਿਸ਼ਿ ਸ਼੍ਰੀ ਸਤਿਗੁਰ ਹੇਰਾ।
ਲਿਖਯੋ ਹੁਕਮਨਾਵਾਂ ਤਿਸ ਬੇਰਾ।
ਨਾਹਣੇਸ਼ ਰਾਜੇ ਕੇ ਸਾਥ।
ਲਿਖਿ ਦ੍ਵੈ ਭ੍ਰਾਤ ਪਠੇ ਤਹਿਂ ਨਾਥ ॥੫॥
-ਤੁਰਕਨਿ ਸੰਗ ਬਿਗਾਰ ਹਮਾਰੇ।
ਰਾਖਹੁ ਰਾਜ ਨਿਜ ਬਿਖੈ ਸੁਖਾਰੇ-।
ਲੇ ਕਰਿ ਦੋਨਹੁਂ ਭ੍ਰਾਤ ਸਿਧਾਰੇ।
ਔਰ ਸਕਲ ਅਪਨੋ ਪਰਵਾਰੇ ॥੬॥
ਨਾਹਣੇਸ਼ ਕੇ ਢਿਗ ਜਬਿ ਗਏ।
ਦਯੋ ਹੁਕਮਨਾਮਾ ਥਿਰ ਭਏ।
ਦੇਖਿ ਭੂਪ ਪੜਿ ਕਰਿ ਅਭਿਲਾਖੇ।
ਗਿਰਵੀ ਗ੍ਰਾਮ ਨਾਮ ਦੇ ਰਾਖੇ[1] ॥੭॥
ਸਹਿਤ ਕੁਟੰਬ ਰਹੇ ਸੁਖ ਪਾਏ।
ਤਿਸੀ ਗ੍ਰਾਮ ਮਹਿਂ ਧਾਮ ਬਨਾਏ।

[1]ਗਿਰਵੀ ਨਾਮ ਦਾ ਪਿੰਡ ਦੇਕੇ (ਉਥੇ) ਰਖੇ।

ਬੰਦੇ ਆਦਿਕ ਕੋ ਉਤਪਾਤ।
ਜਬਿ ਹਟਿ ਗਯੋ ਭਈ ਸੁਖ ਸ਼ਾਂਤਿ ॥੮॥
ਤਬਹਿ ਗੁਲਾਬ ਰਾਇ ਚਲਿ ਆਯੋ।
ਆਨੰਦ ਪੁਰਿ ਕੋ ਚਹਤਿ ਬਸਾਯੋ।
ਤਬਿ ਜੋ ਤਹਿਂ ਕਹਿਲੂਰੀ ਨਾਥ।
ਮਿਲ੍ਯੋ ਜਾਇ ਕਰਿ ਤਿਸ ਕੇ ਸਾਥ ॥੯॥
'ਆਨੰਦ ਪੁਰਿ ਕੋ ਜੇਤਿਕ ਥੇਹ।
ਕਰਿ ਕੈ ਮੋਲ ਮੋਹਿ ਕੋ ਦੇਹ।'
ਸਾਠ ਹਜ਼ਾਰ ਦਰਬ ਨ੍ਰਿਪ ਲੀਨਿ।
ਸਾਠ ਘੁਮਾਉਂ ਧਰਾ ਤਿਹ ਦੀਨ ॥੧੦॥
ਸ਼ਜਾਮ ਸਿੰਘ ਅਰੁ ਸਕਲ ਕੁਟੰਬ।
ਆਨਿ ਬਸੇ ਲੇ ਨਰਨ ਕਦੰਬ।
ਕਿਤਿਕ ਸਦਨ ਹਿਤ† ਅਪਨਿ ਬਨਾਏ[1]।
ਕੇਤਿਕ ਅਪਰ ਕੁਟੰਬੀ ਆਏ ॥੧੧॥
ਦੀਪਮਾਲਕਾ ਦਿਵਸ ਬਿਸਾਖੀ।
ਹੋਰੀ ਬਿਖੈ ਹੋਹਿ ਅਭਿਲਾਖੀ।
ਹਿਤ ਪੂਜਾ ਕੇ ਬਨਿ ਠਨਿ ਬੈਸੇ[1]।
ਦਸਮੇਂ ਗੁਰੂ ਬਿਰਾਜੈਂ ਜੈਸੇ ॥੧੨॥
ਸੰਗਤਿ ਆਵਨ ਲਗੀ ਬਿਲੋਕਿ।
ਦੇਖਾ ਦੇਖੀ ਹ੍ਵੈ ਗਨ ਲੋਕ।
ਲ੍ਯਾਇ ਉਪਾਇਨ ਪੂਜਹਿਂ ਪਾਇ।
ਸ਼੍ਰੀ ਸਤਿਗੁਰ ਕੀ ਰੀਤਿ ਮਨਾਇ[1] ॥੧੩॥
ਆਵਨ ਲਗ੍ਯੋ ਦਰਬ ਸਮੁਦਾਇ।
ਮੇਲਾ ਹੋਨਿ ਲਗ੍ਯੋ ਤਿਸ ਭਾਇ।
ਕਲਗੀ ਜਿਗਾ ਬਿਭੂਖਨ ਸਾਰੇ।
ਜਿਮ ਸ਼੍ਰੀ ਗੋਬਿੰਦ ਸਿੰਘ ਤਨ ਧਾਰੇ ॥੧੪॥
ਤਿਮ ਹੀ ਕਮਰ ਕਸਾ ਸ਼ੁਭ ਕਰਿ ਕੈ।
ਸਭਿ ਮਹਿਂ ਬੈਠਤਿ ਮੰਜੀ ਚਰਿ ਕੈ।
ਸ਼੍ਰੀ ਗੁਰ ਸ਼ੋਭਤਿ ਜਿਸ ਅਸਥਾਨ।
ਤਹਿਂ ਹੀ ਇਹ ਬੈਠੈ ਬਡ ਮਾਨਿ ॥੧੫॥

[1]ਆਪਣੇ ਲਈ ਬਣਾਏ। †ਪਾ:-ਤਹਿਂ।
[1]ਭਾਵ ਗੁਲਾਬ ਰਾਇ ਬੈਠੇ।
[1]ਸ਼੍ਰੀ ਸਤਿਗੁਰਾਂ ਵਾਂਙ (ਇਨ੍ਹਾਂ ਨੂੰ) ਮਨਾਂਵਦੇ ਸਨ।

ਐਸ਼੍ਰਜ ਬਧਜੋ ਭਯੋ ਹੰਕਾਰ।
ਗੁਰ ਕੀ ਸਮਤਾ ਮਹਿਂ ਚਿਤ ਧਾਰਿ।
ਹੁਤੋ ਦੇਹੁਰਾ ਨਵਮ ਗੁਰੂ ਜਹਿਂ।
ਸੇਵਾ ਹਿਤ ਗੁਰਬਖਸ਼ ਸਾਧ ਤਹਿਂ ॥੧੬॥
ਆਪ ਗੁਰੂ ਥਿਰ ਕਰਿ ਤਿਹ ਗਏ[1]।
ਧੂਪ ਦੀਪ ਆਦਿਕ ਕ੍ਰਿਤ ਕਏ[1]।
ਤਿਨ ਇਕ ਦਿਨ ਅਵਿਲੋਕਜੋ ਆਨਿ।
ਥਿਰਜੋ ਗੁਲਾਬਰਾਇ ਗੁਰ ਥਾਨ ॥੧੭॥
ਸਹੀ ਨ ਗਈ ਅਵੱਗਜਾ ਹੇਰਿ।
ਹਾਥ ਜੋਰਿ ਬੋਲਜੋ ਤਿਸ ਬੇਰ।
'ਪੂਜਾ ਲੇਨਿ ਆਦਿ ਕ੍ਰਿਤ ਸਾਰੀ।
ਸਭਿ ਕਰੀਯਹਿ, ਨਹਿਂ ਕੋ ਹਟਕਾਰੀ ॥੧੮॥
ਬੈਠਨ ਉਚਿਤ ਨ ਗੁਰ ਕੇ ਥਾਨ।
ਬੰਦਨ ਜੋਗ ਸਭਿਨਿ ਕੇ ਜਾਨ।
ਥਾਨ ਬਨਾਵਹੁ ਆਪਨ ਦੂਜਾ।
ਤਹਾਂ ਬੈਠਿ ਲੀਜਹਿ ਸਭਿ ਪੂਜਾ' ॥੧੯॥
ਸੁਨਤਿ ਗੁਲਾਬ ਰਾਇ ਰਿਸ ਭਰਜੋ।
'ਕਜੋਂ ਫੁਕਰੇ ਮੁਹਿ ਦੇਖਤਿ ਜਰਜੋ[†]।
ਪੁਰਿ ਉਜਰਜੋ ਨਹਿਂ ਕਿਨਹੁੰ ਬਸਾਯੋ।
ਗੁਰ ਕੋ ਅਦਬ ਨ ਕਿਨ ਰਖਵਾਯੋ ॥੨੦॥
ਮੈਂ ਉਪਾਇ ਕਰਿ ਦੇ ਕਰਿ ਦਰਬ।
ਫਿਰ ਇਤ ਉਤਹਿ ਬਸਾਯੋ ਸਰਬ।
ਗੁਰ ਥਲ ਬਿਦਤ ਕਰੇ ਧਨ ਲਾਯੋ।
ਲੋਕਨਿ ਤੇ ਤਹਿ ਮਾਥ ਟਿਕਾਯੋ ॥੨੧॥
ਤੂੰ ਸੇਵਕ ਸੇਵਾ ਪਰ ਰਾਖਾ।
ਸਮਤਾ ਹਿਤ ਕਹਿਬੋ ਕਿਮ ਕਾਂਖਾ।
ਕਾਰਜ ਕਰਿਬੇ ਸ਼ਕਤਿ ਨ ਕੋਈ[1]।
ਅਪਰ ਜਿ ਕਰਜੋ, ਈਰਖਾ ਹੋਈ[1] ॥੨੨॥

[1]ਉਸ ਗੁਰਬਖਸ਼) ਨੂੰ ਗੁਰੂ ਜੀ ਆਪ ਮੁਕਰਰ ਕਰ ਗਏ ਸਨ।
[1]ਜੋ ਧੂਪ ਦੀਪ ਆਦਿ ਦੇ ਕੰਮ ਕਰਦਾ ਸੀ।
[†]ਪਾ: ਟੁਕਰ ਗਦਾਇ ਦੇਖ ਮੁਹਿ ਜਰਜੋ।
[1]ਤੇਰੇ ਵਿੱਚ ਤਾਂ ਸਮਰਥਾ ਨਹੀਂ।
[1]ਜੇ ਕਿਸੇ ਹੋਰ ਨੇ ਕੀਤਾ ਤਾਂ ਤੂੰ ਈਰਖਾ ਕਰਦਾ ਹੈਂ।

ਤਬਿ ਨ ਈਰਖਾ ਕਿਨਹੂੰ ਕਰੀ।
ਆਮਦਨੀ ਪਿਖਿ ਅਬਿ ਮਤਿ ਜਰੀ।
ਮੁਝ ਆਗੇ ਅਬਿ ਦਿਹੁ ਨ ਦਿਖਾਈ।
ਦੂਰ ਕਰਹੁੰ ਗਹਿ ਕੈ ਬਰਿਆਈ' ॥੨੩॥
ਤੀਨ ਚਾਰ ਨਰ ਉਠਿ ਤਤਕਾਲਾ।
ਪਕਰਿ ਧਕੇਲਤਿ ਵਹਿਰ ਨਿਕਾਲਾ।
ਜਾਨਿ ਅਵੱਗਜਾ ਕੋ ਅਪਰਾਧੂ।
ਦਿਯੋ ਸ੍ਰਾਪ ਕੋਪਯੋ ਤਬਿ ਸਾਧੂ ॥੨੪॥
'ਕੇਤਿਕ ਦਿਨ ਮਹਿਂ ਜੜ੍ਹ ਉਖਰੈ ਹੈ।
ਸੁਤ ਸਮੇਤ ਤੂਰਨ ਹੀ ਛੈ ਹੈਂ।'

ਇਸ ਪ੍ਰਕਾਰ ਦੇ ਵਾਕਿਆਤ ਤੋਂ ਇਕ ਸਿਧਾਂਤ ਸਪਸ਼ਟ ਧਿਆਨ ਗੋਚਰਾ ਹੁੰਦਾ ਹੈ, ਕਿ ਦਸਾਂ ਪਾਤਸ਼ਹੀਆਂ ਦਾ ਜੋ 'ਗੁਰੂ' ਦਰਜਾ ਸੀ ਉਹ ਉਸ 'ਗੁਰੂ' ਪਦ ਦੇ ਅਰਥਾਂ ਤੋਂ ਵੱਖਰਾ ਸੀ ਜੋ ਆਮ ਹਿੰਦੂ ਸਾਹਿਤਜ ਨੇ ਕੀਤਾ ਤੇ ਵਰਤਿਆ ਹੈ। ਇਕ ਕਿੱਲ ਠੋਕਣਾ ਸਿਖਾਉਣ ਵਾਲੇ ਤੋਂ ਲੈਕੇ ਬ੍ਰਹਮ ਵਿੱਦਜਾ ਦੇ ਦਾਤੇ ਤੱਕ ਨੂੰ ਉਹ ਇਕੋ ਪਦ 'ਗੁਰੂ' ਨਾਲ ਯਾਦ ਕਰਦੇ ਹਨ। ਸੰਸਕ੍ਰਿਤ ਵਰਣ ਮਾਲਾ ਸਿਖਾਲਣ ਵਾਲੇ ਤੋਂ ਲੈ ਕੇ, ਉਹ ਦੀਖਯਾ ਦੇਣ ਵਾਲੇ ਤੇ ਆਤਮ ਜੀਵਨ ਦੇਣ ਵਾਲੇ ਨੂੰ ਅਤੇ ਅੱਗੇ ਚਲਕੇ ਉਹ ਪਰਮੇਸ਼ਰ ਤੱਕ ਲਈ ਬੀ ਓਹੋ 'ਗੁਰੂ' ਪਦ ਵਰਤ ਲੈਂਦੇ ਹਨ। ਇਹੋ ਹਿੰਦੂ ਖਿਆਲ ਦਾ ਖੁੱਲ੍ਹੇ ਅਰਥਾਂ ਵਾਲਾ ਲਫਜ਼ 'ਗੁਰੂ' ਸਿੱਖਾਂ ਵਿਚ ਇਸ ਪਦ ਦੇ ਵਰਤਾਉ ਵਿੱਚ ਮੁਸ਼ਕਲਾਂ ਪਾਉਂਦਾ ਤੇ ਵਿਖਾਂਦ ਦਾ ਕਾਰਣ ਬਣਦਾ ਰਿਹਾ ਹੈ। ਸਿਖ ਧਾਰਮਕ ਸਾਹਿੱਤ ਵਿਚ ਇਹ ਪਦ ਜਦ ਦਸਾਂ ਪਾਤਸ਼ਾਹੀਆਂ ਨਾਲ ਵਰਤਿਆ ਗਿਆ ਹੈ ਤਾਂ ਇਸ ਦਾ ਭਾਵ 'ਗੁਰ ਅਵਤਾਰ' ਤੋਂ ਲਿਆ ਗਿਆ ਹੈ। ਪੁ: ਜਨਮ ਸਾਖੀ ਵਿਚ ਅਕਾਲ ਪੁਰਖ ਜੀ ਗੁਰੂ ਨਾਨਕ ਦੇਵ ਜੀ ਨੂੰ ਆਖਦੇ ਹਨ 'ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰਪਰਮੇਸਰ।' ਗੁਰਬਾਣੀ ਵਿੱਚ ਪੰਚਮ ਸਤਿਗੁਰੂ ਜੀ ਨੇ ਸਾਰੇ ਭਗਤਾਂ ਦੇ ਦਰਜੇ ਦੱਸਦਿਆਂ- ਜੋ ਆਪਣੀਆਂ ਸੰਪ੍ਰਦਾਵਾਂ ਦੇ ਸਿੱਖਯਾ ਦਾਤਾ ਸੇ-ਗੁਰੂ ਨਾਨਕ ਦੇਵ ਜੀ ਨੂੰ ਅਖੀਰ ਵਿੱਚ ਆ ਕੇ 'ਗੁਰੁ ਨਾਨਕ ਦੇਵ ਗੋਬਿੰਦ ਰੂਪ' ਕਿਹਾ ਹੈ, ਭਗਤਾਂ ਨੂੰ ਨਾ ਗੁਰੂ ਕਿਹਾ ਹੈ, ਨਾ ਗੋਬਿੰਦ ਰੂਪ ਦੱਸਿਆ ਹੈ। ਜਿਸ ਤੋਂ ਸਾਫ ਸਿੱਧ ਹੈ ਕਿ ਗੁਰੂ ਸਾਹਿਬ ਅਕਾਲ ਪੁਰਖ ਦੀ ਗੁਰੂ ਜਯੋਤੀ ਦਾ ਅਵਤਾਰ ਸੇ, ਉਹਨਾਂ ਦੀ ਸ਼ਾਨ ਵਿਚ 'ਗੁਰੂ' ਪਦ ਬੜੇ ਉੱਚੇ ਅਰਥਾਂ ਵਿਚ ਵਰਤਿਆ ਗਿਆ ਹੈ। ਪਰ ਇਤਿਹਾਸ ਵਿਚੋਂ ਪਤਾ ਚਲਦਾ ਹੈ ਕਿ ਇਸ ਗੱਲ ਨੂੰ ਨਾ ਸਮਝ ਕੇ ਕਈ ਵੇਰ ਆਪਣੇ ਆਪ ਨੂੰ ਗੁਰੂ ਕਹਾਉਣ ਦਾ ਤੇ ਦਸਾਂ ਪਾਤਸ਼ਾਹੀਆਂ ਦੇ ਤੁੱਲ ਮੰਨੇਂ ਜਾਣ ਦਾ ਨਿਸ਼ਫਲ ਜਤਨ ਹੋਇਆ ਹੈ, ਚਾਹੇ ਆਪ ਵਲੋਂ ਤੇ ਚਾਹੇ ਉਹਨਾਂ ਦੇ ਚੇਲਿਆਂ ਵੱਲੋਂ। ਜਦੋਂ ਕਿਸੇ ਇਸ ਗ਼ਲਤੀ ਕਰਨ ਵਾਲੇ ਨੂੰ ਸਮਝਾਇਆ ਜਾਵੇ ਤਾਂ ਉਹ ਉਸੇ ਹਿੰਦੂ ਸਾਹਿਤ ਦੇ 'ਗੁਰੂ ਪਦ' ਦੇ ਖੁੱਲ੍ਹੇ ਅਰਥਾਂ ਵਾਲੇ ਝਮੇਲੇ ਵਿਚ ਫਸਿਆ ਇਸ ਖਿਆਲ ਨੂੰ ਸਮਝਦਾ ਨਹੀਂ ਪਰ ਐਸੇ ਹਾਲਾਤ ਜੋ ਉਪਰ ਆਏ ਹਨ ਦੱਸਦੇ ਹਨ ਕਿ ਦਸਾਂ ਗੁਰੂ ਸਾਹਿਬਾਂ ਦੀ ਤੁੱਲਤਾ ਤੇ ਗੁਰੂ ਪਦ ਦੇ ਦਾਅਵੇ ਆਦਿ ਕਾਲ ਤੋਂ ਹੀ ਪੰਥ ਵਿਚ ਨਾਪਸੰਦ ਹੋਏ। (੧) ਪਹਿਲਾਂ ਸਭ ਤੋਂ ਇਹ ਭੁੱਲ ਬੰਦੇ ਦੇ ਵਧੇਰੇ ਪ੍ਰੇਮੀਆਂ ਤੋਂ ਹੋਈ। ਜਦੋਂ ਉਨ੍ਹਾਂ ਨੇ ਉਸਨੂੰ ਜਥੇਦਾਰ ਦੀ ਹੈਸੀਅਤ ਤੋਂ ਵਧੇਰੇ ਉੱਚਾ ਸਮਾਨ ਦੇਣਾ ਸ਼ੁਰੂ ਕਰ ਦਿੱਤਾ, ਅਤੇ ਜਦੋਂ ਉਸਨੇ 'ਦਰਸ਼ਨ ਫਤੇ' ਜਾਰੀ ਕੀਤੀ ਤਾਂ ਤਦੋਂ ਹੀ ਉਸ ਦੇ ਨਿਕਟਵਰਤੀ ਖਾਲਸਿਆਂ ਨੇ ਖ਼ਫਗੀ ਜ਼ਾਹਰ ਕੀਤੀ। ਮਾਤਾ ਸੁੰਦਰੀ ਜੀ ਨੇ ਬੀ ਮਨ੍ਹੇ ਕਰ ਘੱਲਿਆ। ਗ਼ਾਲਬਨ ਬੰਦੇ ਨੇ ਜੰਗ ਦਾ ਬੋਲਾ ਤਾਂ ਵਾਹਿਗੁਰੂ ਜੀ ਕੀ ਫਤੇ ਮੁੜ ਜਾਰੀ ਕੀਤਾ, ਪਰੰਤੂ ਉਸ ਨੂੰ ਗੁਰੂ ਤੁੱਲਤਾ ਦੇਣ ਵਾਲੇ ਉਸ ਦੇ ਲਸ਼ਕਰ ਵਿਚ ਬਹੁਤੇ ਹੋ ਗਏ ਸਨ। ਸ਼੍ਰੀ ਗੁਰੂ ਜੀ ਵਲੋਂ ਨਾਲ ਆਏ ਸਿੰਘਾਂ- ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ ਵਰਗਿਆਂ ਨੇ ਮਨ੍ਹੇ ਕੀਤਾ। ਪੰਥ ਦੀ ਰਾਜਨੈਤਕ ਹਾਲਤ ਆਗਿਆ ਨਹੀਂ ਸੀ ਦੇਂਦੀ ਕਿ ਬਾਬਿਆਂ ਵਰਗੇ ਦਾਨੇ ਬਾਬਾ ਬੰਦਾ ਸਿੰਘ ਜੀ ਨਾਲੋਂ ਅਲਗ ਹੋ ਜਾਂਦੇ ਪਰ ਬਾਬਾ ਕਾਹਨ ਸਿੰਘ ਦੇ ਪੁੱਤ੍ਰ ਮੀਰੀ ਸਿੰਘ ਨੇ, ਜੋ ਹਜੂਰੀ ਭੁਜੰਗੀਆਂ ਵਿਚੋਂ ਸੀ, ਬੰਦੇ ਦੀ ਮੁਖਲਾਫ਼ਤ ਕੀਤੀ। ਇਸ ਦੇ ਨਾਲ

ਪੰਜ ਸਤ ਸੌ ਖਾਲਸਾ ਹੋਰ ਸਨ ਜਿਨ੍ਹਾਂ ਨੂੰ ਉਸ ਵੇਲੇ ਭੁਜੰਗੀ ਆਖਦੇ ਸਨ; ਇਹਨਾਂ ਨੇ ਫੈਸਲਾ ਕੀਤਾ ਕਿ ਅਸੀਂ ਬੰਦੇ ਨੂੰ ਦੱਸ ਦੇਣਾ ਹੈ ਕਿ ਤੂੰ ਗੁਰੂ ਨਹੀ; ਗੁਰੂ ਕਾ ਬਲ ਤੇਰੀ ਕਾਮਯਾਬੀ ਦਾ ਕਾਰਨ ਹੈ। ਚਾਹੇ ਮੀਰੀ ਸਿੰਘ ਨੂੰ ਬਾਬੇ ਤੇ ਪਿਤਾ ਨੇ ਰੋਕਿਆ ਪਰ ਉਸ ਨੇ ਕਿਹਾ ਕਿ ਮੈਂ ਪੰਥ ਵਿਚ ਫੁਟ ਨਹੀਂ ਪਾਵਾਂਗਾ, ਇਕ ਵੇਰੀ ਬੰਦਈਆਂ ਨੂੰ ਨਿਸ਼ਚਾ ਕਰਾਉਣਾ ਹੈ ਕਿ ਬਾਬਾ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਦਾ ਮਾਲਕ ਤੇ ਉਨ੍ਹਾਂ ਦੀ ਤੁੱਲਤਾ ਦਾ ਨਹੀਂ ਹੈ। ਇਸ ਲਈ ਮੈਂ ਇਹ ਪਰਤਾਵੇ ਵਜੋਂ ਗੁਰੂ ਅੱਗੇ ਅਰਦਾਸ ਕਰਕੇ ਬੰਦੇ ਨਾਲ ਜੂਝਣਾ ਹੈ ਕਿ ਜੇ ਬੰਦਾ ਗੁਰੂ ਹੈ ਤਾਂ ਉਸਦੀ ਜੈ ਹੋਵੇ ਤੇ ਜੇ ਬੰਦਾ ਗੁਰੂ ਨਹੀਂ ਤਾਂ ਉਸਦੀ ਹਾਰ ਹੋਵੇ। ਮੈਂ ਥੋੜੇ ਭੁਜੰਗੀਆਂ ਨਾਲ ਹਾਂ, ਉਹ ਮੰਨਿਆਂ ਪ੍ਰਮੰਨਿਆਂ ਜੋਧਾ ਤੇ ਬਹੁਤ ਸੈਨਾ ਵਾਲਾ ਹੈ। ਚੁਨਾਂਚੇ ਜਦੋਂ ਬੰਦਾ ਰਿਆੜਕੀ ਤੋਂ ਲਾਹੌਰ ਨੂੰ ਵਧਿਆ ਹੈ ਤਾਂ ਮੀਰੀ ਸਿੰਘ ਨੇ ਆਪਣੇ 'ਭੁਜੰਗੀਆਂ' ਸਾਥੀਆਂ ਸਣੇ ਘਣੀਏਕੇ ਪਿੰਡ ਦੇ ਲਾਗੇ ਬੰਦੇ ਨਾਲ ਜੰਗ ਕੀਤਾ ਤੇ ਬੰਦੇ ਵਰਗੇ ਬਹਾਦਰ ਨੂੰ ਸ਼ਿਕਸਤ ਦੇਕੇ ਦੱਸ ਦਿੱਤਾ ਕਿ ਤਾਕਤ ਗੁਰੂ ਕੀ ਹੈ, ਗੁਰੂ ਨੇ ਪੰਥ ਵਿਚ ਰੱਖੀ ਹੈ, ਤੂੰ ਇਕੱਲਾ ਤਾਕਤ ਵਾਲਾ ਨਹੀਂ, ਗੁਰੂ ਨਹੀਂ। ਬੰਦਾ ਹਾਰ ਖਾਕੇ ਏਥੋਂ ਹੀ ਰਿਆੜਕੀ ਨੂੰ ਮੁੜ ਗਿਆ†। ਇਹ ਗੱਲ ਗ਼ਲਤ ਪ੍ਰਸਿੱਧ ਹੈ ਕਿ ਬੰਦਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਆਕੇ ਗੁਰਿਆਈ ਦਾ ਦਾਹਵਾ ਕੀਤਾ। ਉਨ੍ਹਾਂ ਦੇ ਚਲਾਣੇ ਤੋਂ ਬਹੁਤ ਬਰਸ ਮਗਰੋਂ ਬੰਦਈਆਂ ਤੇ ਖਾਲਸਿਆਂ ਦਾ ਝਗੜਾ ਤੇ ਚਿੱਠੀਆਂ ਵਾਲੀ ਗੱਲ ਹੋਈ ਸੀ। ਇਸੇ ਤਰ੍ਹਾਂ ਮਗਰੋਂ ਦੇ ਹਾਲਾਤ ਕਿ ਬੰਦਈਆਂ ਨੂੰ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਨਾ ਕਰਨ ਦਿੱਤਾ ਗਿਆ ਤੇ ਛੇਕੜ ਬਹੁਤ ਮੁਖੀਏ ਬੰਦਈ ਤਤਖਾਲਸਾ ਹੋ ਗਏ, ਇਸ ਗੱਲ ਨੂੰ ਦੱਸਦਾ ਹੈ ਕਿ ਇਸ ਪਹਿਲੇ ਜਤਨ ਦੀ ਕਿ ਕੋਈ ਹੋਰ ਦਸਾਂ ਗੁਰਾਂ ਸਦਰਸ਼ ਗੁਰੂ ਹੋ ਸਕਦਾ ਹੈ ਤਦੋਂ ਹੀ ਮੁਖਲਾਫਤ ਹੋਈ ਤੇ ਹਜ਼ੂਰੀ ਸਿੰਘਾਂ ਨੇ ਕੀਤੀ।

†ਦੇਖੋ ਸ੍ਰੀ ਕਰਮ ਸਿੰਘ ਜੀ ਦਾ 'ਬੰਦਾ ਬਹਾਦਰ ਕੌਨ ਥਾ? ' ਦਾ ਸਫਾ ੧੦੭।

(੨) ਦੂਸਰੀ ਕੋਸ਼ਸ਼ ਗੁਰੂ ਬਣਨ ਦੀ ਪਾਲਕ ਅਜੀਤ ਸਿੰਘ ਤੇ ਹਠੀ ਸਿੰਘ ਵੱਲੋਂ ਹੋਈ, ਇਸ ਦੀ ਮੁਖਲਾਫਤ ਮਾਤਾ ਸੁੰਦਰੀ ਜੀ ਨੇ ਆਪ ਕੀਤੀ। ਮਾਤਾ ਜੀ ਦਸਮ ਗੁਰੂ ਸਾਹਿਬ ਦੇ ਆਦਰਸ਼ ਨੂੰ ਸਮਝਦੇ ਸੇ, ਉਹਨਾਂ ਦੇ ਰੂਹਾਨੀ ਜਲਾਲ ਨੂੰ ਅੱਖੀਂ ਦੇਖ ਚੁਕੇ ਸੇ, ਉਹ ਜਾਣਦੇ ਸੇ ਕਿ ਅਜੀਤ ਸਿੰਘ ਦਸਾਂ ਪਾਤਸ਼ਾਹੀਆਂ ਵਾਂਙੂ ਯਾਰਵੀਂ ਪਾਤਸ਼ਾਹੀ ਨਹੀਂ ਹੈ। ਉਹਨਾਂ ਨੇ ਉਸ ਦੀ ਮੁਖਾਲਫਤ ਕੀਤੀ, ਇਥੋਂ ਤਾਈਂ ਕਿ ਛੇਵੇਂ ਸਤਿਗੁਰਾਂ ਦੇ ਸ਼ਸਤ੍ਰ ਉਸ ਨੂੰ ਨਹੀਂ ਲਗਾਉਣ ਦਿੱਤੇ ਤੇ ਉਸ ਦੇ ਹਠ ਤੇ ਬੇਅਦਬੀ ਕਰਨ ਪਰ ਉਸਨੂੰ ਸਰਾਪ ਦੇਕੇ ਘਰੋਂ ਕੱਢ ਦਿੱਤਾ। ਇਸੇ ਤਰ੍ਹਾਂ ਜਦੋਂ ਹਠੀ ਸਿੰਘ ਨੇ ਬਾਣੀ ਰਚੀ ਤੇ ਗੁਰਬਾਣੀ ਵਿਚ ਆਪਣਾ ਨਾਮ ਪਾਇਆ ਤਾਂ ਮਾਤਾ ਜੀ ਨੇ ਸਮਝਾਇਆ। ਨਾ ਸਮਝਣ ਤੇ ਮਾਤਾ ਜੀ ਉਸ ਤੋਂ ਸੰਬੰਧ ਤੋੜਕੇ ਆਪ ਦਿੱਲੀ ਆ ਰਹੇ ਤੇ ਉਹ ਨਿਰਾਸ ਹੋਕੇ ਬੁਰਹਾਨਪੁਰ (ਦੱਖਣ) ਜਾ ਰਿਹਾ।

ਜਦੋਂ ਬੰਦਈਆਂ ਤੇ ਖਾਲਸਿਆਂ ਦਾ ਝਗੜਾ ਸ੍ਰੀ ਦਰਬਾਰ ਸਾਹਿਬ ਹੋਇਆ ਤਦੋਂ ਇਕ ਹੋਰ ਧੜਾ ਬੀ ਦਾਵੇਦਾਰ ਸੀ, ਓਹ ਜੀਤ ਮਲੀਏ ਕਹਾਉਂਦੇ ਸਨ। ਏਕ ਲੋਕ ਪਾਲਕ ਅਜੀਤ ਸਿੰਘ ਦੇ ਚੇਲੇ ਸਨ। ਉਸ ਵੇਲੇ ਇਹ ਬੀ ਧੱਕੇ ਗਏ ਤੇ ਫੇਰ ਮਾਦੂਮ ਹੋ ਗਏ।

(੩) ਤੀਸਰਾ ਜਤਨ ਗੁਰੂ ਬਣਨ ਦਾ ਗੁਰੂ ਜੀ ਦੇ ਆਪਣੇ ਪਿਤਰੇਰ ਭਤੀਜੇ ਗੁਲਾਬਰਾਇ (ਯਾ ਗੁਲਾਬ ਸਿੰਘ) ਵਲੋਂ ਹੋਇਆ। ਜਦੋਂ ਉਹ ਆਨੰਦ ਪੁਰ ਗੁਰੂ ਕੇ ਤਖਤ ਪਰ ਗੱਦੀ ਲਾਕੇ ਬੈਠਾ ਤੇ ਪੂਜਾ ਕਰਵਾਉਣ ਲੱਗਾ ਤਾਂ ਉਦਾਸੀ ਸੰਤ ਗੁਰਬਖਸ਼ ਨੇ, ਜਿਸ ਨੂੰ ਨਾਵੇਂ ਸਤਿਗੁਰਾਂ ਦੇ ਦੇਹੁਰੇ ਦੀ ਪੂਜਾ ਪਰ ਦਸਮੇਂ ਗੁਰੂ ਜੀ ਛੋੜ ਗਏ ਸੇ, ਮੁਖਾਲਫਤ ਕੀਤੀ। ਪਹਿਲਾਂ ਸਮਝਾਇਆ ਕਿ ਤੂੰ ਗੁਰੂ ਦਸਮੇਸ਼ ਜੀ ਦੀ ਗਦੀ ਤੇ ਨਹੀਂ, ਤੂੰ ਉਹ ਗੁਰੂ ਨਹੀਂ; ਇਸ ਤਖਤ ਦਾ, ਜਿਸ ਪਰ ਗੁਰੂ ਬੈਠਦਾ ਸੀ, ਅਦਬ ਕਰ। ਉਸ ਦੇ ਨਾ ਮੰਨਣ ਪਰ ਸਾਧੂ ਨੇ ਇੰਨੀ ਮੁਖਾਲਫਤ ਕੀਤੀ ਕਿ ਉਹ ਗੁਲਾਬ ਰਾਇ ਦੇ ਗੁਰੂ ਅੰਸ਼ ਹੋਣ ਤੇ ਗੁਰੂ ਦਸਮੇਸ਼ ਦਾ ਸਬੰਧੀ ਤੇ ਉਹਨਾਂ ਦਾ ਮਿੱਤ੍ਰ ਹੋਣ ਤੇ ਬੀ ਲਿਹਾਜ਼ ਵਿਚ ਨਹੀਂ ਆਇਆ ਤੇ ਸਾਧੂ ਨੇ ਉਸ ਨੂੰ ਨਿਰਵੰਸ਼ ਮਰਨ ਦਾ ਸ੍ਰਾਪ ਦਿੱਤਾ। ਗੁਲਾਬਰਾਇ ਉਸ ਵੇਲੇ ਚਾਰ ਪੁੱਤ੍ਰਾਂ ਦਾ ਪਿਤਾ ਸੀ, ਸਾਧੂ ਦੇ ਸ੍ਰਾਪ ਨਾਲ, ਜੋ ਉਸ ਨੇ ਅਸੂਲ ਪ੍ਰਸਤੀ ਤੇ ਖੜੋਕੇ ਦਿੱਤਾ ਸੀ, ਗੁਲਾਬ ਰਾਇ ਨਿਰਵੰਸ਼ ਮਰ ਗਿਆ।

ਇਹ ਸਾਰੇ ਜਤਨ ਤੇ ਜੱਦੋਜਿਹਦ ਇਤਿਹਾਸਕ ਸਬੂਤ ਹਨ ਇਸ ਗੱਲ ਦਾ ਕਿ ਦਸਮੇ ਪਾਤਸ਼ਾਹ ਜੀ ਦੇ ਸਚਖੰਡ ਪਯਾਨ ਦੇ ਸਮੇਂ ਤੋਂ ਪੰਥ ਵਿਚ ਕਿਸੇ ਇਕ ਵਜਕਤੀ ਦੇ ਦਸਾਂ ਗੁਰੂ ਸਾਹਿਬਾਂ ਦੇ ਤੁੱਲ, ਜਾਂ ਉਨ੍ਹਾਂ ਸਥਾਨੀ ਗੁਰੂ, ਯਾ ਸੱਚਾ ਪਾਤਸ਼ਾਹ ਕਹਿਲਾ ਸਕਣ ਦੀ ਮੁਖਾਲਫਤ ਹੁੰਦੀ ਰਹੀ ਹੈ। ਅਤੇ ਇਹ ਅਸੂਲ ਪ੍ਰਸਤੀ

ਕਿਨ੍ਹਾਂ ਤੋਂ ਅਰੰਭ ਹੋਈ? ਸ੍ਰੀ ਦਸਮੇਸ਼ ਜੀ ਦੀ ਆਪਣੀ ਸੁਪਤਨੀ ਜੀ, ਸਾਡੀ ਪਰਮ ਪੂਜਯ ਸ੍ਰੀ ਮਾਤਾ ਜੀ ਵੱਲੋਂ। ਫਿਰ ਕਿਸ ਵੱਲੋਂ, ਸ੍ਰੀ ਗੁਰੂ ਜੀ ਦੇ ਥਾਪੇ ਗੁਰੂ ਅੰਸ਼ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਸਭ ਤੋਂ ਵਧਕੇ ਉਹਨਾਂ ਦੇ ਸਪੁੱਤ੍ਰ ਬਾਬਾ ਮੀਰੀ ਸਿੰਘ-ਹਜ਼ੂਰ ਦੇ ਹੱਥੋਂ ਅੰਮ੍ਰਿਤ ਛਕ ਚੁੱਕੇ ਭੁਜੰਗੀ ਵੱਲੋਂ ਤੇ ਤੀਸਰੀ ਥਾਵੇਂ ਗੁਰੂ ਜੀ ਦੇ ਹਜ਼ੂਰੀ ਸਿੱਖ ਉਨ੍ਹਾਂ ਦੇ ਥਾਪੇ, ਸਾਜੇ ਨਿਵਾਜੇ ਉਦਾਸੀ ਸੰਤ, ਕਰਨੀ ਰਹਿਣੀ ਦੇ ਸੂਰੇ ਬਾਬਾ ਗੁਰਬਖਸ਼ ਜੀ ਵੱਲੋਂ।

ਆਮ ਤੌਰ ਤੇ ਗੁਰਿਆਈ ਦੇ ਦਾਵੇਦਾਰ, ਤਯਾਗੀ ਵੈਰਾਗੀ ਵਯਕਤੀਆਂ ਦੇ ਗੁਰੂ ਅੰਸ਼ ਅਖਵਾਉਣ ਵਾਲੇ ਹੋ ਸਕਦੇ ਹਨ, ਪ੍ਰੰਤੂ ਸਿੱਖ ਇਤਿਹਾਸ ਦੱਸਦਾ ਹੈ ਕਿ ਭੱਲੇ ਸਾਹਿਬਜ਼ਾਦਿਆਂ† ਤੇ ਨਿਰਮਲ‡ ਭੇਖ ਦੇ ਸੰਤਾਂ ਤੇ ਹੋਰ ਮਹਾਤਮਾਵਾਂ†† ਨੇ ਹੀ ਇਹ ਸਿਧਾਂਤ ਆਪਣੀਆਂ ਲਿਖਤਾਂ ਦ੍ਵਾਰਾ ਸਾਡੇ ਤੱਕ ਪੁਚਾਇਆ ਹੈ, ਕਿ ਸ੍ਰੀ ਗੁਰੂ ਕਲਗ਼ੀਧਰ ਜੀ ਜੋਤੀ ਜੋਤ ਸਮਾਉਣ ਸਮੇਂ 'ਪੰਥ' ਤੇ 'ਗ੍ਰੰਥ' ਨੂੰ ਗੁਰਿਆਈ ਦੇ ਗਏ ਹਨ ਤੇ ਹਜ਼ੂਰ ਤੋਂ ਪਿੱਛੋਂ ਕੋਈ ਇਕ ਵਯਕਤੀ ਆਪਣੇ ਆਪ ਨੂੰ ਸਿੱਖਾਂ ਵਿਚ ਦਸ ਗੁਰੂ ਸਥਾਨ ਗੁਰੂ ਨਹੀਂ ਅਖਵਾ ਸਕਦੀ, ਸੋ ਗੁਰੂ ਅੰਸ਼ ਤੇ ਨਿਰਮਲ ਭੇਖ ਦੇ ਉਘੇ ਇਤਿਹਾਸਕਾਰਾਂ ਦਾ ਦਸਮ ਪਾਤਸ਼ਾਹ ਤੋਂ ਪਿੱਛੋਂ ਕਿਸੇ ਇਕ ਵਯਕਤੀ ਦੇ ਦਸਾਂ ਗੁਰਾਂ ਸਥਾਨੀ ਗੁਰੂ ਹੋਣ ਦੇ ਦਾਵੇ ਦੇ ਮੰਨੇ ਜਾਣ ਤੋਂ ਇਨਕਾਰ ਦੱਸਦਾ ਹੈ ਕਿ ਪ੍ਰਾਚੀਨ ਕਾਲ ਤੋਂ ਇਹ ਸਿੱਧਾਂਤ ਨਿਰੋਲ ਨਿਰਵਾਦ ਮੰਨਿਆ ਆਉਂਦਾ ਸੀ ਤੇ 'ਗੁਰੂ' ਪਦ ਦੇ ਅਰਥ, ਸਿੱਖ ਸਾਹਿਤ ਵਿਚ ਹਿੰਦੂ ਸਾਹਿਤ ਦੇ ਅਰਥਾਂ ਤੋਂ ਵਿਲੱਖਣ ਤੇ ਉੱਚੇ ਹਨ।

†ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ। ‡ਪੰਥ ਪ੍ਰਕਾਸ਼ ਗਿਆਨ ਸਿੰਘ ਗਿਆਨੀ ਗ੍ਰੰਥ। ††ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ ਜੀ।

ਇਸ ਦੇ ਇਹ ਅਰਥ ਨਹੀਂ ਕਿ ਸੰਸਾਰਿਕ ਵਿੱਦਯਾ ਯਾ ਪਰਮਾਰਥਿਕ ਵਿੱਦਯਾ ਦੇ ਉਸਤਾਦ, ਸਿੱਖਯਾ ਦਾਤਾ, ਕਰਨੀ ਵਾਲੇ ਸਿੰਘ ਸਿੱਖ ਪੰਥ ਵਿਚ ਸਤਿਕਾਰੇ ਨਹੀਂ ਜਾਂਦੇ ਰਹੇ। ਜਥੇਦਾਰ ਦੀ ਹੈਸੀਅਤ ਵਿਚ ਜਾਂ ਹਰਿਜਨ, ਸੰਤ ਦੀ ਸੂਰਤ ਵਿਚ ਕਹਿਣੀ ਕਰਨੀ ਦੇ ਪੂਰੇ ਸੱਜਣਾਂ ਦੇ ਸਤਿਕਾਰ ਹੁੰਦੇ ਰਹੇ, ਓਹ ਸੰਗਤਾਂ ਨੂੰ ਤੁਰਦੇ ਰਹੇ, ਸਨਮਾਨੇ ਜਾਂਦੇ ਰਹੇ ਤੇ ਆਪ ਨਾਮ ਜਪਦੇ ਤੇ ਜਪਾਉਂਦੇ ਰਹੇ, ਪਰ ਓਹ ਦਸਾਂ ਸਤਿਗੁਰਾਂ ਨੂੰ ਗੁਰ ਅਵਤਾਰ ਆਪ ਮੰਨਦੇ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸੱਦਦੇ ਤੇ ਸੀਸ ਝੁਕਾਉਂਦੇ ਰਹੇ ਤੇ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਕੇ ਲੜ ਲਾਉਂਦੇ ਰਹੇ। ਗੁਰਮਤ ਦੇਣ ਵਾਲੇ ਨਾਮ ਜਪਣ ਤੇ ਜਪਾਉਣ ਵਾਲੇ ਮਹਾਂ ਪੁਰਖ ਪੰਥ ਵਿਚ 'ਬਾਬਾ' ਲਕਬ ਨਾਲ ਤੇ ਗੁਰਮੁਖ ਪਦ ਨਾਲ ਯਾਦ ਕੀਤੇ ਜਾਂਦੇ ਰਹੇ ਹਨ। ਰੋਜ਼ ਅਰਦਾਸ ਕਰੀਦੀ ਹੈ-ਗੁਰਮੁਖ ਦਾ ਮੇਲ ਸਾਧ ਦਾ ਸੰਗ। ਇਸਦੇ ਨਾਲ ਗੁਰਦੀਖਯਾ ਦਾ ਤ੍ਰੀਕਾ ਸ੍ਰੀ ਦਸਮੇਸ਼ ਜੀ ਨੇ 'ਅੰਮ੍ਰਿਤ' ਕਾਇਮ ਕੀਤਾ, ਛਕਾਉਣ ਵਾਲੇ ਪੰਜ ਪਿਆਰਿਆਂ ਦਾ ਸਮੁਦਾਇ ਗੁਰਸਥਾਨੀ ਹੋਇਆ "ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸੁਰ ॥ " ਦਸ ਪਾਤਸ਼ਾਹੀਆਂ ਹਾਜ਼ਰ ਨਾਜ਼ਰ ਹਨ ਤੇ ਅਰਦਾਸਾ ਹਜ਼ੂਰੀ ਵਿੱਚ ਨਿਤ ਕਰੀਦਾ ਹੈ। 'ਸਭ ਥਾਈਂ ਹੋਇ ਸਹਾਇ' ਦਸਮੇਸ਼ ਜੀ ਨੇ ਆਪ ਫੁਰਮਾਇਆ ਹੈ।

ਇਮ ਕਹਿ ਗਯੋ ਆਪਨੇ ਡਰੇ।
ਸੇਵ ਦੇਹੁਰੇ ਕਰਹਿ ਘਨੇਰੇ ॥੨੫॥
ਚਿਤ ਮੈਂ ਤਪਹਿ ਸਾਧ ਬਹੁਤੇਰਾ।
-ਬਾਦ ਅਨਾਦਰ ਕੀਨਸਿ ਮੇਰਾ।
ਗੁਰੂ ਅਵੱਗਯਾ ਤੇ ਮੈਂ ਕਹਯੋ।
ਗਰਬਤਿ ਮਨ ਤੇ ਨੀਕ ਨ ਲਹਯੋ-
॥੨੬॥
ਕੇਤਿਕ ਦਿਨ ਬੀਤੇ ਤਿਸ ਪਾਛੇ।
ਜੇਸ਼ਟ ਪੁੱਤ੍ਰ ਰਿਦੇ ਪ੍ਰਿਯ ਬਾਛੇ।
ਕਿਸ ਕਾਰਨ ਤੇ ਸੋ ਮਰਿ ਗਯੋ।

ਦਾਹੁ ਕਰਯੋ ਅਤਿਸ਼ੈ ਦੁਖ ਭਯੋ ॥੨੭॥
ਸ਼ੋਕ ਬਿਖੈ ਬ੍ਯਾਕੁਲ ਹੁਇ ਰਹਯੋ।
ਖਾਨ ਪਾਨ ਕੋ ਚਿਤ ਨਹਿਂ ਚਹਯੋ।
ਤਿਸ ਕੀ ਮਾਤ ਬ੍ਰਿਲਾਪ ਬਡੇਰੀ।
ਮੋਚਤਿ ਅੱਸ਼੍ਰ ਪਾਤ ਬਹੁਤੇਰੀ ॥੨੮॥
ਦਿਵਸ ਤੀਸਰੇ ਜੋ ਸੁਤ ਮਰਯੋ[1]।
ਕਿਹ ਨਰ ਸੰਗ ਵਹਿਰ ਮਿਲਿ ਪਰਯੋ।
ਹਤਯੋ ਸਸਾ ਇਕ ਦੀਨਸਿ ਹਾਥ।
ਕਹਯੋ ਸੰਦੇਸਾ ਪਿਤ ਕੇ ਸਾਥ ॥੨੯॥
'ਛੁਧਤਿ ਹੋਇ ਕਿਮ ਸੰਕਟ ਧਾਰੋ।
ਮੁਝ ਕੋ ਜੀਵਤਿ ਹੀ ਨਿਰਧਾਰੋ।
ਬਿਨ ਆਮਿਖ ਨਹਿਂ ਅਚਹਿ ਅਹਾਰਾ[1]।
ਯਾਂ ਤੇ ਪਠਯੋ ਤਿਨਹੁ ਹਿਤ ਮਾਰਾ[1] ॥੩੦॥
ਮੋਹਿ ਮਰਯੋ ਲਖਿ ਸ਼ੋਕ ਨ ਕੀਜੈ।
ਖਾਨ ਪਾਨ ਕਰਿ ਆਨੰਦ ਥੀਜੈ।'
ਸੁਨਿ ਲੇ ਕਰਿ ਸੋ ਮਾਨਵ ਆਯੋ।
ਸੁਤ ਕੋ ਕਹਿਬੋ ਸਕਲ ਸੁਨਾਯੋ ॥੩੧॥
ਸੁਨਤਿ ਗੁਲਾਬ ਰਾਇ ਸੋ ਹਰਖਯੋ।
ਸ਼ਕਤਿ ਸਹਤ ਨਿਜ ਸੁਤ ਕੋ ਪਰਖਯੋ।
ਲੇ ਕਰਿ ਮਾਸ ਬਨਾਇ ਰਿੰਧਾਯੋ।
ਨਿਜ ਘਰ ਮਹਿਂ ਤਿਮ ਭਾਖਿ ਪਠਾਯੋ ॥੩੨॥
ਸੁਨਿ ਕਰਿ ਸੁਤ ਕੀ ਮਾਤ ਰਿਸਾਨੀ।
ਭਈ ਕੋਪ ਤਿਹ ਨਿਠੁਰ ਬਖਾਨੀ।
'ਆਮਿਖ ਖਾਨ ਬਿਨਾ ਅਕੁਲਾਵੈ।
ਅਨਿਕ ਫਰੇਬਨਿ ਬਾਤ ਬਨਾਵੈ ॥੩੩॥
ਪੁੱਤ੍ਰ ਨਹੀਂ ਪਯਾਰੋ ਜਿਹ ਰਿਦੈ।
ਆਮਿਖ ਅਚਵਨ ਪ੍ਰਿਯ ਜਦ ਕਦੇ।
ਕਹਾਂ ਸ਼ੋਕ ਉਪਜਹਿ ਬਿਰਲਾਪਹਿ।
ਛੁਧਤਿ ਕਹਾਂ, ਜਿਨ ਸੁਤ ਬ੍ਰਿਹ ਤਾਪਹਿ[1] ॥੩੪॥

[1]ਜੋ ਪੁੱਤ੍ਰ ਮਰ ਗਿਆ ਸੀ।

[1]ਮੇਰਾ ਪਿਤਾ ਭੋਜਨ) ਨਹੀਂ ਖਾਂਦਾ ਮਾਸ ਤੋਂ ਬਿਨਾਂ।

[1]ਇਸ ਕਰਕੇ ਮਾਰ ਕੇ (ਸਹਿਆ) ਭੇਜਿਆ ਹੈ।

[1]ਭਾਵ ਜਿਨ੍ਹਾਂ ਨੂੰ ਪੁੱਤ੍ਰਾਂ ਦਾ ਵਿਛੋੜਾ ਤਪਾ ਰਿਹਾ ਹੈ ਉਹਨਾਂ ਨੂੰ ਭੁੱਖ ਕੀਕੂੰ ਲਗਦੀ ਹੈ।

ਸ਼ੁਭ ਗੁਨ ਸਹਤ ਪੁੱਤ੍ਰ ਅਸ ਮਰੈ।
ਪਿਤਾ ਨਿਠੁਰ[1] ਸ੍ਵਾਦਨਿ ਹਿਤ ਧਰੈ।
ਖਾਇ ਅਘਾਵਹਿ ਆਮਿਖ ਸੋਈ।
ਹਮ ਕੋ ਸ਼ੋਕ ਦੁਖਤਿ ਬਹੁ ਹੋਈ' ॥੩੫॥
ਇੱਤਜਾਦਿਕ ਬਹੁ ਕਹ੍ਯੋ ਕਠੋਰ।
ਗਯੋ ਗੁਲਾਬ ਰਾਇ ਕੀ ਓਰ।
ਘਰ ਕੀ ਕਹਿਵਤਿ ਸਕਲ ਸੁਨਾਈ।
ਉਰ ਮਹਿਂ ਖਰ[2] ਜਿਮ ਅਨੀ[1] ਧਸਾਈ ॥੩੬॥
ਬਾਕ ਬਾਨ ਤੇ ਬੀਧਨ ਹੋਵਾ[1]।
ਬਹੁ ਬ੍ਯਾਕੁਲਤਾ ਰਿਦਾ ਪਰੋਵਾ।
ਖਾਇ ਨ ਜਾਇ ਹਟ੍ਯੋ ਨਹਿਂ ਜਾਇ।
ਚਿਤ ਚਿੰਤਾ ਅਤਿਸ਼ੈ ਅਕੁਲਾਇ ॥੩੭॥
ਬਹੁ ਦੁਖ ਪਾਇ ਕ੍ਰੋਧ ਵਧਿ ਗਯੋ।
ਸ੍ਰਾਪਤ ਸਹਤ ਸੁ ਦੁਰਬਚ ਕਹ੍ਯੋ।
'ਅਪਰ ਪੁੱਤ੍ਰ ਅਰੁ ਮੋਹਿ ਸਮੇਤ।
ਨਹਿਂ ਕਿਸਹੂੰ ਕੋ ਪਿਖਹਿਂ ਨਿਕੇਤ ॥੩੮॥
ਕਰਤਿ ਸ਼ੋਕ ਹੀ ਬੈਠੇ ਰਹੀਯਹਿ।
ਖਾਨ ਪਾਨ ਨਿਤੁ ਦੁਖ ਤੇ ਲਹੀਯਹਿ।'
ਇਮ ਕਹਿ ਕੇਤਿਕ ਦਿਵਸ ਬਿਤਾਏ।
ਅੰਤ ਸਮਾ ਤਬਿ ਲੌ ਨਿਯਰਾਏ ॥੩੯॥
ਸੁਤ ਕੇ ਸਹਤ[1] ਭਯੋ ਪਰਲੋਕ।
ਪੀਛੇ ਵਧ੍ਯੋ ਅਧਿਕ ਹੀ ਸ਼ੋਕ।
ਸ਼ਭਿ ਕੋ ਅੰਤ ਭਯੋ ਇਹ ਭਾਂਤੀ।
ਤਿਸ ਕੋ ਰਹ੍ਯੋ ਨ ਕੋ ਪਸ਼ਚਾਤੀ ॥੪੦॥
ਬਹੁਰ ਗੁਲਾਬ ਰਾਇ ਕੀ ਦਾਰਾ।
ਬੈਠਨ ਕੀ ਹੋਇਸਿ ਅਧਿਕਾਰਾ।
ਜੋ ਨਰ ਪੁੰਜ ਉਪਾਇਨ ਲ੍ਯਾਵੈਂ।
ਮਿਸਤਕ ਟੇਕਹਿਂ ਤਿਹ ਅਰਪਾਵੈਂ ॥੪੧॥

[1]ਕਠੋਰ (ਮਨ ਵਾਲਾ)।

[1]ਖਰ+ਅ=ਤਿੱਖੀ ਨੋਕ।

[1]ਵਾਕਾਂ ਦੇ ਬਾਣਾਂ ਨਾਲ ਵਿੰਨ੍ਹਿਆਂ ਗਿਆ।

[1]ਇਨ੍ਹਾਂ ਦੇ ਚਾਰ ਪੁੱਤਰ ਸਨ-ਦਲੇਲ ਸਿੰਘ, ਜੋਧ ਸਿੰਘ, ਫਤੇ ਸਿੰਘ, ਤੇ ਮੌਜ ਸਿੰਘ ਜੋ ਆਪਦੇ ਪਰਲੋਕ ਗਮਨ ਸਮੇਂ ਸਾਰੇ ਮਰ ਗਏ ਸੇ।

ਜਬਹਿ ਬ੍ਰਿਧਾ ਬਯ ਬਹੁ ਤਨ ਹੋਈ।
ਚਿਤਹਿ ਥਿਰਹਿ ਪਾਛੇ ਅਬਿ ਕੋਈ।
ਸ਼ਜਾਮ ਸਿੰਘ ਕੁਲ ਬ੍ਰਿਧਕ[1] ਹੇਰਾ।
ਸੁਰਜਨ ਸਿੰਘ ਨਾਮ ਜਿਸ ਕੇਰਾ ॥੪੨॥
ਨਿਜ ਉਛੰਗ ਸੋ ਪਾਵਨ ਕੀਨਿ[1]।
ਆਪ ਪ੍ਰਲੋਕ ਪਯਾਨੋ ਕੀਨਿ।
ਸੁਰਜਨ ਸਿੰਘ ਥਿਰਜੋ ਤਿਸ ਪਾਛੇ।
ਸਭਿ ਸਿੰਘਨ ਮਹਿਂ ਬਿਦਤਜੋ ਆਛੇ ॥੪੩॥
ਤਿਸ ਕੇ ਤੀਨ ਪੁੱਤ੍ਰ ਜਗ ਭਏ।
ਅੰਤ ਸਮਾ ਜਬਿ ਹੂੰ ਨਿਯਰਏ।
ਜੇਸ਼ਟ ਸੁਤ ਤਿਲੋਕ ਸਿੰਘ ਥਿਰਜੋ।
ਕੇਤਿਕ ਬਰਖਨ ਪੂਜਨ ਕਰਜੋ ॥੪੪॥
ਜਬਿ ਪ੍ਰਲੋਕ ਤਿਨ ਕੋ ਹੁਇ ਗਯੋ।
ਗਾਦੀ ਪਰ ਦਿਦਾਰ ਸਿੰਘ ਥਯੋ।
ਸੁਰਜਨ ਸਿੰਘ ਕੇਰ ਸੁਤ ਦੂਜਾ।
ਬਹੁਤ ਬਰਖ ਸੰਗਤਿ ਨੇ ਪੂਜਾ ॥੪੫॥
ਤਿਨ ਕੋ ਭੀ ਪ੍ਰਲੋਕ ਜਬਿ ਭਯੋ।
ਤ੍ਰਿਤੀ ਦਿਵਾਨ ਸਿੰਘ ਪਦ ਲਯੋ[†]।
ਅਬਿ ਬੈਠਤਿ ਹੈ ਗਾਦੀ ਊਪਰ।
ਬਿਦਤ ਅਹੈ ਜਾਨਹਿਂ ਬਹੁ ਭੂਪਰ ॥੪੬॥
ਸੋਢੀ ਆਨੰਦ ਪੁਰਿ ਮਹਿਂ ਜੇਈ।
ਸ਼ਜਾਮ ਸਿੰਘ ਕੋ ਕੁਲ ਸਭਿ ਤੇਈ।
ਗਾਦੀ ਥਿਰੇ ਭਨੇ ਮੈਂ ਸੋਈ।
ਅਪਰ ਸਿੰਘ ਜਾਨੈਂ ਸਭਿ ਕੋਈ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਆਨੰਦਪੁਰ ਗਾਦੀ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿਸਤੀ ਅੰਸੂ ॥੩੫॥

[1]ਕੁਲ ਵਧਾਉਣ ਵਾਲਾ, ਭਾਵ ਸ਼ਾਮ ਸਿੰਘ ਦਾ ਪੋਤ੍ਰਾ।

[1]ਭਾਵ ਪੁੱਤ੍ਰ ਬਣਾ ਕੇ ਆਪਣੀ ਥਾਂ ਥਾਪਿਆ।

[†]ਇਹਨਾਂ ਦੇ ਮਗਰੋਂ ਬ੍ਰਿਜਇੰਦਰ ਸਿੰਘ ਤੇ ਫੇਰ ਟਿਕਾ ਰਾਮਨਰਾਇਣ ਸਿੰਘ ਹੋਏ ਤੇ ਹੁਣ ਜਗਤਾਰ ਸਿੰਘ ਜੀ ਹਨ।

## ੩੬. [ਅੰਤਮ ਮੰਗਲ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

੧. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ:

**ਸਾਰਸੁਤੀ ਨਿਜ ਦਾਸ ਪਰ, ਭਈ ਸਹਾਇ ਅਪਾਰ।**
**ਪਾਰਦ ਬਰਨੀ ਪਾਰਦਾ, ਗ੍ਰਿੰਥ ਸਿੰਧੁ ਤੇ ਪਾਰਿ ॥੧॥**

ਪਰ=ਉੱਤੇ, ਦੀ। ਅਪਾਰ=ਪਾਰ ਰਹਿਤ, ਬਹੁਤ, ਅਮਿੱਤ।
ਪਾਰਦ ਬਰਨੀ=ਪਾਰੇ ਦੇ ਰੰਗ ਵਰਗੀ, ਇਸਤੋਂ ਮੁਰਾਦ ਪਾਰੇ ਵਾਂਙੂ ਸੁਫੈਦ ਤੇ ਲੁਸ ਲੁਸ ਕਰਨ ਹਾਰੀ ਦਮਕ ਵਾਲੀ ਤੋਂ ਹੈ।
ਪਾਰਦਾ=ਪਾਰ ਕਰਨ ਵਾਲੀ, ਤਾਰਨਹਾਰ। ਭਾਵ ਗ੍ਰੰਥ ਨਿਰਵਿਘਨ ਸਮਾਪਤ ਕਰਾਉਣ ਵਾਲੀ। ਸਿੰਧੁ=ਸਮੁੰਦਰ।

ਅਰਥ:

ਪਾਰੇ ਦੇ ਰੰਗ ਵਰਗੀ (ਚਿੱਟੀ ਤਾਰਨਹਾਰ ਸਰਸ੍ਵਤੀ ਗ੍ਰੰਥ ਰੂਪੀ ਸਮੁੰਦਰ ਦੇ ਪਾਰ ਕਰਨ ਵਿਚ ਆਪਣੇ ਦਾਸ ਦੀ ਅਮਿੱਤ ਸਹਾਈ ਹੋਈ ਹੈ।

ਚੌਪਈ:

**ਕਰਨੀ ਸੁਖ, ਦੁਖ ਦਾਰਿਦ ਹਰਨੀ। ਹਰਨੀ ਸੁਤ ਸਮ ਆਂਖਨਿ ਬਰਨੀ।**
**ਬਰਨੀ ਬੱਕ੍ਰ ਮਹਾਂ ਛਬਿ ਧਰਨੀ। ਧਰਨੀ ਬੁਧਿ ਕੀ ਬਯ ਤਨ ਤਰੁਨੀ† ॥੨॥**

†ਕਵੀ ਜੀ ਨੇ ਇਸੇ ਗੱਲ ਨੂੰ ਪਿੱਛੇ ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੧ ਅੰਕ ੬ ਵਿਚ 'ਤਨ ਵੈ ਤਰਨੀ' ਕਰਕੇ ਕਿਹਾ ਹੈ। ਤਨ+ਬਯ=ਤਰੁਨੀ।

ਕਰਨੀ=ਕਰਨ ਵਾਲੀ। ਹਰਨੀ=ਦੂਰ ਕਰਨ ਵਾਲੀ, (ਅ) ਮ੍ਰਿਗੀ।
ਬਰਨੀ=ਵਰਣਨ ਕੀਤੀ ਜਾਂਦੀ ਹੈ। (ਅ) ਝਿੱਮਣੀਆਂ, ਭਵਾਂ, (ੲ) ਰੰਗਤ।
ਬੱਕ੍ਰ=ਟੇਢੀਆਂ। ਤਰੁਨੀ=ਜਵਾਨ।

ਅਰਥ:

ਸੁਖਾਂ ਦੇ ਕਰਨਹਾਰੀ, ਦੁਖ ਦਰਿੱਦ੍ਰ ਦੇ ਦੂਰ ਕਰਨ ਵਾਲੀ, ਜੋ ਮ੍ਰਿਗੀ ਦੇ ਬੱਚੇ ਵਰਗੀਆਂ ਅੱਖੀਆਂ ਵਾਲੀ ਵਰਣਨ ਕੀਤੀ ਜਾਂਦੀ ਹੈ, (ਉਸ ਦੀਆਂ) ਟੇਢੀਆਂ ਭਵਾਂ ਬੜੀ ਹੀ ਛਬੀ ਧਾਰਨ ਵਾਲੀਆਂ ਹਨ, (ਜੋ) ਬੁੱਧੀ ਦੀ ਧਾਰਨ ਵਾਲੀ ਹੈ ਤੇ ਜਿਸ ਦੀ ਸ਼ਰੀਰ ਦੀ ਅਵਸਥਾ ਸਦਾ ਜਵਾਨੀ ਵਾਲੀ ਹੈ।

**ਤਰਨੀ ਬਿਘਨ ਸਿੰਧੁ ਜਿਹ ਸ਼ਰਨੀ। ਸਰ ਨੀਰਜ ਦੁਤਿ ਦ੍ਰਿਗ ਆਦਰਨੀ।**
**ਦਰਨੀ ਦੋਖਨਿ ਦਾਸ ਉਧਰਨੀ। ਧਰਨੀ ਕਰੁਨਾ ਗੁਨੀਅਨਿ ਬਰਨੀ ॥੩॥**

ਤਰਨੀ=ਬੇੜੀ। ਸ਼ਰਨੀ =ਸ਼ਰਨ। ਸਰ=ਵਰਗੀ। ਨੀਰਜ=ਕਵਲ।
ਆਦਰਨੀ=ਆਦਰਨ ਯੋਗ। (ਅ) ਵਿਸ਼ੇਸ਼ ਕਰਕੇ ਦਰਨ ਵਾਲੀ (ਭਾਵ ਕਵਲ ਦੀ ਸ਼ੋਭਾ ਨੂੰ) ਮਾਤ ਕਰਨ ਵਾਲੀ।

ਅਰਥ:

ਜਿਸ ਦੀ ਸ਼ਰਨ ਵਿਘਨਾਂ ਰੂਪੀ ਸਾਗਰ ਦੀ ਬੇੜੀ ਹੈ, (ਜਿਸ ਦੇ) ਨੇਤ੍ਰਾਂ ਦੀ ਸ਼ੋਭਾ ਕਮਲਾਂ ਵਰਗੀ (ਸੁਹਣੀ) ਤੇ ਆਦਰ ਕਰਨ ਦੇ ਯੋਗ ਹੈ। ਜੋ (ਸਾਹਿਤਜ ਦੇ) ਦੂਖਣਾਂ ਦੀ ਦਲਣ ਵਾਲੀ ਤੇ (ਕਵੀ ਰੂਪ) ਦਾਸਾਂ ਦੇ ਉਧਾਰਨ ਵਾਲੀ ਹੈ (ਤੇ ਜਿਸ ਨੂੰ) ਗੁਣੀ ਜਨਾਂ ਨੇ ਕ੍ਰਿਪਾ ਦੇ ਧਾਰਨ ਵਾਲੀ ਵਰਣਨ ਕੀਤਾ ਹੈ।

ਹੋਰ ਅਰਥ:

੨. (ਜਿਸ ਦੇ) ਨੇਤ੍ਰਾਂ ਦੀ ਦੁਤੀ ਕਵਲ ਵਰਗੀ (ਦੁਤੀ ਨੂੰ) ਵਿਸ਼ੇਸ਼ ਕਰਕੇ ਦਲਨ ਵਾਲੀ ਹੈ, ਭਾਵ ਮਾਤ ਕਰਨ ਵਾਲੀ ਹੈ।

**ਬਰਨੀ ਕੁੰਦ ਇੰਦੁ ਆਭਰਨੀ। ਭਰਨੀ ਨਾਗ ਬਿਘਨ ਗਨ ਅਰਿਨੀ।**
**ਅਰਿਨੀ ਕਰੇ ਅਨੰਦ ਉਸਰਨੀ। ਸ਼ਰਨੀ ਪਰੇ ਕਲੇਸ਼ ਨਿਵਰਿਨੀ† ॥੪॥**

†ਅੰਕ ੨ ਤੋਂ ੪ ਤੱਕ ਤਿੰਨੇ ਛੰਦ ਸਿੰਘਾਵਿਲੋਕਨ ਚਾਲ ਵਿਚ ਇਕੋ ਲੜੀ ਵਿਚ ਜਾ ਰਹੇ ਹਨ।

ਕੁੰਦ=ਚੰਬੇ ਵਰਗਾ ਚਿੱਟੇ ਰੰਗ ਦਾ ਫੁੱਲ, ਮਰਤਬਾਨ ਦਾ ਫੁਲ। ਇਸ ਦੀ ਸ਼ੋਭਾ ਕਵੀ ਦੰਦਾਂ ਨਾਲ ਦੇਂਦੇ ਹਨ, ਇਸੇ ਕਰਕੇ ਇਥੇ ਦੰਦਾਂ ਦੀ ਸੰਭਾਵਨਾ ਕਰਕੇ ਅਰਥ ਕੀਤੇ ਹਨ (ਅ) ਚਾਂਦਨੀ ਦਾ ਫੁਲ, ਇਹ ਬੀ ਚਿੱਟਾ ਹੁੰਦਾ ਹੈ।

ਆਭਰਨੀ=ਸ਼ੋਭਾ ਵਾਲੀ। (ਅ) ਗਹਿਣੇ ਵਤ ਧਾਰਨ ਵਾਲੀ।

ਭਰਨੀ=ਮੋਰਨੀ। ਗਾਰੜੂ ਮੰਤ੍ਰ। [ਮੋਰ ਸੱਪਾਂ ਨੂੰ ਖਾਂਦੇ ਹਨ ਤੇ ਗਾਰੜੂ ਮੰਤ੍ਰ ਬੀ ਸੱਪਾਂ ਦੀ ਵਿੱਸ ਝਾੜਦਾ ਹੈ। ਹਿੰਦੀ, ਭਰਨੀ=ਮੋਰਨੀ, ਛਛੂੰਦਰ, ਗਾਰੁੜੀ ਮੰਤ੍ਰ ਆਦਿ]।

ਅਰਿਨੀ=[ਅ+ਰਿਣੀ]। ਕਵੀ ਜਗਤ ਦੇ ਅਕਸਰ ਪਦਾਰਥ ਵਲੋਂ ਤੰਗ ਤੇ ਕਰਜ਼ਾਈ ਰਹਿੰਦੇ ਹਨ। ਕਵੀ ਜੀ ਨੂੰ ਸਾਈਂ ਨੇ ਇਸ ਦੁਖ ਤੋਂ ਬਚਾਇਆ ਇਸ ਕਰਕੇ 'ਅਰਿਣੀ ਕਰਨ ਵਾਲੀ' ਖਾਸ ਮਹਿਮਾਂ ਕੀਤੀ ਹੈ। ਅਥਵਾ, ਜੋ ਪ੍ਰਣ ਕਵੀ ਕਰਦੇ ਹਨ ਕਿ ਆਹ ਗ੍ਰੰਥ ਰਚਾਂਗਾ ਉਸ ਦੇ ਪੂਰੇ ਹੋਣ ਨਾਲ ਕਵੀ ਜ਼ਿੰਮੇਵਾਰੀ ਤੋਂ ਅਰਿਣੀ ਹੁੰਦਾ ਹੈ। ਉਸਰਨੀ=ਉਤਸਾਹ ਦੇਣ ਵਾਲੀ। ਉਸਾਰਨ ਵਾਲੀ।

ਅਰਥ:

੧. ਕੁੰਦ ਦੇ ਫੁਲ ਵਰਗੇ ਰੰਗ ਵਾਲੀ ਹੈ (ਭਾਵ ਚਿੱਟੇ ਰੰਗ ਦੀ, ਤੇ) ਚੰਦ੍ਰਮਾ ਦੀ ਸ਼ੋਭਾ ਵਾਲੀ ਹੈ। ਸੱਪਾਂ ਰੂਪੀ ਸਮੂਹ ਵਿਘਨਾਂ ਦੀ ਮੋਰਨੀ (ਵਤ) ਸ਼ੱਤ੍ਰੂ ਹੈ। ਅਰਿਣੀ ਕਰਕੇ ਆਨੰਦ ਉਸਾਰਨ ਵਾਲੀ ਹੈ। (ਆਪਣੇ) ਸ਼ਰਣ ਪਿਆਂ ਦੇ (ਸਾਰੇ) ਕਲੇਸ਼ ਦੂਰ ਕਰਨ ਵਾਲੀ ਹੈ।

ਹੋਰ ਅਰਥ:

ਕੁੰਦ (ਵਰਗੇ ਚਿੱਟੇ ਦੰਦਾਂ ਦੀ ਪੰਕਤੀ) ਵਾਲੀ, (ਤੇ) ਚੰਦ੍ਰਮਾਂ (ਨੂੰ) ਗ੍ਰਹਿਣ (ਵਤ) ਧਾਰਨ ਵਾਲੀ।

## ੨. ਕਥਾ ਮੰਗਲ।

**ਹਰੀ ਸਿਮਰਿ ਕਥ ਪੂਰਨ ਕਰੀ। ਕਰੀ ਕਲੁਖ ਕੋ ਬਾਘਨਿ ਖਰੀ।**
**ਖਰੀ ਭਈ ਜਿਮ ਮੁਕਤਾ ਲਰੀ। ਲਰੀ ਕੁਮਤਿ ਸੋ ਤੂਰਨ ਹਰੀ ॥੫॥**

ਹਰੀ=ਵਾਹਿਗੁਰੂ। ਕਰੀ ਕਲੁਖ=ਪਾਪ ਰੂਪ ਹਥਨੀ।

ਖਰੀ=ਚੰਗੀ। ਠੀਕ। ਸੱਚਮੁਚ। ਖਰੀ ਭਈ=ਖੜੀ ਹੋਈ, ਤਿਆਰ।

ਹੋਈ। (ਅ) ਸੁੱਚੀ। ਲਰੀ=ਜਿਸ ਨੇ ਲੜਾਈ ਕੀਤੀ।

(ਅ) ਕਤਾਰ, ਸ਼੍ਰੇਣੀ, ਲੜੀ, ਮਾਲਾ।

ਅਰਥ:

ਪਾਪ (ਰੂਪੀ) ਹਥਨੀ ਨੂੰ ਸੱਚਮੁਚ ਸ਼ੇਰਨੀ (ਹੋਕੇ ਢੁੱਕਣ ਵਾਲੀ ਇਹ) ਕਥਾ ਮੈਂ ਵਾਹਿਗੁਰੂ ਨੂੰ ਸਿਮਰ (ਸਿਮਰ) ਕੇ ਪੂਰੀ ਕੀਤੀ ਹੈ। (ਇਹ ਕਥਾ) ਮੋਤੀਆਂ ਦੀ (ਸੁੱਚੀ) ਲੜੀ ਵਾਂਙੂ ਤਿਆਰ ਹੋਈ ਹੈ, (ਇਸ ਦੀ ਤਿਆਰੀ ਵਿਚ ਜੋ ਬੀ) ਦੁਰਬੁੱਧੀ (ਮੇਰੇ ਨਾਲ) ਲੜਨ ਵਾਸਤੇ ਆਈ (ਮੈਂ) ਤਤਕਾਲ ਦੂਰ ਕਰ ਦਿੰਦਾ ਰਿਹਾ ਹਾਂ।

ਹੋਰ ਅਰਥ:

(ਹੁਣ ਮੈਂ) ਹਰੀ ਦਾ ਸਿਮਰਨ (ਦ੍ਰਿੜ੍ਹਾਉਣ ਵਾਲੀ) ਕਥਾ ਪੂਰੀ ਕਰ ਲਈ ਹੈ, (ਇਹ) ਪਾਪਾਂ ਰੂਪੀ ਹਥਨੀ ਨੂੰ ਸਚਮੁਚ ਸ਼ੇਰਨੀ (ਹੋਕੇ ਢੁੱਕਣ ਵਾਲੀ ਹੈ) (ਤੇ ਪੁੰਨਾ ਰੂਪੀ ਸੁੰਦਰ ਹਿਰਦਿਆਂ ਤੇ ਸ਼ੋਭਾ ਦੇਣ

ਵਾਲੀ ਇਹ) ਮੋਤੀਆਂ ਦੀ ਸੁੱਚੀ ਲੜੀ (ਤਿਆਰ ਹੋਈ ਹੈ) ਜੋ ਕੁਮਤੀਆਂ ਦੀ (ਸਾਰੀ) ਸ਼੍ਰੇਣੀ ਨੂੰ ਝਟਪਟ ਹਰ ਲੈਣ ਵਾਲੀ ਹੈ।

ਪਹਿਲੇ ਅਰਥ ਦਾ ਭਾਵ-ਮੈਂ ਇਹ ਕਥਾ ਵਾਹਿਗੁਰੂ ਜੀ ਦੇ ਸਿਮਰਨ ਵਿਚ ਰਹਿਕੇ ਲਿਖੀ ਹੈ। ਇਕ ਤਾਂ ਸਿਮਰਨ ਵਿਚ ਰਹਿਣਾ ਮੇਰੀ ਕਰਨੀ ਕਰਤੱਤ ਸੀ ਤੇ ਉਹ ਚਾਨਣਾ ਸੀ ਕਿ ਜਿਸ ਵਿਚ ਮਨੁੱਖ ਪਾਸੋਂ ਭੁੱਲਾਂ ਘੱਟ ਹੁੰਦੀਆਂ ਹਨ, ਦੂਸਰੇ ਨਿਰਵਿਘਨ ਸਮਾਪਤੀ ਲਈ ਸਾਈਂ ਨੂੰ ਯਾਦ ਰਖਦਾ ਸਾਂ। ਜਿੱਥੋਂ ਤੱਕ ਹੋਇਆ ਹੈ ਮੈਂ ਸੁੱਚੇ ਮੋਤੀਆਂ ਵਾਂਙੂ ਸੁੱਚੇ ਸੁੱਚੇ ਪ੍ਰਸੰਗਾਂ ਦੀ ਮਾਲਾ ਇਹ ਕਥਾ ਤਿਆਰ ਕੀਤੀ ਹੈ ਤੇ ਦੁਰਬੁੱਧੀ ਪੁਰਖਾਂ ਦੇ ਖੇਦਾਂ ਵਾਲੇ ਝੂਠੇ ਪ੍ਰਸੰਗ ਜਿੱਥੇ ਜਿੱਥੇ ਮੇਰੀ ਪਰਖ ਵਿਚ ਆਏ ਮੈਂ ਦੂਰ ਕੀਤੇ ਹਨ ਅਥਵਾ ਦੁਰਬੁੱਧੀਆਂ ਦੀ ਖੋਟੀ ਸਲਾਹ ਜਦ ਕਦੇ ਮੇਰੇ ਮੁਕਾਬਲੇ ਤੇ ਆਈ ਮੈਂ ਪ੍ਰਾਜੈ ਕੀਤੀ, ਫਿਰ ਪਾਪਾਂ ਤੇ ਜੈ ਪਾਉਣ ਦਾ ਮਸਾਲਾ ਇਸ ਵਿਚ ਕਾਫੀ ਪਾਇਆ ਹੈ।

ਦੂਜੇ ਅਰਥ ਦਾ ਭਾਵ:

ਇਹ ਨਿਰੀ ਦਿਲ ਪਰਚਾਵੇ ਦੀ ਕਥਾ ਮਾਤ੍ਰ ਨਹੀਂ ਇਸ ਵਿਚ ਨਾਮ ਸਿਮਰਨ ਵਿਚ ਲਗਾ ਦੇਣ ਦੀ ਤਾਸੀਰ ਰੱਖੀ ਗਈ ਹੈ, ਪਾਪਾਂ ਵਿਕਾਰਾਂ ਤੋਂ ਉਪਰਾਮ ਰਹਿਣ ਦੀ ਸਿੱਖਯਾ ਇਸ ਵਿਚ ਭਰੀ ਪਈ ਹੈ ਅਤੇ ਪੁੰਨ ਮਈ ਬ੍ਰਿਤੀ ਵਾਲਿਆਂ ਲਈ ਇਸ ਕਥਾ ਵਿਚ ਮੋਤੀਆਂ ਵਰਗੇ ਸੁਹਣੇ ਤੇ ਅਨਮੋਲ ਪਦਾਰਥ ਪਰਮਾਰਥ ਦੇ ਭਰੇ ਪਏ ਹਨ, ਤੇ ਦੁਰਬੁੱਧੀਆਂ ਦੇ ਦੂਰ ਕਰਨ ਲਈ ਇਸ ਵਿਚ ਕਾਫੀ ਉਪਦੇਸ਼ ਤੇ ਜੀਵਨ ਦੇ ਤਜਰਬੇ ਮੌਜੂਦ ਹਨ।

### ੩. ਇਸ਼੍ਟ ਗੁਰੂ-ਗੁਰ ਅਵਤਾਰ-ਮੰਗਲ।

ਪਾਰਬ੍ਰਹਮ ਕੇ ਗੁਰ ਅਵਤਾਰ†।

†ਗੁਣੀ ਜਨਾਂ ਨੂੰ ਸਮਝ ਲੈਣਾ ਚਾਹੀਏ ਕਿ ਕਵੀ ਜੀ ਏਥੇ ਗੁਰੂ ਸਾਹਿਬਾਂ ਨੂੰ ਵਿਸ਼ਨੂੰ ਅਵਤਾਰ ਨਹੀਂ ਦੱਸ ਰਹੇ ਸਗੋਂ ਪਾਰਬ੍ਰਹਮ ਦਾ ਅਵਤਾਰ ਦੱਸ ਰਹੇ ਹਨ। ਇਸ ਵਿਚ ਪਹਿਲੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਕਵੀ ਜੀ ਆਪ ਵਿਸ਼ੇਸ਼ਤਾ ਦਰਸਾ ਰਹੇ ਹਨ।

ਤਾਰਨ ਹਿਤ ਜਗ† ਭਗਤ ਉਦਾਰ। †ਪਾ:-ਜਨ।
ਦਾਰੁਨ ਦੁਖ ਤੇ ਕੀਨਿ ਉਧਾਰ।
ਧਾਰੇ ਸਿੱਖੀ ਪਰੇ ਸੁ ਪਾਰ ॥੬॥

ਅਰਥ:

(ਸਾਰੇ) ਗੁਰੂ ਸਾਹਿਬ ਪਾਰਬ੍ਰਹਮ ਦੇ ਅਵਤਾਰ ਹਨ, ਜੋ ਜਗਤ ਦੇ ਭਗਤਾਂ ਨੂੰ ਤਾਰਨ ਵਿੱਚ (ਅਤਿ) ਉਦਾਰ (ਹੋਏ) ਹਨ†। ਭਯਾਨਕ ਦੁੱਖਾਂ ਤੋਂ (ਜਗਤ ਦਾ ਆਪ ਨੇ ਹੀ) ਉਧਾਰ ਕੀਤਾ, (ਤੇ ਜਿਨ੍ਹਾਂ ਨੇ ਆਪ ਦੀ) ਸਿੱਖੀ ਧਾਰਨ ਕੀਤੀ ਸੋ ਭਵਸਾਗਰ ਤੋਂ ਪਾਰ ਹੋ ਗਏ।

†ਅਥਵਾ ਜਗਤ ਨੂੰ ਤਾਰਨ ਹਿਤ ਭਗਤੀ ਦਾਨ ਦੇਣ ਵਿਚ (ਬੜੇ) ਉਦਾਰ ਹੋਏ ਹਨ।

### ੪. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਸ੍ਵੈਯਾ:

ਧਾਰਿ ਅਪੂਰਬ ਪੂਰਬ ਰੂਪ
ਭਏ ਗੁਰ ਨਾਨਕ ਜੋਤਿ ਉਦਾਰਹਿ।
ਦਾਰ ਕਿਧੌਂ ਨਰ ਪੰਥ ਪਰੇ ਤਿਨ
ਸੇ ਜਗ ਸਾਗਰ ਤੇ ਪਰਿ ਪਾਰਹਿ।
ਪਾਰਤਿ ਹੈਂ ਗੁਨ, ਟਾਰਤਿ ਔਗੁਨ,

ਗਜਾਨ ਸਿਖਾਰਤਿ ਬਾਕ ਬਿਚਾਰਹਿਂ।
ਚਾਰਹੁਂ ਬੇਦ ਉਚਾਰਹਿਂ ਸਾਰਹਿ,
ਬੰਦਤਿ ਹੌਂ ਅਬਿ ਮੋਹਿ ਉਧਾਰਹਿਂ ॥੭॥

ਅਪੂਰਬ=ਜਿਹੋ ਜਿਹਾ ਅਗੇ ਨਾ ਹੋਵੇ, ਭਾਵ ਅਚਰਜ, ਅਤਿ ਸੁੰਦਰ।
ਪੂਰਬ=ਸਭ ਤੋਂ ਪਹਿਲਾਂ, ਸਭ ਤੋਂ ਸਨਾਤਨ ਭਾਵ ਪਰਮਾਤਮਾ, ਬ੍ਰਹਮ। ਜਿਸ ਤੋਂ ਪਹਿਲਾਂ ਹੋਰ ਕੋਈ ਨਾ ਹੋਇਆ ਹੋਵੇ। (ਅ) ਪਹਿਲਾ ਸਰੂਪ ਭਾਵ ਦਸੋ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਪਹਿਲੇ।
ਦਾਸ=ਇਸਤ੍ਰੀਆਂ। ਪਰਿ ਪਾਰਿਹ=ਪੈ ਗਏ ਪਾਰ।

ਅਰਥ:

੧. ਅਸਚਰਜ ਬ੍ਰਹਮ ਹੀ ਰੂਪ ਧਾਰਕੇ ਉਦਾਰ ਜਜੋਤੀ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ। ੨. ਇਸਤ੍ਰੀ ਅਥਵਾ ਪੁਰਸ਼ (ਜੋ ਵੀ) ਤਿਨ੍ਹਾਂ ਦੇ ਪੰਥ (ਭਾਵ ਸਿਖੀ ਮਾਰਗ) ਵਿਚ ਆਏ, ਓਹ ਸੰਸਾਰ ਸਾਗਰ ਤੋਂ ਪਾਰ ਪੈ ਗਏ। ੩. ੪. (ਸਤਿਗੁਰੂ ਜੀ ਆਪਣੇ ਸੇਵਕਾਂ ਦੇ) ਗੁਣਾਂ ਨੂੰ ਪਾਲਦੇ ਹਨ, ਔਗੁਣਾਂ ਨੂੰ ਦੂਰ ਕਰਦੇ ਹਨ ਤੇ ਗਿਆਨ ਸਿਖਾਲਦੇ ਹਨ, (ਜੇ ਕੋਈ ਉਨ੍ਹਾਂ ਦੇ) ਵਾਕਾਂ ਨੂੰ ਵਿਚਾਰਦੇ ਹਨ ਓਹ ਚਾਰ ਵੇਦਾਂ ਦੇ ਤੱਤ ਨੂੰ ਉਚਾਰਨ ਲਗ ਜਾਂਦੇ ਹਨ। (ਮੈਂ) ਹੁਣ (ਉਨ੍ਹਾਂ ਸਤਿਗੁਰਾਂ) ਨੂੰ ਨਮਸਕਾਰ ਕਰਦਾ ਹਾਂ। (ਤੇ ਬੇਨਤੀ ਕਰਦਾ ਹਾਂ ਕਿ) ਮੇਰਾ ਵੀ ਪਾਰ ਉਤਾਰਾ ਕਰਨ।

ਹੋਰ ਅਰਥ:

੧. ਪਹਿਲੇ ਗੁਰੂ ਅਤਿ ਸੁੰਦਰ ਰੂਪ ਧਾਰਕੇ (ਸ੍ਰੀ ਗੁਰੂ) ਨਾਨਕ ਦੇਵ ਜੀ ਉਦਾਰ ਜੋਤੀ ਵਾਲੇ ਹੋਏ। ੪. ਜੋ ਕੁਛ ਉਚਾਰਦੇ ਹਨ ਉਹ ਚਾਰ ਵੇਦਾਂ ਦਾ ਤੱਤ ਹੁੰਦਾ ਹੈ। ਅਥਵਾ ਸਾਰਾ ਜੋ ਕੁਛ ਗੁਰੂ ਜੀ ਉਚਾਰਦੇ ਹਨ ਉਹ ਵੇਦ ਕੋਲੋਂ (ਚਾਰੂ=) ਸੁੰਦਰ ਹੁੰਦਾ ਹੈ†।

†ਵੇਦਾਂ ਦੇ ਸਾਰ ਬਾਬਤ ਵਿਸ਼ੇਸ਼ ਵੀਚਾਰ ਲਈ ਦੇਖੋ ਰਾਸ ੩ ਅੰਸੂ ੪੨ ਅੰਕ ੩੫ ਦੀ ਹੇਠਲੀ ਟੂਕ।

## ੫. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਚਿੱਤ੍ਰਪਦਾ ਛੰਦ:

ਜਾਲ ਜੰਜਾਲ ਫਸੇ ਜੁ ਮਿਲੇ, ਤਿਨ ਦਾਸਨਿ ਬ੍ਰਿੰਦ ਬਿਕਾਰਨ ਜਾਲਿ।
ਜਾਲਨਿ ਕੋ ਉਪਦੇਸ਼ ਬਿਖਾਨਿ ਕੈ, ਸ੍ਰੀ ਸਤਿਨਾਮ ਕੀ ਦੇ ਜਪੁਮਾਲ।
ਮਾਲਿਕ ਦੀਨ ਦੁਨੀ ਗੁਰ ਅੰਗਦ, ਬੰਦਨ ਤੇ ਕਰਿ ਦੇਤਿ ਨਿਹਾਲ।
ਹਾਲ ਭਲੋ ਪਰਲੋਕ ਤਿਨੈ, ਨਹਿਂ ਫੇਰ ਫਸੈਂ ਕਬਿਹੂੰ ਜਮਜਾਲ ॥੮॥

ਜਾਲ=ਜਾਲ, ਫਾਹੀ। ਜੰਜਾਲ=ਝੰਝਟ, ਬਖੇੜੇ, ਪੁਆੜੇ, ਪ੍ਰਪੰਚ।
ਜਾਲਿ=ਸਾੜ ਦਿਤੇ। ਜਾਲਨਿ ਕੋ=ਬਹੁਤਿਆਂ ਨੂੰ। ਸਾਰਿਆਂ ਨੂੰ।
ਬਖਾਨਿ ਕੈ=ਕਹਿਕੇ। ਸਮਝਾ ਕੇ।

ਅਰਥ:

(ਸਤਿਗੁਰੂ ਅੰਗਦ ਦੇਵ ਜੀ ਨੂੰ) ਜੇਹੜੇ (ਲੋਕੀਂ) ਜੰਜਾਲਾਂ ਦੇ ਜਾਲ ਵਿਚ ਫਸੇ ਹੋਏ ਮਿਲੇ, ਤਿਨ੍ਹਾਂ ਸਾਰਿਆਂ ਦਾਸਾਂ ਦੇ ਵਿਕਾਰ (ਆਪ ਨੇ) ਦਗਧ ਕਰ ਦਿੱਤੇ, ਅਤੇ ਸਾਰਿਆਂ ਨੂੰ ਹੀ (ਆਪਣਾ) ਉਪਦੇਸ਼ ਸਮਝਾਕੇ ਸ੍ਰੀ ਸਤਿਨਾਮ ਦੀ ਜਪਮਾਲਾ ਦਿੱਤੀ (ਅਰਥਾਤ ਨਾਮ ਬਖਸ਼ਿਆ) ਗੁਰੂ ਅੰਗਦ ਦੇਵ ਜੀ ਦੀਨ ਦੁਨੀ ਦੇ ਮਾਲਕ ਹਨ (ਦਾਤੇ ਐਸੇ ਹਨ ਕਿ) ਨਮਸਕਾਰ ਕਰਨ ਤੇ ਹੀ (ਇਸ ਜਗਤ ਵਿਚ ਭੀ) ਨਿਹਾਲ ਕਰ ਦਿੰਦੇ ਹਨ ਤੇ ਪ੍ਰਲੋਕ ਵਿਚ ਵੀ ਉਹਨਾਂ ਦਾ ਹਾਲ (ਬਹੁਤ) ਚੰਗਾ ਹੁੰਦਾ ਹੈ (ਤੇ ਉਹ) ਮੁੜਕੇ ਜਮ ਦੇ ਜਾਲ ਵਿਚ ਕਦੇ ਨਹੀਂ ਫਸਦੇ।

## ੬. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ-ਮੰਗਲ।

ਸ੍ਵੈਯਾ:

ਮੋਹਿ ਰਿਦੈ ਬਸਿ ਕੈ ਨਿਸ ਬਾਸੁਰ, ਨਾਸ਼ ਕਲੇਸ਼ ਕਰੋ, ਹੁਇ ਮੋਹ ਨ।
ਮੋਹਨ ਕੇ ਪਿਤ ਸ਼੍ਰੀ ਗੁਰ ਪੂਰਨ ! ਦਾਸਨ ਕੇ ਕਰਤਾ ਮਨ ਮੋਹਨ !
ਹੋਹਿ ਨ ਲੋਭ ਕੋ ਲੋਭ ਕਬੈ, ਨਹਿਂ ਕਾਮ ਕੋ ਕਾਮ ਹੰਕਾਰ ਨ ਕ੍ਰੋਹ ਨ।
ਕੋਹ ਸੀ ਓਟ ਸਦਾ ਨਿਜ ਦਾਸਨਿ, ਦਾਨ ਕੋ ਦੀਨ ਕਰੇ ਨਿਰਮੋਹਨ ॥ ੯ ॥

ਮੋਹਿਨ=ਗੁਰੂ ਅਮਰ ਦੇਵ ਜੀ ਦੇ ਵਡੇ ਸਪੁੱਤ੍ਰ ਦਾ ਨਾਮ।
ਲੋਭ=ਪਦਾਰਥ। ਲੁਭਾਇਮਾਨ ਕਰ ਲੈਣ ਵਾਲੇ ਸਾਮਾਨ। [ਸੰ:, ਲੋਭਜ]
ਲੋਭ=ਲਾਲਚ। ਕਾਮ ਕੋ ਕਾਮ=ਕਾਮ ਦੀ ਕਾਮਨਾ, ਕਾਮ ਦੀ
ਇੱਛਾ ਮਾਤ੍ਰ ਨਾ ਰਹੇ। (ਅ) ਕਾਮ ਨਾਲ ਕੰਮ ਨਾ ਰਹੇ।
ਕ੍ਰੋਹ=ਕ੍ਰੋਧ, ਗੁੱਸਾ। ਕੋਹ=ਪਹਾੜ [ਫਾ:, ਕੋਹ]।
ਦੀਨਿ=ਦੇਕੇ। (ਅ) ਦੀਨਾਂ ਨੂੰ, ਗ੍ਰੀਬਾਂ ਨੂੰ।

ਅਰਥ:

੨. ਹੇ ਮੋਹਨ ਜੀ ਦੇ ਪਿਤਾ ਪੂਰਨ ਸ਼੍ਰੀ ਗੁਰੂ (ਅਮਰ ਦਾਸ ਜੀਓ !) (ਹੇ) ਦਾਸਾਂ ਦੇ ਮਨਾਂ ਨੂੰ ਮੋਹਿਤ ਕਰ ਲੈਣ ਵਾਲੇ ਜੀਓ ! ੧. ਮੇਰੇ ਰਿਦੇ ਵਿਚ ਰਾਤ ਦਿਨ ਵੱਸਕੇ ਕਲੇਸ਼ਾਂ ਦਾ ਐਸਾ ਨਾਸ਼ ਕਰੋ ਕਿ (ਕਿ ਮੈਨੂੰ) ਮੋਹ ਨਾ ਉਪਜੇ। ੩. ਨਾ ਹੀ ਪਦਾਰਥ ਦਾ ਲੋਭ ਕਦੇ ਉਪਜੇ, ਨਾਂ ਹੀ ਕਾਮ ਦੀ ਕਾਮਨਾ ਰਹੇ, ਨਾ ਹੰਕਾਰ (ਤੇ) ਨਾ (ਹੀ) ਕ੍ਰੋਧ ਰਹੇ। (ਆਪ) ਸਦਾ ਆਪਣੇ ਦਾਸਾਂ ਦੀ ਪਹਾੜ ਵਰਗੀ ਓਟ ਹੋ ਤੇ (ਨਾਮ ਦਾ) ਦਾਨ ਦੇਕੇ ਨਿਰਮੋਹ ਕਰ ਦਿੰਦੇ ਹੋ।

## ੭. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਹਰਿਦਾਸ ਤਨੈ ਹਰਿਦਾਸ ਭਨੈ, ਹਰਿ ਰੂਪ ਬਨੈ ਹਰਿ† ਪੂਜਤਿ ਹੈ ਜਿਨ।

†੧੯੧੨ ਤੇ ੧੯੧੯ ਵਾਲੇ ਦੋਹਾਂ ਪੁਰਾਤਨ ਨੁਸਖਿਆਂ ਵਿਚ 'ਰਾਰੇ' ਨੂੰ ਸਿਆਰੀ ਹੈ-'ਹਰਿ'।

ਹਰਿ ਦੋਸ਼ਨ ਦੈ ਸੁਖ ਦਾਸਨ ਕੋ, ਉਰ ਮੋਹ ਤੇ ਆਦਿ ਬਿਕਾਰ ਭਰੇ ਜਿਨ।
ਬਰ ਦੇਤਿ ਜਿਨਹਿ ਬਰ ਮਾਨਵ ਸੇ, ਬਰਬੰਡ ਭਏ ਜਮ ਰੂਪ ਪਿਖੈ ਜਿਨ।
ਕਰ ਬੰਦ ਤਿਨੈਂ ਕਰਿ ਬੰਦਨ ਕੋ, ਕਰਤਾਰ ਗੁਨਾਕਰ, ਗਜਾਨ ਅਮੇਜਿਨ ॥ ੧੦ ॥

ਹਰਿਦਾਸ=ਸ਼੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ। ਹਰਿਦਾਸ=
ਅਕਾਲ ਪੁਰਖ ਦੇ ਦਾਸ। ਰਾਮਦਾਸ ਦੇ ਅਰਥ ਬੀ ਅਕਾਲ ਪੁਰਖ ਦੇ ਦਾਸ ਹਨ, ਇਸ ਕਰਕੇ ਕਵੀ ਜੀ ਰਾਮਦਾਸ ਪਦ ਦਾ ਤਰਜੁਮਾ 'ਹਰਿਦਾਸ' ਪਦ ਨਾਲ ਕਰ ਰਹੇ ਹਨ।
ਹਰਿ=ਵਾਹਿਗੁਰੂ। ਨਿਰੰਕਾਰ। ਬਨੈ=ਫਬੇ ਹੋ, ਪ੍ਰਗਟੇ ਹੋ।
ਹਰਿ=ਵਿਸ਼ਨੂੰ। ਹਰਿ=ਨਾਸ਼ ਕਰਕੇ।
ਬਰਬੰਡ=ਬਲਵਾਨ।
(ਅ) ਵਰ ਵੰਡਣ ਵਾਲੇ, ਭਾਵ ਅੱਗੋਂ ਵਰ ਦਾਤੇ ਹੋ
ਗਏ ਗੁਰਮੁਖਾਂ ਤੋਂ ਹੈ। ਪਿਖੈ ਜਿਨ=ਨਹੀਂ ਵੇਖਣਗੇ।
ਗਜਾਨ ਅਮੇ ਜਿਨ=ਗਜਾਨ ਮਿਣਤੀ ਵਿਚ ਨਹੀਂ ਹੈ ਜਿਨ੍ਹਾਂ ਦਾ।
(ਅ) ਗਜਾਨ ਵਿਚ ਮਿਲੇ ਹੋਏ। [ਫਾ:, ਆਮੇਖਤਨ, ਆਮੇਜ਼ੀਦਨ=ਮਿਲਨਾ ਤੋਂ ਆਮੇਜ਼ਨ]।

ਅਰਥ:

(ਸ੍ਰੀ) ਹਰਿਦਾਸ ਜੀ ਦੇ ਸੁਪੱਤ੍ਰ (ਸ਼੍ਰੀ ਗੁਰੂ ਰਾਮ ਦਾਸ ਜੀ ਆਪਣੇ ਆਪ ਨੂੰ) ਹਰੀ ਦੇ ਦਾਸ ਕਹਾਉਂਦੇ ਹਨ (ਅਰਥਾਤ ਰਾਮਦਾਸ ਕਹਾਉਂਦੇ ਹਨ ਪਰ ਆਪ ਪ੍ਰਤੱਖਜ) ਨਿਰੰਕਾਰ ਦਾ ਰੂਪ ਪ੍ਰਗਟੇ ਹਨ,

(ਜਿਨ੍ਹਾਂ ਨੂੰ ਕਿ) ਵਿਸ਼ਨੂੰ ਵੀ ਪੂਜਦਾ ਹੈ। (ਆਪ ਆਪਣੇ) ਦਾਸਾਂ ਦੇ ਦੋਸ਼-ਜਿਨ੍ਹਾਂ ਦੇ ਰਿਦੇ ਮੋਹ ਆਦਿ (ਪੰਜਾਂ) ਵਿਕਾਰਾਂ ਨਾਲ ਭਰੇ ਹੋਏ ਹਨ-ਨਾਸ਼ ਕਰਕੇ ਸੁਖ ਦਿੰਦੇ ਹਨ। ਅਤੇ ਜਿਨ੍ਹਾਂ ਸ੍ਰੇਸ਼ਟ ਪੁਰਸ਼ਾਂ ਨੂੰ (ਆਪ ਨੇ) ਵਰ ਦਿੱਤੇ ਹਨ, ਉਹ (ਐਸੇ) ਬਲਵਾਨ ਹੋ ਗਏ ਹਨ ਕਿ ਓਹ ਜਮਾਂ ਦਾ ਰੂਪ ਕਦੇ ਨਹੀਂ ਦੇਖਣਗੇ। (ਮੈਂ ਵੀ) ਵਾਹਿਗੁਰੁ ਸਰੂਪ ਗੁਣਾਂ ਦੀ ਖਾਣ, ਅਮੇਣਵੇਂ ਗਜਾਨ ਵਾਲੇ (ਸ੍ਰੀ ਗੁਰੂ ਰਾਮਦਾਸ ਜੀ ਨੂੰ ਦੋਵੇਂ) ਹੱਥ ਜੋੜਕੇ ਬੰਦਨਾ ਕਰਦਾ ਹਾਂ।

## ੮. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਕਬਿੱਤ:

**ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ !**
**ਅਰਿ ਜਨ ਹਨਿ ਅਰਜਨ ਜਸ ਦੀਨਿਓ।**
**ਕਵਿਤਾ ਪ੍ਰਪੂਰ ਮੇ ਚਰਿੱਤ੍ਰ ਭਰਪੂਰ ਨਿਜ,**
**ਪੂਰ ਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ।**
**ਕਥਾ ਗੁਨ ਸਰੁਵਰ, ਔਗੁਨ ਕੋ ਸਰ ਖਰ,**
**ਗੁਰੂ ਸਰ ਔਰ ਨਾ, ਸ਼ਰਨ ਯਾਂ ਤੇ ਲੀਨਿਓ।**
**ਨਾਮ ਲਿਵ ਤਾਰ ਦੇ ਉਚਾਰ ਭਵ ਪਾਰ ਦੇ,**
**ਪਤਾਰ ਤੇ ਉਧਾਰ ਪਦ ਤਾਰਿਦੇ ਪ੍ਰਬੀਨਿਓ ॥੧੧॥**

ਅਰਜ਼ਨਿ=ਬੇਨਤੀਆਂ [ਅ਼:, ਅਰਜ਼]। ਅਰਜਨ=ਪੰਚਮ ਸਤਿਗੁਰੂ ਜੀ।
ਅਰਿ ਜਨ=ਵੈਰੀ ਲੋਕ, ਕਾਮ ਕ੍ਰੋਧ ਲੋਭ ਮੋਹ ਹੰਕਾਰ।
ਅਰਜਨ=ਉੱਜਲ। ਪ੍ਰਪੂਰ=(ਨੌ ਰਸਾਂ ਅਲੰਕਾਰਾਂ ਆਦਿ ਨਾਲ)
ਪਰੀ ਪੂਰਣ। ਭਰਪੂਰ=ਸੰਪੂਰਣ।
ਪੂਰ ਮੇਂ ਪਰੀ ਹੈ=ਮੇਰੀ (ਘਾਲ) ਪੂਰੀ ਪੈ ਗਈ ਹੈ।
ਨਾਮ ਲਿਵਤਾਰ ਦੇ=ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ।
ਪਤਾਰ=ਪਤਾਲ, ਭਾਵ ਨਰਕ।
ਪਦ ਤਾਰ=(ਭਵ ਸਾਗਰ ਤੋਂ) ਤਾਰ ਦੇਣ ਵਾਲਾ ਪਦ, ਮੁਕਤੀ ਪਦ।

ਅਰਥ:

(ਹੇ ਸ੍ਰੀ) ਸਤਿਗੁਰੂ ਅਰਜਨ (ਦੇਵ ਜੀਓ!) ਮੇਰੀਆਂ ਅਰਜ਼ਾਂ ਸੁਣੋ:-(ਤੁਸਾਂ ਹੀ ਮੇਰੇ ਅੰਦਰਲੇ ਤੇ ਬਾਹਰਲੇ) ਵੈਰੀ ਜਨਾਂ ਨੂੰ ਮਾਰਕੇ (ਇਸ ਜਗਤ ਵਿਚ) ਉੱਜਲ ਜਸ (ਮੈਨੂੰ) ਦਿਵਾ ਦਿੱਤਾ ਹੈ (ਕਿਵੇਂ? ਅੱਗੇ ਆਪ ਹੀ ਉੱਤਰ ਦਿੰਦੇ ਹਨ ਕਿ) ਆਪਣਾ ਭਰਪੂਰ (=ਸੰਪੂਰਨ) ਚਰਿੱਤ੍ਰ (ਨੌ ਰਸਾਂ ਤੇ ਅਲੰਕਾਰਾਂ ਆਦਿ ਨਾਲ) ਪਰੀ ਪੂਰਣ ਕਵਿਤਾ (ਵਿਚ ਮੈਂ ਦਾਸ ਕੋਲੋਂ ਉਚਰਵਾਕੇ) ਗ੍ਰੰਥ ਪੂਰਨ ਜੋ ਕਰਵਾ ਲਿਆ ਹੈ (ਇਸ ਵਿਚ) ਮੇਰੀ (ਘਾਲ) ਪੂਰੀ ਪੈ ਗਈ ਹੈ। (ਇਹ) ਕਥਾ ਗੁਣਾਂ ਦਾ ਸਰੋਵਰ ਤੇ ਔਗੁਣਾਂ ਨੂੰ ਤਿੱਖਾ ਤੀਰ ਹੈ (ਕਿਉਂਕਿ ਇਹ ਉਹਨਾਂ ਗੁਰਾਂ ਦੀ ਕਥਾ ਹੈ ਜਿਨ੍ਹਾਂ) ਗੁਰਾਂ ਦੇ ਤੁੱਲ ਹੋਰ ਕੋਈ ਨਹੀਂ ਏਸੇ ਲਈ ਹੀ ਮੈਂ (ਗੁਰਾਂ ਦੀ) ਸ਼ਰਨ ਪਕੜੀ ਹੈ (ਤੇ ਹੁਣ ਮੈਂ ਬਿਨਯ ਕਰਦਾ ਹਾਂ ਕਿ ਹੇ) ਪ੍ਰਬੀਨ (ਸਤਿਗੁਰੂ ਜੀਓ!) ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ (ਜਿਸ ਦੇ) ਉਚਾਰਨ ਤੇ ਸੰਸਾਰ ਤੋਂ ਪਾਰ ਹੋ ਜਾਈਦਾ ਹੈ ਤੇ (ਜੇਹੜਾ) ਨਰਕਾਂ ਤੋਂ ਬਚਾ ਕੇ ਮੁਕਤੀ ਪਦ ਦਿੰਦਾ ਹੈ।

ਹੋਰ ਅਰਥ:

੪. ਹੇ ਪ੍ਰਬੀਨ ਗੁਰੂ ਜੀ ਮੈਨੂੰ ਨਰਕ ਤੋਂ ਉਧਾਰਕੇ ਮੁਕਤੀ ਦਾ ਪਦ ਦਿਓ (ਤੇ ਕੇਵਲ) ਉੱਚਾਰਨ (ਮਾਤ੍ਰ ਨਾਲ) ਸੰਸਾਰ ਤੋਂ ਪਾਰ ਕਰ ਦਿਓ।

## ੯. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ-ਮੰਗਲ।

ਸੈਯਾ:

ਸਾਰੰਗ[੧] ਪੈ ਕਬਿ ਸਾਰੰਗ[੨] ਪੈ ਚਢਿ,
ਸਾਰੰਗ[੩] ਸ਼ੱਤ੍ਰੂਨਿ ਕੋ ਬਲਿ ਸਾਰੰਗ[੪]।
ਸਾਰੰਗ[੫] ਜਯੋਂ ਜਗ ਮੈਂ ਕੁਲ ਸਾਰੰਗ[੬],
ਸਾਰੰਗ[੭] ਗਯਾਨ ਪ੍ਰਕਾਸ਼ਨਿ ਸਾਰੰਗ[੮]।
ਸਾਰੰਗ[੯] ਦਾਸਨਿ ਕੋ ਪ੍ਰਿਯ ਸਾਰੰਗ[੧੦],
ਸਾਰੰਗ[੧੧] ਦੋਸ਼ਨਿ ਕੋ ਸਮ ਸਾਰੰਗ[੧੨]।
ਸਾਰੰਗ[੧੩] ਪਾਨਿ ਭਯੋ ਨਰ ਸਾਰੰਗ[੧੪],
ਸਾਰੰਗ[੧੫] ਸ੍ਰੀ ਹਰਿ ਗੋਬਿੰਦ ਸਾਰੰਗ[੧੬] ॥੧੨॥

ਸਾਰੰਗ[†]=[੧]ਹਾਥੀ, [੨]ਘੋੜਾ, [੩]ਹਰਨ, [੪]ਸ਼ੇਰ, [੫]ਕਮਲ, [੬]ਸੂਰਜ, [੭]ਦੀਵਾ, [੮]ਅਗਨੀ, [੯]ਚਾਤ੍ਰਿਕ, [੧੦]ਬੱਦਲ, [੧੧]ਸਰਪ, [੧੨]ਗਰੁੜ, [੧੩]ਧਨੁਖ, (ਸਾਰੰਗ ਪਾਨਿ=ਧਨੁਖ ਧਾਰੀ), [੧੪]ਈਸ਼੍ਵਰ, [੧੫]ਉਹੋ ਰੰਗ, (ਸਾ+ਰੰਗ), [੧੬]ਸਾਰੰਗ, ਚਾਨਣਾ, ਪ੍ਰਕਾਸ਼, ਜੋਤਿ।

[†]ਸਾਰੰਗ ਦੇ ਕੋਸ਼ ਕਾਰਾਂ ਨੇ ਇਹਨਾਂ ਅਰਥਾਂ ਤੋਂ ਬਿਨਾਂ, ਕੋਈ ਅਰਥ ਹੋਰ ਬੀ ਦਿੱਤੇ ਹਨ ਯਥਾ:-ਕੋਇਲ, ਬਾਜ਼, ਹੰਸ, ਮੋਰ, ਛਤਰ, ਸੋਨਾ, ਗਹਿਣਾ, ਤਾਲ, ਭੌਰਾ, ਕਪੂਰ, ਲਵਾ ਪੰਖੀ, ਚੰਦ੍ਰਮਾਂ, ਸਮੁੰਦਰ, ਪਾਣੀ, ਤੀਰ, ਪਪੀਹਾ, ਸ਼ਿਵ, ਕ੍ਰਿਸ਼ਨ ਜੀ, ਚੰਦਨ, ਪ੍ਰਿਥਵੀ, ਕੇਸ਼, ਚਮਕ, ਸ਼ੋਭਾ, ਇਸਤ੍ਰੀ, ਰਾਤ, ਦਿਨ, ਤਲਵਾਰ, ਕਬੂਤਰ, ਇਕ ਪ੍ਰਕਾਰ ਦਾ ਛੰਦ, ਮੋਤੀ, ਥਨ, ਹੱਥ, ਕਾਂ, ਨਛਤ੍ਰ, ਮਮੋਲਾ, ਡੱਡੂ, ਹੱਲ, ਅਕਾਸ਼, ਪੰਛੀ, ਚਿੜੀ, ਕੱਪੜਾ, ਕਾਮ, ਕੱਜਲ, ਬਿਜਲੀ, ਫੁੱਲ, ਇਕ ਰਾਗ, ਆਦਿ। ਡਿੰਗਲ ਭਾਸ਼ਾ ਵਾਲਿਆਂ ਨੇ 'ਸਾਰੰਗ' ਪਦ ਦੇ ਹੋਰ ਅਰਥ ਬੀ ਲਾਏ ਹਨ, ਓਹ ਇਹ ਹਨ:-ਵੀਣਾਂ, ਮੋਤੀ, ਕੱਚ, ਸ਼ਬਦ, ਤੋਤਾ, ਬੱਜ੍ਰ, ਨਾਰੀਅਲ, ਕੇਸਰ, ਪਰਬਤ, ਗਰੁੜ, ਆਦਿ।

ਅਰਥ:

(ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ) ਕਦੇ ਹਾਥੀ ਪਰ ਸਵਾਰ ਹੁੰਦੇ ਹਨ ਕਦੀ ਘੋੜੇ ਪਰ, (ਹਰਿ ਹਾਲ) ਹਰਨਾਂ ਰੂਪੀ ਸ਼ੱਤ੍ਰੂਆਂ ਤੇ ਬਲੀ ਸ਼ੇਰ ਵਰਗੇ ਹਨ। (ਪਰ ਮਿੱਤ੍ਰਾਂ ਲਈ ਆਪ) ਕਮਲਾਂ ਦੀ ਕੁਲ ਨੂੰ ਸੂਰਜ ਨਿਆਈਂ ਹਨ, (ਅਰ ਸਿੱਖਾਂ ਪ੍ਰਤੀ) ਗਿਆਨ ਦੇ ਪ੍ਰਕਾਸ਼ਨੇ ਵਾਲੇ (ਐਉਂ ਹਨ ਜਿਵੇਂ) ਦੀਪਕ ਨੂੰ ਅਗਨੀ (ਪ੍ਰਕਾਸ਼ਦੀ ਹੈ)। ਦਾਸਾਂ ਨੂੰ ਐਉਂ ਪਿਆਰੇ ਹਨ (ਕਿ ਜਿਵੇਂ) ਚਾਤ੍ਰਿਕ ਨੂੰ ਬੱਦਲ ਹੈ; ਪਾਪਾਂ ਲਈ (ਐਉਂ ਹਨ ਜਿਵੇਂ) ਸਰਪ ਲਈ ਗਰੁੜ। (ਗੱਲ ਕੀਹ ਇਹ ਜੋ ਸ੍ਰੀ ਹਰਿਗੋਬਿੰਦ ਜੀ ਹਨ ਈਸ਼੍ਵਰ ਹੀ ਨਰ ਬਣਕੇ ਧਨੁਖਧਾਰੀ ਹੋ ਰਿਹਾ ਹੈ, (ਪਰ ਫੇਰ ਦੇਖੋ ਕਿ ਮਨੁੱਖ ਰੂਪ ਧਾਰਕੇ ਬੀ) ਉਹੋ (ਇਲਾਹੀ) ਰੰਗ ਹੈ (ਓਹੋ) ਜੋਤ ਹੈ।

ਭਾਵ:

ਸਾਰੰਗ ਪਦ ਦੇ ਅਰਥ ੭੦ ਤੋਂ ਬੀ ਵਧੀਕ ਹਨ, ਇਸ ਲਈ ਇਸ ਸੈਯੇ ਦੇ ਅਰਥ ਲਾਉਣ ਵਿਚ ਗੁਣੀ ਗਿਆਨੀ ਰਤਾ ਭਿੰਨ ਭਿੰਨ ਰਹਿਕੇ ਕਈ ਅਰਥ ਲਾ ਲੈਂਦੇ ਰਹੇ ਹਨ, ਪਰ ਕਵੀ ਜੀ ਦੇ 'ਖਿਆਲ ਦੀ ਲੜੀ' ਜੋ ਸਾਰੇ ਛੰਦ ਵਿਚ ਹੈ ਓਹ ਸਾਰੇ ਅਰਥਾਂ ਵਿੱਚ ਅਣਮਿਲਵੀਂ ਰਹਿ ਜਾਂਦੀ ਹੈ। ਅਸਾਂ ਜੋ ਹੇਠਾਂ ਟੂਕ ਵਿਚ ਸੱਠਾਂ ਦੇ ਆਨ ਮਾਨ ਹੋਰ ਅਰਥ ਦਿੱਤੇ ਹਨ, ਹੋ ਸਕਦਾ ਹੈ ਕਿ ਇਨ੍ਹਾਂ ਤੋਂ ਸੈਯੇ ਦੇ ਹੋਰ ਅਰਥ ਲਾਉਣ ਦਾ ਜਤਨ ਬੀ ਹੋਵੇ, ਪਰ ਅਰਥ ਸਫਲ ਉਹੀ ਹੈ ਜਿਸ ਵਿਚ 'ਖਿਆਲ ਦੀ ਲੜੀ' ਪਰਸਪਰ ਪ੍ਰੋਤਵੀਂ ਦਿੱਸ ਪਵੇ, ਜੈਸੇ ਕਿ ਇਸ ਸੈਯੇ ਦੇ ਉਪਰ ਦਿੱਤੇ ਅਰਥਾਂ ਵਿਚ ਨਿਭੀ ਹੈ। ਹਰ ਸਤਰ ਵਿਕੋਲਿੱਤਰੀ ਰਹੇ ਤਦ ਤਾਂ-'ਸਾਰੰਗ' ਪਦ ਦੇ ਬਹੁਤੇ ਅਰਥ ਹੋਣ ਕਰਕੇ-ਕਈ ਅਰਥ

ਲਗ ਜਾਣਗੇ ਪਰ ਸਫਲ ਨਹੀਂ ਹੋਣਗੇ, ਉਨ੍ਹਾਂ ਵਿਚ ਲੜੀ ਟੁੱਟ ਟੁੱਟ ਜਾਵੇਗੀ; ਉਪਰ ਦਿੱਤੇ ਅਰਥਾਂ ਵਿਚ ਖਿਆਲ ਦੀ ਲੜੀ ਲੱਭ ਪਈ ਹੈ, ਜਿਸ ਕਰਕੇ ਏਹ ਅਰਥ 'ਪਦਾਂ ਦੇ ਅਰਥ ਭਾਵਾਂ ਦੇ ਮੀਨਾਕਰ' ਕਵੀ ਜੀ ਦੇ ਆਸ਼ੇ ਦੇ ਬਹੁੰ ਨੇੜੇ ਜਾਂ ਢੁੱਕੇ ਜਾਪਦੇ ਹਨ।

### ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

**ਭਵ ਪਾਵਕ ਸਿੰਧੁ ਅਗਾਧ ਜਿਨੋਂ, ਸ਼ਰਨਾ ਸਰ ਨਾ ਤਰਨਾ ਤਰ ਨਾ।**
**ਪਰ ਐਸ਼੍ਵਰਜ ਹੇਰਿ ਰਿਦੇ ਜਰਨਾ, ਨਿਜ ਓਜ ਮਹਾਂ ਜਰਨਾ ਜਰ ਨਾ।**
**ਹਰਿਰਾਇ ਪ੍ਰਭੂ ਸਮ ਕੇਹਰਿ ਕੇ, ਜਨ ਦੋਸ਼ ਕਰੇ ਹਰਨਾ ਹਰਨਾ।**
**ਕਹਿਨਾ ਕਹਿਨਾ ਫੁਲ† ਹ੍ਵੈ ਨ ਸੁਗੰਧਿ, ਗੁਰੁ ਕਰੁਨਾ ਕਰਨਾ ਕਰਨਾ ॥੧੩॥**

†ਪਾ:-ਕਰਨਾ ਕਰਨਾ ਬਲ।

ਸ਼ਰਨਾ=ਸ਼ਰਨ। ਸਰਨਾ=ਸਰ+ਨਾ=ਜਾਚ ਨਹੀਂ ਹੈ।
ਤਰਨਾ=ਤਰਨਾ ਹੈ, ਪਾਰ ਉਤਰਨਾ ਹੈ।
ਤਰਨਾ=ਤਰ ਨਾ=ਤਰ ਨਹੀਂ ਸੱਕਣਾ। ਜਰਨਾ=ਸੜਨਾ ਹੈ।
ਜਰਨਾ=ਜਰ ਨਹੀਂ ਸੱਕਣਾ।
ਜਰਨਾ=ਜਰ+ਨਾ=ਜੜ ਨਹੀਂ ਰਹਿਣੀ। (ਅ) ਕਿਣਕਾ ਮਾਤ੍ਰ ਜ਼ੱਰਰਾ ਤੋਂ।
ਹਰਨਾ=ਹਰ ਲੈਂਦੇ ਹਨ। ਹਰਨਾ=ਹਰਨ, ਮਿਰਗ। ਕਹਿਨਾ=ਕਹਿਣਾ,
ਕਥਨੀ ਮਾਤ੍ਰ। ਕਹਿਨਾ=ਡੌਰੇ ਦਾ ਜਾਲਾ। ਗੁਰੂ ਕਰਨਾ=ਗੁਰੂ
ਜੀ ਦੀ ਮੇਹਰ। ਕਰਨਾ=ਕਰਤੱਤ। ਕਰਨਾ=ਸੰਗਤਰੇ ਕਿੰਬ,
ਖੱਟੇ ਆਦਿ ਦਾ ਫੁਲ ਜੋ ਬੜਾ ਸੁੰਦਰ ਤੇ ਸੁਗੰਧੀ ਵਾਲਾ ਹੁੰਦਾ ਹੈ।

ਅਰਥ:

ਸੰਸਾਰ (ਇਕ ਮਾਨੋਂ) ਅਗਨੀ ਦਾ ਅਗਾਧ ਸਾਗਰ ਹੈ, (ਇਥੇ) ਜਿਨ੍ਹਾਂ ਨੇ (ਸਤਿਗੁਰੂ ਹਰਿਰਾਇ ਜੀ ਦੀ) ਸ਼ਰਨ ਲਈ ਹੈ, ਉਨ੍ਹਾਂ ਨੇ ਤਰਨਾ ਹੈ, ਤੇ ਜਿਨ੍ਹਾਂ ਨੂੰ (ਸ਼ਰਨ ਲੈਣ ਦੀ ਸਰ ਨਾ=) ਜਾਚ ਨਹੀਂ ਆਈ, ਉਨ੍ਹਾਂ ਨੇ (ਤਰ ਨਾ=) ਨਹੀਂ ਤਰ ਸੱਕਣਾ। ੨. (ਕਿਉਂਕਿ ਉਨ੍ਹਾਂ ਨੇ) ਪਰਾਏ ਐਸ਼੍ਵਰਜ ਨੂੰ ਵੇਖਕੇ ਦਿਲ ਵਿਚ ਸੜਨਾ ਹੈ; ਆਪਣੇ ਬਲਕਾਰ ਨੂੰ ਵੱਡਾ (ਜਾਣਕੇ) ਜਰ ਨਹੀਂ ਸਕਣਾ, (ਇਸ ਕਰਕੇ ਉਨ੍ਹਾਂ ਦੀ ਜਰ ਨਾ=) ਜੜ ਨਹੀ ਰਹਿਣੀ। ੩. (ਪਰ ਧੰਨ ਹਨ) ਗੁਰੂ ਹਰਿਰਾਇ ਪ੍ਰਭੂ ਜਿਨ੍ਹਾਂ ਨੇ ਜਨਾਂ ਦੇ ਕੀਤੇ ਦੋਸ਼ ਐਉਂ ਹਰ ਲੈਂਦੇ ਹਨ ਜਿਵੇਂ ਸ਼ੇਰ ਹਰਨ ਨੂੰ। ੪. ਕਹਿਣਾ (ਕਥਨੀ ਮਾਤ੍ਰ ਜੋ ਕੁਛ ਹੈ) ਹੈ, ਸੋ ਤਾਂ ਕਹਿਣੇ (ਡੌਰੇ ਦੇ ਜਾਲੇ ਵਤ ਹੈ) ਜੋ ਨਾਂ ਫੁੱਲ ਹੈ ਨਾਂ ਸੁਗੰਧੀ ਹੈ, ਕਰਨਾ (ਕਰਤੱਤ ਜਾਂ ਕਰਨੀ ਜੋ ਹੈ ਸੋ) ਗੁਰੂ ਮੇਹਰ ਨਾਲ (ਓਹਨਾਂ ਸੰਗਤਰੇ ਦੇ ਫੁਲਾਂ) ਸਮਾਨ (ਸੁੰਦਰ ਤੇ ਸੁਗੰਧਿਤ) ਹੈ।

ਦੂਸਰਾ ਅਰਥ:

੧. ਜਿਨ੍ਹਾਂ ਨੇ (ਗੁਰੂ ਹਰਿ ਰਾਇ ਜੀ ਦੀ) ਸ਼ਰਨ (ਸ਼ਰਨਾ=) ਪ੍ਰਾਪਤ ਕੀਤੀ ਹੈ (ਉਨ੍ਹਾਂ ਨੇ) ਨਾਂ ਤਰੇ ਜਾਣ ਵਾਲੇ ਅਗਾਧ ਸੰਸਾਰ ਸਾਗਰ ਨੂੰ ਤਰ ਲੈਣਾ ਹੈ। (ਅ) ਜਿਨ੍ਹਾਂ ਨੇ ਸ਼ਰਨ ਲੈ ਲਈ ਓਹ ਇਉਂ ਤਰ ਗਏ ਜਿਵੇਂ ਜਹਾਜ ਤੇ ਬੈਠਕੇ ਸਮੁੰਦਰ ਤੋਂ ਤਰ ਜਾਈਦਾ ਹੈ।

੨. (ਜੋ ਇਹ ਉਪਦੇਸ਼ ਦੇਂਦੇ ਹਨ:-) ਪਰਾਏ ਐਸ਼੍ਵਰਜ ਨੂੰ ਦੇਖਕੇ ਰਿਦੇ ਵਿਚ ਜਰਨਾ ਤੇ ਅਪਣੇ ਮਹਾਨ ਬਲ ਨੂੰ ਇਉਂ ਜਰਨਾ ਜੀਕੁਣ ਕਿਣਕਾ ਮਾਤ੍ਰ ਹੈ। ਯਾ ਨਿਜ ਮਹਾਨ ਓਜ ਨੂੰ ਜਰ ਜਾਓ ਜਰ ਜਾਓ।

੪. ਕਹਿਣਾ ਤਾਂ ਡੌਰੇ ਦੇ ਜਾਲੇਵਤ ਹੈ, ਗੁਰੂ ਦੀ ਮਿਹਰ (ਕਹਿਣੇ ਨੂੰ) ਕਰਨਾ ਬਣਾ ਦੇਂਦੀ ਹੈ (ਜੋ) ਕਰਨੇ ਦੇ ਫੁਲ ਵਾਂਙੂ ਫੁਲ ਬੀ ਹੈ ਤੇ ਸੁਗੰਧੀ ਬੀ।

## ੧੧. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਚੌਪਈ:

ਕ੍ਰਿਸ਼ਨ ਵਰਤਮਾ ਗੁਰ ਹਰਿ ਕ੍ਰਿਸ਼ਨ। ਕਾਨਨ ਕਲਿ ਕੇ ਕਲਮਲ ਕ੍ਰਿਸ਼ਨ।
ਨਾਮ ਸਰੂਪ ਬਿਸ਼ਨੁ ਹਰਿ ਕ੍ਰਿਸ਼ਨ। ਸਿਮਰਹੁ ਬੰਦਹੁ ਹ੍ਵੈ ਕਬਿ ਕ੍ਰਿਸ਼ ਨ ॥੧੪॥
ਕ੍ਰਿਸ਼ਿਨਿ ਗੁਨਨ ਗਨ ਮਨਹੁ ਕ੍ਰਿਸਾਨ। ਬੰਧਨ ਬੰਸਨਿ ਬਿਪਨ ਕ੍ਰਿਸਾਨ।
ਜਿਨ ਕੇ† ਪੂਜਕ ਰੇਤ ਕ੍ਰਿਸਾਨ। ਸੋ ਸਰੂਪ ਸਤਿਗੁਰ ਭਗਵਾਨ ॥੧੫॥

†੧੯੧੨ ਵਾਲੇ ਨੁਸਖੇ ਵਿਚ ਪਾਠ 'ਕੇ' ਹੈ ਜੋ ਦਰੁਸਤ ਹੈ, ਮਗਰੋਂ ਦੇ ਕਈ ਲਿਖਤੀਆਂ ਤੇ ਛਾਪੇ ਦਿਆਂ ਵਿਚ ਪਾਠ 'ਕੋ' ਹੈ ਜੋ ਅਸ਼ੁੱਧ ਹੈ ਤੇ ਇਹੋ ਗ਼ਲਤੀ ਗੁਣੀ ਜਨਾਂ ਨੂੰ ਅਰਥ ਲਾਉਣ ਵਿਚ ਟਪਲਾ ਦੇਂਦੀ ਰਹੀ ਹੈ।

ਕ੍ਰਿਸ਼ਨ ਵਰਤਮਾ=ਬਲਦੀ ਅਗਨੀ (ਦੇਖੋ ਰਾਸ ੧ ਅੰਸੂ ੧ ਅੰਕ ੧੫ ਦੇ ਪਦ ਅਰਥ)।
ਹਰਿ ਕ੍ਰਿਸ਼ਨ=ਅੱਠਵੇਂ ਗੁਰੂ ਸਾਹਿਬ ਜੀ ਦਾ ਨਾਮ।
ਕਾਨਨ ਕਲਿ ਕੇ ਕਲਮਲ ਕ੍ਰਿਸ਼ਨ=ਕਲਿਜੁਗ ਦੇ ਪਾਪਾਂ ਦਾ ਕਾਲਾ ਬਨ।
ਬਿਸਨੁ=ਜੋ ਸਾਰੇ ਵਜਾਪਕ ਹੋਵੈ। ਪਰਮੇਸ਼ੁਰ
(ਅ) ਅਗਨੀ। (ੲ) ਵਿਸ਼ਨੂੰ ਦੇਵਤਾ।
ਹਰਿਕ੍ਰਿਸ਼ਨ=ਅਕਾਲ ਪੁਰਖ, ਨਿਰਗੁਣ ਪਰਮਾਤਮਾ।
ਕ੍ਰਿਸ਼ ਨ=ਕ੍ਰਿਸ਼ਜ+ਨ=ਮਾੜੇ ਨ ਹੋਣਾ। ਹਾਨੀ ਬਿਘਨ ਨਾ ਹੋਣਾ।
ਕ੍ਰਿਸ਼ਨਿ ਗੁਨਨਿ=ਗੁਣਾਂ ਰੂਪੀ ਖੇਤੀ ਦੇ। [ਕ੍ਰਿਖਿ=ਖੇਤੀ]।
ਕ੍ਰਿਸਾਨ=ਕਿਰਸਾਨ, ਰਾਹਕ। ਬੰਧਨ ਬੰਸਨਿ=ਬੰਧਨਾਂ ਰੂਪੀ ਬਾਂਸਾਂ ਦੇ।
ਕ੍ਰਿਸਾਨ=ਅਗਨੀ।

'ਜਿਨਕੇ ਪੂਜਕ ਰੇਤ ਕ੍ਰਿਸਾਨ'=ਅਕਸਰ ਗਿਆਨੀ ਇਸ ਤੁਕ ਦਾ ਪਾਠ ਇਉਂ ਕਰਦੇ ਹਨ:-'ਜਿਨ ਕੋ ਪੂਜ ਕਰੇਤ ਕ੍ਰਿਸਾਨ' ਤੇ ਕ੍ਰਿਸਾਨ ਦਾ ਅਰਥ ਅਗਨੀ ਉਪਲਖਤ ਦੇਉਤੇ ਲਾਉਂਦੇ ਹਨ। ਪ੍ਰੰਤੂ ਸ੍ਰੀ ਪੂਜ ਪਿਤਾ ਜੀ† ਦੀਆਂ ਕੋਈ ਕੋਈ ਯਾਦਦਾਸ਼ਤਾਂ, ਜੋ ਇਸ ਗ੍ਰੰਥ ਸਬੰਧੀ ਲੱਭਦੀਆਂ ਹਨ, ਉਨ੍ਹਾਂ ਵਿਚ ਇਸ ਤੁਕ ਦਾ ਪਾਠ ਐਉਂ ਆਪ ਲਿਖਿਆ ਹੈ:-'ਜਿਨਕੇ ਪੂਜਕ ਰੇਤ ਕ੍ਰਿਸਾਨ।' 'ਕ੍ਰਿਸਾਨੁ ਰੇਤਸ੍' ਨਾਮ 'ਸ਼ਿਵਜੀ' ਦਾ ਹੈ। ਇਹ ਅਰਥ ਸਹੀ ਹੈ ਕਿਉਂਕਿ ਕਵੀ ਜੀ ਆਪਣੇ ਕੋਸ਼ ਵਿਚ ਸ਼ਿਵਜੀ ਦੇ ਨਾਵਾਂ ਵਿਚ 'ਕ੍ਰਿਸਾਨ ਰੇਤਾ' ਪਦ

†ਸ਼੍ਰੀ ਮਾਨ ਸਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਸਾਹਿਬ।

ਦੇਂਦੇ ਹਨ (ਵਰਗ ੧ ਅੰਕ ੨੫) ਪਰ ਕ੍ਰਿਸਾਨ ਪਦ ਦਾ ਅਰਥ ਦੇਵਤਾ ਕੋਈ ਨਹੀਂ ਦੇਂਦੇ। ਸੰਸਕ੍ਰਿਤ ਕੋਸ਼ਾਂ ਵਿਚ 'ਕ੍ਰਿਸਾਨੁ' ਨਾਮ ਸੋਮਾਰਸ ਦੇ ਰਖਜਕ ਦਾ ਬੀ ਹੈ ਜੋ ਕਈ ਵੇਰ ਰੁਦ੍ਰ ਨਾਲ ਅਭੇਦ ਸਮਝਿਆ ਜਾਂਦਾ ਹੈ। ਤੇ 'ਕ੍ਰਿਸਾਨੁਰੇਤ੍ਰਸ'†=ਨਾਮ ਸ਼ਿਵ ਜੀ ਦਾ ਹੈ।

†ਕ੍ਰਿਸ਼ਾਨੁ=ਅਗਨੀ+ਰੇਤਸ੍=ਬੀਰਜ=ਅਗਨੀ ਜਿਸ ਦਾ ਬੀਰਜ ਹੈ, ਸੋ ਸ਼ਿਵ ਜੀ।

ਅਰਥ:

੧. ੨. (ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਲਜੁਗ ਦੇ ਕਾਲੇ ਬਨ ਨੂੰ ਬਲਦੀ ਅਗਨੀ ਵਤ (ਨਾਸ਼ ਕਰਤਾ) ਹਨ, ੩. (ਕ੍ਰਿਸ਼ਨ) ਨਾਮ ਤੋਂ ਤੇ (ਐਸ੍ਵਰਜ ਵਾਲੇ) ਸਰੂਪ ਤੋਂ ਵਿਸ਼ਨੂੰ (ਜਾਪਦੇ ਹਨ ਪਰ ਹੈਨ ਆਪ ਹਰਿ ਕ੍ਰਿਸ਼ਨ, ਅਰਥਾਤ) ਅਕਾਲ ਪੁਰਖ। ੪. (ਜੇ ਉਨ੍ਹਾਂ ਨੂੰ) ਸਿਮਰੀਏ ਤੇ ਬੰਦਨਾਂ ਕਰੀਏ ਤਾਂ ਕਦੇ ਹਾਨੀ ਨਹੀਂ ਹੋਵੇਗੀ ॥ ੧੪ ॥ ੧. (ਆਪ ਗੁਰੂ ਜੀ ਸਮੂਹ ਗੁਣਾਂ ਰੂਪੀ ਖੇਤੀ ਦੇ (ਰੱਖਜਾ ਵਾ ਪਾਲਨ ਲਈ) ਕਿਰਸਾਨ ਵਤ ਹਨ। ੨. (ਤੇ ਦਾਸਾਂ ਦੇ) ਬੰਧਨਾਂ ਰੂਪੀ ਬਾਂਸਾਂ ਦੇ ਬਨ ਨੂੰ ਅਗਨੀ ਤੁੱਲ ਦਾਹ

ਕਰਨ ਵਾਲੇ) ਹਨ, ੩. ੪. (ਹਾਂ) ਉਸ ਭਗਵਾਨ ਦਾ ਸਤਿਗੁਰੂ ਜੀ ਸਰੂਪ ਹਨ ਕਿ ਜਿਨ੍ਹਾਂ ਦੀ ਸ਼ਿਵ ਜੀ ਬੀ ਪੂਜਾ ਕਰਦੇ ਹਨ।

ਭਾਵ:

ਕਵੀ ਜੀ ਬਨਾਂ ਨੂੰ ਦਾਹ ਕਰਨੇ ਵਾਲੀ ਅਗਨੀ ਦੇ ਰੂਪਕ ਵਿਚ ਗੁਰੂ ਜੀ ਨੂੰ ਪ੍ਰਜੁਲਤ ਅਗਨੀ ਦਾ ਦ੍ਰਿਸ਼੍ਰਾਂਤ ਦੇਂਦੇ ਹਨ, ਪਦ 'ਕ੍ਰਿਸ਼ਨ ਵਰਤਮਾ' ਅਗਨੀ ਦਾ ਵਾਚਕ ਤੇ 'ਕ੍ਰਿਸ਼ਾਨੁ' ਬੀ ਨਾਮ ਅਗਨੀ ਦਾ ਹੈ। 'ਵਿਸ਼ਨੁ' ਪਦ ਦਾ ਬੀ ਇਕ ਅਰਥ ਅਗਨੀ ਹੈ। ਇਸ ਕਾਟਖਜ ਨੂੰ ਨਿਬਾਹੁਣ ਲਈ ਪਦ 'ਬਿਸਨ' ਵਰਤਿਆ ਹੈ, ਪਰ ਏਥੇ ਵਿਸ਼ਨੂੰ ਦੀ ਐਸ਼੍ਵਰਜ ਤੇ ਵਿਭੂਤੀ ਤੋਂ ਮੁਰਾਦ ਲੈਕੇ ਉਨ੍ਹਾਂ ਨੂੰ ਵਿਸ਼ਨੂੰ ਤੋਂ ਵਿਸ਼ੇਸ਼ ਦੱਸ ਰਹੇ ਹਨ, ਅਖੀਰਲੀ ਤੁਕ ਵਿਚ ਗੁਰੂ ਜੀ ਨੂੰ ਸ਼ਿਵਜੀ ਦੇ ਪੂਜਯ ਵਰਣਨ ਕਰਦੇ ਹਨ। ਇਸ ਤੁਕ ਦਾ ਅਰਥ ਭਾਵ ਐਉਂ ਬੀ ਲੱਗਦਾ ਹੈ:-

ਨਾਮ ਕਰਕੇ 'ਕ੍ਰਿਸ਼ਨ' ਹੋ ਕਿਉਂਕਿ ਆਪ ਦੇ ਨਾਮ ਵਿਚ ਪਦ 'ਕ੍ਰਿਸ਼ਨ' ਆਇਆ ਹੈ, ਰੂਪ ਕਰਕੇ ਹਰੀ (=ਵਿਸ਼ਨੂ) ਹੋ, ਕਿਉਂਕਿ ਹਰੀ ਵਾਲੀ ਵਿਭੂਤੀ ਦੇ ਮਾਲਕ ਹੋ, ਪਰ ਪੂਰਾ ਨਾਮ 'ਹਰੀ ਕ੍ਰਿਸ਼ਨ' ਹੋਣ ਕਰਕੇ ਦੁਹਾਂ ਤੋਂ ਸ੍ਰੇਸ਼ਟ ਹੋ, ਕਿਉਂਕਿ 'ਹਰਿ ਕ੍ਰਿਸ਼ਨ' ਨਾਮ ਅਕਾਲ ਪੁਰਖ ਦਾ ਹੈ, ਜਿਸ ਦੇ ਪੂਜਕ ਵਿਸ਼ਨੂੰ ਤੇ ਕ੍ਰਿਸ਼ਨ ਦੁਇ ਹਨ। ਇਸ ਛੰਦ ਦੀ ਪਹਿਲੀ ਤੁਕ ਵਿਚ 'ਹਰਿ ਕ੍ਰਿਸ਼ਨ' ਪਦ ਅੱਠਵੇਂ ਗੁਰੂ ਸਾਹਿਬਾਂ ਦਾ ਵਾਚਕ ਹੋਣ ਦੇ ਅਰਥਾਂ ਵਿਚ ਆ ਚੁੱਕਾ ਹੈ, ਤੇ ਕਵੀ ਜੀ ਦੂਸਰੀ ਵੇਰ ਇਕੋ ਪਦ ਨੂੰ ਉਹਨਾਂ ਹੀ ਅਰਥਾਂ ਵਿਚ ਘੱਟ ਵਰਤਦੇ ਹਨ, ਇਸ ਕਰਕੇ ਇਸ ਤੁਕ ਵਿਚ 'ਹਰਿ ਕ੍ਰਿਸ਼ਨ' ਅਕਾਲ ਪੁਰਖ ਦਾ ਵਾਚਕ ਹੈ।

## ੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

**ਸਿਖ ਬਿਕਾਰ ਪਰਹਰਨ ਬਹਾਦੁਰ। ਜਿਸ ਕਰੁਨਾ ਸਭਿ ਥਾਨ ਮਹਾਦਰ।**
**ਹਿਯ ਤੇ ਸਿਮਰਤਿ ਜਤ ਕਤ ਹਾਦਰ। ਨਮੋ ਨਮੋ ਸ਼੍ਰੀ ਤੇਗ ਬਹਾਦਰ ॥੧੬॥**

ਮਹਾਦਰ=ਬੜਾ ਆਦਰ। [ਮਹ+ਆਦਰ]।

ਹਾਦਰ=ਮੌਜੁਦ, ਪ੍ਰਗਟ [ਅ਼:, ਹਾਜ਼ਰ]।

ਅਰਥ:

(ਸ਼੍ਰੀ ਸਤਿਗੁਰੂ ਤੇਗ ਬਹਾਦਰ ਜੀ) ਸਿੱਖਾਂ ਦੇ ਵਿਕਾਰ ਨਾਸ਼ ਕਰਨ ਵਿਚ (ਬੜੇ) ਬਹਾਦਰ ਹਨ ਤੇ ਜਿਨ੍ਹਾਂ ਦੀ ਮੇਹਰ ਨਾਲ ਹਰ ਥਾਂ ਬੜਾ ਆਦਰ (ਪਾਈਦਾ ਹੈ)। ਹਿਰਦੇ ਨਾਲ ਸਿਮਰਨ ਕੀਤਿਆਂ ਹਰ ਥਾਂ ਹਾਜ਼ਰ ਹੁੰਦੇ ਹਨ। (ਐਸੇ) ਸ਼੍ਰੀ (ਗੁਰੂ) ਤੇਗ਼ ਬਹਾਦਰ ਜੀ ਨੂੰ (ਮੇਰੀ) ਨਮਸਕਾਰ ਹੈ, (ਮੇਰੀ) ਨਮਸਕਾਰ ਹੈ।

## ੧੩. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਸੈ੍ਯਾ:

**ਬਾਰੀ ਰਚੀ ਜਸ ਉੱਜਲ ਕੀ, ਬਿਕਸੇ ਜਿਮ ਫੂਲ ਸਦਾ ਸੁਖਬਾਰੀ।**
**ਬਾਰੀ ਏ ਬਾਰੀ ਰਟੇ ਜਿਸ ਨਾਮ, ਉਧਾਰਤਿ ਹੈਂ ਜਗ ਜੇ ਨਿਧਿ ਬਾਰੀ।**
**ਬਾਰੀ ਗੁਰੂ ਪਰ, ਪੰਥ ਸ਼ੁਰੂ ਕਿਯ, ਪੌ ਸ਼ਰਨੀ, ਕਰੀਏ ਨ ਅਬਾਰੀ।**
**ਬਾਰੀ ਬਚਨ ਹਰੈ ਮਲ ਪਾਪਨਿ, ਸ਼੍ਰਯਤਿ ਸਿੱਖ ਸਦਾ ਪਰਬਾਰੀ ॥੧੭॥**

ਬਾਰੀ=ਬਗੀਚੀ। ਵਾੜੀ।

ਸੁਖਬਾਰੀ=ਸੁਖ ਵਾਲੀ, ਜਿਸ ਵਿਚ ਸੁਖ ਹੋਵੇ।

ਹਿੰਦੀ ਮੁਹਾਵਰੇ ਵਿਚ 'ਸੁਖਵਾਰੀ' ਤੇ 'ਸੁਖਬਾਰੀ'

'ਖੁਸ਼' 'ਪ੍ਰਸੰਨ' ਨੂੰ ਬੀ ਕਹਿੰਦੇ ਹਨ।

ਬਾਰੀ ਏ ਬਾਰੀ=ਬਾਰੰਬਾਰ
ਨਿਧਿਬਾਰੀ=ਨਿਧਿ ਬਾਰੀ=
ਖਜ਼ਾਨਾ ਪਾਣੀ ਦਾ, ਭਾਵ ਸਾਗਰ।
ਜਗ ਜੇ ਨਿਧਿਬਾਰੀ=ਜੋ ਸੰਸਾਰ ਸਾਗਰ ਹੈ।
ਬਾਰੀ=ਵਾਰੀ, ਕੁਰਬਾਨਾ।
ਕਰੀਏ ਨੇ ਅਬਾਰੀ=ਡੇਰ ਨਾ ਕਰੋ, ਅਵੇਰ ਨਾ ਕਰੋ।
ਬਾਰੀ ਬਚੰਨ=ਬਚ ਰੂਪੀ ਜਲ। (ਅ) ਈਸ਼੍ਵਰੀਯ ਵਾਕ [ਅ਼:, ਬਾਰੀ=ਰੱਬ]।
ਪਰਬਾਰੀ=ਪਰਵਾਰਕੇ, ਘੇਰਾ ਪਾਕੇ (ਅ) ਕੁਰਬਾਨ ਹੋ ਹੋ ਕੇ। ਵਾਰਨੇ ਜਾ ਜਾਕੇ।

ਅਰਥ:

੧. (ਸਾਹਿਬ ਕਲ਼ਗੀਧਰ ਜੀ ਨੇ ਜਗਤ ਨੂੰ) ਸਦਾ ਸੁਖ ਦੇਣ ਵਾਲੀ ਉੱਜਲ ਜਸ ਦੀ ਬਗੀਚੀ ਰਚੀ ਹੈ, ਜੋ ਫੁਲਾਂ ਵਾਂਙੂ ਪ੍ਰਫੁੱਲਤ ਹੈ। ੨. ਜਿਸ (ਸਾਹਿਬ ਕਲ਼ਗੀਧਰ ਜੀ) ਦਾ (ਪਰਮ ਪਾਵਨ) ਨਾਮ ਬਾਰੰਬਾਰ ਉਚਾਰਿਆਂ ਸੰਸਾਰ ਸਾਗਰ ਤੋਂ (ਉਚਾਰਨ ਵਾਲੇ ਨੂੰ) (ਆਪ) ਤਾਰ ਦਿੰਦੇ ਹਨ, ੩. (ਐਸੇ ਸ਼੍ਰੀ) ਗੁਰੂ ਜੀ ਉਪਰ (ਮੈਂ) ਕੁਰਬਾਨ ਜਾਂਦਾ ਹਾਂ; (ਜਿਨ੍ਹਾਂ ਖਾਲਸਾ) ਪੰਥ ਸ਼ੁਰੂ ਕੀਤਾ, (ਹੇ ਮੇਰੇ ਮਨ ਤੂੰ) ਦੇਰ ਨ ਕਰ (ਝਟ) ਸ਼ਰਨ ਵਿਚ ਪੈਜਾ, ੪. (ਕਿਉਂਕਿ ਦਾਤਾ ਜੀ ਦਾ) ਬਚਨਾਂ ਰੂਪੀ ਜਲ ਪਾਪਾਂ (ਰੂਪੀ) ਮੈਲ ਨੂੰ ਨਾਸ਼ ਕਰ ਦਿੰਦਾ ਹੈ ਤੇ (ਤੇ ਏਸੇ ਲਈ ਸਾਹਿਬਾਂ ਦੇ ਵਾਕ) ਸਦਾ ਸਿੱਖ ਘੇਰਾ ਪਾਕੇ ਸੁਣਦੇ ਰਹਿੰਦੇ ਹਨ।

ਭਾਵ:

ਇਸ ਛੰਦ ਦੀ ਦੂਸਰੀ ਤੁਕ ਵਿਚ 'ਉਧਾਰਤ ਹੈਂ' ਦੇ 'ਹੈਂ' ਪਦ ਨੂੰ ਬਿੰਦੀ ਲਗੀ ਹੈ (੧੯੧੨ ਵਾਲੇ ਨੁਸਖੇ ਵਿਚ), ਜਿਸ ਵਾਸਤੇ ਅਰਥ ਕਰਨਾ ਪੈਂਦਾ ਹੈ ਕਿ ਗੁਰੂ ਜੀ ਉਧਾਰਦੇ ਹਨ, ਜੇ 'ਹੈਂ' ਤੇ ਬਿੰਦੀ ਨਾ ਹੋਵੇ ਤਾਂ ਅਰਥ ਬਣੇਗਾ ਕਿ ਉਹਨਾਂ ਦਾ ਨਾਮ ਉੱਚਾਰਨ ਵਾਲਿਆਂ ਨੂੰ ਨਾਮ ਸੰਸਾਰ ਤੋਂ ਉਧਾਰ ਦੇਂਦਾ ਹੈ। ਇਸ ਛੰਦ ਦੀ ਛੇਕੜਲੀ ਤੁਕ ਵਿਚ ਕਵੀ ਜੀ ਨੇ ਦਸਵੇਂ ਸਾਹਿਬਾਂ ਦੀ ਬਾਣੀ ਪੜ੍ਹਣ ਦਾ ਭੀ ਉਪਦੇਸ਼ ਦਿੱਤਾ ਹੈ।

## ੧੪. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਂ ਦਾ-ਮੰਗਲ।

ਚਿੱਤ੍ਰਪਦਾ ਛੰਦ:

**ਬਾਵਨ ਹ੍ਵੈ ਬਲ ਰਾਇ ਬੰਧਜੋ, ਬਲ ਬਾਲਿ ਬਧਜੋ, ਪੁਨ ਭੇ ਨਰ ਸਿੰਘ।**
**ਕੱਛਪ, ਮੱਛ, ਬਰਾਹ ਬਨੇ† ਮ੍ਰਿਗ ਰਾਖਸ਼ ਦੈਤ ਹਤੇ ਜਿਮ ਸਿੰਘ।** †ਪਾ:-ਹਨੇ।
**ਰਾਮ ਭਏ, ਦਿਜ ਰਾਮ ਭਏ, ਘਨਸ਼ਜਾਮ ਭਏ ਧਰ ਮੈਂ ਨਰ ਸਿੰਘ।**
**ਸੋ ਕਲਿ ਮਹਿਂ ਗੁਰ ਨਾਨਕ ਰੂਪ, ਦਸੋ ਤਨ ਭੇ ਲਗ ਗੋਬਿੰਦ ਸਿੰਘ ॥੧੮॥**

ਬਾਵਨ ਹ੍ਵੈ-ਬਾਵਨ ਅਵਤਾਰ ਹੋਕੇ। ਬਲਰਾਇ=ਬਲਿ ਰਾਜਾ, ਜਿਸ ਨੂੰ ਬਾਵਨ ਰੂਪ ਹੋਕੇ ਛਲਿਆ। ਬਲ=ਬਲ ਵਾਲਾ। ਬਾਲਿ=ਬਾਲੀ। ਜੇ 'ਬਲ ਬਾਲਿ' ਦਾ ਅਰਥ ਬਲ ਵਾਲਾ ਲਾਕੇ ਮੁਰਾਦ ਹਿਰਨਕੱਸ਼ਪ ਦੀ ਲਈਏ ਤਾਂ ਗ਼ਲਤ ਹੈ ਕਿਉਂਕਿ ਅੱਗੇ ਪਦ ਪਿਆ ਹੈ, 'ਪੁਨ ਭੇ', ਜਿਸਦਾ ਸਪੱਸ਼ਟ ਅਰਥ ਹੈ ਕਿ ਬਲ ਬਾਲਿ ਨੂੰ ਬੱਧ ਕਰਕੇ ਮਗਰੋਂ ਨਰਸਿੰਘ ਹੋਏ। ਬਧਜੋ=ਬੰਨ੍ਹ ਲਿਆ। ਭਾਵ ਉਸ ਨੂੰ ਉਸਦੇ ਵਚਨਾਂ ਨਾਲ ਬੰਨ੍ਹ ਲਿਆ। ਨਰਸਿੰਘ=ਨਰਸਿੰਘ ਅਵਤਾਰ, ਪ੍ਰਹਿਲਾਦ ਦੀ ਰੱਖਯਾ ਜਿਸ ਨੇ ਕੀਤੀ ਸੀ। ਕੱਛਪ, ਮੱਛ, ਬਰਾਹ=ਇਹ ਤਿੰਨੇ ਵਿਸ਼ਨੂੰ ਦੇ ਅਵਤਾਰ ਗਿਣੇ ਜਾਂਦੇ ਹਨ। ਰਾਮ=ਰਾਮਚੰਦ੍ਰ ਜੀ। ਦਿਜਰਾਮ=ਪਰਸਰਾਮ। ਘਨਸ਼ਜਾਮ=ਕ੍ਰਿਸ਼ਨ ਜੀ। ਨਰਸਿੰਘ=ਨਰਾਂ ਵਿਚੋਂ ਸ਼ੇਰ ਰੂਪ। ਸੋ=ਉਸੀ ਤਰ੍ਹਾਂ, ਤਿਵੇਂ (ਅ) ਉਹ। ਦਸੋ ਤਨ=ਭਾਵ ਦਸੋ ਗੁਰੂ ਸਾਹਿਬ।

ਅਰਥ:
੧. (ਪਹਿਲੋਂ) ਬਾਵਨ ਹੋਕੇ ਬਲ ਰਾਜਾ ਨੂੰ ਬੰਨ੍ਹਿਆ, (ਫੇਰ ਰਾਮ ਹੋਕੇ) ਬਲਵਾਨ ਬਾਲੀ ਨੂੰ ਮਾਰਿਆ, ਫਿਰ ਨਰਸਿੰਘ ਰੂਪ ਹੋਏ, ੨. ਕੱਛ ਮੱਛ (ਹੋਏ ਤੇ) ਵੈਰਾਹ ਅਵਤਾਰ ਹੋਕੇ 'ਮ੍ਰਿਗਾਂ ਰੂਪ ਰਾਕਸ਼ਾਂ ਤੇ ਦੈਂਤਾਂ ਨੂੰ ਸ਼ੇਰ ਵਤ ਨਾਸ਼ ਕੀਤਾ। ੩. (ਹਾਂ) ਰਾਮਚੰਦ੍ਰ (ਰੂਪ) ਹੋਏ, (ਫੇਰ) ਪਰਸਰਾਮ ਹੋਏ, ਫੇਰ ਕ੍ਰਿਸ਼ਨ ਰੂਪ ਵਿਚ ਧਰਤੀ ਤੇ ਨਰਾਂ ਵਿਚੋਂ ਸ਼ੇਰ ਰੂਪ ਪ੍ਰਗਟ ਹੋਏ, ੪. ਉਸੀ ਤਰ੍ਹਾਂ ਕਲਜੁਗ ਵਿਚ ਦਸੋਂ ਗੁਰੂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ (ਵਾਹਿਗੁਰੂ) ਜੀ ਦਾ ਰੂਪ ਹੋਏ ਹਨ।

ਭਾਵ:
ਜਿਵੇਂ ਪਿਛਲੇ ਤਿੰਨਾਂ ਜੁਗਾਂ ਵਿਚ ਦਸ ਅਵਤਾਰ ਹੋਏ ਹਨ ਜੋ ਵਿਸ਼ਨੂੰ ਦਾ ਰੂਪ ਹੋਏ ਹਨ, ਤਿਵੇਂ ਕਲਜੁਗ ਵਿਚ ਦਸੋਂ ਗੁਰੂ ਸਾਹਿਬਾਨ ਗੁਰੂ ਗੋਬਿੰਦ ਸਿੰਘ ਜੀ ਤੱਕ ਵਾਹਿਗੁਰੂ ਜੀ ਦਾ ਰੂਪ ਹੋਏ ਹਨ। ਜੇ 'ਸੋ' ਦਾ ਅਰਥ 'ਓਹੀ' ਕਰੀਏ ਤਾਂ ਇਹ ਅਰਥ ਬਣੇਗਾ:-ਕਿ ਉਹੀ ਦਸੋ ਹੀ ਕਲਜਿਗ ਵਿਚ ਦਸ ਰੂਪ ਗੁਰੂ ਗੋਬਿੰਦ ਸਿੰਘ ਜੀ ਤਕ ਹੋਏ ਹਨ। ਪਰ ਇਸ ਵਿਚ ਫਿਰ ਦੂਸ਼ਨ ਪੈਂਦਾ ਹੈ ਕਿ ਕਵੀ ਜੀ ਪਿੱਛੇ ਸਾਰੇ ਵਿਸ਼ੇਸ਼ਤਾ ਯਾ ਸਦਰਸ਼ਤਾ ਦਿਖਾਉਂਦੇ, ਗੁਰੂ ਸਾਹਿਬਾਂ ਦੀ ਵਿਸ਼ੇਸ਼ਤਾ ਵਿਚ ਚਲੇ ਜਾਂਦੇ ਰਹੇ ਹਨ। ਜੈਸੇ ਕਿ ਇਸੇ ਅੰਸੂ ਦੇ ਅੰਕ ੧੦ ਵਿਚ ਵਿਸ਼ਨੂੰ ਨੂੰ ਗੁਰੂ ਸਾਹਿਬਾਂ ਦੀ ਪੂਜਾ ਕਰਨ ਵਾਲਾ ਦੱਸ ਆਏ ਹਨ ਜਿਸ ਦੇ ਕਿ ਏਹ ਸਾਰੇ ਅਵਤਾਰ ਹਨ, ਯਥਾ:-'ਹਰਿ ਪੂਜਤ ਹੈ ਜਿਨ।' ਇਸੀ ਤਰ੍ਹਾਂ ਅੰਕ ੧੫ ਵਿਚ ਗੁਰੂ ਸਾਹਿਬ ਜੀ ਨੂੰ 'ਸ਼ਿਵ ਜੀ' ਦਾ ਪੂਜਜ ਕਹਿ ਆਏ ਹਨ। ਸ਼ਿਵ ਵਿਸ਼ਨੂੰ ਬ੍ਰਹਮਾ ਇਕੋ ਪਾਏ ਦੇ ਦੇਵਤੇ ਹਨ। ਸ਼੍ਰੀ ਗੁਰੂ ਜੀ ਨੇ ਤ੍ਰੈਹਾਂ ਹੀ ਬਾਬਤ ਫੁਰਮਾਇਆ ਹੈ:-"ਓਹੁ ਵੇਖੈ ਓਨਾ ਨਦਰਿ ਨ ਆਵੈ"। ਇਸ ਛੰਦ ਦੀ ਗੇਣਤੀ ਵਿਚ ਦਸ ਅਵਤਾਰ ਬੀ ਨਹੀਂ ਗਿਣੇ ਗਏ ਬੁੱਧ ਤੇ ਕਲਕੀ ਰਹਿ ਗਏ ਹਨ। ੧. ਬਾਵਨ, ੨. ਰਾਮ, ੩. ਨਰਸਿੰਘ, ੪. ਕੱਛ, ੫. ਮੱਛ, ੬. ਬਰਾਹ, ੭. (ਦੁਬਾਰਾ ਰਾਮ) ਪਰਸਰਾਮ, ੮. ਕ੍ਰਿਸ਼ਨ। 'ਸੋ' ਪਦ ਜੇ ਦਸਾਂ ਪਹਿਲੇ ਅਵਤਾਰਾਂ ਦੀ ਸੰਭਾਵਨਾ ਕਰਦਾ ਹੈ, ਤਾਂ ਗੇਣਤੀ ਬੀ ਪੂਰੀ ਨਹੀਂ ਹੋਈ। ਫਿਰ ਰਾਮ ਦੋ ਵੇਰੀ ਗਿਣਿਆ ਹੈ। ਇਕ ਬਾਲੀ ਦੇ ਬੱਧ ਵੇਲੇ ਤੇ ਫਿਰ 'ਰਾਮ ਭਏ' ਕਿਹਾ ਹੈ, ਇਹ ਪੁਨਰੁਕਤੀ ਦੂਸ਼ਣ ਹੈ, ਇਕ ਵੇਰੀ ਰਾਮ ਨਰਸਿੰਘ ਤੋਂ ਪਹਿਲਾਂ ਤੇ ਇਕ ਵੇਰੀ ਪਿਛੋਂ ਗਿਣਿਆ ਹੈ, ਇਹ ਕ੍ਰਮ ਦੂਸ਼ਣ ਹੈ। ਕਵੀ ਜੀ ਉੱਚੇ ਪਾਏ ਦੇ ਕਵੀ ਹਨ, ਉਨ੍ਹਾਂ ਤੋਂ ਇਹ ਗੱਲਾਂ ਪੈ ਜਾਣੀਆਂ ਸੰਭਵ ਨਹੀਂ। ਇਸ ਕਰਕੇ ਇਸ ਛੰਦ ਦਾ ਭਾਵ ਇਹੋ ਠੀਕ ਜਾਪਦਾ ਹੈ ਕਿ ਸੋ ਦਾ ਅਰਥ ਤਿਵੇਂ ਹੈ। ਏਸੇ ਅੰਸੂ ਦੇ ਅੰਕ ੬ ਵਿਚ ਗੁਰੂ ਸਾਹਿਬ ਨੂੰ ਪਾਰ ਬ੍ਰਹਮ ਦਾ ਅਵਤਾਰ ਦੱਸ ਆਏ ਹਨ ਤੇ ਐਉਂ ਵਿਸ਼ਨੂੰ ਦੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਵਿੱਲਖਣਤਾ ਤੇ ਵਿਸ਼ੇਸ਼ਤਾ ਕਾਇਮ ਕਰ ਆਏ ਹਨ।

## [ਭੂਮਿਕਾ ਤੇ ਅਰਦਾਸ]

ਚੌਪਈ:

**ਦਸਹੁਂ ਗੁਰਨਿ ਕੀ ਕਰੁਨਾ ਪਾਈ। ਦਸਹੁਂ ਗੁਰਨਿ ਕੀ ਕਥਾ ਬਨਾਈ।**
**ਪੁਨ ਪੁਨ ਧਰ ਪਰ ਧਰਿ ਧਰਿ ਸਿਰ ਕੋ। ਬੰਦਨ ਕਰੌਂ ਪ੍ਰੇਮ ਕਰਿ ਉਰ ਕੋ ॥੧੯॥**

ਦਸਾਂ ਹੀ ਗੁਰਾਂ ਦੀ ਮਿਹਰ ਪਾ ਕਰਕੇ (ਮੈਂ) ਦਸਾਂ ਹੀ ਸਤਿਗੁਰਾਂ ਦੀ ਕਥਾ ਬਣਾਈ ਹੈ (ਇਸ ਮਹਾਨ ਕਾਰਜ ਦੀ ਸਮਾਪਤੀ ਤੇ ਮੈਂ) ਬਾਰ ਬਾਰ ਧਰਤੀ ਤੇ ਸਿਰ ਧਰ ਧਰਕੇ ਦਿਲੀ ਪ੍ਰੇਮ ਨਾਲ (ਦਸੋ ਗੁਰੂ ਸਾਹਿਬਾਂ ਨੂੰ) ਨਮਸਕਾਰ ਕਰਦਾ ਹਾਂ ॥੧੯॥

**ਪੁਰਬਾਰਧਿ ਉੱਤ੍ਰਾਰਧਿ ਦੋਇ। ਕਥਾ ਬਨੀ ਗੁਰ ਨਾਨਕ ਸੋਇ।**
**ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ। ਨਵਮ ਗੁਰੂ ਲਗ ਕਥਾ ਸੁਧਾਰੀ ॥੨੦॥**

(ਪਹਿਲੋਂ) ਪੂਰਬਾਰਧ ਤੇ ਉਤ੍ਰਾਰਧ ਦੋਵੇਂ (ਰਚੇ), ਉਨ੍ਹਾਂ (ਦੁਹਾਂ ਵਿਚ) ਗੁਰੂ ਨਾਨਕ ਦੇਵ ਜੀ ਦੀ ਕਥਾ ਬਣ ਗਈ। ਫਿਰ ਬਾਰਾਂ ਰਾਸਾਂ (ਉਸ ਤੋਂ ਅੱਗੇ ਕਥਨ ਕੀਤੀਆਂ (ਜਿਨ੍ਹਾਂ ਵਿਚ) ਨੌਵੇਂ ਗੁਰਾਂ ਤਕ ਕਥਾ ਸੁਧਾਰਕੇ (ਰਚੀ) ॥੨੦॥

ਖਟ ਰਿਤੁ ਜੁਗਤ[1] ਬਨੇ ਜੁਗ ਐਨ। ਸ਼੍ਰੀ ਗੋਬਿੰਦ ਸਿੰਘ ਗਾਥਾ ਐਨ[1]।

[1]ਸੰਯੁਕਤ, ਸਮੇਤ। [1]ਠੀਕ।

ਭਏ ਪ੍ਰਕਰਣ ਸਰਬ ਕੇ ਬਾਈ। ਨੌ ਰਸ ਤੇ ਪੂਰਨ ਮਤ ਥਾਂਈ ॥੨੧॥

(ਫਿਰ) ਛੇ ਰੁੱਤਾਂ ਸਮੇਤ ਦੋ ਐਨ ਬਣਾਏ, (ਜਿਨ੍ਹਾਂ ਵਿਚ) ਠੀਕ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਹੈ। (ਇਉਂ) ਸਾਰੀ (ਕਥਾ) ਜੋ ਸਭ ਥਾਂ ਨਵਾਂ ਰਸਾਂ ਵਿਚ ਪੂਰਨ ਹੈ, ਦੇ ਬਾਈ (੨੨) ਪ੍ਰਕਰਣ ਹੋ ਗਏ ॥੨੧॥

ਸ਼੍ਰੀ ਗੁਰ ਕੀ ਗਾਥਾ ਸ਼ੁਭ ਗੰਗਾ। ਛੰਦ ਉਮੰਗ ਉਤੰਗ ਤਰੰਗਾ।
ਕਰਾਮਾਤ ਬਰਨਨ ਜਹਿਂ ਕਹਾਂ। ਇਹੁ ਗੰਭੀਰਤਾ ਧਾਰਤਿ ਮਹਾਂ ॥੨੨॥

ਸ਼੍ਰੀ ਗੁਰਾਂ ਦੀ ਸ਼੍ਰੇਸ਼ਟ ਕਥਾ ਗੰਗਾ ਹੈ (ਜਿਸ ਵਿਚ) ਛੰਦ (ਰੂਪੀ) ਉੱਚੀਆਂ ਲਹਿਰਾਂ ਉਮਗ (ਰਹੀਆਂ ਹਨ) ਤੇ ਜਿੱਥੇ ਕਿਥੇ ਕਰਾਮਾਤਾਂ ਦਾ ਵਰਣਨ ਹੈ ਓਥੇ ਇਹ (ਗੰਗਾ ਰੂਪ ਕਥਾ) ਬੜੀ ਗੰਭੀਰਤਾ ਧਾਰ ਰਹੀ ਹੈ, (ਭਾਵ ਗੂਢ ਭਾਵ ਵਾਲੀ ਹੋ ਜਾਂਦੀ ਹੈ) ॥੨੨॥

ਰਾਮ ਕੁਇਰ ਗਿਰਵਰ ਤੇ ਨਿਕਸੀ। ਸਿੱਖਨ ਬਿਖੇ ਜਗਤ ਮਹਿ ਬਿਗਸੀ।
ਜੋਗ ਵਿਰਾਗ ਭਗਤਿ ਅਰੁ ਗਯਾਨ। ਬਸਹਿ ਚਾਰ ਜਲਜੰਤੁ ਮਹਾਨ[1] ॥੨੩॥

[1]ਵੱਡੇ ਵੱਡੇ। (ਇਹ ਗੰਗਾ ਰੂਪ ਕਥਾ) ਭਾਈ ਰਾਮ ਕੁਇਰ ਰੂਪ ਸ਼੍ਰੇਸ਼ਟ ਪਹਾੜ ਤੋਂ ਨਿਕਲੀ ਹੈ, ਤੇ ਜਗਤ ਵਿਚ ਆਕੇ ਸਿੱਖਾਂ ਵਿਚ ਫੈਲੀ ਹੈ। (ਜਿਸ ਵਿਖੇ) ਜੋਗ, ਵੈਰਾਗ, ਭਗਤੀ ਤੇ ਗਿਆਨ ਰੂਪ ਚਾਰੇ[†] ਹੀ ਵੱਡੇ ਵੱਡੇ ਜਲਜੰਤੂ ਵਸਦੇ ਹਨ ॥੨੩॥

[†]ਇਨ੍ਹਾਂ ਚਹੁਵਾਂ ਦੇ ਅੰਤਰ ਭੂਤ ਨਾਮ ਹੈ, ਨਾਮ ਹੈ, ਨਾਮ ਦੇ ਹੀ ਇਹ ਚਾਰ ਪੱਖ ਹਨ।

ਜਪ ਤਪ ਸੰਜਮ ਦਾਨ ਸ਼ਨਾਨ। ਧੀਰਜ ਦਯਾ ਛਿਮਾ ਨਿਰਮਾਨ।
ਸਤਿ ਸੰਤੋਖ ਆਦਿ ਗੁਨ ਜੇਤੇ। ਇਤਨੇ ਲਘੁ ਜਲ ਜੰਤੁ ਵਸ ਕਰਿਂ ਤੇਤੇ ॥੨੪॥

(ਤੇ) ਜਪ, ਤਪ, ਸੰਜਮ, ਦਾਨ, ਸ਼ਨਾਨ, ਧੀਰਜ, ਦਯਾ, ਛਿਮਾ, ਨਿਰਮਾਣਤਾ, ਸਤਿ ਸੰਤੋਖ ਆਦਿ ਜਿਤਨੇ ਬੀ ਗੁਣ ਹਨ, ਹੀ (ਇਹ) ਛੋਟੇ ਜਲਜੰਤੂ (ਰੂਪ ਵਿਚ ਵਿਖੇ) ਵਾਸ ਕਰਦੇ ਹਨ ॥੨੪॥

ਦਸ ਗੁਰ ਦਸਹੁ ਘਾਟ ਕੋ ਪਾਇ। ਪਾਵਨ ਭਏ ਲੋਕ ਸਮੁਦਾਇ।
ਜਨਮ ਮਰਨ ਤੇ ਆਦਿ ਕਲੇਸ਼ੂ। ਇਹ ਬਡਪਾਤ ਕਹਤੇ ਅਸ਼ੇਸ਼ੂ ॥੨੫॥

(ਫਿਰ) ਦਸਾਂ ਗੁਰਾਂ (ਦਾ ਜੋ ਵਰਣਨ ਹੈ ਇਹ) ਦਸੇ ਘਾਟ ਹਨ (ਇਨ੍ਹਾਂ ਨੂੰ) ਪਾਕੇ ਬਹੁਤੇ ਲੋਕ ਪਵਿੱਤ੍ਰ ਹੋ ਰਹੇ ਹਨ, ਤੇ ਜਨਮ ਮਰਨ ਤੋਂ ਆਦਿ ਲੈ ਜਿਤਨੇ ਕਲੇਸ਼ ਹਨ ਇਨ੍ਹਾਂ ਵੱਡੇ ਵੱਡੇ ਸਮੂਹ ਪਾਪਾਂ ਨੂੰ (ਇਹ ਗੰਗਾ ਰੂਪ ਕਥਾ) ਨਾਸ਼ ਕਰਦੀ ਹੈ ॥੨੫॥

ਗੁਰਸਿਖ ਜੋਗੀ ਮੁਨਿ ਰਿਖਿ ਭਾਰੀ। ਗੁਰ ਮਹਿਮ ਗੰਗਾ ਤਿਨ ਪਯਾਰੀ।
ਪ੍ਰਠਨ ਸੁਨਨਿ ਸ਼ੁਭ ਅਰਥ ਵਿਚਾਰਨ। ਪਾਨ ਸ਼ਨਾਨ ਹਰਖ ਕਰਿ ਧਾਰਨ[†] ॥੨੬॥

[†]ਇਹ ਤਿੰਨੇ ਐਉਂ ਬੀ ਲਗਦੇ ਹਨ:-੧. ਪੜਨਾ=ਪੀਣਾ ਗੰਗਾ ਜਲ ਦਾ। ੨. ਸੁਣਨਾ=ਸ਼ਨਾਨ ਕਰਨਾ ਗੰਗਾ ਜਲ ਵਿਚ। ੩. ਵਿਚਾਰਨਾ=ਸਿਰ ਤੇ ਗੰਗਾ ਜਲ ਧਾਰਨਾ।

ਗੁਰੂ ਜੀ ਦੇ ਸਿੱਖ (ਜੋ) ਜੋਗੀ, ਮੁਨੀ ਦੇ ਭਾਰੀ ਰਿਖੀਆਂ (ਵਤ ਹਨ) ਇਨ੍ਹਾਂ ਨੂੰ ਗੁਰੂ ਮਹਿਮਾ ਰੂਪ ਗੰਗਾ ਪਿਆਰੀ ਹੈ, ਪੜ੍ਹਨਾ ਸੁਣਨਾ ਤੇ ਅਰਥਾਂ ਦਾ ਸੁਹਣਾ ਵਿਚਾਰ ਕਰਨਾ (ਇਹ) ਪੀਣ ਤੇ ਪ੍ਰਸੰਨਤਾ ਯੁਤ ਸ਼ਨਾਨ ਕਰਨ (ਤੇ ਸੀਸ ਤੇ) ਧਾਰਨ (ਤੁੱਲ ਹੈ) ॥੨੬॥

ਸਿਖ ਸੰਗਤ ਗੁਰ ਪ੍ਰੇਮੀ ਪ੍ਯਾਰੇ। ਲਿਖੈਂ ਸੁਨੈਂ ਜਸ ਗਾਵਨ ਹਾਰੇ।
ਗੁਰ ਮਹਿਮਾ ਗੰਗਾ ਕਉ ਪਾਇ। ਭਏ ਮੁਕਤਿ ਗੁਰੂ ਰੂਪ ਸਮਾਇ ॥੨੭॥

ਸਿੱਖ ਸੰਗਤ ਤੇ ਗੁਰੂ ਜੀ ਦੇ ਪਿਆਰੇ ਪ੍ਰੇਮੀ, ਲਿਖਣ, ਸੁਣਨ ਤੇ ਜਸ ਗਾਵਣ ਵਾਲੇ ਗੁਰ ਮਹਿਮਾਂ ਰੂਪ ਗੰਗਾ ਨੂੰ ਪਾਕੇ ਗੁਰਾਂ ਦੇ ਰੂਪ ਵਿਚ ਸਮਾਕੇ ਮੁਕਤ ਹੋ ਗਏ ਹਨ ॥ ੨੭ ॥

ਅਬਿ ਮੈਂ ਸਭਿ ਆਗੇ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ।
ਅਸਿ ਤਿੱਖੀ ਸਿੱਖੀ ਅਸਿ ਜਾਚਿ। ਚਿਤ ਕੀ ਬ੍ਰਿਤੀ ਸਾਚ ਮਹਿਂ ਰਾਚ ॥੨੮॥

ਹੁਣ ਮੈਂ ਸਾਰਿਆਂ ਅੱਗੇ ਹੱਥ ਜੋੜਕੇ ਬਾਰੰਬਾਰ ਬੇਨਤੀ ਕਰਕੇ ਖੰਡੇ (ਦੀ ਧਾਰ) ਤੋਂ ਤਿੱਖੀ ਜੋ ਸਿੱਖੀ ਹੈ, ਐਸੀ (ਸਿੱਖੀ) ਨੂੰ ਤਿੱਖੀ ਜੋ ਸਿੱਖੀ ਹੈ, ਐਸੀ (ਸਿੱਖੀ) ਨੂੰ ਮੰਗਦਾ ਹਾਂ (ਤਾਂਕਿ) ਮੇਰੀ ਬ੍ਰਿਤੀ ਸੱਤ (ਸਰੂਪ) (ਵਾਹਿਗੁਰੂ) ਵਿਚ ਰਹੇ ਯਾ ਰਚ ਜਾਵੇ ॥੨੮॥

ਲਹੌਂ ਦਰਸ ਗੁਰ ਦਿਹੁ ਇਮ ਬਰ ਕੋ। ਜਿਸਤੇ ਬ੍ਰਹਮ ਗ੍ਯਾਨ ਹੁਇ ਉਰ ਕੋ।
ਜਨਮ ਮਰਨ ਕੋ ਕਸ਼ਟ ਬਡੇਰਾ। ਬਹੁਰ ਨ ਜਗ ਮੈਂ ਹੁਇ ਕਬਿ ਫੇਰਾ ॥੨੯॥

(ਤੇ) ਗੁਰਾਂ ਦਾ ਦਰਸ, ਪ੍ਰਾਪਤ ਹੋਵੇ, ਇਸ ਤਰ੍ਹਾਂ ਦਾ (ਮੈਨੂੰ) ਵਰ ਦਿਓ, ਜਿਸ ਤੇ ਬ੍ਰਹਮ ਦਾ ਗਿਆਨ ਮੇਰੇ ਰਿਦੇ ਵਿਚ ਹੋ ਆਵੇ, ਤੇ ਜਨਮ ਮਰਨ ਦਾ ਵੱਡਾ ਦੁੱਖ (ਕੱਟਿਆ ਜਾਵੇ) ਤੇ ਜਗਤ ਵਿਚ ਫੇਰਾ ਮੁੜਕੇ ਨਾ ਪਵੇ।

ਜਿਨਹੁ ਗੁਰਨਿ ਲਾਖਹੁ ਨਿਸਤਾਰੇ। ਜੁਗ ਲੋਕਨਿ ਸੁਖ ਦਯੋ ਉਦਾਰੇ।
ਮਹਿ ਮਹਿਂ ਮਹਿਮਾ ਮਹਾਂ ਮਹਾਨ। ਛਪੀ ਨਹੀਂ ਸਭਿ ਲਖਹਿ ਜਹਾਨ ॥੩੦॥

ਜਿਨ੍ਹਾਂ ਗੁਰਾਂ ਨੇ ਲੱਖਾਂ ਹੀ ਨਿਸਤਾਰੇ ਹਨ ਤੇ ਦੋਹਾਂ ਲੋਕਾਂ ਦੇ ਸ੍ਰੇਸ਼ਟ ਸੁਖ ਦਿੱਤੇ ਹਨ (ਫੇਰ ਜਿਨ੍ਹਾਂ ਦੀ) ਪ੍ਰਿਥਵੀ ਵਿਖੇ ਬੜੀ ਤੋਂ ਬੜੀ ਮਹਿਮਾ ਹੈ, ਸਾਰਾ ਜਹਾਨ ਜਾਣਦਾ ਹੈ, ਕਿਤੇ ਛਪੀ ਨਹੀਂ। (ਓਹ ਸਤਿਗੁਰ ਕੀ ਕਰਦੇ ਹਨ? ਅਗਲੇ ਛੰਦ ਵਿਚ ਦੱਸਦੇ ਹਨ:-)।

ਕਬਿੱਤ:

ਸਾਚ ਰੂਪ ਆਪਨੋ ਪਛਾਨਿ ਉਪਦੇਸ਼ ਦੇਤਿ,
ਕੂਰ ਤੇ ਅਹੰਤਾ ਤਾਤਕਾਲ ਬਿਨਸਾਵਈਂ।
ਚੇਤਨ ਬਤਾਇ ਕੈ ਅਚੇਤਨ ਕੌ ਤ੍ਯਾਗ ਕਰਿ
ਸੂਖਮ ਸੁਮੱਤਿ ਤੇ ਅਲੱਖ ਕੋ ਲਖਾਵਈਂ।
ਆਨੰਦ ਬਿਲੰਦ ਕੇ ਉਦਧਿ ਮੈਂ ਸਮਾਇ ਕਰਿ
ਸਿੱਖ ਕੋ ਉਧਾਰਿ, ਬੰਧ ਗਾਢੇ ਛੁਟਕਾਵਈਂ।
ਏਕ ਅਸਤਿ ਭਾਂਤਿ ਪ੍ਰਿਯ ਸਰਬਥਾ ਸੰਤੋਖ ਸਿੰਘ
ਨਮੋ ਨਮੋਂ ਗੁਰ ਉਰ ਠੀਕ ਠਹਿਰਾਵਈਂ ॥੩੧॥

ਰੂਪ ਆਪਨੋ=ਸ੍ਵੈ ਸਰੂਪ, ਨਿਜ ਸ੍ਵਰੂਪ। ਅਚੇਤਨ=ਜੋ ਚੇਤਨ ਨਾ।
ਹੋਵੇ, ਭਾਵ ਜੜ੍ਹ, ਅੱਗ੍ਯਾਨ, ਅਲਖ=ਜੋ ਲਿਖਿਆ ਨਾ
ਜਾਵੇ=ਵਾਹਿਗੁਰੂ। ਅਸਤਿ=ਜੋ ਸੱਤ ਹੈ।
ਭਾਂਤਿ=ਜੋ ਚੇਤਨ ਹੈ। ਪ੍ਰਿਯ=ਜੋ ਆਨੰਦ ਸ੍ਵਰੂਪ ਹੈ।

ਸਰਬਥਾ=ਸਭ ਤਰ੍ਹਾਂ ਨਾਲ, ਹਰ ਥਾਂ, ਹਰ ਸਮੇਂ। ਉਰਠੀਕ ਠਹਿਰਾਵਈਂ=ਰਿਦੇ ਵਿਚ ਜਿਉਂ ਦਾ ਤਿਉਂ ਟਿਕਾ ਦਿੰਦੇ ਹਨ।

ਅਰਥ:

੧. (ਐਸਾ) ਉਪਦੇਸ਼ ਦਿੰਦੇ ਹਨ ਕਿ (ਜੀਵ) ਆਪਣਾ ਸਤਜ ਸਰੂਪ ਪਛਾਣ (ਲੈਂਦਾ ਹੈ), ਤੇ ਉਸ ਦੀ ਅਹੰਤਾ ਤੇ ਅਸੱਤ (ਵਿਚ ਲਗਨ) ਤਾਤਕਾਲ ਨਾਸ਼ ਕਰ ਦੇਂਦੇ ਹਨ।

੨. ਚੇਤਨ ਨੂੰ ਦੱਸਕੇ ਅਚੇਤਨ (ਜੜ੍ਹ) ਦਾ ਤਿਆਗ ਕਰਾਕੇ ਸੂਖਮ ਬੁੱਧੀ ਕਰਕੇ ਅਲੱਖ (ਵਾਹਿਗੁਰੂ) ਨੂੰ ਲਖਾ ਦਿੰਦੇ ਹਨ।

੩. ਬੜੇ ਆਨੰਦ ਦੇ ਸਾਗਰ ਵਿਚ ਸਮਾਕੇ ਸਿੱਖ ਦਾ ਉਧਾਰ ਕਰਦੇ ਹਨ। (ਐਸਾ, ਕਿ ਸਦਾ ਲਈ ਉਸ ਦੇ) ਕਰੜੇ ਬੰਧਨ ਛੁਡਾ ਦਿੰਦੇ ਹਨ।

੪. ਇਕ ਜੋ ਸਭ ਤਰ੍ਹਾਂ ਨਾਲ ਅਸਤੀ ਭਾਂਤੀ ਪ੍ਰਿਯ ਰੂਪ ਹੈ ਉਸ ਨੂੰ ਰਿਦੇ ਵਿਚ ਠੀਕ ਠਹਿਰਾ ਦਿੰਦੇ ਹਨ, (ਐਸੇ) ਗੁਰੂ (ਜੀ ਨੂੰ) ਕਵੀ ਸੰਤੋਖ ਸਿੰਘ ਬਾਰ ਬਾਰ ਨਮਸਕਾਰ ਕਰਦਾ ਹੈ (ਯਾ ਮਨ ਬਾਣੀ ਕਰਕੇ ਬੰਦਨਾਂ ਕਰਦਾ ਹੈ)।

ਭਾਵ:

ਪਹਿਲੀਆਂ ਤਿੰਨਾਂ ਤੁਕਾਂ ਵਿਚ ਦੱਸਿਆ ਹੈ ਕਿ ਮੈਨੂੰ ਸਤ, ਚੇਤਨ, ਆਨੰਦ ਦੀ ਅੰਦਰ ਲੱਖਤਾ ਸਤਿਗੁਰਾਂ ਨੇ ਕਰਾ ਦਿੱਤੀ ਹੈ, ਹੁਣ ਬਾਹਰ ਉਹ ਅਸਤਿ, ਭਾਂਤਿ ਪ੍ਰਿਯ ਹੋਕੇ ਦਿੱਸ ਰਿਹਾ ਹੈ, ਇਹ ਅੰਦਰ ਬਾਹਰ ਦੀ ਲੱਖਤਾ ਸਤਿਗੁਰਾਂ ਨੇ ਉਰ ਵਿਚ ਠਹਿਰਾ ਦਿੱਤੀ ਹੈ ਭਾਵ ਦ੍ਰਿੜ ਕਰਵਾ ਦਿੱਤੀ ਹੈ। ਆਪਣੇ ਰੂਪ ਦੀ ਪਛਾਣ 'ਜੀਵ ਤੱਤ' ਦੀ ਪਛਾਣ ਹੈ, ਫਿਰ ਇਸ ਆਪੇ ਦਾ ਪਰਮਤੱਤ ਅਥਵਾ 'ਬ੍ਰਹਮ ਤੱਤ' ਵਾਹਿਗੁਰੂ ਜੀ ਨਾਲ ਮੇਲ ਹੈ। ਯਥਾ:-"ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੈ ॥ " ਸ਼ੁਸ਼ਕ ਵੇਦਾਂਤ, ਜਿਸ ਵਿਚ ਪ੍ਰੇਮਾ ਭਗਤੀ ਦੀ ਲੇਸ਼ ਨਹੀਂ, ਗੁਰ ਆਸ਼ੇ ਅਨਕੂਲ ਨਹੀਂ ਹੈ, ਯਥਾ:-"ਜਗਿ ਗਿਆਨੀ ਵਿਰਲਾ ਆਚਾਰੀ ॥ ਜਗ ਪੰਡਿਤੁ ਵਿਰਲਾ ਵੀਚਾਰੀ ॥ " ਵਾਹਿਗੁਰੂ ਜੀ ਦੀ ਪ੍ਰਾਪਤੀ ਨਾਮ ਦੁਆਰਾ ਹੈ। ਅਗਲੇ ਛੰਦ ਵਿਚ ਨਾਮ ਜਪ ਦਾ ਜ਼ਿਕਰ ਕਰਕੇ ਭਗਤੀ ਨੂੰ ਕਲੇਸ਼ ਨਵਿਰਤੀ ਦਾ ਸਾਧਨ ਦੱਸਿਆ ਹੈ।

ਸੂਚਨਾ:

ਉਹੀ ਪਿਛਲਾ ਭਾਵ, ਸਤਿਗੁਰ ਜੀ ਸਾਨੂੰ ਕੀ ਕੀ ਬਖਸ਼ਦੇ ਹਨ, ਅਗਲੇ ਛੰਦ ਵਿਚ ਬੀ ਚਲ ਰਿਹਾ ਹੈ।

**ਭੇਤ ਨ ਸਜਾਤੀ ਨ ਵਿਜਾਤੀ ਨ ਸੁਗਤਿ ਜਾਂ ਮੈਂ**
**ਕਲਪਤਿ ਦ੍ਵੈਤ ਕੋ ਸਮੂਲ ਬਿਨਸਾਵਈਂ।**
**ਰੱਜੂ ਮੈਂ ਸਰਪ ਕੋ ਅਤਜੰਤਾ ਭਾਵ ਤੈਸੇ ਲਖਿ,**
**ਏਕ ਪਰਮਾਤਮਾਂ ਅਨੇਕਤਾ ਉਠਾਵਈ।**
**ਸੱਤਿਨਾਮ ਜਾਪ ਦੀਨਿ ਤੀਨ ਤਾਪ ਕੀਨ ਹੀਨ,**
**ਸ਼੍ਰਵਨਿ ਮਨਨਿ ਨਿੱਧਜਾਸਨਿ ਲੌ ਧਜਾਵਈ।**
**ਗੁਰੂ ਸ਼ਰਨਾਵਈ ਸੁ ਕਯੋਂ ਨ ਗਤਿ ਪਾਵਈ?**
**ਭਗਤਿ ਜੋ ਕਮਾਵਈ ਕਲੇਸ਼ਨਿ ਮਿਟਾਵਈ ॥੩੨॥**

ਸਜਾਤੀ ਭੇਦ=ਇਕੋ ਜਾਤੀ ਦਾ ਆਪੋ ਵਿਚ ਫਰਕ। ਜਿਵੇਂ ਇਕ ਬ੍ਰਿੱਛ ਦੂਸਰੇ ਬ੍ਰਿੱਛ ਨਾਲੋਂ ਫਰਕ ਰਖਦਾ ਹੈ। ਜਿਵੇਂ ਘੋੜੇ ਦੀ ਜਾਤ ਵਿਚ ਅਰਬੀ ਤੇ ਈਰਾਨੀ ਘੋੜੇ ਦਾ ਫਰਕ।

ਵਿਜਾਤੀ ਭੇਦ=ਉਹ ਭੇਦ ਜਿਸ ਵਿਚ ਜਾਤਾਂ ਹੀ ਭਿੰਨ ਹੋਣ, ਜਿਵੇਂ ਬ੍ਰਿੱਛ ਤੇ ਪੱਥਰ ਦਾ ਫਰਕ।

ਸੁਗਤਿ ਭੇਦ=ਇਕ ਸਰੀਰ ਵਿਚ ਅੰਗਾਂ ਦੇ ਭੇਦ ਜਿਵੇਂ, ਸਰੀਰ ਤਾਂ ਇਕੋ ਮਨੁੱਖ ਦਾ ਹੈ, ਪਰ ਹੱਥ, ਮੂੰਹ, ਕੰਨ ਨੱਕ ਦਾ ਫਰਕ ਹੈ। [ਸੰਸ:, ਸ੍ਵਗਤਿ]।

ਸਮੂਲ=ਜੜ੍ਹਾਂ ਸਮੇਤ।

ਅਤਜੰਤਾ ਭਾਵ=ਕਿਸੇ ਸ਼ੈ ਦਾ ਮੂਲੋਂ ਹੀ ਨਾ ਹੋਣਾ, ਜਿਵੇਂ ਰੱਸੀ ਸੱਪ ਕਦੇ ਬੀ ਨਹੀਂ ਹੁੰਦੀ, ਰੱਸੀ ਵਿਚ ਸੱਪ ਦਾ ਅਤਜੰਤਾ ਭਾਵ ਹੈ, ਜਿਸ ਵੇਲੇ ਭ੍ਰਮ ਕਰਕੇ ਸੱਪ ਦਿੱਸਦਾ ਬੀ ਹੈ, ਉਸ ਵੇਲੇ ਬੀ ਰੱਸੀ ਰੱਸੀ ਹੀ ਹੁੰਦੀ ਹੈ।

ਕਲੇਸ਼ਨਿ=ਯੋਗ ਨੇ ਪੰਜ ਕਲੇਸ਼ ਮੰਨੇ ਹਨ:-ਅਵਿਦਜਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ਼, ਇਨ੍ਹਾਂ ਪੰਜਾਂ ਦੇ ਮਿਟ ਜਾਣ ਤੇ (ਕੈਵਲ=) ਮੁਕਤੀ ਅਵਸਥਾ ਪ੍ਰਾਪਤ ਹੁੰਦੀ ਹੈ, ਸੋ ਕਵੀ ਜੀ ਦਾ ਭਾਵ ਏਥੇ ਪੂਰਨ ਮੁਕਤੀ ਤੋਂ ਹੈ।

ਅਰਥ:

(ਗੁਰੂ ਸਾਹਿਬ ਜੀ ਸਾਡੀ ਸਮਝ ਵਿਚੋਂ) ਕਲਪੀ ਹੋਈ ਦ੍ਵੈਤ (ਅਵਿੱਦਜਾ) ਨੂੰ ਜੜ੍ਹਾਂ ਸਮੇਤ ਦੂਰ ਕਰ ਦਿੰਦੇ ਹਨ, (ਇਹ ਅਨੁਭਵ ਕਰਕੇ ਕਿ ਬ੍ਰਹਮ ਵਿਚ) ਨਾਂ ਸਜਾਤੀ, ਨਾਂ ਵਿਜਾਤੀ, ਨਾਂ ਸੁਗਤਿ ਭੇਦ (ਕੋਈ ਬੀ ਨਹੀਂ ਹੈ; ਆਪ ਦੱਸਦੇ ਹਨ ਕਿ ਜਿਵੇਂ) ਰੱਸੀ ਵਿਚ ਸੱਪ ਦਾ ਅਤਜੰਤਾ ਭਾਵ ਹੈ, ਤਿਵੇਂ ਪਰਮਾਤਮਾਂ ਨੂੰ ਹੀ ਇਕ (ਤੱਤ ਸ੍ਵਰੂਪ) ਲਖ ਲਓ (ਤੇ ਇਸ ਵਿਚ ਕੀਤੀ) ਅਨੇਕਤਾ (ਜਗਤ ਦੀ ਕਲਪਨਾ) ਦੂਰ ਕਰ ਦਿਓ। ਇਸ ਪ੍ਰਾਪਤੀ ਲਈ (ਸਤਿਗੁਰਾਂ ਨੇ ਸਾਨੂੰ) ਸਤਿਨਾਮ ਦਾ ਜਾਪ ਬਖਸ਼ਿਆ, (ਜਿਸ ਨੇ ਸਾਡੇ) ਤ੍ਰੈਏ ਤਾਪ ਦੂਰ ਕੀਤੇ (ਅਤੇ) ਸ਼੍ਰਵਨ ਮਨਨ ਤੋਂ ਲੈ ਨਿਧਜਾਸਨ ਤੱਕ ਨਾਮ ਦੇ ਧਿਆਨ (ਵਿਚ) ਲਗਾ ਦਿਤਾ†। (ਐਸੇ) ਗੁਰਾਂ ਦੀ (ਜੋ) ਸ਼ਰਨ ਆਵੇਗਾ, ਉਹ ਕਿਉਂ ਨਾਂ ਮੁਕਤੀ ਪਾਵੇਗਾ, (ਨਿਸ਼ਚੇ ਜੋ ਆਪ ਦੀ) ਭਗਤੀ ਕਰੇਗਾ ਸੋ (ਆਪਣੇ) ਸਾਰੇ ਕਲੇਸ਼ਾਂ ਨੂੰ ਮਿਟਾ ਲਵੇਗਾ।

†ਲੌ ਧਿਆਵਈ' ਦਾ ਅਰਥ 'ਨਿਧਜਾਸਨ ਤਕ ਧਿਆਓ' ਬੀ ਹੈ, ਇਸ ਦੀ ਵਿਚਾਰ ਲਈ ਦੇਖੋ ਰੁਤ ੫ ਅੰਸੂ, ੫੦, ਅੰਕ ੧੨ ਦੀ ਹੇਠਲੀ ਟੂਕ।

**ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨਾ ਭਿਖਾਰੀ ਦੀਨ**
**ਤੋ ਸੋ ਨਾ ਦਿਆਲ, ਦੁਖੀ ਮੋ ਸੋ ਨਾ ਅਲਾਈਏ।**
**ਮੋ ਸੋ ਨਹੀਂ ਕ੍ਰਿੱਤਘਣ, ਤੋ ਸੋ ਉਪਕਾਰੀ ਨਾਂਹਿ,**
**ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ।**
**ਔਗੁਨੀ ਨ ਮੋ ਸੋ ਕੋਊ, ਗੁਣਵਾਨ ਤੋ ਸੋ ਨਹੀਂ,**
**ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ।**
**ਕਵਿ ਆਇਓ ਹੈ ਸ਼ਰਨ, ਗਹੇ ਧਾਇਕੇ ਚਰਨ**
**ਗੁਰ ਤਾਰਨ ਤਰਨ! ਨਿਜ ਹਾਥ ਦੈ ਬਚਾਈਏ† ॥੩੩॥**

†ਇਹ ਕਬਿੱਤ ਪਿੱਛੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਆਦਿ ਵਿਚ ਪਹਿਲੇ ਅਧਜਾਯ ਦੇ ਅੰਕ ੨੭ ਵਿਚ ਆ ਚੁੱਕਾ ਹੈ, ੧੯੧੯ ਵਾਲੇ ਨੁਸਖੇ ਵਿਚ ਇਹ ਏਥੇ ਨਹੀਂ ਹੈ ਪਰ ੧੯੧੨ ਵਾਲੇ ਵਿਚ ਹੈ। ਭਾਈ ਗੁਰਦਾਸ ਜੀ ਦਾ ਬੀ ਇਕ ਸਵੱਯਾ ਇਸੇ ਭਾਵ ਦਾ ਹੈ ਜਿਸ ਦਾ ਪਾਠ ਐਉਂ ਹੈ:-'ਤੋ ਸੋ ਨ ਨਾਥ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ। ਮੋ ਸੋ ਨ ਦੀਨ, ਦਇਆਲ ਨ ਤੋ ਸਰ, ਮੋ ਸੋ ਅਗਜਾਨੀ, ਨ ਤੋ ਸੋ ਵਿਚਾਰੀ। ਮੋ ਸੋ ਨ ਪਤਿਤ, ਪਾਵਨ ਤੋ ਸਰ, ਮੋ ਸੋ ਭਿਖਾਰੀ, ਨ ਤੋ ਸੋ ਉਪਕਾਰੀ। ਮੋਰੇ ਹੈਂ ਅਵਗੁਨ ਤੂੰ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ' ॥੫੨੮॥

ਅਲਾਈਏ=ਕਹੀਦਾ। ਦੱਸੀਦਾ। ਕ੍ਰਿਤਘਨ=ਜੋ ਕੀਤਾ ਨਾ ਜਾਣੇ। ਅਨਾਥ=ਨਿਖ਼ਸਮਾ, ਬੇ ਆਸਰਾ। ਨਾਥ=ਮਾਲਕ, ਸੁਆਮੀ। ਨਿਜ=ਆਪਣਾ। ਤਾਰਨ=ਤਾਰਨਹਾਰ। ਤਰਨ=ਜਹਾਜ਼।

ਅਰਥ: (ਕਵਿ ਜੀ ਸਤਿਗੁਰ ਜੀ ਦੇ ਚਰਣਾਂ ਵਿਚ ਪ੍ਰਾਰਥਨਾ ਕਰਦੇ ਹਨ) (ਹੇ ਗੁਰੂ ਗੋਵਿੰਦ ਸਿੰਘ ਜੀਓ) ਤੇਰੇ ਵਰਗਾ (ਵਡਾ) ਕੋਈ (ਹੋਰ) ਸਖੀ ਨਹੀਂ, (ਤੇ) ਮੇਰੇ ਵਰਗਾ (ਕੋਈ) ਗ਼ੀਬ ਮੰਗਤਾ ਨਹੀਂ, ਤੇਰੇ ਵਰਗਾ ਦਿਆਲੂ ਨਹੀਂ (ਤੇ) ਮੇਰੇ ਵਰਗਾ ਦੁਖੀ ਕੋਈ ਨਹੀਂ ਦੱਸੀਦਾ। ਮੇਰੇ ਵਰਗਾ (ਹੋਰ ਕੋਈ) ਕ੍ਰਿਤਘਨ ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਉਪਕਾਰੀ ਨਹੀਂ, ਮੇਰੇ ਵਰਗਾ (ਹੋਰ) ਅਨਾਥ (ਕੋਈ) ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਨਾਥ ਨਹੀਂ ਦੱਸੀਦਾ ਹੈ। (ਹੇ ਦਾਤਾ!) ਤੇਰੇ ਵਰਗਾ ਗੁਣਵਾਨ (ਹੋਰ ਹੈ) ਨਹੀਂ (ਤੇ) ਮੇਰੇ ਵਰਗਾ ਗੁਣਹੀਨ (ਹੋਰ) ਕੋਈ ਨਹੀਂ; ਜਪ, ਤਪ, ਬ੍ਰਤ (ਆਦਿ ਦੈਵੀ ਗੁਣ) ਮੇਰੇ ਵਿਚ ਇਕ (ਬੀ) ਨਹੀਂ ਲੱਭਦਾ। (ਤਾਂ ਤੇ ਮੈਂ) ਕਵਿ (ਆਰਤ ਤੇ ਆਤੁਰ ਹੋ ਕੇ ਹੇ ਸੂਰੇ) ਗੁਰੂ! (ਤੇਰੀ) ਸ਼ਰਨ ਆਯਾ ਹਾਂ, (ਤੇ) ਦੌੜਕੇ (ਤੇਰੇ) ਚਰਣ ਆ ਫੜੇ ਹਨ, ਹੇ ਤਾਰਨਹਾਰ ਜਹਾਜ਼ (ਰੂਪ ਗੁਰੂ! ਆਪਣਾ ਹੱਥ ਦੇਕੇ (ਮੈਨੂੰ) ਬਚਾ ਲਓ।

ਦੋਹਰਾ:

**ਸਤਿਗੁਰ! ਮਮ ਬੇਰੀ ਕਟੋ, ਨਿਜ ਬੇਰੀ ਪਰ ਚਾਰਿ।**
**ਇਹ ਬੇਰੀ ਹੁਇ ਭਵ ਸਫਲ, ਬਿਨ ਬੇਰੀ ਕਰਿ ਪਾਰਿ† ॥੩੪॥**

†ਇਹ ਦੋਹਾ ਬੀ ੧੯੧੯ ਵਾਲੇ ਨੁਸਖੇ ਵਿਚ ਨਹੀਂ ਹੈ, ਪਰ ੧੯੧੨ ਵਾਲੇ ਵਿਚ ਹੈ। ਇਹ ਪਿਛੇ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੯੬ ਅੰਕ ੧ ਵਿਚ ਆ ਚੁੱਕਾ ਹੈ। ਬੇਰੀ=ਬੇੜੀ, ਪੈਰਾਂ ਦੀਆਂ ਕੜੀਆਂ ਜੋ ਕੈਦੀਆਂ ਨੂੰ ਪਾਉਂਦੇ ਹਨ। ਹੱਥਾਂ ਦੀ ਹਥਕੜੀ ਤੇ ਪੈਰਾਂ ਦੀ ਬੇੜੀ ਕਹਿਲਾਉਂਦੀ ਹੈ, ਭਾਵ ਕੈਦ। ਬੇਰੀ=ਬੇੜੀ, ਨਾਉਕਾ। ਬੇੜਾ ਤੋਂ ਬੇੜੀ ਭਾਵ ਛੋਟੀ ਬੇੜੀ। ਬੇਰੀ=ਵਾਰੀ, ਹਿੰਦੀ ਵਿਚ ਬਾਰ ਨੂੰ ਬੇਰੀ ਬੀ ਲਿਖ ਬੋਲ ਲੈਂਦੇ ਹਨ। ਬੇਰੀ=ਢਿੱਲ, ਦੇਰੀ, ਬੇਰ ਨੂੰ ਹਿੰਦੀ ਵਿਚ ਬੇਰੀ ਬੀ ਲਿਖ ਬੋਲ ਲੈਂਦੇ ਹਨ।

ਅਰਥ:

(ਹੇ) ਸਤਿਗੁਰੂ ਜੀ! ਮੇਰੀ ਕੈਦ ਕੱਟ ਦਿਓ (ਅਤੇ) ਆਪਣੀ ਨੌਕਾ ਪਰ ਚਾੜ੍ਹਕੇ ਬਿਨਾ ਦੇਰੀ (ਦੇ ਸੰਸਾਰ ਨਦੀ ਤੋਂ) ਪਾਰ ਕਰ ਦਿਓ (ਜੋ) ਇਸ ਵਾਰੀ ਦਾ ਜਨਮ ਸਫਲਾ ਹੋ ਜਾਵੇ।

### ਕੈਂਥਲ ਦੀ ਲੁੱਟ ਤੇ ਗ੍ਰੰਥ ਸਮਾਪਤੀ ਦਾ ਮਹੀਨਾ ਸੰਮਤ।

ਦੋਹਰਾ:

**ਸ਼ੂਨ ਸ਼ੂਨ[1] ਗ੍ਰੈਹ[2] ਆਤਮਾ[3], ਸੰਮਤ ਆਦਿ[4] ਪਛਾਨ।**

[1]ਬਿੰਦੀ ੦। [2]ਗ੍ਰੈਹ ਨੌਂ ਹੁੰਦੇ ਹਨ, ਇਸ ਤੋਂ ੯ ਅੰਕ ਲੀਤਾ। [3]ਆਤਮਾ ੧ ਹੈ ਇਸ ਤੋਂ ੧ ਅੰਕ ਲੀਤਾ। ਸ਼ੂਨ ਸ਼ੂਨ ਗ੍ਰੈਹ ਆਤਮਾ=੦੦੯੧=ਇਸ ਨੂੰ ਜਦ ਸਿੱਧਾ ਲਿਖੀਏ ਤਾਂ ੧੯੦੦ ਬਣਦਾ ਹੈ। [4]ਸੰਮਤ ਦਾ ਆਰੰਭ।

**ਮਧੁ ਮਾਸ[1] ਸ਼ੱਤ੍ਰੁਨਿ ਕਰਿ, ਭਾ ਉਤਪਾਤ ਮਹਾਨ ॥੩੫॥** [1]ਚੇਤ੍ਰ ਦਾ ਮਹੀਨਾ।

ਸੰਮਤ (ਬ੍ਰਿਕਮੀ) ੧੯੦੦ ਦਾ ਆਦਿ (ਆਰੰਭ) ਪਛਾਣ ਲਓ (ਜਦੋਂ) ਚੇਤ੍ਰ ਦੇ ਮਹੀਨੇ ਵੈਰੀਆਂ ਕਰਕੇ ਬੜਾ ਉਪੱਦ੍ਰਵ ਹੋਇਆ।

**ਪਰੀ ਲੂਟ ਕਪਿਥਲ ਵਿਖੇ, ਮਿਲੇ ਚੋਰ ਬਟਪਾਰ।**
**ਆਪ ਆਪ ਕੋ ਭਜ ਚਲੇ, ਤਜਿ ਪੁਰਿ ਸਭਿ ਇਕ ਬਾਰ ॥੩੬॥**

ਕੈਂਥਲ ਵਿਖੇ (ਜਿੱਥੇ ਕਵੀ ਜੀ ਰਹਿੰਦੇ ਸਨ) ਲੁੱਟ ਮਚ ਗਈ, (ਫਿਰ) ਚੋਰ ਤੇ ਧਾੜਵੀ ਬੀ ਲੁੱਟਣ ਲਈ ਨਾਲ ਆ ਮਿਲੇ, (ਲੋਕ) ਸ਼ਹਿਰ ਨੂੰ ਛੱਡ ਇਕੋ ਵੇਰੀ ਆਪਣਾ ਆਪ ਲੈ ਕੇ ਭੱਜ ਨਿਕਲੇ।

**ਸਿੰਘ ਫਿਰੰਗੀ ਗਹਿ ਲਏ, ਕੈਦ ਕਰੇ ਵਪੁ ਛੀਨਿ।**
**ਸੰਤਨਿ ਕੇ ਅਸਥਾਨ ਭੀ, ਲੁਟਿ ਕੁਟਿ ਭੈ ਦੀਨਿ ॥੩੭॥**

(ਦੇਖੋ ਅੱਗੇ ਆਉਣ ਵਾਲੀ ⚐ ਨਿਸ਼ਾਨ ਦੀ ਟੂਕ) ਫਿਰੰਗੀਆਂ ਨੇ ਸਿੰਘ ਫੜ ਲਏ, ਉਹਨਾਂ ਦਾ ਧਨ ਧਾਮ ਖੋਹਕੇ ਕੈਦ ਕਰ ਲਏ, ਤੇ ਸੰਤਾਂ ਦੇ ਅਸਥਾਨ ਬੀ ਕੁੱਟ ਦਾ ਡਰ ਦੇ ਦੇ ਕੇ ਲੁੱਟੇ।

**ਅਸ ਅਪਦਾ ਕੇ ਦਿਨਨਿ ਮਹਿਂ, ਸਤਿਗੁਰ ਭਏ ਸਹਾਇ।**
**ਭਯੋ ਨ ਬੰਕੋ ਬਾਰ ਭੀ, ਦੈ ਦੈ ਹਾਥ ਬਚਾਇ ॥੩੮॥**

ਐਹੋ ਜੇਹੀ ਵਿਪਦਾ ਦੇ ਦਿਨਾਂ ਵਿਚ ਸਤਿਗੁਰੂ (ਜੀ ਮੇਰੇ) ਸਹਾਈ ਹੋਏ, (ਮੇਰਾ)ਵਾਲ ਬੀ ਵਿੰਗਾ ਨਹੀਂ ਹੋਇਆ (ਗੁਰੂ ਜੀ ਨੇ) ਹੱਥ ਦੇ ਕੇ ਮੈਨੂੰ ਬਚਾ ਲਿਆ।

**ਚਹੁੰ ਦਿਸ਼ ਅਪਨ ਬਿਰਾਨ ਨਰ, ਦੁਸ਼ਮਨ ਭੇ ਤਿਸ ਕਾਲ।**
**ਮਮ ਰੱਛਾ ਸਤਿਗੁਰ ਕਰੀ, ਸਭ ਮਹਿਂ ਬਿਦਤ ਹਵਾਲ ॥੩੯॥**

ਤਿਸ ਵੇਲੇ ਚਹੁੰ ਪਾਸਿਆਂ ਦੇ ਆਪਣੇ ਤੇ ਪਰਾਏ ਨਰ ਦੁਸ਼ਮਣ ਹੋ ਗਏ ਸਨ (ਪਰ)
ਮੇਰੀ ਰੱਖਯਾ ਸਤਿਗੁਰੂ ਨੇ (ਆਪ) ਕਰ ਲਈ, ਇਹ ਹਾਲ ਸਭ ਲੋਕਾਂ ਵਿਚ ਪ੍ਰਗਟ ਹੈ।

**ਸਾਵਨ ਮਹਿਂ ਇਸ ਗ੍ਰੰਥ ਕੀ[1], ਭਈ ਸਮਾਪਤਿ ਆਇ।**

[1]ਸਾਵਣ ੧੯੦੦ ਬਿ: ਵਿਚ ਕਵੀ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਮੁਕਾਇਆ। ਪਹਿਲੀ ਮੁਠਭੇੜ ੧੦ ਅਪ੍ਰੈਲ ੧੯੪੩ ਈ: ਨੂੰ ਹੋਈ ਸੀ।

**ਬਿਘਨ ਬ੍ਰਿੰਦ ਤੇ ਬਚ ਰਹੇ, ਸ੍ਰੀ ਕਰਤਾਰ ਸਹਾਇ ॥੪੦॥**

(ਉਸਤੋਂ ਪਿਛੋਂ) ਸਾਉਣ ਦੇ ਮਹੀਨੇ (ਓਸੇ ਸੰਮਤ ਵਿਚ) ਇਸ (ਗੁਰ ਪ੍ਰਤਾਪ ਸੂਰਜ ਗ੍ਰੰਥ) ਦੀ ਸਮਾਪਤੀ ਹੋਈ। ਸ੍ਰੀ ਕਰਤਾਰ ਨੇ ਸਹਾਇਤਾ ਕੀਤੀ (ਜਿਸ ਕਰਕੇ) ਸਮੂਹ ਬਿਘਨਾਂ ਤੋਂ (ਮੈਂ) ਬਚਿਆ ਰਿਹਾ।

**ਦਾਸ ਜਾਨ ਕਰਿ ਆਪਨੋ, ਜੁਗ ਲੋਕਨਿ ਸੁਖ ਦੈਨ।**
**ਰਾਖੇ ਦੇ ਕਰਿ ਹਾਥ ਗੁਰ, ਭਈ ਕੁਸ਼ਲ ਸਭਿ ਚੈਨ ॥੪੧॥**

ਦੋਹਾਂ ਜੁਗਾਂ ਦੇ ਸੁਖ ਦੇਣ ਹਾਰੇ ਗੁਰੂ ਜੀ ਨੇ (ਮੈਨੂੰ) ਆਪਣਾ ਦਾਸ ਜਾਣਕੇ (ਅਪਣਾ) ਹੱਥ ਦੇ ਕੇ ਰੱਖ ਲਿਆ, ਸਭ ਤਰ੍ਹਾਂ ਕੁਸ਼ਲ ਤੇ ਆਰਾਮ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ ਗ੍ਰੰਥ ਸਮਾਪਤੀ ਬਰਨਨੰ ਕਵਿ ਸੰਤੋਖ ਸਿੰਘ ਬ੍ਰਿਚਤਾਯਾਂ ਭਾਖਾਯਾਂ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥ ਇਤਿ ॥

⚐ਕੈਂਥਲ ਵਿੱਚ ਲੁੱਟ ਪੈਣ ਦਾ ਹਾਲ ਕਵੀ ਜੀ ਨੇ ਦਿੱਤਾ ਹੈ, ਇਹ ਠੀਕ ਹੈ ਕਿ ਲੁੱਟ ਮਚੀ ਸੀ। ਇਸ ਦਾ ਵੇਰਵਾ ਇਹ ਹੈ ਕਿ ਕੈਂਥਲ ਦਾ ਰਾਜ ਭਾਈ ਭਗਤੂ ਦੇ ਵੰਸ਼ਜਾਂ ਨੇ ਬੱਧਾ ਸੀ, ਅੰਤਲੇ ਮਹਾਰਾਜ ਭਾਈ ਉਦੇ ਸਿੰਘ ਜੀ ਸਨ। ਕੈਂਥਲ ਵਾਲੇ ਕਿਸੇ ਵੇਲੇ ਅੰਗ੍ਰੇਜ਼ਾਂ ਦੇ ਸਬ ਸਿਡਿਅਰੀ ਐਲੇ ਬਣ ਗਏ ਸਨ। ਜਿਸ ਦੀ ਇਕ ਸ਼ਰਤ ਇਹ ਸੀ ਕਿ ਜੇ ਕਦੇ ਇਹਨਾਂ ਦੀ ਨਰੀਨਾ ਉਲਾਦ ਨਾ ਰਹੇ ਤਦ ਰਾਜ ਅੰਗ੍ਰੇਜ਼ ਸਾਂਭ ਲੈਣ ਤੇ ਪੰਜਵਾਂ ਹਿੱਸਾ ਦੂਜੇ ਵਾਰਸਾਂ ਪਾਸ ਰਹੇ। ਮਹਾਂਰਾਜ ਭਾਈ ਉਦੇ ਸਿੰਘ ਜੀ ਚੜ੍ਹਾਈ ਸਮੇਂ ਅਪੁੱਤ੍ਰ ਸੇ। ਉਹਨਾਂ ਦੇ ਚਲਾਣੇ ਪਰ ਅੰਗ੍ਰੇਜ਼ ਕਬਜ਼ਾ ਲੈਣ ਆਏ ਤਾਂ ਲੁੱਟ ਮਚ ਗਈ ਤੇ ਕਈ ਖੇਦ ਪੁੱਜੇ। ਏਹ ਗੱਲ ਅੰਗ੍ਰੇਜ਼ ਲੇਖਕਾਂ ਨੇ ਆਪ ਮੰਨੀ ਹੈ। ਲਾਰਡ ਐਲਨਬਰੋ ਆਪਣੇ ਖਤ ਵਿਚ ਜੋ ਉਹ ੨੦ ਅਪ੍ਰੈਲ ੧੯੪੩ ਨੂੰ ਕ੍ਵੀਨ ਵਿਕਟੋਰੀਆ ਵੱਲ ਘੱਲਦਾ ਹੈ ਕੈਂਥਲ ਦੀ ਲੜਾਈ ਦਾ ਹਾਲ ਐਉਂ ਲਿਖਦਾ ਹੈ:-

"ਸੁਰੱਖਜਤ ਸਿੱਖ ਰਿਆਸਤ ਕੈਂਥਲ, ਜੋ ਕਰਨਾਲ ਤੋਂ ੩੦ ਮੀਲ ਦੀ ਵਿੱਥ ਤੇ ਹੈ, ਦਾ ਰਾਜਾ ਜਦ ਸੰਤਤ ਹੀਨ ਗੁਜ਼ਰ ਗਿਆ ਤਦ ਉਸਦੀ ਰਿਯਾਸਤ ਦਾ ੪/੫ ਹਿੱਸਾ ਬ੍ਰਿਟਿਸ਼ ਗੌਰਿਮੰਟ ਦਾ ਹੋ ਗਿਆ, ਬਾਕੀ ਪੰਜਵਾਂ ਹਿੱਸਾ ਉਸੇ ਦੀ ਕੁਲ ਦੀ ਇਕ ਹੋਰ ਸ਼ਾਖ ਦੀ ਮਲਕੀਅਤ ਹੋ ਗਿਆ। ਇਕ ਪੋਲੀਟੀਕਲ ਅਫਸਰ ਥੋੜੀ ਜਿਹੀ ਫੌਜ, ਜੋ ਪਿੱਛੋਂ ੩੦੦ ਆਦਮੀਆਂ ਤੱਕ ਵਧਾਈ ਗਈ, ਦੇਕੇ

ਕੈਂਥਲ ਦੇ ਉਸ ਹਿੱਸੇ ਦਾ, ਜਿਸ ਦਾ ਕਿ ਗੌਰਮਿੰਟ ਦਾ ਹੱਕ ਸੀ ਕਬਜ਼ਾ ਲੈਣ ਲਈ ਭੇਜਿਆ ਗਿਆ, ਤਦ ਉਸ ਨੂੰ ਅੱਗੋਂ ਰਿਆਸਤ ਦੇ ਵਜ਼ੀਰਾਂ ਤੇ ਖਾਨਦਾਨ ਦੀ ਇਸਤ੍ਰੀ ਸੰਬੰਧੀਆਂ ਵਲੋਂ ਸ਼ਾਂਤ ਮਈ ਰੋਕ (Passive Resistance) ਵਾਪਰੀ। ਰਜਾਸਤ ਦੀ ਫੌਜ ਕੈਂਥਲ ਤੇ ਕੱਠੀ ਹੋਈ ਅਤੇ ਸਾਡੇ ਛੋਟੇ ਜਿਹੇ ਰਸਾਲੇ ਦੇ ਦਸਤੇ ਦੇ ਇਕ ਹਿੱਸੇ ਵਲੋਂ ਕੋਤਹ ਅੰਦੇਸ਼ੀ ਵਾਲਾ ਰੁਖ ਜ਼ਾਹਰ ਹੋਇਆ, ਮਾਨੋ ਹਮਲੇ ਨੂੰ ਨੇਉਤਾ ਦਿੱਤਾ ਗਿਆ, ਨਤੀਜਾ ਇਹ ਹੋਇਆ ਕਿ ਪੁਲੀਟੀਕਲ ਅਫਸਰ ਸਣੇ ਸਾਰੀ ਫੌਜ ਕੁਛ ਨੁਕਸਾਨ ਉਠਾਕੇ ਪਸਪਾ ਹੋਕੇ ਕਰਨਾਲ ਮੁੜ ਆਇਆ।

"ਲਾਰਡ ਐਲਨਬਰੋ ਨੇ ਜਦ ਕਿ ਉਸਨੂੰ ਇਹ ਦੱਸਿਆ ਗਿਆ ਸੀ ਕਿ ਫੌਜ ਦੀ ਲੋੜ ਪੈਣੀ ਹੈ ਉਸ ਨੇ ਇਹ ਆਗਿਆ ਦੇ ਦਿੱਤੀ ਸੀ ਕਿ ਇਕ ਭਾਰੀ ਫੌਜ ਨਾਲ ਲਿਜਾਈ ਜਾਵੇ ਤਾਂ ਜੋ ਕਿਸੇ ਮੁਕਾਬਲੇ ਹੋ ਪੈਣ ਦਾ ਖਤਰਾ ਹੀ ਚੁੱਕ ਜਾਵੇ। ਬਦਕਿਸਮਤੀ ਨਾਲ ਕੈਂਥਲ ਗਏ ਅਫਸਰ ਦੀ ਕੋਤਹ ਅੰਦੇਸ਼ੀ ਨਾਲ (ਲਾਰਡ ਐਲਨਬਰੋ ਦੀ) ਆਗਿਆ ਤੇ ਅਮਲ ਕਰਨ ਤੋਂ ਪਹਿਲੋਂ ਮੁਕਾਬਲਾ ਹੋ ਪਿਆ। (ਫਿਰ) ੧੪ ਤ੍ਰੀਕ* ਨੂੰ ੧੯੦੦ ਸਿਪਾਹੀ ਥਾਨੇਸਰ ਕੱਠੇ ਹੋਏ ਤੇ ਉਨ੍ਹਾਂ ਦੇ ੧੬ ਤ੍ਰੀਕ ਨੂੰ ਕੈਂਥਲੋਂ ੮ ਮੀਲ ਦੀ ਵਿੱਥ ਤੇ ਪੁੱਜਣ ਤੇ ਪਤਾ ਲਗਾ ਕਿ ੧੫ ਤ੍ਰੀਕ ਨੂੰ ਕੈਂਥਲ ਦੀ ਫੌਜ ਨੇ ਕਿਲ੍ਹਾ ਤੇ ਸ਼ਹਿਰ ਖਾਲੀ ਕਰ ਦਿੱਤਾ ਹੈ। ਵਜ਼ੀਰ ਤੇ ਓਥੋਂ ਦੇ ਸ਼ਾਹੂਕਾਰ ਬ੍ਰਿਟਿਸ਼ ਕੈਂਪ ਵਿਚ ੧੪ ਨੂੰ ਆ ਗਏ।"

[ਪੰਨਾ ੭-੭੬

ਬਾਸਵਰਥ ਸਮਿਥ ਨੇ ਲਾਰਡ ਲਾਰੰਸ ਦੇ ਜੀਵਨ (ਪੰਨਾ ੧੬੭) ਵਿੱਚ ਵੀ ਕੈਂਥਲ ਲੁਟੀ ਦੱਸੀ ਹੈ ਪਰ ਦੋਸ਼ ਦਿੰਦਾ ਹੈ ਕਿ ਕੈਂਥਲ ਦੇ ਰਾਜਾ ਦੇ ਰੀਟੇਨਰਾਂ (ਨੌਕਰਾਂ ਨੇ) ਆਪਣੀ ਫੌਜ ਨੂੰ ਮੁਕਾਬਲੇ ਲਈ ਉਕਸਾਇਆ, ਜਿਨ੍ਹਾਂ ਨੇ ਹੱਲਾ ਕਰ ਕੇ ਅੰਗ੍ਰੇਜ਼ੀ ਫੌਜ ਨੂੰ ਪਿੱਛੇ ਹਟਾਇਆ।

ਸਰ ਹਰਬਰਟ ਐਡਵਰਡਜ਼ ਆਪਣੇ ਸਰ ਹੈਨਰੀ ਲਾਰੰਸ ਦੇ ਜੀਵਨ (ਪੰਨਾ ੪੩੨) ਉਤੇ ਲਿਖਦਾ ਹੈ ਕਿ (ਰਾਜ ਕੈਂਥਲ ਦੇ ਖਾਨਦਾਨ ਦੇ ਕੁਛ) ਮੁਲਾਜ਼ਮਾ ਨੇ ਜੋ ਆਪਣੇ ਮਾਲਿਕ ਦਾ ਖਜ਼ਾਨਾ ਲੁਟਿਆ ਚਾਹੁੰਦੇ ਸਨ, ਸਿਪਾਹੀਆਂ ਨੂੰ ਉਕਸਾਇਆ ਕਿ ਰਿਆਸਤ ਦੇ ਕਬਜ਼ਾ ਦਿੱਤੇ ਜਾਣ ਦੀ ਰੁਕਾਵਟ ਕਰਨ। ਕੈਂਥਲ ਫੌਜ ਨੇ ਸਰਕਾਰੀ ਫੌਜ ਤੇ ਹੱਲਾ ਕਰਕੇ ਉਨ੍ਹਾਂ ਨੂੰ ਮੈਦਾਨੋ ਭਜਾ ਦਿੱਤਾ... ਲੁਟ ਸ਼ੁਰੂ ਹੋ ਗਈ ਤੇ ਜਿਹੜੀ ਫੌਜ ਇਹ ਰੋਕਣ ਆਈ ਸੀ ਉਸਨੂੰ ਛੂਤ ਲੱਗ ਗਈ, ਭਾਵੇਹ ਕਿ ਉਹ ਅੰਗ੍ਰੇਜ਼ੀ ਫੌਜ ਬੀ ਲੁਟਣ ਲੱਗ ਪਈ। ਹੈਨਰੀ ਲਾਰੰਸ ਨੂੰ ਹੁਕਮ ਹੋਇਆ ਕਿ ਕੈਂਥਲ ਅੱਪੜੇ। ਇਸ ਨੇ ਲੁਟ ਅਪਣੀ ਅੱਖੀਂ ਦੇਖੀ ਅਤੇ ਲਿਖਿਆ ਕਿ 'ਜੇ ਅਫਸਰ ਹੀ ਲੁਟਣ ਲੱਗ ਪੈਣ ਤਾਂ ਸਿਪਾਹੀਆਂ ਤੇ ਬਾਲਗੀਰਾਂ ਨੂੰ ਲੁਟ ਤੋਂ ਰੋਕ ਸਕਣਾ ਅਸੰਭਵ ਹੈ।' ਪਿੱਛੋਂ ਦੀ ਗੱਲ ਇਹ ਹੈ ਕਿ ਹੈਨਰੀ ਲਾਰੰਸ ਨੇ ਇਕ ਅੰਗ੍ਰੇਜ਼ ਅਫਸਰ ਤੇ ਮੁਕੱਦਮਾ ਬਣਾਇਆ, ਜਿਸਨੇ ਕਿ ਜਿਸ ਖਜ਼ਾਨੇ ਦੀ ਰਾਖੀ ਤੇ ਉਹ ਲਾਇਆ ਗਿਆ ਸੀ ਉਸੇ ਨੂੰ ਭੰਨਿਆਂ ਸੀ। ਇੱਕ ਲੰਮਾ ਤੇ ਪੀੜ ਵਾਲਾ ਕੋਰਟ ਮਾਰਸ਼ਲ ਹੋਇਆ ਜਿਸ ਵਿੱਚ ਵੱਡਾ ਗਵਾਹ ਲਾਰੰਸ ਆਪ ਸੀ। ਉਹ ਅਫਸਰ ਇੱਜ਼ਤ ਨਾਲ ਬਰੀ ਹੋਇਆ।

ਪਰ ਇਸ ਵੇਲੇ ਅੰਗ੍ਰੇਜ਼ੀ ਸਰਕਾਰ ਦਾ ਇੱਕ ਬੜਾ ਮੁਅਤਬਿਰ ਕਾਰਕੁਨ ਜਿਸਦਾ ਨਾਮ ਖਾਨ ਬਹਾਦਰ ਸੱਯਦ ਰੱਜਬ ਅਲੀ ਖਾਂ ਸੀ, ਮੌਕੇ ਤੇ ਮੌਜੂਦ ਸੀ ਤੇ ਉਸਨੇ ਆਪਣੀ ਅੱਖੀਂ ਡਿੱਠਾ ਹਾਲ ਆਪਣੀ ਕਲਮੀ ਲਿਖੀ ਪੋਥੀ ਵਿੱਚ ਲਿਖਿਆ ਹੈ:- ਕਿ ਮਿ. ਹਾਰਵੇ ਐਚ; ਗਰੇਟ ਹੈਡ ਸਾਹਬ ਨੇ ਕੈਂਥਲ ਦੀ ਗੁੰਝਲ ਸੁਲਝੌਣ ਲਈ ਚਿੱਠੀ ਦੇ ਕੇ ਮੈਨੂੰ ਭੇਜਿਆ ਤੇ ਕਿਹਾ ਕਿ:-

"ਆਜ ਕੀ ਮੁਹਲਤ ਹੈ ਕੱਲ ਸਭ ਅਹਿਕਾਮ ਉਨਕੋ ਕਬੂਲ ਕਰਾ ਦੋ ਔਰ ਕੁੰਜੀਆਂ ਕਿਲ੍ਹੇ ਕੀ ਹਾਜ਼ਰ ਕਰਾ ਦੋ। ਚਾਰ ਬਜੇ ਥੇ, ਮੈਂ ਉਸੀ ਵਕਤ ਰਵਾਨਾ ਹੋਕਰ ਤੀਸ ਕੋਸ ਚਲ ਕਰ ਸੁਬਹ ਕੋ ਕੈਂਥਲ ਪਹੁੰਚਾ, ਔਰ ਉਸ ਵਕਤ ਮਾਈ ਸਾਹਿਬਾ ਕੇ ਪਾਸ ਗਿਆ, ਜਬ ਮੈਂ ਦਰਵਾਜ਼ਾ ਹਾਏ ਕਿਲਅ ਕੈਂਥਲ ਪਰ ਪਹੁੰਚਾ ਤੋ ਸਦਹਾ ਬੰਦੂਕ ਤਜਾਰ ਥੀ, ਔਰ ਕੋਤਹ ਅੰਦੇਸ਼ ਮੁਸਤਇਦ ਫਸਾਦ ਥੇ। ਅੰਗ੍ਰੇਜ਼ੀ ਨੌਕਰ ਕਿਲ੍ਹਾ ਖਾਲੀ ਬਤਾਤਾ ਥਾ, ਮੈਂ ਉਨਕੋ ਸਮਝਾਇਆ ਕਿ ਮੈਂ ਲੜਾਈ ਕੋ ਨਹੀਂ ਆਇਆ,

ਮਾਈ ਸਾਹਿਬਾ ਕੋ ਕੁਛ ਕਹਿਨੇ ਅਇਆ ਹੂੰ। ਜਬ ਮਾਈ ਸਾਹਿਬਾ ਮੁਤਲਿਅ ਹੁਈਂ, ਮੁਝੇ ਤਲਬ ਕਰ ਲੀਆ ਔਰ ਵੋਹ ਪਸੇ ਪਰਦਹ ਆਈਂ, ਮੈਨੇ ਸਭ ਹਾਲਾਤ ਵ ਉਜ਼ਰਾਤ ਉਨ ਕੋ ਤਮਾਮ ਸਮਝਾਇਆ ਔਰ ਉਨ ਕੋ ਯਕੀਨ ਕਰਾ ਦੀਆ ਕਿ ਹਜ਼ੂਰ ਕਲਾਰਕ ਸਾਹਿਬ ਬਹਾਦਰ ਕੀ ਇਤਾਇਤ ਮੇਂ ਜੋ ਕੁਛ ਹੋਨਾ ਹੋਗਾ ਹੋ ਜਾਏਗਾ ਵਰਨਾ ਕੁਛ ਨਹੀਂ। ਮਾਈ ਸਾਹਿਬਾ ਨੇ ਫੁਰਮਾਇਆ ਕਿ ਮੈਂ ਹਾਜ਼ਰ ਹੂੰ ਜਿਸ ਤਰਹ ਕਹੋ, ਚੂੰਕਿ ਗਰੇਟ ਹੈਡ ਸਾਹਿਬ ਬਹਾਦਰ ਭੀ ਵਹਾਂ ਫਰੋਕਸ਼ ਥੇ ਔਰ ਗੋਇਆ ਮੁਹਾਸਰਹ ਭੀ ਥਾ, ਮੈਂ ਨੇ ਕਹਾ ਸਾਹਿਬ ਕੇ ਪਾਸ ਕੁੰਜੀਆਂ ਲੇ ਚਲੋ, ਮੁਅਤਮਿਦ ਕੁੰਜੀਆਂ ਲਾਨੇ ਲਗੇ ਮੈਂ ਮੁਹਾਸਰਾ ਕੇ ਉਠਵਾਨੇ ਕੋ ਭੀ ਗਿਆ। ਇਸ ਅਸਨਾ ਮੇਂ ਏਕ ਘਾਸ ਕੇ ਗਡਾ ਪਰ ਜੋ ਅੰਦਰ ਜਾਤਾ ਥਾ ਮੁਹਾਸਰਹ ਕੇ ਸਿਪਾਹੀਓਂ ਨੇ ਰੋਕ ਟੋਕ ਕੀ, ਵਹਾਂ ਬੰਦੂਕ ਚਲੀ।"

ਇਸ ਹਾਲ ਤੋਂ ਪਤਾ ਲੱਗਾ ਕਿ ਜੇ ਮੁਹਾਸਰੇ ਵਾਲੇ ਘਾਹ ਦੇ ਗਡੇ ਦੀ ਰੋਕ ਨਾ ਕਰਦੇ ਤਾਂ ਮਾਮਲਾ ਜੋ ਸੁੱਖ ਸਾਂਦ ਨਾਲ ਮਾਈ ਸਾਹਿਬਾ ਨੇ ਸਭ ਕੁਛ ਮੰਨਕੇ ਨਜਿੱਠ ਲਿਆ ਸੀ ਸ਼ਾਂਤੀ ਨਾਲ ਨਿਭ ਜਾਂਦਾ। ਮਾਈ ਸਾਹਿਬਾ ਬੇਦੋਸ਼ ਸਨ, ਜਿਨ੍ਹਾਂ ਨੇ ਸਭ ਕੁਛ ਮੰਨ ਲਿਆ ਸੀ। ਮੁਹਾਸਰੇ ਵਾਲਿਆਂ ਨੇ ਘਾਹ ਦੀ ਰੋਕ ਕਰਕੇ ਨਾਹਕ ਗੱਲ ਛੇੜ ਲਈ। ਲਾਰਡ ਐਲਨਬਰੋ ਨੇ ਬੀ ਖਤ ਵਿਚ ਇਹੋ ਇਸ਼ਾਰਾ ਕੀਤਾ ਹੈ ਕਿ ਸਾਡੇ ਆਦਮੀਆਂ ਨੇ ਮਾਨੋਂ ਹਮਲੇ ਨੂੰ ਆਪ ਨਿਉਤਾ ਦਿੱਤਾ। ਹਰ ਹਾਲ ਸ਼ਹਿਰ ਦੀ ਪਰਜਾ ਦਾ ਲੁੱਟੇ ਜਾਣਾ ਜੋ ਕਵੀ ਜੀ ਨੇ ਲਿਖਿਆ ਹੈ ਠੀਕ ਹੈ ਤੇ ਇਹ ਮੁਹਾਸਰੇ ਵਾਲੀ ਫੌਜ ਨੂੰ ਕਿਸੇ ਤਰ੍ਹਾਂ ਜਾਇਜ਼ ਨਹੀਂ ਸੀ ਕਿ ਸ਼ਹਿਰ ਨੂੰ ਲੁੱਟੇ।

[ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਸੰਪੂਰਨ ਹੋਈ]

## ਬਿਨਯ !

ਗੁਰ ਪ੍ਰਤਾਪ ਸੂਰਜ ਅਤੇ, ਗੁਰ ਨਾਨਕ ਪਰਕਾਸ਼।
ਲਿਖੇ ਜੁ ਕਵਿ ਸੰਤੋਖ ਸਿੰਘ, ਧਰਿ ਗੁਰ ਚਰਨਨਿ ਆਸ।
ਸਮਾਂ ਪਾਇ ਛਾਦੇ ਗਏ, ਮੇਘ ਅਵਿੱਦਜਾ ਨਾਲ।
ਤ੍ਰਿਖ ਵੇਗੀ ਬਿਨ ਪੌਣ ਦੇ, ਟਲੇ ਨ ਮੇਘਾ ਮਾਲ।
ਟੀਕਾ, ਟਿੱਪਣਿ, ਟੂਕ ਤੇ; ਭਾਵ, ਉਧਾਰ, ਪ੍ਰਯਾਯ।
ਖੋਜ ਇਤਿਹਾਸਿਕ ਨਾਲ ਰਲਿ, ਝੁਲੀ ਪੌਣ ਬਡ ਆਇ।
ਮੇਘ ਅਵਿੱਦਜਾ ਦੇ ਉਡੇ, ਨਿਕਲ ਆਯਾ ਫਿਰ ਸੂਰ।
ਉਹਲਾ ਉਹਲੇ ਹੋ ਗਿਆ, ਚਮਕ ਪਿਆ ਮੁੜ ਨੂਰ।
ਸੇਵਾ ਇਹ ਗੁਰ ਪੰਥ ਦੀ, ਗੁਰੂ ਕਰਾਈ ਆਨਿ।
ਗੁਰ ਬਖਸ਼ੀ, ਅਰਪਣ ਗੁਰੂ, ਗੁਰ ਦਰ ਹੁਇ ਪਰਵਾਨ।
ਭੁੱਲ ਚੁੱਕ ਜੋ ਰਹਿ ਗਈ, ਬਖਸ਼ ਲਵੇ ਗੁਰ ਆਪ।
ਅਵਗੁਣਿਆਰੇ ਨਾਪਦਾ, ਜੋ ਮਿਹਰਾਂ ਦੀ ਨਾਪ।
ਗਗਨ ਅੰਕ ਗ੍ਰਿਹ ਆਤਮਾ, ਸੰਮਤ ਬਿੱਕ੍ਰਮ, ਜੇਠ[1]।
ਭਜਾ ਸਮਾਪਤ ਗ੍ਰੰਥ ਇਹ, ਰਹਿਮਤ ਅਰਸ਼ੀ ਹੇਠ।
ਅਛਲ 'ਨਾਮ' ਭਵ ਤਾਰਣਾ, ਹਿਰਦੇ ਕਰੇ ਨਿਵਾਸ।
ਧੁਰ ਤੋਂ ਬਖਸ਼ਿਸ਼ ਇਹ ਮਿਲੇ, ਗੁਰ ਚਰਨੀਂ ਅਰਦਾਸ।

'ਇਹ 'ਸੰਪਾਦਿਤ ਗੁਰ ਪ੍ਰਤਾਪ ਸੂਰਜ' (ਪਹਿਲੀ ਐਡੀਸ਼ਨ) ੧੯੯੦ ਜੇਠ ਮਹੀਨੇ ਸਮਾਪਤ ਹੋਇਆ
[ਗਗਨ=੯, ਅੰਕ=੦, ਗ੍ਰਹ=੯, ਆਤਮਾ ੧। ]
ਸ੍ਰੀ ਅੰਮ੍ਰਿਤਸਰ ਜੀ।
ਜੇਠ ਵਦੀ ੮, ਮਿਤੀ ਜੇਠ ਦੀ ੪
ਸੰਮਤ ਗੁ: ਨਾ: ਸਾ: ੪੬੩ ਗੁਰਪੁਰਬ
ਗੱਦੀ ਨਸ਼ੀਨੀ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ।

ਸੰਪਾਦਿਕ

ਇਸ ਗ੍ਰੰਥ ਦੀ ਦੂਜੀ ਵੇਰ ਦੀ ਛਪਾਈ !

ਦੁਤਿਯ ਵਾਰ ਇਹ ਗ੍ਰੰਥ ਹੈ, ਸੁਧਿਆ ਛਪਿਆ ਫੇਰ।
ਮੱਘਰ ਅਠ ਦਸ ਦਿਨ ਬਿਤੇ, ਤਿਥਿ ਅਸ਼ਟਮਿ ਸੁਦਿ ਹੇਰਿ।
ਉੱਨੀ ਸੌ ਤੇ ਬਾਨਵੇਂ, ਸੰਮਤ ਬਿੱਕ੍ਰਮ ਜਾਨਿ।
ਗੁਰੂ ਕ੍ਰਿਪਾ ਤੇ ਕਾਜ ਇਹ, ਭਇਆ ਸਮਾਪਤ ਆਨਿ।

ਸ੍ਰੀ ਅੰਮ੍ਰਿਤਸਰ ਜੀ।
ਮੱਘਰ ਸੁਦੀ ੮ ਸੰ: ਗੁ: ਨਾ: ਸਾ:
੪੬੭, ਦਿਨ ਮੰਗਲਵਾਰ

ਸੰਪਾਦਿਕ

੩ ਦਸੰਬਰ ੧੯੩੫ ਈ:।